ੴ ਸਤਿਗੁਰ ਪ੍ਰਸਾਦਿ ॥

ਆਦਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਭਾਗ ਪਹਿਲਾ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਪਹਿਲੀ

ਜਿਸ ਵਿਚ- ਸ੍ਰੀ ਜਪੁਜੀ ਸਾਹਿਬ, ਰਹਰਾਸਿ ਸਾਹਿਬ, ਕੀਰਤਨ ਸੋਹਿਲਾ,
੧੨੧ ਸਾਖੀਆਂ, ਉਥਾਨਕਾਂ, ਪ੍ਰਮਾਣਾਂ ਦੇ ਸਹਿਤ ਵਿਸਥਾਰ ਪੂਰਥਕ ਟੀਕਾ ਹੈ।

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ:

ਭਾ: ਜਤਿੰਦਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਸ਼, ਸ਼੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-165-7
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
ਪਹਿਲੀ ਵਾਰ : ਮਾਰਚ 1977
(1000) ਅਠਾਰ੍ਹਵੀ ਐਡੀਸ਼ਨ : ਫਰਵਰੀ 2011
ਉਨੀਵੀਂ ਐਡੀਸ਼ਨ ਫਰਵਰੀ 2013

ਭੇਟਾ : 300-00

ਪ੍ਰਕਾਸ਼ਕ :-
ਭਾ. ਜਤਵ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਉਨੀਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਧੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ॥

"ਗੁਰ ਕੀ ਬਾਣੀ ਸਿਉ ਰੰਗੁ ਲਾਇ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ॥"

ਸੰਪ੍ਰਦਾਈ ਅਰਥਾਂ ਦੀ ਸੈਂਚੀ ਪਹਿਲੀ ਸ੍ਰੀ ਜਪੁਜੀ ਸਾਹਿਬ, ਰਹਰਾਸਿ ਸਾਹਿਬ ਅਤੇ ਕੀਰਤਨ ਸੋਹਿਲਾ ਸਟੀਕ ਦਾ ਤਤਕਰਾ

ਸੰਖੇਪ ਜੀਵਨ ਬਾਬਾ ਉਤਮ ਸਿੰਘ ਜੀ ੯
ਸੰਪ੍ਰਦਾਈ ਟਕਸਾਲ ਦੇ ਆਰੰਭ ਕਰਤਾ ੨੧
ਸੰਖੇਪ ਜੀਵਨ ਸੰਤ ਅਮੀਰ ਸਿੰਘ ਜੀ ੨੨
ਸੰਖੇਪ ਜੀਵਨ ਸੰਤ ਕ੍ਰਿਪਾਲ ਸਿੰਘ ਜੀ ੩੨
ਸੰਪ੍ਰਦਾਈ ਸ੍ਰੀ ਜਪੁਜੀ ਸਾਹਿਬ ਜੀ
ਸਟੀਕ ਸਬੰਧੀ ਪ੍ਰਾਰੰਭਕ ਬਿਨਯ ੩੯
ਆਰੰਭ ਸਟੀਕ-ਮੰਗਲਾ ਚਰਣ ੩੭
ਪਹਿਲੀ ਉਥਾਨਕਾ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ੪੩
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ੪੫
ਭਾਈ ਮੱਖਣ ਸ਼ਾਹ ਦਾ ਪ੍ਰਸੰਗ ੪੮
ਨੰਦ ਚੰਦ ਦੇ ਡਰੌਲੀ ੫੪-੫੫
ਸ੍ਰੀ ਦਸਮ ਗ੍ਰੰਥ ਜੀ ਦੀਆਂ ਬੀੜਾਂ ਦੇ ਭੇਦ ੫੬
ਸੰਪ੍ਰਦਾਈ ਗਿਆਨੀਆਂ ਦੀ ਪ੍ਰਣਾਲੀ ੫੮
ਦੂਸਰੀ ਉਥਾਨਕਾ ੫੯
ਅਵਤਾਰਾਂ ਦੇ ਨਿਰਣਯ ੫੯
ਭਵਿੱਖਤ ਪੁਰਾਣ ਦੇ ਸਲੋਕ ੬੧
ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਗਟ ਹੋਣਾ ੬੭
ਅਕਾਲ ਪੁਰਖ ਤੋਂ ਮੰਤ੍ਰ ਲੀਤਾ ੬੮
ਬੈਰਾਗੀਆਂ ਦੇ ਮਹੰਤ ਨੇ ਚਾਰ ਪ੍ਰਸ਼ਨ ਕੀਤੇ ੭੧
ਗੁਰ ਮੰਤ੍ਰ ਨਿਰਣਯ ੭੨
ਮੰਤ੍ਰ ਨਿਰਣਯ ੭੬
ਗਾਇਤ੍ਰੀ ਮੰਤ੍ਰ ੭੮
ਸਾਡਾ ਮੰਤ੍ਰ ਸਾਰਿਆਂ ਗ੍ਰੰਥਾਂ ਦੇ ਅਨੁਸਾਰ ਹੈ ੮੦
ਮੰਗਲ ਨਿਰਣਯ ੮੩
ਕਿਧਰੇ ਮੰਗਲ ਨਹੀਂ ਲਿਖੇ ੮੩
ਪੰਦ੍ਰੀਆ ਜੰਤ੍ਰ ਤੇ ਚੌਂਤੀਆ ਜੰਤ੍ਰ ੮੫
ਅਕਡਮ ਚੱਕਰ ੮੬
ਜਪੁ ਨੀਸਾਣੁ ੮੭
ਮੂਲ ਮੰਤ੍ਰ ਦੇ ਅਰਥ ਆਰੰਭ ੮੭
ਅਤੀ ਵਿਆਪਤੀ ਗੌਰਵਤਾ ਆਦਿ ਦੋਸ਼ ੯੫
ਚਾਰ ਅਭਾਵ ਪਦਾਰਥ ੯੭
ਜਪੁ ੯੭
ਚਾਰ ਅਨਬੰਧ ੯੮
ਆਦਿ ਸਚੁ ਜੁਗਾਦਿ ਸਚੁ ੯੯
ਪਹਿਲੀ ਪਉੜੀ (ਸੋਚੈ ਸੋਚਿ ਨ) ੧੦੧
ਗੁਰ ਸਤਿਗੁਰ ਕਾ ਜੋ ਸਿਖ ਅਖਾਏ ੧੧੧
ਦੂਸਰੀ ਪਉੜੀ (ਹੁਕਮੀ ਹੋਵਨਿ) ੧੧੨
ਤੀਸਰੀ ਪਉੜੀ (ਗਾਵੈ ਕੋ ਤਾਣੁ) ੧੧੮
ਕੋਈ ਬੋਲੈ ਰਾਮ ਰਾਮ ੧੨੭
ਚਉਥੀ ਪਉੜੀ (ਸਾਚਾ ਸਾਹਿਬੁ) ੧੨੯
ਅੰਮ੍ਰਿਤ ਵੇਲੇ ਇਸ਼ਨਾਨ ਨਿਰਨੇ ੧੩੬
ਅੰਮ੍ਰਿਤ ਵੇਲਿਆਂ ਦਾ ਵਿਚਾਰ ੧੩੭
ਪੰਜਵੀਂ ਪਉੜੀ (ਥਾਪਿਆ ਨਾ ਜਾਇ) ੧੪੧
ਖਟ ਪ੍ਰਮਾਣਾਂ ਦੇ ਨਾਮ ੧੪੨
ਛੇਵੀਂ ਪਉੜੀ (ਤੀਰਥਿ ਨਾਵਾ) ੧੪੯
ਸਤਵੀਂ ਪਉੜੀ (ਜੇ ਜੁਗ ਚਾਰੇ) ੧੫੯
ਨੌਂ ਖੰਡ ੧੫੯

ਅੱਠ ਸਾਧਨ ੧੬੩
ਨੌਧਾ ਭਗਤੀ ੧੬੪
ਅੱਠਵੀਂ ਪਉੜੀ (ਸੁਣਿਐ ਸਿਧ) ੧੬੬
ਚੁਰਾਸੀ ਸਿੱਧਾਂ ਦੇ ਨਾਮ ੧੬੯
ਨੌਂ ਨਾਥਾਂ ਦੇ ਨਾਮ ੧੭੦
ਸੱਤਾਂ ਦੀਪਾਂ ਦੇ ਨਾਮ ੧੭੦
ਸੱਤਾਂ ਪਤਾਲਾਂ ਦੇ ਨਾਮ ੧੭੦
ਨੌਵੀਂ ਪਉੜੀ (ਸੁਣਿਐ ਈਸਰੁ) ੧੭੧
ਛੇ ਚੱਕਰ ਤੇ ਉਨ੍ਹਾਂ ਦੇ ਅਸਥਾਨ ੧੭੬
ਛੇ ਸ਼ਾਸਤ੍ਰ ਤੇ ਉਨ੍ਹਾਂ ਦੇ ਕਰਤਿਆਂ ਦੇ ਨਾਮ ੧੭੬
ਸਤਾਈ ਸਿੰਮ੍ਰਤੀਆਂ ਤੇ ਚਾਰ ਵੇਦ ੧੭੬
ਦਸਵੀਂ ਪਉੜੀ (ਸੁਣਿਐ ਸਤੁ ਸੰਤੋਖੁ) ੧੮੦
ਜੈਸੇ ਅਠਸਠਿ ਤੀਰਥ ਪਰਸ ਕੀਓ ੧੮੨
ਗਿਆਰਵੀਂ ਪਉੜੀ (ਸੁਣਿਐ ਸਰਾ) ੧੮੬
ਧਨੁਖਬਾਨ ਵਿਦਿਆ ਪਰ ਵਿਚਾਰ ੧੮੬
ਬਾਰ੍ਹਵੀਂ ਪਉੜੀ (ਮੰਨੇ ਕੀ ਗਤਿ) ੧੯੪
ਤੇਰ੍ਹਵੀਂ ਪਉੜੀ (ਮੰਨੈ ਸੁਰਤਿ ਹੋਵੈ) ੧੯੯
ਚੌਧਵੀਂ ਪਉੜੀ (ਮੰਨੈ ਮਾਰਗਿ) ੨੦੪
ਜੈ ਬਿਜੈ ਨੇ ਤਿੰਨ ਜਨਮ ਰਾਖਸ਼ਾਂ ਦੇ ਧਾਰੇ ੨੦੪
ਪੰਦ੍ਰਵੀਂ ਪਉੜੀ (ਮੰਨੈ ਪਾਵਹਿ) ੨੦੭
ਪ੍ਰਮਾਣ, ਨਾਮ ਮੰਨਣ ਪਰ ੨੧੨
ਸੋਲ੍ਹਵੀਂ ਪਉੜੀ (ਪੰਚ ਪਰਵਾਣ) ੨੧੩
ਸਤਾਰ੍ਹਵੀਂ ਪਉੜੀ (ਅਸੰਖ ਜਪ) ੨੨੫
ਨੌਂ ਪ੍ਰਕਾਰ ਦੀ ਭਗਤੀ ਤੇ ਕਰਤੇ ੨੨੬
ਅਠਾਰ੍ਹਵੀਂ ਪਉੜੀ (ਅਸੰਖ ਮੂਰਖ) ੨੩੧
ਉਨੀਵੀਂ ਪਉੜੀ (ਅਸੰਖ ਨਾਵ) ੨੩੭
ਬ੍ਰਾਹਮਣ ਜਾਤੀ ਨਿਰਣਯ ੨੪੧
ਵੀਹਵੀਂ ਪਉੜੀ (ਭਰੀਐ ਹਥੁ ਪੈਰੁ) ੨੪੬
ਇੱਕੀਵੀਂ ਪਉੜੀ (ਤੀਰਥ ਤਪੁ) ੨੫੩
ਬਾਈਵੀਂ ਪਉੜੀ (ਪਾਤਾਲਾ ਪਾਤਾਲ) ੨੬੩
ਤੇਈਵੀਂ ਪਉੜੀ (ਸਾਲਾਹੀ ਸਾਲਾਹਿ) ੨੭੧
ਚੌਵੀਵੀਂ ਪਉੜੀ (ਅੰਤੁ ਨ ਸਿਫਤੀ) ੨੭੪
ਪ੍ਰਭੂ ਬੇਅੰਤਤਾ ਪਰ ਦਸਮ ਗੁਰੂ ਜੀ ਦੀ ਬਾਣੀ ਦੇ ਪ੍ਰਮਾਣ ੨੭੪
ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ੨੭੫
ਸੇਵ ਕਰੀ ਇਨਹੀ ਕੀ ਭਾਵਤ ੨੭੫
ਪੰਝੀਵੀਂ ਪਉੜੀ (ਬਹੁਤਾ ਕਰਮੁ) ੨੮੪
ਚਾਰ ਬਰਨ ਚਉਹਾ ਕੇ ਮਰਦਨ ੨੮੭
ਛੱਬੀਵੀਂ ਪਉੜੀ (ਅਮੁਲ ਗੁਣ) ੨੯੫
ਧਰਮ ਦੇ ਦਸ ਚਿੰਨ ੨੯੬
ਸਤਾਈਵੀਂ ਪਉੜੀ (ਸੋ ਦਰੁ ਕੇਹਾ) ੩੦੩
ਨੌਂ ਜੋਗੇਸ਼੍ਵਰਾਂ ਦੇ ਨਾਮ ੩੦੬
ਚੌਦਾਂ ਰਤਨਾਂ ਦੇ ਨਾਮ ੩੧੨
ਨੌਂ ਖੰਡਾਂ ਦੇ ਨਾਮ ੩੧੩
ਅਠਾਈਵੀਂ ਪਉੜੀ (ਮੁੰਦਾ ਸੰਤੋਖੁ) ੩੧੬
ਮਨ ਦੇ ਮਾਰਨ ਉੱਪਰ ਪ੍ਰਮਾਣ ੩੨੧-੨੨
ਉਨੱਤੀਵੀਂ ਪਉੜੀ (ਭੁਗਤਿ ਗਿਆਨ) ੩੨੫
ਤੀਹਵੀਂ ਪਉੜੀ (ਏਕਾ ਮਾਈ) ੩੨੯
ਇਕੱਤੀਵੀਂ ਪਉੜੀ (ਆਸਣੁ ਲੋਇ) ੩੩੧
ਬੱਤੀਵੀਂ ਪਉੜੀ (ਇਕ ਦੂ ਜੀਭੌ) ੩੩੩
ਤੇਤੀਵੀਂ ਪਉੜੀ (ਆਖਣਿ ਜੋਰੁ) ੩੩੬
ਨ੍ਰਿਪ ਮਾਰ ਚਲੀ ਪੀਅ ਆਪਨ ਸਿਉਂ ੩੪੮
ਚੌਂਤੀਵੀਂ ਪਉੜੀ (ਰਾਤੀ ਰੁਤੀ) ੩੫੩
ਪੈਂਤੀਵੀਂ ਪਉੜੀ (ਧਰਮ ਖੰਡ ਕਾ) ੩੫੬
ਦਸ ਪ੍ਰਕਾਰ ਦੀ ਪੌਣ ਸਰੀਰ ਵਿਚ ੩੫੬
ਯਾਰਾਂ ਰੁਦ੍ਰ ੩੫੭
ਨੌਂ ਨਾਥਾਂ ਦੇ ਨਾਮ ੩੫੯
ਨੌਂ ਮੁਨੀਆਂ ਤੇ ਇਸਤ੍ਰੀਆਂ ਦੇ ਨਾਮ ੩੬੦
ਚੌਦਾਂ ਰਤਨਾਂ ਦਾ ਵੇਰਵਾ ੩੬੦
ਸੱਤ ਸਮੁੰਦਰਾਂ ਦਾ ਵੇਰਵਾ ੩੬੧
ਚਾਰ ਖਾਣੀਆਂ ਦਾ ਵੇਰਵਾ ੩੬੧
ਚਾਰ ਬਾਣੀਆਂ ਦਾ ਵੇਰਵਾ ੩੬੧

ਬਾਣੀਆਂ (ਧੁਨਿ) ਦਾ ਵੇਰਵਾ ੩੬੨
ਜੋ ਨਰੁ ਦੁਖ ਮਹਿ ਦੁਖ ਨਹੀ ਮਾਨੈ ੩੭੦
ਛੱਤੀਵੀਂ ਪਉੜੀ (ਗਿਆਨ ਖੰਡ) ੩੭੧
ਸੈਂਤੀਵੀਂ ਪਉੜੀ (ਕਰਮ ਖੰਡ ਕੀ) ੩੭੬
ਅਠੱਤੀਵੀਂ ਪਉੜੀ (ਜਤੁ ਪਾਹਾਰਾ) ੩੮੪
ਸਲੋਕੁ ॥ ੩੮੪
ਪਵਣੁ ਗੁਰੂ ਪਾਣੀ ਪਿਤਾ ੩੮੭
੧੦੧ ਕੁਲਾਂ ਦਾ ਵੇਰਵਾ ੪੧੮
ਜਪੁਜੀ ਮਹਾਤਮ ੪੧੯
ਸ੍ਰੀ ਜਪੁਜੀ ਸਾਹਿਬ ਸਟੀਕ ਸੰਪੂਰਣ ੪੨੨
ਜ਼ਰੂਰੀ ਨੋਟ 'ਨਾਨਕ' ਪਦ ਪਰ ੪੨੩

ਸੰਪ੍ਰਦਾਈ ਰਹਰਾਸਿ ਸਟੀਕ

ਤਿੰਨਾਂ ਸੋਦਰਾਂ ਦਾ ਪਾਠੰਤ੍ਰ-ਭੇਦ ੪੨੫
'ਮਹੱਲਾ' ਅਤੇ 'ਰਹਾਉ' ੪੨੮
'ਰਹਾਉ' ਦਾ ਵਿਚਾਰ ੪੩੦
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ੪੩੧
ਸੁਣਿ ਵਡਾ ਆਖੈ ਸਭੁ ਕੋਇ ੪੩੭
ਆਸਾ ਮਹਲਾ ੧ ॥
ਆਖਾ ਜੀਵਾ ਵਿਸਰੈ ਮਰਿ ਜਾਉ ੪੪੪
ਨਿੰਦਕਾਂ ਦੀ ਨਿਖੇਧੀ ਪਰ ਪ੍ਰਮਾਣ ੪੪੭
ਰਾਗੁ ਗੂਜਰੀ ਮਹਲਾ ੪ ॥
ਹਰਿ ਕੇ ਜਨ ਸਤਿਗੁਰ ਸਤਪੁਰਖਾ ੪੫੪
ਜਾਕਉ ਮੁਨਿ ਧ੍ਯਾਨੁ ਧਰੈ ੪੫੬
ਰਾਗੁ ਗੂਜਰੀ ਮਹਲਾ ੫ ॥
ਕਾਹੇ ਰੇ ਮਨ ਚਿਤਵਹਿ ਉਦਮੁ ੪੬੦
ਰਾਗੁ ਆਸਾ ਮਹਲਾ ੪ ਸੋ ਪੁਰਖੁ
ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ੪੭੦
ਤੂੰ ਕਰਤਾ ਸਚਿਆਰੁ ਮੈਡਾ ਸਾਂਈ ੪੭੮
ਤਿਤੁ ਸਰਵਰੜੈ ਭਈਲੇ ਨਿਵਾਸਾ ੪੮੧
ਆਸਾ ਮਹਲਾ ੫ ॥
ਭਈ ਪਰਾਪਤਿ ਮਾਨੁਖ ਦੇਹੁਰੀਆ ੪੮੩
ਰਹਰਾਸਿ ਦੇ ਪੜ੍ਹਨ ਦਾ ਮਹਾਤਮ ੪੮੬

ਕੀਰਤਨ ਸੋਹਿਲਾ

ਜੈ ਘਰਿ ਕੀਰਤਿ ਆਖੀਐ ੪੯੨
ਰਾਗੁ ਆਸਾ ਮਹਲਾ ੧ ॥
ਛਿਅ ਘਰ ਛਿਅ ਗੁਰ ਛਿਅ ਉਪਦੇਸ ੪੯੮
ਰਾਗੁ ਧਨਾਸਰੀ ਮਹਲਾ ੧ ॥
ਗਗਨਮੈ ਥਾਲੁ ਰਵਿ ਚੰਦੁ ਦੀਪਕ ੫੦੨
ਸਰਹੰਦ, ਯਮਨਾ ਨਗਰ, ਡੇਹਰਾਦੂਨ,
ਰਿਖੀਕੇਸ, ਹਰਿਦੁਆਰ, ਕਨਖਲ, ਕਾਹਨਪੁਰ,
ਪ੍ਰਾਗਰਾਜ ਦੀ ਯਾਤਰਾ ਦਾ ਵੇਰਵਾ ੫੦੭
ਰਾਗੁ ਗਉੜੀ ਪੂਰਬੀ ਮਹਲਾ ੪ ॥
ਕਾਮਿ ਕਰੋਧਿ ਨਗਰੁ ਬਹੁ ਭਰਿਆ ੫੧੦
ਰਾਗੁ ਗਉੜੀ ਪੂਰਬੀ ਮਹਲਾ ੫ ॥
ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ੫੧੬
ਸੰਤ ਧੂੜੀ ਉਤੇ ਪ੍ਰਮਾਣ ੫੨੩

ਸਾਖੀਆਂ ਦਾ ਤਤਕਰਾ

ਸਾਖੀ ਮੂਸੇ ਪੈਗੰਬਰ ਦੀ ---------- ੯੨
ਦੂਜੀ ਸਾਖੀ ਰਾਜੇ ਤੇ ਰਾਣੀ ਦੀ---------- ੯੩
ਸਾਖੀ ਪਵਿੱਤ੍ਰਤਾ ਪਰ ---------- ੧੦੧
ਸਾਖੀ ਸਿਕੰਦਰ ਬਾਦਸ਼ਾਹ ਦੀ---------- ੧੦੨
ਦੂਜੀ ਸਾਖੀ ਤ੍ਰਿਸ਼ਨਾਲੂ ਪੁਰਸ਼ ਦੀ -------- ੧੦੩
ਸਾਖੀ ਬਿਆਸ ਭਗਵਾਨ ਜੀ ਦੇ
ਸ਼ਿਸ਼ ਅਤੇ ਭਾਵੀ ਦੀ ---------- ੧੦੫
ਸਾਖੀ ਰਾਜਾ ਪ੍ਰੀਛਤ ਦੀ---------- ੧੦੬
ਦੂਜੀ ਸਾਖੀ ਅਫਲਾਤੂ ਦੀ ---------- ੧੦੭
ਸਾਖੀ ਭਾਈ ਸਹਿਜ ਰਾਮ ਜੀ ਦੀ ------- ੧੧੦
ਸਾਖੀ ਭੀਲਣੀ ਦੀ ---------- ੧੧੪
ਸਾਖੀ ਅਰਜਨ ਦੀ ---------- ੧੨੧
ਸਾਖੀ ਰਾਮਰਾਇ ਜੀ ਦੀ ---------- ੧੨੪
ਸਾਖੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
ਦੀ ਤੇ ਜਹਾਂਗੀਰ ਦੀ ---------- ੧੩੦
ਸਾਖੀ ਸੁਥਰੇ ਸ਼ਾਹ ਦੀ ---------- ੧੩੮
ਸਾਖੀ ਪਾਰਬਤੀ ਦੀ ---------- ੧੪੬
ਸਾਖੀ ਤੁਲਸੀ ਦਾਸ ਜੀ ਦੀ ---------- ੧੫੦
ਸਾਖੀ ਭਾਈ ਭਿਖਾਰੀ ਜੀ ਦੀ ---------- ੧੫੧
ਸਾਖੀ ਪਹਿਲੀ ਕਰਮਾਂ ਦੀ ---------- ੧੫੪
ਸਾਖੀ ਦੂਜੀ ਕਰਮਾਂ ਦੀ ---------- ੧੫੫
ਸਾਖੀ ਭਾਈ ਮਰਦਾਨੇ ਦੀ ---------- ੧੫੬
ਸਾਖੀ ਸ੍ਰੀ ਰਾਮਚੰਦ੍ਰ ਜੀ ਦੇ ਹੱਸਣ ਦੀ ---- ੧੬੦
ਸਾਖੀ ਬਾਬੇ ਅਟੱਲ ਰਾਇ ਸਾਹਿਬ ਜੀ ਦੀ -- ੧੬੮
ਸਾਖੀ ਅਮਰ ਕਥਾ ਦੀ---------- ੧੭੧
ਸਾਖੀ ਭੀਲਣੀ ਦੀ ---------- ੧੭੫
ਸਾਖੀ ਵਜ਼ੀਰ ਖਾਂ ਦੀ---------- ੧੭੮
ਸਾਖੀ ਪਰੂਰਵ ਰਾਜੇ ਦੀ ---------- ੧੮੦
ਦੂਜੀ ਸਾਖੀ ਜੈਤ ਨਾਮੇ ਸੇਠ ਦੀ -------- ੧੮੧
ਸਾਖੀ ਗੰਗਾ, ਜਮਨਾ ਤੇ ਸਰਸੁਤੀ ਦੀ ----- ੧੮੨
ਸਾਖੀ ਬ੍ਰਹਮ ਗਿਆਨੀ ਭਾਈ ਬਿਧੀ ਚੰਦ -- ੧੮੩
ਸਾਖੀ ਪਹਿਲੀ ਹਨੂੰਮਾਨ ਦੇ ਸਮੁੰਦਰ ਪਾਰ
ਲੰਘਣ ਦੀ---------- ੧੮੮
ਸਾਖੀ ੨ ਮਹਾਰਾਜਾ ਰਣਜੀਤ ਸਿੰਘ ਜੀ ਦੀ -- ੧੮੯
ਸਾਖੀ ੩ ਮਹਾਰਾਜਾ ਰਣਜੀਤ ਸਿੰਘ ਜੀ ਦੀ -- ੧੯੦
ਸਾਖੀ ਚੌਥੀ ਭਾਈ ਗੁਰਦਾਸ ਜੀ ਦੀ ------ ੧੯੧
ਸਾਖੀ ਪੰਜਵੀਂ ਗੁਜਰੀ ਦੀ---------- ੧੯੨
ਸਾਖੀ ਪੁਰਾਤਨ ਸਿੱਖਾਂ ਦੀ---------- ੧੯੪
ਵਾਰਤਾ ਭਾ: ਲਾਲੋ ਮਲਕ ਭਾਗੋ ਦੀ ----- ੧੯੬
ਸਾਖੀ ਬਾਬਾ ਬੁੱਢਾ ਜੀ ਦੀ ---------- ੧੯੯
ਸਾਖੀ ਇਕ ਬੁੱਢੇ ਆਦਮੀ ਦੀ---------- ੨੦੧
ਸਾਖੀ ਭਾਈ ਸੁਬੇਗ ਸਿੰਘ ਤੇ
ਸ਼ਾਹਬਾਜ਼ ਸਿੰਘ ਦੀ ---------- ੨੦੫
ਸਾਖੀ ਪਹਿਲੀ ਧੰਨੇ ਭਗਤ ਤੇ ਤ੍ਰਿਲੋਚਨ ਦੀ- ੨੦੮
ਸਾਖੀ ਦੂਜੀ ਗੋਰਖ ਤੇ ਮਛਿੰਦ੍ਰ ਦੀ ------- ੨੧੦
ਸਾਖੀ ਪ੍ਰਾਣਾਂ ਦੀ ---------- ੨੧੬
ਸਾਖੀ ਰੈਬਾਂ ਨਾਮੇ ਰਾਜ ਲੜਕੀ ਦੀ ------ ੨੧੮
ਸਾਖੀ ਕ੍ਰਿਸ਼ਨ ਜੀ ਦੀ ---------- ੨੨੭

ਸਾਖੀ ਰਾਜੇ ਨਿਰਮੋਹ ਦੇ ਪੁੱਤਰ ਦੀ (ਅ)---੨੨੯
ਸਾਖੀ ਮਹਾਂ ਮੂਰਖਾਂ ਦੀ ----------੨੩੧
ਸਾਖੀ ਇਕ ਚੋਰ ਦੀ ---------- ੨੩੩
ਸਾਖੀ ਪਰਮੇਸ਼ਰ ਬਿਅੰਤ ਹੈ ----------੨੩੮
ਸਾਖੀ ਰਾਜੇ ਜਨਮੇਜੇ ਦੀ ----------੨੪੦
ਸਾਖੀ ਗੁਟਾਰ ਤੇ ਬਾਜ ਦੀ ----------੨੪੮
ਸਾਖੀ ਦੂਜੀ 'ਅਜ' ਰਾਜੇ ਦੀ----------੨੪੯
ਸਾਖੀ ਮਾਂਡਵ ਰਿਖੀ ਜੀ ਦੀ ----------੨੫੦
ਸਾਖੀ ਅਕਬਰ ਬਾਦਸ਼ਾਹ ਦੀ ----------੨੫੩
ਸਾਖੀ ਹੰਕਾਰੀ ਹਕੀਮ ਦੀ ----------੨੬੧
ਸਾਖੀ ਦਸਤਗੀਰ ਪੀਰ ਦੀ----------੨੬੩
ਸਾਖੀ ਦੂਜੀ ਮੁਹੰਮਦ ਦੀ----------੨੬੭
ਸਾਖੀ ਹਰੀਰਚ ਰਾਜੇ ਦੀ ----------੨੭੨
ਸਾਖੀ ਬ੍ਰਹਮਾ ਦੀ ----------੨੭੮
ਪਹਿਲੀ ਸਾਖੀ ਨਾਰਦ ਮੁਨੀ ਦੀ --------੨੮੦
ਦੂਜੀ ਸਾਖੀ ਨਾਮ ਮਹਾਤਮ ਦੀ---------੨੮੦
ਸਾਖੀ ਮੂਸੇ ਪੈਗੰਬਰ ਦੀ ----------੨੮੫
ਸਾਖੀ ਪਹਿਲੀ ਲਾਹੌਰਾ ਸਿੰਘ ਤੇ
ਮਾਲਾ ਸਿੰਘ ਦੀ ----------੨੮੮
ਸਾਖੀ ਦੂਜੀ ਸੁਥਰੇ ਸ਼ਾਹ ਦੀ----------੨੮੯
ਸਾਖੀ ਕੁੰਤੀ ਦੀ ----------੨੯੦
ਸਾਖੀ ਅਧਮ ਬਾਦਸ਼ਾਹ ਦੀ ----------੨੯੨
ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ
ਰਾਖਸ਼ ਦੀ ਦੇਹ ਵਿਚ ਵਧਣ ਦੀ---੩੦੦
ਸਾਖੀ ਰਾਜੇ ਇੰਦਰ ਦੀ ----------੩੦੪
ਸਾਖੀ ਨੌਸ਼ੇਰਵਾਂ ਬਾਦਸ਼ਾਹ ਦੀ----------੩੦੭
ਸਾਖੀ ਚੁਣਕ ਰਿਖੀ ਜੀ ਦੀ----------੩੧੦
ਸਾਖੀ ਗੁਰੂ ਨਾਨਕ ਦੇਵ ਜੀ ਦੀ --------੩੧੬
ਸਾਖੀ ਸੁਬਕਤ ਗੀਨ ਦੀ ----------੩੨੫
ਪਹਿਲੀ ਸਾਖੀ ਨਾਨੂ ਪੰਡਿਤ ਦੀ --------੩੩੪
ਦੂਜੀ ਸਾਖੀ ਜੁਲਾਹੇ ਦੀ ----------੩੩੭
ਸਾਖੀ ਕੁੰਭ ਕਰਨ ਦੀ ----------੩੩੯
ਸਾਖੀ ਗੁਰੂ ਚੇਲੇ ਦੀ ----------੩੪੦
ਪਹਿਲੀ ਸਾਖੀ ਬ੍ਰਾਹਮਣ ਤੇ ਜੁਲਾਹੇ ਦੀ ---੩੪੨
ਦੂਜੀ ਸਾਖੀ ਜੁਲਾਹਾ, ਜੁਲਾਹੀ ਤੇ
ਉਸ ਦੇ ਪੁੱਤਰ ਦੀ----------੩੪੨
ਪਹਿਲੀ ਸਾਖੀ ਕ੍ਰਿਸ਼ਨ ਜੀ ਤੇ ਦੁਰਯੋਧਨ ਦੀ ੩੪੩
ਦੂਜੀ ਸਾਖੀ ਹਰੀ ਚੰਦ ਰਾਜੇ ਦੀ --------੩੪੩
ਸਾਖੀ ਪ੍ਰੀਛਤ ਰਾਜੇ ਦੀ ----------੩੪੪
ਪਹਿਲੀ ਸਾਖੀ ਵਸ਼ਿਸ਼ਟ ਜੀ ਦੀ --------੩੪੬
ਦੂਜੀ ਸਾਖੀ ਗੂਜਰੀ ਦੀ ----------੩੪੭
ਸਾਖੀ ਬ੍ਰਹਮਿਆਂ ਦੀ ----------੩੫੭
ਸਾਖੀ ਕ੍ਰਿਸ਼ਨ ਜੀ ਤੇ ਦੁਰਬਾਸ਼ਾ ਰਿਖੀ ਜੀ ਦੀ --੩੬੪
ਸਾਖੀ ਭਾਈ ਰੰਗ ਜੀ ਦੀ ----------੩੬੭
ਸਾਖੀ ਮਛੋਦਰ ਦੀ ----------੩੬੯
ਸਾਖੀ ਅੰਗੂਰਾਂ ਦੀ ----------੩੭੧
ਸਾਖੀ ਭਾਈ ਲਹਿਣਾ ਜੀ ਦੀ ----------੩੭੨
ਸਾਖੀ ਮਹਾਂਬੀਰ ਹਨੂੰਮਾਨ ਦੀ ----------੩੭੭
ਸਾਖੀ ਸੀਤਾ ਜੀ ਦੀ ----------੩੭੯
ਸਾਖੀ ਪਾਂਡਵਾਂ ਦੀ ----------੩੮੪
ਸਾਖੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ------੩੮੮
ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ------੩੮੯
ਸਾਖੀ ਰਾਜੇ ਭਰਥਰੀ ਦੀ----------੩੯੦
ਸਾਖੀ ਵੇਸਵਾ ਦੀ ----------੩੯੩

ਸਾਖੀ ਛੇਵੇਂ ਪਾਤਿਸ਼ਾਹ ਜੀ ਦੀ---------- ੩੯੫
ਸਾਖੀ ਪ੍ਰਾਣਾਂ ਦੇ ਵੱਡਿਆਂ ਹੋਣ ਦੀ------- ੩੯੭
ਸਾਖੀ ਰਾਜੇ ਹਰੀ ਚੰਦ ਦੀ ---------- ੪੦੦
ਸਾਖੀ ਛੇਵੇਂ ਗੁਰੂ ਜੀ ਨੂੰ ਪੰਡਿਤ ਨੇ
ਜ਼ਹਿਰ ਦੇਣੀ ---------- ੪੦੫
ਸਾਖੀ ਮਨ ਸੁਖ ਸ਼ਾਹ ਦੀ---------- ੪੦੫
ਸਾਖੀ ਭਾਈ ਤਿਲੋਕੇ ਦੀ ---------- ੪੦੬
ਸਾਖੀ ਭਾਈ ਕਟਾਰੂ ਦੀ---------- ੪੦੮
ਸਾਖੀ ਗੁਰੂ ਅਰਜਨ ਦੇਵ ਜੀ ਦੀ-------- ੪੧੧
ਸਾਖੀ ਦੋ ਚੇਲਿਆਂ ਦੀ ਪ੍ਰੀਖਿਆ ਲੈਣ ਦੀ --- ੪੧੨
ਸਾਖੀ ਭਾਈ ਗੋਂਦਾ ਜੀ ਦੀ---------- ੪੧੩
ਸਾਖੀ ਦਸਵੇਂ ਪਾਤਿਸ਼ਾਹ ਜੀ ਦੀ -------- ੪੧੪
ਸਾਖੀ ਰਾਮਰਾਇ ਜੀ ਦੀ ---------- ੪੪੦
ਸਾਖੀ ਛੱਜੂ ਭਗਤ ਦੀ ---------- ੪੪੫
ਦੂਜੀ ਸਾਖੀ ਨਾਮ ਦਾ ਜਪਣਾ ਔਖਾ ਹੈ --- ੪੪੫
ਸਾਖੀ ਗੁਰਮਤਿ ਅਨੁਸਾਰ ਨਾਮ ਜਪਣ ਦੀ-- ੪੫੫
ਸਾਖੀ ਭਾਈ ਗੁਰਦਾਸ ਜੀ ---------- ੪੫੮
ਸਾਖੀ ਮਾਧੋਦਾਸ ਜੀ ਦੀ ---------- ੪੬੨
ਸਾਖੀ ਸੂਲੀ ਸਰ ਦੀ ---------- ੪੬੪
ਸਾਖੀ ਸੁੰਨ ਸਮਾਧੀ ਵਾਲਿਆਂ ਦੀ ------- ੪੮੮
ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ
ਦੀਵੇ ਬਾਲਕੇ ਆਰਤੀ ਕੀਤੀ ------ ੫੦੨
ਅਲਾਹਾਬਾਦ, ਬਨਾਰਸ ਤੇ ਸ੍ਰੀ ਪਟਨਾ
ਜੀ ਦੀ ਯਾਤਰਾ ਦਾ ਸਾਰਾ ਹਾਲ --- ੫੦੭
ਸਾਖੀ ਸੇਵਾ ਹੀਣ ਪੁਰਸ਼ ਦੀ ---------- ੫੧੭
ਦੂਸਰੀ ਸਾਖੀ ਸੇਵਾ ਬਿਨਾਂ ਅੰਗ ਨਿਸਫਲ ਦੀ ੫੧੮
ਚਰਨ ਧੂੜੀ ਪਰ ਪ੍ਰਮਾਣ------ ੫੨੩ ਤੇ ੫੨੪
ਸਾਖੀ ਸੰਤ ਧੂੜ ਦੀ ਮਹਿਮਾ ਪਰ-------- ੫੨੫
ਕੀਰਤਨ ਸੋਹਿਲਾ ਪੜ੍ਹਨ ਦਾ ਮਹਾਤਮ ---- ੫੨੬
ਪੰਜ ਬਾਣੀਆਂ ਪੜ੍ਹਨ ਦਾ ਮਹਾਤਮ ------ ੫੨੭
ਸਟੀਕ ਪੁਸਤਕਾਂ ਦਾ ਵੇਰਵਾ ---------- ੫੨੮

ਸਾਖੀਆਂ ਦਾ ਕੁਲ ਜੋੜ ੧੨੧

ੴ ਸਤਿਗੁਰ ਪ੍ਰਸਾਦਿ॥

ਸ੍ਰੀ ਮਾਨ ੧੦੮
ਮਹੰਤ ਬਾਬਾ ਉਤਮ ਸਿੰਘ ਜੀ
ਦਾ
ਸੰਖੇਪ ਜੀਵਨ ਚਰਿੱਤ੍ਰ

ਆਪ ਜੀ ਦਾ ਪਵਿੱਤ੍ਰ ਜਨਮ ਖ਼ਾਸ ਮਿੱਠਾ ਟਿਵਾਣਾ [ਜ਼ਿਲਾ ਸਰਗੋਧਾ] ਵਿਖੇ ਪਿਤਾ ਸਰਦਾਰ ਗਿਆਨ ਸਿੰਘ ਜੀ ਤੇ ਮਾਤਾ ਸਤ ਭਰਾਈ ਦੇ ਘਰ, ਬਿਕ੍ਰਮੀ ਸੰਮਤ ੧੯੦੭ ਨੂੰ ਹੋਇਆ।

ਜਦ ਆਪ ਜੀ ੪ ਸਾਲ ਦੀ ਅਵਸਥਾ ਦੇ ਹੋਏ ਤਾਂ ਦੇਵਨੇਤ ਅਨੁਸਾਰ ਸਰੀਰ ਨੂੰ ਕੋਈ ਐਸਾ ਰੋਗ ਪੈਦਾ ਹੋ ਗਿਆ, ਜੋ ਮਾਤਾ ਪਿਤਾ ਨੇ ਬਹੁਤ ਜਤਨ ਪੂਰਬਕ ਇਲਾਜ ਭੀ ਕਰਵਾਏ, ਪ੍ਰੰਤੂ ਸਰੀਰ ਅਰੋਗ ਹੋਣ ਵਿਚ ਨਾ ਆਇਆ ਤੇ ਡਾਕਟਰਾਂ ਤਥਾ ਹਕੀਮਾਂ ਨੇ ਭੀ ਨਿਰਾਸਤਾ ਹੀ ਪ੍ਰਗਟ ਕੀਤੀ। ਆਖਿਰਕਾਰ ਮਾਤਾ ਪਿਤਾ ਨੇ ਵਿਚਾਰ ਕੀਤੀ ਕਿ ਹੁਣ ਬੱਚਾ ਬਹੁਤ ਬੀਮਾਰ ਹੋ ਗਿਆ ਹੈ, ਦਵਾਈ ਵੀ ਕੋਈ ਨਹੀਂ ਲੱਗਦੀ ਕੀ ਜਤਨ ਕੀਤਾ ਜਾਏ, ਇਨ੍ਹਾਂ ਫ਼ਿਕਰਾਂ ਦੇ ਵਿਚ ਰਾਤ ਦਿਨ ਬਤੀਤ ਹੋ ਰਹੇ ਸਨ।

ਇਸ ਪ੍ਰਕਾਰ ਚਿੰਤਾਂ ਵਿਚ ਕਿਤਨਾ ਸਮਾਂ ਬਤੀਤ ਹੋ ਗਿਆ ਤਾਂ ਇਕ ਦਿਨ ਆਪਸ ਵਿਚ ਕਹਿਣ ਲੱਗੇ ਕਿ ਸੰਤ ਮਹਾਤਮਾਂ ਦਿਆਲੂ ਤੇ ਕ੍ਰਿਪਾਲੂ ਹੁੰਦੇ ਹਨ, ਮਹਾਤਮਾਂ ਦੇ ਪਾਸ ਲੈ ਚਲੀਏ [ਉਥੇ ਮਿੱਠੇ ਟਿਵਾਣੇ ਮਹਾਂ ਪੁਰਸ਼ ਰਹਿੰਦੇ ਹਨ। ਜਿਨ੍ਹਾਂ ਦਾ ਪਵਿੱਤ੍ਰ ਨਾਮ ਸ੍ਰੀਮਾਨ ੧੦੮ ਮਹੰਤ ਹਰੀ ਸਿੰਘ ਜੀ ਸੀ।]*

ਇਸ ਪ੍ਰਕਾਰ ਵਿਚਾਰ ਕਰਕੇ ਮਹਾਂ ਪੁਰਸ਼ਾਂ ਦੇ ਪਾਸ ਬੱਚੇ ਨੂੰ ਨਾਲ ਲੈ ਕੇ ਆਏ, ਆ ਕੇ ਬੱਚੇ ਨੂੰ ਸੰਤਾਂ ਦੇ ਚਰਨਾਂ ਪਰ ਪਾ ਦਿੱਤਾ, ਨਮਸ਼ਕਾਰ ਕਰਕੇ ਬੇਨਤੀ ਕੀਤੀ,"ਗਰੀਬ ਨਿਵਾਜ਼ ਜੀ! ਇਹ ਬੱਚਾ ਆਪ ਜੀ ਦਾ ਬਖਸ਼ਿਆ ਹੋਇਆ ਹੈ, ਸਰੀਰਕ ਰੋਗ ਕਰਕੇ ਗ੍ਰਸਿਆ ਗਿਆ ਹੈ, ਬਹੁਤ ਇਲਾਜ ਕੀਤੇ ਹਨ ਰੋਗ ਦੂਰ ਨਹੀਂ ਹੁੰਦਾ, ਆਪ ਕਿਰਪਾ ਦ੍ਰਿਸ਼ਟੀ ਕਰਕੇ ਇਸ ਬੱਚੇ ਦਾ ਦੁੱਖ ਦੂਰ ਕਰੋ, ਜਿਸ ਕਰਕੇ ਅਸੀਂ ਸੁਖੀ ਹੋ ਜਾਈਏ।" ਉਸ ਵਕਤ ਕਹਿਣੀ ਦੇ ਸੂਰੇ ਤੇ ਬਚਨ ਦੇ ਪੂਰੇ—

"ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥੩॥" *[ਪੰਨਾ ੩੯੨]*

ਮਹਾਂ ਪੁਰਖਾਂ ਨੇ ਬਚਨ ਕੀਤਾ, "ਕਿ ਇਸ ਬੱਚੇ ਨੂੰ ਇਥੇ ਟਿਕਾਣੇ ਤੇ ਛੱਡ ਦਿਓ, ਸਾਧ ਸੰਗਤ ਦੀ ਸੇਵਾ ਕਰਕੇ ਰਾਜ਼ੀ ਹੋ ਜਾਏਗਾ। ਭਾਵ ਸਾਨੂੰ ਦੇ ਦਿਓ, ਤਾਂ ਅਰੋਗ ਹੋ ਜਾਏਗਾ, ਪਰ ਜੇ ਘਰ ਰਹੇਗਾ ਤਾਂ ਦੁਖੀ ਰਹੇਗਾ।"

*ਇਹ ਮਹਾਤਮਾ ਬਾਬਾ ਘਨੱਈਆ ਸਾਹਿਬ ਜੀ ਦੀ ਸੰਪ੍ਰਦਾ 'ਚੋਂ ਸੱਤਵੀਂ ਜਗਾ ਪਰ ਸਨ।

ਇਸ ਪ੍ਰਕਾਰ ਮਹਾਂ ਪੁਰਸ਼ਾਂ ਦੇ ਪਵਿਤ੍ਰ ਮੁਖਾਰਬਿੰਦ ਤੋਂ ਬਚਨ ਸੁਣ ਕੇ ਮਾਤਾ ਪਿਤਾ ਨੇ ਬੇਨਤੀ ਕੀਤੀ "ਕਿ ਹੇ ਗਰੀਬ ਨਿਵਾਜ਼! ਇਸ ਬਾਲਕ ਨੂੰ ਫਿਰ ਆਪਣੇ ਚਰਨਾਂ ਵਿਚ ਹੀ ਰੱਖੋ, ਜਿਸ ਕਰ ਕੇ ਇਸ ਨੂੰ ਸੁਖ ਹੋਵੇ ਤੇ ਅਸੀਂ ਵੀ ਸੁਖੀ ਹੋਈਏ।"

ਇਸ ਪ੍ਰਕਾਰ ਸ੍ਰੀ ਮਾਨ ਬਾਬਾ ਉਤਮ ਸਿੰਘ ਜੀ ਮਹਾਂ ਪੁਰਸ਼ਾਂ ਦੇ ਅਸਥਾਨ ਤੇ ਮਿੱਠੇ ਟਿਵਾਣੇ ਆਏ ਤਾਂ ਉਸ ਵਕਤ ਮਹਾਂ ਪੁਰਸ਼ਾਂ ਨੇ ਕਛਹਿਰਾ ਭੀ ਓਸੇ ਟਿਕਾਣੇ ਤੇ ਹੀ ਪਵਾਇਆ ਤੇ ਮਿਹਰ ਦੀ ਦ੍ਰਿਸ਼ਟੀ ਕਰਕੇ ਸਾਰੇ ਰੋਗ ਦੂਰ ਕਰ ਦਿੱਤੇ। ਯਥਾ—

"ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥" *[ਪੰਨਾ ੭੯੨]*

ਅਰੋਗਤਾ ਪ੍ਰਾਪਤ ਕਰਕੇ ਸੰਤਾਂ ਨੇ ਨਿਤਾਪ੍ਰਤੀ ਦਾ ਨੇਮ ਬਣਾ ਲਿਆ ਕਿ ਲੰਗਰ ਦਾ ਜਲ ਭਰਨਾ, ਆਏ ਗਏ ਸੰਤ, ਸਾਧ ਅਭਜਾਗਤ ਦੀ ਸੇਵਾ ਕਰਨੀ, ਬਸਤ੍ਰ ਧੋਣੇ, ਭਾਂਡੇ ਮਾਂਜਣੇ, ਲੰਗਰ ਤਿਆਰ ਕਰਨਾ,ਅਤੇ ਬਾਕੀ ਦੇ ਸਮੇਂ ਵਿਚ ਗੁਰਮੁਖੀ ਪੜ੍ਹਨੀ। ਇਸ ਤਰ੍ਹਾਂ ਕਰਦਿਆਂ ਕਰਦਿਆਂ ਸ੍ਰੀ ਜਪੁਜੀ ਸਾਹਿਬ; ਸ਼ਬਦ ਹਜ਼ਾਰੇ, ਰਹਰਾਸਿ, ਕੀਰਤਨ ਸੋਹਿਲਾ, ਅਨੰਦੁ ਸਾਹਿਬ, ਸ੍ਰੀ ਸੁਖਮਨੀ ਸਾਹਿਬ ਅਤੇ ਆਸਾ ਜੀ ਦੀ ਵਾਰ ਆਦਿ ਸਭ ਬਾਣੀਆਂ ਕੰਠ ਕਰ ਲਈਆਂ।

ਸੰਧਯਾ ਨੂੰ ਰੋਜ਼ਾਨਾ ਰਹਰਾਸਿ ਸਾਹਿਬ ਜੀ ਦਾ ਪਾਠ ਕਰਦੇ ਸਨ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰੋਜ਼ਾਨਾ ਪ੍ਰਸ਼ਾਦ ਤਿਆਰ ਕਰਕੇ ਲਿਆਉਂਦੇ ਸਨ।

ਇਉਂ ਸੰਗਤ ਦੀ ਸੇਵਾ ਕਮਾਉਂਦਿਆਂ ਤੇ ਮਹਾਂ ਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦਿਆਂ ਨੂੰ ਕਈ ਸਾਲ ਹੋ ਗਏ, ਉਸ ਸਮੇਂ ਆਪ ਜੀ ਦੀ ਅਵਸਥਾ ਸੋਲਾਂ ਸਾਲਾਂ ਦੀ ਸੀ।

ਇਸੇ ਸਮੇਂ ਵਿਚਰਦੇ ਵਿਚਰਦੇ ਸ੍ਰੀ ਮਾਨ ਮਹੰਤ ਭਾਈ ਜਵਾਹਰ ਸਿੰਘ ਜੀ ਰੰਧਰਬ ਰਾਗੀ ਮਿੱਠੇ ਟਿਵਾਣੇ ਜਾ ਪਹੁੰਚੇ, ਇਨ੍ਹਾਂ ਦਾ ਇਹ ਨਿਯਮ ਸੀ ਕਿ ਜਿਥੇ ਵੀ ਜਾਣਾ ਓਥੇ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਦੀ ਚੌਂਕੀ ਜ਼ਰੂਰ ਕਰਦੇ ਹੁੰਦੇ ਸਨ। ਇਥੇ ਆਪ ੨੨ ਦਿਨ ਠਹਿਰ ਕੇ ਬਿਨਾਂ ਨਾਗਾ ਦੋਨੋਂ ਵੇਲੇ ਕੀਰਤਨ ਕਰਦੇ ਰਹੇ। ਇਨ੍ਹਾਂ ਦੇ ਮਨੋਹਰ ਰਸ ਭਰੇ ਕੀਰਤਨ ਦਾ ਆਨੰਦ ਮਾਣਦੇ ਹੋਇਆਂ ਸ੍ਰੀ ਮਾਨ ਸੰਤ ਹਰੀ ਸਿੰਘ ਜੀ ਨੇ ਇਨ੍ਹਾਂ ਪਾਸ ਪ੍ਰਾਰਥਨਾ ਕੀਤੀ ਕਿ ਤੁਸੀਂ ਇਸ ਬਾਲਕੇ ਉਤਮ ਸਿੰਘ ਨੂੰ ਆਪਣੇ ਨਾਲ ਰੱਖੋ ਤੇ ਇਸ ਅਗੰਮੀ ਕੀਰਤਨ ਦਾ ਢੰਗ ਸਿਖਾਓ, ਆਪ ਜੀ ਦੀ ਬੜੀ ਹੀ ਕ੍ਰਿਪਾਲਤਾ ਹੋਵੇਗੀ।

ਸੰਤ ਜੀ ਨੇ ਇਸ ਪ੍ਰਾਰਥਨਾ ਨੂੰ ਬੜੀ ਖੁਸ਼ੀ ਨਾਲ ਸ੍ਵੀਕਾਰ ਕਰ ਲਿਆ, ਉਪ੍ਰੰਤ ਕੁਝ ਦਿਨ ਰਹਿ ਕੇ ਜਦ ਸ੍ਰੀ ਮਾਨ ਸੰਤ ਜਵਾਹਰ ਸਿੰਘ ਜੀ ਵਿਦਾ ਹੋਣ ਲਈ ਤਿਆਰ ਹੋਏ ਤਾਂ ਸ੍ਰੀ ਮਾਨ ਸੰਤ ਹਰੀ ਸਿੰਘ ਜੀ ਸਤਿਕਾਰ ਵਜੋਂ ਇਨ੍ਹਾਂ ਦੇ ਨਾਲ ਕੁਝ ਕੁ ਦੂਰ ਤਕ ਆਏ ਅਤੇ ਰਸਤੇ ਵਿਚ ਸੰਤ ਉਤਮ ਸਿੰਘ ਜੀ ਨੂੰ ਸਿੱਖਯਾ ਦੇਂਦੇ ਆਏ ਕਿ ਆਪਣੇ ਬਜ਼ੁਰਗਾਂ ਦੀ ਸੇਵਾ ਕਰਨੀ, ਆਦਰ ਸਤਿਕਾਰ ਵਿਚ ਕਮੀ ਨਾ ਔਣ ਦੇਣੀ ਅਤੇ ਅੱਜ ਤੋਂ ਇਨ੍ਹਾਂ ਨੂੰ ਹੀ ਆਪਣਾ ਗੁਰਦੇਵ ਜਾਨਣਾ। ਇਸੇ ਵਿਚ ਸਾਰੀਆਂ ਮਨੋ ਕਾਮਨਾਂ ਪੂਰਨ ਹੋਣਗੀਆਂ।

ਯਥਾ— "ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥"

[ਪੰਨਾ ੬੪੪]

ਉਸੇ ਸਮੇਂ ਇਕ ਸੰਤ, ਮਹੰਤ ਹਰੀ ਸਿੰਘ ਜੀ ਨੂੰ ਅੱਗੋਂ ਮਿਲਿਆ ਜੋ ਉਸੇ ਨਗਰ ਵਿਖੇ ਕਿਸੇ ਹੋਰ ਡੇਰੇ ਵਿਚ ਰਹਿੰਦਾ ਸੀ, ਪੁਛਣ ਲੱਗਾ, ''ਆਪ ਇਸ ਬਾਲਕੇ ਨੂੰ ਕਿਧਰ ਲਿਜਾ ਰਹੇ ਹੋ?'' ਸੰਤ ਹਰੀ ਸਿੰਘ ਜੀ ਨੇ ਉਤਰ ਦਿੱਤਾ, ''ਕਿ ਇਨ੍ਹਾਂ ਮਹਾਤਮਾਂ ਨਾਲ ਭੇਜ ਰਹੇ ਹਾਂ, ਕੋਈ ਗੁਣ ਸਿੱਖ ਜਾਵੇਗਾ; ਰਾਗ ਵਿਦਿਆ ਦਾ ਸ਼ੌਕ ਹੈ, ਅੱਗੇ ਸੰਗਤਾਂ ਨੂੰ ਸਿਖਾਵੇਗਾ ਅਤੇ ਆਪ ਹਰੀ ਜਸ ਕਰੇਗਾ।'' ਤਾਂ ਉਸ ਸੰਤ ਨੇ ਕਿਹਾ, ''ਜੇ ਮਹਾਰਾਜ ਇਹ ਕੋਈ ਗੁਣ ਸਿੱਖ ਗਿਆ ਤਾਂ ਫੇਰ ਤੁਹਾਡੇ ਜੋਗਾ ਨਹੀਂ ਰਹੇਗਾ ਖੰਭ ਲੱਗ ਜਾਣਗੇ ਤੇ ਵਿਗੜ ਜਾਵੇਗਾ।'' ਸੰਤਾਂ ਕਿਹਾ, ''ਜੇਕਰ ਸਾਡੇ ਕੰਮ ਜੋਗਾ ਨਹੀਂ ਰਹੇਗਾ ਤਾਂ ਆਪਣੇ ਜੋਗਾ ਤਾਂ ਹੋ ਜਾਵੇਗਾ, ਸੰਤਾਂ ਦੇ ਸੰਗ ਦਾ ਵਿਗੜਿਆ ਚੰਗਾ ਹੀ ਹੁੰਦਾ ਹੈ।''

ਯਥਾ—''ਗੰਗਾ ਕੇ ਸੰਗ ਸਲਿਤਾ ਬਿਗਰੀ॥ ਸੋ ਸਲਿਤਾ ਗੰਗਾ ਹੋਇ ਨਿਬਰੀ॥ ੧॥
ਬਿਗਰਿਓ ਕਬੀਰਾ ਰਾਮ ਦੁਹਾਈ॥ ਸਾਚੁ ਭਇਓ ਅਨ ਕਤਹਿ ਨ ਜਾਈ॥ ੧॥ ਰਹਾਉ॥
ਚੰਦਨ ਕੈ ਸੰਗਿ ਤਰਵਰੁ ਬਿਗਰਿਓ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ॥ ੨॥
ਪਾਰਸ ਕੇ ਸੰਗਿ ਤਾਂਬਾ ਬਿਗਰਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥ ੩॥
ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥ ੪॥ ੫॥''

[ਭੈਰਉ ਸ੍ਰੀ ਕਬੀਰ ਜੀਉ ਕੀ, ਪੰਨਾ ੧੧੫੮]

ਇਉਂ ਸੰਤ ਹਰੀ ਜੀ ਤਾਂ ਵਿਦਾ ਕਰਕੇ ਵਾਪਸ ਮੁੜ ਆਏ ਅਤੇ ਸੰਤ ਜਵਾਹਰ ਸਿੰਘ ਜੀ ਸੰਤ ਉਤਮ ਸਿੰਘ ਜੀ ਨੂੰ ਨਾਲ ਲੈ ਕੇ ੧੯੨੩ ਬ੍ਰਿਕਮੀ ਨੂੰ ਸ੍ਰੀ ਅੰਮ੍ਰਿਤਸਰ ਆ ਪੁੱਜੇ। ਉਸ ਸਮੇਂ ਆਪ ਜੀ ਸੋਲ੍ਹਾਂ ਸਾਲਾਂ ਦੇ ਸਨ ਤੇ ਆਪਣੀ ਰਿਹੈਸ਼ੀ ਜਗ੍ਹਾ ਵਿਚ ਲੈ ਆਂਦਾ ਜੋ ਡੇਰਾ ਗਲੀ ਸੱਤੋਵਾਲੀ ਦੇ ਸਾਹਮਣੇ ਵੱਡੇ ਬਜ਼ੁਰਗ ਸ੍ਰੀ ਮਾਨ ੧੦੮ ਸੰਤ ਅਮੀਰ ਸਿੰਘ ਜੀ* ਨੇ ੧੯੦੦ ਬਿਕ੍ਰਮੀ ਨੂੰ ਆਪਣੇ ਹੱਥੀਂ ਤਿਆਰ ਕੀਤਾ ਸੀ।

ਸ੍ਰੀ ਮਾਨ ੧੦੮ ਵੱਡੇ ਸੰਤ ਅਮੀਰ ਸਿੰਘ ਜੀ ਤੋਂ ਬਾਅਦ ਸੰਤ ਗੁਰਦਿਤ ਸਿੰਘ ਜੀ ਇਸ ਡੇਰੇ ਦੇ ਮਹੰਤ ਬਣੇ। ਉਨ੍ਹਾਂ ਤੋਂ ਬਾਅਦ ਸੰਤ ਜਵਾਹਰ ਸਿੰਘ ਜੀ [ਆਪ ਜੀ ਦਾ ਜਨਮ ਪਿੰਡ ਸ਼ਾਹ ਜੀਵਣੇ ਪਿਤਾ ਸ: ਨੰਦ ਸਿੰਘ ਜੀ ਦੇ ਘਰ ਹੋਇਆ] ਇਸ ਅਸਥਾਨ ਦੀ ਸੇਵਾ ਕਰ ਰਹੇ ਸਨ। ਅਸਥਾਨ ਕੱਚਾ ਤੇ ਥੋੜਾ ਸੀ, ਇਕ ਦੋ ਹੀ ਰਿਹੈਸ਼ੀ ਕੁਟੀਆ ਸਨ। ਨਵਿਰਤੀ ਇਤਨੀ ਸੀ ਕਿ ਮੁੰਜ ਕੁਟ ਕੇ. ਵਾਣ ਵੱਟ ਕੇ ਉਪਜੀਵਕਾ ਚਲਾਉਂਦੇ ਸਨ ਪਰ ਗੁਰ ਚਰਨਾਂ ਦਾ ਗਾੜ੍ਹਾ ਰੰਗ ਚੜ੍ਹਿਆ ਸੀ। ਸੰਤ ਜਵਾਹਰ ਸਿੰਘ ਜੀ ਨੂੰ ਆਪਣੇ ਗੁਰਦੇਵ ਧਾਰਨ ਕਰਕੇ ਬਾਬਾ ਉਤਮ ਸਿੰਘ ਜੀ ਡੇਰੇ ਤੇ ਬਜ਼ੁਰਗਾਂ ਦੀ ਸੇਵਾ ਕਰਦੇ ਰਹੇ। ਨਾਲ ਨਾਲ ਹੀ ਰਾਗ ਵਿਦਿਆ ਦੇ ਵੀ ਚੰਗੀ ਤਰ੍ਹਾਂ ਜਾਣੂ ਹੋ ਗਏ। ਸ੍ਰੀ ਨਾਨਕ ਪ੍ਰਕਾਸ਼ ਦੀ ਸੰਥਾ ਵੀ ਆਪ ਨੇ ਹੀ ਪੜ੍ਹਾਈ, [ਸ੍ਰੀ ਮਾਨ ਸੰਤ ਬਾਬਾ ਉਤਮ ਸਿੰਘ ਜੀ ਨੇ ਇਕ ਵਾਰੀ ਨਾਨਕ ਪ੍ਰਕਾਸ਼ ਸੰਤ ਜਵਾਹਰ ਸਿੰਘ ਜੀ ਆਪਣੇ ਗੁਰਦੇਵ ਜੀ ਪਾਸੋਂ ਪੜ੍ਹਿਆ ਅਤੇ ਦੂਜੀ ਵਾਰ ਮਹਾਂ ਕਵੀ ਸੰਤੋਖ ਸਿੰਘ ਜੀ ਦੇ ਵਿਦਿਆਰਥੀ ਪਾਸੋਂ ਪੜ੍ਹਿਆ।]

ਸਵੇਰੇ ਸ੍ਰੀ ਹਰਿਮੰਦਰ ਦਰਬਾਰ ਸਾਹਿਬ ਜੀ ਦੀ ਪਹਿਲੀ ਚੌਂਕੀ ਸਮੇਂ ਆਪ ਪਹੁੰਚ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਦੀ ਕੀਰਤਨ ਦੁਆਰੇ ਹਾਜ਼ਰੀ ਭਰ ਕੇ ਫੇਰ ਸੰਤ ਉਤਮ ਸਿੰਘ ਜੀ ਨੂੰ

---

*ਜੋ ਬਾਬਾ ਘਨਈਆ ਸਾਹਿਬ ਜੀ ਦੀ ਸੰਪ੍ਰਦਾਇ 'ਚੋਂ ਛੇਵੀਂ ਜਗ੍ਹਾ ਭਾ: ਬਲੂ ਜੀ ਦੇ ਸ਼ਿਸ਼ ਸਨ।

ਵੀ ਸਿਰੱਦਾ ਫੜਾ ਕੇ ਸ਼ਬਦ ਸੁਣਦੇ। ਸੰਤ ਉਤਮ ਸਿੰਘ ਜੀ ਜਦੋਂ ਆਪਣੇ ਮਿੱਠੇ ਗਲੇ 'ਚੋਂ ਸ਼ਬਦ ਉਚਾਰਦੇ ਤਾਂ ਸੰਗਤਾਂ ਮਸਤੀ ਵਿਚ ਝੂਮਣ ਲੱਗ ਜਾਂਦੀਆਂ।

ਇਕ ਦਿਨ ਕਿਸੇ ਪ੍ਰੇਮੀ ਨੇ [ਸੰਤ ਉਤਮ ਸਿੰਘ ਜੀ] ਬਾਲਕੇ ਨੂੰ ਕੀਰਤਨ ਕਰਦਿਆਂ ਇਕ ਦੁਆਨੀ ਦਿੱਤੀ, ਆਪ ਜੀ ਨੇ ਛੁਪਾ ਕੇ ਜੇਬ ਵਿਚ ਪਾ ਲਈ। ਸੰਤ ਜਵਾਹਰ ਸਿੰਘ ਜੀ ਨੇ ਧਿਆਨ ਰਖਿਆ, ਕੀਰਤਨ ਦੀ ਸਮਾਪਤੀ ਤੋਂ ਬਾਅਦ ਜਦ ਅੰਮ੍ਰਿਤ ਲੈਣ ਵਾਸਤੇ ਹਰਿ ਕੀ ਪੌੜੀ ਪਰ ਗਏ ਤਾਂ ਸੰਤਾਂ ਪੁੱਛਿਆ, ''ਤੈਨੂੰ ਉਸ ਪ੍ਰੇਮੀ ਨੇ ਕੀ ਦਿਤਾ ਹੈ?'' ਤਾਂ ਦੁਆਨੀ ਦਿਖਾ ਕੇ ਕਿਹਾ,''ਮਹਾਰਾਜ! ਦੁਆਨੀ ਦਿੱਤੀ ਹੈ।'' ਸੰਤਾਂ ਨੇ ਕਿਹਾ, ''ਹੇਠਾਂ ਅੰਮ੍ਰਿਤ, ਉੱਪਰ ਸੋਨਾ ਏਥੋਂ ਦਾ ਦਾਨ ਨਹੀਂ ਲੈਣਾ, ਸੁੱਟ ਅੰਮ੍ਰਿਤ ਵਿਚ।''ਇਉਂ ਦੁਆਨੀ ਨੂੰ ਸਰੋਵਰ ਵਿਚ ਹੀ ਸੁੱਟਕੇ ਡੇਰੇ ਆ ਗਏ। ਸੰਤ ਜੀ ਇਤਿਆਦਿ ਉੱਚ-ਖਿਆਲਾਂ ਦੇ ਮਾਲਕ ਸਨ।

ਮਹਾਰਾਜ ਸੰਤ ਜਵਾਹਰ ਸਿੰਘ ਜੀ ਹਰ ਸਾਲ ਦੇ ਸਾਲ ਊਨੇ ਸਾਹਿਬ ਦੀ ਯਾਤਰਾ ਨੂੰ ਹੋਲੇ-ਮਹੱਲੇ ਸਮੇਂ ਪੁੱਜਦੇ ਸਨ। ਇਥੋਂ ਟਾਂਗੇ ਤੇ ਚੜ੍ਹ ਕੇ ਜੰਡਿਆਲੇ ਉਤਰਨਾ, ਜੰਡਿਆਲਿਓਂ ਪੰਡੋਰੀ, ਪੰਡੋਰੀ ਤੋਂ ਤਿੰਨ ਮੀਲ ਚਲ ਕੇ ਪਹਿਲੀ ਰਾਤ ਬਾਬੇ ਬਕਾਲੇ ਠਹਿਰਣਾ, ਬਾਬੇ ਬਕਾਲੇ ਤੋਂ ਬਿਆਸ ਜਾ ਕੇ ਗੱਡੀ ਚੜ੍ਹ ਕੇ ਜਲੰਧਰ ਉਤਰਨਾ। ਜਲੰਧਰੋਂ ਟਾਂਗੇ ਤੇ ਹੁਸ਼ਿਆਰਪੁਰ ਜਾਣਾ ਫੇਰ ਅੱਗੋਂ ਊਨੇ ਤੱਕ ਪੈਦਲ ਜਾਣਾ। ਸ੍ਰੀ ਮਾਨ ਸੰਤ ਉਤਮ ਸਿੰਘ ਜੀ ਵੀ ਹਰ ਸਾਲ ਨਾਲ ਜਾਂਦੇ ਸਨ। ਓਥੇ ਜਾ ਕੇ ਕੀਰਤਨ ਦੀ ਉਹ ਧੁਨੀ ਲਗਾਉਣੀ ਜੋ ਸਭ ਨੂੰ ਵੈਰਾਗ ਵਿਚ ਲੈ ਔਣਾ ਤੇ ਸਭਨਾਂ ਦੀ ਸਮਾਧੀ ਲੱਗ ਜਾਣੀ।

ਇਉਂ ਸੰਤ ਜਵਾਹਰ ਸਿੰਘ ਜੀ ਹਮੇਸ਼ਾਂ ਹੀ ਗੁਰੂ-ਘਰ ਦੀ ਸੇਵਾ ਵਿਚ ਚਿੱਤ ਬਿਰਤੀ ਟਿਕਾਈ ਰੱਖਦੇ ਸਨ। ਇਨ੍ਹਾਂ ਨੇ ਬਾਬੇ ਬਕਾਲੇ ਵਿਖੇ ਪ੍ਰਕਰਮਾ ਚੌੜੀ ਬਣਵਾਈ ਤੇ ਰੱਖੜੀ ਪੂਰਨਮਾਸ਼ੀ ਦੇ ਦਿਹਾੜੇ ੧੫੦੦] ਰੁਪਏ ਦੀ ਲਾਗਤ ਦਾ ਬੜਾ ਸੁੰਦਰ ਨਿਸ਼ਾਨ ਸਾਹਿਬ ਲਗਵਾਇਆ ਸੀ ਤੇ ਉਸੇ ਦਿਨ ਤੋਂ ਹਰ ਸਾਲ ਰੱਖੜੀ ਪੂਰਨਮਾਸ਼ੀ ਦਾ ਮੇਲਾ ਹੁਣ ਤਕ ਲੱਗ ਰਿਹਾ ਹੈ। ਰਾਗ ਵਿਦਜਾ ਦੇ ਇਤਨੇ ਗਜਾਤਾ ਸਨ ਜੋ ਬੜੇ ਬੜੇ ਪ੍ਰਸਿੱਧ ਰਾਗ-ਗਾਇਕ ਇਨ੍ਹਾਂ ਦੇ ਹੀ ਸ਼ਿਸ਼ ਹੋਣ ਦਾ ਮਾਣ ਰੱਖਦੇ ਹਨ ਜਿਹਾ ਕਿ-

[੧] ਭਾਈ ਸ਼ੰਕਰ ਦਾਸ ਜੀ, ਸ਼ਾਹਪੁਰ ਦੇ ਮਹੰਤ। [੨] ਭਾਈ ਸੰਤ ਦਾਸ ਜੀ ਚੱਕ ਮੂਸੇ ਦੇ ਮਹੰਤ।

[੩] ਭਾਈ ਦਾਸ ਰਾਮ ਜੀ ਝਾਵਰੀਆਂ ਵਾਲੇ। [੪] ਸੰਤ ਜਵਾਹਰ ਰਾਮ ਜੀ ਸ਼ਾਹਪੁਰ ਦੇ। [੫] ਸੰਤ ਜੋਧ ਸਿੰਘ ਜੀ। [੬] ਭਾਈ ਜਵਾਹਰ ਸਿੰਘ ਜੀ ਸੂਰਦਾਸ [ਤਰਨ ਤਾਰਨ]। [੭] ਭਾਈ ਸੁਚੇਤ ਸਿੰਘ ਜੀ [ਦਰਗਾਹੀ ਸ਼ਾਹ]। [੮] ਭਾਈ ਹਰੀ ਸਿੰਘ ਜੀ ਸ਼ਾਹ ਜੀਵਣੇ ਵਾਲੇ। [੯] ਭਾਈ ਕਾਹਨ ਸਿੰਘ ਜੀ ਬਾਗਾਂ ਦੇ [ਜੋ ਮਾਤਾ ਨਰੈਣ ਦੇਈ ਜੀ ਪਾਸ ਰਹਿ ਕੇ ਊਨੇ ਸਾਹਿਬ ਕੀਰਤਨ ਕਰਦੇ ਸਨ]। [੧੦] ਭਾਈ ਸੋਭਾ ਸਿੰਘ ਜੀ ਅੰਮ੍ਰਿਤਸਰ [ਇਹ ਬਾਬਾ ਬਿਕ੍ਰਮ ਸਿੰਘ ਜੀ ਦੀ ਸਮਾਧ ਦੇ ਪੁਜਾਰੀ ਸਨ]। [੧੧] ਸ੍ਰੀ ਮਾਨ ਸੰਤ ਬਾਬਾ ਉਤਮ ਸਿੰਘ ਜੀ। ਇਤਿਆਦਿਕ ਬਹੁਤਿਆਂ ਨੂੰ ਆਪ ਜੀ ਨੇ ਵਿਦਜਾ ਸਿਖਾਈ।

ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਆਸਾ ਜੀ ਦੀ ਵਾਰ ਦਾ ਕੀਰਤਨ ਭਾਈ ਚੇਤ ਸਿੰਘ, ਭਾਈ ਰਾਮ ਸਿੰਘ, ਭਾਈ ਜੱਸਾ ਸਿੰਘ ਜੀ ਹਮੇਸ਼ਾਂ ਕਰਦੇ ਸਨ। ਇਨ੍ਹਾਂ ਨਾਲ ਸੰਤਾਂ ਦਾ ਬੜਾ ਪ੍ਰੇਮ ਸੀ, ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਤਾਂ ਰਾਗੀ ਜਨ ਇਨ੍ਹਾਂ ਨੂੰ ਸਤਿਕਾਰ ਸਹਿਤ ਅੱਗੇ ਬਿਠਾ ਲੈਂਦੇ ਸਨ। ਸੰਤਾਂ ਨੇ ਹਾਜ਼ਰੀ ਭਰਨ ਵਾਸਤੇ ਇਕ ਸ਼ਬਦ ਦਾ ਜ਼ਰੂਰ ਹੀ ਕੀਰਤਨ ਕਰਨਾ ਫੇਰ ਪਿਛਾਂ ਹਟਕੇ ਬੈਠੇ ਰਹਿਣਾ

ਜਦ ਭੋਗ ਪੈਣਾ ਫੇਰ ਡੇਰੇ ਔਣਾ, ਇਉਂ ਸੰਤ ਜਵਾਹਰ ਸਿੰਘ ਜੀ ਦੀ ਸੇਵਾ ਕਰਦਿਆਂ ਕਰਦਿਆਂ ਕਾਫੀ ਸਮਾਂ ਬਤੀਤ ਹੋ ਗਿਆ। ਮਹਾਂ ਪੁਰਸ਼ਾਂ ਨੇ ਪ੍ਰਸੰਨ ਹੋ ਕੇ ਆਪ ਜੀ ਦੇ ਨਾਮ ੨੬ ਮੱਘਰ ੧੯੪੫ ਬਿੱਕ੍ਰਮੀ, ਮੁਤਾਬਿਕ ੯ ਦਸੰਬਰ ੧੮੮੮ ਈਸਵੀ ਨੂੰ ਡੇਰੇ ਦੀ ਵਸੀਹਤ [ਰਜਿਸਟਰੀ] ਕਰ ਦਿੱਤੀ ਅਤੇ ਸੰਤ ਜਵਾਹਰ ਸਿੰਘ ਜੀ ੨੩ ਦਸੰਬਰ ੧੮੮੮ ਈਸਵੀ, ਪੋਹ ਵਦੀ ਤੀਜ ੧੯੪੫ ਬਿੱਕ੍ਰੀ ਨੂੰ ਗੁਰਚਰਨਾਂ ਵਿਚ ਜਾ ਬਿਰਾਜੇ।

ਆਪ ਜੀ ਨੇ ਡੇਰੇ ਦੀ ਜ਼ਿੰਮੇਵਾਰੀ ਸੰਭਾਲ ਕੇ ਬੜੇ ਬੜੇ ਉਪਕਾਰ ਕੀਤੇ। ਆਪ ਜੀ ਦੇ ਮਹਾਨ ਉਪਕਾਰਾਂ ਵਿਚੋਂ ਇਕ ਇਹ ਵੱਡਾ ਉਪਕਾਰ ਹੈ ਜੋ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਆਪਣੇ ਕਰ-ਕਮਲਾਂ ਨਾਲ ਲਿਖ ਕੇ ਆਦਿ ਤੋਂ ਅੰਤ ਤਕ ਸਮਾਪਤ ਕੀਤਾ। ਆਪ ਜੀ ਦਾ ਸ਼ੁਰੂ ਤੋਂ ਹੀ ਗੁਰਬਾਣੀ ਦੇ ਲਿਖਣ ਤੇ ਪੜ੍ਹਨ ਪੜ੍ਹਾਉਣ ਵਲ ਬਹੁਤਾ ਖ਼ਿਆਲ ਸੀ। ਇਕ ਸਮੇਂ ਸ੍ਰੀ ਮਾਨ ਬ੍ਰਹਮ ਗਿਆਨੀ ਆਗਿਆ ਪਾਲਕ ਆਪ ਜੀ ਦੇ ਸ਼ਿਸ਼ ਸੰਤ ਅਮੀਰ ਸਿੰਘ ਜੀ ਨੇ ਇਸ ਸ਼ੁਭ ਕਾਰਜ ਲਈ ਆਪ ਜੀ ਪਾਸ ਬੇਨਤੀ ਕੀਤੀ ਪਰ ਆਪ ਜੀ ਦਾ ਸਰੀਰ ਵਿਆਧੀ ਸੰਯੁਕਤ ਸੀ ਦਮੇ ਦੀ ਦਾਇਮੀ ਬੀਮਾਰੀ ਸੀ। ਆਪ ਜੀ ਨੇ ਬਹੁਤ ਸਾਰੇ ਲਿਖਾਰੀਆਂ ਨੂੰ ਕਿਹਾ ਕਿ ਤੁਸੀਂ ਇਹ ਸੇਵਾ ਕਰ ਦਿਓ ਤੁਹਾਨੂੰ ਮਾਇਆ ਦਿੱਤੀ ਜਾਵੇਗੀ ਪਰ ਕਿਸੇ ਨੇ ਵੀ ਇਸ ਮਹਾਨ ਕਾਰਜ ਨੂੰ ਹੱਥ ਪਾਉਣ ਦਾ ਹੀਆ ਨਾ ਕੀਤਾ ਉਪ੍ਰੰਤ ਸੰਤ ਅਮੀਰ ਸਿੰਘ ਜੀ ਨੇ ਆਪ ਜੀ ਨੂੰ ਬੇਨਤੀ ਕੀਤੀ ਮਹਾਰਾਜ! ਆਪ ਹੀ ਉੱਦਮ ਕ਼ਰੋ ਸ਼ਾਇਦ ਇਸੇ ਸੇਵਾ ਦੁਆਰੇ ਆਪ ਜੀ ਦਾ ਦਮਾ ਦੂਰ ਹੋ ਜਾਵੇ। ਇਉਂ ਆਪ ਜੀ ਨੇ ਸਾਰੀ ਬੀੜ ਹੱਥੀਂ ਲਿਖੀ [ਜੋ ਕਿ ਹਰ ਸੰਗ੍ਰਾਂਦ ਨੂੰ ਅਤੇ ਅਖੰਡ ਪਾਠਾਂ ਦੇ ਸਮੇਂ ਡੇਰੇ ਵਿਖੇ ਪ੍ਰਕਾਸ਼ ਹੁੰਦੀ ਹੈ] ਇਸ ਦੇ ਅਖੀਰਲੇ ਰਾਗਾਂ ਨੂੰ ਆਪ ਜੀ ਨਾਲ ਸਹਿਕਾਰੀ ਹੋ ਕਰ ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਨੇ ਲਿਖਵਾਇਆ ਫੇਰ ਕਈ ਬੀੜਾਂ ਪ੍ਰਕਾਸ਼ ਕਰਕੇ ਬੜੀ ਮਿਹਨਤ ਨਾਲ ਸੁਧਾਈ ਕੀਤੀ। ਸਾਰੇ ਡੇਰੇ ਦੀ ਇਮਾਰਤ ਨੂੰ ਵੀ ਪੱਕਿਆਂ ਕਰ ਕੇ ਆਪ ਜੀ ਨੇ ਹੀ ਇਸ ਸੋਹਣੀ ਰੰਗਤ ਵਿਚ ਲਿਆਂਦਾ।+

ਆਪ ਸਾਰੀ ਆਯੂ ਬਿਨਾਂ ਨਾਗਾ ਅੰਮ੍ਰਿਤ ਵੇਲੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਹਾਜ਼ਰੀ ਭਰਨ ਜਾਇਆ ਕਰਦੇ ਸਨ ਤੇ ਇਕ ਸ਼ਬਦ ਦੀ ਭੇਟਾ ਕਰਨ ਉਪ੍ਰੰਤ ਹੁਕਮ ਸੁਣ ਕੇ ਵਾਪਸ ਆਉਣਾ।

ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਬਾਬਾ* ਸ਼ਾਮ ਸਿੰਘ ਜੀ [ਜੋ ਕਿ ਸੱਤਰ ਸਾਲ ਨਿਯਮ ਅਨੁਸਾਰ ਹਰ ਰੋਜ਼ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਸਿਰੰਦਾ ਲੈ ਕੇ ਪਹਿਲੀ ਚੌਂਕੀ ਕਰਦੇ ਰਹੇ, ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਵੇਲੇ ਵੀ ਆਪ ਜੀ ਨੂੰ ਸਤਿਗੁਰਾਂ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ ਦਾ ਮਾਣ ਬਖਸ਼ਿਆ] ਉਹਨਾਂ ਨਾਲ ਆਪ ਜੀ ਦਾ ਅਥਾਹ ਪਿਆਰ ਸੀ। ਆਪ ਜਿਸ ਸਮੇਂ ਹਰਿਮੰਦਰ ਸਾਹਿਬ ਵਿਖੇ ਪਹੁੰਚਦੇ ਤਾਂ ਬਾਬਾ ਸ਼ਾਮ ਸਿੰਘ ਜੀ ਇਕ ਸ਼ਬਦ ਪੜ੍ਹਨ ਲਈ ਆਪ ਜੀ ਨੂੰ ਬੇਨਤੀ ਕਰਦੇ ਅਤੇ ਸਿਰੰਦਾ ਫੜਾ ਕੇ ਆਪ ਆ ਜਾਂਦੇ। ਆਪਣੇ ਇਕ ਸੇਵਾਦਾਰ ਨੂੰ ਸਿਰੰਦਾ ਚੁੱਕਣ ਵਾਸਤੇ ਆਪ ਜੀ ਪਾਸ ਬਿਠਾ ਆਉਂਦੇ ਕੀਰਤਨ ਦੀ ਸਮਾਪਤੀ ਪਿੱਛੋਂ ਉਹ ਪ੍ਰੇਮੀ ਸਿਰੰਦਾ ਲੈ ਆਉਂਦਾ ਇਹ ਹਰ ਰੋਜ਼ ਦਾ

+ਕਾਂਗੜੇ ਦੇ ਵਡੇ ਭੁਚਾਲ ੧੯੦੫ ਈਸਵੀ ਵਿਖੇ ਇਸ ਡੇਰੇ ਦੀ ਇਮਾਰਤ ਸ਼ੁਰੂ ਸੀ।

**ਇਹਨਾਂ ਦਾ ਡੇਰਾ ਆਟਾ ਮੰਡੀ ਵਿਚ ਹੈ ਤੇ ਉਸ ਜਗ੍ਹਾ ਦੀ ਸੇਵਾ ਦੇ ਜ਼ਿੰਮੇਵਾਰ ਸ੍ਰੀ ਮਾਨ ਮਹੰਤ ਬਾਬਾ ਝੰਡਾ ਸਿੰਘ ਜੀ ਹੋਏ। ਉਨ੍ਹਾਂ ਤੋਂ ਉਪ੍ਰੰਤ ਐਸ ਵੇਲੇ ਬਾਬਾ ਖੜਕ ਸਿੰਘ ਜੀ ਹਨ।*

ਨਿਯਮ ਸੀ। ਫੇਰ ਜੇਕਰ ਕਦੀ ਸਿਰੰਦੇ ਵਿਚ ਕੋਈ ਨੁਕਸ ਪੈ ਜਾਂਦਾ ਤਾਂ ਬਾਬਾ ਸ਼ਾਮ ਸਿੰਘ ਜੀ ਆਪ ਜੀ ਪਾਸ ਠੀਕ ਕਰਨ ਵਾਸਤੇ ਭੇਜਿਆ ਕਰਦੇ ਇਉਂ ੧੧੦ ਸਾਲ ਦੀ ਆਯੂ ਤੱਕ ਆਪ ਜੀ ਤੇ ਕਦੇ ਵੀ ਵੱਸ ਲਗਦਿਆਂ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਸਾਹਿਬ ਦੀ ਹਾਜ਼ਰੀ ਭਰਨ ਵਲੋਂ ਨਾਗਾ ਨਹੀਂ ਸੀ ਪਾਇਆ।

ਆਪ ਜੀ ਦੇ ਦੋ ਹੀ ਸ਼ਿਸ਼ ਸਨ, ਇਕ ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਅਤੇ ਦੂਜੇ ਸ੍ਰੀ ਮਾਨ ਸੰਤ ਜਿਵੰਦ ਸਿੰਘ ਜੀ ਜੋ ਕਿ ਝੰਗ ਮਘਿਆਣੇ ਦੇ ਵਾਸੀ ਸਨ। ਭਾਈ ਜਿਵੰਦ ਸਿੰਘ ਜੀ ਨੇ ਸਾਰੀ ਆਯੂ ਆਪ ਜੀ ਦੇ ਚਰਨਾਂ ਵਿਖੇ ਰਹਿ ਕੇ ਸੇਵਾ ਵਿਚ ਬਤੀਤ ਕੀਤੀ। ਇਕ ਦਿਨ ਆਪ ਜੀ ਦਾ ਸਰੀਰ ਬਹੁਤ ਬਿਮਾਰ ਹੋ ਗਿਆ ਤਾਂ ਭਾਈ ਜਿਵੰਦ ਸਿੰਘ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਮਹੰਤੀ ਦੇਣੀ ਚਾਹੀ, ਪਰ ਇਨ੍ਹਾਂ ਨੇ ਬੇਨਤੀ ਕੀਤੀ, ''ਦਾਸ ਨੂੰ ਤਾਂ ਸੇਵਾ ਦੀ ਦਾਤ ਹੀ ਬਖਸ਼ਣਾ ਕਰੋ, ਮੈਂ ਮਹੰਤੀ ਦਾ ਅਧਿਕਾਰੀ ਨਹੀਂ ਹਾਂ, ਮਹੰਤੀ ਦੀ ਪੱਗ ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ ਨੂੰ ਦੇਣੀ ਕਰੋ। ਕਿਉਂਕਿ-

''ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥'' *[ਪੰਨਾ ੧੦੮੮]*

ਇਹ ਪਿਆਰ ਭਰੇ ਬਚਨ ਸੁਣ ਕੇ ਉਸ ਮਹਾਂ ਪੁਰਸ਼ ਨੂੰ ਜੀਵਨ ਮੁਕਤੀ ਦੇ ਅਨੰਦ ਦਾ ਵਰ ਦਿੱਤਾ ਅਤੇ ਮਹੰਤੀ ਦਾ ਅਸ਼ਟਾਮ ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਦੇ ਨਾਮ ਲਿਖ ਦਿੱਤਾ। ਫੇਰ ਆਪ ਜੀ ਦਾ ਸਰੀਰ ਠੀਕ ਹੋ ਗਿਆ।

ਇਉਂ ਭਾਈ ਜਿਵੰਦ ਸਿੰਘ ਜੀ ਨੇ ਸਾਰੀ ਆਯੂ ਸੰਤਾਂ ਪਾਸ ਰਹਿਕੇ ਸੇਵਾ ਵਿਖੇ ਬਤੀਤ ਕੀਤੀ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਕਥਾ ਦਾ ੨੦ ਕੱਤਕ ਸੰਮਤ ੨੦੦੪ ਮੁ: ੫ ਨਵੰਬਰ ੧੯੪੭ ਬੁਧਵਾਰ ਨੂੰ ਭੋਗ ਪਿਆ ਇਸ ਕਥਾ ਦਾ ਅਨੰਦ ਮਾਣ ਕੇ ਕਥਾ ਦੇ ਭੋਗ ਦੇ ਭੰਡਾਰੇ ਦੀ ਸਾਰੀ ਸੇਵਾ ਕਰ ਕੇ ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ੨੨ ਕੱਤਕ ਸੰਮਤ ੨੦੦੪ ਦਸਮੀ ਥਿੱਤ ਮੁ: ੭ ਨਵੰਬਰ ੧੯੪੭ ਸ਼ੁਕਰਵਾਰ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕਰਦੇ ਹੋਏ ਚੜ੍ਹਾਈ ਕਰ ਗਏ ਅਤੇ ੨੩ ਕੱਤਕ ਮੁ: ੮ ਨਵੰਬਰ ੧੯੪੭ ਸ਼ਨੀਵਾਰ ਨੂੰ ਸਸਕਾਰ ਕੀਤਾ ਗਿਆ।

ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਨਾਲ ਆਪ ਜੀ ਦਾ ਅਥਾਹ ਪ੍ਰੇਮ ਸੀ ਕਿਉਂਕਿ ਬਾਬਾ ਸ਼ਾਮ ਸਿੰਘ ਜੀ ਮਹਾਰਾਜ ਦੇ ਸੱਚਖੰਡ ਜਾਣ ਤੋਂ ਬਾਅਦ ਡੇਰੇ ਦੀ ਕਮੇਟੀ ਵਿਚ ਆਪ ਜੀ ਨੂੰ ਸੰਗਤਾਂ ਨੇ ਮੀਤ ਪ੍ਰਧਾਨ ਅਸਥਾਪਨ ਕੀਤਾ ਸੀ।

੧੧ ਸਰੀਰਾਂ ਦੀ ਕਮੇਟੀ ਵਿਚ ਵੱਡੇ ਪ੍ਰਧਾਨ [ਪ੍ਰੈਜ਼ੀਡੈਂਟ] ੧. ਮਹੰਤ ਭਾਈ ਜਵਾਹਰ ਸਿੰਘ ਜੀ ਮਿੱਠਿਆਂ ਵਾਲੇ ਜੋ ਕਿ ਹੁਸ਼ਿਆਰਪੁਰ ਡੇਰੇ ਦੇ ਮਹੰਤ ਸਨ। ੨. ਮੀਤ ਪ੍ਰਧਾਨ ਸ੍ਰੀ ਮਾਨ ਮਹੰਤ ਉਤਮ ਸਿੰਘ ਜੀ ਸਨ। ਹੋਰ ਮੈਂਬਰ ਸਾਹਿਬਾਨ ਦੇ ਨਾਮ ਇਹ ਹਨ।

੩. ਸ੍ਰੀ ਮਾਨ ਬਾਬਾ ਝੰਡਾ ਸਿੰਘ ਜੀ ਮਹੰਤ ਡੇਰਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਅੰਮ੍ਰਿਤਸਰ। ੪. ਸ੍ਰੀ ਮਾਨ ਸੰਤ ਮੰਨਾ ਸਿੰਘ ਜੀ ਡੇਰਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਅੰਮ੍ਰਿਤਸਰ। ੫. ਸ੍ਰੀ ਮਾਨ ਮਹੰਤ ਜਸੀਤ ਸਿੰਘ ਜੀ ਡੇਰਾ ਸ੍ਰੀ ਮਾਨ ਮਹੰਤ ਭੋਲਾ ਸਿੰਘ ਜੀ ਕਟੜਾ ਕਰਮ ਸਿੰਘ ਅੰਮ੍ਰਿਤਸਰ। ੬. ਸ੍ਰੀ ਮਾਨ ਮਹੰਤ ਤਾਰਾ ਸਿੰਘ ਜੀ ਕਟੜਾ ਕਰਮ ਸਿੰਘ। ੭. ਸ੍ਰੀ ਮਾਨ ਮਹੰਤ ਬੁੱਧ ਸਿੰਘ ਜੀ। ੮. ਸ੍ਰੀ ਮਾਨ ਸ: ਕਿਸ਼ਨ ਸਿੰਘ ਜੀ ਗੰਢਾ। ੯. ਸ੍ਰੀ ਮਾਨ ਸ: ਠਾਕਰ ਸਿੰਘ ਜੀ ਗੰਢਾ। ੧੦. ਸ੍ਰੀ ਮਾਨ ਸ: ਹਰਨਾਮ ਸਿੰਘ

ਜੀ ਚੋਲ ਮੰਡੀ। ੧੧. ਸ੍ਰੀ ਮਾਨ ਸ: ਸੁੰਦਰ ਸਿੰਘ ਜੀ ਮੁਨਿਆਰ।

ਜਿਸ ਸਮੇਂ ਸ੍ਰੀ ਮਾਨ ਸੰਤ ਮੰਨਾ ਸਿੰਘ ਜੀ ੧੮ ਭਾਦਰੋਂ ਸ਼ੁਕਰਵਾਰ ਮੁ: ੨ ਦਸੰਬਰ ੧੯੬੦ ਭਾਦਰੋਂ ਸੁਦੀ ਦ੍ਵਾਦਸੀ ਨੂੰ ਸ਼ਾਮ ਦੇ ਸਵਾ ਅੱਠ ਵੰਜੇ ਗੁਰਚਰਨਾਂ ਵਿਚ ਜਾ ਪੁੱਜੇ ਤਾਂ ਰਾਤ ਵੇਲੇ ਆਪ ਜੀ ਨੂੰ ਪਤਾ ਲੱਗਾ, ਆਪ ਆਪਣੇ ਦਿਲ ਦੀ ਹਮਦਰਦੀ ਨਾਲ ਸਵੇਰੇ ਪੰਜ ਵਜੇ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਗਏ ਅਤੇ ਬੜੇ ਵੈਰਾਗ ਵਿਚ ਆ ਕੇ ਇਹ ਤੁਕਾਂ ਪੜ੍ਹੀਆਂ ***"ਬਾਬਾ ਬੋਲਤੇ ਤੇ ਕਹਾ ਗਏ"*** ਅਤੇ ਸੰਤ ਮੰਨਾ ਸਿੰਘ ਜੀ ਦੇ ਸ਼ਿਸ਼ ਭਾਈ ਨਰੈਣ ਸਿੰਘ ਜੀ ਨੂੰ ਕਿਹਾ, ਕਿ ਸੰਤਾਂ ਦਾ ਜਲੂਸ ਬੜੀ ਸ਼ਾਨ ਨਾਲ ਕੱਢਣਾ, ਜੇ ਕਿਸੇ ਚੀਜ਼ ਦੀ ਲੋੜ ਪਵੇ ਤਾਂ ਦਾਸ ਹਾਜ਼ਰ ਹੈ, ਡੇਰਿਓਂ ਲੈ ਆਉਣੀ। ਉਪ੍ਰੰਤ ਮਹੰਤ ਸਾਹਿਬ ਜੀ ਨੇ ਗਜਾਨੀ ਕ੍ਰਿਪਾਲ ਸਿੰਘ ਜੀ ਹੋਰਾਂ ਹੱਥੀਂ ਪੰਜਾਹ ਰੁਪਏ ਦੇ ਕੇ ਕਿਹਾ, ਕਿ ਬਾਬਾ ਜੀ ਨੂੰ ਜਾ ਕੇ ਦੇ ਆਓ, ਅਰ ਪ੍ਰਾਰਥਨਾਂ ਕਰੋ ਕਿ ਹੋਰ ਜਿਸ ਵਸਤੂ ਦੀ ਲੋੜ ਹੋਵੇ ਦਸੋ। ਸੋ ਗਿਆਨੀ ਕ੍ਰਿਪਾਲ ਸਿੰਘ ਜੀ ਡੇਰੇ ਜਾ ਕੇ ਸੰਤਾਂ ਨੂੰ ਮਾਇਆ ਦੇ ਆਏ ਤੇ ਮਹੰਤ ਸਾਹਿਬ ਜੀ ਦਾ ਸੁਨੇਹਾ ਭੀ ਦੇ ਦਿੱਤਾ, ਫਿਰ ਅਰਥੀ ਦੇ ਨਾਲ ਹੀ ਸ਼ਮਸ਼ਾਨ ਭੂਮੀ ਵਿਖੇ ਗਏ। ਏਧਰ ਡੇਰੇ ਵਿਖੇ ਬੈਠੇ ਹੋਏ ਸ੍ਰੀ ਮਾਨ ਮਹੰਤ ਉਤਮ ਸਿੰਘ ਜੀ ਨੇ ਭਾਈ ਹਰਭਜਨ ਸਿੰਘ ਜੀ ਨੂੰ ਕਿਹਾ ਕਿ ਸੰਤ ਕ੍ਰਿਪਾਲ ਸਿੰਘ ਜੀ ਨੂੰ ਕਹਿਣਾ ਕਿ ਕਿਸੇ ਪ੍ਰੇਮੀ ਨੂੰ ਭੇਜ ਕੇ ਸੰਤ ਮੰਨਾ ਸਿੰਘ ਜੀ ਦੀ ਚਿਖਾ ਦੇ ਪਾਸ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਓ। ਤਾਂ ਭਾਈ ਹਰਭਜਨ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ! ਇਹ ਸੇਵਾ ਮੈਨੂੰ ਹੀ ਬਖਸ਼ੋ। ਉਸ ਨੇ ਜਾ ਕੇ ਬੜੇ ਪ੍ਰੇਮ ਨਾਲ ਚਿਖਾ ਪਾਸ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ। ਇਉਂ ਆਪ ਜੀ ਦਾ ਗੁਰਬਾਣੀ ਨਾਲ ਤੇ ਸਾਧੂਆਂ ਨਾਲ ਅਥਾਹ ਪਿਆਰ ਸੀ।

ਆਪ ਜੀ ਨੇ ਸਾਰੀ ਜ਼ਿੰਦਗੀ ਗੁਰ ਸੇਵਾ ਵਿਚ ਬਤੀਤ ਕੀਤੀ। ਜਿਸ ਸਮੇਂ ਮਹੰਤ ਭਾਈ ਜਵਾਹਰ ਸਿੰਘ ਜੀ ਨੇ ਬਾਬੇ ਬਕਾਲੇ ਸਾਹਿਬ ਦੇ ਗੁਰਦੁਆਰੇ ਦੀ ਸੇਵਾ ਆਪਣੇ ਹੱਥੀਂ ਚੂਨਾ ਪੀਸ ਕੇ ਕੀਤੀ ਉਸ ਸਮੇਂ ਵੀ ਆਪ ਜੀ ਨਾਲ ਹੀ ਨਾਲ ਸਾਰੀ ਸੇਵਾ ਵਿਚ ਹਿੱਸਾ ਲੈਂਦੇ ਰਹੇ।

ਇਕ ਸਮੇਂ ਅਨੰਦਪੁਰ ਸਾਹਿਬ ਦਸ਼ਮ ਪਾਤਸ਼ਾਹ ਜੀ ਪਾਸ ਸਿਖਾਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਜੀ ਦੇ ਧਰਮ ਧੁਰੰਧਰ ਹਿੰਦਵੈਣ ਦੇ ਰਖਯਕ ਗੁਰੂ ਪਿਤਾ ਦਾ ਤਪ ਅਸਥਾਨ ਬਕਾਲੇ ਸਾਹਿਬ ਵਾਲਾ ਭੋਰਾ [ਜਿਸ ਜਗ੍ਹਾ ਨੌਵੇਂ ਪਾਤਸ਼ਾਹ ਜੀ ਨੇ ੨੬ ਸਾਲ ਤਪੱਸਿਆ ਕੀਤੀ] ਹੈ ਉਥੇ ਸੁੰਦਰ ਗੁਰਦੁਆਰਾ ਬਣਨਾ ਚਾਹੀਦਾ ਹੈ ਤਾਂ ਆਪ ਜੀ ਨੇ ਉੱਤਰ ਦਿੱਤਾ ਕਿ ਉਸ ਜਗ੍ਹਾਂ ਦੀ ਸੇਵਾ ਸਾਡੇ ਪ੍ਰੇਮੀ ਸਿੱਖ ਸਾਧੂ ਫਟੇ ਕਛਹਿਰਿਆਂ ਵਾਲੇ ਆਪੇ ਹੀ ਕਰਨਗੇ। ਸੋ ਇਹ ਕਲਗੀਧਰ ਜੀ ਦਾ ਪਵਿੱਤ੍ਰ ਬਚਨ ਸ੍ਰੀ ਮਾਨ ਮਹੰਤ ਭਾਈ ਜਵਾਹਰ ਸਿੰਘ ਜੀ ਨੇ ਪੂਰਾ ਕੀਤਾ। ਆਪ ਦੀ ਨਵਿਰਤੀ ਦਾ ਤਾਂ ਪਿੱਛੇ ਵਰਨਣ ਕਰ ਹੀ ਦਿੱਤਾ ਹੈ ਕਿ ਮੁੰਜ ਕੁੱਟ ਕੇ ਵਾਣ ਵੱਟ ਕੇ ਉਪਜੀਵਕਾ ਚਲਾਉਂਦੇ ਸਨ।

ਭਾਵੇਂ ਹੋਰ ਵੀ ਡੇਰੇ ਦੇ ਸਾਧੂ ਅਤੇ ਵਿਦਿਆਰਥੀ ਵਾਰੀ ਵਾਰੀ ਆਪ ਜੀ ਨੂੰ ਹਰ ਸਮੇਂ ਬਾਣੀ ਸੁਣਾਉਂਦੇ ਹੀ ਰਹਿੰਦੇ ਸਨ, ਪਰ ਇਕ ਪ੍ਰੇਮੀ ਨੇ ਤਾਂ ਹਰ ਰੋਜ਼ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਸੁਣਾਉਣ ਦਾ ਨਿਯਮ ਹੀ ਕਰ ਲਿਆ, ਜਿਸ ਦਾ ਨਾਮ ਭਾਈ ਹਰਭਜਨ ਸਿੰਘ ਜੀ ਹੈ। ਇਸ ਨੇ ਸ੍ਰੀ ਮਾਨ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਦੀ ਸੇਵਾ ਵਿਚ ਬਸੰਤ ਪੰਚਮੀ ੧ ਫੱਗਣ ਸੰਮਤ ੨੦੧੫ ਵੀਰਵਾਰ [ਮੁਤਾਬਕ ੧੨ ਫਰਵਰੀ ਸੰਨ ੧੯੫੯] ਵਾਲੇ ਦਿਨ ਹਾਜ਼ਰ ਹੋ ਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ

ਸੁਣਾਉਣਾ ਅਰੰਭ ਕੀਤਾ ਹੈ। ਜਦੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਭੋਗ ਪੈਂਦਾ ਸੀ ਤਾਂ ਰੋਜ਼ਾਨਾ ਇਹ ਤੁਕਾਂ ਸ੍ਰੀ ਮਾਨ ਮਹੰਤ ਬਾਬਾ ਉਤਮ ਸਿੰਘ ਜੀ ਪੜ੍ਹਦੇ ਹੁੰਦੇ ਸਨ-

"ਸੁਖਮਨੀ ਸੁੱਖਾਂ ਦੀ ਨਿੱਧਿ॥ ਪੜ੍ਹਦਿਆਂ ਸੁਣਦਿਆਂ ਦੇ ਕਾਰਜ ਸਿੱਧਿ॥
ਸੁਖਮਨੀ ਪੜ੍ਹੀਐ ਦਿਨ ਰਾਤੀਂ॥ ਸੁਖਮਨੀ ਸੁੱਖਾਂ ਦੀ ਦਾਤੀ॥
ਸੁਖਮਨੀ ਜੇ ਕੋਈ ਪੜ੍ਹੇ ਸੁਨਾਵੈ॥ ਮਨ ਬਾਂਛਤ ਫਲ ਕੋ ਸੋ ਪਾਵੈ॥
ਸੁਖਮਨੀ ਦਾ ਪਾਠਕ ਜੋਇ॥ ਮੁਖ ਤੇ ਜੋ ਬੋਲੈ ਸੋ ਹੋਇ॥
ਅਨਦਿਨ ਸੁਖਮਨੀ ਜੋ ਰਰੇ॥ ਭਵ ਸਾਗਰ ਤੇ ਸੋ ਨਰ ਤਰੇ॥"

ਪਹਿਲੇ ਇਕ ਵਾਰ ਸਵੇਰੇ ਆ ਕੇ ਸੁਣਾਉਂਦੇ ਸਨ, ਜਦੋਂ ਪੰਜ ਕੁ ਮਹੀਨੇ ਸੁਣਾਉਂਦੇ ਨੂੰ ਹੋ ਗਏ ਤਾਂ ਆਪ ਆਖਦੇ ਹਨ ਕਿ ਤੂੰ ਰੋਟੀ ਇਕ ਵਾਰ ਖਾਂਦਾ ਹੈਂ ਕਿ ਦੋ ਵਾਰ ? ਕਿਹਾ ਜੀ ਦੋ ਵਾਰ ਖਾਂਦਾ ਹਾਂ, ਤਾਂ ਕਿਹਾ, ਫੇਰ ਸਾਨੂੰ ਤੂੰ ਕਿਉਂ ਇਕ ਵਾਰ ਖੁਵਾਉਂਦਾ ਹੈਂ? ਸਾਨੂੰ ਵੀ ਦੋ ਵਾਰ ਹੀ ਪਾਠ ਸੁਣਾਇਆ ਕਰ। ਉਸ ਦਿਨ ਤੋਂ ਦੋ ਵਾਰ ਪਾਠ ਸੁਣਾਉਣਾ ਆਰੰਭ ਕਰ ਦਿੱਤਾ।

ਬਾਣੀ ਨਾਲ ਇਤਨਾ ਪਿਆਰ ਸੀ ਕਿ ਕਈ ਵਾਰ ਅੱਧੀ ਅੱਧੀ ਰਾਤ ਨੂੰ ਉੱਠ ਕੇ ਕਹਿ ਦਿੰਦੇ ਕਿ ਅਜੇ ਤਕ ਹਰਭਜਨ ਸਿੰਘ ਆਇਆ ਨਹੀਂ? ਕੀ ਵਕਤ ਹੈ? ਸਾਨੂੰ ਸ੍ਰੀ ਦਰਬਾਰ ਸਾਹਿਬ ਲੈ ਚਲੋ। ਤਾਂ ਸੇਵਾਦਾਰ ਨੇ ਕਹਿਣਾ, ਮਹਾਰਾਜ ! ਅਜੇ ਤਾਂ ਅੱਧੀ ਰਾਤ ਹੈ।

ਇਉਂ ਸਾਰੀ ਆਯੂ ਨਾਮ ਬਾਣੀ ਵਿਚ ਬਤੀਤ ਕਰ ਕੇ ੧੧੦ ਸਾਲ ਦੀ ਅਵਸਥਾ ਵਿਚ ਰੋਜ਼ ਦੇ ਨਿਯਮ ਅਨੁਸਾਰ ਸੁਖਮਨੀ ਸਾਹਿਬ ਜੀ ਦਾ ਪਾਠ ਸੁਣ ਕੇ ਜੋਗੀਆਂ ਵਾਂਗ ਸਮਾਧੀ ਲਾ ਕੇ ੯ ਵਜੇ ਸਰੂਪ ਵਿਚ ਸਥਿਤ ਹੁੰਦੇ ਹਨ ਅਤੇ ਇਕ ਵਜੇ ਦੇ ਕਰੀਬ ਆਪਣੇ ਚੋਲੇ ਨੂੰ ਛੱਡ ਜਾਂਦੇ ਹਨ। ਉਸ ਤੋਂ ਉਪ੍ਰੰਤ ਉਨ੍ਹਾਂ ਦੇ ਪੰਜ ਭੂਤਕ ਸਰੀਰ ਦੇ ਪਾਸ ਸਾਰਾ ਦਿਨ ਸਾਰੀ ਰਾਤ ਲਗਾਤਾਰ ਸਾਢੇ ਵੀਹ ਘੰਟੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੂਜੇ ਦਿਨ ਸਵੇਰ ਦੇ ੯-੩੦ ਵਜੇ ਤਕ ਹੁੰਦੇ ਰਹੇ ਹਨ। ਬਾਹਰ ਕੀਰਤਨ ਦੀ ਧੁਨ ਜਾਰੀ ਰਹੀ ਅਤੇ ਕਈ ਰਾਗੀ ਜਨ ਆ ਕੇ ਕੀਰਤਨ ਕਰਦੇ ਰਹੇ। ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਉਤਮ ਸਿੰਘ ਜੀ ਸਿੰਧੀ ਦੇ ਜੱਥੇ ਨੇ ਭੀ ਆ ਕੇ ਮਾਰੂ ਰਾਗ ਵਿਖੇ ਕੀਰਤਨ ਕੀਤਾ ਅਤੇ ਪੰਜਾਬ ਸੰਗੀਤ ਵਾਲਿਆਂ ਨੇ ਭੀ ਕੀਰਤਨ ਦੁਆਰਾ ਵੈਰਾਗ ਵਿਚ ਲਿਆਂਦਾ।

੪ ਪਾਠ ਸੁਖਮਨੀ ਸਾਹਿਬ ਜੀ ਦੇ ਭਾਈ ਹਰਭਜਨ ਸਿੰਘ ਜੀ ਨੇ ਕੀਤੇ ਅਤੇ ਬਾਕੀ ਦੇ ਹੋਰ ਪ੍ਰੇਮੀਆਂ ਨੇ ਭੀ ਹਿੱਸੇ ਲੀਤੇ। ਅੱਧਾ ਘੰਟਾ ਇਸ਼ਨਾਨ ਵਗੈਰਾ ਕਰਾ ਕੇ ਜਾਂ ਡੇਰੇ ਤੋਂ ਬਾਹਰ ਨਿਕਲੇ ਤਾਂ ਪੁਜਾਰੀ ਭਾਈ ਦਰਸ਼ਨ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਸਿਰੋਪਾਉ ਲੈ ਕੇ ਖੜੇ ਸਨ, ਉਹ ਸਿਰੋਪਾਉ ਸ੍ਰੀ ਮਾਨ ੧੦ਵੇਂ ਮਹੰਤ ਬਾਬਾ ਉਤਮ ਸਿੰਘ ਜੀ ਦੇ ਬਿਬਾਣ ਪਰ ਪਾਇਆ ਗਿਆ, ਉਸ ਤੋਂ ਉਪ੍ਰੰਤ ਹੋਰ ਮਹੰਤ ਸਾਹਿਬਾਂ ਨੇ ਭੀ ਰੇਸ਼ਮੀ ਚਾਦਰੇ ਪਾਏ। ਸੇਵਾ ਪੰਥੀ ਅੱਡਣ ਸ਼ਾਹੀ ਮਹਾਂ ਪੁਰਸ਼, ਨਿਰਮਲ ਭੇਖ ਦੇ ਮਹਾਂ ਪੁਰਸ਼, ਉਦਾਸੀਨ ਭੇਖ ਦੇ ਮਹਾਂ ਪੁਰਸ਼, ਸ਼ਹਿਰ ਦੇ ਪ੍ਰੇਮੀ ਜਨ, ਸ਼ਬਦ ਚੌਂਕੀਆਂ ਵਾਲੇ ਗੁਰਮੁਖ ਜਨ ਅਤੇ

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ, ਗਿਆਨੀ ਚੇਤ ਸਿੰਘ ਜੀ ਆਦਿ ਸਭ ਸੱਜਣ ਨਾਲ ਸ਼ਾਮਲ ਹੋਏ। ਬੈਂਡ ਵਾਜੇ ਅਤੇ ਨਰਸਿੰਘਿਆਂ ਦੀ ਘਨ-ਘੋਰ ਨਾਲ ਠੀਕ ੧੦ ਵਜੇ ਅਰਥੀ ਦਾ ਜਲੂਸ ਬਜ਼ਾਰ ਸੱਤੋ ਵਾਲਾ ਡੇਰੇ ਤੋਂ ਨਿਕਲ ਕੇ ਲੂਣ ਮੰਡੀ, ਚਾਵਲ ਮੰਡੀ, ਬਜ਼ਾਰ ਪਾਪੜਾਂ, ਬਜ਼ਾਰ ਕਾਠੀਆਂ, ਘੰਟੇ ਘਰ ਜਾ ਕੇ ਮੱਥਾ ਟਿਕਾ ਕੇ ਸ੍ਰੀ ਗੁਰੂ ਰਾਮਦਾਸ ਜੀ ਦੀ ਸਰਾਂ ਅੱਗੋਂ ਬਾਬਾ ਸਾਹਿਬ, ਚੌਂਕ ਕਰੋੜੀ ਤੋਂ ਬਿਬੇਕਸਰ, ਰਾਮਸਰ ਮੱਥਾ ਟਿਕਾ ਕੇ ਸ਼ਮਸ਼ਾਣਾਂ ਵਿਖੇ ਪਹੁੰਚੇ। ਅੱਗੇ ਸ਼ਮਸ਼ਾਣਾਂ ਵਿਖੇ ਬਿਅੰਤ ਭੀੜ ਸੀ ਤੇ ਸਵੇਰ ਦੇ ੯ ਵਜੇ ਤੋਂ ਲੈ ਕੇ ਸ਼ਮਸ਼ਾਣਾਂ ਵਿਚ ਵੀ ਕੀਰਤਨ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਤਿੰਨ ਵਜੇ ਤੱਕ ਹੁੰਦੇ ਰਹੇ। ਅਖੀਰ ਜਪੁਜੀ ਸਾਹਿਬ ਜੀ ਦੇ ਪਾਠ ਦਾ ਭੋਗ ਪਾ ਕੇ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਨੇ ਅਰਦਾਸਾ ਕੀਤਾ, ਪਿੱਛੋਂ ਵਾਹਿਗੁਰੂ ਦੇ ਹੁਕਮ ਨਾਲ ਪੰਜ ਭੂਤਕ ਸਰੀਰ ਨੂੰ ਅਗਨ ਭੇਟ ਕੀਤਾ। ਫੇਰ ਗੁਰ ਮਰਯਾਦਾ ਅਨੁਸਾਰ ਬਿਬੇਕਸਰ ਆਏ, ਓਥੇ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਬਾਬਾ ਸ਼ਾਮ ਸਿੰਘ ਜੀ ਦੀ ਗੱਦੀ ਪਰ ਸ਼ਸ਼ੋਭਿ ਤ ਸ੍ਰੀ ਮਾਨ ੧੦੮ ਮਹੰਤ ਬਾਬਾ ਝੰਡਾ ਸਿੰਘ ਜੀ ਮਹਾਰਾਜ ਵਲੋਂ ਕੜਾਹ ਪ੍ਰਸ਼ਾਦਿ ਦੀ ਦੇਗ ਆਈ ਹੋਈ ਸੀ। ਪਹਿਲੇ ਕੀਰਤਨ ਸੋਹਿਲੇ ਜੀ ਦਾ ਪਾਠ ਗ੍ਰੰਥੀ ਸਿੰਘ ਜੀ ਨੇ ਕੀਤਾ, ਫੇਰ ਅਨੰਦ ਸਾਹਿਬ ਜੀ ਦਾ ਪਾਠ ਹੋਇਆ, ਪਿੱਛੋਂ ਸ੍ਰੀ ਮਾਨ ੧੦੮ ਮਹੰਤ ਮੂਲ ਸਿੰਘ ਜੀ ਨੇ ਅਰਦਾਸਾ ਸੋਧਿਆ ਤੇ ਹੁਕਮ ਆਇਆ-

ਸੋਰਠਿ ਮਹਲਾ ੫ ॥

ਗੁਰਿ ਪੂਰੇ ਚਰਨੀ ਲਾਇਆ॥ ਹਰਿ ਸੰਗਿ ਸਹਾਈ ਪਾਇਆ॥
ਜਹ ਜਾਈਐ ਤਹਾ ਸੁਹੇਲੇ॥ ਕਰਿ ਕਿਰਪਾ ਪ੍ਰਭਿ ਮੇਲੇ॥ ੧॥
ਹਰਿ ਗੁਣ ਗਾਵਹੁ ਸਦਾ ਸੁਭਾਈ॥ ਮਨ ਚਿੰਦੇ ਸਗਲੇ ਫਲ
ਪਾਵਹੁ ਜੀਅ ਕੈ ਸੰਗਿ ਸਹਾਈ॥ ੧ ॥ ਰਹਾਉ ॥
ਨਾਰਾਇਣ ਪ੍ਰਾਣ ਅਧਾਰਾ॥ ਹਮ ਸੰਤ ਜਨਾਂ ਰੇਨਾਰਾ॥
ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ॥ ਸਦ ਜੀਅ ਸੰਗਿ ਰਖਵਾਲਾ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥ ੩ ॥
ਜਿਸੁ ਦੇਵੈ ਪੁਰਖੁ ਬਿਧਾਤਾ॥ ਹਰਿ ਰਸੁ ਤਿਨ ਹੀ ਜਾਤਾ॥
ਜਮਕੰਕਰੁ ਨੇੜਿ ਨ ਆਇਆ॥ ਸੁਖੁ ਨਾਨਕ ਸਰਣੀ ਪਾਇਆ॥ ੪ ॥ ੯ ॥ ੫੯ ॥

[ਪੰਨਾ ੬੨੩]

ਉਪ੍ਰੰਤ ਕੜਾਹ ਪ੍ਰਸ਼ਾਦਿ ਵਰਤਿਆ ਤੇ ਸੰਗਤਾਂ ਵਾਪਸ ਡੇਰੇ ਪਰ ਆਈਆਂ, ਇਸ਼ਨਾਨ ਕੀਤਾ ਤੇ ਪ੍ਰਸ਼ਾਦ ਛਕਾਇਆ।

ਫੇਰ ੨੦ ਪੋਹ ਮੁ: ੩ ਜਨਵਰੀ ੧੯੬੧ ਨੂੰ ਚੌਥੇ ਵਾਲੇ ਦਿਨ ਸਵੇਰੇ ੮ ਵਜੇ ਡੇਰੇ ਤੋਂ ਮਹਾਂ ਪੁਰਖ ਗਿਆਨੀ ਕ੍ਰਿਪਾਲ ਸਿੰਘ ਜੀ ਸੰਗਤਾਂ ਦੇ ਸਹਿਤ ਜਲੂਸ ਦੀ ਸ਼ਕਲ ਵਿਚ ਸ਼ਬਦ ਕੀਰਤਨ ਕਰਦੇ ਹੋਏ ਮਸਾਣ ਭੂਮੀ ਵਿਖੇ ਪੁੱਜੇ। ਅੱਗੇ ਉਦਾਸੀਨ ਮਹਾਤਮਾਂ, ਮਹੰਤ, ਸੰਤ ਨਰਸਿੰਘਿਆਂ ਦੀ ਘਨਘੋਰ ਵਿਚ

ਉਥੇ ਪੁੱਜੇ ਹੋਏ ਸਨ। ਉਸ ਦਿਨ ਅੰਮ੍ਰਿਤ ਵੇਲੇ ਤੋਂ ਹੀ ਡੇਰੇ ਵਲੋਂ ਪ੍ਰੇਮੀ ਜਨ ਮਸਾਣਾ ਵਿਚ ਪਹੁੰਚ ਕੇ ਸੁਖਮਨੀ ਸਾਹਿਬ ਦੇ ਪਾਠ ਕਰ ਰਹੇ ਸਨ। ਸੁਖਮਨੀ ਸਾਹਿਬ ਦੇ ਭੋਗ ਤੋਂ ਉਪ੍ਰੰਤ ਲੁਧਿਆਣੇ ਤੋਂ ਆਏ ਹੋਏ ਰਾਗੀ ਭਾਈ ਜੀਵਣ ਸਿੰਘ ਜੀ ਗੁਰਬਾਣੀ ਦਾ ਰਸ ਭਿੰਨਾ ਵੈਰਾਗ ਮਈ ਕੀਰਤਨ ਕਰ ਰਹੇ ਸਨ, ਸੰਗਤਾਂ ਨੇ ਭੀ ਜਾ ਕੇ ਕੀਰਤਨ ਦਾ ਰਸ ਮਾਣਿਆ। ਫੇਰ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕਰਕੇ ਫੁੱਲ ਚੁਣ ਕੇ ਜਲੂਸ ਦੀ ਸ਼ਕਲ ਵਿਚ ਸੰਗਤਾਂ ਦੇ ਸਹਿਬ ਮਹਾਂ ਪੁਰਖ ਕੀਰਤਨ ਦੀ ਧੁਨੀ ਅਤੇ ***"ਸਤਿਨਾਮੁ ਵਾਹਿਗੁਰੂ"*** ਦਾ ਜਾਪ ਕਰਦੇ ਹੋਏ ਡੇਰੇ ਪੁੱਜੇ।

ਉਸ ਵਕਤ ਸ੍ਰੀ ਮਾਨ ਬਾਬਾ ਉਤਮ ਸਿੰਘ ਜੀ ਦੇ ਫੁੱਲਾਂ ਨੂੰ ਪਰਾਤ ਵਿਚ ਪਾ ਕੇ ਇਕ ਸੁੰਦਰ ਪਲੰਘ ਉੱਪਰ ਰੱਖ ਕੇ ਸਭ ਸੰਗਤਾਂ ਨੇ ਨਮਸ਼ਕਾਰ ਕੀਤੀ ਤੇ ਉਸੀ ਵੇਲੇ ਤੋਂ ਫੁੱਲਾਂ ਦੇ ਪਾਸ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਪ੍ਰੇਮੀ ਜਨਾਂ ਵਲੋਂ ਸ਼ੁਰੂ ਹੋ ਗਏ। ਜਿਤਨੇ ਦਿਨ ਫੁੱਲ ਡੇਰੇ ਰਹੇ,ਅੱਠੇ ਪਹਿਰ ਪਾਠ ਹੀ ਹੁੰਦੇ ਰਹੇ।

ਚੌਥੇ ਵਾਲੇ ਦਿਨ ਹੀ ਸ੍ਰੀ ਮਾਨ ਬਾਬਾ ਉਤਮ ਸਿੰਘ ਜੀ ਦੀ ਯਾਦ ਵਿਚ ਸਾਧਾਰਨ ਪਾਠ ਆਰੰਭ ਹੋਇਆ ਜਿਸ ਦਾ ਭੋਗ ਕਿਰਿਆ ਵਾਲੇ ਦਿਨ ੨੯ ਪੋਹ ੨੦੧੭ ਮੁ: ੧੨ ਜਨਵਰੀ ੧੯੯੧ ਵੀਰਵਾਰ ਨੂੰ ਪਾਇਆ ਗਿਆ। ਚੌਥੇ ਵਾਲੇ ਦਿਨ ਨਾਲ ਹੀ ਸ੍ਰੀ ਅਖੰਡਪਾਠਾਂ ਦਾ ਪ੍ਰਵਾਹ ਭੀ ਜਾਰੀ ਹੋ ਗਿਆ। ਫੇਰ ਆਪ ਜੀ ਦੀਆਂ ਅਸਥੀਆਂ ਨੂੰ ਹਰਿਦੁਆਰ ਲਿਜਾਣ ਵਾਸਤੇ ਜਲੂਸ ਦੀ ਸ਼ਕਲ ਵਿਚ ਜੀਪ 'ਤੇ ਬਜ਼ਾਰਾਂ ਵਿੱਚੋਂ ਹੁੰਦਿਆਂ ਹੋਇਆਂ ਤਿੰਨ ਵਜੇ ਸਟੇਸ਼ਨ 'ਤੇ ਲਿਆਂਦਾ ਗਿਆ। ਬਾਣੀ ਦਾ ਪਾਠ ਕੀਰਤਨ ਤੇ ਸਿਮਰਨ ਦੀ ਝੜੀ ਲੱਗੀ ਰਹੀ। ਸ਼ਾਮ ਦੀ ਗੱਡੀ, ਹੇਠ ਲਿਖਿਆਂ ਪ੍ਰੇਮੀਆਂ ਸਮੇਤ ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਹਰਿਦੁਆਰ ਨੂੰ ਚਲ ਪਏ।

੧. ਸ: ਪੂਰਨ ਸਿੰਘ ਜੀ ਅਰੋੜਾ [ਔਡੀਟਰ ਇਨਕਮ ਟੈਕਸ] ਬਜ਼ਾਰ ਗੰਢਾਂ ਵਾਲਾ ਅੰਮ੍ਰਿਤਸਰ, ਜਿਨ੍ਹਾਂ ਨੇ ਸ੍ਰੀ ਮਹੰਤ ਸਾਹਿਬ ਜੀ ਦੇ ਸਰੀਰ ਤਿਆਗਣ ਦੇ ਸਮੇਂ ਤੋਂ ਲੈ ਕੇ ਦਸਤਾਰ ਬੰਦੀ ਦੀ ਰਸਮ ਤੱਕ 'ਇਕੀਹ ਦਿਨ' ਤਨ, ਮਨ, ਧਨ, ਨਾਲ ਅਣਥੱਕ ਸੇਵਾ ਕੀਤੀ ਤੇ ਟਰੇਨ ਦਾ ਡੱਬਾ ਰੀਜ਼ਰਵ ਕਰਵਾ ਕੇ ਸੰਗਤਾਂ ਨੂੰ ਹਰਿਦੁਆਰ ਲਿਜਾਣ ਦਾ ਉੱਦਮ ਕੀਤਾ।

੨. ਸ੍ਰੀ ਮਾਨ ਮਹੰਤ ਹਾਕਮ ਸਿੰਘ ਜੀ, ਡੇਰਾ ਮਹੰਤ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ।

੩. ਸੰਤ ਸੁੰਦਰ ਸਿੰਘ ਜੀ।

੪. ਲਾਲਾ ਰਾਮ ਪ੍ਰਕਾਸ਼ [ਖੱਚਰਾਂ ਵਾਲੇ]।

੫. ਸ: ਜਗਮੋਹਨ ਸਿੰਘ ਜੀ [ਬੀਮਾ ਕੰਪਨੀ ਵਾਲੇ]।

੬. ਸੰਤ ਸਰੂਪ ਦਾਸ ਜੀ [ਪ੍ਰੇਮੀ]।

੭. ਭਗਤ ਬਿਸੰਭਰ ਨਾਥ ਜੀ।

੮. ਸ: ਸਾਧੂ ਸਿੰਘ ਜੀ ਸਾਬਨ ਵਾਲੇ।

੯. ਸ: ਰਘਬੀਰ ਸਿੰਘ ਜੀ ਦਾਲਾਂ ਵਾਲੇ।

੧੦. ਸ: ਹਰਨਾਮ ਸਿੰਘ ਜੀ।

੧੧. ਸ: ਆਰਿਆ ਸਿੰਘ ਜੀ ਹਕੀਮ।

੧੨. ਸ: ਹਰਬੰਸ ਸਿੰਘ ਜੀ [ਸੁਪੱਤ੍ਰ ਸ: ਬੁੱਧ ਸਿੰਘ ਜੀ ਗੁੜ ਵਾਲੇ]।

੧੩. ਸ: ਕ੍ਰਿਪਾਲ ਸਿੰਘ ਜੀ ਮੁਨਿਆਰ।

੧੪. ਸੇਵਾਦਾਰ ਠਾਕਰ ਸਿੰਘ ਜੀ [ਸਿੰਧੀ]।

੧੫. ਕਾਕਾ ਲਵਿੰਦਰ ਸਿੰਘ ਜੀ।

੧੬. ਭਾਈ ਹਰਭਜਨ ਸਿੰਘ ਜੀ।

੧੭. ਸ: ਸੰਤੋਖ ਸਿੰਘ ਜੀ [ਤਾਰਾਂ ਵਾਲੇ]।

੧੮. ਸ: ਹਰਭਜਨ ਸਿੰਘ ਜੀ।

੧੯. ਸ: ਹਰੀ ਸਿੰਘ ਜੀ ਬਜਾਜ਼ ਇਤਿਆਦਿਕ ਪ੍ਰੇਮੀ।

ਦਾਸ ਭੀ ਉਸ ਸਮੇਂ ਗਿ: ਸੁਰਜੀਤ ਸਿੰਘ ਜੀ ਦੇ ਨਾਲ ਸਟੇਸ਼ਨ ਤੇ ਪੁੱਜਾ ਸੀ ਅਤੇ ਮਹਾਂ ਪੁਰਸ਼ਾਂ ਦੀ ਆਗਿਆ ਨੂੰ ਪਾ ਕੇ ਗੱਡੀ ਚੱਲੀ ਤੋਂ ਸੰਗਤਾਂ ਸਮੇਤ ਡੇਰੇ ਆਇਆ, ਅਰ ਸ੍ਰੀ ਮਾਨ ਮਹੰਤ ਬਾਬਾ ਉਤਮ ਸਿੰਘ ਜੀ ਦੀਆਂ ਕੁਝ ਅਸਥੀਆਂ ੨ ਮਾਘ ਨੂੰ ਸ੍ਰੀ ਕੀਰਤਪੁਰ ਸਾਹਿਬ ਭਾਈ ਕਰਮ ਸਿੰਘ ਜੀ [ਭਿੰਡਰਾਂ ਵਾਲਿਆਂ ਸੰਤਾਂ ਦੇ ਗੜਵਈ] ਦੇ ਹੱਥੀਂ ਭੀ ਭੇਜੀਆਂ, ਉਹਨਾਂ ਨੇ ਉਥੇ ਜਾ ਕੇ ਸ੍ਰੀ ਕੀਰਤਪੁਰ ਸਾਹਿਬ ਪਤਾਲ ਪੁਰੀ ੩ ਮਾਘ ਸੰਮਤ ੨੦੧੭ ਮੁ: ੧੫ ਜਨਵਰੀ ੧੯੬੧ ਨੂੰ ਜਲ ਪ੍ਰਵਾਹ ਕੀਤੀਆਂ। ਏਧਰ ਜਿਸ ਵੇਲੇ ਜਲੰਧਰ ਸਟੇਸ਼ਨ ਤੇ ਪੁੱਜੇ ਤਾਂ ਸ੍ਰੀ ਮਾਨ ੧੦੮ ਭਜਨ ਮੂਰਤੀ ਮਹੰਤ ਬਾਵਾ ਸੰਤ ਦਾਸ ਜੀ ਨਰਸਿੰਘਿਆਂ ਦੀ ਘਨਘੋਰ ਵਿਚ ਸੰਗਤਾਂ ਸਮੇਤ ਉਡੀਕ ਰਹੇ ਸਨ, ਤਿੰਨ ਸੌ ਦੇ ਕਰੀਬ ਸੰਗਤ ਸੀ। ਸਾਰਿਆਂ ਨੇ ਆਦਰ ਭਾਵ ਨਾਲ ਸ੍ਰੀ ਮਾਨ ਮਹੰਤ ਸਾਹਿਬ ਜੀ ਦੇ ਫੁੱਲਾਂ ਨੂੰ ਮੱਥਾ ਟੇਕਿਆ ਤੇ ਸੇਹਰੇ ਚੜ੍ਹਾਏ ਅਤੇ ਸ਼ਰਧਾਲੂਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਗੱਡੀ ਵਿਚ ਬੈਠੀ ਹੋਈ ਸੰਗਤ ਨੂੰ ਚਾਹ ਵਗੈਰਾ ਪਿਲਾਈ, ਫਿਰ ਸਾਰੀ ਸੰਗਤ ਨੂੰ ਵਾਪਸ ਜਲੰਧਰ ਭੇਜਕੇ ਬਾਵਾ ਸੰਤ ਦਾਸ ਜੀ ਹਰਿਦੁਆਰ ਜਾਣ ਵਾਸਤੇ ਆਪ ਗੱਡੀ ਵਿਚ ਬੈਠ ਗਏ ਅਤੇ ਸ੍ਰੀ ਮਾਨ ੧੦੮ ਮਹੰਤ ਗੁਰਮੁਖ ਸਿੰਘ ਰੋਹਤਕ ਵਾਲੇ ਤੇ ਸ੍ਰੀ ਮਾਨ ੧੦੮ ਮਹੰਤ ਬਾਵਾ ਸੰਤ ਦਾਸ ਜੀ ਜਬੀ ਵਾਲੇ ਅੰਬਾਲੇ ਸਟੇਸ਼ਨ ਤੋਂ ਆ ਕੇ ਮਿਲੇ ਤੇ ਓਹ ਵੀ ਨਾਲ ਹਰਿਦੁਆਰ ਗਏ।

ਫੇਰ ਜਗਾਧਰੀ ਸਟੇਸ਼ਨ ਪਰ ਸ੍ਰੀ ਮਾਨ ੧੦੮ ਸੇਵਾ ਪੰਥੀ ਭੇਖ ਦੇ ਪ੍ਰਧਾਨ ਸਾਹਿਬ ਪੰਡਿਤ ਨਿਸਚਲ ਸਿੰਘ ਜੀ ਚਾਹ ਦੀਆਂ ਗਾਗਰਾਂ ਤੇ ਪੱਕਾ ਭੋਜਨ ਲੈ ਕੇ ਸੰਗਤਾਂ ਸਮੇਤ ਆਏ, ਫੁੱਲਾਂ ਦੇ ਦਰਸ਼ਨ ਕਰਵਾਕੇ ਆਖਦੇ ਹਨ-"ਅੱਜ ਸਾਡੇ ਬਾਪੂ ਜੀ ਚੜ੍ਹਾਈ ਕਰਕੇ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਹਨ, ਇਹ ਘਾਟਾ ਕਦੇ ਪੂਰਾ ਨਹੀਂ ਹੋਣਾ।"

ਇਸ ਤਰ੍ਹਾਂ ਦੇ ਵੈਰਾਗ ਮਈ ਬਚਨ ਕਰ ਰਹੇ ਸਨ ਕਿ ਗੱਡੀ ਚੱਲ ਪਈ ਤੇ ਆਖਿਆ, "ਅਸੀਂ ਕਾਰ ਵਿਚ ਬੈਠ ਕੇ ਤੁਹਾਥੋਂ ਪਹਿਲੇ ਹੀ ਹਰਿਦੁਵਾਰ ਸਟੇਸ਼ਨ ਤੇ ਪਹੁੰਚਦੇ ਹਾਂ।" ਸੋ ਇਹ ਗੱਡੀ ਦੇ ਪਹੁੰਚਣ ਤੋਂ ਪਹਿਲੇ ਹਰਿਦੁਵਾਰ ਪਹੁੰਚ ਗਏ।

ਦੂਸਰੇ ਦਿਨ ਸਵੇਰੇ ਹਰਿਦੁਆਰ ਸਟੇਸ਼ਨ ਤੇ ਸੰਨਿਆਸੀ, ਉਦਾਸੀ, ਨਿਰਮਲੇ ਤੇ ਹੋਰ ਭੇਖਾਂ ਦੇ ਸਾਧੂ ਆਏ ਹੋਏ ਸਨ ਅਤੇ ਬੈਂਡ ਵਾਜਿਆਂ ਨਾਲ ਪਾਲਕੀ ਵਿਖੇ ਫੁੱਲ ਰੱਖ ਕੇ ਜਲੂਸ ਕੱਢਕੇ ਕਨਖਲ ਪਹੁੰਚੇ।

ਜਲੂਸ਼ ਦੇ ਨਾਲ ਹੀ ਭਾਈ ਹਰਭਜਨ ਸਿੰਘ ਜੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਗਏ, ਜਿਸ ਦੀਆਂ ੩ ਅਸਟਪਦੀਆਂ ਗੁ: ਸ੍ਰੀ ਗੁਰੂ ਅਮਰਦਾਸ ਜੀ ਕਨਖਲ ਦੇ ਪੌੜਾਂ ਪਰ ਬੈਠ ਕੇ ਪੜ੍ਹੀਆਂ, ਉਪ੍ਰੰਤ ਸ੍ਰੀ ਮਾਨ ਪੰਡਿਤ ਨਿਸਚਲ ਸਿੰਘ ਜੀ, ਸਾਰੇ ਸੰਤ, ਮਹੰਤ ਪ੍ਰੇਮੀਆਂ ਨੇ ਰਲਕੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਕੀਤੇ। ਇਸ ਤੋਂ ਬਾਅਦ ਫੇਰ ਅਰਦਾਸਾ ਕਰਕੇ ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਹੋਰਾਂ ਨੇ ਆਪਣੇ ਹਸਤ ਕਮਲਾਂ ਨਾਲ ਅਸਥੀਆਂ ਜਲ ਪ੍ਰਵਾਹ ਕੀਤੀਆਂ।

੪ ਮਾਘ ੨੦੧੭ ਮੁ: ੧੬ ਜਨਵਰੀ ੧੯੬੧ ਸਤਾਰ੍ਹੀਏ ਵਾਲੇ ਦਿਨ ਹਰਿਦੁਆਰ ਖੜਖੜੀ ਪ੍ਰਤਾਪ ਭਵਨ ਵਿਖੇ ਰਖਾਏ ਹੋਏ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਉਪ੍ਰੰਤ ਬੜੇ ਬੜੇ ਮਹਾਂ ਪੁਰਸ਼ ਸ੍ਰੀ ਮਾਨ ਪੰਡਿਤ ਨਿਸਚਲ ਸਿੰਘ ਜੀ, ਗਜਾਨੀ ਗਰੀਬ ਸਿੰਘ ਜੀ, ਪੰਡਤ ਸੁੱਚਾ ਸਿੰਘ ਜੀ, ਸ੍ਰੀ ਮਾਨ ਮਹੰਤ ਹਾਕਮ ਸਿੰਘ ਜੀ ਆਦਿ ਗੁਰਮੁਖ ਪਿਆਰਿਆਂ ਨੇ ਸ੍ਰੀ ਮਹੰਤ ਸਾਹਿਬ ਜੀ ਦੀ ਉੱਚ ਜੀਵਨੀ ਸੰਬੰਧੀ ਵਖਯਾਨਾਂ ਦਵਾਰਾ

ਸ਼ਰਧਾਂਜਲੀਆਂ ਭੇਟ ਕੀਤੀਆਂ, ਉਪ੍ਰੰਤ ਸਮਸ਼ਟੀ ਪੱਕਾ ਭੰਡਾਰਾ ਹੋਇਆ।

ਫੇਰ ਸ੍ਰੀ ਅੰਮ੍ਰਿਤਸਰ ਜੀ ਡੇਰੇ ਵਿਖੇ ਆ ਕੇ ਇਕੀਏ ਵਾਲੇ ਦਿਨ ੮ ਮਾਘ ੨੦੧੭ ਮੁ: ੨੦ ਜਨਵਰੀ ੧੯੯੧ ਸ਼ੁਕਰਵਾਰ ਨੂੰ ਸ੍ਰੀ ਅਖੰਡਪਾਠਾਂ ਦੇ ਭੋਗ ਪਾਏ ਗਏ, ਉਪ੍ਰੰਤ ਸ੍ਰੀ ਮਾਨ ਪੰਡਤ ਸੰਤ ਨਿਸਚਲ ਸਿੰਘ ਜੀ, ਸ੍ਰੀ ਮਾਨ ਮਹੰਤ ਹਾਕਮ ਸਿੰਘ ਜੀ, ਸ੍ਰੀ ਮਾਨ ਸਿੰਘ ਸਾਹਿਬ ਗਜਾਨੀ ਕ੍ਰਿਪਾਲ ਸਿੰਘ ਜੀ, ਸ੍ਰੀ ਮਾਨ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਸ੍ਰੀ ਮਾਨ ਮਹੰਤ ਮੂਲ ਸਿੰਘ ਜੀ, ਸ੍ਰੀ ਮਾਨ ਮਹੰਤ ਹਰੀ ਸਿੰਘ [ਐਡੀਟਰ ਨਿਰਮਲ ਉਦੇਸ਼], ਸ੍ਰੀ ਮਾਨ ਮਹੰਤ ਸੰਤ ਦਾਸ ਜੀ, ਸ੍ਰੀ ਮਾਨ ਮਹੰਤ ਗੁਰਮੁਖ ਸਿੰਘ ਜੀ ਰੋਹਤਕ ਵਾਲੇ, ਸ੍ਰੀ ਮਾਨ ਮਹੰਤ ਆਸਾ ਸਿੰਘ ਜੀ ਗੋਨਿਆਨਾ ਮੰਡੀ, ਸ੍ਰੀ ਮਾਨ ਮਹੰਤ ਤੁਲਸੀ ਦਾਸ ਜੀ ਕੈਂਥਲ ਵਾਲੇ, ਸ੍ਰੀ ਮਾਨ ਮਹੰਤ ਹੀਰਾ ਸਿੰਘ ਜੀ ਪਟਿਆਲੇ ਵਾਲੇ ਤੇ ਉਹਨਾਂ ਦੇ ਸ਼ਿਸ਼ ਸੰਤ ਗੁਪਾਲ ਸਿੰਘ ਜੀ, ਸ੍ਰੀ ਮਾਨ ਗਜਾਨੀ ਵਰਿਆਮ ਸਿੰਘ ਜੀ ਧੂੜ ਕੋਟ ਤਥਾ ਸ੍ਰੀ ਮਾਨ ਗਜਾਨੀ ਦਲੀਪ ਸਿੰਘ ਜੀ ਕਥਾ ਵਾਚਕ ਮੰਜੀ ਸਾਹਿਬ ਅੰਮ੍ਰਿਤਸਰ ਆਦਿ ਨੇ ਮਹੰਤ ਸਾਹਿਬ ਜੀ ਦੀ ਉੱਚ ਜੀਵਨੀ ਬਾਰੇ ਵਿਸਥਾਰ ਪੂਰਬਕ ਵਿਚਾਰ ਪ੍ਰਗਟ ਕੀਤੇ।

ਇਸ ਤੋਂ ਬਾਅਦ ਸੇਵਾ ਪੰਥੀ ਅੱਡਣਸ਼ਾਹੀ ਭੇਖ ਦੇ ਸਮੂਹ ਮੁਖੀ ਗੁਰਮੁਖ ਜਨ, ਮਹੰਤ, ਸੰਤ, ਨਿਰਮਲ ਭੇਖ ਦੇ ਸਮੂਹ ਮਹੰਤ, ਸੰਤ, ਉਦਾਸੀਨ ਸੰਪ੍ਰਦਾਇ ਦੇ ਮੁਖੀਏ, ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਧਾਨ ਚੌਧਰੀ ਜੀਵਨ ਸਿੰਘ ਜੀ ਅਤੇ ਹੋਰ ਸ੍ਰੀ ਅੰਮ੍ਰਿਤਸਰ ਜੀ ਦੇ ਪਤਵੰਤੇ ਸਜਣਾਂ ਨੇ ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਗਜਾਨੀ ਹੋਰਾਂ ਨੂੰ ਦਸਤਾਰਾਂ ਪੇਸ਼ ਕੀਤੀਆਂ, ਅਰ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਸਾਹਿਬ ਵਲੋਂ ਭੀ ਭਾਈ ਨਿਕਾ ਸਿੰਘ ਜੀ ਅਰਦਾਸੀਏ ਨੇ ਸਿਰੋਪਾਓ ਗਲ ਵਿਚ ਪਾਇਆ ਤੇ ਸ੍ਰੀ ਮਾਨ ਪੰਡਿਤ ਨਿਸਚਲ ਸਿੰਘ ਜੀ ਸੰਤ ਪੁਰਾ ਜਗਾਧਰੀ ਵਾਲਿਆਂ ਨੇ ਸੇਵਾ ਪੰਥੀ ਭੇਖ ਵਲੋਂ, ਨਿਰਮਲ ਮਹਾਂ ਮੰਡਲ ਵਲੋਂ, ਉਦਾਸੀਨ ਭੇਖ ਵਲੋਂ, ਸ੍ਰੀ ਮਾਨ ਮਹੰਤ ਬਾਬਾ ਝੰਡਾ ਸਿੰਘ ਜੀ ਵਲੋਂ ਅਤੇ ਸ੍ਰੀ ਮਾਨ ਮਹੰਤ ਗੁਰਮੁਖ ਸਿੰਘ ਜੀ ਰੋਹਤਕ ਵਾਲਿਆਂ ਵਲੋਂ ਆਈਆਂ ਪੰਜੇ ਦਸਤਾਰਾਂ ਸ੍ਰੀ ਮਾਨ ਗਜਾਨੀ ਕ੍ਰਿਪਾਲ ਸਿੰਘ ਜੀ ਦੇ ਸੀਸ ਪਰ ਸਜਾਕੇ ਅਤੇ ਸੇਵਾ ਪੰਥੀ ਸੰਪ੍ਰਦਾਇ ਦੇ ਨਿਯਮ ਅਨੁਸਾਰ ੧ ਝਾੜੂ ਤੇ ੧ ਕਟੋਰਾ ਸੌਂਪ ਕੇ ਦਸਤਾਰ ਬੰਦੀ ਦੀ ਰਸਮ ਅਦਾ ਕੀਤੀ ਉਪਰੰਤ ਪੱਕਾ ਭੰਡਾਰਾ ਵਰਤਾਇਆ ਗਿਆ।

ਸੰਪ੍ਰਦਾਈ ਟਕਸਾਲ ਦੇ ਆਰੰਭ ਕਰਤਾ

ਜੰਗਾਂ ਯੁੱਧਾਂ ਤੋਂ ਵਿਹਲੇ ਹੋ ਕੇ ਜਦ ਸ੍ਰੀ ਦਸ਼ਮ ਪਾਤਿਸ਼ਾਹ ਜੀ ਨੇ ਆਪਣਾ ਕਮਰਕੱਸਾ ਖੋਹਲ ਦਿਤਾ, ਤਦ ਤਲਵੰਡੀ ਸਾਬੋ ਕੀ ਵਿਖੇ ਆਪਣੇ ਅਨੁਭਵ ਦ੍ਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ [ਸੰਮਤ ਬਾਰੇ ਵਿਸ਼ੇਸ਼ ਖੋਜ ਇਸੇ ਪੋਥੀ ਦੀ ਪਹਿਲੀ ਉਥਾਨਕਾ ਵਿੱਚ ਪੜ੍ਹੋ] ਅਰ ਇਸਦੇ ਅਰਥ ਬੋਧ ਲਈ ਸਭ ਤੋਂ ਪਹਿਲਾਂ ਸਤਿਗੁਰਾਂ ਨੇ ਆਪ ਕਥਾ ਆਰੰਭ ਕੀਤੀ ਜਿਸਨੂੰ ਸੁਣਨ ਵਾਲੇ ੪੮ ਪ੍ਰੇਮੀਆਂ ਵਿਚੋਂ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਇਕ ਖ਼ਾਸ ਵਜਕਤੀ ਹੋਏ ਹਨ।

੪੮ ਪ੍ਰੇਮੀ ਸਿੱਖ ਸਨ ਜੋ ਕਥਾ ਸ੍ਰਵਣ ਕਰਕੇ ਬਿਦੇਹ ਮੋਖਸ਼ ਨੂੰ ਪ੍ਰਾਪਤ ਹੋ ਗਏ ਪ੍ਰੰਤੂ ਸਤਿਗੁਰਾਂ ਨੇ ਤਾਂ ਅੱਗੇ ਪਰੰਪਰਾ ਲਈ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਕਾਇਮ ਕਰਨੀ ਸੀ, ਇਸੇ ਆਸ਼ੇ ਅਨੁਸਾਰ ਇਨ੍ਹਾਂ ਨੇ ਅਪਾਰ ਕਿਰਪਾ ਕਰਕੇ ਉਹਨਾਂ ੪੮ ਸਰੋਤਾਗਣਾਂ ਵਿਚੋਂ ਬਿਦੇਹ ਮੁਕਤ ਪ੍ਰਾਪਤ ਹੋ ਚੁੱਕੇ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਅਤੇ ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਹੋਰਾਂ ਨੂੰ ਆਨੰਦ ਨਾ ਭੁੱਲਣ ਦਾ ਵਰ ਬਖਸ਼ਿਆ ਤੇ ਬਾਬਾ ਦੀਪ ਸਿੰਘ ਨੂੰ ਸ੍ਰੀ ਦਮਦਮੇ ਸਾਹਿਬ ਜੀ ਦੀ ਸੇਵਾ ਸੌਂਪੀ, ਜਿਨ੍ਹਾਂ ਦੀ ਮਹਾਨ ਸੇਵਾ ਵਿਚੋਂ ਇਹ ਖ਼ਾਸ ਵਿਸ਼ੇਸ਼ਤਾ ਪੂਰਬਕ ਸੇਵਾ ਪ੍ਰਸਿਧ ਹੈ ਕਿ ਇਨ੍ਹਾਂ ਨੇ ਆਪਣੇ ਕਰ-ਕਮਲਾਂ ਦ੍ਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਲਿਖ ਕੇ ਚੋਹਾਂ ਤਖਤ ਸਾਹਿਬਾਂ ਪਰ ਬਿਰਾਜਮਾਨ ਕਰਵਾਈਆਂ, ਜਿਨ੍ਹਾਂ ਦਾ ਨਾਮ 'ਦਮਦਮੀ ਬੀੜ' ਪ੍ਰਸਿੱਧ ਕੀਤੀ। ਇਨ੍ਹਾਂ ਨੇ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੇਵਾ ਸੰਭਾਲ ਹਿਤ ਸ਼ਹੀਦੀ ਪ੍ਰਾਪਤ ਹੈ। ਇਨ੍ਹਾਂ ਦੀ ਨਾਦੀ ਸੰਪ੍ਰਦਾ ਵਿਚੋਂ ਅੱਜ ਕਲ੍ਹ ਸ੍ਰੀ ਮਾਨ ਗ਼ਜਾਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ ਗੁਰਬਾਣੀ ਦੇ ਪ੍ਰਚਾਰ ਦੀ ਮਹਾਨ ਸੇਵਾ ਕਰ ਰਹੇ ਹਨ।*

ਸ੍ਰੀ ਮਾਨ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਦੀ ਟਕਸਾਲ ਚਲਾਉਣ ਦੀ ਸੇਵਾ ਬਖਸ਼ੀ, ਅਰ ਇਹ ਦਸ਼ਮ ਪਿਤਾ ਜੀ ਦੀ ਆਗਜਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਦੀ ਸੇਵਾ ਨੂੰ ਨਿਭਾ ਹੁੰਦੇ ਰਹੇ ਅਤੇ ਨਾਲ ਹੀ ਕਥਾ ਦਾ ਆਰੰਭ ਕੀਤਾ, ਜੋ ਹਰ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਪੌਂਦੇ ਰਹੇ। ਇਨ੍ਹਾਂ ਦੇ ਸਰੋਤਾਗਣਾਂ ਵਿਚੋਂ ਮੁਖੀ ਭਾਈ ਦੀਵਾਨ ਸਿੰਘ ਜੀ ਹੋਏ ਜਿਨ੍ਹਾਂ ਨੇ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਉਪ੍ਰੰਤ ਕਥਾ ਦੀ ਸੇਵਾ ਸੰਭਾਲੀ ਅਰ ਜੋ ਮਹਾਨ ਗੂੜ੍ਹ ਅਰਥ ਸ੍ਰੀ ਦਸ਼ਮ ਪਾਤਿਸ਼ਾਹ ਜੀ ਪਾਸੋਂ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਨੇ ਸ੍ਰਵਣ ਕੀਤੇ ਸਨ, ਓਹੋ ਹੀ ਇੰਨ ਬਿੰਨ ਸੀਨੇ ਬਸੀਨੇ ਚਲੇ ਆ ਰਹੇ ਗੁਹਝ ਭਾਵਾਰਥ ਸ੍ਰੀ ਮਾਨ ਭਾਈ ਦੀਵਾਨ ਸਿੰਘ ਜੀ ਅਗੇ ਸੰਗਤਾਂ ਪਾਸ ਪ੍ਰਗਟ ਕਰਦੇ ਰਹੇ। ਇਨ੍ਹਾਂ ਤੋਂ ਉਪ੍ਰੰਤ ਭਾਈ ਗੁਰਦਿਆਲ ਸਿੰਘ ਤਥਾ ਭਾਈ ਗੁਰਬਖਸ਼ ਸਿੰਘ ਜੀ, ਭਾਈ ਅਮਰ ਸਿੰਘ ਜੀ ਤੋਂ ਵਰੋਸਾਏ ਹੋਏ ਭਾਈ ਰਾਮ ਸਿੰਘ ਜੀ, ਉਸ ਤੋਂ ਉਪ੍ਰੰਤ ਪੰਥ ਪ੍ਰਸਿੱਧ ਵਿਦਵਾਨ ਸ੍ਰੀ ਮਾਨ ਗਜਾਨੀ ਚੰਦਾ ਸਿੰਘ ਜੀ [ਕਰਤਾ ਪ੍ਰਯਾਇ]. ਦਯਾ ਸਿੰਘ ਜੀ, ਇਨ੍ਹਾਂ ਤੋਂ ਅਗੇ ਸ੍ਰੀ ਮਾਨ ਸੰਤ ਭਗਵਾਨ ਸਿੰਘ ਜੀ ਇਸ ਸੰਪ੍ਰਦਾਈ ਟਕਸਾਲ ਨੂੰ ਸੀਨੇ ਬਸੀਨੇ ਚਲਾਉਂਦੇ ਆਏ। ਇਨ੍ਹਾਂ ਤੋਂ ਅਗੇ ਇਸ ਬ੍ਰਹਮ ਵਿਦਿਆ ਦੀ ਮਹਾਨ ਉੱਤਮ ਸੇਵਾ ਨੂੰ ਸ੍ਰੀ ਮਾਨ ਬ੍ਰਹਮ ਬੇਤੇ ਸੰਤ ਗਜਾਨੀ ਅਮਰੀ ਸਿੰਘ ਜੀ ਕਰਦੇ ਰਹੇ।

*ਨੋਟ-ਸ੍ਰੀ ਮਾਨ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਗੁਰਪੁਰੀ ਸਿਧਾਰ ਗਏ ਹਨ, ਉਨ੍ਹਾਂ ਤੋਂ ਬਾਅਦ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਅਤੇ ਸੰਤ ਗਿਆਨੀ ਮੋਹਨ ਸਿੰਘ ਜੀ ਭਿੰਡਰਾਂ ਵਾਲੇ ਇਹ ਸੇਵਾ ਨਿਭਾ ਰਹੇ ਹਨ। ਗਿਆਨੀ ਕਰਤਾਰ ਸਿੰਘ ਜੀ ਭੀ ੧ ਭਾਦਰੋਂ ਸੰਮਤ ੨੦੩੪ ਮੁਤਾਬਕ ੧੬ ਅਗਸਤ ੧੯੭੭ ਨੂੰ ਗੁਰਪੁਰੀ ਸਿਧਾਰ ਗਏ ਹਨ। ੧੭ ਅਗਸਤ ਨੂੰ ਸਸਕਾਰ ਕੀਤਾ ਤੇ ੧੮ ਅਗਸਤ ਨੂੰ ਦਸਤਾਰ ਬੰਦੀ ਗਿਆਨੀ ਜਰਨੈਲ ਸਿੰਘ ਜੀ ਨੂੰ ਕੀਤੀ ਹੈ। ੨੫ ਤਰੀਕ ਨੂੰ ਦੁਸਹਿਰਾ ਕੀਤਾ। ਉਨ੍ਹਾਂ ਦੀ ਜਗ੍ਹਾਂ ਅਜ ਕਲ੍ਹ ਗਿਆਨੀ ਜਰਨੈਲ ਸਿੰਘ ਜੀ ਸ਼ਸ਼ੋਭਤ ਹਨ।

ਸ੍ਰੀ ਮਾਨ ੧੦੮ ਬ੍ਰਹਮ ਗਜਾਨੀ ਵਿਦਜਾ ਭੂਸ਼ਨ
ਸੰਤ ਅਮੀਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਦਰਗਾਹੀ ਸ਼ਾਹ ਜ਼ਿਲਾ ਝੰਗ ਵਿਖੇ ਸੰਮਤ ੧੯੨੭ ਬਿਕ੍ਰਮੀ ਨੂੰ ਸ੍ਰੀ ਮਾਨ ਸ: ਪ੍ਰੇਮ ਸਿੰਘ ਜੀ ਤੇ ਮਾਤਾ ਠਾਕਰ ਦੇਵੀ ਜੀ ਦੇ ਗ੍ਰਿਹ ਵਿਖੇ ਹੋਇਆ। ਮਾਤਾ ਜੀ ਨੇ ਆਪ ਜੀ ਦਾ ਨਾਮ ਅਮੀਰ ਸਿੰਘ ਜੀ ਰਖਿਆ, ਜਦ ਆਪ ਵਿਦਜਾ ਪਾ ਕੇ ਪੰਦਰਾਂ ਕੁ ਬਰਸ ਦੇ ਹੋਏ ਤਾਂ ਇਕ ਦਿਨ ਆਪ ਦੇ ਨਗਰ ਵਿਖੇ ਸ੍ਰੀ ਮਾਨ ਸੰਤ ਜਵਾਹਰ ਸਿੰਘ ਜੀ ਸੰਗਤਾਂ ਸਮੇਤ ਪਹੁੰਚੇ ਅਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਾਇਆ। ਇਕ ਦਿਨ ਕੀਰਤਨ ਦਾ ਐਸਾ ਅਨੰਦ ਬੱਝਾ ਜੋ ਸਾਰੀ ਰਾਤ ਬੀਤ ਗਈ ਨਾ ਸੰਤਾਂ ਨੇ ਅਰਾਮ ਕੀਤਾ, ਨਾ ਹੀ ਸੰਗਤਾਂ ਨੇ ਆਪਣੀ ਲਿਵ ਤੋੜੀ, ਦੋਨੋਂ ਪਾਸੇ ਇਕ ਰਸ ਅਨੰਦ ਮੰਗਲ ਹੁੰਦਾ ਰਿਹਾ।

ਸੰਗਤਾਂ ਅਨੰਦ ਰਸ ਮਾਨਣ ਵਿਚ ਆਪਾ ਭੁੱਲ ਗਈਆਂ। ਇਸ ਸਮਾਗਮ ਪਰ ਸੰਤ ਅਮੀਰ ਸਿੰਘ ਜੀ ਹੋਰਾਂ ਦੇ ਪਿਤਾ ਸ: ਪ੍ਰੇਮ ਸਿੰਘ ਜੀ ਭੀ ਆਪਣੇ ਬਰਖੁਰਦਾਰ ਨੂੰ ਨਾਲ ਲੈ ਕੇ ਸੰਤਾਂ ਦੀ ਹਾਜ਼ਰੀ ਭਰਨ ਆਏ।

ਇਸ ਇਲਾਹੀ ਕੀਰਤਨ ਦੇ ਆਨੰਦ ਨੂੰ ਮਾਣਦੇ ਹੋਇਆਂ ਇਨ੍ਹਾਂ ਦੇ ਮਨ ਵਿਚ ਪ੍ਰੇਰਨਾ ਹੋਈ ਕਿ ਐਸੇ ਮਹਾਨ ਪੁਰਸ਼ਾਂ ਦੀ ਸੰਗਤ ਵਿਚ ਜੇ ਆਪਣਾ ਬੱਚਾ ਹਾਜ਼ਰ ਕਰੀਏ ਤਾਂ ਹਰ ਤਰ੍ਹਾਂ ਕਰਕੇ ਲਾਇਕ ਹੋਵੇਗਾ, ਇਸ ਪ੍ਰੇਰਨਾ ਅਨੁਸਾਰ ਇਹ ਆਪਣੇ ਬੱਚੇ ਨੂੰ ਨਾਲ ਲੈ ਕੇ ਦੂਸਰੇ ਦਿਨ ਸ੍ਰੀ ਮਾਨ ਸੰਤ ਜਵਾਹਰ ਸਿੰਘ ਜੀ ਦੇ ਪਾਸ ਹਾਜ਼ਰ ਹੋ ਕੇ ਪ੍ਰਾਰਥਨਾ ਕੀਤੀ ਕਿ ਮਹਾਰਾਜ! ਇਸ ਬਾਲਕ ਨੂੰ ਆਪਣੇ ਚਰਨਾਂ ਵਿਚ ਰੱਖ ਕੇ ਇਲਾਹੀ ਕੀਰਤਨ ਕਰਨ ਦੀ ਕਿਰਪਾ ਕਰੋ।

ਸ੍ਰੀ ਮਾਨ ਸੰਤ ਜਵਾਹਰ ਸਿੰਘ ਜੀ ਨੇ ਬਾਲਕੇ ਦੇ ਚਿਹਰੇ ਤੋਂ ਹੀ ਭਵਿੱਖਤ ਦਾ ਸਭ ਕੁਝ ਪੜ੍ਹ ਲਿਆ ਅਰ ਬੜੀ ਪ੍ਰਸੰਨਤਾ ਨਾਲ ਮਾਨੋ ਜ਼ੌਹਰੀ ਨੇ ਹੀਰੇ ਦੀ ਪਰਖ ਕਰ ਕੇ ਤਾਜ਼ ਵਿਚ ਮੜ੍ਹਨ ਦਾ ਇਰਾਦਾ ਕਰ ਲਿਆ।

ਸੰਮਤ ੧੯੪੨ ਬਿਕ੍ਰਮੀ ਵਿਚ ਸੰਤਾਂ ਦੇ ਹੁਕਮ ਅਨੁਸਾਰ ਸ: ਪ੍ਰੇਮ ਸਿੰਘ ਜੀ ਆਪਣੇ ਬਾਲਕੇ [ਸੰਤ ਅਮੀਰ ਸਿੰਘ ਜੀ] ਨੂੰ ਸੰਤ ਜਵਾਹਰ ਸਿੰਘ ਹੋਰਾਂ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਗਏ ਅਰ ਸਤੋ ਵਾਲੀ ਗਲੀ ਦੇ ਸਾਹਮਣੇ ਵਡੇ ਸੰਤ ਬਾਬਾ ਅਮੀਰ ਸਿੰਘ ਜੀ ਹੋਰਾਂ ਨੇ ਜੋ ਡੇਰਾ ਨਿਯਤ ਕੀਤਾ ਹੋਇਆ ਸੀ, ਜਿਸ ਵਿਚ ਕਿ ਸੰਤ ਜਵਾਹਰ ਸਿੰਘ ਜੀ ਆਪ ਨਿਵਾਸ ਰੱਖਦੇ ਸਨ, ਉਥੇ ਹੀ ਬਾਲਕੇ [ਸੰਤ ਅਮੀਰ ਸਿੰਘ] ਨੂੰ ਆਪਣੇ ਪਾਸ ਰੱਖ ਲਿਆ।

ਸ: ਪ੍ਰੇਮ ਸਿੰਘ ਜੀ ਸੰਤਾਂ ਦੀ ਸੇਵਾ ਵਿਚ ਬਾਲਕਾ ਸੌਂਪ ਕ ਆਪ ਵਾਪਸ ਚਲੇ ਗਏ ਤੇ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਸੰਤ ਜਵਾਹਰ ਸਿੰਘ ਜੀ ਦੀ ਸੇਵਾ ਵਿਚ ਤਤਪਰ ਹੋ ਗਏ ਤੇ ਉਨ੍ਹਾਂ ਦੇ ਆਗਿਆ

ਪਾਲਕ ਬਣ ਕੇ ਡੇਰੇ ਦੀ ਕਾਰ ਚਲੌਣ ਲਈ ਮੁੰਜ ਕੁਟ ਕੇ ਤੇ ਰੱਸੀਆਂ ਵੱਟ ਕੇ ਬਾਜ਼ਾਰ ਵੇਚਣ ਉਪ੍ਰੰਤ ਉਨ੍ਹਾਂ ਪੈਸਿਆਂ ਦੀ ਰਸਦ ਲਿਆ ਕੇ ਸੰਤਾਂ ਪਾਸ ਹਾਜ਼ਰ ਕਰਦੇ ਰਹੇ ਤੇ ਨਾਲ ਨਾਲ ਰਾਗ ਵਿਦਜਾ ਦੇ ਜਾਣੂ ਹੁੰਦੇ ਗਏ ਅਰ ਤਕਰੀਬਨ ਤਿੰਨ ਕੁ ਸਾਲ ਲਗਾਤਾਰ ਸੇਵਾ ਵਿਚ ਜੁਟੇ ਰਹੇ।

ਜਦ ਸ੍ਰੀ ਮਾਨ ਸੰਤ ਜਵਾਹਰ ਸਿੰਘ ਜੀ ਸੰਮਤ ੧੯੪੫ ਬਿਕ੍ਰਮੀ ਵਿਚ ਗੁਰਪੁਰੀ ਜਾਣ ਲੱਗੇ ਤਾਂ ਉਨ੍ਹਾਂ ਨੇ ਇਸ ਬਾਲਕੇ [ਸੰਤ ਅਮੀਰ ਸਿੰਘ ਜੀ] ਦੀ ਬਾਂਹ ਆਪਣੇ ਸ਼ਿਸ਼ ਸ੍ਰੀ ਮਾਨ ਮਹੰਤ ਬਾਬਾ ਉਤਮ ਸਿੰਘ ਜੀ ਨੂੰ ਪਕੜਾ ਦਿੱਤੀ ਤੇ ਕਿਹਾ, "ਕਿ ਇਹ ਮਹਾਨ ਵਿਦ੍ਵਾਨ, ਪੰਥ ਪ੍ਰਸਿੱਧ ਗਜਾਨੀ ਤਥਾ ਸ੍ਰੀ ਦਸ਼ਮ ਪਾਤਿਸ਼ਾਹ ਜੀ ਦੀ ਚਲਾਈ ਹੋਈ ਟਕਸਾਲ ਦਾ ਮੁਖੀ ਹੋਵੇਗਾ, ਆਪ ਜੀ ਨੇ ਇਨ੍ਹਾਂ ਦੀ ਹਰ ਤਰ੍ਹਾਂ ਦੀ ਸੰਭਾਲ ਕਰਨੀ।" ਬਾਲਕੇ ਨੂੰ ਹੁਕਮ ਦਿੱਤਾ ਕਿ ਤੁਸਾਂ ਅੱਜ ਤੋਂ ਇਨ੍ਹਾਂ ਨੂੰ ਗੁਰਦੇਵ ਜਾਣ ਕੇ ਸਾਰੀ ਉਮਰਾ ਅੰਤ ਪ੍ਰਯੰਤ ਤੱਕ ਸੇਵਾ ਨਿਭਾਉਣੀ।

ਸੰਤ ਜਵਾਹਰ ਸਿੰਘ ਜੀ ਦੇ ਅੰਤਲੇ ਹੁਕਮ ਦੀ ਜੋ ਪਾਲਣਾ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਹੋਰਾਂ ਨੇ ਸ੍ਰੀ ਮਾਨ ਸੰਤ ਉਤਮ ਸਿੰਘ ਜੀ ਦੀ ਸੇਵਾ ਸੰਭਾਲ ਕਰਕੇ ਕੀਤੀ ਹੈ, ਓਹ ਆਪਣੇ ਜੇਹੀ ਆਪ ਹੀ ਹੈ, ਜੇਹਾ ਕਿ ਭੱਟਾਂ ਤੇ ਤੀਸਰੇ ਪਾਤਿਸ਼ਾਹ ਜੀ ਦੀ ਉਪਮਾਂ ਵਿਚ ਕਿਹਾ ਹੈ-

"ਤੇਰੀ ਉਪਮਾ ਤੋਹਿ ਬਨਿ ਆਵੈ॥" *[ਪੰਨਾ ੧੩੯੬]*

ਜਿਥੇ ੨੪ ਘੰਟੇ ਗੁਰਦੇਵ ਦੀ ਸੇਵਾ ਸੰਭਾਲ ਵਿਚ ਗੁਜ਼ਾਰਦੇ ਸਨ, ਉਥੇ ਨਾਲ ਦੀ ਨਾਲ ਆਪਣੇ ਵਿਦਜਾ ਦਾਤੇ ਸ੍ਰੀ ਮਾਨ ਗਜਾਨੀ ਭਗਵਾਨ ਸਿੰਘ ਜੀ ਦੀ ਸੇਵਾ ਵਲੋਂ ਭੀ ਜ਼ਰਾ ਘਾਟ ਨਹੀਂ ਸੀ ਆਉਣ ਦਿੰਦੇ।

ਇਨ੍ਹਾਂ ਮਹਾਂ ਪੁਰਸ਼ਾਂ ਦੀ ਮਹਾਨ ਸੇਵਾ ਭਗਤੀ ਕਰ ਕੇ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਨੇ ਉਹੋ ਹੀ ਗੁਹਝ ਭਾਵ ਆਪਣੇ ਹਿਰਦੇ ਅੰਦਰ ਉੱਕਰ ਕੇ ਇਸ ਸੇਵਾ ਦੀ ਸੰਭਾਲਣਾ ਦਾ ਭਾਰੀ ਬੋਝ ਆਪਣੇ ਸੀਸ ਪਰ ਚੁਕ ਲਿਆ, ਜਿਸ ਨੂੰ ਵਿਸ਼ੇਸ਼ ਪੂਰਨਤਾ ਸੰਯੁਕਤ ਨਿਬਾਹੁਣ ਲਈ ਦਸਮ ਗ੍ਰੰਥ ਜੀ ਦੀ ਵਿਦਵਤਾ ਭਰੀ ਖੋਜ ਸ੍ਰੀ ਮਾਨ ਗਜਾਨੀ ਬਖਸ਼ੀਸ਼ ਸਿੰਘ ਜੀ ਤੋਂ ਲਗਾਤਾਰ ਛੇ ਸਾਲ ਸੇਵਾ-ਭਗਤੀ ਨਾਲ ਪ੍ਰਾਪਤ ਕੀਤੀ ਅਰ ਉਹ ਅਣਮੋਲ ਵਿਦਜਾ ਬੱਦਲ ਦੀ ਤਰ੍ਹਾਂ ਉਚ ਨੀਚ, ਸੰਤ-ਗ੍ਰਿਹਸਤੀ ਦੇ ਭਿੰਨ ਭੇਦ ਤੋਂ ਪਰੇ ਹੋ ਕੇ, ਸਭਨਾਂ ਪ੍ਰੇਮੀਆਂ ਨੂੰ ਇਕ ਰਸ ਸੰਮਤ ੧੯੫੧ ਤੋਂ ਸੰਮਤ ੨੦੧੧ ਤੱਕ ਭਾਵ ੬੦ ਸਾਲ ਬਰਸਾਂਦੇ ਰਹੇ। ਨਿਰਾ ਮਹਾਰਾਜ ਜੀ ਦੀ ਬੀੜ ਦਾ ਹੀ ਖ਼ਜ਼ਾਨਾ ਨਹੀਂ ਸੀ ਖੋਲ੍ਹ ਰਖਿਆ, ਸਗੋਂ ਇਸ ਦੇ ਨਾਲ ਦਸਮ ਬੀੜ, ਵਾਰਾਂ ਭਾਈ ਗੁਰਦਾਸ, ਕਬਿੱਤ ਸਵੱਯੇ, ਗਜ਼ਲਾਂ ਭਾਈ ਨੰਦ ਲਾਲ ਜੀ, ਸ੍ਰੀ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਅਤੇ ਹੋਰ ਵੇਦਾਂਤ ਕੇ ਮਹਾਨ ਗ੍ਰੰਥਾਂ ਦੀ ਪੜ੍ਹਾਈ ਦਾ ਸਾਰਾ ਦਿਨ ਪ੍ਰਵਾਹ ਚਲਾਉਂਦੇ ਰਹਿੰਦੇ।

ਇਨ੍ਹਾਂ ਵਿਚ ਖ਼ਾਸ ਗੁਣ ਇਹ ਸੀ ਕਿ ਇਨ੍ਹਾਂ ਪਾਸ ਜਦੋਂ ਭੀ ਕੋਈ ਵਿਦਿਆਰਥੀ ਆਇਆ ਅਤੇ ਉਸ ਨੇ ਜਦ ਭੀ ਕੁਝ ਸ਼ੰਕਾ ਨਵਿਰਤੀ ਲਈ ਪ੍ਰਸ਼ਨ ਕੀਤਾ ਜਾਂ ਕਿਸੇ ਵਿੱਸਰ ਗਏ ਅਰਥ ਤੋਂ ਮੁੜ ਜਾਣੂ ਹੋਣ ਲਈ ਬੇਨਤੀ ਕੀਤੀ ਤਾਂ ਇਨ੍ਹਾਂ ਨੇ ਬਿਨਾਂ ਝਿਜਕ ਦੇ ਉਸ ਦੀ ਪ੍ਰਸੰਨਤਾ ਪ੍ਰਾਪਤ ਕੀਤੀ।

ਆਪ ਜੀ ਦੇ ਮਹਾਨ ਉਪਕਾਰਾਂ ਵਿਚੋਂ ਇਕ ਦੋ ਨਮੂਨੇ ਮਾਤ੍ਰ ਦਰਸਾਏ ਜਾਂਦੇ ਹਨ-

ਇਕ ਸਮੇਂ ਇਕ ਗੁਰਬਖਸ਼ ਸਿੰਘ ਨਾਮ ਦਾ ਥਾਣੇਦਾਰ ਪੁਲੀਸ ਵਿਚੋਂ ੯ ਮਹੀਨਿਆਂ ਦੀ ਛੁੱਟੀ

ਕੱਟਣ ਵਾਸਤੇ ਆਪਣੇ ਘਰ ਆਇਆ। ਬੜਾ ਗੁਰਸਿੱਖੀ ਦਾ ਧਾਰਨੀ ਤੇ ਨਾਮ-ਬਾਣੀ ਦਾ ਪ੍ਰੇਮੀ ਸੀ। ਪੂਰਬਲੇ ਸੰਸਕਾਰਾਂ ਅਨੁਸਾਰ ਸ਼ੁਰੂ ਤੋਂ ਹੀ ਬਾਣੀ ਪੜ੍ਹਨ ਸੁਣਨ ਦਾ ਬੜਾ ਸ਼ੌਕ ਸੀ। ਤਿੰਨ ਮਹੀਨਿਆਂ ਦੀ ਛੁੱਟੀ ਘਰ ਕੱਟ ਕੇ ਕਿਸੇ ਮਹਾਨ ਵਿਅਕਤੀ ਦੀ ਭਾਲ ਕਰਨ ਲੱਗਾ ਕਿ ਜਿਸ ਦੇ ਪਾਸੋਂ ਗੁਰਬਾਣੀ ਦੇ ਯਥਾਰਥ ਅਰਥ ਸ੍ਰਵਣ ਕਰ ਕੇ ਆਪਣੀ ਅੰਦਰ ਦੀ ਘਾਟ ਨੂੰ ਪੂਰਿਆਂ ਕਰੇ। ਇਉਂ ਤਿੰਨ ਮਹੀਨੇ ਖੋਜ ਵਿਚ ਹੀ ਬਤੀਤ ਕਰ ਦਿੱਤੇ ਪਰ ਮਨ ਦੀ 'ਸੰਤੁਸ਼ਟੀ ਵਾਲਾ' ਕੋਈ ਰਹਿਣੀ, ਕਹਿਣੀ ਦਾ ਪੂਰਨ ਵਿਦ੍ਵਾਨ ਮਹਾਤਮਾ ਨਾ ਮਿਲਿਆ। ਜਿਸ ਸਮੇਂ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਦੀ ਸਿਫਤ ਸੁਣੀ ਤਾਂ ਇਨ੍ਹਾਂ ਦੇ ਪਾਸ ਆ ਕੇ ਬੇਨਤੀ ਕੀਤੀ ਕਿ ਮੈਨੂੰ ਸ਼ੌਕ ਬੜਾ ਹੈ ਪਰ ਸਮਾਂ ਥੋੜ੍ਹਾ ਰਹਿ ਗਿਆ ਹੈ ਸਿਰਫ਼ ਤਿੰਨ ਮਹੀਨੇ ਬਾਕੀ ਹਨ ਆਪ ਕਿਰਪਾ ਕਰਕੇ ਇਤਨੇ ਸਮੇਂ ਵਿਚ ਸਾਰੀ ਕਥਾ ਸ੍ਰਵਣ ਕਰਾਉਣ ਦੀ ਬਖਸ਼ਿਸ਼ ਕਰੋ।

ਸੰਤਾਂ ਨੇ ਆਪਣੇ ਪਰਉਪਕਾਰੀ ਤੇ ਦਿਆਲੂ ਸੁਭਾਅ ਅਨੁਸਾਰ ਕਿਹਾ, "ਚੰਗਾ! ਸਵੇਰ ਵੇਲੇ ਤਾਂ ਸੰਥਾ ਨਾਲ ਕਥਾ ਸੁਣ ਲਿਆ ਕਰੋ ਅਤੇ ਦਿਨ ਦੇ ਵੇਲੇ ਤੁਹਾਨੂੰ ਉਚੇਚੀ ਸੰਥਾ ਕਰਾ ਦਿਆ ਕਰਾਂਗੇ।" ਇਉਂ ਸਾਰਾ ਸਾਰਾ ਦਿਨ ਆਪਣੇ ਆਰਾਮ ਨੂੰ ਛੱਡ ਕੇ ਉਸ ਨੂੰ ਪੜ੍ਹਾਉਣ ਵਿਚ ਬਤੀਤ ਕਰ ਦਿੰਦੇ। ਜ਼ਦ ਬਾਹਰ ਨਹਿਰ ਤੇ ਜਾਂਦੇ ਤਾਂ ਵੀ ਨਾਲ ਪੋਥੀ ਹੁੰਦੀ, ਰਸਤੇ ਵਿਚ ਜਾਂਦੇ ਆਉਂਦੇ, ਡੇਰੇ ਵਿਚ ਪ੍ਰਸ਼ਾਦ ਛਕ ਕੇ ਲੰਮੇ ਪਏ ਹਰ ਵੇਲੇ ਸੰਥਾ ਕਰਾਈ ਜਾਂਦੇ, ਇਉਂ ਤਿੰਨ ਮਹੀਨਿਆਂ ਵਿਚ ਸਾਰੀ ਕਥਾ ਪੜ੍ਹਾ ਕੇ ਛੁੱਟੀ ਦੇ ਪੂਰੇ ਹੋਣ ਤੋਂ ਪਹਿਲਾਂ ਛੁੱਟੀ ਦੇ ਦਿੱਤੀ।

ਇਸ ਤਰ੍ਹਾਂ ਇਕ ਹੋਰ ਰਵਿਦਾਸੀਆ ਪ੍ਰੇਮੀ ਜਿਸ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ, ਇਹ ਸੰਤਾਂ ਪਾਸ ਆਇਆ ਤੇ ਬੇਨਤੀ ਕੀਤੀ ਕਿ ਮੈਨੂੰ ਵੀ ਆਗਿਆ ਬਖਸ਼ੋ ਤਾਂ ਕਿ ਮੈਂ ਇਸ ਮਹਾਨ ਅੰਮ੍ਰਿਤ ਦੀ ਦਾਤ ਨੂੰ ਪ੍ਰਾਪਤ ਕਰ ਕੇ ਨਿਹਾਲ ਹੋਵਾਂ। ਸੰਤਾਂ ਦੀ ਦ੍ਰਿਸ਼ਟੀ ਤਾਂ ਸਮਾਨ ਹੈ ਹੀ ਸੀ ਪਰ ਹੋਰ ਵਿਦਿਆਰਥੀ ਇਸ ਗੱਲ ਨੂੰ ਦੇਖ ਕੇ ਬਰਦਾਸ਼ਤ ਨਾ ਕਰ ਸਕੇ ਕਹਿਣ ਲਗੇ, "ਮਹਾਰਾਜ! ਜੇਕਰ ਤੁਸੀਂ ਇਸ ਚਮਾਰ ਨੂੰ ਸਾਡੇ ਵਿਚ ਬਿਠਾ ਕੇ ਸੰਥਾ ਕਰਾਉਣੀ ਹੈ ਤਾਂ ਅਸੀਂ ਸਾਰੇ ਚਲੇ ਜਾਂਦੇ ਹਾਂ, ਇਸ ਨੂੰ ਹੀ ਪੜ੍ਹਾਓ, ਅਸੀਂ ਚਮਾਰ ਨੂੰ ਵਿਚ ਨਹੀਂ ਬੈਠਣ ਦੇਣਾ।

ਸੰਤਾਂ ਕਿਹਾ, "ਪ੍ਰੇਮੀਓ! ਹਰ ਰੋਜ਼ ਗੁਰਬਾਣੀ ਦੀ ਕਥਾ ਸੁਣਦੇ ਹੋ, ਚਮਾਰ ਤਾਂ ਦੇਹ ਅਭਿਮਾਨੀ ਪੁਰਸ਼ ਹੈ।"

"ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥"

[ਪ੍ਰਭਾਤੀ ਮ: ੧, ਪੰਨਾ ੧੩੩੦]

ਪਰ ਉਨ੍ਹਾਂ ਇਕ ਨਾ ਮੰਨੀ ਤਾਂ ਸੰਤਾਂ ਨੇ ਉਸ ਪ੍ਰੇਮੀ ਨੂੰ ਕਿਹਾ ਕਿ ਬਈ! ਤੈਂ ਸੰਥਾ ਹੀ ਕਰਨੀ ਹੈ ਤੈਨੂੰ ਇਕੱਲੇ ਨੂੰ ਸਾਰੇ ਸਾਧੂਆਂ ਦੇ ਗਿਆਂ ਤੋਂ ਬਾਅਦ ਕਰਾ ਦਿਆਂ ਕਰਾਂਗੇ। ਉਹ ਮੰਨ ਗਿਆ। ਸਾਰੀ ਸੰਥਿਆ ਉਸ ਇਕੱਲੇ ਨੂੰ ਨੌਂ ਤੋਂ ਯਾਰਾਂ ਵਜੇ ਤੱਕ ਹਰ ਰੋਜ਼ ਪੜ੍ਹਾ ਕੇ ਪੂਰੀ ਕਰਵਾਈ।

ਇਸੇ ਤਰ੍ਹਾਂ ਇਕ ਹੋਰ ਪ੍ਰੇਮੀ ਜਿਸਦਾ ਨਾਮ ਗਿ: ਕੇਸਰ ਸਿੰਘ ਜੀ ਹੈ, ਅਤੇ ਓਨ੍ਹੀਂ ਦਿਨੀ ਉਹ ਵਜ਼ੀਰ ਹਿੰਦ ਪ੍ਰੈੱਸ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਗ੍ਰੰਥਾਂ ਆਦਿ ਦੀ ਸੁਧਾਈ ਦਾ ਕੰਮ ਕਰਦੇ ਸਨ, ਉਹਨਾਂ ਨੇ ਆਪ ਜੀ ਪਾਸ ਆ ਕੇ ਵਿਦਿਆ ਪ੍ਰਾਪਤੀ ਲਈ ਬੇਨਤੀ ਕੀਤੀ ਅਤੇ, ੧੯੨੫ ਤੋਂ ਲੈ ਕੇ ੧੯੨੯ ਤਕ ਲਗਾਤਾਰ ਚਾਰ ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸ੍ਰਵਣ ਕੀਤੀਆਂ। ਫੇਰ ਦਸਮ ਗ੍ਰੰਥ ਜੀ ਦੀ ਪੜ੍ਹਾਈ ਵਾਸਤੇ ਸਨਿੰਮਰ ਪ੍ਰਾਰਥਨਾ ਕੀਤੀ ਕਿ ਮਹਾਰਾਜ! ਜਿਸ ਸਮੇਂ ਆਪ ਦੁਪਹਿਰ ਨੂੰ ਕਥਾ ਕਰਦੇ ਹੋ

ਦਾਸ ਨੂੰ ਡਿਊਟੀ ਤੋਂ ਵੇਹਲ ਨਹੀਂ ਮਿਲਦਾ ਆਪ ਕਿਰਪਾ ਕਰਕੇ ਕੋਈ ਹੋਰ ਟਾਇਮ ਬਖਸ਼ ਦੇਵੋ। ਤਾਂ ਆਪ ਜੀ ਨੇ ਉਸ ਲਈ ਉਚੇਚਾ ਸਮਾਂ ਸਵੇਰੇ ਸ੍ਰੀ ਦਰਬਾਰ ਸਾਹਿਬ ਜੀ ਤੋਂ ਆਕੇ ਅੰਮ੍ਰਿਤ ਵੇਲੇ ਦੀ ਕਥਾ ਤੋਂ ਪਹਿਲਾਂ ਨਿਯਤ ਕੀਤਾ ਅਤੇ ਇਸ ਤਰ੍ਹਾਂ ਦੋ ਸਾਲਾਂ ਵਿਚ ਇਕੱਲੇ ਨੂੰ ਹੀ ਸਾਰਾ ਦਸਮ ਗ੍ਰੰਥ ਪੜ੍ਹਾਇਆ। ਇਹ ਹੈ ਆਪ ਜੀ ਦੇ ਮਹਾਨ ਉਪਕਾਰਾਂ ਵਿਚੋਂ ਇਕ ਉਪਕਾਰ ਦਾ ਨਮੂਨਾ।

ਆਪ ਜੀ ਦੇ ਅੰਦਰ ਗੁਰਬਾਣੀ ਦਾ ਇਤਨਾ ਸਤਿਕਾਰ ਸੀ ਜੋ ਕਿ ਆਪਣੀ ਮਿਸਾਲ ਆਪ ਹੀ ਹਨ।

ਜਿਸ ਸਮੇਂ ਸ੍ਰੀ ਮਾਨ ਬਾਬਾ ਉਤਮ ਸਿੰਘ ਜੀ ਨੇ ਆਪਣੇ ਕਰ-ਕਮਲਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਲਿਖ ਕੇ ਤਿਆਰ ਕੀਤੀ। [ਜੋ ਪਿਛੇ ਦਸ ਆਏ ਹਾਂ] ਜਿਲਦ ਬੰਨ੍ਹਣ ਲੱਗਿਆਂ ਕਸ਼ਮੀਰੀ ਕਾਗਜ਼ ਹੋਣ ਦੇ ਕਾਰਨ ਪੱਤਰੇ ਫੁੱਲ ਗਏ ਸਨ, ਉਨ੍ਹਾਂ ਨੂੰ ਦਬਾਉਣ ਵਾਸਤੇ ਉੱਪਰ ਬਹੁਤ ਸਾਰਾ ਭਾਰ ਪਾ ਦਿੱਤਾ, ਏਧਰ ਉਸੇ ਦਿਨ ਮਹੰਤ ਸਾਹਿਬ ਜੀ ਹੋਰਾਂ ਦਾ ਸਰੀਰ ਵੀ ਬੀਮਾਰ ਹੋ ਗਿਆ। ਦੋ ਮਹੀਨੇ ਬੀਤ ਗਏ ਬੜੇ ਇਲਾਜ ਕਰਵਾਏ ਰਾਜ਼ੀ ਹੋਣ ਵਿਚ ਨ ਆਏ, ਤਾਂ ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਨੇ ਆਪਣੇ ਗੁਰਦੇਵਾਂ ਪਾਸ ਡਰਦਿਆਂ ਡਰਦਿਆਂ ਬੇਨਤੀ ਕੀਤੀ ਕਿ ਮਹਾਰਾਜ! ਆਪ ਸਾਰੀ ਵਾਰਤਾ ਨੂੰ ਜਾਣਦੇ ਹੋ, ਦਾਸ ਦਾ ਖ਼ਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਭਾਰ ਪਾਉਣ ਦੇ ਕਾਰਨ ਆਪ ਜੀ ਦੇ ਸਰੀਰ ਨੂੰ ਇਤਨਾ ਕਸ਼ਟ ਹੋ ਰਿਹਾ ਹੈ, ਆਪ ਭਾਰ ਲਹਾ ਦੇਵੋ ਤਾਂ ਜ਼ਰੂਰ ਹੀ ਰਾਜ਼ੀ ਹੋ ਜਾਵੋਗੇ। ਮਹੰਤ ਸਾਹਿਬ ਜੀ ਨੇ ਆਪਣੇ ਪਿਆਰੇ ਸ਼ਿਸ਼ [ਮਹਾਂ ਪੁਰਸ਼] ਦੀ ਪ੍ਰੇਮ ਭਰੀ ਬੇਨਤੀ ਸਵੀਕਾਰ ਕਰ ਲਈ ਤੇ ਭਾਰ ਲਹਾ ਦਿੱਤਾ, ਉਸੇ ਦਿਨ ਆਪ ਵੀ ਰਾਜ਼ੀ ਹੋ ਗਏ।

ਆਪ ਜੀ ਦਾ ਤਿਆਗ ਦੇਖਕੇ, ਨਿਰਮੋਹ ਰਾਜਾ ਤੇ ਵਿਦੇਹੀ ਜਨਕ ਵੀ ਵਿਸਰ ਜਾਂਦਾ ਹੈ। ਜਿਸ ਸਮੇਂ ਆਪ ਜੀ ਆਪਣੇ ਪੂਜਜ ਪਿਤਾ ਸ੍ਰੀਮਾਨ ਸ: ਪ੍ਰੇਮ ਸਿੰਘ ਜੀ ਦਾ ਬਚਨ ਮੰਨਕੇ ਸੰਤ ਜਵਾਹਰ ਸਿੰਘ ਜੀ ਦੀ ਸ਼ਰਨ ਵਿਚ ਜਾ ਪੁੱਜੇ ਤਾਂ ਇਕਲੌਤਾ ਪੁੱਤਰ ਤੇ ਹੋਣਹਾਰ ਹੋਣ ਦੇ ਕਾਰਨ ਆਪ ਜੀ ਦੇ ਵਿਛੋੜੇ ਕਰਕੇ ਮਾਤਾ ਪਿਤਾ ਦਾ ਮਨ ਬਹੁਤ ਉਦਾਸ ਹੋ ਗਿਆ। ਪਹਿਲੇ ਪਹਿਲ ਤਾਂ ਮਾਤਾ ਜੀ ਨੇ ਕੁਛ ਧੀਰਜ ਕੀਤਾ ਕਿ ਵਿੱਦਿਆ ਪਾ ਕੇ ਛੇਤੀ ਹੀ ਆ ਜਾਣਗੇ ਪਰ ਜਦ ਆਪ ਜੀ ਨੂੰ ਆਇਆਂ ਕਈ ਸਾਲ ਹੋ ਗਏ ਵਾਪਸ ਨਾ ਗਏ ਤਾਂ ਮਾਤਾ ਜੀ ਆਪ ਚਲਕੇ ਸ੍ਰੀ ਅੰਮ੍ਰਿਤਸਰ ਪੁੱਜੇ ਤੇ ਮਹੰਤ ਬਾਬਾ ਉਤਮ ਸਿੰਘ ਨੂੰ ਬੇਨਤੀ ਕਰਕੇ ਆਪਣੇ ਬਚੜੇ ਨੂੰ ਨਾਲ ਘਰ ਲੈ ਗਏ। ਘਰ ਜਾ ਕੇ ਗੁਰਦੇਵਾਂ ਤੋਂ ਵਿਛੜ ਕੇ ਆਪ ਜੀ ਦਾ ਦਿਲ ਹੀ ਨਾ ਲੱਗੇ, ਥੋੜੇ ਦਿਨ ਰਹਿ ਕੇ ਮੁੜ ਅੰਮ੍ਰਿਤਸਰ ਪਰਤ ਆਏ। ਕੁਛ ਸਮੇਂ ਤੋਂ ਬਾਅਦ ਫੇਰ ਮਾਤਾ ਜੀ ਆਏ ਤੇ ਪਹਿਲਾਂ ਵਾਂਗ ਬਾਬਾ ਉਤਮ ਸਿੰਘ ਜੀ ਪਾਸ ਬੇਨਤੀ ਕੀਤੀ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਨ੍ਹਾਂ ਨੇ ਜੇਕਰ ਨਾ ਭੀ ਜਾਣਾ ਹੋਇਆ ਤਾਂ ਵੀ ਆਪਣੇ ਗੁਰਦੇਵਾਂ ਦਾ ਬਚਨ ਨਹੀਂ ਮੋੜਨਗੇ ਤੇ ਜ਼ਰੂਰ ਚਲੇ ਜਾਵਣਗੇ। ਮਾਤਾ ਜੀ ਦੀ ਪ੍ਰਾਰਥਨਾ ਸੁਣਕੇ ਮਹੰਤ ਬਾਬਾ ਉਤਮ ਸਿੰਘ ਜੀ ਨੇ ਆਪ ਜੀ ਨੂੰ ਪਾਸ ਬੁਲਾ ਕੇ ਕਿਹਾ, ਕਿ ਤੁਹਾਡੇ ਮਾਤਾ ਜੀ ਲਿਜਾਣ ਵਾਸਤੇ ਆਏ ਹਨ, ਤੁਹਾਡਾ ਕੀ ਖ਼ਿਆਲ ਹੈ? ਤਾਂ ਕਿਹਾ "ਮਹਾਰਾਜ! ਮੈਨੂੰ ਤਾਂ ਆਪਣੇ ਚਰਨਾਂ ਵਿਚ ਹੀ ਰੱਖੋ ਅਤੇ ਮਾਤਾ ਜੀ ਮੋਹ ਜਾਲ ਵਿਚ ਫਸੇ ਹੋਏ ਪੁੱਤਰ ਦਾ ਹਿਤ ਕਰ ਰਹੇ ਹਨ ਆਪਜੀ ਕਿਰਪਾ ਕਰਕੇ ਹੋਰ ਪੁੱਤਰ ਦਾ ਵਰ ਬਖਸ਼ ਦੇਵੋ।" ਮਹੰਤ ਸਾਹਿਬ ਹੋਰਾਂ ਦਾ ਵੀ ਪ੍ਰੇਮ ਆਪਣੇ ਲਾਇਕ, ਹੋਣਹਾਰ ਤੇ ਆਗਿਆਕਾਰੀ ਸ਼ਿਸ਼ ਸੰਤ ਅਮੀਰ ਸਿੰਘ ਨਾਲ ਘੱਟ ਨਹੀਂ ਸੀ ਉਹਵੀ ਚਾਹੁੰਦੇ ਸਨ ਸਾਡੇ ਪਾਸ ਹੀ ਰਹਿਣ। ਸੋ ਮਾਤਾ ਜੀ ਨੂੰ ਕਹਿ ਦਿੱਤਾ, "ਤੁਸੀਂ ਹੁਣ ਇਨ੍ਹਾਂ ਦਾ ਖ਼ਿਆਲ ਛੱਡ ਦੇਵੋ ਤੁਹਾਡੇ

ਘਰ ਗੁਰੂ ਰਾਮਦਾਸ ਜੀ ਹੋਰ ਬੱਚਾ ਬਖਸ਼ਣਗੇ।'' ਮਹਾਂ ਪੁਰਸ਼ਾਂ ਦੇ ਬਚਨਾਂ 'ਤੇ ਨਿਸਚਾ ਕਰ ਕੇ ਮਾਤਾ ਜੀ ਚਲੇ ਗਏ, ਕੁਛ ਸਮੇਂ ਤੋਂ ਬਾਅਦ ***"ਸਾਧ ਬਚਨ ਅਟਲਾਧਾ॥"*** ਅਨੁਸਾਰ ਆਪ ਜੀ ਦੇ ਛੋਟੇ ਭਰਾ [ਜਿਨ੍ਹਾਂ ਦਾ ਨਾਮ ਸ: ਕਿਸ਼ਨ ਸਿੰਘ ਜੀ ਸੀ] ਦਾ ਜਨਮ ਹੋਇਆ ਫੇਰ ਮਾਤਾ ਜੀ ਨੇ ਕਦੇ ਲਿਜਾਣ ਵਾਸਤੇ ਬਹੁਤੀ ਖਿੱਚ ਨਾ ਕੀਤੀ।

ਇਨ੍ਹਾਂ ਦੀ ਧੀਰਜਤਾ ਦਾ ਸੰਖੇਪ ਦ੍ਰਿਸ਼ ਇਹ ਹੈ ਕਿ ਕਥਾ ਵਿਖੇ ਕਈ ਜਗਿਆਸੂ ਇਕੋ ਅਰਥ ਨੂੰ ਚਾਰ ਚਾਰ ਵਾਰ ਪੁੱਛਦੇ ਪਰ ਇਨ੍ਹਾਂ ਦੇ ਮੱਥੇ ਉਤੇ ਕਦੇ ਵੱਟ ਨਹੀਂ ਸੀ ਪੈਂਦਾ।

ਆਪ ਦਾ ਲਿਬਾਸ ਬੜਾ ਸਾਦਾ, ਖੁੱਲਾ ਕੁੜਤਾ, ਜਿਸ ਦੇ ਬਟਨ ਮਾਰਨ ਦੀ ਭੀ ਜ਼ਰੂਰਤ ਨਹੀਂ ਸਨ ਸਮਝਦੇ, ਢਿੱਲਾ ਜਿਹਾ ਦੁਹਰਾ ਦਸਤਾਰਾ ਜਿਸ ਦੇ ਸਿੱਧੇ ਹੀ ਪੇਚ ਮਾਰੇ ਹੁੰਦੇ ਅਤੇ ਸਿਆਲ ਹੁਨਾਲ ਵਿਚ ਕੇਵਲ ਕਛਹਿਰਾ ਤੇ ਖੱਦਰ ਦੀ ਚਾਦਰ ਹੀ ਸੇਂਵਦੇ। ਆਪਣੇ ਬਜ਼ੁਰਗਾਂ ਦੇ ਸਤਿਕਾਰ ਲਈ ਹਮੇਸ਼ਾਂ ਭੂਮਾਸਨ ਹੀ ਰੱਖਦੇ। ਹਰ ਰੋਜ਼ ਇਕ ਵਜੇ ਉੱਠ ਕੇ ਇਸ਼ਨਾਨ ਆਦਿਕ ਕ੍ਰਿਆ ਕਰਨ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਜੀ ਦਾ ਸ੍ਰੀ ਮੁਖਵਾਕ ਨਿਤਨੇਮ ਵਾਂਗ ਸੁਣਦੇ, ਉਸ ਤੋਂ ਬਾਅਦ ਡੇਰੇ ਆ ਕੇ ਸੰਥਾ ਕਰਾਉਂਦੇ ਜਿਸ ਦਾ ਭੋਗ ਹਰ ਸਾਲ ਦੀਵਾਲੀ ਤੋਂ ਪਹਿਲਾਂ ਪਾ ਦਿਆ ਕਰਦੇ ਅਤੇ ਕੱਤਕ ਦੀ ਪੁੰਨਿਆਂ ਦੇ ਗੁਰਪੁਰਬ ਤੋਂ ਬਾਅਦ ਨਵੀਂ ਸੰਥਾ ਪ੍ਰਾਰੰਭ ਕਰਦੇ। ਇਉਂ ਸੱਠ ਸਾਲ ਲਗਾਤਾਰ ਇਸ ਅਣਮੁੱਲ ਭੰਡਾਰੇ ਨੂੰ ਅਟੁਟ ਵਰਤਾਇਆ। ਏਹੋ ਜੇਹਾ ਕੋਈ ਦੇਸ਼, ਇਲਾਕਾ, ਪਿੰਡ, ਸ਼ਹਿਰ ਜਾਂ ਕਸਬਾ ਨਹੀਂ ਜਿਥੋਂ ਆਪਜੀ ਤੋਂ ਅੱਖਰੀ ਗਿਆਨ ਤਥਾ ਆਤਮਕ ਗਿਆਨ ਪਾ ਕੇ ਕੋਈ ਸੱਜਣ ਨਾ ਵਰੋਸਾਇਆ ਹੋਵੇ, ਅਤੇ ਏਹੋ ਜੇਹਾ ਛੇ ਦਰਸ਼ਨਾਂ ਵਿਚੋਂ ਕੋਈ ਭੇਖ ਨਹੀਂ, ਜਿਸ ਦਾ ਕੋਈ ਸਾਧੂ ਆਪ ਜੀ ਤੋਂ ਵਿਦਿਆ ਨਾ ਪ੍ਰਾਪਤ ਕਰ ਸੱਕਿਆ ਹੋਵੇ।

ਆਪ ਜੀ ਤੋਂ ਵਰੋਸਾਈਆਂ ਮਹਾਨ ਉੱਤਮ ਵਿਅਕਤੀਆਂ ਦੇ ਕੁਝ ਕੁ ਪਵਿੱਤਰ ਨਾਮ ਇਹ ਹਨ-

ਸ੍ਰੀ ਮਾਨ ਪੰਡਤ ਨਿਸਚਲ ਸਿੰਘ ਜੀ ਸੰਤ ਪੁਰਾ ਮਾਡਲ ਟਾਊਨ [ਜਗਾਧਰੀ]

ਸੇਵਾ ਪੰਥੀ ਅੱਡਣਸ਼ਾਹੀ ਸਭਾ ਦੇ ਪ੍ਰਧਾਨ

ਸ੍ਰੀ ਮਾਨ ਮਹੰਤ ਹਰਿਦਰਸ਼ਨ ਸਿੰਘ ਜੀ ਸ਼ਾਹਜੀਵਣੇ ਵਾਲੇ।

ਸ੍ਰੀ ਮਾਨ ਮਹੰਤ ਹੀਰਾ ਸਿੰਘ ਜੀ ਪਟਿਆਲੇ ਵਾਲੇ ਅਤੇ ਉਨ੍ਹਾਂ ਦੇ ਸ਼ਿਸ਼ ਸੰਤ ਗੁਪਾਲ ਸਿੰਘ ਜੀ [ਮਹੰਤ]

ਸ੍ਰੀ ਮਾਨ ਮਹੰਤ ਆਸਾ ਸਿੰਘ ਜੀ ਗੁਨਿਆਣਾ ਮੰਡੀ ਤੇ ਉਨ੍ਹਾਂ ਦੇ ਸ਼ਿਸ਼ ਸੰਤ ਤੀਰਥ ਸਿੰਘ ਜੀ [ਮਹੰਤ]

ਸ੍ਰੀ ਮਾਨ ਸੰਤ ਮੋਤੀ ਰਾਮ ਜੀ ਦਿੱਲੀ। ਸ੍ਰੀ ਮਾਨ ਗਿਆਨੀ ਸੋਭਾ ਰਾਮ ਜੀ।

ਸ੍ਰੀ ਮਾਨ ਸੰਤ ਮੰਨਾ ਸਿੰਘ ਜੀ ਅੰਮ੍ਰਿਤਸਰ, ਡੇਰਾ ਬਾਬਾ ਸ਼ਾਮ ਸਿੰਘ ਜੀ, ਆਟਾ ਮੰਡੀ ਅਤੇ ਉਨ੍ਹਾਂ ਦੇ ਸ਼ਿਸ਼ ਸੰਤ ਨਰੈਣ ਸਿੰਘ। ਸ੍ਰੀ ਮਾਨ ਬਾਵਾ ਸੰਤ ਦਾਸ ਜੀ [ਮਹੰਤ] ਜਲੰਧਰ।

ਸ੍ਰੀ ਮਾਨ ਬਾਵਾ ਸੰਤ ਦਾਸ ਜੀ ਮਹੰਤ ਜਬੀ ਵਾਲੇ।

ਸ੍ਰੀ ਮਾਨ ਸੰਤ ਟਿਕਣ ਰਾਮ ਜੀ ਹਰਿਦੁਆਰ।

ਸ੍ਰੀ ਮਾਨ ਮਹੰਤ ਰਾਮ ਚੰਦ ਜੀ ਅਤੇ ਉਨ੍ਹਾਂ ਦੇ ਸ਼ਿਸ਼ ਸੰਤ ਭਗਵਾਨ ਸਿੰਘ ਜੀ [ਕਲਾਨੌਰ]

ਸ੍ਰੀ ਮਾਨ ਗਿਆਨੀ ਕ੍ਰਿਪਾਲ ਸਿੰਘ ਜੀ [ਧੁੰਧਾ]। ਸ੍ਰੀ ਮਾਨ ਗਿਆਨੀ ਸੁੰਦਰ ਸਿੰਘ ਜੀ।

ਸ੍ਰੀ ਮਾਨ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ, ਅੰਮ੍ਰਿਤਸਰ।

ਸ੍ਰੀ ਮਾਨ ਸਿੰਘ ਸਾਹਿਬ ਗਿਆਨੀ ਅਰਜਨ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ।
ਸ੍ਰੀ ਮਾਨ ਗਿਆਨੀ ਪ੍ਰੀਤਮ ਸਿੰਘ ਜੀ ਸ਼ਿਮਲਾ। ਸ੍ਰੀ ਮਾਨ ਗਿਆਨੀ ਪ੍ਰੇਮ ਸਿੰਘ ਜੀ ਬਾਂਸ ਬਰੇਲੀ।
ਸ੍ਰੀ ਮਾਨ ਗਿਆਨ ਕਰਤਾਰ ਸਿੰਘ ਜੀ ਵੈਦ ਬਲਾਚੌਰ।
ਸ੍ਰੀ ਮਾਨ ਗਿਆਨੀ ਕਰਤਾਰ ਸਿੰਘ ਜੀ ਰਾਘੋ ਮਾਜਰਾ ਪਟਿਆਲਾ।
ਸ੍ਰੀ ਮਾਨ ਸੰਤ ਠਾਕਰ ਸਿੰਘ ਜੀ ਨਿਰਮਲ ਆਸ਼੍ਰਮ ਗੁਰੂ ਨਾਨਕ ਨਗਰ ਹੁਸ਼ਿਆਰਪੁਰ।
ਸ੍ਰੀ ਮਾਨ ਸੋਢੀ ਤੇਜਾ ਸਿੰਘ ਜੀ, ਕਰਤਾ-ਕਥਾ ਦੀਪ ਸਾਗਰ ਤੇ ਹੋਰ ਪੁਸਤਕਾਂ।
ਸ੍ਰੀ ਮਾਨ ਗਿਆਨੀ ਸੋਹਨ ਸਿੰਘ ਜੀ ਅਤੇ ਗਿਆਨੀ ਸੁੰਦਰ ਸਿੰਘ ਜੀ ਅੰਬਾਲਾ।
ਸ੍ਰੀ ਮਾਨ ਗਿਆਨੀ ਲਾਭ ਸਿੰਘ ਜੀ।
ਸ੍ਰੀ ਮਾਨ ਮਹੰਤ ਬਿਸ਼ਨ ਸਿੰਘ ਜੀ ਡੇਰਾ ਸੰਤ ਕਰਮ ਸਿੰਘ ਜੀ ਅੰਮ੍ਰਿਤਸਰ।
ਸ੍ਰੀ ਮਾਨ ਮਹੰਤ ਮੁਹਕਮ ਸਿੰਘ ਜੀ ਅੰਮ੍ਰਿਤਸਰ।
ਸ੍ਰੀ ਮਾਨ ਗਿਆਨੀ ਦੀਦਾਰ ਸਿੰਘ ਜੀ ਧੂੰਧਾ ਵਾਲੇ।
ਸ੍ਰੀ ਮਾਨ ਗਿਆਨੀ ਭਗਤ ਸਿੰਘ ਜੀ ਅੰਮ੍ਰਿਤਸਰ। ਸ੍ਰੀ ਮਾਨ ਗਿਆਨੀ ਕਿਸ਼ਨ ਸਿੰਘ ਜੀ।
ਸ੍ਰੀ ਮਾਨ ਗਿਆਨੀ ਮੱਖਣ ਸਿੰਘ ਜੀ ਰੇਰੂ ਸਾਹਿਬ।
ਸ੍ਰੀ ਮਾਨ ਗਿਆਨੀ ਜਗੀਰ ਸਿੰਘ ਜੀ ਮੌੜ ਮੰਡੀ।
ਸ੍ਰੀ ਮਾਨ ਗਿਆਨੀ ਜਗੀਰ ਸਿੰਘ ਜੀ ਜਲੰਧਰ ਸ਼ਹਿਰ।
ਸ੍ਰੀ ਮਾਨ ਗਿਆਨੀ ਕਰਤਾਰ ਸਿੰਘ ਜੀ ਸਚਖੰਡ ਹਜ਼ੂਰ ਸਾਹਿਬ।
ਸ੍ਰੀ ਮਾਨ ਗਿਆਨੀ ਨਿਰਮਲ ਸਿੰਘ ਜੀ [ਝਿੱਕਾ]।
ਸ੍ਰੀ ਮਾਨ ਗਿਆਨੀ ਹਰੀ ਸਿੰਘ ਜੀ ਹਰਖੋਵਾਲ। ਸ੍ਰੀ ਮਾਨ ਗਿਆਨੀ ਚੰਨਣ ਸਿੰਘ ਜੀ।
ਸ੍ਰੀ ਮਾਨ ਗਿਆਨੀ ਬਲਵੰਤ ਸਿੰਘ ਜੀ ਨਿਰਮਲ ਬਾਗ ਹਰਿਦਵਾਰ।
ਸ੍ਰੀ ਮਾਨ ਮਹੰਤ ਗੁਰਮੁਖ ਦਾਸ ਜੀ ਡੁਲਟਾਂ ਵਾਲੇ।
ਸ੍ਰੀ ਮਾਨ ਮਹੰਤ ਪੂਰਨ ਦਾਸ ਜੀ ਤਲਵੰਡੀ ਵਾਲੇ।
ਸ੍ਰੀ ਮਾਨ ਗਿ: ਬਿਸ਼ਨ ਸਿੰਘ ਜੀ 'ਕ੍ਰੀਟ' ਸਤਿਸੰਗ ਭਵਨ ਨਿਰਮਲ ਛਾਉਣੀ ਹਰਿਦੁਆਰ।
ਸ੍ਰੀ ਮਾਨ ਮਹੰਤ ਬ੍ਰਹਮ ਮੁਨੀ ਜੀ ਗੜੇਂਦ ਵਾਲੇ ਹੁਸ਼ਿਆਰਪੁਰ।
ਸ੍ਰੀ ਮਾਨ ਗਿਆਨੀ ਲਧਾ ਸਿੰਘ ਜੀ ਵਿਰੱਕਤ। ਸ੍ਰੀ ਮਾਨ ਸੰਤ ਪਾਲਾ ਸਿੰਘ ਜੀ ਵਿਰੱਕਤ।
ਸ੍ਰੀ ਮਾਨ ਲਾਲਾ ਬਾਲ ਮੁਕੰਦ ਜੀ ਵੇਦਾਂਤੀ। ਸ੍ਰੀ ਮਾਨ ਗੁਰਦੇਵ ਸਿੰਘ ਜੀ ਵੇਦਾਂਤੀ।
ਸ੍ਰੀ ਮਾਨ ਜਗਤ ਸਿੰਘ ਜੀ ਵੇਦਾਂਤੀ।
ਸ੍ਰੀ ਮਾਨ ਸੰਤ ਮੋਹਨ ਸਿੰਘ ਜੀ ਵੇਦਾਂਤੀ।
ਸ੍ਰੀ ਮਾਨ ਸੰਤ ਲਧਾ ਸਿੰਘ ਜੀ ਵਿਰੱਕਤ।
ਸ੍ਰੀ ਮਾਨ ਸੰਤ ਅਰਜਨ ਸਿੰਘ ਜੀ ਮੁਨੀ ਟੀਕਾਕਾਰ। ਸ੍ਰੀ ਮਾਨ ਗਿਆਨੀ ਰੰਗਾ ਸਿੰਘ ਜੀ।
ਸ੍ਰੀ ਮਾਨ ਗਿਆਨੀ ਆਸਾ ਸਿੰਘ ਜੀ।
ਸ੍ਰੀ ਮਾਨ ਸੰਤ ਜਗਤ ਰਾਮ ਜੀ ਉਦਾਸੀਨ ਵੈਦ ਅਜ ਕਲ ਪਟਿਆਲੇ ਮਹੰਤ ਹਨ।

ਸ੍ਰੀ ਮਾਨ ਗਿਆਨੀ ਸੰਤਾ ਸਿੰਘ ਜੀ ਤਰਨ ਤਾਰਨ।
ਸ੍ਰੀ ਮਾਨ ਗਿਆਨੀ ਬਲਵੰਤ ਸਿੰਘ ਜੀ [ਜੰਡਿਆਲੇ ਵਾਲੇ] ਹੁਸ਼ਿਆਰਪੁਰ।
ਸ੍ਰੀ ਮਾਨ ਗਿਆਨੀ ਕੇਸ਼ੋ ਸਿੰਘ ਜੀ।
ਸ੍ਰੀ ਮਾਨ ਗਿਆਨੀ ਜੋਧ ਸਿੰਘ ਜੀ [ਹਰਖੋਵਾਲ]।
ਸ੍ਰੀ ਮਾਨ ਪੰਡਿਤ ਅਮਰ ਸਿੰਘ ਜੀ।
ਸ੍ਰੀ ਮਾਨ ਸੰਤ ਆਸਾ ਸਿੰਘ ਜੀ।
ਸ੍ਰੀ ਮਾਨ ਗਿ: ਧਰਮ ਸਿੰਘ ਜੀ ਸੂਰਮੇ ਦਿੱਲੀ ਨਿਵਾਸੀ।
ਸ੍ਰੀ ਮਾਨ ਗਿਆਨੀ ਰਾਮ ਸਿੰਘ ਜੀ।
ਸ੍ਰੀ ਮਾਨ ਗਿ: ਗੁਰਬਚਨ ਸਿੰਘ ਜੀ ਡੇਰਾ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ।
ਸ੍ਰੀ ਮਾਨ ਮਹੰਤ ਹਾਕਮ ਸਿੰਘ ਜੀ ਡੇਰਾ ਸੰਤ ਮਿਸ਼ਰਾ ਸਿੰਘ ਜੀ ਚੌਂਕ ਲਛਮਣਸਰ ਅੰਮ੍ਰਿਤਸਰ।
ਸ੍ਰੀ ਮਾਨ ਮਹੰਤ ਮੂਲ ਸਿੰਘ ਜੀ ਕੌਲਸਰ।
ਸ੍ਰੀ ਮਾਨ ਗਿ: ਤੇਜਾ ਸਿੰਘ ਜੀ ਵੇਦ ਸ਼ਾਸਤ੍ਰੀ।
ਸ੍ਰੀ ਮਾਨ ਗਿਆਨੀ ਅਨੋਕ ਸਿੰਘ ਜੀ ਵੇਦਾਂਤਵੇਤਾ।
ਸ੍ਰੀ ਮਾਨ ਮਹੰਤ ਹਰਨਾਮ ਸਿੰਘ ਜੀ ਗਲੀ ਬਾਗ ਵਾਲੀ ਅੰਮ੍ਰਿਤਸਰ।
ਸ੍ਰੀ ਮਾਨ ਪੰਡਿਤ ਭਾਨ ਸਿੰਘ ਜੀ।
ਸ੍ਰੀ ਮਾਨ ਪੰਡਿਤ ਗੁਰਬਖਸ਼ ਸਿੰਘ ਜੀ ਨਾਗੋਕੇ।
ਸ੍ਰੀ ਮਾਨ ਗਿਆਨੀ ਵਰਿਆਮ ਸਿੰਘ ਜੀ ਧੂੜ ਕੋਟ, ਜ਼ਿਲਾ ਸੰਗਰੂਰ।
ਸ੍ਰੀ ਮਾਨ ਸੰਤ ਓਅੰਕਾਰ ਸਿੰਘ ਜੀ ਮਹੰਤ, ਪਿੰਡ ਪਠਲਾਵਾ।
ਸ੍ਰੀ ਮਾਨ ਸੰਤ ਗੋਬਿੰਦ ਦਾਸ ਜੀ ਕਰਤਾ ਪ੍ਰਿਯਾ।
ਸ੍ਰੀ ਮਾਨ ਗਿਆਨੀ ਈਸ਼ਰ ਸਿੰਘ ਜੀ ਡੇਰਾ ਸੇਖਵਾਂ।
ਸ੍ਰੀ ਮਾਨ ਮਹੰਤ ਗੁਰਮੁਖ ਦਾਸ ਜੀ ਸਿੰਧੀ ਹਰਿਦਵਾਰ।
ਸ੍ਰੀ ਮਾਨ ਮਹੰਤ ਉਤਮ ਦਾਸ ਜੀ ਸਿੰਧੀ [ਬੰਬੇ]।
ਸ੍ਰੀ ਮਾਨ ਵੇਦਾਂਤ ਮੁਨੀ, ਸੰਤ ਮੇਲਾ ਰਾਮ ਜੀ ਅਲਾਵਲਪੁਰ।
ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ ਕੁਠਾਰੀ ਡੇਰਾ ਲਾਇਲਪੁਰੀਆਂ ਅੰਮ੍ਰਿਤਸਰ।
ਸ੍ਰੀ ਮਾਨ ਗਿਆਨੀ ਰੰਗਾ ਸਿੰਘ ਜੀ।
ਸ੍ਰੀ ਮਾਨ ਸੰਤ ਹਰਭਜਨ ਸਿੰਘ ਡੇਰਾ ਬਾਉਲੀ।
ਸ੍ਰੀ ਮਾਨ ਗਿਆਨੀ ਰਾਮ ਸਿੰਘ ਹਜ਼ੂਰ ਸਾਹਿਬ।
ਸ੍ਰੀ ਮਾਨ ਸੰਤ ਬੀਰ ਸਿੰਘ ਜੀ ਪੰਜ ਗ੍ਰਾਂਈਂ।
ਸ੍ਰੀ ਮਾਨ ਸੰਤ ਹਰਭਜਨ ਸਿੰਘ ਜੀ ਗ੍ਰੰਥੀ।
ਸ੍ਰੀ ਮਾਨ ਸੁਆਮੀ ਚੇਤਨ ਪ੍ਰਕਾਸ਼ ਜੀ ਬੰਬੇ [ਕਲਿਆਣ]।
ਸ੍ਰੀ ਮਾਨ ਸੰਤ ਕੇਸਰ ਦਾਸ ਜੀ ਨਿਰਬਾਣ ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ।

ਸ੍ਰੀ ਮਾਨ ਮਹੰਤ ਹਰੀ ਦਾਸ ਜੀ।
ਸ੍ਰੀ ਮਾਨ ਗਿਆਨੀ ਉਤਮ ਸਿੰਘ ਜੀ ਸਾਰੰਗੜੇ ਵਾਲੇ।
ਸ੍ਰੀ ਮਾਨ ਗਿਆਨੀ ਸਾਧੂ ਸਿੰਘ ਜੀ ਰੇਰੂ ਸਾਹਿਬ।
ਸ੍ਰੀ ਮਾਨ ਗਿ: ਸੰਪੂਰਨ ਸਿੰਘ ਜੀ 'ਬੇਰ'।
ਸ੍ਰੀ ਮਾਨ ਪੰਡਿਤ ਭਾਨ ਸਿੰਘ ਜੀ ਕੋਕਰੀ ਫੂਲਾ ਸਿੰਘ ਜ਼ਿਲਾ ਫਰੀਦਕੋਟ।
ਸ੍ਰੀ ਮਾਨ ਗਿਆਨੀ ਬੋਲਾ ਸਿੰਘ ਸ਼ਾਹਦਰਾ।
ਸ੍ਰੀ ਮਾਨ ਗਿਆਨੀ ਦਮੋਦਰ ਸਿੰਘ ਜੀ ਸਿੰਧੀ ਦੇਵਪੁਰਾ।
ਸ੍ਰੀ ਮਾਨ ਗਿਆਨੀ ਹਰੀ ਸਿੰਘ ਜੀ ਸਿੰਧੀ।
ਸ੍ਰੀ ਮਾਨ ਗਿਆਨੀ ਰਾਮ ਸਿੰਘ ਜੀ ਸਿੰਧੀ, ਕਾਲਬਾ ਦੇਵੀ ਬੰਬੇ।
ਸ੍ਰੀ ਮਾਨ ਗਿਆਨੀ ਬੀਰ ਜੀ ਡੇਰਾ ਉਰੋਂ। ਸ੍ਰੀ ਮਾਨ ਗਿਆਨੀ ਹੀਰਾ ਦਾਸ ਜੀ ਨਾਥ।
ਸ੍ਰੀ ਮਾਨ ਗਿਆਨੀ ਗੁਰਬਖਸ਼ ਸਿੰਘ ਜੀ ਘੋਲੀਆ।
ਸ੍ਰੀ ਮਾਨ ਗਿਆਨੀ ਬਲਬੀਰ ਸਿੰਘ ਜੀ [ਸ਼ਾਸਤ੍ਰੀ]।
ਸ੍ਰੀ ਮਾਨ ਗਿਆਨੀ ਗੁਰਾਂ ਦਿੱਤਾ ਮਲ ਜੀ [ਕਰਤਾ ਸਿਧਾਂਤ ਉਪਦੇਸ਼]।
ਸ੍ਰੀ ਮਾਨ ਗੋਬਿੰਦ ਹਰੀ ਜੀ।
ਸ੍ਰੀ ਮਾਨ ਗਿਆਨੀ ਭਗਵਾਨ ਸਿੰਘ ਜੀ ਰਿਖੀਕੇਸ, ਸ੍ਰੀ ਭਗਵਾਨ ਭਵਨ ਰੇਲਵੇ ਰੋਡ।
ਸ੍ਰੀ ਮਾਨ ਸੁਆਮੀ ਅਨੰਦ ਹਰੀ ਜੀ। ਸ੍ਰੀ ਮਾਨ ਗਿਆਨੀ ਮਹਿੰਦਰ ਸਿੰਘ ਜੀ ਰਿਖੀਕੇਸ।
ਸ੍ਰੀ ਮਾਨ ਗਿਆਨੀ ਗੁਲਾਬ ਸਿੰਘ ਜੀ ਥੋਹਾ ਖਾਲਸਾ ਵਾਲੇ, [ਅੱਜ ਕੱਲ੍ਹ ਰਿਖੀਕੇਸ ਹਨ]।
ਸ੍ਰੀ ਮਾਨ ਗਿਆਨੀ ਹਰੀ ਸਿੰਘ ਜੀ। ਸ੍ਰੀ ਮਾਨ ਗਿਆਨੀ ਪ੍ਰਤਾਪ ਸਿੰਘ ਜੀ [ਅੰਬਾਲਾ]।
ਸ੍ਰੀ ਮਾਨ ਸੰਤ ਜਗਤ ਸਿੰਘ ਜੀ [ਅੰਬਾਲਾ]।
ਸ੍ਰੀ ਮਾਨ ਪੰਡਤ ਜਸਵੰਤ ਸਿੰਘ ਜੀ ਚੌਂਕ ਫਰੀਦ ਅੰਮ੍ਰਿਤਸਰ।
ਸ੍ਰੀ ਮਾਨ ਗਿਆਨੀ ਸ਼ਾਮ ਸਿੰਘ ਜੀ ਡੇਰਾ ਸੰਤ ਮਿਸ਼ਰਾ ਸਿੰਘ ਜੀ।
ਜਿਨ੍ਹਾਂ ਨੇ ਸੁਸਾਇਟੀ ਦੇ ਕੋਸ਼ ਲਿਖਣ ਵਿਚ ਮਦਦ ਕੀਤੀ ਹੈ।
ਸ੍ਰੀ ਮਾਨ ਗਿਆਨੀ ਨਾਹਰ ਸਿੰਘ ਜੀ ਵੈਦ ਪਿੰਡ ਘੁੰਨਸ, ਡਾਕਖਾਨਾ ਤਪਾ,
ਜ਼ਿਲਾ ਸੰਗਰੂਰ ਸੰਮਤ ੨੦੯੦ ਵਿਚ ਪੜ੍ਹੇ।
ਸ੍ਰੀ ਮਾਨ ਗਿਆਨੀ ਨਰਿੰਦਰ ਸਿੰਘ ਜੀ 'ਸੋਚ' ਆਪ ੧੯੨੪ ਸੰਨ ਵਿਖੇ ਪੜ੍ਹਦੇ ਰਹੇ ਹਨ।
ਸ੍ਰੀ ਮਾਨ ਗਿਆਨੀ ਉਦੇ ਸਿੰਘ ਜੀ ਰੋਪੜ ਨਿਵਾਸੀ।
ਸ੍ਰੀ ਮਾਨ ਗਿਆਨੀ ਆਸਾ ਸਿੰਘ ਜੀ ਰਸੂਲਪੁਰ।
ਸ੍ਰੀ ਮਾਨ ਸੰਤ ਗੁਰਬਚਨ ਸਿੰਘ ਸਿੰਘ ਜੀ ਡੇਰਾ ਸੰਤ ਖੜਕ/ ਸਿੰਘ ਜੀ [ਚੌਂਕ ਬਾਬਾ ਸਾਹਿਬ]।
ਸ੍ਰੀ ਮਾਨ ਗਿਆਨ ਸੰਤ ਮੇਲਾ ਸਿੰਘ ਜੀ।
ਸ੍ਰੀ ਮਾਨ ਪੰਡਤ ਗੁਰਦਾਸ ਸਿੰਘ ਜੀ ਸ਼ਾਸਤ੍ਰੀ।
ਸ੍ਰੀ ਮਾਨ ਸੰਤ ਬਖਤਾਵਰ ਸਿੰਘ ਜੀ।

ਸ੍ਰੀ ਮਾਨ ਗਿਆਨੀ ਕਿਸ਼ਨ ਦਾਸ ਜੀ ਅਖਾੜਾ ਸੰਗਲਵਾਲਾ।

ਸ੍ਰੀ ਮਾਨ ਗਿਆਨੀ ਪਰ੍ਹਾਗ ਦਾਸ ਜੀ ਬੰਗੇ।

ਸ੍ਰੀ ਮਾਨ ਸੰਤ ਪ੍ਰੀਤਮ ਦਾਸ ਜੀ ਨਿਰਬਾਣ ਪਿੰਡ ਸੇਰੋਂ।

ਸ੍ਰੀ ਮਾਨ ਸੰਤ ਹਰੀ ਦਾਸ ਜੀ ਫੇਲੂ ਦੀ ਪੱਤੀ ਜ਼ਿਲਾ ਜਲੰਧਰ।

ਸ੍ਰੀ ਮਾਨ ਮਹੰਤ ਸੇਵਾ ਦਾਸ ਜੀ ਮਾਣਕ ਵਾਲੇ।

ਸ੍ਰੀ ਮਾਨ ਸੰਤ ਜੀਵਨ ਦਾਸ ਜੀ ਪਿੰਡ ਅਕਲੀਆ [ਸੰਗਰੂਰ]।

ਸ੍ਰੀ ਮਾਨ ਮਹੰਤ ਦਿਆਲ ਦਾਸ ਜੀ ਡੇਰਾ ਅਸਮਾਈਲ ਖਾਂ।

ਸ੍ਰੀ ਮਾਨ ਗਿਆਨੀ ਕੇਸਰ ਸਿੰਘ ਜੀ [ਸੋਧਕ]।

ਸ੍ਰੀ ਮਾਨ ਗਿਆਨੀ ਮਹਾਂ ਸਿੰਘ ਜੀ ਐਡੀਟਰ ''ਖਾਲਸਾ ਸਮਾਚਾਰ'' ਅੰਮ੍ਰਿਤਸਰ [ਡੇਰੇ ਵਾਲੀ ਲਿਖਤੀ ਪਾਵਨ ਬੀੜ ਦਾ ਹਾਸ਼ੀਆਂ ਵੀ ਆਪ ਜੀ ਨੇ ਹੀ ਪਾਇਆ ਹੈ।]

ਸ੍ਰੀ ਮਾਨ ਗਿਆਨੀ ਮਹਿੰਦਰ ਸਿੰਘ ਜੀ 'ਰਤਨ' ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ ਵਾਲੇ।

ਇਤਿਆਦਿਕ ਬੇਅੰਤ ਪ੍ਰੇਮੀਆਂ ਨੇ ਆਪ ਜੀ ਤੋਂ ਆਤਮ ਬੋਧ ਪ੍ਰਾਪਤ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਆਪ ਜੀ ਦੇ ਵਖਰੇ ਛਪ ਰਹੇ ਜੀਵਨ ਵਿਚ ਖੋਲ੍ਹ ਕੇ ਕੀਤਾ ਜਾਵੇਗਾ।*

ਇਸ ਪ੍ਰਕਾਰ ਗੁਰਬਾਣੀ ਸੰਪ੍ਰਦਾਈ ਟਕਸਾਲ ਦੀ ਸੇਵਾ ਦਾ ਭਾਰ ੬੦ ਸਾਲ ਆਪਣੇ ਸੀਸ 'ਤੇ ਨਿਬਾਹਕੇ ੮੪ ਸਾਲ ਦੀ ਅਵਸਥਾ ਵਿਚ ੮੪ ਦੇ ਗੇੜ ਨੂੰ ਕੱਟ ਕੇ ੨੦੧੧ ਬਿਕ੍ਰਮੀ ੧ ਕੱਤਕ ਮੁਤਾਬਕ ੧੭ ਅਕਤੂਬਰ ੧੯੫੪ ਨੂੰ ਗੁਰੂ-ਚਰਨਾਂ ਵਿਚ ਜਾ ਬਿਰਾਜੇ ਤੇ ਪਿੱਛੇ ***''ਹੋਦੈ ਗੁਰੂ ਬਹਿ ਟਿਕਿਆ''*** ਦੇ ਭਾਵ ਅਨੁਸਾਰ ਆਪਣੇ ਹੱਥੀਂ ਆਪਣੀ ਮਹਿਕਦੀ ਫੁਲਵਾੜੀ ਵਿਚੋਂ।

''ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥'' *[ਪੰਨਾ ੧੦੮੮]*

ਦੇ ਅਨੁਸਾਰ ਸ੍ਰੀ ਮਾਨ ਪੰਥ ਭੂਸ਼ਨ, ਨਿਮ੍ਰੰਤਾ ਦੇ ਖਜ਼ਾਨੇ, ਵਿਦਜਾ ਦੇ ਭੰਡਾਰ, ਸਹਿਨਸ਼ੀਲਤਾ ਦੇ ਸਾਗਰ ਅਰ ਭੁਲ੍ਹ ਭੁਲ੍ਹ ਪੈਂਦੀ ਮਿਠਾਸ ਦੇ ਅਥਾਹ ਸੋਮੇ ਸ੍ਰੀ ਮਾਨ ਸੰਤ ਗਜਾਨੀ ਕ੍ਰਿਪਾਲ ਸਿੰਘ ਜੀ ਨੂੰ ਸਰਬ ਗੁਣ ਸੰਪੰਨ ਜਾਣ ਕੇ ਆਪ ਜੀ ਨੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਕਥਾ ਆਰੰਭ ਕੀਤੀ ਹੋਈ ਸੀ, ਅਰ ਜਿਸ ਦਾ ਪਾਠ ਤੁਖਾਰੀ ਰਾਗ ਦੇ ਆਰੰਭ ਪਰ ਸੀ, ਉਸ ਨੂੰ ਸੰਪੂਰਨ ਕਰਨ ਦੀ ਆਗਿਆ ਦੇ ਕੇ

''ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥'' *[ਪੰਨਾ ੮੬੬]*

ਦੇ ਮਹਾਂਵਾਕ ਅਨੁਸਾਰ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਨੇ ਆਪਣਾ ਸਭ ਕੁਝ ਸ੍ਰੀ ਮਾਨ ਗਜਾਨੀ ਕ੍ਰਿਪਾਲ ਸਿੰਘ ਜੀ ਨੂੰ ਥਾਪੜਾ ਦੇ ਕੇ ਸੌਂਪ ਦਿੱਤਾ।

ਬਹੁਤ ਤਕਲੀਫ ਹੋ ਜਾਣ ਦੇ ਕਾਰਨ ਮਹਾਰਾਜ ਜੀ ਨੂੰ ਭਾਦਰੋਂ ਦੇ ਮਹੀਨੇ ਸਪੈਸ਼ਲ ਕਮਰਾ ਲੈ ਕੇ ਦਾਖਲ ਕਰਵਾਇਆ ਗਿਆ ਇਕ ਮਹੀਨਾ ਤੇ ਕੁਝ ਦਿਨ ਇਲਾਜ ਹੁੰਦਾ ਰਿਹਾ, ਫਿਰ ਹਸਪਤਾਲ ਵਿਚ ਹੀ ਬਿਰਾਜਮਾਨ ਹੋਇਆਂ ਨੇ ਬਚਨ ਕੀਤਾ ਕਿ ਤੁਸੀਂ ਅੱਗੇ ਹੀ ਹਰ ਤਰ੍ਹਾਂ ਲਾਇਕ ਹੋ, ਫੇਰ ਵੀ

**ਨੋਟ:- ਹੋਰ ਵੀ ਜੇਕਰ ਕਿਸੇ ਪ੍ਰੇਮੀ ਨੂੰ ਆਪ ਜੀ ਬਾਰੇ ਵਿਸ਼ੇਸ਼ ਖੋਜ ਹੋਵੇ ਤਾਂ ਡੇਰੇ ਦੇ ਐਡਰੈਸ ਪਰ ਲਿਖਕੇ ਭੇਜਣ ਦੀ ਕ੍ਰਿਪਾ ਕਰੇ, ਅਸੀਂ ਬੜੇ ਧੰਨਵਾਦੀ ਹੋਵਾਂਗੇ ਤੇ ਉਹ ਭੀ ਜੀਵਨ ਵਿਚ ਛਾਪ ਦਿੱਤੀ ਜਾਵੇਗੀ।*

ਜੇ ਕੁਛ ਹੋਰ ਪੁੱਛਣ ਦੀ ਇੱਛਾ ਹੋਵੇ ਤਾਂ ਪੁੱਛ ਲਓ, ਏਸ ਸੰਥਾ ਦੀ ਸੇਵਾ ਸੰਭਾਲ ਤੁਸਾਂ ਹੀ ਨਿਭਾਉਣੀ ਹੈ ਤਾਂ ਅੱਗੋਂ ਸ੍ਰੀ ਮਾਨ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਬੜੀ ਨਿੰਮ੍ਰਤਾ ਸਹਿਤ ਹੱਥ ਜੋੜ ਕੇ ਚਰਨਾਂ 'ਤੇ ਸੀਸ ਰੱਖ ਕੇ ਬੇਨਤੀ ਕੀਤੀ, ਕਿ ਆਪ ਜੀ ਦਾ ਕਿਰਪਾ ਭਰਿਆ ਹੱਥ ਸਿਰ 'ਤੇ ਚਾਹੀਦਾ ਹੈ, ਆਪ ਗੁੰਗਿਆਂ ਪਾਸੋਂ ਭੀ ਸ਼ਾਸਤ੍ਰ ਅਰਥ ਕਰਵਾ ਸਕਦੇ ਹੋ।

"ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥" *[ਪੰਨਾ ੫੦੮]*

ਮੇਰੇ ਵਿਚ ਤਾਂ ਕੋਈ ਤਾਕਤ ਨਹੀਂ, ਦਾਸ ਦੇ ਸਿਰ 'ਤੇ ਆਪ ਨੇ ਹੀ ਕਿਰਪਾ ਦਾ ਹੱਥ ਰਖਣਾ ਹੈ, ਦਾਸ ਆਪ ਜੀ ਦੇ ਹੁਕਮ ਦੀ ਪਾਲਣਾ ਹਰ ਤਰ੍ਹਾਂ ਕਰੇਗਾ। ਕੁਝ ਦਿਨਾਂ ਦੇ ਬਾਅਦ ਡਾਕਟਰ ਦੇ ਕਹਿਣ ਅਨੁਸਾਰ ਮਹਾਰਾਜ ਨੂੰ ਸੰਮਤ ੨੦੧੧ ਅੱਸੂ ੨੦ ਦੇ ਕਰੀਬ ਆਪਣੇ ਡੇਰੇ 'ਤੇ ਲਿਆਂਦਾ ਗਿਆ ਆਪਣੇ ਸੇਵਾ ਅਸਥਾਨ ਤੇ ਆ ਕੇ ਬਹੁਤ ਹੀ ਸ਼ੁਕਰਾਨੇ ਦੇ ਬਚਨ ਕਹੇ। ਡੇਰੇ ਪਰ ਸਰਬਤ ਵਿਦਿਆਰਥੀਆਂ ਨੇ ਸੇਵਾ ਦਾ ਪੂਰਾ ਪੂਰਾ ਹਿੱਸਾ ਲਿਆ ਅੰਤਮ ਸਮੇਂ ਗਿਆਨੀ ਕ੍ਰਿਪਾਲ ਸਿੰਘ ਜੀ ਨੂੰ ਆਪਣੇ ਪਾਸ ਬਿਠਾ ਕੇ ਸ਼ੁਭ ਸਿਖਿਆ ਦੇਂਦਿਆਂ ਹੋਇਆਂ ਫੁਰਮਾਇਆ, ਕਿ ਪੂਜਜ ਗੁਰਦੇਵ ਸ੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਸਾਹਿਬ ਜੀ ਦੀ ਸੇਵਾ ਦਾ ਧਿਆਨ ਚੰਗੀ ਤਰ੍ਹਾਂ ਰਖਣਾ। ਗਿਆਨੀ ਕ੍ਰਿਪਾਲ ਸਿੰਘ ਜੀ ਨੇ ਫਿਰ ਭੀ ਹੱਥ ਜੋੜ ਕੇ ਬੇਨਤੀ ਕੀਤੀ "ਸੁਆਮੀ ਜੀ! ਆਪ ਜੀ ਦਾ ਬਰਕਤ ਭਰਿਆ ਹੱਥ ਸਿਰ 'ਤੇ ਚਾਹੀਦਾ ਹੈ, ਜਿਵੇਂ ਆਪ ਜੀ ਨੂੰ ਭਾਵੇ ਤੁਸਾਂ ਨੇ ਆਪ ਹੀ ਸੇਵਾ ਕਰਾਉਣੀ ਹੈ।"

ਇਉਂ ਸ਼ਰਧਾ ਭਰੇ ਬਚਨ ਸੁਣ ਕੇ ਆਪਣੇ ਪਿਆਰੇ ਆਗਜਕਾਰੀ ਸ਼ਿਸ਼ ਸ੍ਰੀ ਮਾਨ ਸੰਤ ਗਜਾਨੀ ਕ੍ਰਿਪਾਲ ਸਿੰਘ ਜੀ ਨੂੰ ਕਿਰਪਾ ਦ੍ਰਿਸ਼ਟੀ ਦੁਆਰਾ ਸਭ ਕੁਝ ਸੌਂਪ ਕੇ ਅਤੇ ਡੇਰੇ ਦੀ ਵਸੀਹਤ ਕਰ ਕੇ ਆਪਣੇ ਖਿੜੇ ਮੱਥੇ ੧ ਕੱਤਕ ੨੦੧੧ ਬਿਕ੍ਰਮੀ ਨੂੰ ਇਸ ਸੰਸਾਰ ਨੂੰ ਤਿਆਗ ਕੇ ਵਿਦੇਹ ਮੋਖਸ਼ ਨੂੰ ਪ੍ਰਾਪਤ ਹੋ ਕੇ ਗੁਰੂ-ਚਰਨਾਂ ਵਿਚ ਜਾ ਬਿਰਾਜੇ।

"ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥"

[ਪੰਨਾ ੨੭੮]

ਆਪ ਜੀ ਦੀ ਅਰਥੀ ਦੇ ਜਲੂਸ ਸਮੇਂ ਲੱਖਾਂ ਹੀ ਸ਼ਰਧਾਲੂਆਂ ਦੇ ਨੇਤ੍ਰ ਵੈਰਾਗ ਤੇ ਪ੍ਰੇਮ ਵਿਚ ਸਜਲ ਸਨ।

ਉਸ ਸਮੇਂ ਹੋਰ ਇਕ ਭੇਖ ਦਾ ਸਾਧੂ ਪੁੱਜ ਕੇ ਇਉਂ ਕਹਿ ਰਿਹਾ ਸੀ, ਕਿ "ਅੱਜ ਸੇਵਾ ਪੰਥੀ ਅੱਡਣ ਸ਼ਾਹੀ ਸਭਾ ਦਾ ਸੂਰਜ ਅਸਤ ਹੋ ਗਿਆ ਹੈ।"

ਅਤੇ "ਸਿੱਖ ਸੰਪ੍ਰਦਾਵਾਂ ਅਰ ਹੋਰ ਪ੍ਰੇਮੀਆਂ ਤਥਾ ਜਗਜਾਸੂ-ਜਨਾਂ ਨੂੰ ਜੋ ਘਾਟਾ ਪਿਆ ਹੈ, ਉਹ ਕਦੇ ਪੂਰਾ ਨਹੀਂ ਹੋਣਾ।"

ਐਸੇ ਮਹਾਨ ਪਰਉਪਕਾਰੀ ਵਿਦਜਾ ਭੂਸ਼ਨ ਸੰਤ ਸ੍ਰੀ ਮਾਨ ੧੦੮ ਬ੍ਰਹਮ ਗਜਾਨੀ ਸੰਤ ਅਮੀਰ ਸਿੰਘ ਜੀ ਦੇ ਕਥਾ ਸਥਾਨ ਪਰ ਸ੍ਰੀ ਮਾਨ ਸੰਤ ਗਜਾਨੀ ਕ੍ਰਿਪਾਲ ਸਿੰਘ ਜੀ ਨਿਤਾਪ੍ਰਤਿ ਕਥਾ ਦਾ ਪਰਵਾਹ ਚਲਾ ਕੇ ਸੰਗਤਾਂ ਨੂੰ ਅੰਮ੍ਰਿਤ ਦਾ ਭੰਡਾਰਾ ਵਰਤਾ ਰਹੇ ਹਨ।

ਸ੍ਰੀ ਮਾਨ ਪੰਥ ਰਤਨ, ਵਿਦਜਾ ਭੂਸ਼ਨ

ਸੰਤ ਕ੍ਰਿਪਾਲ ਸਿੰਘ ਜੀ

ਆਪ ਜੀ ਦਾ ਜਨਮ ੭ ਨਵੰਬਰ ੧੯੧੫ ਈਸਵੀ ਨੂੰ ਕੱਤਕ ਦੀ ਪੁੰਨਿਆਂ ਦੇ ਸ਼ੁਭ ਦਿਹਾੜੇ ਸ੍ਰੀ ਮਾਨ ਸ: ਪ੍ਰਤਾਪ ਸਿੰਘ ਜੀ ਤਥਾ ਸ੍ਰੀ ਮਤੀ ਮਾਤਾ ਫੂਲ ਕੌਰ+ਜੀ ਦੇ ਗ੍ਰਿਹ ਵਿਖੇ, ਗਲੀ ਸਤੋ ਵਾਲੀ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਇਆ। ਬਚਪਨ ਵਿਚ ਸ੍ਰੀ ਕਲਗੀਧਰ ਸਕੂਲ ਆਟਾ ਮੰਡੀ ਵਿਖੇ ਵਿਦਜਾ ਪ੍ਰਾਪਤ ਕੀਤੀ, ਉਪ੍ਰੰਤ ਜਦ ਭਾਗ ਚਮਕਣ ਦਾ ਸਮਾਂ ਆਇਆ ਤਾਂ ਇਕ ਦਿਨ ਸੰਤ ਅਮੀਰ ਸਿੰਘ ਜੀ ਸ੍ਰੀ ਮਾਨ ਬਾਬਾ ਉਤਮ ਸਿੰਘ ਜੀ ਇਨ੍ਹਾਂ ਦੇ ਘਰ ਵਿਖੇ ਪ੍ਰਸ਼ਾਦ ਛਕਣ ਲਈ ਆਏ।

ਸੰਤ ਜੀ ਮਹਾਰਾਜ ਨੇ ਆਪਣੇ ਪਰਮ ਸੇਵਕਾਂ ਪਾਸੋਂ ਇਕ ਭੁਜੰਗੀ ਦੀ ਮੰਗ ਕੀਤੀ, ਜਿਸ ਨੂੰ ਸ੍ਰੀ ਮਾਨ ਸ: ਪ੍ਰਤਾਪ ਸਿੰਘ ਜੀ ਨੇ ਬੜੀ ਸ਼ਰਧਾ ਤੇ ਪ੍ਰੇਮਾ-ਭਗਤੀ ਨਾਲ ਸਿਰ ਮੱਥੇ ਤੇ ਮੰਨ ਕੇ ਬੇਨਤੀ ਕੀਤੀ, ਕਿ ਮਹਾਰਾਜ ! ਦਾਸ ਦੇ ਇਸ ਵੇਲੇ ਚੌਹਾਂ ਵਿਚੋਂ ਦੋ ਭੁਜੰਗੀ ਆਪ ਦੇ ਪਾਸ ਖੜੇ ਹਨ, ਇਨ੍ਹਾਂ ਵਿਚੋਂ ਜਿਸ ਪਰ ਆਪ ਦੀ ਕ੍ਰਿਪਾ ਦ੍ਰਿਸ਼ਟੀ ਹੋਵੇ ਉਸ ਨੂੰ ਲੈ ਜਾਓ, ਸਾਡੇ ਅੱਛੇ ਭਾਗ ਹੋਣਗੇ।

ਸ੍ਰੀ ਮਾਨ ਬ੍ਰਹਮ ਗਜਾਨੀ ਸੰਤ ਅਮੀਰ ਸਿੰਘ ਜੀ ਹੋਰਾਂ ਨੇ ਇਹ ਸ਼ਰਧਾ ਪ੍ਰੇਮ ਭਰੀ ਬੇਨਤੀ ਸੁਣ ਕੇ ਅਤਿ ਪ੍ਰਸੰਨ ਚਿੱਤ ਦੁਆਰਾ ਮੁਖੋਂ ਬਚਨ ਕਹੇ, ਕਿ ਜਿਸ ਬਚੜੇ ਦੀ ਸਾਨੂੰ ਲੋੜ ਹੈ, ਉਹ ਤਾਂ ਇਸ ਵੇਲੇ ਇਨ੍ਹਾਂ ਬੱਚਿਆਂ ਵਿਚ ਨਹੀਂ ਹੈ, ਸੋ ਜਦੋਂ ਉਹ ਬਰਖੁਰਦਾਰ ਪੜ੍ਹ ਕੇ ਆਵੇ ਤਦ ਉਸ ਨੂੰ ਡੇਰੇ ਭੇਜ ਦੇਣਾ।

ਸੰਤਾਂ ਦੇ ਇਹ ਬਚਨ ਸੁਣ ਕੇ ਭਾਵੇਂ ਮਾਤਾ ਪਿਤਾ ਜੀ ਕੁਝ ਮੋਹ ਵਸ ਹੋਏ ਪ੍ਰੰਤੂ ਆਪਣੇ ***"ਇਕ ਸਾਧ ਬਚਨ ਅਟਲਾਧਾ॥"*** ਦੇ ਵਾਕ ਨੂੰ ਨਿਭਾਹੁਣ ਲਈ ***'ਸਤਿ ਬਚਨ'*** ਆਖ ਕੇ ਬੇਨਤੀ ਕੀਤੀ ਕਿ ਆਪ ਜੀ ਦੇ ਚਰਨਾਂ ਵਿਖੇ ਅਸੀਂ ਖੁਦ ਲੈ ਕੇ ਹਾਜ਼ਰ ਹੋਵਾਂਗੇ।

ਸੋ ਉਸੇ ਦਿਨ ਹੀ ਜਦ ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਪੜ੍ਹ ਕੇ ਆਏ ਤਾਂ ਅੱਗੋਂ ਮਾਤਾ ਪਿਤਾ ਆਪਣੇ ਨਾਲ ਇਸ ਬੱਚੇ ਨੂੰ ਲੈ ਕੇ ਸੰਤਾਂ ਦੇ ਚਰਨਾਂ ਵਿਚ ਹਾਜ਼ਰ ਹੋ ਗਏ ਅਰ

"ਜਿਸ ਕੀ ਬਸਤੁ ਤਿਸੁ ਆਗੈ ਰਾਖੈ॥" *[ਪੰਨਾ ੨੬੮]*

ਅਨੁਸਾਰ ਸੰਤਾਂ ਦੀ ਸੇਵਾ ਵਿਖੇ ਬੱਚੇ ਨੂੰ ਤੁਤੁਪਰ ਕਰ ਦਿੱਤਾ।

+ਇਨ੍ਹਾਂ ਦਾ ਨਾਮ-ਅੰਮ੍ਰਿਤ ਛਕਣ ਤੋਂ ਬਾਅਦ ਮਾਤਾ ਸਤਿਨਾਮ ਕੌਰ ਜੀ ਹੈ।

ਮਾਤਾ ਪਿਤਾ ਦੇ ਹੁਕਮ ਦੀ ਪਾਲਣਾ ਦਾ ਇਕ ਵੱਡਾ ਨਮੂਨਾ ਇਹ ਹੈ ਕਿ ਸੰਤ ਕ੍ਰਿਪਾਲ ਸਿੰਘ ਜੀ ਜਦ ਦੇ ਸੰਤਾਂ ਦੇ ਚਰਨਾਂ ਵਿਚ ਹਾਜ਼ਰ ਹੋਏ ਤਦ ਤੋਂ ਲੈ ਕੇ ੨੭ ਸਾਲ ਤੱਕ ਮੁੜ ਆਪਣੇ ਘਰ ਇਕ ਵੇਰਾਂ ਵੀ ਮੋਹ ਮਮਤਾ ਵਿਚ ਫਸ ਕੇ ਨਹੀਂ ਗਏ, ਹਾਲਾਂਕਿ ਇਨ੍ਹਾਂ ਦੇ ਡੇਰੇ ਦੇ ਸਾਹਮਣੇ ਹੀ ਇਹਨਾਂ ਦੇ ਮਾਤਾ ਪਿਤਾ ਦਾ ਘਰ ਹੈ ਤੇ ਅਜੇ ਤੱਕ ਇਹਨਾਂ ਦੇ ਮਾਤਾ ਜੀ ਸੰਸਾਰ ਵਿਚ ਮੌਜੂਦ ਹਨ।

ਮਾਤਾ, ਪਿਤਾ, ਵੀਰਾਂ, ਭੈਣਾਂ ਦੇ ਅਥਾਹ ਮੋਹ ਜਾਲ ਪਾਉਣ ਪਰ ਭੀ ਇਹਨਾਂ ਨੇ ਸੰਤ ਸੇਵਾ ਅਤੇ ਸਥਾਨ ਦੀ ਇਕ ਨਿਮਖ ਗੈਰ ਹਾਜ਼ਰੀ ਨਹੀਂ ਕੀਤੀ ਅਰ ਗੁਰਦੇਵ ਸੰਤ ਅਮੀਰ ਸਿੰਘ ਜੀ ਅਤੇ ਦਾਦਾ ਗੁਰੂ ਮਹੰਤ ਬਾਬਾ ਉਤਮ ਸਿੰਘ ਜੀ ਦੀ ੨੭ ਸਾਲ ਅਥਾਹ ਤੇ ਇਕ-ਰਸ ਸੇਵਾ ਕਰਦੇ ਰਹੇ ਹਨ।

ਸ੍ਰੀ ਮਾਤਾ ਜੀ ਦੇ ਬਾਰ-ਬਾਰ ਸ਼ਰਧਾ ਭਰੇ ਬਚਨ ਸੁਣ ਕੇ ਕਿ "ਇਕ ਵਾਰੀ ਮੇਰੇ ਜਿਉਂਦਿਆਂ ਜਿਉਂਦਿਆਂ ਘਰ ਵਿਚ ਜ਼ਰੂਰ ਚਰਨ ਪਾਓ" ਠੀਕ ੨੮ ਬਰਸਾਂ ਬਾਅਦ ਇਕ ਵੇਰਾਂ ਸੰਗਤਾਂ ਸਮੇਤ [ਜਦੋਂ ਦਾਸ ਵੀ ਉਸ ਸਮੇਂ ਨਾਲ ਸੀ] ਮਾਤਾ ਜੀ ਵਲੋਂ ਰਖੇ ਹੋਏ ਪਾਠ ਦੇ ਭੋਗ ਸਮਾਗਮ ਪਰ ਆਪਣੇ ਜਨੰਮ ਅਸਥਾਨ ਵਿਖੇ ਕਦਮ ਰੱਖੇ। ਇਹ ਹੈ-ਇਹਨਾਂ ਦੇ ਤਿਆਗ ਦਾ ਇਕ ਨਮੂਨਾ, ਜੋ ਆਪਣੇ ਆਪ ਵਿਚ ਬੇ-ਮਿਸਾਲ ਹੈ।

ਇਸ ਵੇਲੇ ਆਪ ਦਸਮ-ਪਿਤਾ ਜੀ ਦੀ ਚਲਾਈ ਹੋਈ ਸੰਪ੍ਰਦਾਈ ਟਕਸਾਲ ਦੇ ਦਸਵੇਂ ਮਹਾਨ ਪਵਿੱਤਰ ਆਤਮਾ ਬਿਰਾਜਮਾਨ ਹਨ ਅਤੇ ਇਸ ਵੇਲੇ ਸੰਮਤ ੨੦੨੬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਯਾਰਵੀਂ ਕਥਾ ਕਰਨ ਦਾ ਮਹਾਨ ਯੱਗ ਰਚਾਇਆ ਹੋਇਆ ਹੈ।

ਸ੍ਰੀ ਮਾਨ ਮਹੰਤ ਉਤਮ ਸਿੰਘ ਜੀ ਦੇ ਗੁਰਪੁਰੀ ਪਧਾਰ ਜਾਣ ਉਪ੍ਰੰਤ ੮ ਮਾਘ ੨੦੧੭, ਮੁਤਾਬਕ ੨੦ ਜਨਵਰੀ ੧੯੬੧ ਸ਼ੁਕਰਵਾਰ ਨੂੰ ਆਪ ਜੀ ਨੂੰ ਇਸ ਡੇਰੇ ਦੀ ਸੇਵਾ ਸੰਭਾਲ ਦੀ ਡਿਊਟੀ ਭੀ ਸਮੂਹ ਭੇਖ ਤਥਾ ਸੰਪ੍ਰਦਾਵਾਂ ਵਲੋਂ ਸੌਂਪੀ ਗਈ ਹੈ, ਜਿਸ ਨੂੰ ਆਪ ਹਰ ਤਰ੍ਹਾਂ ਪੂਰਨਤਾ ਨਾਲ ਨਿਬਾਹ ਰਹੇ ਹਨ।

ਸ੍ਰੀ ਮਾਨ ਸੰਤ ਗਿਆਨੀ ਅਮੀਰ ਸਿੰਘ ਜੀ ਦੇ ਸੱਚਖੰਡ ਜਾਣ ਤੋਂ ਬਾਅਦ ਇਸ ਦਸਮੇਸ਼ ਪਿਤਾ ਜੀ ਦੀ ਚਲਾਈ ਹੋਈ ਟਕਸਾਲ ਨੂੰ ਜਾਰੀ ਰੱਖਣ ਦੀ ਸੇਵਾ ਦੀ ਦਸਤਾਰ ਨਿਰਮਲੇ, ਉਦਾਸੀ, ਸੇਵਾ ਪੰਥੀ ਅੱਡਣ ਸ਼ਾਹੀ ਆਦਿਕ ਸਮੂਹ ਸੰਪ੍ਰਦਾਵਾਂ ਦੇ ਸੰਤਾਂ, ਮਹੰਤਾਂ ਵਲੋਂ ਸ੍ਰੀ ਮਹੰਤ ਹਰਿਦਰਸ਼ਨ ਸਿੰਘ ਜੀ ਦੇ ਹਥੀਂ ੧੭ ਕੱਤਕ ਸੰਮਤ ੨੦੧੧, ਮੁਤਾਬਕ ੨ ਨਵੰਬਰ ੧੯੫੪ ਨੂੰ ਹੋਈ ਸੀ। ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਸਿਰੋਪਾਉ ਸਿੰਘ ਸਾਹਿਬ ਹੈਡ ਗ੍ਰੰਥੀ ਜੀ ਨੇ ਆਪਣੇ ਕਰ-ਕਮਲਾਂ ਨਾਲ ਲਿਆ ਕੇ ਦਿੱਤਾ।

ਹੁਣ ਬਾਬਾ ਉਤਮ ਸਿੰਘ ਜੀ ਦੇ ਗੁਰ ਚਰਨਾਂ ਵਿਚ ਬਿਰਾਜਮਾਨ ਹੋਣ ਤੋਂ ਬਾਅਦ ਡੇਰੇ ਦੀ ਮਹੰਤੀ ਵੀ ਆਪ ਜੀ ਨੂੰ ਸੌਂਪੀ ਗਈ, ਜਿਸ ਦੀ ਦਸਤਾਰ-ਬੰਦੀ ਸ੍ਰੀ ਮਾਨ ੧੦੮ ਪਰਮ ਪੂਜਜ ਸੇਵਾ ਪੰਥੀ ਭੇਖ ਦੇ ਪ੍ਰਧਾਨ ਸਾਹਿਬ ਸੰਤ ਪੰਡਿਤ ਨਿਸ਼ਚਲ ਸਿੰਘ ਜੀ ਸੰਤਪੁਰਾ ਮਾਡਲ ਟਾਉਨ ਜਮਨਾ ਨਗਰ [ਜਗਾਧਰੀ] ਵਾਲਿਆਂ ਨੇ ਕੀਤੀ ਹੈ।

ਮਹਾਂ ਪੁਰਖਾਂ ਦੀ ਅਲੌਕਿਕ ਕਲਮ ਤੋਂ ਹੁਣ ਤੱਕ ਛਪ ਚੁੱਕੀਆਂ

ਪੁਸਤਕਾਂ ਦਾ ਵੇਰਵਾ:-

ਸੰਪ੍ਰਦਾਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ।

ਸੈਂਚੀ ਪਹਿਲੀ - ਸ੍ਰੀ ਜਪੁਜੀ ਸਾਹਿਬ, ਰਹਰਾਸਿ, ਕੀਰਤਨ ਸੋਹਿਲੇ ਸਮੇਤ।

ਸੈਂਚੀ ਦੂਜੀ - ਸਿਰੀ ਰਾਗੁ, ਮਾਝ ਰਾਗੁ ਸੰਪੂਰਨ।

ਸੈਂਚੀ ਤੀਜੀ - ਗਉੜੀ ਰਾਗੁ ਸੰਪੂਰਨ।

ਸੈਂਚੀ ਚੌਥੀ - ਆਸਾ ਰਾਗੁ ਸੰਪੂਰਨ।

ਸੈਂਚੀ ਪੰਜਵੀਂ - ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ ਰਾਗੁ ਦਾ ਸਾਖੀਆਂ,ਉਥਾਨਕਾਵਾਂ, ਪ੍ਰਮਾਣਾਂ ਸਮੇਤ ਸੰਪੂਰਨ।

ਸੈਂਚੀ ਛੇਵੀਂ - ਤਿਲੰਗ ਰਾਗੁ ਤੋਂ ਗੌਂਡ ਰਾਗੁ ਤਕ ਸੰਪੂਰਨ।

ਸੈਂਚੀ ਸੱਤਵੀਂ - ਰਾਮਕਲੀ ਤੋਂ ਮਾਰੂ ਸੋਲਹੇ ਮ: ੪ ਤਕ ਸੰਪੂਰਨ।

ਸੈਂਚੀ ਅਠਵੀਂ - ਮਾਰੂ ਸੋਲਹੇ ਮ:੫ ਤੋਂ ਬਸੰਤ ਰਾਗੁ ਤਕ ਸੰਪੂਰਨ।

ਸੈਂਚੀ ਨੌਵੀਂ - ਸਾਰੰਗ ਰਾਗੁ ਤੋਂ ਜੈਜਾਵੰਤੀ ਰਾਗ ਤਕ ਸੰਪੂਰਨ।

ਦਸਵੀਂ ਪੋਥੀ - ਸਲੋਕ ਸਹਿਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਸਲੋਕ ਫਰੀਦ, ਸਵਈਏ ਵਾਰਾਂ ਤੋਂ ਵਧੀਕ, ਮਹਲਾ ੯ ਦੇ ਸਲੋਕ ਤੇ ਰਾਗ ਮਾਲਾ ਤਕ ਸੰਪੂਰਨ।

ਕੁਝ ਚੋਣਵੀਆਂ ਬਾਣੀਆਂ ਦੇ ਸਟੀਕ:-

੧. ***ਆਸਾ ਜੀ ਦੀ ਵਾਰ*** - ਛੱਕੇ, ਛੰਤਾਂ ਸਮੇਤ, ਨੌਂ ਧੁਨਾਂ ਸੱਤੇ ਬਲਵੰਡ ਦੀ ਵਾਰ ਸਮੇਤ।

੨. ***ਭਗਤ ਬਾਣੀ ਸਟੀਕ*** — ਭਾਗ ੧. ਸਿਰੀ ਰਾਗੁ ਤੋਂ ਗੌਂਡ ਰਾਗੁ ਤੱਕ।
ਭਾਗ ੨. ਰਾਮਕਲੀ ਤੋਂ ਚਉਬੋਲੇ ਤੱਕ।
ਭਾਗ ੩. ਸਲੋਕ ਕਬੀਰ ਜੀ ਤੋਂ ਰਾਗ ਮਾਲਾ ਤੱਕ ਸਾਖੀਆਂ ਉਥਾਨਕਾਵਾਂ ਪ੍ਰਮਾਣਾਂ ਦਾ ਵਿਸਥਾਰ ਪੂਰਬਕ ਟੀਕਾ।

੩. ***ਅਨੰਦ ਸਾਗਰ*** - ਅਰਥਾਤ ਅਨੰਦੁ ਸਾਹਿਬ, ਰਾਮਕਲੀ ਸਦੁ, ਸਹੰਸਰ ਨਾਮਾ-ਅਲਹ ਅਗਮ ਖੁਦਾਈ ਬੰਦੇ ਦਾ ਵਿਸਥਾਰ ਪੂਰਬਕ ਟੀਕਾ।

੪. ***ਜ਼ਫਰਨਾਮਹ ਸਟੀਕ*** - ਗੁਰੂ ਕਲਗੀਧਰ ਜੀ ਦੀ ਔਰੰਗਜ਼ੇਬ ਵੱਲ ਲਿਖੀ ਫਤਹ ਦੀ ਚਿੱਠੀ ਸਮੇਤ ਬਾਰ੍ਹਾਂ ਹਕਾਯਤਾਂ ਦਾ ਠੇਠ ਪੰਜਾਬੀ ਬੋਲੀ ਵਿਚ ਸੰਪ੍ਰਦਾਇਕ ਵਿਚਾਰ ਅਨੁਸਾਰ ਟੀਕਾ ਜੋ ਕਿ ***"ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥"*** ਦੇ ਮਹਾਂ ਵਾਕ ਅਨੁਸਾਰ ਹੈ।

੫. ***ਬਾਰਹਮਾਹ ਮਾਂਝ ਤੇ ਬਾਰਹਮਾਹ ਤੁਖਾਰੀ ਸਟੀਕ।***

੬. ***ਦਖਣੀ ਓਅੰਕਾਰ ਤੇ ਸਿਧ ਗੋਸਟਿ ਸਟੀਕ।***

- ਅੰਤ ਵਿਖੇ ਸਨਿੰਮ੍ਰ ਪ੍ਰਾਰਥਨਾ ਹੈ ਕਿ ਸਨਮਾਨ ਯੋਗ ਬ੍ਰਹਮ ਗਜਾਨੀ, ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਤਥਾ ਸ੍ਰੀ ਮਾਨ ਸੰਤ ਉਤਮ ਸਿੰਘ ਜੀ ਅਥਵਾ ਸ੍ਰੀ ਮਾਨ ਪਰਮ ਕ੍ਰਿਪਾਲੂ ਸੰਤ ਗਜਾਨੀ ਕ੍ਰਿਪਾਲ ਸਿੰਘ ਜੀ ਸੰਬੰਧੀ ਦਾਸ ਨੇ ਜੋ ਕੁਝ ਆਪਣੀ ਤੁਛ ਬੁੱਧੀ ਅਨੁਸਾਰ ਗੁਰਸਿੱਖ ਸੰਗਤਾਂ ਦੀ ਗਜਾਤ ਹਿੱਤ ਜੀਵਨੀਆਂ ਲਿਖੀਆਂ ਹਨ, ਇਸ ਵਿੱਚ ਅਨੇਕਾਂ ਹੀ ਤ੍ਰੁਟੀਆਂ ਹੋਣੀਆਂ ਸੰਭਵ ਹਨ, ਕਿਉਂਕਿ-

"ਸਾਧ ਕੀ ਮਹਿਮਾ ਬੇਦ ਨ ਜਾਨਹਿ॥" *[ਪੰਨਾ ੨੭੨]*

ਦੇ ਮਹਾਂਵਾਕ ਅਨੁਸਾਰ ਅਸੀਂ ਅਲਪੱਗ ਜੀਵ ਸੰਤਾਂ ਦੀ ਗਤਿ ਮਿਤਿ ਕੀ ਜਾਣ ਸਕਦੇ ਹਾਂ। ਪ੍ਰੰਤੂ ਮਹਾਂ ਪੁਰਖ ਸ੍ਰੀ ਮਾਨ ਸੰਤ ਗਜਾਨੀ ਕ੍ਰਿਪਾਲ ਸਿੰਘ ਜੀ ਪਾਸੋਂ ਕੁਝ ਵਿਦਜਾ ਪ੍ਰਾਪਤ ਹੋਈ ਹੈ, ਉਸ ਦੇ ਆਸਰੇ ਪਰ ਜੋ ਭੀ ਲਿਖਿਆ ਗਿਆ ਹੈ ਇਹ ਮੇਰੀ ਬੁੱਧੀ ਦੀ ਗੰਮਤਾ ਤੋਂ ਪਰੇਡੇ ਹੈ ਇਸ ਲਈ ਸੋ੍ਤਾਗਣਾ ਪਾਸ ਸੁਆਦਰ ਪ੍ਰਾਰਥਨਾ ਹੈ ਕਿ ਜੇ ਕਿਤੇ ਕੋਈ ਸਤਿਕਾਰ ਵਿਚ ਨਜ਼ੂਨਤਾ ਵਾਲੇ ਸ਼ਬਦ ਦ੍ਰਿਸ਼ਟੀ ਪੈਣ ਤਾਂ ਉਨ੍ਹਾਂ ਦੀ ਖਿਮਾਂ ਪ੍ਰਦਾਨ ਕਰ ਕੇ ਧੰਨਵਾਦੀ ਬਨਾਉਣ ਦੀ ਕਿਰਪਾ ਕਰਨੀ।

ਗੁਰੂ ਪੰਥ ਅਤੇ ਸਮੂਹ ਸੰਤਾਂ ਦਾ ਅਦਨਾ ਦਾਸ-

ਗਿਆਨੀ ਮੋਹਨ ਸਿੰਘ [ਆਜ਼ਾਦ]

''ਆਜ਼ਾਦ ਕੁਟੀਆ'' ਹੰਡਿਆਇਆ ਰੋਡ, ਬਰਨਾਲਾ

ਹਾਲ - ਗੁਰਦੁਆਰਾ ਕਰਮ ਸਰ, [ਰਾੜਾ ਸਾਹਿਬ] ਜ਼ਿਲ੍ਹਾ ਲੁਧਿਆਣਾ

ਸੂਚਨਾ

ਸੰਤ ਸੁਰੰਜੀਤ ਸਿੰਘ ਜੋ ਪਹਿਲਾਂ ਡੇਰਾ ਸ੍ਰੀ ਮਾਨ ੧੦੮ ਪਰਮ ਪੂਜਜ ਗਿਆਨੀ ਅਮੀਰ ਸਿੰਘ ਬਜ਼ਾਰ ਸਤੋਵਾਲਾ ਅੰਮ੍ਰਿਤਸਰ ਦਾ ਸੇਵਾਦਾਰ, ਅਤੇ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਦਾ ਚੇਲਾ ਸੀ, ਉਸਨੂੰ ਸੇਵਾ ਪੰਥੀ ਭੇਖ ਦੇ ਬਮੂਜਬ ਫੈਸਲਾ ਪ੍ਰਧਾਨ ਸਾਹਿਬ ਸ੍ਰੀ ਮਾਨ ੧੦੮ ਪੰਡਿਤ ਨਿਸਚਲ ਸਿੰਘ ਜੀ ਨੇ ਸੰਮਤ ੨੦੩੪ ਤੋਂ ਇਸ ਡੇਰੇ ਤੋਂ ਬਰਤਰਫ ਕਰ ਦਿੱਤਾ ਹੋਇਆ ਹੈ। ਸੰਤ ਸੁਰਜੀਤ ਸਿੰਘ ਦਾ ਉਪ੍ਰੋਕਤ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਦੇ ਡੇਰੇ ਅਤੇ ਸੰਤ ਕ੍ਰਿਪਾਲ ਸਿੰਘ ਜੀ ਨਾਲ ਕੋਈ ਤੁਅੱਲਕ ਵਾਸਤਾ ਨਹੀਂ ਰਿਹਾ ਹੋਇਆ।

ਦਾਸ ਬਲਬੀਰ ਸਿੰਘ ਸੇਵਾ ਪੰਥੀ

ਸੰਪ੍ਰਦਾਈ ਸ੍ਰੀ ਜਪੁਜੀ ਸਾਹਿਬ ਜੀ ਸਟੀਕ

ਸੰਬੰਧੀ

ਪ੍ਰਾਰੰਭਕ ਬਿਨਯ

ਦਸਮ ਪਿਤਾ ਜੀ ਦੇ ਸ੍ਰੀ ਮੁਖਵਾਕ ਤੋਂ ਉਚਾਰੇ ਹੋਏ ਗੁਰਬਾਣੀ ਦੇ ਗੂੜ੍ਹ ਅਰਥ ਸਿਧਾਂਤ ਇੰਨ ਬਿੰਨ ਸੀਨੇ ਬਸੀਨੇ ਚਲੇ ਆ ਰਹੇ ਮਹਾਨ ਬਜ਼ੁਰਗਾਂ ਰਾਹੀਂ ਪ੍ਰਾਪਤ ਕਰਕੇ ਅੱਜ ਸ੍ਰੀ ਮਾਨ ਸੰਤ ਗਜਾਨੀ ਕ੍ਰਿਪਾਲ ਸਿੰਘ ਜੀ ਪ੍ਰਤੱਖ ਦਰਸ਼ਨ ਦੇਂਦੇ ਹੋਏ ਆਪਣੀ ਪਵਿੱਤ੍ਰ ਰਸਨਾ ਦ੍ਵਾਰਾ ਗੁਰਸਿੱਖ ਸੰਗਤਾਂ ਨੂੰ ਉਸ ਦੀ ਪੂਰੀ ਪੂਰੀ ਸੂਝ ਬੂਝ ਦੇ ਕੇ ਨਿਹਾਲ ਕਰ ਰਹੇ ਹਨ, ਅਤੇ ਇਹ ਖ਼ਾਸ ਕਿਰਪਾ ਕੀਤੀ ਹੈ ਜੋ ਗੁਹਝ ਭਾਵਾਂ ਨੂੰ ਨਿਰਾ ਸੀਨੇ ਬਸੀਨੇ ਵਿਚ ਹੀ ਸੰਪੁਟ ਨਹੀਂ ਰਹਿਣ ਦਿੱਤਾ, ਸਗੋਂ 'ਸੰਪ੍ਰਦਾਈ ਸ੍ਰੀ ਜਪੁਜੀ ਸਾਹਿਬ ਸਟੀਕ' ਦੇ ਨਾਮ ਹੇਠਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਸੈਂਚੀ ਛਾਪ ਕੇ ਹਰ ਦੂਰ ਨੇੜੇ ਬੈਠੇ ਗੁਰਮੁਖ ਪਿਆਰਿਆਂ ਤੇ ਸਿਧਾਂਤ ਖੋਜੀਆਂ ਨੂੰ ਅਰਥ ਸਿਧਾਂਤ ਦੀ ਸੁਖੈਨ ਪ੍ਰਾਪਤੀ ਦਾ ਸਰਲ ਸਾਧਨ ਬਣਾ ਦਿੱਤਾ ਹੈ।

ਇਸ ਸ੍ਰੀ ਜਪੁਜੀ ਸਾਹਿਬ ਸਟੀਕ ਵਿਖੇ ਉਹ ਗੂੜ੍ਹ ਗਜਾਨ ਸਭ ਕੁਝ ਸੰਖੇਪ ਤੇ ਵਿਸਥਾਰ ਪ੍ਰਗਟ ਕਰ ਦਿੱਤੇ ਗਏ ਹਨ, ਜੋ ਕਿਸੇ ਹੋਰ ਟੀਕੇ ਵਿਚੋਂ ਪ੍ਰਾਪਤ ਹੋਣੇ ਅਸੰਭਵ ਹਨ।

ਇਸ ਟੀਕੇ ਸੰਬੰਧੀ ਵਧੇਰੇ ਕੁਝ ਨਾ ਆਖਦੇ ਹੋਇਆਂ ਸਿਰਫ਼ ਇਤਨਾ ਹੀ ਆਖ ਦੇਣਾ ਅਜੋਗ ਨਹੀਂ ਹੋਵੇਗਾ ਕਿ ਇਹ ਟੀਕਾ-

''ਸ੍ਰੀ ਦਸਮ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਅਰਥਾਂ ਦਾ ਮਾਨੋਂ ਟੇਪ ਰੀਕਾਰਡ ਹੈ।''

ਪੂਰਨ ਆਸ ਹੈ ਕਿ ਸ੍ਰੀ ਕਲਗੀਧਰ ਜੀ ਮਹਾਰਾਜ ਆਪਣੀ ਕਿਰਪਾ ਕਟਾਖਜ ਦ੍ਵਾਰਾ ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ ਪ੍ਰਤਿ ਵਿਸ਼ੇਸ਼ ਆਤਮਕ ਵਿਦਜਾ ਦਾ ਬਲ ਪ੍ਰਦਾਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਕਰਵਾ ਦੇਣ ਦੀ ਕ੍ਰਿਪਾਲਤਾ ਕਰਨਗੇ, ਜਿਸ ਨਾਲ ਗੁਰਸਿੱਖ ਸੰਗਤਾਂ ਨੂੰ ਨਿਰਾ ਅਰਥ ਗਜਾਨ ਦਾ ਲਾਭ ਹੀ ਨਹੀਂ, ਸਗੋਂ ਸ੍ਰੀ ਮੁਖਵਾਕ ਅਰਥਾਂ ਦੀ ਪ੍ਰਾਪਤੀ ਹੋ ਜਾਵੇਗੀ।

ਗੁਰੂਬਾਣੀ ਵਿਦਜਾ ਦਾਤੇ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਦੇ

ਚਰਨ-ਕਮਲ ਮਕਰੰਦ ਦਾ ਭਿਖਸ਼ੂ-

ਗਜਾਨੀ ਮਹਿੰਦਰ ਸਿੰਘ 'ਰਤਨ'

ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ॥

ਸੰਪ੍ਰਦਾਈ

ਸ੍ਰੀ ਜਪੁਜੀ ਸਾਹਿਬ ਸਟੀਕ

ਕ੍ਰਿਤ-ਸ੍ਰੀ ਮਾਨ, ਮਾਨਯੋਗ, ਵਿਦਜਾ ਮਾਰਤੰਡ

ਬ੍ਰਹਮ ਗਜਾਨੀ ਸੰਤ ਅਮੀਰ ਸਿੰਘ ਜੀ ਦੇ

ਪਰਮ ਸ਼ਿਸ਼

ਸ੍ਰੀ ਮਾਨ, ਵਿਦਜਾ ਭੂਸ਼ਨ, ਗਜਾਨੀ ਕ੍ਰਿਪਾਲ ਸਿੰਘ ਜੀ

ਬਜ਼ਾਰ ਸਤੋਵਾਲਾ, ਸ੍ਰੀ ਅੰਮ੍ਰਿਤਸਰ।

ਮੰਗਲ

ਸਲੋਕ॥ "ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥" ॥ ੧॥

[ਬਾਵਨ ਅਖਰੀ, ਪੰਨਾ ੨੫੬]

"ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥
ਸੁਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥ ੧॥" ॥ ੨॥

[ਸੁਖਮਨੀ ਸਾਹਿਬ, ਪੰਨਾ ੨੬੨]

ਸ੍ਰੀ ਗੁਰੂ ਨਾਨਕ ਦੇਵ ਜੀ

ਦੋਹਰਾ—ਸ੍ਰੀ ਨਾਨਕ ਪੁਰੁਸ਼ੋਤਮੰ, ਪਰਮ ਪਰਾਵਰ ਨਾਥ॥
ਯੁਗਲ ਚਰਨ ਮਮ ਬੰਦਨਾ, ਧਰ ਪਰ ਧਰਿ ਕਰਿ ਮਾਥ॥ ੩॥
ਦੋਹਰਾ—ਸ੍ਰੀ ਨਾਨਕ ਸੁਖ ਸਿੰਧੁ ਕੌ, ਹਾਥ ਜੋਰਿ ਪਰਨਾਮ॥
ਜਿਸ ਕਰੁਨਾ ਤੇ ਵਡ ਅਘੀ, ਪਾਵਹਿੰ ਗਤਿ ਬਿਸਰਾਮ॥ ੪॥

[ਨਾਨਕ ਪ੍ਰਕਾਸ਼ ਅਧਿਆਇ ੧੪]

ਸ੍ਰੀ ਗੁਰੂ ਅੰਗਦ ਦੇਵ ਜੀ

ਦੋਹਰਾ—ਸ੍ਰੀ ਅੰਗਦ ਕੰਦਨ ਬਿਘਨ,ਬਦਨ ਸੁ ਮੰਗਲ ਸਾਲ॥
ਪਰਨ ਸ਼ਰਨ ਕਰ ਚਰਨ ਕੋ, ਨਮਸਕਾਰ ਧਰਿ ਭਾਲ॥ ੫॥

[ਨਾਨਕ ਪ੍ਰਕਾਸ਼ ਅਧਿ: ੧]

ਸ੍ਰੀ ਗੁਰੂ ਅਮਰਦਾਸ ਜੀ

"ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ ਧਿਆਨ ਗਿਆਨੁ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁੋ ਗਾਵੈ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥" ੬॥

[ਪੰਨਾ ੧੩੯੬]

ਸ੍ਰੀ ਗੁਰੂ ਰਾਮਦਾਸ ਜੀ

ਦੋਹਰਾ — ਰਾਮਦਾਸ ਸੁਖਰਾਸ ਪ੍ਰਭੁ, ਸੇਵਕ ਤ੍ਰਾਸ ਬਿਦਾਰ॥
ਪਗ ਪਰ ਮੁਰ ਪਰਣਾਮ ਹੈ, ਪਰਨਾ ਸ਼ਰਨ ਵਿਚਾਰ॥ ੭॥

[ਨਾਨਕ ਪ੍ਰਕਾਸ਼ ਅਧਿ: ੧]

"ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥
ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥
ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥
ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ॥
ਸੋਈ ਰਾਮਦਾਸੁ ਗੁਰੁ ਬਲ੍ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥
ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥ ੮॥

[ਪੰਨਾ ੧੪੦੫]

"ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥ ੯॥

[ਪੰਨਾ ੧੪੦੬]

ਸ੍ਰੀ ਗੁਰੂ ਅਰਜਨ ਦੇਵ ਜੀ

ਦੋਹਰਾ — ਸ੍ਰੀ ਅਰਜਨ ਸ਼ੋਤਾ ਅਰਜ਼, ਸਿਰਜਨ ਆਰਜਤਾਯ॥
ਲਰਜ਼ਤਿ ਜਮ ਜਿਨ ਨਾਮ ਤੇ, ਬੰਦੌਂ ਤਿਨ ਜੁਗ ਪਾਯ॥ ੧੦॥

[ਨਾਨਕ ਪ੍ਰਕਾਸ਼, ਅਧਿ: ੧]

"ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯੋ ਏਕ ਘਰੀ॥
ਮਥੁਰਾ ਜਨ ਕੌ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟੁ ਨਿਹਾਲੁ ਕਰੀ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥" ੧੧॥

[ਪੰਨਾ ੧੪੦੮]

"ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥ ੧੨॥"
"ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪ੍ਯੋ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ ੧੩॥"

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਦੋਹਰਾ—ਸ੍ਰੀ ਗੁਰੂ ਹਰਿਗੋਵਿੰਦ ਬਰ, ਸਨੱਧਬੱਧ ਧਰਿ ਧਜਾਨ॥
ਬੰਦ ਦੋਊ ਕਰ ਬੰਦਨਾ, ਸੁੰਦਰ ਦੁਤਿ ਮਦਨਾਨ॥ ੧੪॥

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਦੋਹਰਾ—ਸ੍ਰੀ ਸਤਿਗੁਰ ਹਰਿਰਾਇ ਕੇ, ਨਾਇ ਧਜਾਇ ਅਘ ਜਾਇ॥
ਕਰਿ ਪਦ ਪਰ ਪਰਣਾਮ ਕੌ, ਜਿਹ ਤੇ ਨਿਧਿ ਸਿਧਿ ਆਇ॥ ੧੫॥

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਦੋਹਰਾ—ਦਰਸ਼ਨ ਸ੍ਰੀ ਹਰਿਕ੍ਰਿਸ਼ਨ ਕੌ, ਨਿਪੁੰਨ ਹਰਨ ਜੁਰ ਤੀਨ॥
ਚਰਨ ਮਨੋਹਰ ਬੰਦਨਾ, ਜਿਨ ਸਿੱਖਨ ਸੁਖ ਕੀਨ॥ ੧੬॥

ਸ੍ਰੀ ਗੁਰੂ ਤੇਗ ਬਹਾਦਰ ਜੀ

ਦੋਹਰਾ—ਤੇਗ ਬਹਾਦਰ ਧਰਮ ਧੁਜ, ਹਰਤਾ ਜੁਰਕਨ ਮੂਲ॥
ਚਰਨ ਸ਼ਰਨਿ ਤਾਰਨ ਤਰਨ, ਨਮੋ ਹੋਇ ਅਨਕੂਲ॥ ੧੭॥

[ਨਾਨਕ ਪ੍ਰ: ਅਧਿ: ੧]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਦੋਹਰਾ—ਜਗ ਕਰਤਾ ਹਰਤਾ ਪ੍ਰਭੂ, ਸ਼ਾਹਿਨ ਸ਼ਾਹ ਨਰਿੰਦ॥
ਪਾਦ ਪਦਮ ਤੇ ਬੰਦਨਾ, ਸ੍ਰੀ ਗੁਰੂ ਗੋਬਿੰਦ ਸਿੰਘ॥ ੧੮॥

ਕਬਿੱਤ—ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚੀਲਤਾ ਕਿਤਾਬਨ ਕੁਰਾਨ ਕੀ॥
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,
ਬਰਨ ਗਰੱਕ ਜਾਤੇ, ਸਹਿਤ ਬਿਧਾਨ ਕੀ॥
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,
ਰੀਤਿ ਮਿਟ ਜਾਤੀ ਕਥਾ ਬੇਦਨਿ ਪੁਰਾਨ ਕੀ॥
ਸ੍ਰੀ ਗੁਰੂ ਗੁਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤਿ ਨ ਹੋਤੀ ਜਉ ਪੈ ਕਰੁਣਾ ਨਿਧਾਨ ਕੀ॥ ੧੯॥

[ਗੁਰ ਪ੍ਰਤਾਪ ਸੂਰਜ, ਰੁਤ ੫ ਅੰਸੂ ੫੨]

ਦੋਹਰਾ—ਸ੍ਰੀ ਗੁਰੂ ਨਾਨਕ ਦਸਮ ਗੁਰ, ਮੱਧ ਗੁਰੂ ਹੈ ਜੋਇ॥
ਤਿਨ ਚਰਨਨ ਮਮ ਬੰਦਨਾ, ਕਰਹੁ ਹਮਾਰੀ ਸੋਇ॥ ੨੦॥

ਦਸੋਂ ਪਾਤਿਸਾਹੀਆਂ

ਛਪਯ—ਸ੍ਰੀ ਗੁਰੂ ਨਾਨਕ ਗੁਰੂ ਅੰਗਦ ਗੁਰ ਅਮਰ ਦਾਸ, ਗੁਰੂ ਰਾਮਦਾਸੁ ਗੁਰੂ ਅਰਜਨੁ ਧਾਰਿਓ।
ਗੁਰੂ ਹਰਿ ਗੋਬਿੰਦ ਗੁਰੂ ਹਰਿ ਰਾਇ, ਗੁਰੂ ਹਰਿ ਕ੍ਰਿਸ਼ਨ ਬਿਚਾਰਿਓ।
ਗੁਰੂ ਤੇਗ ਬਹਾਦਰ ਭਇਓ, ਨਾਮ ਦ੍ਰਿੜ੍ਹ ਇਕ ਮਨ ਕੀਨੋ।
ਸ਼ਬਦ ਗੁਰੂ ਉਪਦੇਸ਼, ਦਾਨ ਸੰਗਤ ਕੋ ਦੀਨੋ।
ਕਲਾ ਧਾਰ ਭਏ ਸ੍ਰੀ ਗੁਰੂ ਗੋਬਿੰਦ ਸਿੰਘ, ਅਮਰ ਭਈ ਜੁਗ ਜੁਗ ਸਿੱਖੀ।
ਜੈਕਾਰ ਭਇਆ ਤਿਹੁ ਲੋਕ ਮੈ, ਇਹ ਬਿਰਦ ਕੀ ਪੈਜ ਸਤਿਗੁਰ ਰੱਖੀ॥ ੨੧॥

ਦੋਹਰਾ—ਏਕ ਜੋਤ ਦਸ ਰੂਪ ਗੁਰ, ਜਿਨ ਤੇ ਤਰਿਓ ਜਹਾਨ।
ਸਭ ਕੇ ਪਦ ਅਰਬਿੰਦ ਕੋ, ਸਦਾ ਬੰਦਨਾ ਠਾਨ॥ ੨੨॥
ਦਸੋਂ ਪਾਤਿਸ਼ਾਹੀ ਗੁਰੂ, ਧਰਿਓ ਜਗਤ ਅਵਤਾਰ।
ਪ੍ਰਿਥਕ ਪ੍ਰਿਥਕ ਮੁਰ ਬੰਦਨਾ, ਸਿਰ ਚਰਨਨ ਪਰ ਧਾਰ॥ ੨੩॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੋਹਰਾ—ਸ੍ਰੀ ਗੁਰੂ ਗ੍ਰੰਥ ਸਾਹਿਬ ਉਦਿਧ, ਮਾਨਿਕ ਮਨਨ ਵੈਰਾਗੁ॥
ਰਤਨ ਜਵਾਹਰ ਗਿਆਨ ਹੈ, ਬੰਦੌਂ ਕਰ ਅਨੁਰਾਗੁ॥ ੨੪॥
ਜਿਸ ਮਾਂਹਿ ਅੰਮ੍ਰਿਤੁ ਗਜਾਨ ਹੈ, ਮਾਣਿਕ ਭਗਤਿ ਵਿਰਾਗ॥
ਗੁਰੂ ਗ੍ਰੰਥ ਸਾਹਿਬ ਉਦਧਿ, ਬੰਦੌਂ ਕਰਿ ਅਨੁਰਾਗ॥ ੨੫॥

[ਨਾਨਕ ਪ੍ਰਕਾਸ਼, ਪੂਰਬਾਰਧ ਅਧਿ: ੫੯]

ਪਾਵਨ ਭੂਸ਼ਨ

ਚੌਪਈ—ਸ੍ਰੀ ਗੁਰੂ ਨਾਨਕ ਮਾਨਕ ਰੂਪ॥ ਗੁਰ ਅੰਗਦ ਮੋਤੀ ਆਨੂਪ॥
ਅਮਰ ਗੁਰੂ ਮਣੀਆਂ ਕੀ ਥਾਇ॥ ਰਾਮਦਾਸ ਗੁਰ ਹੀਰੇ ਪਾਇ॥
ਗੁਰੁ ਅਰਜਨ ਸਵਜੇ ਕੀ ਜਾਇ॥ ਹਰਿਗੁਬਿੰਦ ਗੁਰ ਲਾਲ ਬਨਾਇ॥
ਹਰੀ ਰਾਇ ਸਤਿਗੁਰੂ ਕਪੂਰ॥ ਹਰੀ ਕ੍ਰਿਸ਼ਨ ਵਿਚ ਚਮਕੇ ਨੂਰ॥
ਤੇਗ ਬਹਾਦੁਰ ਸੂਤ ਸੁਧਾਰ॥ ਕਲਗੀਧਰ ਸੁ ਮੇਰੁ ਸਵਾਰ॥
ਐਸੀ ਮਾਲਾ ਪਹਿਰੇ ਪ੍ਰਾਣੀ॥ ਬਹੁਰ ਨ ਹੋਵੈ ਆਵਣ ਜਾਣੀ॥
ਗੁਰੂ ਗ੍ਰੰਥ ਕੌ ਹਿਰਦੇ ਧਾਰ॥ ਅਮੀਰ ਕਹੈ ਜਿਸ ਕੌ ਅਲੰਕਾਰ॥ ੨੬॥

ਵਿਦਜਾ ਦਾਤੇ ਦਾ ਮੰਗਲ

ਦੋਹਰਾ—ਪ੍ਰਿਥਮੇਂ ਉਚਰ ਅਮੀਰ ਪਦ, ਅੰਤ ਸਿੰਘ ਪਦ ਦੇਇ।
ਤਿਨ ਚਰਨਨ ਮਮ ਬੰਦਨਾ, ਬਿਨੈ ਹਮਾਰੀ ਲੇਇ॥ ੨੭॥
ਧਰੀਏ ਆਦਿ ਅਕਾਰ ਪਦ, ਔ ਮਕਾਰ ਅਚ ਹੀਨ।
ਪੁਨ ਈਕਾਰ ਰਕਾਰ ਧਰ, ਅਚ ਹੀਨੰ ਯੁਤ ਕੀਨ॥ ੨੮॥
ਅੰਤ ਸਿੰਘ ਪਦ ਜੋੜ ਕੇ, ਸ੍ਰੀ "ਅਮੀਰ ਸਿੰਘ" ਜਾਨ।
ਆਗੇ ਅਰਥ ਬਖਾਨ ਹੌਂ, ਸੁਣੋ ਸਜਨ ਧਰ ਧਿਆਨ॥ ੨੯॥

ਕਬਿੱਤ—ਆਦ ਜੋ ਅਕਾਰ ਸੋ ਤੋ ਵਾਚਕ ਹੈ ਵਿਸ਼ਨ ਦੇਵ,
ਦੇਵ ਦੇਵ ਵਾਚਕ ਮਕਾਰ ਪਦ ਜਾਨੀਏ।
ਈਰ ਪਦ ਸੁਰਸਤੀ ਰਖਜਕ ਬ੍ਰਹਮਦੇਵ,
ਬ੍ਰਿਤੀ ਮਾਹਿ ਨਾਸਕ ਅਗਿਆਨ ਸਿੰਘ ਭਾਨੀਏ।

ਸ੍ਰਗੁਣ ਨਿ੍ਰਗੁਣ ਚਿਦ ਰੂਪ ਜੋ ਅਮੀਰ ਹਰੀ,
ਸੋਈ ਮਮ ਸਤਿਗੁਰੂ ਪ੍ਰਗਟ ਮਹਾਨੀਏ।
ਹੋਹਿ ਕ੍ਰਿਪਾਲ ਕਿਰਪਾਲ ਕਿਰਪਾਲ ਪਰ,
ਨਮੋ ਨਮੋ ਨਮੋ ਚਰਨਾਰਬਿੰਦ ਠਾਨੀਏ॥ ੩੦॥

ਦੋਹਰਾ—ਨਮੋ ਨਮੋ ਪੁਨ ਪੁਨ ਨਮਹਿ, ਸ੍ਰੀ ਸਤਿਗੁਰ ਕੇ ਚਰਨ।
ਸ੍ਰਿਸ਼ਟ ਪਦ ਆਦ ਉਚਾਰ ਕੈ, ਅੰਤ ਸਾਰਿੰਗ ਅਰਿ ਧਰਨ॥ ੩੧॥

ਸਲੋਕੁ—"ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥" ੩੨॥

[ਸੁਖਮਨੀ ਸਾਹਿਬ, ਪੰਨਾ ੨੯੩]

ਸਲੋਕੁ—"ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥" ੩੩॥

[ਸੁਖਮਨੀ ਸਾਹਿਬ, ਪੰਨਾ ੨੯੯]

ਪ੍ਰਾਰਥਨਾ

ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਾਜੀ ਨਿਵਾਜ਼ੀ ਸਾਧ ਸੰਗਤ ਜੀਓ! ਆਪਣੀਆਂ ਰਸਨਾਂ ਨੂੰ ਪਵਿੱਤ੍ਰ ਕਰਦੇ ਹੋਏ ਗੱਜ ਕੇ ਆਖੋ, "ਸਤਿਨਾਮੁ ਸ੍ਰੀ ਵਾਹਿਗੁਰੂ!" ਇਸ ਸੰਪ੍ਰਦਾਇ ਦੇ ਮੋਰ ਮੁਕਟ ਅਤੇ ਅਧਿਸ਼ਠਾਤਾ ਜੋ ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਹਨ, ਤਿਨ੍ਹਾਂ ਤੋਂ ਪਰੰਪਰਾ ਰੀਤੀ ਸੇ ਵਰੋਸਾਇ ਹੋਏ ਸ੍ਰੀ ਮਾਨ ੧੦੮ ਬ੍ਰਹਮ ਗਜਾਨੀ ਸੰਤ ਭਾਈ ਅਮੀਰ ਸਿੰਘ ਜੀ ਹੋਏ ਹਨ। ਤਿਨ੍ਹਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਮਹਾਨ ਪਵਿੱਤ੍ਰ ਕਥਾ [ਸੰਥਾ] ਦਾਸ [ਕ੍ਰਿਪਾਲ ਸਿੰਘ] ਨੇ ਜਿਸ ਤਰ੍ਹਾਂ ਸ੍ਰਵਣ ਕੀਤੀ ਹੈ; ਓਸੇ ਤਰ੍ਹਾਂ ਸਾਰੀ ਸਾਧ ਸੰਗਤ ਜੀ ਦੀ ਦ੍ਰਿਸ਼ਟੀ ਗੋਚਰ ਕਰਦਾ ਹਾਂ।

ੴ ਸਤਿਗੁਰ ਪ੍ਰਸਾਦਿ॥

ਪਹਿਲੀ ਉਥਾਨਕਾ

ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਨ, ਨਿਓਟਿਆਂ ਦੀ ਓਟ, ਸ੍ਰੀ ਦਸਮੇਸ਼ ਪਿਤਾ ਕਲਗੀਧਰ ਜੀ ਨੇ ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਅਰਥਾਂ ਸਮੇਤ ਸੁਣਾਈ ਹੈ, ਹੁਣ ਉਹ ਸਾਖੀ ਸ੍ਰਵਣ ਕਰੋ-

ਨੈਣਾ ਦੇਵੀ ਦਾ ਜੋ ਪਹਾੜ ਹੈ, ਤਿਸ ਦੇ ਹੇਠਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਸਤਲੁਜ ਦੇ ਕਿਨਾਰੇ *ਆਨੰਦ ਪੁਰ ਸਾਹਿਬ ਵਿਚ ਬਿਰਾਜਮਾਨ ਸਨ। ਫੱਗਣ ਦੇ ਮਹੀਨੇ ਹੋਲੇ ਮਹੱਲੇ ਦੇ ਪੁਰਬ ਦੀ ਖੁਸ਼ੀ ਵਿਚ ਬੜੀਆਂ ਸੰਗਤਾਂ ਦੇਸ਼ਾਂ ਦਿਸ਼ਾਂਤਰਾਂ ਤੋਂ ਆਣਕੇ ਇਕੱਠੀਆਂ ਹੋਈਆਂ। ਦਸਮੇਸ਼ ਪਿਤਾ ਜੀ ਦੀ ਆਗਿਆ ਅਨੁਸਾਰ ਉਸ ਵੇਲੇ ਸ਼ਰਧਾਲੂ ਸਿੱਖ [ਬਾਵਨ ਅੱਖਰੀ, ਸੁਖਮਨੀ ਸਾਹਿਬ, ਵੱਡਾ ਅਨੰਦ ਸਾਹਿਬ, ਦੱਖਣੀ ਓਅੰਕਾਰ, ਸਿੱਧ ਗੋਸਟਿ] ਇਨ੍ਹਾਂ ਪੰਜ ਬਾਣੀਆਂ ਦਾ ਨਿਤਨੇਮ ਨਾਲ ਪਾਠ ਕਰਦੇ ਹੁੰਦੇ ਸਨ+।

ਜਪੁਜੀ, ਰਹਰਾਸਿ, ਕੀਰਤਨ ਸੋਹਿਲਾ, ਇਹ ਤਿੰਨ ਸੰਧਿਆ ਕਹੀਆਂ ਹਨ; ਇਨ੍ਹਾਂ ਤਿੰਨ ਬਾਣੀਆਂ ਦੇ ਪਾਠ ਕੀਤੇ ਬਿਨਾਂ ਜੋ ਖਾਣਾ ਪੀਣਾ ਹੈ ਉਹ ਕੀੜਿਆਂ ਦਾ ਖਾਣਾ ਹੈ।

ਇਕ ਪ੍ਰੇਮੀ ਸਿੱਖ ਨੇ ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਉੱਠ ਕੇ ਸੋਚ-ਇਸ਼ਨਾਨ ਆਦਿ ਕਰਕੇ ਬੜੀ ਪਵਿੱਤ੍ਰਤਾ ਨਾਲ ਆਸਣ ਤੇ ਬੈਠਕੇ 'ਦੱਖਣੀ ਓਅੰਕਾਰ' ਦਾ ਪਾਠ ਸ਼ੁਰੂ ਕਰ ਦਿੱਤਾ। ਉਸ ਸਿੱਖ ਦੇ ਪਾਠ ਦੀ ਆਵਾਜ਼ ਕਲਗੀਧਰ ਪਿਤਾ ਜੀ ਨੂੰ ਚੰਗੀ ਤਰ੍ਹਾਂ ਸੁਣਾਈ ਦੇ ਰਹੀ ਸੀ। ਪਾਠ ਕਰਦਿਆਂ ਕਰਦਿਆਂ ਜਦ ਉਸ ਨੇ ਤੀਜੀ ਪਉੜੀ ਸ਼ੁਰੂ ਕੀਤੀ-

"ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ॥
ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ॥

---

*ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੰਮਤ ੧੭੨੧ ਵਿਚ ਮਾਖੋਵਾਲ ਪਿੰਡ ਦੀ ਧਰਤੀ ਖਰੀਦ ਕੇ ਇਹ ਸ੍ਰੀ ਆਨੰਦ ਪੁਰ ਸਾਹਿਬ ਬੜਾ ਸੋਹਣਾ ਨਗਰ ਆਬਾਦ ਕੀਤਾ, ਜੋ ਜ਼ਿਲ੍ਹਾ ਹੁਸ਼ਿਆਰਪੁਰ ਊਨਾ ਤਹਸੀਲ ਵਿਚ ਹੈ। 'ਖਾਲਸੇ ਦੀ ਵਾਸੀ' ਕਰਕੇ ਇਹ ਨਗਰ ਪ੍ਰਸਿੱਧ ਹੈ।

+ਪਰ ਅੱਜ ਕਲ੍ਹ ਸਿੱਖਾਂ ਨੇ ਪਹਿਲੀਆਂ ਪੰਜ ਬਾਣੀਆਂ ਦਾ ਪਾਠ ਕਰਨਾ ਔਖਾ ਸਮਝ ਕੇ ਛਡ ਦਿੱਤਾ ਹੈ ਤੇ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਵੇਲੇ ਜੋ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ, ਉਹ ਪੰਜ ਬਾਣੀਆਂ ਪਰਵਾਨ ਕਰ ਲਈਆਂ ਹਨ। ਜਪੁਜੀ ਸਾਹਿਬ,ਜਾਪੁ ਸਾਹਿਬ, ਅੰਮ੍ਰਿਤ ਸਵੱਯੇ, ਚੌਪਈ ਤੇ ਅਨੰਦ ਸਾਹਿਬ ਦੀਆਂ ਚਾਲੀ ਪਉੜੀਆਂ।

ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ॥
ਕਰਤੇ ਕੀ ਮਿਤਿ ਕਰਤਾ ਜਾਣੈ 'ਕੈ' ਜਾਣੈ ਗੁਰੁ ਸੂਰਾ॥''

ਦੀ ਜਗ੍ਹਾ ''ਕੇ ਜਾਣੈ ਗੁਰੁ ਸੂਰਾ॥'' ਪੜ੍ਹਿਆ।

[ਦਖਣੀ ਓਅੰਕਾਰੁ, ਪੰਨਾ ੯੩੦]

ਤਾਂ ਦਸਮੇਸ਼ ਪਿਤਾ ਜੀ ਨੇ ਉੱਚੀ ਆਵਾਜ਼ ਦੇ ਕੇ ਆਖਿਆ, ''ਹੇ ਪ੍ਰੇਮੀ ਸਿੱਖਾ! ਬਾਣੀ ਦਾ ਪਾਠ ਸ਼ੁੱਧ ਕਰ।'' ਤਿੰਨ ਵੇਰ ਆਖਣ ਪਰ ਭੀ ਸਿੱਖ ਨੇ ਸੁਣਿਆ ਨਹੀਂ ਜਾਂ ਅਰਥ ਦੀ ਨਾ ਸਮਝ ਹੋਣ ਕਰਕੇ ਸਿੱਖ ਉਸੇ ਤਰ੍ਹਾਂ ਪਾਠ ਕਰਦਾ ਅੱਗੇ ਲੰਘ ਗਿਆ।

ਦਸਮੇਸ਼ ਪਿਤਾ ਜੀ ਨੇ ਆਪਣੇ ਪਾਸੋਂ ਇਕ ਸਿੱਖ ਨੂੰ ਭੇਜਿਆ- 'ਤੂੰ ਜਾ ਕੇ ਬਾਣੀ ਪੜ੍ਹਨ ਵਾਲੇ ਸਿੱਖ ਨੂੰ ਸਮਝਾ, ਬਾਣੀ ਦਾ ਪਾਠ ਸ਼ੁੱਧ ਕਰੇ।' ਉਸ ਸਿੱਖ ਨੇ ਆਉਂਦਿਆਂ ਹੀ, ਬਾਣੀ ਪੜ੍ਹਨ ਵਾਲੇ ਨੂੰ ਇਕ ਨਹੀਂ, ਦੋ ਨਹੀਂ, ਚਾਰ ਪੰਜ ਚਪੇੜਾਂ ਮਾਰ ਕੇ ਕਿਹਾ, ''ਤੂੰ ਪਾਠ ਸ਼ੁੱਧ ਕਿਉਂ ਨਹੀਂ ਕਰਦਾ?'' ਪਾਠ ਕਰਨ ਵਾਲੇ ਸਿੱਖ ਨੇ ਚੁਪ ਕਰਕੇ ਸਹਾਰ ਲੀਤੀਆਂ। ਉਸ ਵੇਲੇ ਤਾਂ ਕੁਝ ਨਾ ਕਿਹਾ ਤੇ ਪਾਠ ਪੂਰਾ ਕਰਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਨਣ ਵਾਸਤੇ ਦੀਵਾਨ ਵਿਚ ਆ ਕੇ ਬੈਠ ਗਿਆ ਪਰ ਕੀਰਤਨ ਕਿਥੋਂ ਸੁਣਿਆ ਜਾਏ, ਉਹ ਤਾਂ ਕਈ ਤਰ੍ਹਾਂ ਦੀਆਂ ਗਿਣਤੀਆਂ ਤੇ ਦਲੀਲਾਂ ਉਸਾਰਦਾ ਤੇ ਢਾਹੁੰਦਾ ਰਿਹਾ।

ਭੋਗ ਪੈਂਦਿਆਂ ਹੀ ਸਾਰੀ ਸੰਗਤ ਵਿਚ ਖਲੋ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਹੇ ਗਰੀਬ ਨਿਵਾਜ਼! ਸਭ ਤੋਂ ਵੱਡੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦੇ ਮੁਤੱਲਕ ਪੰਚਮ ਪਿਤਾ ਜੀ ਨੇ ਲਿਖਿਆ ਹੈ-

੧. *ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥*
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ ੪॥

[ਪੰਨਾ ੭੫੦]

੨. *ਜੈ ਡਿਠੈ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ॥*
ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ॥ ੭॥

[ਪੰਨਾ ੭੬੧]

ਉਨ੍ਹਾਂ ਦੀ ਪਵਿੱਤ੍ਰ ਬਾਣੀ ਦਾ ਪਾਠ ਕਰਦਿਆਂ ਹੋਇਆਂ ਫਲਾਣੇ ਸਿੱਖ ਨੇ ਮੈਨੂੰ ਬੇਗੁਨਾਹ ਚਪੇੜਾਂ ਮਾਰੀਆਂ ਹਨ, ਇਸ ਨੇ ਗੁਰਬਾਣੀ ਦੀ ਬੇਅਦਬੀ ਕੀਤੀ ਹੈ, ਇਹ ਦੰਡ ਦੇ ਲਾਇਕ ਹੈ।

ਦਸਮੇਸ਼ ਪਿਤਾ ਜੀ ਨੇ ਆਖਿਆ-ਹੇ ਸਿੱਖਾ! ਜਿਹੜੀਆਂ ਚਪੇੜਾਂ ਤੂੰ ਸਾਨੂੰ ਮਾਰੀਆਂ ਹਨ ਉਸ ਦੀ ਦਰਦ ਹੁਣ ਤੱਕ ਹੋ ਰਹੀ ਹੈ, ਹੋਰ ਕੀ ਕਹਿਣਾ ਹੈ ਤੂੰ ਤਾਂ ਸਾਡਾ ਇਕ ਅੰਗ ਭੰਗ ਕਰ ਦਿੱਤਾ ਹੈ।

ਇਹ ਗੱਲ ਸੁਣਦਿਆਂ ਹੀ ਉਸ ਦੇ ਸਰੀਰ ਵਿਚ ਘਬਰਾਹਟ ਦੀ ਝਰਨਾਟ ਛਿੜ ਪਈ, ਰੋਮਾਂਚ ਖੜੇ ਹੋ ਗਏ ''ਸਤਿਨਾਮੁ ਵਾਹਿਗੁਰੂ'' ਆਖਦਾ ਹੋਇਆ ਦਿਲ ਨੂੰ ਕੁਝ ਕੁ ਸਹਾਰਾ ਦੇ ਕੇ ਬੇਨਤੀ ਕੀਤੀ-ਹੇ ਗਰੀਬ ਨਿਵਾਜ਼! ਮੈਂ ਨਾਚੀਜ਼ ਆਪ ਜੀ ਦੇ ਪਵਿੱਤ੍ਰ ਚਰਨਾਂ ਦਾ ਸੇਵਕ, ਆਪ ਜੀ ਦਾ ਅੰਗ ਕਿਵੇਂ ਭੰਗ ਕਰ ਸਕਦਾ ਹਾਂ. ਆਪ ਬਖਸ਼ ਲੋ! ਬਖਸ਼ ਲੋ! ਬਖਸ਼ ਲੋ!!!

ਹਜ਼ੂਰ ਨੇ ਫੁਰਮਾਇਆ-ਹੇ ਖਾਲਸਾ ਜੀ! ਤੁਸੀਂ ਸਾਰੇ ਅਰਦਾਸ ਤਾਂ ਕਰਦੇ ਹੋ ਦਸਾਂ ਪਾਤਿਸ਼ਾਹੀਆਂ ਜੀ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਧਿਆਨ ਧਰ ਕੇ ਬੋਲਣਾ ਜੀ ਸ੍ਰੀ ਵਾਹਿਗੁਰੂ, ਫਿਰ ਓਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸ਼ੁੱਧ ਪਾਠ ਕਰਨਾ ਇਹ ਗੁਰੂ ਸਾਹਿਬ ਜੀ ਦੇ ਅੰਗ ਭੰਗ ਕਰਣੇ ਜਿਤਨਾਂ ਪਾਪ ਹੈ ਜਾਂ ਨਹੀਂ ?

ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪ ਨਟ ਨਾਰਾਇਨ ਰਾਗੁ ਵਿਚ ਲਿਖਦੇ ਹਨ:-

''ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ ੫॥''

[ਪੰਨਾ ੯੬੨]

ਭਾਵ ਗੁਰੂ ਸਾਹਿਬ ਜੀ ਬਾਣੀ ਰੂਪ ਹਨ ਅਤੇ ਬਾਣੀ ਗੁਰੂ ਰੂਪ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਮਾ ਹੋਰਨਾਂ ਕਵੀਆਂ ਨੇ ਭੀ ਇਸ ਤਰ੍ਹਾਂ ਲਿਖੀ ਹੈ-

੧. *'ਆਨੰਦ ਕੋ ਘਰ ਹੈ, ਕਿ ਅੰਮ੍ਰਿਤ ਕੋ ਸਰ ਹੈ, ਕਿ ਦੇਵਨ ਕੋ ਤਰ ਹੈ, ਕਿ ਗਜਾਨ ਕੋ ਸਮਾਜ ਹੈ।*
ਕਾਲ ਹੂੰ ਕੋ ਕਾਲ ਹੈ, ਕਿ ਰੀਤਿ ਹੀ ਕੀ ਪਾਲ ਹੈ, ਕਿ ਭਾਰਤੀ ਕੋ ਮਾਲ ਹੈ, ਕਿ ਭਵ ਕੋ ਜਹਾਜ ਹੈ।
ਵੇਦ ਕੋ ਸਿਧਾਂਤ ਹੈ, ਕਿ ਧਾਰਯੋ ਰੂਪ ਸ਼ਾਂਤਿ ਹੈ, ਕਿ ਮੋਖ ਹੂੰ ਕੋ ਕਾਂਤਿ ਹੈ, ਕਿ ਬ੍ਰਹਮ ਹੀਂ ਵਿਰਾਜ ਹੈ।
ਰਾਗਨ ਕੋ ਬਾਗ ਹੈ, ਕਿ ਜੀਵਨ ਕੋ ਭਾਗ ਹੈ, ਕਿ ਧਰਾ ਕੋ ਸੁਹਾਗ ਹੈ, ਕਿ ਗ੍ਰੰਥ ਮਹਾਰਾਜ ਹੈ॥ ੧॥'

੨. *'ਏਕ ਹੀ ਚਢਾਏ ਫਲ ਚਾਰੋਂ ਫਲ ਦੇਤ ਜੋਈ, ਯਾ ਮੈ ਕੋਟਿ ਜੀਵਨ ਕੇ ਚੀਤਿ ਆਛੇ ਪਸ ਗੇ।*
ਪਾਤਕੀ ਮਲੀਨ ਅਕਲੀਨ ਛੀਨ ਦੀਨਨ ਕੇ, ਜਾਂਕੇ ਨੈਕ ਦੇਖਤੇ ਕਰੋਰੋਂ ਪਾਪ ਨਸ ਗੇ।
ਆਲਸੀ ਅਭਾਗੀ ਭੀਰੁ ਭੋਗਨ ਕੇ ਰਾਗੀ ਮੂਢ, ਬਾਣੀ ਕੇ ਪ੍ਰਤਾਪ ਸੇ ਸੁ ਪ੍ਰੇਮ ਸੁਧਾ ਰਸ ਗੇ।
ਫਸਗੇ ਛਬੀਲੇ ਰੰਗ ਰੂਪ ਜੋ ਨਿਹਾਰੇ ਨੈਨ, ਗ੍ਰੰਥ ਮਹਾਰਾਜ ਜੂ ਹਮਾਰੇ ਮਨ ਬਸ ਗੇ॥ ੨॥'

੩. *'ਕਾਹੂੰ ਕੋ ਭਰੋਸੋ ਹੈ ਜ਼ਮੀਨ ਕੋ ਜ਼ਮਾਨੇ ਬੀਚ, ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ਼ ਪੈ।*
ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ, ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈਂ ਕਾਜ ਪੈ।
ਕਾਹੂੰ ਕੋ ਭਰੋਸੋ ਦੇਵਬਾਨੀ ਅਰ ਪਾਰਸੀ ਕੋ, ਕਾਹੂੰ ਕੋ ਭਰੋਸੋ ਸੰਤਗੀਰੀ ਕੀ ਮਿਜ਼ਾਜ਼ ਪੈ।
ਕਾਹੂੰ ਕੋ ਭਰੋਸੋ ਚਾਰੁ ਚਾਤੁਰੀ ਚਲਾਕੀ ਚੋਖ, ਮੋ ਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ॥ ੩॥'

੪. *''ਸ੍ਰੀ ਗੁਰ ਕੇਰ ਸਰੀਰ ਜੋਊ, ਸਭਿ ਥਾਨ ਸਮੈ ਸਭਿ ਨਾ ਦਰਸੈ ਹੈਂ।*
ਗ੍ਰੰਥ ਰਿਦਾ ਗੁਰ ਕੋ ਇਹ ਜਾਨਹੁ, ਉੱਤਮ ਹੈ ਸਭਿ ਕਾਲ ਰਹੈ ਹੈਂ।
ਮੋਰੇ ਸਰੂਪ ਤੇ ਯਾਂ ਤੇ ਹੈ ਦੀਰਘ, ਸਾਹਿਬ ਜਾਨਿ ਅਦਾਇਬ ਕੈ ਹੈ।
ਪੂਜਹੁ ਚੰਦਨ ਕੇਸਰ ਕੋ ਘਸਿ, ਧੂਪ ਧੁਖਾਇਕੈ ਫੂਲ ਚਢੈ ਹੈ॥ ੫॥''

[ਗੁਰ ਪ੍ਰਤਾਪ ਸੂਰਜ, ਰਾਸਿ ੩ ਅੰਸੁ ੫੦]

੫. *ਕਬਿੱਤ॥ ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ, ਮਹਾਂ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ।*
ਕਿਧੌਂ ਜਹਿ ਹੰਸਨੀ ਸੀ ਮਾਨਸ ਵਿਤੰਸਨੀ ਹੈ, ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।

ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।
ਪ੍ਰੇਮ ਪਟਰਾਨੀ ਸਜਾਨੀ, ਗਜਾਨ ਕੀ ਜਨਨਿ ਜਾਨੀ, ਗੁਨੀ ਭਨੀ ਬਾਨੀ ਤਾਂ ਕੀ ਗੁਰੂ ਗੁਰਬਾਨੀ ਹੈ।

[ਨਾਨਕ ਪ੍ਰਕਾਸ਼, ਪੂਰਬਾਰਧ ਅਧਿ: ੨੪]

੬. *'ਤੀਨੌ ਲੋਕ ਦਸੋ ਦਿਸਾ ਚੌਦਾਂ ਹੀ ਭਵਨ ਵਿਚ, ਕੌਣ ਹੈ ਸਹਾਈ ਰਾਖਾ ਸੱਚਾ ਇਸ ਪ੍ਰਾਣੀ ਦਾ।*
ਤਾਰਨਾ ਉਬਾਰਨਾ ਉਧਾਰਨਾ ਹੈ ਵਸ ਕੀਧੇ, ਲੋਕ ਪਰਲੋਕ ਵਿਚ ਜਿੰਦੜੀ ਨਿਮਾਣੀ ਦਾ।
ਇਕੋ ਸਮਰੱਥ ਗੁਰੂ ਗ੍ਰੰਥ ਸੰਸਾਰ ਵਿਚ, ਬਾਣੀ ਹੈਗੀ ਅੰਮ੍ਰਿਤ ਸ੍ਰੀ ਗੁਰੂ ਜੀ ਵਖਾਣੀ ਦਾ।
ਬਾਣੀ ਤਰਾਨੀ ਤੇ ਲੰਘਾਨੀ ਭਵ ਸਿੰਧ ਤਾਈਂ, ਫੜੋ ਜਗ ਆਇ ਕੇ ਸਹਾਰਾ ਗੁਰਬਾਣੀ ਦਾ।

੭. *"ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥ ੨॥"*

[ਪੰਨਾ ੪੯੪]

੮. *ਤਥਾ — "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
ਹਰਿ ਕਰਤਾ ਆਪਿ ਮੁਹਹੁ ਕਢਾਏ॥"

[ਪੰਨਾ ੩੦੮]

ਇਸ ਸਿੱਖ ਨੇ 'ਦਖਣੀ ਓਅੰਕਾਰ', ਦਾ ਪਾਠ ਕਰਦਿਆਂ ਕਰਦਿਆਂ ਇਹ ਭਾਰੀ ਭੁੱਲ ਕੀਤੀ ਹੈ ***ਜੋ 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥'*** ਦੀ ਜਗ੍ਹਾ 'ਕੇ ਜਾਣੈ ਗੁਰੁ ਸੂਰਾ' ਪੜਿਆ ਹੈ। ਇਸ ਦਾ ਅਰਥ ਇਹ ਹੈ ਗੁਰੂ ਸੂਰਬੀਰ ਕੇ=ਕੀਹ ਜਾਣਦੇ ਹਨ ਭਾਵ ਕੁਝ ਨਹੀਂ ਜਾਣਦੇ। ਇਸ ਭੁੱਲ ਨੂੰ ਮਹਿਸੂਸ ਕਰਦਿਆਂ ਹੋਇਆਂ ਅਤੇ ਬੜੀ ਭਾਰੀ ਬੇਅਦਬੀ ਹੋਈ ਸਮਝ ਕੇ ਸਾਰੀ ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ-

'ਹੇ ਦੀਨਾ ਨਾਥ! ਅਰਥ ਸੁਣੇ ਬਿਨਾਂ ਪਾਠ ਦੀ ਸ਼ੁੱਧੀ ਨਹੀਂ ਹੋ ਸਕਦੀ ਤੇ ਪਾਠ ਦੀ ਸ਼ੁੱਧੀ ਬਿਨਾਂ ਫਲ ਨਹੀਂ ਪ੍ਰਾਪਤ ਹੁੰਦਾ। ਇਸ ਤੇ ਕਿਰਪਾ ਕਰ ਕੇ ਪਹਿਲੇ ਸਾਨੂੰ ਗੁਰਬਾਦੀ ਦੇ ਅਰਥ ਸੁਣਾਓ।'

ਸੰਗਤ ਦੀ ਬੇਨਤੀ ਸੁਣ ਕੇ ਹਜ਼ੂਰ ਨੇ ਫੁਰਮਾਇਆ "ਇਸ ਵੇਲੇ ਯੁੱਧ ਦਾ ਸਮਾਂ ਹੈ ਜੰਗ ਤੋਂ ਬਾਅਦ ਤੁਹਾਨੂੰ ਅਰਥ ਸੁਣਾਵਾਂਗੇ।"

ਉਸ ਵੇਲੇ ਸ੍ਰੀ ਦਸਮੇਸ਼ ਪਿਤਾ ਜੀ ਨੂੰ ਸ੍ਰੀ ਅਨੰਦ ਪੁਰ ਕਿਲ੍ਹੇ ਵਿਚ ਘੇਰਾ ਪਾਇਆ ਹੋਇਆ ਪੂਰੇ ਤਿੰਨ ਸਾਲ ਹੋ ਚੁੱਕੇ ਸਨ ਪਰ ਔਰੰਗਜ਼ੇਬ ਬਾਦਸ਼ਾਹ ਤੇ ਪਹਾੜੀਏ ਰਾਜਿਆਂ ਦੀ ਕੋਈ ਪੇਸ਼ ਨਹੀਂ ਸੀ ਗਈ। ਆਖਿਰਕਾਰ ਉਨ੍ਹਾਂ ਨੇ ਬੈਠਕੇ ਇਹ ਸੋਚਿਆ ਕਿ ਇਨ੍ਹਾਂ ਦਾ ਅਵਤਾਰ ਧਰਮ ਦੀ ਰੱਖਿਆ ਵਾਸਤੇ ਹੋਇਆ ਹੈ ਤੇ ਅਸੀਂ ਆਪੋ ਆਪਣੇ ਧਰਮ ਦੀਆਂ ਕਸਮਾਂ ਚੁੱਕ ਕੇ ਅਨੰਦਗੜ੍ਹ ਕਿਲ੍ਹਾ ਛੱਡ ਜਾਣ ਵਾਸਤੇ ਆਖੀਏ ਤਾਂ ਉਮੀਦ ਹੈ ਇਹ ਮੰਨ ਲੈਣਗੇ, ਇਸ ਤਰ੍ਹਾਂ ਸਾਡੀ ਜਿੱਤ ਹੋ ਜਾਏਗੀ।

ਇਹ ਮਤਾ ਪਕਾ ਕੇ 'ਭੀਮ ਚੰਦ' ਰਾਜੇ ਨੇ ਆਟੇ ਦੀ ਗਊ ਬਣਾ ਕੇ ਨਾਲ ਠਾਕੁਰ ਜੀ ਦੀ ਮੂਰਤੀ ਦੇ ਕੇ ਇਕ ਬ੍ਰਾਹਮਣ ਨੂੰ ਤਜਾਰ ਕੀਤਾ ਤੇ ਉਸ ਨੂੰ ਸਮਝਾਇਆ ਕਿ ਤੂੰ ਅਨੰਦਪੁਰ ਜਾ ਕੇ ਹਿੰਦੂਆਂ ਦੇ ਗੁਰੂ ਗੋਬਿੰਦ ਸਿੰਘ ਜੀ ਨੂੰ ਜਾ ਕੇ ਕਹੋ, ਰਾਜਾ ਭੀਮ ਚੰਦ ਗਊ ਉਤੇ ਹੱਥ ਰੱਖ ਕੇ ਠਾਕੁਰ ਜੀ ਦੀ ਸੌਂਹ ਖਾ ਕੇ ਕਹਿੰਦਾ ਹੈ ਕਿ ਆਪ ਇਕ ਵਾਰ ਸਾਡੀ ਬੇਨਤੀ ਪ੍ਰਵਾਨ ਕਰ ਕੇ ਅਨੰਦਪੁਰ ਛੱਡ ਜਾਓ ਤਾਂ ਅਸੀਂ ਆਪ ਜੀ ਨੂੰ ਕੁਝ ਨਹੀਂ ਕਹਾਂਗੇ।

ਉਸ ਬ੍ਰਾਹਮਣ ਨੇ ਓਸੇ ਤਰ੍ਹਾਂ ਆ ਕੇ ਦਸਮੇਸ਼ ਪਿਤਾ ਜੀ ਨੂੰ ਕਿਹਾ, ਉਹ ਅਜੇ ਕਹਿ ਹੀ ਰਿਹਾ ਸੀ ਕਿ ਇਤਨੇ ਨੂੰ ਔਰੰਗਜ਼ੇਬ ਬਾਦਸ਼ਾਹ ਦਾ ਭੇਜਿਆ ਹੋਇਆ ਏਲਚੀ ਆ ਪਹੁੰਚਾ, ਉਸ ਨੇ ਆ ਕੇ ਕਿਹਾ ਕਿ ਔਰੰਗਜ਼ੇਬ ਬਾਦਸ਼ਾਹ ਕੁਰਾਨ ਸ਼ਰੀਫ ਅਤੇ ਮੁਹੰਮਦ ਦੀ ਕਸਮ ਖਾ ਕੇ ਆਖਦਾ ਹੈ ਕਿ ਆਪ ਇਕ ਵਾਰ ਇਸ ਅਨੰਦਪੁਰ ਨੂੰ ਛੱਡ ਜਾਓ ਤਾਂ ਅਸੀਂ ਆਪ ਜੀ ਨਾਲ ਜੰਗ ਨਹੀਂ ਕਰਾਂਗੇ।

ਗੁਰੂ ਸਾਹਿਬ ਜੀ! ਦੋਹਾਂ ਦੀਆਂ ਸੋਹਾਂ ਪਰ ਇਤਬਾਰ ਕਰਕੇ ਅਨੰਦਪੁਰ ਨੂੰ ਛੱਡ ਕੇ ਚਮਕੌਰ ਸਾਹਿਬ ਆ ਪਹੁੰਚੇ। ਉਸ ਵੇਲੇ ਗੁਰੂ ਸਾਹਿਬ ਜੀ ਦੇ ਨਾਲ ੪੦ ਸਿੰਘ ਸਨ।

ਮਗਰੋਂ ਭੀਮ ਚੰਦ ਤੇ ਔਰੰਗਜ਼ੇਬ ਬਾਦਸ਼ਾਹ ਦੇ ਮਨ ਵਿਚ ਬੇਈਮਾਨੀ ਹੋ ਗਈ, ਕੁਝ ਸੈਨਾਂ ਤਾਂ ਪਹਿਲੇ ਭੇਜੀ ਹੋਈ ਸੀ ਅਤੇ ੧੦ ਲੱਖ ਫ਼ੌਜ ਹੋਰ ਭੇਜ ਦਿੱਤੀ।

ਉਸ ਵੇਲੇ ਮਹਾਰਾਜ ਜੀ ਨੇ ਕਿਹਾ-

"ਗੁਰਸਨਹ ਚਿਕਾਰੇ ਕੁਨਦ ਚਿਹਲ ਨਰ॥ ਕਿ ਦਹ ਲਖ ਬਰਾਯਦ ਬਰੋ ਬੇਖ਼ਬਰ॥ ੧੯॥"

ਹੁਣ ਸਾਡੇ ਨਾਲ [ਚਿਹਲ ਨਰ] ਚਾਲੀ ਸਿੰਘ ਹਨ ਪਰ ਉਹ ਭੀ [ਗੁਰਸਨਹ] ਭੁੱਖੇ, ਇਸ ਵਾਸਤੇ ਹੁਣ ਜੰਗ ਦੀ ਕੀ ਕਾਰ ਕਰ ਸਕਦੇ ਹਨ। ਜੋ ਦਸ ਲੱਖ ਫ਼ੌਜ ਬੇ-ਖਬਰੀ ਨਾਲ ਅਰਥਾਤ ਦੱਸੇ ਬਗੈਰ ਹੀ ਸਾਡੇ ਉੱਪਰ ਆ ਗਈ ਹੈ।

ਦੂਜਾ ਇਹ ਬਚਨ ਭੀ ਫੁਰਮਾਇਆ ਕਿ ਮੁਸਲਮਾਨਾਂ ਦੀ ਕਸਮ ਪਰ ਇਤਬਾਰ ਬਿਲਕੁਲ ਨਹੀਂ ਕਰਨਾ। ਤੇਲ ਨਾਲ ਬਾਂਹ ਭਿਉਂਕੇ ਤਿਲਾਂ ਵਿਚ ਪਾਓ, ਜਿਤਨੇ ਕੁ ਤਿਲ ਬਾਂਹ ਨਾਲ ਲੱਗ ਜਾਣ ਉਤਨੀਆਂ ਕਸਮਾਂ ਵੀ ਖਾਣ ਤਾਂ ਭੀ ਮੁਸਲਮਾਨ ਪਰ ਇਤਬਾਰ ਨਹੀਂ ਕਰਨਾ, ਜੋ ਕਰੇਗਾ ਉਹ ਅੰਤ ਤਕ ਖਰਾਬ ਹੋਵੇਗਾ।

ਯਥਾ — "ਕਸੇ ਕਉਲ ਕੁਰਆਂ ਕੁਨਦ ਇਅਤਬਾਰ॥
ਹਮਾ ਰੋਜ਼ਿ ਆਖਿਰ ਸ਼ਵਦ ਮਰਦ ਖ਼ਾਰ॥ ੧੫॥"

ਸਾਡਾ ਭਰੋਸਾ ਇਨ੍ਹਾਂ ਮੁਸਲਮਾਨਾਂ ਉਤੇ ਬਿਲਕੁਲ ਨਹੀਂ ਹੈ।

ਯਥਾ — "ਮਰਾ ਇਅਤਬਾਰੇ ਬਰੀ ਕ਼ਸਮ ਨੇਸਤ॥
ਕਿ ਏਜ਼ਦ ਗਵਾਹਸਤੁ ਯਜ਼ਦਾਂ ਯਕੇਸਤ॥ ੧੩॥"

[ਦਸਮ ਗ੍ਰੰਥ,ਪੰਨਾ ੧੩੮੯]

ਦੱਸ ਲੱਖ ਫ਼ੌਜ ਨੂੰ ਦੇਖ ਕੇ ਗੁਰੂ ਜੀ ਘਬਰਾਏ ਨਹੀਂ, ਬੜੀ ਬਹਾਦਰੀ ਨਾਲ ਯੁੱਧ ਕੀਤਾ।

ਦੋ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਨੇ ਚਾਲੀ ਸਿੰਘਾਂ ਨਾਲ ਮਿਲਕੇ ਮੁਗਲ ਬਾਦਸ਼ਾਹ ਤੇ ਪਹਾੜੀ ਰਾਜਿਆਂ ਦੇ ਮਿਲਵੇਂ ਦਲਾਂ ਨਾਲ ਡਟਕੇ ਟਾਕਰਾ ਕੀਤਾ ਤੇ ਚੰਗੇ ਆਹੂ ਲਾਹੇ। ਆਖਰਕਾਰ ਏਸੇ ਜੰਗ ਵਿਚ ਦੋਨੋਂ ਸਾਹਿਬਜ਼ਾਦੇ ਅਲੌਕਿਕ ਸੂਰਬੀਰਤਾ ਵਿਖਾਂਦੇ ਹੋਏ ਸੰਮਤ ਬਿਕ੍ਰਮੀ ੧੭੬੧ ਪੋਹ ਦਿਨ ੮ ਨੂੰ ਸੱਚਖੰਡ ਪਧਾਰ ਗਏ।

ਫੇਰ ਗੁਰੂ ਜੀ ਮੁਕਤਸਰ ਸਾਹਿਬ ਚਲੇ ਗਏ, ਓਥੇ ਭੀ ਬਹੁਤ ਸਾਰਾ ਜੰਗ ਹੋਇਆ।

ਮੁਕਤਸਰ 'ਟਿੱਬੀ' ਤੇ ਬੈਠਕੇ ਕਲਗੀਧਰ ਜੀ ਤੁਰਕੀ ਸੈਨਾਂ ਪਰ ਬਾਣਾਂ ਦੀ ਵਰਖਾ ਕਰਦੇ ਰਹੇ।

ਜਿਹੜਿਆਂ ਚਾਲੀ ਮੁਕਤਿਆਂ ਨੇ ਅਨੰਦਪੁਰ ਬੇਦਾਵਾ ਲਿਖ ਦਿੱਤਾ ਸੀ ਕਿ 'ਨਾ ਤੂੰ ਸਾਡਾ ਗੁਰੂ ਹੈਂ ਨਾ ਅਸੀਂ ਤੇਰੇ ਸਿੱਖ ਹਾਂ' ਓਹੀ ਚਾਲੀ ਮੁਕਤਿਆਂ ਨੇ [ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਜੋ ਅਨੰਨ ਸਿੱਖ ਭਾਈ 'ਲੰਙਾਹ' ਤੇ 'ਪੈਰੋਸ਼ਾਹ' ਹਨ, ਇਨ੍ਹਾਂ ਦੀ ਔਲਾਦ ਵਿੱਚੋਂ ਜੋ ਮਾਈ ਭਾਗੋ ਹੈ ਜ਼ਿਲ੍ਹਾ ਅੰਮ੍ਰਿਤਸਰ ਝਬਾਲ

[ਪਿੰਡ ਦੇ ਰਹਿਣ ਵਾਲੀ ਜਿਸ ਦੀ ਅਗਵਾਈ ਹੇਠ ਖਿਦਰਾਣੇ ਦੀ ਢਾਬ] ਮੁਕਤਸਰ ਆਣ ਕੇ ਸਰਹੰਦ ਦੇ ਸੂਬੇ ਵਜ਼ੀਰ ਖਾਂ ਦੀ ਸ਼ਾਹੀ ਫ਼ੌਜ ਨਾਲ ਟਾਕਰਾ ਕਰਕੇ ਚੰਗੇ ਹੱਥ ਵਿਖਾਏ, ਆਖਿਰ ਆਪ ਵੀ ਸ਼ਹੀਦ ਹੋ ਗਏ।

ਜੰਗ ਸਮਾਪਤੀ ਤੋਂ ਬਾਅਦ ਜਦ ਦਸਮੇਸ਼ ਪਿਤਾ ਜੀ ਨੇ ਰਣਭੂਮੀ ਵਿਚ ਆ ਕੇ ਵੇਖਿਆ ਕਿ ਸਾਰੇ ਸਿੰਘ ਸ਼ਹੀਦ ਹੋ ਗਏ ਹਨ ਪਰ ਇਕ ਭਾਈ ਮਹਾਂ ਸਿੰਘ ਦੇ ਸ੍ਵਾਸ ਚਲ ਰਹੇ ਹਨ ਤਾਂ ਹਜ਼ੂਰ ਨੇ ਪਾਸ ਬੈਠ ਕੇ ਆਪਣੇ ਪਰਨੇ ਨਾਲ ਉਸ ਦਾ ਮੂੰਹ ਚੰਗੀ ਤਰ੍ਹਾਂ ਸਾਫ਼ ਕਰਕੇ ਜਦੋਂ ਮੂੰਹ ਵਿਚ ਪਾਣੀ ਪਾਇਆ ਤਾਂ ਉਸ ਨੂੰ ਮੁਰਜੀਤਤਾ ਆਈ।

ਹਜ਼ੂਰ ਨੇ ਕਿਹਾ ''ਭਾਈ ਮਹਾਂ ਸਿੰਘ ਅਸੀਂ ਤੇਰੇ ਉਤੇ ਬੜੇ ਪ੍ਰਸੰਨ ਹਾਂ ਜੋ ਕੁਝ ਮੰਗਣਾ ਹੈਈ ਮੰਗ ਲੈ।'' ਤਾਂ ਭਾਈ ਮਹਾਂ ਸਿੰਘ ਨੇ ਕਿਹਾ,ਹੋਰ ਕੋਈ ਸੰਕਲਪ ਨਹੀਂ ਹੈ ਇਕੋ ਵਾਸ਼ਨਾ ਹੈ ਜੋ ਅਸਾਂ ਨੇ ਬੇਦਾਵਾ ਪੜ੍ਹ ਲਿਖ ਕੇ ਆਪ ਜੀ ਨੂੰ ਦਿੱਤਾ ਸੀ ਉਹ ਪਾੜ ਦਿਓ।'' ਹਜ਼ੂਰ ਨੇ ਉਸੇ ਵੇਲੇ ਖੀਸੇ 'ਚੋਂ ਕਢ ਕੇ ਭਾਈ ਮਹਾਂ ਸਿੰਘ ਜੀ ਦੇ ਸਾਹਮਣੇ ਉਹ ਬੇਦਾਵਾ ਪੜ੍ਹ ਪਾੜ ਦਿੱਤਾ' ਭਾਈ ਮਹਾਂ ਸਿੰਘ ਜੀ ਖੁਸ਼ ਹੋ ਕੇ ਸੱਚਖੰਡ ਚਲੇ ਗਏ।

ਭਾਈ ਮਹਾਂ ਸਿੰਘ ਨੇ ਦਸਮੇਸ਼ ਪਿਤਾ ਜੀ ਪਾਸੋਂ ਬੇਦਾਵਾ ਪੱਤ੍ਰ ਚਾਕ ਕਰਵਾ ਕੇ ਇਥੇ ਹੀ ਟੁੱਟੀ ਸਿੱਖੀ ਗੰਢੀ ਸੀ।

ਸ੍ਰੀ ਕਲਗੀਧਰ ਜੀ ਨੇ ਸ਼ਹੀਦਾਂ ਸਿੰਘਾਂ ਨੂੰ 'ਮੁਕਤੀ' ਪਦਵੀ ਬਖਸ਼ ਕੇ ਉਸ ਜਗ੍ਹਾ ਦਾ ਨਾਮ *ਮੁਕਤਸਰ ਰੱਖਿਆ ਹੈ।

ਫੇਰ ਗੁਰੂ ਜੀ ਮਾਲਵੇ ਵਿਚ ਗੁਰੂ ਕੀ ਕਾਂਸ਼ੀ' [ਦਮਦਮੇ ਸਾਂਹਿਬ] ਚਲੇ ਗਏ। ਜੰਗ ਦੀ ਸਮਾਪਤੀ ਹੋਣ ਕਰਕੇ ਓਥੇ ਹੀ ਸਿੱਖਾਂ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ, ਹੇ ਪ੍ਰਭੂ! ਹੁਣ ਜੰਗ ਖਤਮ ਹੋ ਗਿਆ ਹੈ ਆਪ ਕਿਰਪਾ ਕਰ ਕੇ ਪੰਚਮ ਪਾਤਸ਼ਾਹ ਜੀ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਾਓ ਤੇ ਗੁਰਬਾਣੀ ਦੇ ਅਰਥ ਭੀ ਸੁਣਾਓ।

ਹਜ਼ੂਰ ਨੇ ਕਿਹਾ, ''ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਡੇ ਪਿਤਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ 'ਬਿਪਾਸਾ' ਨਦੀ ਨੂੰ ਅਮਾਨਤ ਸੌਂਪ ਗਏ ਸੀ, ਧੀਰਮਲ ਨੂੰ ਦੇਣ ਵਾਸਤੇ'' ਇਹ ਪ੍ਰਸੰਗ ਇਸ ਤਰ੍ਹਾਂ ਹੈ-

ਇਕ ਸਮੇਂ ਜ਼ਿਲਾ ਗੁਜ਼ਰਾਤ ਟਾਂਗੇ ਨਗਰ ਦੇ ਰਹਿਣ ਵਾਲਾ ਮੱਖਣ ਸ਼ਾਹ ਲੁਬਾਣਾ ਵਾਪਾਰ ਵਾਸਤੇ ਖੇਪ ਲੱਦ ਕੇ ਜਹਾਜ਼ ਵਿਖੇ, ਸਮੁੰਦਰ ਵਿਚ ਜਾ ਰਿਹਾ ਸੀ। ਕੋਈ ਪਾਪ ਕਰਮ ਦਾ ਫਲ ਜਦ ਅੱਗੇ ਆ ਗਿਆ ਤਦ ਉਹ ਜਹਾਜ਼ ਡਾਵਾਂ ਡੋਲ ਹੋਣ ਲੱਗ ਪਿਆ। ਜਹਾਜ਼ ਚਲਾਉਣ ਵਾਲੇ ਨੇ ਜਤਨ ਤਾਂ ਬਹੁਤੇਰੇ ਕੀਤੇ ਪਰ ਸਫਲਤਾ ਕੋਈ ਨਾ ਹੋਈ। ਆਖਿਰਕਾਰ ਉਸ ਨੇ ਜਹਾਜ਼ ਵਿਚ ਬੈਠੇ ਹੋਏ ਸਾਰਿਆਂ ਨੂੰ

---

*ਮੁਕਤਸਰ ਗੁਰਦੁਆਰਾ ਜ਼ਿਲਾ ਫਿਰੋਜ਼ਪੁਰ ਵਿਚ ਹੈ। ਹਰ ਮਾਘੀ ਨੂੰ ਇਥੇ ਬੜਾ ਭਾਰੀ ਮੇਲਾ ਲੱਗਦਾ ਹੈ। ੪੩੦੦ ਰੁਪਏ ਦੀ ਸਾਲਾਨਾ ਜਗੀਰ ਸਿੱਖ ਰਾਜ ਦੇ ਸਮੇਂ ਤੋ ਲੱਗੀ ਹੋਈ ਹੈ।

+ਰਿਆਸਤ ਪਟਿਆਲਾ, ਤਹਿਸੀਲ ਬਠਿੰਡਾ, ਥਾਣਾ ਰਾਮਾ ਦੇ ਪਿੰਡ ਸਾਬੋ ਕੀ ਤਲਵੰਡੀ ਪਾਸ ਇਹ ਦਮਦਮਾ ਸਾਹਿਬ ਹੈ। ਭਾਈ ਡਲੇ ਸਿੱਖ ਦਾ ਪਰੇਮ ਵੇਖ ਕੇ ਕਲਗੀਧਰ ਪਿਤਾ ਜੀ ਨੌ ਮਹੀਨੇ, ਨੌ ਦਿਨ, ਨੌ ਘੜੀਆਂ, ਨੌ ਪਹਿਰ, ਨੌ ਪਲ ਇਥੇ ਠਹਿਰੇ ਸਨ।

ਕਿਹਾ ਕਿ ਤੁਸੀਂ ਆਪਣੇ ਗੁਰੂ ਪੀਰਾਂ ਨੂੰ ਮਨਾਓ ਜਿਸ 'ਤੇ ਜਹਾਜ਼ ਬਚ ਜਾਏ। ਇਹ ਗੱਲ ਸੁਣ ਕੇ ਇਤਨਾ ਫਿਕਰ ਹੋਰ ਕਿਸੇ ਨੂੰ ਨਾ ਹੋਇਆ, ਜਿਤਨਾ ਕਿ ਮੱਖਣ ਸ਼ਾਹ ਨੂੰ ਹੋਇਆ ਕਿਉਂਕਿ ਇਸ ਨੇ ਮਾਲ ਬਹੁਤ ਭਰਿਆ ਹੋਇਆ ਸੀ।

ਉਸ ਵੇਲੇ ਮੱਖਣ ਸ਼ਾਹ ਨੇ ਗੁਰੂ ਸਾਹਿਬਾਂ ਨੂੰ ਯਾਦ ਕੀਤਾ ਕਿ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਗੱਦੀ ਉਤੇ ਜੋ ਭੀ ਗੁਰੂ ਸਾਹਿਬ ਜੀ ਬਿਰਾਜਮਾਨ ਹਨ ਉਹ ਇਸ ਵੇਲੇ ਆਪਣੇ ਨਿਮਾਣੇ ਦਾਸ ਦੀ ਰੱਖਿਆ ਕਰਨ ਤਾਂ ਦਸਵੰਧ ਦੇ ਨਾਲ ਪੰਜ ਸੌ ਮੋਹਰ ਭੇਟਾ ਕਰਾਂਗਾ।

ਜਦ ਮੱਖਣ ਸ਼ਾਹ ਲੁਬਾਣੇ ਨੇ ਇਕ ਮਨ ਹੋ ਕੇ ਅਰਦਾਸ ਕੀਤੀ-

"ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥ ੧॥ ਰਹਾਉ॥" [ਪੰਨਾ ੨੦੬]

ਤਾਂ ਉਸ ਦੀਆਂ ਪ੍ਰੇਮ ਰੂਪ ਤਾਰਾਂ ਨੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਜੋ ਕਿ ਬਾਬੇ ਬਕਾਲੇ ਭੋਰੇ ਵਿਖੇ ਬੈਠੇ ਤਪ ਕਰ ਰਹੇ ਸਨ, ਉਨ੍ਹਾਂ ਦੀ ਸਮਾਧੀ ਹਿਲਾ ਦਿੱਤੀ। ਉਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਰੂਹਾਨੀ ਤਾਕਤ ਨਾਲ ਸਮੁੰਦਰ ਵਿਚ ਜਾ ਕੇ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਪਾਰ ਕੀਤਾ, ਕਿਉਂਕਿ ਏਹੋ ਜੇਹੇ ਸਮੇਂ 'ਤੇ ਗੁਰੂ ਦੀ ਸਹਾਇਤਾ ਕਰ ਸਕਦੇ ਹਨ।

"ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥
ਸਤਿਗੁਰ ਸਿਉ ਆਲਾਇਆ ਬੇੜੇ ਡੁਬਣਿ ਨਾਹਿ ਭਉ॥ ੪॥" [ਪੰਨਾ ੧੪੧੦]

ਸਮੁੰਦਰੋਂ ਪਾਰ ਹੋ ਕੇ ਗੁਰੂ ਜੀ ਦੀ ਓਟ ਨਾਲ ਵਾਪਾਰ ਕੀਤਾ। ਜਦ ਮੱਖਣ ਸ਼ਾਹ ਨੇ ਬੜਾ ਰੁਪਯਾ ਖੱਟਿਆ, ਵਾਪਾਰ ਤੋਂ ਵਿਹਲਾ ਹੋ ਕੇ ਮੁੜ ਜਹਾਜ਼ ਵਿਚ ਬੈਠ ਕੇ ਵਾਪਸ ਆਇਆ।

ਦਿੱਲੀ ਆਣ ਕੇ ਸਿੱਖਾਂ ਤੋਂ ਪੁੱਛਿਆ, "ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਗੱਦੀ ਪਰ ਇਸ ਵੇਲੇ ਕਿਹੜੇ ਗੁਰੂ ਹਨ?" ਇਕ ਸਿੱਖ ਨੇ ਕਿਹਾ, ਅਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਨ ਪਰ ਉਹ ਸੰਮਤ ੧੭੨੧ ਚੇਤ੍ਰ ਸੁਦੀ ਚੌਦਸ ਦਿਲੀ ਜਮਨਾ ਨਦੀ ਦੇ ਕਿਨਾਰੇ ਜੋਤੀ ਜੋਤ ਸਮਾ ਗਏ ਹਨ, ਸਮਾਵਣ ਲੱਗਿਆਂ ਇਕ ਬਚਨ ਕਹਿ ਗਏ ਸਨ ਕਿ-

*"ਬਾਬਾ ਬਸਹਿ ਜਿ ਗ੍ਰਾਮ ਬਕਾਲੇ॥ ਬਨਿ ਗੁਰ, ਸੰਗਤਿ ਸਕਲ ਸਮਾਲੇ॥"**

[ਗੁਰ ਪ੍ਰਤਾਪ ਸੂਰਜ, ਰਾਸਿ ੧੦ ਅੰਸੂ ੫੨]

ਮੱਖਣ ਸ਼ਾਹ ਉਸੀ ਵੇਲੇ ਤਿਆਰ ਹੋ ਕੇ ਤੁਰ ਪਿਆ, ਪਰ ਜੇ ਅੱਜ ਕਲ੍ਹ ਦਾ ਕੋਈ ਸਿੱਖ ਹੁੰਦਾ ਤਾਂ ਉਹ ਕਦੇ ਨਾ ਤੁਰਦਾ ਤੇ ਆਖ ਦੇਂਦਾ ਜਦੋਂ ਗੁਰੂ ਪਰਗਟ ਹੋਣਗੇ ਉਸ ਵੇਲੇ ਦਸਵੰਧ ਦੇ ਦਿਆਂਗ ਹੁਣ ਕੌਣ ਬਾਬੇ ਬਕਾਲੇ ਜਾਵੇ। ਪਰ ਉਥੇ ਤਾਂ ਗੁਰਸਿੱਖੀ ਵਾਲਾ ਪਿਆਰ ਲਹਿਰੇ ਲੈ ਰਿਹਾ ਸੀ, ਕੋਈ ਸੌਦੇਬਾਜ਼ੀ ਨਹੀਂ ਸੀ, ਬਲਕਿ ਕਿਸੇ ਭੋਰੇ ਦੀ ਦਿਲੀ ਭਾਵਨਾ ਸੀ।

**ਛੇਵੇਂ ਪਾਤਸ਼ਾਹ ਜੀ ਦੇ ਤਿੰਨ ਮਹਿਲ ਸਨ-ਮਾਤਾ ਨਾਨਕੀ ਜੀ, ਮਾਤਾ ਦਮੋਦਰੀ ਜੀ, ਮਾਤਾ ਮਰਵਾਹੀ ਜੀ। ਮਾਤਾ ਨਾਨਕੀ ਜੀ ਦੇ ਦੋ ਸਪੁੱਤਰ ਸਨ-ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਬਾਬਾ ਅਟੱਲ ਸਾਹਿਬ ਜੀ। ਮਾਤਾ ਦਮੋਦਰੀ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਤੇ ਸਪੁੱਤਰੀ ਬੀਬੀ ਵੀਰੋ ਜੀ ਸਨ। ਮਾਤਾ ਮਰਵਾਹੀ ਦੇ ਸਪੁੱਤਰ ਸੂਰਜ ਮਲ ਜੀ ਅਤੇ ਅਣੀਰਾਇ ਜੀ ਸਨ। ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਗੁਰੂ ਹਰਿਰਾਇ ਸਾਹਿਬ ਜੀ ਤੇ ਧੀਰਮਲ ਸਨ। ਗੁਰੂ ਹਰਿਰਾਇ ਜੀ ਦੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਰਾਮ ਰਾਇ ਜੀ ਸਨ। ਇਸ ਕਰਕੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪਿਤਾ ਹਰਿਰਾਏ ਸਾਹਿਬ ਜੀ ਹਨ ਤੇ ਗੁਰੂ ਹਰਿ ਰਾਏ ਜੀ ਦੇ ਪਿਤਾ 'ਬਾਬਾ ਗੁਰਦਿਤਾ ਜੀ' ਹਨ। ਬਾਬਾ ਗੁਰਦਿਤਾ ਜੀ ਤੇ ਗੁਰੂ ਤੇਗ ਬਹਾਦਰ ਜੀ ਭਰਾ ਸਨ, ਇਸ ਕਰਕੇ 'ਬਾਬਾ ਜੀ' ਲੱਗੇ ਹਨ।*

ਜਦ ਸਾਰੀ ਮੰਜਲ ਤਹਿ ਕਰਕੇ ਬਾਬੇ ਬਕਾਲੇ ਆ ਪਹੁੰਚਾ ਤਾਂ ਬਾਹਰ ਵਾਰ ਡੇਰਾ ਲਗਾਇਆ।

ਯਥਾ—"ਵਹਿਰ ਗ੍ਰਾਮ ਤੇ ਕੀਨਸਿ ਡੇਰਾ। ਸੌਜ ਸੰਭਾਰਿ ਧਰੀ ਤਿਸ ਬੇਰਾ॥ ੧੬॥"

[ਰਾਸਿ ੧੧ ਅੰਸੁ ੪]

ਮੱਖਣ ਸ਼ਾਹ ਲੁਬਾਣੇ ਦੇ ਆਵਣ ਦੀ ਖ਼ਬਰ ਸੁਣਕੇ ਸਭ ਸੋਢੀਆਂ ਨੇ ਆਪੋ ਆਪਣੇ ਨੁਮਾਇੰਦੇ ਭਾਵ ਕਾਰਕੁਨ ਆਪਣੀ ਪੂਜਾ ਕਰਵਾਉਣ ਵਾਸਤੇ ਭੇਜ ਦਿੱਤੇ ਤੇ ਆਪ ਸੋਢੀ, ਭੱਲੇ, ਤੇਹਣ ੨੨ ਮੰਜੀਆਂ ਲਗਾਕੇ ਬੈਠ ਗਏ। ਭਾਈ ਧੀਰਮਲ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਉਹਨਾਂ ਵਿਚ ਬੈਠ ਗਿਆ।

ਜਦ ਸਭਨਾਂ ਦੇ ਨੁਮਾਇੰਦਿਆਂ ਨੇ ਜਾਕੇ ਮੱਖਣ ਸ਼ਾਹ ਨੂੰ ਪ੍ਰੇਰਿਆ ਤਾਂ ਮੱਖਣ ਸ਼ਾਹ ਸੁਣ ਕੇ ਹੈਰਾਨ ਹੋ ਗਿਆ ਕਿ ਇਤਨੇ ਗੁਰੂ ਕਿਥੋਂ ਆ ਗਏ, ਗੁਰੂ ਤਾਂ ਹਮੇਸ਼ਾਂ ਇਕ ਹੁੰਦਾ ਹੈ। ਦਿਲ ਵਿਚ ਸਮਝ ਗਿਆ ਕਿ ਇਹ ਸਭ ਪੈਸਿਆਂ ਦੇ ਗੁਰੂ ਹਨ। ਉਸ ਵੇਲੇ ਮੱਖਣ ਸ਼ਾਹ ਨੇ ਨੇਮ ਕਰ ਲਿਆ ਕਿ ਜੇਹੜਾ ੫੦੦ ਮੋਹਰ ਮੰਗੇਗਾ ਉਸ ਨੂੰ ਮੈਂ ਦਿਆਂਗਾ।

ਸੋਢੀਆਂ ਦੇ ਦਰਸ਼ਨਾਂ ਨੂੰ ਜਦ ਗਿਆ ਤਾਂ ਸਭ ਦੇ ਅੱਗੇ ਦੋ ਦੋ+ ਮੋਹਰਾਂ ਰੱਖ ਕੇ ਮੱਥਾ ਟੇਕੀ ਗਿਆ। ਧੀਰਮਲ ਅੱਗੇ ਵੀ ਦੋ ਮੋਹਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਪੰਜ ਮੋਹਰਾਂ ਰੱਖਕੇ ਮੱਥਾ ਟੇਕਿਆ। ਜਦ ਪੰਜ ਸੌ ਮੋਹਰ ਆਪਣੇ ਆਪ ਕਿਸੀ ਨੇ ਨਾ ਮੰਗੀ ਤਦ ਮੱਖਣ ਸ਼ਾਹ ਉਦਾਸ ਹੋ ਗਿਆ,ਆਪਣੇ ਡੇਰੇ ਆ ਕੇ ਸੋਚਾਂ ਸੋਚਦਿਆਂ ਦਿਨ ਵੀ ਬੀਤ ਗਿਆ ਤੇ ਰਾਤ ਵੀ ਲੰਘ ਗਈ।

ਜਦ ਪਹਿਰ ਰਾਤ ਰਹਿੰਦੀ ਉੱਠ ਕੇ ਸੋਚ ਪਾਣੀ ਕਰਕੇ ਜਪੁਜੀ ਸਾਹਿਬ ਆਦਿਕ ਨਿਤਨੇਮ ਬਾਣੀਆਂ ਦਾ ਪਾਠ ਕਰਕੇ ਵੇਹਲਾ ਹੋਇਆ ਤਦ ਚਿਤ ਵਿਖੇ ਇਹ ਵਿਚਾਰ ਫੁਰੀ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਉਚਾਰੇ ਹੋਏ ਬਚਨ ਐਵੇਂ ਨਿਸਫਲ ਨਹੀਂ ਜਾ ਸਕਦੇ, ਮੇਰੇ ਹੀ ਮੰਦ ਭਾਗ ਹਨ ਜੋ ਉਹਨਾਂ ਦਾ ਦਰਸ਼ਨ ਨਹੀਂ ਹੋ ਰਿਹਾ।

ਉਸ ਵੇਲੇ ਮੱਖਣ ਸ਼ਾਹ ਨੇ ਨੇਮ ਕਰ ਲਿਆ ਕਿ ਜਦ ਦਰਸ਼ਨ ਹੋਵੇਗਾ ਤਦ ਅੰਨ-ਜਲ ਛਕਣਾ ਹੈ, ਨਹੀਂ ਤਾਂ ਨਹੀਂ ਛਕਣਾ। ਉਦਾਸ ਹੋ ਕੇ ਫਿਰ ਤੁਰ ਪਿਆ, ਅੱਗੋਂ ਜਿਹੜਾ ਭੀ ਮਿਲੇ ਉਸ ਪਾਸੋਂ ਪੁੱਛਦਾ ਜਾਵੇ ਕਿ ਹੋਰ ਭੀ ਕੋਈ ਸੋਢੀ ਹੈ ਜਿਸ ਨੂੰ ਭੇਟਾ ਨਾ ਮਿਲੀ ਹੋਵੇ? ਤਾਂ ਇਕ ਨੇ ਕਿਹਾ ਹੋਰ ਤਾਂ ਕੋਈ ਨਹੀਂ ਇਕ ਤੇਗਾ ਤੇਗਾ ਨਾਮ ਕਰ ਕੇ ਅਲਮਸਤ ਫਕੀਰ ਹੈ, ਜਿਸ ਨੂੰ ਸੰਸਾਰ ਦੀ ਸੋਝੀ ਬਿਲਕੁਲ ਨਹੀਂ ਉਸ ਦਾ ਦਰਸ਼ਨ ਕਰਨਾ ਹੋਵੇ ਤਾਂ ਫਲਾਣੀ ਜਗ੍ਹਾ ਕਰ ਆਓ।

ਮੱਖਣ ਸ਼ਾਹ ਨੇ ਓਥੇ ਪਹੁੰਚ ਕੇ ਦਰਸ਼ਨ ਕੀਤਾ,ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ।

ਤਿਸ ਵੇਲੇ ਗੁਰੂ ਸਾਹਿਬ ਜੀ ਨੇ ਵਿਚਾਰਿਆ ਕਿ ਹੁਣ ਅਸਾਡੇ ਪ੍ਰਗਟ ਹੋਣ ਦਾ ਸਮਾਂ ਆ ਕੇ ਢੁੱਕਦਾ ਪਿਆ ਹੈ, ਪਰ ਜਗਤ ਦਾ ਗੁਰੂ ਬਣ ਕੇ ਜਿਹੜਾ ਸਿੱਖਾਂ ਨੂੰ ਉਪਦੇਸ਼ ਦੇਣਾ ਹੈ ਇਹ ਬੜੀ ਭਾਰੀ ਪੰਡ ਹੈ ਇਸ ਨੂੰ ਕਿਵੇਂ ਉਠਾਉਣਾ ਕਰੀਏ। ਜੇਕਰ ਹੁਣ ਇਸ ਨੂੰ ਪਤਾ ਨਹੀਂ ਦੇਂਦੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਦੀ ਮਹਿਮਾ ਘਟਦੀ ਹੈ। ਇਨ੍ਹਾਂ ਦੋਹਾਂ ਗੱਲਾਂ ਨੂੰ ਵਿਚਾਰ ਕੇ ਆਖਿਰਕਾਰ ਇਹ ਸੋਚਿਆ ਕਿ ਸਾਡੀ ਤਾਂ ਕੋਈ ਗੱਲ ਨਹੀਂ, ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾਂ ਨਹੀਂ ਘਟਣੀ ਚਾਹੀਦੀ।

ਜਦ ਮੱਖਣ ਸ਼ਾਹ ਮੱਥਾ ਟੇਕ ਕੇ ਉਠਣ ਲੱਗਾ ਤਾਂ ਹਜ਼ੂਰ ਨੇ ਫੁਰਮਾਇਆ, ਹੇ ਭਾਈ! ਸਾਡੇ ਮੋਢੇ ਵਲ

+ *ਗੁਰ ਬਿਲਾਸ ਪਾਤਿਸ਼ਾਹੀ ਦਸਵੀਂ ਵਿਖੇ ਪੰਜ ਪੰਜ ਮੋਹਰਾਂ ਲਿਖੀਆਂ ਹਨ। ਰਹੋ ਵਿਚਾਰ।*

ਤਾਂ ਦੇਖ, ਜਹਾਜ਼ ਡੁਬਣ ਵੇਲੇ ਤਾਂ ਹਾੜੇ ਕੱਢਣਾ ਸੈ ਤੇ ਪੰਜ ਸੈਂ ਮੋਹਰ ਦਸਵੰਧ ਦੇ ਸਹਿਤ ਦੇਣੀ ਕਹੀ ਸੀ ਤੇ ਹੁਣ ਦੋ ਮੋਹਰਾਂ ਰੱਖ ਕੇ ਖਹਿੜਾ ਛੁਡਾਂਦਾ ਹੈਂ।

"ਸ੍ਰੀ ਗੁਰੂ ਤੇਗ ਬਹਾਦਰ ਚੰਦ। ਕਹਯੋ ਤਿਸੈ, ਹੇ ਸਿੱਖ ਬਿਲੰਦ।
ਗੁਰ ਘਰ ਕੀ ਜੋ ਅਹੈ ਉਪਾਇਨ। ਸੋ ਦੀਜਹਿ, ਨਹਿ ਰਾਖਹੁ ਆਇਨ॥ ੩੭॥
ਸਾਗਰ ਸਮੈ ਜਹਾਜ ਲੰਘਾਵਨਿ। ਤਹਿ ਜੋ ਕੀਨਿ ਸੰਕਲਪ ਉਠਾਵਨਿ।
ਅਰੁ ਦਸੌਂਧ ਗੁਰੁ ਕੋ ਹੈ ਜੇਤਾ। ਅਰਪਨਿ ਦਰਬ ਕਰਹੁ ਅਬਿ ਤੇਤਾ॥" ੩੮॥

[ਗੁਰ ਪ੍ਰਤਾਪ ਸੂਰਜ, ਰਾਸਿ ੧੧ ਅੰਸੁ ੭]

ਮੱਖਣ ਸ਼ਾਹ ਇਹ ਗੱਲ ਸੁਣ ਕੇ ਗੁਰੂ ਜੀ ਦੇ ਚਰਨੀਂ ਢਹਿ ਪਿਆ ਤੇ ਪ੍ਰੇਮ ਵਿਖੇ ਗਦ ਗਦ ਹੋ ਕੇ ਇਤਨਾਂ ਰੋਇਆ ਕੇ ਹੰਝੂਆਂ ਨਾਲ ਗੁਰੂ ਦੇ ਚਰਨ ਭਿਉਂ ਦਿੱਤੇ। ਗੁਰੂ ਸਾਹਿਬ ਜੀ ਨੇ ਪਿੱਠ 'ਤੇ ਪਿਆਰ ਦੇ ਕੇ ਉਠਾਇਆ ਤੇ ਆਖਿਆ "ਮੱਖਣ ਸ਼ਾਹ! ਤੂੰ ਸਾਨੂੰ ਪ੍ਰਗਟ ਨਾ ਕਰੀਂ, ਜੇ ਤੈਨੇ ਸਾਨੂੰ ਪ੍ਰਗਟ ਕੀਤਾ ਤਾਂ ਤੇਰਾ ਮੂੰਹ ਕਾਲਾ ਕਰ ਦਿਆਂਗੇ।"

ਉਸ ਵੇਲੇ ਮੱਖਣ ਸ਼ਾਹ ਨੇ ਸਤਿ ਬਚਨ ਕੀਤਾ, ਹਜ਼ੂਰ ਤੋਂ ਆਗਿਆ ਲੈ ਕੇ ਡੇਰੇ ਆ ਪਹੁੰਚਾ, ਬਜ਼ਾਰੋਂ ਬੜਾ ਸੋਹਣਾ ਕੱਪੜਾ ਲੈ ਕੇ ਰਾਤੋ ਰਾਤ ਹੀ ਇਕ ਨਵੀਂ ਪੁਸ਼ਾਕ ਤਿਆਰ ਕਰਵਾਈ ਤੇ ਆਪਣਾ ਮੂੰਹ ਕਾਲਾ ਕਰ ਕੇ ਢੰਢੋਰਾ ਫਿਰਾ ਕੇ ਸਾਰੇ ਸ਼ਹਿਰ ਵਿਚ ਰੌਲਾ ਪਾ ਦਿੱਤਾ ਕਿ—

'ਸਾਚੋ ਗੁਰੂ ਲਾਧੋ! ਸਾਚੋ ਗੁਰੂ ਲਾਧੋ।'

ਮੁੜ ਡੇਰੇ ਆਣ ਕੇ ੫੦੦ ਅਸਵਾਰ ਸੂਰਮਾ ਨਾਲ ਲੈ ਕੇ, ਨਵੀਂ ਪੁਸ਼ਾਕ ਅਤੇ ਪੰਜ ਸੌ ਮੋਹਰ ਦਸਵੰਧ ਸਮੇਤ ਲੈ ਕੇ ਗੁਰੂ ਜੀ ਦੇ ਹਜ਼ੂਰ ਪਹੁੰਚਾ। ਦੋਵੇਂ ਹੱਥ ਜੋੜ ਕੇ ਬੇਨਤੀ ਕਰ ਕੇ ਇਸ਼ਨਾਨ ਵਗੈਰਾ ਕਰਾ ਕੇ ਨਵੀਂ ਪੁਸ਼ਾਕ ਪਹਿਨਾ ਕੇ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਦੀ ਗੁਰ-ਗੱਦੀ ਪਰ ਅਸਥਾਪਨ ਕੀਤਾ। ਪੁਨਾ ਦਸਵੰਧ ਸਮੇਤ ਪੰਜ ਸੌ ਮੋਹਰ ਅੱਗੇ ਭੇਟਾ ਰੱਖੀ।

ਇਸ ਤਰ੍ਹਾਂ ਦੁਨੀਆਂ ਵਿਖੇ ਪ੍ਰਗਟ ਹੋਣ ਕਰ ਕੇ ਗੁਰੂ ਜੀ ਦਾ ਪ੍ਰਤਾਪ ਦੂਣ ਸਵਾਇਆ ਹੋ ਗਿਆ। ਲੇਕਿਨ ਗੁਰੂ ਜੀ ਦੇ ਪ੍ਰਤਾਪ ਨੂੰ ਦੇਖ ਕੇ ਸੋਢੀਆਂ ਦੇ ਚਿਤ ਵਿਖੇ ਬੜੀ ਈਰਖਾ ਹੋ ਗਈ ਤੇ ਧੀਰਮਲ ਨੇ ਆਪਣੀ ਨੀਚਤਾ ਨਾਲ ਗੁਰੂ ਜੀ ਦਾ ਘਰ ਬਾਰ ਲੁਟ ਲਿਆ ਪਰ ਗੁਰੂ ਸਾਹਿਬ ਜੀ ਅਨੰਦ ਹੀ ਰਹੇ, ਚਿਤ ਵਿਖੇ ਕੋਈ ਸ਼ੋਕ ਨਾ ਹੋਇਆ। ਪ੍ਰੰਤੂ ਮੱਖਣ ਸ਼ਾਹ ਇਸ ਗੱਲ ਨੂੰ ਨਾ ਸਹਾਰ ਸਕਿਆ। ਮੱਖਣ ਸ਼ਾਹ ਨੇ ਮਾਤਾ ਨਾਨਕੀ ਨਾਲ ਮਿਲ ਕੇ ਆਪਣੇ ਸੂਰਮੇ ਭੇਜ ਕੇ ਧੀਰਮਲ ਦਾ ਸਾਰਾ ਘਰ-ਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਤ ਹੀ ਲੁੱਟ ਲਿਆ, ਅਰ ਮੱਖਣ ਸ਼ਾਹ ਦੇ ਸਾਹਮਣੇ ਧੀਰਮਲ ਦੀ ਕੋਈ ਪੇਸ਼ ਨਾ ਗਈ।

ਜਦ ਗੁਰੂ ਸਾਹਿਬ ਜੀ ਨੂੰ ਪਤਾ ਲੱਗਾ ਕਿ ਮੱਖਣ ਸ਼ਾਹ ਨੇ ਧੀਰਮਲ ਦਾ ਘਰ ਲੁੱਟ ਲਿਆ ਹੈ, ਤਾਂ ਹਜ਼ੂਰ ਨੇ ਹੁਕਮ ਦੇ ਕੇ ਧੀਰਮਲ ਨੂੰ ਸਾਰਾ ਸਮਾਨ ਦਿਵਾ ਦਿੱਤਾ। ਮੱਖਣ ਸ਼ਾਹ ਨੇ ਹੋਰ ਤਾਂ ਸਭ ਕੁਝ ਦੇ ਦਿੱਤਾ ਪ੍ਰੰਤੂ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਾ ਦਿੱਤੀ।

ਫਿਰ ਮੱਖਣ ਸ਼ਾਹ ਅੰਮ੍ਰਿਤਸਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਸ਼ਨਾਂ ਨੂੰ ਤਿਆਰ ਹੋ ਗਿਆ। ਹਜ਼ੂਰ ਨੇ ਕਿਹਾ ਹੇ ਭਾਈ! ਅਸੀਂ ਵੀ ਤੇਰੇ ਨਾਲ ਚੱਲਦੇ ਹਾਂ ਸਾਨੂੰ ਭੀ ਦਰਸ਼ਨ ਕੀਤਿਆਂ ਚਿਰ ਹੋ ਗਿਆ ਹੈ। ਗੁਰੂ ਸਾਹਿਬ ਜੀ ਭੀ ਤਿਆਰ ਹੋ ਕੇ ਜਦ ਸ੍ਰੀ ਅੰਮ੍ਰਿਤਸਰ ਪਹੁੰਚੇ ਤਾਂ ਪੁਜਾਰੀਆਂ ਨੂੰ ਪਤਾ ਲੱਗਾ, ਉਨ੍ਹਾਂ

ਨੇ ਉਸੇ ਵੇਲੇ ਦਰਸ਼ਨੀ ਡਿਉਢੀ ਦੇ ਬੂਹੇ ਬੰਦ ਕਰ ਲੀਤੇ, ਕਿਉਂਕਿ ਉਨ੍ਹਾਂ ਦੇ ਚਿੱਤ ਵਿਖੇ ਇਹ ਭਰਮ ਸੀ ਕਿ ਜੇਕਰ ਗੁਰੂ ਸਾਹਿਬ ਜੀ ਅੰਦਰ ਆ ਕੇ ਬਿਰਾਜਮਾਨ ਹੋ ਗਏ ਤਾਂ ਸਾਡੀ ਮਾਨਤਾ ਘਟ ਜਾਏਗੀ।

ਗੁਰੂ ਸਾਹਿਬ ਜੀ, ਸ੍ਰੀ ਅਕਾਲ ਤਖ਼ਤ ਦੇ ਨਾਲ ਜੋ ਥੜਾ ਸਾਹਿਬ ਹੈ, ਓਥੇ ਹੀ ਬੈਠ ਗਏ। ਓਥੋਂ ਹੀ ਦਰਸ਼ਨ ਪਰਸਨ ਕਰ ਕੇ ਆਪ ਤੁਰ ਪਏ ਤੇ ਮੱਖਣ ਸ਼ਾਹ ਨੂੰ ਕਿਹਾ ਤੂੰ ਇਸ਼ਨਾਨ ਕਰ ਕੇ ਕੜਾਹ ਪ੍ਰਸ਼ਾਦ ਦੀ ਦੇਗ ਚੜ੍ਹਾ ਕੇ ਅੰਦਰੋਂ ਦਰਸ਼ਨ ਕਰ ਕੇ ਆ ਜਾਈਂ।

ਜਦ ਸ੍ਰੀ ਅੰਮ੍ਰਿਤਸਰ ਦੀਆਂ ਮਾਈਆਂ ਨੂੰ ਪਤਾ ਲੱਗਾ ਤਾਂ ਘਰ ਜੋ ਭੀ ਕੁਝ ਮਿਲਿਆ ਓਹੀ ਕੁਝ ਲੈ ਕੇ ਪਿੱਛੇ ਪਿੱਛੇ ਦੌੜੇ ਪਈਆਂ। ਰਾਹ ਵਿਚ ਜੋ ਦਮਦਮਾ ਸਾਹਿਬ ਗੁਰਦੁਆਰਾ ਹੈ ਓਥੇ ਗੁਰੂ ਜੀ ਬੈਠ ਕੇ ਦਮ ਲੈ ਰਹੇ ਸਨ। ਜਦ ਮਾਈਆਂ ਨੂੰ ਆਉਂਦੇ ਵੇਖਿਆ ਤਾਂ ਫਿਰ ਤੁਰ ਪਏ। ਜਿੱਥੇ ਹੁਣ ਕੋਠਾ ਸਾਹਿਬ ਹੈ ਇਥੇ ਆ ਕੇ ਠਹਿਰੇ। ਇਥੇ ਹੀ ਮਾਈਆਂ ਨੇ ਆ ਕੇ ਗੁਰੂ ਸਾਹਿਬ ਜੀ ਦੇ ਚਰਨ ਪਰਸੇ ਤੇ ਭੇਟਾ ਅੱਗੇ ਰੱਖੀਆਂ। ਉਸ ਵੇਲੇ ਹਜ਼ੂਰ ਨੇ ਆਪਣੇ ਪਵਿੱਤਰ ਮੁੱਖ ਤੋਂ ਬਚਨ ਫੁਰਮਾਇਆ-

'ਮਾਈਆਂ ਰੱਬ ਰਜਾਈਆਂ।'

ਉਸ ਦਿਨ ਤੋਂ ਲੈ ਕੇ ਅੰਮ੍ਰਿਤਸਰ ਸਾਹਿਬ ਦੀਆਂ ਮਾਈਆਂ ਰੱਜੀਆਂ ਪੁੱਜੀਆਂ ਹਨ। ਉਸੀ ਵੇਲੇ ਮਗਰੋਂ ਪੁਜਾਰੀ ਭੀ ਆ ਗਏ, ਆ ਕੇ ਬੇਨਤੀਆਂ ਕਰਨ ਲੱਗ ਪਏ-ਹੇ ਪ੍ਰਭੂ! ਸਾਥੋਂ ਭੁੱਲ ਹੋ ਗਈ ਹੈ ਆਪ ਬਖਸ਼ ਲਓ। ਅਸੀਂ ਅੰਮ੍ਰਿਤਸਰੀਏ ਜੁ ਹੋਏ।

ਹਜ਼ੂਰ ਨੇ ਫੁਰਮਾਇਆ-'ਤੁਸੀਂ ਅੰਮ੍ਰਿਤਸਰੀਏ ਨਹੀਂ, ਅੰਮ੍ਰਿਤਸਰੀਏ ਹੁੰਦੇ ਤਾਂ ਕਦੇ ਬੂਹੇ ਬੰਦ ਨਾ ਕਰਦੇ, ਤੁਸੀਂ ਅੰਦਰ ਸੜੀਏ ਹੋ।'

'ਨਹਿੰ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸ਼ਨਾਗਨ ਤੇ ਅੰਤਰ ਸਰੀਏ॥ ੩੨॥'

[ਗੁਰ ਪ੍ਰਤਾਪ ਸੂਰਜ ਰਾਸਿ ੧੧,ਅੰਸੂ ੨੨]'

ਪ੍ਰੰਤੂ ਲੋਕਾਂ ਦਾ ਅਖਾਣ ਐਸਾ ਹੈ ਕਿ- 'ਅੰਮ੍ਰਿਤਸਰੀਏ ਅੰਦਰ ਸੜੀਏ। ਰਹੋ ਵਿਚਾਰ।

ਪਰ ਇਹ ਸ਼ਬਦ ਗੁਰੂ ਸਾਹਿਬ ਜੀ ਨੇ ਬਿਲਕੁਲ ਨਹੀਂ ਉਚਾਰਿਆ ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਅੰਮ੍ਰਿਤਸਰੀਏ ਸਨ। ਗੁਰੂ ਸਾਹਿਬ ਜੀ ਦੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰੀਏ ਸਨ। ਗੁਰੂ ਅਰਜਨ ਪਾਤਿਸ਼ਾਹ ਜੀ ਅੰਮ੍ਰਿਤਸਰੀਏ ਸਨ। ਗੁਰੂ ਰਾਮਦਾਸ ਪਾਤਿਸ਼ਾਹ ਜੀ ਭੀ ਅੰਮ੍ਰਿਤਸਰੀਏ ਹੋਏ, ਫਿਰ ਭਲਾ ਇਹ ਬਚਨ ਕਿਵੇਂ ਕਹਿ ਸਕਦੇ ਸਨ ਕਿ-

'ਅੰਮ੍ਰਿਤਸਰੀਏ ਅੰਦਰ ਸੜੀਏ।'

ਇਤਨੇ ਨੂੰ ਭਾਈ ਮੱਖਣ ਸ਼ਾਹ ਦਰਸ਼ਨ ਕਰਕੇ ਆ ਪਹੁੰਚਾ ਤੇ ਗੁਰੂ ਸਾਹਿਬ ਜੀ ਰਲਕੇ ਬਾਬੇ ਬਕਾਲੇ ਨੂੰ ਤੁਰ ਪਏ। ਕਈ ਦਿਨ ਬਾਬੇ ਬਕਾਲੇ ਠਹਿਰੇ। ਜਦ ਈਰਖਾ ਵਧਦੀ ਵੇਖੀ ਤਾਂ ਗੁਰੂ ਸਾਹਿਬ ਜੀ ਓਥੋਂ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੂੰ ਖਾਸੇ ਵਿਚ ਬਿਠਾ ਕੇ ਅੱਗੇ ਕਰ ਦਿੱਤਾ, ਪਿੱਛੇ ਸੰਗਤਾਂ ਹਨ ਮਗਰ ਮਗਰ ਦੂਜੇ ਖਾਸੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੈ। ਜਦ ਚੱਲਦੇ ਚੱਲਦੇ ਬਿਪਾਸਾ ਨਦੀ ਪਰ ਪਹੁੰਚੇ ਤਾਂ ਗੁਰੂ ਜੀ ਖਾਸੇ ਤੋਂ ਬਾਹਰ ਉਤਰ ਕੇ ਕੀਹ ਦੇਖਦੇ ਹਨ ਕਿ ਪਿੱਛੇ ਦੂਜਾ ਖਾਸਾ ਭੀ ਹੈ। ਪੁੱਛਣ ਤੋਂ ਪਤਾ ਲੱਗਾ ਕਿ ਇਸ ਵਿਚ ਬੀੜ ਹੈ। ਹਜ਼ੂਰ ਨੇ ਉਹ ਬੀੜ ਲੈ ਕੇ ਬਿਪਾਸਾ ਨਦੀਂ ਨੂੰ ਸੌਂਪ ਕੇ ਇਹ ਬਚਨ ਕਿਹਾ, 'ਜਿਸ ਵੇਲੇ ਪੀਰਮਲ ਲੈਣ ਵਾਸਤੇ ਆਵੇਗਾ ਉਸ ਨੂੰ ਇਹ ਬੀੜ ਦੇ ਦੇਣੀ।'

ਬਿਪਾਸਾ ਨਦੀ ਭਾਵੇਂ ਠਾਠਾਂ ਮਾਰਦੀ ਚੱਲ ਰਹੀ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜਿਉਂ ਕੀ ਤਿਉਂ ਹੀ ਇਕੋ ਟਿਕਾਣੇ 'ਤੇ ਟਿਕੀ ਰਹੀ ਹੈ।

ਰਾਹ ਵਿਚ ਜਾਂਦੇ ਹੋਏ ਇਕ ਮੁਸਾਫਰ ਨੂੰ ਕਿਹਾ ਕਿ ਤੂੰ ਧੀਰਮਲ ਨੂੰ ਜਾ ਕੇ ਕਹੀਂ ਕਿ ਤੇਗ ਬਹਾਦੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਿਪਾਸਾ ਨਦੀ ਵਿਖੇ ਰੱਖ ਗਏ ਹਨ ਤੂੰ ਆ ਕੇ ਲੈ ਜਾ।

ਉਸ ਮੁਸਾਫਰ ਨੇ ਜਦ ਧੀਰਮਲ ਨੂੰ ਆ ਕੇ ਗੁਰੂ ਜੀ ਦਾ ਸੰਦੇਸਾ ਦਿੱਤਾ ਤਾਂ ਧੀਰਮਲ ਬੜਾ ਪ੍ਰਸੰਨ ਹੋਇਆ ਕਿਉਂਕਿ ਇਹ ਤਾਂ ਅੱਗੇ ਹੀ ਸੁੱਖਣਾ ਸੁੱਖਦਾ ਪਿਆ ਸੀ ਕਿ ਜੇਕਰ ਮੈਨੂੰ ਬੀੜ ਮਿਲ ਜਾਏ ਤਾਂ ਮੈਂ ਪੰਜ ਸੌ ਰੁਪਏ ਦਾ ਪ੍ਰਸ਼ਾਦ ਕਰਾਵਾਂਗਾ।

ਧੀਰਮਲ ਉਸੀ ਵੇਲੇ ਕੜਾਹ ਪ੍ਰਸ਼ਾਦ ਕਰਵਾਕੇ ਨਾਲ ਟੋਭੇ ਲੈ ਕੇ ਨਦੀ ਦੇ ਕਿਨਾਰੇ ਆ ਪਹੁੰਚਾ। ਪ੍ਰਸ਼ਾਦ ਚੌਂਕੀ 'ਤੇ ਰੱਖ ਕੇ ਇਸ ਨੇ ਅੱਠਾਂ ਪਾਤਿਸ਼ਾਹੀਆਂ ਤੱਕ ਅਰਦਾਸਾ ਸੁਧਾ ਕੇ ਟੋਭੇ ਵਿਚ ਵਾੜੇ, ਪਰ ਬੀੜ ਨ ਲੱਭੀ, ਬੜਾ ਘਬਰਾਇਆ। ਇਤਨੇ ਨੂੰ ਇਕ ਗੁਰਮੁਖ ਮਹਾਤਮਾ ਆ ਪਹੁੰਚੇ ਉਹਨਾਂ ਨੇ ਪੁੱਛਿਆ ਕੀ ਕਾਰਨ ਹੈ, ਇਤਨੀ ਸੰਗਤ ਕਿਉਂ ਖੜੀ ਹੈ, ਟੋਭੇ ਵਿਚ ਕਿਉਂ ਵੜੇ ਹਨ? ਤਾਂ ਕਿਹਾ, ਇਸ ਨਦੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੌਂਪ ਗਏ ਹਨ ਉਸ ਨੂੰ ਲੱਭ ਰਹੇ ਹਾਂ ਪ੍ਰੰਤੂ ਲੱਭਦੀ ਨਹੀਂ। ਤਾਂ ਉਹਨਾਂ ਨੇ ਕਿਹਾ ਜਿਨ੍ਹਾਂ ਸਤਿਗੁਰਾਂ ਦੀ ਕ੍ਰਿਪਾ ਹੈ ਉਹਨਾਂ ਦਾ ਤੁਸੀਂ ਨਾਮ ਹੀ ਨਹੀਂ ਲੈਂਦੇ, ਤਾਂ ਲੱਭੇ ਕਿਸ ਤਰ੍ਹਾਂ? ਨੌਵੇਂ ਪਾਤਿਸ਼ਾਹ ਜੀ ਦਾ ਨਾਮ ਲੈ ਕੇ ਅਰਦਾਸੇ ਦਾ ਭੋਗ ਪਾਓ ਫਿਰ ਦੇਖੋ ਲਭਦੀ ਹੈ ਕਿ ਨਹੀਂ। ਧੀਰਮਲ ਨੇ ਓਸੇ ਤਰ੍ਹਾਂ ਕੀਤਾ, ਪਹਿਲੀ ਪਾਤਿਸ਼ਾਹੀ ਤੋਂ ਲੈ ਕੇ ਜਦ ਨੌਮੀ ਪਾਤਿਸ਼ਾਹੀ ਤੱਕ ਅਰਦਾਸਾ ਸੋਧ ਕੇ ਟੋਭੇ ਵਿਚ ਵਾੜੇ ਤਾਂ ਉਸੀ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲੱਭ ਪਈ। ਜੋ ਬੀੜ ੧੩ ਦਿਨ ਬਿਪਾਸਾ ਨਦੀ ਦੇ ਪ੍ਰਵਾਹ ਵਿਚ ਰਹੀ ਹੈ।

"ਨਿਕਸਯੋ ਗ੍ਰੰਥ ਬਿਲੋਕਜੋ ਤਬੈ। ਊਪਰ ਜਲ ਸੋ ਭੀਜਜੋ ਸਬੈ॥
ਸ਼ੁਸ਼ਕ ਬਸਤ੍ਰ ਤਬ ਤਰੇ ਬਿਛਾਏ। ਆਤਪ[1] ਨੀਕੀ ਰੀਤਿ ਲਗਾਏ॥ ੩੯॥
ਖੋਲ ਬਿਲੋਕਜੋ ਸਭਿ ਬਿਸਮਾਏ। ਊਪਰ ਤੇ ਭੀਗਯੋ ਸਭਿ ਥਾਂਏ॥
ਜਹਿਂ ਲਗਿ ਅੱਖਰ ਹੈਂ ਬਿਚ ਲਿਖੇ। ਪਹੁੰਚਜੋ ਨੀਰ[2] ਨ ਤਿਨ ਕੇ ਬਿਖੇ॥ ੪੦॥
ਸਕਲ ਸ਼ੁਸ਼ਕ ਜਜੋਂ ਕੇ ਤਜੋਂ ਅਹੇ। ਦੇਖਤਿ ਰਿਦੇ ਅਚੰਭਾ[3] ਲਹੇ॥
ਜਬਿ ਕੋ ਧਰਜੋ ਦਿਵਸ ਤਬਿ ਗਿਨੇ। ਤ੍ਰੈਦਸ[4] ਬੀਤੇ ਤਿਸ ਨਰ ਭਨੇ॥ ੪੧॥
ਸਤਿਗੁਰ ਦੇ ਕਰਿ ਹਾਥ ਬਚਾਯੋ। ਨੀਰ ਬਰਨ[5] ਪਰ ਛੁਹਨਿ ਨ ਪਾਯੋ॥
ਬਡ ਉਤਸਾਹ ਕਰਤਿ ਲੇ ਚਾਲੇ। ਬਾਦਿਤ ਕੋ ਬਜਵਾਇ ਬਿਸਾਲੇ[6] ॥ ੪੨॥
ਚੌਰ ਢੁਰਤਿ ਚਾਰਹੁ ਦਿਸਿ ਸੋਇ। ਸੰਖ ਬਜਾਇਂ ਸ਼ਬਦ ਬਡ ਹੋਇ॥
ਅੰਜੁਲ ਪੁਸ਼ਪਨਿ ਕੋ ਬਰਖਾਵੈ[7]। ਗੁੰਦਤ ਗਨ ਮਾਲਾ ਲਰਕਾਵੈ[8] ॥ ੪੩॥
ਧੂਪ ਧੁਖਾਵਤਿ ਚਲਤਿ ਅਗਾਰੀ । ਭਯੋ ਅਨੰਦ ਸਭਿਨਿ ਮਹਿਂ ਭਾਰੀ॥ ੪੪॥
ਸ੍ਰੀ ਕਰਤਾਰ ਪੁਰੇ ਨਰ ਸਾਰੇ। ਹਿਤ ਆਦਰ ਹੁਇ ਮਿਲੇ ਅਗਾਰੇ॥
ਪੁਰਹਿ ਪ੍ਰਵੇਸ਼ਤਿ ਭਯੋ ਉਛਾਹੁ। ਨਮੋ ਕਰਹਿ ਅਚਰਜ ਮਨ ਮਾਂਹੁ॥
ਸੁਨਿ ਸੁਨਿ ਨਰ ਸਭ ਗ੍ਰੰਥ ਕਹਾਨੀ। ਦਿਨ ਤ੍ਰੈਦਸ ਮਹਿ ਛੁਯੋ ਨ ਪਾਨੀ॥ ੪੫॥"

[ਗੁਰ ਪ੍ਰਤਾਪ ਸੂਰਜ, ਰਾਸਿ, ਅੰਸੂ ੨੬]

੧.ਧੁੱਪ, ੨.ਜਲ, ੩. ਅਸਚਰਜ ੪. ਤੇਰ੍ਹਾਂ। ੫. ਅੱਖਰਾਂ ਤੱਕ। ੬. ਬਹੁਤ ਸਾਰੇ ਵਾਜੇ ਵਜਾਉਂਦੇ ਹੋਏ ਲੈ ਕੇ ਚੱਲੇ। ੭ ਬੁਕ ਭਰ ਕੇ ਫੁੱਲ ਵਰਸਾਉਂਦੇ ਹਨ। ੮. ਬਹੁਤੀਆਂ ਫੁੱਲਾਂ ਦੀ ਮਾਲਾਂ ਗੁੰਦ ਕੇ ਲਟਕਾਉਂਦੇ ਹਨ।

ਇਸ ਵੇਲੇ ਓਹ੍ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ 'ਧੀਰਮਲ' ਜੀ ਦੇ ਪਾਸ ਹੈ, ਤੁਸੀਂ ਕਰਤਾਪੁਰ ਜਾ ਕੇ ਲੈ ਆਓ।

ਹਜ਼ੂਰ ਦੀ ਆਗਿਆ ਪਾ ਕੇ ਕਈ ਸਿੰਘ ਤੁਰ ਪਏ। ਸ੍ਰੀ ਕਰਤਾਰਪੁਰ ਆ ਕੇ ਯਥਾ ਸ਼ਕਤ ਭੇਟ ਰੱਖ ਕੇ ਦੋ ਹੱਥ ਜੋੜ ਕੇ ਧੀਰਮਲ ਜੀ ਅੱਗੇ ਬੇਨਤੀ ਕੀਤੀ ਕਿ ਆਪ ਜੀ ਦੇ ਪਾਸ ਜੋ ਪਾਵਨ ਬੀੜ ਹੈ, ਉਹ ਸ੍ਰੀ ਦਸਮੇਸ਼ ਪਿਤਾ ਜੀ ਨੇ ਮੰਗ ਭੇਜੀ ਹੈ। ਸੰਗਤਾਂ ਨੂੰ ਦਰਸ਼ਨ ਕਰਵਾ ਕੇ ਫਿਰ ਆਪ ਜੀ ਨੂੰ ਦੇ ਜਾਵਾਂਗੇ।

ਇਹ ਗੱਲ ਸੁਣ ਕੇ ਧੀਰਮਲ ਭੜਕ ਉੱਠਿਆ, ਕ੍ਰੋਧਵਾਨ ਹੋ ਕੇ ਆਖਦਾ ਹੈ,"ਹੋਰ ਕੋਈ ਮੰਗਦਾ ਤਾਂ ਮੈਂ ਦੇਣ ਨੂੰ ਤਿਆਰ ਸੀ ਪਰ ਤੁਸਾਂ ਆਖਿਆ ਹੈ, ਸ੍ਰੀ ਦਸਮੇਸ਼ ਪਿਤਾ ਜੀ ਨੇ ਮੰਗ ਭੇਜੀ ਹੈ, ਇਸ ਲਈ ਮੈਂ ਬਿਲਕੁਲ ਦੇਣ ਨੂੰ ਤਿਆਰ ਨਹੀਂ ਹਾਂ।"

ਜੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ, ਆਪਣੇ ਆਪ ਨੂੰ ਗੁਰੂ ਅਖਵਾਂਦੇ ਹਨ, ਆਪਣੇ ਵਿਚ ਤਾਕਤ ਰੱਖਦੇ ਹਨ ਤਾਂ ਬੀੜ ਆਪ ਰਚ ਲੈਣ। ਇਸ ਤਰ੍ਹਾਂ ਦੇ ਕੋਰੇ ਜਵਾਬ ਸੁਣ ਕੇ ਸਿੱਖ ਵਾਪਸ ਹੱਟ ਆਏ, ਆ ਕੇ ਦਸਮੇਸ਼ ਪਿਤਾ ਜੀ ਅੱਗੇ ਸਾਰਾ ਹਾਲ ਦੱਸਿਆ।

ਉਸ ਵੇਲੇ ਬੀੜਾਂ ਤਾਂ ਹੋਰ ਭੀ ਸਨ, ਭਾਈ ਬੰਨੋ ਜੀ ਵਾਲੀ ਬੀੜ ਸੀ ਅਤੇ ਇਕ ਉਦਾਸੀ ਸੰਤ ਨੇ ਭੀ ਆਪਣੇ ਹਸਤ ਕਮਲਾਂ ਨਾਲ ਬੜੇ ਸੋਹਣੇ ਅੱਖਰਾਂ ਵਿਚ ਬੀੜ ਲਿਖੀ ਹੋਈ ਸੀ।*

ਪਰ ਗੁਰੂ ਜੀ ਨੇ ਇਹ ਸੋਚਿਆ ਜੇਕਰ ਅਸਾਂ ਨਵੀਂ ਬੀੜ ਤਯਾਰ ਨਾ ਕੀਤੀ ਤਾਂ ਸਿੱਖਾਂ ਦੇ ਮਨ ਵਿਚ ਸੰਸੇ ਪੈਦਾ ਹੋਣਗੇ ਕਿ ਇਨ੍ਹਾਂ ਗੁਰੂਆਂ ਵਿਚ ਕੋਈ ਤਾਕਤ ਨਹੀਂ। ਸੰਸਿਆਂ ਦੇ ਹੋਣ ਕਰਕੇ ਸਭ ਸਿੱਖ ਨਰਕ ਗਾਮੀ ਹੋਣਗੇ, ਕਿਉਂਕਿ ਇਹ ਨਿਯਮ ਜੋ ਹੋਇਆ 'ਜੋ ਸਿੱਖ ਆਪਣੇ ਗੁਰੂ ਪਰ ਸ਼ੰਕਾ ਕਰੇਗਾ ਉਹ ਨਰਕ ਗਾਮੀ ਹੋਵੇਗਾ।'

ਦੇਖੋ! ਨਾਰਦ ਮੁਨੀ ਨੇ ਆਪਣੇ ਗੁਰੂ ਪਰ ਸੰਸਾ ਕੀਤਾ ਸੀ ਤਾਂ ਭਗਵਾਨ ਨੇ ਉਸ ਨੂੰ ਚੌਰਾਸੀ ਲੱਖ ਜੂਨ ਭੋਗਣ ਦਾ ਸਰਾਪ ਦਿੱਤਾ ਸੀ।

ਗੁਰੂ ਦਾ ਇਹ ਧਰਮ ਨਹੀਂ ਜੋ ਆਪਣਿਆਂ ਸਿੱਖਾਂ ਨੂੰ ਨਰਕਾਂ ਵਿਚ ਪਾਵੇ। ਏਸ ਗੱਲ ਨੂੰ ਮੁੱਖ ਰੱਖ ਕੇ ਗਰੀਬ ਨਿਵਾਜ਼ ਨੇ ਆਪਣੀ ਆਤਮਕ ਸ਼ਕਤੀ ਨਾਲ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਸੰਮਤ ੧੭੬੨

---

*ਜਿਸ ਪਰ ਮਹਾਰਾਜ ਜੀ ਦੇ ਦਸਖਤ ਕਰਾਉਣ ਵਾਸਤੇ ਕਈ ਵਾਰ ਗੁਰੂ ਜੀ ਦੇ ਪਾਸ ਆਇਆ ਪਰ ਸਮਾਂ ਨਾ ਮਿਲਿਆ। ਪੁਨਾ-ਉਹ ਸੰਤ ਇਕ ਦਿਨ ਲਿਆ ਕੇ ਉਹ 'ਪਾਵਨ ਬੀੜ' ਗੁਰੂ ਜੀ ਦੇ ਮੁਸਾਹਿਬ 'ਨੰਦਚੰਦ' ਨੂੰ ਦੇ ਗਿਆ ਕਿ ਤੂੰ ਇਸ ਉੱਪਰ ਗੁਰੂ ਜੀ ਦੇ ਦਸਖ਼ਤ ਕਰਾ ਰੱਖੀਂ ਮੈਂ ਤੇਰੇ ਪਾਸੋਂ ਲੈ ਜਾਵਾਂਗਾ।

ਉਹ ਪਾਵਨ ਬੀੜ ਆਪਣੇ ਘਰ ਰੱਖ ਕੇ ਜਦ 'ਨੰਦਚੰਦ' ਨੇ ਪ੍ਰਕਾਸ਼ ਕੀਤੀ ਤਾਂ ਮੋਤੀਆਂ ਵਰਗੇ ਬੜੇ ਸੋਹਣੇ ਸੁਥਰੇ ਸੁਥਰੇ ਅੱਖਰ ਲਿਖੇ ਹੋਏ ਦੇਖ ਕੇ ਮਨ ਭਰਮ ਗਿਆ ਤੇ ਦਿਲ ਵਿਚ ਆਖਦਾ ਹੈ ਇਹ ਬੀੜ ਦੇਣ ਯੋਗ ਨਹੀਂ ਹੈ। ਉਸ ਨੇ ਆਪਣੇ ਕਬਜ਼ੇ ਵਿਚ ਕਰ ਲੀਤੀ। ਜਦ ਉਹ ਉਦਾਸੀ ਸੰਤ ਮੰਗਣ ਵਾਸਤੇ ਆਵੇ ਤਾਂ ਇਹ ਟਾਲ-ਮਟੋਲਾ ਕਰ ਦਿੱਤਾ ਕਰੇ। ਆਖਰਕਾਰ ਸੰਤ ਫੇਰੇ ਪਾ ਕੇ ਥੱਕ ਗਿਆ ਤੇ ਛਿੱਥਾ ਹੋ ਕੇ ਬੋਲਿਆ। ਅੱਗੋ ਨੰਦਚੰਦ ਨੇ ਕਿਹਾ, "ਜਾਹ ਚਲਿਆ ਜਾਹ, ਤੂੰ ਮੈਨੂੰ ਕੋਈ ਬੀੜ ਨਹੀਂ ਦੇ ਗਿਆ।" ਦਰਵਾਨਚੀਆਂ ਨੂੰ ਭੀ ਕਹਿ ਦਿੱਤਾ, ਇਸ ਸੰਤ ਨੂੰ ਅੰਦਰ ਮਹਾਰਾਜ ਜੀ ਦੇ ਪਾਸ ਨਹੀਂ ਜਾਣ ਦੇਣਾ। ਪ੍ਰੰਤੂ ਫਕੀਰਾਂ ਦਾ ਰੱਬ ਬੇਲੀ ਹੈ, ਇਕ ਦਿਨ ਦਸਮ ਪਿਤਾ ਜੀ ਸ਼ਿਕਾਰ ਖੇਡਣ ਵਾਸਤੇ

(ਬਾਕੀ ਦੇਖੋ ਫੁਟ ਨੋਟ ਸਫਾ ੫੫)

ਕੱਤਕ ਸੁਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰਥਾਂ ਸਮੇਤ ਅਰੰਭ ਕਰਕੇ ਸੰਮਤ ੧੭੬੩ ਸਾਵਣ ੨੩ ਨੌਂ ਮਹੀਨੇ ਅਤੇ ਅੱਠ ਦਿਨਾਂ ਵਿਚ ਮੁਕੰਮਲ '੧ਓ ਸਤਿਨਾਮੁ' ਤੋਂ ਲੈ ਕੇ 'ਅਨਾਹਤ ਦਸ ਬੀਸ' ਤੱਕ ਭੋਗ ਪਾ ਦਿੱਤਾ।

(ਸਫਾ ੫੪ ਦੇ ਫੁਟ ਨੋਟ ਦੀ ਬਾਕੀ)

ਬਾਹਰ ਨਿਕਲੇ ਤਾਂ ਉਹ ਸੰਤ ਮਿਲ ਪਿਆ। ਸੰਤ ਨੇ ਬੜੀ ਵੈਰਾਗ ਦਸ਼ਾ ਵਿਚ ਹੱਥ ਜੋੜ ਕੇ ਬੇਨਤੀ ਕੀਤੀ-ਗਰੀਬ ਨਿਵਾਜ ਜੀਉ! ਦਾਸ ਨੇ ਬੜੇ ਸੋਹਣੇ ਅੱਖਰਾਂ ਵਿਚ ਪਾਵਨ ਬੀੜ ਲਿਖ ਕੇ ਆਪ ਜੀ ਦੇ ਕਰ-ਕਮਲਾਂ ਦੇ ਦਸਖਤ ਕਰਾਉਣ ਵਾਸਤੇ ਨੰਦਚੰਦ ਨੂੰ ਦਿੱਤੀ ਸੀ, ਉਹ ਹੁਣ ਦੇਂਦਾ ਨਹੀਂ ਸਗੋਂ ਬਿਲਕੁਲ ਮੁਕਰ ਹੀ ਗਿਆ ਹੈ ਕਿ ਮੈਨੂੰ ਤੂੰ ਦੇ ਕੇ ਨਹੀਂ ਗਿਆ। ਆਪ ਕ੍ਰਿਪਾ ਕਰਕੇ ਲੈ ਦਿਓ।

ਗੁਰੂ ਸਾਹਿਬ ਜੀ ਨੇ ਉਸੀ ਵੇਲੇ ਨੰਦਚੰਦ ਨੂੰ ਸੱਦ ਕੇ ਪੁੱਛਿਆ, ਪ੍ਰੰਤੂ ਨਿਮਕ ਹਰਾਮੀ ਨੇ ਗੁਰੂ ਸਾਹਿਬ ਜੀ ਦੇ ਅੱਗੇ ਭੀ ਝੂਠ ਬੋਲ ਦਿੱਤਾ ਕਿ ਇਹ ਸੰਤ ਮੈਨੂੰ ਕੋਈ ਬੀੜ ਨਹੀਂ ਦੇ ਗਿਆ।

ਪਰ ਅੰਤਰਜਾਮੀ ਗੁਰਾਂ ਨੇ ਸਭ ਗੱਲ ਦਾ ਨਿਸਚਾ ਕਰਕੇ ਬਚਨ ਫੁਰਮਾਇਆ, 'ਹੇ ਨੰਦਚੰਦ! ਤੂੰ ਠੀਕ ਨਹੀਂ ਕੀਤਾ ਜੋ ਸਾਡੇ ਸਾਹਮਣੇ ਝੂਠ ਬੋਲਿਆ ਹੈ। ਜਿਸ ਲਾਲਚ ਕਰਕੇ ਤੂੰ ਬੀੜ ਲੁਕਾ ਰਖੀ ਹੈ-ਇਸ ਬੀੜ ਦਾ ਜੋ ਭੀ ਸੰਪੂਰਨ ਭੋਗ ਪਾਏਗਾ ਉਹ ਅੰਨ੍ਹਾ ਹੋ ਜਾਵੇਗਾ।' ਉਹ ਬੀੜ ਅੱਜ ਕਲ੍ਹ ਡਰੋਲੀ ਵਿਚ ਹੈ। ਇਕ ਸਿੱਖ ਨੇ ਅਜ਼ਮਾਇਸ਼ ਵਾਸਤੇ ਭੋਗ ਪਾਇਆ ਸੀ ਸਚਮੁਚ ਉਹ ਅੰਨ੍ਹਾ ਹੋ ਗਿਆ ਸੀ।

ਇਸ ਸਾਖੀ ਦੇ ਦੱਸਣ ਦਾ ਭਾਵ ਇਹ ਹੈ ਕਿ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਹੋਰ ਭੀ ਸਨ।

ਡਰੋਲੀ:- *ਜ਼ਿਲਾ ਫਿਰੋਜ਼ਪੁਰ ਤਸੀਲ ਥਾਣਾ ਮੋਗਾ ਦਾ ਇਕ ਪਿੰਡ ਹੈ। ਜਿਥੇ ਮਾਈ ਰਾਮੋ ਦਾ ਪਤੀ ਸਾਂਈਦਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਾਂਢੂ ਰਹਿੰਦਾ ਸੀ। ਰਾਮੋ ਤੇ ਸਾਂਈਦਾਸ ਏਹ ਗੁਰੂ ਸਾਹਿਬਾਂ ਦੇ ਅਨੰਨ ਭਗਤ ਤੇ ਸੇਵਕ ਸਨ, ਇਨ੍ਹਾਂ ਦੇ ਪ੍ਰੇਮ ਵਸ ਹੋ ਕੇ ਛੇਵੇਂ ਗੁਰੂ ਜੀ ਕਈ ਵਾਰ ਡਰੋਲੀ ਆ ਕੇ ਚਿਰ ਕਾਲ ਰਿਹਾ ਕਰਦੇ ਸਨ। ਇਸੇ ਅਸਥਾਨ ਤੋਂ ਚਲਕੇ ਗੁਰੂ ਜੀ ਨੇ ਭਾਈ ਰੂਪੇ ਦਾ ਠੰਢਾ ਜਲ ਛਕਿਆ ਸੀ। ਬਾਬੇ ਗੁਰਦਿਤਾ ਜੀ ਦਾ ਜਨਮ ਇਸੇ ਅਸਥਾਨ ਹੋਇਆ ਹੈ। ਜਨਮ ਅਸਥਾਨ 'ਤੇ ਦਮਦਮਾ ਬਣਿਆ ਹੋਇਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਲਗਵਾਇਆ ਹੋਇਆ ਇਥੇ ਇੱਕ ਖੂਹ ਹੈ। ਮਾਤਾ ਦਮੋਦਰੀ ਜੀ ਦਾ ਏਥੇ ਹੀ ਦੇਹਾਂਤ ਹੋਇਆ ਹੈ। ਦੇਹੁਰਾ ਬਣਿਆ ਹੋਇਆ ਹੈ। ਪਿੰਡ ਤੋਂ ਬਾਹਰ ਜਿਥੇ ਗੁਰੂ ਸਾਹਿਬ ਜੀ ਦੀਵਾਨ ਲਗਾਇਆ ਕਰਦੇ ਸਨ ਓਥੇ ਸੁੰਦਰ ਦਰਬਾਰ ਹੈ। ਇਸਨੂੰ ੧੮੦ ਘੁਮਾਉਂ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਦੀ ਦਿੱਤੀ ਹੋਈ ਹੈ।*

ਨੰਦਚੰਦ *- ਡਰੋਲੀ ਨਿਵਾਸੀ ਉਮਰਸ਼ਾਹ ਦਾ ਪੋਤਰਾ ਜੋ ਡਰੋਲੀ ਦੇ ਇਲਾਕੇ ਦਾ ਮਸੰਦ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ਨੂੰ ਆਪਣਾ ਦੀਵਾਨ ਅਤੇ ਸੈਨਾਨੀ ਥਾਪਿਆ ਹੋਇਆ ਸੀ, ਇਸ ਨੇ ਭੰਗਾਣੀ ਦੇ ਯੁੱਧ ਵਿਚ ਬੜੀ ਸੂਰਬੀਰਤਾ ਵਿਖਾਈ ਹੈ।*

ਯਥਾ—ਤਹਾਂ ਨੰਦ ਚੰਦੰ ਕੀਯੋ ਕੋਪੁ ਭਾਰੋ। ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ।

ਤੁਟੀ ਤੇਗ ਤ੍ਰਿੱਖੀ ਕਢੇ ਜੱਮਦੱਢੰ। ਹਠੀ ਰਾਖੀਯੰ ਲੱਜ ਬੰਸੰ ਸਨੱਢੰ॥ ੮॥

[ਦਸਮ ਗ੍ਰੰਥ ਪੰਨਾ ੬੦]

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਾ ਦੇਣ ਕਰਕੇ ਅਤੇ ਗੁਰੂ ਜੀ ਅੱਗੇ ਝੂਠ ਬੋਲਣ ਕਰਕੇ ਜਿਸ ਵੇਲੇ ਨੰਦਚੰਦ ਡਰਦਾ ਮਾਰਿਆ ਅਨੰਦਪੁਰੋਂ ਚੋਰੀ ਨੱਠ ਕੇ ਧੀਰਮਲ ਪਾਸ ਕਰਤਾਰ ਪੁਰ ਚਲਾ ਗਿਆ, ਤਾਂ ਉਸਨੇ ਦਸਮੇਸ਼ ਗੁਰੂ ਜੀ ਦਾ ਜਾਸੂਸ ਸਮਝਕੇ ਮਰਵਾ ਦਿੱਤਾ।

ਨੰਦ ਚੰਦ ਦਾ ਸਸਕਾਰ ਕਾਲੇ ਸੰਘਾ ਹੋਇਆ ਹੈ ਤੇ ਬੀੜ ਡਰੋਲੀ ਵਿਚ ਹੈ।

'ਨੌ ਮਹੀਨੇ ਤੇ ਨੌ ਦਿਨੈ ਤਲਵੰਡੀ ਰਖੈ ਮੁਕਾਮ।
ਡੇਰਾ ਤੇਰਾ ਰੁਖ ਦਖਣ ਛਡ ਤੁਰਕਨ ਥਡ ਥਾਨ॥ ੮॥

[ਪ੍ਰਾਚੀਨ ਪੰਥ ਪ੍ਰਕਾਸ਼, ਕ੍ਰਿਤ ਭੰਗੂ ਰਤਨ ਸਿੰਘ, ਪੰਨਾ ੭੩]

ਉਸ ਵੇਲੇ ਸ੍ਰੀ ਕਲਗੀਧਰ ਪਿਤਾ ਜੀ ਦੇ ਮੁਖਾਰਬਿੰਦ ਤੋਂ ਜਿਉਂ ਜਿਉਂ ਸ਼ਰਧਾਲੂ ਸਿੱਖ ਰੱਬੀ ਬਾਣੀ ਦਾ ਪਾਠ ਅਰਥਾਂ ਸਮੇਤ ਸੁਣਦੇ ਸਨ ਤਿਉਂ ਤਿਉਂ ਵਿਦੇਹ ਮੁਕਤ ਹੁੰਦੇ ਜਾਂਦੇ ਸਨ। ਫਿਰ ਹਜ਼ੂਰ ਨੇ ਵਿਚਾਰਿਆ ਜੇ ਸਾਰੇ ਵਿਦੇਹ ਮੁਕਤ ਹੋ ਗਏ ਤਾਂ ਇਹ ਸੰਪ੍ਰਦਾਈ ਟਕਸਾਲ ਦਾ ਚਸ਼ਮਾ ਬੰਦ ਹੋ ਜਾਏਗਾ। ਸਾਡੀ ਵਿਚਾਰ ਇਹ ਹੈ ਕਿ ਇਹ ਚਸ਼ਮਾ ਖੁੱਲ੍ਹਾ ਰਹੇ। ਉਸ ਵੇਲੇ ਫਿਰ ਗੁਰੂ ਜੀ ਨੇ ਵਿਦੇਹ ਮੁਕਤੀ ਬੰਦ ਕਰਕੇ ਜੀਵਨ ਮੁਕਤੀ ਦੇਣੀ ਸ਼ੁਰੂ ਕਰ ਦਿੱਤੀ ਅਤੇ ਬਾਬਾ ਦੀਪ ਸਿੰਘ ਜੀ ਤੇ ਭਾਈ ਮਨੀ ਸਿੰਘ ਸਾਹਿਬ ਜੀ ਦੇ ਅੰਦਰ ਗੁਰਬਾਣੀ ਦਾ ਸੋਹਣਾ ਚਾਨਣ ਹੋਇਆ।

ਇਨ੍ਹਾਂ ਹੀ ਦਿਨਾਂ ਵਿਚ ਗੁਰੂ ਸਾਹਿਬ ਜੀ ਕਥਾ ਵਾਲੇ ਅਸਥਾਨ ਤੋਂ ਉੱਠ ਕੇ ਪੂਰਬ ਵੱਲ ਨੂੰ ਜਾ ਕੇ ਇਕ 'ਲਿਖਣਸਰ' ਅਸਥਾਨ ਹੈ, ਓਥੇ ਬੈਠ ਕੇ ਕਲਮਾਂ ਘੜਦੇ ਹੋਏ ਇਹ ਬਚਨ ਫੁਰਮਾਇਆ ਕਰਦੇ ਸਨ-'ਸਾਡੇ ਸਿੱਖਾਂ ਨੂੰ ਕਾਂਸ਼ੀ ਜਾ ਕੇ ਪੜ੍ਹਨ ਦੀ ਕੋਈ ਲੋੜ ਨਹੀਂ ਏਹੀ ਅਸਥਾਨ ਸਾਡੇ ਸਿੱਖਾਂ ਲਈ ਕਾਂਸ਼ੀ ਹੈ।'

ਯਥਾ—*"ਇਹ ਹੈ ਪ੍ਰਗਟ ਹਮਾਰੀ ਕਾਸ਼ੀ। ਪੜ੍ਹ ਹੈਂ ਇਹਾਂ ਛੋਰ ਮਤਿ ਰਾਸੀ।*
ਲੇਖਕ ਗੁਣੀ ਕਵਿੰਦ ਗਿਆਨੀ। ਬੁਧਿ ਸਿੰਧੁ ਹ੍ਵੈ ਹੈ ਇਤ ਆਨੀ।"

ਦੋਹਿਰਾ—*ਤਿਨ ਕੇ ਕਾਰਨ ਕਲਮ ਘੜ੍ਹ, ਦੇਤ ਪ੍ਰਗਟ ਹਮ ਡਾਰ।*
ਸਿੱਖ ਸਖਾ ਇਤ ਪੜ੍ਹੈਂਗੇ, ਹਮਰੇ ਕਈਂ ਹਜ਼ਾਰ।

ਤਥਾ—*'ਸਤਿਗੁਰ ਬੈਠ ਸੁ ਦਮਦਮੇ, ਲਿੱਖਨ ਘੜ ਸੁਟ ਦੇਂ।*
ਹਮਰੀ ਕਾਸ਼ੀ ਯਹ ਭਈ, ਆਇ ਮੂਰਖ ਈਹਾ ਪੜ੍ਹੇਂ।'

[ਪ੍ਰਾਚੀਨ ਪੰਥ ਪ੍ਰਕਾਸ਼,ਕ੍ਰਿਤ ਭੰਗੂ ਰਤਨ ਸਿੰਘ ਸ਼ਹੀਦ ਪੰਨਾ ੭੨]

ਇਸ ਤਰ੍ਹਾਂ ਦੇ ਵਰ ਦੇ ਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਪਾ ਕੇ ਚਾਲੇ ਪਾ ਦਿੱਤੇ। ਰਸਤੇ ਵਿਖੇ ਸਿੱਖ ਸੰਗਤਾਂ ਨੂੰ 'ਸਤਿਨਾਮ ਵਾਹਿਗੁਰੂ' ਦਾ ਉਪਦੇਸ਼ ਦੇਂਦੇ ਹੋਏ ੧੭੬੪ ਬਿਕ੍ਰਮੀ ਵਿਚ ਸ੍ਰੀ ਹਜ਼ੂਰ ਸਾਹਿਬ ਪਹੁੰਚੇ । ਉਸ ਵੇਲੇ ੨੨੦੦ ਸਿੰਘ ਨਾਲ ਸਨ। ੧੪ ਮਹੀਨੇ ਸ੍ਰੀ ਹਜ਼ੂਰ ਸਾਹਿਬ ਰਹੇ ਹਨ, ਓਥੇ ਹੀ +ਦਸਮ ਗ੍ਰੰਥ ਦੀ ਬੀੜ ਬੱਧੀ ਹੈ ਅਤੇ ਦਸਮ ਗ੍ਰੰਥ ਦੇ ਅਰਥ ਸੁਣਾਏ ਹਨ। ਇਕ ਜਾਪੁ ਸਾਹਿਬ ਦੇ ਅਰਥ ਅਨੰਦਪੁਰ ਸਾਹਿਬ ਸੁਣਾਏ ਹਨ।

+ਦਸਮ ਗ੍ਰੰਥ ਦੀਆਂ ਬੀੜਾਂ ਦੇ ਭੀ ਚਾਰ ਭੇਦ ਹਨ ਜੋ ਪੰਥ ਪ੍ਰਕਾਸ਼ ਵਿਚ ਲਿਖੇ ਹੋਏ ਹਨ।

੧. ਇਕ ਬੀੜ ਭਾਈ ਮਨੀ ਸਿੰਘ ਜੀ ਨੇ ਬੜੀ ਇਕੱਤਰ ਕਰਕੇ ਸੰਮਤ ੧੭੭੮ ਵਿਚ ਤਿਆਰ ਕੀਤੀ ਹੈ ਜਿਸ ਦਾ ਭੋਗ ਹਕਾਇਤਾਂ 'ਤੇ ਪੈਂਦਾ ਹੈ।

"ਇਕ ਦਿਨ ਆਗਿਆ ਪੰਥ ਕੀ ਮਨੀ ਸਿੰਘ ਜੀ ਪਾਇ॥
ਬਾਣੀ ਦਸਮੇ ਗੁਰੂ ਕੀ ਸੰਗ੍ਰਹ ਕਰ ਧਰ ਭਾਇ॥ ੨੦॥"

ਚੌਪਈ—"ਏਕ ਜਿਲਦ ਮੈ ਦੀਨੀ ਕਰ ਹੈ। ਤਿਸ ਕਾ ਭੋਗ ਹਕਾਇਤ ਪਰ ਹੈ।'

੨. ਦੂਜੀ ਬੀੜ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਬੈਠ ਕੇ ਸੰਮਤ ੧੮੦੪ ਵਿਚ ਤਿਆਰ ਕੀਤੀ ਹੈ। ਜਿਸ ਦਾ ਭੋਗ ਸਫੋਟਕਾਂ ਪਰ ਪੈਂਦਾ ਹੈ, ਇਸ ਗੱਲ ਨੂੰ ਸਿਆਣੇ ਲੋਕ ਸਮਝਦੇ ਹਨ।

(ਬਾਕੀ ਦੇਖੋ ਫੁਟ ਨੋਟ ਸਫਾ ੫੭ ਤੇ)

੧੭੬੫ ਬਿਕ੍ਰਮੀ ਵਿਚ ਜੋਤੀ ਜੋਤ ਸਮਾਉਣ ਲੱਗਿਆਂ ਦਸਮੇਸ਼ ਪਿਤਾ ਜੀ ਨੇ ਬਾਬੇ ਦੀਪ ਸਿੰਘ ਜੀ ਨੂੰ ਸੰਪ੍ਰਦਾਈ ਅਰਥਾਂ ਦੀ ਟਕਸਾਲ ਚਲਾਉਣ ਵਾਸਤੇ ਗੁਰੂ ਕੀ ਕਾਂਸ਼ੀ ਦਮਦਮੇ ਭੇਜਿਆ ਅਰ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਭੇਜਿਆ। ਇਹ ਅੰਮ੍ਰਿਤਸਰ ਸਾਹਿਬ ਵਾਲੀ ਸੰਪ੍ਰਦਾ ਟਕਸਾਲ ਦਸਮੇਸ਼ ਪਿਤਾ ਜੀ ਦੇ ਹੁਕਮ ਨਾਲ ਭਾਈ ਮਨੀ ਸਿੰਘ ਜੀ ਤੋਂ ਚਲੀ ਆ ਰਹੀ ਹੈ।

(ਸਫ਼ਾ ੫੬ ਦੇ ਫੁਟ ਨੋਟ ਦੀ ਬਾਕੀ)

ਯਥਾ—'ਦੂਸਰ ਬੀੜ ਦਮਦਮੇ ਭਈ। ਦੀਪ ਸਿੰਘ ਸ਼ਾਹੀਦ ਰਚਈ।
ਸੰਮਤ ਅਠਾਰਾਂ ਸੈ ਚਾਰ। ਮਧ ਕਰਜੋ ਉਨ ਯਹਿ ਉਪਕਾਰ।
ਭੋਗ ਸਫੁਟਕ ਕਬਿੱਤਨ ਪਰ ਹੈ। ਇਹੋ ਪਛਾਨ ਸਿਆਨੇ ਰਰ ਹੈ।'

੩. ਤੀਜੀ ਬੀੜ ਭਾਈ ਸੁਖਾ ਸਿੰਘ ਜੀ ਗ੍ਰੰਥੀ ਨੇ ਪਟਨੇ ਸਾਹਿਬ ਵਿਖੇ ਸੰਮਤ ੧੮੩੨ ਵਿਚ ਤਿਆਰ ਕੀਤੀ ਹੈ, ਜਿਸ ਦਾ ਭੋਗ ਛੱਕਿਆਂ ਪਰ ਪੈਂਦਾ ਹੈ।

ਯਥਾ—ਸੁਖਾ ਸਿੰਘ ਗ੍ਰੰਥੀ ਔਰ। ਰਚੀ ਬੀੜ ਪਟਨੇ ਮੈ ਗੌਰ।
ਅਠਾਰਾਂ ਸੈ ਬੱਤੀ ਮਾਂਹਿ। ਰਖਿਓ ਸੁਖਮਨਾ ਛੱਕੇ ਵਾਹਿ।
+'ਅੰਕਪਰਲੀ' ਲੌ ਅਨਿਕ ਪ੍ਰਸੰਗ। ਰਾਖੇ ਓਨ ਆਪਨੈ ਢੰਗ।
ਭੋਗ ਛਕਯੋਂ ਪਰ ਪਾਯੋ ਤਾਂਹਿ। ਤੀਨ ਬੀੜ ਹੋਈ ਬਿਧਿ ਯਾਹਿ।'

੪. ਚੌਥੀ ਬੀੜ ਭਾਈ ਚੜਤ ਸਿੰਘ ਨੇ ਤਿਆਰ ਕੀਤੀ ਹੈ ਪਰ ਓਸ ਬੀੜ ਵਿਚ ਉਸ ਨੇ ਪੰਜ ਪੱਤਰੇ ਹੋਰ ਵਧਾ ਦਿੱਤੇ। ਉਹ ਦਸਮ ਗ੍ਰੰਥ ਅਗੋਂ ਬਾਬੇ ਹਾਕਮ ਸਿੰਘ ਨੇ ਲੈ ਲਿਆ ਜੋ ਪਟਿਆਲੇ ਮੋਤੀ ਬਾਗ ਗੁਰਦੁਆਰੇ ਵਿਚ ਹੈ।

ਯਥਾ—'ਪੁਨ ਚੜਤ ਸਿੰਘ ਤਾਕੇ ਪੁਤ। ਅੱਖਰ ਦਸਮ ਗੁਰੂ ਸਮ ਸੂਤ।
ਕਰਕੈ ਪਾਂਚ ਪੱਤਰੇ ਔਰ। ਗੁਰ ਤਰਫੋਂ ਲਿਖ ਪਏ ਗੌਰ।
ਔਰ ਗ੍ਰੰਥ ਇਕ ਵੈਸਾ ਕੀਓ। ਸੋ ਬਾਵੇ ਹਾਕਮ ਸਿੰਘ ਲੀਓ।
ਸੋ ਗੁਰਦੁਆਰੇ ਮੋਤੀ ਬਾਗ। ਹੈ ਅਬ ਹਮਨੇ ਪਿਖਯੋ ਬਿਲਾਗ।'

[ਪੰਥ ਪ੍ਰਕਾਸ਼ ਕ੍ਰਿਤ ਗਿ: ਗਿਆਨ ਸਿੰਘ]

[ਚੌਥੀ ਐਡੀਸ਼ਨ ਧਿਆਇ ੩੬ ਪੰਨਾ ੩੦੬]

+ 'ਅੰਕ ਪਰਲੀ' ਬਾਣੀ ਦਾ ਨਾਮ ਹੈ, ਅੰਕ ਪਲੀ ਤੋਂ ਲੈ ਕੇ ਅਨੇਕਾਂ ਪ੍ਰਸੰਗ ਰੱਖੇ ਹਨ।

ਸੰਪ੍ਰਦਾਈ ਗਿਆਨਦਿਆ ਦੀ ਪ੍ਰਣਾਲੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਭਾਈ ਮਨੀ ਸਿੰਘ ਜੀ ਸ਼ਹੀਦ — ਬਾਬਾ ਦੀਪ ਸਿੰਘ ਜੀ ਸ਼ਹੀਦ

ਭਾਈ ਦੀਵਾਨ ਸਿੰਘ ਜੀ
ਭਾਈ ਗੁਰਦਿਆਲ ਸਿੰਘ ਜੀ
ਭਾਈ ਗੁਰਬਖਸ਼ ਸਿੰਘ ਜੀ

ਭਾਈ ਅਮਰ ਸਿੰਘ ਜੀ
ਭਾਈ ਸੂਰਤ ਸਿੰਘ ਜੀ
ਭਾਈ ਕੌਲ ਸਿੰਘ ਜੀ

ਭਾਈ ਰਾਮ ਸਿੰਘ ਜੀ
ਭਾਈ ਗੁਰਦਾਸ ਸਿੰਘ ਜੀ
ਭਾਈ ਜੱਸਾ ਸਿੰਘ ਜੀ

ਭਾਈ ਚੰਦਾ ਸਿੰਘ ਜੀ
ਭਾਈ ਸੰਤ ਸਿੰਘ ਜੀ

ਭਾਈ ਹਜਾਰਾ ਸਿੰਘ ਜੀ
ਭਾਈ ਦਇਆ ਸਿੰਘ ਜੀ [ਸੰਤ]

ਭਾਈ ਸਾਹਿਬ ਭਾਈ ਵੀਰ ਸਿੰਘ ਜੀ
ਭਾਈ ਭਗਵਾਨ ਸਿੰਘ ਜੀ [ਸੰਤ]

ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਬਜ਼ਾਰ ਸੱਤੋ ਵਾਲਾ *ਅੰਮ੍ਰਿਤਸਰ ਵਾਲੇ [ਦੇਹਾਂਤ ੧ ਕੱਤਕ ਸੰਃ ੨੦੧੧]
ਭਾਈ ਫਤੇ ਚੰਦ ਜੀ [ਸੰਤ] [ਸ਼ਾਹਜੀਵਣੇ ਵਾਲੇ]
ਸੰਤ ਬਾਬਾ ਹਰਨਾਮ ਸਿੰਘ ਜੀ

ਸੰਤ ਕ੍ਰਿਪਾਲ ਸਿੰਘ ਜੀ [ਅੱਜ ਕੱਲ੍ਹ] ਅੰਮ੍ਰਿਤਸਰ ਵਾਲੇ
ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ
[ਗਿਆਨੀ ਕਰਤਾਰ ਸਿੰਘ ਜੀ]
ਸੰਤ ਬਿਸ਼ਨ ਸਿੰਘ ਜੀ [ਮੁਰਾਲੇ ਵਾਲੇ]
ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ

ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾ ਵਾਲੇ
ਜਨਮ ੧ ਫਗਣ ੧੯੫੯, ਦੇਹਾਂਤ ੧੫ ਹਾੜ ੨੦੨੬

ਸੰਤ ਕਰਤਾਰ ਸਿੰਘ ਜੀ ਖਾਲਸਾ ਦੇਹਾਂਤ ੧੯੭੭ ਅਗਸਤ ੧੬
ਸੰਤ ਜਰਨੈਲ ਸਿੰਘ ਜੀ

ਸੰਤ ਮੋਹਨ ਸਿੰਘ ਜੀ ਗਿਆਨੀ

---

*ਏਸੇ ਸੰਪ੍ਰਦਾਈ ਅਰਥਾਂ ਦੇ ਕਰਨ ਦੀ ਸੇਵਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਨੇ ੧੯੫੧ ਬਿਕ੍ਰਮੀ ਤੋਂ ਲੈ ਕੇ ੨੦੧੧ ਤਕ ਪੂਰੇ ੬੦ ਸਾਲ ਕੀਤੀ ਹੈ।

ੴ ਸਤਿਗੁਰ ਪ੍ਰਸਾਦਿ॥

ਦੂਸਰੀ ਉਥਾਨਕਾ

ਸ੍ਰੀ ਦਸਮੇਸ਼ ਪਿਤਾ ਕਲਗੀਧਰ ਜੀ ਪਾਸ ਸਰਬ ਸੰਗਤ ਨੇ ਹੱਥ ਜੋੜਕੇ ਬੇਨਤੀ ਕੀਤੀ-

ਸ੍ਰੀ ਗੁਰੂ ਨਾਨਕ ਦੇਵ ਜੀ ਕਿਹੜੇ ਅਵਤਾਰ ਹਨ? ਕਿਉਂਕਿ ਅਵਤਾਰ ਕਈ ਪ੍ਰਕਾਰ ਮੰਨੇ ਹਨ। ਜਿਵੇਂ ਕਿ

[੧] ਅੰਸ਼ਾ ਅਵਤਾਰ। [੨] ਅਵੇਸ਼ਾ ਅਵਤਾਰ।

[੩] ਨਿੱਤ ਅਵਤਾਰ। [੪] ਨਮਿੱਤਕ ਅਵਤਾਰ।

[੫] ਪੂਰਨ ਅਵਤਾਰ। [੬] ਪੂਰਨ ਤਮ ਅਵਤਾਰ।

ਏਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

[੧] ਅੰਸ਼ਾ ਅਵਤਾਰ ਰਾਜੇ ਆਦਿਕ ਹਨ ਜਿਵੇਂ ਈਸ਼ੂਰ ਹੁਕਮ ਕਰਦਾ ਹੈ ਤਿਵੇਂ ਉਸ ਦੀ ਅੰਸ਼ ਹੋਣ ਕਰਕੇ ਰਾਜੇ ਸਭ ਪਰਜਾ ਪਰ ਹੁਕਮ ਕਰਦੇ ਹਨ, ਰਾਜਿਆਂ ਨੂੰ ਈਸ਼ੂਰ ਅੰਸ਼ ਮੰਨਿਆਂ ਹੈ। ਯਥਾ ਪ੍ਰਿਥੂ ਆਦਿਕ ਰਾਜੇ ਹੋਏ ਹਨ। ਅਥਵਾ-ਅੰਸ਼ਾ ਅਵਤਾਰ ਉਸ ਨੂੰ ਭੀ ਆਖਦੇ ਹਨ ਜਿਨ੍ਹਾਂ ਵਿਖੇ ਈਸ਼ੂਰ ਦੀਆਂ ਦੋ ਚਾਰ ਕਲਾ ਹੋਣ। ਯਥਾ ਪਰਸਰਾਮ ਆਦਿਕ। ਪਰਸਰਾਮ ਵਿਖੇ ਈਸ਼ਰ੍ ਦੀਆਂ ਦੋ ਕਲਾ ਸਨ, ਇਸ ਕਰਕੇ ਉਸ ਨੂੰ ਅੰਸ਼ਾ ਅਵਤਾਰ ਮੰਨਿਆਂ ਹੈ।

[੨] ਅਵੇਸ਼ਾ ਅਵਤਾਰ ਉਸ ਨੂੰ ਕਹਿੰਦੇ ਹਨ ਜਿਹੜਾ ਕਿਸੀ ਵਿਖੇ ਪ੍ਰਵੇਸ਼ ਹੋ ਕੇ ਈਸ਼ੂਰ ਨੇ ਦਰਸ਼ਨ ਦੇਣਾ ਹੈ। ਜਿਵੇਂ ਨਾਮਦੇਵ ਨੂੰ ਕਲੰਦਰ ਵਿਖੇ ਪ੍ਰਵੇਸ਼ ਹੋ ਕੇ ਦਰਸ਼ਨ ਦਿੱਤਾ ਸੀ ਤੇ ਨਾਮਦੇਵ ਨੇ ਕਿਹਾ ਸੀ-

"ਆਉ ਕਲੰਦਰ ਕੇਸਵਾ॥ ਕਰਿ ਅਬਦਾਲੀ ਭੇਸਵਾ॥"

ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ॥

[ਪੰਨਾ ੧੧੬੭]

[੩] ਨਿੱਤ ਅਵਤਾਰ ਸੰਤਾਂ ਨੂੰ ਕਿਹਾ ਹੈ।

"ਸਾਧ ਰੂਪ ਅਪਨਾ ਤਨੁ ਧਾਰਿਆ॥ ਮਹਾ ਅਗਨਿ ਤੇ ਆਪਿ ਉਬਾਰਿਆ।"

[ਮਾਰੂ ਮਹਲਾ ੫, ਪੰਨਾ ੧੦੦੫]

[੪] ਨਮਿੱਤਕ ਅਵਤਾਰ ਨਰਸਿੰਘ ਤੇ ਬਾਵਨ ਆਦਿਕ ਹਨ। ਜਿਹੜਾ ਖਾਸ ਕਰਕੇ ਪ੍ਰਹਿਲਾਦ ਭਗਤ ਦੀ ਰੱਖਿਆ ਵਾਸਤੇ ਨਰਸਿੰਘ ਅਵਤਾਰ ਹੋਇਆ ਹੈ ਉਸ ਨੇ ਕੇਵਲ ਪ੍ਰਹਿਲਾਦ ਭਗਤ ਦੀ ਹੀ ਰੱਖਿਆ ਕੀਤੀ ਹੈ ਹੋਰ ਕਿਸੇ ਦੀ ਰਖਿਆ ਨਹੀਂ ਕੀਤੀ, ਅਤੇ ਬਾਵਨ ਅਵਤਾਰ ਕੇਵਲ ਬਲ ਰਾਜਾ ਦੇ ਛਲਣ ਵਾਸਤੇ ਹੋਇਆ ਹੈ।

[੫] ਸੋਲ੍ਹਾਂ ਕਲਾ ਪੂਰਨ ਅਵਤਾਰ ਸ੍ਰੀ ਕ੍ਰਿਸ਼ਨ ਆਦਿਕਾਂ ਨੂੰ ਮੰਨਿਆਂ ਹੈ।

[੬] ਤਮ=ਵਿਸ਼ੇਸ਼ ਕਰਕੇ ਸੰਪੂਰਨ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਜਿਸ ਗੁਰੂ ਨਾਨਕ ਦੇਵ ਜੀ ਜੈਸਾ ਹੋਰ ਕੋਈ ਨਹੀਂ ਹੈ।

"ਗੁਰ ਜੈਸਾ ਨਾਹੀਂ ਕੋ ਦੇਵ॥" *[ਪੰਨਾ ੧੧੪੨]*

"ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ ੪॥ ੧੦॥" *[੭੫੦]*

ਇਨ੍ਹਾਂ ਨੂੰ ਵਿਸ਼ੇਸ਼ ਅਵਤਾਰ ਇਸ ਕਰਕੇ ਮੰਨਿਆ ਹੈ ਕਿ ਗੁਰੂ ਨਾਨਕ ਦੇਵ ਜੀ ਕਿਸੀ ਪਾਸੋਂ ਭੀ ਨਹੀਂ ਪੜ੍ਹੇ। ਜੇਕਰ ਪਿਤਾ ਕਾਲੂ ਜੀ ਨੇ ਪਹਿਲੇ ਪਾਂਧੇ ਤੇ ਫੇਰ ਮੁੱਲਾਂ ਪਾਸ ਬੈਠਾਇਆ ਹੈ ਤਾਂ ਸਗੋਂ ਉਹਨਾਂ ਨੂੰ ਪੜ੍ਹਾ ਕੇ ਆਏ ਹਨ।

ਤੇ ਸ੍ਰੀ ਰਾਮਚੰਦ੍ਰ ਜੀ ਨੇ ਆਪਣੇ ਗੁਰੂ ਵਸ਼ਿਸ਼ਟ ਜੀ ਪਾਸੋਂ ੬੪ ਦਿਨ ਬ੍ਰਹਮ ਵਿੱਦਿਆ ਪੜ੍ਹੀ ਹੈ ਤੇ ਵਿਸ਼ਵਾ ਮਿੱਤਰ ਜੀ ਪਾਸੋਂ ੮ ਦਿਨਾਂ ਵਿਚ ਸ਼ਸ਼ਤ੍ਰ ਵਿਦਜਾ ਸਿੱਖੀ ਹੈ।

ਸ੍ਰੀ ਕ੍ਰਿਸ਼ਨ ਜੀ ਨੇ ਦੁਰਬਾਸ਼ਾ ਰਿਖੀ ਜੀ ਪਾਸੋਂ ੮ ਦਿਨ ਬ੍ਰਹਮ ਵਿਦਜਾ ਪੜ੍ਹੀ ਹੈ ਅਤੇ ਸੰਦੀਪਨ ਗੁਰੂ ਪਾਸੋਂ ਸ਼ਸਤ੍ਰ ਵਿਦਜਾ ੬੪ ਦਿਨਾਂ ਵਿਚ ਸਿੱਖੀ ਹੈ।

ਫੇਰ-ਸ੍ਰੀ ਰਾਮਚੰਦ੍ਰ ਜੀ ਦੀ ਉਮਰ ਦਸ ਹਜ਼ਾਰ ਬਰਸ ਦੀ ਸੀ ਤੇ ਭਗਵਾਨ ਕ੍ਰਿਸ਼ਨ ਜੀ ਦੀ ਉਮਰ ਇਕ ਹਜ਼ਾਰ ਬਰਸ ਦੀ ਸੀ, ਪਰ ਇਤਨੀ ਉਮਰ ਦੇ ਹੁੰਦਿਆਂ ਭੀ ਉਨ੍ਹਾਂ ਅਵਤਾਰਾਂ ਨੇ ਇਤਨੇ ਕੰਮ ਨਹੀਂ ਕੀਤੇ ਜਿਤਨੇ ਕੁ ਕੰਮ ੭੦ ਕੁ ਸਾਲਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੇ ਹਨ। ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਵੇਦ ਪ੍ਰਮਾਣ ਤੇ ਲੌਕਿਕ ਪ੍ਰਮਾਣ ਕਰਕੇ ਵਿਸ਼ੇਸ਼ ਪੂਰਨ ਅਵਤਾਰ ਹਨ।

ਗੁਰੁਰ ਬ੍ਰਹਮਾ ਗੁਰੁਰ ਬਿਸ਼ਨੁੰ ਗੁਰੁਰੁ ਦੇਵ ਮਹੇਸ਼੍ਵਰਃ।
ਗੁਰੁਰੁ ਸਾਖਯਾਤ ਪਾਰਬ੍ਰਹਮ ਦਰਸੀ ਤਸਮਈ ਸ੍ਰੀ ਗੁਰੂ ਏ ਨਮਹ॥ ੧॥

[ਗੁਰੂ ਗੀਤਾ]

ਲੌਕਿਕ ਪ੍ਰਮਾਣ ਵਿਚ ਭੀ ਇਹ ਗੱਲ ਪ੍ਰਸਿੱਧ ਹੈ ਕਿ ਗੁਰੂ ਨਾਨਕ ਦੇਵ ਜੀ ਪੂਰਨ ਪਾਰਬ੍ਰਹਮ ਰੂਪ ਹਨ। ਜਿਵੇਂ-

ਬਿਆਸ ਜੀ ਨੇ ਭਵਿਸ਼ਤ ਪੁਰਾਣ ਵਿਖੇ ਅਠਾਈਵੇਂ ਧਿਆ ਦੇ ੩੩ ਵੇਂ ਸਲੋਕ ਤੋਂ ੪੪ ਵੇਂ ਸਲੋਕ ਤਕ ੧੨ ਸਲੋਕ ਮਹਾਰਾਜ ਜੀ ਦੇ ਅਵਤਾਰ ਦੀ ਪੂਰਨਤਾ ਵਿਚ ਦੱਸੇ ਹਨ:-

ਯਥਾ — "ਏਵੰ ਵੈ ਧਰਮ ਪਰਾਚੁਰਯੰ ਭਵਿਸ਼ਜਤਿ ਯਦਾ ਕਲੌ॥ ੩੩॥
ਤਦਾ ਵੈ ਲੋਕ ਰਖਜਾਰਥੰ ਮਲੇਛਾਨਾਂ ਨਾਸ ਹੇਤਬੇ॥
*ਪਸਿਚਮੇਤੁ ਸੁਭੇ ਦੇਸ਼ੇ ਬੇਦੀ ਵੰਸੇ ਚ ਨਾਨਕੌ॥ ੩੪॥"**

[ਭਵਿਸ਼ਤ ਪੁਰਾਣ ਅਧਿ: ੨੮]

**ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਸ ਵਾਰਤਾ ਨੂੰ ਇਉਂ ਵਰਨਣ ਕਰਦੇ ਹਨ- ਔਰ ਭਵਿਖਤ ਪੁਰਾਣ ਮੈ ਪੂਰਨ ਅਵਤਾਰ ਸ੍ਰੀ ਗੁਰੂ ਨਾਨਕ ਜੀ ਕਾ ਹੋਣਾ ਲਿਖਿਆ ਹੈ। ਅਠਾਈਸਮੇਂ*

(ਬਾਕੀ ਦੇਖੋ ਫੁਟ ਨੋਟ ਸਫਾ ੬੧ ਤੇ)

ਭਾਈ ਗੁਰਦਾਸ ਜੀ ਨੇ ਭੀ ਲਿਖਿਆ ਹੈ—

(ਸਫਾ ੬੦ ਦੇ ਫੁਟ ਨੋਟ ਦੀ ਬਾਕੀ)

ਅਧਯਾਇ ਮੈ ਤੇਤੀਸਵੇਂ ਸ਼ਲੋਕ ਸੇ ਲੇ ਕਰ ਚੌਤਾਲੀਸਵੇਂ ਸਲੋਕ ਤਕ ਬਾਰਾਂ ਸ਼ਲੋਕੋਂ ਮੇਂ ਸ੍ਵਾਮਿ ਕਾਰਤਕ ਜੀ ਕੇ ਪ੍ਰਸ਼ਨ ਕਰਨੇ ਪਰ ਜੋ ਬ੍ਰਹਮਾ ਜੀ ਨੇ ਉਤਰ ਦੀਆ ਹੈ ਵੋਹ ਸ਼ਲੋਕ ਯਹਿ ਹੈਂ-

ਏਵੰ ਵੈ ਧਰਮਜ ਪ੍ਰਾਚੁਰਯੰ ਭਵਿਸ਼ਜਤਿ ਯਦਾ ਕਲੌ॥ ੩੩॥
ਤਦਾ ਵੈ ਲੌਕ ਰਖਜਾਰਥੰ ਮਲੇਛਾਨਾ ਨਾਸ਼ ਹੇਤਵੇ॥
ਪਸਿਚਮੇ ਤੁ ਸ਼ੁਭੇ ਦੇਸ਼ੇ ਵੇਦੀ ਵੰਸ਼ੇ ਚ ਨਾਨਕੌ॥ ੩੪॥
ਨਾਮਨਾ ਭੁਵਿ ਰਾਜ ਰਿਖੀ ਬ੍ਰਹਮ ਗਜਾਨੈਕ ਮਾਨਸਃ॥
ਭਵਿਸ਼ਜਤਿ ਕਲੌ ਸਕੰਦ ਤਤ੍ਰ ਬਿੱਤਜ ਕਲਿਯਾ ਹਰੇ॥ ੩੫॥
ਸੇ ਸ੍ਰੀ ਮਨ ਰਾਜ ਸਾਰਦੂਲਾਨੁਪਦਿੱਸ਼ਜਤਿ ਪੁਨਾ॥
ਮਲੇਛਾਨ ਹਨਿਸ਼ਯੰਤਿ ਸਕੰਦ ਧਰਮ ਤੱਤੋਪਦੇਸ਼ ਕ੍ਰਿਤ॥ ੩੬॥
ਤੇਨੋਪਦਿਸਟੰ ਮਾਰਗ ਵੈ ਯੇ ਗ੍ਰਹੀਸਜੰਤਿ ਭੂਮਿ ਪਾਃ॥
ਤੇ ਵੈ ਰਾਜ ਕਰਿਸ਼ਯੰਤਿ ਤਸਜਾ ਸਿਖਜਾਨੁਸਾਰਿਤਾ॥ ੩੭॥
ਧਰਮੇਣ ਰਾਜਜ ਖ੍ਰਿਧਿਸਚ ਕਲੌ ਤੇਸਾਂ ਭਵਿਸ਼ਜਤਿ॥
ਤੇਸਾਂ ਰਾਜਜਾਂਤ ਪਰੇ ਕਾਲੇ ਮਲੇਛਾ ਗੌਰ ਮੁਖਾ ਨ੍ਰਿਪਾਃ॥ ੩੮॥
ਪ੍ਰਬਲਾਸੰ ਭਵਿਸ਼ਯੰਤਿ ਸਕੰਦ ਪ੍ਰਜਾ ਰਖਜਣ ਤਤਪਰਾ॥
ਅਲਪ ਕਾਲੇਨ ਤੇਸਾਂ ਤੁ ਰਾਜਜ ਖ੍ਰਿਧਿ ਭਵਸ਼ਜਤਿ॥ ੩੯॥
ਨ੍ਰਿਪਬਲੰ ਹਰਿਸਯੰਤਿ ਗੌਰ ਵਰਣਾ ਗਜਾਯਨ ਗਾਃ॥
ਅਸ਼ੀਤਿ ਸ਼ਤ ਰਾਜਯੰਤੇ ਨੀਤਿ ਸ਼ਾਸਤ੍ਰਾਨੁਸਾਰਤਾ॥ ੪੦॥
ਕ੍ਰਿਤ੍ਰਾ ਪਸਚਿਮ ਦੇਸ਼ੀਯੇ ਨ੍ਰਿਪੈਰ ਯਾਸਯੰਤਜ ਦਰਸ਼ਨੰ॥
ਯਦਾ ਥੇਦੇ ਚ ਬਿਪ੍ਰੇ ਚ ਥੈਰਮਥੇ ਚ ਵਿਸ਼ੁਜਧ ਧੀ॥ ੪੧॥
ਤਦਾ ਨ੍ਰਿਪਾ ਬਿਜਯਤਿ ਮਲੇਛਾਨ ਧ੍ਰਮੰ ਪਰਾਜਜਨੁਖਾਨ॥
ਤਸਮਿਨ ਕਾਲੇ ਖੰਡ ਨਾਥਾ ਸਤਸਸਚ ਸਹੱਸ੍ਰਸਾਃ॥ ੪੨॥
ਭਵਿਸ਼ਯੰਤ ਕਲੌ ਸਕੰਦ ਰਾਜਜ ਪਾਲਨਾ ਤਤਪਰਾ॥
ਰਾਜ ਰਿਖਿ ਮਤ ਮਾਰਗੀਣਾ ਮਾਗਜਾ ਲੌਕੋ ਭਵਿਸ਼ਯਤਿ॥ ੪੩॥
ਏਵ ਸਤ ਤ੍ਰਯੰ ਰਾਜਯੰ ਕ੍ਰਿਤਾ ਪਚਾਸ ਉਤਰੰ॥
ਧ੍ਰਮੇਣੈਵ ਕਲੌ ਸਕੰਦ ਤਤਃ ਸੰਸਜਾ ਗਮਿਸਜਤਿ॥ ੪੪॥

(ਪੰਥ ਪ੍ਰਕਾਸ਼, ਨਵੀਂ ਐਡੀਸ਼ਨ, ਬਿਸ੍ਰਾਮ ੩)

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਵੀ ਮਹਾਨ ਕੋਸ਼ ਅੰਦਰ ਇਹ ਪ੍ਰਸੰਗ ਵਰਣਨ ਕੀਤਾ ਹੈ। ਦੇਖੋ "ਭਵਿਸ਼ ਪੁਰਾਣ"।

"ਨਾਰਾਇਣ ਨਿਜ ਰੂਪਿ ਧਰਿ, ਨਾਥਾ ਨਾਥ ਸਨਾਥ ਕਰਾਇਆ।" [ਵਾਰ ੨੪ ਪੌ: ੧]

ਵੇਦਾਂ ਨੇ ਭੱਟ ਰੂਪ ਹੋ ਕੇ ਕਿਹਾ ਹੈ-

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥" [ਪੰਨਾ ੧੩੯੫]

"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥" [ਪੰਨਾ ੧੪੦੬]

ਪ੍ਰਸ਼ਨ-

[੧] ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਕਿਸ ਨਮਿੱਤ ਹੋਇਆ ਹੈ? ਅਤੇ

[੨] ਜਪੁਜੀ ਬਾਣੀ ਦਾ ਉਚਾਰਨ ਕਿਸ ਕਾਰਨ ਅਤੇ ਕਿਸ ਅਸਥਾਨ 'ਤੇ ਹੋਇਆ ਹੈ?

ਹਜ਼ੂਰ ਨੇ ਕਿਹਾ, "ਸਾਧ ਸੰਗਤ ਜੀ! ਜਿਸ ਵੇਲੇ ਧਰਤੀ ਪਰ ਬੜੇ ਪਾਪ ਅਤਿਆਚਾਰ ਵਧ ਜਾਂਦੇ ਹਨ ਤਾਂ ਹੀ ਪ੍ਰਭੂ ਅਵਤਾਰ ਧਾਰਦਾ ਹੈ।"

*ਚੌਪਈ॥ "ਜਬ ਜਬ ਹੋਤ *ਅਰਿਸ਼ਟ ਅਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥"*

[ਦਸਮ ਗ੍ਰੰਥ, ਪੰਨਾ ੧੫੫]

ਅਰਜਨ ਨੇ ਭੀ ਕ੍ਰਿਸ਼ਨ ਜੀ ਅੱਗੇ ਏਹੀ ਬੇਨਤੀ ਕੀਤੀ ਸੀ, ਕਿ ਪ੍ਰਿਥਵੀ ਪਰ ਭਗਵਾਨ ਅਵਤਾਰ ਕਿਉਂ ਧਾਰਦਾ ਹੈ? ਕ੍ਰਿਸ਼ਨ ਜੀ ਨੇ ਉੱਤਰ ਦਿੱਤਾ-

'ਯਦਾ ਯਦਾ ਹੀ ਧਰਮਸ੍ ਗਿਲਾਨੀਰ ਭਵਤੀ ਭਾਰਤ।
ਅਭਿਉਥਾਨਮ ਧਰਮਸ੍ ਤਦਾਤਮਾਨੰ ਸਿਰਜਾਮੀਹਮ॥ ੭॥

ਹੇ ਭਾਰਤ=ਅਰਜਨ! ਜਦੋਂ ਜਦੋਂ ਧਰਮ ਵਿਖੇ ਪੁਰਸ਼ਾਂ ਦੀ ਗਿਲਾਨੀ ਭਵਤੀ-ਹੁੰਦੀ ਹੈ ਅਤੇ ਅਧਰਮ ਦੀ ਉਥਾਨਮ=ਉਤਪਤੀ ਹੁੰਦੀ ਹੈ, ਤਦਾਤਮਾਨੰ=ਤਦ ਤਦ ਹੀ ਮੈਂ ਆਪਣੇ ਸਰੂਪ ਨੂੰ ਸਿਰਜਾਮੀਹਮ=ਰਚਦਾ ਹਾਂ। ਅਰਥਾਤ ਪ੍ਰਗਟ ਕਰਦਾ ਹਾਂ। [ਗੀਤਾ, ਧਿਆਇ ੪]

ਦੁਨੀਆਂ ਵਿਚ ਇਤਨੇ ਪਾਪ ਵਧ ਗਏ ਜੋ ਧਰਮ ਦਾ ਨਾਮੋ ਨਿਸ਼ਾਨ ਹੀ ਨਾ ਰਿਹਾ ਕਿ ਧਰਮ ਕੀ ਚੀਜ਼ ਹੁੰਦੀ ਹੈ, ਸਭ ਮੁਖੀ ਮੁਖੀ ਅਸਥਾਨਾਂ ਤੋਂ ਧਰਮ ਲੋਪ ਹੋ ਗਿਆ।

"ਚਲੀ ਪਾਪ ਕੀ ਜਗਤ ਕਹਾਨੀ॥ ਭਾਜਾ ਧਰਮ ਛਾਡ ਰਜਧਾਨੀ॥"
ਭਿੰਨ ਭਿੰਨ ਘਰ ਘਰ ਮਤ ਚਲਾ॥ ਯਾਤੇ ਧਰਮ ਭਰਮ ਉਡ ਟਲਾ॥ ੧੪॥

[ਦਸਮ ਗ੍ਰੰਥ ਨਿਹਕਲੰਕ ਅਵਤਾਰ ਪੰਨਾ ੫੭੨]

ਧਰਮ ਦੀਆਂ ਚਾਰ ਰਾਜਧਾਨੀਆਂ ਕਥਨ ਕੀਤੀਆਂ ਹਨ-

੧. ਰਾਜੇ ਲੋਕ, ੨. ਤੀਰਥ, ੩. ਮਹਾਤਮਾ, ੪. ਬ੍ਰਾਹਮਣ।

ਪ੍ਰੰਤੂ ਇਨ੍ਹਾਂ ਸਾਰਿਆਂ 'ਚੋਂ ਧਰਮ ਲੋਪ ਹੋ ਚੁੱਕਾ ਹੈ।

੧. ਰਾਜੇ ਲੋਕ ਧਰਮਾਤਮਾ ਹੋਣ ਤਾਂ ਪਰਜਾ ਵਿਖੇ ਧਰਮ ਅੰਸ਼ ਬਣੀ ਰਹਿੰਦੀ ਹੈ। ਆਮ ਕਹਾਵਤ ਹੈ ਕਿ

'ਯਥਾ ਰਾਜਾ ਤਥਾ ਪਰਜਾ।'

ਕਲਜੁਗੀ ਰਾਜੇ ਬਿਅਦਲੀ ਹੋ ਚੁੱਕੇ ਹਨ।

---

* ਪਾਪ।

ਯਥਾ—'ਭਏ ਬਿਅਦਲੀ ਪਾਤਸਾਹ, ਕਲਿ ਕਾਤੀ ਉਮਰਾਇ ਕਸਾਈ॥'

[ਵਾਰ ੧, ਪਉੜੀ ੭]

ਤਥਾ—"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

[ਵਾਰ ਮਾਝ,ਪੰਨਾ ੧੪੫]

'ਕਲਿ ਆਈ ਕੁਤੇ ਮੁਹੀਂ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤੁ ਮੁਖਹੁ ਆਲਾਈ।
ਚੇਲੇਂ ਸਾਜ ਵਜਾਇੰਦੇ ਨਚਨਿ ਗੁਰੁ ਬਹੁਤ ਬਿਧਿ ਭਾਈ।
ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵੱਢੀ ਲੈ ਕੇ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।
ਵਰਤਿਆ ਪਾਪੁ ਸਭਸਿ ਜਗ ਮਾਂਹੀ ॥ ੩੦॥'

[ਭਾਈ ਗੁਰਦਾਸ ਜੀ, ਵਾਰ ੧]

ਤਥਾ—"ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦ ਯਾਰਾ।
ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
ਰੋਜੇ ਦੀਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੈ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ ॥ ੨੦॥"

[ਭਾਈ ਗੁਰਦਾਸ ਜੀ, ਵਾਰ ੧]

ਪੁਰਾਤਨ ਇਤਿਹਾਸ ਲਿਖਣ ਵਾਲਿਆਂ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੁਨੀਆਂ ਦੀ ਕੀ ਹਾਲਤ ਸੀ। ਅਰਥਾਤ ਬਹੁਤ ਦੁਖ-ਦਾਇਕ ਤੇ ਹੈਰਾਨੀ ਵਾਲੀ ਸੀ।

'ਕੁਤਬ ਦੀਨ ਏਬਕ' ਨੇ ਮੇਰਠ ਅਤੇ ਕਲੰਜਰ ਸ਼ਹਿਰ ਵਿਖੇ ਜੋ-ਜੋ ਮੰਦਰ ਸਨ, ਉਹਨਾਂ ਨੂੰ ਢਾਹ ਕੇ ਉਸੇ ਜਗ੍ਹਾ ਪਰ ਮਸੀਤਾਂ ਬਣਵਾਈਆਂ ਅਤੇ ਕਈ ਹਜ਼ਾਰਾਂ ਹਿੰਦੂ ਤਲਵਾਰ ਦੀ ਭੇਟਾ ਕੀਤੇ ਅਰ ਹਿੰਦੂਆਂ ਦੇ ਬੱਚੇ ਬੱਚੀਆਂ ਨੂੰ ਗਜਨੀ ਭੇਜਿਆ।

'ਅਲਾਉਦੀਨ ਖਿਲਜੀ' ਨੇ ਭੀ ਆਪਣੀ ਹਕੂਮਤ ਅੰਦਰ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ, ਜਿਨ੍ਹਾਂ ਨੇ ਮੁਸਲਮਾਨ ਬਣਨਾ ਸਵੀਕਾਰ ਨਾ ਕੀਤਾ, ਉਹਨਾਂ ਨੂੰ ਜਲਾਦਾਂ ਪਾਸੋਂ ਕਤਲ

ਕਰਵਾ ਦਿੱਤਾ।

'ਅਮੀਰ ਤੈਮੂਰ' ਨੇ ਭੀ ਆਪਣੇ ਹੁਕਮ ਨਾਲ ਦੀਪਾਲਪੁਰ ਦੇ ੫ ਹਜ਼ਾਰ, ਅਯੁੱਧਿਆ ਪੁਰੀ ਦੇ ੧੪ ਹਜ਼ਾਰ, ਬਨਾਰਸ ਦੇ ੩੩ ਹਜ਼ਾਰ ਮੁਖੀ ਬ੍ਰਾਹਮਣ ਤਲਵਾਰ ਦੀ ਭੇਟਾ ਕੀਤੇ । ਭਟਨੇਰ ਦੇ ੨੯ ਹਜ਼ਾਰ ਹਿੰਦੂ ਜੀਉਂਦੇ ਮਕਾਨਾਂ ਵਿਚ ਬੰਦ ਕਰਕੇ ਸਾੜ ਦਿੱਤੇ। ਇਸ ਪ੍ਰਕਾਰ ਕਲਯੁਗ ਦੇ ਰਾਜੇ ਲੋਕ ਪਾਪ ਕਰਮਾਂ ਦੇ ਕਰਨ ਵਿਖੇ ਤੁਲੇ ਹੋਏ ਸਨ।

੨. ਧਰਮ ਦੀ ਦੂਜੀ ਰਾਜਧਾਨੀ ਤੀਰਥ ਸਨ, ਤੀਰਥਾਂ ਉੱਪਰੋਂ ਭੀ ਧਰਮ ਲੋਪ ਹੋ ਗਿਆ। ਅੱਜ ਕਲ੍ਹ ਅੱਗੇ ਨਾਲੋਂ ਤੀਰਥਾਂ ਪਰ ਦੁਗਣਾ ਚੌਗੁਣਾ ਅਧਰਮ ਹੈ ਰਿਹਾ ਹੈ। ਹਰਿਦੁਆਰ ਗੰਗਾ ਨਦੀ ਵਿਚ ਲੋਕ ਇਸ਼ਨਾਨ ਦੇ ਬਹਾਨੇ ਜਾ ਕੇ ਸ਼ਰਾਬ ਦੀਆਂ ਬੋਤਲਾਂ ਠੰਢੀਆਂ ਕਰਕੇ ਪੀਂਦੇ ਹਨ, ਜਿਸਤੇ ਦੁਗਣਾ ਪਾਪ ਚੜ੍ਹ ਜਾਂਦਾ ਹੈ।

ਯਥਾ — "ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥"

[ਵਾਰ ਸੂਹੀ,ਪੰਨਾ ੭੮੯]

ਤਥਾ— "ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ॥
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ॥ ੪॥ ੧॥ ੬॥ ੫੭॥"

[ਗਉੜੀ ਕਬੀਰ ਜੀ, ਪੰਨਾ ੩੩੬]

ਤਥਾ— "ਤੀਰਥਿ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥ ੧॥"

[ਆਸਾ ਮਹਲਾ ੫, ਪੰਨਾ ੩੮੫]

ਤੀਰਥਾਂ ਪਰ ਅੱਜ ਕਲ੍ਹ ਜਾਣ ਕਰਕੇ ਸਗੋਂ ਹੰਕਾਰ ਹੀ ਵਧਦਾ ਹੈ। ਏਸ ਹੰਕਾਰ ਕਰਕੇ ਹੀ ਧਰਮ ਰਾਜਾ ਸਜ਼ਾ ਦੇਂਦਾ ਹੈ।

ਯਥਾ— "ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥ ੩॥"

[ਗੂਜਰੀ ਮਹਲਾ ੩, ਪੰਨਾ ੪੯੧]

੩. ਧਰਮ ਦੀ ਤੀਜੀ ਰਾਜਧਾਨੀ ਮਹਾਤਮਾ ਸਨ। ਮਹਾਤਮਾ ਵਿੱਚੋਂ ਵੀ ਧਰਮ ਲੋਪ ਹੋ ਗਿਆ ਹੈ। ਅੱਜ ਕਲ੍ਹ ਕੇਵਲ ਪਖੰਡ ਦੀ ਪ੍ਰਧਾਨਤਾ ਹੈ।

ਯਥਾ — "ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਆਯਉ॥"

[ਸਵਈਏ ਮਹਲਾ ੩, ਪੰਨਾ ੧੩੯੫]

ਤਥਾ—'ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ॥
ਧਰਮ ਧਉਲੁ ਪੁਕਾਰੈ ਤਲੈ ਖੜੋਆ ॥ ੨੨॥'

[ਭਾਈ ਗੁਰਦਾਸ ਜੀ. ਵਾਰ ੧]

੪. ਧਰਮ ਕੀ ਚੌਥੀ ਰਾਜਧਾਨੀ ਬ੍ਰਾਹਮਣ ਸਨ, ਪ੍ਰੰਤੂ ਇਸ ਸਮੇਂ ਬ੍ਰਾਹਮਣਾਂ ਵਿੱਚੋਂ ਵੀ ਧਰਮ ਦੂਰ ਹੋ ਗਿਆ ਹੈ। ਪਹਿਲੇ ਸਮੇਂ ਬ੍ਰਾਹਮਣ ਦੇ ਘਰ ਲੜਕਾ ਪੈਦਾ ਹੋਵੇ ਤਾਂ ਸੁਰਗ ਪੁਰੀ ਵਿਚ ਇੰਦਰ ਨੂੰ ਹੌਲ ਪੈ ਜਾਂਦਾ ਸੀ। ਆਪਣੇ ਰਾਜ-ਭਾਗ ਵਲੋਂ, ਕਿ ਇਹ ਲੜਕਾ ਜਪੀ ਤਪੀ ਹੋ ਕੇ ਮੇਰਾ ਸਿੰਘਾਸਨ ਸਾਂਭ ਲਏਗਾ। ਪਰ ਅੱਜ ਕਲ੍ਹ ਬ੍ਰਾਹਮਣ ਦੇ ਘਰ ਲੜਕਾ ਜੰਮੇ ਤਾਂ ਤਮਾਕੂ ਦਾ ਪੱਤਾ ਕੰਬਦਾ ਹੈ, ਕਿਉਂਕਿ ਬ੍ਰਾਹਮਣ ਸਿਰਫ ਤਮਾਕੂ ਪੀਣ 'ਤੇ ਜ਼ੋਰ ਦੇਂਦਾ ਹੈ। ਜਪ ਤਪ ਕਰਨ ਵੱਲ ਕੋਈ ਧਿਆਨ ਨਹੀਂ ਦੇਂਦਾ।

ਇਸ ਤਰ੍ਹਾਂ ਬਹੁਤ ਪਾਪਾਂ ਦੇ ਹੋਣ ਕਰਕੇ ਜਦ ਧਰਤੀ ਧੀਰਜ ਨੂੰ ਨਾ ਧਾਰਦੀ ਹੋਈ ਬਹੁਤ ਵਿਆਕੁਲ ਹੋਈ

ਯਥਾ—

ਦੋਹਰਾ—"ਭਯੋ ਭਾਰ ਧਰ ਪਰ ਅਧਿਕ, ਧਰਮ ਧਰਤਿ ਨਹਿਂ ਧੀਰ॥
ਭਾਉ ਭਗਤਿ ਨਹਿਂ ਜਗਤ ਮੇਂ, ਬਿਕੁਲ ਭਈ ਭਯ ਭੀਰ॥ ੧੫॥"

[ਨਾਨਕ ਪ੍ਰਕਾਸ਼, ਪੂਰਬਾਰਧ, ਧਿਆ ੩]

ਤਾਂ ਉਸ ਵੇਲੇ ਧਰਤੀ ਨੇ ਗਊ ਦਾ ਰੂਪ ਧਾਰ ਕੇ ਬ੍ਰਹਮਾ ਨੂੰ ਨਾਲ ਲੈ ਕੇ 'ਛੀਰ ਨਿਧੀ ਭਗਵਾਨ' ਪਾਸ ਪੁਕਾਰ ਕੀਤੀ:-

ਯਥਾ-

"ਪਰਮ ਪਾਪ ਤੇ ਭੂਮ ਡਰਾਨੀ॥ ਡਗ-ਮਗਾਤ ਬਿਧ ਤੀਰ ਸਿਧਾਨੀ॥ ੧॥
ਚੌਪਈ—ਬ੍ਰਹਮਾ ਗਯੋ ਛੀਰ ਨਿਧ ਜਹਾਂ॥ ਕਾਲ ਪੁਰਖ ਇਸਥਿਤ ਥੇ ਤਹਾਂ॥"

[ਦਸਮ ਗ੍ਰੰਥ, ਪੰਨਾ ੨੨੪]

ਮੈਂ ਬਹੁਤ ਦੁਖੀ ਹਾਂ, ਪਾਪਾਂ ਦਾ ਭਾਰ ਮੇਰੇ ਪਾਸੋਂ ਸਹਾਰਿਆ ਨਹੀਂ ਜਾਂਦਾ, ਇਸ ਦੁੱਖ ਨਵਿਰਤੀ ਦਾ ਉਪਾਵ ਕੋਈ ਕਰੋ।

ਯਥਾ-

ਮ: ੩ —"ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥
ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥

[ਪੰਨਾ ੧੨੮੧]

ਤਾਂ ਭਗਵਾਨ ਨੇ ਕਿਹਾ, ਤੇਰੇ ਪਾਪਾਂ ਦੀ ਨਵਿਰਤੀ ਵਾਸਤੇ ਮੈਂ ਬਹੁਤ ਆਦਮੀ ਭੇਜੇ ਹਨ ਪਰ ਕਿਸੇ ਨੇ ਭੀ ਨਾਮ ਜਪਾ ਕੇ ਤੇਰੇ ਦੁੱਖਾਂ ਦੀ ਨਵਿਰਤੀ ਨਹੀਂ ਕੀਤੀ,ਆਪੋ ਆਪਣੀ ਪੂਜਾ ਵਿਚ ਫਸ ਗਏ:-

ਅਕਾਲ ਪੁਰਖ ਬਾਚ-

"ਮਹਾਦੇਵ ਅਚੁਤ ਕਹਵਾਯੋ॥ ਬਿਸ਼ਨ ਆਪ ਹੀ ਕੋ ਠਹਰਾਯੋ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ॥ ੮॥
ਤਬ ਸਾਖੀ ਪ੍ਰਭ ਅਸ਼ਟ ਬਨਾਏ॥ ਸਾਖ ਨਮਿਤ ਦੇਬੇ ਠਹਰਾਏ॥
ਤੇ ਕਹੈ, ਕਰੋ ਹਮਾਰੀ ਪੂਜਾ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ॥ ੯॥
ਤਬ ਹਰਿ ਸਿੱਧ ਸਾਧ ਠਹਿਰਾਏ॥ ਤਿਨ ਭੀ ਪਰਮ ਪੁਰਖ ਨਹੀਂ ਪਾਏ॥
ਜੇ ਕੋਈ ਹੋਤ ਭਯੋ ਜਗਿ ਸਿਆਨਾ॥ ਤਿਨ ਤਿਨ ਅਪਨੋ ਪੰਥੁ ਚਲਾਨਾ॥ ੧੪॥

ਪਰਮ ਪੁਰਖ ਕਿਨਹੂੰ ਨਹ ਪਾਯੋ॥ ਬੈਰ ਬਾਦ ਅਹੰਕਾਰ ਬਢਾਯੋ॥
ਪੇਡ ਪਾਤ ਆਪਨ ਤੇ ਜਲੈ॥ ਪ੍ਰਭ ਕੈ ਪੰਥ ਨ ਕੋਊ ਚਲੈ॥ ੧੫॥
ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ॥ ਤਿਨ ਤਿਨ ਅਪਨਾ ਰਾਹੁ ਚਲਾਯੋ॥
ਪਰਮੇਸ਼ਰ ਨ ਕਿਨਹੂੰ ਪਹਿਚਾਨਾ॥ ਮਮ ਉਚਾਰ ਤੇ ਭਯੋ ਦਿਵਾਨਾ॥ ੧੬॥
ਪਰਮ ਤੱਤ ਕਿਨਹੂੰ ਨ ਪਛਾਨਾ॥ ਆਪ ਆਪ ਭੀਤਰਿ ਉਰਝਾਨਾ॥
ਤਬ ਜੇ ਜੇ ਰਿਖਰਾਜ ਬਨਾਏ॥ ਤਿਨ ਆਪਨ ਪੁਨਿ ਸਿੰਮ੍ਰਿਤਿ ਚਲਾਏ॥ ੧੭॥
ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਜਾਗੀ॥
ਜਿਨ ਮਨੁ ਹਰਿ ਚਰਨਨ ਠਹਰਾਯੋ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ॥ ੧੮॥
ਤਬ ਹਰਿ ਬਹੁਰਿ ਦੱਤ ਉਪਜਾਇਓ॥ ਤਿਨ ਭੀ ਅਪਨਾ ਪੰਥੁ ਚਲਾਇਓ॥
ਕਰ ਮੋ ਨਖ ਸਿਖ ਜਟਾ ਸਵਾਰੀ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥ ੨੩॥
ਪੁਨਿ ਹਰਿ ਗੋਰਖ ਕੋ ਉਪਰਾਜਾ॥ ਸਿੱਖ ਕਰੇ ਕਿਨਹੂੰ ਬਡ ਰਾਜਾ॥
ਸ੍ਰਵਨ ਫਾਰਿ ਮੁੱਦ੍ਰਾ ਦੁਐ ਡਾਰੀ॥ ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ॥ ੨੪॥
ਪੁਨਿ ਹਰਿ ਰਾਮਾਨੰਦ ਕੋ ਕਰਾ॥ ਭੇਸ ਬੈਰਾਗੀ ਕੋ ਜਿਨ ਧਰਾ॥
ਕੰਠੀ ਕੰਠਿ ਕਾਠ ਕੀ ਡਾਰੀ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥ ੨੫॥
ਜੇ ਪ੍ਰਭ ਪਰਮ ਪੁਰਖ ਉਪਜਾਏ॥ ਤਿਨ ਤਿਨ ਅਪਨੇ ਰਾਹ ਚਲਾਏ॥
ਮਹਾਦੀਨ ਤਬਿ ਪ੍ਰਭ ਉਪਰਾਜਾ॥ ਅਰਬ ਦੇਸ ਕੋ ਕੀਨੋ ਰਾਜਾ॥ ੨੬॥
ਤਿਨ ਭੀ ਏਕੁ ਪੰਥੁ ਉਪਰਾਜਾ॥ ਲਿੰਗ ਬਿਨਾ ਕੀਨੇ ਸਭ ਰਾਜਾ॥
ਸਭ ਤੇ ਅਪਨਾ ਨਾਮੁ ਜਪਾਯੋ॥ ਸਤਿਨਾਮੁ ਕਾਹੂ ਨ ਦ੍ਰਿੜਾਯੋ॥ ੨੭॥
ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥
ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ ੨੮॥"

[ਦਸਮ ਗ੍ਰੰਥ, ਬਚਿੱਤ੍ਰ ਨਾਟਕ, ਪੰਨਾ ੫੫ ਤੇ ੫੬]

ਹੁਣ ਮੈਂ ਆਪ ਹੀ ਦੂਜੀ ਵਿਅਕਤੀ ਧਾਰਨ ਕਰਕੇ ਦਸ ਰੂਪ ਹੋ ਕੇ ਚੰਗੀ ਤਰ੍ਹਾਂ ਤੇਰੇ ਦੁੱਖਾਂ ਨੂੰ ਦੂਰ ਕਰਾਂਗਾ। ਅੱਠ ਅਵਤਾਰਾਂ ਵਿਚ ਸ਼ਬਦ ਰੂਪ ਖੰਡੇ ਨਾਲ ਪਖੰਡੀਆਂ ਦਾ ਪਖੰਡ ਦੂਰ ਕਰਾਂਗਾ ਅਤੇ ਦੋ ਅਵਤਾਰਾਂ ਵਿਚ ਪ੍ਰਤੱਖ ਖੰਡਾ ਫੜ ਕੇ ਤੁਰਕਾਂ ਰੂਪੀ ਦੈਂਤਾ ਦਾ ਨਾਸ ਕਰਾਂਗਾ।

ਯਥਾ— "ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ॥"

[ਭਾਈ ਗੁਰਦਾਸ, ਵਾਰ ੧ ਪਉੜੀ ੨੩]

ਪੁਨਾ-ਬ੍ਰਹਮਾ ਨੇ ਬੇਨਤੀ ਕੀਤੀ, "ਆਪ ਜੀ ਦਾ ਅਵਤਾਰ ਕਿਸ ਜਗ੍ਹਾ ਅਤੇ ਕਿਸਦੇ ਘਰ ਵਿਚ ਹੋਵੇਗਾ?"

ਭਗਵਾਨ ਨੇ ਕਿਹਾ, "ਰਾਇ ਭੁਇ ਦੀ ਤਲਵੰਡੀ ਵਿਚ ਬਾਬਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਰਹਿੰਦੇ ਹਨ ਉਨ੍ਹਾਂ ਨੇ ਬਹੁਤ ਪ੍ਰੇਮਾ-ਭਗਤੀ ਕਰਕੇ ਮੈਨੂੰ ਪ੍ਰਸੰਨ ਕੀਤਾ ਹੋਇਆ ਹੈ, ਮੈਂ ਆਖਿਆ ਤੁਸੀਂ

ਵਰ ਮੰਗੋ। ਉਹਨਾਂ ਆਖਿਆ, ਆਪ ਜੈਸਾ ਪੁੱਤਰ ਸਾਡੇ ਘਰ ਵਿਖੇ ਹੋਵੇ। ਮੈਂ ਕਿਹਾ, 'ਤਥਾ ਅਸਤੂ'। ਹੁਣ ਮੇਰੇ ਜੇਹਾ ਹੋਰ ਕੋਈ ਨਹੀਂ ਹੈ ਮੈਨੂੰ ਆਪਣਾ ਬਚਨ ਪੂਰਾ ਕਰਨ ਲਈ ਅਤੇ ਉਨ੍ਹਾਂ ਦੀ ਪ੍ਰੇਮਾ-ਭਗਤੀ ਦਾ ਫਲ ਦੇਣ ਲਈ ਆਪ ਨੂੰ ਹੀ ਜਾਣਾ ਪੈਣਾ ਹੈ। ਇਹ ਬਚਨ ਸੁਣ ਕੇ ਬ੍ਰਹਮਾ ਅਤੇ ਧਰਤੀ ਦੋਨੋਂ ਨਮਸ਼ਕਾਰ ਕਰਕੇ ਚਲੇ ਗਏ।

ਕੁਝ ਸਮੇਂ ਮਗਰੋਂ ਭਗਵਾਨ ਨੇ ਆਪ ਹੀ ਬਾਲਕ ਦਾ ਰੂਪ ਹੋ ਕੇ ਰਾਇ ਭੁਇ ਦੀ ਤਲਵੰਡੀ ਪਿਤਾ ਕਾਲੂ ਮਾਤਾ ਤ੍ਰਿਪਤਾ ਦੀ ਗੋਦ ਨੂੰ ਭਾਗ ਲਾਇਆ ਭਾਵ ਸੰਮਤ ੧੫੨੬ ਕੱਤਕ ਸੁਦੀ ਪੂਰਨਮਾਸ਼ੀ ਨੂੰ ਅਵਤਾਰ ਧਾਰਿਆ।

ਯਥਾ—ਉਰਜਮਾਸ ਦੀ ਪੂਰਨਮਾਸ਼ੀ। ਹਰਿ ਕੀਰਤ ਸੋ ਜੌਨ ਪ੍ਰਕਾਸ਼ੀ॥ ੭੦॥
ਸੰਬਤ ਨੌ ਖਟ ਸਹਸ ਛਬੀਸਾ। ਭੌ ਅਵਤਾਰ ਪ੍ਰਗਟ ਜਗਦੀਸਾ॥
ਭਯੋ ਅਚਾਨਕ ਸਭਿਨਿ ਉਛਾਹਾ। ਬਿਨ ਕਾਰਨ ਮਨ ਲਖ ਨ ਸਕਾਹਾ॥ ੭੧॥

[ਨਾਨਕ ਪ੍ਰਕਾਸ਼, ਪੂਰਬਾਰਧ, ਧਿਆ ੩]

ਤਥਾ—"ਕਾਰਤਕ ਮਾਸ ਰੁਤਿ ਸਰਦ ਪੂਰਨਮਾਸ਼ੀ, ਆਠ ਜਾਮ ਸਾਠ ਘਰੀ ਆਜ ਤੇਰੀ ਬਾਰੀ ਹੈ।
ਅਉਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੁਇ, ਰੂਪ ਗੁਨ ਜੋਬਨ ਸਿੰਗਾਰ ਅਧਿਕਾਰੀ ਹੈ।
ਚਾਤਿਰ ਚਤੁਰ ਪਾਠ ਸੇਵਕ ਸਹੇਲੀ ਸਾਠਿ, ਸੰਪਦਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ।
ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ, ਜੀਵਨ ਜਨਮ ਧੰਨਿ ਪ੍ਰੀਤਮ ਪਿਆਰੀ ਹੈ॥ ੩੪੫॥"

[ਭਾਈ ਗੁਰਦਾਸ ਜੀ]

ਅਵਤਾਰ ਹੋਣ ਸਮੇਂ ਇਤਨਾ ਪ੍ਰਕਾਸ਼ ਹੋ ਗਿਆ ਜੋ ਘਰ ਵਿਖੇ ਅੱਠ ਦੀਵੇ ਜਗ ਰਹੇ ਸਨ ਉਹਨਾਂ ਦੀ ਰੋਸ਼ਨੀ ਫਿੱਕੀ ਪੈ ਗਈ।

ਯਥਾ — ਅਸ਼ਟ ਦੀਪ ਦੀਪਤਿ ਗ੍ਰਿਹ ਜਾਨੋ। ਛਬਿ ਘਟਿ ਗਈ ਬਾਲ ਰਵਿ ਮਾਨੋ॥ ੭੪॥

[ਨਾਨਕ ਪ੍ਰਕਾਸ਼, ਧਿਆ ੩]

ਭਾਈ ਗੁਰਦਾਸ ਜੀ ਨੇ ਭੀ ਕਿਹਾ ਹੈ-

"ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੂ+ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ++ ਅੰਧੇਰੁ ਪਲੋਆ।*
*ਸਿੰਘੁ ਬੁਕੇ ਮਿਰਗਾਵਲੀ** ਭੰਨੀ ਜਾਇ ਨ ਧੀਰਿ ਧਰੋਆ।*
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।

+ਕੁਚਾਲਤਾ, ਵਾ:- ਅਵਿਦਿਆ ਰੂਪੀ ਧੁੰਦ ਮਿਟ ਗਈ।

++ ਪਖੰਡੀਆਂ ਰੂਪੀ ਤਾਰੇ ਛਿਪ ਗਏ।

*ਅਗਜਾਨ ਰੂਪੀ ਹਨੇਰਾ ਵੀ ਦੂਰ ਹੋ ਗਿਆ।

**ਤੁਛ ਸ਼ਕਤੀਆਂ ਵਾਲੇ "ਵਲੀ ਕੰਧਾਰੀ", ਹਮਜ਼ਾਗੌਸ਼, ਸ਼ਹੁ ਸੁਹਾਗਨ ਤੇ ਚੌਰਾਸੀ ਸਿੱਧ ਆਦਿਕ ਹਰਨਾਂ ਦੀ ਡਾਰ ਦੌੜ ਗਈ।

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥ ੨੭॥" [ਭਾਈ ਗੁਰਦਾਸ, ਵਾਰ ੧]

ਫਿਰ ਗਰੀਬ ਨਿਵਾਜ਼ ਜੀ ਨੇ ਕੁਝ ਕੁ ਸਾਲ ਬਾਲ ਕੌਤਕਾਂ ਵਿਚ ਲੰਘਾਏ।

ਪੁਨਾ-ਛੋਟੀ ਉਮਰ ਵਿਚ ਹੀ ਹੇਠ ਲਿਖੇ ਸ਼ਬਦਾਂ ਦੁਆਰਾ ਇਨ੍ਹਾਂ ਵਡਭਾਗੀਆਂ ਨੂੰ ਤੁਰਿਆ।

ਜਿਵੇਂ ਪਹਿਲੇ 'ਗੁਪਾਲ' ਪਾਂਧੇ ਨੂੰ ਇਸ ਸ਼ਬਦ ਦੁਆਰਾ ਉਪਦੇਸ਼ ਦਿੱਤਾ-

"ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥ ੧॥
ਬਾਬਾ ਏਹੁ ਲੇਖਾ ਲਿਖਿ ਜਾਣੁ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ੧॥ ਰਹਾਉ॥" [ਪੰਨਾ ੧੬]

ਫੇਰ ਮਸੀਤ ਵਿਚ ਜਾ ਕੇ ਪੜ੍ਹਨ ਦੇ ਬਹਾਨੇ 'ਕੁਤਬਦੀਨ ਖਾਂ' ਮੁੱਲਾਂ ਨੂੰ ਹੇਠ ਲਿਖੇ ਸ਼ਬਦ ਦੁਆਰਾ ਨਿਹਾਲ ਕੀਤਾ-

"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ"॥ ੧॥

[ਤਿਲੰਗ ਮਹਲਾ ੧, ਪੰਨਾ ੭੨੧]

ਇਸ ਸ਼ਬਦ ਦੁਆਰਾ 'ਹਰਦਿਆਲ' ਪ੍ਰੋਹਤ ਨੂੰ ਤਾਰਿਆ-

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥"

[ਆਸਾ ਮ: ੧, ਪੰਨਾ ੪੭੧]

ਇਸ ਸ਼ਬਦ ਦੁਆਰਾ 'ਹਰਦਾਸ' ਵੈਦ ਨੂੰ ਤਾਰਿਆ+

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥"

[ਵਾਰ ਮਲਾਰ ਕੀ ਮਹਲਾ ੧, ਪੰਨਾ ੧੨੭੯]

ਇਸ ਸ਼ਬਦ ਦੁਆਰਾ 'ਰਾਇ ਬੁਲਾਰ' ਨੂੰ ਤਾਰਿਆ-

"ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥" [ਸਲੋਕ ਮ: ੧, ਪੰਨਾ ੪੬੮]

ਸੁਲਤਾਨ ਪੁਰ ਜਾ ਕੇ ਮੋਦੀ ਖਾਨਾ ਚਲਾਇਆ, ਉਥੇ ਗਰੀਬਾਂ ਦੁਖੀਆਂ ਦੀ ਪੁਕਾਰ ਸੁਣ ਕੇ ਅਨੇਕਾਂ ਪਦਾਰਥ ਵੰਡਦੇ ਰਹੇ। ਪੁਨਾ ਇਕ ਦਿਨ ਇਸ਼ਨਾਨ ਕਰਨ ਦੇ ਬਹਾਨੇ ਵੇਈਂ ਨਦੀ ਵਿਚ ਵੜ ਕੇ ਚੁੱਭੀ ਮਾਰ ਕੇ ਸੱਚਖੰਡ ਚਲੇ ਗਏ ਅਤੇ [ਗੁਰਸਿੱਖੀ ਦੀ ਰਹੁ ਰੀਤੀ ਚਲਾਉਣ ਵਾਸਤੇ] ਅਕਾਲ ਪੁਰਖ ਤੋਂ

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥"

ਮੰਤ੍ਰ ਲੈ ਕੇ ਤੀਸਰੇ ਦਿਨ ਸੰਤ ਘਾਟ ਨਾਮੇ ਅਸਥਾਨ 'ਤੇ ਪ੍ਰਗਟ ਹੋ ਬਾਹਰ ਨਿਕਲੇ [ਜੋ ਬੇਰ ਸਾਹਿਬ ਤੋਂ ਡੇਢ ਮੀਲ ਦੇ ਫਾਸਲੇ ਪਰ ਸੁਲਤਾਨ ਪੁਰ ਦੇ ਵਿਚ ਹੀ ਹੈ।]

'ਪੈੜਾ ਮੋਖਾ' ਨਾਮੇ ਦਾਸ ਪਾਸੋਂ ਕਪੜੇ ਲੈ ਕੇ ਪਾਏ। ਮੋਦੀ ਖਾਨੇ ਦੀ ਜੋ ਭੀ ਚੀਜ਼ ਦੁਕਾਨ ਅੰਦਰ ਸੀ, ਉਹ ਸਭ ਲੁਟਾ ਕੇ ਭੈਣ ਨਾਨਕੀ ਨੂੰ ਮਿਲ ਕੇ ਸ਼ਮਸ਼ਾਨ ਭੂਮੀ ਆ ਗਏ। ਜਿਸ ਭੀ ਮਸਾਨ 'ਤੇ ਚਰਨ ਰੱਖਣ ਉਸ ਦੇ ਸੰਬੰਧ ਵਾਲੀ ਆਤਮਾ ਨਰਕਾਂ ਦੇ ਦੁੱਖ ਤੋਂ ਛੁਟਕਾਰਾ ਪਾ ਕਲਿਆਨ ਨੂੰ ਪ੍ਰਾਪਤ ਹੋਵੇ।

ਇਉਂ ਕਿਤਨੇ ਹੀ ਪਾਪੀ ਤਾਰੇ, ਜੋ ਮਹਾਂ ਕਵੀਂ ਸੰਤੋਖ ਸਿੰਘ ਜੀ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਦੇ ਹਨ-

'ਦੀਨ ਦਯਾਲ ਚਲੇ ਤਿਹ ਕਾਲ, ਬਿਸਾਲ ਮਸਾਨ ਜਾਂ ਥਾਨ ਛਯੋ।
ਛੋਰ ਪੁਰਾ ਸੁਲਤਾਨ ਤਬੈ, ਤਜਿ ਧੰਧਨ ਕੀ ਸੁਧਿ, ਪੰਥ ਲਯੋ।
ਠੌਰ ਭਜਾਨਕ ਗੌਰ ਮਰੀਨ, ਗਯੋ ਜਗਕੰਤ ਇਕੰਤ ਭਯੋ॥ ੨੪॥
ਤਥਾ—ਜਾਹਿ ਮਸਾਨ ਪੈ ਪਾਇ ਪਰੈ, ਨਰ ਨਾਰਿਕ ਮੈਂ ਗਤਿ ਤਾਂਹਿ ਅਗਾਤਾ।
ਯਾ ਬਿਧਿ ਸੌਂ ਉਧਰੇ ਤਹਿ ਕੇਤਿਕ, ਬੈਸ ਗਏ ਬਹੁਰੋ ਸੁਖਦਾਤਾ।'

[ਨਾਨਕ ਪ੍ਰਕਾਸ਼, ਪੂਰਬਾਰਧ ਧਿਆ ੨੯]

ਇਸੇ ਜਗ੍ਹਾ 'ਤੇ ਹੀ ਸੱਸ ਤੇ ਸਹੁਰਾ ਆਏ, 'ਸਿਆਮੇ' ਪੰਡਿਤ ਨੂੰ ਗਿਆਨ ਕੀਤਾ, ਫੇਰ ਸਭ ਤੋਂ ਪਹਿਲਾਂ *ਏਮਨਾਬਾਦ ਪਹੁੰਚ ਕੇ ਗਰੀਬ 'ਭਾਈ ਲਾਲੋ' ਨੂੰ ਤਾਰਿਆ।

**ਏਮਾਨਾਬਾਦ ਜ਼ਿਲਾ ਗੁਜਰਾਂ ਵਾਲੇ ਦੀ ਤਸੀਲ ਵਿਚ ਇੱਕ ਨਗਰ ਹੈ, ਜੋ ਗੁਜਰਾਂਵਾਲੇ ਤੋਂ ਅੱਠ ਮੀਲ ਪੂਰਬ ਦੱਖਣ ਹੈ, ਇਸਦਾ ਪਹਿਲਾ ਨਾਮ ਸੈਦਪੁਰ ਸੀ। ਸ਼ੇਰਸ਼ਾਹ ਨੇ ਇਸ ਨੂੰ ਤਬਾਹ ਕਰਕੇ ਨਵੀਂ ਅਬਾਦੀ ਦਾ ਨਾਉਂ ਸ਼ੇਰਗੜ੍ਹ ਰਖਿਆ। ਕੌਰ ਮੁਹੰਮਦ ਅਮੀਨ ਅਕਬਰ ਦੇ ਅਹਿਲਕਾਰ ਨੇ ਸ਼ੇਰਗੜ੍ਹ ਦਾ ਨਾਮ ਬਦਲ ਕੇ ਏਮਨਾਬਾਦ ਥਾਪਿਆ। ਸ੍ਰੀ ਗੁਰੂ ਨਾਨਕ ਦੇਵ ਜੀ ਸੈਦਪੁਰ ਵਿਚ ਭਾਈ ਲਾਲੋ ਤਖਾਣ ਸਿਖ ਦੇ ਘਰ ਕੁਝ ਕਾਲ ਵਿਰਾਜੇ ਹਨ।*

ਕਿਤਨੇ ਵਿਦ੍ਵਾਨਾਂ ਦਾ ਖਿਆਲ ਹੈ ਕਿ ਸੰਮਤ ੧੫੭੮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਬਾਬਰ ਤੋਂ ਸੈਦਪੁਰ ਦੇ ਵਸਨੀਕਾਂ ਨੂੰ ਗੁਲਾਮੀ ਤੋਂ ਛੁਡਵਾਕੇ ਜੰਗੀ ਕਾਨੂੰਨ ਤੋਂ ਅਮਨ ਦਿਵਾਇਆ ਹੈ ਤਦ ਤੋਂ ਇਸਦਾ ਨਾਮ ਏਮਨਾਬਾਦ ਹੋਇਆ ਹੈ। ਏਮਨਾਬਾਦ ਰੇਲਵੇ ਸਟੇਸ਼ਨ ਤੋਂ ੩ ਮੀਲ ਪੂਰਬ ਹੈ।

(ੳ) ਏਮਨਾਬਾਦ ਵਿਚ ਖੂਹੀ ਭਾਈ ਲਾਲੋ ਕੀ- ਭਾਈ ਲਾਲੋ ਦੇ ਮਕਾਨ ਵਿਚ ਖੂਹੀ ਸੀ ਇਸੇ ਦਾ ਜਲ ਸ੍ਰੀ ਗੁਰੂ ਨਾਨਕ ਦੇਵ ਜੀ ਛਕਦੇ ਅਤੇ ਇਸ਼ਨਾਨ ਲਈ ਵਰਤਦੇ ਰਹੇ ਹਨ।

(ਅ) ਚੱਕੀ ਸਾਹਿਬ-ਉਹ ਚੱਕੀ ਇੱਥੇ ਰੱਖੀ ਹੋਈ ਹੈ ਜੋ ਸੈਦਪੁਰ ਦੇ ਕਤਲਾਮ ਵੇਲੇ ਆਮ ਕੈਦੀਆਂ ਵਿਚ ਫੜੇ ਗਏ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦਾਣਾ ਪੀਹਣ ਲਈ ਦਿੱਤੀ ਗਈ ਸੀ ਅਤੇ ਜਗਤ ਗੁਰੂ ਜੀ ਨੇ ਬਾਦਸ਼ਾਹ ਤੋਂ ਸਾਰੇ ਕੈਦੀ ਛੁਡਵਾਏ ਸਨ, ਇਸ ਅਸਥਾਨ ਨਾਲ ੧੪ ਘੁਮਾਉਂ ਜ਼ਮੀਨ ਲਗੀ ਹੋਈ ਹੈ, ਵੈਸਾਖੀ ਨੂੰ ਮੇਲਾ ਲਗਦਾ ਹੈ।

(ੲ) ਰੋੜੀ ਸਾਹਿਬ-ਸ਼ਹਿਰ ਤੋਂ ਨੈਰਤ ਕੋਣ ਅਧ ਮੀਲ ਪਰ ਗੁਰਦੁਆਰਾ ਹੈ ਇਸ ਥਾਂ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੋੜਾਂ ਦੇ ਆਸਣ ਪਰ ਬਿਰਾਜ ਕੇ ਸਮਾਧੀ ਨੂੰ ਲਗਾਇਆ ਭਾਵ ਅੰਤ੍ਰ ਧਿਆਨ ਹੋ ਕੇ ਬੈਠੇ।

ਮਹਾਰਾਜਾ ਰਣਜੀਤ ਸਿੰਘ ਜੀ ਵੇਲੇ ਦੀ ਹਜ਼ਾਰ ਰੁਪੈ ਦੀ ਸਲਾਨਾ ਜਗੀਰ ਹੈ। ਗੁਰਦੁਆਰੇ ਨਾਲ ੬ ਮੁਰੱਬੇ ਜ਼ਮੀਨ ਭੀ ਹੈ, ਦਰਬਾਰ ਤੇ ਰਿਹਾਇਸ਼ੀ ਮਕਾਨ ਸੁੰਦਰ ਬਣੇ ਹੋਏ ਹਨ ਵੈਸਾਖੀ ਅਤੇ ਕਤਕ ਦੀ ਪੂਰਨ ਮਾਸ਼ੀ ਨੂੰ ਮੇਲਾ ਲਗਦਾ ਹੈ।

ਦੇਸ਼ਾਂ ਦਿਸ਼ਾਂਤਰਾਂ ਵਿਚ "ਸਤਿਨਾਮੁ" ਦਾ ਉਪਦੇਸ਼ ਦਿੰਦੇ ਸੁਮੇਰ ਪਰਬਤ ਪਰ ਚਲੇ ਗਏ। ਉਥੇ ਜਪੁਜੀ ਸਾਹਿਬ ਦਾ ਉਚਾਰਨ ਕੀਤਾ।

ਸਿੱਧਾਂ ਤੋਂ ਵਿਦਾ ਹੋ ਕੇ ਕਾਗ ਭਸੁੰਡ, ਦੱਤਾਤ੍ਰੇ, ਪ੍ਰਹਿਲਾਦ, ਧ੍ਰੂਅ ਆਦਿਕਾਂ ਨੂੰ ਮਿਲਦੇ ਹੋਏ ਸੱਚਖੰਡ ਜਾ ਪਹੁੰਚੇ, ਉਥੇ ਰਾਗ ਆਸਾ ਸੋਦਰ ਵਿਚ ਭਗਵਾਨ ਦੀ ਉਸਤਤੀ ਕਰਕੇ ਮੁੜ ਸੱਤਾਂ ਦੀਪਾਂ, ਨੌਖੰਡਾਂ, ਸੱਤ ਸਮੁੰਦ੍ਰਾਂ ਤੋਂ ਲੰਘਦੇ ਹੋਏ ਲਾਹੌਰ ਤੋਂ ਹੋ ਕੇ ਜ਼ਿਲਾ ਮਿੰਟਗੁਮਰੀ ਦੇ ਸੱਤ-ਘਰੇ ਪਿੰਡ ਤੋਂ ਬਾਹਰ ਆ ਨਿਵਾਸ ਕੀਤਾ। ਉਥੇ ਇਕ ਮਿਰਾਸੀ ਨੇ ਆ ਕੇ ਸਤਿਗੁਰਾਂ ਪਾਸੋਂ ਇਹ ਸਲੋਕ ਲਿਖਿਆ-

ਮਃ ੧ ॥ "ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥

[ਰਾਮਕਲੀ ਕੀ ਵਾਰ, ਪੰਨਾ ੯੫੩]

ਇਸ ਸਲੋਕ ਨੂੰ ਬੜੀ ਉੱਚੀ ਸੁਰ ਨਾਲ ਪੜ੍ਹਦਾ ਹੋਇਆ ਮਿਰਾਸੀ ਚਲਾ ਜਾ ਰਿਹਾ ਸੀ, ਇਕ 'ਕ੍ਰੋੜੀਏ' ਖੱਤ੍ਰੀ ਨੇ ਇਸ ਬਾਣੀ ਨੂੰ ਸੁਣ ਕੇ ਡੂਮ ਤੋਂ ਪੁਛਿਆ, "ਇਹ ਕਿਸ ਦੀ ਕਲਾਮ ਹੈ?"

ਡੂਮ ਨੇ ਆਖਿਆ ਇਹ ਕਲਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ।

ਇਹ ਗੱਲ ਸੁਣ ਕੇ ਕ੍ਰੋੜੀਏ ਨੂੰ ਬੜਾ ਗੁੱਸਾ ਆਇਆ, ਆਖਣ ਲੱਗਾ-"ਓਹ ਗੁਰੂ ਨਾਨਕ ਇਸ ਵੇਲੇ ਕਿੱਥੇ ਜੋ ਛੱਤ੍ਰੀ ਹੋ ਕੇ ਆਪਣਾ ਨਾਮ ਜਪਾਉਂਦਾ ਹੈ। ਉਹ ਦੰਡ ਦੇ ਲਾਇਕ ਹੈ।"

ਡੂਮ ਨੇ ਡਰਦਿਆਂ ਆਖ ਦਿੱਤਾ, ਉਹ ਇਸ ਵੇਲੇ ਸੱਤ-ਘਰੇ ਤੋਂ ਬਾਹਰ ਵਾਰ ਬੈਠੇ ਹਨ।

ਜਿਸ ਵੇਲੇ ਉਹ ਕ੍ਰੋੜੀਆ ਤਿਆਰ ਹੋ ਕੇ ਜਾਣ ਲੱਗਾ, ਤਾਂ ਪਹਿਲੇ ਉਸ ਦੀ ਪੱਗ ਉਤਰ ਗਈ। ਔਰਤ ਨੇ ਸਮਝਾਇਆ, "ਸੁਆਮੀ ਜੀ! ਉਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਪੂਰਨ ਬ੍ਰਹਮ ਹਨ, ਤੁਸੀਂ ਹੋਰ ਤੇ ਨਾ ਭੁੱਲੋ, ਉਹ ਤਾਂ ਸਰਬ ਕਲਾ ਸਮਰੱਥ ਹਨ।"

ਪਰ ਔਰਤ ਦੇ ਕਹਿਣੇ ਵੀ ਨਾ ਲੱਗਾ, ਜਦ ਘੋੜੇ ਉੱਪਰ ਸਵਾਰ ਹੋ ਕੇ ਜਾਣ ਲੱਗਾ ਤਾਂ ਡਿੱਗ ਪਿਆ। ਫਿਰ ਲੋਕਾਂ ਨੇ ਸਮਝਾਇਆ, "ਸ਼ਾਹ ਜੀ! ਉਹ ਪੂਰਨ ਗੁਰੂ ਹਨ, ਉਹਨਾਂ ਨਾਲ ਆਪ ਦੀ ਕੋਈ ਪੇਸ਼ ਨਹੀਂ ਜਾਣੀ।'

ਲੋਕਾਂ ਦੇ ਆਖੇ ਵੀ ਨਾ ਲੱਗਾ, ਪੈਦਲ ਤੁਰ ਪਿਆ, ਪੰਜ ਦਸ ਕਦਮ ਗਿਆ ਤਾਂ ਅੰਨ੍ਹਾਂ ਹੋ ਗਿਆ। ਗੁਰੂ ਸਾਹਿਬ ਜੀ ਵੱਲ ਤੁਰੇ ਤਾਂ ਅੰਨ੍ਹਾ ਹੋ ਜਾਵੇ, ਘਰ ਵੱਲ ਆਵੇ ਤਾਂ ਸੁਜਾਖਾ ਹੋ ਜਾਵੇ। ਇਸ ਹਾਲਤ ਦੇ ਹੋਣ ਕਰਕੇ ਉਸ ਨੂੰ ਭਰੋਸਾ ਆਇਆ ਫੇਰ ਤਾਂ ਉਥੇ ਹੀ ਅਰਦਾਸ ਕਰਕੇ ਮੁਆਫੀ ਮੰਗੀ ਤੇ ਸੁਜਾਖਾ ਹੋ ਕੇ ਗੁਰੂ ਜੀ ਦੇ ਚਰਨੀਂ ਆ ਪਿਆ, ਅਤੇ ਬੇਨਤੀ ਕੀਤੀ ਮੇਰੇ ਔਗੁਣਾਂ ਨੂੰ ਬਖਸ਼ ਦਿਓ।

ਸਤਿਗੁਰਾਂ ਆਖਿਆ, ''ਬਖਸ਼ ਦਿੱਤੇ।''

ਕ੍ਰੋੜੀਏ ਨੇ ਕਿਹਾ, ''ਮੈਂ ਤਦ ਸਮਝਾਂਗਾ ਕਿ ਆਪ ਜੀ ਨੇ ਮੇਰੇ ਔਗੁਣ ਬਖਸ਼ ਦਿੱਤੇ ਹਨ,ਜੋ ਆਪ ਮੇਰੀ ਭੇਟਾ ਅੰਗੀਕਾਰ ਕਰੋ।''

ਗੁਰੂ ਜੀ ਪਹਿਲੇ ਤਾਂ ਮੰਨਦੇ ਨਹੀਂ ਸਨ, ਪਰ ਉਸ ਦੀਆਂ ਬਹੁਤ ਬੇਨਤੀਆਂ ਕਰਨ ਨਾਲ ਆਖਰ ਮੰਨ ਗਏ। ਕ੍ਰੋੜੀਏ ਦਾ ਜਿਤਨਾ ਸੰਕਲਪ ਸੀ ਉਸ ਨੇ ਘੋੜਾ ਫੇਰ ਕੇ ਉਤਨੀ ਜ਼ਮੀਨ ਦੇ ਦਿੱਤੀ ਤੇ ਇੱਟਾਂ ਸੁਟਵਾ ਦਿੱਤੀਆਂ, ਕਾਰੀਗਰ ਸੱਦ ਲਏ, ਨੀਹਾਂ ਪੁਟਵਾ ਕੇ ਕ੍ਰੋੜੀਏ ਨੇ ਪੁੱਛਿਆ-''ਗਰੀਬ ਨਿਵਾਜ਼ ਜੀ! ਕਿਸ ਦੇ ਨਾਮ 'ਤੇ ਇੱਟ ਰੱਖੀ ਜਾਵੇ?''

ਹਜ਼ੂਰ ਨੇ ਫੁਰਮਾਇਆ-''ਕਰਤਾਰ ਦੇ ਨਾਮ 'ਤੇ ਇੱਟ ਰੱਖ ਦਿਓ।''

ਕੁਝ ਦਿਨਾਂ ਦੇ ਵਿਚ ਹੀ ਸੁੰਦਰ ਮੰਦਰ ਤਿਆਰ ਕਰਵਾ ਦਿੱਤਾ। ਗੁਰੂ ਜੀ ਨੇ ਉਸ ਦਾ ਨਾਮ ਕਰਤਾਰ ਪੁਰ ਰੱਖ ਦਿੱਤਾ ਤੇ ਸਭ ਮਰਯਾਦਾ ਕਾਇਮ ਕਰ ਦਿੱਤੀਆਂ।

ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ, ਸ਼ਾਮ ਨੂੰ ਸੋਦਰ ਅਤੇ ਮਧਿਆਨ ਕੀਰਤਨ ਸੋਹਿਲੇ ਦਾ ਪਾਠ। ਫੇਰ-ਖੇਤੀਆਂ ਕਰਾਉਣੀਆਂ ਸ਼ੁਰੂ ਕਰ ਦਿੱਤੀਆਂ, ਸ਼ਬਦ-ਬਾਣੀ ਦਾ ਅਤੇ ਪ੍ਰਤੱਖ ਅੰਨ ਦਾ ਲੰਗਰ ਦੋ ਵੇਲੇ ਅਤੁਟ ਵਰਤਿਆ ਕਰੇ। ਬੜੀਆਂ ਸੰਗਤਾਂ ਦੂਰੋਂ ਦੂਰੋਂ ਦਰਸ਼ਨਾਂ ਨੂੰ ਆਉਣ ਲੱਗ ਪਈਆਂ, ''ਸ੍ਰੀ ਲਹਿਣਾ ਜੀ'' ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਖੇ ਹਾਜ਼ਰ ਹੋਏ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਤਾਪ ਨੂੰ ਸੁਣਕੇ ਇਕ ਬੈਰਾਗੀਆਂ ਦੀ ਜਮਾਤ ਨੇ ਆ ਕੇ ਗੁਰੂ ਸਾਹਿਬ ਜੀ ਦਾ ਦਰਸ਼ਨ ਕੀਤਾ। ਦਰਸ਼ਨ ਕਰਦਿਆਂ ਸਾਰ ਹੀ ਉਨ੍ਹਾਂ ਦੇ ਅੰਦਰ ਠੰਡ ਪੈ ਗਈ। ਉਸ ਵੇਲੇ ਗੁਰੂ ਸਾਹਿਬਾਂ ਨੇ ਭਾਈ ਲਹਿਣੇ ਜੀ ਨੂੰ ਸੱਦ ਕੇ ਕਿਹਾ, ''ਜਿਸ ਤਰ੍ਹਾਂ ਦਾ ਚਾਹੁਣ, ਉਸੇ ਤਰ੍ਹਾਂ ਦਾ ਭੋਜਨ ਇਨ੍ਹਾਂ ਸੰਤਾਂ ਨੂੰ ਛਕਾਓ।''

ਗੁਰੂ ਸਾਹਿਬ ਜੀ ਦੀ ਆਗਿਆ ਮੰਨ ਕੇ ਭਾਈ ਲਹਿਣੇ ਜੀ ਨੇ ਬੈਰਾਗੀਆਂ ਸੰਤਾਂ ਦੀ ਮਰਜ਼ੀ ਅਨੁਸਾਰ ਭੋਜਨ ਤਿਆਰ ਕਰ ਕੇ ਬੜੇ ਪ੍ਰੇਮ ਭਾਵ ਨਾਲ ਛਕਾਇਆ। ਲਹਿਣੇ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਬੈਰਾਗੀਆਂ ਦੇ ਮਹੰਤ ਨੇ ਚਾਰ ਪ੍ਰਸ਼ਨ ਕੀਤੇ :-

੧. ਆਪ ਜੀ ਦਾ ਮਤ ਕਿਹੜਾ ਹੈ?

੨. ਆਪ ਜੀ ਦਾ ਨਾਮ ਮੰਤ੍ਰ ਕਿਹੜਾ ਹੈ?

੩. ਆਪ ਜੀ ਦਾ ਮੂਲ ਮੰਤ੍ਰ ਕਿਹੜਾ ਹੈ?

੪. ਆਪ ਜੀ ਦਾ ਮਾਲਾ ਮੰਤ੍ਰ ਕਿਹੜਾ ਹੈ?

ਦੋ ਪ੍ਰਸ਼ਨਾਂ ਦਾ ਉਤਰ ਲਹਿਣਾ ਜੀ ਨੇ ਉਸੀ ਵੇਲੇ ਆਪ ਦੇ ਦਿੱਤਾ।

ਪਹਿਲੇ ਪ੍ਰਸ਼ਨ ਦਾ ਉੱਤਰ-ਸਾਡਾ ਵੈਸ਼ਨਵ ਮਤ ਹੈ। ਵੈਸ਼ਨਵ ਮਤ ਦੋ ਪ੍ਰਕਾਰ ਦਾ ਹੈ, ਇਕ ਭੇਦ ਵਾਦੀ, ਦੂਜਾ ਅਭੇਦ ਵਾਦੀ। ਇਨ੍ਹਾਂ ਦੋਹਾਂ 'ਚੋਂ, ਸਾਡਾ ਅਭੇਦ ਵਾਦੀ ਵੈਸ਼ਨਵ ਮਤ ਹੈ।

ਬੈਰਾਗੀਆਂ ਦਾ ਮਹੰਤ ਸੁਣ ਕੇ ਬਹੁਤ ਖੁਸ਼ ਹੋਇਆ ਕਿਉਂਕਿ ਉਸ ਦਾ ਆਪਣਾ ਭੀ ਏਹੋ ਅਭੇਦ ਵਾਦੀ ਵੈਸ਼ਨਵ ਮੱਤ ਸੀ।

ਦੂਜੇ ਪ੍ਰਸ਼ਨ ਦਾ ਉੱਤਰ-ਰਾਮ ਨਾਮ ਦਾ ਜਾਪ ਕਰਨਾ, ਇਹ ਸਾਡਾ ਨਾਮ ਮੰਤ੍ਰ ਹੈ।

"ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥"

[ਪੰਨਾ ੧੩੫੭]

"ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ॥
ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ॥ ੧॥"

[ਸੋਰਠਿ ਮਃ ੫, ਪੰਨਾ ੬੧੪]

"ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ॥"

[ਬਿਲਾਵਲੁ ਮਹਲਾ ੪, ਪੰਨਾ ੮੦੦]

"ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥ ੧॥
ਕਲ ਮਹਿ ਰਾਮ ਨਾਮੁ ਸਾਰੁ॥"

[ਧਨਾਸਰੀ ਮਹਲਾ ੧,ਪੰਨਾ ੬੬੨]

ਤਥਾ—"ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ॥"

[ਸੋਰਠਿ ਮਃ ੫, ਪੰਨਾ ੬੧੧]

"ਚਰਨ ਕਮਲ ਨਾਨਕ ਸਰਣਾਈ ਰਾਮ ਨਾਮ ਜਪਿ ਨਿਰਮਲ ਮੰਤ॥ ੨॥ ੧੯॥"

[ਬਿਲਾਵਲੁ ਮਹਲਾ ੫, ਪੰਨਾ ੮੨੫]

ਉਪ੍ਰੰਤ ਭਾਈ ਲਹਿਣਾ ਜੀ ਨੇ ਬੈਰਾਗੀਆਂ ਦੇ ਮਹੰਤ ਨੂੰ ਆਖਿਆ, ਕਿ ਤੀਜੇ ਅਤੇ ਚੌਥੇ ਪ੍ਰਸ਼ਨ ਦਾ ਉੱਤਰ ਕੱਲ੍ਹ ਦਿਆਂਗੇ।

ਓਧਰੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਕਾਬਲ ਦੀ ਸੰਗਤ ਚਲੀ ਆਉਂਦੀ ਸੀ ਰਾਹ ਵਿਚ ਇਕ ਪੂਰਨ ਮਹਾਤਮਾ ਮਿਲੇ। ਉਨ੍ਹਾਂ ਨੇ ਸੰਗਤ ਤੋਂ ਪੁੱਛਿਆ, "ਆਪ ਕਿਥੇ ਜਾ ਰਹੇ ਹੋ?"

ਤਾਂ ਸੰਗਤ ਨੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਜਾ ਰਹੇ ਹਾਂ।"

ਮਹਾਤਮਾਂ ਨੇ ਆਖਿਆ-"ਉਨ੍ਹਾਂ ਦੇ ਦਰਸ਼ਨ ਦਾ ਕੀ ਫਲ ਹੈ?"

ਸੰਗਤ ਨੇ ਕਿਹਾ, "ਸਾਲ ਭਰ ਸ਼ਾਂਤੀ ਰਹਿੰਦੀ ਹੈ।"

ਤਾਂ ਸੰਤਾਂ ਨੇ ਕਿਹਾ, "ਤੁਹਾਨੂੰ ਤਾਂ ਦਰਸ਼ਨ ਕੀਤਿਆਂ ਸ਼ਾਂਤੀ ਹੋ ਗਈ ਪਰ ਤੁਹਾਡੇ ਪੁੱਤਰ ਪੋਤਰਿਆਂ ਦਾ ਉਧਾਰ ਕਿਵੇਂ ਹੋਵੇਗਾ? ਹੁਣ ਇਹ ਗੱਲ ਪੁੱਛ ਕੇ ਆਉਣਾ।"

ਇਤਨੇ ਨੂੰ ਕਾਬਲ ਦੀ ਸੰਗਤ ਵਿੱਚੋਂ ਇਕ ਸਿੱਖ ਨੇ ਮਹਾਤਮਾ ਦੇ ਕਹੇ ਅਨੁਸਾਰ ਕਰਤਾਰਪੁਰ ਆ ਕੇ ਲਹਿਣਾ ਜੀ ਪਾਸ ਬੇਨਤੀ ਕੀਤੀ ਕਿ ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਸਾਨੂੰ ਤਾਂ ਸਾਲ ਭਰ ਸ਼ਾਂਤੀ ਰਹਿੰਦੀ ਹੈ ਪਰ ਸਾਡੇ ਪੁੱਤਰ ਪੋਤਰਿਆਂ ਦਾ ਉਧਾਰ ਕਿਵੇਂ ਹੋਵੇਗਾ? ਇਹ ਗੱਲ ਸੁਣ ਕੇ ਲਹਿਣਾ ਜੀ ਨੇ ਉਨ੍ਹਾਂ ਨੂੰ ਭੀ ਕਿਹਾ, ਇਸ ਦਾ ਉੱਤਰ ਕਲ੍ਹ ਦਿਆਂਗੇ, ਹੁਣ ਪ੍ਰਸ਼ਾਦ ਛਕ ਕੇ ਆਰਾਮ ਕਰੋ।

ਸਾਰਿਆਂ ਨੂੰ ਪ੍ਰਸ਼ਾਦ ਛਕਾ ਕੇ ਲੰਗਰ ਤੋਂ ਵੇਹਲੇ ਹੋ ਕੇ ਭਾਈ ਲਹਿਣਾ ਜੀ ਨੇ ਅੰਦਰ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਬੇਨਤੀ ਕੀਤੀ-

ਗਰੀਬ ਨਿਵਾਜ਼ ਜੀ! ਬੈਰਾਗੀਆਂ ਦੇ ਮਹੰਤ ਨੇ ਚਾਰ ਪ੍ਰਸ਼ਨ ਕੀਤੇ ਹਨ, ਇਨ੍ਹਾਂ ਵਿੱਚੋਂ ਮੈਂ ਦੋ ਪ੍ਰਸ਼ਨਾਂ ਦਾ ਉੱਤਰ ਦੇ ਆਇਆ ਹਾਂ, ਬਾਕੀ ਦੋਹਾਂ ਦਾ ਦੇਣਾ ਹੈ। ਆਪ ਕਿਰਪਾ ਕਰ ਕੇ ਮੂਲ ਮੰਤ੍ਰ ਅਤੇ ਮਾਲਾ ਮੰਤ੍ਰ ਦੱਸੋ ਅਤੇ ਕਾਬਲ ਕੀ ਸੰਗਤ ਨੇ ਭੀ ਆ ਕੇ ਬੇਨਤੀ ਕੀਤੀ ਹੈ, ਕਿ ਆਪ ਜੀ ਦੇ ਦਰਸ਼ਨ ਕੀਤਿਆਂ ਸਾਡਾ ਜਨਮ ਤਾਂ ਸਫਲਾ ਹੋ ਗਿਆ ਪਰ ਸਾਡੇ ਪੁੱਤਰ ਪੋਤਰਿਆਂ ਦਾ ਉਧਾਰ ਕਿਵੇਂ ਹੋਵੇਗਾ? ਆਪ ਕਿਰਪਾ ਕਰਕੇ ਦੱਸੋ।

ਇਹ ਗੱਲ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਖਿਆ-ਹੇ ਪੁਰਖਾ! ਮੂਲ ਮੰਤ੍ਰ ਤੇ ਮਾਲਾ ਮੰਤ੍ਰ ਅਸਾਂ ਪਹਿਲੇ ਹੀ ਬਣਾ ਰੱਖੇ ਹਨ, ਤੂੰ ਪੁੱਛੇ ਨਹੀਂ, ਅਸੀਂ ਦੱਸੇ ਨਹੀਂ। ਹੁਣ ਸੁਣ ਲੈ, ਕਿਉਂਕਿ ਐਸੀ ਕੋਈ ਅਦੇਯ ਵਸਤੂ ਨਹੀਂ, ਜੋ ਤੇਰੇ ਪਾਸੋਂ ਲੁਕਾ ਕੇ ਰੱਖੀਏ।

ਜਿਸ ਵੇਲੇ ਦੇਸ਼ਾਂ ਦੇਸ਼ਾਂਤਰਾਂ ਵਿਚ ਰਟਨ ਕਰਦੇ ਹੋਏ ਅਸੀਂ ਸੁਮੇਰ ਪਰਬਤ ਉਤੇ ਪਹੁੰਚੇ ਤਾਂ ਸਿੱਧਾਂ ਨੇ ਕਿਹਾ-ਹੇ ਬਾਲੇ! ਇਸ ਪੰਜ ਭੂਤਕ ਦੇਹ ਨਾਲ ਤੂੰ ਇਥੇ ਕਿਸ ਤਰ੍ਹਾਂ ਆਇਆ ਹੈਂ?

ਮੈ ਕਿਹਾ-ਆਪਣੇ ਗੁਰਮੰਤ੍ਰ ਦੇ ਬਲ ਕਰਕੇ ਆਇਆ ਹਾਂ*।

ਫੇਰ ਸਿੱਧਾਂ ਨੇ ਕਿਹਾ-ਆਪ ਦਾ ਗੁਰ ਮੰਤ੍ਰ ਕਿਹੜਾ ਹੈ? ਅਸਾਂ ਕਿਹਾ-

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥"

ਇਹ ਮੰਤ੍ਰ ਸੁਣਕੇ ਸਿੱਧਾਂ ਆਖਿਆ, ਵੇਦਾਂ ਦੇ ਅਨੁਸਾਰ ਨਾ ਹੋਣ ਕਰ ਕੇ ਤੁਹਾਡਾ ਇਹ ਮੂਲ ਮੰਤ੍ਰ ਅਸ਼ੁੱਧ ਹੈ। ਕਿਉਂਕਿ ਵੇਦ ਵਿਚ 'ਓਂ' ਸ਼ਬਦ ਲਿਖਿਆ ਹੈ, ਤੁਸੀਂ **'ਇਕ ਓਅੰਕਾਰ'** ਕਥਨ ਕੀਤਾ ਹੈ। ਜੋ ਮੰਤ੍ਰ ਵੇਦ ਵਿਰੁੱਧ ਹੋਵੇ,ਉਸ ਵਿਚ ਤਾਕਤ ਨਹੀਂ ਹੁੰਦੀ।

ਗੁਰੂ ਜੀ ਨੇ ਕਿਹਾ, ਇਹ ਮੰਤ੍ਰ ਵੇਦ ਵਿਰੁੱਧ ਨਹੀਂ ਹੈ, ਸਗੋਂ ਵੇਦਾਂ 'ਤੋਂ ਵਿਸ਼ੇਸ਼ ਹੈ।

ਏਕਾ ਰੱਖਣ ਦੇ ਪੰਜ ਕਾਰਨ ਹਨ-

[੧] ਪਹਿਲਾ ਕਾਰਨ-ਏਕਾ ਅਸਾਂ ਨੇ ਇਸ ਵਾਸਤੇ ਲਿਖਿਆ ਹੈ ਜੋ ਸਾਡਾ ਇਕ ਅਦ੍ਵੈਤ ਸਿਧਾਂਤ ਹੈ, ਅਸੀਂ ਫਿਰਕੇਦਾਰੀ ਤੋਂ ਰਹਿਤ ਹਾਂ।

ਯਥਾ — "ਨਾਨਕ ਕਲਿ ਵਿਚਿ ਆਇਆ +ਰਬੁ ਫਕੀਰੁ ਇਕੋ ਪਹਿਚਾਨਾ।
ਧਰਤਿ ਆਕਾਸ ਚਹੁ ਦਿਸਿ ਜਾਨਾ॥ ੩੫॥

[ਭਾਈ ਗੁਰਦਾਸ, ਵਾਰ ੧]

[੨] ਦੂਜਾ ਕਾਰਨ-ਅਸੀਂ ਇਕ ਦੇ ਉਪਾਸ਼ਕ ਹਾਂ ਅਤੇ ਉਪਦੇਸ਼ ਭੀ ਇਕ ਦਾ ਕਰਦੇ ਹਾਂ।

ਜਿਸ ਵੇਲੇ ਅਸਾਂ ਪੰਜਵਾਂ ਜਾਮਾਂ [ਗੁਰੂ ਅਰਜਨ] ਰੂਪ ਹੋਣਾ ਹੈ, ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਨੌਣੀ ਹੈ। ਉਸ ਵਿਚ ਇਕ ਅਕਾਲ ਪੁਰਖ ਦਾ ਹੀ ਕਥਨ ਕਰਨਾ ਹੈ; ਇਸ ਕਰਕੇ ਏਕਾ ਪਹਿਲੇ ਰੱਖ ਦਿੱਤਾ ਹੈ।

ਪ੍ਰਸ਼ਨ:-ਸਿਧ ਪੁੱਛਣ ਸੁਣ ਬਾਲਿਆ, ਕੌਣ ਸ਼ਕਤ ਤੁਹਿ ਏਥੇ ਲਿਆਈ।

*ਉਤਰ:- **'ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।'***

(ਭਾਈ ਗੁਰਦਾਸ ਜੀ, ਵਾਰ ੧ ਪਉੜੀ ੨੮)

+ਕਿਥਾਈ ਪਾਠ 'ਰਦ' ਭੀ ਹੈ।

ਯਥਾ — "ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥
ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥
ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ॥ ਏਕੁ ਅਰਾਧਿ ਪਰਾਛਤ ਗਏ॥"

[ਸੁਖਮਨੀ ਸਾਹਿਬ, ਪੰਨਾ ੨੮੯]

ਤਥਾ — "ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥"

[੩] ਤੀਜਾ ਕਾਰਨ-ਵੇਦ ਵਿਚ ਸੁਰਤੀ ਕਥਨ ਕੀਤੀ ਹੈ-

"ਏਕੋ ਹੰ ਬਹੁ ਸਯਾਮ ਪ੍ਰਜਾਯੇਯ॥"

'ਅਹੰ' ਕਹੀਏ ਮੈਂ ਇਕ ਤੋਂ ਬਹੁਤ ਹੀ ਪਰਜਾ ਰੂਪ ਹੋ ਜਾਵਾਂ। ਏਸੇ ਸੁਰਤੀ ਅਨੁਸਾਰ ਅਸਾਂ ਨੇ ਮੂਲ ਮੰਤ੍ਰ ਤੋਂ ਪਹਿਲੇ ਹੀ ਏਕਾ ਰੱਖ ਦਿੱਤਾ ਹੈ। ਇਸੇ ਕਾਰਣ ਕਰਕੇ ਇਹ ਮੰਤ੍ਰ ਵੇਦਾਂ ਅਨੁਸਾਰ ਹੈ।

ਤੈਤ੍ਰੀਯ ਉਪਨਿਸ਼ਦ ਦੀ ਸਿਖਿਆਵਲੀ ਵਿਚ ਭੀ ਏਸੇ ਸੁਰਤੀ ਤਾਤਪਰਯ ਹੈ।

'ਤਦ ਈਖਜਸ਼ਤ ਬਹੁ ਸਯਾਮ ਪ੍ਰਜਾਯੇਯ।'

ਜਦ ਜੀਵਾਂ ਦੇ ਕਰਮ ਫਲ ਦੇਣ ਨੂੰ ਉਦਬੁਦ ਹੋਏ ਤਦ-ਉਸ ਬ੍ਰਹਮ ਨੇ ਈਖਜਸ਼ਤ=ਇੱਛਾ ਕੀਤੀ ਕਿ ਇਕ ਤੋਂ ਮੈਂ ਬਹੁਤ ਰੂਪ ਪ੍ਰ-ਭਲੀ ਪ੍ਰਕਾਰ ਜਾਯੇਯ-ਉਤਪੰਨ ਸਯਾਮ-ਹੋ ਜਾਵਾਂ।

[੪] ਚੌਥਾ ਕਾਰਨ-ਵੇਦ ਵਿਖੇ ਜੋ 'ਓਂ' ਸ਼ਬਦ ਹੈ ਇਹ ਪਰਮਾਤਮਾ ਦਾ ਤਟੱਸਥ ਲਖਸ਼ਣ ਹੈ।

ਕਿਉਂਕਿ 'ਓਂ' ਸ਼ਬਦ ਦਾ ਅਰਥ ਹੈ ਉਤਪਤੀ, ਪਾਲਣਾ, ਲੈਤਾ ਕਰਨਾ।

ਦੋਹਿਰਾ — ਅਕਾਰ ਉਕਾਰ ਮਕਾਰ ਪੁਨ ਅਰਧਬਿੰਦੁ ਪਹਿਚਾਨ।
ਚਾਰੋਂ ਕੋਠ ਸਮਦਾਇ ਜੋ ਓਅੰਕਾਰ [ਓਂ] ਅਰਥ ਪਹਿਚਾਨ।
'ਕਦਾਚਿਤ ਕੱਹੈ ਸਤੀ, ਅਨ ਵਜਾਵਰਤ ਕੱਹੈਂ ਤਟੱਸਥ ਲਖਸ਼ਣਹੈਂ।'

ਵਸਤੂ ਵਿਖੇ ਜੋ ਕਦੀ ਹੋਵੇ ਤੇ ਕਦੀ ਨਾ ਹੋਵੇ ਅਤੇ ਅਨ-ਦੂਜਿਆਂ ਤੋਂ ਵਜਾਵਰਤ-ਭਿੰਨ ਕਰਕੇ ਵਿਖਾਵੇ ਉਸ ਨੂੰ ਤਟੱਸਥ ਲਖਸ਼ਣ ਆਖਦੇ ਹਨ।

ਜਿਵੇਂ ਕਿਸੇ ਪ੍ਰਦੇਸੀ ਨੇ ਆ ਕੇ ਪੁੱਛਿਆ, "ਮੈਂ ਅਮਕੀ ਧਰਮਸਾਲਾ ਜਾਣਾ ਹੈ ਤੂੰ ਦੱਸ ਕਿੱਥੇ ਹੈ?"

ਉਸ ਨੇ ਕਿਹਾ, "ਉਹ ਜਿੱਥੇ ਕਾਂ ਬੈਠਾ ਹੈ, ਉਹੀ ਧਰਮਸਾਲਾ ਹੈ।" ਹੁਣ ਵਿਚਾਰੋ! ਕਾਂ ਧਰਮਸਾਲਾ ਨੂੰ ਦੱਸ ਤਾਂ ਗਿਆ ਹੈ, ਪ੍ਰੰਤੂ ਧਰਮਸਾਲਾ ਦਾ ਰੂਪ ਨਹੀਂ। ਇਸੀ ਤੇ ਇਹ ਸਮਝੋ ਕਿ 'ਕਾਂ' ਧਰਮਸਾਲਾ ਦਾ ਤਟੱਸਥ ਲਖਸ਼ਣ ਹੈ। ਚੂਨੇ ਗਚ ਹੋਣਾ ਇਹ ਧਰਮਸਾਲਾ ਦਾ ਸਰੂਪ ਲਖਸ਼ਣ ਹੈ। ਇਹ ਹੈ ਦ੍ਰਿਸ਼ਟਾਂਤ, ਇਸੀ ਤਰ੍ਹਾਂ 'ਓਂ' ਸ਼ਬਦ ਇਹ ਪਰਮਾਤਮਾ ਦਾ ਤਟੱਸਥ ਲਖਸ਼ਣ ਹੈ।

"ਉਤਪਤਿ ਇਸਥਿਤ ਲੈ ਕਾਰਨਹੈਂ, ਈਸ਼੍ਵਰ ਅਸਹਿ ਤਟੱਸਥ ਲਖਸ਼ਣਹੈਂ"

ਸੰਸਾਰ ਦੀ ਉਤਪਤੀ,ਪਾਲਣਾ, ਲੈਤਾ ਦਾ ਕਾਰਨ ਜਿਸ ਵਿਚ ਹੈ, ਓਹੀ ਈਸ਼੍ਵਰ ਦਾ ਤਟੱਸਥ ਲਖਸ਼ਣ ਹੈ। ਅਸਾਂ ਨੇ ਵਿਚਾਰਿਆਂ ਕਿ ਵੇਦ ਵਿਚ ੐ਂ ਸ਼ਬਦ ਪਰਮਾਤਮਾ ਦਾ ਤਟੱਸਥ ਲਖਸ਼ਣ ਕਥਨ ਕੀਤਾ ਹੈ, ਪ੍ਰੰਤੂ ਸਰੂਪ ਲਖਸ਼ਣ ਨਹੀਂ ਕਥਨ ਕੀਤਾ। ਤੇ ਅਸਾਂ ਨੇ ਇਸ ਮੂਲ ਮੰਤ੍ਰ ਵਿਖੇ ੧ ਇਹ

ਪਰਮਾਤਮਾ ਦਾ ਸਰੂਪ ਲਖਸ਼ਣ ਕਥਨ ਕੀਤਾ ਹੈ। ਅਤੇ 'ਓ' ਇਹ ਅਸਾਂ ਨੇ ਤਟਸਥ ਲਖਸ਼ਣ ਕਥਨ ਕੀਤਾ ਹੈ। ਇਸ ਕਰਕੇ ਇਹ ਮੰਤ੍ਰ ਵੇਦ ਤੋਂ ਵਿਸ਼ੇਸ਼ ਹੈ।

'ਸ੍ਵਰੂਪ ਭੂਤੱਤ੍ਵੇ ਸਤੀ ਅਨ ਵਜਾਵਤਰ ਕੱਤ੍ਵੈਂ ਸ੍ਵਰੂਪ ਲਖਸ਼ਣਤ੍ਵੈਂ।'

ਅਰਥ-ਜੋ ਵਸਤੂ ਦਾ ਸਰੂਪ ਰੂਪ ਹੋਕੇ ਤਿਸਨੂੰ ਅਨ-ਹੋਰ ਵਸਤੂਆਂ ਤੋ ਵਜਾਵਰਤ=ਭਿੰਨ ਕਰਕੇ ਜਣਾਵੇ ਉਸ ਨੂੰ ਸਰੂਪ ਲਖਸ਼ਣ ਕਹਿੰਦੇ ਹਨ। ਇਸ ਤਰਫ਼ ਪਰਮਾਤਮਾ ਦਾ ਸਰੂਪ ਲਖਸ਼ਣ ਇਹ ਹੈ-

"ਸਤ ਚਿਤ ਅਨੰਦ ਰੂਪਤ੍ਵੈਂ, ਈਸ਼੍ਵਰ ਅਸਹਿ ਸਰੂਪ ਲਖਸ਼ਣਤ੍ਵੈਂ॥"

ਸਤ ਚਿਤ ਅਨੰਦ ਰੂਪ ਏਹੀ ਬ੍ਰਹਮ ਦਾ ਸਰੂਪ ਲਖਸ਼ਣ ਹੈ।

[੫] ਪੰਜਵਾਂ ਕਾਰਣ- ਵੇਦ ਮਤ ਅਨੁਸਾਰ ਇਸਤ੍ਰੀ ਔਰ ਸ਼ੂਦਰ ਜਾਤੀ ਨੂੰ ਵੇਦ ਮੰਤ੍ਰ ਪੜ੍ਹਨ ਦੀ ਆਗਿਆ ਨਹੀਂ ਹੈ। ਪ੍ਰੰਤੂ ਇਸਤ੍ਰੀ ਔਰ ਸ਼ੂਦਰ ਜਾਤੀ ਦੇ ਉਧਾਰ ਲਈ ਇਸ ਏਕੇ ਨੂੰ ਅਸਾਂ ਨੇ ਪੜਦੇ ਦੀ ਤਰ੍ਹਾਂ ਵਰਤਿਆ ਹੈ। ਅਰਥਾਤ ਇਸ ਏਕੇ ਨੂੰ ਉਚਾਰਨ ਕਰਕੇ ਫਿਰ ਬਾਣੀ ਦਾ ਪਾਠ ਕਰ ਲੈਣ ਤੇ ਈਸ਼੍ਵਰ ਦੀ ਆਗਿਆ ਵੀ ਬਣੀ ਰਹਿੰਦੀ ਹੈ ਅਤੇ ਇਸਤ੍ਰੀ ਤੇ ਸ਼ੂਦਰ ਜਾਤੀ ਦਾ ਭੀ ਉਧਾਰ ਹੋ ਜਾਂਦਾ ਹੈ।

ਜਿਵੇਂ-ਵੇਦ, ਨੂੰਹ ਨੂੰ ਆਪਣੇ ਸਹੁਰੇ ਨਾਲ ਗੱਲ-ਬਾਤ ਕਰਨ ਦੀ ਆਗਿਆ ਨਹੀਂ ਦੇਂਦੇ।

ਨੂੰਹ ਦਾ ਸਹੁਰੇ ਨਾਲ ਬੋਲਣਾ ਸ਼ਾਸਤ੍ਰ ਵਿਵੱਰਜਤ ਹੈ।

ਪਰ ਜੇਕਰ ਕੋਈ ਮੁਸੀਬਤ ਦਾ ਵਕਤ ਆ ਬਣੇ, ਉਸ ਵੇਲੇ ਇਸਤ੍ਰੀ ਦੇ ਪਾਸ ਪਤੀ ਭੀ ਨਾ ਹੋਵੇ ਅਤੇ ਨਿਨਾਣ, ਦੇਵਰ ਆਦਿਕ ਭੀ ਕੋਈ ਨਾ ਹੋਵੇ ਤਾਂ ਫਿਰ ਇਸਤ੍ਰੀ ਨੂੰ ਆਗਿਆ ਹੈ ਕਿ ਉਸ ਵੇਲੇ ਘੁੰਢ ਕੱਢ ਕੇ ਆਪਣੇ ਸਹੁਰੇ ਨਾਲ ਗੱਲ-ਬਾਤ ਕਰ ਲਵੇ ਤਾਂ ਕੋਈ ਦੋਸ਼ ਨਹੀਂ। ਇਸੀ ਤਰ੍ਹਾਂ ਏਕਾ ਉਚਾਰ ਕੇ ਫੇਰ ਸਤਿਨਾਮੁ ਮੰਤ੍ਰ ਦਾ ਉਚਾਰਨ ਕਰੇ ਤਾਂ ਕੋਈ ਪਾਪ ਨਹੀਂ। ਇਸ ਲਈ ਨਾਮ ਜਪਣ ਦਾ ਅਧਿਕਾਰ ਸਾਰਿਆਂ ਨੂੰ ਹੈ।

ਯਥਾ — "ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥ ੪॥"

[ਸੂਹੀ ਮਹਲਾ ੫, ਪੰਨਾ ੭੪੭]

"ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥
ਗੁਰ ਨਾਨਕ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ॥ ੪॥ ੧॥ ੧੦॥"

[ਮਾਰੂ ਮ: ੫, ਪੰਨਾ ੧੦੦੧]

"ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥"

[ਬਿਤੀ ਗਉੜੀ, ਪੰਨਾ ੩੦੦]

"ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ॥"

[ਬਿਲਾਵਲੁ ਮਹਲਾ ੪, ਪੰਨਾ ੮੦੦]

ਮੰਤ੍ਰ ਨਿਰਣੰਯ

ਸਿੱਧਾਂ ਨੇ ਆਖਿਆ-ਆਪ ਜੀ ਦਾ ਮੰਤਰ ਕਿਤਨੇ ਨਾਮਾਂ ਵਾਲਾ ਹੈ?

[੧] ਸੱਤਾਂ ਨਾਮਾਂ ਵਾਲਾ ਹੈ?

[੨] ਦਸਾਂ ਨਾਮਾਂ ਵਾਲਾ ਹੈ?

[੩] ਬਾਰ੍ਹਾਂ ਨਾਮਾਂ ਵਾਲਾ ਹੈ?

[੪] ਸੋਲ੍ਹਾਂ ਨਾਮਾਂ ਵਾਲਾ ਹੈ?

ਗੁਰ-ਉੱਤਰ-ਹੇ ਸਿੱਧੋ! ਸਾਡਾ ਮੰਤ੍ਰ ਸਾਰਿਆਂ ਮੰਤ੍ਰਾਂ ਦੇ ਅਨੁਸਾਰ ਹੈ।

ਨਾਮਾਂ ਵਾਲੇ ਮੰਤਰ

ਪਹਿਲਾ ਇਹ ਮੰਤ੍ਰ [ਸਤਿਨਾਮੁ] ਸੱਤਾਂ ਨਾਮਾਂ ਵਾਲਾ ਹੈ-

੧ ੨ ੩ ੪ ੫ ੬ ੭

ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ

ਦੂਜਾ, ਦਸਾਂ ਨਾਮਾਂ ਵਾਲਾ ਮੰਤਰ ਹੈ-

੧ ੨ ੩ ੪ ੫ ੬ ੭ ੮ ੯ ੧੦

ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ

ਤੀਜਾ, ਬਾਰ੍ਹਾਂ ਨਾਮਾਂ ਵਾਲਾ ਮੰਤਰ ਹੈ।

੧ ੨ ੩ ੪ ੫ ੬ ੭ ੮ ੯ ੧੦ ੧੧ ੧੨

ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਚੌਥਾ, ਸੋਲ੍ਹਾਂ ਨਾਮਾਂ ਵਾਲਾ ਮੰਤਰ ਹੈ।

੧,੨,੩,੪

ਓਅੰਕਾਰ ਵਿੱਚੋਂ ਚਾਰ ਨਾਮ ਲੈਣੇ

੧ ੨ ੩ ੪ ੫ ੬ ੭ ੮ ੯

ਅਕਾਲ ਉਕਾਰ ਮਕਾਰ ਅਰਧਬਿੰਦ ਸਤਿ ਨਾਮੁ ਕਰਤਾ ਪੁਰਖੁ ਨਿਰਭਉ

੧੦ ੧੧ ੧੨ ੧੩ ੧੪ ੧੫ ੧੬

ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

(ਉਪਨਿਸ਼ਦਾਂ ਅਨੁਸਾਰ ਮੰਤ੍ਰਾਂ ਦਾ ਨਿਰਣਯ)

੧ ੨ ੩ ੪ ੫ ੬ ੭ ੮

**ਸੋਲ੍ਹਾਂ ਨਾਮਾਂ ਵਾਲਾ ਮੰਤਰ-ਹਰੇ ਰਾਮ ਹਰੇ ਰਾਮ ਰਾਮ ਰਾਮ ਹਰੇ ਹਰੇ।*

੯ ੧੦ ੧੧ ੧੨ ੧੩ ੧੪ ੧੫ ੧੬

ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ।

(ਕ੍ਰਿਸ਼ਨ ਯਜੁਰ ਵੇਦੀਯ ਕਲੀ ਸੰਤਰੇਣੋਪਨਿਸ਼ਦ)

ਅੱਖਰਾਂ ਵਾਲੇ ਮੰਤ੍ਰਾਂ ਦਾ ਨਿਰਣਯ

ਪੰਜਾਂ ਅੱਖਰਾਂ ਵਾਲਾ

੧	੨	੩	੪	੫
੧ਓ	ਸ	ਤਿ	ਨਾ	ਮੁ°

ਸੱਤਾਂ ਅੱਖਰਾਂ ਵਾਲਾ–

੧	੨	੩	੪	੫	੬	੭
ਸ	ਤਿ	ਗੁ	ਰ	ਪ੍ਰ	ਸਾ	ਦਿ*

ਦਸਾਂ ਅੱਖਰਾਂ ਵਾਲਾ–

੧	੨	੩	੪	੫	੬	੭	੮	੯	੧੦
੧	ਓ	ਸ	ਤਿ	ਗੁ	ਰ	ਪ	ਰ	ਸਾ	ਦਿ

ਬਾਰ੍ਹਾਂ ਅੱਖਰਾਂ ਵਾਲਾ–

੧	੨	੩	੪	੫	੬	੭	੮	੯	੧੦	੧੧	੧੨
੧	ਓ	ਸ	ਤਿ	ਨਾ	ਮੁ	ਗੁ	ਰ	ਪ	ਰ	ਸਾ	ਦਿ++

°ਪੰਜਾਂ ਅੱਖਰਾਂ ਵਾਲਾ ਮੰਤ੍ਰ-ਓਂ ਨਮੋ ਸ਼ਿਵਾ। ਪਰਮੇਸ਼ੁਰ।

ਪ੍ਰਸ਼ਨ-ਕਈ ਲੋਕ 'ਓਅੰ' ਪੜ੍ਹਦੇ ਹਨ, ਕਈ ਓਅੰਕਾਰ ਪੜ੍ਹਦੇ ਹਨ, ਆਪ ਕਿਰਪਾ ਕਰਕੇ ਦੱਸੋ, ਕੀ ਪੜ੍ਹਣਾ ਚਾਹੀਦਾ ਹੈ?

ਉੱਤਰ-ਇਕ ਓਅੰਕਾਰ ਪੜ੍ਹਣਾ ਚਾਹੀਦਾ ਹੈ।

ਯਥਾ—**"ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥**
ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥"

(ਦਖਣੀ ਓਅੰਕਾਰ, ਪੰਨਾ ੯੨੯)

ਤਥਾ-ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ:-

'ਏਕਾ ਏਕੰਕਾਰੁ ਲਿਖਿ ਦੇਖਾਲਿਆ। ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿ ਨਾਮੁ ਕਰਤਾਰੁ ਨਿਰਭਉ ਭਾਲਿਆ। ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ॥ (ਵਾਰ ੩, ਪਉੜੀ ੧੫)

°**ਸੱਤਾਂ ਅੱਖਰਾਂ ਵਾਲਾ ਮੰਤ੍ਰ-ਓਂ ਵਿਸ਼ਨਵੇ ਨਮ: ਓਂ ਗੋਬਿੰਦਾਯ ਨਮ:।**
ਓਂ ਓਪੇਂਦ੍ਰਾਯ ਨਮ:।, ਓਂ ਅਚੁਤਾਯ ਨਮ:। ਓਂ ਕੇਸ਼ਵਾਯ ਨਮ:।

(ਇਹ ਮੰਤ੍ਰ ਮਹਾਂ ਨਰਾਇਣ ਉਪਨਿਸ਼ਦ ਦੇ ਸੱਤਵੇਂ ਧਿਆਇ ਵਿੱਚੋਂ ਹਨ, ਪੰਨਾ ੩੭੯)

+ਦਸਾਂ ਅੱਖਰਾਂ ਵਾਲਾ **ਮੰਤ੍ਰ-ਓਂ ਜਾਨਕੀ ਵਲਭਾ ਨਮਹ।**

ਵ-ਸ੍ਰੀ ਮਤੇ ਨਾਰਾਯਣਾਯ ਨਮ:।

++ਬਾਰ੍ਹਾਂ ਅੱਖਰਾਂ ਵਾਲਾ ਮੰਤ੍ਰ-**ਓਂ ਨਮੋ ਭਗਵਤੇ ਵਾਸੁਦੇਵਾਯ।**

ਸੋਲ੍ਹਾਂ ਅੱਖਰਾਂ ਵਾਲਾ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫	੧੬
੧ਓ	ਸ	ਤਿ	ਨਾ	ਮੁ	ਕ	ਰ	ਤਾ	ਪੁ	ਰ	ਖੁ	ਗੁ	ਰ	ਪ੍ਰ	ਸਾ	ਦਿ+

ਗਾਇਤ੍ਰੀ ਮੰਤ੍ਰ

ਚਵੀ ਅੱਖਰਾਂ ਦੀ ਗਾਇਤ੍ਰੀ—

੧	੨	੩	੪	੫	੬	੭	੮	੯	੧੦	੧੧	੧੨	੧੩	੧੪
ਸ	ਤਿ	ਨਾ	ਮੁ	ਕ	ਰ	ਤਾ	ਪੁ	ਰ	ਖੁ	ਨਿ	ਰ	ਭ	ਉ

੧੫	੧੬	੧੭	੧੮	੧੯	੨੦	੨੧	੨੨	੨੩	੨੪
ਨਿ	ਰ	ਵੈ	ਰੁ	ਅ	ਕਾ	ਲ	ਮੂ	ਰ	ਤਿ++

ਦਸਮੇਸ਼ ਪਿਤਾ ਜੀ ਨੇ ਭੀ ਜਾਪੁ ਸਾਹਿਬ ਵਿਖੇ ਇਹ ਗਾਇਤ੍ਰੀ ਮੰਤ੍ਰ ਕਥਨ ਕੀਤਾ ਹੈ-

ਚਾਚਰੀ ਛੰਦ—"ਗੋਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥ ੯੪॥
ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥ ੯੫॥

[ਦਸਮ ਗ੍ਰੰਥ, ਪੰਨਾ ੬]

ਪੰਝੀ ਅੱਖਰਾਂ ਵਾਲਾ ਮੰਤ੍ਰ-

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫
੧ਓ	ਸ	ਤਿ	ਨਾ	ਮੁ	ਕ	ਰ	ਤਾ	ਪੁ	ਰ	ਖੁ	ਨਿ	ਰ	ਭ	ਉ

੧੬	੧੭	੧੮	੧੯	੨੦	੨੧	੨੨	੨੩	੨੪	੨੫
ਨਿ	ਰ	ਵੈ	ਰੁ	ਅ	ਕਾ	ਲ	ਮੂ	ਰ	ਤਿ

+ਸੋਲ੍ਹਾਂ ਅੱਖਰਾਂ ਵਾਲਾ ਮੰਤ੍ਰ-ਓਂ ਨਮੋ ਭਗਵਤੇ ਰੁਕਮਣੀ ਵਲਭਾ ਸ੍ਵਾਹਾ।

++ਸਨਾਤਨ ਮਤ ਅਨੁਸਾਰ ੨੪ ਅੱਖਰਾਂ ਦੀ ਗਾਇਤ੍ਰੀ ਇਹ ਹੈ-

੧	੨	੩	੪	੫	੬	੭	੮੯੧੦	੧੧੧੨	੧੩੧੪੧੫
ਓਂ	ਭੂਰ	ਭੁਵ	ਸ੍ਵਾ	ਤਤ	ਸ੍ਰੀ	ਤੁਰ	ਵ੍ਰੇਣਯਮ	ਭ੍ਰਗੋ	ਦੇਵਜਯ

੧੬	੧੭	੧੮	੧੯	੨੦	੨੧	੨੨	੨੩	੨੪
ਧੀ	ਮਹੀ		ਧਯੋ	ਯੋ	ਨਾ	ਪ੍ਰਚੋਦਾਯਤ੍

ਇਸ ਮੰਤ੍ਰ ਨੂੰ ਕੇਵਲ ਬ੍ਰਾਹਮਣ, ਖੱਤ੍ਰੀ ਵੈਸ, ਤਿੰਨ ਵਰਨਾਂ ਦੇ ਪੁਰਸ਼ ਹੀ ਜਪ ਸਕਦੇ ਹਨ। ਰੁਦ੍ਰਾਖ ਦੀ ਮਾਲਾ ਲੈ ਕੇ ਰੋਜ਼ਾਨਾ ੩੩ ਮਾਲਾ ਦੇ ਹਿਸਾਬ ਚਵੀ ਲੱਖ ਪਾਠ ਦੋ ਸਾਲਾਂ ਵਿਚ ਕਰੇ ਨੀਚੇ ਕੁਸ਼ਾ ਦਾ ਆਸਣ ਵਿਛਾਵੇ, ਅੱਗੇ ਜਲ ਦਾ ਗਡਵਾ ਅਤੇ ਚੜ੍ਹਦੇ ਪਾਸੇ ਮੂੰਹ ਰੱਖੇ ਤਾਂ ਮਨੁੱਖ ਦੇ ਪਾਪ ਨਾਸ ਹੁੰਦੇ ਹਨ। ਫਿਰ ਇਸ ਗਾਇਤ੍ਰੀ ਮੰਤ੍ਰ ਨੂੰ ਸ਼ੂਦਰ ਆਦਿਕ ਨੀਚ ਜ਼ਾਤੀਆਂ ਵਾਲੇ ਮਨੁੱਖ ਨਹੀਂ ਜਪ ਸਕਦੇ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਜਗਤ ਦੀ ਕਲਿਆਣਤਾ ਲਈ ਮੂਲ ਮੰਤ੍ਰ ਦਾ ਉਪਦੇਸ਼ ਦਿੱਤਾ ਹੈ, ਇਹ ਨੀਚ ਉੱਚ ਆਦਿਕ ਹਰ ਪ੍ਰਾਣੀਆਂ ਦੇ ਜਪਣ ਯੋਗ ਹੈ ਅਤੇ ਤਮਾਮ ਪਾਪਾਂ ਦਾ ਨਾਸਕ ਹੈ।

ਤੀਹਾਂ ਅੱਖਰਾਂ ਵਾਲਾ ਮੰਤ੍ਰ-

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫
੧ਓ	ਸ	ਤਿ	ਨਾ	ਮੁ	ਕ	ਰ	ਤਾ	ਪੁ	ਰ	ਖੁ	ਨਿ	ਰ	ਭ	ਉ
੧੬	੧੭	੧੮	੧੯	੨੦	੨੧	੨੨	੨੩	੨੪	੨੫	੨੬	੨੭	੨੮	੨੯	੩੦
ਨਿ	ਰ	ਵੈ	ਰੁ	ਅ	ਕਾ	ਲ	ਮੂ	ਰ	ਤਿ	ਅ	ਜੂ	ਨੀ	ਸੈ	ਭੰ

ਚੌਤੀ ਅੱਖਰਾਂ ਵਾਲਾ ਮੰਤ੍ਰ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫
ਸ	ਤਿ	ਨਾ	ਮੁ	ਕ	ਰ	ਤਾ	ਪੁ	ਰ	ਖੁ	ਨਿ	ਰ	ਭ	ਉ	ਨਿ
ਰ	ਵੈ	ਰੁ	ਅ	ਕਾ	ਲ	ਮੂ	ਰ	ਤਿ	ਅ	ਜੂ	ਨੀ	ਸੈ	ਭੰ	ਗੁ
੧੬	੧੭	੧੮	੧੯	੨੦	੨੧	੨੨	੨੩	੨੪	੨੫	੨੬	੨੭	੨੮	੨੯	੩੦
੩੧	੩੨	੩੩	੩੪											
ਰ	ਪ੍	ਸਾ	ਦਿ॥											

ਛੱਤੀ ਅੱਖਰਾਂ ਵਾਲਾ ਮੰਤ੍ਰ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫
੧ਓ	ਸ	ਤਿ	ਨਾ	ਮੁ	ਕ	ਰ	ਤਾ	ਪੁ	ਰ	ਖ	ਨਿ	ਰ	ਭ	ਉ
ਨਿ	ਰ੍	ਵੈ	ਰੁ	ਅ	ਕਾ	ਲ	ਮੂ	ਰ	ਤਿ	ਅ	ਜੂ	ਨੀ	ਸੈ	ਭੰ
੧੬	੧੭	੧੮	੧੯	੨੦	੨੧	੨੨	੨੩	੨੪	੨੫	੨੬	੨੭	੨੮	੨੯	੩੦
੩੧	੩੨	੩੩	੩੪	੩੫	੩੬									
ਗੁ	ਰ	ਪ	ਰ	ਸਾ	ਦਿ॥									

ਅਠੱਤੀ ਅੱਖਰਾਂ ਵਾਲਾ ਮੰਤ੍ਰ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫
੧ਓ	ਸ	ਤਿ	ਨਾ	ਮੁ	ਕ	ਰ	ਤਾ	ਪੁ	ਰ	ਖ	ਨਿ	ਰ	ਭ	ਉ
ਨਿ	ਰ	ਵੈ	ਰੁ	ਅ	ਕਾ	ਲ	ਮੂ	ਰ	ਤਿ	ਅ	ਜੂ	ਨੀ	ਸੈ	ਭੰ
੧੬	੧੭	੧੮	੧੯	੨੦	੨੧	੨੨	੨੩	੨੪	੨੫	੨੬	੨੭	੨੮	੨੯	੩੦
੩੧	੩੨	੩੩	੩੪	੩੫	੩੬	੩੭	੩੮							
ਗੁ	ਰ	ਪ	ਰ	ਸਾ	ਦਿ॥	॥ ਜ	ਪੁ॥							

ਇਹ ਸਭ ਮੰਤ੍ਰਾਂ ਦੇ ਭੇਦ ਉਪਨਿਸ਼ਦਾਂ ਵਿਚ ਲਿਖੇ ਹੋਏ ਹਨ, ਕੋਈ ਮੰਤ੍ਰ ਕਿਸੀ ਉਪਨਿਸ਼ਦ ਵਿਚ ਹੈ ਕੋਈ ਕਿਸੀ ਵਿਚ ਹੈ ਪਰ ਗੁਰੂ ਸਾਹਿਬ ਜੀ ਨੇ ਸਾਰੇ ਮੰਤ੍ਰਾਂ ਦੇ ਭੇਦ ਇਸ ਜਗ੍ਹਾ ਇਕੱਠੇ ਕਰ ਰਖੇ ਹਨ।

ਨੋਟ – ਇਹ ਮੰਤ੍ਰਾਂ ਦੇ ਭੇਦ ਪੰਜ ਪਿਆਰਿਆਂ 'ਚੋਂ ਭਾਈ ਦਇਆ ਸਿੰਘ ਜੀ ਨੇ ਆਨੰਦਪੁਰ ਸਾਹਿਬ ਸੰਗਤਾਂ ਨੂੰ ਸੁਣਾਏ ਹਨ। ਸੋ ਕਵੀ ਸੰਤੋਖ ਸਿੰਘ ਜੀ ਨੇ ਪੰਜਵੀਂ ਰੁਤ ਵਿਚ ਸਭ ਮੰਤ੍ਰਾਂ ਦੇ ਭੇਦ ਕਥਨ ਕੀਤੇ ਹਨ।

ਪੁਨਾ ਸਿੱਧਾਂ ਬੇਨਤੀ ਕੀਤੀ, ਤੁਹਾਡਾ ਮੰਤ੍ਰ ਕਾਵ੍ਯ ਦੇ ਅਨੁਸਾਰ ਹੈ,

ਜਾਂ ਵੇਦਾਂਤ ਦੇ ਅਨੁਸਾਰ ਹੈ,

ਜਾਂ ਵ੍ਯਾਕਰਨ ਦੇ ਅਨੁਸ਼ਾਰ ਹੈ,

ਜਾਂ ਜੋਤਸ਼ ਦੇ ਅਨੁਸਾਰ ਹੈ,

ਕਿ ਪਿੰਗਲ ਦੇ ਅਨੁਸਾਰ ਹੈ?

ਗੁਰੂ ਸਾਹਿਬ ਜੀ ਨੇ ਕਿਹਾ-ਸਾਡਾ ਮੰਤ੍ਰ ਸਾਰਿਆਂ ਗ੍ਰੰਥਾਂ ਦੇ ਅਨੁਸਾਰ ਹੈ।

ਕਾਵਜ ਗ੍ਰੰਥ ਵਿਚ ਉਲੇਖਾ ਅਲੰਕਾਰ, ਬੀਪਸਾ ਅਲੰਕਾਰ, ਮੰਡੂਕ, ਪੁਲਤ, ਨਿਆ ਇਤਿਆਦੀ ਬਹੁਤ ਅਲੰਕਾਰ ਲਿਖੇ ਹੋਏ ਹਨ।

ਜੇਹੜੀ ਇਕ ਚੀਜ਼ ਅਨੇਕ ਜਗ੍ਹਾ ਵਰਤੀ ਜਾਵੇ ਉਸ ਨੂੰ ਉਲੇਖਾ ਅਲੰਕਾਰ ਆਖਦੇ ਹਨ।

ਇਸੇ ਤਰ੍ਹਾਂ ੧ਓ ਸਤਿਨਾਮੁ ਕਰਤਾ ਪੁਰਖੁ' ਇਤਿਆਦਿ ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹਣ ਵੇਲੇ ਸਭ ਰਾਗਾਂ ਵਿਚ ਸੈਂਕੜੇ ਵੇਰੀ ਲਿਖਣਾ ਹੈ, ਇਸ ਕਰਕੇ ਇਹ ਮੰਤ੍ਰ ਕਾਵਜ ਸ਼ਾਸਤ੍ਰ ਰੀਤੀ ਅਨੁਸਾਰ ਹੈ। ਬਹੁਤੇ ਅਲੰਕਾਰ 'ਗਰਬ ਗੰਜਨੀ ਟੀਕੇ' ਵਿਚ ਕਵੀ ਸੰਤੋਖ ਸਿੰਘ ਜੀ ਨੇ ਲਿਖੇ ਹਨ।

ਵੇਦਾਂਤ ਸ਼ਾਸਤ੍ਰ ਵਿਚ ਤਟੱਸਥ ਲਖਸ਼ਣ ਤੇ ਸਰੂਪ ਲਖਸ਼ਣ ਕਥਨ ਕੀਤਾ ਹੈ।

ਇਸ ਮੰਤ੍ਰ ਵਿਖੇ-'ਸਤਿ' ਓਹ ਅਕਾਲ ਪੁਰਖ ਸਤਿ ਹੈ, ਇਹ ਸਰੂਪ ਲਖਸ਼ਣ ਹੈ।

'ਨਾਮ ਕਰਤਾ' ਨਾਮ ਰੂਪ ਪ੍ਰਪੰਚ ਦਾ ਕਰਤਾ ਹੈ ਇਹ ਤਟੱਸਥ ਲਖਸ਼ਣ ਹੈ ਇਸ ਰੀਤੀ ਨਾਲ ਇਹ ਮੰਤ੍ਰ ਵੇਦਾਂਤ ਸ਼ਾਸਤ੍ਰ ਦੇ ਅਨੁਸਾਰ ਭੀ ਹੈ। ਵਜਾਕਰਣ ਵਿਚ 'ਅਵ' ਰਖਨੇ ਧਾਤੂ ਕਰਕੇ 'ਓਂ' ਸਿੱਧ ਹੁੰਦਾ ਹੈ। ਇਸ ਲਈ ਅਸਾਂ ਇਸ ਮੰਤਰ ਦੇ ਪਹਿਲੇ 'ਓਅੰ' ਸ਼ਬਦ ਰੱਖਿਆ ਹੈ।

'ਅਵ' ਰਖਨੇ ਧਾਤੂ ਦਾ ਅਰਥ ਰੱਖਿਆ ਹੈ ਅਤੇ 'ਓਅੰ' ਸ਼ਬਦ ਦਾ ਅਰਥ ਭੀ ਰੱਖਿਆ ਹੈ। ਇਸ ਤੇ ਵਜਾਕਰਨ ਅਨੁਸਾਰ ਹੈ।*

---

*ਦੂਜਾ ਵਜਾਕਰਨ ਵਿਚ ਵਿਭਗਤੀਆਂ ਭੀ ਹਨ

'ਹੈ' ਪ੍ਰਿਥਮਾ 'ਨੂੰ' ਦੁਤੀਆ 'ਕਰਕੇ' ਤ੍ਰਿਤੀਆਂ ਜਾਨ। 'ਤਾਹੀਂ' ਵਾਸਤੇ ਚਤੁਰਥੀ,

'ਤੇ ਸੇ' ਪੰਚਮ ਮਾਨ । 'ਕਾ ਕੀ ਕੇ' ਖਸ਼ਟੀ ਅਹੈ, 'ਵਿਖੇ' ਸਪਤਮੀ ਜਾਨ।

ਇਸ ਮੂਲ ਮੰਤ੍ਰ ਵਿਚ ਭੀ ਵਿਭਗਤੀਆਂ ਹਨ। 'ਸਤਿ' ਓਹ ਅਕਾਲ ਪੁਰਖ ਸਤ 'ਹੈ' ਇਹ ਪਹਿਲੀ ਵਿਭਗਤੀ ਹੈ। 'ਨਾਮ' ਰੂਪ ਪ੍ਰਪੰਚ 'ਕਾ' ਕਰਤਾ ਹੈ ਇਹ ਛੇਵੀਂ ਵਿਭਗਤੀ ਹੈ। 'ਪੁਰਖ' ਪੂੰ (ਨਰਕਾਂ) 'ਸੇ' ਰੱਖਿਆ ਕਰਨ ਵਾਲਾ ਹੈ 'ਸੇ' ਇਹ ਪੰਜਵੀਂ ਵਿਭਗਤੀ ਹੈ। ਯਥਾ-

ਰਾਮਾ - ਰਾਮੰ - ਰਾਮੇਣ - ਰਾਮੇਤ - ਰਾਮਾਇ - ਰਾਮਸਿਆ - ਰਾਮਾਂ ਸ਼ੁ।
ਰਾਮ ਹੈ, ਰਾਮ ਨੂੰ, ਰਾਮ ਕਰਕੇ, ਰਾਮ ਤਾਈਂ, ਰਾਮ ਸੇ, ਰਾਮ ਕੀ, ਰਾਮ ਵਿਖੇ,

ਯਥਾ — "ਆਦਿ ਗੁਰ ਏ ਨਮਹ।" (ਪੰਨਾ ੨੬੨)

ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ (ਏ) ਤਾਈ ਨਮਸ਼ਕਾਰ ਹੋਵੇ। 'ਤਾਈਂ' ਇਹ ਚੌਥੀ ਵਿਭਗਤੀ ਹੈ।

ਤਥਾ — ਸਾਗਰੰ ਸੰਸਾਰਸ੍ਯ ਗੁਰਪਰਸਾਦੀ ਤਰਹਿ ਕੇ॥ (ਪੰਨਾ ੧੩੫੩)

ਸੰਸਾਰ ਸਾਗਰ ਨੂੰ ਗੁਰਾਂ ਦੀ ਕਿਰਪਾ ਦ੍ਵਾਰਾ ਤਰੀਂਦਾ ਹੈ। 'ਨੂੰ' ਇਹ ਦੂਜੀ ਵਿਭਗਤੀ ਹੈ।

ਜੋਤਸ਼ ਗ੍ਰੰਥ ਵਿਚ ਗਣਤ ਵਿਦਿਆ ਦਾ ਹਿਸਾਬ ਹੈ, ਗਿਣਤੀ ਕਰਨ ਨਾਲ ਹੀ ਸਭ ਗਲਾਂ ਦਾ ਪਤਾ ਲਗਦਾ ਹੈ. ਦੂਜਾ ਜੋਤਸ਼ ਪੜ੍ਹਨ ਨਾਲ ਤ੍ਰਿਕਾਲ ਦਰਸੀ ਹੋਈਦਾ ਹੈ। ਇਸ ਲਈ ਅਸੀਂ 'ਏਕਾ' ਪਹਿਲੇ ਰੱਖਿਆ ਹੈ. ਕਿਉਂਕਿ ਗਿਣਤੀ ਪਹਿਲੇ ਏਕੇ ਤੋਂ ਚਲਦੀ ਹੈ, ਏਕਾ ਲਿਖਣ ਕਰ ਕੇ ਇਹ ਮੰਤ੍ਰ ਜੋਤਸ਼ ਦੇ ਅਨੁਸਾਰ ਹੈ।

ਦੂਜਾ-ਵਿਧੀ ਸਹਿਤ ਇਸ ਮੰਤ੍ਰ ਦਾ ਸਵਾ ਲੱਖ ਪਾਠ ਕਰਨ ਵਾਲੇ ਨੂੰ ਤਿੰਨਾਂ ਲੋਕਾਂ ਦੀ ਗਿਆਤ ਪ੍ਰਾਪਤ ਹੋ ਜਾਂਦੀ ਹੈ, ਇਸ ਲਈ ਭੀ ਇਹ ਜੋਤਸ਼ ਦੇ ਮੁਤਾਬਕ ਹੈ।

ਪਿੰਗਲ ਗ੍ਰੰਥ ਵਿਚ ਸੱਤ ਗਣ ਲਿਖੇ ਹਨ-ਅਗਣ, ਇਗਣ, ਸਗਣ, ਯਗਣ, ਉਗਣ, ਨਗਣ, ਭਗਣ।

ਸੱਤਾਂ ਗਣਾਂ ਦਾ ਫਲ:- ੧. ਅਗਣ ਗਣ-ਭਾਗ ਸ਼ਾਲੀ ਕਰਦਾ ਹੈ। ੨. ਇਗਣ ਗਣ-ਮਾਨ ਇੱਜ਼ਤ ਵਧਾਉਂਦਾ ਹੈ। ੩. ਸਗਣ ਗਣ-ਲਛਮੀ ਦੇਂਦਾ ਹੈ। ੪. ਯਗਣ ਗਣ-ਗ੍ਰੰਥ ਤੇ ਬੁੱਧੀ 'ਚ ਵਾਧਾ ਕਰਦਾ ਹੈ। ੫. ਉਗਣ ਗਣ-ਹਰ ਇਕ ਤਰ੍ਹਾਂ ਸੇ ਕਲਿਆਣ ਕਰਦਾ ਹੈ। ੬. ਨਗਣ ਗਣ-ਉਮਰਾ ਨੂੰ ਵਧਾਉਂਦਾ ਹੈ। ੭. ਭਗਣ ਗਣ-ਹਰ ਤਰ੍ਹਾਂ ਸੇ ਜਸ ਕਰਾਉਂਦਾ ਹੈ।

ਪਹਿਲਾ ਇਕ ਅੱਖਰ ਦੀਰਘ ਹੋਵੇ ਉਪ੍ਰੰਤ ਦੋ ਅੱਖਰ ਲਘੂ ਹੋਣ ਉਸ ਨੂੰ ਭਗਣ ਗਣ ਕਹਿੰਦੇ ਹਨ,

ਓਂ ਦੀਰਘ ਹੈ ਸ-ਤਿ ਦੋ ਅੱਖਰ ਲਘੂ ਹਨ।

ਨਾ-ਦੀਰਘ ਹੈ। ਮੁ-ਕ ਦੋ ਅੱਖਰ ਲਘੂ ਹਨ।

ਇਕ 'ਭਗਣ' ਗਣ ਜਿਸ ਗ੍ਰੰਥ ਦੇ ਆਦਿ ਵਿਚ ਹੋਵੇ ਉਸ ਦਾ ਅਦਬ ਸਤਿਕਾਰ ਚੰਗਾ ਹੁੰਦਾ ਹੈ, ਪਰ ਇਸ ਗ੍ਰੰਥ ਦੇ ਆਦਿ ਵਿਚ ਦੋ 'ਭਗਣ' ਗਣ ਰੱਖੇ ਹਨ, ਇਸ ਕਰ ਕੇ ਸਭ ਗ੍ਰੰਥਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਪੂਜਾ ਵਗੈਰਾ ਵੱਧ ਤੋਂ ਵੱਧ ਹੋ ਰਿਹਾ ਹੈ। ਚੰਦੋਏ ਉੱਪਰ ਲੱਗਦੇ ਹਨ, ਸੋਨੇ ਦੇ ਛੱਬੇ ਟੰਗੇ ਜਾਂਦੇ ਹਨ, ਤੁਲਾਈਆਂ, ਗਲੀਚੇ ਵਗੈਰਾ ਵਿਛਾਏ ਜਾਂਦੇ ਹਨ, ਸਿਰ੍ਹਾਣੇ ਅਤੇ ਬੇ-ਕੀਮਤੇ ਰੁਮਾਲ ਚੜ੍ਹਦੇ ਹਨ।

ਨੋਟ-'ਸਤਿ' ਵਾਲੇ ਤੱਤੇ ਦੀ ਸਿਹਾਰੀ ਪਰ ਬਹੁਤ ਲੋਕ ਸੰਕਾ ਕਰਦੇ ਹਨ ਕਿ ਕਿਸ ਤਰ੍ਹਾਂ ਪੜ੍ਹਨੀ ਚਾਹੀਦੀ ਹੈ? ਉਹਨਾਂ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਤੱਤੇ ਵਾਲੀ ਜਿਹੜੀ ਸਿਹਾਰੀ ਹੈ, ਗੁਰੂ ਸਾਹਿਬ ਜੀ ਨੇ ਇਹ ਖੀਸਾ, ਸੰਦੀ ਰੱਖੀ ਹੈ, ਜਿਵੇਂ ਕੁੜਤੇ ਦਾ ਖੀਸਾ, ਕੁੜਤੇ ਦੀ ਮਿਣਤੀ ਨਾਲ ਕੋਈ ਸੰਬੰਧ ਨਹੀਂ ਰੱਖਦਾ, ਸਗੋਂ ਉਸ ਖੀਸੇ ਵਿਚ ਰੁਪਏ ਮੋਹਰਾਂ ਆਦਿ ਅਮੋਲਕ ਚੀਜ਼ਾਂ ਪਾਈਆਂ ਜਾਂਦੀਆਂ ਹਨ, ਏਸੇ ਤਰ੍ਹਾਂ ਇਨ੍ਹਾਂ ਅੱਖਰਾਂ ਨਾਲ ਸਿਹਾਰੀ ਅਤੇ ਔਂਕੜ ਵਗੈਰਾ ਜੋ ਮਾਤਰਾਂ ਹਨ ਇਹ ਅਮੋਲਕ ਵਸਤੂ ਹੈ। ਤੱਤੇ ਨੂੰ ਸਿਹਾਰੀ ਨਾ ਹੁੰਦੀ ਤਾਂ ਸਤ ਨਿੰਬੂ ਦਾ, ਸਤ ਮੁਲੱਠੀ ਦਾ, ਸਤ ਸੰਗਤਰੇ ਦਾ, ਸਤ ਕੇਲੇ ਦਾ ਇਤਿਆਦਿ ਪਦਾਰਥਾਂ ਦੇ ਸਤ ਦਾ ਅਰਥ ਹੋ ਜਾਣਾ ਸੀ। ਸਿਹਾਰੀ ਵਿਚ ਈੜੀ ਦੀ ਅਵਾਜ਼ ਹੈ, ਈੜੀ ਈਸ਼ੁਰ ਦਾ ਵਾਚਕ ਹੈ ਇਸ ਤੇ ਇਹ ਅਰਥ ਸਿੱਧ ਹੋ ਰਿਹਾ ਹੈ ਉਹ ਈਸ਼ੁਰ 'ਸਤਿ' ਹੈ।

ਪੁਨਾ ਸਿੱਧਾਂ ਨੇ ਤਿੰਨ ਪ੍ਰਸ਼ਨ ਕੀਤੇ-

੧. ਇਹ ਮੰਤ੍ਰ ਹੈ ?

੨. ਜੰਤ੍ਰ ਹੈ ?

੩. ਤੰਤ੍ਰ ਹੈ?

ਗੁਰੂ ਜੀ ਆਖਿਆ- ਸਭ ਮੰਤ੍ਰਾਂ 'ਚੋਂ ਇਹ ਸ਼ਰੋਮਣੀ ਮੰਤ੍ਰ ਹੈ ਅਤੇ ਕਾਗਜ਼ ਉਤੇ ਏਕਾ ਲਿਖ ਕੇ ਮੰਤ੍ਰ ਲਿਖ ਦੇਵੇ ਤਾਂ ਜੰਤ੍ਰ ਦਾ ਕੰਮ ਦੇਂਦਾ ਹੈ। ਧਾਗਾ ਵੱਟ ਕੇ ਮੰਤ੍ਰ ਪੜ੍ਹ ਦੇਵੇ ਤਾਂ ਤੰਤ੍ਰ ਦਾ ਕੰਮ ਦੇਂਦਾ ਹੈ।

ਫੇਰ-ਪ੍ਰਸ਼ਨ ਕੀਤਾ, ਨਿਸ਼ਕਾਮੀਆਂ ਨੂੰ ਫਲ ਦੇਂਦਾ ਹੈ ਕਿ ਸ਼ਕਾਮੀਆਂ ਨੂੰ ?

ਗੁਰ ਉੱਤਰ- ਜੋ ਸ਼ਕਾਮੀ ਪੁਰਸ਼ ਜਿਹੜੀ ਜਿਹੜੀ ਕਾਮਨਾਂ ਧਾਰ ਕੇ ਇਸ ਮੰਤ੍ਰ ਦਾ ਪਾਠ ਪਵਿੱਤ੍ਰ ਮਨ ਹੋ ਕੇ ਕਰਦਾ ਹੈ,ਉਸ ਦੀਆਂ ਸਭ ਕਾਮਨਾਂ ਪੂਰਨ ਹੋ ਜਾਂਦੀਆਂ ਹਨ ਅਤੇ ਕਾਮਨਾਂ ਤੋਂ ਰਹਿਤ ਹੋ ਕੇ ਜੋ ਪੁਰਖ=ਪੁਰਸ਼, ਗੁਰ ਪ੍ਰਸਾਦਿ-ਸਤਿਗੁਰਾਂ ਦੀ ਕਿਰਪਾ ਦੁਆਰਾ ਸਤਿਨਾਮੁ ਮੰਤ੍ਰ ਜਪਣਾ ਕਰਤਾ=ਕਰਦਾ ਹੈ, ਉਹ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਰੂਪ ਹੋ ਜਾਂਦਾ ਹੈ।

ਪ੍ਰਸ਼ਨ-ਆਪ ਜੀ ਦਾ ਮੰਤ੍ਰ ਸ਼ਿਵਾ ਦੇ ਮੰਤ੍ਰ ਜੇਹਾ ਹੋਵੇਗਾ। ਜਿਵੇਂ ਸ਼ਿਵਜੀ ਦੇ ਮੰਤ੍ਰ ਫਲ ਤਾਂ ਦੇਂਦੇ ਹਨ, ਪੰਤੂ ਉਹਨਾਂ ਦਾ ਅਰਥ ਕੋਈ ਨਹੀਂ ਸਿੱਧ ਹੁੰਦਾ।

ਯਥਾ — 'ਅਨ ਮਿਲ ਅੱਖਰ ਅਰਥ ਨਾ ਜਾਪੁ। ਪ੍ਰਗਟ ਪ੍ਰਤਾਪ ਮਹੇਸ ਪ੍ਰਤਾਪੁ।'

ਤਿਵੇਂ ਆਪ ਜੀ ਦਾ ਮੰਤ੍ਰ ਭੀ ਨਿਰਾਰਥ ਹੋਵੇਗਾ।

ਗੁਰੂ ਸਾਹਿਬ ਜੀ ਆਖਦੇ ਹਨ, ਇਸ ਮੰਤ੍ਰ ਦੇ ਅਰਥਾਂ ਦਾ ਕੋਈ ਓੜਕ ਹੀ ਨਹੀਂ ਹੈ।

ਸੂਚਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਆਰੰਭ ਕਰਨ ਤੋਂ ਪਹਿਲੋਂ;
ਇਹ ਸੂਚਿਤ ਕਰ ਦੇਣਾ ਜ਼ਰੂਰੀ ਹੈ, ਕਿ ਸਮੂਹ ਬਾਣੀ ਵਿਖੇ ਮੰਗਲਾਂ ਦੇ
ਭੇਦ ਕਿਤਨੇ ਹਨ, ਅਤੇ ਇਨ੍ਹਾਂ ਦੀ ਗਿਣਤੀ ਕਿਤਨੀ ਹੈ,
ਸੋ ਇਸ ਵਿਚਾਰ ਨੂੰ ਮੁੱਖ ਰੱਖ ਕੇ ਅੱਗੇ 'ਮੰਗਲ ਨਿਰਣਯ'
ਪਾਠਕਾਂ ਦੀ ਦ੍ਰਿਸ਼ਟੀ ਗੋਚਰ
ਕੀਤੇ ਜਾਂਦੇ ਹਨ।

ਮੰਗਲ ਨਿਰਣਯ

ਪੰਚਮ ਪਿਤਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਚਾਰ ਪ੍ਰਕਾਰ ਦੇ ਮੰਗਲ ਲਿਖੇ ਹੋਏ ਹਨ-

[੧] ੧ਓ ਸਤਿਗੁਰ ਪ੍ਰਸਾਦਿ॥

ਇਹ ਮੰਗਲ ੫੨੨ ਵਾਰੀ ਲਿਖਿਆ ਹੈ।

[੨] ੧ਓ ਸਤਿਨਾਮੁ ਗੁਰ ਪ੍ਰਸਾਦਿ॥

ਇਹ ਮੰਗਲ ੨ ਵਾਰੀ ਲਿਖਿਆ ਹੈ।

੧. ਸਿਰੀ ਰਾਗੁ ਮਹਲਾ ੪ ਵਣਜਾਰਾ [ਪੰਨਾ ੯੧ ਦੇਖੋ]

੨. ਬਿਹਾਗੜਾ ਮਹਲਾ ੫ [ਪੰਨਾ ੫੪੪ ਦੇਖੋ]

[੩] ੧ਓ ਸਤਿਨਾਮੁ ਕਰਤਾ ਪੁਰਖ ਗੁਰਪ੍ਰਸਾਦਿ॥

ਇਹ ਮੰਗਲ ੯ ਵਾਰੀ ਲਿਖਿਆ ਹੈ।

[੪] ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਜਪੁ ਨੀਸਾਣ ਵਾਲੇ ਮੰਗਲ ਸਮੇਤ, ਇਹ ਵੱਡਾ ਮੰਗਲ ੩੩ ਵਾਰੀ ਲਿਖਿਆ ਹੈ।

੫੨੨	
੨	
੯	
੩੩	
੫੬੬	ਕੁਲ ਮੰਗਲ ਹਨ

ਇਨ੍ਹਾਂ ਵਿੱਚੋਂ ੫੦੧ ਵਾਰ ਮੰਗਲ ਰਾਗਾਂ ਦੇ ਸਿਰਲੇਖ ਤੋਂ ਪਿੱਛੋਂ ਆਉਂਦੇ ਹਨ, ਅਤੇ ੬੫ ਵਾਰ ਮੰਗਲ ਹਾਰਾਂ ਦੇ ਸਿਰਲੇਖ ਤੋਂ ਪਹਿਲਾਂ ਆਉਂਦੇ ਹਨ।

ਜ਼ਰੂਰੀ ਨੋਟ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਇੱਛਾ ਅਨੁਸਾਰ ਕਈ ਜਗ੍ਹਾ ਮੰਗਲ ਨਹੀਂ ਭੀ ਲਿਖੇ—

ਸਿਰੀਰਾਗੁ ਮਹਲਾ ੪ ਘਰੁ ੧॥ *ਮੈ ਮਨਿ ਤਨਿ ਬਿਰਹੁ ਅਤਿ ਅਗਲਾ* [ਪੰਨਾ ੩੯]

ਸਿਰੀਰਾਗੁ ਮਹਲਾ ੫ ਘਰੁ ੧॥ *ਕਿਆ ਤੂ ਰਤਾ ਦੇਖਿ ਕੈ ਪੁੜੁ ਕਲੜੁ ਸੀਗਾਰ॥* [ਪੰਨਾ ੪੨]

ਮਾਝ ਮਹਲਾ ੫ ਚਉਪਦੇ ਘਰੁ ੧ ॥	*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥*	[ਪੰਨਾ ੯੬]
ਮਾਝ ਮਹਲਾ ੩ ਘਰੁ ੧ ॥	*ਕਰਮੁ ਹੋਵੈ ਸਤਿਗੁਰੁ ਮਿਲਾਏ ॥*	[ਪੰਨਾ ੧੦੯]
ਮਾਝ ਮਹਲਾ ੪ ॥	*ਆਦਿ ਪੁਰਖੁ ਅਪਰੰਪਰੁ ਆਪੇ ॥*	[ਪੰਨਾ ੧੨੬]
ਮਾਝ ਮਹਲਾ ੫ ਘਰੁ ੧ ॥	*ਅੰਤਰਿ ਅਲਖੁ ਨ ਜਾਈ ਲਖਿਆ ॥*	[ਪੰਨਾ ੧੩੦]
ਮੁੰਦਾਵਣੀ ਮਹਲਾ ੫ ॥	*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*	[ਪੰਨਾ ੧੪੨੬]

੬. ਵੇਰਾਂ ਆਏ ਮੰਗਲਾਂ ਦਾ ਨਿਰਣਯ

	ਪੰਨਾ		ਪੰਨਾ
੧. ਮੰਗਲ ਮਾਝ ਦੀ ਵਾਰ	੧੩੭	੬. ਮੰਗਲ ਗਉੜੀ ਭਗਤ ਬਾਣੀ	੩੨੩
੨. ਮੰਗਲ ਗਉੜੀ ਅਸਟਪਦੀ	੨੨੦	੭. ਮੰਗਲ ਗਉੜੀ ਭਗਤ ਬਾਣੀ	੩੪੦
੩. ਮੰਗਲ ਗਉੜੀ ਅਸਟਪਦੀ	੨੩੫	੮. ਮੰਗਲ ਗਉੜੀ ਭਗਤ ਬਾਣੀ	੩੪੫
੪. ਮੰਗਲ ਗਉੜੀ ਛੰਤ	੨੪੨	੯. ਮੰਗਲ ਬਿਲਾਵਲੁ	
੫. ਮੰਗਲ ਗਉੜੀ ਛੰਤ	੨੪੩	ਬਾਣੀ ਭਗਤਾਂ ਦੀ	੮੫੫

੩੩. ਵੇਰਾਂ ਆਏ ਮੰਗਲਾਂ ਦਾ ਨਿਰਣਯ

	ਪੰਨਾ		ਪੰਨਾ
੧. ਜਪੁ ਨੀਸਾਣੁ	੧	੧੮. ਰਾਗੁ ਰਾਮਕਲੀ	੮੭੬
੨. ਰਾਗੁ ਮਾਝ	੯੪	੧੯. ਰਾਗੁ ਨਟ ਨਾਰਾਇਨ	੯੭੫
੩. ਰਾਗੁ ਗਉੜੀ	੧੫੧	੨੦. ਰਾਗੁ ਮਾਲੀ ਗਉੜਾ	੯੮੪
੪. ਰਾਗੁ ਆਸਾ	੩੪੭	੨੧. ਰਾਗੁ ਮਾਰੂ	੯੮੬
੫. ਆਸਾ ਦੀ ਵਾਰ	੪੬੨	੨੨ ਰਾਗੁ ਭੈਰਉ	੧੧੨੫
੬. ਆਸਾ ਭਗਤ ਬਾਣੀ	੪੭੫	੨੩. ਰਾਗੁ ਬਸੰਤ	੧੧੬੮
੭. ਰਾਗੁ ਗੂਜਰੀ	੪੮੬	੨੪. ਰਾਗੁ ਸਾਰੰਗ	੧੧੯੭
੮. ਰਾਗੁ ਦੇਵਗੰਧਾਰੀ	੫੨੭	੨੫. ਰਾਗੁ ਮਲਾਰ	੧੨੫੪
੯. ਰਾਗੁ ਬਿਹਾਗੜਾ	੫੩੭	੨੬. ਰਾਗੁ ਕਾਨੜਾ	੧੨੬੫
੧੦. ਰਾਗੁ ਵਡਹੰਸੁ	੫੫੭	੨੭. ਰਾਗੁ ਕਲਿਆਣ	੧੩੧੬
੧੧. ਰਾਗੁ ਸੋਰਠਿ	੫੬੫	੨੮. ਰਾਗੁ ਪ੍ਰਭਾਤੀ	੧੩੨੭
੧੨. ਰਾਗੁ ਧਨਾਸਰੀ	੬੬੦	੨੯. ਰਾਗੁ ਜੈਜਾਵੰਤੀ	੧੩੫੨
੧੩. ਰਾਗੁ ਟੋਡੀ	੭੧੧	੩੦. ਸਲੋਕ ਸਹਸਕ੍ਰਿਤੀ ਮ: ੧	੧੩੫੩
੧੪. ਰਾਗੁ ਤਿਲੰਗ	੭੨੧	੩੧. ਸਲੋਕ ਸਹਸਕ੍ਰਿਤੀ ਮ: ੫	੧੩੫੩
੧੫. ਰਾਗੁ ਸੂਹੀ	੭੨੮	੩੨.ਸਵਯੇ ਸ੍ਰੀ ਮੁਖਬਾਕ	੧੩੮੫
੧੬. ਰਾਗੁ ਬਿਲਾਵਲੁ	੭੬੫	੩੩. ਸਲੋਕ ਵਾਰਾਂ ਤੇ ਵਧੀਕ	੧੪੧੦
੧੭. ਰਾਗੁ ਗੋਂਡ	੮੫੬	-o-	

ਪੰਦ੍ਰੀਆ ਜੰਤ੍ਰ

ਇਹ ਪੰਦ੍ਰੀਆ ਜੰਤ੍ਰ ਲੋਕ ਲਿਖ ਕੇ ਦੁਕਾਨਾਂ ਪਰ ਲਾਉਂਦੇ ਹਨ ਕਿਰਤ ਕਮਾਈ ਵਾਸਤੇ। ☞

੬	੧	੮
੭	੫	੩
੨	੯	੪

ਇਹ ਦੂਜੇ ਪ੍ਰਕਾਰ ਦਾ ਪੰਦ੍ਰੀਆ ਜੰਤ੍ਰ ਹੈ

ਇਸ ਦਾ ਜੰਤ੍ਰ ਇਹ ਹੈ

ਅਸ਼ਟ ਭੁਜੀ ਪ੍ਰਮੇਸਰੀ, ਏਕ ਪੁਰਖ ਭਗਵਾਨ। ☞

ਖਟ ਸ਼ਾਸਤ੍ਰ ਕੋ ਸਿਮਰੀਏ, ਤੀਨ ਭਏ ਕੁਰਬਾਨ।
ਪੰਜ ਭੇਦ ਵਸ ਮੇਂ ਕਰੋ, ਸਾਤ ਧਰਮ ਕੀ ਆਣ।
ਚਾਰ ਭੇਦ ਨੌ ਖੰਡ ਮੇ, ਦੋ ਚੰਦ ਸੂਰਜ ਦੀ ਆਣ।

੮	੧	੬
੩	੫	੭
੪	੯	੨

ਇਸ ਤਰਫ ਗੁਰੂ ਘਰ ਵਿਖੇ ਪੰਦ੍ਰੀਆ ਇਹ ਹੈ

ਚੌਂਤੀਆਂ ਜੰਤ੍ਰ ਇਹ ਹੈ ☞

੭	੧੨	੧	੧੪
੨	੧੩ ੮ ੮ ੧ ੩ ੪ ੬ ੫ ੯ ੭ ੨ ੧੦		੧੧
੧੬			੫
੯	੬	੧੫	੪

ਗੁ	੧ਓ	ਵਾ
ਝਿ	ਮੁ	ਹਿ
ਨਾ	ਰੂ	ਸ

ਇਸ ਦੀ ਸਿੱਧੀ ਕਰਨ ਤੋਂ ਬਾਅਦ ਨਚੰਦੇ ਐਤਵਾਰ ਲਿਖ ਕੇ ਰੋਗੀ ਦੇ ਗਲ ਵਿਚ ਪਾਉਣ ਨਾਲ ਚੌਥੇ ਦਾ ਤਾਪ ਦੂਰ ਹੋ ਜਾਂਦਾ ਹੈ। ਨਾਲ ਸ਼ਬਦ ਦਾ ਪਾਠ ਕਰੇ।

ਸੋਰਠਿ ਮਹਲਾ ੫ ॥

ਮੇਰਾ ਸਤਿਗੁਰੁ ਰਖਵਾਲਾ ਹੋਆ ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ ॥ ੧ ॥ ਰਹਾਉ ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਦੀ ਲਾਜ ਰਖਾਈ ॥ ਸਾਧ ਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਈ ॥ ੧ ॥ ਹਲਤੁ ਪਲਤੁ ਪ੍ਰਭੁ ਦੋਵੈ ਸਵਾਰੇ ਹਮਰੇ ਗੁਣ ਅਵਗੁਣੁ ਨ ਬੀਚਾਰਿਆ ॥ ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ ॥ ੨ ॥ ੨੧ ॥ ੪੯ ॥

[ਪੰਨਾ ੬੨੦]

ਅਕਡਮ ਚੱਕਰ



ਸਿੱਧ	ਸਾਧਜ	ਸ੍ਰੈਸਿਧ	ਅਰੀ
੧-੫-੬	੨-੬-੧੦	੩-੭-੧੧	੪-੮-੧੨

ਸਿੱਧ ਸਾਧਜ ਹ੍ਵੈ ਸਿਧ ਅਰਿ ਸ੍ਰੈ ਅਨ ਕਰਮਨਾ ਲੇਹੁ।
ਆਦ ਬਰਣ ਸਭ ਨਾਮ ਕੋ ਪ੍ਰਿਥਮ ਗਿਣ ਸਮਝੇਹੁ।
ਪਹਿਲੇ ਪੰਜ ਨੌ ਧਰਤੀ ਤਤ੍ਵ ਹੋਈ। ਰੁਤ ਅਨੁਸਾਰ ਦੇਹਿ ਫਲ ਸੋਈ।
ਦੋ ਛੇ ਦਸ ਵਾਯੁ ਤਤ ਹੋਈ। ਕਰੇ ਜਤਨ ਹ੍ਵੈ ਹ੍ਵੈ ਭੀ ਨਾਹੀ।
ਤਿੰਨ ਸਤ ਯਾਰਾਂ ਜਲ ਤਤ ਹੋਇ। ਫਲ ਅਫਲ ਛੇਤੀ ਦੈ ਸੋਇ।
ਚਾਰ ਅਠ ਬਾਰਾਂ ਭ੍ਵ ਨਭ ਹੋਈ। ਹਾਨੀ ਕਾਰਕ ਸਿਧ ਨਹਿ ਹੋਈ।

[ਗੁਰੂ ਨਾਮ ਮਾਲਾ ਖੰਡ ੯ ਧਿਆ ੩੨ ਪੰਨਾ ੮੮]

ਇਸ ਚੱਕਰ ਦੇ ਵਿਚਾਰ ਦੁਆਰਾ ਗੁਰਬਾਣੀ ਦੇ ਸ਼ਬਦਾਂ ਦਾ ਪਾਠ ਕਰਨ ਨਾਲ ਸ਼ੀਘਰ ਫਲ ਦੀ ਪ੍ਰਾਪਤੀ ਹੁੰਦੀ ਹੈ। ਅਰਥਾਤ ਮਨੋ ਕਾਮਨਾ ਪੂਰਨ ਹੁੰਦੀ ਹੈ।

ਜਪੁ ਨੀਸਾਣੁ

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

੧ਓ

ਉਹ ਇੱਕ ਅਦੁੱਤੀ ਬ੍ਰਹਮ ਹੈ।

"ਏਕ ਮੇਵਾ ਦੁਤੀਅੰ ਬ੍ਰਹਮ॥" *[ਸੁਰਤੀ]*

ਪੁਨਾ-ਸਾਰੇ ਸੰਸਾਰ ਦੀ ਉਤਪਤੀ, ਪਾਲਣਾ, ਲੈਤਾ ਕਰਨ ਵਾਲਾ ਮੰਗਲ ਸਰੂਪ ਹੈ।

ਸਤਿਨਾਮੁ

ਉਸ ਦਾ ਨਾਮ ਰੂਪ ਸਤਿ ਹੈ।

ਸ਼ੰਕਾ-ਨਾਮ ਰੂਪ ਤਾਂ ਸਭ ਕੁਝ ਮਿਥਿਆ ਹੁੰਦਾ ਹੈ, ਆਪ ਨੇ ਸੱਚਾ ਕਿਵੇਂ ਆਖਿਆ ?

ਜਿਸ ਤਰ੍ਹਾਂ ਕੋਈ ਆਖੇ "ਮਮ ਮਾਤਾ ਬੰਝਿਆ" ਉਸ ਤੋਂ ਪੁਛੋ ਜੇ ਤੇਰੀ ਮਾਂ ਬੰਝਿਆ ਹੈ ਤਾਂ ਤੂੰ ਕਿਸ ਤਰ੍ਹਾਂ ਜੰਮ ਪਿਆ ਹੈਂ ?

ਨਾਮ ਰੂਪ ਤਾਂ ਸਭ ਕੁਛ ਮਿਥਿਆ ਹੈ ਉਹ ਸੱਚਾ ਕਿਵੇਂ ਹੋ ਸਕਦਾ ਹੈ। ਇਸ ਕਰਕੇ ਦੂਜਾ ਅਰਥ ਕਰਨਾ-

ਉਹ ਤ੍ਰੈਕਾਲ ਆਬਾਧ ਭਾਵ ਭੂਤ, ਭਵਿੱਖ, ਵਰਤਮਾਨ ਤਿੰਨਾਂ ਕਾਲਾਂ ਵਿਚ ਸਤਿ ਹੈ।

ਯਥਾ—"ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ॥ ੩॥"

[ਆਸਾ ਮਹਲਾ ੪, ਪੰਨਾ ੪੪੮]

੧. ਅਤੇ ਨਾਮ ਰੂਪ ਪ੍ਰਪੰਚ ਦਾ ਕਰਤਾ-ਰਚਨਹਾਰਾ ਹੈ। ੨. ਨਾਮੁ=ਪ੍ਰਸਿੱਧ ਹੈ,

੩. ਆਮ ਖਾਸ ਪ੍ਰਪੰਚ ਜਿਸ ਵਿਚ ਨਹੀਂ ਹੈ, ੪ ਆਮੁ-ਰੋਗ ਜਿਸ ਵਿਚ ਨਹੀਂ ਹੈ।

ਉਸ ਦਾ ਸਤਿਨਾਮੁ ਮੰਤ੍ਰ ਸਭ ਮੰਤ੍ਰਾਂ ਵਿਚੋਂ ਵਿਸ਼ੇਸ਼ ਹੈ।

ਜਿਵੇਂ-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਥਨ ਕੀਤਾ ਹੈ-

"ਨਿਰਭਉ ਨਿਰੰਕਾਰੁ ਸਤਿਨਾਮੁ॥ ਜਗ ਮਹਿ ਸ੍ਰੇਸਟੁ ਊਤਮ ਕਾਮੁ॥
ਦੁਸਮਨ ਦੂਤ ਜਮਕਾਲੁ ਠੇਹ ਮਾਰਉ ਹਰਿ ਸੇਵਕ ਨੇੜਿ ਨ ਜਾਈ ਜੀਉ॥ ੨॥"

[ਮਾਰੂ ਮਹਲਾ ੪, ਪੰਨਾ ੯੯੮]

ਤਥਾ -"ਸਤਿ ਨਾਮੁ ਪ੍ਰਭ ਕਾ ਸੁਖਦਾਈ॥ ਬਿਸ੍ਵਾਸ ਸਤਿ ਨਾਨਕ ਗੁਰ ਤੇ ਪਾਈ॥ ੬॥"

[ਸੁਖਮਨੀ, ਪੰਨਾ ੨੮੪]

"ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥"

[ਮਾਰੂ ਮਹਲਾ ੫, ਪੰਨਾ ੧੦੮੩]

ਜਿਸ ਵੇਲੇ ਛੇਵੇਂ ਪਾਤਸ਼ਾਹ ਜੀ ਨੂੰ ਤਾਪ ਚੜ੍ਹਿਆ ਸੀ ਉਸ ਵੇਲੇ ਪੰਚਮ ਪਿਤਾ ਜੀ ਨੇ ਸਤਿਨਾਮੁ ਮੰਤ੍ਰ ਦਾ ਜਾਪ ਕੀਤਾ ਤੇ ਬੁਖਾਰ ਉਤਰ ਗਿਆ। ਉਸ ਵੇਲੇ ਸਿੱਖਾਂ ਨੂੰ ਉਪਦੇਸ਼ ਦਿੱਤਾ-

'ਇਹ ਮੰਤ੍ਰ ਮਹਾਂ ਸਤਿਨਾਮ ਅਹੈ। ਨਿਜ ਜੀਹ ਜਪੈ ਜੁ ਅਰੋਗ ਚਹੈ॥ ੧੬॥
ਤਨ ਤਾਪ ਕਹਾਂ ਇਸਤੇ ਜੁ ਰਹੈ। ਜਗ ਤੀਨਹੁ ਤਾਪਨਿ ਖਾਪਦ ਹੈ।
ਮੁਖਿ ਧੰਨ, ਜਪੈ ਸਤਿਨਾਮ ਸਦਾ। ਕਿਹ ਸੰਕਟ ਹੋਨਿ ਨ ਦੇਤਿ ਕਦਾ॥ ੧੭॥
ਬਡ ਭਾਗ ਭਰੇ ਲਿਵ ਲਾਵਤਿ ਹੈਂ। ਦੁਖ ਲੋਕ ਪ੍ਰਲੋਕ ਨਸਾਵਤਿ ਹੈਂ।
ਕਹਿ ਸਿੱਖਜਨ ਸਾਥ 'ਬਿਕਾਰ ਤਜੋ। ਸਤਿਨਾਮੁ ਭਜੋ, ਸਤਿਨਾਮ ਭਜੋ'॥ ੧੮॥'

[ਗੁਰਪ੍ਰਤਾਪ ਸੂਰਜ, ਰਾਸਿ ੩, ਅੰਸੂ ੩੦]

ਤਥਾ — 'ਸਿਰਿ ਨਾਥਾ ਕੈ ਏਕੁ ਨਾਥੁ ਸਤਿਨਾਮੁ ਕਰਤਾਰ॥
ਨਾਨਕ ਤਾ ਕੀ ਕੀਮਤਿ ਨਾ ਪਵੈ ਬੇਅੰਤ ਬੇਸੁਮਾਰ॥ ੧॥'

[ਬੀੜ ਭਾਈ ਬੰਨੋ, ਪੰਨਾ ੫੨੧]

"ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥
ਮਸਤਕਿ ਹੋਵੈ, ਲਿਖਿਆ ਹਰਿ ਸਿਮਰਿ ਪਰਾਣੀ॥"

[ਗਉੜੀ ਕੀ ਵਾਰ ਦੂਜੀ, ਪੰਨਾ ੩੧੯]

ਕਰਤਾ

੧. ਸੰਸਾਰ ਦੇ ਰਚਨਹਾਰਾ ਹੈ।

੨. ਦੁਸ਼ਟਾਂ ਪੁਰਸ਼ਾਂ ਨੂੰ ਕਰ+ਤਾ=ਤਾੜਨਾ ਕਰਨ ਵਾਲਾ ਹੈ।

੩. ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲਾ ਹੈ।

੪. ਜਿਸ ਦੇ ਕਰ=ਹੱਥ ਵਿਚ ਸਭ ਜੀਵਾਂ ਦੇ ਖਾਣ ਪਾਣ ਦੀ ਤਾ=ਤਾਰ [ਡੋਰ] ਫੜੀ ਹੋਈ ਹੈ।

ਪੁਰਖੁ

੧. ਪੁਰਸ਼ ਕੇਵਲ ਪਰਮਾਤਮਾ ਹੀ ਹੈ, ਬਾਕੀ ਸਭ ਇਸਤ੍ਰੀਆਂ ਹਨ।

ਯਥਾ—"ਠਾਕੁਰ ਏਕੁ ਸਬਾਈ ਨਾਰਿ॥ *[ਦਖਣੀ ਓਅੰਕਾਰ, ਪੰਨਾ ੯੩੩]*

ਤਥਾ—"ਇਸੁ ਜਗ ਮਹਿ ਪੁਰਖ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥"

[ਵਡਹੰਸੁ ਦੀ ਵਾਰ, ਪੰਨਾ ੫੯੧]

੨. ਸਾਰਿਆਂ ਵਿਚ ਪੁਰਖੁ=ਪੂਰਨ ਹੈ।

੩. ਆਪਣਿਆਂ ਦਾਸਾਂ ਨੂੰ ਪੂੰ=ਨਰਕਾਂ ਤੋਂ ਰਖੁ=ਰੱਖਣ ਵਾਲਾ ਹੈ।*

੪. ਖੁ=ਅਕਾਸ਼ ਵਾਂਗ ਪੁਰ=ਪੂਰਨ ਹੈ।

੫. ਪੁਰਖੁ=ਪੌਰਖ ਵਾਲਾ, ਅਸਲ ਬਲ ਵਾਲਾ ਹੈ। ਉਸ ਦੇ ਬਲ ਤੋਂ ਹੀ ਸਾਰੇ ਬਲ ਲੈਂਦੇ ਹਨ।

ਯਥਾ—"ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥
ਬਡੇ ਬਡੇ ਮੁਨਿ ਦੇਵਤੇ ਕਦੀ ਜੁਗ ਤਿਨੀ ਤਨੁ ਤਾਇਆ॥
ਕਿਨੀ ਤੇਰਾ ਅੰਤੁ ਨ ਪਾਇਆ॥ ੨॥" [ਦਸਮ ਗ੍ਰੰਥ,ਵਾਰ ਭਗਉਤੀ ਪੰਨਾ ੧੧੯]

੬. ਬ੍ਰਹਮ ਪੁਰੀ, ਵਿਸ਼ਨ ਪੁਰੀ, ਇੰਦਰ ਪੁਰੀ ਆਦਿ ਪੁਰ=ਪੁਰੀਆਂ ਵਿਚ,
ਅਥਵਾ–ਦੇਹਾਂ ਰੂਪ ਪੁਰੀਆਂ ਵਿਚ ਜੋ ਖੁ=ਸੈਨ ਕਰਨ ਵਾਲਾ ਹੈ।

੭. ਪ੍ਰਤੱਖ ਪੁਰੀਆਂ ਨੂੰ ਅਤੇ ਦੇਹਾਂ ਰੂਪ ਪੁਰ=ਪੁਰੀਆਂ ਨੂੰ ਖੁ-ਨਾਸ ਕਰਨ ਵਾਲਾ ਹੈ। ਬਾਕੀ ਦੇ ਜੋ ਭੀ ਪੁਰਸ਼ ਹਨ, ਉਹ ਡਰ ਦੇ ਸਹਿਤ ਹਨ।

ਯਥਾ—"ਡਰਪੈ ਧਰਤਿ ਅਕਾਸੁ ਨਖ਼ਤ੍ਰਾ ਸਿਰ ਊਪਰਿ ਅਮਰੁ ਕਰਾਰਾ॥"

[ਮਾਰੂ ਮਹਲਾ ੫, ਪੰਨਾ ੯੯੮]

ਤਥਾ—"ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥"

[ਆਸਾ ਦੀ ਵਾਰ,ਪੰਨਾ ੪੬੪]

"ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ॥
ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ॥"

[ਵਡਹੰਸੁ ਦੀ ਵਾਰ, ਪੰਨਾ ੫੮੬]

ਨਿਰਭਉ

੧. ਉਹ ਪਰਮੇਸ਼ਰ ਡਰ ਤੋਂ ਨਿਰ=ਰਹਿਤ ਹੈ, ਉਸ ਨੂੰ ਕਿਸੇ ਦਾ ਭੈ ਨਹੀਂ।

"ਨਿਰਭਉ ਨਿਰੰਕਾਰੁ ਦਇਅਲੀਆ॥ ਜੀਅ ਜੰਤ ਸਗਲੇ ਪ੍ਰਤਿਪਲੀਆ॥ ੧॥ ਰਹਾਉ॥"

[ਮਾਰੂ ਮਹਲਾ ੫, ਪੰਨਾ ੧੦੦੪]

੨. ਦੁਸ਼ਟ ਪੁਰਸ਼ਾਂ ਨੂੰ ਨਿਰਾ ਡਰ ਹੀ ਦੇਣ ਵਾਲਾ ਹੈ।

੩. ਭਵ=ਜਨਮ ਮਰਨ ਤੋਂ ਨਿਰ=ਰਹਿਤ ਹੈ।

੪. ਨਿਰ=ਵਿਸ਼ੇਸ਼ ਕਰਕੇ-ਭਵ=ਕਲਿਆਣ ਸਰੂਪ ਹੈ।

**ਲਘੂ ਅੱਖਰ ਨੂੰ ਦੀਰਘ ਕਰਨਾ ਜਾਂ ਦੀਰਘ ਨੂੰ ਲਘੂ ਕਰਨਾ ਅਰਥ ਵਾਸਤੇ ਕੋਈ ਦੋਸ਼ ਨਹੀਂ।*
ਕਵੀ ਸੰਤੋਖ ਸਿੰਘ ਜੀ ਨੇ ਗਰਬ ਗੰਜਨੀ ਟੀਕੇ ਵਿਚ ਲਿਖਿਆ ਹੈ।

ਯਥਾ—"ਲਘੂ ਦੀਰਘ ਦੀਰਘ ਲਘੂ ਅਰਥ ਹੇਤ ਉਚਾਰ।"

ਨਿਰਵੈਰੁ

੧.ਵੈਰ ਤੋਂ ਨਿਰ=ਰਹਿਤ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ।

ਯਥਾ—"ਜੁਗਿ ਜੁਗਿ ਥਾਪਿ ਸਦਾ ਨਿਰਵੈਰੁ॥ ਜਨਮਿ ਮਰਣਿ ਨਹੀ ਧੰਧਾ ਧੈਰੁ॥"[ਪੰਨਾ ੯੩੧]

ਤਥਾ—"ਨਿਰਹਾਰੀ ਕੇਸਵ ਨਿਰਵੈਰਾ॥ ਕੋਟਿ ਜਨਾ ਜਾ ਕੇ ਪੂਜਹਿ ਪੈਰਾ॥"

[ਮਾਝ ਮਹਲਾ ੫, ਪੰਨਾ ੯੮]

ਤਥਾ—"ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥"

[ਸੋਰਠਿ ਮਹਲਾ ੧, ਪੰਨਾ ੫੯੬]

ਪ੍ਰਸ਼ਨ-ਜੀਵਾਂ ਨੂੰ ਦੁੱਖ ਕਿਉ ਦੇਂਦਾ ਹੈ?

ਉੱਤਰ-ਜੀਵਾਂ ਦੇ ਆਪਣੇ ਕਰਮ ਹੀ ਦੁੱਖ ਕਾ ਕਾਰਨ ਹਨ। ਪਰਮਾਤਮਾ ਵੈਰ ਕਰਕੇ ਕਿਸੇ ਨੂੰ ਦੁੱਖ ਨਹੀਂ ਦੇਂਦਾ।

੨. ਭਗਤਾਂ ਦੀ ਰੱਖਿਆ ਲਈ ਦੁਸ਼ਟਾਂ ਨਾਲ ਨਿਰਾ ਵੈਰ ਹੀ ਕਰਨ ਵਾਲਾ ਹੈ।

੩. ਵੈਰੁ=ਵੈਲਦਾਰੀਆਂ ਭਾਵ ਖੋਟੇ ਕੰਮਾਂ ਤੋਂ ਨਿਰ=ਰਹਿਤ ਹੈ।

ਨੋਟ-ਪਰ ਇਸੜ੍ਹੀ ਨਾਲ ਬਿਭਚਾਰ ਕਰਨਾ ਹੀ ਵੈਲਦਾਰੀ ਹੈ।

ਅਕਾਲ ਮੂਰਤਿ

੧. ਉਸ ਦੀ ਮੂਰਤੀ ਅਕਾਲ=ਕਾਲ ਤੋਂ ਰਹਿਤ ਹੈ।

ਸ਼ੰਕਾ-ਮੂਰਤੀ ਕੀ ਤੇ ਅਕਾਲ ਕੀ? ਮੂਰਤੀ ਹਮੇਸ਼ਾਂ ਨਾਸ਼ ਹੋ ਜਾਣ ਵਾਲੀ ਚੀਜ਼ ਹੈ, ਜੇ ਪਰਮਾਤਮਾ ਨਾਸ਼ ਹੋ ਗਿਆ ਤਾਂ ਵੇਦ ਸ਼ਾਸਤ੍ਰ ਸਭ ਨਿਸਫਲ ਹੋ ਜਾਣਗੇ।

ਉੱਤਰ-ਉਹ ਪਰਮਾਤਮਾ ਅਕਾਲ ਮੂਰਤਿ=ਅਕਾਲ ਸਰੂਪ ਹੈ।

"ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ॥"

[ਮਾਰੂ ਮਹਲਾ ੧, ਪੰਨਾ ੧੦੩੮]

"ਸਫਲ ਦਰਸਨੁ ਅਕਾਲ ਮੂਰਤਿ ਪ੍ਰਭ ਹੈ ਭੀ ਹੋਵਨਹਾਰਾ॥"

[ਸੋਰਠਿ ਮਹਲਾ ੫, ਪੰਨਾ ੬੦੬]

"ਅਮੋਘ ਦਰਸਨ ਆਜੂਨੀ ਸੰਭਉ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥"

[ਮਾਰੂ ਮਹਲਾ ੫, ਪੰਨਾ ੧੦੮੨]

"ਜਪਿ ਮਨ ਨਿਰਭਉ॥ ਸਤਿ ਸਤਿ ਸਦਾ ਸਤਿ॥ ਨਿਰਵੈਰੁ ਅਕਾਲ ਮੂਰਤਿ॥ ਆਜੂਨੀ ਸੰਭਉ॥ ਮੇਰੇ ਮਨ ਅਨਦਿਨੁ ਧਿਆਇ ਨਿਰੰਕਾਰੁ ਨਿਰਾਹਾਰੀ॥੧॥"

[ਸਾਰਗ ਮਹਲਾ ੪, ਪੰਨਾ ੧੨੦੧]

"ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ॥ ੧॥"

[ਸਾਰਗ ਪੰਨਾ ੧੨੦੮]

ਭਾਵ-ਅਕਾਲ ਸਰੂਪ ਦੇ ਧਿਆਨ ਕਰਨੇ ਨੂੰ ਸੰਤਾਂ ਸਾਧਾਂ ਦੀ ਸੰਗਤ ਹੀ ਨੀਕੀ ਠਾਹਰ=ਚੰਗੀ ਜਗ੍ਹਾ ਹੈ।

ਦੁਖ ਭੰਜਨ ਨਿਧਾਨ ਅਮੋਲੇ॥ ਨਿਰਭਉ ਨਿਰਵੈਰ ਅਥਾਹ ਅਤੋਲੇ॥
ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ॥ ੨॥

[ਮਾਝ ਮਹਲਾ ੫, ਪੰਨਾ ੯੬]

[੨] ਅ=ਵਿਸ਼ਨੂੰ, ਕਾ=ਕਰਤਾ [ਬ੍ਰਹਮਾ] ਲ=ਲੈਤਾ ਕਰਨ ਵਾਲਾ [ਸ਼ਿਵਜੀ]। ਇਸ ਤਰ੍ਹਾਂ ਤ੍ਰਿਦਾ ਰੂਪ ਹੋ ਗਿਆ ਹੈ। ਸ਼ੰਕਾ-ਤੁਹਾਡੀ ਪ੍ਰੀਤੀ ਕਿਸ ਵਿਚ ਹੈ?

[੩] ਉੱਤਰ-ਜੋ ਪਰਮਾਤਮਾ ਅਕਾਲ=ਦੇਸ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ.

ਵਾ: ਦੁੱਖ ਕਾਲ ਤੋਂ ਰਹਿਤ ਹੈ।

ਵਾ-ਦੁਰਭਿੱਖ ਕਾਲ ਤੋਂ ਰਹਿਤ ਹੈ, ਉਸ ਪਰਮਾਤਮਾ ਵਿਚ ਮੂ+ਰਤਿ=ਮੇਰੀ ਪ੍ਰੀਤੀ ਹੈ।

[੪] ਅਕਾਲ=ਕਾਲ ਰਹਿਤ ਹੈ ਅਤੇ ਅਮੂਰਤਿ=ਮੂਰਤੀ ਅਕਾਰ ਤੋਂ ਰਹਿਤ ਹੈ।

ਅਜੂਨੀ

ਜੂਨੀਆਂ ਤੋਂ ਰਹਿਤ ਹੈ। ਚੌਰਾਸੀ ਲੱਖ ਜੂਨ ਵਿਚੋਂ ਕਿਸੇ ਜੂਨ ਵਿਚ ਆਉਂਦਾ ਨਹੀਂ।

ਯਥਾ—"ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲ ਨ ਕਰਮਾ॥
ਜਾਤਿ ਅਜਾਤਿ ਅਜੋਨੀ ਸੰਭਉ ਨ ਤਿਸੁ ਭਾਉ ਨ ਭਰਮਾ॥ ੧॥"

[ਸੋਰਠਿ ਮਹਲਾ ੧, ਪੰਨਾ ੫੯੭]

ਵਾ-ਅਜ=ਬ੍ਰਹਮਾ ਵੀ ਜਿਸ ਤੋਂ ਊਨੀ=ਨਜ਼ੂਣ ਭਾਵ ਹੇਠਾਂ ਹੈ।

ਅਜ=ਮਾਇਆ ਵੀ ਜਿਸ ਤੋਂ ਊਨੀ=ਨਜ਼ੂਣ ਹੈ।

ਵਾ-ਵਿਸ਼ੇਸ਼ ਕਰਕੇ ਸਾਰਿਆਂ ਦਾ ਜੂਨੀ=ਕਾਰਣ ਰੂਪ।

ਸੈ=ਹੈ।

ਭੰ=ਪ੍ਰਕਾਸ਼ ਰੂਪ ਹੈ। ਅਥਵਾ :-

ਸੈਭੰ:-ਸੁਤੇ ਪ੍ਰਕਾਸ਼ ਰੂਪ ਹੈ।

ਯਥਾ—"ਦੁਖ ਭੰਜਨ ਨਿਧਾਨ ਅਮੋਲੇ॥ ਨਿਰਭਉ ਨਿਰਵੈਰ ਅਥਾਹ ਅਤੋਲੇ॥
ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ॥੨॥"

[ਮਾਝ ਮਹਲਾ ੫, ਪੰਨਾ ੯੬]

ਤਥਾ—ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ॥ ੧੮॥

[ਰਾਮਕਲੀ ਮਹਲਾ ੫, ਪੰਨਾ ੯੧੬]

ਅਥਵਾ-ਸੈ+ਭੰ

ਸੈਂਕੜਿਆਂ ਦੇ ਨਾਸ ਕਰਨ ਵਾਲਾ ਹੈ।

ਵਾ-ਸੈ+ਭੰ

ਆਪਣਿਆਂ ਦਾਸਾਂ ਦੇ ਸੈ=ਸੰਸਿਆਂ ਨੂੰ ਭੰ=ਨਾਸ ਕਰਨ ਵਾਲਾ ਹੈ।

ਗੁਰ

ਅਗਿਆਨ ਰੂਪ ਗੁ=ਹਨੇਰੇ ਵਿਚ ਰੂ=ਪ੍ਰਕਾਸ਼ ਕਰਨ ਵਾਲਾ।

ਗੌਤਮ ਨਾਮ ਗਿਆਨ ਅਨਿੱਤ॥ ਰੌ ਪਰਕਾਸ ਕਿਯੋ ਜਿਨ ਚਿੱਤ॥ ੬੩॥

[ਨਾਨਕ ਪ੍ਰਕਾਸ਼ ਪੂਰਬਾਰਧ, ਅਧਿ: ੧]

ਅਥਵਾ-ਸਾਰਿਆਂ ਕਰਕੇ ਗੁਰ=ਪੂਜਨੀਕ ਹੈ।

ਵਾ-ਸਾਰਿਆਂ ਤੋਂ ਗੁਰ=ਵੱਡਾ ਹੈ।

ਪ੍ਰਸਾਦਿ॥

ਮੁਆਦਾਂ ਤੋਂ ਪਰੇ ਹੈ।

ਵਾ-ਪ੍ਰਸਾਦਿ ਮੰਦਰ ਦੀ ਨਿਆਈਂ ਸਾਰਿਆਂ ਦਾ ਅਧਿਸ਼ਠਾਨ ਰੂਪ ਹੈ।

ਅਥਵਾ-ਜਿਸ ਪਰਮਾਤਮਾ ਦੇ ਪੰਜ ਮੰਦਰ ਸਾਰਿਆਂ ਤੋਂ ਗੁਰ=ਵੱਡੇ ਹਨ।

੧.ਬੈਕੁੰਠ, ੨. ਸੱਚਖੰਡ, ੩. ਸੰਸਾਰ, ੪. ਮਨੁੱਖਾ ਦੇਹ, ੫. ਸਤਿਸੰਗ।

ਅਥਵਾ-ਉਸ ਪਰਮਾਤਮਾ ਦਾ ਪ੍ਰਸਾਦਿ=ਅਨੁਗ੍ਰਹੁ ਸਾਰਿਆਂ ਤੋਂ ਗੁਰ ਵੱਡਾ ਹੈ।

ਜੋ ਸਾਰਿਆਂ ਦੇ ਔਗੁਣ ਵੇਖਦਾ ਹੋਇਆ ਭੀ ਮਨ ਵਿਚ ਗੁੱਸਾ ਧਾਰਕੇ, ਰੋਜ਼ੀ ਦੇਣੋਂ ਨਹੀਂ ਹਟਦਾ।

ਸਾਖੀ-ਮੂਸੇ ਪੈਗੰਬਰ ਦੀ

ਇਕ ਸਮੇਂ ਮੂਸੇ ਨੇ ਖੁਦਾ ਨੂੰ ਜਾ ਕੇ ਕਿਹਾ, ''ਸਾਰਿਆਂ ਜੀਵਾਂ ਨੂੰ ਖੁਰਾਕ ਦੇਣ ਦਾ ਜੋ ਸਿਲਸਿਲਾ ਹੈ. ਇਹ ਤੁਸੀਂ ਮੈਨੂੰ ਸੌਂਪ ਦਿਓ, ਮੈਂ ਹੀ ਸਾਰਿਆਂ ਨੂੰ ਰੋਜ਼ੀ ਦਿਆ ਕਰਾਂਗਾ।''

ਖ਼ੁਦਾ ਨੇ ਕਿਹਾ,''ਹੇ ਮੂਸੇ ! ਤੂੰ ਰੋਜ਼ੀ ਨਹੀਂ ਦੇ ਸਕੇਂਗਾ, ਇਹ ਮੇਰਾ ਹੀ ਕੰਮ ਹੈ ਜੋ ਸਾਰਿਆਂ ਨੂੰ ਹਰ ਜਗ੍ਹਾ ਪਰ ਰਿਜ਼ਕ ਪਹੁੰਚਾਂਵਦਾ ਹਾਂ। ਯਥਾ-

''ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ॥'' *[ਸੋਰਠਿ ਮ: ੧, ਪੰਨਾ ੫੯੫]*

ਪੁਨਾ-ਮੂਸੇ ਨੇ ਕਿਹਾ, ''ਨਹੀਂ ਜੀ ਮੈਂ ਜ਼ਰੂਰ ਸਾਰਿਆਂ ਨੂੰ ਦਿਆਂਗਾ, ਇਕ ਵੇਰਾਂ ਤੁਸੀਂ ਦੇਖ ਲਓ।

ਖ਼ੁਦਾ ਨੇ ਕਿਹਾ ''ਚੰਗਾ! ਅੱਜ ਤੂੰ ਸਾਰਿਆਂ ਨੂੰ ਰੋਜ਼ੀ ਦੇਹ।''

ਮੂਸੇ ਨੇ ਹੋਰ ਤਾਂ ਸਾਰਿਆਂ ਨੂੰ ਰੋਜ਼ੀ ਦੇ ਦਿੱਤੀ ਪਰ ਇਕ ਗੁਨਾਹੀ ਪੁਰਸ਼ ਨੂੰ ਨਾ ਦਿੱਤੀ. ਜੋ ਮਰੀ ਹੋਈ ਇਸਤ੍ਰੀ ਨੂੰ ਕਬਰ 'ਚੋਂ ਕੱਢ ਕੇ ਉਸ ਨਾਲ ਬਿਭਚਾਰ ਕਰ ਰਿਹਾ ਸੀ।

ਜਦ ਮੂਸਾ ਸਾਰਿਆਂ ਨੂੰ ਰੋਜ਼ੀ ਦੇ ਕੇ ਖ਼ੁਦਾ ਪਾਸ ਗਿਆ ਤਾਂ ਖ਼ੁਦਾ ਨੇ ਪੁੱਛਿਆ, ''ਰੋਜ਼ੀ ਦੇ ਆਇਆ ਹੈਂ ? ਅਗੋਂ ਮੂਸੇ ਨੇ ਕਿਹਾ ''ਹਾਂ ਜੀ! ਸਾਰਿਆਂ ਨੂੰ ਦੇ ਆਇਆ ਹਾਂ।''

ਖ਼ੁਦਾ ਨੇ ਅੰਤਰ ਧਿਆਨ ਹੋ ਕੇ ਵੇਖਿਆ ਤਾਂ ਪਤਾ ਲੱਗਾ ਕਿ ਇਕ ਗੁਨਾਹੀ ਪੁਰਸ਼ ਨੂੰ ਰੋਜ਼ੀ ਨਹੀਂ ਮਿਲੀ। ਤਦ ਉਸੀ ਵੇਲੇ ਮੂਸੇ ਨੂੰ ਕਿਹਾ. ਕਿ ਅਮਕੇ ਪੁਰਸ਼ ਨੂੰ ਤੂੰ ਰੋਜ਼ੀ ਨਹੀਂ ਦਿੱਤੀ।

ਮੂਸੇ ਨੇ ਕਿਹਾ, ਹੇ ਖ਼ੁਦਾਵੰਦ! ਐਸੇ ਆਦਮੀ ਨੂੰ ਤਾਂ ਭੁੱਖਿਆਂ ਹੀ ਮਾਰਨਾ ਚਾਹੀਦਾ ਹੈ ਉਸ

ਵਿਸ਼ੱਈ ਪਾਮਰ ਨੂੰ ਰੋਜ਼ੀ ਦੇ ਕੇ ਕੀ ਕਰਨਾ ਹੈ?''

ਖ਼ੁਦਾ ਨੇ ਕਿਹਾ,''ਹੇ ਮੂਸੇ! ਜੇਕਰ ਮੈਂ ਜੀਵਾਂ ਦੇ ਔਗੁਣਾਂ ਨੂੰ ਤੱਕ ਕੇ ਰੋਜ਼ੀ ਦੇਣ ਦਾ ਖ਼ਿਆਲ ਨਾ ਕਰਾਂ ਤਾਂ ਸਾਰੇ ਹੀ ਭੁੱਖੇ ਮਰ ਜਾਣ। ਰੋਜ਼ੀ ਦੇਣ ਲੱਗਿਆਂ ਕਿਸੇ ਦੇ ਔਗੁਣ ਵੱਲ ਨਹੀਂ ਤੱਕਣਾ ਚਾਹੀਦਾ।

ਦਸ਼ਮੇਸ਼ ਪਿਤਾ ਜੀ ਨੇ ਕਥਨ ਕੀਤਾ ਹੈ-

''ਰੋਜ਼ੀ ਹੀ ਰਾਜ ਥਿਲੋਕਤ ਰਾਜਕ** ਰੋਖ*** ਰੂਹਾਨ+ ਕੀ ਰੋਜੀ ਨ ਟਾਰੈ++ ॥''*

[ਦਸਮ ਗ੍ਰੰਥ, ਪੰਨਾ ੩੪]

ਤਥਾ—''ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ॥
ਓਹੁ ਨਿਰਗੁਣੀਆਰੇ ਪਾਲਦੇ ਭਾਈ ਦੇਇ ਨਿਬਾਵੇ ਥਾਉ॥''

[ਸੋਰਠਿ ਮਹਲਾ ੫, ਪੰਨਾ ੬੪੦]

ਦੂਜੀ ਸਾਖੀ-ਰਾਜੇ ਤੇ ਰਾਣੀ ਦੀ

ਇਕ ਰਾਜਾ ਸੀ ਅਤੇ ਇਕ ਉਸਦੀ ਰਾਣੀ ਸੀ। ਰਾਜੇ ਦੇ ਬਾਹਰ ਜਾਣ ਕਾਰਨ ਇਸ ਦਾ ਪਰ ਪੁਰਸ਼ ਨਾਲ ਪ੍ਰੇਮ ਹੋ ਗਿਆ। ਗਰਮੀ ਦਾ ਮੌਸਮ ਸੀ। ਤੇ ਰਾਣੀ ਪਰ ਪੁਰਸ਼ ਨੂੰ ਬੁਲਾ ਕੇ ਕੋਠੇ ਪਰ ਹੀ ਇਕ ਪਲੰਘ ਪਰ ਸੌਂ ਗਈ। ਓਸੇ ਰਾਤ ਨੂੰ ਰਾਜਾ ਬਾਹਰੋਂ ਆ ਗਿਆ। ਜਦ ਉਸ ਨੇ ਆ ਕੇ ਮੰਦਰ ਪਰ ਚੜ੍ਹ ਕੇ ਆਪਣੀ ਰਾਣੀ ਨੂੰ ਪਰ ਪੁਰਸ਼ ਨਾਲ ਬਿਭਚਾਰ ਕਰਮ ਦੀ ਦਸ਼ਾ ਵਿਚ ਸੁੱਤਿਆਂ ਵੇਖਿਆਂ ਤਾਂ ਰਾਜਾ ਦਿਲ ਵਿਚ ਸੋਚਦਾ ਹੈ ਹੁਣ ਤਾਂ ਮੈਂ ਵੇਖਿਆ ਹੈ, ਜੇ ਦਿਨ ਚੜ੍ਹ ਗਿਆ ਤਾਂ ਸਾਰੇ ਲੋਕ ਵੇਖ ਕੇ ਕੀ ਕਹਿਣਗੇ ਕਿ ਰਾਜੇ ਦੀ ਰਾਣੀ ਦਾ ਇਹ ਹਾਲ ਹੈ।

ਇਹ ਗੱਲ ਬੜੀ ਦੂਰ ਅੰਦੇਸ਼ੀ ਨਾਲ ਸੋਚ ਕੇ ਰਾਜੇ ਨੇ ਆਪਣਾ ਦੁਸ਼ਾਲਾ ਲਾਹ ਕੇ ਉਨ੍ਹਾਂ ਉੱਪਰ ਪਾ ਦਿੱਤਾ ਤੇ ਆਪ ਆਪਣੇ ਮੰਦਰ ਵਿਚ ਆ ਕੇ ਸੌਂ ਗਿਆ। ਜਦ ਦੋਹਾਂ ਦੀ ਨੀਂਦ ਖੁਲ੍ਹੀ ਤਾਂ ਰਾਣੀ ਨੇ ਉਹ ਦੁਸ਼ਾਲਾ ਰਾਜੇ ਦਾ ਪਛਾਣਿਆ ਅਤੇ ਵਿਚਾਰਿਆ ਕਿ ਰਾਜਾ ਜੀ ਬਾਹਰੋਂ ਆ ਗਏ ਹਨ। ਭੈ ਕਰਕੇ ਕੰਬਣ ਲੱਗੀ। ਆਖਦੀ ਹੈ, ਕੀ ਜਾਣੀਏ ਜੋ ਰਾਜਾ ਜੀ ਮੇਰਾ ਕੀ ਹਾਲ ਕਰਨਗੇ?

ਇਹ ਤਾਂ ਇਸ ਚਿੰਤਾ ਵਿਚ ਹੀ ਡੁੱਬੀ ਹੋਈ ਗੋਤੇ ਖਾਂਦੀ ਰਹੀ ਤੇ ਸ਼ਰਮ ਦੀ ਮਾਰੀ ਹੋਈ ਕਿਤਨਾ ਸਮਾਂ ਰਾਜੇ ਦੇ ਸਨਮੁਖ ਨਾ ਹੋਈ।

ਪ੍ਰੰਤੂ ਰਾਜੇ ਨੇ ਤਾਂ ਇਹ ਗੱਲ ਆਪਣੇ ਦਿਲੋਂ ਵਿਸਾਰ ਹੀ ਦਿੱਤੀ ਸੀ ਕਿਉਂਕਿ ਮਨੁੱਖ ਪਾਸੋਂ ਕਈ ਗਲਤੀਆਂ ਹੋ ਜਾਂਦੀਆਂ ਹਨ। ਜੇ ਅੱਜ ਰਾਣੀ ਤੋਂ ਗਲਤੀ ਹੋ ਗਈ ਹੈ ਤਾਂ ਕੀ ਹੋਇਆ।

**ਰੋਜ਼ਾਨਾ ਹੀ।*

***ਰਿਜ਼ਕ ਦੇਣ ਵਾਲਾ (ਵਾਹਿਗੁਰੂ) ਦੇਖਦਾ ਹੈ (ਜੀਵਾਂ ਦੇ ਕਰਤੱਬ)।*

****ਗੁੱਸੇ (ਵਿਚ ਆ ਕੇ)*

+ਜੀਵਾਂ ਦੀ ।

++ਰੋਜ਼ੀ ਬੰਦ ਨਹੀਂ ਕਰਦਾ।

ਕਿਤਨਾ ਸਮਾਂ ਬੀਤ ਗਿਆ, ਇਕ ਦਿਨ ਰਾਜਾ ਬੀਮਾਰ ਹੋ ਗਿਆ। ਬਹੁਤ ਬੀਮਾਰ ਹੋਣ ਕਰਕੇ ਜਦ ਆਪਣੇ ਜੀਉਣ ਦੀ ਉਮੀਦ ਹਟ ਗਈ ਤਾਂ ਰਾਜੇ ਨੇ ਮੰਤ੍ਰੀਆਂ ਸਮੇਤ ਸਾਰੇ ਅਹਿਲਕਾਰਾਂ ਨੂੰ ਬੁਲਾ ਕੇ ਸਮਝਾਇਆ ਕਿ ਰਾਜ-ਭਾਗ ਦਾ ਸਾਰਾ ਕੰਮ ਏਸੇ ਤਰ੍ਹਾਂ ਨੇਕ ਨੀਤੀ ਨਾਲ ਕਰਨਾ। ਕੋਈ ਭੀ ਕੰਮ ਹੋਵੇ ਆਪਣੇ ਆਪ ਨਹੀਂ ਕਰਨਾ, ਮੇਰੀ ਰਾਣੀ ਅਤੇ ਰਾਜ-ਪੁੱਤਰ ਤੋਂ ਪੁੱਛ ਕੇ ਕਰਨਾ। ਉਸੀ ਵੇਲੇ ਰਾਜ ਤਿਲਕ ਆਪਣੇ ਪੁੱਤਰ ਨੂੰ ਦੇ ਦਿੱਤਾ ਅਤੇ ਮੁਣਸ਼ੀ ਨੂੰ ਬੁਲਾ ਕੇ ਸਾਰੇ ਹੱਕ ਹਕੂਕ ਰਾਣੀ ਦੇ ਨਾਮ ਪਰ ਲਿਖਵਾ ਦਿੱਤੇ। ਲੜਕੇ ਨੂੰ ਭੀ ਸਮਝਾ ਦਿੱਤਾ ਕਿ ਤੂੰ ਆਪਣੀ ਮਾਤਾ ਦੇ ਕਹੇ ਅਨੁਸਾਰ ਹੀ ਚੱਲਣਾ ਹੋਵੇਗਾ।

ਰਾਣੀ ਨੇ ਜਿਸ ਦਿਨ ਰਾਜੇ ਨੂੰ ਬਹੁਤ ਤਕਲੀਫ ਵਿਚ ਸੁਣਿਆਂ ਤਾਂ ਮੂੰਹ ਕੱਜ ਕੇ ਰਾਜੇ ਪਾਸ ਆਈ ਤੇ ਆ ਕੇ ਚਰਨਾਂ ਉੱਪਰ ਸਿਰ ਰੱਖ ਕੇ ਰੋਣ ਲੱਗ ਪਈ। ਇਤਨਾਂ ਰੋਈ ਜੋ ਰਾਜੇ ਦੇ ਪੈਰ ਭਿਉਂ ਦਿੱਤੇ। ਉਸ ਵੇਲੇ ਰਾਜੇ ਨੇ ਬੜੇ ਧੀਰਜਤਾ ਦੇ ਬਚਨ ਕਹਿ ਕੇ ਪਿਆਰ ਨਾਲ ਕਿਹਾ-''ਭਲੀਏ ਲੋਕੇ ਤੂੰ ਕਿਉਂ ਰੋਂਦੀ ਹੈਂ? ਜਦ ਕਿ ਤੇਰੇ ਹੀ ਪੁੱਤਰ ਨੂੰ ਰਾਜ ਤਿਲਕ ਦਿੱਤਾ ਹੈ ਅਤੇ ਤੇਰੇ ਹੀ ਸਾਰੇ ਹੱਕ ਹਕੂਕ ਲਿਖੇ ਹਨ। ਸਾਰਿਆਂ ਪਰ ਤੇਰਾ ਹੀ ਹੁਕਮ ਚੱਲੇਗਾ, ਹੁਣ ਤੂੰ ਕਿਉਂ ਅਫਸੋਸ ਕਰਦੀ ਹੈਂ?

ਰਾਣੀ ਨੇ ਆਖਿਆ-''ਹੇ ਸੁਆਮੀ ਜੀ ਮੈਂ ਇਸ ਰਾਜ-ਭਾਗ ਅਤੇ ਹੁਕਮ-ਹਾਸਲ ਵਾਸਤੇ ਨਹੀਂ ਰੋਂਦੀ, ਮੈਂ ਇਸ ਲਈ ਰੋਂਦੀ ਹਾਂ ਕਿ ਹੁਣ ਮੇਰੇ ਉਤੇ ਦੁਸ਼ਾਲਾ ਪਾਉਣ ਵਾਲਾ ਕੌਣ ਹੋਵੇਗਾ?''ਰਾਜੇ ਨੇ ਕਿਹਾ-''ਭਲੀਏ ਲੋਕੇ ਮੈਂ ਕੋਈ ਦੁਸ਼ਾਲਾ ਪਾਇਆ ਹੈ? ਪ੍ਰੇਰਕ ਵਾਹਿਗੁਰੂ ਨੇ ਆਪ ਹੀ ਮੇਰੇ ਮਨ ਨੂੰ ਪ੍ਰੇਰ ਕੇ ਮੇਰੇ ਪਾਸੋਂ ਇਹ ਕੰਮ ਕਰਵਾਇਆ ਹੈ।''

ਉਹ ਪਰਮਾਤਮਾ ਹੀ ਸਭ ਦੇ ਪੜਦੇ ਢੱਕਣ ਵਾਲਾ ਹੈ, ਤੂੰ ਉਸ ਨੂੰ ਯਾਦ ਕਰ, ਓਸੇ ਦਾ ਹੀ ਸਿਮਰਨ ਕੀਤਾ ਕਰ, ਵਾਹਿਗੁਰੂ ਆਪ ਹੀ ਤੇਰੀ ਸਹਾਇਤਾ ਕਰੇਗਾ।*

ਯਥਾ-ਪੰਚਮ ਪਿਤਾ ਜੀ ਨੇ ਕਿਹਾ-

''ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ॥
ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ॥ ੧॥''

[ਗੂਜਰੀ ਵਾਰ ਮਹਲਾ ੫, ਪੰਨਾ ੫੧੮]

ਤਥਾ-''*ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ॥*
ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ॥ ੧॥''

[ਬਿਲਾਵਲੁ ਮਹਲਾ ੫, ਪੰਨਾ ੮੧੨]

ਇਸ ਕਰਕੇ ਉਸ ਅਕਾਲ ਪੁਰਖ ਵਾਹਿਗੁਰੂ ਦਾ ਅਨੁਗ੍ਰਹੁ ਸਾਰਿਆਂ ਤੋਂ ਗੁਰ=ਵੱਡਾ ਹੈ।

ਅਥਵਾ-ਗੁਰ=ਚੇਤਨ, ਪ੍ਰਸਾਦਿ=ਅਨੰਦ ਤੇ ਸਤਿ ਆਦ ਵਿਚ ਲਿਖਿਆ ਹੈ। ਉਹ ਪਰਮਾਤਮਾ ਸੱਤ, ਚਿੱਤ ਅਨੰਦ ਸਰੂਪ ਹੈ।

** ਇਹ ਸਾਖੀ ਸ੍ਰੀ ਮਾਨ ਸੰਤ ਧਰਮਦਾਸ ਜੀ ਸ਼ਾਹ ਜੀਵਣੇ ਵਾਲਿਆਂ ਨੇ ਸੰਗਤ ਪ੍ਰਤੀ ਸੁਨਾਈ ਹੈ।*

(ਸੰਤ ਰਤਨ ਮਾਲਾ ਗ੍ਰੰਥ ਦਾ ਪੰਨਾ ੨੦੩ ਵੇਖੋ)

ਫੇਰ-ਸਿੱਧਾਂ ਨੇ ਬੇਨਤੀ ਕੀਤੀ, ਹੇ ਗੁਰੂ ਜੀ! ਅਸਾਂ ਨੇ ਨਿਸਚਤ ਕਰ ਲਿਆ ਹੈ ਕਿ ਆਪ ਜੀ ਦਾ ਮੰਤ੍ਰ ਅਰਥਾਂ ਸਹਿਤ ਹੈ ਨਿਰਾਰਥ ਨਹੀਂ। ਪ੍ਰੰਤੂ ਆਪ ਜੀ ਦੇ ਮੰਤ੍ਰ ਵਿਖੇ ਅਤੀ ਵਿਆਪਤੀ ਔਰ ਗੌਰਵਤਾ ਆਦਿ ਦੋਸ਼ ਪ੍ਰਤੀਤ ਹੁੰਦੇ ਹਨ।+

ਸਤਿ

ਆਪ ਜੀ 'ਸਤਿ' ਸ਼ਬਦ ਹੀ ਰਹਿਣ ਦਿੰਦੇ ਏਹੀ ਬ੍ਰਹਮ ਦਾ ਵਾਚਕ ਸੀ 'ਨਾਮੁ' ਸ਼ਬਦ ਕਿਉਂ ਕਿਹਾ ਹੈ?

ਗੁਰ ਉੱਤਰ-ਨਿਆਇਕ ਮਤ ਵਾਲਿਆਂ ਨੇ ਸੱਤ ਅਕਾਸ਼ ਨੂੰ ਮੰਨਿਆਂ ਹੈ, ਅਸਾਂ ਨੇ ਤਾਂ ਲਖਸ਼ਣ ਕੀਤਾ ਸੀ ਬ੍ਰਹਮ ਦਾ ਤੇ ਨਿਆਇਕ ਮਤ ਵਾਲਿਆਂ ਦੇ ਅਨੁਸਾਰ ਘਟ ਗਿਆ ਅਕਾਸ਼ ਵਿਚ! ਇਸ ਲਈ ਅਸੀਂ

ਨਾਮੁ

ਸ਼ਬਦ ਕਿਹਾ ਹੈ। ਉਹ ਪ੍ਰਮਾਤਮਾ ਸਤਿ ਹੈ ਅਤੇ ਨਾਮੁ=ਪ੍ਰਸਿੱਧ ਹੈ। ਕਿਉਂਕਿ ਨਿਆਇਕ ਮਤ ਵਾਲਿਆਂ ਨੇ ਅਕਾਸ਼ ਨੂੰ ਸੱਤ ਤਾਂ ਮੰਨਿਆਂ ਹੈ, ਪ੍ਰੰਤੂ ਪ੍ਰਸਿੱਧ ਨਹੀਂ ਮੰਨਿਆਂ।

ਫੇਰ-ਸਿੱਧਾਂ ਆਖਿਆ, ਆਪ ਜੀ 'ਨਾਮੁ' ਹੀ ਰਹਿਣ ਦਿੰਦੇ 'ਕਰਤਾ' ਕਿਉਂ ਕਿਹਾ ਹੈ?

ਗੁਰ ਉੱਤਰ-ਨਿਆਇਕ ਮਤ ਵਾਲਿਆਂ ਦੇ ਨਾਮੁ=ਪ੍ਰਸਿੱਧ ਸੰਸਾਰ ਨੂੰ ਮੰਨਿਆਂ ਹੈ। ਅਸਾਂ ਨੇ ਤਾਂ ਲਖਸ਼ਣ ਕੀਤਾ ਸੀ ਬ੍ਰਹਮ ਦਾ ਤੇ ਨਿਆਇਕ ਮਤ ਵਾਲਿਆਂ ਦੇ ਅਨੁਸਾਰ ਘਟ ਗਿਆ ਸੰਸਾਰ ਵਿਚ। ਇਸ ਲਈ ਅਸੀਂ-

ਕਰਤਾ

ਸ਼ਬਦ ਕਿਹਾ ਹੈ। ਉਹ ਪਰਮਾਤਮਾ ਸਾਰੇ ਸੰਸਾਰ ਦੇ ਕਰਨ ਵਾਲਾ ਭਾਵ ਬਨਾਉਣ ਵਾਲਾ ਹੈ।

ਸਿੱਧਾਂ ਆਖਿਆ-ਆਪ 'ਕਰਤਾ' ਹੀ ਰਹਿਣ ਦਿੰਦੇ 'ਪੁਰਖੁ' ਕਿਉਂ ਕਿਹਾ?

ਗੁਰ ਉੱਤਰ-ਸਾਰੇ ਜਗਤ ਦੀ ਕਰਤਾ ਮਾਇਆ ਭੀ ਹੈ। ਇਸ ਲਈ ਅਸੀਂ-

ਪੁਰਖੁ

ਸ਼ਬਦ ਕਿਹਾ ਹੈ। ਕਿਉਂਕਿ ਮਾਇਆ ਇਸਤ੍ਰੀ ਹੈ, ਪੁਰਖਪੁਣਾ ਉਸ ਵਿਚ ਨਹੀਂ ਘਟਦਾ। ਸਿੱਧਾਂ ਆਖਿਆ-ਆਪ ਪੁਰਖੁ ਹੀ ਰਹਿਣ ਦਿੰਦੇ, ਨਿਰਭਉ ਕਿਉਂ ਕਿਹਾ ਹੈ?

ਗੁਰ ਉੱਤਰ-ਸੰਸਾਰ ਵਿਚ ਆਮ ਲੋਕ ਆਪਣੇ ਆਪ ਨੂੰ ਪੁਰਖ ਆਖਦੇ ਹਨ, ਅਸੀਂ ਲਖਸ਼ਣ ਕੀਤਾ ਸੀ ਬ੍ਰਹਮ ਦਾ ਤੇ ਵਰਤ ਗਿਆ ਸਾਰੇ ਪੁਰਸ਼ਾਂ ਵਿਚ, ਇਸ ਕਰ ਕੇ ਅਸਾਂ ਨੇ—

+*ਅਤੀ ਵਿਆਪਤੀ—*

ਲਖਸ਼ ਵਿਰਤੱਂਦੇ ਸਤੀ, ਅਲਖਸ਼ ਵਿਰਤੱਂਦੇ ਅਤੀ ਵਿਆਪਤੀ ਤੁੰ।

ਜੋ ਲਖਸ਼ ਵਿਚ ਵਰਤ ਕੇ ਅਲਖਸ਼ ਵਿਚ ਵਰਤ ਜਾਵੇ ਉਸ ਨੂੰ ਅਤੀ ਵਿਆਪਤੀ ਆਖਦੇ ਹਨ।

ਗੌਰਵਤਾ ਦੋਸ਼-

ਸ੍ਵਲਪ ਵਰਣਪਦ ਅਰਥ ਸਿਧੇ

ਅਧਿਕਪਦ ਵਰਣ ਪ੍ਰਵੇਸ਼ਣਮ ਗੌਰਵਤਾ।

ਜੋ ਅਰਥ ਥੋਹੜੇ ਪਦ ਵਰਣੋਂ ਸੇ ਸਿਧ ਹੋਵੇ, ਉਸ ਨੂੰ ਅਧਿਕ ਪਦ ਵਰਣੋਂ ਸੇ ਸਿੱਧ ਕਰਨਾ ਇਹ ਗੌਰਵਤਾ ਦੋਸ਼ ਹੈ।

ਨਿਰਭਉ

ਸ਼ਬਦ ਕਿਹਾ ਹੈ। ਕਿਉਂਕਿ ਪੁਰਸ਼ ਸਾਰੇ ਡਰ ਦੇ ਸਹਿਤ ਹਨ ਪਰਮਾਤਮਾ ਡਰ ਤੋਂ ਰਹਿਤ ਹੈ।

ਯਥਾ—"ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥"

[ਮਾਰੂ ਮਹਲਾ ਪ. ਪੰਨਾ ੯੯੬]

ਫਿਰ ਸਿੱਧਾਂ ਆਖਿਆ-ਆਪ ਨਿਰਭਉ ਰਹਿਣ ਦਿੰਦੇ, ਨਿਰਵੈਰੁ ਕਿਉਂ ਕਿਹਾ?

ਗੁਰ ਉੱਤਰ-ਨਿਰਭਉ=ਡਰ ਤੋਂ ਰਹਿਤ ਤਾਂ ਹਰਨਾਖਸ਼ ਹੋਇਆ ਹੈ, ਜਿਸ ਨੇ ਹਰ ਜਗ੍ਹਾ 'ਤੇ ਆਪਣਾ ਨਾਮ ਜਪਾਇਆ ਹੈ।

"ਜਲੇ ਹਰਨਾਖਸ਼। ਥਲੇ ਹਰਨਾਖਸ਼।
ਹੈ ਭੀ ਹਰਨਾਖਸ਼। ਹੋਸੀ ਭੀ ਹਰਨਾਖਸ਼।

ਅਤੇ ਜਿਸ ਦਾ ਆਉਣਾ ਸੁਣਕੇ ਵਿਸ਼ਨੂੰ ਭੀ ਬੈਕੁੰਠ 'ਚੋਂ ਆਪਣਾ ਸਿੰਘਾਸਣ ਛੱਡ ਕੇ ਚਲਾ ਗਿਆ। ਅਸਾਂ ਲਖਸ਼ਣ ਕੀਤਾ ਸੀ ਬ੍ਰਹਮ ਦਾ ਤੇ ਵਰਤ ਗਿਆ ਹਰਨਾਖਸ਼ ਆਦਿਕਾਂ ਵਿਚ, ਇਸ ਤੇ ਅਸੀਂ-

ਨਿਰਵੈਰੁ

ਕਿਹਾ ਹੈ। ਕਿਉਂਕਿ ਹਰਨਾਖਸ਼ ਨਿਰਵੈਰੁ ਨਹੀਂ ਹੋਇਆ, ਉਹ ਤਾਂ ਆਪਣੇ ਭਰਾ [ਹਿਰਨਕਸ਼ਪ] ਦਾ ਬਦਲਾ ਲੈਣ ਵਾਸਤੇ ਵਿਸ਼ਨੂੰ ਨਾਲ ਜੰਗ ਕਰਨ ਦੀ ਤੀਬਰ ਇੱਛਾ ਵਿਚ ਰਿਹਾ ਹੈ।

ਸਿੱਧਾਂ ਆਖਿਆ, 'ਨਿਰਵੈਰੁ' ਹੀ ਰਹਿਣ ਦਿੰਦੇ, ਅਕਾਲ ਮੂਰਤਿ ਕਿਉਂ ਕਿਹਾ?

ਗੁਰ ਉੱਤਰ-ਨਿਰਵੈਰ ਤਾਂ ਮਹਾਤਮਾ ਭੀ ਹਨ। ਲਖਸ਼ਣ ਕੀਤਾ ਸੀ ਬ੍ਰਹਮ ਦਾ, ਵਰਤ ਗਿਆ ਮਹਾਤਮਾ ਵਿਖੇ, ਇਸ ਕਰਕੇ ਅਸੀਂ-

ਅਕਾਲ ਮੂਰਤਿ

ਕਿਹਾ ਹੈ। ਕਿਉਂਕਿ ਮਹਾਤਮਾ ਅਕਾਲ ਮੂਰਤਿ ਨਹੀਂ ਹਨ।

ਸਿੱਧਾਂ ਆਖਿਆ, ਅਕਾਲ ਮੂਰਤਿ ਹੀ ਰਹਿਣ ਦਿੰਦੇ,'ਅਜੂਨੀ' ਕਿਉਂ ਕਿਹਾ ਹੈ?

ਗੁਰ ਉੱਤਰ-ਨਿਆਇਕ ਮਤ ਵਾਲਿਆਂ ਨੇ ਅਕਾਲ ਮੂਰਤਿ ਪ੍ਰਧੰਸਾਭਾਵ ਮੰਨਿਆ ਹੈ। ਘੜਾ ਉਤਪੰਨ ਹੋ ਕੇ ਧ੍ਵੰਸ ਹੋ ਗਿਆ ਹੈ ਭਾਵ ਨਾਸ, ਉਸ ਤੋਂ ਉਤਪੰਨ ਹੋਇਆ ਜੋ ਘੜੇ ਦਾ ਅਭਾਵ ਹੈ, ਉਸਦਾ ਨਾਮ ਪ੍ਰਧੰਸਾਭਾਵ ਹੈ, ਉਸ ਅਭਾਵ ਨੂੰ ਉਹ ਨਿੱਤ ਮੰਨਦੇ ਹਨ। ਜਿਵੇਂ ਕਿਸੇ ਨੇ ਡੰਡਾ ਲੈ ਕੇ ਘੜਾ ਭੰਨ ਦਿੱਤਾ ਹੈ ਜਾਂ ਖੂਹ ਦੀਆਂ ਟਿੰਡਾਂ ਟੁੱਟ ਜਾਂਦੀਆਂ ਹਨ ਤਾਂ ਉਸ ਦੀਆਂ ਠੀਕਰੀਆਂ ਮੁੱਦਤਾਂ ਤੱਕ ਪਈਆਂ ਰਹਿੰਦੀਆਂ ਹਨ, ਉਨ੍ਹਾਂ ਦਾ ਨਾਸ ਨਹੀਂ ਮੰਨਦੇ ਓਸੇ ਨੂੰ ਪ੍ਰਧੰਸਾਭਾਵ ਕਹਿੰਦੇ ਹਨ। ਅਸਾਂ ਲਖਸ਼ਣ ਕੀਤਾ ਸੀ ਬ੍ਰਹਮ ਦਾ ਤੇ ਘਟ ਗਿਆ ਪ੍ਰਧੰਸਾਭਾਵ ਵਿਖੇ, ਇਸ ਲਈ-

ਅਜੂਨੀ

ਪਦ ਕਿਹਾ ਹੈ। ਕਿਉਂਕਿ ਪ੍ਰਧੰਸਾਭਾਵ ਅਜੂਨੀ ਨਹੀਂ ਹੈ ਤੇ ਪਰਮਾਤਮਾ ਜੂਨੀਆਂ ਤੋਂ ਰਹਿਤ ਹੈ।*

** ਨਿਆਇਕਾਂ ਦੇ ਮੱਤ ਵਿਖੇ ਚਾਰ ਅਭਾਵ ਪਦਾਰਥ ਹਨ।*

(ਬਾਕੀ ਦੇਖੋ ਫੁਟਨੋਟ ਸਫਾ ੯੭ ਤੇ)

ਸਿੱਧਾਂ ਆਖਿਆ-'ਅਜੂਨੀ' ਸ਼ਬਦ ਹੀ ਰਹਿਣ ਦਿੰਦੇ ਸੈਭੰ ਕਿਉਂ ਕਿਹਾ?

ਗੁਰ ਉਤਰ-ਨਿਆਇਕਾਂ ਨੇ ਅਜੂਨੀ ਪ੍ਰਾਗਾਭਾਵ+ ਮੰਨਿਆ ਹੈ। ਘੜੇ ਦੀ ਉਤਪਤੀ ਤੋਂ ਪਹਿਲਾਂ ਕਪਾਲਾਂ ਵਿਚ ਘੜੇ ਜੂਨੀ ਦਾ ਅਭਾਵ ਹੈ, ਉਸੇ ਨੂੰ 'ਪ੍ਰਾਗਾਭਾਵ' ਆਖਦੇ ਹਨ, ਇਸ ਕਰਕੇ ਅਸਾਂ ਨੇ-

ਸੈਭੰ

ਪਦ ਕਿਹਾ ਹੈ।

ਸਿੱਧਾਂ ਆਖਿਆ-ਸੈਭੰ ਹੀ ਰਹਿਣ ਦੇਂਦੇ, ਗੁਰ ਕਿਉਂ ਕਿਹਾ?

ਗੁਰ ਉੱਤਰ-ਸੈਭੰ=ਸੁਤੇ ਪ੍ਰਕਾਸ਼ ਰੂਪ ਛੇ++ ਜੋਤੀ ਹਨ। ਇਸ ਕਰਕੇ ਅਸਾਂ-

ਗੁਰ

ਪਦ ਕਿਹਾ ਹੈ।

ਸਿੱਧਾਂ ਆਖਿਆ, 'ਗੁਰ' ਹੀ ਰਹਿਣ ਦਿੰਦੇ, 'ਪ੍ਰਸਾਦਿ' ਕਿਉਂ ਕਿਹਾ?

ਗੁਰ ਉੱਤਰ-ਗੁਰ=ਵੱਡਾ ਸੁਮੇਰ ਪਰਬਤ ਭੀ ਹੈ ਪ੍ਰਤੂੰ ਉਹ ਕਿਰਪਾ ਕਰਨ ਵਾਲਾ ਨਹੀਂ ਹੈ ਤੇ ਅਕਾਲ ਪੁਰਖ ਸਭ ਉਤੇ-

ਪ੍ਰਸਾਦਿ

ਅਨੁਗ੍ਰਹ ਕਰਨ ਵਾਲਾ ਹੈ ਅਤੇ ਸਤ, ਚਿਤ, ਅਨੰਦ ਸਰੂਪ ਹੈ। ਇਨ੍ਹਾਂ ਲਖਸ਼ਣਾਂ ਦੇ ਹੋਣ ਕਰਕੇ ਅਤੇ ਵਿਆਪਤੀ ਤੇ ਗੌਰਵਤਾ ਆਦਿ ਕੋਈ ਦੋਸ਼ ਨਹੀਂ ਬਣ ਸਕਦੇ।

ਜਪੁ॥

੧. ਇਸ ਬਾਣੀ ਦਾ ਨਾਮ ਹੈ।

੨. ਆਪ ਜਪੋ, ਸੰਗਤ ਪਾਸੋਂ ਜਪਾਓ।

੩. ਇਹ ਮੂਲ ਮੰਤਰ ਪਾਪਾਂ ਦੇ ਜਪੁ=ਜਪਤ ਅਰਥਾਤ ਅਭਾਵ ਕਰਨ ਵਾਲਾ ਹੈ।

੪. ਇਸ ਮੰਤਰ ਕਰਕੇ ਪਰਮਾਤਮਾ ਜਪੁ=ਜਾਣਿਆ ਜਾਂਦਾ ਹੈ।

੫. ਇਹ ਮੰਤਰ ਆਪ ਪਵਿੱਤਰ ਹੈ, ਹੋਰਨਾਂ ਨੂੰ ਜਪੁ=ਪਵਿੱਤ੍ਰ ਕਰਨ ਵਾਲਾ ਹੈ।

(ਸਫਾ ੯੬ ਦੇ ਫੁਟ ਨੋਟ ਦੀ ਬਾਕੀ)

੧. ਪ੍ਰਾਗਾਭਾਵ ਘੜੇ ਦੀ ਉਤਪਤੀ ਤੋਂ ਪਹਿਲੇ ਜੋ ਕਪਾਲਾਂ ਵਿਖੇ ਘੜੇ ਦਾ ਅਭਾਵ ਹੈ, ਉਸ ਦਾ ਨਾਮ ਪ੍ਰਾਗਾਭਾਵ ਹੈ।

੨. ਪ੍ਰਧੰਸਾਭਾਵ- ਘੜਾ ਉਤਪੰਨ ਹੋਕੇ ਧ੍ਵੰਸ ਹੋ ਗਿਆ ਭਾਵ ਨਾਸ, ਉਸ ਤੋਂ ਉਤਪੰਨ ਹੋਇਆ ਜੋ ਘਟ ਦਾ ਅਭਾਵ ਹੈ ਉਸ ਦਾ ਨਾਮ ਪ੍ਰਧੰਸਾਭਾਵ ਹੈ। ਧ੍ਵੰਸ ਜਨ ਅਭਾਵ ਹੋ ਗਿਆ ਭਾਵ ਧ੍ਵੰਸ ਤੋਂ ਉਤਪੰਨ ਹੋਇਆ ਜੋ ਅਭਾਵ ਹੈ ਉਸ ਨੂੰ ਉਹ ਨਿੱਤ ਮੰਨਦੇ ਹਨ।

੩. ਅਨਿਓਅੰਨਾਭਾਵ-ਘਟ ਕਾ ਪਟ ਮੇਂ ਅਭਾਵ ਹੈ, ਪਟ ਕਾ ਘਟ ਮੇਂ ਅਭਾਵ ਹੈ, ਇਸ ਦਾ ਨਾਮ ਅਨਿਓਅੰਨਾਭਾਵ ਹੈ, ਘਟ ਵਿਚ ਪਟ ਨਹੀਂ ਰਹਿੰਦਾ, ਪਟ ਵਿਚ ਘਟ ਨਹੀਂ ਰਹਿੰਦਾ, ਏਹੀ ਉਹਨਾਂ ਦਾ ਪਰਸਪਰ ਅਭਾਵ ਹੈ।

੪.ਅਤੀਅੰਤਾਭਾਵ-ਜੈਸੇ ਬੰਝਿਆ ਦੇ ਪੁੱਤਰ ਦਾ ਅਤੀਅੰਤ ਅਭਾਵ ਹੈ।

+ਘੜੇ ਦੇ ਦੋ ਵੱਖੋ ਵੱਖਰੇ ਹਿੱਸਿਆਂ ਨੂੰ ਕਪਾਲ ਆਖਦੇ ਹਨ।

++ਛੇ ਜੋਤੀ ਸੂਰਜ, ਚੰਦਰਮਾਂ, ਤਾਰੇ, ਬਿਜਲੀ, ਅਗਨੀ, ਪਾਣੀ।

੬. ਸਾਰਿਆਂ ਕਰਕੇ ਜਪੁ=ਪੂਜਨੀਕ ਹੈ।

ਪੁਨਾ-ਸਿੱਧਾਂ ਆਖਿਆ,ਆਪ ਜੀ ਨੇ ਪਿੱਛੇ ਇਹ ਮੰਤਰ ਵੇਦਾਂਤ ਮੱਤ ਦੇ ਅਨੁਸਾਰ ਕਿਹਾ ਹੈ; ਵੇਦਾਂਤ ਗ੍ਰੰਥਾਂ ਵਿਚ ਚਾਰ ਅਨੁਬੰਧ ਲਿਖੇ ਹਨ, ਤੁਹਾਡੇ ਮੰਤ੍ਰ ਵਿਚ ਅਨੁਬੰਧ ਮਲੂਮ ਨਹੀਂ ਹੁੰਦੇ।

ਸ਼ੰਕਾ-ਅਨੁਬੰਧ ਕਿਸ ਨੂੰ ਕਹਿੰਦੇ ਹਨ?

ਉੱਤਰ-ਅਨੁ=ਨਿਰੰਤ੍ਰ ਜੋ ਗ੍ਰੰਥ ਦੇ ਅੰਦਰ ਗ੍ਰੰਥ ਕਰਤਾ ਨੇ ਬੰਧ=ਨਿਯਮ ਗੁੰਥਨ ਕੀਤੇ ਹੋਣ ਉਸ ਦਾ ਨਾਮ ਅਨੁਬੰਧ ਹੈ।

ਗੁਰੂ ਜੀ ਨੇ ਕਿਹਾ, ਚਾਰੇ ਅਨੁਬੰਧ ਏਸੇ ਮੰਤ੍ਰ ਵਿਚ ਹਨ।

ਗੁਰ ਪ੍ਰਸਾਦਿ ਸਤਿਨਾਮੁ ਜਪੁ

ਇਹ ਅਧਿਕਾਰੀ ਅਨੁਬੰਧ ਹੈ। ਕਿਉਂਕਿ*

ਕਰਤਾ ਪੁਰਖੁ

ਇਹ ਵਿਸ਼ੇ ਅਨੁਬੰਧ ਹੈ।+

ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ

ਇਹ ਪ੍ਰਯੋਜਨ ਅਨੁਬੰਧ ਹੈ++

ਚੌਥਾ-ਸਬੰਧ ਅਨੰਬੰਧ ਹੈ।

ਇਸ ਮੰਤ੍ਰ ਦਾ ਅਤੇ ਬ੍ਰਹਮ ਦਾ ਪ੍ਰਤਿਪਾਦਕ ਪ੍ਰਤਿਪਾਦਜ ਭਾਵ ਸਬੰਧ ਹੈ।

'ਮੰਤ੍ਰ' ਪ੍ਰਤਿਪਾਦਕ, ਭਾਵ ਕਥਨ ਕਰਨ ਵਾਲਾ ਹੈ।

'ਬ੍ਰਹਮ', ਪ੍ਰਦਿਪਾਦਜ, ਭਾਵ ਕਥਨ ਕਰਨੇ ਯੋਗ ਹੈ।

ਅਥਵਾ-ਮੰਤ੍ਰ ਦਾ ਤੇ ਗਿਆਨ ਦਾ ਜਨਜ ਜਨਕ ਭਾਵ ਸਬੰਧ ਹੈ। ਮੰਤ੍ਰ ਜਨਕ, ਭਾਵ ਉਤਪਤ ਕਰਨ ਵਾਲਾ ਹੈ। ਗਿਆਨ ਜਨਜ, ਭਾਵ ਉਤਪਨ ਹੋਣ ਯੋਗ ਹੈ।

ਪੁਨਾ-ਸਿੱਧਾਂ ਆਖਿਆ, ਆਪ ਜੀ ਨੇ ਅਕਾਲ ਮੂਰਤਿ ਦਾ ਅਰਥ ਤ੍ਰਿਧਾਮੂਰਤੀ ਕਿਹਾ ਹੈ ਕਿ ਪਰਮਾਤਮਾ ਬ੍ਰਹਮਾ ਵਿਸ਼ਨੂੰ ਸ਼ਿਵ ਰੂਪ ਹੋ ਰਿਹਾ ਹੈ ਇਸ ਤਰ੍ਹਾਂ ਤ੍ਰਿਧਾ ਰੂਪ ਹੋਣ ਕਰਕੇ ਉਹ ਪ੍ਰਨੱਮ੦ ਜਾਂਦਾ ਹੋਵੇਗਾ?

ਜੇ ਪ੍ਰਨੱਮ ਗਿਆਂ ਤੋਂ ਨਾਸੱਵੰਤ ਭੀ ਹੋਵੇਗੋ। ਜੇ ਨਾਸ ਰੂਪ ਹੋ ਗਿਆ ਤਾਂ ਵੇਦ ਸ਼ਾਸਤ੍ਰ ਸਭ ਨਿਸਫਲ ਹੋ ਜਾਣਗੇ ਤੁਹਾਡਾ ਮੰਤ੍ਰ ਭੀ ਐਵੇਂ ਜਾਂਏਗਾ।

---

*ਗੁਰਾਂ ਦੀ ਕਿਰਪਾ ਵਾਲਾ ਹੀ ਅਧਿਕਾਰੀ ਪੁਰਸ਼ ਹੈ ਅਤੇ ਓਹੀ ਸਤਿਨਾਮੁ ਮੰਤ੍ਰ ਨੂੰ ਜੱਪ ਸਕਦਾ ਹੈ।

+ਕਰਤਾ=ਕਰਤਾ ਭੋਗਤਾ ਜੀਵ, ਪੁਰਖੁ=ਪਰਮਾਤਮਾ, ਇਨ੍ਹਾਂ ਦੋਹਾਂ ਦੀ ਜੋ ਏਕਤਾ ਹੈ। ਭਾਵ ਜੀਵ ਈਸ਼ਵਰ ਦੀ ਅਭੇਦਤਾ ਕਰਨੀ ਹੀ ਇਸ ਮੰਤ੍ਰ ਦਾ ਵਿਸ਼ੇ ਹੈ।

++ਪਰਮਾਨੰਦ ਦੀ ਪ੍ਰਾਪਤੀ ਤੇ ਸੰਸਾਰ ਅਨੱਰਥ ਦੁੱਖ ਦੀ ਨਵਿਰਤੀ ਹੀ ਇਸ ਮੰਤ੍ਰ ਦਾ ਪ੍ਰਯੋਜਨ ਕਹੀਏ ਫਲ ਹੈ। ਅਜੂਨੀ ਪਦ ਕਰਕੇ ਸੰਸਾਰ ਅਨੱਰਥ ਦੁੱਖ ਦੀ ਨਵਿਰਤੀ ਹੈ। "ਨਿਰਭਉ ਨਿਰਵੈਰੁ ਅਕਾਲ ਮੂਰਤਿ ਸੈਭੰ" ਕਰਕੇ ਪਰਮਾਨੱਦ ਦੀ ਪ੍ਰਾਪਤੀ ਹੈ।

੦ਪੂਰਬ ਰੂਪ ਪਰੀ ਤਿਆਗੇਣ ਰੂਪੰਤ੍ਰ ਅਪੱਤੀ ਪ੍ਰਨਾਮਾ।

ਜਿਵੇ ਦੁੱਧ ਆਪਣੇ ਪਹਿਲੇ ਰੂਪ ਨੂੰ ਛੱਡ ਕੇ ਦੂਜਾ ਦਹੀਂ ਰੂਪ ਨੂੰ ਪ੍ਰਾਪਤ ਹੁੰਦਾ ਹੈ, ਉਹ ਫਿਰ ਦੁੱਧ ਨਹੀਂ ਬਣ ਸਕਦਾ। ਉਸ ਨੂੰ ਪ੍ਰਨੱਮ ਆਖਦੇ ਹਨ। ਜਿਵੇ ਪੁੱਤਰ ਜੰਮਣ ਕਰਕੇ ਮਾਤਾ ਪਿਤਾ ਪ੍ਰਨੱਮ ਜਾਂਦੇ ਹਨ।

ਗੁਰ ਉੱਤਰ- **ਸਚੁ**

ਉਹ ਪਰਮਾਤਮਾ ਸੱਚਾ ਹੈ। ਇਤਨਾ ਆਖਣ ਤੇ ਪ੍ਰਨੱਮ ਵਾਦ ਦੂਰ ਹੋ ਗਿਆ। ਯਥਾ:-

"ਸਤਿ ਸੁਹਾਣੁ ਸਦਾ ਮਨਿ ਚਾਉ॥" *[ਪੰਨਾ ੪]*

ਪੁਨਾ-ਸਿਧਾਂ ਆਖਿਆ, ਉਹ ਪਰਮਾਤਮਾ ਕਿਤਨੇ ਕਾਲ ਰਹਿਣ ਵਾਲਾ ਹੈ? ਅਰਥਾਤ ਤਿੰਨ ਕਾਲ ਰਹਿਣ ਵਾਲਾ ਹੈ ਜਾਂ ਚਾਰ ਕਾਲ?

ਕਿਉਂਕਿ ਸਿੱਧਾਂ ਦੇ ਮਨ ਵਿਚ ਇਹ ਚਲਾਕੀ ਸੀ ਕਿ ਜੇ ਗੁਰੂ ਜੀ ਚਾਰ ਕਾਲ ਕਹਿਣਗੇ ਤਾਂ ਅਸੀਂ ਤਿੰਨ ਕਾਲ ਕਹਾਂਗੇ। ਜੇ ਗੁਰੂ ਜੀ ਤਿੰਨ ਕਾਲ ਕਹਿਣਗੇ ਤਾਂ ਅਸੀਂ ਚਾਰ ਕਾਲ ਕਹਾਂਗੇ।

ਗੁਰ ਉੱਤਰ

ਆਦਿ ਸਚੁ ਜੁਗਾਦਿ ਸਚੁ॥

ਸ੍ਰਿਸ਼ਟੀ ਦੀ ਉਤਪਤੀ ਤੋਂ ਆਦਿ=ਪਹਿਲਾਂ ਉਹ ਪਰਮਾਤਮਾ ਸੱਚਾ ਸੀ।

ਸ੍ਰਿਸ਼ਟੀ ਦੀ ਉਤਪਤੀ ਵਿਚ ਜੁਗਾਂ ਦੀ ਆਦਿ, ਸਤਜੁਗ ਵਿਚ ਭੀ ਉਹ ਸੱਚਾ ਸੀ।

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥

ਹੁਣ ਵਰਤਮਾਨ ਸਮੇਂ ਵਿਚ ਭੀ ਉਹ ਪਰਮਾਤਮਾ ਸੱਚਾ ਹੈ।

ਸਤਿਗੁਰ ਦੇਵ ਜੀ ਆਖਦੇ ਹਨ, ਅੱਗੇ ਭਵਿੱਖਤ ਕਾਲ ਵਿਚ ਭੀ ਉਹ ਪਰਮਾਤਮਾ ਸੱਚਾ ਹੋਵੇਗਾ।

ਯਥਾ—"ਹੈ ਭੀ ਸਾਚਾ ਹੋਵਣਹਾਰੁ॥ ਸਦਾ ਸਦਾ ਜਾਈਂ ਬਲਿਹਾਰ॥"

[ਗੌਂਡ ਮਹੱਲਾ ੫, ਪੰਨਾ ੮੬੮]

ਤਥਾ—"ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ॥"

[ਆਸਾ ਮਹਲਾ ੧, ਪੰਨਾ ੪੩੭]

ਤਥਾ—"ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ॥

[ਸੋਰਠਿ ਮਹਲਾ ੧, ਪੰਨਾ ੫੯੫]

ਪੁਨਾ-ਸਿੱਧਾਂ ਆਖਿਆ, ਆਪ ਜੀ ਨੇ ਚਾਰ ਕਾਲ ਆਖੇ ਹਨ, ਸ਼ਾਸਤ੍ਰਾਂ ਵਿਚ ਤਾਂ ਤਿੰਨ ਕਾਲ ਲਿਖੇ ਹਨ।

ਗੁਰੂ ਜੀ ਆਖਦੇ ਹਨ, ਤਿੰਨ ਕਾਲ ਭੀ ਇਸੀ ਦੇ ਅਵਾਂਤ੍ਰ ਹਨ।

ਆਦਿ ਸਚੁ ਜੁਗਾਦਿ ਸਚੁ॥

ਸਚੁ=ਨਿਸਚੇ ਕਰਕੇ ਸਭ ਦੀ ਆਦਿ ਰੂਪ ਪਰਮਾਤਮਾ ਜੁਗਾਂ ਦੀ ਆਦਿ-ਸਤਜੁਗ ਵਿਚ ਭੀ ਸੱਚਾ ਸੀ।

ਅਥਵਾ-ਜੁਗ=ਦੋ ਸੰਭੂ ਮੁਨਿ, ਤੇ ਸਤਰੂਪਾ, ਅਥਵਾ:-ਦੋ ਜੜ੍ਹ ਜੰਗਮ।

ਜੁਗ=ਚਾਰ ਪੌਣ, ਅਗਨੀ, ਜਲ, ਧਰਤੀ ਇਨ੍ਹਾਂ ਚਾਰ ਤੱਤਾਂ ਦੀ ਆਦਿ ਜੋ ਅਕਾਸ਼ ਹੈ, ਉਸ ਦੀ ਕਲਪਣਾ ਤੋਂ ਪਹਿਲਾਂ ਭੀ ਉਹ ਪਰਮਾਤਮਾ ਸੱਚਾ ਸੀ।

ਹੈ ਭੀ ਸਚੁ

ਵਰਤਮਾਨ ਸਮੇਂ ਵਿਚ ਭੀ ਸੱਚ ਹੈ।

ਨਾਨਕ ਹੋਸੀ ਭੀ ਸਚੁ॥ ੧॥

ਸਤਿਗੁਰ ਦੇਵ ਜੀ ਆਖਦੇ ਹਨ, ਭਵਿੱਖਤ ਕਾਲ ਵਿਚ ਭੀ ਸੱਚ ਸਰੂਪ ਹੋਵੇਗਾ।

ਫੇਰ-ਸਿੱਧਾਂ ਆਖਿਆ, ਅਸੀਂ ਆਪਣੇ ਆਪ ਨੂੰ ਕੀ ਨਿਸਚੇ ਕਰੀਏ, ਸਾਡਾ ਕੀ ਸਰੂਪ ਹੈ?

ਗੁਰ ਉੱਤਰ-

ਆਦਿ ਸਚੁ ਜੁਗਾਦਿ ਸਚੁ॥

ਪਹਿਲੇ ਦ੍ਰਿਸ਼ਟਾਂਤ ਸੁਣੋ।

ਸਚੁ=ਨਿਸਚੇ ਕਰਕੇ ਗੁਰੂ ਸਾਹਿਬ ਜੀ ਜੁਗਾਦਿ=ਉਚਾਰਦੇ ਹਨ।

ਜਦ ਰੱਸੀ ਵਿਚ ਸੱਪ ਦੀ ਕਲਪਣਾ ਨਹੀਂ ਹੋਈ ਸੀ ਤਦ ਆਦਿ=ਪਹਿਲਾਂ ਭੀ ਰੱਸੀ ਸੱਚ ਸੀ।

ਹੈ ਭੀ ਸਚੁ

ਜਿਸ ਵੇਲੇ ਭਰਮ ਕਰਕੇ ਸੱਪ ਦੀ ਕਲਪਣਾ ਹੋ ਗਈ ਤਾਂ ਭੀ ਰੱਜੁ [ਰੱਸੀ] ਸੱਚ ਹੈ, ਰੱਜੂ ਕੋਈ ਹੋਰ ਚੀਜ਼ ਨਹੀਂ ਹੋ ਜਾਂਦੀ।

ਨਾਨਕ ਹੋਸੀ ਭੀ ਸਚੁ॥ ੧॥

ਚਾਨਣ ਹੋਣ ਕਰਕੇ ਜਿਸ ਵੇਲੇ ਸੱਪ ਦਾ ਭਰਮ ਦੂਰ ਹੋ ਗਿਆ ਤਾਂ ਭੀ ਰੱਜੂ ਸੱਚ ਹੈ।

ਹੇ ਸਿੱਧੋ! ਇਸੀ ਤਰ੍ਹਾਂ ਤੁਸੀਂ ਆਪਣੇ ਸ੍ਵੈ ਸਰੂਪ ਨੂੰ ਨਿਸਚੇ ਕਰੋ।

ਬ੍ਰਹਮ ਰੂਪ ਰੱਜੂ ਹੈ। ਜਗਤ ਰੂਪ ਸੱਪ ਹੈ। ਜਿਸ ਵੇਲੇ ਜਗਤ ਰੂਪ ਸੱਪ ਦੀ ਕਲਪਣਾ ਨਹੀਂ ਸੀ ਹੋਈ, ਤਿਸ ਵੇਲੇ ਵੀ ਬ੍ਰਹਮ ਰੂਪ ਰੱਜੂ ਸੱਚ ਸੀ।

ਜਦ ਜਗਤ ਰੂਪ ਸੱਪ ਦੀ ਕਲਪਣਾ ਹੋ ਗਈ ਤਦ ਭੀ ਬ੍ਰਹਮ ਰੂਪ ਰੱਜੂ ਸੱਚ ਹੈ।

ਜਾਂ ਬ੍ਰਹਮ ਗਿਆਨ ਹੋਣ ਕਰਕੇ ਜਗਤ ਰੂਪ ਸੱਪ ਦੀ ਭ੍ਰਾਂਤੀ ਦੂਰ ਹੋ ਗਈ, ਤਦ ਭੀ ਬ੍ਰਹਮ ਰੂਪ ਰੱਜੂ ਸੱਚ ਹੈ।

ਓਹੀ ਬ੍ਰਹਮ ਸਰੂਪ ਤੁਸੀਂ ਆਪਣੇ ਆਪ ਨੂੰ ਨਿਸਚੇ ਕਰੋ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਭੀ ਇਸੇ ਤਰ੍ਹਾਂ ਬੇਨਤੀ ਕੀਤੀ, ਅਸੀਂ ਆਪਣੇ ਆਪ ਨੂੰ ਕੀ ਨਿਸਚੇ ਕਰੀਏ? ਉਨ੍ਹਾਂ ਪ੍ਰਤੀ ਭੀ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਏਹੀ ਉਪਦੇਸ਼ ਦਿੱਤਾ।

ਪ੍ਰੰਤੂ ਇਹ ਨਿਯਮ ਹੈ ਕਿ ਗਿਆਨ ਤੋਂ ਬਿਨਾਂ ਕਦੇ ਮੁਕਤੀ ਨਹੀਂ ਹੋ ਸਕਦੀ।

ਯਥਾ—ਹੇਤ ਮੋਛ ਕੋ ਗਜਾਨ ਇਕ, ਨਹੀਂ ਕਰਮ ਨਹੀਂ ਧਿਆਨ।
ਰੱਜੂ ਸਰਪ ਤਬ ਹੀ ਨਸੈ, ਹੋਇ ਰੱਜੂ ਕੋ ਗਿਆਨ॥ ੧੦॥

[ਵਿਚਾਰ ਸਾਗਰ, ਧਿਆਇ ੬]

ਨੋਟ-ਪੂਰਾ ਮੂਲ ਮੰਤ੍ਰ 'ਨਾਨਕ ਹੋਸੀ ਭੀ ਸਚੁ' ਤੱਕ ਹੈ।

ੴ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ॥
ਇਥੋਂ ਤੱਕ ਮੂਲ ਮੰਤ੍ਰ ਦੇ ੬੦ ਅੱਖਰ ਹਨ।

ਪੁਨਾ-ਸਿੱਧਾਂ ਨੇ ੭ ਪ੍ਰਸ਼ਨ ਕੀਤੇ। ਉਸ ਪਰਮਾਤਮਾ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ?

੧. ਪਵਿੱਤ੍ਰ ਰਹਿਣ ਨਾਲ ਹੁੰਦੀ ਹੈ?

੨. ਵਿਚਾਰ ਕਰਨ ਨਾਲ ਹੁੰਦੀ ਹੈ?

੩. ਚਿੰਤਨ ਦੁਆਰਾ ਹੁੰਦੀ ਹੈ?

੪. ਵੈਰਾਗ ਧਾਰਨ ਨਾਲ ਹੁੰਦੀ ਹੈ?

੫. ਮੌਨ ਧਾਰਨ ਨਾਲ ਹੁੰਦੀ ਹੈ?

੬. ਭੁੱਖਿਆਂ ਰਹਿਣ ਨਾਲ ਹੁੰਦੀ ਹੈ?

੭. ਹਜ਼ਾਰਾਂ, ਲੱਖਾਂ ਸਿਆਣਪਾਂ ਕਰਨ ਨਾਲ ਹੁੰਦੀ ਹੈ?

ਗੁਰੂ ਜੀ ਸੱਤਾਂ ਹੀ ਪ੍ਰਸ਼ਨਾਂ ਦਾ ਉੱਤਰ ਦੇਂਦੇ ਹਨ-

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

੧. ਬਾਹਰੋਂ ਸਰੀਰਕ ਪਵਿੱਤਰਤਾ ਕਰਨ ਨਾਲ ਪਰਮੇਸ਼ਰ ਸਬੰਧੀ ਸੋਚਿ=ਪਵਿੱਤਰਤਾ ਪ੍ਰਾਪਤ ਨਹੀਂ ਹੁੰਦੀ। ਜੇ ਭਾਵੇਂ ਬਾਹਰਲੀ ਪਵਿੱਤਰਤਾ ਲੱਖਾਂ ਵੇਰਾਂ ਕਰਦਾ ਰਹੇ।

੨. ਬਾਹਰੋਂ ਸੋਚੈ=ਵਿਚਾਰ ਦੇ ਕਰਨ ਨਾਲ ਪਰਮੇਸ਼ਰ ਸਬੰਧੀ ਸੋਚਿ=ਵਿਚਾਰ ਨਹੀਂ ਹੁੰਦੀ ਜਦ ਤੱਕ ਅੰਤਹਕਰਨ ਸ਼ੁੱਧ ਨਹੀਂ ਹੁੰਦਾ। ਜੇ ਭਾਵੇਂ ਬਾਹਰ ਵਿਚਾਰਾਂ ਲੱਖਾਂ ਵਾਰੀ ਕਰਦਾ ਰਹੇ।

੩. ਬਾਹਰ ਚਿੰਤਨ ਕਰਨ ਨਾਲ ਪਰਮੇਸ਼ੁਰ ਸਬੰਧੀ ਸੋਚਿ=ਚਿੰਤਨ ਨਹੀਂ ਹੁੰਦਾ, ਜੇ ਭਾਵੇਂ ਬਾਹਰ ਚਿੰਤਨ ਲੱਖਾਂ ਵੇਰਾਂ ਕਰਦਾ ਰਹੇ।

੪. ਬਾਹਰੋਂ ਸੋਚੈ=ਵੈਰਾਗੁ ਧਾਰਨ ਕਰਨ ਨਾਲ ਪ੍ਰਮੇਸ਼ੁਰ ਸਬੰਧੀ ਸੋਚਿ=ਵੈਰਾਗ ਪ੍ਰਾਪਤ ਨਹੀਂ ਹੁੰਦਾ, ਭਾਵੇਂ ਬਾਹਰ ਵੈਰਾਗ ਨੂੰ ਲੱਖਾਂ ਵਾਰ ਧਾਰਨ ਕਰੇ।

ਸਾਖੀ-ਪਵਿੱਤ੍ਰਤਾ ਪਰ

ਜਿਵੇਂ ਇਕ ਕਰਮਚਾਰੀ ਪੰਡਿਤ ਬਾਹਰਲੀ ਬੜੀ ਪਵਿੱਤ੍ਰਤਾ ਰੱਖਦਾ ਹੁੰਦਾ ਸੀ, ਧਰਤੀ ਮਾਤਾ ਉਤੇ ਟੱਟੀ ਵਗੈਰਾ ਨਹੀਂ ਸੀ ਕਰਦਾ ਤੇ ਸੂਰ ਦੀ ਹੁੱਡ ਨਾਲ ਜਿਤਨੀ ਮਿੱਟੀ ਪੁੱਟੀ ਜਾਵੇ ਉਸ ਮਿੱਟੀ ਨਾਲ ਹੱਥ ਮਾਂਜਦਾ ਹੁੰਦਾ ਸੀ। ਇਕ ਸਮੇਂ ਉਸ ਨੂੰ ਪ੍ਰਦੇਸ ਜਾਣਾ ਪੈ ਗਿਆ ਤੇ ਟੱਟੀ ਪਿਸ਼ਾਬ ਵਗੈਰਾ ਫਿਰਨ ਤੋਂ ਤੰਗ ਆ ਗਿਆ। ਆਖਰ ਵਿਚਾਰ ਕੇ ਬਾਹਰ ਜਾ ਕੇ ਸਰਕੜੇ ਨੂੰ ਨੀਂਵਾਂ ਦਬਾ ਕੇ ਟੱਟੀ ਫਿਰਨ ਲੱਗ ਪਿਆ। ਜਦ ਟੱਟੀ ਫਿਰ ਕੇ ਉੱਠਿਆ ਤਾਂ ਸਰਕੜੇ ਦੇ ਉਚੇ ਹੋਣ ਕਰਕੇ ਸਾਰਾ ਗੰਦ ਉਸ ਦੇ ਆਪਣੇ ਉੱਪਰ ਆ ਪਿਆ।

ਦੱਸੋ? ਏਹੋ ਜੇਹੀ ਪਵਿੱਤ੍ਰਤਾ ਕਿਸ ਕੰਮ ਹੈ, ਇਨ੍ਹਾਂ ਪਵਿੱਤ੍ਰਤਾ ਕਰਕੇ ਪ੍ਰਮੇਸ਼ੁਰ ਸੰਬੰਧੀ ਪਵਿੱਤ੍ਰਤਾ ਪ੍ਰਾਪਤ ਨਹੀਂ ਹੁੰਦੀ।

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥

੫. ਬਾਹਰੋਂ ਚੁਪ ਕਰਨ ਨਾਲ ਪ੍ਰਮੇਸ਼ਰ ਸੰਬੰਧੀ ਚੁਪ ਪ੍ਰਾਪਤ ਨਹੀਂ ਹੁੰਦੀ । ਜੇ ਭਾਵੇਂ ਬਾਹਰਲੀ ਚੁਪ ਵਿਚ ਤਾਰ=ਤੇਲ-ਧਾਰਾ ਵਾਂਗੂੰ ਇਕਰਸ ਬਿਰਤੀ ਲਗਾਉਂਦਾ ਰਹੇ। ਹੰਗਤਾ-ਮਮਤਾ ਤੋਂ ਰਹਿਤ ਹੋਣਾ ਹੀ ਅਸਲ ਮੌਨ ਹੈ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

ਏ. ਭੁੱਖਿਆਂ ਰਹਿਣ ਨਾਲ ਪ੍ਰਮੇਸ਼ਰ ਸੰਬੰਧੀ ਭੁੱਖ=ਇੱਛਾ ਦਿਲ ਵਿਚ ਨਹੀਂ ਉਤਰੀ=ਪ੍ਰਾਪਤੀ ਹੁੰਦੀ। ਵਾ ਭੁਖਿਆ=ਤ੍ਰਿਸ਼ਨਾਲੂ ਪੁਰਸ਼ਾਂ ਦੀ ਤ੍ਰਿਸ਼ਨਾ, ਨ ਉਤਰੀ=ਦੂਰ ਨਹੀਂ ਹੁੰਦੀ, ਜੇ ਭਾਵੇਂ [ਵਿਸ਼ਨ ਪੁਰੀ, ਬ੍ਰਹਮ ਪੁਰੀ, ਇੰਦ੍ਰ ਪੁਰੀ] ਤਿੰਨਾਂ ਪੁਰੀਆਂ ਦੇ ਪਦਾਰਥਾਂ ਦਾ ਭਾਰ=ਸਮਦਾਅ ਬੰਨ੍ਹਕੇ ਦੇ ਦੇਈਏ।

ਯਥਾ—ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ ੨॥

[ਪੰਨਾ ੧੪੭]

ਜਿਵੇਂ ਸਿਕੰਦਰ ਬਾਦਸ਼ਾਹ ਦੀ ਤ੍ਰਿਸ਼ਨਾ ਦੂਰ ਨਹੀਂ ਸੀ ਹੋਈ।

ਸਾਖੀ-ਸਿਕੰਦਰ ਬਾਦਸ਼ਾਹ ਦੀ

ਇਕ ਸਮੇਂ ਸਿਕੰਦਰ ਬਾਦਸ਼ਾਹ ਦੇ ਮਨ ਵਿਚ ਸੋਚ ਆਈ ਕਿ ਮੈਂ ਬਾਦਸ਼ਾਹ ਹਾਂ,ਤੇ ਸਮੁੰਦਰ ਵੀ ਬਾਦਸ਼ਾਹ ਕਹਾਉਂਦਾ ਹੈ, ਪਰ ਇਹ ਨਹੀਂ ਹੋਣਾ ਚਾਹੀਦਾ।

ਸਿਕੰਦਰ ਬਾਦਸ਼ਾਹ ਨੇ ਸਮੁੰਦਰ ਨਾਲ਼ ਜੰਗ ਕਰਨ ਵਾਸਤੇ ਚੜ੍ਹਾਈ ਕਰ ਦਿੱਤੀ। ਬਹੁਤ ਸਾਰੀਆਂ ਫੌਜਾਂ ਸਮੁੰਦਰ ਪਰ ਜਾ ਖੜੀਆਂ ਕੀਤੀਆਂ, ਜਿਸ ਵੇਲੇ ਧਨੁੱਖ ਖਿੱਚ ਕੇ ਬਾਣ ਮਾਰਨ ਲੱਗਾ ਤਾਂ ਸਮੁੰਦਰ ਬ੍ਰਾਹਮਣ ਦਾ ਰੂਪ ਧਾਰ ਕੇ ਪਾਸ ਆ ਖਲੋਤਾ। ਸਿਕੰਦਰ ਤੋਂ ਪੁੱਛਿਆ, "ਕੀ ਕਾਰਨ ਹੈ ਕਿ ਏਥੇ ਫੌਜਾਂ ਲਿਆ ਖੜੀਆਂ ਕੀਤੀਆਂ ਹਨ?"ਸਿਕੰਦਰ ਨੇ ਕਿਹਾ "ਮੈਂ ਦੁਨੀਆਂ ਦਾ ਬਾਦਸ਼ਾਹ ਹਾਂ ਤੇ ਤੂੰ ਨਦੀਆਂ ਦਾ ਬਾਦਸ਼ਾਹ ਹੈਂ, ਇਸ ਕਰਕੇ ਮੈਂ ਤੇਰੇ ਨਾਲ ਜੰਗ ਕਰਨਾ ਚਾਹੁੰਦਾ ਹਾਂ, ਜਾਂ ਤੂੰ ਮੇਰੇ ਅਧੀਨ ਹੋ ਜਾਹ।"

ਸਮੁੰਦਰ ਨੇ ਆਖਿਆ, "ਜੰਗ ਕਰਨ ਦੀ ਕੀ ਲੋੜ ਹੈ ਐਵੇਂ ਪਰਜਾ ਦੀ ਤਬਾਹੀ ਹੋ ਜਾਵੇਗੀ, ਜਿਵੇਂ ਤੂੰ ਆਖਦਾ ਹੈਂ, ਮੈਂ ਓਸੇ ਤਰ੍ਹਾਂ ਕਰਨ ਨੂੰ ਤਿਆਰ ਹਾਂ।"

ਸਿਕੰਦਰ ਨੇ ਕਿਹਾ, "ਤੂੰ ਫਿਰ ਮੇਰੇ ਪਾਸ ਕਰ [ਮਾਮਲਾ] ਭਰਿਆ ਕਰ।"

ਸਮੁੰਦਰ ਨੇ ਓਸੇ ਵੇਲੇ ਨਿੱਕੀ ਜੇਹੀ ਥਾਲੀ ਹੀਰੇ ਰਤਨਾਂ ਦੀ ਭਰ ਕੇ ਅੱਗੇ ਲਿਆ ਰੱਖੀ।

ਸਿਕੰਦਰ ਨੂੰ ਪ੍ਰਸੰਨ ਕਰਕੇ ਸਮੁੰਦਰ ਚਲਾ ਗਿਆ।

ਕੁਝ ਚਿਰ ਪਿਛੋਂ ਸਿਕੰਦਰ ਨੂੰ ਸੋਚ ਆਈ ਮੈਂ ਐਡਾ ਵੱਡਾ ਬਾਦਸ਼ਾਹ ਹਾਂ ਤੇ ਇਸ ਨੇ ਨਿੱਕੀ ਜੇਹੀ ਥਾਲੀ ਮੇਰੇ ਅੱਗੇ ਰੱਖ ਕੇ ਮਖੌਲ ਕੀਤਾ ਹੈ। ਸਿਕੰਦਰ ਫੇਰ ਧਨੁੱਖ ਖਿੱਚ ਕੇ ਬਾਣ ਚਲਾਉਣ ਲੱਗਾ। ਸਮੁੰਦਰ ਫੇਰ ਬ੍ਰਾਹਮਣ ਦਾ ਰੂਪ ਧਾਰ ਕੇ ਆ ਗਿਆ। "ਪੁੱਛਿਆ, ਹੁਣ ਕੀ ਗੱਲ ਹੈ।" ਸਿਕੰਦਰ ਨੇ ਕਿਹਾ, "ਤੂੰ ਨਿਕੀ ਜੇਹੀ ਥਾਲੀ ਰੱਖ ਕੇ ਮੇਰੇ ਨਾਲ ਮਖੌਲ ਕੀਤਾ ਹੈ।" ਓਸੇ ਵੇਲੇ ਸਮੁੰਦਰ ਨੇ ਉਛਾਲਕੇ ਇਕ ਕਿਨਾਰਾ ਹੀ ਹੀਰਿਆਂ ਲਾਲਾਂ ਦਾ ਭਰ ਦਿੱਤਾ। ਬਾਦਸ਼ਾਹ ਨੇ ਸਾਰੀ ਫੌਜ ਨੂੰ ਹੁਕਮ ਦੇ ਦਿੱਤਾ ਕਿ ਜਿਤਨੇ ਕੁ ਚੁੱਕੇ ਜਾਂਦੇ ਹਨ ਚੁਕ ਲਵੋ, ਥੈਲੇ ਭਰ ਲਵੋ। ਸਭ ਨੇ ਭਰ ਲੀਤੇ ਪਰ ਹੀਰੇ ਲਾਲ ਮੁੱਕਣ ਵਿਚ ਨਾ ਆਏ।

ਫੇਰ ਸਿਕੰਦਰ ਬਾਦਸ਼ਾਹ ਨੇ ਕਿਹਾ, ਇਨ੍ਹਾਂ ਹੀਰੇ ਲਾਲਾਂ ਦੇ ਪਾਉਣ ਵਾਸਤੇ ਕੋਈ ਭਾਂਡਾ ਵੀ ਦੇਣਾ ਕਰ, ਉਸ ਵੇਲੇ ਨਿੱਕੀ ਜੇਹੀ ਬੇੜੀ ਦਿੱਤੀ। ਉਹ ਬੇੜੀ ਨੂੰ ਵੇਖ ਕੇ ਸਿਕੰਦਰ ਬਾਦਸ਼ਾਹ ਨੇ ਕਿਹਾ, "ਇਹ ਬੇੜੀ ਤਾਂ ਬਿਲਕੁਲ ਨਿੱਕੀ ਜਿਹੀ ਹੈ, ਇਸ ਵਿਚ ਇਹ ਹੀਰੇ ਨਹੀਂ ਅੰਣਗੇ।"

ਸਮੁੰਦਰ ਨੇ ਕਿਹਾ, "ਤੂੰ ਪਾ ਕੇ ਵੇਖ ਤਾਂ ਸਹੀ ਪੰਜ ਟੋਕਰੀਆਂ ਪਾਏਂਗਾ ਤਾਂ ਦਸਾਂ ਦੀ ਜਗ੍ਹਾ ਹੋਰ ਬਣੀ ਹੋਵੇਗੀ, ਦਸ ਪਾਏਂਗਾ ਤਾਂ ਵੀਹਾਂ ਦੀ ਜਗ੍ਹਾਂ ਹੋਰ ਬਣੀ ਹੋਵੇਗੀ।"

ਜਦ ਸਿਕੰਦਰ ਬਾਦਸ਼ਾਹ ਨੇ ਉਹ ਸਭ ਹੀਰੇ ਲਾਲ ਪਾ ਲੀਤੇ ਤਾਂ ਭੀ ਬੇੜੀ ਭਰਨ ਵਿਚ ਨਾ ਆਈ। ਜਿਵੇਂ ਉਸ ਬੇੜੀ ਦਾ ਤੇ ਸਿਕੰਦਰ ਦਾ ਪੇਟ ਭਰਿਆ ਨਹੀਂ।

ਏਸੇ ਤਰ੍ਹਾਂ ਤ੍ਰਿਸ਼ਨਾਲੂ ਪੁਰਸ਼ ਦਾ ਪੇਟ ਭਰਦਾ ਨਹੀਂ ਹੈ। ਇਸ ਵਾਸਤੇ ਕਿਹਾ ਹੈ-

"ਤ੍ਰਿਸਨਾ ਵਿਰਲੇ ਹੀ ਕੀ ਬੁਝੀ ਹੇ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥
ਪਰੈ ਪਰੈ ਹੀ ਕਉ ਲੁਝੀ ਹੇ॥ ੧॥"

[ਗਉੜੀ ਮ: ੫, ਪੰਨਾ ੨੧੩]

ਤਥਾ— 'ਤ੍ਰਿਸ਼ਨਾ ਅਤਿ ਬਿਸਾਲ ਜਿਹ ਵੋਹੀ ਪਰਮ ਕੰਗਾਲ।' [ਵੈਰਾਗ ਸ਼ਤਕ]

ਦੂਜੀ ਸਾਖੀ-ਤ੍ਰਿਸ਼ਨਾਲੂ ਪੁਰਸ਼ ਦੀ

ਜਿਸ ਨੂੰ ਸੰਤਾਂ ਨੇ ਚਾਰ ਮੋਮ ਬੱਤੀਆਂ ਦਿੱਤੀਆਂ ਸਨ

ਇਕ ਪੁਰਸ਼ ਨੇ ਕਿਸੀ ਸਤਿਸੰਗੀ ਤੋਂ ਸੁਣਿਆ ਕਿ ਮਹਾਤਮਾ ਦੀ ਸੇਵਾ ਕਰਨ ਨਾਲ ਚਾਰ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਉਹ ਆ ਕੇ ਮਹਾਤਮਾ ਪਾਸ ਰੋਜ਼ਾਨਾ ਹੀ ਬੜੇ ਪ੍ਰੇਮ ਭਾਵ ਨਾਲ ਸੇਵਾ ਕੀਤਾ ਕਰੇ।

ਜਦ ਉਸ ਪੁਰਸ਼ ਨੂੰ ਮਹਾਤਮਾ ਦੀ ਸੇਵਾ ਕਰਦਿਆਂ ਕੁਝ ਸਮਾਂ ਹੋ ਗਿਆ ਤਾਂ ਮਹਾਤਮਾ ਉਸ ਦੀ ਸੇਵਾ ਨੂੰ ਵੇਖ ਕੇ ਬੜੇ ਪ੍ਰਸੰਨ ਹੋ ਗਏ।

ਤਿਸ ਵੇਲੇ ਮਹਾਤਮਾ ਨੇ ਉਸ ਤੋਂ ਪੁੱਛਿਆ, ਹੇ ਭੁਲੇ ਲੋਕ! ਤੂੰ ਜਿਸ ਮਨੋਰਥ ਵਾਸਤੇ ਸਾਡੀ ਸੇਵਾ ਕਰਦਾ ਹੈਂ ਉਹ ਆਪਣਾ ਮਨੋਰਥ ਕਹੋ।", ਉਸ ਵੇਲੇ ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਕੁਝ ਮਾਇਆ ਤੋਂ ਹੱਥ ਤੰਗ ਹੈ, ਕਿਰਪਾ ਕਰੋ, ਮਾਇਆ ਦੀ ਪ੍ਰਾਪਤੀ ਕਰ ਦਿਓ ਜਿਸ ਕਰਕੇ ਘਰ ਦੀ ਗਰੀਬੀ ਕੱਟੀ ਜਾਵੇ।" ਉਸ ਵੇਲੇ ਮਹਾਤਮਾ ਨੇ ਉਸ ਦੀ ਬੇਨਤੀ ਸੁਣ ਕੇ ਚਾਰ ਮੋਮ ਬੱਤੀਆਂ ਦਿੱਤੀਆਂ ਤੇ ਮਹਾਤਮਾ ਨੇ ਕਿਹਾ, "ਹੇ ਭਾਈ! ਜਿਸ ਵਕਤ ਤੈਨੂੰ ਮਾਇਆ ਦੀ ਲੋੜ ਹੋਵੇ ਉਸ ਵੇਲੇ ਇਨ੍ਹਾਂ ਵਿਚੋਂ ਇਕ ਬੱਤੀ ਰਾਤ ਨੂੰ ਜਗਾ ਕੇ ਪੂਰਬ ਦਿਸ਼ਾ ਵੱਲ ਜਾਵੀਂ, ਜਿਥੇ ਬੱਤੀ ਬੁਝ ਜਾਵੇ, ਉਥੋਂ ਧਰਤੀ ਪੁਟ ਕੇ ਵੇਖੀਂ ਤਾਂ ਤੈਨੂੰ ਮਾਇਆ ਪ੍ਰਾਪਤ ਹੋ ਜਾਵੇਗੀ।

ਜੇਕਰ ਕਿਸੀ ਸਮੇਂ ਫਿਰ ਮਾਇਆ ਦੀ ਹੋਰ ਲੋੜ ਪਵੇ ਤਾਂ ਦੂਜੀ ਮੋਮ ਬੱਤੀ ਰਾਤ ਨੂੰ ਜਗਾ ਕੇ ਪੱਛਮ ਦਿਸ਼ਾ ਵੱਲ ਜਾਵੀਂ ਅਤੇ ਜਿਥੇ ਉਹ ਬੁਝ ਜਾਵੇ ਉਥੋਂ ਧਰਤੀ ਪੁੱਟੀਂ, ਤੇਰੀ ਲੋੜ ਪੂਰੀ ਹੋ ਜਾਵੇਗੀ। ਫੇਰ ਜੇ ਤੈਨੂੰ ਬਹੁਤੀ ਮਾਇਆ ਦੀ ਲੋੜ ਪੈ ਜਾਵੇ ਤਾਂ ਤੀਜੀ ਮੋਮ ਬੱਤੀ ਰਾਤ ਨੂੰ ਜਗਾ ਕੇ ਉੱਤਰ ਦਿਸ਼ਾ ਵਲ ਜਾਵੀਂ, ਜਿਥੇ ਬੱਤੀ ਬੁਝੇ ਉਥੋਂ ਧਰਤੀ ਪੁੱਟੀਂ ਤਾਂ ਤੈਨੂੰ ਬਹੁਤ ਮਾਇਆ ਦੀ ਪ੍ਰਾਪਤੀ ਹੋਵੇਗੀ, ਪਰੰਤੂ ਇਹ ਚੌਥੀ ਬੱਤੀ ਨੂੰ ਨਾ ਜਗਾਵੀਂ ਤੇ ਨਾ ਹੀ ਦੱਖਣ ਦਿਸ਼ਾ ਵਲ ਜਾਵੀਂ।

[ਦੱਖਣ ਦਿਸ਼ਾ ਵਿਚ ਨੀਚ ਭੋਗੀਆਂ ਦਾ ਵਾਸਾ ਹੈ]।"

ਸੰਤਾਂ ਦੀ ਇਹ ਗੱਲ ਸੁਣ ਕੇ ਉਹ ਪੁਰਸ਼ ਬੜਾ ਪ੍ਰਸੰਨ ਹੋਇਆ ਤੇ ਨਮਸ਼ਕਾਰ ਕਰਕੇ ਘਰ ਆ ਗਿਆ। ਘਰ ਆ ਕੇ ਵਿਚਾਰਦਾ ਹੈ ਕਿ ਜੋ ਮਹਾਤਮਾ ਨੇ ਚਾਰ ਮੋਮ ਬੱਤੀਆਂ ਦਿੱਤੀਆਂ ਹਨ, ਇਨ੍ਹਾਂ ਨੂੰ

ਅਜ਼ਮਾਈਏ ਤਾਂ ਸਹੀ।

ਉਸੀ ਰਾਤ ਨੂੰ ਇਕ ਮੋਮ ਬੱਤੀ ਜਗਾ ਕੇ ਪੂਰਬ ਦਿਸ਼ਾ ਵੱਲ ਚਲਾ ਗਿਆ, ਜਿਥੇ ਬੱਤੀ ਬੁਝੀ ਉਥੋਂ ਧਰਤੀ ਪੁੱਟੀ ਤਾਂ ਕੀ ਦੇਖਦਾ ਹੈ ਕਿ ਪੈਸਿਆਂ ਦੇ ਢੇਰ ਲੱਗੇ ਹੋਏ ਹਨ ਤਾਂ ਵੇਖਕੇ ਬੜਾ ਖੁਸ਼ ਹੋਇਆ ਅਤੇ ਵਿਚਾਰਦਾ ਹੈ ਕਿ ਜੇ ਘਰ ਲੈ ਗਿਆ ਤਾਂ ਚੋਰਾਂ ਦਾ ਹਰ ਵੇਲੇ ਭੈ ਬਣਿਆ ਰਹੇਗਾ, ਇੰਞ ਵਿਚਾਰ ਕੇ ਉਸ ਨੇ ਮਿੱਟੀ ਪਾ ਦਿੱਤੀ ਤੇ ਮਨ ਵਿਚ ਵਿਚਾਰਦਾ ਹੈ ਕਿ ਹੁਣ ਤਾਂ ਇਹ ਮਾਇਆ ਮੇਰੀ ਹੈ। ਫਿਰ ਮਨ ਵਿਚ ਸੋਚਦਾ ਹੈ ਹੁਣ ਦੂਸਰੀ ਮੋਮ ਬੱਤੀ ਵੀ ਅਜ਼ਮਾ ਲਈਏ।

ਦੂਸਰੀ ਰਾਤ ਨੂੰ ਦੂਜੀ ਮੋਮ ਬੱਤੀ ਜਗਾ ਕੇ ਪੱਛਮ ਦਿਸ਼ਾ ਵੱਲ ਚਲਾ ਗਿਆ, ਜਿਥੇ ਬੱਤੀ ਬੁਝੀ ਉਥੋਂ ਧਰਤੀ ਪੁੱਟੀ ਤਾਂ ਕੀ ਵੇਖਦਾ ਹੈ ਕਿ ਰੁਪਿਆਂ ਦੇ ਢੇਰ ਲੱਗੇ ਹੋਏ ਹਨ। ਉਸ ਵੇਲੇ ਮਿੱਟੀ ਪਾ ਕੇ ਪੂਰ ਦਿੱਤੇ ਤੇ ਬੜਾ ਖੁਸ਼ ਹੋਇਆ।

ਤੀਸਰੀ ਰਾਤ ਨੂੰ ਤੀਜੀ ਮੋਮ ਬੱਤੀ ਜਗਾ ਕੇ ਉੱਤਰ ਦਿਸ਼ਾ ਵਲ ਚਲਾ ਗਿਆ ਜਿਥੇ ਬੱਤੀ ਬੁੱਝੀ ਉਥੋਂ ਧਰਤੀ ਪੁੱਟ ਕੇ ਵੇਖੀ ਤਾਂ ਮੋਹਰਾਂ ਦੇ ਢੇਰ ਲੱਗੇ ਹੋਏ ਹਨ। ਬੜਾ ਪ੍ਰਸੰਨ ਹੋਇਆ ਤੇ ਉਸੇ ਤਰ੍ਹਾਂ ਮਿੱਟੀ ਪਾ ਦਿੱਤੀ।

ਚੌਥੇ ਦਿਨ ਸੋਚਦਾ ਹੈ ਕਿ ਹੁਣ ਤਾਂ ਕੋਈ ਹੀਰੇ ਜਵਾਹਰਾਤ ਆਦਿ ਅਮੋਲਕ ਵਸਤੂ ਮਿਲੇਗੀ ਪਰ ਇਤਨੀ ਮਾਇਆ ਦੇ ਮਿਲਣ ਕਰ ਕੇ ਸੰਤੋਖ ਨਾ ਹੋਇਆ, ਮਨ ਵਿਚ ਵਿਚਾਰਦਾ ਹੈ ਕਿ ਚੌਥੇ ਪਾਸੇ ਵੀ ਜਾਣਾ ਚਾਹੀਦਾ ਹੈ। ਉਸ ਵੇਲੇ ਚੌਥੀ ਰਾਤ ਬੱਤੀ ਜਗਾ ਕੇ ਦੱਖਣ ਦਿਸ਼ਾ ਵੱਲ ਗਿਆ। ਜਿਥੇ ਮੋਮ ਬੱਤੀ ਬੁਝੀ ਉਥੋਂ ਧਰਤੀ ਪੁੱਟੀ ਤਾਂ ਕੀ ਵੇਖਦਾ ਹੈ ਕਿ ਇਕ ਬੜਾ ਸੁੰਦਰ ਮਕਾਨ ਹੈ, ਮਕਾਨ ਦੀਆਂ ਪੌੜੀਆਂ ਤੋਂ ਹੇਠਾਂ ਉਤਰ ਕੇ ਵੇਖਦਾ ਹੈ ਕਿ ਇਕ ਆਦਮੀ ਚੱਕੀ ਪੀਹ ਰਿਹਾ ਹੈ। ਉਸ ਨੇ ਇਸ ਨੂੰ ਇਸ਼ਾਰਾ ਕੀਤਾ ਕਿ ਅੱਗੇ ਆ ਜਾਹ। ਜਾਂ ਇਹ ਅੱਗੇ ਹੋਇਆ ਤਾਂ ਇਸ ਨੇ ਸੋਚਿਆ ਸ਼ਾਇਦ ਚੱਕੀ ਮੈਨੂੰ ਦੇ ਕੇ ਆਪ ਕੋਈ ਮੈਨੂੰ ਹੀਰੇ ਜਵਾਹਰ ਲਿਆ ਕੇ ਦੇਵੇਗਾ।

ਪ੍ਰੰਤੂ ਉਸ ਨੇ ਚੱਕੀ ਦਾ ਹੱਥਾ ਇਸ ਦੇ ਹੱਥ ਦੇ ਕੇ ਕਿਹਾ, ਕਿ ਮੈਂ ਹੁਣ ਜਾਂਦਾ ਹਾਂ ਤੂੰ ਚੱਕੀ ਪੀਸੀ ਚੱਲ, ਤੈਨੂੰ ਛੁਡਾਉਣ ਵਾਲਾ ਤੇਰੇ ਵਰਗਾ ਕੋਈ ਹੋਰ ਤ੍ਰਿਸ਼ਨਾਲੂ ਪੁਰਸ਼ ਆਵੇਗਾ ਤੇ ਉਹ ਤੈਨੂੰ ਛੁਡਾਵੇਗਾ। ਮੈਂ ਵੀ ਤੇਰੇ ਵਾਂਗ ਤ੍ਰਿਸ਼ਨਾਲੂ ਸੀ, ਮੈਨੂੰ ਵੀ ਮਹਾਤਮਾ ਨੇ ਚਾਰ ਬੱਤੀਆਂ ਦਿੱਤੀਆਂ ਸਨ।

ਭਾਵ ਕੀ ਕਿ ਤ੍ਰਿਸ਼ਨਾਲੂ ਪੁਰਸ਼ ਦੀ ਤ੍ਰਿਸ਼ਨਾ ਕਦੇ ਬੁਝਦੀ ਨਹੀਂ। ਯਥਾ-

"ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥"

[ਪੰਨਾ ੨੭੮]

ਅਥਵਾ—ਭੁਖਿਆ ਭੁਖ ਨ ਉਤਰੀ

ਭੁੱਖੇ ਆਦਮੀਆਂ ਦੀ ਭੁੱਖ ਕਦੇ ਦੂਰ ਨਹੀਂ ਹੁੰਦੀ ਚਾਹੇ ਪੂੜੀਆਂ ਪੂੜਿਆ ਦੇ ਭਾਰ ਟੋਕਰੇ ਬੰਨ੍ਹ ਦੇਵੇ।

ਯਥਾ—"ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਏ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ ੨॥ ੧੯॥"

[ਮਾਝ ਵਾਰ, ਪੰਨਾ ੧੪੭]

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

੭. ਬਾਹਰਲੀਆਂ ਚਾਹੇ ਹਜ਼ਾਰਾਂ ਲੱਖਾਂ ਸਿਆਣਪਾਂ ਹੋਣ ਤਾਂ ਭੀ ਪ੍ਰਮੇਸ਼ਰ ਸੰਬੰਧੀ ਸਿਆਣਪ ਨਾਲ

ਇਕ ਭੀ ਨਹੀਂ ਚਲਦੀ।

ਅਥਵਾ-ਚਾਹੇ ਹਜ਼ਾਰਾਂ ਲੱਖਾਂ ਸਿਆਣਪਾਂ ਵੀ ਹੋਣ ਤਾਂ ਭਾਵੀ ਨਾਲ ਇਕ ਭੀ ਸਿਆਣਪ ਨਹੀਂ ਚੱਲਦੀ। ਇਥੋਂ ਤੱਕ ਸੱਤ ਪ੍ਰਸ਼ਨਾਂ ਦੇ ਉੱਤਰ ਆ ਗਏ ਹਨ।

ਸਾਖੀ-ਬਿਆਸ ਭਗਵਾਨ ਜੀ ਦੇ ਸ਼ਿਸ਼ ਅਤੇ ਭਾਵੀ ਦੀ

ਇਕ ਸਮੇਂ ਇਕ ਲੜਕਾ ਬਿਆਸ ਭਗਵਾਨ ਜੀ ਦੀ ਉਸਤਤੀ ਸੁਣਕੇ ਉਨ੍ਹਾਂ ਦੇ ਪਾਸ ਪੜ੍ਹਨ ਵਾਸਤੇ ਆਇਆ। ਪੜ੍ਹਨ ਸਮੇਂ ਵਿਚ ਉਸ ਨੇ ਬਿਆਸ ਜੀ ਦੀ ਬੜੀ ਸੇਵਾ ਕੀਤੀ। ਬਿਆਸ ਭਗਵਾਨ ਜੀ ਨੂੰ ਮਾਲਸ਼ ਵਗੈਰਾ ਕਰਕੇ ਇਸ਼ਨਾਨ ਕਰਾਕੇ ਬਸਤਰ ਆਪ ਧੋਂਦਾ ਹੁੰਦਾ ਸੀ, ਪ੍ਰਸ਼ਾਦਾ ਵੀ ਆਪ ਛਕਾਉਂਦਾ ਸੀ। ਉਸ ਦੀ ਪ੍ਰੇਮ ਭਰੀ ਸੇਵਾ ਵੇਖਕੇ ਬਿਆਸ ਜੀ ਬੜੇ ਪ੍ਰਸੰਨ ਹੋਏ।

ਇਕ ਦਿਨ ਉਹ ਘੁੱਟਣ ਦੀ ਸੇਵਾ ਕਰ ਰਿਹਾ ਸੀ ਤੇ ਬਿਆਸ ਜੀ ਨੇ ਜਦ ਉਸ ਦੇ ਹੱਥ ਨੂੰ ਵੇਖਿਆ ਤਾਂ ਵਿਚਾਰਿਆ ਇਸ ਬੱਚੇ ਦੀ ਉਮਰ ਤਾਂ ਥੋੜ੍ਹੀ ਹੈ, ਜਿਸ ਤਰ੍ਹਾਂ ਭੀ ਹੋ ਸਕੇ ਵਧਾਣੀ ਚਾਹੀਦੀ ਹੈ।

ਏਸ ਗੱਲ ਨੂੰ ਵਿਚਾਰ ਕੇ ਬੱਚੇ ਨੂੰ ਨਾਲ ਲੈ ਕੇ ਬ੍ਰਹਮਾ ਜੀ ਪਾਸ ਆਏ, ਤਾਂ ਅੱਗੋਂ ਬ੍ਰਹਮਾ ਨੇ ਸਨਮਾਨ ਕੀਤਾ ਤੇ ਕਿਹਾ,''ਬੜੀ ਕਿਰਪਾ ਕੀਤੀ ਹੈ, ਹੁਕਮ ਕਰੋ ਕਿਸ ਤਰ੍ਹਾਂ ਆਏ ਹੋ?

ਬਿਆਸ ਜੀ ਨੇ ਕਿਹਾ, ''ਇਹ ਲੜਕਾ ਬੜਾ ਹੋਣਹਾਰ ਹੈ, ਇਸ ਦੀ ਉਮਰ ਵਧਾਉਣ ਵਾਸਤੇ ਆਏ ਹਾਂ, ਸੋ ਆਪ ਜੀ ਕਿਰਪਾ ਕਰੋ।''

ਬ੍ਰਹਮਾ ਜੀ ਨੇ ਕਿਹਾ, ''ਮੇਰੇ ਅਖਤਿਆਰ ਕੁਝ ਨਹੀਂ, ਸ਼ਿਵਾਂ ਦੇ ਪਾਸ ਚੱਲਦੇ ਹਾਂ ਉਨ੍ਹਾਂ ਅੱਗੇ ਬੇਨਤੀ ਕਰਕੇ ਇਸ ਦੀ ਉਮਰ ਵਧਵਾ ਦੇਂਦੇ ਹਾਂ। ਜਦ ਉਹ ਨਾ ਮਾਰਨਗੇ ਤਾਂ ਆਪੇ ਉਮਰ ਵਧੀ ਸਮਝ ਲੈਣੀ।''

ਇਹ ਸਲਾਹ ਕਰਕੇ ਤਿੰਨੇ ਚੱਲਕੇ ਸ਼ਿਵਾ ਪਾਸ ਆਏ। ਅੱਗੋਂ ਸ਼ਿਵਾਂ ਨੇ ਸਾਰਿਆਂ ਦਾ ਸਨਮਾਨ ਕੀਤਾ ਤੇ ਪੁੱਛਿਆ, ''ਕਿਸ ਕਾਰਨ ਆਪ ਚਲਕੇ ਆਏ ਹੋ?'' ਤਾਂ ਬਿਆਸ ਜੀ ਨੇ ਕਿਹਾ,

''ਇਸ ਕਾਕੇ ਦੀ ਉਮਰ ਵਧਾਉਣ ਵਾਸਤੇ ਆਏ ਹਾਂ, ਆਪ ਕਿਰਪਾ ਕਰਕੇ ਇਸ ਨੂੰ ਵਰ ਦੇ ਦਿਓ।''

ਇਹ ਗੱਲ ਸੁਣ ਕੇ ਸ਼ਿਵਾਂ ਨੇ ਆਖਿਆ, ''ਮੇਰੇ ਅਖਤਿਆਰ ਕੁਝ ਨਹੀਂ, ਇਹ ਕੰਮ ਤਾਂ ਵਿਸ਼ਨੂੰ ਭਗਵਾਨ ਜੀ ਦੇ ਪਾਸ ਜਾਣ ਕਰਕੇ ਹੋਵੇਗਾ।'' ਉਸ ਵੇਲੇ ਬਿਆਸ ਜੀ ਨੇ ਕਿਹਾ,

''ਫੇਰ ਆਪ ਭੀ ਨਾਲ ਚਲੋ।''

ਜਦ ਚਾਰੇ ਜਣੇ ਚੱਲ ਕੇ ਵਿਸ਼ਨੂੰ ਭਗਵਾਨ ਜੀ ਪਾਸ ਆਏ ਤਦ ਵਿਸ਼ਨੂੰ ਭਗਵਾਨ ਜੀ ਨੇ ਸਾਰਿਆਂ ਦਾ ਸਤਿਕਾਰ ਕੀਤਾ ਤੇ ਪੁੱਛਿਆ, ''ਆਪ ਕਿਸ ਕਾਰਜ ਵਾਸਤੇ ਇਕੱਠੇ ਹੋ ਕੇ ਆਏ ਹੋ?'' ਤਾਂ ਸਾਰਿਆਂ ਨੇ ਕਿਹਾ,''ਇਸ ਬੱਚੇ ਦੀ ਉਮਰ ਵਧਾਉਣ ਵਾਸਤੇ ਆਏ ਹਾਂ, ਆਪ ਕਿਰਪਾ ਦ੍ਰਿਸ਼ਟੀ ਕਰਕੇ ਇਸ ਬੱਚੇ ਦੀ ਉਮਰ ਵਧਾ ਦਿਓ।

ਇਹ ਗੱਲ ਸੁਣ ਕੇ ਵਿਸ਼ਨੂੰ ਜੀ ਨੇ ਕਿਹਾ, ''ਇਹ ਕੰਮ ਭਾਵੀ ਕਰੇਗੀ ਉਸ ਨੂੰ ਸਦਵਾਕੇ ਕਹਿੰਦੇ ਹਾਂ।'' ਜਦ ਭਾਵੀ ਨੂੰ ਬੁਲਾਉਣ ਭੇਜਿਆ ਤਦ ਉਸ ਨੇ ਆਉਂਦਿਆਂ ਹੀ ਬੱਚੇ ਨੂੰ ਮਾਰ ਦਿੱਤਾ।

ਬਿਆਸ ਭਗਵਾਨ ਜੀ ਨੇ ਕਿਹਾ, ''ਹੇ ਭਾਵੀ! ਇਹ ਤੂੰ ਕੀ ਕੰਮ ਕੀਤਾ ਹੈ? ਅਸੀਂ ਤਾਂ ਬੱਚੇ

ਦੀ ਉਮਰ ਵਧਾਉਣ ਵਾਸਤੇ ਆਏ ਸੀ, ਤੇ ਤੂੰ ਆਉਂਦਿਆਂ ਸਾਰ ਹੀ ਮਾਰ ਦਿੱਤਾ ਹੈ।'' ਅੱਗੋਂ ਭਾਵੀ ਨੇ ਆਖਿਆ, ''ਮੈਂ ਨਹੀਂ ਮਾਰਿਆ , ਇਸਨੂੰ ਤਾਂ ਤੁਸਾਂ ਆਪ ਹੀ ਮਾਰਿਆ ਹੈ, ਕਿਉਂਕਿ ਇਸਦੀ ਲਿਖਤ ਹੀ ਇਸ ਤਰ੍ਹਾਂ ਸੀ ਕਿ ਜਦ ਤੁਸਾਂ ਪੰਜਾਂ ਨੇ ਇਕੱਠਿਆਂ ਹੋਣਾ ਸੀ ਤਦ ਹੀ ਇਸਨੇ ਮਰਣਾ ਸੀ।''

ਇਸ ਵਾਸਤੇ ਗੁਸਾਈਂ ਤੁਲਸੀ ਦਾਸ ਜੀ ਨੇ ਕਿਹਾ ਹੈ-

'ਜੈਸੀ ਹੋਇ ਭਵਤੱਬਤਾ, ਤੈਸੀ ਬਨਿ ਹੈ ਆਇ।
ਆਪ ਨ ਆਵੈ ਤਹਾਂ ਪੈ, ਤਹਾਂ ਤਹਾਂ ਲੈ ਜਾਇ।'
ਤਥਾ—"ਮਾਈ ਹੋਨਹਾਰ ਸੋ ਹੋਈਐ॥ ਰਾਚਿ ਰਹਿਓ ਰਚਨਾ
ਪ੍ਰਭੁ ਅਪਨੀ ਕਹਾ ਲਾਭ ਕਹਾ ਖੋਈਐ॥ ੧॥"

[ਦੇਵ ਗੰਧਾਰੀ, ਪੰਨਾ ੫੨੮]

ਅਥਵਾ-ਹਜ਼ਾਰਾਂ ਲੱਖਾਂ ਸਿਆਣਪਾਂ ਭੀ ਹੋਣ ਪ੍ਰੰਤੂ ਕਾਲ ਨਾਲ ਇਕ ਸਿਆਣਪ ਭੀ ਨਹੀਂ ਚਲਦੀ।

ਯਥਾ—"ਸੰਜਮ ਸਹਜ ਸਿਆਣਪਾ ਪ੍ਰਿਆਰੇ ਇਕ ਨ ਚਲੀ ਨਾਲਿ॥"

[ਸੋਰਠਿ ਮਹਲਾ ੫, ਪੰਨਾ ੬੪੧]

ਸਾਖੀ-ਰਾਜਾ ਪ੍ਰੀਛਤ ਦੀ

ਰਾਜਾ ਪ੍ਰੀਛਤ ਅਰਜਨ ਦਾ ਪੋਤਰਾ ਅਭਿਮੰਨ੍ਯੂ ਦਾ ਪੁੱਤਰ ਸੀ ਤੇ ਰਾਜੇ ਜਨਮੇਜੇ ਦਾ ਪਿਤਾ ਸੀ। ਰਾਜਾ ਪ੍ਰੀਛਤ ਨੀਤੀ ਵਿਚ ਬੜਾ ਨਿਪੁੰਨ ਔਰ ਦਾਨੀ ਸੀ, ਬਿਅੰਤ ਯੱਗ ਕਰਦਾ ਹੁੰਦਾ ਸੀ। ਇਕ ਦਿਨ ਸ਼ਿਕਾਰ ਖੇਡਣ ਗਿਆ ਰਸਤੇ ਵਿਚ ਕਲਜੁਗ ਮਿਲ ਪਿਆ। ਰਾਜੇ ਨੇ ਉਸ ਨੂੰ ਕਿਹਾ, 'ਹੇ ਕਲਜੁਗ! ਤੂੰ ਮੇਰੇ ਰਾਜ 'ਚੋਂ ਨਿਕਲ ਜਾਹ, ਕਿਉਂਕਿ ਤੂੰ ਮੇਰੀ ਪਰਜਾ ਦੀ ਬੁੱਧੀ ਭ੍ਰਿਸ਼ਟ ਕਰਦਾ ਹੈਂ।''

ਇਹ ਗੱਲ ਸੁਣ ਕੇ ਕਲੰਜੁਗ ਨੇ ਬੇਨਤੀ ਕੀਤੀ ਕਿ ਮੈਨੂੰ ਭੀ ਤਾਂ ਨਿਵਾਸ ਦੀ ਕੋਈ ਥਾਂ ਦਿਓ! ਰਾਜੇ ਨੇ ਕਿਹਾ,''ਜਾਹ ਜਿਥੇ ਸੋਨਾ ਹੈ ਉਥੇ ਤੇਰਾ ਨਿਵਾਸ ਹੋਵੇ।' ਇਸ ਤਰ੍ਹਾਂ ਕਹਿਣ ਨਾਲ ਰਾਜੇ ਨੂੰ ਇਹ ਖਿਆਲ ਨਾ ਆਇਆ ਕਿ ਮੇਰੇ ਸਿਰ ਤੇ ਕਲਗੀ ਹੈ, ਉਸ ਵਿਚ ਭੀ ਸੋਨਾ ਹੈ। ਕਲਜੁਗ ਨੇ ਰਾਜੇ ਦੀ ਕਲਗੀ ਵਿਚ ਨਿਵਾਸ ਅਸਥਾਨ ਬਣਾ ਲੀਤਾ ਤੇ ਰਾਜੇ ਪ੍ਰੀਛਤ ਦੀ ਬੁੱਧੀ ਤੇ ਪੜਦਾ ਪਾ ਦਿੱਤਾ।

ਇਸੇ ਦਸ਼ਾ ਵਿਚ ਰਾਜਾ ਸ਼ਿਕਾਰ ਖੇਡਦਾ ਹੋਇਆ ਥੱਕ ਗਿਆ ਪਰ ਸ਼ਿਕਾਰ ਕਾਬੂ ਕੋਈ ਨਾ ਆਇਆ। ਇਕ ਹਰਨ ਅੱਗੋਂ ਦੀ ਲੰਘ ਕੇ ਛੁਪ ਗਿਆ,ਉਸੇ ਦੀ ਭਾਲ ਵਿਚ ਫਿਰਦਾ ਫਿਰਦਾ ਅੱਗੋਂ ਤਰੇਹ ਤੋਂ ਤੰਗ ਆ ਗਿਆ ਤੇ 'ਬਿਭਾਂਡਵ' ਰਿਖੀ ਜਿਥੇ ਤਪ ਕਰ ਰਿਹਾ ਸੀ ਓਥੇ ਆ ਪਹੁੰਚਾ। ਰਿਖੀ ਸਮਾਧੀ ਵਿਚ ਲੀਣ ਸੀ ਰਾਜੇ ਪ੍ਰੀਛਤ ਨੇ ਉਸ ਰਿਖੀ ਤੋਂ ਪਾਣੀ ਮੰਗਿਆ ਅਤੇ ਸ਼ਿਕਾਰ ਦੀ ਪੁੱਛ ਕੀਤੀ ਕਿ ਜੇ ਇਸ ਤਰਫ ਹਰਨ ਲੰਘਿਆ ਹੈ ਤਾਂ ਦੱਸ ਦਿਓ। ਅਗੋਂ ਰਿਖੀ ਨੇ ਕੋਈ ਉਤਰ ਨਾ ਦਿੱਤਾ। ਰਾਜਾ ਪ੍ਰੀਛਤ ਗੁੱਸੇ ਵਿਚ ਆ ਕੇ ਇਕ ਸੱਪ ਮਰਿਆ ਵੇਖ ਕੇ ਧਨੁਖ ਦੇ ਗੋਸ਼ੇ ਨਾਲ ਉਠਾ ਕੇ ਬਿਭਾਂਡਵ ਰਿਖੀ ਦੇ ਗਲ ਪਾ ਕੇ ਚਲਾ ਗਿਆ।

ਬੜੇ ਚਿਰ ਪਿੱਛੋਂ ਉਸ ਰਿਖੀ ਦਾ ਚੇਲਾ 'ਸਿੰਙੀਰਿਖੀ' ਆਇਆ। ਆਪਣੇ ਗੁਰੂ ਦੇ ਗਲ ਵਿਚ ਸੱਪ ਪਿਆ ਵੇਖ ਕੇ ਗੁੱਸੇ ਵਿਚ ਆ ਕੇ ਸਰਾਪ ਦੇ ਦਿੱਤਾ ਕਿ ਜਿਸ ਨੇ ਇਹ ਕੁਕਰਮ ਕੀਤਾ ਹੈ ਉਹ ਸਤਵੇਂ ਦਿਨ ਸਰਪ ਦੀ ਮੌਤੇ ਹੀ ਮਰ ਜਾਏਗਾ।

ਸਮਾਧੀ ਖੁੱਲਣ ਪਰ ਜਦ ਇਸ ਗੱਲ ਦਾ ਰਿਖੀ ਨੂੰ ਪਤਾ ਲੱਗਾ ਤਾਂ ਉਹ ਬੜਾ ਪਛੁਤਾਇਆ ਕਿਉਂਕਿ ਰਿਖੀ ਦੇ ਦਿਲ ਵਿਚ ਰਾਜੇ ਪ੍ਰੀਛਤ ਦਾ ਬੜਾ ਸਤਿਕਾਰ ਸੀ,ਉਹ ਆਪਣੇ ਦਿਲ ਵਿਚ ਇਹ ਅਨੁਭਵ ਕਰਨ ਲੱਗਾ ਕਿ ਇਸ ਮਾਮੂਲੀ ਗੱਲ ਦੇ ਕਾਰਨ ਅਜਿਹੇ ਧਰਮੀ ਰਾਜੇ ਦਾ ਨਾਸ ਹੋ ਜਾਣਾ ਦੁਖਦਾਈ ਹੈ, ਰਿਖੀ ਨੇ ਉਸੀ ਵੇਲੇ ਰਾਜੇ ਨੂੰ ਖਬਰ ਪਹੁੰਚਾ ਦਿੱਤੀ। ਰਾਜੇ ਨੇ ਸੁਣ ਕੇ ਝਟ ਪਟ ਗੰਗਾ ਦੇ ਪ੍ਰਵਾਹ ਵਿਚ ਸ਼ੀਸ਼ ਮਹਿਲ ਬਣਵਾ ਕੇ ਸੁਖਦੇਵ ਰਿਖੀ ਪਾਸੋਂ ਭਾਗਵਤ ਦਾ ਸਪਤਾਹ ਪਾਠ ਸੁਨਣਾ ਆਰੰਭ ਕਰ ਦਿੱਤਾ ਅਤੇ ਸੱਪ ਦੇ ਵੇਖਣ ਵਾਸਤੇ ਉਸ ਦੇ ਆਲੇ ਦੁਆਲੇ ਫੌਜਾਂ ਵੀ ਖੜੀਆਂ ਕਰ ਦਿੱਤੀਆਂ।

ਜਦੋਂ ਸੱਤਵੇਂ ਦਿਨ ਭਾਗਵਤ ਦਾ ਭੋਗ ਪਿਆ, ਉਸ ਸਮੇਂ ਜੋ ਪੂਜਾ ਵਾਸਤੇ ਫੁੱਲ ਮੰਗਵਾਏ ਸਨ ਉਨ੍ਹਾਂ ਫੁੱਲਾਂ ਵਿਚ ਤੱਛਕ ਨਾਗ ਕੀੜੀ ਜੇਹਾ ਛੋਟਾ ਜੇਹਾ ਰੂਪ ਧਾਰ ਕੇ ਪ੍ਰਵੇਸ਼ ਕਰ ਕੇ ਉਸ ਸ਼ੀਸ਼ ਮਹਿਲ ਵਿਚ ਆ ਪਹੁੰਚਾ। ਜਦ ਸੁਖਦੇਵ ਨੇ ਭੋਗ ਪਾ ਕੇ ਉਹਨਾਂ ਫੁੱਲਾਂ ਦਾ ਪ੍ਰਸਾਦਿ ਦਿੱਤਾ ਤਾਂ ਰਾਜੇ ਪ੍ਰੀਛਤ ਨੇ ਦੋਹਾਂ ਹੱਥਾਂ ਵਿਚ ਲੈ ਕੇ ਸ਼ਰਧਾ ਵਜੋਂ ਮੱਥੇ ਨਾਲ ਲਗਾ ਕੇ ਸੁੰਘਿਆ ਤਾਂ ਤੱਛਕ ਨੇ ਉਸੀ ਵੇਲੇ ਨਾਸਕਾਂ ਵਿਚ ਡੰਗ ਮਾਰ ਕੇ ਉਸ ਦੇ ਪ੍ਰਾਣਾਂ ਨੂੰ ਖਿੱਚ ਲਿਆ।

ਬਹੁਤੀਆਂ ਸਿਆਣਪਾਂ ਨਾਲ ਜੋ ਉਸ ਨੇ ਸ਼ੀਸ਼ ਮਹਿਲ ਬਣਵਾਇਆ ਸੀ ਤੇ ਫੌਜਾਂ ਖੜੀਆਂ ਕੀਤੀਆਂ ਸਨ, ਉਹ ਜਤਨ ਸਭ ਉਸਦੇ ਨਿਸਫਲ ਚਲੇ ਗਏ। ਕਾਲ ਨਾਲ ਸਿਆਣਪ ਦੀ ਇਕ ਵੀ ਪੇਸ਼ ਨਾ ਗਈ।

ਦੂਜੀ ਸਾਖੀ-ਅਫਲਾਤੂ ਦੀ

ਇਕ 'ਅਫਲਾਤੂ' ਸਿਕੰਦਰ ਬਾਦਸ਼ਾਹ ਦਾ ਬਹੁਤ ਅਕਲਮੰਦ ਹਕੀਮ ਸੀ, ਜਦ ਉਸ ਦੀ ਉਮਰ ਦੇ ਦਿਨ ਪੂਰੇ ਹੋ ਗਏ ਤੇ ਉਸ ਨੂੰ ਪਤਾ ਲੱਗ ਗਿਆ ਅੱਜ ਮੇਰੀ ਮੌਤ ਹੋ ਜਾਣੀ ਹੈ ਤਾਂ ਉਸ ਨੇ ਆਪਣੀ ਅਕਲ ਦੇ ਬਲ ਕਰਕੇ ਆਪਣੇ ਵਰਗੀਆਂ ਅਨਗਿਣਤ ਹੀ ਦੇਹਾਂ ਰਚ ਲੀਤੀਆਂ।

'ਧਰਮ ਰਾਜ' ਦੇ ਹੁਕਮ ਅਨੁਸਾਰ ਜਦ ਜਮਦੂਤ ਉਸ ਦੇ ਫੜਨ ਨੂੰ ਆਏ ਤਾਂ ਅਨੇਕਾਂ ਅਫਲਾਤੂ ਵੇਖ ਕੇ ਹੈਰਾਨ ਹੋ ਗਏ ਤੇ ਸੋਚਦੇ ਹਨ, 'ਕਿਸ ਨੂੰ ਫੜ ਕੇ ਲੈ ਜਾਈਏ।' ਜਦ ਕੋਈ ਨਿਸਚਾ ਨਾ ਕਰ ਸਕੇ ਤਾਂ ਵਾਪਸ ਧਰਮ ਰਾਜ ਦੇ ਪਾਸ ਚਲੇ ਗਏ ਅਤੇ ਆਖਣ ਲੱਗੇ,ਉਥੇ ਤਾਂ ਅਨੇਕਾਂ ਅਫਲਾਤੂ ਹਨ, ਅਸੀਂ ਕਿਸ ਨੂੰ ਫੜ ਕੇ ਲਿਆਈਏ? ਤਾਂ ਧਰਮਰਾਜ ਨੇ ਸਮਝਾਇਆ, "ਉਨ੍ਹਾਂ ਦੀ ਕਤਾਰ ਵਿਚ ਜਾ ਕੇ ਤੁਸਾਂ ਆਖਣਾ ਵਾਹ! ਵਾਹ!! ਬੜੀਆਂ ਸੋਹਣੀਆਂ ਮੂਰਤਾਂ ਹਨ, ਇਨ੍ਹਾਂ ਦੇ ਬਣਾਉਣ ਵਾਲਾ ਕਾਰੀਗਰ ਵੀ ਚੰਗਾ ਹੈ, ਹੋਰ ਤਾਂ ਸਭ ਕੁਝ ਠੀਕ ਹੈ ਪਰ ਇਕੋ ਹੀ ਨੁਕਸ ਹੈ ਜਿਹੜਾ ਨੱਕ ਵਿੰਗਾ ਰਹਿ ਗਿਆ ਹੈ। ਜਦ ਇਸ ਤਰ੍ਹਾਂ ਕਹੋਗੇ ਤਾਂ ਜੋ ਅਸਲੀ ਅਫਲਾਤੂ ਹੈ ਉਹ ਬੋਲ ਪਵੇਗਾ ਕਿ ਕਿੱਥੋਂ ਨੱਕ ਵਿੰਗਾ ਹੈ?' ਬਸ ਓਸੇ ਨੂੰ ਮਾਰ ਕੇ ਲੈ ਆਉਣਾ।"

ਜਮਦੂਤਾਂ ਨੇ ਉਸੇ ਤਰ੍ਹਾਂ ਕੀਤਾ, ਜਦ ਆ ਕੇ ਕਿਹਾ, 'ਵਾਹ!ਵਾਹ!! ਇਹ ਮੂਰਤਾਂ ਬਹੁਤ ਸੁੰਦਰ ਹਨ, ਜਿਸ ਕਾਰੀਗਰ ਨੇ ਬਣਾਈਆਂ ਹਨ ਉਹ ਬੜਾ ਹੀ ਸਿਆਣਾ ਹੈ ਪਰ ਇਕੋ ਨੁਕਸ ਵਾਲੀ ਗੱਲ ਹੈ। ਜਿਹੜਾ ਨੱਕ ਵਿੰਗਾ ਬਣਾਇਆ ਹੈ।' ਉਸੀ ਵੇਲੇ ਅਸਲੀ ਅਫਲਾਤੂ ਬੋਲ ਪਿਆ, 'ਕਿਥੋਂ ਨੱਕ ਵਿੰਗਾ ਹੈ?' ਜਮਦੂਤਾਂ ਨੇ ਝੱਟ ਮਾਰ ਲਿਆ।

ਦੇਖੋ! ਅਫਲਾਤੂ ਵਿਚ ਕਿਤਨੀਆਂ ਸਿਆਣਪਾਂ ਸਨ, ਪ੍ਰੰਤੂ ਕਾਲ ਸਾਹਮਣੇ ਇਕ ਵੀ ਸਿਆਣਪ ਨਾ ਚਲੀ।

ਪੁਨਾ-ਸਿੱਧਾਂ ਨੇ ਆਖਿਆ, ਆਪ ਦੇ ਕਹੇ ਅਨੁਸਾਰ ਸਾਧਨ ਸਭ ਨਿਸਫਲ ਹੋ ਗਏ, ਸਾਧਨਾਂ ਦੇ ਨਿਸਫਲ ਹੋਣ ਤੇ ਵੇਦ ਸ਼ਾਸਤ੍ਰ ਗ੍ਰੰਥ ਵੀ ਨਿਸਫਲ ਹੋ ਜਾਣਗੇ।

ਗੁਰ ਉੱਤਰ-ਹੇ ਸਿੱਧੋ! ਸਾਡੇ ਸਿਧਾਂਤ ਨੂੰ ਤੁਸੀਂ ਸਮਝਿਆ ਨਹੀਂ, ਅਸਾਂ ਤਾਂ ਇਸੀ ਤਰ੍ਹਾਂ ਕਿਹਾ ਹੈ-

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

੧. ਬਾਹਜ ਪਵਿੱਤ੍ਰਤਾ ਕਰਨ ਨਾਲ ਪਵਿੱਤ੍ਰ ਰੂਪ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਸ਼ਨ-ਪ੍ਰਾਪਤੀ ਕਿਵੇਂ ਹੋਵੇ?

ਉੱਤਰ-ਜੇ ਲੱਖ ਸਰੂਪ ਵਾਲੀ ਪਵਿੱਤ੍ਰਤਾ ਧਾਰੇ ਤਾਂ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

੨. ਬਾਹਜ ਵਿਚਾਰ ਕਰਨ ਨਾਲ ਵਿਚਾਰ ਰੂਪ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਸ਼ਨ-ਫੇਰ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ?

ਉੱਤਰ-ਜੇ ਲਖ ਸਰੂਪ ਵਾਲੀ ਵਿਚਾਰ ਹੋਵੇ ਤਾਂ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

੩. ਬਾਹਜ ਚਿੰਤਨ ਕਰਨ ਨਾਲ [ਲੰਬੀਆਂ ਮਾਲਾਂ ਫੜਕੇ] ਲੋਕਾਂ ਨੂੰ ਵਿਖਾਉਣ ਨਾਲ ਸੋਚਿ ਨ ਹੋਵਈ=ਚਿੰਤਨ ਕਰਨ ਜੋਗ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਸ਼ਨ-ਹਰੀ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਵੇ?

ਉੱਤਰ-ਜੇ ਲਖ ਸਰੂਪ ਵਾਲੇ ਚਿੰਤਨ ਨੂੰ ਕਰੇ ਤਾਂ ਹਰੀ ਦੀ ਪ੍ਰਾਪਤੀ ਹੁੰਦੀ ਹੈ।

੪. ਬਾਹਜ ਵੈਰਾਗ ਧਾਰਨ ਨਾਲ।

ਯਥਾ—'ਨਾਰ ਮੁਈ ਘਰ ਸੰਪਤਿ ਨਾਸੀ॥ ਮੂਡ ਮੁਡਾਇ ਭਇਆ ਸੰਨਿਆਸੀ॥'

ਇਸੀ ਤਰ੍ਹਾਂ ਵੈਰਾਗੀ ਹੋਣ ਨਾਲ ਵੈਰਾਗ ਰੂਪ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਸ਼ਨ-ਪ੍ਰਾਪਤੀ ਕਿਸ ਤਰ੍ਹਾਂ ਹੋਵੇ?

ਉੱਤਰ-ਜੇ ਲੱਖ ਸਰੂਪ ਵਾਲੇ ਵੈਰਾਗ ਨੂੰ ਧਾਰਨ ਕਰੇ ਤਾਂ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥

ਬਾਹਜ ਚੁੱਪ ਰਹਿਣ ਨਾਲ ਭਾਵ ਕਿਸੇ ਨਾਲ ਨਾ ਬੋਲਣ ਕਰਕੇ ਮੋਨ ਰੂਪ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਸ਼ਨ- ਪ੍ਰਾਪਤੀ ਕਿਸ ਤਰ੍ਹਾਂ ਹੋਵੇ?

ਉੱਤਰ- ਜੇ ਤਾਰ= ਤੇਲ ਧਾਰਾ ਵਾਂਗੂ ਇਕ-ਰਸ ਬਿਰਤੀ ਨੂੰ ਲਗਾਵੇ ਤਾਂ ਉਸਦੀ ਪ੍ਰਾਪਤੀ ਹੁੰਦੀ ਹੈ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

ਰੋਟੀ ਨਾ ਖਾਧੀ, ਇਸ ਤਰ੍ਹਾਂ ਭੁਖਿਆ ਰਹਿਣ ਨਾਲ ਪਰਮੇਸ਼ਰ ਪ੍ਰਾਪਤੀ ਦੀ ਭੁਖ=ਇੱਛਾ ਦਿਲ ਵਿਚ ਨਹੀਂ ਉਤਰਦੀ।

ਪ੍ਰਸ਼ਨ-ਫੇਰ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ?

ਉੱਤਰ-ਜੇ ਪੁਰੀਆ=ਇੰਦ੍ਰੀਆਂ ਦੇ ਭਾਰ=ਸਮੁਦਾਇ ਨੂੰ ਬੰਨਾ=ਰੋਕੇ।

ਅਥਵਾ-ਪੁਰੀਆ=ਕਰੁਣਾ, ਮੈਤ੍ਰੀ ਮੁਦਤਾ,ਉਪੇਖਿਆ ਆਦਿਕ ਗੁਣਾਂ ਦੇ ਸਮਦਾਇ ਨੂੰ ਆਪਣੇ ਦਿਲ ਵਿਚ ਬੰਨਾ=ਗ੍ਰਹਿਣ ਕਰ ਲਵੇ ਤਾਂ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

ਬਾਹਜ ਹਜ਼ਾਰਾਂ ਲੱਖਾਂ ਸਿਆਣਪਾਂ ਹੋਣ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਯਥਾ:-

"ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ ਜਨ ਨਾਨਕ ਗੁਰਮੁਖਿ ਜਾਤਾ ਰਾਮ॥ ੪॥੬॥"

[ਬਿਹਾਗੜਾ ਮਹਲਾ ੪, ਪੰਨਾ ੫੪੧]

ਤਥਾ—"ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥"

[ਸੋਰਠਿ ਮਹਲਾ ੫, ਪੰਨਾ ੬੪੧]

ਪ੍ਰਸ਼ਨ-ਪ੍ਰਮਾਤਮਾ ਦੀ ਪ੍ਰਾਪਤੀ ਕਿਵੇਂ ਹੋਵੇ?

ਉੱਤਰ-ਨ=ਪੁਰਸ਼ ਏਕਤਾ ਵਾਲੀ ਸਿਆਣਪ ਨਾਲ ਚੱਲੇ ਤਾਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ*। ਫੇਰ ਸਿੱਧਾਂ ਆਖਿਆ, ਲਖ ਸਰੂਪ ਵਾਲੇ ਸਾਧਨ ਜਿਨ੍ਹਾਂ ਨੇ ਕੀਤੇ ਹਨ, ਉਹਨਾਂ ਗੁਰਮੁਖਾਂ ਦੀ ਦ੍ਰਿਸ਼ਟੀ ਕਿਸ ਤਰ੍ਹਾਂ ਦੀ ਰਹਿੰਦੀ ਹੈ?

ਗੁਰ ਉੱਤਰ-

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

ਜਿਨ੍ਹਾਂ ਨੂੰ ਲਖ ਸਰੂਪ ਵਾਲੀ ਪਵਿੱਤ੍ਰਤਾ,ਵਿਚਾਰਤਾ, ਚਿੰਤਨਤਾ ਜਾਂ ਵੈਰਾਗਤਾ ਪ੍ਰਾਪਤੀ ਹੋਈ ਹੈ, ਉਹਨਾਂ ਦੀ ਦ੍ਰਿਸ਼ਟੀ ਵਿਚ ਨਾ ਪਵਿੱਤਰਤਾ, ਨਾ ਅਪਵਿੱਤ੍ਰਤਾ, ਨਾ ਚਿੰਤਨ, ਨਾ ਅਚਿੰਤਨ, ਨਾ ਵਿਚਾਰ, ਨ ਅਵਿਚਾਰ, ਨਾ ਵੈਰਾਗ, ਨਾ ਅਵੈਰਾਗ, ਕੁਝ ਵੀ ਦ੍ਵੈਤ ਭਾਵ ਵਾਲੀ ਗੱਲ ਨਹੀਂ ਹੁੰਦੀ।

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥

ਜਿਨ੍ਹਾਂ ਨੇ ਤਾਰ=ਤੇਲ ਧਾਰਾ ਵਾਂਗ ਇਕ ਰਸ ਆਪਣੀ ਬਿਰਤੀ ਪਰਮਾਤਮਾ ਦੇ ਭਜਨ ਵਿਚ ਲਗਾਈ ਹੈ, ਉਹਨਾਂ ਦੀ ਨਿਗਾਹ ਵਿਚ ਨਾ ਮੋਨ, ਨ ਅਮੋਨ ਹੈ ਅਰਥਾਤ ਉਹਨਾਂ ਵਿਖੇ ਕੋਈ ਦ੍ਵੈਤ ਭਾਵ ਵਾਲੀ ਗੱਲ ਨਹੀਂ ਹੈ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

ਜਿਨ੍ਹਾਂ ਨੇ ਪੁਰੀਆ=ਇੰਦ੍ਰੀਆਂ ਦੇ ਭਾਰ=ਸਮਦਾਅ ਨੂੰ ਵਿਸ਼ਿਆਂ ਵਲੋਂ ਬੰਨਾ=ਰੋਕਿਆ ਹੈ।

ਅਥਵਾ-ਕਰੁਣਾ, ਮੈਤ੍ਰੀ, ਮੁਦਤਾ ਆਦਿ ਸ਼ੁਭ-ਗੁਣਾਂ ਨੂੰ ਧਾਰਿਆ ਹੈ, ਉਹਨਾਂ ਦੀ ਦ੍ਰਿਸ਼ਟੀ ਵਿਚ ਨਾ ਭੁੱਖ, ਨਾ ਅਭੁੱਖ ਹੈ। ਕਿਉਂਕਿ ਦੁਨਿਆਵੀ ਇੱਛਾਵਾਂ ਸਭ ਉਨ੍ਹਾਂ ਦੀਆਂ ਉਤਰ ਗਈਆਂ ਹਨ।

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

ਜਾਂ ਇਹ ਪੁਰਸ਼ ਇਕ=ਏਕਤਾ ਵਾਲੀ ਸਿਆਣਪ ਨਾਲ ਨ=ਨਿਸਚੇ ਸਹਿਤ ਚਲ ਪਵੇ ਤਾਂ ਉਸ ਦੀ ਦ੍ਰਿਸ਼ਟੀ ਵਿਚ ਹਜ਼ਾਰਾਂ ਲੱਖਾਂ ਸਿਆਣਪਾਂ ਹੋਣ, ਚਾਹੇ ਨਾ ਹੋਣ, ਕੋਈ ਪਰਵਾਹ ਨਹੀਂ ਰੱਖਦਾ।

ਫਿਰ ਸਿੱਧਾਂ ਨੇ ਚਾਰ ਪ੍ਰਸ਼ਨ ਕੀਤੇ-

ਇਸ ਜਗ੍ਹਾ 'ਨ' ਪੁਰਸ਼ ਦਾ ਅਰਥ ਕੀਤਾ ਹੈ, ਜਿਸ ਤਰਾਂ ਨਾਨਕ ਪ੍ਰਕਾਸ਼ ਵਿਚ (ਸ੍ਰੀ ਗੁਰੂ) ਨਾਨਕ (ਸਾਹਿਬ ਜੀ) ਦਾ ਅਰਥ ਕਰਨ ਲੱਗਿਆਂ ਕਵੀ ਸੰਤੋਖ ਸਿੰਘ ਜੀ ਨੇ ਲਿਖਿਆ ਹੈ। **"ਪ੍ਰਾਕ ਜੋ ਨਕਾਰ 'ਨ' ਪੁਮਾਨ ਆਬਿਧਾਨ ਜਾਨਿ।" ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਨਕ ਨਾਮ ਦਾ ਜੋ ਪ੍ਰਾਕ=ਪਹਿਲਾ, ਨਕਾਰ=ਨਨਾ ਅੱਖਰ ਹੈ,ਉਹ ਪੁਰਸ਼ ਦਾ ਅਬਿਧਾਨ=ਵਾਚਕ ਜਾਨਣਾ ਕਰੋ।*

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

੧. ਸੱਚੇ ਦਾ ਰੂਪ ਕਿਸ ਤਰ੍ਹਾਂ ਹੋਈਦਾ ਹੈ?

੨. ਪਰਮਾਤਮਾ ਪਾਸੋਂ ਸੱਚਾ ਕਿਸ ਤਰ੍ਹਾਂ ਹੋਈਦਾ ਹੈ?

੩. ਝੂਠੀ ਦੇਹੀ ਦੇ ਪਾਲਣ ਪੋਸਣ ਵਲੋਂ ਕਿਸ ਤਰ੍ਹਾਂ ਤੁਟੈ=ਹਟੇ?

੪. ਕੂੜੈ=ਅਵਿਦਿਆ ਦੀ ਪਾਲਿ=ਵੱਟ, ਪੜਦਾ, ਭੇਦ ਕਿਸ ਤਰ੍ਹਾਂ ਦੂਰ ਹੋਵੇ?

ਗੁਰੂ ਸਾਹਿਬ ਜੀ ਪਹਿਲੇ ਪ੍ਰਸ਼ਨ ਦਾ ਉੱਤਰ ਦੇਂਦੇ ਹਨ-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧॥

ਰਜਾਈ=ਪਰਮਾਤਮਾ ਦੇ ਹੁਕਮ ਅੰਦਰ ਚੱਲਣ ਕਰਕੇ ਸਚ ਰੂਪ ਹੋਈਂਦਾ ਹੈ।

ਵੇਦਾਂ ਸ਼ਾਸਤ੍ਰਾਂ ਦੇ ਅਸਲੀ ਸਿਧਾਂਤ ਅਨੁਸਾਰ ਜੋ ਚੱਲਣਾ ਹੈ, ਏਹੀ ਪਰਮਾਤਮਾ ਦਾ ਹੁਕਮ ਮੰਨਣਾ ਹੈ। ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਅਰਜਨ ਦੇ ਭਾਈਂ ਉਪਦੇਸ਼ ਦੇਂਦਿਆਂ ਕਿਹਾ ਹੈ-

"ਸੁਰਤੀ ਸਿਮ੍ਰੁਤੀ ਮਮੱਈਵ ਆਗਿਆ॥

ਦੂਜੇ ਪ੍ਰਸ਼ਨ ਦਾ ਉੱਤਰ-

ਪਰਮਾਤਮਾ ਨੇ ਮੱਥੇ ਉਤੇ ਜੋ ਲੇਖ ਲਿਖ ਦਿੱਤਾ ਹੈ, ਉਹ ਮੇਰੇ ਨਾਲ ਹੀ ਹੈ। ਉਹ ਮੈਨੂੰ ਅਵੱਸ਼ ਮਿਲ ਜਾਣਾ ਹੈ।

"ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ॥" [ਮਾਰੂ ਵਾਰ, ਪੰਨਾ ੧੦੯੧]

ਇਸ ਤਰ੍ਹਾਂ ਸਮਝਣ ਨਾਲ ਝੂਠੀ ਦੇਹ ਦੇ ਪਾਲਣ ਪੋਸਣ ਵਲੋਂ ਹਟ ਜਾਂਦਾ ਹੈ।

ਸਾਖੀ-ਭਾਈ ਸਹਿਜ ਰਾਮ ਜੀ ਦੀ

ਸਹਿਜ ਰਾਮ ਜੀ ਨਾਮ ਕਰ ਕੇ ਇਕ ਮਹਾਤਮਾ ਸਤਿਸੰਗਤ ਵਿਚ ਬੈਠੇ ਕਥਾ ਸੁਣ ਰਹੇ ਸਨ। ਕਥਾ ਵਿਚ ਇਹ ਪ੍ਰਸੰਗ ਆਇਆ ਕਿ ਪ੍ਰਾਣੀ ਨੂੰ ਡੋਲਣਾ ਨਹੀਂ ਚਾਹੀਦਾ, ਵਾਹਿਗੁਰੂ ਪਰ ਪੂਰਨ ਭਰੋਸਾ ਰੱਖਣਾ ਚਾਹੀਦਾ ਹੈ। ਉਹ ਪਰਮਾਤਮਾ ਹਰ ਜਗ੍ਹਾ ਰਿਜ਼ਕ ਪਹੁੰਚਉਂਦਾ ਹੈ ਅਤੇ ਦੰਦ ਭੰਨ ਕੇ ਵੀ ਖੁਆਉਂਦਾ ਹੈ।

ਯਥਾ—"ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ॥" [ਪੰਨਾ ੯੫੯]

ਤਥਾ—"ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥ ੩॥ ੩॥" [ਪੰਨਾ ੪੮੬]

ਤੀਜੇ ਪ੍ਰਸ਼ਨ ਦਾ ਉਤਰ-

ਹੁਕਮਿ ਰਜਾਈ ਚਲਣਾ

ਪਰਮਾਤਮਾ ਚਾਹੇ ਦੁੱਖ ਦੇਵੇ ਚਾਹੇ ਸੁਖ ਦੇਵੇ, ਜੀਵ ਨੂੰ ਚਾਹੀਦਾ ਹੈ ਉਸ ਦੇ ਹੁਕਮ ਅੰਦਰ ਰਜਾਈ=ਰਾਜ਼ੀ ਬਾਜ਼ੀ [ਪ੍ਰਸੰਨ] ਹੋ ਕੇ ਚੱਲਣਾ ਕਰੇ। ਦੁੱਖਾਂ ਵਿਚ ਘਬਰਾਏ ਨਾ, ਸੁੱਖਾਂ ਵਿਚ ਆਕੜੇ ਨਾ ਤਾਂ ਪਰਮਾਤਮਾ ਪਾਸੋਂ ਸੱਚਾ ਹੋਈਂਦਾ ਹੈ।

ਚੌਥੇ ਪ੍ਰਸ਼ਨ ਦਾ ਉੱਤਰ-

ਨਾਨਕ ਲਿਖਿਆ ਨਾਲਿ॥ ੧॥

ਸਤਿਗੁਰ ਦੇਵ ਜੀ ਆਖਦੇ ਹਨ-ਹੇ ਸਿੱਧੋ! ਵੇਦਾਂ ਸ਼ਾਸਤ੍ਰਾਂ ਵਿਚ ਜੋ ਨਾਲਿ=ਪ੍ਰਨਾਲਕਾ ਲਿਖੀ ਹੈ ਉਸ ਅਨੁਸਾਰ ਚੱਲਣ ਕਰ ਕੇ ਅਵਿਦਿਆ ਦੀ ਪਾਲਿ=ਵੱਟ ਦੂਰ ਹੁੰਦੀ ਹੈ।

ਹੁਣ ਪ੍ਰਨਾਲਿਕਾ ਸੁਣੋ-

ਅੰਤਹਕਰਨ ਵਿਚ ਤਿੰਨ ਦੋਸ਼ ਹਨ-੧. ਮਲ ੨. ਵਿਖੇਪ, ੩. ਆਵਰਨ।

ਨਿਸ਼ਕਾਮ ਕਰਮਾਂ ਦ੍ਵਾਰਾ ਮਲ ਦੋਸ਼ ਦੂਰ ਕਰੇ, ਉਪਾਸ਼ਨਾ ਦ੍ਵਾਰਾ ਵਿਖੇਪ ਦੋਸ਼ ਦੂਰ ਕਰੇ। ਫਿਰ ਵੈਰਾਗ, ਬਿਵੇਕ, ਖਟ ਸੰਪਤੀ, ਮੋਖ ਇੱਛਾ ਸਹਿਤ ਹੋ ਕੇ ਸ੍ਰਵਨ, ਮੰਨਣ ਨਿਧਿਆਸਨ ਕਰਕੇ ਤੱਤ ਤ੍ਵੰ ਦਾ ਸੰਸ਼ੋਧਨ ਕਰੇ ਤਾਂ ਬ੍ਰਹਮ ਗਿਆਨ ਹੁੰਦਾ ਹੈ।। ਏਸੇ ਨੂੰ ਪ੍ਰਨਾਲਕਾ ਕਥਨ ਕਰਦੇ ਹਨ। ਇਸ ਦੇ, ਕਰਨ ਨਾਲ ਆਵਰਨ=ਅਵਿਦਿਆ ਦਾ ਪੜਦਾ ਦੂਰ ਹੋ ਜਾਂਦਾ ਹੈ।

੨. ਅਥਵਾ-ਵੇਦਾਂ ਸ਼ਾਸਤ੍ਰਾਂ ਵਿਚ ਇਹ ਪ੍ਰਨਾਲਕਾ ਭੀ ਲਿਖੀ ਹੈ ਕਿ-

"੨੫ ਸਾਲ ਤਕ ਬ੍ਰਹਮਚਰਜ ਧਾਰੇ। ੫੦ ਸਾਲ ਤਕ ਗ੍ਰਿਹਸਤ ਆਸ਼੍ਰਮ ਕਰੇ ੭੫ ਤੱਕ ਬਾਨ ਪ੍ਰਸਤ ਉਪ੍ਰੰਤ ਸੰਨਿਆਸ ਧਾਰੇ।"

ਪ੍ਰੰਤੂ ਗੁਰਮੱਤਿ ਅਨੁਸਾਰ ਪ੍ਰਨਾਲਕਾ ਇਸ ਪ੍ਰਕਾਰ ਕਥਨ ਕੀਤੀ ਹੈ। ਯਥਾ

ਮ: ੪॥ *"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਇ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ੨॥"

[ਗਉੜੀ ਕੀ ਵਾਰ, ਪੰਨਾ ੩੦੫]

ਸਿੱਧਾਂ ਆਖਿਆ, ਜਿਸ ਦਾ ਪੜਦਾ ਦੂਰ ਹੋਇਆ ਹੈ, ਉਸ ਦੀ ਨਿਗਾਹ ਕਿਸ ਤਰ੍ਹਾਂ ਦੀ ਹੈ?

ਗੁਰ ਉੱਤਰ-

ਨਾਨਕ ਲਿਖਿਆ ਨਾਲਿ॥ ੧॥

ਨ+ਅਨਿਕ=ਦ੍ਵੈਤ ਭਾਵ ਜਿਸ ਵਿਖੇ ਨਹੀਂ ਹੈ।

ਯਥਾ—'ਅਨਿਕ ਰਹਿਤ ਪ੍ਰਮਾਤਮ ਜੋਈ॥ ਨਾਨਕ ਨਾਮ ਕਹਾਵੈ ਸੋਈ॥'

ਐਸਾ ਜੋ ਦ੍ਵੈਤ ਭਾਵ ਤੋਂ ਰਹਿਤ ਵਾਹਿਗੁਰੂ ਹੈ ਜਿਸ ਦਾ ਵੇਦਾਂ ਸ਼ਾਸਤ੍ਰਾਂ ਵਿਚ ਜਸ ਲਿਖਿਆ ਹੋਇਆ ਹੈ ਉਸ ਨੂੰ ਆਪਣੇ ਨਾਲ ਹੀ ਨਿਸਚੇ ਕਰਦਾ ਹੈ।

'ਸੋਚੈ ਸੋਚਿ ਨ ਹੋਵਈ ਤੋਂ ਲੈ ਕੇ ਨਾਨਕ ਲਿਖਿਆ ਨਾਲਿ॥ ੧॥ ਤੱਕ ਪਹਿਲੀ ਪੌੜੀ ਦੇ ੧੦੨ ਅੱਖਰ ਹਨ।

ਦੂਸਰੀ ਪਉੜੀ

ਪੁਨਾ-ਸਿੱਧਾਂ ਨੇ ਆਖਿਆ, ਜਿਸ ਪਰਮਾਤਮਾ ਦਾ ਜਸ ਵੇਦਾਂ ਸ਼ਾਸਤ੍ਰਾਂ ਵਿਚ ਲਿਖਿਆ ਹੋਇਆ ਹੈ ਉਸ ਦਾ ਹੁਕਮ ਕਿਤਨਾ ਕੁ ਹੈ?

[ਪੰਗਤੀ ਅੰਨਵੇ ਲਾਉਣੀ ਹੈ, ਧਿਆਨ ਰੱਖਣਾ]

ਗੁਰ ਉੱਤਰ-

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਉਸ ਪਰਮਾਤਮਾ ਦਾ ਸਮੱਗਰ ਹੁਕਮ ਕੁਝ ਕਥਨ ਨਹੀਂ ਕੀਤਾ ਜਾਂਦਾ ਜੋ ਕਿਤਨਾਂ ਕੁ ਹੈ।

ਯਥਾ—"ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ॥"

[ਸਾਰੰਗ ਵਾਰ, ਪੰਨਾ ੧੨੪੧]

ਸਿੱਧਾਂ ਆਖਿਆ-ਕੁਝ ਸਮਝਾਉਣ ਵਾਸਤੇ ਤਾਂ ਕਹੋ। ਗੁਰ ਉੱਤਰ-

ਹੁਕਮੀ ਹੋਵਨਿ ਆਕਾਰ

੨. ਹੁਕਮੀ=ਪਰਮਾਤਮਾ ਦੇ ਹੁਕਮ ਵਿਚ

ਅ=ਵਿਸ਼ਨੂੰ ਕਾ=ਕਰਤਾ-ਬ੍ਰਹਮਾ ਰ=ਰੁਦ੍ਰ-ਸ਼ਿਵਜੀ

੩. ਵਿਸ਼ਨ ਪੁਰੀ, ਬ੍ਰਹਮ ਪੁਰੀ, ਸ਼ਿਵ ਪੁਰੀ ਇਤਆਦਿਕ ਪੁਰੀਆਂ ਦੇ ਅਕਾਰ ਹੋਏ ਹਨ।

੪. ਇਨ੍ਹਾਂ ਦੇਵਤਿਆਂ ਦੇ ਜੋ ਉਪਾਸ਼ਕ ਹਨ, ਉਨ੍ਹਾਂ ਦੇ ਅਕਾਰ ਹੋਏ ਹਨ।

੫. ਹੁਕਮੀ=ਪਰਮਾਤਮਾ ਦੇ ਹੁਕਮ ਅਨੁਸਾਰ ਮਾਤਾ ਦੇ ਪੇਟ ਵਿਚ ਦੇਹਾਂ ਦੇ ਆਕਾਰ ਹੁੰਦੇ ਹਨ।

ਯਥਾ—"ਹੁਕਮੀ ਸਗਲ ਕਰੇ ਆਕਾਰ॥ ਆਪੇ ਜਾਣੈ ਸਰਬ ਵੀਚਾਰ॥"

[ਮਾਝ ਵਾਰ, ਪੰਨਾ ੧੫੦]

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

ਫਿਰ ਛੇ ਮਹੀਨੇ ਉਪ੍ਰੰਤ ਹੁਕਮੀ=ਪਰਮਾਤਮਾ ਦੇ ਹੁਕਮ ਕਰਕੇ ਉਨ੍ਹਾਂ ਪੁਤਲਿਆਂ ਵਿਚ ਜੀਵ ਪੈਦਾ ਹੁੰਦੇ ਹਨ, ਓਸੇ ਪਰਮਾਤਮਾ ਦੇ ਹੁਕਮ ਨਾਲ ਹੀ ਜੀਵਾਂ ਨੂੰ ਵਡਿਆਈ ਮਿਲਦੀ ਹੈ।

ਹੁਕਮੀ ਉਤਮੁ ਨੀਚੁ

੧. ਪਰਮੇਸ਼ਰ ਦੇ ਹੁਕਮ ਨਾਲ ਹੀ ਕੋਈ ਉੱਤਮ ਤੇ ਕੋਈ ਨੀਚ ਹੁੰਦਾ ਹੈ।

੨. ਉਸ ਦੇ ਹੁਕਮ ਨਾਲ ਹੀ ਉੱਤਮਾਂ ਤੋਂ ਨੀਚ ਤੇ ਨੀਚਾਂ ਤੋਂ ਕੋਈ ਉੱਤਮ ਹੁੰਦੇ ਹਨ।

"ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ ੧॥ *[ਪੰਨਾ ੧੧੦੬]*

ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਉਸ ਦੇ ਹੁਕਮ ਅੰਦਰ ਹੀ ਮੱਥੇ ਦੇ ਲੇਖਾਂ ਅਨੁਸਾਰ ਕਈ ਆਦਮੀ ਦੁੱਖ ਅਤੇ ਕਈ ਸੁਖ ਪਾਉਂਦੇ ਹਨ।

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥

ਇਕਨਾਂ ਜੀਵਾਂ ਨੂੰ, ਉਸ ਦੇ ਹੁਕਮ ਨਾਲ ਰਾਜ-ਭਾਗ ਦੀਆਂ ਬਖਸ਼ਸ਼ਾਂ ਪ੍ਰਾਪਤ ਹੁੰਦੀਆਂ ਹਨ।

ਉਸ ਪਰਮਾਤਮਾ ਦੇ ਹੁਕਮ ਨਾਲ ਇਕ ਮਨਮੁਖ ਹਮੇਸ਼ਾਂ ਚੌਰਾਸੀ ਲੱਖ ਜੂਨ ਦੇ ਜਨਮ ਮਰਨ ਰੂਪ ਚੱਕਰ ਵਿਚ ਭਵਾਏ ਜਾਂਦੇ ਹਨ।

ਅਥਵਾ—ਉਪਜੀਵਕਾ ਵਾਸਤੇ ਦਰ-ਦਰ ਉਤੇ ਫਿਰਾਏ ਜਾਂਦੇ ਹਨ।

ਸਿੱਧਾਂ ਆਖਿਆ, ਉਸ ਦੇ ਹੁਕਮ ਤੋਂ ਬਾਹਰ ਭੀ ਕੋਈ ਹੈ। ਗੁਰ ਉੱਤਰ-

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥

ਸਭ ਕੋਈ ਜੀਵ ਉਸ ਪ੍ਰਮਾਤਮਾ ਦੇ ਹੁਕਮ ਵਿਚ ਹਨ, ਹੁਕਮ ਤੋਂ ਬਾਹਰ ਕੋਈ ਭੀ ਨਹੀਂ।

ਯਥਾ—"ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ॥ ੮॥ ੪॥"

[ਸਿਰੀ ਰਾਗੁ ਮਹਲਾ ੧, ਪੰਨਾ ੫੫]

ਤਥਾ—"ਹੁਕਮਿ ਉਛਲੈ ਹੁਕਮੇ ਰਹੈ॥ ਹੁਕਮੇ ਦੁਖੁ ਸੁਖੁ ਸਮ ਕਰਿ ਸਹੈ॥
ਹੁਕਮੈ ਨਾਮੁ ਜਪੈ ਦਿਨੁ ਰਾਤਿ॥ ਨਾਨਕ ਜਿਸਨੋ ਹੋਵੈ ਦਾਤਿ॥
ਹੁਕਮਿ ਮਰੈ ਹੁਕਮੇ ਹੀ ਜੀਵੈ॥ ਹੁਕਮੇ ਨਾਨ੍ਹਾ ਵਡਾ ਥੀਵੈ॥
ਹੁਕਮੇ ਸੋਗ ਹਰਖ ਆਨੰਦ॥ ਹੁਕਮੇ ਜਪੈ ਨਿਰੋਧਰ ਗੁਰ ਮੰਤ॥
ਹੁਕਮੇ ਆਵਣੁ ਜਾਣੁ ਰਹਾਏ॥ ਨਾਨਕ ਜਾ ਕਉ ਭਗਤੀ ਲਾਏ॥ ੨॥"

[ਰਾਮਕਲੀ ਕੀ ਵਾਰ ਦੂਜੀ, ਪੰਨਾ ੯੬੨]

ਸਿੱਧਾਂ ਆਖਿਆ, ਜਿਸ ਤਰ੍ਹਾਂ ਇਕ ਪਿਤਾ ਦੇ ਪੰਜੇ ਪੁੱਤਰ ਆਗਿਆਕਾਰੀ ਹੋਣ ਤਾਂ ਪਿਤਾ ਸਾਰਿਆਂ ਉਤੇ ਇਕੋ ਜੇਹੀ ਨਿਗਾਹ ਰੱਖ ਕੇ ਇਕੋ ਜੇਹੇ ਹਿੱਸੇ ਵੰਡ ਕੇ ਦੇਂਦਾ ਹੈ ਵਿਖਮ ਦ੍ਰਿਸ਼ਟੀ ਨਹੀਂ ਕਰਦਾ।

ਇਸੇ ਤਰ੍ਹਾਂ ਜੇ ਪਰਮਾਤਮਾ ਦੇ ਹੁਕਮ ਅੰਦਰ ਸਾਰੇ ਜੀਵ ਹਨ ਤਾਂ ਪਰਮਾਤਮਾ ਕਿਸੇ ਨੂੰ ਦੁੱਖ ਸੁੱਖ ਕਿਉਂ ਦੇਂਦਾ ਹੈ?

ਗੁਰੂ ਜੀ ਨੇ ਕਿਹਾ ਹੇ ਸਿੱਧੋ! ਉਹ ਪਰਮਾਤਮਾ ਜੀਵਾਂ ਨੂੰ ਦੁੱਖ ਸੁੱਖ ਕਰਮਾਂ ਅਨੁਸਾਰ ਦੇਂਦਾ ਹੈ।

ਦੂਜਾ ਕਾਰਨ ਇਹ ਭੀ ਹੈ-ਇਹ ਜੀਵ ਪਰਮਾਤਮਾ ਦੇ ਹੁਕਮ ਨੂੰ ਪ੍ਰਸੰਨ ਹੋ ਕੇ ਨਹੀਂ ਮੰਨਦੇ, ਪਰਮਾਤਮਾ ਆਪਣੇ ਜ਼ੋਰ ਨਾਲ ਹੁਕਮ ਮਨਵਾਉਂਦਾ ਹੈ।

ਸਿੱਧਾਂ ਆਖਿਆ,ਅਸੀਂ ਸਮਝਦੇ ਹਾਂ ਜੀਵ ਆਪੇ ਉਸ ਦਾ ਹੁਕਮ ਮੰਨਦੇ ਹਨ।

ਗੁਰੂ ਜੀ ਨੇ ਕਿਹਾ, ਆਪਣੇ ਆਪ ਹੁਕਮ ਕੋਈ ਨਹੀਂ ਮੰਨਦਾ, ਕਾਰਜ ਦੁਆਰੇ ਕਾਰਨ ਦਾ ਅਨੁਮਾਨ ਹੁੰਦਾ ਹੈ। ਸੁਣੋ-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ੨॥

ਜੇਕਰ ਪ੍ਰਸੰਨ ਹੋ ਕੇ ਇਹ ਜੀਵ ਪਰਮਾਤਮਾ ਦੇ ਹੁਕਮ ਨੂੰ ਬੁੱਝਦਾ ਤਾਂ ਹੰਗਤਾ ਮਮਤਾ ਨੂੰ ਕੋਈ

ਨਾ ਕਹਿੰਦਾ। ਜਿਸ ਤੇ ਹੰਗਤਾ ਮਮਤਾ ਕਰ ਰਹੇ ਹਨ, ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਜੀਵ ਪ੍ਰਸੰਨ ਹੋ ਕੇ ਹੁਕਮ ਨਹੀਂ ਮੰਨਦੇ।

-ਦੂਜਾ ਅਰਥ-

ਪੁਨਾ-ਸਿੱਧਾਂ ਆਖਿਆ, ਪ੍ਰਮੇਸ਼ਰ ਦੇ ਹੁਕਮ ਮੰਨਣ ਅਤੇ ਨਾ ਮੰਨਣ ਵਾਲਿਆਂ ਨੂੰ ਕੀ ਫਲ ਹੁੰਦਾ ਹੈ? ਗੁਰ ਉੱਤਰ-

ਹੁਕਮੀ ਹੋਵਨਿ ਜੀਅ ਹੁਕਮੈ ਅੰਦਰਿ

ਜੋ ਜੀਵ ਹੁਕਮੀ=ਪਰਮਾਤਮਾ ਦੇ ਹੁਕਮ ਮੰਨਣ ਅੰਦਰ ਇਸਥਿਤ ਹੋਏ ਹਨ।

ਹੁਕਮੀ ਹੋਵਨਿ ਆਕਾਰ

ਉਹ ਜੀਵ ਹੁਕਮੀ=ਪਰਮਾਤਮਾ ਦਾ ਆਕਾਰ=ਸਰੂਪ ਹੋਏ ਹਨ।

"ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦॥"

[ਦਸਮ ਗ੍ਰੰਥ ਪੰਨਾ ੫੯]

ਹੁਕਮੁ ਨ ਕਹਿਆ ਜਾਈ॥

ਉਨ੍ਹਾਂ ਉਤੇ ਵੇਦਾਂ ਸ਼ਾਸਤ੍ਰਾਂ ਦਾ ਹੁਕਮ ਭਾਵ ਡੰਨ ਨਹੀਂ ਕਿਹਾ ਜਾਂਦਾ।

ਹੁਕਮਿ ਮਿਲੈ ਵਡਿਆਈ॥

ਜਿਹੜੇ ਪੁਰਸ਼ ਹੁਕਮੀ=ਪਰਮਾਤਮਾ ਦੇ ਹੁਕਮ ਨੂੰ ਮੰਨਦੇ ਹਨ ਉਨ੍ਹਾਂ ਨੂੰ ਵਡਿਆਈ ਮਿਲਦੀ ਹੈ।
ਜਿਹੜੇ ਹੁਕਮ ਨਹੀਂ ਮੰਨਦੇ, ਉਹਨਾਂ ਨੂੰ ਛੁਟਿਆਈ ਮਿਲਦੀ ਹੈ।

ਹੁਕਮੀ ਉਤਮੁ ਨੀਚੁ

ਜਿਹੜੇ ਪਰਮਾਤਮਾ ਦੇ ਹੁਕਮ ਨੂੰ ਮੰਨਦੇ ਹਨ, ਉਹ ਨੀਚਾਂ ਤੋਂ ਉੱਤਮ ਹੋ ਜਾਂਦੇ ਹਨ।

ਯਥਾ—"ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰੁ ਜਿਸੁ ਜਾਇ॥ ੧॥"

[ਸੂਹੀ ਮਹਲਾ ੪, ਪੰਨਾ ੭੩੩]

ਤਥਾ—ਜਿਸੁ ਨੀਚ ਕਉ ਕੋਈ ਨਾ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥ ੧॥

[ਆਸਾ ਮਹਲਾ ੫, ਪੰਨਾ ੩੮੬]

ਸਾਖੀ-ਭੀਲਣੀ ਦੀ

ਤ੍ਰੇਤੇ ਜੁਗ ਵਿਚ ਇਕ ਮਤੰਗ, ਨਾਮੇ ਸ਼ਾਂਤ ਆਤਮਾ, ਦੈਵੀ ਗੁਣ ਅਲੰਕ੍ਰਿਤ, ਮਹਾਤਮਾ ਹੋਏ ਹਨ, ਜਿਨ੍ਹਾਂ ਦੇ ਚੰਗੇ ਸੁਭਾਵ ਅਤੇ ਚੰਗੀ ਕਰਣੀ ਨੂੰ ਦੇਖ ਕੇ ਬਹੁਤ ਹੀ ਸਾਧੂ ਆਇਆ ਜਾਇਆ ਕਰਦੇ ਸਨ। ਬਲਕਿ ਕਈ ਸਾਧੂਆਂ ਦੀਆਂ ਟੋਲੀਆਂ ਉਨ੍ਹਾਂ ਦੇ ਪਾਸ ਹੀ ਰਿਹਾ ਕਰਦੀਆਂ ਸਨ। ਲੰਗਰ ਪਾਣੀ ਉਹ ਆਪ ਹੀ ਕੀਤਾ ਕਰਦੇ ਸਨ। ਉਨ੍ਹਾਂ ਸੰਤਾਂ ਦਾ ਜਦ 'ਭੀਲਣੀ' ਨੂੰ ਪਤਾ ਲੱਗਾ ਤਾਂ ਇਹ ਸਾਰਾ ਦਿਨ ਲੱਕੜਾਂ ਕੱਠੀਆਂ ਕਰਕੇ ਹਨੇਰੇ ਹਨੇਰੇ ਹੀ ਉਨ੍ਹਾਂ ਦੇ ਲੰਗਰ ਅਸਥਾਨ ਵਿਚ ਰੱਖ ਆਇਆ ਕਰੇ।

ਜਦ ਕੁਝ ਕੁ ਸਮਾਂ ਬੀਤਿਆਂ ਤਾਂ ਇਕ ਦਿਨ ਰਿਖੀਆਂ ਦੇ ਮਨ ਵਿਚ ਇਹ ਵਿਚਾਰ ਆਈ ਕਿ ਸਾਡੀ ਸੇਵਾ ਕਰ ਕੇ ਸਾਡੇ ਜਪ ਤਪ ਨੂੰ ਕੌਣ ਚੁਰਾਉਂਦਾ ਹੈ। ਜਿਤਨੀ ਕੁ ਕਮਾਈ ਅਸੀਂ ਕਰਦੇ ਹਾਂ,

ਉਹ ਤਾਂ ਲਕੜਾਂ ਸੁੱਟਣ ਵਾਲਾ ਹੀ ਲੈ ਜਾਂਦਾ ਹੈ। ਵਿਚਾਰ ਉਪ੍ਰੰਤ ਇਹ ਮਤਾ ਪਾਸ ਕੀਤਾ ਕਿ ਰਾਤ ਨੂੰ ਜਾਗ ਕੇ ਸਾਰੇ ਚਾਰ ਚੁਫੇਰੇ ਪਹਿਰਾ ਦਿਓ।

ਪਹਿਰਾ ਦੇਣ ਨਾਲ ਉਹ ਨੀਚ ਜ਼ਾਤ ਵਾਲੀ ਭੀਲਣੀ ਫੜੀ ਗਈ। ਸੰਤਾਂ ਨੇ ਫੜ ਕੇ ਉਸ ਨੂੰ ਮਤੰਗ ਰਿਖੀ ਜੀ ਦੇ ਸਾਹਮਣੇ ਕਰ ਦਿੱਤਾ ਕਿ ਇਹ ਸਾਡਾ ਚੋਰ ਹੈ ਜੋ ਲੱਕੜਾਂ ਸੁੱਟ ਕੇ ਸਾਡੇ ਜਪ ਤਪ ਵਿਚ ਘਾਟਾ ਪਾਉਂਦਾ ਹੈ।

'ਮਤੰਗ' ਰਿਖੀ ਜੀ ਨੇ ਪੁੱਛਿਆਂ, "ਤੂੰ ਕਿਸ ਮਨੋਰਥ ਨੂੰ ਲੈ ਕੇ ਸੰਤਾਂ ਦੀ ਸੇਵਾ ਕਰਦੀ ਹੈਂ?"

ਭੀਲਣੀ ਨੇ ਕਿਹਾ-"ਸੰਤ ਜੀ! ਮੇਰੇ ਮਨ ਵਿਖੇ ਕੋਈ ਸੰਕਲਪ ਨਹੀਂ ਹੈ, ਮੈਂ ਨਿਰ-ਚਾਹ ਹੋ ਕੇ ਆਪ ਜੀ ਦੀ ਸੇਵਾ ਕਰ ਰਹੀ ਹਾਂ।"

ਇਹ ਗੱਲ ਸੁਣ ਕੇ 'ਮਤੰਗ' ਰਿਖੀ ਜੀ ਬਹੁਤ ਪ੍ਰਸੰਨ ਹੋਏ। ਚੇਲਿਆਂ ਨੂੰ ਆਖਦੇ ਹਨ-ਹੇ ਭਾਈ! ਦੇਖੋ ਜ਼ਾਤੀ ਇਸ ਦੀ ਕੀ ਹੈ ਅਤੇ ਸੇਵਾ ਕਰਨ ਦੀ ਕਿਤਨੀ ਚਾਹ ਹੈ।

ਭੀਲਣੀ ਦੀ ਸੇਵਾ ਪਰ ਪ੍ਰਸੰਨ ਹੋ ਕੇ ਮਤੰਗ ਰਿਖੀ ਜੀ ਨੇ ਉਸ ਨੂੰ ਰਾਮ ਨਾਮ ਦਾ ਉਪਦੇਸ਼ ਦੇ ਕੇ ਆਖਿਆ ਕਿ ਸੇਵਾ ਦੇ ਨਾਲ ਇਸ ਦਾ ਜਾਪ ਭੀ ਕੀਤਾ ਕਰ।

ਇਹ ਉਪਦੇਸ਼ ਵਾਲੀ ਗੱਲ ਸੁਣਕੇ ਬਾਕੀ ਦੇ ਸਾਧੂਆਂ ਨੇ ਬੜਾ ਦੁੱਖ ਮਨਾਇਆ ਕਿ ਸਾਡੇ ਗੁਰਾਂ ਨੇ ਬੜਾ ਮਾੜਾ ਕੰਮ ਕੀਤਾ ਹੈ ਜੋ ਸ਼ਾਸਤ੍ਰ ਮਰਯਾਦਾ ਅਨੁਸਾਰ ਕੰਮ ਨਹੀਂ ਕੀਤਾ। ਨੀਚ ਜ਼ਾਤ ਵਾਲੀ ਭੀਲਣੀ ਨੂੰ ਉਪਦੇਸ਼ ਦੇ ਦਿੱਤਾ ਹੈ।

ਮਤੰਗ ਰਿਖੀ ਜੀ ਨੇ ਸਾਧੂਆਂ ਦੀ ਗੱਲ ਸੁਣੀ ਅਨ-ਸੁਣੀ ਕਰ ਛੱਡੀ ਤੇ ਭੀਲਣੀ ਨੂੰ ਸੇਵਾ ਕਰਨ ਦੀ ਆਗਿਆ ਭੀ ਦਿੱਤੀ ਰੱਖੀ। ਜਦ ਰਿਖੀ ਜੀ ਦਾ ਅੰਤਮ ਸਮਾਂ ਆ ਗਿਆ ਤਾਂ ਭੀਲਣੀ ਉਦਾਸ ਹੋ ਕੇ ਆਖਦੀ ਹੈ-ਸੁਆਮੀ ਜੀ! ਮੈਨੂੰ ਭੀ ਆਪਣੇ ਨਾਲ ਲੈ ਜਾਓ, ਦੁਨੀਆਂ ਵਿਚ ਜਿਉ ਕੇ ਕੀ ਕਰਨਾ ਹੈ।

ਰਿਖੀ ਜੀ ਨੇ ਕਿਹਾ, 'ਥੋਹੜੇ ਸਮੇਂ ਤੱਕ ਏਥੇ ਸ੍ਰੀ ਰਾਮ ਚੰਦਰ ਜੀ ਨੇ ਆਉਣਾ ਹੈ, ਤੂੰ ਉਨ੍ਹਾਂ ਦਾ ਦਰਸ਼ਨ ਕਰਕੇ ਸੇਵਾ ਦਾ ਲਾਭ ਪ੍ਰਾਪਤ ਕਰੀਂ।'

ਇਹ ਗੱਲ ਆਖ ਕੇ 'ਮਤੰਗ' ਰਿਖੀ ਜੀ ਆਪਣੇ ਚੋਲੇ ਨੂੰ ਛੱਡ ਗਏ। ਪਿਛੋਂ ਸਾਧੂਆਂ ਨੇ ਭੀਲਣੀ ਨੂੰ ਆਪਣੀ ਸੇਵਾ ਤੋਂ ਮਨ੍ਹਾ ਕਰ ਦਿੱਤਾ। ਇਸ ਨੇ ਫਿਰ ਵੀ ਸੰਤਾਂ ਦੀ ਸੇਵਾ ਦਾ ਹੋਰ ਹੀ ਢੰਗ ਸੋਚ ਲਿਆ। ਕੁਟੀਆ ਤੋਂ ਚੱਲ ਕੇ ਪੰਪਾ ਸਰ ਜਾ ਕੇ ਉਹ ਸਾਧੂ ਇਸ਼ਨਾਨ ਕਰਦੇ ਹੁੰਦੇ ਸਨ, ਉਸ ਰਾਹ ਵਿਚ ਇਸ ਨੇ ਝਾੜੂ ਫੇਰਨਾ ਸ਼ੁਰੂ ਕਰ ਦਿੱਤਾ। ਸਾਧੂਆਂ ਦੇ ਉੱਠਣ ਤੋਂ ਪਹਿਲਾਂ ਹੀ ਇਸ ਨੇ ਝਾੜੂ ਫੇਰ ਕੇ ਵੇਹਲਿਆਂ ਹੋ ਜਾਣਾ। ਸਾਧੂ ਸਾਰੇ ਰਾਹ ਦੀ ਸਫਾਈ ਵੇਖ ਕੇ ਹੈਰਾਨ ਹੋਣ ਕਿ ਹੁਣ ਰਾਹ ਵਿਚ ਝਾੜੂ ਕੌਣ ਫੇਰ ਜਾਂਦਾ ਹੈ?

ਫੇਰ ਇਕ ਰਾਤ ਜਾਗ ਕੇ ਪਹਿਰਾ ਦਿੱਤਾ! ਤਦ ਵੀ ਝਾੜੂ ਦੇਂਦੀ ਹੋਈ ਭੀਲਣੀ ਫੜੀ ਗਈ ਤੇ ਚੰਗੀ ਤਰ੍ਹਾਂ ਇਸ ਨੂੰ ਮਾਰਿਆ ਕੁੱਟਿਆ ਤੇ ਇਸ ਤਰ੍ਹਾਂ ਆਖਿਆ ਕਿ 'ਨੀਚਣੀ ਹੋ ਕੇ ਸਾਡੇ ਚੱਲਣ ਵਾਲੇ ਰਸਤੇ ਨੂੰ ਝਾੜੂ ਫੇਰ ਕੇ ਭ੍ਰਿਸ਼ਟ ਕਰ ਦੇਂਦੀ ਹੈਂ। ਤੈਨੂੰ ਇਹ ਅਕਲ ਕਿਸ ਦਿੱਤੀ ਹੈ, ਚਲੀ ਜਾਹ ਇਥੋਂ, ਮੁੜ ਕੇ ਝਾੜੂ ਨ ਕਰੀਂ।

ਧੰਨ ਭੀਲਣੀ ਸੀ ਜੋ ਅਗੋਂ ਚੁੱਪ ਚਾਪ ਰਹੀ, ਸਗੋਂ ਹੱਥ ਜੋੜ ਕੇ ਮਾਫੀ ਮੰਗੀ। ਉਸ ਦੇ ਸਬਰ

ਦਾ ਸਾਧੂਆਂ ਨੂੰ ਇਹ ਫਲ ਮਿਲਿਆ ਕਿ ਜਦ 'ਪੰਪਾਸਰ'* ਪਰ ਇਸ਼ਨਾਨ ਕਰਨ ਗਏ ਤਾਂ ਕੀ ਵੇਖਦੇ ਹਨ ਉਸ ਵਿਖੇ ਸਾਰੇ ਕੀੜੇ ਪਏ ਹਨ ਉਹ ਜਲ ਪੀਣ ਦੇ ਤੇ ਨਾ ਹੀ ਇਸ਼ਨਾਨ ਕਰਨ ਦੇ ਯੋਗ ਰਿਹਾ ਹੈ। ਸਾਧੂਆਂ ਦੇ ਚਿੱਤ ਵਿਖੇ ਬੜਾ ਦੁੱਖ ਹੋਇਆ। ਬਥੇਰਾ ਪਾਣੀ ਕੱਢਿਆ ਤਾਂ ਭੀ ਉਹ ਸ਼ੁੱਧ ਨਾ ਹੋਇਆ। ਫੇਰ ਹਮਨ ਵਗੈਰਾ ਕਰਵਾਏ ਤਾਂ ਭੀ ਉਸ ਸਰੋਵਰ ਦਾ ਜਲ ਸ਼ੁੱਧ ਨਾ ਹੋਇਆ।

ਇਤਨੇ ਨੂੰ ਉਸੇ ਜੰਗਲ ਵਿਚ ਸ੍ਰੀ ਰਾਮ ਚੰਦ੍ਰ ਜੀ ਆ ਵਿਚਰੇ। ਪਤਾ ਲੱਗਣ ਪਰ ਸਭ ਸਾਧੂਆਂ ਨੇ ਆਪੋ ਆਪਣੀਆਂ ਕੁਟੀਆ ਸਵਾਰ ਰੱਖੀਆਂ। ਇਕ ਆਖਦਾ ਹੈ,'ਮੇਰੀ ਕੁਟੀਆ ਵਿਚ ਰਾਮ ਜੀ ਆਉਣਗੇ।' ਦੂਜਾ ਆਖੇ 'ਮੇਰੀ ਕੁਟੀਆਂ ਵਿਚ ਆਉਣਗੇ।' ਤੀਜਾ ਆਖਦਾ ਹੈ,'ਮੇਰੀ ਕੁਟੀਆ ਵਿਚ ਆਉਣਗੇ।' ਪ੍ਰੰਤੂ ਰਾਮ ਜੀ ਕਿਸੀ ਸੰਤ ਦੀ ਕੁਟੀਆ ਵਿਚ ਨਾ ਗਏ। ਪ੍ਰੇਮ ਵਸ ਹੋਏ ਇਸ ਭੀਲਣੀ ਦੇ ਘਰ ਵਿਚ ਚਲੇ ਗਏ ਤੇ ਉਸ ਪਾਸੋਂ ਜਾ ਕੇ ਜੂਠੇ ਬੇਰ ਖਾਧੇ। ਬੇਰ ਖਾ ਕੇ ਬਹੁਤ ਹੀ ਪ੍ਰਸੰਨ ਹੋਏ ਤੇ ਇਸ ਤਰ੍ਹਾਂ ਪਿਆਰ ਭਰੇ ਬਚਨ ਕਹਿਣ ਲੱਗੇ, 'ਹੇ ਸ਼ਵਰੀ! ਜਿਵੇਂ ਤੂੰ ਪ੍ਰੇਮ ਨਾਲ ਛਕਾਏ ਹਨ ਐਸੇ ਕਿਸੀ ਨੇ ਨਹੀਂ ਛਕਾਏ, ਜਾਹ ਤੂੰ ਨਿਹਾਲ ਹੋ।'

ਇਹ ਵਰ ਦੇ ਰਹੇ ਸਨ ਕਿ ਇਤਨੇ ਨੂੰ ਸਾਧੂ ਆਣ ਪਹੁੰਚੇ। ਚਰਨਾਂ ਪਰ ਨਮਸ਼ਕਾਰ ਕਰਕੇ ਆਖਦੇ ਹਨ, ਅਸੀਂ ਆਪ ਜੀ ਵਾਸਤੇ ਕੁਟੀਆ ਸਵਾਰ ਰੱਖੀਆਂ ਹਨ, ਆਪ੍ ਜੀ ਨੇ ਦਰਸ਼ਨ ਨਹੀਂ ਦਿੱਤੇ।

ਤਾਂ ਰਾਮ ਜੀ ਨੇ ਕਿਹਾ, 'ਆਓ'! ਕਿਸ ਤਰ੍ਹਾਂ ਆਏ ਹੋ?'

ਸਾਧੂਆਂ ਨੇ ਕਿਹਾ, 'ਪੰਪਾ ਸਰ ਵਿਖੇ ਕੀੜੇ ਪੈ ਗਏ ਹਨ, ਉਸ ਦਾ ਜਲ ਸ਼ੁੱਧ ਕਰਨ ਵਾਸਤੇ ਆਪ ਜੀ ਪਾਸ ਆਏ ਹਾਂ, ਆਪ ਕਿਰਪਾ ਕਰੋ।'

ਰਾਮ ਚੰਦਰ ਜੀ ਨੇ ਕਿਹਾ-'ਤੁਸੀਂ ਵੱਡੇ ਵੱਡੇ ਮਹਾਂ ਤਪੱਸ੍ਵੀ ਲੋਕ ਹੋ ਤੁਸੀਂ ਆਪਣੇ ਚਰਨਾਂ ਦਾ ਧੋ ਕੇ ਜਲ ਪਾਓ, ਸ਼ਾਇਦ ਪਵਿੱਤਰ ਹੋ ਜਾਵੇ।'

ਰਿਖੀਆਂ ਨੇ ਵੈਸੇ ਹੀ ਕੀਤਾ ਪਰ ਜਲ ਸ਼ੁੱਧ ਨਾ ਹੋਇਆ। ਫੇਰ ਰਾਮ ਚੰਦਰ ਜੀ ਨੇ ਆਪਣੇ ਚਰਨਾਂ ਦਾ ਜਲ ਪਾਇਆ ਤਾਂ ਭੀ ਪੰਪਾ ਸਰ ਦਾ ਜਲ ਪਵਿੱਤਰ ਨਾ ਹੋਇਆ।

ਪੁਨਾ-ਰਾਮ ਚੰਦਰ ਜੀ ਨੇ ਕਿਹਾ, 'ਹੁਣ ਭੀਲਣੀ ਦੇ ਚਰਨਾਂ ਨੂੰ ਧੋ ਕੇ ਉਹ ਜਲ ਪਾਓ, ਸ਼ਾਇਦ ਪੰਪਾ ਸਰ ਦਾ ਜਲ ਪਵਿੱਤਰ ਹੋ ਜਾਵੇ।'

ਰਿਖੀ ਜਲ ਤੋਂ ਬੜੇ ਔਖੇ ਸਨ, ਰਾਮ ਚੰਦਰ ਜੀ ਦਾ ਬਚਨ ਮੰਨ ਕੇ ਭੀਲਣੀ ਦੇ ਪੈਰ ਧੋਣ ਲਈ ਤਿਆਰ ਹੋ ਗਏ। ਦੇਖੋ! ਕਿਤੇ ਉਹ ਸਮਾਂ ਸੀ ਕਿ ਭੀਲਣੀ ਨੂੰ ਸਾਰਿਆਂ ਸਾਧੂਆਂ ਨੇ ਮਾਰਿਆ ਸੀ, ਹੁਣ ਇਹ ਵਕਤ ਆ ਗਿਆ ਕਿ ਉਨ੍ਹਾਂ ਹੀ ਸਾਧੂਆਂ ਨੂੰ ਭੀਲਣੀ ਦੇ ਪੈਰ ਧੋਣੇ ਪੈ ਗਏ। ਜਦ ਪਾਣੀ ਦਾ ਗੜਵਾ ਲੈ ਕੇ ਪੈਰ ਧੋਣ ਲੱਗੇ ਤਾਂ ਭੀਲਣੀ ਨੇ ਬੇਨਤੀ ਕੀਤੀ, ਪ੍ਰਭੂ ਜੀ! ਇਨ੍ਹਾਂ ਸਾਧੂਆਂ ਪਾਸੋਂ ਮੈਂ ਨੀਚਣੀ ਦੇ ਪੈਰ ਧੁਆ ਕੇ ਮੇਰੇ ਸਿਰ ਭਾਰ ਨਾ ਚੜ੍ਹਾਓ। ਆਪ ਜੀ ਦਾ ਹੁਕਮ ਹੋਵੇ ਤਾਂ ਮੈਂ ਆਪ ਹੀ ਧੋ ਕੇ ਪਾ ਦੇਂਦੀ ਹਾਂ।

ਸ੍ਰੀ ਰਾਮ ਚੰਦਰ ਜੀ ਨੇ ਕਿਹਾ, 'ਚੰਗਾ ਤੂੰ ਆਪ ਹੀ ਪੈਰ ਧੋ ਕੇ ਜਲ ਪਾ ਦੇਹ।' ਜਿਸ ਵੇਲੇ ਭੀਲਣੀ ਨੇ

---

*ਪੰਪਾ ਸਰ-ਪੰਪਾ ਨਦੀ ਦੇ ਕਿਨਾਰੇ ਇਕ (ਸਰ) ਝੀਲ, ਜਿਸ ਦੇ ਕਿਨਾਰੇ ਪਰ ਕੁਟੀਆ ਬਣਾ ਕੇ ਭੀਲਣੀ ਰਹਿੰਦੀ ਰਹੀ ਹੈ, ਏਥੇ ਹੀ ਸ੍ਰੀ ਰਾਮ ਚੰਦ੍ਰ ਜੀ ਮਹਾਰਾਜ ਗਏ ਸਨ। (ਮਹਾਨ ਕੋਸ਼)।

ਆਪਣੇ ਪੈਰ ਧੋ ਕੇ ਜਲ ਪਾਇਆ ਤਾਂ ਪੰਪਾ-ਸਰ ਦਾ ਜਲ ਓਸੇ ਵੇਲੇ ਸਾਫ ਹੋ ਗਿਆ। ਦੇਖੋ ਪ੍ਰਭੂ ਕਿਤਨਾ ਬੇਅੰਤ ਹੈ ਜੋ ਨੀਚਾਂ ਨੂੰ ਭੀ ਉਚ ਕਰ ਦੇਂਦਾ ਹੈ।

ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਪਰਮਾਤਮਾ ਦੇ ਹੁਕਮ ਨੂੰ ਜਿਹੜੇ ਮੰਨਦੇ ਹਨ, ਉਨ੍ਹਾਂ ਦੇ ਮੱਥੇ ਪਰ ਜੇ ਦੁੱਖ ਭੀ ਲਿਖੇ ਹੋਏ ਹੋਣ ਤਾਂ ਭੀ ਉਹ ਸੁਖ ਪਾਉਣਾ ਕਰਦੇ ਹਨ।

ਅਥਵਾ-ਜਿਹੜੇ ਹੁਕਮ ਮੰਨਦੇ ਹਨ, ਉਹ ਸੁਖ ਪਾਉਂਦੇ ਹਨ, ਜੋ ਹੁਕਮ ਨਹੀਂ ਮੰਨਦੇ ਉਹ ਦੁਖ ਭੋਗਦੇ ਹਨ।

ਇਕਨਾ ਹੁਕਮੀ ਬਖਸੀਸ

ਇਕਨਾ ਗੁਰਮੁਖਾਂ ਨੂੰ ਹੁਕਮੀ=ਪਰਮਾਤਮਾ ਦਾ ਹੁਕਮ ਮੰਨਣ ਕਰਕੇ ਭਗਤੀ, ਵੈਰਾਗ ਗਿਆਨ ਦ੍ਵਾਰਾ ਸ੍ਵੈ-ਸਰੂਪ ਦੀ ਬਖਸ਼ਸ਼ ਹੁੰਦੀ ਹੈ।

ਇਕਿ ਹੁਕਮੀ ਸਦਾ ਭਵਾਈਅਹਿ॥

ਇਕ ਮਨਮੁਖ ਜੋ ਪਰਮਾਤਮਾ ਦਾ ਹੁਕਮ ਨਹੀਂ ਮੰਨਦੇ, ਉਹ ਹਮੇਸ਼ਾਂ ਚੌਰਾਸੀ ਲੱਖ ਜੂਨੀਆਂ ਵਿਚ ਭਵਾਈਅਹਿ=ਫੇਰੇ ਜਾਂਦੇ ਹਨ।

ਯਥਾ—"ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ॥
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ॥
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥ ੨॥"

[ਮਾਰੂ ਮਹਲਾ ੧, ਪੰਨਾ ੯੯੨]

ਹੁਕਮੈ ਅੰਦਰਿ ਸਭੁ ਕੋ

ਪਰਮਾਤਮਾ ਦੇ ਹੁਕਮ ਅੰਦਰ ਰਹਿਣ ਕਰਕੇ ਸਭ ਕੋਈ ਮੱਥੇ ਟੇਕਦਾ ਹੈ ਅਤੇ ਸਾਰੇ ਦੁਨੀਆਂ ਦੇ ਪਦਾਰਥ ਮਿਲ ਜਾਂਦੇ ਹਨ ਫਿਰ ਸਾਰੇ ਸ਼ੁਭ-ਗੁਣ ਭੀ ਪ੍ਰਾਪਤ ਹੋ ਜਾਂਦੇ ਹਨ।

ਬਾਹਰਿ ਹੁਕਮ ਨ ਕੋਇ॥

ਪਰਮਾਤਮਾ ਦੇ ਹੁਕਮ ਤੋਂ ਬਾਹਰ ਹੋਣ ਕਰਕੇ ਨਾ ਕੋਈ ਮੱਥੇ ਟੇਕਦਾ ਹੈ, ਨਾ ਹੀ ਕੋਈ ਪਦਾਰਥ ਮਿਲਦਾ ਹੈ ਅਤੇ ਨਾ ਹੀ ਕੋਈ ਸ਼ੁਭ-ਗੁਣ ਪ੍ਰਾਪਤ ਹੁੰਦਾ ਹੈ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਇਹ ਜੀਵ ਜੇ ਪਰਮਾਤਮਾ ਦੇ ਹੁਕਮ ਨੂੰ ਮੰਨੇ ਤਾਂ ਹਉ=ਹੰਗਤਾ ਬੁਝ ਜਾਂਦੀ ਹੈ। ਜਾਂ ਹੰਗਤਾ ਦੂਰ ਹੋ ਜਾਵੇ ਤਾਂ ਫਿਰ ਮੈ=ਮਮਤਾ ਨੂੰ ਕੋਈ ਨਹੀਂ ਕਹਿੰਦਾ। ਹੰਗਤਾ ਤੇ ਮਮਤਾ ਇਹ ਦੋਨੋਂ ਹੀ ਦੁੱਖਾਂ ਦਾ ਕਾਰਨ ਹਨ। ਹੰਗਤਾ ਦੂਰ ਹੋ ਜਾਵੇ ਤਾਂ ਮਮਤਾ ਆਪੇ ਨਵਿਰਤ ਹੋ ਜਾਂਦੀ ਹੈ॥ ੨॥

ਯਥਾ— "ਕਹਤ ਨਾਨਕੁ ਹਉਮੈ ਕਹੈ ਨ ਕੋਇ॥
ਆਖਣੁ ਵੇਖਣੁ ਸਭੁ ਸਭੁ ਸਾਹਿਬ ਤੇ ਹੋਇ॥ ੪॥ ੨॥ ੧੪॥"

[ਬਸੰਤੁ ਮਹਲਾ ੩, ਪੰਨਾ ੧੧੭੯]

ਦੂਜੀ ਪੌੜੀ ਦੇ ੧੧੪ ਅੱਖਰ ਹਨ।

ਤੀਸਰੀ ਪਉੜੀ

ਫਿਰ ਸਿੱਧਾਂ ਆਖਿਆ,ਹੁਕਮ ਉਸਦਾ ਚੱਲਦਾ ਹੈ ਜਿਸ ਵਿਚ ਬਲ ਹੋਵੇ, ਉਸ ਪਰਮਾਤਮਾ ਵਿਚ ਕਿਤਨਾ ਕੁ ਬਲ ਹੈ? ਗੁਰ ਉੱਤਰ-

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥

ਜੇ ਕਿਸੇ ਵਿਚ ਬਲ ਹੋਵੇ ਤਾਂ ਉਹ ਉਸ ਦੇ ਤਾਣੁ=ਬਲ ਨੂੰ ਕਥਨ ਕਰ ਸਕੇ।

ਜੇ ਕਿਸੇ ਵਿਚ ਬਲ ਹੀ ਨਹੀਂ ਤਾਂ ਉਹ ਕਿਸ ਤਰ੍ਹਾਂ ਪਰਮੇਸ਼ਰ ਦੇ ਬਲ ਨੂੰ ਗਾ ਸਕਦਾ ਹੈ?

ਗਾਵੈ ਕੋ ਦਾਤਿ ਜਾਣੈ ਨੀਸਾਣੁ॥

ਨੀਸਾਣੁ=ਪ੍ਰਗਟ ਜੋ ਦਾਤਾਂ ਦੇ ਰਿਹਾ ਹੈ ਉਹ ਨਹੀਂ ਜਾਣੀਆਂ ਜਾਂਦੀਆਂ ਤੇ ਉਸ ਦੇ ਬਲ ਨੂੰ ਕੋ=ਕੌਣ ਗਾ ਸਕਦਾ ਹੈ?

ਗਾਵੈ ਕੋ ਗੁਣ ਵਡਿਆਈਆ ਚਾਰ॥*

ਉਸ ਦੇ ਗੁਣ ਤੇ ਚਾਰ=ਸੁੰਦਰ ਵਡਿਆਈਆਂ ਨਹੀਂ ਜਾਣੀਆਂ ਜਾਂਦੀਆਂ ਤੇ ਉਸ ਦੇ ਬਲ ਨੂੰ ਕੌਣ ਗਾ ਸਕਦਾ ਹੈ?

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਉਸਦੀਆਂ ਸੰਸਕ੍ਰਿਤ ਤੇ ਰਾਗ ਆਦਿਕ ਰਚੀਆਂ ਹੋਈਆਂ ਵਿਦਿਆ ਦਾ ਵਿਚਾਰ ਕਰਨਾ ਬੜਾ ਵਿਖਮੁ= ਕਠਨ ਹੈ, ਉਸਦੇ ਬਲ ਨੂੰ ਕੌਣ ਗਾ ਸਕਦਾ ਹੈ?

ਗਾਵੈ ਕੋ ਸਾਜਿ ਕਰੇ ਤਨੁ ਖੇਹ॥

ਜੋ ਖੇਹ ਆਦਿ ਪੰਜਾਂ ਤੱਤਾਂ ਦੁਆਰਾ ਸਭ ਦੇ ਸਰੀਰਾਂ ਨੂੰ ਸਾਜਣਾ ਕਰਦਾ ਹੈ, ਉਸ ਦੇ ਬਲ ਨੂੰ ਕੌਣ ਗਾ ਸਕਦਾ ਹੈ?

ਗਾਵੈ ਕੋ ਜੀਅ ਲੈ ਫਿਰਿ ਦੇਹ॥

ਜਿਸਦੀ ਸੱਤਾ ਕਰਕੇ ਇਹ ਜੀਵ ਦੇਹੀ ਨੂੰ ਲਈ ਫਿਰਦਾ ਹੈ, ਉਸ ਦੇ ਬਲ ਨੂੰ ਕੌਣ ਗਾ ਸਕਦਾ ਹੈ? ਜਿਸ ਵੇਲੇ ਪਰਮੇਸ਼ਰ ਆਪਣੀ ਸੱਤਾ ਖਿੱਚ ਲੈਂਦਾ ਹੈ ਤਾਂ ਮੁਰਦੇ ਨੂੰ ਚਾਰ ਆਦਮੀ ਮਸਾਂ ਚੁੱਕ ਸਕਦੇ ਹਨ।

ਯਥਾ—"ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥"

[ਸਲੋਕ ਫਰੀਦ, ਪੰਨਾ ੧੧੮੩]

**ਨੋਟ-ਕਈ ਸੱਜਣ-ਗਾਵੈ ਕੋ ਗੁਣ ਵਡਿਆਈ ਆਚਾਰ॥ ਪਾਠ ਕਰਦੇ ਹਨ, ਪਰ ਠੀਕ ਨਹੀਂ।*

*ਸੰਪ੍ਰਦਾਇਕ ਪਾਠ-"**ਗਾਵੈ ਕੋ ਗੁਣ ਵਡਿਆਈਆ ਚਾਰ॥**" ਹੀ ਸ਼ੁੱਧ ਹੈ।*

ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥

ਜੋ ਪਰਮਾਤਮਾ ਜਾਪੈ=ਜਾਨਣੈ ਅਤੇ ਦਿਸਣੇ ਤੋਂ ਦੂਰ ਹੈ ਉਸ ਦੇ ਬਲ ਨੂੰ ਕੌਣ ਗਾ ਸਕਦਾ ਹੈ?

ਜੋ ਪ੍ਰਮਾਤਮਾ ਹਦੂਰਿ=ਪ੍ਰਪੰਚ ਵਿਚ ਸਭ ਨੂੰ ਆਪਣੇ ਹਾਜ਼ਰ ਵੇਖ ਰਿਹਾ ਹੈ, ਉਸ ਦੇ ਬਲ ਨੂੰ ਕੌਣ ਗਾ ਸਕਦਾ ਹੈ?

-ਦੂਜਾ ਅਰਥ-

ਸਿੱਧਾਂ ਆਖਿਆ, ਜੇ ਉਸ ਦੇ ਬਲ ਨੂੰ ਕੋਈ ਗਾਇਨ ਨਹੀਂ ਕਰ ਸਕਦਾ ਤਾਂ ਉਸ ਦੀ ਪ੍ਰਾਪਤੀ ਭੀ ਨਹੀਂ ਹੋਣੀ ਚਾਹੀਏ ਅਤੇ ਸਭ ਸਾਧਨ ਨਿਸਫਲ ਚਲੇ ਜਾਣਗੇ।

ਗੁਰੂ ਜੀ ਨੇ ਕਿਹਾ, ਸਾਡਾ ਇਹ ਤਾਤਪਰਯ ਨਹੀਂ ਕਿ ਉਸ ਦੇ ਬਲ ਕੋਈ ਗਾਇਨ ਹੀ ਨਹੀਂ ਕਰ ਸਕਦਾ।

ਸਾਡਾ ਤਾਤਪਰਯ ਇਹ ਹੈ ਕਿ ਉਸ ਦਾ ਸਮੱਗਰ ਬਲ ਕੋਈ ਗਾ ਨਹੀਂ ਸਕਦਾ ਜਿਤਨਾ ਜਿਤਨਾ ਕਿਸੀ ਵਿਚ ਬਲ ਹੈ ਉਤਨਾ ਉਤਨਾ ਸਭ ਕੋਈ ਗਾਂਵਦਾ ਹੈ।

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥

ਜਿਤਨਾ ਕਿਸੇ ਵਿਚ ਬਲ ਹੁੰਦਾ ਹੈ, ਉਸ ਅਨੁਸਾਰ ਉਹ ਕੋਈ ਪਰਮਾਤਮਾ ਦੇ ਬਲ ਨੂੰ ਗਾਉਂਦਾ ਹੈ।

ਗਾਵੈ ਕੋ ਦਾਤਿ ਜਾਣੈ ਨੀਸਾਣੁ॥

ਕੋਈ ਪੁਰਸ਼ ਉਸ ਪਰਮਾਤਮਾ ਦੀਆਂ ਦਾਤਾਂ ਨੀਸਾਣੁ=ਪ੍ਰਗਟ ਜਾਣਕੇ ਉਸ ਦੇ ਜਸ ਨੂੰ ਗਾਉਂਦਾ ਹੈ।

ਗਾਵੈ ਕੋ ਗੁਣ ਵਡਿਆਈਆ ਚਾਰ॥

ਕੋਈ ਪੁਰਸ਼ ਪਰਮਾਤਮਾ ਦੇ ਚਾਰ=ਸੁੰਦਰ ਗੁਣ ਤੇ ਵਡਿਆਈਆਂ ਨੂੰ ਵੇਖਕੇ ਉਸ ਦੇ ਜਸ ਨੂੰ ਗਾਇਨ ਕਰਦਾ ਹੈ।

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਕੋਈ ਪੁਰਸ਼ ਪਰਮਾਤਮਾ ਦੀਆਂ ਰਚੀਆਂ ਹੋਈਆਂ ਵਿਖਮੁ=ਕਠਨ ਵਿਦਿਆ ਦਾ ਵਿਚਾਰ ਕਰਕੇ ਉਸ ਦੇ ਜਸ ਨੂੰ ਗਾਇਨ ਕਰਦਾ ਹੈ।

ਗਾਵੈ ਕੋ ਸਾਜਿ ਕਰੇ ਤਨੁ ਖੇਹ॥

ਉਹ ਪਰਮਾਤਮਾ ਤਨੁ=ਸਰੀਰ ਨੂੰ ਸਾਜਦਾ ਹੈ ਫਿਰ ਖੇਹ ਭੀ ਕਰ ਦੇਂਦਾ ਹੈ, ਐਸੇ ਜਾਣ ਕੇ ਕੋਈ ਉਸ ਦੇ ਜਸ ਨੂੰ ਗਾਇਨ ਕਰਦਾ ਹੈ।

ਗਾਵੈ ਕੋ ਜੀਅ ਲੈ ਫਿਰਿ ਦੇਹ॥

ਓਹੀ ਪਰਮਾਤਮਾ ਸਰੀਰ ਵਿਚ ਜੀਵ=ਆਤਮਾ ਨੂੰ ਪਾਉਂਦਾ ਹੈ, ਫਿਰ ਸਰੀਰ ਵਿਚੋਂ ਕੱਢ ਵੀ ਲੈਂਦਾ ਹੈ।

ਅਥਵਾ-ਜੀਵਾਂ ਨੂੰ ਪਦਾਰਥ ਦੇਂਦਾ ਹੈ, ਫਿਰ ਖੋਹ ਭੀ ਲੈਂਦਾ ਹੈ, ਕੋਈ ਐਸੇ ਜਾਣਕੇ ਉਸ ਦੇ ਬਲ ਨੂੰ ਗਾਇਨ ਕਰਦਾ ਹੈ।

ਗਾਵੈ ਕੋ ਜਾਪੈ ਦਿਸੈ ਦੂਰਿ॥

ਜਾਪੈ=ਜਾਨਣੇ ਅਰ ਦਿੱਸਣੇ ਤੋਂ ਹਰੀ ਦੂਰ ਹੈ, ਕੋਈ ਇਸ ਤਰ੍ਹਾਂ ਜਾਣਕੇ ਉਸ ਦੇ ਜਸ ਨੂੰ ਗਾਇਨ ਕਰਦਾ ਹੈ।

ਗਾਵੈ ਕੋ ਵੇਖੈ ਹਾਦਰਾ ਹਦੂਰਿ॥

ਹਦੂਰਿ=ਪ੍ਰਪੰਚ ਵਿਚ ਉਹ ਪ੍ਰਮਾਤਮਾ ਸਭ ਨੂੰ ਹਾਜ਼ਰ ਵੇਖ ਰਿਹਾ ਹੈ, ਕੋਈ ਐਸੇ ਜਾਣ ਕੇ ਉਸ ਦੇ ਜਸ ਨੂੰ ਗਾਇਨ ਕਰਦਾ ਹੈ।

-ਤੀਜਾ ਅਰਥ-

ਸਿੱਧਾਂ ਆਖਿਆ, ਆਪ ਜੀ ਦੇ ਕਹੇ ਅਨੁਸਾਰ ਅਸਾਂ ਠੀਕ ਨਿਸਚੇ ਕੀਤਾ ਹੈ, ਕਿ ਉਸ ਦੇ ਜਸ ਨੂੰ ਸਭ ਕੋਈ ਆਪਣੇ ਵਿਤ ਅਨੁਸਾਰ ਗਾਉਂਦਾ ਹੈ। ਪ੍ਰੰਤੂ ਆਪ ਜੀ ਨੇ ਵੇਰਵਾ ਨਹੀਂ ਕੀਤਾ, ਕਿਹੜਾ ਕਿਹੜਾ ਉਸ ਦੇ ਜਸ ਨੂੰ ਗਾਉਂਦਾ ਹੈ? ਗੁਰ ਉੱਤਰ-

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥

'ਬਿਆਸ' ਕ੍ਰਿਤ ਜੋ 'ਪੁਰਾਣ' ਹਨ, ਉਹਨਾਂ ਪੁਰਾਣਾਂ ਦੇ ਪੜ੍ਹਨ ਦਾ ਜਿਸ ਕਿਸੇ ਵਿਚ ਤਾਣੁ=ਬਲ ਹੁੰਦਾ ਹੈ। ਉਹ ਕੋਈ ਪੁਰਾਣਾਂ ਅਨੁਸਾਰ ਮਧੁ ਕੀਟਭ ਆਦਿਕਾਂ ਦੇ ਪ੍ਰਸੰਗ ਪੜ੍ਹਕੇ ਪਰਮਾਤਮਾ ਦੇ ਤਾਣੁ=ਬਲ ਨੂੰ ਗਾਇਨ ਕਰਦਾ ਹੈ।

ਗਾਵੈ ਕੋ ਦਾਤਿ ਜਾਣੈ ਨੀਸਾਣੁ॥

'ਨਾਰਦ' ਕ੍ਰਿਤ ਜੋ 'ਪੰਚਰਾਤ੍ਰੀ' ਗ੍ਰੰਥ ਹੈ ਉਸ ਦੁਆਰਾ ਪਰਮਾਤਮਾ ਦੀਆਂ ਦਾਤਾਂ ਦਿੱਤੀਆਂ ਪ੍ਰਗਟ ਜਾਣਕੇ ਕਈ ਪੁਰਸ਼ ਪਰਮਾਤਮਾ ਦੇ ਜਸ ਨੂੰ ਗਾਉਂਦੇ ਹਨ।

ਯਥਾ— "ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥ ਤਿਸਹਿ ਧਿਆਇ ਸਦਾ ਮਨ ਅੰਦਰਿ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥ ਆਠ ਪਹਰ ਸਿਮਰਹੁ ਤਿਸੁ ਰਸਨਾ॥
ਜਿਹ ਪ੍ਰਸਾਦਿ ਰੰਗ ਰਸ ਭੋਗ॥ ਨਾਨਕ ਸਦਾ ਧਿਆਈਐ ਧਿਆਵਨ ਜੋਗ॥"

[ਸੁਖਮਨੀ, ਅਸਟਪਦੀ ੬ ਪੰਨਾ ੨੬੫]

ਇਸ ਸਾਰੀ ਅਸਟਪਦੀ ਵਿਚ ਦਾਤਾਂ ਦਾ ਹੀ ਵਰਣਨ ਹੈ।

ਗਾਵੈ ਕੋ ਗੁਣ ਵਡਿਆਈਆ ਚਾਰ॥

'ਕਪਲ ਰਿਖੀ' ਜੀ ਦਾ ਬਣਾਇਆ ਹੋਇਆ ਜੋ 'ਸਾਂਖ ਸ਼ਾਸਤ੍ਰ' ਹੈ ਉਸ ਮੱਤ ਅਨੁਸਾਰ-ਰਜੋ, ਸਤੋ, ਤਮੋ ਮਹੱਤਤ ਇਤਿਆਦਿ ਗੁਣਾਂ ਦੁਆਰੇ ਪਰਮਾਤਮਾ ਜਗਤ ਦੀ ਉਤਪਤੀ ਕਰਦਾ ਹੈ ਇਸ ਤਰ੍ਹਾਂ ਨਿਸਚੇ ਕਰਕੇ ਕਈ ਪੁਰਸ਼ ਉਸ ਦੀਆਂ ਚਾਰ=ਸੁੰਦਰ ਵਡਿਆਈਆਂ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

'ਗੌਤਮ' ਕ੍ਰਿਤ ਜੋ ਵਿਦਿਆ ਵਿਖਮੁ='ਨਜਾਇ ਸ਼ਾਸਤ੍ਰ' ਹੈ ਤਿਸਦਾ ਵਿਚਾਰ ਕਰਕੇ ਕਈ ਪੁਰਸ਼ ਉਸ

ਪਰਮਾਤਮਾ ਦੇ ਜਸ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਸਾਜਿ ਕਰੇ ਤਨੁ ਖੇਹ॥

'ਕਨਭੁਕ' [ਕਣਾਦਿ] ਰਿਖੀ ਕ੍ਰਿਤ ਜੋ 'ਵਿਸ਼ੇਸ਼ਕ ਸ਼ਾਸਤ੍ਰ' ਹੈ ਉਸ ਅਨੁਸਾਰੀ ਪੁਰਸ਼ ਵਿਸ਼ੇਸ਼ਕ ਸ਼ਾਸਤ੍ਰ ਨੂੰ ਪੜ੍ਹ ਕੇ ਸਮੇਂ ਨੂੰ ਪ੍ਰਧਾਨ ਮੰਨਦੇ ਹਨ, ਕਿ ਉਹ ਪਰਮਾਤਮਾ ਸਮੇਂ ਅਨੁਸਾਰ ਤਨ ਨੂੰ ਸਾਜਦਾ ਹੈ ਅਤੇ ਸਮੇਂ ਅਨੁਸਾਰ ਹੀ ਤਨ ਨੂੰ ਖੇਹ ਕਰਦਾ ਹੈ।

ਇਹ ਨਿਸਚੇ ਕ਼ਰਕੇ ਪਰਮਾਤਮਾ ਦੇ ਜਸ ਨੂੰ ਗਾਉਂਦੇ ਹਨ।

ਸਾਖੀ-ਅਰਜਨ ਦੀ

ਕ੍ਰਿਸ਼ਨ ਮਹਾਰਾਜ ਜੀ ਦੀ ਕਿਰਪਾ ਨਾਲ ਅਰਜਨ ਨੇ ਜੰਗ ਕਰਕੇ ਕੌਰਵਾਂ ਦੀ ਸਾਰੀ ਫੌਜ ਮਾਰ ਦਿੱਤੀ, ਫੇਰ 'ਵਿਭਾਸ ਛੇੜ' ਵਿਚ ਸ੍ਰੀ ਕ੍ਰਿਸ਼ਨ ਜੀ ਨੇ ਜਦ ਭਾਣਾ ਵਰਤਾਇਆ ਤਾਂ ਸਾਰੇ ਜਾਦਵ ਜੂਆ ਖੇਡ ਕੇ ਆਪੋ ਵਿਚ ਲੜ ਕੇ ਤਬਾਹ ਹੋ ਗਏ। ਉਸ ਵੇਲੇ ਕ੍ਰਿਸ਼ਨ ਜੀ ਨੇ ਆਪਣੀਆਂ ਪਟਰਾਣੀਆਂ ਦੀ ਸੇਵਾ ਅਰਜਨ ਦੇ ਸਪੁਰਦ ਕੀਤੀ ਕਿ ਜਿਤਨਾ ਚਿਰ ਜਿਉਂਦੀਆਂ ਰਹਿਣ ਇਨ੍ਹਾਂ ਦੇ ਖਾਣ ਪੀਣ ਬਸਤ੍ਰ ਆਦਿਕਾਂ ਦੀ ਸੇਵਾ ਤੂੰ ਕਰਨੀ ਹੋਵੇਗੀ।

ਹੁਕਮ ਮੰਨ ਕੇ 'ਅਰਜਨ' ਰਾਣੀਆਂ ਨੂੰ ਲੈ ਕੇ ਜਾ ਰਿਹਾ ਸੀ ਪਰ ਰਾਹ ਵਿਚ ਭੀਲਾਂ ਨੇ ਰਾਣੀਆਂ ਖੋਹ ਲਈਆਂ, ਉਸ ਵੇਲੇ ਅਰਜਨ ਦੀ ਕੁਝ ਪੇਸ਼ ਨਾ ਗਈ। ਅਰਜਨ ਦਾ ਧਨੁੱਖ ਤੇ ਬਲ ਕਿਸੇ ਕੰਮ ਨਾ ਆਇਆ।

ਯਥਾ—'ਸਮਾ ਕਰੇ ਨਰ ਕਿਆ ਕਰੇ, ਸਮਾ ਸਮੇ ਸਮਰੱਥ।
ਵਹੈ ਅਰਜਨ ਵਹੈ ਗੋਪੀਆਂ, ਵਹੀ ਧਨਖ ਵਹੀ ਹੱਥ।'
ਤਥਾ—"ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵ ਜੂ ਅਵਤਰਾ॥
ਕਾਲਿ ਪਾਇ ਕਰਿ ਬਿਸ਼ਨ ਪ੍ਰਕਾਸਾ॥ ਸਕਲ ਕਾਲ ਕਾ ਕਿਯਾ ਤਮਾਸਾ॥ ੩੮੩॥"

[ਦਸਮ ਗ੍ਰੰਥ, ਪੰਨਾ ੧੩੮੭]

ਗਾਵੈ ਕੋ ਜੀਅ ਲੈ ਫਿਰਿ ਦੇਹ॥

*ਮਿਮਾਂਸਕ ਸ਼ਾਸਤ੍ਰ ਅਨੁਸਾਰ ਉਹ ਪਰਮੇਸ਼ਰ ਕਰਮਾਂ ਅਨੁਸਾਰ ਜੀਵ ਪਾਸੋਂ ਵਸਤ੍ਰ ਲੈ ਲੈਂਦਾ ਹੈ ਅਤੇ ਕਰਮਾਂ ਅਨੁਸਾਰ ਫੇਰ ਦੇ ਭੀ ਦੇਂਦਾ ਹੈ। ਐਸੇ ਜਾਣ ਕੇ ਪਰਮਾਤਮਾ ਦੇ ਜਸ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਜਾਪੈ ਦਿਸੈ ਦੂਰਿ॥

+ਯੋਗ ਸ਼ਾਸਤ੍ਰ ਵਾਲੇ ਪੁਰਸ਼ ਜਾਨਣ ਅਰ ਦਿੱਸਣ ਤੋਂ ਦੂਰ ਸਮਝ ਕੇ ਪਰਮੇਸ਼ਰ ਦੇ ਜਸ ਨੂੰ ਗਾਂਵਦੇ ਹਨ।

ਗਾਵੈ ਕੋ ਵੇਖੈ ਹਾਦਰਾ ਹਦੂਰਿ॥

++ਵੇਦਾਂਤ ਮੱਤ ਵਾਲੇ ਪੁਰਸ਼ ਪਰਮਾਤਮਾ ਨੂੰ ਹਾਦਰਾ ਹਦੂਰਿ=ਪ੍ਰਗਟ ਤੋਂ ਪ੍ਰਗਟ ਨਿਸਚੇ ਕਰਦੇ

ਮਿਸਾਂਸਕ ਸ਼ਾਸਤ੍ਰ ਦਾ ਕਰਤਾ ਜੈਮਨੀ ਰਿਖੀ ਹੈ ਇਸੀ ਨੇ ਕਰਮਾਂ ਨੂੰ ਮੁਖ ਮੰਨਿਆਂ ਹੈ।

+ਯੋਗ ਸ਼ਾਸਤ੍ਰ ਦੇ ਕਰਤਾ ਪਤੰਜਲ ਰਿਖੀ ਜੀ ਹੋਏ ਹਨ, ਜੋ ਸ਼ੇਸ਼ਨਾਗ ਦਾ ਅਵਤਾਰ ਹੋਏ ਹਨ।

++ ਵੇਦਾਂਤ ਸ਼ਾਸਤ੍ਰ ਦੇ ਕਰਤਾ ਬਿਆਸ ਭਗਵਾਨ ਜੀ ਹੋਏ ਹਨ।

ਹੋਏ ਉਸ ਪਰਮਾਤਮਾ ਦੇ ਜਸ ਨੂੰ ਗਾਇਨ ਕਰਦੇ ਹਨ।

-ਚੌਥਾ ਅਰਥ-

ਤਾਂ ਸਿੱਧਾਂ ਆਖਿਆ-ਆਪ ਜੀ ਦੇ ਕਥਨ ਅਨੁਸਾਰ ਇਹ ਤਾਂ ਠੀਕ ਨਿਸਚੇ ਕੀਤਾ ਹੈ ਕਿ ਸ਼ਾਸਤ੍ਰਕ ਮੱਤ ਵਾਲੇ ਤਾਂ ਸਾਰੇ ਉਸ ਦੇ ਬਲ ਨੂੰ ਗਾਇਨ ਕਰ ਰਹੇ ਹਨ ਪਰਤੂੰ ਇਨ੍ਹਾਂ ਤੋਂ ਬਿਨਾਂ ਹੋਰ ਸੰਤ ਭੀ ਕੋਈ ਗਾਇਨ ਕਰਦਾ ਹੈ ਕਿ ਨਹੀਂ? ਉੱਤਰ—

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥

ਜਿਤਨਾਂ ਭੀ ਕਿਸੀ ਵਿਚ ਸਾਧਨਾਂ ਦਾ ਬਲ ਹੈ ਉਤਨਾ ਹੀ ਉਹ ਸਾਧਨਾਂ ਦੁਆਰੇ ਪਰਮੇਸ਼ਰ ਦੇ ਬਲ ਨੂੰ ਗਾਇਨ ਕਰਦੇ ਹਨ।

[ਇਹ ਤੁਕ ਮੂਲ ਰੂਪ ਹੈ, ਅਗਲੀਆਂ ਤੁਕਾਂ ਟੀਕਾ ਰੂਪ ਹਨ।]

ਗਾਵੈ ਕੋ ਦਾਤਿ ਜਾਣੈ ਨੀਸਾਣੁ॥

ਕਈ ਸੰਤ ਇਸਤ੍ਰੀ, ਪੁੱਤਰ, ਧਨ, ਪਦਾਰਥ ਆਦਿਕ ਦਾਤਾਂ ਵਿਚ ਨੀਸਾਣੁ=ਦੋਖ ਦ੍ਰਿਸ਼ਟੀ ਜਾਣ ਕੇ ਉਸ ਦੇ ਬਲ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਗੁਣ ਵਡਿਆਈਆ ਚਾਰ॥

ਕਈ ਸੰਤ ਸੱਤ,ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ-ਗੁਣਾਂ ਨੂੰ ਧਾਰ ਕੇ ਪਰਮਾਤਮਾ ਦੀਆਂ ਚਾਰ=ਸੁੰਦਰ ਵਡਿਆਈਆਂ ਗਾਇਨ ਕਰਦੇ ਹਨ।

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਕਈ ਸੰਤ ਵਿਖਮੁ=ਕਠਨ ਜੋ ਬ੍ਰਹਮ ਵਿਦਿਆ ਹੈ, ਉਸ ਦਾ ਵਿਚਾਰ ਕਰਕੇ ਪਰਮਾਤਮਾ ਦੇ ਜਸ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਸਾਜਿ ਕਰੇ ਤਨੁ ਖੇਹ॥

ਕਈ ਸੰਤ ਸਾਜੇ ਹੋਏ ਤਨ ਨੂੰ ਖੇਹ=ਮਿਥਿਆ ਰੂਪ ਜਾਣ ਕੇ ਉਸ ਦੇ ਜਸ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਜੀਅ ਲੈ ਫਿਰਿ ਦੇਹ॥

ਕਈ ਸੰਤ ਮਹਾਤਮਾ ਜੀਅ ਲੈ=ਜੀਵਤ ਭਾਵ ਨੂੰ ਦੂਰ ਕਰਕੇ ਜੀਵਨ-ਮੁਕਤੀ ਦੇ ਅਨੰਦ ਲਈ ਫਿਰ ਦੇਹ ਇਸਥਿਤ ਹੋ ਕੇ ਪਰਮਾਤਮਾ ਦੇ ਜਸ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਜਾਪੈ ਦਿਸੈ ਦੂਰਿ॥

ਜਾਪੈ=ਜਾਣਿਆ ਜਾਂਦਾ ਅਤੇ ਨੇਤਰਾਂ ਨਾਲ ਦਿਸੈ=ਦਿਸ ਰਿਹਾ ਜੋ ਸੰਸਾਰ ਹੈ, ਇਸ ਤੋਂ ਦੂਰ ਸਮਝ ਕੇ ਕਈ ਸੰਤ, ਪਰਮਾਤਮਾ ਦੇ ਜਸ ਨੂੰ ਗਾਇਨ ਕਰਦੇ ਹਨ।

ਗਾਵੈ ਕੋ ਵੇਖੈ ਹਾਦਰਾ ਹਦੂਰਿ॥

ਕਈ ਮਹਾਤਮਾ! ਪਰਮਾਤਮਾ ਨੂੰ ਹਦੂਰਿ-ਪ੍ਰਪੰਚ ਵਿਚ ਹਾਦਰਾ=ਹਾਜ਼ਰ ਵੇਖਕੇ ਉਸ.ਪਰਮਾਤਮਾ ਦੇ ਜਸ ਨੂੰ ਗਾਉਂਦੇ ਹਨ।

-ਪੰਜਵਾਂ ਅਰਥ-

ਫਿਰ ਸਿੱਧਾਂ ਆਖਿਆ, ਉਸ ਪਰਮਾਤਮਾ ਦੇ ਜਸ ਨੂੰ ਜਿਹੜੇ ਗਾਂਵਦੇ ਹਨ, ਉਹਨਾਂ ਨੂੰ ਕਿਸ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ? ਗੁਰ ਉੱਤਰ

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥

ਜਿਸ ਕਿਸੇ ਬਲ ਦੀ ਪ੍ਰਾਪਤੀ ਵਾਸਤੇ ਪਰਮਾਤਮਾ ਦੇ ਜਸ ਨੂੰ ਕੋਈ ਗਾਉਂਦਾ ਹੈ, ਉਸ ਨੂੰ ਓਹੀ ਬਲ ਪ੍ਰਾਪਤ ਹੁੰਦਾ ਹੈ।

ਗਾਵੈ ਕੋ ਦਾਤਿ ਜਾਣੈ ਨੀਸਾਣੁ॥

ਜੋ ਕੋਈ ਦਾਤਾਂ ਨੂੰ ਨੀਸਾਣੁ=ਪ੍ਰਗਟ ਜਾਨਣ ਵਾਸਤੇ ਜਸ ਨੂੰ ਗਾਉਂਦਾ ਹੈ, ਉਸ ਨੂੰ ਦਾਤਾਂ ਹੀ ਪ੍ਰਾਪਤ ਹੁੰਦੀਆਂ ਹਨ।

ਗਾਵੈ ਕੋ ਗੁਣ ਵਡਿਆਈਆ ਚਾਰ॥

ਜੋ ਕੋਈ ਗੁਣਾਂ ਵਾਸਤੇ ਗਾਉਂਦੇ ਹਨ ਉਹਨਾਂ ਨੂੰ ਗੁਣ ਪ੍ਰਾਪਤ ਹੁੰਦੇ ਹਨ ਅਤੇ ਜੋ ਸੁੰਦਰ ਵਡਿਆਈਆਂ ਵਾਸਤੇ ਗਾਂਵਦੇ ਹਨ, ਉਹਨਾਂ ਨੂੰ ਸੁੰਦਰ ਵਡਿਆਈਆਂ ਹੀ ਪ੍ਰਾਪਤ ਹੁੰਦੀਆਂ ਹਨ।

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਵਿਖਮੁ=ਕਠਨ ਵਿਦਿਆ ਦੇ ਵਿਚਾਰ ਲਈ ਜੋ ਕੋਈ ਪਰਮਾਤਮਾ ਦੇ ਜਸ ਨੂੰ ਗਾਂਵਦਾ ਹੈ, ਉਸ ਨੂੰ ਕਠਨ ਵਿਦਿਆ ਦਾ ਵਿਚਾਰ ਹੀ ਪ੍ਰਾਪਤ ਹੁੰਦਾ ਹੈ।

ਗਾਵੈ ਕੋ ਸਾਜਿ ਕਰੇ ਤਨੁ ਖੇਹ॥

ਕੋਈ ਇਸ ਸ਼ਕਤੀ ਵਾਸਤੇ ਗਾਉਂਦਾ ਹੈ ਕਿ ਮੈਂ ਆਪ ਹੀ ਸਰੀਰ ਨੂੰ ਰਚਨਾ ਕਰਾਂ ਅਤੇ ਆਪ ਹੀ ਖੇਹ=ਮਿੱਟੀ ਕਰ ਦੇਵਾਂ। ਉਸ ਨੂੰ ਪ੍ਰਮਾਤਮਾ ਓਹੀ ਸ਼ਕਤੀ ਬਖਸ਼ ਦੇਂਦਾ ਹੈ।

ਯੋਗ ਵਸ਼ਿਸ਼ਟ ਵਿਚ ਲਿਖਿਆ ਹੈ-

"ਇੰਦਰ" ਨਾਮੀ ਬ੍ਰਾਹਮਣ ਦੇ ਦਸ ਪੁੱਤਰ ਹੋਏ ਹਨ, ਉਨ੍ਹਾਂ ਦਸਾਂ ਨੇ ਹੀ ਤਪ ਕਰਕੇ ਪਰਮਾਤਮਾ ਨੂੰ ਪ੍ਰਸੰਨ ਕੀਤਾ। ਭਗਵਾਨ ਨੇ ਅਕਾਸ਼ ਬਾਣੀ ਦੁਆਰਾ ਕਿਹਾ, "ਮੈਂ ਤੁਹਾਡੇ ਤੇ ਪ੍ਰਸੰਨ ਹਾਂ ਤੁਹਾਡੀ ਮਿਹਨਤ ਥਾਂ ਪਈ ਹੈ, ਹੁਣ ਤੁਸੀਂ ਵਰ ਮੰਗੋ ਕੀ ਚਾਹੁੰਦੇ ਹੋ?

ਸਾਰਿਆਂ ਨੇ ਆਪਸ ਵਿਚ ਸਲਾਹ ਕਰਕੇ ਇਹ ਮੰਗਿਆ, ਕਿ ਸ੍ਰਿਸ਼ਟੀ ਦੇ ਸਾਜਣ ਵਾਲੇ ਅਸੀਂ ਦਸੇ ਹੀ ਬ੍ਰਹਮਾ ਹੋ ਜਾਈਏ।

ਭਗਵਾਨ ਨੇ ਕਿਹਾ-"ਤਥਾ ਅਸਤੂ" ਉਸ ਵੇਲੇ ਉਹ ਦਸੇ ਹੀ ਬ੍ਰਹਮਾ ਰੂਪ ਹੋ ਕੇ ਸਰੀਰਾਂ ਦੇ ਸਾਜਣ ਦਾ ਕੰਮ ਕਰਨ ਲੱਗ ਪਏ।

ਗਾਵੈ ਕੋ ਜੀਅ ਲੈ ਫਿਰਿ ਦੇਹ॥

ਕੋਈ ਇਸ ਤਾਕਤ ਵਾਸਤੇ ਗਾਉਂਦਾ ਹੈ ਕਿ ਮੈਂ ਆਪ ਹੀ ਸਰੀਰ ਵਿਚੋਂ ਜੀਵ ਨੂੰ ਕੱਢ ਲਵਾਂ ਅਤੇ ਆਪ ਹੀ ਪੁਨਾ ਸਰੀਰ ਵਿਚ ਜੀਵ ਨੂੰ ਟਿਕਾ ਦਿਆਂ। ਉਸ ਨੂੰ ਪ੍ਰਮਾਤਮਾ ਓਹੀ ਤਾਕਤ ਦੇਂਦਾ ਹੈ।

ਸਾਖੀ-ਰਾਮਰਾਇ ਜੀ ਦੀ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਪੁੱਤਰ 'ਰਾਮਰਾਇ' ਜੀ ਨੂੰ ਜਦੋਂ ਬਿਪਤਾ ਸਮੇਂ ਇਕ ਸਿੱਖ ਨੇ ਅਰਾਧਿਆ ਤਦ ਰਾਮਰਾਇ ਜੀ ਨੇ ਆਪਣੀ ਸੁਪਤਨੀ ਪੰਜਾਬ ਕੌਰ ਨੂੰ ਆਪਣੇ ਪਾਸ ਸੱਦ ਕੇ ਕਿਹਾ, ''ਇਸ ਵੇਲੇ ਕੋਠੇ ਦੇ ਅੰਦਰ ਮੈਂ ਆਪਣੇ ਸਰੀਰ ਨੂੰ ਰੱਖ ਕੇ ਕਿਸੇ ਸਿੱਖ ਦੀ ਸਹਾਇਤਾ ਲਈ ਜਾ ਰਿਹਾ ਹਾਂ, ਫਿਰ ਆ ਕੇ ਇਸ ਸਰੀਰ ਵਿਚ ਪ੍ਰਵੇਸ਼ ਕਰ ਜਾਵਾਂਗਾ, ਪਰ ਤੂੰ ਚੰਗੀ ਤਰ੍ਹਾਂ ਖਿਆਲ ਰੱਖੀਂ ਮੇਰੇ ਸਰੀਰ ਦੇ ਪਾਸ ਕਿਸੇ ਨੂੰ ਆਉਣ ਨਾ ਦੇਈਂ।''

ਇਤਨੀ ਗੱਲ ਸਮਝਾ ਕੇ ਰਾਮਰਾਇ ਜੀ ਤਾਂ ਚਲੇ ਗਏ। ਜਦੋਂ ਇਕ ਪਹਿਰ ਬੀਤਿਆ ਤਾਂ ਮਸੰਦਾਂ ਵਿਚ ਰੌਲਾ ਪੈ ਗਿਆ ਕਿ ਸਾਡੇ ਗੁਰੂ ਬਾਹਰ ਨਹੀਂ ਆਏ ਕੀ ਸਬੱਬ ਹੈ। ਉਸ ਵੇਲੇ ਪੰਜਾਬ ਕੌਰ ਨੇ ਆਪਣੇ ਕੋਲ ਬੁਲਾ ਕੇ ਮਸੰਦਾਂ ਨੂੰ ਕਿਹਾ,''ਤੁਸੀਂ ਰੌਲਾ ਨਾ ਪਾਓ, ਉਹ ਕਿਸੇ ਸਿੱਖ ਦੇ ਕੰਮ ਲਈ ਗਏ ਹੋਏ ਹਨ। ਉਸ ਦਾ ਕੰਮ ਪੂਰਾ ਕਰਕੇ ਆ ਜਾਣਗੇ।''

ਜਦ ਇਕ ਰਾਤ ਤੇ ਇਕ ਦਿਨ ਬੀਤ ਗਿਆ ਤਾਂ ਸਵੇਰਸਾਰ ਮਸੰਦਾਂ ਨੇ ਫਿਰ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਸਾਡੇ ਗੁਰੂ ਰਾਮਰਾਇ ਜੀ ਸਰੀਰ ਨੂੰ ਤਿਆਗ ਗਏ ਹਨ। ਜੇ ਕਿਸੇ ਸਿੱਖ ਦੀ ਸਹਾਇਤਾ ਕਰਨ ਗਏ ਹੁੰਦੇ ਤਾਂ ਸਵੇਰਸਾਰ ਉੱਠ ਕੇ ਦਰਸ਼ਨ ਦੇ ਦਿੰਦੇ, ਕਿਉਂਕਿ ਉਨ੍ਹਾਂ ਨੇ ਦਰਸ਼ਨ ਨਹੀਂ ਦਿੱਤਾ ਇਸ ਤੇ ਸਾਨੂੰ ਨਿਸਚਾ ਹੋ ਗਿਆ ਹੈ ਕਿ ਸਰੀਰ ਛੱਡ ਗਏ ਹਨ। ਇਸ ਤਰ੍ਹਾਂ ਕਹਿ ਕੇ ਹੰਕਾਰੀ ਮਸੰਦਾਂ ਨੇ ਬੂਹੇ ਭੰਨਣੇ ਸ਼ੁਰੂ ਕਰ ਦਿੱਤੇ।

ਪੰਜਾਬ ਕੌਰ ਨੇ ਦਾਸੀ ਭੇਜ ਕੇ ਫੇਰ ਮਸੰਦਾਂ ਨੂੰ ਹਟਾਇਆ ਅਤੇ ਸਮਝਾਇਆ, ''ਰਾਮਰਾਇ ਜੀ ਮੈਨੂੰ ਆਖ ਗਏ ਹਨ ਉਹ ਆ ਕੇ ਆਪਣੀ ਦੇਹ ਨੂੰ ਸੰਭਾਲਣਗੇ ਤੇ ਸਭਾ ਵਿਚ ਬੈਠ ਕੇ ਦਰਸ਼ਨ ਦੇਣਗੇ।''ਤੁਸੀਂ ਆਪਣੇ ਗੁਰੂ ਦਾ ਹੁਕਮ ਕਿਉਂ ਨਹੀਂ ਮੰਨਦੇ?

ਪੁਨਾ-ਮਸੰਦਾਂ ਆਖਿਆ, ''ਤੈਨੂੰ ਧੀਰਜ ਦੇਣ ਵਾਸਤੇ ਉਨ੍ਹਾਂ ਨੇ ਇਹ ਬਚਨ ਆਖਿਆ ਹੋਣਾ ਹੈ ਕਿ ਸਾਡੇ ਪਿੱਛੋਂ ਰੋਵੇ ਨਾ, ਪਰ ਹੁਣ ਉਨ੍ਹਾਂ ਦੇ ਆਉਣ ਦੀ ਕੋਈ ਆਸ ਨਹੀਂ ਹੈ। ਤੂੰ ਹੱਠ ਨਾ ਕਰ,ਸਾਨੂੰ ਸਸਕਾਰ ਕਰਨ ਦੇਹ। ਸਰੀਰ ਛੱਡਿਆਂ ਅੱਠ ਪਹਿਰ ਹੋ ਗਏ ਹਨ ਦੁਰਗੰਧੀ ਪੈਦਾ ਹੋ ਜਾਇਗੀ।

ਪੰਜਾਬ ਕੌਰ ਨੇ ਫਿਰ ਵੀ ਮਸੰਦਾਂ ਨੂੰ ਸਮਝਾਇਆ ਕਿ ਬੂਹੇ ਨਾ ਖੋਲ੍ਹੋ, ਗੁਰਾਂ ਦਾ ਡਰ ਧਾਰੋ, ਨਹੀਂ ਤਾਂ ਉਹ ਆ ਕੇ ਸਰਾਪ ਦੇ ਦੇਣਗੇ। ਤੁਹਾਡੀਆਂ ਜੜ੍ਹਾਂ ਪੁੱਟ ਦੇਣਗੇ। ਇਹ ਗੱਲਾਂ ਸੁਣਾ ਕੇ ਮਸਾਂ ਮਸਾਂ ਹਟਾਇਆ।

ਰਾਤ ਸੌਂ ਗਏ ਤੀਜੇ ਦਿਨ ਮਤਾ ਪਕਾ ਕੇ ਦਿਨ ਚੜ੍ਹਦਿਆਂ ਹੀ ਸਭ ਮਸੰਦਾਂ ਨੇ ਆ ਕੇ ਬੂਹੇ ਭੰਨ ਕੇ ਸਿਹਜਾ ਉੱਪਰੋਂ ਸਰੀਰ ਨੂੰ ਚੁੱਕ ਕੇ ਸਸਕਾਰ ਦੀ ਤਿਆਰੀ ਸ਼ੁਰੂ ਕਰਵਾ ਦਿੱਤੀ।

ਬੜਾ ਸੁੰਦਰ ਬਿਬਾਨ ਬਣਵਾਇਆ, ਚੰਦਨ ਅਤੇ ਫੁੱਲਾਂ ਦੀਆਂ ਮਾਲਾਂ ਆਦਿ ਸਭ ਸਮੱਗ੍ਰੀਆਂ ਮੰਗਵਾਈਆਂ ਤੇ ਆਪਸ ਵਿਚ ਚਰਚਾ ਕਰਦੇ ਹਨ ਕਿ ਸੋਲਾਂ ਪਹਿਰ ਸਰੀਰ ਖਾਲੀ ਪਿਆ ਰਿਹਾ ਹੈ ਪਰ ਇਸ ਪੰਜਾਬ ਕੌਰ ਨੇ ਸਸਕਾਰ ਨਹੀਂ ਕਰਨ ਦਿੱਤਾ। ਹੁਣ ਵੀ ਅਸੀਂ ਬਦੋਬਦੀ ਅੰਦਰੋਂ ਕੱਢ ਕੇ ਲਿਆਂਦਾ ਹੈ।

ਜਦ ਮਸੰਦਾਂ ਨੇ ਪਵਿੱਤ੍ਰ ਪਾਣੀ ਲਿਆ ਕੇ ਇਸ਼ਨਾਨ ਕਰਾਉਣ ਵਾਸਤੇ ਸਰੀਰ ਨੂੰ ਉਠਾਇਆ ਤਾਂ ਇਉਂ ਪ੍ਰਤੀਤ ਹੋਇਆ ਜਿਸ ਤਰ੍ਹਾਂ ਜੀਉਂਦੇ ਮਨੁੱਖ ਦਾ ਸਰੀਰ ਹੁੰਦਾ ਹੈ।

ਪੰਜਾਬ ਕੌਰ ਨੇ ਵੇਖ ਕੇ ਫਿਰ ਕਿਹਾ, ਤੁਸਾਂ ਬਹੁਤ ਬੁਰਾ ਕੀਤਾ ਹੈ ਜੋ ਤਨ ਨੂੰ ਰੱਖਿਆ ਨਹੀਂ, ਇਨ੍ਹਾਂ ਦੇ ਸਰੀਰ ਦੀ ਪ੍ਰਭਾ ਤਾਂ ਜੀਂਵਦਿਆਂ ਦੇ ਸਮਾਨ ਹੈ। ਇਹ ਗੱਲ ਆਖ ਕੇ ਬੜੀਆਂ ਪ੍ਰੇਮ ਦੀਆਂ ਖਿੱਚਾਂ ਪਾ ਕੇ ਪਤੀ ਦੇਵ ਨੂੰ ਅਰਾਧਿਆ ਕਿ ਇਹ ਮੂਰਖ ਹੰਕਾਰੀ ਮਸੰਦ ਮੇਰੇ ਤਾਂ ਆਖੇ ਲੱਗਦੇ ਨਹੀਂ ਹਨ, ਆਪ ਜਲਦੀ ਆ ਕੇ ਇਨ੍ਹਾਂ ਨੂੰ ਸਮਝਾਓ!

ਪਤੀਬ੍ਰਤਾ ਔਰਤ ਦੇ ਅਰਾਧਣ ਕਰਕੇ ਜਦ ਰਾਮਰਾਇ ਜੀ ਆਏ ਤਾਂ ਕੀ ਦੇਖਦੇ ਹਨ ਕਿ ਸਭ ਮਸੰਦ ਸਰੀਰ ਕੱਢ ਕੇ ਅੰਤਮ ਸਮੇਂ ਦਾ ਇਸ਼ਨਾਨ ਕਰਵਾ ਰਹੇ ਹਨ ਤੇ ਸਸਕਾਰ ਦੀ ਸਭ ਸਮੱਗ੍ਰੀ ਤਿਆਰ ਕੀਤੀ ਖੜੇ ਹਨ।

ਉਸ ਵੇਲੇ ਸਰੀਰ ਵਿਖੇ ਪ੍ਰਵੇਸ਼ ਕਰਨਾ ਮੁਨਾਸਬ ਨਾ ਸਮਝਿਆ ਤੇ ਇਹ ਬਚਨ ਫੁਰਮਾਇਆ ਕਿ ਹੇ ਪਾਪੀਓ! ਤੁਸਾਂ ਨੇ ਇਹ ਚੰਗਾ ਕੰਮ ਨਹੀਂ ਕੀਤਾ ਜੋ ਆਪਣੇ ਗੁਰਾਂ ਦੇ ਪ੍ਰਾਣਾਂ ਨੂੰ ਹਤ ਕੀਤਾ ਹੈ। ਮੈਂ ਸਮਝਦਾ ਹਾਂ ਤੁਹਾਡੀ ਮੌਤ ਦੇ ਦਿਨ ਨੇੜੇ ਆ ਗਏ ਹਨ।

ਇਨ੍ਹਾਂ ਬਚਨਾਂ ਨੂੰ ਸੁਣਕੇ ਭੀ ਮਸੰਦ ਡਰੇ ਨਾ। ਤਾਂ ਰਾਮਰਾਇ ਜੀ ਨੇ ਆਪਣੀ ਪਤਿਬ੍ਰਤਾ ਔਰਤ ਪੰਜਾਬ ਕੌਰ ਨੂੰ ਕਿਹਾ, ''ਤੂੰ ਕੋਈ ਫਿਕਰ ਨਾ ਕਰ, ਜੋ ਗੱਲ ਹੋਣੀ ਸੀ ਉਹ ਤਾਂ ਹੁਣ ਹੋ ਗਈ ਹੈ, ਤੂੰ ਆਪਣੇ ਚਿੱਤ ਵਿਖੇ ਗੁਰਮਤਿ ਨੂੰ ਧਾਰ ਕੇ ਸ਼ਾਂਤੀ ਸਹਿਤ ਰਹਿਣਾ ਕਰ। ਗੁਰੂ ਤੇਰੇ ਅੰਗ-ਸੰਗ ਸਹਾਈ ਹੋਵੇਗਾ। ਤੇਰੇ ਵੇਖਦਿਆਂ-ਵੇਖਦਿਆਂ ਇਹ ਮਸੰਦ ਬਿਪਤਾ ਨੂੰ ਪਾ ਕੇ ਮੌਤ ਦੇ ਤਖਤੇ ਪਰ ਟੰਗੇ ਜਾਣਗੇ।''

ਇਹ ਗੱਲ ਆਖਕੇ ਰਾਮਰਾਇ ਜੀ ਆਪ ਸੱਚ ਖੰਡ ਵਿਖੇ ਚਲੇ ਗਏ। ਪਿੱਛੋਂ ਉਹਨਾਂ ਦੀ ਦੇਹ ਦਾ ਸਸਕਾਰ ਕਰ ਦਿੱਤਾ।

ਇਸ ਸਾਖੀ ਦਾ ਭਾਵ ਇਹ ਹੈ ਕਿ ਰਾਮਰਾਇ ਜੀ ਸਥੂਲ ਸਰੀਰ 'ਚੋ ਜੀਵ ਆਤਮਾਂ ਨੂੰ ਕੱਢਕੇ ਸਿੱਖਾਂ ਦੇ ਕੰਮ ਸੁਆਰ ਕੇ ਫੇਰ ਆ ਕੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੇ ਸਨ।

[ਗੁਰ ਪ੍ਰਤਾਪ ਸੂਰਜ ਰੁਤ ੨ ਅੰਸੁ ੬]

ਗਾਵੈ ਕੋ ਜਾਪੈ ਦਿਸੈ ਦੂਰਿ॥

ਕੋਈ ਇਸ ਵਾਸਤੇ ਪਰਮੇਸ਼ਰ ਦੇ ਜਸ ਨੂੰ ਗਾਉਂਦਾ ਹੈ ਕਿ ਮੈਂ ਸਾਰਿਆਂ ਨੂੰ ਜਾਪੇ=ਜਾਨਣਾ ਕਰਾਂ ਅਤੇ ਮੈਂ ਸਭਨਾਂ ਨੂੰ ਦੂਰ ਨਿਗਾਹ ਆਵਾਂ ਭਾਵ ਮੈਨੂੰ ਕੋਈ ਨਾ ਵੇਖੇ।

ਵਾ-ਜੋ ਪਦਾਰਥ ਦਿੱਸਣੇ ਤੋਂ ਦੂਰ ਹਨ, ਉਹਨਾਂ ਨੂੰ ਘਰ ਬੈਠਿਆਂ ਹੀ ਜਾਪੈ=ਜਾਣ ਲਵਾਂ, ਉਸ ਨੂੰ ਪਰਮਾਤਮਾ ਉਹੀ ਸਮਰੱਥਾ ਦਿੰਦਾ ਹੈ।

ਗਾਵੈ ਕੋ ਵੇਖੈ ਹਾਦਰਾ ਹਦੂਰਿ॥

ਕੋਈ ਇਸ ਤਾਣ ਵਾਸਤੇ ਪਰਮੇਸ਼ਰ ਦੇ ਜਸ ਨੂੰ ਗਾਉਂਦਾ ਹੈ ਕਿ ਮੈਂ ਸਭਨਾਂ ਨੂੰ ਹਾਦਰਾ ਹਦੂਰਿ=ਹਾਜ਼ਰਾ ਹਜ਼ੂਰ ਵੇਖਾਂ। ਉਸ ਨੂੰ ਭੀ ਪਰਮਾਤਮਾ ਉਹੀ ਬਲ ਬਖਸ਼ ਦੇਂਦਾ ਹੈ।

ਫਿਰ ਸਿੱਧਾਂ ਨੇ ਕਿਹਾ-ਉਸ ਦੀ ਕਥਾ ਕਿੰਨੀ ਕੁ ਹੈ?

ਗੁਰ ਉੱਤਰ - ਉਸ ਦੀ ਕਥਾ ਬਿਅੰਤ ਹੈ। ਕਿਉਂਕਿ-

ਕਥਨਾ ਕਥੀ ਨ ਆਵੈ ਤੋਟਿ॥

ਉਸ ਦੀ ਕਥਾ ਕਥਨ ਕਰਦਿਆਂ ਹੋਇਆਂ ਅੰਤ ਨਹੀਂ ਆਉਂਦਾ।

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥

ਕ੍ਰੋੜਾਂ ਨੇ ਕਥਤਾ ਹੋ ਕੇ ਕੋਟਾਨ ਕੋਟ ਵੇਰੀ ਉਸ ਦੀ ਕਥਾ ਨੂੰ ਕਥਨ ਕੀਤਾ ਹੈ, ਪਰ ਕਿਸੇ ਨੇ ਭੀ ਉਸ ਦਾ ਅੰਤ ਨਹੀਂ ਪਾਇਆ।

ਅਥਵਾ-[ਤਿੰਨ ਕਾਲ ਲਗਾਓ ਕਿ-] ਪਿੱਛੇ ਭੀ ਕ੍ਰੋੜਾਂ ਨੇ ਉਸ ਦੀ ਕਥਾ ਨੂੰ ਕਥਿਆ, ਹੁਣ ਭੀ ਕ੍ਰੋੜਾਂ ਨੇ ਉਸ ਦੀ ਕਥਾ ਨੂੰ ਕਥਿਆ, ਅੱਗੇ ਭੀ ਕ੍ਰੋੜਾਂ ਉਸ ਦੀ ਕਥਾ ਨੂੰ ਕਥਨ ਕਰਨਗੇ, ਪਰ 'ਨ ਆਵੈ ਤੋਟਿ' =ਅੰਤ ਨਹੀਂ ਆਵੇਗਾ।

ਫਿਰ ਸਿੱਧਾਂ ਨੇ ਕਿਹਾ, ਮਾਤ ਲੋਕ ਨਿਵਾਸੀ ਜੀਵਾਂ ਦੀ ਹਸਤੀ ਨੀਵੀਂ ਹੈ, ਉੱਚ ਹਸਤੀ ਵਾਲੇ ਦੇਵਤੇ ਜੇਕਰ ਉਸ ਦੀ ਕਥਾ ਨੂੰ ਕਥਨ ਕਰਨ ਤਾਂ ਅੰਤ ਆ ਜਾਂਦਾ ਹੋਵੇਗਾ?

ਗੁਰ ਉੱਤਰ-ਕ੍ਰੋੜਾਂ ਵਾਰ ਵਿਸ਼ਨੂੰ ਨੇ ਉਸ ਦੀ ਕਥਾ ਨੂੰ ਕਥਿਆ, ਕ੍ਰੋੜਾਂ ਵਾਰ ਬ੍ਰਹਮਾ ਨੇ ਉਸ ਦੀ ਕਥਾ ਨੂੰ ਕਥਿਆ, ਕ੍ਰੋੜਾਂ ਵਾਰ ਸ਼ਿਵਾਂ ਨੇ ਉਸ ਦੀ ਕਥਤਾ ਨੂੰ ਕਥਿਆ ਹੈ ਪਰ ਹਾਲੇ ਤੱਕ ਅੰਤ ਨਹੀਂ ਆਇਆ। ਹੁਣ ਸਾਰੇ ਅੱਖਰ ਇਕੱਠੇ ਕਰਕੇ ਲਗਾਓ ਕਿ—

ਉਸ ਦੀ ਕਥਾ ਜੋ ਕਥਨ ਕਰਨ ਯੋਗ ਹੈ ਕਥੀ ਹੋ ਕੇ ਕ੍ਰੋੜਾਂ ਪੁਰਸ਼ ਕੋਟੀਆਂ ਦੇ ਦੇ ਕਰ ਕੇ ਕ੍ਰੋੜ ਵਾਰੀ ਕਥਾ ਨੂੰ ਕਥਨ ਕਰਨ ਪਰ 'ਨ ਆਵੈ ਤੋਟਿ'= ਅੰਤ ਨਹੀਂ ਆਉਂਦਾ।

ਯਥਾ—ਜਲ ਥਲ ਮਹੀਪ ਬਨ ਤਨ ਦੁਰੰਤ॥ ਜਿਹ ਨੇਤਿ ਨੇਤਿ ਨਿਸਦਿਨ ਉਚਰੰਤ॥
ਪਾਇਓ ਨ ਜਾਇ ਜਿਹ ਪੈਰ ਪਾਰ॥ ਦੀਨ ਨ ਦੋਖ ਦਹਿਤਾ ਉਦਾਰ॥ ੧੧॥ ੨੪੧॥
ਕਈ ਕੋਟ ਇੰਦ੍ਰ ਜਿਹ ਪਾਨਹਾਰ॥ ਕਈ ਕੋਟ ਰੁਦ੍ਰ ਜੁਗਿਆ ਦੁਆਰ॥
ਕਈ ਬੇਦ ਬਿਆਸ ਬ੍ਰਹਮਾ ਅਨੰਤ॥ ਜਿਹ ਨੇਤਿ ਨੇਤਿ ਨਿਸਦਿਨ ਉਚਰੰਤ॥ ੧੨॥ ੨੪੨॥

[ਦਸਮ ਗ੍ਰੰਥ ਪੰਨਾ ੩੪]

ਇਸ ਲਈ ਹੇ ਸਿੱਧੋ! ਤੁਸੀਂ ਇਹ ਨਿਸਚੇ ਕਰੋ। ਮਾਤ ਲੋਕ ਅਤੇ ਅਕਾਸ਼ ਵਾਸੀ ਦੇਵਤਾ ਆਦਿ ਸਭ ਉਸ ਨੂੰ ਬਿਅੰਤ ਬਿਅੰਤ ਕਥਨ ਕਰਦੇ ਹਨ।

ਯਥਾ—"ਤ੍ਰਿਭਵਨ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ।"

[ਦਸਮ ਗ੍ਰੰਥ ਪੰਨਾ ੧]

ਫਿਰ ਸਿੱਧਾਂ ਨੇ ਕਿਹਾ ਕਿ-ਆਪ ਜੀ ਨੇ ਜਿਸ ਪ੍ਰਮਾਤਮਾ ਦੀ ਤਥਾ ਅਕੱਥ ਕਹੀ ਹੈ, ਉਹ ਜੀਵਾਂ ਨੂੰ ਪਦਾਰਥ ਦੇਂਦਾ ਹੋਇਆ ਥੱਕ ਪੈਂਦਾ ਹੋਵੇਗਾ? ਗੁਰ ਉੱਤਰ-

ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥

ਦੇਂਦਾ ਜੋ ਪਰਮਾਤਮਾ ਹੈ ਦਾਤਾਂ ਦੇ ਦੇਣ ਵਾਲਾ, ਉਹ ਤਾਂ ਸਦਾ ਹੀ ਸਭ ਜੀਵਾਂ ਨੂੰ ਖਾਣ ਪਾਣ ਪਹਿਰਾਨ ਦੇਂਦਾ ਹੈ, ਇਸ ਤੇ ਉਹ ਅਥੱਕ ਹੈ।

ਯਥਾ—"ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ॥ ਦੇ ਦੇ ਤੋਟਿ ਨਾਹੀ ਪ੍ਰਭ ਰੰਗਾ॥'

[ਮਾਝ ਮਹਲਾ ੫, ਪੰਨਾ ੯੬]

ਤਥਾ—"ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੈ ਅਪੁਨੈ ਬੀਚਾਰ॥ ੪॥" [ਪੰਨਾ ੫੦੪]
ਤਥਾ—"ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ॥ ੫॥"

[ਮਾਰੂ ਮਹਲਾ ੧, ਪੰਨਾ ੧੦੧੨]

ਪ੍ਰੰਤੂ ਲੈਣ ਵਾਲੇ ਇਹ ਜੀਵ ਪਦਾਰਥ ਲੈਂਦੇ ਲੈਂਦੇ ਥੱਕ ਪੈਂਦੇ ਹਨ ਅਰਥਾਤ ਮਰ ਜਾਂਦੇ ਹਨ ਪਰ ਦਾਤ ਫਿਰ ਵੀ ਨਹੀਂ ਮੁੱਕਦੀ। ਹੋਰ ਨਵੇਂ ਤੋਂ ਨਵੇਂ ਜਨਮ ਧਾਰ ਕੇ ਜੁਗਾਂ ਜੁਗਾਂ ਦੇ ਅੰਦਰ ਖਾਹੀ=ਪਦਾਰਥਾਂ ਨੂੰ ਹੀ ਖਾਂਦੇ ਚਲੇ ਆ ਰਹੇ ਹਨ।

ਇਹਨਾਂ ਪੰਗਤੀਆਂ ਦੁਆਰਾ ਹੁਣ ਤ੍ਰਿਸ਼ਨਾਲੂ ਪੁਰਸ਼ ਵੀ ਬਿਵਸਥਾ ਦੱਸਦੇ ਹਨ ਕਿ-ਉਹ ਪਰਮਾਤਮਾ ਪਦਾਰਥ ਦੇਦਾ ਦੇ=ਦੇਂਦਾ ਹੀ ਦੇ ਦਾ ਹੈ, ਪ੍ਰੰਤੂ ਲੈਣ ਵਾਲੇ ਤ੍ਰਿਸ਼ਨਾਲੂ ਪੁਰਸ਼ ਰੋਟੀ ਖਾਣ ਸਮੇਂ ਪੇਟ ਭਰ ਜਾਣ ਨਾਲ ਥੱਕ ਪੈਂਦੇ ਭਾਵ ਬਸ ਕਰ ਦਿੰਦੇ ਹਨ। ਇਸ ਪ੍ਰਕਾਰ ਜੁਗਾਂ ਜੁਗਾਂ ਦੇ ਅੰਦਰ ਖਾਹੀ=ਪਦਾਰਥ ਇਸ ਜੀਵ ਨੂੰ ਖਾਈ ਜਾਂਦੇ ਹਨ।

"ਭੁਗਤਾ ਜਾਨ ਭੋਗ ਮੈਂ ਭੋਗੇ ਉਲਟਾ ਭੋਗੋਂ ਭੋਗਜ ਮੋਹ॥"

[ਵੈਰਾਗ ਸ਼ੱਤਕ ਅਧਿ: ੨, ਸ਼ਲੋਕ ੧੧]

ਪੁਨਾ-ਸਿੱਧਾਂ ਨੇ ਕਿਹਾ-ਜੀਵ ਸੁਤੰਤ੍ਰ ਹੈ ਜਾਂ ਪਤੰਤ੍ਰ? ਗੁਰ ਉੱਤਰ

ਹੁਕਮੀ ਹੁਕਮੁ ਚਲਾਏ ਰਾਹੁ॥

ਹੁਕਮੀ=ਪਰਮੇਸ਼ਰ ਆਪਣੇ ਹੁਕਮ ਅਨੁਸਾਰ ਜੀਵਾਂ ਨੂੰ ਆਪੋ ਆਪਣੇ ਕਰਮਾਂ ਧਰਮਾਂ ਰੂਪੀ ਰਸਤਿਆਂ ਵਿਚ ਚਲਾਉਂਦਾ ਹੈ।

ਵਾ-ਵਰਨ ਆਸ਼੍ਰਮਾਂ ਰੂਪ ਰਸਤਿਆਂ ਵਿਚ ਚਲਾਉਂਦਾ ਹੈ।

ਵਾ-ਗੁਰਮੁਖਾਂ ਨੂੰ ਗੁਰਮੁਖੀ ਰਸਤੇ ਵਿਚ ਤੇ ਮਨਮੁਖਾਂ ਨੂੰ ਮਨਮੁਖਤਾ ਵਾਲੇ ਰਸਤੇ ਵਿਚ ਚਲਾਉਂਦਾ ਹੈ।

ਅਥਵਾ-ਕਿਸੇ ਨੂੰ ਹਿੰਦੂਆਂ ਵਾਲੇ ਰਸਤੇ ਵਿਚ, ਕਿਸੇ ਨੂੰ ਮੁਸਲਮਾਨਾਂ ਵਾਲੇ ਰਸਤੇ ਵਿਚ ਚਲਾਉਂਦਾ ਹੈ।

ਯਥਾ—"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥ ੧॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ ੧॥ ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥ ੨॥

ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥ ੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥ ੪॥''

[ਰਾਮਕਲੀ ਮਹਲਾ ੫, ਪੰਨਾ ੯੬੫]

ਇਸ ਕਰਕੇ ਸਾਰੇ ਜੀਵ ਪਤੰਤ੍ਰ ਹਨ, ਕੋਈ ਭੀ ਸੁਤੰਤ੍ਰ ਨਹੀਂ ਹੈ।

ਨਾਨਕ ਵਿਗਸੈ ਵੇਪਰਵਾਹੁ॥ ੩॥

ਗੁਰੂ ਜੀ ਕਥਨ ਕਰਦੇ ਹਨ- ਉਹ ਵੇਪਰਵਾਹੁ=ਪਰਮਾਤਮਾ ਆਪਣੀ ਸੰਸਾਰ ਬਾਜ਼ੀ ਨੂੰ ਦੇਖ ਕੇ ਇਸ ਤਰ੍ਹਾਂ ਵਿਗਸੈ=ਪ੍ਰਸੰਨ ਹੋ ਰਿਹਾ ਹੈ, ਜਿਸ ਤਰ੍ਹਾਂ ਬਾਲਕ ਆਪਣੀ ਲੀਲ੍ਹਾ ਨੂੰ ਦੇਖ ਕੇ ਆਪ ਪ੍ਰਸੰਨ ਹੁੰਦਾ ਹੈ। ੩।

ਪੁਨਾ ਸਿੱਧਾਂ ਨੇ ਬੇਨਤੀ ਕੀਤੀ-ਜਿਸ ਪਰਮਾਤਮਾ ਦੀ ਕਥਾ ਅਕੱਥ ਹੈ ਅਤੇ ਜੋ ਸਭ ਜੀਵਾਂ ਨੂੰ ਆਪੋ ਆਪਣੇ ਰਸਤਿਆਂ ਵਿਚ ਚਲਾ ਰਿਹਾ ਹੈ, ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? ਗੁਰ ਉੱਤਰ-

ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥ *[ਅੰਨਵੇ ਅੱਖਰ ਲਾਵਣੇ]*

ਜੁਗਾ ਜੁਗੰਤਰਿ=ਵੈਰਾਗ, ਬਿਵੇਕ, ਖਟ ਸੰਪਤੀ, ਮੋਖ ਇੱਛਾ ਰੂਪ ਜੁਗ+ਅੰਤਰ=ਚਾਰ ਸਾਧਨਾਂ ਅੰਦਰ ਜੁਗ=ਜੁੜਕੇ ਜਗਿਆਸੂ ਗੁਰਾਂ ਪਾਸ ਆ ਕੇ ਸੇਵਾ ਕਰੇ ਤੇ ਦੇਦਾ=ਗੁਰੂ ਸਾਹਿਬ ਜੀ ਨਾਮ ਉਪਦੇਸ਼ ਦੇਵਣ। ਤਦ ਲੈਦੇ=ਜਗਿਆਸੂ ਉਪਦੇਸ਼ ਨੂੰ ਲੈ ਕੇ ਖਾਹੀ ਖਾਹਿ=ਸ਼ੁਭ ਗੁਣਾਂ ਦੇ ਖਾਣ ਵਾਲੇ ਕੰਮ ਆਦਿਕ ਆਸੁਰੀ ਸੰਪਦਾ ਨੂੰ ਖਾਹਿ ਅਭਾਵ ਕਰੇ।

ਵਾ-ਖਾਣੇ ਯੋਗ ਬ੍ਰਹਮਾਨੰਦ ਨੂੰ ਖਾਹਿ=ਧਾਰੇ ਤਾਂ ਥਕਿ ਪਾਹਿ=ਜਨਮ ਮਰਨ ਵਲੋਂ ਰਹਿਤ ਹੁੰਦਾ ਹੈ। ਇਸ ਤਰ੍ਹਾਂ ਉਸ ਦੀ ਪ੍ਰਾਪਤੀ ਹੁੰਦੀ ਹੈ।

ਹੁਕਮੀ ਹੁਕਮੁ ਚਲਾਏ ਰਾਹੁ॥

ਹੁਕਮੀ=ਗੁਰੂ ਸਾਹਿਬ ਜੀ ਆਪਣੇ ਹੁਕਮ ਅਨੁਸਾਰ ਜਗਿਆਸੂਆਂ ਨੂੰ ਵੈਰਾਗ ਗਿਆਨ ਰੂਪੀ ਰਸਤੇ ਵਿਚ ਚਲਾਉਂਦੇ ਹਨ।

ਨਾਨਕ ਵਿਗਸੈ ਵੇਪਰਵਾਹੁ॥ ੩॥

ਗੁਰੂ ਜੀ ਕਥਨ ਕਰਦੇ ਹਨ, ਉੱਤਮ ਜਗਿਆਸੂ ਵੇਪਰਵਾਹੁ=ਪਰਮੇਸ਼ਰ ਨੂੰ ਪਾ ਕੇ ਵਿਗਸੈ=ਅਨੰਦ ਹੁੰਦੇ ਹਨ॥ ੩॥

ਤੀਜੀ ਪੌੜੀ ਦੇ ੧੪੯ ਅੱਖਰ ਹਨ।

ਚਉਥੀ ਪਉੜੀ

ਪੁਨਾ-ਸਿਧਾਂ ਨੇ ਕਿਹਾ- ਜਿਸ ਪਰਮਾਤਮਾ ਦੀ ਕਥਾ ਅਕੱਥ ਹੈ ਅਤੇ ਜੋ ਪਰਮੇਸ਼ਰ ਸਾਰਿਆਂ ਨੂੰ ਖਾਣ ਪਾਣ ਪਹਿਰਾਣ ਦੇਂਦਾ ਹੋਇਆ ਅਨਥੱਕ ਹੈ,

ਉਹ ਸਾਂਹਿਬ ਕੈਸਾ ਹੈ? ਉਸ ਦੀ ਸਾਹਿਬੀ ਕੈਸੀ ਹੈ? ਉਸ ਦਾ ਨਾਮ ਕੈਸਾ ਹੈ?

ਗੁਰ ਉੱਤਰ-

ਸਾਚਾ ਸਾਹਿਬੁ ਸਾਚੁ ਨਾਇ

ਉਹ ਸਾਹਿਬ ਪਰਮਾਤਮਾ ਆਪ ਸੱਚਾ ਹੈ, ਉਸ ਦੀ ਸਾਹਿਬੀ ਭੀ ਸੱਚੀ ਹੈ ਅਤੇ ਉਸਦਾ ਨਾਮ ਭੀ ਸੱਚਾ ਹੈ।

ਯਥਾ— "ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥੨੨॥"

[ਸਲੋਕ ਮਹਲਾ ੫, ਪੰਨਾ ੧੪੨੬]

੨. *"ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥"* *[ਪੰਨਾ ੭੪੯]*

੩. *"ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ॥"* *[ਪੰਨਾ ੬੭੦]*

੪. *"ਸਾਚਾ ਸਾਹਿਬੁ ਸਚੁ ਦਰਬਾਰੁ॥ ਕੀਮਤਿ ਕਉਣੁ ਕਹੈ ਬੀਚਾਰੁ॥"* *[ਧਨਾਸਰੀ ਮ: ੫, ਪੰਨਾ ੬੭੭]*

੫. *"ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ॥*
ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ॥" *[ਪੰਨਾ ੩੦੧]*

੬. *"ਤੁਧੁ ਜੇਵਡੁ ਦਾਤਾ ਤੂਹੈ ਨਿਰੰਜਨਾ ਤੂਹੈ ਸਚੁ ਮੇਰੇ ਮਨਿ ਭਾਇਆ॥*
ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ॥੨॥" *[ਪੰਨਾ ੩੦੧]*

੭. *"ਸਾਚਾ ਸਾਹਿਬੁ ਮਾਹਰੋ ਸਤਿਗੁਰਿ ਦੀਆ ਦਿਖਾਇ॥"* *[ਮਲਾਰ ਮਹਲਾ ੩, ਪੰਨਾ ੧੨੭੭]*

੮. *ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ*
ਐਸੋ ਰਾਜ ਛੋਡਿ ਅਉਰ ਦੂਜਾ ਕਉਨ ਧਿਆਈਐ॥੩॥੪੨॥ *[ਦਸਮ ਗ੍ਰੰਥ, ਪੰਨਾ ੧੩੨]*

ਭਗਤ ਕਬੀਰ ਜੀ ਨੇ ਭੀ ਏਹੀ ਕਥਨ ਕੀਤਾ ਹੈ-

੯. *ਕੋਊ ਹਰਿ ਸਮਾਨਿ ਨਹੀ ਰਾਜਾ॥*
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥" *[ਪੰਨਾ ੮੫੯]*

੧੦. *"ਸਤਿਗੁਰੁ ਸਚਾ ਪਾਤਿਸਾਹ, ਕੂੜੇ ਬਾਦਿਸਾਹ ਦੁਨੀਆਵੇ॥"*

[ਭਾਈ ਗੁਰਦਾਸ ਜੀ, ਵਾਰ ੧੫, ਪਉੜੀ ੧]

ਦੁਨੀਆਂ ਦੇ ਹੋਰ ਪਾਤਿਸ਼ਾਹ ਸਭ ਝੂਠੇ ਹਨ ਇਕ ਸਤਿਗੁਰੂ ਹੀ ਸੱਚਾ ਪਾਤਿਸ਼ਾਹ ਹੈ।

ਸਾਖੀ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ

ਇਕ ਸਮੇਂ ਜਹਾਂਗੀਰ ਬਾਦਸ਼ਾਹ ਨੇ ਛੇਵੇਂ ਪਾਤਿਸ਼ਾਹ ਨੂੰ ਆਪਣੇ ਪਾਸ ਸੱਦ ਭੇਜਿਆ, ਜਦ ਗੁਰੂ ਸਾਹਿਬ ਜੀ ਬਾਦਸ਼ਾਹ ਦੇ ਸੱਦੇ ਹੋਏ ਦਿੱਲੀ ਪਹੁੰਚੇ ਤਾਂ ਜਹਾਂਗੀਰ ਨੇ ਬੜੇ ਸਨਮਾਨ ਨਾਲ ਸਿੰਘਾਸਨ ਤੇ ਬੈਠਾਇਆ ਤੇ ਗੁਰੂ ਜੀ ਦਾ ਪਹਿਰਾਵਾ ਪਹਿਲੇ ਗੁਰੂਆਂ ਤੋਂ ਵੱਖਰਾ ਦੇਖ ਕੇ ਚਕ੍ਰਿਤ ਹੋਇਆ ਤੇ ਸੋਚਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ਕੀਰੀ ਬਾਣਾ ਧਾਰਿਆ ਸੀ ਹੁਣ ਇਨ੍ਹਾਂ ਨੇ ਨਾਲ ਮੀਰੀ ਬਾਣਾ ਧਾਰ ਲਿਆ ਹੈ ਭਾਵ ਤਲਵਾਰ ਆਦਿਕ ਸ਼ਸਤ੍ਰ ਪਹਿਰ ਲਏ ਹਨ। ਇਹ ਪਹਿਰਾਵਾ ਬਾਹਰਲਾ ਹੀ ਹੈ ਕਿ ਅੰਤ੍ਰੀਵ ਭੀ ਕੁਛ ਬਦਲਿਆ ਹੋਇਆ ਹੈ? ਇਸ ਗੱਲ ਦੇ ਪਰਖਣ ਵਾਸਤੇ ਜਹਾਂਗੀਰ ਬਾਦਸ਼ਾਹ ਨੇ ਕਿਹਾ-

"ਸੁਨਹੁ ਪੀਰ ਜੀ! ਜਗ ਮਤ ਦੋਇ। ਹਿੰਦੂ ਤੁਰਕ ਮਹਿਂ ਨਰ ਸਭਿ ਕੋਇ।

... ...

ਕੌਣ ਦੌਨਿ ਮਹਿਂ ਆਛੋ ਅਹੈ। ਜਗ ਬੰਧਨ ਤੇ ਕੌ ਛੁਟਿ ਰਹੈ॥ ੪॥"

ਗੁਰ ਉਤਰ-

ਸ੍ਰੀ ਹਰਿਗੋਬਿੰਦ ਸੁਨਤਿ ਬਖਾਨਾ। ਸਿਰਜਨਹਾਰ ਏਕ ਹਮ ਜਾਨਾ।
ਇਕ ਸਮ ਪੰਚਹੁੰ ਤਤ ਤੇ ਬਨੇ। ਇੰਦ੍ਰਯ ਦੇਹਿ ਏਕ ਸਮ ਸਨੇ॥੪੯॥
ਕਰਨਹਾਰ ਕੌ ਸਿਮਰਹਿ ਜੋਇ। ਸਭ ਤੇ ਦੀਰਘ ਜਾਨਹੁ ਸੋਇ।

ਤਥਾ- ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਗਏ ਤਾਂ ਹਾਜੀਆਂ ਨੇ ਭੀ ਏਹੀ ਪੁੱਛਿਆ ਸੀ ਕਿ ਸੰਸਾਰ ਵਿਚ ਕੌਣ ਵੱਡਾ ਹੈ ਹਿੰਦੂ ਜਾਂ ਮੁਸਲਮਾਨ? ਉਸ ਵੇਲੇ ਵੀ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਕਿਹਾ-

ਪੁਛਨਿ ਗਲ ਈਮਾਨ ਦੀ, ਕਾਜੀ ਮੁਲਾਂ ਇਕਠੇ ਹੋਈ।
ਵਡਾ ਸਾਂਗ ਵਰਤਾਇਆ, ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ, ਸੁਭਿ ਅਮਲਾ ਬਾਝਹੁ ਦੋਨੋ ਰੋਈ।

[ਭਾ: ਗੁਰਦਾਸ ਜੀ ਵਾਰ ੧ ਪੌ: ੩੩]

ਇਤਿਆਦਿਕ ਬਚਨ ਸੁਣਕੇ ਜਹਾਂਗੀਰ ਨੇ ਨਿਸ਼ਚੇ ਕਰ ਲਿਆ ਕਿ ਇਨ੍ਹਾਂ ਨੇ ਬਾਹਰੋਂ ਹੀ ਮੀਰੀ ਧਾਰੀ ਹੋਈ ਹੈ ਅਰਥਾਤ ਤਲਵਾਰ ਆਦਿਕ ਬਾਹਰਲਾ ਲਿਬਾਸ ਵੱਖਰਾ ਧਾਰਿਆ ਹੋਇਆ ਹੈ, ਅੰਤ੍ਰੀਵ ਆਸ਼ਾ ਸਾਰਾ ਪਹਿਲੇ ਗੁਰੂ ਨਾਨਕ ਦੇਵ ਜੀ ਤਰ੍ਹਾਂ ਇਕੋ ਹੀ ਹੈ। ਇਸ ਕਰਕੇ ਜਹਾਂਗੀਰ ਦੇ ਮਨ ਵਿਚ ਵਧੇਰੇ ਸ਼ਰਧਾ ਹੋ ਗਈ।

[ਗੁਰ ਪ੍ਰਤਾਪ ਸੂਰਜ, ਰਾਸਿ ੪ ਅੰਸੂ ੫੪]

ਪੁਨਾ-ਜਹਾਂਗੀਰ ਨੇ ਬੇਨਤੀ ਕਰਕੇ ਗੁਰੂ ਸਾਹਿਬ ਜੀ ਨੂੰ ਕੁਝ ਸਮਾਂ ਦਿੱਲੀ ਰੱਖਿਆ, ਅਤੇ ਦੂਜੇ

ਦਿਨ ਬੇਨਤੀ ਕਰਕੇ ਬਾਹਰ ਸ਼ਿਕਾਰ ਖੇਡਣ ਵਾਸਤੇ ਗੁਰੂ ਜੀ ਨੂੰ ਲੈ ਗਿਆ। ਉਸ ਵੇਲੇ ਗੁਰੂ ਜੀ ਨੇ ਅਜੇਹੀ ਬਹਾਦਰੀ ਵਿਖਾਈ ਜੋ ਆਪਣੇ ਅੱਗੋਂ ਕੋਈ ਭੀ ਸ਼ਿਕਾਰ ਖਾਲੀ ਨਾ ਜਾਣ ਦਿੱਤਾ।

ਜਹਾਂਗੀਰ ਗੁਰੂ ਜੀ ਨੂੰ ਸ਼ਸਤ੍ਰ ਵਿਦਿਆ ਵਿਖੇ ਨਿਪੁੰਨ ਜਾਣਕੇ ਬੜਾ ਪ੍ਰਸੰਨ ਹੋਇਆ।

ਯਥਾ—"ਅਯੁਧ ਬਿੱਦਜਾ ਮਹਿੰ ਬਡਿ ਜਾਨੇ। ਦੇਖਿ ਤਮਾਸ਼ੋ ਉਰ ਹਰਖਾਨੇ।"

ਪੁਨਾ-ਬੇਨਤੀ ਕੀਤੀ, "ਹੇ ਪ੍ਰਭੂ। ਜੰਗਲ ਵਿਖੇ ਇਕ ਬੜਾ ਭਾਰੀ ਸ਼ੇਰ ਹੈ ਉਸ ਨੂੰ ਆਪ ਮਾਰੋ।" ਤਾਂ ਹਜ਼ੂਰ ਨੇ ਨਿਡਰ ਹੋ ਕੇ ਕਿਹਾ, "ਚੰਗਾ! ਚਲ ਭਾਈ, ਉਸ ਦੀ ਭੀ ਖਬਰ ਲੈ ਲੈਂਦੇ ਹਾਂ।"

"ਖੋਜਨ ਕਰਜੋ ਸੁ ਕਾਨਨ ਜਥੈ। ਭਭਕਤਿ ਨਿਕਸਜੋ ਕੇਹਰਿ ਤਥੈ।
ਹੇਰਤਿ ਸੂਰਾ ਕਿਤਿਕ ਪਲਾਏ। ਕੋ ਸੁਨਿ ਸ਼ਬਦ ਨਿਕਟ ਨਹਿੰ ਆਏ॥੨੧॥"

ਅਰਥਾਤ- ਗੁਰੂ ਸਾਹਿਬ ਜੀ ਉਸੇ ਵੇਲੇ ਲੱਭਣ ਚੱਲ ਪਏ। ਜਿਸ ਵੇਲੇ ਸ਼ੇਰ ਮਿਲ ਪਿਆ ਅਤੇ ਗੁਰੂ ਸਾਹਿਬ ਜੀ ਨੇ ਵੰਗਾਰਿਆ ਤਾਂ ਸ਼ੇਰ ਭਭਕ ਮਾਰਕੇ ਬਾਹਰ ਨਿਕਲਿਆ। ਕਈ ਸੂਰਮੇ ਤਾਂ ਉਸ ਦੀ ਭਿਆਨਕ ਭਭਕ ਸੁਣਕੇ ਤੇ ਸ਼ਕਲ ਵੇਖਕੇ ਹੀ ਨਸ ਗਏ, ਕੋਈ ਵੀ ਨੇੜੇ ਆਉਂਦਾ ਨਹੀਂ ਅਤੇ ਘੋੜਿਆਂ ਦਾ ਵੀ ਪਿਸ਼ਾਬ ਨਿਕਲ ਗਿਆ। ਜਹਾਂਗੀਰ ਦਾ ਹਾਥੀ ਭੀ ਨਾ ਠਹਿਰ ਸਕਿਆ। ਉਸ ਵੇਲੇ ਪੁਕਾਰ ਕੇ, ਗੁਰੂ ਜੀ ਨੂੰ ਕਿਹਾ, ਕਿ ਆਪ ਹੀ ਬਹਾਦਰੀ ਕਰਕੇ ਇਸ ਨੂੰ ਮਾਰੋ।

"ਸ੍ਰੀ ਸਤਿਗੁਰ ਘੋਰਾ ਤਬਿ ਛੋਰਾ। ਖੜਗ ਸਿਪਰ ਗਹਿ, ਗੇ ਤਿਸ ਓਰਾ।

... ...

ਨਿਕਟਿ ਹੋਇ ਕਰਿ ਸ਼ੇਰ ਪ੍ਰਚਾਰਜੋ। ਨਿਕਸਿ ਵਹਿਰ, ਅਬਿ ਕਜੋਂ ਬਲਿ ਹਾਰਜੋ॥੨੬॥"
ਸਨਮੁਖ ਦ੍ਰਿਸ਼ਟਿ ਭਈ ਜਬਿ ਦੋਊ। ਨਿਕਸਜੋ ਗਰਜਤਿ ਕੇਹਰਿ ਸੋਊ॥"

ਪੂਛ ਫੇਰਦਾ ਹੋਇਆ ਭਿਆਨਕ ਦੰਦਾਂ ਵਾਲਾ ਸ਼ੇਰ ਗਰਜਦਾ ਹੋਇਆ ਆਇਆ ਤਾਂ ਦੇਖ ਕੇ ਸਾਰੇ ਲੋਕ ਅਸਚਰਜ ਹੋ ਗਏ ਤੇ ਆਖਦੇ ਹਨ ਕਿ ਇਸ ਸ਼ੇਰ ਅੱਗੇ ਗੁਰੂ ਜੀ ਨਹੀਂ ਬਚ ਸਕਣਗੇ।

ਜਿਸ ਵੇਲੇ ਉਹ ਸ਼ੇਰ ਗੁਰੂ ਜੀ ਦੇ ਨੇੜੇ ਆ ਪਹੁੰਚਾ, ਤਦ ਹਜ਼ੂਰ ਨੇ ਧੀਰਜ ਧਾਰ ਕੇ ਢਾਲ ਵਾਲਾ ਖੱਬਾ ਹੱਥ ਇਤਨੀ ਜ਼ੋਰ ਦਾ ਉਸ ਦੇ ਮੂੰਹ ਉਤੇ ਮਾਰਿਆ ਕਿ ਸ਼ੇਰ ਉਸੀ ਵੇਲੇ ਪੁੱਠਾ ਡਿੱਗ ਪਿਆ ਅਤੇ ਗੁਰੂ ਜੀ ਨੇ ਸੱਜੇ ਹੱਥ ਨਾਲ ਤਲਵਾਰ ਮਾਰ ਕੇ ਉਸ ਦਾ ਪੇਟ ਚਾਕ ਕਰ ਦਿੱਤਾ। ਜਦ ਸ਼ੇਰ 'ਚੋਂ ਜੀਵਾਤਮਾ ਨਿਕਲਿਆ ਤਦ ਅਕਾਸ਼ ਵਿਚ ਸਾਰੇ ਲਾਲੀ ਫੈਲ ਗਈ। ਬਾਦਸ਼ਾਹ ਦੇਖ ਕੇ ਬੜਾ ਹੈਰਾਨ ਹੋਇਆ ਤੇ ਗੁਰੂ ਜੀ ਤੋਂ ਪੁੱਛਦਾ ਹੈ-"ਇਹ ਕੌਣ ਹੈ ਤੇ ਕਿੱਥੇ ਜਾ ਰਿਹਾ ਹੈ?"

ਹਜ਼ੂਰ ਨੇ ਕਿਹਾ-'ਇਹ ਕਾਸਮ ਬੇਗ' ਹੈ, ਇਸ ਨੂੰ ਬੁਲਾ ਕੇ ਪੁੱਛ ਲੈ।"

ਜਹਾਂਗੀਰ ਬਾਦਸ਼ਾਹ ਨੇ ਆਵਾਜ਼ ਮਾਰ ਕੇ ਪੁੱਛਿਆ, "ਤੂੰ ਕੌਣ ਹੈਂ?"

ਉਸੀ ਵੇਲੇ ਉਹ ਬ੍ਰਿਛ ਪਰ ਖੜਾ ਹੋ ਕੇ ਆਖਦਾ ਹੈ ਕਿ ਪਹਿਲੇ ਜਨਮ ਵਿਖੇ ਮੈਂ ਮਨੁੱਖ ਸੀ। ਸ਼ਰੀਕੇ ਵਿਚੋਂ ਤੇਰੇ ਪਿਤਾ ਅਕਬਰ ਦਾ ਮੈਂ ਭਾਈ ਸੀ। ਇਕ ਦਿਨ ਮੈਂ ਉਸਨੂੰ ਮਿਲਣ ਗਿਆ ਤਾਂ ਉਹ ਅੱਗੋਂ ਗੋਇੰਦਵਾਲ ਜਾਣ ਨੂੰ ਤਿਆਰ ਸੀ। ਮੈਂ ਭੀ ਉਸ ਦੇ ਨਾਲ

ਹੀ ਚਲਾ ਗਿਆ। ਉਸ ਨੇ ਜਾ ਕੇ ਹਿੰਦੂਆਂ ਦੇ ਗੁਰੂ ਜੋ ਸ੍ਰੀ ਗੁਰੂ ਅਮਰਦਾਸ ਜੀ ਹਨ, ਉਨ੍ਹਾਂ ਨੂੰ ਹੱਥ ਜੋੜ ਕੇ ਨਮਸ਼ਕਾਰ ਕੀਤੀ ਤਾਂ ਮੈਂ ਦੇਖ ਕੇ ਬੜਾ ਗੁੱਸਾ ਕੀਤਾ ਕਿ ਏਡਾ ਵੱਡਾ ਬਾਦਸ਼ਾਹ ਹੋ ਕੇ ਹਿੰਦੂਆਂ ਦੇ ਗੁਰੂ ਨੂੰ ਕਿਉਂ ਮੰਨਦਾ ਹੈ। ਲੋਕਾਂ ਨੂੰ ਸੁਣਾ ਕੇ ਮੈਂ ਬੜੀ ਨਿੰਦਿਆ ਕੀਤੀ ਪਰ ਮੇਰਾ ਚਾਰਾ ਕੋਈ ਨਾ ਚਲਿਆ।

ਰਾਤੀਂ ਓਥੇ ਗੋਇੰਦਵਾਲ ਵਿਚ ਡੇਰਾ ਲਗਾਇਆ। ਜਦ ਰਾਤ ਨੂੰ ਮੇਰੇ ਅੱਗੇ ਖਾਣਾ ਤਿਆਰ ਹੋ ਕੇ ਆਇਆ ਤਾਂ ਇਕ ਪਿਆਲਾ ਮਾਸ ਦਾ ਭੀ ਸੀ। ਮੈਂ ਉਸ ਨੂੰ ਲਾਲਚ ਕਰਕੇ ਖਾ ਗਿਆ ਪਰ ਹੈ ਸੀ ਉਹ ਕੱਚਾ, ਜਿਸ ਕਰਕੇ ਰਾਤ ਨੂੰ ਬੜੀ ਪੇਟ ਦਰਦ ਹੋਈ। ਇਤਨੀ ਦਰਦ ਹੋਈ ਜੋ ਉਸੇ ਖਿਆਲ ਵਿਚ ਹੀ ਪ੍ਰਾਣ ਛੁੱਟ ਗਏ। ਇਸ ਕਰਕੇ ਮੈਨੂੰ ਮੈਂ ਪਹਿਲਾਂ ਸ਼ੇਰ ਦਾ ਸਰੀਰ ਧਾਰਨਾ ਪਿਆ। ਦੂਜਾ ਧਿਆਨ ਮੇਰਾ ਗੁਰਾਂ ਵੱਲ ਸੀ ਉਸ ਦਾ ਫਲ ਮੈਨੂੰ ਇਹ ਮਿਲਿਆ ਜੋ ਗੁਰੂ ਜੀ ਨੇ ਆਪ ਹੀ ਆ ਕੇ ਕਲਿਆਨ ਕੀਤੀ ਹੈ।

ਯਥਾ—'ਆਪ ਆਨਿ ਕਰਿ ਮੁਝ ਕੌ ਮਾਰਾ। ਭਵ ਸਾਗਰ ਤੇ ਕੀਨਿ ਉਧਾਰਾ।'

ਤੂੰ ਤੇ ਬੜਿਆਂ ਭਾਗਾਂ ਵਾਲਾ ਹੈਂ ਜੋ ਉਨ੍ਹਾਂ ਦਾ ਦਰਸ਼ਨ ਕਰ ਰਿਹਾ ਹੈਂ। ਐਸੇ ਕਹਿ ਕੇ ਉਹ 'ਕਾਸਮ ਬੇਗ' ਸੁਰਗ ਵਿਚ ਚਲਾ ਗਿਆ।

ਇਸ ਪਾਸੇ ਗੁਰੂ ਜੀ ਅਤੇ ਜਹਾਂਗੀਰ ਬਾਦਸ਼ਾਹ ਦੋਨੋਂ ਸ਼ਹਿਰ ਨੂੰ ਵਾਪਸ ਆ ਗਏ ਤੇ ਆਪ ਆਪਣੀ ਜਗ੍ਹਾ ਡੇਰਾ ਕੀਤਾ।*

ਰਾਤ ਬੀਤਣ ਪਰ ਦੂਜੇ ਦਿਨ ਫਿਰ ਜਹਾਂਗੀਰ ਬਾਦਸ਼ਾਹ ਨੇ ਗੁਰੂ ਜੀ ਦੇ ਪਾਸ ਆ ਕੇ ਕਿਹਾ ਕੋਈ ਕੰਮ ਆਗਰੇ ਪੈ ਗਿਆ ਹੈ ਮੈਂ ਆਗਰੇ ਜਾਣ ਨੂੰ ਤਿਆਰ ਹਾਂ, ਆਪ ਭੀ ਕਿਰਪਾ ਕਰਕੇ ਆਗਰੇ ਨੂੰ ਚੱਲੋ। ਹਜ਼ੂਰ ਭੀ ਤਿਆਰ ਹੋ ਗਏ ਤੇ ਤੁਰਦੇ ਤੁਰਦੇ ਜਦ ਆਗਰੇ ਪਹੁੰਚੇ ਤਾਂ ਕਿਸੀ ਸਿੱਖ ਨੇ ਆ ਕੇ ਮੱਥਾ ਟੇਕ ਕੇ ਕਿਹਾ–ਹੇ ਸੱਚੇ ਪਾਤਿਸ਼ਾਹ! ਆਪ ਕਦ ਦੇ ਆਏ ਹੋ?

ਇਹ ਗੱਲ ਸੁਣਕੇ ਜਹਾਂਗੀਰ ਦੇ ਮਨ ਵਿਚ ਸੰਸਾ ਹੋ ਗਿਆ ਕਿ ਅਸੀਂ ਇਤਨੀ ਦੁਨੀਆਂ ਦੇ ਮਾਲਕ ਹਾਂ ਅਤੇ ਸ਼ਾਹੀ ਖਜ਼ਾਨਾ ਭੀ ਬਿਅੰਤ ਹੈ, ਹੁਕਮ ਹਾਸਲ ਬੜਾ ਚਲ ਰਿਹਾ ਹੈ ਪਰ ਸਾਨੂੰ ਸੱਚਾ ਪਾਤਿਸ਼ਾਹ ਕੋਈ ਵੀ ਨਹੀਂ ਕਹਿੰਦਾ।

ਯਥਾ—ਜਹਾਂਗੀਰ ਉਰ ਸੰਸੈ ਭਯੋ। ਮੁਝ ਤੇ ਭੀ ਊਚੋ ਪਦ ਥਿਯੋ॥੨੧॥
ਰਹਯੋ ਗਿਨਤਿ ਚਿਤ ਮਹਿ ਅਧਿਕਾਯੋ। ਇਹ ਕਿਮ ਨਾਮ ਅਪਨਿ ਧਰਵਾਯੋ।
ਸਾਚੋ ਪਾਤਿਸ਼ਾਹੁ ਨਰ ਕਹੈਂ। ਇਤੀ ਜਿਠਾਈ ਕਜੋਂ ਕਰਿ ਲਹੈਂ॥੨੨॥
ਏਕ ਦਜੋਸ ਪੁਨ ਚਢੇ ਸ਼ਿਕਾਰ। ਭਯੋ ਮੇਲ ਬੋਲਜੋ ਹਿਤ ਧਾਰਿ।
ਸੁਨਜੋ ਜਗਤ ਮਹਿ ਨਾਮ ਤੁਹਾਰਾ। ਕਹਿਂ-'ਸਾਚਾ ਪਾਤਿਸ਼ਾਹੁ ਉਦਾਰਾ'+॥੨੩॥

ਇਸ ਵਿਚ ਕੀ ਕਾਰਨ ਹੈ,

'ਸੁਨਿ ਬੋਲੇ ਸ੍ਰੀ ਹਰਿ ਗੋਵਿੰਦ। ਐਸੇ ਨਾਮ ਜਿ ਕਹਿਂ ਜਗ ਬ੍ਰਿੰਦ॥੨੪॥
ਹਮ ਨਹਿਂ ਕਿਸ ਕੌ ਕਹੈਂ ਕਦਾਈ। ਆਪਹਿ ਨਾਮ ਧਰੈਂ ਸਮੁਦਾਈ॥੨੫॥'

---

*ਗੁਰ ਪ੍ਰਤਾਪ ਸੂਰਜ ਰਾਸ ੪ ਅੰਸੁ ੫੫ ਵਿਚ ਇਹ ਸਾਰਾ ਪ੍ਰਸੰਗ ਲਿਖਿਆ ਹੋਇਆ ਹੈ।

+ਬਹੁਤ ਸਾਰੇ ਲੋਕ ਸੱਚੇ ਪਾਤਿਸ਼ਾਹ ਕਹਿੰਦੇ ਹਨ।

ਜਦ ਇਸ ਤਰ੍ਹਾਂ ਕਹਿ ਕੇ ਸਮਝਾਇਆ ਤਦ ਵੀ ਜਹਾਂਗੀਰ ਨੂੰ ਨਿਸ਼ਚਾ ਨਾ ਆਇਆ ਤਾਂ ਹਜ਼ੂਰ ਨੇ ਵਿਚਾਰਿਆ ਜਿੰਨਾ ਚਿਰ ਅੱਖੀਂ ਨਹੀਂ ਦੇਖਦਾ, ਓਨਾ ਚਿਰ ਇਸ ਨੂੰ ਯਕੀਨ ਨਹੀਂ ਆਉਣਾ। ਸੋ ਆਪੇ ਕਿਸੀ ਸਮੇਂ ਸਮਝ ਜਾਏਗਾ।

ਗੁਰੂ ਜੀ ਦਾ ਆਗਰੇ ਪਹੁੰਚਣਾ ਸੁਣ ਕੇ ਆਗਰੇ ਦੀ ਅਤੇ ਆਲੇ ਦੁਆਲੇ ਦੇ ਪਿੰਡਾਂ ਦੀ ਬੜੀ ਸੰਗਤ ਦਰਸ਼ਨਾਂ ਨੂੰ ਆਈ। ਭੇਟਾ ਦੇ ਢੇਰ ਲੱਗ ਗਏ, ਕੜਾਹ ਪ੍ਰਸਾਦਿ ਦੀਆਂ ਦੇਗਾਂ ਹੋਣ ਲੱਗ ਪਈਆਂ। ਜਿਸ ਜਿਸ ਇੱਛਾ ਨੂੰ ਧਾਰ ਕੇ ਕੋਈ ਆਉਂਦਾ ਹੈ ਸਭ ਦੀਆਂ ਆਸਾਂ ਪੂਰੀਆਂ ਹੁੰਦੀਆਂ ਹਨ।

ਫਿਰ ਇਕ ਦਿਨ ਗੁਰੂ ਸਾਹਿਬ ਜੀ ਤੇ ਜਹਾਂਗੀਰ ਬਾਦਸ਼ਾਹ ਦੋਨੋਂ ਸ਼ਿਕਾਰ ਖੇਡਣ ਵਾਸਤੇ ਬਾਹਰ ਗਏ। ਘੋੜਿਆਂ ਨੂੰ ਦੁੜਾਉਂਦੇ ਹੋਏ ਬੜੇ ਸੰਘਣੇ ਜੰਗਲ ਵਿਚ ਚਲੇ ਗਏ।

'ਬਨ ਕੇ ਜੀਵ ਘੇਰ ਕਰਿ ਮਾਰਹਿਂ। ਨਿਕਸਹਿਂ ਅੱਗ੍ਰ ਨ ਜਿਯਤ ਸਿਧਾਰਹਿਂ।
ਤੀਰਨਿ ਸੰਗਿ ਐਚਿ ਗੁਰੁ ਹਨੇ। ਜਹਾਂਗੀਰ ਸੰਘਾਰਤਿ ਘਨੇ॥੩੯॥'

[ਗੁਰ ਪ੍ਰਤਾਪ ਸੂਰਜ ਰਾਸਿ ੪, ਅੰਸੂ ੫੬]

ਇਸ ਤਰ੍ਹਾਂ ਸ਼ਿਕਾਰ ਖੇਡਦੇ ਖੇਡਦੇ ਥੱਕ ਗਏ ਤਾਂ ਵਾਪਸ ਮੁੜ ਆਏ। ਆਉਂਦਿਆਂ ਹੋਇਆਂ ਇਕ ਬ੍ਰਿੱਛ ਦੀ ਸੋਹਣੀ ਛਾਂ ਦੇਖ ਕੇ ਜਹਾਂਗੀਰ ਨੇ ਡੇਰਾ ਲਗਾ ਦਿੱਤਾ ਅਤੇ ਗੁਰੂ ਸਾਹਿਬ ਜੀ ਨੇ ਭੀ ਸੁੰਦਰ ਬ੍ਰਿੱਛ ਦੀ ਛਾਂ ਦੇਖ ਕੇ ਕੁਝ ਕੁ ਫਾਸਲੇ ਤੇ ਡੇਰਾ ਕਰ ਲਿਆ।

ਓਥੇ ਹੀ ਇਕ ਘਾਹੀ ਜੋ [ਘਾਹ ਖੋਤਰ ਕੇ ਉਸ ਨੂੰ ਬਾਜ਼ਾਰ ਵੇਚ ਕੇ ਆਪਣੀ ਉਪਜੀਵਕਾ ਦਾ ਨਿਰਬਾਹ ਕਰਦਾ ਹੁੰਦਾ ਸੀ।] ਜਦ ਉਸ ਨੇ ਸੁਣਿਆ ਕਿ ਸੱਚੇ ਪਾਤਿਸ਼ਾਹ ਜੀ ਇਥੇ ਆਏ ਹੋਏ ਹਨ ਤਾਂ ਦਿਲ ਵਿਚ ਦਰਸ਼ਨ ਕਰਨ ਦੀ ਬੜੀ ਉਮੰਗ ਪੈਦਾ ਹੋਈ। ਉਸੀ ਵੇਲੇ ਚਲਦਾ ਚਲਦਾ ਓਥੇ ਆ ਪਹੁੰਚਾ, ਜਿਥੇ ਜਹਾਂਗੀਰ ਨੇ ਡੇਰਾ ਲਗਾਇਆ ਹੋਇਆ ਸੀ। ਆ ਕੇ ਦਰਵਾਨਚੀਆਂ ਤੋਂ ਪੁੱਛਦਾ ਹੈ-''ਸੱਚੇ ਪਾਤਿਸ਼ਾਹ ਜੀ ਕਿਥੇ ਹਨ? ਮੈਂ ਉਨ੍ਹਾਂ ਅੱਗੇ ਭੇਟਾ ਚੜ੍ਹਾਉਣੀ ਚਾਹੁੰਦਾ ਹਾਂ।''

ਇਹ ਗੱਲ ਜਹਾਂਗੀਰ ਬਾਦਸ਼ਾਹ ਨੇ ਸੁਣ ਕੇ ਆਪਣੇ ਦਰਵਾਨਚੀਆਂ ਨੂੰ ਕਿਹਾ, ''ਇਸ ਨੂੰ ਅੰਦਰ ਆਉਣ ਦਿਓ।''

ਜਦ ਅੰਦਰ ਗਿਆ ਤਾਂ ਦਰਸ਼ਨ ਕਰਕੇ ਟਕਾ ਅੱਗੇ ਰਖ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲੱਗਾ-

''ਹੇ ਸਚੇ ਪਾਤਿਸ਼ਾਹ! ਆਪ ਦੀਨ ਦੁਨੀਆਂ ਦੇ ਮਾਲਕ ਹੋ ਤੇ ਮੈਂ ਗਰੀਬ ਦਾਸ, ਆਪ ਜੀ ਦੇ ਚਰਨਾਂ ਵਿਚ ਆਇਆ ਹਾਂ, ਇਸ ਤੇ ਆਪ ਮੇਰੀ ਸਹਾਇਤਾ ਕਰਨੀ। ਹੋਰ ਮੇਰੀ ਕੋਈ ਕਾਮਨਾ ਨਹੀਂ। ਇਕ ਜਮ ਤੋਂ ਮੈਨੂੰ ਛੁਡਾ ਲੈਣਾ ਜੀ।''

ਇਹ ਗੱਲ ਸੁਣ ਕੇ ਜਹਾਂਗੀਰ ਬੜਾ ਹੈਰਾਨ ਹੋਇਆ ਤੇ ਦਿਲ ਵਿਚ ਆਖਦਾ ਹੈ ਇਹ ਮੈਨੂੰ ਗੁਰੂ ਸਮਝ ਕੇ ਆਇਆ ਹੈ ਮੇਰੇ ਵਿਚ ਭਲਾ ਇਤਨੀ ਸ਼ਕਤੀ ਕਿਥੇ ਹੈ ਜੋ ਮੈਂ ਪ੍ਰਲੋਕ ਵਿਖੇ ਇਸ ਦੀ ਸਹਾਇਤਾ ਕਰਾਂ। ਮੈਂ ਤਾਂ ਇਸ ਲੋਕ ਵਿਚ ਭੀ ਪੂਰੀ ਪੂਰੀ ਸਹਾਇਤਾ ਨਹੀਂ ਕਰ ਸਕਦਾ, ਕਿਉਂਕਿ ਜਿਥੋਂ ਤਕ ਮੇਰਾ ਹੁਕਮ ਚਲਦਾ ਹੈ ਉਥੋਂ ਤਕ ਤਾਂ ਸਹਾਇਤਾ ਕਰ ਸਕਾਂਗਾ ਪਰ ਸਾਰਿਆਂ ਮੁਲਕਾਂ ਵਿਚ ਮੈਂ ਸਹਾਇਤਾ

ਨਹੀਂ ਕਰ ਸਕਦਾ। ਤਦ ਇਸ ਨੂੰ ਨਿਸਚਾ ਆਇਆ ਕਿ ਸਿੱਖ ਠੀਕ ਕਹਿੰਦੇ ਹਨ ਕਿ ਸਤਿਗੁਰੂ ਜੀ ਸੱਚੇ ਪਾਤਿਸ਼ਾਹ ਹਨ।

ਯਥਾ—'ਦੀਨ ਦੁਨੀ ਜੋ ਕਰਹਿ ਸਹਾਇ। ਸਚ ਪਤਿਸ਼ਾਹਿਤ ਤਿਸ ਬਨਿ ਆਇ।
ਗੁਰੂ ਕਹਤਿ ਥੇ ਜੋ ਮਮ ਪਾਸ। ਕਰਹਿਂ ਆਪ ਨਰ ਨਾਮ ਪ੍ਰਕਾਸ਼॥੧੫॥'

[ਰਾਸਿ ੪ ਅੰਸੂ ੫੭]

ਉਸ ਸਮੇਂ ਤੋਂ ਜਹਾਂਗੀਰ ਨੂੰ ਬੜਾ ਨਿਸਚਾ ਹੋ ਗਿਆ ਤੇ ਘਾਹੀ ਨੂੰ ਆਖਦਾ ਹੈ-''ਹੇ ਭਾਈ! ''

ਮੈਂ ਤਾਂ ਝੂਠਾ ਬਾਦਸ਼ਾਹ ਹਾਂ ਸੱਚੇ ਪਾਤਿਸ਼ਾਹ ਜੀ ਦਾ ਡੇਰਾ ਅਗੇ ਹੈ, ਉਥੇ ਜਾ ਕੇ ਉਹਨਾਂ ਦਾ ਦਰਸ਼ਨ ਕਰ।

ਇਹ ਗੱਲ ਸੁਣ ਕੇ ਘਾਹੀ ਨੇ ਉਸੀ ਵੇਲੇ ਟਕਾ ਚੁੱਕ ਲਿਆ ਤੇ ਸੱਚੇ ਪਾਤਿਸ਼ਾਹ ਜੀ ਦੇ ਦਰਸ਼ਨਾਂ ਨੂੰ ਤੁਰ ਪਿਆ। ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਓਹੀ ਟਕਾ ਅੱਗੇ ਰੱਖ ਕੇ ਬੇਨਤੀ ਕਰਦਾ ਹੈ-''ਹੇ ਸੱਚੇ ਪਾਤਸ਼ਾਹ! ਆਪ ਲੋਕ ਪ੍ਰਲੋਕ ਵਿਖੇ ਮੇਰੀ ਸਹਾਇਤਾ ਕਰਨੀ।''

ਇਸ ਕਰਕੇ ਗੁਰੂ ਜੀ ਸੱਚੇ ਪਾਤਿਸ਼ਾਹ ਹਨ।

ਫਿਰ ਸਿੱਧਾਂ ਨੇ ਕਿਹਾ, ਜਿਸ ਤਰ੍ਹਾਂ ਦੁਨਿਆਵੀ ਬਾਦਸ਼ਾਹਾਂ ਦੀਆਂ ਵੱਖ-ਵੱਖ ਬਹੁਤ ਤਰ੍ਹਾਂ ਦੀਆਂ ਭਾਖਿਆ=ਬੋਲੀਆਂ ਹੁੰਦੀਆਂ ਹਨ, ਅੰਗਰੇਜ਼ੀ, ਫਾਰਸੀ, ਅਰਬੀ, ਤੁਰਕੀ, ਪਸਤੋ, ਸੰਸਕ੍ਰਿਤ ਵਗੈਰਾ ਇਸ਼ੇ ਤਰ੍ਹਾਂ ਉਸ ਪਰਮਾਤਮਾ ਦੀ ਕੋਈ ਬੋਲੀ ਹੈ ਜਾਂ ਨਹੀਂ? ਗੁਰ ਉੱਤਰ-

ਭਾਖਿਆ ਭਾਉ ਅਪਾਰੁ॥

੧. ਉਸ ਪਰਮਾਤਮਾ ਦੀਆਂ ਭਾਖਿਆ=ਬੋਲੀਆਂ ਅਪਾਰੁ=ਬਿਅੰਤ ਹੀ ਭਾਉ=ਪਰਕਾਰ ਦੀਆਂ ਹਨ। ਅਰਥਾਤ ਜਿੰਨੇ ਕੁ ਜੀਵ ਆਪਣੇ ਮੂੰਹ ਨਾਲ ਵੱਖੋ ਵੱਖ ਬਾਣੀ ਉਚਾਰਦੇ ਹਨ, ਇਹ ਸਭ ਉਸੇ ਦੀਆਂ ਬੋਲੀਆਂ ਹਨ।

ਪ੍ਰਸ਼ਨ-ਉਸ ਦੇ ਨਾਮ ਨੂੰ ਕਿਸੀ ਨੇ ਆਖਿਆ ਭੀ ਹੈ ਜਾਂ ਨਹੀਂ?

੨. ਗੁਰ ਉੱਤਰ- ਉਸ ਦੇ ਨਾਮ ਨੂੰ ਅਪਾਰੁ=ਬਿਅੰਤ ਪੁਰਸ਼ਾਂ ਨੇ ਭਾਉ=ਪ੍ਰੇਮ ਸਹਿਤ ਭਾਖਿਆ=ਉਚਾਰਨ ਕੀਤਾ ਹੈ।

ਪ੍ਰਸ਼ਨ- ਜਿਨ੍ਹਾਂ ਨੇ ਨਾਮ ਉਚਾਰਿਆ ਹੈ, ਉਹਨਾਂ ਨੂੰ ਕੀ ਫਲ ਮਿਲਿਆ ਹੈ?

੩. ਗੁਰ ਉੱਤਰ-ਜਿਨ੍ਹਾਂ ਨੇ ਪ੍ਰੇਮ ਸਹਿਤ ਨਾਮ ਉਚਾਰਿਆ ਹੈ, ਉਹਨਾਂ ਨੂੰ ਅਪਾਰ=ਬਿਅੰਤ ਰੂਪ ਪਰਮਾਤਮਾ ਦਾ ਭਾਉ=ਬ੍ਰਹਮ ਗਿਆਨ ਹੋਇਆ ਹੈ।

ਫਿਰ ਸਿੱਧਾਂ ਨੇ ਕਿਹਾ, ਪਰਮੇਸ਼ਰ ਪਾਸੋਂ ਕੋਈ ਮੰਗਦਾ ਭੀ ਹੈ ਕਿ ਨਹੀਂ?

ਗੁਰ ਉੱਤਰ-

ਆਖਹਿ ਮੰਗਹਿ ਦੇਹਿ ਦੇਹਿ

ਮੁਸਲਮਾਨ ਵੀ ਆਖਦੇ ਹਨ, ਸਾਨੂੰ ਦੇਹ ! ਹਿੰਦੂ ਵੀ ਮੰਗ਼ਦੇ ਹਨ, ਸਾਨੂੰ ਦੇਹ।

ਯਥਾ— "ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ॥
ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ॥੩॥"

[ਗੂਜਰੀ ਮਹਲਾ ੪, ਪੰਨਾ ੫੦੭]

੨. ਦੈਂਤ ਆਖਦੇ ਹਨ ਸਾਨੂੰ ਦੇਹ, ਦੇਵਤਾ ਮੰਗਦੇ ਹਨ ਸਾਨੂੰ ਦੇਹ।

ਯਥਾ— 'ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ॥' [ਦਖਣੀ ਓਅੰਕਾਰ, ਪੰਨਾ ੯੩੩]

੩. ਸਭ ਕੋਈ ਆਪੋ ਆਪਣੇ ਆਖਹਿ=ਮੂੰਹ ਤੋਂ ਮੰਗਦੇ ਹਨ, ਸਾਨੂੰ ਏਹ ਪਦਾਰਥ ਵੀ ਦੇਹ, ਏਹ ਪਦਾਰਥ ਵੀ ਦੇਹ। ਅਰਥਾਤ ਕੋਈ ਪੁੱਤਰ, ਕੋਈ ਧਨ; ਕੋਈ ਜ਼ਮੀਨ, ਕੋਈ ਮਕਾਨ, ਕੋਈ ਮਾਨ-ਇੱਜ਼ਤ, ਕੋਈ ਨਾਮ, ਕੋਈ ਪ੍ਰੇਮਾ-ਭਗਤੀ, ਕੋਈ ਸਤ ਸੰਤੋਖ ਵਗੈਰਾ ਮਨਇੱਛਤ ਪਦਾਰਥ ਮੰਗਦੇ ਹਨ।

ਯਥਾ— "ਜਨ ਕੌ ਪ੍ਰਭੁ ਸੰਗੇ ਅਸਨੇਹੁ॥
ਸਾਜਨੌ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥੧॥ ਰਹਾਉ॥
ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥੧॥"

[ਕਾਨੜਾ ਮਹਲਾ ੫, ਪੰਨਾ ੧੩੦੮]

੪. ਆਖਹਿ=ਅਖਿਆਣਾਂ ਨੂੰ ਪੜ੍ਹ ਸੁਣ ਕੇ ਕਈ ਵਿਚਾਰਵਾਨ ਏਹ ਮੰਗਦੇ ਹਨ, ਕਿ ਹੇ ਪਰਮਾਤਮਾ! ਤੂੰ ਸਾਨੂੰ ਮਨੁੱਖਾ ਦੇਹੀ ਦੇਹ।

ਦਾਤਿ ਕਰੇ ਦਾਤਾਰੁ॥

ਤਾਂ ਉਹ ਦਾਤਾਰੁ=ਪਰਮਾਤਮਾ ਉਹਨਾਂ ਮੰਗਣ ਵਾਲਿਆਂ ਨੂੰ ਉਹੋ ਦਾਤ ਦੇਣੀ ਕਰਦਾ ਹੈ।

ਯਥਾ— "ਜੇ ਚੁਪੈ ਜੇ ਮੰਗਿਐ ਦਾਤਿ ਕਰੇ ਦਾਤਾਰੁ॥
ਇਕੁ ਦਾਤਾ ਸਭਿ ਮੰਗਤੇ ਫਿਰਿ ਦੇਖਹਿ ਆਕਾਰੁ॥
ਨਾਨਕ ਏਵੈ ਜਾਣੀਐ ਜੀਵੈ ਦੇਵਣਹਾਰੁ॥੨॥"

[ਸਾਰੰਗ ਵਾਰ ਮ: ੧, ਪੰਨਾ ੧੨੪੨]

ਇਸ ਇਕ ਤੁਕ ਵਿਚ ਸ਼ਕਾਮੀ ਪੁਰਸ਼ਾਂ ਦੀਆਂ ਮੰਗਾਂ ਦਾ ਵਰਨਣ ਕਰਕੇ ਅਗਲੀ ਤੁਕ ਵਿਚ ਪਰਮੇਸ਼ਰ ਪ੍ਰਾਪਤੀ ਦੇ ਇੱਛਾਵਾਨ ਦੀ ਅਰਜ਼ੋਈ ਦਾ ਨਿਰੂਪਣ ਕਰਦੇ ਹਨ।

ਪ੍ਰਸ਼ਨ-ਜਿੱਕੁਰ ਬਾਦਸ਼ਾਹਾਂ ਅਗੇ ਭੇਟਾ ਰੱਖੀਦੀ ਹੈ, ਤਿਵੇਂ?

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥

ਉਸ ਦਾਤੇ ਪਰਮਾਤਮਾ ਅਗੇ ਕਿ=ਕਿਹੜੀ ਫੇਰਿ=ਭੇਟਾ ਰੱਖੀਏ, ਵਾ ਫੇਰਿ=ਪੁਨਾ ਅਸੀਂ ਉਸ ਦਾਤੇ ਦੇ ਅੱਗੇ ਕੀ ਨਜ਼ਰ ਭੇਟ ਧਰੀਏ ਜਿਸ ਕਰਕੇ ਸਾਨੂੰ ਉਸ ਦਾ ਦਰਬਾਰੁ=ਸਰੂਪ ਦਿਸ ਪਵੇ?

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥

ਅਤੇ ਮੂੰਹ 'ਚੋਂ ਕਿਹੜੇ ਬੋਲਣੁ=ਬਚਨ ਬੋਲੀਏ ਜਿਨ੍ਹਾਂ ਬਚਨਾਂ ਨੂੰ ਸੁਣ ਕੇ ਉਹ ਪਰਮਾਤਮਾ ਸਾਡੇ ਨਾਲ ਪਿਆਰ ਧਾਰੇ?

ਇਹਨਾਂ ਦੋ ਪ੍ਰਸ਼ਨਾਂ ਦਾ ਉੱਤਰ ਹੁਣ ਗੁਰੂ ਜੀ ਦੇਂਦੇ ਹਨ-

ਅੰਮ੍ਰਿਤ ਵੇਲਾ ਸਚੁ ਨਾਉ

ਅੰਮ੍ਰਿਤ ਵੇਲੇ ਉਠ ਕੇ ਜਿਹੜਾ ਸਚੇ ਨਾਮ ਦਾ ਜਪਣਾ ਹੈ ਏਹੋ ਉਸ ਪਰਮਾਤਮਾ ਅੱਗੇ ਭੇਟਾ ਧਰੀਏ ਤਾਂ ਸਰੂਪ ਦਿਸਦਾ ਹੈ। ਕਿਉਂਕਿ ਉਸ ਦੀਆਂ ਦਾਤਾਂ ਵਿਚੋਂ ਰਾਤ ਦਿਨ ਦੇ ਅੱਠ ਪਹਿਰ ਦਾ ਸਮਾਂ ਇਕ ਅਮੋਲਕ ਦਾਤ ਸਾਨੂੰ ਮਿਲੀ ਹੈ। ਇਸ ਵਿਚੋਂ ਰਾਤ ਦੇ ਪਿਛਲੇ ਹਿੱਸੇ ਦੀਆਂ ਪਹੁ ਫੁੱਟਣ ਤੋਂ ਪਹਿਲੀਆਂ ਚਾਰ ਘੜੀਆਂ ਦੇ ਸਮੇਂ ਨੂੰ ਅੰਮ੍ਰਿਤ ਵੇਲਾ ਆਖਦੇ ਹਨ ਉਸ ਵੇਲੇ ਦਾ ਸੱਚਾ ਨਾਮ ਸਿਮਰਿਆ ਇਸ ਨੂੰ ਸਰੂਪ ਦੀ ਪ੍ਰਾਪਤੀ ਕਰਨ ਵਾਲਾ ਹੈ।*

ਯਥਾ—"ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥"

[ਵਾਰ ਮਲਾਰ, ਸਲੋਕ ਮ: ੩ ਪੰਨਾ ੧੨੮੫]

ਤਥਾ— "ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾੜਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥੧॥"

[ਗਉੜੀ ਬਾਵਨ ਅਖਰੀ, ਪੰਨਾ ੨੫੫]

ਇਸ਼ਨਾਨ ਨਿਰਨੇ

**ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਪਾ ਕੇ ਮਨਸੁਖ ਸ਼ਾਹ ਸੰਗਲਾ ਦੀਪ ਵਿਚ ਪਹੁੰਚਕੇ ਰਾਜੇ ਸ਼ਿਵਨਾਭ ਨੂੰ ਮਿਲਿਆ ਹੈ ਤਾਂ ਪਹਿਲੇ ਅੰਕ੍ਰੀਵ ਇਕਾਦਸ਼ੀ ਵਰਤ ਰੱਖਣ ਦਾ ਮਹਾਤਮ ਸੁਣਾ ਕੇ ਫਿਰ ਉਸ ਨੇ ਅੰਮ੍ਰਿਤ ਵੇਲੇ ਉੱਠਕੇ ਇਸ਼ਨਾਨ ਕਰਨ ਦਾ ਮਹਾਤਮ ਸੁਣਾਇਆ ਕਿ-*

ਜੋ ਮਨੁੱਖ ਪਹਿਰ ਰਾਤ ਰਹਿੰਦੀ ਉੱਠ ਕੇ ਇਸ਼ਨਾਨ ਕਰਦਾ ਹੈ ਉਸਨੂੰ ੩੨੬੦ ਤੋਲੇ ਸੋਨੇ ਦਾ ਦਾਨ ਦੇਣ ਜਿਤਨਾ ਫਲ ਮਿਲਦਾ ਹੈ।

ਜੋ ਮਨੁੱਖ ਚਾਰ ਘੜੀ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ, ਉਸ ਨੂੰ ੩੨੬੦ ਤੋਲੇ ਚਾਂਦੀ ਦੇ ਦਾਨ ਦੇਣ ਜਿਤਨਾ ਫਲ ਮਿਲਦਾ ਹੈ।

ਜੋ ਮਨੁੱਖ ਇਕ ਘੜੀ ਰਾਤ ਰਹਿੰਦਿਆਂ ਇਸ਼ਨਾਨ ਕਰਦਾ ਹੈ, ਉਸ ਨੂੰ ਸਵਾ ਮਣ ਦੁੱਧ ਦੇਣ ਜਿਤਨਾ ਫਲ ਮਿਲਦਾ ਹੈ।

ਜੋ ਮਨੁੱਖ ਪ੍ਰਾਤਾਕਾਲ ਉੱਠ ਕੇ ਇਸ਼ਨਾਨ ਕਰਦਾ ਹੈ, ਉਸ ਨੂੰ ਇਕ ਮਣ ਜਲ ਦਾਨ ਦੇਣ ਜਿਤਨਾ ਫਲ ਮਿਲਦਾ ਹੈ।

ਜੋ ਮਨੁੱਖ ਦਿਨ ਚੜ੍ਹੇ ਇਸ਼ਨਾਨ ਕਰਦਾ ਹੈ, ਉਸ ਨੂੰ ਸਰੀਰਕ ਪਵਿੱਤ੍ਰਤਾ ਤਾਂ ਪ੍ਰਾਪਤ ਹੋ ਜਾਂਦੀ ਹੈ ਪ੍ਰੰਤੂ ਕਿਸੇ ਪੁੰਨ ਦੀ ਪ੍ਰਾਪਤੀ ਨਹੀਂ ਹੁੰਦੀ।

ਯਥਾ—ਚੌਪਈ॥ 'ਪੁਨਿ ਮੱਜਨ ਕੀ ਗਾਥਾ ਸੁਨਿਯੇ। ਨਿਸ ਕੇ ਨ੍ਹਾਨ ਅਧਿਕ ਫਲ ਜਨਿਯੇ।

(ਬਾਕੀ ਦੇਖੋ ਫੁਟ ਨੋਟ ਸਫਾ ੧੩੭)

ਤਥਾ—"ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹਾਲਹਿ ਹਰਿ ਗਾਲ॥"

[ਪ੍ਰਭਾਤੀ, ਪੰਨਾ ੧੩੫]

ਅਤੇ ਜਿਹੜੇ ਪੁਰਸ਼ ਅੰਮ੍ਰਿਤ ਵੇਲੇ ਨਹੀਂ ਉੱਠਦੇ ਉਹ ਜੀਂਵਦੇ ਹੀ ਮਰਿਆਂ ਦੇ ਤੁੱਲ ਹਨ।

ਯਥਾ—"ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਂਵਦੜੋ ਮੁਇਓਹਿ॥੧੦੭॥"

[ਪੰਨਾ ੧੩੮੩]

ਤਥਾ—ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ॥ ੪॥ ੯॥

[ਪ੍ਰਭਾਤੀ ਮਹਲਾ ੧, ਪੰਨਾ ੧੩੩੦]

ਅੰਮ੍ਰਿਤ ਵੇਲਿਆਂ ਦਾ ਵਿਚਾਰ-

੧. ਬ੍ਰਿਧ ਅਵਸਥਾ ਭੀ ਅੰਮ੍ਰਿਤ ਵੇਲਾ ਹੈ।

੨. ਕਲਜੁਗ ਦਾ ਸਮਾਂ ਅੰਮ੍ਰਿਤ ਵੇਲਾ ਹੈ।

੩. ਮਨੁੱਖਾ ਜਨਮ ਅੰਮ੍ਰਿਤ ਵੇਲਾ ਹੈ।

੪. ਸਤਿਸੰਗ ਅਤੇ ਗੁਰੂ ਮਿਲਾਪ ਦਾ ਸਮਾਂ ਭੀ ਅੰਮ੍ਰਿਤ ਵੇਲਾ ਹੈ।

ਇਨ੍ਹਾਂ ਸਮਿਆਂ ਵਿਚ ਹਰ ਪ੍ਰਾਣੀ ਮਾਤ੍ਰ ਨੂੰ ਚਾਹੀਦਾ ਹੈ ਕਿ ਉਸ ਦਾਤੇ ਦਾ ਸਿਮਰਨ ਕਰੇ, ਕਿਉਂਕਿ ਇਸ ਭੇਟਾ ਨੂੰ ਉਹ ਛੇਤੀ ਪ੍ਰਵਾਨ ਕਰ ਲੈਂਦਾ ਹੈ। ਨਾਲੇ ਇਹ ਨਿਯਮ ਵਾਲੀ ਗੱਲ ਹੈ ਕਿ ਆਪ ਤੋਂ ਵੱਡਾ ਚਾਹੇ ਕੋਈ ਭੀ ਹੋਵੇ ਜਿਸ ਦੀ ਪ੍ਰਸੰਨਤਾ ਲੈਣੀ ਹੋਵੇ ਜਾਂ ਆਪਣੀ ਮੁਰਾਦ ਹਾਸਲ ਕਰਨੀ ਹੋਵੇ ਤਾਂ ਖਾਲੀ ਹੱਥੀਂ ਨਾ ਜਾਵੇ, ਕੁਝ ਜ਼ਰੂਰ ਅੱਗੇ ਰੱਖ ਕੇ ਮਿਲੇ।

ਫੁਟ ਨੋਟ ਸਫਾ ੧੩੬ ਦੀ ਬਾਕੀ

ਜਾਮ ਜਾਮਨੀ ਨ੍ਹਾਵਨ ਕਰਿਹੀ। ਕੰਚਨ ਭਾਰ ਦਾਨ ਫਰ ਫਰਿਹੀਂ॥੨੫॥
ਚਤੁਰ ਘਟੀ ਨਿਸ ਤੇ ਜੋ ਨ੍ਹਾਵੈ। ਤਿਤਨੋ ਦਾਨ ਰਜਤ[੨] ਫਲ ਪਾਵੈ।
ਘਟੀ ਰੈਨ ਤੇ ਕਰਹਿ ਸ਼ਨਾਨਾ। ਫਲ ਹੈ ਖੀਰ[੩] ਸਵਾ ਮਨ ਦਾਨਾ॥੨੬॥
ਪ੍ਰਾਤਿਕਾਲ[੪] ਉਠ ਕਰਿ ਜੋ ਨ੍ਹਾਵੈ। ਮਨ ਜਲ ਦਾਨ ਕਰੇ ਫਲ ਪਾਵੈ।
ਦਿਵਸ[੫] ਚਰੇ ਤੇ ਨਾਵਹਿ ਜੋਊ। ਤਾਂ ਕੋ ਹੈ ਨ ਪੁੰਨ ਫਲ ਕੋਊ॥੨੭॥
ਫਲ ਏਤੋ ਹੀ ਦੇਹਿ ਪੁਨੀਤਾ। ਨਿਸ ਤੇ ਨ੍ਹਾਵਨ ਆਦੀ ਰੀਤਾ।
ਨਿਗਮਾਗਮ ਕੀ ਅਹੈ ਨਿਦੇਸ਼[੬]। ਨਹਿ ਕਛੁ ਮੇਰੇ ਵਾਕ ਨਰੇਸ਼[੭]॥੨੮॥'

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ, ਅਧਿ: ੪੪)

---

੧. ਸੋਨੇ ਦੇ ਭਾਰ ਜਿੰਨਾ ਦਾਨ ਕਰਨ ਦਾ ਫਲ ਪ੍ਰਾਪਤ ਹੁੰਦਾ। ੨ ਚਾਂਦੀ। ੩. ਦੁੱਧ। ੪. ਸੂਰਜ ਚੜ੍ਹਨ ਤੋਂ ਪਹਿਲਾਂ। ੫. ਸੂਰਜ ਚੜ੍ਹਨ ਤੋਂ ਬਾਅਦ। ੬. (ਵੇਦਾਂ ਤੇ ਸ਼ਾਸਤ੍ਰਾਂ ਦੀ) ਆਗਿਆ ਹੈ। ੭. ਹੇ ਰਾਜਨ! ਮੇਰੇ ਕੋਈ ਆਪਣੇ ਬਚਨ ਨਹੀਂ।

*ਯਥਾ—"ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥"**

ਸਾਖੀ-ਸੁਥਰੇ ਸ਼ਾਹ ਦੀ

ਕਲਗੀਧਰ ਪਾਤਿਸ਼ਾਹ ਜੀ ਪਾਸ ਇਕ ਸੁਥਰਾ ਰਹਿੰਦਾ ਸੀ।+

ਸਤਿਗੁਰਾਂ ਦੇ ਪਾਸ ਹੋਰ ਭੀ ਬਵੰਜਾ ਕਵੀ ਰਹਿੰਦੇ ਸਨ। ਇਹ ਸੇਵਾ ਕੁਝ ਘਟ ਵਧ ਹੀ ਕਰਦਾ ਸੀ ਤੇ ਗੱਲ ਸੁਥਰੀ ਕਰਦਾ ਸੀ। ਜਿਸ ਤੇ ਸਿੱਖਾਂ ਨੇ ਸਲਾਹ ਕੀਤੀ ਕਿ ਇਸ ਨੂੰ ਕਿਸੇ ਤਰ੍ਹਾਂ ਇਥੋਂ ਕੱਢ ਦੇਈਏ, ਪਰ ਢੰਗ ਕੋਈ ਨਾ ਬਣ ਸਕਿਆ।

ਇਕ ਦਿਨ ਸੁਥਰਾ ਕਿਸੇ ਕੰਮ ਵਾਸਤੇ ਬਾਹਰ ਗਿਆ ਤਾਂ ਸਿਖਾਂ ਨੇ ਸਲਾਹ ਕਰ ਲਈ ਕਿ ਹੁਣ ਇਸ ਨੂੰ ਅੰਦਰ ਨਾ ਜਾਣ ਦੇਈਏ। ਜਦੋਂ ਬਾਹਰੋਂ ਆਇਆ ਤਾਂ ਕਿਹਾ ਕਿ ਤੂੰ ਅੰਦਰ ਨਹੀਂ ਜਾ

**ਤਥਾ—ਰਾਜ, ਵੈਦ, ਗੁਰ, ਜੋਤਸ਼ੀ, ਇਨ ਕੇ ਪਾਸ ਜੋ ਜਾਇ।*
ਖਾਲੀ ਹਾਥ ਨ ਜਾਈਐ, ਫਲ ਦੀਏ ਫਲ ਪਾਇ।

ਤਥਾ ਰਾਜਨੀਤੀ ਵਿਚ ਭੀ ਲਿਖਿਆ ਹੈ-

ਰਿਕਤ ਪਾਨ ਦਰਸੇ ਨਹੀਂ, ਭੂਪ, ਭਿਖਕ, ਗੁਰਦੇਵ।
ਫਲ ਦੀਏ ਫਲ ਪਾਈਐ, ਫਲੇ ਨ ਫਲ ਬਿਨ ਸੇਵ।

+ਸੁਥਰੇ ਦਾ ਜਨਮ ਪਟਿਆਲੇ ਦੇ ਲਾਗੇ ਦਾ ਹੈ। ਜਿਸ ਵੇਲੇ ਸੁਥਰਾ ਜੰਮਿਆ ਇਸਦੇ ਮੂੰਹ ਵਿਚ ਵੱਡੇ ਵੱਡੇ ਦੰਦ ਸਨ। ਇਸ ਦੇ ਮਾਤਾ ਪਿਤਾ ਨੇ ਵਿਚਾਰਿਆ ਕਿ ਬੱਚਾ ਕਈ ਮਹੀਨਿਆਂ ਦਾ ਹੋ ਜਾਵੇ ਤਾਂ ਦੰਦੀਆਂ ਨਿਕਲਦੀਆਂ ਹਨ, ਇਸ ਦੇ ਜਨਮ ਸਮੇਂ ਬੜੇ ਬੜੇ ਦੰਦ ਹਨ ਇਹ ਤਾਂ ਕੋਈ ਬਲਾ ਹੈ। ਇਹ ਸੋਚ ਕੇ ਬਾਹਰ ਸੁੱਟ ਆਏ। ਜਿਥੇ ਸੁੱਟਿਆ ਸੀ ਉਥੇ ਲਾਗੇ ਹੀ ਕੁੱਤੀ ਨੇ ਕਤੂਰੇ ਦਿੱਤੇ ਹੋਏ ਸੀ। ਕੁੱਤੀ ਨੇ ਕਤੂਰਾ ਸਮਝ ਕੇ ਆਪਣੇ ਕਤੂਰਿਆਂ ਵਿਚ ਰੱਖ ਲਿਆ ਤੇ ਇਹ ਕੁੱਤੀ ਦਾ ਹੀ ਦੁਧ ਚੁੰਘਦਾ ਰਿਹਾ।

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉਥੋਂ ਲੰਘੇ ਤਾਂ ਇਹ ਰੋਂਦਾ ਪਿਆ ਸੀ।

ਸਤਿਗੁਰਾਂ ਨੇ ਆਵਾਜ਼-ਸੁਣ ਕੇ ਸਿਖਾਂ ਨੂੰ ਕਿਹਾ-ਦੇਖੋ! ਕੀ ਗੱਲ ਹੈ, ਬੱਚੇ ਦੇ ਰੋਣ ਦੀ ਆਵਾਜ਼ ਆ ਰਹੀ ਹੈ।

ਸਿੱਖਾਂ ਨੇ ਦੇਖਿਆ, ਕਿਹਾ ਹੇ ਸਚੇ ਪਾਤਿਸ਼ਾਹ! ਕੁੱਤੀ ਦੇ ਕਤੂਰਿਆਂ ਵਿਚ ਛੋਟਾ ਜਿਹਾ ਲੜਕਾ ਪਿਆ ਰੋਂਦਾ ਹੈ।

ਮਹਾਰਾਜ ਜੀ ਨੇ ਕਿਹਾ, ਉਠਾ ਲਵੋ ਇਸ ਨੂੰ ਇਸ਼ਨਾਨ ਕਰਾ ਕੇ ਸੁਥਰਾ ਕਰੋ। ਤਦੋਂ ਤੋਂ ਨਾਮ ਸੁਥਰਾ ਪੈ ਗਿਆ।

ਇਸ ਨੂੰ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਨੇ ਹੀ ਪਾਲਿਆ। ਇਸ ਦੀ ਉਮਰ ੧੪੦ ਬਰਸ ਦੀ ਹੋਈ ਹੈ। ਦਸਮ ਪਾਤਿਸ਼ਾਹ ਕਲਗੀਧਰ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭੀ ਏਹੋ ਹੀ ਸੁਥਰਾ ਸੀ ਜੋ ਹਾਸੇ ਦੀਆਂ ਕਵਿਤਾ ਵਗੈਰਾ ਸੁਣਾ ਕੇ ਦਸ਼ਮੇਸ਼ ਪਿਤਾ ਜੀ ਦੀ ਪ੍ਰਸੰਨਤਾ ਲਿਆ ਕਰਦਾ ਸੀ।

ਸਕਦਾ। ਇਸ ਨੇ ਕਿਹਾ ਕਿਉਂ? ਚੋਬਦਾਰ ਨੇ ਕਿਹਾ ਜਿਸ ਦੇ ਪਾਸ ਭੇਟਾ ਹੋਵੇ ਕੇਵਲ ਉਹ ਹੀ ਜਾ ਸਕਦਾ ਹੈ।

ਇਸ ਵਿਚਾਰੇ ਦੇ ਪਾਸ ਕੁਛ ਨਹੀਂ ਸੀ। ਇਹ ਬੜਾ ਦੁਖੀ ਹੋਇਆ। ਅਗੇ ਤਾਂ ਸਤਿਗੁਰਾਂ ਦੇ ਪਾਸ ਹੀ ਰਹਿੰਦਾ ਸੀ। ਹੁਣ ਕਈ ਦਿਨ ਗੁਜ਼ਰ ਗਏ ਕਿ ਮਹਾਰਾਜ ਜੀ ਦੇ ਦਰਸ਼ਨ ਹੀ ਨਾ ਹੋਏ ਤਾਂ ਇਸ ਨੇ ਵਿਚਾਰਿਆ ਕਿ ਅੰਦਰ ਜਾਣ ਦਾ ਕੋਈ ਢੰਗ ਬਣਾਈਏ। ਇੰਜ ਸੋਚ ਕੇ ਬਾਹਰ ਦਰਿਆ ਦੇ ਕੰਢੇ ਤੇ ਚਲਿਆ ਗਿਆ ਤੇ ਉਥੇ ਜਾ ਕੇ ਚਾਦਰ ਵਿਚ ਰੇਤ ਬੰਨ੍ਹ ਲਈ ਅਰ ਚੁਕ ਕੇ ਤੁਰ ਪਿਆ। ਦਰਵਾਜ਼ੇ ਪਾਸ ਆ ਕੇ ਉੱਚੀ ਉੱਚੀ ਕਹਿਣ ਲਗਾ ਕਿ ਪਰੇ ਹੋ ਜਾਵੋ ਮੈਂ ਸਤਿਗੁਰਾਂ ਪਾਸ ਭੇਟਾ ਲੈ ਕੇ ਚਲਿਆ ਹਾਂ।

ਚੋਬਦਾਰ ਕਹਿਣ ਲੱਗਾ ਇਹ ਕੀ ਹੈ? ਸੁਥਰੇ ਨੇ ਕਿਹਾ ਖੰਡ ਹੈ। ਇਸ ਕਰ ਕੇ ਚੋਬਦਾਰ ਸੁਥਰੇ ਨੂੰ ਅੰਦਰ ਜਾਣ ਤੋਂ ਰੋਕ ਨਾ ਸਕਿਆ, ਕਿਉਂਕਿ ਪਹਿਲੇ ਕਹਿ ਚੁਕਾ ਸੀ ਕਿ ਜਿਸ ਪਾਸ ਭੇਟਾ ਹੋਵੇ ਉਹ ਲੰਘ ਸਕਦਾ ਹੈ।

ਸਤਿਗੁਰਾਂ ਦੇ ਹਜ਼ੂਰ ਜਾ ਕੇ ਰੇਤੇ ਦੀ ਪੰਡ ਸੁਟ ਕੇ ਪਹਿਲੇ ਪੰਡ ਦੀਆਂ ਚਾਰ ਪਰਕਰਮਾਂ ਕੀਤੀਆਂ। ਫਿਰ ਸਤਿਗੁਰਾਂ ਵਲ ਪਿੱਠ ਕਰਕੇ ਪੰਡ ਨੂੰ ਮੱਥਾ ਟੇਕਣ ਲਗ ਪਿਆ। ਸਿੱਖਾਂ ਨੇ ਕਿਹਾ-ਸੁਥਰਿਆ! ਇਹ ਕੀ ਕਰਦਾ ਹੈਂ? ਸਤਿਗੁਰੂ ਤਾਂ ਇਸ ਪਾਸੇ ਹਨ ਤੂੰ ਪੰਡ ਨੂੰ ਕਿਉਂ ਮੱਥਾ ਟੇਕਦਾ ਹੈਂ? ਸੁਦਾਈ ਤਾਂ ਨਹੀਂ ਹੋ ਗਿਆ? ਤਾਂ ਸੁਥਰੇ ਨੇ ਕਿਹਾ ਇਹ ਪੰਡ ਧੰਨ ਹੈ ਜਿਸ ਦੀ ਕਿਰਪਾ ਕਰਕੇ ਮੈਂ ਇਥੇ ਪਹੁੰਚਾ ਹਾਂ। ਪਹਿਲੇ ਮੈਂ ਇਸ ਪੰਡ ਨੂੰ ਮੱਥਾ ਟੇਕ ਲਵਾਂ, ਫਿਰ ਸਤਿਗੁਰਾਂ ਨੂੰ ਟੇਕਾਂਗਾ।

ਮਹਾਰਾਜ ਜੀ ਨੇ ਪੁੱਛਿਆ, ਹੇ ਸੁਥਰਿਆ! ਸੱਚੀ ਵਾਰਤਾ ਦਸ ਕੀ ਗੱਲ ਹੈ। ਤਾਂ ਸੁਥਰੇ ਨੇ ਕਿਹਾ-ਹੇ ਪਤਿਤ ਪਾਵਨ ! ਸਚੇ ਪਾਤਿਸ਼ਾਹ ! ਗਰੀਬ ਨਿਵਾਜ ਜੀਓ! ਆਪ ਜਾਣੀਜਾਣ ਹੋ, ਮੈਂ ਕੀ ਦਸਾਂ। ਸਤਿਗੁਰਾਂ ਨੇ ਕਿਹਾ, ਫਿਰ ਭੀ ਕਹੋ ਤਾਂ ਸਾਰੀ ਵਾਰਤਾ ਕਹਿ ਸੁਣਾਈ, ਕਿ ਸਿੱਖਾਂ ਨੇ ਮੈਨੂੰ ਆਪ ਜੀ ਦੇ ਦਰਸ਼ਨ ਕਰਨ ਤੋਂ ਰੋਕ ਦਿੱਤਾ ਸੀ। ਆਖਦੇ ਸਨ ਜਿਹੜਾ ਭੇਟ ਲਿਆਵੇਗਾ ਉਸ ਨੂੰ ਦਰਸ਼ਨ ਹੋਣਗੇ। ਇਸ ਲਈ ਮੈਂ ਇਹ ਪੰਡ ਲੈ ਕੇ ਆਇਆ ਹਾਂ।

ਮਹਾਰਾਜ ਜੀ ਨੇ ਹੁਕਮ ਕੀਤਾ ਕਿ ਇਸ ਨੂੰ ਕੋਈ ਨਾ ਰੋਕੋ। ਜਦੋਂ ਮਰਜ਼ੀ ਹੋਵੇ ਇਹ ਸਾਡੇ ਪਾਸ ਆ ਜਾਇਆ ਕਰੇ।

ਫਿਰ ਉਹ ਰੇਤੇ ਦੀ ਪੰਡ ਲੰਗਰ ਵਿਚ ਸੁਟਾ ਦਿੱਤੀ ਤੇ ਆਗਿਆ ਕੀਤੀ ਕਿ ਇਸ ਨਾਲ ਭਾਂਡੇ ਮਾਂਜੇ ਜਾਵਣ।

ਵਡਿਆਈ ਵੀਚਾਰੁ ॥

ਉਸ ਦੀਆਂ ਵਡਿਆਈਆਂ ਦਾ ਜੋ ਵਿਚਾਰ ਕਰਨਾ ਹੈ? ਅਰਥਾਤ ਹਰੀ ਜਸ ਅਤੇ ਗੁਰਬਾਣੀ ਦਾ ਪਾਠ ਕਰਨਾ ਜਿਸ ਵਿਚ ਪਰਮੇਸ਼ਰ ਦੀ ਵਡਿਆਈ ਦਾ ਅਮਿਤ ਵਰਨਣ ਹੈ, ਏਹੀ ਮੂੰਹ ਤੋਂ ਬਚਨਾਂ ਨੂੰ ਬੋਲੇ, ਕਿਉਂਕਿ ਇਨਾਂ ਬਚਨਾਂ ਨੂੰ ਸੁਣ ਕੇ ਉਹ ਦਾਤਾ ਪਿਆਰ ਕਰਦਾ ਹੈ।

ਫਿਰ ਸਿੱਧਾਂ ਨੇ ਕਿਹਾ ਕਿ ਪਿਛਲੀ ਰਾਤ ਉੱਠਣਾ ਬਹੁਤ ਔਖਾ ਹੈ। ਪਿਛਲੀ ਰਾਤ ਉਠਕੇ ਨਾਮ ਜਪਣਾ ਅਤੇ ਵਡਿਆਈਆਂ ਕਰਨ ਦੀ ਕੋਈ ਲੋੜ ਨਹੀਂ। ਸਕਾਮ ਕਰਮਾਂ ਦੇ ਕਰਨ ਨਾਲ ਪਰਮੇਸ਼ਰ ਦੀ

ਪ੍ਰਾਪਤੀ ਹੋ ਜਾਂਦੀ ਹੈ।

ਗੁਰ ਉੱਤਰ-

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥

ਹੇ ਸਿੱਧੋ! ਸਕਾਮ ਕਰਮਾਂ ਦੇ ਕਰਨ ਨਾਲ ਸਰੀਰ ਰੂਪੀ ਕਪੜਾ ਆ ਕੇ ਮਿਲਦਾ ਹੈ ਪ੍ਰੰਤੂ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਮੋਖੁ ਦੁਆਰੁ=ਮੁਕਤੀ ਦਾ ਦੁਆਰਾ ਜੋ ਗਿਆਨ ਹੈ ਉਹ ਪੂਰਬੋਕਤ ਵਿਧੀ ਨਾਲ ਗੁਰੂ ਸਾਹਿਬ ਜੀ ਦੀ ਨਦਰੀ=ਕਿਰਪਾ ਦ੍ਰਿਸ਼ਟੀ ਨਾਲ ਹੀ ਖੁਲ੍ਹਦਾ ਭਾਵ ਪ੍ਰਾਪਤ ਹੁੰਦਾ ਹੈ।

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਫਿਰ ਇਸ ਪ੍ਰਕਾਰ ਜਾਣ ਲੈਂਦਾ ਹੈ ਕਿ ਉਹ ਸੱਚਾ ਆਪ ਹੀ ਸਰਬ ਰੂਪ ਹੋ ਰਿਹਾ ਹੈ।

ਸਿੱਧਾਂ ਨੇ ਕਿਹਾ-ਫਿਰ ਕਰਮ ਨਹੀਂ ਕਰਨੇ ਚਾਹੀਦੇ। ਗੁਰ ਉੱਤਰ-ਸਾਡਾ ਤਾਤਪਰਯ ਇਹ ਨਹੀਂ ਕਿ ਕਰਮ ਨਾ ਕਰੇ। ਕਿਉਂਕਿ ਕਰਮ ਵੀ ਦੋ ਪ੍ਰਕਾਰ ਦੇ ਹਨ-

੧. ਸ਼ਕਾਮ। ੨. ਨਿਸ਼ਕਾਮ।

ਇਹਨਾਂ ਦੋਹਾਂ 'ਚ ਨਿਸ਼ਕਾਮ ਕਰਮ ਕਰੇ, ਕਿਉਂਕਿ-

ਕਰਮੀ ਆਵੈ ਕਪੜਾ

ਨਿਸ਼ਕਾਮ ਕਰਮਾਂ ਦੇ ਕਰਨ ਨਾਲ ਪ੍ਰੇਮ ਰੂਪੀ ਕਪੜਾ ਆ ਕੇ ਪਰਾਪਤ ਹੁੰਦਾ ਹੈ।

ਯਥਾ— "ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥"

[ਗੂਜਰੀ ਵਾਰ, ਪੰਨਾ ੫੨੦]

ਨਦਰੀ ਮੋਖੁ ਦੁਆਰੁ॥

ਨਦਰੀ=ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੋਣ ਕਰਕੇ ਗੁਰਾਂ ਦੀ ਪ੍ਰਾਪਤੀ ਹੁੰਦੀ ਹੈ, ਗੁਰਾਂ ਦੀ ਸੇਵਾ ਟਹਿਲ ਨਾਲ ਜਦ ਨਦਰੀ=ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਉਹਨਾਂ ਦੇ ਉਪਦੇਸ਼ ਸ੍ਰਵਣ ਦੁਆਰਾ ਮੰਨਨ, ਨਿਧਿਆਸਣ ਕੀਤਾ, ਤਦ ਮੁਕਤੀ ਦਾ ਦਰਵਾਜ਼ਾ ਜੋ ਬ੍ਰਹਮ ਗਿਆਨ ਹੈ, ਉਸ ਦੀ ਪ੍ਰਾਪਤੀ ਹੋਈ।

ਫਿਰ ਇਹ ਨਿਸਚੇ ਹੋ ਗਿਆ ਕਿ-

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥

ਗੁਰੂ ਜੀ ਕਥਨ ਕਰਦੇ ਹਨ, ਸਾਰੇ ਸੰਸਾਰ ਨੂੰ ਏਵੇਂ ਕਿਵੇਂ ਭਾਵ ਮਿਥਿਆ ਰੂਪ ਜਾਣਦਾ ਹੈ ਤੇ ਆਪਣੇ ਸ੍ਵੈ-ਸਰੂਪ ਨੂੰ ਸੱਚਾ ਨਿਸਚੇ ਕਰਦਾ ਹੈ॥੪॥

ਚੌਥੀ ਪੌੜੀ ਦੇ ੧੧੭ ਅੱਖਰ ਹਨ [ਅੰਮ੍ਰਿਤ ਵਾਲਾ ਰਾਰਾ ਗਿਣਕੇ]

ਪੰਜਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ, ਕਿ ਜਿਸ ਪਰਮਾਤਮਾ ਦੀ ਪ੍ਰਾਪਤੀ ਸਤਿਗੁਰਾਂ ਦੁਆਰੇ ਆਪ ਜੀ ਨੇ ਕਹੀ ਹੈ ਉਹ ਪਰਮਾਤਮਾ-

੧. ਨਾਦੀ ਹੈ? ੨. ਬਿੰਦੀ ਹੈ? ੩. ਸੁਤੰਤ੍ਰ ਹੈ? ੪. ਪਤੰਤ੍ਰ ਹੈ? ੫.ਮਾਇਆ ਮਲ ਸਹਿਤ ਹੈ? ੬. ਮਾਇਆ ਮਲ ਰਹਿਤ ਹੈ?

ਹੁਣ ਇਹਨਾਂ ਛੇ ਪ੍ਰਸ਼ਨਾਂ ਦਾ ਉੱਤਰ ਗੁਰੂ ਜੀ ਦੇਂਦੇ ਹਨ-

ਥਾਪਿਆ ਨ ਜਾਇ ਕੀਤਾ ਨ ਹੋਇ ॥

ਹੇ ਸਿੱਧੋ! ਉਹ ਪਰਮਾਤਮਾ ਕਿਸੇ ਦੁਆਰਾ ਗੱਦੀ ਉਤੇ ਅਸਥਾਪਨ ਨਹੀਂ ਕੀਤਾ ਜਾਂਦਾ, ਇਸ ਕਰਕੇ ਉਹ ਨਾਦੀ ਨਹੀਂ। ਕਿਉਂਕਿ ਉਸ ਨੂੰ ਗੱਦੀ ਉਤੇ ਉਹ ਹੀ ਕੋਈ ਅਸਥਾਪਨ ਕਰੇ, ਜੇਕਰ ਉਸ ਤੋਂ ਕੋਈ ਵੱਡਾ ਉਸ ਦਾ ਗੁਰੂ ਹੋਵੇ ਅਤੇ ਕਿਸੇ ਦਾ ਪੈਦਾ ਕੀਤਾ ਹੋਇਆ ਨਹੀਂ ਇਸ ਕਰਕੇ ਬਿੰਦੀ ਨਹੀਂ।*

ਅਥਵਾ-ਪਿੱਛੇ ਭੀ ਉਸ ਨੂੰ ਕਿਸੇ ਨੇ ਥਾਪਿਆ ਨਹੀਂ, ਹੁਣ ਭੀ ਉਹ ਕਿਸੇ ਦਾ ਜਾਇ=ਪੈਦਾ ਕੀਤਾ ਹੋਇਆ ਨਹੀਂ; ਅੱਗੇ ਭੀ ਉਹ ਕਿਸੇ ਦਾ ਕੀਤਾ ਹੋਇਆ ਨਹੀਂ ਹੋਵੇਗਾ।

ਆਪੇ ਆਪਿ ਨਿਰੰਜਨੁ ਸੋਇ ॥

ਆਪੇ ਆਪ ਕਹਿਣ ਕਰਕੇ ਉਹ ਪਰਮਾਤਮਾ ਸੁਤੰਤ੍ਰ ਹੈ ਪਤੰਤ੍ਰ ਨਹੀਂ, ਭਾਵ ਆਪਣੀ ਮਰਜ਼ੀ ਅਨੁਸਾਰ ਸਭ ਕੰਮ ਕਰਦਾ ਫਿਰਦਾ ਹੈ, ਕਿਸੀ ਦੇ ਅਧੀਨ ਨਹੀਂ।

ਨਿਰੰਜਨ ਕਹਿਣ ਨਾਲ ਉਹ ਪਰਮਾਤਮਾ ਮਾਇਆ ਮਲ ਤੋਂ ਰਹਿਤ ਹੈ,

ਮਾਇਆ ਮਲ ਸਹਿਤ ਨਹੀਂ ਹੈ ਯਥਾ-

---

*ਗੁਰੂ ਆਪਣੀ ਬਾਣੀ ਦੁਆਰਾ ਜਗਿਆਸੂ ਨੂੰ ਉਪਦੇਸ਼ ਦੇ ਕੇ ਆਪਣੀ ਗੱਦੀ ਉਤੇ ਅਸਥਾਪਨ ਕਰਦਾ ਹੈ ਇਸ ਲਈ ਉਸ ਦਾ ਨਾਮ ਨਾਦੀ ਹੈ ਅਤੇ ਮਾਤਾ ਪਿਤਾ ਦੇ ਸਬੰਧ ਦੁਆਰਾ ਰਕਤ ਬੀਰਜ ਦੇ ਮਿਲਾਪ ਤੋਂ ਜੋ ਬੱਚਾ ਪੈਦਾ ਹੁੰਦਾ ਹੈ, ਉਸ ਦੀ ਬਿੰਦੀ ਆਖਦੇ ਹਨ।

\ਪਰਮਾਤਮਾ ਨੂੰ ਗੱਦੀ ਉਤੇ ਅਸਥਾਪਨ ਕਰਨ ਵਾਲਾ ਕੋਈ ਭੀ ਉਸ ਦਾ ਗੁਰੂ ਨਹੀਂ ਇਸ ਕਰਕੇ ਉਹ ਨਾਦੀ ਨਹੀਂ, ਅਤੇ ਉਸ ਨੂੰ ਪੈਦਾ ਕਰਨ ਵਾਲਾ ਉਸ ਦਾ ਮਾਤਾ ਪਿਤਾ ਭੀ ਕੋਈ ਨਹੀਂ ਇਸ ਕਰਕੇ ਉਹ ਬਿੰਦੀ ਭੀ ਨਹੀਂ।

ਯਥਾ— "ਨ ਤਾ ਕੋ ਕੋਈ ਤਾਤ ਮਾਤੰ ਨ ਭਾਯੰ॥ ਨ ਪੁਤ੍ਰੰ ਨ ਪੌਤ੍ਰੰ ਨ ਦਾਯਾ ਨ ਦਾਯੰ॥"

(ਦਸਮ ਗ੍ਰੰਥ, ਪੰਨਾ ੪੦)

"ਆਪੇ ਆਪਿ ਨਿਰੰਜਨੁ ਸੋਈ॥ ਜਿਨਿ ਸਿਰਜੀ ਤਿਨਿ ਆਪੇ ਗੋਈ॥"

[ਮਾਝ ਮਹਲਾ ੩, ਪੰਨਾ ੧੧੯]

ਪ੍ਰਸ਼ਨ-ਉਸ ਪਰਮਾਤਮਾ ਨੂੰ ਕਿਸੀ ਨੇ ਸੇਵਿਆ ਭੀ ਹੈ ਜਾਂ ਨਹੀਂ?

ਉੱਤਰ-ਬਿਅੰਤਾਂ ਨੇ ਸੇਵਨਾ ਕੀਤੀ ਹੈ।

ਫਿਰ ਸਿੱਧਾਂ ਨੇ ਕਿਹਾ, ਕਿ ਜਿਨ੍ਹਾਂ ਨੇ ਉਸ ਨੂੰ ਸੇਵਿਆ ਹੈ, ਉਨ੍ਹਾਂ ਨੂੰ ਕਿਸ ਫਲ ਦੀ ਪ੍ਰਾਪਤੀ ਹੋਈ ਹੈ?

ਗੁਰ ਉੱਤਰ

ਜਿਨਿ ਸੇਵਿਆ ਤਿਨਿ ਪਾਇਆ ਮਾਨੁ॥

ਹੇ ਸਿੱਧੋ! ਜਿਨ੍ਹਾਂ ਮਨੁੱਖਾਂ ਨੇ ਉਸ ਪਰਮਾਤਮਾ ਨੂੰ ਸੇਵਿਆ=ਸਿਮਰਿਆ ਹੈ ਤਿਨ੍ਹਾਂ ਨੇ ਮਾਨੁ=ਆਦਰ ਪਾਇਆ ਹੈ।

ਸਿੱਧਾਂ ਆਖਿਆ, ਪਰਮਾਤਮਾ ਦੀ ਸੇਵਾ ਦਾ ਬਸ ਏਹੋ ਹੀ ਫਲ ਹੈ? ਆਦਰ ਤਾਂ ਮਇਆਵਕੀ ਮਨੁੱਖਾਂ ਦੀ ਸੇਵਾ ਕਰਨ ਨਾਲ ਵੀ ਪ੍ਰਾਪਤ ਹੋ ਜਾਂਦਾ ਹੈ, ਅਤੇ ਮਾਨੁ ਨੂੰ ਨਿਖੇਧਤਾ ਭੀ ਦਿੱਤੀ ਗਈ ਹੈ।

ਯਥਾ—"ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥"

[ਪੰਨਾ ੧੩੭੨]

ਗੁਰ ਉੱਤਰ-

ਹੇ ਸਿੱਧੋ! ਜਿਨ੍ਹਾਂ ਨੇ ਹਰੀ ਨੂੰ ਸੇਵਿਆ ਹੈ ਤਿਨ੍ਹਾਂ ਨੇ ਅਮਾਨੁ=ਨਿਰਮਾਣ ਹੋਣਾ ਪਾਇਆ ਹੈ ਕਿਉਂਕਿ ਨਿਰਮਾਣ ਹੋਣਾ ਭੀ ਇਕ ਬਹੁਤ ਔਖਾ ਸਾਧਨ ਹੈ।

ਯਥਾ—'ਅਸ ਕੋ ਜਨ ਜਨਮਿਓ ਭਵ ਮਾਹੀ। ਪ੍ਰਭੁਤਾ ਪਾਇ ਜਾਸ ਮਦ ਨਾਹੀ।'

ਅਥਵਾ-ਜਿਨ੍ਹਾਂ ਨੇ ਹਰੀ ਨੂੰ ਸੇਵਿਆ ਹੈ, ਤਿਨ੍ਹਾਂ ਨੇ ਮਾਨੁ=ਮੰਨਣ ਕਰਨਾ ਪਾਇਆ ਹੈ।

ਵਾ-ਮੰਨਣ ਕਰਨ ਯੋਗ ਪਰਮਾਤਮਾ ਨੂੰ ਪਾਇਆ ਹੈ।

ਵਾ-ਖਟਾਂ ਪ੍ਰਮਾਣਾਂ ਤੋਂ ਰਹਿਤ ਜੋ ਪਰਮਾਤਮਾ ਹੈ, ਉਸ ਨੂੰ ਪਾਇਆ ਹੈ।

ਖਟਾਂ ਪ੍ਰਮਾਣਾਂ ਦੇ ਨਾਮ

੧. ਪ੍ਰਤੱਖ ਪ੍ਰਮਾਣ।	੨. ਅਨੁਮਾਨ ਪ੍ਰਮਾਣ।
੩. ਸ਼ਬਦ ਪ੍ਰਮਾਣ।	੪. ਉਪਮਾਨ ਪ੍ਰਮਾਣ।
੫. ਅਰਥਾਪਤੀ ਪ੍ਰਮਾਣ।	੬. ਅਨ ਉਪਲਬਧੀ ਪ੍ਰਮਾਣ।

੧. ਚਾਰ ਵਾਕੀਏ ਇਕ ਪ੍ਰਤੱਖ ਪ੍ਰਮਾਣ ਨੂੰ ਮੰਨਦੇ ਹਨ। ਇਸ ਦਾ ਪੂਰਾ ਨਿਰੂਪਣ ਬਿਰਤੀ ਰਤਨਾਵਲੀ ਦੇ ਦੂਜੇ ਰਤਨ ਵਿਚ ਅਤੇ ਬਿਰਤੀ ਪ੍ਰਭਾਕਰ ਦੇ ਪ੍ਰਿਥਮ ਪ੍ਰਕਾਸ਼ ਵਿਖੇ ਵਿਸਥਾਰ ਸਹਿਤ ਹੈ।

੨. ਕਣਾਦ ਮਤ ਵਾਲੇ ਅਨੁਮਾਨ ਪ੍ਰਮਾਣ ਨੂੰ ਮੰਨਦੇ ਹਨ।
ਜਿਵੇਂ-ਧੂਏਂ ਨੂੰ ਦੇਖਕੇ ਅਗਨੀ ਦਾ ਅਨੁਮਾਨ ਕੀਤਾ ਜਾਂਦਾ ਹੈ।

੩. ਸ਼ਾਂਖ ਮਤ ਵਾਲੇ [ਕਪਲ ਜੀ] ਸ਼ਬਦ ਪ੍ਰਮਾਣ ਨੂੰ ਮੰਨਦੇ ਹਨ।
ਜਿਵੇਂ-ਕਿਸੀ ਦਾ ਪਿਤਾ ਬਾਹਰ ਗਿਆ ਹੋਇਆ ਸੀ, ਉਹ ਉਥੇ ਜਾ ਕੇ ਹੀ ਮਰ ਗਿਆ ਤਾਂ

ਯਥਾਰਥ ਵਕਤੇ ਨੇ ਆ ਕੇ ਕਿਹਾ, "ਤੇਰਾ ਪਿਤਾ ਮਰ ਗਿਆ ਹੈ।" ਉਸ ਦੇ ਸ਼ਬਦ ਪ੍ਰਮਾਣ ਨਾਲ ਉਸ ਨੇ ਨਿਸਚਾ ਕੀਤਾ ਕਿ ਠੀਕ ਮੇਰਾ ਪਿਤਾ ਮਰ ਗਿਆ ਹੈ।

੪. ਨਿਆਇ ਸ਼ਾਸਤ੍ਰ ਵਾਲੇ [ਗੌਤਮ ਜੀ] ਉਪਮਾਣ ਪ੍ਰਮਾਣ ਨੂੰ ਮੰਨਦੇ ਹਨ। ਕਿਸੇ ਦੀ ਉਪਮਾ ਕਿਸੇ ਨੂੰ ਦੇਣੀ ਉਸ ਨੂੰ ਉਪਮਾਨ ਪ੍ਰਮਾਣ ਆਖਦੇ ਹਨ।

ਜਿਵੇਂ ਕਿਸੀ ਨੇ ਗਵਾ ਨਹੀਂ ਦੇਖਿਆ ਅਤੇ ਜੰਗਲ ਵਿਚ ਰਹਿਣ ਵਾਲੇ ਪੁਰਸ਼ ਤੋਂ ਐਸਾ ਸੁਣਿਆ ਹੈ ਕਿ ਗਊ ਦੇ ਸਦਰਸ ਗਵਾ ਹੁੰਦਾ ਹੈ।

ਇਕ ਸਮੇਂ ਓਹੀ ਪੁਰਸ਼ ਜੰਗਲ ਵਿਚ ਗਿਆ ਤੇ ਗਵੇ ਨੂੰ ਦੇਖ ਕੇ ਖਿਆਲ ਕਰਦਾ ਹੈ ਕਿ ਜੋ ਜੰਗਲ ਵਿਚ ਰਹਿਣ ਵਾਲੇ ਨੇ ਕਿਹਾ ਸੀ ਕਿ ਗਊ ਦੇ ਸਮਾਨ ਗਵਾ ਹੁੰਦਾ ਹੈ, ਉਸ ਦੇ ਕਹਿਣੇ ਮੁਤਾਬਕ ਇਹ ਪਸ਼ੂ ਗਵਾ ਹੀ ਹੈ।

੫. ਪੂਰਬ ਮਿਮਾਂਸਾ ਦਾ ਇਕ ਦੇਸੀ ਭਟ ਦਾ ਜੋ ਸ਼ਿਸ਼ ਪ੍ਰਭਾਕਰ ਹੈ, ਉਹ ਪੰਚਮ ਅਰਥਾਪਤੀ ਪ੍ਰਮਾਣ ਮੰਨਦਾ ਹੈ। ਦਿਨ ਦੇ ਭੋਜਨ ਤਿਆਗੀ ਪੁਰਸ਼ ਨੂੰ ਸਥੂਲ [ਮੋਟਾ] ਦੇਖ ਕੇ ਐਸਾ ਗਿਆਨ ਹੁੰਦਾ ਹੈ ਕਿ ਇਹ ਪੁਰਸ਼ ਰਾਤ ਨੂੰ ਜ਼ਰੂਰ ਭੋਜਨ ਕਰਦਾ ਹੋਵੇਗਾ ਕਿਉਂਕਿ ਰਾਤ ਨੂੰ ਭੋਜਨ ਖਾਧੇ ਬਿਨਾਂ ਦਿਨ ਦੇ ਭੋਜਨ ਤਿਆਗੀ ਪੁਰਸ਼ ਵਿਖੇ ਸਥੂਲਤਾ ਬਣਦੀ ਨਹੀਂ, ਇਸੀ ਦਾ ਨਾਮ ਅਰਥਾਪਤੀ ਪ੍ਰਮਾਣ ਹੈ।

੬. ਪੂਰਬ ਮਿਮਾਂਸਾ ਛੇਵਾਂ ਅਨਉਪਲਬਧੀ ਪ੍ਰਮਾਣ ਮੰਨਦਾ ਹੈ। ਅਪ੍ਰਤੀਤੀ ਨੂੰ ਅਨ ਉਪਲਬਧੀ ਕਹਿੰਦੇ ਹਨ। ਜਿਵੇਂ ਗ੍ਰਿਹ ਆਦਿਕਾਂ ਵਿਚ ਘਟ ਦੇ ਅਭਾਵ ਦਾ ਗਿਆਨ ਹੁੰਦਾ ਹੈ। ਜਿਸ ਪਦਾਰਥ ਦੀ ਪ੍ਰਤੀਤੀ ਨਹੀਂ ਹੁੰਦੀ ਤਿਸ ਦੇ ਅਭਾਵ ਦਾ ਗਿਆਨ ਹੁੰਦਾ ਹੈ।*

ਫਿਰ ਸਿੱਧਾਂ ਨੇ ਕਿਹਾ ਕਿ ਕਿਸ ਦੇ ਗੁਣਾਂ ਨੂੰ ਗਾਉਣਾ ਕਰੀਏ? ਗੁਰ ਉੱਤਰ-

ਨਾਨਕ ਗਾਵੀਐ ਗੁਣੀ ਨਿਧਾਨੁ॥

ਗੁਰੂ ਜੀ ਕਥਨ ਕਰਦੇ ਹਨ, ਸ਼ੁਭ-ਗੁਣਾਂ ਦਾ ਨਿਧਾਨੁ=ਖਜ਼ਾਨਾ ਜੋ ਪਰਮਾਤਮਾ ਹੈ, ਉਸ ਦੇ ਗੁਣ ਗਾਵੋ। ਕਿਉਂਕਿ ਜੋ ਗੁਣ ਗਾਉਂਦਾ ਹੈ ਉਹ ਮਨੁੱਖ ਆਪ ਭੀ ਗੁਣਾਂ ਦਾ ਨਿਧਾਨੁ=ਖਜ਼ਾਨਾ ਹੋ ਜਾਂਦਾ ਹੈ।

ਪ੍ਰਸ਼ਨ-ਕੇਵਲ ਗਾਉਂਦਾ ਹੀ ਰਹੇ ਜਾਂ ਸ੍ਰਵਣ ਭੀ ਕਰੇ? ਗੁਰ ਉੱਤਰ-

ਗਾਵੀਐ ਸੁਣੀਐ

ਜੇਕਰ ਗਾਇਨ ਕਰਨ ਵਾਲੇ ਮਹਾਤਮਾ ਮਿਲ ਜਾਣ ਤਾਂ ਉਹਨਾਂ ਸਾਹਮਣੇ ਬੈਠ ਕੇ ਸੁਣੀਐ=ਸ੍ਰਵਨ ਕਰੇ, ਜੇਕਰ ਸੁਣਨ ਵਾਲਾ ਜਗਿਆਸੂ ਸਿੱਖ ਪਾਸ ਆਵੇ ਤਾਂ ਉਸ ਦੇ ਅੱਗੇ ਹਰੀ ਦੇ ਗੁਣ ਗਾਵੀਐ=ਗਾਇਨ ਕਰੇ।

ਯਥਾ—"ਸੰਤੁ ਮਿਲੈ ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ ਮਸਟਿ ਕਰਿ ਰਹੀਐ॥"

[ਗੌਂਡ ਕਬੀਰ ਜੀ, ਪੰਨਾ ੮੭੦]

**ਇਹ ਖਟ ਪ੍ਰਮਾਣ ਵੇਦਾਂਤ ਸ਼ਾਸਤ੍ਰ ਵਿਖੇ ਭੀ ਨਿਰੂਪਣ ਹਨ, ਵਿਚਾਰ ਸਾਗਰ ਦੇ ਚੌਥੇ ਤਰੰਗ ਵਿਚ ਨਿਰੂਪਣ ਹਨ। ਪਿਤਾਂਬਰੀ ਦਾ ੧੦੭ ਪੰਨਾ ਪੜ੍ਹਕੇ ਦੇਖੋ।*

ਪ੍ਰਸ਼ਨ-ਹਰੀ ਦੇ ਗੁਣ ਬਹੁਤ ਗਾਏ ਹਨ ਪਰ ਸ਼ਾਂਤੀ ਨਹੀਂ ਮਿਲੀ, ਸ਼ਾਂਤੀ ਕਿਵੇਂ ਪ੍ਰਾਪਤੀ ਹੋਵੇ? ਗੁਰ ਉਤਰ-

ਮਨਿ ਰਖੀਐ ਭਾਉ ॥

ਮਨ ਵਿਚ ਪ੍ਰੇਮ.ਰੱਖ ਕੇ ਗੁਣ ਗਾਈਏ ਤਾਂ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਅਤੇ ਸਮੱਗ੍ਰ ਦੁੱਖਾਂ ਨੂੰ ਪਰਹਰਿ=ਨਵਿਰਤ ਕਰਕੇ ਸੁਖਾਂ ਨੂੰ ਹਿਰਦੇ ਘਰ ਵਿਚ ਲੈ ਜਾਂਦਾ ਹੈ।

ਯਥਾ—"ਕਲਿ ਕਲੇਸ ਮਿਟੇ ਹਰਿ ਨਾਇ॥ਦੁਖ ਬਿਨਸੇ ਸੁਖ ਕੀਨੋ ਠਾਉ॥"

[ਗੌਂਡ ਮਹਲਾ ੫, ਪੰਨਾ ੮੬੫]

ਫਿਰ ਸਿੱਧਾਂ ਨੇ ਕਿਹਾ ਕਿ-ਪਰਮਾਤਮਾ ਦੇ ਗੁਣ ਆਪਣੇ ਆਪ ਗਾਵੀਏ ਸੁਣੀਏ ਜਾਂ ਕਿਸੀ ਦੁਆਰਾ?

ਗੁਰ ਉੱਤਰ-

ਗਾਵੀਐ ਸੁਣੀਐ ਮਨਿ ਰਖੀਐ ਭਾਉ॥

ਗਾਵੀਐ=ਗਾਇਨ ਕਰਨ ਵਾਲੇ ਜੋ ਗੁਰੂ ਹਨ, ਉਹਨਾਂ ਤੋਂ ਉਪਦੇਸ਼ ਸੁਣ ਕੇ ਮਨਿ=ਮੰਨਣ ਕਰੇ, ਰਖੀਐ=ਨਿਧਿਆਸਣ ਕਰੇ, ਤਦ ਭਾਉ=ਬ੍ਰਹਮ ਗਿਆਨ ਹੁੰਦਾ ਹੈ।

ਗਿਆਨ ਦਾ ਫਲ ਅਗਲੀ.ਪੰਗਤੀ ਵਿਚ ਦੱਸਦੇ ਹਨ-

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥

ਦੁੱਖਾਂ ਤੋਂ ਪਰੇ ਜੋ ਹਰੀ ਪਰਮਾਤਮਾ ਹੈ ਸੁੱਖਾਂ ਦਾ ਘਰ, ਉਸ ਦੇ ਵਿਚ ਲੈ ਜਾਇ=ਲੀਣ ਅਰਥਾਤ ਅਭੇਦ ਹੋ ਜਾਂਦਾ ਹੈ।

ਯਥਾ—"ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥"

[ਗਉੜੀ ਸੁਖਮਨੀ, ਪੰਨਾ ੨੭੮]

ਪ੍ਰਸ਼ਨ-ਉਸ ਗਿਆਨਵਾਨ ਦੇ ਸਰੀਰ ਵਿਚ ਜਦ ਤਕ ਸ੍ਵਾਸ ਹਨ ਤਦ ਤਕ ਜੀਵਨ ਮੁਕਤੀ ਦੇ ਆਨੰਦ ਲੈਣ ਵਾਸਤੇ ਉਹ ਕੀ ਕਰਤੱਬ ਕਰਦਾ ਹੈ?

ਗੁਰ ਉੱਤਰ-

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

ਉਹ ਗੁਰਮੁਖ ਕਦੀ ਤਾਂ ਨਾਦੰ=ਵਾਜਾ ਲੈ ਕੇ ਗੁਰਬਾਣੀ ਦੇ ਨਾਦੰ=ਸ਼ਬਦਾਂ ਨੂੰ ਪੜ੍ਹਦਾ ਹੋਇਆ ਅਭੇਦ ਕੀਰਤਨ ਭਗਤੀ ਕਰਦਾ ਹੈ ਤੇ ਕਦੀ ਨਾਦੰ=ਉਪਦੇਸ਼ ਕਰਨ ਲੱਗ ਜਾਂਦਾ ਹੈ। ਇਸ ਤੋਂ ਉਦਾਸ ਹੋ ਜਾਵੇ ਤਾਂ ਫਿਰ ਉਹ ਗੁਰਮੁਖ ਵੇਦ ਗ੍ਰੰਥਾਂ ਨੂੰ ਪੜ੍ਹਣ ਲੱਗ ਜਾਂਦਾ ਹੈ। ਉਸ ਤੋਂ ਮਨ ਉਟਕ ਜਾਵੇ ਤਾਂ ਫਿਰ ਉਹ ਗੁਰਮੁਖ ਸਮਾਧੀ ਵਿਚ ਸਮਾਈ=ਇਸਥਿਤੀ ਕਰ ਰਹਿੰਦਾ ਹੈ।

ਯਥਾ—"ਗੁਰਮੁਖਿ ਨਾਦ ਬੇਦ ਬੀਚਾਰੁ॥ ਗੁਰਮੁਖਿ ਮਜਨੁ ਚਜੁ ਅਚਾਰੁ॥"

[ਦਖਣੀ ਓਅੰਕਾਰ, ਪੰਨਾ ੯੩੨]

ਅਥਵਾ=ਤਿੰਨ ਗੁਰਮੁਖ ਪਦਾਂ ਦੇ ਅੱਡੋ ਅੱਡ ਅਰਥ ਕਰਨੇ।

੧. ਗੁਰਮੁਖਿ=ਜਗਿਆਸੂ। ੨. ਗੁਰਮੁਖ=ਮੁਖਿ ਗੁਰੂ ਸਾਹਿਬ।

੩.ਗੁਰਮੁਖਿ=ਪੂਜਜ ਅਧਿਸ਼ਠਾਨ ਰੂਪ ਪਰਮਾਤਮਾ।

ਜਿਸ ਗੁਰਮੁਖਿ=ਜਗਿਆਸੂ ਨੇ ਮੁਖੀ ਗੁਰੂ ਸਾਹਿਬ ਜੀ ਦੇ ਨਾਦੰ=ਉਪਦੇਸ਼ ਨੂੰ ਵੇਦੰ=ਜਾਣਿਆਂ ਹੈ, ਉਹ ਜਗਿਆਸੂ ਗੁਰਮੁਖਿ=ਪੂਜਜ ਅਧਿਸ਼ਠਾਨ ਰੂਪ ਪਰਮਾਤਮਾ ਵਿਚ ਸਮਾ ਰਹਿੰਦਾ ਹੈ।

ਫੇਰ ਸਿੱਧਾਂ ਨੇ ਕਿਹਾ, ਜਿਨ੍ਹਾਂ ਗੁਰਾਂ ਦੇ ਉਪਦੇਸ਼ ਦੁਆਰਾ ਜਗਿਆਸੂ ਪਰਮਾਤਮਾ ਵਿਚ ਸਮਾਉਂਦਾ ਹੈ, ਉਹ ਗੁਰੂ ਕੈਸੇ ਹਨ?

ਗੁਰ ਉੱਤਰ-

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਹੇ ਸਿੱਧੋ! ਗੁਰੂ ਸ਼ਿਵ ਵਾਂਗ ਹਨ। ਗੁਰੂ ਗੋਰਖੁ=ਵਿਸ਼ਨੂੰ * ਦੇ ਸਦਰਸ਼ ਹਨ।

ਗੁਰੂ ਬ੍ਰਹਮਾ ਵਾਂਗ ਹਨ। ਗੁਰੂ ਪਾਰਬਤੀ ਵਤ ਹਨ।

ਗੁਰੂ ਮਾ=ਮਾਇਆ ਦੇ ਸਦਰਸ ਹਨ। ਗੁਰੂ ਈ=ਸੁਰਸਤੀ ਵਾਂਙੂ ਹਨ।

ਪ੍ਰਸ਼ਨ-ਆਪ ਜੀ ਨੇ ਗੋਲ ਮੋਲ ਹੀ ਕਹਿ ਦਿੱਤਾ ਹੈ, ਕੁਝ ਸਮਝ ਨਹੀਂ ਆਈ। ਬ੍ਰਹਮਾ, ਵਿਸ਼ਨੂੰ, ਸ਼ਿਵਜੀ ਵਾਂਗ ਗੁਰੂ ਸਾਹਿਬ ਕਿਵੇਂ ਹਨ?

ਉੱਤਰ-ਸ਼ਿਵ ਜਿਵੇਂ ਸੰਸਾਰ ਦਾ ਸੰਘਾਰ ਕਰਦਾ ਹੈ? ਤਿਵੇਂ ਗੁਰੂ ਸਾਹਿਬ ਜੀ ਜਗਿਆਸੂਆਂ ਦੇ ਹਿਰਦੇ ਵਿਚੋਂ ਕਾਮ ਆਦਿਕ ਵਿਕਾਰਾਂ ਦਾ ਸੰਘਾਰ ਕਰਦੇ ਹਨ, ਇਸ ਰੀਤੀ ਨਾਲ ਗੁਰੂ ਸਾਹਿਬ ਸ਼ਿਵ ਵਾਂਗ ਹਨ।

ਬ੍ਰਹਮਾ ਜਿਵੇਂ ਸੰਸਾਰ ਦੀ ਉਤਪਤੀ ਕਰਦਾ ਹੈ ਤਿਵੇਂ ਗੁਰੂ ਜੀ ਜਗਿਆਸੂਆਂ ਦੇ ਹਿਰਦੇ ਵਿਚ ਸ਼ੁਭ-ਗੁਣਾਂ ਦੀ ਉਤਪਤੀ ਕਰਦੇ ਹਨ, ਇਸ ਸਬੱਬ ਨਾਲ ਗੁਰੂ ਬ੍ਰਹਮਾ ਵਾਂਗ ਹਨ।

ਵਿਸ਼ਨੂੰ ਜਿਵੇਂ ਸਭਨਾਂ ਦੀ ਪਾਲਣਾ ਕਰਦਾ ਹੈ ਤਿਵੇਂ ਗੁਰੂ ਜੀ ਜਗਿਆਸੂਆਂ ਦੇ ਹਿਰਦੇ ਵਿਚ ਸ਼ੁਭ ਗੁਣਾਂ ਦੀ ਪਾਲਣਾ ਕਰਦੇ ਹਨ ਅਰਥਾਤ ਸ਼ੁਭ-ਗੁਣਾਂ ਨੂੰ ਵਧਾਉਂਦੇ ਹਨ, ਇਸ ਕਾਰਨ ਗੁਰੂ ਵਿਸ਼ਨੂੰ ਦੇ ਸਦਰਸ ਹਨ।

ਯਥਾ—'ਬਿਧਿ ਸੇ ਵੈਰਾਗ ਪ੍ਰਦ, ਹਰਿ ਸੇ ਗਿਆਨ ਪਾਲ, ਸ਼ਿਵ ਸੇ ਬਿਕਾਰ ਨਾਸ਼,
ਸਤਿਗੁਰੁ ਦਾਸ ਕੇ। ਸੀਤਕਰ ਜੈਸੇ ਸਤਿ ਕਰਿ ਸੋ ਬਿਸ਼ਾਗਨਿ ਤੇ,
ਤਿਮਰਹਰਨ ਸੇ ਤਿਮਰ ਮੋਹ ਫਾਂਸ ਕੇ। ਧਾਮ ਰਿਦੈ ਸ਼ੁੱਧ ਮੱਧ ਦੀਪਕ ਸੇ ਦੀਪ ਦਿਪੈ,
ਮਾਯਾ ਭਿੰਨ ਜੀਵ ਕੋ ਦਿਖਾਵੈਂ ਸੁ ਪ੍ਰਕਾਸ਼ ਕੇ। ਚਰਨ ਸ਼ਰਨ ਕਰ ਪਰਨ ਹਰਨ ਭਰ,
ਤਾਰਨ ਤਰਨ ਅਰਨਵ ਭਵ ਨਾਸ਼ ਕੇ॥੧॥'

[ਨਾਨਕ ਪ੍ਰਕਾਸ਼, ਧਿਆਇ ੫]

ਅਤੇ ਫਿਰ ਗੁਰੂ ਜੀ ਪਾਰਬਤੀ ਦੀ ਨਿਆਈਂ ਹਨ, ਜਿਵੇਂ ਪਾਰਬਤੀ ਨੇ ਹਠ ਕੀਤਾ ਸੀ-

---

** ਗੋਰਖੁ ਪਦ ਦਾ ਅਰਥ ਵਿਸ਼ਨੂੰ ਇਸ ਕਰਕੇ ਹੈ ਜੋ ਗੋ+ ਰਖੁ=ਗਊਆਂ ਦੀ, ਇੰਦ੍ਰੀਆਂ ਦੀ ਵੇਦਾਂ ਦੀ, ਪ੍ਰਿਥਵੀ ਦੀ ਰੱਖਿਆ ਕਰਨ ਵਾਲਾ ਹੈ।*

ਯਥਾ—"ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ॥"

(ਰਾਮਕਲੀ ਮਹਲਾ ੧, ਪੰਨਾ ੮੭੭)

'ਜਨਮ ਕੋਟਿ ਲਗਿ ਰਗਰ ਹਮਾਰੀ। ਵਰਉਂ ਸ਼ੰਭੁ ਨਤ ਰਹਉਂ ਕੁਆਰੀ।
ਤਜਉਂ ਨ ਨਾਰਦ ਕਰ ਉਪਦੇਸ਼ੁ। ਆਪ ਕਹਹਿਂ ਸ਼ਤ ਬਾਰ ਮਹੇਸ਼ੁ॥੮੧॥'

[ਤੁਲਸੀ ਰਾਮਾਇਣ ਬਾਲ ਕਾਂਡ]

ਸਾਖੀ—ਪਾਰਬਤੀ ਦੀ

ਇਹ ਪਹਿਲੇ 'ਦੱਛਪ੍ਰਜਾਪਤਿ' ਰਾਜੇ ਦੀ ਲੜਕੀ ਸੀ। ਸ਼ਿਵਾਂ ਦੇ ਨਾਲ ਵਿਆਹੀ ਹੋਈ ਸੀ, ਜਿਸ ਵੇਲੇ 'ਦੱਛਪ੍ਰਜਾਪਤਿ' ਨੇ ਯੱਗ ਆਰੰਭਿਆ ਤਾਂ ਉਸ ਨੇ ਆਪਣੇ ਹੋਰ ਸਭ ਜਵਾਈਆਂ ਨੂੰ ਸੱਦਿਆ ਤੇ ਸ਼ਿਵਾਂ ਨੂੰ ਤੇ ਆਪਣੀ ਲੜਕੀ 'ਸਤੀ' ਨੂੰ ਨਾ ਸੱਦਿਆ, ਪ੍ਰੰਤੂ ਮੋਹ ਦੇ ਬਿਵੱਸ ਹੋ ਕੇ ਸਤੀ ਆਪਣੇ ਆਪ ਹੀ ਪਿਤਾ ਦੇ ਘਰ ਚਲੀ ਗਈ। ਅਗੇ ਜਾ ਕੇ ਕੀ ਵੇਖਿਆ ਕਿ ਹੋਰ ਸਭਨਾਂ ਜਵਾਈਆਂ ਦੇ ਛਾਂਦੇ ਕਢੇ ਹੋਏ ਹਨ ਪਰ ਸ਼ਿਵਾਂ ਦਾ ਹਿੱਸਾ ਨਹੀਂ ਨਿਕਲਿਆ। ਉਸ ਵੇਲੇ 'ਸਤੀ' ਗੁੱਸੇ ਨਾਲ ਉਛਲ ਕੇ ਯੱਗ ਦੇ 'ਹਵਨਕੁੰਡ' ਵਿਚ ਪਰਵੇਸ਼ ਕਰਕੇ ਕਾਲ ਵਸ ਹੋ ਗਈ ਤੇ ਦੂਜਾ ਜਨਮ ਹਿਮਾਲੇ ਪਰਬਤ ਦੇ ਘਰ ਲੀਤਾ ਉਥੇ ਇਸ ਦਾ ਨਾਮ 'ਪਾਰਬਤੀ' ਰੱਖਿਆ ਗਿਆ! ਇਸ ਦੇ ਵਿਵਾਹ ਢੰਗ ਲਈ ਕਈ ਘਰਾਂ ਚੋਂ ਸੰਦੇਸ਼ੇ ਆਏ ਪਰ ਇਸ ਨੇ ਇਕ ਨਾ ਮੰਨੀ। ਇਹ ਆਪਣੇ ਇਸੇ ਹਠ ਤੇ ਤੁਲੀ ਰਹੀ ਕਿ ਮੇਰਾ ਨਿਯਮ ਹੈ, 'ਜੇ ਮੈਂ ਵਿਵਾਹ ਕਰਾਂਗੀ ਤਾਂ ਸ਼ਿਵਾਂ ਨਾਲ ਕਰਾਂਗੀ।'

ਇਸ ਪ੍ਰਕਾਰ ਗੁਰੂ ਭੀ ਜਗਿਆਸੂ ਰੂਪ ਇਸਤ੍ਰੀ ਪਾਸੋਂ ਹਠ ਕਰਾਉਂਦੇ ਹਨ ਕਿ ਜੇ ਵਰਨਾ ਹੈ ਤਾਂ ਪਰਮੇਸ਼ਰ ਰੂਪ ਪਤੀ ਨੂੰ ਵਰਨਾ ਹੈ। ਹੋਰ ਕਿਸੇ ਦੇਵੀ ਦੇਵਤੇ ਨੂੰ ਨਹੀਂ ਵਰਨਾ।

ਵਾ-ਕਾਮ ਕ੍ਰੋਧ ਆਦਿਕ ਆਸੁਰੀ ਸੰਪਦਾ ਵਲੋਂ ਹਠ ਕਰਵਾਂਦੇ ਹਨ। ਇਸ ਵਾਸਤੇ ਗੁਰੂ ਪਾਰਬਤੀ ਵਾਂਗ ਹਨ।

ਮਾਇਆ-ਜਿਵੇਂ ਪਦਾਰਥ ਦੇਂਦੀ ਹੈ, ਤਿਵੇਂ ਗੁਰੂ ਜੀ ਚਾਰ ਪਦਾਰਥਾਂ ਦੇ ਦਾਤੇ ਹਨ ਇਸ ਤੇ ਗੁਰੂ ਸਾਹਿਬ ਜੀ ਮਾਇਆ ਵਤ ਹਨ।

ਯਥਾ-- "ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥'

[ਸਿਰੀਰਾਗੁ, ਪੰਨਾ ੫੨]

ਸੁਰਸਤੀ -ਜਿਵੇਂ ਵਿਦਿਆ ਦੀ ਦਾਤੀ ਹੈ, ਤਿਵੇਂ ਗੁਰੂ ਸਾਹਿਬ ਜੀ ਬ੍ਰਹਮ ਵਿਦਿਆ ਦੇ ਦਾਤੇ ਹਨ, ਇਸ ਵਾਸਤੇ ਗੁਰੂ ਸੁਰਸਤੀ ਵਾਂਗ ਹਨ।

ਫਿਰ ਸਿੱਧਾਂ ਨੇ ਕਿਹਾ, ਜਗਿਆਸੂ ਦਾ ਨਿਸਚਾ ਗੁਰੂ ਉਤੇ ਕੈਸਾ ਹੋਣਾ ਚਾਹੀਦਾ ਹੈ?

ਗੁਰ ਉੱਤਰ-ਹੇ ਸਿੱਧੋ ! ਇਕ ਵਾਰੀ ਗੁਰੂ ਧਾਰਕੇ ਫਿਰ ਉਸ ਦੀ ਸਰੀਰਕ ਕਿਰਿਆ ਨੂੰ ਦੇਖਕੇ ਨਿਸਚਾ ਨਹੀਂ ਡੁਲਾਉਣਾ ਚਾਹੀਦਾ।

ਜਿਵੇਂ-ਭਗਤਮਾਲ ਵਿਚ ਵੀ ਕਥਨ ਕੀਤਾ ਹੈ-

"ਕਾਮੀ ਗੁਰੂ ਕ੍ਰਿਸ਼ਨ ਹੈ, ਲੋਭੀ ਬਾਵਨ ਜਾਨ।
ਕ੍ਰੋਧੀ ਨਰਸਿੰਘ ਰੂਪ ਹੈ, ਨਹੀਂ ਭਗਤ ਮੇ ਹਾਨ।"

ਜੇ ਗੁਰੂ ਤਮੋਗੁਣ ਬਿਰਤੀ ਸਹਿਤ ਹੋਣ ਤਾਂ ਸ਼ਿਵ ਸਰੂਪ ਜਾਣੇ।

ਜੇ ਗੁਰੂ ਸਤੋਗੁਣ ਬਿਰਤੀ ਸਹਿਤ ਹੋਣ ਤਾਂ ਵਿਸ਼ਨੂੰ ਸਰੂਪ ਜਾਣੇ।

ਯਥਾ—'ਮਨ ਮੇਂ ਪ੍ਰੇਮ ਰਾਮ ਸਮ ਰਾਖੈ॥ ਹੋਇ ਪ੍ਰਸੰਨ ਗੁਰੂ ਅਭਿਲਾਖੈ॥੧੪॥

ਦੋਖ ਦ੍ਰਿਸ਼ਟਿ ਸੁਪਨੇ ਨਹਿ ਆਨੇ। ਹਰਿ ਹਰ ਗੰਗ ਰਵਿ ਜਾਨੇ।
ਗੁਰੂ ਮੂਰਤਿ ਕੋ ਹੀਯੇ ਮੈਂ ਧਯਾਨਾ। ਧਾਰੈ ਜੋ ਚਾਹੈਂ ਕਲਜਾਨਾ॥੧੫॥'

[ਵਿਚਾਰ ਸਾਗਰ, ਤਰੰਗ ੩]

ਜੇ ਗੁਰੂ ਕੁ-ਤਰਕੀ ਹੋਣ ਤਾਂ ਪਾਰਬਤੀ ਰੂਪ ਸਮਝੇ।

ਜੈਸਾ ਕਿ ਇਕ ਸਮੇਂ ਸ੍ਰੀ ਰਾਮ ਚੰਦਰ ਜੀ ਬਨਬਾਸੀ ਹੋਏ 'ਹਾਇ ਸੀਤੇ! ਹਾਇ ਸੀਤੇ' ਕਰਦੇ ਜਾ ਰਹੇ ਸਨ, ਅੱਗੋਂ ਸ਼ਿਵ ਤੇ ਪਾਰਬਤੀ ਆ ਲੰਘੇ। ਸ੍ਰੀ ਰਾਮਚੰਦਰ ਜੀ ਨੂੰ ਵੇਖ ਕੇ ਸ਼ਿਵਾਂ ਨੇ-

'ਜਯ ਸੱਚਿਦਾਨੰਦ ਜਗ ਪਾਵਨ। ਅਸ ਕਹਿ ਚਲਿਓ ਮਨੋਜ ਨਸਾਵਨ।'

[ਤੁਲਸੀ ਰਮਾਇਣ ਬਾਲ ਕਾਂਡ]

ਦਾ ਵਾਕ ਉਚਾਰ ਕੇ ਨਮਸ਼ਕਾਰ ਕਰਕੇ ਚਲੇ ਗਏ।

ਪਾਰਬਤੀ ਨੇ ਪੁੱਛਿਆ, 'ਸੁਆਮੀ ! ਇਹ ਕੌਣ ਹਨ?'

ਸ਼ਿਵਾਂ ਆਖਿਆ, 'ਇਹ ਮੇਰੇ ਇਸ਼ਟ ਦੇਵ ਵਿਸ਼ਨੂੰ ਭਗਵਾਨ ਜੀ ਹਨ।'

ਇਹ ਬਚਨ ਸੁਣ ਕੇ ਪਾਰਬਤੀ ਸੰਦੇਹ ਸਹਿਤ ਹੋ ਕੇ ਸੋਚਾਂ ਸੋਚਣ ਲੱਗ ਗਈ ਕਿ ਇਹ ਜੇਕਰ ਵਿਸ਼ਨੂੰ ਅਵਤਾਰ ਹਨ ਤਾਂ 'ਹਾਇ ਸੀਤਾ' 'ਹਾਇ ਸੀਤਾ' ਕਿਉਂ ਕਰਦੇ ਫਿਰਦੇ ਹਨ? ਤੇ ਜੇਕਰ ਇਹ ਅਵਤਾਰ ਨਹੀਂ ਹਨ ਤਾਂ ਮੇਰੇ ਸੁਆਮੀ ਜੀ ਜੋ ਸੂਬਗਯ ਹਨ ਉਹਨਾਂ ਨੇ ਨਮਸ਼ਕਾਰ ਕਿਉਂ ਕੀਤੀ ਹੈ?

ਇਸ ਸੰਦੇਹ ਦੇ ਨਵਿਰਤ ਕਰਨ ਵਾਸਤੇ ਸ਼ਿਵਾਂ ਨੂੰ ਆਖਦੀ ਹੈ ਕਿ ਆਪ ਮੈਨੂੰ ਆਗਿਆ ਦੇਵੋ, ਮੈਂ ਭੀ ਜਾ ਕੇ ਮੱਥਾ ਟੇਕ ਆਵਾਂ।

ਉਸ ਵੇਲੇ ਸ਼ਿਵਾਂ ਨੇ ਆਖਿਆ, ਬੇ-ਸ਼ੱਕ ਚਲੀ ਜਾਹ ਪਰ ਸੀਤਾ ਰੂਪ ਨਾ ਧਾਰੀਂ। ਉਸ ਵੇਲੇ ਸ਼ਿਵਾਂ ਦੀ ਆਗਿਆ ਪਾ ਕੇ ਚੱਲ ਤਾਂ ਪਈ ਪਰ ਰਾਹ ਵਿਚ ਆਉਂਦਿਆਂ ਦਿਲ ਵਿਚ ਸੋਚਦੀ ਹੈ ਕਿ ਜੇਕਰ ਮੈਂ ਸੀਤਾ ਰੂਪ ਨਾ ਧਾਰਿਆ ਤਾਂ ਕਿਵੇਂ ਪਰਖਾਂਗੀ। ਸੋ ਸੀਤਾ ਰੂਪ ਧਾਰ ਕੇ ਅੱਗੇ ਬ੍ਰਿੱਛ ਦੇ ਹੇਠਾਂ ਜਾ ਬੈਠੀ।

ਜਦ ਸ੍ਰੀ ਰਾਮਚੰਦਰ ਜੀ ਲੰਘੇ ਤਾਂ ਵੇਖ ਕੇ ਕਹਿੰਦੇ ਹਨ-'ਮਾਤਾ ਜੀ ! ਅੱਜ ਏਥੇ ਇਕੱਲੇ ਕਿਉਂ ਬੈਠੇ ਹੋ, ਸ਼ਿਵ ਜੀ ਮਹਾਰਾਜ ਕਿਥੇ ਹਨ?'

ਬਸ ਇਤਨੀ ਗੱਲ ਸੁਣਦਿਆਂ ਸਾਰ ਹੀ ਪਾਰਬਤੀ ਸ਼ਰਮ ਦੇ ਵਿਚ ਡੁੱਬ ਗਈ ਤੇ ਮੂੰਹ ਦਾ ਰੰਗ ਪੀਲਾ ਹੋ ਗਿਆ। ਨੀਵੀਂਆਂ ਅੱਖਾਂ ਪਾ ਕੇ ਸ਼ਿਵਾਂ ਦੇ ਪਾਸ ਆ ਗਈ। ਇਸ ਤਰੀਕੇ ਨਾਲ ਪਾਰਬਤੀ ਨੇ ਸ੍ਰੀ ਰਾਮਚੰਦਰ ਜੀ ਵਿਚ ਤਰਕ ਕੀਤੀ ਸੀ।

ਯਥਾ—'ਜੇ ਪ੍ਰਮਾਤਮ ਜਾਨਤ ਆਪ। ਸੀਤਾ ਹਿਤ ਕਿਉਂ ਕੀਨ ਬ੍ਰਿਲਾਪ।'

ਜੇ ਗੁਰੂ ਛਲੀਏ ਹੋਣ ਕਿਸੀ ਸਮੇਂ ਛਲ-ਵਲ ਕਰ ਬੈਠਣ ਤਾਂ ਮਾਇਆ ਰੂਪ ਸਮਝੇ। ਕਿਉਂਕਿ ਮਾਇਆ ਛਲ ਰੂਪ ਜੋ ਹੋਈ। ਯਥਾ-

"ਮਾਈ ਮਾਇਆ ਛਲੁ॥" *[ਪੰਨਾ ੭੧੭]*

ਜੇ ਗੁਰੂ ਕਿਸੇ ਨੂੰ ਦੁੱਖ ਦੇਵਣ ਤਦ ਸੁਰਸਤੀ ਰੂਪ ਸਮਝੇ।

ਜਿਵੇਂ ਸੁਰਸਤੀ ਨੇ ਕੈਕਈ ਰਾਣੀ ਦੀ ਦਾਸੀ ਜੋ ਮੰਥਰਾ ਸੀ ਤਿਸ ਦੀ ਰਸਨਾ ਉਪਰ ਬੈਠ ਕਰਕੇ

ਉਲਟੇ ਬਚਨ ਅਖਵਾ ਕੇ ਕੈਕਈ ਦੇ ਚਿੱਤ ਨੂੰ ਭੱਰਮਾਇਆ ਜਿਸ ਤੇ ਸ੍ਰੀ ਰਾਮ ਚੰਦਰ ਨੂੰ ਤਿਲਕ ਨਾ ਦੇਣ ਦਿੱਤਾ ਅਤੇ ਬਨਬਾਸ ਦਿਵਾ ਕੇ ਸਭ ਅਯੁੱਧਿਆ ਵਾਸੀਆਂ ਨੂੰ ਦੁੱਖ ਦੇਣਾ ਕੀਤਾ।

ਫਿਰ ਸਿੱਧਾਂ ਨੇ ਕਿਹਾ ਕਿ ਸਤਿਗੁਰਾਂ ਦੀ ਮਹਿਮਾ ਹੋਰ ਵਰਨਣ ਕਰੋ।

ਤਾਂ ਗੁਰੂ ਜੀ ਨੇ ਫੁਰਮਾਇਆ-

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥

ਹੇ ਸਿੱਧੋ! ਜੇ ਮੈਂ ਗੁਰੂ ਜੀ ਦੀ ਸਮੱਗਰ ਮਹਿਮਾ ਨੂੰ ਜਾਣਦਾ ਤਾਂ ਆਖਦਾ ਨਾ? ਕਿਉਂਕਿ ਕਹਿੰਦੇ ਤਾਂ ਹਾਂ ਪਰ ਆਖਣ ਕਰਕੇ ਸੰਪੂਰਨ ਮਹਿਮਾ ਕਥਨ ਨਹੀਂ ਕੀਤੀ ਜਾਂਦੀ।

ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੫ ॥

ਗੁਰਾਂ ਨੇ ਮੈਨੂੰ ਇਕ ਗੱਲ ਸਮਝਾ ਦਿੱਤੀ ਹੈ ਕਿ ਸਾਰਿਆਂ ਜੀਵਾਂ ਦਾ ਇਕ ਹੀ ਪਰਮੇਸ਼ਰ ਦਾਤਾ ਹੈ।

ਯਥਾ—"ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ॥" [ਸਿਰੀਰਾਗੁ ਮਹਲਾ ੩, ਪੰਨਾ ੩੦]

ਇਸ ਲਈ ਉਹ ਪਰਮਾਤਮਾ ਮੈਨੂੰ ਵਿਸਰ ਨਹੀਂ ਜਾਂਦਾ, ਹਰ ਵੇਲੇ ਯਾਦ ਰਹਿੰਦਾ ਹੈ॥੫॥

ਫਿਰ ਸਿੱਧਾਂ ਨੇ ਕਿਹਾ ਕਿ ਜੋ ਪਰਮਾਤਮਾ ਹਰ ਵੇਲੇ ਤੁਹਾਨੂੰ ਯਾਦ ਰਹਿੰਦਾ ਹੈ ਉਹ ਕੈਸਾ ਹੈ?

ਗੁਰ ਉੱਤਰ-

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਹੇ ਸਿੱਧੋ! ਉਹ ਪਰਮਾਤਮਾ ਸ਼ਿਵ ਕਰਕੇ ਗੁਰੁ=ਪੂਜਨੀਕ ਹੈ।

ਵਿਸ਼ਨੂੰ ਕਰਕੇ ਭੀ ਗੁਰੁ=ਪੂਜਨੀਕ ਹੈ।

ਬ੍ਰਹਮਾ ਕਰਕੇ ਭੀ ਗੁਰੁ=ਪੂਜਨੀਕ ਹੈ।

ਪਾਰਬਤੀ ਕਰਕੇ ਭੀ ਗੁਰੁ=ਪੂਜਨੀਕ ਹੈ।

ਮਾ=ਮਾਇਆ ਅਤੇ ਈ-ਸੁਰਸਤੀ ਕਰਕੇ ਭੀ ਗੁਰੁ=ਪੂਜਨੀਕ ਹੈ।

ਸਿੱਧਾਂ ਨੇ ਕਿਹਾ, ਕੁਝ ਹੋਰ ਭੀ ਪਰਮਾਤਮਾ ਦੀ ਮਹਿਮਾ ਸੁਣਾਓ।

ਤਾਂ ਗੁਰੂ ਜੀ ਨੇ ਕਿਹਾ-

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥

ਹੇ ਸਿੱਧੋ! ਜੇ ਮੈਂ ਸਮੱਗਰ ਮਹਿਮਾ ਨੂੰ ਜਾਣਦਾ ਤਾਂ ਆਖਦਾ ਨਾ?

ਆਪਣੇ ਵਲੋਂ ਕਹਿੰਦਾ ਤਾਂ ਹਾਂ ਪ੍ਰੰਤੂ ਸਾਰੀ ਮਹਿਮਾ ਕਥਨ ਨਹੀਂ ਕੀਤੀ ਜਾਂਦੀ।

ਗੁਰਾ ਇਕ ਦੇਹਿ ਬੁਝਾਈ॥ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ॥੫॥

ਗੁਰਾਂ ਨੇ ਮੈਨੂੰ ਏਕਤਾ ਵਾਲੀ ਸਿਖਿਆ ਸਮਝਾ ਦਿੱਤੀ ਹੈ ਕਿ ਸਭਨਾਂ ਜੀਆਂ ਦਾ ਜੋ ਇਕ ਦਾਤਾ ਪਰਮੇਸ਼ਰ ਹੈ ਸੋ ਮੈ=ਉਹ ਮੇਰਾ ਆਪਣਾ ਆਪ ਹੈ, ਇਸ ਤੇ ਉਹ ਮੈਨੂੰ ਆਪਣਾ ਆਪ ਵਿਸਰਿ=ਭੁਲ ਨਹੀਂ ਜਾਂਦਾ। ਅਥਵਾ-ਵਿੱਛੁੜ ਨਹੀਂ ਜਾਂਦਾ॥ ੫॥

ਪੰਜਵੀਂ ਪੌੜੀ ਦੇ ੧੫੮ ਅੱਖਰ ਹਨ।

ਛੇਵੀਂ ਪਉੜੀ

ਸਿੱਧਾਂ ਨੇ ਆਪਣੇ ਮਨ ਵਿਚ ਵਿਚਾਰਿਆ ਜੇਕਰ ਇਹ ਬਾਲਾ ਸਾਡੇ ਭੇਖ ਨੂੰ ਗ੍ਰਹਿਣ ਕਰ ਲਵੇ ਤਾਂ ਸਾਡੇ ਪੰਥ ਨੂੰ ਬਹੁਤ ਉਜਾਲਾ ਕਰੇਗਾ। ਉਸ ਵੇਲੇ ਸਿੱਧਾਂ ਨੇ ਆਪਣੀ ਸ਼ਕਤੀ ਨਾਲ ਇਕ ਸਰੋਵਰ ਰਤਨ, ਜਵੇਹਰ, ਲਾਲ, ਮਣੀਆਂ ਆਦਿਕਾਂ ਨਾਲ ਭਰਪੂਰ ਕਰਕੇ ਤੇ ਗੁਰੂ ਨਾਨਕ ਨੂੰ ਖੱਪਰ ਦੇ ਕੇ ਕਿਹਾ ਕਿ ਫਲਾਣੇ ਸਰੋਵਰ ਤੋਂ ਪਾਣੀ ਭਰ ਲਿਆਓ।

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਖੱਪਰ ਲੈ ਕੇ ਪਾਣੀ ਭਰਨ ਆਏ ਤਾਂ ਕੀ ਵੇਖਦੇ ਹਨ ਕਿ ਪਾਣੀ ਦੀ ਜਗ੍ਹਾ ਕੁਲ ਰਤਨ, ਜਵੇਹਰ, ਮਾਣਕ ਆਦਿਕ ਪਏ ਹਨ। ਵੇਖ ਕੇ ਵਾਪਸ ਮੁੜ ਆਏ। ਇਹਨਾਂ ਚੀਜ਼ਾਂ ਨੂੰ ਵੇਖ ਕੇ ਭਲਾ ਗੁਰੂ ਨਾਨਕ ਦੇਵ ਜੀ ਦਾ ਮਨ ਕੀ ਭਰਮਣਾ ਸੀ। ਉਹ ਤਾਂ ਆਪ ਚਾਰ ਪਦਾਰਥਾਂ ਦੇ ਦਾਤੇ ਹਨ। ਆਉਂਦਿਆਂ ਸਾਰ ਖੱਪਰ ਵਾਪਸ ਦੇ ਦਿੱਤਾ।

ਸਿੱਧਾਂ ਆਖਿਆ, 'ਕੀ ਵਜ੍ਹਾ ਹੈ, ਪਾਣੀ ਨਹੀਂ ਲਿਆਂਦਾ?'

ਸਤਿਗੁਰਾਂ ਨੇ ਆਖਿਆ; 'ਓਥੇ ਪਾਣੀ ਨਹੀਂ ਹੈ।'

ਇਹ ਸਾਰੀ ਗੱਲ ਭਾਈ ਗੁਰਦਾਸ ਜੀ ਆਪਣੀ ਕਲਮ ਨਾਲ ਇਉਂ ਬਿਆਨ ਕਰਦੇ ਹਨ-

"ਸਿਧੀਂ ਮਨੇ ਬੀਚਾਰਿਆ, ਕਿਵੈ ਦਰਸਨੁ ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਾਹਿ, ਹਮਰਾ ਪੰਥੁ ਕਰੇ ਉਜਿਆਲਾ।
ਖਪਰੁ ਦਿਤਾ ਨਾਥ ਜੀ, ਪਾਣੀ ਭਰਿ ਲੇਵਣਿ ਉਠਿ ਚਾਲਾ।
ਬਾਬਾ ਆਇਆ ਪਾਣੀਐ, ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰ ਅਗਮ ਅਗਾਧਿ ਪੁਰਖੁ, ਕੇਹੜਾ ਝੱਲੇ ਗੁਰੂ ਦੀ ਝਾਲਾ।
ਫਿਰ ਆਇਆ ਗੁਰ ਨਾਥ ਜੀ, ਪਾਣੀ ਠਉੜ ਨਾਹੀਂ ਉਸਿ ਤਾਲਾ।
ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ॥੩੧॥" [ਵਾਰ ੧]

ਫਿਰ ਸਿੱਧਾਂ ਨੇ ਕਿਹਾ ਕਿ ਚਲੋ ਤੁਹਾਨੂੰ ਤੀਰਥਾਂ ਦਾ ਇਸ਼ਨਾਨ ਕਰਵਾ ਲਿਆਈਏ, ਇਸ ਨਾਲ ਰਤਨ ਜਵਾਹਰ ਮਾਣਿਕ ਆਦਿ ਪਦਾਰਥ ਪ੍ਰਾਪਤ ਹੁੰਦੇ ਹਨ।

ਸਿੱਧਾਂ ਦਾ ਤਾਤਪਰਯ ਇਹ ਸੀ ਕਿ ਇਨ੍ਹਾਂ ਨੂੰ ਭਰਮਾ ਕੇ ਆਪਣਾ ਸ਼ਿਸ਼ ਕਰ ਲਵਾਂਗੇ।

ਤਾਂ ਗੁਰੂ ਜੀ ਨੇ ਕਿਹਾ-

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥

ਹੇ ਸਿੱਧੋ! ਤੀਰਥਾਂ ਤੇ ਨਾਵਾ=ਇਸ਼ਨਾਨ ਕਰਨਾ ਤਦ ਸਫਲਾ ਹੈ ਜੇ ਤਿਸ ਪਰਮਾਤਮਾ ਨੂੰ ਭਾ

ਜਾਵੇ। ਉਸ ਨੂੰ ਭਾਏ ਤੋਂ ਬਿਨਾਂ ਮੈਂ ਨਹਾ ਕੇ ਕੀ ਕਰਨਾ ਹੈ ਅਰਥਾਤ ਜੇ ਪਰਮਾਤਮਾ ਨੂੰ ਮਨਜ਼ੂਰ ਨਾ ਹੋਵੇ ਤਾਂ ਤੀਰਥ ਇਸ਼ਨਾਨ ਕਰਨਾ ਨਿਸਫਲ ਹੈ।

ਯਥਾ—"ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ. ਰਾਮੁ ਅਯਾਨਾ॥੧॥"

[ਆਸਾ ਕਬੀਰ ਜੀ, ਪੰਨਾ ੪੯੪]

ਸਾਖੀ-ਤੁਲਸੀ ਦਾਸ ਜੀ ਦੀ

ਇਕ ਪੂਰਨ ਮਹਾਤਮਾ ਤੁਲਸੀ ਦਾਸ ਜੀ ਕਾਂਸ਼ੀ ਵਿਖੇ ਨਿਵਾਸ ਕਰਦੇ ਸਨ, ਜਦ ਉਹ ਸ੍ਵੈ-ਇੱਛਾ ਅਨੁਸਾਰ ਜਗਨ ਨਾਥ ਦੀ ਯਾਤਰਾ ਨੂੰ ਗਏ ਤਾਂ ਓਥੇ ਉਹਨਾਂ ਨੇ ਸਾਲਗਰਾਮ ਸਸਤੇ ਵਿਕਦੇ ਹੋਏ ਦੇਖ ਕੇ ਪੂਜਾ ਕਰਾਉਣ ਵਾਸਤੇ ਖਰੀਦ ਲਏ। ਪਿੱਛੋਂ ਭਗਵਾਨ ਜੀ ਸੰਤਾਂ ਦਾ ਰੂਪ ਧਾਰ ਕੇ ਕਾਂਸ਼ੀ ਵਿਖੇ ਤੁਲਸੀ ਦਾਸ ਜੀ ਦੇ ਅਸਥਾਨ ਤੇ ਪਹੁੰਚ ਕੇ ਉਹਨਾਂ ਦੇ ਭਗਤਾਂ ਤੋਂ ਪੁੱਛਦੇ ਹਨ, 'ਤੁਲਸੀ ਦਾਸ ਜੀ ਕਿਥੇ ਗਏ ਹਨ?' ਭਗਤਾਂ ਆਖਿਆ, 'ਉਹ ਤਾਂ ਜਗਨ ਨਾਥ ਦੀ ਯਾਤਰਾ ਨੂੰ ਗਏ ਹਨ।' ਤਦ ਭਗਵਾਨ ਨੇ ਕਿਹਾ-'ਯਾਤਰਾ ਕਰਨ ਨਹੀਂ ਗਏ, ਉਹ ਤਾਂ ਸੌਦਾ ਖਰੀਦਣ ਗਏ ਹਨ।' ਇਹ ਆਖ ਕੇ ਚਲੇ ਗਏ।

ਜਦ ਤੁਲਸੀ ਦਾਸ ਜੀ ਆਪਣੇ ਅਸਥਾਨ ਤੇ ਪਹੁੰਚੇ ਤਾਂ ਆਉਂਦਿਆਂ ਸਾਰ ਪੁੱਛਿਆ, 'ਸਾਨੂੰ ਮਿਲਣ ਵਾਸਤੇ ਕੋਈ ਆਇਆ ਸੀ ਕਿ ਨਹੀਂ?' ਸੇਵਕਾਂ ਆਖਿਆ, 'ਇਕ ਸੰਤ ਆ ਕੇ ਆਪ ਜੀ ਨੂੰ ਪੁਛਦੇ ਸੀ ਕਿ ਤੁਲਸੀ ਦਾਸ ਜੀ ਕਿਥੇ ਗਏ ਹਨ।' ਅਸਾਂ ਕਿਹਾ, 'ਉਹ ਜਗਨ ਨਾਥ ਦੀ ਯਾਤਰਾ ਕਰਨ ਗਏ ਹਨ।'

ਪਰ ਅੱਗੋਂ ਉਹਨਾਂ ਨੇ ਆਖਿਆ-'ਉਹ ਯਾਤਰਾ ਕਰਨ ਨਹੀਂ ਗਏ, ਉਹ ਤਾਂ ਸੌਦਾ ਖਰੀਦਣ ਗਏ ਹਨ।'

ਇਹ ਗੱਲ ਸੁਣ ਕੇ ਤੁਲਸੀ ਦਾਸ ਜੀ ਨੇ ਵਿਚਾਰਿਆ ਕਿ ਮੈਂ ਤਾਂ ਸਸਤੇ ਜਾਣ ਕੇ ਖਰੀਦੇ ਸਨ ਪ੍ਰੰਤੂ ਭਗਵਾਨ ਜੀ ਨੂੰ ਇਹ ਗੱਲ ਚੰਗੀ ਨਹੀਂ ਲੱਗੀ।

ਤੁਲਸੀ ਦਾਸ ਜੀ ਉਸੀ ਵੇਲੇ ਉਹ ਸਾਲਗਰਾਮ ਵਾਪਸ ਕਰਨ ਚਲੇ ਗਏ। ਫਿਰ ਭਗਵਾਨ ਸੰਤ ਰੂਪ ਵਿਚ ਆ ਕੇ ਪੁੱਛਦੇ ਹਨ, 'ਹੁਣ ਤੁਲਸੀਦਾਸ ਜੀ ਕਿਥੇ ਗਏ ਹਨ?'

ਸੇਵਕਾਂ ਨੇ ਫਿਰ ਭੀ ਇਹੋ ਕਿਹਾ, 'ਉਹ ਜਗਨ ਨਾਥ ਦੀ ਯਾਤਰਾ ਕਰਨ ਗਏ ਹਨ।'

ਭਗਵਾਨ ਨੇ ਕਿਹਾ, 'ਯਾਤਰਾ ਕਰਨ ਨਹੀਂ ਗਏ, ਹੁਣ ਉਹ ਸੌਦਾ ਮੋੜਣ ਗਏ ਹਨ।'

ਇਹ ਗੱਲ ਆਖ ਕੇ ਭਗਵਾਨ ਜੀ ਚਲੇ ਗਏ।

ਪਿਛੋਂ ਤੁਲਸੀ ਦਾਸ ਜੀ ਆ ਪਹੁੰਚੇ, ਆ ਕੇ ਪੁੱਛਦੇ ਹਨ, 'ਸਾਡੇ ਪਿੱਛੋਂ ਕੋਈ ਆਇਆ ਸੀ?ਤਾਂ ਸੇਵਕਾਂ ਨੇ ਕਿਹਾ-ਹਾਂ ਜੀ, ਇਕ ਸੰਤ ਨੇ ਆ ਕੇ ਆਪ ਜੀ ਨੂੰ ਪੁੱਛਿਆ ਸੀ, 'ਤੁਲਸੀ ਦਾਸ ਜੀ ਕਿਥੇ ਹਨ?' ਅਸਾਂ ਕਿਹਾ? 'ਜਗਨ ਨਾਥ ਦੀ ਯਾਤਰਾ ਕਰਨ ਗਏ ਹਨ।' ਅਗੋਂ ਉਨ੍ਹਾਂ ਆਖਿਆ, 'ਯਾਤਰਾ ਕਰਨ ਨਹੀਂ ਗਏ ਉਹ ਤਾਂ ਸੌਦਾ ਵਾਪਸ ਕਰਨ ਗਏ ਹਨ।'

ਇਹ ਗੱਲ ਸੁਣ ਕੇ ਤੁਲਸੀ ਦਾਸ ਜੀ ਨੇ ਵਿਚਾਰਿਆ ਹੁਣ ਵੀ ਸਾਡੀ ਯਾਤਰਾ ਸਫਲ ਨਹੀਂ ਹੋਈ। ਤੀਜੀ ਵਾਰ ਫਿਰ ਤਿਆਰ ਹੋ ਕੇ ਗਏ ਅਤੇ ਕਾਮਨਾ ਤੋਂ ਰਹਿਤ ਹੋ ਕੇ ਗਏ।

ਫਿਰ ਭਗਵਾਨ ਨੇ ਸੰਤ ਰੂਪ ਧਾਰ ਕੇ ਆ ਪੁੱਛਿਆ, 'ਤੁਲਸੀ ਦਾਸ ਜੀ ਕਿਥੇ ਹਨ?' ਸੇਵਕਾਂ

ਨੇ ਕਿਹਾ? ਜਗਨ ਨਾਥ ਦੀ ਯਾਤਰਾ ਕਰਨ ਗਏ ਹੋਏ ਹਨ। ਤਦ ਭਗਵਾਨ ਨੇ ਕਿਹਾ, ਠੀਕ ਹੈ, ਯਾਤਰਾ ਕਰਨ ਗਏ ਹੋਏ ਹਨ, ਹੁਣ ਉਨ੍ਹਾਂ ਦੀ ਯਾਤਰਾ ਸਫਲ ਹੈ।'

ਅਥਵਾ-ਤੀਰਥਾਂ ਤੇ ਇਸ਼ਨਾਨ ਕਰਨਾ ਤਦ ਸਫਲਾ ਹੈ ਜੇ ਤਿਸ ਪਰਮਾਤਮਾ ਨੂੰ ਭਾਵਾ=ਚਾਹੁਣਾ ਕਰੇ। ਵਿਣੁ ਭਾਣੇ=ਬਿਨਾਂ ਚਾਹੇ ਦੇ ਨਹਾ ਕੇ ਕੀ ਕਰਨਾ ਹੈ।

ਵਾ-ਤੀਰਥਾਂ ਤੇ ਇਸ਼ਨਾਨ ਕਰਨਾ ਤਦ ਸਫਲਾ ਹੈ, ਜੇ ਤਿਸਦਾ ਭਾਣਾ ਮੰਨੇ, ਬਿਨਾਂ ਉਸ ਦੇ ਭਾਣੇ ਮੰਨੇ ਦੇ ਨਹਾ ਕੇ ਕੀ ਕਰਨਾ ਹੈ।

ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ ਹੈ-

"ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਹਰਿ ਕਰਿ ਨਾਮੁ ਲਇਆ॥
ਤਿਸੁ ਗੁਰਸਿਖੁ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥੧੯॥"

[ਵਡਹੰਸ ਕੀ ਵਾਰ, ਪੰ: ੫੯੩]

ਸਾਖੀ—ਭਾਈ ਭਿਖਾਰੀ ਜੀ ਦੀ

ਇਕ ਸਮੇਂ ਭਾਈ ਗੁਰਮੁਖ ਨਾਮੀ ਸਿੱਖ ਨੇ ਸ੍ਰੀ ਅੰਮ੍ਰਿਤਸਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਆ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ-ਹੇ ਗੁਰੂ ਜੀ! ਜਿਹੜੇ ਸਿੱਖ ਸਤਿਗੁਰਾਂ ਦੇ ਸਨਮੁਖ ਹੋ ਕੇ ਅੱਠੇ ਪਹਿਰ ਭਾਣਾ ਮੰਨਦੇ ਹਨ, ਮੈਨੂੰ ਉਨ੍ਹਾਂ ਦਾ ਦਰਸ਼ਨ ਕਰਵਾਓ, ਜਿਸ ਕਰਕੇ ਸਾਰੇ ਦੁੱਖ ਨਾਸ ਹੋ ਜਾਣ।

ਉਸ ਦੀ ਬੇਨਤੀ ਸੁਣ ਕੇ ਸਤਿਗੁਰਾਂ ਨੇ ਕਿਹਾ, ਜ਼ਿਲ੍ਹਾ ਗੁਜਰਾਤ ਵਿਖੇ "ਭਾਈ ਭਿਖਾਰੀ" ਨਾਮ ਕਰਕੇ ਇਕ ਪੂਰਨ ਸਿੱਖ ਭਾਣੇ ਦੇ ਮੰਨਣ ਵਾਲਾ ਰਹਿੰਦਾ ਹੈ, ਉਸ ਦਾ ਜਾ ਕੇ ,ਦਰਸ਼ਨ ਕਰ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਭਾਈ ਗੁਰਮੁਖ ਉਸੇ ਵੇਲੇ ਚੱਲ ਪਿਆ। ਰਸਤੇ ਵਿਚ ਵਿਚਾਰਦਾ ਚਲਾ ਜਾ ਰਿਹਾ ਹੈ ਕਿ ਸਤਿਗੁਰਾਂ ਨੇ ਆਪ ਦੱਸਿਆ ਹੈ ਇਸ ਤੇ ਇਹ ਕੋਈ ਬੜਾ ਚੰਗਾ ਸਿੱਖ ਹੋਵੇਗਾ।

ਮਨ ਵਿਚ ਵਿਚਾਰਦਾ ਹੈ ਕਿ ਪ੍ਰਭੂ ਦਾ ਭਾਣਾ ਕਿਸ ਤਰ੍ਹਾਂ ਮੰਨਦਾ ਹੋਵੇਗਾ ਤੇ ਕਿਰਤ-ਵਿਰਤ ਕਿਸ ਤਰ੍ਹਾਂ ਕਰਦਾ ਹੋਵੇਗਾ?

ਜਦ ਸਾਰਾ ਰਸਤਾ ਲੰਘ ਕੇ ਗੁਜਰਾਤ ਪਹੁੰਚ ਗਿਆ ਤਾਂ ਪੁੱਛਦਾ ਪੁਛਾਂਦਾ ਭਾਈ ਭਿਖਾਰੀ ਜੀ ਦੇ ਘਰ ਚਲਾ ਗਿਆ। ਜਾ ਕੇ ਕੀ ਦੇਖਦਾ ਹੈ ਕਿ ਬਹੁਤ ਹੀ ਖੁਸ਼ੀਆਂ ਹੋ ਰਹੀਆਂ ਹਨ ਅਤੇ ਭਾਈ ਭਿਖਾਰੀ ਦੇ ਪੁੱਤਰ ਦਾ ਵਿਵਾਹ ਦਾ ਦਿਨ ਜਾਣ ਕੇ ਇਸਤ੍ਰੀਆਂ ਗੀਤ ਗਾਉਂਦੀਆਂ ਪਈਆਂ ਹਨ ਅਤੇ ਭਾਈ ਭਿਖਾਰੀ ਜੀ ਇਕ ਪੁਰਾਣੀ ਜੇਹੀ ਦਰੀ ਸੀਂਵਦੇ ਪਏ ਹਨ। ਗੁਰਮੁਖ ਸਿੱਖ ਪੈਰੀਂ ਪੈਣਾ ਕਹਿ ਕੇ ਬੈਠ ਗਿਆ ਤੇ ਕਿਹਾ, 'ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੁਹਾਡੇ ਪਾਸ ਭੇਜਿਆ ਹੈ।'

ਇਹ ਬਚਨ ਸੁਣ ਕੇ ਭਾਈ ਭਿਖਾਰੀ ਨੇ ਉੱਠ ਕੇ ਬੜਾ ਸਨਮਾਨ ਕੀਤਾ, ਮੱਥਾ ਟੇਕ ਕੇ ਆਪਣੇ

ਪਾਸ ਬਿਠਾ ਲਿਆ। ਜਿਸ ਕੰਮ ਕਰਨ ਵਿਚ ਭਾਈ ਭਿਖਾਰੀ ਲੱਗਾ ਹੋਇਆ ਸੀ ਤਿਸ ਨੂੰ ਦੇਖ-ਦੇਖ ਕੇ ਗੁਰਮੁਖ ਬੜਾ ਹੈਰਾਨ ਹੋਣ ਲੱਗ ਪਿਆ। ਉਸ ਵੇਲੇ ਭਾਈ ਭਿਖਾਰੀ ਜੀ ਉਸ ਗੁਰਮੁਖ ਦੀ ਬਾਂਹ ਫੜ ਕੇ ਸਾਰੀ ਵਿਵਾਹ ਦੀ ਸਮੱਗਰੀ ਦਿਖਾਉਣ ਲੱਗ ਪਏ ਕਿ ਇਹ ਪੁੱਤਰ ਦੇ ਕਪੜੇ ਸਿਵਾਏ ਹਨ, ਇਹ ਸੁਨਿਆਰਾ ਗਹਿਣੇ ਘੜ ਰਿਹਾ ਹੈ। ਇਥੇ ਮਠਿਆਈਆਂ ਪਈਆਂ ਹਨ। ਅੱਗੇ ਇਕ ਪਾਸੇ ਮ੍ਰਿਤਕ ਦੇ ਵਾਸਤੇ ਫੱਟਾ ਤੇ ਖੱਫਣ ਤਿਆਰ ਹੋਇਆ ਪਿਆ ਹੈ।

ਗੁਰਮੁਖ ਇਹ ਦੇਖ ਕੇ ਬੜਾ ਹੈਰਾਨ ਹੋ ਕੇ ਪੁੱਛਣ ਲੱਗਾ, "ਇਹ ਮ੍ਰਿਤਕ ਦਾ ਸਮਾਨ ਕਿਸ ਵਾਸਤੇ ਇਥੇ ਰਖਿਆ ਹੋਇਆ ਹੈ?"

ਭਾਈ ਭਿਖਾਰੀ ਨੇ ਕਿਹਾ, 'ਫਿਰ ਤੈਨੂੰ ਦਸਾਂਗਾ? ਜਿਸ ਵੇਲੇ ਇਹ ਸਮਾਨ ਕੰਮ ਆਵੇਗਾ।'

ਇਸ ਪ੍ਰਕਾਰ ਸਾਰੀ ਸਮੱਗਰੀ ਦਿਖਾ ਕੇ ਪਹਿਲੇ ਵਾਲੇ ਅਸਥਾਨ ਤੇ ਆ ਗਏ, ਜਿਥੇ ਭਾਈ ਭਿਖਾਰੀ ਪਾਟੀ ਹੋਈ ਦਰੀ ਸਿਉਂ ਰਿਹਾ ਸੀ।

ਗੁਰਮੁਖ ਦਿਲ ਵਿਚ ਬੜਾ ਅਸਚਰਜ ਹੁੰਦਾ ਹੈ ਤੇ ਮਨ ਵਿਚ ਵਿਚਾਰਦਾ ਹੈ ਕਿ ਸਤਿਗੁਰਾਂ ਨੇ ਭਾਈ ਭਿਖਾਰੀ ਦੀ ਬੜੀ ਉਪਮਾ ਕੀਤੀ ਹੈ ਪਰ ਇਹ ਤਾਂ ਘਰ ਦੇ ਜੰਜਾਲਾਂ ਵਿਚ ਹੀ ਖਚਤ ਹੋਇਆ ਹੋਇਆ ਹੈ। ਇਹ ਪ੍ਰਭੂ ਦੀ ਭਗਤੀ ਕਿਸ ਵੇਲੇ ਕਰਦਾ ਹੋਵੇਗਾ ਤੇ ਭਾਣਾ ਕਿਸ ਤਰ੍ਹਾਂ ਮੰਨਦਾ ਹੋਵੇਗਾ?

ਜਦ ਰਾਤ ਹੋਈ ਤਾਂ ਭਾਈ ਭਿਖਾਰੀ ਨੇ 'ਗੁਰਮੁਖ' ਸਿੱਖ ਨੂੰ ਬੜੇ ਪ੍ਰੇਮ ਨਾਲ ਭੋਜਨ ਛਕਾ ਕੇ ਸੁੰਦਰ ਪਲੰਘ ਉਤੇ ਸਵਾਇਆ।

ਦੂਜੇ ਦਿਨ ਸਾਰਾ ਕਬੀਲਾ ਆ ਕੇ ਢੁੱਕਿਆ ਤੇ ਪੁੱਤਰ ਨੂੰ ਘੋੜੀ ਤੇ ਚੜ੍ਹਾ ਕੇ ਜਨੇਤ ਲੈ ਕੇ ਗਿਆ। ਅਗੋਂ ਕੁੜਮਾਂ ਨੇ ਬੜਾ ਸਵਾਗਤ ਕੀਤਾ। ਪੁੱਤਰ ਨੂੰ ਨੂੰਹ ਸਹਿਤ ਘਰ ਲਿਆਂਦਾ, ਬਹੁਤ ਸਾਰੇ ਵਾਜੇ ਵੱਜੇ ਤੇ ਮੰਗਲਾਚਾਰ ਹੋਏ।

ਘਰ ਵਿਚ ਆਇਆਂ ਦੋ ਕੁ ਦਿਨ ਹੀ ਬੀਤੇ ਸਨ ਕਿ ਭਾਈ ਭਿਖਾਰੀ ਦੇ ਪੁੱਤਰ ਦੇ ਪੇਟ ਵਿਚ ਸੂਲ ਉੱਠਿਆ ਤੇ ਮਰ ਗਿਆ। ਉਸੀ ਵੇਲੇ ਜੋ ਇਸਤ੍ਰੀਆਂ ਖੁਸ਼ੀ ਦ ਗੀਤ ਗਾ ਰਹੀਆਂ ਸਨ ਸੋ ਰੋਣ ਲੱਗ ਪਈਆਂ, ਪ੍ਰੰਤੂ ਭਾਈ ਭਿਖਾਰੀ ਦੇ ਮਨ ਵਿਚ ਪੁੱਤਰ ਦੇ ਮਰਨੇ ਦਾ ਲੇਸ ਮਾਤਰ ਵੀ ਸ਼ੋਕ ਨਾ ਹੋਇਆ ਸਗੋਂ ਬੜੀ ਧੀਰਜਤਾ ਨਾਲ ਉਸੀ ਸੀੜੀ ਪਰ ਪੁੱਤਰ ਨੂੰ ਪਾ ਕੇ ਖੱਫਣ ਪਾ ਕੇ ਕੀਰਤਨ ਕਰਦਾ ਹੋਇਆ ਆਪਣੇ ਪੁੱਤਰ ਨੂੰ ਸਾੜ ਕੇ ਯਥਾ ਜੋਗ ਪ੍ਰਸ਼ਾਦ ਕਰਕੇ ਤੇ ਵਰਤਾ ਕੇ ਘਰ ਵਾਪਸ ਆ ਗਿਆ। ਜੋ ਦਰੀ ਪੁਰਾਣੀ ਸੀਤੀ ਸੀ ਉਹ ਵਿਛਾ ਕੇ ਬੈਠ ਗਿਆ ਅਤੇ ਸਾਰੇ ਲੋਕ ਵੀ ਪਰਚਾਉਣੀ ਵਾਸਤੇ ਆਏ।

ਭਾਈ ਗੁਰਮੁਖ ਇਸ ਕੌਤਕ ਨੂੰ ਵੇਖ ਕੇ ਬੜਾ ਅਸਚਰਜ ਹੋਇਆ ਤੇ ਰਾਤ ਨੂੰ ਭਾਈ ਭਿਖਾਰੀ ਨੂੰ ਇਕਾਂਤ ਦੇਖ ਕੇ ਕਿਹਾ, ਜੇ ਤੂੰ ਜਾਣਦਾ ਸੀ ਕਿ ਤੇਰੇ ਪੁੱਤਰ ਨੇ ਮਰ ਜਾਣਾ ਹੈ, ਤਾਂ ਨੂੰਹ ਨੂੰ ਵਿਵਾਹ ਕੇ ਘਰ ਵਿਖੇ ਕਿਉਂ ਲਿਆਂਦਾ ਹੈ ਅਤੇ ਇਤਨਾ ਧਨ ਕਿਉਂ ਖਰਚਿਆ ਹੈ?

ਜੇਕਰ ਪੁੱਤਰ ਦੀ ਉਮਰ ਵਧਾਉਣੇ ਦੀ ਤੇਰੇ ਵਿਚ ਸ਼ਕਤੀ ਨਹੀਂ ਸੀ ਤਾਂ ਸਤਿਗੁਰਾਂ ਪਾਸੋਂ ਬੇਨਤੀ ਕਰਕੇ ਉਮਰ ਮੰਗ ਲੈਣੀ ਸੀ ਉਹ ਤੇਰੇ ਪੁੱਤਰ ਦੀ ਆਯੂ ਵਧਾ ਦਿੰਦੇ ਜਿਸ ਤੇ ਤੇਰੇ ਘਰ ਵਿਚ ਇਤਨਾ ਕਸ਼ਟ ਨਾ ਹੁੰਦਾ। ਇਕ ਇਹ ਸੰਸਾ ਮੇਰੇ ਮਨ ਵਿਚ ਬੜਾ ਹੈ ਜੋ ਤੂੰ ਸ਼ਕਤੀ ਦੇ ਹੁੰਦਿਆਂ ਹੋਇਆਂ ਬੜਾ

ਭਿਆਨਕ ਕਸ਼ਟ ਸਹਾਰਿਆ ਹੈ।

ਇਸ ਤਰ੍ਹਾਂ ਦੇ ਬਚਨ 'ਗੁਰਮੁਖ' ਸਿੱਖ ਦੇ ਸੁਣ ਕੇ, ਭਾਈ ਭਿਖਾਰੀ ਜੀ ਨੇ ਕਿਹਾ, 'ਹੇ ਭਾਈ! ਜੋ ਪ੍ਰਭੂ ਦੇ ਕੀਤੇ ਹੋਏ ਤੇ ਕਿੰਤੂ ਕਰਦੇ ਹਨ, ਉਹ ਮਨਮੁਖ ਹਨ ਅਤੇ ਜੋ ਮਨੁੱਖ ਭਾਵੀ ਦੇ ਮੇਟਣ ਦਾ ਯਤਨ ਕਰਦੇ ਹਨ, ਤਿਨਾਂ ਮਨਮੁਖਾਂ ਦਾ ਪ੍ਰਭੂ ਦੇ ਨਾਲ ਕਦੇ ਵੀ ਮਿਲਾਪ ਨਹੀਂ ਹੁੰਦਾ। ਪਰਮਾਤਮਾ ਆਪਣੀ ਇੱਛਾ ਅਨੁਸਾਰ ਚਾਹੇ ਦੁੱਖ ਦੇਵੇ ਚਾਹੇ ਸੁਖ ਦੇਵੇ ਤਿਸ ਦੇ ਭਾਣੇ ਵਿਚ ਪ੍ਰਸੰਨ ਰਹੇ। ਉਹ ਪਰਮਾਤਮਾ ਕਿਸੇ ਨੂੰ ਵੈਰ ਕਰਕੇ ਦੁੱਖ ਨਹੀਂ ਦਿੰਦਾ ਅਤੇ ਪ੍ਰੀਤੀ ਕਰਕੇ ਸੁਖ ਨਹੀਂ ਦਿੰਦਾ! ਉਹ ਪ੍ਰਭੂ ਜੈਸਾ ਪੁਰਸ਼ ਦਾ ਕਰਮ ਦੇਖਦਾ ਹੈ ਤੈਸਾ ਹੀ ਫਲ ਦੇਂਦਾ ਹੈ।'

ਜਿਹੜਾ ਕੋਈ ਪੁਰਸ਼ ਆਪਣੀ ਸ਼ਕਤੀ ਨਾਲ ਆਪਣੇ ਸਰੀਰ ਦਾ ਰੋਗ ਦੂਰ ਕਰਦਾ ਹੈ, ਉਹ ਪਾਪਾਂ ਦਾ ਭਾਗੀ ਹੈ, ਉਹ ਜ਼ਰੂਰ ਹੀ ਦੁੱਖ ਭੋਗਦਾ ਹੈ। ਜਿਹੜਾ ਕੋਈ ਦੂਸਰੇ ਨੂੰ ਸੁਖੀ ਦੇਖ ਕੇ ਆਪਣੀ ਸ਼ਕਤੀ ਨਾਲ ਜਾਂ ਸਰਾਪ ਨਾਲ ਦੁੱਖ ਦੇਂਦਾ ਹੈ ਉਹ ਮਨੁੱਖ ਭੀ ਪ੍ਰਭੂ ਦਰਗਾਹ ਵਿਚ ਆਦਰ ਨਹੀਂ ਪਾਉਂਦਾ।

ਫੇਰ ਭਾਈ ਭਿਖਾਰੀ ਨੇ ਕਿਹਾ, ਹੇ ਭਾਈ ਗੁਰਮੁਖ! ਝੂਠੇ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਸਤਿਗੁਰਾਂ ਤੋਂ ਕੀ ਮੰਗਣਾ ਹੈ। ਜੇ ਮੰਗਣਾ ਵੀ ਹੋਵੇ ਤਾਂ ਸੱਚਾ ਨਾਮ ਮੰਗੀਏ ਜੋ ਲੋਕ ਪ੍ਰਲੋਕ ਵਿਖੇ ਨਾਲ ਨਿਭਣ ਵਾਲਾ ਹੈ।

ਹੇ ਭਾਈ! ਇਸ ਪ੍ਰਕਾਰ ਦੀ ਵਿਚਾਰ ਜਿਸ ਦੇ ਮਨ ਵਿਚ ਹੁੰਦੀ ਹੈ ਤੇ ਪ੍ਰਭੂ ਦੀ ਕੀਤੀ ਹੋਈ ਤੇ ਸਦਾ ਅਨੰਦ ਰਹਿੰਦਾ ਹੈ, ਉਸੇ ਨੂੰ ਸੰਤ, ਮਹਾਤਮਾ, ਸਨਮੁਖ ਕਹਿੰਦੇ ਹਨ, ਤੇ ਜਿਹੜੇ ਪ੍ਰਭੂ ਉੱਪਰ ਕੁਤਰਕਾਂ ਕਰਦੇ ਹਨ, ਉਹਨਾਂ ਨੂੰ ਮਨਮੁਖ ਕਹਿੰਦੇ ਹਨ।

"ਤਾਂ ਤੇ ਭੌ ਗੁਰਮੁਖ! ਸੁਨਿ ਲੀਜੈ। ਭਾਣਾ ਮਾਨਨਿ ਮਨ ਥਿਰ ਕੀਜੈ॥੩੨॥
ਸੱਤਿਨਾਮ ਕੋ ਸਿਮਰਨ ਕਰਨੋ। ਤਨ ਹੰਤਾ ਕੋ ਰਿਦੈ ਬਿਸਰਨੋ।
ਮੁਕਤੀ ਕੇ ਸਾਧਨ ਏ ਤੀਨ। ਕਹੈਂ ਗੁਰੂ ਅਰੁ ਸੰਤ ਪ੍ਰਬੀਨ॥੩੩॥"

[ਗੁਰ ਪ੍ਰਤਾਪ ਸੂਰਜ ਰਾਸਿ ੩ ਅੰਸੂ ੬੯]

੨. ਤੀਰਥਾਂ ਪਰ ਇਸ਼ਨਾਨ ਕਰਨਾ ਤਦ ਸਫਲ ਹੈ, ਜੇਕਰ ਇਸ ਸੰਸਾਰ ਵਲੋਂ ਆਪਣੇ ਮਨ ਨੂੰ ਭਾਵਾ=ਫੇਰਨਾ ਕਰੇ। ਬਿਨਾਂ ਮਨ ਫੇਰੇ ਦੇ ਪ੍ਰਤੱਖ ਤੀਰਥਾਂ ਤੇ ਨਹਾ ਕੇ ਕੀ ਕਰਨਾ ਹੈ।

ਕਰਮ ਮਾਰਗ ਵਿਚ ਤੇ ਜੋਗੀਆਂ ਵਿਚ ਤੀਰਥ ਇਸ਼ਨਾਨ ਨੂੰ ਇਕ ਵੱਡਾ ਕਰਮ ਮੰਨਿਆ ਗਿਆ ਹੈ, ਜਿਵੇਂ ਲੋਹਾਰੀਪਾ ਨਾਮੇ ਸਿੱਧ ਨੇ ਗੁਰੂ ਜੀ ਨੂੰ ਸਿੱਧ ਗੋਸ਼ਟ ਵਿਚ ਕਿਹਾ ਹੈ-

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥੭॥"

[ਸਿਧ ਗੋਸਟਿ, ਪੰਨਾ ੯੩੯]

ਪਰ ਗੁਰੂ ਜੀ ਦਾ ਮਾਰਗ ਕਰਮ ਮਾਰਗ ਨਹੀਂ, ਉਹਨਾਂ ਦਾ ਤਾਂ ਪ੍ਰੇਮ ਤੇ ਨਾਮ ਮਾਰਗ ਹੈ, ਜਿਸ ਦਾ ਹੁਣ ਤਾਈਂ ਉਪਦੇਸ਼ ਕਰਦੇ ਆਏ ਹਨ। ਪ੍ਰਤੱਖ ਤੀਰਥ ਇਸ਼ਨਾਨ ਆਦਿ ਕਰਮ ਉਸ ਦੀ ਪ੍ਰਾਪਤੀ ਦੇ ਉਪਾਯ ਨਹੀਂ ਹਨ।

ਯਥਾ—"ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥" [ਸਿਰੀਰਾਗੁ ਮਹਲਾ ੧, ਪੰਨਾ ੬੧]

ਗੁਰੂ ਸਾਹਿਬ ਜੀ ਨੇ ਅੱਗੇ ਧਨਾਸਰੀ ਰਾਗ ਵਿਚ ਆਪਣਾ ਸਿਧਾਂਤ ਕਥਨ ਕੀਤਾ ਹੈ ਕਿ ਅਸੀਂ ਨਾਮ ਰੂਪ ਤੀਰਥ ਵਿਚ ਇਸ਼ਨਾਨ ਕਰਦੇ ਹਾਂ।

ਯਥਾ—"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥"

[ਧਨਾਸਰੀ ਮਹਲਾ ੧ ਪੰਨਾ ੬੬੭]

ਤਥਾ—"ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ॥੩॥"

[ਆਸਾ ਮ: ੧, ਪੰਨਾ ੪੩੭]

ਹੇ ਸਿੱਧੋ! ਤੁਸੀਂ ਜੋ ਕਹਿੰਦੇ ਹੋ ਤੀਰਥਾਂ ਤੇ ਇਸ਼ਨਾਨ ਕਰਨ ਕਰਕੇ ਹੀਰੇ ਆਦਿਕ ਪਦਾਰਥ ਪ੍ਰਾਪਤ ਹੁੰਦੇ ਹਨ, ਪਰ ਇਹ ਨਿਯਮ ਸਮਝ ਲਓ-

ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥

ਜਿਤਨੀ ਕਰਤਾ ਪੁਰਖ ਦੀ ਉਪਜਾਈ ਹੋਈ ਸ੍ਰਿਸ਼ਟੀ ਮੈਂ ਵੇਖਦਾ ਹਾਂ, ਉਸ ਵਿਚ ਕਿਸੇ ਨੂੰ ਵਿਣੁ ਕਰਮਾ=ਬਿਨਾਂ ਭਾਗਾਂ ਤੋਂ ਮਿਲਦਾ ਕੀ ਹੈ ਤੇ ਲੈਂਦਾ ਕੋਈ ਕੀ ਹੈ।

ਯਥਾ—"ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥
ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥"

[ਤਿਲੰਗ ਮ: ੧, ਪੰਨਾ ੭੨੨]

ਤਥਾ—"ਬਿਨੁ ਕਰਮਾ ਕਿਛੁ ਨ ਪਾਈਐ ਜੇ ਬਹੁਤੁ ਲੋਚਾਹੀ॥"

[ਮਾਰੂ ਵਾਰ, ਪੰਨਾ ੧੦੯੨]

ਤਥਾ—"ਜੇ ਬਹੁਤੇਰਾ ਲੋਚੀਐ ਵਿਣੁ ਕਰਮਾ ਪਾਇਆ ਨ ਜਾਇ॥"

[ਰਾਮਕਲੀ ਵਾਰ, ਪੰਨਾ ੯੫੦]

ਤਥਾ—"ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ॥੨॥"

[ਆਸਾ ਮ: ੩, ਪੰਨਾ ੪੩੦]

ਸਾਖੀ ਪਹਿਲੀ-ਕਰਮਾਂ ਦੀ

ਇਕ ਜ਼ਿਮੀਂਦਾਰ ਆਪਣੇ ਦੋ ਲੜਕਿਆਂ ਸਮੇਤ ਆਪਣੀ ਜ਼ਮੀਨ ਵਿਖੇ ਹਲ ਵਾਹ ਰਿਹਾ ਸੀ। ਹਲ ਵਾਹੁੰਦਿਆਂ ਵਾਹੁੰਦਿਆਂ ਉਨ੍ਹਾਂ ਨੂੰ ਇਕ ਦੇਗ ਜ਼ਮੀਨ 'ਚੋਂ ਲੱਭੀ, ਜੋ ਹੀਰੇ ਰਤਨਾਂ ਨਾਲ ਭਰੀ ਹੋਈ ਸੀ। ਵੇਖ ਕੇ ਲੜਕਿਆਂ ਸਹਿਤ ਪਿਤਾ ਦਾ ਦਿਲ ਬਹੁਤ ਖੁਸ਼ ਹੋਇਆ ਤੇ ਆਖਦੇ ਹਨ ਹੁਣ ਸਾਨੂੰ ਹਲ ਵਾਹੁਣ ਦੀ ਕੀ ਲੋੜ ਹੈ ਇਹ ਧਨ ਸਾਰੀ ਉਮਰ ਖਾਂਦਿਆਂ-ਖਾਂਦਿਆਂ ਸਾਡੇ ਪਾਸੋਂ ਮੁੱਕਣਾ ਨਹੀਂ ਤੇ ਬੜੀ ਖੁਸ਼ੀ ਖੁਸ਼ੀ ਆਪਣੇ ਕਾਰੋਬਾਰ ਨੂੰ ਛੱਡ ਕੇ ਜੋ ਪਾਸ ਇਕ ਨਦੀ ਚਲ ਰਹੀ ਸੀ ਦੇਗ ਨੂੰ ਲੈ ਕੇ ਉਥੇ ਧੋਣ ਚਲੇ ਗਏ।

ਜਦ ਦੇਗ ਨੂੰ ਨਦੀ ਦੇ ਵਿਚ ਲਿਜਾ ਕੇ ਲੜਕਿਆਂ ਦਾ ਪਿਤਾ ਧੋਣ ਲੱਗਾ ਤਾਂ ਪੈਰ ਤਿਲਕਣ ਕਰਕੇ ਉਹ ਆਪ ਭੀ ਡਿਗ ਪਿਆ ਤੇ ਦੇਗ ਹੱਥੋਂ ਨਿਕਲ ਗਈ। ਪਾਣੀ ਦੇ ਜ਼ੋਰ ਨਾਲ ਦੇਗ ਐਸੇ ਡੂੰਘੇ ਪਾਣੀ ਵਿਚ ਚਲੀ ਗਈ ਜਿਥੇ ਉਹਨਾਂ ਦੀ ਤਾਕਤ ਕੁਝ ਕੰਮ ਨਾ ਕਰ ਸਕੀ, ਆਖਰ ਉਹਨਾਂ ਦੇ ਪਾਸ ਪਛੁਤਾਵੇ ਤੋਂ ਬਿਨਾਂ ਹੋਰ ਕੁਝ ਵਸਤੂ ਨਾ ਰਹੀ।

ਲੜਕਿਆਂ ਦਾ ਪਿਤਾ ਇਹ ਗੱਲ ਆਖਦਾ ਆਖਦਾ ਝੱਲਾ ਹੋ ਗਿਆ ਕਿ 'ਧੋਵਤ ਗਈ, ਧੋਵਤ ਗਈ।'

ਲੜਕਾ ਇਸ ਤਰ੍ਹਾਂ ਕਹਿੰਦਾ ਕਹਿੰਦਾ ਝੱਲਾ ਹੋ ਗਿਆ ਕਿ 'ਕਾਹਨੂੰ ਧੋਂਦੇ, ਕਾਹਨੂੰ ਧੋਂਦੇ।'

ਤੀਜੇ ਨੇ ਇਹ ਆਖਣਾ ਸ਼ੁਰੂ ਕਰ ਦਿੱਤਾ ਕਿ 'ਘਰ ਚਲ ਧੋਂਦੇ, ਘਰ ਚੱਲ ਧੋਂਦੇ।'

ਬੱਸ ਤਿੰਨੇ ਹੀ ਬੁਰੜਾ ਬੁਰੜਾ ਕੇ ਮਰ ਗਏ। ਦੇਖੋ ਕਰਮਾਂ ਤੋਂ ਬਿਨਾਂ ਕੁਛ ਵੀ ਨਾ ਮਿਲਿਆ।

ਯਥਾ—"ਚਾਰੇ ਕੁੰਡਾ ਜੇ ਭਵਹਿ ਬਿਨੁ ਭਾਗਾ ਧਨੁ ਨਾਹਿ ਜੀਉ॥"

[ਸੂਹੀ ਮ: ੧, ਪੰਨਾ ੭੫੧]

ਸਾਖੀ ਦੂਜੀ-ਕਰਮਾਂ ਦੀ

"ਸੰਪੈ ਕਉ ਈਸਰੁ ਧਿਆਈਐ॥ ਸੰਪੈ ਪੁਰਬਿ ਲਿਖੇ ਕੀ ਪਾਈਐ॥"
ਸੰਪੈ ਕਾਰਣਿ ਚਾਕਰ ਚੋਰ॥ ਸੰਪੈ ਸਾਥਿ ਨ ਚਾਲੈ ਹੋਰ॥

[ਦਖਣੀ ਓਅੰਕਾਰ, ਪੰਨਾ ੯੩੭]

ਇਕ ਪੁਰਸ਼, ਇਕ ਉਸ ਦੀ ਔਰਤ ਅਤੇ ਇਕ ਉਸ ਦਾ ਪੁੱਤਰ ਸੀ। ਤਿੰਨੇ ਅਤਿਅੰਤ ਗਰੀਬ ਸਨ, ਰੋਟੀ ਖਾਣ ਦਾ ਗੁਜ਼ਾਰਾ ਵੀ ਮੁਸ਼ਕਲ ਨਾਲ ਹੁੰਦਾ ਸੀ। ਜੰਗਲ 'ਚੋਂ ਸੁੱਕੀਆਂ ਲੱਕੜਾਂ ਕੱਟ ਕੇ ਲਿਆਉਂਦੇ ਤੇ ਉਹਨਾਂ ਨੂੰ ਵੇਚ ਕੇ ਆਪਣੇ ਪੇਟ ਦੀ ਪਾਲਣਾ ਕਰਦੇ ਸਨ।

ਇਹਨਾਂ ਨੇ ਕਿਸੇ ਸ਼ਿਵ ਉਪਾਸ਼ਕ ਤੋਂ ਸੁਣਿਆ ਕਿ ਸ਼ਿਵਜੀ ਭੋਲੇ ਮਹੇਸ਼ ਹਨ ਉਹਨਾਂ ਦੀ ਉਪਾਸ਼ਨਾ ਕੀਤਿਆਂ ਬਹੁਤ ਕੁਝ ਮਿਲਦਾ ਹੈ।

ਸ਼ਹਿਰੋਂ ਬਾਹਰ ਜਾ ਕੇ ਤਿੰਨਾਂ ਨੇ ਸ਼ਿਵਾਂ ਦੀ ਉਪਾਸ਼ਨਾ ਕਰਨੀ ਸ਼ੁਰੂ ਕਰ ਦਿੱਤੀ। ਕਰਦਿਆਂ ਕਰਦਿਆਂ ਕਿਤਨਾ ਹੀ ਸਮਾਂ ਗੁਜ਼ਰ ਗਿਆ, ਤਦ ਸ਼ਿਵਾਂ ਨੇ ਪ੍ਰਸੰਨ ਹੋ ਕੇ ਪਹਿਲੇ ਔਰਤ ਨੂੰ ਕਿਹਾ ਤੂੰ ਵਰ ਮੰਗ। ਔਰਤਾਂ ਨੂੰ ਹਮੇਸ਼ਾਂ ਆਪਣਾ ਸੁੰਦਰ ਰੂਪ ਅਤੇ ਕਪੜੇ ਗਹਿਣੇ ਆਦਿਕ ਚੰਗੇ ਲੱਗਦੇ ਹਨ। ਇਸ ਵਾਸਤੇ ਉਸ ਨੇ ਏਹੀ ਮੰਗਿਆ ਕਿ ਮੈਨੂੰ ਸੁੰਦਰ ਰੂਪ ਅਤੇ ਕਪੜੇ ਗਹਿਣੇ ਵਗੈਰਾ ਪ੍ਰਾਪਤ ਹੋ ਜਾਣ। ਸ਼ਿਵਾਂ ਆਖਿਆ-'ਤਥਾ ਅਸਤੂ।' ਉਸੇ ਵੇਲੇ ਉਸ ਦਾ ਸੁੰਦਰ ਸਰੂਪ ਗਹਿਣਿਆਂ ਸਮੇਤ ਹੋ ਗਿਆ।

ਇਤਨੇ ਨੂੰ ਇਕ ਰਾਜਾ ਸ਼ਿਕਾਰ ਖੇਡਦਾ ਉਥੋਂ ਆ ਲੰਘਿਆ। ਉਸ ਨੇ ਗਰੀਬਾਂ ਪਾਸ ਜਦ ਸੁੰਦਰ ਔਰਤ ਨੂੰ ਬੈਠਿਆਂ ਵੇਖਿਆ ਤਾਂ ਝਟ ਪਾਸ ਆ ਕੇ ਬਾਹੋਂ ਫੜ ਕੇ ਆਪਣੇ ਘੋੜੇ 'ਤੇ ਬਿਠਾ ਕੇ ਲੈ ਗਿਆ। ਇਸਤਰੀ ਦੇ ਪਤੀ ਨੂੰ ਬੜਾ ਗੁੱਸਾ ਆਇਆ ਕਿ ਗਰੀਬੀ ਹਾਲਤ ਵਿਚ ਸਾਡੇ ਪਾਸ ਸੀ, ਜੇ ਹੁਣ ਸੁੰਦਰ ਸਰੂਪ ਗਹਿਣਿਆਂ ਸਮੇਤ ਹੋ ਗਿਆ ਹੈ ਤਾਂ ਰਾਜੇ ਨਾਲ ਉੱਠ ਕੇ ਚਲੀ ਗਈ ਹੈ।

ਏਹ ਗੱਲਾਂ ਸੋਚ ਹੀ ਰਿਹਾ ਸੀ ਜੋ ਇਤਨੇ ਨੂੰ ਸ਼ਿਵਾਂ ਨੇ ਆ ਕੇ ਉਸ ਦੇ ਪਤੀ ਨੂੰ ਆਖਿਆ, 'ਹੇ ਪੁਰਸ਼ਾ! ['ਵਰੰਕੂ'] ਤੂੰ ਵਰ ਮੰਗ, ਤੇਰੀ ਕਮਾਈ ਥਾਂ ਪਈ ਹੈ।'

ਉਸ ਪੁਰਸ਼ ਨੇ ਕਿਹਾ, ਮੇਰੀ ਔਰਤ ਸੂਰਨੀ ਹੋ ਜਾਵੇ। ਸ਼ਿਵਾਂ ਆਖਿਆ, 'ਤਥਾ ਅਸਤੂ' ਇਤਨਾ ਸ਼ਬਦ ਕਹਿਣ ਨਾਲ ਹੀ ਉਹ ਔਰਤ ਰਾਜੇ ਦੇ ਪਿੱਛੇ ਬੈਠੀ ਹੋਈ ਸੂਰਨੀ ਹੋ ਕੇ ਘੁਰ-ਘੁਰ ਕਰਨ ਲੱਗ ਪਈ। ਰਾਜੇ ਨੇ ਘੁਰ ਘੁਰ ਦਾ ਸ਼ਬਦ ਸੁਣ ਕੇ ਵਿਚਾਰਿਆ ਇਹ ਤਾਂ ਕੋਈ ਬਲਾ ਹੈ, ਮੈਂ ਇਸ ਨੂੰ ਕਿਉਂ ਲਿਆਂਦਾ ਹੈ।

ਉਸ ਵੇਲੇ ਰਾਜੇ ਨੇ ਉਸ ਔਰਤ ਨੂੰ ਘੋੜੇ ਤੋਂ ਹੇਠਾਂ ਲਾਹ ਦਿੱਤਾ ਤੇ ਆਪ ਘੋੜਾ ਦੁੜਾ ਕੇ ਆਪਣੇ ਮੰਦਰਾਂ ਵਿਚ ਪਹੁੰਚ ਗਿਆ।

ਉਹ ਔਰਤ ਤੁਰਦੀ-ਤੁਰਦੀ ਆਪਣੇ ਪਤੀ ਤੇ ਪੁੱਤਰ ਪਾਸ ਆ ਬੈਠੀ। ਮਾਂ ਨੂੰ ਘੁਰ ਘੁਰ ਕਰਦਿਆਂ ਵੇਖ ਕੇ ਪੁੱਤਰ ਨੂੰ ਬੜਾ ਤਰਸ ਆਇਆ ਤੇ ਸੋਚਾਂ ਸੋਚਦਾ ਹੈ ਹੁਣ ਕੀ ਕਰਨਾ ਚਾਹੀਦਾ ਹੈ। ਇਤਨੇ ਨੂੰ ਸ਼ਿਵਾਂ ਨੇ ਆ ਕੇ ਉਸ ਲੜਕੇ ਨੂੰ ਆਖਿਆ-'ਹੁਣ ਤੂੰ ਵਰ ਮੰਗ ਲੈ, ਤੂੰ ਕੀ ਚਾਹੁੰਦਾ ਹੈਂ?'

ਉਸ ਲੜਕੇ ਨੇ ਆਖਿਆ, 'ਹੋਰ ਮੈਂ ਕੁਝ ਨਹੀਂ ਚਾਹੁੰਦਾ, ਮੇਰੀ ਮਾਂ ਨੂੰ ਬੜਾ ਦੁੱਖ ਹੈ ਮੇਰੀ ਮਾਂ ਉਸੇ ਤਰ੍ਹਾਂ ਹੋ ਜਾਵੇ, ਜਿਵੇਂ ਪਹਿਲੇ ਸੀ। ਸੂਰਾਂ ਵਾਂਗ ਜੋ ਘੁਰ ਘੁਰ ਕਰਦੀ ਹੈ ਇਹ ਕਰੂਪ-ਪਣਾ ਇਸ ਦਾ ਹਟ ਜਾਵੇ।

ਸ਼ਿਵਾਂ ਆਖਿਆ, 'ਤਥਾ ਅਸਤੂ।' ਉਹ ਔਰਤ ਫਿਰ ਉਸੇ ਤਰ੍ਹਾਂ ਹੋ ਗਈ।

ਦੇਖੋ ਤਿੰਨਾਂ ਜਣਿਆ ਨੇ ਸ਼ਿਵਾਂ ਦੀ ਉਪਾਸ਼ਨਾ ਕਰਕੇ ਸ਼ਿਵਜੀ ਨੂੰ ਪ੍ਰਸੰਨ ਕਰਕੇ ਵਰ ਭੀ ਲੀਤੇ ਪ੍ਰੰਤੂ ਕਰਮ ਹੀਣਿਆਂ ਦਾ ਬਣਿਆ ਕੁਝ ਭੀ ਨਾ, ਉਸੇ ਤਰ੍ਹਾਂ ਗਰੀਬ ਦੇ ਗਰੀਬ ਹੀ ਰਹੇ+

ਯਥਾ—"ਬਿਨੁ ਸਤਿਗੁਰੁ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ॥
ਜੇ ਬਹੁਤੇਰਾ ਲੋਚੀਐ ਵਿਣੁ ਕਰਮਾ ਪਾਇਆ ਨ ਜਾਇ॥"

[ਰਾਮਕਲੀ ਵਾਰ, ਪੰਨਾ ੯੫੦]

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥

ਹੇ ਸਿੱਧੋ! ਜਿਨ੍ਹਾਂ ਨੇ ਇਕ ਗੁਰਾਂ ਦੀ ਸਿੱਖਿਆ ਸੁਣ ਕੇ ਮਤਿ ਵਿਚ ਧਾਰੀ ਹੈ, ਉਨ੍ਹਾਂ ਨੂੰ ਰਤਨ ਜਵਾਹਰ, ਮਾਣਿਕ ਆਦਿ ਸਭ ਪਦਾਰਥ ਮਿਲ ਜਾਂਦੇ ਹਨ।

ਯਥਾ—"ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ॥੭॥"

[ਕਲਿਆਨ ਮਹਲਾ ੪, ਪੰਨਾ ੧੩੨੪]

ਤਥਾ—"ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ॥"

[ਪ੍ਰਭਾਤੀ ਮਹਲਾ ੧, ਪੰਨਾ ੧੩੨੮]

ਭਾਵ -ਜੋ ਸਿੱਖ ਗੁਰ ਉਪਦੇਸ਼ ਨੂੰ ਸੇਂਵਦਾ ਹੈ ਭਾਵ ਮਤ ਵਿਚ ਧਾਰਦਾ ਹੈ ਉਹ ਰਤਨ, ਜਵਾਹਰ, ਮਾਣਕ ਆਦਿਕਾਂ ਨੂੰ ਖੋਜਿ=ਪ੍ਰਾਪਤ ਕਰ ਲੈਂਦਾ ਹੈ।

ਸਾਖੀ-ਭਾਈ ਮਰਦਾਨੇ ਦੀ

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀ ਚੰਦ ਨੂੰ ਉਪਦੇਸ਼ ਦੇ ਕੇ ਤੇ ਭੈਣ ਨਾਨਕੀ ਨੂੰ ਮਿਲ ਕੇ ਤਲਵੰਡੀ ਆਏ, ਤੇ ਸ਼ਹਿਰ ਤੋਂ ਬਾਹਰ ਵਾਰ ਖੂਹ ਤੇ ਬੈਠਿਆਂ ਦੋ ਘੜੀਆਂ ਬੀਤੀਆਂ ਤਾਂ ਭਾਈ ਮਰਦਾਨੇ ਨੇ ਹੱਥ ਜੋੜ ਕੇ ਬੇਨਤੀ ਕੀਤੀ, ਪਾਤਸ਼ਾਹ ਜੀ ! ਮੈਨੂੰ ਆਗਿਆ ਦਿਓ ਜੋ ਆਪਣੇ ਪ੍ਰਵਾਰ ਦੀ ਖਬਰ ਲੈ ਆਵਾਂ, ਜੀਉਂਦੇ ਹਨ ਕਿ ਮਰ ਗਏ ਹਨ। ਕਿਤਨਾ ਸਮਾਂ ਹੋ ਗਿਆ ਹੈ, ਜਦ ਦੇ ਅਸੀਂ ਨਿਕਲੇ

+ਇਹ ਪ੍ਰਸੰਗ ਸ੍ਵਾਮੀ ਗੁਰਾਂਦਿਤਾ ਮਲ ਜੀ ਨੇ ਸਿਧਾਂਤ ਉਪਦੇਸ਼ ੩੮੧ ਪੰਨੇ ਤੋਂ ਸ਼ੁਰੂ ਕਰਕੇ ੩੮੪ ਪੰਨੇ ਤੱਕ ਲਿਖਿਆ ਹੈ।

ਫਿਰ ਭਗਤ ਰਾਮ ਦਿਤਾ ਜੀ ਨੇ ਵੀ ਇਹ ਪ੍ਰਸੰਗ ਗੁਰਬਾਣੀ ਪ੍ਰਬੋਧ ਗ੍ਰੰਥ ਦੇ ੨੩੮ ਪੰਨੇ ਤੇ ਲਿਖਿਆ ਹੈ।

ਹਾਂ ਮੁੜ ਕੇ ਖਬਰ ਹੀ ਨਹੀਂ ਲਈ।

ਇਹ ਗੱਲ ਸੁਣ ਕੇ ਗੁਰੂ ਜੀ ਹੱਸ ਕੇ ਆਖਦੇ ਹਨ-'ਮਰਦਾਨਿਆਂ ! ਜੇ ਸਾਡੇ ਹੁੰਦਿਆਂ ਤੇਰੇ ਸੰਬੰਧੀ ਮਰ ਗਏ ਤਾਂ ਜਗਤ ਵਿਤ ਹੋਰਨਾਂ ਦੇ ਕੰਮ ਕਿਵੇਂ ਕਰਾਂਗੇ। ਸਾਡੇ ਹੁੰਦਿਆਂ ਕੋਈ ਚਿੰਤਾ ਨਾ ਕਰ। ਜੇਕਰ ਤੇਰੇ ਦਿਲ ਵਿਚ ਇਹ ਖਿਆਲ ਆ ਗਿਆ ਹੈ ਤਾਂ ਜਾ ਕੇ ਮਿਲ-ਗਿਲ ਆ ਪਰ ਮੋਹ ਵਿਚ ਫਸ ਕੇ ਉਥੇ ਹੀ ਨਾ ਟਿਕਿਆ ਰਹੀਂ, ਜਲਦੀ ਆਉਣ ਦੀਂ ਕਰੀਂ।'

ਸਤ ਬਚਨ ਕਹਿਕੇ ਫਿਰ ਮਰਦਾਨੇ ਆਖਿਆ, ਬਹੁਤੇ ਸਾਲ ਫਿਰਦਿਆਂ ਬਾਹਰ ਹੀ ਗੁਜ਼ਾਰੇ ਹਨ, ਹੁਣ ਘਰ ਜਾ ਕੇ ਕੀ ਦਿਆਂਗੇ?'

ਸਤਿਗੁਰਾਂ ਕਿਹਾ-'ਚੰਗਾ! ਫਿਰ ਇਨ੍ਹਾਂ ਰੋੜਾਂ ਦਾ ਬੁੱਕ ਭਰਕੇ ਪੱਲੇ ਵਿਚ ਬੰਨ੍ਹ ਲੈ ਤੇ ਘਰ ਜਾ ਕੇ ਖੋਲ੍ਹ ਲਵੀਂ। ਜੋ ਤੇਰੇ ਮਨ ਦਾ ਮਨੋਰਥ ਹੈ, ਉਹ ਪੂਰਾ ਹੋ ਜਾਏਗਾ।

ਗੁਰੂ ਜੀ ਦਾ ਹੁਕਮ ਮੰਨਕੇ ਮਰਦਾਨੇ ਨੇ ਇਕ ਰੋੜਾਂ ਦਾ ਬੁੱਕ ਭਰਕੇ ਪੱਲੇ ਬੰਨ ਲਿਆ ਜਿਸ ਵੇਲੇ ਘਰ ਜਾ ਖੋਲ੍ਹਿਆ ਤਾਂ ਸੋਨਾ ਦੇਖ ਕੇ ਬਹੁਤ ਅਨੰਦ ਹੋਇਆ। ਯਥਾ-

"ਕਹਿ ਮਰਦਾਨਾ ਸੁਨਿ ਬਚ ਗੁਰ ਕੋ। ਕਜਾ ਲੇ ਕਰਿ ਜਾਵੋਂ ਮੈਂ ਘਰ ਕੋ।
ਬਹੁਤ ਬਰਖ ਘਰ ਵਹਿਰ ਬਿਤਾਏ। ਛੁਛਾ ਅਬ ਕਜਾ ਦੇਵੋਂ ਜਾਏ॥ ੬੦॥
ਗੁਰ ਕਹਿ, ਰੋਰਨ ਮੁਸ਼ਟਿ ਉਚਾਵਹੁ। ਬਾਂਧਿ ਚੀਰ ਸੰਦੇਹ ਮਿਟਾਵਹੁ।
ਘਰਿ ਮਹਿ ਜਾਹੁ ਖੋਲਿ ਦਿਹੁ ਤਾਂਹੀ। ਹ੍ਵੈ ਹੈ ਸੋ ਜਿ ਚਹਹੁ ਮਨ ਮਾਂਹੀ॥ ੬੧॥
ਏਕ ਮੁਸ਼ਟਿ ਤਬ ਲੇ ਮਰਦਾਨੇ। ਬਾਂਧੇ ਅਪਨੇ ਪਟ ਸੰਗਾਨੇ॥
ਕਰਜੋ ਅਨੰਦ ਨਿਕੇਤ ਸਿਧਾਰਾ। ਮਿਲਜੋ ਜਾਇ ਅਪਨੇ ਪਰਵਾਰਾ॥ ੬੨॥
ਗੰਢ ਚੀਰ ਕੀ ਖੋਲੀ ਜਬ ਹੀ। ਕੰਚਨ ਸਰਬ ਬਿਲੋਕਜੋ ਤਬ ਹੀ।"

[ਨਾਨਕ ਪ੍ਰਕਾਸ਼ ਉੜਾਰਧ, ਧਿਆ ੪]

੨. ਜਿਨ੍ਹਾਂ ਨੇ ਗੁਰਾਂ ਪਾਸੋਂ ਏਕਤਾ ਵਾਲੀ ਸਿਖਿਆ ਸੁਣ ਕੇ ਮੱਤ ਵਿਚ ਧਾਰਨ ਕੀਤੀ ਹੈ, ਉਨ੍ਹਾਂ ਨੂੰ ਅੰਤ੍ਰੀਵ ਰਤਨ=ਵੈਰਾਗ। ਜਵਾਹਰ=ਗਿਆਨ। ਮਾਣਿਕ=ਸ੍ਰਵਨ, ਮੰਨਣ, ਨਿਧਿਆਸਣ। ਮੋਤੀ=ਸੁੱਧਤਾ। ਮਣੀ=ਭਗਤੀ। ਹੀਰਾ=ਨਾਮ। ਇਤਿਆਦਿ ਸਭ ਪਦਾਰਥ ਪ੍ਰਾਪਤ ਹੁੰਦੇ ਹਨ।*

**ਜਿਸ ਜਗ੍ਹਾ ਰਤਨ, ਜਵਾਹਰ, ਮਾਣਿਕ ਵਗੈਰਾ ਇਕੱਠੇ ਆਉਣਗੇ ਉਸ ਜਗ੍ਹਾ ਇਨ੍ਹਾਂ ਪਦਾਂ ਦੇ ਏਹੋ ਸੰਕੇਤੀ ਅਰਥ ਹੋਣਗੇ ਜੇ ਇਕੱਲਾ ਇਕੱਲਾ ਪਦ ਆਏਗਾ ਤਾਂ ਰਤਨ ਮੋਤੀ ਵਗੈਰਾ ਪਦਾਂ ਦਾ ਅਰਥ 'ਨਾਮ' ਭੀ ਕੀਤਾ ਜਾਏਗਾ।*

ਰਤਨ ਦਾ ਅਰਥ ਵੈਰਾਗ ਇਸ ਲਈ ਕੀਤਾ ਹੈ ਕਿ ਵੈਰਾਗ ਹੋਣ ਕਰ ਕੇ ਪਦਾਰਥਾਂ ਵਿਚ ਰਤ+ਨ=ਪ੍ਰੀਤੀ ਨਹੀਂ ਰਹਿੰਦੀ। ਅਤੇ ਬ੍ਰਹਮ ਗਿਆਨ ਦੇ ਹੋਣ ਕਰਕੇ ਜਨਮ ਮਰਨ ਦੀ ਜਵਾ+ਹਰ=ਚਾਲ ਨਵਿਰਤ ਹੋ ਜਾਂਦੀ ਹੈ. ਅਤੇ ਸ੍ਰਵਨ ਮੰਨਣ ਨਿਧਿਆਸਣ ਦੇ ਕਰਨ ਨਾਲ ਫਿਰ ਮਾਣਿ+ਕ=ਮਾਨ ਕੀ ਕਰਨਾ ਹੈ। ਅਰਥਾਤ ਮਾਨ ਨਵਿਰਤ ਹੋ ਜਾਂਦਾ ਹੈ।

ਗੁਰਾ ਇਕ ਦੇਹਿ ਬੁਝਾਈ॥

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੫॥

ਗੁਰਾਂ ਨੇ ਇਕ ਇਹ ਗੱਲ ਸਮਝਾ ਦਿੱਤੀ ਹੈ ਕਿ ਸਾਰਿਆਂ ਜੀਆਂ ਦਾ ਦਾਤਾ ਇਕ ਪ੍ਰਭੂ ਹੈ। ਇਸ ਕਰ ਕੇ ਉਹ ਪ੍ਰਭੂ ਪਰਮਾਤਮਾ ਮੈਨੂੰ ਵਿਸਰਿ ਨ ਜਾਈ=ਭੁੱਲ ਨਹੀਂ ਜਾਂਦਾ॥ ੫॥*

ਯਥਾ—ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ॥ [ਪੰਨਾ ੫੦੭]

ਛੇਵੀਂ ਪਉੜੀ ਦੇ ੬੦ ਅੱਖਰ ਹਨ

+ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥

ਆਤਮਾ ਰੂਪ ਤੀਰਥ ਪਰ ਇਸ਼ਨਾਨ ਤਾਂ ਹੁੰਦਾ ਹੈ ਜੇ ਤਿੰਸ ਪਰਮੇਸ਼ਰ ਵਿਚ ਭਾਵਾ=ਸ਼ਰਧਾ ਭਾਵਨਾ ਹੋਵੇ। ਸ਼ਰਧਾ ਭਾਵਨਾ ਤੋਂ ਬਿਨਾਂ ਕਿਸ ਤਰ੍ਹਾਂ ਨ੍ਹਾਉਣਾ ਕਰ ਸਕਦਾ ਹੈ।

ਪ੍ਰਸ਼ਨ-ਜਿਸ ਪਰਮੇਸ਼ਰ ਵਿਚ ਸ਼ਰਧਾ ਭਾਵਨਾ ਕਰਨੀ ਹੈ ਉਹ ਕਿਸ ਤਰ੍ਹਾਂ ਦਾ ਹੈ? ਗੁਰ ਉੱਤਰ-

ਜੇਤੀ ਸਿਰਠਿ ਉਪਾਈ ਵੇਖਾ

ਤਿੰਨ ਗੁਣ ਰੂਪ ਸ੍ਰਿਸ਼ਟੀ ਜਿਤਨੀ ਕੁ ਉਤਪੰਨ ਕੀਤੀ ਹੋਈ ਹੈ, ਉਹ ਪਰਮੇਸ਼ਰ ਹੀ ਇਸ ਦਾ ਵੇਖਾ=ਦ੍ਰਿਸ਼ਟਾ ਹੈ।

ਵਿਣੁ ਕਰਮਾ ਕਿ ਮਿਲੈ ਲਈ॥

ਸਤਿਗੁਰਾਂ ਦੀ ਕਰਮਾ=ਕਿਰਪਾ ਤੋਂ ਬਿਨਾ ਕਿਸੇ ਨੂੰ ਮਿਲਦਾ ਕੀ ਹੈ ਤੇ ਕੋਈ ਕੀ ਲੈ ਸਕਦਾ ਹੈ।

ਮਤਿ ਵਿਚਿ ਰਤਨ ਜਵਾਹਰ ਮਾਣਿਕ

ਬੁੱਧੀ ਵਿਚ ਹੀ ਰਤਨ=ਵੈਰਾਗ ਜਵਾਹਰ=ਗਿਆਨ ਅਤੇ ਮਾਣਿਕ=ਸ੍ਰਵਨ, ਮੰਨਣ ਨਿਧਿਆਸਣ ਹੈ।

ਪ੍ਰਸ਼ਨ-ਇਹਨਾਂ ਸਾਧਨਾਂ ਦੀ ਸਫਲਤਾ ਕਿਵੇਂ ਹੁੰਦੀ ਹੈ? ਗੁਰ ਉੱਤਰ

ਜੇ ਇਕ ਗੁਰ ਕੀ ਸਿਖ ਸੁਣੀ॥

ਜੇਕਰ ਜੀਵ ਈਸ਼ਵਰ ਦੀ ਏਕਤਾ ਵਾਲੀ ਸਿਖਿਆ ਗੁਰਾਂ ਤੋਂ ਸੁਣੇ ਤਾਂ ਇਹ ਸਾਧਨ ਸਫਲ ਹੁੰਦੇ ਹਨ।

ਗੁਰਾ ਇਕ ਦੇਹਿ ਬੁਝਾਈ॥

ਪੂਰਨ ਗੁਰਾਂ ਨੇ ਏਕਤਾ ਸਮਝਾ ਦਿੱਤੀ ਹੈ ਕਿ -

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੫॥

ਸਾਰਿਆਂ ਜੀਆਂ ਦਾ ਦਾਤਾ ਜੋ ਇਕ ਪਰਮੇਸ਼ਰ ਹੈ ਸੋ ਤੂੰ ਹੈਂ, ਉਸ ਨੂੰ ਮੈਂ ਐਸੇ ਨਿਸਚੇ ਕੀਤਾ ਹੈ ਜੋ ਮੈਨੂੰ ਵਿਸਰਿ=ਭੁਲ ਨਹੀਂ ਜਾਂਦਾ ॥ ੫॥

ਸੱਤਵੀਂ ਪਉੜੀ

ਸਿੱਧਾਂ ਨੇ ਆਪਸ ਵਿਚ ਬੈਠ ਕੇ ਵਿਚਾਰਿਆ ਕਿ ਕਲਯੁਗੀ ਜੀਵਾਂ ਦੀ ਉਮਰ ਥੋੜ੍ਹੀ ਹੈ, ਇਹਨਾਂ ਨੂੰ ਉਮਰ ਵਧਾਉਣ ਦਾ ਲੋਭ ਦੇ ਕੇ ਆਪਣਾ ਸ਼ਿਸ਼ ਕਰ ਲਈਏ।

ਇਹ ਗੱਲ ਆਪਸ ਵਿਚ ਮਿੱਥ ਕੇ ਸਿੱਧਾਂ ਨੇ ਕਿਹਾ-'ਹੇ ਬਾਲੇ! ਜੇ ਆਪ ਸਾਡੇ ਸ਼ਿਸ਼ ਹੋ ਜਾਓ ਤਾਂ ਤੁਹਾਡੀ ਚਾਰ ਜੁਗਾਂ ਦੀ ਉਮਰ ਕਰ ਦਿਆਂਗੇ ਅਤੇ ਨੌਂ ਖੰਡਾਂ ਵਿਚ ਆਪ ਦਾ ਪ੍ਰਤਾਪ ਜਾਣਿਆ ਜਾਏਗਾ। ਜਿਥੋਂ ਆਪ ਤੁਰ ਕੇ ਜਿਸ ਜਗ੍ਹਾ ਪਹੁੰਚੋਗੇ, ਹਰ ਵੇਲੇ ਆਪ ਜੀ ਦੇ ਨਾਲ ਸੇਵਾਦਾਰ ਚੱਲਣਗੇ ਤੇ ਆਪ ਜੀ ਦਾ ਨਾਮ ਵੀ ਚੰਗਾ ਰੱਖ ਦਿਆਂਗੇ।

ਸਿੱਧਾਂ ਪਾਸੋਂ ਇਹ ਗੱਲ ਸੁਣ ਕੇ ਗੁਰੂ ਜੀ ਨੇ ਫੁਰਮਾਇਆ-

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥

ਹੇ ਸਿੱਧੋ! ਤੁਸੀਂ ਤਾਂ ਕਹਿੰਦੇ ਹੋ ਚਾਰ ਜੁਗਾਂ ਦੀ ਉਮਰ ਕਰ ਦਿਆਂਗੇ ਪਰ ਅਸੀਂ ਕਹਿੰਦੇ ਹਾਂ ਚਾਹੇ ਹੋਰ ਦਸੂਣ= ਦਸ ਗੁਣਾਂ ਵੀ ਬਹੁਤੀ ਹੋ ਜਾਵੇ। [੧੦ X ੪=੪੦] ਦਸ ਚੌਕਾ ਚਾਲੀ, ਅਰਥਾਤ ਚਾਲੀ ਜੁਗ ਦੀ ਉਮਰ ਵੀ ਹੋ ਜਾਵੇ।

੨. ਗੁਰੂ ਮਹਾਰਾਜ ਜੀ ਕਹਿੰਦੇ ਹਨ ਜੇਕਰ ਤੁਹਾਡੇ ਕਹਿਣ ਮੁਤਾਬਕ ਚਾਰ ਜੁਗ ਦੀ ਉਮਰ ਵੀ ਹੋ ਜਾਵੇ। ਅਤੇ ਸਾਡੇ ਕਹਿਣ ਮੁਤਾਬਕ ਚਾਰ ਦਾ ੧੦ ਗੁਣਾਂ ਹੋਰ ਭੀ ਵਧ ਹੋ ਜਾਵੇ ਭਾਵ ੪X ੧੦+੪=੪੪ ਚੁਤਾਲੀ ਜੁਗਾਂ ਦੀ ਉਮਰ ਭੀ ਹੋ ਜਾਵੇ।

ਯਥਾ—"ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥" [ਪੰਨਾ ੧੪]

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥

[ਕੁਰੂਖੇਤ, ਇਲਾਬ੍ਰਤ, ਭਾਰਥ ਖੰਡ ਆਦਿ] ਨੌਂ ਖੰਡਾਂ* ਵਿਚ ਪ੍ਰਤਾਪ ਭੀ ਜਾਣਿਆ ਜਾਵੇ ਅਤੇ ਜਿਸ ਜਗ੍ਹਾ ਤੋਂ ਤੁਰੀਏ ਉਸ ਜਗ੍ਹਾ ਤੋਂ ਸਭ ਕੋਈ ਨਾਲ ਚਲਣਾ ਕਰੇ। ਇਤਨਾ ਸਤਿਕਾਰ ਵੀ ਹੋ ਜਾਵੇ। ਅਤੇ

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥

ਅਵਤਾਰਾਂ ਵਾਲਾ ਚੰਗਾ ਨਾਮ ਰਖਾ ਕੇ ਜਸੁ ਇਸ ਲੋਕ ਵਿਚ ਅਤੇ ਕੀਰਤੀ ਪ੍ਰਲੋਕ ਵਿਚ ਲੈਣਾ ਕਰੇ। ਜਿਵੇਂ ਜੁਜਾਤੀ ਨੇ ਕੀਰਤੀ ਕਰਾਈ ਸੀ।

---

*ਨੌਂ ਖੰਡ ਇਹ ਹਨ-

੧. ਕਿੰ ਪੁਰਖ ਖੰਡ। ੨. ਭਦਰ ਖੰਡ। ੩. ਕੇਤਮਾਲ ਖੰਡ।
੪. ਹਰਿਵਰਖ ਖੰਡ। ੫. ਹਿਰਣਯ ਖੰਡ। ੬. ਰਮਜ ਖੰਡ।
੭. ਕੁਰੂਖੇਤ ਖੰਡ। ੮. ਇਲਾਬ੍ਰਤ ਖੰਡ। ੯.ਭਾਰਥ ਖੰਡ।

ਜਿਵੇਂ-ਇਕ ਵੈਰਾਗੀ ਸੀ ਉਸ ਦੇ ਪਾਸੋਂ ਕਿਸੇ ਨੇ ਪੁੱਛਿਆ, 'ਤੇਰੇ ਗੁਰੂ ਦਾ ਕੀ ਨਾਮ ਹੈ? ਤਾਂ ਉਸ ਨੇ ਕਿਹਾ, 'ਮੇਰੇ ਗੁਰੂ ਦਾ ਨਾਮ ਰੁਲਦੂ ਹੈ।'

ਫਿਰ ਪੁੱਛਿਆ, 'ਤੇਰਾ ਕੀ ਨਾਮ ਹੈ?' ਆਖਦਾ ਹੈ ਗੁਰੂ ਜੀ ਦੀ ਦਯਾ ਨਾਲ ਮੇਰਾ ਨਾਮ 'ਸ੍ਰੀ ਮਨ-ਸੰਤ ਹਰਿ ਚਰਨ ਕਮਲ ਰਜ ਧੂੜੀ ਦਾਸ ਸਾਹਿਬ ਜੀ।'

ਇਸ ਤਰ੍ਹਾਂ ਦਾ ਚੰਗਾ ਲੰਬਾ ਨਾਮ ਰਖਾ ਕੇ ਜਸ ਦੇ ਕੀ=ਕਰਾਉਣ ਵਾਲੇ ਕਰਮਾਂ ਵਿਚ ਰਤਿ=ਪ੍ਰੀਤੀ ਕਰਨੀ ਵੀ ਜਗਤ ਵਿਚ ਲੈਣਾ ਕਰੇ।

ਵਾ-ਜਸ ਮੂੰਹ ਸਾਹਮਣੇ, ਕੀਰਤੀ ਪਿੱਠ ਪਿੱਛੇ ਲੈਣਾ ਕਰੇ।

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਪਰ ਜੇਕਰ ਅਜੇਹਾ ਪੁਰਸ਼ ਉਸ ਗੁਣ ਨਿਧਾਨ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੇਠ ਨਹੀਂ ਆਉਂਦਾ।

ਜਿਨ੍ਹਾਂ ਮਹਾਤਮਾ ਨੇ ਸੰਸਾਰ ਨੂੰ ਕੇ=ਮਿਥਿਆ ਰੂਪ ਜਾਣਿਆਂ ਹੈ ਉਹ ਤਤਵੇਤੇ ਮਹਾਤਮਾ ਉਸ ਦੀ ਗੱਲ ਹੀ ਨਹੀਂ ਪੁੱਛਦੇ।

੨. ਜੇਕਰ ਇਹ ਪੁਰਸ਼ ਉਸ ਪਰਮਾਤਮਾ ਨੂੰ ਆਪਣੀ ਨਜ਼ਰ ਹੇਠ ਨਹੀਂ ਲਿਆਉਂਦਾ ਭਾਵ ਉਸ ਉਤੇ ਆਸਤਕ ਭਾਵਨਾ ਨਹੀਂ ਧਾਰਦਾ ਅਤੇ ਭਜਨ ਸਿਮਰਨ ਕਰਨ ਵਾਲਿਆਂ ਨੂੰ ਟਿਚਕਰਾਂ ਕਰਦਾ ਹੈ ਤਾਂ ਕੋਈ ਦਿਨ ਐਸਾ ਆਵੇਗਾ ਜਦੋਂ ਕਿ ਕੋਈ ਸੰਬੰਧੀ ਭੀ ਇਸ ਦੀ ਗੱਲ ਨਹੀਂ ਪੁੱਛੇਗਾ।

ਜਿਵੇਂ-ਹੰਕਾਰੀ ਮਸੰਦਾਂ ਨੂੰ ਕਿਸੇ ਨੇ ਨਹੀਂ ਸੀ ਪੁੱਛਿਆ।

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

ਸਗੋਂ ਉਸ ਦੇ ਕੀਤੇ ਦੋਸ਼ ਉਸ ਦੇ ਜ਼ਿੰਮੇਂ ਲਗਾ ਕੇ ਉਸ ਨੂੰ ਦੋਸ਼ੀ ਠਹਿਰਾਇਆ ਜਾਵੇਗਾ ਤੇ ਉਹ ਕੀੜਿਆਂ ਵਿਚ ਕੀੜਾ ਕੀਤਾ ਜਾਵੇਗਾ, ਭਾਵ ਨੀਚ ਜੂਨੀਆਂ ਨੂੰ ਧਾਰੇਗਾ।

ਸਾਖੀ-ਸ੍ਰੀ ਰਾਮਚੰਦ੍ਰ ਜੀ ਦੇ ਹੱਸਣ ਦੀ

ਇਕ ਦਿਨ ਸ੍ਰੀ ਰਾਮਚੰਦਰ ਜੀ ਰਾਜ ਸਿੰਘਾਸਣ ਪਰ ਬੈਠੇ ਹੋਏ ਸਨ। ਪਾਸ ਬਹੁਤ ਸਾਰੇ ਰਿਖੀ ਮੁਨੀ ਵਸਿਸ਼ਟ ਜੀ ਆਦਿ ਸ਼ਸ਼ੋਭਤ ਸਨ।

ਸ੍ਰੀ ਰਾਮਚੰਦਰ ਜੀ ਦੀ ਨਿਗਾਹ ਇਕ ਕੀੜੇ ਤੇ ਚਲੀ ਗਈ ਜਿਸ ਦੀਆਂ ਪਿਛਲੀਆਂ ਦੋ ਲਤਾਂ ਟੁੱਟੀਆਂ ਹੋਈਆਂ ਸਨ। ਉਹ ਕੰਧ ਤੇ ਚੜ੍ਹਨ ਦੀ ਕੋਸ਼ਿਸ਼ ਤਾਂ ਕਰਦਾ ਸੀ ਪਰ ਚੜ੍ਹਿਆ ਨਹੀਂ ਸੀ ਜਾਂਦਾ ਉਹ ਕਈ ਵਾਰੀ ਕੰਧ ਉਤੇ ਚੜ੍ਹਿਆ ਤੇ ਫਿਰ ਥੱਲੇ ਡਿਗ ਪਿਆ। ਉਸ ਨੂੰ ਵੇਖ ਕੇ ਸ੍ਰੀ ਰਾਮਚੰਦਰ ਜੀ ਹੱਸ ਪਏ।

ਵਸਿਸ਼ਟ ਜੀ ਨੇ ਪੁੱਛਿਆ-'ਰਾਮ ਜੀ! ਆਪ ਹੱਸੇ ਕਿਉਂ ਹੋ? ਇਸ ਦਾ ਕਾਰਨ ਜ਼ਰੂਰ ਦੱਸੋ। ਸ੍ਰੀ ਰਾਮਚੰਦਰ ਜੀ ਨੇ ਕਿਹਾ, ਉਹ ਜਿਹੜਾ ਕੀੜਾ ਕੰਧ ਉਤੇ ਚੜ੍ਹਦਾ ਤੇ ਵਾਰ-ਵਾਰ ਡਿਗਦਾ ਹੈ ਇਸ ਨੂੰ ਦੇਖ ਕੇ ਹੱਸੇ ਹਾਂ, ਕਿਉਂਕਿ ਇਹ ਭੂਤ ਕਾਲ ਵਿਚ ਚੌਦਾਂ ਵਾਰੀ ਇੰਦਰ ਬਣ ਚੁੱਕਾ ਹੈ। ਬਿਪ੍ਰੀਤ ਬੁਧੀ

ਹੋਣ ਦੇ ਕਾਰਨ ਅਤੇ ਸਿਮਰਨ ਤੋਂ ਬਿਨਾਂ ਹੋਣ ਕਰਕੇ ਅੱਜ ਇਸ ਦੀ ਇਹ ਹਾਲਤ ਹੋ ਰਹੀ ਹੈ।

ਜੀਵ ਚਾਹੇ ਕਿਤਨਾ ਵੱਡਾ ਭੀ ਹੋ ਜਾਵੇ ਪ੍ਰੰਤੂ ਨਾਮ ਤੋਂ ਬਿਨਾਂ ਟੇਢੀਆਂ ਜੂਨਾਂ ਵਿਚ ਆਉਂਦਾ ਜਾਂਦਾ ਹੈ। ਕੀੜੇ ਆਦਿਕ ਜੂਨਾਂ ਵਿਚ ਪੈ ਕੇ ਦੁੱਖ ਸਹਾਰਦਾ ਹੈ।'

ਵਸਿਸ਼ਟ ਜੀ ਨੇ ਕਿਹਾ, 'ਸਭਾ ਵਿਚ ਬੈਠਿਆਂ ਹੋਇਆਂ ਸਾਰਿਆਂ ਜੀਵਾਂ ਨੂੰ ਇਸ ਗੱਲ ਦਾ ਗਿਆਨ ਕਿਵੇਂ ਹੋਵੇ? ਆਪ ਕਿਰਪਾ ਕਰਕੇ ਚਾਰ ਘੜੀਆਂ ਵਾਸਤੇ ਇਹਨਾਂ ਸਾਰਿਆਂ ਨੂੰ ਸਰਬੱਗਤਾ ਬਖਸ਼ੋ ਤਾਂਕਿ ਸਾਰੇ ਦੇਖ ਲੈਣ ਕਿ ਸਿਮਰਨ ਤੋਂ ਬਿਨਾਂ ਜੀਵ ਦੀ ਇਹ ਹਾਲਤ ਹੁੰਦੀ ਹੈ।'

ਉਸ ਵੇਲੇ ਸ੍ਰੀ ਰਾਮਚੰਦਰ ਜੀ ਨੇ ਸਾਰਿਆਂ ਨੂੰ ਸਰਬੱਗਤਾ ਦੇ ਦਿੱਤੀ ਤੇ ਸਭਨਾਂ ਨੇ ਅੰਤਰ ਧਿਆਨ ਹੋ ਕੇ ਦੇਖ ਲਿਆ ਕਿ ਠੀਕ ਇਸ ਨੇ ਚੌਦਾਂ ਵਾਰੀ ਇੰਦਰ ਬਣ ਕੇ ਰਾਜ-ਭਾਗ ਕੀਤਾ ਹੈ ਪ੍ਰੰਤੂ ਸਿਮਰਨ ਤੋਂ ਬਿਨਾਂ ਹੋਣ ਕਰਕੇ ਪਰਮੇਸ਼ਰ ਦੀ ਨਿਗਾਹ ਵਿੱਚੋਂ ਗਿਰ ਗਿਆ ਹੈ ਤਾਂ ਹੀ ਅੱਜ ਇਸ ਦੀ ਇਹ ਹਾਲਤ ਹੋ ਰਹੀ ਹੈ।

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥

੨. ਕੀਟਾ=ਟੇਢੀਆਂ ਜੂਨਾਂ ਦੇ ਅੰਦਰ ਉਹ ਕੀਟੁ ਕਰਿ=ਸੱਪ ਕੀਤਾ ਜਾਂਦਾ ਹੈ। ਦੋਸ਼ੀ ਤਾਂ ਉਹ ਸੱਪ ਅੱਗੇ ਹੀ ਹੈ ਪਰ ਜਦ ਕਿਸੇ ਨੂੰ ਡੰਗ ਮਾਰਿਆ ਤਦ ਹੋਰ ਦੋਸ਼ ਧਾਰਨ ਕਰਦਾ ਹੈ, ਕਿਉਂਕਿ ਸੱਪ ਜੂਨ ਸਭ ਤੋਂ ਭੈੜੀ ਹੈ।

ਯਥਾ—"ਸਭਦੂੰ ਮੰਦੀ ਸੱਪ ਜੋਨਿ ਸੱਪਾਂ ਵਿਚ ਕੁਜਾਤਿ ਕੁਭਾਈ।"

[ਭਾ: ਗੁ: ਜੀ ਵਾਰ ੩੩, ਪਉੜੀ ੮]

੩. ਕੀਟਾ=ਕੁੱਤੇ ਦੇ ਮੱਥੇ ਦੇਖ ਦੇ ਅੰਦਰਿ ਦਾ ਕੀੜਾ ਉਸ ਨੂੰ ਕੀਤਾ ਜਾਂਦਾ ਹੈ। ਕਿਉਂਕਿ ਜੇਕਰ ਕੁੱਤੇ ਦੇ ਕਿਸੇ ਹੋਰ ਅਸਥਾਨ ਪਰ ਕੀੜੇ ਹੋਵਣ ਤਦ ਉਹ ਜੀਭ ਨਾਲ ਚੱਟ ਕੇ ਠੀਕ ਕਰ ਲੈਂਦਾ ਹੈ। ਪਰ ਮੱਥੇ ਤਕ ਜੀਭ ਨਾ ਜਾਣ ਕਰਕੇ ਉਹ ਆਪਣੇ ਆਪ ਨੂੰ ਰਾਜ਼ੀ ਨਹੀਂ ਕਰ ਸਕਦਾ। ਇਸ ਲਈ ਉਸ ਨਾਸਤਕ ਨੂੰ ਕੁੱਤੇ ਦੇ ਮੱਥੇ ਦਾ ਕੀੜਾ ਕੀਤਾ ਜਾਂਦਾ ਹੈ ਤੇ ਬਦਬੋ ਐਸੀ ਫੈਲ ਜਾਂਦੀ ਹੈ ਕਿ ਜੇ ਉਹ ਦੋਸੀ=ਕੋੜ੍ਹੀਆਂ ਪਾਸ ਆ ਖੜਾ ਹੋਵੇ ਤਾਂ ਉਹ ਭੀ ਦੋਸ਼ ਧਾਰਦੇ ਹਨ ਕਿ ਇੰਨੀ ਬਦਬੋ ਸਾਡੇ ਵਿਚ ਭੀ ਨਹੀਂ, ਜਿੰਨੀ ਕੁ ਇਸ ਕੁੱਤੇ ਵਿਚ ਹੈ।

ਫਿਰ ਸਿੱਧਾਂ ਨੇ ਬੇਨਤੀ ਕੀਤੀ-ਅਜੇਹਾ ਮਨੁੱਖ ਕਿਸੇ ਤਰੀਕੇ ਨਾਲ ਸੰਸਾਰ-ਸਮੁੰਦਰ ਤੋਂ ਤਰ ਵੀ ਸਕਦਾ ਹੈ ਕਿ ਨਹੀਂ?

ਤਾਂ ਗੁਰੂ ਜੀ ਨੇ ਫੁਰਮਾਇਆ-ਇਸ ਤਰੀਕੇ ਨਾਲ ਤਰ ਸਕਦਾ ਹੈ। ਯਥਾ-

ਪਉੜੀ॥ "ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥
ਪਿਛਲੇ ਗੁਨਹ ਸਤਿਗੁਰ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥
ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ
ਵਿਚਿ ਸੁਰਸਰੀ ਸੁਰਸਰੀਂ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ॥"

[ਬਿਲਾਵਲ ਕੀ ਵਾਰ ਮ:੩, ਪੰਨਾ ੮੫੪]

ਜੇਕਰ ਆਪਣੇ ਆਪ ਨੂੰ ਗੁਣਹੀਨ ਦੱਸ ਕੇ ਅਕਾਲ ਪੁਰਖ ਪਾਸ ਬੇਨਤੀਆਂ ਕਰੇ।

ਯਥਾ—"ਨਾ ਮੈ ਜੋਗ ਧਿਆਨ ਚਿਤੁ ਲਾਇਆ॥ ਬਿਨੁ ਬੈਰਾਗ ਨ ਛੂਟਸਿ ਮਾਇਆ॥ ੧॥
ਕੈਸੇ ਜੀਵਨੁ ਹੋਇ ਹਮਾਰਾ॥ ਜਬ ਨ ਹੋਇ ਰਾਮ ਨਾਮ ਅਧਾਰਾ॥ ੧॥ ਰਹਾਉ॥

[ਗਉੜੀ ਕਬੀਰ ਜੀ, ਪੰਨਾ ੩੨੬]

ਤਥਾ—"ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥
ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥"

[ਪੰਨਾ ੩੭੮]

ਤਥਾ—"ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥"

[ਸਲੋਕ ਮਹਲਾ ੩, ਪੰਨਾ ੧੪੧੬]

ਤਥਾ—"ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥ ੫॥"

[ਗਉੜੀ ਚੇਤੀ ਮਹਲਾ ੧, ਪੰਨਾ ੧੫੬]

ਇਸ ਤਰ੍ਹਾਂ ਬੇਨਤੀਆਂ ਕਰੇ ਕਿ ਮੈਂ ਨਿਰਗੁਣ ਹਾਂ, ਮੇਰੇ ਵਿਚ ਕੋਈ ਸ਼ੁਭ ਗੁਣ ਨਹੀਂ ਹੈ, ਤਾਂ ਉਹ ਪਰਮਾਤਮਾ-

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥

ਗੁਰੂ ਜੀ ਫੁਰਮਾਉਂਦੇ ਹਨ-

ਗੁਣਾਂ ਤੋਂ ਰਹਿਤ ਜੋ ਨਿਰਗੁਣ ਪੁਰਸ਼ ਹਨ ਉਨ੍ਹਾਂ ਨੂੰ ਗੁਣ ਦੇਣਾ ਕਰਦਾ ਹੈ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਣਾਂ ਵਾਲਾ ਭਾਵ ਹੰਕਾਰੀ ਮੰਨਿਆਂ ਹੈ, ਉਨ੍ਹਾਂ ਨੂੰ ਗੁਣੁ ਦੇ=ਫਾਹੀ ਦੇਂਦਾ ਹੈ।

ਜਿਸ ਤਰ੍ਹਾਂ ਬੱਦਲ ਵਰਖਾ ਕਰਦਾ ਹੈ ਤਾਂ ਸਾਰੇ ਹੀ ਵਰਸਦਾ ਹੈ, ਜਿਥੇ ਜਲ ਹੈ ਉਥੇ ਭੀ ਵਰਸਦਾ ਹੈ, ਜਿਥੇ ਜਲ ਨਹੀਂ, ਉਸ ਜਗ੍ਹਾ ਭੀ ਵਰਖਾ ਕਰਦਾ ਹੈ।

ਇਸੀ ਪ੍ਰਕਾਰ ਉਹ ਪ੍ਰਮਾਤਮਾ ਸ਼ਰਧਾ ਆਦਿ ਗੁਣਾਂ ਤੋਂ ਰਹਿਤ ਜੋ ਪੁਰਸ਼ ਹਨ ਉਨ੍ਹਾਂ ਨੂੰ ਸਤ ਸੰਤੋਖ ਆਦਿ ਗੁਣ ਦੇਣਾ ਕਰਦਾ ਹੈ ਅਤੇ ਸਤ ਸੰਤੋਖ ਆਦਿਕ ਗੁਣਾਂ ਦੇ ਸਹਿਤ ਜੋ ਪੁਰਸ਼ ਹਨ ਉਨ੍ਹਾਂ ਨੂੰ ਭੀ ਹੋਰ ਗਿਆਨ ਗੁਣ ਦੇਂਦਾ ਹੈ। [ਕਿਉਂਕਿ ਨਿਆਇਕਾਂ ਨੇ ਗਿਆਨ ਨੂੰ ਗੁਣ ਮੰਨਿਆਂ ਹੈ।]

ਫਿਰ ਸਿੱਧਾਂ ਨੇ ਕਿਹਾ, ਕੋਈ ਅਜੇਹਾ ਮਨੁੱਖ ਹੈ ਜੋ ਪ੍ਰਮਾਤਮਾ ਦੇ ਗੁਣਾਂ ਦਾ ਪ੍ਰਤਿਬਦਲਾ ਦੇ ਸਕੇ? ਗੁਰ ਉੱਤਰ—

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥ ੨॥

ਹੇ ਸਿੱਧੋ! ਤੇਹਾ=ਤਿਸ ਪਰਮਾਤਮਾ ਜੇਹਾ ਮੈਨੂੰ ਹੋਰ ਕੋਈ ਨਹੀਂ ਦਿਸਦਾ, ਜੋ ਤਿਸ ਨੂੰ ਕੋਈ ਗੁਣੁ=ਪ੍ਰਤਿਬਦਲਾ ਦੇਣਾ ਕਰੇ।

ਨਿਰੰਕਾਰ ਨੇ ਕਿਰਪਾ ਕਰਕੇ ਏਹ ਜੋ ਮਨੁੱਖਾ ਜਨਮ ਦਿੱਤਾ ਹੈ ਇਸਦੇ ਇਕ-ਇਕ ਅਮੋਲਕ ਅੰਗ ਐਸੇ ਹਨ ਜੋ ਦੁਨੀਆਂ ਦੇ ਉਚੇ ਤੋਂ ਉਚੇ ਡਾਕਟਰ ਤੇ ਸਾਇੰਸਦਾਨ ਇਨ੍ਹਾਂ ਦੀ ਬਰੋਬਰੀ ਨਹੀਂ ਕਰ ਸਕਦੇ, ਕੇਵਲ ਅੱਖਾਂ 'ਚੋਂ ਜੋਤ ਖਿੱਚ ਲਵੇ ਤਾਂ ਡਾਕਟਰ, ਵੈਦ, ਹਕੀਮ, ਵਗੈਰਾ ਕੁਝ ਵੀ ਨਹੀਂ ਕਰ ਸਕਦੇ॥ ੭॥

-ਦੂਜਾ ਅਰਥ-

ਪੁਨਾ ਸਿੱਧਾਂ ਨੇ ਬੇਨਤੀ ਕੀਤੀ-ਇਹ ਜੀਵ ਆਰਜਾ=ਸਰੇਸ਼ਟ ਕਿਵੇਂ ਹੋਵੇ? ਗੁਰ ਉੱਤਰ—

ਜੇ ਜੁਗ ਚਾਰੇ ਆਰਜਾ

ਜੇਕਰ ਇਹ ਜੀਵ [ਵੈਰਾਗ, ਵਿਵੇਕ, ਖਟ ਸੰਪਤੀ, ਮੋਖ ਇੱਛਾ ਰੂਪ] ਚਾਰ ਸਾਧਨਾਂ ਵਿਚ ਜੁੱਗ=ਜੁੜੇ।

ਵਾ-'ਜੁਗ' ਨਾਮ ਚਾਰ ਦਾ ਭੀ ਹੈ। ਚਾਰ ਤੇ ਚਾਰ ਅੱਠ, ਸਾਧਨਾਂ ਵਿਚ ਜੁੜੇ।

ਅੱਠ ਸਾਧਨ

੧. ਵੈਰਾਗ। ੨. ਵਿਵੇਕ। ੩. ਖਟ ਸੰਪਤੀ। ੪. ਮੋਖ ਇੱਛਾ। ੫. ਸ੍ਰਵਨ। ੬. ਮੰਨਣ। ੭. ਨਿਧਿਆਸਣ। ੮. ਤਤ ਤ੍ਵੰ ਦਾ ਸੰਸ਼ੋਧਨ।

ਵਾ-ਜੁਗ ਦਾ ਅਰਥ ਦੋ ਭੀ ਕਰਦੇ ਹਨ ਦੋ ਤੇ ਚਾਰ ਛੇ ਹੋ ਗਏ, ਛਿਆਂ ਵਿੱਚੋਂ ਖਟ ਸੰਪਤੀ ਲੈਣੀ।

'ਸ਼ਮ, ਦਮ, ਸ੍ਰਧਾ ਤੀਸਰੀ ਸਮਾਧਾਨ ਉਪਰਾਮ।
ਛਠੀ ਤਤਿਖਸ਼ਾ ਜਾਨੀਏ, ਭਿੰਨ ਭਿੰਨ ਯਹ ਨਾਮ॥ ੧੫॥'

[ਵਿਚਾਰ ਸਾਗਰ, ਤਰੰਗ ੧]

ਸਮ = ਮਨ ਦਾ ਰੋਕਣਾ।
ਦਮ = ਇੰਦਰੀਆਂ ਦਾ ਰੋਕਣਾ।
ਸ੍ਰਧਾ = ਗੁਰੂ ਅਤੇ ਵੇਦ ਗ੍ਰੰਥਾਂ ਪਰ ਵਿਸ਼ਵਾਸ ਕਰਨਾ।
ਸਮਾਧਾਨ = ਮਨ ਦੀ ਚੰਚਲਤਾ ਦਾ ਨਾਸ ਕਰਨਾ।
ਉਪਰਾਮ = ਵਿਸ਼ਿਆਂ ਨੂੰ ਵਿਹੁ ਰੂਪ ਜਾਣ ਕੇ ਤ੍ਯਾਗਣਾ।
ਤਤਿਖਸ਼ਾ = ਦੁੱਖ ਸੁੱਖ, ਭੁੱਖ, ਤ੍ਰੇਹ ਦੇ ਸਹਾਰਨ ਵਾਲਾ ਸੁਭਾਵ ਹੋਣਾ।

ਇਸ ਖਟ ਸੰਪਤੀ ਵਿਚ ਜੁੜ ਕੇ-

ਹੋਰ ਦਸੂਣੀ ਹੋਇ॥

ਦਸੂਣੀ=ਦਸ+ਊਣੀ=ਦਸ ਇੰਦਰੀਆਂ ਨੂੰ ਵਿਸ਼ੇ ਵਿਕਾਰਾਂ ਵਲੋਂ ਊਣਿਆਂ ਕਰੇ ਤਾਂ ਇਹ ਜੀਵ ਆਰਜਾ=ਸਰੇਸ਼ਟ ਹੁੰਦਾ ਹੈ।

ਵਾ-ਹੋਰ ਦਸੂਣੀ=ਹੋ+ਰਦ+ਸੂਣੀ=ਹੋ=ਹੇ ਭਾਈ। ਸੂਣੀ=ਅਵਿਦਿਆ ਨੂੰ ਰਦ=ਅਭਾਵ ਕਰੇ ਤਾਂ ਆਰਜਾ=ਸਰੇਸ਼ਟ ਹੁੰਦਾ ਹੈ।

ਨਵਾ ਖੰਡਾ ਵਿਚ ਜਾਣੀਐ

ਪੰਜ-ਕਾਮ ਕ੍ਰੋਧ ਆਦਿਕ, ਚਾਰ-ਰਾਗ, ਦ੍ਵੈਸ਼, ਹਰਖ ਸੋਗ ਇਨ੍ਹਾਂ ਨਵਾਂ ਦੇ ਖੰਡਣ ਵਿਚ ਤਤਪਰ ਜਾਣਿਆ ਜਾਵੇ।

ਵਾ-ਇਲਾਬ੍ਰਤ, ਭਾਰਥ ਆਦਿ ਨੌਂ ਖੰਡਾਂ ਵਿਚ ਪਰਮਾਤਮਾ ਨੂੰ ਪਰੀਪੂਰਨ ਜਾਣੇ।

ਵਾ-ਨਵਾ ਖੰਡਾ=ਨੌਂ ਜੋੜਾਂ ਵਾਲੇ ਮਨੁੱਖ ਸਰੀਰ ਵਿਚ ਪਰਮੇਸ਼ਰ ਨੂੰ ਵਿਆਪਕ ਜਾਣੇ। ਸਰੀਰ ਵਿਚ ਜੋੜ ਤਾਂ ਬਹੁਤ ਹਨ, ਪਰ ਮੁਖ ਜੋੜ ਨੌਂ ਦੱਸੇ ਹਨ।]

ਯਥਾ—"ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥ ੧॥"

[ਗਉੜੀ ਕਬੀਰ ਜੀ, ਪੰਨਾ ੩੩੫]

ਚਾਰ ਲੱਤਾਂ ਦੇ, ਚਾਰ ਬਾਹਵਾਂ ਦੇ, ਇਕ ਗਿੱਚੀ ਦਾ।

ਅਥਵਾ-ਨਵਾ ਖੰਡਾ=ਨੌ ਹਿੱਸਿਆਂ ਵਾਲੀ *ਨੌਧਾ ਭਗਤੀ ਵਿਚ ਤਤਪਰ ਜਾਨਿਆ ਜਾਵੇ।

ਵਾ-ਨਵਾ ਖੰਡਾ=ਨਵੀਨ ਅਖੰਡ=ਇਕ ਰਸ ਭੇਦ ਭਾਵ ਤੋਂ ਰਹਿਤ ਅਰਥਾਤ ਸਜਾਤੀ ਵਿਜਾਤੀ, ਸੁਗੱਤ ਭੇਦ ਤੋਂ ਰਹਿਤ ਜੋ ਪਰਮਾਤਮਾ ਹੈ ਤਿਸ ਨੂੰ ਆਪਣੇ ਹਿਰਦੇ ਵਿਚ ਜਾਣੇ ਤਾਂ ਆਰਜਾ=ਸਰੇਸ਼ਟ ਹੁੰਦਾ ਹੈ+।

ਨਾਲਿ ਚਲੈ ਸਭੁ ਕੋਇ॥

ਗਿਆਨ ਹੋਣ ਕਾਲ ਵਿਚ ਜਦ ਅਵਿਦਿਆ ਦਾ ਅਭਾਵ ਹੁੰਦਾ ਹੈ ਤਦ ਅਵਿਦਿਆ ਦੇ ਨਾਲ ਹੀ ਆਸੁਰੀ ਸੰਪਦਾ ਦਾ ਸਾਰਾ ਪਰਵਾਰ ਚਲਿਆ ਜਾਂਦਾ ਹੈ, ਕਿਉਂਕਿ ਕਾਰਨ ਦੇ ਅਭਾਵ ਹੋਣ ਨਾਲ ਕਾਰਜ ਦਾ ਅਭਾਵ ਆਪੇ ਹੀ ਹੋ ਜਾਂਦਾ ਹੈ।

ਵਾ-ਸਾਰੇ ਸ਼ੁਭ ਗੁਣ ਬ੍ਰਹਮ ਗਿਆਨੀ ਦੇ ਨਾਲ ਚਲਦੇ ਹਨ।

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥

ਆਪਣਾ ਚੰਗਾ ਨਾਮ 'ਬ੍ਰਹਮ ਬੇਤਾ' ਰਖਾ ਕੇ ਜਸ ਇਸ ਲੋਕ ਵਿਚ, ਕੀਰਤੀ ਪਰਲੋਕ ਵਿਚ ਲੈਂਦਾ ਹੈ।

---

*(ਨੌਧਾ ਭਗਤੀ)

ਨੌਧਾ ਭਗਤੀ ਅਤੇ ਉਸ ਭਗਤੀ ਦੇ ਕਰਨ ਵਾਲਿਆਂ ਦੇ ਇਹ ਨਾਮ ਹਨ-

੧. ਸ੍ਰਵਨ ਭਗਤੀ-ਪ੍ਰੀਛਤ ਰਾਜਾ ਨੇ ਕੀਤੀ।

੨. ਕੀਰਤਨ ਭਗਤੀ-ਸੁਖਦੇਵ ਨੇ ਕੀਤੀ।

੩. ਸਿਮਰਨ ਭਗਤੀ-ਪ੍ਰਹਿਲਾਦ ਨੇ ਕੀਤੀ।

੪. ਪਾਦ ਸੇਵਨ ਭਗਤੀ-ਲਛਿਮੀ ਨੇ ਕੀਤੀ।

੫. ਅਰਚਨ ਭਗਤੀ-ਪ੍ਰਿਥੂ ਨੇ ਕੀਤੀ।

੬. ਬੰਦਨ ਭਗਤੀ-ਅਕਰੂਰ ਨੇ ਕੀਤੀ।

੭. ਸਖਾ ਭਗਤੀ-ਅਰਜਨ ਨੇ ਕੀਤੀ।

੮. ਦਾਸਜ਼ ਭਗਤੀ-ਹਨੂੰਮਾਨ ਨੇ ਕੀਤੀ।

੯. ਆਤਮ ਨਿਵੇਦਨ ਭਗਤੀ-ਬਲ ਰਾਜਾ ਨੇ ਕੀਤੀ।

੧੦. ਪ੍ਰੇਮਾ ਭਗਤੀ ਹੈ ਉਹ ਗੋਪੀਆਂ ਨੇ ਕੀਤੀ ਹੈ।

+ਵਾ-ਪੰਜ ਗਿਆਨ ਇੰਦ੍ਰੀਏ ਤਿੰਨ ਗੁਣ, ਇਕ ਦੇਹ ਅਧਿਆਸ ਇਨ੍ਹਾਂ ਨਵਾਂ ਦੇ ਖੰਡਣ ਵਿਚ ਤਤਪਰ ਜਾਣਿਆਂ ਜਾਵੇ ਤਾਂ ਸਰੇਸ਼ਟ ਹੁੰਦਾ ਹੈ. ਅਤੇ 'ਨਾਲਿ ਚਲੈ ਸਭੁ ਕੋਇ'= ਨਾਲ ਹੀ ਜਨਮ ਮਰਨ ਦਾ ਕੁਲ ਦੁੱਖ ਚਲਿਆ ਜਾਂਦਾ ਹੈ।

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥

ਜੇਕਰ ਤਿਸ ਐਸੇ ਨ=ਪੁਰਸ਼ ਨੂੰ ਉਹ ਪਰਮਾਤਮਾ ਨਦਰਿ ਆਵਈ=ਨਿਗਾਹ ਆ ਜਾਵੇ, ਤਦ ਕੇ=[ਕੇ-ਕੇ]-ਰੇ-ਰੇ ਸ਼ਬਦ ਦੇ ਉਚਾਰਨ ਵਾਲੇ ਜਮਦੂਤ ਉਸ ਦੀ ਬਾਤ ਨਹੀਂ ਪੁੱਛਦੇ।

ਯਥਾ—"ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥ ੨॥" [ਆਸਾ ਮਹਲਾ ੫, ਪੰਨਾ ੩੯੩]

ਜੇਕਰ ਤੁਰਦੇ ਫਿਰਦੇ ਜਨਕ ਰਾਜੇ ਵਾਂਗ ਕਦੇ ਚਲੇ ਭੀ ਜਾਣ ਤਾਂ ਨਰਕੀ ਜੀਵਾਂ ਨੂੰ ਤਾਰ ਆਉਂਦੇ ਹਨ।

ਕੀਟਾ ਅੰਦਰਿ ਕੀਟੁ ਕਰਿ

ਕੀਟਾ=ਕ੍ਰੀੜਾ ਕਰਨੇ ਯੋਗ ਜੋ ਪਰਮਾਤਮਾ ਹੈ ਉਸ ਅੰਦਰ ਉਹ ਕੀਟੁ ਕਰਿ=ਕ੍ਰੀੜਾ ਕਰਦਾ ਹੈ।

ਵਾ-ਜਗਿਆਸੂਆਂ ਦੇ ਹਿਰਦੇ ਅੰਦਰ ਜੋ ਕੀਟਾ=ਕੀੜੇ ਕਾਮ ਆਦਿਕ ਹਨ ਉਹਨਾਂ ਨੂੰ ਉਹ ਕੀਟੁ=ਕੱਟਣ ਕਰਿ=ਕਰਦਾ ਹੈ। ***ਦੋਸੀ ਦੋਸੁ ਧਰੇ॥***

ਦੋਸ਼ੀ ਜੋ ਵਿਸ਼ੱਈ ਹਨ, ਉਹਨਾਂ ਵਿਚ ਉਹ ਦੋਸ਼ ਧਾਰਦੇ ਹਨ ਕਿਉਂਕਿ ਉਹ ਮਨੁੱਖਾ ਜਨਮ ਨੂੰ ਨਿਸਫਲ ਗੁਆਉਂਦੇ ਹਨ।

ਏਸੇ ਵਾਸਤੇ ਭਾਈ ਸਾਹਿਬ ਭਾਈ ਨੰਦ ਲਾਲ ਜੀ ਮਨੁੱਖ ਨੂੰ ਸੁਚੇਤ ਕਰਦਿਆਂ ਕਹਿੰਦੇ ਹਨ-

ਹੇ ਭਾਈ! ਜ਼ਰਾ ਹੋਸ਼ ਕਰ "ਬਹਾਰ ਆਈ ਹੈ [ਮਨੁੱਖਾ ਦੇਹ ਦੀ]" ਤੇਰੇ ਗੁਰੂ ਕਲਗੀਧਰ ਵਰਗੇ ਯਾਰ ਵੀ ਆਏ ਹੋਏ ਹਨ, ਤੇ ਤੂੰ ਇਕਰਾਰ ਵੀ ਕੀਤਾ ਹੋਇਆ ਹੈ। ਯਥਾ—

"ਬ-ਹੋਸ਼ ਬਾਸ਼ ਕਿ ਹੰਗਾਮ ਨੌ ਬਹਾਰ ਆਮਦ।
ਬਹਾਰ ਆਮਦੋ, ਕੱਰਾਰ ਆਮਦੋ, ਯਾਦ ਆਮਦ॥ ੧॥" [ਗਜ਼ਲ ੧੮]

ਅਥਵਾ-ਉਹ ਗਿਆਨਵਾਨ ਦੋਸੀ=ਪਦਾਰਥਾਂ ਵਿਚ, ਵਾ ਇੰਦ੍ਰੀਆਂ ਵਿਚ ਦੋਸ਼ ਧਾਰਦੇ ਹਨ।

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥

ਗੁਰੂ ਜੀ ਆਖਦੇ ਹਨ, ਗੁਣਵੰਤਿਆ=ਗੁਣਾਂ ਵਾਲੇ ਜੋ ਮਹਾਤਮਾਂ ਹਨ ਉਹ ਨਿਰਗੁਣਿਆਂ ਨੂੰ ਗੁਣ ਦੇ ਕੇ ਗੁਣਾਂ ਵਾਲਾ ਕਰ ਦਿੰਦੇ ਹਨ।

ਪ੍ਰਸ਼ਨ-ਉਨ੍ਹਾਂ ਮਹਾਤਮਾਂ ਦੇ ਗੁਣਾਂ ਦਾ ਪ੍ਰਤਿਬਦਲਾ ਕੋਈ ਦੇ ਸਕਦਾ ਹੈ ਕਿ ਨਹੀਂ? ਗੁਰ ਉੱਤਰ

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥ ੭॥

ਹੇ ਸਿੱਧੋ! ਉਹਨਾਂ ਮਹਾਤਮਾਂ ਜੇਹਾ ਹੋਰ ਕੋਈ ਸੁੱਝਦਾ ਨਹੀਂ ਹੈ, ਜਿਹੜਾ ਕੋਈ ਉਨ੍ਹਾਂ ਦੇ ਗੁਣਾਂ ਦਾ ਪ੍ਰਤਿਬਦਲਾ ਦੇਣਾ ਕਰੇ।+

ਸੱਤਵੀ ਪਉੜੀ ਦੇ ੧੧੭ ਅੱਖਰ ਹਨ। ਇਥੋਂ ਤੱਕ ਸੱਤਾਂ ਪੌੜੀਆਂ ਦੇ ਕੁਲ ਅੱਖਰ ੬੦੭ ਆਏ ਹਨ।

** ਵਾ-ਜੇ ਤੁਸੀਂ ਪੁਛਦੇ ਹੋ ਕਿ ਉਹਨਾਂ ਦੇ ਅੰਦਰ ਕਿਸੇ ਪਦਾਰਥ ਦੀ ਵਾਸ਼ਨਾਂ ਹੈ ਤਾਂ ਅਸੀਂ ਪੂਰੀ ਤਸੱਲੀ ਨਾਲ ਕਹਿੰਦੇ ਹਾਂ ਕਿ ਉਹਨਾਂ ਅੰਦਰ ਕੇ=ਕੋਈ-ਵਾਤ=ਵਾਸ਼ਨਾਂ ਨਹੀਂ ਹੈ।*

+ਵਾ ਉਹ ਨਿਰਗੁਣ ਬ੍ਰਹਮ ਦੀ ਗੁਣੁ ਦੇ=ਵਿਚਾਰਤਾਈ ਕਰਦੇ ਹਨ, ਅਤੇ ਗੁਣ ਵੰਤਿਆ=ਸੱਤ ਸੰਤੋਖ ਆਦਿਕ ਗੁਣਾਂ ਵਾਲਿਆਂ ਨੂੰ ਗੁਣੁ ਦੇ=ਗਿਆਨ ਗੁਣ ਦੇਂਦੇ ਹਨ। 'ਤੇਹਾ ਕੋਇ ਨ ਸੁਝਈ' ਤੇਹੋ ਜਿਹਾ ਪੁਰਸ਼ ਕੋਈ ਨਿਗਾਹ ਨਹੀਂ ਆਉਂਦਾ 'ਜਿ ਤਿਸੁ ਗੁਣੁ ਕੋਇ ਕਰੇ' ਜਿਹੜਾ ਕੋਈ ਮਹਾਤਮਾ ਵਿਚ ਤਿਸੁ=ਤ੍ਰਿਸ਼ਨਾ ਅਤੇ ਗੁਣੁ=ਵਿਸ਼ਿਆਂ ਨੂੰ ਪੈਦਾ ਕਰੇ।

ਅੱਠਵੀਂ ਪਉੜੀ

ਫੇਰ ਸਿੱਧਾਂ ਨੇ ਕਿਹਾ, ਜਿਸ ਪਰਮਾਤਮਾ ਦੇ ਮੰਤ੍ਰ ਦੇ ਬਲ ਕਰਕੇ ਆਪ ਪੰਜ ਭੂਤਕ ਦੇਹ ਦੇ ਸਹਿਤ ਇਸ ਸੁਮੇਰ ਪਰਬਤ ਉਤੇ ਆਏ ਹੋ ਅਤੇ ਜਿਸ ਦੇ ਉਪਕਾਰਾਂ ਦਾ ਪ੍ਰਤਿਬਦਲਾ ਕੋਈ ਦੇ ਨਹੀਂ ਸਕਦਾ, ਉਸ ਦੇ ਨਾਮ ਦਾ ਕੇਡਾ ਕੁ ਪ੍ਰਤਾਪ ਹੈ?

ਤਾਂ ਗੁਰੂ ਜੀ ਨੇ ਚਾਰ ਪੌੜੀਆਂ ਵਿਚ ਨਾਮ ਸ੍ਰਵਣ ਦਾ ਮਹਾਤਮ ਦਸਿਆ—

ਸੁਣਿਐ ਸਿਧ ਪੀਰ ਸੁਰਿ ਨਾਥ॥

-ਪਹਿਲਾ ਅਰਥ-

ਹੇ ਸਿੱਧੋ ! ਤੁਹਾਡੇ ਪਾਸੋਂ, ਪੀਰਾਂ ਪਾਸੋਂ, ਦੇਵਤਿਆਂ ਤੇ ਨਾਥਾਂ ਪਾਸੋਂ ਭੀ ਨਾਮ ਦੀ ਮਹਿਮਾਂ ਸਭ ਤੋਂ ਵੱਡੀ ਸੁਣੀ ਜਾਂਦੀ ਹੈ।

ਵਾ-ਨਾਮ ਨੂੰ ਹੀ ਸ੍ਰਵਣ ਕਰਕੇ ਹੇ ਸਿੱਧੋ! ਤੁਸੀਂ ਅਤੇ ਪੀਰ, ਸੁਰ ਨਾਥ ਇਸ ਉੱਚ ਪਦਵੀ ਨੂੰ ਪ੍ਰਾਪਤ ਹੋਏ ਹੋ।

ਜੇ ਹੁਣ ਭੀ ਸ਼ਰਧਾ ਭਾਵ ਨਾਲ ਨਾਮ ਸ੍ਰਵਣ ਕਰੇ ਤਾਂ ਹੁਣ ਭੀ ਸਿੱਧ, ਪੀਰ, ਸੁਰ, ਨਾਥ ਹੋ ਸਕਦਾ ਹੈ।

ਦੂਜਾ ਅਰਥ-ਸਿੱਧਾਂ ਦਾ ਪੀਰ ਜੋ 'ਗੋਰਖ ਨਾਥ' ਹੈ ਅਤੇ ਸੁਰਾਂ ਦਾ ਨਾਥ=ਸੁਆਮੀ ਜੋ ਇੰਦਰ ਹੈ ਇਨ੍ਹਾਂ ਦੋਹਾਂ ਦੇ ਪਾਸੋਂ ਨਾਮ ਦੀ ਮਹਿਮਾ ਸੁਣੀਦੀ ਹੈ।

ਵਾ-ਇਹ ਵੀ ਨਾਮ ਨੂੰ ਹੀ ਸ੍ਰਵਣ ਕਰਕੇ ਏਡੇ ਮਰਾਤਬੇ ਨੂੰ ਪਹੁੰਚੇ ਹਨ।

ਵਾ-ਹੁਣ ਜੇਕਰ ਇਕਾਗਰ ਚਿੱਤ ਹੋ ਕੇ ਨਾਮ ਸ੍ਰਵਣ ਕਰੇ ਤਾਂ ਹੁਣ ਭੀ ਸਿੱਧਾਂ ਦੇ ਪੀਰ ਗੋਰਖ, ਤੇ ਸੁਰਾਂ ਦੇ ਨਾਥ ਇੰਦਰ ਦੀ ਪਦਵੀ ਤੇ ਪ੍ਰਾਪਤ ਹੋ ਸਕਦਾ ਹੈ।

ਤੀਜਾ ਅਰਥ-ਸੁਰਾਂ ਦਾ ਨਾਥ ਇੰਦਰ ਅਤੇ ਉਸ ਇੰਦਰ ਦਾ ਪੀਰ ਜੋ ਬ੍ਰਹਸਪਤਿ ਹੈ ਸਿਧ=ਪ੍ਰਸਿੱਧ, ਉਸ ਪਾਸੋਂ ਭੀ ਨਾਮ ਦੀ ਮਹਿਮਾ ਸੁਣੀਦੀ ਹੈ।

ਵਾ-ਨਾਮ ਦੇ ਪ੍ਰਤਾਪ ਕਰਕੇ ਹੀ ਉਹ ਬ੍ਰਹਸਪਤਿ ਸਭ ਦੇਵਤਿਆਂ ਦਾ ਗੁਰੂ ਬਣਿਆ ਹੈ, ਹੁਣ ਨਾਮ ਜਪੇ ਤਾਂ ਹੁਣ ਭੀ ਬ੍ਰਹਸਪਤਿ ਦੀ ਪਦਵੀ ਤੇ ਪ੍ਰਾਪਤ ਹੋ ਸਕਦਾ ਹੈ।

ਚੌਥਾ ਅਰਥ-ਨਾਮ ਦੇ ਸ੍ਰਵਣ ਕਰਨ ਨਾਲ ਜਨਮ ਮਰਨ ਦਾ ਦੁੱਖ ਸਿੱਧ=ਸਿੱਧਾ ਅਰਥਾਤ ਦੂਰ ਹੋ ਜਾਂਦਾ ਹੈ ਅਤੇ ਸੁਰਾਂ ਦਾ ਨਾਥ ਜੋ ਵਿਸ਼ਨੂੰ ਹੈ ਉਸ ਦਾ ਸਰੂਪ ਹੋ ਜਾਂਦਾ ਹੈ।

ਸੁਣਿਐ ਧਰਤਿ ਧਵਲ ਆਕਾਸ॥

ਪਹਿਲਾ ਅਰਥ-ਨਾਮ ਦੇ ਸੁਣਨ ਕਰਕੇ ਧਰਤੀ, ਧਵਲ=ਪਤਾਲ ਤੇ ਅਕਾਸ਼ ਇਨ੍ਹਾਂ ਤਿੰਨਾਂ ਲੋਕਾਂ ਦੀ ਅੰਤਰਯਾਤਮਾ ਪ੍ਰਾਪਤ ਹੁੰਦੀ ਹੈ।

ਵਾ-ਤਿੰਨਾਂ ਲੋਕਾਂ ਨੂੰ ਮਿਥਿਅਤ ਰੂਪ ਨਿਸਚੇ ਕਰਦਾ ਹੈ।

ਵਾ-ਤਿੰਨਾਂ ਲੋਕਾਂ ਨੂੰ ਬ੍ਰਹਮ ਰੂਪ ਨਿਸਚੇ ਕਰਦਾ ਹੈ।

ਦੂਜਾ ਅਰਥ-ਨਾਮ ਦੇ ਸੁਣਨ ਕਰ ਕੇ ਧੌਲੇ ਬਲਦ ਵਿਚ ਇਤਨੀ ਸ਼ਕਤੀ ਪ੍ਰਾਪਤ ਹੈ, ਜੋ ਧਰਤੀ ਨੂੰ ਅਕਾਸ਼ ਵਿਚ ਚੁੱਕੀ ਖੜਾ ਹੈ।

ਤੀਜਾ ਅਰਥ-ਨਾਮ ਦੇ ਸੁਣਨ ਕਰਕੇ ਧਰਤੀ ਅਤੇ ਅਕਾਸ਼ ਵਿਚ ਇਸ ਜੀਵ ਦਾ ਧਵਲ=ਉੱਜਲ ਜਸ ਹੁੰਦਾ ਹੈ।

ਚੌਥਾ ਅਰਥ-ਨਾਮ ਦੇ ਸੁਣਨ ਕਰਕੇ ਧਰਤਿ=ਬੁੱਧੀ, ਆਕਾਸ਼=ਹਿਰਦਾ ਇਹ ਦੋਨੋਂ ਧਵਲ=ਉੱਜਲ ਹੋ ਜਾਂਦੇ ਹਨ।

ਪੰਜਵਾਂ ਅਰਥ-ਨਾਮ ਦੇ ਸੁਣਨ ਕਰਕੇ ਧਰਤਿ=ਧੀਰਜਤਾ ਤੇ ਖਿਮਾ। ਧਵਲ=ਧਰਮ ਵਾ ਨਿੰਮ੍ਰਤਾ। ਆਕਾਸ=ਅਸੰਗਤਾ। ਇਤਿਆਦੀ ਸਾਰੇ ਸ਼ੁਭ-ਗੁਣ ਪ੍ਰਾਪਤ ਹੁੰਦੇ ਹਨ।

ਸੁਣਿਐ ਦੀਪ ਲੋਅ ਪਾਤਾਲ॥

ਪਹਿਲਾ ਅਰਥ-ਨਾਮ ਦੇ ਸੁਣਨ ਨਾਲ ਸਤ ਦੀਪ, ਚੌਦਾਂ ਲੋਕ ਅਤੇ ਸੱਤ ਪਤਾਲ ਇਹਨਾਂ ਸਾਰਿਆਂ ਦੀ ਅੰਤਰਯਾਮਤਾ ਪ੍ਰਾਪਤ ਹੁੰਦੀ ਹੈ।

ਵਾ-ਮਿਥਿਅ੍ਹ ਰੂਪ ਨਿਸਚੇ ਕਰਦਾ ਹੈ।

ਵਾ-ਸਭ ਦੀਪਾਂ ਲੋਆਂ ਤੇ ਪਾਤਾਲਾਂ ਨੂੰ ਬ੍ਰਹਮ ਰੂਪ ਨਿਸਚੇ ਕਰਦਾ ਹੈ।

ਦੂਜਾ ਅਰਥ-ਨਾਮ ਦੇ ਸੁਣਨ ਨਾਲ, ਪਤਾਲ ਵਿਚ ਜੋ ਮਣੀਆਂ ਆਦਿਕ ਪਦਾਰਥ ਹਨ, ਉਨ੍ਹਾਂ ਨੂੰ ਦੀਪ ਲੋਅ=ਦੀਵੇ ਦੀ ਲੋਅ ਵਤ ਤੁੱਛ ਨਿਸਚੇ ਕਰਦਾ ਹੈ।

ਤੀਜਾ ਅਰਥ-ਦਸਮ ਦੁਆਰ ਰੂਪੀ ਤਾਲ ਦੇ ਵਿਚ, ਦੀਵੇ ਦੀ ਲੋਅ ਵਾਂਙੂ ਜਿਸ ਪਰਮਾਤਮਾ ਦੀ ਜੋਤ ਜਗ-ਮਗ ਜਗ਼-ਮਗ ਕਰ ਰਹੀ ਹੈ ਉਸ ਨੂੰ ਪਾ ਲੈਂਦਾ ਹੈ।

ਚੌਥਾ ਅਰਥ-ਸਤਿਸੰਗਤ ਰੂਪ ਤਾਲ ਵਿਚੋਂ ਵਿਵੇਕ ਰੂਪ ਦੀਵੇ ਦੀ ਲੋਅ=ਪ੍ਰਕਾਸ਼ਤਾਈ ਨੂੰ ਪਾ ਲੈਂਦਾ ਹੈ।

ਪੰਜਵਾਂ ਅਰਥ-ਹਿਰਦੇ ਰੂਪ ਤਾਲ ਵਿਚ ਗਿਆਨ ਰੂਪ ਦੀਵੇ ਦੀ ਲੋਅ=ਪ੍ਰਕਾਸ਼ਤਾਈ ਨੂੰ ਪਾ ਲੈਂਦਾ ਹੈ।

ਛੇਵਾਂ ਅਰਥ-ਦੀਪਾਂ ਤੇ ਪਾਤਾਲਾਂ ਦੇ ਲੋਅ=ਪ੍ਰਕਾਸ਼ਨੇ ਵਾਲੇ ਪਰਮੇਸ਼ਰ ਨੂੰ ਜਾਣ ਲੈਂਦਾ ਹੈ।

ਸੁਣਿਐ ਪੋਹਿ ਨ ਸਕੈ ਕਾਲੁ॥

ਨਾਮ ਦੇ ਸੁਣਨ ਕਰਕੇ ਪਕੜਨਾ ਤਾਂ ਕਿਤੇ ਰਿਹਾ, ਜਮਕਾਲ ਇਸ ਨਾਲ ਪੋਹ=ਛੋਹ ਭੀ ਨਹੀਂ ਸਕਦਾ।

ਯਥਾ—"ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥
ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ॥੧॥"

[ਆਸਾ ਮਹਲਾ ੫, ਪੰਨਾ ੪੫੭]

ਤਥਾ—ਪਉੜੀ॥ "ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥੮॥"

[ਸਾਰਗ ਵਾਰ, ਪੰਨਾ ੧੨੪੦]

ਅਥਵਾ-ਨਾਮ ਦੇ ਸੁਣਨ ਕਰਕੇ ਦੁਰਭਿੱਖ ਕਾਲ ਜਾਂ ਦੁੱਖ ਕਾਲ,

ਅਥਵਾ:-ਮਨ ਨੂੰ ਕਾਲਾ ਕਰਨ ਵਾਲਾ ਅਗਿਆਨ ਪੋਹ ਨਹੀਂ ਸਕਦਾ।

ਸਾਖੀ-ਬਾਬੇ ਅਟੱਲ ਰਾਇ ਸਾਹਿਬ ਜੀ ਦੀ

ਬਾਬਾ ਅਟੱਲ ਰਾਇ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਹੋਏ ਹਨ। ਬੜੇ ਹਸ-ਮੁਖੇ ਅਤੇ ਬਾਣੀ ਦੇ ਪੂਰੇ ਸਨ। ਜੋ ਆਪਣੇ ਮੂੰਹੋਂ ਆਖਦੇ ਸਨ ਉਹ ਬਚਨ ਪੂਰਾ ਕਰਦੇ ਸੀ। ਇਸ ਕਰਕੇ ਬੜੇ-ਬੜੇ ਧਨਾਢਾਂ ਦੇ ਲੜਕੇ ਇਨ੍ਹਾਂ ਪਾਸ ਆ ਕੇ ਇਨ੍ਹਾਂ ਦੀ ਸੇਵਾ ਕੀਤਾ ਕਰਦੇ ਸਨ। ਕੋਈ ਪ੍ਰਸ਼ਾਦ ਛਕਾ ਕੇ ਪ੍ਰਸੰਨਤਾ ਲੈਂਦਾ ਸੀ। ਕੋਈ ਆਗਿਆ ਮੰਨ ਕੇ ਖੁਸ਼ੀ ਲੈਂਦਾ ਸੀ।

ਕੋਈ ਬਾਬਾ ਜੀ ਦੇ ਨਾਲ ਖੇਡ ਕੇ ਵਰ ਪ੍ਰਾਪਤ ਕਰਦਾ ਸੀ।

ਕਈ ਵਾਰ ਪਿਤਾ ਜੀ ਨੇ ਕਹਿਣਾ ਪੁੱਤਰ! ਸ਼ਕਤੀ ਨਾ ਵਿਖਾਇਆ ਕਰ। ਪਰ ਇਹ ਦਿਲ ਦੇ ਬੜੇ ਉਦਾਰ ਸਨ। ਇਸੇ ਕਰਕੇ ਜਿਹੜਾ ਵੀ ਆਵੇ ਉਸ ਦੀ ਮੁਰਾਦ ਪੂਰੀ ਕਰ ਦਿੰਦੇ।

ਯਥਾ—"ਕਬਿ ਗੁਰ ਏਕਲ ਕੌ ਸਮੁਝਾਵੈਂ। ਸਮੁਝਿ ਸਮੁਝਿ ਬਰਤਹੁ, ਸੁਖ ਪਾਵੈਂ॥੨੮॥
ਤਊ ਸੁਭਾਇ ਉਦਾਰ ਬਿਸਾਲਾ। ਦੇਖਿ ਸਿੱਖ ਕੌ ਕਰਹਿਂ ਨਿਹਾਲਾ।"

ਸੋਇਨੀ ਜਾਤ ਦੇ ਇਕ ਗੁਰਮੁਖ ਨਾਮੇ ਖੱਤਰੀ ਦਾ ਲੜਕਾ 'ਮੋਹਨ' ਨਾਮ ਕਰਕੇ ਸੀ। ਉਸ ਦਾ ਬਾਬੇ ਅਟੱਲ ਰਾਇ ਜੀ ਨਾਲ ਬਹੁਤ ਪ੍ਰੇਮ ਸੀ। ਉਹ ਬਹੁਤ ਸਮਾਂ ਬਾਬੇ ਜੀ ਪਾਸ ਹੀ ਰਿਹਾ ਕਰਦਾ ਸੀ। ਜਿਥੇ ਨਾਮ ਬਾਣੀ ਦੀਆਂ ਗੱਲਾਂ ਸੁਣਦਾ ਸੀ ਉਥੇ ਨਾਲ ਖੇਡਦਾ ਵੀ ਸੀ। ਇਨ੍ਹਾਂ ਦੀ ਆਪਸ ਵਿਚ ਅਵਸਥਾ ਇਕ-ਸਮ ਸੀ। ਭਾਵ ਨੌਂ ਦਸ ਸਾਲ ਦੇ ਕਰੀਬ ਸਨ।

ਇਕ ਦਿਨ ਬਾਬਾ ਅਟੱਲ ਰਾਇ ਜੀ ਨੇ ਹੱਥ ਵਿਚ ਖੁੰਡੀ ਫੜ ਕੇ ਗੇਂਦ ਨਾਲ ਖੇਡਣ ਦੀ ਖੇਲ ਰਚਾਈ। 'ਮੋਹਨ' ਦੇ ਨਾਲ ਸ਼ਰਤ ਬੰਨ੍ਹ ਕੇ ਸਾਰਾ ਦਿਨ ਖੇਡਦੇ ਰਹੇ। ਹੋਰ ਵੀ ਲੜਕੇ ਬਹੁਤ ਸਨ ਪਰ ਆਖਰੀ ਬਾਜ਼ੀ ਮੋਹਨ ਦੇ ਸਿਰ ਤੇ ਚੜ੍ਹ ਗਈ। ਉਧਰੋਂ ਸੰਧਿਆ ਪੈ ਗਈ, ਇਸ ਕਰਕੇ ਖੇਡ ਬੰਦ ਕਰ ਦਿੱਤੀ ਤੇ ਬਾਬਾ ਅਟੱਲ ਰਾਇ ਜੀ ਨੇ ਕਿਹਾ-ਹੇ ਮੋਹਨ! ਤੇਰੇ ਸਿਰ ਜਿਹੜੀ ਬਾਜ਼ੀ ਰਹਿ ਗਈ ਹੈ ਇਹ ਤੂੰ ਸਵੇਰੇ ਆ ਕੇ ਦੇਣੀ ਹੋਵੇਗੀ। ਉਹ 'ਚੰਗਾ' ਕਹਿ ਕੇ ਚਲਾ ਗਿਆ ਤੇ ਹੋਰ ਲੜਕੇ ਭੀ ਆਪੋ ਆਪਣੇ ਘਰ ਚਲੇ ਗਏ ਪਰ ਜਿਸ ਵੇਲੇ ਮੋਹਨ ਆਪਣੇ ਘਰ ਜਾ ਕੇ ਰਾਤ ਨੂੰ ਸੁੱਤਾ ਤਾਂ ਉਸ ਨੂੰ ਸੱਪ ਨੇ ਡੰਗ ਮਾਰਿਆ। ਉਸ ਦੇ ਮਾਂ ਬਾਪ ਉਸ ਦਾ ਬਥੇਰਾ ਇਲਾਜ ਕਰਦੇ ਰਹੇ ਪਰ ਕੋਈ ਪੇਸ਼ ਨਾ ਗਈ ਸਵੇਰ ਹੁੰਦਿਆਂ ਤਕ ਮੋਹਨ ਚੜ੍ਹਾਈ ਕਰ ਗਿਆ। ਮਾਤਾ ਪਿਤਾ ਦਾ ਇਕੋ ਇਕ ਪੁੱਤਰ ਸੀ, ਇਸ ਲਈ ਉਨ੍ਹਾਂ ਨੇ ਬਹੁਤ ਸਾਰਾ ਵਿਰਲਾਪ ਕੀਤਾ।

ਯਥਾ—"ਹੇ ਸੁਤ ਕਿਤ ਹਮ ਛੋਰਿ ਸਿਧਾਰਾ। ਤੁਵ ਬਿਨ ਕਜਾ ਹੁਇ ਹਾਲ ਹਮਾਰਾ?
ਦੇਖਤਿ ਰਹਤਿ ਬਦਨ ਸ਼ੁਭ ਤੇਰਾ। ਉਦਜੋ ਪਾਪ ਫਲ ਆਨਿ ਬਡੇਰਾ॥੪॥"

[ਗੁਰ ਪ੍ਰਤਾਪ ਸੂਰਜ ਰਾਸਿ ੬, ਅੰਸੂ ੫੭]

ਹੇ ਪੁੱਤਰ! ਤੂੰ ਸਾਨੂੰ ਛੱਡ ਕੇ ਕਿਥੇ ਚਲਾ ਗਿਆ। ਤੈਥੋਂ ਬਿਨਾਂ ਸਾਡਾ ਕੀ ਹਾਲ ਹੋਵੇਗਾ। ਅਸੀਂ ਹਮੇਸ਼ਾਂ ਤੇਰੇ ਮੰਨ ਮੋਹਣੇ ਮੁਖੜੇ ਨੂੰ ਦੇਖਦੇ ਸੀ ਪਰ...ਹੁਣ ਕੋਈ ਵੱਡਾ ਹੀ ਪਾਪ ਆ ਕੇ ਪ੍ਰਗਟ ਹੋਇਆ ਹੈ ਜਿਹੜਾ ਤੂੰ ਸਾਨੂੰ ਵਿਛੋੜਾ ਦੇ ਗਿਆ ਹੈਂ।

ਇਸ ਤਰ੍ਹਾਂ ਕਹਿ ਕੇ ਬੜੀ ਉੱਚੀ ਉੱਚੀ ਰੋ ਰਹੇ ਸਨ। ਨਾਲ ਦੇ ਗੁਆਂਢੀ ਭੀ ਆਏ ਹੋਰ ਲੋਕ ਭੀ ਆਏ ਅਤੇ ਸਾਰੇ ਰੋ ਰਹੇ ਸਨ।

ਉਧਰੋਂ ਰਾਤ ਬੀਤਣ ਪਰ ਬਾਬਾ ਅਟੱਲ ਰਾਇ ਜੀ ਸਵੇਰੇ ਉੱਠਕੇ ਨਿਤ ਕਿਰਿਆ ਕੀਤੀ ਤੇ ਖੇਡਣ ਵਾਲੀ ਥਾਂ ਪਰ ਆ ਖੜੇ ਹੋ ਗਏ। ਹੋਰ ਭੀ ਲੜਕੇ ਆਏ ਪਰ ਮੋਹਨ ਦੇ ਨਾ ਆਉਣ ਤੇ ਬਾਬਾ ਜੀ ਨੇ ਕਿਹਾ, 'ਕੀ ਗੱਲ ਹੈ ਜਿਸਨੇ ਸਾਡੀ ਬਾਜ਼ੀ ਦੇਣੀ ਹੈ ਉਹ ਹੁਣ ਤਕ ਆਇਆ ਨਹੀਂ?'

ਇਕ ਲੜਕੇ ਨੇ ਭੇਜਿਆ ਕਿ ਤੂੰ ਉਸ ਨੂੰ ਬੁਲਾ ਕੇ ਲਿਆ। ਜਦ ਉਹ ਮੋਹਨ ਦੇ ਘਰ ਗਿਆ ਤਾਂ ਸਾਰੇ ਸਬੰਧੀ ਰੋਂਦੇ ਵੇਖ ਕੇ ਪੁੱਛਿਆ, ਕੀ ਗੱਲ ਹੈ?' ਉਨ੍ਹਾਂ ਆਖਿਆ, 'ਮੋਹਨ ਮਰ ਗਿਆ ਹੈ।' ਉਸ ਲੜਕੇ ਨੇ ਝੱਟ ਆ ਕੇ ਅਟੱਲ ਰਾਇ ਜੀ ਨੂੰ ਕਿਹਾ ਕਿ ਮੋਹਨ ਤਾਂ ਮਰ ਗਿਆ ਹੈ।

ਇਹ ਗੱਲ ਸੁਣ ਕੇ ਬਾਬਾ ਜੀ ਜਰ ਨਾ ਸਕੇ। ਉਸੀ ਵੇਲੇ ਹੋਰ ਲੜਕਿਆਂ ਨੂੰ ਨਾਲ ਲੈ ਕੇ ਆਏ, ਤਾਂ ਅੱਗੋਂ ਮੋਹਨ ਦੇ ਮਾਤਾ ਪਿਤਾ ਚਰਨੀਂ ਪੈ ਕੇ ਬੇਨਤੀ ਕਰਨ ਲੱਗੇ ਬਖਸ਼ ਲੋ। ਤਾਂ ਬਾਬਾ ਜੀ ਨੇ ਹੱਥ ਦੀ ਖੁੰਡੀ ਲਗਾ ਕੇ ਕਿਹਾ, 'ਹੇ ਮੋਹਨ! ਉੱਠ, ਸਾਡੀ ਬਾਜ਼ੀ ਤਾਂ ਦੇਹ।' ਫਿਰ ਬਾਹਾਂ ਫੜ ਕੇ ਉਸ ਨੂੰ ਉਠਾ ਦਿੱਤਾ। ਉਸੀ ਵੇਲੇ ਮੋਹਨ ਨੇ ਅੱਖਾਂ ਖੋਲ੍ਹ ਲਈਆਂ ਤੇ ਸਾਰਾ ਪ੍ਰਵਾਰ ਖੁਸ਼ ਹੋ ਗਿਆ, ਤੇ ਬਾਬਾ ਜੀ ਦੀ ਚਰਨੀਂ ਪੈ ਕੇ ਧੰਨ ਧੰਨ ਉਚਾਰਨ ਲਗ ਪਿਆ।

ਯਥਾ—"ਜਹਿਂ ਕਹਿਂ ਅਟਲ ਰਾਇ ਕੀ ਕੀਰਤਿ। ਪੁਰਿ ਮੰਹਿ ਹੋਤਿ ਭਈ ਬਿਸਤੀਰਤਿ।
ਧਨੀ ਪੁਤ੍ਰ ਕੌ ਮਰਜ਼ੋ ਜਿਵਾਯੋ। ਕਰ ਖੁੰਡੀ ਕੌ ਫ਼ਿਰਾਇ ਉਠਾਯੋ॥੧੫॥"

[ਗੁਰਪ੍ਰਤਾਪ ਸੂਰਜ ਰਾਸਿ ੬, ਧਿ: ੫੬]

ਇਹ ਨਾਮ ਸੁਣਨ ਦਾ ਮਹਾਤਮ ਹੈ ਜੋ ਮੋਹਨ ਉੱਠ ਖਲੋਤਾ ਹੈ ਕਿਉਂਕਿ ਬਾਬਾ ਜੀ ਪਾਸੋਂ ਸਵੇਰੇ ਆ ਕੇ ਨਾਮ ਬਾਣੀ ਸੁਣਦਾ ਹੁੰਦਾ ਸੀ ਜਿਸ ਦਾ ਇਹ ਫਲ ਮਿਲਿਆ ਕਿ ਕਾਲ ਤੋਂ ਬਚ ਗਿਆ।

ਨਾਨਕ ਭਗਤਾ ਸਦਾ ਵਿਗਾਸੁ॥

ਗੁਰੂ ਜੀ ਕਥਨ ਕਰਦੇ ਹਨ ਕਿ ਭਗਤ ਜਨਾਂ ਨੂੰ ਸਦਾ ਹੀ ਵਿਗਾਸ=ਅਨੰਦ ਰਹਿੰਦਾ ਹੈ ਭਾਵ ਉਨ੍ਹਾਂ ਦਾ ਹਿਰਦਾ ਖਿੜਿਆ ਰਹਿੰਦਾ ਹੈ।

ਵਾ-ਪਦਾਰਥਾਂ ਦਾ ਸਦਾ ਅਵਿਗਾਸ ਰਹਿੰਦਾ ਹੈ। ਭਾਵ ਪਦਾਰਥਾਂ ਨੂੰ ਵੇਖ ਕੇ ਖਿੜਦੇ ਨਹੀਂ।

ਸੁਣਿਐ ਦੂਖ ਪਾਪ ਕਾ ਨਾਸੁ॥ ੮॥

ਪਰਮਾਤਮਾ ਦੇ ਨਾਮ ਸੁਣਨ ਕਰਕੇ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

੨. ਦੁੱਖਾਂ ਦਾ ਕਾਰਨ ਜੋ ਪਾਪ ਹਨ, ਉਨ੍ਹਾਂ ਦਾ ਵੀ ਨਾਸ ਹੋ ਜਾਂਦਾ ਹੈ।

੩. ਦੁੱਖਾਂ ਦੇ ਨਾਸ ਕਰਨ ਵਾਲਾ ਧਨੰਤਰ ਵੈਦ, ਪਾਪਾਂ ਦੇ ਨਾਸ ਕਰਨ ਵਾਲਾ ਬਿਆਸ ਭਗਵਾਨ, ਨਾਮ ਨੂੰ ਸ੍ਰਵਣ ਕਰਕੇ ਏਡੇ ਮਰਾਤਬੇ ਨੂੰ ਪਹੁੰਚੇ ਹਨ।

ਵਾ=ਨਾਮ ਸੁਣਨ ਨਾਲ ਹੁਣ ਵੀ ਧਨੰਤਰ ਵੈਦ ਤੇ ਬਿਆਸ ਭਗਵਾਨ ਦੀ ਪਦਵੀ ਤੇ ਪਹੁੰਚ ਸਕਦਾ ਹੈ। ਅਥਵਾ-ਇਨ੍ਹਾਂ ਪਾਸੋਂ ਵੀ ਨਾਮ ਦੀ ਮਹਿਮਾ ਸੁਣੀਦੀ ਹੈ।

ਸਿੱਧਾਂ, ਪੀਰਾਂ ਨਾਥਾਂ ਆਦਿ ਦਾ ਵੇਰਵਾ-

ਸਿਧ-ਜੋਗੀਆਂ ਦੇ ਵੱਡਕੇ ਜਿਨ੍ਹਾਂ ਦੀ ਗਿਣਤੀ ੮੪ ਹੈ। ਇਨ੍ਹਾਂ ਦਾ ਵੇਰਵਾ ਸੰਪ੍ਰਦਾਈ ਭਗਤ ਬਾਣੀ ਸਟੀਕ ਭਾਗ ਤੀਜਾ ਦੇ ੧੨੧੫ ਪੰਨੇ ਪਰ ਭੀ ਹੈ।

ਚੌਰਾਸੀ ਸਿਧ:-੧. ਸੂਰਸਿਧ, ੨. ਲੁਹਿਰੀਪਾ, ੩. ਭੰਗਰ, ੪. ਹਾਜੀਰਤਨ, ੫. ਖਿਥੜਾ, ੬. ਝੰਗਰ, ੭ ਕੇਵਲਕਰਨ, ੮. ਜਾਲਿਕਾ, ੯. ਸੰਗਰ, ੧੦. ਸਮਰਥ, ੧੧. ਨਿਰਤ, ੧੨. ਬਿਮਲਕਾ, ੧੩. ਲੰਗਰ। ੧੪. ਪੂਰਨ, ੧੫. ਨਾਸਿਕ, ੧੬. ਔਘੜ, ੧੭. ਊਰਮ, ੧੮. ਭਰਥਰਿ, ੧੯. ਈਸਰ,

੨੦.ਪਰਬਤ, ੨੧. ਧੁਰਮ, ੨੨. ਜੋਤਿ ਮਗਨ, ੨੩. ਸਿਧਸੈਨ, ੨੪. ਹਨੀਫਾ, ੨੫. ਰਾਇਐਨ, ੨੬. ਪਤਿ ਪ੍ਰਾਨ, ੨੭. ਕਨੀਫਾ, ੨੮. ਬਿਮਲ ਜੋਤਿ, ੨੯. ਸੀਤਲ ਜਲ, ੩੦. ਗਿਰਵਰ, ੩੧. ਚਤ੍ਰਸੈਨ, ੩੨. ਮੁਕਤੀਸਰ, ੩੩. ਗਿਰਧਰ, ੩੪. ਸੂਰਐਨ, ੩੫. ਗਿਰਬੋਧ, ੩੬. ਪਲਕਨਿਧ, ੩੭. ਸੰਭੂ, ੩੮. ਮਗਨਧਾਰ, ੩੯. ਕਨਕਾਸਿਧ, ੪੦. ਗੌਨ ਗੁਆਲ, ੪੧. ਕਾਲਿੰਦ੍ਰੇ, ੪੨. ਦਰਸ਼ਨ, ੪੩. ਚਲਨ ਜੋਤਿ, ੪੪. ਤੁਲਸਾਂ,੪੫. ਗੋਵਰਧਨ, ੪੬. ਕੇਵਲ ਕਰਮੀ, ੪੭. ਕਲਾ ਬਿਲਾਸੀ, ੪੮. ਭੂਤਵੇ, ੪੯. ਕੇਸ ਕਰਨ, ੫੦. ਕ੍ਰਮਨਾਸੀ, ੫੧. ਸੰਘਰ, ੫੨. ਕਿਸਨ ਕੁਆਰ, ੫੩. ਅਸਰਨਿਧ, ੫੪. ਪਲਕਾ, ੫੫. ਰਾਮ ਕੁਮਾਰ, ੫੬. ਰਾਮ ਸਿਧ. ੫੭. ਮੀਰ ਹੁਸੈਨੀ, ੫੮. ਆਪੰਰੂਪੀ, ੫੯. ਮੀਰ ਜੰਬੀਲ, ੬੦. ਕਲੇਸੰਧੂਪੀ, ੬੧. ਜੋਗਹਰੇ, ੬੨. ਖੁਲਾਸ, ੬੩. ਕਸਧੂਪੀ, ੬੪. ਕੇਵਲ ਕਰਮੀ, ੬੫. ਮੂਲਮੰਤ੍ਰੀ ੬੬. ਕਿਦਾਰ, ੬੭. ਨਾਸਿਕਾ, ੬੮. ਸਿਲਸਿਲਾ, ੬੯. ਤੁਰਤਰੰਗੀ, ੭੦. ਕੇਲੰਕਲ, ੭੧. ਕ੍ਰਨਜੋਗ, ੭੨. ਬਚਿਤ੍ਰਾ, ੭੩. ਈਸਰ ਪ੍ਰੰਗੀ, ੭੪. ਯੋਗ ਪਵਿਤ੍ਰਾ, ੭੫. ਸੰਭਾਲਕਾ, ੭੬. ਬਿਹੰਗਮ, ੭੭. ਬ੍ਰਹਮੰ ਜੋਗੀ, ੭੮. ਬ੍ਰਹਮੰ ਭੋਗੀ, ੭੯. ਸਰੁਸਤੀ, ੮੦. ਬਿਸਨਪਤੀ, ੮੧. ਗੰਧਾਰੀ, ੮੨. ਵਾਸੀਗੁਫਾ, ੮੩. ਬ੍ਰਹਮਬ੍ਰਤਧਾਰੀ, ੮੪. ਮੁਗਲ ਜੋਗ।

ਮੁਗਲ ਜੋਗ ਚੌਰਾਸੀ ਗਿਨਿਯੇ। ਸਰਬ ਨਾਮ ਸਿਧਨ ਕੇ ਜਨਿਯੇ॥੪੫॥

[ਨਾਨਕ ਪ੍ਰਕਾਸ਼ ਪੂਰਬਾਰਧ ਧਿਆ: ੬੪]

ਪੀਰ-ਮੁਸਲਮਾਨਾਂ ਦੇ ਗੁਰੂ। ਸੁਰ-ਦੇਵਤਿਆਂ ਨੂੰ ਕਹਿੰਦੇ ਹਨ।

ਨਾਥ-ਯੋਗ ਮਾਰਗ ਦੇ ਜੋ ਬਹੁਤ ਵੱਡੇ ਆਚਾਰਯ ਹੋਏ ਹਨ, ਜਿਨ੍ਹਾਂ ਦੀ ਗਿਣਤੀ ਨੌਂ ਹੈ-

੧. ਆਦ ਨਾਥ, ੨. ਮਛੰਦ੍ਰ ਨਾਥ, ੩. ਉਦਯ ਨਾਥ, ੪. ਸੰਤੋਖ ਨਾਥ, ੫. ਕੰਥੜ ਨਾਥ, ੬. ਸਤਜ ਨਾਥ, ੭. ਅਚੰਭਾ ਨਾਥ, ੮. ਚੌਰੰਗੀ ਨਾਥ, ੯. ਗੋਰਖ ਨਾਥ।

ਸੱਤਾਂ ਦੀਪਾਂ ਦੇ ਨਾਮ ਇਹ ਹਨ-

੧. ਜੰਬੂ ਦੀਪ, ੨. ਕੁਸ਼ ਦੀਪ? ੩. ਪਲਖਜ ਦੀਪ, ੪.ਸ਼ਾਂਤ ਦੀਪ, ੫. ਕ੍ਰੌਂਚ ਦੀਪ, ੬. ਪੁਸ਼ਕਰ ਦੀਪ, ੭. ਸਾਕ ਦੀਪ।

ਇਹ ਉਹ ਟੁਕੜੇ ਹਨ ਜਿਨ੍ਹਾਂ ਵਿਚ ਸ਼ਾਸ਼ਤ੍ਰਾਂ ਨੇ ਧਰਤੀ ਨੂੰ ਵੰਡਿਆ ਸੀ।

ਅੱਜ ਕਲ ਦੇ ਸਾਇੰਸਦਾਨਾਂ ਦੇ ਹਿਸਾਬ ਮੁਜਬ ਸੱਤ ਦੀਪ ਇਹ ਹਨ-

੧. ਏਸ਼ੀਆ, ੨. ਯੌਰਪ, ੩. ਅਫਰੀਕਾ, ੪. ਉਤਰੀ ਅਮਰੀਕਾ, ੫. ਦੱਖਣੀ ਅਮਰੀਕਾ, ੬. ਓਸ਼ੀਨੀਆਂ, ੭. ਧਰੁਵਾਂ ਦੇ ਲਾਗੇ ਬਰਫਾਂ ਹੇਠਾਂ ਪਈ ਧਰਤੀ।

ਸੱਤਾਂ ਪਤਾਲਾਂ ਦੇ ਨਾਮ ਇਹ ਹਨ-

੧. ਅਤਲ, ੨. ਵਿਤਲ, ੩. ਸੁਤਲ, ੪. ਤਲਾਤਲ, ੫. ਰਸਾਤਲ, ੬. ਮਹਾਤਲ, ੭. ਪਤਾਲ।

[ਅੱਠਵੀਂ ਪਉੜੀ ਦੇ ੬੪ ਅੱਖਰ ਹਨ।]

ਨੌਵੀਂ ਪਉੜੀ

ਇਸ ਪਉੜੀ ਵਿਚ ਆਪ ਗੁਰੂ ਜੀ ਫੁਰਮਾਉਂਦੇ ਹਨ ਕਿ ਨਾਮ ਦੇ ਸੁਣਨ ਨਾਲ ਦੇਵਤਿਆਂ ਵਾਲੀ ਉੱਚ-ਪਦਵੀ ਪ੍ਰਾਪਤ ਹੁੰਦੀ ਹੈ, ਅਤੇ ਨੀਚ ਜਾਤੀ ਵਾਲੇ ਪੁਰਸ਼ ਮੁਖੀਆਂ ਕਰਕੇ ਸਲਾਹੁਣੇ ਯੋਗ ਹੋ ਜਾਂਦੇ ਹਨ, ਅਤੇ ਸਰੀਰ ਦਾ ਸਾਰਾ ਭੇਦ ਪ੍ਰਾਪਤ ਹੁੰਦਾ ਹੈ।

ਸੁਣਿਐ ਈਸਰੁ ਬਰਮਾ ਇੰਦੁ॥

੧. ਨਿਸਚੇ ਸਹਿਤ ਨਾਮ ਦੇ ਸੁਣਨ ਕਰਕੇ ਇੰਦੁ=ਪ੍ਰਕਾਸ਼ ਰੂਪ ਜੋ ਬ੍ਰਹਮਾ=ਵਿਆਪਕ ਈਸ਼ੁਰ ਹੈ। ਉਸ ਦਾ ਸਰੂਪ ਹੋ ਜਾਂਦਾ ਹੈ।

੨. ਨਾਮ ਸੁਣਦਿਆਂ ਸੁਣਦਿਆਂ ਈਸਰੁ=ਸ਼ਿਵ ਅਤੇ ਬ੍ਰਹਮਾਂ ਦਾ ਇੰਦੁ=ਮਾਲਕ ਬਣ ਜਾਂਦਾ ਹੈ।

੩. ਨਾਮ ਦੇ ਸੁਣਨ ਕਰਕੇ ਈਸਰੁ=ਸ਼ਿਵ, ਬਰਮਾ=ਬ੍ਰਹਮਾ, ਇੰਦੁ=ਵਿਸ਼ਨੂੰ ਵਾ ਇੰਦਰ ਰਾਜਾ, ਵਾ ਇੰਦੁ=ਚੰਦਰਮਾ ਵਿਚ ਸਾਰੇ ਉੱਚ ਪਦਵੀ ਨੂੰ ਪ੍ਰਾਪਤ ਹੋਏ ਹਨ।

੪. ਨਾਮ ਸੁਣਨ ਕਰਕੇ ਹੁਣ ਉੱਚ ਪਦਵੀ ਪ੍ਰਾਪਤ ਹੋ ਸਕਦੀ ਹੈ।

੫. ਇਹਨਾਂ ਦੇਵਤਿਆਂ ਪਾਸੋਂ ਵੀ ਨਾਮ ਦੀ ਮਹਿਮਾ ਸੁਣੀਦੀ ਹੈ।

ਸਾਖੀ—ਅਮਰ ਕਥਾ ਦੀ

ਜਿਵੇਂ ਸ਼ਿਵਜੀ ਨੇ ਪਾਰਬਤੀ ਤਾਈਂ ਅਮਰ ਕਥਾ ਦੁਆਰੇ ਰਾਮ ਨਾਮ ਦੀ ਮਹਿਮਾ ਸੁਣਾਈ ਹੈ, ਉਹ ਇਸ ਪ੍ਰਕਾਰ ਹੈ-

ਇਕ ਵਾਰ ਨਾਰਦ ਮੁਨੀ ਨੇ ਪਾਰਬਤੀ ਨੂੰ ਆ ਕੇ ਕਿਹਾ ਕਿ "ਹੇ ਪਾਰਬਤੀ! ਤੈਨੂੰ ਇਹ ਪਤਾ ਹੈ ਕਿ ਸ਼ਿਵਾਂ ਨੇ ਆਪਣੇ ਗਲ ਵਿਚ ਜੋ ਰੁੰਡਾਂ [ਸਿਰਾਂ] ਦੀ ਮਾਲਾ ਪਾਈ ਹੋਈ ਹੈ ਇਹ ਕਿਸ ਦੇ ਸਿਰਾਂ ਦੀ ਹੈ?

ਪਾਰਬਤੀ ਨੇ ਕਿਹਾ, "ਮੈਨੂੰ ਤਾਂ ਕੋਈ ਪਤਾ ਨਹੀਂ ਹੈ, ਆਪ ਹੀ ਕਿਰਪਾ ਕਰਕੇ ਦੱਸੋ।"

ਨਾਰਦ ਮੁਨੀ ਨੇ ਕਿਹਾ, "ਉਹ ਤੇਰੇ ਹੀ ਸਿਰਾਂ ਦੀ ਮਾਲਾ ਹੈ, ਕਿਉਂਕਿ ਤੇਰਾ ਇੱਕੀ ਵਾਰ ਜਨਮ ਮਰਨ ਹੋਇਆ ਹੈ ਤੇ ਸ਼ਿਵਜੀ ਮਹਾਰਾਜ ਜੀ ਆਪ ਅਮਰ ਹਨ ਤੇ ਤੈਨੂੰ ਉਹਨਾਂ ਨੇ ਐਵੇਂ ਹੀ ਰੱਖਿਆ ਹੋਇਆ ਹੈ ਤੂੰ ਉਹਨਾਂ ਨੂੰ ਕਹਿ ਕੇ ਅਮਰ ਕਿਉਂ ਨਹੀਂ ਹੁੰਦੀ?"

ਨਾਰਦ ਤੋਂ ਇਹ ਗੱਲ ਸੁਣਕੇ ਪਾਰਬਤੀ ਨੇ ਸ਼ਿਵਾਂ ਅੱਗੇ ਬੇਨਤੀ ਕੀਤੀ-"ਹੇ ਸੁਆਮੀ ਜੀ ! ਮੈਨੂੰ ਭੀ ਕੋਈ ਅਮਰ ਕਥਾ ਸੁਣਾਕੇ ਅਮਰ ਕਰੋ।"

ਤਾਂ ਸ਼ਿਵਾਂ ਨੇ ਓਹੁ ਅਮਰ ਕਥਾ ਸੁਣਾਈ ਜੋ ਰਾਮਾਇਣ ਵਿਖੇ 'ਰਾਮ ਰਿਦਾ' ਨਾਮ ਕਰਕੇ ਪ੍ਰਸੰਗ ਹੈ ਕਿ ਸੀਤਾ ਨੇ ਹੀ ਸਭ ਅਕਾਰ ਧਾਰੇ ਹਨ, ਸੀਤਾ ਹੀ ਸਭ ਕੁਝ ਹੈ, ਰਾਮ ਸਾਰਿਆਂ ਨੂੰ ਸੱਤਾ ਸਫੁਰਤੀ ਦੇ ਰਿਹਾ ਹੈ। ਉਹ ਰਾਮ ਅਮਰ ਹੈ, ਅਜਰ ਹੈ, ਅਟੱਲ ਹੈ। ਇਹ ਕਥਾ ਸੁਣਾ ਕੇ ਅਮਰ ਕਰਨ ਦਾ

ਇਰਾਦਾ ਕੀਤਾ।

ਪਹਿਲੇ ਅਮਰ ਕਥਾ ਸ੍ਵੇਤ-ਦੀਪ ਵਿਚ ਸੁਣਾਈ ਤੇ ਪਾਰਬਤੀ ਸੌਂ ਗਈ।

ਦੁਬਾਰਾ ਕ੍ਰੌਂਚ ਦੀਪ ਵਿਚ ਸੁਣਾਈ ਸਮੁੰਦਰ ਦੇ ਕੰਢੇ ਪਰ ਜਿਥੇ ਹੋਰ ਕੋਈ ਭੀ ਨਹੀਂ ਸੀ ਉਥੇ ਭੀ ਪਾਰਬਤੀ ਨੂੰ ਨੀਂਦ ਆ ਗਈ। ਜਿਸ ਵੇਲੇ ਜਾਗੀ ਤਾਂ ਕਹਿਣ ਲੱਗੀ, "ਹੇ ਸੁਆਮੀ ਜੀ ! ਮੈਨੂੰ ਤਾਂ ਨੀਂਦ ਆ ਗਈ।" ਪਾਰਬਤੀ ਦੇ ਖਹਿੜੇ ਪੈਣ ਪਰ ਤੀਜੀ ਵਾਰ ਫੇਰ ਕਸ਼ਮੀਰ-ਅਮਰ ਨਾਥ ਪਰ ਕਥਾ ਸੁਣਾਈ ਤਦ ਵੀ ਪਾਰਬਤੀ ਨੂੰ ਨੀਂਦ ਆ ਗਈ ਤੇ ਤੋਤੀ ਦਾ ਬੱਚਾ ਹੁੰਗਾਰਾ ਭਰਦਾ ਰਿਹਾ।

ਜਦ ਸ਼ਿਵਾਂ ਨੇ ਭੋਗ ਪਾਇਆ, ਨੇਤਰ ਖੋਲ੍ਹੇ ਤਾਂ ਕੀ ਤੱਕਿਆ ਕਿ ਪਾਰਬਤੀ ਸੁੱਤੀ ਪਈ ਹੈ ਤੇ ਹੁੰਗਾਰਾ ਕੌਣ ਭਰਦਾ ਰਿਹਾ ਹੈ? ਇਧਰ ਉਧਰ ਤੱਕਿਆ ਤਾਂ ਬ੍ਰਿਛ ਪਰ ਤੋਤੀ ਦਾ ਬੱਚਾ ਬੈਠਾ ਦੇਖਿਆ, ਉਸ ਦੇ ਮਾਰਨ ਨੂੰ ਤਿਆਰ ਹੋ ਗਏ। ਉਸੀ ਵੇਲੇ ਉਹ ਉਡ ਕੇ ਬਿਆਸ ਜੀ ਦੇ ਘਰ ਜਾ ਕੇ ਉਸ ਦੀ ਸੁਪਤਨੀ ਦੇ ਮੂੰਹ ਵਿਚ ਪੈ ਕੇ ਗਰਭ ਵਿਚ ਚਲਾ ਗਿਆ ਤੇ ਸ਼ਿਵਜੀ ਓਥੇ ਹੀ ਧੂਣਾ ਲਗਾ ਕੇ ਬੈਠ ਗਏ।

ਅਖੀਰ ਜਦੋਂ ਉਸ ਦੇ ਜਨਮ ਦਾ ਸਮਾਂ ਆਇਆ ਤਾਂ ਨਾਰਦ ਨੇ ਆ ਕੇ ਆਖਿਆ, "ਹੇ ਸ਼ਿਵ ਜੀ ! ਆਪ ਇਥੇ ਕਿਉਂ ਬੈਠੇ ਹੋ?"

ਸ਼ਿਵਾਂ ਨੇ ਕਿਹਾ-"ਮੇਰਾ ਇਥੇ ਵੈਰੀ ਹੈ, ਉਸ ਨੂੰ ਮੈਂ ਮਾਰਨਾ ਹੈ।"

ਨਾਰਦ ਨੇ ਕਿਹਾ-"ਤੇਰਾ ਇਥੇ ਕਿਵੇਂ ਵੈਰੀ ਹੈ?"

ਸ਼ਿਵਾਂ ਨੇ ਕਿਹਾ-"ਉਹ ਮੇਰੀ ਅਮਰ ਕਥਾ ਸੁਣਦਾ ਰਿਹਾ ਹੈ।"

ਨਾਰਦ ਨੇ ਕਿਹਾ-"ਤੁਹਾਡੀ ਅਮਰ ਕਥਾ ਸੁਣਨ ਦਾ ਕੀ ਮਹਾਤਮ ਹੈ?"

ਸ਼ਿਵਾਂ ਨੇ ਕਿਹਾ-"ਜੋ ਕਥਾ ਸੁਣਦਾ ਹੈ ਉਹ ਅਮਰ ਹੋ ਜਾਂਦਾ ਹੈ।"

ਨਾਰਦ ਨੇ ਕਿਹਾ-"ਅਮਰ ਹੋਏ ਹੋਏ ਨੂੰ ਤੁਸੀਂ ਕਿਵੇਂ ਮਾਰੋਗੇ?"

ਇਹ ਗੱਲ ਸੁਣ ਕੇ ਸ਼ਿਵ ਜੀ ਉੱਠ ਕੇ ਚਲੇ ਗਏ।

ਪਿੱਛੋਂ ਫਿਰ ਸੁਕਦੇਵ ਜੀ+ ਜੰਮ ਪਏ। ਜੰਮਦਿਆਂ ਸਾਰ ਹੀ ਉਦਾਸੀ ਧਾਰ ਕੇ ਜੰਗਲ ਵਿਚ ਚਲੇ ਗਏ।

ਇਸ ਤਰ੍ਹਾਂ ਕਰਕੇ ਸ਼ਿਵਾਂ ਨੇ ਨਾਮ ਦੀ ਮਹਿਮਾ ਸੁਣਾਈ ਹੈ।

ਅਥਵਾ-ਸ਼ਿਵ ਜੀ ਤਾਂ ਚੰਗੀ ਤਰ੍ਹਾਂ ਨਾਮ ਦੇ ਪ੍ਰਤਾਪ ਨੂੰ ਜਾਣਦੇ ਹਨ। ਜਿਸ ਵੇਲੇ ਦੁਰਬਾਸ਼ਾ ਰਿਖੀ ਦੇ ਸਰਾਪ ਕਰਕੇ ਇੰਦਰ ਪਾਸੋਂ ਸਭ ਰਤਨਾਂ ਦਾ ਅਭਾਵ ਹੋ ਗਿਆ ਤਾਂ ਉਸ ਨੇ ਰਤਨਾਂ ਦੀ ਪ੍ਰਾਪਤੀ ਵਾਸਤੇ ਵਿਸ਼ਨੂੰ ਭਗਵਾਨ ਜੀ ਪਾਸ ਬੇਨਤੀ ਕੀਤੀ। ਤਦ ਵਿਸ਼ਨੂੰ ਭਗਵਾਨ ਨੇ ਸਮੁੰਦਰ ਰਿੜਕ ਕੇ ਚੌਦਾਂ ਰਤਨ ਕੱਢੇ।

+ਨੋਟ-ਸੁਕਦੇਵ ਰਿਖੀ ਦੀ ਸਾਖੀ ਗਿਆਨੀ ਬਿਸ਼ਨ ਸਿੰਘ ਸੁਹਾਣਾ ਨੇ ਭਾਈ ਗੁਰਦਾਸ ਜੀ ਦੇ ਕਬਿੱਤ ਸਵਈਆਂ ਦੇ ਟੀਕੇ ਵਿਚ ੪੧੦ ਪੰਨੇ ਤੇ ਫੁਟਨੋਟ ਵਿਚ ਲਿਖੀ ਹੈ।

"ਜੈਸੇ ਸੁਕਦੇਵ ਕੇ ਜਨਮ ਸਮੈਂ ਜਾਕੌ ਜਾਕੌ, ਜਨਮੁ ਭਇਓ ਤੇ ਸਕਲ ਸਿੱਧ ਜਾਨੀਐ।"

(ਭਾਈ ਗੁਰਦਾਸ ਜੀ ਕਬਿਤ ੩੬੧)

ਯਥਾ—"ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥"

[ਰਾਮਕਲੀ ਵਾਰ ਤੀਜੀ, ਪੰਨਾ ੯੬੮]

ਜਿਸ ਵੇਲੇ ਸਮੁੰਦਰ 'ਚੋਂ ਵਿਹੁ [ਜ਼ਹਿਰ] ਨਿਕਲੀ ਤਾਂ ਉਸ ਦੇ ਤੇਜ਼ ਨਾਲ ਦੁਨੀਆਂ ਦੇ ਲੋਕ ਘਬਰਾਹਟ ਵਿਚ ਪੈ ਗਏ। ਉਸ ਵੇਲੇ ਸਭ ਦੇਵਤਿਆਂ ਨੂੰ ਕਿਹਾ, ਪਰ ਵਿਹੁ ਦੇ ਸਾਹਮਣੇ ਕੋਈ ਨਾ ਹੋਵੇ। ਉਸ ਵੇਲੇ ਸ਼ਿਵਾਂ ਨੂੰ ਕਿਹਾ, ਇਸ ਵਿਹੁ ਦਾ ਤੇਜ਼ ਮੰਦ ਕਰੋ ਤਾਂ ਸ਼ਿਵ ਜੀ ਮੰਨ ਗਏ।

ਸਭ ਪਰਜਾ ਨੂੰ ਦੁਖੀ ਵੇਖਕੇ ਸ਼ਿਵਾਂ ਨੇ ਝਟ ਪਟ 'ਰਾ' ਅੱਖਰ ਉਚਾਰ ਕੇ ਸਾਰੀ ਵਿਹੁ ਮੂੰਹ ਵਿਚ ਪਾ ਲਈ ਤੇ ਉਪਰੋਂ 'ਮ' ਅੱਖਰ ਉਚਾਰ ਕੇ ਉਸ ਨੂੰ ਗਲ ਦੇ ਵਿਚ ਹੀ ਬੰਦ ਕਰ ਲੀਤਾ। ਉਸ ਵੇਲੇ ਸ਼ਿਵਾਂ ਦਾ ਗਲ ਵਿਹੁ ਕਰਕੇ ਨੀਲਾ ਹੋ ਗਿਆ, ਜਿਸ ਤੋਂ ਸ਼ਿਵਾਂ ਦਾ ਨਾਮ "ਨੀਲਕੰਠ" ਪੈ ਗਿਆ।

ਪਰਮਾਤਮਾ ਦੇ ਨਾਮ ਦੇ ਪ੍ਰਤਾਪ ਕਰਕੇ ਸ਼ਿਵਾਂ ਨੇ ਸਮੁੰਦਰ 'ਚੋਂ ਨਿਕਲੀ ਹੋਈ ਸਾਰੀ ਵਿਹੁ ਆਪਣੇ ਗਲ ਵਿਚ ਪਚਾ ਲੀਤੀ।

ਯਥਾ—"ਨਾਮ ਮਹਾਤਮ ਸ਼ੰਕਰ ਜਾਨਤਿ, ਕੰਠ ਹਲਾਹਲ ਲੀਨਿ ਪਚਾਈ।"

[ਨਾਨਕ ਪ੍ਰਕਾਸ਼, ਅਧਿ: ੧]

ਏਸੇ ਤਰ੍ਹਾਂ

ਬ੍ਰਹਮਾ ਵੀ ਨਾਮ ਦੇ ਪ੍ਰਤਾਪ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਜਿਸ ਦੀ ਸਹਾਇਤਾ ਪਾ ਕੇ ਬ੍ਰਹਮਾ ਨੇ ਸਾਜੇ ਸਹਪੰਚ ਨੂੰ ਬਣਾਇਆ।

ਯਥਾ—"ਆਤਮ ਭੂ ਭਲਿ ਰੀਤਿ ਪਛਾਨਤਿ, ਜਾਂ ਬਲ ਸੋ ਪਰਪੰਚ ਬਨਾਈ॥੪੬॥"

[ਨਾਨਕ ਪ੍ਰਕਾਸ਼, ਅਧਿ:੧]

ਬ੍ਰਹਮ ਪੁਰਾਣ ਵਿਚ ਲਿਖਿਆ ਹੈ ਕਿ-ਬ੍ਰਹਮਾ ਨੇ ਆਪਣੇ ੬੦ ਹਜ਼ਾਰ ਬਾਲ ਖਿਲ ਪੁੱਤਰਾਂ ਨੂੰ, ਰਿਖੀਆਂ ਨੂੰ ਅਤੇ ਸਨਕਾਦਿਕਾਂ ਨੂੰ ਰਾਮ ਨਾਮ ਦੀ ਮਹਿਮਾ ਸੁਣਾਈ ਹੈ।

ਅਤੇ ਵਿਸ਼ਨੂੰ ਭੀ ਨਾਮ ਦੀ ਮਹਿਮਾ ਨੂੰ ਜਾਣਦਾ ਹੈ।

ਜਿਵੇਂ ਨਰਸਿੰਘ ਉਪਨਿਸ਼ਦ ਵਿਚ ਲਿਖਿਆ ਹੈ ਕਿ-

ਵਿਸ਼ਨੂੰ ਜੀ ਨੇ ੭੦ ਹਜ਼ਾਰ ਵਰ੍ਹੇ ਨਾਮ ਮਹਿਮਾ ਸ੍ਰਵਣ ਕਰਕੇ ਵਿਸ਼ਨ ਪਦਵੀ ਪ੍ਰਾਪਤ ਕੀਤੀ ਹੈ।

ਚੰਦ੍ਰਮਾ ਨੇ ਅੰਤਰਿਕ ਲੋਕ ਦੇ ਮੁਨੀਆਂ ਨੂੰ ਪਰਮੇਸ਼ਰ ਨਾਲ ਮਿਲਣ ਦਾ ਸਾਧਨ ਨਾਮ ਹੀ ਦੱਸਿਆ ਹੈ।

ਇੰਦਰ ਵੀ ਚੰਗੀ ਤਰ੍ਹਾਂ ਨਾਮ ਦੀ ਮਹਿਮਾ ਨੂੰ ਜਾਣਦਾ ਹੈ।

ਗੋਪਾਲ ਤਾਪਨੀ ਉਪਨਿਸ਼ਦ ਵਿਚ ਲਿਖਿਆ ਹੈ ਕਿ-

ਇੰਦਰ ੧੦੧ ਸਾਲ ਪਰਜਾਪਤੀ ਦੀ ਸੇਵਾ ਕਰਕੇ ਨਾਮ ਦੀ ਮਹਿਮਾ ਸੁਣਦਾ ਰਿਹਾ ਹੈ।

ਦੂਜੀ ਸਾਖੀ ਇਹ ਭੀ ਸੁਣਾਉਂਦੇ ਹਨ ਕਿ ਗੌਤਮ ਰਿਖੀ ਦੇ ਘਰ ਜਾ ਕੇ ਅਹਿਲਿਆ ਨਾਲ ਸਬੰਧ ਕਰਨ ਨਾਲ ਜਦ ਇੰਦਰ ਨੂੰ ਹਜ਼ਾਰ ਭਗ ਦਾ ਸਰਾਪ ਮਿਲਿਆ ਹੈ।

ਯਥਾ—ਸਹੰਸਰ ਦਾਨ ਦੇ ਇੰਦ੍ਰ ਰੋਆਇਆ॥ *[ਰਾਮਕਲੀ ਵਾਰ, ਪੰਨਾ ੯੫੩]*

ਤਦ ਸ਼ਰਮ ਦਾ ਮਾਰਿਆ ਆਪਣੇ ਇੰਦਰ ਲੋਕ ਵਿਚ ਨਹੀਂ ਗਿਆ, ਮਾਨਸਰ ਝੀਲ ਤੇ

ਕਵਲਾਂ ਦੀ ਬਗੀਚੀ ਵਿਚ ਲੁਕ ਗਿਆ। ਜਦ ਲੁਕਿਆ ਕਾਫੀ ਸਮਾਂ ਗੁਜ਼ਰ ਗਿਆ ਦੇਵਤਿਆਂ ਨੇ ਵਿਚਾਰਿਆ ਸਾਡਾ ਰਾਜਾ ਕਿਥੇ ਚਲਾ ਗਿਆ ਹੈ। ਬਹੁਤ ਚਿਰ ਦੇਵਤੇ ਲੱਭਦੇ ਫਿਰਦੇ ਰਹੇ।

ਏਧਰ ਦੈਂਤਾਂ ਨੂੰ ਭੀ ਪਤਾ ਲੱਗ ਗਿਆ ਕਿ ਦੇਵਤਿਆਂ ਦਾ ਰਾਜਾ ਇੰਦਰ ਕਿਧਰੇ ਦੌੜ ਗਿਆ ਹੈ। ਉਨ੍ਹਾਂ ਨੂੰ ਭੀ ਦੇਵਤਿਆਂ ਪਰ ਜ਼ੋਰ ਪਾਉਣ ਦਾ ਸਮਾਂ ਮਿਲ ਗਿਆ।

ਫਿਰ 'ਸਚੀ' ਨਾਮੇ ਪਟਰਾਣੀ ਨੇ ਆਪਣੇ ਗੁਰੂ ਬ੍ਰਹਸਪਤੀ ਪਾਸ ਬੇਨਤੀ ਕੀਤੀ ਕਿ ਮੇਰੇ ਪਤੀ ਦਾ ਕੁਝ ਪਤਾ ਨਹੀਂ ਲੱਗਦਾ ਕਿ ਇਸ ਵੇਲੇ ਕਿੱਥੇ ਹਨ, ਆਪ ਕਿਰਪਾ ਕਰਕੇ ਦੱਸੋ।

ਤਦ ਬ੍ਰਹਸਪਤੀ ਨੇ ਇੰਦਰ ਦੀ ਸਾਰੀ ਕਰਤੂਤ ਦੱਸ ਕੇ ਕਿਹਾ ਕਿ ਉਹ ਤਾਂ ਫਲਾਣੀ ਜਗ੍ਹਾ ਲੁਕਿਆ ਹੋਇਆ ਹੈ। ਉਸ ਵੇਲੇ 'ਸਚੀ' ਹੱਥ ਜੋੜ ਕੇ ਬਹੁਤ ਸਾਰੀਆਂ ਬੇਨਤੀਆਂ ਕਰਕੇ ਗੁਰੂ ਜੀ ਨੂੰ ਉਥੇ ਲੈ ਕੇ ਆਈ ਜਿਥੇ ਇੰਦਰ ਸੀ। ਹੱਥ ਜੋੜ ਕੇ ਕਿਹਾ, 'ਹੁਣ ਇਹ ਕਾਫੀ ਚਿਰ ਡੰਨ ਭੋਗ ਚੁੱਕਾ ਹੈ, ਹੁਣ ਇਸ ਨੂੰ ਬਖਸ਼ ਦਿਉ ਤਾਂ ਕਿ ਆਪਣਾ ਰਾਜ ਸੰਭਾਲੇ ਨਹੀਂ ਤਾਂ ਦੈਂਤ ਕਬਜ਼ਾ ਕਰ ਲੈਣਗੇ।'

ਓਥੇ ਸ਼ਿਵ ਜੀ ਭੀ ਪਹੁੰਚੇ ਹੋਏ ਸਨ। ਇੰਦਰ ਨੂੰ ਵੇਖ ਕੇ ਹੱਸ ਪਏ ਅਤੇ ਬ੍ਰਹਸਪਤੀ ਜੀ ਨੇ ਕਿਹਾ-'ਹੇ ਸ਼ਿਵ ਜੀ ! ਆਪ ਇਸ ਉਤੇ ਕਿਰਪਾ ਕਰੋ।'

ਸ਼ਿਵਾਂ ਨੇ ਕਿਹਾ, 'ਤੁਸੀਂ ਦੇਵਤਿਆਂ ਦੇ ਗੁਰੂ ਹੋ ਆਪ ਹੀ ਕਿਰਪਾ ਕਰ ਕੇ ਤਾਰਕਾ ਮੰਤ੍ਰ ਦੁਆਰਾ ਰਾਮ ਨਾਮ ਸੁਣਾ ਕੇ ਇਸ ਦਾ ਕੋੜ੍ਹ ਹਟਾ ਦਿਓ। ਜਦ ਗੁਰੂ ਬ੍ਰਹਸਪਤੀ ਜੀ ਨੇ ਰਾਮ ਨਾਮ ਮੰਤ੍ਰ ਸੁਣਾਇਆ ਤਾਂ ਸਾਰਾ ਕੋੜ੍ਹ ਦੂਰ ਹੋ ਗਿਆ। ਹਜ਼ਾਰ ਭਗ ਤੋਂ ਰਾਜੇ ਇੰਦਰ ਦੇ ਹਜ਼ਾਰ ਨੇਤ੍ਰ ਹੋ ਗਏ।

ਇਹ ਕੇਵਲ ਨਾਮ ਦੀ ਮਹਿਮਾ ਹੈ। ਜਿਸ ਦੇ ਸੁਣਨ ਨਾਲ ਇੰਦ੍ਰ ਅਰੋਗ ਹੋਇਆ, ਇਸ ਕਰਕੇ ਦੇਵਤਿਆਂ ਦਾ ਰਾਜਾ ਇੰਦਰ ਚੰਗੀ ਤਰ੍ਹਾਂ ਨਾਮ ਦੇ ਪ੍ਰਤਾਪ ਨੂੰ ਜਾਣਦਾ ਹੈ।

ਸੁਣਿਐ ਮੁਖਿ ਸਾਲਾਹਣ ਮੰਦੁ॥

ਨਾਮ ਦੇ ਸ੍ਰਵਣ ਕਰਨ ਨਾਲ ਇਹ ਜੀਵ ਆਪਣੇ ਮੂੰਹ ਤੋਂ ਪਰਮਾਤਮਾ ਦੀ ਸਿਫਤ ਦੇ ਸਲਾਹੁਣੇ ਮੰਦੁ=ਵਾਲਾ* ਹੋ ਜਾਂਦਾ ਹੈ।

ਵਾ-ਨਾਮ ਦੇ ਸੁਣਨ ਕਰਕੇ ਮੰਦੁ=ਨੀਚ ਪੁਰਸ਼ ਭੀ ਮੁਖੀਆਂ ਕਰਕੇ ਸਲਾਹੁਣ ਯੋਗ ਹੋ ਜਾਂਦਾ ਹੈ।

ਯਥਾ—"ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥੧॥"

[ਆਸਾ ਮਹਲਾ ੫, ਪੰ: ੩੮੬]

ਤਥਾ—'ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥ ੧॥'

[ਸੂਹੀ ਮਹਲਾ ੫, ਪੰਨਾ ੭੩੩]

**'ਮੰਦ' ਦਾ ਅਰਥ 'ਵਾਲਾ' ਹੈ, ਜਿਵੇਂ ਕਿ ਦੌਲਤ ਮੰਦ, ਅਕਲਮੰਦ ਭਾਵ ਦੌਲਤ ਵਾਲਾ ਤੇ ਅਕਲ ਵਾਲਾ।*

ਤਿਵੇਂ-ਅਰਥ ਲਈ 'ਮੰਦ' ਪਦ ਦੀ ਜਗ੍ਹਾ ਮੰਤ ਹੋ ਜਾਵੇਗਾ। ਕਿਉਂਕਿ-ਤ, ਥ, ਦ, ਧ, ਨ, ਇਹ ਸੁਵਰਨੀ ਅੱਖਰ ਹਨ। ਸੁਵਰਨੀ ਅੱਖਰਾਂ ਦਾ ਆਪਸ ਵਿਚ ਸਬੰਧ ਹੋਣ ਕਰਕੇ ਮੰਦੁ ਦੀ ਜਗ੍ਹਾ ਮੰਤੁ ਬੋਲ ਸਕੀਦਾ ਹੈ ਮੰਤ ਦਾ ਅਰਥ 'ਵਾਲਾ' ਹੈ।

ਤਥਾ—"ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ॥
ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥੩॥
ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ॥
ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ॥੪॥੪॥"

[ਗੌਂਡ ਮਹਲਾ ੪, ਪੰਨਾ ੮੬੧]

ਸਾਖੀ—ਭੀਲਣੀ ਦੀ

ਜਿਸ਼ ਦੇ ਚਰਨਾਂ ਦਾ ਜਲ ਪੈਣ ਕਰਕੇ ਪੰਪਾਸਰ ਦਾ ਜਲ ਪਵਿੱਤ੍ਰ ਹੋ ਗਿਆ ਸੀ। ਇਹ ਓਹੀ ਭੀਲਣੀ ਹੈ ਜਿਸ ਨੂੰ ਸੰਤਾਂ ਨੇ ਮਾਰ ਕੇ ਆਪਣੀ ਸੇਵਾ ਤੋਂ ਕਿਨਾਰੇ ਕਰ ਦਿੱਤਾ ਸੀ। ਹੁਣ ਉਸੇ ਭੀਲਣੀ ਦੇ ਚਰਨ ਧੋਣ ਲਈ ਤਿਆਰ ਹੋ ਗਏ ਹਨ।*

ਜਿਵੇਂ-ਭਾਈ ਲੱਖੂ ਪਹਿਲੇ ਧਾੜਵੀ ਸੀ ਇਸ ਕਰਕੇ ਇਸ ਨੂੰ ਮੰਦ ਕਿਹਾ ਹੈ ਅਤੇ

ਜਿਵੇਂ-ਭਾਈ ਬਿਧੀ ਚੰਦ ਵੀ ਮੰਦ ਸੀ, ਪਰ ਸਤਿਗੁਰਾਂ ਤੋਂ ਨਾਮ ਦੀ ਮਹਿਮਾ ਸੁਣ ਕੇ ਮੁਖੀ ਹੋ ਕੇ ਮੁਖੀਆਂ ਕਰਕੇ ਸਲਾਹੁਣੇ ਯੋਗ ਹੋ ਗਿਆ।

ਵਾ-ਨਾਮ ਨੂੰ ਸੁਣਨ ਵਾਲੇ ਮੁਖੀ ਪੁਰਸ਼ ਅਤੇ ਮੰਦ ਪੁਰਸ਼ ਵੀ ਸਲਾਹੁਣਾ ਕਰਦੇ ਹਨ।

ਵਾ-ਮੰਦ ਸੰਕਲਪਾਂ ਦੇ ਚਿਤਵਨ ਵਾਲਾ ਜੋ ਮਨ ਹੈ ਉਹ ਨਾਮ ਸੁਣਨ ਨਾਲ ਮੁਖੀਆਂ ਕਰਕੇ ਸਲਾਹੁਣੇ ਯੋਗ ਹੋ ਜਾਂਦਾ ਹੈ।

ਏਸੇ ਕਰਕੇ ਹਜ਼ੂਰ ਨੇ ਸ੍ਰੀ ਮੁਖਵਾਕ ਕਥਨ ਕੀਤਾ ਹੈ—

"ਛੰਛਾ ਖਟੁ ਸਾਸਤ੍ਰ ਹੋਇ ਛਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥
ਛਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥
ਰਾਮ ਨਾਮ ਸੰਗਿ ਮਨਿ ਨਹੀਂ ਹੇਤਾ॥ ਜੌ ਕਛੁ ਕੀਨੌ ਸੋਊ ਅਨੇਤਾ॥
ਉਆ ਤੇ ਊਤਮੁ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੋਪਾਲਾ॥੧੬॥"

[ਗਉੜੀ ਬਾਵਨ ਅਖਰੀ, ਪੰਨਾ ੨੫੩]

ਸੁਣਿਐ ਜੋਗ ਜੁਗਤਿ ਤਨਿ ਭੇਦ॥

ਨਾਮ ਦੇ ਸੁਣਨ ਕਰਕੇ ਹਠ ਜੋਗ ਵਿਚ ਜੁਗਤਿ=ਜੁੜ ਕੇ ਸਰੀਰ ਦੇ ਭੇਦ ਨੂੰ ਨਿਸਚੇ ਕਰਦਾ ਹੈ ਕਿ ਇਸ ਸਰੀਰ ਵਿਚ ੭੨ ਕਰੋੜ ੭੨ ਲੱਖ ੧੦ ਹਜ਼ਾਰ ੨੦੧ ਅਸਥੂਲ ਨਾੜੀ ਹੈ। ਸੂਖਮ ਨਾੜੀਆਂ ਦਾ ਤਾਂ ਅੰਤ ਹੀ ਕੋਈ ਨਹੀਂ।

ਯਥਾ—"ਨਾਮਿ ਰਤੇ ਜੋਗ ਜੁਗਤਿ ਬੀਚਾਰੁ॥"

[ਰਾਮਕਲੀ ਸਿਧ ਗੋਸਟ, ਪੰਨਾ ੯੪੧]

---

*ਇਹ ਸਾਖੀ ਇਸੇ ਪੋਥੀ ਦੇ ੧੧੪ ਪੰਨੇ ਤੇ ਆ ਚੁਕੀ ਹੈ।

ਵਾ-ਹਠ ਜੋਗ ਵਿਖੇ ਜੁੜ ਕੇ ਤਨ ਦੇ ਜੋ ਭੇਦ-ਚੱਕਰ ਹਨ+ ਉਨ੍ਹਾਂ ਨੂੰ ਨਿਸਚੇ ਕਰਦਾ ਹੈ।

ਵਾ-ਭਗਤੀ ਜੋਗ ਵਿਚ ਜੁੜ ਕੇ ਤਨ ਦੇ ਭੇਦ ਨੂੰ ਨਿਸਚੇ ਕਰਦਾ ਹੈ ਕਿ ਮਨੁੱਖਾ ਜਨਮ ਫਿਰ ਪ੍ਰਾਪਤ ਹੋਣਾ ਬਹੁਤ ਦੁਰਲਭ ਭਾਵ ਕਠਨ ਹੈ।

ਯਥਾ—"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥"

[ਸਲੋਕ ਕਬੀਰ ਜੀ, ਪੰਨਾ ੧੩੬੬]

ਅਥਵਾ-ਗਿਆਨ ਜੋਗ ਵਿਚ ਜੁੜ ਕੇ ਸਰੀਰ ਦੇ ਭੇਦ ਨੂੰ ਨਿਸਚੇ ਕਰਦਾ ਹੈ ਕਿ ਇਹ ਸਰੀਰ ਅਸੱਤ, ਜੜ੍ਹ, ਦੁੱਖ ਰੂਪ ਹੈ।

ਵਾ-ਤਨ ਨਾਲੋਂ ਜੋ ਆਤਮਾ ਦਾ ਭੇਦ ਹੈ ਉਸ ਨੂੰ ਜਾਣ ਲੈਂਦਾ ਹੈ।

ਸੁਣਿਐ ਸਾਸਤ ਸਿਮ੍ਰਿਤਿ ਵੇਦ॥

ਨਾਮ ਦੇ ਸੁਣਨ ਕਰਕੇ ਛੇ ਸ਼ਾਸਤ੍ਰ, ਸਤਾਈ ਸਿਮ੍ਰਿਤੀਆਂ ਅਤੇ ਚਾਰ ਵੇਦਾਂ ਦੇ ਸਿਧਾਂਤ ਨੂੰ ਗ੍ਰਹਿਣ ਕਰ ਲੈਂਦਾ ਹੈ।*

ਯਥਾ—"ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ॥ ਗੁਰਮੁਖਿ ਪਾਵੈ ਘਟ ਘਟਿ ਭੇਦ॥"

[ਰਾਮਕਲੀ ਸਿਧ ਗੋਸਟਿ, ਪੰਨਾ ੯੪੨]

+ਛੇ ਚੱਕਰ-

੧. ਮੂਲਾ ਧਾਰ ਚੱਕਰ (ਗੁਦਾ ਵਿਚ ਹੈ)। *੨. ਸ੍ਵੈਧਿਸ਼ਠਾਨ ਚੱਕਰ (ਲਿੰਗ ਵਿਚ ਹੈ)।*

੩. ਮਣੀ ਪੂਰਕ ਚੱਕਰ (ਨਾਭੀ ਵਿਚ ਹੈ)। *੪. ਅਨਾਹਦ ਚੱਕਰ (ਹ੍ਰਿਦੇ ਵਿਚ ਹੈ)।*

੫. ਵਿਸ਼ੁੱਧ ਚੱਕਰ (ਕੰਠ ਵਿਚ ਹੈ)। *੬. ਆਗਿਆ ਚੱਕਰ (ਭ੍ਰੂਵੱਟਿਆਂ ਵਿਚ ਹੈ)।*

**ਛੇ ਸ਼ਾਸਤ੍ਰਾਂ ਦੇ ਨਾਮ ਅਤੇ ਉਨ੍ਹਾਂ ਦੇ ਕਰਤਿਆਂ ਦੇ ਨਾਮ ਇਹ ਹਨ-*

੧. ਸਾਂਖ੍ਯ ਸ਼ਾਸਤ੍ਰ-ਕਪਲ ਮੁਨੀ ਜੀ। *੨. ਨ੍ਯਾਇ ਸ਼ਾਸਤ੍ਰ-ਗੌਤਮ ਰਿਖੀ ਜੀ।*

੩. ਵਿਸ਼ੇਸ਼ਕ ਸ਼ਾਸਤ੍ਰ-ਕਣਾਦ ਰਿਖੀ ਜੀ। *੪. ਮੀਮਾਂਸਾ ਸ਼ਾਸਤ੍ਰ- ਜੈਮਨੀ ਰਿਖੀ ਜੀ।*

੫. ਯੋਗ ਸ਼ਾਸਤ੍ਰ-ਪਤੰਜਲ ਰਿਖੀ ਜੀ। ਇਹ ਸ਼ੇਸ਼ਨਾਗ ਦਾ ਅਵਤਾਰ ਹਨ।

੬. ਵੇਦਾਂਤ ਸ਼ਾਸਤ੍ਰ-ਬਿਆਸ ਭਗਵਾਨ ਜੀ।

ਸਤਾਈ ਸਿਮ੍ਰਿਤੀਆਂ ਦੇ ਨਾਮ-

੧. ਮਨੂੰ ਸਿਮ੍ਰਿਤੀ। ੨. ਯਾਗਵਲਕ। ੩. ਵਸ਼ਿਸ਼ਟ। ੪. ਪਰਾਸ਼ੁਰ। ੫. ਸੰਖ। ੬. ਲਘੁ ਹਾਰੀਤ। ੭. ਬ੍ਰਿਧ ਹਾਰੀਤ। ੮ਨਾਰਦ। ੯. ਦੱਖ। ੧੦. ਲਘੁ ਅੱਤ੍ਰੀ। ੧੧. ਬ੍ਰਿਧ ਅੱਤ੍ਰੀ। ੧੨. ਸੋਮ। ੧੩. ਯਮ। ੧੪. ਦਤ। ੧੫. ਬੁਧ। ੧੬. ਵਿਸ਼ਨ। ੧੭. ਸ਼ੁਕ੍ਰ। ੧੮. ਲਘੁ ਗੌਤਮ। ੧੯. ਬ੍ਰਿਧ ਗੌਤਮ। ੨੦. ਕਾਤਯਾਇਨ। ੨੧. ਦੇਵਲ। ੨੨. ਅਪਸਤੰਬ। ੨੩. ਬ੍ਰਹਸਪਤ। ੨੪. ਬਿਆਸ। ੨੫. ਲਿਖਿਤ। ੨੬. ਅੰਗਿਰਸ। ੨੭. ਸਤਾਤਪ।

ਚਾਰ ਵੇਦ-ਸ਼ਾਮ ਵੇਦ, ਰਿਗ ਵੇਦ, ਯਜੁਰ ਵੇਦ, ਅਥਰਬਣ ਵੇਦ।

ਵਾ -ਛੇ ਸ਼ਾਸਤ੍ਰ, ਸਤਾਈ ਸਿਮ੍ਰਿਤੀਆਂ ਚਾਰ ਵੇਦ ਇਨ੍ਹਾਂ ਪਾਸੋਂ ਅਥਵਾ ਇਨ੍ਹਾਂ ਦੇ ਕਰਤਿਆਂ ਪਾਸੋਂ ਭੀ ਪਰਮਾਤਮਾ ਦਾ ਨਾਮ ਸਭ ਤੋਂ ਵੱਡਾ ਸੁਣੀਦਾ ਹੈ।

ਯਥਾ—"ਬੇਦ ਪੁਰਾਨ ਸਿੰਮ੍ਰਿਤਿ ਸੁਧਾਖ਼ਰ॥ ਕੀਨੇ ਰਾਮ ਨਾਮ ਇਕ ਆਖ਼ਰ॥

[ਪੰਨਾ ੨੬੨]"

ਤਥਾ—"ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ॥
ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
ਸਗਲ ਮਤਾਂਤ ਕੇਵਲ ਹਰਿ ਨਾਮ॥" [ਗਉੜੀ ਸੁਖਮਨੀ, ਪੰਨਾ ੨੮੬]
"ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥੨॥"

[ਮਾਰੂ ਰਵਿਦਾਸ ਜੀ, ਪੰਨਾ ੧੧੦੬]

"ਦਸ ਅਠ ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮੁ ਛਡਾਈ ਜੀਉ॥੫॥੨॥੮॥"

[ਮਾਰੂ ਮਹਲਾ ੪, ਪੰਨਾ ੯੯੮]

"ਸਿਮ੍ਰਿਤ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜ ਗਾਲ੍ਹੀ ਹੋਛੀਆ॥੧॥"

[ਸੂਹੀ ਮਹਲਾ ੫, ਪੰਨਾ ੭੬੧]

"ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ॥੩॥"

[ਬਿਲਾਵਲੁ ਮਹਲਾ ੫, ਪੰਨਾ ੮੦੪]

ਅਥਵਾ-ਨਾਮ ਦੇ ਸੁਣਨ ਕਰਕੇ ਸਾ+ਸਤ=ਉਹ ਜੋ ਤ੍ਰੈ ਕਾਲ ਅਬੱਧ ਸਤ ਸਰੂਪ ਪਰਮਾਤਮਾ ਹੈ, ਸਿਮ੍ਰਿਤਿ=ਸਿਮਰਨੇ ਯੋਗ ਉਸ ਨੂੰ ਵੇਦ=ਜਾਣ ਲੈਂਦਾ ਹੈ।

ਨਾਨਕ ਭਗਤਾ ਸਦਾ ਵਿਗਾਸੁ॥

ਗੁਰੂ ਜੀ ਕਥਨ ਕਰਦੇ ਹਨ-ਭਗਤ ਜਨਾਂ ਨੂੰ ਸਦਾ ਹੀ ਵਿਗਾਸੁ=ਆਨੰਦ ਰਹਿੰਦਾ ਹੈ। ਚਾਹੇ ਕੋਈ ਕਿਤਨੇ ਹੀ ਦੁੱਖ ਦੇਵੇ ਤਾਂ ਵੀ ਭਗਤ ਨਾਮ ਵਿਚ ਲੀਣ ਰਹਿਣ ਕਰਕੇ ਆਨੰਦ ਰਹਿੰਦੇ ਹਨ, ਜੈਸਾ ਕਿ-

ਪਾਪੀ ਹਰਨਾਖਸ਼ ਨੇ ਭਗਤ ਪ੍ਰਹਿਲਾਦ ਨੂੰ ਕਿਤਨੇ ਹੀ ਦੁੱਖ ਦਿੱਤੇ ਸਨ, ਜਿਸ ਦੀ ਕੋਈ ਗਿਣਤੀ ਨਹੀਂ। ਪਹਾੜ ਉਪਰੋਂ ਸੁੱਟਿਆ, ਸ਼ਸਤ੍ਰਾਂ ਦਾ ਭੈ ਦਿਖਾਇਆ, ਭੂਆ ਅੱਗ ਵਿਚ ਲੈ ਕੇ ਬੈਠੀ। ਫੇਰ ਭੂਤਾਂ ਵਾਲੇ ਕੋਠੇ ਵਿਚ ਕਈ ਦਿਨ ਬੰਦ ਰੱਖਿਆ। ਇਤਿਆਦਿਕ ਅਨੇਕਾਂ ਦੁੱਖ ਦਿੱਤੇ।

ਯਥਾ—"ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥
ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ॥"

[ਭੈਰਉ ਮਹਲਾ ੩, ਪੰਨਾ ੧੧੫੪]

ਪਰ ਉਹ ਵਾਹਿਗੁਰੂ ਸਿਰ ਤੇ ਆਪਣਾ ਹੱਥ ਰੱਖ ਕੇ ਭਗਤ ਦੀ ਹਰ ਵੇਲੇ ਰੱਖਿਆ ਕਰਦਾ ਰਿਹਾ ਹੈ।

ਯਥਾ—"ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਰ ਕਮਲ ਮਾਥੇ ਪਰ ਧਰੀਅੰ॥"

[ਸਵਈਏ ਮ: ੪, ਪੰਨਾ ੧੪੦੧]

ਇਸ ਕਰਕੇ ਭਗਤਾਂ ਨੂੰ ਸਦਾ ਹੀ ਆਨੰਦ ਹੈ।

ਇਹ ਤਾਂ ਸਤਜੁਗ ਦੀ ਗੱਲ ਹੈ ਹੁਣ ਕਲਜੁਗ ਦੀ ਸੁਣੋ—

ਕਲਜੁਗ ਵਿਖੇ ਭੀ ਭਗਤ ਕਬੀਰ ਜੀ ਨੂੰ ਸਿਕੰਦਰ ਲੋਧੀ ਨੇ ਬਹੁਤ ਦੁੱਖ ਦਿੱਤੇ ਸਨ ਇਕ ਵਾਰ ਤਾਂ ਮੁਸ਼ਕਾਂ ਬੰਨ੍ਹ ਕੇ ਖੂਨੀ ਹਾਥੀ ਅੱਗੇ ਸੁਟਿਆ ਸੀ।

ਯਥਾ—"ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ ਹਸਤਿ ਕ੍ਰੋਪਿ ਮੂੰਡ ਮਹਿ ਮਾਰਿਓ॥
ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥ ੧॥
ਆਹਿ ਮੇਰੇ ਠਾਕੁਰ ਤੁਮਰਾ ਜੋਰੁ॥ ਕਾਜੀ ਬਕਿਬੋ ਹਸਤੀ ਤੋਰੁ॥ ੧॥ ਰਹਾਉ॥
ਰੇ ਮਹਾਵਤ ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥
ਹਸਤਿ ਨ ਤੋਰੈ ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥੨॥"

[ਗੌਂਡ ਕਬੀਰ ਜੀ, ਪੰਨਾ ੮੭੦]

ਉਸ ਵੇਲੇ ਭਗਤ ਕਬੀਰ ਜੀ ਅਨੰਦ ਹੀ ਰਹੇ।

ਫਿਰ ਜੰਜੀਰਾਂ ਨਾਲ ਬੰਨ੍ਹ ਕੇ ਗੰਗਾ ਦੇ ਪ੍ਰਵਾਹ ਵਿਚ ਰੋੜ੍ਹਿਆ ਸੀ ਤਦ ਵੀ ਵਾਹਿਗੁਰੂ ਦੇ ਧਿਆਨ ਕਰਕੇ ਅਡੋਲ ਹੀ ਰਹੇ। ਉਸ ਵੇਲੇ ਪ੍ਰਭੂ ਨੇ ਆਪਣੀ ਸ਼ਕਤੀ ਦੁਆਰਾ ਸਭ ਜੰਜੀਰ ਤੋੜ ਦਿੱਤੇ ਸਨ।

ਯਥਾ—"ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥ ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥
ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥ ੨॥'

[ਭੈਰਉ ਕਬੀਰ ਜੀ, ਪੰਨਾ ੧੧੬੨]

ਸੁਣਿਐ ਦੂਖ ਪਾਪ ਕਾ ਨਾਸੁ॥ ੯॥

ਪਰਮੇਸ਼ਰ ਨਾਮ ਦੇ ਸੁਣਨ ਕਰਕੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ ਜਿਵੇਂ ਵਜ਼ੀਰ ਖਾਂ ਦਾ ਦੁੱਖ ਨਾਸ ਹੋਇਆ ਸੀ।

ਸਾਖੀ-ਵਜ਼ੀਰ ਖਾਂ ਦੀ

ਜਹਾਂਗੀਰ ਬਾਦਸ਼ਾਹ ਦਾ ਵਜ਼ੀਰ ਖਾਂ ਨਾਮ ਕਰਕੇ ਇਕ ਵਜ਼ੀਰ ਸੀ, ਇਸ ਦੇ ਪੇਟ ਵਿਚ ਜਲੋਧਰ ਰੋਗ ਹੋ ਗਿਆ ਸੀ। ਬੜੇ-ਬੜੇ ਡਾਕਟਰ ਹਕੀਮ ਵਗੈਰਾ ਸੱਦ ਕੇ ਇਸ ਨੇ ਬਹੁਤ ਹੀ ਇਲਾਜ ਕੀਤੇ ਪਰ ਰੋਗ ਦੂਰ ਹੋਣ ਵਿਚ ਨਾ ਆਇਆ।

ਇਕ ਸਮੇਂ ਪਿਛਲੀ ਰਾਤ ਮੰਜੇ ਤੇ ਪਿਆ ਹੋਇਆ ਜਾਗਦਾ ਸੀ ਜੋ ਗੁਰੂ ਜੀ ਦਾ ਇਕ ਪ੍ਰੇਮੀ [ਸਿੱਖ] ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਜਾ ਰਿਹਾ ਸੀ। ਜਦ ਇਸ ਦੇ ਕੰਨਾਂ ਵਿਚ ਆਵਾਜ਼ ਪਈ ਤਾਂ ਦਰਦ ਦਾ ਆਰਾਮ ਆ ਗਿਆ। ਉਹ ਕਲਾਮ ਇਸ ਨੂੰ ਬਹੁਤ ਚੰਗੀ ਲੱਗੀ, ਜਿਸ ਵੇਲੇ ਭੀ ਉਹ ਸਿੱਖ ਉਥੋਂ ਬਾਣੀ ਪੜ੍ਹਦਾ ਲੰਘੇ ਤਾਂ ਇਹ ਬੜੀ ਗਹੁ ਨਾਲ ਸੁਣਿਆਂ ਕਰੇ। ਗੁਰਬਾਣੀ ਸੁਣਨ ਨਾਲ ਇਸ ਨੂੰ ਕਾਫ਼ੀ ਆਰਾਮ ਆ ਗਿਆ।

ਇਕ ਦਿਨ ਇਸ ਨੇ ਸਿੱਖ ਨੂੰ ਆਪਣੇ ਘਰ ਬੁਲਾ ਲਿਆ। ਉਸ ਦਾ ਬੜਾ ਆਦਰ ਕੀਤਾ। ਆਪਣੇ ਪਾਸ ਬਿਠਾ ਕੇ ਉਸ ਪਾਸੋਂ 'ਸੁਖਮਨੀ ਸਾਹਿਬ' ਜੀ ਦਾ ਸਾਰਾ ਪਾਠ ਸੁਣਿਆ। ਲਿਵ ਵਾਲੇ ਸਿੱਖ ਤੋਂ ਪ੍ਰੇਮ ਨਾਲ ਪਾਠ ਸੁਣਨ ਨਾਲ ਇਸ ਦੀ ਕਾਫੀ ਦਰਦ ਦੂਰ ਹੋ ਗਈ।

ਵਜ਼ੀਰ ਖਾਂ ਨੇ ਪੁੱਛਿਆ - ''ਇਹ ਕਿਸ ਦੀ ਕਲਾਮ ਹੈ?''

ਸਿਦਕੀ ਸਿੱਖ ਨੇ ਕਿਹਾ- ''ਇਹ ਬਾਣੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਹੈ, ਜੋ ਕਿ ਇਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹਨ।''

ਵਜ਼ੀਰ ਖਾਂ ਨੇ ਕਿਹਾ, ''ਮੈਨੂੰ ਉਹਨਾਂ ਪਾਸ ਲੈ ਚੱਲ।''

ਸਿੱਖ ਉਸੇ ਵੇਲੇ ਉਸ ਨੂੰ ਨਾਲ ਲੈ ਕੇ ਅੰਮ੍ਰਿਤਸਰ ਆ ਪਹੁੰਚਾ। ਗੁਰੂ ਜੀ ਅੱਗੇ ਭੇਟਾ ਰੱਖ ਕੇ ਚਰਨੀਂ ਢਹਿ ਪਿਆ।

ਉਸ ਵੇਲੇ ਗੁਰੂ ਜੀ ਕਾਰ ਸੇਵਾ ਕਰਵਾ ਰਹੇ ਸਨ। ਇਸ ਨੇ ਆਪਣੀ ਸਾਰੀ ਹਾਲਤ ਸੁਣਾ ਕੇ ਕਿਹਾ- 'ਗਰੀਬ ਨਿਵਾਜ਼ ਜੀਓ! ਆਪ ਜੀ ਦੀ ਮੋਹਰ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਮੇਰਾ ਦੁੱਖ ਦੂਰ ਹੋ ਗਿਆ ਹੈ, ਪ੍ਰੰਤੂ ਪੇਟ ਵਿਚ ਪਾਣੀ ਹੈ। ਡਰ ਹੈ, ਕਿਧਰੇ ਫੇਰ ਨਾ ਪੀੜ ਹੋ ਜਾਏ, ਡਾਕਟਰ ਲੋਕ ਉਪ੍ਰੇਸ਼ਨ ਕਰਨਾ ਦੱਸਦੇ ਹਨ ਪਰ ਉਸ ਨਾਲ ਮੌਤ ਦਾ ਡਰ ਹੈ, ਆਪ ਹੀ ਕਿਰਪਾ ਕਰੋ।'

ਸਿੱਖਾਂ ਨੂੰ ਵਡਿਆਉਣ ਵਾਲੇ ਗੁਰੂ ਜੀ ਨੇ ਉਸ ਨੂੰ ਬਾਬਾ ਬੁੱਢਾ ਜੀ ਵਲ ਭੇਜ ਦਿੱਤਾ। ਜਿਥੇ ਬਾਬੇ ਬੁੱਢੇ ਦੀ ਬੇਰ ਹੈ।

ਜਿਸ ਵੇਲੇ ਵਜ਼ੀਰ ਖਾਂ ਆਇਆ ਤਾਂ ਬਾਬਾ ਜੀ ਆਪ ਟੋਕਰੀ ਚੁੱਕ ਕੇ ਸੇਵਾ ਕਰ ਰਹੇ ਸਨ ਤੇ ਸਿੱਖਾਂ ਤੋਂ ਕਰਵਾ ਰਹੇ ਸਨ। ਜਦ ਇਸ ਨੇ ਪਾਸ ਆ ਕੇ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਕਿਹਾ ''ਹਟ ਜਾਹ ਪਰੇ, ਸਾਨੂੰ ਸੇਵਾ ਕਰਨ ਦੇਹ।''

ਇਹ ਬਚਨ ਸੁਣ ਕੇ ਵਜ਼ੀਰ ਖਾਂ ਸ਼ਰਧਾ ਧਾਰ ਕੇ ਖੜਾ ਹੀ ਰਿਹਾ, ਮਨ ਵਿਚ ਕੋਈ ਗੁੱਸਾ ਨਹੀਂ ਕੀਤਾ।

ਇਸ ਦੀ ਸ਼ਰਧਾ ਵੇਖ ਕੇ ਬਾਬਾ ਬੁੱਢਾ ਜੀ ਨੇ ਖਾਲੀ ਟੋਕਰੀ ਵਗਾਹ ਕੇ ਉਸ ਦੇ ਪੇਟ ਪਰ ਮਾਰੀ। ਉਸੀ ਵੇਲੇ ਪੇਟ ਦਾ ਸਾਰਾ ਪਾਣੀ ਨਿਕਲ ਗਿਆ ਤੇ ਨਵਾਂ ਨਿਰੋਗ ਹੋ ਕੇ ਆਗਿਆ ਲੈ ਕੇ ਵਾਪਸ ਚਲਾ ਗਿਆ।

ਇਸ ਪ੍ਰਕਾਰ ਨਾਮ ਸੁਣਨ ਨਾਲ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ ਅਤੇ ਨਾਮ ਸੁਣਨ ਨਾਲ ਪਾਪਾਂ ਦਾ ਨਾਸ ਵੀ ਹੋ ਜਾਂਦਾ ਹੈ। ਜਿਵੇਂ ਸੰਤਾਂ ਪਾਸੋਂ ਨਾਮ ਦੇ ਸੁਣਨ ਕਰਕੇ ਅਜਾਮਲ ਪਾਪੀ ਦੇ ਸਾਰੇ ਪਾਪ ਨਸ਼ਟ ਹੋ ਗਏ ਸਨ। ਧਾੜਵੀ ਬਾਲਮੀਕ ਤੇ ਸਧਨੇ ਕਸਾਈ ਦੇ ਪਾਪ ਵੀ ਦੂਰ ਹੋ ਗਏ ਸਨ। ਅੰਤ ਨੂੰ ਇਹ ਸਾਰੇ ਮੁਕਤ ਰੂਪ ਹੋ ਗਏ ਸਨ।

ਵਾ-ਨਾਮ ਦੇ ਸੁਣਨ ਕਰਕੇ ਦੁੱਖਾਂ ਦਾ ਕਾਰਨ ਜੋ ਪਾਪ ਹਨ, ਉਹ ਸਾਰੇ ਨਾਸ ਹੋ ਜਾਂਦੇ ਹਨ॥ ੯॥

ਨੌਵੀਂ ਪਉੜੀ ਦੇ ੬੭ ਅੱਖਰ ਹਨ।

ਦਸਵੀਂ ਪਉੜੀ

ਸਤਿਗੁਰਾਂ ਨੇ ਏਸ ਪਉੜੀ ਵਿਚ ਪ੍ਰਮੇਸ਼ਰ ਪ੍ਰਾਪਤੀ ਦੇ ਬਹਿਰੰਗ ਤੇ ਅੰਤਰੰਗ ਸਾਧਨਾਂ ਦੀ ਪ੍ਰਾਪਤੀ, ੬੮ ਤੀਰਥਾਂ ਦੇ ਇਸ਼ਨਾਨ ਦਾ ਫਲ, ਗ੍ਰੰਥਾਂ ਦਾ ਪੜ੍ਹਨਾ ਪੜ੍ਹਾਉਣਾ ਅਤੇ ਸੰਸਾਰ ਵਿਚ ਮਾਨ ਇੱਜ਼ਤ ਹੋਣੀ ਇਤਿਆਦਿਕ ਸਾਰੇ ਗੁਣ ਪ੍ਰਮਾਤਮਾ ਦੇ ਨਾਮ ਸੁਣਨ ਨਾਲ ਪ੍ਰਾਪਤ ਹੁੰਦੇ ਕਥਨ ਕੀਤੇ ਹਨ।

ਸੁਣਿਐ ਸਤੁ ਸੰਤੋਖੁ ਗਿਆਨੁ ॥

ਨਾਮ ਦੇ ਸੁਣਨ ਕਰ ਕੇ ਪ੍ਰਮੇਸ਼ਰ ਪ੍ਰਾਪਤੀ ਦੇ ਬਹਿਰੰਗ ਸਾਧਨ [ਸਤ, ਸੰਤੋਖ, ਧੀਰਜ, ਧਰਮ ਆਦਿ] ਦੈਵੀ ਗੁਣ ਅਤੇ ਅੰਤਰੰਗ ਸਾਧਨ ਜੋ ਬ੍ਰਹਮ ਗਿਆਨ ਹੈ, ਉਸਦੀ ਪ੍ਰਾਪਤੀ ਹੁੰਦੀ ਹੈ।

੨. ਸਤਵਾਦੀ ਸੰਤੋਖੀਆਂ ਅਤੇ ਗਿਆਨੀਆਂ ਪਾਸੋਂ ਵੀ ਨਾਮ ਦੀ ਮਹਿਮਾ ਸੁਣੀਦੀ ਹੈ।*

੩. ਸਤਵਾਦੀ, ਸੰਤੋਖੀ ਅਤੇ ਗਿਆਨੀ ਇਹ ਸਭ ਨਾਮ ਨੂੰ ਸੁਣਕੇ ਉੱਚ ਪਦਵੀ ਤੇ ਪਹੁੰਚੇ ਹਨ।

੪. ਨਾਮ ਸ੍ਰਵਨ ਦੁਆਰਾ ਸਤੀ, ਸੰਤੋਖੀ ਤੇ ਗਿਆਨੀ ਹੋ ਸਕੀਦਾ ਹੈ।

੫. ਨਾਮ ਦੇ ਸੁਣਨ ਕਰਕੇ ਸਤ ਸੰਤੋਖ [ਆਦਿਕ ਸਾਧਨਾਂ] ਨੂੰ ਗਿਆਨ=ਜਾਣ ਲੈਂਦਾ ਹੈ।

੬. ਨਾਮ ਸਰਵਣ ਦੁਆਰਾ ਜਿਸ ਨੇ ਸੰਤੋਖ ਨੂੰ ਧਾਰਿਆ ਹੈ, ਉਸ ਨੂੰ ਸਤਿ ਸਰੂਪ ਪ੍ਰਮੇਸ਼੍ਵਰ ਦਾ ਬ੍ਰਹਮ ਗਿਆਨ ਪ੍ਰਾਪਤ ਹੋਇਆ ਹੈ।

ਸੁਣਿਐ ਅਠਸਠਿ ਕਾ ਇਸਨਾਨੁ ॥

ਨਾਮ ਦੇ ਸੁਣਨ ਕਰਕੇ ਸਭ ਤੀਰਥਾਂ 'ਚੋਂ ਮੁਖੀ ਜੋ ੬੮ ਤੀਰਥ+ ਹਨ, ਉਨ੍ਹਾਂ ਦੇ ਇਸ਼ਨਾਨ ਦਾ ਫਲ ਘਰ ਬੈਠਿਆਂ ਪ੍ਰਾਪਤ ਹੋ ਜਾਂਦਾ ਹੈ।

ਸਾਖੀ-ਪਰੂਰਵ ਰਾਜੇ ਦੀ

ਰਾਜਾ ਪਰੂਰਵ ਅੰਮ੍ਰਿਤ ਵੇਲੇ ਰੋਜ਼ ਉੱਠਕੇ ਇਸ਼ਨਾਨ ਵਗੈਰਾ ਕਰਕੇ ਆਸਣ ਵਿਛਾ ਕੇ ਸਮਾਧੀ ਵਿਚ ਬੈਠ ਕੇ ਸਿਮਰਨ ਵਿਚ ਜੁੜ ਜਾਇਆ ਕਰਦਾ ਸੀ।

ਇਕ ਦਿਨ ਇਸ ਦੇ ਸਤਸੰਗੀਆਂ ਨੇ ਕਿਹਾ, "ਹੇ ਰਾਜਨ! ਤੀਰਥਾਂ ਦਾ ਬੜਾ ਮਹਾਤਮ ਕਥਨ ਕੀਤਾ ਹੈ, ਆਪ ਇਕ ਵੇਰ ਤੀਰਥਾਂ ਤੇ ਦਰਸ਼ਨ ਇਸ਼ਨਾਨ ਕਰ ਆਓ।"

ਇਹ ਗੱਲ ਸੁਣ ਕੇ ਉਨ੍ਹਾਂ ਨੂੰ ਭਾਂ ਕੁਝ ਨਾ ਕਿਹਾ ਪਰ ਆਪਣੇ ਮਨ ਵਿਚ ਸੰਕਲਪ ਕਰ ਬੈਠੇ

---

*ਸਤਵਾਦੀ ਰਾਜਾ "ਹਰੀਚੰਦ" ਹੋਇਆ ਹੈ।
ਸੰਤੋਖੀ "ਚੁਣਕ" ਆਦਿ ਰਿਖੀ ਹੋਏ ਹਨ। ਗਿਆਨੀ "ਵਸ਼ਿਸ਼ਟ" ਆਦਿਕ ਹੋਏ ਹਨ।

+ਸੰਪ੍ਰਦਾਈ ਭਗਤ ਬਾਣੀ ਸਟੀਕ ਭਾਗ ਤੀਜਾ ਦੇ ੧੨੧੫ ਪੰਨੇ ਤੇ ੬੮ ਤੀਰਥਾਂ ਦੇ ਨਾਮ ਲਿਖੇ ਹਨ।

ਕਿ ੬੮ ਤੀਰਥਾਂ ਪਰ ਦਰਸ਼ਨ-ਪਰਸਨ ਇਸ਼ਨਾਨ ਵਗੈਰਾ ਕਰ ਆਈਏ।

ਭਗਵਾਨ ਨੇ ਵਿਚਾਰਿਆ ਜੇ ਇਹ ਤੀਰਥਾਂ ਪਰ ਚਲਾ ਲਿਆ ਤਾਂ ਜਿਤਨਾ ਹੁਣ ਇਸ ਦਾ ਮਨ ਜੁੜ ਰਿਹਾ ਹੈ ਉਤਨਾ ਫਿਰ ਨਹੀਂ ਜੁੜੇਗਾ ਕਿਉਂਕਿ ਤੀਰਥਾਂ ਪਰ ਜਾ ਕੇ ਮਨ ਚੰਚਲ ਹੋ ਜਾਂਦਾ ਹੈ। [ਜਗਨ ਨਾਥ ਜਾਓ ਤਾਂ ਦਰਸ਼ਨ ਕਰਨ ਨਾਲ ਮਨ ਬਦੋ-ਬਦੀ ਵਿਕਾਰੀ ਹੋ ਜਾਂਦਾ ਹੈ ਕਿਉਂਕਿ ਓਥੇ ਮੂਰਤੀਆਂ ਹੀ ਐਸੀਆਂ ਚਿਤ੍ਰੀਆਂ ਹੋਈਆਂ ਹਨ]।

ਭਗਵਾਨ ਨੇ ਅੰਮ੍ਰਿਤ ਵੇਲੇ ਉਸ ਦੇ ਪਾਸ ਹੀ ੬੮ ਤੀਰਥਾਂ ਦਾ ਇਕ ਕੱਠਾ ਪ੍ਰਵਾਹ ਚਲਾ ਦਿੱਤਾ ਤੇ ਅਕਾਸ਼-ਬਾਣੀ ਦੁਆਰਾ ਆਖਿਆ ਕਿ ਇਹ ੬੮ ਤੀਰਥਾਂ ਦਾ ਪ੍ਰਵਾਹ ਚੱਲ ਰਿਹਾ ਹੈ ਇਸ ਵਿਖੇ ਤੂੰ ਇਸ਼ਨਾਨ ਕਰਕੇ ਆਪਣੇ ਮਨ ਦਾ ਸੰਕਲਪ ਪੂਰਾ ਕਰ ਲੈ। ਬਾਹਰ ਜਾਏਂਗਾ ਤਾਂ ਤੁਰ-ਤੁਰ ਕੇ ਥੱਕ ਜਾਏਂਗਾ।

ਇਹ ਗੱਲ ਸੁਣ ਕੇ ਉਸ ਰਾਜੇ ਨੇ ਤੀਰਥਾਂ ਪਰ ਜਾਣ ਦਾ ਸੰਕਲਪ ਹੀ ਹਟਾ ਦਿੱਤਾ। ਇਕ ਨਾਮ ਨੂੰ ਹੀ ਸਭ ਤੋਂ ਵੱਡਾ ਨਿਸਚੇ ਕਰਦਾ ਹੋਇਆ ਆਖਦਾ ਹੈ ਕਿ ਨਾਮ ਦੇ ਵਿਚ ਹੀ ਸਾਰੇ ਤੀਰਥ ਹਨ। ਮੈਂ ਨਾਮ ਸ੍ਰਵਣ ਕੀਤਾ ਜਾਂ ਜਪਿਆ ਹੈ, ਤਾਂ ਹੀ ਭਗਵਾਨ ਦੀ ਕਿਰਪਾ ਨਾਲ ੬੮ ਤੀਰਥ ਇਥੇ ਆ ਗਏ ਹਨ।

ਦੂਜੀ ਸਾਖੀ-ਜੈਤ ਨਾਮੇ ਸੇਠ ਦੀ

ਇਕ ਜੈਤ ਨਾਮੇ ਸੇਠ ਪਟਣੇ ਸਾਹਿਬ ਵਿਖੇ ਰਹਿੰਦਾ ਸੀ ਜੋ ਆਏ ਗਏ ਦੀ ਬੜੀ ਸੇਵਾ ਕਰਦਾ ਅਤੇ ਅੰਮ੍ਰਿਤ ਵੇਲੇ ਉੱਠ ਕੇ ਭਜਨ-ਪਾਠ ਵੀ ਬੜਾ ਕਰਦਾ ਸੀ। ਸਤਸੰਗੀ ਵੀ ਬਹੁਤ ਸੀ।

ਜਿਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਟਣੇ ਸਾਹਿਬ ਪਹੁੰਚੇ ਹਨ ਤਾਂ ਸੰਗਤਾਂ ਨੇ ਖੁਲ੍ਹੇ ਦਰਸ਼ਨ ਦੀਦਾਰੇ ਕੀਤੇ। ਉਸ ਵੇਲੇ ਕਈਆਂ ਲੋਕਾਂ ਨੇ ਉਸ ਸੇਠ ਦੀ ਸ਼ਿਕਾਇਤ ਕਰ ਦਿੱਤੀ, ਕਿ ਗੁਰੂ ਜੀ! ਇਹ 'ਜੈਤ', ਸੇਠ ਕੁੰਡ ਵਿਚ ਨ੍ਹਾਉਂਦਾ ਹੈ ਗੰਗਾ ਨਦੀ ਵਿਚ ਇਸ਼ਨਾਨ ਨਹੀਂ ਕਰਦਾ। ਅਸੀਂ ਇਸ ਨੂੰ ਬਹੁਤ ਕਹਿ ਰਹੇ ਹਾਂ ਇਹ ਆਖੇ ਨਹੀਂ ਲੱਗਦਾ। ਆਪ ਇਸ ਨੂੰ ਕਹੋ, ਗੰਗਾ ਨਦੀ ਵਿਚ ਇਸ਼ਨਾਨ ਕੀਤਾ ਕਰੇ।''

ਗਰੀਬ ਨਿਵਾਜ ਨੇ ਸਿੱਖ ਦੀ ਮਹਿਮਾ ਪ੍ਰਗਟ ਕਰਨ ਵਾਸਤੇ ਕਿਹਾ, ''ਤੁਸੀਂ ਅੱਜ ਦੀ ਰਾਤ ਇਥੇ ਰਹਿ ਕੇ ਅੰਮ੍ਰਿਤ ਵੇਲੇ ਉੱਠ ਕੇ ਵੇਖੋ।''

ਹਜ਼ੂਰ ਦੀ ਆਗਿਆ ਮੰਨ ਕੇ ਕਈ ਲੋਕ ਰਾਤ ਓਥੇ ਠਹਿਰੇ। ਜਿਸ ਵੇਲੇ ਅੰਮ੍ਰਿਤ ਵੇਲਾ ਹੋਇਆ ਤਾਂ ਹਜ਼ੂਰ ਨੇ ਸਭ ਨੂੰ ਉਠਾ ਦਿੱਤਾ।

ਇਤਨੇ ਨੂੰ ਇਕ ਗਊ ਆਈ ਜਿਸ ਨੇ ਆਪਣੇ ਮੂੰਹ ਵਿਚੋਂ ਜਲ ਕੱਢਕੇ ਉਹ ਕੁੰਡ ਭਰ ਦਿੱਤਾ। ਪੁੱਛਿਆ, ''ਤੂੰ ਕੌਣ ਹੈਂ?''

ਉਸ ਨੇ ਬੋਲ ਕੇ ਕਿਹਾ, ''ਮੈਂ ਗੰਗਾ ਹਾਂ, ਹਰ ਰੋਜ਼ ਇਸ ਗੁਰਮੁਖ ਨੂੰ ਇਸ਼ਨਾਨ ਕਰਾਉਣ ਆਉਂਦੀ ਹਾਂ।''

ਇਹ ਗੱਲ ਵੇਖ ਕੇ ਅਤੇ ਸੁਣ ਕੇ ਸਭ ਚੁਪ ਚਾਪ ਹੋ ਗਏ।

ਹਜ਼ੂਰ ਨੇ ਕਿਹਾ, ''ਇਹ ਨਾਮ ਦਾ ਪ੍ਰਤਾਪ ਹੈ, ਜੋ ਭੀ ਪੁਰਸ਼ ਨਾਮ ਨੂੰ ਸੁਣੇਗਾ, ਜਪੇਗਾ, ਉਸ ਨੂੰ ਘਰ ਬੈਠਿਆਂ ਤੀਰਥ ਪਰਸਨ ਆਉਣਗੇ ਅਤੇ ੬੮ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇਗਾ। ਨਾਮ ਦਾ ਮਹਾਤਮ ੬੮ ਤੀਰਥਾਂ ਤੋਂ ਭੀ ਵਿਸ਼ੇਸ਼ ਹੈ।

"ਜੈਸੇ ਅਠਸਠਿ ਤੀਰਥ ਪਰਸ ਕੀਓ, ਜੁਗ ਚਾਰ ਚੜਿਓ ਕੈਲਾਸ਼ ਰਹਿਓ।
ਜੈਸੇ ਲਾਖ ਬਾਰ ਕੁਰਛੇਤਰ ਮੈਂ, ਅਸਮੇਧ ਜਗ ਅਭੰਗ ਠਇਓ।
ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੈਂ ਤਨ ਦਾਹ ਦਇਓ।
ਫੁਨ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ।"

[ਕਬਿਤ ਸਵੈਯੇ ਭਾਈ ਗੁਰਦਾਸ ਜੀ]

ਅਥਵਾ-ਅਠਾਹਠ ਤੀਰਥਾਂ ਨੂੰ ਭੀ ਇਸ਼ਨਾਨ ਕਰਵਾ ਦੇਂਦਾ ਹੈ ਭਾਵ ਪਵਿੱਤ੍ਰ ਕਰ ਦੇਂਦਾ ਹੈ ਕਿਉਂਕਿ ਸੰਸਾਰੀ ਜੀਵ ਕਈ ਤਰ੍ਹਾਂ ਦੇ ਛਲ-ਫਰੇਬ ਕਰਕੇ ਪਾਪ ਵਿਸ਼ਿਸ਼ਟ ਅੰਤਹਕਰਣ ਵਾਲੇ ਹੁੰਦੇ ਹਨ ਤੇ ਉਹ ਤੀਰਥਾਂ ਪਰ ਇਸ਼ਨਾਨ ਕਰ ਕੇ ਆਪਣੇ ਪਾਪਾਂ ਨੂੰ ਦੂਰ ਕਰ ਜਾਂਦੇ ਹਨ ਤੇ ਤੀਰਥਾਂ ਦੇ ਪਾਪਾਂ ਨੂੰ ਮਹਾਤਮਾਂ ਦੂਰ ਕਰਦੇ ਹਨ।

ਯਥਾ—"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥"

[ਮਲਾਰ ਮਹਲਾ ੪, ਪੰਨਾ ੧੨੬੩]

ਤਥਾ—ਸੰਤ ਕੀ ਧੂਰਿ ਮਿਟੇ ਅਘ ਕੋਟ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥ ੧॥
ਸੰਤ ਕਾ ਦਰਸੁ ਪੂਰਨ ਇਸਨਾਨੁ॥ ਸੰਤ ਕ੍ਰਿਪਾ ਤੇ ਜਪੀਐ ਨਾਮੁ॥

[ਪੰਨਾ ੧੮੮]

ਸਾਖੀ-ਗੰਗਾ, ਜਮਨਾ ਤੇ ਸਰਸੁਤੀ ਦੀ

ਇਕ ਬੈਰਾਗੀ ਸੀ ਜੋ ਗੰਗਾ ਦਾ ਬੜਾ ਉਪਾਸ਼ਕ ਸੀ। ਉਹ ਹਰ ਛੇਵੇਂ ਮਹੀਨੇ ਗੰਗਾ ਪਰ ਪੈਦਲ ਜਾਂਦਾ ਸੀ। ਰਾਹ ਵਿਚ ਉਥੇ ਠਹਿਰ ਕੇ ਜਲ ਪਾਣੀ ਉਸ ਪਾਸੋਂ ਛੱਕਣਾ ਜਿਸ ਨੇ ਗੰਗਾ ਪਰ ਇਸ਼ਨਾਨ ਕੀਤਾ ਹੋਣਾ, ਨਹੀਂ ਤਾਂ ਭੁੱਖਿਆਂ ਹੀ ਰਹਿਣਾ।

ਇਕ ਵਾਰ ਦਾ ਜ਼ਿਕਰ ਹੈ ਉਹ ਬੈਰਾਗੀ ਚਲਦਾ ਚਲਦਾ ਗੰਗਾ ਦੇ ਨਜ਼ਦੀਕ ਇਕ ਮਹਾਤਮਾ ਰਹਿੰਦੇ ਸਨ, ਉਹਨਾਂ ਪਾਸ ਆ ਪਹੁੰਚਾ। ਵਿਚਾਰਦਾ ਹੈ ਕਿ ਇਹ ਮਹਾਤਮਾ ਤਾਂ ਗੰਗਾ ਦੇ ਪਾਸ ਹੀ ਰਹਿੰਦੇ ਹਨ, ਨਾਲੇ ਸਾਧੂ ਸੁਭਾਵ ਵਾਲੇ ਹਨ। ਇਹ ਤਾਂ ਕਈ ਵਾਰ ਗੰਗਾ ਪਰ ਇਸ਼ਨਾਨ ਕਰ ਆਏ ਹੋਣਗੇ। ਇਹ ਨਿਸਚਾ ਕਰਕੇ ਬੈਰਾਗੀ ਨੇ ਉਥੇ ਠਹਿਰ ਕੇ ਅੰਨ-ਜਲ ਛੱਕ ਲਿਆ।

ਕੁਝ ਸਮੇਂ ਪਿੱਛੋਂ ਜਦ ਇਕੱਠੇ ਬੈਠੇ ਤਾਂ ਬੈਰਾਗੀ ਨੇ ਕਿਹਾ, "ਆਪ ਤਾਂ ਬੜੇ ਭਾਗਾਂ ਵਾਲੇ ਹੋ ਜੋ ਗੰਗਾ ਦੇ ਪਾਸ ਹੀ ਰਹਿੰਦੇ ਹੋ, ਆਪ ਜੀ ਨੇ ਤਾਂ ਕਈ ਵਾਰ ਗੰਗਾ ਪਰ ਇਸ਼ਨਾਨ ਕੀਤੇ ਹੋਣੇ ਹਨ?"

ਸੰਤਾਂ ਨੇ ਕਿਹਾ-"ਸਾਨੂੰ ਪਤਾ ਹੀ ਨਹੀਂ ਜੋ ਗੰਗਾ ਕਿਥੇ ਹੈ। ਅਸੀਂ ਤਾਂ ਗੰਗਾ ਪਰ ਇਸ਼ਨਾਨ ਕਦੇ ਨਹੀਂ ਕੀਤਾ। ਅਸੀਂ ਤਾਂ ਆਪਣੇ ਸਿਮਰਨ ਦੇ ਰੰਗ ਵਿਚ ਹੀ ਮਸਤ ਰਹਿੰਦੇ ਹਾਂ।

ਇਹ ਗੱਲ ਸੁਣ ਕੇ ਬੈਰਾਗੀ ਨੇ ਬੜਾ ਭਾਰੀ ਪਛਤਾਵਾ ਕੀਤਾ ਕਿ ਮੈਂ ਤਾਂ ਕਈ ਸਾਲਾਂ ਦਾ ਇਹ ਨਿਯਮ ਕੀਤਾ ਹੋਇਆ ਸੀ ਕਿ ਜਿਸ ਨੇ ਗੰਗਾ ਪਰ ਇਸ਼ਨਾਨ ਕੀਤਾ ਹੋਵੇ ਉਸ ਦੇ ਪਾਸ ਬੈਠ ਕੇ ਅੰਨ ਜਲ ਛਕਣਾ ਹੈ ਪੁਰ ਅੱਜ ਉਹ ਨਿਯਮ ਟੁੱਟ ਗਿਆ ਹੈ। ਮੈਂ ਬੜੇ ਖੋਟੇ ਭਾਗਾਂ ਵਾਲਾ ਹਾਂ। ਇਸ ਤਰ੍ਹਾਂ ਕਹਿੰਦਾ ਹੋਇਆ ਰਾਤ ਪਈ ਹੋਈ ਸੀ. ਤਾਂ ਵੀ ਉੱਠ ਕੇ ਤੁਰ ਪਿਆ, ਰਾਹ ਵਿਚ ਸੋਚਾਂ ਸੋਚਦਾ ਹੋਇਆ ਕਦੇ ਠਹਿਰ ਜਾਂਦਾ ਤੇ ਕਦੇ ਤੁਰ ਪੈਂਦਾ ਹੈ।

ਫਿਰ ਇਹ ਵੀ ਉਸ ਨੇ ਤੱਕਿਆ ਕਿ ਤਿੰਨ ਗਊਆਂ ਚਲੀਆਂ ਜਾ ਰਹੀਆਂ ਹਨ।

ਬੈਰਾਗੀ ਨੇ ਪੁੱਛਿਆ, ਤੁਸੀਂ ਕੌਣ ਹੋ ਅਤੇ ਕਿਥੇ ਚਲੀਆਂ ਹੋ?

ਉਹਨਾਂ ਆਖਿਆ, "ਅਸੀਂ ਗੰਗਾ, ਜਮਨਾ ਸਰਸੁਤੀ ਹਾਂ। ਸੰਤਾਂ ਦੇ ਚਲ਼ੇ ਵਿਚ ਇਸ਼ਨਾਨ ਕਰਨ ਚੱਲੀਆਂ ਹਾਂ, ਕਿਉਂਕਿ ਦੁਨੀਆਂ ਦੇ ਲੋਕ ਸਾਡੇ ਵਿਚ ਇਸ਼ਨਾਨ ਕਰਕੇ ਆਪਣੇ ਕੀਤੇ ਹੋਏ ਪਾਪ ਕਰਮ ਨਵਿਰਤ ਕਰ ਜਾਂਦੇ ਹਨ ਤੇ ਅਸੀਂ ਫਿਰ ਸੰਤ ਚਰਨ-ਧੂੜੀ ਨੂੰ ਲੋਚਦੀਆਂ ਹਾਂ, ਓਥੇ ਇਸ਼ਨਾਨ ਕਰ ਕੇ ਅਸੀਂ ਪਾਪ ਨਵਿਰਤ ਕ਼ਰ ਆਉਂਦੀਆਂ ਹਾਂ।"

ਇਹ ਗੱਲ ਸੁਣ ਕੇ ਬੈਰਾਗੀ ਤਾਂ ਬੜਾ ਹੈਰਾਨ ਹੋਇਆ। ਉਹ ਵੀ ਉਹਨਾਂ ਗਊਆਂ ਨਾਲ ਹੀ ਚਲਾ ਆਇਆ। ਉਸ ਦੇ ਵੇਖਦਿਆਂ ਵੇਖਦਿਆਂ ਜਦ ਗਊਆਂ ਨੇ ਸੰਤਾਂ ਦੇ ਚਲ਼ੇ ਵਿਚ ਪ੍ਰਵੇਸ਼ ਕੀਤਾ ਤਾਂ ਉਹ ਦਿਬ ਸਰੂਪ ਹੋ ਕੇ ਚਲੀਆਂ ਗਈਆਂ। ਪਾਪਾਂ ਦੀ ਮੈਲ ਕਰਕੇ ਜਿਹੜਾ ਉਹਨਾਂ ਦਾ ਕਾਲਾ ਰੰਗ ਸੀ ਉਹ ਦੂਰ ਹੋ ਗਿਆ।

ਇਸੀ ਪ੍ਰਕਾਰ ਨਾਮ ਰਸੀਏ ਮਹਾਤਮਾ ਏਟ ਤੀਰਥਾਂ ਨੂੰ ਭੀ ਇਸ਼ਨਾਨ ਕਰਾ ਕੇ ਪਵਿੱਤ੍ਰ ਕਰ ਦੇਂਦੇ ਹਨ।

ਸੁਣਿਐ ਪੜਿ ਪੜਿ ਪਾਵਹਿ ਮਾਨੁ॥

ਨਾਮ ਦੇ ਸੁਣਨ ਕਰਕੇ ਤੇ ਫਿਰ ਉਸ ਨੂੰ ਪੜ੍ਹ ਪੜ੍ਹ ਕੇ ਵਾ-ਪੜ੍ਹ ਪੜ੍ਹਾ ਕੇ ਮਾਨ=ਆਦਰ ਪਾਉਂਦਾ ਹੈ। ਜਿਸ ਤਰ੍ਹਾਂ ਕਿ ਭਾਈ ਬਿਧੀ ਚੰਦ ਜੀ ਨੇ ਨਾਮ ਨੂੰ ਪੜ੍ਹ ਪੜ੍ਹ ਕੇ ਆਦਰ ਪਾਇਆ ਹੈ।

ਸਾਖੀ - ਬ੍ਰਹਮ ਗਿਆਨੀ ਭਾਈ ਬਿਧੀ ਚੰਦ ਜੀ

ਭਾਈ ਕਾਨ੍ਹ ਸਿੰਘ ਨਾਭਾ ਆਪਣੇ ਪ੍ਰਸਿੱਧ ਗ੍ਰੰਥ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਭਾਈ ਬਿਧੀ ਚੰਦ, ਜਿਲ੍ਹਾ ਲਾਹੌਰ (ਹੁਣ ਅੰਮ੍ਰਿਤਸਰ) ਦੇ ਪਿੰਡ ਸੁਰਸਿੰਘ ਦੇ ਵਸਨੀਕ ਛੀਨੇ ਗੋਤ ਦੇ ਜੱਟ, ਜੋ ਭਿੱਖੀ ਦੇ ਪੋਤੇ ਅਤੇ ਵਸਣ ਦੇ ਪੁੱਤਰ ਸਨ, ਇਕ ਵੱਡੇ ਦਲੇਰ, ਬਲੀ, ਕੱਦਆਵਰ ਅਤੇ ਸੁੰਦਰ ਜੁਆਨ ਸਨ, ਇਨ੍ਹਾਂ ਦੇ ਨਾਨਕੇ ਪਿੰਡ ਸਰਹਾਲੀ ਜਿਲ੍ਹਾ ਅੰਮ੍ਰਿਤਸਰ ਵਿਚ ਸਨ। ਸਤਿਗੁਰੂ ਗੁਰੂ ਅਰਜਨ ਦੇਵ ਦੇ ਗੁਰਮੁਖ ਸਿੱਖ ਭਾਈ ਅਦਲੀ ਜੀ ਦੀ ਸੰਗਤ ਹੋਣ ਕਰਕੇ ਭਾਈ ਬਿਧੀ ਚੰਦ ਦਾ ਜੀਵਨ ਪਲਟਾ ਖਾ ਗਿਆ। ਭਾਈ ਅਦਲੀ ਜੀ ਗੁਰੂ ਜੀ ਦੇ ਅਨਿਨ ਸਿੱਖ ਸਨ। ਉਨ੍ਹਾਂ ਭਾਈ ਬਿਧੀ ਚੰਦ ਜੀ ਨੂੰ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਪੂਰੇ ਸਤਿਗੁਰੂ ਹਨ ਅਤੇ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਮਨੁੱਖ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਉਹ ਇਹ ਸਿੱਖਿਆ ਦਿੰਦੇ ਹਨ ਕਿ ਇਸ ਦੁਨੀਆਂ ਵਿਚੋਂ ਸਾਡੇ ਨਾਲ ਕਿਸ਼ੇ ਨਹੀਂ ਜਾਣਾ। ਕੇਵਲ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਸਾਡੀ ਸਹਾਇਤਾ ਕਰੇਗਾ। ਇਹ ਜਿਹੜਾ ਸਾਡਾ ਪਰਿਵਾਰ ਹੈ ਜਿਸ ਨਾਲ ਅਸੀਂ ਮੋਹ ਪਾਉਂਦੇ ਹਨ, ਇਨ੍ਹਾਂ ਦੀ ਪਾਲਣਾ ਵਾਸਤੇ ਝੂਠ ਮਾਰਦੇ ਹਾਂ, ਪਾਪ ਕਰਦੇ ਹਾਂ ਪਰ ਇਨ੍ਹਾਂ ਸਾਡੇ ਨਾਲ ਨਹੀਂ ਚਲਣਾ। ਗੁਰੂ ਅਮਰ ਦਾਸ ਜੀ ਲਿਖਦੇ ਹਨ:—

ਇਹ ਕੁਟੰਬ ਤੂੰ ਜਿ ਦੇਖਦਾ
ਚਲੈ ਨਾਹੀ ਤੇਰੈ ਨਾਲੇ॥

ਪਰ ਜਿਹੜੇ ਮਨੁੱਖ ਨਾਮ ਨੂੰ ਸੁਣਦੇ ਹਨ, ਨਾਮ ਨੂੰ ਆਪਣੇ ਹਿਰਦੇ ਵਿਚ ਮੰਨਦੇ ਅਤੇ ਨਾਮ ਦਾ ਸਿਮਰਨ ਕਰਦੇ

ਹਨ, ਉਨ੍ਹਾਂ ਦੇ ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ ਅਤੇ ਉਹ ਇਸ ਅਤੇ ਅਗਲੀ ਦਰਗਾਹ ਵਿਚ ਬੜਾ ਇਜ਼ਤ ਮਾਣ ਪਾਉਂਦੇ ਹਨ।

ਭਾਈ ਬਿਧੀ ਚੰਦ, ਆਪਣੇ ਸਾਥੀ ਭਾਈ ਅਦਲੀ ਜੀ ਦੀਆਂ ਗੱਲਾਂ ਸੁਣ ਕੇ ਬਹੁਤ ਪ੍ਰਭਾਵਤ ਹੋਏ ਅਤੇ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਦੀ ਅਭਿਲਾਸ਼ਾ ਪ੍ਰਗਟ ਕੀਤੀ। ਭਾਈ ਅਦਲੀ ਜੀ ਜਦ ਭਾਈ ਬਿਧੀ ਚੰਦ ਜੀ ਨੂੰ ਗੁਰੂ ਅਰਜਨ ਦੇਵ ਜੀ ਪਾਸ ਲੈਕੇ ਆਏ ਤਾਂ ਗੁਰੂ ਜੀ ਦੇ ਦਰਸ਼ਨ ਕਰਨ ਨਾਲ ਹੀ ਉਨ੍ਹਾਂ ਦੇ ਮਨ ਦੇ ਕਪਾਟ ਖੁਲ੍ਹ ਗਏ ਤੇ ਉਨ੍ਹਾਂ ਦੇ ਸਾਰੇ ਪਾਪਾਂ ਦਾ ਨਾਸ ਹੋ ਗਿਆ।

ਗੁਰੂ ਅਰਜਨ ਦੇਵ ਜੀ ਵੀ ਭਾਈ ਬਿਧੀ ਚੰਦ ਜੀ ਵਰਗੇ ਸੁੰਦਰ ਨੌਜਵਾਨ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਜਦ ਭਾਈ ਬਿਧੀ ਚੰਦ ਨੇ ਗੁਰੂ ਜੀ ਅੱਗੇ ਭੇਟਾ ਰੱਖ ਕੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਕਿਹਾ, "ਤੈਨੂੰ ਸਦਾ ਕਰਤਾਰ ਚਿੱਤ ਆਵੇ।" ਉਸ ਤੋਂ ਬਾਅਦ ਭਾਈ ਜੀ ਨੂੰ ਨਾਮ ਦੀ ਲਗਣ ਲੱਗ ਗਈ ਅਤੇ ਹਰ ਵੇਲੇ ਨਾਮ ਦਾ ਸਿਮਰਨ ਕਰਨ ਲੱਗ ਗਏ। ਗੁਰੂ ਜੀ ਦੀ ਸੰਗਤ ਵਿਚ ਰਹਿਕੇ ਉਨ੍ਹਾਂ ਨਾਮ ਦਾ ਏਨਾਂ ਅਭਿਆਸ ਕੀਤਾ ਕਿ ਬ੍ਰਹਮ ਗਿਆਨੀ ਦੀ ਪਦਵੀ ਨੂੰ ਪ੍ਰਾਪਤ ਕੀਤਾ।

ਉਹ ਸ਼ਸਤਰ ਵਿਦਿਆ ਦੇ ਵੀ ਬੜੇ ਧਨੀ ਸਨ। ਜਦ ਗੁਰੂ ਹਰਿਗੋਬਿੰਦ ਸਾਹਿਬ ਗੱਦੀ ਤੇ ਬੈਠੇ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਸ਼ਸ਼ਤਰਧਾਰੀ ਬਣਾਉਣ ਦਾ ਸੰਕਲਪ ਕੀਤਾ।

ਉਨ੍ਹਾਂ ਨੇ ਸਿੱਖਾਂ ਦੀ ਆਪਣੀ ਫੌਜ ਤਿਆਰ ਕਰਨ ਵਾਸਤੇ ਸਿੱਖਾਂ ਦੀ ਭਰਤੀ ਆਰੰਭ ਕਰ ਦਿੱਤੀ। ਆਪ ਇਕ ਚੰਗੇ ਸ਼ਸ਼ਤਰਧਾਰੀ ਬਣਨ ਵਾਸਤੇ ਉਨ੍ਹਾਂ ਨੇ ਭਾਈ ਬਿਧੀ ਚੰਦ ਨੂੰ ਆਪਣਾ ਉਸਤਾਦ ਧਾਰਨ ਕੀਤਾ ਤੇ ਉਨ੍ਹਾਂ ਪਾਸੋਂ ਉਨ੍ਹਾਂ ਹਰ ਪ੍ਰਕਾਰ ਦੇ ਸ਼ਸ਼ਤਰ ਚਲਾਉਣ ਦੀ ਵਿਦਿਆ ਪ੍ਰਾਪਤ ਕੀਤੀ। ਭਾਈ ਬਿਧੀ ਚੰਦ ਨੂੰ ਇਕ ਚੰਗਾ ਸੂਰਬੀਰ ਵੇਖ ਕੇ ਉਨ੍ਹਾਂ ਭਾਈ ਜੀ ਨੂੰ ਆਪਣੀਆਂ ਫ਼ੌਜਾਂ ਦਾ ਕਮਾਂਡਰ ਬਣਾ ਦਿੱਤਾ।

ਇਕ ਵਾਰ ਕਾਬਲ ਦੀ ਸੰਗਤ ਗੁਰੂ ਦਰਸ਼ਨਾਂ ਨੂੰ ਆਈ ਤਾਂ ਉਨ੍ਹਾਂ ਨਾਲ ਭਾਈ ਕਰੋੜੀ ਮਲ ਵੀ ਆਇਆ ਜਿਹੜਾ ਇਕ ਚੰਗੀ ਨਸਲ ਦੇ ਘੋੜੇ ਗੁਲਬਾਗ ਤੇ ਦਿਲਬਾਗ ਗੁਰੂ ਜੀ ਨੂੰ ਭੇਂਟ ਕਰਨ ਵਾਸਤੇ ਲਿਆਇਆ। ਜਦ ਇਹ ਸਾਰੀ ਸੰਗਤ ਲਾਹੌਰ ਵਿਚ ਘੁੰਮ ਫਿਰ ਰਹੀ ਸੀ ਤਾਂ ਲਾਹੌਰ ਦੇ ਹਾਕਮ ਅਨਾਇਤ-ਉਲਾ ਦੀ ਨਜ਼ਰ ਉਨ੍ਹਾਂ ਘੋੜਿਆਂ 'ਤੇ ਪੈ ਗਈ। ਅਨਾਇਤ-ਉਲਾ ਨੇ ਉਹ ਘੋੜੇ ਮੁੱਲ ਲੈਣੇ ਚਾਹੇ, ਪਰ ਕਰੋੜੀ ਮਲ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਹ ਘੋੜੇ ਵੇਚਣ ਵਾਸਤੇ ਨਹੀਂ ਬਲਕਿ ਆਪਣੇ ਇਸ਼ਟ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੇਂਟ ਕਰਨ ਵਾਸਤੇ ਲਿਆਇਆ ਹੈ। ਹਾਕਮ ਉਸ ਦੀ ਇਸ ਗੱਲ 'ਤੇ ਚਿੜ ਗਿਆ ਅਤੇ ਉਸ ਦੋਵੇਂ ਘੋੜੇ ਖੋਹ ਲਏ। ਜਦ ਕਾਬਲ ਦੀ ਸੰਗਤ ਗੁਰੂ ਪਾਸ ਪੁੱਜੀ ਤਾਂ ਸਾਰੀਆਂ ਸੰਗਤਾਂ ਕਾਰ ਭੇਂਟ ਰੱਖ ਮੱਥਾ ਟੇਕ ਕੇ ਬੈਠ ਗਈਆਂ ਪਰ ਕਰੋੜੀ ਮਲ ਕੋਈ ਭੇਂਟ ਅੱਗੇ ਰਖਣ ਦੀ ਥਾਂ ਉਦਾਸ ਲਹਿਜੇ ਵਿਚ ਬੋਲਿਆ, "ਮਹਾਰਾਜ ਮੈਂ ਆਪ ਜੀ ਨੂੰ ਭੇਂਟ ਕਰਨ ਵਾਸਤੇ ਦੋ ਵਧੀਆ ਨਸਲ ਦੇ ਘੋੜੇ ਗੁਲਬਾਗ ਅਤੇ ਦਿਲਬਾਗ ਲਿਆਇਆ ਸੀ, ਪਰ ਉਹ ਰਾਹ ਵਿਚ ਲਾਹੌਰ ਦੇ ਹਾਕਮ ਅਨਾਇਤ-ਉਲਾ ਨੇ ਖੋਹ ਲਏ ਹਨ। ਮੇਰੇ ਪਾਸ ਹੁਣ ਆਪ ਜੀ ਨੂੰ ਕਾਰ ਭੇਂਟ ਕਰਨ ਲਈ ਕੁਝ ਨਹੀਂ ਬਚਿਆ।" ਗੁਰੂ ਜੀ ਨੇ ਉਸ ਨੂੰ ਦਿਲਾਸਾ ਦਿੱਤਾ ਅਤੇ ਹੱਸਦੇ ਹੋਏ ਬੋਲੇ, "ਤੇਰੇ ਘੋੜੇ ਸਾਨੂੰ ਪਹੁੰਚ ਗਏ ਹਨ, ਉਨ੍ਹਾਂ ਨੂੰ ਹੁਣ ਆਪੇ ਲੈ ਆਵਾਂਗੇ। ਤੂੰ ਫ਼ਿਕਰ ਨਾ ਕਰ, ਅਸੀਂ ਤੇਰੇ 'ਤੇ ਬਹੁਤ ਖੁਸ਼ ਹੋਏ ਹਾਂ, ਤੇਰੀ ਕੀਮਤੀ ਭੇਟਾਂ ਪ੍ਰਾਪਤ ਕਰਕੇ ਹੀ ਛਡਾਂਗੇ।"

ਭਾਈ ਕਰੋੜੀ ਮਲ ਨੂੰ ਤਸੱਲੀ ਹੋ ਗਈ ਅਤੇ ਉਹ ਖ਼ੁਸ਼ ਹੋ ਗਿਆ।

ਗੁਰੂ ਜੀ ਨੇ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ। ਉਸ ਨੂੰ ਥਾਪੜਾ ਦਿੱਤਾ ਅਤੇ ਪੰਜਾਂ ਗੁਰੂਆਂ ਦਾ ਨਾਂ ਲੈ ਕੇ ਅਰਦਾਸ ਕੀਤੀ ਅਤੇ ਉਸ ਨੂੰ ਲਾਹੌਰ ਵੱਲ ਘੱਲ ਦਿੱਤਾ। ਬਿਧੀ ਚੰਦ ਬੜੀ ਚਲਾਕੀ ਨਾਲ ਦੋਵੇਂ ਘੋੜੇ ਚੁਰਾ ਕੇ ਲੈ ਆਇਆ ਅਤੇ ਗੁਰੂ ਜੀ ਨੂੰ ਭੇਂਟ ਕਰ ਦਿੱਤੇ। ਇਹ ਦੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ।

ਕੀਰਤਪੁਰ ਦੇ ਰਹਿਣ ਵਾਲੇ ਭਾਈ ਬੁਢਣ ਸ਼ਾਹ ਦੇ ਚੇਲੇ ਭਾਈ ਸੁੰਦਰ ਸ਼ਾਹ ਨਾਲ ਭਾਈ ਬਿਧੀ ਚੰਦ ਦਾ ਬਹੁਤ ਪ੍ਰੇਮ ਹੋ ਗਿਆ। ਭਾਈ ਸੁੰਦਰ ਸ਼ਾਹ ਦੇਵਨਗਰ ਦੇ ਰਹਿਣ ਵਾਲੇ ਸਨ। ਇਕ ਦਿਨ ਬ੍ਰਹਮ ਗਿਆਨੀ ਭਾਈ ਬਿਧੀ ਚੰਦ ਨੇ ਆਪਣੇ ਸਾਥੀ ਸੁੰਦਰ ਸ਼ਾਹ ਨੂੰ ਕਿਹਾ ਕਿ ਜਦ ਸਾਡਾ ਵਾਹਿਗੁਰੂ ਦੇ ਚਰਨਾਂ ਵਿਚ ਜਾਣ ਦਾ ਸਮਾਂ ਆ ਗਿਆ ਤਾਂ ਅਸੀਂ ਦੋਵੇਂ ਇਕੋ ਸਮੇਂ, ਇਕ ਥਾਂ ਇਸ ਸਰੀਰ ਨੂੰ ਛੱਡ ਜਾਵਾਂਗੇ। ਬਾਅਦ ਵਿਚ ਇਹ ਗੱਲ ਬਿਲਕੁਲ ਸੱਚੀ ਹੋਈ। ਭਾਈ ਬਿਧੀ ਚੰਦ ਤੇ ਸੁੰਦਰ ਸ਼ਾਹ ਦੇਵ ਨਗਰ ਵਿਚ ਇਕੋ ਸਮੇਂ ਪ੍ਰਭੂ ਚਰਨਾਂ ਵਿਚ ਸਮਾ ਗਏ। ਦੋਵਾਂ ਦੀ ਸਮਾਧ ਅਤੇ ਕਬਰ ਇਕੋ ਥਾਂ ਨਾਲ ਨਾਲ ਬਣੀਆਂ ਓਥੇ ਮੌਜੂਦ ਹਨ। ਭਾਈ ਬਿਧੀ ਚੰਦ ਦੇ ਭਰਾ ਉਧੇ ਚੰਦ ਦੇ ਪੁੱਤਰ ਲਾਲਚੰਦ ਨੇ ਭਾਈ ਜੀ ਦੇ ਸਰੀਰ ਦੀ ਰਾਖ ਸੁਰਸਿੰਘ ਵਿਚ ਲਿਆਕੇ ਸਮਾਧ ਵੀ ਬਣਾਈ ਹੈ।

ਸੁਣਿਐ ਲਾਗੈ ਸਹਜਿ ਧਿਆਨੁ ॥

ਨਾਮ ਦੇ ਸੁਣਨ ਕਰਕੇ ਸਹਜਿ=ਸੁਖੈਨ, ਨਿਰਜਤਨ ਹੀ ਸਹਜਿ=ਆਤਮ-ਪਦ ਵਿਚ ਧਿਆਨ ਲੱਗ ਜਾਂਦਾ ਹੈ।

੨. ਧਿਆਨ ਦੇ ਲੱਗਣ ਕਰਕੇ ਸਹਜਿ=ਗਿਆਨ, ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਯਥਾ -

ਪਉੜੀ॥ "ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ॥
ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ॥
ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ॥
ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ॥"

[ਸਾਰੰਗ ਵਾਰ, ਪੰਨਾ ੧੨੪੦]

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥

ਗੁਰੂ ਜੀ ਆਖਦੇ ਹਨ, ਭਗਤਾਂ ਨੂੰ ਸਦਾ ਹੀ ਵਿਗਾਸੁ=ਅਨੰਦ ਹੈ, ਨਾਮ ਦੇ ਸੁਣਨ ਕਰਕੇ ਦੁੱਖਾਂ, ਪਾਪਾਂ ਦਾ ਨਾਸ ਹੋ ਜਾਂਦਾ ਹੈ, ਅਥਵਾ :- ਦੁਖਾਂ ਦਾ ਕਾਰਨ ਜੋ ਪਾਪ ਹਨ ਉਹ ਨਾਸ ਹੋ ਜਾਂਦੇ ਹਨ॥ ੧੦॥

ਦਸਵੀਂ ਪਉੜੀ ਦੇ ੬੭ ਅੱਖਰ ਹਨ।

ਗਿਆਰਵੀਂ ਪਉੜੀ

ਫੇਰ ਸਿੱਧਾਂ ਨੇ ਪੁੱਛਿਆ, ਨਾਮ ਸੁਣਨ ਦਾ ਮਹਾਤਮ ਜੋ ਉੱਪਰ ਆਪ ਜੀ ਨੇ ਕਥਨ ਕੀਤਾ ਹੈ, ਇਤਨਾ ਹੀ ਹੈ ਕਿ ਕੁਝ ਹੋਰ ਵੀ ਹੈ?' ਤਾਂ ਗੁਰੂ ਜੀ ਨੇ ਫੁਰਮਾਇਆ-

ਸੁਣਿਐ ਸਰਾ ਗੁਣਾ ਕੇ ਗਾਹ॥

ਪਹਿਲਾ ਅਰਥ-ਨਾਮ ਦੇ ਸੁਣਨ ਕਰ ਕੇ ਗੁਣਾਂ ਦਾ ਸਰਾ=ਸਰੋਵਰ ਜੋ ਵੇਦ ਹਨ ਉਨ੍ਹਾਂ ਨੂੰ ਗਾਹ=ਅਵਗਾਹਨ ਭਾਵ ਵਿਚਾਰ ਲੈਂਦਾ ਹੈ।

ਯਥਾ—"ਜਾ ਕੀ ਲੀਲਾ ਕੀ ਮਿਤਿ ਨਾਹਿ॥ ਸਗਲ ਦੇਵ ਹਾਰੇ ਅਵਗਾਹਿ॥"

[ਗਉੜੀ ਸੁਖਮਨੀ, ਪੰਨਾ ੨੮੪]

ਦੂਜਾ ਅਰਥ-ਗੁਣਾਂ ਦਾ ਸਰ ਜੋ ਹਰੀ ਹੈ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ।

ਤੀਜਾ ਅਰਥ-ਗੁਣ=ਵਿਸ਼ਿਆਂ ਦੇ ਸਰ ਜੋ ਇੰਦ੍ਰੀਏ ਹਨ ਉਨ੍ਹਾਂ ਨੂੰ ਗਾਹ=ਦਮਨ ਕਰ ਲੈਂਦਾ ਹੈ।

ਚੌਥਾ ਅਰਥ-ਰਾਰੇ ਤੋਂ ਕੰਨਾਂ ਮੰਗ ਕੇ ਸੱਸੇ ਨੇ ਆਪਣੇ ਨਾਲ ਲਗਾਇਆ ਤਾਂ ਸਾਰ ਬਣ ਗਿਆ।

ਗਿਆਨ ਆਦਿਕ ਸਾਰ=ਸਰੇਸ਼ਟ ਗੁਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ।

ਪੰਜਵਾਂ ਅਰਥ - ਨਾਮ ਸੁਣਨ ਕਰ ਕੇ ਇਤਨੀ ਸ਼ਕਤੀ ਅੰਦਰ ਜਮ੍ਹਾ ਹੋ ਜਾਂਦੀ ਹੈ ਜੋ ਕਿ ਪ੍ਰਤੱਖ ਧਨੁੱਖ ਬਾਣ ਦੇ ਚਲਾਉਣ ਦੀ ਵਿਦਿਆ ਨੂੰ ਗ੍ਰਹਿਣ ਕਰ ਲੈਂਦਾ ਹੈ। ਸਰ ਦਾ ਅਰਥ ਬਾਣ, ਗੁਣ ਦਾ ਅਰਥ ਚਿੱਲਾ ਕੀਤਾ ਹੈ, ਚਿੱਲੇ ਤੋਂ ਮੁਰਾਦ ਧਨੁੱਖ ਦੀ ਆਈ ਹੈ।

ਧਨੁੱਖ ਬਾਣ ਦੇ ਚਲਾਉਣ ਦੀ ਵਿਦਜਾ ਬਹੁਤ ਕਠਨ ਹੈ ਪਰ ਨਾਮ ਦੀ ਸਹਾਇਤਾ ਹੋਣ ਕਰਕੇ ਸੁਖੈਨ ਪ੍ਰਾਪਤ ਹੋ ਜਾਂਦੀ ਹੈ। ਧਨੁੱਖ ਬਾਣ ਦੇ ਚਲਾਉਣ ਵਿਚ ਦਰੋਣਾਚਾਰਜ ਜੀ ਬਹੁਤ ਸਿਆਣੇ ਸਨ।

ਜਿਸ ਵੇਲੇ ਕੌਰਵ ਤੇ ਪਾਂਡਵ ਦੋਹਾਂ ਧਿਰਾਂ ਦੇ ਲੜਕੇ ਇਕੱਠੇ ਖੇਡ ਰਹੇ ਸਨ ਤਾਂ ਖੇਡਦਿਆਂ ਖੇਡਦਿਆਂ ਖਿੱਦੂ [ਗੇਂਦ] ਖੂਹ ਵਿਚ ਜਾ ਪਿਆ, ਬੱਚੇ ਰੋਣ ਲੱਗ ਪਏ। ਉਸ ਵੇਲੇ ਬਥੇਰਾ ਕਿਹਾ ਤੁਸੀਂ ਰੋਵੋ ਨਾ, ਤੁਹਾਨੂੰ ਹੋਰ ਖਿੱਦੂ ਲੈ ਦਿੰਦੇ ਹਾਂ ਪਰ ਬੱਚਿਆਂ ਦਾ ਹਠ ਹੁੰਦਾ ਹੈ, ਬੱਚੇ ਆਖਣ ਅਸੀਂ ਤਾਂ ਉਹੀ ਖਿੱਦੂ ਲੈਣਾ ਹੈ। ਤਾਂ ਉਸ ਵੇਲੇ ਦਰੋਣਾਚਾਰਜ ਜੀ ਨੇ ਬਾਣ ਮਾਰਿਆ ਤਾਂ ਉਹ ਖਿੱਦੂ ਵਿਚ ਜਾ ਵੱਜਾ, ਦੂਜਾ ਬਾਣ ਮਾਰਿਆਂ ਤਾਂ ਉਸ ਬਾਣ ਨਾਲ ਜਾ ਲੱਗਾ। ਤੀਜਾ ਬਾਣ ਮਾਰਿਆ ਤਾਂ ਦੂਜੇ ਵਿਚ ਜਾ ਲੱਗਾ। ਇਸ ਤਰ੍ਹਾਂ ਬਾਣ ਵਿਚ ਬਾਣ ਮਾਰ ਕੇ ਉਹ ਖਿੱਦੂ ਬਾਹਰ ਕੱਢ ਕੇ ਬੱਚਿਆਂ ਨੂੰ ਦੇ ਕੇ ਚੁੱਪ ਕਰਾ ਦਿੱਤਾ। ਇਸ ਤਰ੍ਹਾਂ ਦੀ ਜੋ ਸਿਆਣਪ ਹੈ ਬਾਣ ਵਿਚ ਬਾਣ ਪਰੋਵਣ ਦੀ, ਨਾਮ ਦੇ ਪ੍ਰਤਾਪ ਕਰਕੇ ਹੀ ਦਰੋਣਾਚਾਰਜ ਜੀ ਵਿਚ ਹੋਈ ਹੈ।

ਵਾ—ਅੰਤ੍ਰੀਵ ਅਰਥ-ਪ੍ਰੇਮ ਰੂਪੀ ਬਾਣ ਹੈ।
ਯਥਾ—"ਮੇਰੈ ਮਨਿ ਪ੍ਰੇਮੁ ਲਗੌ ਹਰਿ ਤੀਰ॥"

[ਗੌਂਡ ਮਹਲਾ ੪, ਪੰਨਾ ੮੬੧]

ਵਿਚਾਰ ਰੂਪ ਚਿੱਲਾ ਹੈ, ਅਦ੍ਵੈਤ ਨਿਸਚਾ ਵਾ ਸ਼ੁੱਧ ਮਨ ਧਨੁੱਖ ਹੈ, ਆਤਮ ਵਿਸ਼ੈਣੀ ਬੁੱਧੀ ਕਮਾਨ ਹੈ। ਐਸੇ ਅੰਤ੍ਰੀਵ ਧਨੁੱਖ ਬਾਣ ਦੇ ਗੁਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ।

ਵਾ-ਲਖਸ਼ ਪਦ ਰੂਪ ਨਿਸ਼ਾਨੇ ਨੂੰ ਅੰਤ੍ਰੀਵ ਬਾਣ ਚਲਾ ਕੇ ਵਿੰਨ੍ਹਣਾ ਕੀਤਾ ਹੈ।

ਛੇਵਾਂ ਅਰਥ-ਸਰਾ=ਸਰੋਵਰ ਦੇ ਵਿਚ ਲੁੱਕਣ ਦੇ ਗੁਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ।

ਵਾ-ਸਤਿਸੰਗਤ ਰੂਪ ਸਰੋਵਰ ਵਿਚ ਜੋ ਨਾਮ ਜਲ ਹੈ ਉਸ ਇਸਥਿਤ ਹੋਣ ਦੇ ਗੁਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ।

ਸੱਤਵਾਂ ਅਰਥ-ਅੰਤਹਕਰਣ ਰੂਪ ਸਰੋਵਰ ਵਿਚ ਜੋ ਆਤਮਾ ਰੂਪ ਜਲ ਹੈ ਉਸ ਵਿਚ ਇਸਥਿਤ ਹੋਣ ਦੇ ਗੁਣਾਂ ਨੂੰ ਗ੍ਰਹਿਣ ਕਰਦਾ ਹੈ।

ਅੱਠਵਾਂ ਅਰਥ-ਨਾਮ ਸ੍ਰਵਣ ਕਰਨ ਨਾਲ ਸਰਾ ਗੁਣਾਂ=ਸਰਗੁਣ ਪ੍ਰਮਾਤਮਾਂ ਦੀ ਗਾਹ=ਜਗ੍ਹਾ ਪ੍ਰਾਪਤ ਕਰ ਲੈਂਦਾ ਹੈ।

ਸੁਣਿਐ ਸੇਖ ਪੀਰ ਪਾਤਿਸਾਹ॥

ਸੇਖਾਂ, ਪੀਰਾਂ ਅਤੇ ਬਾਦਸ਼ਾਹਾਂ, ਸਾਰਿਆਂ ਪਾਸੋਂ ਪ੍ਰਮੇਸ਼ਰ ਦਾ ਨਾਮ ਹੀ ਵੱਡਾ ਸੁਣੀਂਦਾ ਹੈ।

ਵਾ-ਨਾਮ ਨੂੰ ਸਰਵਣ ਕਰਕੇ ਸ਼ੇਖ, ਪੀਰ ਤੇ ਬਾਦਸ਼ਾਹ ਉੱਚ-ਪਦਵੀ ਨੂੰ ਪ੍ਰਾਪਤ ਹੋਏ ਹਨ। ਵਾ-ਹੁਣ ਹੋ ਸਕੀਦਾ ਹੈ।

ਅਥਵਾ-ਨਾਮ ਨੂੰ ਸੁਣ ਕੇ ਸੇਖ=ਸ਼ੇਸ਼ਨਾਗ ਦਾ ਪੀਰ=ਪੂਜਜ ਜੋ ਪਾਤਿਸ਼ਾਹ ਵਿਸ਼ਨੂੰ ਹੈ ਉਸ ਦਾ ਸਰੂਪ ਹੁੰਦਾ ਹੈ।

ਅਥਵਾ-ਜਨਮ ਮਰਨ ਰੂਪ ਪੀਰ=ਪੀੜ ਤੋਂ ਸੇਖ=ਰਹਿਤ ਹੋ ਕੇ ਪਾਤਿਸ਼ਾਹ=ਪ੍ਰਮਾਤਮਾ ਦਾ ਸਰੂਪ ਹੁੰਦਾ ਹੈ।

ਸੁਣਿਐ ਅੰਧੇ ਪਾਵਹਿ ਰਾਹੁ॥

ਪ੍ਰਮਾਤਮਾਂ ਦੇ ਨਾਮ ਸੁਣਨ ਕਰਕੇ, ਅੱਖਾਂ ਤੋਂ ਅੰਨ੍ਹੇ ਪੁਰਸ਼, ਪ੍ਰਤੱਖ ਰਸਤਾ ਪਾ ਲੈਂਦੇ ਹਨ।

ਵਾ-ਹੋਰਨਾਂ ਨੂੰ ਰਸਤੇ ਵਿਚ ਪਾਉਂਦੇ ਹਨ। ਭਾਵ ਵਿਦਜਾ ਦਾਨ ਦਿੰਦੇ ਹਨ।

ਵਾ-ਅੰਧੇ=ਅਗਿਆਨੀ ਪੁਰਸ਼ ਗਿਆਨ ਭਗਤੀ ਰੂਪ ਰਸਤੇ ਨੂੰ ਪਾ ਲੈਂਦੇ ਹਨ।

ਯਥਾ— "ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥ ੮॥"

[ਸਾਰੰਗ ਵਾਰ, ਪੰਨਾ ੧੨੪੦]

ਕਿਉਂਕਿ 'ਅੰਧਾ' ਸ਼ਬਦ ਅਗਿਆਨੀਆਂ ਉਤੇ ਵਰਤਿਆ ਹੈ। ਯਥਾ-

"ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥ ੧॥"

[ਰਾਮਕਲੀ ਕੀ ਵਾਰ ਪੰਨਾ ੯੫੪]

ਸੁਣਿਐ ਹਾਥ ਹੋਵੈ ਅਸਗਾਹੁ॥

ਨਾਮ ਸੁਣਨ ਕਰਕੇ ਅਸਗਾਹ ਸਮੁੰਦਰ ਵੀ ਹੱਥ ਭਰ ਹੋ ਜਾਂਦਾ ਹੈ।

ਸਾਖੀ ਪਹਿਲੀ-ਹਨੂੰਮਾਨ ਦੇ ਸਮੁੰਦਰ ਪਾਰ ਲੰਘਣ ਦੀ

ਜਿਸ ਵੇਲੇ ਸ੍ਰੀ ਰਾਮਚੰਦਰ ਜੀ ਬਨਵਾਸੀ ਹੋਏ ਤੇ ਕੁਟੀਆ ਵਿਚ ਠਹਿਰੇ ਹਨ ਉਸ ਵੇਲੇ 'ਮਰੀਚ' ਸੋਨੇ ਦਾ ਹਰਨ ਬਣ ਕੇ ਅੱਗੋਂ ਆ ਲੰਘਿਆ।

ਸੀਤਾ ਨੇ ਵੇਖ ਕੇ ਕਿਹਾ-''ਸੁਆਮੀ ਜੀ! ਉਹ ਸੋਨੇ ਦਾ ਹਰਨ ਜਾ ਰਿਹਾ ਹੈ ਮੈਨੂੰ ਲਿਆ ਕੇ ਦਿਓ।''

ਰਾਮਚੰਦਰ ਜੀ ਨੇ ਕਿਹਾ - ''ਹੇ ਸੁਭਦਰੇ! ਸੋਨੇ ਦਾ ਹਰਨ ਕਦੇ ਨਹੀਂ ਹੋਇਆ ਇਹ ਕੋਈ ਛਲ ਹੈ।''

ਸੀਤਾ ਨੇ ਕਿਹਾ- ''ਨਹੀਂ ਜੀ! ਉਹ ਹਰਨ ਮੈਨੂੰ ਜ਼ਰੂਰ ਲਿਆ ਕੇ ਦਿਓ। [ਇਸਤ੍ਰੀਆਂ ਦਾ ਹਠ ਹੁੰਦਾ ਹੈ ਮਗਰ ਪੈ ਗਈ] ਉਸ ਵੇਲੇ ਸ੍ਰੀ ਰਾਮਚੰਦਰ ਜੀ ਨੇ ਲਛਮਣ ਨੂੰ ਕਿਹਾ, ''ਤੂੰ ਇਥੇ ਸੀਤਾ ਪਾਸ ਹੀ ਠਹਿਰੀਂ ਅਸੀਂ ਹਰਨ ਦੇ ਪਿੱਛੇ ਜਾਂਦੇ ਹਾਂ।''

ਸ੍ਰੀ ਰਾਮਚੰਦਰ ਜੀ ਤਾਂ ਹਰਨ ਦੇ ਪਿੱਛੇ ਬਹੁਤ ਦੂਰ ਚਲੇ ਗਏ ਤੇ ਕਈ ਦਿਨ ਲੱਗ ਗਏ। ਰਾਮ ਜੀ ਦੇ ਨਾ ਆਉਣ ਪਰ ਸੀਤਾ ਨੇ ਬਦੋ-ਬਦੀ ਲਛਮਣ ਨੂੰ ਸ੍ਰੀ ਰਾਮਚੰਦਰ ਜੀ ਵੱਲ ਭੇਜ ਦਿੱਤਾ।

ਪਿੱਛੋਂ ਰਾਵਨ ਜੋਗੀ ਦਾ ਭੇਸ ਧਾਰ ਕੇ ਆ ਗਿਆ ਤੇ ਅਲੱਖ ਜਗਾ ਕੇ ਭਿਖਿਆ ਮੰਗੀ। ਜਿਸ ਵੇਲੇ ਸੀਤਾ ਭਿਖਿਆ ਦੇਣ ਲੱਗੀ ਤਾਂ ਰਾਵਣ ਚੁੱਕ ਕੇ ਲੈ ਗਿਆ ਤੇ ਉਸ ਨੂੰ ਆਪਣੇ ਅਸ਼ੋਕ ਬਾਗ ਵਿਚ ਆਪਣੀ ਨਿਗਰਾਨੀ ਹੇਠ ਕੈਦ ਕਰ ਦਿੱਤਾ।

ਉਸ ਤਰਫੋਂ ਜਦ ਰਾਮਚੰਦਰ ਜੀ ਆਏ ਤਾਂ ਕੀ ਵੇਖਦੇ ਹਨ ਸੀਤਾ ਕੋਈ ਨਹੀਂ ਹੈ, ਬਸ ਫਿਰ ਤਾਂ ਉਸ ਦੀ ਭਾਲ ਵਿਚ ਲੱਗ ਗਏ। ਹਨੂੰਮਾਨ ਮਿਲਿਆ ਤਾਂ ਉਸ ਨੂੰ ਕਿਹਾ, ''ਤੂੰ ਸੀਤਾ ਦੀ ਸੁੱਧ ਲਿਆ।'' ਹਨੂੰਮਾਨ ਉਸੀ ਵੇਲੇ ਭਾਲ ਕਰਦਾ ਕਰਦਾ ਸਮੁੰਦਰ ਤੋਂ ਪਾਰ ਲੰਕਾ ਵਿਚ ਗਿਆ ਤਾਂ ਰਾਵਣ ਦੇ ਅਸ਼ੋਕ ਬਾਗ ਵਿਚ ਸੀਤਾ ਨੂੰ ਦੇਖ ਕੇ ਪ੍ਰਸੰਨ ਹੋਇਆ। ਮੁੜ ਆ ਕੇ ਜਦ ਸ੍ਰੀ ਰਾਮ ਚੰਦਰ ਜੀ ਨੂੰ ਦੱਸਿਆ ਕਿ ਸੀਤਾ ਤਾਂ ਸਮੁੰਦਰ ਤੋਂ ਪਾਰ ਰਾਵਣ ਦੇ ਅਸ਼ੋਕ ਬਾਗ ਵਿਚ ਹੈ ਤਾਂ ਲਛਮਣ ਨੇ ਹਨੂੰਮਾਨ ਤੋਂ ਪੁੱਛਿਆ-

'ਕਹੌ ਹਨੂੰਮਾਨ ਸਾਤ ਜੋਜਨ ਕੇ ਸਿੰਧ, ਕੈਸੇ ਕੌ ਤਰ ਗਇਓ।'

ਹੇ ਹਨੂੰਮਾਨ! ਮੈਨੂੰ ਇਹ ਦੱਸ ਕਿ ਸਤ ਜੋਜਨ=ਅਠਾਈ ਕੋਹ ਚੌੜਾ ਸਮੁੰਦਰ ਤੂੰ ਕਿਸ ਤਰ੍ਹਾਂ ਤਰਿਆ ਹੈਂ? ਅੱਗੋਂ ਹਨੂੰਮਾਨ ਨੇ ਕਿਹਾ-

''ਸ੍ਰੀ ਰਘੁਬੀਰ ਕੇ ਨਾਮਹਿ ਲੈ, ਭਵ ਪਾਰ ਪਰੈ ਜਗ ਮੇਂ ਵਡਭਾਗੀ।
ਤਾਹੀ ਕੌ ਧਿਆਨ ਕੀਓ ਮਨ ਮੇਂ, ਮੁਹਿ ਬਾਰਧਿ ਲਾਂਘਤ ਬਾਰ+ ਨ ਲਾਗੀ।''*

ਅਰਥਾਤ - ਜਿਸ ਰਾਮ ਚੰਦ੍ਰ ਜੀ ਦਾ ਨਾਮ ਲੈ ਕੇ ਵੱਡੇ ਭਾਗਾਂ ਵਾਲੇ ਜੀਵ ਸੰਸਾਰ-ਸਮੁੰਦਰ ਤੋਂ ਪਾਰ ਪੈਂਦੇ ਹਨ, ਉਸੇ ਰਾਮਚੰਦਰ ਜੀ ਦਾ ਧਿਆਨ ਜਦ ਮੈਂ ਹਿਰਦੇ ਵਿਚ ਧਾਰਨ ਕੀਤਾ ਤਾਂ ਸਮੁੰਦਰ ਲੰਘਦਿਆਂ

---

*ਸਮੁੰਦਰ +ਦੇਰ

ਮੈਨੂੰ ਕੋਈ ਦੇਰ ਨਾ ਲੱਗੀ।

ਹਨੂੰਮਾਨ ਸ੍ਰੀ ਰਾਮਚੰਦਰ ਜੀ ਪਾਸੋਂ ਰਾਮ ਨਾਮ ਦੀ ਮਹਿਮਾ ਸੁਣਦਾ ਰਿਹਾ ਸੀ ਜਿਸ ਕਰਕੇ ਇਸ ਨੂੰ ਸਮੁੰਦਰ ਤੋਂ ਪਾਰ ਜਾਂਦਿਆਂ ਤੇ ਉਰਵਾਰ ਆਉਂਦਿਆਂ ਕੋਈ ਦੇਰ ਨਹੀਂ ਲੱਗੀ।

ਸਾਖੀ ਦੂਜੀ-ਮਹਾਰਾਜਾ ਰਣਜੀਤ ਸਿੰਘ ਜੀ ਦੀ

ਜਿਸ ਵੇਲੇ ਅਕਾਲੀ ਫੂਲਾ ਸਿੰਘ ਅਤੇ ਹਰੀ ਸਿੰਘ ਨਲੂਏ ਦੀ ਮੌਤ ਮਹਾਰਾਜਾ ਰਣਜੀਤ ਸਿੰਘ ਨੇ ਸੁਣੀ ਤਦ ਆਪਣੀਆਂ ਫੌਜਾਂ ਨੂੰ ਹੁਕਮ ਦੇ ਕੇ ਜਲਦੀ ਤੋਂ ਜਲਦੀ ਚੜ੍ਹਾਈ ਕਰ ਦਿੱਤੀ।

ਜਿਸ ਵੇਲੇ ਕਟਕ ਦਰਿਆ ਦੇ ਪਾਸ ਪਹੁੰਚੇ ਤਾਂ ਉਹ ਬੜੀ ਤੇਜ਼ੀ ਨਾਲ ਵਗ ਰਿਹਾ ਸੀ। ਜਿਸ ਦਰਿਆ ਨੇ ਅੱਜ ਤੱਕ ਕਿਸੇ ਨੂੰ ਭੀ ਰਾਹ ਨਹੀਂ ਦਿੱਤਾ। ਪਰ ਪਾਰਲੀਆਂ ਫੌਜਾਂ ਨੂੰ ਛੇਤੀ ਮਦਦ ਅਪੜਾਉਣ ਵਾਸਤੇ ਮਹਾਰਾਜਾ ਜੀ ਦੇ ਨਾਲ ਬਾਬਾ ਬੀਰ ਸਿੰਘ ਜੀ ਔਰੰਗਾਬਾਦ ਵਾਲੇ ਸਨ ਜੋ ਬਾਬਾ ਸਾਹਿਬ ਸਿੰਘ ਜੀ ਬੇਦੀ* ਤੋਂ ਵਰੋਸਾਏ ਹੋਏ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਬੀਰ ਸਿੰਘ ਜੀ ਨੂੰ ਕਿਹਾ, "ਆਪ ਸਤਿਗੁਰ ਦੇਵ ਜੀ ਅੱਗੇ ਅਰਦਾਸ ਕਰੋ ਜੋ ਫੌਜ ਛੇਤੀ ਪਾਰ ਹੋ ਜਾਵੇ।"

ਬਾਬਾ ਜੀ ਉਸੇ ਵੇਲੇ ਅਰਦਾਸਾ ਕਰਕੇ ਹਾਥੀ ਪਰ ਚੜ੍ਹੇ ਹੋਏ ਅਟਕ ਦਰਿਆ ਦੇ ਵਿਚ ਜਾ ਖਲੋਤੇ। ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਰਹੇ, ਸਾਰੀ ਫੌਜ ਪਾਰ ਲੰਘ ਗਈ, ਗੋਡੇ ਗੋਡੇ ਪਾਣੀ ਰਿਹਾ।

ਸ੍ਰੀ ਸੁਖਮਣੀ ਸਾਹਿਬ ਜੀ ਦਾ ਭੋਗ ਪੈ ਜਾਣ ਤੇ ਬਾਬਾ ਬੀਰ ਸਿੰਘ ਜੀ ਆਪ ਹਾਥੀ ਅੱਗੇ ਲੈ ਕੇ ਪਾਰ ਹੋ ਗਏ। ਕੁਝ ਕੁ ਫੌਜ ਦੋ ਸੌ ਦੇ ਕਰੀਬ ਆਲਸ ਤੇ ਬੇ-ਪਰਵਾਹੀ ਨਾਲ ਪਿੱਛੇ ਰਹਿ ਗਈ ਸੀ, ਪਾਣੀ ਚੜ੍ਹ ਗਿਆ ਤੇ ਉਹ ਡੁੱਬਣ ਲੱਗ ਪਏ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਕਿਹਾ, 'ਬਾਬਾ ਜੀ ਇਹਨਾਂ ਦਾ ਭੀ ਉਪਰਾਲਾ ਕਰੋ।' ਤਾਂ

---

*ਬਾਬਾ ਸਾਹਿਬ ਸਿੰਘ ਜੀ ਸਤਿਗੁਰੂ ਕਲਗੀਧਰ ਜੀ ਦੇ ਬਚਨਾਂ ਕਰਕੇ ਪੈਦਾ ਹੋਏ ਸਨ। ਇਨ੍ਹਾਂ ਦਾ ਸੰਖੇਪ ਸਮਾਚਾਰ ਇਸ ਤਰ੍ਹਾਂ ਹੈ-

ਜਿਸ ਵੇਲੇ ਕਲਗੀਧਰ ਪਿਤਾ ਜੀ ਸ਼ਿਕਾਰ ਖੇਡਣ ਜਾਂਦੇ ਸਨ ਤਾਂ ਬਾਬਾ ਕਲਾਧਾਰੀ ਜੀ ਨਾਲ ਮਿਲਿਆ ਜੁਲਿਆ ਕਰਦੇ ਸਨ। ਇਕ ਦਿਨ ਇਹਨਾਂ ਨੇ ਦਸਮ ਪਿਤਾ ਜੀ ਪਾਸ ਬੇਨਤੀ ਕੀਤੀ ਕਿ ਸਾਡੀ ਬੇਦੀਆਂ ਦੀ ਬੰਸ ਵਧਣੋਂ ਹਟ ਗਈ ਹੈ ਆਪ ਮੇਹਰ ਦੀ ਨਜ਼ਰ ਕਰੋ।

ਉਸ ਵੇਲੇ ਸ੍ਰੀ ਕਲਗੀਧਰ ਜੀ ਨੇ ਕਿਹਾ- 'ਤਰੇਹਣਾ, ਨੇ ਭੀ, ਭੱਲਿਆਂ ਨੇ ਭੀ, ਸੋਢੀਆਂ ਨੇ ਭੀ ਅੰਮ੍ਰਿਤ ਛੱਕ ਲਿਆ ਹੈ ਪਰ ਬੇਦੀਆਂ ਨੇ ਨਹੀਂ ਛਕਿਆ, ਤੁਸੀਂ ਅੰਮ੍ਰਿਤ ਛਕ ਲਓ ਤਾਂ ਇਹ ਤੁਹਾਡੀ ਵੰਸ ਵੀ ਵਧੇਗੀ।'

ਬਾਬਾ ਕਲਾਧਾਰੀ ਜੀ ਨੇ ਕਿਹਾ, 'ਸਤ ਬਚਨ ਜੀ, ਮੈਂ ਆਪਦੇ ਪੋਤਰੇ ਨੂੰ ਜ਼ਰੂਰ ਅੰਮ੍ਰਿਤ ਛਕਾਵਾਂਗਾ।'

ਦਸਮ ਪਿਤਾ ਜੀ ਨੇ ਕਿਹਾ, 'ਚੰਗਾ! ਫਿਰ ਉਸ ਦਾ ਨਾਮ ਸਾਹਿਬ ਸਿੰਘ ਰੱਖਣਾ, ਉਹ ਸ਼ਕਤੀ ਵਾਲਾ ਹੋਵੇਗਾ, ਕਾਠ ਦੀਆਂ ਤੋਪਾਂ ਚਲਾਵੇਗਾ।' ਸੋ ਇਹ ਸਨ ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲੇ।

ਬਾਬਾ ਜੀ ਨੇ ਸੁਭਾਵਕ ਹੀ ਕਿਹਾ, 'ਇਹ ਆਲਸ ਕਰਕੇ ਤੇ ਬੇ-ਪਰਵਾਹੀ ਕਰਕੇ ਪਿੱਛੇ ਰਹਿ ਗਏ ਹਨ। ਇਤਨਾ ਚਿਰ ਸੁਖਮਨੀ ਸਾਹਿਬ ਜੀ ਦਾ ਪਾਠ ਹੁੰਦਾ ਰਿਹਾ ਹੈ ਇਹ ਕਿਉਂ ਨਹੀਂ ਪਾਰ ਲੰਘੇ? ਹੁਣ ਇਹਨਾਂ ਨੂੰ ਦਰਿਆ ਦੀ ਭੇਟਾ ਹੋਣ ਦਿਓ।'

ਇਸ ਪ੍ਰਕਾਰ ਗੁਰੂ ਜੀ ਦਾ ਆਸਰਾ ਫੜ ਕੇ 'ਸਤਿਨਾਮੁ ਵਾਹਿਗੁਰੂ' ਕਹਿੰਦੇ ਹੋਏ ਸਭ ਸੂਰਮੇ ਪਾਰ ਹੋ ਗਏ। ਨਾਮ ਦੇ ਸੁਣਨ ਕਰਕੇ ਅਸਗਾਹ ਅਟਕ ਦਰਿਆ ਹਾਥ [ਗਿੱਟੇ ਗਿੱਟੇ] ਹੋ ਗਿਆ।

ਤੀਜੀ ਸਾਖੀ-ਮਹਾਰਾਜਾ ਰਣਜੀਤ ਸਿੰਘ ਜੀ ਦੀ

ਜਿਸ ਵੇਲੇ ਅਫ਼ਗਾਨੀ ਪਠਾਣਾਂ ਨੇ ਆਪਸ ਵਿਚ ਮਿਲ ਕੇ ਸਿੱਖ-ਰਾਜ ਦੇ ਵਿਰੁੱਧ ਬਗਾਵਤ ਦਾ ਝੰਡਾ ਖੜਾ ਕਰ ਦਿੱਤਾ ਅਤੇ ਕਾਬਲ ਦੇ ਬਾਦਸ਼ਾਹ 'ਮਹੰਮਦ ਅਜ਼ੀਮ' ਨੇ ਭੀ ਬਾਗੀਆਂ ਨਾਲ ਮਿਲ ਕੇ ਪਸ਼ਾਵਰ ਤੇ ਕਬਜ਼ਾ ਕਰ ਲਿਆ।

ਤਿਸ ਵੇਲੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਇਸ ਸਾਜ਼ਸ਼ ਨੂੰ ਦਬਾਉਣ ਵਾਸਤੇ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਬਹੁਤ ਸਾਰੀ ਫੌਜ ਦੇ ਕੇ ਭੇਜ ਦਿੱਤਾ। ਆਪਸ ਵਿਚ ਕਾਫੀ ਲੜਾਈ ਹੋਈ ਪ੍ਰੰਤੂ ਪਹਾੜੀ ਇਲਾਕਾ ਹੋਣ ਕਰਕੇ ਸ਼ੇਰ ਸਿੰਘ ਦੁਸ਼ਮਣਾਂ ਨੂੰ ਦਬਾ ਨਾ ਸਕਿਆ।

ਜਿਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਗੱਲ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਸ਼ੇਰੇ ਪੰਜਾਬ ਸ਼ਾਹੀ ਫੌਜਾਂ ਲੈ ਕੇ ਆਪ ਤਿਆਰ ਹੋ ਗਏ। ਚੰਗੀ ਤਰ੍ਹਾਂ ਤਕੜਾਈ ਕਰਕੇ ਚਾਲੇ ਪਾ ਦਿੱਤੇ। ਜਦ ਅਟਕ ਦਰਿਆ ਪਰ ਆ ਪਹੁੰਚੇ ਤਿਸ ਵੇਲੇ ਫੌਜ ਨੂੰ ਦਰਿਆ ਤੋਂ ਪਾਰ ਕਰਨ ਵਾਸਤੇ ਕੋਈ ਬੇੜੀ ਜਾਂ ਤੁਲਹੇ ਦਾ ਇੰਤਜ਼ਾਮ ਨਾ ਹੁੰਦਾ ਵੇਖ ਕੇ ਆਪ ਹੀ ਅਰਦਾਸਾ ਸੋਧ ਕੇ ਵਰਨ ਦੇਵਤੇ ਦੀ ਭੇਟਾ ਦੇ ਕੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਸ਼ੁਰੂ ਕਰ ਦਿੱਤਾ - *'ਸੁਣਿਐ ਹਾਥ ਹੋਵੈ ਅਸਗਾਹੁ॥''*

ਵਾਲੀ ਤੁਕ ਪੜ੍ਹ ਕੇ ਆਪਣਾ ਘੋੜਾ ਦਰਿਆ ਦੇ ਵਿਚ ਜਾ ਖੜਾ ਕੀਤਾ।

ਉਸ ਵੇਲੇ ਦਰਿਆ ਦਾ ਪਾਣੀ ਉੱਤਰ ਗਿਆ, 'ਸਤਿਨਾਮੁ ਵਾਹਿਗੁਰੂ' ਦਾ ਜਾਪ ਕਰਦੀਆਂ ਕਰਦੀਆਂ ਸਾਰੀਆਂ ਫੌਜਾਂ ਪਾਰ ਹੋ ਗਈਆਂ। ਜਪੁਜੀ ਸਾਹਿਬ ਦਾ ਭੋਗ ਪਾ ਕੇ ਆਪਣਾ ਘੋੜਾ ਬਾਹਰ ਕੱਢ ਲਿਆ।

ਉਸੀ ਵੇਲੇ ਅਟਕ ਦਰਿਆ ਦਾ ਪਾਣੀ ਫੇਰ ਅਸਗਾਹ ਚੜ੍ਹ ਗਿਆ, ਜਿਹੜੇ ਪਿੱਛੇ ਬਾਕੀ ਬਚੇ ਖੁਚੇ ਸੂਰਮੇ ਸਨ ਅਤੇ ਸਾਮਾਨ ਸੀ ਉਨ੍ਹਾਂ ਨੂੰ ਰੋੜ੍ਹ ਕੇ ਲੈ ਗਿਆ।

ਜਿਸ ਵੇਲੇ ਆਪ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਕਹਿਣ ਲੱਗੇ ਕਿ ਖਵਾਜਾ ਖਿਜ਼ਰ ਦੀ ਭੇਟਾ ਵੀ ਦੇਣੀ ਚਾਹੀਦੀ ਸੀ ਸੋ ਉਸ ਨੇ ਆਪ ਹੀ ਲੈ ਲਈ ਹੈ।

ਜਿਸ ਦਿਨ ਮਹਾਰਾਜਾ ਰਣਜੀਤ ਸਿੰਘ ਜੀ ਨੇ ਅਟਕ ਦਰਿਆ ਤੋਂ ਫੌਜਾਂ ਪਾਰ ਕੀਤੀਆਂ ਸਨ ਉਹ ਦਿਨ ੧੩ ਮਾਰਚ ਸੰਨ ੧੮੨੩ ਸੀ। ਮਹਾਰਾਜਾ ਜੀ ਦੇ ਇਸ ਸਮੇਂ ਦੀ ਇਕ ਦਸਤੀ ਫੋਟੋ ਲਾਹੌਰ ਨਿਵਾਸੀ ਰਾਜਾ ਨਰਿੰਦਰ ਨਾਥ ਦੇ ਖਾਨਦਾਨ ਪਾਸ ਅਜੇ ਤੱਕ ਭੀ ਮੌਜੂਦ ਹੈ।

ਇਸ ਫੋਟੋ ਵਿਚ ਇਹ ਗੱਲ ਸਪੱਸ਼ਟ ਨਿਗਾਹ ਆ ਰਹੀ ਹੈ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਘੋੜੇ ਪਰ ਅਸਵਾਰ ਹੋਏ ਹੋਏ ਦਰਿਆ ਵਿਚ ਖੜੇ ਹਨ ਤੇ ਫੌਜਾਂ ਦਰਿਆ ਤੋਂ ਪਾਰ

ਹੋ ਰਹੀਆਂ ਹਨ।

ਬਾਣੀ ਵਿਚ ਇਤਨੀ ਤਾਕਤ ਹੈ, ਜਿਸ ਦੇ ਪੜ੍ਹਨ ਸੁਣਨ ਨਾਲ ਦਰਿਆਵਾਂ ਦੇ ਪਾਣੀ ਭੀ ਨੀਵੇਂ ਹੋ ਕੇ ਰਸਤੇ ਦੇ ਦੇਂਦੇ ਹਨ, ਤਾਂ ਤੇ ਗੁਰਬਾਣੀ ਪਰ ਸਿਦਕ ਰੱਖੋ।

ਸਾਖੀ ਚੌਥੀ-ਭਾਈ ਗੁਰਦਾਸ ਜੀ ਦੀ

ਸੰਗਤਾਂ ਨੂੰ ਤਾਰਨ ਵਾਸਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਨੂੰ ਆਗਰੇ ਭੇਜਿਆ ਹੋਇਆ ਸੀ। ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਗੋਇੰਦਵਾਲ ੧੬੩੮ ਬਿਕ੍ਰਮੀ ਭਾਦਰੋਂ ਸੁਦੀ ਤੀਜ ਨੂੰ ਜੋਤੀ ਜੋਤ ਸਮਾ ਗਏ ਤੇ ਭਾਈ ਗੁਰਦਾਸ ਜੀ ਨੇ ਸੁਣਿਆ ਉਸੀ ਵੇਲੇ ਆਗਰਿਓਂ ਚੱਲ ਪਏ। ਸੰਗਤਾਂ ਵੀ ਨਾਲ ਸਨ। ਜਿਸ ਵੇਲੇ ਚਲਦੇ ਚਲਦੇ ਬਿਆਸਾ ਨਦੀ ਦੇ ਕੰਢੇ ਤੇ ਪਹੁੰਚੇ ਹਨ ਤਾਂ ਕੀ ਦੇਖਿਆ ਨਦੀ ਬੜੀ ਜ਼ੋਰ ਨਾਲ ਚੱਲ ਰਹੀ ਹੈ। ਠਾਠਾਂ ਮਾਰ ਰਹੀ ਹੈ ਤੇ ਬੇੜੀ ਕੋਈ ਨਹੀਂ ਹੈ ਜਿਸ ਤੇ ਚੜ੍ਹ ਕੇ ਪਾਰ ਉਤਰਨ। ਰਾਤ ਓਥੇ ਟਿਕਣਾ ਪੈਂਦਾ ਸੀ ਕਿਉਂਕਿ ਬੇੜੀ ਨੇ ਸਵੇਰੇ ਆਉਣਾ ਸੀ। ਭਾਈ ਗੁਰਦਾਸ ਜੀ ਸੋਚ ਹੀ ਰਹੇ ਸਨ ਕਿ ਹੁਣ ਕਿਵੇਂ ਕਰੀਏ ਤਾਂ ਇਕ ਸਿੱਖ ਨੇ ਇਹ ਤੁਕ ਪੜ੍ਹੀ-

"ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥
ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥
ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥ ੨॥ ੧॥ ੩੨॥"

[ਧਨਾਸਰੀ ਮਹਲਾ ੫, ਪੰਨਾ ੬੭੯]

"ਗੁਰ ਕਾ ਬਚਨੁ ਸਦਾ ਅਬਿਨਾਸੀ॥ ਗੁਰ ਕੈ ਬਚਨਿ ਕਟੀ ਜਮ ਫਾਸੀ॥
ਗੁਰ ਕਾ ਬਚਨੁ ਜੀਅ ਕੈ ਸੰਗਿ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ॥ ੧॥
ਜੋ ਗੁਰਿ ਦੀਆ ਸੁ ਮਨ ਕੈ ਕਾਮਿ॥ ਸੰਤ ਕਾ ਕੀਆ ਸਤਿ ਕਰਿ ਮਾਨਿ॥ ੧॥ ਰਹਾਉ॥
ਗੁਰ ਕਾ ਬਚਨੁ ਅਟਲ ਅਛੇਦ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ॥
ਗੁਰ ਕਾ ਬਚਨੁ ਕਤਹੁ ਨ ਜਾਇ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ॥ ੨॥
ਗੁਰ ਕਾ ਬਚਨੁ ਜੀਅ ਕੈ ਸਾਥ॥ ਗੁਰ ਕਾ ਬਚਨੁ ਅਨਾਥ ਕੋ ਨਾਥ॥
ਗੁਰ ਕੈ ਬਚਨਿ ਨਰਕਿ ਨ ਪਵੈ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ॥ ੩॥
ਗੁਰ ਕਾ ਬਚਨੁ ਪਰਗਟੁ ਸੰਸਾਰਿ॥ ਗੁਰ ਕੈ ਬਚਨਿ ਨ ਆਵੈ ਹਾਰਿ॥"

[ਪੰਨਾ ੧੭੭]

ਭਾਈ ਗੁਰਦਾਸ ਜੀ ਦੇ ਹਿਰਦੇ ਵਿਚ ਅਤੁੱਟ ਨਿਸਚਾ ਹੋ ਗਿਆ ਤੇ ਆਖਦੇ ਹਨ-

"ਸ਼ਬਦ ਆਸਰੇ ਹੋਵਹੁ ਪਾਰ। ਇਮ ਨਿਸ਼ਚਾ ਸਤਿਗੁਰ ਕੋ ਧਾਰਿ॥ ੨੬॥
ਸਭਿ ਸੰਗਤਿ ਕੋ ਕਹਾ ਬੁਝਾਈ। 'ਹਮ ਹੈਂ ਮੁਗਧ ਬੂਝ ਨਹਿ ਪਾਈ।
ਭਵਜਲ ਗੁਰ ਕੋ ਸ਼ਬਦ ਉਧਾਰੈ॥ ਇਹ ਬਪੁਰੀ ਕਜਾ ਨਦੀ ਨ ਤਾਰੈ?॥ ੨੭॥"
ਧਰਿ ਸ਼ਰਧਾ ਗੁਰ ਕੋ ਬਚੁ ਮਾਨੋ। ਉਤਰਹੁ ਪਾਰ ਬਿਲਮੁ[☆] ਨਹਿੰ ਠਾਨੋ।

[☆] ਦੇਰ।

'ਸੁਣਿਐ ਹਾਥ ਹੋਵੈ ਅਸਗਾਹੁ॥' ਕਹਿ ਕੇ-

'ਸਤਿਨਾਮ' ਗੁਰਦਾਸ ਉਚਾਰਾ। ਪ੍ਰਥਮ ਪ੍ਰਵੇਸ਼ਜੋ ਨਦੀਂ ਮਝਾਰਾ॥ ੨੮॥
*ਜਾਨੂ** ਲਗ ਜਲ ਭਾ ਸਲਿਤਾ+ ਕੋ। ਸੰਗਤਿ ਸਗਲ ਦੇਖਿ ਕੀਰ ਤਾਂ ਕੋ।*
'ਸੱਤਿਨਾਮ' ਕੋ ਉਚਰਜੋ ਆਛੇ। ਗਮਨ ਕੀਨ ਗੁਰਦਾਸਹਿ ਪਾਛੇ॥ ੨੯॥
ਕਟ++ ਲਗ ਜਲ ਕਿਸ ਕੇ ਨਹਿੰ ਆਯੋ। ਸੰਗਤਿ ਸਕਲ ਪਾਰ ਉਤਰਾਯੋ।''

[ਗੁਰਪ੍ਰਤਾਪ ਸੂਰਜ, ਰਾਸਿ ੨, ਅੰਸੂ ੨੬]

ਸਾਖੀ ਪੰਜਵੀਂ—ਗੁਜਰੀ ਦੀ

ਇਕ ਗੁਜਰੀ ਆਪਣੇ ਪਿੰਡ ਵਿਚੋਂ ਰੋਜ਼ ਦੁੱਧ ਲੈ ਕੇ ਸ਼ਹਿਰ ਵਿਖੇ ਪਹੁੰਚਾਉਂਦੀ ਹੁੰਦੀ ਸੀ। ਇਕ ਦਿਨ ਦੁੱਧ ਦੇਣ ਆਈ। ਦੁੱਧ ਦੇ ਕੇ ਵਾਪਸ ਜਾ ਰਹੀ ਸੀ ਜੋ ਵਰਖਾ ਬਹੁਤ ਹੋਈ ਤਾਂ ਇਕ ਮਕਾਨ ਦੇ ਹੇਠ ਖਲੋ ਗਈ।

ਕਿਸੀ ਨੇ ਕਿਹਾ – ''ਮਾਈ! ਥੱਲੇ ਕਿਉਂ ਖਲੋਂਤੀ ਹੈਂ ਉੱਪਰ ਚਲੀ ਜਾਹ, ਕਥਾ ਹੋ ਰਹੀ ਹੈ ਤੂੰ ਭੀ ਜਾ ਕੇ ਸੁਣ ਲੈ।'' ਜਦ ਉਸ ਨੇ ਉੱਪਰ ਜਾ ਕੇ ਕਥਾ ਸੁਣੀ ਤਾਂ ਉਸ ਨੂੰ ਬੜਾ ਆਨੰਦ ਆਇਆ ਫਿਰ ਤਾਂ ਉਹ ਰੋਜ਼ ਹੀ ਦੁੱਧ ਦੇ ਕੇ ਕਥਾ ਸੁਣ ਕੇ ਜਾਇਆ ਕਰੇ। ਜਿਉਂ ਜਿਉਂ ਕਥਾ ਸੁਣਦੀ ਗਈ ਤਿਉਂ ਤਿਉਂ ਉਸ ਦੇ ਮਨ ਨੂੰ ਰੰਗਤ ਚੜ੍ਹਦੀ ਗਈ। ਆਖਿਰਕਾਰ ਉਸ ਨੂੰ ਪ੍ਰਭੂ ਦੇ ਨਾਮ ਉਤੇ ਦ੍ਰਿੜ੍ਹ ਵਿਸ਼ਵਾਸ ਹੋ ਗਿਆ।

ਜਦ ਉਸ ਨੇ ਨਾਮ ਦੀ ਮਹਿਮਾ ਸੁਣੀ ਕਿ ਪ੍ਰਭੂ ਦਾ ਨਾਮ ਸੰਸਾਰ ਸਾਗਰ ਤੋਂ ਜੀਵ ਨੂੰ ਪਾਰ ਕਰ ਦੇਂਦਾ ਹੈ, ਤਦ ਉਸ ਨੇ ਕਿਹਾ-'ਹੇ ਮਨਾ! ਰਾਹ ਵਿਚ ਜੋ ਛੋਟਾ ਜਿਹਾ ਦਰਿਆ ਹੈ ਕੀ ਇਸ ਤੋਂ ਪਾਰ ਨਾ ਕਰੇਗਾ? ਜ਼ਰੂਰ ਕਰੇਗਾ।

ਅੱਗੇ ਤਾਂ ਉਹ ਪੁਲ ਥਾਣੀਂ ਆਇਆ ਜਾਇਆ ਕਰਦੀ ਹੁਣ ਉਹ ਰਾਮ ਨਾਮ ਕਹਿੰਦੀ ਹੋਈ ਸਿੱਧੀ ਜਲ ਦੇ ਵਿੱਚੋਂ ਲੰਘ ਕੇ ਪਾਰ ਹੋ ਜਾਂਦੀ।'

ਇਕ ਦਿਨ ਉਸ ਨੇ ਪੰਡਿਤ ਜੀ ਅੱਗੇ ਹੱਥ ਜੋੜ ਕੇ ਨਿਉਂਤਾ [ਪ੍ਰਸ਼ਾਦ] ਮਨਾਇਆ ਕਿ ਆਪ ਜੀ ਨੇ ਮੇਰੇ ਤੇ ਬੜਾ ਪਰਉਪਕਾਰ ਕੀਤਾ ਹੈ ਆਪ ਧੰਨਤਾ ਦੇ ਯੋਗ ਹੋ। ਆਪ ਮੇਰੇ ਘਰ ਵਿਚ ਚਰਨ ਪਾਓ।

ਪੰਡਿਤ ਜੀ ਨਿਉਂਤਾ ਮੰਨ ਕੇ ਉਸ ਦੇ ਨਾਲ ਚਲ ਪਏ। ਉਹ ਗੁਜਰੀ ਰਾਮ ਨਾਮ ਕਹਿੰਦੀ ਹੋਈ ਦਰਿਆ ਦੇ ਵਿਚ ਪ੍ਰਵੇਸ਼ ਕਰ ਗਈ ਤੇ ਪੰਡਿਤ ਜੀ ਨੂੰ ਕਿਹਾ, 'ਤੁਸੀਂ ਭੀ ਮਗਰ ਮਗਰ ਚਲੇ ਆਓ।'

ਤਾਂ ਪੰਡਿਤ ਜੀ ਨੇ ਕਿਹਾ, 'ਝੱਲੀਏ! ਇਹ ਤਾਂ ਦਰਿਆ ਹੈ ਇਸ ਵਿਚ ਤਾਂ ਡੁੱਬ ਜਾਵਾਂਗੇ, ਤੂੰ ਪੁਲ ਥਾਣੀਂ ਚੱਲ।'

ਗੁਜਰੀ ਨੇ ਕਿਹਾ, 'ਮਹਾਰਾਜ! ਆਪ ਤਾਂ ਹਰ ਵੇਲੇ ਏਹੀ ਉਪਦੇਸ਼ ਕਰਦੇ ਹੋ ਕਿ ਪ੍ਰਭੂ ਦਾ ਨਾਮ ਸੰਸਾਰ ਸਾਗਰ ਤੋਂ ਪਾਰ ਕਰਨ ਵਾਲਾ ਹੈ। ਮੈਂ ਤਾਂ ਉਸੇ ਪਰ ਨਿਸਚਾ ਕਰਕੇ ਇਸ ਦਰਿਆ ਤੋਂ ਰੋਜ਼ ਪਾਰ ਜਾਂਦੀ ਤੇ ਆਉਂਦੀ ਹਾਂ ਤੇ 'ਤੁਸੀਂ ਭੀ ਰਾਮ ਨਾਮ ਕਹਿੰਦੇ ਤੁਰੇ ਆਓ।''

ਪ੍ਰੰਤੂ ਪੰਡਿਤ ਜੀ ਦਾ ਹੀਆ ਨਾ ਪਿਆ, ਉਹ ਤਾਂ ਉਥੇ ਹੀ ਕਿਨਾਰੇ ਪਰ ਖੜੇ ਰਹੇ ਉਸ ਵੇਲੇ

**ਗੋਡਿਆਂ ਤਕ। +ਨਦੀ ਦਾ। ++ਲੱਕ ਤਕ।

ਦਾ ਇਹ ਸਲੋਕ ਕਥਨ ਕੀਤਾ ਹੈ-

'ਰਾਮ ਨਾਮ ਕੋ ਕਹਿਤ ਹੀਂ, ਭਈ ਗੂਜਰੀ ਪਾਰ।
ਬਹੁਤ ਕਥਾ ਪੰਡਿਤ ਕਰੀ, ਤਊ ਰਹਿਓ ਉਰਵਾਰ।'

ਪੰਡਿਤ ਨੂੰ ਉਰੇ ਖੜਾ ਦੇਖ ਕੇ ਗੂਜਰੀ ਨੇ ਇਹ ਸਲੋਕ ਕਿਹਾ-

'ਪੜ੍ਹਦਾ ਪੜ੍ਹਦਾ ਪੜ੍ਹ ਗਿਆ, ਪੜ੍ਹ ਗਿਆ ਚਾਰੇ ਵੇਦ।
ਨਿਸਚਾ ਰਿਦੇ ਨ ਆਇਓ, ਰਹਿਆ ਢੇਡ ਕਾ ਢੇਡ।'

ਸੁਣਿਐ ਹਾਥ ਹੋਵੈ ਅਸਗਾਹੁ ॥

ਨਾਮ ਦੇ ਸੁਣਨ ਕਰਕੇ ਸੰਸਾਰ ਰੂਪ ਅਸਗਾਹ ਸਮੁੰਦਰ ਹੱਥ ਭਰ ਹੋ ਜਾਂਦਾ ਹੈ।

ਯਥਾ—"ਤਾਂ ਬਿਨ ਜਾਨਤ ਸਿੰਧੁ ਸੁ ਲਾਗਤ, ਜਾਨਤਿ ਗੌ ਪਦ ਤੁੱਲ ਤਰੇ ਹੈਂ।"

[ਸ੍ਰੈਯਾ ੧, ਅਧਿਆਤਮ ਪ੍ਰਕਾਸ਼]

ਤਥਾ—"ਸਾਗਰੁ ਤਰਿਓ ਬਾਛਰ ਖੋਜ॥ ਖੇਦੁ ਨ ਪਾਇਓ ਨਹ ਛੁਨਿ ਰੋਜ॥"

[ਰਾਮਕਲੀ ਮਹਲਾ ੫, ਪੰਨਾ ੮੯੯]

ਅਥਵਾ - ਨਾਮ ਦੇ ਸੁਣਨ ਕਰਕੇ ਅਸਗਾਹ ਰੂਪ ਹਰੀ ਹਾਥ ਹੋਵੈ=ਹਸਤਾਮਲ.ਹੋ ਜਾਂਦਾ ਹੈ।

ਨਾਨਕ ਭਗਤਾ ਸਦਾ ਵਿਗਾਸੁ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਸਿਮਰਨ ਦੇ ਪ੍ਰਤਾਪ ਕਰਕੇ ਭਗਤ ਜਨਾਂ ਨੂੰ ਹਮੇਸ਼ਾਂ ਹੀ ਵਿਗਾਸੁ=ਆਨੰਦ ਰਹਿੰਦਾ ਹੈ।

ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥

ਨਾਮ ਦੇ ਸੁਣਨ ਨਾਲ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਪਉੜੀ॥ "ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥
ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ॥"

[ਸਾਰੰਗ ਵਾਰ, ਪੰਨਾ ੧੨੩੯]

ਵਾ-ਦੁੱਖਾਂ ਦਾ ਕਾਰਨ, ਜੋ ਪਾਪ ਕਰਮ ਹਨ ਉਹ ਨਾਸ ਹੋ ਜਾਂਦੇ ਹਨ। ਇਹ ਨਿਯਮ ਹੈ ਦੁੱਖ ਹਮੇਸ਼ਾਂ ਪਾਪ ਕਰਮਾਂ ਦਾ ਫਲ ਹੁੰਦਾ ਅਤੇ ਸੁਖ ਪੁੰਨ ਕਰਮਾਂ ਦਾ ਫਲ ਹੁੰਦਾ ਹੈ। ਹੋਰ ਕੋਈ ਭੀ ਸੁੱਖ ਦੁੱਖ ਦੇਣ ਵਾਲਾ ਨਹੀਂ, ਆਦਮੀ ਦੇ ਆਪੋ ਆਪਣੇ ਪਾਪ ਪੁੰਨ ਕਰਮ ਹੀ ਦੁਖ ਸੁਖ ਦੇ ਦਾਤਾ ਹਨ।

ਯਥਾ—"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ ੨੧॥"

[ਆਸਾ ਮਹਲਾ ੧ ਪਟੀ, ਪੰਨਾ ੪੩੩]

ਅਥਵਾ - ਦੁੱਖਾਂ ਦੇ ਨਾਸ ਕਰਨ ਵਾਲੇ ਧਨੰਤ੍ਰ ਵੈਦ ਪਾਸੋਂ ਅਤੇ ਪਾਪਾਂ ਦੇ ਨਾਸ ਕਰਨ ਵਾਲੇ ਬਿਆਸ ਭਗਵਾਨ ਜੀ ਪਾਸੋਂ ਭੀ ਨਾਮ ਦੀ ਮਹੱਤਤਾ ਸੁਣੀ ਜਾਂਦੀ ਹੈ॥ ੧੧॥

ਗਿਆਰ੍ਹਵੀਂ ਪਉੜੀ ਦੇ ੬੩ ਅੱਖਰ ਹਨ।

ਬਾਰ੍ਹਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ ਕਿ ਆਪ ਜੀ ਨੇ ਚਾਰ ਪਉੜੀਆਂ ਵਿਚ ਨਾਮ ਸੁਣਨ ਦਾ ਮਹਾਤਮ ਬਹੁਤ ਵਰਨਣ ਕੀਤਾ ਹੈ ਪ੍ਰੰਤੂ ਨਾਮ ਨੂੰ ਸੁਣਕੇ ਜਿਨ੍ਹਾਂ ਨੇ ਮੰਨਣ ਕੀਤਾ ਹੈ ਹੁਣ ਆਪ ਉਹਨਾਂ ਦੀ ਰੀਤੀ ਵਰਨਣ ਕਰੋ।

ਇਹ ਗੱਲ ਸੁਣ ਕੇ ਗੁਰੂ ਜੀ ਫੁਰਮਾਉਂਦੇ ਹਨ -

ਮੰਨੇ ਕੀ ਗਤਿ ਕਹੀ ਨ ਜਾਇ॥

ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਣ ਕੀਤਾ ਹੈ ਉਹਨਾਂ ਦੀ ਗਤਿ=ਰੀਤੀ ਪ੍ਰਾਪਤੀ ਗਮਨਤਾ=ਚਾਲ, ਗਿਆਨ, ਹਾਲਤ, ਅਵਸਥਾ ਕਥਨ ਨਹੀਂ ਕੀਤੀ ਜਾ ਸਕਦੀ।

ਸਾਖੀ—ਪੁਰਾਤਨ ਸਿੱਖਾਂ ਦੀ

ਈਰਾਨ ਦੇ ਬਾਦਸ਼ਾਹ 'ਨਾਦਰ ਸ਼ਾਹ' ਨੇ ੧੭੯੭ ਬਿਕ੍ਰਮੀ ਵਿਚ ਹਿੰਦੁਸਤਾਨ ਉਤੇ ਹਮਲਾ ਕਰਕੇ ਦੇਸ਼ ਵਾਸੀਆਂ ਨੂੰ ਚੰਗੀ ਤਰ੍ਹਾਂ ਲੁੱਟਿਆ ਪੁੱਟਿਆ ਅਤੇ ਦਿੱਲੀ ਦੇ ਬਾਦਸ਼ਾਹ ਤੋਂ ਆਪਣੀ ਈਨ ਮਨਾ ਕੇ ਉਸ ਪਾਸੋਂ ਹੀਰੇ ਜਵਾਹਰਾਤ ਦੀ ਬਹੁਤ ਸਾਰੀ ਭੇਟਾ ਲਈ। ਜਿਸ ਵੇਲੇ ਕਈ ਕਰੋੜਾਂ ਦਾ ਮਾਲ ਧਨ ਇਕੱਠਾ ਕਰਕੇ ਅਤੇ ਹਜ਼ਾਰਾਂ ਹੀ ਪੁਰਸ਼ ਇਸਤਰੀਆਂ ਨੂੰ ਆਪਣਾ ਗੁਲਾਮ ਬਣਾ ਕੇ ਦਿੱਲੀ ਤੋਂ ਵਾਪਸ ਮੁੜਿਆ ਤਾਂ ਲਾਹੌਰ ਆਉਂਦਿਆਂ ਤੱਕ ਸਿੰਘਾਂ ਨੇ ਰਾਹ ਵਿਚ ਹੱਲੇ ਬੋਲਕੇ 'ਨਾਦਰ ਸ਼ਾਹ' ਪਾਸੋਂ ਬਹੁਤ ਸਾਰਾ ਧਨ ਮਾਲ ਖੋਹ ਲਿਆ। ਉਸ ਵੇਲੇ ਨਾਦਰ ਸ਼ਾਹ ਦੀ ਕੋਈ ਪੇਸ਼ ਨਾ ਗਈ।

ਲਾਹੌਰ ਪਹੁੰਚ ਕੇ ਲਾਹੌਰ ਦੇ ਸੂਬੇ "ਖਾਨ ਬਹਾਦਰ" ਤੋਂ ਪੁਛਿਆ ਕਿ ਜਿਨ੍ਹਾਂ ਨੇ ਦਿੱਲੀ ਤੋਂ ਲਾਹੌਰ ਆਉਂਦਿਆਂ ਤੱਕ ਮੈਨੂੰ ਰਾਹ ਵਿਚ ਬਹੁਤ ਤੰਗ ਕੀਤਾ ਹੈ ਅਤੇ ਸਾਰਾ ਮਾਲ ਧਨ ਲੁਟ ਕੇ ਲੈ ਗਏ ਹਨ, ਉਨ੍ਹਾਂ ਦਾ ਥਹੁ-ਟਿਕਾਣਾ ਮੈਨੂੰ ਦੱਸ, ਜੋ ਮੈਂ ਚੰਗੀ ਤਰ੍ਹਾਂ ਉਨ੍ਹਾਂ ਦੀ ਖ਼ਬਰ ਲੈ ਕੇ ਉਨ੍ਹਾਂ ਦਾ ਖੁਰਾ-ਖੋਜ ਮਿਟਾਵਾਂ।

ਇਹ ਗੱਲ ਸੁਣ ਕੇ ਖਾਨ ਬਹਾਦਰ ਨੇ ਕਿਹਾ, "ਐ ਬਾਦਸ਼ਾਹ! ਉਹ ਤਾਂ ਹਰ ਵੇਲੇ ਘੋੜੇ ਦੀ ਪਿੱਠ ਪਰ ਹੀ ਅਸਵਾਰ ਰਹਿੰਦੇ ਹਨ, ਅੱਜ ਕਿਧਰੇ ਤੇ ਕੱਲ੍ਹ ਕਿਧਰੇ ਉਨ੍ਹਾਂ ਦਾ ਥਹੁ-ਟਿਕਾਣਾ ਕੋਈ ਨਹੀਂ।"

ਸੂਬੇ ਦੀ ਇਹ ਗੱਲ ਸੁਣ ਕੇ "ਨਾਦਰ ਸ਼ਾਹ" ਨੇ ਕਿਹਾ, "ਇਨ੍ਹਾਂ ਦੇ ਬਾਲ ਬੱਚੇ ਟੱਬਰ ਵਗੈਰਾ ਕਿਥੇ ਰਹਿੰਦੇ ਹਨ ਅਤੇ ਖਾਣ ਪੀਣ ਦਾ ਝੱਟ ਕਿਸ ਤਰ੍ਹਾਂ ਲੰਘਾਉਂਦੇ ਹਨ?"

ਸੂਬੇ ਨੇ ਕਿਹਾ, "ਇਹ ਏਸੇ ਤਰ੍ਹਾਂ ਸ਼ਾਹੀ ਫੌਜਾਂ ਪਾਸੋਂ ਸ਼ਾਹੀ ਖਜ਼ਾਨੇ ਲੁਟ ਕੇ ਸਮੇਂ ਨੂੰ ਟਪਾਉਂਦੇ ਹਨ। ਜਿਵੇਂ ਸ਼ੇਰ ਦੇ ਬੱਚੇ ਸ਼ੇਰ ਦੇ ਨਾਲ ਹੀ ਰਹਿੰਦੇ ਹਨ, ਤਿਵੇਂ ਇਹ ਆਪਣੇ ਟੱਬਰ ਤੇ ਬੱਚਿਆਂ

ਨੂੰ ਆਪਣੇ ਨਾਲ ਹੀ ਰੱਖਦੇ ਹਨ। ਇਹ ਆਪਣੇ ਪਾਸ ਜਮ੍ਹਾਂ ਕੁਝ ਨਹੀਂ ਰੱਖਦੇ। ਸਦਾ ਆਪਣੇ ਗੁਰੂ ਨੂੰ ਯਾਦ ਕਰਦੇ ਰਹਿੰਦੇ ਹਨ, ਕਦੇ ਵੀ ਬੇ-ਹੌਂਸਲਾ ਨਹੀਂ ਹੁੰਦੇ। ਛੋਲੇ ਚੱਬ ਕੇ, ਚੱਕੀ ਪੀਹ ਕੇ, ਘਾਹ ਖੋਤਰਕੇ, ਭੁੱਖੇ ਰਹਿ ਕੇ ਹਰ ਹਾਲਤ ਵਿਚ ਪ੍ਰਸੰਨ ਹੀ ਰਹਿੰਦੇ ਹਨ।''

ਜਦ ਖਾਣਾ ਖਾਣ ਤੋਂ ਬਿਨਾਂ ਢਿੱਡੋਂ ਭੁੱਖੇ ਹੁੰਦੇ ਹਨ ਤਾਂ ਕਹਿੰਦੇ ਹਨ, ''ਅੱਜ ਖਾਲਸੇ ਦੇ ਮਸਤ ਲੰਗਰ ਹਨ।'' ਛੋਲੇ ਚੱਬ ਕੇ ਆਖਦੇ ਹਨ, ਬਦਾਮ ਚੱਬੇ ਹਨ। ਗਾਜਰਾਂ ਨੂੰ ਖਾ ਕੇ ਆਖਦੇ ਹਨ ਕਿ ਅੱਜ ਖਾਲਸੇ ਨੇ ਗੋਬਿੰਦੀਆਂ ਛਕੀਆਂ ਹਨ। ਮੋਠ ਤੇ ਬਾਜਰੇ ਨੂੰ, ਲਾਚੀਦਾਣਾ ਆਖਦੇ ਹਨ। ਘਾਹ ਖੋਤਰਨਾ ਹੋਵੇ ਤਾਂ ਆਖਦੇ ਹਨ, ਅੱਜ ਖਾਲਸਾ ਬਾਜ ਦਾ ਸ਼ਿਕਾਰ ਖੇਡਣ ਚਲਿਆ ਹੈ। ਰੰਬੇ ਨੂੰ ਬਾਜ ਆਖਦੇ ਹਨ।

ਚੱਕੀ ਪੀਸਣ ਨੂੰ ਫਿਰਨੀ ਦੀ ਸਵਾਰੀ ਕਹਿੰਦੇ ਹਨ। ਮਾੜੇ ਟੱਟੂ ਨੂੰ ਇਰਾਕਾ ਸਿੰਘ ਕਹਿੰਦੇ ਹਨ। ਭੈੜੀਆਂ-ਭੈੜੀਆਂ ਚੀਜ਼ਾਂ ਦੇ ਵੱਡੇ ਵੱਡੇ ਨਾਮ ਰੱਖਕੇ ਆਪਣੇ ਹੌਂਸਲੇ ਬੁਲੰਦ ਰੱਖਦੇ ਹਨ। ਇਕੱਲੇ ਨੂੰ ਸਵਾ ਲੱਖ ਫੌਜ ਕਹਿੰਦੇ ਹਨ। ਕਾਣੇ ਨੂੰ, ਲੱਖ ਨੇਤਰਾ ਸਿੰਘ ਕਹਿੰਦੇ ਹਨ। ਜੇ ਕਿਸੇ ਨੂੰ ਤਾਪ ਚੜ੍ਹ ਜਾਵੇ ਤਾਂ ਆਖਦੇ ਹਨ, ਧਰਮ ਰਾਜੇ ਦਾ ਪੁੱਤਰ ਸੇਵਾ ਕਰ ਰਿਹਾ ਹੈ। ਜੇ ਕੋਈ ਮਰ ਜਾਵੇ ਤਾਂ ਆਖਦੇ ਹਨ ਖਾਲਸਾ ਚੜ੍ਹਾਈ ਕਰ ਗਿਆ ਹੈ। ਮੌਤ ਨੂੰ ਟਿੱਚ ਸਮਝਦੇ ਹਨ। ਰੁਪਏ ਨੂੰ ਦਮੜਾ ਜਾਂ ਠੀਕਰਾ ਆਖਦੇ ਹਨ। ਆਪਣੇ ਗੁਰੂ ਦੀ ਕਲਾਮ ਪੜ੍ਹ ਕੇ ਮਿੱਠਾ ਪਾਣੀ ਪੀਂਦੇ ਹਨ, ਜਿਸ ਨੂੰ ਆਬਿਹਜਾਤ [ਅੰਮ੍ਰਿਤ] ਕਹਿੰਦੇ ਹਨ।

ਆਲੂਆਂ ਨੂੰ ਆਂਡੇ। ਸਿਰਹਾਣੇ ਨੂੰ ਸੁਖਦੇਵਾ ਸਿੰਘ। ਸ਼ੱਕਰ ਨੂੰ ਸਿਰਖਿੰਡੀ। ਸੂਈ ਨੂੰ ਜੋੜ ਮੇਲਣੀ। ਸਾਗ ਨੂੰ ਸਬਜ਼ ਪਲਾਓ। ਸ਼ਕਰਕੰਦੀ ਨੂੰ ਬੇਗਮ ਦਾ ਕੋਟ। ਕਰੀਰਾਂ ਦੇ ਪੇਂਝੂਆਂ ਨੂੰ ਬਦਾਨਾ। ਕੜਛੀ ਨੂੰ ਦਿਆਲ ਕੌਰ। ਕੰਨੋਂ ਬੋਲੇ ਨੂੰ ਚੁਬਾਰੇ ਚੜ ਗਿਆ ਹੈ। ਕਣਕ ਨੂੰ ਰੂਪ ਕੌਰ। ਕਹੀ ਨੂੰ ਪਤਾਲਪੁਰੀ। ਕੱਦੂਆਂ ਨੂੰ ਮੁਗਲਾਂ ਦੇ ਸਿਰ। ਕੁੱਕੜ ਨੂੰ ਕਾਜ਼ੀ। ਖੰਡ ਨੂੰ ਚੁੱਪ। ਖੂੰਡੇ ਨੂੰ ਕਾਨੂਗੋ। ਗੁੜ ਨੂੰ ਸਿਰ ਜੋੜ। ਗਿੱਦੜ ਨੂੰ ਗਦਾਵਰ। ਘਿਉ ਨੂੰ ਪੰਜਵਾਂ। ਚਾਹ ਨੂੰ ਢਿੱਡ ਫੂਕਣੀ। ਚੌਲਾਂ ਨੂੰ ਗਰੜੇ। ਛਾਨਣੀ ਨੂੰ ਸੁਜਾਖੀ। ਜੰਡ ਦੀਆਂ ਫਲੀਆਂ ਨੂੰ ਜਲੇਬੀ। ਤੇਲ ਨੂੰ ਛੇਵਾਂ। ਤਵੇ ਨੂੰ ਵਸਾਵਾ ਸਿੰਘ। ਤੁਲਾਈ ਨੂੰ ਨਿਹਾਲ ਕੌਰ। ਤਲਵਾਰ ਨੂੰ ਸ੍ਰੀ ਸਾਹਿਬ। ਮੱਛੀ ਨੂੰ ਜਲ ਤੋਰੀ। ਦੁੱਧ ਨੂੰ ਸਮੁੰਦਰ। ਪੀਲਾਂ ਨੂੰ ਦਾਖਾਂ। ਪਤੀਲੇ ਨੂੰ ਸੂਬੇਦਾਰ। ਪੰਜਾਂ ਨੂੰ ਪੰਜ ਲਖ ਫੌਜ। ਪੀਪੇ ਨੂੰ ਤੇਲੀ। ਪਾਣੀ ਨੂੰ ਪਰਸਾ। ਪੱਖੇ ਨੂੰ ਪਉਣ-ਪੁੱਤਰ। ਪਾਟੇ ਹੋਏ ਕਪੜੇ ਨੂੰ ਮਸਤਾਨਾ ਹੌ ਗਿਆ। ਪਿੱਤਲ ਦੀ ਗੜਵੀ ਨੂੰ ਸੁਨਹਿਰੀ। ਬਾਲਟੀ ਨੂੰ ਜੁਲਾਹੀ। ਬੱਕਰੀ ਨੂੰ ਅਕਾਸ਼ ਪੁਰੀ। ਬੰਦੂਕ ਨੂੰ ਰਾਮ ਜੰਗ। ਬਿੱਲੀ ਨੂੰ ਪਟਵਾਰਨ। ਮਿਰਚਾਂ ਨੂੰ ਲੜਾਕੀ। ਰਜਾਈ ਨੂੰ ਅਫਲਾਤੂਨ। ਰਿੱਛ ਨੂੰ ਤਸੀਲਦਾਰ। ਲੋਹੇ ਦੇ ਗੜਵੇ ਨੂੰ ਭਰਪੂਰ ਸਿੰਘ। ਲੂਣ ਨੂੰ ਸਰਬ ਰਸ ਆਖਦੇ ਹਨ।

ਇਸ ਤਰ੍ਹਾਂ ਇਨ੍ਹਾਂ ਦਾ ਹਰ ਇਕ ਕੰਮ ਹਿੰਦੂ ਮੁਸਲਮਾਨਾਂ ਨਾਲੋਂ ਵੱਖਰਾ ਹੈ। ਇਹ ਆਪਣੇ ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਦੇ।

ਸਿੰਘਾਂ ਦੀਆਂ ਅਜੇਹੀਆਂ ਗੱਲਾਂ ਸੁਣ ਕੇ 'ਨਾਦਰ ਸ਼ਾਹ' ਬੜਾ ਹੈਰਾਨ ਹੋਇਆ, ਮੂੰਹ ਵਿਚ ਉਂਗਲਾ ਪਾ ਕੇ ਸੋਚਣ ਲੱਗ ਪਿਆ ਤੇ ਆਖਦਾ ਹੈ, ''ਇਹ ਐਸੇ ਬੰਦੇ ਹਨ ਜਿਨ੍ਹਾਂ ਦੀ ਕੋਈ ਗੱਲ ਕਹੀ ਨਹੀਂ ਜਾਂਦੀ।''

ਖਾਨ ਬਹਾਦਰ ਨੇ ਕਿਹਾ - "ਹਾਂ ਜੀ! ਇਹ ਬੰਦੇ ਹੀ ਐਸੇ ਹਨ, ਜਿਨ੍ਹਾਂ ਦੀ ਕੋਈ ਗੱਲ ਕਹੀ ਨਹੀਂ ਜਾਂਦੀ।" ਏਸੇ ਵਾਸਤੇ ਸਿੰਘਾਂ ਪਰ ਇਹ ਸ਼ਬਦ ਕਿਹਾ ਹੈ*-

ਇਕ ਸਿੱਧ ਨੇ ਕਿਹਾ, "ਉਨ੍ਹਾਂ ਦੀ ਸਮੱਗਰ ਰੀਤੀ ਨੂੰ ਮੈਂ ਕਥਨ ਕਰ ਸਕਦਾ ਹਾਂ।"

ਤਾਂ ਗੁਰੂ ਜੀ ਫੁਰਮਾਂਦੇ ਹਨ-

ਜੇ ਕੋ ਕਹੈ ਪਿਛੈ ਪਛੁਤਾਇ॥

ਜਿਹੜਾ ਕੋਈ ਕਹੈ=ਕਹਿੰਦਾ ਹੈ ਕਿ ਉਨ੍ਹਾਂ ਦੀ ਸਮੱਗ੍ਰ ਰੀਤੀ ਅਤੇ ਅਵਸਥਾ ਨੂੰ ਮੈਂ ਕਥਨ ਕਰ ਸਕਦਾ ਹਾਂ ਤਾਂ ਉਹ ਪਿੱਛੋਂ ਪਸਚਾਤਾਪ ਹੀ ਕਰਦਾ ਰਹੇਗਾ ਕਿਉਂਕਿ ਜੇ ਕੋਈ ਕਿਸੇ ਕੰਮ ਨੂੰ ਕਰਨ ਲੱਗੇ ਤੇ ਉਹ ਕੰਮ ਸਿਰੇ ਨਾ ਚੜ੍ਹੇ ਤਾਂ ਉਹ ਜੀਵ ਪਸਚਾਤਾਪ ਹੀ ਕਰਦਾ ਹੈ। ਇਸੀ ਪ੍ਰਕਾਰ ਦੇ ਨਾਮ ਦੇ ਮੰਨਣ ਵਾਲੇ ਦੀ ਗਤਿ=ਰੀਤੀ ਨੂੰ ਕਥਨ ਕਰਨ ਵਾਲਾ ਆਦਮੀ ਕਥਨ ਤੋਂ ਉਪਰੰਤ ਪਛੁਤਾਉਂਦਾ ਹੀ ਰਹਿੰਦਾ ਹੈ। ਜੈਸਾ ਕਿ -

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਗਰ ਪੈਣ ਕਰਕੇ ਕਿ ਇਹ ਮੇਰੇ ਬ੍ਰਹਮ ਭੋਜ ਪਰ ਕਿਉਂ ਨਹੀਂ ਆਏ? ਜਦ ਉਸ ਨੇ ਜ਼ਬਰਦਸਤੀ ਗੁਰੂ ਜੀ ਨੂੰ ਬੁਲਵਾਇਆ ਤਾਂ ਗਰੀਬ ਨਿਵਾਜ਼ ਗੁਰਾਂ ਨੇ 'ਮਲਕ ਭਾਗੋ' ਦੇ ਪੂੜੇ ਪੂੜੀਆਂ ਵਿਚੋਂ ਜ਼ਬਰ ਜ਼ੁਲਮ ਦੀ ਕਮਾਈ ਦੱਸ ਕੇ ਲਹੂ ਦੀਆਂ ਧਾਰਾਂ ਅਤੇ ਭਾਈ ਲਾਲੋਂ ਦੇ ਦਸਾਂ ਨੋਹਾਂ ਦੀ ਹੱਕ ਹਲਾਲ ਦੀ ਕਮਾਈ ਵਾਲੇ ਕੋਧਰੇ ਅੰਨ ਦੀ ਰੋਟੀ ਵਿਚੋਂ ਦੁੱਧ ਦੀਆਂ ਧਾਰਾਂ ਕੱਢ ਕੇ ਸਾਰੀ ਜਨਤਾ ਨੂੰ ਵਿਖਾ ਕੇ ਦੱਸਿਆ ਕਿ ਇਸ ਨੇ ਮਜ਼ਲੂਮ ਗਰੀਬਾਂ ਪਰ ਸਖਤੀਆਂ ਕਰ ਕਰ ਕੇ ਪਾਪ ਦੀ ਕਮਾਈ ਦਾ ਧਨ ਇਕੱਠਾ ਕਰ ਕੇ ਬ੍ਰਹਮ ਭੋਜ ਕੀਤਾ ਹੈ, ਇਸ ਦੇ ਛਕਣ ਕਰ ਕੇ ਮਨ ਮਲੀਨ ਹੋ ਜਾਂਦਾ ਹੈ ਇਸ ਕਰਕੇ ਅਸਾਂ ਇਹ ਭੋਜਨ ਨਹੀਂ ਖਾਧਾ।

ਇਹ ਗੱਲਾਂ ਸੁਣਕੇ ਅਤੇ ਵੇਖਕੇ ਮਲਕ ਭਾਗੋ ਸ਼ਰਮਿੰਦਾ ਹੋ ਕੇ ਬੜਾ ਪਛੁਤਾਇਆ ਕਿ ਮੈਂ ਇਨ੍ਹਾਂ ਫਕੀਰਾਂ ਨਾਲ ਕਿਉਂ ਜ਼ਬਰਦਸਤੀ ਕੀਤੀ ਹੈ। ਇਹ ਤਾਂ ਬੜੀ ਕਮਾਈ ਵਾਲੇ ਹਨ, ਇਨ੍ਹਾਂ ਦੀ ਗਤੀ ਅਗਾਧ ਹੈ, ਕਿਸੀ ਪਾਸੋਂ ਜਾਣੀ ਨਹੀਂ ਜਾਂਦੀ।

ਫੇਰ ਇਕ ਸਿੱਧ ਨੇ ਕਿਹਾ, ਜਿਹੜਾ ਹਿਸਾਬ ਜ਼ਬਾਨੀ ਨਾ ਹੋ ਸਕੇ ਤਾਂ ਕਾਗਜ਼ ਕਲਮ ਦੁਆਤ ਲੈ ਕੇ ਲਿਖ ਕੇ ਕਰ ਲਈਦਾ ਹੈ। ਏਸੇ ਤਰ੍ਹਾਂ ਜਿਨ੍ਹਾਂ ਨੇ ਨਾਮ ਨੂੰ ਸੁਣਕੇ ਮੰਨਣ ਕੀਤਾ ਹੈ ਉਨ੍ਹਾਂ ਦੀ ਰੀਤੀ ਅਸੀਂ ਲਿਖ ਕੇ ਕਥਨ ਕਰ ਸਕਦੇ ਹਾਂ।

ਤਾਂ ਗੁਰੂ ਜੀ ਨੇ ਕਿਹਾ-

---

*"ਏਨ੍ਹਾਂ ਸਿੰਘਾਂ ਦਾ ਪੰਥ ਨਿਆਰਾ। ਹੱਸ ਹੱਸ ਕੇ ਇਹ ਜਾਨਾਂ ਦੇਂਦੇ,
ਸਿਰ ਤੇ ਚਲਦਾ ਆਰਾ। ਸਿੰਘਾਂ ਦਾ ਪੰਥ ਨਿਆਰਾ।"
(ਪੰਥ ਪ੍ਰਕਾਸ਼, ਧਿਆ ੭੪)

ਕਾਗਦਿ ਕਲਮ ਨ ਲਿਖਣਹਾਰੁ ॥

ਨਾ ਕੋਈ ਐਸਾ ਕਾਗਜ਼, ਨਾ ਹੀ ਕਲਮ ਅਤੇ ਨਾ ਹੀ ਕੋਈ ਲਿਖਣ ਵਾਲਾ ਲਿਖਾਰੀ ਹੈ।

ਯਥਾ—ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਨ ਸਰਨ ॥ ੪ ॥ ੫ ॥ ੮ ॥

[ਪੰਨਾ ੪੫੮]

ਮੰਨੇ ਕਾ ਬਹਿ ਕਰਨਿ ਵੀਚਾਰੁ ॥

ਜੋ ਮੰਨਣ ਕਰਨ ਵਾਲੇ ਮਹਾਤਮਾਂ ਦਾ ਬਹਿ=ਬੈਠ ਕੇ ਵਿਚਾਰ ਕਰੇ।

ਵਾ-ਚਾਹੇ ਕੋਈ ਕਾਬੇ ਵਿਚ ਬੈਠ ਕੇ ਵਿਚਾਰ ਕਰੇ।

ਵਾ-ਚਾਹੇ ਕੋਈ ਕਾਬਜ ਕੋਸ਼ ਵਾਲੇ ਵੀ ਪੰਜ ਚਾਰ ਆਦਮੀ ਇਕੱਠੇ ਮਿਲ ਕੇ ਵੀਚਾਰ ਕਰਨ ਤੋਂਭੀ ਸਮੱਗਰ ਰੀਤੀ ਕਥਨ ਨਹੀਂ ਕਰ ਸਕਦੇ।

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥

ਹੇ ਸਿੱਧੋ! ਨਿਰੰਜਨੁ=ਮਾਇਆ ਮਲ ਤੋਂ ਰਹਿਤ ਪ੍ਰਮੇਸ਼ਵਰ ਦਾ ਨਾਮ ਪਿੱਛੇ ਐਸਾ ਸੀ, ਹੁਣ ਹੈ, ਅੱਗੇ ਹੋਵੇਗਾ। ਪਰ ਜਿਹੜਾ ਕੋਈ ਆਪਣੇ ਮਨ ਵਿਚ ਉਸ ਦਾ ਨਾਮ ਨੂੰ ਮੰਨਣਾ ਕਰਨਾ ਜਾਣਦਾ ਹੈ, ਓਹੀ ਤਰਦਾ ਹੈ॥ ੧੨ ॥

ਨੋਟ - ਇਸ ਪਉੜੀ ਵਿਚ 'ਮੰਨੇ' ਵਾਲੇ ਪਦ ਨੂੰ [ੇ] ਲਾਂਵ ਹੈ। ਅਗਲੀਆਂ ਤਿੰਨ ਪਉੜੀਆਂ ਵਿਚ 'ਮੰਨੈ' ਵਾਲੇ ਪਦ ਨੂੰ [ੈ] ਦੁਲਾਈਆਂ ਹਨ। ਇਸ ਕਰਕੇ ਇਸ ਪਉੜੀ ਦਾ ਦੂਜਾ ਅਰਥ ਇਸ ਤਰ੍ਹਾਂ ਕਰਦੇ ਹਨ-

ਮੰਨੇ ਕੀ ਗਤਿ ਕਹੀ ਨ ਜਾਇ ॥

ਮੰਨੇ ਵਾਲੇ ਨਨੇ ਦੀ 'ਨੇ' ਵਿਚੋਂ ਈੜੀ ਨਿਕਲ ਕੇ 'ਕੀ' ਨਾਲ ਮਿਲਕੇ ਏਕੀ ਬਣ ਗਿਆ।

ਮੰਨ ਏਕੀ ਗਤਿ= ਜਿਸ ਪੁਰਸ਼ ਦਾ ਮਨ ਇਕ ਪ੍ਰਮਾਤਮਾ ਨੂੰ ਗਤਿ=ਪ੍ਰਾਪਤ ਹੋਇਆ ਹੈ ਉਹ ਕਿਤੇ ਵੀ ਜਨਮ ਮਰਨ ਦੇ ਗੇੜ ਵਿਚ ਨਹੀਂ ਜਾਂਦਾ।

ਵਾ-ਇਕ ਦੇ ਮੰਨਣ ਕਰ ਕੇ ਗਤਿ=ਕਲਿਆਣ ਨੂੰ ਪ੍ਰਾਪਤ ਹੁੰਦਾ ਹੈ।

ਉਸ ਦੇ ਪ੍ਰਾਣ ਕਿਸੇ ਲੋਕ ਵਿਚ ਨਹੀਂ ਜਾਂਦੇ।

ਜੇ ਕੋ ਕਹੈ ਪਿਛੈ ਪਛੁਤਾਇ ॥

'ਜੇ' ਦੀ ਲਾਂ ਵਿਚੋਂ ਈੜੀ ਨਿਕਲ ਕੇ ਕੱਕੇ ਨਾਲ ਰਲੇਗੀ, 'ਕੋ' ਦੇ ਹੋੜੇ ਵਿਚੋਂ ਉੜਾ ਨਿਕਲਕੇ ਦੂਜੇ 'ਕ' ਨਾਲ ਰਲੇਗਾ, 'ਜੇ ਇਕ ਓਕ' =ਜੇਹੜਾ ਏਕਤਾ ਰੂਪ ਓਕ=ਘਰ ਵਿਚ ਪ੍ਰਾਪਤ ਹੋਇਆ ਹੈ, ਉਸ ਦਾ ਜਨਮ ਮਰਨ ਰੂਪ ਪਸਚਾਤਾਪ ਪਿੱਛੇ ਪੈ ਜਾਂਦਾ ਹੈ।

ਵਾ-ਜਿਨ੍ਹਾਂ ਨੂੰ ਇਕ ਅਧਿਸ਼ਠਾਨ ਰੂਪ ਓਕ=ਘਰ ਦੀ ਪ੍ਰਾਪਤੀ ਹੋਈ ਹੈ, ਉਨ੍ਹਾਂ ਦੇ ਸਾਰੇ ਪਛੋਤਾਵੇ ਪਿੱਛੇ ਪੈ ਗਏ ਹਨ।

ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥

[ਦੂਜੀ ਤੁਕ ਦਾ ਅਰਥ ਪਹਿਲੇ ਕਰਨਾ]

'ਨੰ' ਦੀ ਲਾਂ ਵਿਚੋਂ ਈੜੀ ਨਿਕਲ ਕੇ 'ਕਾ' ਨਾਲ ਰਲੇਗੀ, 'ਕਾ' ਦੇ ਕੰਨੇ ਵਿਚੋਂ ਐੜਾ ਨਿਕਲ ਕੇ 'ਬਹਿ' ਨਾਲ ਰਲੇਗਾ, 'ਮੰਨ ਇਕ ਅਬਹਿ=ਜਿਸ ਦੇ ਮਨ ਨੇ ਇਕ ਅਬਹਿ=ਅਬਿਨਾਸੀ ਪ੍ਰਮਾਤਮਾ ਦਾ ਵਿਚਾਰ ਕੀਤਾ ਹੈ।

ਉਸ ਨੂੰ ਫਿਰ ਕਾ+ਗਦਿ=ਕੀ ਰੋਗ ਹੁੰਦੇ ਹਨ? ਭਾਵ ਨਹੀਂ ਹੁੰਦੇ।

ਕਲਮ=ਮਮੇ ਦੀ ਅਨਸ੍ਵਰ ਹੋ ਕੇ ਕਲੰ ਬਣ ਜਾਏਗਾ। ਕਲੰ=ਸ਼ਾਂਤ ਰੂਪ ਹੋ ਜਾਂਦਾ ਹੈ ਕੋਈ ਭੀ ਚਿਤ੍ਰ ਗੁਪਤ ਉਸ ਦੇ ਹਿਸਾਬ ਲਿਖਣ ਵਾਲਾ ਨਹੀਂ ਹੁੰਦਾ।

ਵਾ-ਇਕ ਅਬਿਨਾਸੀ ਦੇ ਮੰਨਣ ਵਿਚ ਜੋ ਜੁੜਿਆ ਹੈ ਅਤੇ ਬਾਣੀ ਦੁਆਰਾ ਉਸੇ ਦਾ ਵਿਚਾਰ ਕਰਦਾ ਹੈ ਉਸ ਨੂੰ ਫਿਰ ਗਦਿ=ਰੋਗ ਕਿਆ ਹੈ ਭਾਵ ਕੋਈ ਨਹੀਂ।

ਹਿਕਮਤ ਦੇ ਗ੍ਰੰਥਾਂ ਵਿਚ ਗਦਹਾ ਨਾਮ ਹਕੀਮ ਦਾ ਹੈ ਜੋ ਗਦ ਰੋਗਾਂ ਨੂੰ ਹਾ=ਹਤ ਕਰਕੇ ਸੋ ਗਦਹਾ ਕਹੀਏ ਹਕੀਮ। ਏਥੇ ਭੀ ਗਦਿ ਦਾ ਅਰਥ ਰੋਗ ਨਿਸਚੇ ਕਰਨਾ। ਉਸਦੇ ਅੰਦਰ ਕਲ=ਅਵਿਦਿਆ ਦੀ ਮ=ਮੈਲ ਨਹੀਂ ਹੈ। ਨਾ ਹੀ ਉਨ੍ਹਾਂ ਦੇ ਲਿਖਣ ਵਾਲੀ ਹੰਗਤਾ ਮਮਤਾ ਰਹੀ ਹੈ।

ਅਥਵਾ-ਧਰਮਰਾਜ ਦੇ ਪਾਸ ਉਨ੍ਹਾਂ ਨਾਮ ਰਸੀਆਂ ਦਾ ਲੇਖਾ ਲਿਖਣ ਵਾਸਤੇ ਨਾ ਕਾਗਦ ਹੈ, ਨਾ ਕਲਮ, ਨਾ ਹੀ ਲਿਖਣ ਵਾਸਤੇ ਚਿਤ੍ਰ ਗੁਪਤ ਹਨ।

ਐਸਾ ਨਾਮੁ ਨਿਰੰਜਨੁ ਹੋਇ॥

ਜਿਸ ਨੇ ਐਸੇ ਨਿਸਚੇ ਕੀਤਾ ਹੈ ਕਿ ਨਾ ਮੈਂ ਤੇ ਨਾ ਤੂੰ। ਭਾਵ ਹੰਗਤਾ ਮਮਤਾ ਦਾ ਅਭਾਵ ਕੀਤਾ ਹੈ, ਉਹ ਫਿਰ ਮਾਇਆ ਮਲ ਤੋਂ ਰਹਿਤ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ।

ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

ਜੇਹੜਾ ਕੋਈ ਗੁਰਾਂ ਦੇ ਮੰਨਿ=ਮੰਤਰ ਨੂੰ ਮੰਨਣ ਕਰਨਾ ਜਾਣਦਾ ਹੈ, ਓਹੀ ਸੰਸਾਰ ਸਮੁੰਦਰ ਤੋਂ ਤਰਦਾ ਹੈ॥ ੧੨ ॥

ਬਾਰ੍ਹਵੀਂ ਪਉੜੀ ਦੇ ੬੩ ਅੱਖਰ ਹਨ।

ਤੇਰ੍ਹਵੀਂ ਪਉੜੀ

ਇਸ ਪਉੜੀ ਵਿਚ ਗੁਰੂ ਜੀ ਕਥਨ ਕਰਦੇ ਹਨ ਕਿ ਨਾਮ ਦੇ ਮੰਨਣ ਨਾਲ ਮਨ ਬੁੱਧੀ ਸਹਿਤ ਚਤੁਸ਼ਟੇ ਅੰਤਹਕਰਣ ਸ਼ੁੱਧ ਹੋ ਜਾਂਦਾ ਹੈ ਤੇ ਸਾਰੇ ਭਵਨਾਂ ਦੀ ਅੰਤ੍ਰਜਾਮਤਾ ਪ੍ਰਾਪਤ ਹੋ ਜਾਂਦੀ ਹੈ ਅਤੇ ਨਰਕਾਂ ਵਿਚ ਪੈ ਕੇ ਜਮਾਂ ਦੀਆਂ ਚੋਟਾਂ ਨਹੀਂ ਖਾਂਦਾ।

ਮੰਨੈ ਸੁਰਤਿ ਹੋਵੈ ਮਨਿ ਬੁਧਿ॥

ਜਿਨ੍ਹਾਂ ਨੇ ਨਾਮ ਨੂੰ ਸੁਣਕੇ ਮੰਨਣ ਕੀਤਾ ਹੈ, ਉਸਦੀ ਮਨ ਬੁੱਧੀ ਸੁਰਤਿ=ਗਿਆਤਗੇ ਵਾ-ਸਰੇਸ਼ਟ ਪ੍ਰੀਤੀ ਵਾਲੀ ਹੋ ਜਾਂਦੀ ਹੈ।

ਅਥਵਾ - ੧. ਮਨ, ੨. ਬੁੱਧੀ, ੩. ਸੁਰਤਿ=ਚਿੱਤ ਅਤੇ ੪. ਹੰਕਾਰ ਇਹ ਚਤੁਸ਼ਟੇ ਅੰਤਹਕਰਨ ਸ਼ੁੱਧ ਹੋ ਜਾਂਦਾ ਹੈ।

ਵਾ-ਸੁਰਤਿ=ਵੇਦਾਂ ਦੇ ਸਿਧਾਂਤ ਦੇ ਮੰਨਣ ਕਰਨ ਵਾਲੀ ਬੁੱਧੀ ਹੋ ਜਾਂਦੀ ਹੈ।

ਵਾ-ਸੁਰਤਿ=ਸਰੇਸ਼ਟ ਪ੍ਰੀਤੀ ਦੀ ਪ੍ਰਾਪਤੀ। ਮਨਿ=ਮਨ ਦੇ ਸੰਕਲਪ=ਵਿਕਲਪ ਦੂਰ ਹੋਣੇ। ਬੁਧਿ=ਆਤਮ ਵਿਸ਼ੈਣੀ ਬੁੱਧੀ। ਇਹ ਤਿੰਨੇ ਗੁਣ ਪ੍ਰਾਪਤ ਹੋ ਜਾਂਦੇ ਹਨ।

ਮੰਨੈ ਸਗਲ ਭਵਣ ਕੀ ਸੁਧਿ॥

ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਣ ਕੀਤਾ ਹੈ, ਉਨ੍ਹਾਂ ਨੂੰ ਸਾਰੇ ਭਵਣਾਂ ਦੀ ਸੁਧਿ=ਸੋਝੀ ਭਾਵ ਅੰਤਰਯਾਮਤਾ ਪ੍ਰਾਪਤ ਹੁੰਦੀ ਹੈ। ਜਿਵੇਂ - ਬਾਬਾ ਬੁੱਢਾ ਸਾਹਿਬ ਜੀ ਨੂੰ ਅੰਤਰਯਾਮਤਾ ਪ੍ਰਾਪਤ ਸੀ।

ਸਾਖੀ-ਬਾਬਾ ਬੁੱਢਾ ਜੀ ਦੀ

ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਦਾਤੂ ਨੇ ਲੱਤ ਮਾਰ ਕੇ ਬੋਲ ਕੁਬੋਲ ਬੋਲੇ ਸਨ ਤਾਂ ਗਰੀਬ ਨਿਵਾਜ਼ ਜੀ ਨੇ ਵਿਚਾਰਿਆ ਸਾਨੂੰ ਦੇਖ ਕੇ ਇਹ ਦੁੱਖੀ ਹੁੰਦੇ ਹਨ ਇਸ ਲਈ ਅਸੀਂ ਲਾਂਭੇ ਕਿਉਂਕਿ ਨਾ ਚਲੇ ਜਾਈਏ।

ਤਿਸ ਵੇਲੇ ਗਰੀਬ ਨਿਵਾਜ਼ ਗੁਰੂ ਸਾਹਿਬ ਜੀ ਚੁੱਪ ਚੁਪੀਤੇ ਕਿਸੇ ਨੂੰ ਦੱਸੇ ਬਗੈਰ ਹੀ ਪਿੰਡ ਬਾਸਰਕੀ ਆ ਕੇ ਬਾਹਰ ਵਾਰ ਆਪਣੇ ਖੇਤ ਵਿਚ ਗਊਆਂ ਦੇ ਪਾਲਣ ਵਾਲੇ ਗੁਆਲੇ ਦਾ ਕੋਠਾ ਵੇਖ ਕੇ ਉਸ ਕੋਠੇ ਅੰਦਰ ਪ੍ਰਵੇਸ਼ ਕਰਕੇ ਦਰਵਾਜ਼ਾ ਬੰਦ ਕਰਕੇ ਬੈਠ ਗਏ। ਬਾਹਰ ਲਿਖ ਦਿੱਤਾ, "ਜਿਹੜਾ ਕੋਈ ਦਰਵਾਜ਼ਾ ਖੋਲ੍ਹੇਗਾ, ਉਹ ਸਾਡਾ ਸਿੱਖ ਨਹੀਂ ਹੋਵੇਗਾ।"

ਯਥਾ—"ਧੇਨੁ ਪਾਲ ਕੋ ਕੋਸਠ ਹੇਰਾ॥ ਤਿਸ ਦਰ ਪਰ ਲਿਖਿ ਕੀਨਿ ਬਸੇਰਾ॥
ਇਸ ਦਰ ਜੋ ਨਰ ਕਰਹਿ ਉਪਾਰੇ॥ ਤਿਸ ਕੇ ਗੁਰ ਨਹਿਂ ਸਿੱਖ ਹਮਾਰੇ॥ ੩॥
ਲੋਕ ਪ੍ਰਲੋਕ ਦੌਨ ਹੀ ਖੋਵੈ॥ ਨਹੀਂ ਸਹਾਇਕ ਹਮ ਤਬ ਹੋਵੈ॥
ਚਿਣ ਦਰ ਕੋ ਲਿਖਿ ਕੈ ਸੁ ਪ੍ਰਵੇਸ਼ੇ॥ ਪਦਮਾਸਨ ਕਰਿ ਸ੍ਰੀ ਗੁਰ ਬੈਸੇ॥ ੪॥
ਛਪੇ ਤਹਾਂ ਨਹਿਂ ਜਾਨਹਿਂ ਕੌਊ॥ ਨਿਜ ਸਰੂਪ ਮਹਿਂ ਥਿਤਿ ਬ੍ਰਿਤਿ ਹੋਊ॥
ਅਚਲ ਸਮਾਧਿ ਅਗਾਧਿ ਲਗੀ ਹੈ॥ ਬ੍ਰਹਮ ਸਰੂਪ ਅਨੰਦ ਪਗੀ ਹੈ॥ ੫॥"

[ਗੁਰ ਪ੍ਰਤਾਪ ਸੂਰਜ, ਰਾਸਿ ੧, ਅੰਸੂ ੩੫]

ਏਧਰ ਗੁਰੂ ਜੀ ਦੇ ਦਰਸ਼ਨਾਂ ਤੋਂ ਬਿਨਾਂ ਸੰਗਤਾਂ ਬਹੁਤ ਬਿਹਬਲ ਹੋ ਗਈਆਂ। ਸਾਰਿਆਂ ਵਿਚ ਅਸ਼ਾਂਤੀ ਵਰਤ ਗਈ। ਫੇਰ ਬਾਬਾ ਬੁੱਢਾ ਜੀ ਪਾਸ ਜਾ ਕੇ ਸਾਰਿਆਂ ਨੇ ਬੇਨਤੀ ਕੀਤੀ ਕਿ ਬਾਬਾ ਜੀ!

ਆਪ ਜੀ ਦੇ ਵਿਖੇ ਤੇ ਗੁਰੂ ਸਾਹਿਬਾਂ ਵਿਖੇ ਕੋਈ ਭੇਦ ਨਹੀਂ ਹੈ, ਆਪ ਜੀ ਨੂੰ ਗੁਰੂ ਸਾਹਿਬ ਜੀ ਦਾ ਸਾਰਾ ਪਤਾ ਹੈ ਆਪ ਕਿਰਪਾ ਕਰਕੇ ਸਾਨੂੰ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਵਾਓ।

ਬਾਬਾ ਜੀ ਨੇ ਕਿਹਾ, "ਸਾਨੂੰ ਕੋਈ ਪਤਾ ਨਹੀਂ ਗੁਰੂ ਜੀ ਕਿਥੇ ਹਨ।"

ਸੰਗਤਾਂ ਨੇ ਫਿਰ ਕਿਹਾ, "ਬਾਬਾ ਜੀ! ਆਪ ਪਰਉਪਕਾਰੀ ਹੋ ਆਪ ਜੀ ਤੋਂ ਬਗੈਰ ਕੋਈ ਦਰਸ਼ਨ ਨਹੀਂ ਕਰਵਾ ਸਕਦਾ ਆਪ ਤ੍ਰਿਕਾਲ ਦਰਸ਼ੀ ਹੋ, ਵੇਖੋ! ਗੁਰੂ ਜੀ ਕਿਥੇ ਹਨ?"

ਬਹੁਤਿਆਂ ਦੇ ਕਹਿਣ ਨਾਲ ਬਾਬਾ ਜੀ ਨੇ ਆਪਣੀ ਸ਼ਕਤੀ ਕਰ ਕੇ ਸਾਰੇ [ਸਮੁੰਦਰਾਂ, ਦੀਪਾਂ, ਨੌਂ ਖੰਡਾਂ ਆਦਿਕਾਂ ਵੱਲ] ਝਾਤੀ ਮਾਰੀ ਪਰ ਕਿਧਰੇ ਨਿਗਾਹ ਨਾ ਆਏ। ਜਿਸ ਵੇਲੇ ਬਾਸਰਕੀ ਪਿੰਡ ਵੱਲ ਤੱਕਿਆ ਤਾਂ ਕੋਠੇ ਅੰਦਰ ਪਦਮਾਸਨ ਲਾਈ ਬੈਠੇ ਗੁਰੂ ਜੀ ਦਾ ਦੀਦਾਰ ਕੀਤਾ। ਪਰ ਸੰਗਤਾਂ ਵਿਚ ਇਸ ਆਪਣੀ ਸ਼ਕਤੀ ਨੂੰ ਜ਼ਾਹਰ ਨਾ ਕੀਤਾ। ਸੰਗਤ ਵਿਚ ਇਹੋ ਕਿਹਾ ਕਿ ਗੁਰੂ ਸਾਹਿਬ ਜੀ ਦੀ ਘੋੜੀ ਖੜੀ ਹੈ ਇਸ ਨੂੰ ਅੱਗੇ ਤੋਰ ਕੇ ਸੰਗਤ ਮਗਰ-ਮਗਰ ਚੱਲੇ, ਜਿਥੇ ਇਹ ਜਾ ਕੇ ਖਲੋਵੇਗੀ ਉਥੇ ਗੁਰੂ ਸਾਹਿਬ ਜੀ ਨਿਸਚੇ ਕਰ ਲੈਣਾ। ਜਿਸ ਵੇਲੇ ਘੋੜੀ ਨੂੰ ਅੱਗੇ ਤੋਰ ਕੇ ਸੰਗਤਾਂ ਬਾਬਾ ਬੁੱਢਾ ਜੀ ਸਮੇਤ ਪਿਛੇ ਪਿਛੇ ਚਲੇ ਤਾਂ ਘੋੜੀ ਉਸੇ ਅਸਥਾਨ ਪਰ ਜਾ ਖਲੋਤੀ ਜਿਥੇ ਗੁਰੂ ਜੀ ਤਪ ਕਰ ਰਹੇ ਸਨ - ਬਾਹਰ ਗੁਰੂ ਜੀ ਨੇ ਲਿਖਿਆ ਹੋਇਆ ਸੀ ਕਿ ਦਰਵਾਜ਼ਾ ਕੋਈ ਨਾ ਖੋਲ੍ਹੇ, ਏਸ ਕਰਕੇ ਬਾਬਾ ਜੀ ਨੇ ਪਿੱਛੋਂ ਦੀ ਸੰਨ੍ਹ ਲਗਾ ਕੇ ਅੰਦਰ ਜਾ ਕੇ ਚਰਨ ਝਸਕੇ ਸਮਾਧੀ ਖੋਲ੍ਹੀ ਤੇ ਸੰਗਤਾਂ ਨੂੰ ਦਰਸ਼ਨ ਕਰਵਾਏ। ਗੁਰੂ ਜੀ ਨੇ ਬਾਬਾ ਜੀ ਤੇ ਪ੍ਰਸੰਨ ਹੋ ਕੇ ਕਿਹਾ ਇਸ ਸੰਨ੍ਹ ਵਿਚੋਂ ਜੋ ਜਪੁਜੀ ਸਾਹਿਬ ਜੀ ਦਾ ਪਾਠ ਕਰਦਾ ਲੰਘੇਗਾ ਉਹ ਮੁਕਤ ਹੋ ਜਾਵੇਗਾ।*

ਇਹੋ ਜੇਹੀਆਂ ਸ਼ਕਤੀਆਂ ਨਾਮ ਦੇ ਮੰਨਣ ਕਰ ਕੇ ਹੀ ਪ੍ਰਾਪਤ ਹੁੰਦੀਆਂ ਹਨ।

ਫੇਰ ਪੂਰੀ ਪੂਰੀ ਅੰਤਰਯਾਮਤਾ, ਸਾਹਿਬ-"ਰਾਮਕੁਇਰ" ਜੀ ਵਿਖੇ ਸੀ। ਜਿਨ੍ਹਾਂ ਨੇ ਖਾਲਸੇ ਦੀ ਬੇਨਤੀ ਸੁਣ ਕੇ ਦਸਮ ਪਿਤਾ ਜੀ ਤੋਂ ਪਿੱਛੋਂ ਦੂਜੀ ਪਾਤਿਸ਼ਾਹੀ ਤੋਂ ਲੈ ਕੇ ਦਸਮ ਪਿਤਾ ਜੀ ਤੱਕ ਸਾਰਿਆਂ ਗੁਰੂਆਂ ਦੇ ਜੀਵਨ ਚਰਿੱਤ੍ਰ ਆਪਣੀ ਸਰਬੱਗਤਾ ਨਾਲ ਸਮਾਧੀ ਵਿਚ ਵੇਖ-ਵੇਖ ਕੇ ਸੰਗਤਾਂ ਨੂੰ ਸੁਣਾਏ ਸਨ। ਇਹ ਸ਼ਕਤੀ ਕੇਵਲ ਨਾਮ ਮੰਨਣ ਕਰਨ ਨਾਲ ਪ੍ਰਾਪਤ ਹੁੰਦੀ ਹੈ।

੨. ਨਾਮ ਦੇ ਮੰਨਣ ਕਰਨ ਨਾਲ ਸਾਰੇ ਭਵਣਾਂ ਦੀ ਮਿਥਿਆ ਰੂਪਤਾ ਕਰਕੇ ਸੋਝੀ ਪ੍ਰਾਪਤੀ ਹੁੰਦੀ ਹੈ।
ਅਥਵਾ-ਸਾਰੇ ਭਵਨਾਂ ਦੀ ਬ੍ਰਹਮ ਰੂਪਤਾ ਕਰ ਕੇ ਸੋਝੀ=ਗਿਆਤ ਪ੍ਰਾਪਤ ਹੁੰਦੀ ਹੈ।

੩. ਉਸ ਦੇ ਮੁਕਾਬਲੇ ਵਿਚ ਸਾਰੇ ਭਵਨਾਂ ਦੀ ਸੁਧਿ=ਪਵਿੱਤ੍ਰਤਾ ਕੀ ਹੈ? ਭਾਵ ਤੁੱਛ ਹੈ।

੪. ਸਾਰੇ ਭਵਨਾਂ ਦੀ ਸੁਧਿ=ਪਵਿੱਤ੍ਰਤਾ ਉਸ ਨੂੰ ਪ੍ਰਾਪਤ ਹੁੰਦੀ ਹੈ।

੫. ਨਾਮ ਦੇ ਮੰਨਣ ਨਾਲ ਸਾਰੇ ਭਵਣ=ਘਰਾਂ ਭਾਵ ਸ਼ਾਸਤ੍ਰਾਂ ਦੀ ਸੁਧਿ=ਗਿਆਤ ਹੋ ਜਾਂਦੀ ਹੈ।

ਮੰਨੈ ਮੁਹਿ ਚੋਟਾ ਨਾ ਖਾਇ॥

ਨਾਮ ਦੇ ਮੰਨਣ ਨਾਲ ਪ੍ਰਤੱਖ ਸੱਟਾਂ ਜਾਂ ਸੰਸਾਰਕ ਦੁੱਖਾਂ ਦੀਆਂ ਸੱਟਾਂ ਨੂੰ, ਅਥਵਾ-ਅੰਤ ਸਮੇਂ ਜਮਾਂ ਦੀਆਂ ਚੋਟਾਂ=ਸੱਟਾਂ ਨੂੰ ਮੂੰਹ ਉੱਪਰ ਨਹੀਂ ਖਾਂਦਾ। ਵਾ-ਇਸਤ੍ਰੀ ਪੁੱਤਰ ਆਦਿਕ ਸਨਬੰਧੀਆਂ ਦੇ ਮੋਹ ਦੀਆਂ ਸੱਟਾਂ ਨਹੀਂ ਖਾਂਦਾ।

---

*ਇਸ ਸੰਨ੍ਹ ਸਾਹਿਬ ਗੁਰਦੁਆਰੇ ਦੀ ਤੇ ਸਰੋਵਰ ਦੀ ਸੇਵਾ, ਸੇਵਾ ਪੰਥੀ ਅਡਨ ਸ਼ਾਹੀ ਸਭਾ ਦੇ ਮੈਂਬਰ ਸ੍ਰੀ ਮਾਨ ਬਾਬਾ ਖੜਕ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਕਰਵਾਈ ਹੈ।

ਜਿਹੜਾ ਪੁਰਸ਼ ਨਾਮ ਨੂੰ ਮੰਨਣ ਨਹੀਂ ਕਰਦਾ, ਉਹ ਮੋਹ ਦੀਆਂ ਸੱਟਾਂ ਖਾਂਦਾ ਹੈ।

ਮੁਹਿ ਦਾ ਅਰਥ ਹੀ ਮੂੰਹ ਹੈ। ਯਥਾ -

"ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ॥"

[ਗਉੜੀ ਕੀ ਵਾਰ, ਮਃ ੪, ਪੰਨਾ ੩੦੭]

ਸਾਖੀ-ਇਕ ਬੁੱਢੇ ਆਦਮੀ ਦੀ

ਸ੍ਰੀ ਗੁਰੂ ਨਾਨਕ ਦੇਵ ਜੀ ਵਿਚਰਦੇ ਹੋਏ 'ਸਤਿਨਾਮੁ' ਦਾ ਉਪਦੇਸ਼ ਕਰਦੇ ਕਰਦੇ ਇਕ ਨਗਰ ਤੋਂ ਬਾਹਰ ਇਕ ਖੂਹ ਪਰ ਜਾ ਬੈਠੇ। ਉਸ ਖੂਹ ਪਰ ਇਕ ਬੁੱਢਾ ਪੁਰਸ਼ ਬਲਦਾਂ ਨੂੰ ਹੱਕ ਰਿਹਾ ਸੀ ਤੇ ਚਾਰ ਉਸ ਦੇ ਪੁੱਤਰ ਸਨ ਉਹਨਾਂ ਨੂੰ ਤਾੜ ਰਿਹਾ ਸੀ ਕਿ ਫਲਾਣਾ ਕੰਮ ਕਰੋ, ਅਮਕਾ ਕੰਮ ਕਰੋ ਨਹੀਂ ਤਾਂ ਭੁੱਖੇ ਮਰ ਜਾਓਗੇ। ਮੈਂ ਨਾ ਹੋਵਾਂ ਤਾਂ ਤੁਸਾਂ ਨੇ ਕੰਮ ਹੀ ਨਾ ਕਰਨਾ ਹੋਇਆ।

ਇਹ ਗੱਲਾਂ ਸੁਣ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਕਿਹਾ - "ਭਾਈ! ਹੁਣ ਤੂੰ ਬੁੱਢਾ ਹੋ ਗਿਆ ਹੈਂ ਇਤਨਾ ਨਾ ਖਪਿਆ ਕਰ, ਇਹ ਮੋਹ ਦੁਖਦਾਈ ਹੈ ਇਸ ਨੂੰ ਛੱਡ ਕੇ ਤੂੰ ਪ੍ਰਮੇਸ਼ਰ ਦਾ ਭਜਨ ਸਿਮਰਨ ਕਰ। ਤੈਨੂੰ ਅਸੀਂ ਮੁਕਤ ਕਰ ਦੇਂਦੇ ਹਾਂ, ਤੇਰੇ ਮੁੰਡਿਆਂ ਨੇ ਸਾਰੇ ਕੰਮ ਸੰਭਾਲ ਲੀਤੇ ਹੋਏ ਹਨ, ਤੂੰ ਕਿਉਂ ਚਿੰਤਾ ਕਰਦਾ ਹੈਂ?"

ਬੁੱਢੇ ਨੇ ਕਿਹਾ, "ਜੇ ਮੈਂ ਕਲਪਦਾ ਹਾਂ ਤਾਂ ਹੀ ਇਹ ਮੁੰਡੇ ਕੰਮ ਕਰਦੇ ਹਨ, ਨਹੀਂ ਤਾਂ ਹੱਥ ਹੀ ਨਾ ਲਾਉਣ। ਜੇ ਮੈਂ ਮੁਕਤੀ ਵਾਲੇ ਪਾਸੇ ਲੱਗ ਗਿਆ ਤਾਂ ਇਹ ਸਾਰੇ ਭੁੱਖੇ ਮਰ ਜਾਣਗੇ, ਇਸ ਵਾਸਤੇ ਇਹ ਮੁਕਤੀ ਤੁਸੀਂ ਆਪਣੇ ਪਾਸ ਹੀ ਰੱਖੋ, ਮੈਂ ਮੁਕਤ ਨਹੀਂ ਹੋਣਾ ਚਾਹੁੰਦਾ।"

ਗੁਰੂ ਜੀ ਨੇ ਕਿਹਾ, "ਚੰਗਾ ਭਾਈ! ਤੇਰੀ ਮਰਜ਼ੀ ਹੈ, ਜੇ ਤੂੰ ਅਜੇ ਮੋਹ ਦੀਆਂ ਚੋਟਾਂ ਖਾਣੀਆਂ ਹਨ ਤਾਂ ਹੋਰ ਖਾ ਲੈ ਪਰ ਸਾਡੀ ਨਿਗਾਹ ਤੇਰੇ ਵਲ ਹੋ ਗਈ ਹੈ, ਅਸੀਂ ਤੈਨੂੰ ਮੁਕਤ ਕਰ ਦੇਣਾ ਹੈ। ਜਿਸ ਵੇਲੇ ਤੂੰ ਦੁਖੀ ਹੋ ਕੇ ਕਹੇਂਗਾ ਫਿਰ ਤੈਨੂੰ ਮੁਕਤ ਕਰਾਂਗੇ।" ਇਹ ਗੱਲ ਕਹਿ ਕੇ ਗੁਰੂ ਜੀ ਚਲੇ ਗਏ। ਪਿੱਛੋਂ ਉਹ ਬੀਮਾਰ ਪੈ ਗਿਆ ਤੇ ਮੌਤ ਦੇ ਦਿਨ ਵੀ ਨੇੜੇ ਆ ਗਏ।

ਯਥਾ—"ਹਰੀ ਨਾਹੀ ਨਹ ਭਡੁਰੀ ਪਕੀ ਵਢਣਹਾਰ॥
ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥
ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥ ੨॥"

[ਸਿਰੀਰਾਗੁ ਮਹਲਾ ੫, ਪੰਨਾ ੪੩]

ਉਸ ਦੇ ਘਰ ਵਿਚ ਇਕ ਬੁੱਢਾ ਕਮਜ਼ੋਰ ਬਲਦ ਸੀ। ਮਰਨ ਸਮੇਂ ਉਸ ਵੱਲ ਫੁਰਨਾ ਚਲਾ ਗਿਆ ਕਿ ਮੇਰੇ ਮਰਨ ਪਿੱਛੋਂ ਮੇਰੇ ਲੜਕੇ ਔਖੇ ਹੋਣਗੇ, ਕਿਉਂਕਿ ਇਹ ਬਲਦ ਬੁੱਢਾ ਹੋ ਗਿਆ ਹੈ ਤੇ ਇਨ੍ਹਾਂ ਨੂੰ ਹੋਰ ਨਵਾਂ ਖਰੀਦਣਾ ਪਵੇਗਾ। ਇਸ ਤਰ੍ਹਾਂ ਸੰਕਲਪ ਕਰਦਿਆਂ ਕਰਦਿਆਂ ਉਸਦੇ ਪ੍ਰਾਣ ਨਿਕਲ ਗਏ। ਉਸ ਦੇ ਘਰ ਵਿਚ ਇਕ ਗਊ ਵੀ ਸੂਣ ਵਾਲੀ ਸੀ ਉਸੇ ਵਿਚ ਪ੍ਰਵੇਸ਼ ਕਰ ਕੇ ਉਹ ਵੱਛਾ ਹੋ ਕੇ ਉਸੇ ਘਰ ਜੰਮ ਪਿਆ। ਲੜਕਿਆਂ ਨੇ ਪਾਲਿਆ। ਲੋੜ ਮੁਤਾਬਕ ਖੂਹ ਅਤੇ ਹਲ ਨਾਲ ਜੋੜ ਲਿਆ ਕਰਨ।

ਚਾਰ ਪੰਜ ਸਾਲ ਪਿੱਛੋਂ ਫਿਰ ਗੁਰੂ ਜੀ ਆਏ ਉਸ ਬੁੱਢੇ ਬਾਬੇ ਦੇ ਲੜਕੇ ਮਿਲੇ ਉਹਨਾਂ ਨੇ ਸੰਤ ਸਰੂਪ ਜਾਣ ਕੇ ਮੱਥਾ ਟੇਕਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, "ਤੁਹਾਡਾ ਬੁੱਢਾ ਬਾਬਾ ਕਿਥੇ ਹੈ?" ਲੜਕਿਆਂ ਨੇ ਕਿਹਾ, "ਉਹ ਤਾਂ ਚਾਰ ਕੁ ਸਾਲਾਂ ਦਾ ਮਰ ਗਿਆ ਹੈ।"

ਫਿਰ ਗੁਰੂ ਜੀ ਨੇ ਅੰਤਰ ਧਿਆਨ ਨਾਲ ਵੇਖਿਆ ਕਿ ਉਹ ਤਾਂ ਮਰ ਕੇ ਬਲਦ ਆ ਬਣਿਆਂ

ਹੈ ਗੁਰੂ ਜੀ ਨੇ ਬਲਦ ਪਾਸ ਆ ਕੇ ਉਸ ਨੂੰ ਪਿਛਲੀ ਗਿਆਤ ਦੇ ਕੇ ਕਿਹਾ, "ਭਾਈ! ਤੈਨੂੰ ਕਿਹਾ ਸੀ ਕਿ ਤੂੰ ਭਜਨ ਕਰਕੇ ਮੁਕਤੀ ਲੈ ਲੈ ਪਰ ਤੂੰ ਨਹੀਂ ਲੀਤੀ ਸੀ ਹੁਣ ਤੂੰ ਬਲਦ ਬਣ ਕੇ ਔਖਾ ਹੋ ਰਿਹਾ ਹੈਂ। ਜੇ ਮਰਜ਼ੀ ਹੈ ਤਾਂ ਹੁਣ ਮੁਕਤੀ ਲੈ ਲੈ।"

ਫਿਰ ਵੀ ਮੋਹ ਵਿਚ ਫਸਿਆ ਆਖਦਾ ਹੈ, "ਜੇ ਆਪ ਮੈਨੂੰ ਮੁਕਤ ਕਰੋਗੇ ਤਾਂ ਪੰਜ ਸੌ ਦਾ ਮੈਂ ਮਰਾਂਗਾ ਤੇ ਮੇਰੇ ਬੱਚੇ ਹੋਰ ਨਵਾਂ ਬੈਲ ਖਰੀਦਣਗੇ ਤਾਂ ੫੦੦] ਹੋਰ ਦੇਣਗੇ ਇਨ੍ਹਾਂ ਪੁੱਤਰਾਂ ਨੂੰ ੧੦੦੦] ਰੁਪਏ ਦੀ ਸੱਟ ਪੈ ਜਾਏਗੀ। ਇਹ ਵਿਚਾਰੇ ਕਰਜ਼ਾਈ ਹੋ ਜਾਣਗੇ, ਕਰਜ਼ਾ ਕਿਵੇਂ ਲਾਹਣਗੇ? ਇਹ ਆਖ ਕੇ ਕਹਿੰਦਾ ਹੈ ਮੈਂ ਮੁਕਤ ਨਹੀਂ ਹੋਣਾ ਚਾਹੁੰਦਾ।" ਗੁਰੂ ਜੀ ਫਿਰ ਚਲੇ ਗਏ। ਪਿੱਛੋਂ ਉਹ ਬਲਦ ਆਪਣੀ ਉਮਰ ਭੋਗ ਕੇ ਵਾਸ਼ਨਾਂ ਅਨੁਸਾਰ ਫੇਰ ਕੁੱਤੇ ਦੇ ਜਨਮ ਵਿਚ ਪੈ ਗਿਆ। ਇਹਨਾਂ ਦੇ ਘਰ ਦਾ ਪਿਛਵਾੜਾ ਪਾਸਾ ਸੁੰਨਾ [ਉਜਾੜ] ਸੀ, ਸਾਰੀ ਰਾਤ ਬੰਨੇ ਤੇ ਬੈਠ ਕੇ ਭੌਂਕਦਾ ਰਿਹਾ ਕਰੇ।

ਸਤਿਗੁਰੂ ਨਾਨਕ ਦੇਵ ਜੀ ਫੇਰ ਆ ਪਹੁੰਚੇ। ਸ਼ਕਤੀ ਨਾਲ ਦੇਖਿਆ ਕਿ ਉਹ ਹੁਣ ਕੁੱਤਾ ਆ ਬਣਿਆ ਹੈ। ਗੁਰੂ ਜੀ ਨੇ ਪਾਸ ਜਾ ਕੇ ਸੁਰਤ ਦੇ ਕੇ ਪੁੱਛਿਆ, "ਸੁਣਾ ਬੁੱਢਿਆ! ਹੁਣ ਮੁਕਤ ਕਰ ਦੇਈਏ?" ਤਾਂ ਉਸ ਨੇ ਕਿਹਾ, "ਮਹਾਰਾਜ ਜੀ! ਇਹ ਮੇਰੇ ਮੁੰਡੇ, ਪੋਤਰੇ, ਨੂੰਹਾਂ ਆਦਿ ਸਾਰੇ ਜੀਆ ਜੰਤ ਬੇ-ਪਰਵਾਹ ਹਨ, ਸਾਰੇ ਬੇ-ਫਿਕਰ ਹੋ ਕੇ ਲੰਮੀਆਂ ਚਾਦਰਾਂ ਤਾਣ ਕੇ ਰਾਤ ਨੂੰ ਸੌਂ ਜਾਂਦੇ ਹਨ, ਮੈਂ ਸਾਰੀ ਰਾਤ ਪਹਿਰਾ ਰੱਖਦਾ ਹਾਂ। ਜੇ ਮੈਂ ਨਾ ਹੁੰਦਾ ਤਾਂ ਇਨ੍ਹਾਂ ਦਾ ਤਾਂ ਅੱਜ ਨੂੰ ਝੁੱਗਾ ਚੌੜ ਹੋ ਜਾਣਾ ਸੀ। ਚੋਰਾਂ ਨੇ ਲੁੱਟ ਕੇ ਲੈ ਜਾਣਾ ਸੀ। ਕੁੱਤਾ ਬਣ ਕੇ ਮੈਂ ਭੌਂਕਦਾ ਰਹਿੰਦਾ ਹਾਂ ਇਸ ਕਰਕੇ ਕੋਈ ਚੋਰ ਨੇੜੇ ਨਹੀਂ ਆਉਂਦਾ, ਮੈਂ ਨਹੀਂ ਮੁਕਤ ਹੋਣਾ, ਮੈਨੂੰ ਤਾਂ ਪਰਵਾਰ ਦੀ ਸੁੱਖ ਚਾਹੀਦੀ ਹੈ।"

ਗੁਰੂ ਜੀ ਮੋਹ ਦਾ ਪ੍ਰਤਾਪ ਦੇਖ ਕੇ ਹੱਸ ਕੇ ਚਲੇ ਗਏ।

ਇਹ ਕੁੱਤੇ ਦਾ ਸਰੀਰ ਛੱਡ ਕੇ ਘਰ ਜਿੱਥੇ ਪੈਸੇ ਦੱਬੇ ਹੋਏ ਸਨ ਕਿ ਕੋਈ ਚੋਰੀ ਕਰਕੇ ਨਾ ਲੈ ਜਾਏ, ਮਰਨ ਵੇਲੇ ਇਸ ਵਾਸ਼ਨਾਂ ਕਰਕੇ ਮੋਹ ਦਾ ਮਾਰਿਆ ਹੋਇਆ. ਸੱਪ ਬਣ ਕੇ ਉਸ ਉਤੇ ਰਹਿਣ ਲੱਗ ਪਿਆ।

ਕੁਝ ਸਮਾਂ ਲੰਘ ਗਿਆ। ਇਕ ਦਿਨ ਘਰ ਦੇ ਸਾਰੇ ਜੀਅ ਚਲੇ ਗਏ। ਕੋਈ ਹਲ ਵਾਹਣ, ਕੋਈ ਪੱਠੇ ਲੈਣ ਆਦਿ ਕੰਮਾਂ ਪਰ ਤੇ ਮਾਈਆਂ ਬੀਬੀਆਂ ਕਪਾਹ ਚੁਗਣ ਵਾਸਤੇ ਚਲੀਆਂ ਗਈਆਂ। ਇਕ ਗੌਦੀ ਦੇ ਲੜਕੇ ਨੂੰ ਘਰ ਵਿਚ ਪੰਘੂੜੇ ਤੇ ਪਾ ਗਈਆਂ। ਜਿਸ ਵੇਲੇ ਉਹ ਲੜਕਾ ਪਿੱਛੋਂ ਰੋਇਆ ਤਾਂ ਇਹ ਸੱਪ ਜੂਨ ਵਿਚ ਉਸ ਬੱਚੇ ਦੀ ਆਵਾਜ਼ ਸੁਣ ਕੇ ਮੋਹ ਵਿਚ ਫਸਿਆ ਹੋਇਆ ਉਸ ਬੱਚੇ ਨੂੰ ਪ੍ਰਚਾਉਣ ਵਾਸਤੇ ਰੱਸੇ ਰਾਹੀਂ ਉਤਰ ਰਿਹਾ ਸੀ, ਇਸ ਨੇ ਇਹ ਨਾ ਸੋਚਿਆ ਕਿ ਮੇਰਾ ਸੱਪ ਦਾ ਸਰੀਰ ਹੈ ਬੱਚੇ ਨੂੰ ਜ਼ਹਿਰ ਚੜ੍ਹ ਜਾਏਗੀ ਇਹ ਤਾਂ ਅਜੇ ਰੱਸੇ ਰਾਹੀਂ ਉਤਰ ਹੀ ਰਿਹਾ ਸੀ, ਇਤਨੇ ਨੂੰ ਕੋਈ ਬਾਹਰੋਂ ਆ ਗਿਆ ਉਸ ਨੇ ਸੱਪ ਨੂੰ ਵੇਖ ਕੇ ਮਾਰ ਹੀ ਦਿੱਤਾ। ਇਹ ਫਿਰ ਸਾਰੇ ਘਰ ਦਾ ਜੂਠਾ ਤੇ ਗੰਦਾ ਪਾਣੀ ਜਿਸ ਚਲ੍ਹੇ ਵਿਚ ਪੈਂਦਾ ਸੀ ਉਸ ਵਿਚ ਨਿੱਕਾ ਜਿਹਾ ਕੀੜਾ ਬਣ ਕੇ ਰਹਿਣ ਲੱਗ ਪਿਆ ਤੇ ਬੜਾ ਦੁਖੀ ਹੋਇਆ ਇਤਨੇ ਨੂੰ ਗੁਰੂ ਜੀ ਵਿਚਰਦੇ ਵਿਚਰਦੇ ਉਥੇ ਆ ਪਹੁੰਚੇ ਅਤੇ ਮੁੰਡਿਆਂ ਨੇ ਮੱਥਾ ਟੇਕਿਆ ਗੁਰੂ ਜੀ ਨੇ ਆਪਣੀ ਦਿਬ-ਦ੍ਰਿਸ਼ਟੀ ਦੁਆਰਾ ਤੱਕਿਆ ਤਾਂ ਘਰ ਦੇ ਜੂਠੇ ਗੰਦੇ ਪਾਣੀ ਵਿਚ ਕੀੜਾ ਰੂਪ ਬਣਿਆ ਦੇਖਿਆ। ਭਾਈ ਮਰਦਾਨੇ ਨੂੰ ਕਿਹਾ, 'ਇਸ ਟੋਏ ਵਿਚੋਂ ਇਹ ਕੀੜਾ ਕੱਢ ਦੇਹ।'

ਮਰਦਾਨੇ ਆਖਿਆ-'ਮਹਾਰਾਜ! ਇਸ ਕੀੜੇ ਨਾਲ ਤੁਹਾਡਾ ਕੀ ਕੰਮ ਹੈ, ਗੰਦੇ ਪਾਣੀ ਵਿਚ ਹੱਥ ਪੁਆਂਦੇ ਹੋ।'

ਗੁਰੂ ਜੀ ਨੇ ਆਖਿਆ-''ਮਰਦਾਨਿਆਂ! ਡਰ ਨਾ, ਹੱਥ ਧੋ ਲਈਂ। ਸਾਡਾ ਇਸ ਨਾਲ ਬਹੁਤ ਦੇਰ ਦਾ ਕੰਮ ਹੈ।'' ਭਾਈ ਮਰਦਾਨੇ ਨੇ ਡੱਕੇ ਨਾਲ ਕੱਢ ਕੇ ਬਾਹਰ ਰੱਖ ਦਿੱਤਾ। ਚੋਜੀ ਪ੍ਰੀਤਮ ਨੇ ਭਾਈ ਮਰਦਾਨੇ ਦੇ ਹੱਥ ਧੁਆ ਕੇ ਉਸ ਕੀੜੇ ਤੇ ਪਾਣੀ ਪੁਆਇਆ, ਉਸ ਦੀ ਸੁਰਤ ਨੂੰ ਜਗਾ ਕੇ ਪੁੱਛਿਆ, 'ਭਾਈ! ਦੱਸ ਤੇਰਾ ਹਾਲ ਕਿਵੇਂ ਗੁਜਰਦਾ ਹੈ?'

ਉਸ ਵੇਲੇ ਸਰੀਰ ਨੂੰ ਹਿਲਾ ਕੇ ਕਿਰਕਿਰਾਕੇ ਬੋਲਿਆ ਤੇ ਰੋ ਪਿਆ, 'ਮਹਾਰਾਜ! ਮੈਂ ਬਹੁਤ ਦੁਖੀ ਹਾਂ ਹੁਣ ਮੈਨੂੰ ਛੁਡਾਓ।' ਤਾਂ ਚੋਜੀ ਪ੍ਰੀਤਮ ਨੇ ਆਪਦੇ ਹੱਥ ਪਰ ਲੈ ਕੇ ''ਸਤਿਨਾਮੁ ਵਾਹਿਗੁਰੂ'' ਕਹਿ ਕੇ ਪਾਣੀ ਦਾ ਛੱਟਾ ਮਾਰ ਕੇ ਉਸ ਨੂੰ ਮੁਕਤ ਕਰ ਦਿੱਤਾ।

ਕੀੜੇ ਦਾ ਸਰੀਰ ਤਿਆਗ ਕੇ ਇਕ ਦਿਬ ਮੂਰਤੀ ਧਾਰ ਕੇ ਅਕਾਸ਼ ਵਿਚ ਖਲੋ ਕੇ ਬੋਲਿਆ ਤੇ ਸਾਰਾ ਪਰਵਾਰ ਉਸ ਨੂੰ ਦੇਖਦਾ ਹੈ। ਉਹ ਆਪਣੇ ਪਰਵਾਰ ਨੂੰ ਕਹਿੰਦਾ ਹੈ ਕਿ ਮੈਂ ਤੁਹਾਡਾ ਬ੍ਰਿਧ ਬਾਬਾ ਸੀ, ਤੁਹਾਡੇ ਮੋਹ ਵਿਚ ਫਸੇ ਹੋਏ ਨੇ ਮੈਂ ਬੈਲ, ਕੁੱਤਾ, ਸੱਪ, ਕੀੜਾ ਆਦਿ ਜਨਮ ਧਾਰੇ ਹਨ, ਬਹੁਤ ਦੁੱਖ ਭੋਗਿਆ ਹੈ ਪਰ ਤੁਸੀ ਮੋਹ ਵਿਚ ਨਾ ਫਸਣਾ। ਤੁਹਾਡੇ ਘਰ ਪ੍ਰਮੇਸ਼ਰ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਆਇ ਬੈਠੇ ਹਨ ਤੁਸੀਂ ਇਨ੍ਹਾਂ ਦੀ ਚੰਗੀ ਤਰ੍ਹਾਂ ਸੇਵਾ ਕਰੋ ਅਤੇ ਇਨ੍ਹਾਂ ਦੇ ਬਚਨ ਮੰਨ ਕੇ ਸੁਖ ਭੋਗੋ। ਇਉਂ ਕਹਿ ਕੇ ਇਕ ਸੋਹਣੇ ਬਿਬਾਣ ਪਰ ਬੈਠ ਕੇ ਬੈਕੁੰਠ ਧਾਮ ਵਿਚ ਚਲਾ ਗਿਆ। ਆਖੋ ਧੰਨ ਗੁਰੂ ਨਾਨਕ ਦੇਵ ਜੀ।

"ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥ ੪॥"

[ਸੋਰਠਿ ਮਹਲਾ ੫, ਪੰਨਾ ੬੧੨]

ਵਾ-ਕਾਮ, ਕ੍ਰੋਧ ਆਦਿਕ ਵੈਰੀਆਂ ਪਾਸੋਂ ਆਪਣੇ ਸ਼ੁਭ-ਗੁਣਾਂ ਰੂਪ ਧਨ ਨੂੰ ਮੁਹਿ=ਮੁਹਾਕੇ [ਲੁਟਾ] ਕੇ ਸੱਟਾ ਨਹੀਂ ਖਾਂਦਾ।

ਮੰਨੈ ਜਮ ਕੈ ਸਾਥਿ ਨ ਜਾਇ॥

ਨਾਮ ਦੇ ਮੰਨਣ ਨਾਲ ਇਹ ਜੀਵ ਅੰਤ ਸਮੇਂ ਜਮਾਂ ਦੇ ਨਾਲ ਨਰਕਾਂ ਨੂੰ ਨਹੀਂ ਜਾਂਦਾ। ਰਾਮ ਗਣਾਂ ਦੇ ਨਾਲ ਜਾਂਦਾ ਹੈ। ਜਿਵੇਂ ਅਜਾਮਲ ਰਾਮ ਗਣਾਂ ਦੇ ਨਾਲ ਗਿਆ ਸੀ।

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

ਮਾਇਆ ਮਲ ਅਵਿਦਿਆ ਤੋਂ ਰਹਿਤ ਜੋ ਨਿਰੰਜਨ ਹੈ ਉਸ ਦਾ ਨਾਮ ਪਿੱਛੇ ਐਸਾ ਸੀ, ਹੁਣ ਹੈ, ਅੱਗੇ ਹੋਵੇਗਾ। ਪੰਤੂ ਜਿਹੜਾ ਕੋਈ ਮਨ ਵਿਚ ਮੰਨਣ ਕਰਨਾ ਜਾਣਦਾ ਹੈ ਓਹੀ ਤਰਦਾ ਹੈ॥ ੧੩॥

ਯਥਾ—ਨਾਮੁ ਭਗਤ ਕੈ ਪ੍ਰਾਨ ਅਧਾਰੁ॥ ਨਾਮੋ ਧਨੁ ਨਾਮੋ ਬਿਉਹਾਰੁ॥ ੧॥
ਨਾਮ ਵਡਾਈ ਜਨੁ ਸੋਭਾ ਪਾਏ॥ ਕਰਿ ਕਿਰਪਾ ਜਿਸੁ ਆਪਿ ਦਿਵਾਏ॥ ੧॥ ਰਹਾਉ॥
ਨਾਮੁ ਭਗਤ ਕੈ ਸੁਖ ਅਸਥਾਨੁ॥ ਨਾਮ ਰਤੁ ਸੋ ਭਗਤੁ ਪਰਵਾਨੁ॥ ੨॥
ਹਰਿ ਕਾ ਨਾਮੁ ਜਨ ਕਉ ਧਾਰੈ॥ ਸਾਸਿ ਸਾਸਿ ਜਨੁ ਨਾਮੁ ਸਮਾਰੈ॥ ੩॥
ਕਹੁ ਨਾਨਕ ਜਿਸੁ ਪੂਰਾ ਭਾਗੁ॥ ਨਾਮ ਸੰਗਿ ਤਾ ਕਾ ਮਨੁ ਲਾਗੁ॥ ੪॥ [ਪੰਨਾ ੧੮੯]

ਤੇਰ੍ਹਵੀਂ ਪਉੜੀ ਦੇ ੬੧ ਅੱਖਰ ਹਨ।

ਚੌਥਵੀਂ ਪਉੜੀ

ਇਸ ਪਉੜੀ ਵਿਚ ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਣ ਕੀਤਾ ਹੈ ਉਨ੍ਹਾਂ ਨੂੰ ਰਸਤੇ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਪੈਂਦੀ। ਜਿਥੇ ਕਿਥੇ ਉਨ੍ਹਾਂ ਦੀ ਇੱਜ਼ਤ ਹੁੰਦੀ ਹੈ ਅਤੇ ਮਤ ਮਤਾਂਤਰਾਂ ਤੋਂ ਰਹਿਤ ਹੋਣ ਕਰਕੇ ਉਨ੍ਹਾਂ ਦਾ ਸ੍ਵੈ-ਧਰਮ ਨਾਲ ਪੱਕਾ ਸਬੰਧ ਹੋ ਜਾਂਦਾ ਹੈ।

ਮੰਨੈ ਮਾਰਗਿ ਠਾਕ ਨ ਪਾਇ॥

ਨਾਮ ਦੇ ਮੰਨਣ ਕਰਨ ਨਾਲ ਕਿਸੀ ਰਸਤੇ ਵਿਚ ਕੋਈ ਭੀ ਠਾਕ=ਰੋਕਾ ਨਹੀਂ ਪਾਉਂਦਾ ਕਿਉਂਕਿ ਨਾਮ ਰਸੀਏ ਮਹਾਤਮਾਂ ਦਾ ਚਿਹਰਾ ਹਰ ਵੇਲੇ ਦਗ-ਦਗ ਕਰਦਾ ਰਹਿੰਦਾ ਹੈ, ਤੇ ਉਨ੍ਹਾਂ ਦੀ ਦਿਬਜ ਮੂਰਤੀ ਤੇ ਪ੍ਰਭਾਵ ਭਰੇ ਸਰੂਪ ਦੇ ਅੱਗੇ ਕੋਈ ਠਹਿਰ ਨਹੀਂ ਸਕਦਾ।

ਅਥਵਾ - ਜੇ ਉਹ ਸੈਲ ਕਰਦੇ ਹੋਏ ਬੈਕੁੰਠ ਧਾਮ ਵਿਚ ਚਲੇ ਜਾਣ ਤਾਂ ਭੀ ਉਸ ਰਸਤੇ ਵਿਚ ਉਹ ਰੋਕਾ ਨਹੀਂ ਪਾਉਂਦੇ।

ਯਥਾ—"ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ॥
ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ॥" [ਪੰਨਾ ੨੫੫]

ਤਥਾ—"ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥
ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ॥" [ਸਿਰੀਰਾਗੁ ਮਃ ੪, ਪੰਨਾ ੪੨]
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ॥ ੮॥ ੬॥

[ਸਿਰੀਰਾਗੁ ਮਹਲਾ ੧, ਪੰਨਾ ੫੭]

"ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥ ੧੮॥"

[ਵਾਰ ਮਾਝ, ਕੀ ਮਃ ੨, ਪੰਨਾ ੧੪੭]

ਸੱਚੇ ਗੁਰਾਂ ਦੇ ਉਪਦੇਸ਼ ਰੂਪ ਨੀਸਾਣਿ=ਪ੍ਰਵਾਨੇ ਕਰਕੇ ਜੀਵ ਨੂੰ ਕਿਸੇ ਕਿਸਮ ਦਾ ਰੋਕਾ ਨਹੀਂ ਪੈਂਦਾ। ਪ੍ਰੰਤੂ ਜੇ ਕੋਈ ਰੋਕਾ ਪਾਵੇ ਤਾਂ ਉਸ ਦਾ ਬੁਰਾ ਹਾਲ ਹੁੰਦਾ ਹੈ।

ਜੈਸਾ ਕਿ - ਜੈ ਬਿਜੈ ਦੋਹਾਂ ਭਾਈਆਂ ਨੇ ਸਨਕਾਦਿਕਾਂ ਨੂੰ ਰੋਕਾ ਪਾਇਆ ਸੀ ਤਾਂ ਵਿਸ਼ਨੂੰ ਭਗਵਾਨ ਜੀ ਨੇ ਉਸੀ ਵੇਲੇ ਉਹਨਾਂ ਨੂੰ ਦੈਂਤਾਂ ਦੇ ਘਰ ਜਨਮ ਲੈਣ ਦਾ ਸਰਾਪ ਦੇ ਦਿੱਤਾ ਸੀ ਜਿਸ ਤੇ ਉਹਨਾਂ ਨੇ ਤਿੰਨ ਜਨਮ ਧਾਰਨਾ ਕੀਤੇ।

੧. [ਸਤਜੁਗ ਵਿਖੇ] ਹਰਨਾਖਸ਼ ਤੇ ਹਿਰਨਕਸ਼ਪ ਦਾ ਜਨਮ ਲੀਤਾ।
੨. [ਤਰੇਤੇ ਜੁਗ ਵਿਖੇ] ਰਾਵਣ ਤੇ ਕੁੰਭਕਰਨ ਦਾ ਜਨਮ ਲੀਤਾ।
੩. [ਦੁਆਪਰ ਜੁਗ ਵਿਖੇ] ਸ਼ਿਸ਼ਪਾਲ ਤੇ ਦੰਤਬਕੱਤ੍ਰ ਦਾ ਜਨਮ ਲੀਤਾ।

ਅਥਵਾ -—ਨਾਮ ਦੇ ਮੰਨਣ ਨਾਲ ਗਿਆਨ ਭਗਤੀ ਰੂਪ ਮਾਰਗਿ=ਰਸਤੇ ਵਿਚ ਕੋਈ ਕਾਮ ਆਦਿਕ ਠਾਕ=ਰੋਕਾ ਨਹੀਂ ਪਾਉਂਦਾ।

ਮੰਨੈ ਪਤਿ ਸਿਉ ਪਰਗਟੁ ਜਾਇ॥

ਨਾਮ ਦੇ ਮੰਨਣ ਕਰਕੇ, ਪਤ-ਆਬਰੋ [ਇੱਜ਼ਤ] ਨਾਲ ਇਸ ਦੁਨੀਆਂ ਵਿਚ ਪ੍ਰਗਟ ਹੋ ਜਾਂਦਾ ਹੈ।

ਵਾ-ਪਤੀ ਪ੍ਰਮਾਤਮਾ ਨਾਲ ਪ੍ਰਗਟ ਹੋ ਜਾਂਦਾ ਹੈ।

ਅਥਵਾ - ਇਸ ਦੁਨੀਆਂ ਵਿਚੋਂ ਬੜੀ ਇੱਜ਼ਤ ਨਾਲ ਪ੍ਰਗਟ ਹੀ ਸੱਚ ਖੰਡ ਵਿਚ ਜਾਂਦਾ ਹੈ।

ਯਥਾ—"ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥
ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥
ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ॥ ੯॥"

[ਸਾਰੰਗ ਕੀ ਵਾਰ, ਮਹਲਾ ੧, ਪੰਨਾ ੧੨੪੧]

ਮੰਨੈ ਮਗੁ ਨ ਚਲੈ ਪੰਥੁ॥

ਨਾਮ ਦੇ ਮੰਨਣ ਕਰਕੇ ਪੰਥੁ=ਭੇਖਾਂ ਦੇ ਰਸਤੇ ਪਰ ਨਹੀਂ ਚਲਦਾ।

ਵਾ-ਮਗੁਨ=ਮਸਤ ਹੋ ਕੇ ਪਰਮੇਸ਼ਰ ਦੇ ਗਿਆਨ ਭਗਤੀ ਰੂਪ ਰਸਤੇ ਪਰ ਚਲਦਾ ਹੈ।

ਵਾ- ਅਰਥ ਕਰਨ ਵੇਲੇ 'ਮਗੁ' ਦੀ ਜਗ੍ਹਾ ਦੀ ਮਰਗੁ ਕਰਨ। ਨਾਮ ਦੇ ਮੰਨਣ ਕਰਕੇ ਮਰਗੁ=ਮੌਤ ਦੇ ਰਸਤੇ ਨਹੀਂ ਚਲਦਾ।

ਮੰਨੈ ਧਰਮ ਸੇਤੀ ਸਨਬੰਧੁ॥

ਨਾਮ ਦੇ ਮੰਨਣ ਕਰਕੇ ਧਰਮਰਾਜ ਦੇ ਨਾਲ ਮੈਤ੍ਰੀ ਸੰਬੰਧ ਹੋ ਜਾਂਦਾ ਹੈ। ਮੈਤ੍ਰੀ ਸੰਬੰਧ ਹੋਣ ਕਰਕੇ ਹੀ ਜਦ ਧਰਮਰਾਜ ਉਹਨਾਂ ਨੂੰ ਆਪਣੀ ਹੱਦ ਅੰਦਰ ਆਉਂਦਿਆਂ ਵੇਖਦਾ ਹੈ ਤਾਂ ਕਹਿੰਦਾ ਹੈ, ਮੇਰੇ ਧੰਨ ਭਾਗ ਹਨ ਜੋ ਸੰਤਾਂ ਨੇ ਦਰਸ਼ਨ ਦੇ ਕੇ ਮੇਰਾ ਘਰ ਪਵਿੱਤਰ ਕੀਤਾ ਹੈ।

ਯਥਾ—"ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ ੧੦॥" *[ਪੰਨਾ ੧੪੨੫]*

ਅਥਵਾ - ਸ੍ਵੈ-ਧਰਮ ਦੇ ਨਾਲ ਗੂੜ੍ਹਾ ਸਬੰਧ ਹੋ ਜਾਂਦਾ ਹੈ। ਜੈਸਾ ਕਿ-

ਸਾਖੀ—ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦੀ

ਗੁਰੂ ਜੀ ਦਾ ਪਿਆਰਾ ਚਰਨਾਂ ਦਾ ਸਿਦਕਵਾਨ ਭਾਈ ਸੁਬੇਗ ਸਿੰਘ ਆਪਣੇ ਧਰਮ ਵਿਚ ਦ੍ਰਿੜ੍ਹ ਰਿਹਾ ਹੈ।

ਭਾਈ ਸੁਬੇਗ ਸਿੰਘ ਜੀ ਪਿੰਡ ਜੰਬਰ ਜ਼ਿਲ੍ਹਾ ਲਾਹੌਰ ਦੇ ਰਹਿਣ ਵਾਲੇ ਅਤੇ ਲਾਹੌਰ ਸ਼ਹਿਰ ਦੇ ਕੋਤਵਾਲ ਸਨ। ਭਾਈ ਸਾਹਿਬ ਜੀ ਬੜੇ ਭਿਆਨਕ ਸਮੇਂ ਜਦੋਂ ਕਿ ਸਿੱਖਾਂ ਉਤੇ ਬਹੁਤ ਬਿਪਤਾਂ ਪਈਆਂ ਹੋਈਆਂ ਸਨ, ਉਸ ਵੇਲੇ ਬੜੀ ਮੱਦਦ ਕਰਦੇ ਰਹੇ। ਮੁਲਾਣਿਆਂ ਅਤੇ ਹੋਰ ਵਿਰੋਧੀਆਂ ਨੇ ਲਾਹੌਰ ਦੇ *ਨਵਾਬ 'ਆਹੀਆ ਖਾਂ' ਨੂੰ ਬਹੁਤ ਸਾਰਾ ਚੁੱਕਿਆ ਕਿ ਇਹ ਕੁਤਵਾਲ ਹਕੂਮਤ ਦੇ ਵਿਰੁੱਧ ਹੋ ਕੇ ਰਾਜ ਦਰੋਹੀ ਸਿੱਖਾਂ ਦੀ ਮੱਦਦ ਕਰਦਾ ਹੈ।

ਦੂਜੇ ਪਾਸੇ ਇਸ ਦਾ ਨੌਜਵਾਨ ਪੁੱਤਰ 'ਸ਼ਾਹਬਾਜ਼ ਸਿੰਘ ' ਮੌਲਵੀ ਪਾਸ ਅਰਬੀ ਫਾਰਸੀ ਪੜ੍ਹਦਾ ਹੁੰਦਾ ਸੀ। ਇਕ ਦਿਨ ਕਿਸੀ ਗੱਲੋਂ ਉਸਦੀ ਮੌਲਵੀ ਨਾਲ ਬਹਿਸ ਹੋ ਪਈ। ਸ਼ਾਹਬਾਜ਼ ਸਿੰਘ ਦੇ ਅੱਗੇ ਮੌਲਵੀ ਨਿਰੁੱਤਰ ਹੋ ਗਿਆ, ਕਿਉਂਕਿ ਸ਼ਾਹਬਾਜ ਸਿੰਘ ਨੇ ਨਿਰਭੈਤਾ ਨਾਲ ਆਪਣੇ ਮੱਤਾਂ ਦਾ ਮੰਡਨ ਤੇ ਇਸਲਾਮ ਦਾ ਖੰਡਨ ਕੀਤਾ ਸੀ। ਇਸ ਕਾਰਨ ਮੌਲਵੀ ਨੇ ਗੁੱਸੇ ਵਿਚ ਆ ਕੇ ਇਹ ਰੌਲਾ ਪਾ ਦਿੱਤਾ ਕਿ

*ਗੁਰੂ ਸ਼ਬਦ ਰਤਨਾਕਰ (ਮਹਾਨ ਕੋਸ਼) ਦੇ ੪੬੯ ਪੰਨੇ ਪਰ ਇਸ ਦਾ ਨਾਮ ਖਾਨ ਬਹਾਦੁਰ (ਜ਼ਕਰੀਆ ਖਾਨ) ਲਿਖਿਆ ਹੋਇਆ ਹੈ।

ਸ਼ਾਹਬਾਜ਼ ਸਿੰਘ ਨੇ ਇਸਲਾਮ ਦੀ ਨਿਰਾਦਰੀ ਕੀਤੀ ਹੈ। ਬਸ ਏਸੇ ਗੱਲ ਦੀ ਆੜ ਲੈ ਕੇ ਦੋਹਾਂ ਪਿਉ ਪੁੱਤਰਾਂ ਨੂੰ ਬੰਦੀਖਾਨੇ ਵਿਚ ਪਾ ਦਿੱਤਾ ਅਤੇ ਫਤਵਾ ਲਗਵਾ ਦਿੱਤਾ ਕਿ ਉਹ ਮੁਸਲਮਾਨ ਹੋ ਜਾਣ ਤਾਂ ਚੰਗਾ ਹੈ ਨਹੀਂ ਤਾਂ ਕਤਲ ਕੀਤੇ ਜਾਣ।

ਦੋਹਾਂ ਨੂੰ ਵੱਖੋ ਵੱਖ ਕੈਦ ਖਾਨਿਆਂ ਵਿਚ ਰੱਖ ਕੇ ਬਹੁਤ ਸਾਰੇ ਕਸ਼ਟ ਦਿੱਤੇ। ਅਤਿਅੰਤ ਦੁੱਖਾਂ ਦੇ ਕਾਰਣ ਜਦ ਸ਼ਾਹਬਾਜ਼ ਸਿੰਘ ਨੇ ਮੁਸਲਮਾਨ ਹੋਣ ਦਾ ਇਰਾਦਾ ਕਰ ਲਿਆ ਤਾਂ ਪਿਤਾ ਨੂੰ ਪਤਾ ਲੱਗਾ। ਉਸੀ ਵੇਲੇ ਭਾਈ ਸੁਬੇਗ ਸਿੰਘ ਜੀ ਨੇ ਵਿਚਾਰਿਆ ਇਸ ਦੇ ਪਿਛਲੇ ਜਨਮ ਦੀ ਕੋਈ ਕਮਜ਼ੋਰੀ ਹੈ ਜਾਂ ਮੁਸਲਮਾਨਾਂ ਦਾ ਅੰਨ ਖਾਣ ਕਰਕੇ ਇਸ ਦੀ ਬੁੱਧੀ ਫਿਰ ਗਈ ਹੈ। ਤਦ ਉਸ ਨੇ ਲਾਹੌਰ ਦੇ ਨਵਾਬ ਨੂੰ ਇਕ ਪੱਤ੍ਰਕਾ ਲਿਖ ਭੇਜੀ ਕਿ ਇਕ ਵਾਰੀ ਮੈਨੂੰ ਸ਼ਾਹਬਾਜ਼ ਸਿੰਘ ਨਾਲ ਮਿਲ ਕੇ ਪੁੱਛ ਲੈਣ ਦਿਓ ਕਿ ਕੀ ਉਸ ਨੇ ਠੀਕ ਮੁਸਲਮਾਨ ਹੋਣਾ ਪ੍ਰਵਾਨ ਕਰ ਲਿਆ ਹੈ? ਤਦ ਨਵਾਬ ਨੇ ਮਿਲਣ ਦੀ ਆਗਿਆ ਦੇ ਦਿੱਤੀ।

ਜਦ ਭਾਈ ਸੁਬੇਗ ਸਿੰਘ ਆਪਣੇ ਪੁੱਤਰ ਨੂੰ ਮਿਲਣ ਆਇਆ ਤਦ ਆਉਂਦਿਆਂ ਸਾਰ ਪੰਜ ਵਾਰ 'ਸਤਿਨਾਮੁ ਸ੍ਰੀ ਵਾਹਿਗੁਰੂ' ਕਹਿ ਕੇ ਮੱਥੇ ਉਤੇ ਹੱਥ ਫੇਰਿਆ। ਅਤੇ ਪੁੱਛਿਆ - 'ਹੇ ਪੁੱਤਰ! ਕੀ ਤੂੰ ਠੀਕ ਮੁਸਲਮਾਨ ਹੋਣਾ ਮੰਨ ਲਿਆ ਹੈ?'

ਜਿਸ ਦੀ ਮੰਦ ਰੇਖਾ ਪਿਤਾ ਜੀ ਨੇ 'ਸਤਿਨਾਮੁ' ਕਹਿ ਕੇ ਮੇਟ ਦਿੱਤੀ ਸੀ। ਉਹ ਸ਼ਾਹਬਾਜ਼ ਸਿੰਘ ਬੋਲਿਆ- 'ਨਹੀਂ ਪਿਤਾ ਜੀ! ਮੈਂ ਮੁਸਲਮਾਨ ਹੋਣ ਵਾਸਤੇ ਕਦਾਚਿਤ ਭੀ ਤਿਆਰ ਨਹੀਂ ਹਾਂ'।

ਇਸ ਗੱਲ ਤੋਂ ਉਪ੍ਰੰਤ ਕਾਜ਼ੀ, ਮੌਲਵੀ ਅਤੇ ਨਵਾਬ ਨੇ ਬੜਾ ਤਰਲਾ ਮਾਰਿਆ। ਤਸੀਹੇ ਦਿੱਤੇ ਪਰ ਅੰਤ ਨੂੰ ਦੋਹਾਂ ਪਿਉ ਪੁੱਤਰਾਂ ਨੂੰ ਚਰਖੜੀ ਤੇ ਚਾੜ੍ਹਨ ਦਾ ਹੁਕਮ ਦੇ ਦਿੱਤਾ। ਪਰ ਦੋਹਾਂ ਨੇ ਧਰਮ ਨਾਲੋਂ ਸਬੰਧ ਨਾ ਛੱਡਿਆ। ਅਤੇ ਇੰਝ ਕਿਹਾ -

'ਧੰਨ ਘੜੀ, ਧੰਨ ਚਰਖੜੀ, ਧੰਨ ਅਦਲ ਤੁਮਾਰਾ।
ਨਿਜ ਧਰਮ ਹੇਤ ਜਿੰਦ ਵਾਰਨੀ, ਗੁਰ ਕਹੇ ਹਮਾਰਾ।'

ਇਹ ਆਖ ਕੇ ਵਾਹਿਗੁਰੂ ਜੀ ਕਾ ਖਾਲਸਾ, 'ਵਾਹਿਗੁਰੂ ਜੀ ਕੀ ਫਤਹ' ਦਾ ਜੈਕਾਰਾ ਬੁਲਾਉਂਦੇ ਹੋਏ ਦੋਵੇਂ ਧਰਮੀ ਜੀਉੜੇ ਚਰਖੜੀ ਤੇ ਚੜ੍ਹਕੇ ੧੮੦੨ ਬਿਕ੍ਰਮੀ ਵਿਖੇ ਤੁੰਬਾ ਤੁੰਬਾ ਹੋ ਗਏ।*

ਅਥਵਾ-ਨਾਮ ਦੇ ਮੰਨਣ ਕਰਕੇ ਧਰਮ ਰੂਪ ਪਰਮੇਸ਼ਰ ਨਾਲ ਸਬੰਧ ਹੋ ਜਾਂਦਾ ਹੈ।

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਨਿਰੰਜਨ ਪਰਮਾਤਮਾ ਦਾ ਨਾਮ ਪਿੱਛੇ ਅਜੇਹਾ ਸੀ, ਹੁਣ ਹੈ, ਅੱਗੇ ਹੋਵੇਗਾ, ਪ੍ਰੰਤੂ ਜਿਹੜਾ ਕੋਈ ਮਨ ਵਿਚ ਮੰਨਣ ਕਰਨਾ ਜਾਣਦਾ ਹੈ ਓਹੀ ਤਰਦਾ ਹੈ॥ ੧੪॥

ਚੌਥਵੀਂ ਪਉੜੀ ਦੇ ੬੨ ਅੱਖਰ ਹਨ।

---

*ਸ਼ਾਹਬਾਜ਼ ਸਿੰਘ ਦੀ ਉਮਰ ਉਸ ਵੇਲੇ ੧੮ ਸਾਲ ਦੀ ਸੀ।

ਪੰਦ੍ਰਵੀਂ ਪਉੜੀ

ਇਸ ਪਉੜੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਕਿ ਜੋ ਸਿੱਖ ਨਾਮ ਨੂੰ ਸੁਣ ਕੇ ਮੰਨਣ ਕਰਦਾ ਹੈ ਉਹ ਘਰ ਬੈਠਿਆਂ ਹੀ ਮੁਕਤੀ ਪਾ ਕੇ ਆਪਣੇ ਪ੍ਰਵਾਰ ਨੂੰ ਸੁਧਾਰ ਲੈਂਦਾ ਹੈ ਅਤੇ ਜੇ ਕੋਈ ਗੁਣ ਗ੍ਰਾਹੀ ਸਿੱਖ ਆ ਜਾਵੇ ਤਾਂ ਉਸ ਨੂੰ ਵੀ ਨਾਮ ਦੀ ਦਾਤ ਦੇ ਕੇ ਤਾਰ ਦਿੰਦਾ ਹੈ, ਜਿਸ ਤੇ ਉਹ ਜੂਨੀਆਂ ਦੇ ਚੱਕਰ ਵਿਚ ਨਹੀਂ ਭੌਂਦਾ ਫਿਰਦਾ।

ਮੰਨੈ ਪਾਵਹਿ ਮੋਖੁ ਦੁਆਰੁ॥

ਜੋ ਨਾਮ ਨੂੰ ਸੁਣ ਕੇ ਮੰਨੈ=ਮੰਨਣ ਕਰਦਾ ਹੈ ਉਹ ਆਪਣੇ ਦੁਆਰੁ=ਦਰਵਾਜ਼ੇ ਭਾਵ ਘਰ ਵਿਚ ਬੈਠਾ ਹੀ ਮੁਕਤੀ ਪਾ ਲੈਂਦਾ ਹੈ।

ਵਾ-ਸਲੋਕ, ਸਮੀਪ, ਸਰੂਪ ਸਾਯੁਜ ਆਦਿ ਦੁਆਰਿਆਂ ਦੀ ਮੁਕਤੀ ਪਾ ਲੈਂਦਾ ਹੈ।

[ਇਨ੍ਹਾਂ ਚਹੁੰ ਮੁਕਤੀਆਂ ਨੂੰ ਦੁਆਰੇ ਦੀ ਮੁਕਤੀ ਆਖਦੇ ਹਨ।]

ਅਥਵਾ-ਮੁਕਤੀ ਦਾ ਦਰਵਾਜ਼ਾ ਜੋ ਬ੍ਰਹਮ ਗਿਆਨ ਹੈ ਉਸ ਨੂੰ ਪਾ ਲੈਂਦਾ ਹੈ।

ਵਾ-ਨਾਮ ਮੰਨਣ ਦੁਆਰਾ ਕੈਵਲਜ ਮੁਕਤੀ ਨੂੰ ਪਾ ਲੈਂਦਾ ਹੈ।

ਮੰਨੈ ਪਰਵਾਰੈ ਸਾਧਾਰੁ॥

ਜੋ ਨਾਮ ਸੁਣ ਕੇ ਮੰਨੈ=ਮੰਨਣ ਕਰਦਾ ਹੈ ਉਹ ਪ੍ਰਤੱਖ ਇਸਤ੍ਰੀ, ਧੀਆਂ, ਪੁੱਤਰ ਆਦਿਕ ਸਾਰੇ ਪਰਵਾਰ ਨੂੰ ਸਹਿਤ ਆਧਾਰ ਦੇ ਕਰਦਾ ਹੈ, ਭਾਵ ਉਨ੍ਹਾਂ ਨੂੰ ਵੀ ਨਾਮ ਦਾ ਆਸਰਾ ਦਿੰਦਾ ਹੈ।

ਜੇ ਉਹ ਸਾਧੂ ਪਹਿਰਾਵੇ ਵਿਚ ਹੈ ਤਾਂ ਆਪਣੇ ਸਿੱਖੀ-ਸੇਵਕੀ ਰੂਪ ਪਰਵਾਰ ਨੂੰ ਸਹਿਤ ਆਧਾਰ ਦੇ ਕਰਦਾ ਹੈ ਭਾਵ ਨਾਮ ਦਾ ਆਸਰਾ ਦੇ ਕੇ ਉਧਾਰਦਾ ਹੈ।

ਅਥਵਾ-ਜੇਕਰ ਉਹ ਬਿਲਕੁਲ ਵਿਰੱਕਤ ਹੈ, ਨਾ ਹੀ ਇਸਤ੍ਰੀ ਪੁੱਤਰ ਕੋਈ ਹੈ ਅਤੇ ਨਾ ਹੀ ਸਿੱਖੀ-ਸੇਵਕੀ ਰੂਪ ਪ੍ਰਵਾਰ ਹੈ ਤਾਂ ਉਹ ਫਿਰ ਆਪਣੇ ਇੰਦ੍ਰੀਆਂ ਰੂਪ ਪਰਵਾਰ ਨੂੰ ਸਹਿਤ ਆਧਾਰ ਦੇ ਕਰਦਾ ਹੈ ਵਾ ਸੁਧਾਰ ਦਿੰਦਾ ਹੈ।

ਭਾਵ-ਆਪਣੀਆਂ ਸਭ ਇੰਦ੍ਰੀਆਂ ਨੂੰ ਇੰਞ ਪਰਮੇਸ਼ਰ ਪ੍ਰਾਇਣ ਕਰਦਾ ਹੈ।

ਯਥਾ—"ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥"

. . . . . .

ਤਥਾ—"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥"

[ਅਨੰਦੁ ਸਾਹਿਬ, ਪੰਨਾ ੯੨੨]

ਮੰਨੈ ਤਰੈ ਤਾਰੇ ਗੁਰੁ ਸਿਖ॥

ਜੋ ਨਾਮ ਸੁਣਕੇ ਮੰਨਣ ਕਰਦਾ ਹੈ ਉਹ ਗੁਰੂ ਆਪ ਤਰਦਾ ਹੈ ਤੇ ਸਿੱਖ ਨੂੰ ਤਾਰਦਾ ਹੈ।

ਯਥਾ—"ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥ ੧॥"

[ਕਾਨੜਾ ਮਹਲਾ ੫, ਪੰਨਾ ੧੩੦੧]

ਤਥਾ—ਸਾਸਤ ਬੇਦ ਸਿੰਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥ ੨॥

[ਪੰਨਾ ੪੯੫]

ਵਾ-ਜੋ ਗੁਰਸਿੱਖ ਨਾਮ ਨੂੰ ਮੰਨਣ ਕਰਦਾ ਹੈ ਉਹ ਆਪ ਤਰਦਾ ਹੈ ਅਤੇ ਹੋਰਨਾਂ ਨੂੰ ਤਾਰਦਾ ਹੈ।

ਯਥਾ—"ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰ॥ ੮॥ ੨੩॥" *[ਪੰਨਾ ੨੯੫]*

ਵਾ-ਜਿਸ ਸਿੱਖ ਨੇ ਨਾਮ ਨੂੰ ਮੰਨਣ ਕੀਤਾ ਹੈ ਉਹ ਆਪ ਭੀ ਤਰਿਆ ਹੈ ਅਤੇ ਗੁਰੂ ਨੂੰ ਭੀ ਤਾਰ ਦਿੰਦਾ ਹੈ। ਜੈਸਾ ਕਿ ਧੰਨੇ ਭਗਤ ਨੇ ਆਪਣੇ ਗੁਰੂ ਤ੍ਰਿਲੋਚਨ ਨੂੰ ਤਾਰਿਆ ਸੀ।

ਸਾਖੀ ਪਹਿਲੀ—ਧੰਨੇ ਭਗਤ ਤੇ ਤ੍ਰਿਲੋਚਨ ਦੀ

ਜਿਸ ਵੇਲੇ "ਧੰਨਾ ਜੱਟ" ਗਊਆਂ ਚਰਾਉਣ ਵਾਸਤੇ ਬਾਹਰ ਜਾਂਦਾ ਸੀ ਤਾਂ ਕੀ ਵੇਖਦਾ ਸੀ ਕਿ "ਤ੍ਰਿਲੋਚਨ" ਭਗਤ ਨਿਤ ਟੱਲੀਆਂ ਖੜਕਾਂਦਾ ਤੇ ਠਾਕੁਰ ਪੂਜਾ ਕਰਦਾ ਹੈ। ਇਕ ਦਿਨ ਧੰਨੇ ਨੇ ਕਿਹਾ, 'ਦਾਦਾ! ਇਕ ਠਾਕੁਰ ਮੈਨੂੰ ਵੀ ਦੇਹ ਮੈਂ ਵੀ ਪੂਜਾ ਕੀਤਾ ਕਰਾਂਗਾ।' ਪਰ ਤ੍ਰਿਲੋਚਨ ਟਾਲ-ਮਟੋਲੇ ਕਰ ਦਿਆ ਕਰੇ ਅਤੇ ਦੇਵੇ ਨਾ।

ਜਦ ਇਕ ਦਿਨ ਧੰਨਾ ਜੱਟ ਬਹੁਤ ਮਗਰ ਪੈ ਗਿਆ ਤਾਂ ਤ੍ਰਿਲੋਚਨ ਨੇ ਇਕ ਅਨ-ਘੜਿਆ ਪੱਥਰ ਚੁਕ ਕੇ ਦੇ ਦਿੱਤਾ ਤੇ ਕਿਹਾ, 'ਇਸਨੂੰ ਲੈ ਜਾਹ ਤੇ ਪੂਜਾ ਕੀਤੀ ਕਰ।'

ਧੰਨੇ ਨੇ ਪ੍ਰੇਮ ਭਾਵ ਨਾਲ ਉਸ ਨੂੰ ਘਰ ਲਿਆ ਕੇ ਚੰਗੀ ਤਰ੍ਹਾਂ ਇਸ਼ਨਾਨ ਕਰਾਇਆ ਤੇ ਉੱਚੀ ਜਗ੍ਹਾ ਅਸਥਾਪਨ ਕੀਤਾ। ਹੁਣ ਧੰਨੇ ਨੂੰ ਇਹ ਨਹੀਂ ਪਤਾ ਸੀ ਕਿ ਤ੍ਰਿਲੋਚਨ ਧੂਪ ਧੁਖਾਉਂਦਾ ਹੁੰਦਾ ਸੀ, ਇਤਨਾ ਪਤਾ ਸੀ ਕਿ ਕੁਝ ਧੁਖਾਉਂਦਾ ਹੁੰਦਾ ਸੀ ਤਾਂ ਧੰਨੇ ਜੱਟ ਨੇ ਗੋਹੇ ਦਾ ਧੂਪ ਧੁਖਾ ਦਿੱਤਾ ਅਤੇ ਪ੍ਰਸ਼ਾਦ ਤਿਆਰ ਕਰਕੇ ਅੱਗੇ ਰੱਖ ਕੇ ਬੇਨਤੀ ਕਰਦਾ ਹੈ-

'ਹੇ ਠਾਕੁਰ ਜੀ! ਆਪ ਭੋਗ ਲਗਾਵੋ।'

ਧੰਨੇ ਜੱਟ ਨੂੰ ਇਹ ਪਤਾ ਨਹੀਂ ਸੀ ਕਿ ਦਾਦਾ ਭੋਗ ਲਗਾ ਕੇ ਆਪ ਹੀ ਛਕ ਲੈਂਦਾ ਸੀ। ਹੁਣ ਧੰਨੇ ਨੇ ਨਿਯਮ ਕਰ ਲੀਤਾ ਕਿ ਹੇ ਠਾਕੁਰ ਜੀ! ਜਿੰਨਾਂ ਚਿਰ ਆਪ ਨਾ ਛਕੋਗੇ ਮੈਂ ਭੀ ਨਹੀਂ ਖਾਵਾਂਗਾ। ਹੱਥ ਜੋੜ ਕੇ ਮਿੰਨਤਾਂ ਕਰੇ, ਕਈ ਦਿਨ ਭੁੱਖਾ ਹੀ ਬੈਠਾ ਰਿਹਾ। ਅਖੀਰ ਜਦ ਪਰਮੇਸ਼ਰ ਨੇ ਵੇਖਿਆ ਇਹ ਭੋਲਾ ਭਾਲਾ ਹੈ ਐਵੇਂ ਮਰ ਜਾਏਗਾ ਤਾਂ ਉਸ ਵੇਲੇ ਦਰਸ਼ਨ ਦੇ ਕੇ ਕਿਹਾ ਕਿ ਬ੍ਰਾਹਮਣ ਨੇ ਤੇਰੇ ਨਾਲ ਠੱਗੀ ਕੀਤੀ ਹੈ ਤੈਨੂੰ ਐਵੇਂ ਇਕ ਪੱਥਰ ਚੁੱਕ ਕੇ ਦੇ ਦਿੱਤਾ ਹੈ, ਮੈਂ ਕੋਈ ਪੱਥਰਾਂ ਕਰਕੇ ਪ੍ਰਸੰਨ ਨਹੀਂ ਹੁੰਦਾ, ਮੈਂ ਤਾਂ ਤੇਰੇ ਪ੍ਰੇਮ ਨੂੰ ਵੇਖ ਕੇ ਆਇਆ ਹਾਂ। ਅੱਜ ਤੋਂ ਇਸ ਪੱਥਰ ਨੂੰ ਛੱਡ ਦੇਹ, ਜਿਸ ਵੇਲੇ ਤੂੰ ਪ੍ਰੇਮ ਨਾਲ ਯਾਦ ਕੀਤਾ ਕਰੇਂਗਾ ਉਸੇ ਵੇਲੇ ਆ ਜਾਵਾਂਗਾ।

ਸਚ-ਮੁਚ ਹੀ ਇਸ ਨਿਯਮ ਨੂੰ ਭਗਵਾਨ ਨੇ ਪੂਰਾ ਨਿਭਾਇਆ। ਜਿਸ ਵੇਲੇ ਧੰਨਾ ਭਗਤ ਯਾਦ ਕਰੇ ਉਸੀ ਵੇਲੇ ਚਤੁਰਭੁਜ ਮੂਰਤੀ ਭਗਵਾਨ ਆ ਕੇ ਦਰਸ਼ਨ ਦੇ ਦਿੱਤਾ ਕਰੇ ਤੇ ਭੋਗ ਲਗਾ ਜਾਇਆ ਕਰੇ।

ਇਕ ਦਿਨ ਭਗਵਾਨ ਨੇ ਕਿਹਾ, 'ਤੂੰ ਸਾਨੂੰ ਰੋਜ਼ ਭੋਗ ਲਗਾਉਂਦਾ ਹੈਂ, ਮੱਖਣ ਤੇ ਲੱਸੀ ਵਗੈਰਾ ਪਿਲਾਉਂਦਾ ਹੈਂ, ਇਸ ਕਰਕੇ ਸਾਨੂੰ ਤੇਰਾ ਕੰਮ ਵੀ ਕਰਨਾ ਚਾਹੀਦਾ ਹੈ, ਕਿਉਂਕਿ ਜਿਸ ਦਾ ਖਾਈਏ ਉਸ ਦਾ ਕੰਮ ਕਰਨਾ ਜ਼ਰੂਰੀ ਹੈ। ਤੂੰ ਸਾਨੂੰ ਕੰਮ ਦਸ, ਤੇਰਾ ਕੀ ਕੰਮ ਕਰੀਏ?

ਧੰਨਾ ਬਥੇਰਾ ਨਾਂਹ ਨੁੱਕਰ ਕਰਦਾ ਰਿਹਾ ਪਰ ਭਗਵਾਨ ਨੇ ਬਦੋਬਦੀ ਕਈ ਰੂਪ ਧਾਰ ਕੇ ਧੰਨੇ ਭਗਤ ਦੇ ਕੰਮ ਕਰਨੇ ਸ਼ੁਰੂ ਕਰ ਦਿੱਤੇ। ਕਿਧਰੇ ਹਲ ਵਾਹੁੰਦਾ ਹੈ, ਕਿਧਰੇ ਪੱਠੇ ਕੁਤਰਦਾ ਹੈ, ਕਿਧਰੇ ਗਾਧੀ ਤੇ ਬੈਠਾ ਬਲਦਾਂ ਨੂੰ ਹੱਕ ਰਿਹਾ ਹੈ, ਧੰਨੇ ਨੂੰ ਮੰਜੇ ਤੇ ਬਿਠਾ ਦਿੱਤਾ।

ਇਤਨੇ ਨੂੰ ਤ੍ਰਿਲੋਚਨ ਆ ਗਿਆ ਤੇ ਆ ਕੇ ਪੁੱਛਿਆ, ਧੰਨਿਆ! ਠਾਕੁਰ ਪੂਜਨ ਕਰਦਾ ਹੁੰਦਾ ਹੈਂ ਕਿ ਨਹੀਂ?

ਧੰਨੇ ਆਖਿਆ, 'ਜਿਹੜਾ ਤੂੰ ਠਾਕੁਰ ਦਿੱਤਾ ਸੀ ਉਹ ਤੂੰ ਆਪਣਾ ਲੈ ਜਾਹ, ਮੇਰਾ ਠਾਕੁਰ ਤਾਂ ਹੁਣ ਸਾਰੇ ਕੰਮ ਆਪ ਹੀ ਕਰ ਰਿਹਾ ਹੈ।'

ਇਹ ਗੱਲ ਸੁਣਦਿਆਂ ਸਾਰ ਹੈਰਾਨ ਹੋ ਕੇ ਪੁੱਛਿਆ, 'ਤੇਰਾ ਠਾਕੁਰ ਕਿਥੇ ਹੈ?' ਧੰਨੇ ਆਖਿਆ, ਔਹ! ਦੇਖ, ਸਾਵੇ ਰੰਗ ਵਾਲੀ ਗਊ ਪਾਸ ਖਲੋਤਾ ਹੋਇਆ ਗਊਆਂ ਚਰਾ ਰਿਹਾ ਹੈ।' ਤ੍ਰਿਲੋਚਨ ਨੇ ਬਹੁਤ ਦੇਖਿਆ ਪਰ ਨਿਗਾਹ ਨਾ ਆਇਆ। ਫੇਰ ਧੰਨੇ ਨੂੰ ਕਿਹਾ, 'ਤੂੰ ਕਿਰਪਾ ਕਰਕੇ ਦਰਸ਼ਨ ਕਰਵਾ।'

ਧੰਨੇ ਨੇ ਭਗਵਾਨ ਨੂੰ ਕਿਹਾ, 'ਆਪ ਜੀ ਮੇਰੇ ਗੁਰੂ ਨੂੰ ਭੀ ਦਰਸ਼ਨ ਦਿਓ।'

ਭਗਵਾਨ ਨੇ ਕਿਹਾ-'ਉਹ ਠੱਗ ਹੈ, ਦੇਖ ਲੈ ਉਸ ਨੇ ਤੇਰੇ ਨਾਲ ਭੀ ਠੱਗੀ ਕੀਤੀ ਹੈ। ਜਿਸ ਮੂਰਤੀ ਦਾ ਪੂਜਨ ਉਹ ਆਪ ਕਰਦਾ ਸੀ ਉਹ ਤੈਨੂੰ ਨਹੀਂ ਦਿੱਤੀ ਤੇ ਦਸ ਸੇਰਾ ਪੱਥਰ ਚੁੱਕ ਕੇ ਦੇ ਦਿੱਤਾ ਹੈ। ਫਿਰ ਉਹ ਪੱਥਰ ਭਾਵਨਾ ਵਿਚ ਹੀ ਫਸਿਆ ਹੋਇਆ ਹੈ। ਇਸ ਕਰਕੇ ਮੈਂ ਉਸ ਨੂੰ ਦਰਸ਼ਨ ਨਹੀਂ ਦੇਣਾ।'

ਧੰਨੇ ਨੇ ਉਸੇ ਤਰ੍ਹਾਂ ਤ੍ਰਿਲੋਚਨ ਨੂੰ ਕਿਹਾ। ਪਰ ਤ੍ਰਿਲੋਚਨ ਹੱਥ ਜੋੜਦਾ ਤਰਲੇ ਕੱਢਦਾ ਧੰਨੇ ਦੇ ਚਰਨੀਂ ਪੈ ਗਿਆ ਕਿ ਇਕ ਵਾਰ ਜ਼ਰੂਰ ਦਰਸ਼ਨ ਕਰਵਾ ਦੇਹ।

ਧੰਨੇ ਨੇ ਫਿਰ ਬੇਨਤੀ ਕੀਤੀ ਕਿ ਮਹਾਰਾਜ! ਉਸ ਨੂੰ ਜ਼ਰੂਰ ਦਰਸ਼ਨ ਦਿਓ। ਮਹਾਰਾਜ ਜੀ ਨੇ ਕਿਹਾ ਇਸ ਨੂੰ ਦਰਸ਼ਨ ਤਾਂ ਨਹੀਂ ਦੇਣੇ ਸਨ ਪਰ ਤੇਰੀ ਪ੍ਰੇਮਾ ਭਗਤੀ ਕਰਕੇ ਦਰਸ਼ਨ ਦੇਂਦੇ ਹਾਂ।

ਇਹ ਗੱਲ ਕਹਿ ਕੇ ਤ੍ਰਿਲੋਚਨ ਨੂੰ ਦਰਸ਼ਨ ਦੇ ਦਿੱਤਾ ਤੇ ਉਸ ਨੂੰ ਕਿਹਾ, 'ਇਨ੍ਹਾਂ ਟੱਲੀਆਂ ਦੇ ਖੜਕਾਉਣ ਨਾਲ ਅਤੇ ਪੱਥਰ ਪੂਜਾ ਕਰਕੇ ਮੈਂ ਪ੍ਰਸੰਨ ਨਹੀਂ ਹੁੰਦਾ ਤੂੰ ਕੇਵਲ ਭਗਤੀ ਕੀਤਾ ਕਰ।' ਇਤਨਾ ਉਪਦੇਸ਼ ਦੇ ਕੇ ਉਸ ਨੂੰ ਭੀ ਨਿਹਾਲ ਕਰ ਦਿੱਤਾ।

ਇਸ ਪ੍ਰਕਾਰ ਧੰਨੇ ਭਗਤ ਨੇ ਆਪਣੇ ਗੁਰੂ ਤ੍ਰਿਲੋਚਨ ਨੂੰ ਭਗਵਾਨ ਦਾ ਦਰਸ਼ਨ ਕਰਾਕੇ ਸੰਸਾਰ ਤੋਂ ਤਾਰ ਦਿੱਤਾ।

ਯਥਾ—"ਬਾਮ੍ਹਣ ਪੂਜੈ / ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੇ ਡਿੱਠਾ ਚਲਿਤ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਕੀ ਸੇਵਾ ਕਰੈ ਜੋ ਇੱਛੈ ਸੋਈ ਫਲ ਪਾਵੈ।
ਧੰਨਾ ਕਰਦਾ ਜੋਦੜੀ ਮੈ ਭੀ ਦੇਹ ਇਕ ਜੇ ਤੁਧੁ ਭਾਵੈ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛਡਾਵੈ।

ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀਂ ਪੈ ਪੈ ਬਹੁਤ ਮਨਾਵੈ।
ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁੱਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ॥ ੧੩ ॥'' *[ਭਾ: ਗੁਰਦਾਸ ਜੀ, ਵਾਰ ੧੦]*

ਸਾਖੀ ਦੂਜੀ—ਗੋਰਖ ਤੇ ਮਛਿੰਦ੍ਰ ਦੀ

ਕਿਸੀ ਨੇ ਗੋਰਖ ਦੇ ਗੁਰੂ ਮਛਿੰਦ੍ਰ ਨਾਥ ਪਾਸੋਂ ਸ਼ਿੰਗਾਰ-ਰਸ ਪੁੱਛਿਆ, ਤਾਂ ਮਛਿੰਦ੍ਰ ਨੇ ''ਸੰਗਲਾਦੀਪ'' ਦੇ ਟਾਪੂ ਵਿਚ ਕਿਸੇ ਰਾਜੇ ਦਾ ਦਿਹਾਂਤ ਦੇਖ ਕੇ ਉਸ ਦੀ ਦੇਹ ਵਿਚ ਪਰਵੇਸ਼ ਕਰਕੇ ਸ਼ਿੰਗਾਰ ਰਸ ਦਾ ਸਰੂਪ ਦੱਸਿਆ, ਪਰ ਮਛਿੰਦ੍ਰ ਨਾਥ ਸ਼ਿੰਗਾਰ ਰਸ ਦੱਸਦਾ ਹੋਇਆ ਆਪ ਹੀ ਉਸ ਦੇ ਵਿਚ ਫਸ ਗਿਆ।

ਗੋਰਖ ਨੇ ਵਿਚਾਰਿਆ ਮੇਰੇ ਗੁਰੂ ਨੂੰ ਗਿਆਂ ਕਾਫੀ ਚਿਰ ਹੋ ਗਿਆ ਹੈ ਹੁਣ ਤਕ ਆਇਆ ਨਹੀਂ ਉਸ ਵੇਲੇ ਗੋਰਖ ਉਸ ਨੂੰ ਲੈਣ ਆਇਆ ਤਾਂ ਅੱਗੋਂ ਉਸ ਨੂੰ ਸ਼ਹਿਰ ਵਿਚ ਕਿਸੇ ਨੇ ਪ੍ਰਵੇਸ਼ ਨਾ ਕਰਨ ਦਿੱਤਾ ਕਿਉਂਕਿ ਮਛਿੰਦ੍ਰ ਨਾਥ ਨੇ ਹੁਕਮ ਦੇ ਦਿੱਤਾ ਹੋਇਆ ਸੀ ਕਿ ਮੇਰੀ ਨਗਰੀ ਵਿਚ ਕੋਈ ਫਕੀਰ ਨਾ ਆਵੇ। ਅਤੇ ਆਉਣ ਲੱਗਿਆਂ ਮਛਿੰਦ੍ਰ ਨਾਥ ਆਪਣੇ ਚੇਲੇ ਨੂੰ ਕਹਿ ਆਇਆ ਸੀ ਕਿ ਜੇ ਮੈਂ ਛੇਤੀ ਵਾਪਸ ਨਾ ਮੁੜਿਆ ਤਾਂ ਤੂੰ ਆ ਕੇ ਮੈਨੂੰ ਇਨ੍ਹਾਂ ਵਿਸ਼ਿਆਂ 'ਚੋਂ ਕੱਢ ਕੇ ਲੈ ਜਾਵੀਂ।

ਜਿਸ ਵੇਲੇ ਇਸ ਨੂੰ ਨਗਰੀ ਵਿੱਚ ਵੜਨ ਨਾ ਦਿੱਤਾ ਤਾਂ ਗੋਰਖ ਨੇ ਵਿਚਾਰਿਆ ਆਪਣੇ ਗੁਰੂ ਨੂੰ ਕੱਢਣਾ ਜ਼ਰੂਰ ਹੈ। ਉਸ ਵੇਲੇ ਮਛਿੰਦ੍ਰ ਨਾਥ ਦੇ ਦਰਬਾਰ ਵਿਚ ਵੇਸ਼ਵਾ ਦੇ ਬੜੇ ਨਾਚ ਹੁੰਦੇ ਸਨ, ੩੬੦ ਤਾਇਫਾ ਵੱਜਦਾ ਸੀ, ਗੋਰਖ ਨਾਥ ਜੋੜੀ ਦੇ ਵਜਾਉਣ ਵਾਲੇ ਦਾ ਜਾ ਕੇ ਸ਼ਗਿਰਦ ਬਣਿਆ, ਕਿਤਨਾ ਸਮਾਂ ਜੋੜੀ ਸਿੱਖਦਾ ਰਿਹਾ। ਇਕ ਦਿਨ ਉਹ ਬੀਮਾਰ ਹੋ ਗਿਆ ਤੇ ਉਸਤਾਦ ਨੇ ਕਿਹਾ, ''ਗੋਰਖ! ਅੱਜ ਤੂੰ ਜਾ ਕੇ ਮੇਰੀ ਜੋੜੀ ਵਜਾ।'' ਉਸ ਨੇ ਕਿਹਾ ਚੰਗਾ ਜੀ। ਇਤਨੀ ਗੱਲ ਸੁਣਦਿਆਂ ਸਾਰ ਗੋਰਖ ਦੇ ਚਿੱਤ ਵਿਚ ਖੁਸ਼ੀ ਦੀ ਹੱਦ ਨਾ ਰਹੀ। ਜਿਸ ਵੇਲੇ ਗੋਰਖ ਨੇ ਜਾ ਕੇ ਜੋੜੀ ਵਜਾਈ ਤਾਂ ਇਹ ਧੁਨ ਕੱਢੀ।

'ਜਾਗ ਮਛਿੰਦ੍ਰ! ਗੋਰਖ ਆਇਓ। ਜਾਗ ਮਛਿੰਦ੍ਰ! ਗੋਰਖ ਆਇਓ।'

ਇਸ ਪ੍ਰਕਾਰ ਗੋਰਖ ਨੇ ਆਪਣੇ ਗੁਰੂ ਮਛਿੰਦ੍ਰ ਨਾਥ ਨੂੰ ਵਿਸ਼ੇ ਭੋਗਾਂ ਵਿਚ ਫਸੇ ਹੋਏ ਨੂੰ ਕੱਢ ਕੇ ਲਿਆਂਦਾ।

ਫੇਰ ਜਿਸ ਵੇਲੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸਿੱਧਾਂ ਨਾਲ ਸੁਮੇਰ ਪਰਬਤ ਪਰ ਮਿਲਾਪ ਹੋਇਆ, ਉਸ ਵੇਲੇ ਗੋਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਮਹਾਰਾਜ ਆਪ ਕਿਰਪਾ ਕਰਕੇ ਮੇਰੇ ਗੁਰੂ ਨੂੰ ਭੀ ਉਪਦੇਸ਼ ਦੇ ਕੇ ਤਾਰਨਾ ਕਰੋ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿਚ ਸ਼ਬਦ ਉਚਾਰ ਕੇ ਮਛਿੰਦ੍ਰ ਨੂੰ ਉਪਦੇਸ਼ ਦੇ ਕੇ ਤਾਰਿਆ-

''ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ ਵਸਗਤਿ ਪੰਚ ਕਰੇ ਨਹ ਡੋਲੈ॥

ਐਸੀ ਜੁਗਤਿ ਜੋਗ ਕਉ ਪਾਲੇ॥ ਆਪਿ ਤਰੈ ਸਗਲੇ ਕੁਲ ਤਾਰੇ॥ ੧॥
ਸੋ ਅਉਧੂਤੁ ਐਸੀ ਮਤਿ ਪਾਵੈ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ॥ ੧॥ ਰਹਾਉ॥
ਭਿਖਿਆ ਭਾਇ ਭਗਤਿ ਭੈ ਚਲੈ॥ ਹੋਵੈ ਸੁ ਤ੍ਰਿਪਤਿ ਸੰਤਖਿ ਅਮੁਲੈ॥
ਧਿਆਨ ਰੂਪਿ ਹੋਇ ਆਸਣੁ ਪਾਵੈ॥ ਸਚਿ ਨਾਮਿ ਤਾੜੀ ਚਿਤੁ ਲਾਵੈ॥ ੨॥
ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ॥"

[ਰਾਮਕਲੀ ਮਹਲਾ ੧, ਪੰਨਾ ੮੭੭]

ਇਸ ਰੀਤੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਦੁਆਰੇ ਗੋਰਖ ਨਾਥ ਨੇ ਆਪਣੇ ਗੁਰੂ ਮਛਿੰਦ੍ਰ ਨਾਥ ਨੂੰ ਤਾਰਿਆ ਹੈ।

ਮੰਨੈ ਨਾਨਕ ਭਵਹਿ ਨ ਭਿਖ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਨੂੰ ਸੁਣ ਕੇ ਮੰਨਣ ਕਰਦਾ ਹੈ, ਉਹ ਭਿਖਿਆ ਨਹੀਂ ਮੰਗਦਾ ਫਿਰਦਾ. ਅਰਥਾਤ ਕੌਡੀ-ਕੌਡੀ ਮੰਗਣ ਵਾਸਤੇ ਕਿਸੇ ਦੇ ਤਰਲੇ ਨਹੀਂ ਕੱਢਦਾ, ਕਿਉਂਕਿ ਸਰੀਰਕ ਲੋੜਾਂ ਵਾਸਤੇ ਉਸ ਦੀ ਬਿਰਤੀ ਕਦੀ ਮੰਗਤ ਭਾਵ ਵਿਚ ਨਹੀਂ ਜਾਂਦੀ।

ਮਧੂਕੜੀ ਮੰਗ ਕੇ ਜਿਹੜੀ ਖਾਣੀ ਹੈ ਇਸ ਵਿਚ ਕੋਈ ਦੋਸ਼ ਨਹੀਂ।

ਯਥਾ—"ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ॥
ਦਾਵਾ ਕਾਹੂ ਕੋ ਨਹੀਂ ਬਡਾ ਦੇਸੁ ਬਡ ਰਾਜੁ॥ ੧੬੮॥"

[ਸਲੋਕ ਕਬੀਰ ਜੀ, ਪੰਨਾ ੧੩੭੩]

ਵਾ-ਚੌਰਾਸੀਹ ਲਖ ਜੂਨੀਆਂ ਰੂਪ ਭਿਖਿਆ ਵਿਚ ਨਹੀਂ ਭੌਂਦਾ।

ਅਥਵਾ-ਉਹ ਭਿਖੂ=ਜਗਿਆਸੂ ਐਵੇਂ ਵਿਅਰਥ ਨਹੀਂ ਭੌਂਦਾ ਫਿਰਦਾ।

ਅਥਵਾ-ਭਿ=ਪ੍ਰਿਥਵੀ ਤੇ ਖ=ਆਕਾਸ਼ ਦੇ ਪਦਾਰਥਾਂ ਦੀ ਇੱਛਾ ਵਿਚ ਨਹੀਂ ਫਿਰਦਾ।

ਵਾ-ਭੂਤ ਕਾਲ, ਵਰਤਮਾਨ ਅਤੇ ਭਿਖ=ਭਵਿੱਖਤ ਕਾਲ ਵਿਚ ਦੇਹ ਅਧਿਆਸ ਦੇ ਸਹਿਤ ਹੋ ਕੇ ਨਹੀਂ ਫਿਰਦਾ।

ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥

ਹੇ ਸਿੱਧੋ! ਨਿਰੰਜਨ=ਮਾਇਆ ਮਲ ਤੋਂ ਰਹਿਤ ਪਰਮੇਸ਼ਰ ਦਾ ਨਾਮ ਪਿੱਛੇ ਐਸਾ ਸੀ, ਹੁਣ ਹੈ, ਅੱਗੇ ਹੋਵੇਗਾ।

ਪ੍ਰੰਤੂ ਜਿਹੜਾ ਕੋਈ ਆਪਣੇ ਮਨ ਵਿਚ ਉਸ ਦੇ ਨਾਮ ਨੂੰ ਮੰਨਣ ਕਰਨਾ ਜਾਣਦਾ ਹੈ, ਓਹੀ ਤਰਦਾ ਹੈ॥ ੧੫॥ ਨਾਮ ਤੋਂ ਬਿਨਾਂ ਨਹੀਂ ਤਰ ਸਕਦਾ ਯਥਾ:-

ਕਹੁ ਨਾਨਕ ਇਹੁ ਤਤੁ ਬੀਚਾਰਾ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ॥ ੩॥ ੪੪॥ *[ਪੰਨਾ ੧੮੯]*

ਸ੍ਰੀ ਗੁਰੂ ਰਾਮਦਾਸ ਜੀ ਨੇ ਭੀ ਨਾਮ ਮੰਨਣ ਦਾ ਮਹਾਤਮ ਚਾਰ ਪਉੜੀਆਂ ਵਿਚ ਲਿਖਿਆ ਹੈ। ਯਥਾ-

ਪਉੜੀ॥ "ਨਾਇ ਮੰਨਿਐ ਸੁਖੁ ਉਪਜੈ ਨਾਮੇ ਗਤਿ ਹੋਈ॥
ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥
ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥
ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਾਂਤ ਲੋਈ॥
ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ॥ ੯॥"

. . . . . .

ਤਥਾ-ਪਉੜੀ॥ "ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ॥
ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ॥
ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ॥
ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥
ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੁ ਮਿਲਾਇਆ॥ ੧੦॥"

. . . . . .

ਤਥਾ-ਪਉੜੀ॥ "ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥
ਨਾਇ ਮੰਨਿਐ ਨਾਮੁ ਉਪਜੈ ਸਹਜੇ ਸੁਖੁ ਪਾਇਆ॥
ਨਾਇ ਮੰਨਿਐ ਸਾਂਤਿ ਉਪਜੈ ਹਰਿ ਮੰਨਿ ਵਸਾਇਆ॥
ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ॥ ੧੧॥"

. . . . . .

ਤਥਾ- ਪਉੜੀ॥ "ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥
ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ॥
ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥
ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥
ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ॥ ੧੨॥"

[ਸਾਰੰਗ ਕੀ ਵਾਰ, ਪੰਨਾ ੧੨੪੧-੪੨]

ਪੰਦ੍ਰਵੀਂ ਪਉੜੀ ਦੇ ੬੦ ਅੱਖਰ ਹਨ।
ਚਾਰ ਸੁਣਿਐ ਦੀਆਂ, ਚਾਰ ਮੰਨਿਐ ਦੀਆਂ
ਕੁਲ ਅੱਠ ਪੌੜੀਆਂ ਦੇ ੫੦੭ ਅੱਖਰ ਹਨ।

ਸੋਲ੍ਹਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ ਕਿ ਚਾਰ ਪਉੜੀਆਂ ਵਿੱਚ ਆਪ ਜੀ ਨੇ ਨਾਮ ਸ੍ਰਵਣ ਦਾ ਮਹਾਤਮ ਅਤੇ ਚਾਰ ਪਉੜੀਆਂ ਵਿਚ ਨਾਮ ਮੰਨਣ ਮਹੱਾਤਮ ਕਥਨ ਕੀਤਾ ਹੈ ਹੁਣ ਜਿਨ੍ਹਾਂ ਨੇ ਤੀਜਾ ਸਾਧਨ 'ਨਿਧਿਆਸਣ' ਕੀਤਾ ਹੈ ਉਨ੍ਹਾਂ ਸਰੇਸ਼ਟ ਮਹਾਤਮਾਂ ਦੀ ਰੀਤੀ ਅਤੇ ਨਿਧਿਆਸਣ ਦਾ ਸਰੂਪ ਆਖ ਕੇ ਸੁਣਾਓ। ਇਹ ਗੱਲ ਸੁਣ ਕੇ ਗੁਰੂ ਜੀ ਨੇ ਫੁਰਮਾਇਆ-

ਪੰਚ ਪਰਵਾਣ ਪੰਚ ਪਰਧਾਨੁ ॥

ਜਿਨ੍ਹਾਂ ਨੇ ਨਿਧਿਆਸਣ ਕੀਤਾ ਹੈ, ਉਹ ਪੰਚ=ਸਰੇਸ਼ਟ ਮਹਾਤਮਾਂ ਇਸ ਲੋਕ ਵਿਚ ਪ੍ਰਮਾਣੀਕ ਹਨ। ਜੇ ਪਤਾਲ ਵਿਚ ਚਲੇ ਜਾਣ ਤਾਂ ਉਹ ਪੰਚ=ਸਰੇਸ਼ਟ ਮਹਾਤਮਾਂ ਓਥੇ ਭੀ ਪਰਧਾਨੁ=ਮੁਖੀ ਹਨ।

ਪੰਚੇ ਪਾਵਹਿ ਦਰਗਹਿ ਮਾਨੁ ॥

ਉਹ ਪੰਚੇ=ਸਰੇਸ਼ਟ ਮਹਾਤਮਾਂ ਧਰਮਰਾਜ ਦੀ ਦਰਗਹਿ=ਸਭਾ ਵਿਚ ਵੀ ਮਾਨੁ=ਆਦਰ ਪਾਉਂਦੇ ਹਨ। ਰਾਜੇ ਜਨਕ ਦੀ ਨਿਆਂਈ।

ਯਥਾ—"ਗੁਰਮੁਖਿ ਨਾਮੁ ਦਾਨੁ ਇਸਨਾਨੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥
ਗੁਰਮੁਖਿ ਪਾਵੈ ਦਰਗਹ ਮਾਨੁ ॥"

[ਸਿਧ ਗੋਸਟਿ, ਪੰਨਾ ੯੪੨]

ਪੰਚੇ ਸੋਹਹਿ ਦਰਿ ਰਾਜਾਨੁ ॥

ਰਾਜਾਨੁ=ਰਾਜਿਆਂ ਦੇ ਰਾਜੇ ਜੋ ਵਿਸ਼ਨੂੰ ਜੀ ਹਨ ਉਨ੍ਹਾਂ ਦੇ ਦਰਿ=ਬੈਕੁੰਠ ਧਾਮ ਜਾਂ ਸੱਚਖੰਡ ਵਿਚ ਚਲੇ ਜਾਣ ਤਾਂ ਸਨਕਾਦਿਕਾਂ ਦੀ ਨਿਆਈਂ ਪੰਚੇ=ਸਰੇਸ਼ਟ ਮਹਾਤਮਾਂ ਓਥੇ ਭੀ ਸੋਹਹਿ=ਸੋਭਾ ਪਾਉਂਦੇ ਹਨ।

ਪੰਚਾ ਕਾ ਗੁਰੁ ਏਕੁ ਧਿਆਨੁ ॥

ਪੰਚਾ=ਸਰੇਸ਼ਟ ਮਹਾਤਮਾਂ ਦਾ ਗੁਰੂ ਜੋ ਇਕ ਅਕਾਲ ਪੁਰਖ ਹੈ ਉਸ ਇਕ ਦਾ ਹੀ ਮਹਾਤਮਾਂ ਧਿਆਨ ਕਰਦੇ ਹਨ।

ਫਿਰ ਸਿੱਧਾਂ ਨੇ ਕਿਹਾ, ਆਪ ਹੁਣ ਨਿਧਿਆਸਣ ਦਾ ਸਰੂਪ ਕਥਨ ਕਰੋ।

ਇਹ ਗੱਲ ਸੁਣਕੇ ਗੁਰੂ ਜੀ ਨਿਧਿਆਸਣ ਦਾ ਸਰੂਪ ਕਥਨ ਕਰਦੇ ਹਨ-

-ਦੂਜਾ ਅਰਥ-

ਪੰਚ ਪਰਵਾਣ

[ਸਤ, ਸੰਤੋਖ, ਧੀਰਜ, ਧਰਮ ਵੀਚਾਰੁ ਇਨ੍ਹਾਂ] ਪੰਜਾਂ ਨੂੰ ਧਾਰ ਕੇ ਮਹਾਤਮਾਂ ਇਸ ਲੋਕ ਵਿਚ

ਪ੍ਰਮਾਣੀਕ ਹੋ ਰਹੇ ਹਨ।

ਪੰਚ ਪਰਧਾਨੁ॥

[ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਨ੍ਹਾਂ] ਪੰਜਾਂ ਨੂੰ ਤਿਆਗ ਕੇ [ਪਤਾਲ ਵਿਚ] ਮੁਖੀ ਹੋ ਰਹੇ ਹਨ।

ਪੰਚੇ ਪਾਵਹਿ ਦਰਗਹਿ ਮਾਨੁ॥

[ਸ਼ਬਦ, ਸਪਰਸ਼, ਰੂਪ, ਰਸ, ਗੰਧ, ਇਨ੍ਹਾਂ] ਪੰਜਾਂ ਵਿਸ਼ਿਆਂ ਨੂੰ ਤਿਆਗ ਕੇ ਧਰਮ ਰਾਜ ਦੀ ਦਰਗਹਿ=ਸਭਾ ਵਿਚ ਮਾਨੁ=ਆਦਰ ਪਾਉਂਦੇ ਹਨ।

ਪੰਚੇ ਸੋਹਹਿ ਦਰਿ ਰਾਜਾਨੁ॥

[ਅਪ, ਤੇਜ, ਵਾਇ, ਪ੍ਰਿਥਵੀ, ਅਕਾਸ਼ ਇਨ੍ਹਾਂ] ਪੰਜਾਂ ਤੱਤਾਂ ਦੀ ਰਹਿਣੀ [ਸੀਤਲਤਾ, ਪ੍ਰਕਾਸ਼ਤਾ, ਸਮਤਾ, ਧੀਰਜਤਾ, ਵਾ-ਖਿਮਾ ਤੇ ਅਸੰਗਤਾ] ਨੂੰ ਧਾਰਨ ਕਰਕੇ ਰਾਜਿਆਂ ਦਾ ਰਾਜਾ ਜੋ ਪਰਮਾਤਮਾ ਹੈ ਉਸ ਦੇ ਦਰ ਵਿਖੇ ਸੋਹਹਿ=ਸੋਭਾ ਪਾਉਂਦੇ ਹਨ।

ਪੰਚਾ ਕਾ ਗੁਰੁ ਏਕੁ ਧਿਆਨੁ॥

ਪੰਚਾਂ ਗਿਆਨ ਇੰਦ੍ਰੀਆਂ ਦਾ ਜੋ ਗੁਰੂ ਮਨ ਹੈ ਉਸ ਮਨ ਕਰਕੇ ਉਹ ਮਹਾਤਮਾਂ ਇਕ ਪਰਮੇਸ਼ਰ ਦਾ ਧਿਆਨ ਕਰਦੇ ਹਨ।

ਏਸੇ ਅਰਥ ਵਿਚ ਨਿਧਿਆਸਣ* ਦਾ ਸਰੂਪ ਕਹਿ ਦਿੱਤਾ ਹੈ।

-ਤੀਜਾ ਅਰਥ-

ਫਿਰ ਸਿੱਧਾਂ ਨੇ ਕਿਹਾ ਕਿ ਜਿਸ ਇਕ ਪਰਮੇਸ਼ਰ ਦਾ ਮਨ ਕਰਕੇ ਮਹਾਤਮਾਂ ਜਨ ਧਿਆਨ ਕਰਦੇ ਹਨ, ਉਹ ਪਰਮੇਸ਼ਰ ਕੈਸਾ ਹੈ? ਤਾਂ ਗੁਰੂ ਜੀ ਨੇ ਕਿਹਾ-

ਪੰਚ ਪਰਵਾਣ

ਉਹ ਪੰਚ=ਸਰੇਸ਼ਟ ਪਰਮਾਤਮਾ ਪਰਮ ਅਣੂ ਤੋਂ ਅਣੂ ਭਾਵ ਸੂਖਮ ਤੋਂ ਸੂਖਮ ਹੈ। ਅਤੇ

ਪੰਚ ਪਰਧਾਨੁ॥

ਉਹ ਪੰਚ=ਸਰੇਸ਼ਟ ਪਰਮਾਤਮਾ ਮਹੀਤੋ ਮਹੀਆਨ, ਭਾਵ ਵੱਡਿਆਂ ਤੋਂ ਵੱਡਾ ਹੈ।

ਯਥਾ— "ਅਣੀਉਰ ਅਣੀਆਰ, ਮਹੀਤਉ ਮਹੀਆਨ॥"

ਤਥਾ— "ਪੁਰਖੁ ਸੁਜਾਨੁ ਤੂੰ ਪਰਧਾਨੁ ਤੁਧੁ ਜੇਵਡੁ ਅਵਰੁ ਨ ਕੋਈ॥" [ਆਸਾ ਮਹਲਾ ੪, ਪੰਨਾ ੪੪੯]

**ਨਿਧਿਆਸਣ ਦਾ ਲੱਛਣ ਏਹੋ ਹੈ-*

'ਵਿਜਾਤੀ ਬਿਰਤੀ ਤ੍ਰਿਸਕਾਰੇਨ, ਸਜਾਤੀ ਬਿਰਤੀ ਪ੍ਰਵਾਹੀ ਕਰਨੰ ਨਿਧਿਆਸਣੰ।

ਅਨਾਤਮਾਕਾਰ ਬਿਰਤੀ ਦਾ ਤ੍ਰਿਸਕਾਰ ਕਰਕੇ ਬ੍ਰਹਮਾਕਾਰ ਬਿਰਤੀ ਦੀ ਇਸਥਿਤੀ ਹੀ ਨਿਧਿਆਸਣ ਹੈ।

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ ਗੰਧ ਵਾਲੀ ਬਿਰਤੀ ਨੂੰ ਅਨਾਤਮਾਕਾਰ ਬਿਰਤੀ ਆਖਦੇ ਹਨ। ਇਸ ਦਾ ਤਿਆਗ ਕਰਕੇ ਅਤੇ ਸਤ, ਸੰਤੋਖ, ਧੀਰਜ ਧਰਮ, ਵੀਚਾਰ, ਸੀਤਲਤਾ, ਪ੍ਰਕਾਸ਼ਤਾ, ਸਮਤਾ ਧੀਰਜਤਾ, ਅਸੰਗਤਾ ਵਾਲੀ ਬਿਰਤੀ ਨੂੰ ਬ੍ਰਹਮਾਕਾਰ ਬਿਰਤੀ ਆਖਦੇ ਹਨ, ਇਸ ਦਾ ਗ੍ਰਹਿਣ ਕਰਨਾ ਹੀ ਨਿਧਿਆਸਣ ਆਖਦੇ ਹਨ।

ਭਾਵ-ਸੂਖਮ ਤੇ ਸੂਖਮ ਹੈ ਅਰਥਾਤ ਮਨ ਆਦਿਕ ਚਤੁਸ਼ਟੇ ਅੰਤਹਕਰਨ ਤੇ ਕਿਸੇ ਪ੍ਰਮਾਣ ਦਾ ਵਿਸ਼ੇ ਨਹੀਂ ਹੈ ਅਤੇ ਮਹੀਤਉ ਮਹੀਆਨ=ਵੱਡਿਆਂ ਤੋਂ ਵੱਡਾ ਹੈ, ਅਰਥਾਤ ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ। ਦਿਸ਼ਾ ਕ੍ਰਿਤ, ਕਾਲ ਕ੍ਰਿਤ, ਵਸਤੂ ਕ੍ਰਿਤ ਭੇਦ ਤੋਂ ਰਹਿਤ ਹੈ।

ਪੰਚੇ ਪਾਵਹਿ ਦਰਗਹਿ ਮਾਨੁ॥

ਉਹ ਪੰਚੇ=ਸਰੇਸ਼ਟ ਪਰਮਾਤਮਾ ਹੀ ਸਰੋਤ ਵਾ: ਨੇਤ੍ਰ ਦਰ=ਇੰਦ੍ਰੀਏ ਦੁਆਰੇ ਨਿਕਲ ਕੇ ਗਹਿ=ਵਸਤੂ ਦਾ ਮਾਨੁ=ਜਾਨਣਾ ਪਾਉਂਦਾ ਹੈ। ਕਿਉਂਕਿ ਵਸਤੂ ਦਾ ਗਿਆਨ ਤਦ ਹੁੰਦਾ ਹੈ ਜਦ ਬਿਰਤੀ ਆਰੂੜ ਚੇਤਨ ਨੇਤ੍ਰ ਦੁਆਰਾ ਨਿਕਲਕੇ "ਘਟ ਅਵਛਿੰਨ" ਚੇਤਨ ਨਾਲ ਮਿਲ ਜਾਵੇ।

ਪੰਚੇ ਸੋਹਹਿ ਦਰਿ ਰਾਜਾਨੁ॥

ਪੰਚੇ=ਸਰੇਸ਼ਟ ਪਰਮਾਤਮਾ ਰਾਜਿਆਂ ਦਾ ਰਾਜਾ ਸਭ ਦੇ ਦਰਿ=ਅੰਦਰ ਸੋਭ ਰਿਹਾ ਹੈ।

ਪੰਚਾ ਕਾ ਗੁਰੁ ਏਕੁ ਧਿਆਨੁ॥

ਸਾਰਿਆਂ ਦਾ ਗੁਰੂ=ਪੂਜਜ ਜੋ ਪੰਚਾ=ਸਰੇਸ਼ਟ ਪਰਮਾਤਮਾ ਹੈ ਉਸ ਇਕ ਦਾ [ਹੇ ਸਿੱਧੋ!] ਤੁਸੀਂ ਧਿਆਨ ਧਾਰਨਾ ਕਰੋ।

ਫੇਰ ਸਿੱਧਾਂ ਨੇ ਕਿਹਾ, ਜਿਸ ਸਰੀਰ ਕਰ ਕੇ ਉਸ ਦਾ ਧਿਆਨ ਧਾਰਨਾ ਹੈ, ਉਹ ਸਰੀਰ ਕਿਸ ਤੋਂ ਉਤਪੰਨ ਹੋਇਆ ਹੈ ਅਤੇ ਉਸ ਦੇ ਮੁੱਖ ਵਸਤੂ ਕਿਹੜੀ ਹੈ?

ਤਾਂ ਗੁਰੂ ਜੀ ਨੇ ਫੁਰਮਾਇਆ-

-ਚੌਥਾ ਅਰਥ-

ਪੰਚ ਪਰਵਾਣ=ਸ਼ਬਦ, ਸਪਰਸ਼, ਰੂਪ, ਰਸ ਗੰਧ ਇਹ ਪੰਜ ਇਸ ਸਰੀਰ ਦੇ ਵਿਚ ਪਰਮਅਣੂ=ਸੂਖਮ ਤੱਤ ਹਨ।

ਪੰਚ ਪਰਧਾਨੁ= ਅਪ, ਤੇਜ, ਵਾਇ, ਪ੍ਰਿਥਵੀ, ਆਕਾਸ਼, ਇਹ ਪੰਜ ਇਸ ਦੇ ਵਿਚ ਅਸਥੂਲ ਤੱਤ ਹਨ।

ਸੂਖਮ ਤੱਤਾਂ ਦੁਆਰਾ ਸੂਖਮ ਸਰੀਰ ਦੀ ਉਤਪਤੀ ਹੈ।

ਅਸਥੂਲ ਤੱਤਾਂ ਦੁਆਰਾ ਅਸਥੂਲ ਸਰੀਰ ਦੀ ਉਤਪਤੀ ਹੈ।

ਪੰਚੇ ਪਾਵਹਿ ਦਰਗਹਿ ਮਾਨੁ॥

ਓਹੀ ਪੰਜ ਤੱਤ ਆਪੋ ਆਪਣੇ ਦਰ=ਇੰਦ੍ਰੀਏ=ਦੁਆਰਾ ਗਹਿ=ਵਸਤੂ ਦਾ ਮਾਨੁ=ਗਿਆਨ ਅਰਥਾਤ ਜਾਨਣਾ ਪਾਉਂਦੇ ਹਨ।

ਜਿਵੇਂ-ਆਕਾਸ਼ ਤੱਤ-ਆਪਣੇ ਕੰਨ ਇੰਦ੍ਰੀਏ ਦੁਆਰਾ ਆਪਣੇ ਸ਼ਬਦ ਗੁਣ ਨੂੰ ਜਾਣਦਾ ਹੈ। ਵਾਯੂ ਤੱਤ-ਆਪਣੇ ਤੁਚਾ ਇੰਦ੍ਰੀਏ ਦੁਆਰਾ ਸ਼ਪਰਸ਼ ਗੁਣ ਨੂੰ ਜਾਣਦਾ ਹੈ।

ਅਗਨੀ ਤੱਤ-ਆਪਣੇ ਨੇਤਰ ਇੰਦ੍ਰੀਏ ਦੁਆਰਾ ਰੂਪ ਗੁਣ ਨੂੰ ਜਾਣਦਾ ਹੈ।

ਜਲ ਤੱਤ-ਆਪਣੇ ਰਸਨਾ ਇੰਦ੍ਰੀਏ ਦੁਆਰਾ ਰਸ ਗੁਣ ਨੂੰ ਜਾਣਦਾ ਹੈ।

ਪ੍ਰਿਥਵੀ ਤੱਤ-ਆਪਣੇ ਘ੍ਰਾਣ ਇੰਦ੍ਰੀਏ [ਨੱਕ] ਦੁਆਰਾ ਗੰਧ ਗੁਣ ਨੂੰ ਜਾਣਦਾ ਹੈ।

ਪੰਚੇ ਸੋਹਹਿ ਦਰਿ ਰਾਜਾਨੁ॥

ਪੰਜ ਜੋ ਪ੍ਰਾਣ ਹਨ, ਉਹ ਰਾਜਿਆਂ ਦਾ ਰਾਜਾ ਰੂਪ ਹੋਏ ਹੋਏ ਸਰੀਰ ਦੇ ਅੰਦਰ ਸ਼ੋਭ ਰਹੇ ਹਨ।

ਸਾਖੀ—ਪ੍ਰਾਣਾਂ ਦੀ

ਇਕ ਸਮੇਂ ਸਭ ਇੰਦ੍ਰੀਆਂ ਦਾ ਆਪਸ ਵਿਚ ਚੌਧਰਪੁਣੇ ਦਾ ਝਗੜਾ ਪੈ ਗਿਆ, ਇਕ ਕਹੇ ਮੈਂ ਵੱਡੀ ਹਾਂ, ਦੂਜੀ ਕਹੇ ਮੈਂ ਸਭ ਤੋਂ ਵਡੇਰੀ ਹਾਂ। ਜਦ ਆਪਸ ਵਿਚ ਝਗੜਾ ਨਾ ਨਿਪਟਿਆ-ਤਾਂ ਕਿਸੀ ਨੇ ਕਿਹਾ, 'ਤੁਸੀਂ' 'ਬ੍ਰਹਮਾ' ਜੀ ਪਾਸ ਜਾਓ, ਉਹ ਤੁਹਾਡਾ ਝਗੜਾ ਨਿਬੇੜਣਗੇ।'

ਜਦ 'ਬ੍ਰਹਮਾ' ਜੀ ਪਾਸ ਜਾ ਕੇ ਆਪਣਾ ਹਾਲ ਦੱਸਿਆ, ਤਾਂ ਬ੍ਰਹਮਾ ਜੀ ਨੇ ਕਿਹਾ, 'ਵਾਰੋ ਵਾਰੀ ਸਭ ਇੰਦ੍ਰੀਏ ਬਾਹਰ ਨਿਕਲ ਜਾਣ, ਜਿਸ ਦੇ ਬਾਹਰ ਨਿਕਲਿਆਂ ਸਰੀਰ ਡਿਗ ਪਵੇ ਉਹ ਸਭ ਤੋਂ ਮੁਖੀ ਗਿਣਿਆ ਜਾਏਗਾ।' ਜਦ ਨੇਤ੍ਰ ਬਾਹਰ ਨਿਕਲੇ ਤਾਂ ਦਿੱਸਣੋਂ ਬੰਦ ਹੋ ਗਿਆ ਪਰ ਸਰੀਰ ਖੜਾ ਰਿਹਾ। ਜਦ ਸਰੋਤ੍ਰ=ਕੰਨ ਬਾਹਰ ਨਿਕਲੇ ਤਾਂ ਸੁਣਨਾ ਬੰਦ ਹੋ ਗਿਆ ਪਰ ਸਰੀਰ ਕਾਇਮ ਰਿਹਾ।

ਏਸੇ ਤਰ੍ਹਾਂ ਸਭ ਇੰਦ੍ਰੀਆਂ ਦੇ ਬਾਹਰ ਨਿਕਲਣ ਤੇ ਸਰੀਰ ਖੜਾ ਰਿਹਾ ਪਰ ਜਿਸ ਵੇਲੇ ਪ੍ਰਾਣ ਨਿਕਲਣ ਲੱਗੇ ਤਾਂ ਸਰੀਰ ਥਰ-ਥਰ ਕਰਕੇ ਕੰਬਣ ਲੱਗ ਪਿਆ। ਉਸ ਵੇਲੇ ਦਾ ਨਜਾਰਾ ਤੱਕ ਕੇ ਬ੍ਰਹਮਾ ਨੇ ਫੈਸਲਾ ਦੇ ਦਿੱਤਾ ਕਿ ਸਰੀਰ ਵਿਚ ਸਭ ਇੰਦ੍ਰੀਆਂ ਨਾਲੋਂ "ਪ੍ਰਾਣ" ਮੁਖੀ ਹਨ।

ਪੰਚਾ ਕਾ ਗੁਰੁ ਏਕੁ ਧਿਆਨੁ॥

ਪ੍ਰਾਨ, ਅਪਾਨ, ਸਮਾਨ, ਵਿਆਨ, ਉਦਾਨ, ਇਨ੍ਹਾਂ ਪੰਜਾਂ ਪ੍ਰਾਣਾਂ ਦਾ ਗੁਰੂ ਜੋ ਇਕ ਜੀਵ ਹੈ ਉਸ ਜੀਵ ਕਰਕੇ ਇਕ ਪਰਮੇਸ਼ਰ ਵਿਚ ਧਿਆਨ ਧਾਰਨਾ ਕਰੇ।

ਫਿਰ ਸਿੱਧਾਂ ਨੇ ਕਿਹਾ ਕਿ ਸਾਰੇ ਜੀਵ ਜਿਸ ਪਰਮੇਸ਼ੁਰ ਦਾ ਧਿਆਨ ਕਰਦੇ ਹਨ, ਉਸ ਦੇ ਗੁਣ ਕਿੰਨੇ ਕੁ ਹਨ?

ਗੁਰੂ ਜੀ ਨੇ ਕਿਹਾ, 'ਬਿਅੰਤ ਹਨ।'

ਤਾਂ ਇਕ ਸਿੱਧ ਨੇ ਕਿਹਾ, "ਬਿਅੰਤ ਕਿਉਂ ਹਨ, ਮੈਂ ਅੰਤ ਪਾ ਸਕਦਾ ਹਾਂ।'

ਗੁਰੂ ਜੀ ਨੇ ਕਿਹਾ-

ਜੇ ਕੋ ਕਹੈ ਕਰੈ ਵੀਚਾਰੁ॥

ਜੇ ਕੋਈ ਕਹੇ ਕਿ ਮੈਂ ਵਿਚਾਰ ਕੇ ਪਰਮੇਸ਼ਰ ਦੇ ਗੁਣ ਕਹਿ ਸਕਦਾ ਹਾਂ ਤਾਂ ਅਸੀਂ ਇਹ ਕਹਿੰਦੇ ਹਾਂ-

ਕਰਤੇ ਕੈ ਕਰਣੈ ਨਾਹੀ ਸੁਮਾਰੁ॥

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੂਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

[ਧਿਆਨ ਰੱਖੋ ਤੁਕਾਂ ਅੰਨਵੇਂ ਲੱਗਣੀਆਂ ਹਨ]

ਕਰਤੇ=ਅਕਾਲ ਪੁਰਖੁ ਨੇ ਜੋ ਕੈ=ਕੀਤਾ ਹੈ ਕਰਣੈ=ਪ੍ਰਪੰਚ ਉਸ ਦਾ ਸੁਮਾਰੁ=ਅੰਤ ਨਹੀਂ ਆਉਂਦਾ। ਵਾ-ਉਸ ਦੀ ਸੁਮਾਰੁ=ਗਿਣਤੀ ਨਹੀਂ ਆਉਂਦੀ ਤਾਂ ਉਸ ਪਰਮੇਸ਼ਰ ਦਾ ਅੰਤ ਕੋਈ ਕਿਵੇਂ ਕਹੇਗਾ।

ਫਿਰ ਇਕ ਸਿੱਧ ਨੇ ਕਿਹਾ, ਸ਼ੁਮਾਰ ਤਾਂ ਆਇਆ ਪਿਆ ਹੈ ੪੯ ਕਰੋੜ ਜੋਜਨ ਪ੍ਰਿਥਵੀ, ਅਥਵਾ:- ਪੰਜਾਹ ਕਰੋੜ ਜੋਜਨ ਪ੍ਰਿਥਵੀ ਹੈ। ਕਈ ''ਸ਼ੇਸ਼ਨਾਗ'' ਨੂੰ ਮੰਨਦੇ ਹਨ ਪਰ ਅਸੀਂ ਕਹਿੰਦੇ ਹਾਂ

ਕਿ ''ਧੌਲੇ ਬਲਦ'' ਨੇ ਉਠਾਈ ਹੋਈ ਹੈ।

ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਨੇ ਕਿਹਾ ਹੇ ਸਿੱਧੋ! ਅਸੀਂ ਇਹ ਪੁੱਛਦੇ ਹਾਂ-

ਧਵਲੈ ਉਪਰਿ ਕੇਤਾ ਭਾਰੁ॥

ਉਸ ਧਵਲੈ=ਬੈਲਦ ਉੱਪਰ ਕਿਤਨਾ ਕੁ ਭਾਰ ਹੈ। ਦਸ ਮਣ ਹੈ, ਵੀਹ ਮਣ ਹੈ, ਚਾਲੀ ਮਣ ਹੈ ਜਾਂ ਸੱਠ ਮਣ ਹੈ, ਬਹੁਤ ਤੋਂ ਬਹੁਤ ਸੌ ਮਣ ਚੁਕ ਲਏਗਾ।

ਸਿੱਧ ਨੇ ਕਿਹਾ, ਜੇਡੀ ਪ੍ਰਿਥਵੀ, ਓਡਾ ਹੀ ਬੈਲਦ ਹੈ।

ਤਾਂ ਗੁਰੂ ਜੀ ਨੇ ਕਿਹਾ-

'ਤੁਸ ਦੁਰਜਨ ਨਿਆ ਸੇ'

ਹੇ ਸਿੱਧੋ! ਇਹ ਗੱਲ ਬਣ ਨਹੀਂ ਸਕਦੀ ਕਿ ਜੇਡੀ ਪ੍ਰਿਥਵੀ ਹੈ ਓਡਾ ਹੀ ਬੈਲਦ ਹੈ। ਪਰ ਤੁਸੀਂ ਪ੍ਰਸੰਨ ਹੋ ਲਵੋ, ਪ੍ਰੰਤੂ ਇਹ ਗੱਲ ਦੱਸੋ-

ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

ਤਿਸਦੇ ਭਾਰ ਥੱਲੇ ਕਿਸਦਾ ਜੋਰੁ=ਬਲ [ਆਸਰਾ] ਹੈ ਅਰਥਾਤ-ਉਹ ਬਲਦ ਕਿਸ ਦੇ ਆਸਰੇ ਖੜਾ ਹੈ? ਜੇ ਕਵੇਂ ਆਪਣੇ ਆਸਰੇ ਖੜਾ ਹੈ ਤਾਂ ''ਆਤਮ ਆਸਰੇ'' ਦੋਸ਼ ਆਵੇਗਾ ਕਿਉਂਕਿ ਆਪਣੇ ਆਸਰੇ ਕੋਈ ਚੀਜ਼ ਖੜੀ ਨਹੀਂ ਹੋ ਸਕਦੀ।

ਤਿਸ ਦੋਸ਼ ਦੀ ਨਵਿਰਤੀ ਵਾਸਤੇ ਸਿੱਧਾਂ ਨੇ ਕਿਹਾ-

ਧਰਤੀ ਹੋਰੁ:- ਅਸੀਂ ਇਕ ਹੋਰ ਧਰਤੀ ਮੰਨ ਲਵਾਂਗੇ, ਉਸ ਦੇ ਆਸਰੇ ਉਹ ਬਲਦ ਖੜਾ ਹੈ।

ਤਾਂ ਗੁਰੂ ਜੀ ਨੇ ਕਿਹਾ, ਉਹ ਧਰਤੀ ਕਿਸ ਦੇ ਆਸਰੇ ਹੈ? ਇਕ ਸਿੱਧ ਬੋਲਿਆ-

ਪਰੈ:-ਪਰੇ ਹੋਰ ਬੈਲ ਹੈ, ਉਸ ਦੇ ਆਸਰੇ ਦੂਜੀ ਧਰਤੀ ਹੈ।

ਤਾਂ ਗੁਰੂ ਜੀ ਨੇ ਕਿਹਾ ਕਿ ਪਹਿਲਾ ਬਲਦ ਦੂਜੇ ਦੇ ਆਸਰੇ, ਦੂਜਾ ਪਹਿਲੇ ਦੇ ਆਸਰੇ ਮੰਨੋਗੇ ਤਾਂ ''ਅੰਨਿਓ ਅੰਨ'' ਆਸਰੇ ਦੋਸ਼ ਆਵੇਗਾ।

ਇਸ ਦੋਸ਼ ਦੀ ਨਵਿਰਤੀ ਵਾਸਤੇ ਸਿੱਧਾਂ ਨੇ ਕਿਹਾ-

ਹੋਰੁ:- ਤੀਜੀ ਹੋਰ ਧਰਤੀ ਮੰਨਾਂਗੇ ਉਸ ਦੇ ਆਸਰੇ ਉਹ ਬੈਲ ਹੈ।

ਤਾਂ ਗੁਰੂ ਜੀ ਨੇ ਕਿਹਾ, ਪਹਿਲਾ ਬਲਦ ਦੂਜੇ ਦੇ ਆਸਰੇ, ਦੂਜਾ ਤੀਜੇ ਦੇ ਆਸਰੇ, ਤੀਜਾ ਫਿਰ ਪਹਿਲੇ ਦੇ ਆਸਰੇ ਜੇ ਮੰਨੋਗੇ ਤਾਂ ਇਸ ਤਰ੍ਹਾਂ ''ਚੱਕ੍ਰਕਾ'' ਦੋਸ਼ ਆਇਗਾ।

ਇਸ ਦੋਸ਼ ਦੀ ਨਵਿਰਤੀ ਵਾਸਤੇ ਸਿੱਧਾਂ ਨੇ ਕਿਹਾ, ਅਸੀਂ ਫਿਰ-

ਹੋਰੁ॥ ਹੋਰ ਬਲਦ ਮੰਨਾਂਗੇ, ਉਸ ਦੇ ਆਸਰੇ ਉਹ ਧਰਤੀ ਹੈ।

ਜਦ ਇਸ ਤਰ੍ਹਾਂ ਕਰਦਿਆਂ ਕਰਦਿਆਂ ਬਹੁਤ ਗਿਣਤੀ ਹੋ ਗਈ ਤਾਂ ਗੁਰੂ ਜੀ ਨੇ ਕਿਹਾ, 'ਇਹ ''ਅਨ ਅਵਸਥਾ'' ਦੋਸ਼ ਹੈ।

ਇਸ ਦੋਸ਼ ਦੀ ਨਵਿਰਤੀ ਵਾਸਤੇ ਫਿਰ ਸਿੱਧਾਂ ਨੇ ਕਿਹਾ, 'ਅਸੀਂ ਇਸ ਪਿਛਲੇ ਨੂੰ ਹੀ ਸਭ ਦਾ

ਆਸਰਾ ਮੰਨ ਲੈਂਦੇ ਹਾਂ।

ਤਾਂ ਗੁਰੂ ਜੀ ਨੇ ਕਿਹਾ, ਇਸ ਤਰ੍ਹਾਂ ''ਪ੍ਰਾਗ ਲੋਪ'' ਦੋਸ਼ ਆਵੇਗਾ। ਜੋ ਪਹਿਲਿਆਂ ਦਾ ਅਭਾਵ ਕਰ ਕੇ ਪਿਛਲੇ ਇਕ ਨੂੰ ਆਸਰਾ ਰੂਪ ਮੰਨ ਲੈਣਾ।'

ਫੇਰ ਸਿੱਧਾਂ ਨੇ ਕਿਹਾ, 'ਅਸੀਂ ਸਭਨਾਂ ਵਿਚੋਂ ਇਕ ਨੂੰ ਆਸਰਾ ਰੂਪ ਮੰਨ ਲੈਂਦੇ ਹਾਂ।'

ਤਾਂ ਗੁਰੂ ਜੀ ਨੇ ਕਿਹਾ, 'ਤੁਸੀਂ ਕਿਸੇ ਨੂੰ ਮੰਨਿਆਂ ਅਸੀਂ ਕਿਸੇ ਹੋਰ ਨੂੰ ਮੰਨ ਲਿਆ ਤਾਂ ਇਸ ਵਿਚ ਜੁਗਤੀ ਦਾ ਅਭਾਵ ਹੋ ਜਾਏਗਾ ਨਾਲੇ ਇਸ ਨੂੰ ''ਬਿਨ ਗਮਨੇ ਬ੍ਰਿਹ'' ਦੋਸ਼ ਆਖਦੇ ਹਨ*।'

ਉਸ ਵੇਲੇ ਸਿੱਧ ਨਿਰੁੱਤਰ ਹੋ ਗਏ ਤਾਂ ਗੁਰੂ ਜੀ ਨੇ ਫੁਰਮਾਇਆ-

ਧੌਲੁ ਧਰਮੁ ਦਇਆ ਕਾ ਪੂਤੁ॥

ਹੇ ਸਿੱਧੋ! ਧਰਮ ਰੂਪੀ ਧੌਲਾ ਬਲਦ ਮੰਨੋ ਜਿਸ ਦੇ ਆਸਰੇ ਇਹ ਸਾਰੀ ਧਰਤੀ ਖੜੀ ਹੈ। ਜਿਵੇਂ-ਪ੍ਰਤੱਖ ਬਲਦ ਗਊ ਦਾ ਪੁੱਤਰ ਹੁੰਦਾ ਹੈ, ਤਿਵੇਂ ਇਹ ਧਰਮ ਰੂਪੀ ਬਲਦ ਦਇਆ ਰੂਪ ਗਊ ਦਾ ਪੁੱਤਰ ਹੈ। ਦਇਆ ਕਰਨੀ ਸਭ ਸਾਧਨਾਂ ਵਿੱਚੋਂ ਇਕ ਉੱਚਾ ਸਾਧਨ ਹੈ।

ਸਾਖੀ—ਰੈਬਾਂ ਨਾਮੇ ਰਾਜ ਲੜਕੀ ਦੀ

ਰੂਮ ਦੇਸ਼ ''ਬਸਰੇ'' ਸ਼ਹਿਰ ਵਿਖੇ ਰਹਿਣ ਵਾਲੀ ਇਕ 'ਰੈਬਾਂ' ਨਾਮੇ ਰਾਜ-ਲੜਕੀ ਸੀ ਜਿਸ ਦੀ ਕਿਸਮਤ ਵਿਚ ਮਾਪਿਆਂ ਦਾ ਕੋਈ ਸੁਖ ਨਹੀਂ ਸੀ। ਜਿਸ ਵੇਲੇ ਇਹ ਜੰਮੀ ਹੈ ਤਾਂ ਥੋੜ੍ਹੇ ਸਮੇਂ ਪਿੱਛੋਂ ਕਿਸੇ ਦੂਜੇ ਬਾਦਸ਼ਾਹ ਨੇ ਰੂਮ ਦੇਸ਼ ਦੇ ਰਾਜੇ ਪਰ ਚੜ੍ਹਾਈ ਕਰ ਦਿੱਤੀ। ਉਸ ਜੰਗ ਵਿਚ ਇਸ ਲੜਕੀ ਦਾ ਮਾਂ ਪਿਉ ਵਗੈਰਾ ਸਾਰਾ ਪ੍ਰਵਾਰ ਹੀ ਕਤਲ ਹੋ ਗਿਆ।

ਰੈਬਾਂ ਨੂੰ ਪਾਲਣ ਵਾਲੀ ਜੋ ਗੋਲੀ ਸੀ ਉਹ ਕਿਸੇ ਤਰੀਕੇ ਨਾਲ ਦੂਜੇ ਬਾਦਸ਼ਾਹ ਦੀ ਅੱਖ ਤੋਂ ਚੁਰਾ ਕੇ ਇਸ ਨੂੰ ਲੈ ਕੇ ਬਾਹਰ ਨਿਕਲ ਗਈ। ਹੋਰ ਕੋਈ ਟਿਕਾਣਾ ਨਾ ਮਿਲਿਆ ਪਰ ਇਕ ਫਕੀਰਾਂ ਦਾ ਅਸਥਾਨ ਸੀ ਉਥੇ ਲਿਜਾ ਕੇ ਉਨ੍ਹਾਂ ਨੂੰ ਆਪਣੀ ਹਾਲਤ ਦੱਸਕੇ ਰਹਿਣ ਲੱਗ ਪਈ ਉਥੇ ਹੀ ਇਸ ਬੱਚੀ ਦੀ ਪਾਲਣਾ ਕਰਦੀ ਰਹੀ।

ਫਕੀਰਾਂ ਦੀ ਸੰਗਤ ਨਾਲ ਬਾਲ ਅਵਸਥਾ ਵਿਚ ਹੀ ਬੱਚੀ ਦੀ ਲਿਵ ਖੁਦਾ ਨਾਲ ਜੁੜਨ ਲੱਗ ਪਈ। ਬਾਲ ਅਵਸਥਾ ਵਿਚ ਜੋ ਬੱਚਿਆਂ ਨੂੰ ਖੇਡ ਪਿਆਰੀ ਹੁੰਦੀ ਹੈ ਉਹ ਤਾਂ ਇਸ ਦੇ ਨਜ਼ਦੀਕ ਹੀ ਨਹੀਂ ਆਈ। ਜੋਬਨ ਵਿਚ ਜੋ ਕਈ ਤਰ੍ਹਾਂ ਦੇ ਵਿਕਾਰ ਉੱਠਦੇ ਹਨ ਉਹ ਵੀ ਉਸ ਦੇ ਨਵਿਰਤ ਹੋ ਗਏ।

ਇਕ ਦਿਨ ਗੋਲੀ ਇਸ ਨੂੰ ਲੈ ਕੇ, ਕਿਧਰੇ ਜਾ ਰਹੀ ਸੀ ਕਿ ਰਾਹ ਵਿਚ ਵੇਸ਼ਵਾ ਨੇ ਦੇਖ ਲਿਆ। ਹੈਸੀ ਇਹ ਬੜੇ ਸੁੰਦਰ ਸਰੂਪ ਵਾਲੀ। ਵੇਸ਼ਵਾ ਨੇ ਉਥੇ ਹੀ ਖਲੋ ਕੇ ਗੋਲੀ ਨੂੰ ਮਾਇਆ ਦਾ ਲਾਲਚ ਦੇ ਕੇ ਚਿੱਤ ਭਰਮਾ ਲਿਆ। ਪੰਜ ਹਜ਼ਾਰ ਰੁਪਿਆ ਲੈ ਕੇ ਗੋਲੀ ਨੇ ਉਸ ਨੂੰ ਵੇਸ਼ਵਾ ਦੇ ਪਾਸ ਮੁੱਲ ਵੇਚ ਦਿੱਤਾ। ਵੇਸ਼ਵਾ ਨੇ ਆਪਣੇ ਨਾਲ ਲਿਜਾ ਕੇ ਉਸ ਰਾਜ-ਲੜਕੀ ਨੂੰ ਆਪਣੀ ਦੁਕਾਨ ਦੇ ਉੱਪਰ ਚੁਬਾਰੇ ਵਿਚ ਬਿਠਾ ਦਿੱਤਾ। ਜਿਸ ਵੇਲੇ ਵੇਸ਼ਵਾ ਪਾਸ ਇਕ ਸ਼ਾਹੂਕਾਰ ਆਇਆ ਤਾਂ ਉਸ ਨੇ

---

*ਇਨ੍ਹਾਂ ਛੇ ਦੋਸ਼ਾਂ ਦਾ ਨਿਰਣਾ, ਵਿਚਾਰ ਸਾਗਰ ਦੇ ਛੇਵੇਂ ਧਿਆ, ਪਿਤਾਬਰੀ ਦੇ ੨੩੨ ਪੰਨੇ ਪਰ ਲਿਖਿਆ ਹੋਇਆ ਹੈ।

ਉਸ ਪਾਸੋਂ ਮਾਇਆ ਲੈ ਕੇ ਉਪਰ ਭੇਜ ਦਿੱਤਾ।

ਉਹ ਸ਼ਾਹੂਕਾਰ ਚਿੱਤ ਵਿਖੇ ਬਿਭਚਾਰ ਭਾਵਨਾ ਧਾਰ ਕੇ ਉੱਪਰ ਚੜ੍ਹਿਆ ਪਰ ਅਜੇ ਦਰਵਾਜ਼ੇ ਅੰਦਰ ਪੈਰ ਪਾਇਆ ਹੀ ਸੀ ਜੋ 'ਰੈਬਾਂ' ਨੂੰ ਦੇਖਦਿਆਂ ਸਾਰ ਹੀ ਉਸ ਦੇ ਸਰੀਰ ਵਿਚ ਵਿਆਕੁਲਤਾ ਆ ਗਈ, ਮੂਰਛਾ ਜੇਹਾ ਹੋ ਗਿਆ, ਅੱਖਾਂ ਤੋਂ ਅੰਨ੍ਹਾਂ ਹੋ ਗਿਆ, ਦਿਲ ਫੇਲ ਹੁੰਦਾ ਦੇਖ ਕੇ ਓਥੇ ਹੀ ਡਿਗ ਪਿਆ, ਰੈਬਾਂ ਦੇ ਪਾਸ ਪਹੁੰਚ ਹੀ ਨਾ ਸਕਿਆ, ਜੇਕਰ ਪਿਛੇ ਨੂੰ ਮੁੜਦਾ ਹੈ ਤਾਂ ਠੀਕ ਹੋ ਜਾਂਦਾ ਹੈ।

ਇਸ ਨੇ 'ਰੈਬਾਂ' ਦੇ ਪਾਸ ਪਹੁੰਚਣ ਦੇ ਕਈ ਯਤਨ ਕੀਤੇ ਪਰ ਜਦ ਸਾਰੇ ਯਤਨ ਵਿਅਰਥ ਚਲੇ ਗਏ। ਆਖਰ ਇਸ ਦੇ ਮਨ ਵਿਚ ਇਹ ਵਿਚਾਰ ਆਈ ਇਹ ਲੜਕੀ ਕੋਈ ਸ਼ਕਤੀਵਾਨ ਰੱਬ ਦੀ ਪਿਆਰੀ ਅਤੇ ਭਗਤੀ ਵਾਲੀ ਪ੍ਰਤੀਤ ਹੁੰਦੀ ਹੈ ਤਾਂ ਇਸ ਪਾਸੋਂ ਕੋਈ ਲਾਭ ਪ੍ਰਾਪਤ ਕਰੀਏ। ਉਸੀ ਵੇਲੇ ਮਨ ਵਿਚ ਸ਼ੁੱਧ ਭਾਵਨਾਂ ਧਾਰ ਕੇ ਬੇਨਤੀ ਕੀਤੀ ਕਿ ਅੱਜ ਤੋਂ ਲੈ ਕੇ ਤੂੰ ਮੇਰੀ ਧਰਮ ਦੀ ਮਾਤਾ ਹੈਂ, ਮੈਂ ਤੇਰਾ ਪੁੱਤਰ ਹਾਂ। ਮੇਰੀ ਵਿਸ਼ੇ ਭਾਵਨਾਂ ਵਾਲੀ ਕੀਤੀ ਹੋਈ ਗੁਸਤਾਖੀ ਨੂੰ ਮੁਆਫ ਕਰ ਦੇਹ।

ਇਸ ਦੀ ਸ਼ੁੱਧ ਭਾਵਨਾਂ ਦੇਖ ਕੇ ਰੈਬਾਂ ਨੇ ਕਿਹਾ, "ਖੁਦਾ ਤੈਨੂੰ ਬਖਸ਼ੇਗਾ।

ਫਿਰ ਰੈਬਾਂ ਦੇ ਚਰਨਾਂ ਪਰ ਆ ਕੇ ਮੱਥਾ ਟੇਕਿਆ ਤੇ ਬੇਨਤੀ ਕੀਤੀ, "ਹੇ ਮਾਤਾ! ਜੇ ਤੇਰਾ ਸੰਕਲਪ ਹੋਵੇ ਤਾਂ ਤੈਨੂੰ ਇਸ ਵੇਸ਼ਵਾ ਦੀ ਕੈਦ ਤੋ ਛੁਡਾ ਕੇ ਲੈ ਜਾਵਾਂ।"

ਰੈਬਾਂ ਨੇ ਕਿਹਾ-"ਮੈਂ ਹੋਰ ਕੀ ਚਾਹੁੰਦੀ ਹਾਂ, ਤੂੰ ਕਿਰਪਾ ਕਰਕੇ ਇਸ ਨਰਕ ਵਿਚੋਂ ਕੱਢ ਕੇ ਲੈ ਚੱਲ।"

ਉਸ ਵੇਲੇ ਜਿਤਨਾ ਰੁਪਿਆ ਵੇਸ਼ਵਾ ਨੇ ਮੰਗਿਆ ਉਤਨਾ ਹੀ ਉਸ ਸ਼ਾਹੂਕਾਰ ਨੇ ਦੇ ਦਿੱਤਾ ਤੇ ਰੈਬਾਂ ਨੂੰ ਆਪਣੇ ਘਰ ਲੈ ਗਿਆ ਅਤੇ ਕਿਹਾ, "ਇਹ ਘਰ-ਬਾਰ ਤੇਰਾ ਹੀ ਹੈ, ਤੂੰ ਮਾਂ ਤੇ ਮੈਂ ਤੇਰਾ ਪੁੱਤਰ ਹਾਂ, ਜੋ ਤੂੰ ਆਗਿਆ ਕਰੇਂਗੀ ਮੈਂ ਮੰਨਾਂਗਾ।"

ਖੁਦਾ ਦੇ ਹੁਕਮ ਅੰਦਰ ਉਸ ਰਾਜ ਲੜਕੀ ਨੇ ਉਸ ਜਗ੍ਹਾ ਤੇ ਸੋਹਣੇ ਦਿਨ ਬਤੀਤ ਕੀਤੇ ਜੋ ਜੋ ਆਗਿਆ ਕਰੇ ਉਸੇ ਤਰ੍ਹਾਂ ਲੜਕਾ ਮੰਨੀ ਜਾਵੇ ਅਤੇ ਰੈਬਾਂ ਦੇ ਕਰਤੱਬ ਨੂੰ ਦੇਖ ਕੇ ਸ਼ਾਹੂਕਾਰ ਵੀ ਸਵੇਰੇ ਉੱਠ ਕੇ ਭਜਨ ਕੀਤਾ ਕਰੇ, ਕਰਦਿਆਂ-ਕਰਦਿਆਂ ਇਸ ਦਾ ਮਨ ਵੀ ਜੁੜ ਗਿਆ।

ਇਕ ਦਿਨ ਲੜਕੇ ਨੇ ਪੁੱਛਿਆ, "ਮਾਤਾ! ਕਿਸੇ ਗੱਲੋਂ ਤਕਲੀਫ ਤਾਂ ਨਹੀਂ?"

ਰੈਬਾਂ ਨੇ ਕਿਹਾ-

"ਪੁੱਤਰ! ਤੂੰ ਸਾਰੇ ਸੁਖ ਦਿੱਤੇ ਹਨ ਖੁਦਾ ਤੇਰਾ ਭਲਾ ਕਰੇ, ਪਰ ਇਸ ਵਕਤ ਮੇਰਾ ਦਿਲ ਮੱਕੇ ਜਾਣ ਨੂੰ ਕਰਦਾ ਹੈ, ਜੇ ਤੂੰ ਛੁਟੀ ਦੇਵੇਂ ਤਾਂ ਮੈਂ ਹੋ ਆਵਾਂ।"

ਲੜਕੇ ਨੇ ਕਿਹਾ-"ਹਾਂ ਮਾਂ! ਜੇ ਤੇਰੇ ਦਿਲ ਵਿਚ ਸੰਕਲਪ ਉੱਠਿਆ ਹੈ ਤਾਂ ਜ਼ਰੂਰ ਹੋ ਆ, ਮੇਰੇ ਵੱਲੋਂ ਕੋਈ ਇਨਕਾਰ ਨਹੀਂ ਹੈ, ਤੈਨੂੰ ਜਿਸ ਚੀਜ਼ ਦੀ ਲੋੜ ਹੈ ਉਹ ਮੰਗ ਲੈ।"

ਉਸ ਵੇਲੇ ਰਾਜ ਲੜਕੀ ਨੂੰ ਜੋ ਚਾਹੀਦਾ ਸੀ ਉਹ ਮੰਗ ਲਿਆ ਤੇ ਤਿਆਰ ਹੋ ਕੇ ਜਦ ਸ਼ਹਿਰੋਂ ਬਾਹਰ ਨਿਕਲੀ ਤਾਂ ਅੱਗੋਂ ਇਕ ਹਾਜੀਆਂ ਦਾ ਕਾਫਲਾ ਮਿਲਿਆ ਉਹਨਾਂ ਨੂੰ ਪੁੱਛਿਆ, "ਤੁਸੀਂ ਕਿਥੇ ਜਾ ਰਹੇ ਹੋ?" ਉਹਨਾਂ ਆਖਿਆ, "ਮੱਕੇ ਦੀ ਜ਼ਿਆਰਤ ਕਰਨ ਜਾ ਰਹੇ ਹਾਂ।" ਉਸ ਆਖਿਆ, ਮੈਨੂੰ ਭੀ ਨਾਲ ਲੈ ਜਾਓ।" ਉਹਨਾਂ ਨੇ ਕਿਹਾ, "ਚੰਗਾ।" ਇਹ ਗੱਲ ਕਹਿ ਕੇ ਨਾਲ ਤੁਰ ਪਈ।

ਤੁਰਦਿਆਂ ਤੁਰਦਿਆਂ ਜਿਸ ਵੇਲੇ ੬੦ ਕੋਹ ਮੱਕਾ ਰਹਿ ਗਿਆ ਤਾਂ ਉਸ ਜਗ੍ਹਾ ਇਕ ਖੂਹ ਸੀ, ਰੈਬਾਂ ਨੇ ਆਪਣੇ ਸਾਥ ਨੂੰ ਕਿਹਾ, "ਤੁਸੀਂ ਚਲੋ ਮੈਂ ਇਥੇ ਨਿਮਾਜ਼ ਪੜ੍ਹਕੇ ਤੁਹਾਡੇ ਨਾਲ ਰਲ ਜਾਵਾਂਗੀ।" ਉਹ ਸਾਥ ਤੁਰ ਪਿਆ ਤੇ ਇਸ ਨੇ ਜਦ ਖੂਹ ਪਰ ਖਲੋ ਕੇ ਨਿਮਾਜ਼ ਪੜ੍ਹਨੀ ਸ਼ੁਰੂ ਕੀਤੀ ਤਾਂ ਇਕ ਕੁੱਤੀ ਜਿਸ ਨੇ ਬੱਚੇ ਦਿੱਤੇ ਹੋਏ ਸਨ ਉਹ ਆ ਕੇ ਕਤੂਰਿਆਂ ਸਮੇਤ ਵਿਰਲਾਪ ਕਰਨ ਲੱਗ ਪਈ। ਉਸ ਵੇਲੇ ਉਸ ਦੇ ਵਿਰਲਾਪ ਨੂੰ ਸੁਣ ਕੇ ਰੈਬਾਂ ਸਹਾਰ ਨਾ ਸਕੀ। ਉਸ ਖੂਹ ਤੇ ਲੱਜ ਅਤੇ ਡੋਲ ਦਾ ਕੋਈ ਪ੍ਰਬੰਧ ਨਹੀਂ ਸੀ। ਬਥੇਰਾ ਇੱਧਰ ਉਧਰ ਦੇਖਿਆ, ਆਖਰ ਉਸ ਵੇਲੇ ਇਸ ਨੇ ਆਪਣੇ ਸਿਰ ਦੇ ਵਾਲ ਪੁੱਟ ਕੇ ਵੱਟ ਚਾੜ੍ਹ ਕੇ ਰੱਸੀ ਵੱਟੀ ਤੇ ਆਪਣੇ ਸਿਰ ਦਾ ਕੱਪੜਾ ਬੰਨ੍ਹ ਕੇ ਖੂਹ ਵਿਚ ਲਮਕਾਇਆ। ਜਿਸ ਵੇਲੇ ਉਹ ਭਿੱਜ ਗਿਆ ਤਾਂ ਬਾਹਰ ਖਿੱਚ ਕੇ ਪਾਣੀ ਨਿਚੋੜ ਕੇ ਉਸੀ ਕੁੱਤੀ ਨੂੰ ਪਿਲਾਇਆ ਤੇ ਕਤੂਰਿਆਂ ਦੇ ਮੂੰਹ ਵਿਚ ਭੀ ਪਾਇਆ। ਪੀਂਦਿਆਂ ਸਾਰ ਉਹਨਾਂ ਨੂੰ ਠੰਢ ਪੈ ਗਈ। ਇਸ ਦੇ ਬਦਲੇ ਖੁਦਾ ਨੇ ਉਸ ਦੇ ਪਾਸ ਮੱਕਾ ਲੈ ਆਂਦਾ ਤੇ ਇਸ ਤਰ੍ਹਾਂ ਕਿਹਾ-"ਹੇ ਰੈਬਾਂ! ਤੂੰ ਮੱਕੇ ਦੀ ਜ਼ਿਆਰਤ ਕਰਨ ਜਾ ਰਹੀ ਸੀ ਪਰ ਇਸ ਦਇਆ ਕਰਮ ਦੇ ਕਰਨ ਨਾਲ ਹੁਣ ਮੱਕਾ ਤੇਰੀ ਜ਼ਿਆਰਤ ਕਰਨ ਆ ਗਿਆ ਹੈ। ਤੂੰ ਇਸ ਦਾ ਦਰਸ਼ਨ ਕਰ ਲੈ। ਤੇਰਾ ਕਰਮ ਥਾਂ ਪਿਆ ਹੈ, ਏਸੇ ਤਰ੍ਹਾਂ ਜੀਵਾਂ ਪਰ ਦਯਾ ਕੀਤਾ ਕਰ।"

ਯਥਾ—"ਸਿਰ ਕੀ ਸੋਭ ਉਤਾਰ ਕੇ ਚੀਨਜੋ ਆਤਮ ਰਾਮ।
ਸਾਠ ਕੋਸ ਮੱਕਾ ਮਿਲਿਆ ਦੇਖ ਦਇਆ ਕੇ ਕਾਮ।"

ਦਇਆ ਕਰਕੇ ਸਾਰੇ ਸ਼ੁਭ-ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਭਗਤ ਕਬੀਰ ਜੀ ਨੇ ਕਿਹਾ ਹੈ-

"ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ॥"

[ਆਸਾ ਸ੍ਰੀ ਕਬੀਰ ਜੀ, ਪੰਨਾ ੪੭੭]

ਤਥਾ—ਦਇਆ ਧਰਮ ਕਾ ਮੂਲ ਹੈ, ਪਾਪ ਮੂਲ ਅਭਿਮਾਨੁ।
ਤੁਲਸੀ ਦਇਆ ਨ ਛੋਡੀਐ, ਜਬ ਲਗ ਘਟ ਮਹਿ ਪ੍ਰਾਨ।

ਇਕ ਹੋਰ ਖੂਬੀ ਦੀ ਗੱਲ ਹੈ ਕਿ ਇਸ ਦੇ ਅੰਦਰ ਜਦ ਇਕ ਸਮਾਨਤਾ ਵਾਲਾ, ਬ੍ਰਹਮ ਦ੍ਰਿਸ਼ਟੀ ਵਾਲਾ ਸੁਭਾਵ ਆ ਗਿਆ ਤਾਂ ਜਿਤਨੇ ਕੁ ਵਿਰੋਧੀ ਜਾਨਵਰ ਸਨ ਉਹ ਵੀ ਦੁਬਿਧਾ ਛੱਡ ਕੇ ਇਸ ਦੇ ਇਰਦ ਗਿਰਦ ਆ ਬੈਠੇ।

ਉਧਰ ਮੱਕੇ ਦੀ ਜ਼ਿਆਰਤ ਕਰਨ ਵਾਸਤੇ 'ਇਬਰਾਹੀਮ' ਪੈਕੰਬਰ ਮੁਰੀਦਾਂ ਨੂੰ ਆਪਣੇ ਨਾਲ ਲੈ ਕੇ ਮੱਕੇ ਪਹੁੰਚਿਆ ਤਾਂ ਕਾਬੇ ਨੂੰ ਆਪਣੀ ਅਸਲੀ ਥਾਂ ਪਰ ਨਾ ਵੇਖ ਕੇ ਪੁੱਛਦਾ ਹੈ,

'ਅੱਜ ਕਾਬਾ ਕਿੱਥੇ ਗਿਆ ਹੈ?'

ਦੱਸਣ ਵਾਲਿਆਂ ਨੇ ਦੱਸਿਆ, 'ਇਕ ਖੁਦਾ ਦੇ ਪਿਆਰ ਵਾਲੀ, ਪੂਰਨ ਭਗਤੀ ਕਰਨ ਵਾਲੀ ਲੜਕੀ ਹੈ, ਉਸ ਨੂੰ ਦਰਸ਼ਨ ਦੇਣ ਵਾਸਤੇ ੬੦ ਕੋਹ ਪਰ ਗਿਆ ਹੈ।'

ਇਹ ਗੱਲ ਸੁਣ ਕੇ 'ਇਬਰਾਹੀਮ' ਉਸੇ ਪਾਸੇ ਚਲਾ ਗਿਆ ਕਿ ਜਾ ਕੇ ਪੁੱਛਾਂਗੇ ਤੂੰ ਕੀ ਸਾਧਨ ਕੀਤਾ ਹੈ ਜਿਸ ਲਈ ਕਾਬਾ ਤੇਰੇ ਪਾਸ ਆਇਆ ਹੈ। ਰਾਹ ਵਿਚ ਇਕ ਤਕੀਆ ਸੀ, ਰਾਤ ਸਾਰੇ ਓਥੇ ਠਹਿਰੇ। ਜਿਹੜੇ ਰਸੋਈ ਤਿਆਰ ਕਰਨ ਵਾਲੇ ਸਨ ਉਹਨਾਂ ਨੇ ਗੋਸ਼ਤ [ਮਾਸ] ਤਿਆਰ ਕਰਕੇ ਸਾਰਿਆਂ ਨੂੰ ਖਾਣਾ ਖਵਾਇਆ।

ਸਵੇਰੇ ਉੱਠ ਕੇ ਜਦ ਰੈਬਾਂ ਪਾਸ ਪਹੁੰਚੇ ਤਾਂ ਕੀ ਦੇਖਿਆ ਜਿਤਨੇ ਕੁ ਵਿਰੋਧੀ ਜਾਨਵਰ ਹਨ ਉਹ ਸਾਰੇ ਰੈਬਾਂ ਦੇ ਚੁਫੇਰੇ ਬੈਠੇ ਹਨ। ਜਿਸ ਵੇਲੇ ਉਹਨਾਂ ਨੇ 'ਇਬਰਾਹੀਮ' ਨੂੰ ਦੇਖਿਆ ਤਾਂ ਸਾਰੇ ਉੱਠ ਕੇ ਚਲੇ ਗਏ।

'ਇਬਰਾਹੀਮ' ਬਹੁਤ ਹੈਰਾਨ ਹੋ ਕੇ ਪੁੱਛਦਾ ਹੈ-"ਹੇ ਬੀਬੀ! ਅੱਗੇ ਮੈਨੂੰ ਇਕ ਸੰਸਾ ਸੀ ਹੁਣ ਦੋ ਸੰਸੇ ਹੋ ਗਏ ਹਨ। ਇਕ ਸੰਸਾ ਇਹ ਹੈ ਕਿ ਤੂੰ ਕਿਹੜਾ ਸਾਧਨ ਕੀਤਾ ਹੈ ਜਿਸ ਕਰਕੇ ਮੱਕਾ ਤੇਰੇ ਪਾਸ ਆਇਆ ਹੈ?"

ਦੂਜਾ ਸੰਸਾ ਇਹ ਹੈ ਕਿ ਜਾਨਵਰ ਜੋ ਤੇਰੇ ਚੁਫੇਰੇ ਬੈਠੇ ਸਨ, ਮੇਰੇ ਆਇਆਂ ਕਿਉਂ ਉਠਕੇ ਚਲੇ ਗਏ ਹਨ?

ਰੈਬਾਂ ਨੇ ਕਿਹਾ-"ਤੂੰ ਰਾਤੀਂ ਤਕੀਏ ਵਿਚ ਕੀ ਖਾਧਾ ਸੀ?"

'ਇਬਰਾਹੀਮ' ਨੇ ਕਿਹਾ- "ਗੋਸ਼ਤ ਦਾ ਖਾਣਾ ਖਾਧਾ ਸੀ।"

ਰੈਬਾਂ ਨੇ ਕਿਹਾ- "ਏਸੇ ਕਰ ਕੇ ਇਹ ਜਾਨਵਰ ਤੈਨੂੰ ਦੇਖ ਕੇ ਦੌੜ ਗਏ ਹਨ। ਕਿਉਂਕਿ ਮਾਸ ਭੱਖੀ ਹੋਣ ਕਰਕੇ ਤੂੰ ਇਨ੍ਹਾਂ ਦਾ ਵਿਰੋਧੀ ਹੈਂ।"

ਹੁਣ ਦੂਜੇ ਸਵਾਲ ਦਾ ਉੱਤਰ ਸੁਣ-ਮੇਰੇ ਪਾਸ ਮੱਕਾ ਇਸ ਵਾਸਤੇ ਆਇਆ ਹੈ ਜੋ ਤਿਹਾਈ ਕੁੱਤੀ ਨੂੰ ਕਤੂਰਿਆਂ ਸਮੇਤ ਪਾਣੀ ਪਿਲਾ ਕੇ ਉਹਨਾਂ ਦੇ ਦੁੱਖ ਨੂੰ ਦੂਰ ਕੀਤਾ ਹੈ ਜੇ ਤੈਨੂੰ ਭੀ ਇੱਛਾ ਹੈ ਤਾਂ ਤੂੰ ਭੀ ਦਇਆ ਕੀਤਾ ਕਰ।"

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਉਹ ਧਰਮ ਰੂਪੀ ਬੋਲਦ 'ਯਥਾ ਲਾਭ ਤਥਾ ਸੰਤੁਸ਼ਟ' ਐਸੇ ਆਪਣੇ ਨਿਯਮਾਂ ਵਿਚ ਟਿਕ ਕੇ ਸੰਤੋਖ ਰੂਪੀ ਘਾਹ ਨੂੰ ਖਾਂਦਾ ਹੈ। ਭਾਵ ਧਰਮੀ ਪੁਰਸ਼ ਹਮੇਸ਼ਾਂ ਸੰਤੋਖ ਵਿਚ ਸੁਖ ਸ਼ਾਂਤੀ ਪੂਰਵਕ ਤੁਰੇ ਰਹਿੰਦੇ ਹਨ, ਨਿਯਮਾਂ ਦੀ ਉਲੰਘਣਾ ਨਹੀਂ ਕਰਦੇ।

ਜਿਨਿ=ਜਿਸ ਪ੍ਰਮੇਸ਼ਰ ਨੇ ਸਾਰੇ ਜਗਤ ਦੀ ਸੂਤਿ=ਮਰਯਾਦਾ ਭਾਵ ਪ੍ਰਬੰਧ ਨੂੰ ਉਸ ਧਰਮ ਰੂਪੀ ਬੋਲਦ ਦੇ ਉੱਪਰ ਸਥਾਪਨ ਕਰ ਰੱਖਿਆ ਹੈ।

ਵਾ-ਸੰਤੋਖ ਰੂਪੀ ਸੂਤਿ=ਰੱਸੇ ਨਾਲ ਬੱਝਾ ਹੋਇਆ ਹੈ ਅਤੇ ਜਿਸ ਧਰਮ ਦੇ ਉਤੇ ਸਾਰੇ ਜਗਤ ਨੂੰ ਥਾਪ ਰੱਖਿਆ ਹੈ, ਕਿਉਂਕਿ ਇਹ ਸਾਰਾ ਜਗਤ ਧਰਮ ਦੇ ਆਸਰੇ ਖਲੋਤਾ ਹੈ।

ਜੇ ਕੋ ਬੁਝੈ ਹੋਵੈ ਸਚਿਆਰੁ॥

ਜਿਹੜਾ ਕੋਈ ਪੁਰਸ਼ ਇਸ ਭੇਦ ਨੂੰ ਬੁੱਝ ਲੈਂਦਾ ਹੈ, ਉਹ ਸਚਿਆਰੁ=ਸੱਚੇ ਪ੍ਰਮੇਸ਼ਰ ਦਾ ਸਰੂਪ ਹੋ ਜਾਂਦਾ ਹੈ।

ਫੇਰ ਸਿੱਧਾਂ ਨੇ ਕਿਹਾ ਕਿ ਇਸ ਜਗਤ ਵਿਚ ਪ੍ਰਮਾਤਮਾ ਨੇ ਕੀ ਕੀ ਰਚਿਆ ਹੈ?

ਤਾਂ ਗੁਰੂ ਜੀ ਨੇ ਕਿਹਾ -

ਜੀਅ ਜਾਤਿ ਰੰਗਾ ਕੇ ਨਾਵ॥

ਕਈ ਜੀਵ, ਕਈ ਜਾਤੀਆਂ, ਕਈ ਰੰਗ ਅਤੇ ਕਈ ਨਾਮ ਬਣਾਏ ਹਨ।

ਵਾ-ਜੀਅ ਅਤੇ ਜਾਤੀਆਂ ਬਣਾ ਕੇ ਫਿਰ ਰੰਗਾਂ ਰੰਗਾਂ ਦੇ ਭਾਵ ਵੱਖੋ ਵੱਖ ਸਭ ਦੇ ਨਾਂ ਬਣਾਏ ਹਨ।

ਪ੍ਰਸ਼ਨ - ਜਿਸ ਵੇਲੇ ਜੀਵਾਂ ਦੇ ਮੱਥੇ ਪਰ ਲੇਖ ਲਿਖਦਾ ਹੈ ਤਾਂ ਵੱਖੋ-ਵੱਖ ਲਿਖਦਾ ਹੋਵੇਗਾ? ਗੁਰ ਉੱਤਰ-

ਸਭਨਾ ਲਿਖਿਆ ਵੁੜੀ ਕਲਾਮ॥

ਜਿਸ ਵੇਲੇ ਹੁਕਮ ਰੂਪੀ ਕਲਮ ਵੁੜੀ=[ਵਗਦੀ] ਚਲਦੀ ਹੈ ਤਾਂ ਉਸੀ ਵੇਲੇ ਪ੍ਰਤੱਖ ਕਲਮ ਦਵਾਤ ਤੋਂ ਬਿਨਾਂ ਹੀ ਇਕੋ ਵਾਰੀ ਸਭ ਜੀਵਾਂ ਦੇ ਮੱਥੇ ਪਰ ਵੱਖੋ-ਵੱਖ ਲੇਖ ਲਿਖੇ ਜਾਂਦੇ ਹਨ।

ਯਥਾ — "ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥"

[ਮਲਾਰ ਵਾਰ, ਪੰਨਾ ੧੨੮੦]

ਵਾ-ਜਿਸ ਵੇਲੇ ਕਲਾਮ=ਬਾਣੀ ਵੁੜੀ=ਉਚਾਰੀ 'ਏਕੋ ਹੰ ਬਹੁ ਸ਼ਜਾਮ ਪਰਜਾਯੇਯ।'

ਤਾਂ ਸਭ ਜੀਵਾਂ ਦੇ ਮੱਥੇ ਪਰ ਲੇਖ ਲਿਖਿਆ ਗਿਆ।

ਏਹੁ ਲੇਖਾ ਲਿਖਿ ਜਾਣੈ ਕੋਇ॥

ਜੇ ਕੋਈ ਸਿੱਧ ਕਹੇ ਕਿ ਇਸ ਲੇਖੇ ਨੂੰ ਮੈਂ ਲਿਖ ਜਾਣਦਾ ਹਾਂ। ਤਾਂ ਗੁਰੂ ਜੀ ਆਖਦੇ ਹਨ, ਅਸੀਂ ਉਸ ਪਾਸੋਂ ਪੁੱਛਦੇ ਹਾਂ-

ਲੇਖਾ ਲਿਖਿਆ ਕੇਤਾ ਹੋਇ॥

ਉਸ ਦਾ ਲੇਖਾ ਲਿਖਿਆ ਹੋਇਆ ਕਿਤਨਾ ਕੁ ਹੋਵੇਗਾ?

ਕੇਤਾ ਤਾਣੁ ਸੁਆਲਿਹੁ ਰੂਪੁ॥

ਉਸ ਪ੍ਰਮਾਤਮਾ ਦਾ ਤਾਣੁ=ਬਲ ਕਿਤਨਾ ਹੈ? ਅਤੇ ਉਸ ਦੇ ਸੁੰਦਰ ਰੂਪ ਦੀ ਸੁਆਲਿਹੁ=ਸ਼ਲਾਘਾ ਭਾਵ ਸਿਫਤ ਕਿੰਨੀ ਕੁ ਹੈ?

ਵਾ-ਕਿਤਨਾ ਕੁ ਕਿਸੇ ਪੁਰਸ਼ ਵਿਚ ਤਾਣੁ=ਬਲ ਹੈ, ਜੋ ਉਸ ਦੇ ਸੁੰਦਰ ਰੂਪ ਦੀ ਸ਼ਲਾਘਾ ਕਰ ਸਕੇ?

ਕੇਤੀ ਦਾਤਿ ਜਾਣੈ ਕੌਣੁ ਕੂਤੁ॥

[੧] ਐਸਾ ਕੌਣੁ=ਕਿਹੜਾ ਕੂਤੁ=ਕੁੱਵਤ ਵਾਲਾ ਭਾਵ ਬਲ ਵਾਲਾ ਹੈ।

[੨] ਐਸਾ ਕੌਣੁ=ਕਿਹੜਾ ਕੂਤੁ=ਕਥੀਰਾ ਭਾਵ ਕਥਨ ਕਰਨ ਵਾਲਾ ਹੈ।

[੩] ਐਸਾ ਕੌਣ ਕੂਤੁ=ਕੱਛਣ ਵਾਲਾ 'ਕਾਨੂੰਗੋ' ਮੁਨਸ਼ੀ ਹੈ, ਜੋ ਉਸ ਦੀਆਂ ਦਿੱਤੀਆਂ ਹੋਈਆਂ ਦਾਤਾਂ ਨੂੰ ਜਾਣੇ।

[੪] ਉਸ ਦੀ ਆਪਣੀ ਜੋ ਕੂਤੁ=ਖੁਰਾਕ ਹੈ, ਉਸ ਨੂੰ ਕੌਣ ਜਾਣ ਸਕਦਾ ਹੈ?

[੫] ਜੀਵਾਂ ਨੂੰ ਜੋ ਕੂਤੁ=ਖੁਰਾਕ ਦੇ ਰਿਹਾ ਹੈ ਉਸ ਨੂੰ ਕੌਣ ਜਾਣ ਸਕਦਾ ਹੈ? ਭਾਵ ਹੋਰ ਕੋਈ ਨਹੀਂ ਜਾਣ ਸਕਦਾ। ਉਹ ਸਰਬ ਸ਼ਕਤੀਮਾਨ ਆਪ ਹੀ ਜਾਣਦਾ ਹੈ।*

**ਕਈਆਂ ਪਾਸੋਂ ਇਸ ਤਰ੍ਹਾਂ ਭੀ ਅਰਥ ਸੁਣਿਆ ਹੈ:-*

ਕਿਤਨੀ ਕੁ ਉਸ ਦੀ ਦਾਤ ਦਿੱਤੀ ਹੋਈ ਹੈ, ਇਸ ਗੱਲ ਨੂੰ ਕੌਣ=ਕਿਹੜਾ ਕੂਤੁ=ਕੁੱਤਾ ਜਾਣ ਸਕਦਾ ਹੈ।

ਕੀਤਾ ਪਸਾਉ ਏਕੋ ਕਵਾਉ ॥

ਜਿਸ ਨੇ ਇਕ ਕਵਾਉ=ਬਾਣੀ ਨਾਲ ਸਾਰਾ ਜਗਤ ਪਸਾਰਾ ਪਸਾਰ ਦਿੱਤਾ ਹੈ।

ਯਥਾ—"ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭਿ ਹੋਆ॥੧॥"

[ਮਾਰੂ ਮਹਲਾ ੫, ਪੰਨਾ ੧੦੦੩]

ਵਾ-ਮਾਇਆ ਰੂਪ ਇਕ ਕਵਾਉ=ਪੁਸ਼ਾਕ ਦੁਆਰਾ ਇਹ ਸਾਰਾ ਜਗਤ ਪਸਾਰਾ ਪਸਾਰ ਦੇਣਾ ਕੀਤਾ ਹੈ। ਅਥਵਾ-

ਕ-ਕਰਤਾ-ਬ੍ਰਹਮਾ,

ਵਾ-ਵਵਾ-ਵਿਸ਼ਨੂੰ

ਉ-ਉਮਾਪਤੀ-ਸ਼ਿਵ

ਇਹਨਾਂ ਤਿੰਨ ਦੇਵਤਿਆਂ ਦੁਆਰੇ ਇਕ ਨੇ ਸਾਰਾ ਪਸਾਰਾ ਕੀਤਾ ਹੈ।

ਤਿਸਤੇ ਹੋਏ ਲਖ ਦਰੀਆਉ ॥

ਜਗਤ ਦੇ ਪ੍ਰਬੰਧ ਵਾਸਤੇ ਤਿਸ ਪ੍ਰਮਾਤਮਾ ਤੇ=ਤੋਂ ਪ੍ਰਤੱਖ ਲੱਖਾਂ ਦਰਿਆ ਹੋਏ।

ਵਾ-ਤਿਸ ਦਰੀਆਉ=ਦ੍ਰਵੀਭੂਤ ਕਿਰਪਾਲੂ ਪ੍ਰਮਾਤਮਾ ਤੋਂ ਹੀ ਲੱਖਾਂ ਜੀਵ ਪੈਦਾ ਹੋਏ ਹਨ।

ਕੁਦਰਤਿ ਕਵਣ ਕਹਾ ਵੀਚਾਰੁ ॥

ਕਵਣ-ਕਿਸ ਦੇ ਵਿਚ ਸ਼ਕਤੀ ਹੈ, ਜੋ ਉਸ ਦੇ ਵੀਚਾਰ ਨੂੰ ਕਥਨ ਕਰੇ।

ਵਾ-ਕੁਦ੍ਰਤਿ=ਸ਼ਕਤੀ ਆਪ ਭੀ ਕੀ ਚੀਜ਼ ਹੈ, ਜੋ ਉਸ ਪ੍ਰਮਾਤਮਾ ਦੇ ਵੀਚਾਰ ਨੂੰ ਕਥਨ ਕਰ ਸਕੇ।

ਵਾ-ਮੇਰੇ ਵਿਚ ਇਤਨੀ ਸ਼ਕਤੀ [ਬਲ] ਕਿਥੇ ਹੈ, ਜੋ ਮੈਂ ਭੀ ਉਸ ਦੇ ਵਿਚਾਰ ਨੂੰ ਕਹਾਂ।

ਵਾਰਿਆ ਨ ਜਾਵਾ ਏਕ ਵਾਰ ॥

ਪਹਿਲਾ ਅਰਥ-ਹੇ ਸਿੱਧੋ! ਉਸ ਪ੍ਰਮਾਤਮਾ ਦਾ ਇਕ ਵਾਰ=ਵਾਲ [ਰੋਮ] ਵੀ 'ਵਾਰਿਆ ਨ ਜਾਵਾ'=ਕਥਨ ਨਹੀਂ ਕੀਤਾ ਜਾਂਦਾ।

ਦੂਜਾ ਅਰਥ-ਇਕ ਵਾਰ ਬਲਿਹਾਰ ਕੁਰਬਾਨ ਨਹੀਂ ਜਾਂਦਾ ਭਾਵ ਅਨੇਕ ਵੇਰੀ ਬਲਿਹਾਰ ਕੁਰਬਾਨ ਜਾਂਦਾ ਹਾਂ।

ਤੀਜਾ ਅਰਥ-ਇਕ 'ਵਾਰ'=ਦਿਨ ਵਿਚ ਨਹੀਂ ਭਾਵ ਸੱਤਾਂ ਹੀ ਵਾਰਾਂ [ਦਿਨਾਂ] ਵਿਚ ਬਲਿਹਾਰ ਕੁਰਬਾਨ ਜਾਂਦਾ ਹਾਂ।

ਚੌਥਾ ਅਰਥ-ਜੋ ਇਕ ਵਾਰ ਭੀ ਸਤ ਸੰਗਤਿ ਰੂਪੀ ਵਾਰਿ+ਆ=ਬਾਰ ਵਿਚ ਆ ਗਿਆ ਹੈ, ਮੁੜ ਉਹ ਜਨਮ ਮਰਨ ਵਿਚ ਨ ਜਾਵਾ=ਨਹੀਂ ਜਾਂਦਾ, ਕਿਉਂਕਿ ਸਤ ਸੰਗਤ ਰੂਪ ਦਰਵਾਜ਼ਾ ਸਭ ਸਾਧਨਾਂ ਵਿਚੋਂ ਉੱਚਾ ਹੈ ਅਤੇ ਪ੍ਰਮੇਸ਼ਰ ਦੀ ਪ੍ਰਾਪਤੀ ਕਰਨ ਵਾਲਾ ਹੈ।

ਯਥਾ—'ਮਿਲਿਆ ਚਾਹੇ ਸਿੰਧ ਕੌ ਕਰ ਸਰਤਾ ਕੌ ਸੰਗ।
'ਪਰਸਰਾਮ'' ਹਰਿ ਮਿਲਣ ਕਉ, ਮਾਰਗ ਹੈ ਸਤਿਸੰਗ।'

ਤਥਾ—"ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸੁ ਤਰਿਆ॥"

[ਪੰਨਾ ੧੦]

ਪੰਜਵਾਂ ਅਰਥ - ਹੇ ਸਿੱਧੋ ! ਤੁਹਾਡੇ ਵਾਰਿਆ=ਵਰਜੇ ਭਾਵ ਰੋਕੇ ਹੋਏ ਇਥੇ ਨਹੀਂ ਰਹਾਂਗੇ ਏਸੇ ਰਸਤਿਓਂ ਸੱਚਖੰਡ ਨੂੰ ਇਕ ਵਾਰ ਜ਼ਰੂਰ ਜਾਵਾਂਗੇ।

ਤਦ ਭਲੇ ਸਿੱਧ ਕਹਿਣ ਲੱਗੇ-

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਹੇ ਗੁਰੋ ! ਜੋ ਤੁਹਾਨੂੰ ਚੰਗੀ ਲੱਗੇ, ਓਹੀ ਕਾਰ ਭਲੀ ਹੈ।

ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

ਜੋ ਨਿਰੰਕਾਰ ਸਦਾ ਸਲਾਮਤਿ=ਇਸਥਿਤ ਰੂਪ ਹੈ ਉਹ ਤੁਸੀਂ ਆਪ ਹੀ ਹੋ।

ਇਨ੍ਹਾਂ ਹੀ ਦੋ ਪੰਗਤੀਆਂ ਵਿਚ ਗੁਰੂ ਸਾਹਿਬ ਜੀ ਸਿੱਧਾਂ ਨੂੰ ਆਖਦੇ ਹਨ ਕਿ ਤੁਸੀਂ ਨਿਰੰਕਾਰ ਅੱਗੇ ਇਸ ਤਰ੍ਹਾਂ ਬੇਨਤੀ ਕਰੋ ਕਿ-

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਹੇ ਵਾਹਿਗੁਰੂ ! ਜੋ ਤੈਨੂੰ ਭਾਉਂਦੀ ਹੈ, ਓਹੀ ਕਾਰ ਚੰਗੀ ਹੈ।

ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

ਹੇ ਨਿਰੰਕਾਰ ! ਤੂੰ ਹਮੇਸ਼ਾ ਸਲਾਮਤਿ=ਇਸਥਿਤ ਰੂਪ ਹੈਂ।

ਜਿਸ ਵੇਲੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਗੁਰਿਆਈ ਗੱਦੀ ਪਰ ਸਥਾਪਨ ਕੀਤਾ ਉਸ ਵੇਲੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਬੇਨਤੀ ਕੀਤੀ-ਹੇ ਪ੍ਰਭੂ! ਹੁਣ ਮੈਂ ਕੀ ਕਾਰ ਕਰਾਂ ਅਤੇ ਆਪਣੇ ਆਪ ਨੂੰ ਕੀ ਰੂਪ ਨਿਸਚੇ ਕਰਾਂ? ਤਾਂ ਗੁਰੂ ਸਾਹਿਬ ਜੀ ਨੇ ਫੁਰਮਾਇਆ-

ਜੋ ਤੁਧੁ ਭਾਵੈ ਸਾਈ ਭਲੀ ਕਾਰ॥

ਹੇ ਪੁਰਖਾ ! ਜੋ ਕਾਰ ਕਰਨੀ ਤੈਨੂੰ ਚੰਗੀ ਲੱਗੇ, ਉਹੀ ਕਾਰ ਹੱਛੀ ਹੈ। ਭਾਵ ਜੇਹੋ ਜਿਹਾ ਅਧਿਕਾਰੀ ਵੇਖੋ ਉਸ ਨੂੰ ਵੈਸਾ ਹੀ ਉਪਦੇਸ਼ ਦੇਣਾ ਕਰੋ।

ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

ਸਦਾ ਸਲਾਮਤਿ=ਇਸਥਿਤ ਰੂਪ ਜੋ ਨਿਰੰਕਾਰ ਹੈ ਉਹ ਤੂੰ ਹੈਂ ਭਾਵ ਆਪਣੇ ਸਰੂਪ ਨੂੰ ਬ੍ਰਹਮ ਰੂਪ ਨਿਸਚੇ ਕੀਤੀ ਰੱਖਣਾ।

ਇਹ ਮਹਾਂਵਾਕਜ ਗੁਰੂ ਸਾਹਿਬ ਜੀ ਨੇ ਸ਼ਾਮ ਵੇਦ ਦੇ ਮਹਾਂਵਾਕਜ ਅਨੁਸਾਰ ਕੀਤਾ ਹੈ।

ਸ਼ਾਮ ਵੇਦ ਦਾ ਮਹਾਂਵਾਕਜ ਇਹ ਹੈ ਯਥਾ - "ਤਤ੍ਵਮਸਿ" ਪਦਛੇਦ='ਤਤ ਤ੍ਵੰ ਅਸਿ' ਤਤ ਕਰਕੇ ਸਤ ਏਕ ਅਦੁਤੀ ਜੋ ਬ੍ਰਹਮ ਹੈ ਸੋ ਤੂੰ ਹੈਂ॥ ੧੬॥

ਸੋਲ੍ਹਵੀਂ ਪਉੜੀ ਦੇ ੨੫੪ ਅੱਖਰ ਹਨ।

ਸਤਾਰ੍ਹਵੀਂ ਪਉੜੀ

ਫੇਰ ਸਿੱਧਾਂ ਨੇ ਪ੍ਰਸ਼ਨ ਕੀਤਾ ਕਿ ਸ੍ਰਿਸ਼ਟੀ ਕਿਤਨੇ ਪ੍ਰਕਾਰ ਦੀ ਹੈ?

ਤਾਂ ਗੁਰੂ ਜੀ ਨੇ ਫੁਰਮਾਇਆ–

ਸ੍ਰਿਸ਼ਟੀ ਸਾਂਤਕੀ, ਰਾਜਸੀ, ਤਾਮਸੀ ਰੂਪ ਹੋਣ ਕਰ ਕੇ ਤਿੰਨ ਪ੍ਰਕਾਰ ਦੀ ਹੈ।

ਦੈਵੀ ਸੰਪਦਾ ਅਤੇ ਆਸੁਰੀ ਸੰਪਦਾ ਰੂਪ ਹੋਣ ਕਰਕੇ ਦੋ ਪ੍ਰਕਾਰ ਦੀ ਹੈ।

ਪਹਿਲੇ ਇਸ ਪਉੜੀ ਵਿਚ ਸਾਂਤਕੀ ਅਤੇ ਦੈਵੀ ਸੰਪਦਾ ਰੂਪ ਸ੍ਰਿਸ਼ਟੀ ਦਾ ਵਰਨਣ ਕਰਦੇ ਹਨ।

ਅਸੰਖ ਜਪ ਅਸੰਖ ਭਾਉ ॥

[ਜਪ] ਪਰਮੇਸ਼ਰ ਦੀ ਸ੍ਰਿਸ਼ਟੀ ਵਿਚ ਅਸੰਖ ਹੀ ਪ੍ਰਕਾਰ ਦੇ ਜਪ ਹਨ। ਅਸੰਖ ਹੀ ਜਪਣੇ ਵਾਲੇ ਹਨ। ਅਸੰਖ ਹੀ ਜਪਣ ਦੀਆਂ ਵਿਧੀਆਂ ਹਨ। ਅਸੰਖ ਹੀ ਜਪਣ ਦੇ ਫਲ ਹਨ।

[ਭਾਉ] ਅਸੰਖ ਹੀ ਪ੍ਰਕਾਰ ਦੇ ਭਾਉ=ਪ੍ਰੇਮ ਹਨ। ਅਸੰਖ ਹੀ ਪ੍ਰੇਮ ਦੇ ਕਰਨ ਵਾਲੇ ਹਨ। ਅਸੰਖ ਹੀ ਪ੍ਰੇਮ ਦੀ ਵਿਧੀ ਹੈ। ਅਸੰਖ ਹੀ ਪ੍ਰੇਮ ਦਾ ਫਲ ਹੈ।

ਅਸੰਖ ਪੂਜਾ ਅਸੰਖ ਤਪ ਤਾਉ ॥

[ਪੂਜਾ] ਅਸੰਖ ਹੀ ਪ੍ਰਕਾਰ ਦੀ ਪੂਜਾ ਹੈ।

ਅਸੰਖ ਹੀ ਪੂਜਾ ਦੇ ਕਰਨ ਵਾਲੇ ਹਨ।

ਅਸੰਖ ਹੀ ਪੂਜਾ ਦੀ ਵਿਧੀ ਹੈ।

ਅਸੰਖ ਹੀ ਪੂਜਾ ਦਾ ਫਲ ਹੈ।

[ਤਪ] ਅਸੰਖ ਹੀ ਪ੍ਰਕਾਰ ਦਾ ਤਪ ਹੈ।

[ਤਾਉ] ਅਸੰਖ ਹੀ ਤਪ ਦੇ ਤਪਣ ਵਾਲੇ ਹਨ।

ਅਸੰਖ ਹੀ ਤਪ ਦੀ ਵਿਧੀ ਹੈ।

ਅਸੰਖ ਹੀ ਤਪ ਦਾ ਫਲ ਹੈ।

ਅਸੰਖ ਗਰੰਥ ਮੁਖਿ ਵੇਦ ਪਾਠ॥

[ਗਰੰਥ] ਅਸੰਖ ਹੀ ਐਸੇ ਗ੍ਰੰਥ ਹਨ, ਜਿਨ੍ਹਾਂ ਵਿਚ ਵੇਦ ਦਾ ਪਾਠ ਮੁੱਖ ਹੈ।

ਵਾ-ਅਸੰਖ ਹੀ ਗ੍ਰੰਥ ਹਨ।

ਅਸੰਖ ਹੀ ਗ੍ਰੰਥਾਂ ਦੇ ਪੜ੍ਹਣ ਵਾਲੇ ਹਨ। ਅਸੰਖ ਹੀਂ ਗ੍ਰੰਥਾਂ ਦੇ ਪੜ੍ਹਨ ਦੀ ਵਿਧੀ ਹੈ। ਅਸੰਖ ਹੀ ਗ੍ਰੰਥਾਂ ਦੇ ਪੜ੍ਹਣ ਦਾ ਫਲ ਹੈ। ਇਕ ਵਿਚ ਅਨੇਕ ਭਾਵਨਾਂ ਸਮਝਣੀ।

[ਵੇਦ] ਅਸੰਖ ਹੀ ਵੇਦ ਹਨ। ਅਸੰਖ ਹੀ ਵੇਦਾਂ ਦਾ ਪਾਠ ਮੁਖ ਦੁਆਰਾ ਪੜ੍ਹਣ ਵਾਲੇ ਹਨ। ਅਸੰਖ ਹੀ ਵੇਦ ਪਾਠ ਪੜ੍ਹਣ ਦੀ ਵਿਧੀ ਹੈ। ਅਸੰਖ ਹੀ ਉਸ ਦਾ ਫਲ ਹੈ।

ਵਾ-ਅਸੰਖ ਹੀ ਪੁਰਸ਼ ਮੁਖ ਦੁਆਰਾ ਗ੍ਰੰਥਾਂ ਦਾ ਪਾਠ ਕਰਦੇ ਹੋਏ ਵੇਦ=ਜਾਣੀਂਦੇ ਹਨ।

ਅਸੰਖ ਜੋਗ ਮਨਿ ਰਹਹਿ ਉਦਾਸ॥

[ਜੋਗ] ਅਸੰਖ ਹੀ ਪ੍ਰਕਾਰ ਦਾ ਯੋਗ ਹੈ।

ਅਸੰਖ ਹੀ ਯੋਗ ਦੇ ਕਰਨ ਵਾਲੇ ਹਨ।

ਅਸੰਖ ਹੀ ਯੋਗ ਦੀ ਵਿਧੀ ਹੈ।

ਅਸੰਖ ਹੀ ਯੋਗ ਦਾ ਫਲ ਹੈ।

ਵਾ-ਅਸੰਖ ਹੀ ਯੋਗੀ ਮਨ ਕਰਕੇ ਸੰਸਾਰ ਵਲੋਂ ਉਦਾਸੀਨ ਭਾਵ ਉਪ੍ਰਾਮ ਰਹਿੰਦੇ ਹਨ।

ਵਾ-ਅਸੰਖ ਹੀ ਪ੍ਰਕਾਰ ਦਾ ਉਦਾਸ ਹੈ। ਅਸੰਖ ਹੀ ਮਨ ਕਰਕੇ ਉਦਾਸਤਾਈ ਵਿੱਚ ਰਹਿਣ ਵਾਲੇ ਹਨ। ਅਸੰਖ ਹੀ ਉਦਾਸ ਦੀ ਵਿਧੀ ਹੈ। ਅਸੰਖ ਹੀ ਉਦਾਸ ਦਾ ਫਲ ਹੈ।

ਅਸੰਖ ਭਗਤ ਗੁਣ ਗਿਆਨ ਵੀਚਾਰ॥

੧. [ਭਗਤ] ਅਸੰਖ ਹੀ ਐਸੇ ਭਗਤ ਹਨ ਜੋ ਸ਼ੁਭ ਗੁਣਾਂ ਨੂੰ ਵਿਚਾਰਕੇ ਗਿਆਨ ਨੂੰ ਪ੍ਰਾਪਤ ਹੁੰਦੇ ਹਨ।

੨. ਅਸੰਖ ਹੀ ਪ੍ਰਕਾਰ ਦੀ ਭਗਤੀ ਹੈ।*

---

*ਨੌ ਪ੍ਰਕਾਰ ਦੀ ਭਗਤੀ ਹੈ, ਅਤੇ ਨੌਂ ਹੀ ਪ੍ਰਕਾਰ ਦੀ ਭਗਤੀ ਦੇ ਕਰਨ ਵਾਲੇ ਮਨੁੱਖ ਹਨ-

੧. ਸ੍ਰਵਨ ਭਗਤੀ-ਪ੍ਰੀਛਤ ਨੇ ਕੀਤੀ। ੨. ਕੀਰਤਨ ਭਗਤੀ-ਸੁਖਦੇਵ ਨੇ ਕੀਤੀ।

੩. ਸਿਮਰਨ ਭਗਤੀ-ਪ੍ਰਹਿਲਾਦ ਨੇ ਕੀਤੀ। ੪. ਪਾਦਸੇਵਨ ਭਗਤੀ-ਲਛਮੀ ਨੇ ਕੀਤੀ।

੫. ਅਰਚਨ ਭਗਤੀ-ਪ੍ਰਿਥੂ ਨੇ ਕੀਤੀ। ੬. ਬੰਦਨ ਭਗਤੀ-ਅਕ੍ਰੂਰ ਨੇ ਕੀਤੀ।

੭.ਸਖਾ ਭਗਤੀ-ਅਰਜਨ ਨੇ ਕੀਤੀ। ੮. ਦਾਸਾ ਭਗਤੀ-ਹਨੁੰਮਾਨ ਨੇ ਕੀਤੀ।

੯. ਆਤਮ ਨਿਵੇਦਨ ਭਗਤੀ-ਬਲਰਾਜਾ ਨੇ ਕੀਤੀ।

ਅਸੰਖ ਹੀ ਭਗਤੀ ਦੇ ਕਰਨ ਵਾਲੇ ਹਨ।

ਅਸੰਖ ਹੀ ਭਗਤੀ ਦੀ ਵਿਧੀ ਹੈ।

ਅਸੰਖ ਹੀ ਭਗਤੀ ਦਾ ਫਲ ਹੈ।

[ਗੁਣ] ਅਸੰਖ ਹੀ ਗੁਣ ਹਨ।

ਅਸੰਖ ਹੀ ਗੁਣਾਂ ਦੇ ਧਾਰਨ ਵਾਲੇ ਹਨ।

ਅਸੰਖ ਹੀ ਗੁਣਾਂ ਦੀ ਵਿਧੀ ਹੈ।

ਅਸੰਖ ਹੀ ਗੁਣਾਂ ਦਾ ਫਲ ਹੈ।

[ਗਿਆਨ] ਅਸੰਖ ਹੀ ਪ੍ਰਕਾਰ ਦਾ ਗਿਆਨ ਹੈ। ਅਸੰਖ ਹੀ ਗਿਆਨ ਦੇ ਵੇਤਾ ਗਿਆਨੀ ਹਨ। ਅਸੰਖ ਹੀ ਗਿਆਨ ਦਾ ਫਲ ਹੈ।

ਗਿਆਨ ਵਿਚ ਵਿਧੀ ਨਹੀਂ ਹੈ, ਯਥਾ-ਭਾਦਰੋਂ ਸੁਦੀ ਚੌਥ ਦਾ ਚੰਦਰਮਾ ਵੇਖਣਾ ਮਨ੍ਹਾਂ ਹੈ, ਪਰ ਬਦੋ ਬਦੀ ਨੇਤ੍ਰ ਉਸ ਵੱਲ ਚਲੇ ਜਾਂਦੇ ਹਨ ਤੇ ਦਿੱਸ ਪੈਂਦਾ ਹੈ। ਹੁਣ ਇਹ ਵਿਧੀ ਤੋਂ ਬਗੈਰ ਹੀ ਦਿਸ ਪੈਂਦਾ ਹੈ।

ਜੋਤਸ਼ ਵਿਚ ਇਹ ਗੱਲ ਵੀ ਲਿਖੀ ਹੈ ਕਿ ਭਾਦਰੋਂ ਸੁਦੀ ਚੌਥ ਦੇ ਚੰਦਰਮਾਂ ਨੂੰ ਜੋ ਵੇਖਦਾ ਹੈ ਉਸ ਮੱਥੇ ਚੋਰੀ ਦਾ ਕਲੰਕ ਲੱਗ ਜਾਂਦਾ ਹੈ। ਕ੍ਰਿਸ਼ਨ ਜੀ ਨੇ ਇਸ ਚੰਦਰਮਾਂ ਨੂੰ ਵੇਖਿਆ ਸੀ ਤਾਂ ਉਨ੍ਹਾਂ ਦੇ ਮੱਥੇ ਮਣੀ ਚੁਰਾਉਣ ਦਾ ਕਲੰਕ ਲੱਗ ਗਿਆ ਸੀ।

ਸਾਖੀ—ਕ੍ਰਿਸ਼ਨ ਜੀ ਦੀ

ਇਕ ਸਮੇਂ ਸਤ੍ਰਾਜਿਤ ਜਾਦਵ ਨੇ ਸੂਰਜ ਦੀ ਭਾਰੀ ਤਪਸਿਆ ਕਰਕੇ ਇਕ ਮਣੀ ਪ੍ਰਾਪਤ ਕੀਤੀ, ਜਿਸ ਮਣੀ ਦਾ ਪ੍ਰਕਾਸ਼ ਸੂਰਜ ਸਮਾਨ ਸੀ।

ਯਥਾ—ਇਤਿ ਸੂਰਜ ਸੇਵਾ ਕਰੀ ਸਤ੍ਰਾਜਿਤ ਬਲਵਾਨ॥
ਰਵਿ ਤਿਹ ਕੌ ਤਬ ਮਨ ਦਈ ਉਜਲ ਆਪ ਸਮਾਨ॥

ਉਸ ਮਣੀ ਨੂੰ ਸਦਾ ਹੀ ਪ੍ਰਾਣਾਂ ਤੋਂ ਪਿਆਰੀ ਜਾਣਕੇ ਆਪਣੇ ਪਾਸ ਰਖਦਾ ਸੀ। ਇਕ ਦਿਨ ਉਸ ਮਣੀ ਨੂੰ ਆਪਣੇ ਗਲ ਵਿਚ ਪਾਕੇ ਕ੍ਰਿਸ਼ਨ ਭਗਵਾਨ ਜੀ ਪਾਸ ਗਿਆ ਤਾਂ ਜਾਦਵਾਂ ਨੇ ਦੂਰੋਂ ਵੇਖ ਕੇ ਕਿਹਾ, ਮਹਾਰਾਜ ਜੀ ! ਆਪ ਜੀ ਦੇ ਦਰਸ਼ਨਾਂ ਨੂੰ ਸੂਰਜ ਆ ਰਿਹਾ ਹੈ।

ਜਿਸ ਵੇਲੇ ਸਤ੍ਰਾਜਿਤ ਪਾਸ ਆ ਕੇ ਪਹੁੰਚਿਆ ਤਾਂ ਕ੍ਰਿਸ਼ਨ ਜੀ ਨੇ ਦੇਖਕੇ ਕਿਹਾ ਇਹ ਸੂਰਜ

ਨਹੀਂ, ਪਰ ਸੂਰਜ ਦੇ ਸਮਾਨ ਪ੍ਰਕਾਸ਼ ਵਾਲੀ ਮਣੀ ਹੈ। ਉਸਦੀ ਸੋਭਾ ਦੇਖ ਕੇ ਸਾਰੇ ਜਾਦਵ ਕ੍ਰਿਸ਼ਨ ਜੀ ਸਮੇਤ ਮੋਹਤ ਹੋ ਗਏ, ਜਾਦਵਾਂ ਦੀ ਪ੍ਰੇਰਨਾ ਅਨੁਸਾਰ ਕ੍ਰਿਸ਼ਨ ਭਗਵਾਨ ਜੀ ਨੇ ਮਣੀ ਦੀ ਮੰਗ ਕਰ ਦਿਤੀ, ਪਰ ਸਤ੍ਰਾਜਿਤ ਨੇ ਅੱਗੋਂ ਕੋਈ ਉੱਤਰ ਨਾ ਦਿੱਤਾ, ਚੁਪ ਚੁਪਾਤੇ ਉਠ ਕੇ ਘਰ ਆ ਗਿਆ, ਤੇ ਆਪਣੇ ਭਾਈ 'ਪ੍ਰਸੇਨ' ਨੂੰ ਸਾਰੀ ਗੱਲ ਆਕੇ ਦਸੀ ਕਿ ਕ੍ਰਿਸ਼ਨ ਜੀ ਨੇ ਅੱਜ ਮੇਰੇ ਪਾਸੋਂ ਮਣੀ ਦੀ ਮੰਗ ਕੀਤੀ ਹੈ, ਪਰ ਮੈਂ ਜਵਾਬ ਕੋਈ ਨਹੀਂ ਦਿੱਤਾ, ਚੁਪ ਕਰਕੇ ਆ ਗਿਆ ਹਾਂ, ਇਹ ਗੱਲ ਸੁਣਕੇ 'ਪ੍ਰਸੇਨ' ਨੇ ਸਤ੍ਰਾਜਿਤ ਪਾਸੋਂ ਮਣੀ ਲੈ ਕੇ ਆਪਣੇ ਪਾਸ ਰਖ ਲਈ ਕਿ ਮਤਾਂ ਇਸ ਪਾਸੋਂ ਕ੍ਰਿਸ਼ਨ ਜੀ ਖੋਹ ਨਾ ਲੈਣ।

ਪ੍ਰਸੇਨ ਭੀ ਮਣੀ ਨੂੰ ਹਰਦਮ ਆਪਣੇ ਪਾਸ ਹੀ ਰਖਦਾ ਸੀ। ਇਕ ਦਿਨ ਪ੍ਰਸੇਨ ਘੋੜੇ ਪਰ ਅਸਵਾਰ ਹੋਕੇ ਸ਼ਿਕਾਰ ਖੇਡਣ ਗਿਆ ਤਾਂ ਉਸ ਮਣੀ ਨੂੰ ਪੱਗ ਪੱਲੇ ਬੰਨ੍ਹਕੇ ਨਾਲ ਲੈ ਗਿਆ। ਅਗੇ ਜੰਗਲ ਵਿਚ ਜਾਂਦਿਆਂ ਉਸਦਾ ਸ਼ੇਰ ਨਾਲ ਮੁਕਾਬਲਾ ਹੋ ਗਿਆ। ਸ਼ੇਰ ਪ੍ਰਸੇਨ ਨੂੰ ਤੇ ਘੋੜੇ ਨੂੰ ਮਾਰਕੇ ਪ੍ਰਸੇਨ ਵਾਲੀ ਪੱਗ ਨੂੰ ਮਣੀ ਸਮੇਤ ਕੋਈ ਖਾਣ ਵਾਲੀ ਚੀਜ਼ ਸਮਝ ਕੇ ਮੂੰਹ ਵਿਚ ਲੈਕੇ ਤੁਰ ਪਿਆ ਅੱਗੋਂ ਸ਼ੇਰ ਨੂੰ ਜਾਮਵੰਤ [ਭਾਲੂ] ਮਿਲ ਪਿਆ। ਓਥੇ ਦੋਹਾਂ ਦਾ ਆਪਸ ਵਿਚ ਬੜਾ ਭਾਰੀ ਮੁਕਾਬਲਾ ਹੋਇਆ। ਆਖਰ ਜਾਮਵੰਤ ਨੇ ਸ਼ੇਰ ਨੂੰ ਮਾਰ ਲਿਆ ਤੇ ਮਣੀ ਸਮੇਤ ਪਗ ਨੂੰ ਲੈਕੇ ਆਪਣੀ ਗੁਫਾ ਵਿਚ ਪ੍ਰਵੇਸ਼ ਕਰ ਗਿਆ।

ਇਸ ਤਰਫ ਜਦ ਪ੍ਰਸੇਨ ਘਰ ਨਾ ਆਇਆ ਤਾਂ ਸਤ੍ਰਾਜਿਤ ਨੂੰ ਬੜਾ ਭਾਰੀ ਫਿਕਰ ਹੋ ਗਿਆ। ਬਹੁਤ ਸਾਰੀ ਤਲਾਸ਼ ਕਰਨ ਤੋਂ ਬਾਅਦ ਜਦ ਪਤਾ ਨਾ ਲਗਾ ਤਾਂ ਉਸਨੇ ਮਨ ਵਿਚ ਨਿਸਚਾ ਹੋ ਗਿਆ ਕਿ ਮੇਰੇ ਭਾਈ ਪ੍ਰਸੇਨ ਨੂੰ ਕ੍ਰਿਸ਼ਨ ਭਗਵਾਨ ਨੇ ਮਣੀ ਲੈਣ ਦੇ ਲਾਲਚ ਕਰਕੇ ਮਾਰ ਦਿੱਤਾ ਹੋਣਾ ਹੈ। ਭਰਾ ਦੇ ਵਿਯੋਗ ਕਰਕੇ ਜਦ ਬਹੁਤ ਉਦਾਸ ਹੋ ਗਿਆ ਤਾਂ ਘਰ ਵਾਲੀ ਨੇ ਪੁੱਛਿਆ-ਪਤੀ ਦੇਵ ਜੀ! ਕੀ ਕਾਰਨ ਹੈ? ਕਈ ਦਿਨਾਂ ਤੋਂ ਆਪ ਜੀ ਦਾ ਚਿੱਤ ਕਿਉਂ ਉਦਾਸ ਹੈ? ਤੁਹਾਡੇ ਮਨ ਵਿਚ ਕੀ ਚਿੰਤਾ ਹੈ? ਸਤ੍ਰਾਜਿਤ ਨੇ ਕਿਹਾ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਮੇਰੇ ਭਰਾ ਨੂੰ ਮਣੀ ਦੇ ਲਾਲਚ ਵਿਚ ਆਕੇ ਕ੍ਰਿਸ਼ਨ ਜੀ ਨੇ ਮਾਰ ਦਿੱਤਾ ਹੈ, ਕਿਉਂਕਿ ਮੈਂ ਬਥੇਰਾ ਲਭ ਚੁੱਕਾ ਹਾਂ, ਪਰ ਉਹ ਲੱਭਣ ਵਿਚ ਨਹੀਂ ਆਉਂਦਾ। ਇਹ ਗੱਲ ਸੁਣਕੇ ਉਸਨੇ ਅਗੋਂ ਆਪਣੀਆਂ ਸਹੇਲੀਆਂ ਪਾਸ ਦਸ ਦਿੱਤੀ, ਸਹੇਲੀਆਂ ਨੇ ਅਗੋਂ ਆਪੋ ਆਪਣੀ ਘਰੀਂ ਕਹਿ ਦਿਤੀ। ਇਸ ਤਰ੍ਹਾਂ ਚਲਦੀ ਚਲਦੀ ਇਹ ਗੱਲ ਕ੍ਰਿਸ਼ਨ ਜੀ ਦੇ ਪਾਸ ਜਾ ਪਹੁੰਚੀ ਕਿ ਸਤ੍ਰਾਜਿਤ ਨੇ ਸਾਡੇ ਪਰ ਆਪਣੇ ਭਰਾ ਦੀ ਮੌਤ ਦਾ ਕਲੰਕ ਲਗਾ ਦਿੱਤਾ ਹੈ। ਉਸ ਵੇਲੇ ਕ੍ਰਿਸ਼ਨ ਜੀ ਇਸ ਕਲੰਕ ਨੂੰ ਦੂਰ ਕਰਨ ਵਾਸਤੇ ਜਿਸ ਪਾਸੇ ਪ੍ਰਸੇਨ ਸ਼ਿਕਾਰ ਖੇਡਣ ਗਿਆ ਸੀ ਉਸ ਪਾਸੇ ਉਸਦੀ ਤਲਾਸ਼ ਵਾਸਤੇ ਚਲ ਪਏ।

ਅਗੇ ਜੰਗਲ ਵਿਚ ਜਾਂਦਿਆਂ ਹੋਇਆ ਪ੍ਰਸੇਨ ਦੀ ਲਾਸ਼ ਪਈ ਦੇਖੀ ਅਰ ਸ਼ੇਰ ਦੇ ਪੈਰਾਂ ਦੇ ਖੁਰ ਦੇਖੇ, ਇਸ ਤੋਂ ਨਿਸਚੇ ਹੋ ਗਿਆ ਕਿ ਇਸਨੂੰ ਸ਼ੇਰ ਨੇ ਮਾਰ ਦਿੱਤਾ ਹੈ। ਉਸ ਤੋਂ ਅਗੇ ਤਾਂ ਸ਼ੇਰ ਭੀ ਮਰਿਆ ਪਿਆ ਦੇਖਿਆ ਤੇ ਭਾਲੂ ਦੇ ਪੈਰਾਂ ਦੇ ਨਿਸ਼ਾਨ ਦੇਖੇ, ਜਿਸ ਤੋਂ ਨਿਸਚੇ ਹੋ ਗਿਆ ਕਿ ਇਸ

ਜਗ੍ਹਾ ਸ਼ੇਰ ਦਾ ਤੇ ਭਾਲੂ ਦਾ ਆਪਸ ਵਿਚ ਟਾਕਰਾ ਹੋਇਆ ਹੈ ਭਾਲੂ ਨੇ ਸ਼ੇਰ ਨੂੰ ਮਾਰ ਦਿੱਤਾ ਹੈ। ਤਦ ਉਸਦੇ ਖੁਰੇ ਨੂੰ ਲੈ ਕੇ ਕ੍ਰਿਸ਼ਨ ਜੀ ਚਲਦੇ ਗਏ। ਚਲਦਿਆਂ ਚਲਦਿਆਂ ਇਕ ਪਹਾੜ ਦੀ ਗੁਫਾ ਵਿਚ ਜਾ ਵੜੇ, ਉਸ ਗੁਫਾ ਵਿਚ ਸੂਰਜ ਸਮਾਨ ਪ੍ਰਕਾਸ਼ ਹੋ ਰਿਹਾ ਹੈ। ਜਾਂ ਅਗੇ ਗਏ ਤਾਂ ਉਹ ਮਣੀ ਵੇਖ ਲਈ ਤੇ ਜਾਮਵੰਤ ਭਾਲੂ ਨੇ ਕ੍ਰਿਸ਼ਨ ਜੀ ਨੂੰ ਗੁਫਾ ਵਿਚ ਆਉਂਦਾ ਵੇਖ ਲਿਆ ਤਾਂ ਉਹ ਬੜਾ ਕਰੋਧਵਾਨ ਹੋ ਗਿਆ। ਫਿਰ ਦੋਹਾਂ ਦਾ ਆਪਸ ਵਿਚ ਬੜਾ ਭਾਰੀ ਜੰਗ ਸ਼ੁਰੂ ਹੋ ਗਿਆ, ਲਗਾਤਾਰ ੨੮ ਦਿਨ ਜੰਗ ਹੁੰਦਾ ਰਿਹਾ ਦੋਹਾਂ ਵਿਚੋਂ ਕੋਈ ਨਾ ਹਾਰਿਆ, ਆਖਰ ਕ੍ਰਿਸ਼ਨ ਜੀ ਨੇ ਵਿਚਾਰਿਆ ਕਿ ਇਹ ਸ੍ਰੀ ਰਾਮਚੰਦ੍ਰ ਜੀ ਦਾ ਉਪਾਸ਼ਕ ਹੈ, ਓਹੀ ਰੂਪ ਧਾਰੀਏ ਤਾਂ ਇਹ ਨਿਵੇਂਗਾ ਤੇ ਜੰਗ ਦੀ ਸਮਾਪਤੀ ਹੋਵੇਗੀ।

ਇਉਂ ਵਿਚਾਰਕੇ ਜਦ ਕ੍ਰਿਸ਼ਨ ਜੀ ਨੇ ਸ੍ਰੀ ਰਾਮਚੰਦ੍ਰ ਜੀ ਦਾ ਰੂਪ ਧਾਰਿਆ ਤਾਂ ਜਾਮਵੰਤ [ਭਾਲੂ] ਸਭ ਹਥਿਆਰ ਛਡ ਕੇ ਚਰਨਾਂ ਪਰ ਡਿਗ ਪਿਆ। ਆਪਣੇ ਕੀਤੇ ਵਧੀਕ ਕਰਮ ਦੀ ਮੁਆਫੀ ਮੰਗੀ ਅਰ ਆਪਣੀ ਲੜਕੀ ਜਾਮਵੰਤੀ ਦਾ ਵਿਆਹ ਕ੍ਰਿਸ਼ਨ ਜੀ ਦੇ ਨਾਲ ਕਰ ਦਿੱਤਾ। ਵਿਆਹ ਸਮੇਂ ਉਸ ਮਣੀ ਨੂੰ ਦਾਜ ਵਿਚ ਰੱਖਕੇ ਕ੍ਰਿਸ਼ਨ ਜੀ ਅਰਪਣ ਕਰ ਦਿੱਤਾ। ਜਾਮਵੰਤੀ ਤੇ ਮਣੀ ਨੂੰ ਲੈ ਕੇ ਕ੍ਰਿਸ਼ਨ ਜੀ ਆਪਣੇ ਮੰਦਰਾਂ ਵਿਚ ਆ ਗਏ ਤੇ ਸਤ੍ਰਾਜਿਤ ਨੂੰ ਆਪਣੇ ਪਾਸ ਬੁਲਾਕੇ ਪ੍ਰਸੇਨ ਦੇ ਮਰਨ ਦਾ ਤੇ ਮਣੀ ਗੁਆਚਣ ਦਾ ਸਾਰਾ ਹਾਲ ਸੁਣਾਕੇ ਉਹ ਮਣੀ ਸਤ੍ਰਾਜਿਤ ਨੂੰ ਵਾਪਸ ਦੇ ਕੇ ਕਿਹਾ ਕਿ ਤੈਨੇ ਐਵੇਂ ਹੀ ਬਿਨਾਂ ਕਾਰਨ ਤੋਂ ਸਾਨੂੰ ਦੋਸ਼ ਲਗਾਉਣਾ ਕੀਤਾ ਹੈ, ਤੇਰੇ ਲਈ ਇਹ ਚੰਗਾ ਨਹੀਂ ਉਸ ਵੇਲੇ ਸਤ੍ਰਾਜਿਤ ਨੇ ਸ਼ਰਮਸਾਰ ਹੋਕੇ ਮਣੀ ਲੈ ਲਈ ਅਰ ਆਪਣੀ ਗਲਤੀ ਮਹਿਸੂਸ ਕਰਦਿਆਂ ਹੋਇਆਂ ਬੜਾ ਭਾਰੀ ਪਸ਼ਚਾਤਾਪ ਕੀਤਾ। ਬਾਅਦ ਵਿਚ ਕ੍ਰਿਸ਼ਨ ਜੀ ਦੀ ਪ੍ਰਸੰਨਤਾ ਲੈਣ ਵਾਸਤੇ ਸਤ੍ਰਾਜਿਤ ਨੇ ਆਪਣੀ ਕੰਨਿਆਂ 'ਸਤਭਾਮਾ' ਦਾ ਵਿਆਹ ਕ੍ਰਿਸ਼ਨ ਜੀ ਨਾਲ ਕਰ ਦਿੱਤਾ, ਮਣੀ ਭੀ ਦਾਜ ਵਿਚ ਰਖਕੇ ਕ੍ਰਿਸ਼ਨ ਜੀ ਜੋਗ ਅਰਪਣ ਕਰ ਦਿਤੀ, ਪਰੰਤੂ ਉਹ ਮਣੀ ਕ੍ਰਿਸ਼ਨ ਜੀ ਨੇ ਆਪਣੇ ਪਾਸ ਨਹੀਂ ਰਖੀ, ਇਹ ਗੱਲ ਕਹਿਕੇ ਉਸਨੂੰ ਵਾਪਸ ਦੇ ਦਿੱਤੀ ਕਿ ਤੈਨੇ ਸੂਰਜ ਦੀ ਉਪਾਸ਼ਨਾਂ ਕਰਕੇ ਲੀਤੀ ਹੈ, ਦੇਵਤੇ ਦੀ ਦਿੱਤੀ ਹੋਈ ਵਸਤੂ ਨੂੰ ਅਸੀਂ ਅੰਗੀਕਾਰ ਨਹੀਂ ਕਰਦੇ, ਇਸ ਤਰ੍ਹਾਂ ਨਾਲ ਮਣੀ ਵਾਪਸ ਦੇ ਕੇ ਤੇ ਸਤਭਾਮਾ ਨੂੰ ਨਾਲ ਲੈ ਕੇ ਆਪਣੇ ਮੰਦਰਾਂ ਵਿਚ ਆ ਪਹੁੰਚੇ। ਇਸ ਸਾਰੇ ਪ੍ਰਸੰਗ ਦੇ ਕਹਿਣ ਦਾ ਭਾਵ ਇਹ ਹੈ ਕਿ ਚਾਹੇ ਕੋਈ ਭੀ ਪੁਰਸ਼ ਭਾਦਰੋਂ ਸੁਦੀ ਚੌਥ ਦੇ ਚੰਦਰਮਾਂ ਨੂੰ ਦੇਖ ਲਏ ਤਾਂ ਉਸ ਨੂੰ ਕੋਈ ਨਾ ਕੋਈ ਕਲੰਕ ਜ਼ਰੂਰ ਲੱਗ ਜਾਂਦਾ ਹੈ ਜਿਵੇਂ ਕ੍ਰਿਸ਼ਨ ਜੀ ਨੂੰ ਲੱਗਾ ਹੈ,

ਯਥਾ—ਚਾਂਦ ਚੌਥ ਕੋ ਦੇਖਿਓ ਮੋਹਨ ਭਾਦਰੋਂ ਮਾਸ।
ਤਾਂਤੇ ਲਗਿਓ ਕਲੰਕ ਜਿਹ ਮਨ ਅਤਿ ਭਜੋ ਉਦਾਸ।

[ਭਾਗਵਤ ਪੁਰਾਣ ਸਕੰਧ ੧੦ ਧਿਆ ੫੭]

[ਵੀਚਾਰ] ਅਸੰਖ ਹੀ ਪ੍ਰਕਾਰ ਦਾ ਵੀਚਾਰ ਹੈ। ਅਸੰਖ ਹੀ ਵਿਚਾਰ ਦੇ ਕਰਨ ਵਾਲੇ ਹਨ। ਅਸੰਖ ਹੀ ਵਿਚਾਰ ਦੀ ਵਿਧੀ ਹੈ। ਅਸੰਖ ਹੀ ਵੀਚਾਰ ਦਾ ਫਲ ਹੈ।

ਵਾ:- ਅਸੰਖ ਹੀ ਐਸੇ ਭਗਤ ਹਨ ਜੋ ਸ਼ੁਭ ਗੁਣਾਂ ਨੂੰ ਵਿਚਾਰਕੇ ਗਿਆਨ ਪ੍ਰਾਪਤ ਹੁੰਦੇ ਹਨ।

ਵਾ:-ਗਿਆਨ ਆਦੀ ਗੁਣਾਂ ਨੂੰ ਵੀਚਾਰਦੇ ਹਨ।

ਅਸੰਖ ਸਤੀ ਅਸੰਖ ਦਾਤਾਰ॥

[ਸਤੀ] ਅਸੰਖ ਹੀ ਪ੍ਰਕਾਰ ਦਾ ਸਤ ਹੈ। ਅਸੰਖ ਹੀ ਸਤਿ ਦੇ ਧਾਰਨ ਵਾਲੇ ਸਤਵਾਦੀ ਹਨ। ਅਸੰਖ ਹੀ ਸਤ ਦੀ ਵਿਧੀ ਹੈ। ਅਸੰਖ ਹੀ ਸਤ ਦਾ ਫਲ ਹੈ।

[ਦਾਤਾਰ] ਅਸੰਖ ਦਾਤਾਂ ਹਨ। ਅਸੰਖ ਹੀ ਦਾਤਾਂ ਦੇ ਦੇਣ ਵਾਲੇ ਹਨ।

ਅਸੰਖ ਹੀ ਦਾਤਾਂ ਦੇ ਦੇਣ ਦੀ ਵਿਧੀ ਹੈ।ਅਸੰਖ ਹੀ ਦਾਤਾਂ ਦੇ ਦੇਣ ਦਾ ਫਲ ਹੈ।

ਅਸੰਖ ਸੂਰ ਮੁਹ ਭਖ ਸਾਰ॥

[ਸੂਰ] ਅਨਗਿਣਤ ਹੀ ਮਹਾਤਮਾਂ ਰੂਪੀ ਸੂਰਬੀਰ ਹਨ ਜੋ ਮੂੰਹ ਦਵਾਰਾ ਸਾਰ=ਆਤਮ ਵਸਤੂ ਨੂੰ ਭਖ=ਉਚਾਰਦੇ ਹਨ।

ਅਥਵਾ:-[ਸਾਰ] ਲੋਹੇ ਵਾਂਗ ਕਠਨ ਜੋ ਮੋਹ ਆਦਿਕ ਹਨ ਉਸਨੂੰ ਭੱਖਣ ਕਰਦੇ ਹਨ।

ਵਾ-ਜੋ ਮੋਹ ਸਾਰਿਆਂ ਨੂੰ ਸਾਰ=ਸਾੜਦਾ ਹੈ, ਉਸ ਨੂੰ ਅਨਗਿਣਤ ਮਹਾਤਮਾ ਰੂਪ ਸੂਰਮੇ ਭੱਖਣ ਕਰਦੇ ਹਨ।

ਸਾਖੀ-ਰਾਜੇ ਨਿਰਮੋਹ ਦੇ ਪੁੱਤਰ ਦੀ

ਰਾਜੇ 'ਨਿਰਮੋਹ' ਦਾ ਪੁੱਤਰ ਇਕ ਦਿਨ ਜੰਗਲ ਵਿਚ ਜਾਂਦਾ ਹੋਇਆ ਇਕ ਮਹਾਤਮਾ ਦੀ ਝੋਂਪੜੀ ਵੇਖ ਕੇ ਪਾਸ ਚਲਾ ਗਿਆ ਤੇ ਸੰਤਾਂ ਨੂੰ ਨਮਸ਼ਕਾਰ ਕਰਕੇ ਪਾਸ ਬੈਠ ਗਿਆ। ਮਹਾਤਮਾ ਨੇ ਪੁੱਛਿਆ, ''ਤੂੰ ਕਿਸ ਦਾ ਪੁੱਤ੍ਰ ਹੈਂ?'' ਰਾਜ ਪੁੱਤ੍ਰ ਨੇ ਕਿਹਾ-''ਮੈ ਰਾਜੇ 'ਨਿਰਮੋਹ ਦਾ ਪੁੱਤਰ ਹਾਂ।''

ਇਹ ਗੱਲ ਸੁਣ ਕੇ ਮਹਾਤਮਾ ਨੇ ਕਿਹਾ, ਐਵੇਂ ਆਪਣਾ ਨਾਮ 'ਨਿਰਮੋਹ' ਰੱਖਿਆ ਹੋਣਾ ਹੈ। ਰਾਜਾ ਕੀ, ਤੇ ਨਿਰਮੋਹ ਹੋਣਾ ਕੀ।

ਰਾਜ ਪੁੱਤਰ ਨੇ ਕਿਹਾ-ਸੰਤ ਜੀ ! ਜੇ ਯਕੀਨ ਨਹੀਂ ਹੈ ਭਾਂ ਜਿਵੇਂ ਮਰਜ਼ੀ ਆਵੇ ਪਤੀਆਵਾ ਕਰ ਲਓ। ਸੰਤਾਂ ਨੇ ਕਿਹਾ, ''ਤੂੰ ਆਪਣੇ ਕਪੜੇ ਲਾਹ ਕੇ ਸਾਨੂੰ ਦੇਹ ਅਤੇ ਜਿਤਨਾ ਚਿਰ ਅਸੀਂ ਵਾਪਸ ਨਾ ਆਈਏ ਉਤਨਾ ਚਿਰ ਤੂੰ ਇਥੇ ਹੀ ਬੈਠਾ ਰਹੁ।'' ਰਾਜ ਪੁੱਤਰ ਚੰਗਾ ਕਹਿ ਕੇ ਝੋਂਪੜੀ ਵਿਚ ਬੈਠ ਗਿਆ।

ਸੰਤ ਨੇ ਉਸ ਦੇ ਕਪੜੇ ਲੈ ਕੇ ਬਣ ਵਿਚ ਇਕ ਸ਼ਿਕਾਰੀ ਨਾਲ ਮਿਲ ਕੇ ਲਹੂ ਨਾਲ ਭਿਉਂਕੇ ਉਸ ਦੇ ਪਿਤਾ ਰਾਜੇ 'ਨਿਰਮੋਹ' ਨੂੰ ਜਾ ਕੇ ਕਿਹਾ, ''ਤੇਰੇ ਪੁੱਤਰ ਨੂੰ ਸ਼ੇਰ ਨੇ ਮਾਰ ਦਿੱਤਾ ਹੈ ਮੇਰੀ ਕੁਟੀਆ ਦੇ ਅੱਗੇ ਪਿਆ ਹੈ, ਇਹ ਉਸ ਦੇ ਕਪੜੇ ਹਨ, ਚੰਗੀ ਤਰ੍ਹਾਂ ਵੇਖ ਲੈ।'' ਰਾਜੇ ਸਿਵਾਣ ਕੇ ਕਿਹਾ,

''ਠੀਕ ਹੈ, ਪਰ ਜੀਵਾਂ ਦੇ ਸੰਜੋਗ ਪ੍ਰਾਰਬਧ ਦੇ ਅਧੀਨ ਹਨ। ਪ੍ਰਾਰਬਧ ਦੇ ਮੁੱਕਣ ਪਰ ਵਿਛੋੜਾ ਹੋ ਜਾਂਦਾ ਹੈ। ਕੋਈ ਡਰ ਨਹੀਂ, ਉਸ ਦੀ ਭਵਿੱਖਤ ਹੀ ਐਸੇ ਹੋਣੀ ਹੈ, ਚਿੰਤਾ ਵਾਲੀ ਗੱਲ ਨਹੀਂ।

ਸੰਤ ਜੀ ਹੈਰਾਨ ਹੋ ਕੇ ਆਖਦੇ ਹਨ ਕਿ ਨੌਜਵਾਨ ਪੁੱਤਰ ਮਰ ਗਿਆ ਹੈ ਪਰ ਇਸ ਦੇ ਚਿਤ ਵਿਚ ਨਾ ਕੋਈ ਚਿੰਤਾ, ਨਾ ਹੈਰਾਨੀ, ਨਾ ਹੀ ਕੋਈ ਅੱਖਾਂ ਵਿੱਚੋਂ ਹੰਝੂ ਕਿਰਿਆ ਹੈ। ਠੀਕ ਇਹ ਰਾਜਾ ਨਿਰਮੋਹ ਹੈ।

ਫਿਰ ਉਸ ਦੇ ਚਿਤ ਵਿਚ ਖਿਆਲ ਆਇਆ ਕਿ ਬਾਕੀ ਦੇ ਪ੍ਰਵਾਰ ਨੂੰ ਭੀ ਦੇਖ ਲਈਏ।

ਰਾਜ ਪੁੱਤਰ ਦੀ ਮਾਂ ਪਾਸ ਆ ਕੇ ਲਹੂ ਨਾਲ ਭਿੱਜੇ ਹੋਏ ਕਪੜੇ ਵਿਖਾ ਕੇ ਆਖਦਾ ਹੈ, ''ਤੇਰੇ ਪੁੱਤਰ ਨੂੰ ਸ਼ੇਰ ਮਾਰ ਗਿਆ ਹੈ।'' ਅੱਗੋਂ ਮਾਂ ਨੇ ਕਿਹਾ, ''ਜਿਵੇਂ ਰਾਤ ਨੂੰ ਬ੍ਰਿਛ ਪਰ ਪੰਛੀ ਬੈਠਦੇ ਹਨ ਦਿਨ ਚੜ੍ਹਨ ਨਾਲ ਕੋਈ ਕਿਧਰੇ ਕੋਈ ਕਿਧਰੇ ਉੱਡ ਜਾਂਦਾ ਹੈ, ਤਿਵੇਂ ਇਹ ਸੰਸਾਰ ਹੈ ਇਸ ਗ੍ਰਿਹਸਤ ਰੂਪ ਬ੍ਰਿਛ ਪਰ ਅਵਸਥਾ ਰੂਪ ਰਾਤ ਦੇ ਸੰਜੋਗ ਨਾਲ ਜੀਵਾਂ ਰੂਪ ਪੰਛੀਆਂ ਦਾ ਇਕੱਠ ਹੈ। ਕਾਲ ਰੂਪ ਦਿਨ ਦੇ ਚੜ੍ਹਨ ਨਾਲ ਆਪੋ ਆਪਣੇ ਰਸਤੇ ਸਭ ਤੁਰ ਜਾਂਦੇ ਹਨ। ਇਸ ਕਰਕੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ।''

ਫਿਰ ਉਹ ਸੰਤ ਉਸ ਦੀ ਇਸਤ੍ਰੀ ਪਾਸ ਗਿਆ ਉਸ ਨੂੰ ਭੀ ਕਪੜੇ ਵਿਖਾ ਕੇ ਆਖਦਾ ਹੈ ਤੇਰੇ ਪਤੀ ਨੂੰ ਸ਼ੇਰ ਨੇ ਮਾਰ ਦਿੱਤਾ ਹੈ।

ਅੱਗੋਂ ਉਸ ਨੇ ਕਿਹਾ-''ਪਰਮੇਸ਼ਰ ਦੇ ਹੁਕਮ ਵਿਚ ਜੋ ਹੋ ਗਿਆ ਹੈ ਠੀਕ ਹੈ, ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਇਹ ਸਬੰਧੀਆਂ ਦਾ ਸੰਜੋਗ ਤਾਂ ਇਸ ਤਰ੍ਹਾਂ ਹੈ, ਜਿਵੇਂ ਦਰਿਆ ਪਰ ਬੇੜੀ ਵਿਚ ਪੂਰ ਇਕੱਠਾ ਹੋਇਆ ਹੁੰਦਾ ਹੈ। ਜਿਸ ਵੇਲੇ ਬੇੜੀ ਕੰਢੇ ਲੱਗਦੀ ਹੈ ਕੋਈ ਕਿਸੇ ਤਰਫ ਕੋਈ ਕਿਸੇ ਤਰਫ ਚਲਾ ਜਾਂਦਾ ਹੈ। ਜਿਹੜਾ ਕੋਈ ਉਤਨੇ ਸਮੇਂ ਲਈ ਆਪਸ ਵਿਚ ਮੋਹ ਕਰਦਾ ਹੈ ਉਹ ਮੂਰਖ ਹੈ।''

ਇਹ ਗੱਲਾਂ ਸੁਣ ਕੇ ਸੰਤ ਬੜਾ ਹੈਰਾਨ ਹੋਇਆ। ਆਪਣੀ ਝੋਂਪੜੀ ਵਿਚ ਜਾ ਕੇ ਰਾਜ ਪੁੱਤ੍ਰ ਨੂੰ ਆਖਦਾ ਹੈ ਤੂੰ ਧੰਨ ਹੈਂ! ਤੁਹਾਡਾ ਸਾਰਾ ਪ੍ਰਵਾਰ ਭੀ ਧੰਨ ਹੈ ਜੋ ਰਾਜ-ਭਾਗ ਦੇ ਵਿਚ ਰਹਿ ਕੇ ਸਾਰਾ ਪ੍ਰਵਾਰ ਹੀ ਨਿਰਮੋਹ ਹੈ।

ਏਥੋਂ ਤਕ ਸਾਂਤਕੀ ਸ੍ਰਿਸ਼ਟੀ ਦਾ ਵਰਣਨ ਕੀਤਾ ਹੈ।

ਏਸੇ ਤੁਕ ਦੇ ਦੂਸਰੇ ਅਰਥ ਵਿਚ ਰਾਜਸੀ ਸ੍ਰਿਸ਼ਟੀ ਕਥਨ ਕਰਦੇ ਹਨ।

ਅਸੰਖ=ਅਨਗਣਿਤ ਐਸੇ ਸੂਰਬੀਰ ਯੋਧੇ ਹਨ ਜੋ ਜੰਗ ਦੇ ਵਿਚ ਮੂੰਹ ਉਤੇ ਸਾਰ=ਲੋਹੇ ਭਾਵ ਸ਼ਾਸਤ੍ਰਾਂ ਨੂੰ ਭਖ=ਸਹਾਰਦੇ ਹਨ, ਕਿਉਂਕਿ ਸੂਰਮੇ ਪ੍ਰਸੰਨ ਹੀ ਤਾਂ ਹੁੰਦੇ ਹਨ ਜੇ ਉਹ ਜੰਗ ਭੂਮੀ ਵਿਚ ਸ਼ਸਤ੍ਰਾਂ ਨੂੰ ਮਾਰ ਕੇ ਆਪ ਭੀ ਸ਼ਸਤ੍ਰ ਖਾ ਕੇ ਮਰ ਜਾਣ।

ਜਿਵੇਂ ਕਲਗੀਧਰ ਜੀ ਫੁਰਮਾਉਂਦੇ ਹਨ-

ਸ੍ਵੈਯਾ॥ ਦੇਹਿ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿੱਖ ਹੋਂ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥ ੨੩੧॥

[ਪਾ: ੧੦ ਚੰਡੀ ਚਰਿੱਤਰ, ਪੰਨਾ ੯੯]

ਅਸੰਖ ਮੋਨਿ ਲਿਵ ਲਾਇ ਤਾਰ॥

[ਮੋਨਿ] ਅਸੰਖ ਹੀ ਪ੍ਰਕਾਰ ਦੀ ਮੋਨ ਹੈ।

ਅਸੰਖ ਹੀ ਮੋਨ ਦੇ ਧਾਰਨ ਵਾਲੇ ਮੋਨੀ ਹਨ।

ਅਸੰਖ ਹੀ ਮੋਨ ਦੇ ਧਾਰਨ ਦੀ ਵਿਧੀ ਹੈ।

ਅਸੰਖ ਹੀ ਮੋਨ ਦੇ ਧਾਰਨ ਦਾ ਫਲ ਹੈ।

[ਲਿਵ ਲਾਇ ਤਾਰ॥] ਜੋ ਲਿਵ ਨੂੰ ਲਗਾ ਕੇ ਆਪ ਤਰਦੇ ਅਤੇ ਹੋਰਨਾਂ ਨੂੰ ਤਾਰ=ਤਾਰਦੇ ਹਨ। ਵਾ-ਅਸੰਖ=ਅਨਗਣਿਤ ਐਸੇ ਮੋਨੀ ਹਨ ਜੋ ਤਾਰ=ਤੇਲ ਧਾਰਾ ਵਾਂਙੂ ਇਕ ਰਸ ਲਿਵ ਨੂੰ ਲਗਾਉਂਦੇ ਹਨ।

-ਦੂਜਾ ਅਰਥ-

ਪ੍ਰਸ਼ਨ-ਉਸ ਦੇ ਜਪ ਦਾ ਮਹਾਤਮ ਦੱਸੋ। ਗੁਰ ਉੱਤਰ

[ਅਸੰਖ ਜਪ] ਅਨਗਣਿਤ ਰੂਪ ਪ੍ਰਮਾਤਮਾ ਦੇ ਨਾਮ ਨੂੰ ਜਿਸ ਪੁਰਸ਼ ਨੇ ਜਪਿਆ ਹੈ।

[ਅਸੰਖ ਭਾਉ॥] ਉਸ ਨੂੰ ਅਸੰਖ ਰੂਪ ਪ੍ਰਮਾਤਮਾ ਭਾਉ=ਪ੍ਰੇਮ ਬਖਸ਼ਦਾ ਹੈ।

ਵਾ-ਅਸੰਖ ਜੀਵ ਉਸ ਵਿਖੇ ਭਾਉ= ਪ੍ਰੇਮ ਕਰਦੇ ਹਨ।*

[ਅਸੰਖ ਪੂਜਾ] ਅਸੰਖ ਰੂਪ ਪਰਮਾਤਮਾ ਦੇ ਨਾਮ ਨੂੰ ਜਿਸ ਨੇ ਜਪਿਆ ਹੈ ਉਸ ਨੇ ਸਭ ਪੂਜਾ ਕਰ ਲਈਆਂ ਹਨ। ਅਤੇ

[ਅਸੰਖ ਤਪ ਤਾਉ॥] ਅਸੰਖ ਹੀ ਜਪ ਤਪ ਵਗੈਰਾ ਸਾਧਨ ਤਾਉ=ਕਰ ਲਏ ਹਨ।

ਵਾ-ਬਿਅੰਤ ਪੁਰਸ਼ ਉਸ ਨਾਮ ਜਪਣ ਵਾਲੇ ਦੀ ਪੂਜਾ ਕਰਦੇ ਹਨ।

[ਅਸੰਖ ਗ੍ਰੰਥ ਮੁਖਿ ਵੇਦ ਪਾਠ॥] ਅਸੰਖ ਰੂਪ ਪਰਮਾਤਮਾ ਦੇ ਨਾਮ ਨੂੰ ਜਿਸ ਨੇ ਜਪਿਆ ਹੈ,

---

*'ਜਪ' ਪਦ ਨੂੰ ਹਰ ਇਕ ਅਸੰਖ ਦੇ ਨਾਲ ਲਗਾਈ ਜਾਣਾ। ਤਾਂ ਹੀ ਅਰਥ ਠੀਕ ਬਣੇਗਾ।

ਉਸ ਨੇ ਸਾਰੇ ਗ੍ਰੰਥ ਪੜ੍ਹ ਲਏ ਹਨ, ਅਤੇ ਮੁਖੀ ਜੋ ਵੇਦ ਪਾਠ ਹੈ ਉਹ ਭੀ ਕਰ ਲਿਆ ਹੈ।

ਵਾ-ਵੇਦ ਪਾਠ ਅੰਤਰ, ਜੋ ਮੁੱਖ ਉਪਨਿਸ਼ਦਾਂ ਹਨ ਉਹ ਸਭ ਪੜ੍ਹ ਲਈਆਂ ਹਨ।

ਵਾ-ਅਸੰਖ ਰੂਪ ਦੇ ਨਾਮ ਨੂੰ ਜਪ ਕੇ ਜਿਸ ਨੇ ਮੁਖੀ ਬ੍ਰਹਮ ਨੂੰ ਵੇਦ=ਜਾਣਿਆਂ ਹੈ, ਉਸ ਨੇ ਚਿਦ ਜੜ੍ਹ ਦੀ ਗਰੰਥ=ਗੰਢ ਨੂੰ ਪਾਠ=ਪਾੜ ਦਿੱਤਾ ਹੈ।

[ਅਸੰਖ ਜੋਗ ਮਨਿ ਰਹਹਿ ਉਦਾਸ।।] ਅਸੰਖ ਰੂਪ ਪਰਮਾਤਮਾ ਦੇ ਨਾਮ ਨੂੰ ਜਿਸ ਨੇ ਜਪਿਆ ਹੈ ਉਸ ਨੇ ਹਠ ਜੋਗ ਕਰ ਲਿਆ ਹੈ ਅਤੇ ਉਸ ਦਾ ਮਨ ਵਿਸ਼ਿਆਂ ਵੱਲੋਂ ਉਦਾਸ ਰਹਿੰਦਾ ਹੈ।

ਅਥਵਾ-ਅਸੰਖ ਰੂਪ ਪਰਮਾਤਮਾ ਦੇ ਜਾਪ ਵਿਚ ਜਿਸ ਨੇ ਜੋਗ=ਜੁੜਨਾ ਕੀਤਾ ਹੈ ਉਸ ਦਾ ਮਨ ਪਦਾਰਥਾਂ ਤੋਂ ਉਦਾਸ ਰਹਿੰਦਾ ਹੈ।

[ਅਸੰਖ ਭਗਤ ਗੁਣ ਗਿਆਨ ਵੀਚਾਰ।।] ਅਸੰਖ ਰੂਪ ਪਰਮਾਤਮਾ ਦੇ ਨਾਮ ਨੂੰ ਜਿਸ ਨੇ ਜਪਿਆ ਹੈ ਉਸ ਅਸਲੀ ਭਗਤ ਅਤੇ 'ਗੁਣ ਗਿਆਨ'=ਸ਼ੁਭ ਗੁਣਾਂ ਦਾ ਗਿਆਤਾ ਵਿਚਾਰਿਆ ਜਾਂਦਾ ਹੈ।

ਵਾ-ਅਸੰਖ ਰੂਪ ਪਰਮਾਤਮਾ ਦੇ ਨਾਮ ਨੂੰ ਜਿਸ ਨੇ ਵਿਚਾਰਿਆ ਹੈ ਉਸ ਨੂੰ ਭਗਤੀ ਅਤੇ ਗਿਆਨ ਆਦਿਕ ਸ਼ੁਭ ਗੁਣ ਪ੍ਰਾਪਤ ਹੁੰਦੇ ਹਨ।

[ਅਸੰਖ ਸਤੀ ਅਸੰਖ ਦਾਤਾਰ।।] ਅਸੰਖ ਰੂਪ ਪਰਮਾਤਮਾ ਦੇ ਅਸੰਖ=ਅਨਗਿਣਤ ਨਾਮਾਂ ਨੂੰ ਜਿਨ੍ਹਾਂ ਨੇ ਜਪਿਆ ਹੈ ਉਹ ਅਸਲ ਸਤੀ=ਸਤਵਾਦੀ ਅਤੇ ਦਾਤੇ ਹਨ।

[ਅਸੰਖ ਸੂਰ ਮੁਹ ਭਖ ਸਾਰ।।] ਅਸੰਖ ਰੂਪ ਪਰਮਾਤਮਾ ਦੇ ਨਾਮ ਨੂੰ ਜਿਨ੍ਹਾਂ ਨੇ ਜਪਿਆ ਹੈ ਅਤੇ ਮੋਹ ਆਦਿਕਾਂ ਨੂੰ ਭਖ=ਅਭਾਵ ਕਰਕੇ ਸਾਰ=ਸਿਧਾਂਤ ਰੂਪ ਵਸਤੂ ਨੂੰ ਗ੍ਰਹਿਣ ਕੀਤਾ ਹੈ, ਉਹ ਸੂਰ=ਸੂਰਜ ਦੀ ਨਿਆਈ ਤੇਜ ਪ੍ਰਤਾਪ ਵਾਲੇ ਹਨ।

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ॥
ਹਰਿ ਨਾਮੁ ਹਮ ਸੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ॥
ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥ ੧੬॥

[ਪੰਨਾ ੫੯੨]

[ਅਸੰਖ ਮੋਨਿ ਲਿਵ ਲਾਇ ਤਾਰ।।] ਅਸੰਖ ਰੂਪ ਪਰਮਾਤਮਾ ਦੇ ਨਾਮ ਜਪਣੇ ਵਿਖੇ ਜਿਸ ਨੇ ਤਾਰ=ਤੇਲ ਧਾਰਾ ਵਾਂਗ ਇਕ ਰਸ ਲਿਵ ਨੂੰ ਲਗਾਉਣਾ ਕੀਤਾ ਹੈ ਉਸ ਨੇ ਹੰਗਤਾ ਮਮਤਾ ਦੀ ਤਰਫੋਂ ਮੋਨ ਧਾਰਨਾ ਕੀਤੀ ਹੈ!

ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ਤੂ ਸਦਾ ਸਲਾਮਤਿ ਨਿਰੰਕਾਰ॥੧੭॥

ਕੁਦਰਤ ਕੀ ਚੀਜ਼ ਹੈ ਜੋ ਉਸ ਦੇ ਵਿਚਾਰ ਨੂੰ ਕਹਿ ਸਕੇ। ਉਸ ਪ੍ਰਭੂ ਦਾ ਇਕ ਵਾਰ=ਰੋਮ ਵੀ ਕਥਨ ਨਹੀਂ ਕੀਤਾ ਜਾਂਦਾ। ਉਸ ਪ੍ਰਭੂ ਨੂੰ ਜੋ ਗੱਲ ਭਾਉਂਦੀ ਹੈ ਓਹੀ ਕਾਰ ਚੰਗੀ ਹੈ। ਤੂੰ ਐਸੇ ਨਿਸਚੇ ਕਰ ਕਿ ਉਹ ਨਿਰੰਕਾਰ ਸਦਾ ਸਲਾਮਤਿ=ਇਸਥਿਤ ਰੂਪ ਹੈ॥ ੧੭॥

ਸਤਾਰ੍ਹਵੀਂ ਪਉੜੀ ਦੇ ੧੩੮ ਅੱਖਰ ਹਨ।

ਅਠਾਰ੍ਹਵੀਂ ਪਉੜੀ

ਇਸ ਪਉੜੀ ਵਿਚ ਗੁਰੂ ਸਾਹਿਬ ਜੀ ਤਾਮਸੀ ਅਤੇ ਆਸੁਰੀ ਸੰਪਦਾ ਰੂਪ ਸ੍ਰਿਸ਼ਟੀ ਦੇ ਜੀਵਾਂ ਦਾ ਵਰਨਣ ਕਰਦੇ ਹਨ ਜੋ ਪਰਮਾਤਮਾ ਨੂੰ ਮਨ 'ਚੋਂ ਭੁਲਾ ਕੇ ਨਿਤ ਹੀ ਬੁਰੇ ਕਰਮ ਕਰਦੇ ਹਨ।

ਅਸੰਖ ਮੂਰਖ ਅੰਧ ਘੋਰ॥

ਅਨਗਿਣਤ ਹੀ ਪੁਰਸ਼ ਮਨ ਕਰਕੇ ਮੂਰਖ ਹਨ। ਅਨਗਿਣਤ ਹੀ ਪੁਰਸ਼ ਤਨ ਕਰਕੇ ਅੰਨ੍ਹੇ ਹਨ। ਅਨਗਿਣਤ ਹੀ ਪੁਰਸ਼ ਬਾਣੀ ਕਰਕੇ ਘੋਰ ਮੂਰਖ=ਮਹਾਂ ਮੂਰਖ ਹਨ।

ਵਾ-ਅਨਗਿਣਤ ਮੂਰਖ ਹਨ, ਜੋ ਪਹਿਲੇ ਬੇ-ਸਮਝ ਹੋਣ, ਫੇਰ ਸਮਝਾਦਿਆਂ ਕੁਝ ਸਮਝ ਜਾਣ।

ਅਨਗਿਣਤ ਅੰਧ ਮੂਰਖ ਹਨ ਜੋ ਸਮਝਾਇਆਂ ਵੀ ਬਿਲਕੁਲ ਨਾ ਸਮਝਣ।

ਅਨਗਿਣਤ ਘੋਰ ਮੂਰਖ ਹਨ ਜੋ ਸਮਝਾਉਣ ਵਾਲੇ ਉਪਦੇਸ਼ਟਾ ਗੁਰਮੁਖ-ਜਨਾਂ ਨੂੰ ਐਸੇ ਆਖਦੇ ਹਨ ਕਿ ਹੋਰ ਤਾਂ ਸਾਡੇ ਪਾਸੋਂ ਕੁਝ ਨਹੀਂ ਹੁੰਦਾ ਤੁਹਾਡੀ ਪੂਛ ਫੜ ਕੇ ਪਾਰ ਹੋ ਜਾਵਾਂਗੇ, ਇਸ ਤਰ੍ਹਾਂ ਸਮਝਾਉਣ ਵਾਲੇ ਨੂੰ ਸਗੋਂ ਪਸ਼ੂ ਬਣਾ ਦੇਂਦੇ ਹਨ।

ਵਾ:- ਤੀਸਰਾ ਅਰਥ ਸਾਖੀ ਦੇ ਅਨੁਸਾਰ ਲੱਗੇਗਾ।

ਸਾਖੀ—ਮਹਾਂ ਮੂਰਖਾਂ ਦੀ

ਇਕ ਆਦਮੀ ਦੇ ਦੋ ਲੜਕੇ ਸਨ। ਉਹਨਾਂ ਦਾ ਕੋਈ ਸ਼ਬੰਧੀ ਮਰ ਗਿਆ ਤਾਂ ਪਿਤਾ ਨੇ ਆਪਣੀ ਜਗ੍ਹਾ ਆਪਣੇ ਵੱਡੇ ਲੜਕੇ ਨੂੰ ਅਫਸੋਸ ਕਰਨ ਵਾਸਤੇ ਭੇਜਿਆ। ਉਸ ਲੜਕੇ ਨੂੰ ਪ੍ਰਚਾਉਣ ਦਾ ਵੱਲ ਨਾ ਆਉਣ ਕਰ ਕੇ ਬਿਨਾਂ ਅਫਸੋਸ ਕੀਤੇ ਦੇ ਹੀ ਸਬੰਧੀਆਂ ਦੇ ਘਰ ਬੈਠ ਕੇ ਚੁਪ ਕੀਤਾ ਹੀ ਵਾਪਸ ਮੁੜ ਆਇਆ।

ਪਿਤਾ ਨੇ ਪੁੱਛਿਆ-"ਬੁਲਾ ਆਇਆ ਹੈਂ?"

ਲੜਕੇ ਨੇ ਕਿਹਾ-"ਪਿਤਾ ਜੀ! ਮੈਂ ਉਹਨਾਂ ਨੂੰ ਆਖਿਆ ਕੁਝ ਭੀ ਨਹੀਂ ਚੁਪ ਕਰਕੇ ਹੀ ਬੈਠਾ ਰਿਹਾ ਸਾਂ ਤੇ ਚੁਪ ਚੁਪਾਤਾ ਹੀ ਉੱਠ ਕੇ ਆ ਗਿਆ ਹਾਂ।

ਇਹ ਗੱਲ ਸੁਣ ਕੇ ਫੇਰ ਉਸ ਨੇ ਛੋਟੇ ਪੁੱਤਰ ਨੂੰ ਭੇਜਿਆ ਕਿ ਤੂੰ ਜਾ ਕੇ ਅਫਸੋਸ ਕਰ ਆ।

ਜਾਣ ਲੱਗਿਆਂ ਉਸ ਨੇ ਪੁੱਛਿਆ-ਕਿ ਪਿਤਾ ਜੀ ! ਉਥੇ ਜਾ ਕੇ ਮੈਂ ਕੀ ਕਹਾਂ?

ਪਿਤਾ ਨੇ ਕਿਹਾ, "ਜਿਸ ਤਰ੍ਹਾਂ ਹੋਰ ਲੋਕ ਉਥੇ ਅਫਸੋਸ ਦੀਆਂ ਗੱਲਾਂ ਕਰਦੇ ਹੋਣਗੇ ਉਸੇ ਤਰ੍ਹਾਂ ਤੂੰ ਵੀ ਕਰ ਆਵੀਂ।"

ਜਦ ਉਹ ਲੜਕਾ ਗਿਆ ਤਾਂ ਮਰਨ ਵਾਲੇ ਦੇ ਦੁਸ਼ਮਣ ਉਨ੍ਹਾਂ ਦੇ ਘਰ ਤੋਂ ਬਾਹਰ ਖੜੇ ਹੋ ਕੇ ਇਕ ਦੂਜੇ ਨਾਲ ਗੱਲਾਂ ਕਰ ਰਹੇ ਸਨ ਕਿ ਚੰਗਾ ਹੋਇਆ ਭੜੂਆ ਮਰ ਗਿਆ, ਮਗਰੋਂ ਲੱਥਾ,

ਪਰਮਾਤਮਾ ਨੇ ਬਲਾ ਟਾਲੀ ਹੈ।

ਜਦ ਇਹ ਛੋਟਾ ਲੜਕਾ ਸੰਬੰਧੀਆਂ ਦੇ ਘਰ ਪਹੁੰਚਿਆ ਤਾਂ ਏਸ ਨੇ ਏਹੋ ਹੀ ਗੱਲਾਂ ਉਹਨਾਂ ਨੂੰ ਜਾ ਆਖੀਆਂ ਕਿ ਚੰਗਾ ਹੋਇਆ ਭੜੂਆ ਮੋਇਆ ਮਗਰੋਂ ਲੱਥਾ, ਪਰਮਾਤਮਾ ਨੇ ਬਲਾ ਟਾਲੀ ਹੈ।

ਇਹ ਗੱਲ ਸੁਣ ਕੇ ਉਹਨਾਂ ਨੂੰ ਬਹੁਤ ਗੁੱਸਾ ਆ ਗਿਆ ਤੇ ਧੱਕੇ ਮਾਰ ਕੇ ਇਸ ਲੜਕੇ ਨੂੰ ਘਰੋਂ ਬਾਹਰ ਕੱਢ ਦਿੱਤਾ।

ਇਸ ਨੇ ਫਿਰ ਆਪਣੇ ਪਿਤਾ ਨੂੰ ਆ ਕੇ ਦੱਸਿਆ ਕਿ ਚੰਗਾ ਮੈਨੂੰ ਭੇਜਿਆ ਜੇ, ਉਹਨਾਂ ਨੇ ਮੇਰੀ ਬਹੁਤ ਬੇ-ਇਜ਼ਤੀ ਕੀਤੀ ਹੈ। ਧੱਕੇ ਦੇ ਕੇ ਘਰੋਂ ਬਾਹਰ ਕੱਢ ਦਿੱਤਾ ਨੇ।

ਤਾਂ ਪਿਤਾ ਨੇ ਪੁੱਛਿਆ, "ਤੂੰ ਉਹਨਾਂ ਨੂੰ ਕੀ ਜਾ ਕੇ ਕਿਹਾ ਸੀ?"

ਤਦ ਉਸ ਨੇ ਸਾਰੀ ਗੱਲ ਦੱਸੀ। ਪਿਤਾ ਨੇ ਸੁਣ ਕੇ ਕਿਹਾ, "ਪੁੱਤਰ ! ਤੂੰ ਬਹੁਤ ਮਾੜਾ ਕੰਮ ਕੀਤਾ ਹੈ ਜੋ ਸਨਬੰਧੀਆਂ ਨੂੰ ਇਸ ਤਰ੍ਹਾਂ ਕਹਿ ਆਇਆ ਹੈਂ ਕਿ ਚੰਗਾ ਹੋਇਆ ਭੜੂਆ ਮੋਇਆ ਮਗਰੋਂ ਲੱਥਾ।" ਹੱਛਾ ਹੁਣ ਮੈਂ ਆਪ ਜਾ ਕੇ ਉਨ੍ਹਾਂ ਨੂੰ ਬੁਲਾ ਆਉਂਦਾ ਹੈ ਨਾਲੇ ਤੁਹਾਡੇ ਵਲੋਂ ਖਿਮਾਂ ਮੰਗ ਆਉਂਦਾ ਹਾਂ।"

ਜਦ ਆਪ ਅਫਸੋਸ ਕਰਨ ਵਾਸਤੇ ਉਨ੍ਹਾਂ ਦੇ ਘਰ ਜਾ ਕੇ ਪਹੁੰਚਾ ਤਾਂ ਸਨਬੰਧੀਆਂ ਨੂੰ ਜਾ ਕੇ ਆਖਦਾ ਹੈ ਕਿ ਮੇਰੇ ਲੜਕੇ ਦੋਨੋਂ ਮੂਰਖ ਨਿਕਲੇ ਹਨ ਕਿਉਂਕਿ ਪਹਿਲਾ ਲੜਕਾ ਤਾਂ ਚੁਪ ਚਾਪ ਹੀ ਬੈਠ ਕੇ ਤੁਰ ਗਿਆ, ਤੇ ਦੂਜੇ ਨੇ ਆ ਕੇ ਉਲਟ ਪੁਲਟ ਬਚਨ ਕਹੇ ਹਨ। ਉਹਨਾਂ ਦੀ ਤਾਂ ਮੈਨੂੰ ਮਾਫੀ ਦਿਓ ਅੱਗੇ ਤੋਂ ਜੇ ਕੋਈ ਹੋਰ ਤੁਹਾਡਾ ਸਬੰਧੀ ਮਰੇਗਾ ਤਾਂ ਮੈਂ ਆਪ ਆ ਕੇ ਪਰਚਾਵਾਂਗਾ।

ਵੇਖੋ! ਇਹ ਉਹਨਾਂ ਨਾਲੋਂ ਵੀ ਮੂਰਖ ਨਿਕਲਿਆ ਜੋ ਹੋਰ ਮਾਰਨਾ ਚਾਹੁੰਦਾ ਹੈ।

ਇਸ ਸਾਖੀ ਦੇ ਆਧਾਰ ਤੇ ਹੁਣ ਅਰਥ ਸੁਣੋ-

ਅਸੰਖ ਮੂਰਖ ਹਨ, ਅਸੰਖ ਅੰਧ ਮੂਰਖ ਹਨ, ਅਸੰਖ ਘੋਰ ਮੂਰਖ ਹਨ।

ਪਹਿਲਾਂ ਲੜਕਾ ਤਾਂ ਮੂਰਖ ਹੈ ਜੋ ਚੁਪ ਚਾਪ ਬੈਠ ਕੇ ਉੱਠ ਆਇਆ।

ਦੂਜਾ ਲੜਕਾ ਅੰਧ ਮੂਰਖ ਹੈ ਜਿਸ ਨੇ ਇਹ ਕਿਹਾ 'ਚੰਗਾ ਹੋਇਆ ਭੜੂਆ ਮੋਇਆ ਮਗਰੋਂ ਲੱਥਾ।'

ਤੀਜਾ ਆਪ ਘੋਰ ਮੂਰਖ ਹੈ ਜੋ ਕਹਿੰਦਾ ਹੈ ਜੇ ਤੁਹਾਡਾ ਹੋਰ ਕੋਈ ਮਰੇਗਾ ਤਾਂ ਮੈਂ ਪਰਚਾਉਣ ਆਵਾਂਗਾ।

ਅਸੰਖ ਚੋਰ ਹਰਾਮ ਖੋਰ ॥

ਅਨਗਿਣਤ ਐਸੇ ਚੋਰ ਹਨ ਜੋ ਹਰਾਮ ਦਾ ਖਾਣਾ ਖੋਰ=ਖਾਂਦੇ ਹਨ ਕਿਉਂਕਿ ਉਨ੍ਹਾਂ ਦਾ ਸਦਾ ਕੰਮ ਹੀ ਇਹੋ ਹੈ ਕਿ ਮਾਰ ਧਾੜ ਕਰਕੇ ਖਾਣਾ। ਪਰ ਉਨ੍ਹਾਂ ਨੂੰ ਚੰਗਾ ਕੋਈ ਭੀ ਨਹੀਂ ਆਖਦਾ।

ਯਥਾ—"ਚੋਰੁ ਸਲਾਹੇ ਚੀਤੁ ਨ ਭੀਜੈ॥ ਜੇ ਥਦੀ ਕਰੇ ਤਾ ਤਸੂ ਨ ਛੀਜੈ॥
ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥ ੧॥"

[ਧਨਾਸਰੀ ਮਹਲਾ ੧, ਪੰਨਾ ੬੬੨]

ਪ੍ਰੰਤੂ ਐਸਾ ਚੋਰ ਕੋਈ ਕੋਈ ਹੈ ਜੋ ਹਲਾਲ ਦਾ ਖਾਣਾ ਕਰਦਾ ਹੈ।

ਸਾਖੀ—ਇਕ ਚੋਰ ਦੀ

ਕਿਸੇ ਇਕ ਚੋਰ ਨੇ ਸ਼ਾਹੂਕਾਰ ਦੇ ਘਰ ਜਾ ਕੇ ਚੋਰੀ ਕੀਤੀ, ਤਾਂ ਬਹੁਤ ਕੁਝ ਉਸ ਨੂੰ ਲਭਿਆ ਚੰਗੇ ਚੰਗੇ ਕਪੜੇ, ਨਕਦੀ ਰੁਪਏ, ਸੋਨੇ ਦੇ ਚੰਗੇ ਚੰਗੇ ਬਹੁ-ਮੁੱਲੇ ਗਹਿਣੇ, ਹੀਰੇ ਰਤਨ ਵਗੈਰਾ।

ਇਹ ਸਾਰੀਆਂ ਚੀਜ਼ਾਂ ਸਾਂਭ ਕੇ ਇਕ ਗੱਠੜੀ ਵਿਚ ਬੰਨ੍ਹ ਕੇ ਚੱਲਣ ਲੱਗਾ ਤਾਂ ਉਸ ਨੂੰ ਭੁਖ ਬਹੁਤ ਲੱਗੀ ਹੋਈ ਸੀ। ਦਿਲ ਦੇ ਘਬਰਾਉਣ ਕਰਕੇ ਉਸ ਨੇ ਵਿਚਾਰਿਆ ਕੁਝ ਖਾ ਪੀ ਲਈਏ। ਇਹ ਵਿਚਾਰ ਕੇ ਇਕ ਭਾਂਡੇ ਵਿਚ ਹੱਥ ਮਾਰਿਆ ਤਾਂ ਉਹ ਭਾਂਡਾ ਲੂਣ ਦਾ ਭਰਿਆ ਹੋਇਆ ਸੀ। ਉਸ ਨੇ ਸਮਝਿਆ ਖੰਡ ਹੈ, ਫੱਕਾ ਮਾਰਿਆ ਤਾਂ ਮੂੰਹ ਕੌੜਾ ਹੋ ਗਿਆ। ਥੂਹ ਥੂਹ ਕਰਨ ਲੱਗ ਪਿਆ। ਮੂੰਹ ਵਿਚ ਪਾਉਣ ਕਰਕੇ ਜਰਾ ਮਾਸਾ ਲੂਣ ਅੰਦਰ ਭੀ ਚਲਾ ਗਿਆ। ਤਿਸ ਵੇਲੇ ਚੋਰ ਨੇ ਕਿਹਾ ਕਿ ਹੁਣ ਤਾਂ ਇਸ ਦਾ ਲੂਣ ਖਾ ਲਿਆ ਹੈ ਹੁਣ ਇਸ ਦਾ ਬੁਰਾ ਨਹੀਂ ਕਰਨਾ ਚਾਹੀਦਾ। ਉਸ ਵੇਲੇ ਸਭ ਕੁਝ ਉਥੇ ਹੀ ਛੱਡ ਕੇ ਆਪ ਚਲਾ ਗ਼ਿਆ। ਵੇਖੋ, ਐਸੇ ਭੀ ਚੋਰ ਹਨ ਜੋ ਹਰਾਮ ਦਾ ਖਾਣਾ ਨਹੀਂ ਖਾਂਦੇ।

ਭਾਈ ਬਿਧੀ ਚੰਦ ਵੀ ਐਸਾ ਸੀ ਜੋ ਆਪਣੇ ਵਾਸਤੇ ਕੋਈ ਚੋਰੀ ਨਹੀਂ ਕਰਦਾ ਸੀ। ਜੇ ਚੋਰੀ ਕਰਨ ਦਾ ਸੰਕਲਪ ਹੁੰਦਾ ਸੀ ਤਾਂ ਸਾਧ ਸੰਗਤ ਵਾਸਤੇ ਕਰਦਾ ਸੀ।

ਅਥਵਾ-ਐਸੇ ਭੀ ਅਸੰਖ ਚੋਰ ਹਨ ਜੋ ਹਰਾਮ ਦਾ ਖਾਣਾ ਖਾਂਦੇ ਹਨ। ਅਰਥਾਤ ਸਾਰਿਆਂ ਦਾ ਦਾਤਾ ਜੋ ਅਕਾਲ ਪੁਰਖ ਹੈ ਜੋ ਸਾਰਿਆਂ ਨੂੰ ਖਾਣ ਪਾਨ ਤੇ ਪਹਿਰਾਣ ਦੇਂਦਾ ਹੈ ਉਸ ਨੂੰ ਛੱਡ ਕੇ ਹੋਰਨਾਂ ਦੇਵੀ ਦੇਵਤਿਆਂ ਤੇ ਫਕੀਰਾਂ ਦੀਆਂ ਮੰਨਤਾਂ ਮੰਨਦੇ ਅਤੇ ਪੂਜਾ ਕਰਦੇ ਹਨ।

ਯਥਾ— "ਮੂੜੇ ਤੈ ਮਨ ਤੇ ਰਾਮੁ ਬਿਸਾਰਿਓ॥
ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ॥ ੧॥ ਰਹਾਉ॥"

[ਮਾਰੂ ਮਹਲਾ ੫, ਪੰਨਾ ੧੦੦੧]

ਤਥਾ —"ਨਾਮੁ ਦੁਰਾਇ ਚਲੈ ਸੋ ਚੋਰੁ॥ ੩॥ " *[ਬਸੰਤੁ ਮਹਲਾ ੧, ਪੰਨਾ ੧੧੮੭]*

ਤਥਾ —"ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥ ੨॥"

[ਪ੍ਰਭਾਤੀ ਮਹਲਾ ੧, ਪੰਨਾ ੧੩੨੮]

ਅਸੰਖ ਅਮਰ ਕਰਿ ਜਾਹਿ ਜੋਰ॥

ਅਨਗਿਣਤ ਐਸੇ ਪੁਰਸ਼ ਹਨ ਜੋ ਆਪਣੇ ਜੋਰ=ਬਲ ਨਾਲ ਅਮਰ ਕਰਿ ਜਾਹਿ=ਹੁਕਮ ਕਰ ਜਾਂਦੇ ਹਨ।

ਵਾ-ਅਮਰ=ਦੇਵਤਿਆਂ ਉਤੇ ਵੀ ਆਪਣਾ ਜੋਰੁ=ਬਲ ਜਮਾ ਜਾਂਦੇ ਹਨ। ਅੱਜ ਕਲ੍ਹ ਦੇ ਰਾਜਿਆਂ ਵਾਂਗ ਜੋ ਆਪਣੇ ਸੁਆਰਥ ਨੂੰ ਮੁਖ ਰੱਖਦੇ ਹੋਏ ਪਰਜਾ ਨੂੰ ਬਿਅੰਤ ਦੁੱਖ ਦੇਂਦੇ ਹਨ। ਚਾਹੇ ਕੋਈ ਕਿੰਨਾਂ ਭੀ ਦੁਖੀ ਹੋਵੇ ਪਰ ਆਪਣੀ ਈਨ ਮਨਾਈ ਜਾਂਦੇ ਹਨ।

ਜਿਸ ਤਰ੍ਹਾਂ 'ਰਾਵਣ' ਨੇ ਪਰਜਾ ਨੂੰ ਬਿਅੰਤ ਦੁੱਖ ਦਿੱਤੇ ਸਨ। ਪਰਜਾ ਤਾਂ ਕਿਧਰੇ ਰਹੀ ਉਸ ਨੇ ਦੇਵਤਿਆਂ ਤੋਂ ਵੀ ਕਰ ਲੈ ਲਿਆ ਸੀ।

ਹੋਰ ਦੇਖੋ=ਕਾਰੂ ਬਾਦਸ਼ਾਹ ਨੇ ਕਿਤਨਾ ਦੁੱਖ ਦਿੱਤਾ ਸੀ। ਕਿਸੀ ਦੇ ਪਾਸ ਇਕ ਰੁਪਿਆ ਵੀ ਨਹੀਂ ਰਹਿਣ ਦਿੱਤਾ। ਮੁਰਦਿਆਂ ਦੇ ਮੂੰਹ ਵਿਚੋਂ ਵੀ ਰੁਪਏ ਸੋਨੇ ਵਗੈਰਾ ਸਭ ਕੁਝ ਕਢਵਾ ਲੀਤਾ ਸੀ। ਐਸੇ ਐਸੇ ਜ਼ੁਲਮੀ ਬਾਦਸ਼ਾਹ ਹੋਏ ਹਨ।

ਅਸੰਖ ਗਲ ਵਢ ਹਤਿਆ ਕਮਾਹਿ॥

ਅਨਗਿਣਤ ਐਸੇ ਪੁਰਸ਼ ਹਨ ਜੋ ਗਲ ਵੱਢਣੇ ਰੂਪੀ ਹਤਿਆ ਨੂੰ ਕਮਾਉਂਦੇ ਹਨ।

ਜਿਸ ਤਰ੍ਹਾਂ ਕਿਸੇ ਦੀ ਕੁੜਮਾਈ ਹੋਈ ਤਾਂ ਦੁਸ਼ਮਣ ਨੇ ਲੜਕੀ ਵਾਲਿਆਂ ਨੂੰ ਸੁਣਾ ਦਿੱਤਾ ਕਿ ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਇਸ ਮੁੰਡੇ ਦੀ ਕੁੜਮਾਈ ਕੀਤੀ ਹੈ ਤਿਵੇਂ ਇਸ ਦੀ ਮਿਰਗੀ ਵੀ ਹਟਾ ਦੇਂਦਾ ਤਾਂ ਚੰਗਾ ਸੀ। ਇਸ ਤਰ੍ਹਾਂ ਆਖ ਕੇ ਅਗਲੇ ਕੁੜਮਾਂ ਨੂੰ ਜਣਾ ਦਿੱਤਾ ਕਿ ਮੁੰਡੇ ਨੂੰ ਮਿਰਗੀ ਪੈਂਦੀ ਹੈ। ਉਹਨਾਂ ਨੇ ਝੱਟ ਕੁੜਮਾਈ ਛੱਡ ਦਿੱਤੀ। ਏਸ ਤਰ੍ਹਾਂ ਕਿਸੇ ਦੀ ਗੱਲ ਬਣਦੀ ਹੋਣੀ ਤੇ ਉਸ ਵਿਚ ਦੂਸ਼ਣ ਅਰੋਪ ਕੇ ਉਸ ਗੱਲ ਨੂੰ ਵੱਢ ਦੇਣਾ ਏਹ ਬੜੀ ਭਾਰੀ ਹੱਤਿਆ ਦਾ ਕਮਾਉਣਾ ਹੈ।

ਵਾ-ਅਨਗਿਣਤ ਐਸੇ ਪੁਰਸ਼ ਹਨ ਜੋ ਪ੍ਰਤੱਖ ਜੀਆਂ ਦੇ ਗਲ ਵੱਢਣੇ ਰੂਪ ਹੱਤਿਆ ਨੂੰ ਕਮਾਉਂਦੇ ਹਨ।

ਯਥਾ—ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥ ੧੯੯॥
ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ ੨੦੦॥

ਵਾ-ਦੂਜੇ ਦੇ ਮਾਨ ਭੰਗਣ ਕਰਨੇ ਰੂਪ ਹੱਤਿਆ ਨੂੰ ਕਮਾਉਂਦੇ ਹਨ।

ਅਸੰਖ ਪਾਪੀ ਪਾਪੁ ਕਰਿ ਜਾਹਿ॥

ਅਨਗਿਣਤ ਐਸੇ ਪਾਪੀ ਹਨ, ਜਿਥੇ ਵੀ ਜਾਂਦੇ ਹਨ ਉਥੇ ਪਾਪ ਕਰਮਾਂ ਨੂੰ ਹੀ ਕਰਦੇ ਹਨ।

ਵਾ-ਪਾਂਪਾਂ ਦੀ ਆਕਰਿ=ਖਾਨ ਹੋ ਜਾਂਦੇ ਹਨ।

ਵਾ-ਪਾਪ ਕਰਮਾਂ ਨੂੰ ਕਰਕੇ ਨਰਕਾਂ ਵਿਚ ਜਾਹਿ=ਜਾਂਦੇ ਹਨ।

ਅਸੰਖ ਕੂੜਿਆਰ ਕੂੜੇ ਫਿਰਾਹਿ॥

ਅਨਗਿਣਤ ਐਸੇ ਕੂੜਿਆਰ=ਝੂਠੇ ਪੁਰਸ਼ ਹਨ, ਜੋ ਸਦਾ ਹੀ ਝੂਠ ਬੋਲਣ ਵਿਚ ਅਥਵਾ ਝੂਠੇ ਪਦਾਰਥਾਂ ਵਿਚ ਫਿਰਦੇ ਰਹਿੰਦੇ ਹਨ।

ਅਸੰਖ ਮਲੇਛ ਮਲੁ ਭਖਿ ਖਾਹਿ॥

ਅਨਗਿਣਤ ਐਸੇ ਮਲੇਛ=ਮਲੀਨ ਬੁੱਧੀ ਵਾਲੇ ਦੁਸ਼ਟ ਪੁਰਸ਼ ਹਨ ਜੋ ਮਲੁ ਭਖਿ=ਵਿਸ਼ਟਾ ਦਾ ਭੋਜਨ ਖਾਂਦੇ ਹਨ, ਘੋਰੀ ਆਦਿ।

ਵਾ-ਮਲੁ ਭਖਿ=ਮਲੀਨ ਭੋਜਨ ਮਾਸ ਸ਼ਰਾਬ ਆਦਿਕਾਂ ਨੂੰ ਖਾਂਦੇ ਹਨ।

ਵਾ-ਮਲ ਭਖੀ ਜੋ ਕੁੱਕੜ ਸੂਰ ਆਦਿਕ ਹਨ, ਉਹਨਾਂ ਜੀਆਂ ਨੂੰ ਖਾਂਦੇ ਹਨ।

ਅਸੰਖ ਨਿੰਦਕ ਸਿਰਿ ਕਰਹਿ ਭਾਰੁ॥

ਅਨਗਿਣਤ ਐਸੇ ਨਿੰਦਕ ਪੁਰਸ਼ ਹਨ ਜੋ ਸਿਰ ਪਰਨੇ ਹੋ ਕੇ ਦੂਜੇ ਦੀ ਨਿੰਦਿਆ ਨੂੰ ਕਰਦੇ ਹਨ।

ਵਾ-ਲੋਕਾਂ ਦੀ ਨਿੰਦਿਆ ਕਰਕੇ ਪਾਪਾਂ ਦਾ ਭਾਰ ਆਪਣੇ ਸਿਰ ਤੇ ਚੁੱਕ ਲੈਣਾ ਕਰਦੇ ਹਨ।

ਯਥਾ—"ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥" [ਆਸਾ ਮਹਲਾ ੫, ਪੰਨਾ ੩੭੨]
ਤਥਾ—"ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥" [ਸਿਰੀਰਾਗੁ ਮਹਲਾ ੧, ਪੰਨਾ ੨੪]

ਤਥਾ— "ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥੬॥"

[ਸੂਹੀ ਮਹਲਾ ੩, ਪੰਨਾ ੭੫੫]

ਵਾ-ਅਨਗਿਣਤ ਐਸੇ ਨਿੰਦਕ ਪੁਰਸ਼ ਹਨ ਜੋ ਨਿੰਦਿਆ ਕਰਕੇ ਸਿਰਿ ਭਾਰੁ=ਸਿਰ ਪਰਨੇ ਮਾਤਾ ਦੇ ਉਦਰ ਵਿਚ ਪੁੱਠੇ ਟੰਗੇ ਜਾਂਦੇ ਹਨ।

ਪਰਮੇਸ਼ਰ ਨਿੰਦਕਾਂ ਨੂੰ ਰਹਿਣ ਨਹੀਂ ਦੇਂਦਾ।

ਯਥਾ— "ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ॥
ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ॥
ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ॥
ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ॥"

[ਗੂਜਰੀ ਵਾਰ ਦੂਜੀ, ਪੰਨਾ ੫੨੪]

ਤਥਾ— "ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ॥੬॥"

[ਗੂਜਰੀ ਮ: ੪,ਪੰਨਾ ੫੦੭]

ਨਾਨਕੁ ਨੀਚੁ ਕਹੈ ਵੀਚਾਰੁ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਸਿੱਧੋ! ਅਸਾਂ ਨੇ ਇਸ ਪਉੜੀ ਵਿਚ ਨੀਚ ਪੁਰਸ਼ਾਂ ਦਾ ਵਿਚਾਰ ਕਿਹਾ ਹੈ। ਅਰਥਾਤ ਤਾਮਸੀ ਸ੍ਰਿਸ਼ਟੀ ਅਤੇ ਆਸੁਰੀ ਸੰਪਦਾ ਰੂਪ ਸ੍ਰਿਸ਼ਟੀ ਦਾ ਵਿਚਾਰ ਕਥਨ ਕੀਤਾ ਹੈ।

ਯਥਾ— "ਮੈ ਕੀਤਾ ਨ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥
ਨਾਨਕੁ ਨੀਚੁ ਕਹੈ ਬੀਚਾਰੁ॥ ਧਾਣਕ ਰੂਪਿ ਰਹਾ ਕਰਤਾਰ॥੪॥"

[ਸਿਰੀਰਾਗੁ ਮਹਲਾ ੧, ਪੰਨਾ ੨੪]

-ਦੂਜਾ ਅਰਥ-

ਫਿਰ ਸਿੱਧਾਂ ਨੇ ਕਿਹਾ ਕਿ ਅੰਧਤਾਈ ਕਿਨ੍ਹਾਂ ਦੀ ਦੂਰ ਹੁੰਦੀ ਹੈ?

ਸੋ ਗੁਰੂ ਜੀ ਇਸੇ ਪਉੜੀ ਦੁਆਰਾ ਨਾਮ ਦੀ ਮਹੱਤਤਾ ਕਥਨ ਕਰਦੇ ਹੋਏ ਸਿੱਧਾਂ ਦੇ ਪ੍ਰਸ਼ਨ ਦਾ ਉੱਤਰ ਦੇਣਾ ਕਰਦੇ ਹਨ।

ਅਸੰਖ ਮੂਰਖ ਅੰਧ ਘੋਰ॥

ਜਿਨ੍ਹਾਂ ਨੇ ਮੂੰਹ ਆਦਿਕ ਇੰਦ੍ਰੀਏ ਰਖ=ਰੋਕ ਕੇ ਅਸੰਖ=ਬਿਅੰਤ ਰੂਪ ਪਰਮੇਸ਼ਰ ਦੇ ਨਾਮ ਨੂੰ ਜਪਿਆ ਹੈ ਉਹਨਾਂ ਦੀ ਅੰਧ=ਅਗਿਆਨਤਾ ਘੋਰ=ਘੁਲ ਜਾਂਦੀ ਭਾਵ ਦੂਰ ਹੁੰਦੀ ਹੈ।

ਅਸੰਖ ਚੋਰ ਹਰਾਮਖੋਰ॥

ਜਿਨ੍ਹਾਂ ਨੇ ਅਸੰਖ=ਬਿਅੰਤ ਰੂਪ ਪਰਮੇਸ਼ਰ ਦੇ ਨਾਮ ਨੂੰ ਚੋਰ=ਚੋਲਿਆਂ ਭਾਵ ਧਾਰਿਆ ਹੈ, ਉਨ੍ਹਾਂ

ਦੀ ਹਰਾਮਤਾਈ ਖੋਰ=ਖੁਰਦੀ ਅਰਥਾਤ ਦੂਰ ਹੁੰਦੀ ਹੈ।

ਅਸੰਖ ਅਮਰ ਕਰਿ ਜਾਹਿ ਜੋਰ॥

ਜਿਨ੍ਹਾਂ ਨੂੰ ਅਸੰਖ=ਬਿਅੰਤ ਰੂਪ ਪਰਮੇਸ਼ਰ ਦਾ ਜੋਰ=ਗਿਆਨ ਹੋਇਆ ਹੈ ਉਹ ਅਮਰ=ਜਨਮ ਮਰਨ ਤੋਂ ਰਹਿਤ ਹੋ ਕੇ ਅਕਾਲ ਪੁਰਖ ਵਿਚ ਲੀਣ ਹੋ ਜਾਂਦੇ ਹਨ।

ਅਸੰਖ ਗਲ ਵਢ ਹਤਿਆ ਕਮਾਹਿ॥

ਜਿਨ੍ਹਾਂ ਨੇ ਅਸੰਖ=ਬਿਅੰਤ ਰੂਪ ਪਰਮੇਸ਼ਰ ਦੇ ਨਾਮ ਨੂੰ ਕਮਾਇਆ ਹੈ, ਉਨ੍ਹਾਂ ਨੇ ਹਤਿਆ ਦਾ ਗਲ ਹੀ ਵੱਢ ਦਿੱਤਾ ਹੈ, ਅਰਥਾਤ ਜੀਵ ਹਿੰਸਾ ਕਰਨੀ ਛੱਡ ਦਿੱਤੀ ਹੈ।

ਅਸੰਖ ਪਾਪੀ ਪਾਪੁ ਕਰਿ ਜਾਹਿ॥

ਜੋ ਪਹਿਲੇ ਪਾਪਾਂ ਦੀ ਆਕਰਿ=ਖਾਣ ਸਨ ਤੇ ਜਿਸ ਵੇਲੇ ਉਨ੍ਹਾਂ ਨੇ ਅਸੰਖ=ਬੇਅੰਤ ਰੂਪ ਪਾ+ਪੀ=ਪੀਆ, ਪਤੀ ਪਰਮੇਸ਼ਰ ਨੂੰ ਪਾਇਆ ਤਾਂ ਉਨ੍ਹਾਂ ਦੇ ਸਭ ਪਾਪ ਜਾਹਿ=ਨਵਿਰਤ ਹੋ ਗਏ।

ਅਸੰਖ ਕੂੜਿਆਰ ਕੂੜੇ ਫਿਰਾਹਿ॥

ਜੋ ਪਹਿਲੇ ਕੂੜਿ=ਝੂਠਤਾਈ ਦੇ ਆਲੇ=ਘਰ ਸਨ। ਜਿਸ ਵੇਲੇ ਉਨ੍ਹਾਂ ਨੇ ਅਸੰਖ=ਬਿਅੰਤ ਰੂਪ ਪਰਮੇਸ਼ਰ ਦੇ ਨਾਮ ਨੂੰ ਉਚਾਰਿਆ ਤਿਸ ਵੇਲੇ ਕੂੜੇ ਫਿਰਾਹਿ=ਝੂਠ ਵੱਲੋਂ ਫਿਰ ਗਏ ਅਰਥਾਤ ਹਟ ਗਏ।

ਅਸੰਖ ਮਲੇਛ ਮਲੁ ਭਖਿ ਖਾਹਿ॥

ਜੋ ਪਹਿਲੇ ਮਲੇਛ=ਮਲੀਨ ਬੁੱਧੀ ਵਾਲੇ ਸਨ। ਫਿਰ ਜਿਸ ਵੇਲੇ ਉਨ੍ਹਾਂ ਨੇ ਅਸੰਖ=ਬਿਅੰਤ ਰੂਪ ਪਰਮੇਸ਼ਰ ਦੇ ਨਾਮ ਨੂੰ ਉਚਾਰਿਆ ਤਦ ਮਲੁ ਭਖੀ ਜੋ ਕਾਮ ਆਦਿਕ ਸਨ ਵਿਸ਼ਿਆਂ ਰੂਪ ਮੈਲ ਦੇ ਖਾਣ ਵਾਲੇ, ਉਨ੍ਹਾਂ ਨੂੰ ਉਹਨਾਂ ਪੁਰਸ਼ਾਂ ਨੇ ਖਾਹਿ=ਅਭਾਵ ਕਰ ਦਿੱਤਾ।

ਅਸੰਖ ਨਿੰਦਕ ਸਿਰਿ ਕਰਹਿ ਭਾਰੁ॥

ਜਿਨ੍ਹਾਂ ਨੇ ਅਸੰਖ=ਬਿਅੰਤ ਰੂਪ ਪਰਮੇਸ਼ਰ ਦੇ ਨਾਮ ਨੂੰ ਉਚਾਰਿਆ ਹੈ, ਉਹਨਾਂ ਨੇ ਨਿੰਦਿਆ ਦਾ ਭਾਰ ਸਿਰਿ=ਸਿਰੇ ਅਰਥਾਤ ਲਾਂਭੇ ਕਰ ਦਿੱਤਾ ਹੈ।

ਨਾਨਕੁ ਨੀਚੁ ਕਹੈ ਵੀਚਾਰੁ॥

ਸਤਿਗੁਰੂ ਜੀ ਕਥਨ ਕਰਦੇ ਹਨ, ਹੇ ਸਿੱਧੋ ! ਇਹ ਤੁਸੀਂ ਨਿਸਚੇ ਜਾਣੋ ਜੋ ਇਸ ਪਉੜੀ ਦੁਆਰੇ ਅਸਾਂ ਨੇ ਨੀਚੁ=ਨਿੰਮ੍ਰਤਾ ਵਾਲਿਆਂ ਦਾ ਵਿਚਾਰ ਕਿਹਾ ਹੈ।

ਵਾਰਿਆ ਨ ਜਾਵਾ ਏਕ ਵਾਰ॥

ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੮॥

ਉਸ ਪ੍ਰਭੂ ਦਾ ਇਕ ਵਾਰ=ਰੋਮ ਵੀ ਵਾਰਿਆ ਨ ਜਾਵਾ=ਕਥਨ ਨਹੀਂ ਕੀਤਾ ਜਾਂਦਾ। ਜੋ ਉਸ ਨੂੰ ਭਾਉਂਦੀ ਹੈ, ਓਹੀ ਕਾਰ ਚੰਗੀ ਹੈ।

ਤੂੰ ਐਸੇ ਨਿਸਚੇ ਕਰ ਕਿ ਉਹ ਨਿਰੰਕਾਰ ਪ੍ਰਭੂ ਸਦਾ ਹੀ ਸਲਾਮਤਿ=ਇਸਥਿਤ ਰੂਪ ਹੈ॥੧੮॥

ਅਠਾਰ੍ਹਵੀਂ ਪਉੜੀ ਦੇ ੧੩੫ ਅੱਖਰ ਹਨ।

ਉਨੀਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ, ਉਸ ਪਰਮਾਤਮਾ ਦੇ ਨਾਮ ਅਤੇ ਥਾਂ ਕਿੰਨੇ ਕੁ ਹਨ ?

ਤਾਂ ਗੁਰੂ ਜੀ ਨੇ ਕਿਹਾ-

ਅਸੰਖ ਨਾਵ ਅਸੰਖ ਥਾਵ ॥

ਉਸ ਪਰਮਾਤਮਾ ਦੇ ਅਨਗਿਣਤ ਨਾਮ ਹਨ ਅਤੇ ਮੰਦਰ, ਮਸੀਤਾਂ ਗੁਰਦੁਆਰੇ ਆਦਿਕ ਅਨਗਿਣਤ ਹੀ ਥਾਉਂ ਹਨ।

ਅਥਵਾ-ਜਿਤਨੇ ਕੁ ਅਸਥਾਨ ਹਨ ੪੯ ਕਰੋੜ ਪ੍ਰਿਥਵੀ ਪਰ ਉਸ ਦੇ ਹੀ ਅਸਥਾਨ ਹਨ।

ਜੀਵ ਤਾਂ ਐਵੇਂ ਮਮਤਾ ਪਾਈ ਬੈਠੇ ਹਨ ਕਿ ਇਹ ਮੇਰੇ ਮਕਾਨ ਹਨ। ਇਹ ਮੇਰੀਆਂ ਜਗ੍ਹਾਂ ਹਨ। ਪਰਮੇਸ਼ਰ ਚਾਹਵੇ ਤਾਂ ਮਿੰਟਾਂ ਵਿਚ ਖੋਹ ਲੈਂਦਾ ਹੈ, ਉਸੀ ਵੇਲੇ ਦੁਆਲੇ ਨਿਕਲ ਜਾਂਦੇ ਹਨ। ਮਕਾਨ ਹੋਰ ਕੋਈ ਸੰਭਾਲ ਲੈਂਦਾ ਹੈ।

ਪਰਮੇਸ਼ਰ ਦੀ ਕਿਰਪਾ ਨਾਲ ਹੀ ਜੀਵ ਮੰਦਰਾਂ ਵਿਚ ਨਿਵਾਸ ਕਰਦਾ ਹੈ।

ਯਥਾ—"ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥" *[ਸੁਖਮਨੀ, ਪੰਨਾ ੨੬੯]*

ਸ਼ੇਸ਼ਨਾਗ ਦੋ ਹਜ਼ਾਰ ਜੀਭਾਂ ਦੁਆਰਾ ਨਿੱਤ ਨਵੇਂ ਤੋਂ ਨਵੇਂ ਨਾਮ ਜਪਦਾ ਹੈ ਪਰ ਫਿਰ ਵੀ ਉਸ ਦਾ ਅੰਤ ਨਹੀਂ ਪਾ ਸਕਦਾ।

ਯਥਾ—"ਸ਼ੇਸ਼ਨਾਗ ਸਿਰ ਸਹਸ ਬਨਾਈ॥ ਦ੍ਵੈ ਸਹੰਸ ਰਸਨਾਹ ਸੁਹਾਈ॥
ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ ਤਊ ਨ ਪਾਵਤ ਪਾਰਾ॥੬॥"

[ਦਸਮ ਗ੍ਰੰਥ, ਪੰਨਾ ੪੭]

ਤਥਾ— "ਏਕ ਜੀਹ ਗੁਣ ਕਵਨ ਬਖਾਨੈ॥ ਸਹਸ ਫਨੀ ਸੇਖ ਅੰਤੁ ਨ ਜਾਨੈ॥
ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥੧੬॥"

[ਪੰਨਾ ੧੦੮੩]

ਤਥਾ—"ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥੧॥"

[ਦਸਮ ਗ੍ਰੰਥ, ਪੰਨਾ ੧]

ਅਗੰਮ ਅਗੰਮ ਅਸੰਖ ਲੋਅ ॥

੧. ਉਹ ਲੋਅ=ਪ੍ਰਕਾਸ਼ ਰੂਪ ਪਰਮਾਤਮਾ ਮਨ ਕਰਕੇ ਅਗੰਮ ਹੈ, ਤਨ ਕਰ ਕੇ ਅਗੰਮ ਹੈ, ਬਾਣੀ ਕਰਕੇ ਅਸੰਖ ਹੈ। ਕਿਉਂਕਿ ਉਹ ਮਨ, ਬਾਣੀ, ਸਰੀਰ ਦੀ ਗੰਮਤਾ ਤੋਂ ਪਰੇ ਹੈ।

੨. ਉਹ ਲੋਅ=ਪ੍ਰਕਾਸ਼ ਰੂਪ ਪਰਮਾਤਮਾ ਪਿੱਛੇ ਵੀ ਅਗੰਮ ਸੀ, ਹੁਣ ਵੀ ਅਗੰਮ ਹੈ, ਅੱਗੇ ਭਵਿੱਖਤ ਵਿਚ ਵੀ ਅਸੰਖ ਹੋਵੇਗਾ।

੩. ਗੁਰਮੁਖਾਂ ਦੇ ਅਸੰਖ ਲੋਕ ਮਨਮੁਖਾਂ ਤੋਂ ਅਗੰਮ ਹਨ। ਮਨਮੁਖਾਂ ਦੇ ਅਸੰਖ ਲੋਕ ਗੁਰਮੁਖਾਂ ਤੋਂ ਅਗੰਮ ਹਨ।

੪. ਦੇਵਤਿਆਂ ਦੇ ਅਸੰਖ ਲੋਕ ਦੈਂਤਾਂ ਤੋਂ ਅਗੰਮ ਹਨ। ਦੈਂਤਾਂ ਦੇ ਅਸੰਖ ਲੋਕ ਦੇਵਤਿਆਂ ਤੋਂ ਅਗੰਮ ਹਨ। ਕਿਉਂਕਿ ਇਕ ਦੂਜੇ ਦੇ ਲੋਕ ਨੂੰ ਪਹੁੰਚ ਨਹੀਂ ਸਕਦਾ। ਦੈਂਤਾਂ ਦੇ ਲੋਕ ਪਤਾਲ ਵਿਚ ਹਨ, ਦੇਵਤਿਆਂ ਦੇ ਸੁਰਗ ਵਿਚ ਹਨ।

੫. ਜੋ ਤਮਾਮ ਜੀਵਾਂ ਤੋਂ ਅਗੰਮ ਹੈ ਅਤੇ ਜੋ ਬ੍ਰਹਮਾ ਆਦਿਕਾਂ ਤੋਂ ਵੀ ਅਗੰਮ=ਪਰੇ ਹੈ। ਉਹ ਪਰਮਾਤਮਾ ਅਸੰਖਾਂ ਦੇ ਲੋਅ=ਪ੍ਰਕਾਸ਼ਨੇ ਵਾਲਾ ਹੈ।

੬. ਜੋ ਅ +ਗੰਮ=ਖੌਫ ਤੋਂ ਰਹਿਤ ਹੈ, ਉਸ ਨੂੰ ਅਗੰਮ=ਸ਼ਾਸਤ੍ਰ ਆਦਿਕ ਅਸੰਖ ਲੋਅ=ਬਿਅੰਤ ਰੂਪ ਕਰਕੇ ਕਥਨ ਕਰਦੇ ਹਨ।

ਅਸੰਖ ਕਹਹਿ ਸਿਰਿ ਭਾਰੁ ਹੋਇ॥

ਜਿਹੜਾ ਉਸ ਨੂੰ ਅਨਗਿਣਤ ਕਹਿਣਾ ਹੈ ਇਹ ਵੀ ਇਕ ਕਿਸਮ ਦਾ ਸਿਰ ਤੇ ਪਾਪਾਂ ਦਾ ਬੋਝ ਹੁੰਦਾ ਹੈ, ਕਿਉਂਕਿ ਉਹ ਪਰਮਾਤਮਾ ਗਿਣਤੀ ਤੋਂ ਰਹਿਤ ਹੈ।

[ਗਿਣਤੀ ਕਰਦਿਆਂ ਕਰਦਿਆਂ ਜਦ ਆਦਮੀ ਰੁਕ ਜਾਂਦਾ ਹੈ ਤਦ ਅਣਗਿਣਤ ਕਹਿਣਾ ਬਣਦਾ ਹੈ।]

ਭਾਵ ਗਿਣਤੀ ਦੀ ਨਿਗਾਹ ਕਰਕੇ ਅੰਨਗਿਣਤ ਸ਼ਬਦ ਦਾ ਉਚਾਰਨ ਹੁੰਦਾ ਹੈ ਤੇ ਪਰਮੇਸ਼ਰ ਗਿਣਤੀ ਅਗਿਣਤੀ ਦੇ ਦੁੰਦ ਭਾਵ ਤੋਂ ਰਹਿਤ ਹੈ, 'ਇਕ ਹੋਣ ਕਰਕੇ' ਦੁੰਦ ਭਾਵ ਮਾਇਆ ਵਿਚ ਵਰਤਦਾ ਹੈ, ਬ੍ਰਹਮ ਵਿਖੇ ਨਹੀਂ।

ਇਕ ਸਮੇਂ 'ਨਚਕੇਤਾ' ਨੇ ਬ੍ਰਹਮਾ ਪਾਸ ਬੇਨਤੀ ਕੀਤੀ ਉਹ ਬ੍ਰਹਮ ਕੈਸਾ ਹੈ? ਸੁਖ ਸਰੂਪ ਹੈ, ਕਲਿਆਣ ਸਰੂਪ ਹੈ ਕਿ ਗਵਰਧਨ ਧਾਰੀ ਹੈ ਕਿ ਰਾਵਣ ਮਾਰੀ ਹੈ? ਤਾਂ ਬ੍ਰਹਮਾ ਨੇ ਕਿਹਾ ਹੇ ਪੁੱਤਰ! ਉਸ ਵਿਖੇ ਕੁਝ ਕਹਿਣਾ ਬਣਦਾ ਨਹੀਂ ਕਿਉਂਕਿ ਉਹ ਗਿਣਤੀ ਮਿਣਤੀ ਤੋਂ ਰਹਿਤ ਹੈ।

ਯਥਾ—"ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ॥" [ਪੰਨਾ ੩੩੫]
ਤਥਾ— "ਚਲੀ ਪੂਤਰੀ ਲੌਨ ਕੀ, ਥਾਹ ਸਿੰਧ ਕੀ ਲੈਨ॥
ਅਨਾਥ ਆਪ ਆਪੇ ਭਈ, ਪਲਟ ਕਹੈ ਕੌ ਬੈਨ॥ ੩੫॥"

[ਵਿਚਾਰ ਮਾਲਾ, ਧਿਆ ੪]

ਇਸੇ ਤਰ੍ਹਾਂ ਦਸਮੇਸ਼ ਪਿਤਾ ਜੀ ਨੇ ਵੀ ਜਾਪ ਸਾਹਿਬ ਵਿਖੇ ਇਸ ਤਰ੍ਹਾਂ ਲਿਖਿਆ ਹੈ-

"ਪਰਮਾਤਮ ਹੈਂ॥ ਸਰਬਾਤਮ ਹੈਂ॥ ਆਤਮ ਬਸ ਹੈਂ॥ ਜਸ ਕੇ ਜਸ ਹੈਂ॥ ੧੮੪॥"

[ਦਸਮ, ਪੰਨਾ ੧੦]

ਜੈਸਾ ਉਹ ਪ੍ਰਭੂ ਹੈ ਤੈਸਾ ਹੀ ਹੈ ਉਸ ਵਿਖੇ ਕੁਝ ਕਹਿਣਾ ਨਹੀਂ ਬਣਦਾ।

ਸਾਖੀ—ਪਰਮੇਸ਼ਰ ਬਿਅੰਤ ਹੈ।

'ਯੋਗ ਵਸ਼ਿਸ਼ਟ' ਵਿਚ ਇਹ ਗੱਲ ਆਈ ਹੈ ਇਕ ਵੇਰੀ ਰਾਮਚੰਦ੍ਰ ਜੀ ਨੇ ਵਸ਼ਿਸ਼ਟ ਮਹਾਰਾਜ ਜੀ ਪਾਸੋਂ ਪੁੱਛਿਆ, 'ਹੇ ਭਗਵਾਨ ! ਉਹ ਪਰਮਾਤਮਾ ਕੈਸਾ ਹੈ?' ਤਾਂ ਵਸ਼ਿਸ਼ਟ ਜੀ ਚੁਪ ਚਾਪ ਹੀ ਰਹੇ। ਫਿਰ ਰਾਮਚੰਦ੍ਰ ਜੀ ਨੇ ਪੁੱਛਿਆ, 'ਉਹ ਪਰਮੇਸ਼ਰ ਕੈਸਾ ਹੈ?' 'ਫਿਰ ਵੀ ਵਸ਼ਿਸ਼ਟ ਮਹਾਰਾਜ ਚੁਪ ਹੀ ਰਹੇ।'

ਜਦ ਸ੍ਰੀ ਰਾਮਚੰਦ੍ਰ ਜੀ ਨੇ ਤੀਜੀ ਵਾਰ ਕਿਹਾ ਤਾਂ ਵਸ਼ਿਸ਼ਟ ਜੀ ਨੇ ਕਿਹਾ, 'ਹੇ ਪ੍ਰਿਅ ਦਰਸ਼ੀ ਪੁਤ੍ਰ !

ਅਸੀਂ ਤਾਂ ਤੈਨੂੰ ਪਹਿਲੇ ਹੀ ਉੱਤਰ ਦੇ ਚੁੱਕੇ ਹਾਂ ਪ੍ਰੰਤੂ ਆਪ ਜੀ ਨੇ ਸਮਝਿਆ ਨਹੀਂ।'

ਰਾਮਚੰਦ੍ਰ ਜੀ ਨੇ ਕਿਹਾ, 'ਸਚਮੁੱਚ ਹੀ ਮੈਂ ਨਹੀਂ ਸਮਝਿਆ ਹੁਣ ਮੈਨੂੰ ਆਪ ਸਮਝਾਓ।' ਤਾਂ ਵਸ਼ਿਸ਼ਟ ਜੀ ਨੇ ਕਿਹਾ-ਹੇ ਰਾਮ ਜੀ! ਚੁਪ ਹੀ ਉਸ ਦਾ ਉੱਤਰ ਹੈ ਇਸ ਗੱਲ ਨੂੰ ਉੱਤਰ ਅਧਿਕਾਰੀ ਸਮਝ ਸਕਦਾ ਹੈ। ਉਸ ਵਿਚ ਬਾਣੀ ਦੀ ਗੰਮਤਾ ਬਿਲਕੁਲ ਨਹੀਂ ਹੈ।

ਉਸ ਨੂੰ ਗਿਣਤੀ ਵਿਚ ਲਿਆਉਣਾ ਜਾਂ ਉਸ ਨੂੰ ਅਸੰਖ ਅਨਗਿਣਤ ਕਹਿਣਾ ਇਤਿਆਦਿ ਕੋਈ ਅੱਖਰ ਕਹਿਣੇ ਬਣ ਨਹੀਂ ਸਕਦੇ। ਜੇ ਕੋਈ ਕਹੇ ਭਾਂ ਸਿਰ ਤੇ ਪਾਪਾਂ ਦਾ ਭਾਰ ਹੁੰਦਾ ਹੈ।

ਵਾ-ਇਕ ਮਹਾਤਮਾ ਐਸੇ ਹਨ ਜੋ ਸਿਰ ਭਾਰੁ ਹੋਇ=ਸਿਰ ਪਰਨੇ ਹੋ ਕੇ ਅਸੰਖ=ਪਰਮਾਤਮਾ ਦੇ ਨਾਮਾਂ ਨੂੰ ਕਹਿੰਦੇ ਹਨ।

ਵਾ-ਜੋ ਸ਼ਰਧਾ ਭਾਵ ਨਾਲ ਅਸੰਖ ਰੂਪ ਦੇ ਨਾਮਾਂ ਨੂੰ ਕਹਿੰਦੇ ਹਨ, ਉਨ੍ਹਾਂ ਦੇ ਸਿਰ ਉਤੇ ਜੋ ਪਾਪਾਂ ਦਾ ਭਾਰ ਸੀ ਉਹ ਸਿਰੇ ਕਹੀਏ ਲਾਂਭੇ ਹੋ ਜਾਂਦਾ ਹੈ।

ਵਾ-ਕਈ ਮਹਾਤਮਾਂ ਸਿਰਿ ਭਾਰੁ ਹੋਇ=ਕਪਾਲੀ ਆਸਣ ਦੇ ਸਹਿਤ ਹੋ ਕੇ ਅਨਗਿਣਤ ਰੂਪ ਪਰਮਾਤਮਾ ਦੇ ਨਾਮਾਂ ਨੂੰ ਕਹਿੰਦੇ ਹਨ।

ਫਿਰ ਸਿੱਧਾਂ ਨੇ ਕਿਹਾ, ਇਹ ਜੀਵ ਸੁਤੰਤ੍ਰ ਹੈ ਜਾਂ ਪਤੰਤ੍ਰ ? ਜੇ ਸੁਤੰਤ੍ਰ ਹੈ ਤਾਂ ਦੁਖੀ ਕਿਉਂ ਹੁੰਦਾ ਹੈ, ਜੇ ਪਤੰਤ੍ਰ ਹੈ ਤਾਂ ਕਿਸ ਦੇ ਅਧੀਨ ਹੈ? ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ-

ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥

ਅੱਖਰਾਂ ਕਰ ਕੇ ਹੀ ਨਾਮ ਜਪਿਆ ਜਾਂਦਾ ਹੈ ਅਤੇ ਅੱਖਰਾਂ ਕਰਕੇ ਹੀ ਪਰਮਾਤਮਾ ਦੀ ਸ਼ਲਾਘਾ, ਸਿਫਤ ਕੀਤੀ ਜਾਂਦੀ ਹੈ।

ਅੱਖਰਾਂ ਰਾਹੀਂ ਹੀ ਗਿਆਨ ਹੁੰਦਾ ਹੈ, ਅੱਖਰਾਂ ਕਰਕੇ ਹੀ ਗੀਤਾ ਦਾ ਗਾਇਣ ਹੁੰਦਾ ਹੈ ਅਤੇ ਅੱਖਰਾਂ ਦੁਆਰਾ ਹੀ ਗੁਣਾਂ ਦਾ ਗਾਹ=ਵਿਚਾਰ ਹੁੰਦਾ ਹੈ।

ਅਰਥਾਤ ਕੋਈ ਵੀ ਐਸਾ ਪਦ ਪਦਾਰਥ ਨਹੀਂ, ਜਿਸਦਾ ਲਿਖਣਾ ਬੋਲਣਾ ਤਥਾ ਪੜ੍ਹਨਾ ਅੱਖਰਾਂ ਤੋਂ ਬਿਨਾਂ ਹੋ ਸਕੇ।

ਵੇਦ ਸ਼ਾਸਤ੍ਰਾਂ ਤੋਂ ਲੈ ਕੇ ਜਿੰਨੇ ਵੀ ਧਾਰਮਿਕ ਗ੍ਰੰਥ ਹਨ, ਜਿਨ੍ਹਾਂ ਦੁਆਰੇ ਪਰਮਾਤਮਾ ਦਾ ਗਿਆਨ ਅਤੇ ਗੁਣਾਂ ਦਾ ਵਿਚਾਰ ਪ੍ਰਾਪਤ ਹੁੰਦਾ ਹੈ, ਉਹ ਵੀ ਸਾਰੇ ਅੱਖਰਾਂ ਵਿਚ ਹੀ ਹਨ।

ਅਖਰੀ ਲਿਖਣੁ ਬੋਲਣੁ ਬਾਣਿ॥

ਅੱਖਰਾਂ ਕਰਕੇ ਹੀ ਬਾਣੀ ਦਾ ਲਿਖਣਾ ਤੇ ਬੋਲਣਾ ਹੁੰਦਾ ਹੈ। ਕੋਈ ਗੱਲ ਵੀ ਲਿਖਣੀ ਹੋਵੇ ਜਾਂ ਜ਼ਬਾਨੀ ਕਰਨੀ ਹੋਵੇ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਿਖਣੀ ਜਾਂ ਪੜ੍ਹਨੀ ਹੋਵੇ ਤਾਂ ਅੱਖਰਾਂ ਤੋਂ ਬਿਨਾਂ ਨਹੀਂ ਹੋ ਸਕਦੀ।

ਪੁਨਾ ਸਿੱਧਾਂ ਨੇ ਕਿਹਾ-ਆਪ ਅੱਖਰ ਅੱਖਰ ਹੀ ਕਹੀ ਗਏ ਹੋ ਪਰ ਸਪੱਸ਼ਟ ਵਿਸਥਾਰ ਨਾਲ ਨਹੀਂ ਦਸਿਆ ਕਿ ਕਿਹੜੇ ਅੱਖਰਾਂ ਕਰਕੇ ਨਾਮ ਜਪਿਆ ਜਾਂਦਾ ਹੈ, ਅਤੇ ਈਸ਼ਵਰ ਦੀ ਸ਼ਲਾਘਾ ਕੀਤੀ ਜਾਂਦੀ ਹੈ।

ਤਾਂ ਗੁਰੂ ਜੀ ਨੇ ਕਿਹਾ-

ਅਖਰਾ ਸਿਰਿ ਸੰਜੋਗੁ ਵਖਾਣਿ॥

ਜਿਨ੍ਹਾਂ ਅੱਖਰਾਂ ਦਾ ਸਿਰ ਦੇ ਨਾਲ ਸੰਜੋਗ ਕਥਨ ਕੀਤਾ ਹੈ ਉਹ ਪ੍ਰਾਰਬਧ ਰੂਪ ਅੱਖਰ ਹਨ। ਉਨ੍ਹਾਂ ਪ੍ਰਾਰਬਧ ਰੂਪ ਅੱਖਰਾਂ ਦੁਆਰੇ ਹੀ ਨਾਮ ਜਪਿਆ ਜਾਂਦਾ ਹੈ ਅਤੇ ਈਸ਼ਵਰ ਦੀ ਸ਼ਲਾਘਾ ਹੁੰਦੀ ਹੈ।

ਇਸ ਦੁਆਰਾ ਇਹ ਸਿੱਧ ਹੋਇਆ ਕਿ ਜੀਵ ਪਤੰਤ੍ਰ ਹੈ। ਇਹ ਪ੍ਰਾਰਬਧ ਰੂਪੀ ਅੱਖਰ ਐਸੇ ਹਨ ਜੋ ਭੋਗੇ ਬਿਨਾਂ ਮਿਟ ਨਹੀਂ ਸਕਦੇ।

ਸਾਖੀ—ਰਾਜੇ ਜਨਮੇਜੇ ਦੀ

ਇਕ ਦਿਨ ਰਾਜੇ ਜਨਮੇਜੇ ਨੇ ਬਿਆਸ ਭਗਵਾਨ ਜੀ ਪਾਸੋਂ ਪੁੱਛਿਆ ਕਿ ਸਾਡੇ ਵੱਡੇ ਪਾਂਡਵਾਂ ਨੇ ਆਪਣਾ ਰਾਜ-ਭਾਗ ਛੱਡ ਕੇ ੧੩ ਸਾਲ ਬਨਬਾਸ ਕਿਉਂ ਭੋਗਿਆ, ਉਸ ਦਾ ਕੀ ਕਾਰਨ ਸੀ?

ਬਿਆਸ ਜੀ ਨੇ ਕਿਹਾ-''ਹੇ ਰਾਜਨ ! ਉਹਨਾਂ ਨੇ ਜੂਆ ਖੇਡਿਆ ਸੀ ਉਸਦੇ ਬਦਲੇ ਉਨ੍ਹਾਂ ਨੇ ਬਹੁਤ ਦੁੱਖ ਸਹਾਰੇ ਸਨ। ਪਹਿਲੇ ਤਾਂ ਸਾਰਾ ਰਾਜ-ਭਾਗ ਆਪਣਾ ਗੁਆ ਬੈਠੇ ਫਿਰ ੧੨ ਸਾਲ ਬਨਬਾਸ ਭੋਗਿਆ। ਫੇਰ-ਤੇਰ੍ਹਵਾਂ ਸਾਲ ਵੈਰਾਟ ਰਾਜੇ ਦੇ ਪਾਸ ਆਪਣਾ ਨਾਮ ਬਦਲਾ ਕੇ ਛੁਪ ਕੇ ਨੌਕਰੀ ਕਰਦੇ ਰਹੇ।

ਰਾਜਾ ਯੁਧਿਸ਼ਟਰ-'ਕੰਕ' ਨਾਮ ਰਖਾ ਕੇ ਰਾਜੇ ਵੈਰਾਗ ਨੂੰ ਚੌਪੜ ਖਿਡਾਉਂਦਾ ਰਿਹਾ।

ਭੀਮ ਸੈਨ-'ਬੱਲਭ' ਨਾਮ ਰਖਾ ਕੇ ਰਸੋਈਆ ਬਣਕੇ ਰਸੋਈ ਦਾ ਕੰਮ ਕਰਦਾ ਰਿਹਾ।

ਅਰਜਨ-'ਬਿਹੰਡੜਾ' ਨਾਮ ਰਖਾ ਕੇ ਰਾਜ ਪੁਤਰੀ ਨੂੰ ਨ੍ਰਿਤਕਾਰੀ ਸਿਖਾਉਂਦਾ ਰਿਹਾ।

ਨਕੁਲ-'ਗ੍ਰੰਥੀ ਪਾਲ' ਨਾਮ ਰਖਾ ਕੇ ਘੋੜਿਆਂ ਦੀ ਸੇਵਾ ਕਰਦਾ ਰਿਹਾ।

ਸਹਦੇਵ-'ਤੰਤੀਪਾਲ' ਨਾਮ ਰਖਾ ਕੇ ਗਊਆਂ ਦੀ ਸੇਵਾ ਕਰਦਾ ਰਿਹਾ।

ਦਰੋਪਤੀ-'ਸਿਯੰਦਰੀ' ਨਾਮ ਰਖਾ ਕੇ ਰਾਣੀ ਦੀ ਸੇਵਾ ਕਰਦੀ ਰਹੀ।

ਯਥਾ—''ਦ੍ਵਾਦਸ ਸੰਮਤ ਫਿਰਤਿ ਬਿਤਾਏ। ਤ੍ਰੈਦਸਵੇਂ ਦੁਰਨੌ ਠਹਿਰਾਏ।
ਹੁਤੋ ਬਰਾਠ ਮੱਦ੍ ਅਵਨੀਪਾ। ਪਹੁੰਚੇ ਤਿਹ ਕੇ ਜਾਇ ਸਮੀਪਾ॥ ੯॥
ਧਰਮਜ ਚੌਪਰ ਕੇਰ ਖਿਡਾਵਾ। ਕੰਕ ਨਾਮ ਅਪਨੌ ਧਰਿਵਾਵਾ।
ਭੀਮ ਰਸੋਈਆ ਬੱਲਬ ਨਾਮੂ। ਭੋਜਨ ਕਰਨ ਕੀਨ ਸਭਿ ਕਾਮੂ॥ ੧੦॥
ਸ਼ਸਤ੍ਰ ਅਸਤ੍ਰ ਧਰਿ ਬਾਹਰ ਸਭਿ ਹੀ। ਭਾ ਬਿਹੰਡੜਾ ਅਰਜਨ ਤਬਹੀਂ।
ਉੱਤ੍ਰਾਂ ਹੁਤੀ ਬਰਾਠ ਕੁਮਾਰੀ। ਲਗਜੋ ਸਿਖਾਵਨ ਤਿਹ ਨ੍ਰਿਤਕਾਰੀ॥ ੧੧॥
ਬਾਜਪਾਲ ਕੌ ਬੇਖ ਬਨਾਈ। ਰਹਜੋ ਨਕੁਲ ਨ੍ਰਿਪ ਕੇ ਢਿਗ ਜਾਈ।
ਭਾ ਗੋਪਾਲ ਤਬਹਿ ਸਹਿਦੇਵਾ। ਦੁਰਿਕੈ ਰਹੇ ਨ ਕੌ ਲਖਿ ਭੇਵਾ॥ ੧੨॥
ਦ੍ਰੁਪਦਸੁਤਾ ਹੁਇ ਸਜੰਦਰੀ, ਨ੍ਰਿਪਤ ਨਾਰਿ ਢਿਗ ਜਾਇ।
ਸੇਵ ਕਰਨ ਪਰ ਸੋ ਰਹੀ, ਜਿਹ ਤਨ ਰੁਚਿਰ ਸੁਹਾਇ॥ ੧੩॥

[ਨਾਨਕ ਪ੍ਰਕਾਸ਼ ਉਤਰਾਰਧ ਧਿਆ ੨੪]

ਜਨਮੇਜੇ ਨੇ ਕਿਹਾ-''ਉਹਨਾਂ ਨੂੰ ਜੂਆ ਖੇਡਣ ਵੱਲੋਂ ਕਿਸੀ ਨੇ ਹਟਾਇਆ ਨਾ? ਮਰਯਾਦਾ

ਪੁਰਸ਼ੋਤਮ ਸ਼ੁਭ ਕਰਮ ਧਰਮ ਦੇ ਕਰਨ ਵਾਲਿਆਂ ਨੇ ਇਹ ਮੰਦ ਕਰਮ ਕਿਉਂ ਕੀਤਾ। ਉਹਨਾਂ ਦੀ ਮਲੀਣ ਬੁੱਧੀ ਕਿਸ ਕਾਰਨ ਹੋਈ?''

ਇਹ ਗੱਲ ਸੁਣ ਕੇ ਬਿਆਸ ਜੀ ਨੇ ਕਿਹਾ, ''ਹੇ ਰਾਜਨ ! ਜੋ ਹੋਣਹਾਰ ਭਵਿੱਖਤ ਹੈ ਉਹ ਜ਼ਰੂਰ ਹੋ ਕੇ ਰਹਿੰਦੀ ਹੈ ਚਾਹੇ ਕੋਈ ਕਿਤਨਾ ਬਲੀ ਅਤੇ ਸਿਆਣਾ ਵੀ ਹੋਵੇ।''

ਜਨਮੇਜੇ ਨੇ ਕਿਹਾ, 'ਹੇ ਬਿਆਸ ਜੀ! ਜੇ ਕੋਈ ਪਹਿਲੇ ਹੋਣਹਾਰ ਨੂੰ ਦਸ ਦੇਵੇ ਤਾਂ ਇਹ ਬਚ ਸਕਦਾ ਹੈ।'

ਬਿਆਸ ਜੀ ਨੇ ਕਿਹਾ-'ਹੇ ਰਾਜਨ !' ਇਹ ਕਿਸੇ ਦੇ ਵੱਸ ਨਹੀਂ ਹੈ, ਜੋ ਲੇਖ ਲਿਖੇ ਗਏ ਹਨ ਉਹ ਜ਼ਰੂਰ ਭੋਗਣੇ ਪੈਂਦੇ ਹਨ।''

ਰਾਜੇ ਨੇ ਫਿਰ ਵੀ ਆਪਣੀ ਗੱਲ ਤੇ ਹਠ ਕਰ ਲਿਆ। ਤਾਂ ਬਿਆਸ ਜੀ ਨੇ ਕਿਹਾ-ਸੁਣ, ਹੇ ਰਾਜਨ ! ਤੇਰੇ ਉੱਪਰ ਵੀ ਭਾਵੀ ਆਉਣ ਵਾਲੀ ਹੈ ਹੁਣ ਤੈਨੂੰ ਦੱਸ ਦਿੱਤਾ ਹੈ ਤੂੰ ਤਕੜਾ ਹੋ ਕੇ ਰਹੀਂ।

ਤੂੰ ਇਕ ਘੋੜੀ ਖਰੀਦੇਂਗਾ ਉਸ ਉੱਤੇ ਚੜ੍ਹ ਕੇ ਸ਼ਿਕਾਰ ਖੇਡਣ ਜਾਏਂਗਾ। ਸ਼ਿਕਾਰ ਖੇਡਦਿਆਂ ਖੇਡਦਿਆਂ ਤੂੰ ਥੱਕ ਜਾਏਂਗਾ ਫਿਰ ਬ੍ਰਿਛ ਨਾਲ ਘੋੜੀ ਬੰਨ੍ਹ ਕੇ ਇਕ ਤਲਾਬ ਦੇ ਕਿਨਾਰੇ ਤੇ ਆਰਾਮ ਕਰੇਂਗਾ। ਤਲਾਬ ਵਿੱਚੋਂ ਇਕ ਦਰਿਆਈ ਘੋੜਾ ਨਿਕਲ ਕੇ ਤੇਰੀ ਘੋੜੀ ਨਾਲ ਸਬੰਧ ਕਰੇਗਾ ਉਸ ਨੂੰ ਹਮਲ [ਗਰਬ] ਹੋ ਜਾਏਗਾ। ਫਿਰ ਉਸ ਤੋਂ ਇਕ ਬੜਾ ਸੁੰਦਰ ਵਛੇਰਾ ਪੈਦਾ ਹੋਵੇਗਾ। ਸਮੇਂ ਅਨੁਸਾਰ ਉਸ ਘੋੜੇ ਨੂੰ ਛੱਡਕੇ ਸਾਰਿਆਂ ਰਾਜਿਆਂ ਨੂੰ ਜੈ ਕਰਕੇ ਤੂੰ ਰਾਜਸੂ ਯੱਗ ਅਰੰਭੇਗਾ। ਉਸ ਸਮੇਂ ਤੂੰ ੧੮ ਜ਼ਾਤੀਆਂ* ਦੇ ਕੁਲ ਬ੍ਰਾਹਮਣ ਸੱਦੇਂਗਾ। ਅਹੂਤੀਆਂ ਤੋਂ ਪਿੱਛੋਂ ਜਦ ਤੂੰ ਭੰਡਾਰਾ ਵਰਤਾਏਂਗਾ ਤੇ ਸਾਰੇ ਛਕ ਲੈਣਗੇ ਫਿਰ ਤੂੰ ਰਾਣੀ ਨੂੰ ਨਾਲ ਲੈ ਕੇ ਦੱਛਣਾ ਦੇਣ ਜਾਵੇਂਗਾ। ਦੱਛਣਾ ਦੇਂਦੇ-ਦੇਂਦੇ ਤੇਰੀ ਰਾਣੀ ਦੇ ਸਿਰੋਂ ਕਪੜਾ ਲਹਿ ਜਾਏਗਾ ਬ੍ਰਾਹਮਣ ਵੇਖ ਕੇ ਹੱਸਣਗੇ। ਉਸ ਵੇਲੇ ਤੇਰੇ ਅੰਦਰ ਕ੍ਰੋਧ ਆਏਗਾ। ਕਿਸੇ ਨੂੰ ਖੀਰ ਵਿਚ, ਕਿਸੇ ਨੂੰ ਅੱਗ ਵਿਚ ਪਾ ਕੇ ਤੂੰ ਸਾਰਿਆਂ ਨੂੰ ਖਤਮ ਕਰ ਦੇਵੇਂਗਾ।

ਇਸ ਤਰ੍ਹਾਂ ਬ੍ਰਹਮ ਹੱਤਿਆ ਦੇ ਪਾਪ ਕਰਕੇ ਤੈਨੂੰ ਅਠਾਰਾਂ ਹੀ ਪ੍ਰਕਾਰ ਦਾ ਕੋੜ੍ਹ ਨਿਕਲੇਗਾ ਜਿਸ ਕਰਕੇ ਤੂੰ ਬਹੁਤ ਦੁਖੀ ਹੋਵੇਂਗਾ ਅਤੇ ਸਾਰੇ ਭਾਰਤ ਵਰਸ਼ ਵਿਖੇ ਤੇਰੀ ਨਿੰਦਿਆ ਹੋਵੇਗੀ। ਹੁਣ ਤੈਨੂੰ ਸਮਝਾਉਂਦੇ ਹਾਂ ਤੂੰ ਘੋੜੀ ਨਾ ਖਰੀਦੀਂ। ਜੇ ਖਰੀਦ ਵੀ ਲਵੇਂ ਤਾਂ ਬਾਹਰ ਸ਼ਿਕਾਰ ਖੇਡਣ ਨਾ ਜਾਵੀਂ। ਜੇ ਸ਼ਿਕਾਰ ਖੇਡਣ ਚਲਾ ਵੀ ਜਾਵੇਂ ਤਾਂ ਰਾਹ ਵਿਚ ਕਿਧਰੇ ਠਹਿਰੀਂ ਨਾ। ਜੇ ਠਹਿਰੇਂ ਵੀ ਸਹੀ ਤਾਂ ਯੱਗ ਨੂੰ ਨਾ ਅਰੰਭੀਂ ਜੇ ਯੱਗ ਨੂੰ ਅਰੰਭੇ ਤਾਂ ਔਰਤ ਨੂੰ ਨਾਲ ਲੈ ਕੇ ਦੱਛਣਾ ਦੇਣ ਨਾ ਜਾਵੀਂ। ਪਰ ਦੇਖ ਲਈਂ ਤੂੰ ਸਾਰੇ ਹੀ ਕੰਮ ਕਰਨੇ ਹਨ। ਇਸ ਪ੍ਰਕਾਰ ਤੇਰੇ ਪਰ ਬਿਪਤਾ ਆਉਣੀ ਹੈ ਤੂੰ ਹੋਸ਼ ਦੇ ਨਾਲ ਰਹੀਂ ਵੱਡਿਆਂ ਪਰ ਤੂੰ ਸ਼ੰਕਾ ਕੀਤੀ ਹੈ ਪਰ ਹੁਣ ਤੈਨੂੰ ਦੱਸ ਵੀ ਦਿੱਤਾ ਹੈ ਤੂੰ ਬਚ ਕੇ ਵਿਖਾਵੀਂ।

ਬਿਆਸ ਭਗਵਾਨ ਜੀ ਤੋਂ ਇਹ ਭਵਿੱਖਤ ਵਾਕ ਸੁਣ ਕੇ ਰਾਜੇ ਨੇ ਆਪਣੇ ਮਨ ਵਿਚ ਪੱਕੀ

---

*੧. ਗੌਡ। ੨. ਸਾਸਵਤ। ੩. ਸ਼ੁਕਲਾ। ੪. ਤਿਵਾੜੀ। ੫. ਦੂਬੇ। ੬. ਤ੍ਰਿਵੇਦੀ। ੭. ਮੈਥਿਲ। ੮. ਕਾਨਜਕੁਬਜ਼। ੯. ਪ੍ਰਾਸ਼ਰ। ੧੦. ਵਿਆਸ। ੧੧. ਭਾਰਦਵਾਜ। ੧੨. ਸਾਰਸਤ। ੧੩. ਮੈਨਣ। ੧੪. ਪਿਤਾਂਜਲੀ। ੧੫. ਪਿਤੇਲਜੀ। ੧੬. ਪੁਸ਼ਕਰਨਾ ਆਦਿ।

ਸਲਾਹ ਕਰ ਲਈ ਕਿ ਅੱਗੋਂ ਲਈ ਘੋੜਾ ਘੋੜੀ ਕੋਈ ਨਹੀਂ ਖਰੀਦਣੀ।

ਜਦ ਕਿਤਨਾ ਸਮਾਂ ਗੁਜ਼ਰ ਗਿਆ ਤੇ ਇਸ ਨੇ ਘੋੜੀ ਘੋੜਾ ਨਾ ਖਰੀਦਿਆਂ ਤਦ ਅਗਲੇ ਘੋੜੇ ਸੈਨਾ ਪਾਸੋਂ ਕਈ ਮਰ ਗਏ ਤਾਂ ਵਜ਼ੀਰਾਂ ਨੇ ਕਿਹਾ, "ਐ ਬਾਦਸ਼ਾਹ ! ਜੇ ਘੋੜਾ ਘੋੜੀ ਕੋਈ ਵੀ ਨਾ ਖਰੀਦਿਆ ਤਾਂ ਸੈਨਾਂ ਦਾ ਕੰਮ ਕਿਵੇਂ ਨਿਭੇਗਾ. ਤੇਰੀ ਬਾਦਸ਼ਾਹੀ ਕਿਵੇਂ ਚਲੇਗੀ। ਤੂੰ ਘੋੜੀ ਭਾਵੇਂ ਨ ਖਰੀਦ ਪਰ ਘੋੜੇ ਤਾਂ ਖਰੀਦਣ ਦੇਹ।" ਉਸ ਵੇਲੇ ਬਾਦਸ਼ਾਹ ਨੇ ਘੋੜੇ ਖਰੀਦਣ ਦਾ ਹੁਕਮ ਦੇ ਦਿੱਤਾ। ਵਜ਼ੀਰਾਂ ਨੇ ਬਹੁਤ ਹੀ ਘੋੜੇ ਖਰੀਦੇ ਪਰ ਉਸ ਵੇਲੇ ਇਕ ਅਵੱਲ ਜਾਤੀ ਦੀ "ਖੁਰਾਸਾਨੀ" ਘੋੜੀ ਬਹੁਤ ਅਨਮੁੱਲੀ ਆ ਗਈ। ਵਜ਼ੀਰ ਵੇਖ ਕੇ ਬੜਾ ਚਿੰਤਾਤੁਰ ਹੋਇਆ ਕਿ ਜੇ ਇਹ ਘੋੜੀ ਕਿਸੇ ਹੋਰ ਬਾਦਸ਼ਾਹ ਨੇ ਖਰੀਦ ਲਈ ਤਾਂ ਚੰਗਾ ਨਹੀਂ। ਇਹ ਘੋੜੀ ਅਸਾਡੇ ਕੋਲ ਹੀ ਰਹਿਣੀ ਚਾਹੀਦੀ ਹੈ। ਵਜ਼ੀਰ ਨੇ ਬਾਦਸ਼ਾਹ ਨੂੰ ਲਿਆ ਕੇ ਘੋੜੀ ਵਿਖਾਈ ਤੇ ਕਿਹਾ ਕਿ ਇਹ ਘੋੜੀ ਆਪ ਜੀ ਦੇ ਯੋਗ ਦੀ ਹੈ ਜੇ ਕਿਸੇ ਹੋਰ ਬਾਦਸ਼ਾਹ ਨੇ ਖਰੀਦ ਲਈ ਤਾਂ ਸਾਡੀ ਹੱਤਕ ਹੈ ਆਪ ਜੀ ਨੇ ਚੜ੍ਹਣਾ ਨਹੀਂ, ਖਰੀਦਣ ਨੂੰ ਤਾਂ ਕੋਈ ਡਰ ਨਹੀਂ। ਆਪ ਜੀ ਦੇ ਤਬੇਲੇ ਵਿਚ ਖੜੀ ਰਹੇਗੀ। ਬਾਦਸ਼ਾਹ ਨੇ ਹੁਕਮ ਦੇ ਦਿੱਤਾ ਕਿ ਚੰਗਾ,'ਖਰੀਦ ਲਓ।'

ਉਸੀ ਵੇਲੇ ਖਜ਼ਾਨੇ 'ਚੋਂ ਰੁਪਿਆ ਦਿਵਾ ਕੇ ਘੋੜੀ ਖਰੀਦ ਲਈ। ਤਬੇਲੇ ਬੱਧੀ ਨੂੰ ਕਈ ਸਾਲ ਗੁਜ਼ਰ ਗਏ ਤਾਂ ਵਜ਼ੀਰ ਨੇ ਕਿਹਾ, "ਬਾਦਸ਼ਾਹ ਸਲਾਮਤ ! ਇਕ ਵੇਰ ਇਸ ਉੱਤੇ ਚੜ੍ਹ ਕੇ ਤਾਂ ਵੇਖੋ ਕੈਸੀ ਹੈ।" ਜਿਸ ਵੇਲੇ ਰਾਜਾ ਜਨਮੇਜਾ ਉਸ ਉੱਤੇ ਚੜ੍ਹਿਆ ਤਾਂ ਉਹ ਇਸ ਨੂੰ ਲੈ ਕੇ ਅਜਿਹੀ ਉਡੀ ਕਿ ਧਰਤੀ ਪਰ ਪੈਰ ਲੱਗਣ ਹੀ ਨਾ ਦਿੱਤਾ। ਸੰਘਣੇ ਜੰਗਲ ਵਿਚ ਲੈ ਗਈ। ਉਥੇ ਤਲਾਬ ਦੇ ਕਿਨਾਰੇ ਇਸ ਨੂੰ ਬੰਨ੍ਹ ਕੇ ਆਪ ਸੌਂ ਗਿਆ। ਉਸੀ ਵੇਲੇ ਤਲਾਬ ਵਿੱਚੋਂ ਦਰਿਆਈ ਘੋੜਾ ਨਿਕਲਿਆ ਤੇ ਉਸ ਨੇ ਘੋੜੀ ਨਾਲ ਸਬੰਧ ਕੀਤਾ ਅਤੇ ਉਸ ਤੋਂ ਕਾਲੇ ਕੰਨਾਂ ਵਾਲਾ ਬੜਾ ਸੁੰਦਰ ਵਛੇਰਾ ਹੋਇਆ ਤਾਂ ਰਾਜੇ ਨੇ ਸਾਰੇ ਦਿਗ ਬਿਜੇ ਕਰਕੇ ਅਸਮੇਧ ਯੱਗ ਆਰੰਭ ਦਿੱਤਾ। ਅਹੂਤੀਆਂ ਪਾਉਣ ਲਈ ਬੜੇ ਬੜੇ ਵਿਦਵਾਨ ਪੰਡਤ ਬਲਾਏ। ਫਿਰ ੧੮ ਜ਼ਾਤੀਆਂ ਦੇ ਬ੍ਰਾਹਮਣ ਬੁਲਾਕੇ ਸਭ ਨੂੰ ਨਿਉਤਾ ਛਕਾਇਆ। ਪਹਿਲੀਆਂ ਗੱਲਾਂ ਇਸ ਨੂੰ ਸਭ ਭੁੱਲ ਗਈਆਂ। ਪ੍ਰਸ਼ਾਦ ਛਕ੍ਹ ਕੇ ਜਦ ਰਾਣੀ ਨੂੰ ਨਾਲ ਲੈ ਕੇ ਦੱਛਣਾ ਦੇਣ ਗਿਆ, ਤਾਂ ਉਸ ਦੇ ਸਿਰ ਤੋਂ ਪੱਲਾ ਲਹਿ ਗਿਆ।

ਸਿਰ ਨੰਗੇ ਹੋਣ ਦੇ ਸਬੱਬ ਕਰਕੇ ਸਾਰੇ ਬ੍ਰਾਹਮਣ ਹੱਸ ਪਏ। ਇਸ ਨੇ ਕ੍ਰੋਧ ਵਿਚ ਆ ਕੇ ਕਿਸੇ ਨੂੰ ਖੀਰ ਦੇ ਕੜਾਹੇ ਵਿਚ ਸੁੱਟਿਆ। ਕਿਸੇ ਨੂੰ ਅੱਗ ਵਿਚ। ਕਿਸੇ ਨੂੰ ਭਾਜੀ ਦੇ ਕੜਾਹੇ ਵਿਚ। ਕਿਸੇ ਦੇ ਸਿਰ ਤੇ ਬਿੰਨ੍ਹੂ ਟਿਕਾ ਕੇ ਸਿਰ ਵਿਚ ਖੀਰ ਪਾ ਦਿੱਤੀ। ਜਦ ਇਸ ਤਰ੍ਹਾਂ ਬ੍ਰਾਹਮਣਾਂ ਦੀ ਹਾਲਤ ਕੀਤੀ ਤਾਂ ਇਸ ਨੂੰ ਅਠਾਰਾਂ ਹੀ ਪ੍ਰਕਾਰ ਦਾ ਕੋੜ੍ਹ ਨਿਕਲ ਆਇਆ। ਫਿਰ ਇਸ ਨੇ ਬਿਆਸ ਭਗਵਾਨ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ! ਜੋ ਜੋ ਗੱਲਾਂ ਆਪ ਜੀ ਨੇ ਕਹੀਆਂ ਸਨ, ਮੇਰੇ ਪਾਸੋਂ ਉਹੀ ਹੋ ਗਈਆਂ ਹਨ। ਤਾਂ ਬਿਆਸ ਜੀ ਨੇ ਕਿਹਾ, 'ਹੇ ਰਾਜਨ ! ਜੋ ਮੱਥੇ ਦੇ ਲੇਖ ਲਿਖੇ ਹੁੰਦੇ ਹਨ ਅਵੱਸ਼ ਭੋਗਣੇ ਪੈਂਦੇ ਹਨ, ਭੋਗੇ ਬਗੈਰ ਮਿਟ ਨਹੀਂ ਸਕਦੇ।

ਗੁਰੂ ਜੀ ਨੇ ਵੀ ਆਪ ਕਥਨ ਕੀਤਾ ਹੈ-

"ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥
ਤਿਨ੍ਹ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥ ੪॥"

[ਪ੍ਰਭਾਤੀ ਮਹਲਾ ੧, ਪੰਨਾ ੧੩੪੪]

ਫਿਰ ਸਿੱਧਾਂ ਨੇ ਕਿਹਾ, ਨਾਮ ਕਿਸ ਕਰਕੇ ਜਪਿਆ ਜਾਂਦਾ ਹੈ, ਅਤੇ ਸ਼ਲਾਘਾ ਕਿਸ ਕਰਕੇ ਹੁੰਦੀ ਹੈ?

ਤਾਂ ਗੁਰੂ ਜੀ ਨੇ ਫੁਰਮਾਇਆ-

ਅਖਰੀ ਨਾਮੁ=ਅੱਖਰਾਂ ਕਰਕੇ ਹੀ ਨਾਮ ਜਪਿਆ ਜਾਂਦਾ ਹੈ, ਅੱਖਰਾਂ ਕਰਕੇ ਹੀ ਪਰਮੇਸ਼ੁਰ ਦੀ ਸ਼ਲਾਘਾ ਹੁੰਦੀ ਹੈ।

ਅਖਰੀ ਗਿਆਨੁ=ਗਿਆਨ ਦੀ ਪ੍ਰਾਪਤੀ ਗੀਤਾ ਦਾ ਪੜ੍ਹਨਾ ਅਤੇ ਸ਼ੁਭ-ਗੁਣਾਂ ਦਾ ਵਿਚਾਰਨਾ ਇਹ ਸਭ ਅੱਖਰਾਂ ਕਰਕੇ ਹੁੰਦਾ ਹੈ।

ਅਖਰੀ ਲਿਖਣੁ=ਲਿਖਣਾ ਅਤੇ ਬਾਣੀ ਦਾ ਬੋਲਣਾ ਵੀ ਸਭ ਅੱਖਰਾਂ ਕਰਕੇ ਹੁੰਦਾ ਹੈ।

ਸਿੱਧਾਂ ਨੇ ਆਖਿਆ, ਆਪ ਜੀ ਨੇ ਨਿਰਨੇ ਕਰਕੇ ਨਹੀਂ ਕਿਹਾ ਕਿਹੜੇ ਅੱਖਰਾਂ ਕਰਕੇ ਨਾਮ ਦਾ ਜਪਣਾ ਹੁੰਦਾ ਹੈ?

ਤਾਂ ਗੁਰੂ ਜੀ ਨੇ ਕਿਹਾ-

ਅਖਰਾ ਸਿਰਿ=ਜਿਨ੍ਹਾਂ ਵੇਦ ਰੂਪੀ ਅੱਖਰਾਂ ਦਾ ਸਿਰਿ=ਸ਼ਰੋਮਣੀ ਬ੍ਰਹਮ ਨਾਲ ਪ੍ਰਤਿਪਾਦਕ ਪ੍ਰਤਿਪਾਦਜ* ਭਾਵ ਸੰਜੋਗੁ=ਸਬੰਧ ਕਥਨ ਕੀਤਾ ਹੈ।

ਉਹਨਾਂ ਵੇਦ ਰੂਪੀ ਅੱਖਰਾਂ ਕਰਕੇ ਹੀ ਨਾਮ ਜਪਿਆ ਜਾਂਦਾ ਅਤੇ ਉਸ ਦੀ ਸ਼ਲਾਘਾ ਹੁੰਦੀ ਹੈ।

ਦੂਜਾ ਅਰਥ-

ਫਿਰ ਸਿੱਧਾਂ ਨੇ ਕਿਹਾ, ਸਰੂਪ ਥਾਂ ਅਤੇ ਗਿਆਨ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਅਤੇ ਨਾਮ ਕਿਸ ਦਾ ਜਪੇ ਤੇ ਸ਼ਲਾਘਾ ਕਿਸ ਦੀ ਕਰੇ?

ਤਾਂ ਗੁਰੂ ਜੀ ਨੇ ਕਿਹਾ-

ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥

ਅਸੰਖ=ਅਨਗਿਣਤ ਰੂਪ ਪਰਮੇਸ਼ਰ ਦੇ ਅਸੰਖ=ਬਿਅੰਤ ਨਾਮ ਜਪਣ ਕਰ ਕੇ ਥਾਵ=ਸਰੂਪ ਥਾਂ ਦੀ ਪ੍ਰਾਪਤੀ ਹੁੰਦੀ ਹੈ।

ਜੋ ਮਨ ਕਰ ਕੇ ਅਗੰਮ ਹੈ ਤੇ ਪ੍ਰਕਿਰਤੀ ਕਰਕੇ ਵੀ ਅਗੰਮ ਹੈ ਤਿਸ ਅਸੰਖ ਰੂਪ ਪ੍ਰਮਾਤਮਾਂ ਦੇ ਨਾਮ ਜਪਣ ਕਰਕੇ ਹੀ ਗਿਆਨ ਦਾ ਲੋਅ=ਪ੍ਰਕਾਸ਼ ਹੁੰਦਾ ਹੈ।

ਅਸੰਖ ਕਹਹਿ ਸਿਰਿ ਭਾਰੁ ਹੋਇ॥

ਜੋ ਅਸੰਖ ਰੂਪ ਪਰਮੇਸ਼ਰ ਦੇ ਨਾਮ ਨੂੰ ਕਹਿੰਦੇ ਹਨ, ਉਹ ਭਾਰੁ=ਦੇਸ਼, ਕਾਲ ਵਸਤੂ ਦੇ ਭੇਦ ਤੋਂ ਰਹਿਤ ਜੋ ਅਧਿਸ਼ਠਾਨ ਰੂਪ ਪਰਮੇਸ਼ਰ ਹੈ ਉਸ ਦਾ ਸਰੂਪ ਹੋ ਕੇ 'ਸਿਰਿ ਹੋਇ'=ਸ਼ਰੋਮਣੀ ਹੋ ਜਾਂਦੇ ਹਨ।

---

* *ਨੋਟ-ਬ੍ਰਹਮ ਪ੍ਰਤਿਪਾਦਜ ਹੈ, ਅਰਥਾਤ ਕਥਨ ਕਰਨ ਦੇ ਯੋਗ ਹੈ, ਵੇਦ ਪ੍ਰਤਿਪਾਦਕ ਹਨ, ਅਰਥਾਤ ਉਸ ਬ੍ਰਹਮ ਦੇ ਜਸ ਨੂੰ ਕਥਨ ਕਰਨ ਵਾਲੇ ਹਨ।*

ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥

ਜੋ ਬ੍ਰਹਮ ਖਿਰਨੇ [ਨਾਸ] ਤੋਂ ਰਹਿਤ ਹੈ ਉਸ ਦਾ ਨਾਮ ਜਪੋ। ਜੋ ਬ੍ਰਹਮ ਖਿਰਨੇ ਤੋਂ ਰਹਿਤ ਹੈ ਉਸੇ ਦੀ ਸ਼ਲਾਘਾ ਕਰੋ।

ਜੋ ਬ੍ਰਹਮ ਖਿਰਨੇ ਤੋਂ ਰਹਿਤ ਹੈ ਉਸੇ ਦਾ ਗਿਆਨ ਪ੍ਰਾਪਤ ਕਰੋ, ਉਸੇ ਦੇ ਗੀਤ ਗਾਵੋ, ਉਸ ਦੀ ਪ੍ਰਾਪਤੀ ਦੇ ਸ਼ੁਭ-ਗੁਣਾਂ ਨੂੰ ਵਾਹ=ਵਿਚਾਰਨਾ ਕਰੋ।

ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥

ਜੋ ਬ੍ਰਹਮ ਖਿਰਨੇ ਤੋਂ ਰਹਿਤ ਹੈ ਉਸੇ ਦੇ ਜਸ ਨੂੰ ਲਿਖਣਾ ਕਰੋ, ਉਸੇ ਦੀ ਬਾਣੀ ਬੋਲਣਾ ਕਰੋ।

ਜਿਸ ਸਿਰਿ=ਸ਼ਰੋਮਣੀ ਅ+ਖਰਾ ਖਿਰਨੇ ਤੋਂ ਰਹਿਤ ਬ੍ਰਹਮ ਦਾ ਸਾਰਿਆਂ ਦੇ ਨਾਲ ਸੰਜੋਗਿ=ਸੰਬੰਧ ਕਥਨ ਕੀਤਾ ਹੈ।

ਫਿਰ ਸਿੱਧਾਂ ਨੇ ਕਿਹਾ, ਜਿਸ ਬ੍ਰਹਮਾ ਨੇ ਜੀਵਾਂ ਦੇ ਮੱਥੇ ਪਰ ਲੇਖ ਲਿਖੇ ਹਨ, ਉਸ ਬ੍ਰਹਮਾ ਦੇ ਸਿਰ ਉਤੇ ਕੋਈ ਪਤੀ ਹੈ ਜਾਂ ਨਹੀਂ ?

ਤਾਂ ਗੁਰੂ ਜੀ ਨੇ ਫੁਰਮਾਇਆ-

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥

ਜਿਸ ਬ੍ਰਹਮਾ ਨੇ ਜੀਵਾਂ ਦੇ ਮੱਥੇ ਪਰ ਇਹ ਲੇਖ ਲਿਖੇ ਹਨ, ਉਸ ਬ੍ਰਹਮਾ ਦੇ ਸਿਰ ਉਤੇ ਨਾਹਿ=ਪਤੀ ਇਸਥਿਤ ਹੈ।

ਫਿਰ ਸਿੱਧਾਂ ਕਿਹਾ ਕਿ ਜਿਸ ਪਰਮਾਤਮਾ ਨੇ ਇਹ ਲੇਖ ਲਿਖੇ ਹਨ ਉਸ ਦੇ ਸਿਰ ਤੇ ਪਤੀ ਹੈ, ਜਾਂ ਨਹੀਂ?

ਵਾ-ਉਸ ਦੇ ਸਿਰ ਤੇ ਅੱਖਰ ਹਨ ਕਿ ਨਹੀਂ? ਗੁਰ ਉੱਤਰ-

ਜਿਸ ਵਾਹਿਗੁਰੂ ਨੇ ਜੀਵਾਂ ਦੇ ਸਿਰ ਤੇ ਇਹ ਲੇਖ ਲਿਖੇ ਹਨ, ਉਸ ਦੇ ਆਪਣੇ ਸਿਰ ਤੇ ਕੋਈ ਪਤੀ ਨਾਹਿ=ਨਹੀਂ ਹੈ।

ਵਾ-ਉਸ ਦੇ ਆਪਣੇ ਸਿਰ ਉਤੇ ਕੋਈ ਅੱਖਰ ਨਹੀਂ ਲਿਖੇ ਹੋਏ, ਕਿਉਂਕਿ ਉਹ ਕਿਸੀ ਕਲਮ ਅਤੇ ਕਿਸੀ ਅੱਖਰ ਹੇਠ ਨਹੀਂ ਆਉਂਦਾ। ਯਥਾ

"ਨਿਰਭਉ ਸੋ ਸਿਰਿ ਨਾਹੀ ਲੇਖਾ॥ ਆਪਿ ਅਲੇਖੁ ਕੁਦਰਤਿ ਹੈ ਦੇਖਾ॥"

[ਮਾਰੂ ਮਹਲਾ ੧, ਪੰਨਾ ੧੦੪੨]

ਪ੍ਰਸ਼ਨ-ਜੀਵਾਂ ਦੇ ਮੱਥੇ ਪਰ ਜੋ ਬ੍ਰਹਮਾ ਲੇਖ ਲਿਖਦਾ ਹੈ ਉਹ ਆਪਣੀ ਮਰਜ਼ੀ ਨਾਲ ਲਿਖਦਾ ਹੈ ਜਾਂ ਉਸ ਪਰਮਾਤਮਾ ਦੇ ਹੁਕਮ ਨਾਲ ਲਿਖਦਾ ਹੈ? ਗੁਰ ਉੱਤਰ-

ਜਿਵ ਫੁਰਮਾਏ ਤਿਵ ਤਿਵ ਪਾਹਿ॥

ਜਿਵੇਂ-ਉਹ ਪਰਮਾਤਮਾ ਫੁਰਮਾਉਂਦਾ ਹੈ, ਤਿਵੇਂ ਤਿਵੇਂ ਬ੍ਰਹਮਾ ਜੀਵਾਂ ਦੇ ਮੱਥੇ ਪਰ ਲੇਖ ਪਾਉਂਦਾ ਹੈ।

ਵਾ-ਜਿਸ ਪ੍ਰਕਾਰ ਪਰਮੇਸ਼ਰ ਦੀ ਆਪਣੀ ਫੁਰਮਾਏ=ਇੱਛਿਆ ਹੁੰਦੀ ਹੈ, ਤਿਵੇਂ ਤਿਵੇਂ ਆਪ ਹੀ ਲੇਖ ਪਾਹਿ=ਪੈ ਜਾਂਦਾ ਹੈ।

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥

ਜਿਤਨਾਂ ਕੁ ਪ੍ਰਪੰਚ ਉਸ ਪਰਮਾਤਮਾ ਨੇ ਰਚਨਾ ਕੀਤਾ ਹੈ ਉਤਨਾ ਸਭ ਨਾਮ ਰੂਪ ਹੈ।

ਨਾਵੈ=ਨਾਮ ਰੂਪ ਤੋਂ ਬਿਨਾਂ ਹੋਰ ਕੋਈ ਥਾਉ=ਜਗ੍ਹਾ ਨਹੀਂ ਹੈ।

ਨਾਮ ਤੇ ਰੂਪ ਇਹ ਦੋ ਅੰਸਾਂ ਮਾਇਆ ਦੀਆਂ ਹਨ ਜੋ ਨਾਸ਼ਵੰਤ ਤੇ ਮਿਥਿਆ ਹਨ। ਜੇਹੋ ਜਿਹਾ ਕਾਰਨ ਹੋਵੇ ਵੈਸਾ ਹੀ ਕਾਰਜ ਹੁੰਦਾ ਹੈ। ਜਦ ਮਾਇਆ ਮਿਥਿਆ ਹੈ ਤਦ ਉਸ ਦਾ ਕਾਰਜ ਰੂਪ ਜਗਤ ਕਿਵੇਂ ਸੱਚਾ ਹੋ ਸਕਦਾ ਹੈ। ਏਸੇ ਕਰਕੇ ਹੀ ਅੱਗੇ ਜਾ ਕੇ ਕਥਨ ਕੀਤਾ ਹੈ-

"ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ੧ ॥"

[ਬਸੰਤੁ ਮਹਲਾ ੯, ਪੰਨਾ ੧੧੮੭]

ਅਥਵਾ-ਜਿਤਨਾ ਇਹ ਜਗਤ ਉਤਪੰਨ ਕੀਤਾ ਹੈ ਉਤਨਾ ਸਭ ਨਾਮ ਜਪਣ ਵਾਸਤੇ ਕੀਤਾ ਹੈ ਏਸੇ ਵਾਸਤੇ ਗੁਰਮੁਖ ਜਨ ਰਾਤ ਦਿਨੇ ਉਸੀ ਦਾ ਸਿਮਰਨ ਕਰਦੇ ਹਨ।

ਯਥਾ—"ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹਾਲਹਿ ਹਰਿ ਗਾਲ ॥
ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ ॥ ੧ ॥"

[ਪ੍ਰਭਾਤੀ ਮਹਲਾ ੪, ਪੰਨਾ ੧੩੩੫]

ਤਥਾ—"ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥"

[ਆਸਾ ਮਹਲਾ ੩, ਪੰਨਾ ੪੨੩]

ਤਥਾ - "ਪੂਰਬੀ ਨ ਪਾਰ ਪਾਵੈ ਹਿੰਗੁਲਾ ਹਿਮਾਲੈ ਧਿਆਵੈ ਗੌਰ ਗਰਦੇਜੀ ਗੁਨ ਗਾਵੈ ਤੇਰੇ ਨਾਮ ਹੈਂ ॥
ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈ ਆਰਬ ਕੇ ਆਰਬੀ ਅਰਾਧੈ ਤੇਰੇ ਨਾਮ ਹੈਂ ॥
ਫਰਾ ਕੇ ਫਿਰੰਗੀ ਮਾਨੈ ਕੰਧਾਰੀ ਕੁਰੇਸੀ ਜਾਨੈ ਪੱਛਮ ਕੇ ਪੱਛਮੀ ਪਛਾਨੈ ਨਿਜ ਕਾਮ ਹੈਂ ॥
ਮਰਹਟਾ ਮਘੇਲੇ ਤੇਰੀ ਮਨ ਸੋਂ ਤਪਸਿਆ ਕਰੈ ਦਿੜ੍ਹਵੈ ਤਿਲੰਗੀ ਪਹਚਾਨੈ ਧਰਮ ਧਾਮ ਹੈਂ ॥ ੨ ॥ ੨੫੪ ॥
ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ ਦਿੱਲੀ ਕੇ ਦਿਲਵਾਲੀ ਤੇਰੀ ਆਗਿਜਾ ਮੈ ਚਲਤ ਹੈਂ ॥
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ ॥
ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਜਾਵੈ ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ ॥
ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈ ॥ ੩ ॥ ੨੫੫ ॥"

[ਦਸਮ ਗ੍ਰੰਥ, ਪੰਨਾ ੩੯]

ਨਾਮ ਸਿਮਰਨ ਤੋਂ ਬਿਨਾਂ ਕਿਸੇ ਨੂੰ ਭੀ ਥਾਉ=ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ ਹੈ।

ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

ਕੁਦਰਤਿ ਕਵਣ=ਕਿਹੜੀ [ਕਿਆ] ਚੀਜ਼ ਹੈ ਜੋ ਉਸਦੇ ਵਿਚਾਰ ਨੂੰ ਕਹਿ ਸਕੇ।

ਉਸ ਪ੍ਰਭੂ ਦਾ ਇਕ ਵਾਰ=ਰੋਮ ਵੀ ਵਾਰਿਆ ਕਥਨ=ਨਹੀਂ ਕੀਤਾ ਜਾਂਦਾ। ਜੋ ਉਸ ਪ੍ਰਭੂ ਨੂੰ ਭਾਉਂਦੀ ਹੈ, ਉਹ ਕਾਰ ਚੰਗੀ ਹੈ। ਤੂੰ ਐਸੇ ਨਿਸਚੇ ਕਰ ਉਹ ਨਿਰੰਕਾਰ ਪ੍ਰਭੂ ਸਦਾ ਹੀ ਸਲਾਮਤਿ=ਇਸਥਿਤ ਰੂਪ ਹੈ॥ ੧੯॥

ਉਨੀਵੀਂ ਪਉੜੀ ਦੇ ੧੬੩ ਅੱਖਰ ਹਨ।

ਵੀਹਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ,ਆਪ ਜੀ ਨੇ ਫੁਰਮਾਇਆ ਹੈ ਕਿ ਨਾਮ ਸਿਮਰਨ ਤੋਂ ਬਿਨਾਂ ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਨਾਮ ਸਿਮਰਨ ਸ਼ੁੱਧ ਬੁੱਧੀ ਤੋਂ ਬਗੈਰ ਨਹੀਂ ਹੋ ਸਕਦਾ ਇਸ ਲਈ ਆਪ ਇਹ ਦੱਸੋ ਪਾਪਾਂ ਨਾਲ਼ ਭਰੀ ਹੋਈ ਬੁੱਧੀ ਸ਼ੁੱਧ ਕਿਵੇਂ ਹੋਵੇ? ਗੁਰ ਉੱਤਰ -

[ਪਹਿਲੇ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ]

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥

੧. ਹੇ ਸਿੱਧੋ ! ਜਿਵੇਂ ਹੱਥਾਂ ਪੈਰਾਂ ਦੇ ਤਨੁ=ਨਾਲ ਦੇਹ=ਸਰੀਰ ਮਿੱਟੀ ਨਾਲ ਭਰ ਜਾਵੇ।

ਅਥਵਾ:-ਏਹ ਦੇਹ=ਸਰੀਰ ਹੱਥਾਂ ਪੈਰਾਂ ਸਮੇਤ ਤਨੁ=ਵਿਸਥਾਰ ਪੂਰਬਕ ਮਿੱਟੀ ਨਾਲ ਭਰ ਜਾਵੇ। ਤਾਂ ਪਾਣੀ ਨਾਲ ਧੋਤਿਆਂ ਉਹ ਖੇਹ=ਮਿੱਟੀ ਉਤਰ ਜਾਂਦੀ ਹੈ। ਅਤੇ-

ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥

ਜਿਵੇਂ ਕੋਈ ਕਪੜਾ ਮੂਤਰ [ਪਿਸ਼ਾਬ] ਨਾਲ ਪਲੀਤੀ=ਅਪਵਿੱਤਰ [ਗੰਦਾ] ਹੋ ਜਾਵੇ ਤਾਂ-

ਸਾਬਣ ਦੀ ਚੱਟ ਦੇ ਕੇ ਉਹ ਕਪੜਾ ਧੋ ਲਈਦਾ ਹੈ।

ਹੱਥ, ਪੈਰ, ਦੇਹ, ਮਿੱਟੀ ਅਤੇ ਕਪੜਾ, ਪਿਸ਼ਾਬ ਇਹ ਸਭ ਅਸਥੂਲ ਹਨ, ਇਨ੍ਹਾਂ ਦੀ ਨਵਿਰਤੀ ਵੀ ਪਾਣੀ ਅਤੇ ਸਾਬੁਣ ਆਦੀ ਅਸਥੂਲ ਚੀਜ਼ਾਂ ਨਾਲ ਕੀਤੀ ਜਾਂਦੀ ਹੈ। ਇਸੇ ਤਰ੍ਹਾਂ-

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਜੇ ਕਿਸੇ ਆਦਮੀ ਦੀ ਬੁੱਧੀ ਪਾਪਾਂ ਨਾਲ ਭਰ ਜਾਵੇ। ਤਾਂ-

ਉਹ ਮਲੀਣ ਬੁੱਧੀ, ਵਾਹਿਗੁਰੂ ਦੇ ਨਾਮ ਨਾਲ ਰੰਗਿ=ਪ੍ਰੇਮ ਕਰਨ ਕਰਕੇ ਧੋਤੀ ਜਾਂਦੀ ਹੈ।

ਬੁੱਧੀ ਸੂਖਮ ਹੈ, ਨਾਮ ਵੀ ਸੂਖਮ ਹੈ, ਇਸ ਕਰਕੇ ਇਹ ਸੂਖਮ ਵਸਤੂ ਜੋ ਨਾਮ ਹੈ ਉਸ ਨਾਲ ਬੁੱਧੀ ਸਾਫ ਹੋ ਜਾਂਦੀ ਹੈ।

ਯਥਾ— 'ਜਿਉ ਸਾਬੁਨਿ ਕਾਪਰ ਊਜਲ ਹੋਤ॥ ਨਾਮ ਜਪਤ ਸਭੁ ਭ੍ਰਮੁ ਭਉ ਖੋਤ॥ ੫॥'

[ਰਾਮਕਲੀ ਮਹਲਾ ੫, ਪੰਨਾ ੯੧੪]

ਤਥਾ— "ਲਾਗੀ ਮੈਲੁ ਮਿਟੈ ਸਚ ਨਾਇ॥ ਗੁਰ ਪਰਸਾਦਿ ਰਹੈ ਲਿਵ ਲਾਇ॥ ੧॥"

[ਆਸਾ ਮਹਲਾ ੧, ਪੰਨਾ ੩੫੨]

ਫਿਰ ਸਿੱਧਾਂ ਨੇ ਕਿਹਾ ਜੋ ਪਾਪੀ ਪਰਮਾਤਮਾ ਦੇ ਨਾਮ ਨੂੰ ਆਖਕੇ ਪੁੰਨੀ ਹੋਏ ਹਨ ਉਹ ਕਿਤਨੇ ਕੁ ਹਨ? ਤਾਂ ਗੁਰੂ ਜੀ ਨੇ ਫੁਰਮਾਇਆ-

ਪੁੰਨੀ ਪਾਪੀ ਆਖਣੁ ਨਾਹਿ॥

੧. ਹੇ ਸਿੱਧੋ! ਜੋ ਪਾਪੀ ਨਾਹਿ=ਪਤੀ ਪਰਮਾਤਮਾ ਦੇ ਨਾਮ ਨੂੰ ਆਖਕੇ ਪੁੰਨੀ ਹੋਏ ਹਨ, ਉਹ ਇਤਨੇ ਬਿਅੰਤ ਹੋਏ ਹਨ ਜੋ ਕਿਸੇ ਪਾਸੋਂ ਵੀ ਆਖਣੁ ਨਾਹਿ=ਆਖੇ ਨਹੀਂ ਜਾ ਸਕਦੇ।

ਯਥਾ — "ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਣੀ ਮਨੁ ਲਾਗ॥
ਅਠਸਠਿ ਤੀਰਥ ਨਾਮੁ ਪ੍ਰਭ ਜਿਸੁ ਨਾਨਕ ਮਸਤਕਿ ਭਾਗ॥ ੨॥"

[ਗੂਜਰੀ ਵਾਰ ਮ: ੫, ਪੰਨਾ ੫੧੮]

ਫਿਰ ਸਿੱਧਾਂ ਨੇ ਕਿਹਾ ਸੰਸਾਰ ਵਿਚ ਪਾਪੀ ਪੁੰਨੀ ਕਿੰਨੇ ਕੁ ਹਨ?

ਤਾਂ ਗੁਰੂ ਜੀ ਨੇ ਫੁਰਮਾਇਆ-

ਹੇ ਸਿੱਧੋ! ਸੰਸਾਰ ਵਿਚ ਪੁੰਨੀ ਕਿਤਨੇ ਹਨ, ਅਤੇ ਪਾਪੀ ਕਿੰਨੇ ਕੁ ਹਨ, ਇਹ ਗਿਣਤੀ ਕਿਸੇ ਪਾਸੋਂ ਨਿਰਨੇ ਨਾਲ ਆਖੀ ਨਹੀਂ ਜਾ ਸਕਦੀ।

ਪ੍ਰਸ਼ਨ-ਪਾਪੀ ਤਾਂ ਨਾਮ ਨੂੰ ਨਹੀਂ ਕਹਿੰਦੇ ਹੋਣਗੇ?

ਉੱਤਰ-ਪੁੰਨੀਆਂ ਵਿਚ ਤਾਂ ਕੋਈ ਸ਼ੱਕ ਹੀ ਨਹੀਂ। ਪਰ ਪਾਪੀ ਜਿਹੜੇ ਹਨ ਉਹ ਵੀ ਸਾਰੇ ਪਤੀ ਪਰਮੇਸ਼ਰ ਦੇ ਨਾਮਾਂ ਨੂੰ ਆਖਦੇ ਹਨ। ਜਿਸ ਵੇਲੇ ਬੱਕਰੇ ਆਦਿਕਾਂ ਨੂੰ ਕੋਂਹਦੇ ਹਨ ਉਸ ਵੇਲੇ ਪਹਿਲੇ ਪਰਮੇਸ਼ਰ ਦਾ ਨਾਮ ਲੈ ਲੈਂਦੇ ਹਨ। ਜੁਆਰੀਆਂ ਅਤੇ ਚੋਰਾਂ ਦਾ ਵੀ ਸ੍ਰੀ ਬਾਬਾ ਅਟੱਲ ਸਾਹਿਬ ਉਤੇ ਅਜੇਹਾ ਦ੍ਰਿੜ੍ਹ ਵਿਸ਼ਵਾਸ਼ ਹੈ ਜੋ ਆਪਣੇ ਹਰ ਕਾਰਜਾਂ ਵਿਖੇ ਇਨ੍ਹਾਂ ਅੱਗੇ ਅਰਦਾਸ ਕਰਦੇ ਹਨ ਅਤੇ ਇਨ੍ਹਾਂ ਦਾ ਹੀ ਨਾਮ ਲੈਂਦੇ ਹਨ। ਕੁਝ ਵੀ ਹੋ ਜਾਏ ਪਰ ਬਾਬੇ ਅਟੱਲ ਸਾਹਿਬ ਜੀ ਦੀ ਸੌਂਹ ਨਹੀਂ ਚੁੱਕਦੇ।

੨. ਜੋ ਪੁੰਨੀ ਪੁਰਸ਼ ਨਾਹਿ=ਪਤੀ ਪਰਮੇਸ਼ਰ ਦੇ ਨਾਮ ਨੂੰ ਨਹੀਂ ਆਖਦੇ ਉਹ ਕਿਤਨੇ ਹੀ ਪਾਪੀ ਹੋਏ ਹਨ, ਉਹ ਵੀ ਕਿਸੇ ਪਾਸੋਂ ਆਖੇ ਨਹੀਂ ਜਾਂਦੇ।

ਅਜਾਮਲ ਵੱਲ ਧਿਆਨ ਦਿਓ। ਅਜਾਮਲ ਦਾ ਜਨਮ ਪਹਿਲੇ ਬ੍ਰਾਹਮਣ ਦੇ ਘਰ ਦਾ ਸੀ ਅਤੇ ਬੜਾ ਵਿਦਵਾਨ ਸੀ ਪਰ ਨਾਮ ਤੋਂ ਬੇ-ਮੁਖ ਹੋਣ ਕਰਕੇ ਵੇਸਵਾ ਗਾਮੀ ਹੋ ਕੇ ਬੜਾ ਭਾਰੀ ਪਾਪੀ ਬਣ ਗਿਆ।

ਫਿਰ ਸਿੱਧਾਂ ਨੇ ਕਿਹਾ ਕਿ ਪ੍ਰਲੋਕ ਵਿਚ ਪਾਪੀਆਂ ਪੁੰਨੀਆਂ ਦਾ ਰੌਲਾ ਪੈ ਜਾਂਦਾ ਹੋਵੇਗਾ?

ਤਾਂ ਗੁਰੂ ਜੀ ਨੇ ਫੁਰਮਾਇਆ-

ਕਰਿ ਕਰਿ ਕਰਣਾ ਲਿਖਿ ਲੈ ਜਾਹੁ॥

ਇਹ ਜੀਵ ਆਪਣੇ ਕਰਿ=ਹੱਥਾਂ ਨਾਲ ਜੋ ਕਰਣਾ=ਕਰਤੱਬ ਕਰਿ=ਕਰਦਾ ਹੈ, ਉਹ ਸਭ ਇਸਦੇ ਕੀਤੇ ਹੋਏ ਕਰਮਾਂ ਨੂੰ ਧਰਮ ਰਾਜਾ ਦੇ ਭੇਜੇ ਹੋਏ ਦੋ ਚਿਤ੍ਰ ਗੁਪਤ ਲਿਖਕੇ ਲੈ ਜਾਂਦੇ ਹਨ।

'ਚਿਤ੍ਰ' ਸੱਜੇ ਮੋਢੇ ਪਰ ਬੈਠਾ ਹੋਇਆ ਦਿਨ ਦੀ ਸਾਰੀ ਗੱਲ ਲਿਖਦਾ ਹੈ।

'ਗੁਪਤ' ਖੱਬੇ ਮੋਢੇ ਪਰ ਬੈਠਾ ਹੋਇਆ ਰਾਤ ਦੀ ਸਾਰੀ ਗੱਲ ਲਿਖਦਾ ਹੈ। ਇਹ ਮਨੁੱਖ ਦੇ ਰਾਤ ਦਿਨ ਦਾ ਸਾਰਾ ਹਿਸਾਬ ਚਿਤ੍ਰ ਗੁਪਤ ਧਰਮ ਰਾਜਾ ਦੇ ਸਾਹਮਣੇ ਅਦਾਲਤ ਵਿੱਚ ਪੇਸ਼ ਕਰ ਦਿੰਦੇ ਹਨ ਇਸ ਕਰਕੇ ਉਥੇ ਕੋਈ ਰੌਲਾ ਨਹੀਂ ਪੈਂਦਾ।

ਯਥਾ—"ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥" *[ਪ੍ਰਭਾਤੀ ਮਹਲਾ ੧, ਪੰਨਾ ੧੩੩੧]*

ਫਿਰ ਸਿੱਧਾਂ ਨੇ ਕਿਹਾ, ਜਿਵੇਂ ਇਸ ਲੋਕ ਵਿਚ ਕੋਈ ਭੈੜਾ ਕਰਮ ਕਰੇ ਤਾਂ ਉਸਦੀ ਜਗ੍ਹਾ ਦੂਜਾ ਆਦਮੀ ਉਸਦੇ ਫਲ ਨੂੰ ਭੋਗ ਲੈਂਦਾ ਹੈ ਤਿਵੇਂ ਪ੍ਰਲੋਕ ਵਿਚ ਭੀ ਭੋਗਿਆ ਜਾਂਦਾ ਹੋਵੇਗਾ?

ਤਾਂ ਗੁਰੂ ਜੀ ਨੇ ਕਿਹਾ, ਇਸ ਤਰ੍ਹਾਂ ਨਹੀਂ ਹੋ ਸਕਦਾ-

ਆਪੇ ਬੀਜਿ ਆਪੇ ਹੀ ਖਾਹੁ॥

ਇਹ ਜੀਵ ਆਪ ਹੀ ਜਿਵੇਂ ਕਰਮਾਂ ਦੇ ਬੀਜ ਨੂੰ ਬੀਜਦਾ ਹੈ ਤਿਵੇਂ ਆਪ ਹੀ ਉਸ ਦੇ ਫਲ ਨੂੰ ਖਾਹੁ=ਖਾਂਦਾ ਅਰਥਾਤ ਭੋਗਦਾ ਹੈ।

ਯਥਾ—"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥"

[ਬਾਰਹ ਮਾਹਾ ਮਾਂਝ ਮਹਲਾ ੫, ਪੰਨਾ ੧੩੪]

ਤਥਾ—"ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ॥
ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ॥
ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਿਸਿ ਵਜਾਏ॥"

[ਗਉੜੀ ਵਾਰ, ਪੰਨਾ ੩੦੩]

ਤਥਾ—"ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥ ੩॥"

[ਆਸਾ ਵਾਰ ੫, ਪੰਨਾ ੪੦੬]

ਤਥਾ—"ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ॥
ਜੈਸਾ ਬੀਜਹਿ ਤੈਸਾ ਖਾਸਾ॥ ੩॥" *[ਗਉੜੀ ਗੁਆਰੇਰੀ ਮਹਲਾ ੫, ਪੰਨਾ ੧੭੬]*

ਤਥਾ—"ਨਿੰਦਕ ਕੀ ਗਤਿ ਕਤਹੂ ਨਾਹਿ॥ ਆਪਿ ਬੀਜਿ ਆਪੇ ਹੀ ਖਾਹਿ॥"

[ਭੈਰਉ ਮਹਲਾ ੫, ਪੰਨਾ ੧੧੪੫]

ਤਥਾ—"ਕਿਰਤੁ ਓਨ੍ਹਾ ਕਾ ਮਿਟਸਿ ਨਾਹਿ॥ ਓਇ ਅਪਣਾ ਬੀਜਿਆ ਆਪਿ ਖਾਹਿ॥"

[ਬਸੰਤੁ ਮਹਲਾ ੫, ਪੰਨਾ ੧੧੮੩]

ਤਥਾ—"ਈਠ ਮੀਤ ਕੋਊ ਸਖਾ ਨਾਹਿ॥ ਆਪਿ ਬੀਜਿ ਆਪੇ ਹੀ ਖਾਂਹਿ॥"

[ਬਸੰਤੁ ਮਹਲਾ ੫, ਪੰਨਾ ੧੧੯੨]

ਤਥਾ—"ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ॥ ੧੫॥"

[ਸਾਰੰਗ ਵਾਰ, ਪੰਨਾ ੧੨੪੩]

ਤਥਾ — "ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥"

[ਸਾਰੰਗ ਵਾਰ ਮ: ੧, ਪੰਨਾ ੧੨੪੩]

ਸਾਖੀ—ਗੁਟਾਰ ਤੇ ਬਾਜ ਦੀ

ਸ੍ਰੀ ਦਸਮੇਸ਼ ਪਿਤਾ ਕਲਗੀਧਰ ਜੀ ਦੀ ਉਸਤਤੀ ਸੁਣ ਕੇ ਇਕ ਬੈਰਾਗੀ ਵੈਸ਼ਨਵ ਮੱਤ ਵਾਲਾ ਦਰਸ਼ਨਾਂ ਨੂੰ ਆਇਆ। ਆ ਕੇ ਕੀ ਦੇਖਦਾ ਹੈ ਕਿ ਗੁਰੂ ਜੀ ਦੇ ਇਕ ਹੱਥ ਵਿਚ ਗੁਟਾਰ ਪੰਛੀ ਹੈ। ਦੂਜੇ ਹੱਥ ਵਿਚ ਬਾਜ ਫੜਿਆ ਹੋਇਆ ਹੈ ਤੇ ਉਸ ਬਾਜ ਨੇ ਗੁਟਾਰ ਦੇ ਮਾਸ ਨੂੰ ਤੋੜਿਆ। ਦੁਬਾਰਾ ਵੀ ਤੋੜਿਆ, ਬਲਕਿ ਜਦ ਤੀਜੀ ਵਾਰ ਗੁਟਾਰ ਦੇ ਮਾਸ ਨੂੰ ਤੋੜਿਆ ਤਾਂ ਬੈਰਾਗੀ ਦੇ ਮਨ ਵਿਚ ਬੜੀ ਸ਼ੰਕਾ ਆਈ ਕਿ

ਮੈਂ ਤਾਂ ਬੜੇ ਦਿਆਲੂ, ਸ਼ਾਂਤ ਮਈ ਸੁਣੇ ਸਨ ਪਰ ਇਨ੍ਹਾਂ ਦੇ ਚਿੱਤ ਵਿਖੇ ਤਾਂ ਬੜੀ ਕਠੋਰਤਾ ਹੈ। ਦਇਆ ਰੰਚਕ ਮਾਤ੍ਰ ਵੀ ਨਹੀਂ ਹੈ, ਜੋ ਜਿਉਂਦੀ ਗੁਟਾਰ ਦਾ ਮਾਸ ਬਾਜ ਪਾਸੋਂ ਤੁੜਵਾ ਰਹੇ ਹਨ।

ਅੰਤਰਜਾਮੀ ਸਤਿਗੁਰਾਂ ਨੇ ਸੰਤ ਦੇ ਹਿਰਦੇ ਦੀ ਸ਼ੰਕਾ ਜਾਣ ਕੇ ਕਿਹਾ-''ਹੇ ਸੰਤ ਜੀ! ਆਪ ਦੇ ਮਨ ਵਿਚ ਜੋ ਸੰਸਾ ਉਠਿਆ ਹੈ ਉਸ ਦਾ ਉੱਤਰ ਸੁਣੋ।''

ਇਹ ਜੋ ਗੁਟਾਰ ਹੈ ਪਿਛਲੇ ਜਨਮ ਵਿਚ ਇਹ ਰਾਜੇ ਦਾ ਵਜ਼ੀਰ ਸੀ, ਤੇ ਬਾਜ ਜਿਹੜਾ ਹੈ ਇਹ ਪਿਛਲੇ ਜਨਮ ਵਿਚ ਇਕ ਬੜਾ ਜ਼ਿਮੀਂਦਾਰ ਸੀ। ਇਹ ਵਜ਼ੀਰ ਨੇ ਝੂਠੀ ਤੁਹਮਤ ਲਗਾ ਕੇ ਇਸ ਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਸੀ। ਪਿੰਡ ਉਜਾੜ ਦਿੱਤਾ ਸੀ ਪਰ ਇਸ ਨੇ ਆਪਣੇ ਸਬੰਧੀਆਂ ਦੀ ਮਦਦ ਲੈ ਕੇ ਹੋਰ ਪਿੰਡ ਵਸਾ ਲਿਆ ਸੀ, ਪਰ ਵਜ਼ੀਰ ਨੇ ਦੁਬਾਰਾ ਫਿਰ ਇਸ ਨੂੰ ਉਜਾੜ ਦਿੱਤਾ ਸੀ। ਫਿਰ ਇਸ ਨੇ ਮਿੱਤ੍ਰਾਂ ਤੋਂ ਮਦਦ ਲੈ ਕੇ ਪਿੰਡ ਵਸਾਇਆ ਸੀ। ਪਰ ਰਾਜੇ ਦੇ ਵਜ਼ੀਰ ਨੇ ਵੈਰ ਭਾਵ ਰਖ ਕੇ ਤੀਜੀ ਵਾਰੀ ਵੀ ਇਸ ਨੂੰ ਉਜਾੜ ਦਿੱਤਾ ਸੀ। ਸਮਾਂ ਪਾ ਕੇ ਦੋਵੇਂ ਮਰ ਗਏ। ਰਾਜੇ ਦਾ ਜੋ ਵਜ਼ੀਰ ਸੀ ਉਹ ਤਾਂ ਗੁਟਾਰ ਆ ਕੇ ਬਣਿਆ ਹੈ। ਜੋ ਚੌਧਰੀ ਜ਼ਿਮੀਂਦਾਰ ਸੀ ਉਹ ਬਾਜ ਆ ਕੇ ਬਣਿਆ ਹੈ। ਇਹ ਆਪਸ ਵਿਚ ਬਦਲਾ ਲੈ ਰਹੇ ਹਨ। ਇਸ ਬਾਜ ਨੇ ਇਸ ਨੂੰ ਤਿੰਨ ਜਨਮ ਖਾਣਾ ਸੀ, ਸਾਡੇ ਪਾਸ ਆਉਣ ਦਾ ਇਸਨੂੰ ਇਹ ਫਲ ਹੋਇਆ ਹੈ ਕਿ-ਅਸਾਂ ਨੇ ਦਇਆ ਕਰਕੇ ਇੱਕੋ ਜਨਮ ਵਿਚ ਇਸ ਦਾ ਲੇਖਾ ਮੁਕਾ ਦਿੱਤਾ ਹੈ।

ਗੁਰੂ ਜੀ ਨੇ ਕਿਹਾ, ਨਿਯਮ ਨਾਲ ਇਹ ਜੀਵ ਆਪਣੇ ਬੀਜੇ ਹੋਏ ਕਰਮਾਂ ਦੇ ਫਲ ਨੂੰ ਆਪ ਹੀ ਖਾਂਦਾ ਹੈ। ਉਸ ਵੇਲੇ ਉਹ ਬੈਰਾਗੀ ਗੁਰੂ ਜੀ ਦੀ ਉਸਤਤੀ ਕਰਦਾ ਹੋਇਆ ਚਲਾ ਗਿਆ।

ਸਾਖੀ ਦੂਜੀ-'ਅਜ' ਰਾਜੇ ਦੀ

ਸ੍ਰੀ ਰਾਮਚੰਦ੍ਰ ਜੀ ਦਾ ਬਾਬਾ, ਰਾਜੇ ਦਸਰਥ ਜੀ ਦਾ ਪਿਤਾ 'ਅਜ' ਰਾਜਾ ਇਕ ਦਿਨ ਤਬੇਲੇ ਵਿਚ ਆਪਣੇ ਨੌਕਰਾਂ ਪਾਸੋਂ ਘੋੜਿਆਂ ਦੀ ਦੇਖ ਭਾਲ ਕਰਵਾ ਰਿਹਾ ਸੀ। ਇਤਨੇ ਨੂੰ ਇਕ ਫਕੀਰ ਨੇ ਆ ਕੇ ਭਿੱਖਿਆ ਮੰਗੀ। ਰਾਜੇ ਨੇ ਗੁੱਸੇ ਵਿਚ ਆ ਕੇ ਕਿਹਾ-''ਸੰਤ ਜੀ! ਇਹ ਸਮਾਂ ਭਿੱਖਿਆ ਮੰਗਣ ਦਾ ਨਹੀਂ ਤੂੰ ਵਿਚਾਰ ਕੇ ਦੇਖ, ਮੈਂ ਇਸ ਵੇਲੇ ਕਿਹੜੀ ਜਗ੍ਹਾ ਪਰ ਖੜਾ ਹਾਂ। ਇਸ ਵੇਲੇ ਮੇਰੇ ਪਾਸ ਘੋੜਿਆਂ ਦੀ ਲਿੱਦ ਪਈ ਹੈ।

ਫਕੀਰ ਨੇ ਕਿਹਾ-''ਹੇ ਰਾਜਨ! ਗੁੱਸੇ ਨਾ ਹੋ, ਜੋ ਤੇਰੀ ਮਰਜ਼ੀ ਆਵੇ ਦਾਨ ਕਰ ਦੇਹ।''

ਰਾਜਾ ਗੁੱਸੇ ਵਿਚ ਖੜਾ ਸੀ ਇਸ ਨੇ ਬੁੱਕ ਭਰ ਕੇ ਲਿੱਦ ਸੰਤਾਂ ਦੀ ਝੋਲੀ ਵਿਚ ਪਾ ਦਿੱਤੀ। ਉਸ ਨੇ ਲਿੱਦ ਹੀ ਲੈ ਕੇ ਅਸ਼ੀਰਵਾਦ ਦੇ ਦਿੱਤੀ, 'ਹੇ ਰਾਜਨ! ਤੇਰਾ ਦਾਨ ਦਿੱਤਾ ਹੋਇਆ ਫਲੀਭੂਤ ਹੋਵੇ।' ਇਹ ਸ਼ਬਦ ਕਹਿ ਕੇ ਉਹ ਲਿੱਦ ਲਿਆ ਕੇ ਆਪਣੀ ਕੁਟੀਆ ਦੇ ਬਾਹਰ ਰੱਖ ਦਿੱਤੀ ਸਮੇਂ ਅਨੁਸਾਰ ਲਿੱਦ ਵਧਦੀ ਵਧਦੀ ਢੇਰਾਂ ਦੇ ਢੇਰ ਹੋ ਗਈ।

ਇਕ ਦਿਨ 'ਅਜ' ਰਾਜਾ ਸ਼ਿਕਾਰ ਖੇਡਣ ਗਿਆ ਤੇ ਸੰਤ ਦੀ ਕੁਟੀਆ ਦੇ ਅੱਗੇ ਲਿੱਦ ਦੇ ਢੇਰ ਵੇਖ ਕੇ ਅਸਚਰਜ ਹੋ ਗਿਆ। ਪੁੱਛਦਾ ਹੈ, ''ਸੰਤ ਜੀ! ਆਪ ਜੀ ਪਾਸ ਘੋੜਾ ਤਾਂ ਕੋਈ ਨਹੀਂ ਪਰ ਲਿੱਦ ਦਾ ਢੇਰ ਕਿਵੇਂ ਲੱਗ ਗਿਆ?''

ਸੰਤ ਨੇ ਕਿਹਾ-''ਹੇ ਰਾਜਨ! ਇਹ ਆਪ ਦਾ ਦਿੱਤਾ ਹੋਇਆ ਦਾਨ ਫਲੀਭੂਤ ਹੋ ਰਿਹਾ ਹੈ।''

ਰਾਜੇ ਨੇ ਹੈਰਾਨ ਹੋ ਕੇ ਪੁਛਿਆ, ''ਇਹ ਕਿਸ ਕੰਮ ਆਵੇਗੀ?''

ਸੰਤ ਨੇ ਕਿਹਾ-''ਇਹ ਤੁਹਾਡਾ ਦਿੱਤਾ ਦਾਨ, ਤੁਹਾਡੇ ਹੀ ਕੰਮ ਆਵੇਗਾ।''

ਰਾਜਾ ਘਬਰਾਇਆ ਤੇ ਪਸਚਾਤਾਪ ਕਰਦਾ ਹੋਇਆ ਆਖਦਾ ਹੈ, ''ਮਹਾਰਾਜ ! ਪਿਛਲਾ ਔਗੁਣ ਮੁਆਫ ਕਰਕੇ ਅੱਗੋਂ ਇਸ ਦੀ ਨਵਿਰਤੀ ਦਾ ਉਪਾ ਦੱਸੋ।''

ਸੰਤ ਨੇ ਕਿਹਾ-''ਹੁਣ ਤੁਸੀਂ ਆਪਣੀ ਨਿੰਦਿਆ ਕਰਾਓ ਤਾਂ ਇਹ ਤੁਹਾਡਾ ਫਲੀਭੂਤ ਹੋਇਆ ਹੋਇਆ ਦਾਨ ਨਿੰਦਕ ਲੋਕ ਭੋਗ ਲੈਣਗੇ ਤੇ ਜਿਤਨਾ ਕੁ ਤੁਸੀਂ ਬੁੱਕ ਭਰ ਕੇ ਮੇਰੀ ਝੋਲੀ ਵਿਚ ਪਾਇਆ ਸੀ ਉਹ ਤੁਸੀਂ ਥੋੜ੍ਹਾ ਥੋੜ੍ਹਾ ਕਰਕੇ ਚੂਰਨ ਦੀ ਤਰ੍ਹਾਂ ਛਕ ਲੈਣਾ।'' ਤਾਂ ਰਾਜੇ ਨੇ ਉਸੇ ਤਰ੍ਹਾਂ ਹੀ ਕੀਤਾ।

ਇਹ ਨਿਯਮ ਸਮਝ ਲਓ ਜੋ ਕਰਮ ਆਪ ਬੀਜਦਾ ਹੈ ਉਸ ਦਾ ਫਲ ਆਪ ਹੀ ਖਾਂਦਾ ਹੈ।

ਫਿਰ ਸਿੱਧਾਂ ਨੇ ਪੁੱਛਿਆ, 'ਇਹ ਜੀਵ ਆਪਣੀ ਇੱਛਾ ਅਨੁਸਾਰ ਪਾਪਾਂ ਪੁੰਨਾਂ ਦਾ ਫਲ ਭੋਗਣ ਵਾਸਤੇ ਨਰਕ ਸੁਰਗ ਵਿਚ ਆਉਂਦੇ ਜਾਂਦੇ ਹਨ ਜਾਂ ਈਸ਼ਵਰ ਇੱਛਾ ਅਨੁਸਾਰ?'

ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ, ਪੁੰਨਾਂ ਅਤੇ ਪਾਪਾਂ ਦਾ ਫਲ ਭੋਗਣ ਵਾਸਤੇ ਇਹ ਜੀਵ ਪਰਮਾਤਮਾ ਦੇ ਹੁਕਮ ਨਾਲ ਹੀ ਨਰਕ ਸੁਰਗ ਵਿਚ ਆਉਂਦੇ ਜਾਂਦੇ ਹਨ।

ਤਾਤਪਰਯ ਇਹ ਹੈ ਕਿ ਜੀਵ ਕਰਮ ਕਰਨ ਨੂੰ ਸੁਤੰਤ੍ਰ ਅਤੇ ਫਲ ਭੋਗਣ ਨੂੰ ਪਤੰਤ੍ਰ ਹਨ ਕਿਉਂਕਿ ਕਰਮਾਂ ਦਾ ਫਲ ਪਰਮੇਸ਼ਰ ਆਪਣੀ ਇੱਛਾ ਅਨੁਸਾਰ ਭੁਗਤਾਉਂਦਾ ਹੈ। ਕਿਸੇ ਕਰਮ ਦਾ ਫਲ ਉਸੀ ਵੇਲੇ ਭੁਗਤਾ ਦੇਂਦਾ ਹੈ, ਕਿਸੇ ਕਰਮ ਦਾ ਫਲ ਦੂਜੇ ਜਨਮ ਵਿਚ। ਕਿਸੇ ਕਰਮ ਦਾ ਫਲ ਚੌਥੇ, ਪੰਜਵੇਂ, ਛੇਵੇਂ ਸਤਵੇਂ, ਅੱਠਵੇਂ, ਨੌਵੇਂ, ਦਸਵੇਂ ਜਨਮ ਵਿਚ ਭੁਗਤਾਉਂਦਾ ਹੈ। ਕਿਸੇ ਜਨਮ ਦਾ ਫਲ ੧੦੧ ਜਨਮ ਪਿੱਛੋਂ ਭੁਗਤਾਉਂਦਾ ਹੈ। ਜਿਵੇਂ-

ਸਾਖੀ—ਮਾਂਡਵ ਰਿਖੀ ਜੀ ਦੀ

ਇਹ ਜੰਗਲ ਵਿਚ ਬੈਠਾ ਤਪ ਕਰ ਰਿਹਾ ਸੀ ਇਸ ਦੇ ਪਾਸ ਇਕ ਚੋਰ ਸੁੱਚੇ ਮੋਤੀਆਂ ਦੀ ਮਾਲਾ ਰੱਖ ਕੇ ਚਲਾ ਗਿਆ। ਮਗਰੋਂ ਰਾਜੇ ਦੇ ਸਿਪਾਹੀਆਂ ਨੇ ਇਸ ਨੂੰ ਫੜ ਲਿਆ ਤੇ ਮਾਲਾ ਭੀ ਚੁੱਕ ਲਈ। ਰਾਜੇ ਦੇ ਸਾਹਮਣੇ ਪੇਸ਼ ਕਰਕੇ ਕਿਹਾ-'ਹੇ ਰਾਜਨ ! ਆਪ ਜੀ ਦਾ ਚੋਰ ਇਹ ਹੈ ਇਸ ਦੇ ਪਾਸੋਂ ਮਾਲਾ ਮਿਲੀ ਹੈ।'ਰਾਜੇ ਨੇ ਹੁਕਮ ਦੇ ਦਿੱਤਾ ਕਿ ਇਸ ਨੂੰ ਸੂਲੀ ਪਰ ਚਾੜ੍ਹ ਦਿਓ।

ਉਸ ਵੇਲੇ ਮਾਂਡਵ ਰਿਖੀ ਜੀ ਅੰਤਰਯਾਮਤਾ ਦੁਆਰਾ ਆਪਣੇ ਕਈ ਜਨਮ ਵੇਖੇ ਕਿ ਮੈਨੂੰ ਕਿਸ ਕਰਮ ਦਾ ਫਲ ਮਿਲਣ ਲੱਗਾ ਹੈ। ੧੦੦ ਜਨਮ ਦੇਖੇ ਪਰ ਸੌ ਜਨਮਾਂ ਤਕ ਕੋਈ ਪਾਪ ਕਰਮ ਕੀਤਾ ਨਾ ਦਿੱਸਿਆ। ਫਿਰ ਇਹ ਪ੍ਰਲੋਕ ਵਿਚ ਧਰਮ ਰਾਜਾ ਦੀ ਕਚਹਿਰੀ ਵਿਚ ਜਾ ਪਹੁੰਚਾ।

ਧਰਮ ਰਾਜੇ ਤੋਂ ਪੁੱਛਿਆ-'ਹੇ ਰਾਜਨ'! ਇਹ ਮੈਨੂੰ ਕਿਸ ਕਰਮ ਦਾ ਫਲ ਤੂੰ ਦੇ ਰਿਹਾ ਹੈਂ ?

ਧਰਮ ਰਾਜਾ ਨੇ ਕਿਹਾ, '੧੦੦ ਜਨਮ ਤੂੰ ਅੱਗੇ ਦੇਖਿਆ ਹੈ, ਬਾਕੀ ਇਕ ਜਨਮ ਹੋਰ ਦੇਖ।'

ਜਦ ਰਿਖੀ ਨੇ ਇਕ ਜਨਮ ਆਪਣਾ ਹੋਰ ਦੇਖਿਆ ਤਾਂ ਬਚਪਨ ਵਿਚ ਟਿੱਡੇ ਦੀਆਂ ਲੱਤਾਂ

ਤੋੜੀਆਂ ਨਿਗਾਹ ਆਈਆਂ। ਧਰਮ ਰਾਜਾ ਨੇ ਕਿਹਾ, 'ਬੱਸ ਉਸੇ ਕਰਮ ਦਾ ਫਲ ਹੁਣ ਮੈਂ ਤੈਨੂੰ ਦੇ ਰਿਹਾ ਹਾਂ, ਹੁਣ ਮਿੱਠਾ ਕਰਕੇ ਭੋਗ ਲੈ।'

ਸਾਧ ਸੰਗਤ ਜੀ! ਇਸ ਪਰਕਾਰ ਕਰਮਾਂ ਦਾ ਫਲ ਭੋਗਣਾ ਜ਼ਰੂਰ ਪੈਂਦਾ ਹੈ ਪਰ ਈਸ਼ਵਰ ਦੀ ਇੱਛਾ ਅਨੁਸਾਰ ਭੋਗਣਾ ਪੈਂਦਾ ਹੈ ਚਾਹੇ ਉਹ ਕਿਸੇ ਜਨਮ ਵਿਚ ਭੁਗਤਾਵੇ।

ਦੂਜਾ ਅਰਥ-

ਭਰੀਐ ਹਥੁ ਪੈਰੁ ਤਨੁ ਦੇਹ॥

ਜੇਕਰ ਹੱਥ ਚੋਰੀ ਆਦਿਕ ਖੋਟੀ ਕਿਰਤ ਨਾਲ ਭਰ ਜਾਵਣ।

ਅਤੇ ਪੈਰ ਖੋਟੇ ਰਸਤੇ ਪਰ ਚੱਲਣ ਕਰਕੇ ਪਾਪਾਂ ਨਾਲ ਭਰ ਜਾਵਣ।

ਤਨੁ=ਸੂਖਮ ਸਰੀਰ ਭਾਵ ਮਨ ਜੇਕਰ ਬੁਰਿਆਂ ਸੰਕਲਪਾਂ ਰੂਪ ਖੇਹ ਨਾਲ ਭਰ ਜਾਵੇ।

ਅਤੇ ਅਸਥੂਲ ਦੇਹ ਵੀ ਵਿਸ਼ਿਆਂ ਰੂਪ ਗੰਦਗੀ ਨਾਲ ਭਰ ਜਾਵੇ।

ਪਾਣੀ ਧੋਤੈ ਉਤਰਸੁ ਖੇਹ॥

ਤਾਂ ਉਹ ਖੇਹ ਪ੍ਰੇਮ ਰੂਪ ਪਾਣੀ ਨਾਲ ਧੋਣ ਕਰਕੇ ਉਤਰ ਜਾਂਦੀ ਹੈ।

ਮੂਤ ਪਲੀਤੀ ਕਪੜੁ ਹੋਇ॥

ਜੇਕਰ ਅੰਤਹਕਰਨ ਰੂਪੀ ਬਸਤਰ, ਵਾ ਸਰੀਰ ਰੂਪੀ ਬਸਤ੍ਰ ਮੂਤ=ਸੁਪਨ ਦੋਸ਼ ਵਾ ਕਾਮ ਆਦਿਕਾਂ ਦੇ ਬਲ ਦੁਆਰਾ ਪਲੀਤੀ=ਅਪਵਿੱਤਰ ਹੋ ਜਾਵੇ।

ਦੇ ਸਾਬੂਣੁ ਲਈਐ ਓਹੁ ਧੋਇ॥

ਤਾਂ ਸਤਸੰਗਤ ਰੂਪੀ ਘਾਟ ਪਰ ਆ ਕੇ ਨਿਸਚੇ ਰੂਪ ਪਟੜੇ ਪਰ ਆਪਣੇ ਅੰਤਹਕਰਨ ਰੂਪ ਕਪੜੇ ਨੂੰ ਧੋ ਲੈਣਾ ਕਰੇ। ਨਾਮ ਰੂਪ ਸਾਬਣ ਦੀ ਚੱਟ ਦੇ ਕੇ; ਪ੍ਰੇਮ ਰੂਪੀ ਪਾਣੀ ਪਾ ਕੇ ਉਕਤੀਆਂ ਜੁਗਤੀਆਂ ਰੂਪ ਮੁੱਕੀਆਂ ਨੂੰ ਮਾਰ ਕੇ।

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਜਾਂ ਬੁੱਧੀ ਪਾਪਾਂ ਰੂਪੀ ਚਿੱਕੜ ਨਾਲ ਭਰੀ ਜਾਂਦੀ ਹੈ, ਤਾਂ ਉਹ ਨਾਮ ਰੂਪ ਸਾਬਣ ਅਤੇ ਰੰਗਿ=ਪ੍ਰੇਮ ਰੂਪੀ ਜਲ ਕਰਕੇ ਧੋਤੀ ਜਾਂਦੀ ਹੈ। ਇਸ ਕਰਕੇ ਨਾਮ ਜਪਣ ਵਿਚ ਅਜੇਹਾ ਪ੍ਰੇਮ ਕਰੇ, ਜਿਵੇਂ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਕਥਨ ਕੀਤਾ ਹੈ- '

ਪਉੜੀ॥ "ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥

ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ॥

ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ॥

ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ॥
ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ॥ ੧੭॥"

[ਵਾਰ ਵਡਹੰਸੁ, ਪੰਨਾ ੫੯੩]

ਪੁੰਨੀ ਪਾਪੀ ਆਖਣੁ ਨਾਹਿ॥

ਇਸ ਪ੍ਰਕਾਰ ਦੇ ਸਾਧਨ ਕਰਨ ਵਾਲੇ ਗੁਰਮੁਖ ਨੂੰ ਨਾ ਕੋਈ ਪੁੰਨੀ ਆਖਦਾ ਹੈ, ਨਾ ਕੋਈ ਪਾਪੀ ਆਖਦਾ ਹੈ, ਭਾਵ-ਉਹ ਗੁਰਮੁਖ ਪਾਪੀ ਪੁੰਨੀਆਂ ਦੀ ਗਿਣਤੀ ਵਿਚ ਨਹੀਂ ਆਉਂਦਾ।

ਕਿਉਂਕਿ ਪਾਪ ਕਰਮਾਂ ਦੇ ਨਾ ਕਰਨ ਕਰਕੇ ਉਹ ਪਾਪੀਆਂ ਦੀ ਗਿਣਤੀਆਂ ਵਿਚ ਨਹੀਂ ਆਉਂਦਾ ਅਤੇ ਸ਼ਕਾਮ ਕਰਮਾਂ ਦੇ ਨਾ ਕਰਨ ਕਰਕੇ ਉਹ ਪੁੰਨੀਆਂ ਦੀ ਗਿਣਤੀ ਵਿਚ ਨਹੀਂ ਆਉਂਦਾ।

ਕਰਿ ਕਰਿ ਕਰਣਾ ਲਿਖਿ ਲੈ ਜਾਹੁ॥

ਕਰਿ=ਹੱਥਾਂ ਕਰਕੇ ਜੋ ਕੀਤੇ ਹੋਏ ਕਿਰੇਮਾਨ ਕਰਮ ਹਨ ਅਤੇ ਅੰਤਹਕਰਨ ਵਿਖੇ ਜੋ ਸੰਸਕਾਰ ਲਿਖੇ ਹੋਏ ਹਨ ਉਹ ਸਭ ਉਨ੍ਹਾਂ ਦੇ 'ਲੈ ਜਾਹੁ'=ਲੀਣ ਹੋ ਜਾਂਦੇ ਹਨ।

ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ ੨੦॥

ਉਹ ਆਪ ਹੀ ਆਪਣੇ ਨੂੰ ਬੀਜਿ=ਕਾਰਨ ਰੂਪ ਭਾਵ ਈਸ਼ਵਰ ਰੂਪ ਅਤੇ ਖਾਹੁ=ਭੁਗਤਾ ਰੂਪ ਅਰਥਾਤ ਜੀਵ ਰੂਪ ਨਿਸਚੇ ਕਰਦਾ ਹੈ।

ਗੁਰੂ ਜੀ ਕਥਨ ਕਰਦੇ ਹਨ, ਉਹ ਹੁਕਮੀ ਦਾ ਸਰੂਪ ਹੋ ਗਏ ਹਨ। ਉਹਨਾਂ ਦਾ ਆਉਣਾ ਜਾਣਾ ਜੰਮਣਾ ਮਰਣਾ ਜਾਹੁ=ਅਭਾਵ ਹੋ ਗਿਆ ਹੈ॥ ੨੦॥

ਵੀਹਵੀਂ ਪਉੜੀ ਦੇ ੧੦੨ ਅੱਖਰ ਹਨ।
ਸੋਲ੍ਹਵੀਂ ਪਉੜੀ ਤੋਂ ਲੈ ਕੇ ਵੀਹਵੀਂ ਪਉੜੀ ਤਕ ਪੰਜਾਂ ਪਉੜੀਆਂ ਦੇ ੭੯੨ ਅੱਖਰ ਹਨ।

ਨੋਟ-੧ਓ ਤੋਂ ਲੈ ਕੇ ਵੀਹਵੀਂ ਪਉੜੀ ਦੇ ਅਖੀਰ ਤਕ ਕੁਲ ੨੨੦੬ ਅੱਖਰ ਆਏ ਹਨ।

ਇਕੀਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ, ਇਹ ਅਸਾਂ ਠੀਕ ਨਿਸਚੇ ਕਰ ਲਿਆ ਹੈ ਕਿ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਅਵੱਸ਼ ਭੋਗਣਾ ਪੈਂਦਾ ਹੈ ਅਤੇ ਨਾਮ ਚਿੰਤਨ ਕੀਤੇ ਬਗੈਰ ਮੁਕਤੀ ਪ੍ਰਾਪਤੀ ਨਹੀਂ ਹੁੰਦੀ। ਪਰ ਇਹ ਗੱਲ ਦੱਸੋ ਜਿਵੇਂ ਅਨ ਮਤਾਂ ਅਤੇ ਸ਼ਾਸਤ੍ਰਾਂ ਵਿਚ ਤੀਰਥਾਂ ਪਰ ਇਸ਼ਨਾਨ, ਦਾਨ, ਤਪ ਵਗੈਰਾ ਕਰਨ ਦਾ ਮਹਾਤਮ ਅਧਿਕ ਲਿਖਿਆ ਹੈ ਤੈਸੇ ਆਪ ਜੀ ਦੇ ਖਿਆਲ ਅੰਦਰ ਵੀ ਤੀਰਥਾਂ ਪਰ ਇਸ਼ਨਾਨ ਦਾਨ ਆਦਿਕਾਂ ਦੇ ਕਰਨ ਦੀ ਕੁਛ ਅਧਿਕ ਵਿਸ਼ੇਸ਼ਤਾ ਹੈ, ਜਾਂ ਨਹੀਂ?

ਤਾਂ ਗੁਰੂ ਜੀ ਨੇ ਫੁਰਮਾਇਆ-

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥

ਹੇ ਸਿੱਧੋ ! ਜੇ ਕੋ=ਜਿਹੜਾ ਕੋਈ ਸ਼ਕਾਮੀ ਪੁਰਸ਼ ਤੀਰਥ ਇਸ਼ਨਾਨ ਕਰ ਕੇ ਤਪ ਕਰਦਾ ਹੈ ਅਤੇ ਦਇਆ ਪੂਰਬਕ ਦਾਨ ਦਤੁ=ਦੇਂਦਾ ਹੈ।

ਉਹ ਪੁਰਸ਼ ਤਿਲ ਕਾ=ਤਿਲ ਤਿਲ ਮਾਤਰ ਦਿੱਤੇ ਹੋਏ ਦਾਨ ਦਾ ਮਾਨੁ=ਮਣ ਮਣ ਭਰ ਫਲ ਪਾਉਂਦਾ ਹੈ।

ਸਾਖੀ—ਅਕਬਰ ਬਾਦਸ਼ਾਹ ਦੀ

ਇਕ ਸਮੇਂ ਅਕਬਰ ਬਾਦਸ਼ਾਹ ਪਾਸ ਇਕ ਜੋਤਸ਼ੀ ਆਇਆ, ਉਸ ਪਾਸੋਂ ਉਸ ਨੇ ਪੁੱਛਿਆ, 'ਕਿਸ ਪੁੰਨ ਦੇ ਫਲ ਕਰਕੇ ਮੈਨੂੰ ਇਹ ਰਾਜ-ਭਾਗ ਪ੍ਰਾਪਤ ਹੋਇਆ ਹੈ?'

ਜੋਤਸ਼ੀ ਨੇ ਜੋਤਸ਼ ਲਗਾ ਕੇ ਕਿਹਾ, ''ਹਜ਼ੂਰ'' ਪਿਛਲੇ ਜਨਮ ਵਿਖੇ ਆਪ ਘਾਹੀ ਸੀ, ਰੰਬੇ ਨਾਲ ਘਾਹ ਖੋਤ੍ਰ ਕੇ ਆਪਣੀ ਉਪਜੀਵਕਾ ਕਰਦੇ ਸੀ, ਆਪ ਜੀ ਨੇ ਪਿਛਲੇ ਜਨਮ ਵਿਖੇ ਉਹ ਰੰਬਾ ਤੇ ਤੰਗੜੀ ਕਿਸੇ ਬ੍ਰਾਹਮਣ ਨੂੰ ਦਾਨ ਦਿੱਤਾ ਸੀ, ਉਸ ਪੁੰਨ ਦਾ ਫਲ ਆਪ ਜੀ ਨੂੰ ਇਹ ਰਾਜ-ਭਾਗ ਪ੍ਰਾਪਤ ਹੋਇਆ ਹੈ।

ਇਹ ਗੱਲ ਸੁਣ ਕੇ ਬਾਦਸ਼ਾਹ ਬੜਾ ਹੈਰਾਨ ਹੋ ਗਿਆ। ਕਿਹਾ - ''ਪੰਡਤ ਜੀ! ਇਤਨੇ ਤੁੱਛ ਦਾਨ ਕਰਨ ਨਾਲ ਰਾਜ-ਭਾਗ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ?''

ਜੋਤਸ਼ੀ ਨੇ ਕਿਹਾ - ''ਹੇ ਰਾਜਨ! ਇਹ ਤੀਰਥ ਪਰ ਦਾਨ ਦੇਣ ਦਾ ਮਹਾਤਮ ਹੈ। ਜਿਸ ਵੇਲੇ ਆਪ ਘਾਹ ਵੇਚ ਕੇ ਆਏ ਸੀ ਉਸ ਵੇਲੇ ਕੁਰਛੇਤ੍ਰ ਵਿਚ ਸੂਰਜ ਗ੍ਰਹਿਣ ਦਾ ਬੜਾ ਭਾਰੀ ਮੇਲਾ ਲੱਗਾ ਹੋਇਆ ਸੀ ਉਸ ਸਮੇਂ ਬਹੁਤ ਲੋਕ ਸਰਬੰਸ ਦਾਨ ਕਰ ਰਹੇ ਸੀ ਤਦ ਆਪ ਜੀ ਨੇ ਭੀ ਇਕ ਬ੍ਰਾਹਮਣ ਤੋਂ ਪੁੱਛਿਆ ਕਿ ਇਹ ਲੋਕ ਸਰਬੰਸ ਦਾਨ ਦੇ ਰਹੇ ਹਨ ਇਸ ਦਾ ਕੀ ਫਲ ਹੈ?,

ਬ੍ਰਾਹਮਣ ਨੇ ਕਿਹਾ-''ਜੋ ਇਸ ਸਮੇਂ ਸਰਬੰਸ ਦਾਨ ਦੇਂਦਾ ਹੈ ਉਹ ਰਾਜਾ ਹੁੰਦਾ ਹੈ। ਉਸ ਸਮੇਂ ਤੁਸਾਂ ਵਿਚਾਰਿਆ ਕਿ ਮੇਰੇ ਪਾਸ ਰੰਬਾ ਅਰ ਤੰਗੜੀ ਹੈ ਮੇਰਾ ਤਾਂ ਇਸ ਸਮੇਂ ਏਹੀ ਸਰਬੰਸ ਹੈ,

ਜੇਕਰ ਇਸ ਵੇਲੇ ਮੈਂ ਏਹੋ ਦਾਨ ਕਰ ਦਿਆਂ ਤਾ ਚੰਗਾ ਹੈ।''

ਉਸ ਵੇਲੇ ਇਕ ਅਤਿਅੰਤ ਗਰੀਬ ਬ੍ਰਾਹਮਣ ਗਊ ਨੂੰ ਲਈ ਫਿਰਦਾ ਸੀ, ਉਸ ਪਾਸੋਂ ਆਪ ਜੀ ਨੇ ਪੁੱਛਿਆ ਕਿ ਪੰਡਿਤ ਜੀ! ਮੇਰੇ ਪਾਸ ਰੰਬਾ ਤੇ ਤੰਗੜੀ ਹੈ ਇਸ ਦਾ ਦਾਨ ਲੈਣਾ ਚਾਹੋ ਤਾਂ ਲੈ ਸਕਦੇ ਹੋ।

ਉਸ ਬ੍ਰਾਹਮਣ ਨੇ ਕਿਹਾ - ''ਹਾਂ ਜੀ! ਲੈ ਲਵਾਂਗਾ, ਘਾਹ ਖੋਤਰਕੇ ਲਿਆਵਾਂਗਾ ਤੇ ਇਸ ਗਊ ਨੂੰ ਪਾਇਆ ਕਰਾਂਗਾ।

ਉਸ ਵੇਲੇ ਤੁਸਾਂ ਆਪਣੀ ਖੁਸ਼ੀ ਨਾਲ ਉਹ ਦਾਨ ਕਰ ਦਿੱਤਾ। ਇਕ ਸੂਰਜ ਗ੍ਰਹਿਣ ਦਾ ਸਮਾਂ ਸੀ ਦੂਜਾ ਕੁਰਛੇਤ੍ਰ ਤੀਰਥ ਸੀ, ਜੋ ਆਪ ਨੇ ਦਾਨ ਦਿੱਤਾ ਹੈ ਉਸ ਦੇ ਮਹਾਤਮ ਨਾਲ ਇਹ ਰਾਜ-ਭਾਗ ਆਪ ਜੀ ਨੂੰ ਮਿਲਿਆ ਹੈ।

ਫਿਰ ਬਾਦਸ਼ਾਹ ਨੇ ਪੁੱਛਿਆ - ''ਮੇਰਾ ਜਨਮ ਮੁਸਲਮਾਨ ਦੇ ਘਰ ਕਿਉਂ ਹੋਇਆ ਹੈ?''

ਤਦ ਜੋਤਸ਼ੀ ਨੇ ਕਿਹਾ-''ਜਿਸ ਜਗ੍ਹਾ ਖਲੋ ਕੇ ਆਪ ਨੇ ਦਾਨ ਦਿੱਤਾ ਸੀ ਉਹ ਜ਼ਮੀਨ ਚੰਗੀ [ਪਵਿੱਤ੍ਰ] ਨਹੀਂ ਸੀ, ਥੱਲੇ ਮੱਝ ਦਾ ਕੁਰੰਗ ਦੱਬਿਆ ਹੋਇਆ ਸੀ ਇਸ ਕਰਕੇ ਤੁਹਾਡਾ ਜਨਮ ਮੁਸਲਮਾਨ ਦੇ ਘਰ ਵਿਖੇ ਹੋਇਆ ਹੈ।''

ਇਹ ਗੱਲ ਸੁਣਕੇ ਬਾਦਸ਼ਾਹ ਨੇ ਯਕੀਨ ਨਾ ਕੀਤਾ, ਉਸ ਵੇਲੇ ਜੋਤਸ਼ੀ ਨੇ ਨਾਲ ਜਾ ਕੇ ਬਾਦਸ਼ਾਹ ਨੂੰ ਉਹ ਜਗ੍ਹਾ ਵਿਖਾਈ ਜਿੱਥੇ ਖਲੋ ਕੇ ਦਾਨ ਦਿੱਤਾ ਸੀ। ਅਕਬਰ ਬਾਦਸ਼ਾਹ ਨੇ ਮਜ਼ਦੂਰ ਲੱਗਾ ਕੇ ਉਹ ਜਗ੍ਹਾ ਪੁਟਾਈ ਤਾਂ ਹੇਠੋਂ ਮੱਝ ਦਾ ਕੁਰੰਗ ਦੱਬਿਆ ਦੇਖਿਆ। ਉਸ ਵੇਲੇ ਅਕਬਰ ਬਾਦਸ਼ਾਹ ਮੰਨ ਗਿਆ ਕਿ ਠੀਕ ਹੈ।

ਇਸ ਕਰਕੇ ਨਿਸਚੇ ਕਰ ਲਓ ਕਿ ਤੀਰਥਾਂ ਪਰ ਤਪ ਦਾਨ ਕਰਨ ਨਾਲ ਅਧਿਕ ਫਲ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਸ਼ਨ - ਇਹ ਫਲ ਇਸਥਿਤ ਰਹੇਗਾ ਜਾਂ ਨਹੀਂ?

ਉੱਤਰ - ਇਹ ਫਲ ਇਸਥਿਤ ਨਹੀਂ ਹੈ, [ਪਾਵੈ ਤਿਲ ਕਾ ਮਾਨੁ] ਤਿਲਕਣ ਵਾਲਾ ਅਰਥਾਤ ਖਿਨ ਭੰਗਰ ਮਾਣ ਪਾਉਂਦਾ ਹੈ। ਕਿਉਂਕਿ ਕਾਮਨਾ ਸਹਿਤ ਤੀਰਥਾਂ ਪਰ ਇਸ਼ਨਾਨ ਕਰਕੇ ਜਿਹੜਾ ਦਾਨ-ਪੁੰਨ ਰੂਪ ਕਰਮ ਕਰਨਾ ਹੈ ਇਸ ਦਾ ਫਲ ਹੋਰ ਅਸਥਾਨ ਨਾਲੋਂ ਹੈ ਤਾਂ ਅਧਿਕ, ਪ੍ਰੰਤੂ ਫਲ ਭੁਗਤ ਜਾਣ ਪਿੱਛੋਂ ਇਹ ਜੀਵ ਫਿਰ ਖਾਲੀ ਦਾ ਖਾਲੀ ਰਹਿ ਜਾਂਦਾ ਹੈ, ਇਸਦੇ ਪਿੜ-ਪੱਲੇ ਕੁਝ ਨਹੀਂ ਰਹਿੰਦਾ।

ਪੁਨਾ ਸਿੱਧਾਂ ਨੇ ਕਿਹਾ - ''ਫਿਰ ਵਾਧਾ ਕਿਸ ਗੱਲ ਦਾ ਹੋਇਆ, ਤੀਰਥਾਂ ਪਰ ਕੋਈ ਕਰਮ ਨਹੀਂ ਕਰਨੇ ਚਾਹੀਏ।''

ਤਾਂ ਗੁਰੂ ਜੀ ਨੇ ਕਿਹਾ - ''ਹੇ ਸਿੱਧੋ ! ਜੇਕਰ ਇਸਥਿਤ ਰੂਪ ਫਲ ਦੀ ਇੱਛਾ ਹੋਵੇ, ਤਾਂ ਫਿਰ ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ।''

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥

ਜਿਹੜਾ ਕੋਈ ਪੁਰਸ਼ ਨਿਸ਼ਕਾਮ ਹੋ ਕੇ ਤੀਰਥਾਂ ਪਰ ਤਪ ਕਰਦਾ ਹੈ, ਸਭ ਉੱਪਰ ਦਇਆ ਕਰਦਾ

ਹੈ, ਇੰਦ੍ਰੀਆਂ ਦਾ ਦਤੁ=ਦਮਨ ਕਰਦਾ ਹੈ ਅਤੇ ਸਭ ਨੂੰ ਦਾਨ ਦੇਂਦਾ ਹੈ। ਅਥਵਾ*

ਉਹ ਪੁਰਖ਼ ਤਿਲ ਕਾ=ਸ਼ਰੋਮਣੀ ਬ੍ਰਹਮ ਗਿਆਨ ਦੀ ਪ੍ਰਾਪਤੀ ਕਰ ਕੇ **ਅਮਾਨੁ=ਖਟਾਂ ਪ੍ਰਮਾਣਾਂ ਤੋਂ ਰਹਿਤ ਜੋ ਵਾਹਿਗੁਰੂ ਹੈ ਉਸ ਨੂੰ ਪਾ ਲੈਂਦਾ ਹੈ।

ਵਾ-ਮਾਨੁ=ਮੰਨਣ ਕਰਕੇ ਯੋਗ ਪਰਮੇਸ਼ਰ ਨੂੰ ਪਾ ਲੈਂਦਾ ਹੈ।

ਫਿਰ ਸਿੱਧਾਂ ਨੇ ਕਿਹਾ, "ਉਸ ਪਰਮੇਸ਼ਰ ਦੀ ਪ੍ਰਾਪਤੀ ਵਿਚ ਕੋਈ ਹੋਰ ਵੀ ਸਾਧਨ ਹੈ?"

ਤਾਂ ਗੁਰੂ ਜੀ ਨੇ ਫੁਰਮਾਇਆ ਕਿ ਹਾਂ! ਹੋਰ ਭੀ ਸਾਧਨ ਹਨ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥

ਜਿਸ ਨੇ ਪਹਿਲੇ ਗੁਰਾਂ ਪਾਸੋਂ ਉਪਦੇਸ਼ ਸਰਵਣ ਕੀਤਾ, ਫੇਰ ਮੰਨਿਆ=ਮੰਨਣ ਕੀਤਾ ਅਤੇ ਮਨਿ ਕੀਤਾ=ਨਿਧਿਆਸਣ ਕੀਤਾ ਹੈ ਉਸ ਨੂੰ ਭਾਉ=ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਫਲ ਇਹ ਹੈ ਕਿ -

ਅੰਤਰ ਗਤਿ ਤੀਰਥਿ ਮਲਿ ਨਾਉ॥

ਹੇ ਸਿੱਧੋ ! ਅੰਤਹਕਰਨ ਦੇ ਅੰਦਰ ਗਤਿ=ਪ੍ਰਾਪਤ ਰੂਪ ਅਤੇ ਤੀਰਥਿ=ਪਵਿੱਤ੍ਰ ਰੂਪ ਜੋ ਪਰਮੇਸ਼ਰ ਹੈ ਉਸ ਵਿਚ ਮਲ ਮਲ ਕੇ ਨਹਾਉਂਦਾ ਅਰਥਾਤ ਅਭਿਆਸ ਕਰਕੇ ਬ੍ਰਹਮ ਦੇ ਅਨੰਦ ਨੂੰ ਲੈਂਦਾ ਹੈ।

ਅਥਵਾ-ਅੰਤਰਾ=ਭੇਦ, ਗਤਿ=ਨਾਸ ਹੋ ਜਾਂਦਾ ਹੈ, ਤੀਰਥਿ=ਪਵਿੱਤ੍ਰ ਰੂਪ ਹੋ ਜਾਂਦਾ ਹੈ। ਰਾਗ ਦ੍ਵੈਸ਼ ਵਾ ਪਾਪਾਂ ਰੂਪ ਮੈਲ ਉਸ ਵਿਚ ਨਾਉ=ਨਹੀਂ ਰਹਿੰਦੀ।

ਵਾ-'ਮਲਿ ਨਾਉ'-ਉਸ ਦਾ ਨਾਂ ਪਹਿਲਵਾਨ ਪੈ ਜਾਂਦਾ ਹੈ।

ਅਥਵਾ - ਸੰਸਾਰ ਰੂਪ ਸਮੁੰਦਰ ਜੋ ਪਾਪ ਰੂਪ ਮੈਲ ਨਾਲ ਭਰਿਆ ਹੋਇਆ ਹੈ ਉਸ ਤੋਂ ਪਾਰ ਉਤਾਰਨ ਲਈ ਉਹ ਨਾਉ=ਨਾਉਕਾ ਭਾਵ ਜਹਾਜ਼ ਰੂਪ ਹੋ ਜਾਂਦਾ ਹੈ।

---

*ਤੀਰਥੁ ਤਪੁ ਦਇਆ ਦਤੁ ਦਾਨੁ॥ ਤੀਰਥ ਰੂਪ ਜੋ ਗੁਰੂ ਸਾਹਿਬ ਜੀ ਹਨ।

ਯਥਾ—"ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥" (ਵਾਰ ਮਾਝ, ਪੰਨਾ ੧੪੦)

ਉਹਨਾਂ ਦੀ ਸੇਵਾ ਕਰਨ ਰੂਪ ਤਪ ਕਰੇ। ਯਥਾ—"ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥"

(ਆਸਾ ਮਹਲਾ ੩, ਪੰਨਾ ੪੨੩)

ਫਿਰ ਆਪਣੇ ਜੀਅ ਉਤੇ ਦਇਆ ਕਰੇ ਆਪਣੇ ਆਪ ਨੂੰ ਚੰਗੇ ਰਸਤੇ ਤੋਰੇ।

ਗੁਰਮਤਿ ਅਨੁਸਾਰ ਦਤੁ=ਇੰਦ੍ਰੀਆਂ ਦਾ ਦਮਨ ਕਰੇ।

ਯਥਾ—"ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥"

(ਰਾਗੁ ਗੂਜਰੀ ਵਾਰ ਮਹਲਾ ੫, ਪੰਨਾ ੫੧੭)

ਫੇਰ ਯਥਾ ਸ਼ਕਤ ਧਨ ਪਦਾਰਥ ਵਿਦਿਆ ਆਦਿਕਾਂ ਦਾ ਦਾਨ ਦੇਵੇ।

** ਤਿਲਕਾ ਵਾਲੇ ਕੱਕੇ ਦੇ ਕੰਨੇ 'ਚੋਂ ਐੜਾ ਨਿਕਲ ਕੇ 'ਅਮਾਨ' ਪਦ ਬਣੇਗਾ।

ਫਿਰ ਸਿੱਧਾਂ ਨੇ ਕਿਹਾ, ਇਹ ਤਾਂ ਬਹੁਤ ਕਠਨ ਸਾਧਨ ਹੈ, ਕੋਈ ਸੌਖਾ ਸਾਧਨ ਦੱਸੋ।

ਤਾਂ ਗੁਰੂ ਜੀ ਨੇ ਕਿਹਾ, ਉਸ ਪਰਮੇਸ਼ੁਰ ਅੱਗੇ ਇਸ ਤਰ੍ਹਾਂ ਬੇਨਤੀ ਕਰੋ-

ਸਭਿ ਗੁਣ ਤੇਰੇ ਮੈ ਨਾਹੀ ਕੋਇ॥

੧. ਹੇ ਨਿਰੰਕਾਰ ! ਸਾਰੇ ਸ਼ੁਭ-ਗੁਣ ਤੇਰੇ ਵਿਚ ਹਨ, ਮੇਰੇ ਵਿਚ ਕੋਈ ਸ਼ੁਭ-ਗੁਣ ਨਹੀਂ ਹੈ।

੨. ਸਾਰੇ ਗੁਣ ਤੇਰੇ ਦਿੱਤੇ ਹੋਏ ਮਿਲਦੇ ਹਨ, ਮੇਰੇ ਵਿਚ ਆਪ੍ਹੁ ਕੋਈ ਗੁਣ ਨਹੀਂ ਹੈ।

ਯਥਾ—"ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ॥
ਤਉ ਜੇਵਡੁ ਦਾਤਾਰੁ ਨ ਕੋਈ ਜਾਚਕੁ ਸਦਾ ਜਾਚੋਵੈ॥ ੧॥"

[ਰਾਮਕਲੀ ਵਾਰ ਮ: ੫, ਪੰਨਾ ੯੬੪]

ਵਿਣੁ ਗੁਣ ਕੀਤੇ ਭਗਤਿ ਨ ਹੋਇ॥

ਬੇਨਤੀ ਰੂਪ ਗੁਣਾਂ ਦੇ ਉਚਾਰਨ ਕੀਤੇ ਬਗੈਰ, ਵਾ ਸ਼ਰਧਾ ਰੂਪ ਧਾਰਨ ਕੀਤੇ ਬਿਨਾਂ ਪਰਮੇਸ਼ਰ ਦੀ ਭਗਤੀ ਨਹੀਂ ਹੁੰਦੀ।

ਯਥਾ—ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ॥'

[ਸਿਰੀਰਾਗੁ ਮਹਲਾ ੩, ਪੰਨਾ ੩੨]

ਕਿਉਂਕਿ 'ਸ਼੍ਰਧਾਵਾਨ ਲੱਭਤੇ ਗਜਾਨਮ੍ ਤਤਪਰ: ਸੰਯਤੇਂਦ੍ਰਿੰਯ:।'

[ਗੀਤਾ, ਧਿਆ: ੪, ਸਲੋਕ ੩੯]

ਅਥਵਾ - [ਸਭਿ ਗੁਣ ਤੇਰੇ] ਹੇ ਪਰਮੇਸ਼ਰ ! ਵਾਸਤਵ ਦ੍ਰਿਸ਼ਟੀ ਕਰਕੇ ਤੇਰੇ ਨਿਰਗੁਣ ਸਰੂਪ ਵਿਚ ਕੋਈ ਭੀ ਗੁਣ ਨਹੀਂ ਹੈ, ਸਾਰੇ ਗੁਣ ਤੇਰੇ ਵਿਚ ਕਲਪਤ ਹਨ।

ਹੇ ਪਰਮਾਤਮਾ ! ਗੁਣ=ਸਰਗੁਣ ਮੂਰਤੀ ਧਾਰੇ ਬਿਨਾਂ ਤੇਰੀ ਭਗਤੀ ਨਹੀਂ ਹੁੰਦੀ।

ਵਾ - ਹੇ ਪਰਮਾਤਮਾ! ਸਾਰੇ ਗੁਣ ਤੇਰੇ ਵਿਚ ਹੀ ਹਨ।

[ਮੈ ਨਾਹੀ ਕੋਇ] ਆਪ ਜੀ ਦੇ [ਮੈ] ਵਿਚ ਔਗੁਣ ਕੋਈ ਨਹੀਂ ਹੈ।

[ਵਿਣੁ ਗੁਣ ਕੀਤੇ ਭਗਤਿ ਨ ਹੋਇ॥] ਗੁਣ ਨਾਮ ਵਿਸ਼ਿਆਂ ਦਾ ਹੈ, ਵਿਸ਼ਿਆਂ ਵਲੋਂ ਇੰਦ੍ਰੀਆਂ ਦੇ ਰੋਕੇ ਤੋਂ ਬਿਨਾਂ ਆਪ ਜੀ ਦੀ ਪੂਰੀ ਭਗਤੀ ਨਹੀਂ ਹੋ ਸਕਦੀ।

ਫਿਰ ਸਿੱਧਾਂ ਨੇ ਕਿਹਾ ਕਿ ਸ੍ਰਿਸ਼ਟੀ ਦੀ ਉਤਪਤੀ ਕਿਸ ਪ੍ਰਕਾਰ ਹੋਈ ਹੈ?

ਗੁਰੂ ਜੀ ਨੇ ਕਿਹਾ, 'ਹੇ ਸਿੱਧੋ! ਇਸ ਵਿਚ ਬਹੁਤ ਸਾਰੇ ਵਿਵਾਦ ਹਨ ਕਿਉਂਕਿ ਕੋਈ ਕਿਸੇ ਪ੍ਰਕਾਰ ਅਤੇ ਕੋਈ ਕਿਸੇ ਪ੍ਰਕਾਰ ਅਤੇ ਕੋਈ ਕਿਸੇ ਪ੍ਰਕਾਰ ਸੰਸਾਰ ਦੀ ਉਤਪਤੀ ਮੰਨਦਾ ਹੈ।'

ਸਾਂਖਜ ਮੱਤ ਵਾਲਿਆਂ ਨੇ - ਜਗਤ ਦੀ ਉਤਪਤੀ ਪ੍ਰਕਿਰਤੀ [ਪ੍ਰਧਾਨ] ਤੋਂ ਮੰਨੀ ਹੈ।

ਨਿਆਇ ਮੱਤ ਵਾਲਿਆਂ ਨੇ-ਜਗਤ ਦੀ ਉਤਪਤੀ ਪ੍ਰਮਾਣੂਆਂ ਤੋਂ ਮੰਨੀ ਹੈ।

ਵਿਸ਼ੇਸ਼ਕ ਮੱਤ ਵਾਲਿਆਂ ਨੇ-ਜਗਤ ਦੀ ਉਤਪਤੀ ਸਮੇਂ ਤੋਂ ਮੰਨੀ ਹੈ।

ਮੀਮਾਂਸਕ ਮੱਤ ਵਾਲਿਆਂ ਨੇ-ਜਗਤ ਦੀ ਉਤਪਤੀ ਕਰਮਾਂ ਤੋਂ ਮੰਨੀ ਹੈ।

ਵੇਦਾਂਤੀਆਂ ਨੇ-ਜਗਤ ਦੀ ਉਤਪਤੀ ਮਾਯਾ ਸਬਲ ਤੋਂ ਮੰਨੀ ਹੈ।

ਚਾਰ ਵਾਕੀਆਂ ਨੇ-ਜਗਤ ਦੀ ਉਤਪਤੀ ਚਾਰ ਭੱਤਾਂ ਤੋਂ ਮੰਨੀ ਹੈ ਕਿਉਂਕਿ ਚਾਰ ਵਾਕੀਏ

ਅਕਾਸ਼ ਤੱਤ ਨੂੰ ਨਹੀਂ ਮੰਨਦੇ।

*ਯਥਾ—"*ਅੰਨਿ ਅੰਨਿ ਤੇ ਹੋਤੁ ਜਸੋ ਘਾਸਿ ਘਾਸਿ ਤੇ ਹੋਇ॥*
ਤੈਸੇ ਮਨੁਛ ਮਨੁਛ ਤੇ ਅਵਰੁ ਨ ਕਰਤਾ ਕੋਇ॥ ੧੪॥"

[ਦਸਮ ਗ੍ਰੰਥ, ਪੰਨਾ ੧੮੩]

ਅਤੇ ਕੋਈ ਇਸ ਪ੍ਰਕਾਰ ਜਗਤ ਦੀ ਉਤਪਤੀ ਮੰਨਦਾ ਹੈ-

ਸੁਅਸਤਿ ਆਖਿ ਬਾਣੀ ਬਰਮਾਉ॥

ਸੁਅਸਤਿ=ਕਲਿਆਣ ਸਰੂਪ ਜੋ ਅਕਾਲ ਪੁਰਖ ਹੈ ਉਸ ਤੋਂ ਆਖਿ=ਮਾਇਆ, ਬਾਣੀ=ਬਣੀ। ਮਾਇਆ ਤੋਂ ਫਿਰ ਬਰਮਾਉ=ਬ੍ਰਹਮਾ ਆਦਿ ਹੋਏ। ਉਸ ਤੋਂ ਫਿਰ ਸਾਰੀ ਸ੍ਰਿਸ਼ਟੀ ਉਤਪੰਨ ਹੋਈ।

ਅਥਵਾ=ਸੁਅਸਤਿ=ਕਲਿਆਣ ਸਰੂਪ ਜੋ ਪਰਮਾਤਮਾ ਆਖਿ=ਹੈ, ਉਸ ਤੋਂ ਬ੍ਰਹਮਾ ਆਦਿਕ ਹੋਏ ਬ੍ਰਹਮਾ ਤੋਂ ਸਾਰੀ ਸ੍ਰਿਸ਼ਟੀ ਉਤਪੰਨ ਹੋਈ। ਕੋਣ ਕਹਿੰਦਾ ਹੈ? ਬਾਣੀ=ਵੇਦ ਬਾਣੀ ਇਸ ਪ੍ਰਕਾਰ ਕਹਿੰਦੀ ਹੈ,

ਸਿੱਧਾਂ ਨੇ ਆਖਿਆ, 'ਕੋਈ ਠੀਕ-ਠਾਕ ਇਕ ਮੱਤ ਆਖ ਦੇਵੋ, ਕਿ ਜਗਤ ਦੀ ਉਤਪਤੀ ਕਿਸ ਪ੍ਰਕਾਰ ਹੋਈ ਹੈ?'

ਤਾਂ ਗੁਰੂ ਜੀ ਨੇ ਕਿਹਾ-

ਸੁਅਸਤਿ=ਕਲਿਆਣ ਸਰੂਪ ਜੋ ਪ੍ਰਮੇਸ਼ੁਰ ਆਖਿ=ਹੈ, ਉਸ ਤੋਂ ਬਾਣੀ ਹੋਈ।

"ਏਕੋ ਹੰ ਬਹੁ ਸਜਾਮ ਪ੍ਰਜਾਯੇਯ॥"

ਤਥਾ—"ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ॥"

[ਚੌਪਈ ਸਾਹਿਬ]

**ਸਾਂਖਜ ਮੱਤ ਵਾਲੇ-ਪ੍ਰਕਿਰਤੀ ਦੇ ਤਿੰਨ ਗੁਣਾਂ ਦਾ ਆਤਮਾ ਤੋਂ ਵੱਖਰਾ ਹੋਣਾ ਅਰਥਾਤ ਭੇਦ ਗਿਆਨ ਨੂੰ ਹੀ ਮੋਖਜ ਮੰਨਦੇ ਹਨ।*

ਨਿਆਇਕ ਅਤੇ ਵਿਸ਼ੇਸ਼ਕ, ਇਨਾਂ ਦੋਹਾਂ ਦੇ ਮੱਤ ਵਿਚ ਇੱਕੀਆਂ ਦੁੱਖਾਂ ਦੇ ਅਭਾਵ ਨੂੰ ਹੀ ਮੋਖਜ ਮੰਨਦੇ ਹਨ।

ਖਟ ਇੰਦ੍ਰੀਏ? ਖਟ ਵਿਸ਼ੇ, ਖਟ ਗਿਆਨ, ਸਰੀਰ, ਦੁੱਖ, ਸੁਖ, ਇਨ੍ਹਾਂ ਇੱਕੀਆਂ ਦੁੱਖਾਂ ਤੋਂ ਆਤਮਾ ਦਾ ਰਹਿਤ ਹੋਣਾ ਹੀ ਮੋਖਜ ਹੈ।

ਪੰਜ ਗਿਆਨ ਇੰਦ੍ਰੀਏ ਤੇ ਇਕ ਮਨ ਇਹ ਖਟ ਇੰਦ੍ਰੀਏ ਸਮਝਣੇ ਕਿਉਂਕਿ ਨਿਆਇਕਾਂ ਤੇ ਵਿਸ਼ੇਸ਼ਕਾਂ ਇਨ੍ਹਾਂ ਦੋਹਾਂ ਨੇ ਮਨ ਨੂੰ ਇੰਦ੍ਰੀਆਂ ਮੰਨਿਆਂ ਹੈ।

ਮੀਮਾਂਸਕ-ਸ੍ਵਰਗ ਪ੍ਰਾਪਤੀ ਨੂੰ ਮੋਖਜ ਮੰਨਦੇ ਹਨ। ਜਿਸ ਸੁਖ ਦਾ ਕਦੀ ਨਾਸ ਨ ਹੋਵੇ, ਉਸ ਸੁਖ ਨੂੰ ਸ੍ਵਰਗ ਮੰਨਦੇ ਹਨ।

ਫਿਰ ਇਹ ਵੀ ਕਹਿੰਦੇ ਹਨ ਕਿ ਬ੍ਰਹਮਾ ਵਿਸ਼ਨੂੰ ਆਦਿਕਾਂ ਨੂੰ ਇਹ ਸੁਖ ਕਰਮ ਉਪਾਸ਼ਨਾਂ ਤੋਂ ਹੋਇਆ ਹੈ। ਹੋਰ ਵੀ ਉੱਤਮ ਕਰਮ ਕਰਦਾ ਹੈ ਉਹ ਬ੍ਰਹਮਾ ਆਦਿਕਾਂ ਦੇ ਸਮਾਨ ਹੁੰਦਾ ਹੈ। ਇਨ੍ਹਾਂ

(ਬਾਕੀ ਫੁਟ ਨੋਟ ਅਗਲੇ ਸਫੇ ਤੇ ਫੇਯੋ)

ਬਾਣੀ ਤੋਂ ਬ੍ਰਹਮਾ ਆਦਿਕ ਹੋਏ।

ਕਈ ਵੇਦਾਂਤੀਆਂ ਨੇ ਵੀ ਸ੍ਰਿਸ਼ਟੀ ਦੀ ਉਤਪਤੀ ਇਸ ਪ੍ਰਕਾਰ ਮੰਨੀ ਹੈ ਪ੍ਰੰਤੂ ਤਿੰਨ ਸੌ ਸੱਠ ਮੱਤਾਂ ਵਿਚੋਂ ਏਹੋ ਅਸਲੀ ਮੱਤ ਹੈ।

ਫਿਰ ਸਿੱਧਾਂ ਨੇ ਕਿਹਾ ਕਿ ਜਿਵੇਂ ਪਿਤਾ ਤੋਂ ਪੁੱਤਰ ਪੈਦਾ ਹੋਣ ਕਰਕੇ ਪਿਤਾ ਪ੍ਰਨੱਮ ਜਾਂਦਾ ਹੈ, ਤਿਵੇਂ ਪਰਮੇਸ਼ਰ ਤੋਂ ਬ੍ਰਹਮਾ ਆਦਿਕ ਪੈਦਾ ਹੋਣ ਤੇ ਉਹ ਪਰਮੇਸ਼ਰ ਵੀ ਪ੍ਰਨੱਮ ਜਾਂਦਾ ਹੋਵੇਗਾ?

ਤਾਂ ਗੁਰੂ ਜੀ ਨੇ ਫੁਰਮਾਇਆ -

ਸਤਿ ਸੁਹਾਣੁ ਸਦਾ ਮਨਿ ਚਾਉ॥

ਹੇ ਸਿੱਧੋ ! ਉਹ ਪਰਮੇਸ਼ਰ ਤ੍ਰਕਾਲ ਅਬਾਧ ਹੋਣ ਕਰਕੇ ਸਤਿ ਹੈ।

ਸੁਹਾਣੁ=ਚੇਤਨ ਸਰੂਪ ਹੈ।

ਸਦਾ ਮਨਿ ਚਾਉ=ਅਨੰਦ ਸਰੂਪ ਹੈ।

ਅਰਥਾਤ ਸਤਿ ਚਿੱਤ ਅਨੰਦ ਸਰੂਪ ਹੋਣ ਕਰਕੇ ਉਹ ਪ੍ਰਨੱਮ ਵਾਦ ਤੋਂ ਰਹਿਤ ਹੈ।

ਇਕ ਸਿੱਧ ਨੇ ਕਿਹਾ - 'ਜਗਤ ਦੀ ਉਤਪਤੀ ਕਿਸ ਵੇਲੇ ਅਤੇ ਕਿਸ ਥਿੱਤ ਵਾਰ ਨੂੰ ਹੋਈ ਸੀ।' ਏਸੇ ਪ੍ਰਸ਼ਨ ਦਾ ਅਨੁਵਾਦ ਦੋ ਪੰਗਤੀਆਂ ਵਿਚ ਕਥਨ ਕਰਦੇ ਹਨ-

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥

ਜਦੋਂ ਪ੍ਰਮੇਸ਼ਰ ਨੇ ਸ੍ਰਿਸ਼ਟੀ ਪੈਦਾ ਕੀਤੀ ਸੀ, ਓਦੋਂ ਦਿਨ ਦਾ ਕਿਹੜਾ ਵੇਲਾ ਸੀ? ਅਤੇ ਰਾਤ ਦਾ ਕਿਹੜਾ ਵਕਤ ਸੀ?

੨. ਵੇਲਾ ਹਿੰਦੂਆਂ ਦੀ ਬੋਲੀ ਹੈ, ਵਕਤ ਮੁਸਲਮਾਨਾਂ ਦੀ ਬੋਲੀ ਹੈ ਅਤੇ ਪੰਦਰਾਂ ਥਿੱਤਾਂ 'ਚੋਂ ਥਿਤ ਕਿਹੜੀ ਸੀ? ਸੱਤਾਂ ਵਾਰਾਂ ਵਿਚੋਂ ਵਾਰ ਕਿਹੜਾ ਸੀ? ਮੰਗਲਵਾਰ ਸੀ, ਜਾਂ ਵੀਰ, ਜਾਂ ਛਨਿਛਰ ਸੀ।

ਕਵਣਿ ਸਿ ਰੁਤੀ ਮਾਹੁ ਕਵਣੁ

[ਬਸੰਤ ਰੁੱਤ, ਗ੍ਰੀਖਮ ਰੁੱਤ, ਪਾਵਸ ਰੁੱਤ, ਸਰਦ ਰੁੱਤ, ਹਿਮ ਰੁੱਤ, ਸਿਸਰ ਰੁੱਤ, ਇਨ੍ਹਾਂ] ਛੇ ਰੁੱਤਾਂ ਵਿਚੋਂ ਕਿਹੜੀ ਰੁੱਤ ਸੀ?

[ਚੇਤਰ, ਵੈਸਾਖ, ਜੇਠ, ਹਾੜ, ਸਾਵਣ, ਭਾਦਰੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ ਫੱਗਣ ਇਨ੍ਹਾਂ] ਬਾਰ੍ਹਾਂ ਮਹੀਨਿਆਂ ਵਿਚੋਂ ਕਿਹੜਾ ਮਹੀਨਾ ਸੀ?

(ਸਫਾ ੨੫੭ ਦੇ ਫੁਟ ਨੋਟ ਦੀ ਬਾਕੀ)

ਦੇ ਮੱਤ ਵਿਚ ਬ੍ਰਹਮਾ ਵਿਸ਼ਨੂੰ ਵੀ ਜੀਵ ਕੋਟੀ ਵਿਚ ਹਨ। ਕਰਮਾਂ ਤੋਂ ਬਿਨਾਂ ਹੋਰ ਕਿਸੇ ਈਸ਼ਵਰ ਦਾ ਇਸ ਮੱਤ ਵਿਚ ਅੰਗੀਕਾਰ ਨਹੀਂ ਹੈ।

ਪਤੰਜਲੀ-ਯੋਗ ਤੋਂ ਮੋਖ ਮੰਗਦੇ ਹਨ।

ਵੇਦਾਂਤੀ ਬ੍ਰਹਮ ਆਤਮਾ ਦਾ ਅਭੇਦ ਨਿਸਚੇ ਰੂਪ ਗਿਆਨ ਦੁਆਰਾ ਮੋਖ ਮੰਨਦੇ ਹਨ।

(ਫਰੀਦਕੋਟ ਦੇ ਟੀਕੇ ਪਹਿਲੀ ਐਡੀਸ਼ਨ ੭੫ ਪੰਨੇ ਪਰ ਵੀ ਇਹ ਵਿਚਾਰ ਲਿਖਿਆ ਹੋਇਆ ਹੈ।)

ਜਿਤੁ ਹੋਆ ਆਕਾਰੁ ॥

ਜਿਸ ਵੇਲੇ ਇਸ ਸ੍ਰਿਸ਼ਟੀ ਦਾ ਆਕਾਰੁ=ਪਸਾਰਾ ਹੋਇਆ ਹੈ।

ਤਾਂ ਸਤਿਗੁਰੂ ਜੀ ਨੇ ਫੁਰਮਾਇਆ—

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

ਬਿਆਸ ਵਸਿਸ਼ਟ ਆਦਿਕ ਬੜੇ ਬੜੇ ਪੰਡਿਤਾਂ ਨੇ ਭੀ ਸ੍ਰਿਸ਼ਟੀ ਦੀ ਉਤਪਤੀ ਦਾ ਵੇਲਾ ਨਹੀਂ ਪਾਇਆ।

ਇਕ ਸਿੱਧ ਨੇ ਕਿਹਾ-"ਮੈਂ ਕਹਿੰਦਾ ਹਾਂ ਕਿ ਬਿਆਸ ਆਦਿਕਾਂ ਨੇ ਉਤਪਤੀ ਦਾ ਵੇਲਾ ਪਾਇਆ ਹੈ।"

ਗੁਰੂ ਜੀ ਨੇ ਕਿਹਾ- "ਅਸੀਂ ਕਹਿੰਦੇ ਹਾਂ ਨਹੀਂ ਪਾਇਆ, ਕਿਉਂਕਿ ਕਾਰਜ ਦੁਆਰਾ ਕਾਰਨ ਦਾ ਅਨੁਮਾਨ ਹੁੰਦਾ ਹੈ। ਜੇਕਰ ਉਹਨਾਂ ਨੇ ਵੇਲਾ ਪਾਇਆ ਹੁੰਦਾ ਤਾਂ ਪੁਰਾਣਾਂ ਵਿਚ ਇਸ ਦਾ ਲੇਖ ਹੁੰਦਾ, ਪਰ ਪੁਰਾਣਾਂ ਦੇ ਵਿਚ ਲੇਖ ਨਹੀਂ ਲਿਖਿਆ ਹੋਇਆ ਇਸ ਤੋਂ ਮਾਲੂਮ ਹੁੰਦਾ ਹੈ ਉਨ੍ਹਾਂ ਨੇ ਭੀ ਵੇਲਾ ਨਹੀਂ ਪਾਇਆ।"

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥

ਕਾਜ਼ੀਆਂ ਅਤੇ ਮੁਹੰਮਦ ਆਦਿਕ ਪੈਗੰਬਰਾਂ ਨੇ ਵੀ ਜਗਤ ਦੀ ਉਤਪਤੀ ਦਾ *ਵਖਤੁ=ਸਮਾਂ ਨਹੀਂ ਪਾਇਆ। ਜੇ ਸਮਾਂ ਪਾਇਆ ਹੁੰਦਾ ਤਾਂ ਕੁਰਾਨਸ਼ਰੀਫ ਵਿਚ ਲੇਖ ਲਿਖ ਜਾਂਦੇ, ਪ੍ਰੰਤੂ ਕੁਰਾਨ ਸ਼ਰੀਫ ਵਿਚੋਂ ਕੋਈ ਲੇਖ ਲਿਖਿਆ ਨਹੀਂ ਮਿਲਦਾ ਇਸ ਤੋਂ ਨਿਸਚੇ ਹੁੰਦਾ ਹੈ ਕਿ ਉਨ੍ਹਾਂ ਨੇ ਭੀ ਜਗਤ ਦੀ ਉਤਪਤੀ ਦਾ ਸਮਾਂ ਨਹੀਂ ਪਾਇਆ।

ਅਥਵਾ – ਅੱਜ ਕਲ੍ਹ ਦੇ ਪੰਡਤੀ=ਪੰਡਤਾਂ ਨੇ ਵੀ ਵੇਲਾ ਨਹੀਂ ਪਾਇਆ, ਕਿਉਂਕਿ ਜੇ ਪੁਰਾਣਾਂ ਵਿਚ ਲੇਖ ਲਿਖਿਆ ਹੁੰਦਾ ਤਾਂ ਉਸ ਨੂੰ ਪੜ੍ਹ ਕੇ ਉਹ ਭੀ ਦੱਸਦੇ ਕਿ ਅਮਕੇ ਵੇਲੇ ਜਗਤ ਦੀ ਉਤਪਤੀ ਹੋਈ ਹੈ ਅਤੇ ਅੱਜ ਕਲ੍ਹ ਦੇ ਕਾਜ਼ੀਆਂ ਨੇ ਵੀ ਜਗਤ ਉਤਪਤੀ ਦਾ ਸਮਾਂ ਨਹੀਂ ਪਾਇਆ। ਉਹ ਸਮਾਂ ਤਾਂ ਪਾਉਂਦੇ ਜੇਕਰ ਕੁਰਾਨ ਸ਼ਰੀਫ ਦੇ ਵਿਚ ਲੇਖ ਲਿਖਿਆ ਹੁੰਦਾ।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥

ਜਿਸ ਥਿਤ ਅਤੇ ਵਾਰ ਨੂੰ ਪਰਮੇਸ਼ਰ ਨੇ ਸ੍ਰਿਸ਼ਟੀ ਬਣਾਈ ਹੈ, ਉਸ ਥਿੱਤ, ਵਾਰ ਨੂੰ ਗੋਰਖ ਆਦਿ ਜੋਗੀ ਵਾ ਜੋਗੀ-ਜੋਤਸ਼ੀ ਭੀ ਨਹੀਂ ਜਾਣਦੇ। ਜਿਸ ਰੁੱਤ ਅਤੇ ਮਹੀਨੇ ਵਿਚ ਜਗਤ ਦੀ ਉਤਪਤੀ ਕੀਤੀ

---

*ਵੇਲਾ' ਸੰਸਕ੍ਰਿਤ ਬੋਲੀ ਹੈ, ਵਖਤੁ' ਅਰਬੀ ਬੋਲੀ ਹੈ। ਅਰਥ ਦੋਹਾਂ ਦਾ 'ਸਮਾਂ' ਹੈ।

ਦੋਨੋਂ ਪਦ ਲਿਖਣ ਦਾ ਖਾਸ ਮਤਲਬ ਇਹ ਹੈ ਕਿ ਹਿੰਦੂ ਮੁਸਲਮਾਨ ਜੋ ਦੁਨੀਆਂ ਵਿਚ ਦੋ ਮਜ਼ਬ ਹਨ, ਇਨ੍ਹਾਂ ਦੋਹਾਂ ਨੂੰ ਜਗਤ ਦੀ ਉਤਪਤੀ ਦੇ ਸਮੇਂ ਦਾ ਪਤਾ ਨਹੀਂ।

ਏਸੇ ਵਾਸਤੇ ਗੁਰੂ ਜੀ ਨੇ ਲਿਖਿਆ ਹੈ-

"ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥" (ਸਿਰੀਰਾਗੁ ਮਹਲਾ ੩, ਪੰਨਾ ੩੫)

ਤਥਾ— "ਵੇਲਾ ਵਖਤ ਸਭਿ ਮੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥" (ਮਾਝ ਮਹਲਾ ੩, ਪੰਨਾ ੧੧੫)

ਹੈ ਉਸ ਰੁੱਤ ਅਤੇ ਮਹੀਨੇ ਨੂੰ ਕੋਈ ਭੀ ਨਹੀਂ ਜਾਣਦਾ।

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਜਿਸ ਵੇਲੇ 'ਕਰਤਾ ਪੁਰਖ ਵਾਹਿਗੁਰੂ' ਸ੍ਰਿਸ਼ਟੀ ਨੂੰ ਸਾਜੇ=ਸਾਜਦਾ ਹੈ ਉਸ ਵੇਲੇ ਨੂੰ ਉਹ ਆਪ ਹੀ ਜਾਣਦਾ ਹੈ, ਹੋਰ ਕੋਈ ਨਹੀਂ ਜਾਣ ਸਕਦਾ।

ਫਿਰ ਸਿੱਧਾਂ ਨੇ ਕਿਹਾ, 'ਬ੍ਰਹਮਾ ਆਦਿਕ ਤਾਂ ਸ੍ਰਿਸ਼ਟੀ ਦੀ ਉਤਪਤੀ ਦੇ ਵੇਲੇ ਨੂੰ ਜਾਣਦੇ ਹੋਣਗੇ?' ਤਾਂ ਗੁਰੂ ਜੀ ਨੇ ਫੁਰਮਾਇਆ–

ਕਿਵ ਕਰਿ ਆਖਾ ਕਿਵ ਸਾਲਾਹੀ

ਕਿਸ ਪ੍ਰਕਾਰ ਆਖਣਾ ਕਰੇ ਬ੍ਰਹਮਾ ਕਿ ਅਮਕੇ ਵੇਲੇ ਉਹ ਪਰਮੇਸ਼ਰ ਸ੍ਰਿਸ਼ਟੀ ਉਤਪਤ ਕਰਦਾ ਹੈ। ਕਿਸ ਪ੍ਰਕਾਰ ਸਲਾਹੁਣਾ ਕਰੇ ਵਿਸ਼ਨੂੰ, ਕਿ ਫਲਾਣੇ ਵੇਲੇ ਪਾਲਦਾ ਹੈ।

ਕਿਉ ਵਰਨੀ ਕਿਵ ਜਾਣਾ॥

ਕਿਸ ਪ੍ਰਕਾਰ ਵਰਨਣ ਕਰੇ ਸ਼ਿਵ ਕਿ ਅਮਕੇ ਵੇਲੇ ਲੈਤਾ ਕਰਦਾ ਹੈ।

ਗੁਰੂ ਜੀ ਕਹਿੰਦੇ ਹਨ, ਹੇ ਸਿੱਧੋ! ਅਸੀਂ ਵੀ ਉਸ ਦੇ ਗੁਣਾਂ ਨੂੰ ਕਿਸ ਪ੍ਰਕਾਰ ਜਾਣੀਏ ਕਿਉਂਕਿ ਅਵਤਾਰ ਭੀ ਉਸ ਦਾ ਅੰਤ ਨਹੀਂ ਪਾ ਸਕਦੇ। ਯਥਾ –

"ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮੁ ਬੇਅੰਤੁ॥ ੧॥
ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥ ੧॥ ਰਹਾਉ॥
ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥ ੨॥"

[ਰਾਮਕਲੀ ਮਹਲਾ ੫, ਪੰਨਾ ੮੯੪]

ਦੂਜਾ ਅਰਥ–

ਕਿਵ ਕਰਿ ਆਖਾ ਕਿਵ ਸਾਲਾਹੀ

ਕਿਸ ਪ੍ਰਕਾਰ ਸਲਾਹੁਣੇ ਯੋਗ ਪਰਮੇਸ਼ਰ ਦੀ ਇਹ ਗੱਲ ਆਖੀਏ ਕਿ ਕਿਸ ਤਰ੍ਹਾਂ ਉਤਪਤੀ ਕਰਦਾ ਹੈ।

[ਕਿਉ ਵਰਨੀ] ਕਿਸ ਪ੍ਰਕਾਰ ਵਰਨੀ=ਕਥਨ ਕਰੀਏ ਕਿ ਇਸ ਤਰ੍ਹਾਂ ਪਾਲਣਾ ਕਰਦਾ ਹੈ।

[ਕਿਵ ਜਾਣਾ]॥ ਕਿਸ ਪ੍ਰਕਾਰ ਜਾਣੀਏ ਕਿ ਇੰਜ ਲੈਤਾ ਕਰਦਾ ਹੈ।

ਵਾ–ਮਨ ਬਾਣੀ ਸਰੀਰ ਕਰਕੇ ਕਿਸ ਪ੍ਰਕਾਰ ਜਾਨਣਾ ਕਰੀਏ ਕਿ ਉਹ ਕਿਵੇਂ ਉਤਪਤੀ, ਪਾਲਣਾ, ਲੈਤਾ ਕਰਦਾ ਹੈ।

ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਿੱਧੋ ! ਉਂਜ ਤਾਂ ਸਭ ਕੋਈ ਵਖਿਆਨਾਂ ਦੁਆਰੇ ਆਖਦਾ ਹੈ।

ਵਾ–ਆਖਣ ਵਾਲਾ ਹੋ ਕੇ ਸਭ ਕੋਈ ਆਖਦਾ ਹੈ ਇਕ ਤੋਂ ਇਕ ਵਧੀਕ ਸਿਆਣਾ ਹੈ ਕੇ ਕਿ

ਇਸ ਪ੍ਰਕਾਰ ਉਤਪਤੀ ਕਰਦਾ ਹੈ, ਇੰਵ ਪਾਲਣਾ ਕਰਦਾ ਹੈ, ਇਸ ਤਰ੍ਹਾਂ ਲੈਤਾ ਕਰਦਾ ਹੈ। ਪ੍ਰੰਤੂ ਸਮੱਗਰ ਉਸ ਦੇ ਖਿਆਲਾਂ ਨੂੰ ਕੋਈ ਵੀ ਨਹੀਂ ਜਾਣ ਸਕਦਾ।

ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥

[ਅੰਨਵੇਂ ਅੱਖਰਾਂ ਵੱਲ ਧਿਆਨ ਕਰਨਾ]

ਜਿਸ ਪ੍ਰਮਾਤਮਾ ਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ, ਉਹ ਸਾਹਿਬ ਸਭ ਤੋਂ ਵੱਡਾ ਹੈ ਅਤੇ ਉਸ ਦੀ ਨਾਈ=ਵਡਿਆਈ ਵੀ ਵੱਡੀ ਹੈ।

ਇਕ ਸਿੱਧ ਨੇ ਆਖਿਆ, ਉਹ ਪਰਮਾਤਮਾ ਜਿਸ ਤਰ੍ਹਾਂ ਜਗਤ ਦੀ ਉਤਪਤੀ, ਪਾਲਣਾ, ਲੈਤਾ ਕਰਦਾ ਹੈ ਓਸੇ ਤਰ੍ਹਾਂ ਮੈਂ ਉਸਦੇ ਸਮੱਗਰ ਗੁਣਾਂ ਨੂੰ ਜਾਣਦਾ ਹਾਂ।

ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥ ੨੧॥

੧. ਗੁਰੂ ਜੀ ਕਥਨ ਕਰਦੇ ਹਨ-'ਹੇ ਸਿੱਧੋ ! ਜਿਹੜਾ ਕੋਈ ਐਸਾ ਆਖਦਾ ਹੈ ਕਿ ਉਸ ਦੇ ਸਮੱਗ੍ਰ ਗੁਣਾਂ ਨੂੰ ਮੈਂ ਜਾਣਦਾ ਹਾਂ, ਉਹ ਪੁਰਸ਼ ਅਗੈ=ਪ੍ਰਲੋਕ ਵਿਚ ਗਿਆ ਹੋਇਆ ਸੋਹੈ=ਸੁਭਾਇਮਾਨ ਨਹੀਂ ਹੁੰਦਾ।

੨. ਜਿਹੜਾ ਕੋਈ ਆਪਣੇ ਆਪ ਨੂੰ ਵੱਡਾ ਭਾਵ ਹੰਕਾਰੀ ਜਾਣਦਾ ਹੈ, ਉਹ ਅੱਗੇ ਸੰਤਾਂ ਦੀ ਸੰਗਤ ਵਿਚ ਗਿਆ ਹੋਇਆ ਸੋਭਦਾ ਨਹੀਂ॥ ੨੧॥'

ਸਾਖੀ-ਹੰਕਾਰੀ ਹਕੀਮ ਦੀ

ਇਕ ਨਾਮ ਰਸੀਏ ਮਹਾਤਮਾ ਆਪਣੇ ਸ਼ੁਭ ਅਸਥਾਨ ਪਰ ਬੈਠੇ ਹੋਏ ਸਨ। ਉਨ੍ਹਾਂ ਦੀ ਸੋਭਾ ਸੁਣਕੇ ਇਕ ਹਕੀਮ ਉਨ੍ਹਾਂ ਦੇ ਪਾਸ ਆ ਬੈਠਾ। ਬੈਠਿਆਂ ਬੈਠਿਆਂ ਵਾਹਿਗੁਰੂ ਦੀ ਰਚਨਾ ਪਰ ਕਈ ਵਿਚਾਰ ਛਿੜ ਪਏ। ਮਹਾਤਮਾਂ ਨੇ ਕਿਹਾ, 'ਪ੍ਰਭੂ ਨੇ ਜੋ ਭੀ ਪੈਦਾ ਕੀਤਾ ਹੈ ਸਭ ਲਾਭਦਾਇਕ ਹੈ! ਹਰ ਇਕ ਵਸਤੂ ਇਸ ਪ੍ਰਾਣੀ ਦੇ ਸੁਖ ਵਾਸਤੇ ਬਣਾਈ ਹੈ।'

ਹਕੀਮ ਨੇ ਕਿਹਾ, ਇਹ ਜੋ ਗੰਦਗੀ ਦਾ ਕੀੜਾ ਤੁਹਾਡੇ ਪਾਸ ਹੈ ਇਸ ਦਾ ਕੀ ਲਾਭ ਹੈ? ਇਸ ਤਰ੍ਹਾਂ ਦੀ ਰਚਨਾ ਪ੍ਰਭੂ ਨੇ ਐਵੇਂ ਨਿਕੰਮੀ ਬਣਾਈ ਹੈ। ਇਹ ਗੱਲ ਆਖਦਾ ਹੋਇਆ ਉੱਠ ਕੇ ਚਲਾ ਗਿਆ।

ਕੋਈ ਸਮਾਂ ਐਸਾ ਆਇਆ ਉਹ ਹਕੀਮ ਆਪ ਬੀਮਾਰ ਪੈ ਗਿਆ। ਏਸੇ ਬੀਮਾਰੀ ਦੀ ਹਾਲਤ ਵਿਚ ਉਸ ਨੂੰ ਮਿਰਗੀ ਦਾ ਦੌਰਾ ਪੈਣਾ ਸ਼ੁਰੂ ਹੋ ਗਿਆ। ਬੜੇ ਇਲਾਜ ਕੀਤੇ ਪਰ ਕੋਈ ਪੇਸ਼ ਨਾ ਗਈ। ੧੨ ਸਾਲ ਬੜਾ ਭਾਰੀ ਦੁੱਖ ਭੋਗਿਆ। ਕਿਸੇ ਨੇ ਕਿਹਾ, 'ਤੂੰ ਇਲਾਜ ਬੜੇ ਕੀਤੇ ਹਨ ਆਰਾਮ ਨਹੀਂ ਆਇਆ, ਹੁਣ ਤੂੰ ਫਲਾਣੇ ਸੰਤਾਂ ਪਾਸ ਜਾ ਕੇ ਬੇਨਤੀ ਕਰ, ਜੇ ਉਹ ਸੰਤ ਕਿਰਪਾ ਕਰ ਦੇਣਗੇ ਤਾਂ ਤੂੰ ਠੀਕ ਹੋ ਜਾਏਂਗਾ।'

ਉਸ ਦਾ ਕਿਹਾ ਮੰਨ ਕੇ ਇਕ ਦਿਨ ਫਿਰਦਾ ਫਿਰਦਾ ਉਹ ਦੁਖੀ ਹਕੀਮ ਉਨ੍ਹਾਂ ਸੰਤਾਂ ਪਾਸ ਚਲਾ ਗਿਆ। ਚਰਨ ਫੜ ਕੇ ਬੜਾ ਰੋਇਆ ਤੇ ਬੇਨਤੀਆਂ ਕੀਤੀਆਂ, 'ਮੈਂ ਬੜਾ ਦੁਖੀ ਹਾਂ ਕਿਰਪਾ ਕਰਕੇ ਆਪ ਕੋਈ ਦੁੱਖ ਨਵਿਰਤੀ ਦਾ ਉਪਾਉ ਦੱਸੋ।'

ਉਸ ਵੇਲੇ ਸੰਤਾਂ ਨੇ ਗੰਦੇ ਪਾਣੀ ਵਿਚ ਇਕ ਕੀੜਾ ਮਰਿਆ ਪਿਆ ਵੇਖ ਕੇ ਕਿਹਾ, 'ਹੇ ਭਾਈ! ਇਸ ਮਰੇ ਹੋਏ ਕੀੜੇ ਨੂੰ ਸੁਕਾ ਕੇ ਇਸ ਦੀ ਨਸਵਾਰ ਲੈ ਤਾਂ ਤੂੰ ਰਾਜ਼ੀ ਹੋਵੇਂਗਾ। ਪ੍ਰਮਾਤਮਾ ਤੇਰਾ ਭਲਾ ਕਰੇਗਾ।'

ਹਕੀਮ ਨੇ ਉਸੇ ਤਰ੍ਹਾਂ ਕੀਤਾ ਅਰਥਾਤ ਉਸ ਕੀੜੇ ਨੂੰ ਸੁਕਾ ਕੇ ਉਹਦੀ ਨਸਵਾਰ ਲੈਣ ਨਾਲ ਹੀ ਮਿਰਗੀ ਦਾ ਦੌਰਾ ਉਸੇ ਵੇਲੇ ਹਟ ਗਿਆ, ਉਸ ਤੋਂ ਪਿੱਛੋਂ ਫਿਰ ਦੌਰਾ ਨਹੀਂ ਪਿਆ। ਨਵਾਂ ਨਿਰੋਗ ਹੋ ਕੇ ਸੰਤਾਂ ਨੂੰ ਆ ਕੇ ਆਖਦਾ ਹੈ ਸੰਤ ਜੀ ਮਹਾਰਾਜ! ਅੱਜ ਤੋਂ ਬਾਰਾਂ ਸਾਲ ਪਹਿਲੇ ਮੈਂ ਆਪ ਜੀ ਪਾਸ ਆਇਆ ਸੀ ਤੇ ਆਪ ਜੀ ਨੇ ਕਿਹਾ ਸੀ, 'ਪ੍ਰਭੂ ਨੇ ਜੋ ਭੀ ਰਚਨਾ ਬਣਾਈ ਹੈ ਇਹ ਲਾਭਦਾਇਕ ਹੈ।' ਮੈਂ ਕਿਹਾ ਸੀ-'ਨਹੀਂ, ਇਹ ਸਭ ਫਜ਼ੂਲ ਹੈ।' ਪਰ ਅੱਜ ਮੈਨੂੰ ਇਹ ਨਿਸਚਾ ਹੋ ਗਿਆ ਹੈ ਕਿ ਪ੍ਰਭੂ ਨੇ ਜੋ ਵੀ ਰਚਨਾ ਰਚੀ ਹੈ ਸਭ ਫਾਇਦੇਮੰਦ ਹੈ। ਪ੍ਰਭੂ ਦੀ ਲੀਲ੍ਹਾ ਅਸਚਰਜ ਹੈ। ਪਿਛਲੇ ਹੰਕਾਰ ਵਾਲੇ ਬਚਨ ਬੋਲੇ ਹੋਏ ਮੈਨੂੰ ਬਖਸ਼ ਲਓ।

੩. ਜਿਹੜਾ ਕੋਈ ਨਿੰਮ੍ਰਤਾ ਆਦਿਕ ਸ਼ੁਭ ਗੁਣਾਂ ਨੂੰ ਧਾਰਕੇ ਆਪੋ ਜਾਣੈ=ਆਪਣੇ ਸ੍ਵੈ-ਸਰੂਪ ਨੂੰ ਜਾਣਦਾ ਹੈ, ਉਹ ਫਿਰ ''ਅਗੈ ਗਇਆ ਨ'' ਪ੍ਰਲੋਕ ਵਿਚ ਨਹੀਂ ਜਾਂਦਾ ਭਾਵ ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦਾ, ਸਗੋਂ 'ਸੋਹੈ'=ਸੋਭਨੀਕ ਹੁੰਦਾ ਹੈ।

ਅਥਵਾ - ਸੋ ਜੋ ਬ੍ਰਹਮ ਹੈ, ਉਹ ਮੈਂ ਹਾਂ, ਐਸੇ ਅਭੇਦ ਰੂਪ ਆਪਣੇ ਆਪ ਨੂੰ ਨਿਸਚੇ ਕਰਦਾ ਹੈ॥ ੨੧ ॥

ਇਕੀਵੀਂ ਪਉੜੀ ਦੇ ੨੭੧ ਅੱਖਰ ਹਨ।

ਬਾਈਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ, ਕੋਈ ਸੱਤ ਪਾਤਾਲ ਤੇ ਸੱਤ ਅਕਾਸ਼ ਕਹਿੰਦਾ ਹੈ। ਪਰ ਤੁਸੀਂ ਨਿਰਣੇ ਨਾਲ ਦੱਸੋ, ਅਕਾਸ਼ ਕਿਤਨੇ ਹਨ, ਤੇ ਪਾਤਾਲ ਕਿਤਨੇ ਹਨ। ਤਾਂ ਗੁਰੂ ਜੀ ਨੇ ਕਿਹਾ-

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

੧. ਹੇ ਸਿੱਧੋ ! ਪਾਤਾਲਾਂ ਦਰ ਪਾਤਾਲ ਵੀ ਲੱਖਾਂ ਹਨ ਅਤੇ ਆਕਾਸਾਂ ਦਰ ਆਕਾਸ਼ ਵੀ ਲੱਖਾਂ ਹਨ। ਇਸ ਗੱਲ ਦਾ ਨਿਰਣਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਗਦਾਦ ਦੇਸ਼ ਵਿਚ ਕੀਤਾ ਹੈ।

ਸਾਖੀ—ਦਸਤਗੀਰ ਪੀਰ ਦੀ

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ਾਂ ਦਿਸ਼ਾਂਤਰਾਂ ਵਿਖੇ ਰਟਨ ਕਰਦੇ ਹੋਏ ਬਗਦਾਦ ਦੇਸ਼ ਮੇਂ ਪਹੁੰਚੇ ਤਾਂ ਸ਼ਹਿਰ ਤੋਂ ਬਾਹਰਵਾਰ ਇਕ ਸਰੋਵਰ ਪਰ ਡੇਰਾ ਲਗਾਇਆ। ਰਾਤ ਅਰਾਮ ਕਰਕੇ ਜਦ ਅੰਮ੍ਰਿਤ ਵੇਲੇ ਉੱਠੇ ਤਾਂ ਇਸ਼ਨਾਨ ਵਗੈਰਾ ਕਰਕੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਸ਼ੁਰੂ ਕਰ ਦਿੱਤਾ। ਇਤਨੇ ਨੂੰ ਦਸਤਗੀਰ ਪੀਰ ਦਾ ਇਕ ਮੁਰੀਦ ਇਸ਼ਨਾਨ ਕਰਨ ਲਈ ਅਤੇ ਪਾਣੀ ਭਰਨ ਲਈ ਉਥੇ ਆ ਪਹੁੰਚਾ। ਜਦ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਲਾਮ ਅਰਥਾਤ 'ਜਪੁਜੀ ਸਾਹਿਬ' ਜੀ ਦਾ ਪਾਠ ਸੁਣਿਆਂ ਤਾਂ ਮਨ ਅੰਦਰ ਸ਼ਾਂਤੀ ਆ ਗਈ। ਐਸੀ ਸ਼ਾਂਤੀ ਆਈ ਜੋ ਉਥੇ ਹੀ ਖੜਾ ਰਿਹਾ। ਜਦ ਉਸ ਨੇ ਇਹ ਤੁਕ ਸੁਣੀ-

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥"

ਤਦ ਉਸ ਦੇ ਮਨ ਵਿਖੇ ਸੰਸਾ ਆ ਗਿਆ ਕਿ ਸਾਡੇ ਪੀਰ ਨੇ ੧੪ ਤਬਕ ਕਹੇ ਹਨ ਇਹ ਲੱਖਾਂ ਹੀ ਪਾਤਾਲ ਅਤੇ ਲੱਖਾਂ ਹੀ ਆਕਾਸ਼ ਕਥਨ ਕਰ ਰਹੇ ਹਨ, ਮੈਂ ਕਿਸ ਗੱਲ ਪਰ ਨਿਸਚਾ ਕਰਾਂ। ਹੱਛਾ! ਆਪਣੇ ਪੀਰ ਤੋਂ ਜਾ ਕੇ ਪੁੱਛਾਂਗਾ।

ਜਿਸ ਵੇਲੇ ਸਾਰੇ 'ਜਪੁਜੀ ਸਾਹਿਬ' ਜੀ ਦਾ ਭੋਗ ਪੈ ਗਿਆ ਤਾਂ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਹੁਕਮ ਦੇ ਕੇ ਰਾਗ ਵਿਚ ਵਾਹਿਗੁਰੂ ਜੀ ਦੀ ਸਿਫਤ ਸ਼ੁਰੂ ਕਰਵਾ ਦਿੱਤੀ।

ਯਥਾ—'ਤਿਹ ਛਿਨ ਗਾਨ ਲਗਜੋ ਮਰਦਾਨਾ। ਵਾਇ ਰਬਾਬ, ਸਿਫਤ ਭਗਵਾਨਾ ॥ ੯ ॥'

ਕੁਝ ਕੁ ਚਿਰ ਰਾਗੁ ਸੁਣਕੇ ਫਿਰ ਉਹ ਆਪਣੇ ਪੀਰ ਦਸਤਗੀਰ ਪਾਸ ਜਾ ਪਹੁੰਚਾ ਅੱਗੋਂ ਪੀਰ ਗੁੱਸੇ ਹੋਇਆ ਕਿ ਤੂੰ ਇਤਨੀ ਦੇਰ ਕਿਥੇ ਲਗਾ ਆਇਆ ਹੈਂ?

ਮੁਰੀਦ ਨੇ ਕਿਹਾ-"ਪੀਰ ਜੀ। ਬਾਹਰ ਤਿੰਨ ਫਕੀਰ ਆਏ ਹੋਏ ਹਨ ਉਨ੍ਹਾਂ ਨੇ ਆਪਣੀ ਕਲਾਮ ਵਿਚ ਲੱਖਾਂ ਪਾਤਾਲ ਤੇ ਲੱਖਾਂ ਆਕਾਸ਼ ਦੱਸੇ ਹਨ, ਨਾਲੇ ਉਹ ਰਾਗ ਗਾ ਰਹੇ ਹਨ ਤੇ ਤੁਸਾਂ ਨੇ ਆਪਣੀ ਨਗਰੀ ਵਿਚ ਸਰੋਦ [ਰਾਗ]" ਦਾ ਗਾਉਣਾ ਬੰਦ ਕੀਤਾ ਹੋਇਆ ਹੈ। ਜੇ ਉਹ ਫਕੀਰ ਆਪਣੀ ਮਰਜ਼ੀ

ਅਨੁਸਾਰ ਕੰਮ ਕਰਦੇ ਰਹੇ ਤਾਂ ਇਥੋਂ ਦੇ ਵਸਨੀਕ ਸਭ ਮੁਸਲਮਾਨ 'ਕਾਫਰ' ਹੋ ਜਾਣਗੇ।''

ਇਹ ਗੱਲ ਸੁਣਦਿਆਂ ਸਾਰ ਪੀਰ ਲਾਲੋ-ਲਾਲ ਹੋ ਗਿਆ। ਗੁੱਸੇ ਵਿਚ ਭਰਕੇ ਆਖਦਾ ਹੈ ਉਸਨੂੰ ਪੱਥਰਾਂ ਨਾਲ ਚੋਟ ਦਿਓ।*

ਤਾਂ ਬਗਦਾਦ ਦੇ ਸਭ ਬਾਲਕ ਬੁੱਢੇ ਅਤੇ ਨੌਜਵਾਨ ਪੁਰਸ਼ ਪੱਥਰਾਂ ਨੂੰ ਚੁੱਕ ਕੇ ਅਲੀ ਅਲੀ ਕਰਦੇ ਹੋਏ ਚਲੇ ਆਏ। ਜਿਸ ਵੇਲੇ ਨਜ਼ਦੀਕ ਆ ਕੇ ਪੱਥਰ ਮਾਰਨ ਲੱਗੇ ਤਾਂ ਹਜ਼ੂਰ ਨੇ ਦੇਖ ਕੇ ਇਹ ਬਾਣੀ ਉਚਾਰੀ—

'ਨਿਰੰਕਾਰ ਸਤਿ ਸ੍ਰੀ ਅਕਾਲਾ। ਗੁਰਬਰ ਏਕੰਕਾਰ ਕ੍ਰਿਪਾਲਾ।
ਸੁਨਿ ਕਰਿ ਬਾਂਗ ਸਰਬ ਨਰ ਨਾਰੀ। ਸੁੰਨ ਮੁੰਨ ਹੋਏ ਇਕ ਵਾਰੀ॥ ੨੧॥'

ਇਸ ਬਾਂਗ [ਆਵਾਜ਼] ਨੂੰ ਸੁਣਕੇ ਸਭ ਮਨੁੱਖ ਇਕੇ ਵਾਰ ਸੁੰਨ ਮੁੰਨ ਹੋ ਗਏ। ਉਸੇ ਵੇਲੇ ਇਕ ਮਨੁੱਖ ਨੇ ਪੀਰ ਨੂੰ ਜਾ ਕੇ ਕਿਹਾ ਕਿ ਜਿਤਨੇ ਕੁ ਪੁਰਸ਼ ਗਏ ਸਨ ਸਭ ਸੁੰਨ ਮੁੰਨ ਹੀ ਹੋ ਗਏ ਹਨ। ਇਹ ਗੱਲ ਸੁਣਕੇ ਪੀਰ ਆਪ ਆਇਆ ਤੇ ਆਪਣੀ ਸ਼ਕਤੀ ਨਾਲ ਜੰਤ੍ਰ ਮੰਤ੍ਰ ਪੜ੍ਹ ਕੇ ਸਭ ਦੀ ਜੜ੍ਹਤਾ ਦੂਰ ਕੀਤੀ ਫਿਰ ਹੰਕਾਰ ਦੇ ਸੰਯੁਕਤ ਹੋਇਆ ਹੋਇਆ ਸਭ ਮੁਰੀਦਾਂ ਦੇ ਹੱਥ ਵਿਚ ਪੱਥਰ ਫੜਾ ਕੇ ਗੁਰੂ ਜੀ ਨੂੰ ਜਿੱਤਣ ਵਾਸਤੇ ਆਇਆ ਤਾਂ ਗੁਰੂ ਜੀ ਨੇ ਦੂਰੋਂ ਵੇਖਕੇ ਫਿਰ ਬਾਂਗ ਦਿੱਤੀ -

ਨਿਰੰਕਾਰ ਸਤਿ ਸ੍ਰੀ ਅਕਾਲਾ। ਗੁਰਬਰ ਏਕੰਕਾਰ ਕ੍ਰਿਪਾਲਾ।'+

ਉਸ ਵੇਲੇ ਫਿਰ ਸਭ ਦੀਆਂ ਬਾਹਾਂ ਉਤੇ ਹੀ ਖੜੀਆਂ ਰਹਿ ਗਈਆਂ ਅਤੇ ਹੱਥਾਂ ਵਿਚ ਹੀ ਪੱਥਰ ਫੜੇ ਰਹੇ। ਕਿਤਨਾ ਚਿਰ ਜਦ ਬਾਹਾਂ ਲੱਕੜ ਸਮਾਨ ਖੜੀਆਂ ਰਹੀਆਂ ਤਾਂ ਸਾਰੇ ਲੋਕ ਘਬਰਾ ਗਏ। ਮੁਰੀਦਾਂ ਦੀ ਇਹ ਹਾਲਤ ਵੇਖਕੇ ਪੀਰ ਨੇ ਆਪਣੀ ਸ਼ਕਤੀ ਬੜੀ ਲਗਾਈ ਜੋ ਕਿਸੇ ਤਰ੍ਹਾਂ ਇਹ ਬਾਹਵਾਂ ਨੀਵੀਂਆਂ ਹੋ ਜਾਣ ਪਰ ਕੋਈ ਨਾ ਹੋਈਆਂ।

ਆਖਿਰਕਾਰ ਆਪਣੀ ਸ਼ਕਤੀ ਕਮਜ਼ੋਰ ਵੇਖਕੇ ਗੁਰੂ ਜੀ ਦੇ ਪਾਸ ਆ ਕੇ ਕਹਿੰਦਾ ਹੈ, ''ਹੇ ਫਕੀਰ! ਤੂੰ ਕੁਫਰ [ਝੂਠ] ਕਿਉਂ ਬੋਲਿਆ ਹੈ, ਆਕਾਸ਼ ਵੀ ਸੱਤ ਹਨ ਪਾਤਾਲ ਵੀ ਸੱਤ ਹਨ ਪਰ ਆਪ ਨੇ-

'ਕਰਾਮਾਤ ਕਰਿ ਬਡੀ ਦਿਖਾਈ। ਲਖ ਪਤਾਲ ਨਭ ਖਬਰ ਸੁਨਾਈ।
ਪੁਨ ਸਰੋਦ ਮਨ ਚੰਚਲ ਕਰਈ। ਸੋ ਗਾਵਨ ਕੇ ਕਿਉਂ ਅਨੁਸਰਈ॥ ੩੦॥'

ਅਰਥਾਤ ਰਾਗ ਮਨ ਨੂੰ ਚੰਚਲ ਕਰਦਾ ਹੈ ਇਸ ਨੂੰ ਆਪ ਕਿਉਂ ਗਾਉਂਦੇ ਹੋ?'

ਹਜ਼ੂਰ ਨੇ ਕਿਹਾ-''ਹੇ ਪੀਰ ਜੀ! ਹੁਣ ਕਲਜੁਗ ਦਾ ਸਮਾਂ ਹੈ ਇਸ ਸਮੇਂ ਵਿਖੇ ਰਾਗ ਦੁਆਰਾ

---

*ਅਰਬ ਅਤੇ ਰੂਮ ਦੇਸ਼ ਵਿਚ ਜਿਸ ਨੂੰ ਭਾਰੀ ਸਜ਼ਾ ਦੇਣੀ ਹੋਏ ਉਸ ਨੂੰ ਜੀਂਵਦਿਆਂ ਜੀਂਵਦਿਆਂ ਪੱਥਰਾਂ ਦੀ ਮਾਰ ਦੇ ਕੇ ਮਾਰਦੇ ਹਨ। ਉਸੇ ਖਿਆਲ ਅਨੁਸਾਰ ਪੀਰ ਨੇ ਪੱਥਰਾਂ ਨਾਲ ਚੋਟਨ ਦਾ ਹੁਕਮ ਕਰ ਦਿੱਤਾ।

+ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਇਹ ਬਾਂਗ ਉਚਾਰੀ ਹੈ—

''ਗੁਰਬਰ ਅਕਾਲ। ਸਤਿ ਸ੍ਰੀ ਅਕਾਲ। ਚਿਤ ਚਰਨ ਨਾਮ।
ਘਰਿ ਘਰਿ ਪ੍ਰਣਾਮ। ਪ੍ਰਭ ਕ੍ਰਿਪਾਲ। ਜੋ ਸਰਬ ਜੀਵਾਲ।''

ਜੋ ਖੁਦਾ ਦੀ ਸਿਫਤ ਗਾਈ ਜਾਂਦੀ ਹੈ, ਇਸ ਕਰਕੇ ਮਨੁੱਖ ਜਨਮ ਦੀ ਸਫਲਤਾ ਹੋ ਜਾਂਦੀ ਹੈ ਤੇ ਮਨ ਦੀ ਬਿਰਤੀ ਟਿਕ ਜਾਂਦੀ ਹੈ।''

ਯਥਾ—''ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥''

[ਰਾਮਕਲੀ ਮਹਲਾ ੫, ਪੰਨਾ ੮੯੩]

ਤਥਾ—''ਹਰਿ ਜਨ ਕਉ ਇਹੀ ਸੁਹਾਵੈ॥ ਪੇਖਿ ਨਿਕਟਿ ਕਰਿ ਸੇਵਾ ਸਤਿਗੁਰ ਹਰਿ ਕੀਰਤਨਿ ਹੀ ਤ੍ਰਿਪਤਾਵੈ॥ ਰਹਾਉ॥''

[ਸੋਰਿਠ ਮਹਲਾ ੫, ਪੰਨਾ ੬੧੩]

ਤਥਾ—''ਜੰਮਣੁ ਮਰਣੁ ਨ ਤਿਨ ਕਉ ਜੋ ਹਰਿ ਲੜਿ ਲਾਗੇ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥''

[ਗਉੜੀ ਵਾਰ, ਪੰਨਾ ੩੨੨]

ਤਥਾ—''ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥ ੩॥''

[ਸੋਰਠਿ ਮਹਲਾ ੫, ਪੰਨਾ ੬੨੩]

ਇਸ ਅਨੁਸਾਰ ਰਾਗ ਇਕ ਸਮਾਧੀ ਹੈ। ਹਾਂ! ਇਹ ਗੱਲ ਹੈ ਕਿ ਵਿਸ਼ੇ ਸੰਬੰਧੀ ਰਾਗ ਨ ਹੋਵੇ। ਵਿਸ਼ੇ ਸੰਬੰਧੀ ਜੋ ਰਾਗ ਹੈ, ਉਹ ਮਨ ਨੂੰ ਚੰਚਲ ਕਰਦਾ ਹੈ।

ਹੁਣ ਦੂਜੇ ਪ੍ਰਸ਼ਨ ਦਾ ਉੱਤਰ ਸੁਣੋ -

''ਅਬ ਦੂਸਰ ਉੱਤਰ ਸੁਨਿ ਕਾਨੇ। ਚੌਦਹਿੰ ਤਬਕ ਕੁਰਾਨ ਬਖਾਨੇ॥ ੩੬॥
ਤਿਸ ਕੌ ਕਰਨਹਾਰ ਹੈ ਜੋਊ। ਤਾਂ ਕੌ ਚੌਦਹਿੰ ਕੀ ਸੁਧ ਹੋਊ।
ਲਾਖਨ ਕੀ ਸੁਧ ਜਿਨ ਕਉ ਹੋਈ। ਤੇਤੀ ਭਨੈਂ, ਨ ਝੂਠ ਬੁਗੋਈ॥ ੩੭॥''

ਹੇ ਪੀਰ! ਜਿਨ੍ਹਾਂ ਨੂੰ ਚੌਦਾਂ ਤਬਕਾਂ ਦੀ ਖ਼ਬਰ ਹੈ ਉਨ੍ਹਾਂ ਨੇ ਓਹੀ ਕਥਨ ਕਰਨੇ ਹਨ ਤੇ ਜਿਨ੍ਹਾਂ ਨੂੰ ਲੱਖਾਂ ਦੀ ਖਬਰ ਹੈ ਉਨ੍ਹਾਂ ਨੇ ਤਾਂ ਲੱਖਾਂ ਹੀ ਪਾਤਾਲ ਤੇ ਲੱਖਾਂ ਹੀ ਆਕਾਸ਼ ਵਰਣਨ ਕਰਨੇ ਹਨ। ਜੇ ਤੈਨੂੰ ਯਕੀਨ ਨਹੀਂ ਹੈ ਤਾਂ ਸਾਡੇ ਨਾਲ ਚੱਲ ਅਸੀਂ ਦਿਖਾ ਦੇਂਦੇ ਹਾਂ।

ਪੀਰ ਨੇ ਕਿਹਾ, ''ਮੈਂ ਤਾਂ ਬ੍ਰਿਧ ਹੋ ਚੁੱਕਾ ਹਾਂ, ਮੇਰੇ ਪੁੱਤਰ ਨੂੰ ਨਾਲ ਲੈ ਜਾਓ।''

ਗੁਰੂ ਜੀ ਨੇ ਕਿਹਾ - 'ਚਾਹੇ ਕੋਈ ਚੱਲੇ, ਪਿਓ ਪੁੱਤਰ ਵਿਚ ਕਾਹਦਾ ਫਰਕ ਹੈ।'

ਉਸ ਵੇਲੇ ਗੁਰੂ ਜੀ ਪੀਰ ਦੇ ਬੇਟੇ ਨੂੰ ਨਾਲ ਲੈ ਕੇ ਅੱਖੀਆਂ ਮੀਟ ਕੇ ਦੂਜੇ ਅਕਾਸ਼ ਵਿਚ ਫਿਰ ਤੀਜੇ ਵਿਚ, ਫਿਰ ਚੌਥੇ ਵਿਚ, ਫਿਰ ਪੰਜਵੇਂ ਵਿਚ, ਇਸ ਤਰ੍ਹਾਂ ਲੱਖਾਂ ਹੀ ਆਕਾਸ਼ ਵਿਖਾਏ।

'ਮੁੰਦ੍ਰਿਤ ਨੈਨ ਕਿਯੇ ਤਿਨ ਜਬਹੀ। ਅਪਰ ਅਕਾਸ਼ ਦਿਖਾਯੋ ਤਬਹੀ।
ਕਿਤਿਕ ਦਿਵਸ ਤਿਹ ਬੀਚ ਬਿਹਾਰੇ। ਬਹੁਰ ਔਰ ਨਭ ਮਾਂਹਿ ਪਧਾਰੇ॥ ੪੧॥
ਤਿਹ ਕੌ ਦੇਖਿ ਕਿਤਿਕ ਦਿਨ ਮਾਂਹੀ। ਆਨ ਅਕਾਸ਼ ਪਿਖਾ ਪੁਨ ਜਾਹੀ।
ਇਸ ਬਿਧਿ ਸੋਂ ਬਹੁ ਬਰਖ ਬਿਤਾਏ॥ ਲਾਖ ਅਕਾਸ਼ ਤਾਂਹਿ ਦਿਖਰਾਏ॥ ੪੨॥'

ਫਿਰ ਗੁਰੂ ਜੀ ਨੇ ਉਸ ਪੀਰ ਦੇ ਬੇਟੇ ਨੂੰ ਲੱਖਾਂ ਪਾਤਾਲ ਦਿਖਾਏ।

ਤਥਾ—'ਬਹੁਰੋ ਗਏ, ਪਤਾਲਨ ਮਾਂਹੀ। ਪ੍ਰਿਥਮੇ ਏਕ ਦਿਖਾਵਾ ਤਾਂਹੀ।
ਕਿਤਿਕ ਦਿਨਨ ਲੌ ਫਿਰ ਕਰਿ ਸਾਰੇ। ਬਹੁਰੋ ਦੁਤਿਯ ਪਤਾਲ ਪਧਾਰੇ॥ ੪੩॥

ਸੋ · ਨੀਕੀ ਬਿਧਿ ਦੀਨ ਦਿਖਾਈ। ਪੁਨ ਤੀਜੇ ਮਹਿੰ ਗੇ ਜਗਸਾਈਂ।
ਇਸ ਬਿਧਿ ਸੋਂ ਜੇ ਲਾਖ ਪਤਾਲਾ। ਸਰਬ ਦਿਖਾਏ ਤਾਂਹਿ ਕਿਰਪਾਲਾ॥ ੪੪॥

ਆਖਿਰਕਾਰ ਪੀਰ ਦਾ ਬੇਟਾ ਥੱਕ ਗਿਆ ਤੇ ਆਖਦਾ ਹੈ, 'ਇਨ੍ਹਾਂ ਪਾਤਾਲਾਂ ਤੇ ਆਕਾਸ਼ਾਂ ਦਾ ਅੰਤ ਨਹੀਂ ਆਉਂਦਾ ਜੋ ਕੁਝ ਆਪ ਜੀ ਨੇ ਕਿਹਾ ਠੀਕ ਹੈ, ਹੁਣ ਆਪ ਵਾਪਸ ਚਲੋ।'

ਹਜ਼ੂਰ ਨੇ ਕਿਹਾ, 'ਇਕ ਪਾਤਾਲ ਵਿਚ ਸੰਗਤ ਅਰਾਧ ਰਹੀ ਹੈ ਉਨ੍ਹਾਂ ਨੂੰ ਦਰਸ਼ਨ ਦੇ ਕੇ ਨਾਲੇ ਤੇਰੇ ਪਿਤਾ ਦੇ ਨਿਸਚੇ ਕਰਾਉਣ ਲਈ ਉਥੋਂ ਕੋਈ ਵਸਤੂ ਤੇਰੇ ਤਾਈਂ ਦਿਵਾ ਕੇ ਭੇਜਾਂਗੇ।'

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਉਥੇ ਪਹੁੰਚੇ ਜਿੱਥੇ ਸੰਗਤ ਅਰਾਧ ਰਹੀ ਸੀ। ਗੁਰੂ ਜੀ ਦੇ ਜਾਣ ਪਰ ਸਭ ਸੰਗਤਾਂ ਨੇ ਉੱਠ ਕੇ ਸਨਮਾਨ ਕੀਤਾ ਅਤੇ –

'ਦੀਪ ਬਾਰਿ ਆਰਤੀ ਉਤਾਰੀ। ਪੂਜਨ ਕੀਨ ਪ੍ਰਸ਼ੰਸ਼ ਉਚਾਰੀ।
ਕਰਿ ਪੰਚਾਂਮ੍ਰਤ ਕੋ ਭਲਿ ਰੀਤੀ। ਕਿਯ ਅਰਦਾਸ ਖਰੇ ਯੁਤਪ੍ਰੀਤੀ॥ ੫੧॥'

ਪੁਨਾ – ਗੁਰੂ ਜੀ ਨੇ ਸਭਾ ਵਿਚ ਬੈਠ ਕੇ ਸਾਰਿਆਂ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ ਫਿਰ ਅਰਦਾਸ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ। ਪੀਰ ਦੇ ਬੇਟੇ ਨੂੰ ਵੀ ਕੜਾਹ ਪ੍ਰਸ਼ਾਦਿ ਦਾ ਕਚਕੌਲ [ਪਿਆਲਾ] ਭਰ ਕੇ ਕਿਹਾ, 'ਹੁਣ ਅੱਖਾਂ ਮੀਟ।' ਜਦ ਉਸ ਨੇ ਅੱਖਾਂ ਮੀਟੀਆਂ ਤਾਂ ਗੁਰੂ ਜੀ ਨੇ ਉਸਨੂੰ ਉਡਾ ਕੇ ਬਗਦਾਦ ਵਿਚ ਪਹੁੰਚਾ ਦਿੱਤਾ।

ਜਦ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਕੀ ਵੇਖਦਾ ਹੈ ਜੋ ਬਗਦਾਦ ਵਿਖੇ ਆਪਣੇ ਪਿਤਾ ਦੇ ਪਾਸ ਬੈਠਾ ਹਾਂ। ਬੜਾ ਹੀ ਹੈਰਾਨ ਹੋ ਗਿਆ। ਪੀਰ ਨੇ ਪੁੱਛਿਆ, 'ਲੱਖਾਂ ਪਾਤਾਲ ਤੇ ਆਕਾਸ਼ ਵੇਖ ਆਇਆ ਹੈਂ ਕਿ ਝੂਠ ਹੀ ਸੀ?'

ਬੇਟੇ ਨੇ ਕਿਹਾ, ਪੀਰ ਜੀ! ਇਹ ਤਾਂ ਕੋਈ ਪੂਰਨ ਖੁਦਾ ਦਾ ਫਕੀਰ ਹੈ ਇਸ ਨੇ ਤਾਂ ਮੈਨੂੰ–

'ਲੱਖ ਪਤਾਲ ਅਕਾਸ਼ ਦਿਖਾਏ। ਬਹੁਰੋ ਓਰਕ ਹਾਥ ਨਾ ਆਏ॥ ੫੬॥'

[ਨਾਨਕ ਪ੍ਰਕਾਸ਼ ਉੜ੍ਹਾਰਧ, ਅਧਿ: ੩੪]

ਭਾਈ ਗੁਰਦਾਸ ਜੀ ਆਪਣੀ ਮੁਬਾਰਕ ਕਲਮ ਦੁਆਰੇ ਪੂਰਬੋਕਤ ਪ੍ਰਸੰਗ ਦਾ ਨਕਸ਼ਾ ਆਪਣੀ ਵਾਰ ਅੰਦਰ ਇਉਂ ਬਿਆਨ ਕਰਦੇ ਹਨ–

ਫਿਰਿ ਬਾਬਾ ਗਇਆ ਬਗਦਾਦਿ ਨੋ, ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ, ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ, ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ, ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ, ਇਕੁ ਫਕੀਰੁ ਵਡਾ ਮਸਤਾਨਾ।
ਪੁਛਿਆ ਫਿਰਿ ਕੈ ਦਸਤਗੀਰ, ਕਉਣ ਫਕੀਰੁ ਕਿਸ ਕਾ ਘਰਿਆਨਾ।
*ਨਾਨਕ ਕਲਿ ਵਿਚਿ ਆਇਆ, *ਰਬੁ ਫਕੀਰੁ ਇਕੋ ਪਹਿਚਾਨਾ।*
ਧਰਤਿ ਆਕਾਸ ਚਹੁ ਦਿਸਿ ਜਾਨਾ॥ ੩੫॥

---

*'ਰੱਬ' ਦੀ ਜਗ੍ਹਾ 'ਰਦ' ਪਾਠ ਵੀ ਹੁੰਦਾ ਹੈ।

ਪੁਛੇ ਪੀਰ ਤਕਰਾਰ ਕਰਿ, ਏਹੁ ਫਕੀਰੁ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ, ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖਿ, ਓੜਕਿ ਭਾਲੀ ਖਬਰਿ ਸੁਣਾਈ।
ਫੇਰਿ ਦੁਰਾਇਨ ਦਸਤਗੀਰ, ਅਸੀ ਭਿ ਵੇਖਾ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ, ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਤਾਲ ਲਖ, ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ, ਧੁਰੋ ਪਤਾਲੋ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ॥ ੩੬॥[+]

[ਵਾਰ ੧]

ਸਾਖੀ ਦੂਜੀ—ਮੁਹੰਮਦ ਦੀ

ਇਕ ਸਮੇਂ 'ਮੁਹੰਮਦ' ਨੂੰ ਆਪਣੀ ਪੈਗੰਬਰੀ ਦਾ ਮਾਣ ਹੋ ਗਿਆ। ਇਸ ਤਰ੍ਹਾਂ ਕਹਿਣ ਲੱਗ ਪਿਆ ਕਿ ਇਕ ਮੈਂ ਹਾਂ ਜਾਂ ੧੪ ਤਬਕ ਹਨ ਹੋਰ ਕੋਈ ਨਹੀਂ ਹੈ। ਪਰ ਮਾਣ ਕਰਨਾ ਖੁਦਾ ਨੂੰ ਭਾਉਂਦਾ ਨਹੀਂ, ਇਸ ਕਰਕੇ ਇਸ ਨੂੰ ਇਕ ਅਸਚਰਜ ਮਇਆਵਕੀ ਨਜ਼ਾਰਾ ਦਿਖਾਇਆ।

ਇਕ ਦਿਨ ਮੁਹੰਮਦ ਜੀ ਚਲੇ ਜਾ ਰਹੇ ਸਨ। ਰਸਤੇ ਵਿਚ ਇਕ ਊਠਾਂ ਦੀ ਕਤਾਰ ਲੰਘਦੀ ਵੇਖ ਕੇ ਖਲੋ ਗਏ। ਆਖਦੇ ਹਨ ਇਹ ਕਤਾਰ ਲੰਘ ਲਵੇ ਫਿਰ ਅਸੀਂ ਚਲਾਂਗੇ। ਅੰਮ੍ਰਿਤ ਵੇਲੇ ਦੇ ਖਲੋਤੇ ਖਲੋਤੇ ਦੁਪਹਿਰ ਦਾ ਸਮਾਂ ਵੀ ਢਲ ਗਿਆ। ਪਰ ਉਹ ਮੁੱਕਣ ਵਿਚ ਨਾ ਆਈ। ਅੱਗੇ ਜਾ ਕੇ ਵੀ ਵੇਖਿਆ, ਪਿੱਛੇ ਪਰਤ ਕੇ ਵੀ ਦੇਖਿਆ ਪਰ ਉਸ ਦਾ ਕੋਈ ਪਾਰਾਵਾਰ ਨ ਲਭਾ, ਹੈਰਾਨ ਹੋਏ ਖਲੋਤੇ ਸਨ। ਇਤਨੇ ਨੂੰ ਜਬਰਾਈਲ ਆ ਗਿਆ, ਉਸ ਨੇ ਆ ਕੇ ਕਿਹਾ, 'ਮੁਹੰਮਦ ਜੀ! ਕੀ ਗੱਲ ਹੈ, ਹੈਰਾਨ ਹੋਏ ਕਿਉਂ ਖਲੋਤੇ ਹੋ?'

ਮੁਹੰਮਦ ਜੀ ਨੇ ਕਿਹਾ, 'ਹੇ ਭਾਈ! ਮੈਂ ਸੜਕ ਪਾਰ ਕਰਨੀ ਸੀ। ਮੈਂ ਤਾਂ ਸੋਚਿਆ ਸੀ ਊਠ ਲੰਘ ਜਾਂਦੇ ਹਨ ਤਾਂ ਮੈਂ ਲੰਘ ਜਾਵਾਂਗਾ। ਪਰ ਸੂਰਜ ਚੜ੍ਹਣ ਤੋਂ ਪਹਿਲਾਂ ਦਾ ਖਲੋਤਾ ਹਾਂ ਤੇ ਦਿਨ ਢੱਲਣ ਲੱਗ ਪਿਆ ਹੈ ਪਰ ਨਾ ਇਹ ਮੁੱਕੇ ਹਨ ਤੇ ਨਾ ਹੀ ਰਸਤਾ ਮਿਲਿਆ।'

ਤਾਂ ਜਬਰਾਈਲ ਨੇ ਕਿਹਾ, ''ਜਦੋਂ ਦਾ ਮੈਂ ਜੰਮਿਆਂ ਹਾਂ ਤੇ ਸੁਰਤ ਸੰਭਾਲੀ ਹੈ ਉਸ ਤੋਂ ਪਹਿਲੋਂ ਦੀ ਇਹ ਕਤਾਰ ਚਲੀ ਜਾ ਰਹੀ ਹੈ। ਇਹ ਨਾ ਕਦੀ ਮੁੱਕੀ ਹੈ ਨਾ ਹੀ ਹੁਣ ਮੁੱਕਣੀ ਹੈ, ਜੇ ਤੁਸੀਂ ਲੰਘਣਾ ਹੈ ਤਾਂ ਵਿਚ ਦੀ ਲੰਘ ਜਾਓ।''

ਇਹ ਸੁਣ ਕੇ ਮੁਹੰਮਦ ਨੇ ਪੁੱਛਿਆ, 'ਇਹ ਤਾਂ ਦੱਸ ਕਿ ਇਨ੍ਹਾਂ ਵਿਚ ਹੈ ਕੀ?'

ਜਬਰਾਈਲ ਨੇ ਕਿਹਾ, 'ਇਸ ਗੱਲ ਦਾ ਤਾਂ ਮੈਨੂੰ ਪਤਾ ਨਹੀਂ, ਆਪ ਖੋਲ੍ਹ ਕੇ ਦੇਖ ਲਓ।'

ਉਸ ਵੇਲੇ ਇਕ ਊਠ ਕਤਾਰ 'ਚੋਂ ਵੱਖਰਾ ਕਰਕੇ ਬਿਠਾ ਲਿਆ, ਕੁੰਜੀ ਨਾਲ ਸੀ, ਕੁਫਲ

[+]*ਸ੍ਰੀ ਗੁਰੂ ਨਾਨਕ ਦੇਵ ਜੀ ਦਾ ਥੜਾ ਹੁਣ ਤਕ ਬਗਦਾਦ ਦੇਸ਼ ਵਿਚ ਚਾਰ ਦਿਵਾਰੀ ਦੇ ਅੰਦਰ ਰੇਲਵੇ ਸਟੇਸ਼ਨ ਦੇ ਲਾਗੇ ਬਣਿਆਂ ਹੋਇਆ ਹੈ।*

[ਜੰਦਰਾ] ਖੋਲ੍ਹ ਕੇ ਵੇਖਿਆ ਤਾਂ ਅੰਡਿਆਂ ਨਾਲ ਭਰਿਆ ਪਿਆ ਹੈ। ਇਕ ਅੰਡਾ ਫੋੜਿਆ ਤਾਂ ਉਸ ਵਿਖੇ ੧੪ ਤਬਕ ਅਤੇ ਮੁਹੰਮਦ ਨੇ ਆਪਣਾ ਰੂਪ ਦੇਖਣਾ ਕੀਤਾ।

ਦੂਜਾ ਅੰਡਾ ਫੋੜਿਆ ਤਾਂ ਉਸ ਵਿਚ ਵੀ ੧੪ ਤਬਕ ਅਤੇ ਮੁਹੰਮਦ ਨੇ ਆਪਣਾ ਰੂਪ ਤੱਕਿਆ।

ਤੀਜੇ ਅੰਡੇ ਵਿਚ ਭੀ ਉਸੇ ਤਰ੍ਹਾਂ ਵੇਖਿਆ ਤਾਂ ਮੁਹੰਮਦ ਹੈਰਾਨ ਹੋ ਗਿਆ। ਵਿਚਾਰ ਕੇ ਆਖਦਾ ਹੈ ਕਿ ਇਕ ਇਕ ਅੰਡੇ ਵਿਚ ਸਾਰੀ ਸ੍ਰਿਸ਼ਟੀ ਹੈ ਅਤੇ ਇਕ ਇਕ ਸੰਦੂਕ ਵਿਚ ਲੱਖਾਂ ਹੀ ਅੰਡੇ ਹਨ।

ਪੁਨਾ - ਇਕ ਇਕ ਊਠ ਪਰ ਤਿੰਨ ਤਿੰਨ ਸੰਦੂਕ ਹਨ। ਫਿਰ ਇਤਨੇ ਊਠ ਹਨ ਜੋ ਇਨ੍ਹਾਂ ਦਾ ਆਦ ਅੰਤ ਕੋਈ ਨਿਗਾਹ ਨਹੀਂ ਆਉਂਦਾ। ਹੱਥ ਜੋੜ ਕੇ ਖੁਦਾ ਅੱਗੇ ਤੋਬਾ ਕਰਦਿਆਂ ਕਿਹਾ ਕਿ ਹੇ ਖੁਦਾ ਜਦ ਕਿ! ਤੇਰੀ ਮਾਇਆ ਦਾ ਹੀ ਅੰਤ ਨਹੀਂ ਆਉਂਦਾ, ਤਾਂ ਤੇਰਾ ਅੰਤ ਕਿਵੇਂ ਆ ਸਕਦਾ ਹੈ। ਜੋ ਤੇਰਾ ਅੰਤ ਲਿਆ ਚਾਹੁੰਦਾ ਹੈ ਉਹ ਅਲਪ ਮਤੀ ਵਾਲਾ ਹੈ। ਮੈਂ ਜੋ ਹੰਕਾਰ ਕੀਤਾ ਸੀ ਕਿ ਚੌਦਾਂ ਤਬਕ ਤੇ ਇਕ ਮੈਂ ਹੀ ਹਾਂ, ਸੋ ਬਖਸ਼ ਲਓ। ਇਹ ਕਹਿੰਦਾ ਹੋਇਆ ਊਠਾਂ ਵਿਚ ਦੀ ਲੰਘ ਗਿਆ।*

੨. ਪਾਤਾਲਾਂ ਵਿਚ ਪਤਾਲੀ ਜੀਵ ਵੀ ਲੱਖਾਂ ਹਨ ਅਤੇ ਆਕਾਸ਼ਾਂ ਵਿਚ ਆਕਾਸ਼ੀ ਜੀਵ ਵੀ ਲੱਖਾਂ ਹਨ।

ਓੜਕ ਓੜਕ ਭਾਲਿ ਥਕੇ

ਪਾਤਾਲਾਂ ਦੇ ਓੜਕ ਨੂੰ ਅਤੇ ਆਕਾਸ਼ਾਂ ਦੇ ਓੜਕ ਨੂੰ ਭਾਲ ਕੇ ਥੱਕ ਗਏ।

ਵਾ - ਪਾਤਾਲੀ ਜੀਵਾਂ ਦੇ ਓੜਕ ਨੂੰ ਅਤੇ ਆਕਾਸ਼ੀ ਜੀਵਾਂ ਦੇ ਓੜਕ ਨੂੰ ਵੀ ਭਾਲ ਭਾਲ ਕੇ ਥੱਕ ਗਏ।

ਵਾ-ਓੜਕ ਹੀ ਓੜਕ ਨੂੰ ਭਾਲਿ=ਢੂੰਢ ਢੂੰਢ ਕੇ ਥੱਕ ਗਏ।

ਵਾ-ਓੜਕ=ਜਤਨ ਪੂਰਬਕ ਉਸ ਦੇ ਓੜਕ=ਅੰਤ ਨੂੰ ਭਾਲਦੇ ਹੋਏ ਥੱਕ ਗਏ,

ਪਰ ਅੰਤ ਕਿਸੇ ਨੇ ਨਹੀਂ ਪਾਇਆ।

ਵਾ-ਹਿੰਦੂ ਵੀ ਓੜਕ ਭਾਲਦੇ ਥੱਕ ਗਏ। ਮੁਸਲਮਾਨ ਵੀ ਓੜਕ ਭਾਲਦੇ ਥੱਕ ਗਏ।

ਦੇਵਤਾ ਵੀ ਓੜਕ ਭਾਲਦੇ ਥੱਕ ਗਏ। ਦੈਂਤ ਵੀ ਓੜਕ ਭਾਲਦੇ ਥੱਕ ਗਏ।

ਸਾਧੂ ਵੀ ਓੜਕ ਭਾਲਦੇ ਥੱਕ ਗਏ। ਗ੍ਰਹਿਸਤੀ ਵੀ ਓੜਕ ਭਾਲਦੇ ਥੱਕ ਗਏ।

ਵੇਦ ਕਹਨਿ ਇਕ ਵਾਤ॥ ਸਹਸ ਅਠਾਰਹ ਕਹਨਿ ਕਤੇਬਾ

ਮੁਸਲਮਾਨਾਂ ਦੇ ਮੱਤ ਵਿਚ ਜੋ ਅਠਾਰਾਂ ਹਜ਼ਾਰ ਆਲਮ ਹਨ, ਉਹ ਵੀ ਏਹੋ ਕਹਿੰਦੇ ਹਨ, ਅਤੇ [ਤੌਰੇਤ, ਜੰਬੂਰ, ਅੰਜੀਲ, ਕੁਰਾਨ ਇਹ] ਚਾਰ ਕਤੇਬਾਂ ਵੀ ਏਹੋ ਕਹਿੰਦੀਆਂ ਹਨ।

ਅਥਵਾ - ਸਹਸ=ਹਜ਼ਾਰਾਂ ਹੀ ਗ੍ਰੰਥ ਅਠਾਰਹ=ਅਠਾਰਾਂ ਪੁਰਾਣ, 'ਕਹਨਿ ਕਤੇਬਾ'=ਸਿੰਮ੍ਰਤੀਆਂ ਵੀ ਕਹਿੰਦੀਆਂ ਹਨ, ਅਤੇ ਚਾਰ ਵੇਦ ਵੀ ਇਕ ਏਹੋ ਵਾਤ=ਗੱਲ ਕਹਿੰਦੇ ਹਨ ਕਿ-

ਅਸੁਲੂ ਇਕੁ ਧਾਤੁ॥

ਧਾਤੁ=ਮਾਇਆ ਰੂਪੀ ਅਸੁ=ਘੋੜੀ ਦੇ ਇਕ ਲੂ=ਰੋਮ ਵਿਚ ਕ੍ਰੋੜਾਂ ਹੀ ਬ੍ਰਹਿਮੰਡ ਹਨ।

---

*ਇਹ ਸਾਖੀ ਸਵਾਮੀ ਸ਼ੰਕਰਾ ਨੰਦ ਜੀ ਨੇ ਆਪਣੇ ਜਪੁਜੀ ਸਾਹਿਬ ਜੀ ਦੇ ਟੀਕੇ ਪੰਨਾ ੩੬੮ ਵਿਚ ਲਿਖੀ ਹੋਈ ਹੈ।

ਯਥਾ — "ਰੋਮ ਰੋਮ ਪ੍ਰਤੀ ਲਾਗਹੀ, ਕੋਟ ਕੋਟ ਬ੍ਰਹਿਮੰਡ।"

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥

ਹੇ ਸਿੱਧੋ! ਜੇਕਰ ਉਸ ਸ੍ਰਿਸ਼ਟੀ ਦਾ ਲੇਖਾ ਹੋ ਸਕਦਾ ਹੋਵੇ ਤਾਂ ਕੁਛ ਲਿਖੀਏ। ਲੇਖੇ ਕਰਨ ਵਾਲਾ ਪੁਰਸ਼ ਲੇਖਾ ਕਰਦਾ ਕਰਦਾ ਆਪ ਹੀ ਨਾਸ ਹੋ ਜਾਂਦਾ ਹੈ।

ਵਾ-ਲਿਖੇ ਹੋਏ ਲੇਖੇ ਦਾ, ਅਥਵਾ ਲੇਖੇ ਵਾਲੀ ਵਸਤੂ ਦਾ ਨਾਸ ਹੋ ਜਾਂਦਾ ਹੈ।

ਪਰ ਉਹ ਪਰਮਾਤਮਾ ਸਦਾ ਹੀ ਅਚੱਲ, ਅਲੇਖ, ਅਬਿਨਾਸੀ ਹੈ, ਇਸ ਕਰਕੇ ਉਸ ਦਾ ਲੇਖਾ ਕਿਸ ਤਰ੍ਹਾਂ ਹੋ ਸਕਦਾ ਹੈ।

ਯਥਾ - "ਅਲੇਖ ਹੈਂ॥ ਅਭੇਖ ਹੈਂ॥ ਅਨਾਮ ਹੈਂ॥ ਅਕਾਮ ਹੈਂ॥ ੩੦॥" *[ਦਸਮ, ਪੰਨਾ ੨]*

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥ ੨੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਹੇ ਸਿੱਧੋ! ਉਸ ਪਰਮਾਤਮਾ ਨੂੰ ਸਭ ਨਾਲੋਂ ਵੱਡਾ ਕਰਕੇ ਆਖਣਾ ਕਰੋ। ਉਹ ਆਪਣੀ ਮਹਿਮਾ ਤੇ ਆਪਣੀ ਸ੍ਰਿਸ਼ਟੀ ਨੂੰ ਆਪ ਹੀ ਜਾਣਦਾ ਹੈ॥ ੨੨॥

ਦੂਜਾ ਅਰਥ-

ਫਿਰ ਸਿੱਧਾਂ ਨੇ ਕਿਹਾ, ਅਸੀਂ ਕਿਸ ਨੂੰ ਲਖਣਾ ਕਰੀਏ? ਤਾਂ ਗੁਰੂ ਜੀ ਨੇ ਕਿਹਾ -

[ਪਾਤਾਲਾ ਪਾਤਾਲ ਲਖ] ਜੋ ਪਰਮਾਤਮਾਂ ਪਾਤਾਲਾਂ ਦਾ ਵੀ ਪਾਤਾਲ=ਅਧਿਸ਼ਠਾਨ ਰੂਪ ਹੈ ਉਸ ਨੂੰ ਲਖ=ਜਾਨਣਾ ਕਰੋ।

ਆਗਾਸਾ ਆਗਾਸ॥ ਜੋ ਪਰਮਾਤਮਾ ਆਕਾਸ਼ਾਂ ਨੂੰ ਆਗਾਸ=ਅਵਕਾਸ਼ ਭਾਵ ਵੇਲ੍ਹ ਦੇਣ ਵਾਲਾ ਹੈ ਉਸ ਨੂੰ ਲਖ=ਜਾਨਣਾ ਕਰੋ।

ਅਥਵਾ-ਜਿਨ੍ਹਾਂ ਨੇ ਪਾਤਾਲ=ਨਿੰਮ੍ਰਤਾ ਗੁਣ ਨੂੰ ਧਾਰਿਆ ਹੈ ਉਹਨਾਂ ਨੇ ਤਾਲ=ਸਰੂਪ ਨੂੰ ਪਾ=ਪਾ ਲਿਆ ਹੈ। ਜਿਨ੍ਹਾਂ ਨੇ ਹਿਰਦੇ ਆਗਾਸ=ਆਕਾਸ਼ ਵਿਚ ਉਸ ਨੂੰ ਲਖ=ਜਾਣਿਆ ਹੈ ਉਹਨਾਂ ਨੂੰ ਜੋਤੀ ਸਰੂਪ ਦਾ ਆਗਾਸਾ=ਪ੍ਰਕਾਸ਼ ਹੋਇਆ ਹੈ।

ਓੜਕ ਓੜਕ ਭਾਲਿ ਥਕੇ

*ਨਿਖਲ ਅਸਥਾਨਾਂ ਦੇ ਅਨੰਦ ਦੀ ਓੜਕ=ਔਧੀ ਜੋ +ਹਿਰਨ ਗਰਭ ਦਾ ਅਸਥਾਨ ਹੈ ਅਤੇ ਹਿਰਨ ਗਰਭ ਦੇ ਅਸਥਾਨ ਦੇ ਅਨੰਦ ਦੀ ਓੜਕ=ਔਧੀ ਜੋ ਪਰਮਾਤਮਾ ਹੈ ਉਸ ਨੂੰ ਵੇਦ ਪ੍ਰਮਾਣ ਤੋਂ ਬਿਨਾਂ, ਹੇ ਸਿੱਧੋ! ਸਾਰੇ ਪੁਰਸ਼ ਭਾਲਿ=ਲੱਭ ਕੇ ਥੱਕ ਗਏ ਹਨ।

ਫਿਰ ਸਿੱਧਾਂ ਨੇ ਕਿਹਾ ਕਿ ਵੇਦ ਸਾਰਾ ਹੀ ਉਸ ਦੀ ਪ੍ਰਾਪਤੀ ਵਿਚ ਪ੍ਰਮਾਣ ਹੈ ਜਾਂ ਕੁਝ ਕੁ ਹਿੱਸਾ? ਤਾਂ ਗੁਰੂ ਜੀ ਨੇ ਫੁਰਮਾਇਆ-

ਵੇਦ ਕਹਨਿ ਇਕ ਵਾਤ॥

ਹੇ ਸਿੱਧੋ! ਵੇਦਾਂ ਦਾ ਕੁਲ ਲੱਖ ਸਲੋਕ ਹੈ ਜਿਸ ਵਿਖੇ ੮੦ ਹਜ਼ਾਰ ਸਲੋਕ ਕਰਮ ਕਾਂਡ ਦਾ ਹੈ।

੧੬ ਹਜ਼ਾਰ ਸਲੋਕ ਉਪਾਸ਼ਨਾ ਕਾਂਡ ਦਾ ਹੈ। ੪ ਹਜ਼ਾਰ ਸਲੋਕ ਸਿਧਾਂਤ ਕਾਂਡ ਦਾ ਹੈ। ਵੇਦ ਦੇ

---

*ਸਮੂਹ। +ਬ੍ਰਹਮਾ।

ਚਾਰ ਹਜ਼ਾਰ ਸਿਧਾਂਤ ਵਾਲੇ ਸਲੋਕਾਂ ਵਿਚ ਜੋ ਏਕਤਾ ਬੋਧਕ ਬਚਨ ਕਹੇ ਹਨ ਓਹੀ ਉਸ ਦੀ ਪ੍ਰਾਪਤੀ ਵਿਚ ਪ੍ਰਮਾਣੀਕ ਹਨ।

ਸਹਸ ਅਠਾਰਹ ਕਹਨਿ ਕਤੇਬਾ

ਹਜ਼ਾਰਾਂ ਗ੍ਰੰਥਾਂ ਵਿਚ ਜੋ ਏਕਤਾ ਬੋਧਕ ਵਾਕ ਹਨ।

ਅਠਾਰਾਂ ਪੁਰਾਣਾਂ ਵਿਚ, ਵਾ:-ਅਠਾਰਾਂ ਪਰਬ ਮਹਾਂ ਭਾਰਤ ਵਿਚ ਜੋ ਏਕਤਾ ਬੋਧਕ ਵਾਕ ਹਨ।

ਚਾਰ ਕਤੇਬਾਂ ਵਿਚ, ਵਾ :- ਕਤੇਬਾਂ ਨਾਮ ਸਿੰਮ੍ਰਿਤੀਆਂ ਵਿਚ ਜੋ ਏਕਤਾ ਬੋਧਕ ਵਾਕ ਹਨ, ਉਹ ਸਾਰੇ ਹੀ ਉਸਦੀ ਪ੍ਰਾਪਤੀ ਵਿਚ ਪ੍ਰਮਾਣੀਕ ਹਨ।

ਅਸੁਲੂ ਇਕੁ ਧਾਤੁ॥ ਅਸੁਲੂ=ਵਾਸਤਵ ਵਿਚ ਇਕ ਪ੍ਰਮਾਤਮਾ ਹੀ ਧਾਤੁ=ਯਥਾਰਥ ਹੈ।

ਵਾ-ਹੋਰ ਸਭ ਧਾਤੁ=ਮਾਇਆ ਮਾਤਰ ਹਨ ਇਸੀ ਤੇ ਧਾਤੁ=ਧਾ ਜਾਣ ਵਾਲੇ ਹਨ।

ਨੋਟ :- ਪਾਠ 'ਅਸੁਲੂ' ਇੱਕਠਾ ਹੀ ਹੈ।

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥

ਹੇ ਸਿੱਧੋ ! ਜੇਕਰ ਉਸ ਪਰਮਾਤਮਾ ਦਾ ਲੇਖਾ ਹੋ ਸਕਦਾ ਹੋਵੇ ਤਾਂ ਕੁਝ ਲਿਖੀਏ। ਇਹ ਨਿਯਮ ਸਮਝ ਲਓ ਜੋ ਵਸਤੂ ਲੇਖੇ ਵਿਚ ਹੁੰਦੀ ਹੈ ਉਹ ਨਾਸ ਹੋ ਜਾਂਦੀ ਹੈ। ਇਸ ਕਰਕੇ ਉਹ ਪ੍ਰਮਾਤਮਾ ਲੇਖੇ ਵਿਚ ਨਹੀਂ ਆਉਂਦਾ।

ਫਿਰ ਸਿਧਾਂ ਨੇ ਕਿਹਾ- ਜੋ ਪੁਰਸ਼ ਪ੍ਰੇਮ ਧਾਰ ਕੇ ਉਸਦੇ ਗੁਣਾਂ ਨੂੰ ਕਹਿੰਦਾ ਹੈ, ਉਸਨੂੰ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ?

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥ ੨੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਜੋ ਸ਼ਰਧਾ ਭਾਵ ਧਾਰਕੇ ਉਸ ਨੂੰ ਵੱਡਾ ਕਰਕੇ ਆਖਦਾ ਹੈ, ਉਹ ਆਪਣੇ ਸਰੂਪ ਨੂੰ ਆਪ ਜਾਣ ਲੈਂਦਾ ਹੈ॥ ੨੨॥

ਬਾਈਵੀਂ ਪਉੜੀ ਦੇ ੮੨ ਅੱਖਰ ਹਨ।

ਤੇਈਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ - ਸਿਫਤ ਕਰਨ ਵਾਲੇ ਮਹਾਤਮਾ ਤਾਂ ਉਸ ਦੇ ਅੰਤ ਨੂੰ ਪਾ ਲੈਂਦੇ ਹੋਣਗੇ? ਤਾਂ ਗੁਰੂ ਜੀ ਨੇ ਫੁਰਮਾਇਆ -

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥

ਸਾਲਾਹੀ=ਸਲਾਹੁਣ ਵਾਲੇ ਮਹਾਤਮਾ, ਪਰਮਾਤਮਾ ਨੂੰ ਸਲਾਹੁੰਦੇ ਤਾਂ ਹਨ ਪਰ ਏਤੀ ਸੁਰਤਿ=ਇਤਨੀ ਗਜਾਤ ਉਹ ਵੀ ਨਹੀਂ ਪਾਉਂਦੇ ਕਿ ਪਰਮੇਸ਼ਰ ਦੇ ਗੁਣ ਕਿਤਨੇ ਹਨ।

[ਅੱਗੇ ਦ੍ਰਿਸ਼ਟਾਂਤ ਦੇਂਦੇ ਹਨ] ਜਿਸ ਤਰ੍ਹਾਂ-

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥

ਨਦੀਆਂ ਅਤੇ ਵਾਹ=ਵਾਹੜੇ [ਨਾਲੇ] ਆਦਿਕ ਸਮੁੰਦਰ ਵਿਚ ਪੈਂਦੇ ਹਨ ਪ੍ਰੰਤੂ ਸਮੁੰਦਰ ਦਾ ਅੰਤ ਨਹੀਂ ਜਾਣ ਸਕਦੇ।

ਏਸੇ ਤਰ੍ਹਾਂ ਨਦੀਆਂ ਵਾਂਗ ਵੱਡੇ ਮਹਾਤਮਾ, ਵਾਹੜਿਆਂ ਸਮਾਨ ਛੋਟੇ ਮਹਾਤਮਾ, ਪਰਮੇਸ਼ਰ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ।

ਫਿਰ ਸਿੱਧਾਂ ਨੇ ਕਿਹਾ-ਜੋ ਮਹਾਤਮਾ ਉਸ ਦੀ ਸ਼ਲਾਘਾ ਕਰਕੇ ਉਸ ਵਿਚ ਅਭੇਦ ਹੋਏ ਹਨ ਉਹ ਫਿਰ ਉਸ ਤੋਂ ਵੱਖਰੇ ਹੁੰਦੇ ਹਨ ਜਾਂ ਨਹੀਂ? ਉੱਤਰ-

ਸਾਲਾਹੀ=ਸਲਾਹੁਣੇ ਜੋਗ ਅਕਾਲ ਪੁਰਖ ਨੂੰ ਸਲਾਹ ਕੇ ਜੋ ਮਹਾਤਮਾ ਉਸ ਨਾਲ ਅਭੇਦ ਹੋਏ ਹਨ ਉਹ ਫਿਰ ਇਤਨੀ ਗਿਆਤ ਨਹੀਂ ਪਾਉਂਦੇ ਕਿ ਅਸੀਂ ਵੱਖਰੇ ਹੋ ਜਾਵਾਂਗੇ। ਜਿਕੁਰ ਨਦੀਆਂ ਅਤੇ ਨਾਲੇ ਇਕ ਵਾਰ ਸਮੁੰਦਰ ਵਿਚ ਪੈ ਜਾਣ ਤਾਂ ਫਿਰ ਉਹ ਵੱਖਰਾ ਹੋਣਾ ਨਹੀਂ ਜਾਣਦੇ।

ਯਥਾ— "ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥"

[ਵਾਰ ਰਾਮਕਲੀ, ਪੰਨਾ ੯੪੭]

ਤਥਾ— "ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ॥ਗੁਰਪ੍ਰਸਾਦਿ ਨਾਨਕ ਸਚਿ ਸਮਾਇਆ॥"

[ਵਾਰ ਗੂਜਰੀ, ਪੰਨਾ ੫੨੪]

ਫਿਰ ਸਿੱਧਾਂ ਨੇ ਪੁੱਛਿਆ - ਪ੍ਰਮਾਤਮਾ ਦੀ ਕਦ ਤਕ ਸ਼ਲਾਘਾ ਕਰੇ? ਉੱਤਰ

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥

ਸਲਾਹੁਣੇ ਵਾਲਾ ਹੋ ਕੇ ਓਨਾ ਚਿਰ ਉਸ ਪ੍ਰਮਾਤਮਾ ਨੂੰ ਸਲਾਹੀ ਹੀ ਸਲਾਹੀ ਜਾਵੇ, ਜਿੰਨਾ ਚਿਰ ਸੁਰਤਿ=ਬਿਰਤੀ ਇਤੀ ਹੋਣੀ ਨਹੀਂ ਪਾਉਂਦੀ, ਅਰਥਾਤ ਬ੍ਰਹਮਾਕਾਰ ਬਿਰਤੀ ਨਹੀਂ ਹੁੰਦੀ।

ਅੱਗੇ ਦ੍ਰਿਸ਼ਟਾਂਤ ਸੁਣੋ-

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥

ਨਦੀਆਂ ਅਤੇ ਵਾਹੜੇ [ਨਾਲੇ] ਜਦ ਤਕ ਸਮੁੰਦਰ ਵਿਚ ਨਹੀਂ ਪੈਂਦੇ ਤਦ ਤਕ ਉਹਨਾਂ ਦਾ ਖੜਬਰਾਟ [ਰੌਲਾ] ਜਾਣਿਆਂ ਜਾਂਦਾ ਹੈ। ਇਸੀ ਪ੍ਰਕਾਰ ਜਿੰਨਾ ਚਿਰ ਬਿਰਤੀ ਬ੍ਰਹਮਾਕਾਰ ਹੋਣੀ ਨਹੀਂ ਪੈਂਦੀ ਓਨਾਂ ਚਿਰ ਭਜਨ ਸਿਮਰਨ ਕਰਨੇ ਰੂਪੀ ਖੜਬਰਾਟ ਹੈ।

ਪ੍ਰਸ਼ਨ - ਆਪ ਜੀ ਨੇ ਸਮੁੰਦਰ ਕਿਸ ਨੂੰ ਕਿਹਾ ਹੈ?

ਸਮੁੰਦ ਸਾਹ ਸੁਲਤਾਨ

ਹੇ ਸਿੱਧੋ ! ਜੋ ਸੁਲਤਾਨਾਂ ਦਾ ਭੀ ਸਾਹ=ਪਾਤਿਸ਼ਾਹ ਹੈ।

ਵਾ-ਸ਼ਹਿਨਸ਼ਾਹ ਪਤਿਸ਼ਾਹ ਜੋ ਵਾਹਿਗੁਰੂ ਹੈ ਉਸ ਨੂੰ ਅਸੀਂ ਸਮੁੰਦਰ ਰੂਪ ਕਥਨ ਕੀਤਾ ਹੈ।

ਪ੍ਰਸ਼ਨ - ਜੋ ਨਿੰਮ੍ਰਤਾ ਗੁਣ ਧਾਰ ਕੇ ਭਜਨ-ਸਿਮਰਨ ਕਰਨ ਵਾਲੇ ਗਰੀਬ ਹਨ ਉਹਨਾਂ ਦੇ ਤੁਲ ਧਨਾਢ ਪੁਰਸ਼ ਹੋ ਸਕਦੇ ਹਨ ਕਿ ਨਹੀਂ? ਗੁਰ ਉੱਤਰ-

ਗਿਰਹਾ ਸੇਤੀ ਮਾਲੁ ਧਨੁ॥

ਜਿਨ੍ਹਾਂ ਧਨਾਢਾਂ ਪਾਸ 'ਗਿਰਹਾ ਸੇਤੀ'=ਪਹਾੜਾਂ ਸ੍ਰੀਖੇ ਉੱਚੇ ਉੱਚੇ ਹਾਥੀ ਮਾਲ-ਧਨ ਨਾਲ ਭਰੇ ਹੋਏ ਹਨ।

ਅਥਵਾ-ਜਿਨ੍ਹਾਂ ਧਨਾਢਾਂ ਦੇ ਮੰਦਰ ਗਿਰਹਾ=ਪਹਾੜਾਂ ਸਦਰਸ਼ ਉੱਚੇ ਅਰ ਸੇਤੀ=ਚਿੱਟੇ ਚੂਨੇ ਗਚ, ਅੰਦਰੋਂ ਮਾਲ ਧਨ ਨਾਲ ਭਰੇ ਹੋਏ ਹਨ, ਕਿਸੇ ਵਸਤੂ ਦੀਂ ਨਿਯੂਨਤਾ ਅਰਥਾਤ ਕਮੀ ਨਹੀਂ।

ਵਾ-ਗਿਰ+ਹਾ=ਪਹਾੜਾਂ ਦੇ ਹਤ ਕਰਨ ਵਾਲਾ ਜੋ ਇੰਦਰ ਹੈ ਤਿਸ ਦੀਆਂ ਅਪੱਛਰਾਂ ਸੇ+ਤੀ=ਸ੍ਰੀਖੀਆਂ ਇਸਤਰੀਆਂ ਘਰ ਵਿਚ ਮਾਲ ਧਨ=ਗਹਿਣਿਆਂ ਦੇ ਸੰਯੁਕਤ ਫਬੀਆਂ ਹੋਈਆਂ ਹਨ। ਚਾਹੇ ਐਡੇ ਧਨਾਢ ਵੀ ਹਨ-

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ ੨੩॥

ਪੰਤੂ ਉਹਨਾਂ ਗੁਰਮੁਖਾਂ ਦੇ ਸਦਰਸ਼ ਉਹ ਨਹੀਂ ਹੋ ਸਕਦੇ, ਜਿਹੜੇ ਕਿ ਕੀੜੀ=ਨਿੰਮ੍ਰਤਾ ਗੁਣ ਨੂੰ ਧਾਰਦੇ ਹਨ ਅਤੇ ਹਰ ਵੇਲੇ ਜਿਨ੍ਹਾਂ ਦੇ ਮਨ 'ਚੋਂ ਵਾਹਿਗੁਰੂ ਦਾ ਨਾਮ ਭੁੱਲਦਾ ਨਹੀਂ॥ ੨੩॥

ਯਥਾ —"ਕਉਨ ਵਡਾ ਮਾਇਆ ਵਡਿਆਈ॥ ਸੋ ਵਡਾ ਜਿਨਿ ਰਾਮ ਲਿਵ ਲਾਈ॥ ੧॥ ਰਹਾਉ॥"

[ਗਉੜੀ ਮਹਲਾ ੪, ਪੰਨਾ ੧੮੬]

ਸਾਖੀ—ਹਰੀਰਚ ਰਾਜੇ ਦੀ

ਕਿਸੀ ਦੇਸ਼ ਦਾ ਇਕ 'ਹਰੀਰਚ' ਰਾਜਾ ਸੀ ਉਸੇ ਦੀ ਨਗਰੀ ਵਿਚ ਇਕ 'ਕੀੜੀ' ਨਾਮੇ ਬੁੱਢੀ ਮਾਈ ਬੜੀ ਗਰੀਬਣੀ ਸੀ, ਉਸ ਦਾ ਪੁੱਤਰ ਗਊਆਂ ਚਰਾਉਂਦਾ ਹੁੰਦਾ ਸੀ। ਇਕ ਦਿਨ ਉਹ ਗਊਆਂ ਚਾਰ ਰਿਹਾ ਸੀ ਜੋ ਉਸ ਨਗਰੀ ਦਾ ਰਾਜਾ ਕਈ ਪੁਰਸ਼ਾਂ ਸਮੇਤ ਉਥੋਂ ਆ ਲੰਘਿਆ। ਉਸ ਸਮੇਂ ਇਕ ਪੰਡਿਤ ਜੋਤਸ਼ੀ ਵੀ ਨਾਲ ਸੀ। ਉਹ ਗਊਆਂ ਚਰਾਉਣ ਵਾਲੇ ਲੜਕੇ ਦੇ ਮੱਥੇ ਨੂੰ ਦੇਖ ਕੇ ਹੈਰਾਨੀ ਵਿਚ ਹੋ ਕੇ ਹੱਸਿਆ। ਰਾਜੇ ਨੇ ਉਸ ਨੂੰ ਹਸਦਿਆਂ ਵੇਖ ਕੇ ਪੁੱਛਿਆ, 'ਤੂੰ ਕਿਸ ਕਾਰਨ ਹੱਸਿਆ ਹੈਂ?'

ਪਹਿਲੇ ਤਾਂ ਪੰਡਿਤ ਚੁਪ ਚਾਪ ਰਿਹਾ, ਰਾਜੇ ਨੇ ਫਿਰ ਪੁੱਛਿਆ ਤਾਂ ਵੀ ਚੰਗਾ ਜੁਆਬ ਨਾ

ਦਿੱਤਾ। ਜਦ ਰਾਜੇ ਨੇ ਬਾਰ ਬਾਰ ਪੁੱਛਿਆ। ਤਾਂ ਪੰਡਿਤ ਨੇ ਕਿਹਾ - 'ਹੇ ਰਾਜਨ! ਮੈਂ ਇਸ ਕਾਰਨ ਹੱਸਿਆ ਹਾਂ ਤੇ ਹੈਰਾਨ ਵੀ ਹੋਇਆ ਹਾਂ ਕਿ ਤੂੰ ਪ੍ਰਿਥਵੀ ਪਤੀ ਰਾਜਾ ਕਿਥੇ ਤੇ ਇਹ ਗਊਆਂ ਦੇ ਚਰਾਉਣ ਵਾਲਾ ਗਰੀਬ ਲੜਕਾ ਕਿਥੇ ਪਰ ਇਸ ਨੇ ਤੇਰਾ ਜਵਾਈ ਬਣਨਾ ਹੈ। ਇਸ ਦੀ ਇਹ ਕਿਸਮਤ ਦੇਖ ਕੇ ਮੈਂ ਹੈਰਾਨੀ ਦੇ ਸਹਿਤ ਹੱਸਿਆ ਹਾਂ।'

ਰਾਜਾ ਇਹ ਗੱਲ ਸੁਣ ਕੇ ਆਪ ਵੀ ਬੜਾ ਹੈਰਾਨ ਹੋਇਆ। ਰਾਜੇ ਨੇ ਵਿਚਾਰਿਆ ਇਸ ਸਬੰਧ ਵਿਚ ਤਾਂ ਮੇਰੀ ਬੜੀ ਨਿਰਾਦਰੀ ਹੈ। ਕੋਈ ਐਸੀ ਵਿਉਂਤ ਬਣਾਈਏ ਜਿਸ ਕਰ ਕੇ ਇਹ ਲੜਕਾ ਮਰ ਜਾਏ।

ਰਾਜੇ ਨੇ ਆਪਣੇ ਮੰਦਰ ਵਿਖੇ ਆ ਕੇ ਬੜੇ ਦਿਮਾਗ ਨਾਲ ਸੋਚਿਆ ਕਿ ਇਸ ਲੜਕੇ ਨੂੰ ਕਿਸ ਕਾਨੂੰਨ ਹੇਠ ਲਿਆ ਕੇ ਮਾਰੀਏ। ਆਖਿਰ ਇਸ ਸਿੱਟੇ ਤੇ ਪਹੁੰਚਿਆ ਕਿ ਇਸ ਨੂੰ ਟੈਕਸ ਦੇ ਬਹਾਨੇ ਮਾਰੀਏ।

ਆਪਣੇ ਪਾਸ ਵਜ਼ੀਰ ਨੂੰ ਬੁਲਾ ਕੇ ਹੁਕਮ ਦੇ ਦਿੱਤਾ ਕਿ ਅਮਕੀ ਮਾਤਾ ਪਾਸੋਂ ਦੋ ਲਾਲ ਟੈਕਸ ਬਾਬਤ ਲਵੋ, ਜੇ ਨਾ ਦੇਵੇ ਤਾਂ ਉਸ ਦੇ ਲੜਕੇ ਨੂੰ ਫਾਂਸੀ ਦੇ ਦੇਣੀ।

ਵਜ਼ੀਰ ਨੇ ਇਹ ਗੱਲ ਸੁਣ ਕੇ 'ਕੀੜੀ' ਮਾਈ ਦੇ ਘਰ ਹੁਕਮ ਦੇ ਭੇਜਿਆ ਕਿ ਰਾਜੇ ਦਾ ਹੁਕਮ ਹੈ ਦੋ ਲਾਲ ਟੈਕਸ ਵਜੋਂ ਦੇ ਦੇਵੋ ਤਾਂ ਚੰਗਾ ਹੈ ਨਹੀਂ ਤਾਂ ਕੋਈ ਸਜ਼ਾ ਭੁਗਤਣੀ ਪਏਗੀ।

ਇਹ ਗੱਲ ਸੁਣ ਕੇ ਮਾਤਾ ਬਹੁਤ ਹੈਰਾਨ ਹੋਈ ਕਿ ਅਸੀਂ ਗਰੀਬਾਂ ਨੇ ਕਿਸ ਗੱਲ ਦਾ ਟੈਕਸ ਦੇਣਾ ਹੈ।

ਮਾਈ ਭਗਤਣੀ ਸੀ, ਉਸ ਨੇ ਪ੍ਰਮਾਤਮਾਂ ਨੂੰ ਯਾਦ ਕੀਤਾ "ਹੇ ਵਾਹਿਗੁਰੂ ! ਮੇਰੇ ਪਾਸ ਤਾਂ ਕੁਝ ਵੀ ਨਹੀਂ, ਮੈਂ ਰਾਜੇ ਨੂੰ ਲਾਲ ਕਿਥੋਂ ਦਿਆਂ।"

ਉਸੀ ਵੇਲੇ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਕਿਹਾ-"ਤੂੰ ਕੋਈ ਭੈ ਨਾ ਕਰ, ਤੇਰੀ ਕੁਟੀਆ ਲਾਲਾਂ ਕਰਕੇ ਪੂਰਨ ਹੈ।" ਮਾਤਾ ਨੇ ਸਿਮਰਨ ਤੋਂ ਉੱਠ ਕੇ ਅੰਦਰ ਜਾ ਕੇ ਕੀ ਦੇਖਿਆ ਕਿ ਸਚਮੁੱਚ ਹੀ ਕੁਟੀਆ ਲਾਲਾਂ ਕਰਕੇ ਪੂਰਨ ਹੈ। ਉਸੀ ਵੇਲੇ ਵਾਹਿਗੁਰੂ ਦਾ ਧੰਨਵਾਦ ਕਰਨ ਲੱਗੀ।

ਰਾਜੇ ਦੀ ਤਰਫੋਂ ਜਦ ਆਦਮੀ ਨੇ ਆ ਕੇ ਦੋ ਲਾਲ ਮੰਗੇ ਤਾਂ ਕੀੜੀ ਮਾਤਾ ਨੇ ਕਿਹਾ- "ਮੇਰੇ ਪਾਸ ਲਾਲ ਬਹੁਤ ਸਾਰੇ ਹਨ, ਰਾਜੇ ਨੂੰ ਕਹੋ ਕਿ ਆਪ ਆ ਕੇ ਆਪਣੇ ਮਨ ਪਸੰਦ ਦੇ ਲੈ ਜਾਵੇ।"

ਜਦ ਉਸ ਆਦਮੀ ਨੇ ਰਾਜੇ ਨੂੰ ਜਾ ਕੇ ਕਿਹਾ ਕਿ ਮਾਤਾ ਆਖਦੀ ਹੈ ਆਪਣੀ ਮਨ ਮਰਜ਼ੀ ਦੇ ਵੇਖ ਕੇ ਲਾਲ ਲੈ ਜਾਓ ਤਾਂ ਰਾਜਾ ਬੜਾ ਹੈਰਾਨ ਹੋ ਕੇ ਆਪ ਚਲਾ ਗਿਆ। ਜਾ ਕੇ ਕੀ ਵੇਖਦਾ ਹੈ ਕਿ ਬਿਅੰਤ ਲਾਲ ਹਨ ਅਤੇ ਬੜੇ ਕੀਮਤੀ ਹਨ। ਉਸੀ ਵੇਲੇ ਰਾਜੇ ਨੇ ਪ੍ਰਸੰਨ ਹੋ ਕੇ ਆਪਣੀ ਲੜਕੀ ਦਾ ਉਸ ਮਾਈ ਦੇ ਲੜਕੇ ਨਾਲ ਵਿਆਹ ਕਰ ਦਿੱਤਾ।

ਰਾਜੇ ਦਾ ਆਪਣਾ ਲੜਕਾ ਕੋਈ ਨਹੀਂ ਸੀ, ਕੁਝ ਸਮੇਂ ਮਗਰੋਂ ਉਸੇ ਜਵਾਈ ਨੂੰ ਰਾਜੇ ਨੇ ਆਪਣਾ ਰਾਜ-ਭਾਗ ਦੇ ਦਿੱਤਾ ਅਤੇ ਉਸੇ ਦੇ ਅਨੁਸਾਰੀ ਹੋ ਕੇ ਚਲਣ ਲੱਗ ਪਿਆ।

ਦੇਖੋ! ਨਾਮ ਦਾ ਏਡਾ ਵਡਾ ਪ੍ਰਤਾਪ ਹੈ ਜੋ ਰਾਜੇ ਵੀ ਅਨੁਸਾਰੀ ਹੋ ਕੇ ਚਲਣ ਲੱਗ ਪੈਂਦੇ ਹਨ।

ਯਥਾ—"ਕਰਤਾ ਰਾਖੈ ਕੀਤਾ ਕਉਨੁ॥ ਕੀਰੀ ਜੀਤੋ ਸਗਲਾ ਭਵਨੁ॥"

[ਰਾਮਕਲੀ ਮਹਲਾ ੫, ਪੰਨਾ ੮੮੬]

ਤੇਈਵੀਂ ਪਉੜੀ ਦੇ ੭੦ ਅੱਖਰ ਹਨ।

ਚੌਵੀਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ-ਜਿਸ ਦੇ ਨਾਮ ਦਾ ਏਡਾ ਮਹਾਤਮ ਆਪ ਜੀ ਨੇ ਕਥਨ ਕੀਤਾ ਹੈ, ਉਹ ਪ੍ਰਮੇਸ਼ਰ ਕੇਡਾ ਕੁ ਹੈ, ਉਸਦੀ ਸਿਫਤ ਕੇਡੀ ਕੁ ਹੈ ਅਤੇ ਸਿਫਤ ਦੇ ਕਰਨ ਵਾਲੇ ਪੁਰਸ਼ ਕਿਤਨੇ ਕੁ ਹਨ?

ਗੁਰੂ ਜੀ ਨੇ ਕਿਹਾ -

ਅੰਤੁ ਨ ਸਿਫਤੀ ਕਹਣਿ ਨ ਅੰਤੁ॥

ਹੇ ਸਿੱਧੋ ! ਸਿਫਤੀ=ਪਰਮਾਤਮਾਂ ਦਾ ਅੰਤ ਨਹੀਂ ਆਉਂਦਾ, ਉਸ ਦੀਆਂ ਸਿਫਤਾਂ ਦਾ ਵੀ ਅੰਤ ਨਹੀਂ ਅਤੇ ਉਸ ਦੀਆਂ ਸਿਫਤਾਂ ਦੇ ਕਹਿਣੇ ਵਾਲਿਆਂ ਦਾ ਭੀ ਅੰਤ ਨਹੀਂ ਆਉਂਦਾ।

ਯਥਾ—"ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ॥ ੧॥"

[ਗਉੜੀ ਬਾਵਨ ਅਖਰੀ, ਪੰਨਾ ੨੫੭]

ਵਾ-ਕਹਿਣੇ ਨਾਲ ਵੀ ਉਸਦਾ ਅੰਤ ਨਹੀਂ ਆਉਂਦਾ।

ਯਥਾ—"ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥ ੪॥"

[ਬਿਲਾਵਲੁ ਮਹਲਾ ੫, ਪੰ: ੮੨੧]

ਕਲਗੀਧਰ ਦਸਮੇਸ਼ ਪਿਤਾ ਜੀ ਨੇ ਦਸਮ ਗ੍ਰੰਥ ਸਾਹਿਬ ਜੀ ਵਿਖੇ ਇਕ 'ਅਕਾਲ ਉਸਤਤ' ਨਾਮੇ ਬਾਣੀ ਉਚਾਰੀ ਹੈ, ਜਿਸ ਵਿਖੇ ਨਿਰੋਲ ਇਕ ਅਕਾਲ ਪੁਰਖ ਦੀ ਉਸਤਤ ਹੈ। ਉਸਤਤੀ ਕਰਦਿਆਂ ਜਦ ਇਥੋਂ ਤਕ ਪੁੱਜੇ ਕਿ—

"ਜਲਸ ਤੁਹੀ॥ ਥਲਸ ਤੁਹੀ॥ ਨਦਿਸ ਤੁਹੀ॥ ਨਦਸ ਤੁਹੀ॥ ੬੩॥
ਥ੍ਰਿਛਸ ਤੁਹੀ॥ ਪਤਸ ਤੁਹੀ॥ ਛਿਤਸ ਤੁਹੀ॥ ਉਰਧਸ ਤੁਹੀ॥ ੬੪॥
ਭੁਜਸ ਤੁਅੰ॥ ਭਜਸ ਤੁਅੰ॥ ਰਟਸ ਤੁਅੰ॥ ਠਟਸ ਤੁਅੰ॥ ੬੫॥
ਜਿਮੀ ਤੁਹੀ॥ ਜਮਾ ਤੁਹੀ॥ ਮਕੀ ਤੁਹੀ॥ ਮਕਾ ਤੁਹੀ॥ ੬੬॥
ਅਭੂ ਤੁਹੀ॥ ਅਭੈ ਤੁਹੀ॥ ਅਛੂ ਤੁਹੀ॥ ਅਛੈ ਤੁਹੀ॥ ੬੭॥
ਜਤਸ ਤੁਹੀ॥ ਥ੍ਰਤਸ ਤੁਹੀ॥ ਗਤਸ ਤੁਹੀ॥ ਮਤਸ ਤੁਹੀ॥ ੬੮॥"

ਅਰਥ - ਹੇ ਪ੍ਰਮਾਤਮਾਂ! ਤੂੰ ਹੀ ਜਲ ਰੂਪ ਹੈਂ। ਤੂੰ ਹੀ ਥਲ ਰੂਪ ਹੈਂ। ਤੂੰ ਹੀ ਨਦਿਸ=ਸਮੁੰਦਰ ਰੂਪ ਹੈਂ। ਤੂੰ ਹੀ [ਨਦਸ] ਬ੍ਰਹਮ ਨਦ ਰੂਪ ਹੈਂ। ਤੂੰਹੀਂ ਥ੍ਰਿਛ ਰੂਪ ਹੈਂ। ਤੂੰਹੀਂ ਪੱਤੇ ਰੂਪ ਹੈਂ। ਤੂੰਹੀਂ ਪ੍ਰਿਥਵੀ ਰੂਪ ਹੈਂ। ਤੂੰਹੀ ਉਰਧਸ=ਆਕਾਸ਼ ਰੂਪ ਹੈਂ। ਤੂੰਹੀ ਭਜਨੇ ਯੋਗ ਹੈਂ ਮਨ ਕਰਕੇ। ਤੂੰਹੀਂ ਭਜਨੇ ਯੋਗ ਹੈਂ ਬਾਣੀ ਕਰਕੇ। ਤੂੰਹੀਂ ਰਟਨੇ ਯੋਗ ਹੈਂ ਸਰੀਰ ਕਰਕੇ। ਤੂੰਹੀ ਸਭ ਬਣਾਵਾਂ ਦੇ ਬਨਾਉਣ ਵਾਲਾ ਹੈਂ। ਜਿਮੀ=ਪ੍ਰਿਥਵੀ ਰੂਪ ਭੀ ਤੂੰਹੀ ਹੈਂ। ਜਮਾ=ਆਕਾਸ਼ ਰੂਪ ਭੀ ਤੂੰਹੀ ਹੈਂ। ਮਕੀ=ਮਕਾਨ ਰੂਪ ਭੀ ਤੂੰਹੀਂ ਹੈਂ। ਮਕਾ=ਮਕਾਨਾਂ ਵਾਲੇ ਮਨੁੱਖ ਰੂਪ ਭੀ ਤੂੰਹੀਂ ਹੈਂ। ਅਭੂ=ਅਸਚਰਜ ਰੂਪ ਭੀ ਤੂੰਹੀਂ ਹੈਂ। ਨਿਰਖੋਫ ਰੂਪ

ਭੀ ਤੂੰਹੀਂ ਹੈਂ। ਛੂਤ ਛਾਤ ਤੋਂ ਰਹਿਤ ਭੀ ਤੂੰਹੀਂ ਹੈਂ। ਨਾਸ ਤੋਂ ਰਹਿਤ ਭੀ ਤੂੰਹੀਂ ਹੈ। ਜਤਿੰਦਰੇ ਰੂਪ ਭੀ ਤੂੰਹੀਂ ਹੈਂ। ਬਰਤ ਰੂਪ ਭੀ ਤੂੰਹੀਂ ਹੈਂ। [ਗਤਸ] ਗਤੀ ਰੂਪ ਭੀ ਤੂੰਹੀਂ ਹੈਂ। [ਮਤਸ] ਮੱਛੀ ਵਾ ਮਤੀ ਰੂਪ ਭੀ ਤੂੰਹੀਂ ਹੈਂ। ਤਾਂ ਅਭਿਆਸ ਅੰਦਰ ਇਸਥਿਤ ਹੋ ਕੇ ਜਿਸ ਦੀਆਂ ਸਿਫਤਾਂ ਦਾ ਅੰਤ ਨਹੀਂ ਅਤੇ ਨਾ ਹੀ ਕਹਿਣ ਦਾ ਅੰਤ ਹੈ। ਉਸ ਦੇ—

"ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ੬੯॥
ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ੭੦॥ "

[ਦਸਮ ਗ੍ਰੰਥ, ੧੬-੧੭]

ਦੇ ਜਾਪ ਵਿਚ ਮਗਨ ਹੋ ਕੇ ਬ੍ਰਹਮ ਵਿਖੇ ਲੀਣ ਹੋ ਗਏ।

ਯਥਾ—"ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥ ੨੦੪॥"

[ਪੰਨਾ ੧੩੭੫]

ਜਦ ਤਕ ਭੇਦ ਬੁੱਧੀ ਕਰਕੇ ਆਪਣਾ ਪਰਾਇਆ ਨਿਸਚੇ ਕਰਦਾ ਹੈ ਤਦ ਤਕ ਹੀ ਇਸ ਨੂੰ ਦੁੱਖ ਦੀ ਪ੍ਰਾਪਤੀ ਹੈ, ਜਦ ਸਾਰਿਆਂ ਨੂੰ ਇਕ ਰੂਪ ਨਿਸਚੇ ਕਰਕੇ ਅਭੇਦਤਾ ਵਿਚ ਟਿਕ ਜਾਵੇ ਤਦ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਅਤੇ ਆਪਣਾ ਪਰਾਇਆ ਮੰਨਣ ਵਿਚ ਵੀ ਹੰਕਾਰ ਹੁੰਦਾ ਹੈ। ਹੰਕਾਰ ਦੇ ਨਾਲ ਹੀ ਮੈਂ ਪੈਦਾ ਹੁੰਦੀ ਹੈ। ਫਿਰ ਹੰਗਤਾ ਮਮਤਾ ਹੀ ਵਿਕਾਰਾਂ ਦਾ ਮੂਲ ਹੈ।

ਇਸ ਵਾਸਤੇ ਦਸਮੇਸ਼ ਪਿਤਾ ਜੀ ਨੇ ਹੰਕਾਰ ਨੂੰ ਸੌ ਸੌ ਕੋਹ ਦੂਰ ਰੱਖਿਆ ਹੈ, ਆਪਣੇ ਨਜ਼ਦੀਕ ਹੰਕਾਰ ਨੂੰ ਨਹੀਂ ਆਉਣ ਦਿੱਤਾ, ਆਪਣੇ ਆਪ ਨੂੰ ਦਾਸ ਜਾਂ ਕੀਟ ਕਥਨ ਕਰਦੇ ਰਹੇ ਹਨ।

ਯਥਾ—"ਅਕਾਲਪੁਰਖ ਬਾਚ ਇਸ ਕੀਟ ਪ੍ਰਤਿ॥"

[ਦਸਮ ਗ੍ਰੰਥ, ਪੰਨਾ ੫੫]

ਤਥਾ—"ਸਗਲ ਦੁਆਰ ਕਉ ਛਾਡਿ ਕੈ ਗਹਜੋ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ॥ ੮੬੪॥"

[ਦਸਮ ਗ੍ਰੰਥ, ਪੰਨਾ ੨੫੪]

ਇਸ ਤਰ੍ਹਾਂ ਆਪ ਹੀ ਖਾਲਸੇ ਨੂੰ ਸਾਜ ਕੇ ਆਪ ਹੀ ਆਪਣੀ ਨਿੰਮ੍ਰਤਾ ਕਥਨ ਕਰਦੇ ਹਨ।

ਸ੍ਵੈਯਾ — 'ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋਸੋ ਗਰੀਬ ਕਰੋਰ ਪਰੇ॥ ੨॥'
ਸ੍ਵੈਯਾ— "ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀਕੋ॥
ਦਾਨ ਦਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਮਨ ਤੇ ਤਨ ਤੇ, ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥ ੩॥"

[ਦਸਮ ਗ੍ਰੰਥ, ਪੰਨਾ ੭੧੬]

ਸਤਿਗੁਰਾਂ ਦੇ ਪਾਏ ਪੂਰਨਿਆਂ ਤੇ ਚਲਦਿਆਂ ਸਾਰਿਆਂ ਨੂੰ ਹੀ ਇਹ ਚਾਹੀਦਾ ਹੈ ਏਸੇ ਤਰ੍ਹਾਂ ਨਿਰ-ਹੰਕਾਰ ਹੋ ਕੇ ਆਪਣੇ ਆਪ ਨੂੰ ਦਾਸਾ ਭਾਵ ਵਿਚ ਰੱਖ ਕੇ ਵਾਹਿਗੁਰੂ ਦਾ ਸਿਮਰਨ ਕਰੇ ਅਤੇ ਉਸ-ਦੇ ਅੰਤ ਲੈਣ ਦਾ ਖਿਆਲ ਨਾ ਕਰੇ ਕਿਉਂਕਿ ਉਸ ਦੀਆਂ ਸਿਫਤਾਂ ਦਾ ਅੰਤ ਕਿਸੇ ਪ੍ਰਕਾਰ ਭੀ ਨਹੀਂ ਆ ਸਕਦਾ।

ਯਥਾ—"ਕਿਆ ਉਪਮਾ ਤੇਰੀ ਆਖੀ ਜਾਇ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ॥ ੧॥"

[ਆਸਾ ਮਹਲਾ ੧, ਪੰਨਾ ੩੫੦]

ਅੰਤੁ ਨ ਕਰਣੈ ਦੇਣਿ ਨ ਅੰਤੁ॥

ਉਸ ਦੇ ਕਰਣੇ=ਕਰਤੱਬਾਂ ਦਾ, ਵਾ ਕਰਣੈ=ਪ੍ਰਪੰਚ ਦਾ, ਵਾ ਅਨੁਗ੍ਰਹੁ ਦਾ ਅੰਤ ਨਹੀਂ ਆਉਂਦਾ ਅਤੇ ਜੋ ਜੀਵਾਂ ਨੂੰ ਪਦਾਰਥਾਂ ਦੀਆਂ ਦਾਤਾਂ ਦੇ ਰਿਹਾ ਹੈ ਉਸ ਦਾ ਵੀ ਅੰਤ ਨਹੀਂ ਆਉਂਦਾ।

ਅੰਤੁ ਨ ਵੇਖਣਿ ਸੁਣਣਿ ਨ ਅੰਤੁ॥

੧. ਜੋ ਸਰਗੁਨ ਮੂਰਤੀ ਧਾਰ ਕੇ ਵੇਖ ਰਿਹਾ ਹੈ ਨਾ ਉਸ ਦਾ ਅੰਤ ਆਉਂਦਾ ਹੈ ਅਤੇ ਜੋ ਸਰਵਣਾਂ ਕਰਕੇ ਸੁਣ ਰਿਹਾ ਹੈ ਨਾ ਹੀ ਉਸ ਦਾ ਅੰਤ ਆਉਂਦਾ ਹੈ।

੨. ਜੋ ਮਹਾਤਮਾ ਬ੍ਰਹਮ ਦ੍ਰਿਸ਼ਟੀ ਨਾਲ ਦੇਖ ਰਹੇ ਹਨ ਉਹਨਾਂ ਦਾ ਵੀ ਅੰਤ ਨਹੀਂ ਅਤੇ ਜੋ ਜਗਿਆਸੂ ਸੁਣ ਰਹੇ ਹਨ ਉਨ੍ਹਾਂ ਦਾ ਵੀ ਅੰਤ ਨਹੀਂ ਆਉਂਦਾ।

੩. ਜੋ ਪਦਾਰਥ ਵੇਖਣ ਵਿਚ ਆ ਰਹੇ ਹਨ ਉਹਨਾਂ ਦਾ ਵੀ ਅੰਤ ਨਹੀਂ, ਜੋ ਪਦਾਰਥ ਸੁਣਨ ਵਿਚ ਆ ਰਹੇ ਹਨ ਉਹਨਾਂ ਦਾ ਵੀ ਅੰਤ ਨਹੀਂ।

ਅੰਤੁ ਨ ਜਾਪੈ ਕਿਆ ਮਨਿ ਮੰਤੁ॥

ਉਸ ਦੇ ਮਨ ਵਿਚ ਕਿਹੜੀ ਮੰਤੁ=ਸਲਾਹ ਹੈ। ਵਾ-ਮਨਿ=ਸ਼ਰੋਮਣੀ ਜੋ ਪਰਮਾਤਮਾ ਹੈ ਉਸ ਦੀ ਮੰਤੁ=ਸਲਾਹ ਕੀ ਹੈ ਉਸ ਦਾ ਵੀ ਅੰਤ ਨਹੀਂ ਜਾਣਿਆ ਜਾਂਦਾ। ਕਿਉਂਕਿ ਸਾਰੇ ਕੰਮ ਪ੍ਰਮਾਤਮਾਂ ਆਪਣੀ ਮਰਜੀ ਨਾਲ ਕਰਦਾ ਹੈ ਕਿਸੀ ਪਾਸੋਂ ਸਲਾਹ ਨਹੀਂ ਲੈਂਦਾ।

ਯਥਾ—"ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥"

[ਗਉੜੀ ਰਵਿਦਾਸ, ਪੰਨਾ ੩੪੫]

ਤਥਾ—"ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ ੨॥"

[ਗੋਂਡ ਮਹਲਾ ੫, ਪੰਨਾ ੮੬੩]

ਕਰੇ, ਚਾਹੇ ਨਾ ਕਰੇ, ਉਲਟਾ ਕਰੇ, ਸਿੱਧਾ ਕਰੇ, ਉਸ ਉੱਪਰ ਕਿਸੇ ਦਾ ਡੰਨ ਨਹੀਂ, ਈਸ਼ਵਰ ਦਾ ਲਖਨ ਹੀ ਏਹੋ ਹੈ-

ਯਥਾ—"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥ ੧॥"

[ਮਾਝ ਦੀ ਵਾਰ, ਪੰਨਾ ੧੪੪]

ਤਥਾ—"ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥"

[ਸੁਖਮਨੀ, ਪੰਨਾ ੨੮੪]

ਵਾ-ਮਨਿ ਮੰਤੁ=ਸ਼੍ਰੋਮਣੀ ਮੰਤਰ ਜੋ ਵੇਦ ਵੀ ਉਸ ਦਾ ਅੰਤ ਨਹੀਂ ਜਾਣ ਸਕਦਾ।

ਯਥਾ—'ਬੇਦ ਕਤੇਬ ਸੰਸਾਰ ਹਭਾਹੁੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ ੪॥'

ਅੰਤੁ ਨ ਜਾਪੈ ਕੀਤਾ ਆਕਾਰੁ॥

੧. ਇਹ ਜੋ ਸੰਸਾਰ ਦਾ ਆਕਾਰੁ=ਪਸਾਰਾ ਕੀਤਾ ਹੈ ਇਸ ਦਾ ਅੰਤ ਨਹੀਂ ਜਾਣਿਆਂ ਜਾਂਦਾ ਤੇ ਜਿਸ ਪ੍ਰਮਾਤਮਾਂ ਨੇ ਇਹ ਸੰਸਾਰ ਅਕਾਰ ਕੀਤਾ ਹੈ, ਉਸ ਪ੍ਰਮੇਸ਼ਰ ਦਾ ਭਲਾ ਕਿਵੇਂ ਅੰਤ ਜਾਣਿਆਂ ਜਾ ਸਕਦਾ ਹੈ,

੨. 'ਬਲ ਰਾਜਾ ਦੇ ਛੱਲਣ ਵਾਸਤੇ, ਜੋ ਬਾਵਨ ਅਵਤਾਰ ਦਾ ਅਕਾਰ ਧਾਰਨਾ ਕੀਤਾ ਸੀ ਉਸ ਦਾ ਅੰਤ ਕਿਸੀ ਪਾਸੋਂ ਨਹੀਂ ਜਾਣਿਆ ਗਿਆ।

੩. ਜਿਸ ਵੇਲੇ ਮੱਛ ਅਵਤਾਰ ਤੇ ਨਰਸਿੰਘ ਅਵਤਾਰ ਦੇ ਅਕਾਰ ਧਾਰੇ ਉਸ ਵੇਲੇ ਵੀ ਉਸ ਦਾ ਅੰਤ ਨਹੀਂ ਜਾਣਿਆ ਗਿਆ।

੪. ਜਿਸ ਨੇ ਆ ਕਾ ਰੁ

। । ।

ਵਿਸ਼ਨੂੰ, ਕਰਤਾ= ਬ੍ਰਹਮਾ, ਰੁਦ੍ਰ = ਸ਼ਿਵ

ਰੂਪ ਤਿੰਨ ਅਕਾਰ ਧਾਰੇ ਹਨ ਉਸ ਦਾ ਅੰਤ ਨਹੀਂ ਜਾਣਿਆਂ ਜਾਂਦਾ।

੫. ਜਿਸ ਨੇ ਆਪਣੀ ਕੁਦਰਤ ਦੁਆਰਾ ਰਕਤ ਬਿੰਦ ਰੂਪ ਮੈਲ ਤੋਂ ਸਰੀਰ ਦਾ ਅਕਾਰ ਮਾਂ ਦੇ ਪੇਟ ਵਿਚ ਕੀਤਾ ਹੈ।

ਯਥਾ - "ਮੈਲੁ ਕੀਨੋ ਸਾਬੁਨੁ ਸੁਧੁ॥" [ਰਾਮਕਲੀ ਮਹਲਾ ੫, ਪੰਨਾ ੯੦੦]

ਉਸ ਦਾ ਅੰਤ ਜਾਣਿਆਂ ਨਹੀਂ ਜਾਂਦਾ।

ਅੰਤੁ ਨ ਜਾਪੈ ਪਾਰਾਵਾਰੁ॥

ਹੇ ਸਿੱਧੋ! ਉਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਜਾਣਿਆਂ ਜਾਂਦਾ।

ਯਥਾ—"ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ॥" [ਸਿਰੀਰਾਗੁ ਮਹਲਾ ੧, ਪੰਨਾ ੫੫]

ਤਥਾ—"ਖਿਨ ਮਹਿ ਥਾਪਿ ਉਥਾਪਨਹਾਰਾ॥ ਅੰਤੁ ਨਹੀ ਕਿਛੁ ਪਾਰਾਵਾਰਾ॥"

[ਗਉੜੀ ਸੁਖਮਨੀ, ਪੰਨਾ ੨੭੭]

ਤਥਾ—"ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ॥"

[ਦਖਣੀ ਓਅੰਕਾਰ, ਪੰਨਾ ੯੩੪]

ਤਥਾ—"ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ॥ ੪੬॥"

[ਦਖਣੀ ਓਅੰਕਾਰ, ਪੰਨਾ ੯੩੬]

ਤਥਾ—"ਤੇਰਾ ਅੰਤੁ ਨ ਪਾਰਾਵਾਰਾ॥ ਜਨ ਨਾਨਕ ਸਦ ਬਲਿਹਾਰਾ॥"

[ਮਾਰੂ ਮ: ੫, ਪੰਨਾ ੧੦੦੪]

ਯਥਾ—ਇਕ ਕਵਾਉ ਪਸਾਉ ਕਰਿ ਓਅੰਕਾਰ ਅਨੇਕ ਅਕਾਰਾ॥
ਪਉਣੁ ਪਾਣੀ ਬੈਸੰਤਰੋ ਧਰਤਿ ਅਗਾਸਿ ਨਿਵਾਸੁ ਵਿਥਾਰਾ॥
ਜਲ ਥਲ ਤਰਵਰ ਪਰਬਤਾਂ ਜੀਅ ਜੰਤ ਅਗਣਤ ਅਪਾਰਾ॥
ਇਕੁ ਵਰਭੰਡੁ ਅਖੰਡੁ ਹੈ ਲਖ ਵਰਭੰਡ ਪਲਕ ਪਰਕਾਰਾ॥
ਕੁਦਰਤਿ ਕੀਮ ਨ ਜਾਣੀਐ ਕੇਵਡੁ ਕਾਦਰੁ ਸਿਰਜਣਹਾਰਾ॥
ਅੰਤੁ ਬਿਅੰਤੁ ਨ ਪਾਰਾਵਾਰਾ॥ ੧॥ [ਭਾਈ ਗੁਰਦਾਸ ਵਾਰ ੧੮]

ਸਾਖੀ—ਬ੍ਰਹਮਾ ਦੀ

ਜਿਸ ਵੇਲੇ ਸ੍ਰਿਸ਼ਟੀ ਦੀ ਉਤਪਤੀ ਵਾਸਤੇ ਪ੍ਰਮਾਤਮਾ ਨੇ ਪਹਿਲੇ ਵਿਸ਼ਨੂੰ ਦੀ ਨਾਭੀ ਕਵਲ 'ਚੋਂ ਬ੍ਰਹਮਾ ਨੂੰ ਪੈਦਾ ਕੀਤਾ ਤਾਂ ਬ੍ਰਹਮਾ ਜੀ ਨੂੰ ਉਸੀ ਵੇਲੇ ਹੰਕਾਰ ਹੋ ਗਿਆ ਕਿ ਮੈਂ ਖੁਦ-ਬ-ਖੁਦ ਆਪ ਹੀ ਪੈਦਾ ਹੋਇਆ ਹਾਂ ਮੇਰਾ ਕਰਤਾ ਕੋਈ ਵੀ ਨਹੀਂ। ਤਾਂ ਅਕਾਸ਼ ਬਾਣੀ ਹੋਈ, 'ਹੇ ਬ੍ਰਹਮਾ! ਤੇਰਾ ਕਰਤਾ ਇਹ ਕੌਲ=ਫੁੱਲ ਹੈ। ਇਸ ਕੌਲ ਤੋਂ ਤੇਰੀ ਉਤਪਤੀ ਹੋਈ ਹੈ।'

ਬ੍ਰਹਮਾ ਨੇ ਕਿਹਾ, 'ਇਹ ਨਿੱਕਾ ਜਿਹਾ ਕੌਲ ਮੇਰੀ ਉਤਪਤੀ ਦਾ ਕਾਰਣ ਕਿਵੇਂ ਬਣ ਸਕਦਾ ਹੈ? ਨਾਲੇ ਇਹ ਜੜ੍ਹ ਹੈ।'

ਪ੍ਰਮਾਤਮਾ ਨੇ ਫਿਰ ਅਕਾਸ਼ ਬਾਣੀ ਦੁਆਰੇ ਕਿਹਾ, 'ਤੇਰਾ ਕਰਤਾ ਏਹੀ ਕੌਲ ਹੈ।' ਤਦ ਬ੍ਰਹਮਾ ਨੇ ਹੰਕਾਰ ਵਿਚ ਆ ਕੇ ਕੌਲ ਨੂੰ ਲੱਤ ਮਾਰੀ, ਬੱਸ ਫਿਰ ਤਾਂ ਬ੍ਰਹਮਾ ਉਸ ਕੌਲ ਦੀ ਨਾਲੀ ਵਿਚ ਹੀ ਗਿਰ ਗਿਆ। ਅਠਾਸੀ ਹਜ਼ਾਰ ਜੁਗਾਂ ਦੀ ਚੌਕੜੀ ਬ੍ਰਹਮਾ ਉਸ ਨਾਲੀ ਦੇ ਪਾਰਾਵਾਰ ਨੂੰ ਲੈਂਦਾ ਰਿਹਾ ਪਰ ਉਸ ਦਾ ਅੰਤ ਨਾ ਪਾ ਸਕਿਆ।

ਵਾ-ਪਾਰਾਵਾਰੁ ਨਾਮ ਸਮੁੰਦਰ ਦਾ ਹੈ। ਸਮੁੰਦਰ ਵਾਂਗ ਗੰਭੀਰ ਪਰਮੇਸ਼ਵਰ ਦਾ ਅੰਤ ਨਹੀਂ ਜਾਣਿਆਂ ਜਾਂਦਾ।

ਯਥਾ—"ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ॥
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ॥ ੪॥"

[ਆਸਾ ਮਹਲਾ ੫, ਪੰਨਾ ੪੫੬]

ਵਾ-ਉਸ ਦੇ ਪਾਰਾਵਾਰੁ=ਗਿਆਨ ਵੈਰਾਗ ਦਾ ਅੰਤ ਨਹੀਂ ਜਾਣਿਆਂ ਜਾਂਦਾ।

ਵਾ-ਪਾਰਾਵਾਰੁ=ਲੋਕ ਪ੍ਰਲੋਕ ਦਾ ਅੰਤ ਨਹੀਂ ਜਾਣਿਆਂ ਜਾਂਦਾ।

ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥

ਪਰਮੇਸ਼ਰ ਦਾ ਅੰਤ ਲੈਣ ਕਾਰਨਿ=ਵਾਸਤੇ ਕਿੰਨੇ ਹੀ ਜੀਵ ਵਿਰਲਾਪ ਕਰਦੇ ਹਨ।

ਜੋ ਅੰਤ ਲੈਣ ਵਾਸਤੇ ਜੀਵ ਵਿਰਲਾਪ ਕਰਦੇ ਹਨ, ਤਿਨ੍ਹਾਂ ਜੀਵਾਂ ਦੇ ਵੀ ਅੰਤ ਪਾਏ ਨਹੀਂ ਜਾਂਦੇ ਜੋ ਕਿਤਨੇ ਕੁ ਵਿਰਲਾਪ ਕਰਦੇ ਹਨ।

ਵਸਿਸ਼ਟ ਪੁਰਾਣ ਵਿਚ ਲਿਖਿਆ ਹੈ ਕਿ 'ਵਿਪੱਸਚਤ ਰਾਜਾ' ਚਾਰ ਰੂਪ ਧਾਰ ਕੇ ਜਗਤ ਦਾ ਅੰਤ ਲੈਣ ਗਿਆ ਪਰ ਭਟਕ ਭਟਕ ਕੇ ਵਿੱਚੇ ਹੀ ਖਤਮ ਹੋ ਗਿਆ ਪ੍ਰੰਤੂ ਅੰਤ ਨਹੀਂ ਪਾਇਆ।

ਅਥਵਾ-ਤਾ ਕੇ=ਤਿਨ੍ਹਾਂ ਜੀਵਾਂ ਪਾਸੋਂ ਪ੍ਰਮਾਤਮਾਂ ਦਾ ਅੰਤ ਨਹੀਂ ਪਾਇਆ ਜਾਂਦਾ।

ਯਥਾ—"ਤਾ ਕਾ ਅੰਤੁ ਨ ਜਾਨੈ ਕੋਇ॥ ਆਪੇ ਆਪਿ ਨਾਨਕ ਪ੍ਰਭੁ ਸੋਇ॥੭॥"

[ਗਉੜੀ ਸੁਖਮਨੀ, ਪੰਨਾ ੨੭੬]

ਤਥਾ—'ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ॥'

[ਕਾਨੜਾ ਮਹਲਾ ੪, ਪੰਨਾ ੧੩੦੯]

ਤਥਾ—"ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥
ਨਾ ਤਿਸੁ ਬਾਪੁ ਨ ਮਾਇ ਕਿਨਿ ਭੂ ਜਾਇਆ॥"

[ਮਲਾਰ ਵਾਰ, ਪੰਨਾ ੧੨੭੯]

ਤਥਾ—"ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ॥"

[ਮਲਾਰ ਵਾਰ, ਪੰਨਾ ੧੨੮੨]

ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥

੧. ਹੇ ਸਿੱਧੋ! ਉਸ ਦਾ ਏਹੀ ਅੰਤ ਹੈ ਜੋ ਉਸ ਨੂੰ ਕੋਈ ਜਾਣ ਨਹੀਂ ਸਕਦਾ।

੨. ਇਹ ਜੋ ਆਤਮਾ ਅਭਿੰਨ ਪ੍ਰਮਾਤਮਾ ਹੈ ਤਿਸ ਦਾ ਅੰਤ ਕੋਈ ਨਹੀਂ ਜਾਣ ਸਕਦਾ।

ਹੇ ਸਿੱਧੋ! ਜਿਤਨਾ ਬਹੁਤਾ ਜਸ ਕਹੀਦਾ ਹੈ ਉਤਨਾ ਹੀ ਹੋਰ ਬਹੁਤਾ ਜਸ ਹੁੰਦਾ ਜਾਂਦਾ ਹੈ।

ਵਾ-ਉਸ ਪ੍ਰਮਾਤਮਾ ਦਾ ਬਹੁਤਾ ਜਸ ਸ਼ਰਧਾ ਸਹਿਤ ਕਹਿਣ ਨਾਲ ਇਸ ਜੀਵ ਦਾ ਆਪਣਾ ਬਹੁਤਾ ਜਸ ਹੋ ਜਾਂਦਾ ਹੈ।

ਪ੍ਰਸ਼ਨ - ਉਹ ਸਾਹਿਬ ਕੈਸਾ ਹੈ? [ਗੁਰ ਉੱਤਰ]

ਵਡਾ ਸਾਹਿਬੁ ਊਚਾ ਥਾਉ॥

ਉਹ ਸਾਹਿਬ ਸਾਰਿਆਂ ਤੋਂ ਵੱਡਾ ਹੈ।

ਯਥਾ—"ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ॥"

[ਗਉੜੀ ਕੀ ਵਾਰ ਮਹਲਾ ੪ ਪੰਨਾ ੩੧੭]

ਉਸ ਦਾ ਸਤਿਸੰਗਤਿ ਰੂਪ ਅਸਥਾਨ ਭੀ ਸਭ ਤੋਂ ਉੱਚਾ ਹੈ। ਜਿਵੇਂ—

ਇਕ ਸਮੇਂ ਨਾਰਦ ਮੁਨੀ ਜੀ ਨੂੰ ਇੱਛਾ ਹੋਈ ਕਿ ਭਗਵਾਨ ਜੀ ਦੇ ਦਰਸ਼ਨ ਕਰੀਏ। ਪਹਿਲੇ ਬੈਕੁੰਠ ਵਿਚ ਗਏ, ਉਥੇ ਭਗਵਾਨ ਜੀ ਨਾ ਮਿਲੇ। ਫੇਰ ਖੀਰ ਨਿਧੀ ਵਿਚ ਗਏ ਤਦ ਵੀ ਦਰਸ਼ਨ ਨਾ ਹੋਏ। ਫੇਰ ਦੁਆਰਕਾ, ਬਿੰਦਰਾਬਨ, ਮਥੁਰਾ, ਅਜੁੱਧਿਆ ਆਦਿਕ ਤੀਰਥਾਂ ਪਰ ਗਏ ਉਸ ਜਗ੍ਹਾ ਪਰ ਵੀ ਭਗਵਾਨ ਜੀ ਨਾ ਮਿਲੇ। ਉਪ੍ਰੰਤ ਇਕ ਜਗ੍ਹਾ ਸਤਸੰਗ ਹੋ ਰਹੀ ਸੀ, ਓਥੇ ਆ ਕੇ ਬੈਠ ਗਏ ਤੇ ਅੰਤਰ ਧਿਆਨ ਹੋ ਕੇ ਸਮਾਧੀ ਵਿਚ ਜੁੜ ਗਏ ਤਾਂ ਝੱਟ ਭਗਵਾਨ ਜੀ ਆ ਕੇ ਸਾਹਮਣੇ ਖੜੋ ਗਏ।

ਉਸ ਵੇਲੇ ਨਾਰਦ ਮੁਨੀ ਜੀ ਨੇ ਗੁੱਸੇ ਜ਼ਿਹੇ ਲਹਿਜ ਵਿਚ ਕਿਹਾ, "ਹੇ ਭਗਵਾਨ! ਨਾ ਆਪ ਘਰ ਦੇ ਨਾ ਘਾਟ ਦੇ, ਬਥੇਰਾ ਲੱਭਿਆ ਹੈ ਪਰ ਆਪ ਕਿਧਰੋਂ ਨਹੀਂ ਲੱਭੇ।" ਤਾਂ ਭਗਵਾਨ ਨੇ ਕਿਹਾ, "ਮੁਨੀ ਜੀ! ਇਤਨੇ ਗੁੱਸੇ ਵਿਚ ਆ ਕੇ ਖਫਾ ਨਾ ਹੋਵੋ। ਜੇਕਰ ਮੈਨੂੰ ਲੱਭਣਾ ਹੋਵੇ ਤਾਂ ਸਤਿਸੰਗਤ ਵਿਚੋਂ ਢੂੰਢਿਆ ਕਰੋ, ਉਥੇ ਮੇਰਾ ਹਰ ਵੇਲੇ ਨਿਵਾਸ ਹੁੰਦਾ ਹੈ। ਕਿਉਂਕਿ -

"ਸਾਧ ਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ॥ ੧॥" *[ਸਿਰੀਰਾਗੁ ਮਹਲਾ ੫, ਪੰਨਾ ੪੪]*

ਤਥਾ—ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ, ਦਰਸਨ ਸਾਧ ਸੰਗ ਮੇਰੋ ਨਿਜ ਰੂਪ ਹੈ।

[ਭਾ: ਗੁਰਦਾਸ ਜੀ, ਕਬਿੱਤ ੩੦੩]

ਤਥਾ—"ਨਾ ਹੰ ਵਸਾਮੀ ਬੈਕੁੰਠੇ ਯੋਗੀਨਾਂ ਹਿਰਦੇ ਨਚ।
ਮਧ ਭਗਤਾਹ ਯਤ੍ਰ ਗਾਯੰਤੀ ਤਤ੍ਰ ਤਿਸ਼ਟਾਮੀ ਨਾਰਦ:।"

ਹੇ ਨਾਰਦ! ਮੈਂ ਬੈਕੁੰਠ ਵਿਚ ਨਿਵਾਸ ਨਹੀਂ ਕਰਦਾ, ਯੋਗੀਆਂ ਨੂੰ ਅਭਿਮਾਨ ਹੁੰਦਾ ਹੈ ਇਸ ਕਰਕੇ ਉਹਨਾਂ ਦੇ ਹਿਰਦਿਆਂ ਵਿਚ ਵੀ ਮੈਂ ਨਹੀਂ ਨਿਵਾਸ ਕਰਦਾ। ਸ਼ਰਧਾਵਾਨ ਉੱਤਮ ਭਗਤ ਜਿਥੇ ਮੇਰੇ ਜਸ ਅਤੇ ਹਰੀ ਕੀਰਤਨ ਨੂੰ ਗਾਇਨ ਕਰਦੇ ਹਨ, ਤਿਸ ਜਗ੍ਹਾ ਮੈਂ ਇਸਥਿਤ ਰਹਿੰਦਾ ਹਾਂ ਜੇ ਮੈਨੂੰ ਲੱਭਣਾ ਹੋਵੇ ਤਾਂ ਓਥੋਂ ਲੱਭਿਆ ਕਰ।

ਯਥਾ—"ਪ੍ਰਭ ਜੀ ਬਸਹਿ ਸਾਧ ਕੀ ਰਸਨਾ॥" *[ਸੁਖਮਨੀ, ਪੰਨਾ ੨੬੩]*

ਵਾ-ਸਭ ਤੋਂ ਉੱਚਾ ਅਸਥਾਨ ਹੈ ਬੈਕੁੰਠ, ਸੱਚ ਖੰਡ, ਅੰਤਹਕਰਨ, ਦਸਮ ਦੁਆਰ, ਸ੍ਰੀ ਹਰਿਮੰਦਰ ਸਾਹਿਬ।

ਪ੍ਰਸ਼ਨ - ਉਸ ਪ੍ਰਮਾਤਮਾ ਤੋਂ ਕੋਈ ਉੱਚਾ ਹੈ ਜਾਂ ਨਹੀਂ? ਉੱਤਰ-

ਊਚੇ ਉਪਰਿ ਊਚਾ ਨਾਉ॥

ਹੇ ਸਿੱਧੋ! ਸਾਰਿਆਂ ਤੋਂ ਉੱਚਾ ਜੋ ਪਰਮੇਸ਼ਰ ਹੈ ਉਸ ਦੇ ਉੱਪਰ ਉਸ ਦਾ ਆਪਣਾ ਨਾਮ ਹੀ ਉੱਚਾ ਹੈ।

ਯਥਾ— "ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ॥
ਹਰਿ ਨਾਮੁ ਹਮ ਸੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ॥
ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ॥"

[ਵਡਹੰਸ ਵਾਰ, ਪੰਨਾ ੫੯੨]

ਪਹਿਲੀ ਸਾਖੀ—ਨਾਰਦ ਮੁਨੀ ਦੀ

ਜਦ ਇਸ ਨੇ ਸਤਭਾਮਾ ਪਾਸੋਂ ਕ੍ਰਿਸ਼ਨ ਜੀ ਨੂੰ ਦਾਨ ਕਰਵਾ ਲਿਆ ਸੀ, ਤੱਕੜ ਦੇ ਇਕ ਪਾਸੇ ਕ੍ਰਿਸ਼ਨ ਜੀ ਨੂੰ ਬਿਠਾ ਕੇ ਦੂਜੇ ਪਾਸੇ ਪਦਾਰਥ, ਧਨ, ਗਹਿਣੇ ਪਵਾ ਕੇ ਤੋਲਿਆ ਤਾਂ ਪੂਰੇ ਨਾ ਉਤਰੇ, ਫੇਰ ਤੁਲਸੀ ਦੇ ਪੱਤੇ ਪਰ ਨਾਮ ਲਿਖਵਾਕੇ ਪਾਇਆ ਤਾਂ ਕ੍ਰਿਸ਼ਨ ਜੀ ਦਾ ਛਾਬਾ ਉੱਚਾ ਹੋ ਗਿਆ ਉਥੇ ਨਾਮ ਦੀ ਉੱਚਤਾ ਵਿਖਾ ਕੇ ਨਾਰਦ ਜੀ ਨਾਮ ਲੈ ਕੇ ਚਲੇ ਗਏ।

ਦੂਜੀ ਸਾਖੀ—ਨਾਮ ਮਹਾਤਮ ਦੀ

ਇਕ ਦਿਨ ਸ੍ਰੀ ਅਨੰਦਪੁਰ ਸਾਹਿਬ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਵਿਖੇ ਸ਼ਸ਼ੋਭਤ ਸਨ ਤੇ ਨਾਰਦ ਮੁਨੀ ਸਾਧੂ ਰੂਪ ਵਿਚ ਦਰਸ਼ਨ ਕਰਨ ਵਾਸਤੇ ਆਇਆ। ਹਜ਼ੂਰ ਦੇ ਅੱਗੇ ਮੱਥਾ ਟੇਕ ਕੇ ਹਮਾਊ ਪੰਛੀ ਦੇ ਖੰਭਾਂ ਦੀ ਭੇਟਾ ਰੱਖੀ। ਇਸ ਦੇ ਅੰਦਰ ਦਰਸ਼ਨ ਦੀ ਭੁੱਖ ਸੀ ਇਸ ਕਰਕੇ ਕਿਤਨਾ ਚਿਰ ਹਜ਼ੂਰ ਦੇ ਸਾਹਮਣੇ ਦਰਸ਼ਨ ਕਰਦਾ ਖਲੋਤਾ ਰਿਹਾ। ਗਰੀਬ ਨਿਵਾਜ ਨੇ ਮੁਸਕਰਾ ਕੇ ਕਿਹਾ "ਹੇ ਰਿਖਦੇਵ ਜੀ! ਇਤਨੀ ਖੇਚਲ ਆਪ ਨੇ ਕਿਉਂ ਕੀਤੀ ਹੈ? ਇਹ ਖੰਭ ਤਾਂ ਬੜੇ ਕੀਮਤ ਵਾਲੇ ਹਨ ਅਤੇ ਮਿਲਦੇ ਵੀ ਮੁਸ਼ਕਲ ਹਨ ਤੁਸਾਂ ਨੇ ਬੜਾ ਉੱਦਮ ਕਰਕੇ ਲਿਆਂਦੇ ਹਨ ਤੁਹਾਡੇ ਵਰਗੇ ਤਾਂ ਰਿਖੀਆ ਦੇ ਦਰਸ਼ਨਾਂ ਵਿਚ ਹੀ ਸਭ ਕੁਝ ਹੈ।"

ਨਾਰਦ ਨੇ ਕਿਹਾ, ''ਮਹਾਰਾਜ ਜੀ! ਆਪ ਜੀ ਤਾਂ ਅਕਾਲ ਪੁਰਖ ਦਾ ਸਰੂਪ ਹੋ, ਦੁਨੀਆਂ ਵਿਚ ਧਰਮ ਦੀ ਰੱਖਿਆ ਵਾਸਤੇ ਆਪ ਜੀ ਨੇ ਅਵਤਾਰ ਧਾਰਿਆ ਹੈ। ਮੈਂ ਸੁਰਗ ਵਿਚ ਬੈਠਾ ਸਾਂ, ਬੈਠਿਆਂ ਬੈਠਿਆਂ ਮੇਰੇ ਹਿਰਦੇ ਵਿਚ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋ ਗਈ, ਸੋਚਿਆ ਖਾਲੀ ਹੱਥੀਂ ਨਹੀਂ ਜਾਣਾ ਚਾਹੀਦਾ ਕੋਈ ਅਮੋਲਕ ਵਸਤੂ ਲੈ ਕੇ ਜਾਈਏ। ਕਿਉਂਕਿ ਨੀਤੀ ਵਿਚ ਕਥਨ ਕੀਤਾ ਹੈ-

''ਰਾਜ, ਵੈਦ, ਗੁਰ, ਜੋਤਸ਼ੀ, ਇਨ ਕੇ ਪਾਸ ਜੋ ਜਾਇ।
ਖਾਲੀ ਹਾਥ ਨ ਜਾਈਐ, ਫਲ ਦੀਏ ਫਲ ਪਾਇ।''
ਤਥਾ—'ਰਿਕਤ ਪਾਨ ਦਰਸੇ ਨਹੀ, ਭੂਪ ਭਿਖਕ ਗੁਰਦੇਵ।
ਫਲ ਦੀਏ ਫਲ ਪਾਈਐ, ਫਲੈ ਨ ਫਲ ਬਿਨ ਸੇਵ।'

ਅਮੋਲਕ ਵਸਤੂ ਵੀ ਉਹ ਹੋਵੇ ਜੋ ਪਿਆਰੀ ਹੋਵੇ। ਫਿਰ ਮੈਂ ਹਿਰਦੇ ਵਿਚ ਵਿਚਾਰਿਆ ਕਿ ਗੁਰੂ ਸਾਹਿਬ ਜੀ ਜੰਗ ਦੇ ਬੜੇ ਸ਼ੌਕੀਨ ਹਨ ਅਤੇ ਧਨੁੱਖ ਬਾਣ ਦੀ ਵਿਦਿਆ ਵਿਚ ਵੀ ਬੜੇ ਨਿਪੁੰਨ ਹਨ, ਉਨ੍ਹਾਂ ਲਈ ਬਾਣਾਂ ਦੇ ਅੱਗੇ ਲਗਾਉਣ ਵਾਸਤੇ ਹਮਾਉਂ ਦੇ ਖੰਭ ਲੈ ਚਲੀਏ। ਇਸ ਕਰਕੇ ਮੈਂ ਇਹ ਆਪ ਜੀ ਦੀ ਭੇਟਾ ਕੀਤੇ ਹਨ।

''ਅਪਨੇ ਬਾਨ ਸੰਗ ਲਗਵਾਓ। ਬਹੁਰ ਚਾਂਪ ਮੈਂ ਸੰਧਿ ਚਲਾਓ।
ਹੇਰਹੁ ਬੇਗ ਹੋਇ ਹੈ ਐਸੇ। ਉਡਿ ਕਰਿ ਜਾਇ ਬਿਹੰਗਮ ਜੈਸੇ॥ ੨੭॥''

[ਗੁਰ ਪ੍ਰਤਾਪ, ਸੂਰਜ, ਰੁਤ ੪, ਅੰਸੂ ੫੦]

ਮਹਾਰਾਜ ਜੀ ਨੇ ਉਹ ਖੰਭ ਲੈ ਲੀਤੇ ਪੁਨਾ ਨਾਰਦ ਮੁਨੀ ਗੁਰੂ ਜੀ ਦੀ ਬਿਅੰਤ ਉਸਤਤੀ ਕਰਕੇ ਸਵਰਗ ਵਿਚ ਚਲਾ ਗਿਆ ਪਿੱਛੋਂ ਖਾਲਸੇ ਨੇ ਪੁੱਛਿਆ, ''ਮਹਾਰਾਜ! ਇਹ ਕੌਣ ਸੀ?''

ਹਜ਼ੂਰ ਨੇ ਕਿਹਾ, ''ਇਹ ਬ੍ਰਹਮਾ ਦਾ ਪੁੱਤਰ ਨਾਰਦ ਮੁਨੀ ਸੀ।''

ਯਥਾ—ਕਮਲਾਸਨ ਕੋ ਨੰਦਨ ਨਾਰਦ॥ ਅਹੈ ਦੇਵਰਿਖ ਪਰਮ ਬਿਸਾਰਦ॥
ਇਮ ਕਹਿ ਪੰਖ ਆਪ ਕਰ ਲਏ॥ ਏਕ ਸਿੰਘ ਸੋਂ ਇਮ ਕਹਿ ਦਏ॥

ਇਹ ਕਹਿ ਕੇ ਗੁਰੂ ਜੀ ਨੇ ਇਕ ਸਿੱਖ ਨੂੰ ਕਿਹਾ, ''ਇਹ ਖੰਭ ਤੇ ਬਾਣ ਲੈ ਜਾਹ ਕਿਸੇ ਕਾਰੀਗਰ ਪਾਸੋਂ ਇਹ ਖੰਭ ਇਹਨਾਂ ਬਾਣਾਂ ਦੇ ਨਾਲ ਲਗਵਾ ਲਿਆ ਪਰ ਪਾਸ ਬੈਠ ਕੇ ਬਣਵਾਈਂ।''

ਹਜ਼ੂਰ ਦੀ ਆਗਿਆ ਪਾ ਕੇ ਉਸ ਸਿੱਖ ਨੇ ਕਾਰੀਗਰਾਂ ਤੋਂ ਬਾਣਾਂ ਨਾਲ ਖੰਭ ਲਗਵਾ ਕੇ ਗੁਰੂ ਜੀ ਦੇ ਅੱਗੇ ਲਿਆ ਰੱਖੇ।

ਲੈ ਗਮਨਹੁ ਕਾਰੀਗਰ ਤੀਰ। ਬੈਠ ਨਿਕਟ ਲਗਵਾਵਹੁ ਤੀਰ।
ਇਨ ਕੋ ਤਜਾਗ ਦੂਰ ਨਹਿ ਜਾਵਹੁ। ਦੇਖਤਿ ਦ੍ਰਿਗਨ ਬਾਨ ਬਨਵਾਵਹੁ॥ ੪੦॥
ਸੁਨਿ ਪ੍ਰਭੂ ਤੇ ਲੈ ਕਰਿ ਤਬ ਗਯੋ। ਨਿਕਟ ਬੈਠ ਬਨਵਾਵਤਿ ਭਯੋ।
ਦੀਰਘ ਪੰਖ ਸੁ ਦੀਰਘ ਬਾਨਾ। ਕਰੇ ਤਜਾਰ ਸੋ ਰੁਚਿਰ ਮਹਾਨਾ॥ ੪੧॥

ਉਸ ਵੇਲੇ ਖਾਲਸਾ ਪਾਸ ਬੈਠਾ ਸੀ, ਸਾਰਿਆਂ ਨੂੰ ਹੁਕਮ ਦਿੱਤਾ ਕਿ ਅਸੀਂ ਬਾਣ ਚਲਾਉਂਦੇ ਹਾਂ ਤੁਸੀਂ ਲੱਭ ਕੇ ਲਿਆਉਣੇ।

ਗੁਰੂ ਜੀ ਦਾ ਹੁਕਮ ਸੁਣ ਕੇ ਸੈਂਕੜੇ ਸਿੱਖ ਖਲੋ ਗਏ। ਗੁਰੂ ਜੀ ਨੇ ਪੂਰਬ ਵੱਲ ਮੂੰਹ ਕਰ ਕੇ ਧਨੁੱਖ ਖਿੱਚ ਕੇ ਬਾਣ ਛੱਡ ਦਿੱਤਾ। ਉਸ ਨੂੰ ਚਲਦਿਆਂ ਸਾਰਿਆਂ ਸਿੱਖਾਂ ਨੇ ਵੇਖਿਆ। ਫਿਰ ਗੁਰੂ ਜੀ ਨੇ ਇਹ ਵੀ

ਕਿਹਾ, ''ਓਹ ਦੇਖੋ! ਅਕਾਸ਼ ਨੂੰ ਬਾਣ ਜਾ ਰਿਹਾ ਹੈ ਪਰ ਤੁਸੀਂ ਨਿਗਾਹ ਰੱਖਣੀ ਥੱਲੇ ਉਤਰੇਗਾ ਤਾਂ ਫੜ ਲਿਆਉਣਾ।'' ਸਭ ਸਿੱਖ ਅੱਖਾਂ ਲੱਗਾ ਕੇ ਦੇਖਦੇ ਰਹੇ ਪਰ ਓਹ ਬਾਣ ਥੱਲੇ ਉਤਰਿਆ ਹੀ ਨਹੀਂ ਫਿਰ ਗੁਰੂ ਜੀ ਨੇ ਦੂਜਾ ਛੱਡਿਆ ਓਹ ਵੀ ਨਾ ਉਤਰਿਆ, ਤੀਜਾ ਛੱਡਿਆ ਓਹ ਵੀ ਨਾ ਉਤਰਿਆ।

'ਤਿਮਹੀ ਚੌਥੇ ਦਿਯੋ ਚਲਾਇ। ਬਹੁਰ ਪੰਚਮੋ ਗਾਜਤਿ ਜਾਇ॥ ੫॥
ਸਭ ਸੋਂ ਕਹਿ ਕਹਿ ਤਜਾਗਨ ਕਰੈਂ। ਊਪਰ ਦੂਰ ਦ੍ਰਿਸ਼ਟਿ ਨਹਿਂ ਪਰੈਂ।'

ਸਿੱਖਾਂ ਨੂੰ ਬਾਣ ਵੇਖਦਿਆਂ ਵੇਖਦਿਆਂ ਇਕ ਪਹਿਰ ਗੁਜ਼ਰ ਗਿਆ ਪਰ ਥੱਲੇ ਕੋਈ ਨਾ ਆਇਆ। ਆ ਕੇ ਗੁਰੂ ਜੀ ਨੂੰ ਕਹਿੰਦੇ ਹਨ – ''ਲਗਾਤਾਰ ਤਿੰਨ ਘੰਟੇ ਖਲੋਤੇ ਰਹੇ ਹਾਂ ਬਾਣ ਥੱਲੇ ਕੋਈ ਨਹੀਂ ਆਇਆ।''

ਹਜ਼ੂਰ ਨੇ ਕਿਹਾ, ''ਅਕਾਸ਼ ਤਾਂ ਖਾਲੀ ਹੈ ਉੱਪਰ ਕੋਈ ਜਗ੍ਹਾ ਨਹੀਂ, ਜਿਥੇ ਬਾਣ ਅਟਕ ਰਹੇ, ਨਾ ਹੀ ਕਿਸੀ ਨੇ ਫੜੇ ਹਨ, ਨਾ ਹੀ ਕਿਧਰੇ ਗਏ ਹਨ, ਤੁਸੀਂ ਫਿਰ ਚੰਗੀ ਤਰ੍ਹਾਂ ਖੋਜ ਕਰ ਕੇ ਲਿਆਓ। ਬਾਣ ਬੜੇ ਕੀਮਤ ਵਾਲੇ ਹਨ, ਵਿਅਰਥ ਨਾ ਗਵਾਓ।''

ਇਹ ਗੱਲ ਸੁਣ ਕੇ ਸਿੱਖਾਂ ਨੇ ਕਿਹਾ, ''ਮਹਾਰਾਜ ਜੀ! ਇਸ ਭੇਦ ਦਾ ਸਾਨੂੰ ਪਤਾ ਨਹੀਂ ਲੱਗਦਾ। ਆਪ ਸਰਬ ਸ਼ਕਤੀਆਂ ਸਪੰਨ ਹੋ ਇਸ ਕੁਦਰਤ ਨੂੰ ਆਪ ਹੀ ਜਾਣਦੇ ਹੋ। ਤੁਸੀਂ ਸਗੋਂ ਸਾਨੂੰ ਨਿਰਣਾ ਕਰ ਕੇ ਦੱਸੋ, ਉਹ ਬਾਣ ਕਿਥੇ ਰੁਕੇ ਪਏ ਹਨ?''

ਗੁਰੂ ਜੀ ਨੇ ਮੁਸਕਰਾਕੇ ਕਿਹਾ, ''ਇਹ ਤੁਹਾਨੂੰ ਇਕ ਦ੍ਰਿਸ਼ਟਾਂਤ ਦੱਸਿਆ ਹੈ, ਜਿਵੇਂ ਬਾਣ ਨਾਲ ਹਮਾਊਂ ਦੇ ਖੰਭ ਲੱਗੇ ਹਨ ਤਾਂ ਖੰਭਾਂ ਨੇ ਉਹਨਾਂ ਬਾਣਾਂ ਨੂੰ ਹਮਾਊਂ ਦੇਸ਼ ਵਿਖੇ ਪਹੁੰਚਾ ਦਿੱਤਾ ਹੈ, ਥੱਲੇ ਨਹੀਂ ਆਉਣ ਦਿੱਤਾ।

ਤਿਵੇਂ ਨਾਮ ਦੀ ਰੀਤੀ ਕਥਨ ਕੀਤੀ ਹੈ, ਜੋ ਪੁਰਸ਼ ਇਕ ਰਸ ਨਾਮ ਜਪਦਾ ਹੈ ਉਸ ਜਗਿਆਸੂ ਨੂੰ ਨਾਮ ਰੂਪੀ ਬਾਣ ਪ੍ਰਮੇਸ਼ਰ ਰੂਪ ਦੇਸ਼ ਵਿਚ ਪਹੁੰਚਾਉਂਦਾ ਹੈ।''

ਯਥਾ— ''ਨਾਮ ਪੰਖ, ਨਾਮੀ ਸੁ ਬਿਹੰਗ। ਜੋ ਜਗਜਾਸੀ ਲਾਗਜੋ ਸੰਗ॥ ੨੩॥
ਪ੍ਰਾਨ ਅੰਤ ਲਗਿ ਤਜਾਗਜੋ ਨਾਂਹੀ। ਲਾਗਜੋ ਰਹਜੋ ਨਾਮ ਰਸ ਮਾਂਹੀ॥
ਪੰਖ ਨਾਮ ਲੇ ਸਰ ਜੱਗਜਾਸੀ। ਜਾਇ ਮਿਲਾਵਤਿ ਸ੍ਰੀ ਪ੍ਰਭੁ ਪਾਸੀ॥ ੨੪॥
ਜਹਿਂ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰਹਿ ਬਿਨ ਬਿਲਮ ਪੁਚਾਵਨ।
ਯਾਂ ਤੇ ਰਟਹੁ ਸਦਾ ਗੁਰਬਾਨੀ। ਜਗਤ ਉਧਾਰਨਿ ਪਰਖ ਨਿਸਾਨੀ॥ ੨੫॥
ਊਠਤਿ ਬੈਠਤਿ ਥਿਤ ਕੈ ਚਾਲੇ। ਪਠਹੁ ਸ਼ਬਦ ਨਿਤ ਰਹਹੁ ਸੁਖਾਲੇ।
ਬਹੁਰ ਨ ਹੋਇ ਜਗਤ ਮਹਿ ਫੇਰਾ। ਕਰਹਿਂ ਉਬਾਰਨ ਗੁਰੂ ਬਡੇਰਾ॥ ੨੬॥
ਤਿਮਹੀ ਸੱਤਿਨਾਮ ਸਿਮਰੀਜੈ। ਇਕ ਭੀ ਸ੍ਵਾਸ ਨ ਬਿਰਥਾ ਲੀਜੈ॥
ਮਨ ਜਿਹਵਾ ਕੇ ਸੰਗਿ ਮਿਲਾਇ। ਰਾਖਹਿ ਨਿਸ ਦਿਨ ਮਹਿਂ ਸੁਖਦਾਇ॥ ੨੭॥
ਤਿਸ ਕੋ ਅੰਤ ਸਮਾ ਜਬਿ ਆਵੈ। ਨਾਮੀ, ਹਿਤ ਸਹਾਇਤਾ ਧਾਵੈ॥
ਪੁੰਨ ਪਾਪ ਕੇ ਬੰਧਨ ਸਾਰੇ। ਸ੍ਰੀ ਕਰਤਾਰ ਤੁਰਤ ਨਿਰਵਾਰੇ॥ ੨੮॥''

[ਗੁਰ ਪ੍ਰਤਾਪ ਸੂਰਜ ਰੁਤ ੪, ਅੰਸੂ ੫੧]

ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥

ਜੇਡਾ ਵੱਡਾ ਨਾਮ ਹੈ, ਏਡਾ ਵੱਡਾ ਉੱਚਾ ਕੋਈ ਹੋਵੇ [ਅਰਥਾਤ ਅਤਿਅੰਤ ਸ਼ਰਧਾ ਸਹਿਤ ਹੋ ਕੇ ਹਨੂੰਮਾਨ ਵਾਂਗ ਰੋਮ ਰੋਮ ਪਰਮੇਸ਼ਰ ਨਾਮ ਨੂੰ ਚਿੰਤਨ ਕਰੇ] ਤਾਂ ਤਿਸ ਉੱਚੇ ਪਰਮੇਸ਼ਰ ਨੂੰ ਉਹ ਜਾਣਦਾ ਹੈ।

ਜੇਵਡੁ ਆਪਿ ਜਾਣੈ ਆਪਿ ਆਪਿ॥

ਜੇਡਾ ਵੱਡਾ ਪਰਮੇਸ਼ਰ ਆਪ ਹੈ, ਉਤਨਾ ਵੱਡਾ ਆਪਣੇ ਆਪ ਨੂੰ ਉਹ ਪ੍ਰਮਾਤਮਾ ਆਪ ਹੀ ਜਾਣਦਾ ਹੈ, ਹੋਰ ਕੋਈ ਨਹੀਂ ਜਾਣ ਸਕਦਾ।

ਨਾਨਕ ਨਦਰੀ ਕਰਮੀ ਦਾਤਿ॥ ੨੪॥

ਗੁਰੂ ਜੀ ਕਹਿੰਦੇ ਹਨ-ਹੇ ਸਿੱਧੋ! ਉਹ ਨਦਰੀ=ਪ੍ਰਮਾਤਮਾਂ, ਕਰਮੀ=ਜੀਵਾਂ ਨੂੰ ਕਰਮਾਂ ਅਨੁਸਾਰ ਦਾਤ ਦੇਂਦਾ ਹੈ।

ਫਿਰ ਸਿੱਧਾਂ ਨੇ ਕਿਹਾ, "ਜੀਵ ਆਪਣੇ ਸਰੂਪ ਨੂੰ ਕਿਵੇਂ ਨਿਸਚੇ ਕਰੇ?"

ਤਾਂ ਗੁਰੂ ਜੀ ਨੇ ਫੁਰਮਾਇਆ -

ਜੇਵਡੁ ਆਪਿ ਜਾਣੈ ਆਪਿ ਆਪਿ॥
ਨਾਨਕ ਨਦਰੀ ਕਰਮੀ ਦਾਤਿ॥ ੨੪॥

ਨਦਰੀ=ਪ੍ਰਮਾਤਮਾਂ ਦੀ ਕਿਰਪਾ ਦ੍ਰਿਸ਼ਟੀ ਹੋਣ ਨਾਲ ਜਦ ਨਦਰੀ=ਸਤਿਗੁਰ ਦੇਵ ਜੀ ਮਿਲੇ ਤੇ ਸੇਵਾ ਕਰਨ ਨਾਲ ਉਹਨਾਂ ਦੀ ਕਰਮੀ=ਅਨੁਗ੍ਰਹੁ ਹੋਈ ਤਾਂ ਉਹਨਾਂ ਨੇ ਨਾਮ ਦੀ ਦਾਤ ਬਖਸ਼ੀ, ਤਿਸ ਵੇਲੇ ਜੇਡਾ ਵੱਡਾ ਆਪਣਾ ਸ੍ਵੈ-ਸਰੂਪ ਹੈ, ਤਿਸ ਆਪਣੇ ਸਰੂਪ ਨੂੰ ਆਪ ਜਾਣ ਲੈਂਦਾ ਹੈ॥ ੨੪॥

ਚੌਵੀਵੀਂ ਪਉੜੀ ਦੇ ੧੬੪ ਅੱਖਰ ਹਨ।

ਪੰਝੀਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ, "ਉਸ ਪਰਮਾਤਮਾ ਦਾ ਕਰਤੱਤ ਅਤੇ ਅਨੁਗ੍ਰਹੁ ਕੇਡਾ ਕੁ ਹੈ?" ਤਾਂ ਗੁਰੂ ਜੀ ਨੇ ਫੁਰਮਾਇਆ- "ਉਸ ਦੇ ਕਰਤੱਤਾਂ ਅਤੇ ਅਨੁਗ੍ਰਹੁ ਦਾ ਬਿਆਨ ਕਥਨ ਤੋਂ ਬਾਹਰ ਹੈ ਅਤੇ ਸਭ ਨਿਕਿਆਂ ਤੋਂ ਲੈ ਕੇ ਵੱਡਿਆਂ ਤੱਕ ਉਸ ਦਾਤੇ ਪਾਸੋਂ ਪਦਾਰਥ ਮੰਗ ਕੇ ਆਪਣੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਤੇ ਉਹ ਨਿਰੰਕਾਰ, ਬਿਨਾਂ ਕਿਸੇ ਲੋਭ ਲਾਲਚ ਦੇ ਸਭਨਾਂ ਨੂੰ ਦਾਤਾਂ ਦੇਂਦਾ ਹੈ।"

ਇਹ ਗੱਲ ਤੁਸੀਂ ਸੁਣਨਾ ਕਰੋ-

ਬਹੁਤਾ ਕਰਮੁ ਲਿਖਿਆ ਨਾ ਜਾਇ॥

ਹੇ ਸਿੱਧੋ! ਉਸ ਦਾ ਕਰਮੁ=ਕਰਤੱਤ ਵਾ ਅਨੁਗ੍ਰਹੁ ਬਹੁਤ ਸਾਰਾ ਹੈ, ਕਥਨ ਤੋਂ ਬਾਹਰ ਹੋਣ ਕਰਕੇ ਕਿਸੇ ਪਾਸੋਂ ਲਿਖਿਆ ਨਹੀਂ ਜਾਂਦਾ।

ਵਾ-ਲਿਖਿਆ=ਜਾਣਿਆਂ ਨਹੀਂ ਜਾਂਦਾ।

ਯਥਾ— "ਸਚੁ ਵਡਾਈ ਕੀਮ ਨ ਪਾਈ॥ ਕੁਦਰਤਿ ਕਰਮੁ ਨ ਕਹਣਾ ਜਾਈ॥"

[ਮਾਝ ਮਹਲਾ ੫, ਪੰਨਾ ੧੦੭]

ਭਾਵ - ਉਸ ਦੀ ਵਡਿਆਈ ਸੱਚੀ ਹੈ, ਉਸ ਦੀ ਕੀਮਤ ਨਹੀਂ ਪਾਈ ਜਾਂਦੀ। ਉਸ ਕੁਦਰਤੀ ਪ੍ਰਮਾਤਮਾ ਦਾ ਕਰਮੁ=ਕਰਤੱਬ ਵੀ ਕਿਹਾ ਨਹੀਂ ਜਾਂਦਾ।

ਪ੍ਰਸ਼ਨ-ਉਹ ਦਾਤਾ ਹੈ ਕਿ ਅਦਾਤਾ?

ਉੱਤਰ-ਉਹ ਨਿਰੰਕਾਰ ਸਭ ਦਾ ਦਾਤਾ ਹੈ।

ਪ੍ਰਸ਼ਨ-ਵੱਡਾ ਦਾਤਾ ਹੈ ਕਿ ਛੋਟਾ?

ਗੁਰ ਉੱਤਰ-

ਵਡਾ ਦਾਤਾ

ਉਹ ਨਿਰੰਕਾਰ ਸਭ ਤੋਂ ਵੱਡਾ ਦਾਤਾ ਹੈ।

ਯਥਾ— "ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ॥"

[ਵਾਰ ਮਲਾਰ, ਪੰਨਾ ੧੨੮੩]

ਤਥਾ— "ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ
ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ॥
ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ
ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਦੀ ਸਭ ਲੋਈ॥"

[ਬਿਹਾਗੜੇ ਕੀ ਵਾਰ, ਪੰਨਾ ੫੪੯]

ਤਥਾ—"ਵਡਾ ਦਾਤਾ ਤਿਲੁ ਨ ਤਮਾਇ॥ ਨਾਨਕ ਮਿਲੀਐ ਸਬਦੁ ਕਮਾਇ॥ ੪॥"

[ਬਸੰਤੁ ਮਹਲਾ ੩, ਪੰਨਾ ੧੧੭੪]

ਕਿਉਂਕਿ ਕਿਸੇ ਦੇ ਔਗੁਣ ਨੂੰ ਤੱਕ ਕੇ ਉਹ ਦਿਲ ਵਿਚ ਗੁੱਸਾ ਧਾਰ ਕੇ ਰੋਜ਼ੀ ਨੂੰ ਬੰਦ ਨਹੀਂ ਕਰਦਾ।

ਯਥਾ—"ਰੋਜ਼ੀ ਹੀ ਰਾਜ਼ ਬਿਲੋਕਤ ਰਾਜ਼ਕ ਰੋਖ ਰੂਹਾਨ ਕੀ ਰੋਜੀ ਨ ਟਾਰੈ॥ ੨॥"

[ਦਸਮ ਗ੍ਰੰਥ, ਪੰਨਾ ੩੪]

ਇਸ ਕਰਕੇ ਵੱਡਾ ਦਾਤਾ ਹੈ।

ਕਿਉਂਕਿ ਦੁਨੀਆਂ ਦੇ ਜੋ ਵੀ ਦਾਤੇ ਹਨ ਉਹ ਕਿਸੇ ਦੇ ਔਗੁਣ ਨੂੰ ਜਦ ਵੇਖਦੇ ਹਨ ਤਾਂ ਰੋਜ਼ੀ ਦੇਣੀ ਕਿਧਰੇ ਰਹੀ, ਬਲਕਿ ਇੰਜ ਆਖਦੇ ਹਨ ਇਸ ਨੂੰ ਮੈਂ ਉਥੇ ਮਾਰਾਂ ਜਿਥੇ ਇਸ ਨੂੰ ਪਾਣੀ ਵੀ ਨਾ ਮਿਲੇ।

ਸਾਖੀ—ਮੂਸੇ ਪੈਗੰਬਰ ਦੀ

ਇਕ ਦਿਨ ਮੂਸੇ ਨੇ ਖੁਦਾ ਅੱਗੇ ਬੇਨਤੀ ਕੀਤੀ, "ਤੁਸੀਂ ਜੋ ਇਠਨੀ ਖੇਚਲ ਕਰਦੇ ਹੋ, ਜੀਵਾਂ ਨੂੰ ਰੋਜ਼ੀ ਦੇਣ ਦਾ ਇਹ ਕੰਮ ਮੈਨੂੰ ਸੌਂਪ ਦਿਓ। ਮੈਂ ਸਾਰਿਆਂ ਨੂੰ ਰਿਜ਼ਕ ਦੇਵਾਂਗਾ।"

ਖੁਦਾ ਨੇ ਕਿਹਾ, "ਇਹ ਕੰਮ ਬਹੁਤ ਔਖਾ ਹੈ, ਤੇਰੇ ਪਾਸੋਂ ਨਿਭਣਾ ਮੁਸ਼ਕਲ ਹੈ।"

ਮੂਸੇ ਨੇ ਕਿਹਾ, "ਕੋਈ ਮੁਸ਼ਕਲ ਨਹੀਂ।"

ਖੁਦਾ ਨੇ ਉਸ ਦਾ ਹੰਕਾਰ ਤੋੜਨ ਵਾਸਤੇ ਕਿਹਾ, "ਚੱਛਾ ਅੱਜ ਤੂੰ ਸਾਰਿਆ ਨੂੰ ਰੋਜ਼ੀ ਦੇਹ।"

ਸਾਰਿਆਂ ਨੂੰ ਰਿਜ਼ਕ ਦੇਂਦਿਆਂ ਦੇਂਦਿਆਂ ਜਦ ਮੂਸੇ ਨੇ ਦੇਖਿਆ ਕਿ ਇਕ ਪੁਰਸ਼ ਆਪਣੇ ਮਨ ਦੀ ਮੰਦ ਖਾਹਿਸ਼ ਨਾਲ ਮੋਈ ਹੋਈ ਇਸਤ੍ਰੀ ਨੂੰ ਕਬਰ ਪੁੱਟਕੇ ਕੱਢ ਰਿਹਾ ਸੀ ਤਾਂ ਪੈਗੰਬਰ ਜੀ ਦੇ ਮਨ ਵਿਚ ਬੜਾ ਗੁੱਸਾ ਆਇਆ। ਆਪਣੇ ਕੀਤੇ ਬਚਨਾਂ ਨੂੰ ਭੁੱਲ ਗਿਆ। ਮਨ ਵਿਚ ਰੋਸ ਆਇਆ ਤੇ ਵਿਚਾਰਿਆ ਕਿ ਇਸ ਨੀਚ ਖਿਆਲਾਂ ਵਾਲੇ ਪੁਰਸ਼ ਨੂੰ ਰੋਜ਼ੀ ਦੇਣੀ ਠੀਕ ਨਹੀਂ। ਅੱਜ ਇਸ ਨੂੰ ਭੁੱਖਿਆਂ ਰੱਖ ਕੇ ਸਜ਼ਾ ਦੇਣੀ ਚਾਹੀਦੀ ਹੈ। ਸੋ ਉਸ ਨੂੰ ਰੋਜ਼ੀ ਨਾ ਦਿੱਤੀ। ਜਦ ਵਿਹਲਾ ਹੋ ਕੇ ਖੁਦਾ ਪਾਸ ਗਿਆ ਤਾਂ ਖੁਦਾ ਨੇ ਪੁੱਛਿਆ, "ਸਾਰਿਆਂ ਨੂੰ ਰੋਜ਼ੀ ਦੇ ਆਇਆ ਹੈਂ?" ਤਾਂ ਮੂਸੇ ਨੇ ਕਿਹਾ, "ਹਾਂ ਜੀ, ਦੇ ਆਇਆ ਹਾਂ।"

ਖੁਦਾ ਨੇ ਜਦ ਆਪਣੀ ਦਿਬ ਦ੍ਰਿਸ਼ਟੀ ਨਾਲ ਵੇਖਿਆ ਤਾਂ ਇਕ ਮੰਦ ਪੁਰਸ਼ ਨੂੰ ਰੋਜ਼ੀ ਨ ਦਿੱਤੀ ਵੇਖ ਕੇ ਕਿਹਾ, "ਮੂਸਿਆ! ਫਲਾਣੇ ਜੀਵ ਨੂੰ ਤੂੰ ਰੋਜ਼ੀ ਨਹੀਂ ਦਿੱਤੀ। ਤਾਂ ਮੂਸੇ ਨੇ ਕਿਹਾ, "ਉਹ ਤਾਂ ਬੜਾ ਪਾਪੀ ਸੀ।" ਖੁਦਾ ਨੇ ਕਿਹਾ, "ਜੇ ਮੈਂ ਇਸ ਤਰ੍ਹਾ ਜੀਵਾਂ ਦੇ ਗੁਣ ਔਗੁਣ ਵੇਖ ਕੇ ਰੋਜ਼ੀ ਦੇਵਾਂ ਤਾਂ ਸਾਰੇ ਭੁੱਖੇ ਮਰ ਜਾਣ।" ਕਿਉਂਕਿ-*

**ਹੈਂ ਗੁਣ ਔਗੁਣ ਸਭ ਵਿਖੇ ਇਨ ਬਿਨ ਜੰਤ ਨ ਕੋਇ।*
ਮ੍ਰਿਦ ਸੁਗੰਧ ਸੁੰਦਰ ਅਮਰ ਪਰ ਕੰਟਕ ਭੀ ਹੋਇ॥ ੨੫॥*

(ਸਾਰੁਕਤਾਵਲੀ ਅਧਿ: ੧੧)

* ਕਮਲ

ਨਾਲੇ ਅੰਨ ਦਾ ਅਧਿਕਾਰੀ ਸਭ ਕੋਈ ਹੈ। ਅੰਨ ਦੇਣ ਲੱਗਿਆਂ ਕਿਸੇ ਦੇ ਔਗੁਣ ਨਾ ਦੇਖੋ।

ਗੁਰੂ ਜੀ ਆਖਦੇ ਹਨ ਉਹ ਪਰਮੇਸ਼ਰ ਕਿਸੇ ਦੇ ਔਗੁਣਾਂ ਨੂੰ ਦੇਖਦਾ ਹੀ ਨਹੀਂ ਇਸ ਕਰਕੇ ਉਹ ਵੱਡਾ ਦਾਤਾ ਹੈ।

ਫਿਰ ਸਿੱਧਾਂ ਨੇ ਕਿਹਾ, "ਜਿਵੇਂ ਸੰਸਾਰੀ ਦਾਤੇ ਦਾਤਾਂ ਦਿੰਦਿਆਂ ਦਿੰਦਿਆਂ ਤਮੋ ਗੁਣੀ [ਗੁੱਸੇ] ਹੋ ਜਾਂਦੇ ਹਨ ਪ੍ਰਮੇਸ਼ੁਰ ਵੀ ਉਸੇ ਤਰ੍ਹਾਂ ਤਮੋ ਗੁਣੀ ਹੋ ਜਾਂਦਾ ਹੋਵੇਗਾ?'

ਤਾਂ ਗੁਰੂ ਜੀ ਨੇ ਕਿਹਾ, 'ਹੇ ਸਿੱਧੋ!'

ਤਿਲੁ ਨ ਤਮਾਇ॥

ਉਸ ਦੇ ਵਿਚ ਤਿਲ ਜਿੰਨਾਂ ਭਾਵ ਰੰਚਕ ਮਾਤਰ ਵੀ ਤਮੋਗੁਣ ਨਹੀਂ ਆਉਂਦਾ।

ਯਥਾ—"ਆਪੇ ਮਾਰਿ ਜੀਵਾਲੇ ਆਪੇ ਤਿਸ ਨੋ ਤਿਲੁ ਨ ਤਮਾਈ॥ ੭॥"

[ਰਾਮਕਲੀ ਮਹਲਾ ੩, ਪੰਨਾ ੯੧੨]

ਤਥਾ—"ਹਰਿ ਜੀਉ ਦਾਤਾ ਅਗਮ ਅਥਾਹਾ॥ ਓਸੁ ਤਿਲੁ ਨ ਤਮਾਇ ਵੇਪਰਵਾਹਾ॥"

[ਮਾਰੂ ਮਹਲਾ ੩, ਪੰਨਾ ੧੦੬੨]

ਤਥਾ—"ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ ਜਿਸ ਨੋ ਤਿਲੁ ਨ ਤਮਾਏ॥"

[ਬਿਹਾਗੜਾ ਵਾਰ, ਪੰਨਾ ੫੫੪]

ਫੇਰ ਸਿੱਧਾਂ ਨੇ ਕਿਹਾ, "ਜੋ ਸੰਸਾਰੀ ਦਾਤੇ ਹਨ ਉਹ ਅਗਿਆਨੀ ਹੁੰਦੇ ਹਨ, ਪ੍ਰਮੇਸ਼ੁਰ ਵੀ ਉਸੇ ਤਰ੍ਹਾਂ ਹੋਵੇਗਾ?"

ਤਾਂ ਗੁਰੂ ਜੀ ਨੇ ਫੁਰਮਾਇਆ-

[ਤਿਲੁ ਨ ਤਮਾਇ॥] ਹੇ ਸਿੱਧੋ! ਉਸ ਵਿਚ ਤਿਲ ਮਾਤ੍ਰ ਵੀ ਅਗਿਆਨ ਰੂਪ ਤਮਾਇ=ਤਮ+ਆਇ=[ਤਮ] ਹਨੇਰਾ ਨਹੀਂ ਆਉਂਦਾ।

ਫਿਰ ਸਿੱਧਾਂ ਨੇ ਕਿਹਾ, "ਸੰਸਾਰੀ ਦਾਤੇ ਜਦ ਵੀ ਦਾਨ ਦਿੰਦੇ ਹਨ ਤਾਂ ਕੋਈ ਨਾ ਕੋਈ ਖਾਹਿਸ਼ ਰੱਖ ਕੇ ਦਿੰਦੇ ਹਨ, ਪ੍ਰਮੇਸ਼ੁਰ ਵੀ ਖਾਹਿਸ਼ ਰੱਖ ਕੇ ਦੇਂਦਾ ਹੋਵੇਗਾ?"

ਤਾਂ ਗੁਰੂ ਸਾਹਿਬ ਜੀ ਨੇ ਕਿਹਾ-

[ਤਿਲੁ ਨ ਤਮਾਇ॥] ਹੇ ਸਿੱਧੋ! ਉਸਨੂੰ ਤਿਲ ਮਾਤਰ ਵੀ ਤਮਾਇ=ਖਾਹਿਸ਼ ਨਹੀਂ ਹੈ। ਉਹ ਤਾਂ ਸਗੋਂ ਸਭ ਦੀਆਂ ਮੁਰਾਦਾਂ ਪੂਰੀਆਂ ਕਰਦਾ ਹੈ।

ਪ੍ਰਸ਼ਨ - ਜਿਹੜੇ ਦਾਤੇ ਲੋਕ ਹੁੰਦੇ ਹਨ ਉਹਨਾਂ ਦੇ ਦਰਵਾਜ਼ਿਆਂ ਪਰ ਜਾ ਕੇ ਜਿਵੇਂ ਹਰ ਇਕ ਸੁਆਲੀ ਲੋਕ ਆਪਣੀ ਲੋੜ ਅਨੁਸਾਰ ਵਸਤੂ ਮੰਗ ਕੇ ਮੁਰਾਦ ਨੂੰ ਹਾਸਲ ਕਰਦੇ ਹਨ ਐਸੇ ਉਸ ਪ੍ਰਮੇਸ਼ੁਰ ਦਾਤੇ ਪਾਸੋਂ ਵੀ ਕੋਈ ਸੁਆਲੀ ਪੁਰਸ਼ ਮੁਰਾਦ ਮੰਗਦਾ ਹੈ ਜਾਂ ਨਹੀਂ?

ਤਾਂ ਗੁਰੂ ਜੀ ਨੇ ਫੁਰਮਾਇਆ-

ਕੇਤੇ ਮੰਗਹਿ ਜੋਧ ਅਪਾਰ॥

੧. ਹੇ ਸਿੱਧੋ! ਅਪਾਰ=ਬੇਅੰਤ ਰੂਪ ਪ੍ਰਮਾਤਮਾ ਪਾਸੋਂ ਕਿਤਨੇ ਹੀ ਜੰਗੀ ਪੁਰਸ਼ ਅਪਾਰ=ਬੇਅੰਤ

ਜੋਧ=ਸੂਰਮਤਾਈਆਂ ਨੂੰ ਮੰਗਦੇ ਹਨ। ਕਿਉਂਕਿ ਜੰਗੀ ਪੁਰਸ਼ਾਂ ਨੂੰ ਜੰਗ ਕਰਨ ਦਾ ਹੀ ਸ਼ੌਕ ਹੁੰਦਾ ਹੈ।

੨. ਕਿਤਨੇ ਹੀ ਪੁਰਸ਼ ਜੋਧ ਨਾਮ ਜੋਦੜੀਆਂ ਭਾਵ ਸੇਵਾ ਟਹਿਲ, ਅਥਵਾ ਜਪ ਤਪ ਰੂਪ ਜੋਦੜੀ ਮੰਗਦੇ ਹਨ ਉਹਨਾਂ ਨੂੰ ਅਪਾਰ=ਪ੍ਰਮਾਤਮਾ ਓਹੀ ਦੇਂਦਾ ਹੈ।

੩. ਕਿਤਨੇ ਹੀ ਗੁਰਸਿੱਖੀ ਦੇ ਪਿਆਰ ਵਾਲੇ ਗੁਰਮੁਖ ਪੁਰਸ਼! ਕਾਮ ਆਦਿਕ ਜੋਧਿਆਂ ਦਾ ਅਭਾਵ ਕਰਨਾ ਮੰਗਦੇ ਹਨ। ਉਹਨਾਂ ਨੂੰ ਪ੍ਰਮਾਤਮਾ ਓਹੀ ਦੇਂਦਾ ਹੈ।

ਇਹ ਕਾਮ ਕ੍ਰੋਧ ਆਦਿਕ ਵਡੇ ਭਾਰੀ ਜੋਧੇ ਹਨ, ਇਨ੍ਹਾਂ ਦਾ ਜ਼ਿਕਰ ਪੰਚਮ ਪਿਤਾ ਜੀ ਨੇ ਆਸਾ ਰਾਗ ਵਿਚ ਇਸ ਤਰ੍ਹਾਂ ਕੀਤਾ ਹੈ-

"ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ॥ ੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥ ੧॥ ਰਹਾਉ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ॥"

[ਆਸਾ ਮਹਲਾ ੫, ਪੰਨਾ ੪੦੪]

ਕੇਤਿਆ ਗਣਤ ਨਹੀ ਵੀਚਾਰੁ॥

੧. ਹੇ ਸਿੱਧੋ! ਕਈ ਉਸ ਦੇ ਦਰ ਤੋਂ ਵੀਚਾਰ ਕਰਨਾ ਮੰਗਦੇ ਹਨ ਪਰ ਉਹਨਾਂ ਦੀ ਗਿਣਤੀ ਕੋਈ ਨਹੀਂ ਜੋ ਕਿੰਨੇ ਕੁ ਵੀਚਾਰ ਨੂੰ ਮੰਗਦੇ ਹਨ। ਪ੍ਰਮਾਤਮਾ ਉਹਨਾਂ ਨੂੰ ਵੀਚਾਰ ਕਰਨਾ ਹੀ ਦੇਂਦਾ ਹੈ।

੨. ਕਈ ਮੂਰਖ ਵੀਚਾਰ ਨੂੰ ਨਹੀਂ ਮੰਗਦੇ ਉਹਨਾਂ ਦੀ ਵੀ ਕੁਝ ਗਿਣਤੀ ਨਹੀਂ, ਪ੍ਰਮਾਤਮਾ ਉਹਨਾਂ ਨੂੰ ਅਵਿਚਾਰ ਹੀ ਦੇਂਦਾ ਹੈ।

੩. *"ਕੇਤਿਆ ਗਣਤਨ ਹੀ ਵੀਚਾਰੁ॥"*

ਕਈ ਪੁਰਸ਼ ਗਣਤਨ=ਗਿਣਤੀ ਕਰਨ ਦਾ ਵੀਚਾਰ ਭਾਵ ਜੋਤਸ਼ ਵਿਦਿਆ ਦਾ ਵੀਚਾਰ ਮੰਗਦੇ ਹਨ ਉਹਨਾਂ ਨੂੰ ਪ੍ਰਮਾਤਮਾ ਓਹੀ ਜੋਤਸ਼ ਦਾ ਵਿਚਾਰ ਦੇਂਦਾ ਹੈ।

ਕੇਤੇ ਖਪਿ ਤੁਟਹਿ ਵੇਕਾਰ॥

੧. ਹੇ ਸਿੱਧੋ! ਕਿਤਨੇ ਹੀ ਜੀਵ ਵਿਸ਼ੇ ਵਿਕਾਰਾਂ ਨੂੰ ਮੰਗਦੇ ਹਨ ਕਿ ਇਨ੍ਹਾਂ ਦੇ ਵਿਚ ਹੀ ਖਪ ਕਰਕੇ ਟੁੱਟ ਜਾਈਏ, ਹੁਟ ਜਾਈਏ ਭਾਵ ਹਾਰ ਜਾਈਏ। ਉਨ੍ਹਾਂ ਨੂੰ ਪ੍ਰਮੇਸ਼ੁਰ ਵਿਕਾਰਾਂ ਵਿਚ ਹੀ ਖ਼ਪਣਾ ਦੇਂਦਾ ਹੈ।

੨. ਕਿਤਨੇ ਹੀ ਗੁਰਸਿੱਖੀ ਦੇ ਪਿਆਰ ਵਾਲੇ ਗੁਰਮੁਖ-ਜਨ ਵਿਸ਼ੇ ਵਿਕਾਰ ਜੋ ਖਪਾਉਣ ਵਾਲੇ ਹਨ ਇਹਨਾਂ ਦਾ ਟੁੱਟਣਾ ਅਰਥਾਤ ਅਭਾਵ ਕਰਨਾ ਮੰਗਦੇ ਹਨ, ਉਹਨਾਂ ਨੂੰ ਵੀ ਪ੍ਰਮੇਸ਼ਰ ਓਹੀ ਦੇਂਦਾ ਹੈ।

ਕੇਤੇ ਲੈ ਲੈ ਮੁਕਰੁ ਪਾਹਿ॥

੧. ਕਿਤਨੇ ਹੀ ਜੀਵ ਸੰਸਾਰ ਵਿਚ ਐਸੇ ਹਨ ਜੋ ਦੂਜਿਆਂ ਪਾਸੋਂ ਚੀਜ਼ਾ ਲੈ ਲੈ ਕੇ,ਮੁੱਕਰ ਪੈਂਦੇ ਹਨ ਕਿ ਅਸੀਂ ਤਾਂ ਕੁਝ ਵੀ ਨਹੀਂ ਲੀਤਾ।

ਯਥਾ—"ਦੇਦੇ ਤੋਟਿ ਨ ਆਵੈ ਸਾਚੇ॥ ਲੈ ਲੈ ਮੁਕਰਿ ਪਉਦੇ ਕਾਚੇ॥"

[ਮਾਰੂ ਸੋਲਹੇ ਮਹਲਾ ੧, ਪੰਨਾ ੧੦੨੪]

ਜਿਵੇਂ-ਮਾਲਾ ਸਿੰਘ ਪਾਸੋਂ ਸੌ ੧੦੦)= ਰੁਪਿਆ ਲੈ ਕੇ ਲਾਹੌਰਾ ਸਿੰਘ ਮੁਕਰ ਗਿਆ ਸੀ।

ਸਾਖੀ ਪਹਿਲੀ—ਲਾਹੌਰਾ ਸਿੰਘ ਤੇ ਮਾਲਾ ਸਿੰਘ ਦੀ

ਲਾਹੌਰਾ ਸਿੰਘ ਤੇ ਮਾਲਾ ਸਿੰਘ ਇਹ ਦੋਨੋਂ ਕਲਗੀਧਰ ਜੀ ਦੇ ਸਿੱਖ ਸਨ। ਹਰ ਸਾਲ ਦੇ ਸਾਲ ਹੋਲੇ ਮਹੱਲੇ ਪਰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਦਰਸ਼ਨ ਕਰਦੇ ਹੁੰਦੇ ਸਨ। ਉਥੇ ਹੀ ਇਨ੍ਹਾਂ ਦਾ ਆਪਸ ਵਿਚ ਪ੍ਰੇਮ ਭਾਵ ਹੋ ਗਿਆ।

ਇਕ ਵਾਰ ਲਾਹੌਰਾ ਸਿੰਘ ਨੇ ਕਿਹਾ, "ਮੈਨੂੰ ਕੁਝ ਰੁਪਿਆਂ ਦੀ ਲੋੜ ਹੈ ਜੇ ਤੂੰ ਕਿਰਪਾ ਕਰਕੇ ਦੇ ਦੇਵੇਂ ਤਾਂ ਮੇਰਾ ਕਲੇਸ਼ ਕੱਟਿਆ ਜਾਵੇਗਾ।" ਮਾਲਾ ਸਿੰਘ ਨੇ ਉਸੀ ਵੇਲੇ ਸੌ ਰੁਪਿਆ ਦੇ ਕੇ ਇਹ ਗੱਲ ਨਾਲ ਕਹਿ ਦਿੱਤੀ ਕਿ ਤੂੰ ਆਪਣੇ ਆਪ ਛੇਤੀ ਪਹੁੰਚਾ ਦੇਵੀਂ।" ਉਸ ਨੇ ਕਿਹਾ, "ਚੰਗਾ, ਛੇਤੀ ਹੀ ਦੇ ਭੇਜਾਂਗਾ।"

ਸਮਾਂ ਲੰਘਦਿਆਂ ਲੰਘਦਿਆਂ ਸਾਲ ਗੁਜ਼ਰ ਗਿਆ। ਫਿਰ ਇਨ੍ਹਾਂ ਦੋਹਾਂ ਦਾ ਸ੍ਰੀ ਅਨੰਦਪੁਰ ਮਿਲਾਪ ਹੋਇਆ। ਮਾਲਾ ਸਿੰਘ ਨੇ ਰੁਪਏ ਮੰਗੇ ਹੁਣ ਤਾਂ ਸਾਲ ਗੁਜ਼ਰ ਗਿਆ ਹੈ ਤੂੰ ਰੁਪਏ ਪਹੁੰਚਾਏ ਨਹੀਂ ਹਨ। ਲਾਹੌਰਾ ਸਿੰਘ ਨੇ ਕਿਹਾ, "ਤਿਆਰ ਨਹੀਂ ਹੋ ਸਕੇ, ਐਤਕੀ ਭੇਜ ਦਿਆਂਗਾ।" ਓਥੋਂ ਤਾਂ ਪੱਲਾ ਛੁਡਾ ਕੇ ਆ ਗਿਆ ਪਰ ਆ ਕੇ ਫਿਰ ਵੀ ਇਸ ਨੇ ਪ੍ਰਵਾਹ ਨਾ ਕੀਤੀ।

ਅੱਗੇ ਵਾਂਗ ਫਿਰ ਸਾਲ ਪੱਕਾ ਗੁਜ਼ਰ ਗਿਆ, ਫਿਰ ਇਹਨਾਂ ਦਾ ਸ੍ਰੀ ਅਨੰਦਪੁਰ ਹੀ ਮਿਲਾਪ ਹੋਇਆ। ਮਾਲਾ ਸਿੰਘ ਨੇ ਫਿਰ ਮੰਗੇ ਫਿਰ ਵੀ ਇਸ ਨੇ ਟਾਲਮ-ਟੋਲਾ ਕਰ ਦਿੱਤਾ।

ਚੌਥੇ ਸਾਲ ਫਿਰ ਮੰਗੇ ਤਾਂ ਲਾਹੌਰਾ ਸਿੰਘ ਨੇ ਕਿਹਾ, "ਤੂੰ ਮੈਨੂੰ ਕਦੋਂ ਦਿੱਤੇ ਸਨ? ਜਾਹ ਮੇਰੇ ਪਾਸ ਕੋਈ ਨਹੀਂ ਹਨ।" ਸਾਫ਼ ਹੀ ਮੁੱਕਰ ਗਿਆ ਤਾਂ ਮਾਲਾ ਸਿੰਘ ਨੇ ਕਿਹਾ, "ਇਹ ਹਿਸਾਬ ਤੈਨੂੰ ਦੇਣਾ ਪਵੇਗਾ।" ਤਾਂ ਲਾਹੌਰਾ ਸਿੰਘ ਨੇ ਕਿਹਾ -

"ਲੇਖਾ ਕੋਇ ਨ ਪੁਛਈ ਜਾ ਗੁਰ ਬਖਸੰਦਾ॥"

ਤਾਂ ਮਾਲਾ ਸਿੰਘ ਨੇ ਕਲਗੀਧਰ ਪਾਤਸ਼ਾਹ ਜੀ ਪਾਸ ਬੇਨਤੀ ਕੀਤੀ ਕਿ ਲਾਹੌਰਾ ਸਿੰਘ ਨੇ ਮੇਰੇ ਪਾਸੋਂ ੧੦੦ ਰੁਪਿਆ ਲੀਤਾ ਸੀ, ਹੁਣ ਮੁੱਕਰ ਗਿਆ ਹੈ ਤੇ ਆਖਦਾ ਹੈ-

"ਲੇਖਾ ਕੋਇ ਨ ਪੁਛਈ ਜਾ ਗੁਰ ਬਖਸੰਦਾ॥"

ਉਸੇ ਵੇਲੇ ਕਲਗੀਧਰ ਜੀ ਨੇ ਬੁਲਾਕੇ ਕਿਹਾ, "ਭਾਈ! ਤੂੰ ਇਹ ਚੰਗਾ ਕੰਮ ਨਹੀਂ ਕੀਤਾ, ਇਕ ਤਾਂ ਰੁਪਏ ਲੈ ਕੇ ਮੁੱਕਰ ਗਿਆ ਹੈਂ ਤੇ ਦੂਜਾ ਗੁਰੂ ਸਾਹਿਬ ਜੀ ਦੀ ਤੁਕ ਬਦਲ ਦਿੱਤੀ ਹੈ। ਭਲਾ ਮਾਣਸ ਬਣ ਕੇ ਰੁਪਏ ਜਲਦੀ ਵਾਪਸ ਕਰ ਦੇਹ, ਇਸੇ ਵਿਚ ਹੀ ਤੇਰੀ ਭਲਾਈ ਹੈ। ਦੂਸਰਾ ਜੇ ਤੂੰ ਕਹਿੰਦਾ ਹੈਂ ਗੁਰੂ ਜੀ ਬਖਸ਼ ਲੈਣਗੇ, ਸੋ ਅਜਿਹਾ ਕਦਾਚਿਤ ਨਹੀਂ ਹੋਇਗਾ। ਗੁਰੂ ਦਾ ਤਾਂ ਆਪਣਾ ਫੁਰਮਾਨ ਹੈ-

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"

[ਮਾਝ ਵਾਰ ਮਹਲਾ ੧, ਪੰਨਾ ੧੪੧]

ਤੇਰਾ ਭਲਾ ਏਸੇ ਵਿਚ ਹੈ ਜੋ ਤੂੰ ਦੇ ਦੇਵੇਂ। ਉਸ ਵੇਲੇ ਹੁਕਮ ਮੰਨ ਕੇ ਲਾਹੌਰਾ ਸਿੰਘ ਨੇ ਕਿਹਾ, "ਸਤ ਬਚਨ ਜੀ।"

ਫਿਰ ਗੁਰੂ ਜੀ ਨੇ ਕਿਹਾ, "ਭਾਈ ਗੁਰਬਾਣੀ ਦਾ ਪਾਠ ਵੀ ਸ਼ੁੱਧ ਕੀਤਾ ਕਰੋ। ਸ਼ੁੱਧ ਪਾਠ ਇਸ ਤਰ੍ਹਾਂ ਹੈ-

"ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥
ਲੇਖਾ ਕੋਇ ਨ ਪੁਛਈ ਜਾ "ਹਰਿ" ਬਖਸੰਦਾ॥

[ਮਾਰੂ ਵਾਰ, ਪੰਨਾ ੧੦੯੬]

ਸਾਖੀ ਦੂਜੀ—ਸੁਥਰੇ ਸ਼ਾਹ ਦੀ

ਜੋ ਕਲਗੀਧਰ ਪਾਤਸ਼ਾਹ ਜੀ ਦੇ ਪਾਸ ਰਹਿਕੇ ਹਾਸ-ਰਸ ਦੀਆਂ ਕਵਿਤਾਵਾਂ ਸੁਣਾ ਕੇ ਦਸਮ ਪਿਤਾ ਜੀ ਦੀ ਪ੍ਰਸੰਨਤਾ ਪ੍ਰਾਪਤ ਕਰਦਾ ਹੁੰਦਾ ਸੀ।

ਇਕ ਹਲਵਾਈ ਦੀ ਦੁਕਾਨ ਤੋਂ ਰੋਜ਼ਾਨਾ ਦੋ ਵੇਲੇ ਦੁੱਧ, ਦਹੀਂ, ਲੱਸੀ, ਪੇੜੇ ਵਗੈਰਾ ਖਾ ਪੀ ਆਉਂਦਾ ਸੀ। ਜਿਤਨਾ ਇਹ ਖਾ ਆਵੇ ਉਤਨਾ ਉਹ ਵਹੀ ਪਰ ਲਿਖ ਲੈਂਦਾ ਸੀ। ਗੁਰੂ ਸਾਹਿਬ ਜੀ ਦਾ ਆਦਮੀ ਸਮਝਕੇ ਦੁਕਾਨਦਾਰ ਇਸ ਨੂੰ ਸੌਦਾ ਦੇਂਦਾ ਜਾਵੇ। ਜਦ ਕਈ ਮਹੀਨੇ ਗੁਜ਼ਰ ਗਏ ਲੇਖਾ ਬਹੁਤ ਹੋ ਗਿਆ ਤਾਂ ਹਲਵਾਈ ਨੇ ਇਸ ਪਾਸੋਂ ਰੁਪਏ ਮੰਗੇ ਕਿ ਮੈਨੂੰ ਬਹੁਤ ਜ਼ਰੂਰਤ ਹੈ ਅੱਜ ਰੁਪਏ ਜ਼ਰੂਰ ਲਿਆ ਦੇਹ।

ਸੁਥਰੇ ਨੇ ਕਿਹਾ - "ਰੁਪਏ ਕਿਹੜੇ?"

ਹਲਵਾਈ ਨੇ ਆਖਿਆ, 'ਜਿਹੜਾ ਰੋਜ਼ ਦੁੱਧ, ਦਹੀਂ ਲੱਸੀ, ਪੇੜੇ ਵਗੈਰਾ ਖਾਂਦਾ ਪੀਂਦਾ ਰਿਹਾ ਹੈਂ, ਉਸ ਬਾਬਤ ਅੱਜ ਲੇਖਾ ਚੁਕਾ ਦੇਹ।'

ਸੁਥਰਾ ਸ਼ਾਹ ਮੁੱਕਰ ਹੀ ਗਿਆ ਕਿ ਮੈਂ ਕੋਈ ਸੌਦਾ ਤੇਰੇ ਪਾਸੋਂ ਨਹੀਂ ਲੀਤਾ।

ਉਸ ਵੇਲੇ ਹਲਵਾਈ ਨੇ ਗੁਰੂ ਜੀ ਪਾਸ ਆ ਕੇ ਸ਼ਕਾਇਤ ਕੀਤੀ ਕਿ ਤੁਹਾਡਾ ਪ੍ਰੇਮੀ ਸੁਥਰਾ ਰੋਜ਼ ਦੁੱਧ ਦਹੀਂ ਵਗੈਰਾ ਪੀਂਦਾ ਰਿਹਾ ਹੈ, ਇਹ ਉਸ ਦਾ ਹਿਸਾਬ ਵਹੀ ਪਰ ਲਿਖਿਆ ਹੋਇਆ ਹੈ, ਅੱਜ ਉਸ ਪਾਸੋਂ ਰੁਪਏ ਮੰਗੇ ਹਨ ਤਾਂ ਉਹ ਮੁੱਕਰ ਹੀ ਗਿਆ ਹੈ, ਆਪ ਕਿਰਪਾ ਕਰਕੇ ਪੈਸੇ ਦਿਵਾ ਦਿਓ।

ਉਸੀ ਵੇਲੇ ਹਜ਼ੂਰ ਨੇ ਸੁਥਰੇ ਨੂੰ ਆਪਣੇ ਪਾਸ ਬੁਲਾ ਕੇ ਪੁੱਛਿਆ, "ਸੁਥਰਿਆ! ਇਹ ਦੁਕਾਨਦਾਰ ਕੀ ਆਖਦਾ ਹੈ, ਤੇਰੇ ਪਾਸੋਂ ਰੁਪਏ ਮੰਗਦਾ ਹੈ।"

ਸੁਥਰੇ ਨੇ ਕਿਹਾ, "ਹਜ਼ੂਰ! ਮੈਂ ਇਸ ਦੇ ਪਾਸੋਂ ਕੁਝ ਨਹੀਂ ਲੀਤਾ।" ਤਾਂ ਗੁਰੂ ਜੀ ਨੇ ਕਿਹਾ, "ਇਸ ਦੀ ਵਹੀ ਤੋਂ ਸਬੂਤ ਹੋ ਰਿਹਾ ਹੈ ਕਿ ਇਸ ਪਾਸੋਂ ਦੁੱਧ ਵਗੈਰਾ ਛਕਦਾ ਰਿਹਾ ਹੈਂ।" ਤਾਂ ਸੁਥਰੇ ਨੇ ਕਿਹਾ, 'ਮਹਾਰਾਜ! ਮੈਂ ਆਪ ਦੇ ਹੁਕਮ ਨੂੰ ਵਜਾਇਆ ਹੈ।' ਗੁਰੂ ਜੀ ਨੇ ਕਿਹਾ, "ਸਾਡਾ ਹੁਕਮ ਕਿਸ ਤਰ੍ਹਾਂ ਵਜਾਇਆ ਹੈ?"

ਸੁਥਰੇ ਨੇ ਕਿਹਾ, "ਆਪ ਜੀ ਦਾ ਹੁਕਮ ਹੈ ਸ੍ਰੀ ਜਪੁਜੀ ਸਾਹਿਬ ਦਾ ਹਰ ਰੋਜ਼ ਪਾਠ ਕਰਨਾ, ਉਹ ਮੈਂ ਕਰਦਾ ਹਾਂ, ਉਸ ਵਿਚ ਲਿਖਿਆ ਹੈ-

"ਕੇਤੇ ਲੈ ਲੈ ਮੁਕਰੁ ਪਾਹਿ॥"

ਸੋ ਮੈਂ ਇਸ ਤੁਕ ਨੂੰ ਸਫਲਾ ਕੀਤਾ ਹੈ। ਤਾਂ ਗੁਰੂ ਜੀ ਨੇ ਕਿਹਾ, "ਅਗਲੀ ਤੁਕ ਵੀ ਪੜ੍ਹ! ਉਹ ਕੀ ਕਹਿੰਦੀ ਹੈ" ਤਾਂ ਸੁਥਰੇ ਨੇ ਇਹ ਆਖ ਕੇ ਸਾਰਿਆਂ ਨੂੰ ਹਸਾ ਦਿੱਤਾ ਕਿ ਮਹਾਰਾਜ! ਉਹ ਤੁਕ ਕਿਸੇ ਹੋਰ ਸਿੱਖ ਦੇ ਹਿੱਸੇ ਆ ਜਾਵੇਗੀ, ਇਤਨੇ ਸਿੱਖ ਆਪ ਜੀ ਦੇ ਪਾਸ ਬੈਠੇ ਹਨ ਇਕ ਇਕ ਤੁਕ ਵੰਡੇ ਤਾਂ ਭੀ ਸਭ ਦੇ ਹਿੱਸੇ ਆਉਣੀ ਮੁਸ਼ਕਲ ਹੈ। ਮੇਰੇ ਲਈ ਏਹੋ ਇਕ ਤੁਕ ਰਹਿਣ ਦਿਓ।

ਉਸ ਵੇਲੇ ਗੁਰੂ ਜੀ ਨੇ ਖਜ਼ਾਨਚੀ ਨੂੰ ਸੱਦ ਕੇ ਆਪਣੇ ਖਜ਼ਾਨੇ ਵਿਚੋਂ ਉਸ ਨੂੰ ਰੁਪਏ ਦਿਵਾ ਦਿੱਤੇ ਅਤੇ ਸੁਥਰੇ ਨੂੰ ਅੱਗੋਂ ਵਾਸਤੇ ਤਾੜਨਾ ਕਰ ਦਿੱਤੀ*।

੨. ਕਿਤਨੇ ਹੀ ਬੇਮੁਖ ਪੁਰਸ਼ ਪਰਮੇਸ਼ਰ ਪਾਸੋਂ ਦਾਤਾਂ ਲੈ ਲੈ ਕਰਕੇ ਮੁੱਕਰ ਪੈਂਦੇ ਹਨ। ਜੇ ਇਕ ਪੁੱਤਰ ਨਹੀਂ ਦਿੱਤਾ ਤਾਂ ਹੋਰ ਸਭ ਦਾਤਾਂ ਦਿੱਤੀਆਂ ਹੋਈਆਂ ਨੂੰ ਭੁਲਾ ਕੇ ਆਖਦੇ ਹਨ ਕਿ ਸਾਨੂੰ ਰੱਬ ਨੇ ਕੀ ਦਿੱਤਾ ਹੈ?

੩. ਕਿਤਨੇ ਹੀ ਗੁਰਮੁਖ ਮਹਾਤਮਾ ਵੇਦ ਸ਼ਾਸ਼ਤ੍ਰ ਰੂਪ ਮੁਕਰੁ=ਸ਼ੀਸ਼ੇ ਨੂੰ ਲੈ ਕੇ ਪ੍ਰਮੇਸ਼ਰ ਵਿਚ ਲੈ=ਲੀਣ ਹੋਣਾ ਪਾਉਂਦੇ ਹਨ।

ਕੇਤੇ ਮੂਰਖ ਖਾਹੀ ਖਾਹਿ॥

੧. ਕਿਤਨੇ ਮੂਰਖ ਖਾਈ ਹੀ ਖਾਈ ਜਾਂਦੇ ਹਨ ਪਰ ਉਸ ਦਾਤੇ ਦਾ ਧੰਨਵਾਦ ਨਹੀਂ ਕਰਦੇ। ਇਸ ਕਰਕੇ ਉਹ ਚੋਟਾਂ ਨੂੰ ਖਾਂਦੇ ਹੀ ਖਾਂਦੇ ਹਨ।

੨. ਕਿਤਨੇ ਹੀ ਮੂਰਖ ਖਾਹੀ=ਪਦਾਰਥਾਂ ਦਾ ਖਾਹਿ=ਖਾਣਾ ਮੰਗਦੇ ਹਨ, ਪ੍ਰਮੇਸ਼ਰ ਉਹਨਾਂ ਨੂੰ ਓਹੀ ਦੇਂਦਾ ਹੈ।

੩. ਕਿਤਨੇ ਹੀ ਮਹਾਤਮਾ ਮੂ-+ਰਖ=ਮੂੰਹ ਆਦਿਕ ਇੰਦ੍ਰੀਆਂ ਨੂੰ ਰੋਕ ਕੇ ਖਾਹੀ=ਖਾਣੇ ਜੋਗ ਬ੍ਰਹਮਾਨੰਦ ਦਾ ਖਾਣਾ ਮੰਗਦੇ ਹਨ।

੪. ਸ਼ੁਭ ਗੁਣਾਂ ਦੇ ਖਾਹੀ=ਅਭਾਵ ਕਰਨ ਵਾਲੇ ਜੋ ਕਾਮ ਆਦਿਕ ਹਨ ਉਹਨਾਂ ਦਾ ਖਾਹਿ=ਅਭਾਵ ਕਰਨਾ ਮੰਗਦੇ ਹਨ, ਉਹਨਾਂ ਨੂੰ ਪ੍ਰਮਾਤਮਾਂ ਉਹੀ ਦੇਂਦਾ ਹੈ।

ਕੇਤਿਆ ਦੂਖ ਭੂਖ ਸਦ ਮਾਰ॥

੧. ਕਿਤਨੇ ਜੀਵ ਏਹ ਮੰਗ਼ਦੇ ਹਨ ਕਿ ਸਾਨੂੰ ਸਦਾ ਹੀ ਦੁੱਖ ਭੁੱਖ ਦੀ ਮਾਰ ਵੱਗੀ ਰਹੇ, ਕੁੰਤੀ ਦੀ ਨਿਆਂਈਂ-

ਸਾਖੀ—ਕੁੰਤੀ ਦੀ

ਇਕ ਸਮੇਂ ਕ੍ਰਿਸ਼ਨ ਭਗਵਾਨ ਜੀ ਨੇ ਪ੍ਰਸੰਨ ਹੋ ਕੇ ਆਪਣੀ ਫੁਫੀ 'ਕੁੰਤੀ ਨੂੰ ਕਿਹਾ, "ਮੈਂ ਤੇਰੇ ਉਤੇ ਬਹੁਤ ਪ੍ਰਸੰਨ ਹਾਂ ਜੋ ਤੇਰੀ ਇੱਛਾ ਹੈ ਮੰਗ ਲੈ।"

ਕੁੰਤੀ ਨੇ ਕਿਹਾ - "ਹੇ ਪੁੱਤ੍ਰ! ਹੋਰ ਚੀਜ਼ਾਂ ਕੀ ਮੰਗਣੀਆਂ ਹਨ ਏਹ ਤਾਂ ਅਨਿਸਥਿਰ ਰੂਪ ਹਨ ਜੇ ਤੂੰ ਕੁਝ ਦੇਣਾ ਹੈ ਤਾਂ ਦੁੱਖ ਭੁੱਖ ਦੇਹ ਕਿਉਂਕਿ ਦੁੱਖ ਭੁੱਖ ਹੋਣ ਕਰਕੇ ਤੂੰ ਹਰ ਵੇਲੇ ਯਾਦ ਆਉਂਦਾ ਰਹੇਂਗਾ, ਮੈਨੂੰ ਤਾਂ ਕੇਵਲ ਤੇਰੀ ਯਾਦ ਦੀ ਲੋੜ ਹੈ।" ਤਾਂ ਕ੍ਰਿਸ਼ਨ ਜੀ ਨੇ ਪ੍ਰਸੰਨ ਹੋ ਕੇ ਉਹੀ ਵਰ ਦੇ ਦਿੱਤਾ।

---

*ਸੁਥਰੇ ਦੇ ਜਨਮ ਦੀ ਸਾਖੀ ਪਿੱਛੇ ੧੩੮ ਪੰਨੇ ਪਰ ਆ ਚੁਕੀ ਹੈ।

੨. ਕਿਤਨੇ ਹੀ ਗੁਰਮੁਖ ਮਹਾਤਮਾ ਸਦਾ ਹੀ ਦੁੱਖ ਭੁੱਖ ਦਾ ਮਾਰਨਾ ਮੰਗਦੇ ਹਨ, ਉਹਨਾਂ ਨੂੰ ਪ੍ਰਮੇਸ਼ਰ ਓਹੀ ਦੇਂਦਾ ਹੈ।

ਏਹਿ ਭਿ ਦਾਤਿ ਤੇਰੀ ਦਾਤਾਰ॥

੧. ਹੇ ਦਾਤਾਰ ਵਾਹਿਗੁਰੂ! ਭਿ=ਬਹੁੜੋਂ ਇਹ ਦੁੱਖ ਰੂਪ ਵੀ ਇਕ ਤੇਰੀ ਹੀ ਦਾਤ ਹੈ।

ਯਥਾ— "ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗਿਅਹਿ ਸੁਖ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥"

[ਵਾਰ ਮਾਝ, ਪੰਨਾ ੧੪੯]

੨. ਹੇ ਦਾਤਾਰ ਵਾਹਿਗੁਰੂ! ਭਿ=ਬਹੁੜੋਂ ਇਹ ਸਭ ਦਾਤਾਂ ਤੇਰੀਆਂ ਹੀ ਸਭ ਜੀਵਾਂ ਨੂੰ ਬਖਸ਼ੀਆਂ ਹੋਈਆਂ ਹਨ।

ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥

੧. ਹੇ ਸਿੱਧੋ! ਪ੍ਰਤੱਖ ਕੈਦਖਾਨੇ ਭਾਵ ਜੇਲ੍ਹ ਵਿਚ ਬੰਨ੍ਹਿਆਂ ਜਾਣਾ, ਅਤੇ ਖਲਾਸੀ=ਛੁਟਕਾਰਾ ਹੋਣਾ ਇਹ ਸਭ ਤਿਸ ਦੇ ਹੁਕਮ ਵਿਚ ਹੁੰਦਾ ਹੈ।

੨. ਉਸ ਦੇ ਭਾਣੇ ਵਿਚ ਹੀ ਜਮਾਂ ਦੇ ਬੰਦੀਖਾਨੇ ਵਿਚੋਂ ਖਲਾਸੀ=ਛੁਟਕਾਰਾ ਹੁੰਦਾ ਹੈ।

ਉਸ ਪ੍ਰਮੇਸ਼ਵਰ ਦੇ ਹੁਕਮ ਤੋਂ ਬਿਨਾਂ ਹੋਰ ਜੋ ਕੁਝ ਹੋ ਰਿਹਾ ਹੈ, ਇਸ ਗੱਲ ਨੂੰ ਹੋਰ ਕੋਈ ਆਖ ਨਹੀਂ ਸਕਦਾ।

ਇਕ ਸਿੱਧ ਨੇ ਕਿਹਾ, "ਮੈਂ ਆਖ ਸਕਦਾ ਹਾਂ।" ਤਾਂ ਗੁਰੂ ਜੀ ਨੇ ਫੁਰਮਾਇਆ-

ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥

ਜਿਹੜਾ ਕੋਈ ਖਾਇਕੁ=ਮੂਰਖ* ਪੁਰਸ਼ ਇਸ ਗੱਲ ਨੂੰ ਆਖਣਾ ਪਾਵੇ ਅਰਥਾਤ ਆਖਣ ਦੀ ਦਲੇਰੀ ਕਰੇ ਕਿ ਪ੍ਰਮੇਸ਼ਵਰ ਦੇ ਹੁਕਮ ਤੋਂ ਬਿਨਾਂ ਵੀ ਕੁਝ ਹੋ ਰਿਹਾ ਹੈ।

ਤਾਂ ਫਿਰ ਓਹੀ ਜਾਣਦਾ ਹੈ ਜਿੰਨੀਆਂ ਕੁ ਸੱਟਾਂ ਉਹ ਮੂੰਹ ਉਤੇ ਖਾਂਦਾ ਹੈ।

ਵਾ-ਜਿਤਨੀਆਂ ਕੁ ਜਮਾਂ ਦੀਆਂ ਚੋਟਾਂ ਮੂੰਹ ਤੇ ਖਾਂਦਾ ਹੈ।

ਵਾ-ਮੁਹਾ ਕੇ ਭਾਵ ਲੁਟਾਕੇ ਜਿੰਨੀਆਂ ਕੁ ਸੱਟਾਂ ਖਾਂਦਾ ਹੈ।

ਆਪੇ ਜਾਣੈ ਆਪੇ ਦੇਇ॥

੧. ਪਰਮੇਸ਼ਵਰ ਆਪ ਹੀ ਉਤਪਤੀ ਕਰਨੀ ਜਾਣਦਾ ਹੈ। ਆਪ ਹੀ ਖਾਣ ਪਾਣ ਦੇਣਾ ਜਾਣਦਾ ਹੈ।

੨. ਆਪ ਹੀ ਜੀਵਾਂ ਦੇ ਕਰਮਾਂ ਨੂੰ ਜਾਣਦਾ ਹੈ, ਆਪ ਹੀ ਉਨ੍ਹਾਂ ਕਰਮਾਂ ਦਾ ਫਲ ਦੇਂਦਾ ਹੈ।

---

*'ਖਾਇਕ' ਨਾਮ ਮੂਰਖ ਦਾ ਹੈ।

ਯਥਾ— "ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ॥
ਦੀਦਾਰੁ ਪੂਰੇ ਪਾਇਸਾ ਥਾਉ ਨਾਹੀ 'ਖਾਇਕਾ'॥"

(ਸਿਰੀਰਾਗ ਕੀ ਵਾਰ, ਪੰਨਾ ੮੩)

ਆਖਹਿ ਸਿ ਭਿ ਕੇਈ ਕੇਇ ॥

੧. ਜਿਹੜੇ ਪੁਰਸ਼ ਇਸ ਗੱਲ ਨੂੰ ਆਖਦੇ ਹਨ ਕਿ ਉਹ ਪ੍ਰਮੇਸ਼ਵਰ ਆਪ ਹੀ ਉਤਪਤੀ ਕਰਦਾ ਹੈ, ਆਪ ਹੀ ਖਾਣ ਪਾਣ ਦੇਂਦਾ ਹੈ।

ਵਾ-ਆਪ ਹੀ ਜੀਵਾਂ ਦੇ ਕਰਮਾਂ ਨੂੰ ਜਾਣਦਾ ਹੈ, ਆਪ ਹੀ ਕਰਮਾਂ ਦਾ ਫਲ ਦੇਂਦਾ ਹੈ।

ਭਿ=ਬਹੁਤੇ ਸਿ=ਉਹ ਪੁਰਸ਼ ਕੇਈ ਕੇਇ=ਕੋਈ ਕੋਈ ਹਨ, ਬਹੁਤ ਨਹੀਂ।

੨. ਜਿਨ੍ਹਾਂ ਨੇ ਸੰਸਾਰ ਨੂੰ ਕੇਈ ਕੇਇ=ਮਿਥਿਆ ਰੂਪ ਜਾਣਿਆਂ ਹੈ ਉਹ ਕੋਈ ਸਿਭਿ=ਸਭ ਮਹਾਤਮਾਂ ਇਸ ਤਰ੍ਹਾਂ ਆਖਦੇ ਹਨ।

ਜਿਸਨੋ ਬਖਸੇ ਸਿਫਤਿ ਸਾਲਾਹ ॥

ਉਹ ਪਰਮਾਤਮਾ ਪ੍ਰਸੰਨ ਹੋ ਕੇ ਜਿਸ ਨੂੰ ਆਪਣੀ ਸਿਫਤ ਦੀ ਸਲਾਹੁਣਾ ਬਖਸ਼ਦਾ ਹੈ ਉਹ ਫਿਰ ਜਾਚਕ ਨਹੀਂ ਰਹਿੰਦਾ, ਸਗੋਂ ਦੂਜਿਆਂ ਨੂੰ ਦਾਨ ਦੇਣ ਵਾਲਾ -

ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

ਸਤਿਗੁਰਦੇਵ ਜੀ ਕਥਨ ਕਰਦੇ ਹਨ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ।

ਯਥਾ—"ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ ॥"

[ਮਾਰੂ ਮਹਲਾ ੫, ਪੰਨਾ ੧੦੦੩]

ਸਾਖੀ—ਅਧਮ ਬਾਦਸ਼ਾਹ ਦੀ

ਇਕ ਅਧਮ ਬਾਦਸ਼ਾਹ ਹੋਇਆ ਹੈ। ਉਹ ਆਪਣੀ ਸੌਣ ਵਾਲੀ ਸਿਹਜਾ ਉਤੇ ਰੋਜ਼ ਹੀ ਗਰਮੀ ਦੀ ਮੌਸਮ ਵਿਚ ਗੁਲਾਬ, ਚੰਬੇਲੀ, ਮੋਤੀਆ ਆਦਿਕ ਫੁੱਲਾਂ ਨੂੰ ਵਿਛਵਾਕੇ ਸੌਂਦਾ ਹੁੰਦਾ ਸੀ।

ਇਕ ਦਿਨ ਸਿਹਜਾ ਉਤੇ ਚੰਗੇ ਚੰਗੇ ਫੁੱਲ ਵਿਛਾ ਕੇ ਦਾਸੀ ਨੇ ਮਨ ਵਿਚ ਵਿਚਾਰਿਆ ਕਿ ਇਸ ਸਿਹਜਾ ਉਤੇ ਰਾਜਾ ਰੋਜ਼ ਸੌਂਦਾ ਹੈ, ਮੈਂ ਭੀ ਤਾਂ ਦੇਖਾਂ ਇਸ ਸਿਹਜਾ ਦਾ ਕਿਤਨਾ ਕੁ ਅਨੰਦ ਹੈ। ਇਹ ਵਿਚਾਰ ਕੇ ਦਾਸੀ ਕੁਝ ਕੁ ਮਿੰਟਾਂ ਵਾਸਤੇ ਉਸ ਸਿਹਜਾ ਪਰ ਲੰਮੀ ਪੈ ਗਈ। ਖੁਸ਼ਬੂਦਾਰ ਅਤੇ ਨਰਮ ਫੁੱਲਾਂ ਦੀ ਸਿਹਜਾ ਉਤੇ ਪੈਂਦਿਆਂ ਸਾਰ ਉਸ ਦਾਸੀ ਨੂੰ ਨੀਂਦ ਆ ਗਈ। ਉਹ ਅਜੇ ਸੁੱਤੀ ਹੀ ਸੀ ਕਿ ਉੱਪਰੋਂ ਰਾਜਾ ਜੀ ਆ ਗਏ। ਆਪਣੀ ਸਿਹਜਾ ਉਤੇ ਦਾਸੀ ਨੂੰ ਸੁੱਤਿਆਂ ਦੇਖ ਕੇ ਲਾਲੋ ਲਾਲ ਹੋ ਗਏ।

ਕ੍ਰੋਧ ਬੁਰਾ ਹੁੰਦਾ ਹੈ, ਕ੍ਰੋਧ ਵਿਚ ਆ ਕੇ ਆਦਮੀ ਅੱਗਾ ਪਿੱਛਾ ਨਹੀਂ ਦੇਖਦਾ। ਗੁੱਸੇ ਵਿਚ ਆ ਕੇ ਸੋਟੀ ਫੜ ਕੇ ਦਾਸੀ ਨੂੰ ਚੰਗੀ ਤਰ੍ਹਾਂ ਕੁੱਟਿਆ, ਪਰ ਮਾਰ ਖਾਂਦੀ ਹੋਈ ਦਾਸੀ ਰੋਂਦੀ ਵੀ ਹੈ ਅਤੇ ਹੱਸਦੀ ਵੀ ਹੈ।

ਇਹ ਅਸਚਰਜ ਕੌਤਕ ਵੇਖਕੇ ਰਾਜਾ ਬਹੁਤ ਹੈਰਾਨ ਹੋਇਆ ਤੇ ਉਸ ਨੇ ਪੁੱਛਿਆ, 'ਹੇ ਦਾਸੀ! ਰੋਂਦੀ ਤਾਂ ਤੂੰ ਠੀਕ ਹੈਂ ਤੈਨੂੰ ਮਾਰ ਪੈਂਦੀ ਹੈ ਪਰ ਤੂੰ ਹੱਸਦੀ ਕਿਉਂ ਹੈਂ?'

ਰਾਜੇ ਦੀ ਇਹ ਗੱਲ ਸੁਣ ਕੇ ਦਾਸੀ ਚੁੱਪ ਰਹੀ ਕੋਈ ਉੱਤਰ ਨਾ ਦਿੱਤਾ। ਪਰੰਤੂ ਰਾਜੇ ਦੇ ਬਾਰ-ਬਾਰ ਪੁੱਛਣ ਪਰ ਦਾਸੀ ਨੇ ਕਿਹਾ, "ਹੇ ਰਾਜਨ! ਮੈਂ ਇਸ ਗੱਲ ਪਰ ਹੱਸਦੀ ਹਾਂ ਕਿ ਇਕ ਘੜੀ, ਦੋ

ਘੜੀਆਂ ਜਾਂ ਅੱਧੀ ਘੜੀ ਇਸ ਸਿਹਜਾ ਪਰ ਮੈਂ ਸੁੱਤੀ ਹਾਂ ਤੇ ਮੇਰਾ ਇਹ ਹਾਲ ਹੋਇਆ ਹੈ ਜਿਹੜੇ ਰੋਜ਼ ਇਸ ਸਿਹਜਾ ਤੇ ਸੌਂਦੇ ਹਨ ਉਹਨਾਂ ਦਾ ਦਰਗਾਹ ਵਿਚ ਕੀ ਹਾਲ ਹੋਵੇਗਾ?''

ਗੋਲੀ ਦੀ ਇਹ ਗੱਲ ਸੁਣਕੇ ਰਾਜੇ ਨੂੰ ਵੈਰਾਗ ਹੋ ਗਿਆ। ਆਪਣਾ ਹੁਕਮ ਹਾਸਲ ਰਾਜ-ਭਾਗ ਦਾ ਅਧਿਕਾਰ ਸਾਰਾ ਪੁੱਤਰ ਨੂੰ ਸੌਂਪਕੇ ਇਕ ਸਿਰ੍ਹਾਣਾ, ਇਕ ਦਾਤਨ, ਇਕ ਲੋਟਾ ਇਹ ਤਿੰਨੇ ਚੀਜ਼ਾਂ ਲੈ ਕੇ ਘਰੋਂ ਤੁਰ ਪਿਆ। ਰਸਤੇ ਵਿਚ ਇਕ ਜ਼ਿੰਮੀਦਾਰ ਨੂੰ ਸਿਰ ਹੇਠ ਬਾਂਹ ਰੱਖ ਕੇ ਸੁੱਤਿਆਂ ਦੇਖ ਕੇ ਮਨ ਨੂੰ ਸਮਝਾਇਆ ਕਿ ਤੂੰ ਸਿਰ੍ਹਾਣਾ ਚੁੱਕੀ ਫਿਰਦਾ ਹੈਂ ਛੱਡ ਇਸ ਸਿਰ੍ਹਾਣੇ ਨੂੰ। ਇਸ ਤਰ੍ਹਾਂ ਮਨ ਨੂੰ ਕਹਿ ਕੇ ਉਹ ਸਿਰ੍ਹਾਣਾ ਕਿਸੇ ਨੂੰ ਦੇ ਦਿੱਤਾ।

ਅੱਗੇ ਕੀ ਵੇਖਿਆ ਕਿ ਇਕ ਫਕੀਰ ਹੱਥ ਮੂੰਹ ਧੋ ਰਿਹਾ ਹੈ ਪਰ ਉਸ ਪਾਸ ਦਾਤਨ ਕੋਈ ਨਹੀਂ ਉਹ ਮੂੰਹ ਵਿਚ ਉਂਗਲ ਮਾਰਕੇ ਦੰਦਾਂ ਨੂੰ ਸਾਫ ਕਰ ਰਿਹਾ ਹੈ, ਉਸ ਵੇਲੇ ਦਾਤਨ ਵੀ ਸੁੱਟ ਦਿੱਤੀ।

ਫਿਰ ਅੱਗੇ ਕੀ ਤੱਕਿਆ ਕਿ ਇਕ ਫਕੀਰ ਬੁੱਕ ਨਾਲ ਪਾਣੀ ਪੀ ਰਿਹਾ ਹੈ।

ਉਸ ਵੇਲੇ ਉਹ ਲੋਟਾ ਵੀ ਕਿਸੇ ਨੂੰ ਦੇ ਦਿੱਤਾ।

ਪਰਮ ਵਿਰਕਤ ਬੀਤਰਾਗ ਹੋ ਕੇ ਨਦੀ ਦੇ ਕੰਢੇ ਪਰ ਜਾ ਬੈਠਾ। ਵਾਹਿਗੁਰੂ ਦੇ ਭਜਨ ਵਿਚ ਮਨ ਜੋੜ ਦਿੱਤਾ। ਕਈ ਕਈ ਦਿਨ ਸਮਾਧੀ ਵਿਚ ਇਸਥਿਤ ਹੋਇਆਂ ਬੀਤ ਜਾਵਣ।

ਇਕ ਸਮੇਂ ਕਿਸੀ ਨੇ ਅਧਮ ਬਾਦਸ਼ਾਹ ਨੂੰ ਦੇਖਕੇ ਸ਼ਹਿਰ ਵਿਖੇ ਆ ਕੇ ਉਸ ਦੇ ਪੁੱਤਰ ਨੂੰ ਕਿਹਾ ਕਿ ਚੰਗਾ ਤੂੰ ਪੁੱਤਰ ਹੈਂ ਆਪ ਰਾਜ ਭਾਗ ਕਰ ਰਿਹਾ ਹੈਂ ਤੇ ਪਿਤਾ ਤੇਰਾ ਫ਼ਕੀਰ ਬਣਕੇ ਜੰਗਲ ਵਿਚ ਬੈਠਾ ਹੈ। ਇਹ ਗੱਲ ਸੁਣਕੇ ਉਸਨੂੰ ਬੜੀ ਸ਼ਰਮ ਆਈ ਤੇ ਪਿਤਾ ਨੂੰ ਲੈਣ ਤੁਰ ਪਿਆ*।

ਪਿਤਾ ਜੀ ਪਾਸ ਪਹੁੰਚ ਕੇ ਨਮਸ਼ਕਾਰ ਕੀਤੀ। ਉਸ ਵੇਲੇ ਅਧਮ ਬਾਦਸ਼ਾਹ ਪਾਟੀ ਹੋਈ ਗੋਦੜੀ ਨੂੰ ਟੱਲੀਆਂ ਲਾ ਰਿਹਾ ਸੀ। ਦੇਖ ਕੇ ਪੁੱਤਰ ਰੋਣ ਲੱਗ ਪਿਆ ਕਿ ਆਪਣੀ ਬਾਦਸ਼ਾਹੀ ਛੱਡ ਕੇ ਪਿਤਾ ਜੀ ਕਿਸ ਬਿਪਤਾ ਵਿਚ ਪਏ ਹੋਏ ਹਨ ਜੋ ਉੱਪਰ ਪਹਿਰਣ ਵਾਸਤੇ ਕੱਪੜਾ ਵੀ ਨਹੀਂ ਹੈ।

ਫੇਰ ਬੜੇ ਹੌਂਸਲੇ ਨਾਲ ਪੁੱਤਰ ਨੇ ਬੇਨਤੀ ਕੀਤੀ- ''ਪਿਤਾ ਜੀ! ਆਪ ਘਰ ਚੱਲੋ ਉਥੇ ਹੀ ਬੈਠ ਕੇ ਪਰਮੇਸ਼ਰ ਦਾ ਸਿਮਰਨ ਕਰਨਾ।''

ਪੁੱਤਰ ਦੀ ਇਹ ਗੱਲ ਸੁਣ ਕੇ ਅਧਮ ਬਾਦਸ਼ਾਹ ਨੇ ਆਪਣੇ ਹੱਥ ਦੀ ਸੂਈ ਦਰਿਆ ਵਿਚ ਡੇਗ ਦਿੱਤੀ ਅਤੇ ਪੁੱਤਰ ਨੂੰ ਕਿਹਾ - ''ਹੇ ਪੁੱਤਰ! ਮੇਰੀ ਗੋਦੜੀ ਸਿਉਣ ਵਾਲੀ ਸੂਈ ਦਰਿਆ ਵਿਚ ਡਿੱਗ ਪਈ ਹੈ ਇਸ ਨੂੰ ਕਢਵਾ ਦੇਹ।''

---

*ਕਈ ਸੱਜਣ ਇਸ ਤਰ੍ਹਾਂ ਵੀ ਸਾਖੀ ਸੁਣਾਉਂਦੇ ਹਨ ਕਿ ਕੁਛਕ ਸਮੇਂ ਪਿੱਛੋਂ ਪੁੱਤਰ ਨੂੰ ਆਪੇ ਖਿਆਲ ਆ ਗਿਆ ਕਿ ਮੇਰਾ ਪਿਤਾ ਤਾਂ ਫਕੀਰ ਬਣਕੇ ਜੰਗਲਾਂ ਵਿਚ ਬੈਠਾ ਹੈ ਤੇ ਮੈਂ ਪੱਕੇ ਮੰਦਰਾਂ ਵਿਚ ਬੈਠਾ ਰਾਜ-ਭਾਗ ਮਾਣ ਰਿਹਾ ਹਾਂ, ਚੰਗੇ ਚੰਗੇ ਭੋਜਨ ਖਾ ਰਿਹਾ ਹਾਂ, ਹੋਵੇ ਨਾ ਤੇ ਮੈਂ ਆਪਣੇ ਪਿਤਾ ਜੀ ਨੂੰ ਮੰਦਰਾਂ ਵਿਚ ਲੈ ਆਵਾਂ। ਇਥੇ ਹੀ ਬੈਠੇ ਪ੍ਰਮਾਤਮਾ ਨੂੰ ਯਾਦ ਕਰਨਗੇ ਨਾਲੇ ਮੈਨੂੰ ਵੀ ਆਸਰਾ ਹੋ ਜਾਏਗਾ।

ਇਹ ਵਿਚਾਰ ਕੇ ਆਪਣੇ ਨਾਲ ਵਜ਼ੀਰ ਤੇ ਕੁਝ ਕੁ ਸੈਨਾ ਲੈ ਕੇ-

ਪੁੱਤਰ ਨੇ ਕਿਹਾ – "ਪਿਤਾ ਜੀ! ਤੁਸੀਂ ਘਰ ਚਲੋ ਜਿੰਨੀਆਂ ਸੂਈਆਂ ਚਾਹੋਗੇ ਲੈ ਲੈਣੀਆਂ।"

ਅਧਮ ਬਾਦਸ਼ਾਹ ਨੇ ਕਿਹਾ – "ਹੇ ਪੁੱਤਰ! ਮੇਰਾ ਤਾਂ ਇਸੇ ਸੂਈ ਨਾਲ ਪਿਆਰ ਹੈ, ਮੈਨੂੰ ਇਹੋ ਸੂਈ ਜ਼ਰੂਰ ਕਢਵਾ ਦੇਹ।"

ਰਾਜੇ ਦਾ ਇਹ ਹਠ ਵੇਖ ਕੇ ਪੁੱਤਰ ਨੇ ਬਹੁਤ ਸਾਰੇ ਸੈਨਾਂ ਦੇ ਆਦਮੀ ਪਾਣੀ ਵਿਚ ਵਾੜ ਕੇ ਸੂਈ ਲੱਭਣ ਦਾ ਯਤਨ ਕੀਤਾ ਪਰ ਸੂਈ ਨਾ ਲੱਭੀ।

ਫਿਰ ਪੁੱਤਰ ਨੇ ਕਿਹਾ ਕਿ ਜੋ ਸੂਈ ~~ਨੂੰ~~ ਥੱਲਿਓ ਲੱਭ ਕੇ ਲਿਆਵੇਗਾ ਉਸ ਨੂੰ ਇਨਾਮ ਦਿੱਤਾ ਜਾਵੇਗਾ। ਫੇਰ ਤਾਂ ਲੋਭ ਵਸ ਹੋ ਕੇ ਚੁੱਭੀ ਮਾਰਨ ਵਾਲਿਆਂ ਨੇ ਥੱਲੇ ਦੀ ਮਿੱਟੀ ਕੱਢ ਕੇ ਫੋਲੀ ਪਰ ਸੂਈ ਫਿਰ ਭੀ ਨਾ ਲੱਭੀ।

ਜਦ ਸਭ ਸੈਨਾ ਵਾਲੇ ਅਤੇ ਟੋਭੇ ਆਦਿ ਥੱਕ ਹਾਰ ਕੇ ਨਿਰਾਸ ਹੋ ਗਏ ਤਾਂ ਬਾਦਸ਼ਾਹ ਨੇ ਕਿਹਾ, ਹੁਣ ਮੈਂ ਵੀ ਯਤਨ ਕਰ ਵੇਖਦਾ ਹਾਂ, ਜੇ ਮਿਲ ਜਾਵੇ।"

ਇਹ ਗੱਲ ਕਹ ਕੇ ਮੱਛੀਆਂ ਨੂੰ ਆਵਾਜ਼ ਦਿੱਤੀ ਕਿ ਹੇ ਮੱਛੀਓ! ਮੇਰੀ ਸੂਈ ਛੇਤੀ ਦਰਿਆ ਵਿਚੋਂ ਕੱਢ ਕੇ ਲਿਆਓ ਮੈਂ ਗੋਦੜੀ ਸਿਉਂਣੀ ਹੈ। ਏਨੀ ਗੱਲ ਕਹਿਣ ਦੇ ਨਾਲ ਹੀ ਇਕ ਮੱਛੀ ਨੇ ਮੂੰਹ ਵਿਚ ਸੂਈ ਫੜ ਕੇ ਬਾਹਰ ਦੇ ਦਿੱਤੀ।+

ਇਸ ਕੌਤਕ ਨੂੰ ਦੇਖ ਕੇ ਸਭ ਹੈਰਾਨ ਹੋ ਗਏ। ਤਦ ਅਧਮ ਬਾਦਸ਼ਾਹ ਨੇ ਕਿਹਾ, "ਹੇ ਪੁੱਤਰ! ਦੱਸ, ਅਸਲੀ ਬਾਦਸ਼ਾਹ ਕੌਣ ਹੈ? ਤੂੰ ਹੈਂ ਕਿ ਮੈਂ? ਤੂੰ ਤਾਂ ਇਕ ਮਨੁੱਖਾਂ ਪਰ ਹੁਕਮ ਕਰ ਰਿਹਾ ਹੈਂ ਤੇ ਮੇਰਾ ਹੁਕਮ ਮਨੁੱਖ, ਦੇਵਤਾ; ਪਸ਼ੂ ਪੰਛੀ ਵੀ ਮੰਨ ਰਹੇ ਹਨ। ਜਿਸ ਨੂੰ ਵੀ ਕੋਈ ਕੰਮ ਆਖਦਾ ਹਾਂ ਮੇਰਾ ਕਹਿਣਾ ਕੋਈ ਵੀ ਮੋੜਦਾ ਨਹੀਂ ਹੈ ਇਸ ਵਾਸਤੇ ਮੈਂ ਏਥੇ ਬੈਠਾ ਹੀ ਚੰਗਾ ਹਾਂ ਤੂੰ ਆਪਣੇ ਘਰ ਜਾਹ, ਆਪਣੇ ਰਾਜ-ਭਾਗ ਦਾ ਕੰਮ ਚੰਗੀ ਨੇਕ ਨੀਤੀ ਨਾਲ ਚਲਾਇਆ ਕਰ। ਕਿਸੇ ਨੂੰ ਦੁੱਖ ਨਾ ਦੇਈਂ ਅਤੇ ਸਵੇਰੇ ਉੱਠ ਕੇ ਪ੍ਰਮਾਤਮਾ ਨੂੰ ਯਾਦ ਕੀਤਾ ਕਰੀਂ ਕਿਉਂਕਿ ਨਾਮ ਜਪਣ ਵਾਲਾ ਮਨੁੱਖ ਹਮੇਸ਼ਾਂ ਹੀ ਪਾਤਿਸ਼ਾਹਾਂ ਦਾ ਪਾਤਿਸ਼ਾਹ ਹੁੰਦਾ ਹੈ।"

ਯਥਾ—"ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥"

[ਜੈਤਸਰੀ ਵਾਰ, ਪੰਨਾ ੭੦੭]

ਪੰਝੀਵੀਂ ਪਉੜੀ ਦੇ ੧੭੧ ਅੱਖਰ ਹਨ।

+ਕਈ ਇਹ ਵੀ ਕਹਿੰਦੇ ਹਨ ਕਿ ਉਸ ਵੇਲੇ ਅਧਮ ਬਾਦਸ਼ਾਹ ਨੇ ਖ਼ੁਆਜ਼ੇ ਖਿਜ਼ਰ ਨੂੰ ਹੁਕਮ ਦਿੱਤਾ ਕਿ ਤੂੰ ਮੇਰੀ ਸੂਈ ਦਰਿਆ ਵਿਚੋਂ ਕੱਢ ਕੇ ਦੇਹ, ਮੈਂ ਗੋਦੜੀ ਸਿਉਂਣੀ ਹੈ। ਬਾਦਸ਼ਾਹ ਦਾ ਹੁਕਮ ਸੁਣ ਕੇ ਵਰਨ ਦੇਵਤੇ ਨੇ ਮੱਛੀ ਦਾ ਰੂਪ ਧਾਰ ਕੇ ਉਹ ਸੂਈ ਬਾਹਰ ਦੇ ਦਿੱਤੀ।

ਛੱਬੀਵੀਂ ਪਉੜੀ

ਫਿਰ ਸਿੱਧਾਂ ਨੇ ਪੰਜ ਪ੍ਰਸ਼ਨ ਕੀਤੇ –

੧. ਮਹਾਤਮਾ ਕੈਸੇ ਹਨ? ੨. ਉਹਨਾਂ ਵਿਚ ਗੁਣ ਕੈਸੇ ਹਨ? ੩. ਉਹਨਾਂ ਦਾ ਵਾਪਾਰ ਕੈਸਾ ਹੈ?

੪. ਜਗਿਆਸੂ ਕੈਸੇ ਹਨ? ੫. ਪਰਮੇਸ਼ਰ ਕੈਸਾ ਹੈ?

ਗੁਰੂ ਜੀ ਪੰਜਾਂ ਹੀ ਪ੍ਰਸ਼ਨਾਂ ਦਾ ਉੱਤਰ ਦੇਂਦੇ ਹਨ।

ਪਹਿਲੀਆਂ ਦੋ ਤੁਕਾਂ ਵਿਚ ਮਹਾਤਮਾਂ ਦਾ ਵਰਨਣ ਹੈ।

ਫੇਰ ਦੋ ਤੁਕਾਂ ਵਿਚ ਜਗਿਆਸੂ ਦਾ ਵਰਨਣ ਹੈ।

ਅਗਲੀਆਂ ਚਾਰ ਤੁਕਾਂ ਵਿਚ ਜਗਿਆਸੂਆਂ ਤੇ ਮਹਾਤਮਾਂ ਦਾ ਅਭੇਦ ਰੂਪ ਸੰਬੰਧ ਸਰਵਣ ਕਰਾਉਂਦੇ ਹਨ।

ਅਮੁਲ ਗੁਣ ਅਮੁਲ ਵਾਪਾਰ॥

ਹੇ ਸਿੱਧੋ! ਮਹਾਤਮਾਂ ਵਿਖੇ ਅਮੋਲਕ ਸਤ, ਸੰਤੋਖ ਆਦਿਕ ਸ਼ੁਭ ਗੁਣ ਹਨ।

ਵਾ-ਸ਼ੁਭ ਗੁਣਾਂ ਦੇ ਧਾਰਨ ਕਰਕੇ ਮਹਾਤਮਾਂ ਅਮੋਲਕ ਹਨ। ਮਹਾਤਮਾਂ ਜਨਾਂ ਦਾ ਭਜਨ ਸਿਮਰਨ ਕਰਨਾ ਕਰਾਉਣਾ ਰੂਪ ਵਾਪਾਰ ਵੀ ਅਮੋਲਕ ਹੈ।

ਯਥਾ—"ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥ ੧॥
ਹਰਿ ਕੇ ਨਾਮ ਕੇ ਬਿਆਪਾਰੀ॥" *[ਕੇਦਾਰਾ ਕਬੀਰ ਜੀ, ਪੰਨਾ ੧੧੨੩]*

ਵਾ-ਭਜਨ ਸਿਮਰਨ ਰੂਪ ਵਾਪਾਰ ਕਰਕੇ ਉਹ ਅਮੋਲਕ ਹਨ।

ਅਮੁਲ ਵਾਪਾਰੀਏ ਅਮੁਲ ਭੰਡਾਰ॥

ਸ੍ਰੇਸ਼ਟ ਵਾਪਾਰ ਦੇ ਕਰਾਉਣ ਵਾਲੇ ਜੋ ਵਾਪਾਰੀਏ=ਮਹਾਤਮਾਂ ਹਨ ਉਹ ਅਮੋਲਕ ਹਨ, ਅਤੇ ਉਹਨਾਂ ਮਹਾਤਮਾਂ ਦਾ ਸਤਿਸੰਗ, ਵੇਦ, ਅੰਤਹਕਰਣ ਰੂਪ ਭੰਡਾਰਾ ਵੀ ਅਮੋਲਕ ਹੈ।

ਹੁਣ ਜਗਿਆਸੂ ਦਾ ਵਰਨਣ ਕਰਦੇ ਹਨ-

ਅਮੁਲ ਆਵਹਿ ਅਮੁਲ ਲੈ ਜਾਹਿ॥

੧. ਜਗਿਆਸੂਆਂ ਦਾ ਮਹਾਤਮਾਂ ਦੇ ਪਾਸ ਆਉਣਾ ਵੀ ਅਮੋਲਕ ਹੈ। ਕਿਉਂਕਿ ਕੋਈ ਨਾ ਕੋਈ ਉਪਦੇਸ਼ ਵਗੈਰਾ ਅਮੋਲਕ ਵਸਤੂ ਨੂੰ ਲੈ ਜਾਂਦੇ ਹਨ।

੨. ਅਮੋਲਕ ਸ਼ਰਧਾ ਰੂਪ ਵਸਤੂ ਲੈ ਕੇ ਆਉਂਦੇ ਹਨ ਅਤੇ ਅਮੋਲਕ ਨਾਮ ਰੂਪ ਵਸਤੂ ਲੈ ਜਾਂਦੇ ਹਨ।

ਵਾ-ਅਮੋਲਕ ਪ੍ਰਮਾਤਮਾ ਦੇ ਵਿਚ ਲੈ ਜਾਹਿ=ਲੀਣ ਹੋ ਜਾਂਦੇ ਹਨ।

ਅਮੁਲ ਭਾਇ ਅਮੁਲਾ ਸਮਾਹਿ॥

੧. ਮਹਾਤਮਾਂ ਦੇ ਨਾਲ ਜੋ ਜਗਿਆਸੂ ਭਾਇ=ਪ੍ਰੇਮ ਕਰਦੇ ਹਨ ਉਹ ਵੀ ਅਮੋਲਕ ਹਨ ਅਤੇ ਜੋ ਜਗਿਆਸੂ ਨਾਮ ਜਪਣ ਵਿਚ ਸਮਾਏ ਹਨ ਉਹ ਵੀ ਅਮੋਲਕ ਹਨ।

੨. ਜਗਿਆਸੂਆਂ ਨੂੰ ਜੋ ਭਾਇ=ਬ੍ਰਹਮ ਗਿਆਨ ਪ੍ਰਾਪਤ ਹੋਇਆ ਹੈ ਉਹ ਵੀ ਅਮੋਲਕ ਹੈ ਅਤੇ ਗਿਆਨ ਦੁਆਰਾ ਜੋ ਪ੍ਰਮੇਸ਼ਰ ਵਿਖੇ ਸਮਾਹਿ=ਅਭੇਦ ਹੋਏ ਹਨ ਉਹ ਵੀ ਅਮੋਲਕ ਹੈ।

ਵਾ-ਅਮੋਲਕ ਹੀ ਉਹਨਾਂ ਨੂੰ ਸਮਾਹਿ=ਸਮਾਹੜਾ ਅਰਥਾਤ ਅਨੰਦ ਹੋਇਆ ਹੈ।

ਹੁਣ ਜਗਿਆਸੂਆਂ ਤੇ ਮਹਾਤਮਾਂ ਦਾ ਅਭੇਦ ਰੂਪ ਵਰਣਨ ਕਰਦੇ ਹਨ-

ਅਮੁਲੁ ਧਰਮੁ

ਉਹਨਾਂ ਮਹਾਤਮਾਂ ਦਾ ਸ੍ਵੈ-ਧਰਮ ਧਾਰਨਾ ਅਮੋਲਕ ਹੈ।

ਵਾ-ਪ੍ਰਮੇਸ਼ਰ ਦੀ ਪ੍ਰਾਪਤੀ ਕਰਾ ਦੇਣੀ ਰੂਪ ਧਰਮ ਵੀ ਅਮੋਲਕ ਹੈ।

ਅਥਵਾ-ਦਸ ਚਿੰਨ੍ਹਾਂ ਵਾਲਾ ਜੋ ਅਮੋਲਕ ਧਰਮ ਹੈ, ਉਸ ਨੂੰ ਧਾਰਨਾ ਕਰਦੇ ਹਨ।*

ਅਮੁਲੁ ਦੀਬਾਣੁ॥

ਉਹਨਾਂ ਦੀ ਸਤਿਸੰਗ ਰੂਪ ਦੀਬਾਣੁ=ਸਭਾ ਵੀ ਅਮੋਲਕ ਹੈ।

ਵਾ-ਉਹਨਾਂ ਮਹਾਤਮਾਂ ਦੀ, ਬਾਣੁ=ਬਾਣੀ, ਬੋਹ, ਸੁਭਾਵ ਵੀ ਅਮੋਲਕ ਹੈ।

ਅਮੁਲੁ ਤੁਲੁ ਅਮੁਲੁ ਪਰਵਾਣੁ॥

੧. ਉਹਨਾਂ ਦਾ ਤੁਲੁ=ਵਿਚਾਰ ਵੀ ਅਮੋਲਕ ਹੈ ਅਤੇ ਪ੍ਰਮਾਤਮਾਂ ਨੂੰ ਪਾ ਕੇ ਜੋ ਪ੍ਰਮਾਣੀਕ ਹੋਏ ਹਨ ਉਹ ਵੀ ਅਮੋਲਕ ਹੈ।

੨. ਅਮੋਲਕ ਹੀ ਉਹਨਾਂ ਦੀ ਬੁੱਧੀ ਰੂਪ ਤੁਲੁ=ਤੱਕੜੀ ਹੈ ਅਤੇ ਅਮੋਲਕ ਹੀ ਵੀਚਾਰ ਰੂਪ ਪਰਵਾਣੁ=ਵੱਟਾ ਹੈ।

ਅਮੁਲੁ ਬਖਸੀਸ ਅਮੁਲੁ ਨੀਸਾਣੁ॥

੧. ਉਹ ਮਹਾਤਮਾਂ ਜੋ ਨਾਮ ਗਿਆਨ ਦੀ ਬਖਸ਼ੀਸ਼ ਕਰਦੇ ਹਨ, ਉਹ ਭੀ ਅਮੋਲਕ ਹੈ। ਉਹਨਾਂ ਦਾ ਨੀਸਾਣੁ=ਪ੍ਰਗਟ ਹੋਣਾ ਵੀ ਅਮੋਲਕ ਹੈ।

੨. ਉਹਨਾਂ ਨੂੰ ਜੋ ਸਰੂਪ ਦੀ ਬਖਸ਼ਸ਼ ਹੋਈ ਹੈ ਉਹ ਵੀ ਅਮੋਲਕ ਹੈ। ਉਹਨਾਂ ਦਾ ਜਸ ਰੂਪੀ ਨੀਸਾਣੁ=ਝੰਡਾ ਵੀ ਅਮੋਲਕ ਹੈ।

---

*ਯਥਾ— 'ਖਿਮਾ, ਅਹਿੰਸਾ, ਦਯਾ, ਸ਼੍ਰੀਦ, ਸਤ ਬਚਨ, ਤਪ ਦਾਨ।
ਸੀਲ, ਸੋਚ, ਤ੍ਰਿਸ਼ਨਾ ਬਿਨਾ, ਧਰਮ ਲਿੰਗ ਦਸ ਜਾਨ॥ ੧੦॥''

(ਸਾਰੁਕਤਾਵਲੀ ਅਧਿ: ੧)

ਵਾ-ਨਾਮ ਰੂਪ ਨੀਸਾਣੁ=ਪਰਵਾਨਾ ਵੀ ਅਮੋਲਕ ਹੈ।

ਵਾ-ਉਪਦੇਸ਼ ਰੂਪ ਨੀਸਾਣੁ=ਨਗਾਰਾ ਵੀ ਅਮੋਲਕ ਹੈ।

ਅਮੁਲੁ ਕਰਮੁ ਅਮੁਲੁ ਫੁਰਮਾਣੁ ॥

ਉਨ੍ਹਾਂ ਦਾ ਕਰਮੁ=ਕਰਤੱਤ, ਵਾ ਅਨੁਗ੍ਰਹੁ ਅਮੋਲਕ ਹੈ। ਜੀਵਾਂ ਉਤੇ ਜੋ ਫੁਰਮਾਣੁ=ਹੁਕਮ ਕਰਦੇ ਹਨ ਉਹ ਵੀ ਅਮੋਲਕ ਹੈ।

ਵਾ-ਪ੍ਰਮੇਸ਼੍ਵਰ ਦਾ ਜੋ ਹੁਕਮ ਆਪ ਮੰਨਦੇ ਹਨ ਉਹ ਵੀ ਅਮੋਲਕ ਹੈ।

ਯਥਾ—"ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥" *[ਪੰਨਾ ੩੩੮]*

ਹੁਣ ਪ੍ਰਮੇਸ਼੍ਵਰ ਦਾ ਵਰਨਣ ਕਰਦੇ ਹਨ-

ਅਮੁਲੋ ਅਮੁਲੁ ਆਖਿਆ ਨ ਜਾਇ ॥

ਉਹ ਪ੍ਰਮੇਸ਼੍ਵਰ ਅਮੁਲੋ ਅਮੁਲੁ=ਅਮੋਲਕ ਤੋਂ ਅਮੋਲਕ ਹੈ, ਵਾ-ਨਿਰਮਲ ਤੋਂ ਨਿਰਮਲ ਹੈ, ਵਾ-ਅਮੁਲੋ=ਮੁੱਲ ਤੋਂ ਰਹਿਤ ਹੈ।

ਯਥਾ—"ਕੰਚਨ ਸਿਉ ਪਾਈਐ ਨਹੀ ਤੋਲਿ ॥" *[ਗਉੜੀ ਕਬੀਰ ਜੀ, ਪੰਨਾ ੩੨੭]*

ਅਤੇ ਅਮੁਲੁ=ਮੈਲ ਤੋਂ ਰਹਿਤ ਪਵਿੱਤ੍ਰ ਰੂਪ ਹੈ। ਉਸ ਦਾ ਸਾਰਾ ਜਸ ਕਥਨ ਨਹੀਂ ਕੀਤਾ ਜਾਂਦਾ।

ਆਖਿ ਆਖਿ ਰਹੇ ਲਿਵ ਲਾਇ ॥

੧. ਕਈ ਉਸ ਦੇ ਜਸ ਨੂੰ ਆਖ ਆਖ ਕੇ ਉਸ ਵਿਚ ਲਿਵ ਲਗਾ ਰਹੇ ਹਨ।

੨. ਜਿਨ੍ਹਾਂ ਨੇ ਆਖਿਆ ਹੈ, ਉਨ੍ਹਾਂ ਦੁਆਰੇ ਆਖ ਕੇ ਲਿਵ ਲਗਾ ਰਹੇ ਹਨ।

੩. ਆਖਿ=ਮੁਖ ਦੁਆਰੇ ਆਖ ਕੇ ਲਿਵ ਲਗਾ ਰਹੇ ਹਨ।

੪. ਆਖਿ=ਅਖਿਆਣਾ ਦੁਆਰੇ ਆਖ ਕੇ ਲਿਵ ਲਗਾ ਰਹੇ ਹਨ।

੫. [ਆਖਿ ਆਖਿ]

ਹਿੰਦੂ ਆਖਕੇ ਮੁਸਲਮਾਨ ਆਖਕੇ

ਦੇਵਤਾ ਆਖਕੇ ਦੈਂਤ ਆਖਕੇ

ਗੁਰਮੁਖ ਆਖਕੇ ਮਨਮੁਖ ਆਖਕੇ

ਪੁੰਨੀ ਆਖਕੇ ਪਾਪੀ ਆਖਕੇ

ਸਾਰੇ ਉਸ ਪ੍ਰਮਾਤਮਾ ਵਿਚ ਲਿਵ=ਬਿਰਤੀ ਲਗਾ ਰਹੇ ਹਨ।

ਇਹ ਪੰਗਤੀ ਮੂਲ ਰੂਪ ਹੈ, ਅਗਲੀਆਂ ਪੰਗਤੀਆਂ ਟੀਕਾ ਰੂਪ ਹਨ, ਉਨ੍ਹਾਂ ਵਿਚ ਨਿਰਣਾ ਕਰਕੇ ਦੱਸਦੇ ਹਨ ਕਿ ਕੌਣ ਕੌਣ ਆਖਦੇ ਹਨ-

ਆਖਹਿ ਵੇਦ ਪਾਠ ਪੁਰਾਣ ॥

੧. ਵੇਦਾਂ ਅਤੇ ਪੁਰਾਣਾਂ ਦੇ ਪਾਠ ਉਸ ਦੇ ਜਸ ਨੂੰ ਆਖਦੇ ਹਨ।

ਯਥਾ—"ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ॥"

[ਗਉੜੀ ਮਹਲਾ ੯, ਪੰਨਾ ੨੨੦]

੨. ਵੇਂਦ ਪਾਠੀ ਅਤੇ ਪੁਰਾਣ ਪਾਠੀ ਸਭ ਉਸ ਦੇ ਜਸ ਨੂੰ ਆਖਹਿ=ਆਖਦੇ ਹਨ।

ਆਖਹਿ ਪੜੇ ਕਰਹਿ ਵਖਿਆਣ॥

੧. ਵੇਦ ਅਤੇ ਪੁਰਾਣਾਂ ਨੂੰ ਪੜ੍ਹ ਕੇ ਜੋ ਵਖਿਆਨ ਕਰਦੇ ਹਨ ਉਹ ਵੀ ਉਸ ਦੇ ਜਸ ਨੂੰ ਆਖਦੇ ਹਨ।

੨. ਪੜ੍ਹਣ ਵਾਲੇ ਵਿਦਿਆਰਥੀ ਅਤੇ ਵਖਿਆਨ ਕਰਨ ਵਾਲੇ ਪੰਡਿਤ ਇਹ ਵੀ ਉਸ ਦੇ ਜਸ ਨੂੰ ਆਖਦੇ ਹਨ।

ਆਖਹਿ ਬਰਮੇ ਆਖਹਿ ਇੰਦ॥

ਬ੍ਰਹਮੇ ਵੀ ਉਸ ਦੇ ਜਸ ਨੂੰ ਆਖਦੇ ਹਨ, ਇੰਦ੍ਰ=ਵਿਸ਼ਨੂੰ, ਇੰਦਰ ਰਾਜਾ, ਇੰਦ੍ਰ=ਚੰਦ੍ਰਮਾ ਵੀ ਉਸ ਦੇ ਜਸ ਨੂੰ ਆਖਦਾ ਹੈ।

ਪ੍ਰਸ਼ਨ-ਬ੍ਰਹਮਾ ਇਕ ਹੈ ਯਾਂ ਬਹੁਤ ਸਾਰੇ?

ਉੱਤਰ-ਇਕ ਇਕ ਬ੍ਰਹਮੰਡ ਦਾ ਵੱਖੋ ਵੱਖਰਾ ਬ੍ਰਹਮਾ ਹੋਣ ਕਰਕੇ ਕ੍ਰੋੜਾਂ ਬ੍ਰਹਮੇ ਹਨ।

ਯਥਾ—"ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ੧॥"

[ਭੈਰਉ ਮਹਲਾ ੫, ਪੰਨਾ ੧੧੫੬]

ਆਖਹਿ ਗੋਪੀ ਤੈ ਗੋਵਿੰਦ॥

ਪਹਿਲਾ ਅਰਥ-ਗੋਪੀ=ਇਸਤ੍ਰੀਆਂ ਮਾਤ੍ਰ ਤੈ=ਅਤੇ ਗੋਵਿੰਦ੍ਰ=ਪੁਰਸ਼ ਮਾਤ੍ਰ ਸਭ ਉਸ ਦੇ ਜਸ ਨੂੰ ਆਖਦੇ ਹਨ।

ਦੂਜਾ ਅਰਥ-ਗੋਪੀਆਂ ਤੈ=ਤਿਸ ਗੋਵਿੰਦ੍ਰ=ਕ੍ਰਿਸ਼ਨ ਦੇ ਜਸ ਨੂੰ ਆਖਦੀਆਂ ਹਨ।

ਤੀਜਾ ਅਰਥ-ਗੋਪੀਆਂ ਅਤੇ ਗੋਵਿੰਦ੍ਰ=ਕ੍ਰਿਸ਼ਨ ਸਭ ਉਸ ਦੇ ਜਸ ਨੂੰ ਆਖਦੇ ਹਨ।

ਚੌਥਾ ਅਰਥ-ਗੋਪੀ=ਇੰਦ੍ਰੀਆਂ, ਗੋਵਿੰਦ੍ਰ=ਅੰਤਹਕਰਨ।

ਪੰਜਵਾਂ ਅਰਥ-ਗੋਪੀਆਂ ਤੇ ਗੋਵਿੰਦ੍ਰ=ਗੁਆਲੇ।

ਛੇਵਾਂ ਅਰਥ-ਜੋ ਪ੍ਰਮੇਸ਼ਵਰ ਗੋ+ਪੀ=ਪ੍ਰਿਥਵੀ ਦਾ ਪਤੀ ਹੈ ਅਤੇ ਗੋ+ਵਿੰਦ੍ਰ=ਵੇਦਾਂ ਕਰਕੇ ਜਾਨਣ ਜੋਗ ਹੈ ਤੈ=ਉਸ ਦੇ ਜਸ ਨੂੰ ਸਭ ਆਖਦੇ ਹਨ।

ਆਖਹਿ ਈਸਰ ਆਖਹਿ ਸਿਧ॥

੧. ਈਸਰ=ਸ਼ਿਵ ਉਸ ਦੇ ਜਸ ਨੂੰ ਆਖਦਾ ਹੈ, ਹੇ ਸਿੱਧੋ! ਤੁਸੀਂ ਵੀ ਉਸ ਦੇ ਜਸ ਨੂੰ ਆਖਦੇ ਹੋ।

ਵਾ-ਜੋ ਭੀ ਸਿੱਧੀਆਂ ਸਪੰਨ ਹਨ ਉਹ ਵੀ ਉਸ ਦੇ ਜਸ ਨੂੰ ਆਖਦੇ ਹਨ।

ਸਿੱਧ=ਪ੍ਰਸਿੱਧ ਸ਼ਿਵ ਆਖਹਿ=ਮੁਖ ਦੁਆਰਾ ਉਸ ਦੇ ਜਸ ਨੂੰ ਆਖਦਾ ਹੈ।

ਆਖਹਿ ਕੇਤੇ ਕੀਤੇ ਬੁਧਿ॥

ਕਿਤਨੇ ਹੀ ਜੋ ਬੁੱਧੀਵਾਨ ਕੀਤੇ ਹੋਏ ਹਨ ਉਹ ਭੀ ਉਸ ਦੇ ਜਸ ਨੂੰ ਆਖਦੇ ਹਨ।

ਵਾ-ਬੁਧ ਆਦਿ ਨੌ ਗ੍ਰਹਿ ਅਤੇ ਬੋਧਾ ਅਵਤਾਰ ਇਹ ਸਭ ਉਸ ਦੇ ਜਸ ਨੂੰ ਆਖਦੇ ਹਨ।

ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥

ਦੈਂਤ ਆਖਦੇ ਹਨ ਅਤੇ ਦੇਵਤੇ ਭੀ ਉਸ ਦੇ ਜਸ ਨੂੰ ਆਖਦੇ ਹਨ।

ਸੁਰ,* ਮਨੁੱਖ, ਮੁਨੀਜਨ ਮਹਾਤਮਾ, ਸੇਵ=ਸ਼ੈਵੀ ਮਤ ਵਾਲੇ, ਵਾ-ਸੇਵਾ ਕਰਨ ਵਾਲੇ ਸੇਵਕ ਜਨ ਇਹ ਸਭ ਉਸ ਦੇ ਜਸ ਨੂੰ ਆਖਦੇ ਹਨ।

ਅਥਵਾ - ਇਕ ਪੰਗਤੀ ਵਿਚ 'ਦੇਵ' ਲਿਖਿਆ ਹੋਇਆ ਹੈ। ਦੂਜੀ ਪੰਗਤੀ ਵਿਚ 'ਸੁਰਿ' ਲਿਖਿਆ ਹੋਇਆ ਹੈ। ਇਨ੍ਹਾਂ ਦੋਹਾਂ ਨੂੰ ਇਕੱਠਿਆਂ ਕਰ ਕੇ 'ਸੁਰਿਦੇਵ' ਬਣ ਜਾਇਗਾ।

ਸੁਰਿਦੇਵ=ਇੰਦਰ ਰਾਜਾ, ਬ੍ਰਹਸਪਤਿ ਇਹ ਭੀ ਉਸ ਦੇ ਜਸ ਨੂੰ ਆਖਦੇ ਹਨ।

ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥

ਕਿਤਨੇ ਤਾਂ ਆਖ ਰਹੇ ਹਨ ਅਤੇ ਕਿਤਨੇ ਹੀ ਆਖਣ ਨੂੰ ਪਾਹਿ=ਪੈਂਦੇ ਹਨ ਭਾਵ ਜਸ ਕਰਨ ਨੂੰ ਤਿਆਰ ਹੋ ਰਹੇ ਹਨ।

ਕਿਤਨੇ ਹੀ ਪ੍ਰਮੇਸ਼ਰ ਦੇ ਜਸ ਨੂੰ ਕਹਿ ਕਹਿ=ਆਖ ਆਖ ਕੇ ਉੱਠ ਉੱਠ ਕੇ ਤੁਰੇ ਜਾਂਦੇ ਭਾਵ ਮਰਦੇ ਜਾਂਦੇ ਹਨ।

ਵਾ-ਕਿਤਨੇ ਹੀ ਜੋ ਕਹਿਣ ਵਾਲੇ ਹੋ ਕੇ ਈਸ਼ਵਰ ਜਸ ਨੂੰ ਕਹਿੰਦੇ ਹਨ ਉਨ੍ਹਾਂ ਦਾ ਉਠ ਜਾਣ ਵਾਲਾ ਸੰਸਾਰ ਉੱਠ ਜਾਂਦਾ ਭਾਵ ਨਵਿਰਤ ਹੋ ਜਾਂਦਾ ਹੈ।

ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥

੧. ਹੇ ਸਿੱਧੋ! [ਏਤੇ] ਇਤਨੇ ਤਾਂ ਅਸੀਂ ਗਿਣਨਾ ਕੀਤੇ ਹਨ, ਜੇ ਹੋਰ ਭੀ ਗਿਣਨਾ ਕਰੇਹਿ=ਕਰੀਏ ਤਾਂ ਓੜਕ ਕੋਈ ਨਹੀਂ ਹੈ।

੨. ਇਤਨੇ ਤਾਂ ਪਰਮੇਸ਼ਰ ਜਸ ਨੂੰ ਵਰਨਣ ਕਰਦੇ ਹਨ, ਜੇਕਰ ਹੋਰ ਭੀ ਨਾਮ ਨੂੰ ਵਰਨਣ ਕਰਨ। ਤੋਂ ਕੀ ਉਹ ਕੇਈਕੁ ਆਖ ਨਹੀਂ ਸਕਦੇ ਕਿ ਉਸ ਦੇ ਕੇਇ=ਕਿਤਨੇ ਕੁ ਨਾਮ ਹਨ।

ਜੇਵਡੁ ਭਾਵੈ ਤੇਵਡੁ ਹੋਇ॥

ਉਸ ਪ੍ਰਮਾਤਮਾਂ ਨੂੰ ਜੇਵਡੁ=ਜੇਡਾ ਵੱਡਾ ਹੋਣਾ ਭਾਵੈ=ਭਾਉਂਦਾ ਹੈ, ਤੇਵਡੁ=ਓਡਾ ਵੱਡਾ ਹੀ ਹੋ ਜਾਂਦਾ ਹੈ।

---

*ਨੋਟ-'ਸੁਰ' ਉਨ੍ਹਾਂ ਨੂੰ ਕਹਿੰਦੇ ਹਨ ਜੋ ਪੁੰਨ ਕਰਮਾਂ ਕਰਕੇ ਬਣੇ ਹੋਣ।

'ਦੇਵਤੇ' ਉਨ੍ਹਾਂ ਨੂੰ ਕਹਿੰਦੇ ਹਨ ਜੋ ਬ੍ਰਹਮਾ ਨਾਲ ਪੈਦਾ ਹੋਏ ਹੋਣ।

ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਦੇਸ਼ਾਂ ਦਿਸ਼ਾਂਤਰਾਂ ਵਿਖੇ ਰਟਨ ਕਰਦਿਆਂ ਕਰਦਿਆਂ ਦੇਵਲੂਤ ਨੂੰ ਸੰਤ ਸੇਵਾ ਅਤੇ ਸਿਮਰਨ ਦਾ ਉਪਦੇਸ਼ ਦੇ ਕੇ ਜਦ ਅੱਗੇ ਨੂੰ ਚੱਲੇ ਤਾਂ ਚਲਦਿਆਂ ਚਲਦਿਆਂ ਬੜਾ ਭਾਰੀ ਜੰਗਲ ਆਇਆ। ਜਦ ਉਸ ਜੰਗਲ ਦੇ ਅੰਦਰ ਵੜੇ ਤਾਂ ਬੜੇ-ਬੜੇ ਸੁੰਦਰ ਬ੍ਰਿਛ ਫਲਾਂ ਨਾਲ ਫਲੀਭੂਤ ਵੇਖੇ। ਪਰ ਉਸ ਜੰਗਲ ਵਿਚ ਗਿੱਦੜ, ਸ਼ੇਰ, ਬਘਿਆੜ, ਚਿੱਤਰਾ, ਹਰਨ ਅਤੇ ਸੂਰ, ਗਵੇ ਆਦਿਕ ਕੋਈ ਵੀ ਪਸ਼ੂ ਨਹੀਂ ਸਨ, ਹੋਰ ਕੀ ਕਹਿਣਾ ਹੈ ਪੰਛੀ ਵੀ ਕੋਈ ਨਹੀਂ ਸੀ।

ਅਜੇਹੇ ਜੰਗਲ ਵਿਖੇ ਇਕ ਸੁੰਦਰ ਬ੍ਰਿਛ ਦੀ ਛਾਇਆ ਹੇਠ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੈਠਿਆਂ ਜਦ ਦੋ ਘੜੀਆਂ ਬੀਤੀਆਂ, ਤਦ ਭਾਈ ਮਰਦਾਨਾ ਭੁੱਖ ਨਾਲ ਵਿਆਕੁਲ ਹੋ ਕੇ ਬੋਲਿਆ, "ਸਤਿਗੁਰੂ ਜੀ! ਜੰਗਲ ਵਿਚ ਬੜੇ ਬੜੇ ਸੁੰਦਰ ਫਲ ਰਸਾਂ ਨਾਲ ਭਰੇ ਹੋਏ ਸਵਾਦੀ ਦਿਸ ਰਹੇ ਹਨ। ਆਪ ਜੀ ਦੀ ਆਗ੍ਯਿਆ ਹੋਵੇ ਤਾਂ ਜਾ ਕੇ ਖਾ ਆਵਾਂ।"

ਮਰਦਾਨੇ ਦੀ ਇਹ ਗੱਲ ਸੁਣ ਕੇ ਹਜ਼ੂਰ ਨੇ ਫੁਰਮਾਇਆ ਕਿ ਇਹ ਜੰਗਲ ਬੜਾ ਭਿਆਨਕ ਹੈ, ਮਰਦਾਨਿਆਂ! ਤੂੰ ਕਿਧਰੇ ਨਾ ਜਾ, ਅਸਾਡੇ ਪਾਸ ਹੀ ਬੈਠਾ ਰਹੁ।

ਇਹ ਗੱਲ ਸੁਣ ਕੇ ਭੁੱਖ ਦਾ ਮਾਰਿਆ ਹੋਇਆ ਮਰਦਾਨਾ ਤਲਖੀ ਵਿਚ ਆ ਕੇ ਕਹਿੰਦਾ ਹੈ ਕਿ ਜਿਸ ਜਗ੍ਹਾ ਪਰ ਕੁਝ ਖਾਣ ਨੂੰ ਮਿਲਦਾ ਹੈ ਉਥੇ ਆਪ ਖਾਣ ਨਹੀਂ ਦੇਂਦੇ। ਇਸ ਤੋਂ ਮਲੂਮ ਹੁੰਦਾ ਹੈ ਕਿ ਆਪ ਮੇਰੇ ਨਾਲ ਵੈਰ ਭਾਵ ਕਰਦੇ ਹੋ। ਜੇਕਰ ਆਪ ਜੀ ਦਾ ਏਹੀ ਸੁਭਾਵ ਰਿਹਾ ਫਿਰ ਤਾਂ ਮੈਂ ਅਜਾਈਂ ਮੌਤ ਮਰ ਜਾਵਾਂਗਾ ਨਾ ਕੋਈ ਮੇਰੇ ਪਾਸ ਸਨਬੰਧੀ ਹੋਵੇਗਾ ਨਾਹੀ ਕੋਈ ਖੱਫਣ ਪਾਏਗਾ ਜਿਸ ਜਗ੍ਹਾ ਮਰਾਂਗਾ ਉਥੇ ਹੀ ਦੇਹ ਪਈ ਰਹੇਗੀ, ਨਾ ਹੀ ਮੇਰੀ ਕਿਸੇ ਨੇ ਕਬਰ ਬਨਾਉਣੀ ਹੈ। ਆਪ ਭੀ ਘਰੋਂ ਉਜੜੇ ਫਿਰਦੇ ਹੋ ਮੈਨੂੰ ਭੀ ਉਜਾੜਿਆ ਹੈ। ਮੇਰੇ ਪਾਸੋਂ ਭੁੱਖ ਨਹੀਂ ਸਹਾਰੀ ਜਾਂਦੀ। ਇਸ ਤਰ੍ਹਾਂ ਅਯੋਗ ਬਚਨ ਕਹਿ ਕੇ ਆਗਿਆ ਲੀਤੇ ਤੋਂ ਬਿਨਾਂ ਹੀ ਮਰਦਾਨਾ ਓਸ ਜੰਗਲ ਵਿਖੇ ਚਲਾ ਗਿਆ ਕੁਝ ਕੁ ਸੁੰਦਰ ਫਲ ਖਾ ਕੇ ਜਦ ਅੱਗੇ ਨੂੰ ਹੋਰ ਵਧਿਆ ਤਾਂ ਉਥੇ ਇਕ ਬੜਾ ਭਾਰੀ ਦੈਂਤ ਰਹਿੰਦਾ ਸੀ। ਇਸ ਨੇ ਜੰਗਲ ਵਿਖੇ ਦੋ ਹਜ਼ਾਰ ਕੋਹਾਂ ਤਕ ਕੋਈ ਪਸ਼ੂ ਪੰਛੀ ਨਹੀਂ ਛੱਡਿਆ, ਪਹਾੜ ਵਰਗੀ ਜਿਸ ਦੀ ਭਿਆਨਕ ਦੇਹ ਹੈ। ਦੋ ਕੋਹਾਂ ਤਕ ਲੰਬੀਆਂ ਬਾਹਵਾਂ ਹਨ। ਸਿਰ ਉਤੇ ਜੋ ਸਿੰਙ ਹਨ ਉਹ ਖਜੂਰਾਂ ਦੇ ਬ੍ਰਿਛਾਂ ਵਾਂਗ ਲੰਬੇ ਲੰਬੇ ਹਨ। ਪਹਾੜਾਂ ਦੀ ਕੰਦਰਾਂ ਸਮਾਨ ਨਾਸਾਂ ਹਨ। ਭੁੱਖ ਦਾ ਮਾਰਿਆ ਹੋਇਆ ਉਹ ਹੋਠਾਂ ਨੂੰ ਚੱਟ ਰਿਹਾ ਸੀ ਜਦ ਉਸ ਦੈਂਤ ਨੇ ਭਾਈ ਮਰਦਾਨੇ ਨੂੰ ਦੇਖਿਆ ਤਦ ਉਸੇ ਵੇਲੇ ਫੜ ਕੇ ਮੂੰਹ ਵਿਚ ਪਾ ਲਿਆ।

ਉਸ ਵੇਲੇ ਮਰਦਾਨੇ ਨੇ ਬੇਨਤੀਆਂ ਕੀਤੀਆਂ, "ਹੇ ਗੁਰੂ ਨਾਨਕ ਦੇਵ ਜੀ! ਹੇ ਦੀਨਾ ਬੰਧੂ ਜੀ! ਹੇ ਪਤਿਤ ਪਾਵਨ ਜੀ! ਹੇ ਬਖਸ਼ਣਹਾਰ ਜੀ! ਮੈਂ ਔਗੁਣ ਹਾਰੇ ਪਾਪੀ ਨਿਕਾਰੇ ਨੂੰ ਬਖਸ਼ ਲਓ ਮੈਂ ਬੜਾ ਭਾਰੀ ਅਪਰਾਧ ਕੀਤਾ ਹੈ ਜੋ ਆਪ ਜੀ ਦੇ ਸਾਹਮਣੇ ਅਯੋਗ ਬਚਨ ਕਹੇ ਹਨ। ਆਪ ਜੀ ਨੂੰ ਸੰਗ ਲਏ ਦੀ ਲਾਜ ਹੈ। ਜਿਵੇਂ ਹਾਥੀ ਨੂੰ ਬਚਾਇਆ ਸੀ ਮੈਨੂੰ ਭੀ ਬਚਾਓ।"

ਉਸ ਵੇਲੇ ਹਜ਼ੂਰ ਨੇ ਪਹਿਲੇ ਤਾਂ ਇਹ ਕਿਰਪਾ ਕੀਤੀ ਕਿ ਰਾਖਸ਼ ਦੇ ਦੰਦਾਂ ਤੋਂ ਬਚਾ ਲਿਆ ਅਤੇ ਸਾਬਤ ਹੀ ਅੰਦਰ ਚਲਾ ਗਿਆ।

ਪੁਨਾ ਹਜ਼ੂਰ ਨੇ ਭਾਈ ਬਾਲੇ ਨੂੰ ਕਿਹਾ ਕਿ ਹੇ ਭਾਈ ਬਾਲੇ! ਇਕ ਰਾਖਸ਼ ਨੇ ਮਰਦਾਨੇ ਨੂੰ ਫੜ ਕੇ ਆਪਣੇ ਅੰਦਰ ਲੰਘਾ ਲੀਤਾ ਹੈ ਹੁਣ ਅਸੀਂ ਜਾ ਕੇ ਉਸ ਦੀ ਸਹਾਇਤਾ ਕਰਦੇ ਹਾਂ ਤੂੰ ਇਕ ਘੜੀ ਇਥੇ ਠਹਿਰੀਂ।

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਗਏ ਤਾਂ ਇਨ੍ਹਾਂ ਨੂੰ ਭੀ ਰਾਖਸ਼ ਨੇ ਫੜ ਕੇ ਆਪਣੇ ਅੰਦਰ ਲੰਘਾ ਲਿਆ। ਉਸ ਵੇਲੇ ਗੁਰਦੇਵ ਜੀ ਭਾਈ ਮਰਦਾਨੇ ਨੂੰ ਜਾ ਮਿਲੇ ਤੇ ਬੜਾ ਧੀਰਜ ਦਿੱਤਾ। ਐਸੀਆਂ ਕਠਨ ਜਗ੍ਹਾਂ ਤੋਂ ਗੁਰੂ ਬਿਨਾਂ ਕੋਈ ਸਹਾਇਤਾ ਨਹੀਂ ਕਰ ਸਕਦਾ, ਇਕ ਗੁਰੂ ਹੀ ਸਹਾਇਕ ਹੁੰਦੇ ਹਨ।

ਯਥਾ—"ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ॥"

[ਰਾਮਕਲੀ ਵਾਰ, ਪੰਨਾ ੯੬੨]

ਉਸ ਰਾਖਸ਼ ਦੀ ਦੋ ਕੋਹ ਦੇਹ ਲੰਬੀ ਸੀ, ਗੁਰੂ ਸਾਹਿਬ ਜੀ ਨੇ ਉਤਨੀ ਹੀ ਦੇਹ ਵਧਾ ਲੀਤੀ। ਜਦ ਉਸ ਦਾ ਤਨ ਫਟਨ ਲੱਗਾ ਉਸ ਨੇ ਇਕ ਜੋਜਨ ਤਕ ਆਪਣੀ ਦੇਹ ਕਰ ਲਈ। ਗੁਰੂ ਜੀ ਨੇ ਭੀ ਉਤਨੀ ਦੇਹ ਵਧਾ ਲਈ। ਜਦ ਰਾਖਸ਼ ਨੂੰ ਫੇਰ ਕਸ਼ਟ ਹੋਇਆ ਤਦ ਉਸ ਨੇ ਦੋ ਜੋਜਨ ਤਕ ਆਪਣੀ ਦੇਹ ਹੋਰ ਵਧਾਉਣਾ ਕੀਤੀ। ਗੁਰੂ ਜੀ ਨੇ ਭੀ ਉਤਨਾ ਸਰੀਰ ਵਧਾ ਲਿਆ ਜਦ ਉਸ ਨੂੰ ਫਿਰ ਭਾਰੀ ਦੁੱਖ ਹੋਇਆ ਤਾਂ ਉਸ ਨੇ ਨੌਂ ਜੋਜਨ ਤਕ ਆਪਣੀ ਦੇਹ ਕਰ ਲੀਤੀ। ਗੁਰੂ ਸਾਹਿਬ ਜੀ ਨੇ ਭੀ ਨੌਂ ਜੋਜਨ ਤਕ ਅਰਥਾਤ ਛੱਤੀ ਕੋਹ ਤਕ ਦੇਹ ਵਧਾ ਲਈ।

ਯਥਾ—"ਦੈ ਕੋਸਨ ਲੌ ਦੈਤਦ ਉਤੰਗਾ। ਤਿਤਨੋ ਕੀਯੋ ਪ੍ਰਭੂ ਨਿਜ ਅੰਗਾ॥ ੬੧॥
ਜਬ ਤਨ ਫਤਨ ਲਗਜੋ ਤਿਹ ਕੇਰੋ। ਇਕ ਜੋਜਨ ਲੌ ਬਧਜੋ ਵਧੇਰੋ।
ਸ੍ਰੀ ਗੁਰੁ ਬਹੁਰ ਬਧਾਵਾ ਤੇਤੋ। ਰਾਖਸ਼ ਬਿਸਤਰਯੋ ਤਨ ਜੇਤੋ॥ ੬੨॥
ਭਯੋ ਕਸ਼ਟ ਜਬ ਰਾਖਸ਼ ਤਾਂਈ। ਦੈ ਜੋਜਨ ਕੀ ਦੇਹਿ ਬਧਾਈ।
ਸ੍ਰੀ ਗੁਰੂ ਤੇਤੋ ਤਨ ਬਿਸਤਾਰਾ। ਅੰਤਰ ਭਯੋ ਤਾਂਹਿ ਦੁਖ ਭਾਰਾ॥ ੬੩॥
ਨੌਂ ਜੋਜਨ ਲੈ ਦੈਤ ਬਧਾਵਾ। ਤੈਸੇ ਪ੍ਰਭੂ ਨਿਜ ਦੇਹਿ ਬਨਾਵਾ॥"

[ਨਾਨਕ ਪ੍ਰਕਾਸ਼ ਪੂਰਬਾਰਧ, ਧਿਆ ੫੫]

ਇਸ ਤੋਂ ਅੱਗੇ ਹੋਰ ਆਪਣੀ ਦੇਹ ਉਹ ਦੈਂਤ ਨਾ ਵਧਾ ਸਕਿਆ। ਜਦ ਉਹ ਨਿਰਬਲ ਹੋ ਗਿਆ ਤਾਂ ਆਪਣੇ ਜੀਵਣ ਦੀ ਆਸਾ ਦੂਰ ਕਰ ਦਿੱਤੀ, ਅੱਖਾਂ ਬਾਹਰ ਨਿਕਲ ਆਈਆਂ ਤੇ ਸਰੀਰ ਫਟ ਗਿਆ ਅਤੇ ਭਵਾਂਟਣੀ ਖਾ ਕੇ ਜ਼ਮੀਨ ਤੇ ਡਿੱਗ ਪਿਆ। ਉਸ ਦੇ ਡਿੱਗਣ ਨਾਲ ਉਸ ਦੇ ਹੇਠਾਂ ਆਏ ਸਭ ਬ੍ਰਿਛ ਚੂਰ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਜਿਉਂ ਦੇ ਤਿਉਂ ਸੁਖੀ ਸਾਂਦੀ ਬਾਹਰ ਨਿਕਲ ਆਏ।

ਉਸ ਵੇਲੇ ਉਸ ਰਾਖਸ਼ ਦੀ ਰੂਹ ਨੇ ਬੜੀ ਨਿੰਮ੍ਰਤਾ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਕੀਤੀ। ਉਸਤਤੀ ਕਰਕੇ ਜਦ ਬਿਮਾਨ ਪਰ ਚੜ੍ਹ ਕੇ ਸੱਚ ਖੰਡ ਵਿਚ ਜਾਣ ਲੱਗੀ ਤਦ ਮਰਦਾਨੇ ਨੇ ਪੁੱਛਿਆ, "ਤੂੰ ਕੌਣ ਹੈਂ?"

ਉਸ ਵੇਲੇ ਉਸ ਨੇ ਆਪਣੀ ਕਥਾ ਸੁਣਾਈ ਕਿ ਪਿਛਲੇ ਜਨਮ ਵਿਖੇ ਮੈਂ ਰਾਜਾ ਜਨਕ ਜੀ ਦੇ ਪਾਸ

ਨੌਕਰ ਸੀ। ਰਸੋਈ ਦਾ ਸਾਰਾ ਕੰਮ ਮੈਂ ਤਿਆਰ ਕਰਦਾ ਸੀ।

ਇਕ ਦਿਨ ਰਾਜੇ ਜਨਕ ਜੀ ਨੇ ਸੰਤਾਂ ਨੂੰ ਨਿਮੰਤ੍ਰਣ ਦੇ ਕੇ ਮੈਨੂੰ ਕਿਹਾ, "ਕੱਲ੍ਹ ਸੰਤਾਂ ਨੇ ਪ੍ਰਸ਼ਾਦਿ ਛਕਣ ਆਉਣਾ ਹੈ ਤੂੰ ਚੰਗੀ ਤਰ੍ਹਾਂ ਸੋਹਣਾ ਭੋਜਨ ਤਿਆਰ ਕਰਨਾ ਹੋਵੇਗਾ।" ਰਾਜਾ ਜੀ ਦੇ ਕਹਿਣ ਪਰ ਭੋਜਨ ਤਾਂ ਮੈਂ ਚੰਗਾ ਤਿਆਰ ਕੀਤਾ ਪਰ ਮੈਨੂੰ ਭੁੱਖ ਲੱਗੀ ਹੋਈ ਸੀ ਜਿਸ ਕਰਕੇ ਮੈਂ ਛਿਪਾ ਕੇ ਭੋਜਨ ਪਹਿਲੇ ਖਾ ਲਿਆ। ਮੇਰੇ ਭੋਜਨ ਛੱਕਣ ਦਾ ਪਤਾ ਰਾਜੇ ਜਨਕ ਜੀ ਨੂੰ ਲੱਗ ਗਿਆ। ਜਿਸ ਤੇ ਉਹਨਾਂ ਨੇ ਕ੍ਰੋਧ ਵਿਚ ਆ ਕੇ ਮੈਨੂੰ ਸਰਾਪ ਦੇ ਦਿੱਤਾ ਕਿ ਤੂੰ ਸੰਤਾਂ ਨੂੰ ਭੋਜਨ ਛਕਾਏ ਤੋਂ ਪਹਿਲਾਂ ਹੀ ਖਾ ਲੀਤਾ ਹੈ ਇਹ ਤੂੰ ਦੈਂਤਾਂ ਵਾਲਾ ਕੰਮ ਕੀਤਾ ਹੈ ਇਸ ਕਰਕੇ ਤੂੰ ਦੈਂਤ ਜੂਨੀ ਨੂੰ ਧਾਰਨ ਕਰ।

ਤਾਂ ਮੈਂ ਹੱਥ ਜੋੜ ਕੇ ਬੇਨਤੀ ਕੀਤੀ - "ਹੇ ਰਾਜਨ! ਜੋ ਮੈਂ ਪਹਿਲਾਂ ਆਪ ਜੀ ਦੀ ਅਤੇ ਸੰਤਾਂ ਦੀ ਸੇਵਾ ਕੀਤੀ ਹੈ ਉਸ ਦਾ ਫਲ ਮੈਨੂੰ ਕਦੋਂ ਮਿਲੇਗਾ?"

ਰਾਜੇ ਜਨਕ ਜੀ ਨੇ ਕਿਹਾ, "ਕਲਜੁਗ ਵਿਖੇ ਈਸ਼ਵਰ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਗੇ ਉਹ ਤੈਨੂੰ ਇਸ ਸੇਵਾ ਦਾ ਫਲ ਮੁਕਤੀ ਦੇਣਗੇ।"

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਕਰਕੇ ਹੁਣ ਮੈਨੂੰ ਮੁਕਤੀ ਮਿਲ ਗਈ ਹੈ। ਇਹ ਗੱਲ ਕਹਿ ਕੇ ਬਿਮਾਨ ਪਰ ਚੜ੍ਹ ਕੇ ਸੱਚ ਖੰਡ ਚਲਾ ਗਿਆ।

ਸਾਧ ਸੰਗਤ ਜੀਓ! ਇਸ ਪ੍ਰਕਾਰ ਉਸ ਦੈਂਤ ਦੀ ਕਲਿਆਣਤਾ ਵਾਸਤੇ ਪਰਮਾਤਮਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਹੋ ਕੇ ਜੇਡਾ ਵੱਡਾ ਹੋਣਾ ਭਾਇਆ ਓਡਾ ਵੱਡਾ ਹੀ ਹੋ ਗਿਆ।

ਨਾਨਕ ਜਾਣੈ ਸਾਚਾ ਸੋਇ॥

ਗੁਰੂ ਜੀ ਆਖਦੇ ਹਨ-ਉਹ ਸੱਚਾ ਪਰਮਾਤਮਾ ਆਪਣੀ ਮਹਿਮਾਂ ਨੂੰ ਆਪ ਹੀ ਜਾਣਦਾ ਹੈ।

ਪੁਨਾ ਸਿੱਧਾਂ ਆਖਿਆ, ਜੋ ਪੁਰਸ਼ ਸ਼ਰਧਾ ਸਹਿਤ ਉਸ ਸੱਚੇ ਪ੍ਰਮਾਤਮਾਂ ਨੂੰ ਜਾਣਦਾ ਹੈ, ਉਸ ਨੂੰ ਕੀ ਫਲ ਹੁੰਦਾ ਹੈ? ਉੱਤਰ-

ਜੇਵਡੁ ਭਾਵੈ ਤੇਵਡੁ ਹੋਇ॥ ਉਸ ਨੂੰ ਜੇਡਾ ਵੱਡਾ ਹੋਣਾ ਭਾਂਵਦਾ ਹੈ, ਓਡਾ ਵੱਡਾ ਉਹ ਹੋ ਜਾਂਦਾ ਹੈ। ਫਿਰ ਇਕ ਸਿੱਧ ਨੇ ਕਿਹਾ, ਉਸ ਦੀ ਸਮੱਗਰ ਮਹਿਮਾਂ ਨੂੰ ਮੈਂ ਜਾਣਦਾ ਹਾਂ।

ਗੁਰੂ ਜੀ ਨੇ ਕਿਹਾ-

ਜੇ ਕੋ ਆਖੈ ਬੋਲੁ ਵਿਗਾੜੁ॥

ਜਿਹੜਾ ਕੋਈ ਬੋਲੁ ਵਿਗਾੜ=ਮੂਰਖ ਪੁਰਸ਼ ਇਸ ਗੱਲ ਨੂੰ ਆਖਦਾ ਹੈ ਕਿ ਮੈਂ ਸਮੱਗਰ ਮਹਿਮਾਂ ਜਾਣਦਾ ਹਾਂ।

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥ ੨੬॥

ਤਦ ਉਸ ਨੂੰ ਮੂਰਖਾਂ ਦਾ ਸਿਰਿ ਗਾਵਾਰੁ=ਸ਼੍ਰੋਮਣੀ ਮੂਰਖ ਲਿਖਿਆ ਜਾਂਦਾ ਹੈ।

ਅਥਵਾ :- ਉਹ ਸ਼੍ਰੋਮਣੀ ਮੂਰਖ ਜਾਣਿਆ ਜਾਂਦਾ ਹੈ॥ ੨੬॥

ਛੱਬੀਵੀਂ ਪਉੜੀ ਦੇ ੨੮੭ ਅੱਖਰ ਹਨ।

ਸਤਾਈਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ-

ਸੋ ਦਰੁ ਕੇਹਾ=ਉਸ ਪ੍ਰਮਾਤਮਾ ਦਾ ਦਰਵਾਜ਼ਾ ਕਿਹੜਾ ਹੈ?

ਸੋ ਘਰੁ ਕੇਹਾ=ਉਸ ਪ੍ਰਮਾਤਮਾ ਦਾ ਘਰ ਕਿਹੜਾ ਹੈ?

ਜਿਤੁ ਬਹਿ ਸਰਬ ਸਮਾਲੇ॥ ਜਿਸ ਦਰ ਘਰ ਵਿਚ ਬੈਠ ਕੇ ਉਹ ਪ੍ਰਮਾਤਮਾ ਸਾਰਿਆਂ ਜੀਵਾਂ ਦੀ ਸੰਭਾਲ ਕਰਦਾ ਹੈ।

ਗੁਰੂ ਜੀ ਕਥਨ ਕਰਦੇ ਹਨ, ਹੇ ਸਿੱਧੋ! ਇਦੰ ਮਿਥ ਕਰਕੇ ਉਸ ਪ੍ਰਮਾਤਮਾ ਦਾ ਦਰਵਾਜ਼ਾ ਕਿਹੜਾ ਕਹੀਏ ਅਤੇ ਘਰ ਕਿਹੜਾ ਕਹੀਏ, ਜਿਸ ਦਰ ਘਰ ਵਿਚ ਬੈਠ ਕੇ ਉਹ ਸਾਰਿਆਂ ਦੀ ਸੰਭਾਲ ਕਰਦਾ ਹੈ। ਕਿਉਂਕਿ ਸਾਰੇ ਦਰਵਾਜ਼ੇ ਅਤੇ ਘਰ ਉਸੀ ਦੇ ਹੀ ਹਨ।

ਪੁਨਾ ਸਿੱਧਾਂ ਨੇ ਆਖਿਆ-ਸਮਝਾਉਣ ਵਾਸਤੇ ਤਾਂ ਕੁਝ ਕਹੋ?

ਤਾਂ ਗੁਰੂ ਜੀ ਕਥਨ ਕਰਦੇ ਹਨ-

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥

ਉਸ ਪ੍ਰਮਾਤਮਾ ਦਾ ਸੰਸਾਰ ਰੂਪ ਦਰਵਾਜ਼ਾ ਕਥਨ ਕੀਤਾ ਹੈ, ਅਤੇ ਉਸ ਪ੍ਰਮਾਤਮਾ ਦਾ ਸੱਚਖੰਡ ਰੂਪੀ ਘਰ ਕਥਨ ਕੀਤਾ ਹੈ। ਜਿਸ ਸੰਸਾਰ ਦਰਵਾਜ਼ੇ ਅਤੇ ਸੱਚਖੰਡ ਰੂਪੀ ਘਰ ਵਿਖੇ ਬੈਠਕੇ ਸਾਰਿਆਂ ਜੀਵਾਂ ਦੀ ਸੰਭਾਲ ਕਰਦਾ ਹੈ।

ਪੁਨਾ ਸਿੱਧਾਂ ਨੇ ਕਿਹਾ-ਆਖਿਆ, 'ਉਹ ਦਰਵਾਜ਼ਾ ਕਿਹੜਾ ਹੈ ਜਿਸ ਦਰਵਾਜ਼ੇ ਤੇ ਬੈਠ ਕੇ ਸਭ ਇੰਦ੍ਰੀਆਂ ਨੂੰ ਰੋਕ ਕੇ ਨਾਮ ਨੂੰ ਜਪੇ, ਤੇ ਸਰੂਪ ਘਰ ਦੀ ਪ੍ਰਾਪਤੀ ਹੋਵੇ?' ਗੁਰ ਉੱਤਰ-

ਸੋ ਦਰੁ ਕੇਹਾ=ਉਹ ਸਤਸੰਗ ਰੂਪ ਦਰਵਾਜ਼ਾ ਕਥਨ ਕੀਤਾ ਹੈ।

ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਜਿਸ ਸਤਸੰਗ ਰੂਪ ਦਰਵਾਜ਼ੇ ਵਿਚ ਬੈਠਕੇ ਸਾਰੀਆਂ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕ ਕੇ ਪ੍ਰਮਾਤਮਾ ਦੇ ਨਾਮ ਨੂੰ ਸਮ੍ਹਾਲੇ ਤਾਂ ਸੋ ਘਰੁ=ਉਸ ਸਰੂਪ ਘਰ ਦੀ ਪ੍ਰਾਪਤੀ ਹੁੰਦੀ ਹੈ।

ਪੁਨਾ ਸਿੱਧਾਂ ਆਖਿਆ, ਉਸ ਪ੍ਰਮਾਤਮਾਂ ਦੇ ਦਰਵਾਜ਼ੇ ਅਤੇ ਘਰਾਂ ਦੀ ਸਿਫਤ ਸੁਣਾਓ।'

ਤਾਂ ਗੁਰੂ ਜੀ ਨੇ ਕਿਹਾ-

ਸਰੂਪ ਰੂਪੀ ਘਰ ਅਕਹਿ ਹੈ ਉਸ ਦੀ ਸਿਫਤ ਤਾਂ ਉਚਾਰਨ ਨਹੀਂ ਹੋ ਸਕਦੀਂ। ਹੁਣ ਸੰਸਾਰ ਅਤੇ ਸਤਸੰਗ ਰੂਪ ਦਰਵਾਜ਼ਿਆਂ ਦੀ ਅਤੇ ਸੱਚਖੰਡ ਰੂਪੀ ਘਰ ਦੀ ਸਿਫਤ ਵਰਣਨ ਕਰਦੇ ਹਾਂ।

ਵਾਜੇ ਨਾਦ ਅਨੇਕ ਅਸੰਖਾ

੧. ਅਸੰਖਾ=ਬਿਅੰਤ ਰੂਪ ਪ੍ਰਮਾਤਮਾ ਦੇ ਦਰਵਾਜ਼ਿਆਂ ਵਿਖੇ ਅਨੇਕਾਂ ਨਾਦ ਆਦਿਕ ਵਾਜੇ ਵੱਜ ਰਹੇ ਹਨ।

੨. ਅਸੰਖਾ = ਅਸੰਖਜਾਤ ਭਾਵ ਪ੍ਰਗਟ ਹੀ ਅਨੇਕਾਂ ਨਾਦ ਆਦਿਕ ਵਾਜੇ ਵੱਜ ਰਹੇ ਹਨ।

ਵਾ-ਅਨੇਕ ਅਸੰਖਾ=ਬਿਅੰਤ ਤੋਂ ਬਿਅੰਤ ਨਾਦ ਆਦਿਕ ਵਾਜੇ ਵੱਜ ਰਹੇ ਹਨ।

ਕੇਤੇ ਵਾਵਣਹਾਰੇ ॥

ਅਤੇ ਕਿਤਨੇ ਹੀ ਉਨ੍ਹਾਂ ਵਾਜਿਆਂ ਦੇ ਵਾਵਣਹਾਰੇ=ਵਜਾਉਣ ਵਾਲੇ ਹਨ।

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥

੧. ਕਿਤਨੇ ਹੀ ਰਾਗ ਪਰੀ ਸਿਉ=ਰਾਗਣੀਆਂ ਦੇ ਸਹਿਤ ਕਥਨ ਕੀਤੇ ਜਾਂਦੇ ਹਨ।

ਵਾ-ਕਿਤਨੇ ਹੀ ਰਾਗ ਤੇ ਪਰੀ=ਰਾਗਣੀਆਂ ਅਤੇ ਰਾਗਾਂ ਦੇ ਸਿਉ=ਪੁੱਤਰ ਕਥਨ ਕੀਤੇ ਹਨ। ਕਿਤਨੇ ਹੀ ਢਾਡੀ ਅਤੇ ਰਾਗੀ ਲੋਕ ਉਨ੍ਹਾਂ ਰਾਗਾਂ ਤੇ ਰਾਗਣੀਆਂ ਦੇ ਗਾਇਨ ਕਰਨ ਵਾਲੇ ਹਨ।

੨. ਕਿਤਨੇ ਹੀ ਰਾਗ=ਪ੍ਰੇਮ ਦੇ ਧਾਰਨ ਵਾਲੇ, ਕਿਤਨੇ ਹੀ ਪਰੀ=ਕਰੁਣਾ, ਮੈਤ੍ਰੀ, ਮੁੱਦਤਾ ਦੇ ਧਾਰਨ ਵਾਲੇ, ਕਿਤਨੇ ਹੀ ਸਿਉ=ਪੁੱਤਰ-ਸਤ ਸੰਤੋਖ ਆਦਿਕ ਗੁਣਾਂ ਦੇ ਧਾਰਨ ਵਾਲੇ ਪੁਰਸ਼, ਸੰਸਾਰ ਅਤੇ ਸਤਸੰਗ ਰੂਪ ਦਰਵਾਜ਼ੇ ਵਿਖੇ ਖਲੋਤੇ ਹੋਏ ਕਹੇ ਹਨ ਅਤੇ ਕਿਤਨੇ ਹੀ ਉਨ੍ਹਾਂ ਦੇ ਗਾਵਣਹਾਰੇ=ਉਚਾਰਨ ਵਾਲੇ ਹਨ।

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ

ਪਹਿਲਾ ਅਰਥ-ਤੁਹਨੋ=ਤਿਸ ਪ੍ਰਮਾਤਮਾ ਦੇ ਜਸ ਨੂੰ ਪਉਣ, ਪਾਣੀ ਅਤੇ ਬੈਸੰਤਰੁ=ਅਗਨ ਦੇਵਤਾ ਗਾਂਵਦੇ ਹਨ।

ਯਥਾ—"ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥"

[ਬਿਹਾਗੜਾ ਮਹਲਾ ੪, ਪੰਨਾ ੫੪੦]

ਸਾਖੀ—ਰਾਜੇ ਇੰਦਰ ਦੀ

ਇਕ ਵਾਰੀ ਦੇਵਤਿਆਂ ਦੇ ਰਾਜੇ ਇੰਦਰ ਨੂੰ ਮਾਣ ਹੋ ਗਿਆ ਕਿ ਮੇਰੇ ਜਿਹਾ ਹੋਰ ਕੋਈ ਨਹੀਂ ਹੈ। ਕਿਉਂਕਿ ਤਮਾਮ ਦੇਵਤਿਆਂ ਦੀ ਸਭਾ ਮੇਰੀ ਕਚਹਿਰੀ ਵਿਚ ਬੈਠੀ ਹੋਈ ਹੈ। ਪਉਣ ਪਾਣੀ ਸਹਿਤ ਅਗਨ ਦੇਵਤਾ ਵੀ ਇਸ ਦੇ ਪਾਸ ਬੈਠਾ ਸੀ ਇਨ੍ਹਾਂ ਨੂੰ ਵੀ ਬੜਾ ਹੰਕਾਰ ਸੀ ਕਿ ਸਾਡੇ ਜਿਹਾ ਬਲੀ ਹੋਰ ਕੋਈ ਨਹੀਂ ਹੈ ਪ੍ਰੰਤੂ ਪ੍ਰਮਾਤਮਾਂ ਨੂੰ ਹੰਕਾਰ ਭਾਉਂਦਾ ਨਹੀਂ ਹੈ।

ਯਥਾ—"ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥" [ਮਾਰੂ ਵਾਰ, ਪੰਨਾ ੧੦੮੯]

ਇਨ੍ਹਾਂ ਸਾਰਿਆਂ ਦਾ ਹੰਕਾਰ ਦੂਰ ਕਰਨ ਵਾਸਤੇ ਇਕ ਬੜਾ ਤੇਜੱਸ੍ਵੀ ਸਰੂਪ ਧਾਰਕੇ ਪ੍ਰਮਾਤਮਾ ਇਨ੍ਹਾਂ ਦੇਵਤਿਆਂ ਦੀ ਸਭਾ ਦੇ ਸਾਹਮਣੇ ਕੁਝ ਕੁ ਦੂਰ ਸਿੰਘਾਸਣ ਪਰ ਬੈਠ ਗਿਆ ਤਾਂ ਇਨ੍ਹਾਂ ਦਾ ਤੇਜ ਇੰਦ੍ਰ ਤੋਂ ਸਹਾਰਿਆ ਨਾ ਗਿਆ। ਉਸ ਵੇਲੇ ਇੰਦਰ ਨੇ ਆਪਣੇ ਪਾਸ ਬੈਠੇ ਹੋਏ ਪਉਣ ਦੇਵਤੇ ਨੂੰ ਕਿਹਾ, 'ਉਹ

ਜਿਹੜਾ ਮਨੁੱਖ ਸਾਹਮਣੇ ਬੈਠਾ ਹੈ, ਉਸ ਤੋਂ ਪੁੱਛ, 'ਤੂੰ ਕੌਣ ਹੈਂ? ਅਤੇ ਏਥੋਂ ਉੱਠ ਜਾਹ।''

ਪਵਨ ਦੇਵਤੇ ਨੇ ਅਉਂਦਿਆਂ ਸਾਰ ਬੜੇ ਮਾਨ ਨਾਲ ਕਿਹਾ ਕਿ ਤੂੰ ਕੌਣ ਹੈਂ? ਇਥੋਂ ਉਠ ਕੇ ਚਲਿਆ ਜਾਹ। ਸਾਡੇ ਰਾਜੇ ਦੇ ਸਾਹਮਣੇ ਨਾ ਬੈਠ।

ਅੱਗੋਂ ਪ੍ਰਮਾਤਮਾ ਨੇ ਕਿਹਾ - ''ਪਹਿਲੇ ਤੂੰ ਦੱਸ, ਤੂੰ ਕੌਣ ਹੈਂ? ਤੇਰੇ ਵਿਚ ਉਠਾਉਣ ਦਾ ਕਿਤਨਾ ਕੁ ਬਲ ਹੈ?''

ਉਸਨੇ ਕਿਹਾ, ''ਮੈਂ ਪਵਨ ਦੇਵਤਾ ਹਾਂ, ਮੇਰੇ ਵਿਚ ਇਤਨਾ ਬਲ ਹੈ ਜੇ ਚਾਹਵਾਂ ਤਾਂ ਬ੍ਰਹਿਮੰਡਾਂ ਨੂੰ ਉਡਾ ਸਕਦਾ ਹਾਂ।''

ਪ੍ਰਮਾਤਮਾ ਨੇ ਕਿਹਾ-''ਹੱਛਾ! ਜੇ ਤੇਰੇ ਵਿਚ ਇਤਨਾ ਬਲ ਹੈ ਤਾਂ ਮੇਰੇ ਪਾਸ ਇਹ ਕੱਖ ਪਿਆ ਹੈ ਇਸ ਨੂੰ ਉਡਾ ਦੇਹ, ਫੇਰ ਮੈਂ ਆਪੇ ਇਥੋਂ ਉੱਠ ਕੇ ਚਲਿਆ ਜਾਵਾਂਗਾ। ਜੇਕਰ ਕੱਖ ਨਾ ਉਡਾਇਆ ਫਿਰ ਮੈਂ ਨਹੀਂ ਉੱਠਾਂਗਾ।''

ਉਸ ਵੇਲੇ ਪਵਨ ਦੇਵਤੇ ਨੇ ਆਪਣਾ ਸਾਰਾ ਜ਼ੋਰ ਲਗਾਇਆ ਪਰ ਕੱਖ ਨਾ ਉਡਾ ਸਕਿਆ। ਸ਼ਰਮਿੰਦਾ ਹੋ ਕੇ ਵਾਪਸ ਇੰਦਰ ਕੋਲ ਆ ਗਿਆ, ਪਰ ਆਪਣਾ ਹਾਲ ਕੁਝ ਨਾ ਸੁਣਾਇਆ ਬੱਸ ਇਹੋ ਕਿਹਾ ਕਿ ਉਹ ਮੇਰੇ ਪਾਸੋਂ ਨਹੀਂ ਉੱਠਦਾ, ਤੁਸੀਂ ਕਿਸੇ ਹੋਰ ਨੂੰ ਭੇਜ ਦਿਓ।

ਉਸ ਵੇਲੇ ਰਾਜੇ ਇੰਦਰ ਨੇ ਵਰਨ ਦੇਵਤੇ ਨੂੰ ਭੇਜਿਆ। ਉਸ ਨੇ ਵੀ ਆ ਕੇ ਇਹੋ ਕਿਹਾ, ''ਤੂੰ ਏਥੋਂ ਉੱਠ ਕੇ ਚਲਿਆ ਜਾਹ।'' ਪ੍ਰਮਾਤਮਾ ਨੇ ਕਿਹਾ, ''ਤੂੰ ਕੌਣ ਹੈਂ? ਤੇਰੇ ਵਿਚ ਮੈਨੂੰ ਉਠਾਉਣ ਦਾ ਕਿਤਨਾ ਕੁ ਬਲ ਹੈ?''

ਉਸ ਨੇ ਕਿਹਾ - ''ਮੈਂ ਵਰਨ ਦੇਵਤਾ ਹਾਂ ਮੇਰੇ ਵਿਚ ਇਤਨਾ ਬਲ ਹੈ ਜੇ ਚਾਹਵਾਂ ਤੇ ਸਾਰੇ ਸੰਸਾਰ ਨੂੰ ਰੋੜ੍ਹ ਦਿਆਂ।''

ਪ੍ਰਮਾਤਮਾਂ ਨੇ ਕਿਹਾ, ''ਜੇ ਤੇਰੇ ਵਿਚ ਇਤਨਾ ਬਲ ਹੈ ਤਾਂ ਮੇਰੇ ਪਾਸ ਇਹ ਕੱਖ ਪਿਆ ਹੈ ਪਹਿਲੇ ਤੂੰ ਇਸ ਨੂੰ ਰੋੜ੍ਹ ਫਿਰ ਮੈਂ ਆਪੇ ਉੱਠ ਕੇ ਚਲਿਆ ਜਾਵਾਗਾ।''

ਉਸ ਵੇਲੇ ਵਰਨ ਦੇਵਤੇ ਨੇ ਹੁਕਮ ਦੇ ਕੇ ਸਭ ਨਦੀਆਂ ਦਰਿਆਵਾਂ ਦੇ ਪਾਣੀ ਉਛਾਲ ਦਿੱਤੇ, ਇਤਨੇ ਹੜ੍ਹ ਆ ਗਏ, ਜਿਸ ਨਾਲ ਬਹੁਤ ਸਾਰਾ ਨੁਕਸਾਨ ਹੋਇਆ, ਬੜੇ ਬੜੇ ਮਕਾਨ ਰੁੜ੍ਹ ਗਏ ਪਰ ਉਹ ਕੱਖ ਨਾ ਰੁੜ੍ਹਿਆ, ਹਾਰ ਕੇ ਉਹ ਭੀ ਵਾਪਸ ਮੁੜ ਗਿਆ।

ਫਿਰ ਰਾਜੇ ਇੰਦਰ ਨੇ ਅਗਨ ਦੇਵਤੇ ਨੂੰ ਭੇਜਿਆ, ਉਸ ਨੇ ਭੀ ਉਸੇ ਤਰ੍ਹਾਂ ਆ ਕੇ ਕਿਹਾ ਕਿ ਤੂੰ ਕੌਣ ਹੈਂ? ਏਥੋਂ ਉੱਠ ਕੇ ਚਲਿਆ ਜਾਹ।

ਪ੍ਰਮਾਤਮਾ ਨੇ ਕਿਹਾ-''ਤੂੰ ਕੌਣ ਹੈਂ? ਤੇਰੇ ਵਿਚ ਕਿੰਨਾ ਕੁ ਬਲ ਹੈ?''

ਉਸ ਨੇ ਕਿਹਾ, ''ਮੈਂ ਅਗਨ ਦੇਵਤਾ ਹਾਂ ਮੇਰੇ ਵਿਚ ਸਾਰਿਆਂ ਦੇ ਭਸਮ ਕਰਨ ਦਾ ਬਲ ਹੈ।''

ਪ੍ਰਮਾਤਮਾ ਨੇ ਕਿਹਾ- ''ਜੇ ਤੇਰੇ ਵਿਚ ਇਤਨਾ ਹੀ ਬਲ ਹੈ ਤਾਂ ਪਹਿਲਾਂ ਇਸ ਕੱਖ ਨੂੰ ਭਸਮ ਕਰ, ਫਿਰ ਅਸੀਂ ਆਪੇ ਉੱਠ ਜਾਵਾਂਗੇ।''

ਅਗਨ ਦੇਵਤੇ ਨੇ ਬੜੀ ਕੋਸ਼ਿਸ਼ ਕੀਤੀ ਪਰ ਉਹ ਕੱਖ ਸੜਨ ਵਿਚ ਨਾ ਆਇਆ ਹਾਰ ਕੇ ਆਪ ਹੀ ਉੱਠ ਕੇ ਚਲਾ ਗਿਆ। ਜਾ ਕੇ ਕਹਿੰਦਾ ਹੈ- ''ਹੇ ਰਾਜਨ ਉਹ ਨਹੀਂ ਉੱਠਦਾ ਉਹ ਤਾਂ ਬੜਾ ਸ਼ਕਤੀ

ਵਾਲਾ ਹੈ।''

ਇਹ ਗੱਲ ਸੁਣਕੇ ਰਾਜਾ ਇੰਦਰ ਦਰਸ਼ਨਾਂ ਲਈ ਆਪ ਤਿਆਰ ਹੋ ਗਿਆ। ਜਿਸ ਵੇਲੇ ਆਉਣ ਲੱਗਾ ਤਾਂ ਪ੍ਰਮਾਤਮਾ ਨੇ ਵਿਚਾਰਿਆ ਇਸ ਹੰਕਾਰੀ ਨੂੰ ਦਰਸ਼ਨ ਕੀ ਦੇਣੇ ਹਨ ਇਉਂ ਕਹਿਕੇ ਆਪ ਅਲੋਪ ਹੋ ਗਏ। ਜਿਸ ਵੇਲੇ ਇੰਦਰ ਆਇਆ ਤਾਂ ਦਰਸ਼ਨ ਕੋਈ ਨਾ ਹੋਇਆ। ਉਸ ਵੇਲੇ ਵਿਚਾਰ ਆਇਆ ਕਿ ਇਹ ਤਾਂ ਆਪ ਹੀ ਭਗਵਾਨ ਸੀ। ਤਿਸ ਵੇਲੇ ਇੰਦਰ ਨਾਲ ਮਿਲਕੇ ਪੌਣ, ਪਾਣੀ, ਅਗਨੀ ਸਭ ਦੇਵਤੇ ਪ੍ਰਮੇਸ਼ਰ ਦੇ ਜਸ ਨੂੰ ਗਾਉਣ ਲੱਗ ਪਏ।

ਦੂਜਾ ਅਰਥ- ਤੁ=ਤਿਸ ਪ੍ਰਮਾਤਮਾ ਦੇ ਜਸ ਨੂੰ ਹਨੋ=ਹਨੂੰਮਾਨ ਭੀ ਗਾਂਵਦਾ ਹੈ।

ਤੀਜਾ ਅਰਥ-ਤੁ=ਤਿਸ ਪ੍ਰਮਾਤਮਾ ਦੇ ਜਸ ਨੂੰ ਜੀਵਾਂ ਨੂੰ ਹਨੋ=ਹਨਨ [ਮਾਰਨ] ਵਾਲੇ ਦੈਂਤ ਵੀ ਗਾਂਵਦੇ ਹਨ।

ਚੌਥਾ ਅਰਥ-ਦੈਂਤਾਂ ਨੂੰ ਹਨੋ=ਮਾਰਨ ਵਾਲੇ ਜੋ ਅਵਤਾਰ ਹਨ, ਉਹ ਭੀ ਤੁ=ਤਿਸਦੇ ਜਸ ਨੂੰ ਗਾਂਵਦੇ ਹਨ।

ਪੰਜਵਾਂ ਅਰਥ-ਤੁਹਨੋ ਨਾਮ ਬਰਫ ਦਾ ਹੈ, ਬਰਫ 'ਚੋਂ ਹਿਮਾਲਾ ਪਰਬਤ ਲੈਣਾ, ਹਿਮਾਲਾ ਪਰਬਤ ਵੀ ਤਿਸ ਦੇ ਜਸ ਨੂੰ ਗਾਂਵਦਾ ਹੈ ਅਤੇ ਹਿਮਾਲੇ ਪਰਬਤ ਦੀ ਜਾਈ ਹੋਈ ਪੁੱਤ੍ਰੀ ਪਾਰਬਤੀ ਵੀ ਤਿਸਦੇ ਜਸ ਨੂੰ ਗਾਂਵਦੀ ਹੈ।

ਛੇਵਾਂ ਅਰਥ - ਨੋ=ਨੌ ਨਾਥ [ਪ੍ਰਾਣ ਨਾਥ, ਗੋਪੀ ਨਾਥ, ਸੁਰਤ ਨਾਥ, ਗੋਰਖ ਨਾਥ, ਮਛਿੰਦ੍ਰ ਨਾਥ, ਮੰਗਲ ਨਾਥ, ਚਰਪਟ ਨਾਥ, ਚੰਬਾ ਨਾਥ, ਘੁਘੂ ਨਾਥ, ਇਹ ਸਭ] ਉਸ ਦੇ ਜਸ ਗਾਉਂਦੇ ਹਨ।

ਸਤਵਾਂ ਅਰਥ - ਨੌ ਜੋਗੇਸ਼੍ਵਰ* ਵੀ ਤਿਸ ਪ੍ਰਮਾਤਮਾਂ ਦੇ ਜਸ ਨੂੰ ਗਾਂਵਦੇ ਹਨ।

ਅਠਵਾਂ ਅਰਥ - ਨੌਂ ਵਿਆਕਰਣ ਦੇ ਕਰਤਾ ਭੀ ਉਸ ਪ੍ਰਮਾਤਮਾ ਦੇ ਜਸ ਗਾਇਨ ਕਰਦੇ ਹਨ।

ਨੌਵਾਂ ਅਰਥ - [[੧]ਕਾਮ, [੨]ਕ੍ਰੋਧ, [੩]ਲੋਭ, [੪]ਮੋਹ, [੫]ਹੰਕਾਰ, [੬]ਰਾਗ, [੭]ਦਵੈਸ਼, [੮]ਹਰਖ, [੯]ਸੋਗ, ਇਨ੍ਹਾਂ] ਨੌਵਾਂ ਦੇ ਤਿਆਗਣ ਵਾਲੇ ਅਧਿਕਾਰੀ ਜਗਿਆਸੂ ਭੀ ਤਿਸ ਪ੍ਰਮਾਤਮਾਂ ਦੇ ਜਸ ਨੂੰ ਗਾਇਨ ਕਰਦੇ ਹਨ।

ਦਸਵਾਂ ਅਰਥ - [ਛੇ ਪ੍ਰਕਾਰ ਦੀ ਖਟ ਸੰਪੱਤੀ, ੭ਵੈਰਾਗ, ੮ਬਿਬੇਕ, ੯ਮੋਖ ਇੱਛਾ-] ਇਨ੍ਹਾਂ ਸਾਧਨਾਂ ਦੇ ਗ੍ਰਹਿਣ ਕਰਨ ਵਾਲੇ ਮਹਾਤਮਾਂ ਵੀ ਤਿਸ ਪ੍ਰਮਾਤਮਾ ਦੇ ਜਸ ਨੂੰ ਗਾਇਨ ਕਰਦੇ ਹਨ।

ਯਾਰਵਾਂ ਅਰਥ - [ਪਉਣ, ਪਾਣੀ, ਬੈਸੰਤਰ ਤਿੰਨ ਤੱਤ ਵਿਚ ਹਨ, ਦੋ ਉੱਪਰੋਂ ਹੋਰ ਗਿਣੋ] ਪੰਜੇ ਤੱਤ ਉਸ ਦੇ ਜਸ ਨੂੰ ਗਾਂਵਦੇ ਹਨ।

---

*ਨੌ ਜੋਗੇਸ਼੍ਵਰ ਦੇ ਨਾਮ 'ਇਕਾਦਸ ਗ੍ਰੰਥ' ਵਿਚ ਲਿਖੇ ਹਨ। ਅਤੇ -

ਕਾਨੜੇ ਰਾਗੁ ਵਿਚ-''ਨਉ ਮੁਨੀ ਧੁਰਿ ਲੈ ਲਾਵੈਗੋ॥'' ਵਾਲੀ ਤੁਕ ਪਰ ਗੋਵਿੰਦ ਦਾਸ ਦੇ ਪ੍ਰਿਆਵਾਂ ਵਿਚ ੩੨੭ ਪੰਨੇ ਪਰ ਵੀ ਲਿਖੇ ਹੋਏ ਹਨ। ਨੌਂ ਜੁਗੇਸ਼੍ਵਰਾਂ ਦੇ ਨਾਂ ਇਹ ਹਨ-

੧. ਕਬ, ੨. ਹਰਿ, ੩. ਅੰਤਰਿਖ, ੪. ਪਰਬੁਧ, ੫. ਪਿਪਲਾਇਨ, ੬. ਆਬਿਰਹੋਤ੍ਰ ਸੁਧਾ ੭. ਦ੍ਰੁਮਲ, ੮. ਚਿਮਸ, ੯. ਕਰਿਭਾਂਜਨ ਨਾਮ। ਇਨ ਨਵ ਕਿਸੋ ਬ੍ਰਹਮ ਮੈ ਧਾਮ।

ਅਥਵਾ - ਪੰਜਾਂ ਤੱਤਾਂ ਰਚਿਤ ਸਰੀਰ ਭੀ ਉਸ ਦੇ ਜਸ ਨੂੰ ਗਾਂਵਦੇ ਹਨ।

ਯਥਾ—"ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥" [ਸਲੋਕ ਮਹਲਾ ੯, ਪੰਨਾ ੧੪੨੭]

ਬਾਰ੍ਹਵਾਂ ਅਰਥ - [ਪਉਣ 'ਚੋਂ ਰਜੋਗੁਣ, ਪਾਣੀ 'ਚੋਂ ਸਤੋਗੁਣ, ਬੈਸੰਤਰ 'ਚੋਂ ਤਮੋਗੁਣ] ਤਿੰਨੇ ਗੁਣ ਉਸਦੇ ਜਸ ਨੂੰ ਗਾਂਵਦੇ ਹਨ।

ਤੇਰ੍ਹਵਾਂ ਅਰਥ - [ਪਉਣ 'ਚੋਂ ਰਜੋਗੁਣੀ ਬ੍ਰਹਮਾ, ਪਾਣੀ 'ਚੋਂ ਸਤੋਗੁਣੀ ਵਿਸ਼ਨੂੰ, ਬੈਸੰਤਰ 'ਚੋਂ ਤਮੋਗੁਣੀ ਸ਼ਿਵ।] ਇਹ ਤਿੰਨੇ ਦੇਵਤੇ ਉਸ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਚੌਧਵਾਂ ਅਰਥ - ਰਾਜਸੀ ਪੁਰਸ਼, ਸਾਂਤਕੀ ਪੁਰਸ਼, ਤਾਮਸੀ ਪੁਰਸ਼, ਸਭ ਉਸ ਦੇ ਜਸ ਨੂੰ ਗਾਂਵਦੇ ਹਨ।

ਪੰਦ੍ਰਵਾਂ ਅਰਥ - ਪਉਣ=ਪ੍ਰਾਣਾਯਾਮ ਕਰਨ ਵਾਲੇ, ਵਾ-ਵਾਸ਼ਨਾ ਤਿਆਗਣ ਵਾਲੇ, ਵਾ-ਪੌਣ ਭੱਖੀ, ਵਾ-ਪੱਖਾ ਫੇਰਨ ਵਾਲੇ।

ਪਾਣੀ-ਜਲਧਾਰਾ ਸਾਰਨ ਵਾਲੇ, ਵਾ-ਪਦਾਰਥਾਂ ਰੂਪ ਜਲ ਤਿਆਗਣ ਵਾਲੇ, ਵਾ-ਛਬੀਲਾਂ ਲਗਾ ਕੇ ਪਾਣੀ ਪਿਆਉਣ ਵਾਲੇ।

ਬੈਸੰਤਰੁ-ਪੰਜ ਧੂਣੀਆਂ ਤਪਣ ਵਾਲੇ। ਤ੍ਰਿਸ਼ਨਾ ਅਗਨੀ ਦੇ ਤਿਆਗਣ ਵਾਲੇ। ਬ੍ਰਹਮ ਦ੍ਰਿਸ਼ਟੀ ਰੂਪ ਅਗਨੀ ਦੇ ਗ੍ਰਹਿਣ ਕਰਨ ਵਾਲੇ।

ਵਾ-ਸਿਆਲ ਵਿਚ ਅੰਗੀਠੇ ਬਾਲ ਕੇ ਅਗਨੀ ਸਿਕਾਣ ਵਾਲੇ ਇਹ ਸਾਰੇ ਹੀ ਉਸ ਪ੍ਰਭੂ ਦੇ ਜਸ ਨੂੰ ਗਾਉਂਦੇ ਹਨ।

ਗਾਵੈ ਰਾਜਾ ਧਰਮੁ ਦੁਆਰੇ॥

ਧਰਮ ਰਾਜਾ ਵੀ ਦੁਆਰੇ ਪਰ ਖੜਾ ਹੋਇਆ, ਉਸਦੇ ਜਸ ਨੂੰ ਗਾਂਵਦਾ ਹੈ।

ਅਥਵਾ - ਰਾਜੇ ਲੋਕ ਧਰਮ ਅਦਾਲਤਾਂ ਦੁਆਰੇ ਉਸ ਦੇ ਜਸ ਨੂੰ ਗਾਂਵਦੇ ਹਨ।

ਸਾਖੀ— ਨੌਸ਼ੇਰਵਾਂ ਬਾਦਸ਼ਾਹ ਦੀ

ਇਕ ਨੌਸ਼ੇਰਵਾਂ ਬਾਦਸ਼ਾਹ ਹੋਇਆ ਹੈ, ਪ੍ਰੰਤੂ ਅਧਰਮੀ ਬੜਾ ਸੀ, ਪਰਜਾ ਨੂੰ ਦੁਖੀ ਰੱਖਦਾ ਸੀ। ਇਕ ਦਿਨ ਰਾਜਾ ਵਜ਼ੀਰ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਗਿਆ। ਵਜ਼ੀਰ ਬੜਾ ਅਕਲਮੰਦ ਸੀ, ਜੋ ਹਰ ਇਕ ਪਸ਼ੂ ਤੇ ਜਾਨਵਰ ਦੀ ਬੋਲੀ ਜਾਣਦਾ ਸੀ।

ਅੱਗੇ ਜੰਗਲ ਵਿਚ ਦੋ ਉੱਲੂ ਆਪਸ ਵਿਚ ਗੱਲਾਂ ਕਰ ਰਹੇ ਸੀ। ਇਕ ਉੱਲੂ ਦੀ ਲੜਕੀ ਸੀ, ਦੂਜੇ ਉੱਲੂ ਦਾ ਲੜਕਾ ਸੀ। ਉਹਨਾਂ ਨੇ ਵਿਚਾਰਿਆ ਇਹ ਬੱਚੇ ਦੋਨੋਂ ਵੱਡੇ ਹੋ ਗਏ ਹਨ ਹੁਣ ਇਨ੍ਹਾਂ ਦਾ ਵਿਆਹ ਕਰ ਦੇਈਏ।

ਲੜਕੀ ਵਾਲੇ ਉੱਲੂ ਨੇ ਕਿਹਾ - "ਥੋੜ੍ਹਾ ਸਮਾਂ ਅਜੇ ਠਹਿਰ ਕੇ ਵਿਆਹ ਕਰਾਂਗੇ ਕਿਉਂਕਿ ਲੜਕੀ ਦਾ ਦਾਜ ਪੂਰਾ ਤਿਆਰ ਹੋ ਲਵੇ। ਇਸ ਨਗਰੀ ਦਾ ਰਾਜਾ ਬਹੁਤ ਅਧਰਮੀ ਹੈ, ਉਸ ਦੇ ਅਨਿਆਇ ਕਰਕੇ ਕੁਝ ਨਗਰ ਉੱਜੜ ਗਿਆ ਹੈ, ਕੁਝ ਕੁ ਉੱਜੜਨ ਨੂੰ ਤਿਆਰ ਹੈ ਜਦ ਸਾਰਾ ਨਗਰ ਉੱਜੜ ਜਾਏਗਾ ਤਦ ਲੜਕੀ ਨੂੰ ਬਹੁਤ ਸਾਰਾ ਦਾਜ ਦਿਆਂਗਾ।"

ਇਹ ਗੱਲ ਸੁਣ ਕੇ ਵਜ਼ੀਰ ਹੱਸ ਪਿਆ, ਵਜ਼ੀਰ ਨੂੰ ਹੱਸਦਾ ਵੇਖ ਕੇ ਰਾਜੇ ਨੇ ਪੁੱਛਿਆ - 'ਤੂੰ ਕਿਸ

ਕਾਰਨ ਹੱਸਿਆ ਹੈਂ?'

ਵਜ਼ੀਰ ਨੇ ਕਿਹਾ - ''ਹੇ ਰਾਜਨ! ਐਵੇਂ ਹਾਸਾ ਨਿਕਲ ਗਿਆ ਹੈ; ਜੰਗਲ ਦੀ ਬਨਾਵਟ ਨੂੰ ਦੇਖ ਕੇ । ਇਸ ਤਰ੍ਹਾਂ ਦੇ ਟਾਲਮ ਟੋਲੇ ਬਹੁਤ ਕੀਤੇ ਪਰ ਰਾਜਾ ਨਾ ਮੰਨਿਆਂ।''

ਰਾਜੇ ਨੇ ਕਿਹਾ - ''ਤੂੰ ਸੱਚ ਦੱਸ ਕਿਸ ਕਾਰਨ ਹੱਸਿਆ ਹੈਂ।''

ਵਜ਼ੀਰ ਨੇ ਕਿਹਾ - ''ਹੇ ਰਾਜਨ! ਦੇਖ, ਇਹ ਦੋ ਉੱਲੂ ਬੈਠੇ ਹਨ, ਇਕ ਦੀ ਲੜਕੀ ਹੈ ਦੂਜੇ ਦਾ ਲੜਕਾ ਹੈ। ਲੜਕੇ ਵਾਲਾ ਉੱਲੂ ਕਹਿ ਰਿਹਾ ਹੈ ਕਿ ਤੂੰ ਛੇਤੀ ਵਿਆਹ ਕਰ ਦੇਹ, ਤੇ ਲੜਕੀ ਵਾਲਾ ਉੱਲੂ ਆਖਦਾ ਹੈ ਤੂੰ ਅਜੇ ਠਹਿਰ ਜਾਹ, ਇਸ ਨਗਰੀ ਦਾ ਰਾਜਾ ਬਹੁਤ ਅਧਰਮੀ ਹੈ ਇਸ ਦਾ ਕੁਝ ਨਗਰ ਉੱਜੜ ਗਿਆ ਹੈ ਤੇ ਕੁਝ ਉੱਜੜਨ ਵਾਲਾ ਹੈ ਉਸ ਦੇ ਉੱਜੜਨ ਪਰ ਲੜਕੀ ਨੂੰ ਬਹੁਤ ਦਾਜ ਦਿਆਂਗਾ। ਉੱਲੂ ਹੋਰ ਕੀ ਚਾਹੁੰਦੇ ਹਨ, ਉੱਲੂ ਕੇਵਲ ਉਜਾੜ ਹੀ ਚਾਹੁੰਦੇ ਹਨ। ਇਸ ਤਰ੍ਹਾਂ ਦੀ ਆਪਸ ਵਿਚ ਗੁਫ਼ਤ-ਗੂ ਕਰ ਰਹੇ ਹਨ।''

ਇਹ ਗੱਲ ਸੁਣ ਕੇ ਰਾਜੇ ਨੇ ਕਿਹਾ-''ਮੈਂ ਐਸਾ ਅਨਿਆਈ ਹਾਂ?''

ਤਾਂ ਵਜ਼ੀਰ ਨੇ ਕਿਹਾ-''ਮੈਂ ਕੀ ਕਹਿਣਾ ਹੈ, ਤੁਸੀਂ ਆਪ ਹੀ ਸਮਝ ਵਿਚਾਰ ਕੇ ਦੇਖ ਲਓ।''

ਰਾਜੇ ਨੇ ਇਹ ਚੁਭਵੀਂ ਗੱਲ ਆਪਣੇ ਚਿਤ ਵਿਖੇ ਵਿਚਾਰ ਕੇ ਸ਼ਹਿਰ ਵਿਚ ਆ ਕੇ ਡੌਂਡੀ ਪਿੱਟਵਾ ਦਿੱਤੀ, ਕਿ ਪਰਜਾ ਨੂੰ ਰਾਜੇ ਵੱਲੋਂ ਜੋ ਭੀ ਕਿਸੇ ਪ੍ਰਕਾਰ ਦਾ ਦੁੱਖ ਪ੍ਰਾਪਤ ਹੈ ਜਾਂ ਕੋਈ ਅਨਿਆਇ ਹੋਇਆ ਹੈ, ਉਹ ਹਲਫ਼ੀਆ ਬਿਆਨ ਲਿਖ ਕੇ ਕਲ੍ਹ ਨੂੰ ਕਚਹਿਰੀ ਵਿਖੇ ਪੇਸ਼ ਕਰੇ।

ਇਹ ਗੱਲ ਸੁਣ ਕੇ ਬਹੁਤਿਆਂ ਨੇ ਪਰਚੇ ਲਿਖ ਕੇ ਪੇਸ਼ ਕਰ ਦਿੱਤੇ। ਇਕ ਬ੍ਰਾਹਮਣ ਨੇ ਇਹ ਲਿਖਿਆ ਕਿ ਹੇ ਰਾਜਨ! ਤੇਰਾ ਲੜਕਾ ਮੇਰੀ ਪੁੱਤਰੀ ਦੇ ਨਾਲ ਬਿਭਚਾਰ ਕਰਮ ਕਰਦਾ ਹੈ, ਮੈਂ ਬਥੇਰਾ ਹਟਕ ਰਿਹਾ ਹਾਂ ਪਰ ਇਹ ਹਟਦਾ ਨਹੀਂ, ਇਹ ਨਿਆਂ ਤੇਰੇ ਗੋਚਰੇ ਹੈ।

ਇਹ ਪਰਚਾ ਸਭ ਪਰਚਿਆਂ ਦੇ ਉੱਪਰ ਪਿਆ ਹੋਇਆ ਸੀ। ਜਿਸ ਵੇਲੇ ਰਾਜਾ ਨਿਆਂ ਦੇ ਤਖਤ ਪਰ ਆ ਕੇ ਬੈਠਾ ਤਾਂ ਵਜ਼ੀਰ ਨੂੰ ਕਿਹਾ - ''ਲਿਆ ਪਰਚੇ ਦਿਖਾ।'' ਵਜ਼ੀਰ ਨੇ ਜਦ ਪਰਚਾ ਫੜਿਆ ਤਾਂ ਰਾਜ-ਪੁੱਤਰ ਦੀ ਸ਼ਕਾਇਤ ਪੜ੍ਹ ਕੇ ਉਸ ਪਰਚੇ ਨੂੰ ਹੇਠਾਂ ਕਰਨ ਲੱਗਾ ਤਾਂ ਰਾਜੇ ਨੇ ਵੇਖਦਿਆਂ ਸਾਰ ਵਜ਼ੀਰ ਨੂੰ ਕਿਹਾ - ''ਪਹਿਲੇ ਓਹੀ ਪਰਚਾ ਵਿਖਾ।'' ਜਦ ਵਜ਼ੀਰ ਤੋਂ ਫੜ ਕੇ ਬਾਦਸ਼ਾਹ ਨੇ ਪਰਚਾ ਪੜ੍ਹਿਆ ਤਾਂ ਉਸੀ ਵੇਲੇ ਆਪਣੇ ਰਾਜ-ਪੁੱਤਰ ਨੂੰ ਬੁਲਾ ਕੇ ਫਾਂਸੀ ਦਾ ਹੁਕਮ ਦੇ ਦਿੱਤਾ।

ਦੂਜਾ ਪਰਚਾ ਚੁੱਕ ਕੇ ਪੜ੍ਹਿਆ ਤਾਂ ਉਸ ਵਿਚ ਇਕ ਤੇਲੀ ਨੇ ਇਹ ਲਿਖਿਆ ਹੋਇਆ ਸੀ ਕਿ ਹੇ ਰਾਜਨ! ਜਿਸ ਦੇ ਪੇਟੋਂ ਤੂੰ ਜੰਮਿਆਂ ਹੈਂ ਇਹ ਮੇਰੀ ਇਸਤ੍ਰੀ ਸੀ, ਤੇਰੇ ਪਿਤਾ ਨੇ ਸੁੰਦਰ ਜਾਣ ਕੇ ਮੇਰੇ ਪਾਸੋਂ ਜ਼ਬਰ-ਦਸਤੀ ਖੋਹ ਲਿਆਂਦੀ ਸੀ, ਇਸ ਗੱਲ ਦਾ ਨਿਆਂ ਹੋਣਾ ਚਾਹੀਦਾ ਹੈ।

ਰਾਜੇ ਨੇ ਉਸੀ ਵੇਲੇ ਤਖ਼ਤ ਤੋਂ ਉੱਠ ਕੇ ਮਹਿਲਾਂ ਵਿਚ ਜਾ ਕੇ ਆਪਣੀ ਮਾਤਾ ਤੋਂ ਪੁੱਛਿਆ- ''ਹੇ ਮਾਤਾ! ਸੱਚ ਦੱਸ, ਪਹਿਲੇ ਤੂੰ ਤੇਲੀ ਦੇ ਘਰ ਵਿਆਹੀ ਹੋਈ ਸੈਂ?''

ਮਾਤਾ ਨੇ ਕਿਹਾ-''ਹਾਂ ਪੁੱਤਰ! ਪਹਿਲੇ ਮੈਂ ਤੇਲੀ ਦੇ ਘਰ ਵਿਆਹੀ ਹੋਈ ਸਾਂ, ਤੇਰੇ ਪਿਤਾ ਨੇ ਜ਼ਬਰ-ਦਸਤੀ ਮੈਨੂੰ ਲਿਆਂਦਾ ਹੈ।''

ਇਹ ਗੱਲ ਸੁਣ ਕੇ ਰਾਜੇ ਨੇ ਉਸੀ ਵੇਲੇ ਤੇਲੀ ਨੂੰ ਆਪਣੇ ਪਿਤਾ ਵਾਲਾ ਖਤਾਬ ਦੇ ਦਿੱਤਾ।

ਬਹੁਤ ਸਾਰਾ ਧਨ ਮਕਾਨ ਦੇ ਕੇ ਉਸ ਨੂੰ ਸੁਖੀ ਕਰ ਦਿੱਤਾ। ਇਸ ਤੋਂ ਉਪ੍ਰੰਤ ਬਹੁਤ ਸਾਰੇ ਧਰਮ ਦੇ ਨਿਆਂ ਕੀਤੇ। ਐਸੇ ਧਰਮੀ ਪੁਰਸ਼ ਭੀ ਉਸ ਦੇ ਜਸ ਨੂੰ ਗਾਂਵਦੇ ਹਨ।

ਦੂਜੀ ਸਾਖੀ 'ਸ਼ਿਵੀ' ਰਾਜਾ ਦੀ ਹੈ ਜਿਸ ਦੀ ਪ੍ਰੀਖਿਆ ਵਾਸਤੇ ਇੰਦਰ ਬਾਜ ਬਣ ਕੇ ਅਤੇ ਅਗਨ ਦੇਵਤਾ ਬਟੇਰਾ ਬਣ ਕੇ ਆਏ ਸਨ। ਉਹ ਸ਼ਿਵੀ ਰਾਜਾ ਵੀ ਉਸ ਦੇ ਜਸ ਨੂੰ ਗਾਉਂਦਾ ਹੈ।

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥

ਪਹਿਲਾ ਅਰਥ - 'ਚਿਤ੍ਰ' ਸੱਜੇ ਮੋਢੇ ਤੇ ਬੈਠ ਕੇ ਦਿਨ ਦੀ ਸਾਰੀ ਗੱਲ ਲਿਖਣੀ ਜਾਣਦਾ ਹੈ। 'ਗੁਪਤ' ਖੱਬੇ ਮੋਢੇ ਤੇ ਬੈਠ ਕੇ ਰਾਤ ਦੀ ਸਾਰੀ ਗੱਲ ਲਿਖਣੀ ਜਾਣਦਾ ਹੈ।

ਪੁਨਾ ਜੋ ਧਰਮ ਅਧਰਮ ਦੇ ਲੇਖੇ ਨੂੰ ਵਿਚਾਰ ਕੇ ਲਿਖਦੇ ਹਨ ਉਹ ਚਿਤਰ ਗੁਪਤ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਦੂਜਾ ਅਰਥ-ਚਿਤਰ ਗੁਪਤ ਜਦ ਪਰਲੋਕ ਵਿਚ ਜੀਵਾਂ ਦੇ ਚਿੱਠੇ ਧਰਮ ਰਾਜ ਅੱਗੇ ਰੱਖਦੇ ਹਨ ਤਦ ਇਨ੍ਹਾਂ ਦੇ ਲਿਖੇ ਹੋਏ ਲੇਖਾਂ ਨੂੰ ਜੋ ਧਰਮਰਾਜ ਵਿਚਾਰਦਾ ਹੈ ਉਹ ਧਰਮਰਾਜ ਵੀ ਉਸ ਦੇ ਜਸ ਨੂੰ ਗਾਂਵਦਾ ਹੈ।

ਯਥਾ—"ਚਿਤ ਗੁਪਤ ਕਰਮਹਿ ਜਾਨ॥ ਦਿਨੁ ਰੈਨਿ ਸਾਖਿ ਸੁਨਾਇ॥"

[ਬਿਲਵਾਲੁ ਮਹਲਾ ੫, ਪੰਨਾ ੮੩੮]

ਤੀਜਾ ਅਰਥ-ਚਿਤ ਦੀ ਗੁਪਤ ਗੱਲ ਨੂੰ ਜੋ ਲਿਖ ਜਾਨਣ ਵਾਲੇ ਮਹਾਤਮਾਂ ਹਨ ਜੋ ਅਧਰਮ ਦੇ ਲੇਖਾਂ ਨੂੰ ਤਿਆਗਕੇ, ਧਰਮ ਦੇ ਲੇਖਾਂ ਨੂੰ ਵਿਚਾਰਦੇ ਹਨ, ਉਹ ਮਹਾਤਮਾਂ ਵੀ ਉਸ ਪ੍ਰਮਾਤਮਾਂ ਦੇ ਜਸ ਨੂੰ ਗਾਂਵਦੇ ਹਨ।

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥

ਈਸਰੁ=ਸ਼ਿਵਜੀ, ਬਰਮਾ=ਬ੍ਰਹਮਾ ਅਤੇ ਛਿਆਨਵੇਂ ਕਰੋੜ ਦੇਵੀਆਂ, ਸਭ ਉਸ ਦੇ ਜਸ ਨੂੰ ਗਾਂਵਦੇ ਹਨ।

ਪ੍ਰਮਾਤਮਾਂ ਦੇ ਸਵਾਰੇ=ਬਣਾਏ ਹੋਏ ਆਪੋ ਆਪਣੀ ਜਗ੍ਹਾ ਪਰ ਸਦਾ ਸ਼ੋਭ ਰਹੇ ਹਨ।

ਵਾ-ਵਾਰੇ=ਬਾਲਕੇ ਬਾਲਕੀਆਂ ਦੇ ਸ=ਸਹਿਤ ਸਦਾ ਸ਼ੋਭ ਰਹੇ ਹਨ।

ਵਾ-ਜੋ ਸਵਾਰੇ=ਸਵੇਰੇ ਅੰਮ੍ਰਿਤ ਵੇਲੇ ਉੱਠਕੇ ਨਿਤ ਨਿਯਮ ਅਨੁਸਾਰ ਸਵਾਰ ਸਵਾਰ ਕੇ ਨਾਮ ਜਪਦੇ ਹਨ ਉਹ ਮਨੁੱਖ ਸਦੀਵ ਕਾਲ ਸ਼ੋਭ ਰਹੇ ਹਨ।

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥

ਦੇਵਤਿਆਂ ਦੇ ਸੁਆਮੀ ਇੰਦ੍ਰ ਜੀ ਇਦਾਸਣਿ=ਸਿੰਘਾਸਣ ਪਰ ਬੈਠੇ ਹੋਏ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਦੇਵਤਿਆਂ ਦੇ ਦਰਿ=ਦਲ ਨੂੰ ਨਾਲ ਲੈ ਕੇ।

ਵਾ-ਦੇਵਤੇ ਵੀ 'ਆਦਰਿ ਨਾਲੇ'=ਸਨਮਾਨ ਦੇ ਸਹਿਤ ਜਸ ਨੂੰ ਗਾਂਵਦੇ ਹਨ।

ਅਥਵਾ-ਦੇਵਤੇ ਵੀ ਦਰਿ=ਡਰ ਦੇ ਨਾਲ ਉਸ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥

ਹੇ ਸਿੱਧੋ! ਤੁਸੀਂ ਵੀ ਸਮਾਧੀਆਂ ਅੰਦਰ ਇਸਥਿਤ ਹੋ ਕੇ ਉਸ ਦੇ ਜਸ ਨੂੰ ਗਾਂਵਦੇ ਹੋ।

ਵਿਚਾਰੇ=ਗਰੀਬੜੇ ਸਾਧ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਅਥਵਾ-ਵਿਚਾਰਵਾਨ ਸਾਧੂ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਵਾ-ਵਿ=ਵਿਸ਼ੇਸ਼ ਕਰਕੇ ਚਾਰ ਸਾਧਨਾਂ ਸਪੰਨ ਜੋ ਸਾਧੂ ਹਨ ਉਹ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਗਾਵਨਿ ਜਤੀ ਸਤੀ ਸੰਤੋਖੀ

ਜਤੀ-ਲਛਮਨ ਆਦਿਕ। ਸਤਵਾਦੀ-ਰਾਜਾ ਦਸਰਥ ਅਦਿਕ।

ਸੰਤੋਖੀ-ਚੁਣਕ ਰਿਖੀ ਆਦਿਕ। ਸਾਰੇ ਉਸਦੇ ਜਸ ਨੂੰ ਗਾਂਵਦੇ ਹਨ।

ਸਾਖੀ—ਚੁਣਕ ਰਿਖੀ ਜੀ ਦੀ

ਚੁਣਕ ਰਿਖੀ ਜੀ ਬਹੁਤ ਸੰਤੋਖੀ ਹੋਏ ਹਨ। ਜਿਨ੍ਹਾਂ ਨੂੰ ਦੁਨਿਆਵੀ ਪਦਾਰਥ ਖਾਣ ਦੀ ਕੋਈ ਇੱਛਾ ਨਹੀਂ ਸੀ। ਕਈ ਕਈ ਦਿਨ ਅੰਨ ਖਾਧੇ ਤੋਂ ਬਿਨਾਂ ਹੀ ਬੀਤ ਜਾਂਦੇ ਸਨ, ਫਿਰ ਵੀ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਰਹਿੰਦੇ ਸਨ।

ਅੱਜ ਉਹ ਸਮਾਂ ਆ ਗਿਆ ਹੈ ਇਕ ਡੰਗ ਰੋਟੀ ਨਾ ਮਿਲੇ ਤਾਂ ਅੱਜ ਕਲ੍ਹ ਦੇ ਜੀਵ ਪ੍ਰਮੇਸ਼ੂਰ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੇ ਹਨ। ਚੁਣਕ ਰਿਖੀ ਜੀ ਨਾਲ ਤਿੰਨ ਜੀਅ ਹੋਰ ਵੀ ਸਨ।

ਇਕ 'ਚੁਣਕ' ਰਿਖੀ ਜੀ ਆਪ ਸਨ, ਦੂਜੀ ਘਰ ਵਾਲੀ, ਤੀਜਾ ਲੜਕਾ ਸੀ, ਚੌਥੀ ਨੂੰਹ, ਇਹ ਸਾਰੇ ਜੀਅ ਸਨ। ਇਨ੍ਹਾਂ ਦਾ ਇਹ ਪੱਕਾ ਨਿਯਮ ਸੀ ਕਿ ਜਦ ਵੀ ਕੋਈ ਭੋਜਨ ਪ੍ਰਾਪਤ ਹੋਵੇ ਤਾਂ ਉਸਦੇ ਇਕੋ ਜਿਹੇ ਬਰਾਬਰ ਦੇ ਚਾਰ ਹਿੱਸੇ ਕਰ ਲੈਣੇ, ਫਿਰ ਉਨ੍ਹਾਂ ਹਿੱਸਿਆਂ 'ਚੋਂ ਥੋੜ੍ਹਾ ਥੋੜ੍ਹਾ ਕੱਢਕੇ ਇਕ ਪੰਜਵਾਂ ਹਿੱਸਾ ਬਰਾਬਰ ਦਾ ਬਣਾਕੇ ਉਸ ਨੂੰ ਪਹਿਲੇ ਪ੍ਰਮੇਸ਼ਰ ਦੇ ਨਮਿੱਤ ਕਿਸੇ ਨੂੰ ਖੁਆ ਕੇ ਫੇਰ ਆਪ ਖਾਂਦੇ ਸਨ।

ਕੋਈ ਐਸਾ ਵਕਤ ਆਇਆ, ਵਰਖਾ ਬੜੀ ਹੋਣ ਨਾਲ ਸਾਰੇ ਜਲ ਹੀ ਜਲ ਹੋ ਗਿਆ, ਸੱਤ ਦਿਨ ਲਗਾਤੱਾਰ ਵਰਖਾ ਹੁੰਦੀ ਰਹੀ, ਸੱਤ ਦਿਨ ਭੋਜਨ ਖਾਧਾ ਹੀ ਨਹੀਂ ਅੱਠਵੇਂ ਦਿਨ 'ਚੁਣਕ' ਰਿਖੀ ਜੀ ਪ੍ਰਾਣਾਂ ਦੀ ਰੱਖਿਆ ਵਾਸਤੇ ਕੁਝ ਅੰਨ ਲੈਣ ਗਏ ਤਾਂ ਜਾਂਦਿਆਂ ਜਾਂਦਿਆਂ ਰਾਹ ਵਿਚ ਕੀੜਿਆਂ ਦੇ ਭੌਣ ਉਤੇ ਕੁਝ ਕੁ ਅੰਨ ਦਲੀਆ ਜਿਹਾ ਪਿਆ ਸੀ। ਰਿਖੀ ਜੀ ਉਸਨੂੰ ਚੁੱਕ ਕੇ ਲੈ ਆਏ ਤੇ ਉਸ ਨੂੰ ਘੋਟ ਕੇ ਸੱਤੂਆਂ ਵਾਂਗ ਪਤਲਾ ਬਣਾ ਲਿਆ, ਪੰਜ ਹਿੱਸੇ ਇਕੋ ਜਿਹੇ ਕਰਕੇ ਬੈਠੇ ਹੋਏ ਕਿਸੇ ਗੁਰਮੁਖ ਨੂੰ ਉਡੀਕਦੇ ਸਨ ਕਿ ਕੋਈ ਪ੍ਰਮੇਸ਼ਰ ਦਾ ਪਿਆਰਾ ਪਹਿਲੇ ਆ ਕੇ ਛਕੇ ਫਿਰ ਅਸੀਂ ਛਕਾਂਗੇ। ਇਹਨਾਂ ਦਾ ਸੰਤੋਖ ਪਰਖਣ ਲਈ ਪ੍ਰਮੇਸ਼ਰ ਆਪ ਹੀ ਇਕ ਬੁੱਢੇ ਬ੍ਰਾਹਮਣ ਦਾ ਰੂਪ ਧਾਰਕੇ ਆ ਗਿਆ।

ਇਨ੍ਹਾਂ ਨੇ ਆਉਂਦਿਆਂ ਸਾਰ ਆਦਰ ਨਾਲ ਬਿਠਾ ਕੇ ਪੰਜਵਾਂ ਹਿੱਸਾ ਉਸ ਦੇ ਅੱਗੇ ਰੱਖ ਦਿੱਤਾ। ਉਸ ਨੇ ਛਕ ਕੇ ਕਿਹਾ - ''ਭੁੱਖ ਅਜੇ ਹਟੀ ਨਹੀਂ, ਥੋੜ੍ਹਾ ਜਿਹਾ ਹੋਰ ਦਿਓ।'' 'ਚੁਣਕ' ਰਿਖੀ ਨੇ ਆਪਣਾ ਹਿੱਸਾ ਦੇ ਦਿੱਤਾ। ਭਗਵਾਨ ਨੇ ਕਿਹਾ-''ਅਜੇ ਹੋਰ ਲੋੜ ਹੈ।'' ਤਾਂ ਰਿਖੀ ਜੀ ਨੇ ਆਪਣੀ ਔਰਤ ਵਾਲਾ ਹਿੱਸਾ ਭੀ ਦੇ ਦਿੱਤਾ। ਉਸ ਨੂੰ ਫਿਰ ਵੀ ਤ੍ਰਿਪਤੀ ਨਾ ਹੋਈ, ਤਾਂ ਰਿਖੀ ਨੇ ਆਪਣੇ ਪੁੱਤਰ ਅਤੇ ਨੂੰਹ ਵਾਲਾ

ਹਿੱਸਾ ਵੀ ਦੇ ਦਿੱਤਾ। ਇਸ ਪ੍ਰਕਾਰ ਸਾਰਿਆਂ ਦਾ ਹਿੱਸਾ ਛੱਕ ਗਏ ਪਰ ਉਨ੍ਹਾਂ ਦੇ ਅੰਦਰ ਘਿਰਨਾ ਵਾਲੀ ਕੋਈ ਵਿਚਾਰ ਨਾ ਆਈ।

ਉਸ ਵੇਲੇ ਭਗਵਾਨ ਬਹੁਤ ਪ੍ਰਸੰਨ ਹੋ ਕੇ ਕਹਿਣ ਲੱਗੇ-''ਹੇ ਰਿਖੀ ਜੀ! ਆਪ ਜੈਸਾ ਸੰਤੋਖੀ ਕੋਈ ਦੁਰਲਭ ਹੀ ਹੈ, ਇਸ ਵੇਲੇ ਜੋ ਇੱਛਾ ਹੈ ਮੰਗ ਲਵੋ।''

ਚੁਣਕ ਰਿਖੀ ਜੀ ਫਿਰ ਵੀ ਚੁੱਪ ਰਹੇ ਮੰਗਿਆ ਕੁਝ ਨਹੀਂ ਤਾਂ ਭਗਵਾਨ ਨੇ ਆਪ ਹੀ ਕਿਰਪਾ ਕਰਕੇ 'ਚੁਣਕ' ਰਿਖੀ ਨੂੰ ਚਾਰ ਪਦਾਰਥ ਬਖਸ਼ ਦਿੱਤੇ।

ਐਹੋ ਜੇਹੇ ਸੰਤੋਖੀ ਆਦਮੀ ਸਭ ਉਸ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਗਾਵਹਿ ਵੀਰ ਕਰਾਰੇ॥

ਕਰਾਰੇ=ਕਰੜੇ ਬਵੰਜਾ ਬੀਰ ਉਸ ਦੇ ਜਸ ਨੂੰ ਗਾਂਵਦੇ ਹਨ।

ਅਥਵਾ-ਤਕੜੇ ਬੀਰ ਖੜਗ ਸਿੰਘ ਆਦਿਕ ਵੀ ਜਸ ਨੂੰ ਗਾਂਵਦੇ ਹਨ। ਜਿਸ ਖੜਗ ਸਿੰਘ ਨੇ ਕ੍ਰਿਸ਼ਨ ਜੀ ਨਾਲ ਜੁੱਧ ਕਰਕੇ ਕਈ ਵਾਰ ਕ੍ਰਿਸ਼ਨ ਜੀ ਨੂੰ ਪ੍ਰਿਥਵੀ ਪਰ ਪਟਕਾਇਆ।

ਅਥਵਾ - ਮਾਤਾ ਦੇ ਉਦਰ ਵਿਖੇ ਜੋ ਇਕਰਾਰ ਕੀਤਾ ਸੀ ਕਿ ਹੁਣ ਇਸ ਸੰਗੀਨ ਕੋਠੀ 'ਚੋਂ ਕੱਢ ਲੈ ਫਿਰ ਮੈਂ ਤੇਰਾ ਸਿਮਰਨ ਕਰਾਂਗਾ। ਉਸ ਇਕਰਾਰ ਦੇ ਅਨੁਸਾਰ ਕਈ ਵੀਰ ਉਸ ਦੇ ਜਸ ਨੂੰ ਗਾਂਵਦੇ ਹਨ।

ਗਾਵਨਿ ਪੰਡਿਤ ਪੜਨਿ ਰਖੀਸਰ

ਪੰਡਿਤ ਵੀ, ਪੜ੍ਹਨ ਵਾਲੇ ਵਿਦਿਆਰਥੀ ਵੀ ਅਤੇ ਰਖੀਸਰ=ਮਹਾਤਮਾਂ ਇਹ ਸਭ ਉਸ ਦੇ ਜਸ ਨੂੰ ਗਾਂਵਦੇ ਹਨ।

ਵਾ-ਰਿਖੀਆਂ ਦੇ ਈਸ਼ਵਰ ਜੋ ਵੱਡੇ ਵੱਡੇ ਤਤਵੇਤਾ ਮਹਾਤਮਾਂ ਹਨ, ਉਹ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਵਾ-ਰਿਖੀ=ਇੰਦ੍ਰੀਆਂ ਨੂੰ, ਜਿਨ੍ਹਾਂ ਨੇ ਸਰ=ਦਮਨ ਕੀਤਾ ਹੈ।

ਵਾ-ਰਿਖੀ=ਇੰਦ੍ਰੀਆਂ ਦਾ ਈਸ਼ਵਰ ਜੋ ਮਨ ਹੈ, ਉਸ ਮਨ ਨੂੰ ਜਿੱਤਿਆ ਹੈ, ਉਹ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਜੁਗੁ ਜੁਗੁ ਵੇਦਾ ਨਾਲੇ॥

ਚਾਰੇ ਜੁਗ ਆਪੋ ਆਪਣੇ ਚਾਰ ਵੇਦਾਂ ਅਤੇ ਚਾਰੇ ਅਵਤਾਰਾਂ ਦੇ ਨਾਲ ਹੋ ਕੇ ਪ੍ਰਮਾਤਮਾਂ ਦੇ ਜਸ ਨੂੰ ਗਾਂਵਦੇ ਹਨ।

ਸਤਜੁਗ-ਸ਼ਾਮ ਵੇਦ ਤੇ ਹੰਸ ਅਵਤਾਰ ਦੇ ਸਹਿਤ ਹੋ ਕੇ ਪ੍ਰਮਾਤਮਾ ਦੇ ਜਸ ਨੂੰ ਗਾਂਵਦਾ ਹੈ।

ਤਰੇਤਾ ਜੁਗ-ਰਿਗ ਵੇਦ ਤੇ ਰਾਮਚੰਦਰ ਅਵਤਾਰ ਦੇ ਸਹਿਤ ਹੋ ਕੇ ਪ੍ਰਮਾਤਮਾ ਦੇ ਜਸ ਨੂੰ ਗਾਂਵਦਾ ਹੈ।

ਦੁਆਪਰ ਜੁਗ-ਯਜੁਰ ਵੇਦ ਤੇ ਕ੍ਰਿਸ਼ਨ ਅਵਤਾਰ ਦੇ ਸਹਿਤ ਹੋ ਕੇ ਪ੍ਰਮਾਤਮਾਂ ਦੇ ਜਸ ਨੂੰ ਗਾਂਵਦਾ ਹੈ।

ਕਲਜੁਗ-ਅਥਰਬਣ ਵੇਦ ਅਤੇ ਨਿਹਕਲੰਕ ਅਵਤਾਰ ਦੇ ਸਹਿਤ ਹੋ ਕੇ ਪ੍ਰਮਾਤਮਾ ਦੇ ਜਸ

ਨੂੰ ਗਾਂਵਦਾ ਹੈ।

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥

ਮੋਹਣੀਆ=ਇਸਤਰੀਆਂ ਮਨ ਨੂੰ ਮੋਹ ਲੈਣ ਵਾਲੀਆਂ, ਸੁਰਗ, ਮੱਛ=ਮਾਤਲੋਕ ਅਤੇ ਪਤਾਲ ਵਿਖੇ ਰਹਿਣ ਵਾਲੀਆਂ ਸਭ ਉਸ ਦੇ ਜਸ ਨੂੰ ਗਾਂਵਦੀਆਂ ਹਨ।

ਵਾ-ਮੋਹਣੀਆਂ=ਗੋਪੀਆਂ ਮਨੁਮੋਹਨਿ=ਕ੍ਰਿਸ਼ਨ ਜੀ ਦੇ ਜਸ ਨੂੰ ਗਾਉਂਦੀਆਂ ਹਨ।

ਅਥਵਾ-ਮੋਹਣੀਆ=ਮੋਹਣੀ ਅਵਤਾਰ ਤੇ ਮਨੁ ਮੋਹਨਿ=ਕ੍ਰਿਸ਼ਨ ਇਹ ਵੀ ਉਸ ਦੇ ਜਸ ਨੂੰ ਗਾਂਵਦੇ ਹਨ। ਪ੍ਰਮਾਤਮਾ ਨੂੰ ਸੁਰਗ ਮਾਤਲੋਕ ਅਤੇ ਪਤਾਲ ਵਿਚ ਪੂਰਨ ਜਾਣਕੇ।

ਅਥਵਾ - ਮੋ+ਹਣੀਆ = ਮੋਹ ਨੂੰ ਜਿਨ੍ਹਾਂ ਮਹਾਤਮਾਂ ਨੇ ਨਾਸ ਕੀਤਾ ਹੈ, ਉਹ ਮਹਾਤਮਾਂ ਵੀ ਤਿੰਨਾਂ ਲੋਕਾਂ ਵਿਖੇ ਪਰੀਪੂਰਨ ਜਾਣ ਕੇ ਮਨੁਮੋਹਨਿ=ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਯਥਾ—"ਜੋਗੀ ਅੰਦਰਿ ਜੋਗਿਆ॥ ਭੂੰ ਭੋਗੀ ਅੰਦਰਿ ਭੋਗਿਆ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ॥ ੧॥"

[ਸਿਰੀਰਾਗੁ ਮਹਲਾ ੧, ਪੰਨਾ ੭੧]

ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥

ਤਿਸ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ *ਚੌਦਾਂ ਰਤਨ ਵੀ ਉਸ ਦੇ ਜਸ ਨੂੰ ਗਾਂਵਦੇ ਹਨ। ਅਠਾਹਠ ਤੀਰਥ ਵੀ ਉਸ ਦੇ ਜਸ ਨੂੰ ਗਾਂਵਦੇ ਹਨ। ੬੮ ਤੀਰਥਾਂ ਦੇ ਨਾਲ ਰਹਿਣ ਵਾਲੇ ਜੋ ਸੰਤ ਮਹਾਤਮਾਂ ਹਨ ਉਹ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਗਾਵਹਿ ਜੋਧ ਮਹਾਬਲ ਸੂਰਾ

ਜੋਧ, ਮਹਾਬਲੀ, ਸੂਰਾ=ਰਥੀ, ਮਹਾਂ ਰਥੀ, ਅਤ ਰਥੀ

ਇਹ ਸਾਰੇ ਉਸ ਦੇ ਜਸ ਨੂੰ ਗਾਂਵਦੇ ਹਨ।

ਪਹਿਲਾ ਅਰਥ-ਜੋਧਾ ਉਸ ਨੂੰ ਕਹਿੰਦੇ ਹਨ - "ਜੋ ਇਕ ਨਾਲ ਇਕ ਲੜੇ।"

ਮਹਾਂਬਲੀ ਉਸ ਨੂੰ ਕਹਿੰਦੇ ਹਨ- 'ਜੋ ਦਸ ਹਜ਼ਾਰ ਨਾਲ ਇਕੱਲਾ ਲੜੇ।'

ਸੂਰਮਾ ਉਸ ਨੂੰ ਕਹਿੰਦੇ ਹਨ- 'ਜੋ ਅਨਗਿਣਤਾਂ ਨਾਲ ਇਕੱਲਾ ਲੜੇ।'

ਦੂਜਾ ਅਰਥ- ਇਸੀ ਪ੍ਰਕਾਰ ਜੋਧਾ ਉਹ ਹੈ ਜਿਸ ਨੇ ਇਕ ਸਰੀਰ ਨੂੰ ਵਸੀਕਾਰ ਕੀਤਾ ਹੈ।

** ਦੁਰਬਾਸ਼ਾ ਰਿਖੀ ਦੇ ਸਰਾਪ ਕਰ ਕੇ ਜਦ ਇੰਦਰ ਪਾਸੋਂ ਸਭ ਰਤਨਾਂ ਦਾ ਅਭਾਵ ਹੋ ਗਿਆ, ਤਦ ਇੰਦਰ ਨੇ ਵਿਸ਼ਨੂੰ ਭਗਵਾਨ ਜੀ ਪਾਸ ਆ ਕੇ ਬੇਨਤੀ ਕੀਤੀ। ਇੰਦਰ ਦੀ ਬੇਨਤੀ ਸੁਣ ਕੇ ਖੀਰ ਸਮੁੰਦਰ ਰਿੜਕ ਕੇ ਚੌਦਾਂ ਰਤਨ ਇਹ ਕੱਢੇ ਹਨ-*

੧. ਅੰਮ੍ਰਿਤ, ੨. ਸ਼ਰਾਬ, ੩. ਕਾਮਧੇਨ ਗਊ, ੪. ਰੰਭਾ ਨਾਮ ਕਰ ਕੇ ਅਪੱਛਰਾਂ, ੫. ਐਰਾਵਤ ਹਾਥੀ, ੬ ਕਾਲਕੂਟ (ਵਿਹੁ), ੭. ਚੰਦ੍ਰਮਾਂ, ੮. ਉੱਚ ਸ੍ਰਵਾ ਘੋੜਾ, ੯. ਧਨੰਤਰ ਵੈਦ, ੧੦. ਕੌਸ਼ਤਕ ਮਣੀ, ੧੧. ਲੱਛਮੀ, ੧੨. ਗਾਂਡੀਵ ਸੰਖ, ੧੩. ਕਲਪ ਬ੍ਰਿਛ, ੧੪. ਸਾਰੰਗ ਨਾਮਾ ਧਨੁੱਖ।

ਮਹਾਂਬਲੀ ਉਹ ਹੈ – 'ਜਿਸ ਨੇ ਦਸ ਇੰਦ੍ਰੀਆਂ ਨੂੰ ਵਸੀਕਾਰ ਕੀਤਾ ਹੈ।'

ਸੂਰਮਾ ਉਹ ਹੈ – 'ਜਿਸ ਨੇ ਮਨ ਦੀਆਂ ਅਨਗਿਣਤ ਵਾਸ਼ਨਾਂ ਨੂੰ ਰੋਕਿਆ ਹੈ।'

ਤੀਜਾ ਅਰਥ- ਜੋਧਾ ਉਹ ਹੈ-'ਜਿਸ ਨੇ 'ਨਿਸ਼ਕਾਮ' ਕਰਮ ਕੀਤੇ ਹਨ।'

ਮਹਾਂਬਲੀ ਉਹ ਹੈ – 'ਜਿਸ ਨੇ 'ਉਪਾਸ਼ਨਾ' ਕੀਤੀ ਹੈ।'

ਸੂਰਮਾ ਉਹ ਹੈ-ਜਿਸ ਨੇ 'ਬ੍ਰਹਮ ਗਿਆਨ' ਧਾਰਨ ਕੀਤਾ ਹੈ।

ਚੌਥਾ ਅਰਥ – ਜੋਧਾ ਉਹ ਹੈ – 'ਜਿਸ ਨੇ ਸਰਵਣ ਕੀਤਾ ਹੈ।'

ਮਹਾਂ ਬਲੀ ਉਹ ਹੈ – 'ਜਿਸ ਨੇ ਮੰਨਣ ਕੀਤਾ ਹੈ।'

ਸੂਰਮਾ ਉਹ ਹੈ-ਜਿਸ ਨੇ ਨਿਧਿਆਸਣ ਕੀਤਾ ਹੈ।

ਪੰਜਵਾਂ ਅਰਥ – ਜੋਧਾ ਉਹ ਹੈ- 'ਜਿਸ ਨੇ 'ਤ੍ਵੰ ਪਦ' ਦਾ ਵੀਚਾਰ ਕੀਤਾ ਹੈ।'

ਮਹਾਂ ਬਲੀ ਉਹ ਹੈ-'ਜਿਸ ਨੇ 'ਤਤ ਪਦ' ਦਾ ਵਿਚਾਰ ਕੀਤਾ ਹੈ।'

ਸੂਰਮਾ ਉਹ ਹੈ- 'ਜਿਸ ਨੇ ਤ੍ਵੰ ਤਤ, ਤਤ ਤ੍ਵੰ ਦੀ ਅਭੇਦਤਾ ਦਾ ਵਿਚਾਰ ਕੀਤਾ ਹੈ।'

ਗਾਵਹਿ ਖਾਣੀ ਚਾਰੇ॥

ਖਾਣੀ ਚਾਰੇ :- ਅੰਡਜ, ਜੇਰਜ, ਸੇਤਜ, ਉਤਭੁਜ ਰੂਪ ਚਾਰ ਖਾਣੀਆਂ ਵੀ ਉਸ ਦੇ ਜਸ ਨੂੰ ਗਾਂਵਦੀਆਂ ਹਨ।

ਵਾ-ਖਾਣੀ ਚਾਰੇ=ਸੁੰਦਰ ਖਾਣਿਆਂ ਦੇ ਖਾਣ ਵਾਲੇ ਪੁਰਸ਼ ਵੀ ਉਸ ਦੇ ਜਸ ਨੂੰ ਗਾਂਵਦੇ ਹਨ।

ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥

*ਨੌ ਖੰਡ ਅਤੇ ਚਾਰ ਸੌ ਕੋਹਾਂ ਦਾ ਮੰਡਲ, ਵਰਭੰਡਾ=ਬ੍ਰਹਿਮਾਂਡ, ਵਾ [ਵੱਡਾ ਭਾਡਾ] ਸਮੁੰਦਰ, ਇਹ ਸਾਰੇ ਉਸ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਅਥਵਾ - ਜਿਨ੍ਹਾਂ ਨੇ ਕਾਮ ਕ੍ਰੋਧ ਆਦਿਕ ਅਸ਼ੁਭ ਗੁਣਾਂ ਨੂੰ ਖੰਡਿਆ ਹੈ ਅਤੇ

ਸਤ ਸੰਤੋਖ ਆਦਿ ਸ਼ੁਭ ਗੁਣਾਂ ਨੂੰ ਮੰਡਲ=ਇਸਥਿਤ ਕੀਤਾ ਹੈ, ਐਸੇ ਵਰ+ਭੰਡਾ=ਸਰੇਸ਼ਟ ਅੰਤਹਕਰਣ ਰੂਪ ਭਾਂਡੇ ਵਾਲੇ ਜੋ ਮਹਾਤਮਾਂ ਹਨ, ਉਹ ਵੀ ਉਸ ਦੇ ਜਸ ਨੂੰ ਗਾਇਨ ਕਰਦੇ ਹਨ।

ਕਰਿ=ਉਤਪੰਨ ਕਰਿ=ਕਰਕੇ ਸਾਰਿਆਂ ਨੂੰ ਮਰਯਾਦਾ ਵਿਚ ਧਾਰ ਰਖਿਆ ਹੈ।

ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥

ਓਹੀ ਪੁਰਸ਼ ਤਿਸ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ, ਜਿਹੜੇ ਤਿਸ ਨੂੰ ਭਾਂਵਦੇ ਹਨ, ਵਾ :- ਭਾਣਾ ਮੰਨਦੇ ਹਨ, ਵਾ-ਭਾਵਨਿ=ਚਾਹੁੰਦੇ ਹਨ।

ਤਿਸ ਪ੍ਰਮਾਤਮਾ ਦੇ ਰਸਾਲੇ=ਸਮੂਹ ਭਗਤ, ਰਸਾਲੇ=ਸੁੰਦਰ ਅਕਾਲ ਪੁਰਖ ਵਿਚ ਰਤੇ=ਤਦਾਕਾਰ ਹੋ ਕੇ ਰਸਾਲੇ=ਰਸਾਂ ਦੇ ਘਰ ਹੋਏ ਹਨ।

---

*੧. ਕਿੰ ਪੁਰਖ ਖੰਡ, ੨. ਭਦ੍ਰ ਖੰਡ, ੩. ਕੇਤੁ ਮਾਲ ਖੰਡ, ੪. ਹਰਿ ਖੰਡ, ੫. ਹਿਰਣਯ ਖੰਡ, ੬. ਰਮਯ ਖੰਡ, ੭. ਕੁਸ਼ੁ ਖੰਡ, ੮. ਇਲਾਬ੍ਰਤ ਖੰਡ, ੯. ਭਾਰਥ ਖੰਡ।

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥

ਜੋ ਉੱਪਰ ਗਿਣੇ ਹਨ ਇਨ੍ਹਾਂ ਤੋਂ ਇਲਾਵਾਂ ਹੋਰ ਕਿਤਨੇ ਹੀ ਪੁਰਸ਼ ਤਿਸ ਪ੍ਰਮਾਤਮਾ ਦੇ ਜਸ ਨੂੰ ਗਾਂਵਦੇ ਹਨ, ਉਹ ਮੈਨੂੰ ਚੇਤੇ ਨਹੀਂ ਆਉਂਦੇ।

ਗੁਰੂ ਜੀ ਕਥਨ ਕਰਦੇ ਹਨ, ਅਸਾਂ ਨੇ ਵਿਚਾਰ ਕੇ ਕਿਹਾ ਹੈ। ਵਾ-ਮੈਂ ਉਨ੍ਹਾਂ ਦੀ ਕੀ ਵਿਚਾਰ ਕਰਾਂ।

ਯਥਾ — 'ਸੁਰਿ ਨਰ ਗਣ ਗੰਧਰਬੇ ਜਪਿਓ ਗਿਖਿ ਬਪੁਰੈ ਹਰਿ ਗਾਇਆ॥
ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ॥
ਹਰਿ ਹਰਿ ਨਾਮਿ ਜਿਨਾ ਮਨੁ ਭੀਨਾ ਤੇ ਗੁਰਮੁਖਿ ਪਾਰਿ ਪਇਆ॥੨॥
ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ॥
ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ॥
ਨਾਮੁ ਰਸਾਲੁ ਜਿਨਾ ਮਨਿ ਵਸਿਆ ਤੇ ਗੁਰਮੁਖਿ ਪਾਰਿ ਪਇਆ॥ ੩॥
ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ॥''

[ਮਾਰੂ ਮਹਲਾ ੪, ਪੰਨਾ ੯੯੫]

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈ ਭੀ ਹੋਸੀ

ਸੋਈ ਹੈ=ਉਹ ਪ੍ਰਮਾਤਮਾ ਹੁਣ ਵਰਤਮਾਨ ਵਿਚ ਹੈ। ਸੋਈ ਭੀ=ਉਹ ਪ੍ਰਮਾਤਮਾ ਪਿੱਛੇ ਸੀ। ਸਦਾ ਸਚੁ ਸਾਹਿਬੁ ਹੋਸੀ=ਉਹ ਪ੍ਰਮਾਤਮਾ ਅੱਗੇ ਭੀ ਸਦਾ ਸਚਾ ਸਾਹਿਬ ਹੋਵੇਗਾ। ਉਸ ਸੱਚੇ ਦੀ ਸੱਚੀ ਹੀ ਨਾਈ=ਵਡਿਆਈ ਹੈ।

ਦੂਜੀ ਬਦਲ-ਸੋਈ ਸਚੁ ਸਾਹਿਬੁ=ਉਹ ਸੱਚਾ ਸਾਹਿਬ 'ਸਦਾ ਸੋਈ'=ਸਦੀਵ ਕਾਲ ਸ਼ੋਭਨੀਕ ਹੈ, ਉਹ ਆਪ ਭੀ ਸੱਚਾ ਹੈ, ਉਸ ਦੀ ਨਾਈ=ਵਡਿਆਈ ਵੀ ਸੱਚੀ ਹੈ।

ਤੀਜੀ ਬਦਲ- 'ਸੋਈ ਸੋਈ' ਦੋ ਪਦ ਵਿਚ ਹਨ ਇਕ ਉੱਪਰੋਂ ਗ੍ਰਹਿਣ ਕਰਨਾ 'ਸਦਾ' ਇਕ ਪਦ ਵਿਚ ਹੈ ਦੋ 'ਸਦਾ' ਪਦ ਉੱਪਰੋਂ ਗ੍ਰਹਿਣ ਕਰਨੇ। 'ਸਚੁ ਸਾਹਿਬੁ' ਇਕ ਵਿਚ ਹੈ ਦੋ 'ਸਚੁ ਸਾਹਿਬੁ' ਉੱਪਰੋਂ ਗ੍ਰਹਿਣ ਕਰਣੇ ਹਨ। ਹੁਣ ਅਰਥ ਸੁਣੋ-

ਉਹ ਪ੍ਰਮਾਤਮਾ ਪਿੱਛੇ ਵੀ ਸਦਾ ਸੱਚਾ ਸਾਹਿਬ ਸੀ। ਉਹ ਪ੍ਰਮਾਤਮਾ ਹੁਣ ਵੀ ਸਦਾ ਸੱਚਾ ਸਾਹਿਬ ਹੈ। ਉਹ ਪ੍ਰਮਾਤਮਾ ਅੱਗੇ ਵੀ ਸਦਾ ਸੱਚਾ ਸਾਹਿਬ ਹੋਵੇਗਾ।

ਉਸ ਸੱਚੇ ਦੀ ਸੱਚੀ ਹੀ ਨਾਈ=ਵਡਿਆਈ ਹੈ।

[ਹੈ ਭੀ ਹੋਸੀ] ਹੈ=ਉਹ ਪ੍ਰਮਾਤਮਾ ਹੁਣ ਹੈ। ਭੀ=ਪਿੱਛੇ ਸੀ। ਹੋਸੀ=ਅੱਗੇ ਹੋਵੇਗਾ।

ਜਾਇ ਨ ਜਾਸੀ ਰਚਨਾ ਜਿਨਿ ਰਚਾਈ॥

ਜਾਇ ਨ ਜਾਸੀ=ਨਾ ਜੰਮਦਾ ਹੈ ਨਾ ਮਰਦਾ ਹੈ। ਜਿਸ ਨੇ ਇਹ ਸਾਰੀ ਜਗਤ ਦੀ ਬਣਾਵਟ ਰਚਾਈ=ਬਣਾਈ ਹੈ।

ਅਥਵਾ-ਜਿਸ ਨੇ ਇਹ ਰਚਨਾ ਰਚੀ ਹੈ ਉਹ ਤਾਂ ਜਾਇ ਨ=ਜਾਵੇਗਾ ਨਹੀਂ ਤੇ ਰਚਨਾ

ਜਾਸੀ=ਚਲੀ ਜਾਵੇਗੀ।

ਯਥਾ—"ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ॥
ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ॥ ੩॥"

[ਸਿਰੀਰਾਗੁ ਮਹਲਾ ੧, ਪੰਨਾ ੨੪]

ਪ੍ਰਸ਼ਨ-ਇਹ ਸ੍ਰਿਸ਼ਟੀ ਕਿਸ ਤਰ੍ਹਾਂ ਦੀ ਉਤਪੰਨ ਕੀਤੀ ਹੈ? ਉੱਤਰ-

ਰੰਗੀ ਰੰਗੀ ਭਾਤੀ ਕਰਿ ਕਰਿ

[ਕਾਲੇ, ਗੋਰੇ, ਲਾਲ, ਪੀਲੇ ਆਦਿਕ] ਰੰਗਾਂ ਰੰਗਾਂ ਦੀ ਭਾਤੀ=ਤਰ੍ਹਾਂ ਤਰ੍ਹਾਂ ਦੀ [ਕੋਈ ਲੰਬੇ, ਕੋਈ ਮਧਰੇ, ਕੋਈ ਚੌੜੇ, ਕੋਈ ਗਿਠਮੁਠੀਏ, ਇਸ ਤਰ੍ਹਾਂ ਦੀ] ਸ੍ਰਿਸ਼ਟੀ ਕਰਿ=ਉਤਪੰਨ ਕਰਿ=ਕੀਤੀ ਹੈ।

ਜਿਨਸੀ ਮਾਇਆ ਜਿਨਿ ਉਪਾਈ॥

ਜਿਨਸੀ =[ਹਾਥੀ, ਘੋੜੇ, ਬਲਦ, ਗਊਆਂ, ਊਂਠ ਵਗੈਰਾ] ਜਿਨਸਾਂ ਪੈਦਾ ਕੀਤੀਆਂ ਹਨ।

ਪ੍ਰਸ਼ਨ-ਆਪਣੇ ਆਪ ਪੈਦਾ ਕੀਤੀਆਂ ਹਨ ਜਾਂ ਕਿਸੀ ਦੁਆਰਾ?

ਉੱਤਰ-ਜਿਸ ਪ੍ਰਮਾਤਮਾ ਨੇ ਮਾਇਆ ਦੁਆਰੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ।

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥

ਆਪਣੇ ਕੀਤੇ ਹੋਏ ਪ੍ਰਪੰਚ ਨੂੰ ਆਪ ਹੀ ਵੇਖੈ ਕਰਿ=ਪਾਲਣਾ ਕਰਦਾ ਹੈ, ਫਿਰ ਆਪ ਹੀ ਲੈਤਾ ਕਰਦਾ ਹੈ, ਜਿਵੇਂ ਉਸ ਦੀ ਵਡਿਆਈ=ਇੱਛਾ ਹੁੰਦੀ ਹੈ।

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥

ਜਿਹੜੀ ਗੱਲ ਤਿਸ ਪ੍ਰਮਾਤਮਾ ਨੂੰ ਭਾਂਵਦੀ ਹੈ, ਓਹੀ ਕਰਦਾ ਹੈ। ਉਸ ਪ੍ਰਮਾਤਮਾ ਉਤੇ ਹੁਕਮ ਨਹੀਂ ਕੀਤਾ ਜਾਂਦਾ।

ਭਾਵ-ਇਹ ਕੋਈ ਨਹੀਂ ਕਹਿ ਸਕਦਾ ਕਿ ਤੂੰ ਇਸ ਤਰ੍ਹਾਂ ਕਰ। ਉਸ ਅੱਗੇ ਤਾਂ ਅਰਦਾਸ ਕਰਨੀ ਬਣਦੀ ਹੈ।

ਯਥਾ—"ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥ ੨੨॥" [ਵਾਰ ਆਸਾ, ਪੰਨਾ ੪੭੪]

ਵਾ-ਉਸ ਦਾ ਹੁਕਮ ਫੇਰਿਆ ਭਾਵ ਹਟਾਇਆ ਨਹੀਂ ਜਾਂਦਾ।

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥ ੨੭॥

ਉਹ ਪਾਤਿਸ਼ਾਹ ਪ੍ਰਮਾਤਮਾ, ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਗੁਰੂ ਜੀ ਕਥਨ ਕਰਦੇ ਹਨ, ਜੀਵ ਨੂੰ ਉਸ ਦੀ ਰਜਾਈ=ਆਗਿਆ ਵਿਚ ਰਹਿਣਾ ਚਾਹੀਦਾ ਹੈ॥ ੨੭॥

ਸਤਾਈਵੀਂ ਪਉੜੀ ਦੇ ੪੪੧ ਅੱਖਰ ਹਨ।
ਇੱਕੀਵੀਂ ਪਉੜੀ ਤੋਂ ਸਤਾਈਵੀਂ ਪਉੜੀ ਤੱਕ ੧੪੮੬ ਅੱਖਰ ਹਨ।
ੴ ਤੋਂ ਲੈ ਕੇ ਹੁਣ ਤੱਕ ਸਤਾਈ ਪਉੜੀਆਂ ਦੇ ਕੁਲ ੩੬੯੨ ਅੱਖਰ ਹਨ।

ਅਠਾਈਵੀਂ ਪਉੜੀ

ਸਿੱਧਾਂ ਨੇ ਕਿਹਾ - 'ਆਪ ਸਾਡੇ ਜੋਗ ਭੇਖ ਨੂੰ ਧਾਰਨਾ ਕਰੋ।'

ਗੁਰੂ ਜੀ ਨੇ ਕਿਹਾ - 'ਅਸਾਂ ਜੋਗ ਭੇਖ ਅੱਗੇ ਧਾਰਨ ਕੀਤਾ ਹੋਇਆ ਹੈ, ਹੁਣ ਨਵੇਂ ਭੇਖ ਧਾਰਨ ਦੀ ਕੋਈ ਲੋੜ ਨਹੀਂ।'

ਸਿੱਧਾਂ ਨੇ ਕਿਹਾ - 'ਜੋਗੀਆਂ ਵਾਲੇ ਚਿੰਨ੍ਹ ਕੋਈ ਪ੍ਰਤੀਤ ਤਾਂ ਨਹੀਂ ਹੁੰਦੇ।'

ਜੋਗੀ ਮੁੰਦਰਾਂ ਪਾਉਂਦੇ ਹਨ।

ਹੱਥ ਵਿਚ ਪਾੜ੍ਹ [ਚਿੱਪੀ] ਵਗੈਰਾ ਫੜਦੇ ਹਨ।

ਸਰੀਰ ਉਤੇ ਸੁਆਹ ਮਲਦੇ ਹਨ।

ਖਿੰਥਾ ਪਹਿਰਦੇ ਹਨ, ਹੱਥ ਵਿਚ ਡੰਡਾ ਰੱਖਦੇ ਹਨ, ਆਪ ਜੀ ਨੇ ਜੋਗੀਆਂ ਵਾਲੇ ਕਿਹੜੇ ਚਿੰਨ੍ਹ ਧਾਰੇ ਹਨ?' ਗੁਰ ਉੱਤਰ-

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ, ਧਿਆਨ

ਸੰਤੋਖ ਰੂਪੀ ਮੁੰਦਰਾ ਪਹਿਰੀ ਹੋਈ ਹੈ, ਖੋਟਿਆਂ ਕਰਮਾਂ ਵਲੋਂ ਸ਼ਰਮ ਕਰਨੀ ਇਹ ਪਤੁ=ਪਾੜ੍ਹ ਹੈ। ਧਿਆਨ ਰੂਪੀ ਝੋਲੀ ਹੈ।

ਕੀ ਕਰਹਿ ਬਿਭੂਤਿ॥

ਪਿੰਡੇ ਤੇ ਸੁਆਹ ਮਲਕੇ ਕੀ ਕਰਨੀ ਹੈ?

ਪੁਨਾ - ਸਿੱਧਾਂ ਨੇ ਕਿਹਾ ਅਸਾਡੇ ਮਤ ਵਿਚ ਦੋ ਮੁੰਦਰਾਂ ਪਹਿਰਦੇ ਹਨ ਆਪ ਜੀ ਨੇ ਇਕ ਕਹੀ ਹੈ। ਫਿਰ ਸਾਡੇ ਮਤ ਵਿਚ ਸੁਆਹ ਜ਼ਰੂਰ ਮਲਦੇ ਹਨ ਆਪ ਜੀ ਨੇ ਸੁਆਹ ਕਿਹੜੀ ਮਲੀ ਹੈ? ਗੁਰ ਉੱਤਰ-

ਸੰਤੋਖ ਤੇ ਸ਼ਰਮੁ=ਵੈਰਾਗ ਰੂਪ ਦੋ ਮੁੰਦਰਾਂ ਪਹਿਰੀਆਂ ਹਨ। ਵਿਚਾਰ ਰੂਪ ਪਾੜ੍ਹ ਹੈ। ਸ਼ਰਧਾ ਅਤੇ ਖਿਮਾ ਰੂਪ ਝੋਲੀ ਹੈ, ਧਿਆਨ ਰੂਪੀ ਬਿਭੂਤਿ=ਭਭੂਤੀ ਮਲਣਾ ਕੀਤੀ ਹੈ।

ਖਿੰਥਾ ਕਾਲੁ ਕੁਆਰੀ ਕਾਇਆ

ਕਾਇਆਂ ਨੂੰ ਜੋ ਕਾਲ ਰੂਪੀ ਲਾੜੇ ਤੋਂ ਕੁਆਰਿਆਂ ਰੱਖਿਆ ਹੈ, ਅਰਥਾਤ ਕਾਲ ਰੂਪੀ ਲਾੜੇ ਨਾਲ ਵਿਆਹਣ ਨਹੀਂ ਦਿੱਤਾ, ਏਹੀ ਅਸਾਂ ਨੇ ਖਿੰਥਾ ਪਹਿਰੀ ਹੈ।

ਸਾਖੀ—ਗੁਰੂ ਨਾਨਕ ਦੇਵ ਜੀ ਦੀ

ਇਕ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਬ੍ਰਿਛ ਦੀ ਰਮਣੀਕ ਛਾਇਆ ਹੇਠ ਬੈਠੇ ਹੋਏ ਸਨ। ਖੇਤੀਆਂ ਦੇ ਕਰਨ ਵਾਲੇ ਪਸ਼ੂਆਂ ਨੂੰ ਭੁੱਖਿਆਂ ਦੇਖ ਕੇ 'ਕਮਲਾ' ਨਾਮੇ ਦਾਸ ਨੂੰ ਬੁਲਾ ਕੇ ਕਿਹਾ-''ਪਸ਼ੂ ਭੁੱਖੇ

ਖਲੋਤੇ ਹਨ, ਇਨ੍ਹਾਂ ਨੂੰ ਘਾਹ ਲਿਆ ਕੇ ਪਾ।''

ਹਜ਼ੂਰ ਦੇ ਬਚਨ ਸੁਣ ਕੇ ਜਦ 'ਕਮਲਾ' ਘਾਹ ਲੈਣ ਗਿਆ ਤਿਸ ਵੇਲੇ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਤਿੰਨੇ ਦੇਵਤੇ ਜੋਗੀ ਦਾ ਰੂਪ ਧਾਰ ਕੇ ਮਿਲੇ। ਸ਼ਿਵਾਂ ਨੇ ਉਸ ਕਮਲੇ ਨੂੰ ਭਭੂਤੀ ਦੇ ਕੇ ਕਿਹਾ ਕਿ ਤੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਜਾ ਕੇ ਇਹ ਭਭੂਤੀ ਦੇਹ, ਇਸ ਦਾ ਉੱਤਰ ਜੋ ਦੇਣਗੇ ਉਹ ਸਾਨੂੰ ਆ ਕੇ ਦੱਸੀਂ। ਜਲਦੀ ਜਾਹ ਦੇਰ ਨਾ ਕਰ। ਤਾਂ ਕਮਲੇ ਨੇ ਕਿਹਾ-'ਗੁਰੂ ਜੀ ਨੇ ਮੈਨੂੰ ਘਾਹ ਲੈਣ ਭੇਜਿਆ ਹੈ, ਉਹ ਪਹਿਲਾਂ ਲੈ ਆਵਾਂ ਫੇਰ ਤੁਹਾਡਾ ਸੁਨੇਹਾ ਜਾ ਕੇ ਦਿਆਂਗਾ।'

ਇਹ ਗੱਲ ਸੁਣ ਕੇ ਵਿਸ਼ਨੂੰ ਨੇ ਇਕ ਘਾਹ ਦੀ ਮੁੱਠ ਤੋਂ ਬਹੁਤ ਸਾਰੇ ਘਾਹ ਦੀ ਪੰਡ ਬਣਾ ਕੇ ਉਸ ਦੇ ਸਿਰ ਪਰ ਚੁਕਵਾ ਦਿੱਤੀ।

'ਕਮਲਾ' ਦੇਖ ਕੇ ਬੜਾ ਹੈਰਾਨ ਹੋਇਆ ਤੇ ਸਮਝਿਆ ਇਹ ਕੋਈ ਸ਼ਕਤੀਵਾਨ ਜੋਗੀ ਹਨ। ਇਹ ਵਿਚਾਰਦਾ ਹੋਇਆ ਜਦ ਗੁਰੂ ਜੀ ਪਾਸ ਪਹੁੰਚਿਆ ਤਦ ਗੁਰੂ ਜੀ ਨੇ ਵੇਖਕੇ ਕਿਹਾ ''ਓਹ ਕਮਲਿਆ! ਤੂੰ ਛੇਤੀ ਆ ਗਿਆ ਹੈਂ, ਘਾਹ ਦੀ ਪੰਡ ਕਿਧਰੋਂ ਚੁਰਾਕੇ ਲਿਆਇਆ ਹੈਂ? ਜੇ ਛਲ-ਵਲ ਕਰ ਕੇ ਕਿਧਰੋਂ ਲਿਆਇਆ ਹੈਂ ਤਾਂ ਅਸਾਡੀਆਂ ਮੱਝੀਆਂ ਤੇ ਬਲਦਾਂ ਨੂੰ ਨਾ ਖੁਆਈਂ।''

'ਕਮਲੇ' ਨੇ ਦੋ ਹੱਥ ਜੋੜ ਕੇ ਕਿਹਾ, ''ਸਾਂਈਂ ਜੀ! ਚੁਰਾ ਕੇ ਨਹੀਂ ਲਿਆਂਦਾ, ਬਾਹਰ ਤਿੰਨ ਜੋਗੀ ਆਏ ਬੈਠੇ ਹਨ, ਉਹਨਾਂ ਚੋਂ ਇਕ ਨੇ ਇਕ ਮੁੱਠੀ ਘਾਹ ਲੈ ਕੇ ਮੈਨੂੰ ਘਾਹ ਦੀ ਪੰਡ ਬਣਾ ਕੇ ਚੁਕਾ ਦਿੱਤੀ ਹੈ ਅਤੇ ਇਹ ਸੁਆਹ ਦੀ ਮੁੱਠੀ ਦੇ ਕੇ ਆਪ ਨੂੰ ਸੁਨੇਹਾ ਦਿੱਤਾ ਹੈ।''

ਉਸ ਵੇਲੇ ਗੁਰੂ ਜੀ ਨੇ ਹੱਥ ਵਿਚ ਫੜ ਕੇ ਕਿਹਾ, ''ਇਹ ਤਾਂ ਸ਼ਿਵਾਂ ਦੀ ਭਭੂਤੀ ਹੈ, ਕਮਲੇ ਨੂੰ ਤਿੰਨ ਵਾਰ ਸੁਣਾ ਕੇ ਕਿਹਾ, ''ਹੇ ਕਮਲੇ! ਸਾਡਾ ਤੂੰ ਇਥੋਂ ਜਾਣ ਦਾ ਸੁਨੇਹਾ ਲੈ ਆਂਦਾ ਹੈ। ਹੁਣ ਤੂੰ 'ਸਧਾਰਨ' ਨੂੰ ਬੁਲਾ ਲਿਆ।''*

ਜਿਸ ਵੇਲੇ ਸਧਾਰਨ ਗੁਰੂ ਜੀ ਦੇ ਪਾਸ ਆਇਆ ਤਾਂ ਉਸ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਦੇਵਤਿਆਂ ਪਾਸ ਪਹੁੰਚੇ। ਅੱਗੋਂ ਦੇਵਤਿਆਂ ਨੇ ਬੜਾ ਸਨਮਾਨ ਕੀਤਾ, ਅਤੇ ਅੱਠ ਚੌਪਈਆਂ ਵਿਚ ਗੁਰੂ ਜੀ ਦੀ ਉਸਤਤੀ ਉਚਾਰ ਕੇ ਬੇਨਤੀ ਕੀਤੀ-

'ਸਤਿਨਾਮੁ ਪ੍ਰਗਟਜੋ ਜਗ ਜਾਪੁ। ਸੱਚਖੰਡ ਗਮਨਹੁ ਅਬ ਆਪੁ।'

ਇਹ ਗੱਲ ਆਖ ਕੇ ਦੇਵਤੇ ਚਲੇ ਗਏ ਤੇ ਗੁਰੂ ਸਾਹਿਬ ਜੀ ਨੇ ਵਾਪਸ ਆਉਂਦਿਆਂ 'ਸਧਾਰਨ' ਨੂੰ ਅੱਠ ਵਿਘਿਆਂ ਦਾ ਇਕ ਟੁਕੜਾ ਵਿਖਾਇਆ ਤੇ ਕਿਹਾ ਕਿ ਇਸ ਜਗ੍ਹਾ ਪਰ ਲੱਕੜਾਂ ਇਕੱਠੀਆਂ ਕਰਕੇ ਸਾਡਾ ਸਸਕਾਰ ਕਰਨਾ।

ਇਤਨੀ ਗੱਲ ਸਮਝਾ ਕੇ ਉਸ ਪਿੱਪਲ ਹੇਠ ਆ ਬੈਠੇ ਤੇ 'ਸਧਾਰਨ' ਨੂੰ ਹੁਕਮ ਦਿੱਤਾ ਅਸਾਡੇ ਦੋ ਚਾਦਰੇ ਧੋ ਲਿਆ। ਜਿਸ ਵੇਲੇ ਚੰਗੀ ਤਰ੍ਹਾਂ ਧੋ ਬਣਾ ਕੇ ਸੁਕਾ ਕੇ ਲਿਆਂਦੇ, ਫਿਰ ਹਜ਼ੂਰ ਨੇ ਹੁਕਮ ਦਿੱਤਾ – 'ਹੁਣ ਘਰ ਦੀ ਸਾਰੀ ਜਗ੍ਹਾ ਲਿੰਬ ਦਿਓ। 'ਸਾਧਾਰਨ' ਨੇ ਗੁਰੂ ਜੀ 'ਦੇ ਹੁਕਮ ਅਨੁਸਾਰ ਹੇਠਾਂ ਉਤੋਂ ਚੰਗੀ ਤਰ੍ਹਾਂ ਸਫਾਈ ਕਰਕੇ ਪੋਚਾ ਵਗੈਰਾ ਫੇਰ ਕੇ ਗੁਰੂ ਜੀ ਪਾਸ ਜਾ ਕੇ ਬੇਨਤੀ ਕੀਤੀ, ''ਹਜ਼ੂਰ! ਇਕ

---

*ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਜਦ ਗੁਰਿਆਈ ਗੱਦੀ ਦੇ ਕੇ ਖਡੂਰ ਸਾਹਿਬ ਭੇਜ ਦਿੱਤਾ ਸੀ ਤਾਂ ਪਿੱਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਪੜੇ ਧੋਣ ਆਦਿ ਦੀ ਸਾਰੀ ਸੇਵਾ ਇਹ 'ਸਧਾਰਨ' ਹੀ ਕਰਦਾ ਸੀ।

ਵਾਰ ਆਪ ਚੱਲ ਕੇ ਵੇਖ ਲਓ, ਜੇ ਕੁਝ ਊਣਤਾ ਹੋਵੇ ਤਾਂ ਫੁਰਮਾ ਦਿਓ।''

'ਸਾਧਾਰਨ' ਦੀ ਬੇਨਤੀ ਸੁਣ ਕੇ ਗਰੀਬ ਨਿਵਾਜ਼ ਨੇ ਜਦ ਜਾ ਕੇ ਉਹ ਸਥਾਨ ਵੇਖਿਆ ਤਾਂ ਬੜੇ ਪ੍ਰਸੰਨ ਹੋਏ। ਉਸ ਦੇ ਭਰਮ ਦੇ ਪੜਦੇ ਕੱਟਕੇ ਆਤਮ ਗਿਆਨ ਦੀ ਸਾਖਜਾਤਕਾਰੀ ਕਰ ਦਿੱਤੀ।

ਯਥਾ—"ਸੁਨਿ ਕਰਿ ਉਠੇ ਕ੍ਰਿਪਾਲ ਬਿਸਾਲਾ। ਰੁਚਿਰ ਬਨਾਈ ਪਿਖਿ ਧ੍ਰਮਸਾਲਾ।
ਖੁਸ਼ੀ ਸਧਾਰਣ ਪਰ ਬਹੁ ਕਰਿ ਕੈ। ਆਤਮ ਗਜਾਨ ਦੀਨ ਭ੍ਰਮ ਹਰਿ ਕੈ॥ ੪੫॥"

ਫਿਰ ਦੂਜੇ ਦਿਨ ਹਜ਼ੂਰ ਨੇ ਕਿਹਾ, "ਅੱਜ ਅਸਾਡੇ ਜੋਤੀ ਜੋਤ ਸਮਾਉਣ ਦਾ ਸਮਾਂ ਆ ਗਿਆ ਹੈ। ਚੰਦਨ, ਕਪੂਰ, ਗੁਲਾਬ ਵਗੈਰਾ ਸਭ ਸਮੱਗ੍ਰੀ ਛੇਤੀ ਛੇਤੀ ਕੱਠੀ ਕਰ ਲਓ।''

ਇਹ ਗੱਲ ਸੁਣ ਕੇ ਸਭ ਦੀਆਂ ਅੱਖਾਂ ਜਲ ਨਾਲ ਭਰ ਗਈਆਂ ਤੇ ਸਾਰੇ ਸ਼ਹਿਰ ਵਿਚ ਰੌਲਾ ਪੈ ਜਾਣ ਕਰਕੇ ਸੰਗਤਾਂ ਇੱਕਠੀਆਂ ਹੋ ਗਈਆਂ। ਦੂਰ-ਦੂਰ ਦੇ ਲੋਕ ਵੀ ਸੁਣ ਕੇ ਘੋੜੀਆਂ ਪਰ ਚੜ੍ਹ ਕੇ ਦੌੜੇ ਆਏ ਕਿ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਤੋਂ ਵਾਂਝੇਂ ਨਾ ਰਹਿ ਜਾਈਏ। ਚਾਰ ਬਰਨਾਂ 'ਚੋਂ ਹਿੰਦੂ ਅਤੇ ਮੁਸਲਮਾਨਾਂ 'ਚੋਂ, ਜਿਸ ਜਿਸ ਨੇ ਵੀ ਖ਼ਬਰ ਸੁਣੀ ਸਭ ਦੌੜੇ ਆਏ।

ਉਸ ਵੇਲੇ ਗੁਰੂ ਜੀ ਨੇ ਪੁੱਤਰਾਂ ਨੂੰ ਬੁਲਵਾ ਭੇਜਿਆ ਪਰ ਉਹ ਨਾ ਆਏ ਤੇ ਮਾਤਾ ਸੁਲਖਣੀ ਜੀ ਆਏ। ਉਹਨਾਂ ਨੇ ਬੜੀ ਭੀੜ ਦੇਖ ਕੇ ਅਤੇ ਜ਼ਗ੍ਹਾ ਲਿੱਪੀ ਤੇ ਕੁਸ਼ਾ ਵਿਛੀ ਹੋਈ ਦੇਖ ਕੇ ਯਕੀਨ ਕੀਤਾ ਕਿ ਹੁਣ ਗੁਰੂ ਜੀ ਠੀਕ ਜੋਤੀ ਜੋਤਿ ਸਮਾਉਣ ਲੱਗੇ ਹਨ। ਝੱਟ ਆ ਕੇ ਚਰਨਾਂ ਪਰ ਮੱਥਾ ਟੇਕ ਕੇ ਬੇਨਤੀ ਕੀਤੀ- "ਅੱਜ ਅੱਸੂ ਵਦੀ ਸਪਤਮੀ ਹੈ ਤੇ ਕਲ੍ਹ ਆਪ ਜੀ ਦੇ ਪਿਤਾ ਦਾ ਸਰਾਧ ਹੈ, ਉਹ ਕਰ ਕੇ ਫਿਰ ਆਪਣੀ ਇੱਛਾ ਅਨੁਸਾਰ ਜੋ ਗੱਲ ਕਰਨੀ ਹੋਵੇ ਕਰ ਲੈਣੀ ਜੀ।

ਦੇਹ ਦਾ ਛੱਡਣਾ ਤੇ ਰੱਖਣਾ ਤੁਹਾਡੇ ਆਪਣੇ ਹੀ ਅਖਤਿਆਰ ਹੈ।''

ਇਸ ਤਰ੍ਹਾਂ ਦੀਨਤਾ ਦੇ ਬਚਨ ਸੁਣ ਕੇ ਹਜ਼ੂਰ ਨੇ ਆਖਿਆ- "ਚੰਗਾ! ਹੁਣ ਫਿਰ ਸਮੱਗ੍ਰੀ ਸਾਰੀ ਉਠਾ ਕੇ ਇਕ ਪਾਸੇ ਰੱਖ ਦਿਓ ਕੱਲ੍ਹ ਨੂੰ ਪਿਤਾ ਜੀ ਦੇ ਨਿਮੱਤ ਸਰਾਧ ਕਰਕੇ ਨੌਮੀ ਦਾ ਦਿਨ ਰਹਿ ਕੇ ਦਸਮੀ ਥਿਤ ਨੂੰ ਜਾਣ ਦੀ ਤਿਆਰੀ ਕਰਾਂਗੇ।''

ਇਹ ਗੱਲ ਸੁਣ ਕੇ ਸਭ ਦੇ ਚਿਤ ਪ੍ਰਸੰਨ ਹੋ ਗਏ।

ਯਥਾ-ਦੋਹਰਾ- "ਦੇਖਿ ਦੀਨਤਾ ਤਾਂਹਿ ਕੀ ਬੈਨ ਸੁਨੇ ਸ਼ੁਭ ਰੀਤਿ।
ਬੋਲੇ ਗਿਰਾ ਸੁਹਾਵਨੀ ਸਿਖ ਸੇਵਕ ਕੇ ਮੀਤ॥ ੯੦॥*
*ਚੌਪਈ- ਚੌਣੀ ਬਚਨ ਰੁਚਿਰ** ਤੈਂ ਕਹੇ। ਸੌਜ+ ਤਿਆਰ ਕਰਹੁ ਹਮ ਰਹੇ।*
ਕਰਹਿੰ ਸ਼ਰਾਧ ਅਸ਼ਟਮੀ ਬਾਸੁਰ++। ਪੁਨ ਨੌਮੀ ਦਿਨ ਸਗਰੋ ਗਹਿ ਕਰਿ॥ ੯੧॥
ਦਸਮੀ ਕੇ ਦਿਨ ਹੋਇ ਤਯਾਰੀ। ਰਾਖਹੁ ਸੌਜ ਉਠਾਵਹੁ ਸਾਰੀ।
ਕੁਸ਼ਾ ਗੁਲਾਬ ਪਟੀਰ% ਉਚਾਏ। ਰਖਵਾਏ ਸਭਿਹੀਂ ਇਕ ਥਾਏਂ॥ ੯੨॥
ਇਸ ਬਿਧਿ ਸੁਨਿਕੈ ਸ਼ਭਿ ਨਰ ਨਾਰੀ। ਹਰਖੇ ਰਿਦੇ ਭਯੋ ਸੁਖ ਭਾਰੀ।
ਧੰਨ ਧੰਨ ਅਰ ਜੈ ਜੈ ਕਾਰਾ। ਹੋਤਿ ਭਯੋ ਤਿਹ ਕਾਲ ਅਪਾਰਾ॥ ੯੩॥"

[ਨਾਨਕ ਪ੍ਰਕਾਸ਼ ਉਤਰਾਰ੍ਧ, ਅਧਜਾਇ ੫੪]

---

*ਬਾਣੀ। **ਸੁੰਦਰ। +ਸਮੱਗਰੀ। ++ਦਿਨ। %ਚੰਦਨ।

ਸਪਤਮੀ ਵਾਲੇ ਦਿਨ ਸਿੱਖਾਂ ਨੂੰ ਉਪਦੇਸ਼ ਦੇਂਦੇ ਰਹੇ। ਅਸ਼ਟਮੀ ਵਾਲੇ ਦਿਨ ਸਵੇਰੇ ਧਰਮਸਾਲਾ ਤੋਂ ਉੱਠ ਕੇ ਮਾਤਾ ਸੁਲਖਣੀ ਦੇ ਘਰ ਗਏ। ਜਾ ਕੇ ਸਰਾਧ ਦੀਆਂ ਸਭ ਚੀਜ਼ਾਂ ਮੰਗਵਾ ਕੇ ਭੋਜਨ ਤਿਆਰ ਕਰਵਾਇਆ, ਜਗ੍ਹਾ ਜਗ੍ਹਾ ਪਰ ਮਨੁੱਖ ਭੇਜ ਕੇ ਬ੍ਰਾਹਮਣ, ਪੰਡਿਤ, ਸੰਨਿਆਸੀ, ਬੈਰਾਗੀ ਆਦਿਕ ਸਾਰਿਆਂ ਨੂੰ ਬੁਲਾ ਕੇ ਪੰਗਤਾਂ ਲਗਵਾ ਦਿੱਤੀਆਂ, ਹੱਥ ਧੁਆ ਕੇ ਸਭ ਨੂੰ ਪੱਤਲਾਂ ਦੇ ਕੇ ਭੋਜਨ ਪਰੋਸ ਦਿੱਤਾ। ਪਹਿਲੇ ਸਤਿਨਾਮੁ ਦਾ ਜਾਪ ਕਰਵਾ ਕੇ ਫੇਰ ਛੱਕਣ ਦਾ ਹੁਕਮ ਦਿੱਤਾ। ਸਾਰਿਆਂ ਨੇ ਮਨ ਮਰਜ਼ੀ ਨਾਲ ਕੜਾਹ, ਪੂੜੀਆਂ, ਪੂੜੇ, ਕਚੌਰੀਆਂ, ਚਾਵਲ ਵਗੈਰਾ ਖਾ ਕੇ ਅਤੀ ਪ੍ਰਸੰਨਤਾ ਜ਼ਾਹਰ ਕੀਤੀ। ਮੁੜ ਲਾਂਗਰੀ ਨੂੰ ਹੁਕਮ ਦਿੱਤਾ ਕਿ ਇਕ ਪਹਿਰ ਰਾਤ ਤਕ ਜੋ ਵੀ ਆਵੇ ਸਭ ਨੂੰ ਛਕਾਈ ਜਾਓ ਖਾਲੀ ਕੋਈ ਨਾ ਜਾਵੇ।

ਨੌਮੀ ਵਾਲੇ ਦਿਨ ਸਭ ਦੇਵਤੇ ਮਨੁੱਖ ਤਨ ਧਾਰ ਕੇ ਆਏ ਅਤੇ ਸੱਚੇ ਪਾਤਿਸ਼ਾਹ ਜੀ ਦੀ ਉਸਤਤੀ ਕਰ ਕੇ ਚਲੇ ਗਏ। ਦੇਸਾਂ ਪਰਦੇਸਾਂ ਤੋਂ ਇਤਨੇ ਮਨੁੱਖ ਆ ਇਕੱਠੇ ਹੋਏ ਜੋ ਕਰਤਾਰ ਪੁਰ ਕੀੜੀ ਦਲ ਹੋ ਗਿਆ। ਜਦ ਅੱਧੀ ਰਾਤ ਦਾ ਸਮਾਂ ਗੁਜ਼ਰ ਗਿਆ ਤਾਂ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਘਰ ਵਿਖੇ ਸੁਗੰਧੀਆਂ ਦਾ ਛਿਣਕਾ ਕਰ ਦਿੱਤਾ ਤੇ ਕੁਸ਼ਾ ਵਿਛਾ ਦਿੱਤੀ। ਇਕ ਪਾਸੇ ਸਤਿਨਾਮੁ ਵਾਹਿਗੁਰੂ ਦਾ ਕੀਰਤਨ ਹੋ ਰਿਹਾ ਹੈ, ਦੂਜੇ ਪਾਸੇ ਵੇਦ ਪਾਠੀ ਵੇਦਾਂ ਦੀ ਧੁਨ ਕਰ ਰਹੇ ਹਨ। ਜਿਸ ਵੇਲੇ 'ਸਧਾਰਨ' ਨੇ ਆ ਕੇ ਬੇਨਤੀ ਕੀਤੀ ਕਿ ਕੁਸ਼ਾ ਵਿਛ ਗਈ ਹੈ, ਉਸ ਵੇਲੇ ਸਾਰਿਆਂ ਦੇ ਨੇਤ੍ਰਾਂ ਨੇ ਜਲਧਾਰਾ ਦੀ ਨਦੀ ਚਲਾ ਦਿੱਤੀ, ਹਜ਼ੂਰ ਨੇ ਸਭ ਦੇ ਨੇਤ੍ਰ ਸਜਲ ਦੇਖ ਕੇ ਫ਼ਰਮਾਇਆ–

"ਤਨ ਸਨੇਹ ਸਭਿ ਝੂਠੋ ਜਾਨਹੁ। ਕਿਉਂ ਬਿਖਾਦ ਏਤੋ ਮਨ ਠਾਨਹੁ।*
ਦੇਹਿ ਮਿਲਨਿ ਬਿਛੁਰਨਿ ਇਸ ਭਾਂਤੀ। ਹੋਤਿ ਦਿਵਸ ਪੁਨ ਆਵਹਿ ਰਾਤੀ॥ ੭॥
ਜੇ ਨਰ ਮਿਲੇ ਸ਼ਬਦ ਕੇ ਸੰਗਾ। ਰਹੇ ਸਦੀਵ ਰਾਚਿ ਤਿਹ ਰੰਗਾ।
ਤੇ ਨਹਿੰ ਬਿਛੁਰਹਿੰ ਬਹੁਰ ਕਦਾਈਂ। ਜਿਉ ਨੀਰਹਿ ਮੈਂ ਨੀਰ ਸਮਾਈਂ॥ ੮॥
ਮੁਝ ਸੋਂ ਮਿਲਨੇ ਕੀ ਜਿਹ ਚਾਹੀ। ਸਦਾ ਬਿਛੁਰਨੋ ਭਾਵਹਿ ਨਾਂਹੀ।
ਸੋ ਨਰ ਸ਼ਬਦਿ ਕਰਹਿੰ ਅੱਭਜਾਸੇ। ਸ਼੍ਰਵਨ ਮਨਨਿ ਨਿਤਪ੍ਰਤਿ ਨਿੱਧਜਾਸੇ॥ ੯॥"

[ਨਾਨਕ ਪ੍ਰਕਾਸ਼ ਉੜਾਰਧ ਧਿਆ ਪਈ]

ਇਸ ਤਰ੍ਹਾਂ ਦਾ ਉਪਦੇਸ਼ ਕਰਦਿਆਂ ਜਦ ਸੂਰਜ ਚੜ੍ਹ ਗਿਆ, ਤਾਂ ਗੁਰੂ ਜੀ ਕੋਮਲ ਕੁਸ਼ਾ ਦੇ ਆਸਣ ਪਰ ਆ ਕੇ ਲੰਮੇ ਪੈ ਗਏ। ਪੁਨਾ ਪੁੱਤਰਾਂ ਦੀ ਬੇਨਤੀ ਪ੍ਰਵਾਨ ਕਰਕੇ ਉਨ੍ਹਾਂ ਨੂੰ ਸਮਝਾਕੇ, ਫਿਰ ਸਾਰੀ ਸਾਧ ਸੰਗਤ ਨੂੰ ਵਾਹਿਗੁਰੂ ਨਾਮ ਦਾ ਮਹਾਤਮ ਦੱਸ ਕੇ, ਆਪਣੇ ਚੁਫੇਰੇ ਕਨਾਤ ਤਣਵਾ ਲੀਤੀ। ਸੇਵਕਾਂ ਨੂੰ ਹੁਕਮ ਦਿੱਤਾ– 'ਹੁਣ ਤੁਸੀਂ ਸਾਰੇ ਬਾਹਰ ਜਾ ਕੇ, ਸਤਿਨਾਮ ਵਾਹਿਗੁਰੂ ਦਾ ਜਾਪ ਕਰੋ।'

ਉਸ ਵੇਲੇ ਸਭਨਾਂ ਵਿਖੇ ਰੌਲਾ ਪੈ ਗਿਆ ਤੇ ਧੰਨ ਗੁਰੂ ਧੰਨ ਗੁਰੂ ਉਚਾਰਦੇ ਹੋਏ ਨਰ ਨਾਰੀ ਰੋਣ ਲੱਗ ਪਏ ਇਤਨੇ ਨੂੰ ਪਠਾਣ ਵੀ ਆ ਗਏ, ਉਨ੍ਹਾਂ ਨੇ ਆ ਕੇ ਕਿਹਾ ਅਸੀਂ ਬੜੀ ਦੂਰੋਂ ਸੁਣ ਕੇ ਆਏ ਹਾਂ, ਅਸਾਨੂੰ ਆਖਰੀ ਦਰਸ਼ਨ ਜ਼ਰੂਰ ਕਰਾਓ। ਅਸੀਂ ਭੀ ਇਨ੍ਹਾਂ ਦੇ ਮੁਰੀਦ ਹਾਂ।

ਯਥਾ—"ਆਖਰ ਕੌ ਦਰਸ਼ਨ ਇਹ ਕਾਲਾ। ਹਮ ਕੌ ਕਰਨੇ ਦੇਹੁ ਕ੍ਰਿਪਾਲਾ।
ਹੁਤੇ ਦੂਰ ਸੁਧਿ ਸੁਨਿ ਕਰਿ ਆਏ। ਅਬ ਨਿਰਾਸ ਹਮ ਕਿਉਂ ਕਰਿ ਜਾਏਂ॥ ੬੭॥"

---

*ਦੁਖ

ਸਿੱਖਾਂ ਆਖਿਆ – "ਹਠ ਨਾ ਕਰੋ, ਹੁਣ ਦਰਸ਼ਨ ਕਰਨ ਦਾ ਸਮਾਂ ਨਹੀਂ, ਜੇ ਤੁਸੀਂ ਪਹਿਲੇ ਆ ਜਾਂਦੇ ਤਾਂ ਦਰਸ਼ਨ ਕਰ ਲੈਂਦੇ। ਹੁਣ ਤੁਸੀਂ ਇਥੇ ਹੀ ਮੱਥਾ ਟੇਕ ਲਓ, ਉਹ ਸਾਰੀਆਂ ਜਗ੍ਹਾਂ ਤੇ ਪੂਰਨ ਹਨ।

ਪਠਾਣਾਂ ਨੇ ਇਕ ਨਾ ਮੰਨੀ, ਇਕੋ ਹਠ ਤੇ ਖਲੋਤੇ ਰਹੇ ਕਿ ਅਸੀਂ ਜ਼ਰੂਰ ਜਾ ਕੇ ਦਰਸ਼ਨ ਕਰਨਾ ਹੈ, ਉਹ ਅਸਾਡੇ ਪੀਰ ਹਨ। ਹਿੰਦੂ ਜਾਣ ਨਾ ਦੇਣ, ਉਹ ਆਖਣ ਅਸੀਂ ਜ਼ਰੂਰ ਜਾਣਾ ਹੈ। ਦੋਹਾਂ ਧਿਰਾਂ ਦਾ ਆਪਸ ਵਿਚ ਬਹੁਤ ਸਾਰਾ ਰੌਲਾ ਪੈ ਗਿਆ। ਗੁਰੂ ਜੀ ਦੇ ਪਾਸ ਜਿਹੜੇ ਦਾਸ ਖਲੋਤੇ ਸਨ, ਉਹ ਗੁਰੂ ਜੀ ਦੀ ਦੇਹ ਨੂੰ ਛੱਡਕੇ ਰੌਲਾ ਵੇਖਣ ਲਈ ਬਾਹਰ ਗਏ।

ਯਥਾ—"ਨਿਕਸੇ ਤੁਰਤ ਬਿਲੋਕਨ ਤਾਈਂ। ਰਹੀ ਇਕਾਂਕੀ ਦੇਹਿ ਗੁਸਾਈਂ।
ਅੰਤਰ ਧਜਾਨ ਭਈ ਤਿਹ ਕਾਲਾ। ਸਰਬ ਚੁਕਾਵਨ ਝਗਰ ਬਿਸਾਲਾ॥ ੭੪॥"

ਦੇਵਤੇ ਬਿਬਾਨ ਲੈ ਕੇ ਆਏ ਹੋਏ ਸਨ, ਉਸ ਪਰ ਬੈਠ ਕੇ ਗੁਰੂ ਜੀ ਸੱਚਖੰਡ ਚਲੇ ਗਏ। ਇਸ ਰੌਲੇ ਦੇ ਮਿਟਾਉਣ ਵਾਸਤੇ ਸਿਆਣਿਆਂ ਨੇ ਕਿਹਾ–'ਤੁਸੀਂ ਆਪਸ ਵਿਚ ਕਿਉਂ ਲੜਦੇ ਹੋ, ਅੰਦਰ ਜਾ ਕੇ ਗੁਰੂ ਜੀ ਦਾ ਹੁਕਮ ਲੈ ਲਓ, ਜਿਵੇਂ ਉਹ ਕਹਿਣ, ਉਸੇ ਤਰ੍ਹਾਂ ਕਰ ਲਓ।'

ਇਹ ਗੱਲ ਸੁਣ ਕੇ ਪਠਾਣ ਮੰਨ ਗਏ। ਦੋਹਾਂ ਪਾਸਿਓਂ ਸ਼ਾਂਤੀ ਹੋ ਗਈ। ਜਿਹੜੇ ਦੋ ਸਿੱਖ ਗੁਰੂ ਜੀ ਦੇ ਹਜ਼ੂਰ ਖਲੋਤੇ ਸਨ, ਓਹੀ ਕਨਾਤ ਦੇ ਅੰਦਰ ਜਾ ਕੇ ਕੀ ਵੇਖਦੇ ਹਨ ਕਿ ਬਸਤ੍ਰ ਸਹਿਤ ਸਿਹਜਾ ਪਈ ਹੈ ਪ੍ਰੰਤੂ ਗੁਰੂ ਜੀ ਆਪ ਕੋਈ ਨਹੀਂ। ਉਨ੍ਹਾਂ ਨੇ ਉਸੀ ਵੇਲੇ ਆ ਕੇ ਕਿਹਾ ਕਿ ਤੁਸਾਂ ਨੇ ਐਵੇਂ ਝਗੜਾ ਵਧਾਇਆ ਹੋਇਆ ਹੈ, ਉਥੇ ਤਾਂ ਦੇਹ ਹੀ ਕੋਈ ਨਹੀਂ। ਗੁਰੂ ਸਾਹਿਬ ਜੀ ਤਾਂ ਅੰਤਰ ਧਿਆਨ ਹੋ ਗਏ ਹਨ। ਉਸੀ ਵੇਲੇ ਕਨਾਤ ਖੋਲ੍ਹ ਦਿੱਤੀ ਤੇ ਸਾਰਿਆਂ ਨੇ ਸਮੀਪ ਹੋ ਕੇ ਦੇਖਿਆ ਕਿ ਦੇਹ ਕੋਈ ਨਹੀਂ ਹੈ।

ਸ੍ਵੈਯਾ—"ਲੀਨ ਉਤਾਰ ਕਨਾਤ ਸ਼ਿਤਾਬ, ਗਏ ਢਿਗ ਹ੍ਵੈ ਦਰਸੈਂ ਨਰ ਨਾਰੀ।
ਹੈ ਸਿਹਜਾ ਪਰ ਚੀਰ ਪਰਜੋ ਪਿਖਿ, ਜੈ ਗੁਰ ਜੈ ਗੁਰ ਊਚ ਉਚਾਰੀ।
ਸ਼੍ਰੀ ਸੁਖ ਕੰਦ ਗੁਬਿੰਦ ਮੁਕੰਦ, ਸੁ ਨਾਮ ਕੋ ਲੇ ਕਰਿ ਬੰਦਨ ਕਾਰੀ।
ਹੋਇ ਅਚੰਭ ਰਹੇ ਹਿਰਦੇ, ਤਿਹ ਠਾਂ ਨਰ ਜੇ ਸਭਿ ਕੀ ਮਤਿ ਹਾਰੀ॥ ੮੮॥"

ਛਪਯ ਛੰਦ—ਤੁਰਕਨ ਅੰਬਰ ਅਰਧ, ਅਰਧ ਹਿੰਦੁਨ ਤਬਿ ਲੀਆ।
ਸਗਰ ਝਗਰ ਗਯਾ ਨਿਬਰ, ਹਰਖ ਉਰ ਦੁਹ ਦਿਸ਼ ਥੀਆ।
ਸਿੱਖਨ ਲੇ ਕਰਿ ਚੀਰ, ਚਿਤਾ ਚੰਦਨ ਕੀ ਰਚਿ ਕਰਿ।
ਨਿਜ ਮੁਖ ਜਹਿਂ ਗੁਰ ਕਹਜੋ, ਤਹਾਂ ਦਿਯ ਦਾਹ ਭਲੇ ਧਰਿ।
ਪੁਨ ਹੁਤੇ ਮੁਰੀਦ ਸੁ ਅਰਧ ਲੇ, ਨੀਕੇ ਤਹਿ ਦਫਨਾਇ ਦਿਯ।
ਇਉਂ ਬਾਦ ਬਿਖਾਦ ਮਿਟਾਇ ਸਭਿ, ਦੁਹੂੰ ਦਿਸ਼ਨ ਅਹਿਲਾਦ ਕਿਯ॥ ੮੯॥

ਦੋਹਰਾ—ਸੰਮਤ ਪੰਦਰਾਂ ਸੈ ਲਖੋ, ਅਧਿਕ ਛਜਾਨਵਾ ਜਾਨਿ॥
ਅਸੁਜ ਵਦੀ ਦਸਮੀ ਵਿਖੈ, ਸਚਖੰਡ ਪ੍ਰਸਥਾਨ॥ ੯੧॥

[ਨਾਨਕ ਪ੍ਰ: ਉਤਰਾਰਧ, ਧਿਆ ੫੭]

ਵਾ-ਖਿੰਥਾ ਕਾਲੁ ਕੁਆਰੀ ਕਾਇਆ

ਇਸ ਕਾਇਆਂ ਨੂੰ ਜੋ ਕਾਲ ਦੀ ਕੁਆਰੀ=ਬੁਰਕੀ ਭਾਵ ਮਿਥਿਆ ਸਮਝਿਆ ਹੈ।

ਏਹੋ ਅਸਾਂ ਨੇ ਖਿੰਥਾਂ ਪਹਿਰੀ ਹੈ।

ਜੁਗਤਿ ਡੰਡਾ ਪਰਤੀਤਿ ॥

ਪਰਤੀਤਿ = ਭਰੋਸੇ ਸਹਿਤ ਜੋ ਪ੍ਰਮਾਤਮਾ ਵਿਖੇ ਜੁਗਤਿ = ਜੁੜੇ ਹਾਂ, ਏਹੋ ਡੰਡਾ ਹੈ।

ਵਾ-ਭਰੋਸੇ ਵਿਖੇ ਜਿਹੜਾ ਜੁੜੇ ਹਾਂ ਏਹੀ ਡੰਡਾ ਹੈ। ਅਥਵਾ -

ਭੇਦ ਦੀਆਂ ਬਾਧਕ ਅਤੇ ਅਭੇਦ ਦੀਆਂ ਸਾਧਕ ਜੁਗਤੀਆਂ ਵਿਖੇ ਜੋ ਪਰਤੀਤਿ= ਨਿਸਚਾ ਕੀਤਾ ਹੈ।

[ਜੀਵੋ 'ਬ੍ਰਹਮਾਭਿੰਨਾ' ਸਤ ਚਿਤ ਆਨੰਦ ਰੂਪਤ੍ਵੱਾਤ ਬ੍ਰਹਮ ਵਤ]।

ਜੀਵ ਬ੍ਰਹਮ ਵਿਖੇ ਅਭਿੰਨ ਹੈ। ਸਤ ਚਿਤ ਅਨੰਦ ਰੂਪ ਹੋਣ ਕਰਕੇ ਬ੍ਰਹਮ ਦੀ ਨਿਆਈਂ। ਏਹੀ ਅਸਾਂ ਨੇ ਡੰਡਾ ਫੜਿਆ ਹੈ।

ਪੁਨਾ - ਸਿੱਧਾਂ ਆਖਿਆ, ਬਾਰਾਂ ਪੰਥਾਂ ਵਿਚੋਂ ਅਸਾਡਾ ਇਕ 'ਆਈ ਪੰਥ' ਹੈ। ਫਿਰ ਸਾਡੀ ਜਮਾਤ ਤਕੜੀ ਹੈ, ਪੁਨਾ ਸਾਰੇ ਸਿੱਧ ਆਪਸ ਵਿਚ ਰਲ ਕੇ ਰਿੱਧੀਆਂ ਸਿੱਧੀਆਂ ਵਿਖਾਉਂਦੇ ਹਨ, ਜਿਸ ਕਰਕੇ ਉਹਨਾਂ ਵਿਚੋਂ ਕਿਸੇ ਦੀ ਜਿੱਤ ਅਰ ਕਿਸੇ ਦੀ ਹਾਰ ਹੁੰਦੀ ਹੈ।

ਆਪ ਜੀ ਦਾ ਆਈ ਪੰਥ ਕਿਹੜਾ ਹੈ?

ਆਪ ਜੀ ਦੀ ਜਮਾਤ ਕਿਹੜੀ ਹੈ?

ਜਿੱਤ ਹਾਰ ਕਿਹੜੀ ਹੈ? ਗੁਰ ਉੱਤਰ-

ਆਈ ਪੰਥੀ

ਸਾਰਿਆਂ ਵਿਖੇ ਜੋ ਚੇਤਨ ਸੱਤਾ ਆਈ ਹੋਈ ਨਿਸਚੇ ਕੀਤੀ ਹੈ, ਏਹੀ ਅਸਾਡਾ ਆਈ ਪੰਥ ਹੈ।

ਸਗਲ ਜਮਾਤੀ

ਸਾਰੇ ਜੋ ਮਹਾਤਮਾਂ ਹਨ, ਏਹੀ ਅਸਾਡੀ ਜਮਾਤ ਹੈ।

ਵਾ-ਸੰਸਾਰ ਦੇ ਸਾਰੇ ਜੀਵ ਹੀ ਸਾਡੀ ਜਮਾਤ ਹੈ।

ਵਾ-ਸਾਰੇ ਜੋ ਸ਼ੁਭ ਗੁਣ ਹਨ ਏਹੋ ਸਾਡੀ ਜਮਾਤ ਹੈ।

ਮਨਿ ਜੀਤੈ ਜਗੁ ਜੀਤੁ ॥

ਹੇ ਸਿੱਧੋ! ਮਨ ਰੂਪ ਦੁਸ਼ਮਣ ਨੂੰ ਜਿਹੜਾ ਜਿੱਤਿਆ ਹੈ, ਇਸ ਕਰਕੇ ਸਾਰੇ ਸੰਸਾਰ ਨੂੰ ਅਸਾਂ ਨੇ ਜਿੱਤ ਲਿਆ ਹੈ। ਪਰ ਮਨ ਦਾ ਮਾਰਨਾ ਬਹੁਤ ਮੁਸ਼ਕਲ ਹੈ।

ਯਥਾ— ਮਨ ਮਾਰਨ ਅਤ ਕਰ ਬਹੁ ਔਖਾ, ਕੋਈ ਵਿਰਲਾ ਮਨ ਕਉ ਮਾਰੇ।
ਰਾਵਨ ਕਾ ਜੇਹ ਜੇਠਾ ਭਾਈ, ਰਾਖਤ ਸੀਸ ਅਪਾਰੇ।
ਜਿਉ ਜਿਉ ਅਉਖਾ ਤਿਉ ਫਲ ਬਹੁਤਾ, ਯੇਹ ਨੇਤ ਰਚੀ ਕਰਤਾਰੇ।
ਨਿਰੀਕਾਰ ਸਾਰ ਕਉ ਚਬ ਚਬ, ਪਾਇਆ ਸਾਰ ਮੁਰਾਰੇ॥ [ਆਸਾ ਵਰੀਆਂ]

ਤਥਾ—'ਕਬੀਰ ਇਹ ਮਨ ਚੋਰ ਹੈ, ਭਲੀ ਬਸਤ ਲੈ ਜਾਇ।
ਸੂਤੇ ਕਉ ਯੇਹ ਲੂਟ ਹੈ, ਜਾਗਤ ਸੇ ਡਰ ਪਾਇ।'
'ਦਾਦੂ ਇਹ ਮਨ ਸਰਪ ਹੈ, ਬਸਤਾ ਹਿਰਦੇ ਮਾਹਿ।
ਇਨ ਕੇ ਕਾਟਨ ਤੇ ਅਗੇ, ਤੁਮ ਕਿਉ ਕਾਟਤ ਨਾਹਿ।'
'ਮਨ ਲੋਭੀ ਮਨ ਲਾਲਚੀ, ਮਨ ਚੰਚਲ ਮਨ ਚੋਰ।
ਇਨ ਕੇ ਮਤ ਨ ਚਾਲੀਐ, ਪਲਕ ਪਲਕ ਮਹਿ ਔਰ।'
'ਮਨ ਦੇ ਨਾਲ ਜਿਨ੍ਹਾਂ ਜੁਧ ਕੀਤਾ, ਪੂਰੇ ਭਾਗ ਤਿਨ੍ਹਾਂ ਦੇ।
ਸਾਂਈ ਸਭ ਉਨ੍ਹਾਂ ਨੂੰ ਕੀਤਾ, ਉਹ ਚਲੇ ਉਤੇ ਵਲ ਜਾਂਦੇ।
ਪੂਰੇ ਸਤਿਗੁਰ ਸੰਗ ਮਿਲਾਏ, ਗੁਰਮਤ ਲੈ ਬਿਗਸਾਂਦੇ।
ਸੇਵਾਦਾਸ ਜਿਨ੍ਹਾਂ ਮਨਮਤ ਤਿਆਗੀ, ਤਿਨ੍ਹਾਂ ਲਧੇ ਭਾਰ ਸੁਖਾਂ ਦੇ।'

[ਆਸਾ ਵਰੀਆਂ]

ਯਥਾ—"ਜਿਨ ਗੁਰ ਪ੍ਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ॥ ੮॥"

[ਮਾਰੂ ਵਾਰ, ਪੰਨਾ ੧੦੮੯]

ਤਥਾ—"ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ॥"

[ਬਿਹਾਗੜੇ ਕੀ ਵਾਰ, ਪੰਨਾ ੫੪੮]

"ਮਨ ਰਿਪੁ ਜੀਤਾ ਸਭ ਰਿਪੁ ਜੀਤੋ। ਮਨ ਰਿਪੁ ਜੀਤਾ ਸਭ ਰਿਪੁ ਜੀਤੇ॥"

[ਵੈਰਾਗ ਸ਼ੱਤਕ, ਅਧਿ: ੭, ਸਲੋਕ ੫੫ਵਾਂ]

ਜਿਸ ਨੇ ਮਨ ਨੂੰ ਨਹੀਂ ਜਿੱਤਿਆ, ਉਹ ਹਾਰ ਗਿਆ ਹੈ।

ਯਥਾ—'ਰਤਨ ਜੜਤ ਮੰਦਰ ਤਜੇ ਅਰ ਸਖੀਅਨ ਕੇ ਸਾਥ।
ਰੇ ਮਨ ਧੋਖੇ ਲਾਲ ਕੇ, ਦੀਯੋ ਪੀਕ ਮਹਿ ਹਾਥ।' [ਵੈਰਾਗ ਸ਼ੱਤਕ]

ਪੁਨਾ- ਸਿੱਧਾਂ ਨੇ ਬੇਨਤੀ ਕੀਤੀ! ਅਸਾਡੇ ਮਤ ਵਿਖੇ ਸਾਰੇ ਸਿੱਧ ਸਵੇਰੇ ਉਠ ਕੇ ਗੁਰੂ ਗੋਰਖ ਨੂੰ ਨਮਸ਼ਕਾਰ ਕਰਦੇ ਹਨ, ਆਪ ਕਿਸ ਨੂੰ ਨਮਸ਼ਕਾਰ ਕਰਦੇ ਹੋ? ਗੁਰ ਉੱਤਰ -

ਆਦੇਸੁ ਤਿਸੈ ਆਦੇਸੁ॥

੧. ਅਸੀਂ ਤਿਸ ਪ੍ਰਮਾਤਮਾਂ ਨੂੰ ਨਮਸ਼ਕਾਰ ਕਰਦੇ ਹਾਂ, ਤਿਸ ਪ੍ਰਮਾਤਮਾਂ ਨੂੰ ਨਮਸ਼ਕਾਰ ਕਰਦੇ ਹਾਂ ਤਿਸ ਪ੍ਰਮਾਤਮਾਂ ਨੂੰ ਨਮਸ਼ਕਾਰ ਕਰਦੇ ਹਾਂ। ਤਿੰਨ ਵਾਰ ਕਹਿ ਕੇ ਨਿਸਚੇ ਵਾਲੀ ਗੱਲ ਜਣਾਈ।

ਯਥਾ—"ਗੋਵਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ॥"

[ਰਾਮਕਲੀ ਮਹਲਾ ੫, ਪੰਨਾ ੯੨੯]

੨. ਮਨ, ਬਾਣੀ, ਸਰੀਰ ਕਰਕੇ ਅਸੀਂ ਤਿਸ ਨੂੰ ਨਮਸ਼ਕਾਰ ਕਰਦੇ ਹਾਂ।

ਦੋ ਵਾਰ ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ ਕਿਹਾ ਹੈ।

੩. ਜੋ ਆਦ+ਏਸੁ=ਆਦੌਂ ਹੀ ਈਸ਼੍ਵਰ ਹੈ, ਤਿਸ ਨੂੰ ਅਸੀਂ ਆਦੇਸੁ=ਨਮਸ਼ਕਾਰ ਕਰਦੇ ਹਾਂ।*

੪. ਨਮਸ਼ਕਾਰ ਕਰਨ ਵਾਲੇ ਹੋ ਕੇ ਅਸੀਂ ਤਿਸ ਪ੍ਰਮਾਤਮਾ ਨੂੰ ਆਦੇਸੁ=ਨਮਸ਼ਕਾਰ ਕਰਦੇ ਹਾਂ।

੫. ਜਿਨ੍ਹਾਂ ਨੇ ਆਦੇਸ਼ ਕੀਤੀ ਹੈ, ਉਹਨਾਂ ਦੁਆਰੇ ਅਸੀਂ ਵੀ ਤਿਸ ਨੂੰ ਆਦੇਸੁ=ਨਮਸ਼ਕਾਰ ਕਰਦੇ ਹਾਂ।

੬. ਜੋ ਦੇਸ਼, ਕਾਲ, ਵਸਤੂ ਦੇ ਭੇਦ ਤੋਂ ਆ=ਰਹਿਤ ਹੈ, ਤਿਸਨੂੰ ਅਸੀਂ ਆਦੇਸੁ=ਨਮਸ਼ਕਾਰ ਕਰਦੇ ਹਾਂ।

੭. ਜੋ ਪ੍ਰਤੱਖ ਮਾਝਾ, ਮਾਲਵਾ ਆਦਿਕ ਦੇਸਾਂ ਤੋਂ ਰਹਿਤ ਹੈ, ਤਿਸ ਨੂੰ ਅਸੀਂ ਆਦੇਸੁ=ਨਮਸ਼ਕਾਰ ਕਰਦੇ ਹਾਂ।

੮. ਜੋ ਪ੍ਰਤੱਖ ਦੇਸੁ=ਅੰਗਾਂ ਤੋਂ ਆ=ਰਹਿਤ ਹੈ, ਤਿਸ ਨੂੰ ਅਸੀਂ ਆਦੇਸੁ=ਨਮਸ਼ਕਾਰ ਕਰਦੇ ਹਾਂ।

੯. ਜੋ ਦੇਸੁ=ਸਾਧਨਾ ਤੋਂ ਆ=ਰਹਿਤ ਹੈ, ਤਿਸ ਨੂੰ ਅਸੀਂ ਆਦੇਸੁ=ਨਮਸ਼ਕਾਰ ਕਰਦੇ ਹਾਂ।

ਵਾ-ਸਰਬ ਰੂਪ ਹੋਣ ਕਰਕੇ ਜੋ ਦੇਸ਼ ਕਾਲ ਵਿਚ ਆ ਰਿਹਾ ਹੈ।

੧੦. ਸਭ ਸਾਧਨਾਂ ਵਿਚ ਆ ਰਿਹਾ ਹੈ, ਤਿਸ ਨੂੰ ਅਸੀਂ ਨਮਸ਼ਕਾਰ ਕਰਦੇ ਹਾਂ।

ਆਦਿ

ਉਹ ਪ੍ਰਮਾਤਮਾਂ ਸਾਰਿਆਂ ਦੀ ਆਦਿ ਰੂਪ ਹੈ।

ਅਨੀਲੁ

੧. ਅ+ਨੀਲੁ=ਨੀਲ ਆਦਿਕ ਰੰਗਾਂ ਤੋਂ [ਅ] ਰਹਿਤ ਹੈ।

ਯਥਾ—"ਸ਼ਹਿਨਸ਼ਾਹ ਖੂਬੀ ਦਿਹੋ ਰਹ ਨਮੂੰ॥
ਕਿ ਬੇ ਗੂੰਨ ਬੇ ਚੂੰਨ ਚੁ ਬੇ ਨਮੂੰ॥ ੩॥"

[ਦਸਮ ਗ੍ਰੰਥ ਜ਼ਫਰ ਨਾਮਹ, ਪੰਨਾ ੧੩੮੯]

ਖੂਬੀ=ਭਲਿਆਈ! ਦਿਹੋ=ਦੇਣ ਵਾਲਾ, ਰਹ=ਰਸਤੇ, ਨਮੂੰ=ਵਿਖਾਉਣ ਵਾਲਾ।

ਅਰਥਾਤ - ਉਹ ਪਾਤਿਸ਼ਾਹਾਂ ਦਾ ਪਾਤਸ਼ਾਹ ਹੈ, ਭਲਿਆਈ ਦੇਣ ਵਾਲਾ ਅਤੇ ਰਸਤੇ ਵਿਖਾਉਣ ਵਾਲਾ ਹੈ। ਬੇ ਰੰਗ ਹੈ, ਚਿੰਨ੍ਹਾਂ ਤੋਂ ਰਹਿਤ ਹੈ, ਚੂੰ=ਐਸੇ ਨਮੂੰ=ਨਮੂਨੇ ਤੋਂ ਬੇ=ਰਹਿਤ ਹੈ।

੨. ਨੀਲੁ=ਅਪਵਿੱਤ੍ਰਤਾ ਤੋਂ ਰਹਿਤ ਹੈ।

੩. ਨੀਲੁ=ਗਿਣਤੀ ਤੋਂ ਰਹਿਤ ਹੈ।

੪. ਨੀਲੁ=ਨਿਗਲਣੇ ਤੋਂ ਰਹਿਤ ਹੈ।

੫. ਨੀਲੁ=ਝੂਠ ਤੋਂ ਰਹਿਤ ਹੈ।

੬. ਨੀਲੁ=ਕਲੰਕ ਤੋਂ ਰਹਿਤ ਹੈ।

**ਕਿਉਂਕਿ ਪੰਜ ਈਸ਼ਰ ਪਿੱਛੋਂ ਹੋਏ ਹਨ-ਸੂਰਜ, ਸ਼ਿਵ, ਗਣੇਸ਼, ਵਿਸ਼ਨੂੰ ਅਤੇ ਦੇਵੀ।*

(ਵਿਚਾਰ ਸਾਗਰ, ਪਿਤਾਂਬਰੀ, ਧਿਆ ੬ ਪੰਨਾ ੨੦੭)

੭. ਨੀਲੁ=ਅੰਵਿਦਿਆ ਤੋਂ ਰਹਿਤ ਹੈ।

੮. ਨੀਲੁ=ਮਾਇਆ ਤੋਂ ਰਹਿਤ ਹੈ।

੯. ਨੀਲੁ=ਨੀਲ ਪੈਣ ਤੋਂ ਰਹਿਤ ਹੈ।

ਜਦ ਉਸਨੂੰ ਮਾਰਨ ਵਾਲਾ ਕੋਈ ਨਹੀਂ ਹੈ ਤਾਂ ਨੀਲ ਕਿਥੋਂ ਪੈ ਸਕਦਾ ਹੈ।

ਅਨਾਦਿ

੧. ਨਾਦੀ, ਬਿੰਦੀ ਭਾਵ ਤੋਂ ਰਹਿਤ ਹੈ। ਕਿਉਂਕਿ ਉਸ ਦਾ ਗੁਰੂ ਕੋਈ ਨਹੀਂ, ਇਸੀ ਤੇ ਉਹ ਨਾਦੀ ਪੁਣੇ ਤੋਂ ਰਹਿਤ ਹੈ। ਉਸਦਾ ਮਾਤਾ ਪਿਤਾ ਕੋਈ ਨਾ ਹੋਣ ਕਰਕੇ ਬਿੰਦੀ ਪੁਣੇ ਤੋਂ ਰਹਿਤ ਹੈ।

ਯਥਾ—"ਗੁਰਮੁਖਿ ਸਾਚਾ ਸਬਦਿ ਪਛਾਤਾ॥ ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ॥"

[ਮਾਰੂ ਮਹਲਾ ੩, ਪੰਨਾ ੧੦੫੧]

੨. ਅਨ+ਆਦਿ=ਹੋਰ ਸਭ ਜੀਵਾਂ ਦੀ ਆਦ ਰੂਪ ਹੈ।

ਯਥਾ—"ਅਨੀਲ ਹੈਂ॥ ਅਨਾਦ ਹੈਂ॥ ਅਜੇ ਹੈਂ॥ ਅਜਾਦਿ ਹੈਂ॥ ੩੩॥"

[ਦਸਮ ਗ੍ਰੰਥ, ਪੰਨਾ ੨]

ਅਨਾਹਤਿ

੧. ਅਨ=ਹੋਰਨਾਂ ਕਰਕੇ ਉਹ ਹਤਿ=ਨਾਸ ਨਹੀਂ ਹੁੰਦਾ।

੨. ਅਨ=ਦ੍ਵੈਤ ਜਿਸ ਵਿਖੇ ਹਤਿ=ਨਾਸ ਹੈ।

੩. ਅਨ=ਹੋਰ ਸਾਰਿਆਂ ਦੇ ਹਤਿ=ਨਾਸ ਕਰਨ ਵਾਲਾ ਹੈ।

੪. ਹਤਿ=ਹਦ ਤੋਂ ਅਨ=ਰਹਿਤ ਹੈ, ਉਸਦਾ ਹਦ ਬੰਨਾ ਕੋਈ ਨਹੀਂ।

ਜੁਗੁ ਜੁਗੁ ਏਕੋ ਵੇਸੁ॥ ੨੮॥

ਚੌਹਾਂ ਜੁਗਾਂ ਵਿਖੇ ਉਸ ਦਾ ਇਕ ਹੀ ਵੇਸੁ=ਸਰੂਪ ਹੈ ਉਹ ਵਧਦਾ ਘਟਦਾ ਨਹੀਂ।

ਯਥਾ—"ਜ਼ਿਮੀ ਜ਼ਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥
ਨਾ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ॥
ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥ ੬॥"

[ਦਸਮ ਗ੍ਰੰਥ, ਪੰਨਾ ੨੬]

ਤਥਾ—"ਬਿਨਵੰਤਿ ਨਾਨਕ ਮਇਆ ਧਾਰਹੁ ਜੁਗੁ ਜੁਗੋ ਇਕ ਵੇਸੁ ਜੀਉ॥ ੮॥"

[ਰਾਮਕਲੀ ਮ. ੫, ਪੰਨਾ ੯੨੬]

ਅਠਾਈਵੀਂ ਪਉੜੀ ਦੇ ੮੭ ਅੱਖਰ ਹਨ।

ਜ਼ਰੂਰੀ ਨੋਟ - ਇਕ ਯੁਜਾਨ ਯੋਗੀ ਹੁੰਦਾ ਹੈ ਦੂਜਾ ਯੁਗਤ ਯੋਗੀ ਹੁੰਦਾ ਹੈ। ਜੋ ਪ੍ਰਿਥਮ ਆਦੋਂ ਹੀ ਸਰਬ ਕਲਾ ਸਪੰਨ ਹੋਵੇ ਉਸਨੂੰ ਯੁਗਤ ਯੋਗੀ ਆਖਦੇ ਹਨ। ਏਸੇ ਕਰਕੇ ਪ੍ਰਮਾਤਮਾਂ ਨੂੰ ਆਦ ਏਸ ਕਿਹਾ ਹੈ।

ਯੁਜਾਨ ਯੋਗੀ ਉਸ ਨੂੰ ਕਹਿੰਦੇ ਹਨ ਜੋ ਆਪਣੀ ਕਮਾਈ ਕਰਕੇ ਅਰਥਾਤ ਜਪ ਤਪ ਕਰਕੇ ਪਿੱਛੋਂ ਕੁਝ ਕਲਾ ਸਪੰਨ ਹੋਵੇ। *(ਵਿਚਾਰ ਸਾਗਰ ਪਿਤਾਂਬਰੀ ਸਫਾ ੩੨੪)*

ਉਨੱਤੀਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ, ਅਸੀਂ ਸਵੇਰੇ ਉਠ ਕੇ ਭੁਗਤ ਖਾਂਦੇ ਹਾਂ, ਤੁਸੀਂ ਕਿਹੜੀ ਭੁਗਤ ਖਾਂਦੇ ਹੋ?

ਅਸਾਡੇ ਪਾਸ ਭੰਡਾਰਣ ਹੈ ਆਪ ਜੀ ਦੇ ਪਾਸ ਭੰਡਾਰਣ ਕੌਣ ਹੈ?

ਅਸੀਂ ਸਵੇਰੇ ਨਾਦ ਵਜਾਉਂਦੇ ਹਾਂ, ਆਪ ਜੀ ਕਿਹੜੀ ਨਾਦ ਵਜਾਉਂਦੇ ਹੋ?

ਗੁਰ ਉੱਤਰ-

ਭੁਗਤਿ ਗਿਆਨੁ

ਗਿਆਨ ਰੂਪੀ ਭੁਗਤ ਛਕਦੇ ਹਾਂ [ਕਿਉਂਕਿ ਗੁਰੂ ਸਾਹਿਬ ਜੀ ਆਪ ਬ੍ਰਹਮ ਗਿਆਨੀ ਸਨ ਜਿਸ ਕਰਕੇ ਗਿਆਨ ਰੂਪੀ ਭੁਗਤ ਕਹੀ ਹੈ।]

ਯਥਾ—'ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥' *[ਪੰਨਾ ੨੭੩]*

ਤਥਾ—"ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥"

[ਮਾਰੂ ਮਹਲਾ ੧, ਪੰਨਾ ੧੦੩੨]

ਦਇਆ ਭੰਡਾਰਣਿ

ਅਸਾਡੇ ਪਾਸ ਦਇਆ ਰੂਪੀ ਭੰਡਾਰਣ ਹੈ। ਇਸ ਦਇਆ ਕਰਕੇ ਹੀ ਸ਼ੁਭ ਗੁਣਾਂ ਦੀ ਪ੍ਰਾਪਤੀ ਅਤੇ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ।

ਸਾਖੀ—ਸੁਬਕਤ ਗੀਨ ਦੀ

ਗਜ਼ਨੀ ਦੇ ਬਾਦਸ਼ਾਹ ਅਲਪਤ ਗੀਨ ਦਾ ਇਕ 'ਸੁਬਕਤ ਗੀਨ' ਨਾਮੇ ਤੁਰਕੀ ਗੁਲਾਮ ਸੀ, ਉਹ ਇਕ ਦਿਨ ਸ਼ਿਕਾਰ ਖੇਡਣ ਵਾਸਤੇ ਬਾਹਰ ਬਨ ਵਿਖੇ ਗਿਆ, ਤਦ ਉਸ ਨੇ ਬਨ ਵਿਖੇ ਇਕ ਬੜਾ ਸੁੰਦਰ ਹਰਨੀ ਦਾ ਬੱਚਾ ਵੇਖਿਆ। ਦੇਖਦੇ ਸਾਰ ਹੀ ਉਸ ਦਾ ਦਿਲ ਲਲਚਾ ਗਿਆ। ਮਨ ਵਿਚ ਵਿਚਾਰਦਾ ਹੈ ਜੇ ਬਾਣ ਮਾਰਿਆ ਤਾਂ ਮਰ ਜਾਏਗਾ ਪਰ ਇਹ ਬੱਚਾ ਜੀਉਂਦਾ ਹੀ ਫੜਨਾ ਚਾਹੀਦਾ ਹੈ।

ਬੁੱਧੀ ਦੀ ਸਿਆਣਪ ਨਾਲ ਜਦ ਉਹ ਬੱਚੇ ਨੂੰ ਫੜ ਕੇ ਘਰ ਨੂੰ ਵਾਪਸ ਮੁੜਿਆ ਤਦ ਉਸ ਬੱਚੇ ਨੇ ਭਿਆਨਕ ਚੀਕ ਮਾਰੀ। ਉਸ ਚੀਕ ਨੂੰ ਸੁਣ ਕੇ ਉਸ ਦੀ ਮਾਂ ਹਰਨੀ ਦੌੜੀ ਆਈ, ਆ ਕੇ ਉਸ ਸ਼ਿਕਾਰੀ ਦੇ ਪਿੱਛੇ ਪਿੱਛੇ ਤੁਰ ਪਈ। ਸੁਬਕਤ ਗੀਨ ਹਰਨੀ ਨੂੰ ਪਿੱਛੇ ਆਉਂਦਾ ਦੇਖ ਕੇ ਖੜੋ ਗਿਆ ਤਦ ਹਰਨੀ ਭੀ ਖੜੋ ਗਈ। ਜਦ ਉਹ ਤੁਰਿਆ ਤਦ ਹਰਨੀ ਭੀ ਤੁਰ ਪਈ। ਤਿੰਨ ਚਾਰ ਵਾਰ ਉਹ ਖਲੋਤਾ, ਤਿੰਨ ਚਾਰ ਵਾਰ ਹਰਨੀ ਭੀ ਖਲੋਤੀ।

ਆਖਿਰਕਾਰ 'ਸੁਬਕਤ ਗੀਨ' ਨੇ ਕੀ ਵੇਖਿਆ ਕਿ ਹਰਨੀ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ

ਹਨ, ਤਦ ਵਿਚਾਰਿਆ ਕਿ ਇਹ ਹਰਨੀ ਆਪਣੇ ਬੱਚੇ ਵਾਸਤੇ ਰੋ ਰਹੀ ਹੈ ਅਤੇ ਆਪਣੀ ਜਾਨ ਦੀ ਪਰਵਾਹ ਨਾ ਕਰਦੀ ਹੋਈ ਮੇਰੇ ਪਿੱਛੇ ਪਿੱਛੇ ਚਲੀ ਆ ਰਹੀ ਹੈ। ਇਸ ਤਰ੍ਹਾਂ ਹਰਨੀ ਦੀ ਬਿਹਬਲ ਦਸ਼ਾ ਨੂੰ ਵੇਖ ਕੇ ਸੁਬਕਤ ਗੀਨ ਦਾ ਮਨ ਪਿਘਲ ਗਿਆ। ਉਸ ਪਿਘਲੇ ਹੋਏ ਮਨ ਵਿਚ ਦਯਾ ਨੇ ਘਰ ਕਰ ਲੀਤਾ, ਉਸ ਦਯਾ ਕਰਕੇ ਉਸ ਨੇ ਹਰਨੀ ਦਾ ਬੱਚਾ ਛੱਡ ਦਿੱਤਾ।

ਜਿਸ ਵੇਲੇ ਬੱਚਾ ਦੌੜ ਕੇ ਆਪਣੀ ਮਾਂ [ਹਰਨੀ] ਪਾਸ ਗਿਆ ਤਾਂ ਹਰਨੀ ਨੇ ਉਸ ਨੂੰ ਸਹੀ ਸਲਾਮਤ [ਨਵਾਂ ਨਿਰੋਗ] ਵੇਖਣ ਵਾਸਤੇ ਉਸ ਦੇ ਹਰ ਇਕ ਅੰਗ ਅੰਗ ਨੂੰ ਦੇਖਿਆ ਅਤੇ ਸੁੰਘਿਆ, ਫੇਰ ਪਿਆਰ ਨਾਲ ਚੱਟਿਆ ਤੇ ਚੁੰਮਿਆ। ਪੁਨਾ ਆਪਣੀ ਨਿੱਕੀ ਜੇਹੀ ਪੂਛ ਉੱਚੀ ਕਰ ਕੇ, ਕੰਨ ਖੜੇ ਕਰ ਲਏ ਅਤੇ ਆਪਣੀ ਬੂਥੀ ਬੱਚੇ ਨਾਲ ਲਗਾ ਕੇ ਆਕਾਸ਼ ਵੱਲ ਉੱਚੀ ਕਰਕੇ ਕੁਝ ਆਖਦੀ ਹੈ ਜਿਸ ਤੋਂ ਜਾਪਦਾ ਹੈ ਕਿ ਉਹ ਪਰਮੇਸ਼ਰ ਅੱਗੇ ਅਰਦਾਸ ਕਰਦੀ ਹੈ ਕਿ ਜਿਸ ਨੇ ਆਪਣੇ ਮਨ ਵਿਚ ਦਇਆ ਧਾਰ ਕੇ ਮੇਰੇ ਬੱਚੇ ਦੀ ਜਾਨ ਬਖਸ਼ੀ ਹੈ, ਹੇ ਪ੍ਰਮਾਤਮਾ! ਤੂੰ ਆਪਣੇ ਦਰਬਾਰ 'ਚੋਂ ਉਸ ਨੂੰ ਕੋਈ ਚੰਗੀ ਦਾਤ ਬਖਸ਼ੀਂ।

ਹਰਨੀ ਦੇ ਇਸ ਕੌਤਕ ਨੂੰ ਵੇਖ ਕੇ 'ਸੁਬਕਤ ਗੀਨ' ਬੜਾ ਅਸਚਰਜ ਹੋਇਆ, ਅਤੇ ਇਨ੍ਹਾਂ ਹੀ ਖਿਆਲਾਂ ਅੰਦਰ ਤੁਰਿਆ ਆਉਂਦਾ ਹੈ। ਆਪਣੇ ਘਰ ਆ ਕੇ ਇਨ੍ਹਾਂ ਹੀ ਵਿਚਾਰਾਂ ਅੰਦਰ ਸੌਂ ਗਿਆ, ਰਾਤ ਸੁੱਤੇ ਪਏ ਨੂੰ ਇਕ ਅਜੀਬ ਸੁਪਨਾ ਆਇਆ। ਸੁਪਨੇ ਵਿਚ ਇਕ ਚੰਗੇ ਕਰਨੀ ਵਾਲੇ ਨਾਮ ਰਸੀਏ ਬਿਰਧ ਅਵਸਥਾ ਵਾਲੇ ਫਕੀਰ ਆ ਕੇ ਮਿਲੇ, ਉਹਨਾਂ ਨੇ ਆਪਣੇ ਬਚਨਾਂ ਦੁਆਰਾ ਇਹ ਕਿਹਾ ਕਿ ਅੱਜ ਤੂੰ ਹਰਨੀ ਦੇ ਬੱਚੇ ਨੂੰ ਛੱਡ ਕੇ ਹਰਨੀ ਦੀ ਅਸੀਸ ਲੀਤੀ ਹੈ ਜਾਹ! ਇਸਦੇ ਬਦਲੇ ਤੈਨੂੰ ਬਾਦਸ਼ਾਹੀ ਮਿਲੇਗੀ। ਹੁਣ ਤੂੰ ਸਾਰੇ ਫਿਕਰ ਛੱਡ ਦੇਹ।

ਥੋੜ੍ਹਾ ਸਮਾਂ ਬੀਤਣ ਪਰ ਗਜ਼ਨੀ ਦਾ ਬਾਦਸ਼ਾਹ ਮਰ ਗਿਆ, ਤੇ ਉਸ ਦੀ ਗੱਦੀ ਪਰ ਏਸੇ 'ਸੁਬਕਤ ਗੀਨ' ਨੂੰ ਬਿਠਾ ਕੇ ਬਾਦਸ਼ਾਹੀ ਦਾ ਤਾਜ ਦਿੱਤਾ ਗਿਆ।*

ਦੇਖੋ! ਦਯਾ ਕਰਨ ਦਾ ਕਿੱਡਾ ਵੱਡਾ ਪੁੰਨ ਹੈ ਜਿਸ ਨੇ ਬਾਦਸ਼ਾਹੀ ਤਖਤ ਪਰ ਬਿਠਾ ਦਿੱਤਾ ਹੈ। ਇਸੀ ਤੇ ਹਜ਼ੂਰ ਨੇ ਫ਼ੁਰਮਾਇਆ ਕਿ-

"ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥"

[ਬਾਰਹ ਮਾਹਾ ਪੰਨਾ ੧੩੬]

ਘਟਿ ਘਟਿ ਵਾਜਹਿ ਨਾਦ॥

ਸਭ ਘਟਾਂ ਘਟਾਂ ਵਿਖੇ ਜੋ ਸ਼ਬਦ ਹੋ ਰਿਹਾ ਹੈ ਅਸਾਡੇ ਮਤ ਵਿਚ ਏਹੀ ਨਾਦ ਵੱਜ ਰਿਹਾ ਹੈ।

ਵਾ-ਦਸਮ ਦੁਆਰ ਦੇ ਜੋ ਸ਼ਬਦ ਹਨ ਏਹੀ ਅਸਾਡੇ ਮਤ ਵਿਚ ਨਾਦ ਵੱਜ ਰਿਹਾ।

**ਨੋਟ- ਇਹ ਸੁਬਕਤ ਗੀਨ ਓਹੀ ਹੈ ਜਿਸ ਨੇ ਰਾਜਾ ਜੈਪਾਲ ਦੇ ਵਿਰੁੱਧ ਹਿੰਦੁਸਤਾਨ ਉਤੇ ਹਮਲਾ ਕੀਤਾ ਸੀ ਹਿੰਦ ਦੇ ਬਹੁਤ ਸਾਰੇ ਹਿੰਦੂ ਰਾਜਿਆਂ ਨੇ ਏਕਾ ਕਰਕੇ ਇਸ ਨਾਲ ਟਾਕਰਾ ਕੀਤਾ, ਪਰ ਅੰਤ ਨੂੰ ਹਾਰ ਖਾਧੀ ਅਤੇ ਜਿਸ ਦੇ ਪੁੱਤਰ ਮਹਿਮੂਦ ਗਜ਼ਨਵੀ ਨੇ ਹਿੰਦ ਉਤੇ ੧੭ ਵੇਰ ਹਮਲਾ ਕਰਕੇ ਭਾਰਤ ਨੂੰ ਲੁਟਿਆ ਪੁਟਿਆ ਸੀ। ਸੁਬਕਤ ਗੀਨ ਦਾ ਦੂਜਾ ਨਾਮ 'ਨਸੀਰਦੀਨ' ਭੀ ਹੈ।*

ਪੁਨਾ - ਸਿੱਧਾਂ ਨੇ ਕਿਹਾ-ਆਪ ਜੀ ਦੇ ਮਤ ਵਿਚ ਨਾਥ ਕੌਣ ਹੈ? ਅਤੇ ਰਿੱਧੀਆਂ ਸਿੱਧੀਆਂ ਕੌਣਸੀਆਂ ਹਨ? ਗੁਰ ਉੱਤਰ-

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥

ਹੇ ਸਿੱਧੋ! ਸਾਡੇ ਮਤ ਵਿਖੇ ਆਪ ਹੀ ਪਰਮਾਤਮਾ ਨਾਥ ਹੈ, ਜਿਸ ਨੇ ਆਪਣੇ ਹੁਕਮ ਰੂਪ ਨਕੇਲ ਵਿਚ ਸਾਰੀ ਦੁਨੀਆਂ ਨੱਥੀ ਹੋਈ ਹੈ।

ਯਥਾ—"ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ॥ ੧੪॥"

[ਮਾਰੂ ਮਹਲਾ ੧, ਪੰਨਾ ੧੦੩੭]

ਤਥਾ—"ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ॥"

[ਸੋਰਠਿ ਮਹਲਾ ੧, ਪੰਨਾ ੫੯੫]

ਹੇ ਸਿੱਧੋ! ਰਿੱਧੀਆਂ ਸਿੱਧੀਆਂ ਦਾ ਸੁਆਦ ਤਾਂ ਹੋਰ ਹੀ ਹੈ ਜੋ ਸਾਨੂੰ ਚੰਗਾ ਨਹੀਂ ਲੱਗਦਾ।

ਵਾ-ਰਿੱਧੀਆਂ ਸਿੱਧੀਆਂ ਦਾ ਸੁਆਦ ਅਵਰਾ=ਝੱਲੇ ਪੁਰਸ਼ਾਂ ਨੂੰ ਆਉਂਦਾ ਹੈ।

ਵਾ-ਰਿੱਧੀਆਂ ਸਿੱਧੀਆਂ ਦਾ ਸੁਆਦ ਪਰਮੇਸ਼ਵਰ ਵਲੋਂ ਅਵਰਾ=ਅਵਰਨ

ਭਾਵ ਪੜਦਾ ਪਾਉਣ ਵਾਲਾ ਹੈ।

ਯਥਾ—"ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥"

[ਵਡਹੰਸ ਕੀ ਵਾਰ ਪੰਨਾ ੫੯੩]

ਪੁਨਾ - ਸਿੱਧਾਂ ਨੇ ਕਿਹਾ, ਜੇਕਰ ਆਪ ਜੀ ਵਿਖੇ ਰਿੱਧੀਆਂ ਸਿੱਧੀਆਂ ਨਹੀਂ ਹਨ ਤਾਂ ਜੋਗੀਆਂ ਵਾਲੇ ਪੂਰੇ ਪੂਰੇ ਚਿੰਨ੍ਹ ਆਪ ਜੀ ਵਿਖੇ ਨਹੀਂ ਘਟ ਸਕਦੇ।

ਗੁਰੂ ਜੀ ਨੇ ਕਿਹਾ ਹੇ ਸਿੱਧੋ! ਇਕ ਦੁਨਿਆਵੀਂ ਰਸਾਂ ਦਾ ਸੁਆਦ ਹੈ ਤੇ ਦੂਜਾ 'ਨਾਮ' ਦਾ ਸੁਆਦ ਹੈ। ਦੁਨਿਆਵੀ ਰਸਾਂ ਦੇ ਤਿਆਗਣ ਕਰਕੇ ਅਵਰਾ=ਹੋਰ ਜੋ ਨਾਮ ਦਾ ਸੁਆਦ ਸਾਨੂੰ ਆਇਆ ਹੈ ਸਾਡੇ ਮਤ ਵਿਖੇ ਏਹੋ ਰਿੱਧੀ ਤੇ ਸਿੱਧੀ ਹੈ।

ਫਿਰ ਸਿੱਧਾਂ ਨੇ ਕਿਹਾ, ਸਾਡੇ ਮਤ ਵਿਖੇ ਦੋ ਸੇਵਾਦਾਰ ਹੁੰਦੇ ਹਨ, ਇਕ ਦਾ ਨਾਂ ਕੁਠਾਰੀ, ਦੂਜੇ ਦਾ ਨਾਂ ਭੰਡਾਰੀ ਹੈ।

ਕੁਠਾਰੀ ਸਭ ਵਸਤੂਆਂ ਲਿਆ ਲਿਆ ਕੇ ਇਕੱਠੀਆਂ ਕਰਦਾ ਹੈ, ਅਤੇ ਭੰਡਾਰੀ ਤਿਆਰ ਕਰਕੇ ਸਾਰਿਆਂ ਨੂੰ ਵਰਤਾਉਂਦਾ ਹੈ। ਤੁਹਾਡੇ ਮਤ ਵਿਚ ਕੁਠਾਰੀ ਅਤੇ ਭੰਡਾਰੀ ਕੌਣ ਹੈ?

ਗੁਰ ਉੱਤਰ -

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ

ਜੋ ਕਰਮ ਪਦਾਰਥਾਂ ਦਾ ਸੰਜੋਗ ਕਰਾਉਂਦਾ ਹੈ, ਉਹ ਕੁਠਾਰੀ ਹੈ।
ਜੋ ਕਰਮ ਪਦਾਰਥਾਂ ਦਾ ਵਿਜੋਗ ਕਰਾਉਂਦਾ ਹੈ, ਉਹ ਭੰਡਾਰੀ ਹੈ।

ਯਥਾ—"ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ॥"

[ਮਾਰੂ ਮਹਲਾ ੧, ਪੰਨਾ ੧੦੩੨]

ਅਥਵਾ - ਜਿਨ੍ਹਾਂ ਸ਼ੁਭ ਕਰਮਾਂ ਨਾਲ ਸਾਡਾ ਸੰਜੋਗ ਹੈ ਉਹ ਕੁਠਾਰੀ ਹੈ ਅਤੇ ਜਿਨ੍ਹਾਂ ਮੰਦ ਕਰਮਾਂ ਨਾਲ ਸਾਡਾ ਵਿਜੋਗ ਹੈ ਉਹ ਭੰਡਾਰੀ ਹੈ।

ਸਾਡੇ ਮਤ ਵਿਖੇ ਏਹੀ ਦੋ ਸੇਵਾਦਾਰ ਸਾਰਾ ਕੰਮ ਚਲਾਉਂਦੇ ਹਨ।

ਫਿਰ ਸਿੱਧਾਂ ਨੇ ਕਿਹਾ, ਸਾਡੇ ਮਤ ਵਿਚ ਛਾਂਦੇ ਵਰਤਾਉਂਦੇ ਹਨ, ਆਪ ਜੀ ਦੇ ਮਤ ਵਿਖੇ ਛਾਂਦੇ ਕਿਹੜੇ ਹਨ? ਗੁਰ ਉੱਤਰ-

ਲੇਖੇ ਆਵਹਿ ਭਾਗ॥

ਮੱਥੇ ਦੇ ਲੇਖਾਂ ਅਨੁਸਾਰ ਜੋ ਪਦਾਰਥ ਆ ਕੇ ਮਿਲਦੇ ਹਨ, ਸਾਡੇ ਮਤ ਵਿਖੇ ਇਹੋ ਭਾਗ=ਛਾਂਦੇ ਹਨ। [ਛਾਂਦਿਆਂ ਦਾ ਰਿਵਾਜ ਪਿੱਛੇ ਸੀ, ਅੱਜ ਕਲ੍ਹ ਹੱਟ ਚੁੱਕਾ ਹੈ।]

ਆਦੇਸੁ ਤਿਸੈ ਆਦੇਸੁ॥

ਤਿਸ ਪ੍ਰਮਾਤਮਾ ਨੂੰ ਅਸੀਂ ਨਮਸ਼ਕਾਰ ਹੀ ਨਮਸ਼ਕਾਰ ਕਰਦੇ ਹਾਂ।

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੯॥

ਉਹ ਸਾਰਿਆਂ ਦਾ ਆਦ ਰੂਪ ਹੈ ਅਨੀਲੁ=ਨੀਲ ਆਦਿਕ ਰੰਗਾਂ ਤੋਂ ਰਹਿਤ ਹੈ, ਅਨਾਦਿ=ਨਾਦੀ ਬਿੰਦੀ ਭਾਵ ਤੋਂ ਰਹਿਤ ਹੈ। ਤੇ ਅਨਾਹਤਿ=ਹਦ ਬੰਨੇ ਤੋਂ ਰਹਿਤ ਹੈ, ਜੁਗਾਂ ਜੁਗਾਂ ਵਿਖੇ ਉਸ ਦਾ ਇਕ ਹੀ ਵੇਸੁ=ਸਰੂਪ ਹੈ॥ ੨੯॥

ਉਨੱਤੀਵੀਂ ਪਉੜੀ ਦੇ ੯੦ ਅੱਖਰ ਹਨ।

ਤੀਹਵੀਂ ਪਉੜੀ

ਪੁਨਾ-ਇਕ ਸਿੱਧ ਨੇ ਆ ਕੇ ਕਿਹਾ, ਸੰਸਾਰ ਦੀ ਉਤਪਤੀ ਕਿਸ ਤਰ੍ਹਾਂ ਹੋਈ ਹੈ?

ਗੁਰੂ ਜੀ ਨੇ ਕਿਹਾ, ਅਸੀਂ ਪਿੱਛੇ ਦਸ ਆਏ ਹਾਂ।

"ਸੁਅਸਤਿ ਆਥਿ ਬਾਣੀ ਬਰਮਾਉ ॥" *[ਪੰਨਾ ੪ ਵਾਲੀ ਤੁਕ ਵਿਖੇ।]*

ਤਾਂ ਸਿੱਧ ਨੇ ਕਿਹਾ-ਮੈਂ ਉਸ ਵੇਲੇ ਆਪ ਜੀ ਦੇ ਪਾਸ ਨਹੀਂ ਸੀ ਆਪ ਕਿਰਪਾ ਕਰਕੇ ਫਿਰ ਦੱਸ ਦਿਓ। ਗੁਰ ਉੱਤਰ-

ਏਕਾ ਮਾਈ ਜੁਗਤਿ ਵਿਆਈ

ਇਕ ਜੋ ਮਾਈ=ਮਾਇਆ ਪਤੀ ਪ੍ਰਮਾਤਮਾ ਹੈ ਉਸ ਨਾਲ ਜਦ ਮਾਇਆ ਜੁਗਤਿ=ਜੁੜੀ [ਜੁੜਣਾ ਏਹੀ ਹੈ ਜਿਹੜਾ ਉਸ ਵਿਚ ਸੰਕਲਪ ਕਰਵਾ ਦਿੱਤਾ ਹੈ।]

ਤਦ ਮਾਇਆ ਵਿਆਈ=ਪ੍ਰਸੂਤ ਹੋਈ।

ਵਾ-ਅੱਖਰਾਂ ਦੇ ਵਿਚ ਹੀ ਦੋਹਾਂ ਦਾ ਵਾਚਕ ਹੈ, ਮਾ=ਮਾਇਆ ਜਦ ਇਕ ਈ=ਈਸ਼ੂਰ ਨਾਲ ਜੁਗਤਿ=ਜੁੜੀ ਭਾਵ ਕਲਪਤ ਤਦਾਤਮ ਸੰਬੰਧ ਹੋਇਆ ਤਾਂ ਵਿਆਈ=ਪ੍ਰਸੂਤ ਹੋਈ।

ਤਿਨਿ ਚੇਲੇ ਪਰਵਾਣੁ ॥

ਉਸੀ ਵੇਲੇ [ਬ੍ਰਹਮਾ, ਵਿਸ਼ਨੂੰ, ਸ਼ਿਵ ਰੂਪ] ਤਿੰਨ ਚੇਲੇ=ਪੁੱਤਰ* ਪ੍ਰਮਾਨੀਕ ਹੋਏ।

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

ਪਹਿਲਾ ਅਰਥ-ਇਕ ਪੁੱਤਰ ਬ੍ਰਹਮਾ ਸੰਸਾਰ ਦੀ ਉਤਪਤੀ ਕਰਨ ਵਾਲਾ ਹੋਇਆ।

ਇਕ ਪੁੱਤਰ ਵਿਸ਼ਨੂੰ ਭੰਡਾਰਿਆਂ ਦੇ ਦੇਣ ਵਾਲਾ ਭਾਵ ਸਭ ਦੀ ਪਾਲਣਾ ਕਰਨ ਵਾਲਾ ਹੋਇਆ। ਇਕ ਪੁੱਤਰ ਮੁਰਦਿਆਂ ਦੀ ਦੀਬਾਣੁ=ਕਚਹਿਰੀ ਲਗਾਣ ਵਾਲਾ ਮਸਾਣ-ਭੂਮਿਕਾ ਵਿਚ ਸ਼ਿਵ ਹੈ।

ਵਾ-ਇਕ ਪੁੱਤਰ ਸ਼ਿਵ! ਜਿਸ ਨੂੰ ਸਾਰਿਆਂ ਦੇ ਲੈਤਾ ਕਰਨ ਦੀ ਬਾਣੁ=ਖੋਹ [ਆਦਤ ਪਈ ਹੋਈ ਹੈ। [ਦੀਬਾਣੁ] ਪਾਠ ਕੱਠਾ ਹੈ।

ਯਥਾ— 'ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥' *[ਗੂਜਰੀ ਵਾਰ, ਪੰਨਾ ੫੦੯]*

ਅਰਥਾਤ - ਤ੍ਰਿਗੁਣ ਆਤਮਕ ਮਾਇਆ ਦੁਆਰੇ ਬ੍ਰਹਮਾ ਵਿਸ਼ਨੂੰ ਅਤੇ ਸ਼ਿਵਾਂ ਨੂੰ ਪੈਦਾ ਕਰਕੇ ਜਗਤ ਦੀ ਉਤਪਤੀ, ਪਾਲਣਾ, ਲੈਤਾ ਕਰਨ ਰੂਪ ਧੰਦੇ ਵਿਚ ਲਗਾਇਆ ਹੈ।

ਦੂਜਾ ਅਰਥ - ਇਕ ਸੰਸਾਰ ਦੀ ਉਤਪਤੀ ਕਰਨ ਵਾਲਾ ਬ੍ਰਹਮਾ ਹੈ।

---

*ਚੇਲਾ ਕਹੋ, ਪੁੱਤਰ ਕਹੋ, ਇਕ ਹੀ ਗੱਲ ਹੈ 'ਸਿੱਧ ਗੋਸਟ' ਵਿਖੇ ਚੇਲੇ ਦੀ ਜਗ੍ਹਾ ਪੁੱਤਰ ਲਿਖਿਆ ਹੈ।

ਯਥਾ—"ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥ ੭॥"

(ਸਿਧ ਗੋਸਟਿ, ਪੰਨਾ ੯੩੯)

ਤੇ ਭੰਡਾਰਿਆਂ ਦੇ ਦੇਣ ਵਾਲਾ ਇਕ ਸ਼ਿਵ ਹੈ, ਜਿਸ ਨੂੰ ਲੋਕ ਭੋਲਾ ਮਹੇਸ਼ ਆਖਦੇ ਹਨ। ਦੁਕਾਨ ਖੋਲ੍ਹਣ ਲੱਗਿਆਂ ਸਾਰੇ ਲੋਕ ਸ਼ਿਵਾਂ ਨੂੰ ਮੱਥਾ ਟੇਕਦੇ ਹਨ।

ਅਤੇ ਇਕ ਪੁੱਤਰ ਵਿਸ਼ਨੂੰ ਦੀਬਾਣੁ=ਸਭਾ ਦੇ ਲਾਉਣ ਵਲਾ ਹੈ ਕਿਉਂਕਿ ਸਭਾ ਦੇ ਲਾਉਣ ਅਤੇ ਸਜਾਉਣ ਦਾ ਢੰਗ ਵਿਸ਼ਨੂੰ ਜੀ ਨੂੰ ਹੈ, ਹੋਰ ਕਿਸੇ ਨੂੰ ਨਹੀਂ।

ਤੀਜਾ ਅਰਥ - ਇਕ ਸੰਸਾਰ ਦੀ ਪਾਲਣਾ ਕਰਨ ਵਾਲਾ ਵਿਸ਼ਨੂੰ ਹੈ, ਇਕ ਭੰਡਾਰੀ=ਭੰਡਾਰਿਆਂ ਦੇ ਦੇਣ ਵਲਾ 'ਭੋਲਾ ਮਹੇਸ਼' ਸ਼ਿਵ ਹੈ ਅਤੇ ਇਕ ਬ੍ਰਹਮਾ ਪੁੱਤਰ ਐਸਾ ਹੈ, ਜਿਸ ਨੂੰ ਵੱਛੇ ਤੇ ਗੁਆਲੇ ਚੁਰਾ ਕੇ ਲਿਆਉਣ ਦੀ ਆਦਤ ਪਈ ਹੋਈ ਹੈ।

ਵਾ- ਜਿਸ ਨੂੰ ਬਾਣੀ ਲਿਆਉਣ ਦੀ ਭਾਵ ਚਾਰੇ ਵੇਦ ਪ੍ਰਵਿਰਤ ਕਰਨ ਦੀ ਆਦਤ ਪਈ ਹੋਈ ਹੈ।

ਫਿਰ ਸਿੱਧਾਂ ਨੇ ਕਿਹਾ, "ਬ੍ਰਹਮਾ ਆਦਿਕ ਸੁਤੰਤਰ ਹਨ ਯਾਂ ਪਤੰਤਰ?"

ਗੁਰ ਉੱਤਰ - ਇਹ ਸਾਰੇ ਪਤੰਤਰ ਹਨ। ਕਿਉਂਕਿ -

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥

੧. ਜਿਸ ਤਰ੍ਹਾਂ ਉਸ ਪ੍ਰਮਾਤਮਾਂ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਉਹਨਾਂ ਤਿੰਨਾਂ ਦੇਵਤਿਆਂ ਨੂੰ ਚਲਾਉਂਦਾ ਹੈ। ਜਿਵੇਂ ਉਸ ਦਾ ਫੁਰਮਾਣੁ=ਹੁਕਮ ਹੁੰਦਾ ਹੈ, ਤਿਵੇਂ ਉਹ ਦੇਵਤੇ ਕਰਦੇ ਹਨ।

੨. ਜਿਸ ਤਰ੍ਹਾਂ ਤਿਸ ਬ੍ਰਹਮਾਂ ਆਦਿਕਾਂ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਜੀਵਾਂ ਨੂੰ ਚਲਾਉਂਦੇ ਹਨ।

ਪ੍ਰਸ਼ਨ - ਆਪਣੀ ਮਰਜ਼ੀ ਅਨੁਸਾਰ ਚਲਾਉਂਦੇ ਹਨ?

ਉੱਤਰ-ਨਹੀਂ, ਜਿਵੇਂ ਪ੍ਰਮਾਤਮਾ ਦਾ ਹੁਕਮ ਹੁੰਦਾ ਹੈ, ਤਿਵੇਂ ਚਲਾਉਂਦੇ ਹਨ।

ਓਹੁ ਵੇਖੈ ਓਨਾ ਨਦਰਿ ਨ ਆਵੈ

੧. ਉਹ ਬ੍ਰਹਮਾ ਆਦਿਕ ਤਾਂ ਜੀਵਾਂ ਨੂੰ ਦੇਖਦੇ ਹਨ, ਪ੍ਰੰਤੂ ਉਹਨਾਂ ਜੀਵਾਂ ਨੂੰ ਬ੍ਰਹਮਾਂ ਅਦਿਕ ਨਿਗਾਹ ਨਹੀਂ ਆਉਂਦੇ।

੨. ਉਹ ਪ੍ਰਮੇਸ਼ਰ ਆਪ ਤਾਂ ਉਹਨਾਂ ਬ੍ਰਹਮਾਂ ਆਦਿਕਾਂ ਨੂੰ ਦੇਖ ਰਿਹਾ ਹੈ ਪ੍ਰੰਤੂ ਉਹਨਾਂ ਦੇਵਤਿਆਂ ਨੂੰ ਪ੍ਰਮੇਸ਼ਰ ਨਿਗਾਹ ਨਹੀਂ ਆਉਂਦਾ।

ਬਹੁਤਾ ਏਹੁ ਵਿਡਾਣੁ॥

ਇਹ ਇਕ ਬੜਾ ਭਾਰੀ ਵਿਡਾਣੁ = ਅਸਚਰਜ ਕੌਤਕ ਹੈ।

ਆਦੇਸੁ ਤਿਸੈ ਆਦੇਸੁ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੩੦॥

ਤਿਸ ਪ੍ਰਮਾਤਮਾ ਨੂੰ ਅਸੀਂ ਨਮਸ਼ਕਾਰ ਹੀ ਨਮਸ਼ਕਾਰ ਕਰਦੇ ਹਾਂ।

ਉਹ ਸਾਰਿਆਂ ਦੀ ਆਦ ਰੂਪ ਹੈ, ਨੀਲ ਆਦਿਕ ਰੰਗਾਂ ਤੋਂ ਰਹਿਤ ਹੈ, ਅਨਾਦੀ ਸਰੂਪ ਹੈ, ਅਨਾਹਤਿ= ਹਦ ਤੋਂ ਰਹਿਤ ਹੈ। ਜੁਗਾਂ ਜੁਗਾਂ ਵਿਖੇ ਉਸ ਦਾ ਇਕ ਹੀ ਵੇਸੁ=ਸਰੂਪ ਹੈ॥ ੩੦॥

ਤੀਹਵੀਂ ਪਉੜੀ ਦੇ ੧੦੨ ਅੱਖਰ ਹਨ।

ਇਕੱਤੀਵੀਂ ਪਉੜੀ

ਜਦ ਨਵੇਂ ਸਿੱਧ ਨੂੰ ਸੰਸਾਰ ਦੀ ਉਤਪਤੀ ਦਾ ਉੱਤਰ ਦੇ ਚੁੱਕੇ ਤਦ ਓਹੀ ਪਿਛਲੇ ਸਿੱਧ ਬੋਲੇ, ਜਿਨ੍ਹਾਂ ਨੇ ਜੋਗ ਭੇਖ ਧਾਰਨ ਦਾ ਪ੍ਰਕਰਣ ਚਲਾਇਆ ਹੋਇਆ ਸੀ। ਉਹਨਾਂ ਸਿੱਧਾਂ ਨੇ ਕਿਹਾ, ਸਾਡੇ ਮਤ ਵਿਖੇ ਆਸਨ ਅਤੇ ਭੰਡਾਰੇ ਹੁੰਦੇ ਹਨ। ਆਪ ਜੀ ਦਾ ਆਸਣ ਅਤੇ ਭੰਡਾਰਾ ਕਿਹੜਾ ਹੈ? ਗੁਰ ਉੱਤਰ-

ਆਸਣੁ ਲੋਇ ਲੋਇ ਭੰਡਾਰ॥

ਅਰਥ ਵਾਸਤੇ 'ਨ' ਦਾ ਅਯਾਹਾਰ ਕੀਤਾ ਹੈ।

ਨਾ ਸਾਨੂੰ ਆਸਣਾਂ ਦੀ ਲੋਇ=ਲੋੜ ਹੈ ਨਾ ਹੀ ਭੰਡਾਰਿਆਂ ਦੀ ਲੋਇ=ਲੋੜ ਹੈ।

ਪੁਨਾ-ਸਿੱਧਾਂ ਨੇ ਕਿਹਾ, ਸਾਧੂਆਂ ਦਾ ਆਸਣ ਅਤੇ ਭੰਡਾਰਾ ਜ਼ਰੂਰ ਹੁੰਦਾ ਹੈ, ਆਪ ਕਿਰਪਾ ਕਰ ਕੇ ਸਾਨੂੰ ਦੱਸੋ। ਗੁਰ ਉੱਤਰ-ਆਸਣੁ ਲੋਇ ਲੋਇ ਭੰਡਾਰ॥

ਲੋਕਾਂ ਵਿਚ ਹੀ ਸਾਡਾ ਆਸਣ ਹੈ। ਲੋਕਾਂ ਵਿਚ ਹੀ ਸਾਡਾ ਭੰਡਾਰਾ ਹੈ।

ਫਿਰ ਸਿੱਧਾਂ ਨੇ ਕਿਹਾ, ਆਪ ਜੀ ਨੇ ਨਿਰਣਾ ਕਰਕੇ ਨਹੀਂ ਦੱਸਿਆ, ਚੰਗੀ ਤਰ੍ਹਾਂ ਸਮਝਾ ਕੇ ਦੱਸੋ।

ਗੁਰ ਉੱਤਰ-ਆਸਣੁ ਲੋਇ ਲੋਇ ਭੰਡਾਰ॥

ਜਿਨ੍ਹਾਂ ਲੋਕਾਂ ਦਾ ਅੰਤਹਕਰਣ ਸ਼ਰਧਾ ਵਸਿਸ਼ਟ ਹੈ ਓਹੀ ਸਾਡਾ ਆਸਣ ਹੈ ਅਤੇ ਜੋ ਲੋਕ ਸ਼ਰਧਾ ਭਾਵ ਨਾਲ ਸਾਡੇ ਨਮਿੱਤ ਸਿੱਖਾਂ ਨੂੰ ਭੋਜਨ ਛਕਾਉਂਦੇ ਹਨ ਓਹੀ ਸਾਡਾ ਭੰਡਾਰਾ ਹੈ।

ਜਿਵੇਂ - ਦਸਮੇਸ਼ ਪਿਤਾ ਕਲਗੀਧਰ ਜੀ ਨੇ ਜੋਤੀ ਜੋਤ ਸਮਾਉਣ ਲੱਗਿਆਂ ਸੰਗਤ ਨੂੰ ਏਹ ਉਪਦੇਸ਼ ਦਿੱਤਾ ਸੀ-

"ਸਿੰਘ ਸੁ ਰਹਤ ਪੰਚ ਜਹਿਂ ਮਿਲੇਂ। ਮਮ ਸਰੂਪ ਸੋ ਦੇਖਹੁ ਭਲੇ।
ਭੋਜਨ ਛਾਦਨ ਜੋ ਤਿਨ ਦੇਇ। ਮੋਕਹੁ ਪਹੁੰਚਾਵਤਿ ਸਿਖ ਸੋਇ॥ ੧੨॥
ਮਨਹੁ ਕਾਮਨਾ ਤਿਨ ਤੇ ਪ੍ਰਾਪਤਿ। ਸ਼ਰਧਾ ਧਰੇ ਚਿੰਤ ਦੁਖ ਖਾਪਤਿ।
ਸਿਖ ਪੰਚਨ ਮਹਿ ਮੇਰੋ ਬਾਸਾ। ਪੂਰਨ ਕਰੌਂ ਧਰਹਿਂ ਜੇ ਆਸਾ॥ ੧੩॥"

[ਗੁਰ ਪ੍ਰਤਾਪ ਸੂਰਜ, ਐਨ ੨ ਅੰਸੂ ੨੩]

ਅਥਵਾ-ਲੋਇ=ਪ੍ਰਕਾਸ਼ ਰੂਪ ਪ੍ਰਮਾਤਮਾ ਦਾ ਜੋ ਸਾਨੂੰ ਲੋਇ=ਬ੍ਰਹਮ ਗਿਆਨ ਪ੍ਰਾਪਤ ਹੋਇਆ ਹੈ ਏਹੀ ਸਾਡਾ ਭੰਡਾਰਾ ਹੈ।

ਇਸ ਬ੍ਰਹਮ ਗਿਆਨ ਰੂਪ ਭੰਡਾਰੇ ਦੇ ਛਕਣ ਕਰਕੇ ਸਾਨੂੰ ਪਦਾਰਥਾਂ ਦੀ ਕੋਈ ਆਸ+ਨੁ=ਆਸਾ ਨਹੀਂ ਰਹੀ।

ਜੋ ਕਿਛੁ ਪਾਇਆ ਸੁ ਏਕਾ ਵਾਰ॥

੧. ਹੇ ਸਿੱਧੋ! ਅਸਾਂ ਜੋ ਕੁਛ ਵੀ ਦੁਨੀਆਂ ਦਾ ਪਦਾਰਥ ਆਪਣੇ ਗੁਰਾਂ ਤੋਂ ਪਾਇਆ ਹੈ, ਸੋ ਇਕੋ ਵਾਰ ਪਾ ਲਿਆ ਹੈ। ਹੁਣ ਕਿਸੇ ਪਦਾਰਥ ਦੀ ਇੱਛਾ ਨਹੀਂ ਰਹੀ।

੨. ਅਸਾਂ ਨੇ ਜੋ ਕੁਝ ਵੀ ਪ੍ਰਮੇਸ਼ਰ ਦੀ ਸਬੰਧਤਾ ਵਿਚ [ਉਪਦੇਸ਼, ਨਾਮ, ਵੈਰਾਗ, ਗਿਆਨ ਆਦਿਕਾਂ ਨੂੰ] ਪਾਇਆ ਹੈ, ਸੋ ਇਕੋ ਵਾਰ ਪਾ ਲਿਆ ਹੈ, ਦੁਬਾਰਾ ਗੁਰਾਂ ਤੋਂ ਪੁੱਛਣ ਦੀ ਲੋੜ ਨਹੀਂ ਰਹੀ।

ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ॥ ਗੁਰਿ ਪੂਰੈ ਮੇਰੀ ਪੈਜ ਰਖਾਈ॥ ੧॥
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ॥ ੧॥ ਰਹਾਉ॥

ਗੁਰ ਕੈ ਬਚਨਿ ਸੁਣਿ ਰਸਨ ਵਖਾਣੀ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ॥ ੨॥
ਗੁਰ ਕੈ ਬਚਨਿ ਮਿਟਿਆ ਮੇਰਾ ਆਪੁ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ॥ ੩॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ॥ ੪॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ॥ ੫॥
ਗੁਰ ਕੈ ਬਚਨਿ ਮੇਰੇ ਕਾਰਜ ਸਿਧਿ॥ ਗੁਰ ਕੈ ਬਚਨਿ ਪਾਇਆ ਨਾਉ ਨਿਧਿ॥ ੬॥
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥ ੭॥
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ॥ ੮॥ ੮॥

[ਗਉੜੀ ਮਹਲਾ ੫ ਪੰਨਾ ੨੩੯]

੩. ਸਾਡੇ ਪਾਸੋਂ ਜੋ ਕੁਛ ਵੀ ਸ਼ਰਧਾਲੂ ਜਗਿਆਸੂਆਂ ਨੇ ਪਾਇਆ ਹੈ ਸੋ ਇਕੋ ਵਾਰ ਪਾ ਲੀਤਾ ਹੈ।

ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥

ਜਿਸ ਵੇਲੇ ਗੁਰਾਂ ਨੇ ਸਾਨੂੰ ਉਪਦੇਸ਼ ਦੇਣਾ ਕਰਿ=ਕੀਤਾ, ਤਿਸ ਵੇਲੇ ਅਸੀਂ ਸਿਰਜਣਹਾਰੁ=ਪਰਮਾਤਮਾ ਨੂੰ ਦੇਖਣਾ ਕਰਿ=ਕੀਤਾ ਅਤੇ ਨਿਸਚੇ ਕੀਤਾ ਹੈ ਕਿ—ਸੱਚੇ ਪ੍ਰਮਾਤਮਾ ਦੇ ਭਜਨ ਸਿਮਰਨ ਦੀ ਕਾਰ ਸੱਚੀ ਹੈ।

ਦੂਜਾ ਅਰਥ-

ਪੁਨਾ - ਸਿੱਧਾਂ ਨੇ ਕਿਹਾ, ਪ੍ਰਮਾਤਮਾ ਦਾ ਆਸਣ ਅ੍ਤੇ ਭੰਡਾਰਾ ਕਿਹੜਾ ਹੈ? ਗੁਰ ਉੱਤਰ-

ਆਸਣੁ ਲੋਇ ਲੋਇ ਭੰਡਾਰ॥

ਲੋਕਾਂ ਵਿਚ ਹੀ ਉਸ ਦਾ ਆਸਣ ਹੈ, ਲੋਕਾਂ ਵਿਚ ਹੀ ਉਸ ਦਾ ਭੰਡਾਰਾ ਹੈ।

ਫਿਰ ਸਿੱਧਾਂ ਨੇ ਕਿਹਾ, ਨਿਰਣਾ ਕਰ ਕੇ ਦੱਸੋ। ਗੁਰ ਉੱਤਰ-

ਲੋਕਾਂ ਦਾ ਜੋ ਅੰਤਹਕਰਣ ਹੈ ਏਹੀ ਉਸ ਦਾ ਆਸਣ ਹੈ। ਜੋ ਲੋਕ ਪਰਮੇਸ਼ਰ ਨਮਿੱਤ ਭੋਜਨ ਦੇਂਦੇ ਹਨ ਏਹੀ ਉਸ ਦਾ ਭੰਡਾਰਾ ਹੈ।

ਜੋ ਕਿਛੁ ਪਾਇਆ ਸੁ ਏਕਾ ਵਾਰ॥

ਪਰਮਾਤਮਾ ਨੇ ਜੀਆਂ ਦੇ ਮੱਥੇ ਪਰ ਜੋ ਭੀ ਕੁਝ ਪਾਇਆ ਹੈ, ਸੋ ਇਕੋ ਵਾਰ ਪਾ ਦਿੱਤਾ ਹੈ।

ਯਥਾ—"ਜੋ ਦੀਨੋ ਸੋ ਏਕਹਿ ਬਾਰ॥ ਮਨ ਮੂਰਖ ਕਹ ਕਰਹਿ ਪੁਕਾਰ॥" [ਗਉੜੀ ਬਾਵਨ ਅਖਰੀ, ਪੰਨਾ ੨੫੬]

ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥

ਸਿਰਜਣਹਾਰ=ਪ੍ਰਮਾਤਮਾ ਆਪ ਹੀ ਜੀਵਾਂ ਦੀ ਉਤਪਤੀ ਕਰਦਾ ਹੈ।

ਆਪ ਹੀ ਵੇਖੈ=ਪਾਲਣਾ ਕਰਦਾ ਹੈ। ਆਪ ਹੀ ਜੀਵਾਂ ਦੀ ਲੈਤਾ ਕਰਦਾ ਹੈ।

ਗੁਰੂ ਜੀ ਕਥਨ ਕਰਦੇ ਹਨ, ਉਸ ਸੱਚੇ ਦੀ ਜਗਤ ਰੂਪੀ ਕਾਰ ਸਭ ਸੱਚੀ ਹੈ।

ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੩੧॥

ਤਿਸ ਪ੍ਰਮਾਤਮਾ ਨੂੰ ਅਸੀਂ ਨਮਸ਼ਕਾਰ ਹੀ ਨਮਸ਼ਕਾਰ ਕਰਦੇ ਹਾਂ। ਉਹ ਸਾਰਿਆਂ ਦੀ ਆਦ ਰੂਪ ਹੈ, ਅਨੀਲੁ=ਨੀਲ ਆਦ੍ਿਕ ਰੰਗਾਂ ਤੋਂ ਰਹਿਤ ਹੈ, ਅਨਾਦਿ=ਅਨਾਦੀ ਸਰੂਪ ਹੈ, ਅਨਾਹਤਿ=ਹਦ ਬੰਨੇ ਤੋਂ ਰਹਿਤ ਹੈ, ਜੁਗਾਂ ਜੁਗਾਂ ਵਿਚ ਉਸ ਦਾ ਇਕ ਹੀ ਵੇਸ਼=ਸਰੂਪ ਹੈ॥ ੩੧॥ ***ਇਕੱਤੀਵੀਂ ਪਉੜੀ ਦੇ ੭੧ ਅੱਖਰ ਹਨ।***

ਬੱਤੀਵੀਂ ਪਉੜੀ

ਪੁਨਾ-ਸਿੱਧਾਂ ਨੇ ਕਿਹਾ, ਆਪ ਜੀ ਦੀ ਪ੍ਰਮਾਤਮਾ ਵਿਖੇ ਕਿਤਨੀ ਪ੍ਰੀਤੀ ਹੈ ਅਤੇ ਉਸ ਦੀ ਪ੍ਰਾਪਤੀ ਦੀਆਂ ਜੋ ਭੂਮਿਕਾ ਰੂਪ ਪੌੜੀਆਂ ਹਨ ਉਹਨਾਂ ਪੌੜੀਆਂ ਪਰ ਚੜ੍ਹਨ ਦਾ ਰਸਤਾ ਕਿਹੜਾ ਹੈ?

ਗੁਰ ਉੱਤਰ -

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥

੧. ਇਕ ਜੀਭ ਤੋਂ ਦੂ=ਦੋ ਜੀਭਾਂ ਹੋ ਜਾਣ, ਦੋ ਜੀਭਾਂ ਤੋਂ ਇਕ ਇਕ ਦੀ ਲੱਖ ਲੱਖ ਹੋ ਜਾਵੇ ਤਾਂ ਦੋ ਲੱਖ ਹੋ ਗਈਆਂ। ਇਕ ਇਕ ਦੀ ਫਿਰ ਲੱਖ ਲੱਖ ਹੋ ਜਾਵੇ। ਉਸ ਤੋਂ ਅੱਗੇ ਫਿਰ ਇਕ ਇਕ ਦੀ ਵੀਹ ਵੀਹ ਲੱਖ ਹੋ ਜਾਵੇ।

੨. ਇਕ ਜੀਭ ਦੂ=ਤੋਂ ਲੱਖ ਜੀਭਾਂ ਹੋ ਜਾਣ। ਲੱਖ ਜੀਭਾਂ ਦੀ ਇਕ ਇਕ ਦੀ ਫਿਰ ਲੱਖ ਲੱਖ ਹੋ ਜਾਵੇ। ਫਿਰ ਇਕ ਇਕ ਦੀ ਵੀਹ ਵੀਹ ਲੱਖ ਹੋ ਜਾਵੇ।

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥

ਇਤਨੀਆਂ ਜੀਭਾਂ ਕਰਕੇ ਪੁਨਾ ਲੱਖਾਂ ਲੱਖਾਂ ਗੇੜਾ=ਵਾਰੀ ਜਗਦੀਸ਼ੁਰ ਦੇ ਇਕ ਨਾਮ ਨੂੰ ਹੀ ਆਖਣਾ ਕਰੀਏ ਭਾਵ ਜਪੀਏ।

ਯਥਾ—"ਹਰਿ ਗੁਨ ਗਾਵਹੁ ਜਗਦੀਸ॥ ਏਕਾ ਜੀਹ ਕੀਚੈ ਲਖ ਬੀਸ॥"

[ਕਾਨੜਾ ਮਹਲਾ ੪, ਪੰਨਾ ੧੨੯੬]

ਤਥਾ—"ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ॥ ੧॥"

[ਕਾਨੜਾ ਮਹਲਾ ੪ ਪੰਨਾ ੧੩੦੬]

ਨਾਮ ਦੇ ਵਿਚ ਸਾਡੀ ਏਨੀ ਪ੍ਰੀਤੀ ਹੈ।

ਯਥਾ—"ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ 'ਕਿਸੁਕ'॥
ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥ ੧॥"

[ਵਾਰ ਮਾਝ, ਪੰਨਾ ੧੪੮]

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥

ਪਤੀ ਦੀ ਪ੍ਰਾਪਤੀ ਦੀਆਂ ਜੋ ਭੂਮਿਕਾ ਰੂਪ ਪੌੜੀਆਂ ਹਨ, ਉਹਨਾਂ ਪੌੜੀਆਂ ਪਰ ਚੜ੍ਹਨ ਦਾ ਏਤੁ ਰਾਹਿ=ਏਹੀ ਰਸਤਾ ਹੈ, ਜਿਹੜਾ ਜੀਭ ਨਾਲ ਨਾਮ ਦਾ ਸਿਮਰਨ ਕਰਨਾ ਹੈ।

ਇਸ ਰਸਤੇ ਦੁਆਰਾ ਭਾਵ ਸਿਮਰਨ ਦੁਆਰਾ ਭੂਮਿਕਾ ਰੂਪ ਪੌੜੀਆਂ ਪਰ ਚੜ੍ਹ ਜਾਵੇ ਤਾਂ ਇਕੀਸ=ਇਕ ਈਸ਼ੁਰ ਦਾ ਸਰੂਪ ਹੁੰਦਾ ਹੈ।

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥

ਜਿਵੇਂ ਅਕਾਸ਼ ਵਿਚ ਉੱਡਣ ਵਾਲੇ [ਅਕਾਸ਼ ਚਾਰੀ ਗਰੁੜ ਆਦਿਕ] ਪੰਛੀਆਂ ਦੀਆਂ ਗੱਲਾਂ ਸੁਣ ਕੇ [ਕਿ ਹੰਸ ਦੀ ਉਡਾਰੀ ੪੦੦ ਕੋਹਾਂ ਦੀ ਹੈ ਤੇ ਗਰੁੜ ਦੀ ਉਡਾਰੀ ਬਿਅੰਤ ਹੋਣ ਕਰਕੇ ਨਾ ਮਾਲੂਮ ਹੈ]। [ਸਾਵਣ ਦੇ ਮਹੀਨੇ ਬਰਖਾ ਰੁੱਤ ਵਿਚ ਖੰਭਾਂ ਵਾਲੇ] ਕੀੜਿਆਂ ਮਕੌੜਿਆਂ ਨੂੰ ਵੀ ਅਕਾਸ਼ ਵਿਚ ਉੱਡਣ ਦੀ ਰੀਸ ਆ ਜਾਂਦੀ ਹੈ।

ਤਿਵੇਂ - ਚੇਤਨ ਦੇਵ ਰੂਪੀ ਅਕਾਸ਼ ਵਿਚ ਵੈਰਾਗ ਗਿਆਨ ਰੂਪ ਖੰਭਾਂ ਨਾਲ ਉੱਡਣ ਵਾਲੇ ਜੋ ਮਹਾਤਮਾਂ ਰੂਪ ਪੰਛੀ ਹਨ, ਉਹਨਾਂ ਦੀਆਂ ਅਹੰ ਬ੍ਰਹਮਾਸਮੀ ਕਰਤੱਬਾਭਾਵ ਰੂਪੀ ਗੱਲਾਂ ਸੁਣਕੇ ਕੀੜਿਆਂ ਵਤ ਜੋ ਵਿਸ਼ੱਈ ਪਾਮਰ ਪੁਰਸ਼ ਹਨ ਉਹਨਾਂ ਨੂੰ ਭੀ ਰੀਸ ਆ ਜਾਂਦੀ ਹੈ।

ਉਹ ਭੀ 'ਅਹੰ ਬ੍ਰਹਮਾਸਮੀ ਕਰਤੱਬਾਭਾਵ' ਕਹਿਣ ਲੱਗ ਜਾਂਦੇ ਹਨ।

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥ ੩੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਨਦਰੀ=ਮਹਾਤਮਾਂ ਦੀ ਨਜ਼ਰ ਪਈ ਤਾਂ ਕੂੜੀ=ਝੂਠਿਆਂ ਪੁਰਸ਼ਾਂ ਦੀਆਂ ਕੂੜੀਆਂ ਠੀਸ=ਗੱਪਾਂ ਨਿਕਲੀਆਂ।

ਅਥਵਾ-ਨਦਰੀ=ਗੁਰਾਂ ਦੀ ਨਜ਼ਰ ਕਰਕੇ ਉਹ ਨਾਨਕ=ਪਰਮੇਸ਼ਰ ਪਾਈਂਦਾ ਹੈ। ਜਿਹੜਾ ਪੁਰਸ਼ ਇਹ ਗੱਲ ਆਖਦਾ ਹੈ ਕਿ ਗੁਰੂ ਬਿਨਾਂ ਉਸ ਪ੍ਰਮਾਤਮਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਕੂੜੇ ਪੁਰਸ਼ ਦੀਆਂ ਝੂਠੀਆਂ ਹੀ ਠੀਸ=ਗੱਪਾਂ ਹਨ॥ ੩੨॥

ਪਹਿਲੀ ਸਾਖੀ—ਨਾਨੂ ਪੰਡਿਤ ਦੀ

ਜੋ ਭਵਿੱਖਤ ਪੁਰਾਣ ਪੜ੍ਹਕੇ ਅਤੇ ਸਾਰੇ ਸ਼ਾਸਤ੍ਰ ਕੰਠਾਗਰ ਕਰਕੇ ਸਭ ਦੇਸਾਂ ਬਿਦੇਸਾਂ ਦੇ ਪੰਡਿਤਾਂ ਨੂੰ ਜੈ ਕਰਕੇ ਆਖਦਾ ਸੀ- "ਮੈਂ ਹੀ ਗੁਰੂ ਨਾਨਕ ਹਾਂ, ਹੋਰ ਕੋਈ ਗੁਰੂ ਨਾਨਕ ਨਹੀਂ।" ਪਰ ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੂਰਜ ਗ੍ਰਹਿਣ ਸਮੇਂ ਕੁਰਛੇਤ੍ਰ ਵਿਖੇ ਪਹੁੰਚ ਕੇ ਇਕ ਰਮਣੀਕ ਅਸਥਾਨ ਪਰ ਡੇਰਾ ਲਗਾਇਆ, [ਜਿਸ ਜਗ੍ਹਾ ਦਾ ਨਾਮ ਇਸ ਵੇਲੇ **'ਸਿੱਧ ਮਟੀ'** ਹੈ, ਜੋ ਤੀਰਥ ਦੇ ਪੂਰਬ ਵੱਲ ਨੂੰ ਹੈ]।

ਭਾਈ ਮਰਦਾਨਾ ਬੜੀ ਮਿੱਠੀ ਸੁਰ ਨਾਲ ਰਾਗ ਗਾਵਣ ਲੱਗ ਪਿਆ। ਉਸੀ ਵੇਲੇ 'ਪਟਨੇ ਸ਼ਹਿਰ' ਦੇ ਇਕ ਰਾਜੇ ਦੀ ਰਾਣੀ ਆਪਣੇ ਪੁੱਤਰ ਨੂੰ ਨਾਲ ਲੈ ਕੇ ਓਥੇ ਆ ਪਹੁੰਚੀ। ਹਜ਼ੂਰ ਅੱਗੇ ਇਕ ਮਰਿਆ ਹੋਇਆ ਹਰਨ ਰੱਖਕੇ ਬੇਨਤੀ ਕੀਤੀ - "ਹੇ ਗਰੀਬ ਨਿਵਾਜ! ਦੁਸ਼ਮਣਾਂ ਨੇ ਇਸ ਰਾਜ-ਪੁੱਤਰ ਨੂੰ ਦੇਸ਼ ਨਿਕਾਲਾ ਦੇ ਕੇ ਬਾਹਰ ਕੱਢ ਦਿੱਤਾ ਹੈ, ਅਸੀਂ ਆਪ ਜੀ ਦੀ ਸ਼ਰਨ ਆਏ ਹਾਂ, ਆਪ ਕਿਰਪਾ ਕਰਕੇ ਉਹ ਬਚਨ ਕਹੋ ਜਿਸ ਤੇ ਰਾਜ-ਭਾਗ ਪ੍ਰਾਪਤ ਹੋ ਜਾਵੇ।"

ਹਜ਼ੂਰ ਨੇ ਫੁਰਮਾਇਆ-

"ਸੁਨਿ ਤਿਹ ਸੋਂ ਕਹਿ ਗੁਰ ਕ੍ਰਿਪਾਲਾ।
ਬ੍ਰਹਮ ਭੋਜ ਤੁਮ ਕਰਹੁ ਬਿਸ਼ਾਲਾ।
ਪ੍ਰਾਪਤਿ ਹ੍ਵੈ ਹੈ ਰਾਜ ਬਹੋਰੀ॥"

ਉਹਨਾਂ ਆਖਿਆ-

"ਭੋਜਨ ਹਿਤ ਹਮ ਪਾਸ ਨਾ ਦਰਬਾ। ਕਰਤਿ ਜੁੱਧ ਤਹਿ ਖਰਚਜੋ ਸਰਬਾ॥
ਅਬ ਹਮ ਹੋਏ ਰੰਕ ਸਮਾਨਾ। ਆਏ ਸ਼ਰਨੰ ਸੰਤ ਮਹਾਨਾ॥ ੧੧॥"

ਇਹ ਗੱਲ ਸੁਣ ਕੇ ਹਜ਼ੂਰ ਨੇ ਬੜੇ ਪ੍ਰੇਮ ਨਾਲ ਕਿਹਾ- "ਇਕ ਕੋਰਾ ਮੱਟ ਲਿਆ ਕੇ ਉਸ ਨੂੰ ਚੁਲ੍ਹੇ ਪਰ ਰੱਖ ਕੇ, ਵਿਚ ਹਰਨ ਦਾ ਮਾਸ ਸਵਾਰ ਕੇ ਪਾ ਦਿਓ ਨਾਲ ਹੀ ਸਾਰੇ ਮਸਾਲੇ ਪਾ ਦੇਣਾ।" ਗੁਰੂ ਜੀ ਦਾ ਹੁਕਮ ਮੰਨਕੇ ਰਾਜ-ਪੁੱਤਰ ਨੇ ਉਸੇ ਤਰ੍ਹਾਂ ਕੀਤਾ ਜਦ ਅੱਗ ਬਾਲ ਕੇ ਹਰਨ ਦਾ ਮਾਸ ਧਰ ਦਿੱਤਾ ਤਦ ਵਿਦਿਆ ਅਭਿਮਾਨੀ ਪੰਡਿਤਾਂ ਨੇ ਧੂੰਆਂ ਨਿਕਲਦਾ ਵੇਖ ਕੇ ਬੜੇ ਗੁੱਸੇ ਵਿਚ ਭਰ ਕੇ ਇਸ ਤਰ੍ਹਾਂ ਕਿਹਾ- "ਇਹ ਕੋਈ ਅਨਜਾਣ ਪੁਰਸ਼ ਹੈ ਜੋ ਸੂਰਜ ਗ੍ਰਹਿਣ ਸਮੇਂ ਮਾਸ ਰਿੰਨ੍ਹਦਾ ਪਿਆ ਹੈ।" ਇਸ ਅਯੋਗ ਰੀਤੀ ਨੂੰ ਵੇਖ ਕੇ ਕਈ ਪੰਡਿਤ ਸੋਟੇ ਤੇ ਕਈ ਸ਼ਸਤ੍ਰ ਫੜ ਕੇ ਹਜ਼ੂਰ ਦੇ ਪਾਸ ਆ ਕੇ ਕਹਿਣ ਲੱਗੇ ਕਿ ਇਸ ਨੂੰ ਚੰਗੀ ਤਰ੍ਹਾਂ ਮਾਰਨਾ ਕਰੋ।

ਪੁਨਾ ਐਸੇ ਕਿਹਾ-

"ਕੌ ਤੇਰੋ ਹੈ ਬਰਣ? ਅਧਰਮੀ! ਕੌ ਕੀਨੌ ਤੈਂ ਕਰਮ? ਕੁਕਰਮੀ!॥ ੧੬॥
ਦਿਵਸ ਆਜ ਕੇ ਤੁਰਕ ਜਿ ਮਾਨਵ। ਸੌ ਭੀ ਤ੍ਰਾਸ ਰਿਦੈ ਬਹੁ ਠਾਨਵ।
ਕਰਿ ਇਸ਼ਨਾਨ ਦੇਨਿ ਪੁਨ ਦਾਨਾ। ਇਨ ਕਾਜਲ ਕੌ ਕਾਲ ਮਹਾਨਾ॥ ੧੭॥"

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਸਾਨੂੰ ਭੁੱਖ ਲੱਗੀ ਹੋਈ ਸੀ, ਇਸ ਕਰਕੇ ਅਸਾਂ ਨੇ ਅੱਗ ਬਾਲ ਕੇ ਕੁਝ ਖਾਣ ਵਾਸਤੇ ਰਿੰਨਿਆਂ ਹੈ।" ਫਿਰ ਬ੍ਰਾਹਮਣਾਂ ਨੇ ਕਿਹਾ-'ਤੂੰ ਕੀ ਰਿੰਨ੍ਹਿਆਂ ਹੈ, ਸਾਨੂੰ ਜਲਦੀ ਵਿਖਾ?' ਇਕ ਬ੍ਰਾਹਮਣ ਨੇ ਕਿਹਾ- "ਮੇਰੇ ਵੇਖਦਿਆਂ ਵੇਖਦਿਆਂ ਇਸ ਨੇ ਮਾਸ ਰਿੰਨਿਆਂ ਹੈ; ਇਸ ਲਈ-

ਮਾਰਹੁ ਇਸੇ ਨ ਲਾਵਹੁ ਬੇਰਾ। ਅਸੁ ਕੁਕਾਜ ਕੌ ਕਰੈ ਨ ਫੇਰਾ।
ਧਰਮ ਰੀਤਿ ਇਨ ਦੀਨਿ ਬਿਗਾਰੀ। ਅਘ ਨ ਹੋਤਿ ਐਸਨ ਕੌ ਮਾਰੀ॥ ੨੧॥"

ਗੁਰੂ ਜੀ ਨੇ ਕਿਹਾ-"ਜੇ ਤੁਹਾਡੇ ਵਿਚ ਮਾਰਨ ਦਾ ਬਲ ਹੈ ਤਾਂ ਬੇਸ਼ੱਕ ਮਾਰ ਲਵੋ। ਜੇ ਚਰਚਾ ਕਰਨੀ ਹੈ ਤਾਂ ਚਰਚਾ ਕਰ ਲਵੋ॥"

ਯਥਾ—ਚੌਪਈ॥'ਜੇ ਤੁਮ ਹਮ ਸੋਂ ਚਰਚਾ ਕਰਨੀ। ਧਰਮ ਅਧਰਮ ਰੀਤਿ ਜਿਉਂ ਬਰਨੀ॥
ਤੌ ਪੰਡਤ ਸਭਿ ਮਿਲਿ ਸੰਨਜਾਸੀ। ਆਇ ਕਰਹੁ ਚਰਚਾ ਹਮ ਪਾਸੀ॥ ੨੩॥
ਸੁਨੇ ਸਧੀਰਜ ਬਚਨਾ ਜਬ ਹੀ। ਮਿਲਿ ਆਏ ਪੰਡਿਤ ਜੇ ਸਭਿਹੀ॥
ਬਿੱਦਜਾਵਾਨ ਹੁਤੇ ਸੰਨਜਾਸੀ। ਅਪਰ ਲੌਕ ਆਏ ਬਹੁ ਪਾਸੀ॥ ੨੪॥
ਇਕ ਨਾਨੂੰ ਸੌ ਪੰਡਤ ਭਾਰੀ॥ ਕੀਨਿ ਦਿਗਬਿਜੈ ਜਗਤ ਮਝਾਰੀ॥

ਇਹਨਾਂ ਵਿਚ ਇਕ ਚੰਗਾ ਪੜ੍ਹਿਆ ਵਿਦ੍ਵਾਨ ਨਾਨੂੰ ਨਾਮੀ ਪੰਡਿਤ ਸੀ ਜਿਸ ਨੇ ਵਿਦਿਆ ਦੀ

ਤਾਕਤ ਨਾਲ ਸਾਰੇ ਸੰਸਾਰ ਵਿਚ ਜਿੱਤ ਪ੍ਰਾਪਤ ਕੀਤੀ ਸੀ।

ਜਿਸ ਨੇ ਭਵਿੱਖਤ ਪੁਰਾਣ ਦੇ ੩੩ਵੇਂ, ਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਦੇ ਸਲੋਕ ਪੜ੍ਹ ਕੇ ਆਪਣਾ ਨਾਮ 'ਗੁਰੂ ਨਾਨਕ' ਰਖਵਾ ਲੀਤਾ ਸੀ, ਉਹ ਨਾਨੂੰ ਪੰਡਿਤ ਭੀ ਚੱਲ ਕੇ ਆਇਆ। ਜਦ ਸਾਰੇ ਪੰਡਿਤ ਵਿਦਵਾਨ ਇਕੱਠੇ ਹੋ ਗਏ ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ - "ਆਪ ਜੀ ਦੇ ਮਤ ਵਿਖੇ ਮਾਸ ਕੀ ਚੀਜ਼ ਹੈ। ਮਾਸ ਕਿਸ ਨੂੰ ਆਖਦੇ ਹਨ?"

ਬ੍ਰਾਹਮਣਾਂ ਦਾ ਧਰਮ ਇਹ ਹੈ-'ਵੇਦ ਪੜ੍ਹਣੇ ਪੜ੍ਹਾਉਣੇ ਯੱਗ ਕਰਨਾ ਕਰਾਉਣਾ।' ਛੱਤਰੀ ਦਾ ਧਰਮ ਇਹ ਹੈ - 'ਧਰਮ ਯੁੱਧ ਵਿਖੇ ਪ੍ਰੇਮ ਧਾਰਨਾ ਤੇ ਮਾਸ ਨਾਲ ਯੱਗ ਵਰੋਹਾ ਕਰਨਾ।' ਛੱਤ੍ਰੀ ਕੁਲ ਵਿਚ ਸਾਡਾ ਜਨਮ ਹੈ, ਉਸ ਅਨੁਸਾਰ ਅਸੀਂ ਆਪਣੇ ਧਰਮ ਵਿਚ ਇਸਥਿਤ ਹਾਂ। ਫਿਰ ਤੁਸਾਂ ਨੇ ਗੁੱਸਾ ਕਿਉਂ ਕੀਤਾ ਹੈ?"

ਇਹ ਗੱਲ ਸੁਣਕੇ ਪੰਡਿਤਾਂ ਨੇ ਕਿਹਾ-"ਆਪ ਜੀ ਨੇ ਫਕੀਰਾਂ ਵਾਲਾ ਭੇਖ ਧਾਰਿਆ ਹੋਇਆ ਹੈ, ਛਤ੍ਰੀਆਂ ਵਾਲਾ ਬਾਣਾ ਨਹੀਂ ਪਹਿਰਿਆ। ਕਿਉਂਕਿ ਛੱਤ੍ਰੀਆਂ ਪਾਸ ਤਾਂ ਹਮੇਸ਼ਾਂ ਸ਼ਸਤ੍ਰ ਸੋਭਦੇ ਹਨ। ਆਪ ਜੀ ਦੇ ਪਾਸ ਕੋਈ ਸ਼ਸਤ੍ਰ ਨਹੀਂ ਹੈ, ਇਸ ਲਈ ਅਸੀਂ ਤੁਹਾਨੂੰ ਛਤ੍ਰੀ ਨਹੀਂ ਮੰਨਦੇ।"

ਗੁਰੂ ਜੀ ਨੇ ਕਿਹਾ-"ਸਾਡੇ ਪਾਸ ਸ਼ਸਤ੍ਰ ਆਦਿ ਹਨ ਤੁਸੀਂ ਸੁਣਨਾ ਕਰੋ:-

ਤੀਛਨ ਖੜਗ ਨਾਮ ਕਰਤਾਰਾ। ਸਤਿਸੰਗਤਿ ਹਿਤ ਧਨੁਖ ਸੁ ਭਾਰਾ।
ਸਮ ਦਮ ਆਦਿਕ ਬਾਣ ਬਿਸਾਲਾ। ਮ੍ਰਿਗ ਰੂਪੀ ਮਨ ਹਤਿ ਤਤਕਾਲਾ॥ ੩੨॥
ਬ੍ਰਹਮ ਅਗਨਿ ਮਹਿ ਹੋਮ ਸੋ ਕਰਿਹੀਂ। ਨਿਤਾਪ੍ਰਤਿ ਐਸੇ ਹਿਤ ਧਰਿਹੀਂ॥"

ਇਹ ਅੰਤ੍ਰੀਵ ਸ਼ਸਤ੍ਰਾਂ ਦੇ ਨਾਮ ਸੁਣਕੇ ਪੰਡਿਤਾਂ ਨੇ ਕਿਹਾ-"ਆਪ ਜੀ ਨੇ ਤਾਂ ਪ੍ਰਤੱਖ ਹਰਨ ਮਾਰਿਆ ਹੈ, ਜੋ ਮਟ ਵਿਖੇ ਰਿੱਝ ਰਿਹਾ ਹੈ ਤੇ ਸਾਨੂੰ ਹੋਰ ਕੁਝ ਦਸ ਰਹੇ ਹੋ।"

ਗੁਰੂ ਜੀ ਨੇ ਕਿਹਾ "ਛਤ੍ਰੀਆਂ ਵਾਸਤੇ ਸ਼ਿਕਾਰ ਖੇਡਣਾ ਜਾਇਜ਼ ਹੈ। ਪ੍ਰੰਤੂ ਜਿਹੜੇ ਦੁਕਾਨਦਾਰ ਪੁਰਸ਼ ਹੰਕਾਰੀ ਹੋ ਕੇ ਜੀਵ ਹਿੰਸਿਆ ਕਰਦੇ ਹਨ, ਉਨ੍ਹਾਂ ਨੂੰ ਆਪਣੇ ਕੀਤੇ ਪਾਪ ਕਰਮਾਂ ਦਾ ਫਲ ਜ਼ਰੂਰ ਮਿਲਦਾ ਹੈ ਅਤੇ ਜੋ ਹੰਗਤਾ-ਮਮਤਾ ਨੂੰ ਦੂਰ ਕਰਕੇ ਗਿਆਨਵਾਨ ਹੋਏ ਹਨ, ਉਨ੍ਹਾਂ ਨੂੰ ਸ਼ਿਕਾਰ ਖੇਡਣ ਆਦਿਕ ਦਾ ਕੋਈ ਪਾਪ ਨਹੀਂ।"

ਯਥਾ—"ਆਖੇਰ ਬ੍ਰਿਤਿ ਖੱਤ੍ਰਿਨ ਕੈ ਕਰਨੀ। ਕਥਾ ਜੁਗਨ ਚਾਰੋ ਮਹਿਂ ਬਰਨੀ।
ਜੇ ਹੰਕਾਰੀ ਨਰ ਜਗ ਮਾਂਹੀ। ਹਿੰਸਾ ਕੋ ਅਘ ਲਾਗਹਿ ਤਾਂਹੀ॥ ੩੫॥
ਹੰਤਾ ਖੋਇ ਭਏ ਜੇ ਗਜਾਨੀ। ਸਰਬ ਦ੍ਵੈਤ ਜੋ ਰਿਦੇ ਮਿਟਾਨੀ॥
ਪੂਰਨ ਸੱਤਿ ਆਤਮ ਜਾਨਹਿਂ। ਜਗਤ ਅਸੱਤਿ ਸਦਾ ਪਹਿਚਾਨਹਿਂ॥ ੩੬॥
ਤੀਨ ਕਾਲ ਜਿਹ ਜਗਤ ਅਭਾਊ॥ ਤਿਨ ਕੋ ਦੋਸ਼ ਨ ਲਾਗਹਿ ਕਾਊ॥"

ਪੁਨਾ ਗੁਰੂ ਜੀ ਨੇ -

"ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥" [ਪੰਨਾ ੧੨੮੯]

ਵਾਲੇ ਸਲੋਕ ਨੂੰ ਉਚਾਰ ਕੇ ਸਭ ਪੰਡਿਤਾਂ ਸਮੇਤ ਨਾਨੂੰ ਪੰਡਿਤ ਨੂੰ ਨਿਰੁੱਤਰ ਕਰ ਦਿੱਤਾ। ਆਖਿਰ ਨਾਨੂੰ ਨੇ ਦੋ ਹੱਥ ਜੋੜਕੇ ਮਾਫੀ ਮੰਗੀ ਤੇ ਪੁੱਛਿਆ - "ਫਕੀਰ ਸਾਈਂ ਜੀ! ਤੁਹਾਡਾ ਨਾਮ ਕੀ ਹੈ?" ਗੁਰ ਉੱਤਰ-

"ਕਹੈਂ ਗੁਰੂ, 'ਹਮ ਨਾਨਕ ਨਾਮੂ। ਸੇਵਕ ਨਿਰੰਕਾਰ ਸੁਖਧਾਮੂ॥ ੬੭॥"

ਇਹ ਗੱਲ ਸੁਣਕੇ ਨਾਨੂੰ ਪੰਡਿਤ ਨੇ ਨਾਲਦਿਆਂ ਪੰਡਿਤਾਂ ਨੂੰ ਕਿਹਾ- 'ਮੈਂ ਭਵਿੱਖਤ ਪੁਰਾਣ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਪੜ੍ਹ ਕੇ ਆਪਣਾ ਨਾਂ ਆਪ ਹੀ ਨਾਨਕ ਰੱਖ ਲੀਤਾ ਸੀ ਅਤੇ ਵਿੱਦਿਆ ਦੇ ਬਲ ਕਰਕੈ ਸਭ ਦੇਸਾਂ ਨੂੰ ਜਿੱਤਿਆ ਸੀ, ਪ੍ਰੰਤੂ ਅੱਜ ਤੋਂ ਤੁਸੀਂ ਨਿਸਚਾ ਕਰ ਲਵੋ ਕਿ ਮੈਂ ਗੁਰੂ ਨਾਨਕ ਨਹੀਂ ਹਾਂ।

ਅਸਲੀ ਸੱਚੇ ਈਸ਼ੁਰ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਏਹੋ ਹਨ।'

[ਨਾਨਕ ਪ੍ਰਕਾਸ਼, ਉੜ੍ਹਾਰੂਧ ਧਿਆ ੭]

ਸਾਧ ਸੰਗਤ ਜੀਉ! ਨਾਨੂੰ ਵਰਗੇ ਕੂੜੇ ਪੰਡਿਤ ਅਸਲੀ ਗੁਰੂ ਨਾਨਕ ਕਿਵੇਂ ਬਣ ਸਕਦੇ ਸਨ। ਏਸੇ ਵਾਸਤੇ ਹਜ਼ੂਰ ਨੇ ਫੁਰਮਾਇਆ ਹੈ-"ਕੂੜੀ ਕੂੜੇ ਠੀਸ॥"

ਦੂਜੀ ਸਾਖੀ—ਜੁਲਾਹੇ ਦੀ

ਜਿਸ ਵੇਲੇ ਕਬੀਰ ਜੀ ਦਾ ਪ੍ਰਤਾਪ ਦੂਰ-ਦੂਰ ਤਕ ਦੇਸ਼ਾਂ ਦੇਸ਼ਾਂਤਰਾਂ ਵਿਖੇ ਫੈਲ ਗਿਆ ਤਾਂ ਇਕ ਜੁਲਾਹੇ ਨੇ ਕਬੀਰ ਜੀ ਪਾਸੋਂ ਆ ਕੇ ਪੁੱਛਿਆ ਕਿ ਆਪ ਜੀ ਦੀ ਜੁਲਾਹਾ ਜਾਤੀ ਹੈ ਅਤੇ ਮੇਰੀ ਭੀ ਜੁਲਾਹਾ ਜਾਤੀ ਹੈ ਪ੍ਰੰਤੂ ਮੈਨੂੰ ਕੋਈ ਪੁੱਛਦਾ ਹੀ ਨਹੀਂ ਤੇ ਆਪ ਜੀ ਦਾ ਪ੍ਰਤਾਪ ਬਹੁਤ ਹੋ ਰਿਹਾ ਹੈ, ਇਸਦਾ ਕਾਰਣ ਕੀ ਹੈ?

ਕਬੀਰ ਜੀ ਨੇ ਕਿਹਾ-"ਸੁਣਨਾ ਚਾਹੁੰਦਾ ਹੈਂ ਯਾਂ ਵੇਖਣਾ ਚਾਹੁੰਦਾ ਹੈਂ?"

ਜੁਲਾਹੇ ਨੇ ਕਿਹਾ-"ਅੱਖਾਂ ਨਾਲ ਵਿਖਾ ਦਿਓ ਤਾਂ ਚੰਗਾ ਹੈ? ਮਨ ਵਿਖੇ ਨਿਸਚਾ ਹੋ ਜਾਏਗਾ।"

ਉਸ ਵੇਲੇ ਉਸ ਦੇ ਬੈਠਿਆਂ-ਬੈਠਿਆਂ ਕਬੀਰ ਜੀ ਨੇ ਆਪਣੀ ਸੁਪਤਨੀ 'ਲੋਈ' ਨੂੰ ਸੱਦ ਕੇ ਕਿਹਾ - "ਹੇ ਲੋਈ! ਫਲਾਣੀ ਜਗ੍ਹਾ ਜਾ ਕੇ ਉਥੋਂ ਦੀ ਮਿੱਟੀ ਪੁੱਟ ਕੇ ਲਿਆ।" ਲੋਈ ਨੇ ਕਿਹਾ "ਸਤ ਬਚਨ ਜੀ!" ਓਸੇ ਵੇਲੇ ਇਕ ਰੰਬਾ ਤੇ ਟੋਕਰੀ ਲੈ ਕੇ ਬਾਹਰ ਮਿੱਟੀ ਪੁੱਟਣ ਚਲੀ ਗਈ, ਲਿਆ ਕੇ ਆਪਣੇ ਸੁਆਮੀ ਜੀ ਦੇ ਅੱਗੇ ਰੱਖ ਦਿੱਤੀ। ਕਬੀਰ ਜੀ ਨੇ ਦੇਖ ਕੇ ਕਿਹਾ, "ਹੁਣ ਇਸ ਨੂੰ ਕੁੱਟ ਕੇ ਚੰਗੀ ਤਰ੍ਹਾਂ ਬਰੀਕ ਕਰ ਕੇ ਕੱਪੜ ਛਾਣ ਕਰ ਦੇ।" ਲੋਈ ਨੇ ਸਤ ਬਚਨ ਕਹਿ ਕੇ, ਉਹ ਮਿੱਟੀ ਕੱਪੜ ਛਾਣ ਕਰ ਦਿੱਤੀ। ਫਿਰ ਕਬੀਰ ਜੀ ਨੇ ਕਿਹਾ, "ਹੁਣ ਮਿੱਟੀ ਨੂੰ ਗੁੰਨ੍ਹਕੇ ਇਸ ਦੇ ਦੀਵੇ ਬਣਾਕੇ ਸੁਕਾ ਕੇ ਵਿਚ ਘਿਓ ਬੱਤੀ ਪਾ ਕੇ ਜਿਸ ਜਗ੍ਹਾ ਤੋਂ ਮਿੱਟੀ ਪੁੱਟ ਕੇ ਲਿਆਂਦੀ ਹੈ, ਉਸੇ ਜਗ੍ਹਾ ਪਰ ਜਗਾ ਕੇ ਰੱਖ ਆ।"

ਲੋਈ ਨੇ ਸਤ ਬਚਨ ਕਹਿ ਕੇ ਸਾਰਾ ਕੰਮ ਪੂਰਾ ਕਰ ਦਿੱਤਾ। ਜਿਸ ਵੇਲੇ ਦੀਵਾ ਜਗ੍ਹਾ ਕੇ ਓਥੇ ਰੱਖ ਕੇ ਵਾਪਸ ਆਈ ਤੇ ਕਬੀਰ ਜੀ ਨੂੰ ਮੱਥਾ ਟੇਕ ਕੇ ਆਖਦੀ ਹੈ-"ਸੁਆਮੀ ਜੀ! ਹੋਰ ਹੁਕਮ ਕਰੋ।" ਤਾਂ ਕਬੀਰ ਜੀ ਨੇ ਕਿਹਾ-"ਬਸ ਤੇਰੀ ਘਾਲ ਪ੍ਰਮਾਤਮਾ ਸਫਲ ਕਰੇਗਾ।"

ਫਿਰ ਕਬੀਰ ਜੀ ਨੇ ਉਸ ਜੁਲਾਹੇ ਨੂੰ ਕਿਹਾ, "ਭਾਈ! ਇਸ ਵਜ੍ਹਾ ਕਰ ਕੇ ਮੇਰਾ ਪ੍ਰਤਾਪ ਦੁਨੀਆਂ ਵਿਚ ਹੋ ਰਿਹਾ ਹੈ।" ਜੁਲਾਹੇ ਨੇ ਕਿਹਾ-"ਇਹ ਤਾਂ ਬਹੁਤ ਸੌਖਾ ਕੰਮ ਹੈ।"

ਇਤਨੀ ਗੱਲ ਆਖ ਕੇ ਚਲਾ ਗਿਆ ਤੇ ਆਪਣੇ ਘਰ ਆ ਕੇ ਆਪਣੀ ਇਸਤ੍ਰੀ ਨੂੰ ਕਹਿੰਦਾ ਹੈ - "ਅਰੀ ਜੁਲਾਹੀ।"

ਉਸ ਨੇ ਅੱਗੋਂ ਕਿਹਾ, "ਮਹੋਰ!"

ਜੁਲਾਹੇ ਨੇ ਕਿਹਾ-'ਜਲਦੀ ਆ ਇਕ ਜ਼ਰੂਰੀ ਕੰਮ ਹੈ।'

ਜਿਸ ਵੇਲੇ ਉਹ ਆਈ ਤਾਂ ਜੁਲਾਹੇ ਨੇ ਕਿਹਾ-"ਬਾਹਰੋਂ ਜਾ ਕੇ ਮਿੱਟੀ ਪੁੱਟ ਲਿਆ।"

ਜੁਲਾਹੀ ਨੇ ਆਖਿਆ-"ਤੈਨੂੰ ਸ਼ਰਮ ਨਹੀਂ ਆਉਂਦੀ? ਕਦੇ ਇਸਤ੍ਰੀਆਂ ਵੀ ਬਾਹਰ ਮਿੱਟੀ ਲੈਣ ਗਈਆਂ ਹਨ, ਇਹ ਮਰਦਾਂ ਦਾ ਕੰਮ ਹੈ ਤੂੰ ਆਪ ਜਾ ਕੇ ਲੈ ਆ।" ਔਰਤ ਜਾਵੇ ਨਾ ਪਰ ਉਸ ਨੇ ਮਾਰ-ਕੁੱਟ ਕੇ ਭੇਜ ਹੀ ਦਿੱਤਾ। ਮਿੱਟੀ ਪੁੱਟ ਕੇ ਜਦ ਲਿਆਈ ਤਾਂ ਉਸ ਨੇ ਵਗ਼ਾ ਮਾਰੀ। ਜੁਲਾਹੇ ਨੇ ਕਿਹਾ-"ਹੁਣ ਇਸ ਨੂੰ ਕੁੱਟ ਕੇ ਕਪੜ ਛਾਣ ਕਰ ਦੇਹ।" ਔਰਤ ਨੇ ਕਿਹਾ-'ਲਿਆਂਦੀ ਮੈਂ ਹੈ, ਕੱਪੜ ਛਾਣ ਤੂੰ ਕਰ।' ਜੁਲਾਹਾ ਕਹੇ - "ਤੂੰ ਕਰ।" ਮਾਰ ਕੁਟ ਕੇ ਬਦੋ-ਬਦੀ ਕਪੜ ਛਾਣ ਕਰਵਾਈ। ਫਿਰ ਜੁਲਾਹੇ ਨੇ ਕਿਹਾ-'ਇਸ ਵਿਚ ਘਿਉ ਪਾ ਕੇ ਇਸ ਨੂੰ ਗੋ ਦੇਹ।'

ਇਹ ਗੱਲ ਸੁਣ ਕੇ ਜੁਲਾਹੀ ਨੇ ਵਿਚਾਰਿਆ ਮੇਰਾ ਪਤੀ ਕਮਲਾ ਹੋ ਗਿਆ ਹੈ, ਕਦੇ ਮਿੱਟੀ ਵਿਚ ਵੀ ਕਿਸੇ ਨੇ ਘਿਉ ਪਾਇਆ ਹੈ, ਜੁਲਾਹਾ ਬਾਰ-ਬਾਰ ਕਹੀ ਜਾਏ-"ਘਿਉ ਪਾ, ਘਿਉ ਪਾ", ਔਰਤ ਨੇ ਹਾਲ ਪਾਹਰਿਆ ਪਾ ਦਿੱਤਾ ਸਭ ਲੋਕ ਇਕੱਠੇ ਹੋ ਗਏ। ਭੂਤ ਕੱਢਣ ਵਾਲੇ ਨੂੰ ਭੀ ਬੁਲਵਾ ਲਿਆ, ਉਸ ਵੇਲੇ ਉਸ ਨੇ ਆ ਕੇ ਲਾਲ ਮਿਰਚਾਂ ਦਾ ਤੋਬਰਾ ਮੂੰਹ ਤੇ ਚੜ੍ਹਾ ਦਿੱਤਾ।

ਇਤਨੇ ਨੂੰ ਕਬੀਰ ਜੀ ਬਾਹਰੋਂ ਜੰਗਲ ਪਾਣੀ ਹੋ ਕੇ ਚਲੇ ਆ ਰਹੇ ਸਨ, ਬਹੁਤ ਸਾਰਾ ਇਕੱਠ ਦੇਖ ਕੇ ਠਹਿਰ ਗਏ, ਪੁੱਛਿਆ - "ਕੀ ਕਾਰਨ ਹੈ?" ਤਾਂ ਲੋਕਾਂ ਆਖਿਆ-"ਇਹ ਜੁਲਾਹਾ ਆਪਣੀ ਔਰਤ ਨੂੰ ਆਖਦਾ ਹੈ-"ਮਿੱਟੀ ਵਿਚ ਘਿਉ ਪਾ, ਘਿਉ ਪਾ, ਇਸ ਤੋਂ ਮਲੂਮ ਹੁੰਦਾ ਹੈ ਇਸ ਵਿਖੇ ਕੋਈ ਭੂਤ ਹੈ।"

ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ, "'ਇਸ ਨੂੰ ਭੂਤ ਕੋਈ ਨਹੀਂ ਹੈ ਇਹ ਤਾਂ ਕਬੀਰ ਬਣਨਾ ਚਾਹੁੰਦਾ ਹੈ। ਮੇਰੇ ਪਾਸੋਂ ਇਸ ਨੇ ਆ ਕੇ ਪੁੱਛਿਆ ਹੈ ਕਿ ਆਪ ਜੈਸਾ ਪ੍ਰਤਾਪ ਮੇਰਾ ਕਿਵੇਂ ਹੋ ਸਕਦਾ ਹੈ? ਮੈਂ ਇਸ ਨੂੰ ਪ੍ਰਤੱਖ ਕੌਤਕ ਵਿਖਾਇਆ ਸੀ ਕਿ ਘਰ ਵਾਲੀ ਔਰਤ ਆਗਿਆਕਾਰੀ ਹੋਵੇ ਤਾਂ ਦੁਨੀਆਂ ਵਿਚ ਪ੍ਰਤਾਪ ਹੋ ਸਕਦਾ ਹੈ। ਪਰ ਇਸ ਦੀ ਔਰਤ ਆਗਿਆਕਾਰੀ ਨਹੀਂ ਹੈ ਇਸ ਕਰਕੇ ਇਸ ਦਾ ਪ੍ਰਤਾਪ ਕਿਵੇਂ ਹੋ ਸਕਦਾ ਹੈ।'

ਯਥਾ—"ਹੰਸਾਂ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ।

....

ਗਿਦੜ ਦਾਖ ਨ ਅਪੜੈ ਆਖੈ ਬੁਹ ਕਉੜੀ।"

[ਭਾਈ ਗੁਰਦਾਸ ਜੀ, ਵਾਰ ੩੪ ਪਉੜੀ ੬]

ਇਹ ਗੱਲ ਆਖ ਕੇ ਉਸ ਨੂੰ ਛੁਡਾ ਦਿੱਤਾ ਤੇ ਮਿਰਚਾਂ ਦਾ ਤੋਬਰਾ ਵੀ ਖਲ੍ਹਾ ਦਿੱਤਾ। ਵਿਚਾਰ ਕੇ ਦੇਖੋ! ਨਕਲੀ ਜੁਲਾਹੇ ਅਸਲੀ ਕਬੀਰ ਕਿਵੇਂ ਹੋ ਸਕਦੇ ਹਨ।

ਬੱਤੀਵੀਂ ਪਉੜੀ ਦੇ ੮੩ ਅੱਖਰ ਹਨ

ਤੇਤੀਵੀਂ ਪਉੜੀ

ਫਿਰ ਸਿੱਧਾਂ ਨੇ ਕਿਹਾ-"ਜੀਵ ਸੁਤੰਤਰ ਹੈ ਜਾਂ ਪਤੰਤ੍ਰ?"

ਗੁਰੂ ਜੀ ਆਖਦੇ ਹਨ, "ਇਹ ਜੀਵ ਪਤੰਤ੍ਰ ਹੈ, ਅਰਥਾਤ ਪ੍ਰਾਧੀਨ ਹੈ ਕਿਉਂਕਿ ਇਸ ਵਿਚ ਆਪਣੇ ਆਪ ਕੁਝ ਕੰਮ ਕਰਨ ਦੀ ਤਾਕਤ ਨਹੀਂ ਹੈ।

ਆਖਣਿ ਜੋਰੁ

ਇਸ ਪੁਰਸ਼ ਵਿਖੇ ਕਿਸੇ ਵੇਦ, ਸ਼ਾਸਤ੍ਰ, ਪੁਰਾਣ, ਸਿਮ੍ਰਤੀਆਂ, ਕੁਰਾਨ ਆਦਿਕ ਗ੍ਰੰਥਾਂ ਦੇ ਆਖਣ ਦਾ ਜੋਰੁ=ਬਲ ਨਹੀਂ ਹੈ।

ਯਥਾ—"ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ ੨॥"

[ਵਾਰ ਮਾਝ, ਪੰਨਾ ੧੪੫]

ਦੂਜਾ ਅਰਥ-ਪ੍ਰਮੇਸ਼ਰ ਦੀ ਸੱਤਾ ਤੋਂ ਬਿਨਾਂ ਕੋਈ ਸੁਭਾਵਕ ਗੱਲ ਦੇ ਆਖਣ ਦਾ ਭੀ ਇਸ ਵਿਚ ਜੋਰੁ=ਬਲ ਨਹੀਂ ਹੈ।

ਤੀਜਾ ਅਰਥ-ਕਿਸੀ ਕਾਰਨ ਕਰ ਕੇ ਜਦ ਜ਼ਬਾਨ ਬੰਦ ਹੋ ਜਾਂਦੀ ਹੈ ਤਦ ਵੀ ਇਸ ਵਿਚ ਕਿਸੇ ਗੱਲ ਦੇ ਆਖਣ ਦਾ ਜੋਰੁ=ਬਲ ਨਹੀਂ ਹੁੰਦਾ। ਆਪਣੀ ਤਾਕਤ ਨਾਲ ਇਹ ਕੁਝ ਭੀ ਆਖ ਨਹੀਂ ਸਕਦਾ।

ਸਾਖੀ—ਕੁੰਭ ਕਰਨ ਦੀ

ਕੁੰਭ ਕਰਨ ਦੀ ਕੇਡੀ ਵੱਡੀ ਕਾਇਆਂ ਸੀ, ਪਹਾੜਾਂ ਦੀ ਗੁਫਾ ਵਰਗੇ ਜਿਸ ਦੇ ਕੰਨ ਆਦਿ ਸਨ, ਅਕਾਰ ਵਿਚ ਵੀ ਬੜਾ ਲੰਬਾ ਚੌੜਾ ਸੀ। ਇਕ ਦਿਨ ਉਸ ਦੇ ਮਨ ਵਿਚ ਸੰਕਲਪ ਆਇਆ ਕਿ ਤਪ ਕਰ ਕੇ ਛੇ ਮਹੀਨੇ ਜਾਗਣ ਦਾ ਅਤੇ ਇਕ ਦਿਨ ਸੌਣ ਦਾ ਬ੍ਰਹਮਾ ਪਾਸੋਂ ਵਰ ਲਈਏ। ਇਸੇ ਸੰਕਲਪ ਅਨੁਸਾਰ 'ਕੁੰਭ ਕਰਨ' ਨੇ ਤਪ ਕਰਨਾ ਆਰੰਭ ਦਿੱਤਾ।

ਓਧਰ ਬ੍ਰਹਮਾ ਨੇ ਸੋਚਿਆ ਕਿ ਜੇ ਇਸ ਦਾ ਤਪ ਪੂਰਾ ਹੋਣ ਪਰ ਛੇ ਮਹੀਨੇ ਜਾਗਣ ਦਾ ਵਰ ਦੇ ਦਿੱਤਾ ਤਾਂ ਇਸ ਦੀ ਖੁਰਾਕ ਮਸਾਂ ਹੀ ਪੂਰੀ ਹੋਇਆ ਕਰਨੀ ਹੈ ਨਾਲੇ ਪਰਜਾ ਨੂੰ ਬੜਾ ਤੰਗ ਕੀਤਾ ਕਰੇਗਾ।

ਉਸ ਵੇਲੇ 'ਸੁਰੱਸਤੀ' ਨੂੰ ਪ੍ਰੇਰਿਆ ਕਿ ਮੇਰੇ ਵਰ ਦੇਣ ਵੇਲੇ ਤੂੰ ਇਸ ਦੀ ਜ਼ਬਾਨ ਪਰ ਬੈਠ ਕੇ ਉਲਟਾ ਬਚਨ ਕਹਾਵੀਂ ਕਿ ਛੇ ਮਹੀਨੇ ਸੁੱਤਾ ਰਹਾਂ ਤੇ ਇਕ ਦਿਨ ਜਾਗਾਂ।

ਸੁਰੱਸਤੀ ਨੇ ਕਿਹਾ- "ਸੱਤ ਬਚਨ, ਆਪ ਕੋਈ ਫ਼ਿਕਰ ਨਾ ਕਰੋ।"

ਜਿਸ ਵੇਲੇ 'ਕੁੰਭ ਕਰਨ' ਦਾ ਤਪ ਪੂਰਾ ਹੋ ਗਿਆ ਤਾਂ ਬ੍ਰਹਮਾ ਨੇ ਪ੍ਰਤੱਖ ਹੋ ਕੇ ਕਿਹਾ, '[ਵਰੰਭੂ]

ਵਰ ਮੰਗ, ਤੂੰ ਕੀ ਚਾਹੁੰਦਾ ਹੈਂ? ਉਸ ਵੇਲੇ 'ਸੁਰੱਸਤੀ' ਦੀ ਪ੍ਰੇਰਨਾ ਅਨੁਸਾਰ ਕੁੰਭ ਕਰਨ ਦੇ ਮੂੰਹੋਂ ਨਿਕਲਿਆ- ''ਇਕ ਦਿਨ ਜਾਗਾਂ ਅਤੇ ਛੇ ਮਹੀਨੇ ਸੁੱਤਾ ਰਿਹਾ ਕਰਾਂ।''

ਬ੍ਰਹਮਾ ਨੇ ਕਿਹਾ- ''ਤਥਾ ਅਸਤੂ!''

ਇਹ ਕਹਿਕੇ ਬ੍ਰਹਮਾ ਚਲਾ ਗਿਆ।

ਦੇਖੋ 'ਕੁੰਭ ਕਰਨ' ਕਿਤਨਾ ਬਲੀ ਸੀ ਪਰ ਉਸ ਦੇ ਮਨ ਵਿਚ ਜੋ ਛੇ ਮਹੀਨੇ ਜਾਗਣ ਦਾ ਤੇ ਇਕ ਦਿਨ ਸੌਣ ਦਾ ਸੰਕਲਪ ਸੀ ਉਹ ਆਖ ਕੇ ਪੂਰਾ ਨਾ ਕਰ ਸਕਿਆ।

ਇਸੇ ਕਰਕੇ ਗੁਰੂ ਜੀ ਕਥਨ ਕਰਦੇ ਹਨ, ਆਪਣੀ ਮਰਜ਼ੀ ਅਨੁਸਾਰ ਕੋਈ ਗੱਲ ਆਖਣ ਦਾ ਭੀ ਕਿਸੇ ਵਿਚ ਜ਼ੋਰ ਨਹੀਂ ਹੈ।

ਚੁਪੈ ਨਹ ਜੋਰੁ ॥

ਇਸ ਪੁਰਸ਼ ਵਿਚ ਚੁੱਪ ਕਰਨ ਦਾ ਭੀ ਬਲ ਨਹੀਂ ਹੈ। ਜਿਨ੍ਹਾਂ ਨੂੰ ਬਹੁਤ ਬੋਲਣ ਦੀ ਆਦਤ ਪਈ ਹੁੰਦੀ ਹੈ, ਉਨ੍ਹਾਂ ਨੂੰ ਕਹੋ ਚੁਪ ਕਰ ਜਾਹ ਤਾਂ ਉਹ ਚੁਪ ਨਹੀਂ ਕਰ ਸਕਦੇ।

ਯਾਂ ਜਿਨ੍ਹਾਂ ਨੂੰ ਕੋਈ ਦੁਖ ਤਕਲੀਫ ਹੋਣ ਕਰਕੇ ਡਾਕਟਰ ਲੋਕ ਬੋਲਣਾ ਬੰਦ ਕਰਦੇ ਹਨ ਪ੍ਰੰਤੂ ਉਹ ਬੋਲਣ ਤੋਂ ਬੰਦ ਨਹੀਂ ਹੁੰਦੇ, ਵਾਹਯਾਤ ਬੋਲੀ ਜਾਂਦੇ ਹਨ। ਕਿਉਂਕਿ ਆਪਣੇ ਆਪ ਕਿਸੇ ਵਿਚ ਚੁੱਪ ਹੋਣ ਦਾ ਭੀ ਜੋਰੁ=ਬਲ ਨਹੀਂ ਹੈ।

ਸਾਖੀ—ਗੁਰੂ ਚੇਲੇ ਦੀ

ਇਕ ਪੁਰਸ਼ ਸੀ, ਕਿਸੇ ਕਾਰਨ ਉਸ ਨੂੰ ਵੈਰਾਗ ਹੋ ਗਿਆ, ਘਰੋਂ ਨਿਕਲ ਕੇ ਬਾਹਰ ਚਲਾ ਗਿਆ, ਅੱਗੋਂ ਪੂਰਨ ਮਹਾਤਮਾਂ ਮਿਲ ਗਏ, ਜੰਗਲ ਵਿਚ ਹੀ ਉਨ੍ਹਾਂ ਦੀ ਸੇਵਾ ਵਿਚ ਜੁੜ ਗਿਆ। ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰ ਲਿਆ। ਸੰਤਾਂ ਨੇ ਉਪਦੇਸ਼ ਦੇ ਕੇ ਉਸ ਨੂੰ ਆਪਣਾ ਚੇਲਾ ਬਣਾ ਲਿਆ। ਸੰਤਾਂ ਨੂੰ ਭਜਨ-ਸਿਮਰਨ ਕਰਦਿਆਂ ਵੇਖਕੇ ਇਹ ਭੀ ਸਿਮਰਨ ਵਿਚ ਜੁੜ ਗਿਆ ਅਤੇ ਸੰਤਾਂ ਦੇ ਸੀਤ ਪ੍ਰਸ਼ਾਦ ਛੱਕਣ ਨਾਲ ਇਸ ਦੇ ਅੰਦਰ ਭੀ ਸ਼ਕਤੀ ਪ੍ਰਾਪਤ ਹੋ ਗਈ। ਇਕ ਦਿਨ ਮਹਾਂ ਪੁਰਸ਼ ਕਿਧਰੇ ਜਾਣ ਲਗਿਆਂ ਇਸਨੂੰ ਕਹਿ ਗਏ ਕਿ ਸਾਡੇ ਪਿੱਛੋਂ ਚੁੱਪ ਰੱਖੀਂ ਐਵੇਂ ਕਿਸੇ ਨੂੰ ਵਰ ਸਰਾਪ ਨਾ ਦੇਈਂ।

ਇਹ ਗੱਲ ਕਹਿ ਕੇ ਮਹਾਂ ਪੁਰਸ਼ ਤਾਂ ਚਲੇ ਗਏ, ਪਿੱਛੋਂ ਇਕ ਰਾਜਾ ਜੰਗਲ ਵਿਚ ਸ਼ਿਕਾਰ ਖੇਡਦਾ ਹੋਇਆ ਕੁਟੀਆ ਵੇਖਕੇ ਉਥੇ ਆ ਪਹੁੰਚਾ। ਚੇਲੇ ਦੇ ਚਰਨਾਂ ਪਰ ਮੱਥਾ ਟੇਕ ਕੇ ਬੈਠ ਗਿਆ, ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ''ਮਹਾਰਾਜ! ਆਪ ਦਿਆਲੂ ਕਿਰਪਾਲੂ ਹੋ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ ਮੇਰੇ ਘਰ ਸੰਤਾਨ ਨਹੀਂ? ਕਿਰਪਾ ਕਰਕੇ ਮਿੱਠੀ ਦਾਤ ਬਖਸ਼ੋ।''

ਇਸ ਨੇ ਪ੍ਰਸੰਨ ਹੋ ਕੇ ਕਹਿ ਦਿੱਤਾ, ''ਰਾਜਨ! ਫਿਕਰ ਨਾ ਕਰ ਤੇਰੇ ਘਰ ਸੰਤਾਨ ਹੋ ਜਾਵੇਗੀ।'' ਰਾਜਾ ਵਰ ਲੈ ਕੇ ਚਲਾ ਗਿਆ। ਪਿੱਛੋਂ ਮਹਾਂ ਪੁਰਸ਼ ਆ ਗਏ। ਚੇਲੇ ਨੇ ਉੱਠ ਕੇ ਨਮਸ਼ਕਾਰ ਕੀਤੀ ਤੇ ਕਿਹਾ-''ਗੁਰੂ ਜੀ! ਪਿੱਛੋਂ ਇਕ ਰਾਜਾ ਆਇਆ ਸੀ, ਉਸ ਨੇ ਬਹੁਤ ਬੇਨਤੀਆਂ ਕੀਤੀਆਂ ਮੈਂ ਉਸ ਨੂੰ ਪੁੱਤ੍ਰ ਹੋਣ ਦਾ ਵਰ ਦੇ ਦਿੱਤਾ ਹੈ।'' ਗੁਰੂ ਜੀ ਨੇ ਕਿਹਾ - ''ਮੈਂ ਜੋ ਤੈਨੂੰ ਕਹਿ ਗਿਆ ਸਾਂ, ਚੁੱਪ ਰੱਖੀਂ ਕਿਸੇ ਨੂੰ ਵਰ ਸਰਾਪ ਨਾ ਦੇਈਂ। ਉਸਦੇ ਕਰਮਾਂ ਵਿਚ ਕੋਈ ਪੁੱਤਰ ਨਹੀਂ ਹੈ। ਹੁਣ ਤੂੰ ਆਪ ਹੀ

ਉਸ ਦੇ ਘਰ ਜਾ ਕੇ ਪੁੱਤਰ ਬਣ।''

ਗੁਰੂ ਜੀ ਦੇ ਕਹਿਣ ਅਨੁਸਾਰ ਚੇਲਾ ਆਪਣੀ ਸ਼ਕਤੀ ਨਾਲ ਆਪਣੇ ਸਰੀਰ ਨੂੰ ਛੱਡ ਕੇ ਰਾਜੇ ਦੇ ਘਰ ਉਸਦਾ ਪੁੱਤਰ ਬਣ ਕੇ ਪੈਦਾ ਹੋਇਆ ਪਰ ਬੋਲਿਆ ਨਾ ਕਰੇ। ੧੮ ਸਾਲ ਉਸ ਦੇ ਏਸੇ ਤਰ੍ਹਾਂ ਬੋਲੇ ਬਗੈਰ ਬਤੀਤ ਹੋ ਗਏ। ਰਾਜੇ ਨੇ ਬੜੇ ਇਲਾਜ ਕੀਤੇ, ਪਰ ਕੋਈ ਸਫਲਤਾ ਨਾ ਹੋਈ ਪੁਨਾ ਰਾਜੇ ਨੇ ਕਈ ਸੁੱਖਣਾ ਭੀ ਮਨਾਈਆਂ ਕਿ ਇਹ ਲੜਕਾ ਕਿਸੀ ਨਾ ਕਿਸੀ ਤਰ੍ਹਾਂ ਬੋਲ ਪਵੇ। ਪਰ ਨਾ ਬੋਲਿਆ।

ਇਕ ਦਿਨ ਰਾਜਾ ਸ਼ਿਕਾਰ ਖੇਡਣ ਜਾਣ ਲੱਗਾ ਤਾਂ ਇਸ ਨੂੰ ਵੀ ਨਾਲ ਲੈ ਗਿਆ। ਜਿਸ ਵੇਲੇ ਬਾਹਰ ਉਜਾੜ ਵਿਚ ਜਾ ਖਲੋਤੇ ਤਾਂ ਇਕ ਖਰਗੋਸ਼ ਨਿਕਲਿਆ ਪ੍ਰੰਤੂ ਉਹ ਦੌੜ ਕੇ ਸ਼ਿਕਾਰੀ ਕੁੱਤਿਆਂ ਤੋਂ ਬਚ ਕੇ ਆਪਣੇ ਘੁਰਨੇ ਵਿਚ ਜਾ ਵੜਿਆ। ਘੁਰਨੇ ਵਿਚ ਵੜਕੇ ਚੁੱਪ ਨਾ ਰਿਹਾ, ਆਪਣੇ ਸਨਬੰਧੀਆਂ ਨੂੰ ਆਪਣੀ ਬੋਲੀ ਵਿਚ ਕਹਿਣ ਲੱਗ ਪਿਆ ਕਿ ਬਾਹਰ ਸ਼ਿਕਾਰੀ ਲੋਕ ਕੁੱਤਿਆਂ ਸਮੇਤ ਖੜੇ ਹਨ ਪਰ ਮੈਂ ਆਪਣੀ ਚਾਲਾਕੀ ਤੇ ਫੁਰਤੀ ਨਾਲ ਇਹਨਾਂ ਤੋਂ ਬਚਕੇ ਆਪਣੇ ਘੁਰਨੇ ਵਿਖੇ ਆ ਵੜਿਆ ਹਾਂ।

ਜਿਹੜਾ ਸ਼ਿਕਾਰੀ ਉਥੇ ਖਲੋਤਾ ਸੀ ਉਹ ਪਸ਼ੂਆਂ ਦੀ ਬੋਲੀ ਜਾਣਦਾ ਸੀ। ਖਰਗੋਸ਼ ਦੀ ਗੱਲ ਸੁਣਕੇ ਉਸ ਨੂੰ ਬੜਾ ਗੁੱਸਾ ਆਇਆ, ਉਸ ਸ਼ਿਕਾਰੀ ਨੇ ਉਸ ਦਾ ਘੁਰਨਾ ਪੁੱਟ ਕੇ ਖਰਗੋਸ਼ ਨੂੰ ਬਾਹਰ ਕੱਢ ਕੇ ਮਾਰ ਲਿਆ। ਇਸ ਗੱਲ ਨੂੰ ਵੇਖ ਕੇ ਰਾਜ ਪੁੱਤਰ ਬੜਾ ਹੱਸਿਆ, ਇਸ ਦੇ ਹੱਸਣ ਤੋਂ ਰਾਜੇ ਨੇ ਬੜੀ ਖੁਸ਼ੀ ਮਨਾਈ ਅਤੇ ਪੁੱਛਿਆ-''ਹੇ ਪੁੱਤਰ! ਇਹ ਤੇਰੇ ਬੜੇ ਹੱਸਣ ਦਾ ਕੀ ਕਾਰਣ ਹੈ, ਮੈਂ ਤੇਰੇ ਬੜੇ ਬੜੇ ਇਲਾਜ ਕੀਤੇ ਹਨ ਤੇ ਤੂੰ ਹੱਸਿਆ ਨਹੀਂ, ਅੱਜ ਤੂੰ ਸੁਭਾਵਕ ਹੀ ਹੱਸ ਪਿਆ ਹੈਂ।''

ਰਾਜ ਪੁੱਤਰ ਨੇ ਆਪਣੀ ਪਿਛਲੀ ਗਾਥਾ ਸਾਰੀ ਸੁਣਾਈ ਕਿ ਮੇਰੇ ਗੁਰੂ ਨੇ ਮੈਨੂੰ ਚੁਪ ਰਹਿਣ ਦੀ ਸਿੱਖਿਆ ਦਿੱਤੀ ਸੀ ਪਰ ਮੈਂ ਚੁਪ ਨਾ ਰਿਹਾ ਤੇ ਤੈਨੂੰ ਪੁੱਤਰ ਹੋਣ ਦਾ ਵਰ ਦੇ ਦਿੱਤਾ ਜਿਸ ਤੇ ਮਰ ਕੇ ਮੈਨੂੰ ਆਪ ਹੀ ਤੇਰੇ ਘਰ ਪੁੱਤਰ ਬਣਨਾ ਪਿਆ ਹੈ। ਏਸੇ ਤਰ੍ਹਾਂ ਜੇਕਰ ਇਹ ਖ਼ਰਗੋਸ਼ ਚੁਪ ਰਹਿੰਦਾ ਤਾਂ ਨਾ ਮਰਦਾ, ਪਰ ਇਹ ਘੁਰਨੇ ਵਿਚ ਵੜਕੇ ਫਿਰ ਬੋਲ ਪਿਆ ਹੈ ਇਸੇ ਲਈ ਇਸ ਦਾ ਮਰਨਾ ਹੋਇਆ ਹੈ।

ਏਸੇ ਕਰਕੇ ਹੀ ਮੈਂ ੧੮ ਸਾਲ ਤਕ ਚੁੱਪ ਰਿਹਾ ਹਾਂ, ਜੋ ਕਿ ਬੋਲਣ ਕਰਕੇ ਮੈਨੂੰ ਫਿਰ ਹੋਰ ਜਨਮ ਨਾ ਧਾਰਨਾ ਪਵੇ। ਗੁਰੂ ਦੀ ਕਿਰਪਾ ਕਰਕੇ ਮੈਨੂੰ ਪਿਛਲੇ ਜਨਮ ਦੀ ਸਾਰੀ ਖ਼ਬਰ ਹੈ ਅਤੇ ਪਸ਼ੂ ਪੰਛੀਆਂ ਦੀ ਬੋਲੀ ਸਮਝਣ ਦੀ ਵੀ ਮੈਨੂੰ ਸਾਰੀ ਗਿਆਤ ਹੈ।

ਏਸੇ ਤੇ ਗੁਰੂ ਜੀ ਨੇ ਕਿਹਾ ਹੈ ਕਿ ਆਪਣੇ ਆਪ ਇਸ ਮਨੁੱਖ ਵਿਚ ਚੁੱਪ ਕਰਨ ਦਾ ਭੀ ਜ਼ੋਰ ਨਹੀਂ ਹੈ। ਉਂਵ ਚੁਪ ਕਰਨ ਵਿਚ ਬਹੁਤ ਸੁਖ ਹਨ।

ਇਕ ਸਮੇਂ ਗੋਰਖ ਨਾਥ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਹੋਇਆ ਤਾਂ ਗੋਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ - ''ਦੁਨੀਆਂ ਵਿਚ ਕਿਵੇਂ ਰਹਿਣਾ ਚਾਹੀਦਾ ਹੈ?''

ਯਥਾ—'ਗੋਰਖ ਆਖੇ ਨਾਨਕਾ! ਵਿਚ ਦੁਨੀਆਂ ਕਿਉਂ ਕਰ ਰਹੀਏ?'

ਗੁਰੂ ਨਾਨਕ ਜੀ ਨੇ ਉੱਤਰ ਦਿੱਤਾ-

'ਅੱਖੀਂ ਵੇਖੇ ਕੰਨੀ ਸੁਣੀਏ ਜਿਹਵਾ ਮੂਲ ਨ ਕਹੀਏ।'

ਜਿਸ ਵੇਲੇ 'ਮਨਸੂਰ' ਸੂਲੀ ਤੇ ਚੜ੍ਹਿਆ ਤਾਂ ਉਸ ਦੇ ਮਿੱਤਰ ਨੇ ਇਹ ਸਿੱਖਿਆ ਦਿੱਤੀ ਸੀ-

'ਸਭ ਤੇ ਭਲੀ ਚੁਪ, ਚੁਪ ਅੱਗੇ ਲੱਖ ਪੜਦਾ।
ਜੇ ਮਨਸੂਰ ਨ ਬੋਲਦਾ, ਕਿਉਂ ਸੂਲੀ ਤੇ ਚੜ੍ਹਦਾ।'

.. ..

ਤਥਾ—"ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ ੨॥"

[ਮਾਝ ਵਾਰ, ਪੰਨਾ ੧੪੯]

ਜੋਰੁ ਨ ਮੰਗਣਿ :– ਇਸ ਜੀਵ ਵਿਖੇ ਆਪਣੇ ਆਪ ਮੰਗਣੇ ਦਾ ਵੀ ਜੋਰੁਬਲ ਨਹੀਂ ਹੈ।

ਪਹਿਲੀ ਸਾਖੀ—ਬ੍ਰਾਹਮਣ ਤੇ ਜੁਲਾਹੇ ਦੀ

ਇਕ ਬ੍ਰਾਹਮਣ ਨਿਯਮ ਨਾਲ ਸ਼ਿਵ ਮੰਦਰ ਵਿਚ ਜਾ ਕੇ ਸ਼ਿਵਾਂ ਦਾ ਹਰ ਤਰ੍ਹਾਂ ਪੂਜਨ ਕਰਦਾ ਹੁੰਦਾ ਸੀ, ਅਤੇ ਇਕ ਜੁਲਾਹਾ ਹਰ ਰੋਜ਼ ਸ਼ਿਵ ਮੰਦਰ ਜਾ ਕੇ ਪੱਥਰ ਮਾਰ ਆਉਂਦਾ ਸੀ।

ਇਕ ਦਿਨ ਬਹੁਤ ਵਰਖਾ ਦੇ ਹੋਣ ਕਰਕੇ ਬ੍ਰਾਹਮਣ ਆਲਸੀ ਬਣ ਕੇ ਪੂਜਾ ਕਰਨ ਨਾ ਗਿਆ। ਤੇ ਜੁਲਾਹੇ ਨੇ ਵਰਖਾ ਦੇ ਵਿਚ ਭੀ ਆਪਣੇ ਨਿਯਮ ਅਨੁਸਾਰ ਸ਼ਿਵ ਮੰਦਰ ਵਿਖੇ ਜਾ ਕੇ ਪੱਥਰ ਮਾਰ ਦਿੱਤਾ।

ਇਸ ਦੇ ਨਿਯਮ ਨੂੰ ਵੇਖ ਕੇ ਸ਼ਿਵ ਜੀ ਪ੍ਰਸੰਨ ਹੋ ਗਏ। ਆਖਦੇ ਹਨ - "ਵਰੰਭੂ-ਵਰ ਮੰਗ, ਕੀ ਚਾਹੁੰਦਾ ਹੈਂ?" ਇਸ ਨੇ ਕਿਹਾ-"ਮੇਰੀਆਂ ਹਜ਼ਾਰ ਬਾਹਵਾਂ ਹੋ ਜਾਵਨ, ਜੋ ਮੈਂ ਬਹੁਤ ਸਾਰੀਆਂ ਭਾਣੀਆਂ ਬਣਾਵਾਂ।"

ਸ਼ਿਵਾਂ ਆਖਿਆ-"ਤਥਾ ਅਸਤੂ।"

ਏਸ ਦੀਆਂ ਹਜ਼ਾਰ ਹੀ ਬਾਹਵਾਂ ਹੋ ਗਈਆਂ।

ਜਿਸ ਵੇਲੇ ਸ਼ਹਿਰ ਵਿਖੇ ਆਇਆ ਲੋਕਾਂ ਵੇਖ ਕੇ ਕਿਹਾ-'ਇਹ ਕਿਹੜੀ ਬਲਾ ਆ ਗਈ ਹੈ।' ਲੋਕਾਂ ਨੇ ਇੱਟਾਂ ਰੋੜੇ ਮਾਰ ਮਾਰ ਕੇ ਅਧ-ਮੋਇਆ ਕਰ ਸੁੱਟਿਆ। ਵਿਚਾਰ ਕੇ ਦੇਖੋ ਇਸ ਜੁਲਾਹੇ ਨੇ ਸ਼ਿਵਾਂ ਤੋਂ ਮੰਗਿਆ ਭੀ ਸਹੀ, ਪਰ ਮੰਗਣੇ ਦੀ ਜਾਂਚ ਨਾ ਆਈ, ਜਿਵੇਂ ਪੱਥਰ ਮਾਰ ਕੇ ਸ਼ਿਵਾਂ ਨੂੰ ਪ੍ਰਸੰਨ ਕੀਤਾ ਸੀ, ਤਿਵੇਂ ਲੋਕਾਂ ਨੇ ਪੱਥਰਾਂ ਨਾਲ ਹੀ ਮਾਰ ਦਿੱਤਾ।

ਯਥਾ—'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥'
ਤਥਾ—ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ *[ਬਾਰਹ ਮਾਹਾ, ਪੰਨਾ ੧੩੪]*

ਦੇ ਮਹਾਂਵਾਕ ਅਨੁਸਾਰ।

ਏਸੇ ਕਰ ਕੇ ਗੁਰੂ ਜੀ ਕਹਿੰਦੇ ਹਨ, ਜੀਵ ਦੇ ਅੰਦਰ ਮੰਗਣ ਦਾ ਭੀ ਜੋਰੁ=ਬਲ ਨਹੀਂ ਹੈ। ਹਜ਼ਾਰ ਬਾਹਵਾਂ ਨ ਮੰਗਦਾ ਜੇਕਰ ਦੋ ਲਖ ਰੁਪਯਾ ਮੰਗ ਲੈਂਦਾ ਜਾਂ ਕੋਈ ਹੋਰ ਚੰਗੀ ਚੀਜ਼ ਮੰਗ ਲੈਂਦਾ ਤਾਂ ਚੰਗਾ ਸੀ। ਪਰ ਆਪਣੇ ਆਪ ਇਹ ਕੁਝ ਨਹੀਂ ਮੰਗ ਸਕਦਾ।

ਦੂਜੀ ਸਾਖੀ—ਜੁਲਾਹਾ, ਜੁਲਾਹੀ ਤੇ ਉਸ ਦੇ ਪੁੱਤਰ ਦੀ

ਇਹ ਤਿੰਨੇ ਅਤਿਅੰਤ ਗਰੀਬ ਸਨ, ਇਨ੍ਹਾਂ ਨੇ ਸ਼ਿਵਾਂ ਦੀ ਮਹਿਮਾ ਸੁਣ ਕੇ ਬਾਹਰ ਜੰਗਲ ਵਿਚ ਜਾ ਕੇ ਸ਼ਿਵਾਂ ਦੀ ਅਰਾਧਣਾ ਸ਼ੁਰੂ ਕਰ ਦਿੱਤੀ। ਸ਼ਿਵਾਂ ਨੇ ਪ੍ਰਸੰਨ ਹੋ ਕੇ ਜੁਲਾਹੀ ਨੂੰ ਕਿਹਾ- "ਵਰੰਭੂ-ਵਰ ਮੰਗ, ਤੈਨੂੰ ਕੀ ਚਾਹੀਦਾ ਹੈ?" ਉਸ ਨੇ ਕਿਹਾ-"ਮੇਰਾ ਸੁੰਦਰ ਸਰੂਪ ਹੋ ਜਾਵੇ, ਅੰਗਾਂ ਪਰ ਸੋਹਣੇ ਸੋਹਣੇ ਕੱਪੜੇ ਤੇ ਸੋਨੇ ਗਹਿਣੇ ਬਣ ਜਾਣ।" ਸ਼ਿਵਾਂ ਆਖਿਆ - "ਤਥਾ ਅਸਤੂ" ਇਹ ਆਖ ਕੇ ਸ਼ਿਵ ਚਲੇ ਗਏ। ਜੁਲਾਹੀ ਸੁੰਦਰ ਸਰੂਪ ਤੇ ਸੋਹਣੇ ਸੋਹਣੇ ਕੱਪੜਿਆਂ ਅਤੇ ਗਹਿਣਿਆਂ ਨਾਲ ਫਬ ਗਈ। ਇਤਨੇ

ਨੂੰ ਇਕ ਰਾਜਾ ਸ਼ਿਕਾਰ ਖੇਡਦਾ ਉਥੋਂ ਲੰਘਿਆ, ਉਸ ਨੇ ਸੁੰਦਰ ਔਰਤ ਨੂੰ ਗਰੀਬਾਂ ਪਾਸ ਬੈਠਿਆਂ ਵੇਖ ਕੇ ਕਿਹਾ-''ਇਹ ਸੁੰਦਰ ਔਰਤ ਇਨ੍ਹਾਂ ਪਾਸ ਰਹਿਣੇ ਯੋਗ ਨਹੀਂ ਹੈ।'' ਉਹ ਘੋੜੇ ਪਰ ਚੜ੍ਹਾ ਕੇ ਨਾਲ ਲੈ ਗਿਆ।

ਪਿੱਛੋਂ ਫਿਰ ਸ਼ਿਵਾਂ ਨੇ ਆ ਕੇ ਜੁਲਾਹੇ ਨੂੰ ਕਿਹਾ - ''ਵਰੰਭੂ-ਵਰ ਮੰਗ, ਤੂੰ ਕੀ ਚਾਹੁੰਦਾ ਹੈਂ?'' ਉਸ ਨੇ ਕਿਹਾ-''ਮੇਰੀ ਇਸਤ੍ਰੀ ਸੂਰਨੀ ਹੋ ਜਾਵੇ।''

ਸ਼ਿਵਾਂ ਆਖਿਆ-''ਤਥਾ ਅਸਤੂ!''

ਉਹ ਸੂਰਨੀ ਹੋ ਗਈ। ਰਾਜੇ ਦੇ ਪਿੱਛੇ ਘੋੜੇ ਉਤੇ ਚੜ੍ਹੀ ਹੋਈ ਸੂਰਨੀ ਹੋ ਕੇ ਘੁਰ-ਘੁਰ ਕਰਨ ਲੱਗ ਪਈ। ਰਾਜੇ ਨੇ ਕੋਈ ਜੰਗਲੀ ਬਲਾ ਸਮਝ ਕੇ ਘੋੜੇ ਤੋਂ ਹੇਠਾਂ ਸੁੱਟ ਦਿੱਤੀ। ਉਹ ਫਿਰ ਤੁਰਦੀ ਤੁਰਦੀ ਆਪਣੇ ਸੰਬੰਧੀਆਂ ਪਾਸ ਹੀ ਆ ਪਹੁੰਚੀ।

ਇਤਨੇ ਨੂੰ ਸ਼ਿਵਾਂ ਨੇ ਜੁਲਾਹੇ ਦੇ ਪੁੱਤਰ ਨੂੰ ਕਿਹਾ- ''ਤੂੰ ਵਰੰਭੂ-ਵਰ ਮੰਗ।'' ਤਾਂ ਉਸ ਨੇ ਆਪਣੀ ਮਾਂ ਦੀ ਬੁਰੀ ਹਾਲਤ ਦੇਖ ਕੇ ਕਿਹਾ ਕਿ ਮੇਰੀ ਮਾਂ ਪਹਿਲੇ ਵਾਂਗ ਹੀ ਬਣ ਜਾਵੇ।

ਸ਼ਿਵਾਂ ਆਖਿਆ- ''ਤਥਾ ਅਸਤੂ!'' ਉਹ ਫਿਰ ਉਸੇ ਤਰ੍ਹਾਂ ਗਰੀਬਣੀ ਜੁਲਾਹੀ ਬਣ ਗਈ।

ਦੇਖੋ! ਤਿੰਨਾਂ ਨੇ ਤਪ ਕਰਕੇ ਸ਼ਿਵਾਂ ਨੂੰ ਪ੍ਰਸੰਨ ਤਾਂ ਕੀਤਾ ਅਤੇ ਵਰ ਵੀ ਮੰਗੇ ਪਰ ਮੰਗਣੇ ਦੀ ਜਾਚ ਨ ਆਈ। ਪਹਿਲੇ ਵਾਂਗ ਖਾਲੀ ਦੇ ਖਾਲੀ ਹੀ ਰਹਿ ਗਏ।

ਏਸੇ ਵਾਸਤੇ ਗੁਰੂ ਜੀ ਆਖਦੇ ਹਨ, ਜੀਵ ਦੇ ਵਿਚ ਆਪਣੇ ਆਪ ਮੰਗਣ ਦਾ ਵੀ ਜ਼ੋਰ ਨਹੀਂ ਹੈ।

ਦੇਣਿ ਨ ਜੋਰੁ॥

ਵਸਤੂ ਦੇ ਦੇਣ ਦਾ ਵੀ ਇਸ ਵਿਚ ਜੋਰੁ=ਬਲ ਨਹੀਂ ਹੈ।

ਪਹਿਲੀ ਸਾਖੀ—ਕ੍ਰਿਸ਼ਨ ਜੀ ਤੇ ਦੁਰਯੋਧਨ ਦੀ

ਸ੍ਰੀ ਕ੍ਰਿਸ਼ਨ ਭਗਵਾਨ ਜੀ ਪਾਂਡਵਾਂ ਨੂੰ ਰਾਜ ਦਾ ਕੁਝ ਕੁ ਹਿੱਸਾ ਦਿਵਾਉਣ ਵਾਸਤੇ ਰਾਜੇ ਦੁਰਯੋਧਨ ਪਾਸ ਗਏ ਪਰ ਦੁਰਯੋਧਨ ਨੇ ਇਨਕਾਰ ਕਰ ਦਿੱਤਾ।

ਫਿਰ ਕ੍ਰਿਸ਼ਨ ਜੀ ਨੇ ਕਿਹਾ - ''ਪੰਜਾਂ ਪਾਂਡਵਾਂ ਨੂੰ ਪੰਜ ਪਿੰਡ ਹੀ ਦੇ ਦੇਹ।'' ਦੁਰਯੋਧਨ ਨੇ ਕਿਹਾ, ਤੁਸੀਂ ਪੰਜ ਪਿੰਡ ਕਹਿੰਦੇ ਹੋ, ਮੈਂ ਤਾਂ ਸੂਈ ਦੇ ਨੱਕੇ ਜਿਤਨੀ ਪ੍ਰਿਥਵੀ ਦੇਣ ਨੂੰ ਤਿਆਰ ਨਹੀਂ ਹਾਂ।'' ਕ੍ਰਿਸ਼ਨ ਜੀ ਨਿਰਾਸ ਹੋ ਕੇ ਮੁੜ ਆਏ। ਇਸੀ ਤੇ ਗੁਰੂ ਜੀ ਫੁਰਮਾਉਂਦੇ ਹਨ, ਆਪਣੇ ਆਪ ਵਸਤੂ ਦੇ ਦੇਣ ਦਾ ਕਿਸੀ ਵਿਚ ਬਲ ਨਹੀਂ ਹੈ।

ਦੂਜੀ ਸਾਖੀ—ਹਰੀ ਚੰਦ ਰਾਜੇ ਦੀ

ਰਾਜਾ 'ਹਰੀ ਚੰਦ' ਰੋਜ਼ ਅਠਾਰਾਂ ਭਾਰ ਸੋਨੇ ਦਾ ਦਾਨ ਦੇ ਕੇ ਅੰਨ-ਜਲ ਛਕਿਆ ਕਰਦਾ ਸੀ। ਰਾਜੇ ਹਰੀ ਚੰਦ ਦਾ ਬਾਪ 'ਤ੍ਰਿਸੰਕੂ ਰਾਜਾ' ਵਿਸ਼ਵਾ ਮਿਤ੍ਰ ਦਾ ਸੇਵਕ ਸੀ ਤੇ ਰਾਜੇ ਹਰੀ ਚੰਦ ਨੇ ਆਪਣਾ ਗੁਰੂ ਵਸਿਸ਼ਟ ਧਾਰਨਾ ਕੀਤਾ। ਇਸ ਕਰਕੇ ਵਿਸ਼ਵਾ ਮਿੱਤਰ ਦੇ ਮਨ ਵਿਚ ਗੁੱਸਾ ਸੀ ਕਿ ਹਰੀ ਚੰਦ ਨੇ ਮੈਨੂੰ ਗੁਰੂ ਕਿਉਂ ਨਹੀਂ ਧਾਰਿਆ, ਵਸਿਸ਼ਟ ਜੀ ਦਾ ਜਾ ਕੇ ਸੇਵਕ ਕਿਉਂ ਬਣਿਆਂ ਹੈ।

ਇਕ ਦਿਨ ਰਾਜਾ ਹਰੀ ਚੰਦ ਸ਼ਿਕਾਰ ਖੇਡਣ ਗਿਆ। ਸ਼ਿਕਾਰ ਖੇਡਦਿਆਂ ਇਸ ਨੂੰ ਬੜੀ ਤਰੇਹ

ਲੱਗੀ ਤੇ ਵਿਆਕੁਲ ਹੋ ਗਿਆ। ਉਸ ਵੇਲੇ ਵਿਸ਼ਵਾ ਮਿੱਤ੍ਰ ਉਸੇ ਜੰਗਲ ਵਿਚ ਇਕ ਸੁੰਦਰ ਬਗੀਚਾ ਬਣਾ ਕੇ ਜਿਸ ਵਿਚ ਸੁੰਦਰ ਖੂਹ ਲੱਗਾ ਹੋਇਆ ਸੀ ਆਪ ਬ੍ਰਾਹਮਣ ਦਾ ਰੂਪ ਧਾਰ ਕੇ ਬੈਠ ਗਿਆ। ਇਤਨੇ ਨੂੰ ਰਾਜਾ ਹਰੀ ਚੰਦ ਉਥੇ ਆ ਪਹੁੰਚਾ। ਇਸ ਦੀ ਵਿਆਕੁਲਤਾ ਨੂੰ ਦੇਖ ਕੇ ਉਸ ਬ੍ਰਾਹਮਣ ਨੇ ਪੁੱਛਿਆ, "ਰਾਜਨ ! ਕੀ ਕਾਰਣ ਹੈ ਬੜੇ ਘਬਰਾਏ ਹੋਏ ਦਿਸਦੇ ਹੋ?"

ਰਾਜੇ ਹਰੀ ਚੰਦ ਨੇ ਕਿਹਾ, "ਤਰੇਹ ਬਹੁਤ ਲੱਗੀ ਹੋਈ ਹੈ।" ਬ੍ਰਾਹਮਣ ਨੇ ਕਿਹਾ, "ਲਓ ਪਾਣੀ ਪੀ ਲਓ।" ਰਾਜੇ ਨੇ ਕਿਹਾ, "ਜੇ ਪਾਣੀ ਪੀ ਲਵਾਂ ਤਾਂ ਮੇਰਾ ਪ੍ਰਣ ਟੁੱਟਦਾ ਹੈ, ਮੇਰਾ ਰੋਜ਼ ਦਾ ਨਿਯਮ ਹੈ ਅਠਾਰਾਂ ਭਾਰ ਸੋਨਾ ਦਾਨ ਕਰਨ ਦਾ।"

ਬ੍ਰਾਹਮਣ ਨੇ ਕਿਹਾ, ਤੂੰ ਸੰਕਲਪ ਇਥੇ ਕਰ ਕੇ ਪਾਣੀ ਪੀ ਲੈ ਸ਼ਹਿਰ ਵਿਚ ਜਾ ਕੇ ਦੇ ਦੇਈਂ, ਮੈਂ ਤੇਰੇ ਨਾਲ ਚੱਲਾਂਗਾ।" ਹਰੀ ਚੰਦ ਨੇ ਉਸੇ ਤਰ੍ਹਾਂ ਉਸ ਦਾ ਕਹਿਣਾ ਮੰਨ ਕੇ ਸੰਕਲਪ ਕਰ ਦਿੱਤਾ ਤੇ ਪਾਣੀ ਪੀ ਲਿਆ।

ਜਿਸ ਵੇਲੇ ਰਾਜਾ ਘਰ ਗਿਆ ਤਾਂ ਵਿਸ਼ਵਾ ਮਿੱਤ੍ਰ ਨੇ ਆਪਣੀ ਸ਼ਕਤੀ ਨਾਲ ਇਸ ਦੀ ਸਾਰੀ ਵਿਭੂਤੀ ਭਸਮ ਕਰ ਦਿੱਤੀ। ਘਰ ਵਿਚ ਦਾਨ ਦੇਣ ਲਈ ਕੁਝ ਵੀ ਨਾ ਰਿਹਾ।

ਏਸੇ ਵਾਸਤੇ ਗੁਰੂ ਜੀ ਨੇ ਕਿਹਾ ਹੈ ਕਿ ਇਸ ਮਨੁੱਖ ਵਿਚ ਦਾਨ ਦੇਣ ਦਾ ਵੀ ਕੁਝ ਜ਼ੋਰ ਨਹੀਂ ਹੈ। ਪਿੱਛੋਂ ਰਾਜਾ ਹਰੀ ਚੰਦ ਇਸਤ੍ਰੀ ਅਤੇ ਪੁੱਤਰ ਸਮੇਤ ਕਾਂਸ਼ੀ ਦੀ ਮੰਡੀ ਵਿਚ ਜਾ ਕੇ ਵਿਕਿਆ ਹੈ, ਉਸ ਵਕਤ ਦਾ ਪ੍ਰਣ ਤਾਂ ਭਾਵੇਂ ਪੂਰਾ ਕਰ ਲਿਆ, ਪਰ ਹਮੇਸ਼ਾਂ ਦਾ ਜੋ ਪ੍ਰਣ ਸੀ ਅਠਾਰਾਂ ਭਾਰ ਸੋਨਾ ਦਾਨ ਦੇਣ ਦਾ ਉਹ ਪੂਰਾ ਨਾ ਕਰ ਸਕਿਆ।*

ਜੋਰੁ ਨ ਜੀਵਣਿ

[ਇਹ ਜੀਵ ਬਹੁਤ ਸਮਾਂ ਜਿਊਣ ਦੀ ਕੋਸ਼ਿਸ਼ ਕਰਦਾ ਹੈ। ਘਿਓ ਆਦਿ ਅਨੇਕ ਪਦਾਰਥਾਂ ਦਾ, ਤੇ ਕਸਤੂਰੀ ਬਟੀ ਆਦਿ ਦਵਾਈਆਂ ਦਾ ਸੇਵਨ ਕਰਦਾ ਹੈ, ਪਰ ਜਿਤਨੇ ਕੁ ਸਵਾਸ ਲੈਣੇ ਲਿਖੇ ਹਨ ਉਤਨੇ ਹੀ ਲੈਂਦਾ ਹੈ] ਆਪਣੇ ਆਪ ਜੀਵਣਿ=ਜਿਊਣ ਦਾ ਇਸ ਵਿਚ ਕੋਈ ਬਲ ਨਹੀਂ ਹੈ।

ਸਾਖੀ—ਪ੍ਰੀਛਤ ਰਾਜੇ ਦੀ

ਰਾਜਾ 'ਪ੍ਰੀਛਤ' ਬਹੁਤ ਧਰਮਾਤਮਾ ਅਤੇ ਬੜਾ ਨਿਆਇਕਾਰੀ ਹੋਇਆ ਹੈ ਜਿਸ ਨੇ ਆਪਣੇ ਰਾਜ ਵਿਚ ਕਲਜੁਗ ਨੂੰ ਪ੍ਰਵੇਸ਼ ਨਹੀਂ ਕਰਨ ਦਿੱਤਾ। ਅਰਥਾਤ ਕੋਈ ਭੈੜਾ ਉਪੱਦ੍ਰਵ ਨਹੀਂ ਹੋਣ ਦਿੱਤਾ। ਇਕ ਦਿਨ ਰਾਜਾ ਪ੍ਰੀਛਤ ਸ਼ਿਕਾਰ ਖੇਡਣ ਗਿਆ ਤਾਂ ਅੱਗੋਂ ਕਲਜੁਗ ਮਿਲ ਪਿਆ। ਰਾਜੇ ਨੇ ਕਿਹਾ, "ਹੇ ਕਲਜੁਗ ! ਤੈਨੇ ਮੇਰੀ ਨਗਰੀ ਵਿਚ ਨਹੀਂ ਵੜਨਾ।" ਕਲਜੁਗ ਨੇ ਕਿਹਾ-"ਮੈਨੂੰ ਕਿਧਰੇ ਨਿਵਾਸ ਕਰਨ ਵਾਸਤੇ ਤਾਂ ਜਗ੍ਹਾ ਦਿਓ !" ਰਾਜੇ ਨੇ ਕਿਹਾ- "ਜਾਹ ਜਿਥੇ ਸੋਨਾ ਹੋਵੇ ਤੂੰ ਉਥੇ ਜਾ ਕੇ

---

*ਨੋਟ - ਇਕ ਥਾਂ ਇਹ ਭੀ ਲਿਖਿਆ ਹੈ ਕਿ ਇਸ ਦਾ ਪ੍ਰਣ ਇੱਕੀ ਭਾਰ ਸੋਨਾ ਦਾਨ ਕਰਨ ਦਾ ਸੀ। ਇਹ ਪਾਠਕ ਜਨ ਆਪੇ ਵਿਚਾਰ ਲੈਣ।

ਇਕ ਭਾਰ ੩੨੬੦ ਤੋਲੇ ਦਾ ਲਿਖਿਆ ਹੈ ਜੋ ਕਿ ਇਕ ਮਣ ਬਾਰਾਂ ਛਟਾਂਕ ਹੁੰਦਾ ਹੈ। ਅਠਾਰਾਂ ਭਾਰ ਦਾ ਵਜ਼ਨ ਅਠਾਰਾਂ ਮਣ ਤੇਰਾਂ ਸੇਰ ਅੱਠ ਛਟਾਂਕ ਹੈ।

ਨਿਵਾਸ ਕਰ।'' ਰਾਜੇ ਨੇ ਆਖਣ ਲੱਗਿਆਂ ਇਹ ਨਾ ਸੋਚਿਆ ਕਿ ਸੋਨਾ ਤਾਂ ਮੇਰੀ ਕਲਗੀ ਵਿਚ ਲੱਗਾ ਹੋਇਆ ਹੈ। ਉਸੀ ਵੇਲੇ ਕਲਜੁਗ ਮੱਖੀ ਦਾ ਰੂਪ ਧਾਰ ਕ਼ੇ ਸੋਨੇ ਦੇ ਮੁਕਟ ਵਿਚ ਬੈਠ ਗਿਆ ਤੇ ਰਾਜੇ ਪ੍ਰੀਛਤ ਦੀ ਬੁੱਧੀ ਵਿਚੱਲ ਕਰ ਦਿੱਤੀ। ਰਾਜਾ ਹਰਨ ਦੇ ਪਿੱਛੇ ਲੱਗਾ ਹੋਇਆ ਸੀ ਹਰਨ ਦੌੜਦਾ ਦੌੜਦਾ ਰਾਜੇ ਦੀਆਂ ਅੱਖਾਂ ਤੋਂ ਓਲ੍ਹੇ ਹੋ ਗਿਆ, ਅੱਗੇ ਜੰਗਲ ਵਿਚ ਸ਼ਿੰਙੀ ਰਿਖ ਦਾ ਗੁਰੂ ਵਿਭਾਂਡਵ ਰਿਖੀ ਸਮਾਧੀ ਵਿਚ ਬੈਠਾ ਤਪ ਕਰ ਰਿਹਾ ਸੀ, ਉਸ ਪਾਸੋਂ ਜਾ ਕੇ ਪੁੱਛਦਾ ਹੈ ਕਿ ਮੇਰਾ ਸ਼ਿਕਾਰ [ਹਰਨ] ਕਿਸ ਪਾਸੇ ਗਿਆ ਹੈ?

ਇਕ ਦੋ ਵਾਰ ਪੁੱਛਣ ਤੇ ਜਦ ਉਸ ਨੇ ਕੋਈ ਉੱਤਰ ਨਾ ਦਿੱਤਾ, ਤਾਂ ਪਾਸ ਹੀ ਇਕ ਸੱਪ ਮਰਿਆ ਪਿਆ ਸੀ, ਰਾਜੇ ਨੇ ਉਸ ਸੱਪ ਨੂੰ ਧਨੁੱਖ ਨਾਲ ਚੁੱਕ ਕੇ ਰਿਖੀ ਦੇ ਗਲ ਵਿਚ ਪਾ ਦਿੱਤਾ, ਤੇ ਆਪ ਸ਼ਹਿਰ ਨੂੰ ਆ ਗਿਆ।

ਜਿਸ ਵੇਲੇ 'ਸਿਙੀ ਰਿਖ' ਨੇ ਆ ਕੇ ਆਪਣੇ ਗੁਰੂ ਦੇ ਗਲ ਵਿਚ ਸੱਪ ਪਿਆ ਵੇਖਿਆ ਤਾਂ ਬੜਾ ਗੁੱਸਾ ਚੜ੍ਹ ਗਿਆ, ਸਰਾਪ ਦੇ ਦਿੱਤਾ ਕਿ ਜਿਸ ਨੇ ਮੇਰੇ ਗੁਰੂ ਦੇ ਗਲ ਵਿਚ ਸੱਪ ਪਾਇਆ ਹੈ ਉਹ ਸੱਤਾਂ ਦਿਨਾਂ ਦੇ ਅੰਦਰ ਸੱਪ ਦੀ ਮੌਤ ਨਾਲ ਹੀ ਮਰ ਜਾਏਗਾ।

ਥੋੜ੍ਹੇ ਸਮੇਂ ਪਿੱਛੋਂ ਜਦ ਰਿਖੀ ਜੀ ਦੀ ਸਮਾਧੀ ਖੁਲ੍ਹੀ ਤਾਂ 'ਸਿੰਙੀਰਿਖ' ਨੇ ਸਾਰੀ ਗੱਲ ਸੁਣਾਈ। ਵਿਭਾਂਡਵ ਰਿਖੀ ਨੇ ਕਿਹਾ-''ਇਹ ਤੂੰ ਬੜਾ ਮਾੜਾ ਕੰਮ ਕੀਤਾ ਹੈ ਜੋ ਸਰਾਪ ਦੇ ਦਿੱਤਾ ਹੈ ਰਾਜਾ ਤਾਂ ਬਹੁਤ ਧਰਮਾਤਮਾ ਸੀ, ਉਸ ਨੂੰ ਖ਼ਬਰ ਕਰ ਦੇਣੀ ਚਾਹੀਦੀ ਹੈ, ਜੋ ਆਪਣੇ ਜੀਉਣ ਦਾ ਕੋਈ ਉਪਾ ਕਰ ਲਵੇ।''

ਜਿਸ ਵੇਲੇ ਰਾਜੇ 'ਪ੍ਰੀਛਤ' ਵਲ ਖ਼ਬਰ ਭੇਜੀ ਕਿ 'ਸਿੰਙੀਰਿਖ' ਨੇ ਤੈਨੂੰ ਸਰਾਪ ਦੇ ਦਿੱਤਾ ਹੈ ਕਿ ਇਕ ਹਫਤੇ ਤਕ ਤੂੰ ਸੱਪ ਦੀ ਮੌਤ ਮਰ ਜਾਣਾ ਹੈ ਤੂੰ ਆਪਣੇ ਜੀਉਣ ਦਾ ਕੋਈ ਯਤਨ ਕਰ ਲੈ।

ਇਹ ਗੱਲ ਸੁਣ ਕੇ ਰਾਜੇ 'ਪ੍ਰੀਛਤ' ਨੇ ਉਸੀ ਵੇਲੇ ਗੰਗਾ ਦੇ ਚਲਦੇ ਪ੍ਰਵਾਹ ਵਿਚ ਸ਼ੀਸ਼ ਮਹਲ ਉਸਾਰ ਲਿਆ ਅਤੇ ਭਾਗਵਤ ਦਾ ਪਾਠ 'ਸੁਕਦੇਵ' ਰਿਖੀ ਜੀ ਪਾਸੋਂ ਰਖਾ ਕੇ ਆਪ ਪਾਸ ਬੈਠ ਕੇ ਸੁਣਦਾ ਰਿਹਾ। ਸ਼ੀਸ਼ ਮਹਲ ਐਸਾ ਬਣਾਇਆ ਜਿਥੋਂ ਕੀੜੀ ਜਾਂਦੀ ਭੀ ਨਿਗਾਹ ਆਵੇ, ਅਤੇ ਚਾਰ ਚੁਫੇਰੇ ਸੈਨਾ ਖੜੀ ਕਰ ਦਿੱਤੀ ਪਰ ਜਿਸ ਦਿਨ ਭੋਗ ਪੈਣਾ ਸੀ ਉਸੇ ਦਿਨ ਤੱਛਕ ਨਾਗ ਨਿੱਕਾ ਜਿਹਾ ਸੂਖਮ ਰੂਪ ਧਾਰ ਕੇ ਫੁੱਲਾਂ ਵਿਚ ਪ੍ਰਵੇਸ਼ ਕਰ ਗਿਆ ਤੇ ਓਹੀ ਫੁੱਲ ਮਾਲੀ ਤੋੜ ਕੇ ਸ਼ੀਸ਼ ਮਹਲ ਵਿਚ ਲੈ ਗਿਆ। ਭਾਗਵਤ ਉੱਪਰ ਉਹ ਫੁੱਲ ਚੜ੍ਹਾਏ ਗਏ। ਜਿਸ ਵੇਲੇ ਭੋਗ ਪਿਆ ਤਾਂ ਉਹ ਫੁੱਲ ਚੁੱਕ ਕੇ 'ਸੁਖਦੇਵ' ਰਿਖੀ ਨੇ ਪ੍ਰਸ਼ਾਦ ਦੇ ਤੌਰ ਤੇ ਰਾਜੇ ਪ੍ਰੀਛਤ ਨੂੰ ਦਿੱਤੇ। ਰਾਜੇ ਨੇ ਲੈ ਕੇ ਉਹ ਫੁੱਲ ਸੁੰਘੇ, ਸੁੰਘਦਿਆਂ ਸਾਰ ਹੀ ਤੱਛਕ ਨਾਗ ਨੇ ਨੱਕ ਵਿਚ ਡੰਗ ਮਾਰ ਕੇ ਉਸ ਦੇ ਸਵਾਸ ਖਿੱਚ ਲਏ।

ਏਸੇ ਉੱਪਰ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਨੇ ਸਹਸਕ੍ਰਿਤੀ ਵਿਚ ਲਿਖਿਆ ਹੈ-

''ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ॥
ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ॥
ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥ ੭॥''

[ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੪]

ਏਸੇ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਸ ਮਨੁੱਖ ਵਿਚ ਜੀਵਣ ਦਾ ਕੋਈ ਜੋਰੁ=ਬਲ ਨਹੀਂ ਹੈ। ਜੇਕਰ ਇਸ ਵਿਚ ਜੀਵਣ ਦਾ ਜ਼ੋਰ ਹੁੰਦਾ ਤਾਂ ਮਰਦਾ ਕੋਈ ਨਾ। ਬੜੀਆਂ ਬੜੀਆਂ ਤਾਕਤਾਂ ਵਾਲੇ ਹਰਨਾਖਸ਼ ਅਤੇ ਰਾਵਣ ਵਰਗੇ ਇਸ ਦੁਨੀਆਂ ਵਿਚ ਜੀਉਂਦੇ ਨਹੀਂ ਰਹੇ, ਤੇ ਇਸ ਜੀਵ ਵਿਚ ਭਲਾ ਕੀ ਤਾਕਤ ਹੈ ਜੋ ਸੰਸਾਰ ਵਿਚ ਜੀਉਂਦਾ ਰਹਿ ਸਕੇ।

ਮਰਣਿ ਨਹ ਜੋਰੁ॥

ਕੋਈ ਆਖਦਾ ਹੈ-'ਮੈਂ ਕਾਂਸ਼ੀ ਵਿਚ ਜਾ ਕੇ ਮਰਾਂ, ਜੋ ਸ਼ਿਵਾਂ ਦੇ ਵਰ ਕਰਕੇ ਮੁਕਤ ਹੋ ਜਾਵਾਂ।'

ਕੋਈ ਆਖਦਾ ਹੈ-'ਮੈਂ ਗੰਗਾ ਦੇ ਪ੍ਰਵਾਹ ਵਿਚ ਰੁੜ੍ਹ ਕੇ ਮਰ ਜਾਵਾਂ।'

ਕੋਈ ਆਖਦਾ ਹੈ-'ਮੈਂ ਵਿਦਿਆ ਪੜ੍ਹਦਾ ਹੀ ਮਰ ਜਾਵਾਂ।'

ਕੋਈ ਆਖਦਾ ਹੈ-'ਮੈਂ ਯੁੱਧ ਕਰਦਾ ਜੰਗ ਭੂਮੀ ਵਿਚ ਹੀ ਮਰ ਜਾਵਾਂ।'

ਕੋਈ ਅਪਦਾ ਦਾ ਮਾਰਿਆ ਹੋਇਆ ਅਫੀਮ ਖਾ ਕੇ ਯਾਂ ਜ਼ਹਿਰ ਖਾ ਕੇ ਮਰਨ ਨੂੰ ਤਿਆਰ ਹੁੰਦਾ ਹੈ। ਪ੍ਰੰਤੂ ਆਪਣੇ ਆਪ ਮਰਨ ਦਾ ਕਿਸੇ ਵਿਚ ਜੋਰੁ=ਬਲ ਨਹੀਂ ਹੈ ਕਿਉਂਕਿ ਜਿਤਨਾ ਚਿਰ ਪ੍ਰਮੇਸ਼ਰ ਦੀ ਆਗਿਆ ਅਨੁਸਾਰ ਦੇਸ ਕਾਲ ਵਸਤੂ ਇਕੱਠੇ ਨਹੀਂ ਹੁੰਦੇ ਉਤਨਾ ਚਿਰ ਕੋਈ ਨਹੀਂ ਮਰ ਸਕਦਾ।

ਪਹਿਲੀ ਸਾਖੀ—ਵਸ਼ਿਸ਼ਟ ਜੀ ਦੀ

ਵਿਸ਼ਵਾ ਮਿੱਤਰ ਜੀ ਇਕ ਵਾਰ ਵਸ਼ਿਸ਼ਟ ਮਹਾਰਾਜ ਜੀ ਦੇ ਦਰਸ਼ਨ ਕਰਨ ਆਏ। ਅੱਗੋਂ ਵਸ਼ਿਸ਼ਟ ਜੀ ਨੇ ਉਹਨਾਂ ਨੂੰ ਕਿਹਾ - ''ਆਓ ਰਾਜ ਰਿਖੀ ਜੀ!'' ਵਿਸ਼ਵਾ ਮਿੱਤਰ ਜੀ ਨੇ ਬੜਾ ਗੁੱਸਾ ਕੀਤਾ ਕਿ ਮੈਨੂੰ ਬ੍ਰਹਮ ਰਿਖੀ ਕਿਉਂ ਨਹੀਂ ਕਿਹਾ। ਉਹਨਾਂ ਨੇ ਗੁੱਸੇ ਵਿਚ ਆ ਕੇ ਵਸ਼ਿਸ਼ਟ ਜੀ ਦਾ ਇਕ ਪੁੱਤਰ ਮਾਰ ਦਿੱਤਾ। ਫੇਰ ਦੂਜੇ ਦਿਨ ਉਹਨਾਂ ਪਾਸ ਗਏ ਤਾਂ ਉਹਨਾਂ ਨੇ ਫਿਰ ਵੀ ਏਹੋ ਕਿਹਾ-''ਆਓ ਰਾਜ ਰਿਖੀ ਜੀ!'' ਵਿਸ਼ਵਾ ਮਿੱਤਰ ਜੀ ਨੇ ਜਾ ਕੇ ਇਨ੍ਹਾਂ ਦਾ ਇਕ ਪੁੱਤਰ ਹੋਰ ਮਾਰ ਦਿੱਤਾ। ਜਦ ਵੀ ਪਾਸ ਜਾਣ ਤਾਂ ਵਸ਼ਿਸ਼ਟ ਜੀ ਕਿਹਾ ਕਰਨ- ''ਆਓ ਰਾਜ ਰਿਖੀ ਜੀ!''

ਇਸ ਤਰ੍ਹਾਂ ਇਕ ਇਕ ਕਰਕੇ ਸੋ ਦਾ ਸੋ ਪੁੱਤਰ ਹੀ ਵਸ਼ਿਸ਼ਟ ਜੀ ਦਾ ਮਾਰ ਦਿੱਤਾ, ਇਕ ਦਿਨ ਦੇਰ ਹੋਣ ਦੇ ਕਾਰਨ ਨਾ ਘਰ ਗਏ ਨਾ ਹੀ ਰਾਜਸੀ ਕੱਪੜੇ ਪਾ ਸਕੇ, ਗੰਗਾ ਪਰ ਇਸ਼ਨਾਨ ਕਰਕੇ ਹੱਥ ਵਿਚ ਅੰਗੋਛਾ ਫੜਿਆ ਹੋਇਆ ਹੈ ਤੇ ਲੱਕ ਧੋਤੀ ਬੰਨ੍ਹੀ ਹੋਈ ਹੈ ਤੇ ਸਿੱਧੇ ਵਸ਼ਿਸ਼ਟ ਜੀ ਨੂੰ ਆ ਕੇ ਨਮਸ਼ਕਾਰ ਕੀਤੀ ਉਸ ਵੇਲੇ ਵਸ਼ਿਸ਼ਟ ਜੀ ਨੇ ਵਿਸ਼ਵਾ ਮਿੱਤਰ ਦੇ ਸਾਦੇ ਲਿਬਾਸ ਨੂੰ ਵੇਖਕੇ ਕਿਹਾ- ''ਆਓ ਬ੍ਰਹਮ ਰਿਖੀ ਜੀ! ਕਿਵੇਂ ਦਰਸ਼ਨ ਦਿੱਤੇ ਹਨ।'' ਤਾਂ ਵਿਸ਼ਵਾ ਮਿੱਤਰ ਜੀ ਨੇ ਕਿਹਾ- ''ਜੇਕਰ ਪਹਿਲਾਂ ਹੀ ਬ੍ਰਹਮ ਰਿਖੀ ਕਹਿ ਦੇਂਦੇ ਤਾਂ ਸੋ ਪੁੱਤਰ ਤਾਂ ਨਾ ਮਰਦਾ। ਇਹ ਗੱਲ ਸੁਣਕੇ ਵਸ਼ਿਸ਼ਟ ਜੀ ਦੁੱਖ ਸਹਾਰ ਨਾ ਸਕੇ ਕਿ ਮੇਰਾ ਸੋ ਪੁੱਤਰ ਮਰ ਗਿਆ ਹੈ, ਮੋਹ ਵਸ ਹੋ ਕੇ ਸਤਲੁਜ ਵਿਚ ਡੁੱਬਣ ਚਲੇ ਗਏ, ਉਸ ਵੇਲੇ ਉਹ ਸੋ ਟੋਟੇ ਹੋ ਕੇ ਵਗ ਪਿਆ, ਵਸ਼ਿਸ਼ਟ ਜੀ ਨੂੰ ਡੁੱਬਣ ਨਾ ਦਿੱਤਾ।

ਫੇਰ ਵਸ਼ਿਸ਼ਟ ਜੀ ਫਾਹੀ ਲੈ ਕੇ ਬਿਪਾਸਾ ਵਿਚ ਡੁੱਬਣ ਚਲੇ ਗਏ ਉਸ ਵੇਲੇ ਬਿਪਾਸਾ ਦਾ ਐਸਾ ਪਰਵਾਹ ਆਇਆ ਜੋ ਉਸ ਨੇ ਵਸ਼ਿਸ਼ਟ ਜੀ ਦੀ ਫਾਹੀ ਤੋੜ ਦਿੱਤੀ ਪਰ ਵਸ਼ਿਸ਼ਟ ਜੀ ਨੂੰ ਡੋਬਿਆ ਨਹੀਂ। ਇਸ ਕਰਕੇ ਗੁਰੂ ਜੀ ਨੇ ਕਥਨ ਕੀਤਾ ਹੈ ਕਿ ਆਪਣੇ ਆਪ ਮਰਨ ਦਾ ਭੀ ਕਿਸੇ ਵਿਚ ਬਲ ਨਹੀਂ ਹੈ।

ਦੂਜੀ ਸਾਖੀ—ਗੁਜਰੀ ਦੀ

ਇਕ ਗੁੱਜਰ ਜਾਤੀ ਦਾ ਸ਼ਾਹੂਕਾਰ ਸੀ, ਉਸ ਦੇ ਘਰ ਵਾਲੀ ਇਸਤ੍ਰੀ ਬੜੇ ਸੁੰਦਰ ਚਿਹਰੇ ਮੋਹਰੇ ਵਾਲੀ ਸੀ, ਸਰੀਰ ਦਾ ਡੀਲ-ਡੌਲ ਵੀ ਚੰਗਾ ਸੋਹਣਾ ਸੀ।

ਇਕ ਸਮੇਂ ਸ਼ਾਹੂਕਾਰ ਆਪ ਵਣਜ-ਵਪਾਰ ਵਾਸਤੇ ਪ੍ਰਦੇਸ਼ ਚਲਾ ਗਿਆ, ਪਿਛੋਂ ਇਸ ਦੀ ਇਸਤਰੀ ਸਿਰ ਨਹਾ ਕੇ ਚੁਬਾਰੇ ਚੜ੍ਹੀ ਕੇਸ ਸੁਕਾ ਰਹੀ ਸੀ ਤੇ ਉਥੋਂ ਦਾ ਰਾਜਾ ਭੀ ਆਪਣੇ ਮਹਿਲਾਂ ਉਤੇ ਚੜ੍ਹਕੇ ਟਹਿਲ ਰਿਹਾ ਸੀ।

ਇਸ ਨੂੰ ਦੇਖਦਿਆਂ ਸਾਰ ਹੀ ਰਾਜੇ ਦਾ ਮਨ ਕਾਮਾਤੁਰ ਹੋ ਗਿਆ। ਕਿਸੇ ਅਹਿਲਕਾਰ ਦੀ ਰਾਹੀਂ ਇਸ ਨੂੰ ਆਪਣੇ ਪਾਸ ਬੁਲਵਾ ਕੇ ਰਾਜੇ ਨੇ ਬੜਾ ਪ੍ਰੇਮ ਭਾਵ ਦੱਸਿਆ ਤੇ ਇਸ ਨੂੰ ਅਪਣਾਕੇ ਆਪਣੇ ਮੰਦਰਾਂ ਵਿਚ ਹੀ ਰੱਖ ਲਿਆ।

ਕੁਝ ਕੁ ਸਮੇਂ ਮਗਰੋਂ ਜਦ ਇਸਤ੍ਰੀ ਦਾ ਆਪਣਾ ਪਤੀ ਘਰ ਆ ਪਹੁੰਚਾ ਤਾਂ ਉਸ ਨੇ ਵੇਖਿਆ ਇਸਤਰੀ ਘਰ ਨਹੀਂ ਹੈ, ਪੁੱਛਣ ਤੋਂ ਪਤਾ ਲੱਗਾ ਕਿ ਉਹ ਤਾਂ ਰਾਜ-ਮੰਦਰਾਂ ਵਿਚ ਬੈਠੀ ਹੈ। ਉਸ ਵੇਲੇ ਉਸ ਨੇ ਇਕ ਪਿਆਰ ਭਰੀ ਚਿੱਠੀ ਲਿਖੀ ਅਤੇ ਅਖੀਰ ਵਿਚ ਲਿਖਿਆ- "ਮੈਂ ਪ੍ਰਦੇਸੋਂ ਆ ਗਿਆ ਹਾਂ, ਤੇਰੀ ਉਡੀਕ ਵਿਚ ਬੈਠਾ ਹਾਂ ਜੇ ਤੇਰੇ ਅੰਦਰ ਪਿਆਰ ਹੈ ਤਾਂ ਮੈਨੂੰ ਆ ਕੇ ਮਿਲ।"

ਇਸ ਤਰ੍ਹਾਂ ਦੀ ਚਿੱਠੀ ਲਿਖ ਕੇ ਕਿਸੇ ਨੌਕਰ ਦੀ ਰਾਹੀਂ ਇਸਤ੍ਰੀ ਪਾਸ ਪਹੁੰਚਾ ਦਿੱਤੀ। ਇਸਤ੍ਰੀ ਪੜ੍ਹ ਕੇ ਬਹੁਤ ਖੁਸ਼ ਹੋਈ। ਅੱਗੋਂ ਇਸਤ੍ਰੀ ਨੇ ਭੀ ਆਪਣੇ ਵਲੋਂ ਇਕ ਪ੍ਰੇਮ-ਪੱਤ੍ਰਕਾ ਲਿਖ ਕੇ ਪਤੀ ਦੇਵ ਵੱਲ ਭੇਜੀ ਕਿ ਮੇਰਾ ਚਿੱਤ ਤੇਰੇ ਨਾਲ ਹੀ ਹੈ। ਰਾਜੇ ਨੇ ਤਾਂ ਮੈਨੂੰ ਜ਼ਬਰ-ਦਸਤੀ ਆਪਣੇ ਪਾਸ ਰੱਖਿਆ ਹੋਇਆ ਹੈ। ਜਿਸ ਵੇਲੇ ਵੀ ਕੋਈ ਨਿਕਲਣ ਦਾ ਮੌਕਾ ਮਿਲਿਆ ਤਾਂ ਮੈਂ ਜ਼ਰੂਰ ਤੈਨੂੰ ਆ ਕੇ ਮਿਲਾਂਗੀ।

ਦੇਵਨੇਤ ਨਾਲ ਇਕ ਦਿਨ ਰਾਜਾ ਇਸ ਔਰਤ ਨੂੰ ਨਾਲ ਲੈ ਕੇ ਤਮਾਸ਼ਾ ਵੇਖਣ ਚਲਾ ਗਿਆ। ਤਮਾਸ਼ਾ ਵੇਖ ਕੇ ਰਾਤ ਨੂੰ ਇਕ ਕੈਂਪ ਵਿਚ ਸੌਂ ਗਿਆ। ਇਸ ਔਰਤ ਨੇ ਉਸ ਰਾਤ ਮੌਕਾ ਤਾੜ ਕੇ ਰਾਜੇ ਨੂੰ ਇਕੱਲਾ ਵੇਖ ਕੇ ਮਾਰ ਦਿੱਤਾ, ਆਪ ਨਿਕਲ ਆਈ। ਪਤੀ ਨੂੰ ਮਿਲ ਕੇ ਰਾਤੋ ਰਾਤ ਆਪਣੇ ਘਰੋਂ ਨਕਦੀ ਮਾਲ ਵਗੈਰਾ ਲੈ ਕੇ ਆਪਣੇ ਦੇਸ਼ 'ਚੋਂ ਨਿਕਲ ਗਏ। ਅੱਗੋਂ ਇਕ ਜੰਗਲ ਆ ਗਿਆ। ਤੁਰਦੇ-ਤੁਰਦੇ ਜਦ ਥੱਕ ਗਏ ਤਾਂ ਰਾਹ ਵਿਚ ਹੀ ਸੌਂ ਗਏ। ਓਥੇ ਹੀ ਇਕ ਸੱਪ ਨੇ ਨਿਕਲਕੇ ਇਸ ਔਰਤ ਦੇ ਪਤੀ ਨੂੰ ਡੰਗ ਮਾਰ ਕੇ ਮਾਰ ਦਿੱਤਾ। ਔਰਤ ਬਹੁਤ ਦੁਖੀ ਹੋਈ, ਰੋਂਦੀ ਪਿਟਦੀ ਨੂੰ ਚੋਰ ਆ ਪਏ, ਉਹਨਾਂ ਨੇ ਆ ਕੇ ਮਾਲ ਵੀ ਖੋਹ ਲਿਆ ਅਤੇ ਇਸ਼ ਨੂੰ ਵੀ ਆਪਣੇ ਘਰ ਲੈ ਗਏ। ਕੁਝ ਕੁ ਚਿਰ ਰੱਖ ਕੇ ਫੇਰ ਵੇਸ਼ਵਾ ਪਾਸ ਵੇਚ ਦਿੱਤਾ, ਵੇਸ਼ਵਾ ਪਾਸ ਕਾਫੀ ਚਿਰ ਰਹੀ।

ਇਕ ਦਿਨ ਇਸ ਦਾ ਆਪਣਾ ਪੁੱਤਰ ਜੋ ਇਸ ਦੇ ਆਪਣੇ ਪਤੀ ਤੋਂ ਪੈਦਾ ਹੋਇਆ ਸੀ, ਉਹ ਸੌਦਾਗਰੀ ਕਰਦਾ ਹੋਇਆ ਇਸੇ ਸ਼ਹਿਰ ਵਿਚ ਆਇਆ ਤੇ ਕਾਮ ਅਧੀਨ ਹੋਇਆ ਉਸ ਵੇਸ਼ਵਾ ਦੇ ਘਰ ਆ ਪਹੁੰਚਾ, ਸਾਰੀ ਰਾਤ ਇਸੇ ਦੇ ਪਾਸ ਹੀ ਰਿਹਾ। ਜਦ ਸਵੇਰ ਹੋਣ ਨਾਲ ਉਹ ਉੱਠਿਆ ਤਾਂ ਵੇਸ਼ਵਾ ਨੇ ਪੁੱਛਿਆ - "ਤੁਸੀਂ ਕਿਥੋਂ ਆਏ ਹੋ, ਆਪ ਦਾ ਕੀ ਨਾਮ ਹੈ?"

ਇਸ ਨੌਜਵਾਨ ਲੜਕੇ ਨੇ ਜਦ ਆਪਣਾ ਨਾਮ, ਦੇਸ਼ ਘਰ, ਵਗੈਰਾ ਦੱਸਿਆ ਤਾਂ ਉਸ ਨੂੰ ਇਹ ਨਿਸਚਾ ਹੋ ਗਿਆ ਕਿ ਇਹ ਤਾਂ ਮੇਰਾ ਹੀ ਪੁੱਤਰ ਹੈ। ਬੜੀ ਲੱਜਾ ਸਹਿਤ ਹੋ ਕੇ ਆਪਣੇ ਮਨ ਵਿਚ ਆਖਦੀ ਹੈ- ''ਅੱਜ ਮੇਰੇ ਪਾਸੋਂ ਬੜਾ ਭਾਰੀ ਪਾਪ ਹੋ ਗਿਆ ਹੈ।'' ਉਸੀ ਵੇਲੇ ਉਸ ਨੂੰ ਤੋਰ ਕੇ ਆਪ ਕਿਸੇ ਪੰਡਿਤ ਪਾਸੋਂ ਜਾ ਕੇ ਪੁੱਛਦੀ ਹੈ ਕਿ ਜੇਕਰ ਐਸਾ ਕੋਈ ਪਾਪ ਕਰਮ ਹੋ ਜਾਵੇ ਤਾਂ ਉਸਦੀ ਨਵਿਰਤੀ ਦਾ ਪ੍ਰਾਸਚਿਤ ਕਿਹੜਾ ਹੈ?

ਪੰਡਿਤ ਜੀ ਨੇ ਆਪਣੀ ਵਿਦਵਤਾ ਨਾਲ ਕਿਹਾ-''ਜੇਕਰ ਮਾਂ ਪੁੱਤਰ ਦਾ ਐਸਾ ਕੋਈ ਕੁੱਕਰਮ ਹੋ ਜਾਵੇ ਤਾਂ ਪਿੱਪਲ ਦੀਆਂ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਕੇ ਗੰਗਾ ਦੇ ਕਿਨਾਰੇ ਪਰ ਚਿਖਾ ਬਣਾ ਕੇ ਜਿਊਂਦੀ ਸੜ ਜਾਵੇ।''

ਇਹ ਵੇਸ਼ਵਾ ਉਸੀ ਵੇਲੇ ਗੰਗਾ ਦੇ ਕਿਨਾਰੇ ਪਿੱਪਲ ਦੀਆਂ ਸੁੱਕੀਆਂ ਲੱਕੜਾਂ ਕੱਠੀਆਂ ਕਰ ਕੇ ਚਿਖਾ ਬਣਾ ਕੇ ਅੱਗ ਲਗਾ ਕੇ ਉੱਪਰ ਬੈਠੀ ਹੀ ਸੀ ਜੋ ਇਤਨੇ ਨੂੰ ਪਾਣੀ ਦਾ ਹੜ ਆ ਗਿਆ, ਉਹ ਰੋੜ੍ਹ ਕੇ ਵਿਚ ਹੀ ਲੈ ਗਿਆ, ਇਹ ਸੜ ਮਰ ਨਾ ਸਕੀ, ਕਿਉਂਕਿ ਆਪਣੇ ਆਪ ਮਰਨ ਦਾ ਕਿਸੇ ਵਿਚ ਜ਼ੋਰ ਨਹੀਂ ਹੈ। ਪਾਣੀ ਦੇ ਵਿਚ ਵੱਡੀ ਲੱਕੜ ਸੀ, ਉਸ ਪਰ ਬੈਠ ਗਈ ਤੇ ਪਾਣੀ ਵਿਚ ਰੁੜ੍ਹੀ ਜਾ ਰਹੀ ਹੈ। ਆਖ ਕੇ ਲੋਕਾਂ ਨੂੰ ਸੁਣਾਉਂਦੀ ਜਾ ਰਹੀ ਹੈ ਕਿ ਕੋਈ ਪਰਉਪਕਾਰੀ ਜੀਵ ਹੈ, ਜੋ ਮੈਨੂੰ ਇਹ ਜਲ ਤੋਂ ਬਾਹਰ ਕੱਢ ਲਵੇ ਤਾਂ ਮੈਂ ਉਸ ਦੀ ਦਾਸੀ ਹੋ ਕੇ ਰਹਾਂਗੀ।

ਇਕ ਗੁੱਜਰ ਜਲ ਦੇ ਕਿਨਾਰੇ ਦੁੱਧ ਵਾਲੇ ਭਾਂਡੇ ਧੋ ਰਿਹਾ ਸੀ, ਜਦ ਉਸ ਨੇ ਸੁਣਿਆ ਤਾਂ ਉਪਰਾਲਾ ਕਰ ਕੇ ਉਸ ਨੇ ਕੱਢ ਲਿਆ। ਇਹ ਔਰਤ ਫੇਰ ਉਸ ਦੇ ਭਾਂਡੇ ਚੁੱਕ ਕੇ ਉਸ ਦੇ ਨਾਲ ਹੀ ਉਸ ਦੇ ਘਰ ਚਲੀ ਗਈ, ਦਾਸੀ ਬਣਕੇ ਉਸਦਾ ਸਾਰਾ ਕੰਮ ਕਰਦੀ ਰਹੀ। ਦੁੱਧ ਦੇ ਵਲਟੋਹੇ ਚੁੱਕ ਕੇ ਦੁਕਾਨਾਂ ਪਰ ਜਾ ਕੇ ਵੀ ਦੇ ਆਇਆ ਕਰੇ।

ਇਕ ਦਿਨ ਦਾ ਜ਼ਿਕਰ ਹੈ ਜੋ ਇਹ ਭੀ ਅਤੇ ਹੋਰ ਗੁੱਜਰਨੀਆਂ ਭੀ ਦੁੱਧ ਦੇ ਵਲਟੋਹੇ ਚੁੱਕ ਕੇ ਜਾ ਰਹੀਆਂ ਸਨ, ਅੱਗੋਂ ਇਕ ਸ਼ਾਹੀ ਫੌਜ ਚਲੀ ਆ ਰਹੀ ਸੀ ਉਹਨਾਂ ਦੀ ਬੇਪ੍ਰਵਾਹੀ ਧੱਕਿਆਂ ਕਰ ਕੇ ਸਭ ਗੁਜਰਨੀਆਂ ਦੇ ਭਾਂਡੇ ਡਿੱਗ ਪਏ। ਉਸ ਵੇਲੇ ਸਭ ਗੁੱਜਰਨੀਆਂ ਹੰਝੂ ਸਿਟਦੀਆਂ ਰੋਣ ਲੱਗ ਪਈਆਂ ਪਰ ਇਕ ਇਹੋ ਗੁੱਜਰਨੀ ਹੱਸਦੀ ਰਹੀ। ਇਤਨੇ ਨੂੰ ਫੌਜ ਦਾ ਮਾਲਕ ਬਾਦਸ਼ਾਹ ਜਦ ਇਨ੍ਹਾਂ ਦੇ ਪਾਸ ਆ ਕੇ ਪਹੁੰਚਾ ਤਾਂ ਕੀ ਵੇਖਦਾ ਹੈ ਦੁੱਧ ਲੱਸੀ ਦੇ ਡੁੱਲ੍ਹਣ ਕਰ ਕੇ ਸਭ ਗੁੱਜਰਨੀਆਂ ਰੋ ਰਹੀਆਂ ਹਨ ਪਰ ਇਕ ਗੁਜਰਨੀ ਹੱਸ ਰਹੀ ਹੈ। ਉਸ ਪਾਸੋਂ ਬਾਦਸ਼ਾਹ ਨੇ ਪੁੱਛਿਆ- ''ਤੂੰ ਕਿਉਂ ਹੱਸ ਰਹੀ ਹੈਂ?'' ਇਸ ਨੇ ਕਿਹਾ-''ਹੇ ਰਾਜਨ ! ਤੂੰ ਪੁੱਛ ਕੇ ਕੀ ਲੈਣਾ ਹੈ, ਤੂੰ ਆਪਣਾ ਕੰਮ ਕਰ।'' ਪਰ ਰਾਜਿਆਂ ਦਾ ਖਿਆਲ ਹੁੰਦਾ ਹੈ, ਜਿਸ ਪਾਸੇ ਪੈ ਜਾਵੇ। ਜਦ ਰਾਜਾ ਖਹਿੜੇ ਪੈ ਗਿਆ ਤਾਂ ਗੁਜਰਨੀ ਨੇ ਆਪਣੀ ਹੱਡ ਬੀਤੀ ਪਿਛਲੀ ਸਾਰੀ ਬਿਵਸਥਾ ਸੁਣਾ ਕੇ ਦੱਸੀ।

ਯਥਾ— ''ਨ੍ਰਿਪ ਮਾਰ ਚਲੀ ਪੀਅ ਆਪਨ ਸਿਉਂ, ਪੀਅ ਸਾਂਪ ਡਸਿਓ ਦੁਖ ਹੌ ਭਰ ਹੌਂ।
ਬਨ ਮਾਂਝ ਗਈ ਬਨ ਚੋਰ ਗਹੀ, ਤਿਨ ਬੇਚ ਲਈ ਗਨਿਕਾ ਗ੍ਰਿਹ ਹੌਂ।
ਸੁਤ ਸੰਗ ਕੀਯੋ ਤਬ ਜਰਨ ਚਲੀ, ਮਿਲ ਕਾਠ ਕੇ ਸੰਗ ਨਦੀ ਤਰ ਹੌਂ।
ਸੁਨਿ ਹੋ ਮਹਾਰਾਜ ਹੌਂ ਗੂਜਰੀ ਹੌਂ, ਅਬ 'ਦੂਧ' ਕੀ ਚਿੰਤ ਕਹਾ ਕਰ ਹੌਂ।''

ਇਸ ਸਾਖੀ ਤੋਂ ਇਹ ਸਿੱਧ ਹੋਇਆ ਕਿ ਗੁੱਜਰਨੀ ਨੇ ਮਰਨ ਦਾ ਉਪਰਾਲਾ ਬਹੁਤ ਕੀਤਾ, ਪਰ ਮਰ ਨਾ ਸਕੀ। ਕਿਉਂਕਿ ਆਪਣੇ ਆਪ ਮਰਨ ਦਾ ਜ਼ੋਰ ਕਿਸੀ ਵਿਚ ਨਹੀਂ ਹੈ।

ਜੋਰੁ ਨ ਰਾਜਿ ਮਾਲਿ ਮਨਿ ਸੋਰੁ॥

ਇਸ ਮਨੁੱਖ ਵਿਚ ਆਪਣੇ ਆਪ ਰਾਜ ਮਾਲ ਦੀ ਪ੍ਰਾਪਤੀ ਦਾ ਵੀ ਜੋਰੁ=ਬਲ ਨਹੀਂ ਹੈ। ਅਤੇ ਆਪਣੇ ਆਪ ਰਾਜ ਮਾਲ ਦੇ ਮਨਿ ਸੋਰੁ=ਤਿਆਗਣ ਦਾ ਭੀ ਜੋਰੁ=ਬਲ ਨਹੀਂ ਹੈ।

ਅਥਵਾ-ਮਨ ਦੇ ਸ਼ੋਰ ਸ਼ਰਾਬੇ ਦੇ ਤਿਆਗਣ ਅਤੇ ਗ੍ਰਹਿਣ ਕਰਨ ਦਾ ਭੀ ਇਸ ਵਿਚ ਬਲ ਨਹੀਂ ਹੈ।

ਜੋਰੁ ਨ ਸੁਰਤੀ ਗਿਆਨਿ ਵੀਚਾਰਿ॥

ਪਹਿਲਾ ਅਰਥ-ਸੁਰਤੀ=ਵੇਦਾਂ ਦੇ ਗਿਆਨ ਵਿਚਾਰਨ ਦਾ ਭੀ ਇਸ ਵਿਖੇ ਜੋਰੁ=ਬਲ ਨਹੀਂ ਹੈ।

ਦੂਜਾ ਅਰਥ-ਸੁਰਤੀ=ਵੇਦਾਂ ਦੇ ਪੜ੍ਹਨ ਦਾ ਭੀ ਇਸ ਵਿਖੇ ਜ਼ੋਰ ਨਹੀਂ ਹੈ, ਅਤੇ ਸਰੂਪ ਗਿਆਨ ਦੀ ਪ੍ਰਾਪਤੀ ਦਾ ਵੀ ਇਸ ਵਿਖੇ ਜ਼ੋਰ ਨਹੀਂ ਹੈ। ਸੱਤ ਅਸੱਤ ਵਸਤੂ ਦੇ ਵਿਚਾਰਨ ਦਾ ਵੀ ਇਸ ਵਿਖੇ ਜ਼ੋਰ ਨਹੀਂ ਹੈ।

ਤੀਜਾ ਅਰਥ-ਸੁ+ਰਤੀ=ਸਰੇਸ਼ਟ ਪ੍ਰੀਤੀ ਧਾਰਨ ਦਾ ਵੀ ਇਸ ਵਿਖੇ ਜ਼ੋਰ ਨਹੀਂ ਹੈ ਅਤੇ ਸੁਰਤੀ=ਬਿਰਤੀ ਦੇ ਲਗਾਉਣ ਦਾ ਵੀ ਇਸ ਵਿਖੇ ਜ਼ੋਰ ਨਹੀਂ ਹੈ।

ਜੋਰੁ ਨ ਜੁਗਤੀ ਛੁਟੈ ਸੰਸਾਰੁ॥

ਕਿਸੇ ਜੁਗਤੀ ਕਰਕੇ ਸੰਸਾਰ ਤੋਂ ਛੁੱਟਣੇ ਦਾ ਵੀ ਇਸ ਵਿਖੇ ਜ਼ੋਰ ਨਹੀਂ ਹੈ।

ਅਥਵਾ-ਸ਼ਾਸਤ੍ਰਕ ਜੁਗਤੀਆਂ, ਮਨ ਦੀਆਂ ਜੁਗਤੀਆਂ ਅਤੇ

ਵਿਹਾਰਕ ਜੁਗਤੀਆਂ ਦੀ ਪ੍ਰਾਪਤੀ ਦਾ ਵੀ ਇਸ ਵਿਖੇ ਜ਼ੋਰ ਨਹੀਂ ਹੈ ਅਤੇ ਸੰਸਾਰ ਦੇ ਛੁੱਟਣੇ ਦਾ ਵੀ ਇਸ ਵਿਖੇ ਜ਼ੋਰ ਨਹੀਂ ਹੈ।

ਇਕ ਸਿੱਧ ਨੇ ਕਿਹਾ, 'ਮੇਰੇ ਵਿਚ ਜ਼ੋਰ ਹੈ, ਮੈਂ ਆਪਣੇ ਆਪ ਸਭ ਕੁਛ ਕਰ ਸਕਦਾ ਹਾਂ।'

ਤਾਂ ਗੁਰੂ ਜੀ ਨੇ ਕਿਹਾ-

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥

ਜਿਸ ਦੇ ਆਪਣੇ ਹੱਥ ਵਿਖੇ ਸੁਤੰਤ੍ਰਪਣੇ ਰੂਪੀ ਜੋਰੁ=ਬਲ ਹੈ, ਉਹ ਕੁਝ ਕਰਕੇ ਵੇਖ ਲਵੇ।

ਯਥਾ—"ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥
ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ ਜੋ ਤਿਸੁ ਭਾਵੈ ਸੋਈ ਕਰੇਇ॥"

[ਪੰਨਾ ੨੭੭]

ਤਥਾ—'ਇਸ ਕਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥
ਆਗਿਆਕਾਰੀ ਬਪੁਰਾ ਜੀਉ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ॥"

[ਗਉੜੀ ਸੁਖਮਨੀ, ਪੰਨਾ ੨੭੭]

ਤਥਾ—"ਮਾਧਉ ਹਰਿ ਹਰਿ ਹਰਿ ਮੁਖਿ ਕਹੀਐ॥
ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ॥ ੧॥ ਰਹਾਉ॥
ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ॥

ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ॥ ੧॥"

[ਗਉੜੀ ਮਾਲਾ ਪ, ਪੰਨਾ ੨੧੬]

ਤਥਾ— "ਜਹ ਜਹ ਭਾਣਾ ਤਹ ਤਹ ਰਾਖੇ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ॥ ੫॥"

[ਗਉੜੀ ਸੁਖਮਨੀ, ਪੰਨਾ ੨੭੬]

ਨਾਨਕ ਉਤਮੁ ਨੀਚੁ ਨ ਕੋਇ॥ ੩੩॥

ਗੁਰੂ ਜੀ ਕਥਨ ਕਰਦੇ ਹਨ, ਆਪਣੇ ਆਪ ਨਾ ਕੋਈ ਉੱਤਮ, ਨਾ ਕੋਈ ਨੀਚ ਬਣ ਸਕਦਾ ਹੈ, ਇਹ ਸਭ ਗੱਲਾਂ ਪ੍ਰਮੇਸ਼ਰ ਦੇ ਅਧੀਨ ਹਨ॥ ੩੩॥

ਯਥਾ— "ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ ੧॥"

[ਮਾਰੂ ਰਵਿਦਾਸ, ਪੰਨਾ ੧੧੦੬]

ਤਥਾ— "ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ॥
ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ॥ ੨॥"

[ਬਿਲਾਵਲੁ ਮਹਲਾ ਪ, ਪੰਨਾ ੮੧੩]

ਤਥਾ— "ਜਿਤੁ ਕੋ ਲਾਇਆ ਤਿਤ ਹੀ ਲਗਾਨਾ॥ ਨਾ ਕੋ ਮੂੜ੍ਹ ਨਹੀ ਕੋ ਸਿਆਨਾ॥"

[ਰਾਮਕਲੀ ਮਹਲਾ ਪ, ਪੰਨਾ ੮੧੪]

ਇਸ ਅਰਥ ਦੁਆਰਾ ਇਹੋ ਸਿੱਧ ਹੋਇਆ ਜੀਵ ਪਤੰਤ੍ਰ ਹੈ, ਸੁਤੰਤ੍ਰ ਨਹੀਂ।

ਦੂਜਾ ਅਰਥ-

ਪੁਨਾ-ਸਿੱਧ ਨੇ ਬੇਨਤੀ ਕੀਤੀ- 'ਉਸ ਪ੍ਰਮਾਤਮਾ ਦੀ ਪ੍ਰਾਪਤੀ ਤਨ ਦੇ ਬਲ ਕਰ ਕੇ ਹੁੰਦੀ ਹੋਵੇਗੀ।' ਗੁਰ ਉੱਤਰ-

ਤਨ ਦੇ ਬਲ ਕਰ ਕੇ ਉਸ ਦੀ ਪ੍ਰਾਪਤੀ ਨਹੀਂ ਹੁੰਦੀ। ਕਿਉਂਕਿ-

ਆਖਣਿ ਜੋਰੁ ਚੁਪੈ ਨਹ ਜੋਰੁ॥

ਤਨ ਦੇ ਜ਼ੋਰ ਕਰ ਕੇ ਤਾਂ ਸ਼ੁਭ ਬਚਨ ਵੀ ਨਹੀਂ ਆਖਿਆ ਜਾਂਦਾ ਤੇ ਉਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।

ਦੇਖੋ ! ਜ਼ਿਮੀਦਾਰਾਂ ਦੇ ਸਰੀਰ ਵਿਚ ਕਿੰਨਾਂ ਬਲ ਹੁੰਦਾ ਹੈ। ਪ੍ਰੰਤੂ ਚੰਗੀ ਤੇ ਸੋਹਣੀ ਮਿਠਾਸ ਭਰੀ ਬਾਣੀ ਨਹੀਂ ਉਚਾਰ ਸਕਦੇ। ਤਨ ਦੇ ਬਲ ਕਰ ਕੇ ਚੁਪ ਵੀ ਨਹੀਂ ਹੋ ਸਕੀਦਾ।

ਜੋਰੁ ਨ ਮੰਗਣਿ ਦੇਣਿ ਨ ਜੋਰੁ॥

ਤਨ ਦੇ ਜ਼ੋਰ ਕਰ ਕੇ ਮੰਗਿਆ ਵੀ ਨਹੀਂ ਜਾਂਦਾ ਅਤੇ ਤਨ ਦੇ ਜ਼ੋਰ ਕਰ ਕੇ ਕੁਝ ਦਿੱਤਾ ਵੀ ਨਹੀਂ ਜਾਂਦਾ ਤੇ ਉਸ ਪ੍ਰਭੂ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।

ਜੋਰੁ ਨ ਜੀਵਣਿ ਮਰਣਿ ਨਹ ਜੋਰੁ॥

ਤਨ ਦੇ ਜੋਰੁ=ਬਲ ਕਰ ਕੇ ਜੀਵਿਆ ਵੀ ਨਹੀਂ ਜਾਂਦਾ। ਤਨ ਦੇ ਜੋਰੁ=ਬਲ ਕਰ ਕੇ ਮਰਿਆ ਵੀ ਨਹੀਂ ਜਾਂਦਾ ਤੇ ਪ੍ਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।

ਜੋਰੁ ਨ ਰਾਜਿ ਮਾਲਿ ਮਨਿ ਸੋਰੁ॥

ਤਨ ਦੇ ਜੋਰੁ=ਬਲ ਕਰ ਕੇ ਮਨ ਦਾ ਸ਼ੋਰ ਸ਼ਰਾਬਾ ਜੋ 'ਰਾਜ ਮਾਲ' ਹੈ, ਉਹ ਪ੍ਰਾਪਤ ਨਹੀਂ ਹੁੰਦਾ।

ਵਾ-ਤਨ ਦੇ ਬਲ ਕਰ ਕੇ ਨਾ ਰਾਜ ਮਾਲ ਪ੍ਰਾਪਤ ਹੁੰਦਾ ਹੈ, ਨਾ ਹੀ ਮਨ ਦਾ ਸ਼ੇਰ ਸ਼ਰਾਬਾ ਤਿਆਗਿਆ ਜਾਂਦਾ ਹੈ ਤੇ ਤਨ ਦੇ ਬਲ ਕਰ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।

ਜੋਰੁ ਨ ਸੁਰਤੀ ਗਿਆਨਿ ਵੀਚਾਰਿ॥

ਤਨ ਦੇ ਜੋਰੁ=ਬਲ ਕਰ ਕੇ ਸੁਰਤੀ=ਵੇਦਾਂ ਦੇ ਗਿਆਨ ਨੂੰ ਵੀ ਨਹੀਂ ਵਿਚਾਰ ਸਕਦਾ।

ਜੋਰੁ ਨ ਜੁਗਤੀ ਛੁਟੈ ਸੰਸਾਰੁ॥

ਤਨ ਦੇ ਜੋਰੁ=ਬਲ ਕਰਕੇ ਸੰਸਾਰ ਤੋਂ ਛੁੱਟਣੇ ਦੀਆਂ ਜੁਗਤੀਆਂ ਵੀ ਨਹੀਂ ਪ੍ਰਾਪਤ ਹੋ ਸਕਦੀਆਂ ਤੇ ਪ੍ਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥

ਜਿਸ ਪੁਰਸ਼ ਦੇ ਹੱਥਿ ਉਪਲੱਖਤ ਭਾਵ.ਹਥਿ=ਸੰਜੁਗਤ ਸਰੀਰ ਵਿਖੇ ਜੋਰੁ=ਬਲ ਹੈ। ਉਹ ਆਪਣੇ ਸਰੀਰ ਦੇ ਬਲ ਨੂੰ ਲਗਾ ਕੇ ਵੇਖ ਲਵੇ ਜੇ ਉਸ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਸਕਦੀ ਹੋਵੇ। ਅਰਥਾਤ ਸਰੀਰ ਦੇ ਬਲ ਕਰ ਕੇ ਉਸ ਦੀ ਪ੍ਰਾਪਤੀ ਬਿਲਕੁਲ ਨਹੀਂ ਹੋ ਸਕਦੀ।

ਨਾਨਕ ਉਤਮੁ ਨੀਚੁ ਨ ਕੋਇ॥ ੩੩॥

ਗੁਰੂ ਜੀ ਆਖਦੇ ਹਨ, ਤਨ ਦੇ ਬਲ ਕਰਕੇ ਨਾ ਕੋਈ ਉੱਤਮ ਹੋ ਸਕਦਾ ਹੈ, ਨਾ ਹੀ ਨੀਚ ਹੋ ਸਕਦਾ ਹੈ।

ਤੀਜਾ ਅਰਥ-

ਪੁਨਾ-ਸਿੱਧ ਨੇ ਕਿਹਾ, ਪ੍ਰਮੇਸ਼ਰ ਦੀ ਪ੍ਰਾਪਤੀ ਦਾ ਮੁਖ ਸਾਧਨ ਜੋ ਗਿਆਨ ਹੈ ਉਸ ਦੀ ਪ੍ਰਾਪਤੀ ਅਖਿਆਣਾ ਦੇ ਕਥਨ ਕਰਨ ਨਾਲ ਹੁੰਦੀ ਹੈ.

ਯਾਂ ਮੌਨ ਧਾਰਨ ਨਾਲ ਹੁੰਦੀ ਹੈ, ਯਾਂ ਬਹੁਤੇ ਜੀਵਣ ਨਾਲ ਹੁੰਦੀ ਹੈ?

ਤਾਂ ਗੁਰੂ ਜੀ ਨੇ ਕਿਹਾ-

ਆਖਣਿ ਜੋਰੁ ਚੁਪੈ ਨਹ ਜੋਰੁ॥

ਆਖਣਿ=ਅਖਿਆਣਾ ਦੇ ਅਰਥਾਤ ਮਹਾਂ ਭਾਰਤ ਦੇ ਕਥਨ ਕਰਨ ਨਾਲ ਵੀ ਜੋਰੁ=ਗਿਆਨ ਦੀ ਪ੍ਰਾਪਤੀ ਨਹੀਂ ਹੈ।

ਅਥਵਾ-ਨਯਾਇ ਆਦਿਕ ਬਹੁਤੇ ਸ਼ਾਸਤ੍ਰਾਂ ਦੀਆਂ ਗੱਲਾਂ ਆਖਣਿ=ਕਥਨ ਕਰਨ ਨਾਲ ਵੀ ਜੋਰੁ ਨ=ਗਿਆਨ ਦੀ ਪ੍ਰਾਪਤੀ ਨਹੀਂ ਹੈ।

ਚੁਪੈ ਨਹ ਜੋਰੁ

ਸੁਭਾਵਕ ਚੁਪ ਰਹਿਣ ਨਾਲ, ਅਥਵਾ-ਚੁਪੈ=ਮੌਨ ਧਾਰ ਕੇ ਸਮਾਧੀ ਲਗਾਉਣ ਕਰ ਕੇ ਵੀ ਜੋਰੁ=ਗਿਆਨ ਦੀ ਪ੍ਰਾਪਤੀ ਨਹੀਂ ਹੈ।

ਜੋਰੁ ਨ ਮੰਗਣਿ ਦੇਣਿ ਨ ਜੋਰੁ॥

ਮਧੂਕੜੀ ਮੰਗਣ ਨਾਲ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ।

ਵਾ-ਕਿਸੀ ਦੇਵੀ ਦੇਵਤੇ ਪਾਸੋਂ ਮੰਗਣ ਨਾਲ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ।

ਵਾ-ਮੰਗਿਆ ਹੋਇਆ ਅੰਨ ਖਾਣ ਨਾਲ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ। ਦਾਨ ਦੇਣ ਨਾਲ

ਵੀ ਜੋਰੁ=ਗਿਆਨ ਦੀ ਪ੍ਰਾਪਤੀ ਨਹੀਂ ਹੈ।

ਜੋਰੁ ਨ ਜੀਵਣਿ ਮਰਣਿ ਨਹ ਜੋਰੁ॥

ਬਹੁਤੇ ਜੀਵਣ ਕਰ ਕੇ ਵੀ ਜੋਰੁ=ਗਿਆਨ ਦੀ ਪ੍ਰਾਪਤੀ ਨਹੀਂ ਹੈ।

ਹਠ ਕਰ ਕੇ ਮਰਨ ਨਾਲ ਵੀ ਜੋਰੁ=ਗਿਆਨ ਦੀ ਪ੍ਰਾਪਤੀ ਨਹੀਂ ਹੈ।

ਯਥਾ—"ਹਠੁ ਕਰਿ ਮਰੈ ਨ ਲੇਖੈ ਪਾਵੈ॥ ਵੇਸ ਕਰੈ ਬਹੁ ਭਸਮ ਲਗਾਵੈ॥' [ਪੰਨਾ ੨੨੬]

ਵਾ-ਕਾਂਸ਼ੀ ਦਾ ਕਲਵੜ੍ਹ ਲੈ ਕੇ ਮਰ ਜਾਣ ਨਾਲ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ।

ਜੋਰੁ ਨ ਰਾਜਿ ਮਾਲਿ ਮਨਿ ਸੋਰੁ॥

ਰਾਜਿ ਮਾਲਿ=ਰਾਜ-ਭਾਗ ਦੇ ਗ੍ਰਹਿਣ ਕਰਨ ਨਾਲ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ।

ਮਨ ਦੇ ਸ਼ੋਰ ਸ਼ਰਾਬੇ ਕਰਕੇ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ।

ਜੋਰੁ ਨ ਸੁਰਤੀ ਗਿਆਨਿ ਵੀਚਾਰਿ॥

ਗਿਆਨਿ=ਜਾਣਨਾ ਕਰੋ ਵੇਦ ਸੁਰਤੀਆਂ ਦੇ ਵਿਚਾਰਨ ਕਰਕੇ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ।

ਜੋਰੁ ਨ ਜੁਗਤੀ ਛੁਟੈ ਸੰਸਾਰੁ॥

ਨਾਨਾ ਪ੍ਰਕਾਰ ਦੀਆਂ ਜੁਗਤੀਆਂ ਕਰ ਕੇ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੈ।

ਪੁਨਾ-ਸਿੱਧ ਨੇ ਕਿਹਾ-"ਗਿਆਨ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ?"

ਗੁਰ ਉੱਤਰ-ਛੁਟੈ ਸੰਸਾਰੁ=ਸੰਸਾਰ ਫੁਰਨਾ ਵਾ ਸੰਸਾਰ ਦੇ ਪਦਾਰਥਾਂ ਦਾ ਮੋਹ ਛੁਟ ਜਾਵੇ ਗੁਰ ਕਿਰਪਾ ਦੁਆਰੇ ਤਦ ਇਸ ਜੀਵ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ।

ਫਿਰ ਸਿੱਧ ਨੇ ਕਿਹਾ-'ਜਿਸ ਨੂੰ ਗਿਆਨ ਦੀ ਪ੍ਰਾਪਤੀ ਹੋਈ ਹੈ, ਉਸ਼ ਨੂੰ ਕੀ ਫਲ ਮਿਲਦਾ ਹੈ? ਗੁਰ ਉੱਤਰ- ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥

ਜਿਸ ਦੇ ਮਨ ਰੂਪ ਹੱਥ ਵਿਚ ਜੋਰੁ=ਗਿਆਨ ਪ੍ਰਾਪਤ ਹੁੰਦਾ ਹੈ, ਉਹ ਜੀਵ ਪ੍ਰਮੇਸ਼ਰ ਨੂੰ ਹਸਤਾਮਲ ਦੇਖਦਾ ਹੈ।

ਵਾ-ਉਹ ਜੀਵ ਆਪਣੇ ਸਰੂਪ ਨੂੰ, ਉਸ ਪ੍ਰਮੇਸ਼ਰ ਦਾ ਰੂਪ ਸਮਝਕੇ ਵੇਖਣਾ ਕਰਦਾ ਹੈ।

ਫਿਰ ਸਿੱਧ ਨੇ ਕਿਹਾ, ਜਿਸ ਨੇ ਆਪਣੇ ਸਰੂਪ ਨੂੰ ਦੇਖਣਾ ਕੀਤਾ ਹੈ, ਉਸ ਦੀ ਦ੍ਰਿਸ਼ਟੀ ਵਿਚ ਕੀ ਹੈ?

ਗੁਰ ਉੱਤਰ- ਨਾਨਕ ਉਤਮੁ ਨੀਚੁ ਨ ਕੋਇ॥ ੩੩॥'

ਗੁਰੂ ਜੀ ਆਖਦੇ ਹਨ, ਉਸ ਗਿਆਨਵਾਨ ਦੀ ਦ੍ਰਿਸ਼ਟੀ ਵਿਖੇ ਨਾ ਕੋਈ ਉੱਤਮ, ਨਾ ਕੋਈ ਨੀਚ ਹੈ। ਉਸ ਦੀ ਨਿਗਾਹ ਵਿਚੋਂ ਦੁੰਦ ਵਾਦ ਦੂਰ ਹੋ ਗਿਆ ਹੈ॥ ੩੩॥

ਯਥਾ—"ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥" [ਸੋਰਠਿ ਮਹਲਾ ਪ, ਪੰਨਾ ੬੧੦]

ਤਥਾ—"ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ੧॥" [ਆਸਾ, ਪੰਨਾ ੪੮੫]

ਤਥਾ—"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੌ ਮੰਦੇ॥ ੧॥" [ਕਬੀਰ ਜੀ, ਪੰਨਾ ੧੩੪੯]

ਤੇਤੀਵੀਂ ਪਉੜੀ ਦੇ ੬੨ ਅੱਖਰ ਹਨ।

ਚੌਤੀਵੀਂ ਪਉੜੀ

ਪੁਨਾ ਇਕ ਸਿੱਧ ਨੇ ਕਿਹਾ- 'ਸ਼ਾਸਤ੍ਰਾਂ ਵਿਖੇ ਤਿੰਨ ਕਾਂਡ ਕਥਨ ਕੀਤੇ ਹਨ।

੧. ਕਰਮ ਕਾਂਡ। ੨. ਉਪਾਸ਼ਨਾ ਕਾਂਡ। ੩. ਗਿਆਨ ਕਾਂਡ।

ਆਪ ਭੀ ਕਿਰਪਾ ਕਰਕੇ ਪਹਿਲੇ ਕਰਮ ਕਾਂਡ ਸੁਣਾਓ।

ਕਰਮਾਂ ਦੇ ਕਰਨ ਦਾ ਅਸਥਾਨ ਕਿਹੜਾ ਹੈ ? ਅਤੇ-

ਕਰਮ ਕਿਸ ਸਮੇਂ ਪਰ ਕਰੇ, ਜਿਸ ਤੇ ਕਰਮਾਂ ਦਾ ਫਲ ਛੇਤੀ ਪ੍ਰਾਪਤ ਹੋਵੇ।' ਗੁਰ ਉੱਤਰ-

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

[ਧਿਆਨ ਰੱਖੋ ਤੁਕਾਂ ਅੰਨਵੇਂ ਲਗਣੀਆਂ ਹਨ]

ਪੌਣ, ਪਾਣੀ, ਅਗਨੀ ਇਤਿਆਦਿ ਤੱਤਾਂ ਦੁਆਰੇ ਪਾਤਾਲ=ਪੁਲਾੜ ਵਿਚ ਅਰਥਾਤ ਅਕਾਸ਼ ਵਿਚ ਜੋ ਧਰਤੀ ਇਸਥਿਤ ਕੀਤੀ ਹੈ।

ਫਿਰ ਉਸ ਧਰਤੀ ਵਿਚ ਜੋ ਧਰਮ ਦੀ ਸ਼ਾਲਾ ਭਾਰਤ ਖੰਡ ਦੀ ਭੂਮੀ ਅਸਥਾਪਨ ਕਰ ਰੱਖੀ ਹੈ। ਹੇ ਸਿੱਧੋ ! ਏਹੀ ਕਰਮਾਂ ਦੇ ਕਰਨ ਦਾ ਅਸਥਾਨ ਹੈ।

ਯਥਾ—"ਧਰਤਿ ਉਪਾਇ ਧਰੀ ਧਰਮਸਾਲਾ॥ ਉਤਪਤਿ ਪਰਲਉ ਆਪਿ ਨਿਰਾਲਾ॥"

[ਮਾਰੂ ਮਹਲਾ ੧, ਪੰਨਾ ੧੦੩੩]

ਹੁਣ ਦੂਜੇ ਪ੍ਰਸ਼ਨ ਦਾ ਉੱਤਰ ਸੁਣੋ-

ਰਾਤੀ ਰੁਤੀ ਥਿਤੀ ਵਾਰ॥

ਕਰਮਾਂ ਦੇ ਕਰਨ ਲਈ ਸ਼ਿਵਰਾਤਰੀ ਅਥਵਾ ਦੀਵਾਲੀ ਦੀ ਰਾਤ ਬਣਾਈ ਹੈ। ਬਸੰਤ ਆਦਿਕ ਛੇ ਰੁੱਤਾਂ ਬਣਾਈਆਂ ਹਨ। ਪੰਦਰਾਂ ਥਿੱਤਾਂ ਬਣਾਈਆਂ ਹਨ, ਜਿਨ੍ਹਾਂ ਵਿਚੋਂ

ਜਨਮ ਅਸ਼ਟਮੀ। ਰਾਮ ਨੌਮੀ। ਇਕਾਦਸ਼ੀ। ਬਾਵਨ ਦੁਆਦਸ਼ੀ। ਨਰਸਿੰਘ ਚੌਦਸ। ਅਮਾਵਸ। ਪੂਰਨਮਾਸ਼ੀ।

ਇਹ ਸਰੇਸ਼ਟ ਥਿੱਤਾਂ ਹਨ।

ਪੁਨਾ ਸੱਤ ਵਾਰ ਬਣਾਏ ਹਨ-

ਐਤਵਾਰ, ਸੋਮਵਾਂਰ, ਮੰਗਲਵਾਰ, ਬੁਧਵਾਰ, ਵੀਰਵਾਰ, ਸ਼ੁਕਰਵਾਰ, ਸ਼ਨੀਵਾਰ।

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥

ਤਿਸ ਧਰਤੀ ਵਿਚ ਰੰਗਾਂ ਰੰਗਾਂ ਦੇ ਭਾਵ ਤਰ੍ਹਾਂ ਤਰ੍ਹਾਂ ਦੇ ਜੀਵਣ ਲਈ ਤਰ੍ਹਾਂ ਤਰ੍ਹਾਂ ਦੀਆਂ ਜੁਗਤੀਆਂ ਬਣਾਈਆਂ ਹਨ।

ਅਥਵਾ-ਜੀਵਾਂ ਦੇ ਕਰਮ ਕਰਨ ਦੀਆਂ ਜੁਗਤੀਆਂ ਤਰ੍ਹਾਂ ਤਰ੍ਹਾਂ ਦੀਆਂ ਰਚੀਆਂ ਹਨ।

ਤਿਨ੍ਹਾਂ ਜੀਵਾਂ ਦੇ ਨਾਮ ਅਨੇਕਾਂ ਹਨ ਅਤੇ ਜੀਵ ਵੀ ਗਿਣਤੀ ਵਿਚ ਅਨੰਤ=ਬਿਅੰਤ ਹਨ।

ਇਕ ਸਿੱਧ ਨੇ ਕਿਹਾ, 'ਉਨ੍ਹਾਂ ਜੀਵਾਂ ਦਾ ਪ੍ਰਲੋਕ ਵਿਖੇ ਧਰਮਰਾਜਾ ਕਿਵੇਂ ਵਿਚਾਰ ਕਰਦਾ ਹੈ?'

ਗੁਰ ਉੱਤਰ-

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

੧. ਕਰਮੀ=ਜੀਵਾਂ ਦਾ ਕਰਮੀ=ਕਰਮਾਂ ਅਨੁਸਾਰ ਵਿਚਾਰ ਹੁੰਦਾ ਹੈ।

੨. ਅੱਗੇ ਪਰਲੋਕ ਵਿਚ ਆਪੋ ਆਪਣੇ ਕਰਮੀ ਕਰਮੀ=ਕਰਮਾਂ ਹੀ ਕਰਮਾਂ ਅਨੁਸਾਰ ਵਿਚਾਰ ਹੁੰਦਾ ਹੈ।

੩. ਕਰਮੀ ਦਾ ਅਰਥ ਜੀਵ ਹੈ। ਅੱਗੇ ਪਰਲੋਕ ਵਿਚ ਹਰ ਇਕ ਕਰਮੀ ਕਰਮੀ=ਜੀਵ ਜੀਵ ਦਾ ਵੱਖੋ ਵੱਖ ਵਿਚਾਰ ਹੁੰਦਾ ਹੈ।

੪. ਕਰਮੀ=ਕਰਮ ਕਾਂਡੀਆਂ ਨੂੰ ਕੇਵਲ ਕਰਮਾਂ ਦੇ ਕਰਨ ਦਾ ਹੀ ਵਿਚਾਰ ਹੁੰਦਾ ਹੈ।

੫. ਕਰਮੀ=ਜੀਵ ਨੂੰ ਪ੍ਰਮੇਸ਼ਰ ਦੀ ਕਰਮੀਂ=ਕਿਰਪਾ ਹੋਵੇ ਤਾਂ ਸ਼ੁਭ ਵਿਚਾਰ ਪ੍ਰਾਪਤ ਹੁੰਦਾ ਹੈ।

ਉਹ ਪ੍ਰਮੇਸ਼ਰ ਆਪ ਸੱਚਾ ਹੈ, ਉਸ ਦਾ ਪਰਲੋਕ ਦਰਬਾਰ ਵੀ ਸੱਚਾ ਹੈ।

ਤਿਥੈ ਸੋਹਨਿ ਪੰਚ ਪਰਵਾਣੁ॥

੧. ਤਿਥੈ=ਤਿਸ ਪਰਲੋਕ ਦਰਬਾਰ ਵਿਖੇ ਪੰਚ=ਸ਼ਰੇਸ਼ਟ ਕਰਮਾਂ ਦੇ ਕਰਨ ਵਾਲੇ ਜੀਵ ਪ੍ਰਮਾਣੀਕ ਹੋਏ ਸ਼ੋਭਨੀਕ ਹੁੰਦੇ ਹਨ।

੨. ਪੰਜ ਸਤ ਸੰਤੋਖ ਆਦਿਕ ਸ਼ੁਭ-ਗੁਣਾਂ ਦੇ ਧਾਰਨ ਵਾਲੇ।

੩. ਪੰਜਾਂ ਤੱਤਾਂ ਦੀ ਰਹਿਣੀ ਨੂੰ ਧਾਰਨ ਵਾਲੇ ਸ੍ਰੇਸ਼ਟ ਮਹਾਤਮਾਂ ਪ੍ਰਮਾਣੀਕ ਹੋ ਕੇ ਤਿਸ ਦਰਬਾਰ ਵਿਖੇ ਸ਼ੋਭਨੀਕ ਹੁੰਦੇ ਹਨ।

ਪ੍ਰਸ਼ਨ-ਸ੍ਰੇਸ਼ਟ ਕਰਮ ਕੌਣ ਕਰਦਾ ਹੈ? ਗੁਰ ਉੱਤਰ-

ਨਦਰੀ ਕਰਮਿ ਪਵੈ ਨੀਸਾਣੁ॥

੧. ਜਿਨ੍ਹਾਂ ਦੇ ਮੱਥੇ ਪਰ ਨਦਰੀ=ਪ੍ਰਮੇਸ਼ਰ ਦੀ ਕਰਮਿ=ਕਿਰਪਾ ਦਾ ਨੀਸਾਣੁ=ਚਿੰਨ੍ਹ ਭਾਵ ਲੇਖ ਪਿਆ ਹੈ, ਉਹ ਪੁਰਸ਼ ਸ੍ਰੇਸ਼ਟ ਕਰਮਾਂ ਨੂੰ ਕਰਦਾ ਹੈ ਅਤੇ ਓਹੀ ਉਸਦੇ ਦਰਬਾਰ ਵਿਖੇ ਸ਼ੋਭਨੀਕ ਹੁੰਦਾ ਹੈ।

੨. ਨਦਰੀ ਪਵੈ=ਪ੍ਰਮੇਸ਼ਰ ਦੀ ਦ੍ਰਿਸ਼ਟੀ ਪੈਂਦਿਆਂ ਸਾਰ ਹੀ ਜੀਵਾਂ ਦੇ ਜੋ ਸ਼ੁਭਾਸ਼ੁਭ ਕਰਮ ਹਨ, ਉਹ ਨੀਸਾਣੁ=ਪ੍ਰਗਟ ਹੋ ਜਾਂਦੇ ਹਨ।

੩. ਨਦਰੀ=ਗੁਰਾਂ ਦੀ ਕਰਮਿ ਪਵੈ=ਕਿਰਪਾ ਦ੍ਰਿਸ਼ਟੀ ਪੈ ਜਾਵੇ ਤਾਂ ਨਾਮ ਰੂਪੀ ਨੀਸਾਣੁ=ਪ੍ਰਵਾਨਾ ਪ੍ਰਾਪਤ ਹੁੰਦਾ ਹੈ।

ਵਾ-ਇਸ ਦਾ ਜਸ ਨੀਸਾਣੁ=ਝੰਡੇ ਵਾਂਗ ਝੂਲਦਾ ਹੈ।

ਪ੍ਰਸ਼ਨ-ਭੈੜੇ ਕਰਮ ਕਰਨ ਵਾਲਿਆਂ ਦਾ ਅਤੇ ਸ਼ੁਭ ਕਰਮਾਂ ਦੇ ਕਰਨ ਵਾਲਿਆਂ ਦਾ ਉਥੇ ਪ੍ਰਲੋਕ ਵਿਚ ਪਤਾ ਨਹੀਂ ਲੱਗਦਾ ਹੋਵੇਗਾ। ਜਿਵੇਂ ਇਸ ਲੋਕ ਵਿਚ ਕਈ ਵਾਰੀ ਸੱਚਾ ਪੁਰਸ਼ ਝੂਠਾ ਤੇ ਝੂਠਾ ਜੀਵ ਸੱਚਾ ਹੋ ਜਾਂਦਾ ਹੈ।

ਗੁਰ ਉੱਤਰ-

ਕਚ ਪਕਾਈ ਓਥੈ ਪਾਇ ॥

ਕੱਚਿਆਂ ਪੁਰਸ਼ਾਂ ਦੀ ਕੱਚਤਾਈ ਭਾਵ ਮੰਦਿਆਂ ਦੀ ਮੰਦਤਾਈ ਅਤੇ ਪੱਕਿਆਂ ਦੀ ਪੱਕਤਾਈ ਭਾਵ ਪੁੰਨੀਆਂ ਦੀ ਪੁੰਨਤਾਈ ਉਥੇ ਪ੍ਰਲੋਕ ਵਿਖੇ ਧਰਮਰਾਜ ਦੀ ਕਚਹਿਰੀ ਵਿਖੇ ਪਾਈ ਜਾਂਦੀ ਹੈ। ਭਾਵ ਚੰਗੇ ਮੰਦੇ ਪੁਰਸ਼ ਸਭ ਉਥੇ ਜਾਣੇ ਜਾਂਦੇ ਹਨ।

ਪ੍ਰਸ਼ਨ-ਜਿਸ ਤਰ੍ਹਾਂ ਇਸ ਲੋਕ ਵਿਖੇ ਕੋਈ ਪੁਰਸ਼ ਚੋਰੀ ਆਦਿ ਗੁਨਾਹ ਕਰਦਾ ਹੈ ਤਾਂ ਉਸ ਪਰ ਉਗਾਹੀਆਂ ਲੈ ਕੇ ਫੈਸਲਾ ਕਰ ਦਿੰਦੇ ਹਨ, ਤਿਵੇਂ ਪ੍ਰਲੋਕ ਵਿਚ ਭੀ ਉਗਾਹੀਆਂ ਲੈਂਦੇ ਹੋਣਗੇ।

ਗੁਰ ਉੱਤਰ-

ਨਾਨਕ ਗਇਆ ਜਾਪੈ ਜਾਇ ॥ ੩੪ ॥

ਗੁਰੂ ਜੀ ਆਖਦੇ ਹਨ, ਜਿਸ ਵੇਲੇ ਇਹ ਜੀਵ ਪ੍ਰਲੋਕ ਜਾਇ=ਜਗ੍ਹਾ ਵਿਚ ਗਿਆ ਉਸੀ ਵੇਲੇ ਚੰਗਾ ਮੰਦਾ 'ਜਾਪੈ ਜਾਇ' =ਜਾਣਿਆਂ ਜਾਂਦਾ ਹੈ। ਉਥੇ ਪ੍ਰਲੋਕ ਵਿਚ ਉਗਾਹੀਆਂ ਲੈਣ ਦੀ ਕੋਈ ਲੋੜ ਨਹੀਂ ਪੈਂਦੀ ॥ ੩੪ ॥

ਯਥਾ—"ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥"

[ਮਲਾਰ ਵਾਰ, ਪੰਨਾ ੧੨੮੮]

ਚੌਤੀਵੀਂ ਪਉੜੀ ਦੇ ੧੨੦ ਅੱਖਰ ਹਨ।

ਪੈਂਤੀਵੀਂ ਪਉੜੀ

ਪ੍ਰਸ਼ਨ-'ਕਰਮ ਕਾਂਡੀਆਂ ਦਾ ਹੋਰ ਵੀ ਕੋਈ ਧਰਮ ਹੈ ?' ਗੁਰ ਉੱਤਰ-

ਧਰਮ ਖੰਡ ਕਾ ਏਹੋ ਧਰਮੁ ॥

ਧਰਮ ਖੰਡ=ਕਰਮ ਕਾਂਡੀਆਂ* ਦਾ ਏਹੋ ਧਰਮ ਕਹੀਏ ਕਰਮ ਹੈ, ਜੋ ਪਹਿਲੇ ਅਸਾਂ ਨੇ ਕਹਿ ਦਿੱਤਾ ਹੈ। ਅੱਗੋਂ ਸਿੱਧ ਪੰਗਤੀ ਦੇ ਵਿਚ ਹੀ ਪ੍ਰਸ਼ਨ ਕਰਦਾ ਹੈ।

ਗਿਆਨ ਖੰਡ ਕਾ ਆਖਹੁ ਕਰਮੁ ॥

ਹੇ ਪ੍ਰਭੂ ! ਗਿਆਨ ਕਾਂਡ ਵਾਲੇ ਜੋ ਮਹਾਤਮਾਂ ਹਨ, ਉਹਨਾਂ ਦਾ ਕਰਮ ਆਖੋ ! ਅਰਥਾਤ ਉਹਨਾਂ ਦੀ ਨਿਗਾਹ ਕਹੋ, ਉਹ ਸੰਸਾਰ ਨੂੰ ਕਿਸ ਨਿਗਾਹ ਨਾਲ ਦੇਖਦੇ ਹਨ ? ਗੁਰ ਉੱਤਰ-

ਕੇਤੇ ਪਵਣ ਪਾਣੀ ਵੈਸੰਤਰ

ਕਿਤਨੇ ਹੀ ਪ੍ਰਕਾਰ ਦੀ ਪੌਣ ਹੈ, ਅਰਥਾਤ ਉਣੰਜਾ ਪ੍ਰਕਾਰ ਦੀ ਪੌਣ ਹੈ।++
ਕਿਤਨੇ ਹੀ ਪ੍ਰਕਾਰ ਦਾ ਪਾਣੀ ਹੈ, ਆਪੋ ਆਪਣੀ ਪ੍ਰਿਥਵੀ ਭੇਦ ਕਰਕੇ।
ਕਿਧਰੇ ਮਿੱਠਾ, ਕਿਧਰੇ ਫਿੱਕਾ ਪਾਣੀ ਹੈ, ਕਿਧਰੇ ਕਸੈਲਾ, ਕਿਧਰੇ ਬਕ-ਬਕਾ ਹੈ।
ਕਿਤਨੇ ਹੀ ਪ੍ਰਕਾਰ ਦਾ ਵੈਸੰਤਰ=ਅਗਨੀ ਹੈ।
ਇਕ 'ਦਾਵਾ ਅਗਨੀ' ਹੈ, ਜੋ ਪ੍ਰਤੱਖ ਚੁੱਲ੍ਹੇ ਵਿਚ ਬਾਲੀਦੀ ਹੈ।
ਦੂਜੀ 'ਜਠਰ ਅਗਨੀ' ਹੈ, ਜੋ ਪੇਟ ਵਿਖੇ ਅੰਨ ਨੂੰ ਹਜ਼ਮ ਕਰਦੀ ਹੈ।
ਤੀਜੀ 'ਬੜਵਾ ਅਗਨੀ' ਹੈ, ਜੋ ਸਮੁੰਦਰ ਵਿਖੇ ਪਾਣੀ ਨੂੰ ਸੁਕਾਉਂਦੀ ਹੈ।

ਯਥਾ—"ਕਈ ਕੋਟਿ ਪਵਣ ਪਾਣੀ ਬੈਸੰਤਰ ॥" *[ਗਉੜੀ ਸੁਖਮਨੀ, ਪੰਨਾ ੨੭੫]*

ਕੇਤੇ ਕਾਨ ਮਹੇਸ ॥

ਕਿਤਨੇ ਹੀ ਕਾਨ=ਕ੍ਰਿਸ਼ਨ ਅਵਤਾਰ ਹਨ। ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾਂ ਪਾਸੋਂ ਹੋ ਕੇ ਸਚਖੰਡ ਨੂੰ ਜਾਂਦੇ ਹੋਏ 'ਕਾਗਭੁਸੁੰਡ' ਦੇ ਅਸਥਾਨ ਪਰ ਪਹੁੰਚੇ ਹਨ ਤਾਂ ਇਸ ਦੇ ਪਾਸੋਂ ਪੁੱਛਿਆ ਗਿਆ ਸੀ ਕਿ ਤੂੰ ਇਥੇ ਕਦੋਂ ਦਾ ਬੈਠਾ ਹੈਂ? ਤਾਂ 'ਕਾਂਗ-ਭਸੁੰਡ' ਨੇ ਕਿਹਾ- "ਮੈਨੂੰ ਇਥੇ ਬੈਠਿਆਂ ਬੜਾ ਸਮਾਂ ਹੋ ਗਿਆ ਹੈ, ਮੈਂ ਆਪਣੀ ਜ਼ਿੰਦਗੀ ਵਿਖੇ 'ਰਾਮਚੰਦਰ' ਜੀ ਦੇ ਬਾਰਾਂ ਅਵਤਾਰ ਦੇਖੇ ਹਨ ਅਤੇ 'ਕ੍ਰਿਸ਼ਨ' ਜੀ ਦੇ ਸੋਲਾਂ ਅਵਤਾਰ ਦੇਖੇ ਹਨ। ਇਸ ਤੇ ਕ੍ਰਿਸ਼ਨ ਵੀ ਕਿਤਨੇ ਹਨ ਅਤੇ ਮਹੇਸ=ਸ਼ਿਵ ਵੀ

**ਨੋਟ-ਇਹ ਸੰਪ੍ਰਦਾਈ ਅਰਥ ਹੈ ਜੋ ਧਰਮ ਦਾ ਅਰਥ ਕਰਮ ਕਾਂਡੀ ਕੀਤਾ ਹੈ। ਕਿਉਂਕਿ ਕਰਮ ਜਨ ਧਰਮ ਹੁੰਦਾ ਹੈ ਇਸੀ ਤੇ ਧਰਮ ਦਾ ਅਰਥ ਕਰਮ ਕੀਤਾ ਹੈ। ++ਦਸ ਤਰ੍ਹਾਂ ਦੀ ਪੌਣ ਤਾਂ ਸਰੀਰ ਵਿਚ ਹੀ ਹੈ।*

੧. ਪ੍ਰਾਣ, ੨. ਅਪਾਨ, ੩. ਸਮਾਨ, ੪. ਉਦਿਆਨ, ੫. ਬਿਆਨ, ੬. ਨਾਗ, ੭. ਕੂਰਮ, ੮. ਕ੍ਰਿਕਲ, ੯. ਦੇਵਦਤ, ੧੦. ਧਨਿਜੈ। ਪ੍ਰਾਣ-ਹਿਰਦੇ ਵਿਚ ਹਨ, ਅਪਾਨ-ਗੁਦਾ ਵਿਚ, ਸਮਾਨ-ਨਾਭੀ ਵਿਚ ਹੈ, ਉਦਿਆਨ-ਕੰਠ ਵਿਚ, ਬਿਆਨ-ਪੌਣ ਸਾਰੇ ਸਰੀਰ ਵਿਚ ਵਿਆਪਕ ਹੈ। ਨਾਗ-ਡਕਾਰ ਲਿਆਉਂਦੀ ਹੈ, ਕੂਰਮ-ਅੱਖਾਂ ਨੂੰ ਖੋਲ੍ਹਦੀ ਹੈ। ਕ੍ਰਿਕਲ-ਭੁੱਖ ਲਗਾਉਂਦੀ ਹੈ, ਦੇਵਦਤ-ਉਬਾਸੀ ਲਿਆਉਂਦੀ ਹੈ, ਧਨਿਜੈ-ਮਰਨ ਪਿਛੋਂ ਸਰੀਰ ਨੂੰ ਫੁਲਾਣ ਵਾਲੀ ਹੈ।

ਕਿਤਨੇ ਹਨ।

ਸ਼ਾਸਤਰਾਂ ਵਿਚ ਯਾਰਾਂ ਰੁਦ੍ਰ ਲਿਖੇ ਹਨ।

੧. ਅਜ, ੨. ਏਕਪਾਦੁ, ੩. ਅਹਿਵ੍ਰਧਨ, ੪. ਪਿਨਾਕੀ, ੫. ਅਪਰਾਜਿਤ, ੬. ਤ੍ਰਯੰਬਕ, ੭. ਮਹੇਸ਼, ੮. ਵ੍ਰਿਸਾਕਪੀ, ੯. ਸ਼ੰਭੂ ੧੦. ਹਰਣ, ੧੧. ਸ਼ਿਵ।*

ਕੇਤੇ ਬਰਮੇ ਘਾੜਤਿ ਘੜੀਅਹਿ

ਸੰਸਾਰ ਘਾੜਤ ਦੇ ਘੜਣ ਵਾਲੇ ਭਾਵ ਸੰਸਾਰ ਦੀ ਉਤਪਤੀ ਕਰਨ ਵਾਲੇ ਬ੍ਰਹਮੇ ਵੀ ਕਿਤਨੇ ਹਨ। ਯੋਗ ਵਸ਼ਿਸ਼ਟ ਵਿਚ ਲਿਖਿਆ ਹੈ, 'ਇੰਦ' ਨਾਮੀ ਬ੍ਰਾਹਮਣ ਦੇ ਦਸ ਪੁੱਤਰ ਹੋਏ ਹਨ, ਉਨ੍ਹਾਂ ਦਸਾਂ ਨੇ ਹੀ ਪ੍ਰਭੂ ਦੀ ਉਪਾਸ਼ਨਾ ਕਰ ਕੇ ਪ੍ਰਭੂ ਨੂੰ ਪ੍ਰਸੰਨ ਕੀਤਾ ਹੈ।

ਤਾਂ ਅਕਾਸ਼ ਬਾਣੀ ਹੋਈ -

''ਵਰੰਭੂ ! ਵਰ ਮੰਗੋ।

''ਤੁਸੀਂ ਕੀ ਚਾਹੁੰਦੇ ਹੋ ?''

ਇਨ੍ਹਾਂ ਨੇ ਕਿਹਾ-''ਅਸੀਂ ਦਸੇ ਹੀ ਬ੍ਰਹਮਾਂ ਹੋ ਕੇ ਸੰਸਾਰ ਦੀ ਉਤਪਤੀ ਕਰੀਏ।''

ਭਗਵਾਨ ਨੇ ਕਿਹਾ- ''ਤਥਾ ਅਸਤੂ !''

ਉਹ ਪ੍ਰਭੂ ਦੇ ਵਰ ਕਰ ਕੇ ਦਸੇ ਹੀ ਬ੍ਰਹਮਾ ਹੋ ਗਏ। ਇਸ ਲਈ ਕਿਤਨੇ ਹੀ ਬ੍ਰਹਮਾ ਕਹੇ ਹਨ।

ਯਥਾ—"ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ੧॥"

[ਭੈਰਉ ਮਹਲਾ ੫, ਪੰਨਾ ੧੧੫੬]

ਤਥਾ -ਕਿਤਨੇ ਹੀ ਬ੍ਰਹਮਾ ਹਨ, ਜੋ ਚਾਰ ਖਾਣੀਆਂ ਦੀ ਘਾੜਤ ਘੜਣ ਵਾਲੇ ਹਨ।

ਸਾਖੀ—ਬ੍ਰਹਮਿਆਂ ਦੀ

ਇਕ ਸਮੇਂ 'ਬਗਦਾਲਭ' ਰਿਖੀ ਜੀ ਦੇ ਪਵਿੱਤ੍ਰ ਅਸਥਾਨ ਪਰ ਚਾਰ ਮੂੰਹਾਂ ਵਾਲਾ ਬ੍ਰਹਮਾ ਚੱਲ ਕੇ ਗਿਆ ਪੁੱਤ੍ਰ ਬ੍ਰਹਮੇ ਦੇ ਸਤਿਕਾਰ ਕਰਨ ਨੂੰ 'ਬਗਦਾਲਭ' ਰਿਖੀ ਜੀ ਅੱਗੋਂ ਨਾ ਉੱਠੇ ਕਿਉਂਕਿ ਇਨ੍ਹਾਂ ਦੇ ਮਨ ਵਿਚ ਆਪਣੇ ਵਡੱਪਣ ਦਾ ਮਾਣ ਸੀ ਕਿ ਅਸੀਂ ਚਿਰੰਜੀਵੀ ਹਾਂ, ਸਾਡੇ ਵੇਖਦਿਆਂ ਵੇਖਦਿਆਂ ਏਹੋ ਜੇਹੇ ਕਈ ਬ੍ਰਹਮੇ ਜੰਮੇ ਤੇ ਮਰੇ ਹਨ, ਇਸ ਬੱਚੇ ਅੱਗੇ ਉੱਠ ਕੇ ਕੀ ਕਰਨਾ ਹੈ।

ਇਧਰ ਬ੍ਰਹਮੇ ਨੇ ਵੀ ਜਾ ਕੇ ਬਗਦਾਲਭ ਰਿਖੀ ਨੂੰ ਨਮਸ਼ਕਾਰ ਨਾ ਕੀਤੀ, ਕਿਉਂਕਿ ਇਸ ਦੇ ਮਨ ਵਿਚ ਵੀ ਇਹ ਮਾਣ ਸੀ ਕਿ ਮੈਂ ਸਾਰੀ ਸ੍ਰਿਸ਼ਟੀ ਦਾ ਕਰਤਾ ਹਾਂ।

ਇਨ੍ਹਾਂ ਦੋਹਾਂ ਅੰਦਰ ਮਾਣ ਭਰਿਆ ਵੇਖ ਕੇ ਪ੍ਰਮੇਸ਼ਰ ਨੇ ਐਸੀ ਹਵਾ ਚਲਾਈ ਜੋ ਇਨ੍ਹਾਂ ਦੋਹਾਂ ਨੂੰ ਉਡਾ ਕੇ ਓਥੇ ਲੈ ਗਈ ਜਿਥੇ ਅੱਗੇ ਅੱਠ ਮੂੰਹਾਂ ਵਾਲਾ ਬ੍ਰਹਮਾ ਬੈਠਾ ਸੀ। ਅੱਗੋਂ ਅੱਠ ਮੂੰਹਾਂ ਵਾਲੇ ਬ੍ਰਹਮਾ ਨੇ ਇਨ੍ਹਾਂ ਦਾ ਕੋਈ ਸਤਿਕਾਰ ਨਾ ਕੀਤਾ, ਇਨ੍ਹਾਂ ਨੂੰ ਦੇਖਕੇ ਉਸਨੂੰ ਸਗੋਂ ਮਾਣ ਹੋ ਗਿਆ ਕਿ ਮੈਂ ਵੱਡਾ ਹਾਂ।

**ਨੋਟ-ਗਿਆਰਾਂ ਰੁਦ੍ਰਾਂ ਦੀ ਗਿਣਤੀ ਭਗਤ ਬਾਣੀ ਭਾਗ ਤੀਸਰਾ ਲਾਭਦਾਇਕ ਗਿਣਤੀ ਦੇ ਲੇਖ ਵਿਚ ਭੀ ਹੈ।*

ਪ੍ਰਮੇਸ਼ਰ ਨੇ ਫਿਰ ਐਸੀ ਹਵਾ ਚਲਾਈ ਜੋ ਇਨ੍ਹਾਂ ਤਿੰਨਾਂ ਨੂੰ ਉਡਾ ਕੇ ਓਥੇ ਲੈ ਗਈ ਜਿਥੇ ਸੋਲਾਂ ਮੂੰਹਾਂ ਵਾਲਾ ਬ੍ਰਹਮਾ ਬੈਠਾ ਸੀ। ਅੱਗੋਂ ਉਸ ਨੇ ਭੀ ਇਨ੍ਹਾਂ ਦਾ ਸ੍ਵਾਗਤ ਨਾ ਕੀਤਾ, ਇਨ੍ਹਾਂ ਨੂੰ ਵੇਖ ਕੇ ਸਗੋਂ ਉਸ ਨੂੰ ਮਾਣ ਹੋ ਗਿਆ ਕਿ ਮੈਂ ਸਾਰਿਆਂ ਤੋਂ ਵੱਡਾ ਹਾਂ।

ਪ੍ਰਮੇਸ਼ਰ ਨੇ ਫਿਰ ਐਸੀ ਹਵਾ ਚਲਾਈ ਜੋ ਇਨ੍ਹਾਂ ਚਹੁੰ ਨੂੰ ਉਡਾ ਕੇ ਓਥੇ ਲੈ ਗਈ, ਜਿਥੇ ਅੱਗੇ ਬੱਤੀ ਮੂੰਹਾਂ ਵਾਲਾ ਬ੍ਰਹਮਾ ਬੈਠਾ ਸੀ। ਉਸ ਬੱਤੀ ਮੂੰਹਾਂ ਵਾਲੇ ਬ੍ਰਹਮਾ ਨੇ ਭੀ ਇਨ੍ਹਾਂ ਆਇਆਂ ਦਾ ਕੋਈ ਸਤਿਕਾਰ ਨਾ ਕੀਤਾ, ਆਪਣੇ ਮਾਣ ਵਿਚ ਹੀ ਬੈਠਾ ਰਿਹਾ।

ਪ੍ਰਮੇਸ਼ਰ ਨੇ ਫਿਰ ਐਸੀ ਹਵਾ ਚਲਾਈ ਜੋ ਇਨ੍ਹਾਂ ਪੰਜਾਂ ਨੂੰ ਉਡਾ ਕੇ ਓਥੇ ਲੈ ਗਈ, ਜਿਥੇ ੬੪ ਮੂੰਹਾਂ ਵਾਲਾ ਬ੍ਰਹਮਾ ਬੈਠਾ ਸੀ ਉਸ ਨੇ ਵੀ ਇਨ੍ਹਾਂ ਦਾ ਕੋਈ ਅਦਬ ਸਤਿਕਾਰ ਨਾ ਕੀਤਾ, ਆਪਣੇ ਮਾਣ ਵਿਚ ਹੀ ਡੁੱਬਾ ਰਿਹਾ।

ਏਸੇ ਤਰ੍ਹਾਂ ਅੱਗੇ ਤੋਂ ਅੱਗੇ ਚਲਦੇ ਹੋਏ ਭਾਵ ਉਡਦੇ ਹੋਏ ਅਖੀਰ ਹਜ਼ਾਰ ਮੂੰਹਾਂ ਵਾਲੇ ਬ੍ਰਹਮਾ ਦੇ ਦੇਸ਼ ਵਿਚ ਪਹੁੰਚੇ। ਤਦ ਉਸ ਨੇ ਆਪਣੇ ਦਰਬਾਰ ਵਿਚ ਬੇਅੰਤ ਬ੍ਰਹਮੇ ਬਗਦਾਲਭ ਰਿਖੀ ਸਮੇਤ ਆਏ ਦੇਖ ਕੇ ਬੜਾ ਸਤਿਕਾਰ ਕੀਤਾ, ਪ੍ਰੇਮ ਭਾਵ ਨਾਲ ਸਾਰਿਆਂ ਨੂੰ ਸੋਹਣੀ ਤੇ ਉੱਚੀ ਜਗ੍ਹਾ ਪਰ ਬਿਠਾ ਕੇ ਨਮਸ਼ਕਾਰ ਕੀਤੀ, ਅੱਗੋਂ ਉਨ੍ਹਾਂ ਨੇ ਭੀ ਪਿਆਰ ਨਾਲ ਨਮਸ਼ਕਾਰ ਕੀਤੀ। ਬੜੀ ਭਾਰੀ ਸਭਾ ਲੱਗ ਗਈ, ਆਇਆਂ ਦਾ ਯਥਾ ਯੋਗ ਸਨਮਾਨ ਕੀਤਾ। ਫਿਰ ਹਜ਼ਾਰ ਮੂੰਹ ਵਾਲੇ ਬ੍ਰਹਮੇ ਨੇ ਭੀ ਹੱਥ ਜੋੜ ਕੇ ਪੁੱਛਿਆ- "ਆਓ ਜੀ! ਆਪ ਕਿਵੇਂ ਆਏ ਹੋ, ਹੁਕਮ ਕਰੋ।" ਉਹਨਾਂ ਦਾ ਮਾਣ ਤਾਂ ਪਹਿਲਾਂ ਹੀ ਟੁੱਟ ਗਿਆ ਸੀ ਪਰ ਜਿਸ ਵੇਲੇ ਉਹਨਾ ਨੇ ਹਜ਼ਾਰ ਮੂੰਹਾਂ ਵਾਲੇ ਬ੍ਰਹਮੇ ਦੀ ਨਿੰਮ੍ਰਤਾ ਵੇਖੀ ਫਿਰ ਤਾਂ ਰਹਿੰਦਾ ਖੂੰਹਦਾ ਸਾਰਾ ਹੀ ਮਾਣ ਨਵਿਰਤ ਹੋ ਗਿਆ, ਨਿੰਮ੍ਰਤਾ ਸਹਿਤ ਹੋ ਕੇ ਆਪਣੀ ਕਹਾਣੀ ਸੱਚੋ ਸੱਚ ਸੁਣਾ ਦਿੱਤੀ ਕਿ ਸਾਨੂੰ ਇਸ ਕਰਕੇ ਮਾਣ ਹੋ ਗਿਆ ਸੀ ਤੇ ਪ੍ਰਮੇਸ਼ਰ ਦੀ ਚਲਾਈ ਹੋਈ ਹਵਾ ਦੇ ਅਸੀਂ ਉਡਾਂਦੇ ਹੋਏ ਸਾਰੇ ਬ੍ਰਹਮੇ ਆਪ ਜੀ ਦੇ ਪਾਸ ਪਹੁੰਚੇ ਹਾਂ। ਇਥੇ ਆਉਣ ਦਾ ਹੋਰ ਕੋਈ ਕਾਰਣ ਨਹੀਂ ਹੈ।

ਇਹ ਗੱਲ ਸੁਣ ਕੇ ਹਜ਼ਾਰ ਮੂੰਹਾਂ ਵਾਲੇ ਬ੍ਰਹਮੇ ਨੇ ਅਕਾਲ ਪੁਰਖ ਵਾਹਿਗੁਰੂ ਦੀ ਬਿਅੰਤਤਾ ਦਸਦਿਆਂ ਹੋਇਆਂ ਬਹੁਤ ਉਸਤਤੀ ਕੀਤੀ। ਇਹ ਭੀ ਆਖਿਆ ਕਿ ਉਸ ਦੇ ਇਕ ਇਕ ਰੋਮ ਵਿਖੇ ਮੇਰੇ ਵਰਗੇ ਹਜ਼ਾਰ ਮੂੰਹਾਂ ਵਾਲੇ ਕਈ ਬ੍ਰਹਮੇ ਰੁਲਦੇ ਫਿਰਦੇ ਹਨ, ਉਸ ਅੱਗੇ ਮਾਣ ਕੀ ਕਰਨਾ ਹੈ। ਉਹ ਤਾਂ ਗਰਬ ਪ੍ਰਹਾਰੀ ਹੈ. ਅੱਜ ਤੋਂ ਲੈ ਕੇ ਤੁਸੀਂ ਨਿੰਮ੍ਰਤਾ ਫੜ ਲਓ, ਮਾਣ ਕਰਨਾ ਤਿਆਗ ਦਿਓ।

ਤਿਸ ਵੇਲੇ ਸਭ ਬ੍ਰਹਮਿਆਂ ਨੇ ਮਾਣ ਛੱਡ ਕੇ ਹਜ਼ਾਰ ਮੂੰਹਾਂ ਵਾਲੇ ਬ੍ਰਹਮੇ ਦੇ ਪੈਰ ਫੜ ਲਏ ਤੇ ਬੇਨਤੀ ਕੀਤੀ-'ਅਸੀਂ ਹੁਣ ਆਪੋ ਆਪਣੇ ਦੇਸ਼ ਵਿਖੇ ਕਿਵੇਂ ਪਹੁੰਚੀਏ?' ਤਾਂ ਹਜ਼ਾਰ ਮੂੰਹਾਂ ਵਾਲੇ ਬ੍ਰਹਮਾ ਨੇ ਕਿਹਾ- 'ਤੁਸੀਂ ਪ੍ਰਮਾਤਮਾ ਅੱਗੇ ਬੇਨਤੀ ਕਰੋ ਤਾਂ ਹੀ ਆਪੋ ਆਪਣੇ ਦੇਸ਼ ਵਿਚ ਪਹੁੰਚੋਗੇ।'

ਉਸ ਵੇਲੇ ਸਾਰਿਆਂ ਨੇ ਨਿੰਮ੍ਰਤਾ ਸਹਿਤ ਹੱਥ ਜੋੜ ਕੇ ਬੇਨਤੀ ਕੀਤੀ। ਉਸ ਵੇਲੇ ਫਿਰ ਐਸੀ ਹਵਾ ਚੱਲੀ ਕਿ ਜਿਥੇ ਜਿਥੇ ਕਿਸੇ ਦਾ ਆਸਣ ਸੀ ਓਥੇ ਓਥੇ ਉਹਨਾਂ ਨੂੰ ਪਹੁੰਚਾ ਦਿੱਤਾ।

ਯਥਾ—"ਬਿਆਸ ਪਰਾਸਰ ਅਉ ਰਿਖਿ ਘਨੇ॥ ਸਿੰਗੀ ਰਿਖਿ ਬਕਦਾਲਭ ਭਨੇ॥
ਸਹੰਸ ਮੁਖਨ ਕਾ ਬ੍ਰਹਮਾ ਦੇਖਾ॥ ਤਊ ਨ ਤੁਮਰਾ ਅੰਤੁ ਬਿਸੇਖਾ॥ ੧੧੧॥"

[ਦਸਮ ਗ੍ਰੰਥ, ਪੰਨਾ ੭੦੮]

ਤਥਾ—"ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸ਼ਨ ਮਹੇਸ਼॥
ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ਼॥ ੧॥"

[ਦਸਮ ਗ੍ਰੰਥ ਬਚਿਤ੍ਰ ਨਾਟਕ, ਪੰਨਾ ੧੮੨]

ਸਾਧ ਸੰਗਤ ਜੀਓ! ਇਨ੍ਹਾਂ ਗੱਲਾਂ ਨੂੰ ਵਿਚਾਰ ਕੇ ਉਸ ਨੂੰ ਬਿਅੰਤ ਹੀ ਆਖਣਾ ਪੈਂਦਾ ਹੈ।

ਰੂਪ ਰੰਗ ਕੇ ਵੇਸ॥

ਰੂਪ=ਅਕਾਰ ਵੀ ਕੇ=ਕਿਤਨੇ ਹਨ, ਕਾਲੇ ਪੀਲੇ ਰੰਗ ਵੀ ਕਿਤਨੇ ਹਨ ਅਤੇ ਵੇਸ=ਭੇਖ ਵੀ ਕਿਤਨੇ ਹਨ।

ਕੇਤੀਆ ਕਰਮ ਭੂਮੀ ਮੇਰ ਕੇਤੇ

ਕਰਮ ਭੂਮੀਆਂ ਵੀ ਕਿਤਨੀਆਂ ਹਨ, ਆਪੋ ਆਪਣੇ ਬ੍ਰਹਮੰਡ ਦੀਆਂ ਵੱਖੋ ਵੱਖ ਕਰਮ ਭੂਮੀ=ਭਾਰਥ ਖੰਡ ਦੀਆਂ ਭੂਮੀਆਂ ਹਨ।

ਵਾ-ਕਰਮ ਭੂਮੀ=ਭਾਰਥ ਖੰਡ ਦੀ ਭੂਮੀ ਵਿਖੇ ਰਹਿਣ ਵਾਲੇ ਜੀਵ ਭੀ ਕਿਤਨੇ ਹਨ।

ਮੇਰ=ਸੁਮੇਰ ਪਰਬਤ ਵੀ ਕਿਤਨੇ ਹਨ, ਸੁਮੇਰ ਪਰਬਤ ਪਰ ਰਹਿਣ ਵਾਲੇ ਜੀਵ ਭੀ ਕਿਤਨੇ ਹਨ।

ਕੇਤੇ ਧ੍ਰੂ ਉਪਦੇਸ॥

ਧ੍ਰੂਅ ਭਗਤ ਵੀ ਕਿਤਨੇ ਹਨ।

ਧ੍ਰੂਅ ਨੂੰ ਉਪਦੇਸ਼ ਦੇਣ ਵਾਲੇ ਨਾਰਦ ਮੁਨੀ ਵੀ ਕਿਤਨੇ ਹਨ।

ਵਾ-ਧ੍ਰੂਅ ਤੋਂ ਉਪ=ਉਪਰਲੇ ਦੇਸ਼ ਵੀ ਕਿਤਨੇ ਹਨ।

ਵਾ-ਜੀਵ ਨੂੰ ਉਪਦੇਸ਼ ਦੇਣ ਵਾਲੇ ਸ਼ਾਸਤ੍ਰ ਸਿਮ੍ਰਿਤੀਆਂ ਆਦਿ ਗ੍ਰੰਥ ਵੀ ਕਿਤਨੇ ਹਨ।

ਅਥਵਾ-ਕਰਮ ਵੀ ਕਿਤਨੇ ਹਨ, ਭੂਮੀ=ਪ੍ਰਿਥਵੀਆਂ ਵੀ ਕਿਤਨੀਆਂ ਹਨ, ਸੁਮੇਰ ਪਰਬਤ ਵੀ ਕਿਤਨੇ ਹਨ।

ਧ੍ਰੂਅ ਭੀ ਕਿਤਨੇ ਹਨ, ਉਪ+ਦੇਸ=ਉਪਰਲੇ ਦੇਸ਼ [ਅਕਾਸ਼] ਵੀ ਕਿਤਨੇ ਹਨ।

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥

ਦੇਵਤਿਆਂ ਦੇ ਰਾਜੇ ਇੰਦਰ ਵੀ ਕਿਤਨੇ ਹਨ, ਚੰਦ੍ਰਮਾਂ ਸੂਰਜ ਵੀ ਕਿਤਨੇ ਹਨ।

[ਕਿਉਂਕਿ ਬਾਰਾਂ ਮਹੀਨਿਆਂ ਦੇ ਬਾਰਾਂ ਸੂਰਜ ਕਹੇ ਹਨ]।

ਮੰਡਲ [ਚਾਰ ਸੌ ਕੋਹਾਂ ਦਾ ਹੁੰਦਾ ਹੈ, ਉਹ ਵੀ] ਕਿਤਨੇ ਹਨ ਅਤੇ [ਮਾਝਾ, ਮਾਲਵਾ ਆਦਿ] ਦੇਸ਼ ਵੀ ਕਿਤਨੇ ਹਨ।

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥

ਹੇ ਸਿੱਧੋ! ਤੁਸੀਂ ਵੀ ਕਿਤਨੇ ਹੋ, ਬੁੱਧ ਆਦਿਕ ਨੌ ਗ੍ਰਹਿ ਵੀ ਕਿਤਨੇ ਹਨ।

ਵਾ-ਬੁਧ=ਬੁੱਧੀਵਾਨ ਵੀ ਕਿਤਨੇ ਹਨ। ਵਾ-ਬੋਧਾਵਤਾਰ ਵੀ ਕਿਤਨੇ ਹਨ।

*ਨਾਥ ਭੀ ਕਿਤਨੇ ਹਨ।

ਦੇਵੀਆਂ ਦੇ ਵੇਸ=ਭੇਸ ਵੀ ਕਿਤਨੇ ਹਨ ਅਰਥਾਤ ਛਿਆਨਵੇਂ ਕ੍ਰੋੜ ਦੇਵੀਆਂ ਹਨ।

ਵਾ-ਸੁੰਦਰ ਵੇਸ=ਸਰੂਪ ਵਾਲੀਆਂ ਦੇਵੀਆਂ ਵੀ ਕਿਤਨੀਆਂ ਹਨ।

** ਨੌਂ ਨਾਥਾਂ ਦੇ ਨਾਮ ਇਹ ਹਨ- ੧. ਗੋਰਖ ਨਾਥ, ੨. ਮਛਿੰਦ੍ਰ ਨਾਥ, ੩. ਚਰਪਟ ਨਾਥ, ੪. ਮੰਗਲ ਨਾਥ, ੫. ਪੁਪੂ ਨਾਥ, ੬. ਭਰਥਰੀ ਨਾਥ, ੭. ਗੋਪੀ ਨਾਥ, ੮. ਈਸ਼ਰ ਨਾਥ, ੯. ਚੰਬਾ ਨਾਥ।*

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥

ਦੇਵਤੇ ਵੀ ਕਿਤਨੇ ਹਨ, [ਅਰਥਾਤ ਤੇਤੀ ਕ੍ਰੋੜ ਦੇਵਤੇ ਹਨ] ਦਾਨਵ=ਰਾਖਸ਼ ਵੀ ਕਿਤਨੇ ਹਨ। +ਮੁਨੀ ਵੀ ਕਿਤਨੇ ਹਨ।

ਰਤਨਾਂ ਦੇ ਸਮੁੰਦਰ ਭੀ ਕਿਤਨੇ ਹਨ।

ਅਥਵਾ-ਰਤਨ ਭੀ ਕਿਤਨੇ ਹਨ। ਸਮੁੰਦ੍ਰ ਵਿਚੋਂ ਚੌਦਾਂ ਰਤਨ ਨਿਕਲੇ ਸਨ। ਉਹ ਚੌਦਾਂ ਰਤਨ ਇਹ ਹਨ-

ਸ੍ਰੀ[੧] ਮਨਿ[੨] ਰੰਭਾ[੩] ਵਾਰਣੀ[੪] ਅਮੀ[੫] ਸੰਖ[੬] ਗਜਰਾਜ[੭]।
ਬਿਖ[੮] ਧੇਨ[੯] ਸਸੀ[੧੦] ਕਲਪਤਰ[੧੧], ਧਨਖ[੧੨] ਧਨੰਤ੍ਰ[੧੩] ਬਾਜ[੧੪]।

ਚੌਦਾਂ ਰਤਨ ਅੰਤ੍ਰੀਵ ਵੀ ਹਨ ਜੋ ਵਿਸ਼ਨ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਦ ਰੂਪ ਸਮੁੰਦਰ ਨੂੰ ਰਿੜਕ ਕੇ ਚੌਦਾਂ ਰਤਨ ਕੱਢੇ ਹਨ।

	ਬਾਹਜ ਰਤਨ	ਅੰਤ੍ਰੀਵ ਰਤਨ
੧.	ਲਛਿਮੀ	ਭਗਤੀ
੨.	ਕੌਸਤਕ ਮਣੀ	ਆਤਮ ਵਿਚਾਰ
੩.	ਰੰਭਾ [ਅਪੱਛਰਾ]	ਕੀਰਤੰਤੀ ਵਾ ਸ਼ੁਧਾ
੪.	ਵਾਰਨੀ [ਸ਼ਰਾਬ]	ਪ੍ਰੇਮ
੫.	ਅਮੀ [ਅੰਮ੍ਰਿਤ]	ਨਾਮ ਦਾ ਜਾਪ
੬.	ਸੰਖ	ਰਾਗ ਦਾ ਅਲਾਪ
੭.	ਗਜਰਾਜ	ਦ੍ਰਿੜ੍ਹ ਨਿਸਚਾ
	[ਐਰਾਵਤ ਹਾਥੀ]	ਵਾ ਅਭਿਆਸ
੮.	ਬਿਖ [ਵਿਹੁ]	ਸੰਤਾਂ ਦੀ ਨਿੰਦਾ
੯.	ਕਾਮ ਧੇਨ ਗਊ	ਸ਼ਾਂਤੀ
੧੦.	ਚੰਦ੍ਰਮਾ	ਦਾਨ
੧੧.	ਕਲਪ ਬ੍ਰਿਛ	ਸਤਿਸੰਗ
੧੨.	ਸਾਰੰਗਨਾਮਾ ਧਨੁਖ	ਸੱਚ ਬੋਲਣਾ
੧੩.	ਧਨੰਤ੍ਰ ਵੈਦ	ਸਤਿਗੁਰਦੇਵ ਜੀ
੧੪.	ਉੱਚ ਸ੍ਰਵਾ ਘੋੜਾ	ਗਿਆਨ

ਕਬਿੱਤ-'ਲਛਮੀ ਰੂਪ ਭਗਤੀ ਹੈ,
ਆਤਮਾ ਵਿਚਾਰ ਮਣੀ,
ਰੰਭਾ ਪ੍ਰਮੇਸ਼ਰ ਕੀ,
ਕੀਰਤੀ ਵਿਚਾਰ ਹੈ,
ਪ੍ਰੇਮ ਰੂਪ ਮਦਰਾ,
ਨਾਮ ਜਪ ਅੰਮ੍ਰਿਤ,
ਰਾਗ ਕਾ ਅਲਾਪਨਾ,
ਸੰਖ ਦਾ ਅਕਾਰ ਹੈ,
ਵੈਰਾਗ ਰੂਪ ਹਸਤੀ,
ਸੰਗਤ ਕਲਪ ਬ੍ਰਿਛ,
ਸ਼ਾਂਤੀ ਕਾਮਧੇਨ,
ਸਤਿਗੁਰ ਵੈਦ ਰਾਜ ਹੈ,
ਦਾਨ ਰੂਪ ਚੰਦ੍ਰਮਾ,
ਸੱਚ ਬੋਲ ਧਨੁਖ,
ਸੰਤਾਂ ਕੀ ਨਿੰਦਾ ਬਿਖ,
ਗਿਆਨ ਰੂਪ ਬਾਜ ਹੈ।

+ਨੌਂ ਮੁਨੀਆਂ ਦੇ ਨਾਮ ਇਹ ਹਨ-

੧. ਮਰੀਚ, ੨. ਅਤ੍ਰਿ, ੩. ਅੰਗਿਰਾ, ੪. ਪੁੱਲਸਤਜ, ੫. ਪੁਲਹ, ੬. ਕ੍ਰਤੂ, ੭. ਭ੍ਰਿਗੂ, ੮. ਵਸ਼ਿਸ਼ਟ, ੯. ਅਥਵਣ। ਪੂਰਬ ਕ੍ਰਮ ਅਨੁਸਾਰ ਨੌਂ ਮੁਨੀਆਂ ਦੀਆਂ ਇਸਤ੍ਰੀਆਂ ਦੇ ਨਾਮ-

੧. ਕਲਾ, ੨. ਅਨਸੂਯਾ, ੩. ਸ਼ਰਧਾ, ੪. ਹਵਿਭ੍ਰਗ, ੫. ਗਤਿ, ੬. ਕ੍ਰਿਯਾ, ੭. ਖਯਾਤਿ, ੮. ਅਰੁੰਧਤੀ, ੯. ਸ਼ਾਂਤਿ। (ਭਾਗਵਤ ਦੇ ਚੌਥੇ ਸਕੰਧ ਧਿਆ ਦੂਜੇ ਵਿਚ ਮੁਨੀਆਂ ਦੇ ਨਾਮ ਲਿਖੇ ਹੋਏ ਹਨ)।

੧. ਲਛਿਮੀ। ੨. ਕੌਸਤਕ ਮਣੀ। ੩. ਅਪੱਛਰਾ। ੪. ਸ਼ਰਾਬ। ੫. ਅੰਮ੍ਰਿਤ। ੬. ਗਾਂਡੀਵ ਸੰਖ, ੭. ਐਰਾਵਤ ਹਾਥੀ। ੮. ਜ਼ਹਿਰ। ੯. ਕਾਮਧੇਨ ਗਊ। ੧੦. ਚੰਦ੍ਰਮਾ। ੧੧. ਕਲਪ ਬ੍ਰਿਛ। ੧੨. ਸਾਰੰਗ ਨਾਮਾ ਧਨੁੱਖ। ੧੩. ਵੈਦ। ੧੪. ਉੱਚ ਸ੍ਰਵਾ ਘੋੜਾ।

ਸਮੁੰਦਰ ਵੀ ਕਿਤਨੇ ਹਨ। ਗ੍ਰੰਥਾਂ ਵਿਚ ਸੱਤ ਸਮੁੰਦਰ ਕਥਨ ਕੀਤੇ ਹਨ।

ਸੱਤਾਂ ਸਮੁੰਦਰਾਂ ਦੇ ਨਾਮ ਇਹ ਹਨ-

੧. ਗੰਨੇ ਦੇ ਰਸ ਦਾ। ੨. ਸ਼ਰਾਬ ਦਾ। ੩. ਘਿਉ ਦਾ। ੪. ਦੁੱਧ ਦਾ। ੫. ਸ਼ਹਿਤ ਦਾ। ੬. ਮਿੱਠੇ ਪਾਣੀ ਦਾ। ੭. ਖਾਰੇ ਪਾਣੀ ਦਾ।

ਕੇਤੀਆ ਖਾਣੀ ਕੇਤੀਆ ਬਾਣੀ

ਕਿਤਨੀਆਂ ਹੀ ਖਾਣੀਆਂ ਹਨ।

*ਅੰਡਜ, ਜੇਰਜ, ਸੇਤਜ, ਉਤਭੁਜ ਰੂਪ।

ਯਥਾ—"ਅੰਡਜ ਜੇਰਜ ਸੇਤਜ ਉਤਭੁਜ ਬਹੁ ਪਰਕਾਰੀ ਪਾਲਕਾ॥ ੪॥"

[ਮਾਰੂ ਸੋਲਹੇ ਮਹਲਾ ੫, ਪੰਨਾ ੧੦੮੪]

ਵਾ-ਕਿਤਨੀਆਂ ਹੀ ਖਾਣੀਆਂ ਹਨ-

ਸੋਨਾ, ਚਾਂਦੀ, ਪਾਰਾ, ਤਾਂਬਾ; ਜਿਸਤ, ਸਿੱਕਾ, ਕਲੀ, ਲੋਹਾ ਆਦਿਕ।

ਕਿਤਨੀਆਂ ਹੀ ਬਾਣੀਆਂ ਹਨ-

ਚਾਰ ਬਾਣੀਆਂ ਪਿੰਡ ਦੀਆਂ ਹਨ।

ਚਾਰ ਬਾਣੀਆਂ ਬ੍ਰਹਮੰਡ ਦੀਆਂ ਹਨ।

ਪਰਾ, ਪਸੰਤੀ, ਮਧਮਾ, ਬੈਖਰੀ।

ਇਹ ਚਾਰ ਪਿੰਡ ਦੀਆਂ ਬਾਣੀਆਂ ਹਨ।

ਪਰਾ ਦਾ ਨਿਵਾਸ ਨਾਭੀ ਵਿਚ ਹੈ।

ਪਸੰਤੀ ਦਾ ਨਿਵਾਸ ਹਿਰਦੇ ਵਿਚ ਹੈ।

ਮਧਮਾ ਦਾ ਨਿਵਾਸ ਕੰਠ ਵਿਚ ਹੈ।

ਬੈਖਰੀ ਦਾ ਨਿਵਾਸ ਜਿਹਵਾ ਵਿਚ ਹੈ।

---

*ਅੰਡਜ ਖਾਣੀ-ਜੋ ਅੰਡਿਆਂ ਤੋਂ ਪੈਦਾ ਹੁੰਦੀ ਹੈ, ਜਿਵੇਂ ਕਬੂਤਰ, ਕੁੱਕੜੀ ਆਦਿਕਾਂ ਦੇ ਬੱਚੇ ਅੰਡਿਆਂ ਤੋਂ ਜੰਮਦੇ ਹਨ।

ਜੇਰਜ ਖਾਣੀ-ਜੋ ਰਕਤ ਬੀਰਜ ਤੋਂ ਪੈਦਾ ਹੁੰਦੀ ਹੈ, ਜਿਵੇਂ ਇਸਤ੍ਰੀਆਂ, ਮਨੁੱਖ ਅਤੇ ਪਸ਼ੂ ਆਦਿ ਪੈਦਾ ਹੁੰਦੇ ਹਨ।

ਸੇਤਜ ਖਾਣੀ-ਜੋ ਪਸੀਨੇ ਤੋਂ ਪੈਦਾ ਹੁੰਦੀ ਹੈ।

ਜਿਵੇਂ ਮਨੁੱਖ ਦੇ ਪਸੀਨੇ ਤੋਂ ਜੂੰਆਂ, ਲੀਖਾਂ ਆਦਿ ਪੈਦਾ ਹੁੰਦੀਆਂ ਹਨ।

ਪਸ਼ੂ ਦੇ ਪਸੀਨੇ ਤੋਂ ਚਿੱਚੜ ਆਦਿ ਪੈਦਾ ਹੁੰਦੇ ਹਨ।

ਬ੍ਰਿਛ ਦੇ ਪਸੀਨੇ ਤੋਂ ਲਾਖ, ਗੰਦਾ ਬਰੋਜਾ, ਗੂੰਦ ਆਦਿ ਪੈਦਾ ਹੁੰਦੀ ਹੈ।

ਪੱਥਰਾਂ ਦੇ ਪਸੀਨੇ ਤੋਂ ਹੀਰੇ ਮਣੀਆਂ ਆਦਿ ਪੈਦਾ ਹੁੰਦੇ ਹਨ।

ਉਤਭੁਜ ਖਾਣੀ-ਬ੍ਰਿਛ ਪਹਾੜ ਆਦਿਕ ਹਨ।

ਬ੍ਰਹਮੰਡ ਦੀਆਂ ਚਾਰ ਬਾਣੀਆਂ ਇਹ ਹਨ-

੧. ਤਾਤਕ ਬਾਣੀ, ੨. ਤ੍ਰਿਗੁਣ ਆਤਮਕ ਬਾਣੀ, ੩. ਪ੍ਰਕਿਰਤਕ ਬਾਣੀ, ੪. ਮਹਿਤੱਤਕ ਬਾਣੀ।

੧. ਤਾਤਕ ਬਾਣੀ ਉਹ ਹੈ ਜਿਸ ਵਿਚ ਤੱਤਾਂ ਦੀ ਅਵਾਜ਼ ਆਉਂਦੀ ਹੈ ਜਿਕੁਰ-

ਅਕਾਸ਼ ਤੱਤ ਵਿਚ 'ਪ੍ਰਤੀਧੁਨ' ਰੂਪ ਸ਼ਬਦ ਹੈ।

ਵਾਯੂ ਤੱਤ ਵਿਚ 'ਸ਼ੀ ਸ਼ੀ' ਰੂਪ ਸ਼ਬਦ ਹੈ।

ਅਗਨੀ ਤੱਤ ਵਿਚ 'ਭੁਕ ਭੁਕ' ਰੂਪ ਸ਼ਬਦ ਹੈ।

ਜਲ ਤੱਤ ਵਿਚ 'ਚੁਲ ਚੁਲ' ਰੂਪ ਸ਼ਬਦ ਹੈ।

ਪ੍ਰਿਥਵੀ ਤੱਤ ਵਿਚ 'ਕਟ ਕਟ' ਰੂਪ ਸ਼ਬਦ ਹੈ।

[ਵਿਚਾਰ ਸਾਗਰ ਪਿਤਾਂਬਰੀ ਦਾ ੧੪੯ ਪੰਨਾ, ਕਬਿਤ ੧੧੫ ਅਤੇ ਉਸ ਦਾ ਟੀਕਾ ਪੜ੍ਹ ਕੇ ਦੇਖੋ।]

੨. ਤ੍ਰਿਗੁਣ ਆਤਮਕ ਬਾਣੀ ਜੋ ਤਿੰਨੇ ਗੁਣਾਂ ਨੂੰ ਵਿਸ਼ੇ ਕਰਨ ਵਾਲੀ ਹੈ।

ਯਥਾ—"ਤ੍ਰੈ ਗੁਣਜ ਵਿਸ਼ਯਾ ਵੇਦਾ ਨਿਸ ਤ੍ਰੈ ਗੁਣਜੋ ਭਵਾਰਜੁਨ।"

[ਗੀਤਾ, ਅਧਿ: ੨, ਸਲੋਕ ੪੫]

ਰਜੋ, ਸਤੋ, ਤਮੋ ਰੂਪ ਗਿਆਨ ਕਾਂਡ ਜਿਹੜਾ ਹੈ:-

ਇਹ ਸਾਂਤਕੀ ਬਾਣੀ ਹੈ।

ਕਰਮ ਕਾਂਡ ਜਿਹੜਾ ਹੈ:-

ਇਹ ਰਾਜਸੀ ਬਾਣੀ ਹੈ।

ਯੱਗ ਆਦਿਕਾਂ ਵਾਲ਼ੀ ਜੋ ਬਾਣੀ ਹੈ :- ਇਹ ਤਾਮਸੀ ਬਾਣੀ ਹੈ।

੩. ਪ੍ਰਕਿਰਤਕ ਬਾਣੀ ਐਟਮ ਬੰਬ ਵਗੈਰਾ ਦੀ ਜੋ ਆਵਾਜ਼ ਹੈ ਇਹ ਪ੍ਰਕਿਰਤਕ ਬਾਣੀ ਹੈ।

੪. ਮਹਿਤੱਤਕ ਬਾਣੀ-ਜਿਹੜੀ ਅਕਾਸ਼ ਬਾਣੀ ਹੋਣੀ ਹੈ ਇਸ ਨੂੰ ਮਹਿਤੱਤਕ ਬਾਣੀ ਆਖਦੇ ਹਨ ਜਿਸ ਤਰ੍ਹਾਂ ਇਬਰਾਹੀਮ ਨੂੰ ਤਪ ਕਰਦਿਆਂ ਇਲਹਾਮ ਹੋਇਆ ਸੀ।

ਕੇਤੇ ਪਾਤ ਨਰਿੰਦ ॥

ਕਿਤਨੀਆਂ ਹੀ ਨਰਿੰਦ=ਰਾਜਿਆਂ ਦੀਆਂ ਪਾਤ=ਪੰਗਤੀਆਂ ਹਨ।

ਅਥਵਾ ਪਾਤ=ਪਿਆਦੇ ਵੀ ਕਿਤਨੇ ਹਨ।

ਨਰਿੰਦ=ਰਾਜੇ ਵੀ ਕਿਤਨੇ ਹਨ।

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ ੩੫ ॥

ਕਿਤਨੀਆਂ ਹੀ ਵੇਦ ਦੀਆਂ ਸੁਰਤੀਆਂ ਹਨ ਅਤੇ ਕਿਤਨੇ ਹੀ ਸੇਵਕ ਹਨ।

ਵਾ-ਉਹਨਾਂ ਸੁਰਤੀਆਂ ਦੇ ਸੇਵਕ ਭਾਵ ਪੁਜਾਰੀ ਲੋਕ ਭੀ ਕਿਤਨੇ ਹਨ।

ਗੁਰੂ ਜੀ ਕਥਨ ਕਰਦੇ ਹਨ-ਜੇਕਰ ਸ੍ਰਿਸ਼ਟੀ ਦਾ ਅੰਤ ਲੈਣਾ ਚਾਹੀਏ ਤਾਂ ਨ ਅੰਤੁ=ਅੰਤੁ ਨਹੀਂ ਆਉਂਦਾ ॥ ੩੫ ॥

ਪੂਰਬੋਕਤ ਪ੍ਰਸੰਗ ਨੂੰ ਸੁਣ ਕੇ ਇਕ ਸਿੱਧ ਨੇ ਕਿਹਾ, "ਮੈਂ ਤਾਂ ਆਪ ਜੀ ਨੂੰ ਇਹ ਕਿਹਾ ਸੀ ਕਿ

ਗਿਆਨਵਾਨਾਂ ਦੀ ਨਿਗਾਹ ਆਖੋ, ਪਰ ਆਪ ਜੀ ਨੇ ਤਾਂ ਸਾਰਾ ਸੰਸਾਰ ਹੀ ਗਿਣ ਦਿੱਤਾ ਹੈ।

ਤਾਂ ਗੁਰੂ ਜੀ ਨੇ ਕਿਹਾ, ਅਸਾਂ ਸੰਸਾਰ ਨੂੰ ਕੋਈ ਐਵੇਂ ਨਹੀਂ ਗਿਣਿਆਂ, ਗਿਆਨਵਾਨਾਂ ਦੀ ਨਿਗਾਹ ਦੱਸਣ ਵਾਸਤੇ ਹੀ ਗਿਣਿਆਂ ਹੈ।

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਗਿਆਨ ਕਾਂਡੀਆਂ ਦੇ ਹਿਰਦੇ ਵਿਚ ਜੋ ਪ੍ਰਮੇਸ਼ਰ ਦਾ ਬ੍ਰਹਮ ਗਿਆਨ ਹੈ ਉਸ ਬ੍ਰਹਮ ਗਿਆਨ ਦੇ ਪ੍ਰਭਾਵ ਦੁਆਰਾ ਪਹਿਲਾਂ ਜੋ ਸਾਰਾ ਸੰਸਾਰ ਗਿਣਿਆਂ ਹੈ, ਇਸ ਨੂੰ ਪਰ=ਭਲੀ ਪ੍ਰਕਾਰ ਚੰਡ ਦਿੱਤਾ ਭਾਵ ਮਿਥਿਅਤ ਰੂਪ ਨਿਸਚੇ ਕੀਤਾ ਹੈ।

ਦੂਜਾ ਅਰਥ-

ਪੁਨਾ-ਸਿੱਧ ਨੇ ਪੰਗਤੀ ਦੇ ਵਿਚ ਹੀ ਪ੍ਰਸ਼ਨ ਕੀਤਾ ਕਿ-

ਗਿਆਨ ਖੰਡ ਕਾ ਆਖਹੁ ਕਰਮੁ ॥

ਹੇ ਪ੍ਰਭੂ! ਹੁਣ ਗਿਆਨ ਕਾਂਡੀਆਂ ਦਾ ਕਰਮੁ=ਕਰਤੱਬ ਆਖੋ। ਜਦ ਤਕ ਉਹ ਪ੍ਰਾਰਬਧ ਦੇ ਅਨੁਸਾਰ ਸੰਸਾਰ ਵਿਖੇ ਜੀਉਂਦੇ ਹਨ, ਉਤਨਾਂ ਚਿਰ ਉਹ ਕੀ ਕਰਤੱਬ ਕਰਦੇ ਹਨ? ਗੁਰ ਉੱਤਰ-

ਗਿਆਨ ਖੰਡ ਕਾ ਆਖਹੁ ਕਰਮੁ ॥

ਹੇ ਸਿੱਧੋ! ਹੁਣ ਤੁਹਾਨੂੰ ਗਿਆਨ ਕਾਂਡੀਆਂ ਦਾ ਕਰਮੁ=ਕਰਤੱਬ ਆਖ ਕੇ ਸੁਣਾਉਂਦੇ ਹਾਂ ਕਿ ਸੰਸਾਰ ਵਿਖੇ ਉਹ ਕੀ ਕੀ ਕਰਤੱਬ ਕਰਦੇ ਹਨ।

ਕੇਤੇ ਪਵਣ ਪਾਣੀ ਵੈਸੰਤਰ

ਪਹਿਲਾ ਅਰਥ-ਕਿਤਨੇ ਗਿਆਨਵਾਨ ਪਵਣ=ਰਜੋਗੁਣੀ ਹਨ।

ਕਿਤਨੇ ਗਿਆਨਵਾਨ ਪਾਣੀ=ਸਤੋਗੁਣੀ ਹਨ।

ਕਿਤਨੇ ਗਿਆਨਵਾਨ ਵੈਸੰਤਰ=ਤਮੋ ਗੁਣੀ ਹਨ, ਦੁਰਬਾਸ਼ਾ ਰਿਖੀ ਵਾਂਗ ਝਟ ਸਰਾਪ ਦੇ ਦਿੰਦੇ ਹਨ।

ਦੂਜਾ ਅਰਥ-ਕਿਤਨੇ ਗਿਆਨਵਾਨ ਪੌਣ ਦੀ ਪਰਲੋ ਵਿਚ ਪਉਣ ਰੂਪ ਹੋ ਜਾਂਦੇ ਹਨ।

ਕਿਤਨੇ ਗਿਆਨਵਾਨ ਪਾਣੀ ਦੀ ਪਰਲੋ ਵਿਚ ਪਾਣੀ ਰੂਪ ਹੋ ਜਾਂਦੇ ਹਨ।

ਕਿਤਨੇ ਗਿਆਨਵਾਨ ਅਗਨੀ ਦੀ ਪਰਲੋ ਵਿਚ ਅਗਨ ਰੂਪ ਹੋ ਜਾਂਦੇ ਹਨ।

ਤੀਜਾ ਅਰਥ-ਕਿਤਨੇ ਗਿਆਨਵਾਨ ਪੌਣ ਭੱਖੀ ਹਨ, ਕਿਤਨੇ ਪਾਣੀ ਜਲਧਾਰਾ ਸਹਾਰਦੇ ਹਨ।

ਕਿਤਨੇ ਗਿਆਨਵਾਨ ਵੈਸੰਤਰ=ਪੰਜ ਧੂਣੀਆਂ ਤਪਦੇ ਹਨ।

ਚੌਥਾ ਅਰਥ-ਕਿਤਨੇ ਗਿਆਨਵਾਨ ਗਿਆਨ ਤੋਂ ਅਨੰਤਰ ਜੀਵਨ ਮੁਕਤਿ ਅਵਸਥਾ ਬਤੀਤ ਕਰਨ ਲਈ ਸਤਸੰਗ ਵਿਚ ਆ ਕੇ ਗਰਮੀ ਦੀ ਮੌਸਮ ਵਿਖੇ ਪਵਨ=ਪੱਖਾ ਫੇਰਦੇ ਹਨ, ਤੇ ਪਾਣੀ ਦੇ ਕੌਲੇ, ਭਰ ਭਰ ਕੇ ਛਕਾਉਂਦੇ ਹਨ।

ਵਾ-ਛਬੀਲਾਂ ਲਗਾ ਕੇ ਜਲ ਛਕਾਉਂਦੇ ਰਹਿੰਦੇ ਹਨ ਅਤੇ ਸਿਆਲ ਦੇ ਦਿਨਾਂ ਵਿਚ ਅੱਗ ਬਾਲ ਕੇ ਸਿਕਾਉਂਦੇ ਹਨ।

ਪੰਜਵਾਂ ਅਰਥ-ਕਿਤਨੇ ਗਿਆਨਵਾਨ ਪਵਣ=ਵਾਸ਼ਨਾਂ ਨੂੰ, ਪਾਣੀ=ਪਦਾਰਥਾਂ ਨੂੰ

ਵੈਸੰਤਰ=ਤ੍ਰਿਸ਼ਨਾ ਅਗਨੀ ਨੂੰ ਤਿਆਗਦੇ ਹਨ।

ਛੇਵਾਂ ਅਰਥ-ਕਿਤਨੇ ਗਿਆਨਵਾਨ ਪਵਣ=ਸ੍ਵਾਸ ਸ੍ਵਾਸ ਭਜਨ ਕਰਦੇ ਹਨ। ਕਿਤਨੇ ਨਾਮ-ਪਾਣੀ ਨੂੰ ਪੀਂਦੇ ਹਨ। ਕਿਤਨੇ ਬ੍ਰਹਮ ਦ੍ਰਿਸ਼ਟੀ ਰੂਪ ਅਗਨੀ ਨੂੰ ਬਾਲੀ ਰੱਖਦੇ ਹਨ।

ਕੇਤੇ ਕਾਨ ਮਹੇਸ॥

ਕਿਤਨੇ ਗਿਆਨਵਾਨ ਕਾਨ=ਕ੍ਰਿਸ਼ਨ ਜੀ ਵਾਂਗ ਭੋਗਤਾ ਹੀ ਅਭੋਗਤਾ ਹਨ।

ਸਾਖੀ—ਕ੍ਰਿਸ਼ਨ ਜੀ ਤੇ ਦੁਰਬਾਸ਼ਾ ਰਿਖੀ ਜੀ ਦੀ

ਇਕ ਦਿਨ ਗੋਪੀਆਂ ਨੇ ਕ੍ਰਿਸ਼ਨ ਮਹਾਰਾਜ ਜੀ ਨੂੰ ਕਿਹਾ, ''ਅਸਾਂ ਨੇ ਅੱਜ ਦਿਨ ਤੱਕ ਆਪ ਜੀ ਦੇ ਗੁਰਾਂ ਦਾ ਦਰਸ਼ਨ ਨਹੀਂ ਕੀਤਾ। ਕਿਰਪਾ ਕਰਕੇ ਦੱਸੋ ਆਪ ਜੀ ਦੇ ਗੁਰੂ ਕਿਥੇ ਰਹਿੰਦੇ ਹਨ? ਅਸੀਂ ਜਾ ਕੇ ਦਰਸ਼ਨ ਕਰ ਆਈਏ।''

ਕ੍ਰਿਸ਼ਨ ਜੀ ਨੇ ਕਿਹਾ, ''ਬੜੀ ਖੁਸ਼ੀ ਦੀ ਗੱਲ ਹੈ ਜ਼ਰੂਰ ਜਾ ਕੇ ਦਰਸ਼ਨ ਕਰ ਆਓ। ਸਾਡੇ ਗੁਰੂ ਜਮਨਾ ਨਦੀ ਤੋਂ ਪਾਰ ਝਾੜੀ ਹੇਠ ਬੈਠੇ ਤਪ ਕਰ ਰਹੇ ਹਨ।''

ਇਹ ਗੱਲ ਸੁਣ ਕੇ ਗੋਪੀਆਂ ਨੇ ਆਖਿਆ-''ਜਮਨਾ ਨਦੀ ਉਤੇ ਪੁਲ ਕੋਈ ਨਹੀਂ, ਅਸੀਂ ਪਾਰ ਕਿਸ ਤਰ੍ਹਾਂ ਜਾਵਾਂਗੀਆਂ?''

ਕ੍ਰਿਸ਼ਨ ਜੀ ਨੇ ਕਿਹਾ-''ਤੁਸੀਂ ਜਾਓ ਜਮਨਾ ਦੇ ਕੰਢੇ ਖਲੋ ਕੇ ਮੇਰੀ ਤਰਫੋਂ ਸੁਨੇਹਾ ਦੇਣਾ ਕਿ ਹੇ ਜਮਨਾ! ਜੇਕਰ ਕ੍ਰਿਸ਼ਨ ਜੀ ''ਬਾਲ ਜਤੀ''ਹਨ ਤਾਂ ਤੂੰ ਸਾਨੂੰ ਰਸਤਾ ਦੇ ਦੇਹ।''

ਉਸ ਵੇਲੇ ਸਭ ਗੋਪੀਆਂ ਇਕ-ਇਕ ਥਾਲ ਮਠਿਆਈ ਦਾ ਲੈ ਕੇ ਤਿਆਰ ਹੋ ਗਈਆਂ। ਕਿਸੀ ਨੇ ਲੱਡੂਆਂ ਦਾ ਥਾਲ, ਕਿਸੀ ਨੇ ਪੇੜਿਆਂ ਦਾ; ਕਿਸੀ ਨੇ ਪੂੜੀਆਂ ਦਾ, ਕਿਸੀ ਨੇ ਪੂੜਿਆਂ ਦਾ, ਕਿਸੀ ਨੇ ਜਲੇਬੀਆਂ ਦਾ, ਕਿਸੀ ਨੇ ਮੇਸੂ ਦਾ ਥਾਲ ਚੁਕ ਲਿਆ। ਜਮਨਾ ਨਦੀ ਦੇ ਕਿਨਾਰੇ ਪਹੁੰਚ ਕੇ ਆਖਦੀਆਂ ਹਨ-''ਹੇ ਜਮਨਾ! ਜੇ ਕ੍ਰਿਸ਼ਨ ਜੀ ''ਬਾਲ ਜ਼ਤੀ'' ਹਨ ਤਦ ਤੂੰ ਸਾਨੂੰ ਰਸਤਾ ਦੇ ਦੇਹ।'' ਗੋਪੀਆਂ ਦੀ ਇਹ ਗੱਲ ਕਹਿਣ ਨਾਲ ਜਮਨਾ ਝਟ ਨੀਵੀਂ ਹੋ ਗਈ; ਗਿੱਟੇ ਗਿੱਟੇ ਪਾਣੀ ਹੋ ਗਿਆ, ਉਸੀ ਵੇਲੇ ਸਭ ਗੋਪੀਆਂ ਪਾਰ ਹੋ ਗਈਆਂ। ਜਿਹੜੀ ਜਗ੍ਹਾ ਕ੍ਰਿਸ਼ਨ ਜੀ ਨੇ ਦੱਸੀ ਸੀ, ਉਸ ਜਗ੍ਹਾ ਪਰ ਪਹੁੰਚ ਗਈਆਂ ਤਾਂ ਕੀ ਵੇਖਿਆ ਗੁਰੂ ਜੀ ਝਾੜੀ ਹੇਠ ਬੈਠੇ ਭਜਨ ਕਰ ਰਹੇ ਹਨ। ਸਭ ਗੋਪੀਆਂ ਥਾਲ ਅੱਗੇ ਰੱਖ ਕੇ ਮੱਥਾ ਟੇਕ ਕੇ ਬੈਠ ਗਈਆਂ, ਅਤੇ ਰੱਜ ਕੇ ਦਰਸ਼ਨ ਕੀਤਾ।

ਜਿਸ ਵੇਲੇ ਸਮਾਧੀ ਖੁਲ੍ਹੀ ਤਾਂ ਸਾਰੀਆਂ ਨੇ ਹੱਥ ਜੋੜ ਕੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ, ''ਗੁਰੂ ਜੀ! ਆਪ ਜੀ ਦੇ ਛਕਣ ਵਾਸਤੇ ਭੋਜਨ ਲਿਆਂਦਾ ਹੈ।'' ਉਸ ਵੇਲੇ ਦੁਰਬਾਸ਼ਾ ਰਿਖੀ ਜੀ ਹੌਲੀ-ਹੌਲੀ ਸਾਰੇ ਹੀ ਥਾਲ ਛਕ ਗਏ। ਫਿਰ ਗੋਪੀਆਂ ਨੇ ਕਿਹਾ 'ਗੁਰੂ ਜੀ ਸਾਨੂੰ ਆਗਿਆ ਦੇਵੋ, ਅਸੀਂ ਘਰਾਂ ਨੂੰ ਜਾਈਏ।' ਤਾਂ ਦੁਰਬਾਸ਼ਾ ਰਿਖੀ ਜੀ ਨੇ ਕਿਹਾ-''ਜਾਓ ਬੱਚੂ!'' ਫਿਰ ਗੋਪੀਆਂ ਨੇ ਕਿਹਾ-''ਗੁਰੂ ਜੀ! ਰਾਹ ਵਿਚ ਜਮਨਾ ਨਦੀ ਹੈ ਉਸ ਤੋਂ ਕਿਵੇਂ ਪਾਰ ਲੰਘਾਂ ਗੀਆਂ?''

ਦੁਰਬਾਸ਼ਾ ਰਿਖੀ ਨੇ ਕਿਹਾ-''ਪਹਿਲਾਂ ਕਿਸ ਤਰ੍ਹਾਂ ਲੰਘ ਕੇ ਆਈਆਂ ਹੋ ?''

ਗੋਪੀਆਂ ਨੇ ਕਿਹਾ-''ਪਹਿਲਾਂ ਤਾਂ ਅਸੀਂ ਇਹ ਗੱਲ ਕਹਿ ਕੇ ਲੰਘੀਆਂ ਸਾਂ-ਜੇ ਕ੍ਰਿਸ਼ਨ ਜੀ

ਬਾਲ ਜਤੀ ਹਨ ਤਾਂ ਹੇ ਜਮਨਾ ! ਤੂੰ ਸਾਨੂੰ ਰਸਤਾ ਦੇ ਦੇਹ, ਤਦ ਜਮਨਾ ਨੇ ਉਸੀ ਵੇਲੇ ਰਸਤਾ ਦੇ ਦਿੱਤਾ ਸੀ।''

ਇਹ ਗੱਲ ਸੁਣ ਕੇ ਦੁਰਬਾਸ਼ਾ ਰਿਖੀ ਜੀ ਨੇ ਕਿਹਾ-''ਹੁਣ ਤੁਸੀਂ ਜਮਨਾ ਨੂੰ ਇਹ ਕਹਿਣਾ, ਜੇਕਰ ਦੁਰਬਾਸ਼ਾ ਰਿਖੀ ਜੀ ਪੌਣ ਅਹਾਰੀ ਹਨ ਉਹਨਾਂ ਨੇ ਕੁਝ ਖਾਧਾ ਪੀਤਾ ਹੀ ਨਹੀਂ ਤਾਂ ਤੂੰ ਰਸਤਾ ਦੇ ਦੇਹ।'' ਇਹ ਗੱਲ ਸੁਣ ਕੇ ਉੱਠ ਆਈਆਂ ਤੇ ਰਸਤੇ ਵਿਚ ਕਹਿੰਦੀਆਂ ਹਨ-ਜੇਹਾ ਗੁਰੂ ਤੇਹਾ ਚੇਲਾ।

ਦੋਵੇਂ ਇਕੋ ਜਿਹੇ ਹਨ। ਜਮਨਾ ਦੇ ਕਿਨਾਰੇ ਪਹੁੰਚ ਕੇ ਆਖਦੀਆਂ ਹਨ-''ਹੇ ਜਮਨਾ ! ਜੇਕਰ ਦੁਰਬਾਸ਼ਾ ਰਿਖੀ ਜੀ ਨੇ ਕੁਝ ਵੀ ਖਾਧਾ ਪੀਤਾ ਨਹੀਂ, ਤਾਂ ਤੂੰ ਰਸਤਾ ਦੇ ਦੇਹ।'' ਉਸੀ ਵੇਲੇ ਜਮਨਾ ਨਦੀ ਦਾ ਪਾਣੀ ਗਿੱਟੇ ਗਿੱਟੇ ਹੋ ਗਿਆ ਤੇ ਗੋਪੀਆਂ ਪਾਰ ਲੰਘ ਗਈਆਂ। ਘਰ ਜਾ ਕੇ ਕ੍ਰਿਸ਼ਨ ਜੀ ਨੂੰ ਆਖਦੀਆਂ ਹਨ ਕਿ ਸਾਨੂੰ ਬੜਾ ਅਸਚਰਜ ਆਉਂਦਾ ਹੈ ਕਿ ੧੬੧੦੮ ਗੋਪੀਆਂ ਨਾਲ ਤੁਸੀਂ ਗ੍ਰਿਹਸਤ ਦਾ ਵਿਹਾਰ ਨਿਭਾਉਂਦੇ ਆਉਂਦੇ ਹੋ ਤੇ ਫੇਰ ਤੁਸੀਂ ''ਬਾਲ ਜਤੀ'' ਅਖਵਾਉਂਦੇ ਹੋ ਅਤੇ ਤੁਹਾਡੇ ਗੁਰਾਂ ਨੇ ਸਾਡੇ ਸਾਹਮਣੇ ਮਠਿਆਈਆਂ ਅਤੇ ਪਕਵਾਨ ਦੇ ਥਾਲਾਂ ਦੇ ਥਾਲ ਮੁਕਾ ਦਿੱਤੇ ਹਨ ਫੇਰ ਆਖਦੇ ਹਨ 'ਕੁਛ ਖਾਇਆ ਪੀਆ ਹੀ ਨਹੀਂ', ਇਹ ਕੀ ਕਾਰਣ ਹੈ?

ਉਸ ਵੇਲੇ ਕ੍ਰਿਸ਼ਨ ਜੀ ਨੇ ਕਿਹਾ, ''ਮੈਂ ਅਤੇ ਮੇਰਾ ਗੁਰੂ ਅਸੀਂ ਦੋਵੇਂ ਭੋਗਤਾ ਹੀ ਅਭੋਗਤਾ ਹਾਂ। ਦੁਨੀਆਂ ਦੀ ਨਿਗਾਹ ਵਿਚ ਅਸੀਂ ਭਾਵੇਂ ਪਦਾਰਥ ਭੋਗਦੇ ਆਉਂਦੇ ਹਾਂ, ਪ੍ਰੰਤੂ ਗਿਆਨ ਦ੍ਰਿਸ਼ਟੀ ਕਰਕੇ ਅਸੀਂ ਨਿਰਲੇਪ ਹਾਂ।''

ਯਥਾ—''ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥''

[ਗਉੜੀ ਸੁਖਮਨੀ, ਪੰਨਾ ੨੭੨]

ਕਿਤਨੇ ਗਿਆਨਵਾਨ ਮਹੇਸ=ਸ਼ਿਵ ਵਾਂਗ ਹਨ। ਜਿਸ ਤਰ੍ਹਾਂ ਸ਼ਿਵ ਸੰਸਾਰ ਦੀ ਲੈਤਾ ਕਰਦਾ ਹੈ, ਤਿਵੇਂ ਗਿਆਨਵਾਨ ਜਗਿਆਸੂਆਂ ਦੇ ਹਿਰਦੇ 'ਚੋਂ ਕਾਮ ਆਦਿਕ ਅਸ਼ੁਭ ਗੁਣਾਂ ਦੀ ਲੈਤਾ ਕਰਦੇ ਹਨ।

ਕੇਤੇ ਬ੍ਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥

ਕਿਤਨੇ ਗਿਆਨਵਾਨ ਬ੍ਰਹਮੇ ਵਾਂਗ ਸ਼ੁਭ ਗੁਣਾਂ ਦੀ ਘਾੜਤ ਨੂੰ ਘੜਦੇ ਹਨ।

ਕਿਤਨੇ ਗਿਆਨਵਾਨ ਆਪਣੀ ਸਫਾਈ ਰੂਪੀ ਰੂਪ ਬਣਾਉਂਦੇ ਹਨ।

ਕਿਤਨੇ ਗਿਆਨਵਾਨ ਹਰ ਇਕ ਨਾਲ ਰੰਗ=ਪ੍ਰੇਮ ਰੱਖਦੇ ਹਨ।

ਕਿਤਨੇ ਗਿਆਨਵਾਨ ਸਰੀਰ ਪੁਰ ਸੁੰਦਰ ਵੇਸ=ਭੇਸ ਧਾਰ ਕੇ ਰੱਖਦੇ ਹਨ

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥

ਪਹਿਲਾ ਅਰਥ-ਕਿਤਨੇ ਗਿਆਨਵਾਨ ਕਰਮ ਭੂਮੀ=ਭਾਰਥ ਖੰਡ ਦੀ ਭੂਮੀ ਵਿਚ ਵਿਚਰਦੇ ਹਨ।

ਕਿਤਨੇ ਗਿਆਨਵਾਨ ਮੇਰ=ਸੁਮੇਰ ਪਰਬਤ ਪਰ ਵਿਚਰਦੇ ਹਨ।

ਕਿਤਨੇ ਗਿਆਨਵਾਨ ਧ੍ਰੂ ਲੋਕ ਵਿਚ ਰਹਿੰਦੇ ਹਨ ਤੇ ਕਈ ਧ੍ਰੂ ਤੋਂ ਉਪਰਲੇ ਦੇਸ਼ ਵਿਚ ਰਹਿੰਦੇ ਹਨ।

ਦੂਜਾ ਅਰਥ-ਕਿਤਨੇ ਗਿਆਨਵਾਨ ਸਰੇਸ਼ਟਾਚਾਰ ਲਈ ਕਰਮ ਹੀ ਕਰਦੇ ਰਹਿੰਦੇ ਹਨ।

ਵਾ-ਕਈ ਸਾਰਿਆਂ ਪਰ ਕਰਮ=ਅਨੁਗ੍ਰਹੁ ਹੀ ਕਰਦੇ ਰਹਿੰਦੇ ਹਨ।

ਕਈ ਗਿਆਨਵਾਨ ਭੂਮੀ=ਖਿਮਾ ਗੁਣ ਨੂੰ ਧਾਰਨ ਕਰਦੇ ਹਨ।

ਵਾ-ਭੂਮੀ-ਭੂਮਾ ਅਰਥਾਤ ਬ੍ਰਹਮਾਨੰਦ ਦੇ ਵਿਖੇ ਇਸਥਿਤ ਰਹਿੰਦੇ ਹਨ।

ਕਈ ਮੇਰ=ਸੁਮੇਰ ਪਰਬਤ ਦੀ ਨਿਆਈਂ ਅਚੱਲ ਰਹਿੰਦੇ ਹਨ।

ਕਈ ਗਿਆਨਵਾਨ ਧ੍ਰੂ ਭਗਤ ਵਾਂਗ ਪੂਜਨੀਕ ਹਨ।

ਵਾ-ਅਚੱਲ ਹਨ ਵਾ=ਧ੍ਰੂ ਭਗਤ ਵਾਂਗ ਜਪ ਤਪ ਕਰਨ ਵਾਲੇ ਹਨ।

ਕਈ ਧ੍ਰੂ ਭਗਤ ਨੂੰ ਉਪਦੇਸ਼ ਕਰਨ ਵਾਲੇ ਹਨ।

ਵਾ-ਧ੍ਰੂ ਭਗਤ ਨੂੰ ਉਪਦੇਸ਼ ਦੇਣ ਵਾਲਾ ਜੋ ਨਾਰਦ ਹੈ ਉਸ ਦੀ ਨਿਆਈਂ ਕਈ ਪ੍ਰੇਮਾ ਭਗਤੀ ਕਰਨ ਵਾਲੇ ਹਨ ਤੇ ਕਈ ਉਸ ਵਾਂਗ ਲੜਾਈਆਂ ਕਰਾਉਣ ਵਾਲੇ ਭੀ ਹਨ।

ਕੇਤੇ ਇੰਦ ਚੰਦ ਸੂਰ ਕੇਤੇ

ਕਿਤਨੇ ਗਿਆਨਵਾਨ ਇੰਦਰ ਵਾਂਗ ਰਾਜ ਭਾਗ ਕਰਦੇ ਹਨ।

ਕਿਤਨੇ ਗਿਆਨਵਾਨ ਚੰਦ੍ਰਮਾ ਵਾਂਗ ਸੀਤਲ ਸੁਭਾਵ ਵਾਲੇ ਹਨ।

ਕਿਤਨੇ ਗਿਆਨਵਾਨ ਸੂਰਜ ਵਾਂਗ ਜਗਿਆਸੂ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ।

ਵਾ-ਕਈ ਗਿਆਨਵਾਨ ਸੂਰਜ ਵਾਂਗ ਤੇਜ ਪ੍ਰਤਾਪ ਵਾਲੇ ਹਨ।

ਅਥਵਾ-ਜਿਵੇਂ ਸੂਰਜ ਰੋਜ਼ ਚੌਦਾਂ ਹਜ਼ਾਰ ਦੈਂਤਾਂ ਨੂੰ ਮਾਰ ਕੇ ਚੜ੍ਹਦਾ ਹੈ, ਤਿਵੇਂ ਗਿਆਨਵਾਨ ਰੋਜ਼ ਚੌਦਾਂ ਇੰਦ੍ਰੀਆਂ ਦਾ ਦਮਨ ਕਰਦੇ ਹਨ।

ਕੇਤੇ ਮੰਡਲ ਦੇਸ॥

ਕਿਤਨੇ ਗਿਆਨਵਾਨ ਮੰਡਲਾਂ ਵਿਚ ਇਸਥਿਤ ਹਨ।

ਕਿਤਨੇ ਦੇਸ਼ਾਂ ਵਿਚ ਇਸਥਿਤ ਹਨ।

ਅਥਵਾ-ਕਿਤਨੇ ਸ਼ੁਭ-ਗੁਣਾਂ ਦਾ ਮੰਡਲ=ਅਸਥਾਪਨ ਕਰਦੇ ਹਨ।

ਕਿਤਨੇ ਦੇਸ=ਸਾਧਨਾਂ ਨੂੰ ਗ੍ਰਹਿਣ ਕਰਦੇ ਹਨ, ਵਾ-ਦੇਸ=ਅੰਗਾਂ ਨੂੰ ਸੁਧਾਰਦੇ ਰਹਿੰਦੇ ਹਨ।

ਕੇਤੇ ਸਿਧ ਬੁਧ ਨਾਥ ਕੇਤੇ

ਕਿਤਨੇ ਗਿਆਨਵਾਨ ਸਿੱਧੀਆਂ ਸਪੰਨ ਹਨ। ਵਾ-ਸਿੱਧਾਂ ਚੋਂ ਕਿਤਨੇ ਗਿਆਨਵਾਨ ਹਨ।

ਵਾ-ਕਿਤਨੇ ਗਿਆਨਵਾਨ ਸਾਰੇ ਸੰਸਾਰ ਵਿਚ ਸਿਧ=ਪ੍ਰਸਿੱਧ ਹਨ।

ਕਿਤਨੇ ਗਿਆਨਵਾਨ ਬੁਧ=ਬੁੱਧੀਵਾਨ ਹਨ।

ਵਾ=ਬੁਧ ਆਦਿਕ ਨੌਂ ਗ੍ਰੈਹਾਂ 'ਚੋਂ ਕਿਤਨੇ ਗਿਆਨਵਾਨ ਹਨ ਬ੍ਰਹਸਪਤਿ ਆਦਿਕ।

ਭਰਥਰੀ ਆਦਿਕ ਨੌਂ ਨਾਥਾਂ 'ਚੋਂ ਕਿਤਨੇ ਗਿਆਨਵਾਨ ਹਨ।

ਵਾ=ਕਿਤਨੇ ਗਿਆਨਵਾਨ ਨਾਥ=ਸੁਆਮੀ ਬਣ ਕੇ ਵਿਚਰਦੇ ਹਨ।

ਕੇਤੇ ਦੇਵੀ ਵੇਸ॥

ਕਿਤਨੇ ਗਿਆਨਵਾਨ ਦੇਵੀ=ਇਸਤ੍ਰੀਆਂ ਵਾਲੇ ਵੇਸ=ਭੇਸ ਨੂੰ ਧਾਰ ਕੇ ਭਾਵ ਔਰਤਾਂ ਵਾਲੇ ਕਪੜੇ ਪਾ ਕੇ ਵਿਚਰਦੇ ਹਨ।

ਦਾਸ ਨੇ ਇਕ ਸੰਤਾਂ ਨੂੰ ਵੇਖਿਆ ਹੈ ਜੋ ਔਰਤਾਂ ਵਾਲੇ ਕਪੜੇ ਪਾ ਕੇ ਚਲਦੇ ਫਿਰਦੇ ਸਨ, ਉਹਨਾਂ ਪਾਸੋਂ ਜਦ ਕੋਈ ਪੁੱਛਦਾ ਸੀ ਕਿ ਇਹ ਲਿਬਾਸ ਆਪ ਜੀ ਨੇ ਕਿਉਂ ਧਾਰਿਆ ਹੈ ਤਾਂ ਆਖਦੇ ਹੁੰਦੇ ਸਨ-

"ਠਾਕੁਰੁ ਏਕੁ ਸਬਾਈ ਨਾਰ॥"

[ਪੰਨਾ, ੮੩੩]

ਅਸੀਂ ਸਭ ਔਰਤਾਂ ਹਾਂ ਸਾਡਾ ਪਤੀ ਇਕ ਪਰਮੇਸ਼ਰ ਹੈ।

ਸਾਖੀ—ਭਾਈ ਰੰਗ ਜੀ ਦੀ

ਆਪ ਪੂਰਨ ਮਹਾਤਮਾ ਸਨ, ਆਪ ਜੀ ਦਾ ਜਨਮ ੧੭੬੦-੬੧ ਬਿਕ੍ਰਮੀ ਵਿਖੇ ਕਰਤਾਰਪੁਰ ਹੋਇਆ ਹੈ। ਅੱਠੇ ਪਹਿਰ ਵਾਹਿਗੁਰੂ ਦੇ ਭਜਨ ਵਿਖੇ ਮਸਤ ਰਹਿੰਦੇ ਸਨ। ਆਪ ਜੀ ਦੇ ਦਿਲ ਵਿਚ ਇਹ ਬੜੀ ਇੱਛਾ ਰਹਿੰਦੀ ਸੀ ਕਿ ਸਾਨੂੰ ਕੋਈ ਪੂਰਨ ਮਹਾਤਮਾ ਮਿਲੇ ਜਿਸ ਕਰਕੇ ਸਾਨੂੰ ਪਰਮ ਸ਼ਾਂਤੀ ਦੀ ਪਰਾਪਤੀ ਹੋਵੇ।

ਜਿਸ ਵੇਲੇ ਆਪ ਜੀ ਨੇ ਭਾਈ ਅੱਡਣ ਸਾਹਿਬ ਜੀ ਦਾ ਪ੍ਰਤਾਪ ਸੁਣਿਆ ਕਿ ਮਾਇਆ ਦੇ ਪੂਰੇ ਤਿਆਗੀ ਅਤੇ ਨਾਮ ਰੱਸੀਏ ਹਨ, ਜਿਨ੍ਹਾਂ ਪਾਸ ਬੜੇ ਬੜੇ ਲਖਪਤੀ ਆ ਕੇ ਮਾਇਆ ਅਰਪਨ ਕਰਦੇ ਹਨ ਪਰ ਉਹ ਗ੍ਰਹਿਣ ਨਹੀਂ ਕਰਦੇ, ਤਾਂ ਚਿਤ ਵਿਚ ਸੰਕਲਪ ਆਇਆ ਕਿ ਚਲ ਕੇ ਉਹਨਾਂ ਦਾ ਦਰਸ਼ਨ ਕਰੀਏ। ਇਹ ਵਿਚਾਰ ਕੇ ਜਦ ਸ਼ਾਹਦਰੇ ਆ ਕੇ ਉਹਨਾਂ ਦਾ ਦਰਸ਼ਨ ਕੀਤਾ ਤਾਂ ਹਿਰਦੇ ਵਿਚ ਸ਼ਾਂਤੀ ਆ ਗਈ ਮਨ ਦੀ ਸਭ ਕਲਪਣਾ ਮਿਟ ਗਈ। ਮਨ ਵਿਚ ਆਖਦੇ ਹਨ ਜਿਸ ਤਰ੍ਹਾਂ ਅਸੀਂ ਚਾਹੁੰਦੇ ਸੀ ਪਰਮੇਸ਼ਵਰ ਨੇ ਉਸੇ ਤਰ੍ਹਾਂ ਸਾਡੀ ਭਾਵਨਾ ਪੂਰੀ ਕੀਤੀ ਹੈ। ਮਨ ਵਿਖੇ ਗੁਰੂ ਭਾਵਨਾ ਧਾਰ ਕੇ ਉਹਨਾਂ ਦੀ ਹੀ ਸੇਵਾ ਕਰਦੇ ਰਹੇ।

ਹੌਲੀ-ਹੌਲੀ ਸੇਵਾ ਕਰਦਿਆਂ ਕਰਦਿਆਂ ਭਾਈ ਸਾਹਿਬ ਜੀ ਨੇ ਉਪਦੇਸ਼ ਵੀ ਦੇ ਦਿੱਤਾ। ਫਿਰ ਤਾਂ ਨਿਹਾਲ ਹੋ ਗਏ। ਦਿਲ ਕਰੇ ਤਾਂ ਉਥੇ ਰਹਿ ਕੇ ਸੇਵਾ ਕਰਦੇ ਰਹਿਣ ਜੇ ਇਕਾਂਤ ਨੂੰ ਦਿਲ ਕਰੇ ਤਾਂ ਆਗਿਆ ਲੈ ਕੇ ਕਰਤਾਰਪੁਰ ਆ ਰਹਿਣ।

ਇਕ ਸਮੇਂ ਕਰਤਾਰਪੁਰ ਤੋਂ ਚੱਲ ਕੇ ਆਪਣੇ ਗੁਰੂ ਜੀ ਦੇ ਦਰਸ਼ਨਾਂ ਨੂੰ ਸ਼ਾਹਦਰੇ ਵੱਲ ਆ ਰਹੇ ਸਨ। ਰਸਤੇ ਵਿਚ ਲਾਹੌਰ ਦੇ ਜੋ ਦੀਵਾਨ 'ਲਖਪਤ' ਤੇ 'ਜਸਪਤ' ਸਨ ਉਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਰੋਵਰ ਦੇ ਇਸ਼ਨਾਨ ਅਤੇ ਦਰਸ਼ਨ ਪਰਸਨ ਕਰਕੇ ਆਪਣੇ ਪਰਿਵਾਰ ਸਮੇਤ ਚਲੇ ਆ ਰਹੇ ਸਨ। ਉਹਨਾਂ ਨੇ ਜਦ ਭਾਈ ਰੰਗ ਜੀ ਨੂੰ ਦੇਖਿਆ ਤਾਂ ਬੜੇ ਅਦਬ ਸਤਿਕਾਰ ਨਾਲ ਬੇਨਤੀ ਕਰਕੇ ਭਾਈ ਸਾਹਿਬ ਜੀ ਨੂੰ ਇਸਤ੍ਰੀਆਂ ਵਾਲੇ ਰਥ ਵਿਚ ਬਿਠਾ ਲਿਆ। ਉਹ ਭੀ ਨਿਸ਼ੰਕ ਹੋ ਕੇ ਬੈਠ ਗਏ ਕਿਉਂਕਿ ਜਿਨ੍ਹਾਂ ਨੂੰ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਜਗਤ ਪ੍ਰਤੀਤ ਨਹੀਂ ਹੁੰਦਾ ਸੀ, ਉਨ੍ਹਾਂ ਦੇ ਮਨ ਵਿਚ ਇਸਤ੍ਰੀ ਪੁਰਖ ਭਾਵਨਾ ਕੋਈ ਨਹੀਂ ਸੀ। ਰਥ ਵਿਚ ਬੈਠ ਕੇ ਉਹਨਾਂ ਨਾਲ ਪਰਮੇਸ਼ਰ ਸੰਬੰਧੀ ਗੱਲਾਂ-ਬਾਤਾਂ ਕਰਦੇ ਆਏ।

ਕਿਸੀ ਮਨੁੱਖ ਨੇ ਦੇਖ ਕੇ ਭਾਈ ਅੱਡਣ ਸਾਹਿਬ ਜੀ ਨੂੰ ਆ ਕੇ ਕਿਹਾ ਕਿ ਮਹਾਰਾਜ ਜੀ ! ਅੱਜ 'ਭਾਈ ਰੰਗ ਜੀ' ਲਾਹੌਰ ਦੇ ਜੋ ਦੀਵਾਨ ਹਨ ਉਹਨਾਂ ਦੀਆਂ, ਇਸਤ੍ਰੀਆਂ ਨਾਲ ਰਥ ਵਿਖੇ ਬੈਠ ਕੇ ਆ ਰਹੇ ਹਨ, ਇਹ ਗੱਲ ਠੀਕ ਨਹੀਂ ਹੈ। ਸੰਤਾਂ ਨੇ ਕਿਹਾ, "ਆਉਣਗੇ ਤਾਂ ਪੁੱਛਾਂਗੇ।"

ਜਿਸ ਵੇਲੇ ਭਾਈ ਰੰਗ ਜੀ ਆਏ ਤਾਂ ਬੜੀ ਨਿੰਮ੍ਰਤਾ ਸਹਿਤ ਮੱਥਾ ਟੇਕ ਕੇ ਪਾਸ ਬੈਠ ਗਏ, ਤਾਂ ਭਾਈ ਅੱਡਣ ਸਾਹਿਬ ਜੀ ਨੇ ਬਚਨ ਬਿਲਾਸ ਕਰਦਿਆਂ ਪੁੱਛਿਆ ''ਰਥ ਵਿਖੇ ਕਿਤਨੀਆਂ ਔਰਤਾਂ ਨਾਲ ਬੈਠ ਕੇ ਆਏ ਹੋ?''

'ਭਾਈ ਰੰਗਾ' ਜੀ ਨੇ ਦੋ ਹੱਥ ਜੋੜ ਕੇ ਬੜੀ ਨਿੰਮ੍ਰਤਾ ਸਹਿਤ ਆਖਿਆ, ''ਗੁਰੂ ਜੀ ! ਚਾਰ ਇਸਤ੍ਰੀਆਂ ਉਹ ਸਨ, ਪੰਜਵੀਂ ਇਸਤ੍ਰੀ ਮੈਂ ਸੀ।'' ਇਹ ਗੱਲ ਸੁਣ ਕੇ ਭਾਈ ਅੱਡਣ ਸਾਹਿਬ ਜੀ ਹੱਸ ਪਏ, ਆਖਿਆ, ''ਧੰਨ ਤੂੰ ਹੈਂ ਜਿਸ ਨੇ ਸਤਸੰਗ ਦੁਆਰਾ ਆਤਮਾ ਦਾ ਆਨੰਦ ਲੈ ਕੇ ਸਾਰੇ ਬ੍ਰਹਮ ਪਤੀ ਨੂੰ ਨਿਸਚੇ ਕੀਤਾ ਹੈ, ਤੇ ਆਪਣੇ ਆਪ ਨੂੰ ਇਸਤ੍ਰੀ ਰੂਪ ਨਿਸਚੇ ਕੀਤਾ ਹੈ।''*

ਵਾ-ਦੇਵੀਆਂ ਦੇ ਵੇਸ 'ਚੋਂ ਬ੍ਰਹਮ ਗਿਆਨ ਦੇ ਸਹਿਤ ਹੋ ਕੇ ਚੁੜਾਲਾ ਆਦਿ ਕਿਤਨੀਆਂ ਔਰਤਾਂ ਬ੍ਰਹਮ ਗਿਆਨਣਾਂ ਹੋਈਆਂ ਹਨ।

ਕੇਤੇ ਦੇਵ ਦਾਨਵ ਮੁਨਿ ਕੇਤੇ

ਪਹਿਲਾ ਅਰਥ-ਕਿਤਨੇ ਗਿਆਨਵਾਨ ਦੇਵ=ਸਰੇਸ਼ਟ ਕਰਮਾਂ ਨੂੰ ਕਰਦੇ ਹਨ।

ਕਿਤਨੇ ਗਿਆਨਵਾਨ ਦਾਨਵ=ਰਾਖਸ਼ਾਂ ਵਾਂਗ ਮਾਸ, ਸ਼ਰਾਬ ਖਾਣ ਪੀਣ ਆਦਿਕ ਮੰਦ ਕਰਮਾਂ ਨੂੰ ਕਰਦੇ ਹਨ ਆਪਣੀ ਪੂਰਬ ਲਿਖਤ ਦੇ ਅਨੁਸਾਰ।

ਕਿਤਨੇ ਗਿਆਨਵਾਨ ਮੁਨੀਆਂ ਵਾਂਗ ਸਮਾਧੀ ਲਗਾਈ ਰੱਖਦੇ ਹਨ, ਵਾ-ਮੋਨ ਧਾਰੀ ਰੱਖਦੇ ਹਨ।

ਕੇਤੇ ਰਤਨ ਸਮੁੰਦ॥

ਕਿਤਨੇ ਗਿਆਨਵਾਨ ਰਤਨ=ਵੈਰਾਗ ਆਦਿਕ ਸ਼ੁਭ-ਗੁਣਾਂ ਦੇ ਸਮੁੰਦਰ ਹਨ।

ਦੂਜਾ ਅਰਥ-ਦੇਵਤਿਆਂ 'ਚੋਂ ਕਿਤਨੇ ਗਿਆਨਵਾਨ ਹੋਏ ਹਨ।

ਦਾਨਵਾਂ 'ਚੋਂ ਕਿਤਨੇ ਗਿਆਨਵਾਨ ਹੋਏ ਹਨ।

ਪ੍ਰਹਿਲਾਦ, ਭਭੀਛਨ, ਦੇਵਲੂਤ ਆਦਿਕ।

ਮੁਨੀਆਂ 'ਚੋਂ ਕਿਤਨੇ ਗਿਆਨਵਾਨ ਹੋਏ ਹਨ।

ਚੌਦਾਂ ਰਤਨਾਂ 'ਚੋਂ ਕਿਤਨੇ ਗਿਆਨਵਾਨ ਹੋਏ ਹਨ [ਲਛਿਮੀ, ਚੰਦ੍ਰਮਾ ਆਦਿਕ] ਕਿਤਨੇ ਗਿਆਨਵਾਨ ਸਮੁੰਦਰ ਵਾਂਗ ਗੰਭੀਰ ਦਿਲ ਵਾਲੇ ਹੋਏ ਹਨ।

ਵਾ-ਸੰਸਾਰ ਸਮੁੰਦਰ ਵਿਚ ਕਿਤਨੇ ਗਿਆਨਵਾਨ ਐਸੇ ਹਨ ਜੋ ਪਦਾਰਥਾਂ ਵਿਚ ਰਤ+ਨ=ਪ੍ਰੀਤੀ ਨਹੀਂ ਕਰਦੇ।

ਕੇਤੀਆ ਖਾਣੀ ਕੇਤੀਆ ਬਾਣੀ

ਕਿਤਨੇ ਗਿਆਨਵਾਨ ਆਪਣੀ ਪ੍ਰਾਰਬਧ ਅਨੁਸਾਰ ਚੰਗੇ ਚੰਗੇ ਖਾਣਿਆਂ ਨੂੰ ਖਾਂਦੇ ਹਨ। ਕਿਤਨੇ ਗਿਆਨਵਾਨ ਜੀਵਨ-ਮੁਕਤ ਅਨੰਦ ਲਈ ਪ੍ਰਤੱਖ ਬਾਣੀਆਂ ਦੇ।

ਵਾ-ਵੇਦ ਬਾਣੀ ਦੇ ਪਾਠ ਹੀ ਕਰਦੇ ਰਹਿੰਦੇ ਹਨ।

ਅਥਵਾ-ਚਾਰ ਖਾਣੀਆਂ ਵਿਚੋਂ ਕਿਤਨੇ ਗਿਆਨਵਾਨ ਹੋਏ ਹਨ।

ਅੰਡਜ ਖਾਣੀ ਵਿਚੋਂ-ਕਾਗ ਭਸੁੰਡ ਤੇ ਗਰੁੜ ਆਦਿ।

---

*ਇਹ ਸਾਖੀ ਸੰਤ ਰਤਨਮਾਲਾ ਪੰਨਾ ੨੧੮ ਤੋਂ ਸ਼ੁਰੂ ਹੁੰਦੀ ਹੈ।

ਜੇਰਜ ਖਾਣੀ ਵਿਚੋਂ-ਬਹੁਤ ਸਾਰੇ ਪ੍ਰਤੱਖ ਪੁਰਸ਼ ਗਿਆਨਵਾਨ ਹੋਏ ਹਨ।

ਵਾ-ਜੇਰਜ ਖਾਣੀ ਵਿਚੋਂ-ਗੋਪਾਲ ਹਾਥੀ ਹੋਇਆ ਹੈ ਜੋ ਸੰਤਾਂ ਅੱਗੇ ਖੰਡ ਦੀਆਂ ਬੋਰੀਆਂ ਵਗੈਰਾ ਲਿਆ ਸੁੱਟਦਾ ਸੀ।

ਦੂਜਾ ਕਲਗੀਧਰ ਜੀ ਦੇ ਪਾਸ ਇਕ 'ਪ੍ਰਸਾਦੀ' ਹਾਥੀ ਸੀ, ਉਸ ਨੂੰ ਵੀ ਗਿਆਨ ਪ੍ਰਾਪਤ ਹੋਇਆ ਸੀ।

ਉਤਭੁਜ ਖਾਣੀ ਵਿਚੋਂ-ਕਲਪ ਬ੍ਰਿਛ ਹੋਇਆ ਹੈ।

ਸੇਤਜ ਖਾਣੀ ਵਿਚੋਂ-ਗਣੇਸ਼ ਪੈਦਾ ਹੋਇਆ ਹੈ।

ਅਥਵਾ-ਹਨੂੰਮਾਨ ਦਾ ਪੁੱਤਰ ਮਛੋਦਰ ਪੈਦਾ ਹੋਇਆ ਹੈ।

ਸਾਖੀ—ਮਛੋਦਰ ਦੀ

ਜਿਸ ਵੇਲੇ ਹਨੂੰਮਾਨ ਲੰਕਾ ਨੂੰ ਸਾੜ ਕੇ ਆਇਆ ਤੇ ਪੂਛ ਨੂੰ ਕੁਛ ਅੱਗ ਲੱਗੀ ਵੇਖ ਕੇ ਸਮੁੰਦਰ ਵਿਚ ਬੁਝਾਉਣ ਆਇਆ, ਉਸ ਵੇਲੇ ਇਸ ਨੂੰ ਮੁੜ੍ਹਕਾ ਬੜਾ ਆਇਆ ਹੋਇਆ ਸੀ, ਜਿਸ ਵੇਲੇ ਉਹ ਮੁੜ੍ਹਕਾ ਚੋ ਕੇ ਹੇਠ ਡਿਗਿਆ, ਤਾਂ ਸਮੁੰਦਰ ਵਿਚ ਮੱਛੀ ਨੇ ਉਸ ਮੁੜ੍ਹਕੇ ਨੂੰ ਨਿਗਲ ਲਿਆ, ਉਸ ਮੱਛੀ ਤੋਂ ਮਛੋਦਰ ਪੈਦਾ ਹੋਇਆ ਹੈ।

ਰਾਵਣ ਦੀ ਮਾਸੀ ਦਾ ਪੁੱਤਰ ਜੋ 'ਅਹਿਰਾਵਨ' ਹੈ, ਇਹ ਪਤਾਲ ਵਿਖੇ ਰਾਜ-ਭਾਗ ਕਰਦਾ ਸੀ। ਇਸ ਰਾਜੇ ਦੇ ਬੂਹੇ ਪਰ ਇਹ ਮਛੋਦਰ ਦਰਵਾਨਚੀ ਬਣਕੇ ਖੜਾ ਰਹਿੰਦਾ ਸੀ। ਜਿਸ ਵੇਲੇ ਲਛਮਣ ਨੂੰ ਅਹਿਰਾਵਨ ਚੁੱਕ ਕੇ ਪਤਾਲ ਵਿਚ ਲੈ ਗਿਆ ਸੀ, ਤਿਸ ਵੇਲੇ ਹਨੂੰਮਾਨ ਵੀ ਹੇਠਾਂ ਪਤਾਲ ਵਿਚ ਗਿਆ, ਤਾਂ ਕੀ ਵੇਖਿਆ ਜੋ ਰਾਜੇ ਦੇ ਬੂਹੇ ਪਰ ਮਛੋਦਰ ਖੜਾ ਹੈ। ਪਹਿਲੇ ਤਾਂ ਉਸ ਨਾਲ ਬਹੁਤ ਸਾਰਾ ਬਾਦ ਬਿਬਾਦ ਅਤੇ ਲੜਾਈ ਝਗੜਾ ਹੋਇਆ। ਫਿਰ ਹਨੂੰਮਾਨ ਨੇ ਉਸ ਨੂੰ ਗਿਆਨ ਦੀ ਪ੍ਰਾਪਤੀ ਕਰ ਦਿੱਤੀ। ਜਿਸ ਕਰਕੇ ਮਛੋਦਰ ਨੂੰ ਗਿਆਨੀ ਕਥਨ ਕੀਤਾ ਹੈ, ਤੇ ਇਸ ਦੀ ਉਤਪਤੀ ਪਸੀਨੇ ਤੋਂ ਹੋਈ ਹੈ।

ਕਿਤਨੇ ਗਿਆਨਵਾਨ ਬਾਣੀ=ਬਾਣੀਏ ਜਾਤ 'ਚੋਂ ਭਾਵ ਵੈਸ਼ ਜਾਤੀ 'ਚੋਂ ਹੋਏ ਹਨ, ਤ੍ਰਿਲੋਚਨ ਭਗਤ ਵਾਂਗ।

ਅਥਵਾ-ਕਿਤਨੇ ਗਿਆਨਵਾਨ ਸ਼ੁਭ-ਗੁਣਾਂ ਦੀ ਖਾਣ ਹੋਏ ਹਨ।

ਕਿਤਨੇ ਗਿਆਨਵਾਨ ਸਭ ਵਿਦਿਆ ਦੀ ਬਾਣੀ ਨੂੰ ਜਾਣਦੇ ਹਨ।

ਕੇਤੇ ਪਾਤ ਨਰਿੰਦ॥-ਕਿਤਨੇ ਗਿਆਨਵਾਨ ਨਰਿੰਦ=ਰਾਜਿਆਂ ਦੀ ਪਾਤ=ਪੰਗਤੀ 'ਚੋਂ ਹੋਏ ਹਨ, [ਜਨਕ ਆਦਿ]

ਵਾ-ਕਿਤਨੇ ਗਿਆਨਵਾਨ ਭਾਵ=ਪਿਆਦਿਆਂ ਚੋਂ ਹੋਏ ਹਨ।

ਕਿਤਨੇ ਰਾਜਿਆਂ ਚੋਂ ਹੋਏ ਹਨ।

ਕੇਤੀਆ ਸੁਰਤੀ ਸੇਵਕ ਕੇਤੇ:-ਕਿਤਨੇ ਗਿਆਨਵਾਨ ਸੁਰਤੀ=ਵੇਦਾਂ ਅਨੁਸਾਰ ਚਲਦੇ ਹਨ।

ਵਾ-ਸੁਰਤੀ=ਵੇਦਾਂ ਨੂੰ ਪੜ੍ਹਕੇ ਭਾਵ ਵੇਦਾਂ ਦੀਆਂ ਸੁਰਤੀਆਂ ਸੁਣਾਉਂਦੇ ਹਨ।

ਵਾ-ਕਿਤਨੇ ਗਿਆਨਵਾਨ ਆਪਣੀ ਸੁਰਤੀ=ਬਿਰਤੀ ਨੂੰ ਬ੍ਰਹਮ ਵਿਚ ਲਗਾਉਂਦੇ ਹਨ।

ਵਾ-ਕਿਤਨੇ ਗਿਆਨਵਾਨ ਸੁ+ਰਤੀ=ਸਰੇਸ਼ਟ ਪ੍ਰੀਤੀ ਨੂੰ ਕਰਦੇ ਹਨ।

ਕਿਤਨੇ ਗਿਆਨਵਾਨ ਸੇਵਕ ਹੋ ਕੇ ਸੇਵਾ ਨੂੰ ਕਰਦੇ ਹਨ।

ਨਾਨਕ ਅੰਤੁ ਨ ਅੰਤੁ ॥੩੫॥

ਗੁਰੂ ਜੀ ਆਖਦੇ ਹਨ, ਜੇ ਇਸ ਪ੍ਰਕਾਰ ਗਿਆਨੀਆਂ ਦਾ ਅੰਤ ਲਈਏ ਤਾਂ ਅੰਤ ਨਹੀਂ ਆਉਂਦਾ। ਫੇਰ ਸਿੱਧਾਂ ਨੇ ਕਿਹਾ-ਜਿਸ ਤਰ੍ਹਾਂ ਆਪ ਜੀ ਨੇ ਗਿਆਨੀਆਂ ਦੇ ਕਰਤੱਬ ਅਤੇ ਸੁਭਾਵ ਵੱਖੋ ਵੱਖ ਕਹੇ ਹਨ।

ਓਸੇ ਤਰ੍ਹਾਂ ਗਿਆਨ ਵਿਚ ਅਤੇ ਵਿਦੇਹ ਮੁਕਤੀ ਵਿਚ ਵੀ ਨਿਊਣ, ਅਧਿਕਤਾ ਹੋਵੇਗੀ?

ਗੁਰ ਉਤਰ-ਹੇ ਸਿੱਧੋ! ਪਹਿਲੇ ਜਨਮ ਦੇ ਕੀਤੇ ਹੋਏ ਜੋ ਕਰਮ ਹਨ ਉਸ ਅਨੁਸਾਰ ਜੋ ਲੇਖ ਇਸ ਜਨਮ ਵਿਚ ਲਿਖੇ ਗਏ ਹਨ ਉਹ ਪ੍ਰਾਰਬਧ ਕਰਮ ਹਨ। ਉਹਨਾਂ ਦਾ ਫਲ ਗਿਆਨਵਾਨਾਂ ਨੂੰ ਵੱਖੋ ਵੱਖ ਭੋਗਣਾ ਪੈਂਦਾ ਹੈ। ਇਸ ਲਈ ਉਹਨਾਂ ਦੇ ਕਰਤੱਬ ਅਤੇ ਸੁਭਾਵ ਵੱਖੋ ਵੱਖ ਹਨ। ਪ੍ਰੰਤੂ ਬ੍ਰਹਮ ਗਿਆਨ ਅਤੇ ਵਿਦੇਹ ਮੁਕਤੀ ਵਿਚ ਨਿਊਣ, ਅਧਿਕਤਾ ਕੋਈ ਨਹੀਂ ਹੈ। ਵਿਦੇਹ ਮੁਕਤਿ ਦਾ ਆਨੰਦ ਹਰ ਇਕ ਗਿਆਨਵਾਨ ਨੂੰ ਇਕੋ ਜਿਹਾ ਮਿਲਦਾ ਹੈ, ਅੰਤ ਨੂੰ ਸਾਰੇ ਬ੍ਰਹਮ ਵਿਚ ਅਭੇਦ ਹੋ ਜਾਂਦੇ ਹਨ-

ਯਥਾ—"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥ ੧੧॥"

[ਸੋਰਠਿ ਮਹਲਾ ੯, ਪੰਨਾ ੬੩੩]

ਪੈਂਤੀਵੀਂ ਪਉੜੀ ਦੇ ੧੬੭ ਅੱਖਰ ਹਨ।

ਛੱਤੀਵੀਂ ਪਉੜੀ

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਗਿਆਨ ਕਾਂਡੀਆਂ ਦੇ ਹਿਰਦੇ ਵਿਚ ਬ੍ਰਹਮ ਗਿਆਨ ਦੀ ਪਰਚੰਡ=ਤੀਖਨਤਾ ਅਰਥਾਤ ਬਹੁਲਤਾ ਬਹੁਤ ਹੈ।

ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਤ੍ਰਿਥੈ=ਤਿਨ੍ਹਾਂ ਗਿਆਨ ਕਾਂਡੀਆਂ ਵਿਖੇ ਨਾਦ=ਸ੍ਰਵਣਾਨੰਦ, ਬਿਨੋਦ=ਦਰਸ਼ਨਾਨੰਦ, ਕੋਡ=ਭੋਗਾਨੰਦ ਪ੍ਰਾਪਤ ਹੁੰਦਾ ਹੈ।

ਯਥਾ—'ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥੨॥'

[ਰਾਮਕਲੀ ਮਹਲਾ ੫, ਪੰਨਾ ੯੨੯]

ਤਥਾ—"ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ॥"

[ਸਾਰਗ ਮਹਲਾ ੫, ਪੰਨਾ ੧੨੧੪]

ਸਾਖੀ—ਅੰਗੂਰਾਂ ਦੀ

ਜਿਸ ਤਰ੍ਹਾਂ ਕੋਈ ਰੋਗੀ ਪੁਰਸ਼ ਹੈ, ਉਸ ਨੂੰ ਡਾਕਟਰ ਨੇ ਅੰਗੂਰ ਖਾਣ ਵਾਸਤੇ ਕਿਹਾ, ਪਰ ਅੰਗੂਰ ਲੱਭਿਆਂ ਕਿਧਰੇ ਵੀ ਨਾ ਮਿਲੇ। ਉਸ ਨੇ ਬਹੁਤਿਆਂ ਨੂੰ ਕਹਿ ਛੱਡਿਆ ਕਿ ਜਿਸ ਵੇਲੇ ਵੀ ਕਿਧਰੇ ਅੰਗੂਰ ਆਉਣ ਤਾਂ ਮੈਨੂੰ ਦੱਸਣਾ।

ਜਦ ਕਿਸੀ ਸਮੇਂ ਅੰਗੂਰ ਆ ਗਏ ਤਾਂ ਇਕ ਆਦਮੀ ਨੇ ਆ ਕੇ ਉਸ ਨੂੰ ਸੁਣਾ ਦਿੱਤਾ ਕਿ ਅੱਜ ਮੰਡੀ ਵਿਖੇ ਅੰਗੂਰ ਆ ਗਏ ਹਨ, ਤਾਂ ਉਹ ਸੁਣਕੇ ਆਨੰਦ ਹੋ ਗਿਆ। ਇਸਨੂੰ 'ਸ੍ਰਵਣਾਨੰਦ' ਕਹਿੰਦੇ ਹਨ।

ਫਿਰ ਉਸਨੇ ਆਪ ਆ ਕੇ ਮੰਡੀ ਵਿਚ ਵੇਖੇ ਤਾਂ ਹੋਰ ਆਨੰਦ ਹੋ ਗਿਆ, ਉਸ ਨੂੰ 'ਦਰਸ਼ਨਾ ਨੰਦ' ਕਹਿੰਦੇ ਹਨ।

ਫਿਰ ਉਸ ਨੇ ਮੁੱਲ ਲੈ ਕੇ ਖਾਧੇ ਤਾਂ ਸਭ ਤੋਂ ਵਧ ਕੇ ਆਨੰਦ ਹੋ ਗਿਆ, ਉਸ ਨੂੰ 'ਭੋਗਾਨੰਦ' ਕਹਿੰਦੇ ਹਨ।

ਇਸੇ ਤਰ੍ਹਾਂ ਜਿਸ ਵੇਲੇ ਜਗਿਆਸੂ ਗਿਆਨਵਾਨਾਂ ਦੀ ਸੰਗਤ ਵਿਖੇ ਆਉਂਦਾ ਹੈ ਤਾਂ ਪਹਿਲੇ ਨਾਮ ਦੀ ਮਹਿਮਾ ਸੁਣ ਕੇ ਆਨੰਦ ਹੁੰਦਾ ਹੈ।

ਫਿਰ ਨਾਮ ਅਭਿਆਸ ਵਿਖੇ ਜੁੜ ਕੇ ਪਰਮੇਸ਼ਰ ਦੇ ਦਰਸ਼ਨ ਕਰਕੇ ਅਨੰਦ ਸੰਯੁਕਤ ਹੁੰਦਾ ਹੈ।

ਪੁਨਾ - ਉਸ ਬ੍ਰਹਮਾਤਮਾ ਦੇ ਅਭੇਦਾਨੰਦ ਨੂੰ ਅੰਤਹਕਰਣ ਦੀ ਬ੍ਰਹਮਾਕਾਰ ਬਿਰਤੀ ਦੁਆਰਾ

ਭੋਗਦਾ ਹੈ, ਤਿਸ ਨੂੰ ਭੋਗਾਨੰਦ ਕਹਿੰਦੇ ਹਨ।

ਅਥਵਾ-ਜਿਸ ਅੰਤਹਕਰਣ ਵਿਖੇ ਗੁਰਾਂ ਦੇ ਨਾਦ=ਉਪਦੇਸ਼ ਦਾ ਅਭਿਆਸ ਹੈ, ਤਿਥੈ=ਤਿਸ ਅੰਤਹਕਰਣ ਵਿਖੇ ਕੋਡ=ਕ੍ਰੋੜਾਂ ਬਿਨੋਦ=ਕੌਤਕਾਂ ਦੇ ਕਰਨ ਵਾਲਾ ਜੋ ਬ੍ਰਹਮ ਹੈ, ਉਸ ਦਾ ਅਨੰਦ ਪ੍ਰਾਪਤ ਹੁੰਦਾ ਹੈ।

ਪੁਨਾ-ਸਿੱਧਾਂ ਨੇ ਕਿਹਾ, ਹੁਣ ਆਪ ਉਪਾਸ਼ਨਾ ਕਾਂਡ ਵਾਲੇ ਮਹਾਤਮਾ ਦੀ ਰੀਤੀ ਕਥਨ ਕਰੋ।

ਗੁਰ ਉੱਤਰ-

ਸਰਮ ਖੰਡ ਕੀ ਬਾਣੀ ਰੂਪੁ॥

ਸ਼ਰਮ ਨਾਮ ਲੱਜਾ ਦਾ ਹੈ, ਉਸ ਮਨੁੱਖ ਦੀਆਂ ਅੱਖਾਂ ਵਿਚ ਸਰਮ=ਲੱਜਾ ਹੁੰਦੀ ਹੈ, ਜੋ ਪਰਮੇਸ਼ਰ ਦੀ ਉਪਾਸ਼ਨਾ ਕਰਦਾ ਹੈ। ਇਸ ਲਈ ਸ਼ਰਮ ਦਾ ਅਰਥ ਇਥੇ ਉਪਾਸ਼ਨਾ ਹੈ।

ਸਰਮ ਖੰਡ=ਉਪਾਸ਼ਨਾ ਕਾਂਡ ਵਾਲੇ ਮਹਾਤਮਾ ਦੀ ਬਾਣੀ, ਰੂਪੁ=ਸਫਾਈ ਵਾਲੀ ਹੈ। ਉਹ ਜਦ ਵੀ ਬੋਲਦੇ ਹਨ, ਦੂਜੇ ਦੇ ਸਤਿਕਾਰ ਵਿਚ ਬੋਲਦੇ ਹਨ, ਉਹਨਾਂ ਦਾ ਮਨ ਅੰਦਰੋਂ ਬਾਹਰੋਂ ਇਕ ਜੈਸਾ ਹੁੰਦਾ ਹੈ।

ਸਾਖੀ—ਭਾਈ ਲਹਿਣਾ ਜੀ ਦੀ

ਪ੍ਰਿਥਮ ਕਾਲ ਵਿਖੇ ਭਾਈ ਲਹਿਣਾ ਜੀ ਦੇਵੀ ਦੇ ਉਪਾਸ਼ਕ ਸਨ। ਹਰ ਛੇ ਮਹੀਨੇ ਦੇ ਉਪਰੰਤ ਸੰਗਤਾਂ ਨੂੰ ਨਾਲ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ।

ਜਿਸ ਵੇਲੇ ਇਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਸੁਣੀ ਤਾਂ ਦੇਵੀ ਦੇ ਦਰਸ਼ਨਾਂ ਨੂੰ ਜਾਂਦਿਆਂ ਹੋਇਆਂ ਰਾਹ ਵਿਚ ਸਲਾਹ ਬਣ ਗਈ ਕਿ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਚਲੀਏ। ਸੰਗਤ ਨੂੰ ਬਾਹਰ ਖਲਵਾ ਕੇ ਆਪ ਕਰਤਾਰ ਪੁਰੇ ਅੰਦਰ ਚਲ ਪਏ। ਅੱਗੋਂ ਜਾਣੀ ਜਾਣ ਪ੍ਰਭੂ ਰਾਹ ਦੱਸਣ ਵਾਸਤੇ ਆਪ ਉੱਠ ਕੇ ਆ ਗਏ।

ਜਦ ਆਹਮੋ ਸਾਹਮਣੇ ਮਿਲਾਪ ਹੋਇਆ ਤਾਂ ਭਾਈ ਲਹਿਣਾ ਜੀ ਨੇ ਪੁੱਛਿਆ-'ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨੂੰ ਜਾਣਾ ਹੈ ਕਿਹੜਾ ਰਸਤਾ ਹੈ?' ਹਜ਼ੂਰ ਆਖਦੇ ਹਨ-''ਸਾਡੇ ਪਿੱਛੇ ਪਿੱਛੇ ਚਲਿਆ ਆ।''

ਲਹਿਣਾ ਜੀ ਉਸੇ ਤਰ੍ਹਾਂ ਘੋੜੀ ਪਰ ਅਸਵਾਰ ਹੋਏ ਚਲੇ ਗਏ।

ਜਿਸ ਵੇਲੇ ਗੁਰਦੁਆਰੇ ਦੇ ਪਾਸ ਪਹੁੰਚੇ ਤਾਂ ਹਜ਼ੂਰ ਨੇ ਫੁਰਮਾਇਆ, ''ਹੇ ਪੁਰਖਾ! ਇਸ ਬ੍ਰਿਛ ਨਾਲ ਘੋੜੀ ਬੰਨ੍ਹ ਕੇ ਉਸ ਰਸਤੇ ਅੰਦਰ ਜਾ ਕੇ ਦਰਸ਼ਨ ਕਰ ਲੈ।''

ਯਥਾ—"ਬੜਵਾ ਪਰ ਤੇ ਅਬ ਉਤਰੀਜੈ। ਇਸ ਕਾਸ਼ਟ ਕੇ ਸੰਗ ਬੰਧੀਜੈ।
ਤੁਮਰੇ ਸਨਮੁਖ ਹੈ ਦਰ ਜੋਊ। ਪ੍ਰਵਿਸ਼ਹੁ ਤਿਸ ਮਹਿੰ ਦਰਸ਼ਹੁ ਸੋਊ॥੩੭॥"

[ਨਾਨਕ ਪ੍ਰਕਾਸ਼, ਉਤ੍ਰਾਰਧ ਧਿਆ ੪੭]

ਇਹ ਗੱਲ ਆਖ ਕੇ ਆਪ ਦੂਜੇ ਪਾਸਿਓਂ ਅੰਦਰ ਜਾ ਕੇ ਬੈਠ ਗਏ। ਜਦ ਲਹਿਣਾ ਜੀ ਨੇ ਅੰਦਰ ਜਾ ਕੇ ਦਰਸ਼ਨ ਕੀਤਾ ਤਾਂ ਕੀ ਦੇਖਿਆ ਇਹ ਦਿਬ ਮੂਰਤੀ ਓਹੀ ਹੈ ਜਿਹੜੀ ਮੈਨੂੰ ਰਸਤਾ ਦੱਸਦੀ ਆਈ

ਹੈ। ਮਨ ਵਿਖੇ ਬੜਾ ਪਸਚਾਤਾਪ ਕੀਤਾ, ਜਦ ਕੁਝ ਸਮਾਂ ਉਦਾਸੀ ਵਿਚ ਖਲੋਤਿਆਂ ਹੋ ਗਿਆ ਤਾਂ ਹਜ਼ੂਰ ਨੇ ਪੁੱਛਿਆ-"ਪੁਰਖਾ ! ਕੀ ਗੱਲ ਹੈ ? ਉਦਾਸ ਮਨ ਕਿਉਂ ਹੋ ਗਿਆ ਹੈ ?"

ਹੱਥ ਜੋੜ ਕੇ ਕਿਹਾ-"ਮੈਂ ਉਦਾਸ ਇਸ ਲਈ ਹੋਇਆ ਹਾਂ ਜੋ ਮੈਨੂੰ ਪਤਾ ਨਹੀਂ ਲੱਗਾ ਕਿ ਆਪ ਹੀ ਸ੍ਰੀ ਗੁਰੂ ਨਾਨਕ-ਦੇਵ ਜੀ ਹੋ, ਮੈਂ ਘੋੜੀ ਉਤੇ ਚੜ੍ਹਿਆ ਆਇਆ ਹਾਂ ਤੇ ਆਪ ਪੈਦਲ ਆਏ ਹੋ।"

ਇਹ ਗੱਲ ਸੁਣ ਕੇ ਹਜ਼ੂਰ ਨੇ ਪੁੱਛਿਆ, "ਤੇਰਾ ਨਾਮ ਕੀ ਹੈ?" ਤਾਂ ਆਖਿਆ-"ਮੇਰਾ ਨਾਮ ਲਹਿਣਾ ਲਹਿਣਾ ਕਰਕੇ ਬੁਲਾਉਂਦੇ ਹਨ।" ਤਾਂ ਹਜ਼ੂਰ ਨੇ ਆਖਿਆ-"ਠੀਕ ਹੈ ! ਫਿਰ ਲਹਿਣੇਦਾਰ ਹਮੇਸ਼ਾਂ ਘੋੜੀਆਂ ਉਤੇ ਹੀ ਚੜ੍ਹ ਕੇ ਆਉਂਦੇ ਹਨ, ਤੂੰ ਸਾਥੋਂ ਲੈਣਾ ਹੈ, ਅਸੀਂ ਤੇਰਾ ਦੇਣਾ ਹੈ। ਤੂੰ ਕੋਈ ਚਿੰਤਾ ਨਾ ਕਰ।"

ਬੱਸ ਫਿਰ ਭਾਈ ਲਹਿਣਾ ਜੀ ਪੂਰਨ ਭਰੋਸਾ ਧਾਰ ਕੇ ਆਪ ਸੇਵਾ ਵਿਚ ਜੁਟ ਗਏ। ਤੇ ਸੰਗਤ ਨੂੰ ਵਿਦਾ ਕਰਦਿਆਂ ਕਿਹਾ-"ਤੁਸੀਂ ਦੇਵੀ ਦੇ ਦਰਸ਼ਨਾਂ ਨੂੰ ਬੇਸ਼ਕ ਜਾਓ ਮੈਂ ਹੁਣ ਇਹਨਾਂ ਦੇ ਚਰਨਾਂ ਵਿਚ ਹੀ ਰਹਾਂਗਾ।"

ਫਿਰ ਜਿਸ ਦੇਵੀ ਦੇ ਦਰਸ਼ਨਾਂ ਨੂੰ ਆਪ ਜਾਂਦੇ ਸਨ, ਉਸੇ ਦੇਵੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਝਾੜੂ ਦੇਂਦਿਆਂ ਵੇਖਿਆ। ਉਸ ਦਿਨ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਪਰ ਪ੍ਰਪੱਕ ਨਿਸਚਾ ਹੋ ਗਿਆ।

ਅਖੀਰ ਤਕ ਆਪ ਜੀ ਦਾ ਸੁਭਾਵ ਬਹੁਤ ਮਿਠਬੋਲੜਾ ਰਿਹਾ ਹੈ। ਆਪ ਕਿਸੀ ਨੂੰ ਕੌੜਾ ਬਚਨ ਨਹੀਂ ਸਨ ਆਖਦੇ, ਸੇਵਾ ਕਰਦਿਆਂ ਕਰਦਿਆਂ ਜੇ ਕੋਈ ਗਲਤੀ ਹੋ ਜਾਵੇ ਤੇ ਗੁਰੂ ਸਾਹਿਬ ਜੀ ਆਖਣ ਇਹ ਕੰਮ ਨਹੀਂ ਸੀ ਕਰਨਾ ਤਾਂ ਹੱਥ ਜੋੜ ਕੇ ਆਖਣਾ **'ਭੁੱਲਾ ਜੀ'** ਦਾਸ ਖਿਨ ਖਿਨ ਭੁੱਲਣਹਾਰ ਹੈ, ਆਪ ਬਖਸ਼ਣਹਾਰ ਹੋ, ਬਖਸ਼ ਲਓ।

ਜੇ ਗੁਰੂ ਸਾਹਿਬ ਜੀ ਆਖਣ-"ਅਮਕੇ ਸਿੱਖ ਨੂੰ ਬੁਲਾ ਲਿਆ," ਤਾਂ ਜਾ ਕੇ ਇਸ ਤਰ੍ਹਾਂ ਆਖਦੇ ਸਨ- **"ਭਾਈ ਸਾਹਿਬ ਜੀ !** ਆਪ ਜੀ ਨੂੰ ਗੁਰੂ ਸਾਹਿਬ ਜੀ ਬੁਲਾਉਂਦੇ ਹਨ।"

ਜੇ ਗੁਰੂ ਸਾਹਿਬ ਜੀ ਕੋਈ ਵੀ ਕੰਮ ਆਖਣ, ਤਾਂ ਆਪ ਨਾਂਹ ਨਹੀਂ ਕਰਦੇ ਸਨ, ਆਖਦੇ ਸਨ **'ਭਲਾ ਜੀ'** ਇਸ ਪ੍ਰਕਾਰ ਆਪ ਜੀ ਨੇ ਤਿੰਨ ਭੱਭਿਆਂ ਦੀ ਪੱਟੀ ਪੜ੍ਹੀ ਹੋਈ ਸੀ।

ਭੱਭਾ=ਭੁੱਲਾ। ਭੱਭਾ=ਭਾਈ ਸਾਹਿਬ ਜੀ। ਭੱਭਾ=ਭਲਾ ਜੀ। ਏਸੇ ਕਰਕੇ ਆਪ ਹਰ ਇਕ ਨੂੰ ਪਿਆਰੇ ਲੱਗਦੇ ਸਨ, ਕਿਉਂਕਿ ਕਿਸੇ ਦੇ ਦਿਲ ਨੂੰ ਦੁਖਾਉਂਦੇ ਨਹੀਂ ਸਨ। ਆਪ ਜੀ ਦਾ ਅੰਦਰੋਂ ਬਾਹਰੋਂ ਇਕੋ ਜਿਹਾ ਦਿਲ ਸਾਫ ਸੀ।

ਏਸੇ ਵਾਸਤੇ ਹਜ਼ੂਰ ਨੇ ਫੁਰਮਾਇਆ ਹੈ, ਉਪਾਸ਼ਨਾ ਕਾਂਡ ਵਾਲਿਆਂ ਦੀ ਬਾਣੀ ਸਫਾਈ ਵਾਲੀ ਹੈ।

ਦਸਮੇਸ਼ ਪਿਤਾ ਜੀ ਨੇ ਫੁਰਮਾਇਆ ਹੈ, "ਮਨੁੱਖ ਓਹੀ ਚੰਗਾ ਹੈ ਜੋ ਦਿਲ ਦਾ ਸਾਫ ਹੋਵੇ।"

ਯਥਾ—"ਹਮੂੰ ਮਰਦ ਬਾਯਦ ਸ਼ਵਦ ਸੁਖਨ ਵਰ॥
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥੫੫॥"

ਸੰਸਾਰ ਵਿਚ ਹਮੂੰ=ਉਹ ਮਰਦ ਹੋਣਾ ਬਾਯਦ=ਚਾਹੀਦਾ ਹੈ, ਜੋ ਵਰ=ਚੰਗਿਆਂ ਬਚਨਾਂ ਦੇ ਉਚਾਰਨ ਵਾਲਾ ਹੋਵੇ। ਅਜੇਹਾ ਮਨੁਖ ਨਹੀਂ ਹੋਣਾ ਚਾਹੀਦਾ ਜਿਸਦੇ ਸ਼ਿਕਮੇ=ਪੇਟ ਵਿਚ ਕੋਈ ਹੋਰ ਗਲ ਹੋਵੇ, ਅਤੇ ਦਹਾਨੇ=ਮੂੰਹ ਵਿਚ ਦਿਗਰ=ਦੂਜੀ ਕੋਈ ਹੋਰ ਗਲ ਹੋਵੇ। [ਦਸਮ ਗ੍ਰੰਥ ਜ਼ਫਰ ਨਾਮਹ, ਪੰਨਾ ੧੩੯੧]

ਤਥਾ—"ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥੧੩੦॥"**

[ਸਲੋਕ ਸੇਖ ਫਰੀਦ, ਪੰਨਾ ੧੩੮੪]

ਅਥਵਾ-ਸਰਮ ਖੰਡ ਕੀ ਬਾਣੀ ਰੂਪੁ॥

ਉਪਾਸ਼ਨਾ ਕਾਂਡ ਵਾਲ਼ੇ ਮਹਾਤਮਾ ਦੀ ਬਾਣੀ ਜਗਿਆਸੂਆਂ ਦੇ ਹਿਰਦੇ ਨੂੰ ਰੂਪੁ=ਸਫਾ ਕਰਨ ਵਾਲੀ ਹੈ।

ਵਾ-ਰੂਪੁ ਸਰੂਪ ਦੀ ਪ੍ਰਾਪਤੀ ਕਰਨ ਵਾਲੀ ਹੈ।

ਅਥਵਾ-ਸ਼ਰਮ ਵਾਲਿਆਂ ਦੀ ਰੂਪੁ=ਸੁੰਦਰ ਬਾਣੀ ਖੰਡ ਵਾਂਗ ਮਿੱਠੀ ਹੈ, ਅਤੇ ਕਾਮ ਆਦਿਕਾਂ ਨੂੰ ਖੰਡਣ ਵਾਲੀ ਹੈ।

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥

ਜਿਥੇ ਉਪਾਸ਼ਨਾਂ ਵਾਲੇ ਮਹਾਤਮਾ ਰਹਿੰਦੇ ਹਨ, ਤਿਸ ਜਗ੍ਹਾ ਬਹੁਤ ਸੋਹਣੀ ਸ਼ੁਭ ਗੁਣਾਂ ਦੀ ਘਾੜਤ ਘੜੀ ਜਾਂਦੀ ਹੈ। ਅਰਥਾਤ ਮਹਾਤਮਾ ਦੀ ਸ਼ੁਭ ਸਿੱਖਿਆ ਦੁਆਰੇ ਆਸੁਰੀ ਸੰਪਦਾ ਨੂੰ ਤਿਆਗ ਕੇ ਜਗਿਆਸੂ 'ਸੁੰਦਰ ਰਹਿਣੀ, ਬਹਿਣੀ' ਵਾਲਾ ਹੋ ਜਾਂਦਾ ਹੈ।

ਤਾ ਕੀਆ ਗਲਾ ਕਥੀਆ ਨਾ ਜਾਹਿ॥

ਤਿਨ੍ਹਾਂ ਉਪਾਸ਼ਨਾਂ ਕਾਂਡ ਵਾਲੇ ਮਹਾਤਮਾਂ ਦੀਆਂ ਸੁਭਾਵਕ ਗੱਲਾਂ, ਵਾ-ਕਥਾ ਬਾਰਤਾ ਰੂਪ ਗੱਲਾਂ। ਵਾ-ਭਜਨ ਸਿਮਰਨ ਰੂਪ ਗੱਲਾਂ ਕਹੀਆਂ ਨਹੀਂ ਜਾ ਸਕਦੀਆਂ।

ਇਕ ਸਿੱਧ ਨੇ ਕਿਹਾ-'ਮੈਂ ਕਹਿ ਸਕਦਾ ਹਾਂ।' ਗੁਰ ਉਤਰ-

ਜੇ ਕੋ ਕਹੈ ਪਿਛੈ ਪਛੁਤਾਇ॥

ਜਿਹੜਾ ਕੋਈ ਕਹਿੰਦਾ ਹੈ ਕਿ ਮੈਂ ਉਨ੍ਹਾਂ ਦੀਆਂ ਗੱਲਾਂ ਕਹਿ ਸਕਦਾ ਹਾਂ, ਉਹ ਪਿੱਛੋਂ ਪਸਚਾਤਾਪ ਹੀ ਕਰਦਾ ਹੈ, ਕਿਉਂਕਿ ਸਾਂਗੋ ਪਾਂਗ ਪੂਰੀਆਂ ਗੱਲਾਂ ਕੋਈ ਭੀ ਕਥਨ ਨਹੀਂ ਕਰ ਸਕਦਾ।

ਪ੍ਰਸ਼ਨ-ਜਿਹੜਾ ਕੋਈ ਸ਼ਰਧਾ ਧਾਰ ਕੇ ਉਨ੍ਹਾਂ ਦੀਆਂ ਗੱਲਾਂ ਕਹਿੰਦਾ ਹੈ, ਉਸ ਨੂੰ ਕੀ ਫਲ

**ਤਥਾ—"ਦਿਲ ਦਰਵਾਜ਼ਾ ਰੱਬ ਦਾ ਇਸ ਨੂੰ ਕਦੇ ਨ ਢਾਹ।*
ਢੱਠਾ ਔਖਾ ਬਣੇਗਾ ਤੂੰ ਲੰਘਸੈਂ ਕਿਹੜੇ ਰਾਹ।"

ਮਿਲਦਾ ਹੈ? ਗੁਰ ਉੱਤਰ-

ਜੇ ਕੋ ਕਹੈ ਪਿਛੈ ਪਛੁਤਾਇ॥

ਜਿਹੜਾ ਕੋਈ ਸ਼ਰਧਾਲੂ [ਜਗਿਆਸੂ] ਉਨ੍ਹਾਂ ਦੀਆਂ ਗੱਲਾਂ ਪ੍ਰੇਮ ਨਾਲ ਕਹਿੰਦਾ ਹੈ, ਉਸ ਦਾ ਜਨਮ ਮਰਨ ਰੂਪ ਪਸਚਾਤਾਪ ਪਿੱਛੇ ਪੈ ਜਾਂਦਾ ਹੈ।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥

ਜਿਸ ਜਗ੍ਹਾ ਉਪਾਸ਼ਨਾਂ ਕਾਂਡ ਵਾਲੇ ਮਹਾਤਮਾ ਰਹਿੰਦੇ ਹਨ, ਤਿਥੈ=ਤਿਸ ਜਗ੍ਹਾ ਸੁਰਤਿ=ਵੇਦ ਦੇ ਮਤਿ=ਸਿਧਾਂਤ ਦੇ ਮਨਿ=ਮੰਨਣ ਕਰਨ ਵਾਲੀ ਬੁੱਧੀ ਘੜੀ ਜਾਂਦੀ ਹੈ।

ਅਥਵਾ-ਤਿਸ ਜਗ੍ਹਾ ਸੁਰਤਿ=ਚਿਤ, ਮਤਿ ਕਹੀਏ ਮਦ ਭਾਵ ਹੰਕਾਰ,

ਮਨ ਅਤੇ ਬੁੱਧੀ ਇਸ ਚਤੁਸ਼ਟੇ ਅੰਤਹਕਰਣ ਦੀ ਸ਼ੁਧੀ ਘੜੀ ਜਾਂਦੀ ਹੈ।

ਅਥਵਾ-ਸੁ+ਰਤਿ=ਸਰੇਸ਼ਟ ਪ੍ਰੀਤੀ, ਮਤਿ=ਸ਼ੁਭ ਸਿੱਖਿਆ,

ਮਨ ਦੇ ਸਕੰਲਪਾਂ ਵਿਕਲਪਾਂ ਦੀ ਨਵਿਰਤੀ, ਅਤੇ ਆਤਮ ਵਿਸ਼ੈਣੀ ਬੁੱਧੀ ਇਤਿਆਦਿਕ ਸ਼ੁਭ-ਗੁਣਾਂ ਦੀ ਘਾੜਤ ਘੜੀ ਜਾਂਦੀ ਹੈ।

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥

ਪਹਿਲਾ ਅਰਥ-ਤਿਨ੍ਹਾਂ ਉਪਾਸ਼ਨਾਂ ਕਾਂਡ ਵਾਲੇ ਮਹਾਤਮਾ ਪਾਸ ਸੁਰਾ=ਦੇਵਤਿਆਂ ਅਤੇ ਸਿੱਧਾਂ ਦੀ ਸੁਧਿ=ਖ਼ਬਰ ਘੜੀ ਜਾਂਦੀ ਹੈ। ਅਰਥਾਤ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਅਮਕੇ ਕਰਮਾਂ ਕਰਕੇ ਦੇਵ ਪਦਵੀ ਮਿਲਦੀ ਹੈ ਅਤੇ ਫਲਾਣੇ ਕਰਮਾਂ ਕਰਕੇ ਸਿੱਧ ਪਦਵੀ ਦੀ ਪ੍ਰਾਪਤੀ ਹੁੰਦੀ ਹੈ।

ਦੂਜਾ ਅਰਥ-ਤਿਸ ਜਗ੍ਹਾ ਦੇਵਤਿਆਂ ਅਤੇ ਸਿੱਧਾਂ ਦੀ ਖ਼ਬਰ ਭਾਵ ਸਾਰੇ ਸੰਸਾਰ ਦੀ ਅੰਤਰਜਾਮਤਾ ਪ੍ਰਾਪਤ ਹੁੰਦੀ ਹੈ।

ਤੀਜਾ ਅਰਥ-ਤਿਸ ਜਗ੍ਹਾ ਦੇਵਤਿਆਂ ਅਤੇ ਸਿੱਧਾਂ ਦੀ ਜੋ ਸੁਧਿ=ਪਵਿਤ੍ਰਤਾ ਹੈ ਉਹ ਘੜੀਐ=ਪ੍ਰਾਪਤ ਹੁੰਦੀ ਹੈ।

ਚੌਥਾ ਅਰਥ-ਤਿਸ ਜਗ੍ਹਾ ਭਜਨ ਸਿਮਰਨ ਦੁਆਰਾ ਜੋ ਪਵਿਤ੍ਰਤਾ ਘੜੀ ਜਾਂਦੀ ਹੈ, ਉਸ ਦੇ ਮੁਕਾਬਲੇ ਸੁਰਾ=ਦੇਵਤਿਆਂ ਅਤੇ ਸਿੱਧਾਂ ਦੀ ਸੁਧਿ=ਪਵਿੱਤ੍ਰਤਾ ਕੀ ਹੈ? ਭਾਵ ਤੁੱਛ ਹੈ॥ ੩੬॥

ਛੱਤੀਵੀਂ ਪਉੜੀ ਦੇ ੯੭ ਅੱਖਰ ਹਨ।

ਸੈਂਤੀਵੀਂ ਪਉੜੀ

ਪੁਨਾ-ਸਿੱਧਾਂ ਨੇ ਬੇਨਤੀ ਕੀਤੀ, ਹੇ ਪ੍ਰਭੂ ! ਆਪ ਜੀ ਨੇ ਕਰਮ, ਗਿਆਨ, ਉਪਾਸ਼ਨਾਂ ਰੂਪ ਤਿੰਨ ਕਾਂਡ ਸੁਣਾਏ ਹਨ, ਅਸਾਡਾ ਮਨ ਬਹੁਤ ਪ੍ਰਸੰਨ ਹੋਇਆ ਹੈ, ਇਸ ਤੋਂ ਬਿਨਾਂ ਹੋਰ ਵੀ ਕੋਈ ਕਾਂਡ ਹੈ ?

ਗੁਰ ਉੱਤਰ-ਹੇ ਸਿੱਧੋ ! ਚੌਥਾ ਕਿਰਪਾ ਕਾਂਡ ਹੈ। ਜਿਸ ਉਤੇ ਪਰਮੇਸ਼ਰ ਦੀ ਕਿਰਪਾ ਹੋ ਜਾਵੇ ਉਸਦੀ ਬਾਣੀ ਵਿਚ ਜ਼ੋਰ ਹੋ ਜਾਂਦਾ ਹੈ, ਅਰਥਾਤ ਉਹ ਮਨੁੱਖ ਜੋ ਕੁਝ ਬੋਲਦਾ ਹੈ ਸੱਤ ਸੱਤ ਹੋ ਜਾਂਦਾ ਹੈ।

ਯਥਾ—"ਸਾਧੂ ਬੋਲੈ ਸਹਜਿ ਸੁਭਾਇ। ਸਾਧੂ ਕਾ ਬੋਲਿਆ ਬਿਰਥਾ ਨ ਜਾਇ।"

ਸਿੱਧਾਂ ਆਖਿਆ-'ਹੁਣ ਕਿਰਪਾ ਕਾਂਡ ਵਾਲਿਆਂ ਦੀ ਬਿਵਸਥਾ ਸੁਣਾਓ।' ਗੁਰ ਉਤਰ-

ਕਰਮ ਖੰਡ ਕੀ ਬਾਣੀ ਜੋਰੁ॥

ਇਥੇ ਕਰਮ ਨਾਮ ਕਿਰਪਾ ਦਾ ਹੈ। ਜਿਨ੍ਹਾਂ ਉਤੇ ਪਰਮੇਸ਼ਰ ਦੀ ਕਿਰਪਾ ਅਰਥਾਤ ਬਖਸ਼ਿਸ਼ ਹੋਈ ਹੈ, ਉਨ੍ਹਾਂ ਕਿਰਪਾ ਕਾਂਡ ਵਾਲਿਆਂ ਦੀ ਬਾਣੀ ਜੋਰੁ=ਬਲ ਵਾਲੀ ਅਰਥਾਤ ਤਾਕਤ ਵਾਲੀ ਹੈ।

ਜੇ ਕੋਈ ਕਹੇ-ਕਾਂਡ ਤਿੰਨ ਹਨ ਚਾਰ ਨਹੀਂ। ਤਾਂ ਇਸ ਰੀਤੀ ਦੁਆਰਾ ਅਰਥ ਕਰਨਾ-

ਕਰਮ ਨਾਮ ਕਿਰਪਾ ਦਾ ਹੈ। ਕਿਰਪਾ ਉਨ੍ਹਾਂ ਹੀ ਪੁਰਸ਼ਾਂ ਤੇ ਹੁੰਦੀ ਹੈ ਜਿਹੜੇ ਉਸ ਦੀ ਉਪਾਸ਼ਨਾਂ ਕਰਦੇ ਹਨ। ਇਸ ਤੇ ਜਿਨ੍ਹਾਂ ਉਪਾਸ਼ਨਾਂ ਕਾਂਡੀਆਂ ਉਤੇ ਪਰਮੇਸ਼ਰ ਦੀ ਕਰਮ=ਕਿਰਪਾ ਹੋਈ ਹੈ, ਉਨ੍ਹਾਂ ਦੀ ਬਾਣੀ ਵਰ ਸਰਾਪ ਦੇਣ ਨੂੰ ਜੋਰੁ=ਤਾਕਤ ਵਾਲੀ ਹੈ।

ਅਥਵਾ-ਉਨ੍ਹਾਂ ਦੀ ਬਾਣੀ ਜੋਰੁ=ਬ੍ਰਹਮ ਗਿਆਨ ਦੀ ਪ੍ਰਾਪਤੀ ਵਾਲੀ ਹੈ।

ਵਾ-ਉਨ੍ਹਾਂ ਦੀ ਬਾਣੀ ਸਰੂਪ ਵਿਖੇ, ਵਾ ਪਰਮੇਸ਼ਰ ਵਿਖੇ ਜੋੜਨ ਵਾਲੀ ਹੈ।

ਵਾ-ਉਨ੍ਹਾਂ ਦੀ ਬਾਣੀ ਖੰਡ ਵਾਂਗ ਮਿੱਠੀ ਹੈ, ਤੇ ਕਾਮ ਆਦਿਕਾਂ ਨੂੰ ਖੰਡ=ਖੰਡਣ ਵਾਲੀ ਹੈ।

ਤਿਥੈ ਹੋਰੁ ਨ ਕੋਈ ਹੋਰੁ॥

ਜਿਥੇ ਉਪਾਸ਼ਨਾਂ ਕਾਂਡ ਵਾਲੇ ਬੈਠਦੇ ਹਨ ਤਿਥੈ=ਤਿਸ ਜਗ੍ਹਾ ਹੋਰ ਕੋਈ ਪੁਰਸ਼ ਹੋਰੁ=ਹੋੜਨ ਵਾਲਾ ਭਾਵ ਮੋੜਨ ਵਾਲਾ ਨਹੀਂ ਹੈ।

ਅਥਵਾ-ਤਿਸ ਜਗ੍ਹਾ ਹੋਰ ਕੋਈ ਪੁਰਸ਼ ਹੋਰ ਮਤ ਵਿਖੇ ਲਗਾਉਣ ਵਾਲਾ ਨਹੀਂ ਹੈ।

ਤਿਥੈ ਜੋਧ ਮਹਾਬਲ ਸੂਰ॥

ਤਿਸ ਜਗ੍ਹਾ ਜੋਧੇ ਰਹਿੰਦੇ ਹਨ, ਮਹਾਂ ਬਲੀ ਰਹਿੰਦੇ ਹਨ, ਸੂਰਮੇ ਰਹਿੰਦੇ ਹਨ।

'ਜੋਧਾ' ਉਹ ਹੁੰਦਾ ਹੈ-'ਜੋ ਇਕ ਨਾਲ ਲੜੇ।'

'ਮਹਾਂ ਬਲੀ' ਉਹ ਹੁੰਦਾ ਹੈ-'ਜੋ ਦਸ ਹਜ਼ਾਰ ਨਾਲ ਇਕ ਲੜੇ।'

'ਸੂਰਮਾ' ਉਹ ਹੁੰਦਾ ਹੈ-'ਜੋ ਅਨਗਿਣਤਾਂ ਨਾਲ ਇਕੋ ਲੜੇ।'

ਇਸ ਤਰਫ ਜੋਧਾ ਉਹ ਹੈ-'ਜਿਸ ਨੇ ਇਕ ਆਪਣੇ ਸਰੀਰ ਨੂੰ ਵਸੀਕਾਰ ਕੀਤਾ ਹੈ।'

ਮਹਾਂਬਲੀ ਉਹ ਹੈ-'ਜਿਸ ਨੇ ਦਸ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕ ਲਿਆ ਹੈ।'

ਸੂਰਮਾ ਉਹ ਹੈ-'ਜਿਸ ਨੇ ਮਨ ਦੀਆਂ ਅਨਗਿਣਤ ਵਾਸ਼ਨਾ ਨੂੰ ਥੰਮ ਲਿਆ ਹੈ।'

ਅਥਵਾ-ਜਿਸ ਨੇ ਗੁਰ ਉਪਦੇਸ਼ ਨੂੰ ਸ੍ਰਵਣ ਕੀਤਾ ਹੈ-'ਉਹ ਜੋਧਾ ਹੈ।'

ਜਿਸ ਨੇ ਗੁਰ ਉਪਦੇਸ਼ ਨੂੰ ਮੰਨਣ ਕੀਤਾ ਹੈ-'ਉਹ ਮਹਾਂਬਲੀ' ਹੈ।

ਜਿਸ ਨੇ ਨਿਧਿਆਸਣ ਕੀਤਾ ਹੈ-'ਉਹ ਸੂਰਮਾ ਹੈ।'

ਅਥਵਾ-ਜਿਸ ਨੇ 'ਤੁਯੰ' ਪਦ ਦਾ ਵਿਚਾਰ ਕੀਤਾ ਹੈ-'ਉਹ ਜੋਧਾ ਹੈ।' ਜਿਸ ਨੇ 'ਤਤ' ਪਦ ਦਾ ਵਿਚਾਰ ਕੀਤਾ ਹੈ-'ਉਹ ਮਹਾਂਬਲੀ ਹੈ।'

ਜਿਸ ਨੇ 'ਤੁਯੰ ਤਤ' 'ਤਤ ਤੁਯੰ' ਭਾਵ ਜੀਵ ਈਸ਼ਵਰ ਦੀ ਅਭੇਦਤਾ ਕੀਤੀ ਹੈ, ਉਹ ਸੂਰਮਾ ਹੈ।

ਤਿਨ ਮਹਿ ਰਾਮੁ ਰਹਿਆ ਭਰਪੂਰ॥

ਤਿਨ੍ਹਾਂ ਉਪਾਸ਼ਨਾਂ ਕਾਂਡ ਵਾਲਿਆਂ ਦੇ ਹਿਰਦੇ ਵਿਚ ਰਾਮ ਭਰਪੂਰ ਹੋ ਰਿਹਾ ਹੈ। ਜਿਸ ਤਰ੍ਹਾਂ ਕਿ ਹਨੂੰਮਾਨ ਦੇ ਸਰੀਰ ਵਿਖੇ ਹਰੇਕ ਵਾਲ [ਰੋਮ ਰੋਮ] ਵਿਚ ਰਾਮ ਨਾਮ ਭਰਪੂਰ ਹੋ ਰਿਹਾ ਸੀ।

ਸਾਖੀ—ਮਹਾਂਬੀਰ ਹਨੂੰਮਾਨ ਦੀ

ਜਿਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਰਾਵਣ ਨੂੰ ਮਾਰ ਕੇ ਲੰਕਾ ਦਾ ਰਾਜ-ਭਾਗ ਰਾਵਣ ਦੇ ਭਾਈ 'ਭਭੀਖਣ' ਨੂੰ ਦਿੱਤਾ ਹੈ।

ਯਥਾ—"ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥੪॥੨॥"

[ਸੋਰਠਿ ਬਾਣੀ ਨਾਮਦੇਵ ਜੀ, ਪੰਨਾ ੬੫੭]

ਤਦ ਉਸ ਨੇ ਸ਼ਰਧਾ ਭਾਵ ਨਾਲ ਇਕ ਬਹੁਤ ਸੁੰਦਰ ਵਡ-ਮੁੱਲਾ ਹਾਰ ਸ੍ਰੀ ਰਾਮ ਚੰਦਰ ਜੀ ਦੇ ਪਾਵਨ ਚਰਨਾਂ ਵਿਖੇ ਭੇਟ ਕੀਤਾ। ਸ੍ਰੀ ਰਾਮ ਚੰਦਰ ਜੀ ਨੇ ਬ੍ਰਾਹਮਣ ਦਾ ਧਨ ਸਮਝ ਕੇ ਅੰਗੀਕਾਰ ਕਰਨਾ ਮੁਨਾਸਬ ਨਾ ਸਮਝਿਆ ਤੇ ਸੀਤਾ ਨੂੰ ਫੜਾ ਕੇ ਕਿਹਾ, "ਇਹ ਹਨੂੰਮਾਨ ਨੂੰ ਦੇ ਦੇਹ।" ਸ੍ਰੀ ਰਾਮਚੰਦਰ ਜੀ ਤੋਂ ਫੜ ਕੇ ਮਾਤਾ ਸੀਤਾ ਜੀ ਨੇ ਓਹੀ ਹਾਰ ਮਹਾਂਬੀਰ ਨੂੰ ਦੇ ਦਿੱਤਾ।

ਮਹਾਂਬੀਰ ਜੀ ਉਸ ਹਾਰ ਨੂੰ ਲੈ ਕੇ ਚੰਗੀ ਤਰ੍ਹਾਂ ਵੇਖਣ ਲੱਗ ਪਏ ਕਿ ਇਸ ਹਾਰ ਵਿਚ ਕੁਝ ਨਾਮ ਵੀ ਹੈ ਯਾਂ ਐਵੇਂ ਹੈ।

ਇਸ ਗੱਲ ਦੀ ਚੰਗੀ ਤਰ੍ਹਾਂ ਪਰਖ ਕਰਨ ਵਾਸਤੇ ਇਕ ਵੱਟਾ ਲੈ ਕੇ ਹਾਰ ਦੇ ਇਕ ਇਕ ਮੋਤੀ ਨੂੰ ਭੰਨ ਕੇ ਵੇਖਣ ਲੱਗ ਪਏ। ਜਿਸ ਵੇਲੇ ਹਨੂੰਮਾਨ ਦਾ ਇਹ ਕਰਤੱਬ ਮਾਤਾ ਸੀਤਾ ਜੀ ਨੇ ਵੇਖਿਆ ਤਾਂ ਦਿਲ ਵਿਚ ਬਹੁੱਤ ਘਿਰਣਾ ਆਈ ਕਿ ਮੈਂ ਤਾਂ ਬੜੇ ਪ੍ਰੇਮ ਭਾਵ ਨਾਲ ਐਡੇ ਅਨਮੁੱਲੇ ਹਾਰ ਨੂੰ ਦਿੱਤਾ ਸੀ ਪ੍ਰੰਤੂ ਇਸ ਜਾਂਗਲੀ ਨੂੰ ਇਸ ਦੀ ਕੋਈ ਕਦਰ ਨਹੀਂ ਹੈ, ਇਹ ਤਾਂ ਇਸ ਨੂੰ ਨਿਸਫਲ ਗੁਆ ਰਿਹਾ ਹੈ।

ਸੀਤਾ ਜੀ ਦਾ ਦਿਲ ਨਾ ਰਹਿ ਸਕਿਆ ਆਖਰ ਪੁੱਛਦੀ ਹੈ, "ਹੇ ਹਨੂੰਮਾਨ! ਇਹ ਤੂੰ ਕੀ ਕਰ ਰਿਹਾ ਹੈਂ? ਮੈਂ ਤਾਂ ਤੇਰੇ ਗਲ ਪਾਉਣ ਵਾਸਤੇ ਇਹ ਵਡਮੁੱਲਾ ਹਾਰ ਤੈਨੂੰ ਦਿੱਤਾ ਸੀ।"

ਅੱਗੋਂ ਹਨੂੰਮਾਨ ਨੇ ਕਿਹਾ, "ਮਾਤਾ ਜੀ ! ਮੈਂ ਤਾਂ ਇਹ ਵੇਖਦਾ ਹਾਂ ਕਿ ਇਨ੍ਹਾਂ ਵਿਚ ਰਾਮ ਦਾ ਨਾਮ ਹੈ ਕਿ ਨਹੀਂ?"

ਮੁੜ ਸੀਤਾ ਜੀ ਨੇ ਕਿਹਾ, "ਹੇ ਹਨੂੰਮਾਨ ! ਇਹ ਤਾਂ ਨਿਰਜੀਵ ਪੱਥਰ ਹਨ ਇਨ੍ਹਾਂ ਵਿਚ ਰਾਮ ਨਾਮ ਕਿਸ ਤਰ੍ਹਾਂ ਹੋ ਸਕਦਾ ਹੈ? ਪਹਿਲੇ ਤੂੰ ਇਹ ਦੱਸ ਤੇਰੇ ਸਰੀਰ ਅੰਦਰ ਜੋ ਹੱਡ ਵਗੈਰਾ ਹਨ ਉਹਨਾਂ ਵਿਚ ਰਾਮ ਨਾਮ ਕਿਥੇ ਹੈ?"

ਹਨੂੰਮਾਨ ਜੀ ਨੇ ਕਿਹਾ "ਮਾਤਾ ਜੀ ! ਮੇਰੇ ਤਾਂ ਰੋਮ ਰੋਮ ਵਿਚ ਰਾਮ ਨਾਮ ਵਸ ਰਿਹਾ ਹੈ।"

ਸੀਤਾ ਜੀ ਨੇ ਕਿਹਾ-"ਇਹ ਤਾਂ ਮੈਂ ਮੰਨਦੀ ਹਾਂ ਕਿ ਤੂੰ ਰਾਮ ਦਾ ਪੂਰਨ ਭਗਤ ਹੈਂ ਤੇਰੇ ਦਿਲ ਵਿਚ ਸ਼ਰਧਾ ਭਾਵ ਬਹੁਤ ਹੈ, ਪਰ ਰੋਮ ਰੋਮ ਵਿਚ ਰਾਮ ਨਾਮ ਨਹੀਂ ਹੋ ਸਕਦਾ। ਰਾਮ ਦਾ ਨਾਮ ਹਿਰਦੇ ਵਿਚ ਵਸਦਾ ਹੈ, ਨਹੀਂ ਤਾਂ ਮੈਨੂੰ ਵਿਖਾ ਤੇਰੇ ਅੰਦਰ ਰਾਮ ਕਿਵੇਂ ਪੂਰਨ ਹੈ?"

ਸੀਤਾ ਜੀ ਦੀ ਇਹ ਗਲ ਸੁਣ ਕੇ ਬੀਰ ਹਨੂੰਮਾਨ ਨੇ ਆਪਣੇ ਦੋਹਾਂ ਹੱਥਾਂ ਨਾਲ ਛਾਤੀ ਦੀ ਖੱਲ ਉਤਾਰ ਕੇ ਵਿਖਾ ਦਿੱਤਾ ਜੋ ਕਿ ਹਰ ਇਕ ਰੋਮ ਰੋਮ ਦੇ ਮੁੱਢ ਨਾਲ ਰਾਮ ਉੱਕਰਿਆ ਹੋਇਆ ਸੀ। ਉਸ ਵੇਲੇ ਸਭ ਲੋਕ ਦੇਖ ਕੇ ਹਨੂੰਮਾਨ ਦੀ ਸਿਫਤ ਕਰਨ ਲੱਗ ਪਏ।

ਇਸ ਪ੍ਰਕਾਰ-ਉਹਨਾਂ ਗੁਰਮੁਖਾਂ [ਉਪਾਸ਼ਨਾਂ ਕਰਨ ਵਾਲਿਆਂ] ਦੇ ਹਿਰਦੇ ਵਿਚ ਰਾਮ ਨਾਮ ਭਰਪੂਰ ਹੋ ਰਿਹਾ ਹੈ।

ਪ੍ਰਸ਼ਨ-ਜਿਥੇ ਰਾਮ ਹੋਵੇ ਉਥੇ ਸੀਤਾ ਵੀ ਹੁੰਦੀ ਹੈ, ਇਸ ਤਰਫ ਸੀਤਾ ਕਿਹੜੀ ਹੈ? ਗੁਰ ਉਤਰ-

ਤਿਥੈ ਸੀਤੋ ਸੀਤਾ ਮਹਿਮਾ ਮਾਹਿ॥

ਪਰਮੇਸ਼ਰ ਦੀ ਮਹਿਮਾ ਵਿਖੇ ਜੋ ਮਨ ਸੀਤਾ ਗਿਆ ਭਾਵ ਤਦਾਕਾਰ ਹੋਇਆ ਹੈ, ਇਹੀ ਤਿਸ ਜਗ੍ਹਾ ਸੀਤਾ ਰਾਣੀ ਹੈ। ਪ੍ਰੰਤੂ ਇਥੇ ਰਾਮ ਸੀਤਾ ਦਾ ਕੋਈ ਪ੍ਰਸੰਗ ਨਹੀਂ ਹੈ, ਇਸ ਲਈ-

ਦੂਜਾ ਅਰਥ ਕ਼ਰਨਾ-

ਤਿਨ੍ਹਾਂ ਉਪਾਸ਼ਨਾਂ ਕਾਂਡੀਆਂ ਦੇ ਹਿਰਦੇ ਵਿਚ ਰਾਮ ਨਾਮ ਭਰਪੂਰ ਹੋ ਰਿਹਾ ਹੈ।

ਅਥਵਾ-ਜੋ ਪ੍ਰਭੂ ਸਾਰੇ ਭਰਪੂਰ ਹੋ ਰਿਹਾ ਹੈ, ਉਹ ਰਾਮ ਤਿਨ੍ਹਾਂ ਦੇ ਹਿਰਦੇ ਵਿਚ ਸਾਖਿਆਤਕਾਰ ਹੋਇਆ ਹੈ।

ਜਿਸ ਹਿਰਦੇ ਅਕਾਸ਼ ਵਿਚ ਪ੍ਰਮੇਸ਼ਰ ਦੀ ਮਹਿਮਾ ਰੂਪ ਮਾਹਿ=ਚੰਦ੍ਰਮਾ ਚੜ੍ਹਿਆ ਹੈ, ਤਿਸ ਹਿਰਦੇ ਵਿਚ ਸੀਤੋ ਸੀਤਾ=ਸੀਤਲਤਾ ਹੀ ਸੀਤਲਤਾ ਹੈ।

ਤਾ ਕੇ ਰੂਪ ਨ ਕਥਨੇ ਜਾਹਿ॥

੧. ਤਿਨ੍ਹਾਂ ਉਪਾਸ਼ਨਾਂ ਕਾਂਡ ਵਾਲਿਆਂ ਦੇ ਰੂਪ=ਗੁਣ ਕਥਨ ਨਹੀਂ ਕੀਤੇ ਜਾ ਸਕਦੇ।

੨. ਤਿਨ੍ਹਾਂ ਨੂੰ ਜੋ ਰੂਪ=ਸਰੂਪਾਨੰਦ ਪ੍ਰਾਪਤ ਹੋਇਆ ਹੈ ਉਹ ਕਥਨ ਨਹੀਂ ਕੀਤਾ ਜਾਂਦਾ।

ਪ੍ਰਸ਼ਨ-ਜਿਵੇਂ ਅਗਿਆਨੀ ਪੁਰਸ਼ ਜੰਮਦੇ ਮਰਦੇ ਹਨ ਅਤੇ ਜਮਾਂ ਤੋਂ ਠਗਾਈ ਖਾਂਦੇ ਹਨ, ਤਿਵੇਂ ਉਪਾਸ਼ਨਾਂ ਕਾਂਡ ਵਾਲੇ ਭੀ ਜੰਮਦੇ ਮਰਦੇ ਹੋਣਗੇ ਅਤੇ ਜਮਾਂ ਪਾਸੋਂ ਠਗਾਈ ਖਾਂਦੇ ਹੋਣਗੇ? ਗੁਰ ਉੱਤਰ-

ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥

ਅਗਿਆਨੀ ਪੁਰਸ਼ਾਂ ਦੀ ਨਿਆਈਂ ਉਹ ਮਰਦੇ ਨਹੀਂ ਹਨ ਅਤੇ ਨਾ ਹੀ ਠੱਗੇ ਜਾਂਦੇ ਹਨ।

ਜਿਨ੍ਹਾਂ ਦੇ ਮਨ ਵਿਚ ਸਾਰੇ ਰਾਮੁ=ਰਮਿਆ ਹੋਇਆ ਅਕਾਲ ਪੁਰਖ ਆ ਕੇ ਵਸਦਾ ਹੈ।

ਸਾਖੀ—ਸੀਤਾ ਜੀ ਦੀ

ਜਿਸ ਵੇਲੇ ਸ੍ਰੀ ਰਾਮਚੰਦ੍ਰ ਜੀ ਬਨਵਾਸੀ ਹੋ ਕੇ ਇਕ ਜਗ੍ਹਾ ਕੁਟੀਆ ਬਣਾ ਕੇ ਬੈਠੇ ਸਨ, ਉਸ ਵੇਲੇ ਰਾਵਣ ਨੇ ਸੋਨੇ ਦਾ ਹਰਨ ਬਣਾ ਕੇ ਸੀਤਾ ਨੂੰ ਛਲਣ ਵਾਸਤੇ ਭੇਜਿਆ। ਜਿਸ ਵੇਲੇ ਸੀਤਾ ਦੀਆਂ ਨਜ਼ਰਾਂ ਵਿਚੋਂ ਉਹ ਹਰਨ ਲੰਘਿਆ ਤਾਂ ਸ੍ਰੀ ਰਾਮ ਚੰਦਰ ਜੀ ਨੂੰ ਆਖਦੀ ਹੈ-''ਇਹ ਸੋਨੇ ਦਾ ਹਰਨ ਤਾਂ ਮੈਂ ਲੈਣਾ ਹੈ।'' ਇਹ ਗੱਲ ਸੁਣ ਕੇ ਸ੍ਰੀ ਰਾਮਚੰਦ੍ਰ ਜੀ ਨੇ ਕਿਹਾ-''ਕਦੇ ਸੋਨੇ ਦਾ ਹਰਨ ਵੀ ਹੋਇਆ ਹੈ? ਇਹ ਤਾਂ ਕੋਈ ਛਲ ਹੈ ਤੂੰ ਇਸ ਦਾ ਖਿਆਲ ਛੱਡ ਦੇ।''

ਸੀਤਾ ਨੇ ਨਾ ਮੰਨਿਆ ਤਾਂ ਆਖਿਆ-''ਮੈਂ ਤਾਂ ਏਹੀ ਹਰਨ ਲੈਣਾ ਹੈ।''

ਸ੍ਰੀ ਰਾਮ ਚੰਦਰ ਜੀ ਨੇ ਬਥੇਰਾ ਸਮਝਾਇਆ ਪ੍ਰੰਤੂ ਤ੍ਰਿਅ ਹਠ ਕਰਕੇ ਨਾ ਸਮਝੀ। ਸੀਤਾ ਦੇ ਬਹੁਤ ਕਹਿਣ ਪਰ ਸ੍ਰੀ ਰਾਮ ਚੰਦਰ ਜੀ ਲਛਮਣ ਨੂੰ ਉਥੇ ਖੜਾ ਕਰਕੇ ਆਖਦੇ ਹਨ-''ਜਦ ਤਕ ਅਸੀਂ ਨਾ ਆਈਏ ਤਦ ਤਕ ਤੂੰ ਇਥੇ ਹੀ ਆਪਣੀ ਮਾਤਾ ਪਾਸ ਠਹਿਰਨਾ ਹੈ, ਇਸ ਨੂੰ ਇਕੱਲਿਆਂ ਛੱਡ ਕੇ ਕਿਧਰੇ ਭੀ ਨਹੀਂ ਜਾਣਾ।'' ਤੇ ਆਪ ਹਰਨ ਨੂੰ ਫੜਨ ਵਾਸਤੇ ਚਲੇ ਗਏ।

ਸਮਾਂ ਕਾਫੀ ਬੀਤ ਗਿਆ, ਮਾਤਾ ਸੀਤਾ ਨੇ ਕਿਹਾ, ''ਲਛਮਣ ! ਤੂੰ ਜਾ ਕੇ ਵੱਡੇ ਭਾਈ ਦਾ ਪਤਾ ਕਰ ਕਿੱਥੇ ਚਲੇ ਗਏ ਹਨ।'' ਲਛਮਣ ਚੁਪ ਕਰਕੇ ਹੀ ਖੜਾ ਰਿਹਾ। ਸੀਤਾ ਦੇ ਦੋ ਚਾਰ ਵਾਰ ਕਹਿਣ ਦੀ ਕੋਈ ਪ੍ਰਵਾਹ ਨਾ ਕੀਤੀ।

ਆਖਰ ਜਦ ਸੀਤਾ ਨੇ ਬਹੁਤ ਦੁਰਬਚਨ ਕਹੇ ਤਾਂ ਲਛਮਣ ਇਕ ਲਕੀਰ ਪਾ ਕੇ ਕਹਿੰਦਾ ਹੈ, ''ਹੇ ਮਾਤਾ ! ਸ੍ਰੀ ਰਾਮ ਚੰਦਰ ਜੀ ਜਿਵੇਂ ਆਖ ਗਏ ਹਨ ਉਸ ਅਨੁਸਾਰ ਮੇਰਾ ਇਥੋਂ ਜਾਣਾ ਬਣਦਾ ਨਹੀਂ ਸੀ, ਪਰ ਤੁਹਾਡੇ ਮਜ਼ਬੂਰ ਕਰਨ ਪਰ ਮੈਂ ਜਾ ਰਿਹਾ ਹਾਂ ਹੁਣ ਤੁਸੀਂ ਇਸ ਲਕੀਰ ਤੋਂ ਬਾਹਰ ਨਹੀਂ ਟੱਪਣਾ। ਜੇ ਕੋਈ ਇਸ ਲਕੀਰ ਦੇ ਅੰਦਰ ਆਏਗਾ ਉਹ ਭਸਮਾ ਭੂਤ ਹੋ ਜਾਏਗਾ।'' ਇਹ ਗੱਲ ਆਖ ਕੇ ਲਛਮਣ ਚਲਾ ਗਿਆ।

ਪਿੱਛੋਂ ਰਾਵਨ ਨੇ ਸੀਤਾ ਦੇ ਇਕੱਲਿਆਂ ਰਹਿਣ ਦਾ ਸਮਾਂ ਤਾੜਕੇ ਜੋਗੀ ਦਾ ਰੂਪ ਧਾਰ ਕੇ ਅਲੱਖ ਜਗਾਈ। ਉਸ ਵੇਲੇ ਜੋਗੀ ਸਮਝ ਕੇ ਸੀਤਾ ਨੇ ਆਖਿਆ-''ਅੱਗੇ ਆ ਕੇ ਭਿਖਿਆ ਲੈ ਲਓ।''

ਰਾਵਣ ਨੇ ਕਿਹਾ-''ਅਸੀਂ ਬੱਧੀ ਭਿਖਿਆ ਨਹੀਂ ਲੈਂਦੇ, ਜੇਕਰ ਭਿਖਿਆ ਦੇਣੀ ਹੈ ਤਾਂ ਇਸ ਲਕੀਰ ਤੋਂ ਬਾਹਰ ਆ ਕੇ ਦੇਹ।''

ਜਦ ਸੀਤਾ ਲਕੀਰ ਤੋਂ ਬਾਹਰ ਆ ਕੇ ਭਿਖਿਆ ਦੇਣ ਲੱਗੀ ਤਾਂ ਰਾਵਣ ਉਸੀ ਵੇਲੇ ਸੀਤਾ ਨੂੰ ਚੁੱਕ ਕੇ ਆਪਣੇ ਮੰਦਰਾਂ ਵਿਚ ਲੈ ਗਿਆ, ਇਸੇ ਸੰਬੰਧ ਵਿਚ ਇਕ ਕਵੀ ਲਿਖਦਾ ਹੈ-*

**'ਜੇਕਰ ਸੀਤਾ ਲੀਕ ਨ ਟੱਪਦੀ ਕਿਉਂ ਰਾਵਣ ਲੈ ਜਾਂਦਾ।*
ਰਸਤੇ ਛੋਡ ਕੁਰੱਸਤੇ ਹੋਵੇ, ਸੋਈਓ ਧੱਕੇ ਖਾਂਦਾ।'

ਫਿਰ ਰਾਵਣ ਨੇ ਆਪਣੇ ਅਸ਼ੋਕ ਬਾਗ ਵਿਖੇ ਉਸ ਦਾ ਡੇਰਾ ਕਰਵਾਇਆ ਤੇ ਇਸ ਦੇ ਮਗਰ ਬਹੁਤ ਸਾਰੀਆਂ ਦੂਤਣੀਆਂ ਇਸ ਦੇ ਮਨ ਨੂੰ ਫੇਰਨ ਵਾਸਤੇ ਲਗਾ ਦਿੱਤੀਆਂ।

ਦੂਤਣੀਆਂ ਨੇ ਰਾਵਣ ਦੀ ਸਿਫਤ ਕਰਕੇ ਇਸ ਦੇ ਮਨ ਫੇਰਨ ਦੇ ਜਤਨ ਤਾਂ ਬਹੁਤ ਕੀਤੇ ਪ੍ਰੰਤੂ ਸੀਤਾ ਦਾ ਮਨ ਰਾਵਣ ਉਪਰ ਪਤੀਜਿਆ ਨਾ। ਰਾਤ ਦਿਨ ਸ੍ਰੀ ਰਾਮ ਚੰਦਰ ਜੀ ਦੇ ਚਿੰਤਨ ਵਿਚ ਹੀ ਬੀਤ ਜਾਇਆ ਕਰੇ।

ਜਿਸ ਵੇਲੇ ਸ੍ਰੀ ਰਾਮ ਚੰਦਰ ਜੀ ਦਾ ਭੇਜਿਆ ਹੋਇਆ ਦੂਤ ਹਨੂੰਮਾਨ ਲੱਭਦਾ ਲੱਭਦਾ ਰਾਵਣ ਦੇ ਅਸ਼ੋਕ ਬਾਗ ਵਿਖੇ ਪਹੁੰਚਾ, ਤਾਂ ਮਾਤਾ ਸੀਤਾ ਨੂੰ ਬੈਠਿਆਂ ਵੇਖ ਕੇ ਬੜਾ ਪ੍ਰਸੰਨ ਹੋਇਆ, ਚਰਨਾਂ ਤੇ ਮੱਥਾ ਟੇਕਿਆ ਤੇ ਰਾਮ ਚੰਦਰ ਜੀ ਦੀ ਨਿਸ਼ਾਨੀ ਦੇ ਕੇ ਭਰੋਸਾ ਦਿਵਾਇਆ ਕਿ ਮੈਂ ਉਹਨਾਂ ਦਾ ਭੇਜਿਆ ਹੋਇਆ ਆਇਆ ਹਾਂ।

ਮੁੜ ਜਾ ਕੇ ਹਨੂੰਮਾਨ ਨੇ ਸ੍ਰੀ ਰਾਮ ਚੰਦਰ ਜੀ ਨੂੰ ਦੱਸਿਆ ਕਿ ਸੁਆਮੀ ਜੀ ! ਮਾਤਾ ਸੀਤਾ ਸਮੁੰਦਰ ਤੋਂ ਪਾਰ ਰਾਵਣ ਦੇ ਬਾਗ ਵਿਚ ਬੈਠੀ ਹੈ।

ਉਸ ਵੇਲੇ ਰਾਮ ਚੰਦਰ ਜੀ ਨੇ ਪੁੱਛਿਆ "ਹੇ ਬੀਰ! ਸੀਤਾ ਦਾ ਕੀ ਹਾਲ ਹੈ?"

ਹਨੂੰਮਾਨ ਨੇ ਕਿਹਾ, "ਸੁਆਮੀ ਜੀ ! ਇਸ ਵੇਲੇ ਤਕ ਮਾਤਾ ਸੀਤਾ ਕਲੰਕ ਤੋਂ ਰਹਿਤ ਹੈ, ਰਾਵਣ ਦੇ ਬਾਗ ਵਿਚ ਬੈਠੀ ਹੋਈ ਆਪ ਜੀ ਦਾ ਹੀ ਸਿਮਰਨ ਕਰ ਰਹੀ ਹੈ ਪਰ ਆਪ ਜੀ ਦੇ ਵਿਛੋੜੇ ਕਰਕੇ ਸੁੱਕ ਕੇ ਤੀਲੇ ਵਾਂਗ ਹੋ ਗਈ ਹੈ। ਉਸ ਨੂੰ ਖਾਣਾ ਪੀਣਾ ਕੁਝ ਚੰਗਾ ਨਹੀਂ ਲੱਗਦਾ, ਕੇਵਲ ਆਪ ਜੀ ਦੇ ਵਿਛੋੜੇ ਵਿਚ ਝੁਰ ਰਹੀ ਹੈ।"

ਇਹ ਗੱਲ ਸੁਣ ਕੇ ਰਾਮ ਚੰਦਰ ਜੀ ਨੇ ਕਿਹਾ-"ਜੇ ਉਸ ਦਾ ਸਾਡੇ ਨਾਲ ਇਤਨਾ ਪ੍ਰੇਮ ਹੈ ਤਾਂ ਸਾਡੇ ਵਿਛੋੜੇ ਕਰਕੇ ਮਰ ਕਿਉਂ ਨਹੀਂ ਗਈ?"

ਹਨੂੰਮਾਨ ਨੇ ਕਿਹਾ-"ਸੁਆਮੀ ਜੀ ! ਉਹ ਤਾਂ ਸਿਰਫ ਕਹਿਣੇ ਮਾਤਰ ਜੀਉਂਦੀ ਹੈ ਕਿਉਂਕਿ ਉਸ ਦੇ ਪ੍ਰਾਣ ਤੁਹਾਡੇ ਚਰਨਾਂ ਵਿਚ ਵਸ ਰਹੇ ਹਨ, ਜਿਸ ਵੇਲੇ ਜਮ ਲੈਣ ਆਉਂਦਾ ਹੈ ਤਾਂ ਸੀਤਾ ਨੂੰ ਪ੍ਰਾਣ ਹੀਣ ਵੇਖ ਕੇ ਮੁੜ ਜਾਂਦਾ ਹੈ।" ਯਥਾ-

ਸਵੈਯਾ— "ਔਹ ਹਨੂੰਮਾਨ! ਕਹਿਓ ਰਘੁਬੀਰ, ਕਛੂ ਸੁਧਿ ਹੈ ਸੀਅ ਕੀ ਛਿਤ ਮਾਹੀ?
ਹੈ ਪ੍ਰਭ ਲੰਕ ਕਲੰਕ ਬਿਨਾ ਸੁ, ਬਸੈ ਤਹਿ ਰਾਵਣ ਬਾਗ ਕੀ ਛਾਹੀ।
ਜੀਵਤ ਹੈ? ਕਹਿਬੇ ਈ ਕੋ ਨਾਥ! ਸੁ ਕਿਉਂ ਨ ਮਰੀ? ਹਮ ਤੇ ਬਿਛੁਰਾਹੀ।
ਪ੍ਰਾਨ ਬਸੇ ਪਦ ਪੰਕਜ ਮੈਂ, ਜਮ ਆਵਤ ਹੈ ਪਰ ਪਾਵਤ ਨਾਂਹੀ॥੧੦੪॥"

[ਹਨੂੰਮਾਨ ਨਾਟਕ, ਧਿਆ ੬]

ਦੇਖੋ ! ਰਾਮ ਨਾਮ ਦਾ ਇਤਨਾ ਪ੍ਰਤਾਪ ਹੈ, ਨਾ ਤਾਂ ਸੀਤਾ ਦੂਤਣੀਆਂ ਤੋਂ ਠੱਗੀ ਗਈ ਹੈ ਨਾ ਹੀ ਜਮਾਂ ਤੋਂ ਮਰੀ ਹੈ।

ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥

ਜਿਥੇ ਉਪਾਸ਼ਨਾਂ ਕਾਂਡ ਵਾਲੇ ਮਹਾਤਮਾਂ ਰਹਿੰਦੇ ਹਨ, ਤਿਸ ਜਗ੍ਹਾ ਛੋਟੇ ਭਗਤਾਂ ਦੇ ਕੇ=ਕਿਤਨੇ

ਲੋਕ ਸੇਵਾ ਟਹਿਲ ਕਰਨ ਵਾਸਤੇ ਵਸਦੇ ਹਨ।

ਪ੍ਰਸ਼ਨ-ਜਿਹੜੇ ਉਥੇ ਰਹਿ ਕੇ ਸੇਵਾ ਕਰਦੇ ਹਨ, ਉਹਨਾਂ ਨੂੰ ਫਲ ਕੀ ਹੁੰਦਾ ਹੈ?

ਗੁਰ ਉੱਤਰ-

ਸੋਇ=ਉਹ ਮਨ ਵਿਖੇ ਸੱਚੇ ਪ੍ਰਭੂ ਦਾ ਅਨੰਦ ਧਾਰਣਾ ਕਰਦੇ ਹਨ।

ਦੋ ਪੰਗਤੀਆਂ ਦਾ ਫਿਰ ਅਰਥ ਕਰਨਾ-

ਤਿਥੈ ਭਗਤ ਵਸਹਿ ਕੇ ਲੋਅ॥

ਉਪਾਸ਼ਨਾਂ ਕਾਂਡ ਵਾਲੇ ਕੇ=ਕਿਤਨੇ ਹੀ ਭਗਤ ਲੋਕ ਤਿਥੈ=ਤਿਸ ਪਰਮਾਤਮਾ ਵਿਖੇ ਵਸਦੇ ਹਨ।

ਕਰਹਿ ਅਨੰਦੁ ਸਚਾ ਮਨਿ ਸੋਇ॥

ਉਹ ਉਪਾਸ਼ਨਾਂ ਕਾਂਡ ਵਾਲੇ ਭਗਤ ਮਨ ਵਿਖੇ ਸੱਚੇ ਪ੍ਰਭੂ ਦਾ ਅਨੰਦ ਧਾਰਨਾ ਕਰਦੇ ਹਨ।

ਪੁਨਾ-ਸਿੱਧਾਂ ਨੇ ਬੇਨਤੀ ਕੀਤੀ-ਹੇ ਪ੍ਰਭੋ ! ਉਹ ਸੱਚਾ ਪ੍ਰਭੂ ਕਿਥੇ ਵਸਦਾ ਹੈ?

ਗੁਰ ਉੱਤਰ-

ਸਚਖੰਡਿ ਵਸੈ ਨਿਰੰਕਾਰੁ॥

ਹੇ ਸਿੱਧੋ! ਉਹ ਨਿਰੰਕਾਰ ਪਰਮਾਤਮਾ ਪ੍ਰਤੱਖ ਸੱਚ ਖੰਡ,

ਵਾ-ਸਤਿਸੰਗ ਰੂਪ ਸਚਖੰਡ ਵਿਚ ਵਸਦਾ ਹੈ।

ਕਰਿ ਕਰਿ ਵੇਖੈ ਨਦਰਿ ਨਿਹਾਲ॥

ਜਿਸ ਵੇਲੇ ਉਪਾਸ਼ਨਾਂ ਕਾਂਡ ਵਾਲਿਆਂ ਉਤੇ ਨਦਰਿ ਕਰਿ ਵੇਖੈ=ਕਿਰਪਾ ਦ੍ਰਿਸ਼ਟੀ ਨਾਲ ਦੇਖਣਾ ਕਰਦਾ ਹੈ ਤਾਂ ਉਹਨਾਂ ਨੂੰ ਨਿਹਾਲ ਅਰਥਾਤ ਦੁੱਖਾਂ ਤੋਂ ਰਹਿਤ ਕਰ ਦੇਂਦਾ ਹੈ।

ਦੂਜਾ ਅਰਥ-

ਸਚਖੰਡਿ ਵਸੈ ਨਿਰੰਕਾਰੁ॥

ਸੱਚਾ ਜੋ ਨਿਰੰਕਾਰ ਹੈ ਖੰਡਿ=ਭੇਦ ਭਾਵ ਤੋਂ ਰਹਿਤ, ਉਸ ਵਿਖੇ ਵੱਡੇ ਭਗਤ ਲੋਕ ਵਸਦੇ ਹਨ।

ਕਰਿ ਕਰਿ ਵੇਖੈ ਨਦਰਿ ਨਿਹਾਲ॥

ਜਿਸ ਵੇਲੇ ਉਹ ਉਪਾਸ਼ਨਾਂ ਕਾਂਡ ਵਾਲੇ ਵੱਡੇ ਭਗਤ ਲੋਕ, ਛੋਟਿਆਂ ਭਗਤਾਂ ਉਪਰ ਕਿਰਪਾ ਦ੍ਰਿਸ਼ਟੀ ਨਾਲ ਵੇਖਦੇ ਹਨ ਤਾਂ ਉਹਨਾਂ ਨੂੰ ਨਿਹਾਲ ਕਰ ਦੇਂਦੇ ਹਨ।

ਤਿਥੈ ਖੰਡ ਮੰਡਲ ਵਰਭੰਡ॥

[ਜਿਥੇ ਉਪਾਸ਼ਨਾਂ ਕਾਂਡ ਵਾਲੇ ਭਗਤ ਰਹਿੰਦੇ ਹਨ], ਤਿਥੈ=ਤਿਸ ਜਗ੍ਹਾ ਪਰ ਕਾਮ ਆਦਿਕ ਅਸ਼ੁਭ ਗੁਣਾਂ ਦਾ ਖੰਡਨ ਹੁੰਦਾ ਹੈ ਤੇ ਸਤ ਸੰਤੋਖ ਆਦਿ ਸ਼ੁਭ ਗੁਣਾਂ ਦਾ ਮੰਡਲ=ਅਸਥਾਪਨ ਹੁੰਦਾ ਹੈ। ਕਿਉਂਕਿ-

ਉਹਨਾਂ ਦਾ ਆਪਣਾ ਅੰਤਹਕਰਣ ਰੂਪ ਭਾਂਡਾ ਵਰ=ਸਰੇਸ਼ਟ ਹੈ ਅਤੇ ਹੋਰਨਾਂ ਜਗਿਆਸੂਆਂ ਦੇ ਅੰਤਹਕਰਣ ਰੂਪ ਭੰਡ=ਭਾਂਡੇ ਨੂੰ ਵਰ=ਸਰੇਸ਼ਟ ਕਰਦੇ ਹਨ।

ਜੇ ਕੋ ਕਥੈ ਤ ਅੰਤ ਨ ਅੰਤ॥

ਜੇ ਕੋਈ ਪੁਰਸ਼ ਉਹਨਾਂ ਦੇ ਗੁਣਾਂ ਨੂੰ ਕਥਨ ਕਰ ਕੇ ਅੰਤ ਲੈਣਾ ਚਾਹੇ ਤਾਂ ਅੰਤ ਨਹੀਂ ਲੈ ਸਕਦਾ।

ਤਿਥੈ ਲੋਅ ਲੋਅ ਆਕਾਰ॥

ਤਿਥੈ=ਤਿਨ੍ਹਾਂ ਉਪਾਸ਼ਨਾਂ ਕਾਂਡ ਵਾਲਿਆਂ ਦੇ ਆਕਾਰ=ਵਿਅਕਤੀ ਅੰਦਰ ਪਰਮੇਸ਼ਰ ਦਾ ਲੋਅ ਲੋਅ=ਪ੍ਰਕਾਸ਼ ਹੀ ਪ੍ਰਕਾਸ਼ ਹੈ।

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥

ਜਿਸ ਜਿਸ ਪ੍ਰਕਾਰ ਪਰਮੇਸ਼ਰ ਦਾ ਹੁਕਮ ਹੁੰਦਾ, ਓਵੇਂ ਓਵੇਂ ਉਹ ਕਾਰ ਕਰਦੇ ਹਨ।

ਅਥਵਾ—ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥

[ਜਿਥੇ ਉਪਾਸ਼ਨਾਂ ਕਾਂਡ ਵਾਲੇ ਭਗਤ ਰਹਿੰਦੇ ਹਨ] ਤਿਥੈ=ਤਿਸ ਜਗ੍ਹਾ ਪਰ ਸ਼ਰਧਾਲੂ ਲੋਕਾਂ ਹੀ ਲੋਕਾਂ ਦੇ ਅਕਾਰ ਸੇਵਾ ਟਹਿਲ ਕਰਨ ਵਾਸਤੇ, ਆ ਕੇ ਰਹਿੰਦੇ ਹਨ, ਉਪਾਸ਼ਨਾਂ ਵਾਲੇ ਵਡੇ ਭਗਤ ਜਿਸ ਜਿਸ ਪ੍ਰਕਾਰ ਹੁਕਮ ਕਰਦੇ ਹਨ, ਓਵੇਂ ਓਵੇਂ ਉਹ ਸੇਵਾ ਰੂਪ ਕਾਰ ਨੂੰ ਕਰਦੇ ਹਨ।

ਵੇਖੈ ਵਿਗਸੈ ਕਰਿ ਵੀਚਾਰੁ॥

ਵੱਡੇ ਭਗਤਾਂ ਦੁਆਰੇ, ਸੇਵਾ ਕਰਨ ਵਾਲੇ ਛੋਟੇ ਜਗਿਆਸੂ ਲੋਕ ਵੇਦਾਂ ਸ਼ਾਸਤ੍ਰਾਂ ਦਾ ਵਿਚਾਰ ਕਰਕੇ।

ਵਾ-ਗੁਰ ਸ਼ਬਦ ਦਾ ਵਿਚਾਰ ਕਰਕੇ।

ਵਾ-ਸੱਤ ਅਸੱਤ ਦੇ ਨਿਰਣੇ ਦਾ ਵਿਚਾਰ ਕਰਕੇ, ਆਪਣੇ ਸ੍ਵੈ ਸਰੂਪ ਨੂੰ ਵੇਖ ਕੇ ਵਿਗਸੈ=ਪ੍ਰਸੰਨ ਹੁੰਦੇ ਹਨ।

ਨਾਨਕ ਕਥਨਾ ਕਰੜਾ ਸਾਰੁ॥ ੩੭॥

ਸ਼ਤਿਗੁਰ ਨਾਨਕ ਦੇਵ ਜੀ ਕਥਨ ਕਰਦੇ ਹਨ, ਉਪਾਸ਼ਨਾਂ ਕਾਂਡ ਵਾਲੇ ਭਗਤਾਂ ਦੇ ਸੰਪੂਰਨ ਜਸ ਦਾ ਕਥਨ ਕਰਨਾ 'ਕਰੜਾ ਸਾਰੁ'=ਫੁਲਾਦ ਵਾਂਗ ਕਰੜਾ ਹੈ। ਜੀਵ ਦੀ ਬਾਣੀ ਉਹਨਾਂ ਦੇ ਸਮੱਗਰ ਜਸ ਨੂੰ ਕਥਨ ਨਹੀਂ ਕਰ ਸਕਦੀ।

ਯਥਾ—"ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥"

[ਗਉੜੀ ਸੁਖਮਨੀ, ਪੰਨਾ ੨੭੨]

ਤਥਾ—"ਗੁਰ ਕੀ ਮਹਿਮਾ ਬੇਦ ਨ ਜਾਣਹਿ॥ ਤੁਛ ਮਾਤ ਸੁਣਿ ਸੁਣਿ ਵਖਾਣਹਿ॥"

[ਮਾਰੂ ਸੋਲਹੇ ਮਹਲਾ ੫, ਪੰਨਾ ੧੦੭੮]

ਉਪ੍ਰੋਕਤ ਛਿਆਂ ਤੁਕਾਂ ਦਾ ਦੂਜਾ ਅਰਥ ਇਸ ਤਰ੍ਹਾਂ ਵੀ ਕਰਦੇ ਹਨ-

ਤਿਥੈ ਖੰਡ ਮੰਡਲ ਵਰਭੰਡ॥

ਤਿਥੈ=ਤਿਸ ਪਰਮਾਤਮਾ ਵਿਖੇ ਨੌਂ ਖੰਡ, ਮੰਡਲ=ਚਾਰ ਸੈ. ਕੋਹਾਂ ਦਾ, ਅਤੇ ਵਰਭੰਡ=ਬ੍ਰਹਿਮੰਡ।

ਵਾ-ਵੱਡਾ ਭਾਂਡਾ ਸਮੁੰਦਰ ਇਹ ਸਾਰੇ ਅਧਜਸਤ, ਭਾਵ ਕਲਪਤ ਰੂਪ ਹੋਏ ਵਸ ਰਹੇ ਹਨ।

ਜੇ ਕੋ ਕਥੈ ਤ ਅੰਤ ਨ ਅੰਤ॥

ਜੇ ਕੋਈ ਉਨ੍ਹਾਂ ਖੰਡਾਂ ਬ੍ਰਹਿਮੰਡਾਂ ਨੂੰ ਕਥਨ ਕਰ ਕੇ

ਅਥਵਾ-ਉਸ ਪਰਮੇਸ਼ਰ ਦੇ ਗੁਣਾਂ ਨੂੰ ਕਥਨ ਕਰਕੇ ਅੰਤ ਲੈਣਾ ਚਾਹੇ ਤਾਂ ਅੰਤ ਨਹੀਂ ਆਉਂਦਾ।

ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥

ਤਿਸ ਪਰਮਾਤਮਾ ਵਿਖੇ ਲੋਕਾਂ ਹੀ ਲੋਕਾਂ ਦੇ ਅਕਾਰ।

ਵਾ-ਚੌਦਾਂ ਲੋਕਾਂ ਵਿਖੇ ਜਿਤਨੇ ਕੁ ਲੋਅ=ਜੀਆਂ ਦੇ ਆਕਾਰ ਹਨ, ਉਹ ਸਭ ਕਲਪਤ ਰੂਪ ਹੋਏ ਵਸ ਰਹੇ ਹਨ।

ਜਿਸ ਜਿਸ ਪ੍ਰਕਾਰ ਉਹ ਪਰਮੇਸ਼ਰ ਹੁਕਮ ਕਰਦਾ ਹੈ, ਤਿਵੇਂ ਤਿਵੇਂ ਉਹ ਜੀਵ ਕੰਮ ਕਾਰ ਕਰਦੇ ਹਨ।

ਵੇਖੈ ਵਿਗਸੈ ਕਰਿ ਵੀਚਾਰੁ॥

ਇਸ ਗੱਲ ਨੂੰ ਵਿਚਾਰਣਾ ਕਰੋ-

ਉਹ ਪਰਮੇਸ਼ਰ ਆਪਣੀ ਰਚੀ ਹੋਈ ਸੰਸਾਰ ਬਾਜੀ ਨੂੰ ਵੇਖਕੇ ਆਪ ਹੀ ਵਿਗਸੈ=ਪ੍ਰਸੰਨ ਹੋ ਰਿਹਾ ਹੈ ਜਿਵੇਂ ਲੜਕਾ ਆਪਣੀ ਖੇਡ ਨੂੰ ਦੇਖ ਕੇ ਆਪ ਹੀ ਪ੍ਰਸੰਨ ਹੁੰਦਾ ਹੈ।

ਨਾਨਕ ਕਥਨਾ ਕਰੜਾ ਸਾਰੁ॥ ੩੭॥

ਸਤਿਗੁਰ ਨਾਨਕ ਦੇਵ ਜੀ ਕਥਨ ਕਰਦੇ ਹਨ, ਉਸ ਪਰਮੇਸ਼ਰ ਦੇ ਜਸ ਦਾ ਕਥਨ ਕਰਨਾ ਸਾਰੁ=ਸੋਨੇ ਵਾਂਗ ਕਰੜਾ ਤੇ ਬਰੀਕੀ ਵਾਲਾ ਹੈ॥ ੩੭॥

ਸੈਂਤੀਵੀਂ ਪਉੜੀ ਦੇ ੧੯੪ ਅੱਖਰ ਹਨ।

ਅਠੱਤੀਵੀਂ ਪਉੜੀ

ਪੁਨਾ ਸਿੱਧ ਨੇ ਕਿਹਾ-''ਆਪ ਜੀ ਨੇ ਪਰਮੇਸ਼ਰ ਦਾ ਜਸ ਕਥਨ ਕਰਨਾ ਸੋਨੇ ਵਾਂਗ ਕਿਹਾ ਹੈ। ਜਿਵੇਂ ਸੋਨੇ ਘੜਨ ਦੇ ਸਾਧਨ-ਭੱਠੀ, ਸੁਨਿਆਰਾ, ਅਹਿਰਣ, ਹਥਿਆਰ, ਖੱਲ, ਕੁਠਾਲੀ ਵਗੈਰਾ ਹੁੰਦੇ ਹਨ,' ਤਿਵੇਂ ਪਰਮੇਸ਼ਰ ਦੇ ਜਸ ਰੂਪ ਸੋਨੇ ਦੇ ਘੜਨ ਵਾਸਤੇ ਅੰਤ੍ਰੀਵ ਭੱਠੀ, ਅੱਗ, ਕੁਠਾਲੀ, ਅਹਿਰਨ, ਸੁਨਿਆਰਾ ਵਗੈਰਾ ਕਿਹੜੇ ਹਨ?''

ਸਤਿਗੁਰਾਂ ਨੇ ਕਿਹਾ-

ਜਤੁ ਪਾਹਾਰਾ

ਜਤਿੰਦਰੇ ਹੋਣਾ, ਭਾਵ ਇੰਦ੍ਰੀਆਂ ਨੂੰ ਜਤ ਵਿਚ ਰੱਖਣਾ, ਇਹ ਪਾਹਾਰਾ=ਭੱਠੀ ਕਰੇ।*

ਸਾਖੀ—ਪਾਂਡਵਾਂ ਦੀ

ਜਿਸ ਵੇਲੇ ਪਾਂਡਵਾਂ ਨੇ ਅਸੁਮੇਧ ਯੱਗ ਕਰਨ ਦਾ ਦ੍ਰਿੜ੍ਹ ਸੰਕਲਪ ਕੀਤਾ, ਤਦ ਇਨ੍ਹਾਂ ਨੇ ਪਹਿਲੇ ਘੋੜਾ ਛੱਡਿਆ। ਜਿਸ ਵੇਲੇ ਉਹ ਘੋੜਾ ਤ੍ਰਿਯਾਰਾਜ ਵਿਚ ਗਿਆ ਤਾਂ ਇਸਤ੍ਰੀਆਂ ਨੇ ਫੜ ਲਿਆ।

ਉਸ ਘੋੜੇ ਦੇ ਛੁਡਾਉਣ ਵਾਸਤੇ ਜਿਤਨੇ ਭੀ ਗਏ, ਉਹ ਸਾਰੇ ਦੇ ਸਾਰੇ ਹੀ ਇਸਤ੍ਰੀਆਂ ਦੇ ਸੁੰਦਰ ਸਰੂਪ ਨੂੰ ਵੇਖ ਕੇ ਚਲਾਇਮਾਨ ਹੋ ਗਏ। ਸਾਰਿਆਂ ਦਾ ਬੀਰਜ ਬਲ ਛੁਟ ਗਿਆ। ਤਿਸ ਵੇਲੇ ਰਾਜੇ 'ਕਰਣ' ਦਾ ਪੁੱਤਰ 'ਬ੍ਰਿਖ ਕੇਤੂ' ਤ੍ਰਿਯਾਰਾਜ ਵਿਚ ਗਿਆ। ਉਸ ਨੇ ਆਪਣੇ ਜਤ ਦੇ ਬਲ ਕਰ ਕੇ ਇਸਤ੍ਰੀਆਂ ਤੋਂ ਘੋੜਾ ਖੋਹ ਲਿਆਂਦਾ ਅਤੇ ਜੋ ਮਨੁੱਖ ਔਰਤਾਂ ਨੇ ਆਪਣੇ ਵਸ ਕੀਤੇ ਹੋਏ ਸਨ ਉਹ ਭੀ ਲੈ ਆਂਦੇ।

ਜਤ ਦਾ ਇਤਨਾ ਪ੍ਰਤਾਪ ਹੈ। ਜਤ ਦੇ ਬਲ ਨਾਲ ਸਾਰੇ ਸ਼ੁਭ-ਗੁਣ ਆ ਕੇ ਪ੍ਰਾਪਤ ਹੁੰਦੇ ਹਨ।

ਇਸ ਕਰਕੇ ਗੁਰੂ ਜੀ ਨੇ ਫੁਰਮਾਇਆ ਹੈ ਕਿ ਜਤ ਦੀ ਭੱਠੀ ਕਰੇ।

ਸਾਧੂ ਅਤੇ ਗ੍ਰਿਹਸਤੀ ਇਨ੍ਹਾਂ ਦੋਹਾਂ ਨੂੰ ਜਤਿੰਦਰੇ ਹੋਣਾ ਚਾਹੀਦਾ ਹੈ। ਸਾਧੂ ਨੂੰ ਚਾਹੀਦਾ ਹੈ ਅੱਠ ਪ੍ਰਕਾਰ ਦੇ ਕਾਮ ਨੂੰ ਰੋਕਣਾ ਕਰੇ।

ਯਥਾ—'ਮੈਥਨ ਅਸ਼ਟ ਪ੍ਰਕਾਰ ਜੋ, ਨਾਥ ਕਹਿਓ ਸ੍ਰੁਤ ਮਾਹਿ।
ਇਨ ਤੇ ਨਿਜ ਬਿਪ੍ਰੀਤ ਜੋ, ਬ੍ਰਹਮਚਰਜ ਕਹਿ ਤਾਹਿ।
੧ਸ੍ਵਨ, ੨ਸਿਮਰਨ, ੩ਕੀਰਤਨ, ੪ਚਿੜ੍ਹਨ, ੫ਬਾਤ ਇਕੰਤ।
੬ਦ੍ਰਿੜ੍ਹ ਸੰਕਲਪ, ੭ਪ੍ਰਯਤਨ, ੮ਤਨ ਪ੍ਰਾਪਤ ਅਸਟ ਕਹੰਤ॥ ੮॥'

[ਵਿਚਾਰ ਮਾਲਾ, ਧਿਆ ੪]

---

*ਕਈ ਵਿਦਵਾਨ ਇਸ ਤਰ੍ਹਾਂ ਭੀ ਅਰਥ ਕਰਦੇ ਹਨ:-

ਇੰਦ੍ਰੀਆਂ ਦਾ ਜੋ ਜਤੁ=ਦਮਨ ਕਰਨਾ ਹੈ, ਇਹੋ ਸੁਨਿਆਰੇ ਦੀ ਪਾਹਾਰਾ=ਦੁਕਾਨ ਹੈ।

ਗ੍ਰਹਿਸਤੀ ਦਾ ਜਤਿੰਦਰੇ ਹੋਣਾ ਇਹੋ ਹੈ ਕਿ ਆਪਣੀ ਇਸਤ੍ਰੀ ਤੋਂ ਬਿਨਾਂ ਹੋਰ ਵੱਲ ਬੁਰੀ ਨਜ਼ਰ ਨਾ ਕਰੇ।

ਯਥਾ—"ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ॥੮॥"

[ਭਾਈ ਗੁਰਦਾਸ ਜੀ, ਵਾਰ ੬]

ਤਥਾ—"ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ।"

[ਭਾਈ ਗੁਰਦਾਸ ਜੀ, ਵਾਰ ੨੯ ਪਉੜੀ ੧੧]

"ਪਰ ਤ੍ਰਿਆ ਦੀਰਘ ਸਮਾਨ ਲਘੁ ਜਾਵਦੇਕ, ਜਨਨੀ ਭਗਨੀ ਸੁਤਾ ਰੂਪ ਕੈ ਨਿਹਾਰੀਐ॥"

[ਭਾ: ਗੁਰਦਾਸ, ਕਬਿਤ ੫੪੭]

ਤਥਾ—"ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥"

[ਵਾਰ ਰਾਮਕਲੀ, ਪੰਨਾ ੯੫੨]

ਧੀਰਜੁ ਸੁਨਿਆਰੁ॥

ਸੰਪਦਾ ਦੀ ਪ੍ਰਾਪਤੀ ਅਤੇ ਨਵਿਰਤੀ ਵਿਚ ਭਾਵ ਸੁਖ-ਦੁਖ ਵਿਚ ਧੀਰਜ ਰੱਖਣਾ ਇਹ ਸੁਨਿਆਰਾ ਕਰੇ।

ਅਰਥਾਤ ਪਦਾਰਥਾਂ ਦੀ ਪ੍ਰਾਪਤੀ ਵਿਚ ਖੁਸ਼ ਨਾ ਹੋਵੇ ਅਤੇ ਪਦਾਰਥਾਂ ਦੀ ਨਵਿਰਤੀ ਭਾਵ ਅਪਦਾ ਸਮੇਂ ਵਿਚ ਦੁਖੀ ਨਾ ਹੋਵੇ।

ਇਸ ਤਰ੍ਹਾਂ ਮਨ ਵਿਚ ਨਿਸਚਾ ਰੱਖੇ ਕਿ ਜਿਵੇਂ ਮੇਰੇ ਪਾਸ ਸੰਪਦਾ ਨਹੀਂ ਰਹੀ, ਤਿਵੇਂ ਬਿਪਤਾ ਵੀ ਨਹੀਂ ਰਹੇਗੀ।

ਯਥਾ—"ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਗਚਿਆ ਸੋ ਹੋਇ॥੩॥"

[ਗਉੜੀ ਕਬੀਰ ਜੀ, ਪੰਨਾ ੩੩੭]

ਜਿਵੇਂ ਸੰਤਾਂ ਦਾ ਮਨ ਧੀਰਜ ਸਹਿਤ ਹੁੰਦਾ ਹੈ, ਤਿਵੇਂ ਆਪਣਾ ਮਨ ਧੀਰਜ ਸਹਿਤ ਕਰੇ।

ਯਥਾ—"ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ॥
ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ॥੨੭॥"

[ਸਹਸਕ੍ਰਿਤੀ, ਪੰਨਾ ੧੩੫੬]

ਅਹਰਣਿ ਮਤਿ ਵੇਦੁ ਹਥੀਆਰੁ॥

ਜਿਵੇਂ ਪ੍ਰਤੱਖ ਹਥਿਆਰਾਂ ਦੇ ਵੱਜਣ ਨਾਲ ਲੋਹੇ ਦੀ *ਅਹਿਰਣ ਅਚੱਲ ਰਹਿੰਦੀ ਨੂੰ, ਤਿਵੇਂ ਵੇਦ

---

*ਜੇਕਰ ਆਰਣ ਸ਼ਬਦ ਹੋਵੇ ਤਾਂ ਉਸ ਨੂੰ ਭੱਠੀ ਕਹਿੰਦੇ ਹਨ, ਜਿਵੇਂ

੧. *ਜਿਉ "ਆਰਣਿ" ਲੋਹਾ ਪਾਇ ਭੰਨਿ ਘੜਾਈਐ॥* *(ਸੂਹੀ ਮਹਲਾ ੧, ਪੰਨਾ ੭੫੨)*

੨. *ਕਾਇਆ "ਆਰਣੁ" ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥*
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥ ੩॥ *(ਮਾਰੂ ਮਹਲਾ ੧, ਪੰਨਾ ੯੯੦)*

ਰੂਪ ਹਥਿਆਰਾਂ ਦੇ ਪੈਣ ਨਾਲ ਆਪਣੀ ਮੱਤ ਨੂੰ ਅਚੱਲ ਰੱਖੇ। ਅਰਥਾਤ ਵੇਦ ਵਾਕਾਂ ਨੂੰ ਸੁਣ ਕੇ ਆਪਣੀ ਬੁੱਧੀ ਨੂੰ ਡੁਲਾਵੇ ਨਾ।

ਯਥਾ—"ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥"

[ਮਲਾਰ ਕੀ ਵਾਰ, ਪੰਨਾ ੧੨੮੯]

ਦੂਜਾ ਵਾਕ ਹੈ-

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥"

[ਵਾਰ ਮਾਝ, ਪੰਨਾ ੧੪੦]

ਤਥਾ—"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥ ੧॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥੧॥"

[ਸਿਰੀ ਰਾਗੁ ਮਹਲਾ ੧, ਪੰਨਾ ੨੩]

ਤਥਾ—"ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ॥
ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ॥"

[ਆਸਾ ਮਹਲਾ ੧ ਛੰਤ, ਪੰਨਾ ੪੩੮]

ਤਥਾ—"ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ॥"

[ਆਸਾ ਦੀ ਵਾਰ, ਪੰਨਾ ੪੬੩]

ਤਥਾ—"ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥੧॥"

[ਬਸੰਤ ਮਹਲਾ ੯, ਪੰਨਾ ੧੧੮੭]

ਤਥਾ—"ਚਹੁ ਮਹਿ ਪੋਖਿਓ ਖਟ ਮਹਿ ਪੋਖਿਓ ਦਸ ਅਸਟੀ ਸਿੰਮ੍ਰਿਤਾਏ॥
ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ॥ ੩॥"

[ਭੈਰਉ ਮਹਲਾ ੫, ਪੰਨਾ ੧੧੩੯]

ਦਸਮੇਸ਼ ਪਿਤਾ ਜੀ ਨੇ ਭੀ ਲਿਖਿਆ ਹੈ-

"ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ॥"

[ਦਸਮ ਗ੍ਰੰਥ, ਪੰ:੨੫੬]

ਇਸ ਤਰ੍ਹਾਂ ਦੇ ਬਚਨ ਸੁਣਕੇ ਅਸਲੀਅਤ ਨੂੰ ਵਿਚਾਰੇ ਕਿ ਗੁਰੂ ਸਾਹਿਬ ਜੀ ਨੇ ਇਹ ਬਚਨ ਕਿਸ ਪ੍ਰਥਾਇ ਉਚਾਰੇ ਹਨ। ਇਨ੍ਹਾਂ ਦਾ ਤਾਤਪਰਜ ਕੀ ਹੈ। ਆਪਣੀ ਮਤ ਨੂੰ ਡੁਲਾ ਕੇ ਉਲਟਾ ਨਿਸਚੇ ਨਾ ਕਰੇ।

ਭਉ ਖਲਾ ਅਗਨਿ ਤਪ ਤਾਉ॥

ਮਨ ਵਿਚ ਪਰਮੇਸ਼ਰ ਦਾ ਭਉ=ਡਰ ਧਾਰਨਾ ਇਹ ਅੱਗ ਚਮਕਾਉਣ ਵਾਲੀ ਖੱਲ ਭਾਵ ਧੌਂਕਣੀ ਕਰੇ।

ਯਥਾ—"ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥ ੧॥"

[ਸੂਹੀ ਮਹਲਾ ੧, ਪੰਨਾ ੭੨੯]

ਅੰਤ੍ਰੀਵ—"ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥" [ਆਸਾ ਮਹਲਾ ੩, ਪੰਨਾ ੪੨੩]

ਗੁਰਾਂ ਦੀ ਸੇਵਾ ਕਰਨ ਰੂਪੀ ਤਪਾਂ ਵਿਚੋਂ ਸ਼ਰੋਮਣੀ ਤਪ ਕਰੇ।

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥

ਜਿਹੜਾ ਮਨ ਨੂੰ ਭਾਉ=ਪ੍ਰੇਮ ਵਸ਼ਿਸ਼ਟ ਕਰਨਾ ਹੈ, ਇਹ ਭਾਂਡਾ=ਕੁਠਾਲੀ ਕਰੇ।

ਤਿਤੁ=ਤਿਸ ਕੁਠਾਲੀ ਵਿਚ ਅੰਮ੍ਰਿਤ ਰੂਪ ਜੋ ਨਾਮ ਹੈ, ਇਹ ਸੋਨਾ ਢਾਲਿ=ਪਾਵੇ।

ਅਥਵਾ-ਅਮਿਰਤੁ ਕਰਨ ਵਾਲਾ ਜੋ ਗੁਰ ਉਪਦੇਸ਼ ਹੈ, ਇਹ ਸੋਨਾ ਪਾਵੇ।

ਘੜੀਐ ਸਬਦੁ ਸਚੀ ਟਕਸਾਲ॥

ਤਾਂ ਸਤਿਸੰਗਤ ਰੂਪ ਸਚੀ ਟਕਸਾਲ ਵਿਖੇ ਸਬਦੁ=ਬਾਣੀ ਦਾ ਸੋਰਨਾ ਘੜਿਆ ਜਾਂਦਾ ਹੈ।

ਯਥਾ—"ਗੁਰਮੁਖਿ ਸੇਵਾ ਘਾਲ ਜਿਨਿ ਘਾਲੀ॥
ਤਿਸੁ ਘੜੀਐ ਸਬਦੁ ਸਚੀ ਟਕਸਾਲੀ॥੨॥"

[ਭੈਰਉ ਮਹਲਾ ੪, ਪੰਨਾ ੧੧੩੪]

ਕਿਉਂਕਿ ਬਾਣੀ ਦਾ ਸੋਰਨਾ ਬਹੁਤ ਮੁਸ਼ਕਲ ਹੈ, ਕਈਆਂ ਨੂੰ ਸਤਸੰਗ ਵਿਚ ਆਉਂਦਿਆਂ ਜਾਂਦਿਆਂ ਕਈ ਸਾਲ ਗੁਜ਼ਰ ਜਾਂਦੇ ਹਨ, ਪਰ ਧਾਰਨਾ ਤੋਂ ਬਿਨਾਂ, ਅਤੇ ਮੁਖ ਗੁਰਾਂ ਦੀ ਸੇਵਾ ਰੂਪ ਕਮਾਈ ਦੇ ਕੀਤੇ ਬਿਨਾਂ, ਹੋਣ ਕਰ ਕੇ ਬਾਣੀ ਮਿੱਠੀ ਨਹੀਂ ਹੁੰਦੀ।

ਪੂਰਬੋਕਤ ਸਾਰੇ ਸਾਧਨ ਕਰੇ ਤਾਂ ਸਤਿਸੰਗਤ ਰੂਪ ਸੱਚੀ ਟਕਸਾਲ ਵਿਚ ਮਿੱਠੀ ਬਾਣੀ ਬੋਲਣੀ ਆਉਂਦੀ ਹੈ।

ਅਥਵਾ-ਸੱਚੀ ਟਕਸਾਲ ਸਤਸੰਗ ਵਿਚ ਗੁਰ ਸ਼ਬਦ ਦੁਆਰਾ ਮਨ ਘੜਿਆ ਜਾਂਦਾ ਹੈ ਭਾਵ ਮਨ ਸ਼ੁੱਧ ਹੋ ਜਾਂਦਾ ਹੈ।

ਅਥਵਾ-ਸੱਚੀ ਟਕਸਾਲ=ਸਤਸੰਗ ਵਿਚ ਸਬਦੁ=ਬ੍ਰਹਮ ਦੀ ਪ੍ਰਾਪਤੀ ਘੜੀ ਜੋਂਦੀ ਹੈ।

ਪ੍ਰਸ਼ਨ-ਉਪਰ ਦੱਸੀ ਹੋਈ ਸਾਧਨਾਂ ਦੀ ਕਾਰ ਕਿਸ ਨੂੰ ਪ੍ਰਾਪਤ ਹੁੰਦੀ ਹੈ? ਉੱਤਰ-

ਜਿਨ ਕਉ ਨਦਰਿ ਕਰਮੁ ਤਿਨ ਕਾਰ॥

ਜਿਨ੍ਹਾਂ ਉੱਪਰ ਨਦਰਿ=ਨਦਰੀ ਪਰਮੇਸ਼ਰ ਦੀ ਕਰਮੁ=ਕਿਰਪਾ ਦ੍ਰਿਸ਼ਟੀ ਹੋਈ ਹੈ, ਤਿਨ੍ਹਾਂ ਨੂੰ ਇਹ ਕਾਰ ਪ੍ਰਾਪਤ ਹੁੰਦੀ ਹੈ।

ਅਥਵਾ-ਜਿਨ੍ਹਾਂ ਦੇ ਆਪਣੇ ਕੀਤੇ ਹੋਏ ਸ਼ੁਭ ਕਰਮ ਫਲ ਦੇਣ ਨੂੰ ਉਦੇ ਹੁੰਦੇ ਹਨ, ਤਿਨ੍ਹਾਂ ਉੱਪਰ ਨਦਰਿ=ਨਦਰੀ ਪਰਮੇਸ਼ਰ ਦੀ ਕਰਮੁ=ਕਿਰਪਾ ਦ੍ਰਿਸ਼ਟੀ ਹੁੰਦੀ ਹੈ।

ਈਸ਼ਵਰ ਦੀ ਕਿਰਪਾ ਦ੍ਰਿਸ਼ਟੀ ਦਾ ਫਲ ਹੈ ਗੁਰੂ ਦੀ ਪ੍ਰਾਪਤੀ। ਜਿਨ੍ਹਾਂ ਉਤੇ ਪੂਰਨ ਨਦਰਿ=ਗੁਰਾਂ ਦੀ ਕਰਮੁ=ਕਿਰਪਾ ਦ੍ਰਿਸ਼ਟੀ ਹੋਈ ਹੈ, ਉਨ੍ਹਾਂ ਨੂੰ ਇਹ ਸਾਧਨਾਂ ਦੀ ਕਾਰ ਪ੍ਰਾਪਤ ਹੁੰਦੀ ਹੈ।

ਨਾਨਕ ਨਦਰੀ ਨਦਰਿ ਨਿਹਾਲ॥ ੩੮॥

ਗੁਰੂ ਜੀ ਕਥਨ ਕਰਦੇ ਹਨ, ਉਹ ਨਦਰੀ=ਮਹਾਤਮਾ ਆਪਣੀ ਨਦਰਿ=ਕਿਰਪਾ ਦ੍ਰਿਸ਼ਟੀ ਕਰਕੇ ਹੋਰਨਾਂ ਜਗਿਆਸੂਆਂ ਨੂੰ ਨਿਹਾਲ ਕਰ ਦੇਂਦੇ ਹਨ।

ਸਾਖੀ ਪਹਿਲੀ—ਸ੍ਰੀ ਗੁਰੂ ਅੰਗਦ ਦੇਵ ਜੀ ਦੀ

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਵਿਚ ਪੂਰਾ ਪਰਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਗੱਦੀ ਦਾ ਤਿਲਕ ਦੇ ਕੇ ਹੁਕਮ ਦਿੱਤਾ ਹੈ ਕਿ ਪੁਰਖਾ ! ਹੁਣ ਤੂੰ 'ਖਡੂਰ' ਵਿਚ ਜਾ ਕੇ ਰਹਿਣਾ ਕਰ।

ਉਸ ਵੇਲੇ ਵਿਛੜਨਾ ਤਾਂ ਨਹੀਂ ਚਾਹੁੰਦੇ ਸਨ ਪਰ ਆਗਿਆ ਮੰਨਣੀ ਪਰਮ ਧਰਮ ਸਮਝ ਕੇ ਚਲੇ ਗਏ। ਅੱਗੋਂ 'ਖਡੂਰ' ਆਉਂਦਿਆਂ ਦਿਲ ਨਾ ਲੱਗੇ, ਮਨ ਵੈਰਾਗੀ ਹੋਇਆ ਹੋਇਆ ਕੋਠੇ ਅੰਦਰ ਕੁੰਡਾ ਮਾਰ ਕੇ ਜੋਗੀਆਂ ਵਾਲੀ ਸਮਾਧੀ ਵਿਚ ਜੁੜ ਬੈਠੇ। ਕਿਤਨਾ ਹੀ ਸਮਾਂ ਅਡੋਲ ਸਮਾਧੀ ਵਿਚ ਬੈਠਿਆਂ ਬੀਤ ਗਿਆ।

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ ਹਨ ਆਪ ਜੀ ਨੂੰ ਕੁਝ ਪਤਾ ਨਹੀਂ, ਸਿੱਖਾਂ ਦੀ ਬਿਹਬਲ ਅਵਸਥਾ ਨੂੰ ਦੇਖ ਕੇ ਬਾਬਾ ਬੁੱਢਾ ਜੀ ਨੇ ਆ ਕੇ ਆਪ ਜੀ ਦੀ ਸਮਾਧੀ ਖੋਲ੍ਹ ਕੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ ਹਨ, ਹੁਣ ਆਪ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ।

ਤਾਂ ਆਪ ਜੀ ਨੇ ਪਹਿਲੇ ਇਹ ਸਲੋਕ ਉਚਾਰਿਆ-

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥"

[ਸਿਰੀਰਾਗੁ ਕੀ ਵਾਰ, ਪੰਨਾ ੮੩]

ਉਪ੍ਰੰਤ ਸਿੱਖਾਂ ਦੀ ਬੇਨਤੀ ਮੰਨ ਕੇ ਆਪ ਦੋ ਵੇਲੇ ਸੰਗਤਾਂ ਨੂੰ ਦਰਸ਼ਨ ਦਿੰਦੇ ਰਹੇ ਪਰ ਵੈਰਾਗ ਦੇ ਕਾਰਨ ਮਨ ਪ੍ਰਵਿਰਤੀ ਵਿਚ ਫਸਿਆ ਹੀ ਨਹੀਂ। ਆਪ ਰੋਜ਼ਾਨਾ ਅੰਮ੍ਰਿਤ ਵੇਲੇ ਉਠ ਕੇ ਦਰਸ਼ਨ ਵਗੈਰਾ ਕਰਕੇ ਨਿਰਵਿਕਲਪ ਸਮਾਧੀ ਵਿਚ ਲੀਣ ਹੋ ਕੇ ਆਤਮਾਨੰਦ ਨੂੰ ਭੋਗਦੇ ਰਹੇ।

ਯਥਾ—"ਨਿਜ ਅਨੰਦ ਮੈਂ ਨਿਸ਼ਚਲ ਹੋਇ॥ ਲਗਿ ਸਮਾਧਿ ਨਿਰਵਿਕਲਪ ਜੋਇ॥੩॥"

ਸੂਰਜ ਚੜ੍ਹਨ ਸਾਰ ਜਦ ਆਪ ਅੱਖਾਂ ਖੋਲ੍ਹਦੇ ਸਨ ਤਾਂ ਪਹਿਲੀ ਦ੍ਰਿਸ਼ਟੀ ਜਿਸ ਉਤੇ ਪੈਂਦੀ ਸੀ ਉਹ ਨਿਹਾਲ ਹੋ ਜਾਂਦਾ ਸੀ।

ਯਥਾ—"ਭਾਈ ਪ੍ਰਾਤਿ ਸੂਰਜ ਜਬਿ ਨਿਕਸਹਿ। ਕਮਲ ਬਿਲੋਚਨ ਸੁੰਦਰ ਬਿਕਸਹਿ।
ਪ੍ਰਥਮ ਦ੍ਰਿਸ਼ਟਿ ਜਿਸ ਪਰ ਤਬਿ ਪਰੈ। ਰੋਗੀ ਰੋਗ ਦੁਖੀ ਦੁਖ ਹਰੈ॥੪॥"

'ਆਧਿ ਬਜਾਧਿ ਬਾਧਾ ਜੋ ਪਾਵੈ। ਜਾਨਿ ਸਮੋ ਆਗੇ ਚਲਿ ਆਵੈ।
ਬਜਾਕੁਲ ਹੋਹਿ ਪੀਰ ਤੇ ਜੇਈ। ਦ੍ਰਿਸ਼ਟਿ ਪਰੇ ਸੁਖ ਪਾਵੈ ਤੇਈ॥ ੫॥'

[ਗੁਰ ਪ੍ਰਤਾਪ ਸੂਰਜ, ਰਾਸਿ ੧, ਅੰਸੂ ੧੦]

'ਨਾਨਕ ਨਦਰੀ ਨਦਰਿ ਨਿਹਾਲ॥'

ਵਾਲੀ ਤੁਕ ਪੂਰੀ ਪੂਰੀ ਸ੍ਰੀ ਗੁਰੂ ਅੰਗਦ ਸਾਹਿਬ ਜੀ ਵਿਖੇ ਘਟਦੀ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਜਿਸ ਤੇ ਮਿਹਰ ਦ੍ਰਿਸ਼ਟੀ ਕਰਦੇ ਸਨ, ਉਸਦੀਆਂ ਮਨੋ ਕਾਮਨਾ ਪੂਰੀਆਂ ਕਰਕੇ ਨਿਹਾਲ ਕਰ ਦਿੰਦੇ ਸੀ।

ਸਾਖੀ ਦੂਸਰੀ—ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇਸਾਂ ਦੇਸਾਂਤ੍ਰਾਂ ਵਿਖੇ ਰਟਨ ਕਰਦੇ ਹੋਏ ਇੱਕ ਪਿੰਡ ਪਹੁੰਚੇ। ਉਥੇ ਇਕ ਪ੍ਰੇਮੀ ਸਿੱਖ ਰਹਿੰਦਾ ਸੀ ਜੋ ਹਰ ਇਕ ਆਏ ਸੰਤ, ਸਾਧੂ, ਅਭਿਆਗਤ ਦੀ ਸੇਵਾ ਕਰਦਾ ਹੁੰਦਾ ਸੀ। ਸੇਵਾ ਕਰਕੇ ਹਰ ਇਕ ਪਾਸੋਂ ਪੁੱਛਦਾ ਸੀ ਕਿ ਸੰਤਾਂ ਦਾ ਦਰਸ਼ਨ ਅਤੇ ਸੇਵਾ ਕਰਨ ਦਾ ਕੀ ਫਲ ਹੁੰਦਾ ਹੈ?

ਆਪੋ ਆਪਣੇ ਖਿਆਲਾਂ ਅਨੁਸਾਰ ਸਭ ਕੋਈ ਉਤਰ ਦਿੰਦਾ ਸੀ ਪਰ ਉਸ ਦੀ ਤਸੱਲੀ ਨਹੀਂ ਸੀ ਹੁੰਦੀ।

ਇਕ ਵਾਰ ਗੁਰੂ ਜੀ ਉਸ ਦੇ ਘਰ ਚਲੇ ਗਏ, ਉਸ ਨੇ ਬੜੇ ਪ੍ਰੇਮ ਤੇ ਸਤਿਕਾਰ ਨਾਲ ਗੁਰੂ ਜੀ ਨੂੰ ਕਪੜਾ ਵਿਛਾ ਕੇ ਬਿਠਾਇਆ ਅਤੇ ਭੋਜਨ ਆਦਿ ਜਲ-ਪਾਣੀ ਦੀ ਸੇਵਾ ਕੀਤੀ।

"ਪੁਨ ਬੂਝਨ ਲਾਗਜੋ ਤਿਸੁ ਭਾਇ। ਸਾਧ ਮਿਲੇ ਫਲ ਦੇਹੁ ਬਤਾਇ।
ਬਹੁਤਨ ਸੰਗ ਪ੍ਰਸ਼ਨ ਮੈਂ ਕੀਨੋ। ਮੋ ਕੋ ਕਿਨਹੁ ਨ ਉਤਰ ਦੀਨੋ॥੫੧॥"

ਆਪ ਪੂਰਨ ਸੰਤ ਜਾਪਦੇ ਹੋ, ਇਸ ਲਈ ਕਿਰਪਾ ਕਰਕੇ ਮੈਨੂੰ ਤਸੱਲੀ ਬਖਸ਼ ਉਤਰ ਦਿਓ।

ਗੁਰੂ ਜੀ ਨੇ ਕਿਹਾ-"ਸ਼ਹਿਰ ਤੋਂ ਬਾਹਰ ਜੰਗਲ ਵਿਖੇ ਜਾਹ, ਉਥੇ ਇਕ ਬ੍ਰਿਛ ਹੈ, ਵਾਹਿਗੁਰੂ ਵਾਹਿਗੁਰੂ ਕਹਿੰਦਾ ਹੋਇਆ ਉਥੇ ਜਾ ਬੈਠ, ਤੈਨੂੰ ਉੱਤਰ ਮਿਲੇਗਾ।

ਗੁਰੂ ਜੀ ਦਾ ਹੁਕਮ ਮੰਨ ਕੇ ਉਹ ਪ੍ਰੇਮੀ ਸਿੱਖ ਬੜੀ ਉਜਾੜ ਵਿਖੇ ਓਸੇ ਬ੍ਰਿਛ ਹੇਠ ਵਾਹਿਗੁਰੂ ਵਾਹਿਗੁਰੂ ਕਹਿੰਦਾ ਜਾ ਬੈਠਾ। ਉਸ ਬ੍ਰਿਛ ਉਤੇ ਉਸਨੇ ਦੋ ਕਾਂ ਦੇਖੇ ਪਰ ਇਸ ਦੀ ਨਜ਼ਰ ਪੈਣ ਨਾਲ ਉਹ ਬਗਲਾ ਬਗਲੀ ਹੋ ਗਏ, ਉੱਤਰ ਕੁਝ ਨਾ ਮਿਲਿਆ। ਕੁਝ ਕੁ ਦੇਰ ਬੈਠ ਕੇ ਵਾਪਸ ਹਟ ਆਇਆ ਆ ਕੇ ਗੁਰੂ ਜੀ ਨੂੰ ਕਿਹਾ-"ਉਥੋਂ ਕੋਈ ਉੱਤਰ ਨਹੀਂ ਮਿਲਿਆ।"

ਗੁਰੂ ਜੀ ਨੇ ਕਿਹਾ-"ਕਲ ਫੇਰ ਜਾਈਂ ਉੱਤਰ ਮਿਲੇਗਾ।"

ਗੁਰੂ ਜੀ ਦੇ ਹੁਕਮ ਨਾਲ ਦੂਜੇ ਦਿਨ ਫੇਰ ਗਿਆ ਤਾਂ ਇਸ ਦੀ ਨਜ਼ਰ ਨਾਲ ਉਹ ਬਗਲਾ ਬਗਲੀ ਤੋਂ ਹੰਸ ਹੰਸਨੀ ਹੋ ਗਏ ਉੱਤਰ ਫਿਰ ਵੀ ਕੋਈ ਨਾ ਮਿਲਿਆ। ਓਸੇ ਤਰ੍ਹਾਂ ਵਾਪਸ ਆ ਕੇ ਗੁਰੂ ਜੀ ਨੂੰ ਆਖਦਾ ਹੈ "ਉੱਤਰ ਨਹੀਂ ਮਿਲਿਆ।"

ਹਜ਼ੂਰ ਨੇ ਕਿਹਾ-"ਕਲ ਫਿਰ ਉਸੇ ਜਗ੍ਹਾ ਪਰ ਜਾਵੀਂ ਉੱਤਰ ਜ਼ਰੂਰ ਮਿਲੇਗਾ।"

ਤੀਜੇ ਦਿਨ ਫਿਰ ਗਿਆ ਤਾਂ ਇਸ ਦੀ ਨਦਰ ਨਾਲ ਉਹ ਦਿਬਜ ਸਰੂਪ ਹੋ ਗਏ ਤੇ ਬ੍ਰਿਛ ਹੇਠ

ਬੈਠ ਗਏ। ਇਸਨੇ ਪਾਸ ਜਾ ਕੇ ਪੈਰੀਂ ਪੈਣਾ ਕਿਹਾ ਤੇ ਪੁਛਿਆ-''ਸੰਤਾਂ ਨਾਲ ਮਿਲਣ ਦਾ ਕੀ ਫਲ ਹੁੰਦਾ ਹੈ?'' ਉਹਨਾਂ ਨੇ ਸੁਣ ਕੇ ਕਿਹਾ-''ਤੇਰੀ ਅਜੇ ਤਕ ਨਿਸ਼ਾ ਨਹੀਂ ਹੋਈ?''

ਦੇਖ ! ਅਸੀਂ ਪਹਿਲੇ ਕਾਂ ਕਾਵਣੀ ਸਾਂ ਤੇਰੇ ਦਰਸ਼ਨ ਕਰਕੇ ਬਗਲਾ ਬਗਲੀ ਹੋ ਗਏ। ਫਿਰ ਦੂਜੇ ਦਿਨ ਤੇਰੀ ਨਜ਼ਰ ਕੱਰਕੇ ਹੰਸ ਹੰਸਨੀ ਹੋ ਗਏ ਤੇ ਹੁਣ ਦਿਬਜ ਰੂਪ ਹੋਏ ਬੈਠੇ ਹਾਂ। ਸੰਤਾਂ ਦਾ ਮਿਲਣ ਦਾ ਅਤੇ ਉਹਨਾਂ ਦੀ ਨਜ਼ਰ ਦਾ ਬੱਸ ਏਹੀ ਫਲ ਹੈ।

ਯਥਾ—''ਤੁਮ ਕਰੁਣਾ ਪੁਨ ਭਏ ਮਰਾਲਾ। ਦੇਇ ਦਰਸ ਤੁਮ, ਕਰੇ ਨਿਹਾਲਾ।
ਪੁਨ ਆਯੋ ਹੋਏ ਨਰੁ ਨਾਰੀ। ਸਾਧ ਮਿਲੇ ਫਲ ਲੇਹੁ ਬਿਚਾਰੀ॥੬੩॥''

[ਨਾਨਕ ਪ੍ਰਕਾਸ਼, ਉਤਰਾਰੁਧ ਧਿਆ ੪੪]

ਤੇਰੇ ਘਰ ਵਿਖੇ ਜੋ ਪੂਰਨ ਗੁਰੂ ਆਏ ਹੋਏ ਹਨ ਜਿਨ੍ਹਾਂ ਦੀ ਨਦਰ ਤੇਰੇ ਪਰ ਹੋਈ ਹੈ ਤੇ ਤੇਰੀ ਨਦਰ ਕਰਕੇ ਅਸੀਂ ਦਿਬਜ ਸਰੂਪ ਹੋਏ ਹਾਂ, ਹੁਣ ਤੂੰ ਘਰ ਜਾ ਕੇ ਉਹਨਾਂ ਦੀ ਸੇਵਾ ਕਰ ਤਾਂ ਤੂੰ ਭੀ ਮੁਕਤ ਰੂਪ ਹੋ ਜਾਏਂਗਾ।

ਇਤਨੀ ਗੱਲ ਆਖ ਕੇ ਉਹ ਦਿਬਜ ਮੂਰਤੀਆਂ ਬਿਮਾਣ ਪਰ ਚੜ ਕੇ ਸੱਚਖੰਡ ਵਿਚ ਚਲੀਆਂ ਗਈਆਂ।

ਏਸੇ ਕਰ ਕੇ ਹਜ਼ੂਰ ਨੇ ਫੁਰਮਾਇਆ ਹੈ ਕਿ-

ਨਾਨਕ ਨਦਰੀ ਨਦਰਿ ਨਿਹਾਲ॥

ਸਾਖੀ ਤੀਸਰੀ—ਰਾਜੇ ਭਰਥਰੀ ਦੀ

'ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ॥ ੨੨॥'

[ਭਾਈ ਗੁਰਦਾਸ, ਵਾਰ ੧]

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਤੋਂ ਪਹਿਲੇ ਧਰਤੀ ਦੇ ਉੱਪਰ ਬੜੇ ਪਾਪ ਵਧ ਗਏ ਤਾਂ ਉਸ ਵੇਲੇ ਸਾਧਾਂ ਤੋਂ ਬਿਨਾਂ ਧਰਤੀ ਨੂੰ ਥੰਮਣ ਵਾਲਾ ਕੋਈ ਨਾ ਰਿਹਾ।

ਉਸ ਵੇਲੇ ਤਾਂ ਰਿੱਧੀਆਂ ਸਿੱਧੀਆਂ ਲਗਾਉਣ ਵਾਲੇ ਗੋਰਖ ਆਦਿਕ ਜੋ ਸਿੱਧ ਸਨ ਉਹ ਆਪਣੇ ਪੂਜਾ ਪ੍ਰਤਿਸ਼ਠਾ ਲਈ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਵਾਸਤੇ ਸਾਧਨ ਕਰਦੇ ਸਨ।

ਸਿੱਧੀ ਦੇ ਬਲ ਨਾਲ ਅਕਾਸ਼ ਵਿਚ ਉਡ ਜਾਣਾ।

ਮਾਤ ਲੋਕ ਤੇ ਆ ਕੇ ਪੂਜਾ ਕਰਾਉਣੀ।

ਸ਼ੇਰ ਤੇ ਸੱਪ ਬਣ ਕੇ ਲੋਕਾਂ ਨੂੰ ਭੈ ਦੇਣਾ।

ਅਣੂ ਸਮਾਨ ਬਰੀਕ, ਸੁਮੇਰ ਸਮ ਵੱਡੇ ਬਣ ਜਾਣਾ।

ਜਦੋਂ ਧਰਤੀ ਤੇ ਆਉਂਦੇ ਸਨ ਤਾਂ ਉਹਨਾਂ ਪਾਸ ਮੇਲੇ ਲੱਗ ਜਾਂਦੇ। ਜਿਨ੍ਹਾਂ ਮੇਲਿਆਂ ਪਰ ਰਾਜੇ ਮਹਾਰਾਜੇ ਆਉਂਦੇ ਪਰ ਪਾਪਾਂ ਦੀ ਨਵਿਰਤੀ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲਾ ਕੋਈ ਵੀ ਨਹੀਂ ਸੀ।

ਉਸ ਸਮੇਂ ਕੇਵਲ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਹੀ ਜਨਮ ਮਰਨ ਦੀ ਫਾਹੀ ਕੱਟਣ ਨੂੰ

ਸਮਰੱਥ ਸਨ।

ਜਿਸ ਵੇਲੇ ਉਜੈਨ ਪੁਰੀ ਦੇ ਰਾਜੇ ਬਿਕ੍ਰਮਾਜੀਤ ਦੇ ਵੱਡੇ ਭਰਾ ਰਾਜਾ ਭਰਥਰੀ ਅਚੱਲ ਵਟਾਲੇ ਦੇ ਮੇਲੇ ਪਰ ਗੋਰਖ ਨਾਥ ਦੇ ਪਾਸ ਗਿਆ ਹੈ ਤਾਂ ਨਮਸ਼ਕਾਰ ਕਰਕੇ ਬੇਨਤੀ ਕੀਤੀ-

'ਮਹਾਰਾਜ ! ਆਪ ਮੈਨੂੰ ਮੁਕਤ ਦਾਨ ਦੇਣਾ ਕਰੋ।' ਤਾਂ ਅੱਗੋਂ ਗੋਰਖ ਨੇ ਕਿਹਾ- ''ਪਹਿਲਾਂ ਸਭ, ਰਾਜ-ਭਾਗ, ਘਰ-ਬਾਰ ਨੂੰ ਤਿਆਗ ਕੇ ਆ, ਕੰਨ ਫਾੜ ਕੇ ਮੁੰਦ੍ਰਾਂ ਪਾ ਤੇ ਤਨ ਉਪਰ ਸਵਾਹ ਮਲ ਸਾਡੇ ਭੇਖ ਨੂੰ ਧਾਰਨ ਕਰ ਤਾਂ ਤੈਨੂੰ ਮੁਕਤੀ ਮਿਲੇਗੀ।''

ਭਰਥਰੀ ਨੇ ਕਿਹਾ-''ਮਹਾਰਾਜ ! ਜੇ ਮੈਂ ਰਾਜ-ਭਾਗ ਨੂੰ ਤਿਆਗ ਦਿੱਤਾ ਤਾਂ ਪਰਜਾ ਦੁਖੀ ਹੋ ਜਾਏਗੀ ਅਤੇ ਮੇਰੀਆਂ ਪਤੀਬ੍ਰਤ ਰਾਣੀਆਂ ਅੱਗ ਵਿਚ ਸੜ ਕੇ ਮਰ ਜਾਣਗੀਆਂ । ਕੋਈ ਖੂਹ ਵਿਚ ਛਾਲ ਮਾਰ ਕੇ ਮਰ ਜਾਏਗੀ।''

ਗੋਰਖ ਨਾਥ ਨੇ ਕਿਹਾ-''ਕੁਝ ਵੀ ਹੋ ਜਾਵੇ, ਭਾਵੇਂ ਸਾਰਾ ਸੰਸਾਰ ਕਿਉਂ ਨਾ ਗਰਕ ਹੋ ਜਾਵੇ; ਤੇਰਾ ਸੰਸਾਰ ਨਾਲ ਕੀ ਪ੍ਰਯੋਜਨ ਹੈ।''

ਗੋਰਖ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਉਸੀ ਵੇਲੇ ਰਾਜਾ ਭਰਥਰੀ ਰਾਜ-ਭਾਗ ਤਿਆਗ ਕੇ ਗੋਰਖ ਨਾਥ ਦੇ ਪਾਸ ਆ ਗਿਆ। ਪਿੱਛੋਂ ਸਭ ਰਾਣੀਆਂ ਸਤੀ ਹੋ ਕੇ ਮਰ ਗਈਆਂ। ਗੋਰਖ ਦੇ ਪਾਸ ਆ ਕੇ ਸੁਮੇਰ ਦੀਆਂ ਗੁਫਾਵਾਂ ਵਿਚ ਬੈਠ ਕੇ ਯੋਗਾ ਅਭਿਆਸ ਕਰਕੇ ਰਿੱਧੀਆਂ ਸਿੱਧੀਆਂ ਤਾਂ ਪ੍ਰਾਪਤ ਕਰ ਲਈਆਂ, ਅਕਾਸ਼ ਵਿਚ ਉੱਡਣ ਲੱਗ ਗਿਆ, ਉਮਰ ਵਧਾ ਲਈ, ਲੋਕਾਂ ਤੋਂ ਪੂਜਾ ਕਰਵਾ ਲਈ ਪ੍ਰੰਤੂ ਮਨ ਦੀਆਂ ਵਾਸ਼ਨਾਂ ਖਤਮ ਨਾ ਹੋਈਆਂ, ਸ਼ਾਂਤੀ ਨਾ ਆਈ। ਏਸੇ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਫੁਰਮਾਇਆ ਹੈ-

''ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥''

[ਰਾਮਕਲੀ ਦੀ ਵਾਰ, ਪੰਨਾ ੯੫੪]

ਆਖਰਕਾਰ ਦੁਖਤ ਹੋ ਕੇ ਨਾਰਦ ਮੁਨੀ ਨੂੰ ਅਰਾਧਿਆ। ਨਾਰਦ ਮੁਨੀ ਨੇ ਦਰਸ਼ਨ ਦੇ ਕੇ ਕਿਹਾ,''ਵਰੰਭੂ ਵਰ ਮੰਗ ! ਤੂੰ ਕੀ ਚਾਹੁੰਦਾ ਹੈ?'' ਤਾਂ ਭਰਥਰੀ ਨੇ ਬੇਨਤੀ ਕੀਤੀ ਕਿ ਹੇ ਦੇਵ ਰਿਖ ਜੀ ! ਗੁਰੂ ਗੋਰਖ ਨਾਥ ਦੇ ਕਹਿਣ ਕਰ ਕੇ ਮੈਂ ਰਾਜ-ਭਾਗ ਨੂੰ ਤਿਆਗ ਦਿੱਤਾ ਹੈ, ਜਿਸ ਦਾ ਫਲ ਮੈਨੂੰ ਰਿੱਧੀਆਂ ਸਿੱਧੀਆਂ ਤਾਂ ਪ੍ਰਾਪਤ ਹੋ ਗਈਆਂ ਹਨ ਪ੍ਰੰਤੂ ਮਨ ਦੀ ਕਲਪਣਾ ਦੂਰ ਨਹੀਂ ਹੋਈ।

ਉਸ ਵੇਲੇ ਨਾਰਦ ਮੁਨੀ ਨੇ ਕਿਹਾ-''ਇਸ ਵੇਲੇ ਜਗਤ ਦੇ ਉਧਾਰ ਕਰਨ ਵਾਸਤੇ ਪਰਮੇਸ਼ਵਰ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਅਵਤਾਰ ਧਾਰਨ ਕੀਤਾ ਹੋਇਆ ਹੈ, ਤੂੰ ਉਨ੍ਹਾਂ ਦੀ ਅਰਾਧਣਾ ਕਰ ਤੈਨੂੰ ਇਥੇ ਬੈਠਿਆਂ ਹੀ ਦਰਸ਼ਨ ਦੇ ਕੇ ਨਿਹਾਲ ਕਰਨਗੇ।''

ਨਾਰਦ ਮੁਨੀ ਦੇ ਬਚਨ ਨੂੰ ਮਨ ਕੇ ਭਰਥਰੀ ਨੇ ਉਥੇ ਹੀ ਸਤਿਗੁਰੂ ਜੀ ਨੂੰ ਅਰਾਧਣਾ ਸ਼ੁਰੂ ਕਰ ਦਿੱਤਾ।

ਕੁਝ ਸਮੇਂ ਪਿੱਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਭਗਤੀ ਨੂੰ ਦੇਖ ਕੇ ਉਸ ਦੇ ਪਾਸ ਪਹੁੰਚੇ ਤਾਂ ਭਰਥਰੀ ਨੇ ਚਰਨਾਂ ਪਰ ਨਮਸ਼ਕਾਰ ਕੀਤੀ ਤੇ ਆਪਣੀ ਕੁਟੀਆ ਵਿਚ ਜਾ ਕੇ ਇਕ ਪਿਆਲਾ ਤੇ ਅੰਗੂਰਾਂ ਦੀ ਸ਼ਰਾਬ ਦੀ ਸੁਰਾਹੀ ਲਿਆ ਕੇ ਅੱਗੇ ਰੱਖੀ ਤੇ ਕਿਹਾ ਹੈ ਕਿ ਹੇ ਗਰੀਬ ਨਿਵਾਜ਼ ! ਇਸ ਨੂੰ ਆਪ ਪੀਓ ਤਾਂ ਆਪ ਜੀ ਦੀ ਬੜੀ ਸੁੰਦਰ ਬਿਰਤੀ ਲੱਗੇਗੀ।

ਤਾਂ ਸਤਿਗੁਰੂ ਜੀ ਨੇ ਕਿਹਾ-''ਇਸ ਸ਼ਰਾਬ ਦੇ ਪੀਣ ਨਾਲ ਕਿਤਨਾਂ ਚਿਰ ਮਸਤੀ ਰਹਿੰਦੀ ਹੈ?''

ਭਰਥਰੀ ਨੇ ਕਿਹਾ-''ਚਾਰ ਪਹਿਰ ਮਸਤੀ ਰਹਿੰਦੀ ਹੈ।''

ਹਜ਼ੂਰ ਨੇ ਕਿਹਾ-''ਜਿਸ ਵੇਲੇ ਮਸਤੀ ਉਤਰ ਜਾਂਦੀ ਹੈ ਫਿਰ ਇਸ ਦੀ ਕੀ ਹਾਲਤ ਹੁੰਦੀ ਹੈ?'' ਭਰਥਰੀ ਨੇ ਕਿਹਾ-''ਮਹਾਰਾਜ ! ਉਸ ਵੇਲੇ ਸਰੀਰ ਪੀੜਤ ਹੋ ਜਾਂਦਾ ਹੈ ਤਾਂ ਹੋਰ ਪਿਆਲਾ ਪੀ ਲਈਦਾ ਹੈ।''

ਫਿਰ ਭਰਥਰੀ ਨੇ ਕਿਹਾ-''ਗਰੀਬ ਨਿਵਾਜ਼ ਜੀ ! ਆਪ ਦੀਆਂ ਅੱਖਾਂ ਵਿਚ ਮਸਤੀ ਪ੍ਰਤੀਤ ਹੁੰਦੀ ਹੈ ਆਪ ਵੀ ਸ਼ਰਾਬ ਪੀਂਦੇ ਹੋਵੋਗੇ?'' ਤਾਂ ਸਤਿਗੁਰੂ ਜੀ ਕਹਿਣ ਲੱਗੇ ਸਾਨੂੰ ਤਾਂ-

'ਮਦਰਾ ਭੰਗ ਅਫੀਮ ਮਦਿ ਉਤਰ ਜਾਤ ਪ੍ਰਭਾਤ।
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।'

ਉਸ ਵੇਲੇ ਭਰਥਰੀ ਨੇ ਬੇਨਤੀ ਕੀਤੀ-ਮਹਾਰਾਜ ! ਮੈਂ ਗੁਰੂ ਗੋਰਖ ਦੇ ਕਹਿਣੇ ਲੱਗ ਕੇ ਆਪਣਾ ਰਾਜ-ਭਾਗ ਦਾ ਸਾਰਾ ਸਾਜੋ-ਸਮਾਨ ਛੱਡ ਕੇ ਸਾਧੂ ਹੀ ਬਣ ਗਿਆ ਹਾਂ, ਰਿੱਧੀਆਂ ਸਿੱਧੀਆਂ ਵੀ ਪ੍ਰਾਪਤ ਹੋ ਗਈਆਂ ਹਨ, ਪ੍ਰੰਤੂ ਮਨ ਦੀਆਂ ਵਾਸ਼ਨਾਂ ਖਤਮ ਨਹੀਂ ਹੋਈਆਂ। ਆਪ ਜੀ ਕਿਰਪਾ ਕਰੋ ਮੇਰੀਆਂ ਵਾਸ਼ਨਾਂ ਦੂਰ ਕਰਕੇ ਮੇਰਾ ਜਨਮ ਮਰਨ ਨਵਿਰਤ ਕਰ ਦਿਓ।

ਉਸ ਵੇਲੇ ਗਰੀਬ ਨਿਵਾਜ਼ ਜੀ ਨੇ ਅੰਤਰ ਧਿਆਨ ਹੋ ਕੇ ਕੁਝ ਸਮਾਂ ਚੁਪ ਕਰਕੇ ਫਿਰ ਕਿਹਾ-''ਹੇ ਭਰਥਰੀ ! ਤੇਰਾ ਇਕ ਜਨਮ ਅਜੇ ਹੋਰ ਹੋਵੇਗਾ ਤਾਂ ਤੈਨੂੰ ਗਿਆਨ ਦੁਆਰਾ ਮੁਕਤੀ ਪ੍ਰਾਪਤ ਹੋਵੇਗੀ।

ਕਿਉਂਕਿ ''ਜੂਨਾ ਗੜ੍ਹ'' ਦੇ ਰਾਜੇ ਦੀ ਲੜਕੀ ਤੇਰੀ ਮੂਰਤੀ ਨੂੰ ਆਪਣੇ ਸਾਹਮਣੇ ਰੱਖ ਕੇ ਤੇਰਾ ਧਿਆਨ ਲਗਾ ਕੇ ਕਿਤਨੇ ਸਾਲਾਂ ਤੋਂ ਪ੍ਰਣ ਕਰ ਕੇ ਬੈਠੀ ਹੈ ਕਿ ਜਦ ਵੀ ਵਿਆਹ ਕਰਾਉਣਾ ਹੈ ਤਾਂ ਰਾਜੇ ਭਰਥਰੀ ਨਾਲ ਕਰਾਉਣਾ ਹੈ ਉਸ ਦੀ ਪ੍ਰਬਲ ਵਾਸ਼ਨਾਂ ਦੇ ਕਾਰਣ ਤੈਨੂੰ ਇਕ ਜਨਮ ਹੋਰ ਧਾਰਣਾ ਪਵੇਗਾ। ਉਹ ਦੇਸ਼ ਇਥੋਂ ਬਹੁਤ ਦੂਰ ਹੈ ਕਈ ਚਿਰਾਂ ਦਾ ਪੈਂਡਾ ਹੈ।''

ਭਰਥਰੀ ਨੇ ਬੇਨਤੀ ਕੀਤੀ-''ਗਰੀਬ ਨਿਵਾਜ਼ ! ਆਪ ਜੀ ਦੇ ਦਰਸ਼ਨ ਕਰਨ ਨਾਲ ਫਿਰ ਵੀ ਹੋਰ ਜਨਮ ਧਾਰਨਾ ਪਵੇਗਾ?''

ਸਤਿਗੁਰੂ ਜੀ ਕਹਿਣ ਲੱਗੇ-''ਹਾਂ, ਇਕ ਗੱਲ ਹੈ, ਤੇਰਾ ਦੂਜਾ ਜਨਮ ਤਾਂ ਮਿਟ ਸਕਦਾ ਹੈ ਜੇਕਰ ਅੱਜ ਹੀ ਉਥੇ ਪਹੁੰਚ ਕੇ ਉਸ ਦੇ ਨਾਲ ਵਿਆਹ ਹੋ ਜਾਵੇ ਕਿਉਂਕਿ ਉਸ ਨੇ ਆਪਣੇ ਪ੍ਰਣ ਅਨੁਸਾਰ ਕੱਲ੍ਹ ਨੂੰ ਅਗਨੀ ਵਿਚ ਸੜ ਜਾਣਾ ਹੈ।''

ਭਰਥਰੀ ਨੇ ਕਿਹਾ-''ਗਰੀਬ ਨਿਵਾਜ਼ ! ਹੁਣ ਕੋਈ ਉਪਾਵ ਦੱਸੋ, ਜਿਸ ਕਰ ਕੇ ਮੈਂ ਅੱਜ ਹੀ ਉਸ ਦੇ ਪਾਸ ਪੁੱਜ ਜਾਵਾਂ ਤੇ ਉਸ ਨੂੰ ਸੜਨ ਤੋਂ ਬਚਾ ਲਵਾਂ ਅਤੇ ਮੈਨੂੰ ਦੂਜਾ ਜਨਮ ਨਾ ਧਾਰਨਾ ਪਵੇ।''

ਸਤਿਗੁਰੂ ਜੀ ਨੇ ਕਿਹਾ-''ਆਪਣੇ ਗੁਰੂ ਗੋਰਖ ਨਾਥ ਦੇ ਪਾਸ ਜਾ ਕੇ ਆਖ ਕੇ ਮੈਨੂੰ ਅੱਜ ਹੀ 'ਜੂਨਾ ਗੜ੍ਹ' ਦੇਸ਼ ਵਿਚ ਪਹੁੰਚਾ ਦਿਓ ਤਾਂ ਮੇਰਾ ਦੂਜਾ ਜਨਮ ਮਿਟਦਾ ਹੈ।''

ਭਰਥਰੀ ਨੇ ਬਚਨ ਮੰਨ ਕੇ ਆਪਣੇ ਗੁਰੂ ਗੋਰਖ ਨਾਥ ਪਾਸ ਜਾ ਕੇ ਬੇਨਤੀ ਕੀਤੀ।

ਗੋਰਖ ਨਾਥ ਨੇ ਕਿਹਾ. ''ਮੈਂ ਤੈਨੂੰ ਤਿੰਨਾਂ ਦਿਨਾਂ ਵਿਚ ਤਾਂ ਪਹੁੰਚਾ ਸਕਦਾ ਹਾਂ, ਪਹਿਲਾਂ ਨਹੀਂ।'' ਭਰਥਰੀ ਵਾਪਸ ਆ ਗਿਆ। ਆ ਕੇ ਸਤਿਗੁਰੂ ਜੀ ਦੇ ਚਰਨ ਫੜ ਕੇ ਬੇਨਤੀ ਕੀਤੀ।

"ਹੇ ਗਰੀਬ ਨਿਵਾਜ਼ ! ਆਪ ਹੀ ਕਿਰਪਾ ਕਰੋ।"

ਸਤਿਗੁਰੂ ਜੀ ਨੇ ਕਿਹਾ, "ਚਲ ਅਸੀਂ ਤੈਨੂੰ ਘੰਟਿਆਂ ਵਿਚ ਪਹੁੰਚਾਉਂਦੇ ਹਾਂ।"

ਭਾਈ ਮਰਦਾਨੇ ਨੂੰ ਕਿਹਾ-

ਮਰਦਾਨਿਆਂ! ਰਬਾਬ ਵਜਾ, ਕੀਰਤਨ ਸੁਣਾ। ਜਦ ਰਬਾਬ ਛੇੜੀ, ਸ਼ਬਦ ਪੜ੍ਹਿਆ ਤਾਂ ਅੱਖਾਂ ਮੀਟੀਆਂ ਗਈਆਂ, ਸਮਾਧੀ ਲੱਗ ਗਈ, ਤਿੰਨਾਂ ਘੰਟਿਆਂ ਤੋਂ ਪਿੱਛੋਂ ਅੱਖਾਂ ਖੋਲ੍ਹੀਆਂ ਤਾਂ ਕੀ ਦੇਖਿਆ ਜੋ 'ਜੂਨਾਂ ਗੜ੍ਹ' ਵਿਚ ਆ ਪਹੁੰਚੇ ਹਨ। ਬਾਹਰ ਬਾਗ ਵਿਚ ਬੈਠ ਗਏ, ਓਧਰੋਂ ਜੂਨਾਂ ਗੜ੍ਹ ਦੇ ਰਾਜੇ ਦੀ ਲੜਕੀ ਸੈਰ ਕਰਦੀ ਹੋਈ ਉਸ ਬਾਗ ਵਿਚ ਆ ਗਈ ਤੇ ਮਿਲਾਪ ਹੋ ਗਿਆ। ਸਤਿਗੁਰੂ ਜੀ ਨੇ ਸਾਰੀ ਰਸਮ ਕਰਕੇ ਦੋਹਾਂ ਦਾ ਵਿਆਹ ਕਰ ਦਿੱਤਾ ਅਤੇ ਦੋਹਾਂ ਦਾ ਇਕ ਰਾਤ ਨੂੰ ਸੰਜੋਗ ਕਰਾ ਕੇ ਤੀਜੇ ਦਿਨ ਗਰੀਬ ਨਿਵਾਜ਼ ਜੀ ਉਸ ਜੂਨਾ ਗੜ੍ਹ ਰਾਜੇ ਦੀ ਲੜਕੀ ਨੂੰ ਕਹਿਣ ਲੱਗੇ ਹੁਣ ਇਸ ਭਰਥਰੀ ਨੂੰ ਛੁਟੀ ਦੇਹ, ਕਿਉਂਕਿ ਰਾਜਾ ਹੁਣ ਜੋਗੀ ਹੋ ਚੁੱਕਾ ਹੈ ਇਸ ਦਾ ਗ੍ਰਿਹਸਤ ਆਸ਼ਰਮ ਦਾ ਖਿਆਲ ਨਹੀਂ ਹੈ।

ਉਸ ਨੇ ਕਿਹਾ-"ਮੇਰਾ ਤਾਂ ਇਸ ਤੋਂ ਬਿਨਾਂ ਜੀਵਣ ਨਹੀਂ ਹੋਵੇਗਾ, ਮੈਂ ਤਾਂ ਮਰ ਜਾਵਾਂਗੀ।"

ਇਹ ਗੱਲ ਸੁਣ ਕੇ ਹਜ਼ੂਰ ਨੇ ਉਸ ਵਲ ਕਿਰਪਾ ਦ੍ਰਿਸ਼ਟੀ ਨਾਲ ਦੇਖਿਆ ਅਤੇ ਸਤਿਨਾਮੁ ਮੰਤਰ ਦੇ ਕੇ ਨਿਹਾਲ ਕਰ ਦਿੱਤਾ। ਉਸ ਦੇ ਅੰਦਰ ਦੀਆਂ ਸਾਰੀਆਂ ਵਾਸ਼ਨਾ ਦੂਰ ਕਰ ਦਿੱਤੀਆਂ। ਵਾਸ਼ਨਾਂ ਦੇ ਦੂਰ ਹੋਣ ਤੇ ਉਹ ਆਪੇ ਕਹਿਣ ਲੱਗ ਪਈ ਕਿ ਮਹਾਰਾਜ ! ਹੁਣ ਇਨ੍ਹਾਂ ਨੂੰ ਬੇ-ਸ਼ਕ ਲੈ ਜਾਓ, ਮੈਨੂੰ ਕੋਈ ਇਤਰਾਜ਼ ਨਹੀਂ।

ਰਾਜ ਲੜਕੀ ਦੇ ਇੰਝ ਬਚਨ ਸੁਣ ਕੇ ਗੁਰੂ ਜੀ ਨੇ ਉਥੋਂ ਚਲ ਕੇ ਭਰਥਰੀ ਨੂੰ ਆਪਣੇ ਆਸ਼ਰਮ ਤੇ ਪਹੁੰਚਾਇਆ ਤੇ ਉਸ ਦਾ ਜਨਮ ਮਰਨ ਕਟ ਦਿੱਤਾ। ਇਸ ਪ੍ਰਕਾਰ-

ਨਾਨਕ ਨਦਰੀ ਨਦਰਿ ਨਿਹਾਲ॥ ੩੮॥

ਗੁਰੂ ਜੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਦੇ ਨਾਲ ਦੋਹਾਂ ਨੂੰ ਨਿਹਾਲ ਕਰ ਦਿੱਤਾ।

ਸਾਖੀ ਚੌਥੀ—ਵੇਸਵਾ ਦੀ

ਇਕ ਪੂਰਨ ਫਕੀਰ ਰੱਬ ਦੀ ਬੰਦਗੀ ਕਰਨ ਵਾਲੇ, ਪੂਰਨ ਵੈਰਾਗੀ, ਤਿਆਗੀ, ਬੀਤਰਾਗ ਸਨ, ਸਰੀਰ ਉਪਰ ਕਪੜਾ ਮਾਤਰ ਵੀ ਨਹੀਂ ਰੱਖਦੇ ਸਨ।

ਇਕ ਦਿਨ ਬਹੁਤ ਬਰਖਾ ਹੋਈ, ਪਾਲੇ ਨਾਲ ਕੰਬੀ ਜਾਣ ਤੇ ਚਲਦੇ ਚਲਦੇ ਇਕ ਵੇਸ਼ਵਾ ਦੇ ਮਕਾਨ ਹੇਠ ਆ ਖਲੋਤੇ। ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਇਹ ਵੇਸ਼ਵਾ ਦਾ ਮਕਾਨ ਹੈ।

ਵੇਸ਼ਵਾ ਨੇ ਜਦ ਬਾਰੀ ਵਿਚੋਂ ਝਾਤ ਮਾਰੀ ਤਾਂ ਹੇਠ ਫਕੀਰ ਖਲੋਤੇ ਵੇਖੇ, ਝਟ ਹੇਠਾਂ ਉਤਰ ਆਈ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਫਕੀਰ ਸਾਂਈ ਜੀ ! ਇਥੇ ਖਲੋ ਕੇ ਕੰਬੀ ਜਾ ਰਹੇ ਹੋ, ਪਤਾ ਨਹੀਂ ਵਰਖਾ ਕਿਤਨਾ ਚਿਰ ਹੋਣੀ ਹੈ ਆਪ ਕਿਰਪਾ ਕਰਕੇ ਉਪਰ ਆ ਕੇ ਆਰਾਮ ਕਰ ਲਵੋ।"

ਵੇਸ਼ਵਾ ਦੀ ਬੇਨਤੀ ਪ੍ਰਵਾਨ ਕਰਕੇ ਮਹਾਤਮਾ ਜੀ ਉਪਰ ਚਲੇ ਗਏ। ਵੇਸ਼ਵਾ ਨੇ ਆਪ ਅਤੇ ਦਾਸੀ ਨੂੰ ਵੀ ਕਹਿ ਕੇ ਬੜੀ ਸੇਵਾ ਕੀਤੀ, ਅੰਗੀਠਾ ਬਾਲ ਦਿੱਤਾ, ਸੋਹਣਾ ਮੰਜਾ ਵਿਛਾ ਦਿੱਤਾ, ਕਪੜੇ ਉਪਰ ਪਾ ਕੇ ਬੜੀ ਮੁੱਠੀ ਚਾਪੀ ਕੀਤੀ, ਠੰਢ ਕਰਕੇ ਜੋ ਵਿਆਕੁਲਤਾ ਆਈ ਹੋਈ ਸੀ ਉਹ ਗਰਮੈਸ਼

ਪਹੁੰਚਣ ਤੇ ਦੂਰ ਹੋ ਗਈ, ਉਸ ਵੇਲੇ ਸੰਤਾਂ ਨੇ ਉਤਾਂਹ ਉਠ ਕੇ ਉਸ ਵੇਸ਼ਵਾ ਵੱਲ ਮਿਹਰ ਦੀ ਨਜ਼ਰ ਭਰ ਕੇ ਤੱਕਿਆ ਤੇ ਫੇਰ ਲੰਮੇ ਪੈ ਗਏ। ਸੇਵਾ ਕਰਦਿਆਂ ਕਰਦਿਆਂ ਵੇਸ਼ਵਾ ਦੀਆਂ ਅੱਖਾਂ ਘੁਟੀਨ ਲੱਗ ਪਈਆਂ ਉਹ ਸੌਂ ਗਈ ਅਤੇ ਪਿੱਛੋਂ ਮਹਾਤਮਾ ਜੀ ਉਠ ਕੇ ਚਲੇ ਗਏ। ਜਿਸ ਵੇਲੇ ਵੇਸ਼ਵਾ ਦੀ ਨੀਂਦ ਖੁਲ੍ਹੀ ਤਾਂ ਉਠ ਕੇ ਕੀ ਦੇਖਦੀ ਹੈ ਕਿ ਪਲੰਘ ਪਰ ਫਕੀਰ ਕੋਈ ਨਹੀਂ, ਵਿਚਾਰਿਆ, ਰੱਬ ਦੀ ਬੰਦਗੀ ਵਾਲੇ ਸਨ ਪਿਛਲੀ ਰਾਤ ਬੰਦਗੀ ਦਾ ਵੇਲਾ ਹੁੰਦਾ ਹੈ, ਇਸ ਲਈ ਉਠ ਕੇ ਚਲੇ ਗਏ ਹਨ। ਉਸ ਦਿਨ ਤੋਂ ਵੇਸ਼ਵਾ ਦਾ ਮਨ ਵਿਚ ਐਸਾ ਵੈਰਾਗ ਆਇਆ ਜੋ ਆਪਣੇ ਹਾਰ ਸ਼ਿੰਗਾਰ ਵਾਲੇ ਸੁੰਦਰ ਕਪੜੇ ਗਹਿਣੇ ਵਗੈਰਾ ਲਾਹ ਕੇ ਬਾਹਰ ਜੰਗਲ ਵਿਚ ਜਾ ਬੈਠੀ। ਰਾਜੇ ਨੂੰ ਪਤਾ ਲੱਗਾ ਤਾਂ ਉਹ ਵੇਸ਼ਵਾ ਦੇ ਮਗਰ ਗਿਆ ਅਤੇ ਜਾ ਕੇ ਬਥੇਰਾ ਬੁਲਾਇਆ ਪਰ ਵੇਸ਼ਵਾ ਕੋਈ ਨਾ ਬੋਲੀ। ਉਸ ਦਿਨ ਤੋਂ ਰਾਜੇ ਨੇ ਹੁਕਮ ਦੇ ਦਿੱਤਾ ਕਿ ਇਸ ਦੇ ਪਾਸ ਹੁਣ ਕੋਈ ਨਾ ਜਾਵੇ। ਇਸ ਉਤੇ ਕਿਸੇ ਪੂਰਨ ਫਕੀਰ ਦੀ ਕਿਰਪਾ ਦ੍ਰਿਸ਼ਟੀ ਹੋ ਗਈ ਹੈ।

ਸਾਧ ਸੰਗਤ ਜੀ ! ਮਹਾਤਮਾ ਦੀ ਐਸੀ ਨਦਰ ਹੈ। ਦੇਖੋ ! ਇਕ ਵਾਰ ਤਕ ਕੇ ਉਸ ਨੂੰ ਬੁਰਿਆਂ ਕਰਮਾਂ ਤੋਂ ਹਟਾ ਦਿੱਤਾ। ਇਸ ਕਰਕੇ ਗੁਰੂ ਜੀ ਕਥਨ ਕਰਦੇ ਹਨ-ਨਦਰੀ=ਮਹਾਤਮਾ ਆਪਣੀ ਨਦਰਿ=ਕਿਰਪਾ ਦ੍ਰਿਸ਼ਟੀ ਕਰਕੇ ਜੀਵ ਨੂੰ ਨਿਹਾਲ ਕਰ ਦਿੰਦੇ ਹਨ।

ਅਠੱਤੀਵੀਂ ਪਉੜੀ ਦੇ ੮੫ ਅੱਖਰ ਹਨ।
੨੮ਵੀਂ ਪਉੜੀ ਤੋਂ ਲੈ ਕੇ ੩੮ਵੀਂ ਪਉੜੀ ਤਕ ੧੧ ਪਉੜੀਆਂ ਦੇ ੧੧੮੮ ਅੱਖਰ ਹਨ।

ਸਲੋਕੁ

੧. ਸਲੋਕੁ ਛੰਦ ਦੀ ਚਾਲ ਹੈ।
ਜੈਸਾ ਕਿ ਦੋਹਿਰਾ, ਚੌਪਈ ਆਦਿਕ ਛੰਦ ਹੁੰਦੇ ਹਨ।

੨. ਸਲੋਕ ਇਸ ਬਾਣੀ ਦਾ ਸਿਰਲੇਖ ਹੈ। ਜਿਸ ਤਰ੍ਹਾਂ ਬਾਵਨ ਅਖਰੀ ਅਤੇ ਸੁਖਮਨੀ ਸਾਹਿਬ ਵਿਚ ਸਲੋਕ ਕਥਨ ਕੀਤੇ ਹਨ।

੩. ਇਸ ਜਪੁ ਬਾਣੀ ਦੇ ਪਾਠ ਕਰਨ ਨਾਲ [ਸਲੋਕ; ਸਰੂਪ, ਸਮੀਪ, ਸਾਯੁਜ] ਚਾਰੇ ਮੁਕਤੀਆਂ ਦੀ ਪ੍ਰਾਪਤੀ ਹੁੰਦੀ ਹੈ।

੪. ਇਸ ਬਾਣੀ ਦਾ ਪਾਠ ਵਿਧੀ ਅਤੇ ਸ਼ਰਧਾ ਭਾਵ ਨਾਲ ਕਰਨ ਕਰਕੇ ਸ+ਲੋਕੁ=ਉਸ ਅਲੌਕਿਕ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

ਇਸ ਬਾਣੀ ਦੇ ਸ਼ੁੱਧ ਪਾਠ ਕਰਨ ਦਾ ਅਧਿਕ ਮਹਾਤਮ ਕਥਨ ਕੀਤਾ ਹੈ। ਜਿਵੇਂ -

ਸਾਖੀ—ਛੇਵੇਂ ਪਾਤਿਸ਼ਾਹ ਜੀ ਦੀ

ਜਿਸ ਵੇਲੇ 'ਚੰਦੂ' ਦਾ ਪੁੱਤਰ 'ਕਰਮ ਚੰਦ' ਤੇ 'ਭਗਵਾਨ ਦਾਸ' ਘੋਰੜ ਦਾ ਪੁੱਤਰ 'ਰਤਨ ਚੰਦ' ਇਨ੍ਹਾਂ ਦੋਹਾਂ ਨੇ ਪੰਦਰਾਂ ਹਜ਼ਾਰ ਫੌਜ ਸਮੇਤ ਜਲੰਧਰ ਦੇ ਸੂਬੇ 'ਅਬਦੁਲ ਖਾਂ' ਨੂੰ ਲਿਆ ਕੇ ਬਿਪਾਸਾ ਨਦੀ ਦੇ ਕਿਨਾਰੇ ਸ੍ਰੀ ਹਰਿ ਗੋਬਿੰਦ ਪੁਰੇ *ਛੇਵੇਂ ਪਾਤਿਸ਼ਾਹ ਨਾਲ ਯੁੱਧ ਕੀਤਾ ਹੈ ਤਿਸ ਵੇਲੇ ਮੀਰੀ ਪੀਰੀ ਦੇ ਮਾਲਕ ਸੱਚੇ ਪਾਤਿਸ਼ਾਹ ਜੀ ਨੇ ਜੰਗ ਫਤਹਿ ਕਰਕੇ ਤੁਰਕਾਂ ਨੂੰ ਧਰਤੀ ਵਿਚ ਦਬਵਾ ਕੇ ਉਸ ਉਤੇ ਥੜ੍ਹਾ ਬਣਵਾ ਲੀਤਾ ਤੇ ਇਸ ਤਰ੍ਹਾਂ ਹੁਕਮ ਦਿੱਤਾ ਕਿ 'ਅਜੇਹਾ ਕੋਈ ਸਿੱਖ ਪ੍ਰੇਮੀ ਹੈ ਜੋ ਸਾਨੂੰ ਸ੍ਰੀ ਜਪੁਜੀ ਸਾਹਿਬ ਜੀ ਦਾ ਸ਼ੁੱਧ [ਸਪਸ਼ਟ] ਪਾਠ ਸੁਣਾ ਕੇ ਮੂੰਹ ਮੰਗੀ ਦਾਤ ਲੈਣਾ ਕਰੇ।'

ਯਥਾ—'ਸ਼ੁੱਧ ਸੁਣਾਇ ਰਿਝਾਵਹਿ ਮੋਹੀ। ਮਨ ਬਾਂਛਤਿ ਫਲ ਪ੍ਰਾਪਤਿ ਹੋਹੀ।
ਨਹਿ ਅਦੇਯ ਵਸਤੁ ਪੁਨ ਕੌਨ। ਜਿਮ ਜਾਚਹਿ ਹਮ ਦੇਹੈਂ ਤੌਨ॥੨੪॥'

ਉਸ ਵੇਲੇ ਹਾਫਜ਼ਾਬਾਦ ਵਾਸੀ ਇਕ 'ਗੁਪਾਲ' ਨਾਮੇ ਗੁਰਮੁਖ ਸਿੱਖ ਨੇ ਖਲੋ ਕੇ ਕਿਹਾ-''ਗਰੀਬ ਨਿਵਾਜ਼ ਜੀ ! ਦਾਸ ਨੂੰ ਪਾਠ ਸੁਨਾਉਣ ਦੀ ਆਗਿਆ ਬਖਸ਼ੋ।''

ਹਜ਼ੂਰ ਨੇ ਕਿਹਾ-''ਹਾਂ, ਬੜੀ ਖੁਸ਼ੀ ਹੈ, ਤਿਆਰ-ਬਰ-ਤਿਆਰ ਹੋ ਕੇ ਪਾਠ ਸੁਣਾ।''

ਉਸ ਵੇਲੇ ਸਿੱਖ ਨੇ ਮੱਥਾ ਟੇਕ ਕੇ-

''ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ਜਪੁ॥
ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥''

ਇਸ ਮੂਲ ਮੰਤ੍ਰ ਤੋਂ ਪਾਠ ਸੁਨਾਉਣਾ ਸ਼ੁਰੂ ਕਰ ਦਿੱਤਾ। ਜਿਸ ਵੇਲੇ ਸੋਦਰ ਦੀ ਪਉੜੀ ਤਕ

---

*ਅੰਮ੍ਰਿਤਸਰ ਜੀ. ਟੀ. ਰੋਡ ਤੋਂ ਜਿਹੜੀ ਸੜਕ ਵੱਲੇ ਸਾਹਿਬ ਜਾਂਦੀ ਹੈ ਏਸ ਪਾਸਿਓਂ ਹਰਿਗੋਬਿੰਦ ਪੁਰਾ ੩੬ ਮੀਲ ਹੈ, ਰਾਹ ਵਿਚ ੨੨ ਮੀਲ ਤੇ 'ਮਹਿਤਾ' ਪਿੰਡ ਆਉਂਦਾ ਹੈ ਜਿਥੇ ਸ੍ਰੀ ਮਾਨ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ ਸੰਮਤ ੨੦੨੬ ਹਾੜ ੧੫ ਸ਼ਨੀਵਾਰ ਮੁਤਾਬਕ ੧੯੬੯ ਜੂਨ ੨੮ ਨੂੰ ਰਾਤ ਦੇ ਸਵਾ ਦੋ ਵਜੇ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਗੁਰਪੁਰੀ ਸਿਧਾਰ ਗਏ।

ਆਪ ਜੀ ਦਾ ਜਨਮ ਸੰਨ ੧੯੦੨ ਫਰਵਰੀ ੧੨ ਸੰਮਤ ੧੯੫੯ ਮਾਘ ਸੁਦੀ ਪੂਰਨਮਾਸ਼ੀ ਫਗਣ ੧ ਬੁਧਵਾਰ ਅੰਮ੍ਰਿਤ ਵੇਲੇ ਢਾਈ ਵਜੇ, ਜ਼ਿਲਾ ਲੁਧਿਆਣਾ, ਤਹਿਸੀਲ ਜਗਰਾਉਂ ਪਿੰਡ ਅਖਾੜਾ ਭਾਈ ਰੂੜ ਸਿੰਘ ਗ੍ਰੰਥੀ ਦੇ ਘਰ ਮਾਤਾ ਅਨੰਤ ਕੌਰ ਦੇ ਕੁੱਖੋਂ ਹੋਇਆ।

ਸੰਨ ੧੯੨੧ ਭਿੰਡਰੀ ਪਹੁੰਚ ਕੇ ਸ੍ਰੀ ਮਾਨ ਗਿਆਨੀ ਸੁੰਦਰ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੇ ਦਸਮ ਗ੍ਰੰਥ ਤੋਂ ਆਦ ਸਾਰੀਆਂ ਲਗਾਤਾਰ ਚਾਰ ਮੁਕੰਮਲ ਸੰਥਾਵਾਂ ੧੯੩੦ ਤਕ ਸ੍ਰਵਨ ਕੀਤੀਆਂ। ਸ੍ਰੀ ਮਾਨ ਗਿਆਨੀ ਸੁੰਦਰ ਸਿੰਘ ਜੀ ਤੋਂ ਬਾਅਦ ਸੰਨ ੧੯੩੦ ਫਰਵਰੀ ੧੫ ਤੋਂ ਲੈ ਕੇ ਸੰਨ ੧੯੬੯ ਜੂਨ ੨੮ ਤਕ ੩੯ ਸਾਲ ੪ ਮਹੀਨੇ ੧੦ ਦਿਨ ਗੁਰਮਤ ਪ੍ਰਚਾਰ ਦੁਆਰਾ ਬਹੁਤ ਸਾਰੇ ਵਿਦਿਆਰਥੀ, ਪਾਠੀ, ਗੁਣੀ, ਗਿਆਨੀ ਬਣਾਏ ਅਤੇ ਬਿਅੰਤ ਸੱਜਣਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਤਿਅਰ-ਬਰ-ਤਿਆਰ ਕੀਤਾ।

ਪਹੁੰਚਿਆ ਤਾਂ ਹਜ਼ੂਰ ਨੇ ਵਿਚਾਰਿਆ-'ਇਸ ਬਾਣੀ ਦੇ ਸਦਰਸ਼ ਕਿਹੜੀ ਵਸਤੂ ਸਰੇਸ਼ਟ ਹੈ, ਜੋ ਇਸ ਨੂੰ ਦੇਣਾ ਕਰੀਏ।'

ਜੇ ਇੰਦਰਪੁਰੀ, ਬ੍ਰਹਮ ਪੁਰੀ, ਮ੍ਰਿਗ ਪੁਰੀ ਆਦਿਕਾਂ ਦਾ ਰਾਜ-ਭਾਗ ਦੇਈਏ ਤਾਂ ਉਹ ਸੁਖ ਇਸ ਬਾਣੀ ਦੇ ਸਦਰਸ਼ ਨਹੀਂ ਹੈ, ਕਿਉਂਕਿ ਇਹ ਪੁਰੀਆਂ ਇਸਥਿਤ ਰੂਪ ਨਹੀਂ ਹਨ।

ਯਥਾ—"ਇੰਦ੍ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
ਸਿਵ ਪੁਰੀ ਕਾ ਹੋਇਗਾ ਕਾਲਾ॥ ਤ੍ਰੈਗੁਣ ਮਾਇਆ ਬਿਨਸਿ ਬਿਤਾਲਾ॥੨॥"

[ਗਉੜੀ ਮਹਲਾ ੫, ਪੰਨਾ ੨੩੭]

ਵਿਚਾਰ-ਵਿਚਾਰ ਕੇ ਆਖਰ ਇਹ ਗੱਲ ਸੋਚੀ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਹੈ ਇਸ ਦੇ ਤੁੱਲ ਉਹਨਾਂ ਦੀ ਇਹ ਗੁਰ ਗ਼ੱਦੀ ਹੀ ਹੈ, ਓਹੀ ਸਿੱਖ ਨੂੰ ਦੇ ਦਿੰਦੇ ਹਾਂ। ਇਹ ਸੋਚ ਕੇ ਜਦ ਉੱਠਣ ਵਾਸਤੇ ਗੋਡਾ ਉਠਾਇਆ ਕਿ ਸਿੱਖ ਨੂੰ ਇਸ ਗੱਦੀ ਦਾ ਤਿਲਕ ਦੇ ਦੇਈਏ, ਤਾਂ ਉਧਰ ਪਾਠ ਕਰਦਿਆਂ ਕਰਦਿਆਂ ਜਦ ਸਿੱਖ ਨੇ ਗੁਰੂ ਜੀ ਨੂੰ ਉੱਠਦਿਆਂ ਦੇਖਿਆ ਤਾਂ ਮਨ ਵਿਚ ਵਿਚਾਰਦਾ ਹੈ ਕਿ ਮੈਨੂੰ ਸਿਰੋਪਾ ਦਿੱਤੇ ਬਗੈਰ ਹੀ ਗੁਰੂ ਜੀ ਉਠ ਚਲੇ ਹਨ। ਜੇ ਗੁਰੂ ਜੀ ਨੇ ਮੈਨੂੰ ਕੁਝ ਨਾ ਦਿਤਾ ਤਾਂ 'ਭਾਈ ਸੁਭਾਗੇ' ਨੇ ਜੋ ਪੰਜ ਘੋੜੇ ਸਵਾ ਸਵਾ ਲੱਖ ਰੁਪਏ ਦੇ ਖਰੀਦ ਕੇ ਲਿਆਂਦੇ ਹੋਏ ਹਨ, ਜਿਨ੍ਹਾਂ ਵਿਚੋਂ ਇਕ ਘੋੜਾ ਗੁਰੂ ਜੀ ਨੇ ਆਪਣੇ ਵਾਸਤੇ ਰੱਖਿਆ ਹੋਇਆ ਹੈ।

ਦੂਜਾ ਘੋੜਾ, ਬਾਬਾ 'ਗੁਰਦਿੱਤਾ' ਜੀ ਨੂੰ ਦਿੱਤਾ ਹੈ।

ਤੀਜਾ ਘੋੜਾ, ਭਾਈ 'ਬਿਧੀ ਚੰਦ' ਨੂੰ ਦਿੱਤਾ ਹੈ।

ਚੌਥਾ ਘੋੜਾ 'ਪੈਂਦੇ ਖਾਂ' ਨੂੰ ਦਿੱਤਾ ਹੈ।

ਪੰਜਵਾਂ ਘੋੜਾ ਤਬੇਲੇ ਵਿਚ ਖਲੋਤਾ ਹੈ, ਮੈਂ ਉਹ ਘੋੜਾ ਮੰਗ ਲਵਾਂਗਾ।

ਯਥਾ—"ਤਿਲਕਿ ਦੇਨਿ ਚਾਹਜੋ ਰਿਦੈ॥ ਸਿਖ ਨੇ ਕਰਜੋ ਮਨੋਰਥ ਤਬੈ।
ਰਹਜੋ ਪੰਚਮੋਂ ਹਯ ਬਡ ਮੋਲ। ਸੋ ਮੈਂ ਲੇਉਂ ਗੁਰੂ ਤੇ ਬੋਲ॥੩੮॥"

ਉਸ ਵੇਲੇ ਅੰਤਰਜਾਮੀ ਗੁਰੂ ਸਾਹਿਬ ਜੀ ਉਸ ਦੇ ਹਿਰਦੇ ਦੀ ਗੱਲ ਜਾਣ ਕੇ ਆਖਦੇ ਹਨ-"ਹੇ ਸਿੱਖਾ ! ਇਹ ਸੰਕਲਪ ਤੂੰ ਕੀ ਉਠਾ ਲਿਆ ਹੈ, ਅਸੀਂ ਤਾਂ ਤੈਨੂੰ ਸਾਰੇ ਸੰਸਾਰ ਦੀ ਪੂਜ ਗੁਰਿਆਈ ਗੱਦੀ ਦੇਣ ਲੱਗੇ ਸਾਂ, ਜਿਸ ਅੱਗੇ ਕੁਲ ਦੁਨੀਆਂ ਝੁਕਦੀ ਹੈ ਪਰ ਤੇਰੇ ਕਰਮਾਂ ਵਿਚ ਨਹੀਂ ਸੀ। ਜਿਥੋਂ ਦਾ ਕੋਈ ਲਾਇਕ ਹੁੰਦਾ ਹੈ ਉਥੇ ਹੀ ਰਹਿੰਦਾ ਹੈ।"

ਯਥਾ—"ਜਬਹਿ ਪਿਖਜੋ ਗੁਰੁ ਚਰਨ ਉਠਾਯੋ। ਪ੍ਰਭੁ ਮਾਯਾ ਨੈ ਤਬਿ ਬਿਚਲਾਯੋ।
ਸਮਝਜੋ ਰਿਦੇ-ਗੁਰੂ ਅਬਿ ਚਲੈਂ। ਸੁਨਹਿਂ ਸਲੋਕ ਨ ਸਭਿ ਫਲ ਫਲੈ॥੪੧॥
ਬਿਫਲ ਮਨੋਰਥ ਹੋਵਤਿ ਦੀਖਾ। ਰਹਜੋ ਛੁਛ ਮੈਂ ਪ੍ਰਿਥਮ ਸਰੀਖਾ।
ਲਖਿ ਉਰ ਕੀ ਗੁਰੁ ਅੰਤਰਜਾਮੀ। ਬੋਲੇ-ਕਹਾਂ ਕੀਨ ਤੈਂ ਕਾਮੀ॥੪੨॥
ਬਿਨਾ ਮਨੋਰਥ ਜਪੁਜੀ ਸਾਰੋ। ਪੂਰਬ ਸਮ ਜੇ ਸਕਲ ਉਚਾਰੋ।
ਸ੍ਰੀ ਨਾਨਕ ਗਾਦੀ ਵਡਿਆਈ। ਸਗਰੇ ਜਗ ਕੀ ਬਰ ਗੁਰਿਆਈ॥੪੩॥

ਸੋ ਹਮ ਦੈਨਿ ਉਠਭਿ ਇਸ ਸਮੇਂ। ਜਿਸ ਕੇ ਅੱਗੂ ਤ੍ਰਿਲੋਕੀ ਨਮੇ।
ਕਹਾਂ ਕਰਹਿ ਬਸ ਤੋਹਿ ਨ ਕੋਈ। ਜਹਾਂ ਉਚਿਤ ਹੁਇ ਪਹੁੰਚੇ ਸੋਈ॥੪੪॥
ਅਬਿ ਭੀਖ ਧੰਨ ਜਨਮ ਤੁਵ ਭਜੋ। ਜਨਮ ਮਰਨ ਦੁਖ ਸਭਿ ਮਿਟਿ ਗਜੋ।
ਕਰਜੋ ਮਨੋਰਥ ਜੋ ਅਬਿ ਜੈਸੇ। ਸੋ ਲੀਜਹੁ ਨਹਿੰ ਬਿਲਮਹੁ ਕੈਸੇ॥੪੫॥
ਕਹਿ ਕਰਿ ਸੋ ਘੋਰਾ ਮੰਗਵਾਯੋ। ਸੁੰਦਰ ਜਿਸ ਪਰ ਜ਼ੀਨ ਸੁਹਾਯੋ।
ਸਵਾ ਲਾਖ ਕੀ ਕੀਮਤ ਜਾਂਹੀ। ਹੁਇ ਪ੍ਰਸੰਨ ਬਖਸ਼ਤਿ ਭੇ ਤਾਂਹੀ॥੪੬॥
ਬਸਤ੍ਰ ਬਿਭੂਖਣ ਧਨ ਕੁਛ ਔਰ। ਦੇਤਿ ਭਏ ਸੋਢੀ ਸਿਰਮੌਰ॥
ਲਏ ਗੁਪਾਲੇ ਅਨੰਦ ਉਪਾਯੋ। ਸ੍ਰੀ ਗੁਰ ਤੇ ਸੁਨਿ ਕਰਿ ਪਛਤਾਯੋ॥੪੭॥''

[ਗੁਰ ਪ੍ਰਤਾਪ ਸੂਰਜ, ਰਾਸਿ ੬, ਅੰਸੁ ੪੬]

ਫੇਰ-ਸਿੱਧਾਂ ਨੇ ਪ੍ਰਸ਼ਨ ਕੀਤਾ ਕਿ

ਇਸ ਜਗਤ ਰੂਪ ਬਾਲਕੇ ਦਾ ਗੁਰੂ ਅਤੇ ਮਾਤਾ ਪਿਤਾ ਕੌਣ ਹੈ ?

ਤੇ ਦਾਈ ਦਇਆ ਕੌਣ ਹੈ ? ਗੁਰ ਉਤਰ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਹੇ ਸਿੱਧੋ ! ਇਸ ਜਗਤ ਰੂਪ ਬਾਲਕੇ ਦਾ ਪੌਣ ਗੁਰੂ ਹੈ। ਕਿਉਂਕਿ ਜਿਵੇਂ ਗੁਰੂ ਦੀ ਹਸਤੀ ਸਭ ਤੋਂ ਵੱਡੀ ਹੈ, ਓਸੇ ਤਰ੍ਹਾਂ ਪ੍ਰਾਣ ਰੂਪ ਪਵਣ ਦੀ ਹਸਤੀ ਵੀ ਸਭ ਇੰਦ੍ਰੀਆਂ ਤੋਂ ਉਚੀ ਹੈ।

ਸਾਖੀ—ਪ੍ਰਾਣਾਂ ਦੇ ਵੱਡਿਆਂ ਹੋਣ ਦੀ

ਇਕ ਸਮੇਂ ਪ੍ਰਾਣਾਂ ਦਾ ਤੇ ਸਭ ਇੰਦ੍ਰੀਆਂ ਦਾ ਆਪਸ ਵਿਚ ਝਗੜਾ ਪੈ ਗਿਆ।

ਨੇਤਰ ਕਹਿਣ-'ਅਸੀਂ ਵੱਡੇ ਹਾਂ।'

ਕੰਨ ਆਖਣ-'ਅਸੀਂ ਵੱਡੇ ਹਾਂ।'

ਪ੍ਰਾਣ ਇੰਦ੍ਰੀਆਂ [ਨੱਕ] ਕਹੇ-'ਮੈਂ ਵੱਡਾ ਹਾਂ।'

ਤਦ ਕਿਸੇ ਨੇ ਕਿਹਾ-'ਤੁਸੀਂ ਆਪਸ ਵਿਚ ਕਿਉਂ ਝਗੜਦੇ ਹੋ, ਆਪਣਾ ਫੈਸਲਾ ਇੰਦਰ ਤੋਂ ਕਰਵਾ ਲਓ।'

ਇੰਦਰ ਪਾਸ ਗਏ ਪਰ ਝਗੜਾ ਉਸ ਪਾਸੋਂ ਵੀ ਨਾ ਮੁੱਕਿਆ, ਉਸ ਨੇ ਕਿਹਾ-ਬ੍ਰਹਸਪਤੀ ਪਾਸ ਜਾਓ। ਉਥੇ ਗਏ ਤਾਂ ਉਸ ਨੇ ਕਿਹਾ-'ਤੁਹਾਡੀ ਸਭ ਦੀ ਉਤਪਤੀ ਕਰਨ ਵਾਲਾ ਬ੍ਰਹਮਾ ਹੈ, ਤੁਸੀਂ ਉਸ ਪਾਸੋਂ ਜਾ ਕੇ ਪੁੱਛੋ ਕਿ ਅਸਾਡੇ 'ਚੋਂ ਵੱਡਾ ਕੌਣ ਹੈ?

ਉਸ ਵੇਲੇ ਸਭ ਇੰਦ੍ਰੀਆਂ ਨੇ ਬ੍ਰਹਮਾ ਪਾਸੋਂ ਆ ਕੇ ਪੁਛਿਆ ਤਾਂ ਬ੍ਰਹਮਾ ਨੇ ਕਿਹਾ- ਜਿਸ ਦੇ ਨਿਕਲਣ ਕਰਕੇ ਸਰੀਰ ਡਿੱਗ ਜਾਵੇ ਓਹੀ ਵੱਡਾ ਹੈ। ਬ੍ਰਹਮਾ ਦੇ ਆਖਣ ਪਰ ਜਦ ਵਾਰੋ-ਵਾਰੀ ਇੰਦ੍ਰੀਏ ਬਾਹਰ ਨਿਕਲੇ ਤਾਂ ਅੰਨ੍ਹਾਂ, ਗੁੰਗਾ, ਲੂਲ੍ਹਾ ਹੋ ਗਿਆ ਪਰ ਸਰੀਰ ਬਣਿਆ ਰਿਹਾ।

ਜਿਸ ਵੇਲੇ ਪ੍ਰਾਣ ਨਿਕਲਣ ਲਗੇ ਤਾਂ ਸਰੀਰ ਉਸੇ ਵੇਲੇ ਕੰਬਣ ਲੱਗ ਪਿਆ ਤਾਂ ਬ੍ਰਹਮਾ ਨੇ ਆਖਿਆ-'ਹੇ ਇੰਦ੍ਰੀਓ ! ਤੁਹਾਡੇ ਸਭਨਾਂ ਵਿਚੋਂ ਪ੍ਰਾਣ ਵੱਡੇ ਹਨ, ਇਸ ਤੇ ਪੌਣ ਗੁਰੂ ਹੈ।'

ਅਤੇ ਇਸ ਜਗਤ ਰੂਪ ਬਾਲਕੇ ਦਾ ਪਾਣੀ ਪਿਤਾ ਹੈ। ਜਿਸ ਤਰ੍ਹਾਂ ਪਿਤਾ ਤੋਂ ਬੱਚੇ ਦੀ ਉਤਪਤੀ ਹੁੰਦੀ ਹੈ, ਉਸੀ ਤਰ੍ਹਾਂ ਸਾਰੇ ਜਗਤ ਦੀ ਉਤਪਤੀ ਜਲ ਤੋਂ ਹੈ।

ਯਥਾ—"ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥੧॥"

[ਕਉੜੀ ਕਬੀਰ ਜੀ, ਪੰਨਾ ੩੩੬]

ਤਥਾ—"ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥੨॥"

[ਸਾਰੰਗ ਵਾਰ, ਪੰਨਾ ੧੨੪੦]

ਪੁਨਾ-ਇਸ ਜਗਤ ਰੂਪ ਬਾਲਕੇ ਦੀ ਧਰਤੀ ਸਭ ਤੋਂ ਮਹਤੁ=ਵੱਡੀ ਮਾਤਾ ਹੈ। ਵੱਡੀ ਮਾਤਾ ਇਸ ਕਰਕੇ ਹੈ ਕਿ ਇਹ ਜੀਵ ਰੂਪ ਲੜਕਾ ਬੁਢੇਪੇ ਤਕ ਸਾਰੀ ਉਮਰ ਇਸ ਦੇ ਉਤੇ ਟੱਟੀ ਪਿਸ਼ਾਬ ਕਰਦਾ ਰਹਿੰਦਾ ਹੈ ਪਰ ਧਰਤੀ ਇਸ ਨੂੰ ਕੁਝ ਨਹੀਂ ਕਹਿੰਦੀ।

ਪ੍ਰਤੱਖ ਜਦ ਬੱਚਾ ਜ਼ਰਾ ਕੁ ਵੱਡਾ ਹੋ ਕੇ ਮਾਂ ਦੀ ਝੋਲੀ ਵਿਚ ਟੱਟੀ ਜਾਂ ਪਿਸ਼ਾਬ ਕਰਦਾ ਹੈ ਤਾਂ ਪ੍ਰਤੱਖ ਮਾਂ ਮਾਰਨ ਲੱਗ ਜਾਂਦੀ ਹੈ।

ਦੂਜਾ ਕਾਰਣ-ਇਹ ਭੀ ਹੈ ਕਿ ਪ੍ਰਤੱਖ ਮਾਤਾ ਤਾਂ ਵੀਹ ਪੰਝੀ ਸਾਲਾਂ ਤਕ ਬੱਚੇ ਦੀ ਪਾਲਣਾ ਕਰਦੀ ਹੈ।

ਯਥਾ—"ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥"

[ਗਉੜੀ ਮਹਲਾ ੪, ਪੰਨਾ ੧੬੮]

ਜਦ ਬੱਚੇ ਨੂੰ ਵਿਆਹ ਦਿੰਦੀ ਹੈ ਤਾਂ ਫਿਰ ਆਖਦੀ ਹੈ, ਹੁਣ ਆਪ ਖੱਟ ਕਮਾ ਤੇ ਸਾਨੂੰ ਵੀ ਲਿਆ ਕੇ ਦੇਹ। ਜਿਵੇਂ-

ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ-

"ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ॥
ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ॥"

[ਗਉੜੀ ਮਹਲਾ ੪, ਪੰਨਾ ੧੬੫]

ਤੇ ਧਰਤੀ ਸਾਰੀ ਉਮਰ ਇਸ ਜੀਵ ਨੂੰ ਆਪਣੇ ਵਿਚੋਂ ਅਨਾਜ, ਸਬਜ਼ੀ ਫਲ, ਫੁੱਲ ਆਦਿਕ ਪੈਦਾ ਕਰਕੇ ਖੁਆਂਦੀ ਰਹਿੰਦੀ ਹੈ ਇਸ ਕਰਕੇ ਵੀ ਧਰਤੀ ਵੱਡੀ ਮਾਤਾ ਹੈ।

ਯਥਾ—"ਉਦਰ ਸੰਜੋਗੀ ਧਰਤੀ ਮਾਤਾ॥" [ਪੰਨਾ ੧੦੨੧]

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਦਿਨ ਰਾਤ ਇਹ ਦੋ ਦਾਈ ਦਾਏ ਵਤ ਹਨ। ਜਿਵੇਂ ਦਾਈ ਰਾਤ ਨੂੰ ਬੱਚੇ ਨੂੰ ਸੁਆਂਵਦੀ ਹੈ, ਤਿਵੇਂ ਰਾਤ ਜੀਵਾਂ ਨੂੰ ਸੁਆ ਦੇਂਦੀ ਹੈ ਇਸ ਤੇ ਰਾਤ ਦਾਈ ਵਤ ਹੈ।

ਜਿਵੇਂ ਦਾਇਆ ਬੱਚੇ ਨੂੰ ਖਿਡਾਉਂਦਾ ਹੈ, ਤਿਵੇਂ ਦਿਨ ਸਭ ਜੀਵਾਂ ਨੂੰ ਕਾਰ ਵਿਹਾਰ ਵਿਚ ਨਚਾਉਂਦਾ ਹੈ ਅਰਥਾਤ ਖਿੰਡਾਉਂਦਾ ਹੈ ਇਸ ਤੇ ਦਾਏ ਵਤ ਹੈ। ਇਸੀ ਪ੍ਰਕਾਰ ਸਾਰਾ ਜਗਤ ਖੇਡ ਰਿਹਾ ਹੈ। ਯਥਾ-

"ਪਵਣ ਗੁਰੂ ਗੁਰੁ ਸਬਦੁ ਹੈ ਰਾਗ ਨਾਦ ਵੀਚਾਰਾ।
ਮਾਤ ਪਿਤਾ ਜਲੁ ਧਰਤਿ ਹੈ ਉਤਪਤਿ ਸੰਸਾਰਾ।
ਦਾਈ ਦਾਇਆ ਰਾਤਿ ਦਿਹੁ ਵਰਤੇ ਵਰਤਾਰਾ।"

[ਭਾਈ ਗੁਰਦਾਸ ਜੀ, ਵਾਰ ੨ ਪੌੜੀ ੧੯]

ਅਰਥ-ਜਿਵੇਂ ਸਿੱਖਾਂ ਦਾ ਗੁਰੂ ਗੁਰ ਸ਼ਬਦ ਹੈ, ਤਿਵੇਂ ਜਗਤ ਰੂਪ ਬਾਲਕੇ ਦਾ ਗੁਰੂ ਪੌਣ ਹੈ।

ਵਿਚਾਰਨਾ ਕਰੋ-ਪੌਣ ਤੋਂ ਹੀ ਰਾਗ ਆਦਿਕ ਨਾਦ=ਸ਼ਬਦ ਉਤਪੰਨ ਹੋਏ ਹਨ।

ਤਥਾ—ਪਉਣੁ ਗੁਰੂ ਗੁਰ ਸਬਦੁ ਹੈ ਵਾਹਗੁਰੂ ਗੁਰ ਸਬਦ ਸੁਣਾਇਆ।
ਪਾਣੀ ਪਿਤਾ ਪਵਿਤ੍ਰ ਕਰਿ ਗੁਰਮੁਖਿ ਪੰਥਿ ਨਿਵਾਣਿ ਚਲਾਇਆ।
ਧਰਤੀ ਮਾਤ ਮਹਤੁ ਕਰਿ ਓਤਿ ਪੋਤਿ ਸੰਜੋਗੁ ਬਨਾਇਆ।
ਦਾਈ ਦਾਇਆ ਰਾਤਿ ਦਿਹੁ ਬਾਲ ਸੁਭਾਇ ਜਗਤੁ ਖਿਲਾਇਆ।

[ਭਾਈ ਗੁਰਦਾਸ ਜੀ, ਵਾਰ ੬ ਪੌੜੀ ੫]

ਤਥਾ—"ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥੧੦॥"

[ਮਾਰੂ ਸੋਲਹੇ ਮਹਲਾ ੧, ਪੰਨਾ ੧੦੨੧]

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

ਜੀਵਾਂ ਦੇ ਚੰਗੇ ਕਰਮ ਅਤੇ ਬੁਰੇ ਕਰਮ ਧਰਮਰਾਜਾ ਦੇ ਪਾਸ ਵਾਚੇ ਜਾਂਦੇ ਹਨ। ਵਾ-ਧਰਮਰਾਜਾ ਰਬ ਦੀ ਹਜ਼ੂਰੀ ਵਿਚ ਵਾਚਦਾ ਹੈ।

ਯਥਾ—"ਲਿਖਿ ਨਾਵੈ ਧਰਮੁ ਬਹਾਲਿਆ॥੨॥" *[ਆਸਾ ਦੀ ਵਾਰ, ਪੰਨਾ ੪੬੩]*

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

੧. ਆਪੋ ਆਪਣੇ ਕੀਤੇ ਕਰਮਾਂ ਦੇ ਅਨੁਸਾਰ ਕਿਤਨੇ ਜੀਵ ਧਰਮਰਾਜ ਦੇ ਨੇੜੇ ਹਨ, ਕਿਤਨੇ ਦੂਰ ਹਨ।

ਜੋ ਚੰਗੇ ਕਰਮਾਂ ਦੇ ਕਰਨ ਵਾਲੇ ਹਨ, ਉਹ ਧਰਮਰਾਜ ਦੇ ਨਜ਼ਦੀਕ ਹਨ, ਕਿਉਂਕਿ ਉਨ੍ਹਾਂ ਦਾ ਸਤਿਕਾਰ ਧਰਮਰਾਜ ਚੰਗੀ ਤਰ੍ਹਾਂ ਕਰਦਾ ਹੈ ਅਤੇ ਜੋ ਬੁਰੇ ਕਰਮਾਂ ਦੇ ਕਰਨ ਵਾਲੇ ਹਨ, ਉਹ ਕਈ ਲੋਕ ਦੂਰ ਭਾਵ ਨਰਕਾਂ ਵਿਚ ਪਾਏ ਜਾਂਦੇ ਹਨ [ਜੁੱਤੀਆਂ ਵਿਚ ਖੜੇ ਹੁੰਦੇ ਹਨ]।

੨. ਜੋ ਬੁਰੇ ਕਰਮਾਂ ਦੇ ਕਰਨ ਵਾਲੇ ਹਨ, ਉਹ ਤਾਂ ਧਰਮਰਾਜ ਦੇ ਨਜ਼ਦੀਕ ਰਹਿੰਦੇ ਹਨ। ਮਾਰ ਖਾਣ ਵਾਸਤੇ, ਅਤੇ ਜੋ ਚੰਗੇ ਕਰਮ ਕਰਦੇ ਹਨ, ਉਹ ਧਰਮਰਾਜਾ ਤੋਂ ਦੂਰ ਰਹਿੰਦੇ ਹਨ।

ਯਥਾ—"ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥੨॥"

[ਆਸਾ ਮਹਲਾ ੫, ਪੰਨਾ ੩੯੩]

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਹੇ ਸਿੱਧੋ ! ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ ਹੈ, ਉਹ ਜਪ ਤਪ ਰੂਪੀ ਮਸਕਤਿ=ਮੇਹਨਤ ਨੂੰ ਘਾਲਿ=ਕਮਾ ਕੇ ਗਏ ਹਨ। ਅਰਥਾਤ ਉਨ੍ਹਾਂ ਦਾ ਸੰਸਾਰਕ ਦੁੱਖ ਨਵਿਰਤ ਹੋ ਗਿਆ ਹੈ।

ਮਸਕਤਿ=ਮਿਹਨਤ ਨੂੰ ਆਖਦੇ ਹਨ।

ਯਥਾ—"ਮਸਤਕਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ॥" *[ਸੂਹੀ ਵਾਰ, ਪੰਨਾ ੭੬੬]*

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥

ਗੁਰੂ ਜੀ ਆਖਦੇ ਹਨ, ਤਿਨ੍ਹਾਂ ਦੇ ਮੂੰਹ ਉਜਲੇ ਹਨ-

ਯਥਾ—ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ॥ ੩॥ *[ਪੰਨਾ ੨੧੮]*
ਤਥਾ—ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ॥ *[ਪੰਨਾ ੬੨੯]*

ਤਥਾ—ਨਾਮ ਧੁਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ॥ *[ਪੰਨਾ ੬੦੦]*

ਤਥਾ—ਸਾਧ ਸੰਗਿ ਨਾਨਕ ਨਾਮ ਧਿਆਇਆ ਮੁਖ ਊਜਲ ਭਏ ਦਰਬਾਰਾ॥੯੧॥ *[ਪੰਨਾ ੬੩੧]*

ਅਤੇ ਉਨ੍ਹਾਂ ਦੇ ਨਾਲ ਹੋਰ ਕਿਤਨੀ ਦੁਨੀਆਂ ਛੁੱਟ ਗਈ ਹੈ।

ਯਥਾ—"ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ॥
ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ॥"

[ਮਾਰੂ ਵਾਰ ਡਖਣੇ, ਪੰਨਾ ੧੧੦੦]

ਤਥਾ—"ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ॥"

[ਗਉੜੀ ਵਾਰ, ਪੰਨਾ ੩੧੦]

ਸਾਖੀ—ਰਾਜੇ ਹਰੀ ਚੰਦ ਦੀ

ਇਕ ਸਮੇਂ 'ਵਸ਼ਿਸ਼ਟ' ਮਹਾਰਾਜ ਜੀ ਦੇ ਪਾਸ ਰਾਜੇ 'ਤ੍ਰਿਸ਼ੰਕੂ' ਨੇ ਕਿਹਾ-"ਮੈਨੂੰ ਸੁਰਗ ਵਿਖੇ ਜਾਣ ਦੀ ਇੱਛਾ ਹੈ, ਆਪ ਉਥੇ ਭੇਜਣ ਦੀ ਕਿਰਪਾ ਕਰੋ।"

ਵਸ਼ਿਸ਼ਟ ਜੀ ਨੇ ਕਿਹਾ, "ਹੇ ਰਾਜਨ ! ਇਹ ਮਲ ਮੂਤਰ ਦੀ ਦੇਹ ਮਹਾਂ ਅਸ਼ੁੱਧ ਹੈ, ਇਸ ਦੇਹ ਸਹਿਤ ਸੁਰਗ ਵਿਚ ਕੋਈ ਨਹੀਂ ਜਾਂਦਾ। ਜੇ ਜ਼ਰੂਰ ਜਾਣ ਦੀ ਇੱਛਾ ਹੈ ਤਾਂ ਇਸ ਦੇਹ ਨੂੰ ਤਿਆਗ ਕੇ ਜਾ ਸਕਦਾ ਹੈਂ।" ਰਾਜੇ 'ਤ੍ਰਿਸ਼ੰਕੂ' ਨੇ ਕਿਹਾ, "ਮੈਂ ਇਸ ਦੇਹ ਦੇ ਸਹਿਤ ਹੀ ਸੁਰਗ ਵਿਖੇ ਜਾਣਾ ਚਾਹੁੰਦਾ ਹਾਂ, ਜੇ ਆਪ ਨਹੀਂ ਭੇਜ ਸਕਦੇ ਤਾਂ ਮੈਂ ਕਿਸੇ ਹੋਰ ਨੂੰ ਗੁਰੂ ਧਾਰ ਲੈਂਦਾ ਹਾਂ।"

ਵਸ਼ਿਸ਼ਟ ਜੀ ਨੇ ਗੁੱਸੇ ਨਾਲ ਕਿਹਾ, "ਜਾਹ ਜਿੱਥੇ ਤੇਰੀ ਇੱਛਾ ਹੈ ਚਲਿਆ ਜਾਹ।"

ਉਸ ਵੇਲੇ ਰਾਜੇ ਤ੍ਰਿਸ਼ੰਕੂ ਨੇ ਵਿਸ਼ਵਾ ਮਿਤਰ ਜੀ ਨੂੰ ਜਾ ਕੇ ਕਿਹਾ, "ਵਸ਼ਿਸ਼ਟ ਜੀ ਨੇ ਤਾਂ ਮੈਨੂੰ ਸੁਰਗ ਵਿਚ ਨਹੀਂ ਭੇਜਿਆ ਆਪ ਕਿਰਪਾ ਕਰਕੇ ਮੈਨੂੰ ਦੇਹ ਦੇ ਸਹਿਤ ਸੁਰਗ ਵਿਖੇ ਭੇਜੋ।"

ਵਸ਼ਿਸ਼ਟ ਜੀ ਦਾ ਤੇ ਵਿਸ਼ਵਾ ਮਿੱਤਰ ਜੀ ਦਾ ਆਪਸ ਵਿਚ ਵਿਰੋਧ ਸੀ। ਰਾਜੇ ਤ੍ਰਿਸ਼ੰਕੂ ਪਾਸੋਂ ਸੁਣ ਕੇ ਵਿਸ਼ਵਾ ਮਿੱਤ੍ਰ ਜੀ ਨੇ ਕਿਹਾ- "ਤੂੰ ਫਿਕਰ ਨਾ ਕਰ, ਪਹਿਲੇ ਯੱਗ ਕਰ, ਫਿਰ ਤੈਨੂੰ ਸੁਰਗ ਵਿਚ ਭੇਜ ਦਿਆਂਗਾ।" ਵਿਸ਼ਵਾਮਿੱਤ੍ਰ ਜੀ ਦੇ ਕਹੇ ਅਨੁਸਾਰ ਰਾਜੇ ਨੇ ਯੱਗ ਆਰੰਭ ਦਿੱਤਾ। ਯੱਗ ਤੋਂ ਪਿੱਛੋਂ ਵਿਸ਼ਵਾ ਮਿਤ੍ਰ ਜੀ ਨੇ ਰਾਜੇ ਤ੍ਰਿਸ਼ੰਕੂ ਨੂੰ ਸੁਰਗ ਵਿਚ ਭੇਜ ਦਿੱਤਾ।

ਜਿਸ ਵੇਲੇ ਵਸ਼ਿਸ਼ਟ ਜੀ ਨੂੰ ਪਤਾ ਲਗਾ ਕਿ ਰਾਜਾ ਸੁਰਗ ਵਿਚ ਚਲਾ ਗਿਆ ਹੈ ਤਾਂ ਵਸ਼ਿਸ਼ਟ ਜੀ ਨੇ ਦੇਵਤਿਆਂ ਨੂੰ ਕਿਹਾ, "ਇਹ ਗੁਰੂ ਤੋਂ ਬੇਮੁਖ ਹੈ, ਇਸ ਨੂੰ ਸੁਰਗ ਵਿਚ ਨਾ ਰੱਖੋ।" ਇਹ ਗੱਲ ਸੁਣ ਕੇ ਦੇਵਤਿਆਂ ਨੇ ਸੁਰਗ ਚੋਂ ਗਿਰਾ ਦਿੱਤਾ।

ਜਦ ਵਿਸ਼ਵਾ ਮਿਤ੍ਰ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੀ ਤਾਕਤ ਨਾਲ ਰਾਜੇ ਤ੍ਰਿਸ਼ੰਕੂ ਨੂੰ ਫੇਰ ਸੁਰਗ ਵਿਚ ਭੇਜ ਦਿੱਤਾ।

ਵਸ਼ਿਸ਼ਟ ਜੀ ਨੇ ਫੇਰ ਗਿਰਵਾ ਦਿੱਤਾ, ਤਾਂ ਵਿਸ਼ਵਾ ਮਿੱਤ੍ਰ ਜੀ ਨੇ ਉਸ ਨੂੰ ਹੇਠਾਂ ਨਾ ਆਉਣ ਦਿੱਤਾ ਤੇ ਵਸ਼ਿਸ਼ਟ ਜੀ ਨੇ ਉੱਪਰ ਨਾ ਜਾਣ ਦਿੱਤਾ, ਉਹ ਰਾਜਾ ਹੁਣ ਤਕ ਵਿਚਕਾਰ ਖੜਾ ਹੈ। ਉਸ ਦੀਆਂ ਲਾਲਾਂ ਨਾਲ 'ਕਰਮ ਨਾਸਾ' ਨਦੀ ਚਲ ਰਹੀ ਹੈ। ਜਿਸ ਵਿਚ ਇਸ਼ਨਾਨ ਕਰਨ ਨਾਲ ਪੁੰਨ ਕਰਮ ਨਾਸ਼ ਹੋ ਜਾਂਦੇ ਹਨ।

ਜ਼ਰੂਰੀ ਨੋਟ- ਜਿਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਟਨੇ ਸਾਹਿਬ ਨੂੰ ਜਾਂਦੇ ਹੋਏ ਮਿਰਜਾ ਪੁਰ ਦੀ ਸੰਗਤ ਨੂੰ ਨਿਹਾਲ ਕਰਕੇ ਅੱਗੇ ਤੁਰੇ ਹਨ ਤਾਂ ਚਲਦਿਆਂ ਚਲਦਿਆਂ 'ਕਰਮ ਨਾਸਾ'

ਨਦੀ ਆ ਗਈ। ਭਾਵੇਂ ਇਹ ਨਦੀ ਅਪਵਿੱਤ੍ਰ ਸੀ, ਇਸ ਵਿਚ ਇਸ਼ਨਾਨ ਕਰਨ ਨਾਲ ਲੋਕ ਸ਼ੁਭ ਕਰਮਾਂ ਦਾ ਨਾਸ਼ ਮੰਨਦੇ ਸਨ। ਪਰ ਗੁਰੂ ਸਾਹਿਬ ਜੀ ਨੇ ਆਪਣੇ ਪਵਿਤ੍ਰ ਚਰਨ ਪਾ ਕੇ ਇਸ ਨਦੀ ਨੂੰ ਪਵਿੱਤਰ ਕਰ ਦਿੱਤਾ।

ਯਥਾ—ਚਲਤਿ ਚਲਤਿ ਕ੍ਰਮਨਾਸ਼ਾ ਸਲਿਤਾ। ਤਹਾਂ ਆਇ ਹੇਰਜੋ ਜਲ ਚਲਤਾ॥
ਉਤਰਿ ਤਹਾਂ ਕੀਨਸਿ ਇਸ਼ਨਾਨਾ। ਜੇ ਅਪਵਿੱਤ੍ਰ ਅਹੈ ਅਸਥਾਨਾ॥੧੨॥
ਸਤਿਗੁਰ ਪਰਸੇ ਹੋਹਿ ਪੁਨੀਤ। ਮਹਾਂ ਦੋਸ਼ ਤਿਸ ਜਾਇ ਬਿਤੀਤ॥
ਪੁਨ ਸੰਤਨਿ ਸੋਂ ਵਾਕ ਬਖਾਨਾ। ਹੁਤੋ ਤ੍ਰਿਸ਼ੰਕੁ ਭੂਪ ਮਹਾਨਾ॥੧੩॥
ਮੁਨਿ ਗਨ ਤੀਰਥ ਗਨ ਜਲ ਲੀਨੋ। ਤਿਸ ਨ੍ਰਿਪ ਕੋ ਮਜਨਾਵਨਿ ਕੀਨੋ।
ਤਿਸ ਤੇ ਨਦੀ ਕਹੈਂ ਕ੍ਰਮਨਾਸਾ। ਅਬਿ ਤੇ ਭਈ ਕੁਕਰਮ ਬਿਨਾਸਾ॥੧੪॥"

[ਗੁਰ ਪ੍ਰਤਾਪ ਸੂਰਜ, ਰਾਸ ੧੧ ਅੰਸੂ ੫੫]

ਉਸ ਰਾਜੇ ਤ੍ਰਿਸ਼ੰਕੂ ਦਾ ਪੁੱਤਰ ਰਾਜਾ ਹਰੀ ਚੰਦ ਹੋਇਆ ਹੈ ਇਸ ਨੇ ਵਸ਼ਿਸ਼ਟ ਜੀ ਨੂੰ ਗੁਰੂ ਧਾਰਨ ਕੀਤਾ ਹੈ। ਜਦ ਵਿਸ਼ਵਾ ਮਿਤ੍ਰ ਨੂੰ ਪਤਾ ਲੱਗਾ ਕਿ ਰਾਜੇ ਹਰੀ ਚੰਦ ਨੇ ਵਸ਼ਿਸ਼ਟ ਨੂੰ ਗੁਰੂ ਧਾਰਨ ਕੀਤਾ ਹੈ ਤਾਂ ਮਨ ਵਿਚ ਬੜਾ ਗੁੱਸਾ ਆਇਆ, ਗੁੱਸੇ ਵਿਚ ਆ ਕੇ ਉਸ ਨੂੰ ਬਿਪਤਾ ਵਿਚ ਪਾ ਦਿੱਤਾ, ਉਹ ਪਰਸੰਗ ਇਸ ਤਰ੍ਹਾਂ ਹੈ-ਇਕ ਸਮੇਂ ਵਿਸ਼ਵਾ ਮਿੱਤਰ ਜੀ ਸੂਰ ਦਾ ਰੂਪ ਧਾਰ ਕੇ ਰਾਜੇ ਹਰੀ ਚੰਦ ਦੇ ਬਾਗ ਵਿਚ ਫਿਰਨ ਲੱਗ ਪਏ। ਸ਼ਾਹੀ ਬਾਗ ਅੰਦਰ ਸੂਰ ਫਿਰਦਿਆਂ ਦੇਖ ਕੇ ਬਾਗ ਦੇ ਰਾਖੇ [ਮਾਲੀ] ਨੇ ਰਾਜਾ ਹਰੀ ਚੰਦ ਦੇ ਦਰਬਾਰ ਵਿਚ ਜਾ ਕੇ ਇਉਂ ਕਿਹਾ, "ਹੇ ਰਾਜਨ ! ਜੇਕਰ ਆਪ ਜੀ ਨੇ ਸ਼ਿਕਾਰ ਖੇਡਣਾ ਹੈ ਤਾਂ ਆਪ ਜੀ ਦੇ ਬਾਗ ਵਿਖੇ ਇਕ ਬੜਾ ਸੂਰ ਆਇਆ ਹੈ।"

ਇਹ ਗੱਲ ਸੁਣ ਕੇ ਰਾਜਾ ਹਰੀ ਚੰਦ ਸ਼ਿਕਾਰ ਕਰਨ ਨੂੰ ਤੁਰ ਪਿਆ, ਰਾਜੇ ਨੂੰ ਦੇਖ ਕੇ ਸੂਰ ਦੌੜ ਪਿਆ। ਸੂਰ ਅੱਗੇ ਅੱਗੇ ਰਾਜਾ ਪਿੱਛੇ ਪਿੱਛੇ ਬੜੇ ਗਾੜ੍ਹੇ ਜੰਗਲ ਵਿਚ ਰਾਜੇ ਨੂੰ ਲੈ ਗਿਆ, ਆਪ ਫਿਰ ਰਾਜੇ ਦੀਆਂ ਅੱਖਾਂ ਤੋਂ ਓਲੇ ਹੋ ਕੇ ਛੁਪ ਗਿਆ ਤੇ ਬ੍ਰਾਹਮਣ ਦਾ ਰੂਪ ਧਾਰ ਲਿਆ। ਰਾਜੇ ਨੂੰ ਬੜੀ ਤ੍ਰਿਖਾ ਲੱਗੀ ਹੋਈ ਸੀ, ਉਹ ਪਾਣੀ ਪੀਣ ਵਾਸਤੇ ਇਕ ਸਰੋਵਰ ਪਰ ਆਇਆ। ਜਦ ਪਾਣੀ ਪੀਣ ਲੱਗਾ ਤਾਂ ਮਨ ਵਿਚ ਵਿਚਾਰ ਆਈ ਕਿ ਮੇਰਾ ਤਾਂ ਨਿਯਮ ਹੈ ੨੧ ਭਾਰ ਸੋਨਾ ਦਾਨ ਕਰਨ ਦਾ, ਜੇਕਰ ਮੈਂ ਪਾਣੀ ਪੀਂਦਾ ਹਾਂ ਤਾਂ ਨਿਯਮ ਭੰਗ ਹੁੰਦਾ ਹੈ, ਜੇ ਨਹੀਂ ਪੀਂਦਾ ਤਾਂ ਪ੍ਰਾਣ ਨਿਕਲਦੇ ਹਨ।

ਇਹ ਗੱਲ ਵਿਚਾਰ ਰਿਹਾ ਸੀ ਇਤਨੇ ਨੂੰ ਵਿਸ਼ਵਾ ਮਿਤ੍ਰ ਨੇ ਆ ਕੇ ਕਿਹਾ, "ਹੇ ਰਾਜਨ ! ਆਪ ਇਥੇ ਕਿਸ ਤਰ੍ਹਾਂ ਆਏ ਹੋ? ਅਤੇ ਬੜੇ ਚਿੰਤਾਤੁਰ ਪ੍ਰਤੀਤ ਹੋ ਰਹੇ ਹੋ, ਆਪ ਸੱਚੀ ਸੱਚੀ ਗੱਲ ਕਵੋ? ਮੈਂ ਬ੍ਰਾਹਮਣ ਹਾਂ, ਤੁਹਾਡੀ ਚਿੰਤਾ ਨੂੰ ਦੂਰ ਕਰਾਂਗਾ।" ਉਸ ਵੇਲੇ ਰਾਜੇ ਨੇ ਆਪਣਾ ਸਾਰਾ ਹਾਲ ਸੁਣਾਇਆ ਕਿ ਮੈਂ ਰੋਜ਼ ਇੱਕੀ ਭਾਰ ਸੋਨਾ ਦਾਨ ਦੇ ਕੇ ਅੰਤ ਜਲ ਛਕਦਾ ਹਾਂ। ਪਰ ਇਥੇ ਮੇਰੇ ਪਾਸ ਕੁਝ ਨਹੀਂ ਹੈ ਤੇ ਤ੍ਰੇਹ ਬਹੁਤ ਲੱਗੀ ਹੋਈ ਹੈ, ਦਾਨ ਦਿੱਤੇ ਬਗੈਰ ਜੇ ਮੈਂ ਪਾਣੀ ਪੀਂਦਾ ਹਾਂ ਤਾਂ ਮੇਰਾ ਨਿਯਮ ਟੁੱਟਦਾ ਹੈ।

ਉਸ ਬ੍ਰਾਹਮਣ ਨੇ ਕਿਹਾ-''ਤੂੰ ਇਥੇ ਬੈਠ ਕੇ ਮੈਨੂੰ ਸੰਕਲਪ ਕਰ ਦੇਹ ਫਿਰ ਘਰ ਜਾ ਕੇ ਮੈਨੂੰ ਦਾਨ ਦੇ ਦੇਈਂ, ਹੁਣ ਤੂੰ ਪਾਣੀ ਪੀ ਲੈ।''

ਰਾਜੇ ਨੇ ਉਸੀ ਵੇਲੇ ਦਾਨ ਦੇਣ ਦਾ ਸੰਕਲਪ ਕਰਕੇ ਪਾਣੀ ਪੀ ਲਿਆ।

ਜਿਸ ਵੇਲੇ ਵਾਪਸ ਮੁੜਕੇ ਸ਼ਹਿਰ ਨੂੰ ਆਏ ਤਾਂ ਉਸ ਬ੍ਰਾਹਮਣ [ਵਿਸ਼ਵਾ ਮਿਤਰ] ਨੇ ਰਾਜੇ ਹਰੀ ਚੰਦ ਦੇ ਖਜ਼ਾਨੇ ਰੇਤ ਦੇ ਕਰ ਦਿੱਤੇ। ਜਿਸ ਵੇਲੇ ਰਾਜਾ ਹਰੀ ਚੰਦ ਨੇ ਖਜ਼ਾਨੇ ਦਾ ਜੰਦਰਾ ਖੋਲ੍ਹਿਆ ਤਾਂ ਕੀ ਵੇਖਦਾ ਹੈ ਅੰਦਰ ਰੇਤ ਹੀ ਰੇਤ ਹੈ ਸੋਨਾ ਬਿਲਕੁਲ ਨਹੀਂ ਹੈ। ਬੜਾ ਹੈਰਾਨ ਹੋ ਕੇ ਆਖਦਾ ਹੈ- ਬ੍ਰਾਹਮਣ ਜੀ ! ਖਜ਼ਾਨੇ ਵਿਚ ਤਾਂ ਕੁਝ ਭੀ ਨਹੀਂ ਹੈ।''

ਵਿਸ਼ਵਾ ਮਿਤ੍ਰ ਨੇ ਕਿਹਾ-''ਹੇ ਰਾਜਨ ! ਜੇ ਤੂੰ ਆਪਣਾ ਕੀਤਾ ਹੋਇਆ ਬਚਨ ਹਾਰੇਂਗਾ ਤਾਂ ਨਰਕਾਂ ਵਿਚ ਪਏਂਗਾ, ਨਹੀਂ ਤਾਂ ਮੈਂ ਤੈਨੂੰ ਵੇਚ ਕੇ ਆਪਣਾ ਕਾਰਜ ਕਰ ਲਵਾਂਗਾ।''

ਰਾਜੇ ਹਰੀ ਚੰਦ ਨੇ ਕਿਹਾ- ''ਭਲੀ ਗਲ ਹੈ, ਇਕ ਮੈਂ, ਇਕ ਮੇਰਾ ਪੁੱਤਰ, ਇਕ ਮੇਰੀ ਇਸਤ੍ਰੀ ਹੈ ਸਾਨੂੰ ਤਿੰਨਾਂ ਨੂੰ ਵੇਚ ਕੇ ਤੂੰ ਆਪਣਾ 'ਕਰ' ਪੂਰਾ ਕਰ ਲੈ।''

ਉਸ ਵੇਲੇ ਬ੍ਰਾਹਮਣ ਵਿਸ਼ਵਾ ਮਿਤ੍ਰ ਨੇ ਤਿੰਨਾਂ ਨੂੰ ਕਾਂਸ਼ੀ ਦੀ ਮੰਡੀ ਵਿਚ ਲਿਆ ਕੇ ਵੇਚ ਦਿੱਤਾ। ਇਕ ਚੰਡਾਲ ਬੜਾ ਧਨੀ ਸੀ ਉਸ ਨੇ ਰਾਜੇ ਹਰੀ ਚੰਦ ਨੂੰ ਮੁੱਲ ਲੈ ਲਿਆ ਤੇ ਇਕ ਹੋਰ ਸ਼ਾਹੂਕਾਰ ਸੀ ਉਸ ਨੇ ਇਸਤ੍ਰੀ ਤੇ ਲੜਕੇ ਨੂੰ ਮੁੱਲ ਲੈ ਲਿਆ।

ਕੋਈ ਸਮਾਂ ਐਸਾ ਆਇਆ ਜੋ ਉਥੋਂ ਦੇ ਰਾਜੇ ਨੇ ਕਿਸੀ ਅਵੱਗਿਆ ਹੋਣ ਦੇ ਕਾਰਣ ਉਸ ਸ਼ਾਹੂਕਾਰ ਨੂੰ ਫੜ ਕੇ ਕੈਦ ਕਰ ਲਿਆ ਤੇ ਉਸ ਦੇ ਘਰ-ਬਾਰ ਵੀ ਜ਼ਬਤ ਕਰ ਲਿਆ, ਇਸ ਸਮੇਂ ਹਰੀ ਚੰਦ ਦੀ ਰਾਣੀ ਆਪਣੇ ਪੁੱਤਰ ਨੂੰ ਲੈ ਕੇ ਚੱਲ ਪਈ, ਰਾਹ ਵਿਚ ਬੱਚੇ ਨੂੰ ਸੱਪ ਲੜ ਗਿਆ ਤੇ ਉਹ ਬੱਚਾ ਮਰ ਗਿਆ, ਉਸ ਨੂੰ ਲੈ ਕੇ ਰਾਣੀ ਗੰਗਾ ਦੇ ਘਾਟ ਪਰ ਸਸਕਾਰ ਕਰਨ ਆਈ। [ਜਿਸ ਚੰਡਾਲ ਨੇ ਰਾਜੇ ਨੂੰ ਮੁੱਲ ਲੀਤਾ ਸੀ, ਉਸ ਨੇ ਹਰੀ ਚੰਦ ਨੂੰ ਏਸੇ ਘਾਟ ਪਰ ਛੱਡਿਆ ਹੋਇਆ ਸੀ।]

ਉਸ ਨੂੰ ਵੇਖ ਕੇ ਇਸਤ੍ਰੀ ਨੇ ਕਿਹਾ-''ਤੇਰਾ ਲੜਕਾ ਮਰ ਗਿਆ ਹੈ, ਇਸ ਨੂੰ ਹੁਣ ਜਲਾਣਾ ਹੈ।''

ਹਰੀ ਚੰਦ ਨੇ ਕਿਹਾ-''ਇਥੇ ਮੁਰਦੇ ਜਲਾਣ ਦਾ ਸਵਾ ਰੁਪਯਾ [੧-੨੫] ਲੱਗਦਾ ਹੈ। ਉਹ ਦੇ ਕੇ ਜਲਾ ਲੈ।'' ਜੇਕਰ ਮੈਂ ਸਵਾ ਰੁਪਯਾ ਲੀਤੇ ਬਗੈਰ ਜਲਾਣ ਦਿਆਂਗਾ ਤਾਂ ਸੁਆਮੀ ਦੇ ਕਾਰਜ ਵਿਚ ਫਰਕ ਪੈਂਦਾ ਹੈ ਅਤੇ ਨਰਕਾਂ ਦਾ ਅਧਿਕਾਰੀ ਹੋਵਾਂਗਾ ਕਿਉਂਕਿ ਮੇਰੇ ਸਵਾਮੀ ਦਾ ਮੈਨੂੰ ਸਖਤ ਹੁਕਮ ਹੈ ਕਿ ਸਵਾ ਰੁਪਯਾ ਲੀਤੇ ਬਗੈਰ ਕੋਈ ਮੁਰਦਾ ਨਹੀਂ ਸੜਨ ਦੇਣਾਂ।

ਇਹ ਗਲ ਸੁਣ ਕੇ ਰਾਣੀ ਆਪਣੇ ਪੁੱਤਰ ਨੂੰ ਲੈ ਕੇ ਸ਼ਹਿਰ ਵਿਚ ਆ ਗਈ, ਆ ਕੇ ਸ਼ਹਿਰ ਵਿਚੋਂ ਪੈਸਾ-ਪੈਸਾ ਮੰਗਦੀ ਫਿਰਦੀ ਹੈ ਪਰੰਤੂ ਕੋਈ ਦੇਂਦਾ ਨਹੀਂ ਆਖਰਕਾਰ ਰਾਤ ਪੈ ਗਈ, ਥੱਕ ਕੇ ਇਕ ਥਾਂ ਬੈਠ ਗਈ। ਥਕਾਵਟ ਦੇ ਕਾਰਣ ਬੈਠੀ ਦੀਆਂ ਅੱਖਾਂ ਜੁੜ ਗਈਆਂ, ਇਤਨੇ ਨੂੰ ਅੱਧੀ ਰਾਤ ਪੈ ਗਈ, ਚੋਰ ਆਏ, ਉਨ੍ਹਾਂ ਨੇ ਦੇਖਿਆ ਕਿ ਕੋਈ ਰਿਖੀ ਸਮਾਧੀ ਲਗਾ ਕੇ ਬੈਠਾ ਹੈ ਉਹਨਾਂ ਨੇ ਮੰਨਤ ਮੰਨੀ 'ਜੇਕਰ ਚੋਰੀ ਚੰਗੀ ਲੱਭ ਪਈ ਤਾਂ ਵਾਪਸੀ ਆਉਂਦਿਆਂ ਸਾਰ ਇਸ ਰਿਖੀ ਦੀ ਭੇਟਾ ਕਰਾਂਗੇ।'

ਉਹਨਾਂ ਚੋਰਾਂ ਨੇ ਜਾ ਕੇ ਰਾਜੇ ਦੀ ਚੋਰੀ ਕੀਤੀ, ਚੋਰੀ ਬੜੀ ਸੋਹਣੀ ਲੱਭ ਪਈ। ਉਸੇ ਵਕਤ ਚੋਰਾਂ ਨੇ

ਆ ਕੇ ਸੁੱਚੇ ਮੋਤੀਆਂ ਦੀ ਮਾਲਾ ਰਿਖੀ ਸਮਝ ਕੇ ਉਸ ਰਾਣੀ ਦੇ ਗਲ ਵਿਚ ਪਾ ਦਿੱਤੀ ਤੇ ਆਪ ਚਲੇ ਗਏ ਓਧਰੋਂ ਜਿਸ ਰਾਜੇ ਦੀ ਚੋਰੀ ਹੋਈ ਸੀ ਜਦ ਉਸ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਸਿਪਾਹੀ ਭੇਜ ਕੇ ਖੋਜ ਕਰਵਾਈ, ਸਿਪਾਹੀਆਂ ਨੇ ਆ ਕੇ ਇਕ ਰਾਣੀ ਦੇ ਗਲ ਵਿਚ ਸੁੱਚੇ ਮੋਤੀਆਂ ਦੀ ਜਦ ਮਾਲਾ ਦੇਖੀ ਤਾਂ ਸਿਪਾਹੀਆਂ ਨੇ ਸਮਝਿਆ ਕਿ ਇਹ ਚੋਰਾਂ ਦੀ ਸਾਥਣ ਹੈ ਪੁੱਛਿਆ ਕਿ ਜਿਨ੍ਹਾਂ ਨੇ ਇਹ ਮਾਲਾ ਤੈਨੂੰ ਦਿੱਤੀ ਹੈ ਉਹ ਚੋਰ ਕਿਥੇ ਹਨ? ਰਾਣੀ ਨੇ ਅੱਗੋਂ ਕੋਈ ਜਵਾਬ ਨਾ ਦਿੱਤਾ।

ਉਸ ਵੇਲੇ ਸਿਪਾਹੀਆਂ ਨੇ ਫੜ ਕੇ ਰਾਣੀ ਨੂੰ ਰਾਜੇ ਦੇ ਹਵਾਲੇ ਕਰ ਦਿੱਤਾ। ਅੱਗੋਂ ਰਾਜੇ ਨੇ ਮਾਰਨ ਦਾ ਹੁਕਮ ਦੇ ਕੇ ਉਸ ਚੰਡਾਲ ਦੇ ਹਵਾਲੇ ਕਰ ਦਿੱਤਾ ਜਿਸ ਦੇ ਘਰ [ਰਾਜਾ] ਹਰੀ ਚੰਦ ਵਿਕਿਆ ਹੋਇਆ ਸੀ। ਅੱਗੋਂ ਉਸ ਚੰਡਾਲ ਨੇ ਮਾਰਨ ਵਾਸਤੇ ਆਪਣੇ ਨੌਕਰ [ਰਾਜੇ ਹਰੀ ਚੰਦ] ਦੇ ਹਵਾਲੇ ਕਰ ਦਿੱਤਾ।

ਉਸ ਵਕਤ [ਰਾਜਾ] ਹਰੀ ਚੰਦ ਨੇ ਆਪਣੇ ਮਾਲਕ ਦਾ ਹੁਕਮ ਮੰਨ ਕੇ ਲੂਣ ਹਲਾਲ ਕਰਨ ਵਾਸਤੇ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਹੱਥ ਵਿਚ ਤਲਵਾਰ ਫੜ ਕੇ ਜਦ ਆਪਣੀ ਰਾਣੀ ਦੇ ਮਾਰਨ ਵਾਸਤੇ ਹੱਥ ਉੱਚਾ ਕੀਤਾ ਤਾਂ ਉਸੀ ਵੇਲੇ ਰਾਜੇ ਦੀ ਪੂਰਨ ਭਗਤੀ ਵੇਖਕੇ ਭਗਵਾਨ ਨੇ ਉਸਦਾ ਹੱਥ ਫੜ ਲਿਆ ਤੇ ਕਿਹਾ– ''ਹੇ ਰਾਜਨ ਮੈਂ ਤੇਰੇ ਉੱਪਰ ਬਹੁਤ ਪ੍ਰਸੰਨ ਹਾਂ, ਚੱਲ ਤੈਨੂੰ ਬੈਕੁੰਠ ਵਿਚ ਲੈ ਚੱਲਾਂ।''

ਉਸ ਵੇਲੇ [ਰਾਜੇ] ਹਰੀ ਚੰਦ ਨੇ ਕਿਹਾ–''ਭਗਵਾਨ ! ਜੇਕਰ ਆਪ ਮੇਰੇ ਉਪਰ ਬਹੁਤ ਪ੍ਰਸੰਨ ਹੋਏ ਹੋ ਤਾਂ ਜਿਸ ਆਪਣੇ ਮਾਲਕ ਦਾ ਮੈਂ ਲੂਣ ਖਾਧਾ ਹੈ, ਉਸ ਨੂੰ ਵੀ ਨਾਲ ਲੈ ਚਲੋ।''

ਭਗਵਾਨ ਨੇ ਕਿਹਾ, ''ਤਥਾ ਅਸਤੂ !'' ਉਸ ਵਕਤ ਭਗਵਾਨ ਨੇ ਇਸ ਦੀ ਰਾਣੀ ਨੂੰ ਵੀ ਕਿਹਾ–''ਤੇਰੀ ਭਗਤੀ ਉੱਪਰ ਵੀ ਮੈਂ ਬਹੁਤ ਪ੍ਰਸੰਨ ਹਾਂ, ਚਲ ਤੈਨੂੰ ਵੀ ਬੈਕੁੰਠ ਲੈ ਚਲਾਂ।''

ਤਾਂ ਉਸ ਵੇਲੇ ਰਾਣੀ ਨੇ ਭਗਵਾਨ ਨੂੰ ਕਿਹਾ–''ਸੁਆਮੀ ਜੀ ! ਜੇ ਆਪ ਮੇਰੇ ਉੱਪਰ ਬਹੁਤ ਪ੍ਰਸੰਨ ਹੋਏ ਹੋ ਤਾਂ ਜਿਨ੍ਹਾਂ ਦਾ ਮੈਂ ਲੂਣ ਖਾਧਾ ਹੈ, ਉਹਨਾਂ ਨੂੰ ਵੀ ਨਾਲ ਲੈ ਚਲੋ।''

ਭਗਵਾਨ ਨੇ ਕਿਹਾ–''ਤਥਾ ਅਸਤੂ !'' ਉਸ ਵੇਲੇ ਰਾਜੇ 'ਹਰੀ ਚੰਦ' ਨੂੰ ਚੰਡਾਲ ਦੇ ਪਰਵਾਰ ਸਹਿਤ ਅਤੇ ਰਾਣੀ ਨੂੰ ਸ਼ਾਹੂਕਾਰ ਦੇ ਪ੍ਰਵਾਰ ਸਹਿਤ ਭਗਵਾਨ ਨੇ ਬੈਕੁੰਠ ਧਾਮ ਵਿਚ ਪਹੁੰਚਾ ਦਿੱਤਾ, ਇਸ ਪ੍ਰਕਾਰ – ''ਕੇਤੀ ਛੁਟੀ ਨਾਲਿ॥'' ਕਿਤਨੀ ਦੁਨੀਆਂ ਨਾਲ ਛੁਟ ਗਈ।

ਕਾਬਲ ਦੀ ਸੰਗਤ ਅਤੇ ਬੈਰਾਗੀਆਂ ਦੇ ਮਹੰਤ ਦੇ ਸਵਾਲਾਂ ਦੇ ਜਵਾਬ

ਜਪੁ ਸਾਹਿਬ ਦੇ ਆਰੰਭ ਵਿਚ ਜੋ ਕਾਬਲ ਦੀ ਸੰਗਤ ਨੇ ਆ ਕੇ ਬੇਨਤੀ ਕੀਤੀ ਸੀ, ''ਸਾਡੇ ਪੁੱਤਰ ਪੋਤਰਿਆਂ ਦਾ ਉਧਾਰ ਕਿਵੇਂ ਹੋ ਸਕਦਾ ਹੈ?''

ਇਸ ਪ੍ਰਸ਼ਨ ਦਾ ਉੱਤਰ ਗੁਰੂ ਅੰਗਦ ਦੇਵ ਜੀ ਨੇ ਇਹ ਦਿੱਤਾ ਕਿ ਮੂਲ ਮੰਤਰ ਦੇ ਸਹਿਤ ਸੰਪੂਰਨ ਮਾਲਾ ਮੰਤਰ ਦਾ ਪਾਠ ਕਰਨ ਨਾਲ ਤੁਹਾਡੇ ਪੁੱਤਰ ਪੋਤਰਿਆਂ ਦਾ ਉਧਾਰ ਹੋ ਜਾਵੇਗਾ। ਇਹ ਗੱਲ ਸੁਣ ਕੇ ਸੰਗਤ ਬਹੁਤ ਪ੍ਰਸੰਨ ਹੋਈ।

ਅਤੇ ਬੈਰਾਗੀਆਂ ਦੇ ਮਹੰਤ ਨੇ ਜੋ ਚਾਰ ਪ੍ਰਸ਼ਨ ਕੀਤੇ ਸਨ ਆਦ ਵਿਚ ਕਿ ਆਪ ਜੀ ਦਾ ਮੂਲ ਮੰਤਰ ਕਿਹੜਾ ਹੈ ਅਤੇ ਮਾਲਾ ਮੰਤਰ ਕਿਹੜਾ ਹੈ। ਉਸ ਦਾ ਉਤਰ ਗੁਰੂ ਜੀ ਨੇ ਦਿੱਤਾ ਕਿ ੧ਓ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ, ਤਕ ਮੂਲ ਮੰਤਰ ਹੈ ਤੇ ੧ਓ ਤੋਂ ਲੈ ਕੇ ''ਕੇਤੀ ਛੁਟੀ ਨਾਲਿ'' ਤਕ

ਏਹ ਮਾਲਾ ਮੰਤਰ ਹੈ।

ਪੁਨਾ-ਕਾਬਲ ਦੀ ਸੰਗਤ ਨੇ ਬੇਨਤੀ ਕੀਤੀ, ਆਪ ਜੀ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕੈਸੇ ਹਨ? ਤਦ ਲਹਿਣਾ ਜੀ ਨੇ ਏਸੇ ਸਲੋਕ ਦੁਆਰਾ ਉਸ ਸੰਗਤ ਨੂੰ ਉੱਤਰ ਦੇਣਾ ਕੀਤਾ ਕਿ :-

ਪਵਣੁ ਗੁਰੂ-ਅਸਾਡੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪੌਣ ਵਾਂਗ ਸਮਦ੍ਰਿਸ਼ਟੀ ਸੁਭਾ ਵਾਲੇ ਹਨ, ਜਿਵੇਂ ਪੌਣ ਚੱਲਣ ਵੇਲੇ ਸਭ ਨੂੰ ਇਕੋ ਜੇਹੀ ਲੱਗਦੀ ਹੈ ਚਾਹੇ ਰਾਜਾ ਹੋਵੇ ਚਾਹੇ ਗਰੀਬ।

ਯਥਾ—"ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥"

[ਸੁਖਮਨੀ, ਪੰਨਾ ੨੭੨]

ਤਥਾ—"ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ॥ ੬॥"

[ਮਾਰੂ ਮਹਲਾ ੫, ਪੰਨਾ ੧੦੧੮]

ਇਸ ਤਰ੍ਹਾਂ ਸਤਿਗੁਰੂ ਨਾਨਕ ਦੇਵ ਜੀ ਸਭਨਾਂ ਨੂੰ ਇਕ ਸਮ ਦ੍ਰਿਸ਼ਟੀ ਨਾਲ ਦੇਖਦੇ ਹਨ।

ਪਾਣੀ—ਪੁਨ ਸਾਡੇ ਗੁਰੂ ਪਾਣੀ ਵਤ ਸੀਤਲ=ਠੰਢੇ ਸੁਭਾਵ ਵਾਲੇ ਹਨ।

ਵਾ-ਜਿਵੇਂ ਪਾਣੀ ਨਿਰਮਲ ਹੈ, ਹੋਰਨਾਂ ਦੀ ਮੈਲ ਦੂਰ ਕਰਦਾ ਹੈ।

ਇਸੇ ਤਰ੍ਹਾਂ ਗੁਰੂ ਸਾਹਿਬ ਜੀ ਸਿੱਖ ਦੇ ਮਨ ਦੀ ਮੈਲ ਨੂੰ ਦੂਰ ਕਰਦੇ ਹਨ।

ਯਥਾ—"ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰ ਦੁਰਮਤਿ ਮਲੁ ਹਿਰੈ॥" *[ਸੁਖਮਨੀ ਪੰਨਾ ੨੮੬]*

ਪਿਤਾ— ਸਾਡੇ ਗੁਰੂ ਪਿਤਾ ਵਾਂਗ ਹਨ ਜਿਵੇਂ-ਪਿਤਾ ਬਾਹਰ ਜਾਵੇ ਤਾਂ ਪੁੱਤਰਾਂ ਵਾਸਤੇ ਨਿਆਮਤ ਚੀਜ਼ਾਂ ਲਿਆਉਂਦਾ ਹੈ। ਤਿਵੇਂ-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਰੂਪ ਪੁੱਤਰਾਂ ਵਾਸਤੇ ਸਭ ਵੇਦਾਂ ਸ਼ਾਸਤ੍ਰਾਂ ਦਾ ਸਿਧਾਂਤ ਰੂਪ ਜੋ ਨਿਰੋਲ ਗੁਰਬਾਣੀ ਹੈ ਉਹ ਰਚ ਦੇਣਾ ਕੀਤੀ ਹੈ। ਐਸਾ ਅਮੋਲਕ ਧਨ ਦਿੱਤਾ ਹੈ ਜਿਸ ਦੀ ਸਿਫਤ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਕਥਨ ਕਰਦੇ ਹਨ-

ਯਥਾ—"ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥ ੧॥ ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥ ੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੁਟ ਅਤੋਲ॥ ੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥ ੪॥ ੩੧॥ ੧੦੦॥"

[ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੫]

ਮਾਤਾ—ਸਾਡੇ ਗੁਰੂ ਮਾਤਾ ਵਾਂਗ ਰੱਖਿਆ ਕਰਨ ਵਾਲੇ ਹਨ।

ਜਿਵੇਂ-ਮਾਂ ਘਰ ਦੇ ਅੰਦਰ ਬਾਹਰ ਕਾਰਜਾਂ ਵਿਖੇ ਰੁੱਝੀ ਰਹਿੰਦੀ ਹੈ ਪਰ ਧਿਆਨ ਬੱਚੇ ਵਿਖੇ ਰੱਖਦੀ ਹੈ।

ਯਥਾ—"ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥ ੪॥ ੧॥"

[ਰਾਮਕਲੀ ਨਾਮਦੇਵ, ਪੰਨਾ ੯੭੨]

ਸਾਖੀ-ਛੇਵੇਂ ਗੁਰੂ ਜੀ ਨੂੰ ਪੰਡਿਤ ਨੇ ਜ਼ਹਿਰ ਦੇਣੀ

ਇਕ ਦਿਨ ਮਾਤਾ ਗੰਗਾ ਜੀ ਘਰ ਦੇ ਕੰਮਾਂ ਵਿਚ ਰੁੱਝੇ ਹੋਏ ਸਨ ਤੇ ਖਿਡਾਵਾ ਬ੍ਰਾਹਮਣ ਧੁਰ ਉੱਪਰ ਲਿਜਾ ਕੇ ਛੇਵੇਂ ਪਾਤਸ਼ਾਹ ਜੀ ਨੂੰ ਜ਼ਹਿਰ ਵਾਲੀ ਦਹੀਂ ਖੁਆਉਣ ਲੱਗਾ ਤਾਂ ਗਰੀਬ ਨਿਵਾਜ਼ ਨੇ ਬੜੀ ਉੱਚੀ ਚੀਕ ਮਾਰੀ। ਉਸ ਚੀਕ ਨੂੰ ਇਕ ਮਾਤਾ ਜੀ ਤੋਂ ਬਗੈਰ ਹੋਰ ਕਿਸੇ ਨੇ ਨਹੀਂ ਸੁਣਿਆਂ। ਝਟ-ਪਟ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਾਹੀਂ ਬ੍ਰਾਹਮਣ ਨੂੰ ਸਦਵਾ ਕੇ ਛੇਵੇਂ ਪਾਤਸ਼ਾਹ ਜੀ ਨੂੰ ਬਚਾ ਲਿਆ ਸੀ। ਏਸੇ ਤਰ੍ਹਾਂ ਸਤਿਗੁਰੂ ਦੇਵ ਜੀ ਆਪਣੇ ਸਿੱਖਾਂ ਦੀ ਰੱਖਿਆ ਕਰਦੇ ਹਨ।

ਸਾਖੀ-ਮਨ ਸੁਖ ਸ਼ਾਹ ਦੀ

ਗਰੀਬ ਨਿਵਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਘਰ ਵਿਖੇ ਬਿਰਾਜਮਾਨ ਸਨ ਤੇ ਮਾਤਾ ਜੀ ਭੋਜਨ ਤਿਆਰ ਕਰ ਰਹੇ ਸਨ। ਜਦ ਭੋਜਨ ਤਿਆਰ ਹੋ ਗਿਆ ਤਾਂ ਮਾਤਾ ਜੀ ਨੇ ਦਾਸੀ ਨੂੰ ਕਿਹਾ ਕਿ ਜਾ ਕੇ [ਗੁਰੂ] ਨਾਨਕ [ਜੀ] ਨੂੰ ਸੱਦ ਲਿਆ ਤਾਂ ਕਿ ਰੋਟੀ ਖਾ ਲੈਣ। ਜਦ ਦਾਸੀ ਨੇ ਆ ਕੇ ਤੱਕਿਆ ਤਾਂ ਹਜ਼ੂਰ ਬਿਰਾਜਮਾਨ ਹਨ, ਉਠਾਇਆ ਨਾ। ਮਾਤਾ ਜੀ ਨੂੰ ਜਾ ਕੇ ਕਿਹਾ-''ਬਿਰਾਜਮਾਨ ਹਨ।''

ਮਾਤਾ ਜੀ ਨੇ ਕਿਹਾ-'ਕੋਈ ਹਰਜ਼ ਨਹੀਂ ਤੂੰ ਜਾ ਕੇ ਉਠਾ ਲਿਆ, ਰੋਟੀ ਖਾ ਲੈਣ, ਨਹੀਂ ਤਾਂ ਠੰਢੀ ਹੋ ਜਾਏਗੀ।'

ਜਦ ਦੁਬਾਰਾ ਦਾਸੀ ਆਈ ਤਾਂ ਭੀ ਉਠਾਉਣ ਤੇ ਜੀਅ ਨਾ ਕਰੇ ਪਰ ਮਾਤਾ ਜੀ ਦੇ ਡਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਨੰਗੇ ਸਨ ਉਹੀ ਚੱਟਣ ਲੱਗ ਪਈ।

ਚਰਨ ਚਟਦਿਆਂ ਹੋਇਆਂ ਤੁਲਸਾਂ ਦਾਸੀ ਨੂੰ ਇਤਨਾ ਸੁਆਦ ਆਇਆ ਜਿਵੇਂ ਗੁੰਗਾ ਆਪਣੇ ਮੂੰਹੋਂ ਮਠਿਆਈ ਖਾ ਕੇ ਉਸ ਦੇ ਅਨੰਦ ਨੂੰ ਕਹਿ ਨਹੀਂ ਸਕਦਾ।

ਯਥਾ—"ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥ ੪॥"

[ਗਉੜੀ ਕਬੀਰ ਜੀ, ਪੰਨਾ ੩੩੪]

ਕਿਉਂਕਿ ਉਹ ਚਰਨ ਧੂੜੀ ਨੂੰ ਮਿੱਟੀ ਨਹੀਂ ਸਮਝਦੀ ਸੀ ਉਸ ਦਾ ਤਾਂ ਇਹ ਨਿਸਚਾ ਸੀ ਕਿ-

"ਮਾਈ ਚਰਨ ਗੁਰ ਮੀਠੇ॥
ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ॥" ਵਾਲੀ ਗੱਲ ਸੀ।

[ਟੋਡੀ ਮਹਲਾ ੫, ਪੰਨਾ ੭੧੭]

ਜਿਉਂ ਜਿਉਂ ਉਹ ਚੱਟਦੀ ਸੀ ਤਿਉਂ ਤਿਉਂ ਉਸ ਨੂੰ ਐਸਾ ਆਨੰਦ ਆਉਂਦਾ ਸੀ ਮਾਨੋ ਉਸ ਦੇ ਕਪਾਟ ਖੁਲ੍ਹਦੇ ਜਾਂਦੇ ਸਨ। ਥੋੜ੍ਹੇ ਚਿਰ ਤਕ ਉਸ ਨੂੰ ਐਸੀ ਅੰਤਰਯਾਮਤਾ ਹੋ ਗਈ, ਕੀ ਵੇਖਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਸਮੁੰਦਰ ਵਿਖੇ **'ਮਨਸੁਖ ਸ਼ਾਹ'** ਦਾ ਜਹਾਜ਼ ਪਾਰ ਕਰ ਰਹੇ ਸਨ। ਝੱਟ ਆ ਕੇ ਮਾਤਾ ਜੀ ਨੂੰ ਆਖਦੀ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਤਾਂ ਜਹਾਜ਼ ਪਾਰ ਕਰਨ ਗਏ ਹੋਏ ਹਨ।

ਇਹ ਗੱਲ ਸੁਣਦਿਆਂ ਸਾਰ ਮਾਤਾ ਨੂੰ ਗੁੱਸਾ ਚੜ੍ਹ ਗਿਆ ਤੇ ਆਪ ਉੱਠ ਕੇ ਆਈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਾਂਹ ਤੋਂ ਫੜ ਕੇ ਉਠਾ ਲਿਆ ਤੇ ਆਖਿਆ-

''ਤੁਹਾਡੀਆਂ ਇਹ ਗੱਲਾਂ ਵੇਖ ਕੇ ਹੁਣ ਤਾਂ ਦਾਸੀ ਵੀ ਮਖੌਲ ਕਰਨ ਲੱਗ ਪਈ ਹੈ।''

ਹਜ਼ੂਰ ਨੇ ਕਿਹਾ-''ਮਾਤਾ ਜੀ ! ਇਹ ਕਮਲੀ-ਝਮਲੀ ਜੋ ਹੋਈ।''

ਬਸ ਇੰਨੀ ਗੱਲ ਕਹਿਣ ਤੇ ਉਹ ਸਚੁ-ਮੁਚ ਸੰਸਾਰ ਵਲੋਂ ਕਮਲੀ ਹੋ ਗਈ। ਅੱਗੇ ਤਾਂ ਚਰਨ ਚੱਟਣ ਨਾਲ ਪੜਦਾ ਦੂਰ ਹੋਇਆ ਸੀ, ਹੁਣ ਉਸਦਾ ਸੰਸਾਰ ਫੁਰਨਾ ਵੀ ਨਵਿਰਤ ਹੋ ਗਿਆ। ਇਸ ਪ੍ਰਕਾਰ ਗੁਰੂ ਸਾਹਿਬ ਜੀ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਹਨ।

ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਬੇ ਬਕਾਲੇ ਭੋਰੇ ਵਿਚ ਬੈਠਿਆਂ ਹੀ ਆਪਣੇ ਸੇਵਕ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਪਾਰ ਲਗਾ ਕੇ ਰੱਖਿਆ ਕੀਤੀ ਸੀ। ਇਸ ਪ੍ਰਕਾਰ ਜਿਥੇ ਕੋਈ ਭੀ ਰੱਖਿਆ ਨਾ ਕਰ ਸਕੇ ਉਥੇ ਗੁਰੂ ਜੀ ਰੱਖਿਆ ਕਰਦੇ ਹਨ। ਯਥਾ-

''ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ॥''

[ਰਾਮਕਲੀ ਵਾਰ, ਪੰਨਾ ੯੬੧]

ਰਾਖਸ਼ ਦੇ ਪੇਟ ਅੰਦਰ ਭਾਈ ਮਰਦਾਨੇ ਦੀ ਰੱਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ।
ਬਲਦੀ ਭੱਠੀ ਅੰਦਰ ਭਾਈ ਬਿਧੀ ਚੰਦ ਦੀ ਰੱਖਿਆ ਛੇਵੇਂ ਪਾਤਿਸ਼ਾਹ ਜੀ ਨੇ ਕੀਤੀ ਹੈ।
ਭਾਈ ਤਿਲੋਕਾ ਤੇ ਕਟਾਰੂ ਦੀ ਰੱਖਿਆ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ।

ਸਾਖੀ—ਭਾਈ ਤਿਲੋਕੇ ਦੀ

ਇਕ ਦਿਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀਵਾਨ ਲਗਾ ਕੇ ਬੈਠੇ ਹੋਏ ਸਨ ਭਾਈ ਤਿਲੋਕਾ ਆਇਆ, ਯਥਾ ਸ਼ਕਤ ਭੇਟਾ ਅੱਗੇ ਰੱਖ ਕੇ ਬੇਨਤੀ ਕੀਤੀ-''ਗੁਰੂ ਜੀ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਮੈਨੂੰ ਐਸਾ ਉਪਦੇਸ਼ ਦਿਓ ਜਿਸ ਦੇ ਸੁਣਨ ਅਤੇ ਕਮਾਉਣ ਨਾਲ ਸਾਰੇ ਕਲੇਸ਼ ਦੂਰ ਹੋ ਜਾਣ।''

ਹਜ਼ੂਰ ਨੇ ਕਿਹਾ-''ਉਠਦਿਆਂ ਬੈਠਦਿਆਂ ਆਉਂਦਿਆਂ ਜਾਂਦਿਆਂ 'ਸਤਿਨਮੁ' ਜਪਦਾ ਰਹੀਂ ਪਰਮੇਸ਼ਰ ਦਾ ਭਾਣਾ ਮਿੱਠਾ ਕਰ ਕੇ ਮੰਨੀਂ, ਪ੍ਰਭੂ ਵਿਖੇ ਕੋਈ ਦੂਸ਼ਨ ਨਾ ਅਰੋਪੀ ਅਤੇ ਦਇਆ ਕਰੀਂ, ਕੋਈ ਜੀਵ ਹਿੰਸਿਆ ਨਾ ਕਰੀਂ ਫੇਰ ਕਿਸੇ ਦਾ ਦਿਲ ਨਾ ਦੁਖਾਵੀਂ, ਮਨ ਵਿਚ ਸੰਤੋਖ ਰੱਖੀਂ।''

ਇਸ ਤਰ੍ਹਾਂ ਦੀ ਸ਼ੁਭ ਸਿੱਖਿਆ ਦਾ ਉਪਦੇਸ਼ ਸੁਣ ਕੇ ਆਗਿਆ ਲੈ ਕੇ ਆਪਣੇ ਦੇਸ਼ ਗਜ਼ਨੀ ਵਿਚ ਚਲਾ ਗਿਆ। ਓਥੇ ਇਹ ਗਜ਼ਨੀ ਦੇ ਹਾਕਮ ਪਾਸ ਨੌਕਰੀ ਕਰਦਾ ਸੀ। ਜਿਸ ਪਾਸੇ ਭੀ ਉਹ ਜਾਵੇ ਇਹ ਭਾਈ ਤਿਲੋਕਾ ਸ਼ਾਸਤ੍ਰ ਪਹਿਨ ਕੇ ਉਸ ਦੇ ਨਾਲ ਹੀ ਜਾਂਦਾ ਸੀ।*

ਇਕ ਦਿਨ ਮੁਗਲ ਹਾਕਮ ਸ਼ਿਕਾਰ ਖੇਡਨ ਵਾਸਤੇ ਗਿਆ, ਭਾਈ ਤਿਲੋਕਾ ਵੀ ਘੋੜੇ ਪਰ ਅਸਵਾਰ ਹੋ ਕੇ ਨਾਲ ਗਿਆ। ਜਿਸ ਵੇਲੇ ਮੁਗਲ ਦੇ ਅੱਗੋਂ ਹਰਨੀ ਲੰਘੀ ਤਾਂ ਇਨ੍ਹਾਂ ਨੇ ਆਪਣੇ ਘੋੜੇ ਉਸ ਦੇ ਪਿੱਛੇ ਦੁੜਾਏ। ਭਾਈ ਤਿਲੋਕੇ ਨੇ ਬੜੀ ਫੁਰਤੀ ਨਾਲ ਹਰਨੀ ਦੇ ਪਾਸ ਜਾ ਕੇ ਐਸੀ ਤਲਵਾਰ ਮਾਰੀ ਸੋ ਹਰਨੀ ਦਾ ਪੇਟ ਦੋ ਟੋਟੇ ਕਰ ਸੁੱਟਿਆ। ਉਸ ਵੇਲੇ ਹਰਨੀ ਦੇ ਪੇਟ 'ਚੋਂ ਦੋ ਬੱਚੇ ਡਿੱਗੇ ਕਿਤਨਾ

** ਯਾਰਵੀਂ ਵਾਰ ਦਾ ਟੀਕਾ (ਸਿੱਖ ਭਗਤ ਮਾਲਾ) ਵਿਚ ਲਿਖਿਆ ਹੈ-'ਇਹ ਰੋਜ਼ ਦੇ ਪੰਜ ਰੁਪਏ ਮੁਗਲ ਹਾਕਮ ਤੋਂ ਲੈਦਾ ਸੀ। ਸੂਰਜ ਪ੍ਰਤਾਪ ਵਿਚ ਲਿਖਿਆ ਹੈ ੫੦) ਪੰਜਾਹ ਰੁਪਏ ਰੋਜ਼ ਦੇ ਲੈਂਦਾ ਸੀ। (ਰਹੋ ਵਿਚਾਰ)*

ਕੁ ਚਿਰ ਤੜਫ ਤੜਫ ਕੇ ਉਹ ਭੀ ਮਰ ਗਏ, ਇਹ ਦੇਖ ਕੇ ਭਾਈ ਤਿਲੋਕੇ ਦੇ ਮਨ ਵਿਚ ਬੜਾ ਤਰਸ ਆਇਆ ਤੇ ਆਪਣੇ ਆਪ ਨੂੰ ਧਿਰਕਾਰਾਂ ਦਿੱਤੀਆਂ।

ਯਥਾ—"ਦੇਖਿ ਤਿਲੋਕੇ ਕਰੁਨਾ ਠਾਨੀ। ਧਿਕ ਧਿਕ ਅਪਨੇ ਕਰਮ ਬਖਾਨੀ।
ਐਸੋ ਪਾਪ ਅਚਾਨਕ ਲਏ। ਇਕ ਤੇ ਹਤੇ ਤੀਨ ਮਰ ਗਏ॥ ੧੧॥"

ਉਸ ਵੇਲੇ ਗੁਰਾਂ ਦਾ ਉਪਦੇਸ਼ ਯਾਦ ਆਇਆ ਕਿ ਮੈਨੂੰ ਤਾਂ ਗੁਰਾਂ ਨੇ ਕਿਹਾ ਸੀ-"ਜੀਵ ਹਿੰਸਿਆ ਨਹੀਂ ਕਰਨੀ" ਪਰ ਮੇਰੇ ਪਾਸੋਂ ਉਹ ਉਪਦੇਸ਼ ਕਮਾਇਆ ਨਹੀਂ ਗਿਆ। ਕੌਲ ਸ਼ਸਤ੍ਰ ਹੋਣ ਤਾਂ ਜ਼ਰੂਰ ਪਾਪ ਹੋ ਜਾਂਦਾ ਹੈ, ਇਸ ਕਰਕੇ ਹੁਣ ਇਨ੍ਹਾਂ ਦਾ ਤਿਆਗ ਹੀ ਚੰਗਾ ਹੈ।

"ਚਿਤ ਬਿਚਾਰ ਤਲਵਾਰ ਹਟਾਈ॥ ਤੇਗ ਕਾਠ ਕੀ ਕਰਿ ਗਰ ਪਾਈ॥ ੧੨॥"

ਜਦ ਕਿਤਨੇ ਦਿਨ ਇਸ ਨੂੰ ਲੱਕੜ ਦੀ ਤਲਵਾਰ ਪਾਉਂਦਿਆਂ ਹੋ ਗਏ। ਤਦ ਭਾਈ ਤਿਲੋਕੇ ਦੇ ਦੁਸ਼ਮਣ ਨੂੰ ਪਤਾ ਲੱਗਾ ਉਸ ਨੇ ਮੁਗਲ ਹਾਕਮ ਪਾਸ ਜਾ ਕੇ ਕਿਹਾ ਕਿ ਤੇਰਾ ਜਿਹੜਾ ਸਭ ਤੋਂ ਵੱਡਾ ਸਿਪਾਹੀ ਹੈ, ਉਸਨੇ ਤਾਂ ਲੱਕੜ ਦੀ ਤਲਵਾਰ ਗੱਲ ਵਿਚ ਪਾਈ ਹੋਈ ਹੈ, ਉਸਨੇ ਕੀ ਸੂਰਬੀਰਤਾ ਵਿਖਾਣੀ ਹੈ? ਉਹ ਤਾਂ ਐਵੇਂ ਠੱਗ ਕੇ ਤਨਖਾਹ ਖਾਈ ਜਾਂਦਾ ਹੈ।

ਇਹ ਗੱਲ ਸੁਣ ਕੇ ਮੁਗਲ ਹਾਕਮ ਦੇ ਮਨ ਵਿਚ ਨਿਸਚਾ ਨਾ ਆਇਆ, ਉਸ ਨੇ ਸੁਣੀ ਅਣਸੁਣੀ ਕਰ ਦਿੱਤੀ।

ਉਸ ਚੁਗਲ ਨੇ ਦੁਬਾਰਾ ਫਿਰ ਕਿਹਾ ਕਿ ਮੈਂ ਆਪ ਨੂੰ ਠੀਕ ਕਹਿ ਰਿਹਾ ਹਾਂ ਕਿ ਆਪ ਦੇ ਵੱਡੇ ਸਿਪਾਹੀ ਨੇ ਲੱਕੜ ਦੀ ਤਲਵਾਰ ਰੱਖੀ ਹੋਈ ਹੈ। ਆਪ ਇਕ ਵਾਰ ਆਪਣੀ ਸਭਾ ਵਿਚ ਸਾਰਿਆਂ ਨੂੰ ਬੁਲਾ ਕੇ ਸਭ ਦੀਆਂ ਤਲਵਾਰਾਂ ਦੇਖੋ। ਜੇ ਉਸ ਦੀ ਤਲਵਾਰ ਲੱਕੜ ਦੀ ਨਿਕਲ ਆਈ ਤਾਂ ਉਸ ਨੂੰ ਨੌਕਰੀ ਤੋਂ ਖਾਰਜ ਕਰ ਦੇਣਾ। ਜੇਕਰ ਲੋਹੇ ਦੀ ਨਿਕਲੀ ਤਾਂ ਜੋ ਮੇਰੇ ਪਾਸ ਹੋਵੇ ਆਪ ਡੰਨ ਵਜੋਂ ਲੈ ਲੈਣਾ।

ਇਹ ਗੱਲ ਸੁਣ ਕੇ ਮੁਗਲ ਹਾਕਮ ਨੂੰ ਸੰਸਾ ਹੋ ਗਿਆ। ਉਸ ਨੇ ਉਸੀ ਵੇਲੇ ਹੁਕਮ ਦੇ ਕੇ ਸਭ ਸਿਪਾਹੀਆਂ ਨੂੰ ਭਾਈ ਤਿਲੋਕੇ ਸਮੇਤ ਆਪਣੇ ਪਾਸ ਬੁਲਵਾ ਲਿਆ।

ਪਹਿਲੇ ਮਿਆਨ ਵਿਚੋਂ ਆਪਣੀ ਤਲਵਾਰ ਖਿੱਚ ਕੇ ਦਿਖਾਈ। ਫਿਰ ਦੂਜੇ ਨੂੰ ਕਿਹਾ ਤੂੰ ਭੀ ਵਿਖਾ, ਫਿਰ ਸਾਰਿਆਂ ਨੂੰ ਹੁਕਮ ਦੇ ਦਿੱਤਾ ਕਿ ਸਭ ਸੂਰਮੇ ਵਾਰੋ-ਵਾਰੀ ਆਪੋ ਆਪਣੀ ਤਲਵਾਰ ਦਿਖਾਓ।

ਸ਼ਾਹੀ ਹੁਕਮ ਨੂੰ ਸੁਣ ਕੇ ਸਭ ਸੂਰਮੇ ਆਪੋ ਆਪਣੀ ਤਲਵਾਰ ਵਿਖਾਉਣ ਲੱਗ ਪਏ। ਪ੍ਰੰਤੂ ਭਾਈ ਤਿਲੋਕੇ ਨੇ ਗੁਰੂ ਸਾਹਿਬ ਦੀ ਯਾਦ ਅੰਦਰ ਜੁੜ ਕੇ ਇਉਂ ਬੇਨਤੀ ਕੀਤੀ-"ਗਰੀਬ ਨਿਵਾਜ਼, ਪਤਿਤ ਪਾਵਨ, ਭਗਤ ਵਛਲ, ਸਤਿਗੁਰੂ ਸੱਚੇ ਪਾਤਸ਼ਾਹ ਜੀ! ਆਪ ਦੇ ਹੁਕਮ ਅਨੁਸਾਰ ਮੈਂ ਲੱਕੜ ਦੀ ਤਲਵਾਰ ਪਾਈ ਸੀ ਤਾਂ ਕਿ ਮੈਂ ਜੀਵ ਹਿੰਸਾ ਨਾ ਕਰਾਂ ਪਰ ਅੱਜ ਸ਼ਾਹੀ ਦਰਬਾਰ ਅੰਦਰ ਆਪ ਨੇ ਹੀ ਸਹਾਇਕ ਹੋਣਾ ਹੈ ਜਿਵੇਂ ਦੁਰਜੋਧਨ ਦੀ ਸਭਾ ਵਿਚ ਦਰੌਪਤੀ ਦੀ ਲਾਜ ਰੱਖੀ ਸੀ, ਨੀਚ ਪੁਰਸ਼ਾਂ ਦੀ ਕੋਈ ਮੰਦ ਭਾਵਨਾ ਪੂਰੀ ਨਹੀਂ ਸੀ ਹੋਈ। ਉਸੇ ਤਰ੍ਹਾਂ ਸਭਾ ਵਿਚ ਮੇਰੀ ਤਲਵਾਰ ਦਿਖਾ ਦੇਣੀ, ਨਹੀਂ ਤਾਂ ਲੱਕੜ ਦੀ ਤਲਵਾਰ ਵੇਖ ਕੇ ਮੇਰੀ ਬਹੁਤ ਨਿਰਾਦਰੀ ਕਰਨਗੇ। ਇਸ ਤਰ੍ਹਾਂ ਪ੍ਰਮੇਸ਼ਰ ਸਰੂਪ ਸਤਿਗੁਰਾਂ ਦੇ ਚਰਨਾਂ ਵਿਚ ਧਿਆਨ ਲੱਗਾ ਹੋਇਆ ਸੀ। ਸਰੀਰ ਦੀ ਕੋਈ ਹੋਸ਼ ਨਹੀਂ ਸੀ। ਦਿਲ ਕਾਬੂ

ਵਿਚ ਨਹੀਂ ਸੀ, ਇਤਨੇ ਨੂੰ ਨਵਾਬ ਨੇ ਆ ਕੇ ਕਿਹਾ-''ਲਿਆ ਭਾਈ ਤਿਲੋਕੇ ! ਤੂੰ ਵੀ ਆਪਣੀ ਤਲਵਾਰ ਵਿਖਾ ਕਿਹੋ ਜੇਹੀ ਤਲਵਾਰ ਕੋਲ ਰਖਦਾ ਹੈਂ? ਤੇਰੀ ਤਲਵਾਰ ਤੇ ਮੋਹਰ ਕਿਸ ਦੀ ਹੈ।'' ਭਾਈ ਤਿਲੋਕੇ ਨੇ ਕਿਹਾ-''ਮੇਰੀ ਤਲਵਾਰ ਤੇ ਗੁਰੂ ਦੀ ਮੋਹਰ ਹੈ ਕਿਸੇ ਹੋਰ ਦੀ ਨਹੀਂ, ਜਿਸ ਤਰ੍ਹਾਂ ਦੀ ਤਲਵਾਰ ਮੈਨੂੰ ਉਹਨਾਂ ਦਿੱਤੀ ਓਸੇ ਤਰ੍ਹਾਂ ਦੀ ਹੈ।'' ਇਉਂ ਕਹਿ ਕੇ ਗੁਰ ਚਰਨਾਂ ਦਾ ਧਿਆਨ ਧਾਰ ਕੇ ਸਤਿਨਾਮੁ ਵਾਹਿਗੁਰੂ ਕਹਿ ਕੇ ਤਲਵਾਰ ਬਾਹਰ ਕੱਢੀ। ਤਲਵਾਰ ਮਿਆਨ 'ਚੋਂ ਬਾਹਰ ਇਉਂ ਚਮਕੀ ਜਿਵੇਂ ਅਕਾਸ਼ ਵਿਚ ਬਿਜਲੀ ਚਮਕਦੀ ਹੈ। ਇਸ ਤਰ੍ਹਾਂ ਦੀ ਧਾਰ ਤਿੱਖੀ ਸੀ ਕਿਸੇ ਹੋਰ ਦੀ ਤਲਵਾਰ ਦੀ ਧਾਰ ਤਿੱਖੀ ਨਹੀਂ ਸੀ ਦੇਖੀ। ਇਸ ਤਰ੍ਹਾਂ ਤਲਵਾਰ ਸੋਹਣੀ ਦੇਖ ਕੇ ਬੜਾ ਹੀ ਖੁਸ਼ ਹੋਇਆ ਉਸ ਦਿਨ ਤੋਂ ਦੂਣੀ ਤਨਖਾਹ ਕਰ ਦਿੱਤੀ ਅਤੇ ਨਜਾਇਜ਼ ਸ਼ਕਾਇਤ ਕਰਨ ਵਾਲੇ ਨੂੰ ਸਜ਼ਾ ਦੇ ਦਿੱਤੀ।

ਇਹ ਸਾਰੀ ਕਹਾਣੀ ਨੂੰ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਆਪਣੀ ਕਾਵਿ ਰਚਨਾ ਅੰਦਰ ਇਉਂ ਬਿਆਨ ਕਰਦੇ ਹਨ-

ਤਬਿ ਸਤਿਗੁਰ ਉਰ ਸਿਮਰਨਿ ਕਰੇ। ਮੈਂ ਉਪਦੇਸ਼ ਆ ਕੋ ਧਰੇ।
ਰਹੋਂ ਅਹਿੰਸ ਤਜੀ ਤਲਵਾਰ। ਉਘਰਹਿ ਪਰਦਾ ਸਭਾ ਮਝਾਰ॥ ੨੨॥
ਅਬਿ ਮੇਰੀ ਤੁਮ ਕਰਹੁ ਸਹਾਈ। ਜਥਾ ਦਰੋਪਤੀ ਲਾਜ ਬਚਾਈ।
ਪਰਦਾ ਸਭਾ ਬਿਖੈ ਤਿਸ ਰਾਖਾ। ਪੁਰੀ ਨ ਦੁਸ਼ਟਨਿ ਕੀ ਅਭਿਲਾਖਾ॥ ੨੩॥
ਤੁਮ ਮੇਰੀ ਅਬ ਲਾਜ ਰਖੀਜੈ॥ ਸਭਾ ਬਿਖੈ ਕਰਿ ਖੜਗ ਦਿਖੀਜੈ॥
ਨਾਂਹਿ ਤੇ ਹੇਰਹਿ ਕਾਠ ਕ੍ਰਿਪਾਨ। ਕਰਹਿ ਮੁਗਲ ਮੇਰੀ ਤਬਿ ਹਾਨਿ॥ ੨੪॥
ਮਨ ਹੀ ਮਨਹਿ ਮਨਾਵਤਿ ਗੁਰ ਕੋ। ਦਹਲ ਰਹਯੋ ਨਹਿ ਧੀਰਜ ਉਰ ਕੋ।
ਤਬਿ ਸਤਿਗੁਰ ਨਿਜ ਦਾਸ ਬਿਚਾਰਾ। ਭਏ ਸਹਾਯਕ ਲਾਇ ਨ ਬਾਰਾ॥ ੨੫॥
ਜਬਿ ਸਭਿ ਕੇ ਇਮ ਖੜਗ ਬਿਲੋਕੇ। ਕਹਜੋ ਕਿ ਤੂੰ ਭਿ ਦਿਖਾਉ ਤਿਲੋਕੇ!।
ਕਿਸ ਪ੍ਰਕਾਰ ਕੋ ਰਖਤਿ ਪਾਸ। ਕੋ ਤਕਮਾ ਕਰਿ ਹੈਂ ਨਿਰਜਾਸ॥ ੨੬॥
ਕਹਜੋ ਤਿਲੋਕੇ-'ਤਕਮਾ' ਗੁਰ ਕੋ। ਮੋਰ ਖੜਗ ਪਰ ਨਹੀਂ ਅਪਰ ਕੋ।
ਜਸ ਸਤਿਗੁਰ ਨੇ ਦੀਨਸਿ ਮੋਹੀ। ਵਹਿਰ ਨਿਕਾਸਿ ਦਿਖਾਵੋਂ ਤੋਹੀ॥ ੨੭॥
'ਵਾਹਿਗੁਰੂ' ਕਹਿ ਖੈਂਚ ਨਿਕਾਰਾ॥ ਨਿਕਸੇ ਭਯੋ ਪ੍ਰਕਾਸ਼ ਉਦਾਰਾ॥
ਅਸ ਤੀਖਨ ਧਾਰਾ ਅਸਿ ਕੇਰੀ। ਨਹੀਂ ਅਪਰ ਕੇ ਇਸਬਿਧਿ ਹੇਰੀ॥ ੨੮॥
ਹੇਰਤਿ ਹਰਖਯੋ ਮੁਗਲ ਬਿਸਾਲਾ॥ ਦੁਗਨਾ ਰੋਜ਼ ਕਰਜੋ ਤਿਸ ਕਾਲਾ।
ਦੰਡ ਦਯੋ ਤਿਸ ਚੁਗਲ ਉਦਾਰਾ। ਮੁਖ ਕਾਰਾ ਕਰਿ ਵਹਿਰ ਨਿਕਾਰਾ॥ ੨੯॥

[ਗੁਰ ਪ੍ਰਤਾਪ ਸੂਰਜ, ਰਾਸਿ ੩, ਅੰਸੁ ੫੧]

ਇਸ ਤਰ੍ਹਾਂ ਭਾਈ ਤਿਲੋਕੇ ਦੀ ਸਹਾਇਤਾ ਗੁਰੂ ਜੀ ਨੇ ਕੀਤੀ ਹੈ।

ਸਾਖੀ—ਭਾਈ ਕਟਾਰੂ ਦੀ

ਭਾਈ ਕਟਾਰੂ ਨੇ ਆ ਕੇ ਗੁਰੂ ਜੀ ਦੇ ਚਰਨਾਂ ਪਰ ਨਮਸ਼ਕਾਰ ਕਰਕੇ ਬੇਨਤੀ ਕੀਤੀ, ''ਆਪ ਐਸਾ

ਉਪਦੇਸ਼ ਦਿਓ ਜਿਸ ਕਰਕੇ ਮੇਰੇ ਸਾਰੇ ਕਲੇਸ਼ ਮਿਟ ਜਾਣ।''

ਹਜ਼ੂਰ ਨੇ ਪੁੱਛਿਆ, -''ਤੂੰ ਕਿਥੋਂ ਆਇਆ ਹੈਂ ? ਅਤੇ ਕੀ ਕੰਮ ਕਰਦਾ ਹੈਂ ?''

ਉਸ ਨੇ ਕਿਹਾ-''ਮੈਂ ਕਾਬਲ 'ਚੋਂ ਆਇਆ ਹਾਂ, ਕਟਾਰੂ ਮੇਰਾ ਨਾਮ ਹੈ? ਜਾਤ ਦਾ ਅਰੋੜਾ ਸਿੱਖ ਹਾਂ, ਕਾਬਲ ਦੇ ਸੂਬੇਦਾਰ ਦਾ ਮੈਂ ਨੌਕਰ ਹਾਂ ਤੇ ਧੜਵਾਈ ਦਾ ਕੰਮ ਕਰਦਾ ਹਾਂ।''

ਇਹ ਸੁਣ ਕੇ ਹਜ਼ੂਰ ਨੇ ਕਿਹਾ, ''ਭਾਈ ਕਟਾਰੂ ! ਕਿਸੇ ਨੂੰ ਘਟ ਤੋਲ ਕੇ ਨਾ ਦੇਈਂ, ਅੱਠੇ ਪਹਿਰ ਸ਼ਤਿਨਾਮੁ ਦਾ ਸਿਮਰਨ ਕਰਦਾ ਰਹੀਂ ਅਤੇ ਗੁਰੂ ਨਮਿੱਤ ਸਦਾ ਦਸਵੰਧ ਦੇਂਦਾ ਰਹੀਂ ਫਿਰ ਤੂੰ ਸਦਾ ਨਿਹਾਲ ਰਹੇਂਗਾ, ਤੇਰੇ ਘਰ ਵਿਚ ਕਦੇ ਦਰਿਦ੍ਰ ਨਹੀਂ ਆਵੇਗਾ।''

ਇਸ ਤਰ੍ਹਾਂ ਦਾ ਉਪਦੇਸ਼ ਲੈ ਕੇ ਭਾਈ ਕਟਾਰੂ ਚਲਾ ਗਿਆ, ਜਾ ਕੇ ਆਪਣੇ ਕੰਮ ਵਿਚ ਲੱਗ ਗਿਆ। ਵਾਹਿਗੁਰੂ-ਵਾਹਿਗੁਰੂ ਕਹਿੰਦਾ ਤੋਲ ਕੇ ਦਿੱਤੀ ਜਾਂਦਾ ਹੈ।

ਇਕ ਦਿਨ ਕੋਈ ਬਾਣੀਆਂ ਇਕ ਵੱਟਾ ਲਿਆ ਕੇ ਭਾਈ ਕਟਾਰੂ ਪਾਸ ਵੇਚ ਗਿਆ। ਭਾਈ ਕਟਾਰੂ ਨੇ ਉਸੇ ਤਰ੍ਹਾਂ ਲੈ ਕੇ ਰੱਖ ਲਿਆ ਪਰ ਉਹ ਵੱਟਾ ਪੰਜ ਪੈਸੇ ਤੋਲ ਵਿਚ ਘੱਟ ਸੀ। ਭਾਈ ਕਟਾਰੂ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ, ਉਹ ਉਸੇ ਨਾਲ ਤੋਲ ਤੋਲ ਕੇ ਸਭ ਨੂੰ ਦਿੱਤੀ ਜਾਂਦਾ ਹੈ।

ਇਕ ਆਦਮੀ ਨੇ ਘਰ ਲਿਜਾ ਕੇ ਸੋਦਾ ਤੋਲਿਆ ਤਾਂ ਘੱਟ ਨਿਕਲਿਆ। ਉਸ ਨੇ ਉਸੀ ਵੇਲੇ ਸੂਬੇ ਪਾਸ ਜਾ ਕੇ ਚੁਗਲੀ ਕੀਤੀ ਕਿ ਕਟਾਰੂ ਨੇ ਵੱਟਾ ਘੱਟ ਵਜ਼ਨ ਦਾ ਰੱਖਿਆ ਹੋਇਆ ਹੈ ਸਾਰਿਆਂ ਨੂੰ ਸੌਦਾ ਘੱਟ ਤੋਲ ਕੇ ਦਿੰਦਾ ਹੈ।

ਇਹ ਸੁਣਕੇ ਸੂਬੇ ਨੂੰ ਗੁੱਸਾ ਚੜ੍ਹ ਗਿਆ ਉਸ ਨੇ ਉਸੀ ਵੇਲੇ ਭਾਈ ਕਟਾਰੂ ਨੂੰ ਪਾਸ ਬੁਲਾ ਕੇ ਕਿਹਾ ਕਿ ਤੇਰੀ ਸ਼ਿਕਾਇਤ ਆਈ ਹੈ ਤੂੰ ਵੱਟੇ ਘੱਟ ਵਜ਼ਨ ਦੇ ਰੱਖੇ ਹੋਏ ਹਨ, ਹੁਣ ਮੇਰੇ ਪਾਸ ਲਿਆ ਕੇ ਤੋਲ।

ਭਾਈ ਕਟਾਰੂ ਨੇ ਡਰ ਕੇ ਗੁਰੂ ਜੀ ਨੂੰ ਅਰਾਧਿਆ, ''ਹੇ ਗਰੀਬ ਨਿਵਾਜ਼ ! ਮੈਂ ਕੋਈ ਜਾਣ ਬੁੱਝ ਕੇ ਵੱਟੇ ਘੱਟ ਨਹੀਂ ਰੱਖੇ ਹੋਏ ਜੇ ਕੋਈ ਘੱਟ ਹੈ ਭੀ ਤਾਂ ਆਪ ਜੀ ਨੇ ਸਹਾਇਤਾ ਕਰਨੀ ਹੈ। ਆਪ ਤੋਂ ਬਿਨਾਂ ਮੇਰਾ ਕੋਈ ਸਹਾਇਕ ਨਹੀਂ। ਇਸ ਤਰ੍ਹਾਂ ਗੁਰੂ ਜੀ ਨੂੰ ਅਰਾਧਦਾ ਹੋਇਆ ਵੱਟੇ ਲੈ ਆਇਆ। ਸੂਬੇ ਦੇ ਸਾਹਮਣੇ ਤੱਕੜ ਵਿਚ ਪਾ ਕੇ ਤੋਲ ਵਿਖਾਏ ਤਾਂ ਪੂਰੇ ਹੀ ਉਤਰੇ।

ਕਿਉਂਕਿ ਇਧਰ ਗੁਰੂ ਸਾਹਿਬ ਜੀ ਇਕ ਸਿੱਖ ਦੇ ਭੇਟ ਚੜ੍ਹਾਏ ਹੋਏ ਪੰਜ ਪੈਸੇ ਚੁੱਕ ਕੇ ਆਪਣੇ ਸੱਜੇ ਖੱਬੇ ਹੱਥ ਪਰ ਰੱਖ ਕੇ ਸਿੱਖ ਦੇ ਕਾਰਜ ਨੂੰ ਪਏ ਪੂਰਾ ਕਰਦੇ ਹਨ। ਜਦ ਗੁਰੂ ਜੀ ਨੂੰ ਕਦੇ ਸੱਜੇ ਹੱਥ ਪਰ, ਕਦੇ ਖੱਬੇ ਹੱਥ ਪਰ ਪੈਸੇ ਰੱਖਦਿਆਂ ਵੇਖਿਆ ਤਾਂ ਸਿੱਖਾਂ ਨੇ ਕਿਹਾ, 'ਗੁਰੂ ਜੀ ! ਆਪ ਜੀ ਪਾਸ ਬਿਅੰਤ ਮਾਇਆ ਆਉਂਦੀ ਹੈ ਆਪ ਜੀ ਨੇ ਕਦੇ ਹੱਥ ਨਹੀਂ ਲਗਾਇਆ, ਅੱਜ ਪੰਜ ਪੈਸੇ ਫੜ ਕੇ ਕਦੇ ਸੱਜੇ ਹੱਥ ਪਰ ਕਦੇ ਖੱਬੇ ਹੱਥ ਪਰ ਰੱਖਦੇ ਹੋ ਇਸ ਦਾ ਕੀ ਕਾਰਣ ਹੈ?''

ਹਜ਼ੂਰ ਨੇ ਕਿਹਾ-ਸਾਡੇ ਸਿੱਖ ਦਾ ਵੱਟਾ ਪੰਜ ਪੈਸੇ ਘੱਟ ਹੈ ਤੇ ਕਾਬਲ ਦਾ ਸੂਬਾ ਉਨ੍ਹਾਂ ਵੱਟਿਆਂ ਨੂੰ ਤੋਲ ਰਿਹਾ ਹੈ, ਅਸੀਂ ਉਸ ਵੱਟੇ ਨੂੰ ਪੂਰਾ ਕਰ ਰਹੇ ਹਾਂ।

ਯਥਾ—''ਸ੍ਰੀ ਗੁਰ ਕਹਜੋ ਸਿੱਖ ਕੈ ਬਾਟ। ਪੂਰਾ ਕਰਹਿਂ ਇਤੋ ਸੋ ਘਾਟ।
ਪਲਰੋ ਦੌਨ ਤੁਰਾਜੂ ਕੇਰ। ਤੋਲਹਿ ਹੈ ਇਤ ਉਤ ਨਰ ਫੇਰ॥ ੪੫॥''

ਯਾਤੇ ਹਮ ਦੋਨਹੁ ਕਰ ਧਰੈਂ॥ ਸਿਖ ਕੋ ਬਾਟ ਸੁ ਪੂਰਾ ਕਰੈਂ॥
ਨਾਮ ਕਟਾਰੂ ਕਾਬਲ ਮਾਂਹਿ॥ ਬਾਟ ਘਾਟ ਅਨਜਾਨੇ ਤਾਂਹਿ॥ ੪੬॥"

[ਗੁਰ ਪ੍ਰਤਾਪ ਸੂਰਜ ਰਾਸਿ ੩, ਅੰਸੂ ੫੧]

ਗੁਰੂ ਸਾਹਿਬ ਜੀ ਇਸ ਪ੍ਰਕਾਰ ਮਾਤਾ ਦੀ ਨਿਆਈਂ ਆਪਣੇ ਸਿੱਖ ਦੀ ਰੱਖਿਆ ਕਰਦੇ ਹਨ।

ਪੁਨਾ ਗੁਰੂ ਸਾਹਿਬ ਜੀ-

ਧਰਤਿ-ਧਰਤੀ ਵਾਂਗ ਖਿਮਾਂ ਦੇ ਧਾਰਨ ਵਾਲੇ ਹਨ। ਜੈਸੇ ਧਰਤੀ ਨੂੰ ਚਾਹੇ ਕੋਈ ਖੋਦੇ ਵੀ ਸਹੀ ਪਰ ਧਰਤੀ ਉਸ ਨੂੰ ਕਹਿੰਦੀ ਕੁਝ ਨਹੀਂ।

ਯਥਾ—"ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥"

[ਸੁਖਮਨੀ ਸਾਹਿਬ, ਪੰਨਾ ੨੭੨]

ਤਥਾ—"ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ॥ ੩॥"

[ਮਾਰੂ ਮਹਲਾ ੫, ਪੰਨਾ ੧੦੧੮]

ਤੈਸੇ ਗੁਰੂ ਸਾਹਿਬ ਜੀ ਨੂੰ ਚਾਹੇ ਕੋਈ ਕੁਝ ਕਹਿੰਦਾ ਰਿਹਾ ਹੈ ਭਾਵੇਂ ਕੋਈ ਕੁਰਾਹੀਆ ਭੀ ਆਖਦਾ ਰਿਹਾ ਹੈ ਪਰ ਉਹਨਾਂ ਤੋਂ ਬਦਲਾ ਨਹੀਂ ਲਿਆ, ਖਿਮਾ ਹੀ ਕਰਦੇ ਰਹੇ ਹਨ।

ਪੁਨਾ ਗੁਰੂ ਸਾਹਿਬ ਜੀ ਸਾਰਿਆਂ ਤੋਂ-

ਮਹਤੁ-ਵੱਡੇ ਹਨ, ਸੰਸਕ੍ਰਿਤ ਵਿਚ 'ਮਹਤ੍ਵ' ਪਦ ਦਾ ਅਰਥ ਵੱਡਾਪਨ ਹੈ। ਇਥੇ ਗੁਰਮਤਿ ਵਿਚ ਵੀ ਵੱਡੇ ਦੀ ਥਾਂ 'ਮਹਤੁ' ਪਦ ਵਰਤਿਆ ਹੈ।

ਯਥਾ—"ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ॥" *[ਸਿਰੀਰਾਗੁ ਮਹਲਾ ੧, ਪੰਨਾ ੫੪]*
ਤਥਾ—"ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥"

[ਸੂਹੀ ਮਹਲਾ, ੫, ਪੰਨਾ ੭੫੦]

ਲੱਖਾਂ ਪਤਾਲਾਂ ਤੇ ਲੱਖਾਂ ਹੀ ਅਕਾਸ਼ਾਂ ਵਿਚ ਜਿਤਨੀ ਪਹੁੰਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੋਈ ਹੈ ਇਤਨੀ ਹੋਰ ਕਿਸੇ ਅਵਤਾਰ ਜਾਂ ਪੈਗੰਬਰ ਦੀ ਪਹੁੰਚ ਨਹੀਂ ਹੋਈ, ਅਕਾਸ਼ਾਂ ਅਤੇ ਪਤਾਲਾਂ ਦੀ ਸੰਗਤ ਵੀ ਗੁਰੂ ਜੀ ਨੂੰ ਆਰਾਧਦੀ ਰਹੀ ਹੈ।

ਯਥਾ—"ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ॥"

[ਸਵਈਏ ਮਹਲਾ ੧, ਪੰਨਾ ੧੩੯੦]

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਪੁਨਾ-ਗੁਰੂ ਸਾਹਿਬ ਜੀ ਦੋ ਦਾਈ ਦਾਏ ਵਾਂਗ ਹਨ, ਜੋ ਜਗਿਆਸੂ ਰੂਪ ਲੜਕੇ ਨੂੰ ਅਵਸਥਾ ਰੂਪ ਰਾਤ ਵਿਖੇ ਸ਼ਾਂਤੀ ਰੂਪ ਨੀਂਦ ਵਿਚ ਸੁਆਉਂਦੇ ਹਨ, ਇਸ ਕਰਕੇ ਦਾਈ ਵਾਂਗ ਹਨ। ਅਤੇ—

ਗਿਆਨ ਰੂਪ ਦਿਨ ਵਿਖੇ ਖਿਡਾਉਂਦੇ ਹਨ, ਇਸ ਕਰਕੇ ਦਾਏ ਵਾਂਗ ਹਨ।

ਪੁਨਾ-ਗੁਰੂ ਸਾਹਿਬ ਜੀ ਕੋਈ ਠੱਗ ਗੁਰੂ ਨਹੀਂ ਹਨ। ਠੱਗ ਗੁਰੂ ਤਾਂ ਸਿੱਖ ਦੇ ਧਨ ਨੂੰ ਠੱਗ-ਠਗੋਰ ਲੈਂਦੇ ਹਨ।

ਕਲਜੁਗੀ ਗੁਰੂ ਚੇਲਿਆਂ ਪਾਸੋਂ ਪਰਮੇਸ਼ਰ ਬਚਾਈ ਰੱਖੇ ਤਾ ਠੀਕ ਹੈ, ਅੱਜ ਕਲ੍ਹ ਦੇ ਗੁਰੂ ਚੇਲੇ ਤਾਂ ਇਸ ਤਰ੍ਹਾਂ ਦੇ ਹਨ।

ਯਕਾ—"ਗੁਰੂ ਪਾਸਹੁ ਫਿਰਿ ਚੇਲਾ ਖਾਇ॥ ਤਾਮਿ ਪਰੀਤਿ ਵਸੈ ਘਰਿ ਆਇ॥"
ਜੇ ਸਉ ਵਰਿਆ ਜੀਵਣ ਖਾਣੁ॥ ਖਸਮ ਪਛਾਣੈ ਸੋ ਦਿਨ ਪਰਵਾਣੁ॥ ੨॥

... .

ਦਰਸਨਿ ਦੇਖਿਐ ਦਇਆ ਨ ਹੋਇ॥ ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥

[ਆਸਾ ਮਹਲਾ ੧, ਪੰਨਾ ੩੫੦]

ਸਾਡੇ ਗੁਰੂ ਸਾਹਿਬ ਜੀ ਸਿੱਖ ਨੂੰ ਐਸਾ ਉੱਤਮ ਉਪਦੇਸ਼ ਕਰਦੇ ਹਨ ਕਿ-

ਖੇਲੈ ਸਗਲ ਜਗਤੁ॥

ਇਹ ਸਾਰਾ ਜਗਤ ਖੇਲੈ=ਖਿੱਲਰ ਜਾਣ ਵਾਲਾ ਭਾਵ ਚਲੇ ਜਾਣ ਵਾਲਾ ਹੈ।

ਅਥਵਾ-ਇਹ ਜਗਤ, ਖੇ+ਲੈ=ਚਿਦਾ ਆਕਾਸ਼ ਵਿਖੇ ਲੀਨ ਹੋ ਜਾਣ ਵਾਲਾ ਹੈ।

ਯਥਾ—"ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ ੧੧॥"

[ਸਲੋਕ ਮਹਲਾ ੯, ਪੰਨਾ ੧੪੨੯]

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

ਸਿੱਖਾਂ ਦੇ ਚੰਗੇ ਕਰਮ ਅਤੇ ਬੁਰੇ ਕਰਮ ਧਰਮ ਰੂਪ ਸਤਿਗੁਰਾਂ ਦੇ ਪਾਸ ਵਾਚੇ ਜਾਂਦੇ ਹਨ।

ਸਾਖੀ—ਗੁਰੂ ਅਰਜਨ ਦੇਵ ਜੀ ਦੀ

ਜਿਵੇਂ ਗਰੀਬ ਨਿਵਾਜ਼ ਦੀਵਾਨ ਵਿਚ ਆਏ ਹੋਏ ਸਿੱਖਾਂ ਨੂੰ ਫੁਰਮਾਇਆ ਕਰਦੇ ਸਨ ਕਿ ਤੁਸੀਂ ਝੂਠ ਬੋਲਣਾ ਅਤੇ ਪਾਪ ਕਰਨਾ ਛੱਡ ਦਿਓ ਤਾਂ ਤੁਹਾਡੀ ਕਮਾਈ ਵਿਚ ਬੜੀ ਬਰਕਤ ਹੋਵੇਗੀ। ਅੱਗੋਂ ਸਿੱਖਾਂ ਨੇ ਕਿਹਾ-'ਕੋਸ਼ਿਸ਼ ਤਾਂ ਬੜੀ ਕਰਦੇ ਹਾਂ ਪਰ ਝੂਠ ਛੁਟਦਾ ਨਹੀਂ।'

ਤਾਂ ਗੁਰੂ ਜੀ ਨੇ ਫੁਰਮਾਇਆ-'ਤੁਸੀਂ ਸਾਰੇ ਸ਼ਾਮ ਦੇ ਦੀਵਾਨ ਵਿਚ ਆ ਕੇ ਦਿਹਾੜੀ ਦੇ ਕੀਤੇ ਹੋਏ ਆਪੋ ਆਪਣੇ ਚੰਗੇ ਕਰਮ ਤੇ ਬੁਰੇ ਕਰਮ ਸੁਣਾਇਆ ਕਰੋ।'

ਗੁਰੂ ਸਾਹਿਬ ਜੀ ਦੇ ਹੁਕਮ ਨੂੰ ਮੰਨ ਕੇ ਜਦ ਸਿੱਖਾਂ ਨੇ ਆਪੋ ਆਪਣੇ ਕਰਮ ਸੁਣਾਉਣੇ ਸ਼ੁਰੂ ਕਰ ਦਿੱਤੇ ਤਾਂ ਜਿਸ ਦੇ ਪਾਪ ਕਰਮ ਬਹੁਤੇ ਹੋਣੇ ਉਸ ਨੂੰ ਬੜੀ ਸ਼ਰਮ ਆਇਆ ਕਰੇ ਉਹ ਫਿਰ ਅਗਲੇ ਦਿਨ ਝੂਠ ਆਦਿਕ ਪਾਪ ਕਰਮ ਘੱਟ ਕੀਤਾ ਕਰੇ। ਇਸ ਤਰ੍ਹਾਂ ਹੌਲੀ ਹੌਲੀ ਸਾਰਿਆਂ ਦੇ ਵਿਕਾਰ ਰੂਪ ਕਰਮ ਨਵਿਰਤ ਹੋ ਗਏ।

ਯਥਾ—"ਰਹਤ ਰਹਤ ਰਹਿ ਜਾਇ ਬਿਕਾਰਾ॥ ਗੁਰ ਪੂਰੈ ਕੈ ਸਬਦਿ ਅਪਾਰਾ॥ ੪੪॥"

[ਗਉੜੀ ਬਾਵਨ ਅਖਰੀ, ਪੰਨਾ ੨੫੯]

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਆਪੋ ਆਪਣੇ ਕਰਮਾਂ ਦੇ ਅਨੁਸਾਰ ਕਈ ਸਿੱਖ ਸਤਿਗੁਰਾਂ ਦੇ ਨਜ਼ਦੀਕ ਹਨ ਅਤੇ ਕਈ ਦੂਰ ਹਨ।

ਸਾਖੀ ਪਹਿਲੀ—ਦੋ ਚੇਲਿਆਂ ਦੀ ਪ੍ਰੀਖਿਆ ਲੈਣ ਦੀ

ਇਕ ਸੰਤ ਸਨ, ਉਹਨਾਂ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਦੋ ਚੇਲੇ ਸੇਵਾ ਕੀਤਾ ਕਰਦੇ ਸਨ। ਸੰਤਾਂ ਵਿਚਾਰਿਆ ਕਿ ਇਸ ਟਿਕਾਣੇ ਦੀ ਸੇਵਾ ਵਾਸਤੇ ਗੱਦੀ ਪਰ ਤਾਂ ਇਕ ਨੂੰ ਹੀ ਬਿਠਾਉਣਾ ਹੈ ਪਰ ਜਿਹੜਾ ਲਾਇਕ ਹੋਵੇ ਉਸ ਨੂੰ ਬਿਠਾਈਏ।

ਉਹਨਾਂ ਦੀ ਲਾਇਕੀ ਪਰਖਣ ਵਾਸਤੇ ਸੰਤਾਂ ਨੇ ਦੋਹਾਂ ਨੂੰ ਇਕ ਇਕ ਕਬੂਤਰ ਦੇ ਕੇ ਕਿਹਾ-''ਜਿਥੇ ਕੋਈ ਨਾ ਦੇਖੇ ਉਥੇ ਜਾ ਕੇ ਇਨ੍ਹਾਂ ਨੂੰ ਮਾਰ ਕੇ ਮੇਰੇ ਪਾਸ ਲਿਆਓ।''

ਸੰਤਾਂ ਦੀ ਆਗਿਆ ਅਨੁਸਾਰ ਦੋਵੇਂ ਚੇਲੇ ਆਪੋ ਆਪਣਾ ਕਬੂਰਤ ਲੈ ਕੇ ਪਿੰਡ ਤੋਂ ਬਾਹਰ ਚਲੇ ਗਏ। ਇਕ ਚੇਲੇ ਨੇ ਬਾਹਰ ਜਿਥੇ ਕੋਈ ਆਦਮੀ ਵੇਖਦਾ ਨਹੀਂ ਸੀ ਉਥੇ ਬੈਠ ਕੇ ਕਬੂਤਰ ਮਾਰ ਕੇ ਸੰਤਾਂ ਪਾਸ ਲਿਆ ਰੱਖਿਆ।

ਜਿਸ ਵੇਲੇ ਦੂਜਾ ਚੇਲਾ ਬਾਹਰ ਇਕਾਂਤ ਜਗ੍ਹਾ ਤੇ ਪਹੁੰਚ ਕੇ ਕਬੂਤਰ ਨੂੰ ਮਾਰਨ ਲੱਗਾ ਤਾਂ ਸੋਚਦਾ ਹੈ ਕਿ ਸੰਤਾਂ ਨੇ ਆਖਿਆ ਸੀ-''ਜਿਥੇ ਕੋਈ ਨਾ ਵੇਖੇ ਉਥੇ ਮਾਰ ਕੇ ਲਿਆਵੀਂ ਪਰ ਇਥੇ ਪੰਛੀ ਤਾਂ ਆਮ ਵੇਖਦੇ ਪਏ ਹਨ।'' ਉਥੋਂ ਉੱਠ ਕੇ ਉਹ ਕਿਸੇ ਪਹਾੜ ਦੀ ਗੁਫਾ ਵਿਚ ਚਲਾ ਗਿਆ। ਜਦ ਉਥੇ ਜਾ ਕੇ ਕਬੂਤਰ ਨੂੰ ਮਾਰਨ ਲੱਗਾ ਤਾਂ ਫਿਰ ਵਿਚਾਰਿਆ ਕਿ ਇਸ ਜਗ੍ਹਾ ਭਾਵੇਂ ਹੋਰ ਕੋਈ ਪੁਰਸ਼ ਅਤੇ ਪੰਛੀ ਵਗੈਰਾ ਤਾਂ ਕੋਈ ਨਹੀਂ ਵੇਖਦਾ ਪਰ ਇਹ ਕਬੂਤਰ ਮੈਨੂੰ ਵੇਖਦਾ ਹੈ ਅਤੇ ਮੈਂ ਇਸ ਨੂੰ ਵੇਖਦਾ ਹਾਂ। ਗੁਰੂ ਜੀ ਨੇ ਤਾਂ ਕਿਹਾ ਸੀ- 'ਜਿਥੇ ਕੋਈ ਨਾ ਵੇਖੇ, ਉਥੇ ਇਸ ਨੂੰ ਮਾਰਨਾ ਹੈ।'

ਇਸ ਵਿਚਾਰ ਅਨੁਸਾਰ ਉਸ ਨੇ ਆਪਣੀਆਂ ਅੱਖਾਂ ਪਰ ਪੱਟੀ ਬੰਨ੍ਹ ਲਈ ਤੇ ਕਬੂਤਰ ਦੀਆਂ ਅੱਖਾਂ ਪਰ ਆਪਣਾ ਹੱਥ ਰੱਖ ਕੇ ਉਸ ਨੂੰ ਮਾਰਨ ਲੱਗਾ। ਜਿਸ ਵੇਲੇ ਕਬੂਤਰ ਦੀ ਗਿੱਚੀ ਪਰ ਚਾਕੂ ਫੇਰਨ ਲੱਗਾ ਤਾਂ ਉਸ ਵੇਲੇ ਗੁਰੂ ਜੀ ਦੇ ਬਚਨ ਨੂੰ ਫਿਰ ਵਿਚਾਰਿਆ ਕਿ 'ਜਿਥੇ ਕੋਈ ਨਾ ਵੇਖੇ ਉਥੇ ਮਾਰ ਕੇ ਲਿਆਉਣਾ।' ਇਸ ਜਗ੍ਹਾ ਹੋਰ ਭਾਵੇਂ ਕੋਈ ਨਹੀਂ ਵੇਖਦਾ ਪਰ ਪ੍ਰਮਾਤਮਾ ਤਾਂ ਵੇਖਦਾ ਹੈ, ਉਹ ਤਾਂ ਹਰ ਜਗ੍ਹਾ ਵਿਆਪਕ ਹੈ। ਐਸੀ ਕੋਈ ਥਾਂ ਨਹੀਂ, ਜਿਥੇ ਪ੍ਰਮਾਤਮਾ ਨਾ ਵੇਖਦਾ ਹੋਵੇ।

ਇਹ ਵਿਚਾਰ ਕੇ ਉਸ ਨੇ ਕਬੂਤਰ ਜਿਉਂਦਾ ਹੀ ਸੰਤਾਂ ਅੱਗੇ ਲਿਆ ਰੱਖਿਆ ਤੇ ਆਪਣਾ ਸਾਰਾ ਬਿਰਤਾਂਤ ਸੁਣਾ ਕੇ ਕਿਹਾ-''ਗੁਰੂ ਜੀ! ਐਹੋ ਜਿਹਾ ਕੋਈ ਥਾਂ ਨਹੀਂ ਜਿਥੇ ਪ੍ਰਮਾਤਮਾ ਨਾ ਵੇਖਦਾ ਹੋਵੇ, ਉਹ ਤਾਂ ਹਰ ਜਗ੍ਹਾ ਪਰੀ-ਪੂਰਨ ਹੋ ਕੇ ਸਭ ਦੇ ਕੌਤਕਾਂ ਨੂੰ ਦੇਖ ਰਿਹਾ ਹੈ।''

ਯਥਾ—"ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ॥
ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ॥"

[ਬਿਲਾਵਲੁ ਵਾਰ, ਪੰਨਾ ੮੫੧]

ਇਸ ਤਰ੍ਹਾਂ ਦੀ ਸ਼ੁਭ ਵਿਚਾਰ ਸੁਣ ਕੇ ਸੰਤ ਬਹੁਤ ਪ੍ਰਸੰਨ ਹੋਏ। ਉਸ ਨੂੰ ਆਪਣੇ ਅਸਥਾਨ ਦੀ ਸੇਵਾ ਸੰਭਾਲਣ ਵਾਸਤੇ ਸਾਰੀ ਸੰਗਤ ਦੇ ਵਿਚ ਆਪਣੀ ਗੱਦੀ ਪਰ ਕਾਇਮ ਕਰਕੇ ਆਪਣੇ ਨੇੜੇ ਕਰ

ਲਿਆ ਤੇ ਪਹਿਲੇ ਨੂੰ ਦੂਰ ਕਰ ਦਿੱਤਾ।

ਸਾਖੀ—ਭਾਈ ਗੋਂਦਾ ਜੀ ਦੀ

ਸਪਤਮ ਪਾਤਿਸ਼ਾਹ ਸ੍ਰੀ 'ਹਰਿਰਾਇ' ਸਾਹਿਬ ਜੀ ਦੇ ਪਾਸ ਰਹਿ ਕੇ ਭਾਈ ਗੋਂਦਾ ਬੜੀ ਸੇਵਾ ਕਰਦਾ ਹੁੰਦਾ ਸੀ। ਇਸ ਦੀ ਸੇਵਾ ਪਰ ਪ੍ਰਸੰਨ ਹੋ ਕੇ ਇਕ ਦਿਨ ਗੁਰਾਂ ਨੇ ਕਿਹਾ - "ਹੇ ਭਾਈ ਗੋਂਦੇ ! ਅਸੀਂ ਤੇਰੀ ਸੇਵਾ ਪਰ ਬਹੁਤ ਪ੍ਰਸੰਨ ਹਾਂ, ਹੁਣ ਤੂੰ ਸਾਡਾ ਕਹਿਣਾ ਮੰਨ ਕੇ ਕਾਬਲ ਵਿਖੇ ਜਾਹ ਉਥੋਂ ਦੀ ਸੰਗਤ ਗੁਰੂ ਘਰ ਦੀ ਬਹੁਤ ਪ੍ਰੇਮਣ ਹੈ ਤੂੰ ਜਾ ਕੇ ਓਥੇ ਸਿੱਖੀ ਦਾ ਉਪਦੇਸ਼ ਦੇਹ ਅਤੇ ਉਥੋਂ ਦੀ ਜਿਤਨੀ ਕਾਰ ਭੇਟ ਇਕੱਠੀ ਹੋਵੇ, ਉਸ ਨਾਲ ਗੁਰੂ ਦਾ ਅਤੁੱਟ ਲੰਗਰ ਚਲਾਵੀਂ।"

ਇਸ ਤਰ੍ਹਾਂ ਗੁਰੂ ਜੀ ਦੀ ਆਗਿਆ ਸੁਣ ਕੇ ਭਾਈ ਗੋਂਦੇ ਨੇ ਸਤਿ ਬਚਨ ਕੀਤਾ। ਚਰਨਾਂ ਪਰ ਨਮਸ਼ਕਾਰ ਕਰ ਕੇ ਤੁਰ ਪਿਆ। ਕਾਬਲ ਜਾ ਕੇ ਖੂਬ ਸਿੱਖੀ ਦਾ ਪ੍ਰਚਾਰ ਕੀਤਾ। ਬੜੀ ਸੁੰਦਰ ਧਰਮਸਾਲਾ ਬਣਵਾਈ ਤੇ ਸਿੱਖਾਂ ਵਲੋਂ ਜੋ ਵੀ ਭੇਟਾ ਆਵੇ ਉਸ ਦਾ ਅਤੁੱਟ ਲੰਗਰ ਵਰਤਾਇਆ ਕਰੇ। ਇਕ ਦਿਨ ਦਾ ਜ਼ਿਕਰ ਹੈ, ਭਾਈ ਗੋਂਦਾ ਜੀ ਸੋਚ ਇਸ਼ਨਾਨ ਕਰ ਕੇ ਅੰਮ੍ਰਿਤ ਵੇਲੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰ ਕੇ ਸਤਿਗੁਰਾਂ ਦੇ ਚਰਨਾਂ ਦੇ ਧਿਆਨ ਵਿਚ ਮਸਤ ਹੋ ਗਏ। ਜਿਸ ਵੇਲੇ -

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥"

ਵਾਲੀ ਤੁਕ ਪੜ੍ਹੀ ਤਾਂ ਧਿਆਨ ਦੇ ਵਿਚ ਹੀ ਗੁਰੂ ਸਾਹਿਬ ਜੀ ਦੇ ਪਵਿੱਤ੍ਰ ਚਰਨ ਕਮਲ ਆਪਣੇ ਹੱਥਾਂ ਵਿਚ ਫੜ ਕੇ ਜੋਗੀਆਂ ਵਾਲੀ ਨਿਰ-ਵਿਕਲਪ ਸਮਾਧੀ ਵਿਚ ਲੀਨ ਹੋ ਗਏ। ਸਰੀਰ ਦੀ ਕੁਝ ਸੋਝੀ ਨਾ ਰਹੀ।

ਯਥਾ—ਇਕ ਦਿਨ ਗੋਂਦੇ ਮਜਨ ਠਾਨਾ। ਪ੍ਰਥਮੈ ਸ੍ਰੀ ਜਪੁ ਪਾਨ ਬਖਾਨਾ॥
ਪੁਨ ਸਤਿਗੁਰ ਕੋ ਲਾਯਹੁ ਧਜਾਨਾ। ਬਢਯੋ ਅਨੰਦ ਥ੍ਰਿਤੀ ਠਹਿਰਾਨਾ॥ ੧੧॥
ਧਜਾਨ ਬਿਖੇ ਗੁਰ ਕੇ ਨਿਜ ਹਾਥ। ਪਦ ਅਰਬਿੰਦ ਗਹੇ ਰਤਿ ਸਾਥ।
ਇਸ ਅਨੰਦ ਮੈਂ ਲੈ ਹੁਇ ਗਯੋ। ਨਿਰਬਿਕਲਪ ਸਮਾਧਿ ਥਿਤ ਠਯੋ॥ ੧੨॥
ਟਿਕੀ ਥ੍ਰਿੱਤਿ ਮਹਿਂ ਭਯੋ ਅਨੰਦ। ਕਰਿ ਮਹਿ ਗਹਿ ਗੁਰ ਪਦ ਅਰਬਿੰਦ।
ਅਚਲ ਹੋਇ ਕਰ ਬੈਠਯੋ ਰਹਯੋ। ਅਪਰ ਨ ਕਿਨਹੂੰ ਤਿਨ ਕੁਛ ਕਹਯੋ॥ ੧੩॥

ਇਧਰ ਕੀਰਤਪੁਰ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰ ਕੇ ਸਿੰਘਾਸਣ ਪਰ ਬੈਠੇ ਹੋਏ ਦੀਵਾਨ ਵਿਚ ਸ਼ਸੋਭਤ ਹਨ। ਪਾਸ ਰਾਗੀ ਬੈਠੇ ਕੀਰਤਨ ਕਰ ਰਹੇ ਹਨ। ਪ੍ਰੰਤੂ ਪਤਾ ਕਿਸੇ ਨੂੰ ਨਹੀਂ ਲੱਗਾ ਕਿ ਗੁਰੂ ਸਾਹਿਬ ਜੀ ਕਿਸ ਰੰਗ ਵਿਚ ਬੈਠੇ ਹੋਏ ਹਨ। ਸਮੇਂ ਅਨੁਸਾਰ ਰਾਗੀਆਂ ਨੇ ਕੀਰਤਨ ਦਾ ਭੋਗ ਵੀ ਪਾ ਦਿੱਤਾ ਪਰ ਗੁਰੂ ਜੀ ਦੀ ਸਮਾਧੀ ਨਾ ਖੁਲ੍ਹੀ। ਅੱਜ ਐਸੀ ਅਡੋਲ ਸਮਾਧੀ ਵਿਚ ਬੈਠੇ ਹਨ, ਜੋ ਕੋਈ ਵੀ ਅੰਗ ਹਿਲਦਾ ਨਹੀਂ।

ਆਪਣੇ ਵੇਲੇ ਸਿਰ ੧੨ ਵਜੇ ਦੇ ਕਰੀਬ ਲਾਂਗਰੀ ਨੇ ਵੀ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਲੰਗਰ ਤਿਆਰ ਹੈ ਪਰੰਤੂ ਗੁਰੂ ਜੀ ਕੋਈ ਨਾ ਬੋਲੇ, ਕਿਉਂਕਿ ਭਾਈ 'ਗੋਂਦੇ' ਨੇ ਆਪਣੇ ਪ੍ਰੇਮ ਮਈ ਹੱਥਾਂ ਨਾਲ ਗੁਰੂ ਜੀ ਦੇ ਚਰਨ ਇੰਜ ਫੜੇ ਹੋਏ ਹਨ ਜਿਵੇਂ 'ਭਗਤ ਸੂਰਦਾਸ ਨੇ ਅੰਤਰ ਧਿਆਨ ਵਿਚ ਭਗਵਾਨ ਦੇ ਸਰੂਪ ਨੂੰ ਜੱਫਾ ਮਾਰ ਕੇ ਫੜਿਆ ਸੀ।'

ਭਾਈ 'ਗੋਂਦਾ' ਜੀ ਸਵੇਰ ਤੋਂ ਲੈ ਕੇ ਪਿਛਲੇ ਪਹਿਰ ਤਕ ਗੁਰੂ ਜੀ ਦੇ ਚਰਨ ਫੜ ਕੇ ਪ੍ਰੇਮ ਸਮਾਧੀ ਵਿਚ ਬੇਸੁੱਧ ਰਹੇ। ਇਧਰ ਲਾਂਗਰੀ ਨੇ ਦੋ ਵਜੇ ਫਿਰ ਬੇਨਤੀ ਕੀਤੀ ਤਾਂ ਵੀ ਨਾ ਬੋਲੇ। ਚਾਰ

ਵਜੇ ਫੇਰ ਪ੍ਰਾਰਥਨਾ ਕੀਤੀ ਕਿ ਮਹਾਰਾਜ ! ਲੰਗਰ ਦਾ ਪ੍ਰਸ਼ਾਦ ਸਭ ਠੰਢਾ ਹੋ ਗਿਆ ਹੈ, ਆਪ ਉੱਠ ਕੇ ਛਕੋ ਤਾਂ ਕਿ ਸੰਗਤ ਭੀ ਛਕ ਸਕੇ, ਕਹੀਂ ਤਾਂ ਸਾਰੀ ਸੰਗਤ ਐਵੇਂ ਬੈਠੀ ਹੈ। ਇਸ ਤਰ੍ਹਾਂ ਇਕ ਜਗ੍ਹਾਂ ਪਰ ਬੈਠਿਆਂ ਸਾਰਾ ਦਿਨ ਬੀਤ ਗਿਆ ਹੈ, ਆਪ ਨੇ ਚਰਨਾਂ ਤੱਕ ਵੀ ਕੋਈ ਅੰਗ ਨਹੀਂ ਹਿਲਾਇਆ, ਇਸ ਦਾ ਕੀ ਕਾਰਨ ਹੈ?

ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਹਜ਼ੂਰ ਨੇ ਨੇਤਰ ਖੋਲ੍ਹੇ ਤੇ ਹੱਸ ਕੇ ਸੰਗਤ ਨੂੰ ਸੁਣਾਇਆ ਕਿ ਕਾਬਲ ਵਿਖੇ ਭਾਈ ਗੌਂਦਾ ਸਿੱਖ ਹੈ, ਉਸਨੇ ਜਪੁਜੀ ਦਾ ਪਾਠ ਕਰ ਕੇ ਸਾਡੇ ਚਰਨ ਘੁਟ ਕੇ ਫੜੇ ਹੋਏ ਸਨ ਤੇ ਨਿਰ-ਵਿਕਲਪ ਸਮਾਧੀ ਵਿਚ ਲੀਨ ਹੋ ਗਿਆ ਸੀ, ਸਾਨੂੰ ਉਸ ਨੇ ਪ੍ਰੇਮ ਰੂਪ ਬੰਧਨ ਵਿਚ ਬੰਨ੍ਹ ਲਿਆ ਸੀ। ਇਸ ਕਰ ਕੇ ਅਸੀਂ ਉੱਠ ਨਹੀਂ ਸਕੇ ਹੁਣ ਉਸ ਦੀ ਸਮਾਧੀ ਖੁਲ੍ਹੀ ਹੈ ਤੇ ਸਾਡੇ ਚਰਨ ਛੱਡੇ ਹਨ ਤਾਂ ਅਸੀਂ ਸਮਾਧੀ ਤੋਂ ਉਠੇ ਹਾਂ।

ਯਥਾ— ਕਾਬਲ ਮਹਿੰ ਗੌਂਦਾ ਸਿਖ ਰਹੇ। ਧਰੇ ਪਜਾਨ ਦੋਨੋਂ ਪਦ ਗਹੇ।
ਕਿਸ ਬਿਧ ਤਿਸ ਤੇ ਚਰਨ ਛੁਟਾਵੌਂ। ਬਿਨਾ ਛੂਟੇ ਕਿਮ ਲੰਗਰ ਜਾਵੌਂ॥ ੨੬॥
ਰਹਿਓ ਉਡੀਕਤਿ ਛੋਰਹਿ ਮੋਹੀ॥ ਦਿਢ ਗਹਿ ਰਾਖਜੋ ਤਿਆਗ ਨ ਹੋਹੀ॥
ਜਬ ਸੰਧਯਾ ਹੋਈ ਦਿਨ ਗਯੋ। ਤਬ ਗੌਂਦਾ ਜਾਗਤਿ ਤਹਿ ਭਯੋ॥ ੨੭॥
ਛੁਟੀ ਸਮਾਧਿ ਦੇਹ ਸੁਧ ਹੋਈ। ਤਜੇ ਚਰਨ ਗੁਰ ਕੇ ਤਬ ਦੋਈ।
ਉਠ ਕਰ ਗਮਨੇ ਸ੍ਰੀ ਹਰਿਰਾਇ। ਸਦਾ ਪ੍ਰੇਮ ਬਸਿ ਜਿਨਹੁ ਸੁਭਾਇ॥ ੨੮॥

ਇਹ ਅਸਚਰਜ ਬਚਨ ਸੁਣ ਕੇ ਕਈਆਂ [ਕੱਚੇ ਪੱਕੇ ਸ਼ਰਧਾਲੂਆਂ] ਦੇ ਮਨ ਵਿਖੇ ਸੰਸਾ ਹੋਇਆ ਜਿਸ ਕਰ ਕੇ ਸੇਵਦਾਰਾਂ ਵਿੱਚੋਂ ਕਈਆਂ ਨੇ ਨਿਰਣਾ ਕਰਨ ਦਾ ਸੰਕਲਪ ਰਖ ਕੇ ਉਸ ਵੇਲੇ ਸਮਾਂ ਦਿਨ ਸਭ ਕੁਝ ਲਿਖ ਲੇ ਰੱਖ ਲਿਆ ਕਿ ਇਸ ਗੱਲ ਦਾ ਪਤਾ ਕਰਾਂਗੇ। ਪੁਨਾ ਸਾਰੀ ਸੰਗਤ ਨੂੰ ਨਾਲ ਲਿਜਾ ਕੇ ਗੁਰੂ ਜੀ ਨੇ ਪ੍ਰਸ਼ਾਦਿ ਛਕਿਆ। ਕਈ ਦਿਨਾਂ ਤੋਂ ਪਿੱਛੋਂ ਜਦ ਭਾਈ ਗੌਂਦਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਸੰਗਤ ਨੇ ਭਾਈ ਗੌਂਦਾ ਜੀ ਦੇ ਨਾਲਦਿਆਂ ਸੇਵਕਾਂ ਨੂੰ ਪੁਛਿਆ ਕਿ ਫਲਾਣੇ ਦਿਨ ਭਾਈ ਗੌਂਦਾ ਜੀ ਨੇ ਕਿਸ ਵੇਲੇ ਸਮਾਧੀ ਲਗਾਈ ਸੀ ਤੇ ਕਿਸ ਵੇਲੇ ਸਮਾਧੀ ਖੁਲ੍ਹੀ ਸੀ?

ਸੇਵਕਾਂ ਨੇ ਭਾਈ 'ਗੌਂਦੇ' ਜੀ ਦਾ ਸਾਰਾ ਹਾਲ ਸੁਣਾ ਦਿੱਤਾ ਕਿ 'ਜਪੁ ਸਾਹਿਬ' ਦਾ ਪਾਠ ਕਰ ਕੇ ਜਿਉਂ ਅੰਮ੍ਰਿਤ ਵੇਲੇ ਦੇ ਬੈਠੇ, ਪਿਛਲੇ ਪਹਿਰ ਸਮਾਧੀ ਖੁਲ੍ਹੀ ਸੀ।

ਬਸ ਫਿਰ ਕੀ ਸੀ, ਇਤਨੇ ਦਿਨਾਂ ਦਾ ਦਬਿਆ ਸੰਸਾ ਜਵਾਲਾ ਮੁਖੀ ਨਿਆਈਂ ਫੁਟ ਕੇ ਖਿੱਲਰ ਗਿਆ। ਮਨ ਵਿਖੇ ਸ਼ਰਧਾ, ਪਿਆਰ, ਸਿਦਕ ਉਛਾਲੇ ਮਾਰਨ ਲੱਗ ਪਿਆ। ਸੰਗਤਾਂ ਨਿਹਾਲ ਨਿਹਾਲ ਹੋ ਗਈਆਂ, ਹੇ ਧੰਨ ਗੁਰੂ ! ਧੰਨ ਗੁਰੂ ! ਕਰਦੀਆਂ ਹੋਈਆਂ ਗੁਰੂ ਚਰਨਾਂ ਨੂੰ ਪਰਸ ਕੇ ਮਨ ਹੀ ਮਨ ਵਿਖੇ ਮਸਤ ਹੋ ਗਈਆਂ।

ਇਸ ਪ੍ਰਕਾਰ ਜਿਹੜੇ ਕਈ ਸਿਖ ਤਨ ਕਰ ਕੇ ਭਾਵੇਂ ਦੂਰ ਵੀ ਹਨ ਪਰ ਮਨ ਕਰ ਕੇ ਉਹ ਕੋਈ ਸਤਿਗੁਰਾਂ ਦੇ ਨੇੜੈ=ਨਜ਼ਦੀਕ ਹਨ। [ਗੁਰ ਪ੍ਰਤਾਪ ਸੂਰਜ ਰਾਸ ੯, ਅੰਸੂ ੫]

ਸਾਖੀ— ਦਸਵੇਂ ਪਾਤਿਸ਼ਾਹ ਜੀ ਦੀ

ਜਿਸ ਵੇਲੇ ਸ੍ਰੀ ਗੁਰੂ ਕਲਗੀਧਰ ਪਿਤਾ ਜੀ ਜੰਗ ਕਰਦੇ ਹੋਏ ਦਮਦਮੇ ਗੁਰੂ ਕੀ ਕਾਂਸ਼ੀ ਭਾਈ ਡੱਲੇ ਦੇ ਪਾਸ ਪਹੁੰਚੇ ਹਨ,ਉਸ ਵੇਲੇ ਗੁਰੂ ਸਾਹਿਬ ਜੀ ਜਦ ਰਾਤ ਨੂੰ ਵਿਰਾਜਦੇ ਸਨ ਤਾਂ ਗੁਰੂ ਜੀ ਦੇ ਪਲੰਘ ਪਾਸ ੧੦ ਸਿੰਘਾਂ ਦਾ ਪਹਿਰਾ ਰਹਿੰਦਾ ਸੀ।

'ਨਿਸ ਮਹਿੰ ਦਸ ਸਿੰਘਨ ਕੋ ਪਹਿਰਾ। ਪਲੰਘ ਨਿਕਟ ਜਾਗਹਿੰ ਨਿਤ ਠਹਿਰਾ।'

ਇਕ ਰਾਤ ਰਾਸਧਾਰੀਆਂ ਨੇ ਆ ਕੇ ਰਾਸ ਪਾਈ। ਢੋਲਾਂ ਦੀ ਅਵਾਜ਼ ਸੁਣ ਕੇ ਸਿੱਖਾਂ ਦਾ ਮਨ ਡੋਲ ਗਿਆ। ਵਾਸ਼ਨਾ ਜਾਗ ਪਈਆਂ ਅਤੇ ਸਤਿਗੁਰਾਂ ਦਾ ਡਰ ਖੰਭ ਲਾ ਕੇ ਉੱਡ ਗਿਆ। ਸਿੱਖੀ ਵਿਖੇ ਊਣੇ ਹੋਣ ਕਰਕੇ ਨਿਸਚਾ ਨਾ ਰਿਹਾ। ਰੀਤੀ ਤੋਂ ਕੁਰੀਤੀ ਰਾਹੇ ਚੱਲਦੇ ਸਿੰਘ ਆਪਸ ਵਿਚ ਕਹਿਣ ਲੱਗ ਪਏ ਕਿ ਗੁਰੂ ਜੀ ਤਾਂ ਸੌਂ ਗਏ ਹਨ, ਇਹਨਾਂ ਨੂੰ ਹੁਣ ਕੀ ਪਤਾ ਲੱਗਣਾ ਹੈ, ਚਲੋ ਰਾਸ ਵੇਖ ਆਈਏ। ਇਨ੍ਹਾਂ ਦੇ ਉੱਠਣ ਤੋਂ ਪਹਿਲਾਂ ਪਹਿਲਾਂ ਆ ਜਾਵਾਂਗੇ।

ਇਹ ਗੱਲ ਕਹਿ ਕੇ ਪੰਜ ਸਿੰਘ ਤਾਂ ਚਲੇ ਗਏ, ਪੰਜ ਨਾ ਗਏ। ਉਹ ਕਹਿਣ ਲੱਗੇ ਕਿ ਜੇਕਰ ਗੁਰੂ ਜੀ ਨੂੰ ਪਤਾ ਲੱਗ ਗਿਆ ਤਾਂ ਸੰਗਤ ਵਿਚ ਝਿੜਕਾਂ ਦੇਣਗੇ ਜਾਂ ਜਥੇਬੰਦੀ ਵਿਚੋਂ ਕੱਢ ਦੇਣਗੇ, ਇਸ ਲਈ ਅਸੀਂ ਨਹੀਂ ਜਾਂਦੇ।

ਜਿਹੜੇ ਪੰਜ ਗਏ ਸਨ ਉਹਨਾਂ ਨੇ ਰਾਸ ਵਾਲੀ ਥਾਂ ਤੇ ਪੁੱਜ ਕੇ ਕੁਝ ਚਿਰ ਰਾਸ ਦੇਖੀ ਪਰ ਉਹਨਾਂ ਦੇ ਚਿਤ ਵਿਖੇ ਏਹੀ ਫੁਰਨਾ ਫੁਰਦਾ ਰਿਹਾ ਕਿ ਕਿਧਰੇ ਗੁਰੂ ਜੀ ਉੱਠ ਨਾ ਪੈਣ, ਸਾਨੂੰ ਕੁਝ ਕਹਿਣ ਨਾ, ਐਵੇਂ ਅਪਰਾਧੀ ਨ ਬਣੀਏ, ਛੇਤੀ ਵਾਪਸ ਹਟ ਚਲੀਏ।

'ਕਜੌਂ ਨਾਹੱਕ ਅਪਰਾਧੀ ਥੀਜੈ। ਅਬ ਭੀ ਚਲਹੁ ਨ ਬਿਲਮ ਲਗੀਜੈ।
ਇਮ ਬੋਲਤਿ ਤੁਰਨ ਹਟਿ ਆਇ। ਤ੍ਰਾਸਤਿ ਖਰੇ ਭਏ ਨਿਜ ਥਾਂਏ॥ ੪੪॥'

ਜਿਹੜੇ ਪੰਜ ਨਹੀਂ ਗਏ ਸਨ, ਉਹ ਗੁਰੂ ਜੀ ਦੇ ਪਾਸ ਹੀ ਖੜੇ ਰਹੇ। ਉਹ ਆਪਣੇ ਚਿਤ ਵਿਖੇ ਏਹੀ ਕਹਿੰਦੇ ਰਹੇ ਕਿ ਗੁਰੂ ਜੀ ਤਾਂ ਹੁਣ ਤਕ ਉੱਠੇ ਨਹੀਂ, ਅਸੀਂ ਵੀ ਚਲੇ ਜਾਂਦੇ ਤਾਂ ਰਾਸ ਵੇਖ ਆਉਂਦੇ। ਉਹ ਤਾਂ ਚਿਤ ਵਿਚ ਪਛੁਤਾਉਂਦੇ ਹੀ ਰਹੇ। ਪ੍ਰੰਤੂ ਸਿੱਖਾਂ ਦੇ ਮਨ ਵਿਚ ਇਹ ਯਕੀਨ ਅਜੇ ਤਕ ਨਾ ਆਇਆ ਕਿ ਗੁਰੂ ਸਾਹਿਬ ਜੀ ਤਾਂ ਸੁੱਤੇ ਹੋਏ ਵੀ ਸਦਾ ਜਾਗਦਿਆਂ ਸਮਾਨ, ਅੰਤਰਜਾਮੀ, ਘਟ ਘਟ ਦੀ ਜਾਨਣਹਾਰ ਹਨ। ਇਨ੍ਹਾਂ ਪਾਸੋਂ ਕੋਈ ਗੱਲ ਛਿਪ ਨਹੀਂ ਸਕਦੀ।

ਪਹਿਰ ਰਾਤ ਰਹਿੰਦੀ ਗੁਰੂ ਜੀ ਇਸ਼ਨਾਨ ਕਰ ਕੇ ਦੀਵਾਨ ਵਿਚ ਸ਼ਸ਼ੋਭਤ ਹੋਏ ਤਾਂ ਸਾਰੀਆਂ ਸੰਗਤਾਂ ਅਤੇ ਫੌਜੀ ਸੂਰਮੇ ਵੀ ਤਿਆਰ-ਬਰ-ਤਿਆਰ ਹੋ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਪੁੱਜ ਕੇ ਨਮਸ਼ਕਾਰ ਕਰ ਕੇ ਬੈਠ ਗਏ।

ਗੁਰੂ ਜੀ ਨੇ ਰਾਤ ਦੇ ਪਹਿਰੇਦਾਰਾਂ ਨੂੰ ਬੁਲਵਾ ਕੇ ਭਰੇ ਦੀਵਾਨ ਵਿਚ ਪੁੱਛਿਆ ਕਿ ਰਾਤ ਕਿਥੇ ਗਏ ਸੀ ਸੱਚੀ ਸੱਚੀ ਗੱਲ ਆਖਣੀ ?

ਲਗੇ ਦਿਵਾਨ ਸੁ ਸਕਲ ਬੁਲਾਏ। ਬੂਝੇ, ਨਿਸ ਮਹਿ ਕਹਾਂ ਸਿਧਾਏ।
ਕਿਮ ਕਿਮ ਆਪਸ ਮਹਿੰ ਤੁਮ ਭਾਖੀ। ਕਹਹੁ ਸਾਚੁ, ਹਮ ਸਭਿ ਕੇ ਸਾਖੀ।

ਜਿਹੜੇ ਪੰਜ ਸਿੰਘ ਰਾਸ ਵੇਖਣ ਗਏ ਸਨ ਉਹਨਾਂ ਦੇ ਤਾਂ ਹੋਸ਼ ਹਵਾਸ ਗੁੰਮ ਹੋ ਗਏ ਅਤੇ ਜਿਹੜੇ ਪੰਜ ਨਹੀਂ ਗਏ ਸਨ ਉਹ ਬੜੇ ਖੁਸ਼ ਹੋਏ ਤੇ ਨਾਮ ਲੈ ਲੈ ਕੇ ਦੱਸਣ ਲੱਗ ਪਏ ਕਿ ਫਲਾਣਾ-ਫਲਾਣਾ ਸਿੰਘ ਗਿਆ ਸੀ ਅਸੀਂ ਇਨ੍ਹਾਂ ਨੂੰ ਹਟਕ ਰਹੇ ਸੀ ਪ੍ਰੰਤੂ ਇਹ ਆਖੇ ਨਹੀਂ ਲੱਗੇ, ਆਪਣੀ ਮਰਜ਼ੀ ਅਨੁਸਾਰ ਚਲੇ ਗਏ।

ਗੁਰੂ ਜੀ ਕੁਝ ਰੋਹ ਵਿਚ ਆਏ ਤੇ ਕਿਹਾ-"ਭਾਈ ! ਸੱਚ ਸੱਚ ਦਸੋ, ਤੁਹਾਡੇ ਮਨ ਕਿਥੇ ਗਏ ਹੋਏ ਸਨ ?"

ਜਿਹੜੇ ਪੰਜ ਸਿੰਘ ਰਾਸ ਵੇਖਣ ਗਏ ਸ਼ਨ ਉਹਨਾਂ ਆਖਿਆ-"ਗੁਰੂ ਜੀ ! ਤਨ ਕਰ ਕੇ ਤਾਂ ਅਸੀਂ ਰਾਸ ਵੇਖਣ ਗਏ ਸਾਂ ਪਰ ਮਨ ਸਾਡਾ ਤੁਹਾਡੇ ਚਰਨਾਂ ਵਿਚ ਹੀ ਰਿਹਾ ਹੈ ਕਿ ਗੁਰੂ ਜੀ ਪਿੱਛੋਂ ਉੱਠ ਨਾ ਖਲੋਣ ਛੇਤੀ ਛੇਤੀ ਵਾਪਸ ਚਲੀਏ।"

ਦੂਸਰੇ ਸਿੰਘ ਬੋਲੇ ਕਿ ਤਨ ਕਰ ਕੇ ਤਾਂ ਅਸੀਂ ਆਪ ਜੀ ਦੇ ਪਾਸ ਖਲੋਂ ਕੇ ਪਹਿਰਾ ਦਿੰਦੇ ਰਹੇ ਹਾਂ, ਪਰ ਮਨ ਸਾਡੇ ਰਾਸ ਵੱਲ ਹੀ ਰਹੇ ਗੁਰੂ ਸਾਹਿਬ ਜੀ ਤਾਂ ਸੁੱਤੇ ਹੀ ਰਹੇ ਹਨ ਤੇ ਅਸੀਂ ਕਿਉਂ ਨਾ ਰਾਸ ਵੇਖ ਆਏ।

ਇਸ ਤਰ੍ਹਾਂ ਦੋਹਾਂ ਦੇ ਬਚਨ ਸੁਣ ਕੇ ਗੁਰੂ ਜੀ ਨੇ ਕਿਹਾ-''ਜਿਨ੍ਹਾਂ ਦੇ ਮਨ ਰਾਸ ਵੇਖਣ ਗਏ ਹਨ ਉਹ ਕੋਈ ਤਾਂ ਸਾਥੋਂ ਦੂਰ ਹਨ ਅਤੇ ਜਿਨ੍ਹਾਂ ਦੇ ਮਨ ਰਾਸ ਵਾਲੀ ਜਗ੍ਹਾ ਤੇ ਪਹੁੰਚ ਕੇ ਵੀ ਸਾਡੀ ਵੱਲ ਰਹੇ ਹਨ। ਵੁਹ ਕੋਈ ਸਾਡੇ ਨੇੜੈ=ਨਜ਼ਦੀਕ ਹਨ।'' ਇਸ ਵਜ੍ਹਾ ਨਾਲ 'ਕੇ ਨੇੜੈ ਕੇ ਦੂਰਿ'=ਕਈ ਗੁਰੂ ਸਾਹਿਬ ਜੀ ਦੇ ਨਜ਼ਦੀਕ ਹਨ ਅਤੇ ਕਈ ਦੂਰ ਹਨ।

ਪੁਨਾ-ਗੁਰੂ ਜੀ ਨੇ ਜਾਣ ਵਾਲਿਆਂ ਨੂੰ ਵੀ ਸਮਝਾਇਆ ਕਿ ਅੱਗੋਂ ਵਾਸਤੇ ਰਾਸ ਵੇਖਣ ਬਿਲਕੁਲ ਨਹੀਂ ਜਾਣਾ।

[ਗੁਰ ਪ੍ਰਤਾਪ ਸੂਰਜ, ਐਨ ੧, ਅੰਸੂ ੨੬]

ਵਾ-ਆਪੋ ਆਪਣੇ ਕਰਮਾਂ ਅਨੁਸਾਰ ਕਈ ਸਿੱਖ ਗੁਰੂ ਜੀ ਦੇ ਨਜ਼ਦੀਕ ਹਨ। ਭਾਈ ਬੁੱਢਾ ਜੀ ਵਰਗੇ ਜੋ ਪਹਿਲੇ ਪਾਤਿਸ਼ਾਹ ਜੀ ਤੋਂ ਲੈ ਕੇ ਛੇਵੇਂ ਪਾਤਸ਼ਾਹ ਤਕ ਗੁਰੂ ਜੀ ਦੇ ਨਜ਼ਦੀਕ ਰਹੇ ਹਨ ਅਤੇ ਕਈ ਸਿੱਖ, ਸਿੱਖੀ ਦਾ ਪਰਚਾਰ ਕਰਨ ਵਾਸਤੇ ਦੂਰ ਰਹੇ ਹਨ।

ਜੈਸਾ ਕਿ ਭਾਈ ਗੁਰਦਾਸ ਜੀ ਆਗਰੇ ਵੱਲ ਫਿਰਦੇ ਰਹੇ ਹਨ।

ਭਾਈ ਮਾਧੋ ਦਾਸ ਜੀ ਕਸ਼ਮੀਰ ਵੱਲ ਫਿਰਦੇ ਰਹੇ ਹਨ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥

ਜਿਨ੍ਹਾਂ ਨੇ ਸਤਿਨਾਮੁ ਮੰਤ੍ਰ ਨੂੰ ਧਿਆਇਆ ਹੈ ਅਤੇ ਜਪ ਤਪ ਰੂਪ ਮਸਕਤਿ=ਮਿਹਨਤ ਨੂੰ ਕਮਾ ਕੇ ਗਏ ਹਨ।

ਯਥਾ—''ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥' [ਸੂਹੀ ਮਹਲਾ ੧, ਪੰਨਾ ੭੨੯]

ਤਥਾ—''ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ॥''

[ਵਾਰ ਸੂਹੀ,ਪੰਨਾ ੭੬੬]

ਨਾਨਕ ਤੇ ਮੁਖ ਉਜਲੇ

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਤੇ=ਉਨ੍ਹਾਂ ਦੇ ਮੂੰਹ [ਲੋਕ-ਪ੍ਰਲੋਕ] ਵਿਚ ਉੱਜਲੇ ਹੁੰਦੇ ਹਨ।

ਯਥਾ—''ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥
ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ॥''

[ਸਿਰੀਰਾਗੁ ਮਹਲਾ ੩, ਪੰਨਾ ੨੮]

ਤਥਾ—''ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ॥
ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ॥
ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ॥ ੨॥''

[ਸਿਰੀਰਾਗੁ ਮਹਲਾ ੩, ਪੰਨਾ ੩੦]

ਤਥਾ—''ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਉਜਲੁ ਹੋਇ॥
ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ॥''

[ਸਿਰੀਰਾਗੁ ਮਹਲਾ ੫, ਪੰਨਾ ੪੪]

ਤਥਾ—"ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ॥
ਨਾਨਕ ਨਾਮਿ ਸਮਾਣੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥੮॥੨੨॥੧੫॥"

[ਆਸਾ ਮਹਲਾ ੩, ਪੰਨਾ ੪੩੦]

ਤਥਾ—"ਅਖੁਟੁ ਨਾਮੁ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ॥੧॥"

[ਸੋਰਠਿ ਮਹਲਾ ੩, ਪੰਨਾ ੬੦੦]

ਤਥਾ—"ਨਾਮੇ ਦਰਗਹ ਮੁਖ ਉਜਲੇ॥ ਨਾਮੇ ਸਗਲੇ ਕੁਲ ਉਧਰੇ॥"

[ਗੌਂਡ ਮਹਲਾ ੫, ਪੰਨਾ ੮੬੩]

ਤਥਾ—"ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ॥
ਓਇ ਹਲਤਿ ਪਲਤਿ ਜਨ ਭਏ ਸੁਹੇਲੇ ਹਰਿ ਰਾਖਿ ਲੀਏ ਰਖਨਹਾਰਿ॥"

[ਤੁਖਾਰੀ ਮਹਲਾ ੪, ਪੰਨਾ ੧੧੧੫]

ਤਥਾ—"ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥੮॥"

[ਸਾਰੰਗਵਾਰ ਮਹਲਾ ੪, ਪੰਨਾ ੧੨੪੦]

ਤਥਾ—"ਗੁਰਿ ਤੁਠੈ ਹਰਿ ਚੇਤਾਇਆ ਹਰਿ ਨਾਮਾ ਹਰਿ ਉਰ ਧਾਰਿ॥
ਜਨ ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥੧॥"

[ਕਾਨੜੇ ਦੀ ਵਾਰ, ਪੰਨਾ ੧੩੧੪]

ਕੇਤੀ ਛੁਟੀ ਨਾਲਿ॥੧॥

[ਉਹਨਾਂ ਨਾਲ ਮਿਲ ਕੇ-] ਕਿਤਨੀ ਸ੍ਰਿਸ਼ਟੀ ਛੁੱਟ ਗਈ ਹੈ॥ ੧॥

ਯਥਾ—"ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ॥
ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ॥੩॥"

[ਸਿਰੀਰਾਗੁ ਵਾਰ, ਪੰਨਾ ੮੩]

ਤਥਾ—"ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ॥ ਤਿਸੁ ਲਗਿ ਮੁਕਤੁ ਭਏ ਘਣੇਰੇ॥"

[ਮਾਝ ਮਹਲਾ ੫, ਪੰਨਾ ੧੦੧]

ਤਥਾ—"ਸਤਿਗੁਰ ਸੇਵਾ ਸਫਲ ਹੈ ਬਣੀ॥ ਜਿਤੁ ਮਿਲਿ ਹਰਿਨਾਮੁ ਧਿਆਇਆ ਹਰਿ ਧਣੀ॥
ਜਿਨ ਹਰਿ ਜਪਿਆ ਤਿਨ ਪੀਛੈ ਛੁਟੀ ਘਣੀ॥੧॥" [ਗਉੜੀ ਮਹਲਾ ੪, ਪੰਨਾ ੧੬੫]

ਤਥਾ—"ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥੩॥"

[ਆਸਾ ਸ੍ਰੀ ਕਬੀਰ ਜੀਉ, ਪੰਨਾ ੪੮੪]

ਤਥਾ—"ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥
ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ॥"

[ਬਿਹਾਗੜਾ ਛੰਤ ਮਹਲਾ ੫, ਪੰਨਾ ੫੪੬]

ਤਥਾ—"ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ॥
ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ॥੨॥"

[ਸੂਹੀ ਵਾਰ, ਪੰਨਾ ੭੮੫]

ਤਥਾ—"ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ॥
ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਇਆ॥੩॥"

[ਮਲਾਰ ਮਹਲਾ ੪, ਪੰਨਾ ੧੨੬੪]

ਹੋਰ ਕੀ ਕਹਿਣਾ ਹੈ, ਸ੍ਰੀ ਰਾਮ ਚੰਦ੍ਰ ਜੀ ਦੇ ਨਾਲ ਤਾਂ ਸਾਰੀ ਅਯੁਧਿਆ ਪੁਰੀ ਨੇ ਹੀ ਸੁਰਗ ਪੁਰੀ ਵਿਖੇ ਜਾਣਾ ਕੀਤਾ ਸੀ।

ਯਥਾ—"ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ॥੮੫੮॥"

[ਦਸਮ ਗ੍ਰੰਥ, ਪੰਨਾ ੨੫੩]

अमानित्वादि सपन्नो मुमुक्षु एक विंशति कुल तारयति
ब्रहमवित्मात्रेण कुल एकोतर शतं तारयति॥ (ਪੈਂਗਲੋਪਨਿਸ਼ਦ)

ਗੁਰਮੁਖੀ ਵਿਚ—'ਅਮਨਿਤ੍ਵਾਦਿ ਸਪੰਨੋ ਮਮੁਖਸ਼ੁ, ਏਕ ਵਿੰਸ਼ਤਿ ਕੁਲੰ ਤਾਰਯਤੀ।
ਬ੍ਰਹਮ ਵਿਤ ਮਾਤ੍ਰੇਣ ਕੁਲ ਏਕੋਤ੍ਰ ਸ਼ਤੰ ਤਾਰਯਤੀ।'

ਅਰਥ-ਨਿਰਮਾਨਤਾ ਆਦਿਕ ਗੁਣ ਸੰਯੁਕਤ ਜੋ ਜਗਿਆਸੂ ਹੈ, ਉਹ ਆਪਣੀਆਂ ਏਕ ਵਿਸ਼ੰਤ=ਇੱਕੀ ਕੁਲਾਂ ਤਾਰਦਾ ਹੈ। ਬ੍ਰਹਮ ਦੇ ਜਾਨਣ ਵਾਲਾ ਜੋ ਬ੍ਰਹਮ ਵੇਤਾ ਹੈ, ਉਹ ਬ੍ਰਹਮ ਦੇ ਜਾਨਣ ਨਾਲ ਹੀ ਆਪਣੀਆਂ ੧੦੧ ਕੁਲਾਂ ਨੂੰ ਤਾਰ ਲੈਂਦਾ ਹੈ।

ਪੈਂਗਲ ਉਪਨਿਸ਼ਦ ਚੌਥਾ ਧਿਆ ਸੁਰਤੀ ੧ ਦੀ ਚੌਥੀ ਪੰਗਤੀ ਵਿਚ ਲਿਖਿਆ ਹੈ ਕਿ ਉਹ ਪੁਰਸ਼ ਆਪਣੀਆਂ ਇਕ ਸੌ ਇਕ ਕੁਲਾਂ ਤਾਰਦਾ ਹੈ।

੧੦੧ ਕੁਲਾਂ ਦਾ ਵੇਰਵਾ-

'ਪਿਤਾ ਸਾਚ ਚੌਬੀਸ,[1] ਬੀਸ[2] ਮਾਤਾ ਕੇ ਜਾਣੋ।
ਖੋੜਸ ਤੁਲਾ[3] ਮਹਾਨ, ਦ੍ਵਾਦਸ[4] ਸੁਤਾ ਪਛਾਣੋ।
ਇਕਾਦਸ[5] ਕੁਲ ਭੈਣ, ਦਸ ਭੂਆ ਕੇ ਲੇਖੇ[6]।
ਮਾਤ ਭੈਣ[7] ਕੁਲ ਆਠ, ਸੂਤੀ ਸਿਮ੍ਰਤੀ ਪੇਖੇ।'

ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਸਮੇਂ ਇਕ ਭਗਤ ਪ੍ਰੇਮ ਪ੍ਰਕਾਸ਼ ਗ੍ਰੰਥ ਲਿਖਿਆ ਗਿਆ ਹੈ, ਉਸ ਵਿਖੇ ਇੰਞ ਲਿਖਿਆ ਹੈ-

ਪਿਤਾ ਪਖ ਚੌਬੀਸ, ਬੀਸ ਮਾਤਾ ਕੇ ਜਾਨੋ। ਤ੍ਰਿਆਖੋੜਸ ਪਰਵਾਨ, ਮਾਸ ਪੁੜ੍ਹੀ 'ਚ ਬਖਾਨੋ।
ਏਕਾਦਸ ਕੁਲ ਭਗਨ, ਦਸ ਭੂਆ ਕੇ ਲੇਖੇ। ਮਾਤਾ ਭਗਨ ਕੁਲ ਆਠ, ਬੇਦ ਸਿਮ੍ਰਿਤ ਮੈ ਪੇਖੇ।

---

(੧) ੨੪ ਪਿਤਾ ਦੀਆਂ। (੨) ੨੦ ਮਾਤਾ ਦੀਆਂ। (੩) ੧੬ ਲੜਕੀ ਦੀਆਂ। (੪) ੧੨ ਪੁੱਤਰਾਂ ਦੀਆਂ। (੫) ੧੧ ਭੈਣ ਦੀਆਂ। (੬) ੧੦ ਭੂਆ ਦੀਆਂ। (੭) ੮ ਮਾਸੀ ਦੀਆਂ। ਇਹ ੧੦੧ ਕੁਲਾਂ ਹਨ।

'ਪਰਮਿਤ ਇਕ ਸੌ ਇਕ ਕੀ, ਤਤਵੇਤਾ ਹਰਿ ਜਨ ਕਹੀ।
ਭਗਤ ਹੋਤ ਜੋਈ ਬੰਸ ਮੈ, ਸਪਤ ਗੋਕ੍ਰ ਤਾਰੇ ਸਹੀ।'

[ਭਗਤ ਪ੍ਰੇਮ ਪ੍ਰਕਾਸ਼, ਧਿ: ੩੩, ਪੰਨਾ ੨੩੨]

ਨਾਮ ਜਪਣ ਵਾਲੇ ਦੀ ਕੁਲ ਪਵਿਤ੍ਰ ਹੁੰਦੀ ਹੈ। ਮਾਤਾ ਕ੍ਰਿਤ ਕ੍ਰਿਤ ਹੁੰਦੀ ਹੈ, ਜਿਥੇ ਉਸ ਦਾ ਜਨਮ ਹੁੰਦਾ ਹੈ ਵੁਹ ਧਰਤੀ ਵੀ ਬੜੇ ਪੁੰਨਾਂ ਵਾਲੀ ਹੁੰਦੀ ਹੈ।

ਯਥਾ—'ਕੁਲਮ ਪਵਿਤ੍ਰਮ ਜਨਨੀ ਕ੍ਰਿਤਾਰਥਾ ਬਸੁੰਧਰਾ ਪੁਨਜਵਤੀ ਚਤੇਨ।'
ਤਥਾ—'ਐਸਾ ਕੋ ਵਡਭਾਗੀ ਆਇਆ॥ ਆਠ ਪਹਰ ਜਿਨਿ ਖਸਮੁ ਧਿਆਇਆ॥
ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ॥੧੫॥''

[ਮਾਰੂ ਸੋਲਹੇ ਮਹਲਾ ੫, ਪੰਨਾ ੧੦੭੭]

ਤਥਾ—''ਰਾਮ ਨਾਮਿ ਜਿਨ ਪ੍ਰੀਤਿ ਪਿਆਰੁ॥ ਆਪਿ ਉਧਰੇ ਸਭਿ ਕੁਲ ਉਧਾਰਣਹਾਰੁ॥੨॥''

[ਭੈਰਉ ਮਹਲਾ ੩, ਪੰਨਾ ੧੧੨੯]

ਤਥਾ—''ਹਿਰਦੈ ਨਾਮੁ ਲਧੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ॥
ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ॥੨॥''

[ਭੈਰਉ ਮਹਲਾ ੩, ਪੰਨਾ ੧੧੩੨]

ਜਪੁਜੀ ਮਹਾਤਮ

'ਇਹ ਜਪੁ ਕਰਤੇ ਪੁਰਖ ਕਾ ਸਚ ਨਾਨਕ ਕੀਆ ਬਖਾਣ।
ਜਗਤ ਉਧਾਰਨ ਕਾਰਨੇ ਧੁਰੋਂ ਹੋਆ ਫੁਰਮਾਣ।
ਅੰਮ੍ਰਿਤ ਵੇਲਾ ਸਚ ਨਾਮ ਜਪੁ ਪੜ੍ਹੀਐ ਕਰ ਇਸ਼ਨਾਨ।
ਹਿਤ ਚਿਤ ਕਰ ਜੋ ਜਪ ਪੜ੍ਹੇ ਦਰਗਹ ਪਾਵੈ ਮਾਨ।
ਜੰਮਣ ਮਰਣਾ ਕਟੀਐ ਜਪੁ ਸੰਗੁ ਲਾਵੈ ਧਿਆਨੁ।
ਜਿਉ ਕਿਉ ਜਪੁ ਕੋ ਪੜ੍ਹੇ ਅਉਸਰ ਜਿਤੇ ਨਿਦਾਨੁ।
ਜੋ ਮਨਸਾ ਮਨ ਮਹਿ ਧਰੇ ਸੋ ਪੂਰਨ ਕਰੈ ਭਗਵਾਨ।
ਅਹਿਨਿਸਿ ਜਪੁ ਜਪਦਾ ਰਹੇ ਦਾਸ ਨਾਨਕ ਦੀਜੈ ਦਾਨ।
ਭਗ ਟਿਕਾ ਭਗ ਦੀਬਾਣੁ।
ਸਰਬ ਕਲਿਆਣ ਪੈਜ ਰਖੇ ਗੁਰ ਨਾਨਕ ਸ਼ਾਹ ਮਿਹਰਵਾਨ।*

ਜਿਹੜਾ ਪੁਰਸ਼ 'ਜਪੁਜੀ ਸਾਹਿਬ' ਦਾ ਪਾਠ ਨਹੀਂ ਕਰਦਾ ਉਹ ਤੁਹ ਵਾਂਗ ਨਿਸਫਲ ਹੈ।

ਯਥਾ—'ਸਿਖ ਗੁਰੂ ਕੋ ਹੋਇ ਗਇਓ ਜਪੁ ਜੀ ਕੰਠ ਨ ਕੀਨ।
ਤੰਦੁਲ ਬਿਨ ਤੁਖ ਕਾਮ ਕਿਹ ਤੈਸੇ ਸਿਖ ਕੋ ਚੀਨ।'

[ਗਰਬ ਗੰਜਨੀ]

ਤਥਾ—ਬਿਨ ਜਪ ਜਾਪ ਜਪੇ ਬਿਨਾ ਜੋ ਜੇਵੇ ਪ੍ਰਸਾਦਿ।
ਸੋ ਵਿਸ਼ਟਾ ਕਾ ਕਿਰਮ ਹੋਇ ਜਨਮੁ ਗਵਾਇਓ ਬਾਦਿ॥੧੩॥

[ਰਹਿਤਨਾਮਾ, ਭਾਈ ਪ੍ਰਹਿਲਾਦ ਸਿੰਘ]

---

* ਇਹ 'ਜਪੁ ਮਹਾਤਮ' ਖਾਲਸਾ ਸਮਾਚਾਰ ਵਿਚ ਵੀ ਛਪ ਚੁੱਕਾ ਹੈ। (ਜਿਲਦ ੬੩, ਅੰਕ ੧੦) ੨੦ ਮਾਘ ਸੰਮਤ ੨੦੧੮ ਮੁਤਾਬਿਕ ੧ ਫਰਵਰੀ ਸੰਨ ੧੯੬੨।

ਜਿਸ ਵੇਲੇ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਖੇ ਰਾਵੀ ਦੇ ਕਿਨਾਰੇ ਅੰਤਮ ਸਮੇਂ ਇਸ਼ਨਾਨ ਕੀਤਾ ਹੈ, ਉਸ ਵੇਲੇ ਉਨ੍ਹਾਂ ਨੇ ਭੀ ਇਕ ਆਸਣ ਪਰ ਟਿਕ ਕੇ ਰੋਜ਼ ਦੇ ਨਿਯਮ ਅਨੁਸਾਰ ਪਹਿਲੇ ਸ੍ਰੀ ਜਪੁਜੀ ਦਾ ਪਾਠ ਆਪ ਕੀਤਾ ਹੈ ਫਿਰ ਪੰਜਾਂ ਸਿੱਖਾਂ ਤੋਂ ਪੰਜ ਜਪੁਜੀ ਦੇ ਪਾਠ ਸੁਣੇ ਹਨ।

ਪੰਜਾਂ ਸਿੱਖਾਂ ਦੇ ਨਾਮ ਇਹ ਹਨ-

੧. ਭਾਈ ਬਿਧੀਆ। ੨. ਭਾਈ ਜੇਠਾ। ੩. ਭਾਈ ਲੰਙਾਹਾ। ੪. ਭਾਈ ਪਿਰਾਣਾ। ੫. ਭਾਈ ਪੈੜਾ।

ਯਥਾ—'ਗਹਿ ਪਦ ਪਦਮ ਲੰਙਾਹ ਪਖਾਰੇ। ਪ੍ਰਵਿਸ਼ੇ ਜਲ ਮਹਿੰ ਮੱਜਨ ਧਾਰੇ॥੨੩॥
ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ। ਦੇਹ ਅਛਾਦਨਿ ਪੁਨਹ ਕਿਯੋ ਹੈ।
ਜਪੁਜੀ ਪਾਠ ਕਰਤਿ ਉਰ ਪ੍ਰੇਮਾ॥ ਜੋ ਸਿੱਖਨਿ ਕੀ ਠਾਨਤ ਛੇਮਾ॥ ੨੪॥
ਪੁਨ ਪੰਚਹੁ ਸਿਖ ਕੀਨਿ ਸ਼ਨਾਨੇ। ਗੁਰੁ ਬਾਨੀ ਕੋ ਪਾਠ ਬਖਾਨੇ।
ਖਰੇ ਭਏ ਸਤਿਗੁਰੁ ਪਰਵਾਰ। ਜਪੁਜੀ ਪਾਠ ਸੁਨਜੋ ਨਿਰਧਾਰ॥੨੫॥
ਭੋਗ ਪਾਇ ਕਰ ਸੀਸ ਨਿਵਾਯੋ। ਪੁਨ ਸਿਖਨ ਸਨਿ ਬਾਕ ਅਲਾਯੋ।
ਅਬ ਹਮ ਚਹਿ ਪਰਲੋਕ ਪਿਆਨਾ। ਚਿਤ ਜਿਮ ਚਹਤ ਸਕਲ ਹਮ ਠਾਨਾ।੨੬॥'
ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ [ਗੁਰ ਪ੍ਰਤਾਪ ਸੂਰਜ, ਰਾਸਿ ੪, ਅੰਸੂ ੩੭]
ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ।
ਸਬਦ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰ ਉਪਦੇਸ ਨ ਵਿਸਰੈ ਬਾਬੀਹੇ ਜਜੋਂ ਆਖ ਵਖਾਣੀ।
ਗੁਰਮੁਖਿ ਸੁਖਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿੱਟਹੁ ਕੁਰਬਾਣੀ॥੨੩॥ [ਭਾਈ ਗੁਰਦਾਸ ਵਾਰ ੨੪]

ਇਸ ਲਈ ਹਰ ਪ੍ਰਾਣ ਧਾਰੀ ਪੁਰਸ਼ ਦਾ ਇਹ ਨਿਯਮ ਹੋਣਾ ਚਾਹੀਦਾ ਹੈ ਕਿ ਆਪਣੀ ਸਾਰੀ ਉਮਰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਸ੍ਰੀ ਜਪੁਜੀ ਦਾ ਪਾਠ ਜ਼ਰੂਰ ਕੀਤਾ ਕਰੇ, ਸੱਚਾ ਪਾਤਿਸ਼ਾਹ ਉਸ ਨੂੰ ਮੁਕਤੀ ਦੇਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੀ ਸ੍ਰੀ ਗੁਰੂ ਅੰਗਦ ਦੇਵ ਜੀ ਪ੍ਰਤੀ

ਸ੍ਰੀ ਜਪੁਜੀ ਸਾਹਿਬ ਜੀ ਦਾ ਮਹਾਤਮ ਸੁਣਾਇਆ—

"ਬੈਠਿ ਕਹੇ ਅੰਗਦ ਸੰਗ ਬਚਨਾ। ਪਰਉਪਕਾਰ ਜਿਨਹਿ ਮਨ ਰਚਨਾ।
ਅਬ ਤੁਮ ਜਗਤ ਉਧਾਰਨ ਕਾਰਨ। ਮੂਲ ਮੰਤ੍ਰ ਸ਼ੁਭ ਕਰਹੁ ਸੁਧਾਮਨ॥੯੨॥
ਮਮ ਬਾਨੀ ਗੁਨਖਾਨੀ ਦੇਖਾ। ਲੀਜੈ ਬੀਨੈ ਬੀਨ ਵਿਸ਼ੇਖਾ।
ਹਮਹਿ ਸੁਨਾਵਤਿ ਜਾਉ ਉਚਾਰਾ। ਬੰਧ ਮ੍ਰਿਯਾਦ ਕਰਹੁ ਉਪਕਾਰਾ॥ ੯੩॥
ਹਮ ਤੇ ਜੋ ਜਨਮੈਂ ਪਸ਼ਚਾਤਾ। ਤਿਨ ਸਭਿ ਕੋ ਗਤਿ ਹੋਵੇ ਦਾਤਾ।
ਜਿਉਂ ਜਹਾਜ ਚੜ ਸਾਗਰ ਤਰਿਹੀਂ। ਤਿਉਂ ਤਿਹ ਪਢਿ ਸੰਸਾਰ ਉਧਰਹੀਂ॥੯੪॥
ਸੁਨਿ ਸ਼੍ਰੀ ਅੰਗਦ ਬੰਦਨ ਠਾਨੀ। ਬੀਨ ਬੀਨ ਨੀਕੇ ਗੁਰਬਾਨੀ।
ਆਨਿ ਸੁਨਾਵਨ ਕੀਨਿ ਸੁਹਾਨੀ। ਤਬਿ 'ਜਪੁ' ਨਾਮ ਧਰਜੋ ਗੁਰਖਾਨੀ॥੯੫॥"

ਸ੍ਰੀ ਮੁਖ ਤੇ ਮਹਿਮਾ ਪੁਨ ਭਾਖੀ। ਜੋ ਨਰ ਹ੍ਵੈ ਸਿੱਖੀ ਅਭਿਲਾਖੀ।
ਨਿਸ ਮਹਿ ਉਠੇ ਸਿ ਕਰਹਿ ਸ਼ਨਾਨਾ। ਜਪੁ ਪੜਿ ਹੈ ਇਕ ਚਿਤ ਸਵਧਾਨਾ॥੯੬॥
ਅਰਥ ਬਿਚਾਰਿ ਕਰਹਿ ਉਰ ਮਾਂਹੀ। ਮੁਕਤਿ ਹੋਇ ਸੋ ਸੰਸੇ ਨਾਂਹੀ।
ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ। ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥੯੭॥
ਧਰਹਿ ਕਾਮਨਾ ਪਢਿ ਹੈ ਇਕ ਮਨ। ਹੋਹਿ ਸਪੂਰਨ ਤਿਹ ਕੀ ਤਤਛਿਨ।
ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ। ਭੂਤ ਜਿ ਪ੍ਰੇਤ ਦੈਤ ਬਲਵਾਨਾ॥੯੮॥
ਤਿਹ ਸਮੀਪ ਨਹਿੰ ਆਵੈ ਕੋਈ। ਪਠਨ ਪ੍ਰੀਤਿ ਨਿਤ ਨਰ ਜਿਹ ਹੋਈ।
ਮਾਨੁਖ ਦੇਹਿ ਜੀਵ ਜਿਨ ਪਾਈ। 'ਜਪੁ' ਬਿਹੀਨ ਹ੍ਵੈ ਬਾਦ ਗਵਾਈ॥੯੯॥
ਸਿੱਖਨ ਯੋਗ ਮੰਤ੍ਰ ਗੁਰ ਕੇਰਾ। ਇਤ ਉਤ ਨਿਤ ਸੁਖ ਦੇਤਿ ਘਨੇਰਾ।
ਹੋਇ ਸਿੱਖ 'ਜਪੁ' ਕੰਠ ਨ ਕੀਨੋ। ਨਾਉਂ ਧਰੀਕ ਬੇਖ ਧਰ ਲੀਨੋ॥੧੦੦॥
ਇਸ ਤੇ ਔਰ ਨ ਕੋ ਬਿਧਿ ਊਚੀ। ਜਪੁ ਸੇਵਨ ਇਕ ਮਨ ਹੁਇ ਸੂਚੀ।
ਕਾਮਧੇਨੁ ਚਿੰਤਾਮਨਿ ਸੁਰਤਰੁ। ਕਰਿ ਨਹਿੰ ਸਕੇ ਆਧ ਤਿਲ ਸਮਸਰ॥੧੦੧॥
ਜਪੁਜੀ ਸੇਵ ਕਟਹਿ ਜਮ ਫਾਸੀ। ਬਹੁਰ ਮਿਲਹਿ ਪਦਵੀ ਅਬਿਨਾਸ਼ੀ।
ਅਸ ਸੰਜੋਗ ਚਹਿਤ ਹੈ ਸੋਈ। ਤੁਮ ਕਉ ਤਉ ਸਭਿ ਪ੍ਰਾਪਤਿ ਹੋਈ॥੧੦੪॥
ਬਾਰ ਬਾਰ ਕਜਾ ਕਹੌਂ ਬਨਾਈ। ਹ੍ਵੈ ਜਬ ਅੰਤ ਸਮਾਂ ਦੁਖਦਾਈ।
ਤਿਹ ਛਿਨ ਪਛੁਤਾਵਹਿਂ ਮਲਿ ਹਾਥਾ। ਹਮ ਕਿਉਂ ਖੋਯੋ ਜਨਮ ਅਕਾਥਾ॥੧੦੫॥
ਨਰ ਤਨ ਦੁਰਲਭ ਇਕ ਇਹ ਪਾਯੋ। ਪੁਨ ਸਤਿਗੁਰ ਸਿੱਖ ਬੇਖ ਬਨਾਯੋ।
ਤੀਜੋ ਕਲਜੁਗ ਕੋ ਹੈ ਕਾਲਾ। ਥੋਰੀ ਸੇਵਾ ਮਹਿ ਹੁਇ ਦਜਾਲਾ॥੧੦੬॥
ਐਸ ਸਮੈ ਤੇ ਜੋ ਚੁਕ ਜਾਈ। ਚੜਿ ਕਰਿ ਮੇਰੁ ਰਸਾਤਲ ਪਾਈ।
ਜਪੁਜੀ ਕੰਠ ਨਿਤਾਪ੍ਰਤਿ ਰਟੈ। ਜਨਮ ਜਨਮ ਕੇ ਕਲਮਲ ਕਟੈ॥੧੦੭॥
ਸਨੈ ਸਨੈ ਮਨ ਨਿਰਮਲ ਹੋਇ। ਗਤਿ ਪਾਵਹਿ ਭਵ ਬੰਧਨ ਖੋਇ।
ਸਬਦ ਅੱਭਜਾਸ ਕਿਯੋ ਨਰ ਜਾਹੀਂ। ਰਹਜੋ ਨ ਕਰਨੋ ਕ੍ਵਿਤ ਕਛੁ ਤਾਹੀਂ॥੧੦੮॥

[ਸ੍ਰੀ ਗੁਰ ਨਾਨਕ ਪ੍ਰਕਾਸ਼, ਉਤ੍ਰਾਰਧ ਧਿਆ ੫੨]

ਸ੍ਰੀ ਕਲਗੀਧਰ ਜੀ ਨੇ ਭੀ ਜਪੁਜੀ ਸਾਹਿਬ ਜੀ ਦਾ ਮਹਾਤਮ ਖਾਲਸੇ ਨੂੰ ਸੁਣਾਇਆ ਹੈ:-

"ਤੀਨ ਵਾਰ ਗੁਰ ਇਵ ਕਹੀ ਇਹ ਜਪੁ ਰਤਨ ਅਮੋਲ।
ਜਾਂਤੇ ਮੁਝ ਕੋ ਭੇਟਿਓ ਇਹੀ ਅੰਤ ਕੋ ਚੋਲ॥੩੩॥
ਏਕੋ ਓਅੰਕਾਰ ਕਹੁ ਪੁਨ ਸਤਿਗੁਰੁ ਪ੍ਰਸਾਦਿ।
ਸੱਤਿਨਾਮੁ ਕਰਤਾ ਪੁਰਖੁ ਜਪਹਿ ਜਾਪ ਅਹਿਲਾਦ॥੩੪॥
ਜਪੇ ਜਾਪ ਤਨ ਤਾਪ ਖਪੁ ਆਰਬਲਾ ਵਧ ਜਾਇ।
ਕਰਹਿ ਕਾਮਨਾ ਜਥਾ ਉਰ ਤਥਾ ਜਾਪ ਤੇ ਪਾਇ॥੩੫॥
ਨਾਰੀ ਸੁਤ ਕੇ ਕਾਰਨੇ ਅੱਖਜਰ ਜਪ ਅਰਧੈਨ।
ਸਕਲ ਕਾਮ ਸਾਧਨ ਸਿਧੈ ਸਾਧਕ ਸੁਖ ਬਹੁ ਚੈਨ॥੩੬॥

ਅਬਿ ਸੁਨੀਏ ਇਕ ਜਪ ਪੜੈ ਸਤਿਗੁਰ ਸਿੱਖ ਕੇ ਸੰਗ।
ਭੁਗਤਿ ਮੁਕਤਿ ਬਖਸ਼ੀ ਗੁਰੂ ਦਰਗਹਿ ਜਾਹਿ ਨਿਸੰਗ॥ ੩੮॥
ਸਭਿ ਪ੍ਰਸੰਗ ਕੇ ਅੰਤ ਮਹਿ ਕਹਿ ਦਸਮੇਂ ਪਤਸ਼ਾਹੁ।
ਕਰਜੋ ਨੇਮ ਨਿਤ ਜਪ ਪੜੇ ਸਭਿ ਬਧ ਲਗ ਨਿਰਬਾਹੁ॥੩੯॥
ਆਤਮ ਦਰਸੀ ਕੀ ਗਤੀ ਪ੍ਰਾਪਤਿ ਤਿਸ ਕੋ ਹੋਇ।
ਰਹੈ ਸੰਗ ਤਿਹ ਸਤਿਗੁਰੂ ਪਾਇ ਸਹਾਇਕ ਸੋਇ॥੪੦॥
ਜਿਉਂ ਧੰਨੇ ਕੇ ਧੇਨੁ ਕੋ ਠਾਕੁਰ ਚਾਰੈ ਨਿੱਤ।
ਕਰਿ ਪ੍ਰਤੀਤ ਨਿਤ ਜਪ ਪੜੇ ਤਿਮ ਤਿਹ ਸਤਿਗੁਰ ਮਿੱਤ॥੪੧॥
ਪੜੈ ਸੁਨੈ ਚਿਤ ਲਾਇਕੈ ਜੋ ਲਿਖਿ ਦੇਯ ਸਪ੍ਰੀਤ।
ਮਨ ਚਿੰਤਤਿ ਫਲ ਪਾਇਕੈ ਤਰਿ ਹੈ ਸੁਖ ਭੈ ਭੀਤ॥੪੨॥
ਭੇਟਾ ਕਰਿ ਉਪਦੇਸ਼ ਗੁਰ ਤਬੀ ਫਲੈ ਗੁਰਸਿੱਖ।
ਜਥਾ ਸ਼ਕਤਿ ਜਪ ਕੋ ਜਪੈ ਸਿੱਧ ਹੋਇ ਗੁਰਮੁੱਖ॥੪੩॥
ਆਦਿ ਸੱਚ ਜੁਗਾਦਿ ਸੱਚ ਹੈ ਭੀ ਸੱਚ ਬਖਾਨ।
ਨਾਨਕ ਹੋਸੀ ਭੀ ਸੱਚ ਇਹ ਪੌੜੀ ਪੜਹੁ ਪ੍ਰਮਾਨ॥੪੪॥
ਸਿਰੈ ਮੰਤ੍ਰ ਸਭਿ ਪੌੜੀਅਨਿ ਇਹ ਪੌੜੀ ਲਖਿ ਸਾਰ।
ਅੰਤ ਸਮੈ ਚਲਿਬੇ ਗੁਰੂ ਕੀਨੋ ਇਹੀ ਉਚਾਰ॥੪੫॥
ਸਤਿਨਾਮ ਸਤ ਗੁਰ ਪ੍ਰਸਾਦਿ ਸਿਧ ਮੰਤ੍ਰ ਇਹ ਜਾਨ।
ਰਾਮ ਕੁਇਰ ਭਾਖੇ ਭਲੇ ਸਾਹਿਬ ਸਿੰਘ ਸੁਨ ਕਾਨ॥੪੬॥
ਹਮ ਭੀ ਜਬ ਕਬ ਜਪਤ ਹੈਂ ਇਹੀ ਮੰਤ੍ਰ ਬਰ ਸਾਰ।
ਗੁਰ ਧਰਿ ਕੇ ਅਵਤਾਰ ਕੋ ਕੀਨੋ ਜਗਤ ਉਧਾਰ॥੪੭॥''

[ਗੁਰ ਪ੍ਰਤਾਪ ਸੂਰਜ, ਰੁਤ ੫, ਅੰਸੂ ੨੮]

ਸਲੋਕ ਵਾਲੇ ਤਿੰਨ ਅੱਖਰਾਂ ਦੀ ਗਿਣਤੀ ਸਮੇਤ ਸਲੋਕੁ ਦੇ ੧੦੩ ਅੱਖਰ ਹਨ।
''ੴ ਸਤਿਨਾਮੁ ਕਰਤਾ ਪੁਰਖੁ'' ਤੋਂ ਲੈ ਕੇ ''ਕੇਤੀ ਛੁਟੀ ਨਾਲਿ॥''
ਤਕ ਸ੍ਰੀ ਜਪੁਜੀ ਸਾਹਿਬ ਦੇ ਕੁਲ ੪੯੮੩ ਅੱਖਰ ਹਨ।

ਦੋਹਰਾ—ਜੁਗ ਅੰਕ ਪਰ ਸੂਨ ਜੁਗ, ਊਪਰ ਦਸ ਅਰ ਸੱਤ।
ਮਾਘ ਮਾਸ ਸੰਗ੍ਰਾਂਦ ਕੋ, ਸ਼ੁਭ ਹੈ ਕ੍ਰਿਸ਼ਨਾ ਪੱਖ॥ ੧॥
[1]ਤਿਲਕ ਇਤੀ ਜਪੁ ਕੋ ਭਯੋ, ਲੇ ਸਤਿਗੁਰ ਕੀ ਟੇਕ।
ਭੂਲ ਚੂਕ ਕੋ ਬਖਸ਼ੀਏ, ਗੁਰ ਕੇ ਸਿੱਖ ਬਿਬੇਕ॥੨॥
[2]ਅਰਨਵ ਸਮ ਗੁਰ [3]ਰਵ ਅਹੈ, [4]ਭਵ ਸਾਇਰ ਮੈ ਸੇਤ।
[5]ਸੰਪਟ ਜੁਗ ਕਰ ਬੰਦਨਾ, [6]ਅਨੁਗ੍ਰਹੁ ਹਰੀ ਨਿਕੇਤ॥੩॥

---

੧. ਟੀਕਾ। ੨. ਸਮੁੰਦਰ ਸਮ ਅਗਾਧ। ੩. ਬਾਣੀ। ੪. ਸੰਸਾਰ ਸਮੁੰਦਰ ਵਿਖੇ ਪੁਲ ਰੂਪ।
੫. ਦੋਵੇਂ ਹੱਥ ਜੋੜ ਕੇ। ੬. ਕ੍ਰਿਪਾਲ ਸਿੰਘ।

ਜ਼ਰੂਰੀ ਨੋਟ 'ਨਾਨਕ' ਪਦ ਪਰ

ਪਹਿਲਾ ਪ੍ਰਸ਼ਨ-ਜਪੁਜੀ ਸਾਹਿਬ ਵਿਖੇ ਨਾਨਕ ਪਦ ਕਿੰਨੇ ਵਾਰੀ ਆਉਂਦਾ ਹੈ?

ਉੱਤਰ-ਸਾਰੇ ਜਪੁਜੀ ਸਾਹਿਬ ਜੀ ਵਿਖੇ ਨਾਨਕ ਪਦ ੩੦ ਵਾਰੀ ਆਉਂਦਾ ਹੈ।

ਦੂਜਾ ਪ੍ਰਸ਼ਨ-ਕੇਹੜੀਆਂ ਪੌੜੀਆਂ ਵਿਚ ਨਾਨਕ ਪਦ ਨਹੀਂ ਆਉਂਦਾ?

ਉਤਰ-੬, ੧੨, ੧੩, ੧੪, ੧੬, ੧੭, ੧੯, ੨੩, ੨੮, ੨੯, ੩੦, ੩੬, ਇਨ੍ਹਾਂ ਬਾਰ੍ਹਾਂ ਪੌੜੀਆਂ ਵਿਚ 'ਨਾਨਕ' ਪਦ ਨਹੀਂ ਆਉਂਦਾ।

ਤੀਜਾ ਪ੍ਰਸ਼ਨ-ਦੋ ਦੋ ਵਾਰੀ ਨਾਨਕ ਪਦ ਕਿਹੜੀਆਂ ਪੌੜੀਆਂ ਵਿਚ ਆਉਂਦਾ ਹੈ?

ਉਤਰ-੨੧ ਤੇ ੨੭ਵੀਂ ਪਉੜੀ ਵਿਚ ਨਾਨਕ ਪਦ ਦੋ ਦੋ ਵਾਰੀ ਆਇਆ ਹੈ।

ਚੌਥਾ ਪ੍ਰਸ਼ਨ-ਜਪੁਜੀ ਸਾਹਿਬ ਦੀਆਂ ਅਠੱਤੀ ਪਉੜੀਆਂ ਤੋਂ ਇਲਾਵਾ ਵੀ ਨਾਨਕ ਪਦ ਆਉਂਦਾ ਹੈ ਕਿ ਨਹੀਂ?

ਉਤਰ-ਇਕ ਵਾਰ ਮੂਲ ਮੰਤ੍ਰ ਵਿਚ ਨਾਨਕ ਪਦ ਆਉਂਦਾ ਹੈ।

ਅਤੇ ਇਕ ਵਾਰ ਸਲੋਕ ਵਿਚ ਨਾਨਕ ਪਦ ਆਉਂਦਾ ਹੈ।

ਇਸ ਤਰੀਕੇ ਨਾਲ ਜਪੁਜੀ ਸਾਹਿਬ ਦੀਆਂ ਸਾਰੀਆਂ ਪਉੜੀਆਂ ਵਿਚ ਕੁਲ ੩੦ ਵਾਰੀ ਨਾਨਕ ਪਦ ਆਉਂਦਾ ਹੈ।

। । ।।

ਪ੍ਰਸ਼ਨ- ਗੁਰਮੁਖੀ ਦੇ ਸਾਰੇ ਅੱਖਰ ਕਿਤਨੇ ਹਨ ?

ਉੱਤਰ ਗੁਰਮੁਖੀ ਦੇ ਸਾਰੇ ੩੫ [ਪੈਂਤੀ] ਅੱਖਰ ਹਨ।

ਪ੍ਰਸ਼ਨ-ਸਾਰਾ ਜਪੁਜੀ ਸਾਹਿਬ ਕਿਤਨੇ ਅੱਖਰਾਂ ਵਿਚ ਹੈ ?

ਉੱਤਰ-ਸਾਰਾ ਜਪੁਜੀ ਸਾਹਿਬ ੩੨ [ਬੱਤੀਂ] ਅੱਖਰਾਂ ਵਿਚ ਹੈ ਅਸਲੀ ਗਾਇਤ੍ਰੀ ਮੰਤ੍ਰ ਵੀ ਬੱਤੀ ਅੱਖਰਾਂ ਵਿਚ ਹੈ।

ਇਸ ਕਰਕੇ ਇਹ ਜਪੁਜੀ ਸਾਹਿਬ ਜੀ ਦਾ ਪਾਠ ਸੰਪੂਰਣ ਗਾਇਤ੍ਰੀ ਮੰਤ੍ਰ ਹੀ ਹੈ।

ਜੋ ਕੁਲ ਜਨਮਾਂ ਜਨਮਾਂਤਰਾਂ ਦੇ ਪਾਪ ਕਰਮਾਂ ਨੂੰ ਨਵਿਰਤ ਕਰਨ ਵਾਲਾ ਹੈ।

[੧] ਪਰ ਗਾਇਤ੍ਰੀ ਮੰਤ੍ਰ ਦਾ ਪਾਠ ਹਰ ਇਕ ਮਨੁੱਖ ਨੂੰ ਕਰਨ ਦਾ ਅਧਿਕਾਰ ਨਹੀਂ ਅਤੇ ਜਪੁਜੀ ਸਾਹਿਬ ਦੇ ਪਾਠ ਨੂੰ ਇਸਤਰੀ ਤੋਂ ਆਦਿ ਹਰ ਇਕ ਮਨੁੱਖ ਭਾਵੇਂ ਨੀਵੀਂ ਜਾਤੀ ਵਾਲਾ ਕਿਉਂ ਨਾ ਹੋਵੇ ਉਹ ਭੀ ਕਰ ਸਕਦਾ ਹੈ।

[੨] ਗਾਇਤ੍ਰੀ ਮੰਤ੍ਰ ਦੇ ਅਰਥਾਂ ਨੂੰ ਕੋਈ ਸਮਝ ਨਹੀਂ ਸਕਦਾ।

ਪਰ ਇਸ ਦੇ ਅਰਥ ਬਿਅੰਤ ਹਨ ਅਤੇ ਹਰ ਇਕ ਮਨੁੱਖ ਸਮਝ ਸਕਦਾ ਹੈ। ਇਸ ਕਰਕੇ ਗਾਇਤ੍ਰੀ ਮੰਤ੍ਰ ਨਾਲੋਂ ਇਸ ਜਪੁਜੀ ਸਾਹਿਬ ਜੀ ਦੇ ਪਾਠ ਕਰਨ ਦੀ ਅਧਿਕ ਵਿਸ਼ੇਸ਼ਤਾ ਹੈ।

ਙ. ਞ. ਯ. ਇਹ ਤਿੰਨ ਅੱਖਰ ਜਪੁਜੀ ਸਾਹਿਬ ਵਿਚ ਨਹੀਂ ਹਨ।

ਸੰਪ੍ਰਦਾਈ ਰਹਰਾਸਿ ਸਟੀਕ

ਅੰਮ੍ਰਿਤ ਵੇਲੇ ਦੀ ਪਹਿਲੀ ਸੰਧਿਆ 'ਜਪੁਜੀ ਸਾਹਿਬ' ਸਿੱਖ ਸੰਗਤਾਂ ਪ੍ਰਤੀ ਸ੍ਰਵਣ ਕਰਾ ਕੇ ਹੁਣ ਸਤਿਗੁਰ ਦੇਵ ਜੀ ਦੂਜੀ ਸ਼ਾਮ ਵੇਲੇ ਦੀ ਸੰਧਿਆ ਦਾ ਵਰਨਣ ਕਰਦੇ ਹਨ।

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵੇਈਂ ਨਦੀ ਵਿਚ ਚੁੱਭੀ ਮਾਰ ਕੇ ਸੱਚਖੰਡ ਵਿਖੇ ਅਕਾਲ ਪੁਰਖ ਦੇ ਸਨਮੁਖ ਗਏ ਹਨ ਤਾਂ ਉਸ ਵੇਲੇ ਆਪ ਜੀ ਤੋਂ ਪੁਛਿਆ ਗਿਆ ਕਿ ਤੁਸਾਂ ਨੇ ਅਸਾਡਾ ਘਰ ਅਤੇ ਦਰ ਕਿਹੜਾ ਨਿਸਚੇ ਕੀਤਾ ਹੈ?

ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗੁ ਵਿਖੇ ਇਹ ਸੋਦਰੁ ਉਚਾਰਨ ਕੀਤਾ। ਇਸ ਲਈ ਸੰਧਿਆ ਵੇਲੇ ਦੀਵਾਨਾਂ ਵਿਚ ਰਾਗੀ ਸਿੰਘ ਇਸ ਸੋਦਰੁ ਨੂੰ ਆਸਾ ਰਾਗੁ ਵਿਚ ਗਾਉਂਦੇ ਹਨ।

ਪਿੱਛੇ ਜਪੁਜੀ ਸਾਹਿਬ ਜੀ ੨੭ਵੀਂ ਪਉੜੀ ਵਿਚ ਜੋ ਸੋਦਰੁ ਆ ਚੁੱਕਾ ਹੈ ਉਹ ਸਿੱਧਾਂ ਨਾਲ ਗੋਸ਼ਟ ਕਰਦਿਆਂ ਸੁਮੇਰ ਪਰਬਤ ਤੇ ਉਚਾਰਨ ਹੋਇਆ ਹੈ। ਉਸ ਨਾਲੋਂ ਇਸ ਸੋਦਰੁ ਦਾ ਬਹੁਤ ਫਰਕ ਹੈ।

ਸੋਦਰਾਂ ਦਾ ਭੇਦ

ਪਾਠ ਕਰਨ ਵਾਲੇ ਸੱਜਣਾਂ ਦੀ ਜਾਣਕਾਰੀ ਲਈ ਦੋਹਾਂ ਸੋਦਰਾਂ ਦਾ ਪਾਠੰਤ੍ਰ-ਭੇਦ ਥੱਲੇ ਦਿੱਤਾ ਜਾਂਦਾ ਹੈ-

[੧] ਜਪੁਜੀ ਸਾਹਿਬ ਦਾ ਸੋਦਰੁ ਪਉੜੀਆਂ ਵਿਚ ਹੀ ਆਉਂਦਾ ਹੈ। ਆਪਣੀ ਵੱਖਰੀ ਥਾਂ ਨਹੀਂ ਰੱਖਦਾ ਅਤੇ ਨਾ ਹੀ ਉਥੇ ਉਸ ਦਾ ਕੋਈ ਆਪਣਾ ਵੱਖਰਾ ਸਿਰਲੇਖ ਹੈ। ਪਰ ਰਹਿਰਾਸ ਵਾਲਾ ਸੋਦਰੁ ਸ਼ਬਦਾਂ ਦੇ ਰੂਪ ਵਿਚ ਆਉਂਦਾ ਹੈ ਜੋ ਆਪਣੀ ਵੱਖਰੀ ਹੀ ਥਾਂ ਰੱਖਦਾ ਹੈ ਅਤੇ ਇਸ ਦਾ ਵੱਖਰਾ ਹੀ ਸਿਰਲੇਖ- 'ਸੋਦਰੁ ਰਾਗੁ ਆਸਾ ਮਹਲਾ ੧' ਹੈ। ਇਕ ਹੋਰ ਭੀ ਵਾਧਾ ਹੈ ਕਿ ਰਹਿਰਾਸ ਦੇ ਸੋਦਰੁ ਦੇ ਆਰੰਭ ਵਿਖੇ ਛੋਟਾ ਮੰਗਲ-

ੴ ਸਤਿਗੁਰ ਪ੍ਰਸਾਦਿ॥

ਆਉਂਦਾ ਹੈ।

ਇਤਿਆਦਿ ਪਾਠਾਂ ਦਾ ਬਹੁਤ ਸਾਰਾ ਭੇਦ ਹੈ, ਪਾਠ ਕਰਨ ਲੱਗਿਆਂ ਵਿਚਾਰ ਕੇ ਪੜ੍ਹਨਾ ਚਾਹੀਦਾ ਹੈ।

ਤਿੰਨਾਂ ਸੋਦਰਾਂ ਦਾ ਪਾਠੰਤ੍ਰ-ਭੇਦ

ਜਪੁਜੀ ਸਾਹਿਬ, ਰਹਰਾਸਿ ਤੇ ਆਸਾ ਰਾਗੁ ਵਾਲੇ ਸੋਦਰਾਂ ਦਾ ਜੋ ਪਾਠੰਤ੍ਰ-ਭੇਦ ਹੈ,
ਉਹ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤਾ ਜਾਂਦਾ ਹੈ।

ਸੋਦਰੁ ਸ੍ਰੀ ਜਪੁਜੀ ਸਾਹਿਬ [ਪੰਨਾ ੬]	ਸੋਦਰੁ ਸ੍ਰੀ ਰਹਰਾਸਿ ਸਾਹਿਬ [ਪੰਨਾ ੮]	ਸੋਦਰੁ ਰਾਗੁ ਆਸਾ [ਪੰਨਾ ੩੪੭]
	ਸੋਦਰੁ ਰਾਗੁ ਆਸਾ ਮਹਲਾ ੧	
	ੴ ਸਤਿਗੁਰ ਪ੍ਰਸਾਦਿ॥	ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥
		ਰਾਗੁ ਆਸਾ ਮਹਲਾ ੧ ਘਰੁ ੧ ਸੋਦਰੁ
ਸੋ ਦਰੁ ਕੇਹਾ, ਸੋ ਘਰੁ ਕੇਹਾ,	ਸੋ ਦਰੁ 'ਤੇਰਾ' ਕੇਹਾ, ਸੋ ਘਰੁ ਕੇਹਾ,	ਸੋ ਦਰੁ ਤੇਰਾ ਕੇਹਾ, ਸੋ ਘਰੁ ਕੇਹਾ;
ਜਿਤੁ ਬਹਿ ਸਰਬ ਸਮਾਲੇ॥	ਜਿਤੁ ਬਹਿ ਸਰਬ ਸਮਾਲੇ॥	ਜਿਤੁ ਬਹਿ ਸਰਬ 'ਸਮ੍ਹਾਲੇ'॥
ਵਾਜੇ ਨਾਦ ਅਨੇਕ ਅਸੰਖਾ;	ਵਾਜੇ 'ਤੇਰੇ' ਨਾਦ ਅਨੇਕ ਅਸੰਖਾ,	ਵਾਜੇ ਤੇਰੇ ਨਾਦ ਅਨੇਕ ਅਸੰਖਾ,
ਕੇਤੇ ਵਾਵਣਹਾਰੇ॥	ਕੇਤੇ 'ਤੇਰੇ' ਵਾਵਣਹਾਰੇ॥	ਕੇਤੇ ਤੇਰੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ 'ਕਹੀਅਨਿ';	ਕੇਤੇ 'ਤੇਰੇ' ਰਾਗ ਪਰੀਸਿਉ 'ਕਹੀਅਹਿ',	ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ;
ਕੇਤੇ ਗਾਵਣਹਾਰੇ॥	ਕੇਤੇ 'ਤੇਰੇ' ਗਾਵਣਹਾਰੇ॥	ਕੇਤੇ ਤੇਰੇ ਗਾਵਣਹਾਰੇ॥
'ਗਾਵਹਿ ਤੁਹਨੋ ਪਉਣੁ' ਪਾਣੀ ਬੈਸੰਤਰੁ,	'ਗਾਵਨਿ ਤੁਧਨੋ ਪਵਣੁ' ਪਾਣੀ ਬੈਸੰਤਰੁ,	'ਗਾਵਨ੍ਹਿ' 'ਤੁਧਨੋ ਪਉਣੁ' ਪਾਣੀ ਬੈਸੰਤਰੁ;
ਗਾਵੈ ਰਾਜਾ ਧਰਮੁ ਦੁਆਰੇ	ਗਾਵੈ ਰਾਜਾ ਧਰਮ ਦੁਆਰੇ॥	ਗਾਵੈ ਰਾਜਾਧਰਮ ਦੁਆਰੇ॥

'ਗਾਵਨ੍ਹਿ' ਤੁਧਨੋ ਚਿਤੁ ਗੁਪਤੁ
ਲਿਖਿ ਜਾਣਨਿ,
ਲਿਖਿ ਲਿਖਿ ਧਰਮੁ 'ਵੀਚਾਰੇ'।।
'ਗਾਵਨ੍ਹਿ' ਤੁਧਨੋ ਈਸਰੁ ਬ੍ਰਹਮਾ ਦੇਵੀ,
ਸੋਹਨਿ ਤੇਰੇ ਸਦਾ ਸਵਾਰੇ।।
'ਗਾਵਨ੍ਹਿ' ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ
ਦੇਵਤਿਆਂ ਦਰਿ ਨਾਲੇ।।
'ਗਾਵਨ੍ਹਿ ਤੁਧਨੋ' ਸਿਧ ਸਮਾਧੀ ਅੰਦਰਿ,
'ਗਾਵਨ੍ਹਿ' ਤੁਧਨੋ ਸਾਧ ਬੀਚਾਰੇ।।
'ਗਾਵਨ੍ਹਿ' ਤੁਧਨੋ ਜਤੀ ਸਤੀ ਸੰਤੋਖੀ,
'ਗਾਵਨ੍ਹਿ' ਤੁਧਨੋ ਵੀਰ ਕਰਾਰੇ।।
ਗਾਵਨਿ ਤੁਧਨੋ ਪੰਡਿਤ 'ਪੜੇ' ਰਖੀਸੁਰ
ਜੁਗੁ ਜੁਗੁ 'ਬੇਦਾ' ਨਾਲੇ।।
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ
ਸੁਰਗੁ ਮਛੁ ਪਇਆਲੇ।।
'ਗਾਵਨ੍ਹਿ' ਤੁਧਨੋ ਰਤਨ ਉਪਾਏ ਤੇਰੇ,
'ਜੇਤੇ' ਅਠਸਠਿ ਤੀਰਥ ਨਾਲੇ।।
'ਗਾਵਨ੍ਹਿ' ਤੁਧਨੋ ਜੋਧ ਮਹਾਬਲ ਸੂਰਾ;
'ਗਾਵਨਿ' ਤੁਧਨੋ ਖਾਣੀ ਚਾਰੇ।।

'ਗਾਵਨਿ ਤੁਧਨੋ' ਚਿਤੁ ਗੁਪਤੁ
ਲਿਖਿ 'ਜਾਣਨਿ'
ਲਿਵਿ ਲਿਖਿ ਧਰਮੁ 'ਬੀਚਾਰੈ।।'
'ਗਾਵਨਿ ਤੁਧਨੋ' ਈਸਰੁ 'ਬ੍ਰਹਮਾ' ਦੇਵੀ,
ਸੋਹਨਿ 'ਤੇਰੇ ' ਸਦਾ ਸਵਾਰੇ।।
'ਗਾਵਨਿ' ਤੁਧਨੋ ਇੰਦ੍ਰ ਇੰਦ੍ਰਾਸਣਿ' ਬੈਠੇ,
ਦੇਵਤਿਆ ਦਰਿ ਨਾਲੇ।।
'ਗਾਵਨਿ' ਤੁਧਨੋ ਸਿਧ ਸਮਾਧੀ ਅੰਦਰਿ
ਗਾਵਨਿ 'ਤੁਧਨੋ' ਸਾਧ 'ਬੀਚਾਰੇ' ।।
ਗਾਵਨਿ 'ਤੁਧਨੋ' ਜਤੀ ਸਤੀ ਸੰਤੋਖੀ,
'ਗਾਵਨਿ ਤੁਧਨੋ' ਵੀਰ ਕਰਾਰੇ।।
ਗਾਵਨਿ 'ਤੁਧਨੋ' ਪੰਡਿਤ ਪੜਨਿ 'ਰਖੀਸੁਰ'
ਜੁਗੁ ਜੁਗੁ ਵੇਦਾ ਨਾਲੇ।।
'ਗਾਵਨਿ ਤੁਧਨੋ' ਮੋਹਣੀਆਂ ਮਨੁਮੋਹਨਿ
'ਸੁਰਗੁ ਮਛੁ' ਪਇਆਲੇ।।
'ਗਾਵਨਿ ਤੁਧਨੋ' ਰਤਨ ਉਪਾਏ ਤੇਰੇ;
ਅਠਸਠਿ ਤੀਰਥ ਨਾਲੇ।।
'ਗਾਵਨਿ ਤੁਧਨੋ' ਜੋਧ ਮਹਾਬਲ ਸੂਰਾ;
'ਗਾਵਨਿ ਤੁਧਨੋ' ਖਾਣੀ ਚਾਰੇ।।

'ਗਾਵਹਿ' ਚਿਤੁ ਗੁਪਤੁ
ਲਿਖਿ 'ਜਾਣਹਿ'
ਲਿਖਿ ਲਿਖਿ ਧਰਮੁ 'ਵੀਚਾਰੈ'।।
'ਗਾਵਹਿ' ਈਸਰੁ 'ਬਰਮਾ' ਦੇਵੀ,
ਸੋਹਨਿ ਸਦਾ ਸਵਾਰੇ।।
'ਗਾਵਹਿ' ਇੰਦ 'ਇਦਾਸਣਿ' ਬੈਠੇ,
ਦੇਵਤਿਆਂ ਦਰਿ ਨਾਲੇ।।
'ਗਾਵਹਿ' ਸਿਧ ਸਮਾਧੀ ਅੰਦਰ,
ਗਾਵਹਿ ਸਾਧ 'ਵਿਚਾਰੇ' ।।
ਗਾਵਨਿ ਜਤੀ ਸਤੀ ਸੰਤੋਖੀ,
'ਗਾਵਨਿ' ਵੀਰ ਕਰਾਰੇ।।
ਗਾਵਨਿ ਪੰਡਿਤ ਪੜਨਿ 'ਰਖੀਸਰ'
ਜੁਗੁ ਜੁਗੁ ਵੇਦਾ ਨਾਲੇ।।
'ਗਾਵਨਿ' ਮੋਹਣੀਆ ਮਨੁਮੋਹਨਿ
'ਸੁਰਗਾ ਮਛ' ਪਇਆਲੇ
'ਗਾਵਨਿ' ਰਤਨ ਉਪਾਏ ਤੇਰੇ,
ਅਠਸਠਿ ਤੀਰਥ ਨਾਲੇ।।
'ਗਾਵਨਿ' ਜੋਧ ਮਹਾਬਲ ਸੂਰਾ,
'ਗਾਵਨਿ' ਖਾਣੀ ਚਾਰੇ।।

'ਗਾਵਨਿ' ਤੁਧਨੋ ਖੰਡ ਮੰਡਲ 'ਬ੍ਰਹਮੰਡਾ';
ਕਰਿ ਕਰਿ ਰਖੇ ਤੇਰੇ ਧਾਰੇ॥
ਸੇਈ ਤੁਧਨੋ 'ਗਾਵਨ੍ਹਿ'
ਜੋ ਤੁਧੁ 'ਭਾਵਨਿ';
ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਤੁਧਨੋ ਗਾਵਨਿ,
ਸੇ ਮੈ ਚਿਤਿ ਨ ਆਵਨਿ,
ਨਾਨਕੁ ਕਿਆ ਬੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ;
ਸਾਚਾ ਸਾਚੀ ਨਾਈ॥
ਹੈ ਭੀ ਹੋਸੀ, ਜਾਇ ਨ ਜਾਸੀ;
ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਜਿਨਸੀ
ਮਾਇਆ ਜਿਨਿ ਉਪਾਈ॥
ਕਰਿ ਕਰਿ ਦੇਖੈ ਕੀਤਾ 'ਆਪਣਾ'
ਜਿਉ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ;
ਫਿਰਿ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ
ਪਤਿਸਾਹਿਬ,
ਨਾਨਕ ਰਹਣੁ ਰਜਾਈ॥ ੧॥ ੧॥

'ਗਾਵਹਿ ਤੁਧਨੋ ਖੰਡ ਮੰਡਲ 'ਬ੍ਰਹਮੰਡਾ';
ਕਰਿ ਕਰਿ ਰਖੇ 'ਤੇਰੇ' ਧਾਰੇ॥
ਸੇਈ ਤੁਧਨੋ 'ਗਾਵਨਿ'
ਜੋ ਤੁਧੁ ਭਾਵਨਿ,
ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ 'ਤੁਧਨੋ' ਗਾਵਨਿ;
ਸੇ ਮੈ ਚਿਤਿ ਨ ਆਵਨਿ;
ਨਾਨਕੁ ਕਿਆ 'ਬੀਚਾਰੇ॥'
ਸੋਈ ਸੋਈ ਸਦਾ ਸਚੁ ਸਾਹਿਬੁ,
ਸਾਚਾ ਸਾਚੀ ਨਾਈ॥
ਹੈ ਭੀ ਹੋਸੀ, ਜਾਇ ਨ ਜਾਸੀ;
ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ, 'ਕਰਿ ਕਰਿ'
ਜਿਨਸੀ;
ਮਾਇਆ ਜਿਨਿ ਉਪਾਈ॥
ਕਰਿ ਕਰਿ 'ਦੇਖੈ', ਕੀਤਾ ਆਪਣਾ;
'ਜਿਉ' ਤਿਸਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ,
'ਫਿਰਿ' ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ
ਪਤਿਸਾਹਿਬੁ;
ਨਾਨਕ ਰਹਣੁ ਰਜਾਈ॥ ੧॥

'ਗਾਵਹਿ' ਖੰਡ ਮੰਡਲ 'ਵਰਭੰਡਾ';
ਕਰਿ ਕਰਿ ਰਖੇ ਧਾਰੇ॥
ਸੇਈ 'ਤੁਧੁਨੋ' ਗਾਵਹਿ,
ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ,
ਸੇ ਮੈ ਚਿਤਿ ਨ ਆਵਨਿ;
ਨਾਨਕੁ ਕਿਆ 'ਵੀਚਾਰੇ'॥
ਸੋਈ ਸੋਈ ਸਦਾ ਸਚੁ ਸਾਹਿਬੁ;
ਸਾਚਾ ਸਾਚੀ ਨਾਈ॥
ਹੈ ਭੀ ਹੋਸੀ, ਜਾਇ ਨ ਜਾਸੀ,
ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ,
ਕਰਿ ਕਰਿ ਜਿਨਸੀ;
ਮਾਇਆ ਜਿਨਿ ਉਪਾਈ॥
ਕਰਿ ਕਰਿ 'ਵੇਖੈ' ਕੀਤਾ ਆਪਣਾ
'ਜਿਵ' ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ,
ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ
'ਪਾਤਿਸਾਹਿਬੁ'
ਨਾਨਕ ਰਹਣੁ ਰਜਾਈ॥ ੨੭॥

ਬੇਨਤੀ—ਸਤਿਗੁਰ ਮਮ ਬੇਰੀ ਕਟੋ ਨਿਜ ਬੇਰੀ ਪਰ ਚਾੜ।
ਇਸ ਬੇਰੀ ਹੋਇ ਭਵ ਸਫਲ ਬਿਨ ਬੇਰੀ ਕਰ ਪਾਰ।

'ਮਹੱਲਾ' ਅਤੇ 'ਰਹਾਉ'

ਇਸ ਤੋਂ ਬਿਨਾਂ ਇਕ ਹੋਰ ਭੀ ਵਿਚਾਰ ਹੈ ਜੋ ਪਾਠਕਾਂ ਦੀ ਗਿਆਤ ਵਾਸਤੇ ਇਥੇ ਦੱਸ ਦੇਣਾ ਜ਼ਰੂਰੀ ਹੈ-

ਜਪੁਜੀ ਸਾਹਿਬ ਵਿਚ 'ਮਹੱਲਾ' ਅਤੇ 'ਰਹਾਉ' ਨਹੀਂ ਲਿਖੇ ਹੋਏ,ਪ੍ਰੰਤੂ ਅੱਗੇ ਜਗ੍ਹਾ ਜਗ੍ਹਾ ਪਰ ਅਰਥਾਤ ਹਰ ਇਕ ਸ਼ਬਦ ਵਿਖੇ ਆਉਣਾ ਹੈ ਇਸ ਲਈ ਇਸ ਦਾ ਵਿਚਾਰ ਇਸ ਤਰ੍ਹਾਂ ਹੈ-

'ਮਹੱਲਾ' ਸ਼ਬਦ ਦਾ ਅਰਥ ਪਾਤਿਸ਼ਾਹ ਹੈ ਕਿਉਂਕਿ ਮਹੱਲਾ ਅੱਗੇ ਜਿਹੜਾ ਅੰਕ ਲਿਖਿਆ ਹੈ ਉਹ ਪਾਤਿਸ਼ਾਹ ਨੂੰ ਸਪਸ਼ਟ ਕਰ ਰਿਹਾ ਹੈ-

ਯਥਾ—ਸਿਰੀ ਰਾਗੁ ਮਹਲਾ ੧ ॥
ਸਿਰੀ ਰਾਗੁ ਮਹਲਾ ੩ ॥

ਇਹ ਸ਼ਬਦ ਪਹਿਲੇ ਪਾਤਿਸ਼ਾਹ ਜੀ ਦਾ ਹੈ ਅਤੇ ਤੀਜੇ ਪਾਤਿਸ਼ਾਹ ਜੀ ਦਾ ਹੈ। ਨਾਲੇ ਇਹ ਪੁਲਿੰਗ ਸ਼ਬਦ ਹੈ, ਕਿਉਂਕਿ ਹਜ਼ੂਰ ਆਪ ਆਪਣੇ ਮੁਖ ਤੋਂ ਕਥਨ ਕਰ ਗਏ ਹਨ ਬਲਕਿ ਅੱਖਰਾਂ ਵਿਚ ਵੀ ਲਿਖ ਗਏ ਹਨ।

ਰਾਗੁ ਸਿਰੀਰਾਗੁ ਮਹਲਾ ਪਹਿਲਾ ੧	*ਪੰਨਾ ੧੪*
ਤਥਾ—ਵਡਹੰਸੁ ਮਹਲਾ ੩ ਮਹਲਾ ਤੀਜਾ	*ਪੰਨਾ ੫੮੨*
ਤਥਾ—ਸੋਰਠਿ ਮਹਲਾ ੪ ਚਉਥਾ॥	*ਪੰਨਾ ੬੦੪*

ਜਿਹੜਾ ਅੱਖਰਾਂ ਵਿਚ ਪਹਿਲਾ, ਤੀਜਾ ਜਾਂ ਚਉਥਾ ਲਿਖ ਗਏ ਹਨ ਇਹ ਪੁਲਿੰਗ ਸ਼ਬਦ ਹੈ ਇਸ ਦੇ ਸਬੰਧ ਕਰਕੇ ਮਹੱਲਾ ਵੀ ਪੁਲਿੰਗ ਸ਼ਬਦ ਹੈ ਇਸ ਲਈ ਹਰ ਪ੍ਰਾਣੀ ਨੂੰ 'ਮਹੱਲਾ' ਪੜ੍ਹਨਾ ਚਾਹੀਦਾ ਹੈ।

ਦੂਜਾ ਵਿਚਾਰ ਇਹ ਭੀ ਹੈ-

'ਮਹਲ' ਮੰਦਰ ਨੂੰ ਭੀ ਕਹਿੰਦੇ ਹਨ।

ਜਿਵੇਂ-ਰਾਜੇ ਦਾ ਮਹਲ।

ਪੰਜਾਬੀ ਵਿਚ ਮਹੱਲ ਸ਼ਬਦ ਲਿਖਣ ਲੱਗਿਆਂ ਅਧਿਕ ਲਗਾਂਦੇ ਹੀ ਨਹੀਂ, ਚਾਹੇ ਬਹੁ-ਬਚਨ ਹੋਵੇ, ਚਾਹੇ ਇਕ ਵਚਨ ਹੋਵੇ।

ਗੁਰਬਾਣੀ ਵਿਚ ਭੀ ਏਸੇ ਤਰ੍ਹਾਂ ਉਚਾਰਨ ਹੈ।

ਯਥਾ-ਇਕ ਵਚਨ-

"ਖੋਲਿ ਕਿਵਾਰਾ 'ਮਹਲਿ' ਬੁਲਾਇਆ॥ ਜੈਸਾ ਸਾ ਤੈਸਾ ਦਿਖਲਾਇਆ॥"

[ਰਾਮਕਲੀ ਮਹਲਾ ੫, ਪੰਨਾ ੮੮੭]

ਬਹੁ-ਵਚਨ—"ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥" [ਮਾਝ ਦੀ ਵਾਰ ਮਹਲਾ ੧, ਪੰਨਾ ੧੪੮]

ਗੁਰਬਾਣੀ ਵਿਚ ਅਧਿਕ ਸਮੇਤ 'ਮਹੱਲ' ਸ਼ਬਦ ਦਾ ਉਚਾਰਨ ਭੀ ਆਉਂਦਾ ਹੈ।

ਯਥਾ—"ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥

ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ 'ਮਹਲੁ'॥ ੧॥"

[ਸਿਰੀਰਾਗੁ ਮਹਲਾ ੩, ਪੰਨਾ ੩੭]

ਏਸੇ ਤਰ੍ਹਾਂ ਜਦ 'ਮਹੱਲਾ' ਪਦ ਇਕ ਵਚਨ ਵਿਚ ਆਉਂਦਾ ਹੈ ਤਾਂ ਭੀ ਅਧਿਕ ਸਮੇਤ ਹੁੰਦਾ ਹੈ। ਜਿਸ ਤਰ੍ਹਾਂ ਕਿ 'ਸਰਦਾਰਾਂ ਦਾ ਮਹੱਲਾ', ਮੁਸ਼ਕੀ 'ਮਹੱਲਾ' ਫਿਰ ਇਹ ਭੀ ਕਹਿੰਦੇ ਹਨ ਕਿ ਅੱਜ ਸਿੰਘਾਂ ਦਾ 'ਮਹੱਲਾ' ਚੜ੍ਹਿਆ ਹੈ।

ਸੰਪ੍ਰਦਾਈ ਗਿਆਨੀ 'ਮਹੱਲਾ' ਦਾ ਅਰਥ ਸਰੂਪ ਭੀ ਕਥਨ ਕਰਦੇ ਹਨ।

ਯਥਾ—ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ॥
ਏਕ ਮਹਿਲ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ॥ ੧॥
ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ॥
ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੁ ਨ ਲੇਤਾ॥੨॥

[ਗਉੜੀ ਮਹਲਾ ੫, ਪੰਨਾ ੨੦੬]

ਸੰਪ੍ਰਦਾਇਕ ਗਿਆਨੀ ਸੀਨਾ ਬਸੀਨਾ ਇਹ ਭੀ ਕਹਿੰਦੇ ਆਏ ਹਨ ਕਿ ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਚੁੱਕੇ ਸਨ ਤੇ ਬਾਅਦ ਵਿਚ ਭਾਈ ਗੁਰਦਾਸ ਜੀ ਨੇ ਕਿਹਾ ਕਿ ਮਹਾਰਾਜ ! 'ਅਧਕਾਂ' ਲਗਾਣੀਆਂ ਰਹਿ ਗਈਆਂ ਹਨ ਹੁਕਮ ਦਿਓ ਤਾਂ ਲਗਾ ਦਿਆਂ।

ਹਜ਼ੂਰ ਨੇ ਕਿਹਾ-"ਭਾਈ ਜੀ ਇਕ ਵਾਰ ਜੋ ਲਿਖਿਆ ਗਿਆ ਹੈ, ਉਹ ਠੀਕ ਹੈ ਹੁਣ ਦੁਬਾਰਾ ਕੁਝ ਨਹੀਂ ਲਿਖਣਾ। ਤੂੰ ਪਾਠਾਂ ਦਾ ਸੰਸਾ ਨਾ ਕਰ, ਸਾਡੇ ਕਮਾਈ ਵਾਲੇ ਸਿਖ ਜਿਥੇ ਜਿਥੇ 'ਅਧਕਾਂ' ਬੁਲਾਣੀਆਂ ਮੁਨਾਸਬ ਸਮਝਣਗੇ ਆਪੇ ਬੁਲਾ ਲੈਣਗੇ।"

ਯਥਾ—"ਜਿਨੀ ਨਾਮੁ ਧਿਆਇਆ ਗਏ 'ਮਸਕਤਿ' ਘਾਲਿ॥" *[ਪੰਨਾ ੮]*

'ਮਸੱਕਤਿ' ਉੱਪਰ ਅਧਕ ਜ਼ਰੂਰ ਬੁਲਾਣੀ ਹੈ। ਅਤੇ-

"ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ॥" *[ਵਾਰ ਸੂਹੀ, ਪੰਨਾ ੭੮੮]*

ਇਥੇ ਵੀ 'ਮਸੱਕਤਿ' ਨੂੰ ਅਧਕ ਬੁਲਾਣੀ ਹੈ।

ਤਥਾ—"ਫਰੀਦਾ ਕੰਨਿ 'ਮੁਸਲਾ' ਸੂਫ ਗਲਿ ਦਿਲਿ ਕਾਤੀ ਗੁੜ ਵਾਤਿ॥"

[ਸਲੋਕ ੫੦,ਪੰਨਾ ੧੩੮੦]

'ਮੁਸੱਲਾ' ਉੱਪਰ ਅਧਕ ਜ਼ਰੂਰ ਬੁਲਾਣੀ ਹੈ।

ਤਥਾ—"ਨਾਨਕ ਸੁਤੀ ਪੇਈਐ ਜਾਣੁ 'ਵਿਰਤੀ' ਸੰਨਿ॥" *[ਸਿਰੀਰਾਗੁ ਮਹਲਾ ੧, ਪੰਨਾ ੨੩]*

'ਵਿਰੱਤੀ' ਉੱਪਰ ਵੀ ਅਧਕ ਜ਼ਰੂਰ ਬੁਲਾਉਣੀ ਹੈ।

"ਮਿਹਰ ਮਸੀਤਿ ਸਿਦਕੁ 'ਮੁਸਲਾ' ਹਕੁ ਹਲਾਲੁ ਕੁਰਾਣੁ॥" *[ਪੰਨਾ ੧੪੦]*

"ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥"

[ਪੰਨਾ ੧੪੧]

ਇਥੇ 'ਮੁਸੱਲਾ' ਤੇ 'ਮੁਸੱਲਿਮ' ਸ਼ਬਦਾਂ ਤੇ ਵੀ ਅਧਕਾਂ ਬੋਲਦੀਆਂ ਹਨ।

ਇਸੇ ਤਰ੍ਹਾਂ ਗੁਰਬਾਣੀ ਅੰਦਰ ਅਨੇਕਾਂ ਸ਼ਬਦ ਐਸੇ ਹਨ ਜਿਨ੍ਹਾਂ ਉਤੇ ਅਧਕ ਲਗਾ ਕੇ ਬੋਲਣੇ ਪੈਂਦੇ

ਹਨ। ਬਿਨਾਂ ਅਧਕ ਦੀ ਵਰਤੋਂ, ਅਰਥ ਦਾ ਅਨਰਥ ਬਣ ਜਾਂਦਾ ਹੈ। ਸੋ ਜਦ ਤਕ ਕਿਸੇ ਗੁਰਮੁਖ ਤੋਂ ਗੁਰਬਾਣੀ ਦਾ ਪਾਠ ਨਾ ਸਿਖਿਆ ਜਾਵੇ ਤਦ ਤਕ ਇਹ ਪਾਵਨ ਸਰੂਪ ਗੁਰਬਾਣੀ ਦਾ ਸ਼ੁੱਧ ਪਾਠ ਨਹੀਂ ਹੋ ਸਕਦਾ, ਜੇਕਰ ਗੁਰਬਾਣੀ ਦਾ ਪਾਠ ਹੀ ਸ਼ੁੱਧ ਨਾ ਕੀਤਾ ਜਾਵੇ ਤਾਂ ਫਲ ਕੀ ਮਿਲਣਾ, ਸੋ ਪਿਆਰੇ ਖਾਲਸਾ ਜੀ ! ਗੁਰਬਾਣੀ ਦਾ ਹਮੇਸ਼ਾਂ ਸ਼ੁੱਧ ਪਾਠ ਕਰਨਾ ਚਾਹੀਦਾ ਹੈ।

ਸੂਹੀ ਰਾਗੁ ਵਿਚ ਚੌਥੇ ਪਾਤਿਸ਼ਾਹ ਜੀ ਦਾ ਵਾਕ ਹੈ-

"ਜਿਸੁ ਘਰਿ 'ਵਿਰਤੀ' ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ॥"

[ਸੂਹੀ ਮਹਲਾ ੪, ਪੰਨਾ ੭੩੩]

ਏਥੇ 'ਵਿਰਤੀ' ਪਰ ਅਧਕ ਨਹੀਂ ਬੁਲਾਵਣੀ।

'ਰਹਾਉ' ਦਾ ਵਿਚਾਰ

ਆਮ ਤੌਰ ਤੇ ਇਹ 'ਰਹਾਉ' ਸੰਗੀਤ ਵਾਲਿਆਂ ਨੇ ਸੰਗੀਤ ਵਿਚ ਵਰਤਿਆ ਹੈ ਕਿਉਂਕਿ ਸੰਗੀਤ ਦੇ ਗਾਇਨ ਵਿਚ ਚਾਰ ਭੇਦ ਹਨ-

੧. ਅਸਥਾਈ, ੨. ਸੰਚਾਰੀ, ੩. ਅੰਤਰਾ, ੪. ਭੋਗ।

ਪ੍ਰੰਤੂ ਆਮ ਦੋ ਭੇਦ ਹਨ-

ਸਥਾਈ ਤੇ ਅੰਤਰਾ

ਅੰਤਰੇ ਦੀ ਹਰ ਤੁਕ ਦੇ ਮਗਰੋਂ ਸਥਾਈ ਤੁਕ ਮੁੜ-ਮੁੜ ਕੇ ਗਾਇਨ ਕੀਤੀ ਜਾਂਦੀ ਹੈ ਇਸ ਕਰਕੇ ਉਸ ਨੂੰ 'ਰਹਾਉ' ਕਹਿੰਦੇ ਹਨ।

ਕਈ ਸ਼ਬਦਾਂ ਵਿਚ 'ਰਹਾਉ ਦੂਜਾ', 'ਰਹਾਉ ਤੀਜਾ' ਵੀ ਆਉਂਦਾ ਹੈ। ਉਥੇ ਦੋ ਸਥਾਈਆਂ ਦੇ ਜਾਂ ਤਿੰਨ ਸਥਾਈਆਂ ਦੇ ਗਾਇਨ ਦਾ ਭਾਵ ਹੈ।

ਗਾਇਨ ਵਾਲੇ ਦੀ ਮਰਜ਼ੀ ਹੈ ਜਿਹੜਾ ਰਹਾਉ ਚਾਹੇ ਉਸ ਤੋਂ ਗਾਇਨ ਕਰਨਾ ਆਰੰਭ ਕਰ ਲਵੇ।

ਦੂਜਾ ਭਾਵ ਸੰਪ੍ਰਦਾਈ ਗਿਆਨੀ ਇਹ ਭੀ ਸੁਣਾਉਂਦੇ ਆਏ ਹਨ ਕਿ 'ਰਹਾਉ' ਦੀਆਂ ਦੋ ਤੁਕਾਂ ਵਿਚ ਹੀ ਸਾਰੇ ਸ਼ਬਦ ਦਾ ਸਿਧਾਂਤ ਹੁੰਦਾ ਹੈ। ਅਰਥ ਕਰਨ ਲਗਿਆਂ ਗਿਆਨੀ-ਜਨ 'ਰਹਾਉ' ਦੀ ਤੁਕ ਤੋਂ ਹੀ ਚੁਕ ਕੇ ਸ਼ਬਦ ਦੀ ਭੂਮਿਕਾ ਬੰਨ੍ਹਦੇ ਹਨ। ਇਸ ਲਈ ਇਹ 'ਰਹਾਉ' ਪਦ ਦੋਹਾਂ ਨਾਲ ਸਮਿੱਲਤ ਹੈ, ਭਾਵ ਸੰਗੀਤ ਅਤੇ ਕਾਵਜ ਨਾਲ। ਜੇ ਕੋਈ ਕਹੇ-'ਨਿਰਾ ਸੰਗੀਤ ਨਾਲ ਹੀ ਸਬੰਧ ਰੱਖਦਾ ਹੈ। ਤਾਂ ਇਹ ਵੀ ਕਹਿਣਾ ਯੋਗ ਨਹੀਂ।

ਗੁਰੂ ਸਾਹਿਬ ਜੀ ਦਾ ਤੀਜਾ ਭਾਵ ਇਹ ਭੀ ਹੈ ਕਿ ਪਰਮੇਸ਼ਰ ਨੇ ਹੀ ਰਹਾਉ=ਰਹਿਣਾ ਹੈ, ਹੋਰ ਸਭ ਨੇ ਚਲਿਆਂ ਜਾਣਾ ਹੈ।

ਚੌਥਾ ਭਾਵ ਇਹ ਭੀ ਸੁਣਾਉਂਦੇ ਹਨ ਕਿ ਇਸ ਉਪਦੇਸ਼ ਨੂੰ ਸੁਣ ਕੇ ਪਰਮੇਸ਼ਰ ਦੇ ਨਾਮ ਨੂੰ ਰਹਾਉ=ਬੀਜੀ ਜਾਓ।

ਯਥਾ—"ਕਬੀਰ ਐਸਾ 'ਬੀਜੁ' ਬੋਇ ਬਾਰਹ ਮਾਸ ਫਲੰਤ॥
ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ॥ ੨੨੯॥"

[ਸਲੋਕ ਕਬੀਰ ਜੀ, ਪੰਨਾ ੧੩੭੯]

ਸੋਦਰੁ ਰਾਗੁ ਆਸਾ ਮਹਲਾ ੧

੧ੴ ਸਤਿਗੁਰ ਪ੍ਰਸਾਦਿ॥

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਰਾਗੁ ਆਸਾ ਵਿਚ ਸੋਦਰੁ ਨਾਮੇ ਸ਼ਬਦ ਨੂੰ ਉਚਾਰਨ ਕਰਦੇ ਹਨ।*

ਸੋਦਰੁ ਛੰਦੁ ਦੀ ਚਾਲ ਹੈ।

ਵਾ-ਸੋ+ਦਰੁ=ਉਸ ਪਰਮੇਸ਼ਰ ਦੇ ਦਰਵਾਜ਼ੇ ਦਾ ਜਿਸ ਵਿਚ ਕਥਨ ਹੋਵੇ ਸੋ ਕਹੀਏ ਸੋਦਰੁ॥

ਵਾ-ਜਿਸ ਸ਼ਬਦ ਦੇ ਦਰੁ=ਅੰਦਰ ਉਸ ਪਰਮੇਸ਼ਰ ਦੇ ਜਸ ਦਾ ਨਿਰੂਪਣ ਹੋਵੇ ਸੋ ਕਹੀਏ ਸੋਦਰੁ॥

ਭਗਵਾਨ ਨੇ ਕਿਹਾ-''ਅਸਾਡਾ ਦਰਵਾਜ਼ਾ ਅਤੇ ਘਰ ਆਪ ਨੇ ਕਿਹੜਾ ਨਿਸਚੇ ਕੀਤਾ ਹੈ?''

ਉੱਤਰ-

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ॥

ਹੇ ਭਗਵਾਨ ! ਉਹ ਦਰਵਾਜ਼ਾ ਤੇਰਾ ਕੇਹਾ=ਕਿਹੜਾ ਕਹੀਏ।

ਅਤੇ ਉਹ ਘਰ ਤੇਰਾ ਕਿਹੜਾ ਕਹੀਏ, ਜਿਥੇ ਬੈਠ ਕੇ ਆਪ ਸਭ ਜੀਵਾਂ ਦੀ ਸੰਭਾਲ ਕਰਦੇ ਹੋ। ਭਾਵ ਸਾਰੇ ਦਰਵਾਜ਼ੇ ਅਤੇ ਸਾਰੇ ਘਰ ਆਪ ਜੀ ਦੇ ਹੀ ਹਨ।

ਇਦੰਮਿਥ ਕਰ ਕੇ ਕੁਝ ਨਹੀਂ ਕਿਹਾ ਜਾਂਦਾ।

ਭਗਵਾਨ ਨੇ ਫਿਰ ਕਿਹਾ-''ਸਿੱਖਾਂ ਨੂੰ ਸਮਝਾਉਣ ਵਾਸਤੇ ਆਪ ਜੀ ਨੇ ਮੇਰਾ ਦਰਵਾਜ਼ਾ ਅਤੇ ਘਰ ਕਿਹੜਾ ਨਿਸਚੇ ਕੀਤਾ ਹੋਇਆ ਹੈ?'' ਗੁਰ ਉੱਤਰ-

ਹੇ ਭਗਵਾਨ ! ਉਹ ਸੰਸਾਰ ਰੂਪ ਦਰਵਾਜ਼ਾ ਆਪ ਜੀ ਦਾ ਕਥਨ ਕੀਤਾ ਹੈ। ਅਤੇ ਬੈਕੁੰਠ ਰੂਪੀ ਘਰ ਤੁਹਾਡਾ ਕਥਨ ਕੀਤਾ ਹੈ। ਜਿਸ ਬੈਕੁੰਠ ਘਰ ਵਿਚ ਬੈਠ ਕੇ ਆਪ ਸ਼ਾਰਿਆਂ ਜੀਵਾਂ ਦੀ ਸੰਭਾਲ ਕਰਦੇ ਹੋ।

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥

ਹੇ ਭਗਵਾਨ ! ਤੇਰੇ ਦਰਵਾਜ਼ੇ ਵਿਚ ਅਨੇਕ=ਬਿਅੰਤ ਨਾਦ ਆਦਿਕ ਵਾਜੇ ਹਨ।

ਅਸੰਖਾ=ਅਸੰਖਿਆਤ ਭਾਵ ਪਰਗਟ।

ਤੇਰੇ ਦਰਬਾਰ ਵਿਚ ਉਹਨਾਂ ਵਾਜਿਆਂ ਦੇ ਵਜਾਉਣ ਵਾਲੇ ਭੀ ਕਿਤਨੇ ਹਨ।

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥

ਹੇ ਭਗਵਾਨ ! ਤੇਰੇ ਦਰ ਘਰ ਵਿਖੇ ਕਿਤਨੇ ਹੀ ਰਾਗ, ਪਰੀ ਸਿਉ=ਰਾਗਣੀਆਂ ਸਹਿਤ ਕਥਨ ਕੀਤੇ ਜਾਂਦੇ ਹਨ।

---

*ਇਸ ਸੋਦਰੁ ਦੀ ਉਥਾਨਕਾ ੪੨੫ ਪੰਨੇ ਪਰ ਦੇਖੋ।

ਵਾ-ਕਿਤਨੇ ਹੀ ਰਾਗ ਪਰੀ=ਰਾਗਣੀਆਂ ਅਤੇ ਸਿਉ=ਪੁੱਤਰਾਂ ਦੇ ਸਹਿਤ ਕਥਨ ਕਰੀਂਦੇ ਹਨ।

ਤੇਰੇ ਦਰ ਘਰ ਵਿਖੇ ਕਿਤਨੇ ਹੀ ਰਾਗਾਂ ਦੇ ਗਾਉਣ ਵਾਲੇ ਹਨ।

ਅਥਵਾ-ਤੇਰੇ ਦਰ ਘਰ ਵਿਖੇ ਕਿਤਨੇ ਹੀ ਰਾਗ=ਪ੍ਰੇਮ ਦੇ ਧਾਰਨ ਵਾਲੇ ਹਥ ਬੰਨ੍ਹ ਕੇ ਖੜੇ ਹਨ। ਕਿਤਨੇ ਹੀ ਪਰੀ=ਕਰੁਣਾ, ਮੈਤ੍ਰੀ, ਮੁੱਦਤਾ ਨੂੰ ਧਾਰ ਕੇ।

ਕਿਤਨੇ ਹੀ ਸਿਉ=ਸਤ ਸੰਤੋਖ ਆਦਿਕਾਂ ਨੂੰ ਧਾਰ ਕੇ ਖੜੇ ਹਨ,ਕਿਤਨੇ ਹੀ ਤੇਰੇ ਜਸ ਦੇ ਗਾਉਣ ਵਾਲੇ ਹਨ।

ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾਧਰਮੁ ਦੁਆਰੇ॥

ਹੇ ਭਗਵਾਨ ! ਪੌਣ ਪਾਣੀ ਅਤੇ ਬੈਸੰਤਰੁ=ਅਗਨ ਦੇਵਤਾ ਇਹ ਸਾਰੇ ਤੇਰੇ ਜਸ ਨੂੰ ਗਾਉਂਦੇ ਹਨ।

ਯਥਾ—"ਸਿਮਰੈ ਧਰਤੀ ਅਰੁ ਆਕਾਸਾ॥ ਸਿਮਰਹਿ ਚੰਦ ਸੂਰਜ ਗੁਣਤਾਸਾ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ॥ ੧॥"

[ਮਾਰੂ ਸੋਹਲੇ ਮਹਲਾ ੫, ਪੰਨਾ ੧੦੭੮]

ਅਥਵਾ-ਪਵਣੁ=ਰਜੋ ਗੁਣ।

ਪਾਣੀ=ਸਤੋ ਗੁਣ। ਬੈਸੰਤਰੁ=ਤਮੋ ਗੁਣ।

ਤਿੰਨੇ ਗੁਣ ਤੇਰੇ ਜਸ ਨੂੰ ਗਾਂਵਦੇ ਹਨ।

ਧਰਮਰਾਜਾ ਭੀ ਤੇਰੇ ਦੁਆਰੇ ਪਰ ਖੜਾ ਹੋ ਕੇ ਤੇਰੇ ਜਸ ਨੂੰ ਗਾ ਰਿਹਾ ਹੈ। ਵਾ-ਰਾਜੇ ਲੋਕ ਧਰਮ ਅਦਾਲਤਾਂ ਦੁਆਰੇ ਤੇਰੇ ਜਸ ਨੂੰ ਗਾਂਵਦੇ ਹਨ।

ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ॥

ਚਿਤ੍ਰ ਸੱਜੇ ਮੋਢੇ ਪਰ ਬੈਠ ਕੇ ਦਿਨ ਦੀ ਗੱਲ ਨੂੰ ਅਤੇ ਗੁਪਤ ਖੱਬੇ ਮੋਢੇ ਪਰ ਬੈਠ ਕੇ ਰਾਤ ਦੀ ਗੱਲ ਨੂੰ ਜੋ ਲਿਖ ਜਾਣਦਾ ਹੈ।

ਫਿਰ ਜਿਨ੍ਹਾਂ ਦੇ ਲਿਖੇ ਹੋਏ ਲੇਖ ਨੂੰ ਧਰਮਰਾਜ ਵਿਚਾਰਦਾ ਹੈ, ਉਹ ਸਭ ਤੇਰੇ ਜਸ ਨੂੰ ਗਾਉਂਦੇ ਹਨ।

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥

ਹੇ ਭਗਵਾਨ ! ਈਸਰੁ=ਸ਼ਿਵ, ਬ੍ਰਹਮਾ ਆਪੋ ਆਪਣੀਆ ਦੇਵੀ=ਸ਼ਕਤੀਆਂ ਸਮੇਤ,

ਅਥਵਾ:-ਛਿਆਨਵੇਂ ਕ੍ਰੋੜ ਜੋ ਦੇਵੀਆਂ ਹਨ, ਇਹ ਸਭ ਤੇਰੇ ਜਸ ਨੂੰ ਗਾਉਂਦੀਆਂ ਹਨ।

ਇਹ ਤੇਰੇ ਸਦਾ ਦੇ ਸਵਾਰੇ=ਬਣਾਏ ਹੋਏ ਸੋਭਦੇ ਹਨ।

ਵਾ-ਸਵਾਰੇ=ਸਵੇਰੇ ਉੱਠ ਕੇ ਆਪੋ ਆਪਣੇ ਬਾਲਕੇ ਬਾਲਕੀਆਂ ਸਮੇਤ ਤੇਰੇ ਸੋਹਨਿ=ਸੋਭਨੀਕ ਜਸ ਨੂੰ ਸਦਾ ਗਾਉਂਦੇ ਹਨ।

ਯਥਾ—"ਸਿਮਰਹਿ ਬ੍ਰਹਮੇ ਬਿਸਨ ਮਹੇਸਾ॥ ਸਿਮਰਹਿ ਦੇਵਤੇ ਕੋੜਿ ਤੇਤੀਸਾ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ॥ ੩॥"

[ਮਾਰੂ ਮਹਲਾ ੫, ਪੰਨਾ ੧੦੭੯]

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥

ਦੇਵਤਿਆਂ ਦਾ ਰਾਜਾ ਇੰਦ੍ਰ ਇੰਦ੍ਰਾਸਣਿ=ਰਾਜ ਸਿੰਘਾਸਣ ਪਰ ਬੈਠਾ ਹੋਇਆ ਦੇਵਤਿਆਂ ਦੇ ਦਰਿ=ਦਲ ਨਾਲ ਤੇਰੇ ਜਸ ਨੂੰ ਗਾਉਂਦਾ ਹੈ।

ਵਾ-ਦੇਵਤੇ ਭੀ ਆਦਰ ਨਾਲ ਤੇਰੇ ਜਸ ਨੂੰ ਗਾਉਂਦੇ ਹਨ।

ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ॥

੮੪ ਸਿੱਧ ਸਮਾਧੀਆਂ ਅੰਦਰ ਇਸਥਿਤ ਹੋ ਕੇ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਵਿਚਾਰਵਾਨ ਸਾਧੂ ਭੀ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥

ਜਤੀ [ਲਛਮਣ ਆਦਿਕ], ਸਤਵਾਦੀ [ਦਸਰਥ ਆਦਿਕ], ਸੰਤੋਖੀ [ਚੁਣਕ ਰਿਖੀ ਆਦਿਕ], ਸਭ ਤੇਰੇ ਜਸ ਨੂੰ ਗਾਉਂਦੇ ਹਨ।

ਕਰਾਰੇ=ਤਕੜੇ ਬਵੰਜਾ ਬੀਰ ਭੀ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥

ਪੁਰਾਣਾਂ ਦੇ ਪੜ੍ਹਨ ਵਾਲੇ ਪੰਡਿਤ ਵਾ ਕਥਾ ਕਰਨ ਵਾਲੇ ਪੰਡਿਤ ਅਤੇ ਪੜ੍ਹਨ ਵਾਲੇ ਵਿਦਿਆਰਥੀ, ਰਿਖੀਸੁਰ=ਮਹਾਤਮਾਂ ਵਾ ਰਿਖੀ=ਇੰਦ੍ਰੀਆਂ ਨੂੰ ਜਿਨ੍ਹਾਂ ਨੇ ਸੁਰ=ਦਮਨ ਕੀਤਾ ਹੈ। ਇਹ ਸਭ ਤੇਰੇ ਜਸ ਨੂੰ ਗਾਉਂਦੇ ਹਨ।

ਚਾਰੇ ਜੁਗ ਆਪੋ ਆਪਣੇ ਚਾਰ ਵੇਦਾਂ ਅਤੇ ਚਾਰੇ ਅਵਤਾਰਾਂ ਸਮੇਤ ਹੋ ਕੇ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਸਤਜੁਗ-ਸ਼ਾਮਵੇਦ ਤੇ ਹੰਸ ਅਵਤਾਰ ਸਮੇਤ ਹੋ ਕੇ ਆਪ ਜੀ ਦੇ ਜਸ ਨੂੰ ਗਾਉਂਦਾ ਹੈ।

ਤ੍ਰੇਤਾ ਜੁਗ-ਰਿਗਵੇਦ ਤੇ ਰਾਮਾਵਤਾਰ ਸਮੇਤ ਹੋ ਕੇ ਆਪ ਜੀ ਦੇ ਜਸ ਨੂੰ ਗਾਉਂਦਾ ਹੈ।

ਦੁਆਪੁਰ ਜੁਗ-ਯਜੁਰ ਵੇਦ ਤੇ ਕ੍ਰਿਸ਼ਨਾਵਤਾਰ ਸਮੇਤ ਹੋ ਕੇ ਆਪ ਜੀ ਦੇ ਜਸ ਨੂੰ ਗਾਉਂਦਾ ਹੈ।

ਕਲਜੁਗ-ਅਥਰਬਣ ਵੇਦ ਤੇ ਨਿਹਕਲੰਕ ਅਵਤਾਰ ਸਮੇਤ ਹੋ ਕੇ ਆਪ ਜੀ ਦੇ ਜਸ ਨੂੰ ਗਾਉਂਦਾ ਹੈ।

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥

ਸੁਰਗ ਲੋਕ, ਮਛੁ=ਮਾਤ ਲੋਕ, ਪਇਆਲੇ=ਪਤਾਲ ਲੋਕ ਇਨ੍ਹਾਂ ਤਿੰਨਾਂ ਲੋਕਾਂ ਵਿਖੇ ਰਹਿਣ ਵਾਲੀਆਂ ਜੋ ਮੋਹਣੀਆਂ=ਇਸਤ੍ਰੀਆਂ ਹਨ ਮਨ ਨੂੰ ਮੋਹਣ ਵਾਲੀਆਂ, ਉਹ ਸਭ ਤੇਰੇ ਜਸ ਨੂੰ ਗਾਉਂਦੀਆਂ ਹਨ।

ਵਾ-ਮੋਹਣੀਆ=ਮੋਹਣੀ ਅਵਤਾਰ ਅਤੇ ਮਨੁਮੋਹਨਿ=ਕ੍ਰਿਸ਼ਨ ਜੀ ਸੁਰਗ, ਮਾਤ ਤੇ ਪਤਾਲ [ਤਿੰਨਾਂ ਲੋਕਾਂ] ਵਿਚ ਪਰੀਪੂਰਨ ਜਾਣ ਕੇ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਵਾ-ਮੋਹ ਨੂੰ ਜਿਨ੍ਹਾਂ ਨੇ ਹਣੀਆਂ=ਨਾਸ ਕੀਤਾ ਹੈ, ਉਹ ਮਹਾਤਮਾਂ ਭੀ ਤਿੰਨਾਂ ਲੋਕਾਂ ਵਿਚ ਹੈ ਮਨੁਮੋਹਨਿ=ਪਰਮਾਤਮਾ ! ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥

ਹੇ ਭਗਵਾਨ ! ਆਪ ਜੀ ਦੇ ਪੈਦਾ ਕੀਤੇ ਹੋਏ ਚੌਦਾਂ ਰਤਨ ਆਪ ਜੀ ਦੇ ਜਸ ਨੂੰ ਗਾਉਂਦੇ ਹਨ। ਅਠਾਹਠ ਤੀਰਥ ਭੀ ਅਤੇ ਤੀਰਥਾਂ ਦੇ ਨਾਲ ਰਹਿਣ ਵਾਲੇ ਮਹਾਤਮਾਂ ਭੀ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ

ਜੋਧੇ, ਮਹਾਂਬਲੀ ਤੇ ਸੂਰਮੇ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

੧. 'ਜੋਧਾ' ਉਹ ਹੁੰਦਾ ਹੈ-'ਜੋ ਇਕ ਨਾਲ ਇਕ ਲੜੇ।'
'ਮਹਾਂਬਲੀ' ਉਹ ਹੁੰਦਾ ਹੈ-'ਜੋ ਦਸ ਹਜ਼ਾਰ ਨਾਲ ਇਕੋ ਲੜੇ।'
'ਸੂਰਮਾ' ਉਹ ਹੁੰਦਾ ਹੈ-'ਜੋ ਅਨ-ਗਿਣਤਾਂ ਨਾਲ ਇਕੋ ਲੜੇ।'

੨. ਇਸੀ ਪ੍ਰਕਾਰ ਜੋਧਾ ਉਹ ਹੈ-'ਜਿਸ ਨੇ ਆਪਣੇ ਇਕ ਸਰੀਰ ਨੂੰ ਵਸੀਕਾਰ ਕੀਤਾ ਹੈ।'
'ਮਹਾਬਲੀ' ਉਹ ਹੈ-'ਜਿਸ ਨੇ ਦਸ ਇੰਦਰੀਆਂ ਨੂੰ ਵਿਸ਼ਿਆਂ ਵਲੋਂ ਰੋਕਿਆ ਹੈ।'
'ਸੂਰਮਾ' ਉਹ ਹੈ-'ਜਿਸ ਨੇ ਮਨ ਦੀਆਂ ਅਨੇਕ ਵਾਸ਼ਨਾਂ ਰੋਕੀਆਂ ਹਨ।'

੩. ਜੋਧਾ ਉਹ ਹੈ-'ਜਿਸ ਨੇ ਗੁਰ ਉਪਦੇਸ਼ ਨੂੰ ਸ੍ਰਵਣ ਕੀਤਾ ਹੈ।'
ਮਹਾਂਬਲੀ ਉਹ ਹੈ-'ਜਿਸ ਨੇ ਨਾਮ ਨੂੰ ਮੰਨਣ ਕੀਤਾ ਹੈ।'
ਸੂਰਮਾ ਉਹ ਹੈ-'ਜਿਸ ਨੇ ਪ੍ਰਪੱਕ ਅਵਸਥਾ ਰੂਪ ਨਿਧਿਆਸਣ ਕੀਤਾ ਹੈ।

ਗਾਵਨਿ ਤੁਧਨੋ ਖਾਣੀ ਚਾਰੇ॥

ਅੰਡਜ, ਜੇਰਜ, ਸੇਤਜ, ਉਤਭੁਜ ਰੂਪ ਚਾਰ ਖਾਣੀਆਂ ਭੀ ਆਪ ਜੀ ਦੇ ਜਸ ਨੂੰ ਗਾਉਂਦੀਆਂ ਹਨ।

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥

ਨੌ ਖੰਡ, [ਚਾਰ ਸੌ ਕੋਹਾਂ ਦਾ] ਮੰਡਲ ਅਤੇ ਬ੍ਰਹਮੰਡ ਇਹ ਸਾਰੇ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਯਥਾ— "ਸਿਮਰਹਿ ਖੰਡ ਦੀਪ ਸਭਿ ਲੋਆ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ॥
ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ॥ ੨॥"

[ਮਾਰੂ ਮਹਲਾ ੫, ਪੰਨਾ ੧੦੭੯]

ਕਰਿ=ਉਤਪਤੀ ਕਰ ਕੇ ਸਾਰੇ ਜੀਵ ਤੈਨੇ ਮਰਯਾਦਾ ਵਿਚ ਧਾਰਨ ਕਰ ਰੱਖੇ ਹਨ।

ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥

ਹੇ ਭਗਵਾਨ ! ਜੋ ਤੈਨੂੰ ਭਾਉਂਦੇ ਹਨ, ਸੇਈ=ਉਹੋ ਤੈਨੂੰ ਗਾਉਂਦੇ ਹਨ।
ਰਸਾਲੇ=ਰਾਮੂੰਹ ਭਗਤ ਤੇਰੇ ਵਿਚ ਰੱਤੇ ਹੋਏ ਹਨ।

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥

ਹੋਰ ਕਿੰਨੇ ਕੁ ਆਪ ਜੀ ਦੇ ਜਸ ਨੂੰ ਗਾਉਂਦੇ ਹਨ, ਉਹ ਮੈਨੂੰ ਚੇਤੇ ਨਹੀਂ ਆਉਂਦੇ। ਗੁਰੂ ਜੀ ਆਖਦੇ

ਹਨ ਮੈਂ ਨਾਨਕ ਵਿਚਾਰ ਕੇ ਕੀ ਹਾਂ।

ਇਥੋਂ ਤੱਕ ਸੱਚ ਖੰਡ ਵਿਖੇ ਭਗਵਾਨ ਦੇ ਸਨਮੁਖ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸਤਤੀ ਕੀਤੀ ਹੈ। ਤਿੰਨ ਦਿਨ ਉਥੇ ਰਹੇ ਹਨ, ਤੀਜੇ ਦਿਨ ਵਾਪਸ ਆਏ ਹਨ।

ਯਥਾ—'ਇਸ਼ਨਾਨ ਸਮੈਂ ਨਿਕਸੇ ਕਰੁਨਾਕਰ ਬਾਸੁਰ ਤੀਨ ਬਿਤਾਇ ਗਹੀਰਾ।'

ਜਿਥੋਂ *ਚੁੱਭੀ ਮਾਰ ਕੇ ਲੋਪ ਹੋਏ ਸਨ ਉਸ ਤੋਂ ਇਕ ਕੋਹ ਭਰ ਫਾਸਲੇ ਤੇ ਆ ਕੇ +ਪ੍ਰਗਟ ਹੋਏ। ਅੱਗੇ 'ਪੈੜਾਮੋਖਾ' ਨਾਮੇ ਦਾਸ ਕੱਪੜੇ ਲੈ ਕੇ ਖੜਾ ਸੀ, [ਕਿਉਂਕਿ ਭੈਣ ਨਾਨਕੀ ਜੀ ਨੂੰ ਬੜਾ ਭਰੋਸਾ ਸੀ, ਉਹ ਸਮਝਦੇ ਸਨ- 'ਮੇਰਾ ਵੀਰ ਗੁਰ ਨਾਨਕ ਡੁੱਬਿਆ ਨਹੀਂ ਉਹ ਤੇ ਡੁੱਬਿਆਂ ਨੂੰ ਤਾਰਨ ਵਾਲਾ ਹੈ।'

ਦੁਨੀਆਂ ਦੇ ਹੋਰ ਸਾਰੇ ਲੋਕ ਭਾਵੇਂ ਆਖਦੇ ਸਨ ਕਿ 'ਦੌਲਤ ਖਾਂ ਨਵਾਬ ਦਾ ਮੋਦੀ ਡੁੱਬ ਗਿਆ ਹੈ।' ਆਪਣੇ ਭਰੋਸੇ ਦੇ ਦ੍ਰਿੜ੍ਹ ਹੋਣ ਕਰਕੇ 'ਭੈਣ ਨਾਨਕੀ' ਪੈੜੇ ਮੋਖੇ ਦਾਸ ਨੂੰ ਕਪੜੇ ਦੇ ਕੇ ਰੋਜ਼ ਨਦੀ ਦੇ ਕੰਢੇ ਭੇਜ ਦੇਂਦੀ ਸੀ। ਉਸ ਦਿਨ ਵੀ ਦਾਸ ਕੱਪੜੇ ਲੈ ਕੇ ਨਦੀ ਦੇ ਕਿਨਾਰੇ ਕਿਨਾਰੇ ਤੁਰਿਆ ਫਿਰਦਾ ਸੀ] ਗੁਰੂ ਸਾਹਿਬ ਜੀ ਨੂੰ ਦੇਖ ਕੇ ਦੌੜਿਆ ਤੇ ਚਰਨਾਂ ਪਰ ਆ ਕੇ ਮੱਥਾ ਟੇਕਿਆ।

ਉਸ ਵੇਲੇ ਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਆਖਿਆ ਨਿਹਾਲ ਹੋ ! ''ਨਿਹਾਲ ਹੋ !!''

ਦਾਸ ਨੇ ਮੱਥਾ ਟੇਕ ਕੇ ਕਿਹਾ-''ਆਪ ਜੀ ਨੂੰ ਭੈਣ ਨਾਨਕੀ ਬੜਾ ਯਾਦ ਕਰ ਰਹੀ ਹੈ।''

ਗੁਰੂ ਸਾਹਿਬ ਜੀ ਉਸੀ ਵੇਲੇ ਭੈਣ ਜੀ ਨੂੰ ਆ ਕੇ ਮਿਲੇ।

ਫਿਰ ਭੈਣ ਨਾਨਕੀ ਜੀ ਨੇ ਪੁੱਛਿਆ-''ਆਪ ਕਿਥੇ ਗਏ ਸੀ?''

ਹਜ਼ੂਰ ਨੇ ਆਖਿਆ-''ਸੱਚ ਖੰਡ ਵਿਖੇ ਭਗਵਾਨ ਜੀ ਪਾਸ ਗਏ ਸਾਂ।''

ਭੈਣ ਨਾਨਕੀ ਜੀ ਨੇ ਕਿਹਾ-''ਉਹ ਭਗਵਾਨ ਕੈਸਾ ਹੈ ?''

ਹਜ਼ੂਰ ਨੇ ਫ਼ਰਮਾਇਆ-

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥

ਉਹ ਪ੍ਰਮਾਤਮਾਂ ਪਿੱਛੇ ਵੀ ਸਚਾ ਸਾਹਿਬ ਸੀ।

---

*ਓਥੇ ਵੇਈਂ ਨਦੀ ਦੇ ਕਿਨਾਰੇ ਬੇਰ ਸਾਹਿਬ ਗੁਰਦੁਆਰਾ ਹੁਣ ਤਕ ਪ੍ਰਗਟ ਹੈ।

ਯਥਾ—'ਆਪਨ[1] ਤੇ ਚਲ ਨੀਰ ਕੇ ਤੀਰ[2] ਪੈ ਦੰਤਨ[3] ਧਾਵਨ ਆਨਿ ਕਰੀ।
ਗਾਡ ਦਈ ਧਰ[4], ਹੋਤ ਭਯੋ ਤਰੁ[5], ਹੈ ਅਬ ਲੌ ਬਰ ਸੋ ਬਦਰੀ[6]॥ ੧੫॥'

(ਨਾਨਕ ਪ੍ਰਕਾਸ਼ ਪੂਰਬਾਰਧ, ਧਿਆ ੨੮)

+ਯਥਾ - ਦੋਹਰਾ-

'ਜਹਾਂ ਪ੍ਰਵਿਸ਼ੇ ਇਕ ਕੋਸ ਤਹਿ ਨਿਕਸੇ ਗੁਰੂ ਪ੍ਰਬੀਨ[7]।
ਸੰਤ ਘਾਟ ਅਬ ਲਗ ਬਿਦਤ[8], ਦਰਸਹਿਂ ਸਿੱਖ ਸੁ ਦੀਨ॥ ੭॥'

(ਪੂਰਬਾਰਧ, ਧਿਆ ੨੯)

੧. ਦੁਕਾਨ ਤੋਂ। ੨. ਕਿਨਾਰੇ। ੩. ਦਾਤਨ। ੪. ਜ਼ਮੀਨ ਵਿਚ। ੫. ਬ੍ਰਿਛ। ੬. ਬੇਰੀ। ੭. ਚਤੁਰ। ੮. ਪ੍ਰਗਟ।

ਹੁਣ ਭੀ ਉਹ ਸਦਾ ਸੱਚਾ ਸਾਹਿਬ ਹੈ।

ਅੱਗੇ ਵੀ ਉਹ ਸਦਾ ਸੱਚਾ ਸਾਹਿਬ ਹੋਵੇਗਾ।

ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ।

ਅਥਵਾ-ਸੋਈ=ਉਹ ਸੋਈ=ਸੋਭਨੀਕ ਸਦਾ ਸੱਚਾ ਸਾਹਿਬ ਹੈ, ਉਹ ਆਪ ਵੀ ਸੱਚਾ ਹੈ, ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ।

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥

ਜਿਸ ਨੇ ਸੰਸਾਰ ਦੀ ਰਚਨਾ ਰਚਾਈ=ਬਣਾਈ ਹੈ ਉਹ ਪ੍ਰਮਾਤਮਾ ਹੁਣ ਹੈ, ਭੀ=ਪਿੱਛੇ ਸੀ। ਹੋਸੀ=ਅੱਗੇ ਹੋਵੇਗਾ, ਜਾਇ ਨ ਜਾਸੀ=ਜੰਮਦਾ ਮਰਦਾ ਨਹੀਂ ਹੈ।

ਯਥਾ—"ਹੈ ਭੀ ਸਾਚਾ ਹੋਸੀ ਸੋਈ॥ ਆਪੇ ਸਾਜੇ ਅਵਰੁ ਨ ਕੋਈ॥" *[ਮਾਰੂ ਮਹਲਾ ੩, ਪੰਨਾ ੧੦੬੦]*

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥

[ਕਾਲੇ, ਪੀਲੇ, ਸਾਵਲੇ ਆਦਿਕ-] ਰੰਗਾਂ ਰੰਗਾਂ ਦੀ ਅਤੇ [ਮਧੁਰੇ, ਲੰਬੇ, ਗਿਠ-ਮੁਠੀਏ ਆਦਿਕ-] ਭਾਤੀ=ਤਰ੍ਹਾਂ ਤਰ੍ਹਾਂ ਦੀ ਸ੍ਰਿਸ਼ਟੀ ਕਰਿ ਕਰਿ=ਉਤਪੰਨ ਕੀਤੀ ਹੈ।

ਯਥਾ—"ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸ ਹੀ ਜੇਹਾ ਉਪਾਇਆ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥ ੧॥"

[ਮਾਰੂ ਮਹਲਾ ੩ ਪੰਨਾ ੧੦੫੬]

[ਹਾਥੀ, ਘੋੜਾ, ਊਠ, ਖੱਚਰ ਆਦਿ] ਜਿਨਸਾਂ [ਵੀ] ਪੈਦਾ ਕੀਤੀਆਂ ਹਨ, ਪਰ ਆਪਣੇ ਆਪ ਨਹੀਂ ਪੈਦਾ ਕੀਤੀਆਂ, ਜਿਸ [ਪ੍ਰਮੇਸ਼ਰ] ਨੇ ਮਾਇਆ ਦੁਆਰੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ-

ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ॥

ਉਹ ਪ੍ਰਮਾਤਮਾ ਆਪਣੇ ਕੀਤੇ ਸੰਸਾਰ ਨੂੰ ਆਪ ਹੀ ਦੇਖਦਾ ਹੈ, ਆਪ ਹੀ ਲਯ=ਲੈਤਾ ਕਰਦਾ ਹੈ ਜਿਵੇਂ ਉਸ ਦੀ ਵਡਿਆਈ=ਇੱਛਾ ਹੁੰਦੀ ਹੈ।

ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥

ਜੋ ਕੁਛ ਉਸ ਪ੍ਰਮੇਸ਼ਰ ਨੂੰ ਭਾਉਂਦਾ ਹੈ, ਓਹੀ ਕੁਝ ਕਰਦਾ ਹੈ।

ਮੁੜ ਉਸ ਪਰ ਹੁਕਮ ਨਹੀਂ ਕੀਤਾ ਜਾਂਦਾ।

ਵਾ-ਉਸ ਦਾ ਹੁਕਮ ਫਿਰਿ=ਫੇਰਿਆ ਅਰਥਾਤ ਮੋੜਿਆ ਨਹੀਂ ਜਾਂਦਾ।

ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ॥ ੧॥

ਉਹ ਸਾਹਿਬ ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈ।

ਯਥਾ—"ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਸਿਰਿ ਸਾਹਾ ਪਾਤਿਸਾਹਾ ਹੇ॥ ੧੧॥"

[ਮਾਰੂ ਮਹਲਾ ੩, ਪੰਨਾ ੧੦੫੬]

ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ, ਹੇ ਭੈਣ ਜੀ ! ਸਾਨੂੰ ਤੇ ਤੁਹਾਨੂੰ ਉਸ ਦੀ ਰਜਾਈ=ਆਗਿਆ ਵਿਚ ਹੀ ਰਹਿਣਾ ਚਾਹੀਦਾ ਹੈ।

ਪੁਨਾ-ਭੈਣ ਨਾਨਕੀ ਜੀ ਨੇ ਕਿਹਾ-"ਉਹ ਪ੍ਰਮੇਸ਼ਰ ਕੇਡਾ ਕੁ ਹੈ?"+ ਗੁਰ ਉੱਤਰ-

ਆਸਾ ਮਹਲਾ ੧ ॥ *

ਸੁਣਿ ਵਡਾ ਆਖੈ ਸਭੁ ਕੋਇ ॥

[ਹੇ ਭੈਣ ਜੀ !] ਸੁਣ ਕਰਕੇ ਤਾਂ ਸਭ ਕੋਈ ਉਸ ਨੂੰ ਵੱਡਾ ਆਖਦਾ ਹੈ।

ਯਥਾ—"ਵਡਾ ਵਡਾ ਆਖੈ ਸਭੁ ਕੋਈ॥ ਗੁਰ ਬਿਨੁ ਸੋਝੀ ਕਿਨੈ ਨ ਹੋਈ॥"

[ਮਾਰੂ ਮਹਲਾ ੧, ਪੰਨਾ ੧੦੩੫]

ਕੇਵਡੁ ਵਡਾ ਡੀਠਾ ਹੋਇ ॥

ਪਰ ਇੰਦਮਿਥ ਕਰਕੇ ਕੋਈ ਕਿੱਡਾ ਕੁ ਵੱਡਾ ਕਹੇ, ਜੇਕਰ ਕਿਸੇ ਦਾ ਡੀਠਾ ਹੋਇ=ਦੇਖਿਆ ਹੋਇਆ ਹੋਵੇ ਤਾਂ ਕੋਈ ਕਹੇ ਵੀ ਸਹੀ।

ਕੀਮਤਿ ਪਾਇ ਨ ਕਹਿਆ ਜਾਇ ॥

ਕੀਮਤ ਪਾ ਕੇ ਉਹ ਨਹੀਂ ਕਿਹਾ ਜਾਂਦਾ ਕਿ ਇਤਨਾ ਹੀ ਹੈ।

ਅਥਵਾ-ਨਾ ਕੀਮਤ ਪਾਈ ਜਾਂਦੀ ਹੈ, ਨਾ ਹੀ ਕਿਹਾ ਜਾਂਦਾ ਹੈ।

ਯਥਾ—"ਕੀਮਤਿ ਕਉਣੁ ਕਰੇ ਤੇਰੀ ਕਰਤੇ ਪ੍ਰਭੁ ਅੰਤੁ ਨ ਪਾਰਾਵਾਰੀ॥ ੭॥"

[ਰਾਮਕਲੀ ਮਹਲਾ ੫, ਪੰਨਾ ੯੧੬]

+ਕਈ ਗਿਆਨੀ ਇਸ ਤਰ੍ਹਾਂ ਭੀ ਆਖਦੇ ਹਨ, ਇਕ ਸਿੱਖ ਨੇ ਬੇਨਤੀ ਕੀਤੀ-'ਉਹ ਪ੍ਰਮੇਸ਼ਰ ਕੇਡਾ ਕੁ ਹੈ ?'

ਦੋਨਾਂ* ਸ਼ਬਦਾਂ ਦਾ ਪਾਠੰਤ੍ਰ-ਭੇਦ

ਰਹਰਾਸਿ ਸਾਹਿਬ (ਪੰਨਾ ੯)	*ਰਾਗੁ ਆਸਾ (ਪੰਨਾ ੩੪੯)*
	'ੴ ਸਤਿਗੁਰ ਪ੍ਰਸਾਦਿ॥ ਰਾਗੁ'
'ਆਸਾ ਮਹਲਾ ੧ ॥'	*ਆਸਾ ਮਹਲਾ ੧ 'ਚਉਪਦੇ ਘਰੁ ੨'*
ਸੁਣਿ ਵਡਾ: ਆਖੈ 'ਸਭੁ ਕੋਇ' ॥	*ਸੁਣਿ ਵਡਾ, ਆਖੈ 'ਸਭ ਕੋਈ' ॥*
ਕੇਵਡੁ ਵਡਾ: ਡੀਠਾ 'ਹੋਇ' ॥	*ਕੇਵਡੁ ਵਡਾ, ਡੀਠਾ 'ਹੋਈ' ॥*
ਸਿਧਾ ਪੁਰਖਾ ਕੀਆ: 'ਵਡਿਆਈਆ' ॥	*ਸਿਧਾ ਪੁਰਖਾ ਕੀਆ: ਵਡਿਆਈਆਂ ॥*
ਆਖਣ ਵਾਲਾ: ਕਿਆ 'ਵੇਚਾਰਾ' ॥	*ਆਖਣ ਵਾਲਾ: ਕਿਆ 'ਬੇਚਾਰਾ' ॥*
ਜਿਸੁ 'ਤੂ' ਦੇਹਿ: ਤਿਸੈ ਕਿਆ ਚਾਰਾ ॥	*ਜਿਸੁ 'ਤੂੰ' ਦੇਹਿ: ਤਿਸੈ ਕਿਆ ਚਾਰਾ ॥*

ਵਾ-ਜਿਨ੍ਹਾਂ ਨੇ ਉਸ ਦੀ ਪ੍ਰਾਪਤੀ ਰੂਪ ਕੀਮਤ ਪਾਈ ਹੈ, ਉਹਨਾਂ ਪਾਸੋਂ ਭੀ ਸਮੱਗਰ=ਸਾਰਾ ਜਸ ਕਥਨ ਨਹੀਂ ਕੀਤਾ ਜਾਂਦਾ।

ਕਹਣੈ ਵਾਲੇ ਤੇਰੇ ਰਹੇ ਸਮਾਇ ॥ ੧ ॥

ਤੇਰੇ=ਤਿਸ ਦੇ ਜਸ ਨੂੰ ਕਹਿਣ ਵਾਲੇ ਗੁਰਮੁਖ ਤਿਸ ਦੇ ਵਿਚ ਹੀ ਸਮਾ ਰਹਿੰਦੇ ਹਨ, ਪਰ ਅੰਤ ਨਹੀਂ ਲੈ ਸਕਦੇ।

ਯਥਾ—"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥"

[ਜਪੁਜੀ ਸਾਹਿਬ, ਪੰਨਾ ੫]

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥ ੧ ॥ ਰਹਾਉ ॥

ਹੇ ਮੇਰੇ ਸਾਹਿਬ ! ਆਪ ਸਾਰਿਆਂ ਤੋਂ ਵੱਡੇ ਹੋ, ਗਹਿਰ=ਡੂੰਘੇ ਗੰਭੀਰਾ=ਨਿਰਹੱਲ ਹੋ, ਸ਼ੁਭ ਗੁਣਾਂ ਦੇ ਗਹੀਰਾ=ਸਮੁੰਦਰ ਹੋ। ਕੋਈ ਭੀ ਨਹੀਂ ਜਾਣਦਾ ਜੋ ਆਪ ਜੀ ਦਾ ਕਿੰਨਾ ਤੇ ਕਿੱਡਾ ਕੁ ਵੱਡਾ ਚੀਰਾ =ਵਿਸਥਾਰ ਹੈ।*

ਯਥਾ— "ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥"

[ਮਾਰੂ ਮਹਲਾ ੧, ਪੰਨਾ ੧੦੩੪]

ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥

ਸਭ ਸੁਰਤੀ=ਵੇਦ ਪਾਠੀਆਂ ਨੇ ਮਿਲ ਕੇ ਸੁਰਤਿ ਕਮਾਈ=ਬਿਰਤੀ ਲਗਾਈ ਹੈ।

ਵਾ-ਸਭ ਸੁਰਤੀ=ਗਿਆਤ ਗੋਯਾਂ ਨੇ ਰਲਕੇ 'ਸੁਰਤਿ ਕਮਾਈ'=ਗਿਆਤ ਲਗਾਈ ਹੈ।

ਵਾ-ਸਭ ਸੁਰਤੀ=ਪ੍ਰੀਤੀ ਵਾਲਿਆਂ ਨੇ ਇਕੱਤ੍ਰ ਹੋ ਕੇ 'ਸੁਰਤਿ ਕਮਾਈ'=ਸ੍ਰੇਸ਼ਟ ਪ੍ਰੀਤੀ ਲਗਾਈ ਹੈ।

ਵਾ-ਸਭ ਸੁਰਤ ਦੇ ਅਭਯਾਸੀਆਂ ਨੇ ਰਲਕੇ ਸੁਰਤ ਦੀ ਕਮਾਈ ਕੀਤੀ ਹੈ, ਪ੍ਰੰਤੂ ਸਭ ਦੀ ਸੁਰਤ [ਕਮਾਈ-ਕਮ+ਆਈ]=ਕਮ ਹੀ ਆਈ ਭਾਵ ਨਿਊਣ ਆਈ ਹੈ।

ਸਭ ਕੀਮਤਿ ਮਿਲਿ ਕੀਮਤਿ ਪਾਈ ॥

ਸਭ ਕੀਮਤ ਪਾਉਣ ਵਾਲੇ ਜਵਾਹਰੀ ਆਦਮੀਆਂ ਨੇ ਰਲ ਮਿਲਕੇ ਕੀਮਤ ਪਾਈ ਹੈ।

ਵਾ-ਸਭ ਕੀਮਤਿ=ਜੋਤਸ਼ੀਆਂ ਨੇ ਰਲ ਮਿਲ ਕੇ ਕੀਮਤ ਪਾਈ ਹੈ, ਪ੍ਰੰਤੂ ਕੀ+ਮਿਤ=ਕੀ

**ਚੀਰਾ ਸ਼ਬਦ ਦੇ ਗੁਣੀ-ਜਨ ਹੋਰ ਵੀ ਅਰਥ ਕਰਦੇ ਹਨ-*

੧. ਚੀਰਾ=ਦਫ਼ਤਰ। ੨. ਚੀਰਾ=ਹਦ।

੩. ਚੀਰਾ=ਚਾਲ-ਚੱਲਣ। ੪. ਚੀਰਾ=ਪਟਕਾ, ਦਸਤਾਰ, ਪੱਗ।

੫. ਹੁਕਮੁ ਰੂਪੀ ਚੀਰਾ=ਪ੍ਰਵਾਨਾ, ਵਾ ਵੈਰਾਟ ਰੂਪ ਚੀਰਾ ਕਿੱਡਾ ਕੁ ਹੈ।

ਮਰਯਾਦਾ ਪਾਈ ਹੈ। ਅਰਥਾਤ ਕਿਸੇ ਨੇ ਭੀ ਉਸ ਵਾਹਿਗੁਰੂ ਦੀ ਕੋਈ ਮਰਯਾਦਾ ਨਹੀਂ ਪਾਈ।

ਗਿਆਨੀ ਧਿਆਨੀ ਗੁਰ ਗੁਰਹਾਈ॥

ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥ ੨ ॥

ਗਿਆਨੀਆਂ ਧਿਆਨੀਆਂ ਪਾਸੋਂ ਅਤੇ ਗੁਰੂ ਤੇ ਗੁਰਾਂ ਦੇ ਜੋ ਹਾਈ=ਵੱਡੇ ਗੁਰੂ ਭਾਵ ਦਾਦਾ ਗੁਰੂ ਹਨ।

ਵਾ-ਗੁਰੂ ਅਤੇ ਗੁਰਾਂ ਦੇ ਜੋ 'ਗੁਰਹਾਈ'=ਗੁਰਭਾਈ ਹਨ ਭਾਵ ਚਾਚਾ ਗੁਰੂ।

ਵਾ-ਗੁਰੂ ਅਤੇ ਆਪਣੇ ਜੋ ਗੁਰਹਾਈ=ਗੁਰਭਾਈ ਹਨ, ਇਨ੍ਹਾਂ ਸ਼ਾਰਿਆਂ ਤੋਂ ਆਪ ਜੀ ਦੀ ਤਿਲ ਜਿੰਨੀ ਵਡਿਆਈ ਕਹੀ ਨਹੀਂ ਜਾਂਦੀ।

ਯਥਾ—"ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ॥ ੧ ॥"

[ਕਲਿਆਨ ਮਹਲਾ ੪, ਪੰਨਾ ੧੩੧੯]

ਤਥਾ—"ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ॥
ਸਗਲ ਜੋਗ ਅਰੁ ਗਿਆਨ ਧਿਆਨ ਇਕ ਨਿਮਖ ਨ ਕੀਮਤਿ ਜਾਨਾਂ॥ ੧ ॥"

[ਸਾਰਗ ਮਹਲਾ ੫, ਪੰਨਾ ੧੨੧੦]

ਅਥਵਾ-ਗੁਰ ਗੁਰ ਹਾਈ=ਗੁਰ ਨਾਮ ਵੱਡੇ ਦਾ ਹੈ, ਵੱਡੇ ਜੋ ਪਰਬਤ ਹਨ, ਉਨ੍ਹਾਂ ਗੁਰ=ਪਰਬਤਾਂ ਦੇ ਹਾਈ=ਹਤ ਕਰਨ ਵਾਲਾ ਜੋ ਇੰਦਰ ਹੈ, ਉਸ ਪਾਸੋਂ ਭੀ ਤੇਰੀ ਤਿਲ ਜਿੰਨੀ ਵਡਿਆਈ ਕਹੀ ਨਹੀਂ ਜਾਂਦੀ।

ਅਥਵਾ-ਗੁਰ ਨਾਮ ਇੰਦਰ ਦਾ ਹੈ, ਇੰਦਰ ਦੇ ਗੁਰਹਾਈ=ਗੁਰੂ ਜੋ ਬ੍ਰਹਸਪਤਿ ਜੀ ਹਨ।

ਅਥਵਾ-ਗੁਰ ਨਾਮ ਬ੍ਰਹਸਪਤਿ ਦਾ ਹੈ, ਬ੍ਰਹਸਪਤਿ ਦੇ ਗੁਰਹਾਈ=ਗੁਰੂ ਜੋ ਵਿਸ਼ਨੂੰ ਜੀ ਹਨ, ਉਹਨਾਂ ਪਾਸੋਂ ਭੀ ਤੇਰੀ ਤਿਲ ਜਿੰਨੀ ਵਡਿਆਈ ਕਹੀ ਨਹੀਂ ਜਾਂਦੀ।

ਅਥਵਾ-ਗੁਰ ਨਾਮ ਦੇਵਤਿਆਂ ਦਾ ਹੈ, ਦੇਵਤਿਆਂ ਦੇ ਹਾਈ=ਹਤ ਕਰਨ ਵਾਲੇ ਜੋ ਗੁਰ=ਵੱਡੇ ਰਾਖਸ਼ ਹਨ, ਉਹਨਾਂ ਪਾਸੋਂ ਭੀ ਤੇਰੀ ਤਿਲ ਮਾਤ੍ਰ ਵਡਿਆਈ ਕਹੀ ਨਹੀਂ ਜਾਂਦੀ।

ਫਿਰ ਭੈਣ ਜੀ ਨੇ ਪੁੱਛਿਆ-

"ਸਤੀਆਂ ਨੂੰ ਜੋ ਸਤ ਦੀ ਪ੍ਰਾਪਤੀ ਹੈ।

ਤਪੀਆਂ ਨੂੰ ਜੋ ਤਪ ਦੀ ਪ੍ਰਾਪਤੀ ਹੈ।

ਚੰਗਿਆਂ ਨੂੰ ਜੋ ਚੰਗਿਆਈਆਂ ਦੀ ਪ੍ਰਾਪਤੀ ਹੈ।

ਸਿਧਾਂ ਨੂੰ ਜੋ ਸਿੱਧੀਆਂ ਦੀ ਪ੍ਰਾਪਤੀ ਹੈ।

ਮਹਾਂ ਪੁਰਸ਼ਾਂ ਨੂੰ ਜੋ ਵਡਿਆਈਆਂ ਦੀ ਪ੍ਰਾਪਤੀ ਹੈ।

ਇਹ ਆਪਣੇ ਆਪ ਪ੍ਰਾਪਤ ਹੋਈਆਂ ਹਨ ਜਾਂ ਪ੍ਰਮੇਸ਼ਰ ਦੀ ਕਿਰਪਾ ਨਾਲ ਪ੍ਰਾਪਤ ਹੋਈਆਂ ਹਨ?"

ਗੁਰ ਉੱਤਰ-

ਸਭਿ ਸਤ ਸਭਿ ਤਪ ਸਭਿ ਚੰਗਿਆਈਆ॥

ਸਾਰਿਆਂ ਸਤਵਾਦੀਆਂ ਨੂੰ ਜੋ ਸਤ ਦੀ ਪ੍ਰਾਪਤੀ ਹੈ।

ਸਾਰਿਆਂ ਤਪੀਆਂ ਨੂੰ ਜੋ ਤਪ ਦੀ ਪ੍ਰਾਪਤੀ ਹੈ।

ਸਾਰਿਆਂ ਚੰਗਿਆਂ ਪੁਰਸ਼ਾਂ ਨੂੰ ਜੋ ਚੰਗਿਆਈਆਂ ਦੀ ਪ੍ਰਾਪਤੀ ਹੈ, ਇਹ ਪ੍ਰਮੇਸ਼ਰ ਦੀ ਕਿਰਪਾ ਨਾਲ ਹੀ ਪ੍ਰਾਪਤ ਹੋਈਆਂ ਹਨ।

ਸਿਧਾ ਪੁਰਖਾ ਕੀਆ ਵਡਿਆਈਆ ॥

੮੪ ਸਿੱਧਾਂ ਨੂੰ ਜੋ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਹੈ। ਅਤੇ-

ਮਹਾਂ ਪੁਰਸ਼ਾਂ ਨੂੰ ਜੋ ਵਡਿਆਈਆਂ ਦੀ ਪ੍ਰਾਪਤੀ ਹੈ, ਇਹ ਪ੍ਰਮੇਸ਼ਰ ਦੀ ਕਿਰਪਾ ਨਾਲ ਹੀ ਪ੍ਰਾਪਤ ਹੋਈਆਂ ਹਨ।

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥

ਤੁਧੁ ਵਿਣੁ=ਤਿਸ ਪ੍ਰਮੇਸ਼ਰ ਦੀ ਕਿਰਪਾ ਬਿਨਾਂ ਕਿਸੇ ਨੇ ਭੀ ਆਪਣੇ ਆਪ ਰਿੱਧੀਆਂ ਸਿੱਧੀਆਂ ਨਹੀਂ ਪਾਈਆਂ।

ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥ ੩ ॥

੧. ਜੇ ਪ੍ਰਮੇਸ਼ਰ ਦੀ ਕਰਮਿ=ਕਿਰਪਾ ਨਾਲ ਮਿਲ ਜਾਣ ਤਾਂ ਫਿਰ ਕਿਸੇ ਦੀਆਂ ਠਾਕਿ=ਠਾਕੀਆਂ [ਰੋਕੀਆਂ] ਹੋਈਆਂ ਨਹੀਂ ਰੁਕ ਸਕਦੀਆਂ।

੨. ਜੇ ਪ੍ਰਮੇਸ਼ਰ ਦੀ 'ਕਰਮਿ ਮਿਲੈ ਨਾਹੀ'=ਕਿਰਪਾ ਨਾ ਮਿਲੇ ਤਾਂ ਇਹ ਰਿੱਧੀਆਂ ਸਿੱਧੀਆਂ ਸਭ ਠਾਕਿ=ਠਾਕੀਆਂ ਭਾਵ ਰੁਕੀਆਂ ਰਹਾਈਆ=ਰਹਿੰਦੀਆਂ ਹਨ।

ਜੇ ਅਪੋਖ ਕਰਨਾ ਹੋਵੇ ਤਾਂ ਇਸ ਦੀ ਲਵੰਤਾ ਇਸ ਤਰ੍ਹਾਂ ਲਗਾਉਣੀ-

੩. ਹੇ ਪ੍ਰਮੇਸ਼ਰ ! ਆਪ ਦੀ ਕਿਰਪਾ ਬਿਨਾਂ ਰਿੱਧੀਆਂ ਸਿੱਧੀਆਂ ਕਿਸੇ ਨੇ ਪ੍ਰਾਪਤ ਨਹੀਂ ਕੀਤੀਆਂ ਆਪ ਜੀ ਦੀ ਕਿਰਪਾ ਨਾਲ ਮਿਲ ਜਾਣ ਤਾਂ ਕਿਸੇ ਦੀਆਂ ਰੋਕੀਆਂ ਰੁਕੀਆਂ ਨਹੀਂ ਰਹਿੰਦੀਆਂ।

ਜੇ ਕਿਰਪਾ ਨਾ ਮਿਲੇ ਤਾਂ ਮਿਲਦੀਆਂ ਹੋਈਆਂ ਵੀ ਰੁਕੀਆਂ ਰਹਿੰਦੀਆਂ ਹਨ।

ਜਿਵੇਂ ਰਾਮਰਾਇ ਜੀ ਨੂੰ ਗੱਦੀ ਮਿਲਦੀ ਹੋਈ ਰੁਕ ਗਈ ਸੀ।

ਸਾਖੀ—ਰਾਮਰਾਇ ਜੀ ਦੀ

ਇਕ ਸਮੇਂ ਕਾਜ਼ੀਆਂ ਮੁਲਾਣਿਆਂ ਦੀ ਪ੍ਰੇਰਨਾ ਅਨੁਸਾਰ ਔਰੰਗਜ਼ੇਬ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਵੱਲ ਇਕ ਚਿੱਠੀ ਲਿਖ ਭੇਜੀ ਕਿ ਆਪ ਗੁਰੂ ਰਾਮਦਾਸ ਸਾਹਿਬ ਜੀ ਦੇ ਅਸਥਾਨ ਪਰ ਬੈਠੇ ਹੋ, ਆਪ ਜੀ ਦੇ ਬਜ਼ੁਰਗ ਸਾਡੇ ਪਾਸ ਆਉਂਦੇ ਰਹੇ ਹਨ ਤੁਸੀਂ ਵੀ ਮੇਹਰਬਾਨੀ ਕਰਕੇ ਦਰਸ਼ਨ ਦਿਓ ਅਤੇ -

'ਮੋਕਉ ਅਜ਼ਮਤ ਆਇ ਦਿਖਾਵਹੁ। ਮਗ ਖੁਦਾਇਕੇ ਬਾਕ ਸੁਨਾਵਹੁ।
ਇਤਜਾਦਿਕ ਲਿਖਿ ਕਰਿ ਪਰਵਾਨਾ। ਬਿਨੈ ਸਹਿਤ ਅਰੁ ਨਿਜ ਬਲ ਨਾਨਾ॥ ੪॥'

ਇਸ ਤਰ੍ਹਾਂ ਦੀ ਚਿੱਠੀ ਲਿਖ ਕੇ ਬਾਦਸ਼ਾਹ ਨੇ ਦੂਤ ਨੂੰ ਭੇਜਿਆ। ਦੂਤ ਨੇ ਕੀਰਤਪੁਰ ਆ ਕੇ ਸਭਾ ਵਿਚ ਬੈਠੇ ਹੋਏ ਗੁਰੂ ਹਰਿਰਾਇ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਪਰਵਾਨਾ ਰੱਖ ਦਿੱਤਾ, ਤੇ ਬਾਦਸ਼ਾਹ ਵਲੋਂ ਬੇਨਤੀ ਕੀਤੀ ਕਿ 'ਆਪ ਛੇਤੀ ਆ ਕੇ ਦਰਸ਼ਨ ਦਿਓ ਤੇ ਸ਼ਕਤੀਆਂ ਦਿਖਾਓ।'

ਇਹ ਗੱਲ ਸੁਣ ਕੇ ਗੁਰੂ ਸਾਹਿਬ ਨੇ ਬੇਦੀ, ਤੇਹਣ, ਭੱਲੇ, ਸੋਢੀ ਕੁਲ ਦੇ ਸਾਰਿਆਂ ਬੀਰਾਂ ਨੂੰ ਬੁਲਾ ਕੇ ਕਿਹਾ- ''ਦਿੱਲੀ ਪਤਿ ਬਾਦਸ਼ਾਹ ਗੁਰੂ ਘਰ ਦੀ ਮਹਿਮਾ ਸੁਣ ਕੇ ਕਰਾਮਾਤ ਵੇਖਣਾ ਚਾਹੁੰਦਾ ਹੈ, ਐਸਾ ਕੋਈ ਸੂਰਬੀਰ ਪਰਉਪਕਾਰੀ ਹੈ, ਜੋ ਸ਼ਕਤੀਆਂ ਵਿਖਾ ਕੇ ਗੁਰੂ ਘਰ ਦੀ ਲੱਜਾ ਰੱਖੇ ?''

ਇਹ ਗੱਲ ਸੁਣ ਕੇ ਸਾਰਿਆਂ ਨੇ ਆਪਣੇ ਦਿਲ ਵਿਚ ਵਿਚਾਰਿਆ ਕਿ ਔਰੰਗਜ਼ੇਬ ਬਾਦਸ਼ਾਹ ਕਰੜੇ ਸੁਭਾਵ ਵਾਲਾ ਤੇ ਬੜਾ ਝੂਠਾ ਹੈ। ਜਿਸ ਨੇ ਕਾਂਸ਼ੀ, ਮਥੁਰਾ ਆਦਿ ਹਿੰਦੂਆਂ ਦੇ ਸਾਰੇ ਤੀਰਥ ਵਿਗਾੜ ਦਿੱਤੇ ਹਨ ਅਤੇ ਹਿੰਦੂਆਂ ਨੂੰ ਜ਼ਬਰਨ ਮੁਸਲਮਾਨ ਕਰ ਰਿਹਾ ਹੈ। ਫਿਰ ਜਿਸ ਦੀ ਸਭਾ ਵਿਚ ਇਕ ਦੂਜੇ ਤੋਂ ਵੱਧ ਹਜ਼ਾਰਾਂ ਹੀ ਗੁਣੀ ਆਦਮੀ ਬੈਠੇ ਰਹਿੰਦੇ ਹਨ।

ਇਤਿਆਦਿ ਗੱਲਾਂ ਵਿਚਾਰ ਕੇ ਸਭ ਚੁਪ ਹੋ ਕੇ ਬੈਠੇ ਰਹੇ। ਕਿਤਨੀ ਦੇਰ ਮਗਰੋਂ ਸਭਨਾਂ ਨੇ ਬੇਨਤੀ ਕੀਤੀ- ''ਗਰੀਬ ਨਿਵਾਜ਼ ਜੀਓ ! ਓਥੇ ਆਪ ਜੀ ਦਾ ਜਾਣਾ ਹੀ ਯੋਗ ਹੈ ਆਪ ਜੀ ਦੇ ਬਗੈਰ ਹੋਰ ਕਿਸੇ ਦੀ ਪਹੁੰਚ ਨਹੀਂ।''

ਯਥਾ— 'ਸਰਬ ਸਭਾ ਕੇ ਸੁਨਿ ਕਰਿ ਬੈਨ। ਸ੍ਰੀ ਹਰਿਰਾਇ ਜਿਨਹੁੰ ਕਿਤ ਭੈ ਨ।
ਸ੍ਰੀ ਮੁਖਬਾਕ ਸਧੀਰ ਬਖਾਨਜੋ। ਹਮ ਨੈ ਪ੍ਰਨ ਪੂਰਬ ਹੀ ਠਾਨਜੋ॥ ੧੦॥
ਨਹਿੰ ਮਲੇਛ ਕਹੁ ਦਰਸ਼ਨ ਦੇਨਾ। ਨਹਿੰ ਕਬਿ ਤੁਰਕ ਪਤੀ ਕੋ ਲੇਨਾ।
ਯਾਂ ਤੇ ਹਮਰੋ ਹੋਇ ਨ ਜਾਨੋ। ਮਿਲਹਿੰ ਨ ਬੋਲਹਿ ਨਿਸ਼ਚੈ ਜਾਨੋ॥ ੧੧॥'

[ਗੁਰ ਪ੍ਰਤਾਪ ਸੂਰਜ, ਰਾਸਿ ੯, ਅੰਸੂ ੩੬]

ਇਹ ਗੱਲ ਸੁਣ ਕੇ ਸਭਾ ਵਿਚ ਬੈਠੇ ਸਿਆਣਿਆਂ ਪੁਰਸ਼ਾਂ ਨੇ ਕਿਹਾ ਆਪ ਜੋ ਵੀ ਕਰੋ ਉਹ ਠੀਕ ਹੈ ਪਰੰਤੂ ਬਾਦਸ਼ਾਹ ਨਾਲ ਵਿਗਾੜਨੀ ਚੰਗੀ ਗੱਲ ਨਹੀਂ, ਜੇ ਇਸ ਨਾਲ ਵਿਗਾੜ ਲਈ ਤਾਂ *ਸਤਦ੍ਰਵ [ਸਤਲੁਜ] ਨਦੀ ਦੇ ਕਿਨਾਰੇ ਇਸ ਸੋਹਣੀ ਜਗ੍ਹਾ ਤੇ ਫੇਰ ਸਾਡਾ ਰਹਿਣਾ ਨਹੀਂ ਹੋਵੇਗਾ।

ਇਹ ਗੱਲਾਂ ਸੁਣ ਹੀ ਰਹੇ ਸਨ ਜੋ ਗੁਰੂ ਹਰਿਰਾਇ ਸਾਹਿਬ ਜੀ ਦੇ ਵੱਡੇ ਸਪੁੱਤਰ ਰਾਮਰਾਇ ਜੀ ਆ ਗਏ। ਸਭਾ ਦੇ ਵਿਚ ਬੇਦੀ, ਤੇਹਣ, ਭੱਲੇ ਅਤੇ ਸੋਢੀ ਕੁਲ ਦੇ ਸਾਰੇ ਦੇ ਸਾਰੇ ਆਦਮੀ ਬੈਠੇ ਹੋਏ ਵੇਖ ਕੇ ਕਹਿੰਦੇ ਹਨ ਕਿ ਐਸਾ ਕਿਹੜਾ ਕਾਰਜ ਹੈ ਜੋ ਸਾਰੇ ਇਕੱਠੇ ਹੋ ਕੇ ਸਲਾਹਾਂ ਕਰ ਰਹੇ ਹੋ ?

ਇਹ ਗੱਲ ਸੁਣ ਕੇ ਇਕ ਬੇਦੀ ਨੇ ਕਿਹਾ-''ਹਿੰਦੂਆਂ ਦੇ ਵੈਰੀ ਨੌਰੰਗੇ ਬਾਦਸ਼ਾਹ ਨੇ ਕਰਾਮਾਤਾਂ ਵੇਖਣ ਵਾਸਤੇ ਦਿੱਲੀ ਬੁਲਵਾ ਭੇਜਿਆ ਹੈ। ਸਾਰੇ ਇਕੱਠੇ ਹੋ ਕੇ ਉਸ ਉਤੇ ਵਿਚਾਰ ਕਰ ਰਹੇ ਹਾਂ ਕਿ ਐਸਾ ਕੌਣ ਹੈ ਜੋ ਸ਼ਕਤੀਆਂ ਵਿਖਾ ਕੇ ਸਾਰੀ ਸਭਾ ਨੂੰ ਜਿੱਤ ਕੇ ਬਾਦਸ਼ਾਹ ਨੂੰ ਦਬਾ ਕੇ ਚੁਪ ਕਰਾਵੇ।''

ਇਹ ਗੱਲ ਸੁਣ ਕੇ ਰਾਮਰਾਇ ਜੀ ਨੇ ਕਿਹਾ- ''ਜਿੱਥੇ ਜ਼ਰੂਰੀ ਜਾਣਾ ਸਮਝਦੇ ਹੋ ਓਥੇ ਕਿਉਂ ਨਹੀਂ ਜਾਂਦੇ। ਗਏ ਬਿਨਾਂ ਜਿਥੇ ਨਹੀਂ ਬਣ ਆਉਂਦੀ ਉਥੇ ਜਾਣਾ ਹੀ ਚਾਹੀਦਾ ਹੈ।''

ਅਕਲਮੰਦਾਂ ਨੇ ਰਾਮਰਾਇ ਜੀ ਪਾਸੋਂ ਇਸ ਤਰ੍ਹਾਂ ਦੇ ਧੀਰਜ ਵਾਲੇ ਬਚਨ ਸੁਣ ਕੇ ਆਖਿਆ- ''ਆਪ ਕਿਉਂ ਨਹੀਂ ਜਾਂਦੇ ? ਤੁਸੀਂ ਹੀ ਸਭ ਦੇ ਸਹਾਇਕ ਬਣ ਕੇ ਜਾਓ ਤੇ ਬਾਦਸ਼ਾਹ ਦੇ ਅਹੰਕਾਰ ਨੂੰ ਦੂਰ ਕਰੋ।''

---

*ਇਹ ਦਰਿਆ ਤਿੱਬਤ ਦੇ ਪ੍ਰਸਿੱਧ ਰਾਵਣਰਦ 'ਚੋਂ ਨਿਕਲ ਕੇ ਕੁੱਲੂਮੰਡੀ ਬਿਲਾਸਪੁਰ, ਅਨੰਦਪੁਰ, ਰੋਪੜ, ਫਿਰੋਜ਼ਪੁਰ ਆਦਿਕ ਥਾਵਾਂ ਤੋਂ ਚਲਦਾ ਹੋਇਆ ਮੁਜ਼ੱਫਰ ਗੜ੍ਹ ਜ਼ਿਲੇ ਵਿਚ ਸਿੰਧ ਨਾਲ ਜਾ ਮਿਲਦਾ ਹੈ।

ਯਥਾ —''ਨੇੜੁ ਤੁੰਗ ਕੇ ਚਰਨ ਤਰ ਸਤਦ੍ਰੁੱਵ ਤੀਰ ਤਰੰਗ॥'' (ਰਾਮਾਵਤਾਰ, ਪੰਨਾ ੨੫੪)

ਉਸ ਵੇਲੇ ਰਾਮਰਾਇ ਜੀ ਨੇ ਕਿਹਾ-"ਜੇ ਤੁਹਾਡੀ ਸਾਰਿਆਂ ਦੀ ਮਰਜ਼ੀ ਮੈਨੂੰ ਭੇਜਣ ਦੀ ਹੈ ਤਾਂ ਗੁਰੂ ਸਾਹਿਬ ਜੀ ਮੈਨੂੰ ਕਰਾਮਾਤਾਂ ਦੇ ਕੇ ਭੇਜਣ, ਕਿਉਂਕਿ ਉਥੇ ਅਜ਼ਮਤ [ਕਰਾਮਾਤ] ਤੋਂ ਬਗੈਰ ਕੰਮ ਪੂਰਾ ਨਹੀਂ ਹੋਣਾ।"

ਇਹ ਗੱਲ ਸੁਣ ਕੇ ਗੁਰੂ ਜੀ ਨੇ ਵਰ ਦਿੱਤਾ-

ਚੌਪਈ—'ਤਵ ਰਸਨਾ ਪਰ ਕਰਿ ਹੈਂ ਬਾਸਾ। ਜੋ ਤਿਸ ਤੇ ਹੁਇ ਬਾਕ ਪ੍ਰਕਾਸ਼ਾ।
ਕਬਹੁਂ ਅੰਨਥਾ ਹੋਇ ਸੁ ਨਾਂਹੀ। ਸਫਲਹਿ ਤਤਛਿਨ ਬਾਦ ਨ ਜਾਹੀਂ॥ ੨॥
ਤਵ ਰਸਨਾ ਤੇ ਨਿਕਸੈ ਜੈਸੇ। ਤੈਸੇ ਹੋਇ ਮਿਟੈ ਨਹਿ ਕੈਸੇ।
ਭਨਹੁ ਨਿਸੰਗ ਰਾਖਿ ਗੁਰ ਧਜਾਨਾ। ਜਸੁ ਪ੍ਰਾਪਤ ਹੁਇ ਹੈ ਬਿਧਿ ਨਾਨਾ॥ ੧੧॥
ਤੀਨ ਲੋਕ ਮਹਿਂ ਆਇਸੁ ਜਿਮ ਕਹਿਂ। ਸੁਰ ਨਰ ਨਾਗ ਸੁਨਤਿ ਹੀਂ ਹਿਤ ਲਹਿ।
ਤਤ ਛਿਨ ਕਰਹਿਂ ਤਿਸੀ ਬਿਧਿ ਸਾਰੇ। ਤੋਹਿ ਬਾਕ ਨਹਿਂ ਕੋ ਹਟਕਾਰੇ॥ ੧੪॥"

[ਗੁਰ ਪ੍ਰਤਾਪ ਸੂਰਜ, ਰਾਸਿ ੯, ਅੰਸੂ ੩੭]

ਇਸ ਤਰ੍ਹਾਂ ਦੇ ਵਰ ਵਾਲੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ, ਪਿਤਾ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਆਗਿਆ ਲੈ ਕੇ ਪਾਲਕੀ ਪਰ ਚੜ੍ਹ ਕੇ ਦਿੱਲੀ ਆ ਪਹੁੰਚੇ। ਜਮਨਾ ਦੇ ਕਿਨਾਰੇ ਮਜਨੂੰ ਦੇ ਟਿੱਲੇ ਪਰ ਡੇਰਾ ਕੀਤਾ।

ਦੂਤ ਨੇ ਬਾਦਸ਼ਾਹ ਨੂੰ ਜਾ ਕੇ ਖ਼ਬਰ ਦਿੱਤੀ ਕਿ ਗੁਰੂ ਸਾਹਿਬ ਜੀ ਆਪ ਨਹੀਂ ਆਏ, ਉਹਨਾਂ ਨੇ ਆਪਣੇ ਪੁੱਤਰ ਨੂੰ ਭੇਜਿਆ ਹੈ ਤੇ ਗੁਰੂ ਜੀ ਨੇ ਮੈਨੂੰ ਇਸ ਤਰ੍ਹਾਂ ਕਿਹਾ ਹੈ ਕਿ 'ਬਾਦਸ਼ਾਹ ਜੋ ਵੀ ਅਜ਼ਮਤ ਵੇਖਣਾ ਚਾਹੇ ਸੋ ਇਨ੍ਹਾਂ ਪਾਸੋਂ ਵੇਖ ਲਵੇ, ਅਸਾਂ ਨੇ ਸਭ ਸ਼ਕਤੀਆਂ ਇਨ੍ਹਾਂ ਨੂੰ ਦੇ ਦਿੱਤੀਆਂ ਹਨ।'

ਅੱਗੋਂ ਬਾਦਸ਼ਾਹ ਨੇ ਦਿਲ ਵਿਚ ਵਿਚਾਰਿਆ ਕੋਈ ਗੱਲ ਨਹੀਂ, ਪਿਓ ਪੁੱਤਰ ਵਿਚ ਕੋਈ ਫਰਕ ਨਹੀਂ ਹੁੰਦਾ। ਉਸ ਵੇਲੇ ਬਾਦਸ਼ਾਹ ਨੇ ਮਿਹਮਾਨੀ ਵਾਸਤੇ ਇਕ ਬੱਕਰਾ ਭੇਜ ਦਿੱਤਾ ਕਿ ਆਪ ਇਸ ਦਾ ਭੋਜਨ ਕਰੀਏ।

ਰਾਮਰਾਇ ਜੀ ਨੇ ਉਸ ਬੱਕਰੇ ਨੂੰ ਮਾਰ ਕੇ ਬੱਕਰੇ ਦੀ ਇਕ ਟੰਗ ਕਾਜ਼ੀ ਦੇ ਘਰ ਭੇਜ ਦਿੱਤੀ, ਬਾਕੀ ਦੀਆਂ ਹੱਡੀਆਂ ਨੂੰ ਖੱਲ ਵਿਚ ਲਪੇਟ ਕੇ ਪਾਸ ਰਖ ਲੀਤਾ। ਪਿਛੋਂ ਬਾਦਸ਼ਾਹ ਨੇ ਕਹਿ ਭੇਜਿਆ ਕਿ ਮੈਂ ਭੁਲੇਖੇ ਵਿਚ ਬੱਕਰਾ ਭੇਜ ਬੈਠਾ ਹਾਂ ਉਹ ਬੱਕਰਾ ਸ਼ਹਿਜ਼ਾਦੇ ਦਾ ਸੀ। ਉਸ ਤੋਂ ਬਗੈਰ ਸ਼ਹਿਜ਼ਾਦਾ ਪਰਚਦਾ ਨਹੀਂ, ਆਪ ਉਹੀ ਬੱਕਰਾ ਦੇ ਭੇਜੋ।

ਰਾਮਰਾਇ ਜੀ ਨੇ ਵਿਚਾਰਿਆ ਏਥੇ ਕਰਾਮਾਤ ਦਾ ਕੰਮ ਹੈ, ਉਸ ਵੇਲੇ ਆਪਣੀ ਅਜ਼ਮਤ ਨਾਲ ਤਿੰਨ ਟੰਗਾਂ ਵਾਲਾ ਬੱਕਰਾ ਤਿਆਰ ਕਰ ਕੇ ਭੇਜ ਦਿੱਤਾ ਤੇ ਨਾਲ ਸੁਨੇਹਾ ਦਿੱਤਾ ਕਿ ਇਕ ਟੰਗ ਕਾਜ਼ੀ ਨੇ ਖਾਧੀ ਹੈ ਉਹ ਟੰਗ ਕਾਜ਼ੀ ਪਾਸੋਂ ਲਗਵਾਓ।

ਯਥਾ—"ਅਸਥੀ ਖਾਲ ਵਿਖੈ ਸਭਿ ਪਾਏ। ਵਾਹਿਗੁਰੂ ਕਹਿ ਜਲ ਛਿਰਕਾਏ।
ਉਠਯੋ ਜੀਵ ਅਜ ਸੋ ਤਤਕਾਲਾ। ਇਤ ਉਤ ਬਿਚਰਤਿ ਬੁਲਤਿ ਬਿਹਾਲਾ॥ ੩੮॥
ਤੀਨ ਚਰਨ ਜਿਸਕੇ ਤਹਿਂ ਫਿਰ ਹੀ। ਭੇ ਬਿਸਮੇ ਸਭਿ ਲੋਕ ਨਿਹਰਿਹੀਂ।
ਸ਼ਾਹੁ ਨਰਨਿ ਕੇ ਸਾਥ ਸੁਨਾਯੋ। ਏਕ ਚਰਨ ਕਾਜ਼ੀ ਇਸ ਖਾਯੋ॥ ੩੯॥"

ਇਸ ਅਸਚਰਜ ਕੌਤਕ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਭਰੀ ਸਭਾ ਵਿਚ ਕਾਜ਼ੀ ਬਹੁਤ ਸ਼ਰਮਿੰਦਾ ਹੋਇਆ, ਪਰ ਚੌਥੀ ਟੰਗ ਨਹੀਂ ਲਗਾ ਸਕਿਆ।

ਮਤਲਬ ਕੀ ਇਤਿਆਦਿ ੭੨ ਕਰਾਮਾਤਾਂ ਮੁੱਖ-ਮੁੱਖ ਅਤੇ ਛੋਟੀਆਂ ਸਾਰੀਆਂ ਪਾ ਕੇ ੩੬੦ ਕਰਾਮਾਤਾਂ ਦਿਖਾਈਆਂ ਹਨ।

ਇਕ ਦਿਨ ਫੇਰ ਕਾਜ਼ੀਆਂ ਅਤੇ ਮੁਲਾਣਿਆਂ ਦੀ ਪ੍ਰੇਰਨਾ ਨਾਲ ਬਾਦਸ਼ਾਹ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ" ਕਿਉਂ ਕਿਹਾ ਹੈ ?

ਇਹ ਗੱਲ ਸੁਣ ਕੇ ਰਾਮਰਾਇ ਜੀ ਲਿਹਾਜ਼ ਕਰ ਗਏ, ਆਖਦੇ ਹਨ-"ਮਿਟੀ ਬੇਈਮਾਨ ਕੀ" ਹੋਣਾ ਚਾਹੀਦਾ ਹੈ।

ਇਸ ਜਗ੍ਹਾ ਰਾਮਰਾਇ ਜੀ ਨੂੰ ਚਾਹੀਦਾ ਸੀ ਸਾਰੀਆਂ ਇੱਟਾਂ ਨੂੰ ਬੁਲਵਾਂਦੇ ਤੇ ਉਹ ਆਖਦੀਆਂ ਕਿ ਅਸੀਂ ਮੁਸਲਮਾਨ ਦੀ ਮਿੱਟੀ ਹਾਂ ਲੇਕਿਨ ਬਾਦਸ਼ਾਹ ਦੇ ਲਿਹਾਜ਼ ਕਰਨ ਪਰ ਗੁਰੂ ਸਾਹਿਬ ਜੀ ਦੀ ਤੁਕ ਉਲਟਾਉਣ ਨਾਲ ਰਾਮਰਾਇ ਜੀ ਗੱਦੀਓਂ ਖਾਰਜ ਹੋ ਗਏ।

[ਗੁਰ ਪ੍ਰਤਾਪ ਸੂਰਜ, ਰਾਸਿ ੯ ਅੰਸੂ ੩੪ ਤੋਂ ਲੈ ਕ ੫੭ ਅੰਸੂ ਤਕ]

ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥

ਕਹਿਣੇ ਵਾਲਾ ਇਹ ਜੀਵ ਵਿਚਾਰਾ ਕਿਆ ਹੈ, ਜੋ ਸਮੱਗਰ ਜਸ ਕਹਿ ਸਕੇ।

ਤੇਰੇ ਤਾਂ ਸਿਫਤਾਂ ਦੇ ਭੰਡਾਰੇ ਭਰੇ ਪਏ ਹਨ, ਵੇਦ ਸ਼ਾਸਤਰ, ਮਹਾਤਮਾਂ ਦੇ ਅੰਤਹ ਕਰਨ, ਵਾ-ਸਤਿਸੰਗ।

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥ ੪ ॥ ੨ ॥

ਹੇ ਵਾਹਿਗੁਰੂ ! ਜਿਸ ਨੂੰ ਤੂੰ ਕਿਰਪਾ ਕਰਕੇ ਪਦਾਰਥ ਵੰਗੈਰਾ ਦੇਂਦਾ ਹੈਂ।

ਵਾ-ਆਪਣਾ ਆਸਰਾ ਦੇਂਦਾ ਹੈਂ, ਉਸ ਨਾਲ ਕਿਸੇ ਦਾ ਕੀ ਚਾਰਾ=ਜ਼ੋਰ ਚੱਲ ਸਕਦਾ ਹੈ। ਕਿੰਤੂ ਨਹੀਂ ਚੱਲ ਸਕਦਾ।

ਗੁਰੂ ਜੀ ਆਖਦੇ ਹਨ, ਹੇ ਸੱਚੇ ਪ੍ਰਮਸ਼ੇਰ ! ਤੂੰ ਆਪ ਹੀ ਉਸ ਦੇ ਸਭ ਕੰਮ ਸਵਾਰਣ ਵਾਲਾ ਹੁੰਦਾ ਹੈਂ।

ਅਥਵਾ-ਭੈਣ ਨਾਨਕੀ ਜੀ ਨੇ ਪੁੱਛਿਆ-'ਹੇ ਵੀਰ ! ਤੂੰ=ਪੁਨਾ [ਫੇਰ] ਜਿਸ ਨੂੰ ਪ੍ਰਮੇਸ਼ਰ ਆਪਣਾ ਆਪ ਦੇਂਦਾ ਹੈ, ਤਿਸ ਕਾ 'ਕਿਆ ਚਾਰਾ'=ਕੀ ਚਾਲ-ਚੱਲਣ ਹੈ ?' ਗੁਰ ਉੱਤਰ-

ਹੇ ਭੈਣ ਜੀ ! ਉਹ ਸੱਚ ਕੇ ਸਵਾਰਣ ਵਾਲਾ ਹੁੰਦਾ ਹੈ, ਕਿਉਂਕਿ ਆਤਮਾ ਅਨਾਤਮਾਂ ਦੋਨੋਂ ਮਿਲੇ ਹੋਏ ਹਨ, ਉਹ ਅਨਾਤਮਾ ਨੂੰ ਤਿਆਗ ਕੇ ਆਤਮਾ ਨੂੰ ਗ੍ਰਹਿਣ ਕਰਦਾ ਹੈ।

ਅਥਵਾ-ਸੱਚ ਨਾਮ ਦਾ ਉਪਦੇਸ਼ ਦੇ ਕੇ ਜਗਿਆਸੂਆਂ ਦੇ ਅੰਤਹਕਰਨ ਨੂੰ ਸਵਾਰਨ ਵਾਲਾ ਹੁੰਦਾ ਹੈ।

ਆਸਾ ਮਹਲਾ ੧ ॥ ✡

✡ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਰਹਿਰਾਸ ਸਾਹਿਬ (ਪੰਨਾ ੯)	ਰਾਗੁ ਆਸਾ (ਪੰਨਾ ੩੪੯)
'ਉਤ ਭੂਖੈ', ਖਾਇ ਚਲੀਅਹਿ ਦੂਖ ॥ ੧ ॥	'ਤਿਤੁ', ਭੂਖੈ ਖਾਇ ਚਲੀਅਹਿ ਦੂਖ ॥ ੧ ॥
'ਦੇਦਾ' ਰਹੈ, ਨ ਚੂਕੈ ਭੋਗੁ ॥	'ਦੇਂਦਾ' ਰਹੈ ਨ ਚੂਕੈ ਭੋਗੁ ॥

ਉਥਾਨਕਾ-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਦਾ ਚੱਕਰ ਲਗਾ ਕੇ ਵਾਪਸ ਹਟ ਕੇ ਆਪਣੀ ਜਨਮ ਭੂਮੀ 'ਰਾਇ ਭੋਇ' ਦੀ ਤਲਵੰਡੀ ਆਏ ਹਨ ਤਾਂ ਸ਼ਹਿਰ ਤੋਂ ਬਾਹਰਵਾਰ ਭਾਈ ਬਾਲੇ ਦੇ ਪਿਤਾ 'ਚੰਦ੍ਰ ਭਾਨ' ਦੇ ਖੂਹ ਪਰ ਠਹਿਰੇ।

ਮਾਤਾ ਪਿਤਾ ਨੂੰ ਪਤਾ ਲੱਗਾ ਤਾਂ ਉਹ ਆ ਕੇ ਆਪਣੇ ਘਰ ਲੈ ਆਏ, ਬੜਾ ਪਿਆਰ ਦੇ ਕੇ ਸੁਖ ਸਾਂਦ ਦੀਆਂ ਗੱਲਾਂ ਪੁੱਛਣ ਲੱਗ ਪਏ। ਮਾਤਾ ਜੀ ਦੀਆਂ ਬਹੁਤੀਆਂ ਵਿਹਾਰਕ ਗੱਲਾਂ ਸੁਣ ਕੇ ਗੁਰੂ ਸਾਹਿਬ ਜੀ ਅੱਗੋਂ ਕੋਈ ਉੱਤਰ ਨਾ ਦੇਣ।

ਆਖਰ ਮਾਤਾ ਜੀ ਨੇ ਕਿਹਾ-"ਪੁੱਤਰ ! ਇਤਨਾ ਭੀ ਸਿਮਰਨ ਨਹੀਂ ਕਰਨਾ ਚਾਹੀਦਾ, ਜਿਸ ਵਿਚ ਕੋਈ ਵਿਹਾਰ ਭੀ ਸਿੱਧ ਨਾ ਹੋ ਸਕੇ।" ਤਾਂ ਗੁਰੂ ਸਾਹਿਬ ਜੀ ਨੇ ਕਿਹਾ- "ਮੇਰੇ ਕੀ ਅਖਤਿਆਰ ਹੈ, ਮੇਰਾ ਤਾਂ ਅਮਲੀ ਜੀਵਨ ਹੀ ਐਸਾ ਹੋ ਚੁੱਕਾ ਹੈ। ਕਿਉਂਕਿ-

ਆਖਾ ਜੀਵਾ ਵਿਸਰੈ ਮਰਿ ਜਾਉ॥

ਜੇ ਮੈਂ ਪ੍ਰਮੇਸ਼ਰ ਦੇ ਨਾਮ ਨੂੰ ਆਖਦਾ ਹਾਂ ਤਾਂ ਜੀਉਂਦਾ ਹਾਂ, ਜੇ ਨਾਮ ਵਿਸਰੈ=ਭੁੱਲ ਜਾਵੇ ਤਦ ਮਰ ਜਾਂਦਾ ਹਾਂ। ਭਾਵ ਦੁੱਖੀ ਹੁੰਦਾ ਹੈ।

ਯਥਾ—"ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ॥
ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ॥ ੨॥"

[ਸਿਰੀਰਾਗੁ ਮਹਲਾ ੧, ਪੰਨਾ ੫੮]

ਤਥਾ—ਹਰਿ ਕੇ ਨਾਮ ਵਿਟਹੁ ਬਲਿ ਜਾਉ॥ ਤੂੰ ਵਿਸਰਹਿ ਤਦਿ ਹੀ ਮਰਿ ਜਾਉ॥

[ਪੰਨਾ ੧੫੯]

ਤਥਾ—"ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥
ਤਿਉ ਹਰਿ ਬਿਨੁ ਸੰਤੁ ਨ ਜੀਵਦੀ ਬਿਨੁ ਹਰਿ ਨਾਮੈ ਮਰਿ ਜਾਇ॥ ੭॥"

[ਸੂਹੀ ਮਹਲਾ ੪, ਪੰਨਾ ੭੫੯]

ਤਥਾ—"ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥
ਜੋ ਰਤੇ ਸਹਿ ਆਪਣੇ ਤਿਨ ਭਾਵੈ ਸਭੁ ਕੋਇ॥ ੧॥"

[ਵਡਹੰਸੁ ਮਹਲਾ ੧, ਪੰਨਾ ੫੫੭]

ਤਥਾ—"ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ ੨੭॥"

[ਸਲੋਕ ਫਰੀਦ, ਪੰਨਾ ੧੩੭੯]

ਮਾਤਾ ਜੀ ਨੇ ਕਿਹਾ-"ਹੋਰ ਵੀ ਤਾਂ ਰਿਖੀ ਮੁਨੀ ਹਨ, ਉਹ ਸਮੇਂ ਅਨੁਸਾਰ ਨਾਮ ਜਪਦੇ ਹਨ ਅਤੇ ਆਪਣਾ ਵਿਹਾਰ ਭੀ ਕਰਦੇ ਹਨ। ਤੁਸੀਂ ਭੀ ਉਸੇ ਤਰ੍ਹਾਂ ਕੀਤਾ ਕਰੋ।" ਗੁਰ ਉੱਤਰ-

ਆਖਣਿ ਅਉਖਾ ਸਾਚਾ ਨਾਉ॥

ਹੇ ਮਾਤਾ ਜੀ ! ਸੱਚੇ ਨਾਮ ਦਾ ਆਖਣਾ ਬਹੁਤ ਔਖਾ ਹੈ।

ਯਥਾ—"ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ॥"

ਤਥਾ—"ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ॥"

[ਸਾਰਗ ਵਾਰ, ਪੰਨਾ ੧੨੩੯]

ਸਾਖੀ—ਛੱਜੂ ਭਗਤ ਦੀ

ਇਕ ਛੱਜੂ ਭਗਤ ਲਾਹੌਰ ਵਿਖੇ ਨਿਵਾਸ ਕਰਨ ਵਾਲਾ ਭਾਟੀਆ ਜਾਤਿ ਦਾ, ਸਰਾਫ ਦੀ ਕਿਰਤ ਕਰਦਾ ਸੀ, ਇਹ ਜਹਾਂਗੀਰ ਤੇ ਸ਼ਾਹ ਜਹਾਂ ਦੇ ਸਮੇਂ ਹੋਇਆ ਹੈ। ਇਸਦੀ ਦੁਕਾਨ ਵਾਲੀ ਥਾਂ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਰ ਬਣਾ ਦਿੱਤਾ ਹੈ, ਵਿਚ ਛੱਜੂ ਦੀ ਸਮਾਧਿ ਸੰਗ ਮਰਮਰ ਦੀ ਹੈ। ਅਸਥਾਨ ਦੇ ਪੁਜਾਰੀ ਦਾਦੂ ਪੰਥੀ ਸਾਧੂ ਹਨ ਛੱਜੂ ਭਗਤ ਦਾ ਦੇਹਾਂਤ ਸੰਮਤ ੧੬੯੬ ਵਿਚ ਹੋਇਆ ਹੈ। ਛੱਜੂ ਦੇ ਇਸ ਅਸਥਾਨ ਨੂੰ ਲੋਕ ਛੱਜੂ ਭਗਤ ਦਾ ਚੌਬਾਰਾ ਆਖਦੇ ਹਨ। ਪੰਜਾਬੀ ਵਿਚ ਅਖਾਣ ਹੈ ਕਿ ਜੋ ਸੁਖ ਛੱਜੂ ਦੇ ਚੌਬਾਰੇ ਨਾ ਬਲਖ ਨਾ ਬੁਖਾਰੇ। ਉਹ ਰੋਜ਼ਾਨਾ ਹੀ ਅੰਮ੍ਰਿਤ ਵੇਲੇ ਉੱਠ ਕੇ ਪ੍ਰਮਾਤਮਾ ਦਾ ਸਿਮਰਨ ਕਰਦਾ ਹੁੰਦਾ ਸੀ।

ਇਕ ਦਿਨ ਲਾਹੌਰ ਵਿਖੇ ਬਹੁਤ ਵਰਖਾ ਹੋਈ, ਜਿਹੜੇ ਵਿਚਾਰੇ ਰੋਜ਼ ਨਵੀਂ ਕਿਰਤ ਕਮਾ ਕੇ ਰੋਟੀ ਖਾਣ ਵਾਲੇ ਮਜ਼ਦੂਰ ਸਨ ਉਹ ਘਬਰਾਏ ਹੋਏ ਇਸ ਭਗਤ ਦੇ ਮਕਾਨ ਹੇਠ ਖੜੇ ਸਨ। ਭਗਤ ਜੀ ਨੂੰ ਜਦ ਕਿਸੇ ਕਾਰਣ ਪਤਾ ਲੱਗਾ ਤਾਂ ਹੇਠਾਂ ਉਤਰ ਕੇ ਉਹਨਾਂ ਮਜ਼ਦੂਰਾਂ ਨੂੰ ਨਿੰਮੋਝੂਣਾ ਵੇਖ ਕੇ ਪੁੱਛਿਆ-"ਭਾਈ ! ਕੀ ਕਾਰਣ ਹੈ; ਇਸ ਤਰ੍ਹਾਂ ਕਿਉਂ ਖੜੇ ਹੋ ?"

ਅੱਗੋਂ ਮਜ਼ਦੂਰਾਂ ਨੇ ਆਖਿਆ-"ਭਗਤ ਜੀ ! ਰੋਜ਼ਾਨਾ ਅਸੀਂ ਆਪਣੀ ਕਿਰਤ ਕਰਕੇ ਪੇਟ ਪਾਲਣਾ ਕਰ ਲੈਂਦੇ ਸੀ, ਅੱਜ ਸਵੇਰ ਦੀ ਜਿਉਂ ਵਰਖਾ ਸ਼ੁਰੂ ਹੋਈ ਹੈ, ਹੁਣ ਤਕ ਹਟੀ ਨਹੀਂ, ਅਸੀਂ ਮਜ਼ਦੂਰੀ ਕਰ ਨਹੀਂ ਸਕੇ, ਆਪ ਕਿਰਪਾ ਕਰੋ।"

ਭਗਤ ਜੀ ਨੇ ਪੁੱਛਿਆ-"ਤੁਸੀਂ ਕੀ ਦਿਹਾੜੀ ਕਮਾਉਂਦੇ ਹੋ ?"

ਉਹਨਾਂ ਆਖਿਆ-"ਚਾਰ ਆਨੇ ਰੋਜ਼।"

ਛੱਜੂ ਨੇ ਆਖਿਆ-"ਤੁਸੀਂ ਮੇਰੇ ਨਾਲ ਆਓ ਮੈਂ ਤੁਹਾਨੂੰ ਕੰਮ ਲਗਾਉਂਦਾ ਹਾਂ, ਚਾਰ ਆਨੇ ਦੀ ਜਗ੍ਹਾ ਬੇਸ਼ੱਕ ਅੱਠ ਅੱਠ ਆਨੇ ਰੋਜ਼ ਲੈ ਲਿਆ ਕਰੋ।"

ਅੰਦਰ ਲਿਜਾ ਕੇ ਹਰ ਇਕ ਦੇ ਹੱਥ ਮਾਲਾ ਫੜਾ ਕੇ ਵੱਖੋ ਵੱਖ ਕੁਟੀਆ ਵਿਚ ਬਿਠਾ ਕੇ ਕਿਹਾ- 'ਰਾਮ ਰਾਮ' ਕਹੀ ਜਾਓ, ਇਥੇ ਬੈਠਿਆਂ ਹੀ ਤੁਹਾਨੂੰ ਰੋਟੀ ਮਿਲ ਜਾਏਗੀ।"

ਰਾਮ ਰਾਮ ਕਹਿਣਾ ਬੜਾ ਔਖਾ ਹੈ, ਜਿਨ੍ਹਾਂ ਨੇ ਹਰ ਰੋਜ਼ ਫਿਰ ਕੇ ਕੰਮ ਕਰਨਾ ਹੈ, ਉਹ ਅੱਜ ਕਿਵੇਂ ਬੈਠ ਕੇ 'ਰਾਮ ਰਾਮ' ਕਹਿ ਸਕਦੇ ਹਨ।

ਆਖਿਰ ਦੁਖੀ ਹੋ ਕੇ ਉੱਠ ਬੈਠੇ ਛੱਜੂ ਭਗਤ ਪਾਸ ਆ ਕੇ ਮਾਲਾ ਸੁੱਟ ਦਿੱਤੀਆਂ ਤੇ ਆਖਦੇ ਹਨ-"ਭਗਤ ਜੀ ! ਰਾਮ ਰਾਮ ਕਹਿਣਾ ਬਹੁਤ ਔਖਾ ਹੈ, ਸਾਡੇ ਪਾਸੋਂ ਇਹ ਕੰਮ ਨਹੀਂ ਹੋ ਸਕਦਾ।"

ਇੰਞ ਕਹਿ ਕੇ ਚਲੇ ਗਏ।

ਓਹੀ ਗੱਲ ਗੁਰੂ ਸਾਹਿਬ ਜੀ ਸੁਣਾਉਂਦੇ ਹਨ- 'ਹੇ ਮਾਤਾ ਜੀ ! ਸੱਚੇ ਨਾਮ ਦਾ ਆਖਣਾ ਬਹੁਤ ਔਖਾ ਹੈ।'

ਦੂਜੀ ਸਾਖੀ—ਨਾਮ ਦਾ ਜਪਣਾ ਔਖਾ ਹੈ।

ਇਕ ਸਮੇਂ ਦਸਮੇਸ਼ ਪਿਤਾ ਜੀ ਪਾਸ ਬ੍ਰਾਹਮਣਾਂ ਨੇ ਆ ਕੇ ਪੁਕਾਰ ਕੀਤੀ - 'ਮਹਾਰਾਜ ਜੀ ! ਇਸ ਸਮੇਂ ਆਪ ਜੀ ਦੇ ਅਵਤਾਰ ਹੁੰਦਿਆਂ ਹੋਇਆਂ ਅਸੀਂ ਬਹੁਤ ਦੁਖੀ ਹਾਂ, ਲੋਕ ਸਾਡੀ ਪੂਜਾ ਕਰਨੋਂ ਹੱਟ ਗਏ ਹਨ। ਆਪ ਅਸਾਡੇ ਪਰ ਕਿਰਪਾ ਕਰੋ।'

ਹਜ਼ੂਰ ਨੇ ਫੁਰਮਾਇਆ-'ਜੋ ਅਸੀਂ ਕਹਿੰਦੇ ਹਾਂ ਉਸੇ ਤਰ੍ਹਾਂ ਕਰੋ ਤਾਂ ਤੁਹਾਨੂੰ ਕੋਈ ਦੁੱਖ ਨਹੀਂ ਹੋਵੇਗਾ। ਬ੍ਰਾਹਮਣਾਂ ਨੇ ਕਿਹਾ-'ਸਤਿ ਬਚਨ ਜੀ ! ਜੋ ਫੁਰਮਾਉਂਦੇ ਹੋ ਓਸੇ ਤਰ੍ਹਾਂ ਕਰਾਂਗੇ।'

ਕੱਲਗੀਧਰ ਜੀ ਨੇ ਕਿਹਾ-'ਰੋਜ਼ਾਨਾ ਅੱਠ ਘੰਟੇ ਬੈਠ ਕੇ ਆਪ ਪ੍ਰਮੇਸ਼ਰ ਦਾ ਜਾਪ ਕੀਤਾ ਕਰੋ, ਹੋਰ ਕੋਈ ਕੰਮ ਨਾ ਕਰੋ, ਫਿਰ ਅਸੀਂ ਤੁਹਾਨੂੰ ਰੋਜ਼ ਹੀ ਪੰਜ ਪੰਜ ਮੋਹਰਾਂ ਅਤੇ ਚੰਗੀ ਤੋਂ ਚੰਗੀ ਰੋਟੀ ਅਤੇ ਕੱਪੜੇ ਦਿਆਂਗੇ।'

ਇਹ ਗੱਲ ਸੁਣ ਕੇ ਬ੍ਰਾਹਮਣਾਂ ਨੇ ਕਿਹਾ-'ਇਸ ਨਾਲੋਂ ਹੋਰ ਕੀ ਚੰਗਾ ਹੈ।' ਹਜ਼ੂਰ ਨੇ ਭਾਈ ਆਲਮ ਸਿੰਘ ਦਾ ਪਹਿਰਾ ਉਹਨਾਂ ਪਰ ਲਗਾ ਦਿੱਤਾ ਕਿ ਇਨ੍ਹਾਂ ਨੂੰ ਦੂਰ ਦੂਰ ਫਾਸਲੇ ਪਰ ਬਿਠਾਵੀਂ ਤਾਂ ਕਿ ਆਪਸ ਵਿਚ ਗੱਲਾਂ ਨਾ ਕਰਨ ਅਤੇ ਨਾ ਹੀ ਇਨ੍ਹਾਂ ਨੂੰ ਪਾਠ ਕਰਦਿਆਂ ਸੋਣ ਦੇਈਂ।

ਭਾਈ ਆਲਮ ਸਿੰਘ ਨੇ ਉਸੇ ਤਰ੍ਹਾਂ ਕੀਤਾ, ਸਭ ਨੂੰ ਕੁਝ ਫਾਸਲੇ ਪਰ ਬਿਠਾ ਦਿੱਤਾ ਤੇ ਆਪ ਵਿਚ ਫਿਰਕੇ ਦੇਖਦੇ ਰਹੇ। ਜਿਸ ਵੇਲੇ ਅੱਠ ਘੰਟੇ ਬੀਤ ਗਏ, ਸ਼ਾਮ ਹੋਈ ਤਾਂ ਹਜ਼ੂਰ ਨੇ ਆਪ ਆ ਕੇ ਸਾਰਿਆਂ ਨੂੰ ਪਹਿਲੇ ਖੰਡ ਘਿਓ ਖਵਾਇਆ, ਨਵੇਂ ਨਵੇਂ ਕਪੜੇ ਦਿੱਤੇ ਫੇਰ ਨਾਲ ਪੰਜ ਪੰਜ ਮੋਹਰਾਂ ਦੇ ਕੇ ਕਿਹਾ-'ਜੇਕਰ ਇਸ ਤਰ੍ਹਾਂ ਪ੍ਰਵਾਨ ਹੈ ਤਾਂ ਰੋਜ਼ਾਨਾ ਆ ਕੇ ਪਾਠ ਕੀਤਾ ਕਰੋ।'

ਬ੍ਰਾਹਮਣਾਂ ਨੇ ਕਿਹਾ-'ਮਹਾਰਾਜ ! ਇਹ ਕੰਮ ਤਾਂ ਬਹੁਤ ਔਖਾ ਹੈ, ਸਾਥੋਂ ਨਹੀਂ ਨਿਭ ਸਕਦਾ, ਅੱਜ ਦੀ ਦਿਹਾੜੀ ਮਸਾਂ ਬਤੀਤ ਕੀਤੀ ਹੈ। ਅਸੀਂ ਤਾਂ ਆਪਣਾ ਗੁਜ਼ਾਰਾ ਪੱਤਰੀ ਨਾਲ ਹੀ ਸਾਰ ਲਿਆ ਕਰਾਂਗੇ।'

ਯਥਾ— 'ਰਾਹੂ ਕੇਤੂ ਹੈਂ ਬੈਲ ਹਮਾਰੇ ਸਾੜ੍ਹ ਸਤੀ ਹੈ ਖੇਤੀ। ਪੱਤ੍ਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ।'

ਇਹ ਗੱਲ ਕਹਿ ਕੇ ਬ੍ਰਾਹਮਣ ਚਲੇ ਗਏ।

ਏਸੇ ਕਾਰਨ ਗੁਰੂ ਜੀ ਆਖਦੇ ਹਨ, ਸੱਚੇ ਨਾਮ ਦਾ ਆਖਣਾ ਬਹੁਤ ਔਖਾ ਹੈ।

ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥ ੧॥

ਸਾਨੂੰ ਤਾਂ ਸੱਚੇ ਨਾਮ ਜਪਣ ਦੀ ਭੂਖ=ਚਾਹ ਲੱਗ ਰਹੀ ਹੈ।

ਉਸ ਭੁੱਖ ਦੇ ਖਾਣ ਨਾਲ ਭਾਵ ਨਾਮ ਜਪਣ ਨਾਲ ਜਨਮ ਮਰਨ ਦੇ ਦੁੱਖ ਚਲੇ ਜਾਂਦੇ ਹਨ।

ਯਥਾ— "ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ॥"

[ਸਿਰੀਰਾਗੁ ਮਹਲਾ ੫, ਪੰਨਾ ੪੩]

ਅਥਵਾ-ਉਸ ਪ੍ਰਤੱਖ ਭੁੱਖ ਦੇ ਖਾਇ=ਅਭਾਵ ਕਰਨ ਵਾਲਾ ਜੋ ਨਾਮ ਹੈ, ਉਸ ਦੇ ਜਪਣ ਕਰਕੇ ਚ=ਪੁਨਾ ਸਮੱਗ੍ਰ ਦੁੱਖ ਨਵਿੱਰਤ ਹੋ ਜਾਂਦੇ ਹਨ॥ ੧॥ ਇਸ ਲਈ-

ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥ ੧॥ ਰਹਾਉ॥

ਹੇ ਮੇਰੇ ਮਾਤਾ ਜੀ ! ਉਸ ਸੱਚੇ ਪ੍ਰਮਾਤਮਾ ਦਾ ਨਾਮ ਮੈਨੂੰ ਕਿਵੇਂ ਭੁੱਲ ਸਕਦਾ ਹੈ।

ਕਿਉਂਕਿ ਉਹ ਮੇਰਾ ਸਾਹਿਬੁ=ਮਾਲਕ ਆਪ ਸੱਚਾ ਹੈ ਅਤੇ ਉਸ ਦਾ ਨਾਮ ਭੀ ਸੱਚਾ ਹੈ।

ਅਥਵਾ-ਉਹ ਸੱਚਾ ਸਾਹਿਬ ਹੈ, ਮੈਂ ਉਸ ਦੇ ਸੱਚੇ ਨਾਮ ਵਿਖੇ ਲੱਗਾ ਰਹਿੰਦਾ ਹਾਂ॥ ੧॥ ਰਹਾਉ॥

ਸਾਚੇ ਨਾਮ ਕੀ ਤਿਲੁ ਵਡਿਆਈ॥ ਆਖਿ ਥਕੇ ਕੀਮਤਿ ਨਹੀ ਪਾਈ॥

ਹੇ ਮਾਤਾ ਜੀ ! ਸੱਚੇ ਨਾਮ ਦੀ ਵਡਿਆਈ ਬਹੁਤ ਲੋਕ ਆਖ ਆਖ ਕੇ ਥੱਕ ਗਏ ਹਨ, ਪਰ ਤਿਲ ਜਿੰਨੀ ਭੀ ਕਿਸੀ ਨੇ ਕੀਮਤ ਨਹੀਂ ਪਾਈ।

ਪੁਨਾ-ਮਾਤਾ ਜੀ ਨੇ ਕਿਹਾ-"ਜੇ ਸਾਰੇ ਮਿਲ ਕੇ ਆਖਣ ਤਦ ਤਾਂ ਉਸ ਦੀ ਕੀਮਤ ਪੈ ਜਾਏਗੀ।"

ਗੁਰ ਉੱਤਰ-

ਜੇ ਸਭਿ ਮਿਲਿ ਕੈ ਆਖਣ ਪਾਹਿ॥

ਹੇ ਮਾਤਾ ਜੀ ! ਜੇ ਸਾਰੇ ਰਲ ਕੇ ਭੀ ਆਖਣ ਲੱਗ ਪੈਣ ਤਦ ਵੀ ਉਸ ਦੀ ਕੀਮਤ ਨਹੀਂ ਪੈਂਦੀ।

ਪੁਨਾ, ਮਾਤਾ ਜੀ ਨੇ ਕਿਹਾ-"ਜਿਵੇਂ ਕਿਸੇ ਦੀ ਵਡਿਆਈ ਕਰੀਦੀ ਹੈ ਤਾਂ ਉਹ ਫੁੱਲ ਕੇ ਵੱਡਾ ਹੋ ਜਾਂਦਾ ਹੈ ਤੇ ਜੇ ਨਿੰਦਿਆ ਕਰੀਏ ਤਾਂ ਉਸ ਦਾ ਤੇਜ ਪ੍ਰਤਾਪ ਘਟ ਜਾਂਦਾ ਹੈ, ਪ੍ਰਮੇਸ਼ਰ ਭੀ ਐਸੇ ਹੀ ਹੋਵੇਗਾ ?" ਗੁਰ ਉੱਤਰ-

ਵਡਾ ਨਾ ਹੋਵੈ ਘਾਟਿ ਨ ਜਾਇ॥ ੨॥

ਹੇ ਮਾਤਾ ਜੀ ! ਉਸਤਤੀ ਕਰਨ ਨਾਲ ਉਹ ਪ੍ਰਮਾਤਮਾ ਵੱਡਾ ਨਹੀਂ ਹੁੰਦਾ ਅਤੇ ਨਿੰਦਿਆ ਕਰਨ ਨਾਲ ਉਹ ਘਟ ਨਹੀਂ ਜਾਂਦਾ।

ਯਥਾ—"ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥ ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥"

[ਦਸਮ ਗ੍ਰੰਥ, ਛੰਦ ੬, ਪੰਨਾ ੨੬]

ਫਿਰ ਮਾਤਾ ਜੀ ਨੇ ਪੁੱਛਿਆ ਕਿ ਜੋ ਪੁਰਸ਼ ਪ੍ਰੇਮ ਧਾਰ ਕੇ ਉਸ ਦਾ ਜਸ ਕਥਨ ਕਰਦਾ ਹੈ, ਉਸ ਨੂੰ ਕੀ ਫਲ ਮਿਲਦਾ ਹੇ? ਅਤੇ ਜੋ ਪ੍ਰਮੇਸ਼ਰ ਦੀ ਨਿੰਦਿਆ ਕਰਦਾ ਹੈ, ਉਸ ਨੂੰ ਕੀ ਫਲ ਮਿਲਦਾ ਹੈ? ਗੁਰ ਉੱਤਰ-

ਹੇ ਮਾਤਾ ਜੀ ! ਜੋ ਪੁਰਸ਼ ਸ਼ਰਧਾ ਪ੍ਰੇਮ ਧਾਰ ਕੇ ਪ੍ਰਮੇਸ਼ਰ ਦੇ ਜਸ ਨੂੰ ਕਥਨ ਕਰਦਾ ਹੈ, ਉਹ ਪੁਰਸ਼ ਵੱਡਾ ਨ ਹੋਵੈ=ਵੱਡਾ ਨਹੀਂ ਹੁੰਦਾ ? ਭਾਵ ਹੋ ਜਾਂਦਾ ਹੈ।

ਅਤੇ ਜੋ ਪੁਰਸ਼ ਪ੍ਰਮੇਸ਼ਰ ਦੀ ਨਿੰਦਿਆ ਕਰਦਾ ਹੈ, ਉਸ ਪੁਰਸ਼ ਦਾ ਜਸ [ਤੇਜ ਪ੍ਰਤਾਪ] ਘਾਟਿ ਨ ਜਾਇ=ਘਟ ਨਹੀਂ ਜਾਂਦਾ ? ਭਾਵ ਘਟ ਜਾਂਦਾ ਹੈ।

ਨਿੰਦਕ ਪੁਰਸ਼ ਨੂੰ ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਭੀ ਸੁਖ ਨਹੀਂ।

ਹੁਣ ਨਿੰਦਕਾਂ ਦਾ ਹਾਲ ਸੁਣੋ-

"ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ॥
ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ॥ ੩॥"

[ਭੈਰਉ ਮਹਲਾ ੫, ਪੰਨਾ ੧੧੩੫]

ਤਥਾ—"ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥ ੩॥"

[ਭੈਰਉ ਮਹਲਾ ੫, ਪੰਨਾ ੧੧੩੭]

ਤਥਾ—"ਅਪਣੇ ਦਾਸ ਕਉ ਕੰਠਿ ਲਗਾਵੈ॥ ਨਿੰਦਕ ਕਉ ਅਗਨਿ ਮਹਿ ਪਾਵੈ॥ ੧॥"

[ਭੈਰਉ ਮਹਲਾ ੫, ਪੰਨਾ ੧੧੩੮]

ਤਥਾ—"ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥
ਨਿੰਦਕ ਕਾ ਮੈਲਾ ਆਚਾਰੁ॥ ਦਾਸ ਅਪੁਨੇ ਕਉ ਰਾਖਨਹਾਰੁ॥ ੧॥
ਨਿੰਦਕੁ ਮੁਆ ਨਿੰਦਕ ਕੈ ਨਾਲਿ॥ ਪਾਰਬ੍ਰਹਮ ਪ੍ਰਮੇਸਰਿ ਜਨ ਰਾਖੇ
ਨਿੰਦਕ ਕੈ ਸਿਰਿ ਕੜਕਿਓ ਕਾਲੁ॥ ੧॥ ਰਹਾਉ॥
ਨਿੰਦਕ ਕਾ ਕਹਿਆ ਕੋਇ ਨ ਮਾਨੈ॥ ਨਿੰਦਕ ਝੂਠ ਬੋਲਿ ਪਛੁਤਾਨੇ॥
ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥ ਨਿੰਦਕ ਕਉ ਦਈ ਛੋਡੈ ਨਾਹਿ॥ ੨॥
ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ॥ ਨਿੰਦਕ ਕਉ ਲਾਗੈ ਦੁਖ ਸਾਂਗੈ॥
ਬਗੁਲੇ ਜਿਉ ਰਹਿਆ ਪੰਖ ਪਸਾਰਿ॥ ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥ ੩॥"

[ਭੈਰਉ ਮਹਲਾ ੫, ਪੰਨਾ ੧੧੫੧]

ਤਥਾ—ਟੂਟੀ ਨਿੰਦਕ ਕੀ ਅਧ ਬੀਚ॥
ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕੱਉ ਆਇ ਪਹੁਚੀ ਮੀਚ॥ ੧॥ ਰਹਾਉ॥
ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ॥
ਈਹਾ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ॥ ੧॥

[ਸਾਰਗ ਮਹਲਾ ੫, ਪੰਨਾ ੧੨੨੪]

ਤਥਾ—"ਸੰਤ ਕੀ ਨਿੰਦਾ ਜੋਨੀ ਭਵਨਾ॥ ਸੰਤ ਕੀ ਨਿੰਦਾ ਰੋਗੀ ਕਰਨਾ॥
ਸੰਤ ਕੀ ਨਿੰਦਾ ਦੂਖ ਸਹਾਮ॥ ਭਾਨੁ ਦੈਤ ਨਿੰਦਕ ਕਉ ਜਾਮ॥ ੧॥
ਸੰਤ ਸੰਗਿ ਕਰਹਿ ਜੋ ਬਾਦੁ॥ ਤਿਨ ਨਿੰਦਕ ਨਾਹੀ ਕਿਛੁ ਸਾਦੁ॥ ੧॥ ਰਹਾਉ॥
ਭਗਤ ਦੀ ਨਿੰਦਾ ਕੰਧੁ ਛੇਦਾਵੈ॥ ਭਗਤ ਕੀ ਨਿੰਦਾ ਨਰਕ ਭੁੰਚਾਵੈ॥
ਭਗਤ ਕੀ ਨਿੰਦਾ ਗਰਭ ਮਹਿ ਗਲੈ॥ ਭਗਤ ਕੀ ਨਿੰਦਾ ਰਾਜ ਤੇ ਟਲੈ॥ ੨॥
ਨਿੰਦਕ ਕੀ ਗਤਿ ਕਤਹੂ ਨਾਹਿ॥ ਆਪਿ ਬੀਜਿ ਆਪੇ ਹੀ ਖਾਹਿ॥
ਚੋਰ ਜਾਰ ਜੂਆਰ ਤੇ ਬੁਰਾ॥ ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ॥ ੩॥"

[ਭੈਰਉ ਮਹਲਾ ੫, ਪੰਨਾ ੧੧੪੫]

ਤਥਾ—"ਮਨਮੁਖਿ ਅੰਧੇ ਸੁਧਿ ਨ ਕਾਈ॥ ਆਤਮ ਘਾਤੀ ਹੈ ਜਗਤ ਕਸਾਈ॥
ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ॥ ੪॥"

[ਮਾਝ ਮਹਲਾ ੩, ਪੰਨਾ ੧੧੮]

ਤਥਾ—'ਸੰਤ ਕੈ ਦੂਖਨਿ ਆਰਜਾ ਘਟੈ॥ ਸੰਤ ਕੈ ਦੂਖਨਿ ਜਮ ਤੇ ਨਹੀ ਛੂਟੈ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ॥ ਸੰਤ ਕੈ ਦੂਖਨਿ ਨਰਕ ਮਹਿ ਪਾਇ॥
ਸੰਤ ਕੈ ਦੂਖਨਿ ਮਤਿ ਹੋਇ ਮਲੀਨ॥ ਸੰਤ ਕੈ ਦੂਖਨਿ ਸੋਭਾ ਤੇ ਹੀਨ॥

ਸੰਤ ਕੇ ਹਤੇ ਕਉ ਰਖੈ ਨ ਕੋਇ॥ ਸੰਤ ਕੇ ਦੂਖਨਿ ਥਾਨ ਭ੍ਰਸਟ ਹੋਇ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ॥ ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ॥ ੧॥'

[ਗਉੜੀ ਸੁਖਮਨੀ, ਪੰਨਾ ੨੭੯]

ਤਥਾ—ਸੰਤ ਕਾ ਲੀਆ ਧਰਤਿ ਬਿਦਾਰਉ॥ ਸੰਤ ਕਾ ਨਿੰਦਕੁ ਅਕਾਸ ਤੇ ਟਾਰਉ॥
ਸੰਤ ਕਉ ਰਾਖਉ ਅਪਨੇ ਜੀਅ ਨਾਲਿ॥ ਸੰਤ ਉਧਾਰਉ ਤਤਖਿਣ ਤਾਲਿ॥ ੧॥
ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮੁ॥ ੧॥ ਰਹਾਉ॥
ਸੰਤ ਕੈ ਊਪਰਿ ਦੇਇ ਪ੍ਰਭੁ ਹਾਥ॥ ਸੰਤ ਕੈ ਸੰਗਿ ਬਸੈ ਦਿਨੁ ਰਾਤਿ॥
ਸਾਸਿ ਸਾਸਿ ਸੰਤਹ ਪ੍ਰਤਿਪਾਲਿ॥ ਸੰਤ ਕਾ ਦੋਖੀ ਰਾਜ ਤੇ ਟਾਲਿ॥ ੨॥
ਸੰਤ ਕੀ ਨਿੰਦਾ ਕਰਹੁ ਨ ਕੋਇ॥ ਜੋ ਨਿੰਦੈ ਤਿਸ ਕਾ ਪਤਨੁ ਹੋਇ॥

[ਗੌਂਡ ਮਹਲਾ ੫, ਪੰਨਾ ੮੬੭]

ਤਥਾ—"ਨਿੰਦਕੁ ਐਸੇ ਹੀ ਝਰਿ ਪਰੀਐ॥
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ॥ ੧॥ ਰਹਾਉ॥
ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ॥
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ॥ ੧॥
ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ॥
ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ॥ ੨॥ ੯॥ ੯੫॥"

[ਬਿਲਾਵਲੁ ਮਹਲਾ ੫, ਪੰਨਾ ੮੨੩]

ਤਥਾ—"ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥ ੧॥
ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥ ੧॥ ਰਹਾਉ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥ ੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ ਬਿਰਾਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥ ੩॥
ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥
ਨਿੰਦਕੁ ਸੋਧਿ ਸਾਧਿ ਬੀਚਾਰਿਆ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥"

[ਗੌਂਡ ਰਵਿਦਾਸ ਜੀਉ, ਪੰਨਾ ੮੭੫]

ਤਥਾ—"ਜਨ ਕਬੀਰ ਕਉ ਨਿੰਦਾ ਸਾਰੁ॥ ਨਿੰਦਕੁ ਡੂਬਾ ਹਮ ਉਤਰੇ ਪਾਰਿ॥ ੩॥"

[ਗਉੜੀ ਕਬੀਰ ਜੀ, ਪੰਨਾ ੩੩੯]

ਤਥਾ—"ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥
ਈਹਾ ਸੁਖੁ ਨਹੀ ਦਰਗਹ ਢੋਈ ਜਮਪੁਰਿ ਜਾਇ ਪਚਾਵੈ॥ ੧॥

ਨਿੰਦਕਿ ਅਹਿਲਾ ਜਨਮੁ ਗਵਾਇਆ॥
ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ॥੧॥ ਰਹਾਉ॥
ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ॥
ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ॥ ੨॥
ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ॥
ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ॥ ੩॥
ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ॥
ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ॥ ੪॥ ੨॥ ੪੧॥"

[ਆਸਾ ਮਹਲਾ ੫, ਪੰਨਾ ੩੮੦]

ਤਥਾ—"ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥
ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥"

[ਗਉੜੀ ਵਾਰ, ਪੰਨਾ ੩੦੯]

ਤਥਾ—"ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ॥
ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ॥ ੧॥"
ਤਥਾ—"ਨਾਰਾਇਣਿ ਲਇਆ ਨਾਠੁੰਗੜਾ ਪੈਰ ਕਿਥੈ ਰਖੈ॥
ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ॥
ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ॥"
ਸਚੈ ਸਾਹਿਬ ਮਾਰਿਆ ਕਉਣੁ ਤਿਸ ਨੋ ਰਖੈ॥
ਤਥਾ—"ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥
ਆਪਿ ਭੁਲਾਏ ਨਾਨਕਾ ਪਚਿ ਪਾਚ ਜੋਨੀ ਪਾਹਿ॥ ੨॥"

[ਗਉੜੀ ਵਾਰ, ਪੰਨਾ ੩੧੫]

ਭਾਈ ਗੁਰਦਾਸ ਜੀ ਨੇ ਭੀ ਨਿੰਦਕਾਂ ਦੀ ਹਾਲਤ ਕਥਨ ਕੀਤੀ ਹੈ-

"ਨਿੰਦਾ ਕਰ ਹਰਣਾਖਸੈ ਵੇਖਹੁ ਫਲ ਵਟੈ॥ ਲੰਕ ਲੁਟਾਈ ਰਾਵਣੈ ਮਸਤਕਿ ਦਸ ਕਟੈ।
ਕੰਸੁ ਗਇਆ ਮਣ ਲਸਕਰੈ ਸਭ ਦੈਤ ਸੰਘਟੈ॥ ਵੰਸੁ ਗਵਾਇਆ ਕੌਰਵਾਂ ਖੁਹਣਿ ਲੱਖ ਛਟੈ।
ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖਟੈ॥ ਨਿੰਦਾ ਕੋਇ ਨ ਸਿਝਿਓ ਇਉਂ ਵੇਦ ਉਘਟੈ।
ਦੁਰਬਾਸੇ ਨੇ ਸਰਾਪ ਦੇ ਯਾਦਵ ਸਭਿ ਤਟੈ॥ ੫॥"

[ਭਾਈ ਗੁਰਦਾਸ ਜੀ ਵਾਰ ੩੫]

ਫਿਰ ਮਾਤਾ ਜੀ ਨੇ ਕਿਹਾ-"ਜਿਵੇਂ ਕਿਸੇ ਪੁਰਸ਼ ਨੂੰ ਪਤਾ ਲੱਗ ਜਾਵੇ ਹੁਣ ਮੇਰਾ ਮਰਨਾ

ਨਜ਼ਦੀਕ ਆ ਗਿਆ ਹੈ, ਤਾਂ ਉਸ ਨੂੰ ਸੋਗ ਹੋ ਜਾਂਦਾ ਹੈ।

ਇਸੀ ਤਰ੍ਹਾਂ ਜਦੋਂ ਪਰਮੇਸ਼ਰ ਦਾ ਮਰਨਾ ਆਉਂਦਾ ਹੋਵੇਗਾ ਤਾਂ ਉਸ ਨੂੰ ਭੀ ਸੋਗ ਹੋ ਜਾਂਦਾ ਹੋਵੇਗਾ ?''

ਤਾਂ ਸਤਿਗੁਰਾਂ ਨੇ ਕਿਹਾ-

ਨਾ ਓਹੁ ਮਰੈ ਨ ਹੋਵੈ ਸੋਗੁ ॥

ਨਾ ਪਰਮੇਸ਼ਰ ਕਦੀ ਮਰਦਾ ਹੈ, ਇਸ ਲਈ ਨਾ ਹੀ ਉਸ ਨੂੰ ਕੋਈ ਸੋਗੁ=ਫਿਕਰ ਹੁੰਦਾ ਹੈ।

ਯਥਾ—"ਮਰੈ ਨਾਹੀਂ ਸਦ ਸਦ ਹੀ ਜੀਵੈ॥ ਅਮਰੁ ਭਇਆ ਅਬਿਨਾਸੀ ਥੀਵੈ॥"

[ਮਾਰੂ ਮਹਲਾ ੫, ਪੰਨਾ ੧੦੭੪]

ਅਥਵਾ-ਮਾਤਾ ਜੀ ਨੇ ਕਿਹਾ-''ਜਿਸ ਤਰ੍ਹਾਂ ਪਿਤਾ ਦੇ ਮਰ ਜਾਣ ਕਰਕੇ ਪੁੱਤ੍ਰਾਂ ਨੂੰ ਸੋਗ ਹੁੰਦਾ ਹੈ।

ਤਿਵੇਂ ਪਰਮੇਸ਼ਰ ਦੇ ਮਰਨ ਨਾਲ ਉਸ ਦੇ ਪੁੱਤਰਾਂ [ਮਹਾਤਮਾਂ, ਭਗਤਾਂ ਜਨਾਂ] ਨੂੰ ਸੋਗ ਹੁੰਦਾ ਹੋਵੇਗਾ?'' ਗੁਰ ਉੱਤਰ-

ਹੇ ਮਾਤਾ ਜੀ ! ਨਾ ਉਹ ਪਰਮੇਸ਼ਰ ਮਰਦਾ ਹੈ, ਨਾ ਹੀ ਉਸ ਦੇ ਉਪਾਸ਼ਕਾਂ [ਸੰਤਾਂ, ਮਹਾਤਮਾਂ ਭਗਤ ਜਨਾਂ] ਨੂੰ ਸੋਗ ਹੁੰਦਾ ਹੈ।

ਫਿਰ ਮਾਤਾ ਜੀ ਨੇ ਕਿਹਾ-''ਜਿਸ ਤਰ੍ਹਾਂ ਕੋਈ ਵਰਤਾਵਾ ਪ੍ਰਸ਼ਾਦਿ ਵੰਡਦਾ-ਵੰਡਦਾ ਭੁੱਲ ਜਾਂਦਾ ਹੈ, ਕਿਸੇ ਨੂੰ ਵਿੱਚੋਂ ਛੱਡ ਵੀ ਜਾਂਦਾ ਹੈ, ਤਿਵੇਂ ਸਾਰਿਆਂ ਨੂੰ ਰਿਜ਼ਕ ਦੇਂਦਾ ਹੋਇਆ ਪਰਮੇਸ਼ਰ ਵੀ ਭੁੱਲ ਜਾਂਦਾ ਹੋਵੇਗਾ?'' ਗੁਰ ਉੱਤਰ—

ਦੇਦਾ ਰਹੈ ਨ ਚੂਕੈ ਭੋਗੁ ॥

ਹੇ ਮਾਤਾ ਜੀ ! ਉਹ ਪਰਮੇਸ਼ਰ ਦਾਤਾਂ ਦੇਂਦਾ ਰਹਿੰਦਾ ਹੈ, ਭੋਗੁ=ਪਦਾਰਥ ਦੇਦਿਆਂ ਹੋਇਆ ਚੂਕੈ ਨ=ਭੁੱਲਦਾ ਨਹੀਂ ਹੈ।

ਫਿਰ ਮਾਤਾ ਜੀ ਨੇ ਕਿਹਾ-''ਜਿਸ ਤਰ੍ਹਾਂ ਕੋਈ ਖਜ਼ਾਨੇ ਵਿਚੋਂ ਰੋਜ਼ ਦੇਂਦਾ ਰਹੇ ਤਾਂ ਉਹ ਖਜ਼ਾਨਾ ਮੁੱਕ ਵੀ ਜਾਂਦਾ ਹੈ।

ਤਿਵੇਂ ਪਰਮੇਸ਼ਰ ਜੇ ਰੋਜ਼ ਦਾਤਾਂ ਦੇਂਦਾ ਰਹੇ ਤਾਂ ਉਸ ਦਾ ਖਜ਼ਾਨਾ ਭੀ ਮੁੱਕ ਜਾਂਦਾ ਹੋਵੇਗਾ?''

ਗੁਰ ਉਤਰ- ਦੇਦਾ ਰਹੈ ਨ ਚੂਕੈ ਭੋਗੁ ॥

ਹੇ ਮਾਤਾ ਜੀ ! ਉਹ ਪਰਮੇਸ਼ਰ ਹਮੇਸ਼ਾਂ ਦਾਤਾਂ ਦੇਂਦਾ ਰਹਿੰਦਾ ਹੈ, ਉਸ ਦਾ ਭੋਗੁ=ਖਜ਼ਾਨਾ ਚੂਕੈ ਨ=ਮੁੱਕਦਾ ਨਹੀਂ ਹੈ।

ਵਾ-ਉਸ ਦੇ ਖਜ਼ਾਨੇ ਵਿਚੋਂ ਭੋਗੁ=ਪਦਾਰਥ ਮੁੱਕਦਾ ਨਹੀਂ ਹੈ।

ਫਿਰ ਮਾਤਾ ਜੀ ਨੇ ਕਿਹਾ-''ਐਸਾ ਗੁਣ ਕਿਸੇ ਹੋਰ ਵਿਚ ਭੀ ਹੈ ?'' ਗੁਰ ਉਤਰ-

ਗੁਣੁ ਏਹੋ ਹੋਰੁ ਨਾਹੀ ਕੋਇ ॥

ਹੇ ਮਾਤਾ ਜੀ ! ਏਹੋ ਜਿਹਾ ਗੁਣ ਹੋਰ ਕਿਸੇ ਵਿਚ ਨਹੀਂ ਹੈ।

ਅਥਵਾ-ਇਹ ਗੁਣ ਪਰਮੇਸ਼ਰ ਵਿਚ ਹੀ ਹੈ, ਹੋਰ ਕਿਸੇ ਵਿਚ ਨਹੀਂ ਹੈ।

ਨਾ ਕੋ ਹੋਆ ਨਾ ਕੋ ਹੋਇ ॥ ੩ ॥

ਪਰਮੇਸ਼ਰ ਵਰਗਾ ਨਾ ਕੋਈ ਪਿੱਛੇ ਸੀ, ਨਾ ਹੁਣ ਹੈ, ਨਾ ਕੋਈ ਅੱਗੇ ਹੋਵੇਗਾ ॥ ੩ ॥

ਜੇਵਡੁ ਆਪਿ ਤੇਵਡ ਤੇਰੀ ਦਾਤਿ ॥

ਹੇ ਮਾਤਾ ਜੀ ! ਜਿੱਡਾ ਵੱਡਾ ਉਹ ਪਰਮੇਸ਼ਰ ਆਪ ਹੈ, ਓਡੀ ਵੱਡੀ ਤੇਰੀ=ਤਿਸ ਦੀ ਦਾਤ ਹੈ।

ਪ੍ਰਸ਼ਨ-"ਉਹ ਕਿਹੜੀ ਦਾਤ ਹੈ?" ਗੁਰ ਉਤਰ—

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥

ਜਿਸ ਪਰਮੇਸ਼ਰ ਨੇ ਜੀਵਾਂ ਦੇ ਕਾਰ ਵਿਉਹਾਰ ਚਲਾਉਣ ਵਾਸਤੇ ਦਿਨ ਬਨਾਉਣਾ ਕੀਤਾ ਹੈ। ਦਿਨ ਬਣਾ ਕੇ ਫਿਰ ਆਰਾਮ ਕਰਾਉਣ ਵਾਸਤੇ ਰਾਤ ਬਨਾਉਣਾ ਕੀਤੀ ਹੈ। ਜੇਕਰ ਦਿਨ ਹੀ ਰਹਿੰਦਾ ਤਾਂ ਸਾਰੇ ਲੋਕ ਧੰਦਿਆਂ ਵਿਚ ਹੀ ਮਰ ਜਾਂਦੇ ਤੇ ਜੇਕਰ ਰਾਤ ਹੁੰਦੀ ਤਾਂ ਸਾਰੇ ਲੋਕ ਅੰਧ ਧੁੰਦ ਵਿਚ ਹੀ ਘਬਰਾਏ ਰਹਿੰਦੇ।

ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥ ੪ ॥ ੩ ॥

ਹੇ ਮਾਤਾ ਜੀ ! ਉਸ ਐਸੇ ਮਾਲਕ ਵਾਹਿਗੁਰੂ ਨੂੰ ਜੋ ਵਿਸਾਰਦੇ ਹਨ, ਉਹ ਪੁਰਸ਼ ਕਮਜਾਤਿ=ਨਿਉਣ ਜਾਤੀ ਵਾਲੇ ਹਨ।

ਗੁਰੂ ਜੀ ਆਖਦੇ ਹਨ-ਪਰਮੇਸ਼ਰ ਦਾ ਨਾਮ ਜਪੇ ਬਿਨਾਂ ਜੀਵ ਸਨਾਤਿ=ਭੂਤਨੇ ਹਨ। ਇਸ ਲਈ ਜੀਵ ਨੂੰ ਹਰ ਵੇਲੇ ਨਾਮ ਜਪਣਾ ਚਾਹੀਦਾ ਹੈ ॥ ੪ ॥ ੩ ॥

ਰਾਗੁ ਗੂਜਰੀ ਮਹਲਾ ੪ ॥*

ਉਥਾਨਕਾ-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੇ ਪਿਤਾ ਹਰਿਦਾਸ ਜੀ ਦੇ ਕਹੇ ਅਨੁਸਾਰ

---

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਰਹਰਾਸਿ ਸਾਹਿਬ (ਪੰਨਾ ੧੦)	ਰਾਗੁ ਗੂਜਰੀ (ਪੰਨਾ ੪੯੨)
	੧ੴ ਸਤਿਗੁਰ ਪ੍ਰਸਾਦਿ ॥
ਰਾਗੁ ਗੂਜਰੀ ਮਹਲਾ ੪ ॥	ਰਾਗੁ ਗੂਜਰੀ ਮਹਲਾ ੪ 'ਚਉਪਦੇ ਘਰੁ ੧ ॥'
ਬਿਨਉ ਕਰਉ ਗੁਰ ਪਾਸਿ ॥	'ਹਉ' ਬਿਨਉ ਕਰਉ ਗੁਰ ਪਾਸਿ ॥
ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ	'ਜਿਨ੍' ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥	'ਤਿਨਾ' ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ	'ਧੰਨ' ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ 'ਜਨ' ਨਾਨਕ ਨਾਮੁ ਪਰਗਾਸਿ ॥ ੪ ॥ ੪ ॥	ਮਿਲਿ ਨਾਨਕ ਨਾਮੁ ਪਰਗਾਸਿ ॥ ੪ ॥ ੧ ॥

ਲਾਹੌਰ ਸ਼ਹਿਰ ਵਿਖੇ ਘੁੰਙਣੀਆਂ ਦਾ ਛਾਬਾ ਭਰ ਕੇ ਲੈ ਜਾਂਦੇ ਸਨ ਤੇ ਵੇਚ ਕੇ ਜੋ ਪੈਸੇ ਵੱਟਦੇ ਉਹ ਘਰ ਲਿਆ ਦੇਂਦੇ ਸਨ।

ਇਕ ਦਿਨ ਜਦ ਮਾਤਾ 'ਦਯਾ ਕੌਰ' ਜੀ ਨੇ ਛੋਲੇ ਉਬਾਲ ਕੇ ਚੰਗੇਰ ਭਰ ਕੇ ਦਿੱਤੀ ਤਾਂ ਬਜ਼ਾਰ ਜਾ ਕੇ ਬੜੀ ਮਿੱਠੀ ਸੁਰ ਨਾਲ ਹੋਕਾ ਦਿੱਤਾ। ਇਤਨੇ ਨੂੰ ਭਗਵਾਨ ਆਪ ਹੀ ਪ੍ਰੀਖਿਆ ਲੈਣ ਲਈ ਕਿਸੇ ਸਾਧੂ ਦਾ ਰੂਪ ਧਾਰ ਕੇ ਸਾਹਮਣੇ ਆ ਖਲੋਤੇ ਤੇ ਕਿਹਾ-''ਭੁੱਖ ਲੱਗੀ ਹੈ, ਕੁਝ ਖਾਣ ਨੂੰ ਦਿਓ।'' ਮਹਾਰਾਜ ਜੀ ਨੇ ਓਥੇ ਹੀ ਛਾਬਾ ਲਾਹ ਕੇ ਉਸ ਨੂੰ ਇਕ ਬੁੱਕ ਭਰ ਕੇ ਦਿੱਤਾ।

ਸਾਧੂ ਨੇ ਛਕ ਕੇ ਕਿਹਾ-''ਇਕ ਬੁੱਕ ਹੋਰ ਦਿਓ।''

ਆਪ ਜੀ ਨੇ ਦੁਬਾਰਾ ਭੀ ਦੇ ਦਿੱਤਾ। ਫਿਰ ਤੀਜੀ ਵਾਰ ਮੰਗਿਆ, ਤਾਂ ਭੀ ਨਾਂਹ ਨਹੀਂ ਕੀਤੀ। ਭਾਵ ਕੀ ਇਸ ਤਰ੍ਹਾਂ ਕਈ ਵਾਰ ਮੰਗ ਕੇ ਸਾਰਾ ਹੀ ਛਾਬਾ ਮੁਕਾ ਦਿੱਤਾ।

ਜਿਸ ਵੇਲੇ ਛਾਬੇ ਨੂੰ ਖਾਲੀ ਦੇਖਿਆ ਤਾਂ ਵਿਚਾਰਿਆ ਹੁਣ ਘਰ ਕਿਵੇਂ ਜਾਈਏ? ਪਿਤਾ ਜੀ ਗੁੱਸੇ ਹੋਣਗੇ।

ਇਸ ਤਰ੍ਹਾਂ ਵਿਚਾਰ ਹੀ ਰਹੇ ਸਨ ਜੋ ਇਤਨੇ ਨੂੰ ਇਕ ਜੱਥਾ ਆ ਲੰਘਿਆ ਜੋ ਗੁਰਾਂ ਦੀ ਬਾਣੀ ਦੇ ਸ਼ਬਦ ਪੜ੍ਹਦਾ ਜਾ ਰਿਹਾ ਸੀ, ਪੁੱਛਿਆ-''ਆਪ ਕਿਥੇ ਜਾ ਰਹੇ ਹੋ?''

ਤਾਂ ਉਨ੍ਹਾਂ ਆਖਿਆ-''ਅਸੀਂ ਗੋਇੰਦਵਾਲ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਵਿਚ ਜਾ ਰਹੇ ਹਾਂ।''

ਇਹ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਨਾਲ ਹੀ ਤੁਰ ਪਏ। ਗੋਇੰਦਵਾਲ ਜਾ ਕੇ ਆਪ ਜੀ ਨੇ ਬੜੀ ਭਾਰੀ ਸੇਵਾ ਕੀਤੀ।

ਇਕ ਦਿਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਘਰੋਂ ਮਹਿਲਾਂ [ਮਾਤਾ 'ਰਾਮੋਂ' ਜੀ] ਨੇ ਕਿਹਾ-''ਬੀਬੀ ਭਾਨੀ ਵੱਡੀ ਹੋ ਗਈ ਹੈ ਹੁਣ ਇਸ ਦਾ ਵਿਆਹ ਕਰ ਦੇਣਾ ਚਾਹੀਦਾ ਹੈ।'' ਤਦ ਗੁਰੂ ਸਾਹਿਬ ਜੀ ਨੇ ਬ੍ਰਾਹਮਣ ਨੂੰ ਆਪਣੇ ਪਾਸ ਬੁਲਾ ਕੇ ਕਿਹਾ ਕਿ ਬੀਬੀ ਲਈ ਕੋਈ ਵਰ ਘਰ ਦਾ ਪਤਾ ਲਿਆਓ।

ਗੁਰੂ ਜੀ ਪਾਸੋਂ ਇਹ ਗੱਲ ਸੁਣ ਕੇ ਜਿਸ ਵੇਲੇ ਪ੍ਰੋਹਤ ਉੱਠਿਆ ਤਾਂ ਅੱਗੇ ਟੋਕਰੀ ਚੁੱਕੀ ਭਾਈ ਜੇਠਾ ਜੀ* ਜਾ ਰਹੇ ਸਨ [ਆਪ ਜੀ ਵੱਲ] ਉਂਗਲ ਨਾਲ ਇਸ਼ਾਰਾ ਕਰਦਿਆਂ ਬ੍ਰਾਹਮਣ ਨੇ ਕਿਹਾ-''ਇਸ ਬਾਲਕੇ ਵਰਗਾ ਹੋਵੇ?''

ਯਥਾ—'ਸੁਨ ਦਿਜ ਕਹਜੋ ਕਿ ਸੁਨੋ ਕ੍ਰਿਪਾਲੂ॥ ਏਸ ਬਾਲ ਸਮ ਹੋਵੈ ਬਾਲੂ॥ ੧੪॥''

[ਗੁਰ ਪ੍ਰਤਾਪ ਸੂਰਜ, ਰਾਸਿ ੧ ਅੰਸੂ ੪੧]

ਤਾਂ ਹਜ਼ੂਰ ਨੇ ਕਿਹਾ-'ਬੱਸ, ਏਹੀ ਬਾਲਕਾ ਯੋਗ ਹੈ ਇਸ ਵਰਗਾ ਹੋਰ ਕਿਸ ਨੇ ਹੋਣਾ ਹੈ ?' ਉਸੀ ਵੇਲੇ ਬ੍ਰਾਹਮਣ ਨੂੰ ਕਹਿ ਕੇ ਆਪਣੇ ਪਾਸ ਬੁਲਾਇਆ ਤੇ ਪੁੱਛਿਆ-

''ਤੂੰ ਕਿਸ ਦਾ ਪੁੱਤਰ ਹੈਂ ?

ਕਿਥੋਂ ਦੇ ਰਹਿਣ ਵਾਲਾ ਹੈਂ ?

---

*ਇਹ ਨਾਮ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪਹਿਲਾ ਸੀ।

ਤੇਰੀ ਜਾਤੀ ਕੀ ਹੈ ?''

ਉਸ ਵੇਲੇ ਹੱਥ ਜੋੜ ਕੇ ਕਿਹਾ-

''ਮੇਰਾ ਨਾ ਰਾਮਦਾਸ ਹੈ। ਪਿਤਾ ਜੀ ਦਾ ਨਾਂ ਬਾਬਾ ਹਰਿਦਾਸ ਜੀ ਹੈ, ਲਾਹੌਰ ਦੇ ਰਹਿਣ ਵਾਲਾ ਹਾਂ, ਜ਼ਾਤ ਸੋਢ ਬੰਸ ਹੈ।''

ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਇਕ ਪੱਤ੍ਰਕਾ ਲਾਹੌਰ ਲਿਖ ਕੇ ਇਨ੍ਹਾਂ ਦੇ ਮਾਤਾ ਪਿਤਾ ਨੂੰ ਸਦਵਾ ਕੇ ਪਹਿਲੇ ਸਗਾਈ ਕੀਤੀ, ਫਿਰ ਵਿਆਹ ਕਰ ਦਿੱਤਾ।

ਜਿਸ ਵੇਲੇ ਵਿਆਹ ਕਰਨ ਲੱਗਿਆਂ ਖਾਰਿਆਂ ਪਰ ਬੈਠਾਉਂਦੇ ਹਨ ਤਦ ਜਵਾਈਆਂ ਨੂੰ ਆਖਦੇ ਹਨ- ''ਜੋ ਕੁਛ ਤੂੰ ਲੈਣਾ ਹੈ ਸੋ ਤੂੰ ਮੰਗ ਲੈ।'' ਉਸ ਵੇਲੇ ਅੱਜ ਦੀ ਨਿਆਈਂ ਕੋਈ ਘੜੀ ਤੇ ਰੇਡੀਓ ਮੰਗਦਾ ਹੈ ਅਤੇ ਕੋਈ ਮੋਟਰ ਤੇ ਕੁਝ ਕੁ ਹਜ਼ਾਰ ਰੁਪਿਆ ਮੰਗਦਾ ਹੈ। ਪਰ ਜਿਸ ਵੇਲੇ ਖਾਰਿਆਂ ਪਰ ਬਿਠਾ ਕੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਭਾਈ ਜੇਠਾ ਜੀ ਨੂੰ ਕਿਹਾ-''ਹੇ ਪੁਰਖਾ ! ਜੋ ਤੂੰ ਚਾਹੁੰਦਾ ਹੈਂ, ਉਹ ਹੁਣ ਮੰਗ ਲੈ।''

ਉਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ-

ਹਰਿ ਕੇ ਜਨ ਸਤਿਗੁਰ ਸਤ ਪੁਰਖਾ ਬਿਨਉ ਕਰਉ ਗੁਰ ਪਾਸਿ॥

ਹੇ ਜਨਾਂ ਨੂੰ ਹਰੀ ਦੇ ਜਨਾਉਣ ਵਾਲੇ ਸਤਿਗੁਰੂ ਅਮਰਦਾਸ ਸਾਹਿਬ ਜੀ ! ਆਪ ਸਤਪੁਰਖਾ=ਪਰਮੇਸ਼ਰ ਰੂਪ ਹੋ, ਹੇ ਗੁਰੋ ! ਮੈਂ ਆਪ ਜੀ ਦੇ ਪਾਸ ਹੱਥ ਜੋੜ ਕੇ ਇਕ ਬਿਨਉ=ਬੇਨਤੀ ਕਰਉ=ਕਰਦਾ ਹਾਂ।

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥੧॥

ਹਮ=ਅਸੀਂ ਆਪ ਜੀ ਦੇ +ਕੀਰੇ ਕਿਰਮ=ਦਾਸਾਂ ਦੇ ਦਾਸ ਹਾਂ, ਹੇ ਸਤਿਗੁਰੋ ! ਆਪ ਜੀ ਦੇ ਚਰਨਾਂ ਦੀ ਸ਼ਰਨ ਵਿਖੇ ਆਏ ਹਾਂ, [ਜੇ ਤਰੁੱਠੇ ਹੋ ਤਾਂ ਆਪ] ਕਿਰਪਾ ਦ੍ਰਿਸ਼ਟੀ ਕਰ ਕੇ ਨਾਮ ਦਾ ਪ੍ਰਕਾਸ਼ ਕਰੋ॥ ੧॥

ਫਿਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਕਿਹਾ-''ਤੁਸੀਂ ਕੋਈ ਵਸਤੂ ਮੰਗ ਲਵੋ।''

ਤਾਂ ਭੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਇਹੋ ਮੰਗਿਆ ਕਿ—

ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ॥

੧. ਹੇ ਮੇਰੇ ਅਸਲੀ ਮਿੱਤ੍ਰ ਗੁਰਦੇਵ ਜੀਓ ! ਮੈਨੂੰ ਰਾਮ ਨਾਮ ਦਾ ਪ੍ਰਕਾਸ਼ ਕਰੋ।

੨. ਪ੍ਰਕਾਸ਼ ਰੂਪ ਜੋ ਰਮਿਆ ਹੋਇਆ ਰਾਮ ਹੈ, ਉਸਦਾ ਨਾਮ ਦਾਨ ਮੈਨੂੰ ਬਖਸ਼ਣਾ ਕਰੋ।

ਪੁਨਾ-ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਕਿਹਾ-''ਹੇ ਪੁਰਖਾ ! ਰਾਮ ਨਾਮ ਤਾਂ ਤੂੰ ਅੱਗੇ ਹੀ ਜਪਦਾ ਹੈਂ, ਇਸ ਵੇਲੇ ਤੂੰ ਕੋਈ ਦੁਨਿਆਵੀਂ ਪਦਾਰਥ ਮੰਗ ਲੈ।''

+ ਨੋਟ-ਕੀੜੇ ਉਨ੍ਹਾਂ ਨੂੰ ਆਖਦੇ ਹਨ-ਜਿਨ੍ਹਾਂ ਅੰਦਰ ਕੁਝ ਹੱਡੀ ਪਸਲੀ ਹੋਵੇ ਤੇ ਕਿਰਮ ਉਨ੍ਹਾਂ ਨੂੰ ਕਹਿੰਦੇ ਹਨ ਜਿਨ੍ਹਾਂ ਅੰਦਰ ਕੇਵਲ ਮਾਸ ਹੀ ਹੋਵੇ।

ਤਾਂ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ-

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ

ਹੇ ਗੁਰਦੇਵ ਜੀ ! ਗੁਰ ਸਿਖਿਆ ਅਨੁਸਾਰ ਜੋ ਰਾਮ ਨਾਮ ਜਪਣਾ ਹੈ ਏਹੀ ਮੇਰੇ ਪ੍ਰਾਣਾਂ ਦਾ ਸਖਾਈ=ਸਖਾ ਭਾਵ ਮਿੱਤ੍ਰ ਹੈ। ਵਾ ਪ੍ਰਾਣਾਂ ਦੀ ਸਹਾਇਤਾ ਕਰਨ ਵਾਲਾ ਹੈ।

ਸਾਖੀ—ਗੁਰਮਤਿ ਅਨੁਸਾਰ ਨਾਮ ਜਪਣ ਦੀ

ਇਕ ਮਹਾਤਮਾ ਪਾਸ ਇਕ ਜਗਿਆਸੂ ਨੇ ਰਹਿ ਕੇ ਇਕ ਸਾਲ ਸੇਵਾ ਕੀਤੀ। ਸੰਤਾਂ ਨੇ ਪ੍ਰਸੰਨ ਹੋ ਕੇ ਨਾਮ ਦੀ ਦਾਤ ਦਿੱਤੀ।

ਜਗਿਆਸੂ ਨੇ ਕਿਹਾ-''ਇਹ ਨਾਮ ਤਾਂ ਮੈਂ ਅੱਗੇ ਵੀ ਜਪਦਾ ਸਾਂ, ਇਕ ਸਾਲ ਸੇਵਾ ਕਿਸ ਲਈ ਕੀਤੀ?''

ਸੰਤਾਂ ਨੇ ਇਕ ਲਾਲ ਦੇ ਕੇ ਕਿਹਾ-''ਹੇ ਪੁਰਖਾ ! ਸ਼ਹਿਰ ਵਿਚ ਜਾ ਕੇ ਇਸਦਾ ਮੁੱਲ ਪੁਆ ਲਿਆ ਪਰ ਦੇਈਂ ਕਿਸੇ ਨੂੰ ਨਾ।''

ਜਿਸ ਵੇਲੇ ਉਹ ਪੁਰਸ਼ ਲਾਲ ਲੈ ਕੇ ਆਇਆ ਤਾਂ ਇਕ ਮਾਈ ਨੂੰ ਆ ਕੇ ਵਿਖਾਇਆ। ਅੱਗੋਂ ਮਾਈ ਨੇ ਆਖਿਆ-''ਲਿਆ ਮੈਨੂੰ ਦੇ ਦੇਹ, ਮੈਂ ਆਪਣੇ ਬੱਚੇ ਦੇ ਗੱਲ ਵਿਚ ਨਜ਼ਰਵੱਟੂ ਵਾਸਤੇ ਪਾਵਾਂਗੀ ਤਾਂ ਕਿ ਕਿਸੇ ਦੀ ਨਿਗਾਹ ਨਾ ਲੱਗੇ।''

ਉਸ ਮਨੁੱਖ ਨੇ ਕਿਹਾ-'' ਇਸ ਦਾ ਮੁੱਲ ਕੀ ਦੇਵੇਂਗੀ ?''

ਮਾਈ ਨੇ ਆਖਿਆ-'ਦੋ ਬੁਕ ਆਟਾ ਦੇ ਦਿਆਂਗੀ।''

ਇਹ ਗੱਲ ਸੁਣਕੇ ਓਥੋਂ ਤੁਰ ਪਿਆ ਤਾਂ ਇਕ ਬਾਣੀਏ ਨੂੰ ਜਾ ਵਿਖਾਇਆ, ਉਸਨੇ ਇਕ ਰੁਪਿਆ ਮੁੱਲ ਪਾਇਆ। ਫੇਰ ਉਸ ਨੇ ਹੋਰ ਨੂੰ ਜਾ ਵਿਖਾਇਆ,ਉਸ ੧੦੦) ਰੁਪਿਆ ਮੁੱਲ ਪਾਇਆ।

ਪੁਨਾ-ਜੌਹਰੀ ਨੂੰ ਜਾ ਵਿਖਾਇਆ, ਉਸ ਨੇ ਉਸ ਲਾਲ ਦੀ ਦਰਸ਼ਨ ਭੇਟ ੧੦੦) ਰੁਪਿਆ ਪਾਇਆ ਤੇ ਮੁਲ ਤਾਂ ਕੁਝ ਦਸਿਆ ਹੀ ਨਾ। ਮੁੜ ਵਾਪਸ ਉਹ ਲਾਲ ਲੈ ਕੇ ਸੰਤਾਂ ਪਾਸ ਆ ਗਿਆ, ਆ ਕੇ ਸਾਰੀ ਹਕੀਕਤ ਸੁਣਾਈ।

ਸੰਤਾਂ ਨੇ ਕਿਹਾ-''ਹੇ ਪੁਰਖਾ ! ਏਧਰ ਲਾਲ ਹੈ ਪਰਮਾਤਮਾ ਦਾ ਨਾਮ। ਜਦ ਮਾਂ ਘਰ ਵਿੱਚੋਂ ਸੁੱਤੇ ਹੋਏ ਬੱਚੇ ਨੂੰ ਉਠਾਉਂਦੀ ਹੈ ਤੇ ਆਖਦੀ ਹੈ-'ਸਤਿਨਾਮੁ ਵਾਹਿਗੁਰੂ ਕਹੁ' ਉਹ ਤਾਂ ਦੋ ਬੁਕ ਆਟੇ ਦੇ ਤੁਲ ਹੈ।

ਜਦ ਇਹ ਮਨੁੱਖ ਹਲ ਵਾਹੁੰਦਾ ਹੋਇਆ ਭਾਵ ਕੀ ਆਪਣੇ ਧਰਮ ਦੀ ਕਿਰਤ ਕਰਦਾ ਰਾਮ ਨਾਮ ਜਾਂ ਵਾਹਿਗੁਰੂ ਆਖਦਾ ਹੈ, ਉਹ ਇਕ ਰੁਪਿਆ ਲਾਲ ਦੀ ਕੀਮਤ ਤੁਲ ਹੈ।

ਜਦ ਸਤਿਸੰਗ ਵਿਚ ਆ ਕੇ ਅਰਦਾਸ ਬੇਨਤੀ ਵੇਲੇ 'ਸਤਿਨਾਮੁ ਵਾਹਿਗੁਰੂ' ਆਖਦਾ ਹੈ, ਤਦ ਉਹ ੧੦੦) ਰੁਪਏ ਕੀਮਤ ਤੁੱਲ ਹੈ।

ਜਦ ਗੁਰਮਤਿ ਦੁਆਰਾ ਪਰਮਾਤਮਾ ਦੇ 'ਸਤਿਨਾਮੁ ਵਾਹਿਗੁਰੂ' ਮੰਤ੍ਰ ਨੂੰ ਆਖਦਾ ਹੈ ਤਾਂ ਫਿਰ ਉਸ ਦੀ ਕੀਮਤ ਹੀ ਕੋਈ ਨਹੀਂ ਜਿਵੇਂ ਜੌਹਰੀ ਨੇ ਕਿਹਾ ਸੀ ਕਿ 'ਇਸ ਲਾਲ ਦੀ ਕੀਮਤ ਕੋਈ ਨਹੀਂ

ਪਰ ਦਰਸ਼ਨ ਭੇਟ ੧੦੦) ਰੁਪਿਆ ਹੈ।' ਐਸੇ ਗੁਰਮਤ ਦੁਆਰਾ ਨਾਮ ਜਪੇ ਹੋਏ ਦੀ ਕੀਮਤ ਕੋਈ ਨਹੀਂ ਹੈ, ਉਹ ਤਾਂ

"ਅਮੁਲੋ ਅਮੁਲੁ ਆਖਿਆ ਨਾ ਜਾਇ॥" *[ਪੰਨਾ ੫]*

ਵਾਲੀ ਗੱਲ ਹੈ।''

ਆਪ ਜੀ ਦੇ ਨਿਸਚੇ ਨੂੰ ਪਰਖਣ ਦੇ ਵਾਸਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਫਿਰ ਕਿਹਾ ਕਿ ਹੇ ਪੁਰਖਾ ! ਸੰਸਾਰਕ ਰੀਤੀ ਜੋ ਚਲੀ ਆਈ ਹੈ, ਭੱਲਿਆਂ ਵਿਖੇ ਜਵਾਈਆਂ ਨੂੰ ਕੁਝ ਦੇਣ ਦੀ,ਉਹ ਭੀ ਤਾਂ ਪੂਰੀ ਕਰਨੀ ਹੋਈ। ਇਸ ਲਈ ਤੂੰ ਕੋਈ ਚੀਜ਼ ਮੰਗ ਲੈ। ਫਿਰ ਵੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਦੁਨਿਆਵੀ ਪਦਾਰਥਾਂ ਦੀ ਮੰਗ ਨਹੀਂ ਕੀਤੀ ਅੰਤ੍ਰੀਵ ਵਸਤੂ ਮੰਗੀ ਹੈ ਕਿ ਹੇ ਗੁਰੋ !

ਹਰਿ ਕੀਰਤਿ ਹਮਰੀ ਰਹਰਾਸਿ ॥ ੧ ॥ ਰਹਾਉ ॥

ਹਰੀ ਦੀ ਜੋ ਕੀਰਤੀ ਕਰਨੀ ਹੈ ਏਹੀ ਸਾਡੀ ਰਹਰਾਸਿ=ਰਹੁ ਰੀਤੀ ਹੈ।

ਵਾ-ਏਹੀ ਸਾਡੀ ਰਾਸਿ=ਪੂੰਜੀ ਰਹਿ ਆਵੇ।

ਯਥਾ—"ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ॥ ੧॥"

[ਸਿਰੀਰਾਗੁ ਮਹਲਾ ੪, ਪੰਨਾ ੮੨]

ਏਹੀ ਗੁਣ ਦੇਖ ਕੇ ਭੱਟਾਂ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸਿਫਤ ਕਰਦਿਆਂ ਕਿਹਾ ਹੈ-

"ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ,
ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ॥
ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ,
ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ॥
ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ,
ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ॥
ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ,
ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥ ੫॥"

[ਸਵਈਏ ਮਹਲੇ ੪, ਪੰਨਾ ੧੪੦੪]

ਹਰਿਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥

ਹੇ ਹਰੀ ਦੇ ਜਨ ਸਤਿਗੁਰ ਦੇਵ ਜੀ ! ਉਹਨਾਂ ਹਰੀ ਜਨਾਂ ਦੇ ਭਾਗ ਵੱਡਿਆਂ ਤੋਂ ਵੱਡੇ ਹਨ; ਜਿਨ੍ਹਾਂ ਨੂੰ ਹਰਿ ਹਰਿ ਦੀ ਸ਼ਰਧਾ ਅਤੇ ਹਰੀ ਦੀ ਪਿਆਸ ਹੈ।

ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ, ਉਸ ਦੀ ਸ਼ਰਧਾ ਦੀ ਪਿਆਸ ਹੈ।

ਵਾ-ਹਰਿ ਪਿਆਸ=ਸਾਰੀਆਂ ਪਿਆਸਾਂ ਵਿਚੋਂ ਜਿਨ੍ਹਾਂ ਨੂੰ ਹਰਿ ਹਰਿ ਦੀ ਸ਼ਰਧਾ ਹੈ।

ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥ ੨ ॥

ਹੇ ਸਤਿਗੁਰੋ ! ਸਾਨੂੰ ਹਰਿ ਹਰਿ ਦਾ ਨਾਮ ਮਿਲੇ ਤਾਂ ਅਸੀਂ ਤ੍ਰਿਪਤ ਹੁੰਦੇ ਹਾਂ, ਆਪ ਜੀ ਦੀ ਸਤਿਸੰਗਤ ਵਿਚ ਮਿਲਣ ਕਰਕੇ ਸ਼ੁਭ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ।

ਵਾ-ਪ੍ਰਕਾਸ਼ ਰੂਪ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।

ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥

ਜਿਨ੍ਹਾਂ ਪੁਰਸ਼ਾਂ ਨੇ ਹਰੀ ਜੋ ਹਰ ਇਕ ਜੀਵਾਂ ਦੇ ਹਰੇ ਕਰਨ ਵਾਲਾ ਹੈ ਤਿਸ ਦੇ ਨਾਮ ਵਿਖੇ ਰਸੁ=ਪ੍ਰੇਮ ਕਰਨਾ ਨਹੀਂ ਪਾਇਆ।

ਉਹ ਭਾਗਹੀਣ ਪੁਰਸ਼ ਜਮਾਂ ਦੇ ਪਾਸ ਜਾਂਦੇ ਹਨ।

ਵਾ-ਜਮਾਂ ਦੀ ਪਾਸਿ=ਫਾਹੀ ਵਿਚ ਫਸਦੇ ਹਨ।

ਯਥਾ— "ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜੀਵੈ ॥ ੩ ॥"

[ਗੂਜਰੀ ਮਹਲਾ ੪, ਪੰਨਾ ੪੯੪]

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥ ੩ ॥

ਜੋ ਪੁਰਸ਼ ਸਤਿਗੁਰਾਂ ਦੀ ਸ਼ਰਨ ਅਤੇ ਸਤਿਸੰਗਤਿ ਵਿਚ ਨਹੀਂ ਆਏ।

ਵਾ-ਸਤਿਗੁਰਾਂ ਦੀ ਸ਼ਰਨ ਵਿਖੇ ਤਾਂ ਆਏ ਹਨ ਤੇ ਸਤਿਸੰਗਤ ਵਿਚ ਨਹੀਂ ਆਏ।

ਉਹਨਾਂ ਦੇ ਜੀਵਣ ਨੂੰ ਧ੍ਰਿਗਕਾਰ ਹੈ ਅਤੇ ਜੀਉਣ ਦੀ ਆਸਾ ਨੂੰ ਵੀ ਧ੍ਰਿਗਕਾਰ ਹੈ॥ ੩ ॥

ਯਥਾ— "ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨ੍ਹ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥ ੬ ॥"

[ਆਸਾ ਮਹਲਾ ੩, ਪੰਨਾ ੪੨੭]

ਤਥਾ— "ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥"

[ਬਸੰਤ ਮਹਲਾ ੪, ਪੰਨਾ ੧੧੭੯]

ਤਥਾ— "ਸਤਿਗੁਰ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥"

[ਮਾਝ ਮਹਲਾ ੩, ਪੰਨਾ ੧੨੯]

ਤਥਾ— "ਸਤਸੰਗਤਿ ਗੁਰ ਦੀ ਹਰਿ ਪਿਆਰੀ ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥
ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਤੇ ਭਾਗਹੀਣ ਪਾਪੀ ਜਮਿ ਖਾਇਆ ॥ ੩ ॥"

[ਗੂਜਰੀ ਮਹਲਾ ੪, ਪੰਨਾ ੪੯੪]

ਅਰਥ- ਗੁਰਾਂ ਦੀ ਸਤਿਸੰਗਤ ਹਰੀ ਨੂੰ ਪਿਆਰੀ ਹੈ, ਜਿਨ੍ਹਾਂ ਦੇ ਮਨ ਵਿਖੇ ਹਰਿ ਹਰਿ ਦਾ ਨਾਮ ਮਿੱਠਾ [ਚੰਗਾ] ਲੱਗਾ ਹੈ। ਅਜਿਹੇ ਗੁਰਾਂ ਦੀ ਸੰਗਤ ਦਾ ਸੰਗ ਜਿਨ੍ਹਾਂ ਪੁਰਸ਼ਾਂ ਨੇ ਨਹੀਂ ਪਾਇਆ, ਉਹ ਪਾਪੀ ਭਾਗਹੀਣ ਹਨ ਉਨ੍ਹਾਂ ਨੂੰ ਜਮ ਖਾ ਜਾਂਦਾ ਹੈ।

ਜਿਨ ਹਰਿਜਨ ਸਤਿਗੁਰ ਸੰਗਤਿ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥

[ਅੰਨਵੇ ਅੱਖਰ ਲੱਗਣਗੇ]

ਜਿਨ ਧੁਰਿ ਮਸਤਕਿ ਲਿਖਿਆ ਲਿਖਾਸਿ=ਜਿਨ੍ਹਾਂ ਦੇ ਮਸਤਕ ਉਤੇ ਧੁਰੋਂ ਹੀ ਸਰੇਸ਼ਟ ਲੇਖ ਲਿਖਿਆ ਹੋਇਆ ਆਸਿ=ਹੈ ਤਿਨ੍ਹਾਂ ਹਰੀ ਦੇ ਜਨਾਂ ਨੇ ਸਤਿਗੁਰਾਂ ਦੀ ਸੰਗਤ ਪਾਈ ਹੈ।

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ॥ ੪॥ ੪॥

ਹੇ ਸਤਿਗੁਰੋ! ਆਪ ਧੰਨ ਹੋ, ਆਪ ਜੀ ਦੀ ਸਤਸੰਗਤਿ ਭੀ ਧਨ ਹੈ, ਜਿਸ ਸਤ ਸੰਗਤ ਕਰਕੇ ਅਸਾਂ ਨੇ ਹਰੀ ਰਸ ਨੂੰ ਪਾਇਆ ਹੈ। ਮੈਂ ਜਨ ਨੂੰ ਨਾਮ ਦਾ ਪਰਗਾਸਿ=ਪ੍ਰਕਾਸ਼ ਮਿਲੇ।

ਵਾ-ਨਾਮ ਦਾ ਉਚਾਰਨਾ ਮਿਲੇ।

ਅਥਵਾ-ਮੈਂ ਜਨ ਨੂੰ ਜਦੋਂ ਦਾ ਨਾਮ ਮਿਲਿਆ ਤਾਂ ਪਰਗਾਸਿ=ਗਿਆਨ ਹੋਇਆ॥ ੪॥ ੪॥

ਰਾਗੁ ਗੂਜਰੀ ਮਹਲਾ ੫॥*

ਉਥਾਨਕਾ- ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਜੀ ਸੰਮਤ ੧੬੩੮ ਭਾਦਰੋਂ ਸੁਦੀ ਤੀਜ ਨੂੰ ਜੋਤੀ ਜੋਤਿ ਸਮਾ ਗਏ ਤਾਂ ਉਹਨਾਂ ਦਾ ਜੋਤੀ ਜੋਤਿ ਸਮਾਉਣਾ ਸੁਣ ਕੇ ਭਾਈ ਗੁਰਦਾਸ ਜੀ ਆਗਰਿਓਂ ਚੱਲ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ ਤੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੂੰ ਮੱਥਾ ਟੇਕ ਕੇ ਸੁਖ ਅਨੰਦ ਦੀ ਖਬਰ ਪੁੱਛੀ। ਗੱਲਾਂ ਕਰਦਿਆਂ ਜਦ ਕੁਝ ਸਮਾਂ ਬੀਤ ਗਿਆ ਤਾਂ ਇਤਨੇ ਨੂੰ ਲਾਂਗਰੀ ਨੇ ਆ ਕੇ ਸਾਰਿਆਂ ਨੂੰ ਦੋ-ਦੋ ਮਿੱਸੇ ਪ੍ਰਸ਼ਾਦੇ ਤੇ ਇਕ-ਲਸੀ ਦਾ ਛੰਨਾ ਦਿੱਤਾ। ਭਾਈ ਗੁਰਦਾਸ ਜੀ ਨੂੰ ਵੀ ਦੋ ਮਿੱਸੇ ਪ੍ਰਸ਼ਾਦੇ ਦਿੱਤੇ। ਯਥਾ-

"ਬੈਠਜੋ ਕਿਤਿਕ ਕਾਲ ਜਬਿ ਬੀਤਾ। ਕਰਤਿ ਬਾਰਤਾ ਕੌ ਇਸੁ ਰੀਤਾ।
ਤਿਸਹੀ ਥਲ ਭੋਜਨ ਲੈ ਆਏ। ਜਹਿ ਸ੍ਰੀ ਅਰਜਨ ਨਰ ਸਮੁਦਾਏ॥ ੮॥"

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਰਹਰਾਸਿ ਸਾਹਿਬ (ਪੰਨਾ ੧੦)	ਰਾਗੁ ਗੂਜਰੀ (ਪੰਨਾ ੪੯੫)
'ਰਾਗੁ' ਗੂਜਰੀ ਮਹਲਾ ੫॥	ਗੂਜਰੀ ਮਹਲਾ ੫ 'ਚਉਪਦੇ ਘਰੁ ੧' 'ੴ ਸਤਿਗੁਰ ਪ੍ਰਸਾਦਿ॥'
ਸਤਸੰਗਤਿ ਮਿਲੇ 'ਸੁ' ਤਰਿਆ॥	ਸਤਸੰਗਤਿ ਮਿਲੇ 'ਸਿ' ਤਰਿਆ॥
'ਊਡੇ' ਊਡਿ ਆਵੈ ਸੈ ਕੋਸਾ।	'ਊਡੈ' ਊਡਿ ਆਵੈ ਸੈ ਕੋਸਾ,
'ਤਿਨ ਕਵਣੁ' ਖਲਾਵੈ 'ਕਵਣੁ' ਚੁਗਾਵੈ।	'ਉਨ ਕਵਨੁ' ਖਲਾਵੈ 'ਕਵਨੁ' ਚੁਗਾਵੈ,

ਦੁਇ ਦੁਇ ਚਨਕ ਰੋਟਿਕਾ ਦੀਨਸਿ। ਬਰਤਤਿ ਗੁਰੁ ਦਾਸ ਸੋ ਲੀਨਸਿ।
ਅਪਰ ਨ ਕੁਛ ਭਾ ਖੈਬੇ ਕਾਰਨ। ਖਾਇ ਸੁ ਕੀਨਸਿ ਬਾਕ ਉਚਾਰਨ॥ ੯॥"

ਮਿੱਸੀਆਂ ਰੋਟੀਆਂ ਖਾ ਕੇ ਭਾਈ ਗੁਰਦਾਸ ਜੀ ਨੇ ਕਿਹਾ-

"ਜੇਕਰ ਸੰਸਾਰਕ ਸਨਬੰਧ ਵਿਚਾਰੀਏ ਤਾਂ ਮੈਂ ਵੱਡੀ ਜਗ੍ਹਾ ਪਰ ਹਾਂ, ਕਿਉਂਕਿ ਆਪ ਜੀ ਦਾ ਮਾਮਾ ਹਾਂ।"

ਦੂਸਰਾ ਸਨਬੰਧ ਹੋਰ ਵੀ ਸੁਣੋ-

ਜਦੋਂ ਦੀ ਗੁਰਿਆਈ ਗੱਦੀ ਆਪ ਜੀ ਨੇ ਲਿਤੀ ਹੈ, ਆਪ ਪ੍ਰਮੇਸ਼ਰ ਰੂਪ ਹੋਏ ਹੋ ਅਤੇ ਸਾਰੇ ਸੰਸਾਰ ਦੇ ਗੁਰੂ ਹੋਏ ਹੋ। ਤਦ ਦਾ ਮੈਂ ਆਪ ਜੀ ਦਾ ਸਿੱਖ ਹਾਂ, ਚਿਰੰਕਾਲ ਤੋਂ ਬਾਅਦ ਮੈਂ ਆਪ ਜੀ ਦੇ ਪਾਸ ਆਇਆ ਹਾਂ, ਪਹਿਲੀ ਵਾਰ ਮੈਂ ਆਪ ਜੀ ਨੂੰ ਮਿਲਿਆ ਹਾਂ। ਆਪ ਜੀ ਨੂੰ ਮੇਰਾ ਸਤਿਕਾਰ ਕਰਨਾ ਚਾਹੀਦਾ ਸੀ। ਆਦਰ ਭਾਵ ਨਾਲ ਭੋਜਨ ਛਕਾਉਣਾ ਚਾਹੀਦਾ ਸੀ, ਪਰ ਤੁਸਾਂ ਨੇ ਕੁਝ ਵੀ ਨਹੀਂ ਕੀਤਾ।

ਯਥਾ—"ਸੰਸਾਰੀ ਸਨਬੰਧ ਕੌ, ਜੇਕਰ ਕਰੋ ਬਿਚਾਰ।
ਬਡੇ ਥਾਨ ਪਰ ਤੁਮ ਅਹੋਂ, ਮਾਤੁਲ ਕਰਹੁ ਉਚਾਰ॥ ੧੦॥
ਦੁਤਿਯ ਸਬੰਧ ਸੁਨੀਜੀਏ, ਜਬਿ ਕੀ ਗਾਦੀ ਲੀਨ।
ਭਏ ਪ੍ਰਮੇਸ਼ਰ ਰੂਪ ਤੁਮ, ਸਭਿ ਜਗੁ ਗੁਰੂ ਪ੍ਰਬੀਨ॥ ੧੦॥"
ਚੌਪਈ—"ਇਸੁ ਬਿਧ ਮੈਂ ਹੌਂ ਸਿੱਖਜ ਤੁਮਾਰੋ। ਬੰਦਨੀਯ ਸਭਿ ਕੇ ਹਿਤ ਧਾਰੋ।
ਚਿਰੰਕਾਲ ਬੀਤੇ ਮੈਂ ਅਯੋ। ਪੂਰਬ ਹੀ ਮਿਲਿਬੈ ਇਹੁ ਭਯੋ॥ ੧੨॥
ਭਗਨੀ ਸੁਤ, ਅਰੁ ਗੁਰੂ ਉਦਾਰਾ। ਮੈਂ ਮਾਤੁਲ ਅਰੁ ਸਿੱਖਜ ਤੁਮਾਰਾ॥
ਕਾਰਨ ਇਤੇ ਹੁਤੇ ਸਨ ਚੀਨੋ। ਤਊ ਨ ਸਾਦਰ ਭੋਜਨ ਦੀਨੋ॥ ੧੩॥"

[ਗੁਰਪ੍ਰਤਾਪ ਸੂਰਜ, ਰਾਸਿ ੨ ਅੰਸੁ ੨੭]

ਇਹ ਗੱਲ ਸੁਣ ਕੇ ਗੁਰੂ ਜੀ ਹੱਸ ਪਏ ਤੇ ਆਖਿਆ-"ਕਿਸੀ ਨੇ ਲੁੱਕ ਕੇ ਭੋਜਨ ਤਾਂ ਖਾਧਾ ਨਹੀਂ, ਆਪ ਜੀ ਦੇ ਸਾਹਮਣੇ ਸਾਰਿਆਂ ਨੇ ਖਾਧਾ ਹੈ ਇਹ ਆਪੋ ਆਪਣੀ ਪ੍ਰਾਰਬਧ ਹੁੰਦੀ ਹੈ। ਜੇਕਰ ਆਪ ਬਹੁਤੀ ਪ੍ਰਾਹੁਣਚਾਰੀ ਚਾਹੁੰਦੇ ਹੋ ਤਾਂ ਸਾਡੇ ਮਾਤਾ ਜੀ [ਜੋ ਆਪ ਜੀ ਦੀ ਭੈਣ ਹੈ] ਅੰਦਰ ਬੈਠੇ ਹਨ, ਉਨ੍ਹਾਂ ਪਾਸ ਚਲੇ ਜਾਓ।"

ਤਿਸ ਵੇਲੇ ਭਾਈ ਗੁਰਦਾਸ ਜੀ ਹੱਥ ਧੋ ਕੇ ਚੁਲਾ ਕਰ ਕੇ ਅੰਦਰ ਚਲੇ ਗਏ, ਅੱਗੇ ਭੈਣ [ਬੀਬੀ ਭਾਨੀ] ਜੀ ਬੈਠੇ ਸਨ ਉਨ੍ਹਾਂ ਨੂੰ ਪ੍ਰਣਾਮ ਕਰਕੇ ਬੈਠ ਗਏ ਤੇ ਭੈਣ ਜੀ ਨੇ ਸੁਖ ਅਨੰਦ ਦੀ ਸਾਰੀ ਖ਼ਬਰ ਪੁੱਛੀ। ਭਾਈ ਗੁਰਦਾਸ ਜੀ ਨੇ ਘਰ ਦੇ ਸੁਖ ਅਨੰਦ ਦੀ ਖ਼ਬਰ ਸੁਣਾ ਕੇ ਕਿਹਾ-"ਭੈਣ ਜੀ ! ਕੀ ਕਾਰਨ ਹੈ ਗੁਰੂ ਜੀ ਧਨ ਜੋੜਨ ਲੱਗ ਪਏ ਹਨ ਜੋ ਲੰਗਰ ਵਿਚ ਮਿੱਸੇ ਪ੍ਰਸ਼ਾਦੇ ਵਰਤਾਣੇ ਸ਼ੁਰੂ ਕਰ ਦਿੱਤੇ ਹਨ ? ਸ੍ਰੀ ਗੁਰੂ ਰਾਮਦਾਸ ਜੀ ਵੇਲੇ ਤਾਂ ਨਿਤ ਕੜਾਹ ਪ੍ਰਸ਼ਾਦ ਹੁੰਦਾ ਸੀ।"

ਅੱਗੋਂ ਭੈਣ ਜੀ ਨੇ ਕਿਹਾ-"ਵੀਰ ਜੀ ! ਅੱਜ ਤਾਂ ਮਿੱਸੇ ਪ੍ਰਸ਼ਾਦੇ ਮਿਲੇ ਹਨ ਪਰ ਕਦੇ ਕਦੇ ਤਾਂ ਲੰਗਰ ਮਸਤਾਨਾ ਭੀ ਹੋ ਜਾਂਦਾ ਹੈ ਕਿਉਂਕਿ ਵੱਡਾ ਪੁੱਤਰ [ਜੋ ਪ੍ਰਿਥੀ ਚੰਦ ਹੈ ਉਹ] ਜਿਸ ਵੇਲੇ ਸੰਗਤਾਂ ਨੂੰ ਆਉਂਦਿਆਂ ਸੁਣਦਾ ਹੈ, ਅੱਗੇ ਹੀ ਜਾ ਕੇ ਸੰਗਤਾਂ ਪਾਸੋਂ ਕਾਰ ਭੇਟਾ ਉਗਰਾਹ. ਕੇ ਆਪਣੇ ਪਾਸ ਰੱਖ

ਲੈਂਦਾ ਹੈ ਸਾਨੂੰ ਕੁਝ ਨਹੀਂ ਦਿੰਦਾ।

ਜੇ ਕੋਈ ਸੰਗਤ ਸਾਡੇ ਪਾਸ ਪਹੁੰਚ ਜਾਂਦੀ ਹੈ, ਉਹ ਜੋ ਭੀ ਭੇਟਾ ਲਿਆ ਰੱਖਦੀ ਹੈ ਉਸ ਵਿਚੋਂ ਬਹੁਤੀ ਮਾਇਆ ਤਾਂ ਇਸ ਹਰਿਮੰਦਰ ਸਾਹਿਬ ਦੀ ਉਸਾਰੀ ਪਰ ਖਰਚ ਕਰ ਦਿੰਦੇ ਹਾਂ, [ਕਿਉਂਕਿ ਜੋਤੀ ਜੋਤ ਸਮਾਉਣ ਲੱਗਿਆ ਸੀ ਗੁਰੂ ਰਾਮਦਾਸ ਸਾਹਿਬ ਜੀ ਕਹਿ ਗਏ ਸਨ ਕਿ ਅਸਾਡਾ ਸਰੂਪ ਜਾਣ ਕੇ ਇਸ ਹਰੀ ਮੰਦਰ ਦੀ ਸੇਵਾ ਕਰਨੀ।] ਇਸ ਲਈ ਲੰਗਰ ਕੁਝ ਮਸਤਾਨਾ ਚਲਦਾ ਹੈ।''

ਇਹ ਗੱਲ ਸੁਣ ਕੇ ਭਾਈ ਗੁਰਦਾਸ ਜੀ ਨੇ ਬਹੁਤ ਅਫਸੋਸ ਕੀਤਾ ਅਤੇ ਦੋਹਾਂ ਭਰਾਵਾਂ ਦੀ ਜੋ ਕਾਰਵਾਈ ਦੇਖੀ ਉਹ ਭੀ ਨਾ ਸਹਾਰ ਸਕੇ।

ਯਥਾ— ''ਦੋਨਹੁੰ ਭ੍ਰਾਤਨ ਕੀ ਖੁਟਿਆਈ। ਦੇਖਤਿ ਭਯੋ ਕਰਤਿ ਅਧਿਕਾਈ॥ ੬॥
ਜਰੀ ਨ ਜਾਇ ਰਿਦੈ ਮਹਿ ਸੋਈ। ਦਰਬ ਹਿਰਹਿ ਸੰਗਤ ਤੇ ਦੋਈ।
ਸ੍ਰੀ ਅਰਜਨ ਸੋਂ ਇਕ ਦਿਨ ਕਹਯੋ। ਗੁਰਿਆਈ ਪਦ ਤੁਮਨੇ ਲਹਯੋ॥ ੭॥
ਪੂਜਾ ਸੋ ਕਰਵਾਵਤਿ ਰਹੈਂ। ਨਿਬਹੈ ਕਿਮ ਤੁਮ ਕਛੁ ਨਹਿ ਕਹੈਂ।
ਜਾਗਤਿ ਜੋਤਿ ਗੁਰੂ ਜਿਮ ਪਾਛੇ। ਤੁਮ.ਭੀ ਬਿਦਤਹੁ ਤਿਨ ਸਮੁ ਆਛੇ॥ ੮॥''

[ਗੁਰ ਪ੍ਰਤਾਪ ਸੂਰਜ, ਰਾਸਿ ੨ ਅੰਸੂ ੨੯]

ਤਿਸ ਵੇਲੇ ਕਿਸੇ ਸਿੱਖ ਪਾਸੋਂ ਸੰਗਤ ਆਉਂਦੀ ਸੁਣੀ ਤਾਂ ਭਾਈ ਗੁਰਦਾਸ ਜੀ ਆਪ *ਬਾਹਰ ਜਾ ਬੈਠੇ, ਸੰਗਤ ਨੂੰ ਬਿਠਾ ਕੇ ਉਹਨਾਂ ਤੋਂ ਸਾਰੀ ਭੇਟ ਉਗਰਾਹ ਲਈ ਤੇ ਐਸੇ ਕ੍ਰਿਹਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਤਿੰਨ ਪੁੱਤਰ ਹਨ ਪ੍ਰੰਤੂ ਗੁਰਿਆਈ ਗੱਦੀ ਪਰ ਛੋਟੇ ਪੁੱਤਰ ਇਸਥਿਤ ਹੋਏ ਹਨ। ਉਹ ਸ਼ਾਂਤੀ ਸਰੂਪ ਚੁਪ ਕਰ ਕੇ ਬੈਠੇ ਰਹਿੰਦੇ ਹਨ, ਕਿਸੇ ਨੂੰ ਕੋਈ ਬਚਨ ਨਹੀਂ ਕਹਿੰਦੇ ਤੇ ਵੱਡੇ ਦੋਵੇਂ ਭਾਈ ਛਲ ਵਲ ਕਰਕੇ ਸੰਗਤ ਪਾਸੋਂ ਧਨ ਖੋਹ ਲੈਂਦੇ ਹਨ ਅਤੇ ਸੰਗਤ ਨੂੰ ਗੁਰੂ ਸਾਹਿਬ ਜੀ ਦੇ ਪਾਸ ਪਹੁੰਚਣ ਹੀ ਨਹੀਂ ਦਿੰਦੇ। ਤੁਸੀਂ ਮੇਰੇ ਨਾਲ ਆਓ ਮੈਂ ਤੁਹਾਨੂੰ ਗੁਰੂ ਜੀ ਦੇ ਦਰਸ਼ਨ ਕਰਾਉਂਦਾ ਹਾਂ।

ਇਹ ਗੱਲ ਸੁਣ ਕੇ ਸੰਗਤ ਨੂੰ ਨਿਸਚੇ ਹੋ ਗਿਆ ਤੇ ਭਾਈ ਗੁਰਦਾਸ ਜੀ ਦੇ ਨਾਲ ਜਾ ਕੇ ਗੁਰੂ ਸਾਹਿਬ ਜੀ ਦਾ ਦਰਸ਼ਨ ਕੀਤਾ ਤੇ ਉਹ ਸਾਰੀ ਭੇਟ ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਅੱਗੇ ਲਿਆ ਰੱਖੀ।

ਇਹ ਗੱਲ ਦੇਖ ਕੇ ਗੁਰੂ ਸਾਹਿਬ ਜੀ ਨੇ ਫੁਰਮਾਇਆ–

ਕਾਹੇ+ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥

ਰੇ=ਹੇ ਭਾਈ [ਗੁਰਦਾਸ ਜੀ !] ਤੁਸਾਂ ਨੇ ਆਪਣੇ ਮਨ ਵਿਚ ਕਾਹੇ=ਕਿਉਂ ਉੱਦਮ ਚਿਤਵਿਆ ਜਦ ਹਰਿ ਜੀ ਆਪ ਅਸਾਡੇ ਖਾਣ ਪਾਣ ਦੇ ਆਹਰਿ=ਉੱਦਮ ਵਿਚ ਪਿਆ ਹੋਇਆ ਹੈ।

ਅੱਗੇ ਰਾਮਕਲੀ ਦੀ ਵਾਰ ਵਿਖੇ ਵੀ 'ਆਹਰ' ਪਦ ਦਾ ਅਰਥ ਉੱਦਮ ਹੀ ਆਉਂਦਾ ਹੈ।

---

*ਇਸ ਅਸਥਾਨ ਦਾ ਨਾਮ 'ਪਿਪਲੀ ਸਾਹਿਬ' ਪ੍ਰਸਿੱਧ ਹੈ।

+ਕਾਹੇ ਉਤੇ ਪ੍ਰਮਾਣ–

''ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ॥'' (ਰਾਮਕਲੀ ਵਾਰ ਦੂਜੀ ਮਹਲਾ ੫, ਪੰਨਾ ੯੫੯)

ਤਥਾ— ''ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ ਦੇਇ ਦਾਨੁ॥ ਰਹਾਉ॥ ਤੂ 'ਕਾਹੇ' ਡੋਲਹਿ ਪ੍ਰਾਣੀਆ ਤੁਧ ਰਾਖੈਗਾ ਸਿਰਜਣਹਾਰ॥''

(ਤਿਲੰਗ ਮਹਲਾ ੫, ਪੰਨਾ ੭੨੪)

ਯਥਾ—"ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥ ੨॥"

[ਵਾਰ ਰਾਮਕਲੀ ਮਹਲਾ ੫, ਪੰਨਾ ੯੬੫]

ਤਥਾ—"ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ॥
ਕਰਜੁ ਉਤਾਰਿਆ ਸਤਿਗੁਰੁ ਕਰਿ 'ਆਹਰੁ' ਆਪਿ॥ ੧॥"

[ਬਿਲਾਵਲੁ ਮਹਲਾ ੫, ਪੰਨਾ ੮੧੬]

ਤਥਾ—"ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ॥
ਹਰਿ ਕੀਰਤਨ ਕਾ 'ਆਹਰੋ' ਹਰਿ ਦੇਹੁ ਨਾਨਕ ਕੇ ਮੀਤ॥ ੧॥"

[ਗੂਜਰੀ ਵਾਰ ਮਹਲਾ ੫, ਪੰਨਾ ੫੧੬]

ਤਥਾ—"ਸਗਲ ਬਿਧੀ ਜੁਰਿ 'ਆਹਰੁ' ਕਰਿਆ ਤਜਿਓ ਸਗਲ ਅੰਦੇਸਾ॥
ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ॥"

[ਮਲਾਰ ਮਹਲਾ ੫ ਪੰਨਾ ੧੨੬੬]

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥ ੧॥

ਦੇਖ ! ਪੱਥਰਾਂ ਦੀਆਂ ਸਿਲਾਂ ਵਿਚ। ਵਾ-ਸੈਲ=ਭਾਰੀ ਪੱਥਰਾਂ ਵਿਚ।

ਵਾ-ਸੈਲ=ਖੁਸ਼ਕ ਪੱਥਰਾਂ ਵਿਚ ਜੀਅ ਜੰਤ ਪੈਦਾ ਕੀਤੇ ਹਨ, ਪਰ ਉਹਨਾਂ ਦਾ ਰਿਜ਼ਕ ਪ੍ਰਭੂ ਨੇ ਉਹਨਾਂ ਦੇ ਅੱਗੇ ਹੀ ਧਰਿਆ=ਰੱਖਿਆ ਹੋਇਆ ਹੈ।

ਅਥਵਾ-ਉਹਨਾਂ ਦਾ ਰਿਜ਼ਕ ਅੱਗੇ ਹੀ ਤਿਆਰ ਕਰ ਕੇ ਰੱਖਿਆ ਹੋਇਆ ਹੈ॥ ੧॥

ਯਥਾ—"ਸੰਭਨਾ ਸਾਰ ਕਰੇ ਸੁਖਦਾਤਾ ਆਪੇ 'ਰਿਜਕੁ' ਪਹੁਚਾਇਦਾ॥ ੩॥"

[ਮਾਰੂ ਮਹਲਾ ੩, ਪੰਨਾ ੧੦੬੦]

ਤਥਾ—"ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾਕਾ ਨਾਉ॥"

[ਸੋਰਠਿ ਮਹਲਾ ੫, ਪੰਨਾ ੬੪੦]

ਤਥਾ—"ਨਾ ਕਰਿ ਚਿੰਤਾ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭ ਤੈ॥
ਅਚਿੰਤੁ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ॥ ੬॥"

[ਮਾਰੂ ਸੋਲਹੇ ਮਹਲਾ ੪, ਪੰਨਾ ੧੦੭੦]

ਤਥਾ—"ਜੀਅ ਜੰਤ ਕਉ 'ਰਿਜਕੁ' ਸੰਬਾਹੇ॥ ਕਰਣ ਕਾਰਣ ਸਮਰਥ ਅਪਾਹੇ॥"

[ਮਾਰੂ ਸੋਲਹੇ ਮਹਲਾ ੫ ਪੰਨਾ ੧੦੭੧]

ਤਥਾ—"ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥ ੩॥"

[ਆਸਾ ਭਗਤ ਬਾਣੀ, ਪੰਨਾ ੪੮੬]

ਤਥਾ—"ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ॥
ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ 'ਰਿਜਕੁ' ਦੀਆ॥ ੧॥"

[ਪ੍ਰਭਾਤੀ ਮਹਲਾ ੩, ਪੰਨਾ ੧੩੩੪]

ਸਾਖੀ—ਮਾਧੋਦਾਸ ਜੀ ਦੀ

ਇਹ ਉਪਦੇਸ਼ 'ਭਾਈ ਗੁਰਦਾਸ' ਜੀ ਨੂੰ ਦੇ ਹੀ ਰਹੇ ਸਨ, ਇਤਨੇ ਨੂੰ ਸੰਤ ਮਾਧੋ ਦਾਸ ਜੀ ਕਸ਼ਮੀਰ ਦੀ ਸੰਗਤ ਅਤੇ ਰਾਜੇ ਨੂੰ ਪ੍ਰਵਾਰ ਸਮੇਤ ਲੈ ਕੇ ਪਹੁੰਚ ਗਏ।

'ਸੰਤ ਮਾਧੋਦਾਸ' ਜੀ ਕਸ਼ਮੀਰ ਵਿਖੇ ਹਰ ਰੋਜ਼ ਪਰਮੇਸ਼ਰ ਸਬੰਧੀ ਕਥਾ ਕਰਿਆ ਕਰਦੇ ਸਨ। ਸੰਗਤ ਬੜੀ ਦੂਰ ਦੁਰਾਡਿਓਂ ਉਤਸ਼ਾਹ ਨਾਲ ਕਥਾ ਸੁਣਨ ਆਉਂਦੀ ਹੁੰਦੀ ਸੀ।

ਐਸੀ ਮਿੱਠੀ ਅੰਮ੍ਰਿਤ ਰੂਪ ਕਥਾ ਕਰਦੇ ਸਨ ਜੋ ਰਾਤ ਦੇ ਦੋ ਦੋ ਵਜ ਜਾਣ ਤੇ ਕੋਈ ਪ੍ਰੇਮੀ ਉੱਠਦਾ ਨਹੀਂ ਸੀ।

ਇਕ ਦਿਨ ਸ਼ਹਿਰ ਵਿਖੇ ਚੋਰਾਂ ਨੇ ਕਿਸੇ ਦਾ ਘਰ ਲੁੱਟ ਲਿਆ ਤੇ ਉਸ ਨੇ ਰਾਜੇ ਪਾਸ ਫਰਿਆਦ ਕੀਤੀ, ਰਾਜੇ ਨੇ ਹੁਕਮ ਦੇ ਕੇ ਬੜੀ ਪੜਤਾਲ ਕਰਵਾਈ ਪਰ ਚੋਰਾਂ ਦਾ ਪਤਾ ਨਾ ਲੱਗਾ।

ਆਖਿਰਕਾਰ ਰਾਜੇ ਨੇ ਡੌਂਡੀ ਫਿਰਵਾ ਦਿੱਤੀ ਕਿ ਬਾਰਾਂ ਵਜੇ ਤੋਂ ਪਿੱਛੋਂ ਸ਼ਹਿਰ ਵਿਚ ਕੋਈ ਆਦਮੀ ਨਾ ਫਿਰਿਆ ਕਰੇ, ਜਿਹੜਾ ਫਿਰੇਗਾ ਉਸ ਨੂੰ ਸੂਲੀ ਪਰ ਟੰਗਿਆ ਜਾਵੇਗਾ।

ਇਹ ਬਾਦਸ਼ਾਹੀ ਹੁਕਮ ਸੁਣ ਕੇ ਸੰਗਤ ਨੇ ਸੰਤਾਂ ਪਾਸ ਬੇਨਤੀ ਕੀਤੀ-"ਮਹਾਰਾਜ ਜੀ ! ਹੁਣ ਕਥਾ ਦਾ ਭੋਗ ਸਾਢੇ ਯਾਰਾਂ ਵਜੇ ਪਾ ਦਿਆ ਕਰੋ ਤਾਂ ਕਿ ਬਾਰਾਂ ਵਜੇ ਤਕ ਆਪੋ ਆਪਣੇ ਘਰੀਂ ਪਹੁੰਚ ਜਾਇਆ ਕਰੀਏ।" ਸੰਤਾਂ ਨੇ ਕਿਹਾ-"ਚੰਗਾ ! ਉਸ ਦਿਨ ਤੋਂ ਭੋਗ ਵੇਲੇ ਸਿਰ ਪੈਣ ਲੱਗ ਪਿਆ।"

ਕੁਝ ਸਮੇਂ ਮਗਰੋਂ ਇਕ ਦਿਨ ਐਸਾ ਕੋਈ ਪ੍ਰਸੰਗ ਚਲ ਪਿਆ ਭੋਗ ਨੂੰ ਦੇਰ ਹੋ ਗਈ, ਸੰਗਤਾਂ ਅੰਦਰੋਂ ਘਬਰਾਈ ਜਾਣ, ਇਕ ਦੋ ਆਦਮੀ ਉੱਠਣੇ ਸ਼ੁਰੂ ਹੋਏ ਤਾਂ ਹੌਲ ਹੌਲੀ ਸਾਰੀ ਸੰਗਤ ਉੱਠ ਕੇ ਚਲੀ ਗਈ, ਪਰ ਇਕ ਲੜਕਾ ਉੱਠ ਕੇ ਨਾ ਗਿਆ, ਕਿਉਂਕਿ ਉਸ ਦਾ ਨਿਯਮ ਸੀ ਜਦ ਭੋਗ ਪੈ ਜਾਵੇ ਤਾਂ ਸੰਤਾਂ ਪਾਸੋਂ ਆਗਿਆ ਲੈ ਕੇ ਜਾਂਦਾ ਹੁੰਦਾ ਸੀ।

ਉਸ ਦਿਨ ਉਹ ਲੜਕਾ ਇਕ ਵਜੇ ਸੰਤਾਂ ਪਾਸੋਂ ਆਗਿਆ ਲੈ ਕੇ ਗਿਆ ਤਾਂ ਅੱਗੋਂ ਸਿਪਾਹੀਆਂ ਨੇ ਬਜ਼ਾਰ ਵਿਚ ਜਾਂਦਾ ਵੇਖਕੇ ਫੜ ਲਿਆ ਤੇ ਕਿਹਾ-"ਤੈਨੂੰ ਡਰ ਨਹੀਂ, ਜੋ ਰਾਜੇ ਦੇ ਹੁਕਮ ਦੀ ਉਲੰਘਣਾ ਕੀਤੀ ਹੈ।" ਰਾਤ ਆਪਣੇ ਪਾਸ ਰੱਖ ਕੇ ਦਿਨੇ ਕਚਹਿਰੀ ਵਿਚ ਲਿਜਾ ਕੇ ਰਾਜੇ ਦੇ ਸਾਹਮਣੇ ਖੜਾ ਕਰ ਕੇ ਕਿਹਾ-"ਹਜ਼ੂਰ ! ਇਸ ਲੜਕੇ ਨੇ ਆਪ ਜੀ ਦੇ ਹੁਕਮ ਦੀ ਉਲੰਘਣਾ ਕੀਤੀ ਹੈ, ਇਹ ਡੰਨ ਦੇ ਯੋਗ ਹੈ।"

ਰਾਜੇ ਨੇ ਕਿਹਾ-"ਤੇਰੇ ਮਾਂ ਪਿਓ ਕਿਥੇ ਹਨ ?" ਲੜਕੇ ਨੇ ਦੱਸਿਆ-'ਫਲਾਣੇ ਮਹੱਲੇ ਰਹਿੰਦੇ ਹਨ।' ਉਹਨਾਂ ਨੂੰ ਬੁਲਾ ਕੇ ਕਿਹਾ ਕਿ ਤੁਹਾਡੇ ਲੜਕੇ ਨੇ ਹੁਕਮ ਨਹੀਂ ਮੰਨਿਆਂ, ਇਹ ਸਜ਼ਾ ਦੇ ਲਾਇਕ ਹੈ।

ਮਾਂ ਪਿਓ ਨੇ ਕਿਹਾ-"ਇਹ ਤਾਂ ਸਾਡਾ ਕਿਹਾ ਵੀ ਨਹੀਂ ਮੰਨਦਾ, ਜਿਵੇਂ ਆਪ ਦੀ ਮਰਜ਼ੀ ਆਵੇ ਕਰੋ।"

ਰਾਜੇ ਨੇ ਕਿਹਾ-'ਤੇਰਾ ਹੋਰ ਭੀ ਕੋਈ ਹੈ ?' ਤਾਂ ਲੜਕੇ ਨੇ ਕਿਹਾ-''ਹਾਂ ਜੀ !' ਮੇਰੀ ਇਸਤ੍ਰੀ ਅਤੇ ਪ੍ਰਵਾਰ ਹੈ।''

ਰਾਜੇ ਨੇ ਉਸੀ ਵੇਲੇ ਇਸਤ੍ਰੀ ਅਤੇ ਪ੍ਰਵਾਰ ਨੂੰ ਬੁਲਾ ਕੇ ਕਿਹਾ ਕਿ ਇਸ ਨੇ ਹੁਕਮ ਅਦੂਲੀ ਕੀਤੀ ਹੈ ਇਹ ਸਜ਼ਾ ਯੋਗ ਹੈ।

ਇਸਤ੍ਰੀ ਨੇ ਹੱਸ ਕੇ ਕਿਹਾ-''ਸਾਡੇ ਤਾਂ ਇਹ ਕੰਮ ਦਾ ਹੀ ਨਹੀਂ ਰਿਹਾ, ਸਾਡੇ ਪਾਸ ਤਾਂ ਆਉਂਦਾ ਹੀ ਨਹੀਂ।'' ਬੱਚਿਆਂ ਤੋਂ ਪੁੱਛਿਆ ਤਾਂ ਉਹਨਾਂ ਨੇ ਭੀ ਇਹ ਕਿਹਾ ਕਿ ਸਾਡਾ ਪਿਤਾ ਕਾਹਦਾ ਹੈ, ਸਾਨੂੰ ਤਾਂ ਕਦੇ ਕੋਈ ਚੀਜ਼ ਲਿਆ ਕੇ ਦਿੰਦਾ ਹੀ ਨਹੀਂ।

ਰਾਜੇ ਨੇ ਫਿਰ ਕਿਹਾ-''ਤੇਰਾ ਹੋਰ ਵੀ ਕੋਈ ਸਬੰਧੀ ਸਹਾਇਕ ਹੈ ਤਾਂ ਬੁਲਾ ਦੇਈਏ।''

ਲੜਕੇ ਨੇ ਕਿਹਾ-''ਸੰਤ ਮਾਧੋ ਦਾਸ ਜੀ ਮੇਰੇ ਬੜੇ ਪਿਆਰ ਵਾਲੇ ਹਨ।'' ਤਾਂ ਰਾਜੇ ਨੇ ਆਦਮੀ ਭੇਜ ਕੇ ਉਹਨਾਂ ਨੂੰ ਸੱਦਿਆ।

ਜਿਸ ਵੇਲੇ ਰਾਜੇ ਦੇ ਸਾਹਮਣੇ ਆ ਖਲੋਤੇ ਤਾਂ ਰਾਜੇ ਨੇ ਕਿਹਾ-''ਸੰਤ ਜੀ ! ਇਹ ਲੜਕਾ ਤੁਹਾਡਾ ਕੀ ਲੱਗਦਾ ਹੈ ?'' ਸੰਤਾਂ ਆਖਿਆ-'ਜੋ ਮਰਜ਼ੀ ਆਵੇ ਸਮਝ ਲੈ, ਭਾਵੇਂ ਸਤਿਸੰਗੀ ਸਮਝ ਲੈ ਭਾਵੇਂ ਚੇਲਾ ਸਮਝ, ਭਾਵੇਂ ਪੁੱਤਰ ਸਮਝ ਲੈ।'

ਇਹ ਗੱਲ ਸੁਣ ਕੇ ਰਾਜੇ ਨੇ ਕਿਹਾ-'ਇਸ ਲੜਕੇ ਨੇ ਹੁਕਮ ਅਦੂਲੀ ਕੀਤੀ ਹੈ ਮੈਂ ਇਸ ਨੂੰ ਸੂਲੀ ਤੇ ਚੜ੍ਹਾਉਣ ਲੱਗਾ ਹਾਂ, ਜੇਕਰ ਸਹਾਇਤਾ ਕਰ ਸਕਦੇ ਹੋ ਤਾਂ ਕਰ ਲਓ।'

'ਮਾਧੋ ਦਾਸ' ਜੀ ਨੇ ਕਿਹਾ- 'ਮੈਂਨੇ ਇਸਦੀ ਸਹਾਇਤਾ ਕੀ ਕਰਨੀ ਹੈ, ਜਿਸ ਗੁਰੂ ਅਰਜਨ ਪਾਤਿਸ਼ਾਹ ਜੀ ਦਾ ਇਹ ਸਿੱਖ ਹੈ ਉਹ ਆਪ ਹੀ ਸਹਾਇਤਾ ਕਰਨਗੇ।'

ਜਿਸ ਵੇਲੇ ਰਾਜੇ ਨੇ ਜਲਾਦਾਂ ਨੂੰ ਸਦ ਕੇ ਸੂਲੀ ਪਰ ਚਾੜ੍ਹਨ ਦਾ ਹੁਕਮ ਦਿਤਾ ਤੇ ਜਲਾਦਾਂ ਨੇ ਉਸ ਲੜਕੇ ਨੂੰ ਸੂਲੀ ਪਰ ਚਾੜ੍ਹਿਆ ਤਾਂ ਸੂਲੀ ਹਰੀ ਭਰੀ ਹੋ ਗਈ। ਲੜਕੇ ਦਾ ਵਾਲ ਭੀ ਵਿੰਗਾ ਨਾ ਹੋਇਆ।

ਯਥਾ—''ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥''

[ਸੋਰਠਿ ਮਹਲਾ ੫, ਪੰ: ੬੨੩]

ਰਾਜਾ ਇਸ ਕੌਤਕ ਨੂੰ ਵੇਖ ਕੇ ਹੈਰਾਨ ਹੋ ਗਿਆ ਤੇ ਵਿਚਾਰਿਆ ਕਿ ਇਹ ਕੋਈ ਸ਼ਕਤੀਵਾਨ ਸੰਤ ਹੈ, ਕਿਧਰੇ ਮੈਨੂੰ ਸਰਾਪ ਨਾ ਦੇ ਦੇਵੇ। ਉਸੀ ਵੇਲੇ ਚਰਨੀਂ ਪੈ ਕੇ ਆਖਦਾ ਹੈ ਮੈਨੂੰ ਬਖਸ਼ ਲਓ।

ਸੰਤਾਂ ਨੇ ਕਿਹਾ-'ਮੈਂ ਕੀ ਬਖਸ਼ਣਾ ਹੈ, ਜਿਸ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਸਹਾਇਤਾ ਕੀਤੀ ਹੈ, ਓਹੀ ਬਖਸ਼ਣਹਾਰ ਹਨ।'

ਰਾਜੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੈਨੂੰ ਉਹਨਾਂ ਦਾ ਦਰਸ਼ਨ ਹੁਣੇ ਕਰਾਓ।

ਰਾਜੇ ਦੇ ਚੱਲਣ ਨਾਲ ਰਾਜੇ ਦਾ ਸਾਰਾ ਪ੍ਰਵਾਰ ਵੀ ਤਿਆਰ ਹੋ ਗਿਆ, ਸ਼ਹਿਰ ਦੀ ਸੰਗਤ ਭੀ ਤਿਆਰ ਹੋ ਗਈ। ਮਾਧੋ ਦਾਸ ਜੀ ਸਾਰੀ ਸੰਗਤ ਸਮੇਤ ਰਾਜੇ ਨਾਲ ਸ੍ਰੀ ਅੰਮ੍ਰਿਤਸਰ ਆ ਪਹੁੰਚੇ। ਆ ਕੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਦਾ ਦਰਸ਼ਨ ਕੀਤਾ ਯਥਾ ਸ਼ਕਤ ਬਿਅੰਤ ਭੇਟਾਂ ਸਤਿਗੁਰਾਂ ਅੱਗੇ ਰੱਖੀਆਂ ਤੇ ਕਸ਼ਮੀਰ ਦਾ ਸਾਰਾ ਜ਼ਿਕਰ ਸੁਣਾਇਆ, ਉਸ ਵੇਲੇ ਗੁਰੂ ਸਾਹਿਬ ਜੀ ਨੇ ਸੁਣ ਕੇ ਵਰ ਦਿੱਤਾ।

ਸਾਖੀ—ਸੂਲੀ ਸਰ ਦੀ

ਜਿਸ ਵੇਲੇ ਗਰੀਬ ਨਿਵਾਜ਼ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੰਦਪੁਰੋਂ ਪਟਨੇ ਸਾਹਿਬ ਨੂੰ ਚੱਲੇ ਹਨ ਤਾਂ ਰਸਤੇ ਵਿਚ ਪਿੰਡਾਂ ਥਾਣੀਂ ਹੁੰਦੇ ਹੋਏ ਦੁਖੀਆਂ ਦੇ ਦੁਖ ਦੂਰ ਕਰਦੇ ਹੋਏ ਮੋੜ ਮੰਡੀ ਤੋਂ ਬਾਹਰਵਾਰ ਡੇਢ ਕੋਹ ਦੇ ਫਾਸਲੇ ਪਰ ਬੈਠ ਕੇ ਇਕ ਬੜਾ ਸੋਹਣਾ ਤਲਾਬ ਤਿਆਰ ਕਰਾਕੇ ਜਲ ਭਰਾਇਆ। ਜਿਸ ਦਾ ਨਾਮ 'ਟਾਹਲਾ ਸਾਹਿਬ' ਹੈ, ਕਿਤਨੇ ਕੁ ਦਿਨ ਉਥੇ ਵਸ ਕੇ ਖਾਨੇ ਗ੍ਰਾਮ ਵਿੱਚੋਂ ਹੁੰਦੇ ਹੋਏ ਦਮਦਮੇ [ਗੁਰੂ ਕੀ ਕਾਂਸ਼ੀ] ਪਹੁੰਚੇ। ਫੇਰ ਗੁਰੂ ਤੇਗ ਬਹਾਦਰ ਸਾਹਿਬ ਜੀ 'ਸੂਲੀ ਸਰ' ਆਏ। ਚੰਗੀ ਜਗ੍ਹਾ ਦੇਖ ਕੇ ਡੇਰਾ ਕੀਤਾ, ਇਤਨੇ ਨੂੰ ਸੂਰਜ ਅਸਤ ਹੋ ਗਿਆ; ਲੰਗਰ ਛਕ ਕੇ ਸੌਂ ਗਏ।

ਉਸ ਵੇਲੇ ਗੁਰੂ ਜੀ ਦੇ ਮਗਰ ਦੋ ਚੋਰ ਲੱਗੇ ਹੋਏ ਸਨ ਜਿਨ੍ਹਾਂ ਵਿੱਚੋਂ ਇਕ ਹਿੰਦੂ ਤੇ ਦੂਸਰਾ ਮੁਸਲਮਾਨ ਸੀ। ਇਨ੍ਹਾਂ ਦੇ ਮਨ ਦੀ ਤੀਬਰ ਇੱਛਾ ਸੀ ਕਿ ਜਿੱਸ ਵੇਲੇ ਭੀ ਸਾਨੂੰ ਮੌਕਾ ਲੱਗਾ ਅਸਾਂ ਗੁਰੂ ਜੀ ਦਾ ਘੋੜਾ ਚੁਰਾਉਣਾ ਹੈ।

ਗੁਰੂ ਜੀ ਦੇ ਡੇਰੇ ਤੋਂ ਕੁਝ ਕੁ ਵਿਥ ਤੇ ਦੋਨੋਂ ਚੋਰ ਚੋਰੀ ਕਰਨ ਵਾਸਤੇ ਛਿਪ ਕੇ ਬੈਠੇ ਹੋਏ ਸਨ। ਇਤਨੇ ਨੂੰ ਇਕ ਬੜਾ ਭਿਆਨਕ ਸ਼ੇਰ ਗੁਰੂ ਜੀ ਦੇ ਡੇਰੇ ਵੱਲ ਆਉਂਦਾ ਦੇਖਿਆ। ਉਹ ਚਾਰੋਂ ਤਰਫ ਫਿਰ ਕੇ ਅਰਥਾਤ ਪ੍ਰਕਰਮਾ ਕਰਕੇ ਨਮਸ਼ਕਾਰ ਕਰਕੇ ਫੇਰ ਜੰਗਲ ਵਲ ਚਲਾ ਗਿਆ। ਇਹ ਗੱਲ ਵੇਖ ਕੇ ਜਿਹੜਾ ਤਾਂ ਮੁਸਲਮਾਨ ਚੋਰ ਸੀ ਉਸ ਦੇ ਮਨ ਵਿਚ ਸ਼ਰਧਾ ਆ ਗਈ ਤੇ ਦਿਲ ਵਿਚ ਆਖਦਾ ਹੈ ਕਿ ਇਹ ਤਾ ਕੋਈ ਸਰਬ ਕਲਾ ਸਪੰਨ ਸੱਚਾ ਪੀਰ ਹੈ, ਜੰਗਲ ਦੇ ਪਸ਼ੂ ਵੀ ਪ੍ਰਕਰਮਾਂ ਕਰ ਕੇ ਜਿਸ ਦੇ ਚਰਨਾਂ ਪਰ ਸਿਜਦਾ ਕਰਦੇ ਹਨ। ਨਾਲ ਦੇ ਹਿੰਦੂ ਚੋਰ ਨੂੰ ਆਖਦਾ ਹੈ ਕਿ ਮੈਂ ਤਾਂ ਇਨ੍ਹਾਂ ਦੀ ਚੋਰੀ ਨਹੀਂ ਕਰਨੀ, ਜੇ ਤੂੰ ਭੀ ਆਪਣਾ ਭਲਾ ਚਾਹੁੰਦਾ ਹੈਂ ਤਾਂ ਮੇਰਾ ਕਹਿਣਾ ਮੰਨ, ਇਨ੍ਹਾਂ ਨੂੰ ਛੱਡ ਦੇਹ, ਕਿਧਰੇ ਹੋਰਥੇ ਚੱਲ ਕੇ ਚੋਰੀ ਕਰਦੇ ਹਾਂ।

ਇਹ ਸੁਣ ਕੇ ਹਿੰਦੂ ਚੋਰ ਨੇ ਕਿਹਾ-"ਤੂੰ ਆਪਣੇ ਮਨ ਵਿਚ ਭਰਮ ਕਿਉਂ ਉਠਾਇਆ ਹੈ, ਇਹ ਭਲਾ ਕਿਸੇ ਨੂੰ ਕੀ ਖਬਰ ਹੈ ਕਿ ਸ਼ੇਰ ਕਿਉਂ ਆਇਆ ਹੈ ? ਅੱਜ ਬੜਾ ਚੰਗਾ ਅੰਨ੍ਹੇਰਾ ਹੋਇਆ ਹੋਇਆ ਹੈ ਸਾਡਾ ਕੰਮ ਹੋ ਜਾਣਾ ਹੈ, ਤੂੰ ਫਿਕਰ ਨਾ ਕਰ; ਇਹ ਘੋੜਾ ਬੜਾ ਅਨਮੁੱਲਾ ਹੈ, ਇਕ ਦਫਾ ਜੇ ਮੈਂ ਇਸ ਉਤੇ ਪੈਰ ਰੱਖ ਲਿਆ ਫਿਰ ਤਾਂ ਮੈਂ ਪੌਣ ਵਾਂਗ ਉਡ ਜਾਵਾਂਗਾ।"

ਇਹ ਗੱਲ ਸੁਣ ਕੇ ਮੁਸਲਮਾਨ ਚੋਰ ਨੇ ਨਾ ਮੰਨੀ ਤੇ ਉਥੋਂ ਹੀ ਸਿਜਦਾ ਕਰ ਕੇ ਆਪਣੇ ਘਰ ਚਲਾ ਗਿਆ ਪਰ ਹਿੰਦੂ ਚੋਰ ਉਥੇ ਬੈਠਾ ਰਿਹਾ। ਜਿਸ ਵੇਲੇ ਅੱਧੀ ਰਾਤ ਗੁਜ਼ਰੀ ਤਾਂ ਚੱਲ ਕੇ ਘੋੜੇ ਦੇ ਪਾਸ ਪਹੁੰਚ ਗਿਆ; ਉਪਰੋਂ ਬੱਦਲ ਵੀ ਆ ਗਏ, ਨਿੱਕੀਆਂ ਨਿੱਕੀਆਂ ਮੀਂਹ ਦੀਆਂ ਬੂੰਦਾਂ ਪੈਣ ਲੱਗ ਪਈਆਂ ਜਿਸ ਕਰਕੇ ਚਾਰੋਂ ਤਰਫ ਹਨੇਰਾ ਹੋ ਗਿਆ।

ਉਸ ਵੇਲੇ ਉਹ ਚੋਰ ਘੋੜੇ ਨੂੰ ਖੋਲ੍ਹ ਕੇ ਲੈ ਗਿਆ, ਮੂੰਹ ਵਿਚ ਲਗਾਮ ਦੇ ਕੇ ਉੱਪਰ ਚੜ੍ਹ ਬੈਠਾ। ਇਤਨੇ ਨੂੰ ਗੁਰੂ ਜੀ ਨੇ ਘੋੜੇ ਦੇ ਟਾਪਾਂ ਦੀ ਆਵਾਜ਼ ਸੁਣ ਕੇ ਘੋੜੇ ਦੀ ਸੇਜਾ ਕਰਨ ਵਾਲੇ ਦਾ ਨਾਮ ਲੈ ਕੇ ਕਿਹਾ-"ਸੁੱਤਾ ਹੋਇਆ ਹੈਂ ਕਿ ਜਾਗਦਾ ! ਘੋੜੇ ਚੱਲਣ ਦਾ ਖੜਕਾ ਹੋ ਰਿਹਾ ਹੈ, ਉੱਠ ਕੇ ਵੇਖ ਘੋੜਾ ਆਪਣੀ ਜਗ੍ਹਾ ਪਰ ਖੜਾ ਹੈ ਕਿ ਨਹੀਂ?"

ਸੇਵਕ ਨੇ ਸੁਣ ਕੇ ਅੱਖਾਂ ਖੋਲ੍ਹੀਆਂ ਤੇ ਜਾ ਕੇ ਦੇਖਿਆ ਪਰ ਘੋੜਾ ਕੋਈ ਨਹੀਂ ਝਟ ਆ ਕੇ ਆਖਦਾ ਹੈ-''ਮਹਾਰਾਜ ਜੀ ! ਘੋੜਾ ਕੋਈ ਨਹੀਂ, ਕਿਸੇ ਚੋਰ ਨੇ ਖੋਲ੍ਹ ਲਿਆ ਹੈ। ਕਿਰਪਾ ਕਰਕੇ ਆਪਣਾ ਘੋੜਾ ਆਪ ਹੀ ਬਚਾਓ, ਅਤੇ ਚੋਰ ਨੂੰ ਸਜ਼ਾ ਦਿਵਾਓ, ਨਹੀਂ ਤਾਂ ਰਸ਼ਤੇ ਦੇ ਲੋਕ ਸਾਡੇ ਪਾਸੋਂ ਸਭ ਵਸਤੂਆਂ ਖੋਹ ਲੈਣਗੇ ਅਤੇ ਏਹੋ ਚੋਰ ਮੁੜ ਵੀ ਆ ਕੇ ਚੋਰੀ ਕਰ ਜਾਏਗਾ, ਕਿਉਂਕਿ ਜਿਹੜਾ ਆਦਮੀ ਚੋਰੀ ਕਰਨ ਹਿਲ ਜਾਵੇ ਤੇ ਉਸਨੂੰ ਕੋਈ ਸਜ਼ਾ ਨਾ ਮਿਲੇ, ਉਹ ਫਿਰ ਵੀ ਆ ਕੇ ਚੋਰੀ ਜ਼ਰੂਰ ਕਰਦਾ ਹੈ।''

ਇਹ ਗੱਲਾਂ ਸੁਣ ਕੇ ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ ਕਿ ਘਬਰਾ ਨਹੀਂ, ਉਹ ਆਪਣੇ ਕੀਤੇ ਕਰਮ ਦਾ ਫਲ ਆਪ ਹੀ ਪਾਏਗਾ।

ਉੱਤਰ ਦਿਸ਼ਾ ਵੱਲ ਉਹ ਘੋੜਾ ਲੈ ਗਿਆ ਹੈ, ਤੁਸੀਂ ਦੌੜ ਕੇ ਉਸ ਨੂੰ ਫੜ ਲਿਆਓ। ਜੇ ਹੁਣ ਹਨੇਰੇ ਕਰਕੇ ਨਹੀਂ ਜਾ ਸਕਦੇ ਤਾਂ ਬੇ-ਸ਼ੱਕ ਬੈਠੇ ਰਹੋ ਓਹ ਵੀ ਬੈਠਾ ਰਹੇਗਾ, ਸਵੇਰੇ ਜਾ ਕੇ ਫੜ ਲੈਣਾ। ਨਿਸਚੇ ਸਮਝ ਲਓ ਸਾਡਾ ਘੋੜਾ ਕਿਧਰੇ ਜਾਏਗਾ ਨਹੀਂ।

ਇਸ ਤਰ੍ਹਾਂ ਦੇ ਧੀਰਜ ਵਾਲੇ ਬਚਨ ਸੁਣ ਕੇ ਕਈ ਸੌਂ ਗਏ ਤੇ ਕਈ ਬੈਠੇ ਰਹੇ, ਪਰ ਚੋਰ ਦੇ ਫੜਨ ਦੀ ਚਿੰਤਾ ਵਿਚ ਲੱਗੇ ਰਹੇ। ਸਵੇਰ ਹੋਣ ਨਾਲ ਗੁਰੂ ਜੀ ਨੇ ਇਸ਼ਾਰਾ ਕੀਤਾ ਤਦ ਸੇਵਕ ਦੌੜ ਕੇ ਉਸ ਜਗ੍ਹਾ ਪਰ ਪਹੁੰਚ ਗਏ। ਅੱਗੇ ਉਹ ਚੋਰ ਘੋੜਾ ਲੈ ਕੇ ਖੜਾ ਸੀ। ਸੇਵਕਾਂ ਨੇ ਫੜ ਕੇ ਗੁਰੂ ਜੀ ਦੇ ਪਾਸ ਹਾਜ਼ਰ ਕਰ ਦਿੱਤਾ।

ਗੁਰੂ ਜੀ ਨੇ ਕਿਹਾ-''ਸੱਚ ਦੱਸ, ਤੂੰ ਆਪਣੇ ਘਰ ਕਿਉਂ ਨਹੀਂ ਲੈ ਗਿਆ, ਰਾਹ ਵਿਚ ਕਿਉਂ ਬੈਠਾ ਰਿਹਾ ਹੈਂ?''

ਉਸ ਵੇਲੇ ਚੋਰ ਨੇ ਸਾਰੀ ਗੱਲ ਦੱਸੀ ਕਿ ਅਸੀਂ ਦੋ ਚੋਰ ਸਾਂ, ਆਪ ਜੀ ਦੇ ਘੋੜੇ ਨੂੰ ਦੇਖ ਕੇ ਸਾਡਾ ਮਨ ਰਹਿ ਨਹੀਂ ਸਕਿਆ ਚੋਰੀ ਕਰਨ ਵਾਸਤੇ ਤੁਹਾਡੇ ਪਿੱਛੇ ਲੱਗੇ ਰਹੇ ਹਾਂ। ਇਕ ਚੋਰ ਤਾਂ ਦੌੜ ਗਿਆ ਸੀ, ਮੈਂ ਤੁਹਾਡਾ ਘੋੜਾ ਚੁਰਾ ਲਿਆ ਸੀ, ਜਦ ਮੈਂ ਘੋੜਾ ਲੈ ਕੇ ਕੁਝ ਦੂਰ ਗਿਆ ਤਾ ਅੰਨ੍ਹਾ ਹੋ ਗਿਆ। ਯਥਾ-

'ਕਿਤਿਕ ਦੂਰ ਮੈਂ ਮਾਰਗ ਗਯੋ। ਜਾਇ ਤਹਾਂ ਲੌ ਅੰਧਾ ਭਯੋ।
ਕਿਤ ਦਿਸ਼ ਗਮਨਜੋ ਜਾਇ ਜਥੈ। ਸਾਥੀ ਕੇ ਬਚ ਸਿਮਰੇ ਤਥੈ॥ ੨੯॥'

ਉਸ ਵੇਲੇ ਮੈਂ ਬੜਾ ਪਸਚਾਤਾਪ ਕੀਤਾ ਫੇਰ ਮੈਂ ਵਾਪਸ ਆਪ ਦੀ ਤਰਫ਼ ਮੁੜਿਆ ਤਾਂ ਮੈਨੂੰ ਦਿਸ਼ਾ ਭਰਮ ਹੋ ਗਿਆ ਇਸ ਕਰਕੇ ਮੈਂ ਉਥੇ ਹੀ ਬੈਠ ਗਿਆ, ਇਤਨੇ ਨੂੰ ਤੁਹਾਡੇ ਸੇਵਕਾਂ ਨੇ ਆ ਕੇ ਮੈਨੂੰ ਫੜ ਲਿਆਂਦਾ ਹੈ।

ਯਥਾ—'ਭਯੋ ਅੰਧ ਮੈਂ ਬਹੁ ਪਛੁਤਾਵਾ। ਪੁਨ ਹਟਿ ਕਰਿ ਤੁਮਰੀ ਦਿਸ਼ਿ ਆਵਾ।
ਭ੍ਰਮ ਦਿਸ਼ਿ ਭਯੋ ਨ ਜਾਨਯੋ ਗਯੋ। ਹੁਇ ਲਾਚਾਰ ਤਿਸ ਹੀ ਥਲ ਥਿਯੋ॥ ੩੧॥
ਪ੍ਰਾਤਿ ਹੋਤਿ ਹੇ ਦਾਸ ਤੁਮਾਰੇ। ਗਹਿ ਲੀਨਸਿ ਮੁਝ ਕੌ ਰਿਸ ਧਾਰੇ॥
ਅਤਿ ਮਤਿ ਮੰਦ ਕਿਯੋ ਬਡ ਪਾਪ। ਦ੍ਰਿਗ ਤੇ ਦੇਖਨਿ ਲਗਜੋ ਪ੍ਰਤਾਪ॥ ੩੨॥'

ਹੁਣ ਜਿਵੇਂ ਆਪ ਜੀ ਦੀ ਮਰਜ਼ੀ ਹੈ ਮੈਨੂੰ ਸਜ਼ਾ ਦਿਓ।

ਹਜ਼ੂਰ ਨੇ ਕਿਹਾ-''ਤੂੰ ਆਪ ਹੀ ਦੱਸ, ਚੋਰਾਂ ਨੂੰ ਕੀ ਸਜ਼ਾ ਮਿਲਦੀ ਹੈ ?''

ਤਾਂ ਉਸ ਨੇ ਕਿਹਾ-'ਸੂਲੀ ਦੀ ਸਜ਼ਾ ਹੁੰਦੀ ਹੈ।'

ਹਜ਼ੂਰ ਨੇ ਕਿਹਾ-'ਤੂੰ ਫਿਰ ਆਪ ਹੀ ਸੂਲੀ ਤੇ ਚੜ੍ਹ ਜਾਹ। ਇਹ ਜੰਡ ਦਾ ਬ੍ਰਿਛ ਖਲੋਤਾ ਹੈ, ਇਸ ਦੇ ਉੱਪਰ ਚੜ੍ਹ ਕੇ ਮਰ ਜਾਹ।'

ਗੁਰੂ ਜੀ ਦੇ ਇਹ ਬਚਨ ਸੁਣ ਕੇ ਉਸ ਚੋਰ ਨੇ ਉਸੇ ਬ੍ਰਿਛ ਪਰ ਚੜ੍ਹਕੇ ਉਸ ਦੇ ਉੱਚੇ ਟਾਹਣ ਨੂੰ ਫੜ ਕੇ ਆਪਣੇ ਬਲ ਨਾਲ ਇਸ ਤਰ੍ਹਾਂ ਤੋੜਿਆ, ਜਿਵੇਂ ਉਹ ਤਿੱਖਾ ਜਿਹਾ ਹੋ ਗਿਆ ਉਸ ਦੇ ਉੱਪਰ ਆਪਣਾ ਪੇਟ ਟਿਕਾ ਕੇ ਜ਼ੋਰ ਪਾ ਕੇ ਮਰ ਗਿਆ।

ਯਥਾ—'ਸ੍ਰੀ ਗੁਰ ਕਹਜੋ ਜੰਡ ਤਰੁ ਖਰੋ। ਇਸ ਕਾਸ਼ਟ ਪਰ ਚਢਿ ਕਰਿ ਮਰੋ।
ਸੁਨਤਿ ਚੋਰ ਆਰੋਹਾ ਜਾਇ॥ ਊਚੋ ਕਾਂਡ ਗਹਜਸ ਸਹਿਸਾਇ॥ ੩੯॥
ਬਲ ਕਰਿ ਤੋਰਜੋ ਜਿਮ ਗਹਿ ਤੀਖਨ। ਦੇਖਤਿ ਸਭਿ ਕੇ ਕਰਮਾ ਭੀਖਣ।
ਤਿਸ ਪਰ ਉਦਰ ਟਿਕਾਯੋ ਆਪਨਿ॥ ਪਾਇ ਜੋਰ ਨਿਜ ਜੀਵਨ ਖਾਪਨਿ॥ ੪੦॥
ਜਬਿ ਅਲੰਬ ਤਿਸ ਕੇ ਹੁਇ ਗਯੋ। ਫਟਯੋ ਪੇਟ ਕਾਸ਼ਟ ਪ੍ਰਵਿਸ਼ਯੋ।
ਤਤ ਛਿਨ ਮਰਜੋ ਸੁ ਥਲ ਅਬਿ ਅਹੈਂ। ਜਿਸ ਕੋ ਸੂਲੀ ਸਰ ਨਰ ਕਹੈਂ॥'

[ਗੁਰ ਪ੍ਰਤਾਪ ਸੂਰਜ, ਰਾਸਿ ੧੧ ਅੰਸੂ ੪੦]

ਇਹ ਜਗ੍ਹਾ ਮਾਲਵੇ ਵਿਚ ਦਮਦਮਾ ਸਾਹਿਬ [ਗੁਰੂ ਕੀ ਕਾਂਸ਼ੀ] ਤੋਂ ਕੁਝ ਕੁ ਫਾਸਲੇ ਪਰ ਨਜ਼ਦੀਕ ਹੀ ਹੈ।*

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥

ਹੇ ਸਿੱਖੋ ! ਮੇਰੇ ਅਨਿਨ [ਪਿਆਰੇ] ਮਾਧੋ ਦਾਸ ਜੀ ਦੀ ਸਤਿਸੰਗਤ ਵਿਖੇ ਜੋ ਮਿਲਿਆ ਹੈ, ਉਹ ਤਰ ਗਿਆ ਹੈ।

ਗੁਰ ਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ॥ ੧॥ ਰਹਾਉ॥

ਇਨ੍ਹਾਂ ਨੇ ਗੁਰੂ ਦੀ ਕਿਰਪਾ ਕਰ ਕੇ ਪਰਮ ਪਦੁ=ਆਤਮ ਪਦ ਪਾਇਆ ਹੈ ਅਤੇ ਸੁੱਕਾ ਕਾਠ ਹਰਿਆ ਹੋ ਗਿਆ ਹੈ ਭਾਵ ਸੂਲੀ ਹਰੀ ਭਰੀ ਹੋ ਗਈ ਹੈ।

ਅਥਵਾ-ਸਾਰਿਆਂ ਵਿਖੇ ਮੇਰੇ=ਮਿਲਿਆ ਹੋਇਆ ਜੋ ਮਾ+ਧਉ=ਮਾਇਆ ਦਾ ਪਤੀ ਪ੍ਰਮਾਤਮਾ ਹੈ, ਉਸ ਦੀ ਸਤਿਸੰਗਤ ਵਿਖੇ ਜੋ ਮਿਲਿਆ ਹੈ, ਉਹ ਤਰ ਗਿਆ ਹੈ।

ਗੁਰਾਂ ਦੀ ਕਿਰਪਾ ਨਾਲ ਉਸ ਨੇ ਪਰਮ ਪਦਵੀ ਨੂੰ ਪਾਇਆ ਹੈ, ਸੂਕੇ ਕਾਸਟ=ਕਠੋਰ ਅੰਤਹ ਕਰਨ ਸ਼ੁਭ ਗੁਣਾਂ ਨਾਲ ਹਰਿਆ ਹੋਇਆ ਹੈ॥ ੧॥

ਕਾਸਟ ਨਾਮ ਲੱਕੜ ਦਾ ਹੈ।

ਯਥਾ—"ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ॥"

[ਕਲਿਆਣ ਮਹਲਾ ੪, ਪੰਨਾ ੧੩੨੩]

ਇਹ ਪ੍ਰਸੰਗ 'ਸੂਕੇ ਕਾਸਟ ਹਰਿਆ' ਵਾਲੀ ਤੁਕ ਦੇ ਸਪੱਸ਼ਟ ਕਰਨ ਵਾਸਤੇ ਇਥੇ ਛਾਪਿਆ ਹੈ ਕਿਉਂਕਿ ਕਈਆਂ ਦੇ ਮਨ ਵਿਚ ਸ਼ੰਕਾ ਹੁੰਦਾ ਸੀ ਕਿ (ਸੂਕਾ ਕਾਸਟ) ਸੂਲੀ ਕਿਸ ਨੂੰ ਆਖਦੇ ਹਨ।

ਤਥਾ—"ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ॥"

[ਸੋਰਠਿ ਮਹਲਾ ੪, ਪੰਨਾ ੬੦੬]

ਹੁਣ ਉੱਪਰਲੀ ਕਹੀ ਹੋਈ ਸਾਖੀ ਦਾ ਅਨੁਵਾਦ ਤੁਕਾਂ ਦੇ ਵਿਚ ਹੀ ਕਥਨ ਕਰਦੇ ਹਨ:-

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥

ਜਨਨਿ=ਮਾਤਾ ਪਿਤਾ ਹੋਰ ਸਨਬੰਧੀ ਲੋਕ, ਸੁਤ=ਪੁੱਤਰ, ਬਨਿਤਾ=ਇਸਤ੍ਰੀ ਕੋਈ ਭੀ ਕਿਸੇ ਦਾ ਧਰਿਆ=ਆਸਰਾ ਨਹੀਂ ਹੈ।

ਯਥਾ—"ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥ ੧॥ ਰਹਾਉ॥
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥

[ਦੇਵਗੰਧਾਰੀ ਮਹਲਾ ੯, ਪੰਨਾ ੫੩੬]

ਤਥਾ—"ਪ੍ਰੀਤਮ ਜਾਨਿ ਲੇਹੁ ਮਨ ਮਾਹੀ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ ੧॥ ਰਹਾਉ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ ੧॥"

[ਸੋਰਠਿ ਮਹਲਾ ੯, ਪੰਨਾ ੬੩੪]

ਤਥਾ—"ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥੧੦॥"

[ਮਾਰੂ ਮਹਲਾ ੧, ਪੰਨਾ ੧੦੨੮]

ਇਤਨਾ ਪ੍ਰਸੰਗ ਮਾਧੋ ਦਾਸ ਜੀ ਦਾ ਕਹਿ ਕੇ ਭਾਈ ਗੁਰਦਾਸ ਜੀ ਦਾ ਹੰਕਾਰ ਦੂਰ ਕੀਤਾ ਹੈ। ਹੁਣ ਫਿਰ ਭਾਈ ਗੁਰਦਾਸ ਜੀ ਨੂੰ ਸਿਖਿਆ ਦਿੰਦੇ ਹਨ।

ਭਾਵ ਕੀ ਜਿਵੇਂ ਕੋਈ ਲੁਹਾਰ ਪਾਸੋਂ ਕੜਾਹਾ ਘੜਵਾ ਰਿਹਾ ਹੋਵੇ ਤੇ ਕੋਈ ਦੂਜਾ ਆਦਮੀ ਆ ਕੇ ਕਹੇ- "ਮੈਨੂੰ ਪਹਿਲੇ ਸੂਈ ਘੜ ਦੇਹ ਤਾਂ ਉਹ ਪਹਿਲੇ ਸੂਈ ਘੜ ਦਿੰਦਾ ਹੈ।" ਏਸੇ ਤਰ੍ਹਾਂ ਭਾਈ ਗੁਰਦਾਸ ਜੀ ਨੂੰ ਜੋ ਉਪਦੇਸ਼ ਦੇ ਰਹੇ ਸਨ, ਇਹ ਤਾਂ ਕੜਾਹੇ ਦੇ ਸਮਾਨ ਬਹੁਤ ਕੰਮ ਸੀ,ਤੇ ਮਾਧੋ ਦਾਸ ਜੀ ਦਾ ਜੋ ਪ੍ਰਸੰਗ ਕਥਨ ਕੀਤਾ ਹੈ ਇਹ ਸੂਈ ਵਾਂਗ ਸੀ। ਇਸ ਲਈ ਮਾਧੋ ਦਾਸ ਜੀ ਨੂੰ ਵਰ ਦੇ ਕੇ ਅਤੇ ਉਨ੍ਹਾਂ ਨੂੰ ਵਿਦਾ ਕਰਕੇ ਹੁਣ ਗੁਰੂ ਸਾਹਿਬ ਜੀ ਫਿਰ ਭਾਈ ਗੁਰਦਾਸ ਜੀ ਨੂੰ ਸਮਝਾਉਂਦੇ ਹਨ।

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥ ੨॥

ਹੇ ਭਾਈ ਗੁਰਦਾਸ ਜੀ ! ਉਹ ਠਾਕੁਰ=ਪ੍ਰਮਾਤਮਾ ਆਪ ਸਿਰਿ ਸਿਰ ਸੇਤੀ।

ਵਾ-ਜੀਆਂ ਨੂੰ ਸਿਰਜ ਸਿਰਜ ਕੇ।

ਵਾ-ਸਿਰ ਬਸਿਰ ਅਰਥਾਤ ਜਿਥੇ ਕੋਈ ਹੈ ਉਥੇ ਹੀ ਹਰੇਕ ਨੂੰ ਰਿਜਕੁ=ਖਾਣ ਪਾਣ, ਸੰਬਾਹੇ=ਪਹੁੰਚਾਉਂਦਾ ਹੈ। ਤੁਸਾਂ ਨੇ ਆਪਣੇ ਮਨ ਵਿਚ ਕਿਉਂ ਭਉ=ਡਰ ਧਾਰਿਆ ਹੈ।

ਯਥਾ—"ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ 'ਰਿਜਕੁ' ਸੰਬਾਹਿ॥"

[ਆਸਾ ਦੀ ਵਾਰ, ਪੰਨਾ ੪੭੫]

ਤਥਾ—"ਪਹਿਲੋ ਦੇ ਤੈ 'ਰਿਜਕੁ' ਸਮਾਹਾ॥ ਪਿਛੋ ਦੇ ਤੈ ਜੰਤੁ ਉਪਾਹਾ॥"

[ਮਾਝ ਮਹਲਾ ੫, ਪੰਨਾ ੧੩੦]

ਤਥਾ—'ਸਭਨਾ 'ਰਿਜਕ' ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ॥'

[ਸੋਰਠਿ ਮਹਲਾ ੪, ਪੰ: ੬੦੫]

ਤਥਾ—"ਸਭਨਾ 'ਰਿਜਕੁ' ਸੰਬਾਹਿਦਾ ਤੇਰਾ ਹੁਕਮੁ ਨਿਰਾਲਾ॥
ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ॥ ੧॥"

[ਸੂਹੀ ਵਾਰ, ਪੰਨਾ ੭੮੫]

ਪਉੜੀ॥ 'ਦੇਵਣਹਾਰੁ ਦਾਤਾਰੁ ਕਿਤੁ ਮੁਖਿ ਸਾਲਾਹੀਐ॥
ਜਿਸੁ ਰਖੈ ਕਿਰਪਾ ਧਾਰਿ 'ਰਿਜਕੁ' ਸਮਾਹੀਐ॥
ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ॥
ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ॥"

[ਰਾਮਕਲੀ ਵਾਰ ਦੂਜੀ, ਪੰਨਾ ੯੫੭]

ਤਥਾ—"ਜੀਅ ਜੰਤ ਕਉ ਰਿਜਕੁ ਸੰਬਾਹੇ॥ ਕਰਣ ਕਾਰਣ ਸਮਰਥ ਆਪਾਹੇ॥"

[ਮਾਰੂ ਸੋਲਹੇ ਮਹਲਾ ੫, ਪੰਨਾ ੧੦੭੧]

ਤਥਾ—"ਲਖ ਚਉਰਾਸੀਹ ਜੀਅ ਉਪਾਏ॥ ਗਿਆਨੀ ਧਿਆਨੀ ਆਖਿ ਸੁਣਾਏ॥
ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ॥ ੨॥"

[ਮਾਰੂ ਸੋਲਹੇ ਮਹਲਾ ੩, ਪੰਨਾ ੧੦੪੫]

ਤਥਾ—"ਜਾਨ ਕੋ ਦੇਤ ਅਜਾਨ ਕੋ ਦੇਤ, ਜ਼ਮੀਨ ਕੋ ਦੇਤ ਜ਼ਮਾਨ ਕੋ ਦੈ ਹੈ॥
ਕਾਹੇ ਕੋ ਡੋਲਤ ਹੈ, ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ॥ ੫॥ ੨੪੭॥"

[ਤ੍ਰਪ੍ਰਸਾਦਿ ਸ੍ਵੱਯੇ, ਪੰਨੇ ੩੫]

ਤਥਾ—"ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ॥
ਕਰਣ ਕਾਰਣ ਸਮਰਥੁ ਹੈ ਘਟਿ ਘਟਿ ਸਭ ਬੋਲੈ॥
ਰਿਜਕੁ ਸਮਾਹੇ ਸਭਸੈ ਕਿਆ ਮਾਣਸੁ ਡੋਲੈ॥"

[ਮਾਰੂ ਵਾਰ ਡਖਣੇ ਮਹਲਾ ੫, ਪੰਨਾ ੧੧੦੨]

ਉਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥

ਦੇਖ ! ਊਡੇ=ਕੂੰਜਾਂ ਉਡ ਕੇ ਸੈ ਕੋਸਾ=ਸੈਂਕੜੇ ਕੋਹਾਂ ਆਉਂਦੀਆਂ ਹਨ, ਤਿਸੁ ਪਾਛੈ=ਤਿਸੁ ਆਪਣੇ ਔਣ ਤੋਂ ਪਿੱਛੇ ਬਚਰੇ=ਬੱਚਿਆਂ ਨੂੰ ਛੱਡ ਕੇ ਆਉਂਦੀਆਂ ਹਨ।

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ

ਉਹਨਾਂ ਬੱਚਿਆਂ ਨੂੰ ਚਿੜੀ ਵਾਂਗ ਖਲਾਵੈ=ਖੁਆਲਦਾ ਕੌਣ ਹੈ ?

ਅਤੇ ਕੁੱਕੜੀ ਵਾਂਗ ਚੋਗਾ ਚੁਗਾਵੈ=ਚੁਗਾਉਂਦਾ ਕੌਣ ਹੈ ?

ਭਾਵ ਨਾ ਕੋਈ ਚੋਗਾ ਖੁਆਲਦਾ ਹੈ ਨਾ ਹੀ ਕੋਈ ਚੁਗਾਉਂਦਾ ਹੈ।

ਪ੍ਰਸ਼ਨ-ਉਹਨਾਂ ਬੱਚਿਆਂ ਦੀ ਪਾਲਣਾ ਫਿਰ ਕਿਵੇਂ ਹੁੰਦੀ ਹੈ? ਉੱਤਰ-

ਮਨ ਮਹਿ ਸਿਮਰਨੁ ਕਰਿਆ ॥ ੩ ॥

ਉਹਨਾਂ ਬੱਚਿਆਂ ਦੀ ਮਾਂ ਕੂੰਜ ਜੋ ਆਪਣੇ ਮਨ ਵਿਚ ਬੱਚਿਆਂ ਦਾ ਸਿਮਰਨ ਕਰਦੀ ਰਹਿੰਦੀ ਹੈ, ਇਤਨੇ ਵਿਚ ਹੀ ਉਹਨਾਂ ਦੀ ਪਾਲਣਾ ਹੁੰਦੀ ਹੈ।

ਯਥਾ—"ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥"

[ਗਉੜੀ ਬੈਰਾਗਣਿ ਮਹਲਾ ੪, ਪੰਨਾ ੧੬੮]

ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥

ਹੇ ਭਾਈ ਗੁਰਦਾਸ ਜੀ ! ਸਾਰੀਆਂ ਨਿਧਾਨ=ਨਿੱਧੀਆਂ ਅਤੇ ਦਸ ਅਸਟ=ਅਠਾਰਾਂ ਸਿਧਾਨ=ਸਿੱਧੀਆਂ ਠਾਕੁਰ=ਪਰਮਾਤਮਾ ਨੇ ਆਪਣੇ ਕਰ=ਹੱਥ ਦੀ ਤਲੀ ਪਰ ਧਰੀਆਂ ਹੋਈਆਂ ਹਨ ਕਿ ਜਿਸ ਵੇਲੇ ਭੀ ਕੋਈ ਭਗਤ ਆ ਕੇ ਮੰਗੇ ਉਸ ਨੂੰ ਦੇਣ ਲੱਗਿਆਂ ਦੇਰ ਨਾ ਲੱਗੇ।

ਵਾ-ਸਾਰੀਆਂ ਨਿੱਧੀਆਂ ਅਤੇ ਅਠਾਰਾਂ ਸਿੱਧੀਆਂ ਪਰਮਾਤਮਾ ਨੇ ਆਪਣੇ ਸੇਵਕ ਦੇ ਹੱਥ ਦੀ ਤਲੀ ਪਰ ਰੱਖੀਆਂ ਹੋਈਆਂ ਹਨ, ਕਿਉਂਕਿ ਕਈ ਸੇਵਕ ਭਗਤ ਸ਼ਰਮ ਕਰ ਕੇ ਮੰਗਦੇ ਨਹੀਂ ਹਨ।

ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਪਰਮੇਸ਼ਰ ! ਅਸੀਂ ਮਨ ਕਰ ਕੇ ਬਲਿਹਾਰ, ਤਨ ਕਰਕੇ ਬਲਿਹਾਰ, ਬਾਣੀ ਕਰ ਕੇ ਭੀ ਸਦਾ ਬਲਿਹਾਰ ਜਾਂਦੇ ਹਾਂ।

ਵਾ-ਤਿੰਨਾਂ ਕਾਲਾਂ ਵਿਖੇ ਬਲਿਹਾਰ ਜਾਂਦੇ ਹਾਂ।

ਵਾ-ਹੇ ਬਲਿ ਬਲਿ ਪ੍ਰਕਾਸ਼ ਰੂਪ ਪਰਮਾਤਮਾ ! ਅਸੀਂ ਸਦਾ ਆਪ ਜੀ ਤੋਂ ਬਲਿਹਾਰ ਜਾਂਦੇ ਹਾਂ।

ਵਾ-ਹੇ ਬਲਿਹਾਰ ਜਾਣੇ ਜੋਗ ! ਮੈਂ ਹਮੇਸ਼ਾਂ ਹੀ ਆਪ ਤੋਂ ਬਲਿ ਬਲਿ=ਬਲਿਹਾਰ ਕੁਰਬਾਨ ਜਾਂਦਾ ਹਾਂ।

ਵਾ-ਜਿਹੜੇ ਬਲਿਹਾਰ ਗਏ ਹਨ ਉਨ੍ਹਾਂ ਦੁਆਰੇ ਮੈਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਯਥਾ—"ਪਤਿਤ ਉਧਾਰਨ ਤਾਰਨ ਬਲਿ ਬਲਿ ਬਲੇ ਬਲਿ ਜਾਈਐ॥"

[ਮਾਰੂ ਮਹਲਾ ੫, ਪੰਨਾ ੧੦੦੫]

ਤੇਰਾ ਅੰਤੁ ਨ ਪਾਰਾਵਰਿਆ ॥ ੪ ॥ ੫ ॥

ਆਪ ਜੀ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ॥ ੪ ॥ ੫ ॥

ਰਾਗੁ ਆਸਾ ਮਹਲਾ ੪ ਸੋ ਪੁਰਖ*

੧ਓ ਸਤਿਗੁਰ ਪ੍ਰਸਾਦਿ॥

ਚੌਥੇ ਪਾਤਿਸ਼ਾਹ ਜੀ ਦਾ ਸ਼ਬਦ ਫਿਰ ਕਥਨ ਕਰਦੇ ਹਨ।

ਸੋ ਪੁਰਖੁ=ਛੰਦ ਦੀ ਚਾਲ ਹੈ।

ਅਥਵਾ-ਸੋ=ਉਸ ਅਕਾਲ ਪੁਰਖ ਦਾ ਜਸ ਕਥਨ ਕਰਦੇ ਹਨ।

ਅਥਵਾ-ਸੋ ਪੁਰਖੁ=ਉਹ ਪ੍ਰਮਾਤਮਾ ਸਾਰੇ ਪੂਰਨ ਹੈ। "ਸੋ ਪੁਰਖੁ" ਅਗਲੀ ਤੁਕ ਦਾ ਅਰਥ ਕਰਨ ਲਗਿਆਂ ਵਿਚ ਭੀ ਲੱਗੇਗਾ।

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥

ਇਸ ਪੰਗਤੀ ਵਿਖੇ 'ਸੋ' ਪਦ ਇਕ ਹੈ। ਦੋਂਹ ਦਾ ਅਧਿਆਹਾਰ ਕਰਕੇ ਤਿੰਨ 'ਸੋ' ਪਦ ਕਰੋ।

ਇਸ ਪੰਗਤੀ ਵਿਖੇ 'ਪੁਰਖੁ' ਪਦ ਦੋ ਹਨ ਇਕ ਉੱਪਰਲਾ 'ਪੁਰਖੁ' ਪਦ ਰਲਾ ਕੇ ਤਿੰਨ 'ਪੁਰਖੁ'' ਪਦ ਕਰੋ।

ਇਸ ਪੰਗੜੀ ਵਿਚ 'ਨਿਰੰਜਨੁ' ਪਦ ਦੋ ਹਨ ਇਕ ਦਾ ਅਧਿਆਹਾਰ ਕਰ ਕੇ ਤਿੰਨ 'ਨਿਰੰਜਨੁ' ਪਦ ਕਰੋ।

ਇਸ ਪੰਗਤੀ ਵਿਚ 'ਹਰਿ' ਪਦ ਦੋ ਹਨ ਇਕ ਦਾ ਅਧਿਆਹਾਰ ਕਰ ਕੇ ਤਿੰਨ 'ਹਰਿ' ਪਦ ਕਰੋ।

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਰਹਰਾਸਿ ਸਾਹਿਬ (ਪੰਨਾ ੧੦)	ਆਸਾ ਰਾਗੁ (ਪੰਨਾ ੩੪੮)
'ਰਾਗੁ' ਆਸਾ ਮਹਲਾ ੪ 'ਸੋ ਪੁਰਖੁ'	'ਆਸਾ ਮਹਲਾ ੪॥'
੧ਓ ਸਤਿਗੁਰ ਪ੍ਰਸਾਦਿ॥	
'ਤੂ' ਘਟ ਘਟ ਅੰਤਰਿ	'ਤੂੰ' ਘਟ ਘਟ ਅੰਤਰਿ
ਸੇ ਮੁਕਤੁ ਸੇ ਮੁਕਤੁ ਭਏ, ਜਿਨ ਹਰਿ ਧਿਆਇਆ 'ਜੀ'	ਸੇ ਮੁਕਤੁ ਸੇ ਮੁਕਤੁ ਭਏ, ਜਿਨ੍ ਹਰਿ ਧਿਆਇਆ 'ਜੀਉ'
ਤਿਨ 'ਤੂਟੀ' ਜਮ ਕੀ ਫਾਸੀ॥	ਤਿਨ 'ਟੂਟੀ' ਜਮ ਕੀ ਫਾਸੀ॥
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ 'ਜੀ'	ਜਿਨ ਨਿਰਭਉ ਜਿਨ੍ ਹਰਿ ਨਿਰਭਉ ਧਿਆਇਆ 'ਜੀਉ'
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ 'ਜੀ'	ਜਿਨ੍ ਸੇਵਿਆ ਜਿਨ੍ ਸੇਵਿਆ ਮੇਰਾ ਹਰਿ 'ਜੀਉ'
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ 'ਜੀ'	ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ 'ਜੀਉ'
ਭਰੇ 'ਬਿਅੰਤ' ਬੇਅੰਤਾ॥	ਭਰੇ 'ਬੇਅੰਤ' ਬੇਅੰਤਾ॥

ਇਸ ਤਰ੍ਹਾਂ ਤਿੰਨ ਤਿੰਨ ਪਦ ਜੋੜ ਕੇ ਇਸ ਰੀਤੀ ਨਾਲ ਅਰਥ ਕਰਨਾ-

ਸੋ ਹਰੀ ਨਿਰੰਜਨ ਪੁਰਖੁ ਪਿੱਛੇ ਅਗਮ ਸੀ।

ਸੋ ਹਰੀ ਨਿਰੰਜਨ ਪੁਰਖ ਹੁਣ ਅਗਮ ਹੈ।

ਸੋ ਹਰੀ ਨਿਰੰਜਨ ਪੁਰਖ ਅੱਗੇ ਅਪਾਰ ਹੋਵੇਗਾ।

ਪੁਨਾ-ਸ਼ੰਕਾ ਵਾਦੀ ਨੇ ਬੇਨਤੀ ਕੀਤੀ-''ਇਸ ਵਿਖੇ ਅਤੀ ਵਿਆਪਤੀ ਅਤੇ ਗੌਰਵਤਾ ਆਦਿ ਦੋਸ਼ ਪ੍ਰਤੀਤ ਹੁੰਦੇ ਹਨ। ''ਸੋ ਪੁਰਖੁ ਨਿਰੰਜਨੁ'' ਇਤਨਾਂ ਹੀ ਪਦ ਰਹਿਣ ਦਿੰਦੇ। 'ਹਰਿ ਪੁਰਖੁ ਨਿਰੰਜਨੁ' ਆਪ ਜੀ ਨੇ ਕਿਉਂ ਕਿਹਾ ਹੈ ?''

ਉੱਤਰ-ਜੇਕਰ 'ਪੁਰਖੁ ਨਿਰੰਜਨ' ਹੀ ਰਹਿਣ ਦਿੰਦੇ ਤਾਂ 'ਨਿਰੰਜਨੁ ਪੁਰਖੁ' ਮਹਤਮਾਂ ਵਿਖੇ ਘਟਦਾ ਹੈ।

ਲੱਛਣ ਕੀਤਾ ਸੀ ਬ੍ਰਹਮ ਦਾ ਤੇ ਘਟ ਗਿਆ ਮਹਾਤਮਾਂ ਵਿਖੇ ਇਸ ਲਈ ਅਸੀਂ 'ਹਰਿ ਪੁਰਖੁ ਨਿਰੰਜਨੁ' ਕਿਹਾ ਹੈ।

ਪੁਨਾ ਬੇਨਤੀ ਕੀਤੀ-'ਹਰਿ ਪੁਰਖੁ ਨਿਰੰਜਨੁ' ਹੀ ਰਹਿਣ ਦਿੰਦੇ।

'ਹਰਿ ਅਗਮਾ' ਕਿਉਂ ਕਿਹਾ ਹੈ ?

ਉੱਤਰ-'ਹਰਿ ਪੁਰਖੁ ਨਿਰੰਜਨ' ਤਾਂ ਸ੍ਰੀ ਰਾਮਚੰਦਰ ਜੀ ਦਾ ਨਾਮ ਹੈ, ਇਸ ਲਈ ਅਸਾਂ ਨੇ 'ਹਰਿ ਅਗਮਾ' ਕਿਹਾ ਹੈ ਕਿ ਉਹ ਹਰੀ ਡਰ ਤੋਂ ਰਹਿਤ ਹੈ।

ਸ੍ਰੀ ਰਾਮਚੰਦਰ ਜੀ ਤਾਂ ਡਰ ਦੇ ਸਹਿਤ ਹੋਏ ਹਨ, ਕਿਉਂਕਿ ਜਿਸ ਵੇਲੇ ਰਾਮਚੰਦਰ ਜੀ ਬਨਵਾਸੀ ਹੋਏ ਸਨ ਤਾਂ ਲਛਮਣ ਧਨੁਖ ਬਾਣ ਲੈ ਕੇ ਖੜਾ ਰਹਿੰਦਾ ਸੀ।

ਪੁਨਾ ਬੇਨਤੀ ਕੀਤੀ-'ਹਰਿ ਅਗਮਾ' ਇਤਨਾ ਪਦ ਹੀ ਰਹਿਣ ਦਿੰਦੇ, 'ਅਗਮ ਅਪਾਰਾ' ਕਿਉਂ ਕਿਹਾ ਹੈ ?

ਉੱਤਰ-'ਹਰਿ ਅਗਮਾ' ਪਦ ਹਰਨਾਖਸ਼ ਵਿਖੇ ਘਟਦਾ ਹੈ।

ਭਾਵ ਹਰਨਾਖਸ਼ ਡਰ ਤੋਂ ਰਹਿਤ ਹੋਇਆ ਹੈ, ਜਿਸ ਨੇ ਵਿਸ਼ਨਪੁਰੀ ਵਿਚ ਜਾ ਕੇ ਵਿਸ਼ਨੂੰ ਨੂੰ ਦੁੜਾਕੇ ਆਪਣਾ ਨਾਮ ਜਪਾਇਆ ਹੈ।

'ਜਲੇ ਹਰਨਾਖਸ਼, ਥਲੇ ਹਰਨਾਖਸ਼ , ਹੈ ਭੀ ਹਰਨਾਖਸ਼, ਹੋਸੀ ਭੀ ਹਰਨਾਖਸ਼।'

ਇਸ ਵਾਸਤੇ ਅਸਾਂ ਨੇ 'ਅਗਮ ਅਪਾਰਾ' ਪਦ ਕਿਹਾ ਹੈ। ਕਿ

ਉਹ ਪਰਮੇਸ਼ਰ ਅਗਮ=ਸ਼ਾਸਤ੍ਰਾਂ ਕਰ ਕੇ ਅਪਾਰਾ=ਬਿਅੰਤ ਹੈ।

ਯਥਾ— ''ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ ੪॥''

[ਆਸਾ ਮਹਲਾ ੫, ਪੰਨਾ ੩੯੭]

ਹਰਨਾਖਸ਼ ਵਿਖੇ ਇਹ ਪਦ ਨਹੀਂ ਘਟ ਸਕਦਾ, ਕਿਉਂਕਿ ਉਸ ਦੇ ਜਸ ਨੂੰ ਸ਼ਾਸਤ੍ਰ ਕੋਈ ਨਹੀਂ ਕਥਨ ਕਰਦਾ।

ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਹੇ ਸਭ ਦੇ ਸਿਰਜਣ ਵਾਲੇ ਸੱਚੇ ਹਰੀ ! ਸਾਰੇ ਪੁਰਸ਼ ਆਪ ਜੀ ਨੂੰ ਧਿਆਉਂਦੇ ਹਨ, ਸਾਰੇ ਪੁਰਸ਼ ਆਪ ਜੀ ਨੂੰ ਧਿਆਉਂਦੇ ਹਨ।

ਦੂਜਾ ਅਰਥ-ਪਿੱਛੇ ਭੀ ਸਾਰੇ ਪੁਰਸ਼ ਆਪ ਜੀ ਨੂੰ ਧਿਆਉਂਦੇ ਸਨ।

ਹੁਣ ਵੀ ਸਾਰੇ ਪੁਰਸ਼ ਆਪ ਜੀ ਨੂੰ ਧਿਆਉਂਦੇ ਹਨ, ਅੱਗੇ ਵੀ ਸਾਰੇ ਪੁਰਸ਼ ਆਪ ਜੀ ਨੂੰ ਧਿਆਉਣਗੇ।

ਤੀਜਾ ਅਰਥ-ਮਨ ਕਰ ਕੇ ਵੀ ਸਾਰੇ ਆਪ ਜੀ ਨੂੰ ਧਿਆਉਂਦੇ ਹਨ।

ਬਾਣੀ ਕਰ ਕੇ ਵੀ ਸਾਰੇ ਆਪ ਜੀ ਨੂੰ ਧਿਆਉਂਦੇ ਹਨ।

ਤਨ ਕਰ ਕੇ ਵੀ ਸਾਰੇ ਆਪ ਜੀ ਨੂੰ ਧਿਆਉਂਦੇ ਹਨ।

ਚੌਥਾ ਅਰਥ:-ਹੇ ਸਾਰਿਆਂ ਕਰਕੇ ਧਿਆਉਣ ਜੋਗ ਤੇ ਸਿਰਜਣੇ ਵਾਲੇ ਸੱਚੇ ਹਰੀ ! ਸਾਰੇ ਪੁਰਸ਼ ਆਪ ਜੀ ਨੂੰ ਧਿਆਉਂਦੇ ਹਨ।

ਵਾ-ਧਿਆਉਣ ਵਾਲੇ ਹੋ ਕੇ ਸਾਰੇ ਪੁਰਸ਼ ਆਪ ਜੀ ਨੂੰ ਸ+ਭਿ=ਸਹਿਤ ਭੈ ਦੇ ਧਿਆਉਂਦੇ ਹਨ।

ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥

ਹੇ ਮਹਾਰਾਜ ! ਸਾਰੇ ਜੀਵ ਆਪ ਜੀ ਦੇ ਦਾਸ ਹਨ, ਤੂੰ ਸਾਰਿਆਂ ਜੀਆਂ ਦਾ ਦਾਤਾ ਹੈਂ।

ਯਥਾ—"ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ॥
ਅਉਗੁਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥"

[ਮਾਰੂ ਵਾਰ ਡਖਣੇ, ਪੰਨਾ ੧੧੦੧]

ਤਥਾ—"ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ,
ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ॥
ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ,
ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਦੀ ਸਭ ਲੋਈ॥ ੩ ॥"

[ਬਿਹਾਗੜੇ ਕੀ ਵਾਰ, ਪੰਨਾ ੫੪੯]

ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥

ਹੇ ਸੰਤ ਜੀ ! ਹਰੀ ਨੂੰ ਧਿਆਵੋ।

ਵਾ-ਸੰਤਾਂ ਨਾਲ ਮਿਲ ਕੇ ਜੀਅ ਵਿਖੇ ਹਰੀ ਨੂੰ ਧਿਆਵੋ। ਜੋ ਹਰੀ ਸਾਰਿਆਂ ਦੁਖਾਂ ਦੇ ਵਿਸਾਰਣ ਹਾਰਾ=ਦੂਰ ਕਰਨ ਵਾਲਾ ਹੈ।

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧ ॥

ਸਚਮੁਚ ਹਰੀ ਆਪ ਹੀ ਸਾਰਿਆਂ ਦਾ ਠਾਕੁਰ=ਸੁਆਮੀ ਹੈ।

ਹਰੀ ਆਪ ਹੀ ਸਾਰਿਆਂ ਦਾ ਸੇਵਕ ਹੈ।

ਗੁਰੂ ਜੀ ਕਥਨ ਕਰਦੇ ਹਨ-ਵਿਚਾਰਾ ਜੀ ਕੀ ਸ਼ੈ ਹੈ, ਭਾਵ ਤੁਛ ਹੈ।

ਵਾ-ਵਿਚਾਰਨਾ ਕਰੋ ਜੀਵ ਦੀ ਕੀ ਹਸਤੀ ਹੈ ਜੋ ਉਸ ਦੇ ਸਾਰੇ ਗੁਣ ਕਹਿ ਸਕੇ।

ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥

ਹੇ ਹਰਿ ਜੀ ! ਇਕ ਤੂੰ ਹੀ ਪੁਰਖੁ ਸਾਰਿਆਂ ਘਟਾਂ ਦੇ ਅੰਦਰ ਨਿਰੰਤਰਿ=ਇਕ ਰਸ ਸਮਾ ਰਿਹਾ ਹੈਂ।

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥

ਹੇ ਹਰਿ ਜੀ ! ਇਕ ਦਾਤੇਂ ਬਣਾਏ ਹਨ, ਇਕ ਭੇਖਾਰੀ=ਮੰਗਤੇ ਬਣਾਏ ਹਨ।

ਇਹ ਸਾਰੇ ਤੇਰੇ ਹੀ ਵਿਡਾਣਾ ਚੋਜ=ਅਸਚਰਜ ਕੌਤਕ ਹਨ।

ਯਥਾ—"ਤੇਰੇ ਚੋਜ ਨਾ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ॥ ੧॥"

[ਮਾਰੂ ਮਹਲਾ ੧, ਪੰਨਾ ੧੦੩੧]

ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥

ਹੇ ਹਰਿ ਜੀ ! ਤੂੰ ਆਪ ਹੀ ਦਾਤਾ ਹੈਂ, ਆਪ ਹੀ ਪਦਾਰਥਾਂ ਦੇ ਭੋਗਣ ਵਾਲਾ ਹੈਂ।

ਤੇਰੇ ਬਿਨਾਂ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ।

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਹੇ ਪਾਰਬ੍ਰਹਮ ਜੀ ! ਤੂੰ ਬਿਅੰਤ ਹੈਂ, ਤੂੰ ਬਿਅੰਤ ਹੈਂ।

ਅਥਵਾ-ਤੂੰ ਪਿੱਛੇ ਵੀ ਬਿਅੰਤ ਸੀ, ਹੁਣ ਵੀ ਬਿਅੰਤ ਹੈਂ, ਅੱਗੇ ਵੀ ਬਿਅੰਤ ਹੋਵੇਂਗਾ।

ਅਥਵਾ-ਮਨ ਕਰ ਕੇ ਵੀ ਬਿਅੰਤ ਹੈਂ, ਬਾਣੀ ਕਰਕੇ ਵੀ ਬਿਅੰਤ ਹੈਂ, ਤਨ ਕਰਕੇ ਵੀ ਬਿਅੰਤ ਹੈਂ।

ਅਥਵਾ-ਹੇ ਪਾਰਬ੍ਰਹਮ! ਤੂੰ ਭੀ ਬਿਅੰਤ ਹੈਂ, ਤੇਰੇ ਗੁਣ ਭੀ ਬਿਅੰਤ ਹਨ।

ਯਥਾ—'ਕਿਆ ਕਹੀਐ ਗੁਣ ਕਥਹਿ ਘਨੇਰੈ॥ ਅੰਤੁ ਨ ਪਾਵਹਿ ਵਡੇ ਵਡੇਰੇ॥'

[ਮਾਰੂ ਮਹਲਾ ੧, ਪੰਨਾ ੧੦੩੩]

ਅਥਵਾ-ਹੇ ਬਿਅੰਤ ਗੁਣਾਂ ਵਾਲੇ ਪਾਰਬ੍ਰਹਮ! ਤੇਰੇ ਵਿਖੇ ਬੇ+ਅੰਤੁ=ਦ੍ਵੈਤ ਦਾ ਅੰਤ ਹੈ, ਤੇਰੇ ਗੁਣ ਮੈਂ ਕੀ ਕੀ ਕਹਿ ਕੇ ਵਰਣਨ ਕਰਾਂ।

ਯਥਾ—"ਈਸਰੁ ਬ੍ਰਹਮਾ ਦੇਵੀ ਦੇਵਾ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ॥
ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ॥ ੩॥"

[ਮਾਰੂ ਮਹਲਾ ੧, ਪੰਨਾ ੧੦੩੪]

ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥ ੨॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਹੇ ਮਹਾਰਾਜ ਜੀ ! ਜੋ ਆਪ ਜੀ ਨੂੰ ਸੇਂਵਦੇ ਹਨ, ਜੋ ਆਪ ਜੀ ਨੂੰ ਸੇਂਵਦੇ ਹਨ, ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ।

ਅਥਵਾ-ਜੋ ਆਪ ਜੀ ਨੂੰ ਪਿੱਛੇ ਸੇਂਵਦੇ ਸਨ, ਜੋ ਹੁਣ ਸੇਂਵਦੇ ਹਨ, ਜੋ ਅੱਗੇ ਸੇਵਨਗੇ, ਉਹਨਾਂ ਤੋਂ ਮੈਂ ਜਨ ਬਲਿਹਾਰ ਜਾਂਦਾ ਹਾਂ।

ਅਥਵਾ-ਮਨ ਕਰਕੇ ਜੋ ਆਪ ਜੀ ਨੂੰ ਸੇਂਵਦੇ ਹਨ, ਬਾਣੀ ਕਰਕੇ ਜੋ ਆਪ ਜੀ ਨੂੰ ਸੇਂਵਦੇ ਹਨ, ਤਨ ਕਰਕੇ ਜੋ ਆਪ ਜੀ ਨੂੰ ਸੇਂਵਦੇ ਹਨ।

ਅਥਵਾ:-ਹੇ ਸੇਵਨੇ ਜੋਗ ਪਰਮਾਤਮਾ ! ਜੋ ਜੋ ਪੁਰਸ਼ ਆਪ ਜੀ ਨੂੰ ਸੇਂਵਦੇ ਹਨ, ਮੈਂ ਜਨ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ।

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਹੇ ਹਰਿ ਜੀ ! ਜੋ ਪੁਰਸ਼ ਆਪ ਜੀ ਨੂੰ ਧਿਆਉਂਦੇ ਹਨ, ਹੇ ਹਰਿ ਜੀ ! ਜੋ ਪੁਰਸ਼ ਆਪ ਜੀ ਨੂੰ ਧਿਆਉਂਦੇ ਹਨ, ਉਹ ਪੁਰਸ਼ ਕਲਜੁਗ ਵਿਚ ਸੁਖ ਪੂਰਬਕ ਵਸਦੇ ਹਨ।

ਅਥਵਾ-ਹੇ ਹਰਿ ਜੀ ! ਜੋ ਆਪ ਜੀ ਨੂੰ ਪਿੱਛੇ ਧਿਆਉਂਦੇ ਸਨ।

ਹੇ ਹਰਿ ਜੀ ! ਜੋ ਆਪ ਜੀ ਨੂੰ ਹੁਣ ਧਿਆਉਂਦੇ ਹਨ।

ਜੋ ਅੱਗੇ ਆਪ ਜੀ ਨੂੰ ਧਿਆਉਂਣਗੇ ਉਹ ਪੁਰਸ਼ ਚਾਰੇ ਜੁਗਾਂ ਵਿਚ ਸੁਖ ਪੂਰਬਕ ਵੱਸਣਗੇ।

ਅਥਵਾ-ਮਨ, ਬਾਣੀ, ਸਰੀਰ ਕਰ ਕੇ ਜੋ ਆਪ ਜੀ ਨੂੰ ਧਿਆਉਂਦੇ ਹਨ।

ਅਥਵਾ-ਹੇ ਧਿਆਵਣ ਜੋਗ ਹਰਿ ਹਰਿ ! ਜੋ ਪੁਰਸ਼ ਆਪ ਜੀ ਨੂੰ ਧਿਆਉਂਦੇ ਹਨ, ਉਹ ਪੁਰਸ਼ ਚਾਰੇ ਜੁਗ ਜਿਸ ਵਿਖੇ ਵਰਤਣ ਐਸਾ ਜੋ ਸੰਸਾਰ ਹੈ, ਉਸ ਵਿਖੇ ਸੁਖ ਪੂਰਬਕ ਵੱਸਦੇ ਹਨ।

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ

ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਇਆ ਹੈ, ਉਹ ਮੁਕਤ ਰੂਪ ਹੋਏ ਹਨ। ਉਹ ਮੁਕਤ ਰੂਪ ਹੋਏ ਹਨ।

ਅਥਵਾ-ਜਿਨ੍ਹਾਂ ਨੇ ਹਰੀ ਨੂੰ ਹੁਣ ਧਿਆਇਆ ਹੈ, ਉਹ ਵੀ ਮੁਕਤ ਰੂਪ ਹੋਏ ਹਨ।

ਜਿਹੜੇ ਹਰੀ ਨੂੰ ਅੱਗੇ ਧਿਆਵਣਗੇ ਉਹ ਵੀ ਮੁਕਤ ਰੂਪ ਹੋਣਗੇ।

ਅਥਵਾ-ਜਿਨ੍ਹਾਂ ਨੇ ਮੁਕਤ ਰੂਪ ਹਰੀ ਨੂੰ ਧਿਆਉਣਾ ਕੀਤਾ ਹੈ ਸੇ=ਉਹ ਪੁਰਸ਼ ਸੇ=ਤਿੰਨਾਂ ਲੋਕਾਂ ਵਿਖੇ ਮੁਕਤ ਰੂਪ ਹੋਏ ਹਨ। ਅਤੇ-

ਤਿਨ ਤੂਟੀ ਜਮ ਕੀ ਫਾਸੀ॥

ਉਹਨਾਂ ਦੇ ਗਲੋਂ ਜਮਾਂ ਦੀ ਫਾਹੀ ਟੁੱਟ ਗਈ ਹੈ।

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਜਿਨ੍ਹਾਂ ਨੇ ਨਿਰਭਉ ਹਰੀ ਨੂੰ ਧਿਆਇਆ ਹੈ, ਜਿਨ੍ਹਾਂ ਨੇ ਨਿਰਭਉ ਹਰੀ ਨੂੰ ਧਿਆਇਆ ਹੈ।

ਅਥਵਾ-ਜਿਨ੍ਹਾਂ ਨੇ ਪਿੱਛੇ ਨਿਰਭਉ ਹਰੀ ਨੂੰ ਧਿਆਇਆ ਸੀ।

ਜਿਨ੍ਹਾਂ ਨੇ ਹੁਣ ਨਿਰਭਉ ਹਰੀ ਨੂੰ ਧਿਆਇਆ ਹੈ।

ਜਿਹੜੇ ਅੱਗੇ ਨਿਰਭਉ ਹਰੀ ਨੂੰ ਧਿਆਉਣਗੇ।

ਅਥਵਾ-ਮਨ, ਬਾਣੀ, ਸਰੀਰ ਕਰ ਕੇ ਜਿਨ੍ਹਾਂ ਨੇ ਨਿਰਭਉ ਹਰੀ ਨੂੰ ਧਿਆਇਆ ਹੈ।

ਅਥਵਾ-ਜਿਨ੍ਹਾਂ ਜਿਨ੍ਹਾਂ ਨੇ ਨਿਰਭਉ ਹੋਣ ਵਾਸਤੇ ਨਿਰਭੈ ਹਰਿ ਜੀ ਨੂੰ ਧਿਆਇਆ ਹੈ।

ਤਿਨ ਕਾ ਭਉ ਸਭੁ ਗਵਾਸੀ॥

ਉਹਨਾਂ ਦਾ ਜਨਮ ਮਰਨ ਦਾ ਸਾਰਾ ਭਉ=ਡਰ ਗਵਾ ਦੇਂਦਾ ਹੈ।

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਜਿਨ੍ਹਾਂ ਨੇ ਮੇਰੇ ਹਰਿ ਜੀ ਨੂੰ ਸੇਵਿਆ ਹੈ, ਜਿਨ੍ਹਾਂ ਨੇ ਮੇਰੇ ਹਰਿ ਜੀ ਨੂੰ ਸੇਵਿਆ ਹੈ।

ਅਥਵਾ-ਜਿਨ੍ਹਾਂ ਨੇ ਪਿੱਛੇ ਮੇਰੇ ਹਰਿ ਜੀ ਨੂੰ ਸੇਵਿਆ ਸੀ, ਜਿਨ੍ਹਾਂ ਨੇ ਹੁਣ ਮੇਰੇ ਹਰਿ ਜੀ ਨੂੰ ਸੇਵਿਆ ਹੈ ਅਤੇ ਅੱਗੇ ਸੇਵਨਗੇ।

ਅਥਵਾ-ਜਿਨ੍ਹਾਂ ਨੇ ਮਨ ਕਰ ਕੇ ਮੇਰੇ ਹਰਿ ਜੀ ਨੂੰ ਸੇਵਿਆ ਹੈ, ਜਿਨ੍ਹਾਂ ਨੇ ਬਾਣੀ ਕਰ ਕੇ ਮੇਰੇ ਹਰਿ ਜੀ ਨੂੰ ਸੇਵਿਆ ਹੈ, ਜਿਨ੍ਹਾਂ ਨੇ ਤਨ ਕਰ ਕੇ ਮੇਰੇ ਹਰਿ ਜੀ ਨੂੰ ਸੇਵਿਆ ਹੈ।

ਅਥਵਾ-ਜਿਨ੍ਹਾਂ ਜਿਨ੍ਹਾਂ ਨੇ ਸੇਵਨ ਯੋਗ ਮੇਰੇ ਹਰਿ ਜੀ ਨੂੰ ਸੇਵਿਆ ਹੈ।

ਉਹ ਪੁਰਸ਼ ਹਰਿ ਹਰਿ ਦੇ ਸਰੂਪ ਵਿਖੇ ਸਮਾਉਂਦੇ ਹਨ।

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ॥੩॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਉਹ ਪੁਰਸ਼ ਧੰਨ ਹਨ, ਉਹ ਪੁਰਸ਼ ਧੰਨ ਹਨ, ਜਿਨ੍ਹਾਂ ਨੇ ਹਰੀ ਨੂੰ ਧਿਆਉਣਾ ਕੀਤਾ ਹੈ।

ਅਥਵਾ-ਨਿਸਚੇ ਅਰਥ-ਉਹ ਪੁਰਸ਼ ਧੰਨ ਹਨ, ਉਹ ਪੁਰਸ਼ ਧੰਨ ਹਨ, ਉਹ ਪੁਰਸ਼ ਧੰਨ ਹਨ।

ਅਥਵਾ-ਉਹ ਪੁਰਸ਼ ਪਿੱਛੇ ਵੀ ਧੰਨ ਸਨ, ਹੁਣ ਭੀ ਧੰਨ ਹਨ, ਅੱਗੇ ਵੀ ਧੰਨ ਹੋਣਗੇ।

ਅਥਵਾ-ਜਿਨ੍ਹਾਂ ਨੇ ਧੰਨਤਾ ਜੋਗ ਹਰੀ ਨੂੰ ਧਿਆਇਆ ਹੈ, ਸੇ=ਉਹ ਪੁਰਸ਼ ਸੇ=ਤਿੰਨਾਂ ਦੇਵਤਿਆਂ ਕਰ ਕੇ ਧੰਨਤਾ ਜੋਗ ਹਨ, ਮੈਂ ਜਨ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ॥ ੩॥

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਹੇ ਮਹਾਰਾਜ ਜੀ ! ਤੇਰੀ ਭਗਤੀ ਦੇ ਬਿਅੰਤ ਭੰਡਾਰੇ ਭਰੇ ਹੋਏ ਹਨ, ਤੇਰੀ ਭਗਤੀ ਦੇ ਬਿਅੰਤ ਭੰਡਾਰੇ ਭਰੇ ਹੋਏ ਹਨ।

ਯਥਾ—"ਤੇਰੀ ਭਗਤਿ ਭੰਡਾਰ ਅਸੰਖ, ਜਿਸੁ ਤੂ ਦੇਵਹਿ ਮੇਰੇ ਸੁਆਮੀ, ਤਿਸੁ ਮਿਲਹਿ॥"

[ਤੁਖਾਰੀ ਮਹਲਾ ੪, ਪੰਨਾ ੧੧੧੫]

ਤਥਾ—"ਤੂੰ ਆਪੇ ਸਚਾ ਸਿਰਜਣਹਾਰਾ॥ ਭਗਤੀ ਭਰੇ ਤੇਰੇ ਭੰਡਾਰਾ॥"

[ਮਾਝ ਮਹਲਾ ੪, ਪੰਨਾ ੧੩੦]

ਅਥਵਾ-ਪਿੱਛੇ ਵੀ ਤੇਰੀ ਭਗਤੀ ਦੇ ਬਿਅੰਤ ਭੰਡਾਰੇ ਭਰੇ ਹੋਏ ਸਨ, ਹੁਣ ਵੀ ਤੇਰੀ ਭਗਤੀ ਦੇ ਬਿਅੰਤ ਭੰਡਾਰੇ ਭਰੇ ਹੋਏ ਹਨ, ਅੱਗੇ ਵੀ ਤੇਰੀ ਭਗਤੀ ਦੇ ਬਿਅੰਤ ਭੰਡਾਰੇ ਭਰੇ ਹੋਣਗੇ।

ਅਥਵਾ-ਹੇ ਬਿਅੰਤ ਪਰਮਾਤਮਾ ! ਤੇਰੀ ਜੋ ਭਗਤੀ ਹੈ ਤੇਰੀ ਪ੍ਰਾਪਤੀ ਦੇ ਕਰਨ ਵਾਲੀ ਤਿਸ ਭਗਤੀ ਦੇ ਬੇਅੰਤ ਹੀ ਭੰਡਾਰੇ ਮਹਾਤਮਾਂ ਦੇ ਅੰਤਹਕਰਣ ਵਾ ਵੇਦ ਸ਼ਾਸ਼ਤ੍ਰ ਭਰੇ ਹੋਏ ਹਨ।

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਹੇ ਮਹਾਰਾਜ ਜੀ ! ਤੇਰੇ ਭਗਤ ਆਪ ਜੀ ਨੂੰ ਸਲਾਹੁੰਦੇ ਹਨ।

ਤੇਰੇ ਭਗਤ ਆਪ ਜੀ ਨੂੰ ਸਲਾਹੁੰਦੇ ਹਨ।

ਅਥਵਾ-ਪਿੱਛੇ ਵੀ ਤੇਰੇ ਭਗਤ ਆਪ ਜੀ ਨੂੰ ਸਲਾਹੁੰਦੇ ਸਨ।

ਹੁਣ ਵੀ ਤੇਰੇ ਭਗਤ ਆਪ ਜੀ ਨੂੰ ਸਲਾਹੁੰਦੇ ਹਨ।

ਅੱਗੇ ਵੀ ਤੇਰੇ ਭਗਤ ਆਪ ਜੀ ਨੂੰ ਸਲਾਹੁਣਗੇ।

ਵਾ-ਮਨ, ਬਾਣੀ, ਸਰੀਰ ਕਰਕੇ ਆਪ ਜੀ ਨੂੰ ਸਲਾਹੁੰਦੇ ਹਨ।

ਅਥਵਾ-ਤੇਰੇ ਜੋ ਭਗਤ ਹਨ, ਤੇਰੇ ਗੁਣਾਂ ਦੇ ਉਚਾਰਨ ਵਾਲੇ, ਉਹ ਭਗਤ ਆਪ ਜੀ ਨੂੰ ਸਲਾਹੁੰਦੇ ਹਨ। ਹੇ ਹਰੀ ! ਤੂੰ ਆਪ ਬਿਅੰਤ ਹੈਂ। ਤੇਰੇ ਗੁਣ ਵੀ ਅਨੇਕ ਹਨ। ਗੁਣਾਂ ਦੇ ਉਚਾਰਨ ਵਾਲੇ ਪੁਰਸ਼ ਵੀ ਅਨੇਕਾਂ ਹਨ।

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ

[ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ]

ਹੇ ਹਰਿ ਜੀ ! ਤੇਰੀ ਪੂਜਾ ਅਨੇਕਾਂ ਪੁਰਸ਼ ਕਰਦੇ ਹਨ। ਤੇਰੀ ਪੂਜਾ ਅਨੇਕਾਂ ਪੁਰਸ਼ ਕਰਦੇ ਹਨ।

ਅਥਵਾ-ਪਿੱਛੇ ਵੀ ਤੇਰੀ ਪੂਜਾ ਅਨੇਕਾਂ ਪੁਰਸ਼ ਕਰਦੇ ਸਨ। ਹੁਣ ਵੀ ਤੇਰੀ ਪੂਜਾ ਅਨੇਕਾਂ ਪੁਰਸ਼ ਕਰਦੇ ਹਨ। ਅੱਗੇ ਵੀ ਤੇਰੀ ਪੂਜਾ ਅਨੇਕਾਂ ਪੁਰਸ਼ ਕਰਨਗੇ।

ਅਥਵਾ-ਮਨ ਕਰ ਕੇ ਤੇਰੀ ਪੂਜਾ ਅਨੇਕਾਂ ਪੁਰਸ਼ ਕਰਦੇ ਹਨ। ਬਾਣੀ ਕਰਕੇ ਤੇਰੀ ਪੂਜਾ ਅਨੇਕਾਂ ਪੁਰਸ਼ ਕਰਦੇ ਹਨ। ਤਨ ਕਰਕੇ ਤੇਰੀ ਪੂਜਾ ਅਨੇਕਾਂ ਪੁਰਸ਼ ਕਰਦੇ ਹਨ।

ਅਥਵਾ-ਹੇ ਹਰੀ ! ਤੇਰੀ ਪੂਜਾ ਵੀ ਅਨੇਕ ਪ੍ਰਕਾਰ ਦੀ ਹੈ, ਤੇਰੀ ਪੂਜਾ ਦੇ ਕਰਨ ਵਾਲੇ ਪੁਰਸ਼ ਵੀ ਅਨੇਕ ਪ੍ਰਕਾਰ ਦੇ ਹਨ।

ਅਥਵਾ-ਹੇ ਹਰੀ ! ਤੇਰੀ ਜੋ ਅਨੇਕ ਪ੍ਰਕਾਰ ਦੀ ਪੂਜਾ ਹੈ,

ਤੇਰੀ ਪ੍ਰਾਪਤੀ ਦੇ ਕਰਨ ਵਾਲੀ ਉਸ ਪੂਜਾ ਨੂੰ ਅਨੇਕਾਂ ਪੁਰਸ਼ ਕਰਦੇ ਹਨ।

ਤਪੁ ਤਾਪਹਿ ਜਪਹਿ ਬੇਅੰਤਾ ॥

ਬਿਅੰਤ ਹੀ ਪੁਰਸ਼ ਤਪ ਨੂੰ ਤਪਦੇ ਹਨ ਅਤੇ ਗੁਣਾਂ ਨੂੰ ਜਪਦੇ ਹਨ।

ਯਥਾ—"ਤਪੁ ਤਾਪਨ ਤਾਪਨਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥"

[ਆਸਾ ਛੰਤ ਮਹਲਾ ੪, ਪੰਨਾ ੪੪੫]

ਤਥਾ—"ਸਭਿ ਚਵਰਿ ਹਲੰ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਦੇ ॥"

[ਤੁਖਾਰੀ ਮਹਲੋ ੪, ਪੰਨਾ ੧੧੧੫]

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ

ਹੇ ਮਹਾਰਾਜ ਜੀ ! ਸਿਮ੍ਰਿਤੀਆਂ ਆਦਿ ਗਰੰਥ ਵੀ ਤੇਰੇ ਅਨੇਕਾਂ ਹਨ।

ਤੇਰੇ ਸ਼ਾਸਤਰ ਵੀ ਅਨੇਕਾਂ ਹਨ, ਅਤੇ ਪੜ੍ਹਨ ਵਾਲੇ ਪੁਰਸ਼ ਵੀ ਬਹੁਤ ਹਨ।

ਕਰਿ ਕਿਰਿਆ ਖਟੁ ਕਰਮ ਕਰੰਤਾ ॥

ਕਰੰਤਾ ਹੋ ਕੇ ਖਟੁ=ਛੇ ਪ੍ਰਕਾਰ ਦੇ ਕਰਮਾਂ ਦੀ ਕਿਰਿਆ ਨੂੰ ਕਰਦੇ ਹਨ।*

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ
ਜੋ ਭਾਵਹਿ ਮੇਰੇ ਹਰਿ ਭਗਵੰਤਾ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਉਹ ਭਗਤ ਭਲੇ ਹਨ, ਉਹ ਭਗਤ ਭਲੇ ਹਨ।

ਅਥਵਾ-ਉਹ ਭਗਤ ਪਿੱਛੇ ਭੀ ਭਲੇ ਸਨ, ਉਹ ਭਗਤ ਹੁਣ ਵੀ ਭਲੇ ਹਨ, ਉਹ ਭਗਤ ਅੱਗੇ ਵੀ ਭਲੇ ਹੋਣਗੇ।

ਅਥਵਾ-ਸੋਈ ਸੋਈ ਭਗਤ, ਭਗਤੀ ਦੇ ਕਰਨ ਵਾਲੇ ਭਲੇ ਹਨ।

ਅਥਵਾ-ਉਹ ਭਗਤ ਭਗਤੀ ਦੇ ਕਰਨ ਵਾਲੇ ਸੇ=ਤਿੰਨਾਂ ਲੋਕਾਂ ਵਿਖੇ ਭਲੇ ਹਨ, ਜੋ ਮੇਰੇ ਹਰੀ ਭਗਵੰਤ ਨੂੰ ਭਾਵਹਿ=ਭਾਉਂਦੇ [ਚੰਗੇ] ਲੱਗਦੇ ਹਨ॥ ੪ ॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥

ਹੇ ਮਹਾਰਾਜ ਜੀ ! ਤੂੰ ਸਭ ਪੁਰਖਾਂ ਦੀ ਆਦ ਹੈਂ, ਅਪਰ=ਸੰਸਾਰ ਤੋਂ ਪਰਾ ਰੂਪ ਹੈਂ। ਪੂਨਾ ਸਾਰਿਆਂ ਦੇ ਕਰਤਾ=ਕਰਨ ਵਾਲਾ ਹੈਂ, ਤੇਰੇ ਜੇਡਾ ਹੋਰ ਕੋਈ ਨਹੀਂ ਹੈ।

ਯਥਾ—"ਤੂੰ ਆਦਿ ਪੁਰਖੁ ਅਪਰੰਪਰੁ ਕਰਤਾ, ਤੇਰਾ ਪਾਰੁ ਨ ਪਾਇਆ ਜਾਇ ਜੀਉ ॥"

[ਆਸਾ ਮਹਲਾ ੪ ਛੰਤ, ਪੰਨਾ ੪੪੮]

---

*ਛੇ ਪ੍ਰਕਾਰ ਦੇ ਕਰਮ ਇਹ ਹਨ-

ਸੰਧਿਆ, ਸ਼ਨਾਨ, ਜਪ, ਹੋਮ, ਅਤਿਥ ਪੂਜਾ, ਦੇਵ ਅਰਚਾ।

ਅਥਵਾ-ਵਿਦਿਆ ਲੈਣੀ ਤੇ ਦੇਣੀ। ਯੱਗ ਕਰਨਾ ਤੇ ਕਰਾਉਣਾ। ਦਾਨ ਲੈਣਾ ਤੇ ਦੇਣਾ।

ਅਥਵਾ-ਵੇਦ ਅਭਿਆਸ, ਤਪ, ਗਿਆਨ, ਇੰਦ੍ਰੇਜਿਤ, ਅਹਿੰਸਾ ਤੇ ਗੁਰ ਸੇਵਾ।

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥

ਪਿੱਛੇ ਵੀ ਜੁਗਾਂ ਜੁਗਾਂ ਵਿਖੇ ਇਕ ਤੂੰ ਹੀ ਸੀ।

ਹੁਣ ਵੀ ਸਦਾ ਸਦਾ ਇਕ ਤੂੰ ਹੀ ਹੈਂ। ਹੇ ਨਿਸਚਲ ਕਰਤੇ ! ਅੱਗੇ ਵੀ ਇਕ ਤੂੰ ਹੀ ਹੋਵੇਂਗਾ।

ਅਥਵਾ-ਹੇ ਮਹਾਰਾਜ ਜੀ ! ਸਦਾ ਸਦਾ ਇਕੋ ਇਕ ਤੂੰ ਹੀ ਸਾਰਿਆਂ ਜੁਗਾਂ ਵਿਚ ਜੁਗੁ=ਜੁੜ ਰਿਹਾ ਹੈਂ, ਸੋ ਤੂੰ ਨਿਸਚਲ ਕਰਤਾ ਹੈਂ।

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥

ਹੇ ਮਹਾਰਾਜ ਜੀ ! ਜੋ ਤੈਨੂੰ ਆਪੇ ਭਾਉਂਦਾ ਹੈ, ਸੋਈਓ ਵਰਤਦਾ ਹੈ, ਜੋ ਤੂੰ ਆਪੇ ਕਰਦਾ ਹੈਂ ਓਹੀ ਕੁਝ ਹੁੰਦਾ ਹੈ।

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥

ਹੇ ਮਹਾਰਾਜ ਜੀ ! ਤੁਸਾਂ ਨੇ ਆਪ ਹੀ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ, ਤੁਸਾਂ ਨੇ ਆਪ ਹੀ ਸਿਰਜਿ=ਰਚ ਕੇ ਫੇਰ ਗੋਈ=ਬੁਲਾਈ, ਮਿਲਾਈ ਛਪਾਈ ਹੈ।

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥ ੫॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਖੋ ! ਉਸ ਕਰਤੇ ਪੁਰਖ ਦੇ ਗੁਣਾਂ ਨੂੰ ਜੀਅ ਵਿਖੇ ਗਾਵੋ।

ਵਾ-ਮੈਂ ਜਨ ਉਸ ਕਰਤੇ ਪੁਰਖ ਜੀ ਦੇ ਗੁਣਾਂ ਨੂੰ ਗਾਂਵਦਾ ਹਾਂ।

ਜੋ ਸਾਰਿਆਂ ਦੇ ਜਾਣੋਈ=ਜਣਨੇ ਵਾਲਾ ਭਾਵ ਪੈਦਾ ਕਰਨ ਵਾਲਾ ਹੈ।

ਅਥਵਾ-ਜੋ ਸਾਰਿਆਂ ਦੇ ਦਿਲ ਦੀ ਗੱਲ-ਬਾਤ ਨੂੰ ਜਾਣੋਈ=ਜਾਨਣ ਵਾਲਾ ਹੈ॥ ੫॥ ੧॥

ਆਸਾ ਮਹਲਾ ੪॥ *

ਹੁਣ ਗੁਰੂ ਸਾਹਿਬ ਜੀ ਸਿੱਖ ਨੂੰ ਪ੍ਰਮੇਸ਼ਰ ਦੇ ਸਨਮੁਖ ਬੇਨਤੀ ਕਰਨ ਦਾ ਢੰਗ ਸਿਖਾਉਂਦੇ ਹਨ ਕਿ ਜੇਕਰ ਤੇਰੇ ਅੰਦਰ ਉਸ ਦੀ ਪ੍ਰਾਪਤੀ ਦੀ ਇੱਛਾ ਹੈ ਤਾਂ ਇੰਜ ਬੇਨਤੀ ਕਰ-

ਤੂੰ ਕਰਤਾ ਸਚਿਆਰੁ ਮੈਡਾ ਸਾਂਈ॥

ਹੇ ਵਾਹਿਗੁਰੂ ! ਤੂੰ ਸਭ ਦਾ ਕਰਤਾ=ਕਰਣਹਾਰ ਹੈਂ ਅਤੇ ਸਚਿਆਰੁ=ਸੱਚਾ ਹੈਂ,

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਰਹਰਾਸਿ ਸਾਹਿਬ (ਪੰਨਾ ੧੧)	ਆਸਾ ਰਾਗੁ (ਪੰਨਾ ੩੬੫)
ਆਸਾ ਮਹਲਾ ੪॥	ਆਸਾ ਮਹਲਾ ੪ 'ਘਰੁ ੨ ੴ ਸਤਿਗੁਰ ਪ੍ਰਸਾਦਿ॥'
ਜੋ 'ਤੂ' ਦੇਹਿ ਸੋਈ ਹਉ ਪਾਈ॥ ੧॥	ਜੋ 'ਤੂੰ' ਦੇਹਿ ਸੋਈ ਹਉ ਪਾਈ॥
'ਤੂੰ' ਆਪੇ ਕਰਤਾ	'ਤੂ' ਆਪੇ ਕਰਤਾ

ਪੁਨਾ-ਮੈਡਾ ਸਾਂਈਂ=ਮੇਰਾ ਮਾਲਕ ਹੈਂ।

ਅਥਵਾ-ਹੇ ਮੇਰੇ ਸਾਂਈਂ ! ਤੂੰ ਸਚਿਆਰੁ ਕਰਤਾ ਹੈਂ।

ਜੋ ਤਉ ਭਾਵੈ ਸੋਈ ਥੀਸੀ ਜੋ ਤੂ ਦੇਹਿ ਸੋਈ ਹਉ ਪਾਈ॥ ੧॥ ਰਹਾਉ॥

ਜੋ ਗੱਲ ਆਪ ਜੀ ਨੂੰ ਭਾਉਂਦੀ ਹੈ, ਓਹੀ ਥੀਸੀ=ਹੁੰਦੀ ਹੈ, ਜੋ ਪਦਾਰਥ ਆਪ ਦੇਂਦੇ ਹੋ, ਓਹੀ ਅਸੀਂ ਪਾਂਵਦੇ ਹਾਂ॥ ੧॥ ਰਹਾਉ॥

ਸਭ ਤੇਰੀ ਤੂੰ ਸਭਨੀ ਧਿਆਇਆ॥

ਸਾਰੀ ਸ੍ਰਿਸ਼ਟੀ ਤੇਰੀ ਹੈ, ਆਪ ਜੀ ਨੂੰ ਸਾਰਿਆਂ ਨੇ ਧਿਆਇਆ ਹੈ।

ਵਾ-ਤੂੰ ਸਭਨਾਂ ਕਰਕੇ ਧਿਆਇਆ ਗਿਆ ਹੈਂ।

ਜਿਸਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥

ਜਿਸ ਉੱਪਰ ਤੂੰ ਕਿਰਪਾ ਕਰਦਾ ਹੈਂ, ਉਸ ਨੇ ਨਾਮ ਰੂਪ ਰਤਨ ਪਾਇਆ ਹੈ।

ਗੁਰਮੁਖਿ ਲਾਧਾ ਮਨਮੁਖਿ ਗਵਾਇਆ॥

ਗੁਰਮੁਖਾਂ ਨੇ ਰਤਨ ਰੂਪ ਨਾਮ, ਵਾ-ਪਰਮਾਤਮਾ ਨੂੰ ਲੱਭ ਲਿਆ ਹੈ ਅਤੇ ਮਨਮੁਖਾਂ ਨੇ ਰਤਨ ਰੂਪ ਨਾਮ, ਵਾ-ਪਰਮਾਤਮਾ ਨੂੰ ਗੁਆ ਲਿਆ ਹੈ।

ਅਥਵਾ-ਗੁਰਮੁਖਾਂ ਨੇ ਮਨੁੱਖਾ ਜਨਮ ਲਾਧਾ=ਸਫਲਾ ਕੀਤਾ ਹੈ, ਮਨਮੁਖਾਂ ਨੇ ਮਨੁੱਖਾ ਜਨਮ ਵਿਅਰਥ ਗੁਆ ਲਿਆ ਹੈ।

ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥ ੧॥

ਹੇ ਵਾਹਿਗੁਰੂ ! ਤੈਨੇ ਆਪ ਆਪਣੇ ਨਾਲੋਂ ਮਨਮੁਖਾਂ ਨੂੰ ਵਿਛੋੜ ਦਿੱਤਾ ਹੈ ਅਤੇ ਗੁਰਮੁਖਾਂ ਨੂੰ ਆਪਣੇ ਨਾਲ ਮਿਲਾ ਲੀਤਾ ਹੈ।

ਅਥਵਾ-ਤੈਨੇ ਆਪ ਗੁਰਮੁਖਾਂ ਨੂੰ ਪਦਾਰਥਾਂ ਨਾਲੋਂ ਵਿਛੋੜ ਦਿੱਤਾ ਹੈ ਅਤੇ ਮਨਮੁਖਾਂ ਨੂੰ ਤੈਨੇ ਆਪ ਪਦਾਰਥਾਂ ਨਾਲ ਮਿਲਾ ਦਿੱਤਾ ਹੈ॥ ੧॥

ਤੂੰ ਦਰੀਆਉ ਸਭ ਤੁਝ ਹੀ ਮਾਹਿ॥ ਤੁਝ ਬਿਨੁ ਦੂਜਾ ਕੋਈ ਨਾਹਿ॥

ਤੂੰ ਦਰੀਆਉ ਰੂਪ ਹੈਂ ਸਾਰੇ ਜੀਅ ਜੰਤ ਆਪ ਜੀ ਵਿਖੇ ਤਰੰਗ ਰੂਪ ਹਨ।

ਅਥਵਾ-ਤੂੰ ਦਰੀਆਉ=ਦ੍ਰਵੀ ਭੂਤ ਭਾਵ ਕ੍ਰਿਪਾਲੂ ਹੈਂ, ਸਾਰੇ ਭਗਤ ਤੇਰੀ ਆਗਿਆ ਵਿਚ ਹਨ।

ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਯਥਾ-"ਜੈਸਾ ਤੂੰ ਕਰਹਿ ਤੈਸਾ ਕੌ ਹੋਇ॥ ਤੁਝ ਬਿਨੁ ਦੂਜਾ ਨਾਹੀ ਕੋਇ॥"

[ਆਸਾ ਮਹਲਾ ੧ ਪੰਨਾ ੩੫੧]

ਜੀਅ ਜੰਤ ਸਭਿ ਤੇਰਾ ਖੇਲੁ॥

ਜਿਤਨੇ ਕੁ ਸੂਖਮ, ਸਥੂਲ ਜੀਆ ਜੰਤ ਹਨ ਏਹ ਸਾਰਾ ਤੇਰਾ ਹੀ ਖੇਲੁ=ਕੌਤਕ ਹੈ।

ਯਥਾ—"ਤੁਝ ਬਿਨੁ ਦੂਜਾ ਕੋਇ ਨਾਹਿ॥ ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ॥"

[ਬਸੰਤੁ ਮਹਲਾ ੫, ਪੰਨਾ ੧੧੮੧]

ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ॥ ੨ ॥

ਜਿਸ ਵੇਲੇ ਵਿਜੋਗੀ ਕਰਮ ਆਉਂਦਾ ਹੈ, ਤਦ ਮਿਲਿਆ ਹੋਇਆ ਪਦਾਰਥ ਵਿਛੁੜ ਜਾਂਦਾ ਹੈ [ਮਾਇਆ ਆਪ ਹੀ ਜੰਦਰੇ ਭੰਨਕੇ ਬਾਹਰ ਨਿਕਲ ਜਾਂਦੀ ਹੈ, ਮਨੁੱਖ ਵੇਖਦਾ ਹੀ ਰਹਿ ਜਾਂਦਾ ਹੈ।]

ਜਿਸ ਵੇਲੇ ਸੰਜੋਗੀ ਕਰਮ ਆਉਂਦਾ ਹੈ ਤਦ ਵਿਛੁੜੇ ਹੋਏ ਪਦਾਰਥਾਂ ਦਾ ਮੇਲ ਹੋ ਜਾਂਦਾ ਹੈ।

ਯਥਾ—"ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ॥"

[ਮਾਰੂ ਮਹਲਾ ੧, ਪੰਨਾ ੧੦੩੨]

ਅਥਵਾ-ਜਿਹੜਾ ਸਤਿਗੁਰਾਂ ਦਾ ਵਿਜੋਗੀ ਹੋਇਆ ਹੈ, ਭਾਵ ਗੁਰਾਂ ਨਾਲ ਕੋਈ ਸੰਬੰਧ ਨਹੀਂ ਰੱਖਦਾ ਉਹ ਪ੍ਰਮਾਤਮਾ ਨਾਲ ਮਿਲਣ ਤੋਂ ਵਿਛੁੜ ਗਿਆ ਹੈ।

ਜਿਹੜਾ ਸਤਿਗੁਰਾਂ ਦਾ ਸੰਜੋਗੀ ਹੋਇਆ ਹੈ ਭਾਵ ਗੁਰਾਂ ਪਾਸ ਰਹਿ ਕੇ ਸੇਵਾ-ਟਹਿਲ ਕਰਦਾ ਹੈ, ਉਹ ਵਿਛੁੜਿਆ ਹੋਇਆ ਜੀਵ ਪ੍ਰਭੂ ਨਾਲ ਮਿਲ ਜਾਂਦਾ ਹੈ।

ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥

ਜਿਸ ਪੁਰਸ਼ ਨੂੰ ਤੂੰ ਆਪਣੀ ਪ੍ਰਾਪਤੀ ਦਾ ਰਸਤਾ ਜਣਾਉਂਦਾ ਹੈਂ, ਓਹੀ ਪੁਰਸ਼ ਤੇਰੀ ਪ੍ਰਾਪਤੀ ਦੇ ਰਸਤੇ ਨੂੰ ਜਾਣਦਾ ਹੈ।

ਹਰਿ ਗੁਣ ਸਦ ਹੀ ਆਖਿ ਵਖਾਣੈ॥

ਉਹ ਹਰੀ ਦੇ ਗੁਣਾਂ ਨੂੰ ਨਿਤਾਪ੍ਰਤੀ ਆਖ ਕੇ ਵਾ-ਆਖਿ=ਮੂੰਹ ਨਾਲ ਵਖਾਣੈ=ਕਥਨ ਕਰਦਾ ਹੈ।

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥

ਜਿਸ ਨੇ ਹਰੀ ਨੂੰ ਸੇਵਿਆ ਹੈ, ਭਾਵ ਨਾਮ ਜਪਿਆ ਹੈ, ਉਸ ਨੇ ਸੁਖ ਪਾਇਆ ਹੈ।

ਸਹਜੇ ਹੀ ਹਰਿ ਨਾਮਿ ਸਮਾਇਆ॥ ੩ ॥

ਉਹ ਸੁਤੇ ਸਿੱਧ ਹੀ ਹਰੀ ਨਾਮੀ ਵਿਖੇ ਸਮਾਇਆ ਰਹਿੰਦਾ ਹੈ॥ ੩ ॥

ਤੂੰ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥

ਹੇ ਵਾਹਿਗੁਰੂ ! ਤੂੰ ਆਪ ਹੀ ਸਭ ਦਾ ਕਰਤਾ=ਰਚਣਹਾਰਾ ਹੈਂ ਸਭ ਕੁਝ ਤੇਰਾ ਹੀ ਕੀਤਾ ਹੁੰਦਾ ਹੈ।

ਤੁਧੁ ਬਿਨੁ ਦੂਜਾ ਅਵਰੁ ਨ ਕੋਇ॥

ਆਪ ਜੀ ਤੋਂ ਬਿਨਾਂ ਸੰਸਾਰ ਦੀ ਰਚਨਾ ਬਨਾਉਣ ਵਾਲਾ ਦੂਜਾ ਹੋਰ ਕੋਈ ਨਹੀਂ ਹੈ।

ਯਥਾ—"ਤੂ ਕਰਤਾ ਤੇਰਾ ਸਭੁ ਕੀਆ॥ ਤੁਝੁ ਬਿਨੁ ਅਵਰੁ ਨ ਕੋਈ ਬੀਆ॥"

[ਮਾਰੂ ਮਹਲਾ ੫, ਪੰਨਾ ੧੦੭੯]

ਤਥਾ—"ਏਕੋ ਏਕੁ ਰਵਿਆ ਸਭ ਠਾਈ॥ ਤਿਸੁ ਬਿਨੁ ਦੂਜਾ ਕੋਈ ਨਾਹੀ॥"

[ਮਾਰੂ ਮਹਲਾ ੫, ਪੰਨਾ ੧੦੮੦]

ਤਥਾ—"ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥"

[ਮਲਾਰ ਵਾਰ, ਪੰਨਾ ੧੨੮੧]

ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥

ਸੋ ਤੂੰ ਆਪ ਹੀ ਸਾਰੇ ਸੰਸਾਰ ਦੀ ਉਤਪੱਤੀ ਕਰਦਾ ਹੈਂ।

ਆਪ ਹੀ ਵੇਖਹਿ=ਪਾਲਦਾ ਹੈਂ। ਆਪ ਹੀ ਲੈਤਾ ਕਰਨੀ ਜਾਣਦਾ ਹੈਂ।

ਜਨ ਨਾਨਕ ਗੁਰਮੁਖਿ ਪਰਗਟੁ ਹੋਇ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੁਆਰੇ ਗੁਰਮੁਖ-ਜਨਾਂ ਨੂੰ ਤੂੰ ਪ੍ਰਤੱਖ ਹੁੰਦਾ ਹੈਂ॥ ੪॥ ੨॥

ਆਸਾ ਮਹਲਾ ੧॥ *

ਉਥਾਨਕਾ-ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ-"ਹੇ ਪ੍ਰਭੂ ! ਸੰਸਾਰ-ਸਰੋਵਰ ਵਿਖੇ ਡੁੱਬਦੇ ਕੌਣ ਹਨ ? ਅਤੇ ਤਰਦੇ ਕੌਣ ਹਨ ?" ਗੁਰ ਉੱਤਰ-

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥

[ਪਹਿਲਾ ਅਰਥ]

ਤਿਸ ਸੰਸਾਰ-ਸਰੋਵਰ ਵਿਖੇ ਜਿਨ੍ਹਾਂ ਦਾ ਨਿਵਾਸ ਹੋਇਆ ਹੈ।

ਤਿਨ੍ਹਾਂ ਨੇ ਪਾਣੀ ਵਾਂਗ ਜੋ ਸੀਤਲ ਪਦਾਰਥ ਸਨ, ਉਹ ਉਹਨਾਂ ਨੇ ਪਾਵਕੁ=ਅੱਗ ਵਾਂਙੂ ਸਾੜਨ ਵਾਲੇ ਕਰ ਦਿੱਤੇ ਹਨ। ਭਾਵ ਭੈੜੀ ਜਗ੍ਹਾ ਪਰ ਲਗਾ ਕੇ ਦੁਖਦਾਈ ਬਣਾ ਲੀਤੇ ਹਨ।

ਪੁਨਾ ਬੇਨਤੀ ਕੀਤੀ-"ਇਸ ਸੰਸਾਰ-ਸਰੋਵਰ ਨੂੰ ਕਿਸ ਨੇ ਬਣਾਇਆ ਹੈ ?"

ਅਤੇ ਕਿਸ ਦੁਆਰਾ ਬਣਾਇਆ ਹੈ ?

ਫਿਰ ਇਸ ਦੇ ਵਿਚ ਪੈਦਾ ਕੀ ਕੀਤਾ ਹੈ ?" ਗੁਰ ਉੱਤਰ-

ਤਿਨਹਿ ਕੀਆ॥ :-ਤਿਸ ਪ੍ਰਮੇਸ਼ਰ ਨੇ ਆਪ ਹੀ ਇਸ ਸੰਸਾਰ ਸਰੋਵਰ ਨੂੰ ਬਣਾਇਆ ਹੈ।

ਦੂਜੇ ਪ੍ਰਸ਼ਨ ਦਾ ਉੱਤਰ-

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਰਹਰਾਸਿ ਸਾਹਿਬ (ਪੰਨਾ ੧੨)	ਆਸਾ ਰਾਗੁ (ਪੰਨਾ ੩੫੭)
ਆਸਾ ਮਹਲਾ ੧॥	ਆਸਾ ਮਹਲਾ ੧ 'ਦੁਪਦੇ'॥
ਪ੍ਰਣਵਤਿ ਨਾਨਕ 'ਤਿਨ' ਕੀ ਸਰਣਾ,	ਪ੍ਰਣਵਤਿ ਨਾਨਕ 'ਤਿਨ੍' ਕੀ ਸਰਣਾ,
'ਜਿਨ' ਤੂੰ ਨਾਹੀ ਵੀਸਰਿਆ॥ ੨॥ ੩॥	'ਜਿਨ੍' ਤੂੰ ਨਾਹੀ ਵੀਸਰਿਆ॥ ੨॥ ੨੯॥

ਪਾਣੀ ਪਾਵਕ ਆਦਿਕ ਤੱਤਾਂ ਦੁਆਰੇ ਇਸ ਸੰਸਾਰ ਨੂੰ ਬਣਾਇਆ ਹੈ।

ਤੀਜਾ ਪ੍ਰਸ਼ਨ ਸੀ-ਇਸ ਦੇ ਵਿਚ ਪੈਦਾ ਕੀ ਕੀਤਾ ਹੈ ? ਉੱਤਰ-

ਇਸ ਦੇ ਵਿਚ ਪਦਾਰਥਾਂ ਰੂਪ ਪਾਣੀ ਅਤੇ ਤ੍ਰਿਸ਼ਨਾ ਰੂਪ ਬੜਵਾ ਅਗਨੀ ਪੈਦਾ ਕੀਤੀ ਹੈ।

ਪੰਕ ਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥ ੧ ॥

ਸੰਸਾਰ-ਸਰੋਵਰ ਵਿਖੇ ਜੋ ਮੋਹ ਰੂਪੀ ਪੰਕ=ਚਿੱਕੜ ਜੁ=ਉਤਪੰਨ ਹੋ ਰਿਹਾ ਹੈ; [ਉਸ ਵਿਖੇ ਜਿਸ ਦਾ] ਮਨ ਰੂਪੀ ਪੈਰ ਖੁੱਭਿਆ ਹੈ, ਉਹ ਪਰਮੇਸ਼ਰ ਦੀ ਤਰਫ ਚੱਲਦਾ ਨਹੀਂ, ਅਸਾਡੇ ਦੇਖਦਿਆਂ ਦੇਖਦਿਆਂ ਤਿਸ ਵਿਚ ਹੰਗਤਾ ਵਾਲੇ ਸਾਰੇ ਪੁਰਸ਼ ਡੁੱਬ ਰਹੇ ਹਨ। ਨੋਟ-'ਪੰਕਜੁ' ਪਾਠ ਇਕੱਠਾ ਹੈ।

ਮਨ ਏਕੁ ਨ ਚੇਤਸਿ ਮੂੜ ਮਨਾ ॥

ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥

ਹੇ ਮੂਰਖ ਮਨ! ਤੂੰ ਇਕ ਮਨ=ਸ਼ਰੋਮਣੀ ਪ੍ਰਮਾਤਮਾ ਨੂੰ ਚੇਤਦਾ ਨਹੀਂ ਹੈਂ।

ਹਰੀ ਦੇ ਬਿਸਰਤ=ਭੁੱਲਣ ਕਰ ਕੇ ਤੇਰੇ ਸਾਰੇ ਸ਼ੁਭ-ਗੁਣ ਗਲ ਜਾਣਗੇ।

ਅਥਵਾ-ਹਰ ਪ੍ਰਕਾਰ ਦੇ ਵਿਸ਼ਿਆਂ ਵਿਚ ਰਤ=ਪ੍ਰੀਤੀ ਕਰਨ ਨਾਲ ਤੇਰੇ ਗਲ ਵਿਖੇ ਆ=ਚਾਰੇ ਤਰਫ ਤੋਂ ਗੁਣ=ਰੱਸੀ ਭਾਵ ਫਾਹੀ ਪਵੇਗੀ॥ ੧ ॥ ਰਹਾਉ ॥

ਯਥਾ— "ਚਿਤੁ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥"

[ਮਾਰੂ ਮਹਲਾ ੧, ਪੰਨਾ ੯੯੦]

ਤਥਾ— "ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ॥ ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ॥ ੧ ॥"

[ਮਲਾਰ ਮਹਲਾ ੫, ਪੰਨਾ ੧੨੬੭]

ਦੂਜਾ ਅਰਥ

ਤਿਤੁ ਸਰਵਰੜੈ ਭਈਲੇ ਨਿਵਾਸਾ

ਤਿਸ ਸਤਿਸੰਗ ਰੂਪ ਸਰੋਵਰ ਵਿਖੇ ਜਿਨ੍ਹਾਂ ਦਾ ਨਿਵਾਸ ਹੋਇਆ ਹੈ।

ਪਾਣੀ ਪਾਵਕੁ ਤਿਨਹਿ ਕੀਆ॥

ਤਿਨ੍ਹਾਂ ਨੇ ਪਾਵਕੁ=ਅੱਗ ਸਮਾਨ ਸਾੜਨ ਵਾਲੇ ਭਾਵ ਮਨ ਨੂੰ ਤਪਾਉਣ ਵਾਲੇ ਜੋ ਪਦਾਰਥ ਸਨ, ਉਹ ਪਾਣੀ ਵਾਂਗ ਸੀਤਲ ਕਰਨ ਵਾਲੇ ਕਰ ਦਿੱਤੇ ਹਨ। ਭਾਵ ਚੰਗੇ ਪਾਸੇ ਲਗਾ ਕੇ ਸੁਖਦਾਇਕ ਬਣਾ ਲੀਤੇ ਹਨ।

ਪ੍ਰਸ਼ਨ-ਇਸ ਸਤਿਸੰਗ-ਸਰੋਵਰ ਵਿਖੇ ਕੀ ਪੈਦਾ ਕੀਤਾ ਹੈ ? ਗੁਰ ਉੱਤਰ-

ਇਸ ਸਤਿਸੰਗ-ਸਰੋਵਰ ਵਿਖੇ ਨਾਮ ਰੂਪ ਪਾਣੀ ਅਤੇ ਸੰਸਾਰ ਦੇ ਅਭਾਵ ਕਰਨ ਲਈ ਬ੍ਰਹਮ ਦ੍ਰਿਸ਼ਟੀ ਰੂਪ ਬੜਵਾ ਅਗਨੀ ਪੈਦਾ ਕੀਤੀ ਹੈ।

ਪੰਕ ਜੁ ਮੋਹ ਪਗੁ ਨਹੀ ਚਾਲੈ

ਜਿਨ੍ਹਾਂ ਦਾ ਮਨ ਸਤਿਗੁਰਾਂ ਦੇ ਪਰੁਪੰਕਜੁ=ਚਰਨ ਕਵਲਾਂ ਮੋਹ=ਵਿਚ ਇਸਥਿਤ ਹੋਇਆ ਹੈ, ਉਹ ਸੰਸਾਰ ਦੀ ਤਰਫ ਨਹੀਂ ਚਲਦੇ।

ਹਮ ਦੇਖਾ ਤਹ ਡੁਬੀਅਲੇ॥ ੧॥

ਅਸਾਂ ਨੇ ਤਿੰਨ੍ਹਾਂ ਨੂੰ ਇਸ ਸਤਿਸੰਗ-ਸਰੋਵਰ ਵਿਖੇ ਨਾਮ-ਜਲ ਵਿਚ।

ਵਾ-ਬ੍ਰਹਮ ਰੂਪ ਸਮੁੰਦਰ ਵਿਚ ਡੁਬੀਅਲੇ=ਟੁਬਕੀਆਂ ਲਗਾਉਂਦਿਆਂ ਦੇਖਿਆ ਹੈ।

ਮਨ ਏਕੁ ਨ ਚੇਤਸਿ ਮੂੜ ਮਨਾ॥

ਉਹ ਮਨ ਵਿਖੇ ਇਕ ਪ੍ਰਮਾਤਮਾ ਨੂੰ ਚੇਤਦੇ ਹਨ, ਮੂੜ੍ਹਤਾ ਦੇ ਸਹਿਤ ਮਨਾ=ਮਨੌਂਤ ਨੂੰ ਨਹੀਂ ਧਾਰਦੇ ਭਾਵ ਮਨਮਤ ਨੂੰ ਤਿਆਗ ਕੇ ਗੁਰਮਤ ਅਨੁਸਾਰ ਚੱਲਦੇ ਹਨ।

ਹਰਿ ਬਿਸਰਤ ਤੇਰੇ ਗੁਣ ਗਲਿਆ॥ ੧॥ ਰਹਾਉ॥

ਬਿਸ=ਬਿਸ੍ਰ [ਸੰਸਾਰ] ਨੂੰ ਹਰੀ ਰੂਪ ਜਾਣ ਕੇ ਰਤ=ਪ੍ਰੀਤੀ ਕਰਦੇ ਹਨ, ਤੇਰੇ=ਤੇਰ-ਮੇਰ ਦੇ ਸਾਰੇ ਗੁਣ ਗਲ ਗਏ ਹਨ॥ ੧॥

ਪੁਨਾ-ਸਿੱਖਾਂ ਨੇ ਬੇਨਤੀ ਕੀਤੀ-'ਹੇ ਪ੍ਰਭੂ ! ਸੰਸਾਰ ਸਾਗਰ ਤੋਂ ਤਰਨ ਦਾ ਕੋਈ ਸੌਖਾ ਉਪਾਅ ਦੱਸੋ।' ਤਾਂ ਗੁਰੂ ਜੀ ਨੇ ਕਿਹਾ-ਪ੍ਰਮਾਤਮਾ ਅੱਗੇ ਐਸੇ ਬੇਨਤੀ ਕਰੋ-

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥

ਨਾ ਮੈਂ ਜਤੀ ਹਾਂ, ਨਾ ਮੈਂ ਸੱਤਵਾਦੀ ਹਾਂ, ਨਾ ਹੀ ਮੈਂ ਪੜ੍ਹਿਆ ਹੋਇਆ ਹਾਂ।

ਮੈਂ ਮੂਰਖ ਦਾ ਮਨੁੱਖਾ ਜਨਮ ਅਨਜਾਣ-ਪੁਣੇ ਵਿਚ ਮੁਗਧਾ=ਵਿਅਰਥ ਅਰਥਾਤ ਨਿਸਫਲ ਬਤੀਤ ਹੋ ਰਿਹਾ ਹੈ।

ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ॥ ੨॥ ੩॥

ਗੁਰੂ ਸਾਹਿਬ ਜੀ ਪ੍ਰਣਵਤਿ=ਉਚਾਰਦੇ ਹਨ, ਮੈਂ ਉਹਨਾਂ ਗੁਰਮੁਖਾਂ ਦੀ ਸ਼ਰਨ ਹਾਂ।

ਜਿਨ੍ਹਾਂ ਨੂੰ ਤੂੰ ਕਦੇ ਵਿਸਰਿਆ ਨਹੀਂ॥ ੨॥ ੩॥

ਆਸਾ ਮਹਲਾ ੫॥

ਭਈ ਪਰਾਪਤਿ ਮਾਨੁਖ ਦੇਹੁਰੀਆ॥

੧. ਹੇ ਪੁਰਸ਼ਾ ! ਇਹ ਜਿਹੜੀ ਮਾਨੁਖ ਦੇਹੁਰੀਆ=ਮਨੁੱਖਾ ਦੇਹ ਤੈਨੂੰ ਪ੍ਰਾਪਤ ਹੋਈ ਹੈ, ਇਹ ਬਜ਼ੁਰਗਾਂ ਦੇ ਦੇਹੁਰੀਆ=ਦੇਹੁਰੇ ਵਾਂਗ ਹੈ, [ਜਿਵੇਂ ਦੇਹੁਰਾ ਪੂਜਨੀਕ ਹੁੰਦਾ ਹੈ, ਤਿਵੇਂ ਇਹ ਮਨੁੱਖਾ ਦੇਹ ਸਭ ਜੂਨੀਆਂ ਵਿਚੋਂ ਪੂਜਨੀਕ ਹੈ।]

ਯਥਾ—"ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥"

[ਮਾਰੂ ਮਹਲਾ ੫, ਪੰਨਾ ੧੦੭੫]

ਤਥਾ—"ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥"

[ਆਸਾ ਮਹਲਾ ੫, ਪੰਨਾ ੩੭੪]

ਤਥਾ—"ਲਖ ਚਉਰਾਸੀਹ ਜੂਨਿ ਵਿਚ ਉਤਮੁ ਜੂਨਿ ਸੁ ਮਾਣਸ ਦੇਹੀ॥"

[ਭਾਈ ਗੁਰਦਾਸ ਜੀ ਵਾਰ ੧੫, ੩]

ਤਥਾ—"ਲਖ ਚਉਰਾਸੀਹ ਜੋਨਿ ਵਿਚਿ ਮਾਣਸ ਜਨਮੁ ਦੁਲੰਭੁ ਉਪਾਇਆ॥"

[ਵਾਰ ੮, ੬]

੨. ਇਹ ਮਨੁੱਖਾ ਦੇਹ ਦੇਹੁਰੇ ਵਾਂਗ ਹੈ, ਜਿਵੇਂ ਦੇਹੁਰੇ ਵਿਚ ਹੱਡੀਆਂ ਤੇ ਸ੍ਵਾਹ ਹੁੰਦੀ ਹੈ, ਪਰ ਉੱਪਰੋਂ ਬੜਾ ਸੁੰਦਰ ਬਣਾਇਆ ਹੁੰਦਾ ਹੈ।

ਤਿਵੇਂ ਇਸ ਦੇਹ ਵਿਚ ਵੀ ਹੱਡੀਆਂ ਅਤੇ ਗੰਦਗੀ ਹੈ ਪਰ ਉੱਪਰੋਂ ਚੰਮੜੀ ਲਪੇਟ ਕੇ ਬੜਾ ਸੋਹਣਾ ਬਣਾਇਆ ਹੋਇਆ ਹੈ।+

੩. ਦੇਹੁਰੀਆ ਨਾਮ ਦਲੀਜ਼ ਦਾ ਹੈ, ਜਿਵੇਂ ਦਲੀਜ਼ ਉਤੇ ਦੀਵਾ ਰਖ ਦੇਈਏ ਤਾਂ ਉਹ ਅੰਦਰ ਵੀ ਪ੍ਰਕਾਸ਼ ਕਰਦਾ ਹੈ, ਬਾਹਰ ਵੀ ਪ੍ਰਕਾਸ਼ ਕਰਦਾ ਹੈ।

ਤਿਵੇਂ ਇਹ ਮਨੁੱਖਾ ਦੇਹ ਸੰਸਾਰਕ ਅਨੰਦ ਨੂੰ ਭੀ ਦੇਂਦੀ ਹੈ ਅਤੇ ਪ੍ਰਮੇਸ਼ਰ ਦੇ ਆਨੰਦ ਨੂੰ ਵੀ ਦੇਂਦੀ ਹੈ. ਪੰਤੂ ਜੀਵ ਨੂੰ ਚਾਹੀਦਾ ਹੈ ਕਿ ਸੰਸਾਰਕ ਅਨੰਦ ਨੂੰ ਛੱਡ ਕੇ ਇਸ ਮਨੁੱਖਾ ਦੇਹ ਦ੍ਵਾਰਾ ਪ੍ਰਭੂ ਦਾ ਅਨੰਦ ਲਵੇ। ਕਿਉਂਕਿ ਇਹ ਜਿਹੜੀ ਮਨੁੱਖਾ ਦੇਹ ਪ੍ਰਾਪਤ ਹੋਈ ਹੈ-

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਗੋਬਿੰਦ=ਪ੍ਰਮਾਤਮਾ ਨਾਲ ਮਿਲਣ ਦੀ ਇਹ ਤੈਨੂੰ ਵਾਰੀ ਮਿਲੀ ਹੈ।

ਯਥਾ—"ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ ੧॥"

[ਗਉੜੀ ਮਹਲਾ ੫, ਪੰਨਾ ੧੭੬]

ਤਥਾ—"ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥
ਨਾਨਕ ਕਹਤ ਮਿਲਣ ਕੀ ਬਰੀਆ ਸਿਮਰਤ ਕਹਾ ਨਹੀ॥ ੨॥ ੨॥"

[ਸੋਰਠਿ ਮਹਲਾ ੯, ਪੰਨਾ ੬੩੧]

ਅਵਰਿ ਕਾਜ ਤੇਰੈ ਕਿਤੈ ਨ ਕਾਮ॥

ਜਿਨ੍ਹਾਂ ਵਿਚ ਤੂੰ ਮਸਤ ਹੋ ਰਿਹਾ ਹੈਂ ਇਹ ਹੋਰ ਕਾਰਜ ਤੇਰੇ ਕਿਸੇ ਕੰਮ ਨਹੀਂ ਆਉਣੇ।

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ੧॥

ਸਾਧ ਸੰਗਤ ਨਾਲ ਮਿਲ ਕੇ ਤੂੰ ਕੇਵਲ 'ਸਤਿਨਾਮੁ' ਨੂੰ ਭਜ ਏਹੀ ਤੇਰੇ ਕੰਮ ਆਉਣ ਵਾਲਾ ਹੈ।

+ਯਥਾ—"ਉੱਪਰੋਂ ਚਿੱਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ,
ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।
ਬੰਦਾ ਓਹਦਾ ਹੋ ਕੇ ਕਰੇ ਬੰਦਗੀ ਤਾਂ ਬੰਦਾ ਚੰਗਾ,
ਬੰਦਗੀ ਤੋਂ ਬਿਨਾਂ ਬੰਦਾ ਗੰਦੇ ਤੋਂ ਭੀ ਗੰਦਾ ਹੈ।"

ਸਰੰਜਾਮਿ ਲਾਗੁ ਭਵਜਲ ਤਰਨ ਕੈ॥

ਭਉਜਲ ਰੂਪ ਸੰਸਾਰ ਤੋਂ ਤਰਨ ਦੇ ਸਰੰਜਾਮਿ=ਉੱਦਮ ਵਿਚ ਲੱਗ।

ਵਾ-ਸਰੰਜਾਮਿ=ਸਮੱਗਰੀ ਵਿਖੇ ਲੱਗ।

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ੧॥ ਰਹਾਉ॥

ਮਾਇਆ ਦੇ ਰੰਗਿ=ਪਿਆਰ ਵਿਚ ਤੇਰਾ ਜਨਮ ਬਿਅਰਥ ਜਾ ਰਿਹਾ ਹੈ।

ਵਾ-ਮਾਇਆ ਦੇ ਤਰੰਗਾ=ਸਕੰਲਪਾਂ ਵਿਚ ਤੇਰਾ ਜਨਮ ਨਿਸਫਲ ਜਾ ਰਿਹਾ ਹੈ॥ ੧॥ ਰਹਾਉ॥

ਹੇ ਪੁਰਸ਼ਾ ! ਪਰਮੇਸ਼ਰ ਅੱਗੇ ਇਸ ਤਰ੍ਹਾਂ ਬੇਨਤੀ ਕਰ-

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥

ਹੇ ਵਾਹਿਗੁਰੂ ! ਨਾ ਮੈਂ ਜਪ ਕੀਤਾ ਹੈ, ਨਾ ਤਪ ਕੀਤਾ ਹੈ, ਨਾ ਇੰਦ੍ਰੀਆਂ ਦੇ ਦਮਨ ਕਰਨ ਰੂਪ ਸੰਜਮ ਕੀਤਾ ਹੈ, ਨਾ ਹੀ ਮੈਂ ਸ੍ਰੈ ਧਰਮ ਨੂੰ ਕਮਾਇਆ ਹੈ।

ਸੇਵਾ ਸਾਧ ਨ ਜਾਨਿਆ ਹਰਿ ਰਾਇਆ॥

ਹੇ ਰਾਇਆ=ਪ੍ਰਕਾਸ਼ ਰੂਪ ਹਰੀ ! ਨਾ ਹੀ ਮੈਂ ਸੰਤਾਂ ਦੀ ਸੇਵਾ ਕਰਨ ਦਾ ਢੰਗ ਜਾਣਿਆ ਹੈ।

ਅਥਵਾ-ਸੰਤਾਂ ਦੀ ਸੇਵਾ ਕਰਕੇ ਪ੍ਰਕਾਸ਼ ਰੂਪ ਹਰੀ ਰਾਜਾ ! ਮੈਂ ਆਪ ਜੀ ਨੂੰ ਜਾਣਿਆਂ ਨਹੀਂ ਹੈ।

ਅਥਵਾ-ਨਾ ਸੰਤਾਂ ਦੀ ਸੇਵਾ ਕੀਤੀ ਹੈ, ਨਾ ਹੀ ਹੇ ਹਰੀ ਰਾਜਾ ! ਆਪ ਜੀ ਨੂੰ ਜਾਣਿਆਂ ਹੈ।

ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥ ੨॥ ੪॥

ਗੁਰੂ ਜੀ ਕਥਨ ਕਰਦੇ ਹਨ-ਐਸੇ ਕਹੋ ਕਿ ਅਸੀਂ ਨੀਚ ਕਰਮਾਂ ਵਾਲੇ ਹਾਂ।

ਸ਼ਰਨ ਵਿਖੇ ਆ ਪਏ ਦੀ ਸਾਡੀ ਲਾਜ ਰੱਖੋ॥ ੨॥ ੪॥

ਯਥਾ— "ਤੁਮ ਬਡ ਦਾਤੇ ਦੇ ਰਹੇ॥ ਜੀਅ ਪ੍ਰਾਣ ਮਹਿ ਰਵਿ ਰਹੇ॥
ਦੀਨੇ ਸਗਲੇ ਭੋਜਨ ਖਾਨ॥ ਮੋਹਿ ਨਿਰਗੁਨ ਇਕੁ ਗੁਨੁ ਨ ਜਾਨ॥ ੧॥
ਹਉ ਕਛੂ ਨ ਜਾਨਉ ਤੇਰੀ ਸਾਰ॥ ਤੂ ਕਰਿ ਗਤਿ ਮੇਰੀ ਪ੍ਰਭ ਦਇਆਰ॥ ੧॥ ਰਹਾਉ॥
ਜਾਪ ਨ ਤਾਪ ਨ ਕਰਮ ਕੀਤਿ॥ ਆਵੈ ਨਾਹੀ ਕਛੂ ਰੀਤਿ॥
ਮਨ ਮਹਿ ਰਾਖਉ ਆਸ ਏਕ॥ ਨਾਮ ਤੇਰੇ ਕੀ ਤਰਉ ਟੇਕ॥ ੨॥"

[ਬਸੰਤੁ ਮਹਲਾ ੫, ਪੰਨਾ ੧੧੮੧]

ਰਹਰਾਸਿ ਦੇ ਪੜ੍ਹਨ ਦਾ ਮਹਾਤਮ

ਸ੍ਰੀ ਕਲਗੀਧਰ ਜੀ ਦਾ ਪਵਿੱਤ੍ਰ ਹੁਕਮ ਹਰ ਇਕ ਸਿੱਖ ਦੇ ਤਾਈਂ 'ਰਹਰਾਸਿ' ਪੜ੍ਹਨ ਦਾ ਰਹਿਤ ਨਾਮਿਆਂ ਵਿਖੇ ਕਥਨ ਕੀਤਾ ਹੈ।

ਦੋਹਿਰਾ—'ਰਹਿਰਾਸ ਸਮੇਂ ਗੁਰ ਹੁਕਮੁ ਕੋ, ਪਢਹਿ ਪ੍ਰੀਤਿ ਸਤਭਾਉ॥
ਪ੍ਰੇਮ ਸਹਿਤ ਰਸਨਾ ਰਟਹਿ, ਪ੍ਰਗਟ ਮਿਲਹਿ ਮੁਹਿ ਆਇ॥ ੩੪॥'

[ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ]

ਜ਼ਰੂਰੀ ਬੇਨਤੀ

ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਹੈ, ਜੋ ਅੱਜ ਕੱਲ੍ਹ ਸ੍ਰੀ ਕਰਤਾਰ ਪੁਰ 'ਸ਼ੀਸ਼ ਮਹਿਲ' ਵਿਖੇ ਬਿਰਾਜਮਾਨ ਹੈ ਉਸ ਵਿਖੇ 'ਰਹਰਾਸਿ' ਦੇ ਕੇਵਲ ਪੰਜ ਸ਼ਬਦ ਅੰਕਿਤ ਕੀਤੇ ਹੋਏ ਹਨ।

੧. 'ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ'

੨. 'ਸੁਣਿ ਵਡਾ ਆਖੈ ਸਭੁ ਕੋਇ॥'

੩. 'ਆਖਾ ਜੀਵਾ ਵਿਸਰੈ ਮਰਿ ਜਾਉ॥'

੪. 'ਹਰਿ ਕੇ ਜਨ ਸਤਿਗੁਰ ਸਤਪੁਰਖਾ'

੫. 'ਕਾਹੇ ਰੇ ਮਨ ਚਿਤਵਹਿ ਉਦਮੁ'

ਅਤੇ ਪੰਚਮ ਪਾਤਿਸ਼ਾਹ ਜੀ ਵੇਲੇ ਸੰਧਿਆਂ ਨੂੰ ਕੇਵਲ ਪੰਜ ਸ਼ਬਦ ਹੀ ਪੜ੍ਹੇ ਜਾਂਦੇ ਸਨ।

ਪੰਚਮ ਪਾਤਸ਼ਾਹ ਜੀ ਤੋਂ ਪਿੱਛੋਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਸੰਧਿਆਂ ਸਮੇਂ ਨੌਂ ਸ਼ਬਦਾਂ ਦਾ ਪਾਠ ਪੜ੍ਹਿਆ ਕਰਦੇ ਸਨ।

ਪੰਜ ਸ਼ਬਦ ਪਿਛਲੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਵਾਲੇ ਅਤੇ ਚਾਰ ਸ਼ਬਦ ਇਹ-

੧. ਸੋ ਪੁਰਖੁ ਨਿਰੰਜਨੁ ਹਰਿ ਪੁਰਖੁ' *੨. 'ਤੂੰ ਕਰਤਾ ਸਚਿਆਰੁ ਮੈਡਾ ਸਾਂਈ॥'*

੩. 'ਤਿਤੁ ਸਰਵਰੜੈ ਭਈਲੇ ਨਿਵਾਸਾ' *੪. 'ਭਈ ਪਰਾਪਤਿ ਮਾਨੁਖ ਦੇਹੁਰੀਆ॥'*

ਵਿਚਾਰ ਕੇ ਦੇਖੋ ! ਇਨ੍ਹਾਂ ਦਾ ਅੰਕ ਵੀ ਵੱਖਰਾ ਦਿੱਤਾ ਹੋਇਆ ਹੈ। 'ਸੋਦਰੁ' ਤੋਂ ਲੈ ਕੇ 'ਕਾਹੇ ਰੇ ਮਨ' ਤੱਕ ਪੰਜ ਸ਼ਬਦ ਲਿਖ ਕੇ ਪਾਂਜਾ ਲਗਾ ਕੇ ਸਮਾਪਤ ਹੈ।

ਅੱਗੇ ਛੇਵੇਂ ਸ਼ਬਦ ਦੀ ਸਮਾਪਤੀ ਕਰਕੇ ਛੇਵਾਂ ਅੰਕ ਲਿਖਣਾ ਚਾਹੀਦਾ ਸੀ ਪਰ ਨਹੀਂ ਲਿਖਿਆ ਹੋਇਆ। ਛੇਵਾਂ ਸ਼ਬਦ 'ਸੋ ਪੁਰਖੁ' ਦਾ ਲਿਖ ਕੇ ਫਿਰ ਨਵਾਂ ਅੰਕ ਇਕ ਦਿੱਤਾ ਹੋਇਆ ਹੈ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ 'ਸੋ ਪੁਰਖੁ' ਤੋਂ ਅਗਲੇ ਸ਼ਬਦਾਂ ਦੀ ਮਰਯਾਦਾ ਛੇਵੇਂ ਪਾਤਿਸ਼ਾਹ ਜੀ ਨੇ ਬੱਧੀ ਹੈ। ਇਸ ਦਾ ਵੱਡਾ ਸਬੂਤ ਇਹ ਹੈ ਕਿ ਛੇਵੇਂ ਪਾਤਿਸ਼ਾਹ ਜੀ ਦੇ ਵੱਡੇ ਸਪੁੱਤਰ ਜੋ ਬਾਬਾ ਗੁਰਦਿੱਤਾ ਜੀ ਸਨ ਉਨ੍ਹਾਂ ਦੇ ਆਪਣੇ ਹੱਥਾਂ ਦਾ ਲਿਖਿਆ ਹੋਇਆ ਇਕ ਗੁਟਕਾ ਕਰਤਾਰਪੁਰ ਸ਼ੀਸ਼ ਮਹਲ ਵਿਖੇ ਹੈ ਉਸ ਗੁਟਕੇ ਵਿਚ ਰਹਰਾਸਿ ਸਾਹਿਬ ਦੇ ਨੌਂ ਸ਼ਬਦ ਲਿਖੇ ਹੋਏ ਹਨ, 'ਸੋਦਰੁ' ਤੋਂ ਲੈ ਕੇ 'ਭਈ ਪਰਾਪਤਿ ਮਾਨੁਖ ਦੇਹੁਰੀਆ' ਤੱਕ।

ਇਸ ਤੋਂ ਅਗੇ ਦੋਹਰਿਆਂ, ਸਵੱਈਆਂ ਸਹਿਤ ਚੌਪਈ ਦਾ ਪਾਠ 'ਅਨੰਦ ਸਾਹਿਬ' ਜੀ ਦਾ ਪਾਠ ਮੁੰਦਾਵਣੀ ਦਾ ਪਾਠ, ''ਤਿਥੈ ਤੂੰ ਸਮਰਥ'', 'ਅੰਤਰਿ ਗੁਰੁ ਆਰਾਧਨਾ' 'ਰਖੇ ਰਖਣਹਾਰ' ਇਹ ਸਾਰੀ 'ਰਹਰਾਸਿ' ਪੜ੍ਹਨ ਦੀ ਮਰਯਾਦਾ ਦਸਮੇਸ਼ ਪਿਤਾ ਸ੍ਰੀ ਕਲਗੀਧਰ ਜੀ ਨੇ ਚਲਾਈ ਹੈ। ਉਸੇ ਮਰਯਾਦਾ ਅਨੁਸਾਰ ਸਾਰੀ 'ਰਹਰਾਸਿ' ਭਾਈ ਮਨੀ ਸਿੰਘ ਜੀ ਨੇ ਪੰਜ ਗ੍ਰੰਥੀ ਵਿਖੇ ਲਿਖ ਦਿੱਤੀ ਹੈ।

ਸੱਚਖੰਡ ਸ੍ਰੀ ਹਜ਼ੂਰ ਸਾਹਿਬ ਹੁਣ ਤਕ ਪੰਜ ਗ੍ਰੰਥੀ ਵਾਲੀ 'ਰਹਰਾਸਿ' ਪੜ੍ਹਦੇ ਹਨ।

ਸ੍ਰੀ ਅਨੰਦਪੁਰ ਤਖਤ ਕੇਸਗੜ੍ਹ ਸਾਹਿਬ ਉਤੇ ਭੀ ਸੰਪੂਰਨ 'ਰਹਿਰਾਸ' ਦਾ ਪਾਠ ਹੁੰਦਾ ਸੀ ਅਤੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਉੱਪਰ ਵੀ ਪਹਿਲੇ ਸੰਪੂਰਨ 'ਰਹਿਰਾਸ' ਜੀ ਦਾ ਪਾਠ ਹੁੰਦਾ ਸੀ।

ਅਕਾਲੀ ਲਹਿਰ ਤੋਂ ਪਹਿਲੇ ਜੋ ਸ੍ਰੀ ਹਰਿਮੰਦਰ ਸਾਹਿਬ ਵਿਖੇ ਤਿੰਨ ਗ੍ਰੰਥੀ ਸਨ।

੧. ਸ੍ਰੀ ਮਾਨ ਭਾਈ ਜਵਾਹਰ ਸਿੰਘ ਜੀ ਹੈੱਡ ਗ੍ਰੰਥੀ।

੨. ਭਾਈ ਸਾਹਿਬ ਹੀਰਾ ਸਿੰਘ ਜੀ।

੩. ਭਾਈ ਸਾਹਿਬ ਭਾਈ ਭਗਤ ਸਿੰਘ ਜੀ।

ਇਹ ਸਾਰੇ ਗ੍ਰੰਥੀ ਦੋਹਿਰੇ, ਚੌਪਈਆਂ ਸਮੇਤ ਪੁਰਾਤਨ ਮਰਯਾਦਾ ਅਨੁਸਾਰ ਸੰਪੂਰਨ 'ਰਹਿਰਾਸ' ਪੜ੍ਹਦੇ ਰਹੇ ਹਨ।

ਭਾਈ ਜਵਾਹਰ ਸਿੰਘ ਜੀ ਦੇ ਘਰ ਲੜਕਾ ਕੋਈ ਨਹੀਂ ਸੀ। ਬਲੋਚਸਤਾਨ ਚਿਮਨ ਦੇ ਇਲਾਕੇ ਇਕ ਪ੍ਰੇਮੀ ਦੇ ਘਰ ਸੰਤਾਨ ਨਹੀਂ ਸੀ ਹੁੰਦੀ। ਉਸ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਮੰਨਤ ਮੰਨੀ ਜੇਕਰ ਲੜਕਾ ਹੋਵੇਗਾ ਤਾਂ ਪਹਿਲੇ ਆਪ ਜੀ ਦੀ ਭੇਟਾ ਕਰਾਂਗਾ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਜਦ ਉਸ ਦੇ ਘਰ ਲੜਕਾ ਹੋਇਆ ਤਾਂ ਮਾਤਾ ਜੀ ਨੇ ਲਿਆ ਕੇ ਉਹ ਲੜਕਾ ਸ੍ਰੀ ਹਰਿਮੰਦਰ ਸਾਹਿਬ ਚੜ੍ਹਾ ਦਿੱਤਾ, ਉਸ ਵੇਲੇ ਉਹ ਲੜਕਾ ਭਾਈ ਜਵਾਹਰ ਸਿੰਘ ਜੀ ਨੇ ਆਪਣਾ ਪੁੱਤਰ ਬਣਾ ਕੇ ਉਸ ਨੂੰ ਪਾਲਿਆ, ਉਸ ਦਾ ਨਾਂ ਭਾਈ ਫਤਹ ਸਿੰਘ ਰੱਖਿਆ।

ਅਕਾਲੀ ਲਹਿਰ ਵੇਲੇ ਸੰਨ ੧੯੨੦ ਵਿਖੇ ਭਾਈ ਫਤਹ ਸਿੰਘ ਜੀ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਸਨ, ਉਹ ਵੀ ਕਲਗੀਧਰ ਜੀ ਦੀ ਮਰਯਾਦਾ ਅਨੁਸਾਰ ਸੰਪੂਰਨ ਰਹਿਰਾਸ ਸਾਹਿਬ ਜੀ ਦਾ ਪਾਠ ਬਹੁਤ ਸਮਾਂ ਕਰਦੇ ਰਹੇ ਹਨ।

ਇਹ ਗੱਲ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਸੁਣਾਇਆ ਕਰਦੇ ਸਨ। ਪੁਰਾਣੇ ਬਜ਼ੁਰਗ ਵੀ ਸਾਰੇ ਸੁਣਾਉਂਦੇ ਹਨ ਕਿ ਅਕਾਲੀ ਲਹਿਰ ਸੰਨ ੧੯੨੦ ਤੋਂ ਚੱਲੀ ਹੈ, ਉਸ ਲਹਿਰ ਦੇ ਸਮੇਂ ਵਿਚ ਵੀ ੧੯੩੦ ਤਕ ਸੰਪੂਰਨ ਰਹਿਰਾਸ ਦਾ ਪਾਠ ਦੋਹਰੇ-ਚੌਪਈਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਸੁਣਦੇ ਰਹੇ ਹਾਂ।

ਫੇਰ ਦਾਸ ਦੇ ਪਾਸ ਹੁਸ਼ਿਆਰ ਪੁਰ ਤੋਂ ਸ੍ਰੀ ਮਾਨ ਮਹੰਤ ਜਮੀਤ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਰੁਮਾਲੇ ਤਿੱਲੇ ਵਾਲੇ ੨੨-੨-੬੦ ਨੂੰ ਬਣਨ ਵਾਸਤੇ ਭੇਜੇ ਸਨ, ਨਾਲ ਹੀ ਉਨ੍ਹਾਂ ਨੇ ਇਕ ਬ੍ਰਿਧ ਪ੍ਰੇਮੀ ਭੇਜਿਆ ਸੀ ਜਿਸ ਦਾ ਨਾਮ ਭਾਈ ਜੈ ਸਿੰਘ ਸੀ, ਉਹਨਾਂ ਨੇ ਆਪਣਾ ਸਾਰਾ ਜ਼ਿਕਰ ਦਾਸ ਨੂੰ ਸੁਣਾਇਆ ਹੈ ਕਿ 'ਮੈਂ ਪਹਿਲੇ ਸ੍ਰਗੋਧੇ ਗੁਰਦੁਆਰੇ ਵਿਚ ਗ੍ਰੰਥੀ ਸਾਂ, ਮੇਰੇ ਹੁੰਦਿਆਂ ਹੀ

ਅਕਾਲੀ ਲਹਿਰ ਚੱਲੀ ਹੈ, ਓਸੇ ਲਹਿਰ ਵਿਚ ਮੈਂ ਵੀ ਸ਼ਾਮਲ ਸਾਂ, ਮੈਨੂੰ ਸ੍ਰੀ ਤਰਨ ਤਾਰਨ ਦੋ ਸਾਲ ਗ੍ਰੰਥੀ ਰਖਿਆ ਹੈ ੧੯੨੦ ਤੇ ੧੯੨੧ ਵਿਚ ਮੈਂ ਆਪ ਓਥੇ ਪੁਰਾਤਨ ਮਰਯਾਦਾ ਅਨੁਸਾਰ ਦੋਹਿਰੇ ਚੌਪਈਆਂ ਸਮੇਤ ਰਹਿਰਾਸ ਜੀ ਦਾ ਪਾਠ ਕਰਦਾ ਰਿਹਾ ਹਾਂ ਅਤੇ ਜਦ ਵੀ ਮੈਨੂੰ ਅੰਮ੍ਰਿਤਸਰ ਆਉਣ ਦਾ ਸਮਾਂ ਮਿਲਦਾ ਸੀ ਤਦ ਮੈਂ ਏਥੇ ਵੀ ਭਾਈ ਫਤਹ ਸਿੰਘ ਜੀ ਗ੍ਰੰਥੀ ਪਾਸੋਂ ਰਹਿਰਾਸ ਦਾ ਸੰਪੂਰਨ ਪਾਠ ਸੁਣਦਾ ਸੀ।

'ਸੋਦਰ' ਤੋਂ ਲੈ ਕੇ 'ਭਈ ਪਰਾਪਤਿ' ਤਕ ਅਤੇ 'ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਇਤਿ ਸ੍ਰੀ' ਤਕ, ਫੇਰ 'ਮੈਂ ਨ ਗਨੇਸਹਿ ਪ੍ਰਿਥਮ ਮਨਊਂ' ਤੋਂ ਲੈ ਕੇ ਅਖੀਰ 'ਰਖੇ ਰਖਣਹਾਰਿ' ਤਕ ਜੋ ਭੀ ਪੁਰਾਤਨ ਮ੍ਰਯਾਦਾ 'ਰਹਿਰਾਸ' ਜੀ ਦੇ ਪੜ੍ਹਨ ਦੀ ਹੈ, ਇਹ ਕਲਗੀਧਰ ਦਸਮੇਸ਼ ਪਿਤਾ ਜੀ ਨੇ ਆਪ ਆਰੰਭ ਕੀਤੀ ਹੈ।

ਸ੍ਰੀ ਮਾਨ ੧੦੮ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਸੁਣਾਇਆ ਕਰਦੇ ਸਨ ਕਿ ਕਲਗੀਧਰ ਮਹਾਰਾਜ ਜੀ ਦੇ ਕਮਰ-ਕੱਸੇ ਦਾ ਜੋ ਗੁਟਕਾ ਹੈ, ਉਸ ਦਾ ਦਰਸ਼ਨ ਅਸਾਂ ਰਾਜਸਥਾਨ ਧੌਲਪੁਰ ਮਹਿਲਾਂ ਵਿਖੇ ਕੀਤਾ ਹੈ, ਉਸ ਗੁਟਕੇ ਵਿਖੇ ਪੁਰਾਤਨ ਮ੍ਰਯਾਦਾ ਵਾਲੀ ਸੰਪੂਰਨ 'ਰਹਿਰਾਸ' ਹੈ।

ਜਿਹੜੇ ਵੀ ਮਨੁੱਖ ਆਪਣੀ ਮਨਮਤ ਅਨੁਸਾਰ ਦਸਮੇਸ਼ ਪਿਤਾ ਜੀ ਦੀ ਫੁਰਮਾਈ ਹੋਈ ਮ੍ਰਯਾਦਾ ਅਨੁਸਾਰ ਸੰਪੂਰਨ 'ਰਹਰਾਸਿ' ਦਾ ਪਾਠ ਨਹੀਂ ਪੜ੍ਹਦੇ ਜਾਂ ਨਹੀਂ ਸੁਣਦੇ ਉਨ੍ਹਾਂ ਦੀ ਮੁਕਤੀ ਕਦੇ ਨਹੀਂ ਹੋ ਸਕਦੀ ।

ਦਾਸ ਦੀ ਦੋ ਹੱਥ ਜੋੜਕੇ ਹਰ ਸੱਜਣ ਅੱਗੇ ਬੇਨਤੀ ਹੈ, ਗੁਰੂ ਸਾਹਿਬਾਂ ਦੇ ਹੁਕਮ ਅਨੁਸਾਰ ਰੋਜ਼ਾਨਾ ਸੰਪੂਰਨ ਰਹਿਰਾਸ ਸਾਹਿਬ ਜੀ ਦਾ ਪਾਠ ਕਰਕੇ ਮਨੁੱਖ ਜਨਮ ਦੀ ਸਫਲਤਾ ਪ੍ਰਾਪਤ ਕਰਨ।

ਸਾਖੀ—ਸੁੰਨ ਸਮਾਧੀ ਵਾਲਿਆਂ ਦੀ

ਇਕ ਸਮੇਂ ਰਾਵੀ ਦਰਿਆ ਦੇ ਕਿਨਾਰੇ ਕਰਤਾਰਪੁਰ ਸਾਹਿਬ ਵਿਖੇ ਸੇਵਾ ਕਰਦਿਆਂ ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਪਾਸ ਬੇਨਤੀ ਕੀਤੀ ਕਿ 'ਆਪ ਕਿਰਪਾ ਕਰਕੇ ਮੈਨੂੰ ਸੁੰਨ-ਸਮਾਧੀ ਵਾਲਿਆਂ ਦੇ ਦਰਸ਼ਨ ਕਰਵਾ ਦਿਓ।'

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ-''ਹੇ ਪੁਰਖਾ ! ਨੇਤ੍ਰ ਬੰਦ ਕਰ।'' ਜਾਂ ਉਨ੍ਹਾਂ ਨੇ ਨੇਤ੍ਰ ਬੰਦ ਕੀਤੇ ਤਾਂ ਕੀ ਦੇਖਿਆ ਕਿ ਕਿਸੇ ਹੋਰ ਹੀ ਦੇਸ਼ ਵਿਚ ਚਲੇ ਗਏ, ਜਾ ਕੇ ਪੁੱਛਿਆ ਕਿ ਇਹ ਸੁੰਨ ਸਮਾਧੀਆਂ ਦਾ ਦੇਸ਼ ਹੈ ? ਉਥੋਂ ਦੇ ਵਾਸੀਆਂ ਨੇ ਕਿਹਾ-''ਨਹੀਂ ਜੀ ! ਉਹ ਦੇਸ਼ ਤਾਂ ਅੱਗੇ ਹੈ।'' ਪਰ ਉਨ੍ਹਾਂ ਦੇ ਹੱਥ ਮੂੰਹ ਕਾਲੇ ਦੇਖੇ। ਜਾਂ ਅੱਗੇ ਗਏ ਤਾਂ ਓਥੋਂ ਦੇ ਵਾਸੀ ਲੋਕਾਂ ਦੇ ਸੂਰ ਦੇ ਮੂੰਹ ਲੱਗੇ ਡਿੱਠੇ। ਗੁਰੂ ਅੰਗਦ ਦੇਵ ਜੀ ਦੇ ਪੁੱਛਣ ਤੇ ਉਨ੍ਹਾਂ ਨੇ ਵੀ ਇਹ ਕਿਹਾ-''ਜੀ ! ਸੁੰਨ ਸਮਾਧੀਆਂ ਵਾਲੇ ਅੱਗੇ ਹਨ।''

ਅੱਗੇ ਜਾ ਕੇ ਦੇਖਿਆ ਉਨ੍ਹਾਂ ਦੇ ਮੂੰਹ ਪਿਛਲੇ ਪਾਸੇ ਲੱਗੇ ਹਨ, ਉਸ ਤੋਂ ਅੱਗੇ ਜਾ ਕੇ ਧੌਣਾਂ ਵਿਚ ਕਿੱਲੇ ਠੁਕਿਆਂ ਵਾਲੇ ਦੇਖੇ, ਉਨ੍ਹਾਂ ਤੋਂ ਪੁੱਛਿਆ-''ਸੁੰਨ ਸਮਾਧੀਆਂ ਵਾਲੇ ਕਿਥੇ ਹਨ ?'' ਉਨ੍ਹਾਂ ਨੇ ਵੀ ਕਿਹਾ ਕਿ ਅੱਗੇ ਹਨ।

ਅੱਗੇ ਜਾ ਕੇ ਸੁੰਦਰ ਸਰੂਪ ਵਾਲੀਆਂ ਅਪੱਛਰਾਂ ਦੇਖੀਆਂ, ਉਹ ਪੁੱਠੇ ਲਟਕਦੇ ਹੋਏ ਮਨੁੱਖਾਂ ਦਾ ਮਾਸ ਖਾ ਰਹੀਆਂ ਸਨ ਉਹ ਵਿਚਾਰੇ ਹਾਇ ! ਹਾਇ !! ਕਰਕੇ ਕੁਰਲਾ ਰਹੇ ਸਨ। ਉਨ੍ਹਾਂ ਨੇ ਵੀ ਸੁੰਨ ਸਮਾਧੀਆਂ ਦਾ ਦੇਸ਼ ਅੱਗੇ ਦੱਸਿਆ। ਜਾਂ ਅੱਗੇ ਗਏ ਤਾਂ ਉਸ ਜਗ੍ਹਾ ਕੋਈ ਆਦਮੀ ਨਹੀਂ ਸੀ। ਸ਼ਾਮ ਹੋਈ, ਸਤਿਗੁਰੂ ਅੰਗਦ ਦੇਵ ਜੀ ਓਥੇ ਬੈਠੇ ਰਹੇ, ਦੋ ਘੜੀਆਂ ਰਾਤ ਗਈ ਤੇ ਦੇਵ ਲੋਕ ਵਿੱਚੋਂ ਦਿਬ ਸਰੂਪ ਉਤਰੇ, ਕੁਦਰਤੀ ਪਲੰਘ ਵਿਛ ਗਏ, ਥਾਲ ਵੀ ਲੱਗੇ ਲਗਾਏ ਉੱਪਰੋਂ ਹੀ ਆਏ। ਸਭਨਾਂ ਨੇ ਪ੍ਰਸ਼ਾਦਿ ਛਕਿਆ, ਸਤਿਗੁਰੂ ਅੰਗਦ ਦੇਵ ਜੀ ਨੂੰ ਛਕਾਇਆ ਤੇ ਸਤਿਕਾਰ ਨਾਲ ਪਲੰਘ ਤੇ ਬਿਠਾਇਆ। ਜਾਂ ਪ੍ਰਸ਼ਾਦਿ ਛਕ ਚੁਕੇ ਤਾਂ ਸਤਿਗੁਰੂ ਅੰਗਦ ਦੇਵ ਜੀ ਨੇ ਪੁੱਛਿਆ ਕਿ ਭਾਈ ! ਸੁੰਨ ਸਮਾਧੀਆਂ ਦੀ ਏਹੀ ਨਗਰੀ ਹੈ ?

ਉਨ੍ਹਾਂ ਨੂੰ ਕਿਹਾ-'ਜੀ ! ਸਾਨੂੰ ਬੋਲਣ ਦੀ ਲੋੜ ਨਹੀਂ, ਤੁਸੀਂ ਸਾਡੇ ਸਰੀਰ ਨਾਲ ਕੰਨ ਲਗਾ ਕੇ ਸੁਣੋ।' ਜਾਂ ਸੁਣਿਆ ਤਾਂ ਸਾਰੇ ਅੰਗਾਂ ਦੇ ਰੋਮ-ਰੋਮ ਵਿੱਚੋਂ 'ਵਾਹਿਗੁਰੂ-ਵਾਹਿਗੁਰੂ' ਦੀ ਅਵਾਜ਼ ਆ ਰਹੀ ਸੀ ਤਾਂ ਜਾਣ ਲਿਆ ਕਿ ਏਹੀ ਸੁੰਨ ਸਮਾਧੀਆਂ ਵਾਲੇ ਹਨ।

ਫੇਰ ਪੁੱਛਿਆ ਕਿ ਜੋ ਪਹਿਲੇ ਲੋਕਾਂ ਦੇ ਹੱਥ ਮੂੰਹ ਕਾਲੇ ਸਨ ਅੱਗੇ ਜਾ ਕੇ ਸੂਰ ਦੇ ਹੱਥ ਮੂੰਹ ਦੇਖੇ ਉਹ ਕੌਣ ਸਨ ?

ਉਨ੍ਹਾਂ ਕਿਹਾ ਕਿ ਉਨ੍ਹਾਂ ਲੋਕਾਂ ਨੇ ਬਿਪਤਾ ਸਮੇਂ ਲੋੜ ਪੂਰੀ ਕਰਨ ਵਾਸਤੇ ਸੰਗਤ ਵਿਚ ਮੰਨਤਾਂ ਮੰਨੀਆਂ, ਅਰਦਾਸਾਂ ਕਰਾਈਆਂ ਪਰ ਸੁੱਖਣਾ ਨਾ ਦਿੱਤੀਆਂ ਇਸੇ ਦੋਸ਼ ਕਰਕੇ ਉਨ੍ਹਾਂ ਦੇ ਮੂੰਹ ਕਾਲੇ ਹੋ ਗਏ ਅਤੇ ਸੂਰ ਦੇ ਮੂੰਹ ਵਾਲੇ ਉਹ ਮਨੁੱਖ ਹਨ, ਜਿਨ੍ਹਾਂ ਨੇ ਕੋਈ ਦਾਨ-ਪੁੰਨ ਨਹੀਂ ਕੀਤਾ ਅਤੇ ਪਰਾਈ ਨਿੰਦਾ ਹੀ ਕਰਦੇ ਰਹੇ ਉਹ ਕਿਸੇ ਗੁਰੂ ਪੀਰ ਅੱਗੇ ਨਹੀਂ ਨਿਵੇਂ।

ਫੇਰ ਪੁੱਛਿਆ-''ਅੱਗੇ ਆ ਕੇ ਜਿਨ੍ਹਾਂ ਦੇ ਮੂੰਹ ਪਿੱਠ ਪਿੱਛੇ ਲੱਗੇ ਦੇਖੇ ਹਨ ਉਹ ਕੌਣ ਸਨ ? ਅਤੇ ਜਿਹੜੇ ਕਿੱਲੇ ਠੁਕੇ ਦੇਖੇ ਹਨ, ਉਨ੍ਹਾਂ ਨੇ ਕੀ ਕਰਮ ਕੀਤਾ ਹੈ ?''

ਤਾਂ ਉਨ੍ਹਾਂ ਕਿਹਾ-''ਮਾਤ ਲੋਕ ਦੀ ਧਰਤੀ ਪਰ ਉਹ ਪੁੰਨ ਦਾ ਸਦਕਾ ਅਮੀਰ ਤਾਂ ਬਣ ਗਏ ਹਨ ਪਰ ਕਿਸੇ ਸਵਾਲੀ ਦਾ ਸਵਾਲ ਨਾ ਪੂਰਾ ਕੀਤਾ, ਕਿਸੇ ਮੰਗਤੇ ਨੇ ਜੇਕਰ ਹੱਥ ਅੱਡ ਕੇ ਕੁਛ ਮੰਗਿਆ ਤਾਂ ਮੂੰਹ ਫੇਰ ਲਿਆ। ਸੋ ਉਹ ਪੁੱਠੇ ਮੂੰਹ ਵਾਲੇ ਹੋ ਗਏ।

ਅਤੇ ਜਿਨ੍ਹਾਂ ਲੋਕਾਂ ਦੀ ਧੌਣਾਂ ਵਿਚ ਕਿੱਲੇ ਠੁਕੇ ਦੇਖੇ ਹਨ,ਉਨ੍ਹਾਂ ਨੇ ਕਦੇ ਵੀ ਧਰਮਸਾਲਾ, ਗੁਰਦੁਆਰੇ ਜਾਂ ਸੰਤ ਭਗਤ ਅੱਗੇ ਆਪਣਾ ਸਿਰ ਨਹੀਂ ਝੁਕਾਇਆ, ਸਦਾ ਹੀ ਹੰਕਾਰ ਵਿਚ ਆਕੜੇ ਰਹੇ ਜਿਸ ਕਰਕੇ ਉਨ੍ਹਾਂ ਦੀਆਂ ਧੌਣਾਂ ਵਿਚ ਕਿੱਲੇ ਠੁਕੇ ਹੋਏ ਹਨ।

ਅੱਗੇ ਜਿਉਂਦੇ ਪੁਰਖਾਂ ਨੂੰ ਸੁੰਦਰ ਰੂਪ ਵਾਲੀਆਂ ਇਸਤਰੀਆਂ ਖਾ ਰਹੀਆਂ ਹਨ, ''ਉਹ ਕਿਸ ਪਾਪ ਦਾ ਫਲ ਭੋਗ ਰਹੇ ਹਨ ?''

ਤਾਂ ਕਿਹਾ-''ਜਿਨ੍ਹਾਂ ਨੇ ਮਾਤ ਲੋਕ ਵਿਚ ਧੀਆਂ ਭੈਣਾਂ ਦੇ ਪੈਸੇ ਲੈ ਕੇ ਖਾਧੇ ਹਨ, ਉਹ ਆਪਣਾ ਬਦਲਾ ਲੈਣ ਵਾਸਤੇ ਉਨ੍ਹਾਂ ਨੂੰ ਵੱਢ ਵੱਢ ਕੇ ਖਾਂਦੀਆਂ ਹਨ।''

ਫੇਰ ਉਨ੍ਹਾਂ ਤੋਂ ਪੁੱਛਿਆ-''ਤੁਸੀਂ ਐਸ ਵੇਲੇ ਕਿਥੋਂ ਆਏ ਹੋ, ਸਾਰਾ ਦਿਨ ਕਿਥੇ ਰਹਿੰਦੇ ਹੋ ?''

ਤਾਂ ਉਨ੍ਹਾਂ ਕਿਹਾ-"ਜੀ ਸੁਣੋ ! ਅਸੀਂ ਬੜੇ ਪੁੰਨੀ ਪੁਰਸ਼ ਹਾਂ, ਮਾਤ ਲੋਕ ਵਿਚ ਬੜੇ ਪੁੰਨ ਕੀਤੇ, ਨਾਮ ਵੀ ਜਪਿਆ ਪਰ 'ਰਹਿਰਾਸ' ਦੇ ਸਮੇਂ ਧਰਮਸਾਲਾ ਜਾਂ ਗੁਰਦੁਆਰੇ ਨਹੀਂ ਗਏ,ਨਾ ਆਪ ਹੀ 'ਰਹਿਰਾਸ' ਦਾ ਪਾਠ ਕੀਤਾ ਜਿਸ ਕਰਕੇ ਅਸੀਂ ਸਾਰਾ ਦਿਨ ਤਾਂ ਨਿਰੰਕਾਰ ਦੇ ਦਰਬਾਰ ਵਿਚ ਰਹਿ ਕੇ ਉਸ ਦਾ ਦਰਸ਼ਨ ਕਰਦੇ ਹਾਂ ਪਰ ਰਹਿਰਾਸ ਦੇ ਸਮੇਂ ਸੱਚਖੰਡ ਵਿਚੋਂ ਕੱਢੇ ਜਾਂਦੇ ਹਾਂ,ਇਕ ਪਹਿਰ ਨਿਰੰਕਾਰ ਦੇ ਪਾਸ ਨਹੀਂ ਜਾ ਸਕਦੇ ਫੇਰ ਜਾਂਦੇ ਹਾਂ।

ਇਹ ਸਾਰਾ ਕੌਤਕ ਵਿਖਾ ਕੇ ਸਤਿਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਨੇਤ੍ਰ ਖੁਲਵਾਏ ਤੇ ਰਹਿਰਾਸ ਪੜ੍ਹਨ ਦਾ ਮਹਾਤਮ ਆਪਣੀ ਰਸਨਾ ਤੋਂ ਉਚਾਰਨ ਕੀਤਾ।+

ਇਸ ਲਈ ਸਰਬੱਤ ਮਾਈ ਭਾਈ ਅੱਗੇ ਬੇਨਤੀ ਹੈ ਕਿ ਰੋਜ਼ਾਨਾ ਹੀ ਸ਼ਾਮ ਵੇਲੇ ਰਹਿਰਾਸ ਦਾ ਪਾਠ ਕੀਤਾ ਕਰੋ ਤਾਂਕਿ ਦਰਗਾਹ ਵਿਖੇ ਇਸਥਿਤ ਹੋਵੇ।

ਜਿਹੜਾ ਮਨੁੱਖ ਸ਼ਾਮ ਵੇਲੇ ਰਹਿਰਾਸ ਜੀ ਦਾ ਪਾਠ ਨਹੀਂ ਕਰਦਾ ਉਸ ਨੂੰ ਦਰਗਾਹ ਵਿਚ ਢੋਈ ਨਹੀਂ ਮਿਲਦੀ ਅਤੇ ਚਉਰਾਸੀ ਲੱਖ ਜੂਨੀਆਂ ਵਿਖੇ ਫਿਰਦਾ ਹੈ, ਇਸ ਉਤੇ ਗੁਰੂ ਕਲਗੀਧਰ ਜੀ ਨੇ ਰਹਿਤਨਾਮਿਆਂ ਵਿਚ ਇਉਂ ਬਚਨ ਫੁਰਮਾਏ ਹਨ—

ਚੌਪਈ—'ਠੰਢੇ ਪਾਣੀ ਜੋ ਨਹੀਂ ਨ੍ਹਾਵੈ॥ ਬਿਨ ਜਪੁ ਪੜ੍ਹੇ ਪ੍ਰਸਾਦ ਜੁ ਪਾਵੈ॥
ਬਿਨ ਰਹਿਰਾਸ ਸੰਧਿਆ ਜੋ ਖੋਵਹਿ॥ ਕੀਰਤਨ ਪੜੇ ਬਿਨ ਰੈਨ ਜੋ ਸੋਵਹਿ॥ ੧੫॥
ਚੁਗਲੀ ਕਰ ਜੋ ਕਾਜ ਬਿਗਾਰਹਿ॥ ਧ੍ਰਿਗ ਤਿਸ ਜਨਮ ਸੁ ਧਰਮ ਬਿਸਾਰਹਿ॥
ਕਰੈ ਬਚਨ ਜੋ ਪਾਲੈ ਨਾਹੀਂ॥ ਗੋਬਿੰਦ ਸਿੰਘ ਤਿਸ ਠਉਰ ਕਤ ਨਾਹੀਂ॥ ੧੬॥'

[ਤਨਖਾਹਨਾਮਾ ਭਾਈ ਨੰਦ ਲਾਲ ਜੀ]

ਤਥਾ—"ਪ੍ਰਾਤਾ ਕਾਲ ਗੁਰ ਗੀਤ ਨਾ ਗਾਵੈ॥ ਰਹਿਰਾਸ ਬਿਨਾ ਪ੍ਰਸਾਦ ਜੋ ਪਾਵੈ॥
ਬਾਹਰ ਮੁਖੀ ਸਿਖ ਤਿਸ ਜਾਨੋ॥ ਸਭ ਬਰਤਨ ਮਿਥਿਆ ਤਿਸ ਮਾਨੋ॥ ੧੪॥
ਲਖ ਚਉਰਾਸੀਹ ਭ੍ਰਮਤਾ ਫਿਰੈ॥ ਬਾਰ ਬਾਰ ਜਗ ਜਨਮੈ ਮਰੈ॥
ਗੁਰੂ ਬਚਨ ਸਿਉਂ ਤੂਟਾ ਜਾਇ॥ ਦਰਗਹਿ ਤਾ ਕਉ ਮਿਲੈ ਸਜਾਇ॥ ੧੫॥"

[ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ]

ਰਹਰਾਸਿ ਸਮਾਪਤੰ

ੴ ੴ

+ ਜਨਮ ਸਾਖੀ ਭਾਈ ਬਾਲੇ ਵਾਲੀ, ਪੰਨਾ ੪੮੩।

੧ੴ ਸਤਿਗੁਰ ਪ੍ਰਸਾਦਿ॥

ਕੀਰਤਨ ਸੋਹਿਲਾ

ਸ੍ਰੀ ਗੁਰੂ ਨਾਨਕ ਦੇਵ ਜੀ 'ਜਪੁਜੀ ਸਾਹਿਬ' ਸਵੇਰ ਦੀ ਸੰਧਿਆ, 'ਰਹਿਰਾਸ ਸਾਹਿਬ' ਸ਼ਾਮ ਦੀ ਸੰਧਿਆ ਕਥਨ ਕਰਕੇ ਹੁਣ 'ਕੀਰਤਨ ਸੋਹਿਲਾ' ਮਧਿਆਨ ਦੀ ਸੰਧਿਆ ਵਰਨਣ ਕਰਦੇ ਹਨ।

'ਕੀਰਤਨ ਸੋਹਿਲੇ' ਜੀ ਦਾ ਪਾਠ ਪਹਿਲੇ ਮਧਿਆਨ ਕਾਲ [ਦੁਪਹਿਰ ਵੇਲੇ] ਪੜ੍ਹਦੇ ਸਨ, ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬੇਨਤੀ ਪ੍ਰਵਾਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਤ ਨੂੰ ਸੌਣ ਵੇਲੇ ਪੜ੍ਹਨ ਦੀ ਆਗਿਆ ਕਰ ਦਿੱਤੀ।

ਉਹ ਪ੍ਰਸੰਗ ਇਸ ਤਰ੍ਹਾਂ ਹੈ-

ਇਕ ਦਿਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਦੁਪਹਿਰ ਸਮੇਂ ਪਲੰਘ ਪਰ ਬਿਰਾਜਮਾਨ ਸਨ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੇ ਚਰਨ-ਕਵਲਾਂ ਨੂੰ ਝੱਸ ਰਹੇ ਸਨ। ਝਸਦਿਆਂ ਝਸਦਿਆਂ ਹੱਥ ਲਿੱਬੜ ਗਏ। ਅੱਖਾਂ ਖੋਲ੍ਹੀਆਂ ਤਾਂ ਕੀ ਵੇਖਦੇ ਹਨ-'ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚੋਂ ਲਹੂ ਨਿਕਲ ਰਿਹਾ ਹੈ' ਤਾਂ ਬੜੇ ਹੈਰਾਨ ਹੋ ਕੇ ਪੁੱਛਦੇ ਹਨ-''ਗਰੀਬ ਨਿਵਾਜ਼ ! ਆਪ ਕਿਧਰੇ ਬਾਹਰ ਤਾਂ ਗਏ ਨਹੀਂ ਤੇ ਕੰਡੇ ਕਿਸ ਪ੍ਰਕਾਰ ਲਗੇ ਹਨ?''

ਯਥਾ—'ਬੂਝਜੋ ਬਹਿਣੇ ਦੈ ਬੰਦੇ੧॥ ਕਿਸ ਬਿਧਿ ਕੰਟਕ੨ ਲਗੇ ਮੁਕੰਦੇ॥
ਵਹਿਰ ਕਹੂੰ ਅਸ ਠੌਰ ਨ ਮਾਹੀ॥ ਗਮਨੇ ਪ੍ਰਭੂ! ਆਪ ਕਬਿ ਨਾਂਹੀ॥ ੩੫॥
ਅਬਿ ਲਾਗੀ ਹੈਂ ਪਰਹਿਂ ਲਖਾਈ॥ ਇਹ ਕਾਰਨ ਮੁਝ ਦੇਹੁ ਬਤਾਈ॥
ਸੁਨਿਕੈ ਸ੍ਰੀ ਗੁਰ ਗਿਰਾ੩ ਅਲਾਈ॥ ਏਕ ਅਜਾਲੀ ਅਜਾ੪ ਚਰਾਈ॥ ੩੬॥'

ਇਹ ਗੱਲ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ-''ਹੇ ਪੁਰਖਾ ! ਬਾਹਰ ਇਕ ਅਜਾਲੀ ਬੱਕਰੀਆਂ ਚਰਾਉਂਦਾ ਹੋਇਆ 'ਕੀਰਤਨ ਸੋਹਿਲੇ' ਦਾ ਪਾਠ ਕਰ ਰਿਹਾ ਹੈ ਤੇ ਕੰਡੇ ਬਹੁਤ ਸਾਰੇ ਹਨ, ਉਸ ਦੀ ਅਸੀਂ ਰੱਖਿਆ ਕਰ ਰਹੇ ਹਾਂ। ਉਹ ਕੰਡੇ ਉਸ ਨੂੰ ਨਹੀਂ ਚੁਭਦੇ ਅਸਾਂ ਨੂੰ ਚੁਭ ਰਹੇ ਹਨ, ਕਿਉਂਕਿ ਅਸਾਡਾ ਇਹ ਨਿਯਮ ਹੈ ਜਿਥੇ ਕੋਈ ਪ੍ਰੇਮ ਨਾਲ ਕੀਰਤਨ ਸੋਹਿਲੇ ਦਾ ਪਾਠ ਕਰਦਾ ਹੈ, ਅਸੀਂ ਉਸਦੇ ਨਜ਼ਦੀਕ ਹੋ ਕੇ ਸਹਾਇਤਾ ਕਰਦੇ ਹਾਂ।''

ਯਥਾ-ਦੋਹਿਰਾ॥ 'ਮਨ ਇਕਾਂਤ ਹੈ ਪ੍ਰੀਤਿ ਯੁਤ, ਪਢਹਿ ਸੋਹਿਲਾ ਸੋਇ।
ਕੰਟਕ ਝਾਰ ਅਪਾਰ ਜਹਿ, ਫਿਰਤ ਪ੍ਰੇਮ ਮਹਿਂ ਹੋਇ॥੩੭॥'

---

੧. ਦੋ ਹੱਥ ਜੋੜ ਕੇ। ੨. ਕੰਡੇ। ੩. ਬਾਣੀ ਕਹੀ। ੪. ਬੱਕਰੀਆਂ।

ਚੌਪਈ—ਹੈ ਸਮੀਪ ਬਿਚਰੌਂ ਤਿਹ ਸੰਗਾ। ਲਗਨੇ ਦੇਉਂ ਨ ਕੰਟਕ ਅੰਗਾ।
ਤਹਾਂ ਝਰੀਟ ਲਗੀ ਇਹੁ ਜਾਨਹੁ। ਲਹਿਣੇ ! ਸਾਚ ਬਚਨ ਮਮ ਮਾਨਹੁ॥੩੬॥
ਪਢਹਿ ਸੋਹਿਲਾ ਜੋ ਕਿਤ ਕੋਊ। ਤਿਹ ਸਮੀਪ ਨਿਸ਼ਚੈ ਮੈਂ ਹੋਊ।

ਇਹ ਗੱਲ ਸੁਣਕੇ ਲਹਿਣੇ ਜੀ ਨੇ ਕਿਹਾ-''ਮਹਾਰਾਜ ! ਦਾਸ ਇਸ ਤਕਲੀਫ ਨੂੰ ਸਹਾਰ ਨਹੀਂ ਸਕਦਾ ਆਪ ਕਿਰਪਾ ਕਰੋ ਇਸ 'ਸੋਹਿਲੇ ਸਾਹਿਬ' ਜੀ ਦੇ ਪੜ੍ਹਨ ਦਾ ਵੇਲਾ ਕੋਈ ਹੋਰ ਰੱਖ ਦਿਓ।''

ਲਹਿਣੇ ਜੀ ਦੀ ਬੇਨਤੀ ਪ੍ਰਵਾਨ ਕਰਕੇ ਹਜ਼ੂਰ ਨੇ ਫੁਰਮਾਇਆ-''ਉਹ ਅਯਾਲੀ ਅਮਕੀ ਜਗ੍ਹਾ ਬੱਕਰੀਆਂ ਚਰਾ ਰਿਹਾ ਹੈ, ਉਸ ਵੱਲ ਇਕ ਸਿੱਖ ਭੇਜ ਕੇ ਬੁਲਵਾ ਲਓ।'' ਲਹਿਣੇ ਜੀ ਨੇ ਉਸੀ ਵੇਲੇ ਇਕ ਸਿੱਖ ਭੇਜ ਕੇ ਉਸ ਨੂੰ ਬੁਲਵਾ ਲੀਤਾ ਤੇ ਗੁਰੂ ਜੀ ਦੇ ਸਾਹਮਣੇ ਖੜਾ ਕਰਕੇ ਬੇਨਤੀ ਕੀਤੀ ਕਿ ਅਯਾਲੀ ਆ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ-''ਹੇ ਭਾਈ ! ਅੱਗੋਂ ਲਈ ਸੋਹਿਲੇ ਜੀ ਦਾ ਪਾਠ ਰਾਤ ਨੂੰ ਸੌਣ ਲੱਗਿਆਂ ਕਰਨਾ ਹੈ।''

ਯਥਾ—'ਕ੍ਰਿਪਾ ਦਿਸ਼ਟਿ ਕੌ ਦੇਖਿ ਗੁਸਾਈਂ। ਤਿਹ ਅਯਾਲੀ ਸੋਂ ਗਿਰਾ ਅਲਾਈ॥੪੨॥'
ਦੋਹਰਾ॥ ਸੋਵਨ ਸਮੈ ਬਖਾਨਿਯੇ, ਕੰਠ ਸੋਹਿਲਾ ਜੋਇ॥
ਅਧਿਕ ਖੁਸ਼ੀ ਬਹੁਰੋ ਕਰੀ, ਦ੍ਵੈਤ ਰਿਦੈ ਤੇ ਖੋਇ॥੪੩॥

ਹੋਰ ਸਾਰੀ ਸੰਗਤ ਨੂੰ ਵੀ ਸੁਣਾ ਦਿੱਤਾ, ਉਸ ਦਿਨ ਤੋਂ ਲੈ ਕੇ ਫੇਰ ਸਾਰੇ ਸਿੱਖ ਸੋਹਿਲੇ ਜੀ ਦਾ ਪਾਠ ਰਾਤ ਨੂੰ ਸੌਣ ਲੱਗਿਆਂ ਕਰਨ ਲਗ ਪਏ। [ਨਾਨਕ ਪ੍ਰਕਾਸ਼, ਉਤ੍ਰਾਰ੍ਧ ਅਧਜਾਯ ੪੮]

ਸਿੱਖਾਂ ਨੇ ਇਕ ਸਮੇਂ ਬੇਨਤੀ ਕੀਤੀ-''ਉਸ ਪ੍ਰਭੂ ਦਾ ਜਸ ਕਿਥੇ ਗਾਈਏ ?'' ਗੁਰ ਉੱਤਰ-

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧*

੧ੑ ਸਤਿਗੁਰ ਪ੍ਰਸਾਦਿ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥

ਹੇ ਪੁਰਖਾ ! ਜੈ ਘਰਿ=ਜਿਸ ਸਤਿਸੰਗ ਘਰ ਵਿਖੇ ਪਰਮੇਸ਼ਰ ਦੀ ਕੀਰਤੀ ਆਖੀਦੀ ਹੈ ਅਤੇ ਕਰਤੇ ਅਕਾਲ ਪੁਰਖ ਦੀ ਪ੍ਰਾਪਤੀ ਦਾ,

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਕੀਰਤਨ ਸੋਹਿਲਾ (ਪੰਨਾ ੧੨)	ਰਾਗੁ ਗਉੜੀ (ਪੰਨਾ ੧੫੭)
ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧	ਗਉੜੀ 'ਪੂਰਬੀ' ਦੀਪਕੀ ਮਹਲਾ ੧
ਸਿਵਰਿਹੁ ਸਿਰਜਣਹਾਰੋ॥੧॥	'ਸਿਵਰਹੁ' ਸਿਰਜਣਹਾਰੋ॥੧॥
ਹਉ ਵਾਰੀ ਜਿਤੁ ਸੋਹਿਲੈ,	ਹਉ ਵਾਰੀ 'ਜਾਉ' ਜਿਤੁ ਸੋਹਿਲੈ,

ਵਾ-ਸੱਤ ਅਸੱਤ ਦੇ ਨਿਰਣੇ ਦਾ ਵਿਚਾਰ ਹੁੰਦਾ ਹੈ।

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥ ੧॥

ਬਾਣੀ ਦੁਆਰਾ ਉਸ ਸਤਸੰਗ ਘਰ ਵਿਚ ਤੁਸੀਂ ਪ੍ਰਭੂ ਦਾ ਸੋਹਿਲਾ=ਜਸ ਗਾਵੋ ਅਤੇ ਮਨ ਕਰਕੇ ਸਿਰਜਣਹਾਰ ਦਾ ਸਿਮਰਨ ਕਰੋ॥ ੧॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥

ਹੇ ਭਾਈ ! ਤੁਸੀਂ ਮੇਰੇ ਨਿਰਭਉ=ਪਰਮਾਤਮਾ ਦਾ ਸੋਹਿਲਾ=ਜਸ ਜ਼ਰੂਰ ਗਾਵੋ

ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥ ੧॥ ਰਹਾਉ॥

ਅਸੀਂ ਸਦਕੇ ਜਾਂਦੇ ਹਾਂ ਜਿਸ ਸੋਹਿਲੇ ਸਾਹਿਬ ਦੇ ਪੜ੍ਹਨ ਕਰਕੇ, ਵਾ ਜਸ ਦੇ ਗਾਵਣ ਕਰ ਕੇ ਸਦਾ=ਸਦੀਵ ਕਾਲ ਜੀਵ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੧॥ ਰਹਾਉ॥

ਪੁਨਾ ਬੇਨਤੀ ਕੀਤੀ-ਜੇ ਅਸੀਂ ਹਰ ਵੇਲੇ ਨਾਮ ਜਪਣ ਵਿਚ ਲੱਗ ਜਾਈਏ ਤਾਂ ਅਸਾਡੇ ਪਰਵਾਰ ਦੀ ਪਾਲਣਾਂ ਕਿਸ ਤਰ੍ਹਾਂ ਹੋਵੇਗੀ ? ਗੁਰ ਉੱਤਰ-

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥

ਜੋ ਪਰਮਾਤਮਾ ਨਿਤਾਪ੍ਰਤੀ ਸਾਰਿਆਂ ਜੀਵਾਂ ਦੀ ਸਾਰ ਸੰਭਾਲ ਕਰਦਾ ਹੈ, ਉਹ ਦੇਵਣਹਾਰ ਪਰਮਾਤਮਾ ਤੇਰੀ ਤਰਫ ਵੀ ਦੇਖੇਗਾ, ਤੂੰ ਚਿੰਤਾ ਨਾ ਕਰ।

ਯਥਾ—"ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੋਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੋਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥"

[ਪੰਨਾ ੯੫੫]

ਤਥਾ—"ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥
ਜੀਅ ਸਗਲ ਕਉ ਦੇਇ ਦਾਨੁ॥ ਰਹਾਉ॥
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥੧॥"

[ਤਿਲੰਗ ਮਹਲਾ ੫, ਪੰਨਾ ੭੨੪]

ਤਥਾ—ਪਹਿਲੋ ਦੇ ਤੈ ਰਿਜਕੁ ਸਮਾਹਾ॥ ਪਿਛੋ ਦੇ ਤੈ ਜੰਤੁ ਉਪਾਹਾ॥
ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ॥ ੬॥

[ਮਾਝ ਮਹਲਾ ੫, ਪੰਨਾ ੧੩੦]

ਪੁਨਾ ਬੇਨਤੀ ਕੀਤੀ-ਉਸ ਦਾ ਸਿਮਰਨ ਕਰਨ ਨਾਲ ਕੀ ਫਲ ਹੁੰਦਾ ਹੈ ?

ਗੁਰ ਉਤਰ-ਹੇ ਜੀਵ ! ਜੇ ਤੂੰ ਨਿਤਾਪ੍ਰਤੀ ਉਸ ਨੂੰ ਸੰਭਾਲੇਂਗਾ ਭਾਵ ਉਸ ਦਾ ਭਜਨ-ਸਿਮਰਨ

ਕਰੇਂਗਾ ਤਾਂ ਦੇਵਣਹਾਰ ਪਰਮਾਤਮਾ ਨੂੰ ਤੂੰ ਆਪਣਾ ਸਰੂਪ ਕਰਕੇ ਦੇਖ ਲਵੇਂਗਾ।

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥ ੨॥

ਹੇ ਪੁਰਖ਼ਾ ! ਤੇਰੇ ਪਾਸੋਂ ਤਿਸਦੇ ਦਾਨੈ=ਖਜ਼ਾਨਿਆਂ ਦੀ ਵਾ-ਦਾਤਾਂ ਦੀ ਕੀਮਤ ਨਹੀਂ ਪੈ ਸਕਦੀ।

ਅਥਵਾ-ਤਿਸਦੇ ਦਾਨੈ=ਮਸਤਾਨੇ ਜੋ ਮਹਾਤਮਾ ਹਨ, ਉਹਨਾਂ ਦੀ ਕੀਮਤ ਨਹੀਂ ਪੈ ਸਕਦੀ।

ਅਥਵਾ-ਉਸ ਦੀ ਦਾਨੈ=ਦਨਾਈ ਦੀ ਕੀਮਤ ਨਹੀਂ ਪੈ ਸਕਦੀ ਤੇ ਉਸ ਦਾਤੇ ਦੀ ਸੁਮਾਰੁ=ਗਿਣਤੀ ਭਲਾ ਕੌਣ ਕਰ ਸਕਦਾ ਹੈ ? ਕਿੰਤੂ ਕੋਈ ਨਹੀਂ ਕਰ ਸਕਦਾ॥ ੨॥

ਇਸ ਜੀਵ ਰੂਪ ਲੜਕੀ ਦੇ ਦੋ ਲਾੜੇ ਹਨ-

ਇਕ ਪਰਮੇਸ਼ਰ- ਦੂਜਾ ਕਾਲ।

ਜੇਕਰ ਇਹ ਅੰਮ੍ਰਿਤ ਵੇਲੇ ਉਠ ਕੇ ਉਸ ਦਾ ਭਜਨ-ਸਿਮਰਨ ਕਰੇਗੀ ਤਾਂ ਇਸ ਦਾ ਪਰਮੇਸ਼ਰ ਰੂਪ ਪਤੀ ਨਾਲ ਵਿਆਹ ਹੋਵੇਗਾ।

ਜੇ ਪਰਮੇਸ਼ਰ ਤੋਂ ਬੇਮੁਖ ਰਹੇਗੀ, ਫਿਰ ਕਾਲ ਰੂਪੀ ਲਾੜਾ ਇਸ ਨੂੰ ਜ਼ਰੂਰ ਵਿਆਹ ਕੇ ਲੈ ਜਾਵੇਗਾ।

ਯਥਾ— ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥" *[ਸੇਖ ਫ਼ਰੀਦ, ਪੰਨਾ ੧੩੭੭]*

ਜਿਸ ਤਰ੍ਹਾਂ ਰੁਕਮਣੀ ਦੇ ਪਿਤਾ ਅਤੇ ਭਰਾ ਰੁਕਮਣੀ ਦਾ ਵਿਆਹ ਚੰਬੇਲੀ ਦੇ ਰਾਜੇ ਸਿਸੁਪਾਲ ਨਾਲ ਕਰਨ ਲੱਗੇ ਸਨ, ਤਿਸ ਵੇਲੇ ਰੁਕਮਣੀ ਨੇ ਆਪਣੀ ਪ੍ਰੇਮ ਭਰੀ ਪੱਤ੍ਰਕਾ ਲਿਖ ਕੇ ਕ੍ਰਿਸ਼ਨ ਜੀ ਵੱਲ ਭੇਜ ਦਿੱਤੀ ਕਿ ਆਪ ਛੇਤੀ ਆ ਕੇ ਮੈਨੂੰ ਵਿਆਹ ਕੇ ਲੈ ਜਾਓ, ਨਹੀਂ ਤਾਂ ਮੇਰਾ ਵਿਆਹ ਹੋਰਥੇ ਕਰਨ ਲੱਗੇ ਹਨ।

ਕੁਝ ਕੁ ਦਿਨਾਂ ਨੂੰ ਰਾਜਾ ਸਿਸੁਪਾਲ ਲਾੜਾ ਬਣ ਕੇ ਜਨੇਤ ਸਮੇਤ ਆ ਭੀ ਗਿਆ। ਵਿਆਹ ਦਾ ਸਾਰਾ ਸਾਜੋ ਸਮਾਨ ਤਿਆਰ ਹੋ ਗਿਆ, ਪਰ ਰੁਕਮਣੀ ਅੰਦਰੋਂ ਬਹੁਤ ਘਬਰਾਈ ਜਾਵੇ। ਉਹਨਾਂ ਦੀ ਕੁਲ ਵਿਚ ਇਕ ਰਿਵਾਜ ਸੀ ਜੋ ਲਾਵਾਂ ਲੈਣ ਤੋਂ ਪਹਿਲਾਂ ਦੇਵੀ ਮੰਦਰ ਲਿਜਾ ਕੇ ਲੜਕੀ ਨੂੰ ਮੱਥਾ ਟਿਕਾਉਂਦੇ ਸਨ।

ਜਿਸ ਵੇਲੇ ਰੁਕਮਣੀ ਨੂੰ ਦੇਵੀ ਮੰਦਰ ਵਿਚ ਮੱਥਾ ਟਿਕਾਉਣ ਲੈ ਗਏ ਅਤੇ ਮੱਥਾ ਟੇਕ ਕੇ ਵਾਪਸ ਆ ਰਹੇ ਸਨ, ਇਤਨੇ ਨੂੰ ਕ੍ਰਿਸ਼ਨ ਜੀ ਜਾ ਪਹੁੰਚੇ, ਰਾਹ ਵਿਚੋਂ ਹੀ ਸਭ ਦੇ ਵੇਖਦਿਆਂ ਵੇਖਦਿਆਂ ਰੁਕਮਣੀ ਨੂੰ ਲੈ ਗਏ।

ਏਸੇ ਤਰ੍ਹਾਂ ਜੀਵ ਰੂਪ ਲੜਕੀ ਜੇਕਰ ਪ੍ਰੇਮ ਰੂਪ ਪੱਤ੍ਰਕਾ ਲਿਖ ਕੇ ਪਰਮੇਸ਼ਰ ਵਲ ਭੇਜੇਗੀ ਤਾਂ ਪਰਮੇਸ਼ਰ ਪਤੀ ਆਪ ਆ ਕੇ ਇਸ ਨੂੰ ਵਿਆਹ ਕੇ ਲੈ ਜਾਏਗਾ, ਨਹੀਂ ਤਾਂ ਕਾਲ ਰੂਪ ਲਾੜੇ ਨੇ ਵਿਆਹ ਕੇ ਲੈ ਜਾਣਾ ਹੈ, ਇਸ ਪਰ ਦ੍ਰਿਸ਼ਟਾਂਤ ਸੁਣੋ-

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥

ਜਿਸ ਤਰ੍ਹਾਂ ਲੜਕੀ ਦੇ ਵਿਆਹ ਵਾਸਤੇ ਸੰਬਤਿ=ਬਰਸਾਂ ਅਨੁਸਾਰ *ਸਾਹਾ ਲਿਖਿਆ ਜਾਂਦਾ ਹੈ

---

*ਸਾਹਾ-(ਸ+ਅਹਾ)=ਚੰਗਾ ਦਿਨ। ਹਿੰਦੂ ਮਤ ਅਨੁਸਾਰ ਗ੍ਰਹਿ ਆਦਿਕ ਦੀ ਗਿਣਤੀ ਕਰਕੇ ਵਿਆਹ ਲਈ ਮੁਕੱਰਰ ਕੀਤਾ ਦਿਨ।

ਯਥਾ—"ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ॥"

(ਰਾਮਕਲੀ ਮਹਲਾ ੧, ਪੰਨਾ ੯੦੪)

ਕਿ ਫਲਾਣੇ ਮਹੀਨੇ, ਫਲਾਣੇ ਦਿਨ ਵਿਆਹ ਹੋਵੇਗਾ। ਜਿਸ ਵੇਲੇ ਸਾਹਾ ਲਿਖ ਕੇ ਆਦਮੀ ਘਰ ਜਾਂਦੇ ਹਨ ਤਾਂ ਸੁਹਾਗਣ ਔਰਤਾਂ ਮਿਲ ਕੇ ਘਰ ਦੀ ਦਲੀਜ਼ ਉੱਪਰ ਤੇਲ ਚੁਆਂਦੀਆਂ ਹਨ।

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ ੩ ॥

[ਫਿਰ ਉਹ ਲੜਕੀ ਨਾਲ ਦੀਆਂ ਪਿਆਰ ਵਾਲੀਆਂ ਸਖੀਆਂ ਨੂੰ ਆਖਦੀ ਹੈ] ਹੇ ਸੱਜਣੀਓ ! ਤੁਸੀਂ ਮੈਨੂੰ ਅਸੀਸਾਂ ਦਿਓ, ਜਿਸ ਤਰ੍ਹਾਂ ਮੇਰਾ [ਚੰਗੇ ਤਰੀਕੇ ਨਾਲ] ਸਾਹਿਬ=ਪਤੀ ਨਾਲ ਮਿਲਾਪ ਹੋ ਜਾਵੇ।

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥

ਫਿਰ ਹਰ ਇਕ ਦੇ ਘਰ ਘਰ ਵਿਚ ਇਹ ਪਾਹੁਚਾ=ਸੁਨੇਹਾ ਪਹੁੰਚ ਜਾਂਦਾ ਹੈ ਕਿ ਫਲਾਣੇ ਆਦਮੀ ਦੀ ਲੜਕੀ ਦਾ ਵਿਆਹ ਹੈ।

ਅਥਵਾ-ਘਰਾਂ ਘਰਾਂ ਵਿਚ ਮੱਠੀਆਂ, ਵਾ-ਕੁੱਜੇ ਪਹੁੰਚ ਜਾਂਦੇ ਹਨ।

ਅਥਵਾ-ਹਰ ਇਕ ਦੇ ਘਰ ਘਰ ਵਿਚ ਇਹੋ ਗਲ ਹੁੰਦੀ ਹੈ ਕਿ ਵਿਆਹ ਵਾਲੇ ਘਰ ਪਹੁੰਚੀਏ ਕਿਉਂਕਿ ਚਿੱਠੀਆਂ ਭੇਜ ਕੇ ਨਿਤਾਪ੍ਰਤੀ ਸੱਦੇ ਪੈ ਜਾਂਦੇ ਹਨ।

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪ ॥ ੧ ॥

ਸੱਦਣ ਵਾਲਾ ਜੋ ਲੜਕਾ ਹੈ ਉਸ ਨੂੰ ਸਿਮਰੀਏ=ਯਾਦ ਕਰਦਿਆਂ ਕਰਦਿਆਂ ਉਹ ਵਿਆਹ ਵਾਲੇ ਦਿਨ ਆ ਜਾਂਦੇ ਹਨ।

ਇਸੀ ਪ੍ਰਕਾਰ ਦਾ ਦ੍ਰਿਸ਼ਟਾਂਤ-

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥

ਜੀਵ ਰੂਪ ਇਸਤ੍ਰੀ ਦਾ ਕਾਲ ਰੂਪ ਲਾੜੇ ਨਾਲ ਸੰਬਤਿ=ਬਰਸਾਂ ਅਨੁਸਾਰ ਸਾਹਾ ਲਿਖਿਆ ਗਿਆ ਹੈ ਕਿ ਇਤਨੇ ਸਾਲ, ਇਤਨੇ ਮਹੀਨੇ, ਇਤਨੇ ਦਿਨ, ਇਸ ਨੇ ਜੀਊਣਾ ਹੈ, ਫਿਰ ਅੰਤ ਨੂੰ ਕਾਲ ਨੇ ਮਾਰ ਕੇ ਲੈ ਜਾਣਾ ਹੈ।

ਇਸ ਵਾਸਤੇ ਜੀਵ ਰੂਪ ਲੜਕੀ ਨੂੰ ਚਾਹੀਦਾ ਹੈ-ਮਹਾਤਮਾ ਰੂਪ ਸੱਜਣੀਆਂ ਨਾਲ ਮਿਲ ਕੇ ਪ੍ਰੇਮ ਰੂਪ ਤੇਲ ਨੂੰ ਪਾਵੇ।

ਫਿਰ ਐਸੇ ਬੇਨਤੀ ਕਰੇ-

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩ ॥

ਹੇ ਮਹਾਤਮਾ ਰੂਪ ਸੱਜਣੀਓ ! ਤੁਸੀਂ ਮੈਨੂੰ ਅਜੇਹੀਆਂ ਅਸੀਸਾਂ ਦਿਓ ਜਿਸ ਕਰਕੇ ਮੇਰਾ ਸਾਹਿਬ=ਧਰਮਰਾਜ ਨਾਲ ਸੁਖੀ ਸਾਂਦੀ ਮੇਲ ਹੋ ਜਾਏ।

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥

ਜਿਸ ਵੇਲੇ ਕੋਈ ਮਰ ਜਾਂਦਾ ਹੈ ਤਾਂ ਘਰ ਘਰ ਵਿਖੇ ਇਹ ਪਾਹੁਚਾ=ਸੁਨੇਹਾ ਪਹੁੰਚ ਜਾਂਦਾ ਹੈ ਕਿ ਫਲਾਣਾ ਮਰ ਗਿਆ ਹੈ, ਉਥੇ ਤੁਸੀਂ ਪਹੁੰਚੋ, ਨਿਤਾਪ੍ਰਤੀ ਨੈਣਾਂ ਤੇ ਨਾਈਆਂ ਦੇ ਅਤੇ ਸੰਤਾਂ ਵਿਚ ਕੁਟਵਾਲਾਂ ਦੇ ਸੱਦੇ ਪੈਂਦੇ ਹਨ।

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪॥੧॥

ਸੱਦਣ ਵਾਲਾ ਜੋ ਕਾਲ ਹੈ, ਉਸ ਨੂੰ ਸਿਮਰਦਿਆਂ ਸਿਮਰਦਿਆਂ ਗੁਰੂ ਜੀ ਕਥਨ ਕਰਦੇ ਹਨ-ਉਹ ਕਾਲ ਵਾਲੇ ਅਰਥਾਤ ਮੌਤ ਵਾਲੇ ਦਿੰਨ ਆ ਜਾਂਦੇ ਹਨ।

ਅਥਵਾ-ਸੱਦਣ ਵਾਲਾ ਜੋ ਕਾਲ ਹੈ ਜੇ ਉਸ ਨੂੰ ਯਾਦ ਕਰੀਏ ਤਦ ਉਹ ਮੌਤ ਵਾਲੇ ਦਿਨ ਆਉਂਦੇ ਹਨ ? ਕਿੰਤੂ ਨਹੀਂ। ਕਿਉਂਕਿ ਕਾਲ ਦੇ ਯਾਦ ਹੋਣ ਕਰ ਕੇ ਪਾਪ ਕਰਮ ਨਹੀਂ ਕਰਦਾ, ਪਾਪਾਂ ਦੇ ਨਾ ਹੋਣ ਕਰਕੇ ਇਹ ਮੌਤ ਦੇ ਦੁਖ ਤੋਂ ਬਚ ਜਾਂਦਾ ਹੈ।

ਪੁਨਾ ਬੇਨਤੀ ਕੀਤੀ-ਹੇ ਪ੍ਰਭੂ ! ਆਪ ਉਹ ਜੁਗਤੀ ਦੱਸੋ ਜਿਸ ਕਰਕੇ ਇਸ ਜੀਵ ਰੂਪ ਲੜਕੀ ਦਾ ਪਰਮਾਤਮਾ ਰੂਪ ਲਾੜੇ ਨਾਲ ਵਿਆਹ ਹੋ ਜਾਵੇ।

ਹੁਣ ਗੁਰੂ ਜੀ ਉਹ ਰੀਤੀ ਕਥਨ ਕਰਦੇ ਹਨ-

ਸੰਬਹਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥

ਵੇਦਾਂ ਸ਼ਾਸਤ੍ਰਾਂ ਵਿਖੇ ਲਿਖਿਆ ਹੈ ਕਿ ਸਾਹਾ=ਸ਼ਹਿਨਸ਼ਾਹ ਜੋ ਪਰਮਾਤਮਾ ਹੈ, ਉਸ ਦੀ ਪ੍ਰਾਪਤੀ ਸੰਬਤਿ=ਬ੍ਰਹਮ ਗਿਆਨ ਦੁਆਰਾ ਹੁੰਦੀ ਹੈ।

ਪ੍ਰਸ਼ਨ-ਬ੍ਰਹਮ ਗਿਆਨ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ?

ਗੁਰ ਉੱਤਰ-ਮਹਾਤਮਾ ਰੂਪ ਸੱਜਣੀਆਂ ਨਾਲ ਮਿਲਕੇ ਵੈਰਾਗ ਰੂਪੀ ਤੇਲ ਪਾਓ ਤਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ ੩॥

ਐਸੇ ਬੇਨਤੀ ਕਰੋ-ਹੇ ਮਹਾਤਮਾਂ ਰੂਪ ਸਜਣੀਓ! ਮੈਨੂੰ ਅਜੇਹੀਆਂ ਅਸੀਸਾਂ ਦਿਓ ਜਿਸ ਕਰ ਕੇ ਮੇਰਾ ਸਾਹਿਬ=ਅਕਾਲ ਪੁਰਖ ਨਾਲ ਮੇਲ ਹੋ ਜਾਵੇ।

ਯਥਾ—"ਬਾਬਾ ਆਵਹੁ ਭਾਈ ਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ॥
ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ॥
ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ॥"

[ਵਡਹੰਸੁ ਮਹਲਾ ੧, ਪੰਨਾ ੫੮੨]

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥

ਘਰਿ ਘਰਿ=ਸ਼ਾਸਤ੍ਰ ਸ਼ਾਸਤ੍ਰ ਏਹੀ ਆਖਦਾ ਹੈ ਕਿ ਮਨੁੱਖਾ ਜਨਮ ਅਮੋਲਕ ਹੈ ਇਸ ਨੂੰ

ਪਾ ਕੇ ਪਰਮਾਤਮਾ ਵਿਖੇ ਪਹੁੰਚੋ, ਅਤੇ ਸਤਿਗੁਰਾਂ ਦੇ ਸਦੜੇ=ਉਪਦੇਸ਼ ਵੀ ਨਿਤਾਪ੍ਰਤੀ ਕੰਨੀ ਪੈ ਰਹੇ ਹਨ ਕਿ ਅੰਮ੍ਰਿਤ ਵੇਲੇ ਉੱਠ ਕੇ ਭਜਨ-ਸਿਮਰਨ ਕਰ ਕੇ ਆਪਣੀ ਜ਼ਿੰਦਗੀ ਦਾ ਲਾਭ ਲਓ।

ਯਥਾ—"ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ॥
ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ॥ ੧॥"

[ਸਿਰੀਰਾਗੁ ਮਹਲਾ ੫, ਪੰਨਾ ੫੧]

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪॥ ੧॥

ਵੇਦਾਂ ਸ਼ਾਸਤ੍ਰਾਂ ਦੁਆਰੇ ਸੱਦਣ ਵਾਲਾ ਜੋ ਪਰਮੇਸ਼ਰ ਹੈ ਉਸ ਨੂੰ ਹਮੇਸ਼ਾਂ ਯਾਦ ਕਰੀਏ ਤਾਂ

ਸੇ ਦਿਹ ਆਵੰਨਿ=ਉਹ ਗਿਆਨਵਾਨਾਂ ਵਾਲੇ ਦਿਨ ਆ ਕੇ ਪ੍ਰਾਪਤ ਹੁੰਦੇ ਹਨ।

ਵਾ-ਪਰਮੇਸ਼ਰ ਵਿਖੇ ਅਭੇਦ ਹੋਣ ਵਾਲੇ ਦਿਨ ਆ ਕੇ ਪ੍ਰਾਪਤ ਹੁੰਦੇ ਹਨ।

ਅਥਵਾ-ਸੱਦਣ ਵਾਲੇ ਪਰਮੇਸ਼ਰ ਨੂੰ ਜੇ ਤੂੰ ਸਿਮਰੇਂਗਾ ਤਾਂ ਉਹ ਮੌਤ ਵਾਲੇ ਦਿਨ ਆਉਣਗੇ ? ਕਿੰਤੂ ਫਿਰ ਨਹੀਂ ਔਣਗੇ।

ਅਥਵਾ-ਜੇ ਤੂੰ ਸੱਦਣ ਵਾਲੇ ਪਰਮੇਸ਼ਰ ਨੂੰ ਨਾ ਸਿਮਰੇਂਗਾ ਤਾਂ ਉਹ ਮਨੁੱਖਾ ਦੇਹ ਦੀ ਪ੍ਰਾਪਤੀ ਵਾਲੇ ਦਿਨ ਔਣਗੇ ? ਕਿੰਤੂ ਫਿਰ ਨਹੀਂ ਔਣਗੇ।

ਯਥਾ—"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ ੩੦॥"

[ਸਲੋਕ ਕਬੀਰ ਜੀ, ਪੰਨਾ ੧੩੬੯]

ਰਾਗੁ ਆਸਾ ਮਹਲਾ ੧ ॥ *

ਪੁਨਾ ਸਿੱਖਾਂ ਨੇ ਬੇਨਤੀ ਕੀਤੀ-"ਹੇ ਸਤਿਗੁਰੋ ! ਆਪ ਕਹਿੰਦੇ ਹੋ ਕਿ ਸ਼ਾਸਤ੍ਰ ਏਹੀ ਪੁਕਾਰਦਾ ਹੈ ਕਿ ਪਰਮੇਸ਼ਰ ਨੂੰ ਪਹੁੰਚੋ। ਸ਼ਾਸਤ੍ਰਾਂ ਵਿਖੇ ਤਾਂ ਨਾਨ੍ਹਾ ਪ੍ਰਕਾਰ ਦੇ ਮੱਤ ਭੇਦ ਹਨ, ਅਸੀਂ ਕਿਵੇਂ ਨਿਸਚੇ ਕਰੀਏ ?"

ਗੁਰੂ ਜੀ ਨੇ ਕਿਹਾ-ਜਿਵੇਂ ਇਕ ਸ਼ਾਹੂਕਾਰ ਬਾਹਰ ਪ੍ਰਦੇਸ ਵਿਖੇ ਛੇ ਆਦਮੀ ਨਾਲ ਲੈ ਕੇ ਜਾਂਦਾ ਹੈ, ਜਾਂਦਿਆਂ ਜਾਂਦਿਆਂ ਰਾਹ ਵਿਚ ਉਸ ਨੂੰ ਭੁੱਖ ਲੱਗਦੀ ਹੈ ਤਾਂ ਉਹ ਨਾਲਦਿਆਂ ਸਾਥੀਆਂ ਨੂੰ ਆਖਦਾ ਹੈ ਕਿ ਮੇਰਾ ਦਿਲ ਭੁੱਖ ਕਰਕੇ ਘਬਰਾਉਂਦਾ ਪਿਆ ਹੈ ਤੁਸੀਂ ਕੋਈ ਛੇਤੀ ਉਪਾਅ ਕਰੋ, ਜਿਸ ਤੇ ਮੇਰੇ ਪ੍ਰਾਣਾਂ ਨੂੰ ਆਸਰਾ ਪਹੁੰਚੇ। ਉਸ ਵੇਲੇਂ ਉਹਨਾਂ ਛੇ ਆਦਮੀਆਂ ਨੇ ਆਪਸ ਵਿਚ ਮਤਾ ਪਕਾਇਆ-

ਇਕ ਆਦਮੀ ਲੱਕੜਾਂ ਲੈਣ ਚਲਾ ਗਿਆ।

ਦੂਸਰਾ ਆਦਮੀ ਪਾਣੀ ਲੈਣ ਚਲਾ ਗਿਆ।

ਤੀਸਰਾ ਆਦਮੀ ਆਟਾ ਘਿਉ ਲੈਣ ਚਲਾ ਗਿਆ।

ਚੌਥਾ ਆਦਮੀ ਸਬਜ਼ੀ ਲੈਣ ਚਲਾ ਗਿਆ।

ਪੰਜਵਾਂ ਆਦਮੀ ਪੋਚਾ ਤੇ ਚੁਲ੍ਹਾ ਬਨਾਉਣ ਲੱਗ ਪਿਆ।

ਛੇਵਾਂ ਆਦਮੀ ਰੋਟੀ ਪਕਾਉਣ ਲੱਗ ਪਿਆ।

ਦੇਖੋ ! ਛੇ ਆਦਮੀ ਸਨ, ਪਰ ਕਿਰਿਆ ਛੇਆਂ ਦੀ ਵੱਖੋਂ ਵੱਖਰੀ ਹੈ ਪੰਤੂ ਛੇਆਂ ਦਾ ਤਾਤਪਰਜ ਇਕ

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਕੀਰਤਨ ਸੋਹਿਲਾ (ਪੰਨਾ ੧੨)	ਰਾਗੁ ਆਸਾ (ਪੰਨਾ ੩੫੭)
ਰਾਗੁ ਆਸਾ ਮਹਲਾ ੧ ॥	ਆਸਾ ਮਹਲਾ ੧ ॥
'ਗੁਰੁ' ਗੁਰੁ ਏਕੋ, ਵੇਸ ਅਨੇਕ ॥	'ਗੁਰ' ਗੁਰੁ ਏਕੋ, ਵੇਸ ਅਨੇਕ ॥ ੧ ॥
'ਬਾਬਾ', ਜੈ ਘਰਿ, ਕਰਤੇ ਕੀਰਤਿ ਹੋਇ ॥	ਜੈ ਘਰਿ,ਕਰਤੇ ਕੀਰਤਿ ਹੋਇ ॥
ਸੋ ਘਰੁ ਰਾਖੁ ਵਡਾਈ 'ਤੋਇ' ॥ ੧ ॥	ਸੋ ਘਰੁ ਰਾਖੁ ਵਡਾਈ 'ਤੋਹਿ' ॥ ੧ ॥
ਥਿਤੀ ਵਾਰੀ ਮਾਹੁ 'ਹੋਆ' ॥	ਥਿਤੀ ਵਾਰੀ ਮਾਹੁ 'ਭਇਆ' ॥

ਰੋਟੀ ਦੇ ਤਿਆਰ ਕਰਨ ਦਾ ਹੈ। ਇਸੀ ਪ੍ਰਕਾਰ-

ਛਿਅ ਘਰ:- ਛੇ ਸ਼ਾਸਤ੍ਰ ਹਨ।

ਛੇ ਗੁਰ:- ਛੇ ਹੀ ਇਨ੍ਹਾਂ ਸ਼ਾਸਤ੍ਰਾਂ ਦੇ ਕਰਤਾ ਹਨ।+

ਛਿਅ ਉਪਦੇਸ ॥

ਛੇ ਹੀ ਇਨ੍ਹਾਂ ਦੇ ਵੱਖੋ ਵੱਖ ਉਪਦੇਸ਼ ਹਨ।

੧. ਸਾਂਖ ਸ਼ਾਸਤ੍ਰ-

ਸਤੋ ਗੁਣ, ਰਜੋ ਗੁਣ, ਤਮੋ ਗੁਣ ਇਨ੍ਹਾਂ ਤਿੰਨਾਂ ਗੁਣਾਂ ਦੀ ਜੋ ਸਮ ਅਵਸਥਾ ਹੈ ਉਸ ਨੂੰ 'ਸਾਖੀ' ਪ੍ਰਧਾਨ ਕਹਿੰਦੇ ਹਨ।

ਯਥਾ—"ਗੁਣ ਕੀ ਸਾਮਜ ਅਵਸਥਾ ਜੋਈ। ਨਾਮ ਪਰਧਾਨ ਕਹਾਵੈ ਸੋਈ॥ ੭੦॥"

[ਮੋਖ ਧੰਬ, ਪੰਨਾ ੯]

ਉਸ ਪ੍ਰਧਾਨ ਨੂੰ ਹੀ ਪ੍ਰਕਿਰਤੀ ਕਹਿੰਦੇ ਹਨ, ਏਹੀ ਮਹੱਤਤ ਹੰਕਾਰ ਆਦਿ ਸਾਰਿਆਂ ਦਾ ਉਪਾਦਾਨ ਕਾਰਨ ਹੈ।

ਪੁਨਾ-ਜੀਵ ਨੂੰ ਅਰਥਾਤ ਆਤਮਾ ਨੂੰ ਅਸੰਗ ਮੰਨਦਾ ਹੈ, ਪੁਰਸ਼ ਦਾ ਅਸੰਗੋ ਗਿਆਨ ਹੀ ਸਾਖੀਆਂ ਦਾ ਪ੍ਰਯੋਜਨ ਹੈ।

ਯਥਾ-"ਅਸੰਗੋ ਹੀ ਅਯੰ ਪੁਰਖਾ"

ਪ੍ਰਕਿਰਤੀ ਪੁਰਸ਼ ਦੇ ਅਬਿਬੇਕ ਕਰਕੇ ਬੰਧ ਅਰਥਾਤ ਬੰਧਨ ਮੰਨਦਾ ਹੈ ਅਤੇ ਭਿੰਨ ਭਿੰਨ ਬਿਬੇਕ ਦੇ ਗਿਆਨ ਕਰਕੇ [ਅਧਿਆਤਮਕ, ਅਧੀ ਦੈਵ, ਅਧੀ ਭੂਤਕ ਇਹ] ਤਿੰਨ ਪ੍ਰਕਾਰ ਦੇ ਦੁੱਖ ਨਵਿਰਤੀ ਰੂਪ ਮੋਖਸ਼ ਮੰਨਦਾ ਹੈ। ਉਂਵ ਇਹ ਅਨੀਸ਼ਰਵਾਦੀ ਹੈ।

੨. ਨਿਆਇ ਸ਼ਾਸਤ੍ਰ-

ਜੁਗਤੀ ਨੂੰ ਪ੍ਰਧਾਨ ਮੰਨਦਾ ਹੈ, ਜੁਗਤੀ ਚਿੰਤਨ ਦ੍ਵਾਰਾ ਪੁਰਸ਼ ਦੀ ਤੀਬਰ ਬੁੱਧੀ ਹੁੰਦੀ ਹੈ। ਤਦ ਮੰਨਣ ਕਰਨ ਵਿਚ ਸਮਰੱਥ ਹੁੰਦਾ ਹੈ।

+ਸ਼ਾਸਤ੍ਰਾਂ ਦੇ ਨਾਂ	*ਕਰਤਿਆਂ ਦੇ ਨਾਂ*
੧. ਸ਼ਾਖ ਸ਼ਾਸਤ੍ਰ	*ਕਪਿਲ ਰਿਖੀ*
੨. ਨਿਆਇ ਸ਼ਾਸਤ੍ਰ	*ਗੌਤਮ ਰਿਖੀ*
੩. ਵਿਸ਼ੇਸ਼ਕ ਸ਼ਾਸਤ੍ਰ	*ਕਨਭੁਕ ਰਿਖੀ*
੪. ਮਿਮਾਸਕ ਸ਼ਾਂਸਤ੍ਰ	*ਜੈਮਨੀ ਰਿਖੀ*
੫. ਯੋਗ ਸ਼ਾਸਤ੍ਰ	*ਪਤੰਜਲ ਰਿਖੀ*
੬. ਵੇਦਾਂਤ ਸ਼ਾਸਤ੍ਰ	*ਬਿਆਸ ਜੀ*

੧. ਦਰਬ, ੨. ਗੁਣ, ੩. ਕਰਮ, ੪. ਸਮਵਾਇ, ੫. ਵਿਸ਼ੇਸ਼, ੬. ਸਮਾਨਜ, ੭. ਅਭਾਵ।

ਇਨ੍ਹਾਂ ਸੱਤ ਪਦਾਰਥਾਂ ਦੇ ਭੇਦ ਗਿਆਨ ਅਭਾਵ ਨਾਲ ਬੰਧ ਅਤੇ ਸੱਤ ਪਦਾਰਥਾਂ ਦੇ ਵੱਖੋ ਵੱਖਰੇ ਗਿਆਨ ਨਾਲ ਇੱਕੀ ਪ੍ਰਕਾਰ ਦੇ ਦੁੱਖਾਂ ਦੀ ਨਵਿਰਤੀ ਨੂੰ ਮੋਖਸ਼ ਮੰਨਦਾ ਹੈ।

ਹੁਣ ਇੱਕੀ ਪ੍ਰਕਾਰ ਦੇ ਦੁੱਖਾਂ ਦਾ ਵੇਰਵਾ ਸੁਣੋ-

ਸਰੋਤ੍ਰ [ਕੰਨ], ਤ੍ਵਚਾ [ਚਮੜੀ], ਨੇਤ੍ਰ, ਰਸਨਾ, ਘ੍ਰਾਣ[ਨੱਕ], ਅਤੇ ਮਨ, ਇਹ ਛੇ ਇੰਦਰੀਏ, ਛੇ ਹੀ ਇਨ੍ਹਾਂ ਦੇ ਵਿਸ਼ੇ ਅਤੇ ਛੇ ਹੀ ਇਨ੍ਹਾਂ ਦੇ ਗਿਆਨ, ਅਠਾਰਾਂ ਇਹ ਹਨ। ਉਨੀਵਾਂ ਸਰੀਰ, ਵੀਹਵਾਂ ਸੁਖ,ਇੱਕੀਵਾਂ ਦੁੱਖ।

ਇਹ ਈਸ਼ਵਰ ਵਾਦੀ ਹੈ। ਪ੍ਰੰਤੂ ਜੀਵ ਈਸ਼ਵਰ ਵਿਖੇ ਭੇਦ ਮੰਨਦਾ ਹੈ।

ਯਥਾ—"ਜੀਵ ਈਸ਼ਊ ਪਰਸਪਰ ਭਿੰਨਊ ਬਿਰੁਧ ਧਰਮ ਯੁਤ ਤ੍ਰਾਤ ਦਹ ਤੁਹਨ ਵਤ।"

ਜੀਵ ਨੂੰ ਜਨਮ ਮਰਨ ਵਾਲਾ ਕਥਨ ਕਰਦਾ ਹੈ।

੩. ਵਿਸ਼ੇਸ਼ਕ ਸ਼ਾਸਤ੍ਰ-

ਇਹ ਭੀ ਜੁਗਤੀ ਨੂੰ ਹੀ ਪ੍ਰਧਾਨ ਮੰਨਦਾ ਹੈ। ਇਸ ਦੇ ਬਹੁਤੇ ਖਿਆਲ ਨਿਆਇ ਸ਼ਾਸਤ੍ਰ ਦੇ ਅਨੁਸਾਰ ਹਨ।

੪. ਮਿਮਾਸ਼ਕ ਸ਼ਾਸਤ੍ਰ-

ਕਰਮਾਂ ਨੂੰ ਪ੍ਰਧਾਨ ਮੰਨਦਾ ਹੈ, ਵਿਧੀ ਸੰਯੁਕਤ ਕਰਮਾਂ ਦੁਆਰੇ ਹੀ ਅੰਤਹਕਰਨ ਦੀ ਸ਼ੁੱਧੀ ਦੁਆਰਾ ਗਿਆਨ ਮੰਨਦਾ ਹੈ, ਗਿਆਨ ਤੋਂ ਮੋਖਸ਼ ਮੰਨਦਾ ਹੈ।

ਅਥਵਾ-ਸੁਰਗ ਪ੍ਰਾਪਤੀ ਨੂੰ ਹੀ ਮੋਖਸ਼ ਮੰਨਦਾ ਹੈ। ਸ਼ਾਸਤ੍ਰ ਵਿਹਤ ਕਰਮਾਂ ਨੂੰ ਹੀ ਮੋਖਸ਼ ਦੇ ਸਾਧਨ ਮੰਨਦਾ ਹੈ। ਆਤਮਾ ਨੂੰ ਵੱਖਰਾ ਮੰਨਦਾ ਹੈ ਅਤੇ ਜੜ੍ਹ ਚੇਤਨ ਦੋਨੋਂ ਰੂਪ ਮੰਨਦਾ ਹੈ।

੫. ਯੋਗ ਸ਼ਾਸਤ੍ਰ-

ਇਹ ਈਸ਼ਵਰ ਵਾਦੀ ਹੈ, ਪਰਕਿਰਤੀ ਪੁਰਸ਼ ਦੇ ਵੱਖੋ ਵੱਖਰੇ ਗਿਆਨ ਦ੍ਵਾਰਾ ਮੋਖਸ਼ ਮੰਨਦਾ ਹੈ ਅਤੇ ਮੋਖਸ਼ ਦੇ ਸਾਧਨ ਈਸ਼ਵਰ ਉਪਾਸ਼ਨਾ, ਅਤੇ ਨਿਰ-ਵਿਕਲਪ ਸਮਾਧੀ ਨਾਲ ਸਭ ਕਲੇਸ਼ਾਂ ਦੀ ਨਵਿਰਤੀ ਨੂੰ ਹੀ ਮੋਖਸ਼ ਮੰਨਦਾ ਹੈ ਅਤੇ ਆਤਮਾ ਨੂੰ ਵੱਖਰਾ।

੬. ਵੇਦਾਂਤ ਸ਼ਾਸਤ੍ਰ-

ਇਹ ਇਕ ਈਸ਼ਵਰ ਰੂਪ ਬ੍ਰਹਮ ਵਾਦੀ ਹੈ, ਅਤੇ ਆਤਮਾ ਨੂੰ ਬ੍ਰਹਮ ਅਭਿੰਨ ਅਸੰਗ ਮੰਨਦਾ ਹੈ।

ਪੁਨਾ-ਅਗਿਆਨ ਨਾਲ ਬੰਧਨ ਤੇ ਬ੍ਰਹਮ ਆਤਮਾ ਦੇ ਅਭੇਦ ਨਿਸਚੇ ਰੂਪ ਗਿਆਨ ਨਾਲ ਮੋਖਸ਼ ਮੰਨਦਾ ਹੈ। ਅਗਿਆਨ ਤਤ ਕਾਰਜ ਦੀ ਨਵਿਰਤੀ ਤੇ ਬ੍ਰਹਮ ਸਰੂਪ ਦੀ ਪ੍ਰਾਪਤੀ ਏਸੇ ਨੂੰ ਹੀ ਮੋਖਸ਼ ਮੰਨਦਾ ਹੈ।

ਗੁਰੁ ਗੁਰੁ ਏਕੋ ਵੇਸ ਅਨੇਕ ॥ ੧ ॥

ਛਿਆਂ ਸ਼ਾਸਤ੍ਰਾਂ ਦੇ ਗੁਰੂਆਂ ਦਾ ਗੁਰੂ ਇਕ ਅਕਾਲ ਪੁਰਖ ਹੈ ਕਿਉਂਕਿ ਸਾਰਿਆਂ ਦੀ ਉਤਪੱਤੀ ਉਸ ਅਕਾਲ ਪੁਰਖ ਤੋਂ ਹੋਈ ਹੈ।

ਵੇਸ=ਉਪਦੇਸ਼ ਭਾਵੇਂ ਅਨੇਕਾਂ ਹਨ।

ਅਥਵਾ-ਦਸਮੇਸ਼ ਪਿਤਾ ਕਲਗੀਧਰ ਜੀ ਨੇ ਦਸਮ ਗ੍ਰੰਥ ਸਾਹਿਬ ਜੀ ਵਿਖੇ ਲਿਖਿਆ ਹੈ 'ਜਿਸ ਵੇਲੇ ਵਿਦਿਆ ਦੇ ਭੰਡਾਰ ਬਿਆਸ ਜੀ ਨੇ ਵੇਦਾਂ ਦਾ ਟੀਕਾ ਕੀਤਾ ਹੈ,ਉਸ ਵੇਲੇ ਉਸ ਨੂੰ ਹੰਕਾਰ ਹੋ ਗਿਆ ਤਾਂ ਅਕਾਸ਼ ਵਿਚੋਂ ਅਗੈਬੀ ਤਲਵਾਰ ਆਈ, ਉਸ ਨੇ ਬਿਆਸ ਜੀ ਦੇ ਛੇ ਟੁਕੜੇ ਕਰ ਦਿੱਤੇ ਉਹਨਾਂ ਛਿਆਂ ਨੇ ਹੀ ਛੇ ਸ਼ਾਸਤ੍ਰ ਬਣਾਏ।' ਇਸ ਲਈ ਇਸ ਤੁਕ ਦਾ ਦੂਸਰਾ ਅਰਥ ਇੰਞ ਕਰਨਾ-

ਗੁਰੁ ਗੁਰੁ ਏਕੋ ਵੇਸ ਅਨੇਕ॥

ਛਿਆਂ ਸ਼ਾਸਤ੍ਰਾਂ ਦੇ ਗੁਰੂਆਂ ਦਾ ਗੁਰੂ ਇਕ ਬਿਆਸ ਹੈ, ਵੇਸ=ਉਪਦੇਸ਼ ਭਾਵੇਂ ਅਨੇਕ ਹੰਨ॥ ੧॥

ਪੁਨਾ-ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ-ਮੈਂ ਕਿਹੜਾ ਸ਼ਾਸਤ੍ਰ ਪੜਾਂ ?

ਤਾਂ ਗੁਰੂ ਜੀ ਨੇ ਕਿਹਾ-

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥

ਹੇ ਭਾਈ ! ਜਿਸ ਘਰਿ=ਸ਼ਾਸਤ੍ਰ ਵਿਖੇ ਕਰਤੇ ਪੁਰਖ ਦੀ ਕੀਰਤੀ ਹੋ ਰਹੀ ਹੈ।

ਸੋ ਘਰੁ ਰਾਖੁ ਵਡਾਈ ਤੋਇ॥ ੧॥ ਰਹਾਉ॥

ਉਸ ਘਰੁ=ਸ਼ਾਸਤ੍ਰ ਵਿਖੇ ਤੂੰ ਆਪਣੇ ਆਪ ਨੂੰ ਰੱਖ ਅਰਥਾਤ ਵੇਦਾਂਤ ਸ਼ਾਸਤ੍ਰ ਵਿਖੇ ਹੀ ਪਰਮਾਤਮਾ ਦੀ ਕੀਰਤੀ ਹੈ ਉਸ ਨੂੰ ਤੂੰ ਪੜ੍ਹ ਤਾਂ ਤੇਰੀ ਵਡਿਆਈ ਹੋਵੇਗੀ।

ਅਥਵਾ-ਹੇ ਪੁਰਖਾ ! ਜਿਸ ਸਤਿਸੰਗ ਘਰ ਵਿਖੇ ਕਰਤੇ ਪਰਮੇਸ਼ਰ ਦੀ ਕੀਰਤੀ ਹੋ ਰਹੀ ਹੈ, ਉਸ ਸਤਿਸੰਗ ਘਰ ਵਿਖੇ ਤੂੰ ਆਪਣੇ ਆਪ ਨੂੰ ਰੱਖ ਤਾਂ ਤੇਰੀ ਵਡਿਆਈ ਹੋਵੇਗੀ।

ਜਾਂ ਪਰਮੇਸ਼ਰ ਦੇ ਸਨਮੁਖ ਇਸ ਤਰ੍ਹਾਂ ਬੇਨਤੀ ਕਰ-

ਬਾਬਾ=ਹੇ ਅਕਾਲ ਪੁਰਖ ! ਜੈ ਘਰਿ=ਜਿਸ ਸਤਸੰਗ ਘਰ ਵਿਖੇ ਤੇਰੀ ਕੀਰਤੀ ਹੋ ਰਹੀ ਹੈ, ਉਸ ਸਤਿਸੰਗ ਘਰ ਵਿਖੇ ਤੂੰ ਸਾਨੂੰ ਰੱਖ, ਇਸ ਵਿਚ ਤੇਰੀ ਵਡਿਆਈ ਹੈ ਵਾ-ਅਸੀਂ ਤੇਰੀ ਵਡਿਆਈ ਕਰਾਂਗੇ।

ਉੱਪਰਲੀਆਂ ਤੁਕਾਂ ਵਿਚ ਕਿਹਾ ਹੈ ਕਿ ਸ਼ਾਸਤ੍ਰਾਂ ਦੇ ਉਪਦੇਸ਼ ਵੱਖੋਂ ਵੱਖਰੇ ਹਨ ਪਰ ਉਹਨਾਂ ਦੇ ਗੁਰੂਆਂ ਦਾ ਗੁਰੂ ਇਕ ਪਰਮੇਸ਼ਰ ਹੈ। ਇਸ ਪਰ ਦ੍ਰਿਸ਼ਟਾਂਤ ਦੇਂਦੇ ਹਨ, ਜਿਵੇਂ-

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥

ਪੰਦਰਾਂ ਵਾਰ ਅੱਖਾਂ ਦਾ ਮੀਟਣਾ ਤੇ ਖੋਲ੍ਹਣਾ ਇਕ ਵਿਸਾ ਹੈ।

ਪੰਦਰਾਂ ਵਿਸਿਆਂ ਦਾ ਇਕ ਚਸਾ ਹੁੰਦਾ ਹੈ।

ਤੀਹਾਂ ਚਸਿਆਂ ਦਾ ਇਕ ਪਲ।

ਸੱਠਾਂ ਪਲਾਂ ਦੀ ਇਕ ਘੜੀ ਹੁੰਦੀ ਹੈ।

ਸਾਢੇ ਸੱਤ ਘੜੀਆਂ ਦਾ ਇਕ ਪਹਿਰ ਹੁੰਦਾ ਹੈ। ਅੱਠਾਂ ਪਹਿਰਾਂ ਦਾ ਰਾਤ ਦਿਨ ਹੁੰਦਾ ਹੈ। ਪੰਦਰਾਂ ਦਿਨਾਂ ਦਾ ਇਕ ਪਖ ਹੁੰਦਾ ਹੈ। ਪੰਦਰਾਂ ਦਿਨਾਂ ਦੀਆਂ ਪੰਦਰਾਂ ਹੀ ਥਿੱਤਾਂ ਹਨ। ਸੱਤਾਂ ਦਿਨਾਂ ਦੇ ਸੱਤ ਵਾਰ ਅਰਥਾਤ ਹਫਤਾ। ਚਾਰ ਹਫਤਿਆਂ ਦਾ ਮਾਹੁ=ਮਹੀਨਾ ਹੁੰਦਾ ਹੈ।

ਬਾਰਾਂ ਮਹੀਨਿਆਂ ਦਾ ਹੋਆ=ਸਾਲ ਹੁੰਦਾ ਹੈ।

ਬਾਰਾਂ ਸਾਲਾਂ ਦਾ ਹੋਆ=ਕੁੰਭ ਹੁੰਦਾ ਹੈ।+

ਸੂਰਜੁ ਏਕੋ ਰੁਤਿ ਅਨੇਕ॥

ਫੇਰ ਅਨੇਕਾਂ ਰੁੱਤਾਂ ਬਣੀਆਂ ਹਨ ਪ੍ਰੰਤੂ ਇਨ੍ਹਾਂ ਸਾਰਿਆਂ ਵਿਚ ਸੂਰਜ ਇਕੋ ਹੀ ਹੈ।

ਅਥਵਾ-ਸੂਰਜ ਵਿਚ ਸੂਰਜੱਤ ਭਾਵ ਇਕੋ ਹੀ ਹੈ, ਰੁੱਤਾਂ ਭਾਵੇਂ ਅਨੇਕ ਹਨ।

ਯਥਾ—"ਪਲ ਘੜੀਆ ਮੂਰਤਿ ਪਹਰਿ ਥਿਤ ਵਾਰ ਗਣਾਏ।
ਦੁਇ ਪਖ ਬਾਰਹ ਮਾਹ ਕਰਿ ਸੰਜੋਗ ਬਣਾਏ।
ਛਿਅ ਰੁਤੀਂ ਵਰਤਾਈਆਂ ਬਹੁ ਚਲਿਤ ਬਣਾਏ।
ਸੂਰਜੁ ਇਕੁ ਵਰਤਦਾ ਲੋਕੁ ਵੇਦ ਅਲਾਏ।"

[ਭਾ: ਗੁਰਦਾਸ ਜੀ, ਵਾਰ ੨, ਪਉੜੀ ੧੪]

ਨਾਨਕ ਕਰਤੇ ਕੇ ਕੇਤੇ ਵੇਸ॥ ੨॥ ੨॥

ਗੁਰੂ ਜੀ ਕਥਨ ਕਰਦੇ ਹਨ, ਇਸੀ ਪ੍ਰਕਾਰ ਕਰਤਾ ਪੁਰਖ ਤਾਂ ਇਕ ਹੀ ਹੈ, ਪ੍ਰੰਤੂ ਉਸ ਕਰਤੇ ਦੀ ਪ੍ਰਾਪਤੀ ਦੇ ਵੇਸ=ਉਪਦੇਸ਼ ਕਿਤਨੇ ਹੀ ਹਨ॥ ੨॥ ੨॥

ਰਾਗੁ ਧਨਾਸਰੀ ਮਹਲਾ ੧॥ *

ਉਥਾਨਕਾ-ਇਕ ਸਮੇਂ ਜਗਨ ਨਾਥ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਆਰਾਧਿਆ ਤਾਂ ਗੁਰੂ

+ਏਸੇ ਤਰ੍ਹਾਂ ਸਮੇਂ ਦਾ ਨਿਰਣਾ ਸ੍ਰੀ ਮਾਨ ਗਿਆਨੀ ਚੰਦਾ ਸਿੰਘ ਜੀ ਨੇ ਆਪਣੇ ਛੋਟੇ ਪ੍ਰਿਆਵਾਂ ਵਿਚ ਵੀ ੧੩ ਪੰਨੇ ਪਰ ਲਿਖਿਆ ਹੈ ਅਤੇ ਤੁਖਾਰੀ ਦੇ ਬਾਰਹਮਾਹ ਪੰਨਾ ੨੬੧ ਵਿਚ ਵੀ ਲਿਖਿਆ ਹੈ।

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਕੀਰਤਨ ਸੋਹਿਲਾ (ਪੰਨਾ ੧੩)	ਰਾਗੁ ਧਨਾਸਰੀ (ਪੰਨਾ ੬੬੩)
'ਰਾਗੁ' ਧਨਾਸਰੀ ਮਹਲਾ ੧॥	ਧਨਾਸਰੀ ਮਹਲਾ ੧ 'ਆਰਤੀ ੧ਓ ਸਤਿਗੁਰ ਪ੍ਰਸਾਦਿ॥'
ਸਹਸ ਤਵ ਨੈਨ, ਨਨ ਨੈਨ 'ਹਹਿ' ਤੋਹਿ	ਸਹਸ ਤਵ ਨੈਨ, ਨਨ ਨੈਨ 'ਹੈ' ਤੋਹਿ
ਕਉ: ਸਹਸ ਮੂਰਤਿ ਨਨਾ ਏਕ 'ਤੁਹੀ॥'	ਕਉ, ਸਹਸ ਮੂਰਤਿ ਨਨਾ ਏਕ 'ਤੋਹੀ'॥
'ਤਿਸ ਦੈ' ਚਾਨਣਿ, ਸਭ ਮਹਿ ਚਾਨਣੁ ਹੋਇ॥	'ਤਿਸ ਕੈ' ਚਾਨਣਿ: ਸਭ ਮਹਿ ਚਾਨਣੁ ਹੋਇ॥
ਹਰਿ ਚਰਣ 'ਕਵਲ' ਮਕਰੰਦ, ਲੋਭਿਤ ਮਨੋ, 'ਅਨਦਿਨੁ'	ਹਰਿ ਚਰਣ 'ਕਮਲ' ਮਕੰਦਰ ਲੋਭਿਤ ਮਨੋ: 'ਅਨਦਿਨੋ'
ਹੋਇ ਜਾ ਤੇ ਤੇਰੈ 'ਨਾਇ' ਵਾਸਾ॥੪॥ ੩॥	ਹੋਇ ਜਾ ਤੇ ਤੇਰੈ 'ਨਾਮਿ' ਵਾਸਾ॥ ੪॥ ੧॥ ੭॥ ੯॥

ਸਾਹਿਬ ਜੀ ਜਗਨ-ਨਾਥ ਮੰਦਰ ਦੇ ਸਾਹਮਣੇ ਜੋ ਮੰਗੂ ਮਟ ਹੈ ਉਸ ਅਸਥਾਨ ਪਰ ਜਾ ਠਹਿਰੇ। ਓਥੇ ਬੈਠਿਆਂ ਹੀ ਪੰਡਿਆਂ ਦੇ ਪਖੰਡ ਨੂੰ ਦੇਖਦੇ ਰਹੇ ਤੇ ਗੁਰੂ ਜੀ ਨੇ ਵਿਚਾਰਿਆ ਇਨ੍ਹਾਂ ਦਾ ਪਖੰਡ ਦੂਰ ਕਰਨਾ ਚਾਹੀਦਾ ਹੈ ਪਰ ਇਹ ਅਸਾਨੂੰ ਆਪੇ ਬੁਲਾਉਣ ਤਾਂ ਠੀਕ ਹੈ,ਕੋਈ ਅਯੋਗ ਰੀਤੀ ਕਰਾਂਗੇ ਤਾਂ ਹੀ ਇਹ ਸਾਨੂੰ ਬੁਲਾਉਣਗੇ।

ਇਹ ਗੱਲਾਂ ਵਿਚਾਰਦੇ ਹੀ ਪਏ ਸਨ, ਜੋ ਇਤਨੇ ਨੂੰ ਸੰਧਿਆਂ ਪੈ ਗਈ ਤੇ ਸਾਰੇ ਪੰਡੇ ਇਕੱਠੇ ਹੋ ਕੇ ਥਾਲ ਵਿਚ ਦੀਵੇ ਬਾਲ ਕੇ ਧੂਪ ਧੁਖਾ ਕੇ ਆਰਤੀ ਕਰਨ ਲੱਗ ਪਏ ਉਸ ਸਮੇਂ ਗੁਰੂ ਸਾਹਿਬ ਜੀ ਨਾ ਖਲੋਤੇ। ਜਿਸ ਸਮੇਂ ਪੰਡੇ ਆਰਤੀ ਕਰ ਚੁੱਕੇ 'ਤੇ ਗੁਰੂ ਜੀ ਨੂੰ ਬੈਠਿਆਂ ਵੇਖ ਕੇ ਆ ਕੇ ਆਖਦੇ ਹਨ-''ਤੁਹਾਡਾ ਲਿਬਾਸ ਸਾਧੂਆਂ ਵਾਲਾ ਦਿੱਸਦਾ ਹੈ, ਪਰ ਕਰਮ ਤੁਹਾਡੇ ਸਾਧੂਆਂ ਵਾਲੇ ਨਹੀਂ ਹਨ, ਕਿਉਂਕਿ ਅਸਾਂ ਨੇ ਖਲੋ ਕੇ ਆਰਤੀ ਕੀਤੀ ਹੈ, ਤੇ ਤੁਸੀਂ ਖਲੋਤੇ ਨਹੀਂ ਤੁਹਾਨੂੰ ਖਲੋਣਾ ਜ਼ਰੂਰ ਚਾਹੀਦਾ ਸੀ।''

ਇਹ ਗੱਲ ਸੁਣ ਕੇ ਗੁਰੂ ਜੀ ਨੇ ਆਖਿਆ-''ਜਿਵੇਂ ਤੁਸਾਂ ਨੇ ਸ਼ਾਮ ਵੇਲੇ ਆਰਤੀ ਕੀਤੀ ਹੈ, ਤਿਵੇਂ ਅਸੀਂ ਵੀ ਆਪਣੇ ਇਸ਼ਟ ਦੇਵ ਅੱਗੇ ਆਰਤੀ ਕੀਤੀ ਹੈ।''

ਯਥਾ—''ਸੁਨਿ ਕਰਿ ਜਗਗੁਰ ਬਚਨ ਬਖਾਨੇ। ਸਦਾ ਆਰਤੀ ਹਮ ਪਹਿਚਾਨੇ।
ਸਰਬ ਸ਼ਿਰੋਮਣਿ ਜਸ ਪ੍ਰਭੁ ਊਚੇ। ਕਰਹਿ ਆਰਤੀ ਤਸ ਮਨ ਸੂਚੇ॥ ੭॥''

[ਨਾਨਕ ਪ੍ਰਕਾਸ਼ ਉੜ੍ਹਾਰ੍ਧ, ਅਧਿ: ੧੦]

ਫਿਰ ਪੰਡਿਆਂ ਨੇ ਕਿਹਾ-''ਜਿਹੜੀ ਆਰਤੀ ਆਪ ਜੀ ਨੇ ਕੀਤੀ ਹੈ, ਉਹ ਕਿਹੜੀ ਹੈ ? ਥਾਲ ਕਿਹੜਾ ਹੈ ? ਦੀਵੇ ਕਿਹੜੇ ਹਨ ? ਧੂਪ ਕਿਹੜਾ ਹੈ ? ਚੰਦਨ ਕਿਹੜਾ ਹੈ ?'' ਗੁਰ ਉੱਤਰ-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਅਕਾਸ਼ ਮਈ ਅਰਥਾਤ ਅਕਾਸ਼ ਰੂਪ ਥਾਲ ਹੈ। ਰਵਿ ਚੰਦੁ=ਸੂਰਜ ਚੰਦ੍ਰਮਾ ਇਹ ਦੋ ਦੀਵੇ ਬਣੇ ਹੋਏ ਹਨ।

ਤਾਰਿਕਾ=ਤਾਰਿਆਂ ਦਾ ਜੋ ਮੰਡਲ ਸਮੁਦਾਇ ਹੈ, ਇਹ ਥਾਲ ਦੇ ਵਿਚ ਮੋਤੀ ਜਨਕ=ਜੜੇ ਹੋਏ ਹਨ।

ਵਾ-ਤਾਰਿਆਂ ਦਾ ਜੋ ਮੰਡਲ ਹੈ ਇਹ ਮੋਤੀ ਜਨਕ=ਜਾਣੋ। ਵਾ-ਇਹ ਜਨਕ=ਪਿਤਾ ਪਰਮੇਸ਼ਰ ਦੇ ਮੋਤੀ ਹਨ।+

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧॥

ਯੱਗਾਂ ਦੀ ਅਗਨੀ ਦਾ ਜੋ ਧੂੰਆਂ ਹੈ ਇਹ ਧੂਪ ਧੁਖ ਰਿਹਾ ਹੈ। ਮਲਆਨਲੋ=ਮਲਿਆਗਰ ਚੰਦਨ ਜਿਹੜਾ ਹੈ ਇਹ ਚੰਦਨ ਛਿਣਕਿਆ ਹੈ।

ਪਵਣੁ ਚਵਰੋ ਕਰੇ=ਚੌਰ ਕਰਦੀ ਹੈ।

ਸਾਰੀ ਜੋ ਬਨਰਾਇ = ਬਨਾਸਪਤੀ ਹੈ, ਏਹੀ ਜੋਤੀ = ਪਰਮਾਤਮਾ ਉੱਪਰ ਫੂਲੰਤ = ਫੁੱਲ ਚੜ੍ਹ ਰਹੇ ਹਨ॥ ੧॥

+ *'ਜਨਕਾਂ' ਦੇ ਤਿੰਨੇ ਅਰਥ ਛੋਟੇ ਪ੍ਰਿਆਵਾਂ ਵਿਚ ਵੀ ਲਿਖੇ ਹੋਏ ਹਨ।*

ਯਥਾ—"ਭਾਰ ਅਠਾਰਹ ਮਾਲਣਿ ਤੇਰੀ॥ ਚਉਰੁ ਢੁਲੈ ਪਵਣੈ ਲੈ ਫੇਰੀ॥
ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ॥ ੬॥"

[ਮਾਰੂ ਮਹਲਾ ੧, ਪੰਨਾ ੧੦੩੩]

ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥

ਹੇ ਭਵ ਖੰਡਨਾ=ਜਨਮ ਮਰਨ ਦੇ ਅਭਾਵ ਕਰਨ ਵਾਲੇ ਅਕਾਲ ਪੁਰਖੁ ! ਅਜੇਹੀ ਆਰਤੀ ਤੋਂ ਬਿਨਾਂ ਹੋਰ ਆਪ ਜੀ ਦੀ ਆਰਤੀ ਕੈਸੀ ਹੋਵੇ ?

ਪੁਨਾ-ਪੰਡਿਆਂ ਨੇ ਕਿਹਾ, "ਸਾਡੇ ਭੇਰੀਆਂ ਵਜਾਉਂਦੇ ਹਨ। ਆਪ ਜੀ ਕਿਹੜੀ ਭੇਰੀ ਵਜਾਉਂਦੇ ਹੋ ?" ਗੁਰ ਉੱਤਰ-

ਅਨਹਤਾ ਸਬਦ ਵਾਜੰਤ ਭੇਰੀ॥ ੧॥ ਰਹਾਉ॥

ਅਨਹਤਾ=ਇਕ ਰਸ ਜੋ ਸਬਦ=ਵੇਦ ਦੀ ਧੁਨ ਹੋ ਰਹੀ ਹੈ ਏਹੀ ਸਾਡੇ ਮਤ ਵਿਖੇ ਭੇਰੀ ਵੱਜ ਰਹੀ ਹੈ।

ਅਥਵਾ-ਇਕ ਰਸ ਜੋ ਦਸਮ ਦੁਆਰ ਦੇ ਸ਼ਬਦ ਹਨ, ਏਹੀ ਭੇਰੀ ਵੱਜ ਰਹੀ ਹੈ।

ਅਥਾਵ-ਇਕ-ਰਸ ਜੋ ਜੀਵਾਂ ਦਾ ਛੋਟਾ ਵੱਡਾ ਸ਼ਬਦ ਹੋ ਰਿਹਾ ਹੈ, ਏਹੀ ਭੇਰੀ ਵੱਜ ਰਹੀ ਹੈ।

ਪੁਨਾ-ਪੰਡਿਆਂ ਨੇ ਕਿਹਾ-"ਆਰਤੀ ਤੋਂ ਪਿੱਛੋਂ ਅਸੀਂ ਅਸਤੋਤਰ ਪੜ੍ਹਦੇ ਹਾਂ, ਆਪ ਕਿਹੜਾ ਅਸਤੋਤਰ ਪੜ੍ਹਦੇ ਹੋ ?"ਗੁਰ ਉੱਤਰ-

ਸਹਸ ਤਵ ਨੈਨ:- ਹੇ ਪ੍ਰਭੋ ! ਸਰਗੁਣ ਮੂਰਤੀ ਕਰਕੇ ਆਪ ਜੀ ਦੇ ਹਜ਼ਾਰਾਂ ਨੇਤ੍ਰ ਹਨ।

ਨਨ ਨੈਨ ਹਹਿ ਤੋਹਿ ਕਉ:- ਨਿਰਗੁਣ ਸਰੂਪ ਹੋਣ ਕਰਕੇ ਤੇਰਾ ਇਕ ਵੀ ਨੇਤਰ ਨਹੀਂ ਹੈ।

ਸਹਸ ਮੂਰਤਿ:-ਸਰਗੁਣ ਮੂਰਤੀ ਕਰ ਕੇ ਆਪ ਦੀਆਂ ਹਜ਼ਾਰਾਂ ਮੂਰਤੀਆਂ ਹਨ।

ਨਨਾ ਏਕ ਤੁਹੀ॥ ਨਿਰਗੁਣ ਸਰੂਪ ਕਰਕੇ ਆਪ ਦੀ ਇਕ ਵੀ ਮੂਰਤੀ ਨਹੀਂ ਹੈ।

ਸਹਸ ਪਦ ਬਿਮਲ:- ਸਰਗੁਣ ਮੂਰਤੀ ਕਰਕੇ ਆਪ ਜੀ ਦੇ ਹਜ਼ਾਰਾਂ ਬਿਮਲ ਪਦ=ਨਿਰਮਲ ਪੈਰ ਹਨ।

ਨਨ ਏਕ ਪਦ :-ਨਿਰਗੁਣ ਸਰੂਪ ਕਰ ਕੇ ਆਪ ਜੀ ਦਾ ਇਕ ਵੀ ਪਦ=ਪੈਰ ਨਹੀਂ ਹੈ।

ਗੰਧ ਬਿਨੁ :-ਨਿਰਗੁਣ ਸਰੂਪ ਕਰਕੇ ਗੰਧ=ਘ੍ਰਾਣ ਇੰਦ੍ਰੀਏ ਭਾਵ ਨਾਸਕਾਂ ਤੋਂ ਬਿਨਾਂ ਹੈ।

ਸਹਸ ਤਵ ਗੰਧ

ਸਰਗੁਣ ਮੂਰਤੀ ਕਰਕੇ ਆਪ ਜੀ ਦੇ ਹਜ਼ਾਰਾਂ ਹੀ ਗੰਧ=ਘ੍ਰਾਣ ਇੰਦ੍ਰੀਏ ਹਨ।

ਇਵ ਚਲਤ ਮੋਹੀ॥ ੨॥

ਇਸ ਤਰ੍ਹਾਂ ਦੇ ਚਲਤ=ਕੌਤਕ ਨੂੰ ਵੇਖ ਕੇ ਮੇਰੀ ਬੁੱਧੀ ਮੋਹਤ ਹੋਈ ਹੈ॥ ੨॥

ਸਭ ਮਹਿ ਜੋਤਿ ਜੋਤਿ ਹੈ ਸੋਇ॥

ਸਭ ਜੋਤੀਆਂ ਵਿਖੇ ਹੇ ਪਰਮੇਸ਼ਰ ! ਸੋਇ=ਸੋ ਆਪ ਜੀ ਦੀ ਹੀ ਜੋਤ ਪ੍ਰਕਾਸ਼ ਰਹੀ ਹੈ।

ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਤਿਸ ਆਪ ਜੀ ਦੇ ਚਾਨਣ ਕਰ ਕੇ ਸਾਰਿਆਂ ਵਿਖੇ ਚਾਨਣ ਹੋ ਰਿਹਾ ਹੈ।

ਪੁਨਾ ਪੰਡਿਤਾਂ ਨੇ ਕਿਹਾ-ਜਿਸ ਪਰਮੇਸ਼ਰ ਅੱਗੇ ਆਪ ਜੀ ਨੇ ਆਰਤੀ ਕੀਤੀ ਹੈ , ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ? ਗੁਰ ਉੱਤਰ-

ਗੁਰ ਸਾਖੀ ਜੋਤਿ ਪਰਗਟੁ ਹੋਇ॥

ਗੁਰਾਂ ਦੀ ਸਾਖੀ=ਸਿਖਿਆ ਕਰਕੇ ਓਹ ਜੋਤਿ=ਪਰਮਾਤਮਾ ਪ੍ਰਗਟ ਹੁੰਦਾ ਹੈ।

ਜਿਸ ਵੇਲੇ ਗੁਰੂ ਜੀ ਨੇ ਇਸ ਪ੍ਰਕਾਰ ਦੀ ਆਰਤੀ ਕੀਤੀ ਤਾਂ ਜਗਨ ਨਾਥ ਦੀ ਮੂਰਤੀ ਗੁਰੂ ਜੀ ਦੇ ਸਾਹਮਣੇ ਆ ਕੇ ਖਲੋ ਗਈ, ਉਸ ਵੇਲੇ ਗੁਰੂ ਜੀ ਨੇ ਕਿਹਾ-

ਜੋ ਤਿਸੁ ਭਾਵੈ ਸੁ ਆਰਤੀ ਹੋਇ॥ ੩॥

[ਹੇ ਪੰਡਿਤੋ !] ਜੋ ਆਰਤੀ ਉਸ ਪਰਮੇਸ਼ਰ ਨੂੰ ਭਾ ਜਾਵੇ, ਉਹ ਆਰਤੀ ਕੀਤੀ ਹੋਈ ਸਫਲ ਹੁੰਦੀ ਹੈ, [ਸਾਡੀ ਆਰਤੀ ਕੀਤੀ ਹੋਈ ਉਸ ਨੂੰ ਭਾ ਗਈ ਹੈ]।

ਫਿਰ ਪੰਡਿਤਾਂ ਨੇ ਪੁੱਛਿਆ-''ਇਹ ਪ੍ਰਤੱਖ ਆਰਤੀ ਸਾਨੂੰ ਕਰਨੀ ਜੋਗ ਹੈ ਕਿ ਨਹੀਂ ?''

ਗੁਰੂ ਜੀ ਨੇ ਕਿਹਾ-''ਪ੍ਰਤੱਖ ਆਰਤੀ ਕਰੋ ਸ਼ਰਧਾ ਭਾਵ ਨਾਲ ਕਰੋ, ਕਿਉਂਕਿ ਅਸਾਡੀ ਆਰਤੀ ਤਾਂ ਨਿਰਗੁਣ ਬ੍ਰਹਮ ਅੱਗੇ ਹੈ, ਤੁਹਾਡੀ ਆਰਤੀ ਦ੍ਰਿਸ਼ਟਮਾਨ ਵਿਅਕਤੀ ਅੱਗੇ ਹੈ। ਕਹਿਣ ਦਾ ਭਾਵ ਹੈ ਕਿ ਗੁਰੂ ਸਾਹਿਬ ਜੀ ਪ੍ਰਤੱਖ ਆਰਤੀ ਤੋਂ ਕੋਈ ਉਲਟ ਨਹੀਂ ਹਨ, ਕਿਉਂਕਿ ਸ਼ਰਧਾਲੂ ਪੁਰਸ਼ ਆਪ ਦੀਵੇ ਜਗਾ ਕੇ ਗੁਰੂ ਸਾਹਿਬ ਜੀ ਦੀ ਆਰਤੀ ਕਰਦੇ ਰਹੇ ਹਨ। ਜਿਵੇਂ-

੧. ਜਿਸ ਵੇਲੇ ਗੁਰੂ ਸਾਹਿਬ ਜੀ ਸੰਗਲਾ ਦੀਪ ਵਿਖੇ ਗਏ ਹਨ ਤਾਂ ਰਾਜੇ ਸ਼ਿਵਨਾਭ ਨੂੰ ਸ਼ਰਧਾ ਆਈ ਹੈ, ਉਸ ਵੇਲੇ ਉਸ ਨੇ ਦੀਵੇ ਬਾਲ ਕੇ ਗੁਰੂ ਸਾਹਿਬਾਂ ਦੀ ਆਰਤੀ ਕੀਤੀ ਹੈ।

ਯਥਾ—''ਧਰਮਸਾਲ ਮਹਿ ਰੁਚਿਰ ਪ੍ਰਯੰਕਾ[1]॥ ਤਹਿ ਬੈਸਾਏ ਬਦਨ ਮਯੰਕਾ[2]॥
ਸਗਰੇ ਨਗਰ ਬਢਾਇ ਉਛਾਹਾ। ਦਰਸ਼ਨ ਹਿਤ ਨਰ ਨਾਰਿ ਉਮਾਹਾ॥ ੧੬॥
ਪਾਇਨ ਨਿਕਟ ਉਪਾਇਨ ਧਰਹੀਂ[3]॥ ਹਾਥਿ ਜੋਰਿਕੈ ਬੰਦਨ ਕਰਹੀਂ॥
ਮੰਜਲੁ[4] ਫੂਲਨ ਅੰਜੁਲ ਡਾਰਹਿ[5]॥ ਚਰਚੈਂ ਚੰਦਨ ਧੂਪ ਧੁਖਾਰਹਿਂ॥ ੧੭॥

---

੧. ਪਲੰਘ। ੨. ਚੰਦ੍ਰਮਾ ਵਰਗੇ ਮੁਖ ਵਾਲੇ (ਗੁਰੂ ਜੀ ਨੂੰ)। ੩. ਚਰਨਾਂ ਪਾਸ ਭੇਟਾ ਰੱਖਦੇ ਹਨ। ੪. ਉੱਜਲ (ਚਿੱਟੇ) ਫੁੱਲਾਂ ਦੇ। ੫. ਬੁੱਕ ਭਰ ਭਰ ਕੇ ਉੱਪਰ ਪਾਉਂਦੇ ਹਨ।

ਅਤਿ ਉਤਸ਼ਵ ਸੋਂ ਪੁਰਿ ਭਾ ਪੂਰਨ। ਕੀਰਤਿ ਪਸਰੀ ਪਾਵਨ ਰੂਰਨ[੧]॥
ਚੰਦਕਲਾ[੨] ਲੇ ਰਾਨੀ ਸੰਗਾ। ਆਵਾ ਭੂਪਤਿ ਹ੍ਰਿਦੇ ਉਮੰਗਾ॥ ੧੮॥
ਪੂਜਾ ਕੀਨਿ ਖੋੜਸ ਪਰਕਾਰਾਂ[੩]॥ ਕੰਚਨ ਥਾਰ ਹਾਥ ਨਿਜ ਧਾਰਾ॥
ਬਾਰਿ[੪] ਚੌਮੁਖੇ ਤਾਂ ਮਹਿ ਦੀਪਾ[੫]। ਕਰੀ ਆਰਤੀ ਪੁਨਿ ਅਵਨੀਪਾ॥ ੧੯॥

[ਨਾਨਕ ਪ੍ਰਕਾਸ਼, ਪੂਰਬਾਰਧ ਧਿਆ ੪੮]

੨. ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਤਗੀਰ ਦੇ ਬੇਟੇ ਨੂੰ ਨਾਲ ਲੈ ਕੇ ਲੱਖਾਂ ਪਤਾਲ ਤੇ ਲੱਖਾਂ ਅਕਾਸ਼ ਦਿਖਾਏ ਹਨ ਤਾਂ ਦਸਤਗੀਰ ਦੇ ਬੇਟੇ ਨੇ ਕਿਹਾ-"ਜੋ ਕੁਝ ਆਪ ਜੀ ਨੇ ਫੁਰਮਾਇਆ ਹੈ ਕਿ ਲੱਖਾਂ ਪਤਾਲ ਹਨ ਤੇ ਲੱਖਾਂ ਹੀ ਅਕਾਸ਼ ਹਨ ਸੋ ਮੈਂ ਅੱਖਾਂ ਨਾਲ ਵੇਖ ਕੇ ਠੀਕ ਨਿਸਚੇ ਕਰ ਲਏ ਹਨ ਸੋ ਹੁਣ ਵਾਪਸ ਚਲੀਏ।

ਤਾਂ ਗੁਰੂ ਜੀ ਨੇ ਕਿਹਾ ਇਕ ਪਤਾਲ ਵਿਖੇ ਸੰਗਤ ਉਡੀਕ ਰਹੀ ਹੈ, ਓਥੋਂ ਦਾ ਨਜ਼ਾਰਾ ਦੇਖ ਲੈ ਨਾਲੇ ਪ੍ਰਸ਼ਾਦਿ ਲੈ ਕੇ ਜਾਵੀਂ। ਇਹ ਗੱਲ ਕਹਿ ਕੇ ਜਦ ਉਸ ਪਤਾਲ ਵਿਖੇ ਆ ਪਹੁੰਚੇ ਤਾਂ ਸਭ ਸੰਗਤਾਂ ਨੇ ਉੱਠ ਕੇ ਮਹਾਰਾਜ ਜੀ ਦੇ ਚਰਨਾਂ ਪਰ ਨਮਸ਼ਕਾਰ ਕੀਤੀ। ਫਿਰ ਸਭਾ ਦੇ ਵਿਚ ਬਿਠਾ ਕੇ ਸਾਰਿਆਂ ਨੇ ਆਰਤੀ ਕੀਤੀ।

ਯਥਾ-"ਸ੍ਰੀ ਗੁਰੂ ਕੋ ਅਵਿਲੋਕਾ ਜਬਿਹੀ। ਉਰਿ ਭਰ ਹਰਖ ਉਠੇ ਸਭਿ ਤਬਹੀ॥
ਪਦਪੰਕਜ ਪਰ ਬੰਦਨ ਧਾਰੀ। ਬੈਠਾਰੇ ਪੁਨ ਸਭਾ ਮਝਾਰੀ॥ ੫॥
ਦੀਪ ਬਾਰਿ ਆਰਤੀ ਉਤਾਰੀ। ਪੂਜਨ ਕੀਨ ਪ੍ਰਸ਼ੰਸ਼ ਉਚਾਰੀ॥
ਕਰਿ ਪੰਚਾਂਮ੍ਰਤ[੬] ਕੋ ਭਲਿ ਰੀਤੀ। ਕਿਯ ਅਰਦਾਸ ਖਰੇ ਯੁਤ ਪ੍ਰੀਤੀ॥ ੫੧॥

[ਨਾਨਕ ਪ੍ਰਕਾਸ਼ ਉਤ੍ਰਾਰ੍ਧ ਧਿਆ ੩੪]

੩. ਜਿਸ ਵੇਲੇ ਲਾਹੌਰ ਨਿਵਾਸੀ ਕੋ੍ੜੀਆ ਖੱਤ੍ਰੀ ਸ਼ਰਧਾ ਧਾਰ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਹੈ ਤੇ ਗੁਰੂ ਜੀ ਦਾ ਹੁਕਮ ਲੈ ਕੇ ਆਪਣੀ ਜ਼ਮੀਨ ਵਿਚ ਗੁਰਦੁਆਰਾ ਬਣਾਇਆ ਹੈ, ਸਾਰਾ ਗੁਰਦੁਆਰਾ ਮੁਕੰਮਲ ਹੋਣ ਪਰ ਉਸ ਵਿਖੇ ਬੜਾ ਸੁੰਦਰ ਪਲੰਘ ਡਾਹ ਕੇ ਉੱਪਰ ਸੋਹਣਾ ਬਿਸਤਰਾ ਬਿਛਾ ਕੇ ਸਭ ਸਮੱਗਰੀਆਂ ਰੱਖ ਕੇ ਗੁਰੂ ਜੀ ਦੇ ਪਾਸ ਆ ਕੇ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਜੀਓ ! ਮੰਦਰ ਤਿਆਰ ਹੋ ਚੁਕਾ ਹੈ ਆਪ ਚੱਲ ਕੇ ਉਸ ਵਿਖੇ ਚਰਨ ਪਾਓ।

ਉਸ ਦੀ ਬੇਨਤੀ ਪ੍ਰਵਾਨ ਕਰ ਕੇ ਜਿਸ ਵੇਲੇ ਗੁਰੂ ਸਾਹਿਬ ਜੀ ਉਸ ਪਲੰਘ ਪਰ ਆ ਕੇ ਬਿਰਾਜਮਾਨ ਹੋਏ ਹਨ, ਤਿਸ ਵੇਲੇ ਉਸ ਖੱਤ੍ਰੀ ਨੇ ਸਭ ਸੰਗਤ ਸਮੇਤ ਦੀਵੇ ਬਾਲ ਕੇ ਗੁਰੂ ਜੀ ਦੀ ਆਰਤੀ ਉਚਾਰਨ ਕੀਤੀ ਹੈ।

ਯਥਾ-"ਸ੍ਰੀ ਕਰਤਾਰਪੁਰਾ ਧਰਿ ਨਾਮੂ। ਧਰਮਸਾਲ ਇਕਿ ਰਚਿ ਅਭਿਰਾਮੂ॥
ਕਰਿ ਬਿਨਤੀ ਸਤਿਗੁਰੂ ਅਗਾਰੀ। ਲੇ ਕਰਿ ਗਮਨਜੋ-ਤਾਂਹਿ ਮਝਾਰੀ॥ ੫੪॥

---

੧. ਪਵਿੱਤਰ ਤੇ ਸੁੰਦਰ ਮਹਿਮਾ ਫੈਲ ਗਈ। ੨. ਰਾਣੀ ਦਾ ਨਾਮ। ੩. ਸੋਲਾਂ ਪ੍ਰਕਾਰ ਦੀ ਪੂਜਾ। ੪. ਬਾਲ ਕੇ। ੫. ਚੌਮੁਖੀਆ ਦੀਵਾ। ੬. ਕੜਾਹ ਪ੍ਰਸ਼ਾਦ।

ਬਰੁ ਸੁੰਦਰ ਪਰਯੰਕ ਡਸਾਯੋ। ਊਪਰ ਰੁਚਿਰ ਬਿਛੌਨਾ ਛਾਯੋ[1] ॥
ਤਹਾਂ ਬਿਠਾਇ ਭਾਉ ਕਰਿ ਭਾਰੀ। ਦੀਪ ਜਗਾਇ ਆਰਤੀ ਉਤਾਰੀ[2] ॥ ੫੫ ॥

[ਨਾਨਕ ਪ੍ਰਕਾਸ਼, ਉਤ੍ਰਾਰ੍ਧ ਧਿਆ ੩੦]

ਇਨ੍ਹਾਂ ਇਤਿਹਾਸਕ ਪ੍ਰਮਾਣਾਂ ਤੋਂ ਹੀ ਨਿਸਚੇ ਹੁੰਦਾ ਹੈ ਕਿ ਗੁਰੂ ਘਰ ਵਿਖੇ ਜਿਥੇ ਨਿਰਗੁਣ ਬ੍ਰਹਮ ਅਕਾਲ ਪੁਰਖ ਵਾਹਿਗੁਰੂ ਦੀ ਆਰਤੀ ਹੁੰਦੀ ਚਲੀ ਆ ਰਹੀ ਹੈ, ਉਥੇ ਨਾਲ ਨਾਲ ਆਦਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਪਾਤਿਸ਼ਾਹ ਜੀ ਤੋਂ ਹੀ ਸਰਗੁਣ ਸਰੂਪ ਦੀ, ਭਾਵ ਪ੍ਰਤੱਖ ਦੀਵੇ ਬੱਤੀਆਂ ਜਗਾ ਕੇ ਸਤਿਗੁਰਾਂ ਦੀ ਆਰਤੀ ਉਚਾਰੀ ਜਾਣ ਦੀ ਮਰਯਾਦਾ ਚਲੀ ਆ ਰਹੀ ਹੈ ਅਤੇ ਹੁਣ ਵੀ ਜਿਥੇ ਜਿਥੇ ਗੁਰਮਤਿ ਪੁਰਾਤਨ ਮਰਯਾਦਾਵਾਂ ਕਾਇਮ ਹਨ ਉਥੇ ਅਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਤੱਖ ਆਰਤੀ ਉਚਾਰੀ ਜਾਂਦੀ ਹੈ।

ਇਧਰ ਜਦੋਂ ਦਾ ਹੀ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਹੋਰਾਂ ਨੇ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆ ਪਾ ਕੇ ਹਰਿਮੰਦਰ ਸਾਹਿਬ ਤਿਆਰ ਕਰਵਾ ਕੇ ਫਿਰ ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ ਹੈ ਤਾਂ ਉਦੋਂ ਤੋਂ ਹੀ ਸੰਧਿਆਂ ਵੇਲੇ 'ਰਹਿਰਾਸ ਸਾਹਿਬ' ਜੀ ਦੇ ਭੋਗ ਉਪ੍ਰੰਤ ਪ੍ਰਤੱਖ ਦੀਵੇ ਬੱਤੀਆਂ ਜਗਾ ਕੇ ਆਰਤੀ ਕਰਨ ਦੀ ਮਰਯਾਦਾ ਸ੍ਰੀ ਅੰਮ੍ਰਿਤਸਰ ਜੀ ਵਿਖੇ ਚਲੀ ਆ ਰਹੀ ਸੀ।

ਇਕ ਪੰਡਿਤ ਰੋਜ਼ਾਨਾ ਨੇਮ ਨਾਲ ਸਮੇਂ ਸਿਰ ਆਰਤੀ ਦਾ ਥਾਲ ਜਗਾ ਕੇ ਲਿਆਉਂਦਾ ਹੁੰਦਾ ਸੀ ਤੇ ਆਰਤੀ ਉਚਾਰਨ ਹੁੰਦੀ ਸੀ।

ਪਰ ਹੁਣ ਉਸ ਮਰਯਾਦਾ ਨੂੰ ਖਤਮ ਕਰ ਦਿੱਤਾ ਗਿਆ ਹੈ।

ਇਸ ਗੱਲ ਵਿਖੇ ਕੋਈ ਸ਼ੰਕਾ ਆਦਿ ਕਰਨ ਦੀ ਲੋੜ ਹੀ ਨਹੀਂ ਕਿ ਸਿੱਖ ਨਿਰਗੁਣ ਦੇ ਉਪਾਸ਼ਕ ਹਨ ਪਰ ਵਿਚਾਰ ਗੋਚਰੀ ਤਾਂ ਇਹ ਗੱਲ ਹੈ ਕਿ ਜਿਥੇ ਸਿੱਖ ਨੂੰ ਨਿਰਗੁਣ ਬ੍ਰਹਮ ਦੀ ਉਪਾਸ਼ਨਾਂ ਦਾ ਉਪਦੇਸ਼ ਹੈ ਉਥੇਂ ਨਾਲ ਹੀ ਪਹਿਲੇ ਨਿਰਗੁਣ ਵਿਖੇਂ ਇਸਥਿਤ ਹੋਣ ਲਈ ਸਰਗੁਣ ਸਰੂਪ ਦਾ ਧਿਆਨ ਕਰਨਾ ਦਰਸਾਇਆ ਗਿਆ ਹੈ, ਕਿਉਂਕਿ ਅਕਾਰ ਬਿਨਾਂ ਧਿਆਨ ਨਹੀਂ ਧਾਰਿਆ ਜਾ ਸਕਦਾ ਤੇ ਧਿਆਨ ਧਾਰੇ ਬਿਨਾਂ ਅਭੇਦਤਾ ਨਹੀਂ।

ਦੂਸਰੀ ਵਿਚਾਰ ਇਹ ਹੈ ਕਿ-

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥"

[ਪੰਨਾ ੧੩੯੫]

ਭਾਵ ਆਪ ਹੀ ਅਕਾਲ ਪੁਰਖ ਵਾਹਿਗੁਰੂ ਨੇ ਦਸੋਂ ਪਾਤਿਸ਼ਾਹ ਰੂਪ ਹੋ ਕੇ ਜਗਤ ਨੂੰ ਤਾਰਿਆ ਤੇ ਹੁਣ ਓਹੀ ਜੋਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਇਸਥਿਤ ਹੋ ਕੇ ਸਾਖਿਅਤ ਦਰਸ਼ਨ ਦੇ ਰਹੇ ਹਨ। ਇਸ ਤੇ ਸਰਗੁਣ ਸਰੂਪ ਦੀ ਆਰਤੀ ਸਰਗੁਣ ਸਰੂਪ ਵਿਚ ਕਰਨ ਕਰ ਕੇ ਹੀ ਮਰਯਾਦਾ ਰਹਿ ਆਂਵਦੀ ਹੈ ਅਤੇ ਆਰਤੀ ਕੀਤੀ ਦਾ ਪੂਰਾ ਪੂਰਾ ਫਲ ਪ੍ਰਾਪਤ ਹੋ ਸਕਦਾ ਹੈ।

ਇਹ ਸੋਚਣਾ ਜਾਂ ਨਿਸਚੇ ਕਰਨਾ ਗਲਤ ਹੈ ਕਿ ਆਰਤੀ ਕਿਤੇ ਵੀ ਦੀਵੇ ਬੱਤੀਆਂ ਬਾਲ ਕੇ

---

੧. ਬਿਛਾਕੇ। ੨. ਦੀਵੇ ਬਾਲ ਕੇ ਆਰਤੀ ਕੀਤੀ।

ਨਹੀਂ ਹੁੰਦੀ ਜਾਂ ਨਹੀਂ ਹੁੰਦੀ ਆਈ। ਅਜੇ ਵੀ ਬਹੁਤ ਸਾਰੇ ਗੁਰਧਾਮ ਹਨ ਜਿਥੇ ਰੋਜ਼ਾਨਾ ਸੰਧਿਆ ਵੇਲੇ 'ਰਹਿਰਾਸ ਸਾਹਿਬ' ਦੇ ਪਾਠ ਦੇ ਭੋਗ ਉਪ੍ਰੰਤ ਪ੍ਰਤੱਖ ਦੀਵੇ ਬੱਤੀਆਂ ਜਗਾ ਕੇ ਆਰਤੀ ਕੀਤੀ ਜਾਂਦੀ ਹੈ।*

---

*ਆਪਣੇ ਮਨ ਵਿਖੇ ਸੰਕਲਪ ਤਾਂ ਕੋਈ ਨਹੀਂ ਸੀ ਪਰ ਸੰਗਤਾਂ ਨੇ ਬਹੁਤ ਵਾਰ ਕਿਹਾ ਪ੍ਰਾਗ ਰਾਜ ਬੜਾ ਭਾਰੀ ਕੁੰਭ ਲੱਗ ਰਿਹਾ ਹੈ ਉਥੇ ਅਸਾਂ ਨੂੰ ਦਰਸ਼ਨ ਪਰਸਨ ਤੇ ਇਸ਼ਨਾਨ ਕਰਾ ਲਿਆਓ। ਦਾਸ ਨੇ ਕਿਹਾ ਕੀ ਜਾਣਾ ਹੈ, ਇਥੇ ਹੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਦੇ ਦਰਸ਼ਨ ਕਰ ਲਈਦੇ ਹਨ। ਇਸ ਨਾਲੋਂ ਦੁਨੀਆਂ ਤੇ ਵੱਡਾ ਕਿਹੜਾ ਤੀਰਥ ਹੈ।

ਅੰਨ-ਜਲ ਦੀ ਖੇਡ, ਦੇਵਨੇਤ ਸਰਹੰਦ ਨਿਵਾਸੀ ਸੰਤ ਚਰਨ ਸਿੰਘ ਖਾਕੀ ਜੀ ਦੇ ਪਰਲੋਕ ਪਇਆਨਾ ਕਰਨ ਤੇ ਉਹਨਾਂ ਦੇ ਸੇਵਕਾਂ ਵਲੋਂ ਦੋ ਤਾਰਾਂ ੧੫-੧-੬੬ ਰਾਤ ੧੦ ਵਜੇ ਆ ਗਈਆਂ। ਜਿਸ ਤੇ ੧੬-੧-੬੬ ਸਵੇਰੇ ਅੰਮ੍ਰਿਤਸਰ ਤੋਂ ਚਲ ਕੇ ਸਰਹੰਦ ਪੁੱਜੇ।

"ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥ ੧੬॥"

(ਸ਼ਲੋਕ ਕਬੀਰ, ਪੰਨਾ ੧੩੬੫)

ਤਥਾ—**"ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ॥**
ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ। ਗੁਰਮੁਖਿ ਨਿਹਚਲੁ ਚਿਤ ਨ ਹਲੈ ਹਲਿਆ॥
ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ। ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥ ੧੪॥"

(ਭਾਈ ਗੁਰਦਾਸ ਜੀ)

ਇਤਿ ਆਦਿਕ ਬਚਨਾਂ ਦੁਆਰੇ ਸੰਗਤ ਨੂੰ ਧੀਰਜ ਦੇ ਕੇ ਪੰਜ ਭੂਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਉਹਨਾਂ ਦੀ ਅਰਥੀ ਨੂੰ ਵੱਡੇ ਗੁਰਦੁਆਰੇ ਲਿਜਾ ਕੇ ਮੱਥਾ ਟਿਕਾਇਆ ਵਾਪਸ ਲਿਆ ਕੇ ਉਨ੍ਹਾਂ ਦੀ ਜ਼ਮੀਨ ਪਰ ਟਿਕਾ ਕੇ ਜਪੁਜੀ ਸਾਹਿਬ ਦਾ ਪਾਠ ਕਰ ਕੇ ਅਰਦਾਸਾ ਸੋਧਕੇ ਅਗਨ ਭੇਟ ਕਰ ਦਿੱਤਾ। ਪੁਨਾ ਸਾਰੀ ਸੰਗਤ ਤੋਂ ਆਗਿਆ ਲੈ ਕੇ ਜਗਾਧਰੀ ਸ੍ਰੀ ਮਾਨ ਪੰਡਤ ਨਿਸਚਲ ਸਿੰਘ ਜੀ ਹੋਰਾਂ ਪਾਸ ਚਲੇ ਗਏ।

ਉਥੋਂ ਸ੍ਰੀ ਮਾਨ ੧੦੮ ਪੰਡਤ ਨਿਸਚਲ ਸਿੰਘ ਮਹਾਰਾਜ ਜੀ ਦੀ ਪ੍ਰੇਰਨਾ ਅਤੇ ਨਾਲ ਦੇ ਸਾਥੀਆਂ ਦੇ ਜ਼ੋਰ ਦੇਣ ਤੇ ਅਲਾਹਾਬਾਦ ਨੂੰ ਚੱਲ ਪਏ। ਰਸਤੇ ਵਿਖੇ ਰਾਮਰਾਇ ਜੀ ਦੇ ਗੁਰਦੁਆਰੇ ਦੇ ਦਰਸ਼ਨ ਕੀਤੇ। ਇਸ ਗੁਰਦੁਆਰੇ ਵਿਖੇ ਰਾਮ ਰਾਇ ਜੀ ਹੋਰਾਂ ਦੇ ਪਲੰਘ ਦੀ ਪੂਜਾ ਹੁੰਦੀ ਹੈ।

ਡੇਹਰਾਦੂਨ ਤੋਂ ਚੱਲ ਕੇ ਰਿਖੀਕੇਸ ਪੁੱਜ ਕੇ ਲਛਮਣ ਝੂਲੇ, ਲਛਮਣ ਤੇ ਧ੍ਰੂ ਭਗਤ ਦੇ ਮੰਦਰ ਵੇਖੇ ਜਿਥੇ ਬੈਠ ਕੇ ਉਹਨਾਂ ਨੇ ਤਪੱਸਿਆ ਕੀਤੀਆਂ ਸਨ। ਇਥੋਂ ਪੰਜ ਛੇ ਮੀਲ ਪਰੇ ਸ੍ਰੀ ਰਾਮਚੰਦਰ ਜੀ ਦਾ ਤਪੋ ਮੰਦਰ ਹੈ। ਫਿਰ ਗੀਤਾ ਭਵਨ 'ਜਿਥੇ ਸਾਰੀ ਗੀਤਾ ਦਾ ਪਾਠ ਕੰਧਾਂ ਪਰ ਲਿਖਿਆ ਹੋਇਆ ਹੈ ਉਹ ਅਸਥਾਨ ਵੇਖਿਆ।

੧੯ ਜਨਵਰੀ ੧੯੬੬ ਨੂੰ ਹਰਿ ਕੀ ਪਉੜੀ ਦੇ ਦਰਸ਼ਨ ਤੇ ਕਨਖਲ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਦੇ ਗੁਰਦੁਆਰੇ ਦੇ ਦਰਸ਼ਨ ਇਸ਼ਨਾਨ ਕਰ ਕੇ ਉਥੋਂ ਚੱਲ ਕੇ ਕਾਹਨਪੁਰ ਹੁੰਦੇ ਹੋਏ ਰਾਤ ਦੇ

(ਬਾਕੀ ਦੇਖੋ ਫੁਟ ਨੋਟ ਸਫਾ ੫੦੮ ਤੇ)

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ

ਹਰੀ ਦੇ ਚਰਨ ਕਵਲਾਂ ਉੱਪਰ ਸਾਡਾ ਮਨ ਰੂਪੀ ਮਕਰੰਦ=ਭੌਰਾ ਲੁਭਾਇਮਾਨ

(ਸਫਾ ੫੦੭ ਦੇ ਫੁਟ ਨੋਟ ਦੀ ਬਾਕੀ)

ਸਮੇਂ ੨੦ ਜਨਵਰੀ ੧੯੬੬ ਨੂੰ ਪਰਾਗਰਾਜ (ਆਲਾਹਾਬਾਦ) ਪਹੁੰਚ ਗਏ। ਸਵੇਰੇ ੨੧ ਜਨਵਰੀ ਮੌਸਿਆ ਵਾਲੇ ਦਿਨ ਤ੍ਰਿਬੇਣੀ ਸੰਗਮ ਇਸ਼ਨਾਨ ਕਰ ਕੇ ਫਿਰ ਸੰਨਿਆਸੀਆਂ ਦੀ ਸ਼ਾਹੀ, ਬੈਰਾਗੀਆਂ ਦੀ ਸ਼ਾਹੀ, ਉਦਾਸੀਆਂ ਦੀ ਸ਼ਾਹੀ, ਨਿਰਮਲਿਆਂ ਦੀ ਸ਼ਾਹੀ ਇਤਿਆਦਿਕ ਸਭਨਾਂ ਸੰਤ ਮੰਡਲੀਆਂ ਤੇ ਅੰਨ ਛੇਤਰਾਂ ਦੇ ਦਰਸ਼ਨ ਕੀਤੇ।

ਫਿਰ ਸੇਵਾ ਦੇ ਧਨੀ ਪਰਮ ਪੂਜਜ ਭੂਰੀ ਵਾਲੇ ਸੰਤਾਂ ਦੇ ਭੀ ਦਰਸ਼ਨ ਕੀਤੇ ਜੋ ਸਭ ਤੋਂ ਬਾਹਰ ਇਕਾਂਤ ਜਗ੍ਹਾ ਪਰ ਲੰਗਰ ਤਿਅਰ ਕਰਵਾ ਕੇ ਆਪਣੀ ਹੱਥੀਂ ਪਰਮ ਵੈਰਾਗੀ, ਤਿਆਗੀ, ਵਿਰੱਕਤ ਮਹਾਤਮਾਂ ਨੂੰ ਬੜੇ ਉਤਸ਼ਾਹ ਨਾਲ ਭੋਜਨ ਛਕਾ ਰਹੇ ਸਨ। ਦੇਖ ਕੇ ਚਿਤ ਬੜਾ ਪ੍ਰਸੰਨ ਹੋਇਆ। ਉਸ ਸਮੇਂ ਬੜੀ ਉੱਚ ਅਵਸਥਾ ਵਾਲਿਆਂ ਮਹਾਂ ਪੁਰਸ਼ਾਂ ਦੇ ਦਰਸ਼ਨ ਪ੍ਰਾਪਤ ਹੋਏ। ਦੂਜੇ ਦਿਨ ਦਾਸ ਨੂੰ ਭੀ ਉਹਨਾਂ ਮਹਾਂ ਪੁਰਸ਼ਾਂ ਦੀ ਸੇਵਾ ਕਰਨ ਦਾ ਮੌਕਾ ਬਖਸ਼ਿਆ।

੨੩ ਜਨਵਰੀ ਨੂੰ ਅਲਾਹਾਬਾਦ ਤੋਂ ਚੱਲ ਕੇ ਫਿਰ ਬਨਾਰਸ ਜਾ ਕੇ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨੰਕ ਦੇਵ ਜੀ ਅਤੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਦੇ ਦਰਸ਼ਨ ਦਿਦਾਰੇ ਕੀਤੇ। ਪਹਿਲੇ ਪਾਤਿਸ਼ਾਹ ਜੀ ਦਾ ਗੁਰਦੁਆਰਾ ਅਜੇ ਛੋਟੇ ਅਕਾਰ ਤੇ ਪੁਰਾਣੀ ਇਮਾਰਤ ਦਾ ਸੀ ਨੌਵੇਂ ਪਾਤਿਸ਼ਾਹ ਜੀ ਦਾ ਗੁਰਦੁਆਰਾ ਬੜਾ ਆਲੀਸ਼ਾਨ ਤਿਆਰ ਹੋ ਚੁੱਕਾ ਸੀ।

ਫਿਰ ਕਬੀਰ ਚੌਂਤਰੇ ਗਏ, ਜਿਸ ਦਾ ਨਾਮ ਕਬੀਰ ਚੌਰਾ ਹੈ, ਇਥੇ ਭਗਤ ਕਬੀਰ ਜੀ ਗਿਆਨ ਗੋਸ਼ਟ ਕਰਦੇ ਹੁੰਦੇ ਸਨ ਤੇ ਇਕ ਪਹਿਲੀ ਅਵੱਸਥਾ ਦੀ ਆਪ ਜੀ ਦੀ ਫੋਟੋ ਲੱਗੀ ਹੋਈ ਹੈ, ਜਿਸ ਦੀ ਪੂਜਾ ਹੁੰਦੀ ਹੈ। ਸਾਹਮਣੇ ਹੀ 'ਬੀਜਕ ਮੰਦਰ' ਹੈ, ਜਿਸ ਵਿਖੇ ਭਗਤ ਕਬੀਰ ਜੀ ਦੀ ਬਿਰਧ ਅਵਸਥਾ ਦੀ ਫੋਟੋ ਲੱਗੀ ਹੋਈ ਹੈ।

ਬਨਾਰਸ ਤੋਂ ਚੱਲ ਕੇ ੨੪ ਜਨਵਰੀ ੧੯੬੬ ਦਿਨ ਸੋਮਵਾਰ ਰਾਤ ਨੂੰ ਅੱਠ ਵਜੇ ਪਟਨੇ ਸਾਹਿਬ ਪੁੱਜੇ। ਸਵੇਰੇ ੨੫ ਜਨਵਰੀ ਮੰਗਲਵਾਰ ਸ੍ਰੀ ਮਾਨ ਮਹੰਤ ਗੁਰਮੁਖ ਸਿੰਘ ਜੀ ਰੋਹਤਕ ਵਾਲਿਆਂ ਨੇ ਪਟਨੇ ਸਾਹਿਬ ਅਖੰਡ ਪਾਠ ਰਖਾਇਆ ਤੇ ਸ੍ਰੀ ਮਾਨ ੧੦੮ ਸਤਿਕਾਰ ਯੋਗ ਸੰਤ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਨੇ ਵੀ ਡਿਉਢੀ ਦੇ ਉੱਪਰ ੨੬ ਜਨਵਰੀ ਬੁਧਵਾਰ ਸ੍ਰੀ ਅਖੰਡ ਪਾਠ ਦਾ ਭੋਗ ਪਵਾਇਆ ਤੇ ਆਰਤੀ ਕਰਵਾ ਕੇ ਅੱਗੋਂ ਇਕ ਸੰਪਟ ਪਾਠ ਆਰੰਭ ਕਰਵਾ ਦਿੱਤਾ। ਉਥੋਂ ਦੇ ਪ੍ਰਬੰਧਕਾਂ ਤੇ ਨਾਲ ਗਈਆਂ ਸੰਗਤਾਂ ਦੇ ਕਹਿਣ ਪਰ ੨੫-੨੬ ਜਨਵਰੀ ਨੂੰ ਸ੍ਰੀ ਮੁਖਵਾਕ

"ਸੋਰਠਿ ਮਹਲਾ ੪ ॥

ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ ॥" (ਪੰਨਾ ੬੦੫ ਦੀ ਕਥਾ ਕੀਤੀ)

(ਬਾਕੀ ਦੇਖੋ ਫੁਟ ਨੋਟ ਸਫਾ ੫੦੯)

ਹੋ ਰਿਹਾ ਹੈ।

(ਸਫਾ ੫੦੮ ਦੇ ਫੁੱਟਨੋਟ ਦੀ ਬਾਕੀ)

ਇਹਨਾਂ ਦੋਹਾਂ ਦਿਨਾਂ ਵਿਖੇ ਸਾਰੇ ਹਰਿਮੰਦਰਾਂ ਦੇ ਦਰਸ਼ਨ ਪਰਸਨ ਕੀਤੇ।

੧. ਤਖਤ ਸਾਹਿਬ ਤੇ ਦਸਮੇਸ਼ ਪਿਤਾ ਜੀ ਦਾ ਪੰਘੂੜਾ ਅੰਦਰਲੇ ਕਮਰੇ ਵਿਚ ਸੋਨੇ ਦੀ ਪਾਲਕੀ ਵਿਚ ਸੁਭਾਇਮਾਨ ਹੈ। ਜਿਸ ਪਰ ਬਾਲਾ ਪ੍ਰੀਤਮ ਜੀ ਬਿਰਾਜਦੇ ਰਹੇ ਸਨ।

੨. ਇਕ ਸ਼ੀਸ਼ੇ ਦੀ ਪੇਟੀ ਵਿਚ ਚੰਦਨ ਦੀਆਂ ਨੌਵੇਂ ਪਾਤਿਸ਼ਾਹ ਜੀ ਦੀਆਂ ਅਤੇ ਦਸਮੇਸ਼ ਪਿਤਾ ਜੀ ਦੇ ਬਚਪਨ ਦੀਆਂ ਖੜਾਵਾਂ ਪਈਆਂ ਹਨ।

੩. ਸ੍ਰੀ ਦਸਮੇਸ਼ ਪਿਤਾ ਜੀ ਦੇ ਚਾਰ ਤੀਰ ਹਨ।

੪. ਇਕ ਕ੍ਰਿਪਾਨ ਹੈ।

੫. ਇਕ ਕਟਾਰ ਹੈ।

੬. ਚੰਦਨ ਦਾ ਕੰਘਾ ਹੈ।

੭. ਮਿੱਟੀ ਦਾ ਇਕ ਗੁਲੇਲਾ ਹੈ, ਜਿਸ ਨਾਲ ਘੜੇ ਭੰਨਦੇ ਸਨ।

੮. ਛੋਟੀ ਚੱਕਰੀ ਹੈ, ਜੋ ਗੁਰੂ ਸਾਹਿਬ ਜੀ ਕੇਸਾਂ ਵਿਚ ਸਜਾਉਂਦੇ ਸਨ।

੯. ਲੋਹੇ ਦੇ ਦੋ ਚੱਕਰ, ਦਸਤਾਰ ਤੇ ਸਜਾਉਣ ਵਾਲੇ।

੧੦. ਗੁਰੂ ਸਾਹਿਬਾਂ ਤੇ ਮਾਤਾ ਸੁੰਦਰੀ ਜੀ ਦੇ ਹੁਕਮਨਾਮਿਆਂ ਦੀ ਇਕ ਜਿਲਦ ਹੈ।

੧੧. ਮਾਤਾ ਗੁਜਰੀ ਦਾ ਖੂਹ ਹੈ।

੧੨. ਕਬੀਰ ਜੀ ਦੀ ਖੱਡੀ ਦੀਆਂ ਤਿੰਨ ਲਕੜਾਂ ਪਈਆਂ ਹਨ।

ਬਾਹਰਲੇ ਕਮਰੇ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੇ ਦਸਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਇਥੇ ਇਤਨਾਂ ਕੁਝ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪਟਨੇ ਸਾਹਿਬ ਵਿਖੇ ਅੱਜ ਤੱਕ 'ਰਹਿਰਾਸ ਸਾਹਿਬ' ਜੀ ਦੇ ਪਾਠ ਦੇ ਭੋਗ ਉਪ੍ਰੰਤ ਇਕ ਸੇਵਾਦਾਰ ਕਈ ਬੱਤੀਆਂ ਵਾਲਾ ਆਰਤੀ ਦਾ ਥਾਲ ਜਗਾ ਕੇ ਲਿਆਉਂਦਾ ਹੈ ਤੇ ਗ੍ਰੰਥੀਆਂ ਸਮੇਤ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਆਰਤੀ ਉਚਾਰਦੇ ਹਨ।

ਇਸ ਤਰ੍ਹਾਂ ਪੁਰਾਤਨ ਮ੍ਰਯਾਦਾ ਕਾਇਮ ਦੇਖ ਕੇ ਹੈਰਾਨੀ ਵੀ ਤੇ ਪ੍ਰਸੰਨਤਾ ਵੀ ਹੋਈ। ਫਿਰ ਉਥੋਂ ਦੇ ਸੇਵਾਦਾਰ ਨੂੰ ਕਹਿ ਕੇ ਆਰਤੀ ਦਾ ਥਾਲ ਮੰਗਵਾ ਕੇ ਬੱਤੀਆਂ ਗਿਣੀਆਂ ਜੋ ਗਿਣਤੀ ਵਿਚ ਸੋਲਾਂ ਸਨ।

ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਜੀ ਨੂੰ ਦੁੱਧ ਦੀ ਲੱਸੀ ਨਾਲ ਇਸ਼ਨਾਨ ਕਰਾਉਣ ਉਪ੍ਰੰਤ ਪ੍ਰਕਾਸ਼ ਹੁੰਦਾ ਹੈ।

ਹੁਕਮਨਾਮੇ ਤੋਂ ਮਗਰੋਂ ਸ੍ਰੀ 'ਸੁਖਮਨੀ ਸਾਹਿਬ' ਜੀ ਦੇ ਪਾਠ ਦਾ ਭੋਗ ਪੈ ਕੇ ਫਿਰ ਕੀਰਤਨ ਆਰੰਭ ਹੋ ਜਾਂਦਾ ਹੈ, ਪਹਿਲੇ ਅੱਧਾ ਘੰਟਾ ਓਥੇ ਦੇ ਗ੍ਰੰਥੀ ਸਾਹਿਬ ਕੀਰਤਨ ਕਰਦੇ ਹਨ, ਜੋ ਇਤਨੇ ਨੂੰ ਹਜ਼ੂਰੀ ਰਾਗੀ ਜੱਥਾ ਆ ਜਾਣ ਪਰ ਸ੍ਰੀ 'ਆਸਾ ਦੀ ਵਾਰ' ਦਾ ਕੀਰਤਨ ਆਰੰਭ ਹੁੰਦਾ ਹੈ। ਫਿਰ ਸ੍ਰੀ ਮੁਖਵਾਕ ਦੀ ਕਥਾ ਇਕ ਘੰਟਾ ਹੁੰਦੀ ਹੈ। ਕਥਾ ਦੇ ਭੋਗ ਉਪ੍ਰੰਤ ਅਰਦਾਸਾ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ ਤੇ ਗੁਰੂ ਸਾਹਿਬਾਂ ਦੇ ਸ਼ਾਸਤ੍ਰਾਂ ਆਦਿਕ ਯਾਦਗਾਰੀ (ਇਤਿਹਾਸਕ) ਅਮੋਲਕ ਵਸਤੂਆਂ ਦੇ ਦਰਸ਼ਨ ਕਰਾਏ ਜਾਂਦੇ ਹਨ। ਸਾਡੀ ਤਾਂ ਸਤਿਗੁਰੂ ਜੀ ਅੱਗੇ ਅਰਦਾਸ ਹੈ ਕਿ ਆਪਣੀ ਮਰਯਾਦਾ ਨੂੰ ਆਪ ਹੀ ਕਾਇਮ ਰੱਖਣ।

ਅਥਵਾ-ਮਕਰੰਦ ਨਾਮ ਸੁਗੰਧੀ ਦਾ ਹੈ। ਮਕਰੰਦ ਨਾਮ ਰਸ ਦਾ ਹੈ। ਮਕਰੰਦ ਨਾਮ ਧੂੜੀ ਦਾ ਹੈ।

ਇਸ ਤਰਫ-ਹਰੀ ਦੇ ਚਰਨ-ਕਵਲਾਂ ਦੀ ਭਗਤੀ ਵਾ ਪ੍ਰੀਤੀ ਰੂਪ ਮਕਰੰਦ=ਸੁਗੰਧੀ ਪਰ, ਪ੍ਰੇਮ ਰੂਪੀ ਰਸ ਪਰ ਅਤੇ ਸ਼ਰਧਾ ਰੂਪੀ ਧੂੜੀ ਪਰ ਮੇਰਾ ਮਨ ਲੁਭਾਇਮਾਨ ਹੋ ਰਿਹਾ ਹੈ।

ਅਨਦਿਨੁ ਮੋਹਿ ਆਹੀ ਪਿਆਸਾ ॥

ਰਾਤ ਦਿਨ ਉਸ ਦੇ ਦਰਸ਼ਨਾਂ ਦੀ ਪਿਆਸ ਮੈਨੂੰ ਲੱਗ ਰਹੀ ਆਹੀ=ਹੈ।

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥ ੪ ॥ ੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਮੈਂ ਸਾਰਿੰਗ=ਪਪੀਹੇ ਨੂੰ ਆਪਣਾ ਕਿਰਪਾ ਰੂਪ ਜਲ ਦੇਣਾ ਕਰੋ, ਜਾ ਤੇ=ਜਿਸ ਕਰਕੇ ਤੇਰੇ ਨਾਮ ਵਿਚ ਸਾਡਾ ਨਿਵਾਸ ਹੋਵੇ।

ਯਥਾ—"ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ॥" *[ਸੋਰਠਿ ਮਹਲਾ ੪, ਪੰਨਾ ੬੦੭]*

ਅਥਵਾ-"ਮੈਂ ਪਪੀਹੇ ਨੂੰ ਕਿਰਪਾ ਦ੍ਰਿਸ਼ਟੀ ਕਰਕੇ ਨਾਇ=ਨਾਮ ਰੂਪੀ ਜਲ ਦਿਓ, ਜਿਸ ਨਾਮ ਕਰਕੇ ਮੇਰਾ ਆਪ ਜੀ ਵਿਖੇ ਨਿਵਾਸ ਹੋਵੇ॥ ੪॥ ੩॥

ਰਾਗੁ ਗਉੜੀ ਪੂਰਬੀ ਮਹਲਾ ੪ ॥ *

ਉਥਾਨਕਾ-ਇਕ ਸਮੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਰਸ਼ਨਾਂ ਵਾਸਤੇ ਸ੍ਰੀ ਗੋਇੰਦਵਾਲ ਜਾ ਰਹੇ ਸਨ, ਰਾਹ ਵਿਚ ਕਿਸੇ ਜ਼ਿਮੀਂਦਾਰ ਨੇ ਕਿਹਾ-"ਜਿਸ ਰਸਤੇ ਆਪ ਜਾ ਰਹੇ ਹੋ, ਏਸੇ ਰਾਹ ਵਿਚ ਮੇਰਾ ਬਾਜਰੇ ਦਾ ਖੇਤ ਅਮਕੀ ਟਾਹਲੀ ਪਾਸ ਆਏਗਾ, ਆਪ ਓਥੋਂ ਪੰਛੀਆਂ ਨੂੰ ਉਡਾਈ ਜਾਣਾ।"

ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਨੇ ਵਿਚਾਰਿਆ ਕਿ ਜੇ ਪੰਛੀਆਂ ਨੂੰ ਉਡਾਇਆ ਤਾਂ ਪਾਪ ਹੋਵੇਗਾ, ਜੇ ਨਾ ਉਡਾਇਆ ਤਾਂ ਇਹ ਆਪਣੇ ਮਨ ਵਿਚ ਗੁੱਸਾ ਕਰੇਗਾ।

ਉਸ ਵੇਲੇ ਗੁਰੂ ਜੀ ਨੇ ਉਸ ਨੂੰ ਉਪਦੇਸ਼ ਦੇਣ ਦਾ ਸਮਾਂ ਵਿਚਾਰ ਕੇ ਕਿਹਾ-"ਭਾਈ! ਜਿਵੇਂ ਪ੍ਰਤੱਖ ਚਿੱੜੀਆਂ ਆਦਿਕ ਪੰਛੀਆਂ ਦੇ ਉਡਾਉਣ ਦਾ ਉੱਦਮ ਕਰਦਾ ਹੈਂ, ਤਿਵੇਂ ਅੰਤਹਕਰਣ ਰੂਪੀ ਧਰਤੀ ਵਿਖੇ ਜੋ ਕਾਮ ਆਦਿਕ ਪੰਛੀ, ਸ਼ੁਭ-ਗੁਣਾਂ ਰੂਪ ਖੇਤੀ ਨੂੰ ਖਾਂਦੇ ਹਨ, ਉਨ੍ਹਾਂ ਦੇ ਉਡਾਉਣ ਦਾ ਵੀ ਉੱਦਮ ਕਰ।

ਜ਼ਿਮੀਂਦਾਰ ਨੇ ਕਿਹਾ-"ਉਨ੍ਹਾਂ ਨੂੰ ਮੈਂ ਕਿਵੇ ਉਡਾਵਾਂ ?" ਗੁਰ ਉੱਤਰ-

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥

ਸਰੀਰ ਰੂਪ ਨਗਰ ਕਾਮ ਕ੍ਰੋਧ ਆਦਿਕ ਵਿਸ਼ਿਆਂ ਕਰਕੇ ਬਹੁਤ ਭਰਿਆ ਹੋਇਆ ਹੈ।

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਕੀਰਤਨ ਸੋਹਿਲਾ (ਪੰਨਾ ੧੩)	*ਰਾਗੁ ਗਉੜੀ (ਪੰਨਾ ੧੭੧)*
'ਰਾਗੁ' ਗਉੜੀ ਪੂਰਬੀ ਮਹਲਾ ੪ ॥	*ਗਉੜੀ ਪੂਰਬੀ ਮਹਲਾ ੪ ॥*
ਸਾਕਤ ਹਰਿ ਰਸ ਸਾਦੁ ਨ 'ਜਾਣਿਆ',	*ਸਾਕਤ ਹਰਿ ਰਸ ਸਾਦੁ ਨ 'ਜਾਨਿਆ',*

ਯਥਾ—"ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥"

[ਸੋਰਠਿ ਮਹਲਾ ੩, ਪੰਨਾ ੬੦੦]

ਹੇ ਭਾਈ ! ਸਾਧੂਆਂ ਨਾਲ ਮਿਲ ਕੇ ਤੂੰ ਇਨ੍ਹਾਂ ਨੂੰ 'ਖੰਡਲ ਖੰਡਾ'= ਟੁਕੜੇ ਟੁਕੜੇ ਕਰ ਦੇਹ।

ਅਥਵਾ-ਜਿਨ੍ਹਾਂ ਸਾਧੂਆਂ ਨੇ ਇਨ੍ਹਾਂ ਕਾਮ ਆਦਿਕਾਂ ਨੂੰ ਖੰਡਿਆ ਹੈ ਉਨ੍ਹਾਂ ਨਾਲ ਮਿਲ ਕੇ ਤੂੰ ਭੀ ਉਨ੍ਹਾਂ ਦੀ ਸਿਖਿਆ ਲੈ ਕੇ ਕਾਮ ਆਦਿਕਾਂ ਨੂੰ ਖੰਡਾ ਹੇ=ਨਾਸ ਕਰ ਦੇਹ।

ਅਥਵਾ-ਗਿਆਨ ਰੂਪ ਖੰਡਾ ਲੈ ਕੇ ਕਾਮ ਆਦਿਕਾਂ ਨੂੰ ਖੰਡਲ=ਨਾਸ ਕਰ ਦੇਹ।

ਅਥਵਾ-ਸਾਧੂ=ਸ੍ਰੇਸ਼ਟ ਗੁਰਾਂ ਨਾਲ ਮਿਲ ਕੇ ਖੰਡਲ=ਸਮੂਹ ਕਾਮ ਆਦਿਕਾਂ ਨੂੰ ਖੰਡ ਹੇ=ਟੁਕੜੇ ਕਰ ਦੇਹ, ਭਾਵ ਨਾਸ ਕਰ ਦੇਹ।

ਪ੍ਰਸ਼ਨ-ਗੁਰੂ ਕਿਵੇਂ ਪ੍ਰਾਪਤ ਹੁੰਦੇ ਹਨ ?

ਉੱਤਰ-ਗੁਰੂ ਭਾਗਾਂ ਨਾਲ ਮਿਲਦੇ ਹਨ।

ਪੂਰਬਿ ਲਿਖਤ ਲਿਖੇ ਗੁਰੁ ਪਾਇਆ

ਜਿਸ ਨੇ ਭੀ ਗੁਰਾਂ ਨੂੰ ਪਾਇਆ ਹੈ ਸੋ ਪੂਰਬਲੇ ਕਰਮਾਂ ਦੀ ਲਿਖਤ ਦੇ ਲਿਖੇ ਅਨੁਸਾਰ ਪਾਇਆ ਹੈ।

ਮਨਿ ਹਰਿ ਲਿਵ ਮੰਡਲ ਮੰਡਾ ਹੇ॥ ੧ ॥

ਗੁਰਮੁਖਾਂ ਨੇ ਆਪਣੇ ਮਨ ਰੂਪ ਬਸਤ੍ਰ ਨੂੰ ਹਰੀ ਦੀ ਲਿਵ ਰੂਪ ਮੰਡਲ=ਮੱਟੀ ਵਿਖੇ ਮੰਡ ਹੇ=ਰਪਨਾ ਭਾਵ ਰੰਗਣਾ ਕੀਤਾ ਹੈ।

ਅਥਵਾ-ਸਤਿਸੰਗ ਰੂਪ ਮੱਟੀ ਵਿਖੇ ਨਾਮ ਰੂਪ ਜਲ, ਭਗਤੀ ਰੂਪ ਰੰਗ ਪਾ ਕੇ, ਕਾਮ ਆਦਿਕ ਲੱਕੜੀਆਂ ਨੂੰ ਜਪ ਤਪ ਰੂਪ ਅਗਨੀ ਨਾਲ ਸਾੜ ਕੇ ਭਾਵ ਜਪ ਤਪ ਰੂਪ ਅਗਨੀ ਦਾ ਸੇਕ ਦੇ ਕੇ ਗੁਰੂ ਰੂਪ ਲਿਲਾਰੀ ਦੁਆਰੇ ਮਨ ਰੂਪ ਬਸਤ੍ਰ ਨੂੰ ਰੰਗਣਾ ਕੀਤਾ ਹੈ॥ ੧ ॥

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥

ਸਾਧੂ ਅੱਗੇ ਅੰਜੁਲੀ=ਹੱਥ ਜੋੜਨ ਕਰਕੇ ਵੱਡੇ ਪੁੰਨ ਦੀ ਪ੍ਰਾਪਤੀ ਹੁੰਦੀ ਹੈ।

ਯਥਾ—"ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥
ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥ ੪॥ ੩॥"

[ਪ੍ਰਭਾਤੀ ਮਹਲਾ ੧, ਪੰਨਾ ੧੩੨੮]

ਕਰਿ ਡੰਡਉਤ ਪੁਨੁ ਵਡਾ ਹੇ॥ ੧ ॥ ਰਹਾਉ ॥

ਡੰਡੇ ਵਤ ਲੰਮਾ ਪੈ ਕੇ ਨਮਸ਼ਕਾਰ ਕਰਨ ਨਾਲ ਉਸ ਤੋਂ ਵੀ ਵੱਡੇ ਪੁੰਨ ਦੀ ਪ੍ਰਾਪਤੀ ਹੁੰਦੀ ਹੈ।

ਯਥਾ—"ਹਰਿ ਸੰਤਨ ਕਰਿ ਨਮੋ ਨਮੋ॥ ਨਉ ਨਿਧਿ ਪਾਵਹਿ ਅਤੁਲੁ ਸੁਖੋ॥ ੪॥"

[ਗਉੜੀ ਮਹਲਾ ੫, ਪੰਨਾ ੨੪੧]

ਤਥਾ—"ਤਾ ਕਉ ਕਰਹੁ ਸਗਲ ਨਮਸਕਾਰੁ॥ ਜਾ ਕੈ ਮਨਿ ਪੂਰਨੁ ਨਿਰੰਕਾਰੁ॥"

[ਪ੍ਰਭਾਤੀ ਮਹਲਾ ੫, ੧੩੩੮]

ਸ੍ਰਾਕਤ ਹਰਿ ਰਸ ਸਾਦੁ ਨ ਜਾਣਿਆ

ਪਰਮੇਸ਼ਰ ਵਲੋਂ ਟੁੱਟਾ ਹੋਇਆ ਜੋ ਸ਼ਕਤੀ ਦਾ ਉਪਾਸ਼ਕ ਹੈ ਉਸੀ ਦਾ ਨਾਂ ਸਾਕਤ ਹੈ। ਉਹਨਾਂ ਸਾਕਤਾਂ ਨੇ ਹਰੀ ਰਸ ਦੇ ਸ੍ਵਾਦ ਨੂੰ ਨਹੀਂ ਜਾਣਿਆਂ।

ਯਥਾ—"ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ॥"

[ਸਿਰੀਰਾਗੁ ਮਹਲਾ ੧, ਪੰਨਾ ੨੨]

ਤਥਾ—ਸਾਕਤ ਕੀ ਐਸੀ ਹੈ ਰੀਤਿ॥ ਜੋ ਕਿਛੁ ਕਰੈ ਸਗਲ ਬਿਪਰੀਤ॥ ੨॥
ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ॥ ਸੋਈ ਠਾਕੁਰੁ ਮਨਹੁ ਬਿਸਾਰਿਆ॥ ੩॥

[ਗਉੜੀ ਮਹਲਾ ੫, ਪੰਨਾ ੧੯੫]

ਤਥਾ—"ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ॥ ਓਹੁ ਬਿਖਈ ਓਸੁ ਰਾਮ ਕੋ ਰੰਗੁ॥ ੧॥ ਰਹਾਉ॥"

[ਗਉੜੀ ਮਹਲਾ ੫, ਪੰਨਾ ੧੯੬]

ਤਥਾ—"ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ॥
ਉਨ ਸਤਿਗੁਰ ਆਗੈ ਸੀਸੁ ਬੇਚਿਆ ਓਇ ਆਵਹਿ ਜਾਹਿ ਅਭਾਗੇ॥ ੪॥"

[ਗਉੜੀ ਮਹਲਾ ੪, ਪੰਨਾ ੧੭੨]

ਤਥਾ—"ਬਿਨੁ ਸਿਮਰਨ ਹੈ ਆਤਮ ਘਾਤੀ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥ ੭॥"

[ਗਉੜੀ ਮਹਲਾ ੫, ਪੰਨਾ ੨੩੯]

ਤਥਾ—"ਬਿਰਥੀ ਸਾਕਤ ਕੀ ਆਰਜਾ॥ ਸਾਚ ਬਿਨਾ ਕਹ ਹੋਵਤ ਸੂਚਾ॥
ਬਿਰਥਾ ਨਾਮ ਬਿਨਾ ਤਨੁ ਅੰਧ॥ ਮੁਖਿ ਆਵਤ ਤਾ ਕੈ ਦੁਰਗੰਧ॥
ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ॥ ਮੇਘ ਬਿਨਾ ਜਿਉ ਖੇਤੀ ਜਾਇ॥"

[ਗਉੜੀ ਸੁਖਮਨੀ, ਪੰਨਾ ੨੯੬]

ਤਥਾ—"ਏਕੋ ਏਕੁ ਰਹਿਆ ਭਰਪੂਰਿ॥ ਸਾਕਤ ਨਰ ਲੋਭੀ ਜਾਣਹਿ ਦੂਰਿ॥ ੩॥"

[ਬਸੰਤੁ ਮਹਲਾ ੪, ਪੰਨਾ ੧੧੭੭]

ਤਥਾ—"ਸਾਕਤ ਕੂੜ ਕਪਟ ਮਹਿ ਟੇਕਾ॥ ਅਹਿਨਿਸਿ ਨਿੰਦਾ ਕਰਹਿ ਅਨੇਕਾ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ॥ ੯॥
ਸਾਕਤ ਜਮ ਕੀ ਕਾਣਿ ਨ ਚੁਕੈ॥ ਜਮ ਕਾ ਡੰਡੁ ਨ ਕਬਹੂ ਮੁਕੈ॥
ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ॥ ੧੦॥
ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ॥ ਹਉਮੈ ਕਰਤਾ ਭਵਜਲਿ ਪਰਿਆ॥

[ਮਾਰੂ ਮਹਲਾ ੧, ਪੰਨਾ ੧੦੩੦]

ਕਿਉਂਕਿ-

ਤਿਨ ਅੰਤਰਿ ਹਉਮੈ ਕੰਡਾ ਹੇ॥

ਉਹਨਾਂ ਦੇ ਅੰਦਰ ਹੰਗਤਾ ਰੂਪੀ ਕੰਡੇਲ ਰੋਗ ਹੈ, ਵਾ ਝਾਹ ਹੈ।

ਵਾ-ਉਹਨਾਂ ਦੇ ਮਨ ਰੂਪੀ ਪੈਰ ਦੇ ਅੰਦਰ ਹਉਮੈ ਦਾ ਕੰਡਾ ਹੈ।

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ

ਜਿਉਂ ਜਿਉਂ ਕਾਰ-ਵਿਹਾਰ ਦੇ ਕਰਨ ਵੱਲ ਚੱਲਦੇ, ਤਿਉਂ ਤਿਉਂ ਹਉਮੈ ਰੂਪ ਕੰਡਾ ਚੁਭਦਾ ਹੈ ਤੇ ਦੁੱਖ ਪਾਉਂਦੇ ਹਨ।

ਅਥਵਾ-ਜਿਉਂ ਜਿਉਂ ਗੁਰਮੁਖ-ਮਹਾਤਮਾਂ ਦਾ ਜਸ ਚੱਲਦਾ ਹੈ, ਤਿਉਂ ਤਿਉਂ ਈਰਖਾ ਰੂਪ ਕੰਡਾ ਚੁਭਦਾ ਹੈ ਤੇ ਦੁੱਖ ਪਾਉਂਦੇ ਹਨ।

ਯਥਾ—"ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ॥
ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ॥ ੪॥"

[ਰਾਮਕਲੀ ਕਬੀਰ ਜੀ. ਪੰਨਾ ੯੬੯]

ਤਥਾ—"ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ॥
ਜੇ ਸਭਿ ਸਾਕਤ ਕਰਹਿ ਬਖੀਲੀ ਇਕ ਰਤੀ ਤਿਲੁ ਨ ਘਟਾਈ॥ ੫॥
ਜਨ ਕੀ ਉਸਤਤਿ ਹੈ ਰਾਮ ਨਾਮਾ ਦਹ ਦਿਸਿ ਸੋਭਾ ਪਾਈ॥
ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ ਅਪਣੈ ਘਰਿ ਲੂਕੀ ਲਾਈ॥ ੬॥"

[ਬਸੰਤੁ ਮਹਲਾ ੪, ਪੰਨਾ ੧੧੯੧]

ਤਥਾ—"ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ॥
ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ॥"

[ਸਾਰੰਗ ਮਹਲਾ ੫, ਪੰਨਾ ੧੨੦੫]

ਤਥਾ—"ਨਿਰਵੈਰੇ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ॥
ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ॥ ੧॥"

[ਸਾਰਗ ਮਹਲਾ ੫, ਪੰਨਾ ੧੨੧੭]

ਅਥਵਾ-ਜਿਉਂ ਜਿਉਂ ਉਹ ਆਪਣੇ ਹਉਮੈ ਦੇ ਕਰਮਾਂ ਵਿਚ ਅਗਾਹਾਂ ਤੁਰਦੇ ਹਨ, ਤਿਉਂ ਤਿਉਂ ਕੰਡਾ ਚੁੱਭਦਾ ਹੈ ਤੇ ਉਹ ਦੁੱਖ ਪਾਉਂਦੇ ਹਨ।

ਜਮਕਾਲੁ ਸਹਹਿ ਸਿਰਿ ਡੰਡਾ ਹੇ॥ ੨॥

ਅੰਤ ਨੂੰ ਉਹ ਆਪਣੇ ਸਿਰ ਉਤੇ ਜਮ ਕਾਲ ਦੇ ਡੰਡੇ ਨੂੰ ਸਹਾਰਦੇ ਹਨ॥ ੨॥

ਯਥਾ—"ਗੁਰ ਬਿਨੁ ਉਰਝਿ ਮਰਹਿ ਬੇਕਾਰਾ॥ ਜਮੁ ਸਿਰਿ ਮਾਰੇ ਕਰੇ ਖੁਆਰਾ॥"

[ਮਾਰੂ ਮਹਲਾ ੧, ਪੰਨਾ ੧੦੨੬]

ਤਥਾ—"ਸਾਕਤ ਜਮ ਕੀ ਕਾਣਿ ਨ ਚੂਕੈ॥ ਜਮ ਨ ਡੰਡੁ ਨ ਕਬਹੂ ਮੂਕੈ॥"

[ਮਾਰੂ ਮਹਲਾ ੧, ਪੰਨਾ ੧੦੩੦]

ਤਥਾ—"ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥
ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਨਿ ਭਾਗਿਓ॥ ੧॥"

[ਮਾਰੂ ਮਹਲਾ ੯, ਪੰਨਾ ੧੦੦੮]

ਤਥਾ—"ਕਹੁ ਕਬੀਰ ਤਬ ਹੀ ਨਰੁ ਜਾਗੈ॥ ਜਮ ਕਾ ਡੰਡੁ ਮੂੰਡ ਮਹਿ ਲਾਗੈ॥ ੩॥ ੨॥"

[ਗੌਂਡ ਕਬੀਰ ਜੀ, ਪੰਨਾ ੮੭੦]

ਤਥਾ—"ਸੁਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ॥
ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ॥ ੩॥"

[ਆਸਾ ਕਬੀਰ ਜੀ, ਪੰਨਾ ੪੭੯]

ਤਥਾ—"ਬਾਝੁ ਗੁਰੂ ਹੈ ਅੰਧ ਅੰਧਾਰਾ॥ ਜਮਕਾਲਿ ਗਰਡ਼ੇ ਕਰਹਿ ਪੁਕਾਰਾ॥"

[ਮਾਝ ਮਹਲਾ ੩, ਪੰਨਾ ੧੨੫]

ਤਥਾ—"ਬਿਨੁ ਗੁਰ ਸਾਚੇ ਭਰਮਿ ਭੁਲਾਏ॥ ਮਨਮੁਖ ਅੰਧੇ ਸਦਾ ਬਿਖੁ ਖਾਏ॥
ਜਮ ਡੰਡੁ ਸਹਹਿ ਸਦਾ ਦੁਖੁ ਪਾਇ॥ ੪॥" [ਗਉੜੀ ਮਹਲਾ ੩, ਪੰਨਾ ੨੩੧]

ਤਥਾ—"ਢਾਹਿ ਮਡ਼ੋਲੀ ਲੂਟਿਆ ਦੇਹੁਰਾ ਸਾ ਧਨ ਪਕਡ਼ੀ ਏਕ ਜਨਾ॥
ਜਮ ਡੰਡਾ ਗਲਿ ਸੰਗਲੁ ਪਡ਼ਿਆ ਭਾਗਿ ਗਏ ਸੇ ਪੰਚ ਜਨਾ॥"

[ਗਉੜੀ ਚੇਤੀ ਮਹਲਾ ੧, ਪੰਨਾ ੧੫੫]

ਤਥਾ—"ਇਕਨ੍ਹਾ ਗਲੀਂ ਜੰਜੀਰ ਬੰਦਿ ਰਬਾਣੀਐ॥ ਬਧੇ ਛੁਟਹਿ ਸਚਿ ਸਚੁ ਪਛਾਣੀਐ॥
ਲਿਖਿਆ ਪਲੈ ਪਾਇ ਸੋ ਸਚੁ ਜਾਣੀਐ॥ ਹੁਕਮੀ ਹੋਇ ਨਿਬੇਡ਼ੁ ਗਇਆ ਜਾਣੀਐ॥
ਭਉਜਲ ਤਾਰਣਹਾਰੁ ਸਬਦਿ ਪਛਾਣੀਐ॥ ਚੋਰ ਜਾਰ ਜੁਆਰ ਪੀਡ਼ੇ ਘਾਣੀਐ॥
ਨਿੰਦਕ ਲਾਇਤਬਾਰ ਮਿਲੇ ਹਡ਼ਵਾਣੀਐ॥" [ਮਲਾਰ ਵਾਰ, ਪੰਨਾ ੧੨੮੭]

ਹੁਣ ਗੁਰਮੁਖ-ਜਨਾਂ ਦੀ ਗੱਲ ਆਖਦੇ ਹਨ -

ਹਰਿਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ॥

ਹਰੀ ਦੇ ਗੁਰਮੁਖ-ਜਨ ਹਰਿ ਹਰਿ ਨਾਮ ਵਿਚ ਸਮਾਏ ਰਹਿੰਦੇ ਹਨ।

ਉਹਨਾਂ ਨੇ ਭਵ=ਸੰਸਾਰ ਦੇ ਜਨਮ ਮਰਨ ਆਦਿ ਦੁੱਖਾਂ ਨੂੰ ਖੰਡਾ ਹੇ=ਕੱਟ ਦਿੱਤਾ ਹੈ।

ਅਥਵਾ-ਜਨਮ ਦੇ ਭਵ=ਡਰ ਨੂੰ ਅਤੇ ਮਰਨ ਦੇ ਦੁੱਖ ਨੂੰ ਉਹਨਾਂ ਨੇ ਕੱਟ ਦਿੱਤਾ ਹੈ।

ਅਥਵਾ-ਜਨਮ ਮਰਨ ਦੇ ਦੁੱਖ ਨੂੰ ਕੱਟ ਕੇ ਭਵ=ਕਲਿਆਣ ਸਰੂਪ ਹੋਏ ਹਨ।

ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ॥ ੩॥

ਉਹਨਾਂ ਨੇ ਨਾਸ ਤੋਂ ਰਹਿਤ ਜੋ ਸਾਰੇ ਵਿਆਪਕ ਪਰਮੇਸ਼ਰ ਹੈ, ਉਸ ਨੂੰ ਪਾ ਲਿਆ ਹੈ।

ਇਸ ਕਰਕੇ ਉਹਨਾਂ ਦੀ ਸੋਭਾ ਨੌਂ ਖੰਡਾਂ ਤੇ ਬ੍ਰਹਮੰਡਾਂ ਵਿਚ ਬਹੁਤ ਸਾਰੀ ਹੋਈ ਹੈ॥ ੩॥

ਹੁਣ ਜੀਵਾਂ ਨੂੰ ਸਿਖਾਉਣ ਵਾਸਤੇ ਪ੍ਰਭੂ ਅੱਗੇ ਅਰਦਾਸ ਕਰਦੇ ਹਨ-

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ॥

ਹੇ ਪ੍ਰਭੂ ! ਅਸੀਂ ਤੇਰੇ ਗਰੀਬ ਤੋਂ ਗਰੀਬ ਦਾਸ ਹਾਂ।

ਅਥਵਾ-ਹੇ ਪ੍ਰਭੂ ! ਅਸੀਂ ਗਰੀਬ ਤੇ ਮਸਕੀਨ=ਕੰਗਾਲ ਹਾਂ, ਪਰ ਤੇਰੇ ਹਾਂ।

ਯਥਾ—"ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥ ੧॥ ਰਹਾਉ॥"

[ਤਿਲੰਗ ਨਾਮਦੇਵ ਜੀ, ਪੰਨਾ ੭੨੭]

ਤਥਾ—"ਕਹਿਆ ਕਰਣਾ ਦਿਤਾ ਲੈਣਾ॥ ਗਰੀਬਾ ਅਨਾਥਾ ਤੇਰਾ ਮਾਣਾ॥"

[ਮਾਝ ਮਹਲਾ ੫, ਪੰਨਾ ੯੬]

ਤਥਾ—"ਜੋ ਜੋ ਗਰਬੁ ਕਰੇ ਸੋ ਜਾਇ॥ ਗਰੀਬ ਦਾਸ ਦੀ ਪ੍ਰਭੁ ਸਰਣਾਇ॥"

[ਗੌਂਡ ਮਹਲਾ ੫, ਪੰਨਾ ੮੬੮]

ਤਥਾ—"ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥"

[ਗਉੜੀ ਸੁਖਮਨੀ, ਪੰਨਾ ੨੭੮]

ਤਥਾ—"ਸਹਜ ਸੁਹੇਲਾ ਫਲੁ ਮਸਕੀਨੀ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ॥"

[ਗਉੜੀ ਮਹਲਾ ੫, ਪੰਨਾ ੨੩੫]

ਪਹਿਲਾ ਅਰਥ-ਹੇ ਹਰੀ ! ਤੂੰ ਸਾਨੂੰ ਰੱਖ ਲੈ, ਰੱਖ ਲੈ, ਕਿਉਂਕਿ ਤੂੰ ਹੀ ਵੱਡਿਆਂ ਤੋਂ ਵੱਡਾ ਭਾਵ ਸਰਬ ਕਲਾ ਸਮਰੱਥ ਹੈਂ।

ਯਥਾ—"ਕਿਆ ਏ ਭੂਪਤਿ ਬਪੁਰੇ ਕਹੀਅਹਿ ਕਹੁ ਏ ਕਿਸ ਨੋ ਮਾਰਹਿ॥
ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਹਾਰਹਿ॥ ੨॥ ੧੧॥"

[ਸਾਰਗ ਮਹਲਾ ੫, ਪੰਨਾ ੧੨੧੧]

ਦੂਜਾ ਅਰਥ-ਹੇ ਵੱਡਿਆਂ ਤੋ ਵੱਡੇ ਹਰੀ ! ਤੂੰ ਸਾਨੂੰ ਰੱਪ ਲੈ, ਰੱਖ ਲੈ, ਰੱਖ ਲੈ। ਤਿੰਨ ਵਾਰ ਆਖ ਕੇ ਨਿਸਚੇ ਅਰਥ ਕੀਤਾ।

ਤੀਜਾ ਅਰਥ-ਹੇ ਹਰੀ ! ਜਿਨ੍ਹਾਂ ਨੂੰ ਤੂੰ ਰੱਖਿਆ ਹੈ ਉਹਨਾਂ ਦੁਆਰੇ ਸਾਨੂੰ ਭੀ ਰੱਖ ਲੈ।

ਚੌਥਾ ਅਰਥ-ਹੇ ਹਰੀ ! ਚਰਨਾਂ ਦੀ ਰਾਖੁ=ਧੂੜੀ ਦੇ ਕੇ ਰੱਖ ਲੈ।

ਪੰਜਵਾਂ ਅਰਥ-ਹੇ ਹਰੀ ! ਸਤਿਨਾਮੁ ਰੂਪੀ ਰੱਖਿਆ ਦੇ ਕੇ ਰੱਖ ਲੈ।

ਛੇਵਾਂ ਅਰਥ-ਹੇ ਹਰੀ ! ਰਾਖੁ=ਸੁਆਹ ਵਿਚ ਮੇਲਣ ਵਾਲੇ ਜੋ ਕਾਮ ਆਦਿਕ ਵਿਸ਼ੇ ਹਨ, ਉਹਨਾਂ ਵੱਲੋਂ ਰੱਖ ਲੈ।

ਸੱਤਵਾਂ ਅਰਥ-ਹੇ ਹਰੀ ! ਰਾਖੁ ਆਦਿਕ ਪੰਜਾਂ ਤੱਤਾਂ ਨਾਲ ਰਚਿਆ ਹੋਇਆ ਜੋ ਸਰੀਰ ਹੈ, ਇਸ ਦੇ ਅਧਿਆਸ ਵਲੋਂ ਰੱਖ ਲੈ।

ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੈ॥ ੪॥ ੪॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਅਧਾਰੁ=ਆਸਰਾ ਰੂਪ ਹਰੀ ! ਮੈਂ ਜਨ ਨੂੰ ਤੇਰੇ ਨਾਮ ਦੀ ਟੇਕ=ਓਟ ਹੈ।

ਅਥਵਾ-ਤੇਰੇ ਨਾਮ ਦੇ ਆਸਰੇ ਟੇਕ=ਟਿਕੇ ਹਾਂ।

ਅਥਵਾ-ਮਨ ਕਰਕੇ ਵੀ ਨਾਮ ਦਾ ਅਧਾਰੁ=ਆਸਰਾ ਹੈ, ਤਨ ਨੂੰ ਵੀ ਨਾਮ ਦੀ ਟੇਕ=ਓਟ ਹੈ।

ਹੇ ਹਰੀ ! ਤੇਰੇ ਸੁਖੁ ਰੂਪ ਨਾਮ ਵਿਚ ਹੀ ਬਾਣੀ ਨੂੰ ਤਦਾਕਾਰ ਕੀਤਾ ਹੈ।

ਅਥਵਾ-ਹੇ ਹਰੀ ! ਤੇਰੇ ਨਾਮ ਕਰ ਕੇ ਹੀ ਮੈਂ ਸੁਖ ਨੂੰ ਮੰਡਾ=ਪਾਇਆ ਹੈ॥ ੪॥ ੪॥

ਰਾਗੁ ਗਉੜੀ ਪੂਰਬੀ ਮਹਲਾ ੫ ॥ *

ਹੁਣ ਪੰਚਮ ਪਿਤਾ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਇਕ ਸ਼ਬਦ ਉਚਾਰ ਕੇ ਸਿੱਖਾਂ ਨੂੰ ਉਪਦੇਸ਼ ਦੇਂਦੇ ਹਨ।

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥

ਗੁਰੂ ਜੀ ਕਹਿੰਦੇ ਹਨ, ਹੇ ਮੇਰੇ ਮਿੱਤਰੋ ! ਸੁਣੋ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ, ਜੋ ਤੁਹਾਨੂੰ ਮਨੁੱਖਾ ਜਨਮ ਮਿਲਿਆ ਹੈ ਇਹ ਸੰਤਾਂ ਦੀ ਟਹਲ ਕਰਨ ਦਾ ਵੇਲਾ ਹੈ।

ਜਿਤਨੀ ਹੋ ਸਕਦੀ ਹੈ ਉਤਨੀ ਸੇਵਾ ਕਰਕੇ ਆਪਣਾ ਜੀਵਨ ਸੁਖ ਦਾ ਬਤੀਤ ਕਰੋ।

ਯਥਾ—"ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪ ॥"

[ਸਲੋਕ ਕਬੀਰ ਜੀ, ਪੰਨਾ ੧੩੭੩]

ਯਥਾ—"ਇਤੁ ਤਨਿ ਲਾਗੈ ਬਾਣੀਆ ॥ ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥੩ ॥ ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥੪ ॥"

[ਸਿਰੀਰਾਗੁ ਮਹਲਾ ੧, ਪੰਨਾ ੨੫]

ਤਥਾ—"ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤਸੰਗਿ ਹੇਤ ॥"

[ਗਉੜੀ ਸੁਖਮਨੀ, ਪੰਨਾ ੨੭੪]

ਹਾਂ ਭਗਤਾਂ ਦੀ ਟਹਲ ਕਰਨ ਨਾਲ ਜਨਮ ਮਰਨ ਦੂਰ ਹੋ ਜਾਂਦਾ ਹੈ।

---

*ਦੋਨਾਂ ਸ਼ਬਦਾਂ ਦਾ ਪਾਠੰਤ੍ਰ-ਭੇਦ

ਕੀਰਤਨ ਸੋਹਿਲਾ (ਪੰਨਾ ੧੩)	ਰਾਗੁ ਗਉੜੀ (ਪੰਨਾ ੨੦੫)
'ਰਾਗੁ ਗਉੜੀ ਪੂਰਬੀ' ਮਹਲਾ ੫ ॥	'ਗਉੜੀ' ਮਹਲਾ ੫ ॥
ਕਰਉ ਬੇਨੰਤੀ 'ਸੁਣਹੁ' ਮੇਰੇ ਮੀਤਾ।	ਕਰਉ ਬੇਨੰਤੀ 'ਸੁਨਹੁ' ਮੇਰੇ ਮੀਤਾ।
ਅਉਧ ਘਟੈ ਦਿਨਸੁ ''ਰੈਣਾਰੇ ॥	ਅਉਧ ਘਟੈ ਦਿਨਸੁ 'ਰੈਨਾਰੇ ॥'
ਇਹੁ ਸੰਸਾਰੁ ਬਿਕਾਰੁ 'ਸੰਸੇ' ਮਹਿ।	ਇਹੁ ਸੰਸਾਰੁ ਬਿਕਾਰੁ 'ਸਹਸੇ' ਮਹਿ।
ਜਿਸਹਿ ਜਗਾਏ 'ਪੀਆਵੈ ਇਹੁ' ਰਸ,	ਜਿਸਹਿ ਜਗਾਇ 'ਪੀਆਂਏ ਹਰਿ' ਰਸੁ,
ਜਾ ਕਉ ਆਏ ਸੋਈ 'ਬਿਹਾਝਹੁ,'	ਜਾ ਕਉ ਆਏ ਸੋਈ 'ਵਿਹਾਝਹੁ',
'ਨਾਨਕ' ਦਾਸੁ 'ਇਹੈ' ਸੁਖੁ ਮਾਗੈ।	'ਨਾਨਕ' ਦਾਸੁ 'ਇਹੀ' ਸੁਖੁ ਮਾਗੈ।

ਯਥਾ—"ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ॥
ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ॥੩॥"

[ਸਾਰਗ ਮਹਲਾ ੫, ਪੰਨਾ ੧੨੦੬]

ਤਾਂ ਤੇ ਗੋਬਿੰਦ ਪਰਮਾਤਮਾ ਪਾਸੋਂ ਟਹਿਲ ਹੀ ਮੰਗਣਾ ਕਰੋ।

ਯਥਾ—"ਐਸੀ ਮਾਂਗੁ ਗੋਬਿਦ ਤੇ॥ ਟਹਲ ਸੰਤਨ ਕੀ
ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ॥੧॥"

[ਕਾਨੜਾ ਮਹਲਾ ੫, ਪੰਨਾ ੧੨੯੮]

ਤਥਾ—"ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ
ਹਰਿ ਜਪਿ ਜਪੇ ਹਰਿ ਜਪਿ ਜਪੇ, ਜਪੁ ਜਾਪਉ ਜਗਦੀਸ॥"

[ਕਾਨੜਾ ਮ: ੪, ਪੰਨਾ ੧੨੯੭]

ਕਿਉਂਕਿ ਜੋ ਪੁਰਸ਼ ਸੇਵਾ ਭਗਤੀ ਤੋਂ ਆਪਣੇ ਮਨ ਨੂੰ ਉਪਰਾਮ ਰੱਖਦੇ ਹਨ, ਉਹਨਾਂ ਦੀ ਕਦੇ ਵੀ ਕਲਿਆਣ ਨਹੀਂ ਹੋ ਸਕਦੀ ਅਤੇ ਉਹਨਾਂ ਦੇ ਸਾਰੇ ਅੰਗ ਨਿਸਫਲ ਹਨ।

ਸਾਖੀ—ਸੇਵਾ ਹੀਣ ਪੁਰਸ਼ ਦੀ

ਜਿਸ ਸਮੇਂ ਸਤਿਗੁਰੂ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਤੇ ਮਰਦਾਨੇ ਸਮੇਤ ਸੱਤਾਂ ਦੀਪਾਂ ਨੌਂ ਖੰਡਾਂ ਦੀ ਧਰਤੀ ਵਿਚ ਵਿਚਰਦੇ ਵਿਚਰਦੇ ਜਗਨ ਨਾਥ ਪੁੱਜੇ, ਉਥੋਂ ਦੇ ਪੰਡਿਆਂ ਨੂੰ, ਪਖੰਡ ਦਾ ਨਿਸ਼ੇਧ ਕਰ ਕੇ ਸਿੱਧੇ ਰਸਤੇ ਪਾਇਆ। ਫੇਰ ਸਮੁੰਦਰ ਦੇ ਕਿਨਾਰੇ ਜਾਂਦਿਆਂ ਜਾਂਦਿਆਂ ਅੱਗੇ ਸੁੰਦਰ ਜਗ੍ਹਾ ਦੇਖ ਕੇ ਬੈਠ ਗਏ। ਭਾਈ ਮਰਦਾਨੇ ਪਾਸੋਂ ਰਬਾਬ ਵਜਵਾ ਕੇ ਨਿਰੰਕਾਰ ਦੀ ਸਿਫਤ ਵਿਚ ਲੀਨ ਹੋ ਗਏ, ਕਮਲ ਸਰੀਖੇ ਨੇਤ੍ਰ ਬੰਦ ਕਰ ਲਏ।

ਉਸ ਜਗ੍ਹਾ ਥੋੜ੍ਹੇ ਹੀ ਫਾਸਲੇ ਤੇ ਇਕ ਮੁਰਦਾ ਪਿਆ ਸੀ ਉਸ ਨੂੰ ਇਕ ਬਘਿਆੜ [ਜੋ ਕਈ ਦਿਨਾਂ ਦਾ ਭੁੱਖਾ ਸੀ, ਦੇਖ ਕੇ] ਖਾਣ ਵਾਸਤੇ ਆਇਆ, ਇਕ ਵਾਰ ਸੁੰਘ ਕੇ ਵਾਪਸ ਚਲਾ ਗਿਆ।

ਯਥਾ—'ਕਿਤਕ ਦੂਰ ਗੇ ਸਾਗਰ ਤੀਰਾ। ਅਤਿ ਤਰੰਗ ਕੋ ਉਛਰਤਿ ਨੀਰਾ॥ ੧੨॥
ਪੁਨਿ ਤਟ ਬੈਠੇ ਕ੍ਰਿਪਾ ਨਿਧਾਨਾ। ਗਾਵਨ ਲਗਾ ਸ਼ਬਦ ਮਰਦਾਨਾ।
ਊਚੀ ਸੁਰ ਸੋਂ ਉਰ ਹਰਖਾਯੋ। ਅਧਿਕ ਮਨੋਜ ਰਬਾਬ ਵਜਾਯੋ॥੧੩॥
ਦੋਹਰਾ—ਇਕ ਮਿਰਤਕ ਮਾਨਵ ਪਰਾ, ਬ੍ਰਿੱਕ ਖਾਨ ਤਿਹ ਆਇ।
ਅਧਿਕ ਛੁਧਾ ਜਿਹ ਕਉ ਲਗੀ ਚੂਮਜੋ ਮਸਤਕ ਜਾਇ॥੧੪॥'

ਦੂਜੀ ਵਾਰ ਫੇਰ ਪਾਸ ਆ ਕੇ ਮੁਰਦੇ ਦੇ ਸਾਰੇ ਅੰਗ ਸੁੰਘੇ, ਪਰ ਬਿਨਾਂ ਹੀ ਖਾਧੇ ਤੋਂ ਵਾਪਸ ਮੁੜ ਗਿਆ।

ਸ਼ਬਦ ਦੀ ਸਮਾਪਤੀ ਹੋਈ, ਹਜ਼ੂਰ ਦੇ ਨੇਤ੍ਰ ਖੁਲ੍ਹੇ ਤਾਂ ਮਰਦਾਨੇ ਨੇ ਬੇਨਤੀ ਕੀਤੀ-"ਮਹਾਰਾਜ ! ਆਪ ਅੰਤਰਜਾਮੀ ਹੋ। ਇਹ ਮੁਰਦਾ ਇਸ ਬਘਿਆੜ ਦਾ ਖਾਜ ਹੈਸੀ ਪਰ ਪਾਸ ਆ ਕੇ ਸਾਰੇ ਅੰਗ ਸੁੰਘ ਕੇ ਬਿਨਾਂ ਹੀ ਖਾਧੇ ਚਲਾ ਗਿਆ ਹੈ, ਇਸ ਦਾ ਕੀ ਕਾਰਣ ਹੈ ?"

ਮਹਾਰਾਜ ਜੀ ਨੇ ਕਿਹਾ-"ਮਰਦਾਨਿਆਂ ! ਜੋ ਤੈਂ ਨਿਰੰਕਾਰ ਦਾ ਜਸ ਗਾਵਣਾ ਕੀਤਾ ਹੈ, ਇਸ ਨੂੰ ਸੁਣ ਕੇ ਇਹ ਤਾਮਸੀ ਜੀਵ ਬਘਿਆੜ ਦਾ ਹਿਰਦਾ ਸ਼ੁੱਧ ਹੋ ਗਿਆ ਹੈ, ਇਸ ਨੂੰ ਇਹ ਪਤਾ ਲੱਗ

ਗਿਆ ਹੈ ਕਿ ਇਹ ਪੁਰਸ਼ ਬੜਾ ਪਾਪੀ ਹੈ। ਇਹ ਪੈਰਾਂ ਨਾਲ ਕਦੇ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਨਹੀਂ ਗਿਆ, ਕਦੇ ਹੱਥਾਂ ਨਾਲ ਟਹਿਲ ਨਹੀਂ ਕੀਤੀ, ਨੇਤ੍ਰਾਂ ਨਾਲ ਸੰਤਾਂ ਦਾ ਦਰਸ਼ਨ ਨਹੀਂ ਕੀਤਾ, ਰਸਨਾ ਦੁਆਰਾ ਨਾਮ ਨਹੀਂ ਜਪਿਆ, ਸਿਰ ਗੁਰ-ਚਰਨਾਂ ਵਿਚ ਨਹੀਂ ਝੁਕਿਆ। ਇਉਂ ਇਸ ਦੇ ਸਾਰੇ ਅੰਗ ਅਪਵਿੱਤਰ ਜਾਣ ਕੇ ਇਸ ਨੂੰ ਨਹੀਂ ਖਾਧਾ। ਇਸ ਨੂੰ ਇਹ ਵੀ ਵਿਚਾਰ ਆਇਆ ਹੈ ਕਿ ਇਸ ਦੇ ਖਾਧਿਆਂ ਮੈਂ ਅਧੋਗਤੀ ਨੂੰ ਜਾਵਾਂਗਾ।''

ਯਥਾ-''ਚੌਪਈ॥ ਨਹਿੰ ਖਾਓ[1] ਹਟਿ ਕਰਿ ਸੋ ਗਯੋ। ਦੂਰ ਜਾਇ ਪੁਨਿ ਆਵਤਿ ਭਯੋ।
ਪਗਾ[2] ਕਰ[2] ਉਰ[3] ਸੁੰਘਾ ਤਿਹ ਸਾਰਾ। ਬਿਨ ਖਾਏ ਗਾ ਬਨਹਿੰ ਮਝਾਰਾ॥ ੧੫॥
ਸ਼੍ਰੀ ਪ੍ਰਭੁ ਸੋਂ ਬੂਝਤਿ ਮਰਦਾਨਾ। ਮ੍ਰਿਤਕ ਕੋ ਬ੍ਰਿੱਕ ਕੀਨ ਨ ਖਾਨਾ।
ਸੁੰਘ ਹਟਜੋ ਕਿਉਂ ? ਕਿਹਯੇ ਸ੍ਵਾਮੀ !। ਘਟ ਘਟ ਕੇ ਤੁਮ ਅੰਤਰਜਾਮੀ॥ ੧੬॥
ਸੁਨਿ ਮਰਦਾਨੇ ! ਸ਼ਬਦ ਜੁ ਗਾਯੋ। ਯਾਂਤੇ ਰਿਦਾ ਸੁੱਧ ਹ੍ਵੈ ਆਯੋ ।
ਪਾਪ ਪੁੰਨ ਕੋ ਭਯੋ ਬਿਚਾਰਾ। ਭੱਖ ਅਭੱਖਹਿ ਲਖਜੋ ਅਹਾਰਾ॥ ੧੭॥
ਦੋਹਰਾ॥ ਮਿਰਤਕ ਬੇਮੁਖ ਨਾਮ ਤੇ, ਨਹਿੰ ਕੀਨੋ ਸਤਸੰਗ।
ਆਂਖ ਨ ਦਰਸਜੋ ਸੰਤ ਕਬਿ, ਰਿਦੈ ਨ ਹਰਿ ਕੋ ਰੰਗ॥ ੧੮॥
ਚੌਪਈ॥ ਹਸਤਨ ਸੋਂ ਕਬਿ ਟਹਿਲ ਨ ਕੀਨੀ। ਹਰਿ ਜਸੁ ਪੁਨਿ ਸ਼੍ਰਵਨਨ[4] ਨਹਿੰ ਦੀਨੀ।
ਜਾਨੇ ਸਭੈ ਅੰਗ ਅਪਵਿੱਤ। ਇਸ ਖਾਵਨ ਤੇ ਹੋਇ ਅਧੋਗਤਿ॥ ੧੯॥
ਯਾਂਤੇ ਤਜਜੋ ਸੁਨੋ ਮਰਦਾਨਾ। ਬਿਨਾ ਨਾਮ ਕਬਿ ਨਹਿ ਕਲਜਾਨਾ।
ਨਿਹਫਲ ਨਰ ਸਰੀਰ ਹੈ ਸੋਈ। ਜਿਨ ਕਬਹੂੰ ਸਤ੍ਰਿਸੰਗ ਨ ਜੋਈ[5]॥ ੨੦॥'

[ਨਾਨਕ ਪ੍ਰਕਾਸ਼, ਉਤ੍ਰਾਰ੍ਧ ਧਿਆ ੨੦]

ਤਥਾ—''ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥
ਕਰਨ ਨ ਸੁਨਹੀਂ ਨਾਦੁ ਕਰਨ ਮੁੰਦਿ ਘਾਲਿਆ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥੧੪॥''

[ਫੁਨਹੇ ਮਹਲਾ ੫, ਪੰਨਾ ੧੩੬੨]

ਦੂਸਰੀ ਸਾਖੀ-

ਸੇਵਾ ਬਿਨਾਂ ਅੰਗ ਨਿਸਫਲ ਦੀ

ਇਕ ਸਮੇਂ ਸਤਿਗੁਰੂ ਕਲਗੀਧਰ ਜੀ ਦਾ ਦੀਵਾਨ ਲੱਗਾ ਹੋਇਆ ਸੀ। ਗਰਮੀ ਦਾ ਮੌਸਮ ਸੀ, ਦੁਪਹਿਰ ਦੇ ਸਮੇਂ ਗਰੀਬ ਨਿਵਾਜ਼ ਨੇ ਛਕਣ ਵਾਸਤੇ ਜਲ ਮੰਗਿਆ। ਨਿਕਟ ਵਰਤੀ ਸੇਵਾਦਾਰ ਪਾਸ ਨਹੀਂ ਸੀ। ਇਕ ੧੫ ਸਾਲਾ ਦੇ ਨੌਜਵਾਨ ਬੱਚੇ ਨੇ, ਜਿਸ ਦੀ ਬੜੀ ਸੁੰਦਰ ਸ਼ਕਲ ਸੀ, ਕੀਮਤੀ

---

੧ ਪੈਰ। ੨. ਹੱਥ। ੩. ਛਾਤੀ। ੪. ਕੰਨੀਂ।

੫. (ਜਿਸ ਨੇ ਕਦੀ ਅੱਖੀਂ ਸਤਸੰਗਤ ਨਹੀਂ) ਦੇਖੀ।

ਗਹਿਣੇ ਤੇ ਬਸਤ੍ਰਾਂ ਤੋਂ ਕਿਸੇ ਅਮੀਰ ਘਰਾਣੇ ਦਾ ਜਾਪਦਾ ਸੀ, ਠੰਡਾ ਜਲ ਕਟੋਰੇ ਵਿਚ ਲਿਆ ਕੇ ਪੇਸ਼ ਕੀਤਾ।

ਜਲ ਫੜਨ ਸਮੇਂ ਹਜ਼ੂਰ ਨੇ ਉਸ ਦੇ ਕੋਮਲ ਹੱਥਾਂ ਵਲ ਤਕ ਕੇ ਪੁੱਛਿਆ-''ਤੂੰ ਕਿਸ ਦਾ ਲੜਕਾ ਹੈ ? ਅਤੇ ਤੇਰੇ ਮਾਤਾ ਪਿਤਾ ਕੀ ਕੰਮ ਕਰਦੇ ਹਨ ?''

ਬੇਨਤੀ ਕੀਤੀ-''ਹੇ ਸੱਚੇ ਪਾਤਿਸ਼ਾਹ ! ਆਪ ਜੀ ਦੀ ਬਖਸ਼ਿਸ਼ ਦਾ ਸਦਕਾ ਮੇਰੇ ਮਾਤਾ ਪਿਤਾ ਬੜੇ ਅਮੀਰ ਹਨ ਮੈਂ ਅਤੇ ਉਹ ਕੋਈ ਕੰਮ ਨਹੀਂ ਕਰਦੇ, ਬੇਅੰਤ ਨੌਕਰ-ਚਾਕਰ ਕੰਮ ਕਰਨ ਵਾਲੇ ਹਨ, ਅੱਜ ਪਹਿਲਾ ਦਿਨ ਹੈ ਜੋ ਮੈਂ ਹਜ਼ੂਰ ਨੂੰ ਆਪਣੇ ਹੱਥੀਂ ਜਲ ਛਕਾ ਰਿਹਾ ਹਾਂ।''

ਮਹਾਰਾਜ ਬੋਲੇ, ''ਕਦੇ ਗੁਰੂ ਘਰ ਵਿਚ ਝਾੜੂ ਦਿੱਤਾ ਹੈ ਕਿ ਨਹੀਂ ?'' ਕਦੇ ਸੰਗਤ ਦੇ ਜੋੜੇ ਸਾਫ ਕੀਤੇ ਹਨ ਕਿ ਨਹੀਂ ? ਕਦੇ ਜੂਠੇ ਬਰਤਨ ਮਾਂਜੇ ਹਨ ਕਿ ਨਹੀਂ ?''

ਕਹਿਣ ਲੱਗਾ-''ਨਹੀਂ ਮਹਾਰਾਜ ! ਅੱਜ ਹੀ ਪਹਿਲੇ ਦਿਨ ਆਪ ਜੀ ਨੂੰ ਜਲ ਛਕਾ ਰਿਹਾ ਹਾਂ। ਮੈਂ ਤਾਂ ਆਪ ਵੀ ਕਦੀ ਆਪਣੇ ਹੱਥੀਂ ਪਾਣੀ ਪਾ ਕੇ ਨਹੀਂ ਪੀਤਾ, ਨੌਕਰ ਹੀ ਪਿਲਾਉਂਦੇ ਹਨ।''

ਇਸ ਤਰ੍ਹਾਂ ਦੀ ਸਾਰੀ ਗੱਲ ਸੁਣ ਕੇ ਗੁਰੂ ਸਾਹਿਬ ਜੀ ਨੇ ਉਹ ਜਲ ਬਿਨਾਂ ਪੀਤਿਆਂ ਹੀ ਡੋਲ੍ਹ ਦਿੱਤਾ। ਸਿਖ ਨੇ ਬੇਨਤੀ ਕੀਤੀ-''ਮਹਾਰਾਜ ! ਮੈਂ ਬੜੇ ਅਮੀਰ ਘਰਾਣੇ ਦਾ ਲੜਕਾ ਹਾਂ, ਬੜੇ ਪ੍ਰੇਮ ਨਾਲ ਜਲ ਲੈ ਕੇ ਆਇਆ ਸਾਂ, ਜਲ ਵੀ ਬੜਾ ਸਾਫ ਸੀ, ਪਰ ਆਪ ਜੀ ਨੇ ਛਕਿਆ ਕਿਉਂ ਨਹੀਂ ?''

ਮਹਾਰਾਜ ਕਹਿਣ ਲੱਗੇ-''ਭਲਿਆ ਲੋਕਾ ! ਮੁਰਦੇ ਨਾਲ ਛੁਹ ਕੇ ਕੋਈ ਅੰਨ-ਜਲ ਛਕਦਾ ਹੈ ?''

ਸਿੱਖ ਨੇ ਕਿਹਾ-ਮਹਾਰਾਜ ! ਮੈਂ ਤਾਂ ਜੀਉਂਦਾ ਹਾਂ, ਮੁਰਦਾ ਤਾਂ ਨਹੀਂ।'' ਸਤਿਗੁਰੂ ਜੀ ਬੋਲੇ-'ਭਾਵੇਂ ਤੂੰ ਦੁਨੀਆਂ ਵਲੋਂ ਜਿਉਂਦਾ ਹੈਂ ਪਰ ਗੁਰੂ ਨਾਨਕ ਦੇ ਘਰ ਵਿਚ ਤੂੰ ਮੁਰਦੇ ਸਮਾਨ ਹੈਂ।'

ਯਥਾ—'ਸੁਨਿ ਸਿੱਖਾ ਗੁਰਮਤਿ ਇਹ ਸਾਰ। ਸਤਿਸੰਗਤ ਕੀ ਸੇਵ ਉਦਾਰ॥
ਹਾਥ ਪਵਿੱਤ੍ਰ ਟਹਿਲ ਤੇ ਜਾਨਹੁੰ। ਪਦ ਪਵਿੱਤ੍ਰ ਗੁਰਦਰਸ ਪਯਾਨਹੁ॥ ੧੨॥
ਸੰਤਨ ਤੀਰਥ ਪਰਸਨ ਪੰਥਾ। ਪਾਦ ਪਾਵਨ ਭਾਖਹਿੰ ਸਭਿ ਗ੍ਰੰਥਾ।
ਸਕਲ ਰਿਧੀਕ ਸਮੇਤ ਸਰੀਰ। ਸ਼ੁਭ ਕਰਮਨ ਕੀ ਸੇਵ ਸਧੀਰ॥ ੧੩॥
ਕੌਨ ਕੌਨ ਸ਼ੁਭ ਕਰਮ ਗਿਨੀਜੈ। ਕਰਿਬੋ ਗੌ ਤਨ ਪਾਵਨ ਕੀਜੈ।
ਸੋ ਤੈਂ ਕਰੀ ਨ ਕਿਸ ਕੀ ਕੈਸੇ। ਰਹਜੋ ਅਪਾਵਨ ਸਭਿ ਬਿਧਿ ਐਸੇ॥ ੧੪॥
ਜਿਮ ਮੁਰਦੇ ਕੇ ਅੰਗ ਅਪਾਵਨ। ਸੁਕਚਤਿ ਸਭਿ, ਨਹਿ ਕਰਹਿ ਛੁਵਾਵਨ।
ਬਿਨਾ ਸੇਵ ਸਤਿਸੰਗਤ ਕੇਰੀ। ਦੇਹਿ ਅਪਾਵਨ ਤਿਮ ਨਰ ਕੇਰੀ॥ ੧੫॥
ਯਾਂ ਤੇ ਹਾਥ ਅਪਾਵਨ ਤੇਰਾ। ਕਰਜੋ ਨ ਪਾਨ ਹਮਹੁ, ਜਲ ਗੇਰਾ।
ਸਿਖ ਸਮਝਜੋ ਸੁਨਿ ਗੁਰ ਉਪਦੇਸ਼ੁ। ਬਖਸ਼ਾਯਹੁ ਬਨਿ ਦੀਨ ਵਿਸ਼ੇਸ਼ੁ॥ ੧੬॥'

[ਗੁਰ ਪ੍ਰਤਾਪ ਸੂਰਜ, ਰੁਤ ੪, ਅੰਸੂ ੭]

ਤਥਾ-ਪੰਚਮ ਪਾਤਿਸ਼ਾਹ ਜੀ ਫੁਰਮਾਉਂਦੇ ਹਨ-

''ਅਤਿ ਸੁੰਦਰ ਕੁਲੀਨ ਚਤੁਰ ਮੁਖਿ ਛਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥੧॥''

[ਗਉੜੀ ਬਾਵਨ ਅਖਰੀ, ਪੰਨਾ ੨੫੩]

ਤਥਾ—"ਪ੍ਰਿਗੁ ਸਿਰੁ ਜੋ ਗੁਰ ਨ ਨਿਵੈ, ਗੁਰ ਲਗੈ ਨ ਚਰਣੀ।
ਪ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।
ਪ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
ਪ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।
ਵਿਣੁ ਸੇਵਾ ਪ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥੧੦॥"

[ਭਾਈ ਗੁਰਦਾਸ ਜੀ, ਵਾਰ ੨੭]

ਇਉਂ ਸੇਵਾ ਦੀ ਸਿੱਖਿਆ ਦੇ ਕੇ ਉਸ ਪ੍ਰੇਮੀ ਨੂੰ ਸੁਮੱਤ ਬਖਸ਼ੀ।

ਦੂਜਾ ਅਰਥ-

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥

ਹੇ ਮੇਰੇ ਮਿੱਤਰੋ ! ਬਾਣੀ ਕਰਕੇ ਬੇਨਤੀ ਕਰੋ।

ਕੰਨਾਂ ਨਾਲ ਹਰੀ ਜਸ ਸੁਣੋ।

ਤਨ ਕਰਕੇ ਸੰਤਾਂ ਦੀ ਟਹਿਲ ਕਰਨ ਦਾ ਵੇਲਾ ਹੈ।

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥ ੧॥

ਈਹਾ=ਇਸ ਸੰਸਾਰ ਵਿਖੇ ਹਰੀ ਦੀ ਪ੍ਰਾਪਤੀ ਰੂਪ ਲਾਹਾ=ਲਾਭ, ਨਫਾ ਖੱਟ ਕੇ ਲੈ ਚੱਲੋ, ਤਾਂ ਅਗੈ=ਪਰਲੋਕ ਵਿਖੇ ਵਸਣਾ ਸੁਹੇਲਾ=ਸੌਖਾ ਹੋਵੇਗਾ॥ ੧॥

ਅਉਧ ਘਟੈ ਦਿਨਸੁ ਰੈਣਾਰੇ॥

ਦਿਨ ਅਤੇ ਰੈਣਾਰੇ=ਰਾਤ ਦੀ ਸੰਗਿਆ ਕਰਕੇ ਅਉਧ=ਉਮਰਾ ਘਟਦੀ ਜਾਂਦੀ ਹੈ।

ਯਥਾ—"ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥"

[ਕਬੀਰ ਜੀ, ਪੰਨਾ ੬੯੨]

ਤਥਾ—"ਪ੍ਰਾਨੀ ਨਾਰਾਇਨਿ ਸੁਧਿ ਲੇਹ॥
ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ॥੧॥"

[ਰਾਮਕਲੀ ਮਹਲਾ ੯, ਪੰਨਾ ੯੦੨]

ਤਥਾ—"ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ॥"

[ਸਾਰਗ ਮਹਲਾ ੪, ਪੰਨਾ ੧੨੦੦]

ਤਥਾ—"ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥੧॥ ਰਹਾਉ॥"

[ਤਿਲੰਗ ਮਹਲਾ ੯, ਪੰਨਾ ੭੨੯]

ਤਥਾ—"ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥੨॥"

[ਸੋਰਠਿ ਕਬੀਰ ਜੀ, ਪੰਨਾ ੬੫੬]

ਤਥਾ—"ਨਾਨਕ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ॥
ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ॥੨॥੧॥"

[ਜੈਜਾਵੰਤੀ ਮਹਲਾ ੯, ਪੰਨਾ ੧੩੫੨]

ਤਥਾ—"ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ॥"

[ਸਿਰੀਰਾਗੁ ਮਹਲਾ ੧, ਪੰਨਾ ੭੫]

ਮਨ ਗੁਰ ਮਿਲਿ ਕਾਜ ਸਵਾਰੇ॥ ੧॥ ਰਹਾਉ॥

ਹੇ ਮਨ ! ਸਾਡਾ ਕਿਹਾ ਮੰਨ ਕੇ ਤੂੰ ਗੁਰਾਂ ਨਾਲ ਮਿਲ ਕੇ ਆਪਣੇ ਮੋਖਸ਼ ਰੂਪ ਕਾਰਜ ਨੂੰ ਸਵਾਰ ਲੈ॥ ੧॥ ਰਹਾਉ॥

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥

ਇਹ ਸੰਸਾਰ ਵਿਕਾਰ ਰੂਪ ਹੈ ਅਤੇ ਕਈ ਤਰ੍ਹਾਂ ਦੇ ਸੰਸਿਆਂ ਵਿਚ ਪੈ ਰਿਹਾ ਹੈ, ਇਸ ਸੰਸਾਰ ਵਿਚੋਂ ਕੋਈ ਬ੍ਰਹਮਗਿਆਨੀ ਤਰਿਆ ਹੈ।

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥ ੨॥

ਉਹ ਪ੍ਰਭੂ ਜਿਸ ਨੂੰ ਅਵਿਦਿਆ ਰੂਪ ਨੀਂਦ ਵਿਚੋਂ ਜਗਾ ਕੇ ਇਹ ਨਾਮ ਰਸ ਵਾ-ਆਤਮ ਰਸ ਪਿਆਲਦਾ ਹੈ।
ਤਿਸ ਗੁਰਮੁਖ ਨੇ ਅਕੱਥ ਪ੍ਰਭੂ ਦੀ ਕਥਾ ਕਰਨੀ ਜਾਣੀ ਹੈ॥ ੨॥
ਇਹ ਨਿਯਮ ਸਮਝ ਲਓ, ਦੁਨਿਆਵੀ ਰਸਾਂ ਦੇ ਲੈਣ ਨਾਲ ਨਾਮ ਰਸ ਨਹੀਂ ਆ ਸਕਦਾ।
ਯਥਾ—"ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥੩੫॥"

[ਗਉੜੀ ਕਬੀਰ ਜੀ, ਪੰਨਾ ੩੪੨]

ਨਾਮ ਵਰਗੀ ਹੋਰ ਕੋਈ ਚੀਜ਼ ਨਹੀਂ ਹੈ, ਚਾਹੇ ਕੋਈ ਕਿਤਨੇ ਗ੍ਰੰਥ ਪੜ੍ਹ ਲਵੇ, ਚਾਹੇ ਕੋਈ ਸੋਨਾ ਆਦਿ ਕਿਤਨਾ ਦਾਨ ਦੇ ਦੇਵੇ। ਚਾਹੇ ਕੋਈ ਕਿਤਨੇ ਵਰਤ ਆਦਿ ਰੱਖ ਲਵੇ।

ਯਥਾ—"ਕੰਚਨਾ ਬਹੁ ਦਤ ਕਰਾ॥ ਭੂਮਿ ਦਾਨੁ ਅਰਪਿ ਧਰਾ॥
ਮਨ ਅਨਿਕ ਸੋਚ ਪਵਿਤ੍ਰ ਕਰਤ॥ ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ॥੧॥
ਰਹਾਉ॥ ਚਾਰਿ ਬੇਦ ਜਿਹਵ ਭਨੇ॥ ਦਸ ਅਸਟ ਖਸਟ ਸ੍ਰਵਨ ਸੁਨੇ॥
ਨਹੀ ਤੁਲਿ ਗੋਬਿਦ ਨਾਮ ਧੁਨੇ॥ ਮਨ ਚਰਨ ਕਮਲ ਲਾਗੇ॥੧॥
ਬਰਤ ਸੰਧਿ ਸੋਚ ਚਾਰ॥ ਕ੍ਰਿਆ ਕੁੰਟਿ ਨਿਰਾਹਾਰ॥
ਅਪਰਸ ਕਰਤ ਪਾਕਸਾਰ॥ ਨਿਵਲੀ ਕਰਮ ਬਹੁ ਬਿਸਥਾਰ॥
ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ॥"

[ਸਾਰਗ ਮਹਲਾ ੫, ਪੰਨਾ ੧੨੨੯]

ਤਥ—"ਨਾਮ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥"

[ਪੰਨਾ ੨੬੫]

ਤਥਾ—ਸਲੋਕ॥ "ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥੧॥
ਅਸਟਪਦੀ॥ ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮ ਜਪੀਐ ਇਕ ਬਾਰ॥ ੧॥"

[ਗਉੜੀ ਸੁਖਮਨੀ, ਪੰਨਾ ੨੬੫]

ਇਸ ਸਾਰੀ ਅਸਟਪਦੀ ਵਿਚ ਨਾਮ ਦਾ ਮਹਾਤਮ ਦੱਸਿਆ ਹੈ।

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥

[ਪਰਮੇਸ਼ਰ ਰੂਪ ਪਾਤਿਸ਼ਾਹ ਪਾਸੋਂ ਸ੍ਵਾਸਾਂ ਰੂਪ ਪੂੰਜੀ ਲੈ ਕੇ ਇਸ ਸੰਸਾਰ ਰੂਪ ਵਲੈਤ ਵਿਖੇ ਗੁਰੂ ਰੂਪ ਸ਼ਾਹ ਪਾਸੋਂ] ਜਿਸ ਨਾਮ ਰੂਪ ਅਮੋਲਕ ਵਸਤੂ ਨੂੰ ਖਰੀਦਣ ਵਾਸਤੇ ਆਏ ਹੋ, ਓਹੀ ਨਾਮ ਰੂਪ ਵਸਤੂ ਨੂੰ ਬਿਹਾਝਹੁ=ਖਰੀਦੋ। ਗੁਰਾਂ ਦੁਆਰੇ ਮਨ ਵਿਚ ਹਰੀ ਆ ਕੇ ਵਸਦਾ ਹੈ।

ਯਥਾ—"ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥
ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥
ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥"

[ਗਉੜੀ ਸੁਖਮਨੀ, ਪੰਨਾ ੨੮੩]

ਜੀਵ ਆਇਆ ਕਿਸ ਵਾਸਤੇ ਸੀ ਤੇ ਕਰਦਾ ਕੀ ਹੈ ?

ਯਥਾ—"ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥"

[ਸਿਰੀਰਾਗੁ ਮਹਲਾ ੫, ਪੰਨਾ ੪੩]

ਤਥਾ—"ਦੁਲਭ ਜਨਮੁ ਚਿਰੰਕਾਲੁ ਪਾਇਓ ਜਾਤਉ ਕਉਡੀ ਬਦਲਹਾ॥
ਕਾਬੁਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ॥੧॥
ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ॥
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ॥੨॥"

[ਸਾਰਗ ਮਹਲਾ ੫, ਪੰਨਾ ੧੨੦੩]

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥ ੩॥

ਤਾਂ ਤੁਸੀਂ ਆਪਣੇ ਹਿਰਦੇ-ਘਰ ਵਿਚ ਸਹਿਜ ਸੁਭਾਵਕ ਹੀ ਮਹਲੁ ਸੁਖ=ਸਰੂਪ ਸੁਖ ਨੂੰ ਪਾ ਲਓਗੇ।

ਅਥਵਾ- ਤੁਸੀਂ ਆਪਣੇ ਪ੍ਰਤੱਖ ਘਰ ਵਿਖੇ ਤਾਂ ਸੰਸਾਰਕ ਸੁਖ ਅਤੇ ਹਿਰਦੇ ਰੂਪ ਘਰ ਵਿਚ ਮਹਲੁ=ਸਰੂਪ ਨੂੰ ਪਾ ਲਓਗੇ। ਫਿਰ ਸੰਸਾਰ ਵਿਖੇ ਤੁਹਾਡਾ ਫੇਰਾ ਨਹੀਂ ਹੋਵੇਗਾ ਭਾਵ ਜਨਮ ਮਰਨ ਵਿਚ ਨਹੀਂ ਆਓਗੇ॥ ੩॥

ਇੰਞ ਬੇਲਤੀ ਕਰੋ-

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥

ਹੇ ਅੰਤਰਜਾਮੀ ਘਟ ਘਟ ਦੀ ਜਾਨਣਹਾਰੇ ਪੁਰਖ ਬਿਧਾਤੇ=ਫਲ ਬਰ ਦਾਤੇ। [ਸਰਧਾ ਮਨ ਕੀ ਪੂਰੇ] ਮਨ ਦੀ ਸ਼ਰਧਾ ਪੂਰਨ ਕਰਨ ਵਾਲੇ।

ਵਾ-ਮੇਰੇ ਮਨ ਦੀ ਸ਼ਰਧਾ ਪੂਰਨ ਕਰੋ।

ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥ ੪॥ ੫॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਮੈਂ ਦਾਸ ਇਹੋ ਸੁਖ ਮੰਗਦਾ ਹਾਂ।

ਵਾ-ਇਹ ਸੁੱਖਣਾ ਮੰਗਦਾ ਹਾਂ ਕਿ ਮੈਨੂੰ ਸੰਤਾਂ ਦੀ ਚਰਨ ਧੂੜ ਕਰ ਦਿਓ।

ਯਥਾ— "ਖਾਕੁ ਸੰਤਨ ਕੀ ਦੇਹੁ ਪਿਆਰੇ॥ ਆਇ ਪਇਆ ਹਰਿ ਤੇਰੈ ਦੁਆਰੈ॥"

[ਮਾਝ ਮਹਲਾ ੫, ਪੰਨਾ ੯੮]

ਤਥਾ— "ਅੰਤਰਜਾਮੀ ਸੋ ਪ੍ਰਭੁ ਪੂਰਾ॥ ਦਾਨੁ ਦੇਇ ਸਾਧੂ ਕੀ ਧੂਰਾ॥ ੧॥"

[ਵਡਹੰਸੁ ਮ: ੫, ਪੰਨਾ ੫੬੩]

ਤਥਾ— "ਅੰਤਰਜਾਮੀ ਪੁਰਖੁ ਬਿਧਾਤਾ॥ ਆਠ ਪਹਰ ਨਾਮ ਰੰਗਿ ਰਾਤਾ॥ ੧॥"

[ਗੌਂਡ ਮਹਲਾ ੫, ਪੰਨਾ ੮੬੯]

ਤਥਾ— "ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ॥
ਭਵਨ ਭਵਨ ਪਵਿਤ੍ਰ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ॥"

[ਪੰਨਾ ੧੩੨੬]

ਤਥਾ— "ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥" [ਪੰਨਾ ੭੨੨]
ਤਥਾ— "ਕਹੁ ਨਾਨਕ ਪ੍ਰਭ ਲੋਚਾ ਪੂਰਿ॥ ਸੰਤ ਜਨਾ ਕੀ ਬਾਛਉ ਧੂਰਿ॥" [ਪੰਨਾ ੭੨੪]
ਤਥਾ— "ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ॥" [ਪੰਨਾ ੭੨੯]
ਤਥਾ— "ਤਿਨ ਸੰਤਨ ਕੀ ਬਾਛਉ ਧੂਰਿ॥ ਨਾਨਕ ਕੀ ਹਰਿ ਲੋਚਾ ਪੂਰਿ॥"

[ਗਉੜੀ ਸੁਖਮਨੀ, ਪੰਨਾ, ੨੮੩]

ਤਥਾ— "ਸਾਧ ਜਨਾ ਕੀ ਮਾਗਉ ਧੂਰਿ॥ ਪਾਰਬ੍ਰਹਮ ਮੇਰੀ ਸਰਧਾ ਪੂਰਿ॥" [ਪੰਨਾ ੨੮੯]
ਤਥਾ— "ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ॥
ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ॥੧॥"
ਤਥਾ— "ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥"

[ਸੂਹੀ ਮਹਲਾ ੫, ਪੰਨਾ ੭੪੯]

ਆਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਲਾਰ ਰਾਗੁ ਵਿਖੇ ਫੁਰਮਾਉਂਦੇ ਹਨ ਕਿ ਸੰਤਾਂ ਦੀ ਚਰਨ ਧੂੜੀ ਨੂੰ ਸਾਰੇ ਤੀਰਥ ਲੋਚਦੇ ਹਨ।

ਯਥਾ— "ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥
ਤੀਰਥਿ ਅਠਸਠਿ ਮਜਨੁ ਨਾਈ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ॥ ੧॥ ਰਹਾਉ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥੪॥"

[ਮਲਾਰ ਮਹਲਾ ੪, ਪੰਨਾ ੧੨੬੩]

ਤਥਾ— "ਇਹ ਲੋਕੇ ਸੁਖੁ ਪਾਇਆ॥ ਨਹੀ ਭੇਟਤ ਧਰਮ ਰਾਇਆ॥
ਹਰਿ ਦਰਗਹ ਸੋਭਾਵੰਤ॥ ਫੁਨਿ ਗਰਭਿ ਨਾਹੀ ਬਸੰਤ॥੧॥
ਜਾਨੀ ਸੰਤ ਕੀ ਮਿਤ੍ਰਾਈ॥ ਕਰਿ ਕਿਰਪਾ ਦੀਨੋ ਹਰਿ ਨਾਮਾ
ਪੂਰਬਿ ਸੰਜੋਗਿ ਮਿਲਾਈ॥ ੧॥ ਰਹਾਉ॥
ਗੁਰ ਕੈ ਚਰਣਿ ਚਿਤੁ ਲਾਗਾ॥ ਧੰਨਿ ਧੰਨਿ ਸੰਜੋਗੁ ਸਭਾਗਾ॥
ਸੰਤ ਕੀ ਧੂਰਿ ਲਾਗੀ ਮੇਰੈ ਮਾਥੇ॥ ਕਿਲਵਿਖ ਦੁਖ ਸਗਲੇ ਮੇਰੇ ਲਾਥੇ॥੨॥"

[ਰਾਮਕਲੀ ਮਹਲਾ ੫, ਪੰਨਾ ੮੯੮]

ਤਥਾ— "ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਹੁ ਸਾਧਹ ਧੂਰਿ॥
ਆਪੁ ਨਿਵਾਰਿ ਹਰਿ ਹਰਿ ਭਜਹੁ ਨਾਨਕ ਪ੍ਰਭ ਭਰਪੂਰਿ॥੧॥"

[ਪੰਨਾ ੯੨੭]

ਤਥਾ— "ਗੁਰ ਕੀ ਧੂੜਿ ਕਰਉ ਇਸਨਾਨੁ॥ ਸਾਚੀ ਦਰਗਹ ਪਾਈਐ ਮਾਨੁ॥੨॥"

[ਮਲਾਰ ਮਹਲਾ ੫, ਪੰਨਾ ੧੨੭੦]

ਤਥਾ— "ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥"

[ਸਲੋਕ ਮਹਲਾ ੪, ਪੰਨਾ ੧੪੨੪]

ਤਥਾ— "ਸੇਵਉ ਸਾਧ ਸੰਤ ਚਰਨੇਰੈ॥ ਬਾਂਛਉ ਧੂਰਿ ਪਵਿਤ੍ਰ ਕਰੇਰੈ॥
ਅਠਸਠਿ ਮਜਨੁ ਮੈਲੁ ਕਟੇਰੈ॥" [ਕਾਨੜਾ ਮਹਲਾ ੫, ਪੰਨਾ ੧੩੦੪]

ਸਾਖੀ—ਸੰਤ ਧੂੜ ਦੀ ਮਹਿਮਾ ਪਰ

ਇਕ ਬੈਰਾਗੀ ਮਤ ਦਾ ਵੈਸ਼ਨੋ ਸਾਧੂ ਸ੍ਰੀ ਗੰਗਾ ਜੀ ਦੀ ਯਾਤ੍ਰਾ ਨੂੰ ਜਾ ਰਿਹਾ ਸੀ, ਅਰ ਉਸ ਦਾ ਨੇਮ ਸੀ ਕਿ ਭੋਜਨ ਉਸ ਪ੍ਰੇਮੀ ਦੇ ਘਰੋਂ ਛਕਣਾ ਜਿਸ ਨੇ ਗੰਗਾ ਜੀ ਦਾ ਇਸ਼ਨਾਨ ਕੀਤਾ ਹੋਵੇ।

ਇਸ ਤਰ੍ਹਾਂ ਆਪਣਾ ਨਿਯਮ ਨਿਬਾਹੁੰਦਾ ਹੋਇਆ ਜਦ ਗੰਗਾ ਜੀ ਪਾਸ ਪਹੁੰਚਾ, ਤਾਂ ਚਾਰ ਮੀਲ ਉਰੇ ਹੀ ਰਾਤ ਪੈ ਗਈ। ਉਥੇ ਇਕ ਸੰਤਾਂ ਦੀ ਕੁਟੀਆ ਦੇਖ ਕੇ ਠਹਿਰ ਗਿਆ ਜੋ ਕਿ ਮਹਾਨ ਤਤਬੇਤੇ ਭਜਨੀਕ ਵਿਅਕਤੀ ਸਨ। ਇਸ ਨੇ ਪੁੱਛ ਗਿੱਛ ਕੀਤੇ ਬਗੈਰ ਹੀ ਇਨ੍ਹਾਂ ਦੇ ਆਸ਼ਰਮ ਪਰ ਪ੍ਰਸ਼ਾਦ ਛਕ ਲਿਆ। ਅਰ ਮਨ ਵਿਚ ਖਿਆਲ ਕੀਤਾ ਕਿ ਇਹ ਤਾਂ ਕਈ ਵੇਰਾਂ ਗੰਗਾਂ ਜੀ ਤੋਂ ਹੋ ਆਏ ਹੋਣਗੇ। ਪ੍ਰਸ਼ਾਦਿ ਛਕਣ ਉਪ੍ਰੰਤ ਸੁਭਾਵਕ ਹੀ ਬਚਨ-ਬਿਲਾਸ ਵਿਚ ਸੰਤਾਂ ਨੂੰ ਪੁੱਛਣ ਲੱਗਾ ਕਿ ਮਹਾਰਾਜ ! ਤੁਸੀਂ ਤਾਂ ਗੰਗਾ ਜੀ ਦੇ ਨਿਤ ਇਸ਼ਨਾਨ ਕਰਦੇ ਹੋਵੋਗੇ ?

ਅੱਗੋਂ ਸੰਤਾਂ ਨੇ ਕਿਹਾ ਕਿ ਮੈਂ ਤਾਂ ਅੱਜ ਤਕ ਗੰਗਾ ਜੀ ਦਾ ਇਸ਼ਨਾਨ ਕੀਤਾ ਹੀ ਨਹੀਂ।

ਸੰਤਾਂ ਦੀ ਇਹ ਗੱਲ ਸੁਣ ਕੇ ਵੈਸ਼ਨੋ ਸਾਧੂ ਨੂੰ ਬਹੁਤ ਹੀ ਦੁੱਖ ਹੋਇਆ ਅਤੇ ਉਹ ਇਸੇ ਵਿਚਾਰ ਵਿਚ ਸੰਤਾਂ ਦੀ ਕੁਟੀਆ ਛੱਡ ਕੇ ਜਾਣ ਲਈ ਬਾਹਰ ਆ ਗਿਆ, ਪ੍ਰੰਤੂ ਰਾਤ ਦਾ ਸਮਾਂ ਹੋਣ ਕਰਕੇ ਕਿਧਰੇ ਜਾ ਨਾ ਸਕਿਆ ਅਰ ਜਾਗਦਾ ਹੀ ਬੈਠਾ ਕੀ ਦੇਖਦਾ ਹੈ ਕਿ ਤਿੰਨ ਗਊਆਂ ਕਾਲੇ ਰੰਗ ਦੀਆਂ ਆਈਆਂ, ਜੋ ਜਲ ਸੰਤਾਂ ਦੇ ਇਸ਼ਨਾਨ ਦਾ ਇਕ ਚਲ੍ਹੇ ਵਿਚ ਜਮ੍ਹਾਂ ਹੁੰਦਾ ਸੀ, ਉਸ ਵਿਚ ਉਹਨਾਂ ਨੇ ਟੁੱਭਾ ਲਾਇਆ ਤਦ ਕਾਲੇ ਰੰਗ ਤੋ ਸਫੈਦ ਰੰਗ ਹੋ ਗਿਆ।

ਇਹ ਕੌਤਕ ਦੇਖ ਕੇ ਵੈਸ਼ਨੋ ਸਾਧੂ ਨੇ ਚਕ੍ਰਿਤ ਹੋ ਕੇ ਪੁੱਛਿਆ ਕਿ ਤੁਸੀਂ ਕੌਣ ਹੋ ?

ਤਦ ਉਹਨਾਂ ਨੇ ਕਿਹਾ ਕਿ ਅਸੀਂ ਤਿੰਨੇ ਹੀ ਗੰਗਾ, ਜਮਨਾ, ਸੁਰਸਤੀ ਨਦੀਆਂ ਹਾਂ। ਸਾਡੇ ਵਿਚ ਪਾਪੀ ਪੁਰਸ਼ਾਂ ਨੇ ਇਸ਼ਨਾਨ ਕਰ ਕਰ ਕੇ ਆਪਣੇ ਪਾਪਾਂ ਨਾਲ ਸਾਡਾ ਰੰਗ ਕਾਲਾ ਕਰ ਦਿੱਤਾ ਸੀ, ਸੋ ਅਸੀਂ ਇਨ੍ਹਾਂ ਸੰਤਾਂ ਦੇ ਪਵਿੱਤ੍ਰ ਚਰਨਾਂ ਨਾਲ ਛੂਹੇ ਮਹਾਨ ਪਵਿੱਤ੍ਰ ਜਲ ਵਿਚ ਇਸ਼ਨਾਨ ਕਰ ਕੇ ਸਵੱਛ ਤੇ ਸੁੰਦਰ ਹੋ ਗਈਆਂ ਹਾਂ। ਸੋ ਸਾਡਾ ਇਹ ਨਿਤਾਪ੍ਰਤੀ ਦਾ ਨੇਮ ਹੈ।

ਇਹ ਗੱਲ ਸੁਣਦਿਆਂ ਸਾਰ ਬੈਰਾਗੀ ਵੈਸ਼ਨਵ ਦਾ ਸੰਤਾਂ ਪਰ ਦ੍ਰਿੜ੍ਹ ਨਿਸਚਾ ਹੋ ਗਿਆ ਕਿ ਸੰਤਾਂ ਦੀ ਧੂੜੀ ਹੀ ਸਾਰੇ ਤੀਰਥਾਂ ਨਾਲੋਂ ਪਵਿੱਤ੍ਰ ਹੈ।

ੴ ੴ

ਕੀਰਤਨ ਸੋਹਿਲਾ ਪੜ੍ਹਨ ਦਾ

ਮਹਾਤਮ

ਇਕ ਸਮੇਂ ਪੰਚਮ ਪਾਤਸ਼ਾਹ ਪਾਸ ਇਕ ਸੌਦਾਗਰ ਸਿੱਖ ਨੇ ਆ ਕੇ ਬੇਨਤੀ ਕੀਤੀ-''ਗਰੀਬ ਨਿਵਾਜ਼ ! ਮੇਰਾ ਦੇਸ਼ਾਂ ਦੇਸ਼ਾਤ੍ਰਾਂ ਵਿਚ ਵਪਾਰ ਕਰਨ ਦਾ ਕੰਮ ਰਹਿੰਦਾ ਹੈ, ਆਪ ਕਿਰਪਾ ਕਰਕੇ ਮੈਨੂੰ ਕੋਈ ਰੱਖਿਆ ਵਾਸਤੇ ਸ਼ਬਦ ਬਖਸ਼ੋ ਜਿਸ ਕਰਕੇ ਚੋਰਾਂ, ਉਚੱਕਿਆਂ, ਭੂਤਾਂ-ਪ੍ਰੇਤਾਂ ਤੋਂ ਕੋਈ ਡਰ ਨਾ ਰਹੇ।''

ਉਸ ਸਮੇਂ ਹਜ਼ੂਰ ਸ੍ਰੀ ਰਾਮਸਰ ਵਾਲੀ ਜਗ੍ਹਾ ਬਿਰਾਜਮਾਨ ਹੋ ਕੇ ਭਾਈ ਗੁਰਦਾਸ ਜੀ ਪਾਸੋਂ ਬਾਣੀ ਲਿਖਵਾ ਰਹੇ ਸਨ। 'ਸੋਹਿਲੇ' ਦੇ ਤਿੰਨ ਸ਼ਬਦ ਗੁਰੂ ਨਾਨਕ ਦੇਵ ਜੀ ਵਾਲੇ ਲਿਖੇ ਜਾ ਚੁਕੇ ਸਨ, ਚੌਥਾ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਲਿਖਵਾ ਰਹੇ ਸਨ। ਸੌਦਾਗਰ ਦੀ ਬੇਨਤੀ ਸੁਣ ਕੇ ਆਪਣੀ ਰਸਨਾ ਤੋਂ ਪੰਜਵਾਂ ਸ਼ਬਦ ਉਚਾਰਨ ਕਰ ਕੇ 'ਸੋਹਿਲੇ ਦੀ' ਸਮਾਪਤੀ ਕੀਤੀ ਤੇ ਕਿਹਾ-''ਇਸ ਦੇ ਤਾਈਂ ਹਰ ਰੋਜ਼ ਰਾਤ ਨੂੰ ਸੌਣ ਲਗਿਆਂ ਪੰਜ ਇਸ਼ਨਾਨਾ ਕਰਕੇ ਪੜਿਆ ਕਰ, ਕੋਈ ਵਿਘਨ ਨੇੜੇ ਨਹੀਂ ਆਵੇਗਾ।'' ਹਜ਼ੂਰ ਦੀ ਆਗਿਆ ਪਾ, ਮੱਥਾ ਟੇਕ ਕੇ ਚਲਾ ਗਿਆ।

ਹਰ ਰੋਜ਼ ਪਾਠ ਕੀਤਾ ਕਰੇ, ਜਿਸ ਪਾਠ ਦੇ ਸਦਕੇ ਇਸਦੇ ਚਾਰੋਂ ਤਰਫ ਲੋਹੇ ਦਾ ਕੋਟ ਹੋ ਜਾਇਆ ਕਰੇ।

ਇਕ ਦਿਨ ਲੰਮਾ ਸਫਰ ਕਰਨ ਨਾਲ ਥੱਕ ਗਿਆ, ਪੰਜ ਇਸ਼ਨਾਨਾ ਕੀਤੇ ਬਿਨਾਂ ਲੰਮਾ ਪੈ ਕੇ ਪਾਠ ਕਰਨ ਲੱਗ ਪਿਆ, ਪਾਠ ਕਰਦਾ ਕਰਦਾ ਸੌਂ ਗਿਆ, ਕੋਟ ਤਾਂ ਹੋਇਆ, ਪਰ ਵੱਡੇ ਵੱਡੇ ਮਘੋਰੇ ਰਹਿ ਗਏ। ਕਈ ਦਿਨਾਂ ਤੋਂ ਚੋਰ ਇਸ ਦੇ ਮਗਰ ਲੱਗੇ ਹੋਏ ਸਨ ਪਰ ਚੋਰੀ ਕਰਨ ਦਾ ਸਮਾਂ ਨਹੀਂ ਸੀ ਮਿਲਦਾ, ਉਸ ਦਿਨ ਚੋਰਾਂ ਦਾ ਦਾਅ ਲੱਗ ਗਿਆ ਤੇ ਉਹਨਾਂ ਮਘੋਰਿਆਂ ਵਿਚੋਂ ਅੰਦਰ ਜਾ ਵੜੇ। ਇਤਨੇ ਨੂੰ ਅਜੇ ਚੋਰ ਅੰਦਰ ਹੀ ਸਨ, ਇਸ ਨੂੰ ਜਾਗ ਆ ਗਈ ਤੇ ਸਾਵਧਾਨ ਹੋ ਕੇ ਪੰਜ ਇਸ਼ਨਾਨਾ ਕਰ ਕੇ ਪਾਠ ਕੀਤਾ। ਫੇਰ ਪਹਿਲਾਂ ਵਾਂਗ ਪੂਰਾ ਲੋਹੇ ਦਾ ਕੋਟ ਹੋ ਗਿਆ, ਚੋਰ ਅੰਦਰ ਹੀ ਰੁਕ ਗਏ ਤੇ ਸਵੇਰ ਹੁੰਦਿਆਂ ਹੀ ਪਕੜੇ ਗਏ। ਪੁੱਛਣ ਨਾਲ ਉਹਨਾਂ ਚੋਰਾਂ ਨੇ ਸਾਰੀ ਗੱਲ-ਬਾਤ ਦਸੀ ਕਿ ਕਈ ਦਿਨਾਂ ਦੇ ਤੁਹਾਡੇ ਮਗਰ ਲੱਗੇ ਹੋਏ ਸਾਂ। ਅੱਜ ਰਾਤ ਨੂੰ ਚੋਰੀ ਕਰਨ ਦਾ ਸਮਾਂ ਤਾਂ ਮਿਲਿਆ ਪਰ ਫੇਰ ਲੋਹੇ ਦਾ ਕੋਟ ਬਣ ਗਿਆ, ਤੁਸੀਂ ਆਪਣੇ ਮੁਰਸ਼ਦ ਦੀ ਅਜੇਹੀ ਕਲਾਮ ਪੜ੍ਹਦੇ ਹੋ, ਜਿਸ ਕਰ ਕੇ ਹਮੇਸ਼ਾਂ ਹੀ ਤੁਹਾਡੀ ਰੱਖਿਆ ਹੁੰਦੀ ਹੈ।

ਸੌਦਾਗਰ ਨੇ ਪੰਚਮ ਪਾਤਿਸ਼ਾਹ ਜੀ ਦਾ ਜਸ ਕਰ ਕੇ ਸਾਰੀ ਵਾਰਤਾ ਕਹਿ ਸੁਣਾਈ। ਉਹਨਾਂ ਚੋਰਾਂ ਦੇ ਮਨ ਤੇ ਐਸਾ ਅਸਰ ਹੋਇਆ ਕਿ ਅੱਗੇ ਤੋਂ ਉਹ ਚੋਰੀ ਕਰਨੀ ਛੱਡ ਕੇ ਗੁਰੂ ਘਰ ਦੇ ਸੱਚੇ ਸ਼ਰਧਾਲੂ ਹੋ ਗਏ ਅਤੇ ਪ੍ਰਦੇਸ ਵਿਚ ਸੌਦਾਗਰ ਦੇ ਨਾਲ ਨਾਲ ਹੀ ਰਹੇ, ਵਪਾਰ ਵਿਚ ਉਸ ਦਾ ਹੱਥ ਵਟਾਉਂਦੇ ਰਹੇ। ਜਦੋਂ ਵਾਪਸ ਆਏ ਦਸਵੰਧ ਦੀ ਮਾਇਆ ਭੇਟਾ ਕਰ ਕੇ ਪੰਚਮ ਪਾਤਿਸ਼ਾਹ ਜੀ ਨੂੰ ਸਾਰੀ ਗੱਲ ਦੱਸੀ ਅਤੇ ਸਿੱਖੀ ਪ੍ਰਾਪਤ ਕਰ ਕੇ ਜਨਮ ਮਰਨ ਕੱਟ ਲਿਆ।

ਇਸ ਲਈ ਜੋ ਪ੍ਰੇਮੀ ਹਰ ਰੋਜ਼ ਨਿਯਮ ਨਾਲ ਰਾਤ ਨੂੰ ਸੌਣ ਵੇਲੇ 'ਸੋਹਿਲੇ' ਜੀ ਦਾ ਪਾਠ ਕਰਦੇ ਹਨ ਉਹਨਾਂ ਦੀ ਹਰ ਸਮੇਂ ਸਹਾਇਤਾ ਹੁੰਦੀ ਹੈ ਅਤੇ ਰਾਤ ਨੂੰ ਕੋਈ ਡਰਾਉਣੇ ਸੁਪਨੇ ਵੀ ਨਹੀਂ ਆਉਂਦੇ, ਅੰਤ ਨੂੰ ਗੁਰੂ ਚਰਨਾਂ ਵਿਚ ਇਸਥਿਤੀ ਹੁੰਦੀ ਹੈ।

ਸੰਪ੍ਰਦਾਈ ਕੀਰਤਨ ਸੋਹਿਲਾ ਸਟੀਕ ਸਮਾਪਤੰ

ਏਸੇ ਤਰ੍ਹਾਂ ਪੰਜਾਂ ਬਾਣੀਆਂ ਦੇ ਪੜ੍ਹਨ ਦਾ ਮਹਾਤਮ ਹੈ

ਜਪੁਜੀ ਸਾਹਿਬ:- ਬ੍ਰਹਮ ਗਿਆਨੀ ਦੀ ਪ੍ਰਾਪਤੀ ਵਾਸਤੇ ਹੈ।

ਜਾਪੁ ਸਾਹਿਬ:-ਅਕਾਲ ਪੁਰਖ ਨੂੰ ਨਮਸ਼ਕਾਰ ਕਰਨ ਵਾਸਤੇ ਹੈ।

ਸਵੱਯੇ:- ਪਖੰਡ ਦੂਰ ਕਰਨ ਲਈ ਅਤੇ ਵੈਰਾਗ ਪੈਦਾ ਕਰਨ ਵਾਸਤੇ ਹਨ।

ਚੌਪਈ:-ਬੇਨਤੀ ਕਰਨ ਵਾਸਤੇ ਅਤੇ ਰਖਿਆ ਲਈ ਹੈ।

ਅਨੰਦੁ ਸਾਹਿਬ:-ਜੀਵਨ ਮੁਕਤੀ ਦਾ ਅਨੰਦ ਲੈਣ ਵਾਸਤੇ ਹੈ। ਅਨੰਦ ਸਾਹਿਬ ਪੂਰਾ ਪੜ੍ਹਨਾ ਚਾਹੀਦਾ ਹੈ, ਕਿਉਂਕਿ ਦਸਮ ਪਿਤਾ ਜੀ ਨੇ ਅੰਮ੍ਰਿਤ ਤਿਆਰ ਕਰਨ ਵੇਲੇ ਅਨੰਦ ਸਾਹਿਬ ਦੀਆਂ ੪੦ ਪੌੜੀਆਂ ਪੜ੍ਹੀਆਂ ਹਨ। ਸੌ ਸਾਖੀ ਵਿਚ ਲਿਖਿਆ ਹੈ ਅਤੇ ਸੂਰਜ ਪ੍ਰਤਾਪ ਦੀ ਪੰਜਵੀਂ ਰੁਤ ਵਿਚ ਭੀ ਆਉਂਦਾ ਹੈ, ਕਿ ਚਾਹੇ ਕਿਤਨਾ ਭੀ ਕੋਈ ਕੰਮ ਅੜਿਆ ਹੋਵੇ ਤਾਂ ਉਸ ਕਾਰਜ ਦੀ ਸਿੱਧੀ ਵਾਸਤੇ ਤਿੰਨ ਵਾਰ ਪੂਰੀਆਂ ਪੂਰੀਆਂ ਚਾਲੀਆਂ ਪੌੜੀਆਂ ਦਾ ਪਾਠ ਕਰਕੇ ਰਹਿਤ ਵਾਲੇ ਪੰਜ ਸਿੰਘ ਅਰਦਾਸ ਕਰਨ ਤਾਂ ਗੁਰੂ ਸਾਹਿਬ ਜੀ ਉਸ ਕਾਰਜ ਨੂੰ ਪੂਰਾ ਕਰ ਦੇਂਦੇ ਹਨ।

ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਨਾਲ ਰੋਜ਼ ਦੇ ੨੪੦੦੦ ਸ੍ਵਾਸ ਸਫਲ ਹੁੰਦੇ ਹਨ।

ਆਸਾ ਦੀ ਵਾਰ, ਸਭ ਆਸਾਂ ਪੂਰਨ ਕਰਦੀ ਹੈ ਤੇ ਚੌਰਾਸੀ ਦੇ ਗੇੜ ਨੂੰ ਕਟਦੀ ਹੈ।

ਰਹਿਰਾਸ ਸਾਹਿਬ ਜੀ ਦਾ ਪਾਠ ਸਚਖੰਡ ਵਿਚ ਪਹੁੰਚਾਂਦਾ ਹੈ।

ਸਨਿੰਮ੍ਰ ਬੇਨਤੀ ਹੈ *"ਭੁਲਣ ਅੰਦਰ ਸਭ ਕੋ ਅਭੁਲ ਗੁਰੁ ਕਰਤਾਰ॥"* ਦੇ ਮਹਾਂਵਾਕ ਅਨੁਸਾਰ ਜੀਵ ਹਮੇਸ਼ਾਂ ਭੁਲਣਹਾਰ ਹੈ। ਗੁਰਬਾਣੀ ਦੇ ਰਸੀਆਂ ਅਗੇ ਬੇਨਤੀ ਹੈ ਉਹ ਸੋਧ ਕੇ ਪੜ੍ਹ ਲੈਣ ਤੇ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ।

ਜਿਸ ਵਿਚ ਉਹੋ ਅਰਥ, ਵਿਆਖਿਆ ਤੇ ਸਿਧਾਂਤ ਹੈ, ਜੋ ਦਸਮੇਸ਼ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪੜ੍ਹਾਏ ਸਨ।

ਪਹਿਲੀ ਪੋਥੀ – ਜਿਸ ਵਿਚ ਸ੍ਰੀ ਜਪੁਜੀ ਸਾਹਿਬ, ਰਹਰਾਸਿ, ਕੀਰਤਨ ਸੋਹਿਲੇ ੧੧੭ ਸਾਖੀਆਂ, ਉਥਾਨਕਾਂ ਦੇ ਸਹਿਤ ਵਿਸਥਾਰ ਪੂਰਵਕ ਟੀਕਾ।

ਦੂਜੀ ਪੋਥੀ – ਸਿਰੀ ਰਾਗੁ, ਮਾਝ ਰਾਗੁ ਸੰਪੂਰਨ।

ਤੀਜੀ ਪੋਥੀ – ਗਉੜੀ ਰਾਗੁ ਸੰਪੂਰਨ।

ਚੌਥੀ ਪੋਥੀ – ਆਸਾ ਰਾਗੁ ਸੰਪੂਰਨ।

ਪੰਜਵੀਂ ਪੋਥੀ – ਜਿਸ ਵਿਚ ਰਾਗ ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ ਤਕ ਦਾ ਸੰਪ੍ਰਦਾਈ ਅਰਥਾਂ ਦਾ ਸੰਪੂਰਨ ਟੀਕਾ।

ਛੇਵੀਂ ਪੋਥੀ – ਜਿਸ ਵਿਚ ਤਿਲੰਗ, ਸੂਹੀ, ਬਿਲਾਵਲ, ਗੌਂਡ ਰਾਗੁ ਤਕ ਸੰਪੂਰਨ।

ਸੱਤਵੀਂ ਪੋਥੀ – ਰਾਗ ਰਾਮਕਲੀ ਨਟ ਨਰਾਇਨ, ਮਾਲੀ ਗੌੜਾ ਤੇ ਰਾਗ ਮਾਰੂ ਮਹਲਾ ੪ ਦੇ ਸੋਹਲਿਆਂ ਤਕ।

ਅਠਵੀਂ ਪੋਥੀ – ਜਿਸ ਵਿਚ ਰਾਗ ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ ਰਾਗੁ ਤਕ ਸੰਪੂਰਨ।

ਨੌਵੀਂ ਪੋਥੀ – ਰਾਗ ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ ਤਕ ਸੰਪੂਰਨ।

ਦਸਵੀਂ ਪੋਥੀ – ਸਲੋਕ ਸਹਿਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਸਲੋਕ ਫਰੀਦ, ਸਵਈਏ ਵਾਰਾਂ ਤੋਂ ਵਧੀਕ, ਮਹਲਾ ੯ ਦੇ ਸਲੋਕ ਤੇ ਰਾਗ ਮਾਲਾ ਤਕ ਹੈ।

ਭਗਤ ਬਾਣੀ ਦਾ ਵਖਰਾ ਟੀਕਾ ਵੀ ਮਿਲ ਸਕਦਾ ਹੈ। ਭਾਗ ਪਹਿਲਾ, ਦੂਜਾ, ਤੀਜਾ

ਟੀਕਾ ਜ਼ਫਰਨਾਮਹ ਸਣੇ ਹਕਾਇਤਾਂ ਦੇ ***ਟੀਕਾ ਸ੍ਰੀ ਅਨੰਦ ਸਾਗਰ***

ਟੀਕਾ ਸ੍ਰੀ ਸੁਖਮਨੀ ਸਾਹਿਬ ਜੀ ***ਟੀਕਾ ਦਖਣੀ ਓਅੰਕਾਰ***

ਟੀਕਾ ਸਿਧ ਗੋਸਟ ***ਟੀਕਾ ਸਹੰਸਰ ਨਾਮਾ***

ਟੀਕਾ ਬਾਰਾਂ ਮਾਹਾਂ ਮਹਲਾ ਪੰਜਵਾਂ ਰਾਗ ਮਾਝ ਤੇ ਬਾਰਾਂ ਮਾਹ ਰਾਗ ਤੁਖਾਰੀ ਮਹਲਾ ੧

ਟੀਕਾ ਆਸਾ ਜੀ ਦੀ ਵਾਰ ਛਕਿਆਂ ਸਮੇਤ ਅਤੇ ਨੌ ਧੁਨਾਂ

ਪ੍ਰਕਾਸ਼ਕ : -ਭਾ. ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ ॥

ਆਦਿ


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਭਾਗ ਦੂਜਾ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਦੂਸਰੀ

ਜਿਸ ਵਿਚ- ਸ੍ਰਿਰੀਰਾਗੁ ਦਾ ਅਤੇ ਮਾਝ ਰਾਗੁ ਦਾ ਸੰਪੂਰਨ ਟੀਕਾ
ਉਥਾਨਕਾਂ, ਸਾਖੀਆਂ, ਪ੍ਰਮਾਣਾਂ ਸਹਿਤ ਦਰਜ ਹਨ।

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ (ਇੰਡੀਆ)।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)

ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ

ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਖ਼, ਸ਼੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-103-7
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
(1200) ਪਹਿਲੀ ਵਾਰ 1972
(1000) ਤੇਰ੍ਹਵੀਂ ਵਾਰ ਜਨਵਰੀ 2012

ਭੇਟਾ : 300-00



ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਤੇਰ੍ਹਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਸੰਪ੍ਰਦਾਈ ਗਿਆਨੀਆਂ ਦੀ ਪ੍ਰਣਾਲੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਭਾਈ ਮਨੀ ਸਿੰਘ ਜੀ ਸ਼ਹੀਦ — ਬਾਬਾ ਦੀਪ ਸਿੰਘ ਜੀ ਸ਼ਹੀਦ

ਭਾਈ ਦੀਵਾਨ ਸਿੰਘ ਜੀ — ਭਾਈ ਗੁਰਦਿਆਲ ਸਿੰਘ ਜੀ — ਭਾਈ ਗੁਰਬਖਸ਼ ਸਿੰਘ ਜੀ

ਭਾਈ ਅਮਰ ਸਿੰਘ ਜੀ — ਭਾਈ ਸੂਰਤ ਸਿੰਘ ਜੀ — ਭਾਈ ਕੋਲ ਸਿੰਘ ਜੀ

ਭਾਈ ਰਾਮ ਸਿੰਘ ਜੀ — ਭਾਈ ਗੁਰਦਾਸ ਸਿੰਘ ਜੀ — ਭਾਈ ਜੱਸਾ ਸਿੰਘ ਜੀ

ਭਾਈ ਚੰਦਾ ਸਿੰਘ ਜੀ — ਭਾਈ ਸੰਤ ਸਿੰਘ ਜੀ

ਭਾਈ ਹਜਾਰਾ ਸਿੰਘ ਜੀ — ਭਾਈ ਦਇਆ ਸਿੰਘ ਜੀ (ਸੰਤ)

ਭਾਈ ਸਾਹਿਬ ਭਾਈ ਵੀਰ ਸਿੰਘ ਜੀ — ਭਾਈ ਭਗਵਾਨ ਸਿੰਘ ਜੀ (ਸੰਤ)

ਸ੍ਰੀ ਮਾਨ ਬ੍ਰਹਮ ਗਿਆਨੀ — ਭਾਈ ਫਤੇ ਚੰਦ ਜੀ (ਸੰਤ) — ਸੰਤ ਬਾਬਾ ਹਰਨਾਮ ਸਿੰਘ ਜੀ

ਸੰਤ ਅਮੀਰ ਸਿੰਘ ਜੀ — (ਸ਼ਾਹਜੀਵਣੇ ਵਾਲੇ)

ਬਜ਼ਾਰ ਸੱਤੋ ਵਾਲਾ — ਸੰਤ ਬਿਸ਼ਨ ਸਿੰਘ ਜੀ

ਅੰਮ੍ਰਿਤਸਰ ਵਾਲੇ* — ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ — (ਮੁਰਾਲੇ ਵਾਲੇ)

(ਦੇਹਾਂਤ ੧ ਕੱਤਕ ਸੰ: ੨੦੧੧)

(ਗਿਆਨੀ ਕਰਤਾਰ ਸਿੰਘ ਜੀ) — ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ

ਸੰਤ ਕ੍ਰਿਪਾਲ ਸਿੰਘ ਜੀ — ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ

ਅੰਮ੍ਰਿਤਸਰ ਵਾਲੇ — ਜਨਮ ੧ ਫੱਗਣ ੧੯੫੯, ਦੇਹਾਂਤ ੧੫ ਹਾੜ ੨੦੨੯

ਸੰਤ ਕਰਤਾਰ ਸਿੰਘ ਜੀ 'ਖਾਲਸਾ' ਦੇਹਾਂਤ ੧੬ ਅਗਸਤ ੧੯੭੭ — ਸੰਤ ਮੋਹਨ ਸਿੰਘ ਜੀ ਗਿਆਨੀ

ਸੰਤ ਜਰਨੈਲ ਸਿੰਘ ਜੀ

---

*ਏਸੇ ਸੰਪ੍ਰਦਾਈ ਅਰਥਾਂ ਦੇ ਕਰਨ ਦੀ ਸੇਵਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਨੇ ੧੯੫੧ ਬਿਕ੍ਰਮੀ ਤੋਂ ਲੈ ਕੇ ੨੦੧੧ ਤੱਕ ਪੂਰੇ ੬੦ ਸਾਲ ਕੀਤੀ ਹੈ।

ਤਤਕਰਾ

ਸਿਰੀਰਾਗੁ ਭੂਮਿਕਾ ----------੧੯
ਸਿਰੀਰਾਗੁ ਉਥਾਨਕਾ ---------- ੨੦

ਰਾਗੁ ਸਿਰੀਰਾਗੁ

ਮਹਲਾ ੧ ਘਰੁ ੧

ਮੋਤੀ ਤ ਮੰਦਰ ਉਸਰਹਿ ---------- ੨੨
ਕੋਟਿ ਕੋਟੀ ਮੇਰੀ ਆਰਜਾ ---------- ੨੫
ਲੇਖੈ ਬੋਲਣੁ ਬੋਲਣਾ ---------- ੨੮
ਸਾਖੀ ਹਰੀ ਦੁਆਰ ਕੁੰਭ ਦੀ---------- ੩੨
ਲਬੁ ਕੁਤਾ ਕੂੜੁ ਚੁਹੜਾ ---------- ੩੪
ਅਮਲੁ ਗਲੋਲਾ ਕੂੜ ਕਾ ---------- ੩੬
ਸਾਖੀ-ਨੇਤ੍ਰਾਂ ਦੇ ਰੋਗ ਦੀ ---------- ੩੮
ਜਾਲਿ ਮੋਹੁ ਘਸਿ ਮਸੁ---------- ੩੯
ਸਭਿ ਰਸ ਮਿਠੇ ਮੰਨਿਐ---------- ੪੨
ਕੁੰਗੂ ਦੀ ਕਾਂਇਆ ---------- ੪੬
ਗੁਣਵੰਤੀ ਗੁਣ ਵੀਥਰੈ---------- ੪੯
ਆਵਹੁ ਭੈਣੇ ਗਲਿ ਮਿਲਹ---------- ੫੨
ਭਲੀ ਸਰੀ ਜਿ ਉਬਰੀ---------- ੫੪
ਧਾਤ ਮਿਲੈ ਫੁਨਿ ਧਾਤੁ ---------- ੫੫
ਧ੍ਰਿਗੁ ਜੀਵਣੁ ਦੋਹਾਗਣੀ ---------- ੫੯
ਸੁੰਞੀ ਦੇਹ ਡਰਾਵਣੀ---------- ੬੨
ਤਨੁ ਜਲਿ ਬਲਿ ਮਾਟੀ ਭਇਆ ------- ੬੫
ਨਾਨਕ ਬੇੜੀ ਸਚ ਕੀ ---------- ੬੭
ਸੁਣਿ ਮਨ ਮਿਤ੍ਰ ਪਿਆਰਿਆ --------- ੬੯
ਸਾਖੀ-ਚਾਰ ਜੁਲਾਹਿਆਂ ---------- ੭੦
ਮਰਣੈ ਕੀ ਚਿੰਤਾ ਨਹੀ---------- ੭੨
ਸਾਖੀ-ਸ੍ਰੀ ਰਾਮਚੰਦ੍ ਜੀ ਦੀ ---------- ੭੩
ਏਹੁ ਮਨੋ ਮੂਰਖੁ ਲੋਭੀਆ ---------- ੭੫
ਇਕ ਤਿਲੁ ਪਿਆਰਾ ਵੀਸਰੈ---------- ੭੭
ਹਰਿ ਹਰਿ ਜਪਹੁ ਪਿਆਰਿਆ --------- ੭੯
ਭਰਮੇ ਭਾਹਿ ਨ ਵਿਝਵੈ ----------੮੧
ਵਣਜੁ ਕਰਹੁ ਵਣਜਾਰਿਹੋ---------- ੮੩
ਧਨ ਜੋਬਨੁ ਅਰੁ ਫੁਲੜਾ ---------- ੮੫
ਆਪੇ ਰਸੀਆ ਆਪਿ ਰਸੁ---------- ੮੬
ਇਹ ਤਨੁ ਧਰਤੀ ਬੀਜੁ ਕਰਮਾ ਕਰੋ ----- ੮੯
ਅਮਲੁ ਕਰਿ ਧਰਤੀ ----------੯੧
ਸੋਈ ਮਉਲਾ ਜਿਨਿ ਜਗੁ ਮਉਲਿਆ ---- ੯੪
ਸਾਖੀ-ਦੋ ਪ੍ਰਿਸ਼ਟ ਜੁੜਿਆਂ ਦੀ -------- ੯੪
ਏਕੁ ਸੁਆਨੁ ਦੁਇ ਸੁਆਨੀ ਨਾਲਿ------ ੯੭
ਏਕਾ ਸੁਰਤਿ ਜੇਤੇ ਹੈ ਜੀਅ---------- ੧੦੧
ਤੂ ਦਰੀਆਉ ਦਾਨਾ ਬੀਨਾ --------- ੧੦੩
ਕੀਤਾ ਕਹਾ ਕਰੇ ਮਨਿ ਮਾਨੁ--------- ੧੦੫
ਅਛਲ ਛਲਾਈ ਨਹ ਛਲੈ ---------- ੧੦੬

ਸਿਰੀਰਾਗੁ ਮ: ੩ ਘਰੁ ੧

ਹਉ ਸਤਿਗੁਰੁ ਸੇਵੀ ਆਪਣਾ -------- ੧੧੦
ਬਹੁ ਭੇਖ ਕਰਿ ਭਰਮਾਈਐ---------- ੧੧੨
ਜਿਸ ਹੀ ਕੀ ਸਿਰਕਾਰ ਹੈ ---------- ੧੧੩
ਜਿਨੀ ਸੁਣਿ ਕੈ ਮੰਨਿਆ ---------- ੧੧੫
ਜਿਨੀ ਇਕ ਮਨਿ ਨਾਮੁ ਧਿਆਇਆ -- ੧੧੮
ਹਰਿ ਭਗਤਾ ਹਰਿ ਧਨੁ ਰਾਸਿ ਹੈ------ ੧੧੯

ਸੁਖ ਸਾਗਰੁ ਹਰਿ ਨਾਮੁ ਹੈ ---------- ੧੨੧
ਮਨਮੁਖੁ ਮੋਹਿ ਵਿਆਪਿਆ ---------- ੧੨੨
ਘਰ ਹੀ ਸਉਦਾ ਪਾਈਐ ---------- ੧੨੪
ਸਚਾ ਸਾਹਿਬ ਸੇਵੀਐ ---------- ੧੨੬
ਤ੍ਰੈ ਗੁਣ ਮਾਇਆ ਮੋਹੁ ਹੈ---------- ੧੨੭
ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ------- ੧੨੯
ਮਨਮੁਖ ਕਰਮ ਕਮਾਵਣੇ ---------- ੧੩੦
ਜਾਂ ਪਿਰੁ ਜਾਣੈ ਆਪਣਾ---------- ੧੩੨
ਗੁਰਮੁਖਿ ਕ੍ਰਿਪਾ ਕਰੇ ---------- ੧੩੩
ਧਨੁ ਜਨਨੀ ਜਿਨਿ ਜਾਇਆ -------- ੧੩੫
ਗੋਵਿਦੁ ਗੁਣੀ ਨਿਧਾਨੁ ਹੈ ---------- ੧੩੭
ਕਾਂਇਆ ਸਾਧੈ ਉਰਧ ਤਪੁ ਕਰੈ------- ੧੩੮
ਕਿਰਪਾ ਕਰੇ ਗੁਰੁ ਪਾਈਐ ---------- ੧੪੦
ਜਿਨੀ ਪੁਰਖੀ ਸਤਗੁਰੁ ਨ ਸੇਵਿਓ------ ੧੪੧
ਕਿਸੁ ਹਉ ਸੇਵੀ ---------- ੧੪੪
ਜੇ ਵੇਲਾ ਵਖਤੁ ਵੀਚਾਰੀਐ---------- ੧੪੬
ਆਪਣਾ ਭਉ ਤਿਨ ਪਾਇਓਨੁ ------- ੧੪੭
ਬਿਨੁ ਗੁਰ ਰੋਗੁ ਨ ਤੁਟਈ---------- ੧੫੦
ਤਿਨਾ ਅਨੰਦੁ ਸਦਾ ਸੁਖੁ ਹੈ --------- ੧੫੧
ਗੁਣਵੰਤੀ ਸਚੁ ਪਾਇਆ ---------- ੧੫੩
ਆਪੇ ਕਾਰਣੁ ਕਰਤਾ ਕਰੇ---------- ੧੫੫
ਸੁਣਿ ਸੁਣਿ ਕਾਮ ਗਹੇਲੀਏ --------- ੧੫੭
ਇਕਿ ਪਿਰੁ ਰਾਵਹਿ ਆਪਣਾ -------- ੧੫੯
ਹਰਿ ਜੀ ਸਚਾ ਸਚੁ ਤੂ---------- ੧੬੦
ਜਗਿ ਹਉਮੈ ਮੈਲੁ ਦੁਖੁ ਪਾਇਆ------ ੧੬੨
ਮੈ ਮਨਿ ਤਨਿ ਬਿਰਹੁ ਅਤਿ ਅਗਲਾ --- ੧੬੫

ਸਿਰੀਰਾਗੁ ਮਹਲਾ ੪ ॥

ਨਾਮੁ ਮਿਲੈ ਮਨੁ ਤ੍ਰਿਪਤੀਐ --------- ੧੬੭
ਗੁਣ ਗਾਵਾ ਗੁਣ ਵਿਥਰਾ---------- ੧੬੮
ਹਉ ਪੰਥੁ ਦਸਾਈ ਨਿਤ ਖੜੀ-------- ੧੭੦
ਰਸੁ ਅੰਮ੍ਰਿਤੁ ਨਾਮੁ ਰਸੁ---------- ੧੭੨
ਦਿਨਸੁ ਚੜੈ ਫਿਰਿ ਆਥਵੈ---------- ੧੭੪

ਸਿਰੀਰਾਗੁ ਮਹਲਾ ੫ ਘਰੁ ੨ ॥

ਕਿਆ ਤੂ ਰਤਾ ਦੇਖਿ ਕੈ ---------- ੧੭੬
ਮਨਿ ਬਿਲਾਸੁ ਬਹੁ ਰੰਗੁ ਘਣਾ-------- ੧੭੮
ਭਲਕੇ ਉਠਿ ਪਪੋਲੀਐ ---------- ੧੭੯
ਘੜੀ ਮੁਹਤ ਕਾ ਪਾਹੁਣਾ ---------- ੧੮੧
ਸਭੇ ਗਲਾ ਵਿਸਰਨੁ ---------- ੧੮੩
ਸਭੇ ਥੋਕ ਪਰਾਪਤੇ ---------- ੧੮੫
ਸੋਈ ਧਿਆਈਐ ਜੀਅੜੇ ---------- ੧੮੭
ਨਾਮੁ ਧਿਆਏ ਸੋ ਸੁਖੀ---------- ੧੮੮
ਇਕੁ ਪਛਾਣੂ ਜੀਅ ਕਾ ---------- ੧੮੯
ਜਿਨਾ ਸਤਿਗੁਰ ਸਿਉ ਚਿਤੁ --------- ੧੯੧
ਮਿਲਿ ਸਤਿਗੁਰ ਸਭੁ ਦੁਖੁ ਗਇਆ ---- ੧੯੨
ਪੂਰਾ ਸਤਿਗੁਰੁ ਜੇ ਮਿਲੈ---------- ੧੯੪
ਪ੍ਰੀਤਿ ਲਗੀ ਤਿਸੁ ਸਚ ਸਿਉ -------- ੧੯੫
ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ----- ੧੯੭
ਮੇਰਾ ਤਨੁ ਅਰੁ ਧਨੁ ਮੇਰਾ---------- ੧੯੯
ਸਰਣਿ ਪਏ ਪ੍ਰਭ ਆਪਣੇ ---------- ੨੦੦
ਉਦਮੁ ਕਰਿ ਹਰਿ ਜਾਪਣਾ---------- ੨੦੧
ਸੋਈ ਸਾਸਤੁ ਸਉਣੁ ਸੋਇ---------- ੨੦੨
ਰਸਨਾ ਸਚਾ ਸਿਮਰੀਐ---------- ੨੦੪
ਸੰਤ ਜਨਹੁ ਮਿਲਿ ਭਾਈਹੋ ---------- ੨੦੫
ਮਿਠਾ ਕਰਿ ਕੈ ਖਾਇਆ ---------- ੨੦੭
ਗੋਇਲਿ ਆਇਆ ਗੋਇਲੀ --------- ੨੦੯
ਤਿਚਰੁ ਵਸਹਿ ਸੁਹੇਲੜੀ ---------- ੨੧੦

ਕਰਣ ਕਾਰਣ ਏਕੁ ਓਹੀ ---------- ੨੧੧
ਸੰਚਿ ਹਰਿ ਧਨੁ ਪੂਜਿ ਸਤਿਗੁਰੁ ------- ੨੧੨
ਦੁਕ੍ਰਿਤ ਸੁਕ੍ਰਿਤ ਮੰਧੇ ---------- ੨੧੩
ਤੇਰੈ ਭਰੋਸੈ ਪਿਆਰੇ ---------- ੨੧੫
ਸੰਤ ਜਨਾ ਮਿਲਿ ਭਾਈਆ ---------- ੨੧੭
ਗੁਰੁ ਪਰਮੇਸੁਰੁ ਪੂਜੀਐ ---------- ੨੧੮
ਸੰਤ ਜਨਹੁ ਸੁਣਿ ਭਾਈਹੋ---------- ੨੨੦

ਸਿਰੀਰਾਗੁ ਮਹਲਾ ੧

ਘਰੁ ੧ ਅਸਟਪਦੀਆ

ਆਖਿ ਆਖਿ ਮਨੁ ਵਾਵਣਾ ੨੨੩
ਸਭੇ ਕੰਤ ਮਹੇਲੀਆ ੨੨੬
ਆਪੇ ਗੁਣ ਆਪੇ ਕਥੈ ੨੩੦
ਮਛੁਲੀ ਜਾਲੁ ਨ ਜਾਣਿਆ ੨੩੩
ਮਨਿ ਜੂਠੈ ਤਨਿ ਜੂਠਿ ਹੈ ੨੩੬
ਜਪੁ ਤਪੁ ਸੰਜਮੁ ਸਾਧੀਐ ੨੩੯
ਗੁਰ ਤੇ ਨਿਰਮਲੁ ਜਾਣੀਐ ੨੪੩
ਸੁਣਿ ਮਨ ਭੂਲੇ ਬਾਵਰੇ ੨੪੬
ਬਿਨੁ ਪਿਰ ਧਨ ਸੀਗਾਰੀਐ ੨੪੯
ਸਤਿਗੁਰੁ ਪੂਰਾ ਜੇ ਮਿਲੈ ੨੫੨
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ੨੫੫
ਮਨਮੁਖਿ ਭੂਲੈ ਭੁਲਾਈਐ ੨੬੦
ਤ੍ਰਿਸਨਾ ਮਾਇਆ ਮੋਹਣੀ ੨੬੩
ਰਾਮ ਨਾਮਿ ਮਨੁ ਬੇਧਿਆ ੨੬੭
ਚਿਤੇ ਦਿਸਹਿ ਧਉਲਹਰ ੨੭੦
ਡੂੰਗਰੁ ਦੇਖਿ ਡਰਾਵਣੋ ੨੭੩
ਮੁਕਾਮੁ ਕਰਿ ਘਰਿ ਬੈਸਣਾ ੨੭੭

ਸਿਰੀਰਾਗੁ ਮਹਲਾ ੩

ਘਰੁ ੧ ਅਸਟਪਦੀਆ

ਗੁਰਮੁਖਿ ਕ੍ਰਿਪਾ ਕਰੇ ---------- ੨੭੯
ਹਉਮੈ ਕਰਮ ਕਮਾਵਦੇ ---------- ੨੮੨
ਪੰਖੀ ਬਿਰਖਿ ਸੁਹਾਵੜਾ ---------- ੨੮੪
ਗੁਰਮੁਖਿ ਨਾਮੁ ਧਿਆਈਐ ---------- ੨੮੭
ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ------- ੨੯੦
ਸਹਜੈ ਨੋ ਸਭ ਲੋਚਦੀ---------- ੨੯੩
ਸਤਿਗੁਰਿ ਮਿਲਿਐ ਫੇਰੁ ਨ ਪਵੈ ------ ੨੯੭
ਸਤਿਗੁਰਿ ਸੇਵਿਐ ਮਨੁ ਨਿਰਮਲਾ ----- ੨੯੯
ਜਾ ਕਉ ਮੁਸਕਲੁ ਅਤਿ ਬਣੈ -------- ੩੦੨
ਜਾਨਉ ਨਹੀ ਭਾਵੈ ਕਵਨੁ ਬਾਤਾ------ ੩੦੭

ਸਿਰੀਰਾਗੁ ਮਹਲਾ ੧ ਘਰੁ ੩

ਜੋਗੀ ਅੰਦਰਿ ਜੋਗੀਆ---------- ੩੧੦

ਸਿਰੀਰਾਗੁ ਮਹਲਾ ੫ ॥

ਪੈ ਪਾਇ ਮਨਾਈ ਸੋਇ ਜੀਉ -------- ੩੧੭

ਸਿਰੀਰਾਗੁ ਪਹਰੇ ਮਹਲਾ ੧ ਘਰੁ ੧ ॥

ਪਹਿਲੈ ਪਹਰੈ ਰੈਣਿ ਕੈ ---------- ੩੨੫
ਪਹਿਲੈ ਪਹਰੈ ਰੈਣਿ ਕੈ ---------- ੩੨੮

ਸਿਰੀਰਾਗੁ ਮਹਲਾ ੪ ॥

ਪਹਿਲੈ ਪਹਰੈ ਰੈਣਿ ਕੈ ---------- ੩੩੨

ਸਿਰੀਰਾਗੁ ਮਹਲਾ ੪ ਘਰੁ ੨ ਛੰਤ

ਮੁੰਧ ਇਆਣੀ ਪੇਈਅੜੈ---------- ੩੪੦

ਸਿਰੀਰਾਗੁ ਮਹਲਾ ੫ ਛੰਤ

ਮਨ ਪਿਆਰਿਆ ਜੀਉ ਮਿਤ੍ਰਾ -------- ੩੪੫

ਸਿਰੀਰਾਗ ਕੇ ਛੰਤ ਮਹਲਾ ੫ ਡਖਣਾ ॥

ਹਠ ਮਝਾਹੁ ਮਾ ਪਿਰੀ ---------- ੩੪੯

ਡਖਣਾ

ਧੁੜੀ ਮਜਨੁ ਸਾਧ ਖੇ ---------- ੩੫੧

ਡਖਣਾ

ਸਾਈ ਨਾਮੁ ਅਮੋਲੁ ---------- ੩੫੩

ਸਿਰੀਰਾਗੁ ਮਹਲਾ ੪ ॥

ਵਣਜਾਰਾ:-

ੴ ਸਤਿਨਾਮੁ ਗੁਰ ਪ੍ਰਸਾਦਿ ॥ ------- ੩੫੪

ਹਰਿ ਹਰਿ ਉਤਮੁ ਨਾਮੁ ਹੈ ---------- ੩੫੪

ਸਿਰੀਰਾਗ ਕੀ ਵਾਰ ਆਰੰਭ ਮੁਖਬੰਦ---- ੩੬੦

ਸਿਰੀਰਾਗੁ ਕੀ ਵਾਰ ਆਰੰਭ---------- ੩੬੦

ਰਾਗਾ ਵਿਚਿ ਸ੍ਰੀਰਾਗੁ ਹੈ ---------- ੩੬੫

ਦਾਤੀ ਸਾਹਿਬ ਸੰਦੀਆ ---------- ੩੬੮

ਫਕੜ ਜਾਤੀ ਫਕੜ ਨਾਉ ---------- ੩੭੦

ਕੁਦਰਤਿ ਕਰਿ ਕੈ ਵਸਿਆ ਸੋਇ ------ ੩੭੩

ਕਲਉ ਮਸਾਜਨੀ ਕਿਆ ਸਦਾਈਐ ---- ੩੭੫

ਕਲਮ ਜਲਉ ਸਣੁ ਮਸਵਾਣੀਐ ------ ੩੭੬

ਹਉ ਹਉ ਕਰਤੀ ਸਭ ਮੁਈ --------- ੩੭੭

ਹੁਕਮੁ ਨ ਜਾਣੈ ਬਹੁਤਾ ਰੋਵੈ --------- ੩੮੨

ਪੜਿ ਪੜਿ ਪੰਡਿਤ ਬੇਦ ਵਖਾਣਹਿ ---- ੩੮੩

ਪੰਡਿਤੁ ਪੜਿ ਪੜਿ ਉਚਾ ਕੂਕਦਾ ----- ੩੮੬

ਨਾਨਕ ਸੋ ਸੂਰਾ ਵਰਿਆਮੁ ---------- ੩੮੭

ਗੁਰਿ ਪੂਰੈ ਹਰਿ ਨਾਮੁ ਦਿੜਾਇਆ ----- ੩੮੮

ਆਤਮਾ ਦੇਉ ਪੂਜੀਐ ---------- ੩੮੯

ਸਤਿਗੁਰੁ ਸੇਵੇ ਆਪਣਾ ---------- ੩੯੨

ਸਤਿਗੁਰੁ ਜਿਨੀ ਨ ਸੇਵਿਓ---------- ੩੯੪

ਜੋ ਸਿਰੁ ਸਾਂਈ ਨ ਨਿਵੈ ---------- ੩੯੬

ਵੇਸ ਕਰੇ ਕੁਰੂਪਿ ਕੁਲਖਣੀ---------- ੩੯੮

ਮਨਮੁਖਿ ਮੈਲੀ ਕਾਮਣੀ---------- ੩੯੯

ਸਤਿਗੁਰ ਕੈ ਭਾਣੈ ਜੋ ਚਲੈ ---------- ੪੦੧

ਆਪਣੇ ਪ੍ਰੀਤਮ ਮਿਲਿ ਰਹਾ --------- ੪੦੨

ਕੁਬੁਧਿ ਡੂਮਣੀ ਕੁਦਇਆ ---------- ੪੦੪

ਜੀਉ ਪਿੰਡੁ ਸਭੁ ਤਿਸ ਕਾ ---------- ੪੦੬

ਸਿਰੀਰਾਗੁ ਭਗਤ ਬਾਣੀ ਭੂਮਿਕਾ

ਸਿਰੀਰਾਗੁ ਕਬੀਰ ਜੀਉ ਕਾ

ਜਨਨੀ ਜਾਨਤ ਸੁਤੁ ---------- ੪੧੫

ਸਿਰੀਰਾਗੁ ਤ੍ਰਿਲੋਚਨ ਕਾ

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ -- ੪੨੦

ਸ੍ਰੀ ਰਾਗੁ ਭਗਤ ਕਬੀਰ ਜੀਉ ਕਾ

ਅਚਰਜ ਏਕੁ ਸੁਣਹੁ ਰੇ ਪੰਡੀਆ ------ ੪੨੪

ਸਿਰੀਰਾਗੁ ਭਗਤ ਬੇਣੀ ਜੀਉ ਕੀ

ਰੇ ਨਰ ਗਰਭ ਕੁੰਡਲ ਜਬ ਆਛਤ ----- ੪੩੧

ਸਿਰੀਰਾਗੁ ਰਵਿਦਾਸ ਜੀ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ---- ੪੩੯

੧੫ ਭਗਤਾਂ ਦੇ ਸੰਖੇਪ ਜੀਵਨ ------- ੪੪੩

ਭਗਤਿ ਭੰਡਾਰ ਗੁਰਬਾਣੀ ਲਾਲ॥
ਗਾਵਤ ਸੁਨਤ ਕਮਾਵਤ ਨਿਹਾਲ॥ ੨॥

ੴ ਸਤਿਗੁਰ ਪ੍ਰਸਾਦਿ॥

ਤਤਕਰਾ

ਰਾਗ ਮਾਝ ਚਉਪਦੇ ਘਰੁ ੧

ਮਹਲਾ ੪

ਹਰਿ ਹਰਿ ਨਾਮੁ ---------- ੪੪੫
ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ------ ੪੪੭
ਹਰਿ ਗੁਣ ਪੜੀਐ ---------- ੪੪੮
ਹਰਿ ਜਨ ਸੰਤ ਮਿਲਹੁ ਮੇਰੇ ਭਾਈ ----- ੪੪੯
ਹਰਿ ਗੁਰ ਗਿਆਨੁ ---------- ੪੫੦
ਹਉ ਗੁਣ ਗੋਵਿੰਦ ---------- ੪੫੨
ਆਵਹੁ ਭੈਣੇ ਤੁਸੀ ਮਿਲਹੁ ---------- ੪੫੩

ਮਾਝ ਮਹਲਾ ੫ ਚਉਪਦੇ ਘਰੁ ੧

ਉਥਾਨਕਾ ---------- ੪੫੫
ਮੇਰਾ ਮਨੁ ਲੋਚੈ ਗੁਰ ਦਰਸਨ -------- ੪੫੮
ਸਾ ਰੁਤਿ ਸੁਹਾਵੀ ਜਿਤੁ ਤੁਧੁ ---------- ੪੬੫
ਅਨਹਦੁ ਵਾਜੈ ਸਹਜਿ ਸੁਹੇਲਾ ------- ੪੬੬
ਜਿਤੁ ਘਰਿ ਪਿਰਿ ਸੋਹਾਗੁ ---------- ੪੬੭
ਖੋਜਤ ਖੋਜਤ ਦਰਸਨ ਚਾਹੇ -------- ੪੬੮
ਪਾਰਬ੍ਰਹਮ ਅਪਰੰਪਰ ਦੇਵਾ ---------- ੪੭੦
ਕਹਿਆ ਕਰਣਾ ਦਿਤਾ ਲੈਣਾ -------- ੪੭੧
ਦੁਖ ਤਦੇ ਜਾ ਵਿਸਰਿ ਜਾਵੈ ---------- ੪੭੨
ਲਾਲ ਗੋਪਾਲ ਦਇਆਲ ਰੰਗੀਲੇ ----- ੪੭੩
ਧੰਨੁ ਸੁ ਵੇਲਾ ਜਿਤੁ ਮੈ ---------- ੪੭੪
ਸਗਲ ਸੰਤਨ ਪਹਿ ਵਸਤੁ ---------- ੪੭੫
ਵਿਸਰੁ ਨਾਹੀ ਏਵਡ ਦਾਤੇ ---------- ੪੭੬
ਸਿਫਤਿ ਸਾਲਾਹਣੁ ਤੇਰਾ ---------- ੪੭੭
ਤੂੰ ਜਲਨਿਧਿ ਹਮ ਮੀਨ ਤੁਮਾਰੇ------- ੪੭੮
ਅੰਮ੍ਰਿਤ ਨਾਮੁ ਸਦਾ ਨਿਰਮਲੀਆ------ ੪੭੯
ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ---- ੪੮੦
ਪ੍ਰਭ ਕਿਰਪਾ ਤੇ ---------- ੪੮੧
ਓਤਿ ਪੋਤਿ ਸੇਵਕ ---------- ੪੮੨
ਸਭ ਕਿਛੁ ਘਰ ਮਹਿ---------- ੪੮੩
ਤਿਸੁ ਕੁਰਬਾਣੀ ---------- ੪੮੪
ਤੂੰ ਪੇਡੁ ਸਾਖ ਤੇਰੀ ਫੂਲੀ ---------- ੪੮੫
ਸਫਲੁ ਸੁ ਬਾਣੀ ---------- ੪੮੬
ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ------- ੪੮੭
ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ------ ੪੮੯
ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ------ ੪੯੦
ਸੁਣਿ ਸੁਣਿ ਜੀਵਾ ਸੋਇ ਤੁਮਾਰੀ ------ ੪੯੧
ਹੁਕਮੀ ਵਰਸਣ ਲਾਗੇ ਮੇਹਾ --------- ੪੯੨
ਆਉ ਸਾਜਨ ਸੰਤ ਮੀਤ ---------- ੪੯੩
ਭਏ ਕ੍ਰਿਪਾਲ ਗੋਬਿੰਦ ਗੁਸਾਈ-------- ੪੯੪
ਜਿਥੈ ਨਾਮੁ ਜਪੀਐ ---------- ੪੯੫

ਚਰਣ ਠਾਕੁਰ ਕੇ ਰਿਦੈ ਸਮਾਣੇ ------- ੪੯੬
ਮੀਹੁ ਪਇਆ ਪਰਮੇਸਰਿ ਪਾਇਆ ----- ੪੯੭
ਮਨੁ ਤਨੁ ਤੇਰਾ ਧਨੁ ਭੀ ਤੇਰਾ -------- ੪੯੮
ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ----- ੪੯੯
ਸਭੇ ਸੁਖ ਭਏ ਪ੍ਰਭ ਤੁਠੇ---------- ੫੦੦
ਕੀਨੀ ਦਇਆ ਗੋਪਾਲ ਗੁਸਾਈ ------ ੫੦੧
ਸੋ ਸਚੁ ਮੰਦਰੁ ਜਿਤੁ ਸਚੁ ---------- ੫੦੨
ਰੈਣਿ ਸੁਹਾਵੜੀ ਦਿਨਸੁ ਸੁਹੇਲਾ------- ੫੦੩
ਐਥੈ ਤੂੰਹੈ ਆਗੈ ਆਪੇ ---------- ੫੦੪
ਮਨੁ ਤਨੁ ਰਤਾ ਰਾਮ ਪਿਆਰੇ -------- ੫੦੫
ਸਿਮਰਤ ਨਾਮੁ ਰਿਦੈ ਸੁਖੁ ਪਾਇਆ ---- ੫੦੬
ਸੋਈ ਕਰਣਾ ਜਿ ਆਪਿ ਕਰਾਏ ------- ੫੦੭
ਝੂਠਾ ਮੰਗਣੁ ਜੇ ਕੋਈ ਮਾਗੈ --------- ੫੦੮

ਰਾਗ ਮਾਝ ਅਸਟਪਦੀਆ

ਮਹਲਾ ੧ ਘਰੁ ੧ ॥

ਸਬਦਿ ਰੰਗਾਏ ਹੁਕਮਿ ਸਬਾਏ-------- ੫੦੯

ਮਾਝ ਮਹਲਾ ੩ ਘਰੁ ੧ ॥

ਕਰਮੁ ਹੋਵੈ ਸਤਿਗੁਰੂ ਮਿਲਾਏ -------- ੫੧੧

ਮਾਝ ਮਹਲਾ ੫ ॥

ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ---- ੫੧੪

ਮਾਝ ਮਹਲਾ ੩ ॥

ਇਕੋ ਆਪਿ ਫਿਰੈ ਪਰਛੰਨਾ---------- ੫੧੬
ਸਬਦਿ ਮਰੈ ਸੋ ਮੂਆ ਜਾਪੈ---------- ੫੧੮
ਅੰਦਰਿ ਹੀਰਾ ਲਾਲ ਬਣਾਇਆ ------ ੫੨੧
ਸਭ ਘਟ ਆਪੇ ਭੋਗਣਹਾਰਾ --------- ੫੨੩
ਅੰਮ੍ਰਿਤ ਬਾਣੀ ਗੁਰ ਕੀ ਮੀਠੀ -------- ੫੨੬
ਆਪੇ ਰੰਗੇ ਸਹਜਿ ਸੁਭਾਏ---------- ੫੨੮
ਸਤਿਗੁਰੁ ਸੇਵਿਐ ਵਡੀ ਵਡਿਆਈ ----- ੫੩੦
ਆਪ ਵੰਞਾਏ ਤਾ ਸਭ ਕਿਛੁ ਪਾਏ ------ ੫੩੨
ਤੇਰੀਆ ਖਾਣੀ ਤੇਰੀਆ ਬਾਣੀ--------- ੫੩੫
ਐਥੈ ਸਾਚੇ ਸੁ ਆਗੈ ਸਾਚੇ---------- ੫੩੭
ਉਤਪਤਿ ਪਰਲਉ ਸਬਦੇ ਹੋਵੈ ------ ੫੩੯
ਸਤਿਗੁਰੁ ਸਾਚੀ ਸਿਖ ਸੁਣਾਈ -------- ੫੪੧
ਅੰਮ੍ਰਿਤੁ ਨਾਮੁ ਮੰਨਿ ਵਸਾਏ---------- ੫੪੪
ਅੰਮ੍ਰਿਤੁ ਵਰਸੈ ਸਹਜਿ ---------- ੫੪੬
ਸੇ ਸਚਿ ਲਾਗੇ ਜੋ ਤੁਧ ਭਾਏ--------- ੫੪੮
ਵਰਨ ਰੂਪ ਵਰਤਹਿ ਸਭ ਤੇਰੇ-------- ੫੫੦
ਨਿਰਮਲ ਸਬਦੁ ਨਿਰਮਲ ਹੈ ਬਾਣੀ---- ੫੫੨
ਗੋਵਿੰਦੁ ਊਜਲੁ ਊਜਲ ਹੰਸਾ -------- ੫੫੫
ਸਚਾ ਸੇਵੀ ਸਚੁ ਸਾਲਾਹੀ ---------- ੫੫੭
ਤੇਰੇ ਭਗਤਿ ਸੋਹਹਿ ਸਾਚੈ ਦਰਬਾਰੇ----- ੫੫੯
ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ---- ੫੬੨
ਇਸ ਗੁਫਾ ਮਹਿ ਅਖੁਟ ਭੰਡਾਰਾ ------ ੫੬੪
ਗੁਰਮੁਖਿ ਮਿਲੈ ਮਿਲਾਏ ਆਪੇ-------- ੫੬੬
ਏਕਾ ਜੋਤਿ ਜੋਤਿ ਹੈ ਸਰੀਰਾ --------- ੫੬੯
ਮੇਰਾ ਪ੍ਰਭੁ ਭਰਪੂਰਿ ---------- ੫੭੧
ਹਰਿ ਆਪੇ ਮੇਲੇ ਸੇਵ ਕਰਾਏ--------- ੫੭੩
ਊਤਮ ਜਨਮੁ ਸੁਥਾਨਿ ਹੈ ਵਾਸਾ ------ ੫੭੬
ਮਨਮੁਖ ਪੜਹਿ ਪੰਡਿਤ ਕਹਾਵਹਿ ----- ੫੭੮
ਨਿਰਗੁਣੁ ਸਰਗੁਣੁ ਆਪੇ ਸੋਈ-------- ੫੮੦
ਮਾਇਆ ਮੋਹੁ ਜਗਤੁ ਸਬਾਇਆ ------ ੫੮੨
ਆਦਿ ਪੁਰਖੁ ਅਪਰੰਪਰੁ ਆਪੇ -------- ੫੮੫

ਮਾਝ ਮਹਲਾ ੫ ਘਰੁ ੧ ॥

ਅੰਤਰਿ ਅਲਖੁ ਨ ਜਾਈ ਲਖਿਆ ----- ੫੮੭
ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ --- ੫੮੯

ਪ੍ਰਭੁ ਅਬਿਨਾਸੀ ਤਾ ਕਿਆ ---------- ੫੯੨
ਨਿਤ ਨਿਤ ਦਯੁ ਸਮਾਲੀਐ ---------- ੫੯੪
ਹਰਿ ਜਪਿ ਜਪੇ ਮਨੁ ਧੀਰੇ ---------- ੫੯੬

ਬਾਰਹਾ ਮਾਹਾ ਮਾਝ ਮਹਲਾ ੫ ਘਰੁ ੪ ॥

ਉਥਾਨਕਾ---------- ੫੯੮
ਕਿਰਤਿ ਕਰਮ ਕੇ ਵੀਛੁੜੇ ੫੯੮
ਚੇਤਿ ਗੋਵਿੰਦੁ ਅਰਾਧੀਐ ੬੦੦
ਵੈਸਾਖਿ ਧੀਰਨਿ ਕਿਉ ਵਾਢੀਆ ੬੦੧
ਹਰਿ ਜੇਠਿ ਜੁੜੰਦਾ ਲੋੜੀਐ ੬੦੨
ਆਸਾੜੁ ਤਪੰਦਾ ਤਿਸੁ ਲਗੈ ੬੦੪
ਸਾਵਣਿ ਸਰਸੀ ਕਾਮਣੀ ੬੦੬
ਭਾਦੁਇ ਭਰਮਿ ਭੁਲਾਣੀਆ ੬੦੭
ਆਸੁਨਿ ਪ੍ਰੇਮ ਉਮਾਹੜਾ ੬੦੮
ਕਤਿਕਿ ਕਰਮ ਕਮਾਵਣੇ ੬੦੯
ਮੰਘਿਰਿ ਮਾਹਿ ਸੁਹੰਦੀਆ ੬੧੧
ਪੋਖਿ ਤੁਖਾਰੁ ਨ ਵਿਆਪਈ ੬੧੨
ਮਾਘਿ ਮਜਨੁ ਸੰਗਿ ਸਾਧੂਆ ੬੧੩
ਫਲਗੁਣਿ ਅਨੰਦ ਉਪਾਰਜਨਾ ੬੧੪
ਜਿਨਿ ਜਿਨਿ ਨਾਮੁ ਧਿਆਇਆ ੬੧੬

ਮਾਝ ਮਹਲਾ ੫ ਦਿਨ ਰੈਣਿ ॥

ਸੇਵੀ ਸਤਿਗੁਰੁ ਆਪਣਾ ---------- ੬੧੮

ਵਾਰ ਮਾਝ ਕੀ ਤਥਾ ਸਲੋਕ

ਮਹਲਾ ੧ ॥

ਉਥਾਨਕਾ-
ਵਾਰ ਮਾਝ ---------- ੬੨੨
ਗੁਰੁ ਦਾਤਾ ਗੁਰੁ ਹਿਵੈ ਘਰੁ ---------- ੬੨੩
ਜੀਉ ਪਾਇ ਤਨੁ ਸਾਜਿਆ ---------- ੬੨੮
ਅਖੀ ਬਾਝਹੁ ਵੇਖਣਾ ---------- ੬੩੦
ਸੁਇਨੇ ਕੈ ਪਰਬਤਿ ਗੁਫਾ ਕਰੀ ------- ੬੪੨
ਕੂੜੁ ਬੋਲਿ ਮੁਰਦਾਰੁ ਖਾਇ ---------- ੬੪੭
ਜੇ ਰਤੁ ਲਗੈ ਕਪੜੈ ---------- ੬੪੯
ਮਿਹਰ ਮਸੀਤਿ ਸਿਦਕੁ ਮੁਸਲਾ ------- ੬੫੧
ਮੁਸਲਮਾਣੁ ਕਹਾਵਣੁ---------- ੬੫੫
ਨਦੀਆ ਹੋਵਹਿ ਧੇਣਵਾ ---------- ੬੫੭
ਸੋ ਜੀਵਿਆ ਜਿਸੁ ਮਨਿ---------- ੬੫੯
ਜਾ ਪਕਾ ਤਾ ਕਟਿਆ ---------- ੬੬੨
ਮਛੀ ਤਾਰੂ ਕਿਆ ਕਰੇ---------- ੬੬੬
ਹਮ ਜੇਰ ਜਿਮੀ ਦੁਨੀਆ ---------- ੬੬੯
ਸੀਹਾ ਬਾਜਾ ਚਰਗਾ ਕੁਹੀਆ--------- ੬੭੨
ਤੁਧੁ ਭਾਵੈ ਤਾ ਵਾਵਹਿ ਗਾਵਹਿ------- ੬੭੫
ਕਲਿ ਕਾਤੀ ਰਾਜੇ ਕਾਸਾਈ---------- ੬੭੭
ਸਬਾਹੀ ਸਾਲਾਹ ਜਿਨੀ ਧਿਆਇਆ ---- ੬੮੦
ਅਠੀ ਪਹਰੀ ਅਠ ਖੰਡ ---------- ੬੮੫
ਪਹਿਰਾ ਅਗਨਿ ਹਿਵੈ ਘਰੁ---------- ੬੮੮
ਨਾਨਕ ਗੁਰੁ ਸੰਤੋਖੁ ਰੁਖੁ ---------- ੬੯੦
ਤੁਮੀ ਤੁਮਾ ਵਿਸੁ ---------- ੬੯੨
ਮੰਤ੍ਰੀ ਹੋਇ ਅਠੂਹਿਆ ---------- ੬੯੪
ਮਾਰੂ ਮੀਹਿ ਨ ਤ੍ਰਿਪਤਿਆ ---------- ੬੯੬
ਖਤਿਅਹੁ ਜੰਮੇ ਖਤੇ ਕਰਨਿ---------- ੬੯੮
ਭੈ ਵਿਚਿ ਜੰਮੈ ਭੈ ਮਰੈ ---------- ੬੯੯
ਸਿਰੁ ਖੋਹਾਇ ਪੀਅਹਿ ਮਲਵਾਣੀ------ ੭੦੦
ਦੀਖਿਆ ਆਖਿ ਬੁਝਾਇਆ --------- ੭੦੫
ਸ਼ਬਦਾਂ ਦੀ ਗਿਣਤੀ ---------- ੭੦੭
ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ
ਦੀ ਕਵਿਤਾ ---------- ੭੦੮

ਮੁੱਖ-ਬੰਧ

ਵੱਲੋਂ - ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ।

ਗੁਰਬਾਣੀ ਦੇ ਅਰਥ ਪਰਪੰਰਾ-ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਤੱਕ ਗੁਰਬਾਣੀ ਦੇ ਅਰਥ ਗੁਰੂ ਸਾਹਿਬਨ ਜਾਂ ਵਿੱਦਵਾਨ ਗੁਰ ਸਿੱਖਾਂ ਦੀ ਰਸਨਾਂ ਰਾਹੀਂ ਸੀਨਾ ਬਸੀਨਾ ਸਿੱਖ ਸੰਗਤਾਂ ਤੱਕ ਅਪੜਦੇ ਰਹੇ। ਗੁਰਬਾਣੀ ਦੇ ਕੁਝ ਕੁ ਪਦਾਂ ਦੇ ਭਾਵ ਅਰਥ ਗੁਰਬਾਣੀ ਰਾਹੀਂ ਵੀ ਸਪੱਸ਼ਟ ਕੀਤੇ ਜਾਂਦੇ ਰਹੇ, ਜਿਵੇਂ ਕਿ ''ਦੀਵਾ ਬਲੈ ਅੰਧੇਰਾ ਜਾਇ'' ਵਿਚ ਆਏ ਦੀਵੇ ਦਾ ਭਾਵ ਅਰਥ ਹੋਰ ਥਾਵੇਂ ਇਸ ਤਰ੍ਹਾਂ ਕੀਤਾ ਗਿਆ ਹੈ ''ਦੀਵਾ ਮੇਰਾ ਏਕੁ ਨਾਮੁ'' ਅਤੇ ਅੰਧੇਰਾ ਸ਼ਬਦ ਦਾ ਅੰਤ੍ਰੀਵ ਅਰਥ 'ਅਗਿਆਨਿ ਅੰਧੇਰੈ ਸੂਝਸਿ ਨਾਹੀ' ਤੁਕ ਵਿਚ ਸਪੱਸ਼ਟ ਕਰ ਦਿੱਤਾ ਗਿਆ ਹੈ। ਇਵੇਂ ਹੀ ''ਬਾਬੀਹਾ ਅੰਮ੍ਰਿਤ ਵੇਲੈ ਬੋਲਿਆ'' 'ਚ ਆਏ ਬਾਬੀਹਾ ਪਦ ਦਾ ਮਤਲਬ ਦਰਸਾਂਦਿਆਂ ਹਜ਼ੂਰ ਫੁਰਮਾਉਂਦੇ ਹਨ ਕਿ ''ਬਾਬੀਹਾ ਏਹੁ ਜਗਤੁ ਹੈ'' ਆਦਿ।

ਜਨਮ ਸਾਖੀਆਂ ਦੇ ਲਿਖਣ ਮਮੇਂ ਸਾਖੀ ਲੇਖਕਾਂ ਨੇ ਗੁਰਬਾਣੀ ਦੀਆਂ ਕੁਝ ਤੁਕਾਂ ਜਾਂ ਸ਼ਬਦਾਂ ਦੇ ਪ੍ਰਮਾਰਥ ਵੀ ਲਿਖੇ ਹਨ ਜ਼ੋ ਗੁਰਬਾਣੀ ਦੇ ਅਰਥਾਂ ਦਾ ਲਿਖਤੀ ਆਰੰਭ ਸਮਝਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਕਬਿੱਤ ਸ੍ਵੈਯਾਂ ਅਤੇ ਵਾਰਾਂ ਵਿਚ ਵੀ ਬਹੁਤ ਸਾਰੀਆਂ ਗੁਰਬਾਣੀ ਦੀਆਂ ਤੁਕਾਂ ਦੇ ਮੁਸ਼ਕਲ ਅਰਥਾਂ ਤੇ ਭਾਵਾਂ ਨੂੰ ਖੋਹਲ ਕੇ ਵਰਨਣ ਕੀਤਾ ਹੈ ਇਸੇ ਲਈ ਹੀ ਤਾਂ ਪੰਚਮ ਪਾਤਸ਼ਾਹ ਜੀ ਨੇ ਆਪ ਜੀ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਵਰਦਾਨ ਦਿੱਤਾ ਸੀ।

ਗੁਰਬਾਣੀ ਦੇ ਟੀਕਿਆਂ ਸੰਬੰਧੀ ਜਾਣਕਾਰੀ ਦੇਣ ਤੋਂ ਪਹਿਲਾਂ ਪਾਠਕਾਂ ਦੀ ਵਾਕਫ਼ੀਅਤ ਵਿਚ ਵਾਧਾ ਕਰਨ ਦੇ ਖਿਆਲ ਨਾਲ ਅਸੀਂ ਟੀਕੇ ਦਾ ਲੱਛਣ ਟੀਕੇ ਦੀਆਂ ਕਿਸਮਾਂ ਤੇ ਹਰ ਪ੍ਰਕਾਰ ਦੇ ਟੀਕੇ ਵਿਚ ਵਰਨਣ ਯੋਗ ਛੇ ਨੁਕਤਿਆਂ ਦਾ ਵੇਰਵਾ ਹੇਠਾਂ ਦਰਜ ਕਰਦੇ ਹਾਂ:-

ਟੀਕਾ-ਹਰ ਤੁਕ ਵਿਚ ਆਏ ਇਕ ਪਦ ਦਾ ਦੂਸਰੇ ਪਦਾਂ ਤੋਂ ਅਰਥ ਅਤੇ ਭਾਵ ਅਰਥ ਦਾ ਵਰਣਨ ਕਰਨਾ ਟੀਕਾ ਅਖਵਾਉਂਦਾ ਹੈ। ਟੀਕਾ ਅੱਗੋਂ ਦੋ ਤਰ੍ਹਾਂ ਦਾ ਮੰਨਿਆ ਗਿਆ।

੧. ਪਿੰਜਕਾ-ਜਿਸ ਟੀਕੇ ਵਿਚ ਸਾਰੇ ਪਦਾਂ ਦੀ ਵਿਆਖਿਆ ਕੀਤੀ ਜਾਵੇ।

੨. ਅਪਿੰਜਕਾ-ਕਿਤੇ ਕਿਤੇ ਮੁਸ਼ਕਲ ਪਦਾਂ ਦੀ ਹੀ ਵਿਆਖਿਆ ਕਰਨੀ ਇਸੇ ਦਾ ਹੀ ਛੋਟਾ ਸਰੂਪ 'ਪ੍ਰਜਾਯ' (ਪਦ ਅਰਥ) ਹੈ।

ਇਨ੍ਹਾਂ ਦੋ ਪ੍ਰਕਾਰ ਦੇ ਟੀਕਿਆਂ ਨੂੰ ਅੱਗੋਂ ਫਿਰ ਅੱਠ ਤਰ੍ਹਾਂ ਦੇ ਲਿਖਿਆ ਹੈ:-

੧. ਅਵਤਰਨ ਵਾਲਾ ਟੀਕਾ-ਉਥਾਨਕਾ ਵਾਲਾ ਟੀਕਾ, ਭਾਵ ਇਹ ਕਿ ਅਰਥ ਕਰਨ ਲਗਿਆਂ ਇਹ ਧਿਆਨ ਰਖਿਆ ਜਾਵੇ ਕਿ ਮੇਰਾ ਅਰਥ ਉਥਾਨਕਾ ਨਾਲ ਮੇਲ ਖਾਂਦਾ ਵੀ ਹੈ ਕਿ ਨਹੀਂ।

੨. ਪ੍ਰਤੀਕ ਵਾਲਾ ਟੀਕਾ-ਪ੍ਰਤੀਕ ਨਾਮ ਮੂਲ ਦੇ ਅਰਥ ਦਾ ਹੈ। ਉਹ ਟੀਕਾ ਜਿਸ ਵਿਚ ਕਠਨ ਪਦ ਦਾ ਮੂਲ ਅਰਥ ਕਹਿ ਕੇ ਮਗਰੋਂ ਭਾਵ ਲਿਖਿਆ ਜਾਵੇ।

੩. ਨਿਗਦ ਵਖਿਆਨ-ਬਹੁਤ ਸਾਰਾ ਪਾਠ ਲਿਖ ਕੇ ਪਦ ਅਰਥ ਕੀਤੇ ਬਿਨਾਂ ਭਾਵ ਲਿਖਣ ਨੂੰ ਨਿਗਦ ਵਖਿਆਨ ਆਖਦੇ ਹਨ।

੪. ਭਾਸ਼ਜ-ਮੂਲ ਗ੍ਰੰਥਾਂ ਦੇ ਪਦਾਂ ਦੀ ਅਤੇ ਆਪਣੇ ਟੀਕੇ ਦੇ ਕਠਨ ਪਦਾਂ ਦੇ ਟੀਕੇ ਨੂੰ ਭਾਸ਼ਜ ਕਹਿੰਦੇ ਹਨ।

੫. ਵਾਰਤਕ-ਮੂਲ ਗ੍ਰੰਥ ਵਿਚ ਕਹੀ ਹੋਈ ਗੱਲ ਪੂਰਨ ਕਰਕੇ ਅਤੇ ਦੁਬਾਰਾ ਕਹੇ ਪਦਾਂ ਵਿਚੋਂ ਪੁਨ ਰੁਕਤੀ ਦੋਸ਼ ਦੂਰ ਕਰਕੇ ਉਸ ਦੇ ਅਰਥ ਪ੍ਰਕਾਸ਼ਨ ਨੂੰ ਵਾਰਤਕ ਕਹੀਦਾ ਹੈ।

੬. ਉਪਪੱਤਿ-ਜਿਸ ਟੀਕੇ ਵਿਚ ਆਖੇਪ (ਸ਼ੰਕੇ) ਤੇ ਸਮਾਧਾਨਾਂ (ਉੱਤ੍ਰਾਂ) ਦਾ ਵਰਣਨ ਹੋਵੇ ਜਾਂ ਆਖੇਪ ਤੋਂ ਬਿਨਾਂ ਹੀ ਉਕਤੀ ਜੁਗਤੀ ਨਾਲ ਅਰਥ ਸਿੱਧ ਕੀਤੇ ਜਾਣ ਉਸ ਨੂੰ 'ਉਪਪੱਤਿ ਟੀਕਾ' ਆਖਦੇ ਹਨ ਇਸੇ ਨੂੰ ਫਾਰਸੀ ਵਿਚ ਤਫਸੀਰ ਕਹਿੰਦੇ ਹਨ, ਇਕ ਪੱਦ ਦੇ ਅਨੇਕ ਅਰਥ* ਵੀ ਉਪਪੱਤਿ ਰੂਪ ਟੀਕੇ ਨਾਲ ਹੀ ਹੁੰਦੇ ਹਨ ਜਿਵੇਂ ਕਿ ਓਅੰਕਾਰ ਸ਼ਬਦ ਦੇ ਅਰਥ।

੭. ਟੀਕਾ ਮਾਤ-ਉਹ ਟੀਕਾ ਜਿਸ ਵਿਚ ਸਾਮਾਨ ਰੂਪ ਕਰਕੇ ਪਦ ਛੇਦ ਆਦਿਕ ਕੀਤਾ ਜਾਵੇ। ਫਾਰਸੀ ਵਿਚ ਇਸ ਨੂੰ ਸੁਰਹ ਆਖਦੇ ਹਨ।

੮. ਟਿੱਪਣੀ-ਗ੍ਰੰਥ ਦੇ ਹਾਸ਼ੀਏ ਤੇ ਸੰਖੇਪ ਕਰਕੇ ਲਿਖਿਆ ਟੀਕਾ ਟਿੱਪਣੀ ਅਖਵਾਉਂਦਾ ਹੈ।

ਉਲਥਾ-ਸਾਬਤ ਮੂਲ ਉਲਟਾ ਕੇ ਹੋਰ ਬੋਲੀ ਵਿਚ ਲਿਖ ਦੇਣ ਦਾ ਨਾਮ ਟੀਕਾ ਨਹੀਂ ਹੁੰਦਾ ਉਸ ਦਾ ਨਾਮ ਭਾਖਾਂਤਰ, ਫਾਰਸੀ 'ਚ ਤਰਜਮਾ, ਉਰਦੂ 'ਚ ਉਲਥਾ ਅਤੇ ਹਿੰਦੀ ਵਿਚ ਅਨੁਵਾਦ ਹੈ।

ਉਪਰ ਕਹੇ ਸਾਰੇ ਤਰ੍ਹਾਂ ਦੇ ਟੀਕਿਆਂ ਵਿਚ ਹੇਠ ਲਿਖੇ ਛੇ ਨੁਕਤਿਆਂ ਦਾ ਧਿਆਨ ਰਖਣਾ ਵੀ ਬੜਾ ਜ਼ਰੂਰੀ ਹੈ।

੧. ਪਦ-ਛੇਦ-ਤੁਕ ਵਿਚ ਆਏ ਪਦਾਂ ਨੂੰ ਵੱਖ ਵੱਖ ਕਰਕੇ ਲਿਖਣ ਜਾਂ ਬੋਲਣ ਦਾ ਨਾਮ ਪਦ-ਛੇਦ ਹੈ ਜਿਵੇਂ ''ਪਵਣੁ ਗੁਰੂ ਪਾਣੀ ਪਿਤਾ'' ਆਦਿ।

੨. ਪਦਾਰਥੋਕਤ-ਮੂਲ ਵਿਚ ਆਏ ਪਦਾਂ ਦਾ ਅਰਥ ਕਹਿਣਾ ਜਾਂ ਲਿਖਣਾ ਅਰਥ ਪੂਰਣਤਾ ਲਈ ਜਿੰਨਾਂ ਪਾਠ ਵੀ ਲੋੜ ਹੋਵੇ ਉਨ੍ਹਾਂ ਪਾਠ ਉਪਰੋਂ ਕਲਪਨਾ ਨਾਲ ਲਗਾ ਲੈਣ ਨੂੰ **'ਅਧਿਜਾਹਾਰ'** ਆਖਦੇ ਹਨ।

੩. ਵਿਗ੍ਰਹ ਦਾ -ਦੇ ਆਦਿ ਮੇਲ ਕੇ ਪਦ ਦਾ ਅਰਥ ਲਿਖਣਾ ਜਿਵੇਂ;-ਗਤਿ ਆਦਿ ਹਨ ਨਾਮ ਜਿਸ ਦੇ ਉਹ ਸਤਿਨਾਮ ਕਹੀਦਾ ਹੈ ਏਥੇ 'ਜਿਸ ਦਾ' ਮੇਲ ਕੇ ਅਰਥ ਕੀਤਾ ਹੈ ਇਸ ਨੂੰ 'ਵਿਗ੍ਰਹ' ਆਖਦੇ ਹਨ।

੪. ਵਾਕ ਯੋਜਨਾ-ਅੱਡ ਅੱਡ ਵਾਕਾਂ ਦੇ ਅਰਥਾਂ ਦਾ ਮਿਲਾਪ ਰੂਪ ਯੋਜਨਾ ਕਰਨੀ। ਇਸੇ ਨੂੰ ਅਨ੍ਵੈ ਕਰਨਾ ਆਖਦੇ ਹਨ ਉਰਦੂ ਵਿਚ ਇਸ ਨੂੰ ਨਜ਼ਮ (ਕਵਿਤਾ) ਦੀ ਨਸਰ (ਵਾਰਤਕ) ਬਣਾਉਣੀ ਆਖਦੇ ਹਨ।

**ਪੰਡਿਤ ਤਾਰਾ ਸਿੰਘ ਜੀ ਨਰੋਤਮ ਆਪਣੀ ਪੁਸਤਕ ਸ੍ਰੀ ਗੁਰਮਤਿ ਨਿਰਣਯਾ ਸਾਗਰ ਦੇ ਪੰਨਾ ੪੩, ੪੪ ਤੇ ਲਿਖਦੇ ਹਨ ਕਿ ਬਹੁਤੇ ਅਰਥ ਕਰਨ ਲਗਿਆਂ ਇਹ ਧਿਆਨ ਰਖਣਾ ਬੜਾ ਜ਼ਰੂਰੀ ਹੈ ਕਿ ਜਿਸ ਸਿਧਾਂਤ ਵਿਚ ਗ੍ਰੰਥਕਾਰ ਦਾ ਅਪਣਾ ਨਿਸਚਾ ਹੈ ਉਸ ਵਿਚ ਫਰਕ ਨ ਆਵੇ ਤਾਂ ਸਾਰੇ ਟੀਕੇ ਪ੍ਰਵਾਨ ਹਨ, ਬਹੁਤੇ ਅਰਥ ਹੋਣਾ ਬਾਣੀ ਦੀ ਗੰਭੀਰਤਾ ਦੇ ਲਖਾਯਕ ਹਨ। ਬਾਣੀ ਦਾ ਭੂਖਣ ਹੈ ਦੂਖਣ ਨਹੀਂ।*

੫. **ਆਖੇਪ**-ਵਾਕ ਯੋਜਨਾ ਨਾਲ ਸਿੱਧ ਹੋਏ ਅਰਥ ਵਿਚ ਆਸ਼ੰਕਾ ਕਰਨੀ।

੬. **ਸਮਾਧਾਨ**-ਅਰਥ ਵਿਚ ਕੀਤੀ ਸ਼ੰਕਾ ਦਾ ਯੋਗ ਉੱਤਰ ਲਿਖਣਾ।

ਗੁਰਬਾਣੀ ਦੇ ਟੀਕਿਆਂ ਦਾ ਆਰੰਭ-ਗੁਰਬਾਣੀ ਦੇ ਟੀਕਾ ਸਾਹਿਤ ਵਿਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਭਤੀਜੇ ਅਰਥਾਤ ਉਨ੍ਹਾਂ ਦੇ ਵੱਡੇ ਭ੍ਰਾਤਾ ਪ੍ਰਿਥੀ ਚੰਦ ਦੇ ਸਪੁੱਤਰ ਸੋਢੀ ਮਿਹਰਵਾਨ ਵੱਲੋਂ ਜਪੁਜੀ, ਸੋਦਰ ਰਹਰਾਸਿ, ਕੀਰਤਨ ਸੋਹਿਲਾ, ਆਸਾ ਜੀ ਦੀ ਵਾਰ, ਓਅੰਕਾਰ ਅਤੇ ਸਿਧ ਗੋਸਟ ਆਦਿ ਬਾਣੀਆਂ ਦੇ ਟੀਕੇ ੧੭ਵੀਂ ਸਦੀ ਬਿਕ੍ਰਮੀ ਵਿਚ ਹੀ ਤਿਆਰ ਕੀਤੇ ਜਾਣ ਦਾ ਪਤਾ ਚਲਦਾ ਹੈ। ਉਹਨਾਂ ਤੋਂ ਬਾਅਦ ਇਸ ਟੀਕਾ ਪੱਧਤੀ ਨੂੰ ਉਨ੍ਹਾਂ ਦੇ ਵਿਚਕਾਰਲੇ ਪੁੱਤਰ ਹਰਿ ਜੀ ਨੇ ਅੱਗੋਂ ਜਾਰੀ ਰੱਖਿਆ। ਜਿਸ ਦਾ ਪਤਾ ਸੋਢੀ ਮਿਹਰਵਾਨ ਵੱਲੋਂ ਲਿਖੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜਨਮ ਸਾਖੀ ਅਤੇ ਸੁਖਮਨਾ ਮਹਲਾ ੬ਵਾਂ ਦੇ ਨਾਂ ਹੇਠ ਦੂਜੀ ਪੁਸਤਕ ਵਿਚ ਹਰਿ ਜੀ ਵੱਲੋਂ ਕੀਤੇ ਗੁਰਬਾਣੀ ਦੇ ਅਰਥਾਂ ਅਤੇ ਵਿਆਖਿਆ ਤੋਂ ਭਲੀ ਭਾਂਤ ਲਗ ਜਾਂਦਾ ਹੈ, ਜਿਵੇਂ ਕਿ ਪਿੱਛੇ ਲਿਖ ਆਏ ਹਾਂ ਕਿ ਹੋਰ ਜਨਮ ਸਾਖੀਆਂ ਵਿਚ ਵੀ ਕੁਝਕੁ ਸ਼ਬਦਾਂ ਜਾਂ ਤੁਕਾਂ ਦੇ ਪ੍ਰਮਾਰਥ ਲਿਖੇ ਮਿਲਦੇ ਹਨ ਪਰ ਉਹ ਕਿਸੇ ਬਾਣੀ ਦੇ ਮੁਕੰਮਲ ਟੀਕੇ ਨਹੀਂ ਕਹੇ ਜਾ ਸਕਦੇ।

ਸੰਪ੍ਰਦਾਈ ਅਰਥ ਪ੍ਰਣਾਲੀ-ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਕੀ ਕਾਂਸ਼ੀ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ, ਜ਼ਿਲਾ ਬਠਿੰਡਾ) ਵਿਖੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸਿੱਖ ਸੰਗਤਾਂ ਨੂੰ ਆਪਣੀ ਰਸਨਾਂ ਤੋਂ ਸੁਣਾਏ ਉਨ੍ਹਾਂ ਅਰਥਾਂ ਨੂੰ ਬ੍ਰਹਮ ਗਿਆਨੀ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਸਿੱਖ ਸੰਗਤਾਂ ਵਿਚ ਪ੍ਰਚਾਰਿਆ, ਇਸ ਭਰੁਾਂ ਇਹ ਗੁਰਬਾਣੀ ਦੇ ਸੰਪ੍ਰਦਾਈ ਅਰਥਾਂ ਦੀ ਟਕਸਾਲ ਚੱਲੀ ਜੋ ਅੱਗੋਂ ਜਾ ਕੇ ਕਈ ਸ਼ਾਖਾਂ ਰੂਪ ਹੋ ਕੇ ਜਗਤ ਵਿਚ ਫੈਲੀ। ਭਾਈ ਚੰਦਾ ਸਿੰਘ ਜੀ ਤੱਕ ਇਹ ਸੰਪ੍ਰਦਾਈ ਅਰਥ ਸੀਨਾ ਬਸੀਨਾ ਚਲੇ ਆਏ। ਭਾਈ ਚੰਦਾ ਸਿੰਘ ਜੀ ਨੇ ਇਨ੍ਹਾਂ ਅਰਥਾਂ ਨੂੰ ਕਲਮ ਬੰਦ ਕਰਨ ਦਾ ਪਹਿਲਾ ਉੱਦਮ ਕੀਤਾ। ਜਿਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਜਾਯ ਸ਼ਬਦਾਰਥ ਕੋਸ਼ ਤੇ ਟੀਕੇ ਲਿਖਣ ਦਾ ਆਰੰਭ ਹੋਇਆ। ਹੁਣ ਅਸੀਂ ਗੁਰਬਾਣੀ ਦੇ ਹੁਣ ਤੱਕ ਲਿਖੇ ਜਾ ਚੁਕੇ ਪ੍ਰਜਾਵਾਂ, ਕੋਸ਼ਾਂ ਤੇ ਟੀਕਿਆਂ ਦਾ ਲੜੀਵਾਰ ਵੇਰਵਾ ਪੇਸ਼ ਕਰਾਂਗੇ।

ਪ੍ਰਜਾਯ-ਸਮ ਅਰਥਕ ਸ਼ਬਦਾਂ ਨੂੰ ਪ੍ਰਜਾਯ ਆਖਦੇ ਹਨ, ਗੁਰਬਾਣੀ ਦੇ ਕਠਿਨ ਸ਼ਬਦਾਂ ਦੇ ਅਰਥਾਂ ਨੂੰ ਵੀ ਪ੍ਰਜਾਯ ਨਾਮ ਨਾਲ ਹੀ ਵਰਣਨ ਕੀਤਾ ਗਿਆ ਹੈ।

(ੳ) **ਪ੍ਰਜਾਯ ਸ੍ਰੀ ਗੁਰੂ ਗ੍ਰੰਥ ਸਾਹਿਬ**-ਸੰਪ੍ਰਦਾਈ ਗਿਆਨੀ ਭਾਈ ਚੰਦਾ ਸਿੰਘ ਜੀ ਦੇ ਲਿਖੇ ਹੋਏ ਇਹ ਪ੍ਰਜਾਯ ਪਹਿਲੋਂ ਪਹਿਲ ੧੮੮੮ ਈਸਵੀ ਵਿਚ ਛਾਪੇ ਗਏ। ਇਕ ਪ੍ਰਜਾਯ ਫਾਰਸੀ ਪਦੋ 'ਕੇ' ਦੇ ਨਾਮ ਹੇਠ ਗਿਆਨੀ ਚੰਦਾ ਸਿੰਘ ਜੀ ਦੇ ਛੋਟੇ ਪ੍ਰਜਾਯ ਵੀ ਮਿਲਦੇ ਹਨ। ਪਭਿਲਿਆਂ ਨੂੰ ਵੱਡੇ ਪ੍ਰਜਾਯ ਆਖਦੇ ਹਨ।

(ਅ) **ਪ੍ਰਜਾਯ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**-ਦੇ ਸਮੱਗ੍ਰ, ਸਾਖੀਆਂ ਟੁਕ ਮਾਤ੍ਰ ਅਰ ਉਥਾਨਕਾ ਸਹਿਤ ਸੰਪ੍ਰਦਾਈ ਅਰਥ ਹੈਂ ਕ੍ਰਿਤ ਸੰਤ ਸੁਤੇ ਪ੍ਰਕਾਸ਼ ਜੀ ਸਾਧੂ। ਇਸ ਨੂੰ ਲਿਖ ਕੇ ਸਮਾਪਤ ਕਰਨ ਦਾ ਸੰਨ ੧੮੯੮ ਈਸਵੀ ਹੈ। ਇਹ ਬੜਾ ਵੱਡਾ ਗ੍ਰੰਥ ਹੈ ਵੱਡੇ ਅਕਾਰ ਦੇ ਇਸ ਦੇ ੧੪੪੦ ਪੰਨੇ ਹਨ।

(ਏ) **ਪ੍ਰਜਾਯ ਗੁਰੂ ਗ੍ਰੰਥ ਸਾਹਿਬ**-ਸਾਧੂ ਗੋਬਿੰਦ ਦਾਸ ਉਦਾਸੀਨ ਨੇ ਇਹ ਪ੍ਰਜਾਯੇ ਲਿਖ ਕੇ ੧੯੨੮ ਈਸਵੀ 'ਚ ਪੰਜਾਂ ਜਿਲਦਾਂ 'ਚ ਛਪਵਾਏ ਇਹ ਕੇਵਲ ਪ੍ਰਜਾਯ ਨਹੀਂ ਸਗੋਂ ਮੁਸ਼ਕਲ ਸ਼ਬਦਾਂ ਤੇ ਤੁਕਾਂ ਦਾ ਵਿਸਥਾਰ ਸਹਿਤ ਟੀਕਾ ਹੀ ਹਨ।

(ਸ) **ਪ੍ਰਜਾਯ ਸ੍ਰੀ ਗੁਰੂ ਗ੍ਰੰਥ ਸਾਹਿਬ**-ਭਾਈ ਸ਼ਾਮ ਸਿੰਘ ਜੀ ਦੇ ੧੯੬੩ ਬਿ: ਦੇ ਲਿਖੇ ਹੋਏ ਮਿਲਦੇ ਹਨ।

(ਹ) **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ**-ਕਈ ਵਿਦਵਾਨਾਂ ਨੇ ਮਿਲਕੇ ਇਕ ਪੰਨੇ ਤੇ ਮੂਲ ਪਾਠ ਤੇ ਦੂਜੇ ਪੰਨੇ ਤੇ ਨੰਬਰ ਲਾ ਕੇ ਮੁਸ਼ਕਲ ਸ਼ਬਦਾਂ ਜਾਂ ਤੁਕਾਂ ਦੇ ਅਰਥ ਜਾਂ ਕੋਈ ਵਿਸ਼ੇਸ਼ ਜਾਣਕਾਰੀ ਦਿੱਤੀ ਹੋਈ ਹੈ। ਇਸ ਦੀ ਪਹਿਲੀ ਐਡੀਸ਼ਨ ੧੯੩੬ ਈਸਵੀ ਨੂੰ ਚਾਰ ਜਿਲਦਾਂ ਵਿਚ ਗੁਰਸੇਵਕ ਸਭਾ ਵੱਲੋਂ ਪ੍ਰਕਾਸ਼ਤ ਕੀਤੀ ਗਈ।

੨. **ਕੋਸ਼**-ਪ੍ਰਜਾਵਾਂ ਤੋਂ ਬਾਅਦ ਕੋਸ਼ਾਂ ਦੇ ਲਿਖਣ ਦੀ ਵਾਰੀ ਆਉਂਦੀ ਹੈ। ਅੱਖਰਾਂ ਜਾਂ ਅੱਖਰਾਂ ਤੇ ਮਾਤ੍ਰਾ ਦੇ ਕ੍ਰਮ ਅਨੁਸਾਰ ਸ਼ਬਦਾਂ ਨੂੰ ਲਿਖ ਕੇ ਉਨ੍ਹਾਂ ਸ਼ਬਦਾਂ ਦੀ ਵਿਯੁਤਪਤੀ, ਵਿਆਕਰਣਕ ਰੂਪ ਤੇ ਭਾਸ਼ਾ ਆਦਿ ਦੀ ਵਾਕਫੀਅਤ ਸਹਿਤ ਲਿਖੇ ਗਏ ਅਰਥਾਂ ਨੂੰ ਕੋਸ਼ ਆਖਦੇ ਹਨ। ਗੁਰਬਾਣੀ ਦੇ ਅਰਥਾਂ ਦੇ ਮੁਖ ਕੋਸ਼ ਹੇਠ ਲਿਖੇ ਅਨੁਸਾਰ ਹਨ।

(ੳ) **ਗੁਰ ਸਿਮਰਥ ਕੋਸ਼**-ਪੰਡਿਤ ਤਾਰਾ ਸਿੰਘ ਜੀ ਨਰੋਤਮ ਰਚਿਤ ਗੁਰਬਾਣੀ ਦੇ ਸ਼ਬਦਾਂ ਦਾ ਇਹ ਪਹਿਲਾ ਕੋਸ਼ ਹੈ ਇਹ ਉਨ੍ਹਾਂ ੧੮੮੯ ਈਸਵੀ ਵਿਚ ਲਿਖ ਲਿਆ ਸੀ ਪਰ ੧੮੯੫ ਈਸਵੀ ਵਿਚ ਪਟਿਆਲੇ ਛਪਿਆ, ਦੋ ਜਿਲਦਾਂ ਵਿਚ ਵੱਡੇ ਅਕਾਰ ਦੇ ੭੦੬ ਪੰਨੇ ਹਨ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਤੋਂ ਇਲਾਵਾ ਸਿੱਖ ਸਾਹਿਤ ਦੇ ਹੋਰ ਸ਼ਬਦ ਵੀ ਹਨ।

(ਅ) **ਸ੍ਰੀ ਗੁਰੂ ਗ੍ਰੰਥ ਕੋਸ਼**-ਇਸ ਕੋਸ਼ ਨੂੰ ਭਾਈ ਹਜ਼ਾਰਾ ਸਿੰਘ ਜੀ ਗਿਆਨੀ ਜੋ ਭਾਈ ਵੀਰ ਸਿੰਘ ਜੀ ਦੇ ਨਾਨਾ ਜੀ ਸਨ-ਨੇ ਸੰਖੇਪ ਰੂਪ ਵਿਚ ਲਿਖਿਆ। ਜਿਸਨੂੰ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਨੇ ੧੮੯੯ ਈਸਵੀ ਵਿਚ ਪ੍ਰਕਾਸ਼ਤ ਕੀਤਾ- ਬਾਅਦ ਵਿਚ ਇਸੇ ਕੋਸ਼ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵਧਾ ਕੇ ਸੋਧ ਕੇ ਤੇ ਹੋਰ ਨਵੀਆਂ ਖੋਜਾਂ ਤੇ ਵਿਅਤੁਪਤੀਆਂ ਦਰਜ ਕਰਕੇ ਛਾਪਿਆ।

(ੲ) **ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ**-ਬਿਸ਼ਨ ਦਾਸ ਜੀ ਉਦਾਸੀ ਦਾ ਲਿਖਿਆ ਇਹ ਕੋਸ਼ ਸ੍ਰੀ ਅੰਮ੍ਰਿਤਸਰ ਵਿਚ ੧੯੫੫ ਬਿ: ਵਿਚ ਛਪਿਆ।

(ਸ) **ਆਦਿ ਸ੍ਰੀ ਗੁਰੂ ਗ੍ਰੰਥ ਪਦਾਰਥ ਪ੍ਰਕਾਸ਼ ਕੋਸ਼**-ਇਸ ਨੂੰ ਭਾਈ ਭਗਵਾਨ ਸਿੰਘ ਜੀ ਗਿਆਨੀ ਨੇ ਸੰਗ੍ਰਹਿ ਕੀਤਾ ਜੋ ੧੯੦੧ ਈਸਵੀ ਵਿਚ ਛਾਪਿਆ ਗਿਆ।

(ਹ) **ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼**-ਜਿਸ ਨੂੰ ਭਾਈ ਕਾਹਨ ਸਿੰਘ ਜੀ ਨਾਭਾ ਨੇ ਬੜੀ ਮਿਹਨਤ ਤੇ ਖੋਜ ਨਾਲ ਲਿਖਿਆ ਹੈ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਸ਼ਬਦਾਂ ਦੇ ਅਰਥਾਂ ਤੋਂ ਇਲਾਵਾ ਹੋਰ ਸਾਰੇ ਸਿੱਖ ਸਾਹਿਤ ਦੇ ਸ਼ਬਦਾਂ ਦੇ ਅਰਥ ਅਤੇ ਵਿਸ਼ੇਸ਼ ਜਾਣਕਾਰੀ ਨਾਲ ਭਰਪੂਰ ਗੁਰਮਤਿ ਸਾਹਿਤ ਦਾ ਇਹ ਸਭ ਤੋਂ ਵੱਡਾ ਕੋਸ਼ ਹੈ। ਇਸ ਦੀਆਂ ਇਹ ਵੱਡੇ ਅਕਾਰ ਦੀਆਂ ੪ ਚਾਰ ਜਿਲਦਾਂ ਵਿਚ ਕੁਲ ੩੩੩੮ ਪੰਨੇ ਹਨ।

(ਕ) **ਸਮ ਅਰਥ ਕੋਸ਼**-ਮੇਰੇ ਵੱਲੋਂ ਲਿਖਿਆ ਗਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਸਿੱਖ ਸਾਹਿਤ ਵਿਚੋਂ ਇਕੱਤ੍ਰ ਕੀਤੇ ਗਏ ਪ੍ਰਯਾਵਾਂ ਵਾਚਕ ਸ਼ਬਦਾਂ ਦਾ ਅੱਖਰਾਂ ਤੇ ਮਾਤ੍ਰਾ ਦੇ ਕਰਮ ਅਨੁਸਾਰ ਲਿਖਿਆ ਕੋਸ਼ ਜੋ ਸਿੱਖ ਸਾਹਿਤ ਵਿਚ ਆਪਣੀ ਕਿਸਮ ਦਾ ਪਹਿਲਾ ਕੋਸ਼ ਹੈ। ਜੋ ਕੇਵਲ ਪੜ੍ਹਨ ਨਾਲ ਹੀ ਸੰਬੰਧ ਰੱਖਦਾ ਹੈ।

੩. ਖਾਸ ਖਾਸ ਬਾਣੀਆਂ ਦੇ ਟੀਕੇ-ਪ੍ਰਮਾਰਥਾਂ, ਪ੍ਰਯਾਵਾਂ, ਸ਼ਬਦਾਰਥਾਂ ਅਤੇ ਕੋਸ਼ਾਂ ਦੇ ਨਾਲ ਨਾਲ ਖਾਸ ਖਾਸ ਬਾਣੀਆਂ ਦੇ ਟੀਕੇ ਵੀ ਵਿਦਵਾਨ ਸਮੇਂ ਸਮੇਂ ਸਿਰ ਲਿਖਦੇ ਆਏ ਹਨ। ਜਿਨ੍ਹਾਂ ਬਾਰੇ ਕੇਵਲ ਸੰਖੇਪ ਜਾਣਕਾਰੀ ਹੀ ਹੇਠ ਦੇ ਰਹੇ ਹਾਂ। ਪੂਰੀ ਜਾਣਕਾਰੀ ਦੇਣ ਨਾਲ ਤਾਂ ਇਕ ਵੱਖਰਾ ਗ੍ਰੰਥ ਤਿਆਰ ਹੋ ਸਕਦਾ ਹੈ:-

(ੳ) **ਜਪੁਜੀ ਸਾਹਿਬ ਸਟੀਕ**-ਸਭ ਬਾਣੀਆਂ ਤੋਂ ਵੱਧ ਸ੍ਰੀ ਜਪੁਜੀ ਸਾਹਿਬ ਜੀ ਦੇ ਹੀ ਸਟੀਕ ਮਿਲਦੇ ਹਨ। ਮਿਹਰਵਾਨ ਤੋਂ ਲੈ ਕੇ ਹੁਣ ਤੱਕ ਲਿਖੇ ਤੇ ਪ੍ਰਕਾਸ਼ਤ ਕੀਤੇ ਜਾ ਚੁੱਕੇ ਸਾਰੇ ਸਟੀਕਾਂ ਬਾਰੇ ਵੱਖ ਵੱਖ ਵੇਰਵਾ ਦਰਜ ਕਰੀਏ ਤਾਂ ਇਕ ਵੱਖਰੀ ਪੁਸਤਕ ਬਣ ਸਕਦੀ ਹੈ, ਹੁਣ ਤੱਕ ਦੀ ਹੋਈ ਖੋਜ ਅਨੁਸਾਰ ਇਹ ਟੀਕੇ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਬੰਗਾਲੀ, ਮਰਾਠੀ ਤੇ ਸਿੰਧੀ ਆਦਿ ਭਾਰਤੀ ਅਤੇ ਅੰਗਰੇਜ਼ੀ, ਫਾਰਸੀ ਜਰਮਨ ਤੇ ਫਰਾਂਸੀਸੀ ਆਦਿ ਵਿਦੇਸ਼ੀ ਭਾਸ਼ਾਵਾਂ ਵਿਚ ਸ੍ਰੀ ਜਪੁਜੀ ਸਾਹਿਬ ਦੇ ਹੋਏ ਟੀਕੇ, ਪ੍ਰਮਾਰਥ, ਭਾਸ਼ਯ, ਸ਼ਬਦਾਰਥ ਤੇ ਅਨੁਵਾਦ ਲਗ ਪਗ ਚਾਰ ਸੌ ਦੇ ਕਰੀਬ ਹਨ।

(ਅ) **ਹੋਰ ਬਾਣੀਆਂ ਦੇ ਸਟੀਕ**-ਅੱਡ ਅੱਡ ਵਿਦਵਾਨਾਂ ਨੇ ਕੁਝ ਹੋਰ ਬਾਣੀਆਂ ਦੇ ਸਟੀਕ ਵੀ ਲਿਖੇ ਹਨ ਜਿਨ੍ਹਾਂ ਦੇ ਨਾਮ ਇਹ ਹਨ।

੨. ਸੋਦਰ ਰਹਰਾਸਿ	੩. ਕੀਰਤਨ ਸੋਹਿਲਾ	੪. ਸਿਰੀਰਾਗ
੫. ਬਾਰਹ ਮਾਹਾ	੬. ਬਾਵਨ ਅਖਰੀ	੭. ਸੁਖਮਨੀ ਸਾਹਿਬ
੮. ਦਸ ਵਾਰਾਂ	੯. ਬਾਈ ਵਾਰਾਂ	੧੦. ਭਗਤ ਬਾਣੀ
੧੧. ਗਉੜੀ ਰਾਗ	੧੨. ਅਨੰਦ ਸਾਹਿਬ	੧੩. ਰਾਮਕਲੀ ਸੱਦ
੧੪. ਓਅੰਕਾਰ	੧੫. ਸਿਧ ਗੋਸਟ	੧੬. ਸਤੇ ਬਲਵੰਡ ਦੀ ਵਾਰ
੧੭. ਆਸਾ ਜੀ ਦੀ ਵਾਰ	੧੮. ਸਲੋਕ ਸਹਸਕ੍ਰਿਤੀ	੧੯. ਗਾਥਾ
੨੦. ਭੱਟਾਂ ਦੇ ਸ੍ਵਯੇ	੨੧. ਰਾਗ ਬੈਰਾੜੀ	੨੨. ਸਲੋਕ ਭਗਤ ਕਬੀਰ
੨੩. ਸਲੋਕ ਭਗਤ ਫਰੀਦ	੨੪. ਸਲੋਕ ਮਹਲਾ ੯	੨੫. ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ
੨੬. ਜੈਤਸਰੀ ਦੀ ਵਾਰ	੨੭. ਵਾਰ ਮਾਰੂ ਡੱਖਣੇ	੨੮. ਸਲੋਕ ਵਾਰਾਂ ਤੇ ਵਧੀਕ ਆਦਿ।

ਇਨ੍ਹਾਂ ਉਪਰੋਕਤ ਸਾਰੇ ਸਟੀਕਾਂ ਦੇ ਲੇਖਕਾਂ ਬਾਰੇ, ਲਿਖਣ ਤੇ ਛਪਣ ਦੇ ਸੰਮਤਾਂ ਬਾਰੇ ਪੂਰਾ ਵੇਰਵਾ ਵਿਸਥਾਰ ਦੇ ਭੈ ਤੋਂ ਨਹੀਂ ਲਿਖਿਆ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਟੀਕੇ-ਵੱਖ ਵੱਖ ਵਿਦਵਾਨਾਂ ਵੱਲੋਂ ਖਾਸ ਖਾਸ ਬਾਣੀਆਂ ਦੇ ਟੀਕੇ ਤਾਂ ਲਿਖੇ ਜਾਂਦੇ ਰਹੇ ਹਨ ਪਰ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਟੀਕ ਲਿਖਣ ਦਾ ਕਿਸੇ ਵੀ ਉੱਦਮ ਨਹੀਂ ਸੀ ਕੀਤਾ। ਹੁਣ ਤੱਕ ਸਿਰਫ ਤਿੰਨ ਸੰਪੂਰਨ ਟੀਕੇ ਪੰਜਾਬੀ ਵਿਚ ਤੇ ਇਕ ਟੀਕਾ ਅੰਗਰੇਜ਼ੀ ਪੰਜਾਬੀ ਵਿਚ ਅਤੇ ਇਕ ਨਰੋਲ ਅੰਗਰੇਜ਼ੀ ਵਿਚ ਹੈ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

(ੳ) **ਫਰੀਦ ਕੋਟੀ ਸਟੀਕ**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਸੰਪ੍ਰਦਾਈ ਤੇ ਪਹਿਲਾ ਸਟੀਕ ਹੈ। ਇਸ ਨੂੰ ਪਹਿਲਾਂ ਗਿਆਨੀ ਬਚਨ ਸਿੰਘ ਜੀ ਸੇਖਵਾਂ ਨੇ ਲਿਖ ਕੇ ੧੯੪੦ ਬਿ: 'ਚ ਤਿਆਰ ਕੀਤਾ। ਵਿਦਵਾਨਾਂ ਦੀ ਇਕ ਸਭਾ ਵੱਲੋਂ ਸੁਧਾਈ ਹੋ ਕੇ ਇਹ ੧੯੪੯ ਬਿ: ਵਿਚ ਛਪਣਾ ਸ਼ੁਰੂ ਹੋਇਆ। ਵੱਡੇ ਅਕਾਰ ਦੀਆਂ ਇਸ ਦੀਆਂ ਚਾਰ ਪੋਥੀਆਂ ਹਨ।

(ਅ) **ਟੀਕਾ ਗੁਰੂ ਗ੍ਰੰਥ ਸਾਹਿਬ**-ਇਹ ਸਟੀਕ ਗਿਆਨੀ ਬਿਸ਼ਨ ਸਿੰਘ ਜੀ ਦਾ ਕੇਵਲ ਸਾਧਾਰਣ ਜਿਹਾ ਅੱਖਰੀਂ ਅਰਥਾਂ ਦਾ ਟੀਕਾ ਅੱਠਾਂ ਜਿਲਦਾਂ ਵਿਚ ੧੯੩੮-੩੯ 'ਚ ਛਪਿਆ।

(ੲ) **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ**-ਪ੍ਰਿੰਸੀਪਲ ਸਾਹਿਬ ਸਿੰਘ ਜੀ ਵੱਲੋਂ ਲਿਖਿਆ ਇਹ ਸੰਪੂਰਨ ਸਟੀਕ ਪਹਿਲੀ ਵਾਰ ਦਸ ਜਿਲਦਾਂ 'ਚ ੧੯੬੨ ਵਿਚ ਛਪ ਕੇ ਆਇਆ ਹੈ ਇਸ 'ਚ ਗੁਰਬਾਣੀ ਵਿਆਰਕਣ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ।

(ਸ) ਮਨਮੋਹਨ ਸਿੰਘ ਪਟਿਆਲਾ ਵੱਲੋਂ ਅੰਗਰੇਜ਼ੀ ਤੇ ਪੰਜਾਬੀ ਵਿਚ ਦਸ ਜਿਲਦਾਂ 'ਚ ਟੀਕਾ ਛਪ ਗਿਆ ਹੈ।

(ਹ) ਗੋਪਾਲ ਸਿੰਘ ਦਰਦੀ ਵੱਲੋਂ ਅੰਗਰੇਜ਼ੀ 'ਚ ਸਟੀਕ ਚਾਰ ਜਿਲਦਾਂ 'ਚ ਛਪ ਚੁੱਕਾ ਹੈ।

੫. ਅਸੰਪੂਰਨ ਟੀਕੇ-ਇਹ ਹੇਠ ਲਿਖੇ ਤਿੰਨ ਸਟੀਕ ਹਨ :-

(ੳ) ਭਾਈ ਸਾਹਿਬ ਡਾ: ਭਾਈ ਵੀਰ ਸਿੰਘ ਜੀ ਵੱਲੋਂ ਲਿਖਿਆ ਗਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਟੀਕ ਜੋ ਰਾਗ ਸੋਰਠਿ ਤੱਕ ਹੀ ਹੈ।

(ਅ) ਪੰਡਿਤ ਗਿਆਨੀ ਨਰੈਣ ਸਿੰਘ ਜੀ ਮੁਜੰਗਾਂ ਵਾਲੇ ਦਾ ਲਿਖਿਆ ਸਟੀਕ ਜੋ ਕੇਵਲ ਰਾਮਕਲੀ ਰਾਗ ਤੱਕ ਹੀ ਹੈ।

(ੲ) ਗਿਆਨੀ ਨਿਹਾਲ ਸਿੰਘ ਨੂਰੀ ਵੱਲੋਂ ਲਿਖਿਆ ਗਿਆ ਅਸੰਪੂਰਨ ਸਟੀਕ।

੬. ਵਿਆਕਰਣ-ਜਿੱਥੇ ਗੁਰਬਾਣੀ ਦੇ ਪ੍ਰਯਾਯ ਸ਼ਬਦਾਰਥ, ਕੋਸ਼ ਤੇ ਸਟੀਕ ਲਿਖੇ ਗਏ ਹਨ ਓਥੇ ਗੁਰਬਾਣੀ ਦੇ ਵਿਆਕਰਣ ਵੀ ਲਿਖੇ ਹਨ।

(ੳ) **ਗੁਰਬਾਣੀ ਵਿਆਕਰਣ**-ਜਿਸ ਨੂੰ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਲਿਖ ਕੇ ੧੯੩੮-੩੯ ਈਸਵੀ ਵਿਚ ਪਹਿਲੀ ਵਾਰ ਪ੍ਰਕਾਸ਼ਤ ਕਰਵਾਇਆ।

(ਅ) **ਸ੍ਰੀ ਗੁਰੂ ਵਿਆਕਰਣ ਪੰਚਾਇਣ**-ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼੍ਰੋਮਣੀ ਵਿਆਕਰਣ ਜਿਸ ਨੂੰ ਪੰਡਿਤ ਕਰਤਾਰ ਸਿੰਘ ਜੀ 'ਦਾਖਾ' ਨੇ ਸੰਮਤ ੨੦੦੦ ਬਿ: ਮੁਤਾਬਿਕ ੧੯੪੩ ਈਸਵੀ ਵਿਚ ਲਿਖ ਕੇ ਆਪ ਛਪਵਾਇਆ।

ਇਸ ਸੰਪ੍ਰਦਾਈ ਸਟੀਕ ਦੇ ਟੀਕਾਕਾਰ-ਸ੍ਰੀ ਮਾਨ ਸੰਤ ਗਿਆਨੀ ਕਿਰਪਾਲ ਸਿੰਘ ਜੀ ਮਹੰਤ ਡੇਰਾ ਗਲੀ ਸੱਤੇ ਵਾਲੀ ਹਨ, ਜਿਨ੍ਹਾਂ ਦੇ ਨਾਮ ਨਾਮੀ ਤੋਂ ਸਾਰਾ ਸਿੱਖ ਜਗਤ ਵਾਕਫ਼ ਹੈ। ਜਿੱਥੇ ਆਪ ਅਣਗਿਣਤ ਦੈਵੀ ਗੁਣਾਂ ਦੇ ਪੁੰਜ ਹਨ ਓਥੇ ਆਪ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੜ੍ਹਾਏ ਹੋਏ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਈ, ਜੋ ਭਾਈ ਮਨੀ ਸਿੰਘ ਜੀ ਨੇ ਆਰੰਭ ਕੀਤੀ-ਦੀ ਅੰਮ੍ਰਿਤਸਰ ਸ਼ਾਖਾ ਦੇ ਮੁਖੀ ਹੋਣ ਦਾ ਮਾਣ ਵੀ ਪ੍ਰਾਪਤ ਹੈ। ਆਪ ਜਿੱਥੇ ਆਪਣੀ ਪਵਿੱਤਰ ਰਸਨਾਂ ਦੁਆਰਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਅਰਥ ਗੁਰਮਤਿ ਦੇ ਵਿਦਿਆਰਥੀਆਂ ਅਤੇ ਸਿੱਖ ਸੰਗਤਾਂ ਨੂੰ ਸੰਥਾ ਕਥਾ ਦੇ ਰੂਪ ਵਿਚ ਹਰ ਰੋਜ਼

ਸ੍ਰਵਣ ਕਰਾਉਂਦੇ ਹਨ, ਓਥੇ ਉਨ੍ਹਾਂ ਨੇ "ਵਿਦਿਆ ਵੀਚਾਰੀ ਤਾਂ ਪਰਉਪਕਾਰੀ" ਦੇ ਪਵਿੱਤ੍ਰ ਮਹਾਂ ਵਾਕ ਅਨੁਸਾਰ ਵਿਦਿਆਰਥੀਆਂ ਅਤੇ ਸੰਗਤਾਂ ਦੀ ਸ਼ੁਭ ਇੱਛਾ ਨੂੰ ਮੁਖ ਰੱਖਦਿਆਂ ਹੋਇਆਂ ਖਾਸ ਖਾਸ ਮੁਸ਼ਕਲ ਬਾਣੀਆਂ ਦੇ ਟੀਕੇ ਲਿਖ ਕੇ ਛਾਪਣ ਤੋਂ ਬਾਅਦ ਹੁਣ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਟੀਕ ਲਿਖ ਕੇ ਛਾਪਣਾ ਆਰੰਭ ਦਿੱਤਾ ਹੈ।

ਪਹਿਲੀ ਪੋਥੀ, ਦੂਸਰੀ ਪੋਥੀ, ਤੀਸਰੀ ਪੋਥੀ, ਚੌਥੀ ਪੋਥੀ,
ਪੰਜਵੀਂ ਪੋਥੀ, ਛੇਵੀਂ ਪੋਥੀ, ਸੱਤਵੀਂ ਪੋਥੀ, ਅੱਠਵੀਂ ਪੋਥੀ, ਨੌਵੀਂ ਪੋਥੀ

ਦਸਵੀਂ ਪੋਥੀ- ਸਲੋਕ ਸਹਸਕ੍ਰਿਤੀ ਤੋਂ ਲੈ ਕੇ ਰਾਗ ਮਾਲਾ ਤੱਕ ਹੈ।

ਇਹ ਸੁੰਦਰ ਸਟੀਕ ਬੜੀ ਮਿਹਨਤ, ਲਗਨ, ਉੱਦਮ ਤੇ ਹਿੰਮਤ ਨਾਲ ਤਿਆਰ ਕਰਕੇ ਛਾਪ ਰਹੇ ਹਨ। ਆਪ ਦਾ ਇਹ ਮਹਾਨ ਪਰਉਪਕਾਰ ਆਉਣ ਵਾਲੀਆਂ ਨਸਲਾਂ ਵੀ ਬੜੇ ਸਤਿਕਾਰ ਨਾਲ ਯਾਦ ਕਰਦੀਆਂ ਰਹਿਣਗੀਆਂ।

ਇਸ ਸਟੀਕ ਦੀ ਵਿਸ਼ੇਸ਼ਤਾ-

੧. ਆਮ ਟੀਕਾਕਾਰ ਗੁਰਬਾਣੀ ਦੇ ਟੀਕੇ ਲਿਖਣ ਸਮੇਂ ਸਾਰੇ ਸ਼ਬਦ ਜਾਂ ਪਉੜੀ ਦਾ ਮੂਲ ਪਾਠ ਲਿਖ ਕੇ ਇਕੱਠਾ ਹੀ ਅਰਥ ਲਿਖ ਦੇਂਦੇ ਹਨ, ਜਿਸ ਨੂੰ ਸਾਧਾਰਣ ਪਾਠਕ ਸਮਝ ਨਹੀਂ ਸਕਦੇ ਕਿ ਕਿਸ ਤੁਕ ਦਾ ਕਿਹੜਾ ਅਰਥ ਹੈ। ਪਰ ਗਿਆਨੀ ਜੀ ਨੇ ਮੂਲ ਪਾਠ ਦੀ ਇਕ ਇਕ ਤੁਕ ਲਿਖ ਕੇ ਉਸ ਦਾ ਵੱਖ ਵੱਖ ਅਰਥ ਲਿਖ ਦਿੱਤਾ ਹੈ।

੨. ਕਠਨ ਪਦਾਂ ਦੇ ਅਰਥ ਵੱਖਰੇ ਦੇਣ ਦੀ ਬਜਾਇ ਤੁਕ ਦਾ ਅਰਥ ਕਰਨ ਲਗਿਆਂ ਮੂਲ ਦੇ ਕਠਨ ਪਦ ਨੂੰ ਲਿਖ ਕੇ ਉਸ ਦਾ ਅਰਥ ਬ੍ਰੈਕਟ ( ) ਵਿਚ ਲਿਖ ਦਿੱਤਾ ਹੈ ਤਾਂ ਕਿ ਪਾਠਕਾਂ ਨੂੰ ਸਮਝ ਪੈ ਜਾਏ ਕਿ ਇਸ ਕਠਨ ਪਦ ਦਾ ਅਰਥ ਇਹ ਹੈ।

੩. ਖਾਸ ਖਾਸ ਬਾਣੀਆਂ ਤੇ ਸ਼ਬਦਾਂ ਦੀਆਂ ਉਥਾਨਕਾਂ ਲਿਖ ਦਿੱਤੀਆਂ ਹਨ ਜਿਸ ਨਾਲ ਬਾਣੀ ਦੇ ਉਚਾਰਨ ਸਥਾਨ ਅਤੇ ਇਤਿਹਾਸਕ ਪੱਖ ਤੇ ਵੀ ਚਾਨਣਾ ਪੈਂਦਾ ਹੈ।

੪. ਸਿਧ ਗੋਸ਼ਟ ਆਦਿ ਬਾਣੀਆਂ ਤੇ ਹੋਰ ਕਈ ਸ਼ਬਦਾਂ ਵਿਚ ਪ੍ਰਸ਼ਨਾਂ ਉੱਤਰਾਂ ਨੂੰ ਟੀਕਾਕਾਰਾਂ ਨੇ ਰਲਗਡ ਕਰ ਦਿੱਤੇ ਹਨ। ਪਰ ਇਸ ਟੀਕੇ ਵਿਚ ਪ੍ਰਸ਼ਨਾਂ ਤੇ ਨੰਬਰ ਲਾ ਕੇ ਉਨ੍ਹਾਂ ਹੀ ਨੰਬਰਾਂ ਹੇਠ ਉੱਤਰ ਲਿਖ ਕੇ ਪਾਠਕਾਂ ਤੇ ਵਿਦਿਆਰਥੀਆਂ ਨੂੰ ਕਾਫ਼ੀ ਔਕੜ ਤੋਂ ਬਚਾ ਲਿਆ ਗਿਆ ਹੈ।

੫. ਮਨ ਵਾਂਛਿਤ ਤੁਕ ਜਾਂ ਸ਼ਬਦ ਦਾ ਅਰਥ ਛੇਤੀ ਲੱਭਣ ਦੇ ਖਿਆਲ ਨਾਲ ੧੪੩੦ ਪੰਨੇ ਵਾਲੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪੰਨਾ ਜਿੱਥੋਂ ਕਿ ਓਹ ਆਰੰਭ ਹੁੰਦਾ ਹੈ। ਮੋਟੇ ਅੱਖਰਾਂ ਵਿਚ ਛਾਪ ਦਿੱਤਾ ਹੈ ਅਤੇ ਨਾਲ ਹੀ ਪੰਨੇ ਦੇ ਉੱਪਰ ਲਕੀਰ ਤੋਂ ਬਾਹਰ ਵਾਰ ਹਾਸ਼ੀਏ ਵਿਚ ਵੀ ਬਰੀਕ ਅੱਖਰਾਂ ਵਿਚ ਛਾਪਿਆ ਹੋਇਆ ਹੈ ਜਿਸ ਨਾਲ ਪਾਠਕਾਂ ਤੇ ਵਿਦਿਆਰਥੀਆਂ ਨੂੰ ਅਰਥ ਛੇਤੀ ਲੱਭਣ ਵਿਚ ਕਾਫੀ ਸੌਖ ਹੋ ਗਿਆ ਹੈ।

੬. ਕਈਆਂ ਸ਼ਬਦਾਂ ਦੇ ਬਾਹਲੇ ਤੇ ਅੰਤ੍ਰੀਵ ਦੋ ਦੋ ਅਰਥ ਤੇ ਕਈ ਥਾਂ ਇਸ ਤੋਂ ਵੀ ਵਧੀਕ ਅਰਥ ਲਿਖ ਕੇ ਗੁਰਬਾਣੀ ਦੀ ਗੰਭੀਰਤਾ ਪ੍ਰਗਟਾਉਣ ਦਾ ਯਤਨ ਕੀਤਾ ਹੈ ਜਿਸ ਨਾਲ ਵਿਦਿਆਰਥੀਆਂ ਦੀ ਬੁੱਧੀ ਵੀ ਸਾਨ ਤੇ ਚੜ੍ਹ ਜਾਂਦੀ ਹੈ ਤੇ ਪ੍ਰਤਿਭਾ ਵਿਚ ਵਾਧਾ ਹੁੰਦਾ ਹੈ।

੭. ਗੁਰਬਾਣੀ ਵਿਚ ਆਈਆਂ ਗਿਣਤੀਆਂ, ਸਾਖੀਆਂ, ਸ਼ਾਸਤ੍ਰਾਂ ਤੇ ਅਨਯ ਮੱਤਾਂ ਦੀ ਵਾਕਫ਼ੀਅਤ ਵੀ ਥਾਂ ਥਾਂ ਸਿਰ ਦਰਜ ਕਰ ਦਿੱਤੀ ਹੈ ਤਾਂ ਜੋ ਹੋਰ ਕਿਸੇ ਗ੍ਰੰਥ ਨੂੰ ਵੇਖਣ ਦੀ ਲੋੜ ਨ ਰਹੇ।

ਇਸੇ ਕਲਮ ਦੇ ਹੋਰ ਸਟੀਕ- ਇਸ ਸੰਪੂਰਨ ਸੰਪ੍ਰਦਾਈ ਸਟੀਕ ਨੂੰ ਲਿਖ ਕੇ ਛਾਪਣ ਤੋਂ ਪਹਿਲਾਂ ਵਿਦਵਾਨ ਤੇ ਸੁਘੜ ਲੇਖਕ ਜੀ ਨੇ ਮੁਸ਼ਕਲ ਬਾਣੀਆਂ ਦੇ ਕਾਫ਼ੀ ਸਟੀਕ ਲਿਖ ਕੇ ਪ੍ਰਕਾਸ਼ਤ ਕੀਤੇ ਹਨ ਜਿਨ੍ਹਾਂ ਦੀ ਸੰਗਤਾਂ ਵੱਲੋਂ ਹੱਦੋਂ ਵੱਧ ਕਦਰ ਤੇ ਪ੍ਰਸੰਸਾ ਕੀਤੀ ਗਈ ਹੈ। ਜਿਨ੍ਹਾਂ ਬਾਣੀਆਂ ਦੇ ਸਟੀਕ ਛਪ ਚੁੱਕੇ ਹਨ ਉਹ ਇਹ ਹਨ :-

੧. ਜਪੁਜੀ ਸਾਹਿਬ	੨. ਰਹਰਾਸਿ	੩. ਕੀਰਤਨ ਸੋਹਿਲਾ
੪. ਸ਼ਬਦ ਹਜ਼ਾਰੇ	੫. ਬਾਰਹ ਮਾਹਾ ਮਾਝ	੬. ਬਾਰਹ ਮਾਹਾ ਤੁਖਾਰੀ
੭. ਭਗਤ ਬਾਣੀ (ਤਿੰਨ ਭਾਗ)	੮. ਆਸਾ ਦੀ ਵਾਰ	੯. ਅਨੰਦ ਸਾਹਿਬ
੧੦. ਰਾਮਕਲੀ ਸੱਦ	੧੧. ਸਲੋਕ ਮਹਲਾ ੯ ਅਤੇ ਰਾਗ ਮਾਲਾ	੧੨. ਜ਼ਫਰਨਾਮਾ

ਮੈਂ ਸਤਿਗੁਰਾਂ ਦੇ ਪਵਿੱਤ੍ਰ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਜੀ ਗਿਆਨੀ ਜੀ ਦੇ ਸੀਸ ਤੇ ਆਪਣਾ ਮਿਹਰ ਤੇ ਬਖਸ਼ਿਸ਼ ਭਰਿਆ ਹੱਥ ਰੱਖਣ। ਇਨ੍ਹਾਂ ਨੂੰ ਪੂਰਨ ਤੰਦਰੁਸਤੀ, ਉੱਦਮ ਉਤਸ਼ਾਹ, ਲਗਨ ਹਿੰਮਤ ਤੇ ਆਪਣੀ ਪ੍ਰੇਰਨਾ ਬਖਸ਼ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਸੰਪੂਰਨ ਸੰਪ੍ਰਦਾਈ ਸਟੀਕ ਦੀ ਇਹ ਆਪਣੀ ਸੇਵਾ ਆਪ ਹੀ ਕਰਵਾ ਲੈਣ ਤਾਂ ਕਿ ਸਿੱਖ ਸੰਗਤਾਂ ਅਤੇ ਗੁਰਮਤਿ ਵਿਦਿਆਰਥੀ ਗੁਰਬਾਣੀ ਦੇ ਅਰਥਾਂ ਦਾ ਲਾਭ ਪ੍ਰਾਪਤ ਕਰ ਸਕਣ।

ਸਿੱਖ ਸੰਗਤਾਂ ਅਤੇ ਵਿਦਿਆਰਥੀਆਂ ਨੂੰ ਵੀ ਮੈਂ ਪੁਰਜ਼ੋਰ ਅਪੀਲ ਕਰਾਂਗਾ ਕਿ ਉਹ ਗੁਰਬਾਣੀ ਦੇ ਉਪਰੋਕਤ ਸਟੀਕਾਂ ਤੇ ਅੱਗੋਂ ਛਪਣ ਵਾਲੇ ਇਨ੍ਹਾਂ ਸੰਪ੍ਰਦਾਈ ਸਟੀਕਾਂ ਨਾਲ ਆਪਣੇ ਘਰਾਂ, ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਨੂੰ ਸ਼ਿੰਗਾਰਨ। ਤਾਂ ਕਿ ਲੇਖਕ ਜੀ ਦੀ ਹੌਂਸਲਾ ਅਫਜ਼ਾਈ ਹੋ ਸਕੇ ਤੇ ਉਹ ਇਸ ਤੋਂ ਵੀ ਵਧ ਚੜ੍ਹ ਕੇ ਸਿੱਖ ਸੰਗਤਾਂ ਦੀ ਇਹ ਮਹਾਨ ਪਰਉਪਕਾਰੀ ਸੇਵਾ ਕਰ ਸਕਣ।

ਪ੍ਰਾਰਥਕ :-

ਕਿਰਪਾਲ ਸਿੰਘ

੯-੧੧-੭੦

ਸਿਰੀਰਾਗੁ

ਭੂਮਿਕਾ

ਜਿਸ ਵੇਲੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਮਾਲਵੇ ਦੀ ਪਾਵਨ ਧਰਤੀ ਵਿਚ ਚਰਨ ਪਾ ਕੇ ਦਮਦਮੇ ਸਾਹਿਬ (ਜ਼ਿਲ੍ਹਾ ਬਠਿੰਡਾ) ਗੁਰੂ ਕੀ ਕਾਂਸ਼ੀ ਆ ਕੇ ਬਿਰਾਜੇ ਹਨ, ਤੇ ਸਿੱਖਾਂ ਦੀ ਬੇਨਤੀ ਪ੍ਰਵਾਨ ਕਰਕੇ ੧੭੬੨ ਬਿਕ੍ਰਮੀ ਕੱਤਕ ਸੁਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਅਰਥਾਂ ਸਮੇਤ ਸੁਣਾਨੀ ਆਰੰਭ ਕੀਤੀ। ਸਭ ਤੋਂ ਪਹਿਲੇ ਜਪੁਜੀ, ਰਹਰਾਸਿ, ਕੀਰਤਨ ਸੋਹਿਲਾ ਰੂਪ ਤਿੰਨ ਬਾਣੀਆਂ ਸੁਣਾ ਕੇ ਫਿਰ ਸਿਰੀਰਾਗੁ ਸੁਣਾਇਆ, ਹਜ਼ੂਰ ਨੇ ਸੰਸਿਆਂ ਦੀ ਨਵਿਰਤੀ ਲਈ ਆਪ ਹੀ ਸਮਝਾ ਦਿੱਤਾ ਕਿ ਅਖੀਰ ਰਾਗ ਮਾਲਾ ਦੇ ਆਰੰਭ ਵਿਖੇ ਸਭ ਤੋਂ ਪਹਿਲਾਂ ਭੈਰਉ ਰਾਗ ਲਿਖਿਆ ਹੈ।

*ਯਥਾ- ਪ੍ਰਥਮ ਰਾਗ ਭੈਰਉ ਵੈ ਕਰਹੀ॥ ਪੰਚ ਰਾਗਨੀ ਸੰਗਿ ਉਚਰਹੀ॥**

(ਰਾਗ ਮਾਲਾ, ਪੰਨਾ ੧੪੨੯)

ਪਰ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸਭ ਰਾਗਾਂ ਤੋਂ ਪਹਿਲਾਂ ਸਿਰੀਰਾਗੁ ਭਾਈ ਸਾਹਿਬ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ ਹੈ।

ਇਸ ਦਾ ਅਸਲ ਕਾਰਨ ਤਾਂ ਇਹ ਹੈ, ਜਿਵੇਂ ਦੀਪਕ ਰਾਗ ਦੇ ਗਾਣ ਨਾਲ ਸਾਰੇ ਦੀਵੇ ਆਪੇ ਜਗ ਪੈਂਦੇ ਹਨ। ਮਲਾਰ ਰਾਗ ਦੇ ਗਾਵਣ ਨਾਲ ਬੱਦਲ ਆਪੇ ਆ ਕੇ ਵਰਖਾ ਕਰਨ ਲਗ ਪੈਂਦੇ ਹਨ।

ਭੈਰਉ ਰਾਗ ਦੇ ਗਾਉਣ ਨਾਲ ਕੋਹਲੂ ਆਪੇ ਚਲਦੇ ਹਨ, ਤੇ ਤਿਲਾਂ ਚੋਂ ਤੇਲ ਨਿਕਲ ਆਉਂਦਾ ਹੈ।

ਤਿਵੇਂ ਪੂਰਾ ਪੂਰਾ ਸਿਰੀਰਾਗ ਗਾਉਣ ਨਾਲ ਮੁਰਦੇ ਆਪੇ ਜਿਉ ਉੱਠਦੇ ਹਨ। ਸ਼ਿਰੀਰਾਗ ਵਿਖੇ ਤਿੰਨੇ ਸਪੱਤਕ ਲਗਦੇ ਹਨ ਅਤੇ ਬੜੀ ਉੱਚੀ ਸੁਰ ਵਿਚ ਗਾਇਆ ਜਾਂਦਾ ਹੈ।

---

(੧) ਇਸ ਦਾ ਇਕ ਕਾਰਨ ਤਾਂ ਇਹ ਹੈ, ਜਿਸ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਪਾਸ ਛੇ ਰਾਗ ਚਲ ਕੇ ਆਏ ਹਨ ਤਿਸ ਵੇਲੇ ਸਾਰਿਆਂ ਰਾਗਾਂ ਤੋਂ ਅੱਗੇ ਭੈਰਉ ਰਾਗ ਆਪਣੇ ਪ੍ਰਵਾਰ ਸਮੇਤ ਆ ਕੇ ਬੈਠਾ ਸੀ। ਓਸੇ ਨੇ ਹੀ ਸਾਰਿਆਂ ਰਾਗਾਂ ਵੱਲੋਂ ਮੋਹਰੇ ਹੋ ਕੇ ਆਪਣਿਆਂ ਦੁਖਾਂ ਦੀ ਨਵਿਰਤੀ ਲਈ ਬੇਨਤੀ ਕੀਤੀ ਸੀ ਏਸ ਕਾਰਨ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਰਾਗ ਮਾਲਾ ਵਿਚ ਭੈਰਉ ਰਾਗ ਦਾ ਨਾਮ ਸਭ ਤੋਂ ਪਹਿਲੇ ਲਿਖਿਆ ਹੈ।

(੨) ਦੂਜਾ ਕਾਰਨ ਇਹ ਭੀ ਹੈ! ਕਿ ਭੈਰਉ ਰਾਗ ਸਭ ਰਾਗਾਂ ਤੋਂ ਪਹਿਲੇ ਅੰਮ੍ਰਿਤ ਵੇਲੇ ਗਾਇਆ ਜਾਂਦਾ ਹੈ।

ਅੰਮ੍ਰਿਤ ਵੇਲੇ ਦਾ ਸਮਾਂ ਮਿਲਣ ਕਰਕੇ "ਭੈਰਉ ਰਾਗ" ਨੂੰ ਪ੍ਰਿਥਮ ਰਾਗ ਲਿਖਿਆ। ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਪਹਿਲੇ 'ਸਿਰੀਰਾਗ' ਹੈ ਅਤੇ ਭੈਰਉ ਰਾਗ ਦਾ ਚੌਬੀਹਵਾਂ ਨੰਬਰ ਹੈ।

ਮੁਰਦਿਆਂ ਦੇ ਜਿਵਾਉਣ ਵਾਲਾ ਹੋਣ ਕਰਕੇ ਸਭ ਰਾਗਾਂ ਤੋਂ ਪਹਿਲਾਂ ਸਿਰੀਰਾਗ* ਰੱਖਿਆ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਭੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਫੁਰਮਾਇਆ ਹੈ।

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥

(ਸਿਰੀਰਾਗੁ ਕੀ ਵਾਰ, ਪੰਨਾ ੮੩)

ਤਥਾ- ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ ਬਡੋ ਮੇਰ ਮਹਿ ਸੁਮੇਰ ਬਡੋ ਜਗਤ ਬਖਾਨਿ ਹੈ॥
ਤਰਵਰ ਵਿਖੇ ਜੈਸੇ ਚੰਦਨ ਬਿਰਖ ਬਡੋ, ਧਾਤ ਮੈ ਕਨਕ ਅਤਿ ਉਤਕ ਕੈ ਮਾਨਿ ਹੈ॥
ਪੰਛੀਅਨ ਮੈ ਹੰਸ, ਮ੍ਰਿਗ ਰਾਜਨ ਮੈ ਸਾਰਦੂਲ,
ਰਾਗਨ ਮਹਿ ਸਿਰੀ ਰਾਗ ਪਾਰਸ ਪਖਯਾਨ ਹੈ॥ ੩੭੬॥ *(ਭਾਈ ਗੁਰਦਾਸ ਜੀ)*

ਅਗਲਿਆਂ ਰਾਗਾਂ ਦੇ ਆਰੰਭ ਵਿਚ ਵੱਡਾ ਮੰਗਲ ਲਿਖਿਆ ਹੋਇਆ ਹੈ ਪਰ ਸਿਰੀਰਾਗੁ ਦੇ ਆਰੰਭ ਵਿਚ ਛੋਟਾ ਮੰਗਲ ਕਿਉਂ ਲਿਖਿਆ ਹੈ?

ਇਸ ਦਾ ਇਕ ਭਾਵ ਤਾਂ ਇਹ ਹੈ ਪ੍ਰਿਥਮ ਜਪੁਜੀ, ਰਹਰਾਸਿ, ਕੀਰਤਨ ਸੋਹਿਲਾ ਰੂਪ ਤਿੰਨ ਬਾਣੀਆਂ ਲਿਖੀਆਂ ਹਨ, ਉਹ ਤਿੰਨੇ ਮੰਗਲ ਰੂਪ ਹਨ ਏਸ ਕਾਰਨ ਛੋਟਾ ਮੰਗਲ ਰੱਖਿਆ ਹੈ। ਦੂਜਾ ਕਾਰਨ ਇਹ ਹੈ ਕਿ ਸਿਰੀਰਾਗੁ ਆਪ ਹੀ ਮੰਗਲ ਰੂਪ ਹੈ ਏਸ ਕਾਰਨ ਇਸ ਦੇ ਆਰੰਭ ਵਿਚ ਛੋਟਾ ਮੰਗਲ ਲਿਖਿਆ ਹੈ।

'ਮੋਤੀ ਤ ਮੰਦਰ ਊਸਰਹਿ' ਵਾਲਾ ਏਹ ਪਹਿਲਾ ਸ਼ਬਦ ਕਲਜੁਗ ਦੇ ਪ੍ਰਤੀ ਉਚਾਰਨਾ ਕੀਤਾ ਹੈ।

(ਕਈ ਲੋਕ ਸੰਸਾ ਕਰਦੇ ਹਨ, ਕਿ ਗਰੀਬ ਨਿਵਾਜ਼ ਜੀ ਨੇ ਇਹ ਕਲਜੁਗ ਵਾਲਾ ਸ਼ਬਦ ਪਹਿਲੇ ਕਿਉਂ ਰੱਖਿਆ ਹੈ? ਇਸ ਦਾ ਉੱਤਰ ਇਹ ਹੈ- ਕਿ ਸ਼ਰਧਾ ਭਾਵ ਨਾਲ ਇਸ ਸ਼ਬਦ ਦਾ ਪਾਠ ਕਰਨੇ ਕਰਕੇ ਕਲਜੁਗ ਦਾ ਜ਼ੋਰ ਨਹੀਂ ਪੈਂਦਾ।

ਏਸ ਕਾਰਨ ਇਹ ਸ਼ਬਦ ਪਹਿਲੇ ਰੱਖਿਆ ਹੈ। ਪ੍ਰੇਮੀਆਂ ਨੂੰ ਅੰਮ੍ਰਿਤ ਵੇਲੇ ਇਸ ਸ਼ਬਦ ਦਾ ਪਾਠ ਰੋਜ਼ਾਨਾ ੧੫ ਵੇਰ ਕਰਨਾ ਚਾਹੀਦਾ ਹੈ ਤਾਂ ਕਿ ਕਲਜੁਗ ਦਾ ਪ੍ਰਭਾਵ ਅਸਾਡੇ ਤੇ ਨਾ ਪਵੇ।

ਉਥਾਨਕਾ:- ਜਿਸ ਵੇਲੇ ਗਰੀਬ ਨਿਵਾਜ਼ ਸਤਿਗੁਰ ਨਾਨਕ ਦੇਵ ਜੀ (ਜਗਨ ਨਾਥ ਦੇ ਪੰਡਤਾਂ ਨੂੰ) *ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥* ਵਾਲੇ ਸ਼ਬਦ ਦੁਆਰਾ ਉਪਦੇਸ਼ ਦੇ ਕੇ ਮੰਗੂ ਮਟ ਤੋਂ ਅੱਗੇ ਗਏ ਹਨ ਤਾਂ ਸਮੁੰਦਰ ਦੇ ਕਿਨਾਰੇ ਬੜੀ ਭਿਆਨਕ ਉਜਾੜ ਵਿਖੇ ਜਾ ਬੈਠੇ ਤਿਸ ਵੇਲੇ ਕਲਜੁਗ ਨੇ ਵਿਚਾਰਿਆ ਕਿ ਮੇਰੇ ਰਾਜ ਵਿਖੇ ਇਹ ਅਵਤਾਰ ਰੂਪ ਗੁਰੂ ਨਾਨਕ ਜੀ ਹੋਏ ਹਨ ਇਨ੍ਹਾਂ ਨੂੰ ਮੈਂ ਆਪਣੇ ਵਸ ਵਿਚ ਲਿਆਵਾਂ। ਗੁਰੂ ਸਾਹਿਬ ਜੀ ਨੂੰ ਆਪਣੇ ਵਸੀਕਾਰ ਕਰਨ ਵਾਸਤੇ ਕਲਜੁਗ ਨੇ ਗੇਰੂ ਰੰਗ ਵਰਗੀ ਬੜੀ ਲਾਲ ਰੰਗ ਦੀ ਹਨੇਰੀ ਚਲਾਈ ਜਿਸ ਕਰਕੇ ਸਾਰਾ ਅਕਾਸ਼ ਕੰਕਰਾਂ ਤੇ ਧੂੜ ਨਾਲ ਭਰ ਗਿਆ, ਤੇ ਜ਼ਮੀਨ 'ਚੋਂ ਕਿਤਨੇ ਹੀ ਬ੍ਰਿੱਛ ਪੁਟੀਕੇ ਦੌੜਨ ਲਗ ਪਏ। *ਯਥਾ:-*

**ਅਤੇ ਸਿਰੀਰਾਗ ਦੇ ਗੈਣ ਕਰਨ ਦਾ ਸਮਾਂ ਲੋਢਾ ਵੇਲਾ ਹੈ। ਹਨੁਮੰਤ ਦੇ ਮਤ ਅਨੁਸਾਰ ਇਹ ਪੰਜਵਾਂ ਰਾਗ ਹੈ ਏਸੇ ਕਾਰਨ ਰਾਗਮਾਲਾ ਵਿਚ ਇਸਨੂੰ ਪੰਜਵੀਂ ਜਗ੍ਹਾ ਮਿਲੀ ਹੈ।*

(੧) ਪਹਿਲਾ ਭੈਰਉ ਰਾਗ ਹੈ। (੨) ਦੂਜਾ ਮਾਲ ਕਉਸਕ ਰਾਗ ਹੈ।
(੩) ਤੀਜਾ ਹਿੰਡੋਲ ਰਾਗ ਹੈ। (੪) ਚੌਥਾ ਦੀਪਕ ਰਾਗ ਹੈ।
(੫) ਪੰਜਵਾਂ ਸਿਰੀਰਾਗ ਹੈ। (੬) ਛੇਵਾਂ ਮੇਘ ਰਾਗ ਹੈ।

ਦੋਹਿਰਾ॥ ਬਿਰਖ ਚਲੇ ਜਿਹ ਸੰਗ ਉਡ ਹੋਯੋ ਤਿਮਰ ਗੁਬਾਰ॥
ਹਾਥ ਪਸਾਰ ਨ ਸੂਝਈ ਦੁਖ ਬਹੁ ਦੇਵਨ ਹਾਰ॥ ੨੪॥

ਅਜੇਹੀ ਦਸ਼ਾ ਵਿਖੇ ਭਾਈ ਮਰਦਾਨੇ ਨੇ ਭੈ ਭੀਤ ਹੋ ਕੇ ਕਿਹਾ, ਗੁਰੂ ਜੀ ਕਿੱਥੇ ਲਿਆ ਮਾਰਿਆ ਜੇ, ਹੁਣ ਤਾਂ ਜਿਉਣ ਦੀ ਉਮੀਦ ਹੀ ਕੋਈ ਨਹੀਂ। ਤਾਂ ਹਜ਼ੂਰ ਨੇ ਕਿਹਾ ਭਾਈ ਮਰਦਾਨਿਆਂ ਕੋਈ ਫਿਕਰ ਨਾ ਕਰ ਤੇਰੇ ਪਾਸ ਕੁਝ ਵੀ ਨਹੀਂ ਆਏਗਾ।

ਇਤਨੇ ਨੂੰ ਕਲਿਜੁਗ! ਦੈਂਤਾਂ ਵਾਲਾ ਭਿਆਨਕ ਰੂਪ ਧਾਰ ਕੇ ਆ ਗਿਆ।

ਅਕਾਸ਼ ਤੱਕ ਸਿਰ ਤੇ ਪਤਾਲ ਤੱਕ ਲੰਬੇ ਲੰਬੇ ਪੈਰ ਹਨ।

ਦੰਦ ਬੜੇ ਭਿਆਨਕ, ਨਾਸਾਂ ਤੇ ਕੰਨ ਡੂੰਘੇ ਖੂਹ ਵਾਂਗੂੰ ਹਨ।

ਅਜੇਹਾ ਭਿਆਨਕ ਰੂਪ ਵੇਖਕੇ ਮਰਦਾਨੇ ਨੇ ਕਿਹਾ ਹੁਣ ਤਾਂ ਨਹੀਂ ਬਚ ਸਕਦੇ ਇਹ ਦੈਂਤ ਅਸਾਨੂੰ ਖਾ ਜਾਏਗਾ। ਹਜ਼ੂਰ ਨੇ ਕਿਹਾ ਮਰਦਾਨਿਆਂ ਵਾਹਿਗੁਰੂ ਵਾਹਿਗੁਰੂ ਕਰੀ ਜਾ, ਇਹ ਦੈਂਤ ਤੈਨੂੰ ਕੁਝ ਨਹੀਂ ਕਹੇਗਾ। ਮਰਦਾਨਾ ਮੂੰਹ ਤੇ ਕੱਪੜਾ ਪਾ ਕੇ ਵਾਹਿਗੁਰੂ ਵਾਹਿਗੁਰੂ ਕਹਿਣ ਲੱਗ ਪਿਆ।

ਫੇਰ ਕਲਜੁਗ ਅਗਨੀ ਵਾਲਾ ਭੇਖ ਧਾਰ ਕੇ ਆਇਆ ਚਾਰੋਂ ਤਰਫ ਧੂੰਆਂ ਹੀ ਧੂੰਆਂ ਹੋ ਗਿਆ ਅਤੇ ਪੱਥਰਾਂ ਦੇ ਸਮਾਨ ਗੜਿਆਂ ਦੀ ਵਰਖਾ ਕੀਤੀ।

ਗੁਰੂ ਜੀ ਨੇ ਰੰਚਕ ਮਾਤ੍ਰ ਵੀ ਪ੍ਰਵਾਹ ਨਾ ਕੀਤੀ ਤਿਸ ਵੇਲੇ ਕਲਿਜੁਗ ਨੇ ਨਿਸਚੇ ਕੀਤਾ ਕਿ ਇਹ ਸ਼ੁਭ ਗੁਣਾਂ ਦੀ ਖਾਣ ਪੂਰਨ ਅਵਤਾਰ ਹਨ।

ਪੁਨਾ ਕਲਿਜੁਗ ਮਨੁੱਖੀ ਰੂਪ ਵਿਚ ਇਕ ਹੱਥ ਵਿਚ ਜਿਹਵਾ ਦੂਜੇ ਹੱਥ ਵਿਚ ਲਿੰਗ ਫੜ ਕੇ ਆ ਗਿਆ ਗੁਰੂ ਸਾਹਿਬ ਜੀ ਹੱਸ ਕੇ ਆਖਦੇ ਹਨ, ਮਰਦਾਨਿਆਂ ਉੱਠ ਕੇ ਤਮਾਸ਼ਾ ਵੇਖ ਧੀਰਜ ਰੱਖ, ਕੋਈ ਫਿਕਰ ਵਾਲੀ ਗੱਲ ਨਹੀਂ। ਮਰਦਾਨਾ ਉੱਠ ਕੇ ਵੇਖਣ ਲੱਗ ਪਿਆ ਤੇ ਗਰੀਬ ਨਿਵਾਜ਼ ਨੇ ਕਿਹਾ।

ਹੇ ਕਲਿਜੁਗ! ਇਹ ਰੂਪ ਤੈਨੇ ਕਿਉਂ ਧਾਰਨਾ ਕੀਤਾ ਹੈ। ਅੱਗੋਂ ਕਲਿਜੁਗ ਨੇ ਕਿਹਾ-

ਯਥਾ- ਅਬ ਲੱਛਨ ਨਰ ਜੈਸੇ ਕਰਹੀਂ। ਤੈਸੇ ਬੇਖ ਆਯੋ ਮੈਂ ਧਰਿਹੀਂ॥
ਦੈਵ ਸੰਪਦਾ ਤਜਿ ਕਰਿ ਸਾਰੀ॥ ਦ੍ਵੈ ਇੰਦ੍ਰੈ ਸ੍ਵਾਦਨ ਬਸਿ ਕਾਰੀ॥ ੪੦॥

(ਨਾਨਕ ਪ੍ਰਕਾਸ਼ ਉੱਤਰਾਰ੍ਧ ਅਧਿ : ੧੦)

ਮੇਰੀ ਸ੍ਰਿਸ਼ਟੀ ਵਿਚ ਜਿਵੇਂ ਸਾਰੇ ਮਨੁੱਖ ਦੋ ਇੰਦ੍ਰੀਆਂ ਦੇ ਵਸੀਕਾਰ ਹਨ ਤਿਵੇਂ ਮੈਂ ਰੂਪ ਧਾਰ ਕੇ ਆਪ ਜੀ ਨੂੰ ਛਲਣ ਵਾਸਤੇ ਆ ਗਿਆ ਹਾਂ। ਪਰ ਮੈਂ ਬੜਾ ਭਾਰੀ ਗੁਨਾਹ ਕੀਤਾ ਹੈ, ਆਪ ਜੀ ਦਾ ਬਿਰਦ ਬਖਸ਼ਣਹਾਰ ਹੈ ਆਪ ਮੈਨੂੰ ਬਖਸ਼ ਲਓ। ਕਰਤਾਰ ਵਿਚ ਤੇ ਆਪ ਜੀ ਵਿਚ ਕੋਈ ਭੇਦ ਨਹੀਂ ਹੈ।

ਮੇਰੀ ਭੇਟਾ ਲੈ ਕੇ ਮੈਨੂੰ ਕ੍ਰਿਤਾਰਥ ਕਰੋ। ਆਪ ਜੀ ਹੁਕਮ ਦਿਓ ਤਾਂ ਬੜੇ ਸੁੰਦਰ ਮੰਦਰ ਆਪ ਜੀ ਦੀ ਰਿਹਾਇਸ਼ ਵਾਸਤੇ ਤਿਆਰ ਕਰਵਾ ਦਿਆਂ। ਇਹ ਗੱਲ ਸੁਣਕੇ ਹਜ਼ੂਰ ਨੇ ਫੁਰਮਾਇਆ:-

ਹੇ ਕਲਿਜੁਗ ਤੂੰ ਤਾਂ ਇੱਟਾਂ ਦੇ ਸੁੰਦਰ ਮੰਦਰ ਬਨ੍ਹਵਾਕੇ ਦੇਂਦਾ ਹੈਂ ਪਰ ਅਸੀਂ ਆਖਦੇ ਹਾਂ ਚਾਹੇ :-

੧ਓ ਸਤਿਗੁਰ ਪ੍ਰਸਾਦਿ॥
ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧॥
ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥

ਸੋਨੇ ਦੀਆਂ ਇੱਟਾਂ ਹੋਵਣ, ਤੇ ਸੁੱਚੇ ਮੋਤੀਆਂ ਨੂੰ ਪੀਸ ਕੇ ਉਨ੍ਹਾਂ ਦਾ ਚੂਨਾ ਬਣਿਆ ਹੋਵੇ। ਇਸ ਤਰ੍ਹਾਂ ਦੇ ਮੰਦਰ ਉਸਰੇ ਹੋਏ ਹੋਵਣ, ਅਤੇ ਕੰਧਾਂ ਵਿਚ ਰਤਨ ਜੜਾਉ=ਜੜਤਕਾਰੀ ਕੀਤੇ ਹੋਵਣ।

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥

ਚਾਹੇ ਕਸਤੂਰੀ, ਕੁੰਗੂ=ਕੇਸਰ, ਅਗਰਿ ਚੰਦਨਿ=ਬਾਵਨ ਚੰਦਨ ਨਾਲ ਕੰਧਾਂ ਲਿੰਬੀਆਂ ਹੋਣ।

ਅਥਵਾ:- ਕਸਤੂਰੀ ਛੱਤ ਨਾਲ, ਕੇਸਰ ਕੰਧਾਂ ਨਾਲ ਲਿਪਿਆ ਹੋਵੇ, ਤੇ ਅਗਰਿ ਚੰਦਨਿ=ਬਾਵਨ ਚੰਦਨਿ ਧਰਤੀ ਉੱਪਰ ਛਿੜਕਿਆ ਹੋਵੇ, ਜਿਸ ਨੂੰ ਵੇਖਦਿਆਂ ਹੀ ਜਾਂ ਮੰਦਰ ਵਿਚ ਪ੍ਰਵੇਸ਼ ਕਰਦਿਆਂ ਹੀ ਮਨ ਵਿਚ ਚਾਉ ਚੜ੍ਹ ਆਵੇ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੧॥

ਹੇ ਸ਼ੁਭ ਮਤੀ ਤੋਂ ਭੁੱਲੇ ਹੋਇ ਕਲਿਜੁਗ ! ਤੂੰ ਤਾਂ ਕਹਿੰਦਾ ਹੈਂ ਇਨ੍ਹਾਂ ਮੰਦਰਾਂ ਜਾਂ ਪਦਾਰਥਾਂ ਵੱਲ ਵੇਖ, ਪਰ ਅਸੀਂ ਕਹਿੰਦੇ ਹਾਂ ਇਨ੍ਹਾਂ ਪਦਾਰਥਾਂ ਵੱਲ ਦੇਖਣ ਕਰਕੇ ਪ੍ਰਮਾਤਮਾ ਦਾ ਨਾਮ ਵੀਸਰੈ=ਭੁੱਲ ਜਾਂਦਾ ਹੈ। ਇਸ ਕਰਕੇ ਤੇਰਾਂ ਕਲਿਜੁਗਾ ਨਾਮ ਮਾਤ੍ਰ ਭੀ ਅਸਾਨੂੰ ਚੇਤੇ ਨਾ ਆਵੇ।

ਅਥਵਾ :- ਪ੍ਰਮਾਤਮਾ ਅੱਗੇ ਬੇਨਤੀ ਕਰਦੇ ਹਨ।

ਹੇ ਪ੍ਰਭੂ ! ਮਤਾਂ ਇਨ੍ਹਾਂ ਪਦਾਰਥਾਂ ਨੂੰ ਵੇਖ ਕੇ ਭੁੱਲ ਜਾਈਏ, ਕਿਉਂਕਿ

ਮੈਂ ਵੀਸਰੈ=ਭੁੱਲੇ ਹੋਇ ਨੂੰ ਫਿਰ ਆਪ ਜੀ ਦਾ ਨਾਮ ਚੇਤੇ ਨਹੀਂ ਆਵੇਗਾ॥ ੧॥

ਸ਼ੰਕਾ :- ਸੰਬਾਦ ਤਾਂ ਕਲਜੁਗ ਦੇ ਨਾਲ ਹੋ ਰਿਹਾ ਹੈ ਤੇ ਪ੍ਰਭੂ ਦੇ ਸਨਮੁਖ ਬੇਨਤੀ ਕਿਉਂ ਕੀਤੀ ਹੈ ?

ਉੱਤਰ :- ਜਿਵੇਂ ਮਿਕਨਾਤੀਸ ਦੀ ਸੂਈ ਧ੍ਰੂਅ ਵੱਲ ਹੀ ਰਹਿੰਦੀ ਹੈ ਮਨੁੱਖ ਭਾਵੇਂ ਕਿਸੇ ਪਾਸੇ ਫਿਰਦਾ ਰਵ੍ਹੇ। ਤਿਵੇਂ ਸੰਬਾਦ ਭਾਵੇਂ ਕਿਸੇ ਨਾਲ ਹੋਵੇ, ਪਰ ਗੁਰੂ ਸਾਹਿਬਾਂ ਦਾ ਮੁਖ ਪ੍ਰਮਾਤਮਾ ਦੇ ਸਨਮੁਖ ਹੀ ਰਹਿੰਦਾ ਹੈ।

ਹਰਿ ਬਿਨੁ ਜੀਉ ਜਲਿ ਬਲਿ ਜਾਉ॥

ਹਰੀ ਨਾਮ ਜਪੇ ਤੋਂ ਬਿਨਾਂ ਇਹ ਜੀਵ ਜਲਿ ਬਲਿ ਜਾਉ=ਨਿਸਫਲ ਜਾ ਰਿਹਾ ਹੈ।

ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ੧॥ ਰਹਾਉ॥

ਮੈਂ ਆਪਣੇ ਗੁਰੂ 'ਮਹਾਂ ਵਿਸ਼ਨੂੰ' ਜੀ ਪਾਸੋਂ ਪੁੱਛਿਆ ਹੈ ਤੇ ਵਿਚਾਰਕੇ ਭੀ ਵੇਖਿਆ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਹੋਰ ਕੋਈ ਸੁਖਾਂ ਦਾ ਥਾਂ ਨਹੀਂ ਹੈ।

ਅਥਵਾ :- ਮੈਂ ਆਪਣੇ ਗੁਰਾਂ ਤੋਂ ਪੁੱਛ ਵੇਖਿਆ ਹੈ ਤੇ ਨਿਸਚੇ ਕਰ ਲਿਆ ਹੈ ਕਿ ਪ੍ਰਭੂ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ॥ ੧॥ ਰਹਾਉ॥

ਫੇਰ ਕਲਜੁਗ ਨੇ ਵਿਚਾਰਕੇ ਕਿਹਾ, ਜੇ ਆਪ ਮੰਦਰ ਨੂੰ ਪਸੰਦ ਨਹੀਂ ਕਰਦੇ ਤਾਂ ਖੁਲ੍ਹੀ ਜ਼ਮੀਨ ਉੱਪਰ ਥੜਾ ਬਣਵਾ ਕੇ ਉੱਪਰ ਪਲੰਘ ਵਿਛਾ ਦੇਂਦਾ ਹਾਂ, ਉਸ ਉੱਪਰ ਬੈਠ ਕੇ ਆਪ ਸਮਾਧੀ ਲਗਾਇਆ ਕਰੋ। ਤਾਂ ਗੁਰੂ ਸਾਹਿਬ ਜੀ ਨੇ ਕਿਹਾ-

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥

ਚਾਹੇ ਸੋਨੇ ਦੀ ਧਰਤੀ ਹੋਵੇ ਤੇ ਹੀਰਿਆਂ ਲਾਲਾਂ ਨਾਲ ਜੜਤਕਾਰੀ ਕੀਤੀ ਹੋਵੇ। ਧਰਤੀ ਉੱਤੇ ਜੋ ਪਲੰਘ ਹੈ ਚਾਹੇ ਉਹ ਭੀ ਲਾਲਾਂ ਨਾਲ ਜੜਤਕਾਰੀ ਹੋਵੇ।

ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥

ਉਸ ਪਲੰਘ ਉੱਤੇ ਮੋਹਣੀ=ਇਸਤ੍ਰੀ ਐਸੀ ਹੋਵੇ ਜਿਸ ਦੇ ਮੁਖ ਦੀ ਸੋਹੈ=ਸੋਭਾ ਮਣੀ ਵਾਂਙ ਚਮਕਦੀ ਹੋਵੇ। ਅਤੇ ਰੰਗਿ=ਪ੍ਰੇਮ ਨੂੰ ਵਧਾਉਣ ਵਾਲੇ ਪਸਾਉ=ਹਾਵ ਭਾਵ ਨੂੰ ਕਰੇ।

ਅਥਵਾ:- ਇਸਤ੍ਰੀ ਦੇ ਮੂੰਹ ਤੇ ਜੋ ਗਹਿਣੇ ਹਨ ਉਨ੍ਹਾਂ ਵਿਚ ਮਣੀਆਂ ਸੋਭਦੀਆਂ ਹੋਵਣ, ਤੇ ਰੰਗਾਂ ਰੰਗਾਂ ਦੇ ਪਸਾਰੇ ਪਸਾਰਨ,

ਅਥਵਾ :- ਰੰਗਾਂ ਰੰਗਾਂ ਦੇ ਚਾਹੇ ਪਸਾਉ=ਪੁਸ਼ਾਕੇ ਭੀ ਪਹਿਰਨਾ ਕਰੇ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥

ਹੇ ਸ਼ੁਭ-ਮਤੀ ਤੋਂ ਭੁੱਲੇ ਹੋਇ ਕਲਜੁਗ ! ਤੂੰ ਤਾਂ ਕਹਿੰਦਾ ਹੈਂ ਇਨ੍ਹਾਂ ਪਦਾਰਥਾਂ ਵੱਲ ਵੇਖ, ਪਰ ਅਸੀਂ ਕਹਿੰਦੇ ਹਾਂ ਇਨ੍ਹਾਂ ਪਦਾਰਥਾਂ ਵੱਲ ਵੇਖਣ ਕਰਕੇ ਪ੍ਰਮਾਤਮਾ ਦਾ ਨਾਮ ਭੁੱਲ ਜਾਂਦਾ ਹੈ। ਇਸ ਕਰਕੇ ਤੇਰਾ ਕਲਜੁਗ ਨਾਮ ਮਾਤ੍ਰ ਭੀ ਅਸਾਨੂੰ ਚੇਤੇ ਨਾ ਆਵੇ।

ਅਥਵਾ:- ਪ੍ਰਮਾਤਮਾ ਅੱਗੇ ਬੇਨਤੀ ਕਰਦੇ ਹਨ।

ਹੇ ਪ੍ਰਭੂ ! ਮਤਾਂ ਇਨ੍ਹਾਂ ਪਦਾਰਥਾਂ ਨੂੰ ਵੇਖਕੇ ਭੁੱਲ ਜਾਈਏ, ਕਿਉਂਕਿ

ਮੈਂ ਵੀਸਰੈ=ਭੁੱਲੇ ਹੋਇ ਨੂੰ ਫਿਰ ਆਪ ਜੀ ਦਾ ਨਾਮ ਚੇਤੇ ਨਹੀਂ ਆਵੇਗਾ ॥ ੨ ॥

ਫਿਰ ਕਲਜੁਗ ਨੇ ਵਿਚਾਰਕੇ ਕਿਹਾ-ਆਪ ਰਮਤੇ ਫ਼ਕੀਰ ਹੋ, ਫ਼ਕੀਰ ਪਾਸ ਰਿੱਧੀਆਂ ਸਿੱਧੀਆਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ, ਆਪ ਮੇਰੇ ਪਾਸੋਂ ਰਿੱਧੀਆਂ ਸਿੱਧੀਆਂ ਲੈ ਲਵੋ। ਤਾਂ ਗੁਰੂ ਜੀ ਨੇ ਕਿਹਾ :-

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥

ਚਾਹੇ ਸਿੱਧ ਹੋ ਕੇ ਸਿੱਧੀਆਂ ਨੂੰ ਭੀ ਲਗਾ ਲਵਾਂ (ਸਿੱਧੀ ਦਾ ਸਰੂਪ ਅਗਲੀ ਪੰਗਤੀ ਵਿਚ ਹੈ) ਅਤੇ ਰਿੱਧੀਆਂ ਨੂੰ ਭੀ ਆਖਾਂ ਤੁਸੀਂ ਅਸਾਡੇ ਪਾਸ ਆ ਜਾਓ ਉਹ ਭੀ ਆਉਣ ਤੋਂ ਇਨਕਾਰ ਨਾ ਕਰਨ।

ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥

ਗੁਪਤ ਜਗ੍ਹਾ ਤੇ ਪ੍ਰਗਟ ਹੋ ਕੇ ਬੈਠ ਜਾਵਾਂ, ਅਤੇ ਪ੍ਰਗਟ ਜਗ੍ਹਾ ਤੋਂ ਗੁਪਤ ਹੋ ਜਾਵਾਂ, (ਏਹੋ ਸਿੱਧੀ ਦਾ ਸਰੂਪ ਹੈ) ਅਤੇ ਇਕ ਸੇਰ ਆਟਾ ਹੋਵੇ ਤੇ ਹਜ਼ਾਰਾਂ ਆਦਮੀਆਂ ਨੂੰ ਰੋਟੀ ਖੁਆ ਦੇਵਾਂ, (ਇਹ ਰਿੱਧੀ ਦਾ ਸਰੂਪ ਹੈ) ਇਸ ਤਰ੍ਹਾਂ ਦਾ ਕੌਤਕ ਵੇਖਕੇ, ਚਾਹੇ ਦੁਨੀਆਂ ਦੇ ਸਾਰੇ ਲੋਕ ਮੇਰੇ ਨਾਲ ਭਾਉ=ਪ੍ਰੇਮ ਰੱਖਣ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥

ਹੇ ਸ਼ੁਭ-ਮਤੀ ਤੋਂ ਭੁੱਲੇ ਹੋਇ ਕਲਜੁਗ ! ਤੂੰ ਤਾਂ ਕਹਿੰਦਾ ਹੈਂ ਇਨ੍ਹਾਂ ਪਦਾਰਥਾਂ ਵੱਲ ਵੇਖ, ਪਰ ਅਸੀਂ ਕਹਿੰਦੇ ਹਾਂ ਇਨ੍ਹਾਂ ਪਦਾਰਥਾਂ ਵੱਲ ਵੇਖਣ ਕਰਕੇ ਪਰਮੇਸ਼ਰ ਦਾ ਨਾਮ ਭੁੱਲ ਜਾਂਦਾ ਹੈ। ਇਸ ਕਰਕੇ ਤੇਰਾ ਕਲਜੁਗਾ ਨਾਂ ਮਾਤ੍ਰ ਭੀ ਅਸਾਨੂੰ ਚੇਤੇ ਨਾ ਆਵੇ॥ ੩॥

ਫਿਰ ਕਲਜੁਗ ਨੇ ਕਿਹਾ- ਮੈਂ ਇਸ ਵੇਲੇ ਸਾਰੇ ਸੰਸਾਰ ਦਾ ਬਾਦਸ਼ਾਹ ਹਾਂ।

ਆਪ ਮੇਰੇ ਪਾਸੋਂ ਕਿਸੇ ਪ੍ਰਗਣੇ ਦਾ ਰਾਜ ਭਾਗ ਲੈ ਕੇ ਸਾਰਿਆਂ ਉੱਪਰ ਹੁਕਮ ਹਾਸਲ ਕਰੋ।

ਤਾਂ ਗੁਰੂ ਸਾਹਿਬ ਜੀ ਨੇ ਕਿਹਾ-ਤੂੰ ਤਾਂ ਕਿਸੇ ਇਲਾਕੇ ਦਾ ਰਾਜ ਦੇਂਦਾ ਹੈਂ ਪਰ ਮੈਂ ਜੇਕਰ-

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥

ਚੱਕਰਵਰਤੀ ਬਾਦਸ਼ਾਹ ਵੀ ਹੋ ਜਾਵਾਂ, ਤੇ ਚਾਰ ਪ੍ਰਕਾਰ ਦੀ ਲਸਕਰ=ਸੈਨਾ ਵੀ ਇਕੱਠੀ ਕਰ ਲਵਾਂ, 'ਰਾਜ ਤਖਤ' ਉੱਤੇ ਅਜਿਹਾਂ ਪੈਰ ਰੱਖਾਂ ਜੋ ਕੋਈ ਦੁਸ਼ਮਨ ਉਠਾ ਭੀ ਨਾ ਸਕੇ।

ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥

ਚਾਹੇ ਆਪਣੇ ਹੁਕਮ ਨਾਲ ਹੀ ਜਗਤ ਦੀਆਂ ਸਾਰੀਆਂ ਚੀਜ਼ਾਂ ਹਾਸਲੁ=ਪ੍ਰਾਪਤ ਕਰ ਬੈਠੀਏ।

ਅਥਵਾ:- ਘਰ ਬੈਠਿਆਂ ਹੀ ਹੁਕਮ ਕਰਕੇ ਚਾਹੇ ਸਾਰੇ ਪਦਾਰਥ ਹਾਸਲੁ=ਪ੍ਰਾਪਤ ਕਰ ਲਵਾਂ, ਪਰ ਗੁਰੂ ਜੀ ਕਥਨ ਕਰਦੇ ਹਨ ਇਹ ਰਾਜ ਭਾਗ ਆਦਿਕ ਸਾਰੇ ਪਦਾਰਥ ਵਾਉ=ਹਵਾ ਦੇ ਬੁੱਲੇ ਵਾਂਗੂੰ ਨਾਸਵੰਤ ਹਨ, ਅਥਵਾ:- ਵਾਉ=ਵਿਅਰਥ ਹਨ। ਇਸ ਲਈ ਮੈਂ ਇਨ੍ਹਾਂ ਨੂੰ ਚਾਹੁੰਦਾ ਨਹੀਂ ਹਾਂ।

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੪॥ ੧॥

ਹੇ ਸ਼ੁਭ-ਮਤੀ ਤੋਂ ਭੁੱਲੇ ਹੋਇ ਕਲਜੁਗ ਤੂੰ ਤਾਂ ਕਹਿੰਦਾ ਹੈਂ ਇਨ੍ਹਾਂ ਪਦਾਰਥਾਂ ਵੱਲ ਵੇਖ, ਪਰ ਅਸੀਂ ਕਹਿੰਦੇ ਹਾਂ ਇਨ੍ਹਾਂ ਪਦਾਰਥਾਂ ਵੱਲ ਦੇਖਣ ਕਰਕੇ ਪ੍ਰਮਾਤਮਾ ਦਾ ਨਾਮ ਭੁੱਲ ਜਾਂਦਾ ਹੈ,

ਇਸ ਕਰਕੇ ਤੇਰਾ ਕਲਜੁਗਾ ਨਾਮ ਭੀ ਅਸਾਨੂੰ ਚੇਤੇ ਨਾ ਆਵੇ।

*ਅਥਵਾ:-*ਪ੍ਰਮਾਤਮਾ ਅੱਗੇ ਬੇਨਤੀ ਕਰਦੇ ਹਨ।

ਹੇ ਪ੍ਰਭੂ ! ਮਤਾਂ ਇਨ੍ਹਾਂ ਪਦਾਰਥਾਂ ਨੂੰ ਦੇਖਕੇ ਭੁੱਲ ਜਾਈਏ ਕਿਉਂਕਿ ਮੈਂ ਵੀਸਰੈ=ਭੁੱਲੇ ਹੋਇ ਨੂੰ ਫਿਰ ਆਪ ਜੀ ਦਾ ਨਾਮ ਚੇਤੇ ਨਹੀਂ ਆਵੇਗਾ॥ ੪॥ ੧॥

ਗੁਰੂ ਸਾਹਿਬਾਂ ਨੂੰ ਅਜਿੱਤ ਸਮਝਕੇ ਪੁਨਾ ਕਲਜੁਗ ਨੇ ਕਿਹਾ, ਆਪ ਜੀ ਨੇ ਕੋਈ ਭੀ ਭੇਟਾ ਗ੍ਰਹਿਣ ਨਹੀਂ ਕੀਤੀ ਮੇਰਾ ਫਿਰ ਉਧਾਰ ਕਿਵੇਂ ਹੋਵੇਗਾ, ਤਾਂ ਹਜ਼ੂਰ ਨੇ ਕਿਹਾ ਪਹਿਲੇ ਤੂੰ ਇਕ ਬਚਨ ਅਸਾਡਾ ਮੰਨ, ਸਤਸੰਗਤ ਵਿਚ ਜਾ ਕੇ ਅਸਾਡੇ ਸਿੱਖਾਂ ਨੂੰ ਤੂੰ ਦੁਖ ਨਾ ਦੇਵੀਂ, ਕਲਜੁਗ ਨੇ ਹੱਥ ਜੋੜਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀਉ ! ਆਪ ਸਿੱਖਾਂ ਨੂੰ ਤਾਂ ਉਪਦੇਸ਼ ਦੇਂਦੇ ਹੋ ਕਿ ਸਤਸੰਗਤ ਜ਼ਰੂਰ ਕੀਤਾ ਕਰੋ। ਸਤਸੰਗਤ ਤੋਂ ਬਿਨਾਂ ਉਧਾਰ ਨਹੀਂ ਹੁੰਦਾ ਤੇ ਮੈਨੂੰ ਆਖਦੇ ਹੋ ਸਤਸੰਗਤ ਵਿਚ ਜਾਇਆ ਨਾ ਕਰ, ਫਿਰ ਮੇਰਾ ਕਿਵੇਂ ਉਧਾਰ ਹੋਵੇਗਾ। ਸ਼ਰਨ ਆਏ ਦੀ ਲਾਜ ਰੱਖੋ, ਤਾਂ ਹਜ਼ੂਰ ਨੇ ਫੁਰਮਾਇਆ ਅਰਦਾਸੇ ਹੋ ਜਾਨ ਪਿੱਛੋਂ ਜਿਸ ਵੇਲੇ ਕੜਾਹ ਪ੍ਰਸ਼ਾਦ ਵਰਤੇ ਉਸ ਵੇਲੇ ਆ ਕੇ ਦਰਸ਼ਨ ਕਰ ਲਿਆ ਕਰ। ਇਤਨੇ ਵਿਚ ਕਲਜੁਗ ਪ੍ਰਸੰਨ ਹੋ ਕੇ ਚਲਾ ਗਿਆ। ਸੋ ਵੇਖ ਲਓ ਕੜਾਹ ਪ੍ਰਸ਼ਾਦ ਵਰਤਣ ਵੇਲੇ ਕਲਜੁਗ ਆ ਹੀ ਜਾਂਦਾ ਹੈ ਆਪਣੇ ਉਧਾਰ ਲਈ।

ਸਿਰੀਰਾਗੁ ਮਹਲਾ ੧ ॥

ਉਥਾਨਕਾ:- ਜਿਸ ਵੇਲੇ ਗੁਰੂ ਸਾਹਿਬ ਜੀ ਸੱਚਖੰਡ ਵਿਖੇ ਪ੍ਰਭੂ ਦੇ ਦਰਸ਼ਨਾਂ ਨੂੰ ਗਏ ਹਨੰ ਤਾਂ ਬਿਅੰਤ-ਤਾਈ ਨੂੰ ਮੁਖ ਰੱਖਦਿਆਂ ਹੋਇਆਂ ਇਹ ਸ਼ਬਦ ਭਗਵਾਨ ਦੇ ਸਨਮੁਖ ਉਚਾਰਨਾ ਕੀਤਾ :-

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥

ਹੇ ਪ੍ਰਭੂ! ਚਾਹੇ ਕੋਟਾਨ ਕੋਟ ਵਰ੍ਹੇ ਮੇਰੀ ਆਰਜਾ=ਅਵਸਥਾ (ਉਮਰਾ) ਹੋ ਜਾਵੇ ਪਵਣੁ=ਹਵਾ ਦਾ ਹੀ ਪੀਣਾ ਤੇ ਹਵਾ ਦਾ ਹੀ ਅਪਿਆਉ=ਭੋਜਨ ਖਾਣਾ ਹੋਵੇ।

ਅਪਿਆਉ ਦਾ ਅਰਥ ਭੋਜਨ ਹੈ:-

ਯਥਾ- ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥
ਸਾਸਿ ਸਾਸਿ ਸੰਮ੍ਹਾਲਤਾ ਮੇਰਾ ਪ੍ਰਭੁ ਸੋਈ ॥ ੨ ॥ *(ਪੰਨਾ ੬੭੮)*

ਤਥਾ- ਮੁਖ ਅਪਿਆਉ ਬੈਠ ਕਉ ਦੈਨ ॥ (ਸੁਖਮਨੀ ਸਾਹਿਬ)

ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥

ਫਿਰ ਮੈਂ ਅਜਿਹੀ ਗੁਫਾ ਵਿਚ ਬੈਠਕੇ ਤਪ ਕਰਾਂ, ਜਿਥੇ ਚੰਦ੍ਰਮਾ ਸੂਰਜ ਇਨ੍ਹਾਂ ਦੋਹਾਂ ਨੂੰ ਵੇਖ ਨ ਸਕਾਂ, ਵਾ-ਇਹ ਦੋਨੋਂ ਮੈਨੂੰ ਨਾ ਵੇਖ ਸਕਣ, ਫਿਰ ਉਹ ਗੁਫਾ ਇਤਨੀ ਤੰਗ ਹੋਵੇ ਜਿੱਥੇ ਸੁਪਨੇ ਵਿਚ ਵੀ ਸੌਣ ਨੂੰ ਜਗ੍ਹਾ ਨਾ ਮਿਲੇ। ਵਾ ਸੁਪਨੈ=ਕਦਾਚਿੱਤ ਵੀ ਸੰਸਾਰ ਸੁਪਨੇ ਵਿਖੇ ਸੌਣ ਨੂੰ ਜਗ੍ਹਾ ਨਾ ਮਿਲੇ। ਭਾਵੇਂ ਇਤਨੀ ਸ਼ਕਤੀ ਭੀ ਹੋ ਜਾਵੇ :-

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥

ਤਦ ਵੀ ਆਪ ਜੀ ਦੀ ਕੀਮਤ ਨਹੀਂ ਪੈਂਦੀ, ਮੈਂ ਆਪ ਜੀ ਦੇ ਨਾਮ ਨੂੰ ਕੇਡਾ ਕੁ ਵੱਡਾ ਆਖਾਂ। ਅਥਵਾ:- ਹਉ=ਮੈਂ ਕੇਡਾ ਕੁ ਵੱਡਾ ਹਾਂ ਜੋ ਆਪ ਜੀ ਦੇ ਨਾਮਾਂ ਨੂੰ ਆਖ ਸਕਾਂ ॥ ੧ ॥

ਸਾਚਾ ਨਿਰੰਕਾਰੁ ਨਿਜ ਥਾਇ ॥

ਹੇ ਨਿਰੰਕਾਰ! ਤੂੰ ਸੱਚਾ ਹੈਂ ਅਤੇ ਸਾਧ ਸੰਗਤ, ਹਰੀ ਮੰਦਰ ਸਾਹਿਬ ਸੱਚਖੰਡ ਇਹ ਤੇਰੇ ਆਪਣੇ ਰਹਿਣ ਦਾ ਅਸਲੀ ਅਸਥਾਨ ਹੈ।

ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥

ਇਹ ਜੀਵ! ਇਕ ਦੂਜੇ ਤੋਂ ਸੁਣ ਸੁਣ ਕੇ, ਵਾ ਸੁਣਿ=ਕੰਨਾਂ ਦੁਆਰੇ ਸੁਣ ਕੇ ਚਾਹੇ ਕਿਤਨੇ ਹੀ ਆਖਣੁ=ਅਖਿਆਣਾ=ਪ੍ਰਸੰਗਾਂ ਨੂੰ ਆਖਣਾ ਕਰੇ।

ਵਾ:-ਆਖਣੁ=ਮੁਖ ਦੁਆਰਾ ਆਖਣਾ ਕਰੇ।

ਵਾ-ਆਖਣੇ ਵਾਲਾ ਹੋ ਕੇ ਚਾਹੇ ਕਿਤਨੇ ਹੀ ਗ੍ਰੰਥਾਂ ਨੂੰ ਆਖਣਾ ਕਰੇ ਤੋਂਭੀ ਤੂੰ ਪ੍ਰਾਪਤ ਨਹੀਂ ਹੁੰਦਾ।

ਹੇ ਪ੍ਰਭੂ ! ਜੇਕਰ ਜੀਵ ਆਪ ਜੀ ਨੂੰ ਭਾ ਜਾਵੇ ਤਾਂਹੀਂ ਆਪ ਤਮਾਇ=ਦਾਤ ਦੇਣੀ ਕਰਦੇ ਹੋ।

ਅਥਵਾ:- ਹੇ ਸੱਚੇ ਨਿਰੰਕਾਰ ! ਤੂੰ ਆਪਣੀ ਉਪਮਾ ਦੀ ਥਾਂ ਆਪ ਹੀ ਹੈਂ।

ਅਰਥਾਤ ਤੂੰ ਆਪ ਹੀ ਉਪਮੇਯ ਰੂਪ ਹੈਂ, ਆਪ ਹੀ ਉਪਮਾਨ ਰੂਪ ਹੈਂ।

ਸੁਣੇ ਸੁਣਾਏ ਆਖਣੁ=ਪ੍ਰਸੰਗਾਂ ਨੂੰ ਸਭ ਕੋਈ ਆਖਦਾ ਹੈ,

ਜੇ ਤੂੰ ਭਾਵੈ=ਚਾਹਵੇਂ ਤਾਂਹੀਂ ਜੀਵ ਨੂੰ ਨਾਮ ਦੀ ਤਮਾਇ=ਦਾਤ ਦੇਣੀ ਕਰਦਾ ਹੈਂ॥ ੧॥ ਰਹਾਉ॥

ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥

ਪਹਿਲਾ ਅਰਥ:-ਚਾਹੇ ਆਪਣੇ ਸਰੀਰ ਨੂੰ ਕੁਸਾ=ਕੋਹਾਂ, ਫਿਰ ਉਸ ਨੂੰ ਵਾਰੰ ਵਾਰ ਕੱਟਕੇ ਪੀਸਣਿ=ਚੱਕੀ ਵਿਚ ਪਾ ਕੇ ਪੀਸਾਂ। ਪੀਸੇ ਜਾ ਚੁੱਕੇ ਹੋਇ ਮਾਸ ਨੂੰ ਫਿਰ-

ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥

ਅੱਗ ਨਾਲ ਸਾੜ ਦੇਵਾਂ, ਅਤੇ ਭਸਮ ਸੇਤੀ=ਸ੍ਵਾਹ ਨਾਲ ਮਿਲ ਜਾਵਾਂ।

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੨॥

ਏਨਾ ਕੁਝ ਕਰ ਲੈਣ ਨਾਲ ਭੀ ਆਪ ਜੀ ਦੀ ਕੀਮਤ ਨਹੀਂ ਪੈਂਦੀ, ਹਉ=ਮੈਂ ਆਪ ਜੀ ਦੇ ਨਾਮ ਨੂੰ ਕੇਡਾ ਕੁ ਵਡਾ ਆਖਣਾ ਕਰਾਂ॥ ੨॥

ਦੂਜਾ ਅਰਥ:-

ਚਾਹੇ ! ਕੁਸਾ=ਕਾਂਸ਼ੀ ਦਾ ਕਲਵਤ੍ਰ ਲੈ ਲਵਾਂ,

ਚਾਹੇ ! **ਕਟੀਆ ਵਾਰ ਵਾਰ**=ਵਾਰੰਵਾਰ ਵਾ ਰੋਮ ਰੋਮ ਆਪਣੇ ਆਪ ਨੂੰ ਕੱਟ ਕੇ ਹਮਨ ਕਰ ਦੇਵਾਂ।

ਚਾਹੇ ! **ਪੀਸਣਿ ਪੀਸਾ ਪਾਇ**=ਹਿਮਾਲੇ ਪਰਬਤ ਰੂਪ ਚੱਕੀ ਵਿਚ ਪਾ ਕੇ ਆਪਣੇ ਆਪ ਨੂੰ ਪਿਸਾ ਦੇਵਾਂ, ਭਾਵ ਪਾਂਡਵਾਂ ਦੀ ਨਿਆਈਂ ਗਾਲ ਸੁੱਟਾਂ।

ਚਾਹੇ ! **ਅਗੀ ਸੇਤੀ ਜਾਲੀਆ**=ਅੱਗ ਦੇ ਨਾਲ ਆਪਣੇ ਆਪ ਨੂੰ ਸਾੜਨਾ ਕਰਾਂ, ਭਾਵ ਪੰਜ ਧੂਣੀਆਂ ਤਪ ਲਵਾਂ।

ਚਾਹੇ ! **ਭਸਮ ਸੇਤੀ ਰਲਿ ਜਾਉ**=ਸ੍ਵਾਹ ਨਾਲ ਰਲ ਜਾਵਾਂ ਭਾਵ ਇਨ੍ਹਾਂ ਸਾਧਨਾਂ ਦਾ ਹੰਕਾਰ ਨਾ ਕਰਾਂ।

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੨॥

ਇਤਨੀ ਸ਼ਕਤੀ ਪ੍ਰਾਪਤ ਹੋਣ ਨਾਲ ਭੀ ਆਪ ਜੀ ਦੀ ਕੀਮਤ ਨਹੀਂ ਪੈਂਦੀ ਹਉ=ਮੈਂ ਆਪ ਜੀ ਦੇ ਨਾਮ ਨੂੰ ਕੇਡਾ ਕੁ ਵਡਾ ਆਖਾਂ॥ ੨॥

ਤੀਜਾ ਅਰਥ:-

ਕੁਸਾ ਕਟੀਆ ਵਾਰ ਵਾਰ=ਚਾਹੇ ਬਾਹਰ ਜਾ ਕੇ ਕੁਸਾ=ਕਾਹੀ (ਦੱਭ) ਨੂੰ ਵਾਰੰਵਾਰ ਕੱਟ ਕੇ ਘਰ ਲਿਆ ਕੇ ਉਸਦੀਆਂ ਸਫਾਂ ਬਣਾ ਕੇ ਸਤਸੰਗਤ ਵਿਚ ਲਿਆ ਕੇ ਵਿਛਾਵਾਂ।

ਪੀਸਣਿ ਪੀਸਾ ਪਾਇ=ਚਾਹੇ ਪੀਸਣਿ=ਚੱਕੀ ਵਿਚ ਦਾਣੇ ਪਾ ਕੇ ਆਟਾ ਪੀਹ ਕੇ ਪ੍ਰਸ਼ਾਦੇ ਪਕਾ ਕੇ ਸੰਤਾਂ ਅਭਿਆਗਤਾਂ ਨੂੰ ਛਕਾਵਾਂ।

ਅਗੀ ਸੇਤੀ ਜਾਲੀਆ=ਚਾਹੇ ਅੱਗ ਦੇ ਨਾਲ, ਲੱਕੜਾਂ ਲਿਆ ਕੇ ਬਾਲਣਾ ਕਰਾਂ, ਭਾਵ ਅੰਗੀਠੀਆਂ ਵਿਚ ਅੱਗ ਬਾਲ ਕੇ ਸਰਦੀ ਦੇ ਮੌਸਮ ਵਿਚ ਮਹਾਤਮਾ ਨੂੰ ਸਿਕਾਵਾਂ , ਅਥਵਾ ਚੁੱਲ੍ਹਿਆਂ ਵਿਚ ਲੱਕੜਾਂ ਬਾਲਕੇ ਲੰਗਰ ਤਿਆਰ ਕਰਕੇ ਛਕਾਵਾਂ।

ਭਸਮ ਸੇਤੀ ਰਲਿ ਜਾਉ= ਚਾਹੇ ਝਾੜੂ ਦੇਂਦਿਆਂ, ਅਥਵਾ ਲੰਗਰ ਦੇ ਭਾਂਡੇ ਮਾਂਜਦਿਆਂ ਸ੍ਵਾਹ ਨਾਲ ਰਲ ਜਾਵਾਂ।

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੨ ॥

ਇਤਨੀ ਨਿੰਮ੍ਰਤਾ ਹੋਣ ਨਾਲ ਭੀ ਆਪ ਜੀ ਦੀ ਕੀਮਤ ਨਹੀਂ ਪੈਂਦੀ,

ਹਉ=ਮੈਂ ਆਪ ਜੀ ਦੇ ਨਾਮ ਨੂੰ ਕੇਡਾ ਕੁ ਵਡਾ ਆਖਾਂ ॥ ੨ ॥

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥

ਜੇਕਰ ਮੈਂ ਪੰਖੀ ਰੂਪ ਹੋ ਕੇ ਭੀ ਸੈਂਕੜੇ ਅਸਮਾਨਾਂ ਵਿਖੇ ਭਵਾ ਜਾਉ=ਉੱਡਦਾ ਜਾਵਾਂ।

ਵਾ ਅਸਮਾਨ ਵਿਖੇ ਸੈਂਕੜੇ ਕੋਹ ਲਗਾਤਾਰ ਭਵਾ ਜਾਉ=ਉੱਡਦਾ ਜਾਵਾਂ।

ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥

ਇਤਨਾ ਉੱਡ ਜਾਵਾਂ! ਕਿਸੇ ਨੂੰ ਨਜ਼ਰ ਹੀ ਨਾ ਆਵਾਂ। ਨਾ ਕੁਝ ਪੀਵਾਂ ਤੇ ਨਾਹੀ ਖਾਵਾਂ।

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥

ਤੋਭੀ ਆਪ ਜੀ ਦੀ ਕੀਮਤ ਨਹੀਂ ਪੈਂਦੀ, ਹਉ=ਮੈਂ ਆਪ ਜੀ ਦੇ ਨਾਮ ਨੂੰ ਕੇਡਾ ਕੁ ਵੱਡਾ ਆਖਾਂ॥ ੩ ॥

[ਪੰਨਾ ੧੫]

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ! ਚਾਹੇ ਲੱਖਾਂ ਮਣ ਕਾਗਜ਼ ਭੀ ਇਕੱਠੇ ਹੋ ਜਾਣ, ਮਸੂ=ਸ਼ਾਹੀ ਦਾ ਭੀ ਘਾਟਾ ਨਾ ਆਵੇ, ਲੇਖਣਿ=ਕਲਮ ਭੀ ਹਵਾ ਵਾਂਗੂੰ ਲਿਖਦੀ ਚਲੇ।

ਇਤਨੇ ਗ੍ਰੰਥ ਲਿਖ ਕੇ ਆਪ ਪੜ੍ਹੀਏ, ਅਤੇ ਭਾਉ=ਪ੍ਰੇਮ ਨਾਲ ਹੋਰਨਾਂ ਨੂੰ ਭੀ ਪੜ੍ਹਾਈਏ।

ਅਥਵਾ- ਬਹੁਤ ਸਾਰੇ ਗ੍ਰੰਥ ਪੜ੍ਹ ਲਈਏ, ਪੜ੍ਹਕੇ ਫਿਰ ਉਨ੍ਹਾਂ ਨਾਲ ਭਾਉ=ਪ੍ਰੇਮ ਕੀਤਾ ਜਾਵੇ।

ਅਰਥਾਤ ਗ੍ਰੰਥਾਂ ਵਿਚ ਜੋ ਪ੍ਰਕਰਨ ਲਿਖੇ ਹੋਇ ਹਨ ਉਨ੍ਹਾਂ ਦੀ ਧਾਰਨਾ ਭਾਵ ਕਮਾਈ ਕੀਤੀ ਜਾਵੇ।

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੪ ॥ ੨ ॥

ਫਿਰ ਭੀ ਆਪ ਜੀ ਦੀ ਕੀਮਤ ਨਹੀਂ ਪੈਂਦੀ, ਹਉ=ਮੈਂ ਆਪ ਜੀ ਦੇ ਨਾਮ ਨੂੰ ਕੇਡਾ ਕੁ ਵੱਡਾ ਆਖਾਂ ॥ ੪ ॥ ੨ ॥

ਯਥਾ - ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ ॥ *(ਪੰਨਾ ੭੫੬)*

ਸਿਰੀਰਾਗੁ ਮਹਲਾ ੧ ॥

ਉਥਾਨਕਾ:- ਇਕ ਦਿਨ ਪਿਤਾ ਕਾਲੂ ਜੀ ਪੜ੍ਹਣ ਦਾ ਸਮਾਂ ਜਾਣਕੇ ਆਪਣੇ ਪੁੱਤਰ ਗੁਰੂ ਨਾਨਕ ਨੂੰ ਗੁਪਾਲ ਪਾਂਧੇ ਪਾਸ ਬਿਠਾ ਆਏ। ਜਿਵੇਂ ਪਾਂਧਾ ਬੋਲਦਾ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਝੱਟ ਓਸੇ ਤਰ੍ਹਾਂ ਬੋਲੀ ਜਾਂਦੇ ਸਨ, ਪਾਂਧੇ ਨੇ ਵਿਚਾਰਿਆ ਇਹ ਲੜਕਾ ਬੜਾ ਹੋਣਹਾਰ ਹੈ। ਜਲਦੀ ਪੜ੍ਹ ਜਾਏਗਾ ਤੇ ਮੈਨੂੰ ਇਸ ਦੇ

ਪਟਵਾਰੀ ਪਿਤਾ ਪਾਸੋਂ ਬਹੁਤ ਸਾਰਾ ਇਨਾਮ ਮਿਲੇਗਾ। ਜਦ ਗੁਰੂ ਜੀ ਦੂਜੇ ਦਿਨ ਪਾਂਧੇ ਪਾਸ ਗਏ, ਉਹ ਤਾਂ ਬੜੀ ਤਵੱਜੋ ਨਾਲ ਪੜ੍ਹਾਵੇ ਪਰ ਗੁਰੂ ਜੀ ਬੋਲਣ ਹੀ ਨਾ, ਆਖਿਰ ਪਾਂਧੇ ਨੇ ਕਿਹਾ ਆਪ ਜੀ ਦਾ ਪਿਤਾ ਪਟਵਾਰੀ ਦਾ ਕੰਮ ਕਰਦਾ ਹੈ। ਤੁਸਾਂ ਨੇ ਓਹੀ ਕੰਮ ਸੰਭਾਲਣਾ ਹੋਇਆ ਤੇ ਪਟਵਾਰੀ ਦਾ ਕੰਮ ਲੇਖਾ ਸਿੱਖੇ ਤੋਂ ਬਗੈਰ ਨਹੀਂ ਆ ਸਕਦਾ, ਆਪ ਜੀ ਨੂੰ ਲੇਖਾ ਜ਼ਰੂਰ ਸਿੱਖਣਾ ਚਾਹੀਦਾ ਹੈ।

ਲੇਖੇ ਦੇ ਸਿੱਖਣ ਨਾਲ ਹੀ ਆਪ ਜੀ ਨੂੰ ਬਹੁਤ ਸਾਰੀ ਮਾਇਆ ਮਿਲਿਆ ਕਰੇਗੀ।

ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ:-

ਬਾਬਾ ਮਾਇਆ ਰਚਨਾ ਧੋਹੁ॥

ਬਾਬਾ=ਹੇ ਪਾਂਧਾ ਜੀ! ਜਿਤਨੀਕੁ ਮਾਇਆ ਦੀ ਰਚਨਾ ਹੈ ਇਹ ਸਾਰੀ ਜੀਵ ਨੂੰ ਧੋਹੁ=ਛਲ ਜਾਣ ਵਾਲੀ ਹੈ।

ਅਥਵਾ -ਸਾਰਿਆਂ ਦਾ ਬਾਬਾ ਜੋ ਪ੍ਰਮਾਤਮਾ ਹੈ ਉਸ ਦੀ ਜੋ ਮਾਇਆ ਹੈ, ਤਿਸ ਮਾਇਆ ਦੀ ਸਭ ਰਚਨਾ ਜੀਵ ਨੂੰ ਧੋਹੁ=ਛਲ ਜਾਣ ਵਾਲੀ ਹੈ।

ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹ॥ ੧॥ ਰਹਾਉ॥

ਜਿਸ ਅੰਧੈ=ਅਗਿਆਨੀ ਨੇ ਮਾਇਆ ਦੇ ਮਗਰ ਲਗ ਕੇ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ। ਤਿਸ ਨੂੰ ਨਾ ਇਸ ਲੋਕ ਦਾ ਸੁਖ, ਨਾਹੀ ਉਹ=ਪ੍ਰਲੋਕ ਦਾ ਸੁਖ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਪਾਂਧੇ ਨੇ ਕਿਹਾ ਆਪ ਜੀ ਦੀ ਗੱਲ ਭਾਵੇਂ ਯਥਾਰਥ ਹੈ, ਪਰ ਆਪ ਜੀ ਨੂੰ ਲੇਖਾ ਜ਼ਰੂਰ ਸਿੱਖਣਾ ਚਾਹੀਦਾ ਹੈ। ਗੁਰੂ ਜੀ ਨੇ ਕਿਹਾ-

ਅਸੀਂ ਲੇਖਾ ਕੀ ਸਿੱਖਣਾ ਹੈ ਸਾਰਾ ਸੰਸਾਰ ਹੀ ਲੇਖੇ ਵਿਚ ਹੈ-

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥

ਹੇ ਪਾਂਧਾ ਜੀ! ਬੋਲਣੁ=ਬਚਨਾਂ ਦਾ ਬੋਲਨਾ ਵੀ ਲੇਖੇ ਵਿਚ ਹੈ।

ਖਾਣਾ=ਭੋਜਨ ਦਾ ਖਾਣਾ ਵੀ ਲੇਖੇ ਵਿਚ ਹੈ।

ਲੇਖੈ ਵਾਟ ਚਲਾਈਆ

ਵਾਟ=ਰਾਹ ਵਿਚ ਚਲਨਾ (ਤੁਰਨਾ) ਵੀ ਲੇਖੇ ਵਿਚ ਹੈ।

ਲੇਖੈ ਸੁਣਿ ਵੇਖਾਉ॥

ਬਚਨਾਂ ਦਾ ਸੁਣਨਾਂ, ਅਤੇ ਨੇਤ੍ਰਾਂ ਨਾਲ ਰੂਪ ਆਦਿਕਾਂ ਦਾ ਵੇਖਣਾ ਵੀ ਲੇਖੇ ਵਿਚ ਹੈ।

ਲੇਖੈ ਸਾਹ ਲਵਾਈਅਹਿ

ਜਿਤਨੇ ਕੁ ਰਾਤ ਦਿਨ ਵਿਖੇ ਸ੍ਵਾਸ ਲਈਂਦੇ ਹਨ ਉਹ ਸਭ ਲੇਖੇ ਵਿਚ ਹਨ।

ਪੜੇ ਕਿ ਪੁਛਣ ਜਾਉ॥ ੧॥

ਜੇਕਰ ਅਸਾਡੇ ਬਚਨਾਂ ਤੇ ਭਰੋਸਾ ਨਹੀਂ ਹੈ, ਤਾਂ ਪੜ੍ਹੇ ਹੋਇ ਜੋ ਪੰਡਿਤ ਲੋਕ ਹਨ ਉਨ੍ਹਾਂ ਤੋਂ ਜਾ ਕੇ ਪੁੱਛਣਾ ਕਰ।

ਵਾ:-ਪੜ੍ਹਿਆਂ ਹੋਇਆਂ ਪੰਡਿਤਾਂ ਪਾਸੋਂ ਕੀ ਜਾ ਕੇ ਪੁੱਛਣਾ ਹੈ ਅਸਾਂ ਨੇ ਜੋ ਕਿਹਾ ਸੋ ਠੀਕ ਕਿਹਾ ਹੈ॥ ੧॥

ਬਾਬਾ ਮਾਇਆ ਰਚਨਾ ਧੋਹੁ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਉਹ॥ ੧॥ ਰਹਾਉ॥

ਇਨ੍ਹਾਂ ਤੁਕਾਂ ਦਾ ਅਰਥ ਸ਼ੁਰੂ ਵਿਚ ਹੋ ਚੁੱਕਾ ਹੈ॥ ਰਹਾਉ॥

ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ॥

ਜੀਵਣੇ ਅਤੇ ਮਰਨੇ ਉੱਪਰ ਜਾ ਕੇ ਅਰਥਾਤ ਜੇ ਕਿਸੇ ਦੇ ਘਰ ਲੜਕਾ ਜੀਵਣ=ਜੰਮਿਆਂ ਤਾਂ ਓਥੇ ਵਧਾਈਆਂ ਦੇਣ ਚਲੇ ਗਏ, ਜੇ ਕਿਸੇ ਦੇ ਘਰ ਕੋਈ ਮਰਣਾ=ਮਰ ਗਿਆ ਤਾਂ ਓਥੇ ਅਫਸੋਸ ਕਰਨ ਲਈ ਚਲਾ ਗਿਆ, ਆਪਣੀ ਜ਼ਿੰਦਗੀ ਦਾ ਕਾਲਿ=ਸਮਾਂ ਸਾਰਾ ਏਥੇ ਹੀ ਖਾ ਲਿਆ। ਪਾਵ ਨਿਸਫਲ ਹੀ ਬਤੀਤ ਕਰ ਦਿੱਤਾ।

ਅਥਵਾ:- ਜੀਵਣ ਕਾਲਿ=ਆਪਣੀ ਜ਼ਿੰਦਗੀ ਦਾ ਸਮਾਂ ਜਨਮ ਕਾਲ ਤੋਂ ਲੈ ਕੇ ਮਰਣਾ ਜਾਇ ਕੈ=ਮਰਨੇ ਪ੍ਰਯੰਤ ਏਥੈ=ਇਸ ਲੋਕ ਵਿਚ ਸੰਬੰਧੀਆਂ ਨਾਲ ਮਿਲ ਕੇ ਪਦਾਰਥ ਖਾਂਦਾ ਰਿਹਾ।

ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥

ਜਿਥੈ ਬਹਿ=ਜਿਥੇ ਪ੍ਰਲੋਕ ਵਿਚ ਬੈਠਕੇ ਇਸਦੇ ਕੀਤੇ ਕਰਮਾਂ ਦਾ ਲੇਖਾ ਸਮਝਾਇਆ ਜਾਂਦਾ ਹੈ, ਓਥੇ ਪ੍ਰਲੋਕ ਵਿਚ ਜੀਵ ਦੇ ਨਾਲ ਕੋਈ ਸਾਕ ਮਿੱਤਰ ਨਹੀਂ ਜਾਂਦਾ।

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥ ੨॥

ਪ੍ਰਾਣੀ ਦੇ ਮਰ ਜਾਣ ਮਗਰੋਂ! ਜਿਤਨੇ ਕੁ ਸਾਕ ਮਿਤ੍ਰ ਰੋਣ ਵਾਲੇ ਹਨ, ਉਹ ਸਰੀਰ ਨੂੰ ਸ੍ਵਾਸਾਂ ਤੋਂ ਪਰਾਲਿ=ਖਾਲੀ ਜਾਣ ਕੇ ਫੱਟੇ ਤੇ ਪਾ ਕੇ ਪੰਡ ਵਾਂਗੂ ਸੂਤੜੀ ਨਾਲ ਬੰਨ ਦੇਂਦੇ ਹਨ ਮੋਢੇ ਤੇ ਚੁੱਕਕੇ ਬਾਹਰ ਮਸਾਨ ਭੂਮਿਕਾ ਵਿਚ ਲੈ ਜਾਦੇ ਹਨ, ਨਾਲ ਪਰਾਲੀ ਦੀ ਪੰਡ ਬੰਨਕੇ ਲੈ ਜਾਂਦੇ ਹਨ ਛੇਤੀ ਅੱਗ ਲਾਣ ਵਾਸਤੇ।

ਅਥਵਾ:- ਰੋਣ ਵਾਲੇ ਜਿੰਨੇ ਮਿਤ੍ਰ ਸਾਕ ਹਨ, ਉਹ ਸਾਰੇ ਪਲਾਲਾਂ ਦੀ ਪੰਡ ਬੰਨ੍ਹਦੇ ਹਨ। ਕਿ ਅਸਾਨੂੰ ਖਟ ਕਮਾਕੇ ਖੁਆਂਦਾ ਸੀ ਉਹ ਬੱਘੀਆਂ ਵਾਲਾ ਤੇ ਕਾਰਾਂ ਵਾਲਾ ਕਿੱਥੇ ਚਲਾ ਗਿਆ ਹੈ।

ਯਥਾ- ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ॥

(ਵਡਹੰਸ ਮਹਲਾ ੧, ਪੰਨਾ ੫੭੯)

ਦੂਜਾ ਅਰਥ:- ਕਾਲ ਦਾ ਅਭਾਵ ਕਿਸਨੇ ਕੀਤਾ ਹੈ? *ਗੁਰ ਉੱਤਰ:-*

ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ॥

ਜਿਸਨੇ ਸੰਸਾਰ ਵਿਚ ਜਾਇ ਕੈ=ਉਤਪੰਨ ਹੋ ਕੇ, ਵਾ ਸਤਸੰਗਤ ਵਿਖੇ ਜਾ ਕੇ ਗੁਰ ਉਪਦੇਸ਼ ਦੁਆਰਾ ਜੀਵਣ ਮਰਣਾ=ਜੀਵਤ ਭਾ ਸੇ ਮਰਨਾ ਕੀਤਾ ਹੈ, ਉਸਨੇ ਕਾਲ ਨੂੰ ਏਥੇ ਹੀ ਖਾ ਲਿਆ ਹੈ।

ਯਥਾ- ਗਿਆਨੀ ਕਾਲ ਕੋ ਬਚਨ ਕਰੇ-ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥

ਜਿਥੇ ਬੈਠਕੇ ਪ੍ਰਲੋਕ ਵਿਚ ਲੇਖਾ ਸਮਝਾਇਆ ਜਾਂਦਾ ਹੈ, ਓਥੇ ਪ੍ਰਲੋਕ ਵਿਚ ਬ੍ਰਹਮ ਗਿਆਨੀ ਦੇ ਨਾਲ ਕੋਈ ਵੀ ਇੰਦ੍ਰਾ ਚਲਕੇ ਨਹੀਂ ਜਾਂਦਾ। ਤੱਤਾਂ ਵਿਚ ਤੱਤ ਮਿਲ ਜਾਂਦੇ ਹਨ, ਚੇਤਨ ਵਿਖੇ ਚੇਤਨ ਲੀਨ ਹੋ ਜਾਂਦਾ ਹੈ।

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥ ੨॥

ਜਿਤਨੇ ਕੁ ਰੋਨ ਵਾਲੇ ਜਮਦੂਤ ਹਨ ਉਹ ਸਾਰੇ ਪਰਾਲਿ=ਪਲਾਲਾਂ ਦੀ ਹੀ ਪੰਡ ਬੰਨ੍ਹਦੇ ਹਨ, ਕਿ ਇਹ ਅਸਾਡਾ ਭੱਖ ਸੀ, ਪਰ ਨਾਮ ਜਪਕੇ ਅਸਾਡੇ ਹੱਥੋਂ ਨਿਕਲ ਗਿਆ ਹੈ॥ ੨॥

ਪ੍ਰਸ਼ਨ:- ਪ੍ਰਭੂ ਦੇ ਜਸ ਨੂੰ ਕੋਈ ਆਖਦਾ ਹੈ ਜਾਂ ਨਹੀਂ ? *ਗੁਰ ਉੱਤਰ-*

ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥

ਪਰਮੇਸ਼ੁਰ ਦੇ ਜਸ ਨੂੰ ਸਭ ਕੋਈ ਬਹੁਤ ਸੇ ਬਹੁਤ ਆਖਦਾ ਹੈ, ਆਪਣੀ ਵੱਲੋਂ ਕੋਈ ਘੱਟ ਨਹੀਂ ਆਖਦਾ।

ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥

ਪਰ ਉਸ ਦੀ ਕੀਮਤ ਕਿਸੇ ਨੇ ਨਹੀਂ ਪਾਈ।

*ਪ੍ਰਸ਼ਨ-*ਪ੍ਰਭੂ ਦਾ ਜਸ ਕਹਿਣ ਨਾਲ ਪ੍ਰਭੂ ਵੱਡਾ ਹੋ ਜਾਂਦਾ ਹੋਵੇਗਾ?

ਨਿੰਦਿਆ ਕਰਨ ਨਾਲ ਘਟ ਜਾਂਦਾ ਹੋਵੇਗਾ ?

ਗੁਰ ਉੱਤਰ:-

ਜਸ ਕਥਨ ਕਰਨ ਨਾਲ ਪ੍ਰਭੂ ਵੱਡਾ ਨਹੀਂ ਹੁੰਦਾ।

ਨਿੰਦਿਆ ਕਰਨ ਨਾਲ ਘਟ ਨਹੀਂ ਜਾਂਦਾ।

ਯਥਾ - ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥ *(ਦਸਮ ਗ੍ਰੰਥ)*

ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥ ੩॥

ਹੇ ਪਾਂਧੇ ਤੂੰ ਐਸੇ ਨਿਸਚੇ ਕਰ ਇਕ ਪ੍ਰਭੂ ਹੀ ਸੱਚਾ ਸਾਹਿਬ ਹੈ, ਹੋਰ ਕਿਤਨੇ ਹੀ ਜੀਅ ਲੋਕਾਂ ਦੇ ਪੈਦਾ ਕਰਨ ਵਾਲਾ ਹੈ। ਵਾ:- ਹੋਰ ਕਿਤਨੇ ਹੀ ਜੀਆਂ ਦੇ ਅੰਦਰ ਗਿਆਨ ਦਾ ਲੋਅ=ਪ੍ਰਕਾਸ਼ ਕਰਨ ਵਾਲਾ ਹੈ॥ ੩॥

ਪਾਂਧੇ ਨੇ ਕਿਹਾ ਮੈਂ ਕਿਸ ਦੀ ਸੰਗਤ ਕਰਾਂ? *ਗੁਰ ਉੱਤਰ:-*

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਤਿੰਨਾਂ ਵਰਨਾਂ ਦੀ ਉਪੇਖਿਆ ਅੰਦਰ ਨੀਚ ਕੌਣ-ਸ਼ੂਦਰ, ਸ਼ੂਦਰਾਂ 'ਚੋਂ ਨਾਮਦੇਵ ਜੀ

ਸ਼ੂਦਰਾਂ ਤੋਂ ਨੀਚ ਜਾਤੀ ਵਾਲੇ ਕੌਣ-ਜੁਲਾਹੇ ਜੁਲਾਹਿਆਂ 'ਚੋਂ ਕਬੀਰ ਜੀ

ਜੁਲਾਹਿਆਂ ਤੋਂ ਨੀਚ ਜਾਤੀ ਵਾਲੇ ਕੌਣ-ਚਮਿਆਰੁ ਚਮਿਆਰਾਂ 'ਚੋਂ ਰਵਿਦਾਸ ਜੀ

ਅਤਿ ਨੀਚੁ=ਅਤੀਅੰਤ ਨੀਚ ਜਾਤੀ ਵਾਲੇ ਕੌਣ-ਚੰਡਾਲ ਚੰਡਾਲਾਂ 'ਚੋਂ ਭੀਲਣੀ ਤੇ ਬਾਲਮੀਕ

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਗੁਰੂ ਜੀ ਕਥਨ ਕਰਦੇ ਹਨ ਹੇ ਪਾਂਧਾ ਜੀ ਤਿਨ੍ਹਾਂ ਭਗਤਾਂ ਦੇ ਸੰਗ ਦਾ ਸਾਥੀ ਹੋ, ਵੱਡੇ ਜੇਹੜੇ ਜਾਤੀ ਅਭਿਮਾਨ ਵਾਲੇ ਹਨ ਉਨ੍ਹਾਂ ਨਾਲ ਕੀ ਰੀਸ ਕਰਨੀ ਹੈ।

ਦੂਜਾ ਅਰਥ :-

ਨੀਚਾ ਅੰਦਰਿ=ਜੋ ਅੰਦਰਲੇ ਗੁਣਾਂ ਦੇ ਅਭਿਮਾਨ ਨੂੰ ਤਿਆਗਕੇ ਨੀਚ=ਨੀਵੇਂ ਹੋਇ ਹਨ,

ਨੀਚ ਜਾਤਿ=ਜੋ ਜਾਤੀ ਦੇ ਅਭਿਮਾਨ ਨੂੰ ਤਿਆਗਕੇ ਨੀਚ=ਨੀਵੇਂ ਹੋਇ ਹਨ,

ਨੀਚੀ ਹੂ=ਜੋ ਧਨ ਦੇ ਅਭਿਮਾਨ ਨੂੰ ਤਿਆਗ ਕੇ ਨੀਚ=ਨੀਵੇਂ ਹੋਇ ਹਨ,

ਅਤਿ ਨੀਚੁ=ਜੋ ਵਿਦਿਆ ਦੇ ਅਭਿਮਾਨ ਨੂੰ ਤਿਆਗ ਕੇ ਨੀਚ=ਨੀਵੇਂ ਹੋਇ ਹਨ,

ਨਾਨਕੁ ਤਿਨ ਕੈ ਸੰਗਿ ਸਾਥਿ=ਗੁਰੂ ਜੀ ਕਥਨ ਕਰਦੇ ਹਨ ਤਿਨ੍ਹਾਂ ਨਿੰਮ੍ਰਤਾ ਵਾਲਿਆਂ ਦੇ ਸੰਗ ਦਾ ਸਾਥੀ ਹੋ,

ਵਡਿਆ ਸਿਉ ਕਿਆ ਰੀਸ=ਵਡੇ ਜੇਹੜੇ ਧਨ, ਵਿਦਿਆ ਦੇ ਹੰਕਾਰ ਵਾਲੇ ਹਨ ਉਨ੍ਹਾਂ ਨਾਲ ਕੀ ਰੀਸ ਕਰਨੀ ਹੈ।

ਤੀਜਾ ਅਰਥ :-

ਨੀਚਾ ਅੰਦਰਿ=ਜੋ ਅੰਦਰਲੇ ਗੁਣਾਂ ਦੇ ਅਭਿਮਾਨ ਕਰਕੇ ਨੀਚ ਹੋਇ ਹਨ,

ਨੀਚ ਜਾਤਿ=ਜੋ ਜਾਤੀ ਦੇ ਅਭਿਮਾਨ ਕਰਕੇ ਨੀਚ ਹੋਏ ਹਨ,

ਨੀਚੀ ਹੂ=ਜੋ ਧਨ ਦੇ ਅਭਿਮਾਨ ਕਰਕੇ ਨੀਚ ਹੋਇ ਹਨ,

ਅਤਿ ਨੀਚੁ=ਜੋ ਵਿਦਿਆ ਦੇ ਅਭਿਮਾਨ ਕਰਕੇ ਨੀਚ ਹੋਇ ਹਨ,

ਨਾਨਕੁ ਤਿਨ ਕੈ ਸੰਗਿ ਸਾਥਿ=ਗੁਰੂ ਜੀ ਕਥਨ ਕਰਦੇ ਹਨ ਧਨ, ਵਿਦਿਆ ਦੇ ਅਭਿਮਾਨ ਕਰਕੇ ਜੋ ਨੀਚ ਹੋਇ ਹਨ ਸਾਰਾ ਜਗਤ ਉਨ੍ਹਾਂ ਦੇ ਸੰਗ ਦਾ ਸਾਥੀ ਹੈ।

ਵਡਿਆ ਸਿਉ ਕੀਆ ਰੀਸ=ਧਨ, ਵਿਦਿਆ ਦੇ ਅਭਿਮਾਨ ਤੋਂ ਰਹਿਤ ਜੋ ਵਡੇ ਮਹਾਤਮਾ ਹਨ ਉਨ੍ਹਾਂ ਨਾਲ ਕੀ ਰੀਸ ਕਰਨੀ ਹੈ।

ਚੌਥਾ ਅਰਥ :-

ਨੀਚਾ ਅੰਦਰਿ=ਬ੍ਰਹਮ ਦੀ ਉਪੇਖਿਆ ਅੰਦਰ ਨੀਚ=ਨੀਵੀਂ ਮਾਇਆ ਹੈ,

ਨੀਚ ਜਾਤਿ=ਮਾਇਆ ਤੋਂ ਨੀਚ=ਨੀਵੇਂ ਮਹਿਤਤ ਜਾਤਿ=ਜਾਨਣਾ ਕਰੋ,

ਨੀਚੀ ਹੂ=ਮਹਿਤਤ ਤੋਂ ਨੀਚੀ=ਨੀਵਾਂ ਤ੍ਰਿਧਾ ਹੰਕਾਰ ਤੇ ਪੰਜ ਤਨ ਮਾਤ੍ਰਾ (ਸੂਖਮ ਤੱਤ)

ਅਤਿ ਨੀਚੁ=ਤ੍ਰਿਧਾ ਹੰਕਾਰ ਤੇ ਪੰਜ ਸੂਖਮ ਤੱਤਾਂ ਕਰਕੇ ਰਚਿਆ ਹੋਇਆ ਜੋ ਸਰੀਰ ਹੈ ਇਸ ਸਰੀਰ ਕਰਕੇ ਜੋ ਦੇਹ ਅਧਿਆਸ ਕਰਦਾ ਹੈ ਉਹ ਅਤੀ ਨੀਚ ਹੈ।

ਨਾਨਕੁ ਤਿਨ ਕੈ ਸੰਗਿ ਸਾਥਿ=ਗੁਰੂ ਜੀ ਕਥਨ ਕਰਦੇ ਹਨ ਸਾਰਾ ਜਗਤ ਦੇਹ ਅਧਿਆਸੀਆਂ ਦੇ ਸੰਗ ਦਾ ਸਾਥੀ ਹੈ।

ਵਡਿਆ ਸਿਉ ਕਿਆ ਰੀਸ=ਦੇਹ ਅਧਿਆਸ ਤੋਂ ਰਹਿਤ ਜੋ ਵਡੇ ਮਹਾਤਮਾ ਹਨ ਉਨ੍ਹਾਂ ਨਾਲ ਕੀ ਰੀਸ ਕਰਨੀ ਹੈ।

ਪੰਜਵਾਂ ਅਰਥ :-

ਨੀਚਾ ਅੰਦਰਿ=ਬ੍ਰਹਮ ਦੀ ਉਪੇਖਿਆ ਅੰਦਰ ਨੀਚ=ਨੀਵੀਂ ਮਾਇਆ ਹੈ।

ਨੀਚ ਜਾਤਿ=ਮਾਇਆ ਤੋਂ ਨੀਚ=ਨੀਵੇਂ ਮਹਿਤਤ ਜਾਤਿ=ਜਾਨਣਾ ਕਰੋ।

ਨੀਚੀ ਹੂ=ਮਹਿਤਤ ਤੋਂ ਨੀਚੀ=ਨੀਵਾਂ ਤ੍ਰਿਧਾ ਹੰਕਾਰ ਤੇ ਪੰਜ ਤਨ ਮਾਤ੍ਰਾਂ (ਸੂਖਮ ਤੱਤ)

ਅਤਿ ਨੀਚੁ=ਤ੍ਰਿਧਾ ਹੰਕਾਰ ਤੇ ਪੰਜ ਸੂਖਮ ਤੱਤਾਂ ਕਰਕੇ ਰਚਿਆ ਹੋਇਆ ਜੋ ਸਰੀਰ ਹੈ ਇਸ ਸਰੀਰ ਦੇ ਅਧਿਆਸ ਨੂੰ ਤਿਆਗਕੇ ਜੋ ਅਤੀ ਨੀਚੁ=ਨਿੰਮ੍ਰਤਾ ਵਾਲੇ ਹੋਇ ਹਨ।

ਨਾਨਕੁ ਤਿਨ ਕੈ ਸੰਗਿ ਸਾਥਿ=ਗੁਰੂ ਜੀ ਕਥਨ ਕਰਦੇ ਹਨ ਹੇ ਪਾਂਧੇ! ਤੂੰ ਉਨ੍ਹਾਂ ਮਹਾਤਮਾ ਦੇ ਸੰਗ ਦਾ ਸਾਥੀ ਹੋ।

ਵਡਿਆ ਸਿਉ ਕਿਆ ਰੀਸ=ਦੇਹ ਅਧਿਆਸ ਕਰਕੇ ਜੋ ਵਡੇ ਹੰਕਾਰੀ ਹਨ ਉਨ੍ਹਾਂ ਨਾਲ ਕੀ ਰੀਸ ਕਰਨੀ ਹੈ। ਉਨ੍ਹਾਂ ਤੋਂ ਦੂਰ ਹਟਕੇ ਰਹਿਣਾ ਚਾਹੀਦਾ ਹੈ।

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ ੪ ॥ ੩ ॥

ਜਿਸ ਜਗ੍ਹਾ ਉੱਪਰ ਨੀਚ-ਨੀਵੀਂ ਜਾਤ ਵਾਲੇ ਨਾਮ-ਰਸੀਏ ਕਬੀਰ, ਰਵਿਦਾਸ ਆਦਿਕ ਭਗਤ ਸਮ੍ਹਾਲੇ ਜਾਂਦੇ ਹਨ, ਤਿਸ ਜਗ੍ਹਾ ਹੇ ਨਦਰੀ ਪ੍ਰਮਾਤਮਾ! ਤੇਰੀ ਨਦਰਿ=ਕਿਰਪਾ ਦ੍ਰਿਸ਼ਟੀ ਕਰਕੇ ਬਖਸ਼ਸ਼ਾਂ ਦੀ ਪ੍ਰਾਪਤੀ ਹੁੰਦੀ ਹੈ।

ਅਥਵਾ:- ਜਿਸ ਜਗ੍ਹਾ ਜਾਤੀ ਧਨ ਵਿਦਿਆ, ਅਭਿਮਾਨ ਵਾਲੇ ਨੀਚ ਪੁਰਸ਼ ਸਮ੍ਹਾਲੇ ਜਾਂਦੇ ਹਨ ਤਿੱਥੇ ਉਨ੍ਹਾਂ ਦੀ ਬੁਰੀ ਹਾਲਤ ਹੁੰਦੀ ਹੈ।

ਪ੍ਰਸ਼ਨ:- ਉਹ ਕਿਸੀ ਤਰ੍ਹਾਂ ਬਖਸ਼ੇ ਵੀ ਜਾ ਸਕਦੇ ਹਨ ਕਿ ਨਹੀਂ?

ਉੱਤਰ- ਤਿਸ ਨਦਰੀ ਪ੍ਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਉਨ੍ਹਾਂ ਦੇ ਔਗੁਣ ਬਖਸ਼ੇ ਜਾਂਦੇ ਹਨ॥ ੪ ॥ ੩ ॥

ਸਿਰੀਰਾਗੁ ਮਹਲਾ ੧ ॥

ਉਥਾਨਕਾ:- ਜਿਸ ਵੇਲੇ ਹਰਿਦੁਆਰ ਕੁੰਭ ਦੇ ਮੌਕੇ ਚਾਰੋਂ ਦਿਸ਼ਾਂ ਦੇ ਲੋਕ ਆਉਣ ਤੇ ਬੜੀ ਭਾਰੀ ਭੀੜਾ ਹੋ ਗਈ, ਤਿਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਭੀ ਓਥੇ ਪਹੁੰਚ ਗਏ।

ਓਥੇ ਜਾ ਕੇ ਗੁਰੂ ਸਾਹਿਬਾਂ ਨੇ ਸਾਰਿਆਂ ਦੇ ਮਨ ਮਲੀਨ ਵੇਖਕੇ ਉਪਦੇਸ਼ ਦੇਣਾ ਚਾਹਿਆ, ਹਜ਼ੂਰ ਨੇ ਵਿਚਾਰਿਆ ਕੋਈ ਅਜੇਹਾ ਕੌਤਕ ਕਰੀਏ ਜਿਸ ਕਰਕੇ ਇਥੋਂ ਦੇ ਨਿਵਾਸੀ ਲੋਕ ਆਪੇ ਬੁਲਾਉਣ।

ਰਾਤ ਬਤੀਤ ਹੋਣ ਤੇ ਜਦ ਸਵੇਰ ਹੋਈ ਤਾਂ ਸਭਨਾਂ ਨੇ ਗੰਗਾ ਨਦੀ ਵਿਚ ਇਸ਼ਨਾਨ ਕਰਕੇ ਸੂਰਜ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ, ਇਤਨੇ ਨੂੰ ਗੁਰੂ ਸਾਹਿਬਾਂ ਨੇ ਭੀ ਇਸ਼ਨਾਨ ਕਰਕੇ ਪਸ਼ਚਮ ਦੀ ਤਰੱਫ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਲੋਕ ਵੇਖਕੇ ਬੜੇ ਅਸਚਰਜ ਹੋਏ ਤੇ ਆਪਸ ਵਿਚ ਆਖਦੇ ਹਨ-

ਇਹ ਹਿੰਦੂ ਹੈ ਜਾਂ ਮੁਸਲਮਾਨ ਇਸ ਦੀ ਗਤੀ ਦਾ ਕੁਝ ਪਤਾ ਨਹੀਂ ਲਗਦਾ, ਇਕ ਨੇ ਆ ਕੇ ਪੁੱਛ ਹੀ ਲਿਆ, ਆਪ ਕੌਣ ਹੋ? ਹਿੰਦੂ ਹੋ ਜਾਂ ਮੁਸਲਮਾਨ?

ਜੇ ਆਪ ਮੁਸਲਮਾਨ ਹੋ ਤਾਂ ਗੰਗਾ ਵਿਖੇ ਹਿੰਦੂਆਂ ਨਾਲ ਰਲਕੇ ਕਿਉਂ ਇਸ਼ਨਾਨ ਕਰਦੇ ਹੋ?

ਜੇ ਆਪ ਹਿੰਦੂ ਹੋ ਤਾਂ ਪਸ਼ਚਮ ਦੀ ਤਰਫ਼ ਮੂੰਹ ਕਰਕੇ ਜਲ ਨੂੰ ਕਿਉਂ ਦੇਂਦੇ ਹੋ?

ਤਾਂ ਹਜ਼ੂਰ ਨੇ ਪੁੱਛਿਆ! ਤੁਸੀਂ ਪੂਰਬ ਵੱਲ ਮੂੰਹ ਕਰਕੇ ਜਲ ਕਿਸਨੂੰ ਦੇਂਦੇ ਹੋ?

ਤਾਂ ਲੋਕਾਂ ਨੇ ਆਖਿਆ ਅਸੀਂ ਆਪਣੇ ਪਿਤਰਾਂ ਨੂੰ ਪਾਣੀ ਦੇਂਦੇ ਹਾਂ।

ਹਜ਼ੂਰ ਨੇ ਪੁੱਛਿਆ ਉਹ ਤੁਹਾਡੇ ਪਿਤਰ ਕਿਤਨੀ ਦੂਰ ਹਨ ਜਿਨ੍ਹਾਂ ਨੂੰ ਤੁਸੀਂ ਜਲ ਦੇ ਰਹੇ ਹੋ। ਸਿਆਣੇ ਲੋਕਾਂ ਨੇ ਕਿਹਾ ਉਹ ਤਾਂ ਕਿਤਨੇ ਹੀ ਹਜ਼ਾਰਾਂ ਕੋਹਾਂ ਤੇ ਬੈਠੇ ਹਨ ਜਿਸ ਦਾ ਹਿਸਾਬ ਹੀ ਨਹੀਂ।

ਇਹ ਦੱਸੋ ਤੁਸੀਂ ਪਾਣੀ ਕਿਸਨੂੰ ਦੇ ਰਹੇ ਹੋ?

ਤਾਂ ਹਜ਼ੂਰ ਨੇ ਕਿਹਾ ਜਿਸ ਵੇਲੇ ਅਸੀਂ ਹਰਿਦੁਆਰ ਆਉਣ ਲਗੇ ਸਾਂ ਤਾਂ ਖੇਤੀ ਬੀਜ ਕੇ ਆਇ ਸਾਂ। ਪਿੱਛੇ ਖੇਤੀ ਨੂੰ ਪਾਣੀ ਦੇਣ ਵਾਲਾ ਕੋਈ ਨਹੀਂ ਹੈ, ਅਸੀਂ ਆਪਣੀ ਖੇਤੀ ਨੂੰ ਪਾਣੀ ਦੇ ਰਹੇ ਹਾਂ।

ਤਾਂ ਲੋਕਾਂ ਆਖਿਆ ਖੇਤੀ ਨੂੰ ਪਾਣੀ ਕਿਵੇਂ ਪਹੁੰਚ ਸਕਦਾ ਹੈ ਇਹ ਅਨੁਚਿਤ ਗੱਲ ਹੈ।

ਹਜ਼ੂਰ ਨੇ ਫ਼ੁਰਮਾਇਆ, ਮੇਰਾ ਖੇਤ ਤਾਂ ਨਜ਼ਦੀਕ ਹੈ ਜੇ ਓਥੇ ਪਾਣੀ ਨਹੀਂ ਪਹੁੰਚ ਸਕਦਾ ਤੁਹਾਡੇ ਪਿਤਰ ਤਾਂ ਦੂਰ ਬੈਠੇ ਹਨ ਉਨ੍ਹਾਂ ਨੂੰ ਪਾਣੀ ਕਿਵੇਂ ਪਹੁੰਚ ਸਕੇਗਾ?

ਯਥਾ:- ਸ਼੍ਰੀ ਪਰਮੇਸ਼ੁਰ ਤੁਮਹਿ ਭੁਲਾਯੋ। ਭਾਉ ਭਗਤਿ ਬਿਨ ਮਨ ਭਰਮਾਯੋ।
ਮੇਰੋ ਅਹੈ ਸਮੀਪ ਕਿਦਾਰਾ। ਤਾਂਕੋ ਪਹੁੰਚ ਨ ਸਕਈ ਬਾਰਾ। ੨੨।
ਤੁਮਰੇ ਪਿਤਰ ਦੂਰ ਅਧਿਕਾਈ। ਸੋ ਜਲ ਲੈ ਕੈਸੇ ਤ੍ਰਿਪਤਾਈ।
ਮੂਏ ਅਜਾਨ ਭਨਤਿ ਹੋ ਕੈਸੇ। ਬਡੇ ਅਜਾਨ ਭਏ ਤੁਮ ਐਸੇ। ੨੩।

(ਨਾਨਕ ਪ੍ਰਕਾਸ਼ ਉੱਤਰਾਰ੍ਧ ਅਧਿ : ੮)

ਇਤਨੀ ਗੱਲ ਆਖਕੇ ਹਜ਼ੂਰ ਚੁੱਪ ਕਰਕੇ ਬੈਠ ਗਏ।

ਉਸ ਵੇਲੇ ਕਈ ਲੋਕ ਸੰਧਯਾ ਕਰਨ ਲਗ ਪਏ, ਕਈ ਤਰਪਣ ਕਰਨ ਲਗ ਪਏ। ਕਈ ਮਾਲਾ ਲੈ ਕੇ ਜਾਪ ਕਰਨ ਲੱਗ ਪਏ, ਪਰ ਮਨ ਕਿਸੇ ਦਾ ਵੀ ਇਸਥਿਤ ਨਹੀਂ।

ਇਹ ਗੱਲ ਵੇਖਕੇ ਹਜ਼ੂਰ ਨੇ ਕਿਹਾ ਤੁਸੀਂ ਸਭ ਨਰਕਾਂ ਦੇ ਅਧਿਕਾਰੀ ਹੋ।

ਜੇਕਰ ਤੁਹਾਡਾ ਮਨ ਇਸਥਿਤ ਨਹੀਂ ਹੈ ਤਾਂ ਬਾਹਰਲੀ ਕਿਰਿਆ ਕਿਵੇਂ ਫਲ ਦੇਵੇਗੀ। ਜਦ ਗਰੀਬ ਨਿਵਾਜ਼ ਨੇ ਨਿਰਣਾ ਕਰਕੇ ਦੱਸਿਆ ਕਿ ਤੇਰਾ ਮਨ ਮੁਲਤਾਨ ਵਿਚ ਗਿਆ ਹੈ, ਤੇਰਾ ਕਾਬਲ ਵਿਚ ਗਿਆ ਹੈ, ਤੇਰਾ ਦਿੱਲੀ ਵਿਖੇ ਗਿਆ ਹੈ, ਤੇਰਾ ਬਨਾਰਸ ਵਿਚ ਗਿਆ ਹੋਇਆ ਹੈ।

ਇਹ ਗੱਲ ਸੁਣਕੇ ਸਭ ਹੈਰਾਨ ਹੋ ਗਏ ਤੇ ਗੁਰੂ ਸਾਹਿਬਾਂ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਚਰਨੀਂ ਆ ਪਏ, ਤੇ ਆਖਿਆ ਅਸਾਨੂੰ ਸ਼ੁਭ ਸਿੱਖਿਆ ਦੇ ਕੇ ਆਪਣੀ ਚਰਨ ਲਗਾ ਲਓ।

ਪਤਿਤ ਪਾਵਨ ਗਰੀਬ ਨਿਵਾਜ਼ ਨੇ ਆਪਣੇ ਕੋਮਲ ਬਚਨਾਂ ਦੁਆਰੇ ਉਪਦੇਸ਼ ਦੇ ਕੇ ਸਭਨਾਂ ਨੂੰ ਨਿਹਾਲ ਕੀਤਾ। ਬਾਅਦ ਵਿਖੇ ਸਭਨਾਂ ਨੇ ਗੁਰੂ ਸਾਹਿਬਾਂ ਦੇ ਜੈਜੈ ਸ਼ਬਦ ਉਚਾਰ ਕੇ ਉਸਤਤੀ ਕੀਤੀ।

ਉਸ ਵੇਲੇ ਇਕ ਪੰਡਿਤ ਭੋਜਨ ਮਨਾ ਕੇ ਗੁਰੂ ਸਾਹਿਬਾਂ ਨੂੰ ਆਪਣੇ ਘਰ ਲੈ ਗਿਆ। ਰਾਹ ਵਿਚ ਜਾਂਦਿਆਂ ਗੁਰੂ ਸਾਹਿਬਾਂ ਨੇ ਸਭ ਪੰਡਿਤਾਂ ਦੇ ਚੌਕੇ ਭਿੰਨ ਭਿੰਨ ਵੇਖ ਕੇ ਇਕ ਚੌਕੇ ਦੇ ਅੰਦਰ ਆਪਣਾ ਚਰਨ ਰੱਖ ਦਿੱਤਾ। ਉਹ ਪੰਡਿਤ ਭੜਕ ਉੱਠਿਆ ਇਹ ਤੁਸਾਂ ਨੇ ਕੀ ਕੀਤਾ ਹੈ ਜੋ ਅਸਾਡਾ ਚੌਕਾ ਭ੍ਰਸ਼ਟ ਕਰ ਦਿੱਤਾ ਹੈ। ਹਜ਼ੂਰ

ਨੇ ਫੁਰਮਾਇਆ ਪੰਡਿਤ ਜੀ ਅਸਾਂ ਭਲਾ ਕੀ ਭ੍ਰਸ਼ਟ ਕਰਨਾ ਹੈ ਤੁਹਾਡੇ ਚੌਕੇ ਅੰਦਰ ਤਾਂ ਅੱਗੇ ਹੀ ਕੁੱਤੇ, ਚੂੜੇ ਚੰਡਾਲ ਆਦਿਕ ਬੈਠੇ ਹੋਇ ਹਨ। ਪੰਡਿਤ ਨੇ ਕਿਹਾ ਰਾਮ, ਰਾਮ, ਰਾਮ, ਰਾਮ, ਅਸਾਡੇ ਚੌਕੇ ਅੰਦਰ ਕਿਹੜੇ ਕੁੱਤੇ, ਚੂਹੜੇ ਬੈਠੇ ਹੋਇ ਹਨ- ਉਸ ਵੇਲੇ ਗਰੀਬ ਨਿਵਾਜ਼ ਸਤਿਗੁਰੂ ਨਾਨਕ ਦੇਵ ਜੀ ਨੇ ਦੱਸਿਆ :-

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥

ਤੁਹਾਡੇ ਅੰਤਹਕਰਨ ਰੂਪ ਚੌਕੇ ਅੰਦਰ ਪਦਾਰਥਾਂ ਦੇ ਇਕੱਤ੍ਰ ਕਰਨ ਦਾ ਜੋ ਲਬੁ (ਲੋਭ) ਹੈ ਇਹ ਕੁੱਤਾ ਹੈ। ਜੇਹੜਾ ਝੂਠ ਬੋਲਣਾ ਕਰਦੇ ਹੋ ਇਹ ਚੂਹੜਾ ਹੈ।

ਜੇਹੜਾ ਤੁਸੀਂ ਲੋਕਾਂ ਨੂੰ ਠੱਗ ਕੇ ਖਾਂਦੇ ਹੋ ਏਹੋ ਤੁਸੀਂ ਮੁਰਦਾਰੁ=ਮੋਏ ਹੋਇ ਪਸ਼ੂ ਦਾ ਖਾਣਾ ਕਰਦੇ ਹੋ।

ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥

ਜੇਹੜੀ ਮੂੰਹ ਨਾਲ ਪਰਾਈ ਨਿੰਦਿਆ ਕਰਦੇ ਹੋ ਏਹੀ ਸੁਧੀ=ਸ਼ੁੱਧ (ਨਿਰੋਲ)

ਪਰ+ਮਲੁ=ਦੂਜੇ ਦੀ ਵਿਸ਼ਟਾ (ਗੰਦਗੀ) ਖਾਂਦੇ ਹੋ।

ਜਿਸ ਵੇਲੇ ਕ੍ਰੋਧੁ=ਗੁੱਸਾ ਆਉਂਦਾ ਹੈ ਪਹਿਲੇ ਆਪਣੇ ਅੰਤਹਕਰਨ ਨੂੰ ਸਾੜਦਾ ਹੈ ਇਸ ਤੇ ਅਗਨੀ ਦੇ ਸਮਾਨ ਹੈ (ਕ੍ਰੋਧ ਦਹੈ ਨਿਜ ਆਸਰੈ)। ਫਿਰ ਕਰੋਧ ਕਰਕੇ ਦੂਜਿਆਂ ਨੂੰ ਗਾਲੀਆਂ ਕੱਢਦਾ ਤੇ ਮਾਰਦਾ ਹੈ। ਇਸ ਕਰਕੇ ਕ੍ਰੋਧ ਚੰਡਾਲ ਦੇ ਸਦ੍ਰਸ ਹ।*

ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥ ੧ ॥

ਹੇ ਮੇਰੇ ਕਰਤਾਰ ਵਾਹਿਗੁਰੂ! ਜੀਵਾਂ ਦੇ ਏ ਕਰਮ=ਇਸ ਤਰ੍ਹਾਂ ਦੇ ਭੈੜੇ ਕਰਮ ਹਨ, ਰਸਾਂ ਕਸਾਂ ਨੂੰ ਖਾ ਕੇ ਵਾ ਕਸ=ਕਸੀਸ ਦੇ ਕੇ ਕੱਢੇ ਹੋਇ ਜੋ ਰਸ ਹਨ ਸ਼ਰਾਬ ਆਦਿਕ, ਉਨ੍ਹਾਂ ਨੂੰ ਖਾ ਪੀ ਕੇ ਫਿਰ ਆਪਣੀ ਸ਼ਲਾਘਾ ਕਰਦੇ ਹਨ ਕਿ ਅਸੀਂ ਸਭ ਤੋਂ ਚੰਗੇ ਹਾਂ ॥ ੧ ॥

ਬਾਬਾ ਬੋਲੀਐ ਪਤਿ ਹੋਇ ॥

ਹੇ ਭਾਈ! ਐਸਾ ਬਚਨ ਬੋਲਣਾ ਚਾਹੀਦਾ ਹੈ ਜਿਸ ਕਰਕੇ ਪਤ ਅਬਰੋ ਹੋਵੇ।

ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥ ੧ ॥ ਰਹਾਉ ॥

ਜੋ ਭਜਨ ਸਿਮਰਨ ਰੂਪ ਉਤਮ ਕਰਮਾਂ ਨੂੰ ਕਰਨ ਵਾਲੇ ਹਨ, ਸੇ=ਓਹੀ ਮਨੁੱਖ ਪ੍ਰਭੂ ਦੇ ਦਰਬਾਰ ਵਿਚ ਉੱਤਮ ਕਹੇ ਜਾਂਦੇ ਹਨ।

ਨੀਚ ਕਰਮਾਂ ਦੇ ਕਰਨ ਵਾਲੇ ਪੁਰਸ਼ ਜਿੱਥੇ ਭੀ ਬੈਠਦੇ ਹਨ ਓਥੇ ਹੀ ਰੋਂਦੇ ਪਿੱਟਦੇ ਹਨ, ਵਾ ਰੋਣੇ ਵਿਚ ਬੈਠਦੇ ਹਨ ॥ ੧ ॥ ਰਹਾਉ ॥

ਪ੍ਰਸ਼ਨ:- ਅਸਾਡੇ ਹਿਰਦੇ ਵਿਚ ਨਾਮ ਕਿਉਂ ਨਹੀਂ ਠਹਿਰਦਾ? *ਉੱਤਰ-*

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥

ਤੁਹਾਡੇ ਅੰਦਰ ਸੋਨੇ ਦੇ ਗਹਿਣੇ ਬਨਾਵਣ ਦਾ ਰਸ ਹੈ, ਰੁਪਾ=ਚਾਂਦੀ ਦੇ ਭਾਂਡੇ ਬਨਾਵਣ ਦਾ ਰਸ ਹੈ, ਕਾਮਣਿ-ਇਸਤ੍ਰੀ ਨਾਲ ਪਰੇਮ ਕਰਨ ਦਾ ਰਸ ਹੈ।

**ਕਾਲ ਕੂਟ ਅਰ ਕ੍ਰੋਧ ਮੈ ਬੜੋ ਅੰਤਰੋ ਆਹਿ। ਕ੍ਰੋਧ ਨਿਜਾਸਾਰੈ ਕੋ ਦਹੈ ਬਿ ਨ ਸ੍ਵਾਸੈ ਦਾਹਿ ॥*

ਸਰੀਰ ਉੱਪਰ ਪਰਮਲ=ਚੰਦਨ ਦੀ ਵਾਸ਼ਨਾ ਲਗਾਵਣ ਦਾ ਰਸ ਹੈ।

ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥

ਘੋੜਿਆਂ ਤੇ ਚੜ੍ਹਕੇ ਸੈਲ ਕਰਨ ਦਾ ਰਸ ਹੈ, ਚੰਗੀਆਂ ਚੰਗੀਆਂ ਸਿਹਜਾ ਉੱਪਰ ਸੋਣ ਦਾ ਰਸ ਹੈ, ਸੋਹਣੇ ਸੋਹਣੇ ਮੰਦਰਾਂ ਦੇ ਬਨਾਵਣ ਦਾ ਰਸ ਹੈ।

ਮਿੱਠੇ ਮਿੱਠੇ ਪਦਾਰਥਾਂ ਦੇ ਖਾਵਣ ਦਾ ਰਸ ਹੈ, ਮਾਸ ਸ਼ਰਾਬ ਆਦਿਕਾਂ ਦੇ ਖਾਣ ਪੀਣ ਦਾ ਰਸ ਹੈ।

ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥ ੨॥

ਜਦ ਕਿ ਸਰੀਰ ਦੇ ਅੰਦਰ ਇਤਨੇ ਮੁਖ ਮੁਖ ਰਸ ਪੈਦਾ ਹੋ ਰਹੇ ਹਨ, ਤਾਂ ਪ੍ਰਭੂ ਦਾ ਨਾਮ ਘਟ ਦੇ ਕੈ=ਕਿਸ ਅਸਥਾਨ ਉੱਪਰ ਨਿਵਾਸ ਕਰੇ ਅਰਥਾਤ ਇਨ੍ਹਾਂ ਰਸਾਂ ਦੀ ਪ੍ਰਬਲਤਾ ਹੋਣ ਕਰਕੇ ਹੀ ਪ੍ਰਭੂ ਦਾ ਨਾਮ ਹਿਰਦੇ ਵਿਚ ਨਹੀਂ ਠਹਿਰਦਾ।

ਅਥਵਾ:- ਕੈ ਘਟਿ-ਕੋਈ ਰਸ ਨਿਊਣ ਹੋਵੇ ਤਾਂ ਹੀ ਪ੍ਰਭੂ ਦਾ ਨਾਮ ਅੰਦਰ ਨਿਵਾਸ ਕਰ ਸਕਦਾ ਹੈ॥ ੨॥

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪ੍ਰਵਾਣੁ॥

ਜਿਨ੍ਹਾਂ ਬਚਨਾਂ ਦੇ ਬੋਲਣ ਨਾਲ ਪਤ ਅਬਰੋ ਪਾਈਂਦੀ ਹੈ ਉਹ ਬਚਨ ਬੋਲਿਆ ਪ੍ਰਮਾਨੀਕ ਹੈ।

ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥

ਹੇ ਮਨ ਦੇ ਅਗਿਆਤ ਮੂਰਖ ਪੁਰਸ਼ਾ! ਸੁਣਨਾ ਕਰ ਫਿੱਕਾ ਬਚਨ ਬੋਲ ਕੇ ਮਗਰੋਂ ਵਿਗੁਚਣਾ=ਖਰਾਬ ਭਾਵ ਪਸਚਾਤਾਪ ਕਰਨਾ ਪੈਂਦਾ ਹੈ।

ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥ ੩॥

ਜੋ=ਜੇਹੜੇ ਮਨੁੱਖ ਤਿਸ ਪ੍ਰਮਾਤਮਾ ਨੂੰ ਭਾਉਂਦੇ ਹਨ ਉਹ ਚੰਗੇ ਹਨ, ਨਾਮ ਤੋਂ ਬਿਨਾਂ ਹੋਰ ਵਖਾਣ= ਪ੍ਰਸੰਗਾਂ ਦੇ ਕਹਿਣ ਦਾ ਕੀ ਲਾਭ ਹੈ॥ ੩॥

ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥

ਤਿਨ੍ਹਾਂ ਦੀ ਮਤਿ=ਅਕਲ ਚੰਗੀ ਹੈ, ਤਿਨ੍ਹਾਂ ਦੀ ਪਤ ਅਬਰੋ ਸ੍ਰੇਸ਼ਟ ਹੈ, ਤਿਨ੍ਹਾਂ ਦੇ ਪੱਲੇ ਪ੍ਰਤੱਖ ਧਨ ਹੈ, ਵਾ ਤਿਨ੍ਹਾਂ ਦੇ ਬੁੱਧੀ ਰੂਪ ਪੱਲੇ ਵਿਚ ਸ਼ੁਭ ਗੁਣਾਂ ਰੂਪੀ ਧਨ ਹੈ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਸਮਾ ਰਿਹਾ ਹੈ।

ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥

ਪ੍ਰਸ਼ਨ- ਤਿਨ੍ਹਾਂ ਮਹਾਤਮਾ ਦਾ ਕਿਆ=ਕੀ ਕਰੇ?

ਉੱਤਰ- ਸਲਾਹੁਣਾ ਕਰੇ, ਕਿਉਂਕਿ ਮਹਾਤਮਾ ਤੋਂ ਬਿਨਾਂ ਹੋਰ ਕੌਣ ਸਲਾਹਣੇ ਜੋਗ ਹੈ ਕਿੰਤੂ ਕੋਈ ਨਹੀਂ।

ਅਥਵਾ:- ਮਹਾਤਮਾ ਤੋਂ ਬਿਨਾਂ ਅਵਰ-ਹੋਰ ਜੋ ਮਨਮੁਖ ਪੁਰਸ਼ ਹਨ ਉਨ੍ਹਾਂ ਦਾ ਕਾਇ=ਕੀ ਸਲਾਹੁਣਾ ਹੈ ਭਾਵ ਮਨਮੁਖਾਂ ਨੂੰ ਨਹੀਂ ਸਲਾਹੁਣਾ ਚਾਹੀਦਾ।

ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥ ੪॥ ੪॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ। ਜੋ ਮਨਮੁਖ ਪ੍ਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਤੋਂ ਬਾਹਰ ਹਨ, ਓਹ ਦਾਨੁ=ਦਾਤਾਂ ਵਿਚ ਰਚਦੇ ਹਨ, ਨ ਨਾਇ=ਨਾਮ ਨਹੀਂ ਜਪਦੇ।

ਯਥਾ:- ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥ ੨॥

(ਧਨਾਸਰੀ ਮਹਲਾ ੫, ਪੰਨਾ ੬੭੬)

ਅਥਵਾ:- ਲੋਕਾਂ ਪਾਸੋਂ ਦਾਨ ਲੈਣ ਵਿਚ ਰਚਦੇ ਹਨ, ਨ ਨਾਇ=ਨਾਮ ਨਹੀਂ ਜਪਦੇ।

ਅਥਵਾ:- ਗਰੀਬਾਂ ਨੂੰ ਦਾਨ ਦੇਣ ਵਿਖੇ ਨਹੀਂ ਰਚਦੇ, ਸਿਰਫ ਨਾਇ=ਇਸ਼ਨਾਨ ਹੀ ਕਰਦੇ ਰਹਿੰਦੇ ਹਨ।

ਅਥਵਾ:- ਪਰਮੇਸ਼ੁਰ ਦੇ ਦਾਨਿ=ਜਾਨਣ ਵਿਖੇ ਨਹੀ ਰਚਦੇ, ਨਾਮ ਰੂਪ ਪ੍ਰਪੰਚ ਵਿਚ ਰਚਦੇ ਹਨ।

ਅਥਵਾ:- ਨਾ ਇਸ਼ਨਾਨ ਕਰਦੇ ਹਨ, ਨਾ ਦਾਨ ਦੇਂਦੇ ਹਨ, ਨਾਹੀ ਨਾਮ ਜਪਨੇ ਵਿਚ ਰਚਦੇ ਹਨ।

[ਹੁਣ ਗੁਰਮੁਖਾਂ ਦੀ ਗੱਲ ਸੁਣੋ]

ਗੁਰੂ ਸਾਹਿਬ ਜੀ ਕਥਨ ਕਰਦੇ ਹਨ! ਵਾਹਿਗੁਰੂ ਦੀ ਨਦਰੀ=ਕ੍ਰਿਪਾ ਦ੍ਰਿਸ਼ਟੀ ਕਰਕੇ ਜੋ ਸੰਸਾਰ ਤੋਂ ਬਾਹਰ ਹੋਇ ਹਨ ਉਹ ਦਾਨਿ=ਦਾਤਾਂ ਵਿਖੇ ਨਹੀਂ ਰਚਦੇ, ਨਾਮ ਜਪਣ ਵਿਚ ਰਚਦੇ ਹਨ।

ਅਥਵਾ:- ਦਾਨ ਲੈਣ ਵਿਖੇ ਨਹੀਂ ਰਚਦੇ ਕੇਵਲ ਨਾਮ ਚਿੰਤਨ ਕਰਨ ਵਿਚ ਰਚਦੇ ਹਨ।

ਅਥਵਾ:- ਪ੍ਰਮੇਸ਼ੁਰ ਦੇ ਦਾਨਿ=ਜਾਨਣ ਵਿਚ ਰਚੇ ਹਨ, ਨ ਨਾਇ=ਨਾਮ ਰੂਪ ਪ੍ਰਪੰਚ ਵਿਚ ਨਹੀਂ ਰਚਦੇ।

ਅਥਵਾ:- ਗੁਰਮੁਖ ਨ=ਪੁਰਸ਼, ਇਸ਼ਨਾਨ, ਦਾਨ ਤੇ ਨਾਮ ਜਪਣ ਵਿਚ ਰਚਦੇ ਹਨ। ਕਿਉਂਕਿ ਗੁਰਮੁਖਾਂ ਦਾ ਲਖਸ਼ਣ ਏਹੋ ਹੈ, ਯਥਾ:- ਗੁਰਮੁਖਿ ਨਾਮੁ ਦਾਨੁ ਇਸਨਾਨੁ॥ ੪॥ ੪॥

ਸਿਰੀਰਾਗੁ ਮਹਲਾ ੧॥

ਉਥਾਨਕਾ:- ਇਕ ਜੋਗੀ ਨੇ ਆਕੇ ਕਿਹਾ ਆਪ ਅਫੀਮ ਦਾ ਮਾਵਾ ਛਕਿਆ ਕਰੋ ਤਾਂ ਦਸਮ ਦੁਆਰ ਦੇ ਵਿਚ ਇਕ ਰਸ ਅਡੋਲ ਬਿਰਤੀ ਲੱਗੀ ਰਹੇਗੀ। ਇਹ ਗੱਲ ਸੁਣਕੇ ਗਰੀਬ ਨਿਵਾਜ਼ ਨੇ ਕਿਹਾ :- ਅਸਾਂ ਨੇ ਕੀ ਛਕਣਾ ਹੈ ਅਫੀਮ ਦਾ ਮਾਵਾ ਸਾਰਾ ਜਗਤ ਹੀ ਛਕ ਰਿਹਾ ਹੈ ਉਹ ਤੂੰ ਸੁਣ:-

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥

ਕੂੜ=ਝੂਠ ਬੋਲਨੇ ਰੂਪੀ ਅਮਲੁ ਗਲੋਲਾ=ਅਫੀਮ ਦਾ ਗੋਲਾ (ਮਾਵਾ) ਦੇਵਣਹਾਰਿ= ਪ੍ਰਮਾਤਮਾ ਨੇ ਕਰਮਾਂ ਦੇ ਅਨੁਸਾਰ ਸਭਨਾਂ ਨੂੰ ਦਿੱਤਾ ਹੋਇਆ ਹੈ।

ਅਥਵਾ:- ਦੇਵਣ ਹਾਰਿ=ਪ੍ਰਮਾਤਮਾ ਨੇ ਜੋ ਕਰਮਾਂ ਅਨੁਸਾਰ ਕੂੜਾ ਗਲੋਲਾ=ਸਰੀਰ ਦਿੱਤਾ ਹੈ, ਏਸੇ ਸਰੀਰ ਦਾ ਇਸ ਜੀਵ ਨੂੰ ਅਮਲ ਚੜ੍ਹ ਰਿਹਾ ਹੈ।

ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥

ਝੂਠ ਵਿਚ ਮਤੀ=ਮਸਤ ਹੋ ਕੇ, ਵਾ ਸਰੀਰ ਦੀ ਮਸਤੀ ਕਰਕੇ ਇਸਨੇ ਮਰਨਾ ਭੁਲਾ ਦਿੱਤਾ ਹੈ, ਜ਼ਿੰਦਗੀ ਦੇ ਚਾਰ ਕੁ ਦਿਨਾਂ ਵਿਚ ਸੰਸਾਰਕ ਖੁਸ਼ੀਆਂ ਮਾਨਣਾ ਕੀਤੀਆਂ।

ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ॥ ੧॥

ਜੇਹੜੇ ਝੂਠ ਰੂਪ ਅਮਲ ਨੂੰ ਨਹੀਂ ਖਾਂਦੇ ਤਿਨ੍ਹਾਂ ਸੋਫੀਆ=ਬਿਅਮਲੀਆਂ ਨੂੰ ਸੱਚਾ ਪ੍ਰਮਾਤਮਾ ਮਿਲਿਆ

ਹੈ, ਸਤਸੰਗ ਵਾ ਸਰੂਪ ਰੂਪੀ ਦਰਵਾਜ਼ੇ ਦੇ ਰੱਖਦੇ ਨੂੰ॥ ੧।

ਨਾਨਕ ਸਾਚੇ ਕਉ ਸਚੁ ਜਾਣੁ॥

ਗੁਰੂ ਜੀ ਕਥਨ ਕਰਦੇ ਹਨ ਸੱਚੇ ਪ੍ਰਮਾਤਮਾ ਨੂੰ ਸੱਚਾ ਕਰਕੇ ਜਾਨਣਾ ਕਰੋ।

ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ॥ ੧॥ ਰਹਾਉ॥

ਜਿਸ ਪ੍ਰਭੂ ਦੀ ਸੇਵਾ ਕੀਤਿਆਂ ਆਤਮ ਸੁਖ ਪ੍ਰਾਪਤ ਹੁੰਦਾ ਹੈ, ਅਤੇ ਤੇਰੀ=ਤਿਸਦੀ ਦਰਗਾਹ ਵਿਚ ਮਾਣਤਾ ਚਲਦੀ ਹੈ॥ ੧॥ ਰਹਾਉ॥

ਅਥਵਾ:- ਹੇ ਪੁਰਸ਼ਾ! ਪ੍ਰਭੂ ਦੀ ਦਰਗਾਹ ਵਿਚ ਤੇਰੀ ਮਾਣਤਾ ਚਲੇਗੀ॥ ੧॥

ਪੁਨਾ ਜੋਗੀ ਨੇ ਕਿਹਾ- ਅਸਾਡੇ ਮੱਤ ਵਿਚ ਸ਼ਰਾਬ ਪੀਂਦੇ ਹਨ, ਆਪ ਕਿਹੜੀ ਸ਼ਰਾਬ ਪੀਂਦੇ ਹੋ?

ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥

ਸੱਚ ਦਾ ਨਿਸਚੇ ਕਰਨੇ ਰੂਪੀ ਸਰਾ=ਸ਼ਰਾਬ ਹੈ, ਜੋ ਸ਼ਰਾਬ ਗੁੜ ਬਾਹਰਾ=ਬਾਹਲੇ (ਬਹੁਤੇ) ਗੁੜ ਵਾਲੀ ਹੈ,

ਪ੍ਰਸ਼ਨ- ਬਹੁਤਾ ਗੁੜ ਕੇਹੜਾ ਹੈ? *ਉੱਤਰ-* ਸੱਚਾ ਨਾਮ ਹੀ ਜਿਸ ਵਿਚ ਬਹੁਤਾ ਗੁੜ ਹੈ।

ਜੋਗੀ ਨੇ ਕਿਹਾ- ਬਹੁਤੇ ਗੁੜ ਵਾਲੀ ਸ਼ਰਾਬ ਚੰਗੀ ਨਹੀਂ ਹੁੰਦੀ ਕੋਈ ਚੰਗੀ ਸ਼ਰਾਬ ਦਾ ਵਰਣਨ ਕਰੋ।

ਗੁਰੂ ਜੀ ਨੇ ਕਿਹਾ- ਸਚੁ ਸਰਾ=ਸੱਚ ਦਾ ਨਿਸ਼ਚੇ ਕਰਨਾ ਵਾ ਸੱਚਾ ਗਿਆਨ ਹੋਣਾ ਏਹੀ ਸ਼ਰਾਬ ਹੈ।

ਗੁੜ ਬਾਹਰਾ=ਇਹ ਸ਼ਰਾਬ ਮਾਇਆ ਰੂਪੀ ਗੁੜ ਤੋਂ ਬਾਹਰ ਹੈ।

ਜਿਸੁ ਵਿਚਿ ਸਚਾ ਨਾਉ=ਸੱਚਾ ਨਾਮ ਜਪਣਾ ਹੀ ਜਿਸ ਵਿਚ ਕਿੱਕਰ ਦੇ ਸੱਕ ਹਨ।

[ਪੰਨਾ ੧੬]

ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥

ਜਿਤਨੇ ਕੁ ਪੁਰਸ਼ ਇਸ ਅੰਤ੍ਰੀਵ ਸ਼ਰਾਬ ਦੇ ਸੁਣਨ ਵਾਲੇ ਤੇ ਕਥਨ ਕਰਨ ਵਾਲੇ ਹਨ, ਮੈਂ ਉਨਾਂ ਸਾਰਿਆਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ॥ ੨॥

ਅੰਤ੍ਰੀਵ ਸ਼ਰਾਬ ਵਿਖੇ ਮਨ ਨੂੰ ਤਾਂਹੀਂ ਖੀਵਾ=ਮਸਤ ਹੋਇਆ ਜਾਣੀਐ=ਜਾਣਨਾ ਕਰੀਏ ਜਾਂ ਮਹਲੀ=ਜਗਿਆਸੂ ਸਰੂਪ ਥਾਂ ਨੂੰ ਪਾਣਾ ਕਰੇ॥ ੨॥

ਜੋਗੀ ਨੇ ਕਿਹਾ ਅਸਾਡੇ ਮੱਤ ਵਿਚ ਸ਼ਰਾਬ ਦਾ ਨਸ਼ਾ ਉੱਤਰਨ ਤੋਂ ਬਾਅਦ, ਇਸ਼ਨਾਨ ਕਰਕੇ ਚੰਗੇ ਕਪੜੇ ਪਹਿਨਦੇ ਹਨ ਤੇ ਖੁਸ਼ਬੋਈਆਂ ਲਾਉਂਦੇ ਹਨ। ਆਪ ਜੀ ਦੇ ਮੱਤ ਵਿਖੇ ਇਸ਼ਨਾਨ ਵਗੈਰਾ ਕਰਦੇ ਹਨ ਕਿ ਨਹੀਂ? *ਗੁਰ ਉੱਤਰ-*

ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥

ਚੰਗਿਆਂ ਕਰਮਾਂ ਦੇ ਕਰਨ ਰੂਪੀ ਜਲ ਵਿਖੇ ਨਾਉ=ਇਸ਼ਨਾਨ ਕਰਦੇ ਹਨ।

ਅਥਵਾ:- ਨਾਉ ਨੀਰੁ= ਨਾਮ ਰੂਪ ਜਲ ਹੈ, ਚੰਗਿਆਂ ਕਰਮਾਂ ਦਾ ਜੋ ਕਰਨਾ ਹੈ ਇਹ ਇਸ਼ਨਾਨ ਹੈ। ਸਤੁ=ਸੱਚ ਦਾ ਬੋਲਣਾ, ਵਾ ਸੱਚ ਦਾ ਨਿਸਚੇ ਕਰਨਾ ਏਹੋ ਸਰੀਰ ਤੇ ਪਰਮਲੁ ਵਾਸੁ= ਚੰਦਨ ਦੀ ਵਾਸ਼ਨਾ ਮਲੀ ਹੈ।

ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ॥

ਜਾਂ ਲੱਖਾਂ ਦਾਤਾਂ ਚੋਂ ਇਕ ਨਾਮ ਦੀ ਦਾਤ ਮਿਲੇ ਤਾਂਹੀਂ ਜੀਵ ਦਾ ਮੂੰਹ ਦਰਗਾਹ ਵਿਚ ਉੱਜਲਾ ਹੋਵੇਗਾ।

ਅਥਵਾ:- ਲਖ ਦਾਤੀ ਜੋ ਪ੍ਰਮਾਤਮਾ ਹੈ ਤਿਸ ਦੇ ਨਮਿੱਤ ਇਕ ਦਾਤ ਦੇਵੇ ਤਾਂਹੀ ਜੀਵ ਦਾ ਮੂੰਹ ਉੱਜਲਾ ਹੋਵੇਗਾ।

ਅਥਵਾ:- ਲੱਖਾਂ ਦਾਤਿਆਂ ਚੋਂ ਇਕ਼ ਪਰਮੇਸ਼ੁਰ ਦਾਤੇ ਨੂੰ ਨਿਸਚੇ ਕਰੇ ਤਾਂਹੀਂ ਜੀਵ ਦਾ ਮੂੰਹ ਉੱਜਲਾ ਹੋਵੇਗਾ।

ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥ ੩॥

ਆਪਣੇ ਦੁੱਖ ਤਿਸ ਦੇ ਪਾਸ ਕਹਿਣੇ ਚਾਹੀਦੇ ਹਨ ਜਿਸ ਦੇ ਕੋਲ ਅੱਗੇ ਸੁੱਖ ਹੋਵਣ।

ਸੁਖ ਸਰੂਪ ਤਾਂ ਇਕ ਪ੍ਰਭੂ ਹੀ ਹੈ ਇਸ ਲਈ ਪ੍ਰਭੂ ਅੱਗੇ ਬੇਨਤੀ ਕਰਨੀ ਚਾਹੀਦੀ ਹੈ। ਜਿਹੜਾ ਆਪ ਹੀ ਦੁੱਖਾਂ ਕਰਕੇ ਗ੍ਰਸਿਆ ਹੋਇਆ ਹੋਵੇ, ਉਸ ਅੱਗੇ ਆਪਣੇ ਦੁੱਖ ਵਰਨਣ ਨਾ ਕਰੇ।

ਯਥਾ:-ਰੋਗੀ ਕਉ ਭਾਸੈ ਉਭੈ ਵੈਦੇ ਭਾਸੇ ਤੀਨ॥

ਸਾਖੀ

ਇਕ ਲੜਕੇ ਦੇ ਨੇਤ੍ਰਾਂ ਵਿਖੇ ਬੜਾ ਭਾਰੀ ਰੋਗ ਸੀ, ਇਕ ਆਦਮੀ ਬੈਠਾ ਹੋਵੇ ਤਾਂ ਉਸਨੂੰ ਦੋ ਪ੍ਰਤੀਤ ਹੁੰਦੇ ਸਨ। ਇਸ ਦੋਸ਼ ਦੀ ਨਵਿਰਤੀ ਲਈ ਜਦ ਉਹ ਕਿਸੇ ਹਕੀਮ ਦੇ ਪਾਸ ਆਇਆ, ਤੇ ਆਖਿਆ ਹਕੀਮ ਜੀ ਮੈਨੂੰ ਕੋਈ ਅਜੇਹੀ ਦਵਾਈ ਅੱਖਾਂ ਵਿਚ ਪਾਉਣ ਵਾਸਤੇ ਦਿਓ, ਜਿਸ ਕਰਕੇ ਮੇਰੇ ਨੇਤ੍ਰਾਂ ਦਾ ਰੋਗ ਦੂਰ ਹੋ ਜਾਵੇ। ਅੱਗੋਂ ਹਕੀਮ ਨੇ ਕਿਹਾ ਤੇਰੇ ਨਾਲ ਜਿਹੜੇ ਦੋ ਆਦਮੀ ਬੈਠੇ ਹਨ ਪਹਿਲੇ ਤੂੰ ਇਨ੍ਹਾਂ ਨੂੰ ਉਠਾ ਦੇ ਫਿਰ ਮੈਂ ਤੇਰੇ ਨਾਲ ਗੱਲ ਕਰਾਂਗਾ। ਇਹ ਸੁਣਕੇ ਉਹ ਲੜਕਾ ਹੈਰਾਨ ਹੋ ਗਿਆ ਕਿ ਮੇਰੇ ਨਾਲ ਤਾਂ ਕੋਈ ਭੀ ਨਹੀਂ ਹੈ, ਪਰ ਇਸਨੂੰ ਜਿਹੜੇ ਮੇਰੇ ਨਾਲ ਦੋ ਹੋਰ ਮਨੁੱਖ ਬੈਠੇ ਹੋਏ ਪ੍ਰਤੀਤ ਹੋ ਰਹੇ ਹਨ। ਇਸ ਤੋਂ ਮਲੂਮ ਹੁੰਦਾ ਹੈ ਇਹ ਵੈਦ ਆਪ ਭੀ ਰੋਗੀ ਹੈ। ਮੈਨੂੰ ਤਾਂ ਦੋ ਪ੍ਰਤੀਤ ਹੁੰਦੇ ਹਨ ਪਰ ਇਸਨੂੰ ਤਿੰਨ ਪ੍ਰਤੀਤ ਹੋ ਰਹੇ ਹਨ। ਇਹ ਤਾਂ ਮੇਰੇ ਤੋਂ ਭੀ ਅੱਗੇ ਟੱਪ ਗਿਆ ਹੈ ਇਸਨੇ ਭਲਾ ਮੇਰਾ ਕੀ ਇਲਾਜ ਕਰਨਾ ਹੈ ਉੱਠਕੇ ਚਲਾ ਗਿਆ।

ਇਸੀ ਪ੍ਰਕਾਰ ਜਗਿਆਸੂ! ਕਿਸੇ ਪਖੰਡੀ ਗੁਰੂ ਪਾਸ ਚਲਿਆ ਗਿਆ ਜਾਕੇ ਆਖਦਾ ਹੈ ਗੁਰੂ ਜੀ ਜੀਵ ਦੇ ਈਸ਼ੁਰ ਦੋਨੋਂ ਭਿੰਨ ਭਿੰਨ ਪ੍ਰਤੀਤ ਹੋ ਰਹੇ ਹਨ। ਆਪ ਕਿਰਪਾ ਕਰਕੇ ਇਨ੍ਹਾਂ ਦੋਹਾਂ ਦੀ ਅਭੇਦਤਾ ਦਾ ਉਪਦੇਸ਼ ਦੇਣਾ ਕਰੋ। ਅੱਗੋਂ ਗੁਰਾਂ ਨੇ ਕਿਹਾ ਇਹ ਕਿਵੇਂ ਅਭੇਦ ਹੋ ਸਕਦੇ ਹਨ। ਜਿਵੇਂ ਜੀਵ ਈਸ਼ੁਰ ਭਿੰਨ ਹਨ ਤਿਵੇਂ ਸੰਸਾਰ ਵੀ ਭਿੰਨ ਹੈ, ਮਾਇਆ ਵੀ ਭਿੰਨ ਹੈ। ਇਸ ਤਰ੍ਹਾਂ ਦੀਆਂ ਗੱਲਾਂ ਸੁਣਾ ਕੇ ਪਖੰਡੀ ਗੁਰਾਂ ਨੇ ਸਗੋਂ ਹੋਰ ਭੇਦ ਪਾ ਦਿੱਤਾ। ਇਸ ਲਈ ਆਪਣਾ ਦੁੱਖ ਉਸ ਪਾਸ ਆਖਣਾ ਚਾਹੀਦਾ ਹੈ ਜਿਸ ਕੋਲ ਅੱਗੇ ਸੁੱਖ ਹੋਵਣ॥ ੩॥

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ॥

ਜੀਅ ਵਿਖੇ ਜਿਸ ਪ੍ਰਭੂ ਦੇ ਪ੍ਰਾਣ ਆਦਿਕ ਦਿੱਤੇ ਹੋਇ ਹਨ, ਉਸ ਪ੍ਰਭੂ ਨੂੰ ਮਨ ਚੋਂ ਕਿਸ ਵਾਸਤੇ ਭੁਲਾਵਣਾ ਹੈ।

ਤਿਸੁ ਵਿਣੁ ਸਭੁ ਅਪਵਿਤੁ ਹੈ ਜੇਤਾ ਪਹਿਨਣੁ + ਖਾਣੁ॥

ਉਸ ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਜਿਤਨਾ ਕੁ ਕੱਪੜਿਆਂ ਦਾ ਪਹਿਰਨਾ, ਤੇ ਪਦਾਰਥਾਂ ਦਾ ਖਾਣਾ ਹੈ ਉਹ ਸਾਰਾ ਹੀ ਅਪਵਿਤ੍ਰ ਹੈ।

ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ॥ ੪॥ ੫॥

ਸਿਮਰਨ ਤੋਂ ਬਿਨਾਂ ਹੋਰ ਜਿੰਨੀਆਂ ਵੀ ਗੱਲਾਂ ਕਰਨੀਆਂ ਹਨ ਉਹ ਝੂਠੀਆਂ ਹਨ, ਜੇਹੜੀ ਨਾਮ ਜਪਣ ਵਾਲੀ ਗੱਲ ਤਿਸ ਪ੍ਰਮਾਤਮਾ ਨੂੰ ਭਾਂਵਦੀ ਹੈ ਓਹੀ ਪ੍ਰਮਾਣੀਕ ਹੈ॥ ੪॥ ੫॥

ਸਿਰੀਰਾਗੁ ਮਹਲਾ ੧॥

ਉਥਾਨਕਾ:- ਇਹ ਸ਼ਬਦ ਵੀ ਗੁਰੂ ਸਾਹਿਬਾਂ ਨੇ ਗੋਪਾਲ ਨਾਮੇ ਪਾਂਧੇ ਦੇ ਪ੍ਰਤੀ ਉਚਾਰਨਾ ਕੀਤਾ ਹੈ। ਜਿਸ ਵੇਲੇ ਪਾਂਧੇ ਨੇ ਕਿਹਾ ਆਪ ਜੀ ਦਾ ਪਿਤਾ ਪਟਵਾਰੀ ਹੈ ਪਟਵਾਰੀ ਦਾ ਕੰਮ ਸਵਾਏ, ਡਿਉਡੇ, ਢਾਈਏ, ਆਉਂਟੇ ਆਦਿਕ ਪਹਾੜੇ ਸਿੱਖੇ ਬਗੈਰ ਨਹੀਂ ਆ ਸਕਦਾ। ਇਸ ਲਈ ਆਪ ਮੇਰੇ ਕਹੇ ਅਨੁਸਾਰ ਪਹਾੜੇ ਲਿਖਣੇ ਸ਼ੁਰੂ ਕਰ ਦਿਓ, ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ ਪਾਂਧਾ ਜੀ! ਇਹ ਲੇਖਾ ਕਿਸੇ ਕੰਮ ਆਉਣ ਵਾਲਾ ਨਹੀਂ ਹੈ, ਤੁਹਾਨੂੰ ਉਹ ਲੇਖਾ ਲਿਖਣਾ ਚਾਹੀਦਾ ਹੈ ਜੋ ਪ੍ਰਲੋਕ ਵਿਖੇ ਪ੍ਰਾਣੀ ਦੇ ਕੰਮ ਆਵੇ। ਪਾਂਧੇ ਨੇ ਕਿਹਾ ਉਹ ਕੇਹੜਾ ਲੇਖਾ ਹੈ? ਤਾਂ ਗੁਰੂ ਜੀ ਨੇ ਕਿਹਾ-ਬਾਬਾ ਏਹੁ ਲੇਖਾ ਲਿਖਿ ਜਾਣੁ॥

ਬਾਬਾ=ਹੇ ਪਾਂਧਾ ਜੀ ਆਪ ਇਸ ਲੇਖੇ ਨੂੰ ਲਿਖ ਜਾਨਣਾ ਕਰੋ।

ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥ ੧॥

ਪਹਿਲੇ ਪ੍ਰਭੂ ਦਾ ਨਾਮ ਲਿਖਣਾ ਕਰ, ਤੇ ਉਸ ਦੀ ਸ਼ਲਾਘਾ ਲਿਖਣਾ ਕਰ ਫਿਰ ਇਹ ਲਿਖਣਾ ਕਰ ਕਿ ਉਸ ਪ੍ਰਭੂ ਦੇ ਪਾਰਾਵਾਰ ਦਾ ਅੰਤ ਨਹੀਂ ਆਉਂਦਾ।

ਅਥਵਾ:- ਉਸ ਦੇ ਪਾਰਾਵਾਰੁ=ਗਿਆਨ ਵੈਰਾਗ ਦਾ, ਅਤੇ ਲੋਕ ਪ੍ਰਲੋਕ ਦਾ ਅੰਤ ਨਹੀਂ ਆਉਂਦਾ।

ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ੧॥ ਰਹਾਉ॥

ਜਿਸ ਪ੍ਰਲੋਕ ਦਰਗਾਹ ਵਿਚ ਜੀਵ ਪਾਸੋਂ ਲੇਖਾ ਮੰਗਿਆ ਜਾਣਾ ਹੈ।

ਤਿਥੈ=ਤਿਸ ਪ੍ਰਲੋਕ ਦਰਗਾਹ ਵਿਚ ਨਾਮ ਜਪਿਆ ਹੋਇਆ ਸਚਾ ਨੀਸਾਣੁ=ਪ੍ਰਵਾਨਾ ਹੋਵੇਗਾ। ਪਾਂਧੇ ਨੇ ਕਿਹਾ ਲੇਖਾ ਤਾਂ ਲਿਖਿਆ ਜਾਂਦਾ ਹੈ ਜੇ ਕਰ ਸ਼ਾਹੀ ਕਲਮ ਦ੍ਵਾਤ ਤੇ ਕਾਗਜ਼ ਹੋਵੇ। ਏਧਰ ਨਾਮ ਲੇਖੇ ਦੇ ਲਿਖਣ ਵਾਸਤੇ ਸ਼ਾਹੀ ਕਿਹੜੀ ਹੈ, ਕਲਮ ਕਿਹੜੀ ਹੈ, ਕਾਗਜ਼ ਕਿਹੜਾ ਹੈ? *ਉੱਤਰ:-*

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥

ਇਸਤ੍ਰੀ, ਪੁਤ੍ਰ ਆਦਿਕ ਸਬੰਧੀਆਂ ਦੇ ਮੋਹ ਨੂੰ ਜੇਹੜਾ ਜਾਲਿ=ਸਾੜਨਾ ਹੈ, ਇਹ ਫੁਲਾ ਕਰ ਜੇਹੜਾ ਵਾਰੰਵਾਰ ਉਸ ਪ੍ਰਭੂ ਦਾ ਵਿਚਾਰ ਜਾਂ ਅਭਿਆਸ ਕਰਨਾ ਹੈ, ਏਹੋ ਮਸੁ=ਸ਼ਾਹੀ ਦਾ ਘਸਾਣਾ ਕਰ। ਸਾਰੁ=ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧੀ ਨੂੰ ਕਾਗਜ਼ ਬਨਾਵਣਾ ਕਰ।

---

*ਪਾਠਾਂਤ੍ਰ:- ਅਪਵਿਤ੍ਰ +ਪੈਨਣੁ

ਆਤਮ ਵਿਸ਼ੈਣੀ ਬੁੱਧੀ ਨੂੰ ਕਾਗਜ਼ ਬਨਾਵਣਾ ਕਰ।

ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥

ਭਾਉ=ਪ੍ਰੇਮ ਨੂੰ ਕਲਮ ਸਮਝਣਾ ਕਰ, ਸ਼ੁੱਧ ਚਿੱਤ ਨੂੰ ਲਿਖਾਰੀ ਕਰ।

ਪੂਰਨ ਬ੍ਰਹਮ ਨੇਸ਼ਟੀ ਬ੍ਰਹਮ ਸੋ੍ਤਰੀ ਗੁਰੂ ਪਾਸੋਂ ਪੁੱਛ ਕੇ ਸੱਤ ਅਸੱਤ ਦੇ ਨਿਰਣੇ ਰੂਪ ਵਿਚਾਰ ਨੂੰ ਲਿਖਣਾ ਕਰ।

ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥ ੧॥

ਸਤਿਨਾਮੁ ਵਾਹਿਗੁਰੂ ਨਾਮ ਲਿਖਣਾ ਕਰ, ਉਸ ਪ੍ਰਭੂ ਦੀ ਸਿਫਤੋ ਸ਼ਲਾਘਾ ਲਿਖਣਾ ਕਰ। ਫਿਰ ਇਹ ਲਿਖਣਾ ਕਰ ਕਿ ਉਸਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ॥ ੧॥

ਬਾਬਾ ਏਹੁ ਲੇਖਾ ਲਿਖਿ ਜਾਣੁ॥

ਬਾਬਾ=ਹੇ ਪਾਂਧਾ ਜੀ ਇਸ ਤਰ੍ਹਾਂ ਦੇ ਲੇਖੇ ਨੂੰ ਲਿਖ ਜਾਨਣਾ ਕਰ।

ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ੧॥ ਰਹਾਉ॥

ਜਿਥੈ=ਜਿਸ ਪ੍ਰਲੋਕ ਦਰਗਾਹ ਵਿਚ ਜੀਵ ਪਾਸੋਂ ਲੇਖਾ ਮੰਗਿਆ ਜਾਣਾ ਹੈ,

ਤਿਥੈ=ਤਿਸ ਪ੍ਰਲੋਕ ਦਰਗਾਹ ਵਿਚ ਨਾਮ ਜਪਿਆ ਹੋਇਆ ਜੀਵ ਪਾਸ ਸੱਚਾ ਪ੍ਰਵਾਨਾ ਹੋਵੇਗਾ॥ ੧॥

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥

ਨਾਮ ਰੂਪ ਲੇਖੇ ਦੇ ਲਿਖਣ ਵਾਲਾ ਪੁਰਸ਼ ਜਿਥੇ ਭੀ ਜਾਏਗਾ ਉਸਨੂੰ ਓਥੇ ਹੀ ਵਡਿਆਈਆਂ ਮਿਲਣਗੀਆਂ। ਉਸ ਦੇ ਮਨ ਵਿਚ ਸਦਾ ਖੁਸ਼ੀਆਂ ਹੋਣਗੀਆਂ, ਅਤੇ ਉਸ ਦੇ ਤਨ ਵਿਚ ਵੀ ਸਦਾ ਚਾਉ= ਉਤਸ਼ਾਹ ਹੋਵੇਗਾ।

ਅਥਵਾ:- ਸਦਾ ਖੁਸ਼ੀਆਂ ਵਾਲਾ ਜੋ ਪ੍ਰਭੂ ਹੈ ਉਸ ਦਾ ਮਨ ਵਿਚ ਸਦਾ ਚਾਉ=ਉਤਸ਼ਾਹ ਹੋਵੇਗਾ।

ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥

ਹੇ ਪਾਂਧਾ ਜੀ! ਜਿਨ੍ਹਾਂ ਦੇ ਮਨ ਵਿਚ ਸੱਚਾ ਨਾਮ ਵਸਿਆ ਹੈ, ਤਿਨ੍ਹਾਂ ਦੇ ਮੂੰਹ ਪਰ ਜਸ ਰੂਪ ਟਿੱਕੇ ਨਿਕਲਦੇ ਹਨ।

ਅਥਵਾ:- ਤਿਨ੍ਹਾਂ ਦੇ ਮੁਖ ਹੀ ਟਿੱਕੇ ਰੂਪ ਹੋ ਕੇ ਭਾਵ ਸ਼ੋ੍ਮਣੀ ਹੋ ਕੇ ਨਿਕਲਦੇ ਹਨ।

ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥ ੨॥

ਪੂਰਬਲਾ ਸ੍ਰੇਸ਼ਟ ਕਰਮ ਫਲ ਦੇਣ ਨੂੰ ਮਿਲੇ, ਜਾਂ ਪੂਰਨ ਗੁਰਾਂ ਦਾ ਕਰਮਿ=ਅਨੁਗ੍ਰਹ ਮਿਲੇ ਤਾਂ ਪ੍ਰਭੂ ਦਾ ਨਾਮ ਪਾਈਦਾ ਹੈ।

ਨਾਹੀ=ਜੇ ਪਲੇ ਨਾਮ ਨਹੀਂ ਹੈ, ਤਾਂ ਹੋਰ ਸਾਰੀਆਂ ਗੱਲਾਂ, ਵਾਉ ਦੁਆਉ=ਵਾਵੈਲੀਆ ਭਾਵ ਵਿਅਰਥ ਹਨ।

ਅਥਵਾ:- ਕਿਸੇ ਨੂੰ ਦੁਆ=ਅਸ਼ੀਰਵਾਦ, ਤੇ ਕਿਸੇ ਨੂੰ ਬਦ ਦੁਆ=ਬਦ ਅਸੀਸ ਦੇਣੀ ਵੀ

ਵਾਉ=ਵਿਅਰਥ ਹੈ॥ ੨॥

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥

ਸੰਸਾਰ ਵਿਖੇ ਇਕ ਜੰਮ ਕੇ ਆਉਂਦੇ ਹਨ, ਇਕ ਉੱਠ ਕੇ ਤੁਰ ਜਾਂਦੇ ਹਨ, ਇਕ ਆਪਣਾ ਨਾਮ ਸਲਾਰ=ਸ੍ਰਦਾਰ ਰਖਾ ਲੈਂਦੇ ਹਨ।

ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥

ਇਕਨਾਂ ਨੂੰ ਮੰਗਤੇ ਪੈਦਾ ਕੀਤਾ ਹੈ, ਅਤੇ ਇਕਨਾਂ ਨੂੰ ਵਡੇ ਦਰਬਾਰ ਵਾਲਾ ਬਣਾਇਆ ਹੈ।

ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥ ੩॥

ਇਹ ਭੇਦ ਅਗੈ=ਪ੍ਰਲੋਕ ਵਿਚ ਗਿਆਂ ਜਾਣਿਆ ਜਾਵੇਗਾ ਕਿ ਇਨ੍ਹਾਂ ਚੋਂ ਵੱਡਾ ਕੌਣ ਹੈ ਤੇ ਛੋਟਾ ਕੌਣ ਹੈ। ਅਸੀਂ ਤਾਂ ਏਹੋ ਜਾਣਦੇ ਹਾਂ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਸਾਰੇ ਪੁਰਸ਼ ਵੇਕਾਰ=ਨਿਕੰਮੇ ਹਨ॥ ੩॥

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥

ਹੇ ਪਾਂਧੇ! ਤੇਰੇ ਕੋ ਪ੍ਰਮੇਸ਼ਰ ਦਾ ਭੈ ਹੈ ਕਿ ਨਹੀਂ, ਸਾਨੂੰ ਤਾਂ ਉਸ ਦਾ ਅਗਲਾ=ਬਹੁਤਾ ਡਰ ਹੈ। ਤੇਰੀ ਦੇਹ ਵਿਹਾਰਕ ਕੰਮਾਂ ਵਿਖੇ ਖਪ ਖਪ ਕੇ ਛਿਜੈ=ਕ੍ਰਿਸ ਹੁੰਦੀ ਜਾ ਰਹੀ ਹੈ।

ਪੁਨਾ ਪਾਂਧੇ ਨੇ ਕਿਹਾ-ਜਮਾਂ ਦਾ ਡਰ ਕਿਵੇਂ ਨਵਿਰਤ ਹੋਵੇ? *ਉੱਤਰ:-*

ਭੈ ਤੇਰੈ-ਤਿਸ ਪ੍ਰਮਾਤਮਾ ਦੇ ਭੈ ਧਾਰਨ ਨਾਲ।

ਡਰੁ ਅਗਲਾ=ਅਗਲਾ ਜੋ ਜਮਾਂ ਦਾ ਡਰ ਹੈ ਉਹ ਦੂਰ ਹੋ ਜਾਂਦਾ ਹੈ।

ਯਥਾ:-ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥

ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥ *(ਗਉੜੀ ਮ: ੧, ਪੰਨਾ ੧੫੧)*

ਖਪਿ ਖਪਿ ਛਿਜੈ ਦੇਹ=ਖਪਾਣੇ ਵਾਲੇ ਕਾਮ ਆਦਿਕਾਂ ਵਿਚ ਖਪ ਕੇ ਦੇਹ ਛਿਜ ਜਾਂਦੀ ਹੈ।

ਅਥਵਾ:- ਹੇ ਪਾਧੇ ! ਤੇਰੇ ਮਨ ਵਿਚ ਅਗਲਾ=ਅੱਗੇ ਦਾ ਡਰ ਹੈ ਕਿ ਨਹੀਂ। ਮੇਰੀ ਦੇਹ ਤਾਂ ਉਸ ਡਰ ਨਾਲ ਖਪ ਖਪ ਕੇ ਛਿਜੈ=ਕ੍ਰਿਸ ਹੋ ਰਹੀ ਹੈ।

ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥

ਜਿਨ੍ਹਾ ਦੇ ਨਾਂ ਸੁਲਤਾਨ=ਬਾਦਸ਼ਾਹ ਅਤੇ ਖਾਨ=ਦਸ ਹਜ਼ਾਰੀ, ਪੰਜ ਹਜ਼ਾਰੀ ਸੀ ਉਹ ਸਾਰੇ ਮੈਨੇ ਖੇਹ ਹੁੰਦੇ ਵੇਖੇ ਹਨ।

ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥ ੪॥ ੬॥

ਗੁਰੂ ਜੀ ਕਥਨ ਕਰਦੇ ਹਨ ਹੇ ਪਾਂਧੇ! ਜਿਸ ਵੇਲੇ ਇਹ ਜੀਵ ਉੱਠ ਕੇ ਤੁਰਿਆ, ਤਾਂ ਸਾਰੇ ਝੂਠੇ ਨੇਹ=ਪ੍ਰੇਮ ਟੁੱਟ ਜਾਣਗੇ॥ ੪॥ ੬॥

ਸਿਰੀਰਾਗੁ ਮਹਲਾ ੧॥

ਉਥਾਨਕਾ:- ਇਹ ਸ਼ਬਦ ਗੁਰੂ ਜੀ ਨੇ ਆਪਣੇ ਮਾਤਾ ਪਿਤਾ ਜੀ ਦੇ ਪ੍ਰਥਾਇ ਉਚਾਰਿਆ ਹੈ। ਜਿਸ ਵੇਲੇ

ਦੇਸਾਂ ਦਿਸਾਂਤ੍ਰਾਂ ਵਿਚ ਰਟਨ ਕਰਦੇ ਹੋਇ ਤਲਵੰਡੀ ਤੋਂ ਬਾਹਰ ਭਾਈ ਬਾਲੇ ਸੰਧੂ ਦੇ ਪਿਤਾ ਚੰਦ੍ ਭਾਨ ਦੇ ਖੂਹ ਤੇ ਉੱਤਰੇ, ਤੇ ਭਾਈ ਮਰਦਾਨਾ ਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਘਰ ਗਿਆ, ਤਿਸ ਵੇਲੇ ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਨੂੰ ਪਤਾ ਲੱਗ ਗਿਆ ਕਿ ਅਸਾਡਾ ਪੁਤ੍ਰ ਵੀ ਬਾਹਰ ਖੂਹੇ ਤੇ ਆਇਆ ਬੈਠਾ ਹੈ। ਚਿੱਤ ਵਿਚ ਬੜੀ ਪ੍ਰਸੰਨਤਾ ਆਈ, ਉਸ ਵੇਲੇ ਚੰਗੇ ਚੰਗੇ ਪਕਵਾਨ ਤੇ ਸੋਹਣੇ ਸੋਹਣੇ ਕਪੜੇ ਲੈ ਕੇ ਘੋੜੇ ਤੇ ਅਸਵਾਰ ਹੋ ਕੇ ਪੁਤ੍ਰ ਵੱਲ ਚਲ ਪਏ। ਜਦ ਖੂਹੇ ਦੇ ਨਜ਼ੀਕ ਪਹੁੰਚੇ ਤਾਂ ਗੁਰੂ ਸਾਹਿਬਾਂ ਨੇ ਦੂਰੋਂ ਵੇਖਿਆ ਤੇ ਸ਼ਾਸਤ੍ਰ ਮਰਯਾਦਾ ਅਨੁਸਾਰ ਆਪ ਅੱਗੇ ਆਕੇ ਮਿਲੇ, ਮਾਤਾ ਤੇ ਪਿਤਾ ਦੋਹਾਂ ਦੇ ਚਰਨਾਂ ਉੱਪਰ ਮੱਥਾ ਟੇਕਿਆ ਮੁੜ ਖੂਹੇ ਤੇ ਆ ਬੈਠੇ ਤਦ ਮਾਤਾ ਜੀ ਨੇ ਚੰਗੇ ਚੰਗੇ ਪਕਵਾਨ ਅੱਗੇ ਰੱਖ ਕੇ ਕਿਹਾ ਪੁਤ੍ਰ ਜੀ ਆਪ ਛਕਣਾ ਕਰੋ।

ਹਜ਼ੂਰ ਨੇ ਕਿਹਾ ਇਨ੍ਹਾਂ ਪਦਾਰਥਾਂ ਦੇ ਖਾਣ ਦੀ ਜ਼ਰੂਰਤ ਨਹੀਂ ਅਸੀਂ ਤਾਂ ਇਨ੍ਹਾਂ ਤੋਂ ਚੰਗੇ ਚੰਗੇ ਪਦਾਰਥ ਅੱਗੇ ਖਾ ਰਹੇ ਹਾਂ, ਪਿਤਾ ਜੀ ਨੇ ਕਿਹਾ ਪੁਤ੍ਰ ਜੀ ਸਾਨੂੰ ਵੀ ਦੱਸੋ ਉਹ ਚੰਗੇ ਚੰਗੇ ਪਦਾਰਥ ਕਿਹੜੇ ਖਾ ਰਹੇ ਹੋ? *ਗੁਰ ਉੱਤਰ-*

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥

ਗੁਰਾਂ ਪਾਸੋਂ ਜਿਹੜਾ ਪ੍ਰਭੂ ਦਾ ਨਾਮ ਸੁਣਿਆ ਹੈ ਇਹ ਸਲੂਣੇ ਯਾਨੇ ਨਮਕੀਨ ਰਸ ਵਾਲੇ ਪਦਾਰਥ ਹਨ। ਅਤੇ ਜੇਹੜਾ ਪ੍ਰਭੂ ਦਾ ਨਾਮ ਮੰਨਣ ਕੀਤਾ ਹੈ ਇਹ ਸਾਰੇ ਮਿਠੇ ਰਸਾਂ ਵਾਲੇ ਪਦਾਰਥ ਹਨ।

ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥

ਮੂੰਹ ਤੋਂ ਜਿਹੜਾ ਪ੍ਰਭੂ ਦਾ ਨਾਮ ਬੋਲਣਾ ਕੀਤਾ ਹੈ ਇਹ ਖਟ ਤੁਰਸੀ=ਖੱਟੇ ਮਿੱਠੇ ਚਟਣੀ ਆਦਿਕ ਖਟ ਤੁਰਸ਼ ਰਸ ਹਨ। ਸਿੱਖਾਂ ਨੂੰ ਪ੍ਰਭੂ ਦੀ ਪ੍ਰਾਪਤੀ ਦਾ ਜੋ ਨਾਦ=ਉਪਦੇਸ਼ ਦੇਣਾ ਕੀਤਾ ਹੈ ਇਹ ਮਾਰਣ=ਮਸਾਲੇ ਪਾਏ ਹਨ। ਪਹਿਲੀ ਤੁਕ ਵਿਚ ਸ੍ਰਵਨ ਤੇ ਮਨਨ ਆ ਚੁੱਕਾ ਹੈ ਹੁਣ ਨਿਧਿਆਸਣ ਦੀ ਵਾਰੀ ਹੈ। ਇਸ ਕਰਕੇ ਇਹ ਅਰਥ ਕਰਨਾ ਕਿ ਜਿਹੜਾ ਨਾਦ=ਨਿਧਿਆਸਣ ਕੀਤਾ ਹੈ ਏਹੋ ਇਸ ਭੋਜਨ ਵਿਚ ਮਾਰਣ= ਮਸਾਲੇ ਪਾਏ ਹਨ।

ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥ ੧॥

ਇਕ ਅਕਾਲ ਪੁਰਖ ਵਿਖੇ ਜੇਹੜਾ ਭਾਉ=ਪ੍ਰੇਮ ਕਰਨਾ ਹੈ।

ਅਥਵਾ:- ਇਕ ਅਕਾਲ ਪੁਰਖ ਦਾ ਜੋ ਅਸਾਨੂੰ ਭਾਉ=ਗਿਆਨ ਹੋਇਆ ਹੈ ਏਹੀ ਛੱਤੀ ਪ੍ਰਕਾਰ ਦੇ ਅੰਮ੍ਰਿਤ ਭੋਜਨ ਹਨ, ਮਾਤਾ ਪਿਤਾ ਜੀ ਨੇ ਕਿਹਾ- ਇਹ ਭੋਜਨ ਖਾਣੇ ਕਿਸਨੂੰ ਪ੍ਰਾਪਤ ਹੁੰਦੇ ਹਨ?

ਗੁਰ ਉੱਤਰ- ਜਾਕਉ=ਜਿਨ੍ਹਾਂ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਨ੍ਹਾਂ ਨੂੰ ਇਹ ਅੰਤ੍ਰੀਵ ਭੋਜਨ ਖਾਣੇ ਪ੍ਰਾਪਤ ਹੁੰਦੇ ਹਨ॥ ੧॥

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

ਬਾਬਾ=ਹੇ ਪਿਤਾ ਸਾਹਿਬ ਜੀ ਨਾਮ ਤੋਂ ਬਿਨਾਂ ਹੋਰ ਪ੍ਰਤੱਖ ਖੁਸ਼ੀਆਂ ਪੂਰਬਕ ਪਦਾਰਥਾਂ ਦਾ ਖਾਣਾ ਇਸ ਨੂੰ ਖੁਆਰੁ=ਖਰਾਬ ਕਰਦਾ ਹੈ।

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥

ਜਿਸ ਪਦਾਰਥ ਦੇ ਖਾਧਿਆਂ ਸਰੀਰ ਪੀੜਤ ਹੁੰਦਾ ਹੈ, ਅਤੇ ਮਨ ਵਿਚ ਕਈ ਤਰ੍ਹਾਂ ਦੇ ਵਿਕਾਰ ਚਲਦੇ ਹਨ।

ਅਥਵਾ:- ਜਿਸ ਦੇ ਖਾਧਿਆਂ ਮਨ=ਜੀਵ ਪ੍ਰਲੋਕ ਵਿਖੇ ਪਿੜੀਂਦਾ ਹੈ, ਅਤੇ ਤਨ ਵਿਖੇ ਨਾਨਾ ਪ੍ਰਕਾਰ ਦੇ ਵਿਕਾਰ ਚਲਦੇ ਹਨ॥ ੧॥ ਰਹਾਉ॥

ਫਿਰ ਮਾਤਾ ਜੀ ਨੇ ਕਿਹਾ ਪੁਤ੍ਰ ਇਹ ਭਗਵੇਂ ਕੱਪੜੇ ਲਾਹ ਦਿਓ। ਆਪ ਜੀ ਵਾਸਤੇ ਰੰਗ ਬਰੰਗੀ, ਸੋਹਣੀਆਂ ਪੁਸ਼ਾਕਾਂ ਲਿਆਂਦੀਆਂ ਹਨ ਉਹ ਪਾ ਲਓ।

ਗੁਰੂ ਜੀ ਨੇ ਕਿਹਾ ਰੰਗ ਬਿਰੰਗੀ ਪੁਸ਼ਾਕਾਂ ਵੀ ਅਸਾਂ ਨੇ ਪਹਿਰੀਆਂ ਹੋਈਆਂ ਹਨ।

ਪਿਤਾ ਜੀ ਨੇ ਕਿਹਾ ਅਸਾਂ ਨੇ ਤਾਂ ਨਹੀਂ ਵੇਖੀਆਂ ਆਪ ਨੇ ਕਿਹੜੀਆਂ ਪੁਸ਼ਾਕਾਂ ਪਹਿਨੀਆਂ ਹਨ?

ਉੱਤਰ-

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥

ਪ੍ਰਭੂ ਦੇ ਨਾਮ ਸਿਮਰਨ ਵਿਖੇ ਜੇਹੜਾ ਮਨ ਰਤਾ=ਤਦਾਕਾਰ ਹੋਇਆ ਹੈ ਏਹ ਅਸਾਂ ਨੇ ਰਤਾ=ਲਾਲ ਪੁਸ਼ਾਕ ਦਾ ਪਹਿਰਣਾ ਕੀਤਾ ਹੈ। ਅਤੇ ਜੇਹੜਾ ਸੱਚੇ ਨਾਮ ਦਾ ਦਾਨ ਸਿੱਖਾਂ ਨੂੰ ਦੇਣਾ ਕੀਤਾ ਹੈ।

ਅਥਵਾ:- ਜੇਹੜਾ ਸੱਚ ਦਾ ਦਾਨੁ=ਜਾਨਣਾ ਕੀਤਾ ਹੈ।

ਅਥਵਾ:- ਸੱਚ ਦੇ ਨਮਿੱਤ ਜੇਹੜਾ ਪ੍ਰਤੱਖ ਦਾਨ ਕੀਤਾ ਹੈ-ਏਹ ਅਸਾਂ ਨੇ ਸੁਪੇਦੀ=ਚਿੱਟੀ ਪੁਸ਼ਾਕ ਦਾ ਪਹਿਰਣਾ ਕੀਤਾ ਹੈ।

ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥

ਸਿਆਹੀ = ਪਾਪਾਂ ਦਾ, *ਅਥਵਾ:-* ਅਵਿਦਿਆ ਦਾ ਜੇਹੜਾ ਕਦਾ ਕਰਣੀ=ਕੱਟਣਾ ਕੀਤਾ ਹੈ। ਏਹ ਅਸਾਂ ਨੇ ਨੀਲੀ ਪੁਸ਼ਾਕ ਦਾ ਪਹਿਰਣਾ ਕੀਤਾ ਹੈ।

ਜੇਹੜਾ ਵਾਹਿਗੁਰੂ ਦੇ ਚਰਨਾਂ ਦਾ ਧਿਆਨ ਧਾਰਨਾ ਕੀਤਾ ਹੈ ਏਹੁ ਅਸਾਂ ਨੇ ਪਹਿਰਣੁ=ਚੋਗੇ ਦਾ ਪਹਿਰਣਾ ਕੀਤਾ ਹੈ। *ਅਥਵਾ:-* ਸਾਰਿਆਂ ਕੱਪੜਿਆਂ ਦਾ ਪਹਿਰਣਾ ਕੀਤਾ ਹੈ।

ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥ ੨॥

ਜਥਾ ਲਾਭ ਤਥਾ ਸੰਤੁਸ਼ਟ ਰਹਿਣਾ ਅਜੇਹੇ ਸੰਤੋਖ ਦਾ ਧਾਰਨਾ ਏਹ ਅਸਾਂ ਨੇ ਕਮਰਬੰਦੁ=ਕਮਰਕੱਸਾ ਕੀਤਾ ਹੈ। ਤੇਰਾ ਨਾਮੁ=ਤਿਸ ਪ੍ਰਭੂ ਦਾ ਨਾਮ ਜਪਣਾ ਏਹੀ ਧਨ ਤੇ ਜੋਬਨ ਅਵਸਥਾ ਹੈ।

ਅਥਵਾ:- ਤਿਸ ਪ੍ਰਭੂ ਦਾ ਨਾਮ ਜਪਣਾ ਏਹਦਾ ਅਸਾਡੇ ਪਾਸ ਧਨ ਹੈ ਅਤੇ ਸ਼ੋਕ ਅਵਸਥਾ ਰੂਪੀ ਜੋਬਨ ਹੈ॥ ੨॥

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥

ਬਾਬਾ=ਹੇ ਪਿਤਾ ਜੀ! (ਅੰਤ੍ਰੀਵ ਕੱਪੜਿਆਂ ਤੋਂ ਬਿਨਾਂ) ਜੇਹੜਾ ਪ੍ਰਤੱਖ ਰੰਗ ਬਰੰਗੇ ਕੱਪੜਿਆਂ ਦਾ ਖੁਸ਼ੀਆਂ ਪੂਰਬਕ ਪਹਿਰਣਾ ਹੈ ਇਸ ਜੀਵ ਨੂੰ ਅੰਤ ਸਮੇਂ ਖੁਆਰੁ=ਖਰਾਬ ਕਰਦਾ ਹੈ।

ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥

ਜਿਨ੍ਹਾਂ ਕੱਪੜਿਆਂ ਦੇ ਪਹਿਰਣ ਕਰਕੇ ਸਰੀਰ ਪੀੜਤ ਹੁੰਦਾ ਹੈ, ਅਤੇ ਮਨ ਵਿਚ ਕਈ ਤਰ੍ਹਾਂ ਦੇ ਵਿਕਾਰ ਚਲਦੇ ਹਨ।

ਅਥਵਾ:- ਜਿਨ੍ਹਾਂ ਕੱਪੜਿਆਂ ਦੇ ਪਹਿਰਣ ਕਰਕੇ ਪ੍ਰਲੋਕ ਵਿਚ ਮਨ=ਜੀਵ ਪੀੜਿਆ ਜਾਂਦਾ ਹੈ, ਅਤੇ ਤਨ ਵਿਖੇ ਨਾਨ੍ਹਾ ਪ੍ਰਕਾਰ ਦੇ ਵਿਕਾਰ ਚਲਦੇ ਹਨ॥ ੧॥ ਰਹਾਉ॥

ਫਿਰ ਪਿਤਾ ਜੀ ਨੇ ਕਿਹਾ-ਆਪ ਖੂਬ ਸ਼ਸਤ੍ਰ ਪਹਿਨ ਕੇ ਘੋੜੇ ਉੱਪਰ ਅਸਵਾਰ ਹੋ ਕੇ ਜਿਸ ਪਾਸੇ ਮਰਜ਼ੀ ਆਵੇ ਸੈਲ ਕਰੋ।

ਤਾਂ ਗੁਰੂ ਜੀ ਨੇ ਕਿਹਾ, ਅਸੀਂ ਅ.ੀਵ ਘੋੜੇ ਉੱਪਰ ਅਸਵਾਰ ਹਾਂ, ਆਪ ਸੁਣੋ:-

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥

ਤੇਰੀ ਵਾਟ=ਤਿਸ ਪ੍ਰਭੂ ਦੀ ਭਗਤੀ ਰੂਪੀ ਵਾਟ ਦਾ ਜੇਹੜਾ ਬੁੱਝਣਾ ਕੀਤਾ ਹੈ।

ਏਹੀ ਘੋੜਾ ਹੈ, ਏਹੀ ਸੁਇਨੇ=ਸੋਨੇ ਦੀ ਪਾਖਰ=ਕਾਠੀ ਸਾਖਤਿ=ਬਣੀ ਹੋਈ ਹੈ।

ਦੂਜਾ ਅਰਥ-ਧਰਮ ਘੋੜਾ ਸਤ ਜੀਂਨ ਕਰ ਜਤੁ ਕੀ ਪਾਖਰ ਮਾਨ॥

ਦੇ ਅਨੁਸਾਰ ਇੰਞ ਅਰਥ ਕਰਨਾ-

ਧਰਮ ਰੂਪ ਘੋੜਾ ਹੈ, ਸੱਚ ਦਾ ਬੋਲਣਾ ਇਹ ਜੀਂਨ=ਕਾਠੀ ਹੈ, ਜਤੁ=ਜਤਿੰਦ੍ਰੇ ਗਹਿਣਾ ਇਹ ਪਾਖਰ+ ਹੈ। ਕਰੁਣਾ ਮੈਤ੍ਰੀ ਮੁਦਤਾ ਇਹ ਸੋਨੇ ਦੀ ਸਾਖਤਿ=ਪੂੰਜੀ ਹੈ।

ਤਿਸ ਪ੍ਰਮੇਸ਼ਰ ਦੀ ਭਗਤੀ ਰੂਪ ਵਾਟ ਦਾ ਜੇਹੜਾ ਬੁੱਝਣਾ ਕੀਤਾ ਹੈ-ਇਸ ਵਾਟ ਉੱਪਰ ਅਸਾਂ ਨੇ ਚਲਣਾ ਕੀਤਾ ਹੈ।

*ਅਥਵਾ:-*ਕਾਠੀ ਦੇ ਹੇਠਾਂ ਘੋੜੇ ਦੀ ਪਿੱਠ ਤੇ ਜੋ ਕੱਪੜਾ (ਨਮਦਾ) ਪਾਂਦੇ ਹਨ ਉਸਨੂੰ ਭੀ ਪਾਖਰ ਕਹਿੰਦੇ ਹਨ।

ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥

ਪ੍ਰਭੂ ਦੀ ਪ੍ਰਾਪਤੀ ਦੇ ਸ਼ੁਭ ਗੁਣਾਂ ਨੂੰ ਜੇਹੜਾ ਧਾਰਨਾ ਕੀਤਾ ਹੈ।

ਏਹੀ ਤਰਕਸ=ਭੱਥਾ ਹੈ, ਏਹੀ ਤੀਰ ਕਮਾਣ ਹੈ, ਏਹੀ ਸਾਂਗ=ਬਰਛੀ ਹੈ, ਏਹੀ ਤੇਗਬੰਦ=ਤਲਵਾਰ ਦਾ ਬੰਨਣਾ ਕੀਤਾ ਹੈ, ਏਹੀ ਧਾਤੁ=ਧਾਵਣੀ ਹੈ।

ਅਥਵਾ:- ਸੰਤੋਖ ਵਸ਼ਿਸ਼ਟ ਹਿਰਦਾ ਇਹ ਤਰਕਸ=ਭੱਥਾ ਹੈ। ਪਰੇਮ ਰੂਪੀ ਤੀਰ=ਬਾਣ ਹੈ।

ਯਥਾ- ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥

ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥ ੧॥ *(ਗੌਂਡ ਮਹਲਾ ੪, ਪੰਨਾ ੮੬੧)*

ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧੀ ਇਹ ਕਮਾਣ ਹੈ। ਮਨ ਨੂੰ ਸ਼ੁੱਧ ਕਰਨਾ ਇਹ ਧਨੁੱਖ ਹੈ। ਸ਼ਾਂਤੀ ਰੂਪੀ ਸਾਂਗ=ਬਰਛੀ ਹੈ। ਬ੍ਰਹਮ ਗਿਆਨ ਰੂਪੀ ਤੇਗ=ਤਲਵਾਰ ਨੂੰ ਬੰਨ੍ਹਿਆ ਹੈ। ਸ਼ੁਭ ਗੁਣਾਂ ਦੀ ਤਰਫ ਦੌੜਣਾ ਏਹੀ ਧਾਤੁ=ਧਾਵਣੀ ਹੈ।

ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥ ੩॥

ਕਰਮੁ ਤੇਰਾ=ਤਿਸ ਪ੍ਰਮਾਤਮਾਂ ਦਾ ਜੋ ਅਨੁਗ੍ਰਹੁ ਹੋਇਆ ਹੈ, ਏਹੀ ਮੇਰਾ ਵਾਜਾ ਹੈ, ਏਹੀ ਨੇਜਾ ਹੈ, ਏਹੀ

+ਨੋਟ:- ਜ਼ੰਜੀਰਦਾਰ ਲੋਹੇ ਦਾ ਝੁੱਲ ਹਾਥੀ ਅਤੇ ਘੋੜਿਆਂ ਉੱਤੇ ਪਾਇਆ ਜਾਂਦਾ ਹੈ ਜਿਸ ਕਰਕੇ ਰਣ ਭੂਮਿਕਾ ਵਿਚ ਸਰੀਰ ਦੀ ਰੱਖਿਆ ਹੁੰਦੀ ਹੈ ਉਸਨੂੰ ਪਾਖਰ ਕਹਿੰਦੇ ਹਨ।

ਪੱਤ ਅਬਰੋ ਦੇ ਨਾਲ ਪ੍ਰਗਟ ਹੋਣਾ ਹੈ, ਏਹੀ ਮੇਰੀ ਜਾਤੀ ਹੈ।

ਅਥਵਾ:- ਸਤਿਨਾਮੁ ਰੂਪੀ ਵਾਜਾ ਹੈ। ਨਿਸਚੇ ਰੂਪੀ ਨੇਜਾ ਹੈ।

ਪਤੀ ਪ੍ਰਮਾਤਮਾਂ ਦੇ ਸਹਿਤ ਹੋਣਾ ਏਹੀ ਅਸਾਡਾ ਪ੍ਰਗਟ ਹੋਣਾ ਹੈ।

ਤੇਰਾ=ਤਿਸ ਪ੍ਰਭੂ ਦਾ ਕਰਮੁ ਅਨੁਗ੍ਰਹੁ ਹੋਣਾ ਏਹੀ ਮੇਰੀ ਜਾਤੀ ਹੈ॥ ੩॥

ਬਾਬਾ ਹੋਰੁ ਚੜਣਾ ਖੁਸੀ ਖੁਆਰੁ॥

ਬਾਬਾ=ਹੇ ਪਿਤਾ ਸਾਹਿਬ ਜੀ ਅੰਤ੍ਰੀਵ ਧਰਮ ਘੋੜੇ ਤੋਂ ਬਿਨਾਂ ਜੇਹੜਾ ਹੋਰ ਪ੍ਰਤੱਖ ਘੋੜਿਆਂ ਉੱਪਰ ਖੁਸ਼ੀਆਂ ਪੂਰਬਕ ਚੜ੍ਹਣਾ ਹੈ ਇਹ ਇਸਨੂੰ ਖੁਆਰੁ=ਖਰਾਬ ਕਰਦਾ ਹੈ।

ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ੧॥ ਰਹਾਉ॥

ਜਿਸ ਘੋੜੇ ਉੱਤੇ ਚੜ੍ਹਿਆਂ ਸਰੀਰ ਪੀੜਤ ਹੁੰਦਾ ਹੈ ਅਤੇ ਮਨ ਵਿਚ ਕਈ ਤਰ੍ਹਾਂ ਦੇ ਵਿਕਾਰ ਚਲਦੇ ਹਨ।

ਅਥਵਾ:- ਜਿਸ ਘੋੜੇ ਉੱਤੇ ਚੜ੍ਹਿਆਂ ਮਨ=ਜੀਵ ਪੀੜਿਆ ਜਾਂਦਾ ਹੈ,

ਅਤੇ ਤਨ ਵਿਖੇ ਨਾਨਾ ਪ੍ਰਕਾਰ ਦੇ ਵਿਕਾਰ ਚਲਦੇ ਹਨ॥ ੧॥ ਰਹਾਉ॥

ਆਖਿਰ ਮਾਤਾ ਪਿਤਾ ਨੇ ਕਿਹਾ, ਆਪ ਜੀ ਵਾਸਤੇ ਹੁਣ ਪੱਕੇ ਮਕਾਨ (ਮੰਦਰ) ਪਾਏ ਹਨ ਆਪ ਉਨ੍ਹਾਂ ਮੰਦਰਾਂ ਵਿਚ ਚਲ ਕੇ ਰਿਹਾਇਸ਼ ਕਰੋ ਤੇ ਪ੍ਰਵਾਰ ਵਿਖੇ ਰਲ ਮਿਲ ਕੇ ਬੈਠੋ ਅਸੀਂ ਤੁਹਾਨੂੰ ਕੋਈ ਕੰਮ ਨਹੀਂ ਆਖਾਂਗੇ ਸਗੋਂ ਤੁਸੀਂ ਅਸਾਡੇ ਤੇ ਹੁਕਮ ਕਰਨਾ! ਇਹ ਗੱਲਾਂ ਸੁਣ ਕੇ ਗੁਰੂ ਜੀ ਨੇ ਕਿਹਾ-

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥

ਪ੍ਰਭੂ ਦੇ ਨਾਮ ਜਪਣ ਦੀ ਜਿਹੜੀ ਖੁਸ਼ੀ ਅਸਾਨੂੰ ਪ੍ਰਾਪਤ ਹੋਈ ਹੈ ਏਹ ਅਸਾਡੇ ਲਈ ਘਰ ਤੇ ਮੰਦਰ ਹਨ। ਘਰ ਕੱਚੇ ਤੇ ਮੰਦਰ ਪੱਕੇ ਹੁੰਦੇ ਹਨ।

ਅਥਵਾ:- ਸਰੀਰ ਘਰ ਦੇ ਮੰਦਰ=ਅੰਦਰ ਜੋ ਨਾਮ ਦੀ ਖੁਸ਼ੀ ਪ੍ਰਾਪਤ ਹੋਈ ਹੈ।

ਅਸਾਡੇ ਲਈ ਏਹੀ ਮੰਦਰ ਹੈ।

ਨਦਰਿ ਤੇਰੀ=ਤਿਸ ਪ੍ਰਮਾਤਮਾਂ ਦੀ ਜੋ ਕਿਰਪਾ ਦ੍ਰਿਸ਼ਟੀ ਹੋਈ ਹੈ ਏਹੀ ਅਸਾਡਾ ਪ੍ਰਵਾਰ ਹੈ।

[ਪੰਨਾ ੧੭]

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥

ਤਿਸ ਪ੍ਰਮਾਤਮਾਂ ਨੂੰ ਜੇਹੜਾ ਭਾਵਸੀ=ਭਾ ਜਾਣਾ ਹੈ, ਸਾਡੇ ਲਈ ਏਹੋ ਹੁਕਮ ਦਾ ਕਰਨਾ ਹੈ। ਬਹੁਤਿਆਂ ਪੁਰਸ਼ਾਂ ਨਾਲ ਮਿਲਕੇ ਹੋਰ ਜੇਹੜਾ ਅਪਾਰੁ=ਬਿਅੰਤ ਗੱਲਾਂ ਦਾ ਕਰਨਾ ਹੈ ਇਹ ਨਿਸਫਲ ਹੈ।

ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥ ੪॥

ਗੁਰੂ ਜੀ ਕਥਨ ਕਰਦੇ ਹਨ ਉਹ ਪ੍ਰਭੂ ਸੱਚਾ ਪਾਤਸ਼ਾਹ ਹੈ ਜੋ ਕਿਸੇ ਪਾਸੋਂ ਪੁੱਛ ਕੇ ਕੋਈ ਵਿਚਾਰ ਨਹੀਂ ਕਰਦਾ, ਜੋ ਵੀ ਕਰਦਾ ਹੈ ਆਣੇ ਸੁਤੰਤ੍ਰਪੁਣੇ ਵਿਚ ਕਰਦਾ ਹੈ।

ਯਥਾ:- ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ ੨॥ *(ਪੰਨਾ ੮੬੩)*

ਤਥਾ:-ਦੋਮ ਨ ਸੇਮ ਏਕ ਸੋ ਆਹੀ॥ (ਪੰਨਾ ੩੪੫)

ਅਥਵਾ:-ਜੋ ਪ੍ਰਭੂ ਸੱਚਾ ਪਾਤਸ਼ਾਹ ਹੈ ਮੈਂ ਉਸ ਦੀ ਨੌਕਰੀ ਕਰਦਾ ਹਾਂ ਕਿਉਂਕਿ ਉਹ ਵਿਚਾਰਕੇ ਮੁੜ ਕੋਈ ਗੱਲ ਪੁੱਛਦਾ ਨਹੀਂ ਹੈ।

ਏਸੇ ਕਾਰਨ ਰਾਇ ਬੁਲਾਰ ਦੀ ਨੌਕਰੀ ਨਾਲੋਂ ਅਸਾਨੂੰ ਉਸ ਪ੍ਰਭੂ ਦੀ ਨੌਕਰੀ ਕਰਨੀ ਚੰਗੀ ਹੈ॥ ੪॥

ਬਾਬਾ ਹੋਰੁ ਸਉਣਾ ਖੁਸੀ ਖੁਆਰੁ॥

ਬਾਬਾ=ਹੇ ਪਿਤਾ ਜੀ ! ਨਾਮ ਤੋਂ ਬਿਨਾਂ ਹੋਰ ਖੁਸ਼ੀਆਂ ਪੂਰਬਕ ਜੇਹੜਾ ਸੋਹਣਿਆਂ ਮੰਦਰਾਂ ਵਿਚ ਚੰਗੀਆਂ ਸਿਹਜਾ ਤੇ ਸੌਣਾ ਹੈ ਇਹ ਇਸ ਜੀਵ ਨੂੰ ਖੁਆਰੁ=ਖਰਾਬ ਕਰਦਾ ਹੈ।

ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥੪॥੭॥

ਜਿਸ ਸੋਹਣੇ ਮੰਦਰ ਵਿਚ ਚੰਗੀਆਂ ਸਿਹਜਾਂ ਉੱਤੇ ਸੌਣ ਕਰਕੇ ਸਰੀਰ ਪੀੜਤ ਹੁੰਦਾ ਹੈ ਅਤੇ ਮਨ ਵਿਚ ਕਈ ਤਰ੍ਹਾਂ ਦੇ ਵਿਕਾਰ ਚਲਦੇ ਹਨ।

ਅਥਵਾ:- ਮਨ ਵਸ਼ਿਸਟ ਜੀਵ ਪੀੜਿਆ ਜਾਂਦਾ ਹੈ ਅਤੇ ਤਨ ਵਿਖੇ ਕਈ ਤਰ੍ਹਾਂ ਦੇ ਵਿਕਾਰ ਚਲਦੇ ਹਨ।

ਸਿਰੀਰਾਗੁ ਮਹਲਾ ੧॥

ਇਕ ਪ੍ਰੇਮੀ ਸਿੱਖ ਨੇ ਬੇਨਤੀ ਕੀਤੀ ਪ੍ਰਮੇਸ਼ਰ ਦਾ ਨਾਮ ਕਿਸ ਮਤੀ ਦੁਆਰੇ ਸਲਾਹਵੇ?

ਗੁਰ ਉੱਤਰ:- (ਰਹਾਉ ਦੀ ਪੰਗਤੀ ਤੋਂ ਅਰਥ ਉਠਾਨਾ) ਬਾਬਾ ਹੋਰ ਮਤਿ ਹੋਰ ਹੋਰ॥

ਬਾਬ੍ਹਾ=ਹੇ ਭਾਈ ! ਨਾਮ ਸਿਮਰਨ ਵਾਲੀ ਮਤਿ=ਬੁੱਧੀ ਤੋਂ ਬਿਨਾਂ ਹੋਰ ਬੁੱਧੀ ਜੀਵ ਨੂੰ ਹੋਰ ਹੋਰ ਪਾਸੇ ਲਗਾਣ ਵਾਲੀ ਹੈ। ਇਸ ਵਾਸਤੇ ਜੀਵ ਨੂੰ ਚਾਹੀਦਾ ਹੈ ਕਿ ਹੋਰ ਮਤੀ ਜੋ ਹੋਰ ਪਾਸੇ ਲਗਾਣ ਵਾਲੀ ਹੈ। ਉਸ ਵੱਲੋਂ ਆਪਣੇ ਆਪ ਨੂੰ ਹੋਰ=ਮੋੜਨਾ ਕਰੇ।

ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ॥ ੧॥

ਓਤੁ=ਉਸ ਸ਼ੁੱਧ ਮਤੀ ਦੁਆਰਾ ਗੁਣਤਾਸੁ=ਸ਼ੁਭ ਗੁਣਾਂ ਦੇ ਖਜ਼ਾਨੇ ਪ੍ਰਭੂ ਦੇ ਸੱਚੇ ਨਾਮ ਨੂੰ ਸਲਾਹੁਣਾ ਕਰੇ।
ਪ੍ਰਸ਼ਨ:- ਕਿਸ ਬੁੱਧੀ ਦੁਆਰੇ ਨਾਮ ਨੂੰ ਸਲ੍ਹਾਵੇਂ ? ਉੱਤਰ-

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ॥

ਕਾਂਇਆ-ਬੁੱਧੀ ਨੂੰ ਕੁੰਗੂ=ਕੇਸਰ ਦੀ ਨਿਆਈਂ ਪਵਿੱਤ੍ਰ ਕਰੇ,

ਲਲਿਤਾ=ਜਿਹਵਾ ਰਤਨਾਂ ਦੀ ਤਰ੍ਹਾਂ ਅਮੋਲਕ ਵੈਰਾਗ ਸਬੰਧੀ ਬਚਨਾਂ ਦੇ ਉਚਾਰਨ ਵਾਲੀ ਕਰੇ-

ਯਥਾ:-ਸੋਰਠਿ ਰਾਗ ਵਿਚ ਲਲਿਤਾ ਨਾਮ ਜਿਹਵਾ ਦਾ ਹੈ।

ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ॥

ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ॥ *(ਸੋਰਠਿ ਮਹਲਾ ੧, ਪੰਨਾ ੬੩੬)*

ਅਗਰਿ ਵਾਸੁ=ਚੰਦਨ ਦੀ ਵਾਸ਼ਨਾਂ ਵਾਂਗੂੰ ਸੀਤਲ ਤੇ ਖੁਸ਼ਬੂਦਾਰ ਤਨ ਵਿਚੋਂ ਸ੍ਵਾਸ ਨਿਕਲਣ ਅਰਥਾਤ ਭਗਤੀ ਰੂਪ ਸੁਗੰਧੀ ਨਾਲ ਮਿਲੇ ਹੋਇ ਸ੍ਵਾਸ ਨਿਕਲਣ।

ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥

ਜਿਸ ਪੁਰਸ਼ ਦੇ ਘਟਿ ਵਿਖੇ ਅਜੇਹੀ ਵਿਗਾਸੁ=ਪ੍ਰਕਾਸ਼ ਵਾਲੀ ਮਤੀ ਪ੍ਰਗਟ ਹੋਈ ਹੈ,

ਤਿਤੁ=ਤਿਸ ਪੁਰਸ਼ ਦੇ ਮੂੰਹ ਉੱਪਰ ਅਠਾਠ ਤੀਰਥਾਂ ਦੇ ਇਸ਼ਨਾਨ ਕਰਨੇ ਦਾ ਫਲ ਰੂਪ ਟਿੱਕਾ ਲੱਗਦਾ ਹੈ। ਅਰਥਾਤ ਘਰ ਬੈਠਿਆਂ ਹੀ ਉਸ ਨੂੰ ਅਠਾਠ ਤੀਰਥਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਅਥਵਾ:- ਅਠਾਠ ਤੀਰਥਾਂ ਦੇ ਪਾਪਾਂ ਦੀ ਨਵਿਰਤੀ ਕਰਨੇ ਨੂੰ ਉਹ ਮੁਖੀਂ ਟਿਕਾਇਆ ਗਿਆ ਹੈ।

ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥ ੧ ॥

ਉਸ ਸ਼ੁੱਧ ਬੁੱਧੀ ਦੁਆਰਾ ! ਗੁਣਤਾਸੁ=ਪ੍ਰਮਾਤਮਾਂ ਦੇ ਸੱਚੇ ਨਾਮ ਨੂੰ ਸਲਾਹੁਣਾ ਕਰੇ ॥੧ ॥

ਬਾਬਾ ਹੋਰ ਮਤਿ ਹੋਰ ਹੋਰ ॥

ਬਾਬਾ=ਹੇ ਭਾਈ ਹੋਰ ਸੰਸਾਰਕ ਮਤੀ ਜੋ ਹੋਰ ਪਾਸੇ ਅਰਥਾਤ ਵਿਸ਼ਿਆਂ ਵੱਲ ਲਗ ਰਹੀ ਹੈ ਉਸਨੂੰ ਤੂੰ ਹੋਰ=ਮੋੜਨਾ ਕਰ।

ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥ ੧ ॥ ਰਹਾਉ ॥

ਹੋਰ ਮੱਤ ਨੂੰ ! ਜੇਕਰ, ਸਉ ਵੇਰ=ਸੈਂਕੜੇ ਵਾਰ ਵੀ ਕਮਾਈਏ ਤਾਂ ਇਹ ਨਿਯਮ ਸਮਝ ਲਓ। ਝੂਠਿਆਂ ਦਾ ਝੂਠਾ ਹੀ ਜੋਰੁ=ਬਲ ਹੈ। ਵਾ ਝੂਠੇ ਪੁਰਸ਼ ਝੂਠ ਵਿਚ ਹੀ ਜੋਰੁ=ਜੋੜਦੇ ਹਨ ॥ ੧ ॥ ਰਹਾਉ ॥

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥

ਹੋਰ ਸੰਸਾਰਕ ਮਤਿ ਕਰਕੇ ਚਾਹੇ ਹਿੰਦੂ ਲੋਕ ਪੂਜਾ ਕਰਨ ਲਗ ਜਾਣ, ਅਤੇ ਮੁਸਲਮਾਨ ਭੀ ਪੀਰ ਪੀਰ ਕਰਕੇ ਆਖਣ, ਚਾਹੇ ਸਾਰਾ ਸੰਸਾਰ ਵੀ ਭੇਟਾ ਲੈ ਕੇ ਅੱਗੋਂ ਉੱਠਕੇ ਮਿਲੇ।

ਅਥਵਾ:- ਕਿਸੇ ਰਿਆਸਤ ਵੱਲੋਂ ਵੀ ਪੂਜਾ ਲਗ ਜਾਵੇ ਸਾਰਿਆਂ ਕਰਕੇ ਵੀ ਪੀਰੁ=ਪੂਜਨੀਕ ਆਖਿਆ ਜਾਵੇ, ਸਾਰਾ ਸੰਸਾਰ ਵੀ ਅੱਗੋਂ ਉੱਠਕੇ ਸਵਾਗਤ ਲਈ ਮਿਲੇ।

ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥

ਆਪਣਾ ਨਾਂ ਭੀ ਵਡਾ ਅਵਤਾਰਾਂ ਵਾਲਾ ਸਦਵਾ ਲਵੇ, ਚਾਹੇ ਸਿੱਧਾਂ ਵਿਚ ਵੀ ਸੁਮਾਰੁ=ਗਿਣਤੀ ਹੋ ਜਾਵੇ।

ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥ ੨ ॥

ਜਾ=ਜੇਕਰ ਪਤਿ=ਪਤੀ ਪ੍ਰਮਾਤਮਾਂ ਦੇ ਦਰਬਾਰ ਵਿਚ ਇਸ ਦੀ ਪੱਤਅਬਰੋ ਲੇਖੇ ਵਿਚ ਨਹੀਂ ਪੈਂਦੀ, ਤਾਂ ਪੂਜਾ ਕਰਵਾਉਣ ਆਦਿਕ ਸਾਰੇ ਕਰਤੱਬ ਇਸਨੂੰ ਖੁਆਰੁ=ਖਰਾਬ ਕਰਦੇ ਹਨ ॥ ੨ ॥

ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥

ਜਿਨ੍ਹਾਂ ਗੁਰਮੁਖਾਂ ਨੂੰ ਸਤਿਗੁਰਾਂ ਨੇ ਉੱਚ ਪਦਵੀ ਉੱਪਰ ਅਸਥਾਪਨ ਕੀਤਾ ਹੈ, ਤਿਨ੍ਹਾਂ ਦੀ ਉੱਚ ਪਦਵੀ ਨੂੰ ਕੋਈ ਭੀ ਮੇਟ ਨਹੀਂ ਸਕਦਾ।

ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥

ਕਿਉਂਕਿ ਉਨ੍ਹਾਂ ਦੇ ਅੰਦਰ ਨਿਧੀਆਂ ਦਾ ਖਜ਼ਾਨਾ ਨਾਮ ਹੈ, ਨਾਮ ਕਰਕੇ ਹੀ ਉਹ ਸਾਰੇ ਜਗਤ ਵਿਚ ਪਰਗਟ ਹੋਇ ਹਨ।

ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥ ੩ ॥

ਉਹ ਸੱਚਾ ਪ੍ਰਭੂ ਜੋ ਸਦੀਵ ਕਾਲ ਅਖੰਡੁ=ਭੇਦ ਭਾਵ ਤੋਂ ਰਹਿਤ ਹੈ ਉਸ ਦੇ ਨਾਮ ਨੂੰ ਉਹ ਗੁਰਮੁਖ ਪੂਜਦੇ ਹਨ ਓਸੇ ਦੇ ਨਾਮ ਨੂੰ ਹੀ ਮੰਨਦੇ ਹਨ॥ ੩॥

(ਤਿੰਨ੍ਹਾਂ ਪੰਗਤੀਆਂ ਦਾ ਅਰਥ ਫਿਰ ਕਰਨਾ)

ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥

ਸਤਿਗੁਰਾਂ ਨੇ ਪ੍ਰਕਾਸ਼ ਵਾਲੀ ਮਤਿ ਦੇ ਕੇ ਜਿਨ੍ਹਾਂ ਨੂੰ ਨਾਮ ਗਿਆਨ ਅੰਦਰ ਅਸਥਾਪਨ ਕੀਤਾ ਹੈ, ਤਿਨ੍ਹਾਂ ਦੇ ਤੇਜ ਪ੍ਰਤਾਪ ਨੂੰ ਕੋਈ ਮੇਟ ਨਹੀਂ ਸਕਦਾ।

ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ॥

ਉਨ੍ਹਾਂ ਦੇ ਅੰਦਰ ਨਿਧੀਆਂ ਦਾ ਖਜ਼ਾਨਾ ਨਾਮ ਹੈ।

ਪ੍ਰਸ਼ਨ: ਆਪ ਜੀ ਨੇ ਕਿਵੇਂ ਜਾਣਿਆ ਕਿ ਉਨ੍ਹਾਂ ਦੇ ਅੰਦਰ ਨਾਮ ਖਜ਼ਾਨਾ ਹੈ ?

ਉੱਤਰ:- ਉਨ੍ਹਾਂ ਦੇ ਮੂੰਹ ਵਿਚੋਂ ਹਰ ਵੇਲੇ ਨਾਮ ਹੀ ਪਰਗਟ ਹੋ ਰਿਹਾ ਹੈ, ਇਸ ਕਰਕੇ ਅਸਾਂ ਨੇ ਜਾਣਿਆ ਹੈ ਕਿ ਉਨ੍ਹਾਂ ਦੇ ਅੰਦਰ ਨਾਮ ਖਜ਼ਾਨਾ ਹੈ।

ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ॥ ੩ ॥

ਉਹ ਸੱਚਾ ਪ੍ਰਭੂ ਜੋ ਸਦਾ ਅਖੰਡੁ=ਭੇਦ ਭਾਵ ਤੋਂ ਰਹਿਤ ਹੈ, ਉਸ ਦੇ ਨਾਮ ਕਰਕੇ ਹੀ ਉਹ ਪੂਜੇ ਜਾਂਦੇ ਹਨ, ਉਸ ਦੇ ਨਾਮ ਕਰਕੇ ਹੀ ਉਹ ਸਾਰੇ ਮੰਨੇ ਜਾਂਦੇ ਹਨ॥ ੩ ॥

ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥

ਖੇਹ ਆਦਿਕ ਪੰਜਾਂ ਤੱਤਾਂ ਰਚਤ ਦੇਹ ਜਦ ਅੰਤ ਨੂੰ ਮਸਾਣ ਭੂਮਿਕਾ ਵਿਖੇ ਸੜਕੇ ਖੇਹ ਰਲਾਈਐ=ਮਿੱਟੀ ਵਿਖੇ ਰਲ ਗਈ ਤਾਂ ਮਨਮੁਖਾਂ ਨੂੰ ਆਈਏ ਜੀ, ਅਜੇਹੇ ਸਤਿਕਾਰ ਦੇ ਸ਼ਬਦ ਕਿਵੇਂ ਪ੍ਰਾਪਤ ਹੋਣਗੇ।

ਅਥਵਾ:- ਪ੍ਰਲੋਕ ਵਿਖੇ ਜਾ ਕੇ ਮਨਮੁਖ ਜੀਵ ਦਾ ਪਤਾ ਨਹੀਂ ਕੀ ਹਾਲ ਹੋਵੇਗਾ, ਭਾਵ ਬੁਰਾ ਹਾਲ ਹੋਵੇਗਾ।

ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥

ਅੰਤ ਨੂੰ ਮਨਮੁਖਾਂ ਦੀਆਂ ਸਭ ਸਿਆਣਪਾਂ ਜਲੀਆ=ਸੜ ਜਾਣਗੀਆਂ।

ਯਥਾ:- ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ *(ਜਪੁਜੀ ਸਾਹਿਬ)*

ਰੋਂਦਾ ਹੋਇਆ ਕਰਮ ਫਲ ਭੋਗਣ ਵਾਸਤੇ ਜਮਾਂ ਨਾਲ ਇੱਥੋਂ ਉੱਠਕੇ ਚਲਿਆ ਜਾਵੇਗਾ।

ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥ ੪ ॥ ੮ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਨਾਮੀ ਪ੍ਰਭੂ ਦੇ ਨਾਮ ਭੁਲਾਣ ਕਰਕੇ ਪ੍ਰਲੋਕ ਦਰਗਾਹ ਵਿਚ ਗਿਆਂ

ਹੋਇਆਂ ਪਤਾ ਨਹੀਂ ਇਸ ਮਨਮੁਖ ਪਾਪੀ ਦਾ ਕੀ ਹਾਲ ਹੋਣਾ ਹੈ॥ ੪॥ ੮॥

ਸਿਰੀਰਾਗੁ ਮਹਲਾ ੧ ॥

ਇਕ ਜਗਿਆਸੂ ਨੇ ਬੇਨਤੀ ਕੀਤੀ ਪ੍ਰਭੂ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਉੱਤਰ:-*

ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ॥

ਸਤ ਸੰਤੋਖ ਆਦਿਕ ਸ਼ੁਭ ਗੁਣਾਂ ਵਾਲੀ ਜੋ ਮਹਾਤਮਾ ਰੂਪ ਸਖੀ ਹੈ, ਉਹ ਤਾਂ ਸ਼ੁਭ ਗੁਣਾਂ ਨੂੰ ਹੀ ਵਿਸਥੀਰਨ ਕਰਦੀ ਹੈ, ਅਤੇ ਔਗੁਣਾਂ ਵਾਲੀ ਮਨਮੁਖ ਇਸਤ੍ਰੀ ਹਮੇਸ਼ਾਂ ਝੁਰਦੀ ਰਹਿੰਦੀ ਹੈ।

ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ॥

ਹੇ ਜਗਿਆਸੂ ਰੂਪ ਕਾਮਣੀ=ਇਸਤ੍ਰੀ ! ਜੇ ਤੂੰ ਪ੍ਰਮਾਤਮਾਂ ਰੂਪ ਵਰੁ=ਪਤੀ ਦੀ ਪ੍ਰਾਪਤੀ ਨੂੰ ਲੋੜਹਿ= ਚਾਹੁੰਦੀ ਹੈਂ, ਤਾਂ ਇਹ ਨਿਯਮ ਸਮਝ ਲੈ ਕਿ ਕੂਰਿ=ਝੂਠ ਬੋਲਣ ਕਰਕੇ ਪਤੀ ਪ੍ਰਮਾਤਮਾ ਨਹੀਂ ਮਿਲਦਾ, ਤਾਂਤੇ ਝੂਠ ਨੂੰ ਛੱਡ ਦੇ।

ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ॥ ੧॥

ਤੇਰੇ ਪਾਸ ਆਸ਼ਾ ਤ੍ਰਿਸ਼ਨਾਂ ਰੂਪ ਨਦੀ ਤੋਂ ਪਾਰ ਹੋਣ ਵਾਸਤੇ ਭਗਤੀ ਰੂਪ ਬੇੜੀ ਨਹੀਂ ਹੈ। ਸੰਕਲਪਾਂ ਵਿਕਲਪਾਂ ਰੂਪ ਨਾਲਿਆਂ ਤੋਂ ਪਾਰ ਹੋਣ ਵਾਸਤੇ ਤੇਰੇ ਪਾਸ ਪ੍ਰੇਮ, ਵਾ ਅਦ੍ਵੈਤ ਨਿਸਚਾ ਰੂਪ ਭੁਲਹਾ ਨਹੀਂ ਹੈ। ਸੰਸਾਰ ਸਮੁੰਦਰ ਤੋਂ ਪਾਰ ਹੋਣ ਵਾਸਤੇ ਨਾ ਹੀ ਤੂੰ ਨਾਮ ਗਿਆਨ ਰੂਪੀ ਜਹਾਜ਼ ਪ੍ਰਾਪਤ ਕਰ ਸਕਦੀ ਹੈਂ। ਇਸ ਕਰਕੇ ਤੇਰੇ ਪਾਸੋਂ ਉਹ ਪਤੀ ਪ੍ਰਮਾਤਮਾ ਦੂਰ ਹੈ॥ ੧॥

ਮੇਰੇ ਠਾਕੁਰ ਪੂਰੈ ਤਖਤਿ ਅਡੋਲੁ॥

ਮੇਰੇ ਠਾਕੁਰ=ਮੇਰਾ ਸ੍ਵਾਮੀ ਪ੍ਰਮਾਤਮਾ ਸਾਰੇ ਪੂਰਨ ਹੈ, ਤਖਤਿ=ਆਸਰਾ ਰੂਪ ਹੈ ਅਤੇ ਅਡੋਲੁ=ਡੋਲਣ ਤੋਂ ਰਹਿਤ ਹੈ।

ਅਥਵਾ:- ਮੇਰੇ ਪੂਰੇ ਠਾਕੁਰ ਦਾ ਅਡੋਲ ਤਖਤਿ=ਸਤਸੰਗ ਵਾ ਸੱਚਖੰਡ ਹੈ।

ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲ॥ ੧॥ ਰਹਾਉ॥

ਜੇਕਰ ਮੁਖੀ ਗੁਰਦੇਵ ਜੀ ਪੂਰਾ ਨਾਮ ਗਿਆਨ ਦੇਣਾ ਕਰਨ, ਤਾਂ ਸੱਚਾ ਅਤੋਲ ਪ੍ਰਭੂ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥
ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ॥
ਬਿਨੁ ਪਉੜੀ ਗੜਿ ਕਿਉ ਚੜਉ

ਪਹਿਲਾ ਅਰਥ:-ਪ੍ਰਭੁ ਹਰਿ ਮੰਦਰੁ ਸੋਹਣਾ=ਹਰੀ ਪ੍ਰਭੂ ਦਾ ਸੋਹਣਾ ਮੰਦਰ ਸਤਸੰਗ ਹੈ।

ਤਿਸੁ ਮਹਿ ਮਾਣਕ ਲਾਲ=ਤਿਸ ਸਤਸੰਗ ਵਿਚ ਮਾਣਕ=ਸ੍ਰਵਨ ਮਨਨ ਨਿਧਿਆਸਣ ਤੇ ਲਾਲ-ਪਰੇਮ।

ਮੋਤੀ=ਸ਼ੁੱਧਤਾ, ਹੀਰਾ ਨਿਰਮਲਾ=ਨਾਮ ਹੈ।

ਕੰਚਨ ਕੋਟ ਰੀਸਾਲ=ਸੋਨੇ ਦੇ ਕਿਲ੍ਹੇ ਵਾਂਗੂੰ ਇਹ ਸੁੰਦਰ ਤੇ ਪਵਿੱਤ੍ਰ ਹੈ।

ਬਿਨੁ ਪਉੜੀ=ਸ਼ਰਧਾ ਰੂਪ ਪੌੜੀ ਤੋਂ ਬਿਨਾਂ

ਗੜਿ ਕਿਉ ਚੜਉ=ਸਤਸੰਗ ਰੂਪ ਗੜ੍ਹੇ ਉੱਪਰ ਕਿਵੇਂ ਚੜ੍ਹ ਸਕਦਾ ਹੈ।

ਦੂਜਾ ਅਰਥ:-ਪ੍ਰਭੁ ਹਰਿ ਮੰਦਰੁ ਸੋਹਣਾ=ਹਰੀ ਪ੍ਰਭੂ ਦਾ ਸੋਹਣਾ ਮੰਦਰ (ਹਰੀ ਮੰਦਰ ਸਾਹਿਬ) ਤਿਸੁ ਮਹਿ ਮਾਣਕ ਲਾਲ=ਤਿਸ ਹਰੀ ਮੰਦਰ ਸਾਹਿਬ ਵਿਚ ਪ੍ਰਤੱਖ ਮਾਣਕ ਤੇ ਲਾਲ ਜੜਤਕਾਰੀ ਕੀਤੇ ਹੋਇ ਹਨ,

ਮੋਤੀ ਹੀਰਾ ਨਿਰਮਲਾ=ਮੋਤੀ ਲਗੇ ਹੋਇ ਹਨ, ਨਿਰਮਲ ਹੀਰੇ ਖਚਤ ਹਨ।

ਕੰਚਨ ਕੋਟ ਰੀਸਾਲ=ਇਹ ਹਰੀ ਮੰਦਰ ਸਾਹਿਬ ਪ੍ਰਤੱਖ ਸੋਨੇ ਦਾ ਸੁੰਦਰ ਕੋਟ ਹੈ।

ਬਿਨੁ ਪਉੜੀ=ਸ਼ਰਧਾ ਰੂਪ ਪੌੜੀ ਤੋਂ ਬਿਨਾਂ

ਗੜਿ ਕਿਉ ਚੜਉ=ਹਰੀ ਮੰਦਰ ਸਾਹਿਬ ਗੜ੍ਹੇ ਉੱਪਰ ਕਿਵੇਂ ਚੜ੍ਹ ਸਕਦਾ ਹੈ।

ਤੀਜਾ ਅਰਥ:-ਪ੍ਰਭੁ ਹਰਿ ਮੰਦਰੁ ਸੋਹਣਾ=ਹਰੀ ਪ੍ਰਭੂ ਦਾ ਸੋਹਣਾ ਮੰਦਰ ਮਨੁੱਖਾ ਦੇਹ ਹੈ।

ਤਿਸੁ ਮਹਿ ਮਾਣਕ ਲਾਲ=ਤਿਸ ਮਨੁੱਖਾ ਦੇਹ ਵਿਖੇ ਮਾਣਕ=ਸ੍ਰਵਨ ਮਨਨ ਨਿਧਿਆਸਣ ਤੇ ਲਾਲ=ਪਰੇਮ।

ਮੋਤੀ ਹੀਰਾ ਨਿਰਮਲਾ=ਮੋਤੀ=ਸ਼ੁਧਤਾ, ਨਿਰਮਲ ਹੀਰਾ=ਨਾਮ।

ਕੰਚਨ ਕੋਟ ਰੀਸਾਲ=ਸੋਨੇ ਦੇ ਕੋਟ ਵਾਂਗੂੰ ਇਹ ਮਨੁੱਖਾ ਦੇਹ ਸੁੰਦਰ ਹੈ।

ਬਿਨੁ ਪਉੜੀ= ਭਗਤੀ ਰੂਪ ਪੌੜੀ ਤੋਂ ਬਿਨਾਂ

ਗੜਿ ਕਿਉ ਚੜਉ=ਮਨੁੱਖਾ ਦੇਹ ਰੂਪ ਗੜ੍ਹੇ ਉੱਪਰ ਕਿਵੇਂ ਚੜ੍ਹ ਸਕਦਾ ਹੈ ਭਾਵ ਕਿਵੇਂ ਸਫਲਾ ਕਰ ਸਕਦਾ ਹੈ।

ਚੌਥਾ ਅਰਥ:-ਪ੍ਰਭੁ ਹਰਿ ਮੰਦਰੁ ਸੋਹਣਾ=ਹਰੀ ਪ੍ਰਭੂ ਦਾ ਸੋਹਣਾ ਮੰਦਰ ਵੈਰਾਟ ਹੈ।

ਤਿਸੁ ਮਹਿ ਮਾਣਕ ਲਾਲ=ਤਿਸ ਵੈਰਾਟ ਰੂਪ ਮੰਦਰ ਵਿਚ ਪ੍ਰਤੱਖ ਮਾਣਕ ਤੇ ਲਾਲ ਹਨ।

ਮੋਤੀ ਹੀਰਾ ਨਿਰਮਲਾ=ਪ੍ਰਤੱਖ ਹੀ ਮੋਤੀ ਤੇ ਨਿਰਮਲ ਹੀਰੇ ਹਨ।

ਕੰਚਨ ਕੋਟ ਰੀਸਾਲ=ਪ੍ਰਤੱਖ ਹੀ ਕਈ ਸੋਨੇ ਦੇ ਮੰਦਰ ਹਨ।

ਬਿਨੁ ਪਉੜੀ=ਚਤੁਰਥ ਭੂਮਿਕਾ ਰੂਪ ਪੌੜੀ ਤੋਂ ਬਿਨਾਂ

ਗੜਿ ਕਿਉ ਚੜਉ=ਵੈਰਾਟ ਰੂਪ ਗੜ੍ਹੇ ਉੱਪਰ ਕਿਵੇਂ ਚੜ੍ਹ ਸਕਦਾ ਹੈ।

ਗੁਰ ਹਰਿ ਧਿਆਨ ਨਿਹਾਲ ॥ ੨ ॥

ਜੇਕਰ ਪੂਰਨ ਗੁਰਾਂ ਦੁਆਰੇ ਹਰੀ ਦਾ ਧਿਆਨ ਧਾਰੇ ਤਾਂ ਪ੍ਰਭੂ ਨੂੰ ਵੇਖਕੇ ਕ੍ਰਿਤ ਕ੍ਰਿਤ ਹੁੰਦਾ ਹੈ॥ ੨ ॥

ਗੁਰੁ ਪਉੜੀ ਬੇੜੀ ਗੁਰੁ ਗੁਰੁ ਤੁਲਹਾ ਹਰਿ ਨਾਉ ॥

ਗੁਰੂ ਹੀ ਪੌੜੀ ਹਨ, ਗੁਰੂ ਹੀ ਬੜੀ ਹਨ, ਗੁਰੂ ਹੀ ਤੁਲਹਾ ਹਨ, ਗੁਰੂ ਆਪ ਹੀ ਹਰੀ ਨਾਮ ਰੂਪ ਜਹਾਜ਼ ਹਨ।

ਅਥਵਾ:- ਗੁਰਾਂ ਪਾਸ ਸ਼ਰਧਾ ਰੂਪ ਪੌੜੀ ਹੈ, ਸਤਸੰਗ ਅਤੇ ਹਰੀ ਮੰਦਰ ਸਾਹਿਬ ਰੂਪ ਗੜ੍ਹੇ ਉੱਪਰ ਚੜ੍ਹਣ ਵਾਸਤੇ। ਗੁਰਾਂ ਪਾਸ ਭਗਤੀ ਰੂਪ ਪੌੜੀ ਹੈ, ਮਨੁੱਖਾ ਦੇਹ ਰੂਪ ਗੜ੍ਹੇ ਉੱਪਰ ਚੜ੍ਹਣ ਵਾਸਤੇ। ਗੁਰਾਂ ਪਾਸ ਚਤੁਰਥ

ਭੂਮਿਕਾ ਰੂਪ ਪੌੜੀ ਹੈ, ਵੈਰਾਟ ਰੂਪ ਗੜ੍ਹੇ ਉੱਪਰ ਚੜ੍ਹਨ ਵਾਸਤੇ, ਗੁਰਾਂ ਪਾਸ ਭਗਤੀ ਰੂਪ ਬੇੜੀ ਹੈ ਆਸਾ ਤ੍ਰਿਸ਼ਨਾ ਰੂਪ ਨਦੀ ਤੋਂ ਪਾਰ ਕਰਨ ਲਈ, ਗੁਰਾਂ ਪਾਸ ਪ੍ਰੇਮ, ਵਾ ਅਦ੍ਵੈਤ ਨਿਸਚਾ ਰੂਪ ਤੁਲਹਾ ਹੈ ਸੰਕਲਪਾਂ ਵਿਕਲਪਾਂ ਰੂਪ ਨਾਲਿਆਂ ਤੋਂ ਪਾਰ ਕਰਨ ਲਈ।

ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥

ਗੁਰਾਂ ਪਾਸ ਜੋ ਹਰੀ ਨਾਮ ਹੈ ਏਹੋ ਜਹਾਜ਼ ਦੇ ਸਰੁ=ਸਦ੍ਰਸ ਹੈ ਸੰਸਾਰ ਸਮੁੰਦਰ ਤੋਂ ਪਾਰ ਲੰਘਾਨ ਵਾਸਤੇ।

ਪੁਨਾ ਗੁਰੂ ਸਾਹਿਬ ਜੀ ਦਰੀਆਉ=ਚੱਲਦੇ ਤੀਰਥ ਹਨ ਅਰਥਾਤ ਪ੍ਰਤੱਖ ਤੀਰਥਾਂ ਉੱਪਰ ਤਾਂ ਯਾਤ੍ਰੀ ਤੁਰਕੇ ਜਾਂਦੇ ਹਨ। ਪਰ ਗੁਰੂ ਰੂਪ ਤੀਰਥ ਜਿੱਥੇ ਕੋਈ ਅਰਾਧਦਾ ਹੈ ਓਥੇ ਆਪ ਤੁਰਕੇ ਜਾਂਦੇ ਹਨ ਤੇ ਸਿੱਖਾਂ ਦੀ ਸਹਾਇਤਾ ਕਰਦੇ ਹਨ।

ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥ ੩ ॥

ਜੇਕਰ ਜੀਵ ਰੂਪ ਇਸਤ੍ਰੀ ਤਿਸ ਪ੍ਰਮੇਸ਼ੁਰ ਦੇ ਭਾਣੇ ਨੂੰ ਮੰਨੇ, ਵਾ ਤਿਸਨੂੰ ਭਾ ਜਾਵੇ। ਤਾਂ ਸਤ ਸੰਤੋਖ ਆਦਿਕ ਸ਼ੁਭ ਗੁਣਾਂ ਦੇ ਸਰਿ=ਸਰੋਵਰ ਜੋ ਗੁਰੂ ਸਾਹਿਬ ਜੀ ਹਨ ਤਿਸ ਵਿਚ ਇਸ਼ਨਾਨ ਕਰਨ ਜਾਂਦੀ ਹੈ। ਇਸ਼ਨਾਨ ਤੋਂ ਬਾਅਦ ਫਿਰ ਇਸ ਦੀ ਬੁੱਧੀ ਉੱਜਲ ਹੋ ਜਾਂਦੀ ਹੈ॥ ੩ ॥

ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥

ਪਹਿਲਾ ਅਰਥ ਚੱਕ੍ਰਕਾ:-ਪੂਰੇ ਪਰਮਾਤਮਾ ਅੱਗੇ ਪੂਰਨ ਬੇਨਤੀਆਂ ਕਰੀਏ, ਤਾਂ ਸਤਿਸੰਗ ਰੂਪ ਪੂਰੇ ਤਖਤ ਉੱਪਰ ਨਿਵਾਸ ਹੁੰਦਾ ਹੈ। ਫਿਰ ਸਤਿਸੰਗ ਦੀ ਮਦਦ ਨਾਲ ਪੂਰੇ ਪ੍ਰਮਾਤਮਾ ਦੇ ਪੂਰੇ ਨਾਮ ਨੂੰ ਆਖੀਏ ਤਾਂ ਅੰਤ੍ਰਮੁਖਤਾ ਰੂਪ ਪੂਰੇ ਤਖਤ ਉੱਪਰ ਨਿਵੱਾਸ ਹੁੰਦਾ ਹੈ। ਪੁਨਾ ਜਿਸ ਪ੍ਰਮਾਤਮਾ ਨੂੰ ਪੂਰਾ ਆਖੀਦਾ ਹੈ ਉਸ ਦਾ ਪੂਰਾ ਗਿਆਨ ਹੋਇਆ, ਗਿਆਨ ਦੇ ਬਲ ਨਾਲ ਫਿਰ ਸਰੂਪ ਰੂਪੀ ਪੂਰੇ ਤਖਤ ਉੱਪਰ ਨਿਵਾਸ ਹੋਇਆ। ਜਾਂ ਸਰੂਪ ਵਿਚ ਨਿਵਾਸ ਹੋਇਆ ਤਾਂ ਇਸਨੂੰ ਸਾਰੇ ਲੋਕ ਪੂਰਾ ਪੂਰਾ ਆਖਣ ਲਗ ਜਾਂਦੇ ਹਨ। ਪੁਨਾ ਇਸ ਦੀ ਇਹ ਦ੍ਰਿਸ਼ਟੀ ਹੋ ਜਾਂਦੀ ਹੈ ਕਿ ਸੰਸਾਰ ਤਖਤ ਉੱਪਰ ਪੂਰਾ ਪ੍ਰਭੂ ਆਪ ਹੀ ਨਿਵਾਸ ਕਰ ਰਿਹਾ ਹੈ।

ਦੂਜਾ ਅਰਥ :-ਪੂਰੇ ਪ੍ਰਭੂ ਦੇ ਪੂਰੇ ਨਾਮ ਨੂੰ ਆਖੀਏ, ਤਾਂ ਸਰੂਪ ਰੂਪੀ ਪੂਰੇ ਤਖਤ ਉੱਪਰ ਨਿਵਾਸ ਹੁੰਦਾ ਹੈ।

ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥

ਸੁਹਾਵਣੈ=ਸੋਹਣੇ ਸਰੂਪ ਰੂਪੀ ਪੂਰੇ ਅਸਥਾਨ ਉੱਪਰ ਇਸਥਿਤ ਹੋਣ ਕਰਕੇ ਜਿਨ੍ਹਾਂ ਵੱਲੋਂ ਨਿਰਾਸ ਸੀ ਉਹ ਸਭ ਆਸਾਂ ਪੂਰਨ ਹੋ ਗਈਆਂ।

ਅਥਵਾ:- ਪੂਰੇ ਪ੍ਰਭੂ ਨੂੰ ਪਾ ਕੇ ਆਸਾ ਤੋਂ ਨਿਰਾਸਾ ਹੋ ਗਿਆ। *ਅਥਵਾ:*-ਨਿਰਾਸਿਆਂ ਦੀ ਆਸਾ ਪੂਰਨ ਕਰਨ ਵਾਲਾ ਹੋ ਗਿਆ।

ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣਤਾਸ ॥ ੪ ॥ ੯ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜੇਕਰ ਜਗਿਆਸੂ ਨੂੰ ਪੂਰਾ ਗੁਰੂ ਵਾ ਪੂਰਾ ਨਾਮ ਗਿਆਨ ਮਿਲ ਜਾਵੇ, ਤਾਂ ਤਾਸ=ਤਿਸ ਦੇ ਸ਼ੁਭ ਗੁਣ ਕਿਵੇਂ ਘਟਨਗੇ ਅਰਥਾਤ ਨਹੀਂ ਘਟਣਗੇ ਸਗੋਂ ਸ਼ੁਭ ਗੁਣ ਵਧਣਗੇ॥ ੪ ॥ ੯ ॥

ਸਿਰੀਰਾਗੁ ਮਹਲਾ ੧ ॥

ਦੇਸਾਂ ਦਿਸਾਂਤਰਾਂ ਵਿਚ ਰਟਨ ਕਰਦੇ ਹੋਇ ਜਦ ਗੁਰੂ ਸਾਹਿਬ ਜੀ ਪਾਕ ਪਟਨ ਵਿਖੇ ਸ਼ੇਖ ਬ੍ਰਹਮ ਦੇ ਪਾਸ ਪਹੁੰਚੇ ਹਨ। ਤੇ ਉਸਨੇ ਪ੍ਰਭੂ ਦੀ ਪ੍ਰਾਪਤੀ ਦੀ ਖ੍ਵਾਹਸ਼ ਪ੍ਰਗਟ ਕੀਤੀ। ਤਾਂ ਗੁਰੂ ਸਾਹਿਬ ਜੀ ਨੇ ਇਹ ਸ਼ਬਦ ਉਚਾਰਿਆ:-

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥

ਪਹਿਲਾ ਅਰਥ :-ਹੇ ਭੈਣੇ ਆਵੋ! ਅਸੀਂ ਆਪਸ ਵਿਚ ਰਲਕੇ ਗਲ ਨਾਲ ਮਿਲੀਏ ਭਾਵ ਇਕ ਮਿਕ ਹੋ ਜਾਈਏ ਕਿਉਂਕਿ ਅੰਕਿ ਸਹੇਲੜੀਆਹ=ਇੱਕੋ ਪਤੀ ਦੀਆਂ ਜੋ ਸਹੇਲੀਆਂ ਹੋਈਆਂ।

ਦੂਜਾ ਅਰਥ :-ਹੇ ਭੈਣੇ ਆਵੋ ਪਤੀ ਦੀਆਂ ਗੱਲਾਂ ਬਾਤਾਂ ਵਿਚ ਮਿਲੀਏ, ਅਸੀਂ ਅੰਕਿ=ਹਿਰਦੇ ਦੀਆਂ ਸਹੇਲੀਆਂ ਜੋ ਹੋਈਆਂ, ਕਿਉਂਕਿ ਜੋ ਤੇਰੇ ਹਿਰਦੇ ਦਾ ਅੱਭਿਪਰਾ ਹੈ ਓਹੀ ਮੇਰਾ ਭਾਤਪ੍ਰਜ ਹੈ।

ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥

ਸਰਬ ਕਲਾ ਸਮਰੱਥ ਜੋ ਪਤੀ ਹੈ ਉਸ ਕੀਆਹ=ਦੀਆਂ ਕਹਾਣੀਆ=ਗੱਲਾਂ ਬਾਤਾਂ ਤੂੰ ਤੇ ਮੈਂ ਆਪਸ ਵਿਚ ਮਿਲਕੇ ਕਰੀਏ।

ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥ ੧ ॥

ਸੱਚੇ ਸਾਹਿਬ ਵਿਖੇ ਤਾਂ ਸਾਰੇ ਸ਼ੁਭ ਗੁਣ ਹਨ, ਅਤੇ ਅਸਾਹ=ਅਸਾਡੇ ਵਿਚ ਸਾਰੇ ਔਗੁਣ ਹਨ॥ ੧ ॥

ਕਰਤਾ ਸਭੁ ਕੋ ਤੇਰੈ ਜੋਰਿ ॥

ਹੇ ਸਿਰਜਨਹਾਰ ਕਰਤੇ! ਸਾਰਿਆਂ ਨੂੰ ਤੇਰਾ ਹੀ ਜੋਰਿ=ਬਲ ਦਿੱਤਾ ਹੋਇਆ ਹੈ।

ਅਥਵਾ:- ਸਾਰਿਆਂ ਨੂੰ ਆਪ ਜੀ ਦਾ ਹੀ ਜੋਰਿ=ਆਸਰਾ ਹੈ।

ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥ ੧ ॥ ਰਹਾਉ ॥

ਇਕ ਗੁਰ ਉਪਦੇਸ਼ ਦੇ ਵਿਚਾਰਨ ਨਾਲ ਜਾਂ ਤੂੰ ਪ੍ਰਾਪਤ ਹੋਇਆ ਤਾਂ ਫਿਰ ਹੋਰ ਕਿਸੇ ਦੀ ਕੀ ਲੋੜ ਹੈ॥ ੧ ॥ ਰਹਾਉ ॥

ਪੁਨਾ ਸ਼ੇਖ ਬ੍ਰਹਮ ਨੇ ਕਿਹਾ:- ਸਾਈਂ ਜੀ! ਪ੍ਰਭੂ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

ਗੁਰੂ ਜੀ ਨੇ ਕਿਹਾ-ਹੇ ਸ਼ੇਖ ਬ੍ਰਹਮ!

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥

ਜਿਨ੍ਹਾਂ ਨੂੰ ਪਰਮੇਸ਼ੁਰ ਪਤੀ ਦੀ ਪ੍ਰਾਪਤੀ ਹੋਈ ਹੈ, ਉਨ੍ਹਾਂ ਸੁਹਾਗਵੰਤੀਆਂ ਪਾਸੋਂ ਜਾ ਕੇ ਪੁੱਛਣਾ ਕਰ। ਕਿ ਤੁਸਾਂ ਨੇ ਕਿੰਨੀ=ਕੇਹੜਿਆਂ ਗੁਣਾਂ ਕਰਕੇ ਪਤੀ ਪ੍ਰਮਾਤਮਾ ਨੂੰ ਰਾਵਿਆ=ਪਾਇਆ ਹੈ। ਇਹ ਗੱਲ ਸੁਣਕੇ ਸ਼ੇਖ ਬ੍ਰਹਮ ਨੇ ਕਿਹਾ ਆਪ ਹੀ ਕਿਰਪਾ ਕਰਕੇ ਦੱਸੋ, ਤਾਂ ਗੁਰੂ ਜੀ ਨੇ ਕਿਹਾ-

ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥

[ਪੰਨਾ ੧੮]

ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥ ੨ ॥

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)

ਜਾਂ ਗੁਰਾਂ ਦੇ ਉਪਦੇਸ਼ ਨੂੰ ਸੁਣਕੇ ਸਹਜਿ=ਸ਼ਾਂਤੀ ਤੇ ਸੰਤੋਖ ਆਦਿਕ ਗੁਣਾਂ ਨਾਲ ਆਪਣੇ ਆਪ ਨੂੰ ਸ਼ਿੰਗਾਰਕੇ ਹਰਇਕ ਨੂੰ ਮਿੱਠਾ ਬਚਨ ਬੋਲਣਾ ਕਰੇ ਤਾਂ ਹੀ ਰੀਸਾਲੂ=ਸੁੰਦਰ ਪਤੀ ਪ੍ਰਮਾਤਮਾ ਮਿਲਦਾ ਹੈ॥ ੨ ॥

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥

ਹੇ ਅਕਾਲ ਪੁਰਖ! ਆਪ ਜੀ ਦੀਆਂ ਸ਼ਕਤੀਆਂ (ਤਾਕਤਾਂ) ਕਿੰਨੀਆਂ ਹੀ ਹਨ, ਅਤੇ ਆਪ ਜੀ ਦੀ ਦਾਤ ਵੀ ਕੇਡੀ ਵਡੀ ਹੈ ਜੋ ਮੂੰਹ ਤੋਂ ਕਹੀ ਨਹੀਂ ਜਾਂਦੀ।

ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥

ਆਪ ਜੀ ਦੇ ਰਚੇ=ਬਨਾਏ ਹੋਇ ਛੋਟੇ ਵੱਡੇ ਜੀਆ ਜੰਤੂ ਭੀ ਕਿਤਨੇ ਹੀ ਹਨ, ਜੋ ਰਾਤ ਦਿਨ ਆਪ ਜੀ ਦੀ ਹੀ ਸਿਫਤ ਕਰ ਰਹੇ ਹਨ।

ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥ ੩ ॥

ਆਪ ਜੀ ਦੇ ਬਨਾਏ ਹੋਇ ਰੂਪ ਰੰਗ ਕਿਤਨੇ ਹੀ ਹਨ,

ਜਾਤਿ=ਬ੍ਰਾਹਮਣ ਖਤ੍ਰੀ ਆਦਿਕ ਉਚੀਆਂ ਜਾਤੀਆਂ ਵਾਲੇ ਭੀ ਕਿਤਨੇ ਹਨ, ਅਤੇ ਸ਼ੂਦਰ ਆਦਿਕ ਅਜਾਤਿ=ਨੀਚ ਜਾਤੀਆਂ ਵਾਲੇ ਭੀ ਕਿਤਨੇ ਹਨ।

ਅਥਵਾ:- ਜਾਤਿ=ਗਿਆਤ ਗੋਅ, ਅਜਾਤਿ=ਅਗਿਆਤ ਵਾਲੇ ਭੀ ਕਿਤਨੇ ਹਨ॥ ੩ ॥

ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ॥

ਹੇ ਸ਼ੇਖ ਬ੍ਰਹਮ! ਸੱਚੀ ਸਤਸੰਗਤ ਦੇ ਮਿਲਣ ਕਰਕੇ, ਸੱਚੀ ਧਾਰਨਾ ਉਤਪੰਨ ਹੁੰਦੀ ਹੈ।

ਹਿਰਦੇ ਵਿਚ ਸੱਚ ਨਾਮ ਸਿਮਰਨ ਹੋਣ ਕਰ ਕੇ ਸਾਚਿ ਸਮਾਇ=ਸੱਚੇ ਸਰੂਪ ਵਿਚ ਸਮਾਂਵਦਾ ਹੈ।

ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ॥

ਸੁਰਤਿ=ਗਿਆਤ ਵਾ ਸ੍ਰੇਸ਼ਟ ਪ੍ਰੀਤੀ ਦੇ ਹੋਣ ਕਰਕੇ, ਗੁਰ ਸਿੱਖਿਆ ਦੁਆਰੇ ਪ੍ਰਭੂ ਦੇ ਡਰ ਨੂੰ ਧਾਰੇ, ਤਾਂ ਪਤਿ ਊਗਵੈ=ਪਤੀ ਪ੍ਰਮਾਤਮਾ ਦੀ ਪ੍ਰਗਟਤਾ ਹੁੰਦੀ ਹੈ।

ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ ਸੱਚਾ ਪਾਤਸ਼ਾਹ ਅਕਾਲ ਪੁਰਖ ਉਸ ਗੁਰਮੁਖ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੪ ॥ ੧੦ ॥

ਸਿਰੀਰਾਗੁ ਮਹਲਾ ੧ ॥

ਗੁਰੂ ਸਾਹਿਬ ਜੀ ਜਗਿਆਸੂ ਮਹਾਤਮਾਂ ਦੇ ਸੰਬਾਦ ਦੁਆਰਾ ਉਪਦੇਸ਼ ਦੇਣਾ ਕਰਦੇ ਹਨ ਜਗਿਆਸੂ ਨੇ ਆ ਕੇ ਮਹਾਤਮਾਂ ਤੋਂ ਪੁੱਛਿਆ। ਆਪ ਜੀ ਨੂੰ ਵਾਹਿਗੁਰੂ ਦੀ ਪ੍ਰਾਪਤੀ ਕਿਵੇਂ ਹੋਈ ਹੈ? ਮਹਾਤਮਾਂ ਆਪਣੀ

ਬਿਵਸਥਾ ਸੁਣਾਉਂਦੇ ਹਨ:- ਹੇ ਜਗਿਆਸੂ!

ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ ॥

ਭਲੀ ਸਰੀ=ਚੰਗੀ ਗੱਲ ਹੋਈ ਹੈ ਜੋ ਮੈਂ ਇਨ੍ਹਾਂ ਵਿਕਾਰਾਂ ਤੋਂ ਉਬਰੀ=ਬਚ ਗਈ ਹਾਂ

ਹਉਮੈ=ਹੰਗਤਾ ਮਮਤਾ ਜੋ ਰਿਦੇ ਘਰ ਵਿਖੇ ਆਈ ਹੋਈ ਸੀ, *ਅਥਵਾ:*-ਜੋ ਘਰਾਹੁ=ਚੌਧਰਾਣੀ ਬਣੀ ਹੋਈ ਸੀ ਉਹ ਭੀ ਮਰ ਗਈ ਹੈ।

ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ ॥

ਜਦ ਹਿਰਦੇ ਵਿਚ ਪੂਰਿਆਂ ਸਤਿਗੁਰਾਂ ਦਾ ਵੇਸਾਹੁ=ਭਰੋਸਾ ਹੋ ਗਿਆ ਤਾਂ ਫਿਰ ਕਾਮ ਆਦਿਕ ਦੂਤ ਚਾਕਰੀ ਕਰਨ ਵਿਚ ਲਗ ਗਏ।

ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ ॥ ੧ ॥

ਬੇਪ੍ਰਵਾਹ ਪ੍ਰਭੂ ਨੂੰ ਸੱਚਾ ਨਿਸਚੇ ਕਰਦਿਆਂ ਹੋਇਆਂ, ਬਾਦਿ=ਵਿਅਰਥ ਕਲਪਣਾ ਤਿਆਗ ਦਿੱਤੀ ॥ ੧ ॥

ਮਨ ਰੇ ਸਚੁ ਮਿਲੈ ਭਉ ਜਾਇ ॥

ਹੇ ਭਾਈ! ਸੱਚ ਨਾਮ ਵਿਖੇ ਮਿਲਣ ਕਰਕੇ ਜਮਾਂ ਦਾ ਭਉ=ਡਰ ਦੂਰ ਹੋ ਜਾਂਦਾ ਹੈ।

ਭੈ ਬਿਨੁ ਨਿਰਭਉ ਕਿਉ ਥੀਐ ॥

ਪ੍ਰਭੂ ਦੇ ਡਰ ਧਾਰੇ ਬਿਨਾਂ ਇਹ ਜੀਵ ਜਮਾਂ ਦੇ ਡਰ ਤੋਂ ਰਹਿਤ ਕਿਵੇਂ ਹੋ ਸਕਦਾ ਹੈ।

ਗੁਰਮੁਖਿ ਸਬਦਿ ਸਮਾਇ ॥ ੧ ॥ ਰਹਾਉ ॥

ਪ੍ਰਭੂ ਦਾ ਡਰ ਧਾਰਨ ਲਈ, ਮੁਖੀ ਗੁਰਾਂ ਦੇ ਉਪਦੇਸ਼ ਵਿਚ ਸਮਾ ਰਹਿਣਾ ਕਰੇ।

ਅਥਵਾ:-ਗੁਰਾਂ ਦੁਆਰੇ ਸਬਦਿ=ਬ੍ਰਹਮ ਵਿਖੇ ਸਮਾਉਣਾ ਕਰੇ ॥ ੧ ॥ ਰਹਾਉ ॥

ਕੇਤਾ ਆਖਣੁ ਆਖੀਐ ਆਖਣਿ ਤੋਟਿ ਨ ਹੋਇ ॥

ਪ੍ਰਮਾਤਮਾ ਦਾ ਚਾਹੇ ਕਿਤਨਾ ਹੀ ਆਖਣੁ=ਜਸ ਆਖਣਾ ਕਰੇ, ਪਰ ਆਖਣਿ=ਕਥਨ ਕਰਨ ਨਾਲ ਉਸ ਦੇ ਜਸ ਦਾ ਘਾਟਾ ਨਹੀਂ ਹੁੰਦਾ।

ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ ॥

ਪ੍ਰਮਾਤਮਾ ਦੇ ਦਰਬਾਰ ਤੋਂ ਮੰਗਣ ਵਾਲੇ ਕਿਤਨੇ ਹੀ ਜੀਵ ਹਨ, ਪੂੰਜੁ ਸਾਰਿਆਂ ਦਾ ਦਾਤਾ ਇਕ ਪ੍ਰਭੂ ਆਪ ਹੀ ਹੈ।

ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ ॥ ੨ ॥

ਜਿਸ ਪ੍ਰਭੂ ਦੇ ਆਸਰੇ ਜੀਅ ਤੇ ਪ੍ਰਾਨ ਟਿਕੇ ਹੋਇ ਹਨ। *ਅਥਵਾ:*-ਜੀਵ ਨੂੰ ਪ੍ਰਾਨ ਆਦਿਕ ਜਿਸ ਪ੍ਰਭੂ ਦੇ ਦਿੱਤੇ ਹੋਏ ਹਨ ਉਹ ਮਨ ਵਿਚ ਵਸ ਜਾਵੇ ਤਾਂ ਹੀ ਸੁਖ ਪ੍ਰਾਪਤ ਹੁੰਦਾ ਹੈ ॥ ੨ ॥

ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥

ਜਗਤ ਦੀ ਬਨੀ=ਖੇਡ ਸੁਪਨੇ ਵਾਂਗੂੰ ਤੇ ਬਾਜੀਗਰ ਦੀ ਬਨੀ=ਖੇਡ ਵਾਂਗੂ ਮਿੱਥਿਆ ਹੈ, ਇਹ ਸਾਰਾ ਖੇਲ

ਇਕ ਖਿਨ ਵਿਖੇ ਖਿੱਲਰ ਜਾਣੇ ਵਾਲਾ ਹੈ।

ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ॥

ਜਿਸ ਵੇਲੇ ਸੰਜੋਗੀ ਕਰਮ ਅੱਗੇ ਆਉਂਦਾ ਹੈ ਤਾਂ ਇਹ ਜੀਵ ਪਦਾਰਥਾਂ ਨਾਲ ਵਾ ਸੰਬੰਧੀਆਂ ਨਾਲ ਮਿਲਕੇ ਏਕਸੇ=ਇਕਮਿਕ ਭਾਵ ਇਕ ਰੂਪ ਹੋ ਜਾਂਦਾ ਹੈ। ਤੇ ਜਿਸ ਵੇਲੇ ਵਿਜੋਗੀ ਕਰਮ ਆਉਂਦਾ ਹੈ ਤਾਂ ਜੀਵ ਸੰਬੰਧੀਆਂ ਪਾਸੋਂ ਉੱਠਕੇ ਚਲਿਆ ਜਾਂਦਾ ਹੈ।

ਦੂਜਾ ਅਰਥ :-ਜੋ ਗੁਰਾਂ ਦੇ ਸੰਜੋਗੀ ਹੋਇ ਹਨ ਉਹ ਪ੍ਰਭੂ ਨਾਲ ਮਿਲਕੇ ਏਕਸੇ=ਇਕਮਿਕ ਹੋਇ ਹਨ। ਜੋ ਗੁਰਾਂ ਤੋਂ ਵਿਜੋਗੀ=ਵਿੱਛੁੜੇ ਹੋਇ ਹਨ, ਉਹ ਉੱਠਕੇ ਭਾਵ ਮਿਰਤੂ ਹੋ ਕੇ ਜਨਮ ਮਰਨ ਦੇ ਚੱਕਰ ਵਿਚ ਜਾਂਦੇ ਹਨ।

ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ॥ ੩॥

ਜੋ ਤਿਸੁ ਪ੍ਰਭੂ ਦਾ ਭਾਣਾ=ਹੁਕਮ ਹੈ, ਸੋ ਥੀਐ=ਓਹੀ ਹੁੰਦਾ ਹੈ, ਉਸ ਦੇ ਹੁਕਮ ਤੋਂ ਬਿਨਾਂ ਆਪਣੇ ਜ਼ੋਰ ਨਾਲ ਕੁਝ ਕੀਤਾ ਹੀ ਨਹੀਂ ਜਾਂਦਾ ਹੈ॥ ੩॥

ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ॥

ਗੁਰਾਂ ਦੁਆਰੇ ਵਸਤੂ ਨੂੰ ਵੇਸਾਹੀਐ=ਖਰੀਦਣਾ ਕਰੇ,

ਪ੍ਰਸ਼ਨ:-ਕੌਣ ਸੀ ਵਸਤੂ ਖਰੀਦੇ?

ਉੱਤਰ :- ਸਚੁ ਵਖਰੁ=ਸੱਚ ਨਾਮ ਰੂਪ ਸੌਦੇ ਨੂੰ ਖਰੀਦੇ, ਇਹ ਸੌਦਾ ਕੈਸਾ ਹੈ? ਉੱਤਰ:-ਜੀਵ ਦੀ ਇਹ ਸਚੀ ਰਾਸਿ=ਪੂੰਜੀ ਹੈ।

ਦੂਜਾ ਅਰਥ :-ਸਚੁ ਰਾਸਿ=ਸੱਚੀ ਸ਼ਰਧਾ ਰੂਪ ਪੂੰਜੀ ਕਰਕੇ ਮੁਖੀ ਗੁਰਾਂ ਪਾਸੋਂ ਸਚੁ ਵਖਰੁ ਵੇਸਾਹੀਐ=ਸੱਚ ਨਾਮ ਰੂਪੀ ਸੌਦੇ ਨੂੰ ਖਰੀਦੇ ਤਾਂ ਆਤਮ ਵਸਤੂ ਦੀ ਪ੍ਰਾਪਤੀ ਹੁੰਦੀ ਹੈ।

ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ॥

ਜਿਨ੍ਹਾਂ ਨੇ ਪੂਰਿਆਂ ਗੁਰਾਂ ਦੁਆਰੇ ਸੱਚ ਨਾਮ ਨੂੰ ਵਣੰਜਿਆ=ਖਰੀਦਿਆ ਹੈ ਉਨ੍ਹਾਂ ਨੂੰ ਦਰਗਾਹ ਵਿਚ ਸਾਬਾਸਿ=ਧੰਨਤਾ ਜੋਗ ਪ੍ਰਾਪਤ ਹੁੰਦੀ ਹੈ।

ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ॥ ੪॥ ੧੧॥

ਗੁਰੂ ਜੀ ਕਥਨ ਕਰਦੇ ਹਨ, ਓਹੀ ਮਨੁੱਖ ਆਤਮ ਵਸਤੂ ਨੂੰ ਪਛਾਣਦਾ ਹੈ ਜਿਸ ਗੁਰਮੁਖ ਦੇ ਪਾਸ ਸੱਚ ਨਾਮ ਰੂਪ ਸੌਦਾ ਹੈ॥ ੪॥ ੧੧॥

ਸਿਰੀਰਾਗੁ ਮਹਲੁ ੧॥

ਜਗਿਆਸੂ ਨੇ ਬੇਨਤੀ ਕੀਤੀ, ਸਿਫਤ ਕਰਨ ਵਾਲਾ ਮਨੁੱਖ ਪ੍ਰਭੂ ਵਿਚ ਕਿਵੇਂ ਅਭੇਦ ਹੁੰਦਾ ਹੈ?

ਗੁਰ ਉੱਤਰ:-

ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ॥

ਵਾਹਿਗੁਰੂ ਦੀ ਸਿਫਤ ਕਰਨ ਵਾਲਾ ਉੱਤਮ ਅਧਿਕਾਰੀ ਸਿਫਤੀ=ਪ੍ਰਮਾਤਮਾ ਵਿਚ ਇੰਝ ਅਭੇਦ ਹੁੰਦਾ

ਹੈ। ਜਿਵੇਂ ਲੋਹਾ, ਸੋਨਾ, ਤਾਂਬਾ, ਆਦਿਕ ਧਾਤਾਂ ਪਿਘਲ ਕੇ ਆਪਣੀ ਧਾਤ ਨਾਲ ਮਿਲ ਜਾਂਦੀਆਂ ਹਨ।

ਅਥਵਾ:-ਧਾਤੁ=ਮਾਇਆ ਨੂੰ ਜਿਵੇਂ ਮਾਇਆ ਮਿਲਦੀ ਹੈ।*

ਅਥਵਾ:-ਮਾਇਆਧਾਰੀ ਪੁਰਸ਼ ਮਾਇਆ ਵਿਖੇ ਜਿਵੇਂ ਅਭੇਦ ਹੁੰਦਾ ਹੈ।

ਅਥਵਾ:-ਜਿਵੇਂ ਰਕਤ ਬੀਰਜ ਰੂਪ ਧਾਤ ਸੇ ਪੈਦਾ ਹੋਇ ਹੋਇ ਬੱਚੇ ਬੱਚੀਆਂ ਮਾਤਾ ਪਿਤਾ ਦੀ ਧਾਤ ਨਾਲ ਹੀ ਮਿਲਦੇ ਹਨ, ਅਰਥਾਤ ਬੱਚੇ ਬੱਚੀਆਂ ਜਿਵੇਂ ਮਾਪਿਆਂ ਦੀ ਸ਼ਕਲ ਉੱਤੇ ਜਾਂਦੇ ਹਨ ਤਿਵੇਂ ਵਾਹਿਗੁਰੂ ਦੀ ਸਿਫਤ ਕਰਨ ਵਾਲੇ ਗੁਰਮੁਖ ਪ੍ਰਭੂ ਵਿਚ ਅਭੇਦ ਹੁੰਦੇ ਹਨ।

ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥

ਪਹਿਲਾ ਅਰਥ:-ਜੋ ਵਾਹਿਗੁਰੂ ਦੀ ਸਿਫਤ ਕਰਦੇ ਹਨ! ਉਨ੍ਹਾਂ ਨੂੰ ਮਨ ਕਰਕੇ ਲਾਲ ਰੰਗ ਚੜ੍ਹਿਆ ਹੈ, ਬਾਣੀ ਕਰਕੇ ਗੁਲਾਲ ਰੰਗ ਚੜ੍ਹਿਆ ਹੈ, ਤਨ ਕਰਕੇ ਗਹਬਰਾ=ਗੂੜ੍ਹਾ ਸੱਚੇ ਦੇ ਰੰਗ ਦਾ ਚੜ੍ਹਾ ਚੜ੍ਹਿਆ ਹੈ।

ਦੂਜਾ ਅਰਥ:-ਇਸ ਲੋਕ ਦੇ ਪਦਾਰਥਾਂ ਦੀ ਇੱਛਾ ਤਿਆਗਣ ਕਰਕੇ ਲਾਲ ਰੰਗ ਚੜ੍ਹਿਆ ਹੈ। ਸੁਰਗ ਲੋਕ ਦੇ ਪਦਾਰਥਾਂ ਦੀ ਇੱਛਾ ਤਿਆਗਣ ਕਰਕੇ ਗੁਲਾਲ ਰੰਗ ਚੜ੍ਹਿਆ ਹੈ। ਬ੍ਰਹਮ ਲੋਕ ਦੇ ਪਦਾਰਥਾਂ ਦੀ ਇੱਛਾ ਤਿਆਗਣ ਕਰਕੇ ਗਹਬਰਾ=ਗੂੜ੍ਹਾ ਸੱਚੇ ਦੇ ਰੰਗ ਦਾ ਚੜ੍ਹਾ ਚੜ੍ਹਿਆ ਹੈ।

ਤੀਜਾ ਅਰਥ:-ਸ੍ਰਵਨ ਕਰਕੇ ਲਾਲ ਰੰਗ ਚੜ੍ਹਿਆ ਹੈ, ਮਨਨ ਕਰਕੇ ਗੁਲਾਲ ਰੰਗ ਚੜ੍ਹਿਆ ਹੈ ਨਿਧਿਆਸਣ ਕਰਕੇ ਗਹਬਰਾ=ਗੂੜ੍ਹਾ ਸੱਚੇ ਦੇ ਰੰਗ ਦਾ ਚੜ੍ਹਾ ਚੜ੍ਹਿਆ ਹੈ।

ਚੌਥਾ ਅਰਥ:-ਨਿਸ਼ਕਾਮ ਕਰਮਾਂ ਦੇ ਕਰਨੇ ਕਰਕੇ ਲਾਲ ਰੰਗ ਚੜ੍ਹਿਆ ਹੈ, ਉਪਾਸ਼ਨਾ ਦੇ ਕਰਨ ਨਾਲ ਗੁਲਾਲ ਰੰਗ ਚੜ੍ਹਿਆ ਹੈ। ਬ੍ਰਹਮ ਗਿਆਨ ਕਰਕੇ ਗਹਬਰਾ=ਗੂੜ੍ਹਾ ਸੱਚ ਦੇ ਰੰਗ ਦਾ ਚੜ੍ਹਾ ਚੜ੍ਹਿਆ ਹੈ।

ਪੰਜਵਾਂ ਅਰਥ:-ਜਿਵੇਂ ਲਾਲੁ=ਲਾਲੇ (ਪੋਸਤ) ਦੇ ਗੁਲਾਲੁ=ਫੁੱਲ ਦਾ ਗਹਬਰਾ=ਸੰਘਨਾ ਰੰਗ ਹੁੰਦਾ ਹੈ ਤਿਵੇਂ ਪ੍ਰਮਾਤਮਾ ਦੇ ਗੂੜ੍ਹੇ ਰੰਗ ਦਾ ਚੜ੍ਹਾ ਚੜ੍ਹਿਆ ਹੈ।

ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥ ੧ ॥

ਯਥਾ ਲਾਭ ਤਥਾ ਸੰਤੁਸ਼ਟ ਰਹਿਣ ਵਾਲੇ ਸੰਤੋਖੀਆਂ ਨੂੰ ਸੱਚਾ ਵਾਹਿਗੁਰੂ ਮਿਲਦਾ ਹੈ। ਜਿਨ੍ਹਾਂ ਸੰਤੋਖੀਆਂ ਨੇ ਏਕੈ ਭਾਇ=ਇਕ ਰਸ, ਵਾ ਇਕ ਪ੍ਰੇਮ ਨਾਲ ਹਰੀ ਨਾਮ ਜਪਿਆ ਹੈ॥ ੧॥

ਭਾਈ ਰੇ ਸੰਤ ਜਨਾ ਕੀ ਰੇਣੁ ॥

ਹੇ ਭਾਈ! ਪੂਰਨ ਸੰਤ ਜਨਾਂ ਦੇ ਚਰਨਾਂ ਦੀ ਰੇਣੁ=ਧੂੜ ਗ੍ਰਹਿਣ ਕਰ।

ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥ ੧ ॥ ਰਹਾਉ ॥

ਕਿਉਂਕਿ ਸੰਤ ਸਭਾ ਦੇ ਵਿਚੋਂ ਹੀ ਪੂਰਨ ਗੁਰੂ ਪਾਈਦੇ ਹਨ ਜੋ ਗੁਰੂ ਮੁਕਤੀ ਪਦਾਰਥ ਦੇਣ ਨੂੰ ਕਾਮਧੇਣ ਗਊ ਵਾਂਗੂੰ ਹਨ।

ਦੂਜਾ ਅਰਥ:-ਵਿਆਕਰਨ ਦੀ ਰੀਤੀ ਅਨੁਸਾਰ ਤ, ਥ, ਦ, ਧ, ਨ, ਇਹ ਪੰਜ ਅੱਖਰ ਸੁਵੱਰਨੀ ਹਨ ਧੇਣ ਦੀ ਜਗ੍ਹਾ ਅਰਥ ਵਾਸਤੇ ਦੇਣ ਕਰ ਲੈਣਾ। ਕਿ ਗੁਰੂ ਸਾਹਿਬ ਜੀ ਮੁਕਤੀ ਪਦਾਰਥ ਦੇ ਦੇਣ ਵਾਲੇ ਹਨ।

**ਯਥਾ:- ਮਾਇਆ ਕੋ ਮਾਇਆ ਮਿਲੇ ਕਰ ਕਰ ਲੰਬੇ ਹਾਥ।*
ਤੁਲਸੀ ਦਾਸ ਗਰੀਬ ਕੀ ਕੋਇ ਨ ਪੂਛੇ ਬਾਤ।

ਜੇ ਕੋਈ ਸ਼ੰਕਾ ਕਰੇ, ਕਾਮਧੇਨ ਗਊ ਹੋਰ ਸਭ ਪਦਾਰਥ ਦੇਂਦੀ ਹੈ ਪਰ ਮੁਕਤੀ ਨਹੀਂ ਦੇਂਦੀ, ਇਸ ਦੇ ਉੱਤਰ ਵਿਚ ਇੰਞ ਅਰਥ ਕਰਨਾ-

ਗੁਰੂ ਸਾਹਿਬ ਜੀ ਸਾਰਿਆਂ ਪਦਾਰਥਾਂ ਦੇ ਦੇਣ ਨੂੰ ਕਾਮਧੇਨ ਗਊ ਵਾਂਗੂੰ ਹਨ ਤੇ ਮੁਕਤੀ ਪਦਾਰਥ ਝੁੰਗੇ ਵਿਚ ਹੀ ਦੇ ਦੇਂਦੇ ਹਨ॥ ੧॥

ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ॥

ਪਹਿਲਾ ਅਰਥ:-ਸਾਰੀਆਂ ਜੂਨੀਆਂ ਤੋਂ ਊਚਾ ਸੋਹਣਾ ਅਸਥਾਨ ਹੈ। 'ਮਨੁੱਖ ਦੇਹ' ਇਸ ਦੇ ਉੱਪਰ ਮੁਰਾਰੀ ਦਾ ਮਹਲ ਹੈ 'ਅੰਤਹ ਕਰਨ'।

ਦੂਜਾ ਅਰਥ:-ਊਚਉ ਥਾਨੁ ਸੁਹਾਵਣਾ-ਸਾਰਿਆਂ ਅੰਗਾਂ ਸੇ ਊਚਾ ਸੁਹਾਵਣਾ ਅਸਥਾਨ ਹੈ 'ਅੰਤਹ ਕਰਨ'।

ਊਪਰਿ ਮਹਲੁ ਮੁਰਾਰਿ-ਉਸ ਦੇ ਉੱਪਰ ਮੁਰਾਰੀ ਮਹਲੀ ਆਪ ਇਸਥਿਤ ਹੈ।

ਤੀਜਾ ਅਰਥ:-ਊਚਉ ਥਾਨੁ ਸੁਹਾਵਣਾ-ਸਾਰੀਆਂ ਜੂਨੀਆਂ ਤੋਂ ਊਚਾ ਸੁਹਾਵਣਾ ਅਸਥਾਨ ਹੈ 'ਮਨੁੱਖਾ ਦੇਹ'।

ਊਪਰਿ ਮਹਲੁ ਮੁਰਾਰਿ-ਇਸ ਦੇ ਉੱਪਰ ਮੁਰਾਰੀ ਦਾ ਮਹਲ ਹੈ 'ਦਸਮ ਦੁਆਰ'।

ਵਾ:- ਸਾਰੇ ਸਰੀਰ ਤੋਂ ਊਚਾ ਸੁਹਾਵਣਾ ਅਸਥਾਨ ਹੈ। 'ਦਸਮ ਦੁਆਰ'।

ਇਸ ਦੇ ਉੱਪਰ ਮੁਰਾਰੀ ਮਹਲੀ ਆਪ ਇਸਥਿਤ ਹੈ।

ਚੌਥਾ ਅਰਥ:- ਊਚਉ ਥਾਨੁ ਸੁਹਾਵਣਾ-ਸਾਰੀ ਧਰਤੀ ਤੋਂ ਊਚਾ ਸੁਹਾਵਣਾ ਅਸਥਾਨ ਹੈ ਭਾਰਤ ਖੰਡ ਦੀ ਭੂਮੀ।

ਊਪਰਿ ਮਹਲੁ ਮੁਰਾਰਿ-ਇਸ ਦੇ ਉੱਪਰ ਮੁਰਾਰੀ ਦਾ ਮਹਲ ਹੈ ਸਤਿਸੰਗ।

ਵਾ:-ਸਾਰਿਆਂ ਤੋਂ ਊਚਾ ਸੁਹਾਵਣਾ ਅਸਥਾਨ ਹੈ ਸਤਿਸੰਗ, ਇਸ ਦੇ ਉੱਪਰ ਮੁਰਾਰੀ ਮਹਲੀ ਆਪ ਇਸਥਿਤ ਹੈ।

ਪੰਜਵਾਂ ਅਰਥ:-ਊਚਉ ਥਾਨੁ ਸੁਹਾਵਣਾ-ਸਾਰਿਆਂ ਤੋਂ ਊਚਾ ਸੁਹਾਵਣਾ ਅਸਥਾਲ ਹੈ 'ਸੁਮੇਰ ਪ੍ਰਬਤ'।

ਊਪਰਿ ਮਹਲੁ ਮੁਰਾਰਿ-ਇਸ ਦੇ ਉੱਪਰ ਮੁਰਾਰੀ ਦਾ ਮਹਲ ਹੈ 'ਬੈਕੁੰਠ ਧਾਮ'।

ਛੇਵਾਂ ਅਰਥ:-ਊਚਉ ਥਾਨੁ ਸੁਹਾਵਣਾ-ਸਾਰਿਆਂ ਤੋਂ ਊਚਾ ਸੁਹਾਵਣਾ ਅਸਥਾਨ ਹੈ 'ਬੈਕੁੰਠ ਧਾਮ'।

ਊਪਰਿ ਮਹਲੁ ਮੁਰਾਰਿ-ਇਸ ਦੇ ਉੱਪਰ ਮੁਰਾਰੀ ਮਹਲੀ ਆਪ ਇਸਥਿਤ ਹੈ।

ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ॥

ਸੱਚੀ ਭਗਤੀ ਰੂਪੀ ਕਰਣੀ ਦੇ ਕਰਨ ਨਾਲ ਅੰਤਹਕਰਨ ਰੂਪੀ ਘਰ ਦੇ ਅੰਦਰ ਹੀ ਮਹਲੁ ਪਿਆਰਿ= ਪਰਮੇਸ਼ਰ ਦਾ ਪਿਆਰ ਪਾਈਦਾ ਹੈ।

ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ॥ ੨॥

ਆਤਮ=ਜੀਵ ਆਤਮਾ ਤੇ ਰਾਮੁ=ਪਰਮੇਸ੍ਵਰ ਦੋਹਾਂ ਦੇ ਅਭੇਦਤਾ ਦਾ ਵਿਚਾਰ ਗੁਰਾਂ ਦੁਆਰੇ ਆਪਣੇ ਮਨ ਨੂੰ ਸਮਝਾਣਾ ਕਰੀਏ॥ ੨॥

ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥

ਨਾਮ ਸਿਮਰਨ ਤੋਂ ਬਿਨਾਂ ਰਾਜਸੀ, ਸਾਤਕੀ, ਤਾਮਸ਼ੀ, ਅਥਵਾ:-ਕਾਇਕ ਵਾਚਕ ਮਾਨਸ ਰੂਪ ਤ੍ਰਿਬਿਧਿ=ਤਿੰਨ ਪ੍ਰਕਾਰ ਦੇ ਕਰਮਾਂ ਦੇ ਕਮਾਵਨ ਕਰਕੇ ਪਹਿਲੇ ਸੁਰਗ ਲੋਕ ਵਿਖੇ ਜਾਣ ਦੀ ਆਸਾ ਹੁੰਦੀ ਹੈ।

ਜਿੰਨੇ ਸਾਲ ਸੁਰਗ ਲੋਕ ਦਾ ਸੁਖ ਭੋਗਨਾ ਹੁੰਦਾ ਹੈ ਉਤਨੇ ਫੁੱਲਾਂ ਦੀ ਮਾਲਾ ਇਸ ਦੇ ਗੱਲ ਵਿਚ ਪਾਈ ਜਾਂਦੀ ਹੈ, ਇਕ ਸਾਲ ਪਿੱਛੋਂ ਉਹ ਇਕ ਫੁੱਲ ਸੁੱਕ ਜਾਂਦਾ ਹੈ। ਜਿਉਂ ਜਿਉਂ ਉਹ ਫੁੱਲ ਸੁੱਕਦੇ ਜਾਂਦੇ ਹਨ। ਤਿਉਂ ਤਿਉਂ ਇਸਨੂੰ ਸੁਰਗ ਲੋਕ 'ਚੋਂ ਡਿਗਨ ਦਾ ਅੰਦੇਸਾ=ਸੰਸਾ ਹੋ ਜਾਂਦਾ ਹੈ।*

ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥

ਤਿੰਨ ਪ੍ਰਕਾਰ ਦੇ ਕਰਮਾਂ ਦੇ ਕਰਨੇ ਰੂਪੀ ਤ੍ਰਿਕੁਟੀ, *ਅਥਵਾ:*-ਧਿਆਤਾ, ਧਿਆਨ, ਧੇਯ ਰੂਪ ਤ੍ਰਿਕੁਟੀ ਪੂਰਨ ਗੁਰਾਂ ਤੋਂ ਬਿਨਾਂ ਕਿਵੇਂ ਛੁੱਟ ਸਕਦੀ ਹੈ। ਸਹਜਿ=ਗਿਆਨ ਦੇ ਮਿਲਿਆਂ ਹੀ ਆਤਮ ਸੁਖ ਹੁੰਦਾ ਹੈ।

ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥ ੩ ॥

ਜਦ ਗੁਰੂ ਸਾਹਿਬ ਜੀ ਕਿਰਪਾ ਦ੍ਰਿਸ਼ਟੀ ਕਰਕੇ ਰਾਗ ਦ੍ਵੈਸ਼ ਵਾ ਪਾਪਾਂ ਰੂਪੀ ਮੈਲ ਨੂੰ ਧੋਣਾ ਕਰਨ। ਤਦ ਇਹ ਜੀਵ ਆਪਣੇ ਅੰਤਹਕਰਨ ਰੂਪ ਘਰ ਦੇ ਵਿਚ ਹੀ ਮਹਲੁ=ਸਰੂਪ ਨੂੰ ਪਛਾਣ ਲੈਂਦਾ ਹੈ।

ਬਿਨੁ ਗੁਰ ਮੈਲੁ ਨ ਉੱਤਰੈ ਬਿਨੁ ਹਰਿ ਕਿਉ ਘਰ ਵਾਸੁ ॥

ਇਹ ਨਿਯਮ ਹੈ-ਗੁਰਾਂ ਤੋਂ ਬਿਨਾਂ ਹਰੀ ਨਾਮ ਪ੍ਰਾਪਤ ਨਹੀਂ ਹੁੰਦਾ, ਹਰੀ ਨਾਮ ਤੋਂ ਬਿਨਾਂ ਪਾਪਾਂ ਰੂਪੀ ਮੈਲ ਨਹੀਂ ਉੱਤਰਦੀ, ਮੈਲ ਉੱਤਰੇ ਬਿਨਾਂ ਸਰੂਪ ਰੂਪੀ ਘਰ ਵਿਚ ਕਿਵੇਂ ਵਾਸਾ ਹੋਵੇਗਾ।

ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥

ਇਸ ਲਈ ਹੋਰ ਸਭ ਪਦਾਰਥਾਂ ਦੀ ਆਸਾ ਛੱਡਕੇ ਇਕੋ ਗੁਰਾਂ ਦੇ ਉਪਦੇਸ਼ ਨੂੰ ਵਿਚਾਰਨਾ ਕਰੋ।

ਨਾਨਕ ਦੇਖਿ ਦਿਖਾਈਐ ਹਉ ਸਦ ਬਿਲਹਾਰੈ ਜਾਸੁ ॥ ੪ ॥ ੧੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜੋ ਪੂਰਨ ਗੁਰੂ ਦੇਖਿ ਦਿਖਾਈਐ=ਗਿਆਨ ਦ੍ਰਿਸ਼ਟੀ ਵਿਖਾਂਦੇ ਹਨ।

ਅਥਵਾ:-ਜੋ ਗੁਰੂ ਪਹਿਲੇ ਆਪ ਪਰਮੇਸ਼ੁਰ ਨੂੰ ਵੇਖਦੇ ਹਨ ਫਿਰ ਹੋਰਨਾਂ ਨੂੰ ਵਿਖਾਉਂਦੇ ਹਨ ਮੈਂ ਉਨ੍ਹਾਂ ਤੋਂ ਸਦਾ ਹੀ ਬਲਿਹਾਰ ਕੁਰਬਾਣ ਜਾਂਦਾ ਹਾਂ ॥ ੪ ॥ ੧੨ ॥

ਸਿਰੀਰਾਗੁ ਮਹਲਾ ੧ ॥

ਇਸ ਸ਼ਬਦ ਦੁਆਰਾ ਸਤਿਗੁਰੂ ਜੀ ਸੁਹਾਗਣ ਤੇ ਦੁਹਾਗਣ ਇਸਤ੍ਰੀਆਂ ਦਾ ਜ਼ਿਕਰ ਕਰਦੇ ਹੋਇ ਉਪਦੇਸ਼

**ਜਿਤਨੇ ਭੀ ਕਰਮ ਹਨ ਸਾਰਿਆਂ ਵਿਚ ਤਿੰਨ ਦੋਸ਼ ਹਨ :- ੧. ਅਸਹਿਤਾ, ੨. ਖੀਣਤਾ, ੩. ਖਯਤਾ।*

੧. ਜੋ ਇਕ ਗ੍ਰਾਮ ਪਤੀ ਹੈ, ਉਸਨੂੰ ਦੇਸ਼ ਪਤੀ ਹੋਣ ਦੀ ਇੱਛਾ ਹੋ ਜਾਂਦੀ ਹੈ, ਜਿਵੇਂ ਜਿਸ ਦੇ ਪਾਸ ੧੦੦ ਰੁਪਇਆ ਹੈ ਉਹ ਆਖਦਾ ਹੈ ਦੋ ਸੌ ਹੋ ਜਾਵੇ, ਜਿਸ ਦੇ ਪਾਸ ੨੦੦ ਰੁਪਇਆ ਹੈ ਉਹ ਆਖਦਾ ਹੈ ਚਾਰ ਸੌ ਹੋ ਜਾਵੇ, ਸੈਂਕੜੇ ਵਾਲਾ ਹਜ਼ਾਰਾਂ ਪਤੀ, ਹਜ਼ਾਰਾਂ ਵਾਲਾ ਲੱਖਪਤੀ ਹੋਣ ਦੀ ਇੱਛਾ ਕਰਦਾ ਹੈ ਅੱਗੇ ਤੋਂ ਅੱਗੇ ਇੱਛਾ ਵਧਦੀ ਰਹਿਣੀ ਇਸ ਦਾ ਨਾਂ 'ਅਸਹਿਤਾ' ਹੈ।

੨. ਦਿਨੋ ਦਿਨ ਹੋਰ ਦਾ ਹੋਰ ਹੁੰਦੇ ਜਾਣਾ ਅਰਥਾਤ ਪ੍ਰਨੱਮਦਾ ਜਾਣਾ ਇਸ ਦਾ ਨਾਂ 'ਖੀਣਤਾ' ਹੈ।

੩. ਪ੍ਰਾਪਤ ਹੋਈ ਹੋਈ ਵਸਤੂ ਦਾ ਬਿਲਕੁਲ ਅਭਾਵ ਹੋ ਜਾਣਾ ਇਸ ਦਾ ਨਾਂ 'ਖਯਤਾ' ਹੈ।

ਦਿੰਦੇ ਹਨ। ਦੁਹਾਗਣ ਇਸਤ੍ਰੀਆਂ ਚਾਹੇ ਕਿਤਨੇ ਸ਼ਿੰਗਾਰ ਕਰ ਲੈਣ ਪਰਮੇਸ਼ਰ ਨਾਮ ਤੋਂ ਬਿਨਾਂ ਸਭ ਨਿਸਫਲ ਹਨ।

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ॥

ਦ੍ਰਿਸ਼ਟਾਂਤ:-ਜੋ ਔਰਤ ਦੂਜੇ ਪੁਰਸ਼ ਦੇ ਮਗਰ ਲਗਕੇ, ਪਤੀ ਦੇ ਭਾਇ=ਪਿਆਰ ਵੱਲੋਂ ਮੁਠੀ=ਠੱਗੀ ਗਈ ਹੈ, ਉਸ ਦੋਹਾਗਣੀ=ਛੁੱਟੜ ਔਰਤ ਦੇ ਜਿਉਣੇ ਨੂੰ ਧ੍ਰਿਕਾਰ ਹੈ, ਇਸੀ ਪ੍ਰਕਾਰ ਦੇਵੀ ਦੇਵਤਿਆਂ ਭੂਤਾਂ ਪ੍ਰੇਤਾਂ ਦੇ ਮਗਰ ਲਗਕੇ ਜੋ ਆਪਣੇ ਪਤੀ ਵਾਹਿਗੁਰੂ ਤੋਂ ਬੇਮੁਖ ਹੋਈ ਹੈ ਉਸ ਦੁਹਾਗਣੀ=ਛੁੱਟੜ ਜਗਿਆਸੂ ਇਸਤਰੀ ਦੇ ਜੀਉਣ ਨੂੰ ਧ੍ਰਿਕਾਰ ਹੈ। ਜੋ ਦੂਜੇ ਭਾਇ=ਦ੍ਵੈਤ ਭਾ ਕਰਕੇ ਮੁਠੀ=ਲੁੱਟੀ ਪੁੱਟੀ ਗਈ ਹੈ।

ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ॥

ਜਿਵੇਂ ਕੱਲਰ ਦੀ ਬਣੀ ਹੋਈ ਕੰਧ ਅਹਿਨਿਸਿ=ਦਿਨ ਰਾਤ ਕਿਰ ਕਿਰ ਕੇ ਢੈਹ ਪੈਂਦੀ ਹੈ, ਤਿਵੇਂ ਵਾਹਿਗੁਰੂ ਤੋਂ ਵਿੱਛੁੜਣੇ ਕਰਕੇ ਦੁਹਾਗਣਾਂ ਦਾ ਸਰੀਰ ਨਿਸਫਲ ਨਾਸ ਹੋ ਜਾਂਦਾ ਹੈ।

ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ॥ ੧॥

ਗੁਰ ਉਪਦੇਸ਼ ਤੋਂ ਬਿਨਾਂ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ, ਪਿਰੀ ਦੇ ਮੇਲ ਹੋਏ ਤੋਂ ਬਿਨਾ ਸੁਖੁ ਨਾ ਥੀਐ=ਆਤਮ ਸੁਖ ਨਹੀਂ ਹੁੰਦਾ, ਆਤਮ ਸੁਖ ਹੋਏ ਤੋਂ ਬਿਨਾਂ ਜਨਮ ਮਰਨ ਦਾ ਦੁੱਖ ਨਹੀਂ ਜਾਂਦਾ॥ ੧॥

ਮੁੰਧੇ ਪਿਰ ਬਿਨੁ ਕਿਆ ਸੀਗਾਰੁ

ਜਿਵੇਂ ਪਤੀ ਨੂੰ ਮਿਲੇ ਤੋਂ ਬਿਨਾਂ ਇਸਤਰੀ ਨੂੰ ਸ਼ਿੰਗਾਰ ਕੀਤੇ ਦਾ ਕੀ ਸੁਖ ਹੈ, ਤਿਵੇਂ ਹੇ ਜਗਿਆਸੂ ਰੂਪ ਇਸਤਰੀਏ! ਪਤੀ ਪ੍ਰਮਾਤਮਾ ਵਿਖੇ ਸ਼ਰਧਾ ਭਾਵ ਤੋਂ ਬਿਨਾਂ ਜਪ ਤਪ ਰੂਪ ਸ਼ਿੰਗਾਰ ਕਰਨ ਦੀ ਕੀ ਲੋੜ ਹੈ। ਅਜਿਹੇ ਸ਼ਿੰਗਾਰ ਦਾ ਭਲਾ ਕੀ ਸੁਖ ਹੋਣਾ ਹੈ।

[ਪੰਨਾ ੧੯]

ਦਰਿ ਘਰਿ ਢੋਈ ਨਾ ਲਹੈ ਦਰਗਹ ਝੂਠੁ ਖੁਆਰੁ॥ ੧॥ ਰਹਾਉ॥

ਤੂੰ ਸਰੂਪ ਰੂਪੀ ਘਰ ਦੇ ਅੰਦਰ ਢੋਈ=ਜਗ੍ਹਾ ਨਹੀਂ ਲਵੇਂਗੀ, ਝੂਠ ਬੋਲਣ ਕਰਕੇ ਵਾ ਝੂਠੇ ਪਦਾਰਥਾਂ ਵਿਚ ਲੱਗਣ ਕਰਕੇ ਤੂੰ ਦਰਗਾਹ ਵਿਖੇ ਖੁਆਰ ਹੋਵੇਂਗੀ॥ ੧॥ ਰਹਾਉ॥

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ॥

ਪਹਿਲਾ ਅਰਥ :- ਉਹ ਸੱਚਾ ਪ੍ਰਭੂ ਵੱਡਾ ਕਿਰਸਾਣੁ=ਜ਼ਿਮੀਂਦਾਰ ਹੈ (ਸਾਰਾ ਜਗਤ ਜਿਸਦੀ ਖੇਤੀ ਹੈ) ਫਿਰ ਉਹ ਆਪ ਵੱਡਾ ਸੁਜਾਣੁ=ਚਤੁਰ ਹੈ। ਜੋ ਕਿਸੇ ਬੂਟੇ ਨੂੰ ਭੁੱਲਦਾ ਨਹੀਂ ਹੈ। ਜੇ ਤੂੰ ਉਸ ਨਾਲ ਮੇਲ ਕੀਤਾ ਚਾਹੁੰਦਾ ਹੈਂ ਤਾਂ ਤੂੰ ਕਾਮਾ ਬਣ ਕੇ ਜ਼ਿਮੀਂਦਾਰੇ ਵਾਲਾ ਕੰਮ ਕਰ ਲੈ।

ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ॥

ਸਭ ਤੋਂ ਪਹਿਲਾਂ ਬੁੱਧੀ ਰੂਪੀ ਧਰਤੀ ਸਾਧਿ ਕੈ=ਸ਼ੁੱਧ ਕਰਕੇ ਫਿਰ ਸੱਚ ਨਾਮੁ ਰੂਪ ਦਾਣਾ ਬੀਜ ਦੇਣਾ ਕਰ।

ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ॥ ੨॥

ਤਾਂ ਨੌ ਨਿਧੀ ਰੂਪ ਇਕ ਨਾਮੀ ਪ੍ਰਮਾਤਮਾ ਪ੍ਰਗਟ ਹੋਵੇਗਾ।

ਦੂਜਾ ਅਰਥ:-ਆਪਿ ਸੁਜਾਣੁ ਨ ਭੁਲਈ-ਗੁਰੂ ਸਾਹਿਬ ਜੀ ਆਪ ਸੁਜਾਣੁ=ਚਤੁਰ ਹਨ ਕਿਸੀ ਮੌਕੇ ਨਾਮ ਨੂੰ ਭੁੱਲਦੇ ਨਹੀਂ।

ਸਚਾ ਵਡ ਕਿਰਸਾਣੁ:-ਪੁਨਾ ਸੱਚੇ ਦਾ ਸਰੂਪ ਹਨ ਤੇ ਵੱਡੇ ਜ਼ਿਮੀਂਦਾਰ ਹਨ।

ਪਹਿਲਾ ਧਰਤੀ ਸਾਧਿ ਕੈ:-ਜਗਿਆਸੂ ਦੀ ਪਹਿਲੇ ਬੁੱਧੀ ਰੂਪ ਪ੍ਰਿਥਵੀ ਸ਼ੁੱਧ ਕਰਕੇ

ਸਚੁ ਨਾਮੁ ਦੇ ਦਾਣੁ:-ਫਿਰ , ਤਿਨਾਮੁ ਰੂਪੀ ਸੱਚਾ ਬੀਜ, ਬੀਜ ਦਿੰਦੇ ਹਨ।

ਨਉ ਨਿਧਿ ਉਪਜੈ ਨਾਮੁ ਏਕੁ:-ਇਕ ਨਾਮ ਦੀ ਸ਼ਕਤੀ ਨਾਲ ਨਉ ਨਿਧਿ=ਨੌਧਾ ਭਗਤੀ ਰੂਪ ਖੇਤੀ ਉਤਪੰਨ ਹੁੰਦੀ ਹੈ। ਭਗਤੀ ਦੇ ਪ੍ਰਤਾਪ ਕਰਕੇ-

ਪ੍ਰਭੂ ਦੀ ਕਰਮਿ=ਕਿਰਪਾ ਰੂਪੀ ਨਿਸ਼ਾਣੀ ਪੈਂਦੀ ਹੈ॥ ੨॥

ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ॥

ਜੋ ਗੁਰਾਂ ਦੇ ਪ੍ਰਤਾਪ ਨੂੰ ਜਾਣ ਕੇ ਭੀ ਗੁਰਾਂ ਦੇ ਉਪਕਾਰ ਨੂੰ ਨਹੀਂ ਜਾਣਦੇ,

ਅਥਵਾ:-ਜੋ ਗੁਰਾਂ ਨੂੰ ਬ੍ਰਹਮ ਰੂਪ ਕਰਕੇ ਨਹੀਂ ਜਾਣਦੇ ਤਿਸ ਪੁਰਸ਼ ਦੇ ਚਜੁ ਅਚਾਰੁ=ਸ੍ਰੇਸ਼ਟ ਕਰਤਬ (ਭਲੇ ਕਰਮ) ਕੀਤੇ ਹੋਏ ਕਿਸ ਅਰਥ ਹਨ, ਭਾਵ ਨਿਸਫਲ ਹਨ।

ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧੁ ਗੁਬਾਰੁ॥

ਅੰਧੁ ਗੁਬਾਰੁ=ਅਗਿਆਨ ਰੂਪ ਗਾੜ੍ਹੇ ਹਨੇਰੇ ਕਰਕੇ ਜਿਸ ਮਨਮੁਖ (ਗਿਆਨ ਵੈਰਾਗ ਰੂਪੀ ਨੇਤ੍ਰਾਂ ਤੋਂ ਹੀਣ) ਅੰਨ੍ਹੇ ਨੇ ਪ੍ਰਭੂ ਦਾ ਨਾਮ ਵਿਸਾਰਿਆ=ਭੁਲਾ ਦਿੱਤਾ ਹੈ।

ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ॥ ੩॥

ਉਸ ਦਾ ਆਉਣਾ ਜਾਣਾ ਅਰਥਾਤ ਜੰਮਨਾ ਮਰਨਾ ਦੂਰ ਨਹੀਂ ਹੁੰਦਾ, ਉਹ ਜੰਮਨ ਮਰਨ ਵਿਚ ਹੀ ਖੁਆਰੁ=ਖਰਾਬ ਹੁੰਦਾ ਹੈ॥ ੩॥

ਜਿਵੇਂ ਪ੍ਰਤੱਖ ਇਸਤਰੀ ਦੇ ਸ਼ਿੰਗਾਰ ਕੀਤੇ ਹੋਇ ਪਤੀ ਨੂੰ ਭਾਏ ਤੋਂ ਬਿਨਾਂ ਨਿਸਫਲ ਹਨ। ਤਿਵੇਂ ਜਗਿਆਸੂ ਰੂਪ ਇਸਤਰੀ ਦੇ ਵੀ ਜਪ ਤਪ ਰੂਪ ਸ਼ਿੰਗਾਰ ਕੀਤੇ ਹੋਇ ਪ੍ਰਭੂ ਨੂੰ ਭਾਏ ਤੋਂ ਬਿਨਾਂ ਨਿਸਫਲ ਹਨ।

ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ॥

ਪਹਿਲਾ ਅਰਥ:-ਜਿਵੇਂ ਕਿਸੇ ਔਰਤ ਨੇ ਚੰਦਨ ਤੇ ਕੁੰਗੂ=ਕੇਸਰ ਨੂੰ ਮੋਲ ਅਣਾਇਆ=ਮੰਗਵਾ ਲਿਆ ਹੈ ਤੇ ਮਾਂਗ ਨੂੰ ਸੰਧੂਰ ਨਾਲ ਭਰਨਾ ਕੀਤਾ ਹੈ।*

ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ॥

ਚੰਦਨ ਆਦਿਕ ਸੁਗੰਧੀਆਂ ਨੂੰ ਚੁਆ ਕੇ ਬਹੁਤ ਹੀ ਕੱਪੜਿਆਂ ਤੇ ਲਾਇਆ ਹੈ, ਨਾਲੇ ਪਾਨ ਖਾਧੇ, ਅਤੇ

**ਜਿਸ ਵੇਲੇ ਚੀਰਣੀ ਪਾ ਕੇ ਕੇਸ ਦੋਹੀਂ ਪਾਸੇ ਕੀਤੇ ਜਾਂਦੇ ਹਨ। ਤਿਸ ਵੇਲੇ ਵਿਚਕਾਰ ਸਿਰ ਦੀ ਤੁਚਾ (ਚਮੜੀ) ਦਿਖਾਈ ਦੇਣ ਲੱਗ ਪੈਂਦੀ ਹੈ ਇਸੇ ਰੇਖਾ ਦਾ ਨਾਂ ਮਾਂਗ ਹੈ। ਸ਼ੋਭਾ ਵਾਸਤੇ ਸੁਹਾਗਵੰਤੀ ਇਸਤ੍ਰੀਆਂ ਏਸੇ ਰੇਖਾ ਉੱਪਰ ਸੰਧੂਰ ਆਦਿ ਰੰਗ ਲਗਾਉਂਦੀਆਂ ਹਨ।*

ਯਥਾ - ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥ (ਆਸਾ ਮਹਲਾ ੧, ਪੰਨਾ ੪੧੭)

ਤਥਾ - ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ॥ (ਵਡਹੰਸੁ ਮਹਲਾ ੧, ਪੰਨਾ ੫੫੯)

ਕਪੂਰ ਆਦਿਕ ਘਣਾ=ਬਹੁਤੇ ਸੁਗੰਧਤ ਪਦਾਰਥਾਂ ਦਾ ਭੀ ਸੇਵਨ ਕੀਤਾ ਹੈ। ਗੱਲ ਵਿਚ ਮੁਸ਼ਕ ਕਪੂਰ ਦੀਆਂ ਮਾਲਾਂ ਭੀ ਪਾਈਆਂ ਹਨ।

ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥ ੪ ॥

ਇਸ ਤਰ੍ਹਾਂ ਦੇ ਸ਼ਿੰਗਾਰ ਕਰਦੀ ਹੋਈ ਜੇਕਰ ਧਨ=ਇਸਤਰੀ ਆਪਣੇ ਪਤੀ ਨੂੰ ਭਾਂਵਦੀ ਨਹੀਂ ਅਰਥਾਤ ਚੰਗੀ ਲਹੀਂ ਲੱਗਦੀ ਤਾਂ ਉਸ ਦੇ ਸਾਰੇ ਅਡੰਬਰ=ਬਣਾ ਬਨਾਏ ਹੋਇ ਕੂੜੇ ਭਾਵ ਨਿਕੰਮੇ ਹਨ॥ ੪ ॥

ਦੂਜਾ ਅਰਥ :- ਚੰਦਨੁ ਮੋਲਿ ਅਣਾਇਆ:-

ਚਾਹੇ ਆਸਣ ਲਗਾਣੇ ਸਿੱਖ ਲਵੇ, ਚਰਚਾ ਕਰਨੀ ਸਿੱਖ ਲਵੇ, ਖੜਾਵਾਂ ਦੀ ਜੋੜੀ ਪਾ ਕੇ ਤੁਰਨਾ ਸਿੱਖ ਲਵੇ, ਕੰਨਾਂ ਵਿਚ ਬੁੱਜੇ ਦੇਣੇ ਸਿੱਖ ਲਵੇ।

ਕੁੰਗੂ=ਭੇਖ ਬਨਾ ਲਵੇ, ਮਾਂਗ ਸੰਧੂਰੁ=ਦੁਆਰਕਾ ਦਾ ਤਿਲਕ ਛਾਪਾ ਲਗਾ ਲਵੇ।

*ਅਥਵਾ:-*ਮਾਂਗ=ਜੜਾਵਾਂ ਵਿਚ ਸੰ=ਭਲੀ ਪ੍ਰਕਾਰ ਧੂਰੁ=ਧੂੜ ਪਾਣੀ ਸਿੱਖ ਲਵੇ।

ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ=ਸਮਾਧੀ ਲਗਾਣੀ ਸਿੱਖ ਲਵੇ। ਚਾਹੇ ਸੁਰਤੀਆਂ ਸਿਮ੍ਰਿਤੀਆਂ ਸਹਤ ਮਹਾਂਵਾਕ ਉਚਾਰਨਾ ਕਰੇ।

ਤੀਜਾ ਅਰਥ :- ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ=ਚਾਹੇ ਵਿਸ਼ਨੂੰ ਦੀ ਉਪਾਸ਼ਨਾ ਕਰ ਲਵੇ। ਚਾਹੇ ਮਹਾਂਵਿਸ਼ਨੂੰ ਦੀ ਉਪਾਸ਼ਨਾ ਕਰ ਲਵੇ।

ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥

ਚਾਹੇ ਈਸ਼ੂਰ ਦੀ ਉਪਾਸ਼ਨਾ ਕਰ ਲਵੇ। ਚਾਹੇ ਨਿਰਗੁਨ ਬ੍ਰਹਮ ਦੀ ਉਪਾਸ਼ਨਾ ਕਰ ਲਵੇ।

ਚੌਥਾ ਅਰਥ :- ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥

ਚਾਹੇ ਸਿੰਮ੍ਰਿਤੀਆਂ ਪੜ੍ਹ ਲਵੇ, ਚਾਹੇ ਪੁਰਾਨ ਪੜ੍ਹ ਲਵੇ।

ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥

ਚਾਹੇ ਛੇ ਸ਼ਾਂਸਤ੍ਰ ਪੜ੍ਹ ਲਵੇ, ਚਾਹੇ ਚਾਰੇ ਵੇਦ ਪੜ੍ਹ ਲਵੇ।

ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥ ੪ ॥

ਇਤਨੇ ਸਾਧਨਾਂ ਦੇ ਹੁੰਦਿਆਂ ਜੇਕਰ ਜੀਵ ਰੂਪ ਇਸਤ੍ਰੀ ਆਪਣੇ ਪਤੀ ਪ੍ਰਮਾਤਮਾ ਨੂੰ ਭਾਂਵਦੀ ਨਹੀਂ ਤਾਂ ਇਸ ਦੇ ਸਾਰੇ ਜਪ ਤਪ ਰੂਪ ਬਣਾ ਬਨਾਏ ਹੋਇ ਕੂੜੇ ਹਨ॥ ੪ ॥

ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥

ਜਿਵੇਂ ਪਤੀ ਦੀ ਪ੍ਰਸੰਨਤਾ ਤੋਂ ਬਿਨਾਂ ਇਸਤਰੀ ਵਾਸਤੇ ਸਾਰਿਆਂ ਰਸਾਂ ਦਾ ਭੋਗਣਾ ਨਿਸਫਲ ਹੈ ਅਤੇ ਸਾਰੇ ਸ਼ਿੰਗਾਰ ਕਰਨੇ ਵੀ ਵਿਕਾਰ=ਦੁਖ ਰੂਪ ਹਨ।

ਤਿਵੇਂ ਪ੍ਰਭੂ ਦੀ ਪ੍ਰਸੰਨਤਾ ਤੋਂ ਬਿਨਾਂ ਜਗਿਆਸੂ ਵਾਸਤੇ ਸਾਰਿਆਂ ਰਸਾਂ ਦਾ ਭੋਗਣਾ ਅਰਥਾਤ ਸਾਰਿਆਂ ਗ੍ਰੰਥਾਂ ਦਾ ਪੜ੍ਹਣਾ ਨਿਸਫਲ ਹੈ। ਅਤੇ ਜਪ ਤਪ ਆਦਿਕ ਸਾਰਿਆਂ ਸ਼ਿੰਗਾਰਾਂ ਦਾ ਕਰਨਾ ਬਿਕਾਰ ਰੂਪ ਹੈ।

ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥

ਜਿਤਨਾਂ ਚਿਰ ਗੁਰਾਂ ਦੇ ਉਪਦੇਸ਼ ਵਿਚ ਤਦਾਕਾਰ ਨਹੀਂ ਹੁੰਦੀ। ਵਾ ਗੁਰਾਂ ਦੇ ਉਪਦੇਸ਼ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਨਹੀਂ ਵਿੰਨ੍ਹਦੀ ਭਾਵ ਦੂਰ ਨਹੀਂ ਕਰਦੀ, ਉਤਨਾਂ ਚਿਰ ਗੁਰਾਂ ਦੇ ਦੁਆਰੇ ਸਤਿਸੰਗ ਵਿਖੇ ਕਿਵੇਂ ਸੁਭਾਇਮਾਨ ਹੋਵੇਗੀ।

ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥ ੫ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ, ਉਹ ਗੁਰਮੁਖ ਸੁਹਾਗਣ ਇਸਤ੍ਰੀ ਧੰਨਤਾ ਦੇ ਯੋਗ ਹੈ ਜਿਸ ਦਾ ਪਤੀ ਪ੍ਰਮਾਤਮਾ ਦੇ ਨਾਲ ਪਿਆਰ ਹੈ॥ ੫ ॥ ੧੩ ॥

ਸਿਰੀਰਾਗੁ ਮਹਲਾ ੧ ॥

ਕੋਈ ਦੇਹ ਮਿਰਤੂ ਹੋਈ ਪਈ ਸੀ ਤਿਸਨੂੰ ਵੇਖ ਕੇ ਸਿੱਖਾਂ ਨੂੰ ਸਤਿਗੁਰ ਦੇਵ ਜੀ ਵੈਰਾਗ ਜਨਕ ਉਪਦੇਸ਼ ਦਿੰਦੇ ਹਨ।

ਸੁੰਞੀ ਦੇਹ ਭਰਾਵਣੀ ਜਾ ਜੀਉ ਵਿਉਹ ਜਾਇ ॥

ਪਹਿਲਾ ਅਰਥ :- ਜਿਸ ਵੇਲੇ ਦੇਹ ਵਿਚੋਂ ਜੀਵਾਤਮਾ ਨਿਕਲ ਜਾਂਦਾ ਹੈ ਤਾਂ ਇਹ ਦੇਹ ਸੁੰਞੀ=ਖਾਲੀ ਹੋ ਕੇ ਡਰੌਣੀ ਹੋ ਜਾਂਦੀ ਹੈ।

ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ॥

ਇਸ ਦੇਹ ਵਿਚ ਜੋ ਚੇਤਨ ਸੱਤਾ ਰੂਪੀ ਭਾਹਿ=ਅੱਗ ਬਲ ਰਹੀ ਸੀ ਉਹ ਅਜੇਹੀ ਬੁਝੀ ਹੈ, ਜੋ ਕੋਈ ਭੀ ਪ੍ਰਾਨਾਂ ਰੂਪ ਧੂੰਆਂ ਨਹੀਂ ਨਿਕਲਿਆ।

ਅਥਵਾ:-ਇਸ ਦੇਹ ਵਿਚ ਜੋ ਪ੍ਰਾਨਾਂ ਰੂਪੀ ਅੱਗ ਬਲ ਰਹੀ ਸੀ ਉਹ ਜਿਸ ਵੇਲੇ ਬੁਝੀ ਤਾਂ ਕਾਇ=ਕਾਇਆਂ 'ਚੋਂ ਕਾਇ=ਕੋਈ ਭੀ ਬਚਨਾਂ ਰੂਪ ਧੂੰਆਂ ਨਾ ਨਿਕਲਿਆ।

ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥ ੧ ॥

ਪੰਜੇ ਸੰਬੰਧੀ-(ਮਾਤਾ[੧], ਪਿਤਾ[੨], ਭਰਾ[੩], ਇਸਤ੍ਰੀ[੪], ਪੁੱਤਰ[੫],) ਦੁਖਾਂ ਵਿਚ ਭਰੇ ਹੋਏ ਰੁਦਨ ਕਰਦੇ ਹਨ।

ਅਥਵਾ:-ਪੰਜ ਸੱਤ ਦਸ ਵੀਹ ਸਾਰੇ ਸੰਬੰਧੀ ਦੁੱਖਾਂ ਵਿਚ ਭਰੇ ਹੋਇ ਰੋਣਾ ਕਰਦੇ ਹਨ।

ਅਥਵਾ:-ਪੰਚੇ-ਪੰਜ ਗਿਆਨ ਇੰਦ੍ਰੇ ਦੁਖਾਂ ਵਿਚ ਭਰੇ ਹੋਇ ਰੋਂਦੇ ਹਨ।

ਦ੍ਵੈਤ ਭਾਵ ਵਾਲੇ ਸਾਰੇ ਮਨਮੁਖ ਪੁਰਸ਼ ਨਿਸਫਲ ਹੀ ਬਿਨਸਦੇ ਜਾ ਰਹੇ ਹਨ॥ ੧ ॥

ਮੂੜੇ ਰਾਮੁ ਜਪਹੁ ਗੁਣ ਸਾਰਿ ॥

ਹੇ ਮੂਰਖ ਪੁਰਸ਼ੋ ! ਸਾਰਿ=ਸ੍ਰੇਸ਼ਟ ਗੁਣਾਂ ਵਾਲੇ ਰਾਮ ਨੂੰ ਜਪਨਾ ਕਰੋ।

ਅਥਵਾ-ਰਾਮ ਨੂੰ ਜਪੋ ਅਤੇ ਸ਼ੁਭ ਗੁਣਾਂ ਨੂੰ ਭੀ ਸਾਰਿ=ਸੰਭਾਲਣਾ ਕਰੋ।

ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥ ੧ ॥ ਰਹਾਉ ॥

ਹਉ+ਮੈ=ਮੈਂ-ਮੇਰੀ, ਅਥਵਾ-ਦੇਹ ਦੀ ਹੰਗਤਾ ਵਿਖੇ, ਤੇ ਮੋਹਣੀ=ਮਾਇਆ ਦੀ ਮਮਤਾ ਵਿਖੇ, ਅਤੇ

ਜਾਤੀ ਆਦਿਕਾਂ ਦੇ ਹੰਕਾਰ ਵਿਖੇ ਸਾਰੀ ਸ੍ਰਿਸ਼ਟੀ ਮੁਠੀ=ਠੱਗੀ ਗਈ ਹੈ॥ ੧॥ ਰਹਾਉ॥

ਪ੍ਰੇਮੀ ਸਿੱਖਾਂ ਨੇ ਬੇਨਤੀ ਕੀਤੀ ਅਸ਼ੁਭ ਗੁਣਾਂ ਦਾ ਅਭਾਵ, ਤੇ ਸ਼ੁਭ ਗੁਣਾਂ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

ਉੱਤਰ-

ਦੂਜਾ ਅਰਥ:-ਸੁੰਞੀ ਦੇਹ ਡਰਾਵਣੀ ਜਾ ਜੀਉ ਵਿਉਹ ਜਾਇ॥

ਜਾਂ ਹਿਰਦੇ ਵਿਚੋਂ ਜੀਵਤ ਭਾ ਚਲਿਆ ਜਾਵੇ ਤਾਂ ਜੋ ਦੇਹ ਪ੍ਰਿਥਮ ਡਰੌਣੀ ਹੋ ਰਹੀ ਸੀ ਉਹ ਅਸ਼ੁਭ ਗੁਣਾਂ ਤੋਂ ਖਾਲੀ ਹੋ ਗਈ।

ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ॥

ਜੋ ਤ੍ਰਿਸ਼ਨਾਂ ਰੂਪ ਭਾਹਿ=ਅੱਗ ਬਲ ਰਹੀ ਸੀ ਉਹ ਜਿਸ ਵੇਲੇ ਬੁਝ ਗਈ, ਤਾਂ ਕੋਈ ਭੀ ਸੰਕਲਪਾਂ ਵਿਕਲਪਾਂ ਰੂਪ ਧੂੰਆਂ ਨਾ ਨਿਕਲਿਆ।

ਪੰਚੇ ਰੁੰਨੇ ਦੁਖਿ ਭਰੇ=ਪੰਜ (ਕਾਮ, ਕਰੋਧ, ਲੋਭ, ਮੋਹ, ਅਹੰਕਾਰ) ਦੁਖਾਂ ਨੂੰ ਭਰਕੇ ਰੋਂਦੇ ਹੋਇ ਕਿ ਅਸਾਡੇ ਪਾਸੋਂ ਇਹ ਗੁਰਮੁਖ ਬਚ ਗਿਆ ਹੈ।

ਅਥਵਾ:-ਪੰਜੇ (ਅਜਰਾਈਲ[੧], ਮੈਕਾਈਲ[੨], ਇਸਰਾਈਲ[੩], ਜਬਰਾਈਲ[੪], ਪੰਜਵਾਂ ਜਮ[੫]) ਇਹ ਦੁਖਾਂ ਨੂੰ ਭਰਕੇ ਰੋਂਦੇ ਹੋਏ ਕਿ ਅਸਾਡੇ ਪਾਸੋਂ ਇਹ ਗੁਰਮੁਖ ਬਚ ਗਿਆ ਹੈ।

ਬਿਨਸੇ ਦੂਜੈ ਭਾਇ॥ ੧॥

ਦ੍ਵੈਤ ਭਾ ਆਦਿਕ ਅਸ਼ੁਭ ਗੁਣ ਵੀ ਸਾਰੇ ਬਿਨਸ ਗਏ॥ ੧॥

ਮੂੜੇ ਰਾਮੁ ਜਪਹੁ ਗੁਣ ਸਾਰਿ॥

ਗੁਣ=ਵਿਚਾਰ ਕੇ, ਵਾ ਸ਼ੁਭ ਗੁਣਾਂ ਨੂੰ ਧਾਰਕੇ ਜਪਨੇ ਜੋਗ ਰਾਮ ਨੂੰ ਜਪਿਆ ਤਾਂ ਮੁੜ੍ਹਤਾ ਸਾਰਿ=ਸੜ ਗਈ।

ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥ ੧॥ ਰਹਾਉ॥

ਮੋਹਣੀ= ਮਾਇਆ ਦੀ ਹੰਗਤਾ ਮਮਤਾ ਨੂੰ, ਅਤੇ ਹੰਕਾਰ ਆਦਿਕ ਸਾਰਿਆਂ ਨੂੰ ਉਨ੍ਹਾਂ ਗੁਰਮੁਖਾਂ ਨੇ ਮੁਠੀ=ਲੁਠੀ (ਸਾੜ ਦਿੱਤਾ) ਹੈ॥ ੧॥ ਰਹਾਉ॥

ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥

ਜਿਨ੍ਹਾਂ ਨੇ ਦੂਜੀ=ਮਾਇਆ, ਵਾ ਦ੍ਵੈਤ ਦੀ ਕਾਰ ਵਿਖੇ ਲਗ ਕੇ ਨਾਮ ਨੂੰ ਭੁਲਾ ਦਿੱਤਾ ਹੈ।

ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ॥

ਉਨ੍ਹਾਂ ਦੇ ਅੰਦਰ ਮਾਇਆ ਦੀ ਤ੍ਰਿਸ਼ਨਾਂ ਰੂਪ ਅੱਗ ਹੈ, ਇਸ ਲਈ ਉਹ ਦ੍ਵੈਤ ਦੇ ਕੰਮਾਂ ਵਿਚ ਲਗ ਕੇ ਪਚਿ ਮੁਏ=ਸੜ ਮੋਏ ਹਨ।

ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ॥ ੨॥

ਜਿਨ੍ਹਾਂ ਨੂੰ ਗੁਰੂ ਨੇ ਰੱਖ ਲਿਆ ਹੈ ਉਹ ਉਬਰੇ=ਬਚ ਗਏ ਹਨ, ਹੋਰ ਸਾਰੀ ਦੁਨੀਆਂ ਨੂੰ ਧੰਧੈ ਰੂਪ ਠੱਗਾਂ ਨੇ ਮੁਠੀ=ਠੱਗ ਲਿਆ ਹੈ॥ ੨॥

ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥

ਹੁਣ ਤਾਂ ਇਸਤ੍ਰੀ ਦੀ ਪਰੀਤੀ ਮਰ ਗਈ ਹੈ, ਸੰਬੰਧੀਆਂ ਦਾ ਪਿਆਰ ਵੀ ਚਲਾ ਗਿਆ ਹੈ,

ਵਾ:-ਸੰਬੰਧੀਆਂ ਦੀ ਪਰੀਤੀ ਮਰ ਗਈ ਹੈ, ਤੇ ਪਦਾਰਥਾਂ ਦਾ ਪਿਆਰ ਚਲਾ ਗਿਆ ਹੈ, ਵਿਰੋਧ ਪਾਣ ਵਾਲਾ ਜੋ ਵੈਰ ਸੀ ਉਹ ਭੀ ਮਰ ਗਿਆ ਹੈ।

ਦੂਜਾ ਅਰਥ:-ਪਰੀਤੀ ਵਿਸ਼ੇਸ਼ ਹੁੰਦੀ ਹੈ ਉਹ ਮਰ ਗਈ ਹੈ, ਪਿਆਰ ਸਮਾਨ ਤੇ ਹੁੰਦਾ ਹੈ ਉਹ ਭੀ ਚਲਾ ਗਿਆ ਹੈ।

ਵੈਰ ਅਨਾਦੀ ਕਾਲ ਦਾ ਹੁੰਦਾ ਹੈ ਪਿਤਾ ਪੁਰਖੀ ਵਾਲਾ (ਜਿਵੇਂ ਬਿੱਲੀ ਚੂਹੇ ਦਾ ਹੈ)

ਵਿਰੋਧ ਵਰਤਮਾਨ ਸਮੇਂ ਦਾ ਹੁੰਦਾ ਹੈ ਜੋ ਕਿਸੇ ਕਾਰਨ ਆਪਸ ਵਿਚ ਦੁਸ਼ਮਣੀ ਪੈ ਜਾਣੀ ਇਹ ਸਭ ਮਰ ਗਏ ਹਨ।

ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥

ਕੁਲ ਦੁਨੀਆਂ ਦਾ ਜੋ ਧੰਧਾ=ਵਿਹਾਰ ਸੀ ਉਹ ਥੱਕ ਗਿਆ ਹੈ, ਹਉ=ਹੰਗਤਾ ਵੀ ਮਰ ਗਈ ਹੈ, ਮਾਇਆ ਦੀ ਮਮਤਾ, ਤੇ ਕਰੋਧ ਆਦਿਕ ਵਿਕਾਰ ਵੀ ਸਾਰੇ ਮਰ ਗਏ ਹਨ।

ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥ ੩ ॥

ਸਭ ਤੋਂ ਪਹਿਲੇ ਆਪਣੇ ਕਰਮ ਚੰਗੇ ਹੋਣ ਤਾਂ ਪ੍ਰਭੂ ਦੀ ਕਰਮਿ=ਕਿਰਪਾ ਕਰਕੇ ਗੁਰਮੁਖਿ ਮਿਲੈ-ਮੁਖੀ ਗੁਰੂ ਮਿਲਦੇ ਹਨ। ਗੁਰਾਂ ਦੀ ਕਿਰਪਾ ਨਾਲ ਜਿਸ ਵੇਲੇ ਸਦਾ ਨਿਰੋਧੁ=ਇੰਦ੍ਰੀਆਂ ਦਾ ਦਮਨ ਕੀਤਾ, ਤਾਂ ਸੱਚੇ ਪ੍ਰਭੂ ਨੂੰ ਪਾਂਵਦਾ ਹੈ॥ ੩ ॥

ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥

ਬੁੱਧੀ ਰੂਪ ਪੱਲੇ ਵਿਚ ਗੁਰ ਸਿੱਖਿਆ ਪਾ ਕੇ ਜੋ ਭਗਤੀ ਰੂਪ ਸੱਚੀ ਕਾਰ ਨੂੰ ਕਰਦੇ ਹਨ ਓਹੀ ਸੱਚ ਨੂੰ ਮਿਲਦੇ ਹਨ।

ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥

ਉਹ ਪੁਰਸ਼ ਨਾ ਜੰਮਦਾ ਹੈ, ਨਾ ਮਰਦਾ ਹੈ, ਨਾ ਹੀ ਜੂਨੀਆਂ ਵਿਖੇ ਆਉਂਦਾ ਜਾਂਦਾ ਹੈ।

ਅਥਵਾ:-ਉਹ ਪੁਰਸ਼ ਜੰਮਦਾ ਮਰਦਾ ਨਹੀਂ ਹੈ। ਕਿਉਂਕਿ ਉਸ ਦੇ ਮਨ ਵਿਚ ਨਾ ਕੋਈ ਸੰਕਲਪ ਆਉਂਦਾ ਹੈ, ਅਤੇ ਨਾ ਹੀ ਉਸ ਦਾ ਮਨ ਵਿਕਾਰਾਂ ਵੱਲ ਜਾਂਦਾ ਹੈ।

ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥ ੪ ॥ ੧੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਉਹ ਪੁਰਸ਼ ਦਰਿ=ਸੰਸਾਰ ਅੰਦਰ, ਵਾ ਸਤਸੰਗ ਰੂਪ ਦਰਵਾਜ਼ੇ ਅੰਦਰ ਪਰਧਾਨੁ=ਮੁਖੀ ਹੈ, ਅਤੇ ਪ੍ਰਲੋਕ ਦਰਗਾਹ ਵਿਚ ਵੀ ਜਸਰੂਪ ਪੁਸ਼ਾਕ ਨੂੰ ਪਹਿਨਕੇ ਜਾਂਦਾ ਹੈ॥ ੪ ॥ ੧੪ ॥

ਸਿਰੀਰਾਗੁ ਮਹਲਾ ੧* ॥

ਗੁਰੂ ਸਾਹਿਬ ਜੀ ਕਿਸੇ ਦੇਹ ਨੂੰ ਚਿਖਾ ਉੱਪਰ ਸੜ ਰਹੀ ਵੇਖਕੇ ਇਸ ਸ਼ਬਦ ਦੁਆਰਾ ਵੈਰਾਗ ਜਨਕ ਉਪਦੇਸ਼ ਦੇਂਦੇ ਹਨ।

ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥

ਹੇ ਭਾਈ ਦੇਖੋ ! ਚਿਖਾ ਉੱਪਰ ਸਰੀਰ ਸੜ ਬਲ ਕੇ ਮਿੱਟੀ ਰੂਪ ਹੋ ਗਿਆ ਹੈ, ਅਤੇ ਮਾਇਆ ਦੇ ਮੋਹ ਵਾਲਾ ਮਨ ਮਨੂਰੁ=ਲੋਹੇ ਦੀ ਮੈਲ ਵਾਂਗੂੰ ਨਿਕੰਮਾਂ ਹੋ ਗਿਆ ਹੈ।

ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥

ਇਸ ਦੇ ਕੀਤੇ ਹੋਇ ਔਗੁਣ ਹੀ ਉਲਟਾ ਇਸ ਦੇ ਲਾਗੂ=ਦੁਸ਼ਮਨ ਭਾਵ ਵੈਰੀ ਹੋ ਗਏ ਹਨ, ਕੂਰਿ=ਝੂਠ ਇਸ ਦੇ ਅੱਗੇ ਤੂਰੁ=ਵਾਜੇ ਵਜਾਂਦਾ ਹੈ। ਅਰਥਾਤ ਪ੍ਰਲੋਕ ਵਿਚ ਜਮਾਂ ਦੇ ਸਾਹਮਣੇ ਆਖਦਾ ਹੈ ਇਹ ਜੀਵ ਸਾਰੀ ਉਮਰਾਂ ਝੂਠ ਹੀ ਬੋਲਦਾ ਰਿਹਾ ਹੈ, ਇਸਨੂੰ ਮੈਨੇ ਹੀ ਜਿੱਤਿਆ ਹੈ।

ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥ ੧ ॥

ਜੋ ਪੁਰਸ਼ ਗੁਰੂ ਉਪਦੇਸ਼ ਤੋਂ ਬਿਨਾਂ ਹਨ, ਉਹ ਚੁਰਾਸੀ ਦੇ ਗੇੜੇ ਵਿਚ ਭਵਾਏ ਜਾਂਦੇ ਹਨ, ਇਸ ਦੁਬਿਧਾ=ਦ੍ਵੈਤ ਨੇ ਪੂਰਾਂ ਦੇ ਪੂਰ ਨਰਕਾਂ ਵਿਚ ਡੋਬ ਦਿੱਤੇ ਹਨ॥ ੧ ॥

ਮਨ ਰੇ ਸਬਦਿ ਤਰਹੁ ਚਿਤੁ ਲਾਇ ॥

ਮਨ ਰੇ=ਹੇ ਪਿਆਰੇ ਗੁਰ ਉਪਦੇਸ਼ ਵਿਖੇ ਚਿੱਤ ਨੂੰ ਲਗਾ ਕੇ ਸੰਸਾਰ ਸਮੁੰਦਰ ਤੋਂ ਤਰਨਾ ਕਰੋ।

ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥ ੧ ॥ ਰਹਾਉ ॥

ਜਿਸ ਨੇ ਗੁਰ ਦੁਆਰੇ ਨਾਮ ਨੂੰ ਨਹੀਂ ਜਾਣਿਆ

ਉਹ ਮੁੜ ਮੁੜ ਕੇ ਜਨਮ ਮਰਨ ਵਿਚ ਆਉਂਦਾ ਜਾਂਦਾ ਹੈ॥ ੧ ॥ ਰਹਾਉ ॥

ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥

ਉਹ ਸਰੀਰ ਸੂਚਾ=ਪਵਿੱਤ੍ਰ ਕਹਿਣਾ ਚਾਹੀਦਾ ਹੈ ਜਿਸ ਵਿਚ ਸੱਚਾ ਨਾਮ ਵਸਦਾ ਹੈ।

*ਅਥਵਾ-*ਉਹ ਸੂਖਮਤਨ=ਮਨ ਪਵਿੱਤ੍ਰ ਆਖੀਦਾ ਹੈ ਜਿਸ ਮਨ ਵਿਚ ਸੱਚਾ ਨਾਮ ਵਸਦਾ ਹੈ।

ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥

ਉਸ ਦੀ ਦੇਹੁਰੀ=ਬੁੱਧੀ ਸੱਚੇ ਦੇ ਭੈ ਵਿਖੇ ਰਾਤੀ=ਤਦਾਕਾਰ ਹੋਈ ਹੈ, ਅਤੇ ਉਸ ਦੀ ਜੀਭ ਨੂੰ ਭੀ ਸੱਚ ਨਾਮ ਦਾ ਸੁਆਦ ਆ ਰਿਹਾ ਹੈ।

ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥ ੨ ॥

ਉਸ ਵੱਲ ਨਦਰਿ=ਨਦਰੀ=ਪ੍ਰਮਾਤਮਾ ਨੇ ਸੱਚੀ ਮੇਹਰ ਦੀ ਨਿਗਾਹ ਨਾਲ ਨਿਹਾਲੀਐ=ਵੇਖਿਆ ਹੈ

**ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਇਥੇ 'ਮਹਲੁ' ਪਾਠ ਛਪਿਆ ਹੋਇਆ ਹੈ ਪਰ ਦਮਦਮੀ ਬੀੜ ਵਿਚ 'ਮਹਲਾ' ਹੈ।*

ਇਸ ਕਰਕੇ ਉਹ ਬਹੁੜਿ=ਫਿਰ (ਮੁੜ ਕੇ) ਸੰਸਾਰਕ ਤਾਉ=ਦੁਖ ਨੂੰ ਵਾ ਜੂਨੀਆਂ ਦੇ ਦੁਖ ਨੂੰ ਨਹੀਂ ਪਾਂਵਦਾ॥ ੨॥

ਇਕ ਸਿੱਖ ਨੇ ਬੇਨਤੀ ਕੀਤੀ ਜਗਤ ਦੀ ਉਤਪਤੀ ਕਿਵੇਂ ਹੋਈ ਹੈ? *ਗੁਰ ਉੱਤਰ:-*

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥

ਪਹਿਲਾ ਅਰਥ:-ਸੱਚੇ ਪ੍ਰਮਾਤਮਾ ਤੇ ਪਵਨਾ=ਸ਼ਬਦ ਹੋਇਆ ਏਕੋ ਹੀ ਬਹੁ ਸਯਾਮ ਪਵਨੈ=ਸ਼ਬਦ ਤੋਂ ਜਲ ਆਦਿਕ ਤੱਤ ਹੋਇ ਹਨ।

ਜਲ ਤੇ ਤ੍ਰਿਭਵਣੁ ਸਾਜਿਆ

ਜਲ ਆਦਿਕਾਂ ਤੱਤਾਂ ਤੋਂ ਤਿੰਨਾਂ ਭਵਨਾਂ ਨੂੰ ਬਣਾਇਆ ਹੈ।

ਦੂਜਾ ਅਰਥ:-ਸੱਚੇ ਪ੍ਰਮਾਤਮਾ ਤੋਂ ਪਹਿਲੇ ਸਾਚੇ=ਅਕਾਸ਼ ਹੋਇਆ ਅਕਾਸ਼ ਤੋਂ ਪਵਨ ਹੋਈ, ਪਵਨ ਤੋਂ ਅਗਨੀ ਹੋਈ, ਅਗਨੀ ਤੋਂ ਜਲ ਹੋਇਆ, ਜਲ ਤੋਂ ਬਾਅਦ ਪ੍ਰਿਥਵੀ ਹੋਈ। ਇਸ ਤਰੀਕੇ ਨਾਲ ਪੰਜਾਂ ਤੱਤਾਂ ਤੋਂ ਤਿੰਨੇ ਭਵਨ ਸਾਜਨਾ ਕੀਤੇ ਹਨ।

ਤੀਜਾ ਅਰਥ:-ਸੱਚੇ ਪ੍ਰਮਾਤਮਾ ਤੋਂ ਪਵਨਾ ਭਇਆ=ਰਜੋਗੁਣ ਹੋਇਆ ਪਵਨੈ=ਰਜੋਗੁਣ ਤੋਂ ਜਲੁ ਹੋਇ=ਸਤੋਗੁਣ ਹੋਇਆ, ਜਲ ਤੇ=ਸਤੋਗੁਣ ਤੋਂ ਫਿਰ ਤਮੋਗੁਣ ਹੋਇਆ ਇਸ ਤਰੀਕੇ ਨਾਲ ਤਿੰਨਾਂ ਗੁਣਾਂ ਤੋਂ ਹੀ ਤਿੰਨੇ ਭਵਨ ਬਨਾਏ ਹਨ।

ਘਟਿ ਘਟਿ ਜੋਤਿ ਸਮੋਇ॥

ਫਿਰ ਸਾਰਿਆਂ ਘਟਾਂ ਘਟਾਂ ਵਿਚ ਉਸਨੇ ਜੋਤਿ=ਚੇਤਨ ਸੱਤਾ ਸਮੋਇ=ਮੇਲੀ ਹੈ।

ਵਾ:-ਘਟਾਂ ਘਟਾਂ ਵਿਚ ਜੋਤੀ ਪ੍ਰਭੂ ਆਪ ਸਮੋਇ=ਸਮਾ ਰਿਹਾ ਹੈ।

ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ॥ ੩॥

ਗੁਰ ਉਪਦੇਸ਼ ਵਿਖੇ ਤਦਾਕਾਰ ਹੋਣ ਨਾਲ ਜਿਸਦਾ ਮਨ ਨਿਰਮਲ ਹੋਇਆ ਹੈ, ਉਹ ਰਾਗ ਦ੍ਵੈਸ਼ ਰੂਪੀ ਮੈਲਾਂ ਕਰਕੇ ਫਿਰ ਮੈਲਾ ਨਹੀਂ ਹੁੰਦਾ, ਏਸੇ ਕਰਕੇ ਉਸ ਦੀ ਪਤਅਬਰੋ (ਇੱਜ਼ਤ) ਹੁੰਦੀ ਹੈ॥ ੩॥

ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ॥

ਮਾਇਆ ਦੀ, ਤਿਸੁ ਮਾਹਿ=ਤ੍ਰਿਸ਼ਨਾਂ ਵਿਚ ਫਸਿਆ ਹੋਇਆ ਇਹ ਮਨ ਜਿਸ ਵੇਲੇ ਸੱਚ ਵਿਚ ਲੱਗ ਕੇ ਸੰਤੋਖ ਨੂੰ ਪ੍ਰਾਪਤ ਹੋਇਆ, ਤਾਂ ਫਿਰ ਪ੍ਰਮਾਤਮਾ ਆਪ ਹੀ ਇਸ ਉੱਪਰ, ਨਦਰਿ=ਕਿਰਪਾ ਦ੍ਰਿਸ਼ਟੀ ਕਰਦਾ ਹੈ।

[ਪੰਨਾ ੨੦]

ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ॥

ਪੰਚ ਭੂਤ=ਪੰਜ ਤੱਤ ਜਿਸ ਸੱਚੇ ਦੇ ਡਰ ਵਿਖੇ ਰੱਤੇ ਹੋਇ ਹਨ, ਉਸ ਸੱਚੇ ਦੀ ਜੋਤਿ=ਗਿਆਤ ਮਨ ਵਿਚ ਪ੍ਰਗਟ ਹੋਈ ਤਾਂ ਫਿਰ ਪੰਚ ਭੂਤ=ਪੰਜੇ ਭੂਤਨੇ ਕਾਮ ਆਦਿਕ ਸੱਚੇ ਦੇ ਡਰ ਵਿਚ ਤਦਾਕਾਰ ਹੋ ਗਏ।

ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥ ੪॥ ੧੫॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜਿਸ ਦੇ ਗੁਰੂ ਰਾਖੇ ਹੋਏ ਹਨ ਉਸ ਦੇ ਮਨ 'ਚੋਂ ਸਾਰੇ ਔਗੁਣ ਭੁੱਲ

ਗਏ ਹਨ। ਔਗੁਣਾਂ ਦੇ ਭੁੱਲਣ ਕਰਕੇ, ਪਤਿ ਤਾਹਿ=ਤਿਸਨੂੰ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਹੈ। ਪਤੀ ਦੀ ਪ੍ਰਾਪਤੀ ਹੋਣ ਕਰਕੇ ਹੀ ਤਿਸਦੀ ਪਤਆਬਰੋ (ਇੱਜ਼ਤ) ਹੋਈ ਹੈ॥ ੪॥ ੧੫॥

ਸਿਰੀਰਾਗੁ ਮਹਲਾ ੧॥

ਇਕ ਸਿੱਖ ਨੇ ਬੇਨਤੀ ਕੀਤੀ ਸੰਸਾਰ ਤੋਂ ਕਿਵੇਂ ਤਰਨਾ ਹੁੰਦਾ ਹੈ? *ਗੁਰ ਉੱਤਰ:-*

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ॥

ਗੁਰੂ ਜੀ ਕਥਨ ਕਰਦੇ ਹਨ ਗੁਰ ਸਿੱਖਿਆ ਦੇ ਵਿਚਾਰ ਦੁਆਰਾ ਸੱਚ ਦੀ ਪ੍ਰਾਪਤੀ ਕਰਨ ਵਾਲੀ ਭਗਤੀ ਰੂਪੀ ਬੇੜੀ ਕਰਕੇ ਸੰਸਾਰ ਤੋਂ ਤਰਨਾ ਹੁੰਦਾ ਹੈ। ਭਗਤੀ ਤੋਂ ਬਿਨਾਂ -

ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ॥

ਇਕ ਜੰਮ ਕੇ ਆਉਂਦੇ ਹਨ, ਇਕ ਮਰ ਕੇ ਜਾਂਦੇ ਹਨ, ਅਹੰਕਾਰੀ ਪੁਰਸ਼ਾਂ ਦੇ ਪੂਰਾਂ ਦੇ ਪੂਰ ਭਰੇ ਹੋਇ ਡੁੱਬ ਰਹੇ ਹਨ।

ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ॥ ੧॥

ਮਨ ਦੀ ਹੱਠ ਵਾਲੀ ਬੁੱਧੀ ਕਰਕੇ ਸੰਸਾਰ ਵਿਚ ਡੁੱਬਣਾ ਹੁੰਦਾ ਹੈ, ਮੁਖੀ ਗੁਰੂ ਸੱਚ ਨਾਮ ਰੂਪੀ ਤਾਰਿ=ਜਹਾਜ਼ ਦੇ ਕੇ ਗੁਰਮੁਖਾਂ ਨੂੰ ਸੰਸਾਰ ਤੋਂ ਤਾਰ ਦੇਂਦੇ ਹਨ॥ ੧॥

ਗੁਰ ਬਿਨੁ ਕਿਉ ਤਰੀਐ ਸੁਖੁ ਹੋਇ॥

ਪੂਰਨ ਗੁਰਾਂ ਤੋਂ ਬਿਨਾਂ ਇਹ ਜੀਵ ਕਿਵੇਂ ਤਰ ਸਕਦਾ ਹੈ, ਅਤੇ ਆਤਮ ਸੁਖ ਕਿਵੇਂ ਹੋ ਸਕਦਾ ਹੈ।

ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ॥ ੧॥ ਰਹਾਉ॥

ਇਸ ਲਈ ਬੇਨਤੀ ਕਰੋ ! ਹੇ ਗੁਰੋ ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਮੈਨੂੰ ਰੱਖ ਲਓ, ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਦੂਜਾ ਆਸਰਾ ਨਹੀਂ ਹੈ॥ ੧॥ ਰਹਾਉ॥

*ਯਥਾ :-*ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥ ੨॥ *(ਸੂਹੀ ਮਹਲਾ ੪, ਪੰਨਾ ੭੩੫)*

ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ॥

ਪਹਿਲਾ ਅਰਥ:-ਜਦ ਮੈਂ ਸ਼ਹਿਰ ਤੋਂ ਬਾਹਰ ਅੱਗੇ ਮਸਾਣ ਭੂਮਿਕਾ ਵੱਲ ਦੇਖਦਾ ਹਾਂ, ਤਾਂ ਮੁਰਦੇ ਡਉ ਜਲੈ=ਅੱਗ ਵਿਚ ਸੜ ਰਹੇ ਹਨ, ਪਿੱਛੇ ਸ਼ਹਿਰ ਵੱਲ ਵੇਖਦਾ ਹਾਂ, ਤਾਂ ਹਰੀ ਅੰਗੂਰੀ ਬੱਚੇ ਬੱਚੀਆਂ ਪੈਦਾ ਹੋ ਰਹੇ ਹਨ।

ਦੂਜਾ ਅਰਥ:- ਸ਼ਾਸਤ੍ਰ ਦ੍ਰਿਸ਼ਟੀ ਕਰਕੇ ਜਦ ਮੈਂ ਅੱਗੇ ਵੇਖਦਾ ਹਾਂ ਤਾਂ ਪਾਪੀ ਜੀਵ ਨਰਕ ਅਗਨੀ ਵਿਚ ਸੜ ਰਹੇ ਹਨ, ਪਿੱਛੇ ਸੰਸਾਰ ਦੀ ਤਰਫ ਵੇਖਦਾ ਹਾਂ ਤਾਂ ਵਿਸ਼ਿਆ ਰੂਪੀ ਹਰੀ ਅੰਗੂਰੀ ਵਿਚ ਲਗ ਰਹੇ ਹਨ।

ਤੀਜਾ ਅਰਥ :-ਆਗੈ=ਸੰਸਾਰ ਵੱਲ ਵੇਖਦਾ ਹਾਂ ਤਾਂ ਬਹੁਤੇ ਜੀਵ ਤ੍ਰਿਸ਼ਨਾਂ ਅਗਨੀ ਵਿਚ ਸੜ ਰਹੇ ਹਨ, ਪਾਛੈ=ਅੰਤ੍ਰਮੁਖ ਬਿਰਤੀ ਕਰਕੇ ਵੇਖਦਾ ਹਾਂ ਤਾਂ ਅੰਗ=ਹੇ ਪਿਆਰੇ ਉਹ ਹਰੀ ਉਰ=ਹਿਰਦੇ ਵਿਚ ਹੀ ਹੈ।

ਚੌਥਾ ਅਰਥ :-ਜੋ ਸਰਕੜਾ ਪਹਿਲੇ ਅੱਗ ਨਾਲ ਸੜਿਆ ਵੇਖੀਦਾ ਹੈ, ਕੁਝ ਸਮਾਂ ਪਾ ਕੇ ਜਦ ਵਰਖਾ ਹੁੰਦੀ ਹੈ ਤਾਂ ਪਿੱਛੋਂ ਹਰੀ ਅੰਗੂਰੀ ਪੈਦਾ ਹੋ ਜਾਂਦੀ ਹੈ। ਏਸੇ ਤਰ੍ਹਾਂ ਅੰਤਹਕਰਨ ਰੂਪ ਪ੍ਰਿਥਮੀ ਉੱਪਰ ਜੋ ਵਿਸ਼ਿਆਂ

ਰੂਪ ਸਰਕੜਾ ਹੈ ਉਹ ਨਾਮ ਰੂਪ ਅਗਨੀ ਨਾਲ ਸੜਿਆ ਵੇਖਿਆ, ਤੇ ਪਿੱਛੋਂ ਗੁਰੂ ਰੂਪ ਬੱਦਲ ਨੇ ਉਪਦੇਸ਼ ਜਲ ਦੀ ਵਰਖਾ ਕੀਤੀ ਤਾਂ ਹਰਿਓ ਅੰਗੂਰ=ਸ਼ੁਭ ਗੁਣਾਂ ਰੂਪੀ ਹਰੀ ਅੰਗੂਰੀ ਪੈਦਾ ਹੋ ਗਈ।

ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥

ਪਹਿਲਾ ਅਰਥ:-ਜਿਸ ਪ੍ਰਮਾਤਮਾ ਦੇ ਸੰਕਲਪ ਤੋਂ ਸੰਸਾਰ ਉਪਜੈ=ਪੈਦਾ ਹੋ ਰਿਹਾ ਹੈ ਓਸੇ ਦੇ ਸੰਕਲਪ ਕਰਕੇ ਹੀ ਬਿਨਸੈ=ਨਾਸ ਹੋ ਰਿਹਾ ਹੈ, ਉਹ ਸੱਚਾ ਘਟਾਂ ਘਟਾਂ ਵਿਖੇ ਪੂਰਨ ਹੋ ਰਿਹਾ ਹੈ।

ਦੂਜਾ ਅਰਥ:-ਜਿਸ ਦੇ ਹਿਰਦੇ ਵਿਚ ਸ਼ੁਭ ਗੁਣ ਉਪਜੇ ਹਨ, ਤਿਸ ਦੇ ਹਿਰਦੇ ਵਿਚੋਂ ਅਸ਼ੁਭ ਗੁਣ ਬਿਨਸ ਗਏ ਹਨ, ਉਸ ਦੇ ਘਟਿ=ਅੰਤਹਕਰਨ ਵਿਚ ਅਘਟਿ=ਇਕ ਰਸ ਸੱਚਾ ਪ੍ਰਭੂ ਭਰਪੂਰਿ=ਸਖਿਆਤਕਾਰ ਅਰਥਾਤ ਪ੍ਰਗਟ ਹੋਇਆ ਹੈ।

ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥ ੨ ॥

ਜਿਸਨੂੰ ਆਪ ਪ੍ਰਮਾਤਮਾ ਗੁਰਾਂ ਦੇ ਮੇਲ ਨਾਲ ਮਿਲਾਂਵਦਾ ਹੈ ਉਹ ਨਾਮ ਚਿੰਤਨ ਦੁਆਰਾ ਸੱਚੇ ਮਹਲਿ=ਪ੍ਰਮਾਤਮਾ ਨੂੰ ਆਪਣੇ ਹਦੂਰਿ=ਪਾਸ ਨਿਸਚੇ ਕਰਦਾ ਹੈ॥ ੨ ॥

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥

ਹੇ ਵਾਹਿਗੁਰੂ ਇਹ ਕਿਰਪਾ ਕਰ ਜੋ ਸ੍ਵਾਸ ਸ੍ਵਾਸ ਆਪ ਜੀ ਨੂੰ ਚੇਤੇ ਕਰਦਾ ਰਵਾਂ, ਆਪ ਜੀ ਨੂੰ ਕਦੇ ਵੀ ਭੁਲਾਵਨਾ ਨਾ ਕਰਾ।

ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥

ਹੇ ਸਾਹਿਬ ! ਜਿਉਂ ਜਿਉਂ ਤੂੰ ਮੇਰੇ ਮਨ ਵਿਚ ਵਸੇਂਗਾ, ਤਿਉਂ ਤਿਉਂ ਮੈਂ ਗੁਰਾਂ ਦੁਆਰੇ ਬ੍ਰਹਮਾਨੰਦ ਰੂਪ ਅੰਮ੍ਰਿਤ ਨੂੰ ਪੀਵਾਂਗਾ।

ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥ ੩ ॥

ਤੇਰਾ ਦਿੱਤਾ ਹੋਇਆ ਹੀ ਮੇਰੇ ਕੋਲ ਮਨ ਤੇ ਤਨ ਹੈ, ਤੂੰ ਮੇਰਾ ਧਣੀ=ਮਾਲਕ ਹੈਂ, ਇਹ ਕਿਰਪਾ ਕਰ ਜੋ ਮੇਰੇ-ਅੰਦਰੋਂ ਗਰਬੁ=ਹੰਕਾਰ ਦੂਰ ਕਰਕੇ ਮੈਨੂੰ ਆਪਣੇ ਵਿਚ ਸਮੇਉ=ਅਭੇਦ ਕਰ ਲਵੋ॥ ੩ ॥

ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥

ਜਿਸ ਪ੍ਰਭੂ ਨੇ ਇਹ ਸੰਸਾਰ ਪੈਦਾ ਕੀਤਾ ਹੈ, ਉਸ ਨੇ ਤਿੰਨਾਂ ਲੋਕਾਂ ਵਿਚ ਦੇਵਤਾ, ਦੈਂਤ, ਮਨੁੱਖ ਇਨ੍ਹਾਂ ਦੇ ਆਕਾਰੁ=ਸਰੀਰ ਬਣਾਏ ਹਨ।

ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥

ਉਸ ਦੇ ਚਾਨਣੁ=ਗਿਆਨ ਨੂੰ ਗੁਰਮੁਖ ਹੀ ਜਾਣਦੇ ਹਨ, ਮੁਗਧੁ=ਜੜ੍ਹ ਮਨਮੁਖਾਂ ਨੂੰ ਅਗਿਆਨ ਰੂਪ ਹਨੇਰਾ ਹੀ ਪਿਆ ਰਹਿੰਦਾ ਹੈ।

ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥ ੪ ॥

ਜਿਸ ਨੂੰ ਸਾਰੁ=ਸ੍ਰੇਸ਼ਟ ਗੁਰ ਸਿੱਖਿਆ ਪ੍ਰਾਪਤ ਹੋਈ ਹੈ ਉਸ ਨੇ ਨਿਰੰਤਰੀ=ਇਕ ਰਸ ਸਾਰਿਆਂ ਘਟਾਂ ਘਟਾਂ ਵਿਚ ਪ੍ਰਭੂ ਵੀ ਜੋਤ ਨੂੰ ਬੁੱਝਣਾ ਕੀਤਾ ਹੈ॥ ੪ ॥

ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਪ੍ਰਭੂ ਨੂੰ ਜਾਣਿਆ ਹੈ ਤਿਨ੍ਹਾਂ ਨੂੰ ਸਾਬਾਸਿ=ਧੰਨਤਾ ਜੋਗ ਉਚਾਰਨਾ ਕਰੋ।

ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ॥

ਕਿਉਂਕਿ ਗੁਰਮੁਖ ਸੱਚੇ ਪ੍ਰਭੂ ਦੇ ਜਸ ਰੂਪ ਗੁਣਾਂ ਨੂੰ ਪਰਗਾਸਿ=ਉਚਾਰਕੇ ਸੱਚੇ ਦੇ ਨਾਲ ਹੀ ਰਲਿ ਮਿਲੇ= ਅਭੇਦ ਹੋ ਗਏ ਹਨ।

ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ॥ ੫॥ ੧੬॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਸੰਤੋਖੀਆਂ ਨੇ ਨਾਮ ਜਪਕੇ ਆਪਣਾ ਜੀਅ ਪਿੰਡ ਨਾਮੀ ਪ੍ਰਭੂ ਦੇ ਪਾਸ ਅਰਪਨ ਕੀਤਾ ਹੈ, ਕਿਉਂਕਿ ਸੰਤੋਖੀਆਂ ਨੇ ਆਪਣਾ ਕੁਝ ਵੀ ਨਹੀਂ ਮੰਨਿਆ॥ ੫॥ ੧੬॥

ਸਿਰੀਰਾਗੁ ਮਹਲਾ ੧॥

ਉਥਾਨਕਾ:- ਜਿਸ ਵੇਲੇ ਗੁਰੂ ਸਾਹਿਬ ਜੀ ਦੇਸਾਂ ਦਿਸਾਂਤਰਾਂ ਵਿਚ ਨਾਮ ਬਾਣੀ ਦਾ ਉਪਦੇਸ਼ ਦਿੰਦੇ ਹੋਇ ਆਪਣੇ ਸਹੁਰੇ ਪਿੰਡ ਪਖੋ ਕੇ ਰੰਧਾਵੇ ਪਹੁੰਚੇ ਹਨ, ਤਾਂ ਪਿੰਡ ਤੋਂ ਬਾਹਰਵਾਰ ਚੌਧਰੀ ਅਜਿੱਤੇ ਰੰਧਾਵੇ ਦੇ ਖੂਹ ਉੱਪਰ ਠਹਿਰੇ। ਤਿਸ ਵੇਲੇ ਚੌਧਰੀ ਅਜਿੱਤੇ ਨੇ ਕਿਹਾ, ਮਹਾਰਾਜ ! ਮੈਨੂੰ ਭੀ ਕੁਝ ਸਿਖ ਮੱਤ ਦੇਣੀ ਕਰੋ? ਤਾਂ ਗੁਰੂ ਜੀ ਨੇ ਕਿਹਾ:-

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥

ਹੇ ਮੇਰੇ ਮਨ ਦੇ ਪਿਆਰੇ ਮਿਤ੍ਰ ਤੂੰ ਸੁਣ, ਏਹ ਮਨੁੱਖਾ ਜਨਮ ਹੀ ਪ੍ਰਭੂ ਦੇ ਨਾਲ ਮਿਲਣ ਦਾ ਵੇਲਾ ਹੈ।

*ਯਥਾ:-*ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

(ਆਸਾ ਮਹਲਾ ੫, ਪੰਨਾ ੩੭੮)

*ਅਥਵਾ:-*ਹੇ ਅਜਿੱਤੇ ਤੂੰ ਸੁਣ ! ਮਨ ਦਾ ਪਿਆਰਾ ਮਿਤ੍ਰ ਜੋ ਪ੍ਰਮਾਤਮਾ ਹੈ ਉਸ ਨਾਲ ਮਿਲਣ ਦਾ ਵੇਲਾ ਇਹ ਜੋਬਨ ਅਵਸਥਾ ਹੀ ਹੈ।

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥

ਜਿਤਨਾ ਚਿਰ ਜੋਬਨ ਅਵਸਥਾ ਦੇ ਸ੍ਵਾਸ ਹਨ, ਉਤਨਾ ਚਿਰ ਇਸ ਤਨ ਨੂੰ ਨਾਮ ਜਪਣ ਵਿਚ ਦੇਣਾ ਕਰ।

*ਅਥਵਾ:-*ਸਰੀਰ ਅੰਦਰ ਜੋ ਸ੍ਵਾਸ ਹਨ, ਜਿਤਨਾ ਚਿਰ ਇਹ ਸ੍ਵਾਸ ਬਣ ਰਹੇ ਹਨ। ਉਤਨਾ ਚਿਰ ਤੂੰ ਨਾਮ ਜਪਣ ਵਿਚ ਇਸ ਤਨ ਨੂੰ ਦੇਣਾ ਕਰ।

ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥ ੧॥

ਇਹ ਮਨੁੱਖਾ ਦੇਹ ਸ਼ੁਭ ਗੁਣਾਂ ਤੋਂ ਬਿਨਾਂ ਕਿਸੇ ਕੰਮ ਨਹੀਂ ਆਉਂਦੀ, ਅੰਤ ਨੂੰ ਇਸ ਸ਼ਰੀਰ ਨੇ ਢਹਿ ਕੇ ਖੇਹ=ਸ੍ਵਾਹ ਦੀ ਢੇਰੀ ਹੋ ਜਾਣਾ ਹੈ॥ ੧॥

ਮੇਰੇ ਮਨ ਲੈ ਲਾਹਾ ਘਰਿ ਜਾਹਿ॥

ਹੇ ਮੇਰੇ ਪਿਆਰੇ ! ਨਾਮ ਦਾ ਲਾਭ ਲੈ ਕੇ ਤੂੰ ਸਰੂਪ ਘ: ਵਿਚ ਜਾਣਾ ਕਰ।

ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥ ੧॥ ਰਹਾਉ॥

ਹੇ ਭਾਈ! ਗੁਰਾਂ ਦੁਆਰੇ ਨਾਮ ਨੂੰ ਸਲਾਹੁਣਾ ਕਰ, ਤਾਂ ਹਉਮੈ ਰੂਪੀ ਭਾਹਿ=ਅੱਗ ਨਵਿਰਤ ਹੋ ਜਾਏਗੀ॥ ੧॥ ਰਹਾਉ॥

ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥

ਪ੍ਰਭੂ ਦੇ ਬੁੱਝੇ ਤੋਂ ਬਿਨਾਂ ਜਿਤਨਾਕੁ ਸੁਣ ਸੁਣ ਕੇ ਗੰਢਣਾ ਦਾ ਗੰਢਣਾ ਹੈ, ਅਰਥਾਤ ਆਪਣੇ ਆਪ ਪਦਾਂ ਦਾ ਜੋੜਨਾ ਹੈ। ਅਤੇ ਲਿਖਣਾ ਪੜ੍ਹਣਾ ਹੈ ਇਹ ਸਭ ਕੁਝ ਭਾਰੁ=ਬੋਝ ਰੂਪ ਹੈ।

ਸਾਖੀ-ਚਾਰ ਜੁਲਾਹਿਆਂ ਦੀ

ਇਕ "ਸਿਕੰਦਰ ਨਾਮੀ ਬਾਦਸ਼ਾਹ" ਹੋਇਆ ਹੈ, ਜੋ ਕਵੀਆਂ ਲੋਕਾਂ ਦੇ ਪਾਸੋਂ ਸੁੰਦਰ ਕਵਿਤਾ ਸੁਣ ਕੇ ਇਨਾਮ ਵਜੋਂ ਇਕ ਸੋਨੇ ਦਾ ਟਕਾ ਦੇਂਦਾ ਹੁੰਦਾ ਸੀ। ਇਕ ਸਮੇਂ ਦਾ ਜ਼ਿਕਰ ਹੈ ਵਰਖਾ ਦੇ ਬਹੁਤ ਹੋਣ ਕਰਕੇ ਜੁਲਾਹਿਆਂ ਦੀਆਂ ਖੱਡੀਆਂ ਜਲ ਨਾਲ ਭਰ ਗਈਆਂ। ਬਹੁਤੇਰਾ ਜਲ ਕੱਢਣ ਪਰ ਫੇਰ ਭਰ ਜਾਣ, ਕਾਰੋਬਾਰ ਬੰਦ ਹੋ ਜਾਣ ਕਰਕੇ ਘਰ ਵਿਚ ਵੇਹਲੇ ਬੈਠੇ ਖਾਂਦਿਆਂ ਖਾਂਦਿਆਂ ਸਭ ਕੁਝ ਮੁਕਾ ਬੈਠੇ। ਜਦ ਭੁੱਖ ਨੇ ਬਹੁਤ ਸਾਰਾ ਸਤਾਇਆ ਤੇ ਘਰ 'ਚੋਂ ਕੁਝ ਖਾਣ ਨੂੰ ਨਾ ਮਿਲਿਆ ਤਾਂ ਚਾਰ ਜੁਲਾਹੇ ਇਕੱਠੇ ਹੋ ਕੇ ਬਾਹਰ ਤੁਰ ਪਏ। ਰਸਤੇ ਵਿਚ ਜਾਂਦਿਆਂ ਜਾਂਦਿਆਂ ਇਨ੍ਹਾਂ ਨੇ ਕਿਸੇ ਪਾਸੋਂ ਇਹ ਗੱਲ ਸੁਣੀ, ਕਿ ਜੋ ਭੀ ਆਦਮੀ "ਸਿਕੰਦਰ ਬਾਦਸ਼ਾਹ" ਨੂੰ ਜਾ ਕੇ ਕਵਿਤਾ ਸੁਣਾਂਵਦਾ ਹੈ। ਉਸ ਨੂੰ ਇਕ ਸੋਨੇ ਦਾ ਟਕਾ ਇਨਾਮ ਮਿਲਦਾ ਹੈ, ਤਾਂ ਬਹੁਤ ਖੁਸ਼ ਹੋਇ ਆਪੋ ਵਿਚ ਆਖਦੇ ਹਨ ਕਿ ਠਹਿਰ ਜਾਉ ਤੇ ਇਕ ਕਵਿਤਾ ਬਣਾ ਲਈਏ। ਇਕ ਬੜੇ ਭਾਰੀ ਬੋਹੜ ਦੇ ਬ੍ਰਿੱਛ ਪਾਸ ਖਲੋ ਕੇ ਇਕ ਜੁਲਾਹੇ ਨੇ ਕਿਹਾ-ਸਭ ਬ੍ਰਿਛਨ ਮੈਂ ਬੁਜਗਰ ਬਰ। ਦੂਜੇ ਨੇ ਕਿਹਾ-ਹਰੂਏ ਹਰੂਏ ਪਤੂਏ, ਲਾਲ ਲਾਲ ਫਰ। ਤੀਜੇ ਨੇ ਕਿਹਾ-ਸੀਸ ਅਕਾਸ਼ ਪਤਾਲ ਹੈ ਜੜ। ਚੌਥੇ ਨੇ ਕਿਹਾ-ਸਾਹ ਸਿਕੰਦਰ ਖਰ ਪਤ ਖਰ।

ਇਹ ਕਵਿਤਾ ਬਣਾ ਕੇ ਟੁਰ ਪਏ, ਜਦ ਸ਼ਾਹੀ ਦਰਵਾਜ਼ੇ ਤੇ ਪਹੁੰਚੇ ਤਾਂ ਅੱਗੋਂ ਵਜ਼ੀਰ ਮਿਲ ਪਿਆ। ਵਜ਼ੀਰ ਨੇ ਇਹਨਾਂ ਪਾਵਲੀਆਂ ਦੀਆਂ ਸ਼ਕਲਾਂ ਦੇਖ ਕੇ ਪੁੱਛਿਆ ਕਿ ਤੁਸੀਂ ਕਿੱਥੇ ਚਲੇ ਹੋ, ਅੱਗੋਂ ਜੁਲਾਹਿਆਂ ਨੇ ਕਿਹਾ-ਅਸੀਂ ਬਾਦਸ਼ਾਹ ਨੂੰ ਕਵਿਤਾ ਸੁਨਾਉਣ ਵਾਸਤੇ ਚਲੇ ਹਾਂ। ਵਜ਼ੀਰ ਨੇ ਸੋਚਿਆ ਇਹ ਤਾਂ ਮੂਰਖ ਜੇਹੇ ਆਦਮੀ ਮਾਲੂਮ ਹੁੰਦੇ ਹਨ, ਇਨ੍ਹਾਂ ਨੇ ਭਲਾ ਕੀ ਕਵਿਤਾ ਸੁਣਾਉਣੀ ਹੈ। ਉਸ ਵੇਲੇ ਵਜ਼ੀਰ ਨੇ ਕਿਹਾ ਪਹਿਲੇ ਕਵਿਤਾ ਮੈਨੂੰ ਸੁਣਾਉ ਤਾਂ ਜੁਲਾਹਿਆਂ ਨੇ ਆਪੋ ਆਪਣਾ ਪਦ ਸੁਣਾ ਦਿੱਤਾ-ਜਦ ਚੌਥੇ ਜੁਲਾਹੇ ਦਾ ਪਦ ਸੁਣਿਆ ਤਾਂ ਵਜ਼ੀਰ ਨੇ ਚਿੱਤ ਵਿਚ ਸੋਚਿਆ ਕਿ ਇਹ ਚੌਥਾ ਪਦ ਸੁਣ ਕੇ ਬਾਦਸ਼ਾਹ ਗੁੱਸੇ ਵਿਚ ਆ ਕੇ ਇਨ੍ਹਾਂ ਨੂੰ ਸਜ਼ਾ ਦੇਵੇਗਾ।

ਉਸ ਵੇਲੇ ਵਜ਼ੀਰ ਨੇ ਰਹਿਮ ਕਰਕੇ ਕਿਹਾ ਕਿ ਤੁਹਾਡੀ ਕਵਿਤਾ ਦਾ ਚੌਥਾ ਪਾਦ ਠੀਕ ਨਹੀਂ ਹੈ-ਚੌਥਾ ਪਾਦ ਇਹ ਸੁਣਾਉਣਾ ਕਿ-ਸ਼ਾਹ ਸਿਕੰਦਰ ਨਰਪਤ ਨਰ। ਜੁਲਾਹਿਆਂ ਨੇ ਵਜ਼ੀਰ ਦਾ ਕਹਿਣਾ ਮੰਨ ਕੇ ਬਾਦਸ਼ਾਹ ਦੇ ਪਾਸ ਜਾ ਕੇ ਆਪਣੀ ਕਵਿਤਾ ਸੁਣਾਈ। ਬਾਦਸ਼ਾਹ ਲੋਕ (ਈਸ਼ੂਰ ਅੰਸ ਹੋਣ ਕਰਕੇ) ਬੜੇ ਸਿਆਣੇ ਹੁੰਦੇ ਹਨ। ਉਸ ਨੇ ਵਿਚਾਰ ਕੇ ਜੁਲਾਹਿਆਂ ਨੂੰ ਕਿਹਾ ਕਿ ਕਵਿਤਾ ਦਾ ਚੌਥਾ ਪਾਦ ਤੁਹਾਡਾ ਆਪਣਾ ਨਹੀਂ ਬਣਾਇਆ ਹੋਇਆ। ਤਾਂ ਅੱਗੋਂ ਜੁਲਾਹਿਆਂ ਨੇ ਕਿਹਾ ਅਸੀਂ ਤਾਂ ਠੀਕ ਬਣਾਇਆ ਸੀ ਤੁਹਾਡੇ ਵਜ਼ੀਰ ਨੇ ਇਹ ਦਸ ਦਿੱਤਾ ਹੈ। ਅਸੀਂ ਤਾਂ ਇਹ ਬਣਾਇਆ ਸੀ ਕਿ-ਸ਼ਾਹ ਸਿਕੰਦਰ ਖਲਪਤ ਖਰ। ਸਿਕੰਦਰ

ਬਾਦਸ਼ਾਹ ਸੁਣਕੇ ਬਹੁਤ ਪ੍ਰਸੰਨ ਹੋਇਆ ਤੇ ਉਹਨਾਂ ਪਾਵਲੀਆਂ ਨੂੰ ਭੀ ਇਨਾਮ ਦੇ ਦਿੱਤਾ।

ਲੋਕ ਇਸ ਤਰ੍ਹਾਂ ਦੇ ਪ੍ਰਸੰਗਾਂ, ਟਪਿਆਂ ਨੂੰ ਸੁਣ ਸੁਣ ਕੇ ਗੰਢ ਲੈਂਦੇ ਹਨ।

ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥

ਪਦਾਰਥਾਂ ਦੀ ਤ੍ਰਿਸ਼ਨਾਂ ਅਹਿ+ਨਿਸਿ=ਦਿਨ ਰਾਤ ਅਗਲੀ=ਬਹੁਤੀ ਹੁੰਦੀ ਜਾਂਦੀ ਹੈ ਅਤੇ ਹਉਮੈ ਰੂਪ ਰੋਗ ਕਰਕੇ ਕਈ ਤਰ੍ਹਾਂ ਦੇ ਵਿਕਾਰ ਵੀ ਵਧਦੇ ਜਾਂਦੇ ਹਨ।

ਉਹ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ* ਸਾਰੁ ॥ ੨ ॥

ਉਹ ਪ੍ਰਭੂ ਬੇਪ੍ਰਵਾਹ ਤੇ ਅਤੋਲਵਾ=ਤੋਲਨ ਤੋਂ ਰਹਿਤ ਹੈ, ਉਸ ਦੀ ਪ੍ਰਾਪਤੀ ਦੀ ਸਾਰੁ=ਖਬਰ ਗੁਰਮਤੀਆਂ (ਕੀ+ਮਤਿ) ਦੀ ਸਿੱਖਿਆ ਕਰਕੇ ਹੁੰਦੀ ਹੈ॥ ੨ ॥

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥

ਜੇਕਰ ਲੱਖਾਂ ਤਰ੍ਹਾਂ ਦੀਆਂ ਸਿਆਣਪਾਂ ਭੀ ਪ੍ਰਾਪਤ ਕਰ ਲਈਏ, ਅਤੇ ਲੱਖਾਂ ਹੀ ਪੁਰਸ਼ਾਂ ਨਾਲ ਮਿਲਾਪ ਕਰਕੇ ਪ੍ਰੀਤੀ ਵਧਾ ਲਈਏ। ਤਾਂ ਭੀ:-

ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥

ਸੰਤਾਂ ਦੀ ਸਤਿਸੰਗਤ ਕੀਤੇ ਤੋਂ ਬਿਨਾਂ ਇਹ ਮਨ ਰੱਜਦਾ ਨਹੀਂ ਹੈ ਅਤੇ ਨਾਮ ਸਿਮਰਨ ਤੋਂ ਬਿਨਾਂ ਜਨਮ ਮਰਨ ਦਾ ਦੁਖ ਸੰ+ਤਾਪੁ=ਭਲੀ ਪ੍ਰਕਾਰ ਤਪਾਂਵਦਾ ਹੈ।

ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥ ੩ ॥

ਹੇ ਜੀਅਰੇ=ਜੀਵ ! ਗੁਰਾਂ ਦਵਾਰੇ ਹਰੀ ਨਾਮ ਨੂੰ ਜਪਕੇ ਆਪਣੇ ਸਰੂਪ ਨੂੰ ਜਾਨਣਾ ਕਰ। ਤਾਂ ਤੇਰਾ ਦੁੱਖਾਂ ਤੋਂ ਛੁਟਕਾਰਾ ਹੋਵੇਗਾ॥ ੩ ॥

ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥

ਜਿਨ੍ਹਾਂ ਨੇ ਆਪਣਾ ਤਨ ਮਨ ਪੂਰਨ ਗੁਰਾਂ ਪਾਸ ਵੇਚਿਆ ਹੈ, ਉਨ੍ਹਾਂ ਮਹਾਂ ਪੁਰਸ਼ਾਂ ਦੇ ਅੱਗੇ ਮੈਨੇ ਭੀ ਆਪਣੇ ਸਿਰ ਦੇ ਨਾਲ ਮਨ ਅਰਪਨ ਕਰ ਦਿੱਤਾ ਹੈ।

*ਅਥਵਾ:-*ਮੈਨੇ ਆਪਣਾ ਤਨ ਮਨ ਗੁਰਾਂ ਪਾਸ ਵੇਚਿਆ ਹੈ, ਪਰ ਤਨ ਮਨ ਦੇ ਨਾਲ ਹੀ ਸਿਰੁ ਦੀਆ=ਹੰਕਾਰ ਨੂੰ ਅਰਪਨ ਕਰ ਦਿੱਤਾ ਹੈ।

(ਅਰਥਾਤ ਗੁਰਾਂ ਨੂੰ ਤਨ ਮਨ ਦੇ ਕੇ ਇਸ ਗੱਲ ਦਾ ਹੰਕਾਰ ਭੀ ਨਹੀਂ ਕੀਤਾ ਕਿ ਮੈਨੇ ਗੁਰਾਂ ਨੂੰ ਤਨ ਮਨ ਦਿੱਤਾ ਹੈ)।

ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥

ਖੋਜੀ ਹੋ ਕੇ ਆਪਣੇ ਆਪ ਤਿੰਨਾਂ ਲੋਕਾਂ ਵਿਚ ਉਸਨੂੰ ਢੂੰਢਿਆ ਸੀ ਪਰ ਨਾ ਮਿਲਿਆ, ਜਦ ਗੁਰਾਂ ਦੁਆਰੇ ਖੋਜਿਆ ਤਾਂ ਉਸ ਪ੍ਰਮਾਤਮਾ ਨੂੰ ਵੇਖਕੇ ਨਿਹਾਲ ਹੋ ਗਏ।

**(ਸੰਪ੍ਰਦਾਈ ਪਾਠ ਗੁਰਮਤਿ ਕੀ 'ਮਤਿ' ਸਾਰੁ ਹੈ)*

ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥ ੪॥ ੧੭॥

ਉਹ ਪ੍ਰਭੂ ਪ੍ਰਮਾਤਮਾ ਹੈਗਾ ਤਾਂ ਨਾਲ ਸੀ, ਪਰ ਸਤਿਗੁਰਾਂ ਨੇ ਉਸ ਦੇ ਮੇਲ ਨਾਲ ਮਿਲਾਵਣਾ ਕੀਤਾ ਹੈ। ਅਰਥਾਤ ਗੁਰਾਂ ਨੇ ਪ੍ਰਾਪਤੀ ਦੀ ਪ੍ਰਾਪਤੀ ਕਰਾ ਦਿੱਤੀ ਹੈ॥ ੪॥ ੧੭॥

ਸਿਰੀਰਾਗੁ ਮਹਲਾ ੧॥

ਗੁਰੂ ਸਾਹਿਬ ਜੀ ਇਸ ਸਬਦ ਦੁਆਰਾ ਗੁਰਮੁਖਾਂ ਦੀ ਬਿਵਸਥਾ ਸ੍ਰਵਣ ਕਰਾਉਂਦੇ ਹਨ।

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ॥

ਗੁਰਮੁਖਾਂ ਨੂੰ ਨਾ ਮਰਨ ਦੀ ਚਿੰਤਾ ਹੈ, ਅਤੇ ਨਾਹੀ ਜਿਉਣੇ ਦੀ ਆਸਾ ਹੈ, ਆਪਣੇ ਨਿਸਚੇ ਮੁਤਾਬਕ ਇਸ ਤਰ੍ਹਾਂ ਆਖਦੇ ਹਨ-

ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ॥

ਹੇ ਪ੍ਰਭੂ ! ਤੂੰ ਆਪ ਹੀ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਦਾ ਹੈਂ (ਇਸ ਲੀਏ ਕੋਈ ਭੁੱਖਾ ਨਹੀਂ ਮਰ ਸਕਦਾ) ਬਾਹਰ ਸ੍ਵਾਸ ਨਿਕ੍ਲਣੇ ਤੇ ਗਿਰਾਸ=ਅੰਦਰ ਸ੍ਵਾਸ ਜਾਣੇ ਇਹ ਸਭ ਤੇਰੇ ਲੇਖੇ=ਹਿਸਾਬ ਅੰਦਰ ਹੈ।

ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ॥ ੧॥

ਗੁਰਮੁਖਾਂ ਦੇ ਹਿਰਦੇ ਅੰਦਰ ਤੂਹੀਂ ਵਸ ਰਿਹਾ ਹੈਂ, ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਆਪ ਨਿਰਜਾਸਿ=ਨਿਰਣਾ ਕਰਦੇ ਹੋ॥ ੧॥

ਜੀਅਰੇ ਰਾਮ ਜਪਤ ਮਨੁ ਮਾਨੁ॥

ਹੇ ਜੀਵ ! ਗੁਰਾਂ ਦੇ ਮਨੁ=ਮੰਤਰ ਨੂੰ ਮੰਨ ਕੇ ਰਾਮ ਨਾਮ ਜਪਨਾ ਕਰ।

[ਪੰਨਾ ੨੧]

ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ॥ ੧॥ ਰਹਾਉ॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਗਿਆਨ ਰੂਪ ਜਲ ਪਾਇਆ ਹੈ। ਉਸ ਦੇ ਅੰਦਰ ਤ੍ਰਿਸ਼ਨਾਂ ਰੂਪੀ ਅੱਗ ਦੀ ਜੋ, ਜਲਿ=ਜਲੱਨਤਾ ਲਗ ਰਹੀ ਸੀ ਉਹ ਬੁਝ ਗਈ॥ ੧॥ ਰਹਾਉ॥

ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ॥

ਸੰਕ=ਸੰਸਿਆਂ ਦੇ ਨਵਿਰਤ ਕਰਨ ਵਾਲੇ ਜੋ ਗੁਰੂ ਜੀ ਹਨ ਉਨ੍ਹਾਂ ਨੂੰ ਸ਼ੰਕਾ ਉਤਾਰਕੇ ਮਿਲੀਏ। ਤਾਂਹੀ ਅੰਤਰ ਕੀ ਗਤਿ=ਅੰਤਰੇ ਭੇਦ ਦੀ ਨਵਿਰਤੀ ਜਾਣੀ ਜਾਂਦੀ ਹੈ।

ਅਥਵਾ:-ਅੰਤਰ=ਅੰਤਹਕਰਨ ਦੇ ਅੰਦਰ ਜੋ ਪ੍ਰਮਾਤਮਾ ਹੈ ਉਸ ਦੀ ਗਤਿ=ਪ੍ਰਾਪਤੀ ਤਾਂ ਜਾਣੀਦੀ ਹੈ। ਜਦੀ ਸ਼ੰਕਾ ਉਤਾਰਕੇ ਗੁਰਾਂ ਨੂੰ ਮਿਲੀਏ। ਦਿਲ ਵਿਚ ਕੋਈ ਭੀ ਗੱਲ ਹੋਵੇ ਸਭ ਗੁਰਾਂ ਨੂੰ ਦੱਸ ਦੇਵੇ ਗੁਰਾਂ ਪਾਸੋਂ ਕੋਈ ਲੁਕਾ ਨਾ ਕਰੇ। ਜਿਵੇਂ ਸ੍ਰੀ ਰਾਮ ਚੰਦ੍ਰ ਜੀ ਨੇ ਆਪਣੇ ਗੁਰਾਂ ਪਾਸੋਂ ਕੋਈ ਲੁਕਾ ਨਹੀਂ ਰੱਖਿਆ।

ਸਾਖੀ-ਸ੍ਰੀ ਰਾਮਚੰਦ੍ਰ ਜੀ ਦੀ

ਇਕ ਸਮੇਂ ਸੁਆਮੀ 'ਵਿਸ਼ਵਮਿਤ੍ਰ' ਜੀ ਸ੍ਰੀ ਰਾਮਚੰਦ੍ਰ ਜੀ ਨੂੰ ਧਨੁੱਖ ਤੋੜਨ ਵਾਸਤੇ ਮਿਥਲਾ ਪੁਰੀ ਵਿਖੇ ਲੈ ਗਏ। ਕਿਉਂਕਿ ਰਾਜੇ ਜਨਕ ਜੀ ਨੇ ਪ੍ਰਣ ਕਰਕੇ ਸਭ ਰਾਜਿਆਂ ਵੱਲ ਪੱਤ੍ਰਕਾ ਭੇਜੀਆਂ ਹੋਈਆਂ ਸਨ। ਕਿ ਫਲਾਣੇ ਦਿਨ ਮਿਥਲਾ ਪੁਰੀ ਵਿਚ ਪਹੁੰਚ ਕੇ ਜੋ ਧਨੁੱਖ ਤੋੜੇਗਾ ਉਹ ਮੇਰੀ ਪੁਤ੍ਰੀ ''ਸੀਤਾ'' ਨੂੰ ਵਿਵਾਹ ਕੇ ਲਿਜਾਏਗਾ।

ਸੱਦੇ ਪੱਤ੍ਰ ਅਨੁਸਾਰ ਬੜੇ ਬੜੇ ਬਲੀ ਰਾਜ ਪੁੱਤ੍ਰ ਮਿਥਲਾ ਪੁਰੀ ਵਿਖੇ ਪਹੁੰਚ ਗਏ, ਇਧਰੋਂ ਸ੍ਰੀ ਰਾਮਚੰਦ੍ਰ ਜੀ ਭੀ ਪਹੁੰਚ ਗਏ। ਰਾਜਪੁਤ੍ਰੀ ਸੀਤਾ ਨਿਯਮ ਅਨੁਸਾਰ ਸਖੀਆਂ ਨੂੰ ਨਾਲ ਲੈ ਕੇ ਰੋਜ਼ਨਾ ਬਾਗ ਵਿਚ ਸੈਰ ਕਰਨ ਜਾਂਦੀ ਸੀ। ਜਦੋਂ ਦੇ ਸ੍ਰੀ ਰਾਮਚੰਦ੍ਰ ਜੀ ਮਿਥਲਾ ਪੁਰੀ ਵਿਚ ਪਹੁੰਚੇ ਹਨ, ਇਹ ਭੀ ਰੋਜ਼ ਸੈਰ ਕਰਨ ਜਾਂਦੇ ਸਨ।

ਇਕ ਦਿਨ ਦਾ ਜ਼ਿਕਰ ਹੈ ਜਦ ਸੀਤਾ ਰਾਣੀ ਸਖੀਆਂ ਦੇ ਨਾਲ ਬਾਗ ਵਿਚ ਟਹਿਲ ਰਹੀ ਸੀ। ਇਸ ਦੇ ਪੈਰਾਂ ਵਿਚ ਨੂਪਰ ਪਾਏ ਹੋਇ ਸਨ। ਨੂਪਰਾਂ ਦੇ ਖੜਕਾਅ ਨੂੰ ਸੁਣਕੇ ਸ੍ਰੀ ਰਾਮ ਚੰਦ੍ਰ ਜੀ ਨੇ ਲਛਮਣ ਨੂੰ ਕਿਹਾ, ਭਰਾ ਜੀ ! ਇਹ ਨੂਪਰਾਂ ਦੀ ਧੁਨਿ ਨਹੀਂ ਇਹ ਤਾਂ ਕਾਮਦੇਵ ਦਾ ਧੌਂਸਾ ਖੜਕ ਰਿਹਾ ਹੈ।

ਫਿਰ ਰਾਮਚੰਦ੍ਰ ਜੀ ਨੇ ਸੈਰ ਤੋਂ ਵਾਪਸ ਹਟਕੇ ਆਪਣੇ ਸ਼ਸਤ੍ਰ ਵਿੱਦਿਆ ਦਾਤੇ ''ਗੁਰੂ ਵਿਸ਼ਵਾਮਿਤ੍ਰ'' ਜੀ ਨੂੰ ਸਪੱਸ਼ਟ ਕਹਿ ਦਿੱਤਾ। ਕਿ ਇਕ ਰਾਜ ਪੁੱਤ੍ਰੀ ਬਾਗ ਵਿਖੇ ਸੈਰ ਕਰ ਰਹੀ ਸੀ ਉਸ ਦੇ ਪੈਰਾਂ ਵਿਚ ਨੂਪਰ ਪਾਏ ਹੋਇ ਸਨ। ਉਨ੍ਹਾਂ ਦੇ ਖੜਕਾਅ ਨੂੰ ਸੁਣ ਕੇ ਮੇਰਾ ਮਨ ਉਸ ਉੱਪਰ ਮੋਹਤ ਹੋ ਗਿਆ ਹੈ।

ਅੱਗੋਂ ਵਿਸ਼ਵਾਮਿਤ੍ਰ ਜੀ ਨੇ ਕਿਹਾ-ਹੇ ਪ੍ਰਿਯ ਦਰਸੀ ਕੋਈ ਗੱਲ ਨਹੀਂ ਫਿਕਰ ਨਾ ਕਰ ਇਸੇ ਰਾਜ ਪੁਤ੍ਰੀ ਨਾਲ ਹੀ ਤੇਰਾ ਸੁਯੰਬਰ ਰਚਿਆ ਜਾਣਾ ਹੈ। ਕਿਉਂਕਿ ਇਸ ਦੇ ਪਿਤਾ ਨੇ ਜੋ ਪ੍ਰਣ ਕੀਤਾ ਹੋਇਆ ਹੈ ਕਿ ਜਿਹੜਾ ਰਾਜ ਪੁੱਤ੍ਰ ਧਨੁੱਖ ਉਠਾਏਗਾ। ਉਸੇ ਨਾਲ ਮੈਂ ਆਪਣੇ ਪੁਤ੍ਰੀ ਵਿਆਹਵਾਂਗਾ। ਉਸ ਧਨੁੱਖ ਨੂੰ ਤੈਨੇ ਹੀ ਉਠਾਣਾ ਹੈ ਹੋਰ ਕਿਸੇ ਰਾਜ ਪੁੱਤ੍ਰ ਪਾਸੋਂ ਉਠਾਇਆ ਹੀ ਨਹੀਂ ਜਾਣਾ।

ਲਿਖਿਆ ਹੈ ਇਹ ਧਨੁੱਖ ਸੈਂਕੜਿਆਂ ਆਦਮੀਆਂ ਨੇ ਇਕੱਠਿਆਂ ਹੋ ਕੇ ਇਸ ਜਗ੍ਹਾਂ ਉੱਪਰ ਰੱਖਿਆ ਸੀ। ਪਰ ਸੀਤਾ ਰਾਣੀ ਨੇ ਘਰ ਵਿਖੇ ਝਾੜੂ ਫੇਰਦਿਆਂ ਫੇਰਦਿਆਂ ਇਹ ਧਨੁੱਖ ਚੁੱਕ ਕੇ ਹੇਠਾਂ ਝਾੜੂ ਫੇਰਕੇ ਫੇਰ ਉਸੇ ਤਰ੍ਹਾਂ ਰੱਖ ਦਿੱਤਾ।

ਇਹ ਕੰਮ ਵੇਖ ਕੇ ਰਾਜਾ ਜਨਕ ਆਪਣੀ ਪੁੱਤ੍ਰੀ ਤੇ ਬੜਾ ਪ੍ਰਸੰਨ ਹੋਇਆ ਤੇ ਸਮਝਿਆ ਇਹ ਤਾਂ ਬਹੁਤ ਹੀ ਬਲਵਾਨ ਹੈ। ਉਸ ਵੇਲੇ ਰਾਜਾ ਜਨਕ ਨੇ ਪ੍ਰਣ ਕਰਕੇ ਕਿਹਾ, ਹੇ ਪੁੱਤ੍ਰੀ ਜੇ ਕੋਈ ਏਡਾ ਬਲੀ ਮਿਲੇਗਾ, (ਅਰਥਾਤ ਤੇਰੇ ਵਾਂਗੂੰ ਧਨੁੱਖ ਉਠਾਏਗਾ) ਤਦ ਉਸ ਨਾਲ ਤੇਰਾ ਵਿਆਹ ਕਰਾਂਗਾ। ਇਸੇ ਗੱਲ ਨੂੰ ਮੁੱਖ ਰੱਖਕੇ ਸੱਦਾ ਪੱਤ੍ਰ ਭੇਜਕੇ ਸਭ ਰਾਜ ਲੜਕਿਆਂ ਨੂੰ ਬੁਲਾਇਆ। ਨਿਯਤ ਕੀਤੇ ਹੋਇ ਦਿਨ ਉੱਪਰ ਸਭਨਾਂ ਨੇ ਆ ਕੇ ਧਨੁੱਖ ਉਠਾਇਆ ਪਰ ਕਿਸੇ ਪਾਸੋਂ ਵੀ ਨਾ ਚੁਕਿਆ ਗਿਆ। ਜਦ ਸ੍ਰੀ ਰਾਮਚੰਦ੍ਰ ਜੀ ਆਏ ਤਾਂ ਇਨ੍ਹਾ ਨੇ ਝੱਟ ਧਨੁੱਖ ਉਠਾ ਲਿਆ। ਉਸ ਵੇਲੇ ਸੀਤਾ ਰਾਣੀ ਨੇ ਜੈ ਮਾਲਾ ਸ੍ਰੀ ਰਾਮਚੰਦ੍ਰ ਜੀ ਦੇ ਗਲ ਪਾ ਦਿੱਤੀ।

ਪਰ ਇਸ ਸਾਖੀ 'ਚੋਂ ਮੁੱਖ ਭਾਵ ਇਹੋ ਸਮਝਣਾ ਕਿ ਜਦ ਰਾਮਚੰਦ੍ਰ ਜੀ ਦਾ ਆਪਣਾ ਮਨ ਚਲਾਇਮਾਨ ਹੋਇਆ। ਤਾਂ ਗੁਰਾਂ ਪਾਸੋਂ ਕੋਈ ਲੁਕਾ ਨਹੀਂ ਰੱਖਿਆ, ਝੱਟ ਆ ਕੇ ਸਾਰੀ ਗੱਲ ਦੱਸ ਦਿੱਤੀ। ਤਿਵੇਂ ਜਗਿਆਸੂ ਨੂੰ ਭੀ ਆਪਣੇ ਗੁਰਾਂ ਪਾਸੋਂ ਕਿਸੇ ਗੱਲ ਦਾ ਲੁਕਾਅ ਨਹੀਂ ਰੱਖਣਾ ਚਾਹੀਦਾ।

ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ॥

ਮਰ ਕਰਕੇ (ਕਰਮਾਂ ਦਾ ਫਲ ਭੋਗਣ ਲਈ) ਜਿਸ ਜਮ ਘਰ ਵਿਚ ਜਾਣਾ ਹੈ ਤਿਸ ਮਰੁ=ਮੌਤ ਭਾਵ ਜਮ ਨੂੰ ਜੀਂਵਦਿਆਂ ਜੀਂਵਦਿਆਂ ਨਾਮ ਜਪਕੇ ਮਾਰਨਾ ਕਰ।

ਅਥਵਾ:-ਮਰ ਕਰਕੇ (ਵਿਸ਼ੇਸ਼ ਮੁਕਤੀ ਕਾਲ ਮੇ) ਜਿਸ ਸਰੂਪ ਘਰ ਵਿਖੇ ਜਾਣਾ ਹੈ। ਤਿਸ ਘਰ ਨੂੰ ਜੀਵਦਿਆ ਮਰੁ ਮਾਰਿ=ਨਿਸਚੇ ਕਰਕੇ ਪ੍ਰਾਪਤ ਹੋ।

ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥ ੨॥

ਅਨ+ਹਦ=ਹੱਦ ਤੋਂ ਰਹਿਤ ਜੋ ਸਬਦਿ=ਬ੍ਰਹਮ ਹੈ ਸੁਹਾਵਣੇ=ਸੋਭਨੀਕ, ਉਹ ਗੁਰਾਂ ਦੇ ਵਿਚਾਰ ਦੁਆਰਾ ਪ੍ਰਾਪਤ ਹੁੰਦਾ ਹੈ॥ ੨॥

ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥

ਜਿਸ ਅੰਤਹਕਰਨ ਵਿਖੇ ਅਨਹਦ=ਇਕ ਰਸ ਗੁਰਾਂ ਦੀ ਉਪਦੇਸ਼ ਬਾਣੀ ਪ੍ਰਾਪਤ ਹੁੰਦੀ ਹੈ ਤਹ=ਤਿਸ ਅੰਤਹਕਰਨ 'ਚੋਂ ਹੰਗਤਾ ਮਮਤਾ ਦਾ ਬਿਨਾਸੁ=ਨਾਸ ਹੋ ਜਾਂਦਾ ਹੈ।

ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ॥

ਜੋ ਉੱਤਮ ਜਗਿਆਸੂ ਆਪਣਿਆਂ ਸਤਿਗੁਰਾਂ ਦੀ ਸੇਵਾ ਕਰਦਾ ਹੈ, ਮੈਂ ਤਾਸੁ=ਤਿਸ ਉੱਪਰੋਂ ਸਦਾ ਬਲਹਾਰਿ ਕੁਰਬਾਣ ਜਾਂਦਾ ਹਾਂ।

ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ॥ ੩॥

ਜਿਸ ਦੇ ਮੂੰਹ ਵਿਚ ਹਰੀ ਨਾਮ ਦਾ ਨਿਵਾਸ ਹੈ, ਉਸਨੂੰ ਦਰਗਾਹ ਵਿਚ ਖੜਿ=ਲਿਜਾ ਕੇ ਜਸ ਰੂਪ ਪੁਸ਼ਾਕ ਪਹਿਨਾਈ ਜਾਂਦੀ ਹੈ॥ ੩॥

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ॥

ਸਿਵ=ਕਲਿਆਣ ਰੂਪ ਪ੍ਰਮਾਤਮਾ ਤੇ ਸਕਤੀ=ਮਾਇਆ ਦਾ ਮੇਲ ਰੂਪ ਜੋ ਸੰਸਾਰ ਹੈ ਇਸ ਸੰਸਾਰ ਵਿਚ ਜਿੱਥੇ ਭੀ ਵੇਖਦੇ ਹਾਂ ਤਹਾਂ ਹੀ ਪ੍ਰਭੂ ਰਵਿ ਰਹੇ=ਮਿਲ ਰਹੇ ਹਨ।

ਅਥਵਾ:-ਜਿੱਥੇ ਭੀ ਦੇਖਦੇ ਹਾਂ ਤਹਾਂ ਸ਼ਿਵ ਸ਼ਕਤੀ ਕਾ ਮੇਲ ਹੀ ਰਵ ਰਿਹਾ ਹੈ,

(ਅਸਤੀ ਭਾਂਤੀਂ ਪ੍ਰੇਯ ਰੂਪ ਪ੍ਰਭੂ, ਤੇ ਨਾਮ ਰੂਪ ਮਾਇਆ)

ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ॥

ਤ੍ਰਿਗੁਣ ਆਤਮਕ ਮਾਇਆ ਨੇ ਹੀ ਇਹ ਦੇਹ ਬੰਧੀ=ਬਨਾਈ ਹੈ, ਜਗਤ ਵਿਖੇ ਜੋ ਭੀ ਆਇਆ ਹੈ ਉਸਨੇ ਖੇਲੁ ਜਾਣਾ, ਅਰਥਾਤ ਤੁਰ ਜਾਣਾ ਹੈ।

ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ॥ ੪॥

ਜੋ ਗੁਰਾਂ ਦੇ ਵਿਜੋਗੀ ਹਨ ਭਾਵ ਗੁਰਾਂ ਨਾਲ ਮਿਲਾਪ ਨਹੀਂ ਰੱਖਦੇ ਉਹ ਪ੍ਰਭੂ ਤੋਂ ਵਿੱਛੜ ਕੇ ਦੁਖੀ ਹੁੰਦੇ ਹਨ। ਉਹ ਮਨਮੁਖ ਕਦੇ ਭੀ ਪ੍ਰਮਾਤਮਾ ਨਾਲ ਮੇਲ ਨਹੀਂ ਲੈਂਦੇ।

ਅਥਵਾ:-ਜੋ ਗੁਰਮੁਖ ਸੰਬੰਧੀ ਵਾ ਪਦਾਰਥਾਂ ਦੇ ਵਿਜੋਗੀ ਹੋਇ ਹਨ ਉਨ੍ਹਾਂ ਦੇ ਦੁਖ ਵਿੱਛੜ ਗਏ ਹਨ, ਉਹ ਫਿਰ ਮਨਮੁਖਤਾ ਨਾਲ ਮੇਲ ਨਹੀਂ ਲੈਂਦੇ॥ ੪॥

ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ॥

(ਬੈਰਾਗੀ ਚੰਚਲ ਹੁੰਦੇ ਹਨ ਇਸ ਕਰਕੇ ਏਥੇ ਭੀ ਬੈਰਾਗੀ ਦਾ ਅਰਥ ਚੰਚਲ ਕਰਨਾ)

ਬੈਰਾਗੀ=ਚੰਚਲ ਮਨ ਵੈਰਾਗਵਾਨ ਹੋ ਕੇ ਸਤਿਸੰਗਤ ਰੂਪ ਘਰ ਵਿਚ ਵਸ ਜਾਵੇ ਤਾਂ ਸੱਚੇ ਪ੍ਰਭੂ ਦੇ ਭੈ=ਡਰ ਵਿਖੇ ਤਦਾਕਾਰ ਹੁੰਦਾ ਹੈ।

ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ॥

ਉਹ ਗਿਆਨ ਦੁਆਰਾ ਬ੍ਰਹਮਾਨੰਦ ਰੂਪੀ ਮਹਾਂ ਰਸ ਨੂੰ ਭੋਗਦਾ ਹੈ।

ਉਸਨੂੰ ਬਾਹੁੜਿ=ਫਿਰ ਭੂਖ=ਤ੍ਰਿਸ਼ਨਾਂ ਨਹੀਂ ਹੁੰਦੀ।

ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ॥ ੫॥ ੧੮॥

ਗੁਰੂ ਜੀ ਕਥਨ ਕਰਦੇ ਹਨ-ਇਸ ਚੰਚਲ ਮਨ ਨੂੰ ਮਾਰ ਕੇ ਪ੍ਰਮਾਤਮਾ ਨਾਲ ਮਿਲਣਾ ਕਰ, ਭੀ=ਪੁਨਾ ਜਨਮ ਮਰਨ ਦੇ ਫਿਰਿ=ਫੇਰੇ ਦਾ ਅਰਥਾਤ ਚੱਕਰ ਦਾ ਦੁਖ ਨਹੀਂ ਹੋਵੇਗਾ॥ ੫॥ ੧੮॥

ਸਿਰੀਰਾਗੁ ਮਹਲਾ ੧॥

ਇਸ ਸ਼ਬਦ ਦੁਆਰਾ ਪਦਾਰਥਾਂ ਦੀ ਹੰਗਤਾ ਮਮਤਾ ਦਾ ਤਿਆਗ, ਅਤੇ ਸੇਵਨ ਯੋਗ ਵਸਤੂ ਦਾ ਅਭਿਆਸ ਦੱਸਦੇ ਹਨ।

ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋਭਾਨੁ॥

ਮੂਰਖ ਲੋਭੀ ਪੁਰਸ਼ਾਂ ਦਾ ਇਹ ਚੰਚਲ ਮਨ ਲੋਭਾਨੁ=ਪਦਾਰਥਾਂ ਦੇ ਲੋਭ ਵਿਖੇ ਲਗ ਰਿਹਾ ਹੈ।

ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥

ਜਿਸ ਤੇ ਸਾਕਤਾਂ ਦਾ ਮਨ ਗੁਰ ਸ਼ਬਦ ਵਿਖੇ ਭਿੱਜਦਾ ਨਹੀਂ ਹੈ, ਇਸ ਕਰਕੇ ਦੁਰਮਤਿ=ਖੋਟੀ ਬੁੱਧੀ ਵਾਲਿਆਂ ਦਾ ਸੰਸਾਰ ਵਿਚ ਆਉਣਾ ਜਾਣਾ ਹੋ ਰਿਹਾ ਹੈ।

ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥ ੧॥

ਜੇਕਰ ਸਾਧੂ=ਸ੍ਰੇਸ਼ਟ ਸਤਿਗੁਰ ਦੇਵ ਜੀ ਮਿਲ ਜਾਣ, ਤਾਂ ਸ਼ੁਭ ਗੁਣਾਂ ਦਾ ਖਜ਼ਾਨਾ ਪ੍ਰਭੂ ਪਾਈਦਾ ਹੈ॥ ੧॥

ਮਨ ਰੇ ਹਉਮੈ ਛੋਡਿ ਗੁਮਾਨੁ॥

ਹੇ ਪਿਆਰੇ ਗੁਰਮੁਖਾ ! ਪਦਾਰਥਾਂ ਦੀ ਹੰਗਤਾ ਮਮਤਾ, ਤੇ ਵਿੱਦਿਆ ਦੇ ਗੁਮਾਨੁ=ਹੰਕਾਰ ਨੂੰ ਛੱਡ ਦੇ।

ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥ ੧॥ ਰਹਾਉ॥

ਪਹਿਲਾ ਅਰਥ :-ਹਰੀ ਨੂੰ, ਗੁਰਾਂ ਨੂੰ, ਅਤੇ ਸਤਸੰਗ ਰੂਪ ਸਰੋਵਰ ਨੂੰ ਤੂੰ ਸਦਾ ਸੇਵਨਾ ਕਰ (ਅਰਥਾਤ ਇਨ੍ਹਾਂ ਸਾਰਿਆਂ ਦੀ ਸੇਵਾ ਕਰ) ਇਹ ਸਾਰੇ ਇਕ ਰੂਪ ਹਨ।

ਯਥਾ- ਭਗਤੀ ਭਗਤ ਭਗਵੰਤ ਗੁਰ ਚਤੁਰ ਨਾਮ.ਬਪ ਏਕ॥

ਇਨਕੇ ਪਦ ਬੰਦਨ ਕੀਏ ਨਾਸਤ ਬਿਘਨ ਅਨੇਕ॥

ਦੂਜਾ ਅਰਥ:- ਗੁਰਾਂ ਨੂੰ ਹਰੀ ਦੇ ਸਰਵਰੁ=ਸਦ੍ਰਸ ਜਾਣ ਕੇ ਸੇਵਨਾ ਕਰ।

ਤੀਜਾ ਅਰਥ:-ਸਤਸੰਗਤ ਰੂਪ ਸਰੋਵਰ ਵਿਚ ਰਹਿ ਕੇ ਗੁਰਾਂ ਦੁਆਰੇ ਹਰੀ ਨੂੰ ਸੇਵਨਾ ਕਰ ਤਾਂ ਤੂੰ ਪ੍ਰਲੋਕ ਦਰਗਾਹ ਵਿਖੇ ਮਾਨੁ=ਆਦਰ ਪ੍ਰਾਪਤ ਵੇਂਗਾ॥ ੧॥ ਰਹਾਉ॥

ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥

ਹੇ ਭਾਈ ! ਗੁਰਮੁਖਿ=ਗੁਰਾਂ ਦੁਆਰੇ ਦਿਨ ਰਾਤ ਰਾਮ ਨਾਮ ਜਪਣਾ ਕਰ, ਇਸ ਹਰੀ ਨਾਮ ਧਨ ਨੂੰ ਪ੍ਰਲੋਕ ਦਾ ਸੱਚਾ ਧਨ ਜਾਨਣਾ ਕਰ।

ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥

ਹਰੀ ਨਾਮ ਰਸ ਦੇ ਭੋਗਣੇ ਅੰਦਰ ਸਾਰੇ ਸੁਖ ਆ ਜਾਂਦੇ ਹਨ, ਪਰ ਇਹ ਗਿਆਨ ਸੰਤ ਸਭਾ ਵਿਚੋਂ ਮਿਲਦਾ ਹੈ।

ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥ ੨॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਹਰੀ ਨਾਮ ਦਾਨ ਦਿੱਤਾ ਹੈ, ਤਿਨ੍ਹਾਂ ਨੇ ਨਿਤਾਪ੍ਰਤੀ ਦਿਨ ਰਾਤ ਹਰੀ ਪ੍ਰਭੂ ਨੂੰ ਸੇਵਨਾ ਕੀਤਾ ਹੈ॥ ੨॥

ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥

ਜੋ ਕੂਕਰ=ਕੁਤੇ (ਲੋਭੀ ਪੁਰਸ਼) ਕੂੜੁ ਕਮਾਈਐ=ਝੂਠ ਬੋਲਦੇ ਹਨ।

ਅਥਵਾ: - ਕੂੜੇ ਧੰਧਿਆਂ ਨੂੰ ਕਰਦੇ ਹਨ। ਉਹ ਗੁਰ ਨਿੰਦਿਆ ਵਿਖੇ ਆਪ ਪਚਦੇ ਹਨ ਹੋਰਨਾਂ ਨੂੰ ਪਚਾਨੁ=ਖਰਾਬ ਕਰਦੇ ਹਨ।

ਅਥਵਾ:- ਗੁਰ ਨਿੰਦਿਆ ਰੂਪ ਪਚਾਨੁ=ਆਵੇ ਦੀ ਅੱਗ ਵਿਚ ਪਚੈ=ਸੜਦੇ ਹਨ। ਜਿਵੇਂ ਗੁਰ ਨਿੰਦਕ ਸੁਲਹੀ ਆਵੇ ਦੀ ਅੱਗ ਵਿਚ ਝੁਲਸ ਗਿਆ ਸੀ।

ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥

ਭਰਮ ਵਿਖੇ ਭੁੱਲਣ ਕਰਕੇ ਜਨਮ ਮਰਨ ਦਾ ਬੜਾ ਦੁੱਖ ਹੁੰਦਾ ਹੈ, ਜਮ ਡੰਡਿਆਂ ਨਾਲ ਮਾਰ ਕੇ ਇਸ ਦੀ ਖੁਲ੍ਹਕੇ ਹਾਨੀ ਕਰਦਾ ਹੈ।*

ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥ ੩॥

ਮਨਮੁਖ ਪੁਰਸ਼ ਮਨਮੁਖਤਾ ਕਰਕੇ ਆਤਮ ਸੁਖ ਨੂੰ ਨਹੀਂ ਪਾਂਦੇ। ਅਤੇ ਗੁਰਮੁਖਾਂ ਨੂੰ ਗੁਰਮੁਖਤਾ ਕਰਕੇ ਸੁਭਾਨੁ=ਅਸਚਰਜ ਸੁਖ ਪ੍ਰਾਪਤ ਹੋਇਆ ਹੈ॥ ੩॥

** ਪਾਠਾਂਤ੍ਰ:- 'ਖਲ ਹਾਨੁ, ਭੀ ਹੁੰਦਾ ਹੈ। ਖਲ=ਨਿਸਚੇ ਕਰਕੇ ਖਲ=ਮੂਰਖ ਦੀ ਚੰਗੀ ਤਰ੍ਹਾਂ ਹਾਨੀ ਕਰਦਾ ਹੈ। ਅਥਵਾ- ਮਾਰ ਮਾਰ ਕੇ ਉਸ ਦੀ ਤੂੜੀ ਕਰ ਦਿੰਦਾ ਹੈ। ਅਥਵਾ-ਖਲ ਦੇ ਜਾਂ ਤੂੜੀ ਦੇ ਖੁਆਨੇ ਵਾਲਾ ਕਰ ਦੇਂਦਾ ਹੈ। ਫ਼ਾਰਸੀ ਦੇ 'ਖਲਿਆਨ', ਪਦ ਤੋਂ ਪੰਜਾਬੀ ਵਿਚ 'ਖੁਲਹਾਨੁ', ਬਣਿਆ ਹੈ ਇਸ ਦਾ ਅਰਥ ਤੂੜੀ ਹੈ।*

ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥

ਐਥੈ=ਇਸ ਲੋਕ ਵਿਖੇ ਮਨਮੁਖ ਪੁਰਸ਼ ਧੰਧਿਆਂ ਵਿਚ ਪਿਟਾਈਐ=ਖਪਾਏ ਜਾਂਦੇ ਹਨ। ਪਰ ਉਹ ਕਰਨ ਵੀ ਕੀ ਕਿਉਂਕਿ ਉਨ੍ਹਾਂ ਦੇ ਮੱਥੇ ਉੱਪਰ ਸੱਚੇ ਨੇ ਜੋ ਲਿਖਤ ਪਾ ਦਿੱਤੀ ਹੈ ਉਹ ਪ੍ਰਮਾਨੀਕ ਹੈ।

ਅਥਵਾ:-ਜਿਨ੍ਹਾਂ ਗੁਰਮੁਖਾਂ ਨੇ ਪਰਵਾਨੁ=ਨਿਸਚੇ ਸਹਤ ਹਿਰਦੇ ਵਿਚ ਸੱਚ ਨਾਮ ਰੂਪ ਅੱਖਰਾਂ ਨੂੰ ਲਿਖਿਆ ਹੈ, ਉਨ੍ਹਾਂ ਨੇ ਸੰਸਾਰਕ ਧੰਧੇ ਇਥੇ ਹੀ ਪਿਟਾਈਐ=ਨਵਿਰਤ ਕਰ ਦਿੱਤੇ ਹਨ।'

ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥

ਪਹਿਲਾ ਅਰਥ:-ਗੁਰੂ ਸਾਹਿਬ ਜੀ ਹਰੀ ਸੱਜਣ ਨੂੰ ਸੇਂਵਦੇ ਹਨ, ਇਸ ਤੇ ਗੁਰਾਂ ਦੀ ਕਰਣੀ ਸਭ ਤੋਂ ਪਰਧਾਨੁ=ਮੁਖ ਹੈ।

ਦੂਜਾ ਅਰਥ:- ਜੋ ਮਨੁੱਖ ਗੁਰਾਂ ਦੁਆਰੇ ਹਰੀ ਸੱਜਣ ਨੂੰ ਸੇਂਵਦਾ ਹੈ ਉਸ ਦੀ ਗੁਰੁ ਕਰਣੀ=ਵੱਡੀ ਕਰਣੀ ਹੈ ਅਤੇ ਉਹ ਸਾਰਿਆਂ ਤੋਂ ਪ੍ਰਧਾਨੁ=ਮੁਖੀ ਹੋਇਆ ਹੈ।

ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ॥ ੪॥ ੧੯॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਮੱਥੇ ਉੱਪਰ ਸੱਚੇ ਕਰਮਾਂ ਦਾ ਨੀਸਾਣੁ=ਲੇਖ ਪਿਆ ਹੈ,

ਅਥਵਾ-ਸੱਚੇ ਪ੍ਰਭੂ ਦੀ ਕਰਮਿ=ਕਿਰਪਾ ਦੀ ਨਿਸ਼ਾਨੀ ਪਈ ਹੈ ਉਨ੍ਹਾਂ ਨੂੰ ਪ੍ਰਭੂ ਦਾ ਨਾਮ ਕਦੇ ਭੁੱਲਦਾ ਨਹੀਂ॥ ੪॥ ੧੯॥

ਸਿਰੀਰਾਗੁ ਮਹਲਾ ੧॥

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥

ਜੋ ਪ੍ਰੇਮੀ ਸਦਾ ਨਾਮ ਦੇ ਅਭਿਆਸੀ ਹਨ, ਜੇਕਰ ਉਨ੍ਹਾਂ ਨੂੰ ਕਿਸੇ ਵਿਹਾਰ ਦੀ ਰੁਕਾਵਟ ਕਰਕੇ ਇਕ ਤਿਲ ਜਿੰਨਾਂ ਸਮਾਂ ਭੀ ਪਿਆਰਾ ਪ੍ਰਭੂ ਭੁੱਲ ਜਾਵੇ, ਤਾਂ ਉਹ ਆਪਣੇ ਮਨ ਵਿਚ ਵੱਡਾ ਭਾਰੀ ਰੋਗ ਸਮਝਦੇ ਹਨ। ਅਰਥਾਤ ਆਪਣੇ ਵਿਚ ਬੜਾ ਭਾਰੀ ਪਛਤਾਵਾ ਕਰਦੇ ਹਨ।

ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ॥

ਜਾ=ਜਿਨ੍ਹਾਂ ਦੇ ਮਨ ਵਿਚ ਹਰੀ ਨਾਮ ਵਸਦਾ ਨਹੀਂ ਹੈ, ਉਹ ਪ੍ਰਲੋਕ ਦਰਗਾਹ ਵਿਚ ਕਿਵੇਂ ਪਤਅਬਰੋ ਨੂੰ ਪਾਣਗੇ।

ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ॥ ੧॥

ਗੁਰਾਂ ਨਾਲ ਮਿਲਣ ਕਰਕੇ ਹੀ ਸੁਖ ਪ੍ਰਾਪਤ ਹੁੰਦਾ ਹੈ, ਹਿਰਦੇ ਵਿਚ ਸੰਤੋਖ ਗੁਣ ਦੇ ਧਾਰਨ ਕਰਕੇ ਤ੍ਰਿਸ਼ਨਾਂ ਅੱਗ ਮਰ ਜਾਂਦੀ ਹੈ। ਵਸਤ ਵਿਚਾਰ ਰੂਪੀ ਗੁਣ ਦੇ ਧਾਰਨ ਕਰਕੇ ਕਾਮ ਰੂਪ ਅਗਨੀ ਮਰਦੀ ਹੈ। ਖਿਮਾ ਰੂਪ ਗੁਣ ਦੇ ਧਾਰਨ ਕਰਕੇ ਕਰੋਧ ਰੂਪੀ ਅੱਗ ਮਰ ਜਾਂਦੀ ਹੈ।

ਮਨ ਰੇ ਅਹਿਨਿਸਿ ਹਰਿ ਗੁਣ ਸਾਰਿ॥

ਹੇ ਮਨ! ਦਿਨ ਰਾਤ ਹਰੀ ਦੇ ਗੁਣਾਂ ਨੂੰ ਸਾਰਿ=ਸੰਭਾਲਣਾ ਕਰ।

ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥ ੧ ॥ ਰਹਾਉ ॥

ਜਿਨ੍ਹਾਂ ਨੂੰ ਪੱਲ ਦਾ ਖਿਨ ਮਾਤ੍ਰ ਸਮਾਂ ਵੀ ਸਤਿਨਾਮੁ ਭੁੱਲਦਾ ਨਹੀਂ ਹੈ ਉਹ ਪੁਰਸ਼ ਸੰਸਾਰ ਵਿਚ ਵਿਰਲੇ ਹਨ॥ ੧ ॥ ਰਹਾਉ ॥

ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥

ਜਿਨ੍ਹਾਂ ਨੇ ਜੋਤੀ=ਪ੍ਰਮਾਤਮਾ ਦੀ ਜੋਤ ਨਾਲ ਆਪਣੀ ਜੋਤ ਮਿਲਾਈ ਹੈ ਐਸੇ ਜੋ ਸੁਰਤੀ=ਗੁਰੂ ਸਾਹਿਬ ਜੀ ਹਨ ਜਦ ਉਨ੍ਹਾਂ ਦੀ ਸੁਰਤਿ=ਸ੍ਰੇਸ਼ਟ ਪ੍ਰੀਤੀ ਨਾਲ ਸੰਜੋਗ ਹੋਇਆ ਤਾਂ ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਬ੍ਰਹਮ ਹੈ ਉਸ ਦੀ ਸੁਰਤ ਨਾਲ ਸੰਜੋਗ ਹੋਇਆ, ਤਾਂ ਫਿਰ ਜੋਤੀ ਪ੍ਰਮਾਤਮਾ ਨਾਲ ਇਸ ਦੀ ਜੋਤ ਮਿਲ ਗਈ।

ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥

ਜਿਸ਼ ਦੇ ਮਨ 'ਚੋਂ ਜੀਵ ਹਿੰਸਿਆ, ਅਤੇ ਹੰਗਤਾ ਮਮਤਾ ਆਦਿਕ ਵਿਕਾਰ ਗਤੁ ਗਏ=ਨਾਸ ਹੋ ਗਏ ਹਨ, ਉਸ਼ ਨੂੰ ਫਿਰ ਕਦੇ ਸੰਸਾ ਤੇ ਸੋਗੁ=ਫਿਕਰ ਨਹੀਂ ਹੁੰਦਾ।

ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥ ੨ ॥

ਜਿਸ਼ ਗੁਰਮੁਖ ਦੇ ਮਨ ਵਿਚ ਹਰੀ ਨਾਮ ਵਸਦਾ ਹੈ, ਤਿਸ ਨੂੰ ਵਾਹਿਗੁਰੂ ਗੁਰਾਂ ਦੇ ਸੰਜੋਗ ਦੁਆਰਾ ਆਪਣੇ ਨਾਲ ਮੇਲ ਲੈਂਦਾ ਹੈ॥ ੨ ॥

ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥

ਜੇਕਰ ਕਾਇਆ=ਬੁੱਧੀ ਰੂਪੀ ਕਾਮਣਿ=ਸ਼ਰਧਾ ਵਸ਼ਿਸਟ ਕਰ ਲਿਆ ਜਾਵੇ। ਤਾਂ ਇਹ ਭੋਗਣਹਾਰ ਪ੍ਰਭੂ ਦੇ ਆਨੰਦ ਨੂੰ ਭੋਗਦੀ ਹੈ।

ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥

ਗੁਰਮੁਖ ਤਿਸ ਜਗਤ ਨਾਲ ਨੇਹੁ=ਪ੍ਰੇਮ ਨਹੀਂ ਕਰਦੇ, ਜੋ ਚਲੇ ਜਾਣ ਵਾਲਾ ਦਿਸਦਾ ਹੈ।

ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥ ੩ ॥

ਗੁਰਮੁਖ ਸੁਹਾਗਣਾਂ ਆਪਣੀ ਸ਼ਰਧਾ ਵਸ਼ਿਸਟ ਅੰਤਹਕਰਨ ਰੂਪ ਸੇਜਾ ਉਪਰ। ਉਸ ਪ੍ਰਭੂ ਪਤੀ ਦੇ ਸਖਿਆੜ੍ਕਾਰ ਰੂਪ ਅਨੰਦ ਨੂੰ ਰਵਹਿ=ਮਾਣਦੀਆਂ ਹਨ॥ ੩ ॥

[ਪੰਨਾ ੨੨]

ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥ ੨ ॥ *(ਮਾਝ ਵਾਰ ਸਲੋਕ ੨੦, ਪੰਨਾ ੧੪੭)*

ਹੰਸੁ=ਹਿੰਸਿਆ, ਹੇਤੁ=ਮੋਹ, ਲੋਭ ਅਤੇ ਕੋਪੁ=ਕ੍ਰੋਧ ਇਹ ਚਾਰੇ ਅੱਗ ਦੀਆਂ ਨਦੀਆਂ ਹਨ। ਗੁਰਮੁਖ ਹਰੀ ਨਾਮ ਰੂਪੀ ਜਲ ਨੂੰ ਪਾ ਕੇ ਚਾਰੇ ਅਗਨੀਆਂ ਨੂੰ ਨਿਵਾਰਿ=ਬੁਝਾ ਕੇ ਜੀਵਤ ਭਾ ਤੋਂ ਮਰ ਗਏ ਹਨ।

*ਅਥਵਾ:-*ਮਰੁ=ਤਹਿਕੀਕ (ਨਿਸ਼ਚੇ) ਕਰਕੇ ਚਾਰੇ ਅਗਨੀਆਂ ਨਵਿਰਤ ਕਰ ਦਿੱਤੀਆਂ ਹਨ।

ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ॥

ਗੁਰਮੁਖਾਂ ਦਾ ਅੰਦਰੋਂ ਹਿਰਦਾ ਕਵਲ ਪ੍ਰਗਾਸਿਆ=ਖਿੜ ਪਿਆ ਹੈ।

ਗੁਰਮੁਖਾਂ ਦਾ ਅੰਤਹ੍ਕਰਨ ਜੋ ਬ੍ਰਹਮਾਨੰਦ ਰੂਪੀ ਅੰਮ੍ਰਿਤ ਨਾਲ ਭਰਿਆ ਹੋਇਆ ਸੀ ਉਸ 'ਚੋਂ ਅੰਮ੍ਰਿਤ ਪੀ ਕੇ ਉਹ ਅਘਾਇ=ਰੱਜ ਗਏ ਹਨ।

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ॥ ੪॥ ੨੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਭਾਈ ਤੂੰ ਸਤਿਗੁਰਾਂ ਨੂੰ ਆਪਣਾ ਮਿੱਤਰ ਬਨਾਣਾ ਕਰ, ਜਿਨ੍ਹਾਂ ਦੀ ਕਿਰਪਾ ਨਾਲ ਤੂੰ ਪ੍ਰਲੋਕ ਦਰਗਾਹ ਵਿਚ ਜਾ ਕੇ ਸਚੁ=ਸੁਖ ਨੂੰ ਪਾਵੇਂਗਾ॥ ੪॥ ੨੦॥

ਸਿਰੀਰਾਗੁ ਮਹਲਾ ੧॥

ਸਿੱਖਾਂ ਨੇ ਬੇਨਤੀ ਕੀਤੀ ਅਸਾਨੂੰ ਕੀ ਕਰਤਬ ਕਰਨੇ ਯੋਗ ਹੈਂ ? ਅਤੇ ਪ੍ਰਮਾਤਮਾ ਕਿੱਥੇ ਰਹਿੰਦਾ ਹੈ ?

ਗੁਰ ਉੱਤਰ :-

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ॥

ਹੇ ਪਿਆਰਿਓ! ਹਰਿ ਹਰਿ ਨਾਮ ਨੂੰ ਜਪਣਾ ਕਰੋ।

ਪ੍ਰਸ਼ਨ-ਆਪਣੇ ਆਪ ਜਪੀਏ ਜਾਂ ਕਿਸੀ ਦੁਆਰਾ? *ਉੱਤਰ*:-

ਗੁਰਮਤਿ=ਗੁਰ ਸਿੱਖਿਆ ਲੈ ਕੇ ਹਰੀ ਨਾਮ ਨੂੰ ਬੋਲਿ=ਬੋਲਣਾ ਭਾਵ ਜਪਣਾ ਕਰੋ।

ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥

ਮਨ ਨੂੰ ਸੇਵਾ ਟਹਲ ਰੂਪੀ, ਵਾ ਭਗਤੀ ਰੂਪੀ, ਵਾ ਜਪ ਤਪ ਰੂਪ ਸੱਚੀ ਕਸਵੱਟੀ ਤੇ ਲਗਾਈਏ, ਤਾਂ ਪੂਰੇ ਵਿਚਾਰ ਰੂਪੀ ਤੋਲਿ=ਵੱਟੇ ਨਾਲ ਤੋਲੀਦਾ ਹੈ।

ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ॥ ੧॥

ਉਸ ਗੁਰਮੁਖ ਦੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾਂਦੀ, ਜਿਸ ਦਾ ਹਿਰਦਾ ਮਾਣਕ ਦੀ ਨਿਆਂਈਂ ਸ਼ੁੱਧ ਹੈ, ਉਹ ਮੁੱਲ ਤੋਂ ਅਮੋਲ ਹੈ।

ਅਥਵਾ:-ਉਸ ਪ੍ਰਮਾਤਮਾ ਦੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾਂਦੀ, ਜੋ ਮੁੱਲ ਤੋਂ ਅਮੋਲਿ=ਰਹਿਤ ਮਾਣਕ ਰੂਪ ਪ੍ਰਮਾਤਮਾ ਹਿਰਦੇ ਵਿਚ ਹੈ॥ ੧॥

ਭਾਈ ਰੇ ਹਰਿ ਹੀਰਾ ਗੁਰ ਮਾਹਿ॥

ਹੇ ਭਾਈ! ਹਰੀ ਰੂਪੀ ਹੀਰਾ ਗੁਰਾਂ ਦੇ ਹਿਰਦੇ ਵਿਚ ਹੈ।

ਅਥਵਾ-ਹੇ ਭਾਈ ! ਹਰੀ ਰੂਪ ਹੀਰੇ ਨੂੰ ਗੁਰੂ ਸਾਹਿਬ ਜੀ ਹਿਰਦੇ ਵਿਚ ਵਿਖਾ ਹੀ ਦੇਂਦੇ ਹਨ।

ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ॥ ੧॥ ਰਹਾਉ॥

ਪਰ ਸਤਗੁਰ ਦੇਵ ਜੀ ਸਤਿਸੰਗਤ ਵਿਚੋਂ ਪ੍ਰਾਪਤ ਹੁੰਦੇ ਹਨ, ਸਤਿਗੁਰਾਂ ਦੇ ਉਪਦੇਸ਼ ਨੂੰ ਅਹਿ+ਨਿਸਿ=ਦਿਨ ਰਾਤ ਸਲਾਹੁਣਾ ਕਰੇ ਤਾਂ ਹਰੀ ਰੂਪ ਹੀਰਾ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥

ਹੇ ਭਾਈ ! ਸ਼ਰਧਾ ਰੂਪੀ ਰਾਸਿ=ਪੂੰਜੀ ਦੇ ਕੇ ਗੁਰਾਂ ਪਾਸੋਂ ਧੰਨਤਾ ਜੋਗ ਸੱਚ ਨਾਮ ਰੂਪ ਵਖਰੁ=ਸੌਦੇ ਨੂੰ ਲੈਣਾ ਕਰ, ਤਾਂ ਪ੍ਰਭੂ ਦਾ ਪਰਗਾਸਿ=ਗਿਆਨ ਪ੍ਰਾਪਤ ਹੁੰਦਾ ਹੈ।

ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥

ਜਿਵੇਂ ਪਾਣੀ ਦੇ ਪਾਣ ਨਾਲ ਅਗਨਿ ਮਰੈ=ਬੁਝ ਜਾਂਦੀ ਹੈ, ਤਿਵੇਂ ਦਾਸਾਂ ਦਾ ਦਾਸ ਹੋਣ ਕਰਕੇ ਪਦਾਰਥਾਂ ਦੀ ਤ੍ਰਿਸ਼ਨਾਂ ਮਿਟ ਜਾਂਦੀ ਹੈ।

ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥ ੨ ॥

ਪਹਿਲਾ ਅਰਥ :-ਉਸਨੂੰ ਫਿਰ ਜੰਦਾਰੁ=ਜਿੰਦ ਦਾ ਅਰੀ ਜੋ ਜਮ ਹੈ ਉਸ ਦਾ ਜੰਦਾਰੁ=ਡੰਡਾ ਨਹੀਂ ਲੱਗਦਾ, ਇਸ ਵਜ੍ਹਾ ਨਾਲ ਤਰਾਸਿ=ਭੈਦਾਇਕ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

ਦੂਜਾ ਅਰਥ:-ਉਸ ਦੇ ਮਗਰ ਜਮ=ਧਰਮਰਾਜ ਦਾ ਜੰਦਾਰੁ=ਦੂਤ ਨਹੀਂ ਲਗਦਾ। ਤਰਾਸਿ=ਤਰਨੇ ਦੀ ਆਸਾ ਹੋਣ ਕਰਕੇ ਇਸ ਵਜ੍ਹਾ ਨਾਲ ਸੰਸਾਰ ਸਮੁੰਦਰ ਤੋਂ ਆਪ ਤਰਦਾ ਹੈ ਹੋਰਨਾਂ ਨੂੰ ਤਰਾਸਿ=ਤਾਰਦਾ ਹੈ॥ ੨ ॥

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥

ਸਚ ਭਾਇ=ਸੱਚੇ ਪ੍ਰੇਮ ਦੁਆਰਾ ਜੋ ਸੱਚ ਨਾਮ ਵਿਖੇ ਰੱਤੇ ਹਨ, ਉਨ੍ਹਾਂ ਗੁਰਮੁਖਾਂ ਨੂੰ, ਕੂੜੁ=ਝੂਠ ਬੋਲਣਾ ਭਾਉਂਦਾ ਨਹੀਂ ਹੈ। ਏਸੇ ਕਰਕੇ ਉਨ੍ਹਾਂ ਨੂੰ ਸੱਚੇ ਦਾ ਭਾਇ=ਗਿਆਨ ਹੋਇਆ ਹੈ।

ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥

ਸਾਕਤ=ਸ਼ਕਤੀ ਦੇ ਉਪਾਸ਼ਕ ਜੋ ਮਨਮੁਖ ਹਨ ਉਨ੍ਹਾਂ ਨੂੰ ਸੱਚ ਬੋਲਣਾ, ਵਾ ਸੱਚ ਨਾਮ ਜਪਣਾ ਭਾਉਂਦਾ ਨਹੀਂ ਹੈ ਝੂਠਿਆਂ ਪੁਰਸ਼ਾਂ ਦੀ ਝੂਠੀ ਹੀ ਪਾਂਇ=ਪਾਇਆਂ ਭਾਵ ਉਕਾਤ ਹੈ, ਵਾ ਕੂੜਿਆਂ ਧੰਧਿਆਂ ਵਿਚ ਲਗਣ ਕਰਕੇ ਝੂਠੀ ਪਾਂਇ=ਪਤ ਅਬਰੋ ਹੈ।

ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥ ੩ ॥

ਪੂਰਿਆਂ ਗੁਰਾਂ ਨਾਲ ਮਿਲਕੇ ਜੋ ਸੱਚ ਨਾਮ ਵਿਖੇ ਰੱਤੇ ਹਨ, ਉਹ ਗੁਰਮੁਖ ਸੱਚੇ ਹੋ ਕੇ ਸੱਚ ਸਰੂਪ ਵਿਖੇ ਸਮਾਇ=ਅਭੇਦ ਹੋਏ ਹਨ॥ ੩ ॥

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥

ਪਹਿਲਾ ਅਰਥ:-ਮਾਣਕੁ ਲਾਲਾਂ, ਰਤਨਾਂ, ਹੀਰਿਆਂ ਵਾਂਗੂੰ ਅਮੋਲਕ ਪ੍ਰਮਾਤਮਾ, ਨਾਮ ਪਦਾਰਥ ਦੁਆਰਾ ਮਨ ਵਿਚ ਸਖਿਆਤਕਾਰ ਹੁੰਦਾ ਹੈ।

ਦੂਜਾ ਅਰਥ:-ਮਾਣਕੁ=ਸ੍ਰਵਨ ਮਨਨ ਨਿਧਿਆਸਣ, ਲਾਲ=ਪ੍ਰੇਮ, ਰਤਨੁ=ਵੈਰਾਗ ਇਤਿਆਦਿਕ ਸ਼ੁਭ ਗੁਣਾਂ ਰੂਪ ਪਦਾਰਥ ਨਾਮ ਰੂਪ ਹੀਰੇ ਕਰਕੇ ਮਨ ਵਿਚ ਪ੍ਰਾਪਤ ਹੁੰਦੇ ਹਨ।

ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥

ਜੋ ਗਹਿਰ ਗੰਭੀਰ ਪ੍ਰਮਾਤਮਾ ਘਟਾਂ ਘਟਾਂ ਵਿਚ ਵਿਆਪਕ ਹੈ ਉਸ ਦਾ ਨਾਮ ਰੂਪੀ ਸਚੁ ਵਖਰੁ=ਸੱਚਾ

ਸੋਂਦਾ ਧਨੁ=ਧੰਨਤਾ ਦੇ ਜੋਗ ਹੈ।

ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ॥ ੪॥ ੨੧॥

ਗੁਰੂ ਜੀ ਕਥਨ ਕਰਦੇ ਹਨ-ਹੀਰੇ ਦੀ ਨਿਆਂਈਂ ਅਮੋਲਕ ਹਰੀ ਜਾਂ ਆਪਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰਾਂ ਦੁਆਰੇ ਉਹ ਨਾਮ ਰੂਪ ਸੱਚਾ ਸੋਂਦਾ ਪਾਈਦਾ ਹੈ॥ ੪॥ ੨੧॥

ਸਿਰੀਰਾਗੁ ਮਹਲਾ ੧॥

ਸਿੱਖਾਂ ਨੇ ਬੇਨਤੀ ਕੀਤੀ-ਤੀਰਥਾਂ ਤੇ ਫਿਰਨ ਕਰਕੇ ਤ੍ਰਿਸ਼ਨਾ ਰੂਪੀ ਅੱਗ ਬੁਝ ਸਕਦੀ ਹੈ ਕਿ ਨਹੀਂ?

ਗੁਰ ਉੱਤਰ:-

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ॥

ਤੀਰਥਾਂ ਉੱਪਰ ਭਰਮੇ=ਫਿਰਨ ਕਰਕੇ ਤ੍ਰਿਸ਼ਨਾਂ ਰੂਪ ਭਾਹਿ=ਅੱਗ ਨਹੀਂ ਵਿਝਵੈ=ਬੁਝਦੀ, ਭਾਵੇਂ ਦੇਸਾਂ ਦਿਸਾਂਤਰਾਂ ਵਿਚ ਵੀ ਭਵੈ=ਫਿਰਦਾ ਰਵ੍ਹੇ ਤੋਭੀ ਹੰਗਤਾ ਮਮਤਾ ਰੂਪ ਵਾ ਤ੍ਰਿਸ਼ਨਾਂ ਰੂਪ ਅੱਗ ਨਹੀਂ ਬੁਝ ਸਕਦੀ।

ਅੰਤਰਿ ਮੈਲੁ ਨ ਉੱਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ॥

ਅੰਤਰਿ=ਅੰਤਰੇ ਭੇਦ ਰੂਪੀ ਮੈਲ, ਵਾ ਅੰਤਰਿ=ਅੰਤਹਕਰਨ 'ਚੋਂ ਰਾਗ ਦ੍ਵੈਸ਼ ਰੂਪੀ ਮੈਲ ਉੱਤਰਦੀ ਨਹੀਂ ਹੈ, ਇਸ ਕਰਕੇ ਉਸ ਦੇ ਜੀਵਣ ਨੂੰ ਭੀ ਧ੍ਰਿਕਾਰ ਹੈ, ਅਤੇ ਉਸ ਦੇ ਵੇਸੁ=ਭੇਖ ਧਾਰੇ ਨੂੰ ਭੀ ਧ੍ਰਿਕਾਰ ਹੈ।

ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥ ੧॥

ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ, ਹੋਰ ਕਿਸੇ ਪ੍ਰਕਾਰ ਭੀ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ।

*ਅਥਵਾ:-*ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ, ਹੋਰ ਕਿਸੇ ਤਰ੍ਹਾਂ ਦੀ ਭਗਤੀ ਵੀ ਦਰਗਾਹ ਵਿਚ ਕਬੂਲ ਨਹੀਂ ਹੁੰਦੀ॥ ੧॥

ਮਨ ਰੇ ਗੁਰਮੁਖਿ ਅਗਨਿ ਨਿਵਾਰਿ॥

ਮਨ ਰੇ=ਹੇ ਪਿਆਰੇ ਗੁਰਾਂ ਦੁਆਰੇ ਸੰਤੋਖ ਜਲ ਪਾ ਕੇ, ਵਾ ਮੁਖੀ ਗੁਰਾਂ ਪਾਸੋਂ ਨਾਮ ਜਲ ਲੈ ਕੇ ਤ੍ਰਿਸ਼ਨਾ ਰੂਪੀ ਅਗਨੀ ਨੂੰ ਨਿਵਾਰਿ=ਬੁਝਾ ਲੈ।

ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ॥ ੧॥ ਰਹਾਉ॥

ਜੇਕਰ ਗੁਰਾਂ ਦਾ ਕਿਹਾ ਹੋਇਆ ਉਪਦੇਸ਼ ਮਨ ਵਿਚ ਵਸ ਜਾਵੇ ਤਾਂ ਹੰਗਤਾ ਮਮਤਾ ਅਤੇ ਤ੍ਰਿਸ਼ਨਾ ਆਦਿਕ ਸਾਰੇ ਵਿਕਾਰ ਮਰ ਜਾਂਦੇ ਹਨ॥ ੧॥ ਰਹਾਉ॥

ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ॥

ਮਨ ਵਸਿਸ਼ਟ ਜੀਵ ਦਾ ਜਿਉਣਾ ਮਾਣਕ ਵਾਂਗੂੰ ਨਿਰਮੋਲਕ ਹੈ, ਪਰ ਰਾਮ ਨੂੰ ਜਪੇ ਤਾਂ ਹੀ ਪਤੀ ਦੀ ਪ੍ਰਾਪਤੀ ਨੂੰ ਪਾਂਦਾ ਹੈ।

*ਅਥਵਾ:-*ਮਾਣਕ ਦੀ ਨਿਆਂਈਂ ਨਿਰਮੋਲਕ ਪ੍ਰਮਾਤਮਾ ਮਨ ਵਿਚ ਹੈ, ਉਸ ਰਾਮ ਦੇ ਨਾਮ ਜਪੇ ਤਾਂ ਹੀ ਪਤ ਅਬਰੋ ਨੂੰ ਪਾਂਦਾ ਹੈ।

*ਅਥਵਾ:-*ਮਨ ਮਾਣਕ ਦੀ ਨਿਆਂਈਂ ਨਿਰਮੋਲਕ ਹੈ।

ਯਥਾ:- ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥ ੧੩੦॥

(ਸਲੋਕ ਸੇਖ ਫਰੀਦ, ਪੰਨਾ ੧੩੮੪)

ਜੀਵ ਨੂੰ ਚਾਹੀਦਾ ਹੈ ਰਾਮ ਨਾਮ ਨੂੰ ਜਪਕੇ ਪਤੀ ਪ੍ਰਮਾਤਮਾ ਨੂੰ ਪਾਣਾ ਕਰੇ।

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥

ਗੁਰਮੁਖ ਜਨ ਸਤਸੰਗਤ ਵਿਖੇ ਮਿਲਕੇ ਸੇਵਾ ਟਹਲ ਦੁਆਰਾ ਹਰੀ ਵਿਖੇ ਲਿਵ ਲਗਾ ਕੇ, ਹਰਿ ਪਾਈਐ=ਪ੍ਰਮਾਤਮਾ ਨੂੰ ਪਾਂਵਦੇ ਹਨ।

ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ॥ ੨॥

ਆਪਾ ਭਾ ਹੰਕਾਰ ਦੇ ਜਾਣ ਨਾਲ ਆਤਮ ਸੁਖ ਪਾਇਆ ਹੈ, ਅੰਤ ਨੂੰ ਗੁਰਮੁਖਿ ਪ੍ਰਮਾਤਮਾ ਨਾਲ ਇਉਂ ਅਭੇਦ ਹੋਏ ਹਨ। ਜਿਵੇਂ ਘਟ ਦਾ ਸਲਲੈ=ਪਾਣੀ ਨਦੀ ਦੇ ਸਲਲ=ਜਲ ਵਿਚ ਸਮਾ ਕੇ ਇਕ ਮਿੱਕ ਹੋ ਜਾਂਦਾ ਹੈ॥ ੨॥

ਯਥਾ :-ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ॥ ੪॥ ੩॥ *(ਪੰਨਾ ੧੨੦੩)*

ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ॥

ਜਿਨ੍ਹਾਂ ਨੇ ਹਰਿ ਹਰਿ ਪ੍ਰਭੂ ਦੇ ਨਾਮ ਨੂੰ ਨਹੀਂ ਸਿਮਰਿਆ, ਉਹ ਔਗੁਣਾਂ ਕਰਕੇ ਸੰਸਾਰ ਵਿਖੇ ਆਉਂਦੇ ਜਾਂਦੇ ਹਨ।

ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ॥

ਜਿਸ ਨੂੰ ਸਤਿਗੁਰ ਪੁਰਖਾਂ ਦਾ ਉਪਦੇਸ਼ ਨਹੀਂ ਮਿਲਿਆ, ਉਹ ਭਉਜਲਿ=ਸੰਸਾਰ ਵਿਚ ਆਪ ਪਚੈ=ਖਰਾਬ ਹੁੰਦਾ ਹੈ ਹੋਰਨਾਂ ਨੂੰ ਭੀ ਪਚਾਇ=ਖਰਾਬ ਕਰਦਾ ਹੈ।

ਅਥਵਾ:-ਜਿਸ ਪੁਰਖ ਨੂੰ ਸਤਿਗੁਰ ਦੇਵ ਜੀ ਨਹੀਂ ਮਿਲੇ ਉਹ ਸੰਸਾਰ ਵਿਚ ਤ੍ਰਿਸ਼ਨਾ ਦੀ ਪਚਾਇ=ਅੱਗ ਨਾਲ ਪਚੈ=ਸੜਦਾ ਹੈ।

ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ॥ ੩॥

ਮਨੁੱਖ ਜਨਮ ਨੂੰ ਪਾ ਕੇ ਜਿਹੜਾ ਜੀਉ=ਜਿਊਣਾ ਹੈ ਇਹ ਹੀਰਿਆਂ ਮਾਣਕਾਂ ਵਾਂਗੂੰ ਅਮੋਲਕ ਹੈ ਪਰ ਵਿਸ਼ਿਆਂ ਰੂਪ ਕੌਡੀ ਵਾ ਮਾਇਆ ਦੇ ਬਦਲੇ ਐਵੇਂ ਨਿਸਫਲ ਜਾ ਰਿਹਾ ਹੈ॥ ੩॥

ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ॥

ਜਿੰਨ੍ਹਾਂ ਪੁਰਸ਼ਾਂ ਨੂੰ ਸਤਿਗੁਰ ਦੇਵ ਜੀ ਰਸਿ=ਪ੍ਰੇਮ ਸਹਿਤ ਮਿਲੇ ਹਨ।

ਵਾ:-ਸਤਿਗੁਰਾਂ ਦੁਆਰੇ ਵੇਦਾਂ ਸ਼ਾਸ਼ਤ੍ਰਾਂ ਦਾ ਰਸਿ=ਸਿਧਾਂਤ ਮਿਲਿਆ ਹੈ।

ਵਾ:-ਸਤਿਗੁਰਾਂ ਦੁਆਰੇ ਨਾਮ ਰੂਪ ਰਸਿ=ਔਸ਼ਧੀ ਮਿਲੀ ਹੈ। ਸੇ=ਉਹ ਪੁਰਖ ਸ਼ੁਭ ਗੁਣਾਂ ਨਾਲ ਪੂਰਨ ਅਤੇ ਸੁਜਾਣ=ਚਤੁਰ ਹਨ।

ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥

ਗੁਰਾਂ ਨਾਲ ਮਿਲਕੇ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ, ਅਤੇ ਪ੍ਰਲੋਕ ਦਰਗਾਹ ਵਿਚ ਪ੍ਰਮਾਨੀਕ ਪੱਤ ਅਬਰੋ ਹੁੰਦੀ ਹੈ।

ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥ ੪ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ-ਤਿਨ੍ਹਾਂ ਦੇ ਮੂੰਹ ਦਰਗਾਹ ਵਿਚ ਉਜਲੇ ਹੁੰਦੇ ਹੰਨ, ਜਿਨ੍ਹਾਂ ਦੇ ਮੂੰਹੋਂ ਨਾਮ ਦੀ ਧੁਨ ਪੈਦਾ ਹੋ ਰਹੀ ਹੈ ਅਤੇ ਜੋ ਗੁਰ ਉਪਦੇਸ਼ ਦਾ ਨਿਸ਼ਾਨਾ ਬਣੇ ਹਨ, ਵਾ ਜਿਨ੍ਹਾਂ ਨੂੰ ਸਬਦੁ=ਬ੍ਰਹਮ ਨੀਸਾਣੁ=ਪ੍ਰਗਟ ਹੋਇਆ ਹੈ॥ ੪॥ ੨੨॥

ਸਿਰੀਰਾਗੁ ਮਹਲਾ ੧ ॥

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥

ਹੇ ਵਣਜ ਦੇ ਕਰਨ ਵਾਲੇ ਵਣਜਾਰਿਹੋ=ਜਗਿਆਸੂਓ ਨਾਮ ਦਾ ਵਣਜ ਕਰੋ, ਨਾਮ ਰੂਪ ਵਖਰੁ=ਸੌਦੇ ਨੂੰ ਸੰਭਾਲਕੇ ਲੈਣਾ ਕਰੋ।

ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥

ਗੁਰਾਂ ਪਾਸੋਂ ਉਸ ਤਰ੍ਹਾਂ ਦੀ ਵਸਤੂ ਵਿਸਾਹੀਐ=ਖਰੀਦਨਾ ਕਰੋ ਜਿਹੜੀ ਵਸਤੂ ਪ੍ਰਲੋਕ ਵਿਖੇ ਆਪਣੇ ਨਾਲ ਨਿਭ ਜਾਵੇ।

ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥ ੧ ॥

ਕਿਉਂਕਿ ਅਗੈ=ਪ੍ਰਲੋਕ ਵਿਚ ਬੈਠਾ ਸਾਹੁ=ਸ਼ਾਹੂਕਾਰ ਪ੍ਰਮਾਤਮਾ ਬੜਾ, ਸੁਜਾਣੁ=ਚਤੁਰ ਅਰਥਾਤ ਅੰਤਰਜਾਮੀ ਹੈ। ਉਹ ਤੁਹਾਡੇ ਪਾਸੋਂ ਸ਼ੁਭ ਅਸ਼ੁਭ ਵਸਤੂ ਨੂੰ ਸਮਝ ਸੋਚਕੇ ਲਵੇਗਾ ਅਤੇ ਪੁੱਛੇਗਾ ਕਿ ਮੇਰੇ ਪਾਸੋਂ ਸ੍ਵਾਸਾਂ ਰੂਪੀ ਪੂੰਜੀ ਲੈ ਕੇ, ਮਾਤ ਲੋਕ ਵਿਚ ਗੁਰਾਂ ਪਾਸ ਸ਼ੁਭ ਵਸਤੂ ਖਰੀਦਣ ਵਾਸਤੇ ਗਏ ਸੀ। ਤੇ ਹੁਣ ਤੁਸੀਂ ਕਿਹੜੀ ਵਸਤੂ ਖਰੀਦਕੇ ਲਿਆਏ ਹੋ॥ ੧ ॥

ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥

ਹੇ ਭਾਈ ! ਚਿੱਤ ਬਿਰਤੀ ਨੂੰ ਲਗਾ ਕੇ ਰਾਮ ਨਾਮ ਨੂੰ ਜਪਨਾ ਕਰੋ।

ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥ ੧ ॥ ਰਹਾਉ ॥

ਗੁਰੂ ਰੂਪ ਸ਼ਾਹ ਪਾਸੋਂ, ਹਰੀ ਦੇ ਜਸ ਕਰਨੇ ਰੂਪ, ਵਖਰੁ=ਸੌਦੇ ਨੂੰ ਲੈ ਕੇ ਚਲੋ, ਤੁਹਾਡੇ ਪਾਸ ਇਸ ਸੌਦੇ ਨੂੰ ਦੇਖਕੇ, ਸਹੁ=ਪਤੀ ਪ੍ਰਮਾਤਮਾ, ਪਤੀਆਇ=ਭਰੋਸਾ ਕਰੇਗਾ।

ਵਾ ਪਤੀਜੇਗਾ ਅਰਥਾਤ ਪ੍ਰਸੰਨ ਹੋਵੇਗਾ॥ ੧ ॥ ਰਹਾਉ ॥

[ਪੰਨਾ ੨੩]

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥

ਜਿਨ੍ਹਾਂ ਦੇ ਪਾਸ ਸੱਚੀ ਸ਼ਰਧਾ, ਵਾ ਨਾਮ ਰੂਪੀ, ਰਾਸਿ=ਪੂੰਜੀ ਨਹੀਂ ਹੈ। ਤਿਨ੍ਹਾਂ ਨੂੰ ਭਲਾ ਪ੍ਰਤੱਖ ਸੁਖ ਵਾ ਆਤਮ ਸੁਖ ਕਿਵੇਂ ਹੋ ਸਕਦਾ ਹੈ।

ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥

ਸ੍ਵਾਸਾਂ ਰੂਪ ਪੂੰਜੀ ਨਾਲ ਪਾਪਾਂ ਰੂਪੀ ਖੋਟੇ ਵਣਜ ਦੇ ਵਣੰਜਿਐ=ਖਰੀਦਨ ਕਰਕੇ ਮਨ ਵੀ ਤੇ ਤਨ ਵੀ ਖੋਟਾ ਹੋ ਜਾਂਦਾ ਹੈ, ਅਰਥਾਤ ਮਨ ਮਲੀਣ ਹੋ ਜਾਂਦਾ ਹੈ ਤਨ ਭਰਿਸ਼ਟਿਆ ਜਾਂਦਾ ਹੈ।

ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ॥ ੨॥

ਜਿਵੇਂ ਹਰਨ ਫਾਹੀ ਵਿਚ ਫਸਕੇ ਘਣਾ ਦੁਖ ਪਾ ਕੇ ਨਿਤਾਪ੍ਰਤੀ ਰੋਂਦਾ ਹੈ। ਤਿਵੇਂ ਉਹ ਪੁਰਸ਼ ਮੋਹ ਰੂਪ ਫਾਹੀ ਵਿਚ ਫਸਕੇ ਘਣੇ ਦੁਖਾਂ ਨੂੰ ਪਾ ਕੇ ਨਿਤਾਪ੍ਰਤੀ ਰੋਂਦਾ ਹੈ॥ ੨॥

ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ॥

ਜਿਵੇਂ ਖੋਟੇ ਰੁਪਏ ਪੋਤੈ=ਖਜ਼ਾਨੇ ਵਿਚ ਨਹੀਂ ਪੈਂਦੇ। ਤਿਵੇਂ ਖੋਟੇ ਪੁਰਸ਼ ਸਰੂਪ ਰੂਪ ਖਜ਼ਾਨੇ ਵਿਚ ਨਹੀਂ ਪੈਂਦੇ। ਅਤੇ ਤਿਨ੍ਹਾਂ ਨੂੰ ਹਰੀ ਸਰੂਪ ਗੁਰਾਂ ਦਾ ਦਰਸ਼ਨ ਨਹੀਂ ਹੁੰਦਾ।

ਅਥਵਾ-ਸਾਰਿਆਂ ਤੋਂ ਗੁਰ=ਵੱਡਾ ਜੋ ਹਰੀ ਹੈ ਉਸ ਦਾ ਦਰਸ਼ਨ ਨਹੀਂ ਹੁੰਦਾ।

ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ॥

ਖੋਟਿਆਂ ਕਰਮਾਂ ਦੇ ਕਰਨ ਵਾਲੇ ਦੀ ਨਾ ਹੀ ਉੱਚੀ ਜਾਤੀ, ਨਾ ਹੀ ਮਾਨ ਪ੍ਰਤਿਸ਼ਟਾ ਹੁੰਦੀ ਹੈ, ਖੋਟਿਆਂ ਕਰਮਾਂ ਦੇ ਕਰਨ ਵਾਲਾ ਕੋਈ ਭੀ ਮਨੁੱਖ ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ।

ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ॥ ੩॥

ਖੋਟੇ ਪੁਰਸ਼ ਸਦਾ ਖੋਟ ਨੂੰ ਹੀ ਕਮਾਉਣਾ ਕਰਦੇ ਹਨ, ਔਣੇ ਜਾਣੇ ਵਿਚ ਉਨ੍ਹਾਂ ਨੇ ਆਪਣੀ ਪਤ ਅਬਰੋ ਨੂੰ ਖੋਹ ਦਿੱਤਾ ਹੈ॥ ੩॥

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦੇ ਸ਼ਬਦ ਦੁਆਰਾ ਜਿਨ੍ਹਾਂ ਨੇ ਆਪਣੇ ਮਨ ਨੂੰ ਸਮਝਾਇਆ ਹੈ ਅਤੇ ਪ੍ਰਮਾਤਮਾ ਦੀ ਸਿਫਤੋ ਸ਼ਲਾਘਾ ਕੀਤੀ ਹੈ।

ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ॥

ਤੇ ਰਾਮ ਨਾਮ ਦੇ ਰੰਗਿ=ਪ੍ਰੇਮ ਵਿਚ ਮਨ ਰੰਗਿਆ ਹੈ, ਤਿਨਾਹ=ਉਨ੍ਹਾਂ ਪੁਰਸ਼ਾਂ ਨੂੰ ਨਾ ਜੂਨੀਆਂ ਦਾ ਭਾਰੁ=ਦੁਖ ਹੈ, ਨਾ ਹੀ ਪੰਜ ਪ੍ਰਕਾਰ ਦਾ ਭਰਮ ਹੈ।*

ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ॥ ੪॥ ੨੩॥

ਹਰੀ ਨਾਮ ਜਪਨੇ ਕਰਕੇ ਅਗਲਾ ਲਾਹਾ=ਬਹੁਤਾ ਲਾਭ ਪ੍ਰਾਪਤ ਹੁੰਦਾ ਹੈ। ਮਨ ਮਾਹ=ਹਿਰਦੇ ਵਿਚ ਹਰੀ ਦੀ ਪ੍ਰਾਪਤੀ ਹੋਣ ਕਰਕੇ ਜਮਾਂ ਦੇ ਨਿਰ+ਭਉ=ਡਰ ਤੋਂ ਰਹਿਤ ਹੁੰਦਾ ਹੈ॥ ੪॥ ੨੩॥

ਸਿਰੀਰਾਗੁ ਮਹਲਾ ੧ ਘਰੁ ੨॥

ਸਤਿਗੁਰੂ ਜੀ ਇਸ ਸ਼ਬਦ ਦੁਆਰਾ ਵੈਰਾਗ ਜਨਕ ਉਪਦੇਸ਼ ਦਿੰਦੇ ਹਨ।

**ਪੰਜ ਪ੍ਰਕਾਰ ਦਾ ਭਰਮ:-ਭੇਦ ਭਰਮ। ਕਰਤਤ ਭਰਮ। ਸੰਗ ਭਰਮ। ਵਿਕਾਰ ਭਰਮ। ਬ੍ਰਹਮ ਸੇ ਭਿੰਨ ਜਗਤ ਦੇ ਸਤ-ਪੁਣੇ ਦਾ ਭਰਮ।*

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥

ਹੇ ਪੁਰਖ਼ਾ ! ਜਿਸ ਧਨ ਅਤੇ ਜੁਆਨੀ ਨੂੰ ਵੇਖ ਕੇ ਤੂੰ ਫੁਲੜਾ=ਪ੍ਰਫੁਲਤ ਹੋ ਰਿਹਾ ਹੈਂ। ਇਹ ਤਾਂ ਚਾਰ ਦਿਨਾਂ ਦੇ ਨਾਠੀਅੜੇ=ਪ੍ਰਾਹੁਣੇ ਹਨ, ਇਨ੍ਹਾਂ ਨੇ ਹਮੇਸ਼ਾਂ ਤੇਰੇ ਪਾਸ ਨਹੀਂ ਰਹਿਣਾ। ਹੋਰ ਸਾਰੇ ਬੂਟੇ ਬਸੰਤ ਰੁੱਤ ਦੇ ਆਇਆਂ ਹਰ ਸਾਲ ਦੇ ਸਾਲ ਪ੍ਰਫੁਲਤ ਹੋ ਜਾਂਦੇ ਹਨ। ਪਰ ਜੋਬਨ ਅਵਸਥਾ ਰੂਪੀ ਬੂਟਾ ਇਕੋ ਵਾਰ ਪ੍ਰਫੁਲਤ ਹੁੰਦਾ ਹੈ ਵਾਰੰਵਾਰ ਨਹੀਂ ਹੁੰਦਾ।

ਅਥਵਾ:-ਜਿਵੇਂ ਫੁੱਲ ਤੇ ਨਾਠੀਅੜੇ=ਪ੍ਰਾਹੁਣੇ ਚਾਰ ਦਿਨ ਰਹਿ ਕੇ ਤੁਰ ਜਾਂਦੇ ਹਨ।

ਤਿਵੇਂ ਧਨ ਅਤੇ ਜੁਆਨੀ ਨੂੰ ਸਮਝ ਲੈ ਇਨ੍ਹਾਂ ਨੇ ਭੀ ਚਾਰ ਦਿਨ ਨੂੰ ਨਾਠੀਅੜੇ=ਨਸ ਜਾਣਾ ਹੈ ਅੱਗੇ ਹੋਰ ਦ੍ਰਿਸ਼ਟਾਂਤ ਦੇਖੋ:-

ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥ ੧॥

ਜਿਵੇਂ ਜਲ ਦੇ ਢੱਲਣ ਕਰਕੇ ਪਬਣਿ ਕੇਰੇ=ਚੌਪਤੀ ਵਾ ਕਵਲ ਫੁੱਲ ਦੇ ਪਤ=ਪੱਤੇ ਢੁਲਕੇ ਅਰਥਾਤ ਨਿਉਂਕੇ ਜੁੰਮਣਹਾਰੁ=ਗਲ ਸੜਕੇ ਨਾਸ ਹੋ ਜਾਂਦੇ ਹਨ।

ਤਿਵੇਂ ਪੁੰਨਾਂ ਰੂਪ ਪਾਣੀ ਦੇ ਢੱਲਣ ਕਰਕੇ ਜੀਵਾਂ ਰੂਪ ਪਤੇ ਢੁਲਿ=ਨਿਉਂਕੇ ਅਰਥਾਤ ਨਿਮੋਝੂਣੇ ਹੋ ਕੇ ਜੁੰਮਣਹਾਰ=ਨਾਸ ਹੋ ਜਾਂਦੇ ਹਨ॥ ੧॥ ਨਿਯਮ ਸਮਝ ਲਓ:-

ਜਿਤਨਾ ਭੀ ਸੰਸਾਰ ਵਿਖੇ ਗ੍ਰਹਿਸਤ ਮਾਰਗ ਦਾ, ਜਾਂ ਪਦਾਰਥਾਂ ਦਾ ਸੁਖ ਹੈ। ਇਹ ਕੇਵਲ ਪੁੰਨਾਂ ਦਾ ਫਲ ਹੈ, ਪੁੰਨ ਦੇ ਹੋਣ ਕਰਕੇ ਸੁਖ ਹੈ, ਜੇ ਪੁੰਨ ਨਹੀਂ ਤਾਂ ਸੁਖ ਭੀ ਨਹੀਂ ਹੈ।

ਯਥਾ- ਪੁੰਨਨ ਕੇ ਵਸਤੇ ਸੁ ਭੋਗ ਚਿਰ ਵਸਤੇ॥ *(ਵੈਰਾਗ ਸ਼ਤਕਿ)*

ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥

ਹੇ ਪਿਆਰਿਆ:-ਜਿਤਨਾ ਚਿਰ ਜੁਆਨੀ ਦਾ ਨਉ+ਹੁਲਾ=ਨਵੀਨ ਹੁਲਾਰਾ ਹੈ, ਉਤਨਾਂ ਚਿਰ ਨਾਮ ਜਪਣ ਦਾ ਤੂੰ ਅਨੰਦ ਮਾਣ ਲੈ।

ਅਥਵਾ:-ਜਿਤਨਾ ਚਿਰ ਜੋਬਨ ਦਾ ਪਹਿਰਾ ਨਉ+ਹੁਲਾ=ਨਹੀਂ ਹਿੱਲਿਆ, ਉਤਨਾਂ ਚਿਰ ਤੂੰ ਪ੍ਰਭੂ ਦੇ ਨਾਮ ਜਪਣ ਦਾ ਰੰਗੁ ਮਾਣਿ ਲੈ=ਆਨੰਦ ਭੋਗ ਲੈ। ਫਿਰ ਬੁਢੇਪੇ ਦੇ ਆਇਆਂ ਕੁਝ ਨਹੀਂ ਹੋਣਾ।

ਯਥਾ :-ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ॥ ੨॥

(ਭੈਰਉ ਕਬੀਰ ਜੀ, ਪੰਨਾ ੧੧੫੯)

ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥ ੧॥ ਰਹਾਉ॥

ਤੇਰੇ ਜਿਉਣ ਦੇ ਦਿਨ ਥੋੜੜੇ ਥਕੇ=ਰਹਿ ਗਏ ਹਨ, ਕਿਉਂਕਿ ਤੇਰਾ ਸਰੀਰ ਰੂਪ ਚੋਲਾ ਪੁਰਾਣਾ ਅਰਥਾਤ ਬਿਰਧ ਹੋ ਗਿਆ ਹੈ॥ ੧॥ ਰਹਾਉ॥

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥

ਜਿਹੜੇ ਮੇਰੇ ਰੰਗੁਲੇ=ਪਿਆਰੇ (ਅਨੰਦ ਦੇਣ ਵਾਲੇ) ਸੱਜਣ ਸਨ। ਉਹ ਤਾਂ ਜੀਰਾਣਿ=ਉਜਾੜ ਅਰਥਾਤ ਮਸਾਨ ਭੂਮਿਕਾ ਵਿਖੇ ਮੌਤ ਦੀ ਨੀਂਦ ਵਿਖੇ ਸਦਾ ਲਈ ਸੌਂ ਗਏ ਹਨ।

ਹੰ ਭੀ ਵੰਞਾ ਭੁਮਣੀ ਰੋਵਾ ਝੀਣੀ ਬਾਣਿ॥ ੨ ॥

ਹੰ ਭੀ=ਮੈਂ ਭੀ ਇੱਥੋਂ ਭੁਮਣੀ=ਦੁਖੀ ਵਾ ਦੁਚਿਤੀ ਹੋਈ ਵੰਞਾ=ਤੁਰ ਜਾਵਾਂਗੀ, ਝੀਣੀ, ਬਾਣਿ=ਬਰੀਕ (ਪਤਲੀ) ਆਵਾਜ਼ ਨਾਲ ਅਰਥਾਤ ਉਦਾਸੀਨ ਤੇ ਗਮ ਭਰੀ ਆਵਾਜ਼ ਨਾਲ ਰੋਵਾਂਗੀ॥ ੨ ॥

ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥

ਹੇ ਜੀਵ ਰੂਪ ਗੋਰੀਏ=ਇਸਤ੍ਰੀਏ ਕੀ ਤੂੰ ਆਪਣੇ ਕੰਨਾਂ ਵਿਚ ਇਹ ਸੋਇ=ਕੰਨਸੋ (ਖਬਰ) ਨਹੀਂ ਸੁਣੀ ਕਿ ਫਲਾਣਾ ਫਲਾਣਾ ਆਦਮੀ ਮਰ ਗਿਆ ਹੈ।

ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥ ੩ ॥

ਤੈਨੇ ਭੀ ਪ੍ਰਲੋਕ ਰੂਪ ਸਾਹੁਰੇ ਘਰ ਵਿਖੇ ਲਗੀ=ਚਲੀ ਆਉਣਾ ਹੈ। ਮਾਤ ਲੋਕ ਰੂਪ ਪੇਈਆ=ਪੇਕੇ ਘਰ ਵਿਚ ਹਮੇਸ਼ਾਂ ਰਹਿਣ ਨਹੀਂ ਹੋਣਾ॥ ੩ ॥

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥

ਗੁਰੂ ਜੀ ਕਥਨ ਕਰਦੇ ਹਨ। ਜਿਹੜੀ ਜੀਵ ਰੂਪ ਇਸਤ੍ਰੀ ਮਾਤਲੋਕ ਰੂਪ ਪੇਕੇ ਘਰ ਵਿਚ ਅਵਿੱਦਿਆ ਦੀ ਨੀਂਦ ਵਿਖੇ ਸੁੱਤੀ ਹੋਈ ਹੈ ਜਾਨਣਾ ਕਰੋ, ਉਸਨੂੰ ਕਾਮ ਆਦਿਕਾਂ ਦੀ ਸੰਨ੍ਹ *ਵਿਰਤੀ=ਲਗ ਰਹੀ ਹੈ।

ਭਾਈ ਬੰਨੋ ਸਾਹਿਬ ਜੀ ਦੀ ਬੀੜ ਵਿਚ ਵਿਰੁਤੀ, ਪਾਠ ਹੈ। ਵਿਰੁਤੀ ਦਾ ਅਰਥ=ਕੁਰੁੱਤੀ ਸੰਨ੍ਹ ਉਹ ਹੁੰਦੀ ਹੈ, ਜਿਹੜੀ ਦਿਨ ਦੀਵੀਂ ਘਰ ਬੈਠਿਆਂ ਸੰਨ੍ਹ ਲਗ ਜਾਵੇ। ਏਸੇ ਤਰ੍ਹਾਂ ਗੁਰੂ ਕਾ ਸਿੱਖ ਹੋ ਕੇ, ਜਾਂ ਸਤਸੰਗੀ ਹੋ ਕੇ। ਜਿਹੜੇ ਸ਼ੁਭ ਗੁਣਾਂ ਨੂੰ ਲੁਟਾ ਬਹਿਣਾ ਹੈ, ਇਹੋ ਕੁਰੁਤੀ ਸੰਨ੍ਹ ਲੱਗ ਰਹੀ ਹੈ।

ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥ ੪ ॥ ੨੪ ॥

ਇਸ ਜੀਵ ਰੂਪ ਇਸਤਰੀ ਨੇ ਸ਼ੁਭ ਗੁਣਾਂ ਦੀ ਗੰਢ ਗਵਾ ਲਈ ਹੈ, ਅਤੇ ਆਸੁਰੀ ਸੰਪਦਾ ਰੂਪ ਔਗੁਣਾਂ ਦੀ ਪੰਡ ਬੁੱਧੀ ਰੂਪ ਪੱਲੇ ਵਿਚ ਬੰਨ੍ਹ ਕੇ ਪ੍ਰਲੋਕ ਵਿਚ ਚਲੀ ਹੈ॥ ੪ ॥ ੨੪ ॥

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥

ਸ੍ਰੀ ਗੁਰੂ ਨਾਨਕ ਦੇਵ ਜੀ ਬਾਰ ਦੇਸ ਵਿਚ ਚਲੇ ਜਾ ਰਹੇ ਸਨ। ਰਾਹ ਵਿਚ ਕਿਸੇ ਪੁਰਸ਼ ਨੂੰ ਇਸਤ੍ਰੀ ਲੰਪਟ ਵੇਖਕੇ ਭਾਈ ਮਰਦਾਨੇ ਨੇ ਕਿਹਾ ਗੁਰੂ ਜੀ! ਵੇਖੋ ਔਹ ਪੁਰਸ਼ ਕਿਤਨਾ ਪਾਪੀ ਹੈ ਜੋ ਦਿਨੇ ਹੀ ਵਿਸ਼ੇ ਲੰਪਟ ਹੋ ਰਿਹਾ ਹੈ, ਹਜ਼ੂਰ ਨੇ ਕਿਹਾ-ਮਰਦਾਨਿਆਂ ਅੱਖਾਂ ਬੰਦ ਕਰਕੇ ਲੰਘ ਚਲ। ਕਿਸੇ ਦੇ ਔਗੁਣ ਵੱਲ ਨਹੀਂ ਤੱਕੀਦਾ, ਪ੍ਰਭੂ ਆਪ ਹੀ ਸ਼ਰਬ ਰੂਪ ਹੋ ਰਿਹਾ ਹੈ।

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥

ਪਹਿਲਾ ਅਰਥ:-ਆਪ ਹੀ ਰਸਾਂ ਦੇ ਉਤਪੰਨ ਕਰਨ ਵਾਲਾ ਹੈ, ਆਪ ਹੀ ਰਸ ਰੂਪ ਹੈ, ਆਪ ਹੀ ਰਸਾਂ ਦੇ ਰਾਵਣਹਾਰੁ=ਭੋਗਣ ਵਾਲਾ ਹੈ।

ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥ ੧ ॥

ਆਪ ਹੀ ਚੋਲੜਾ=ਇਸਤਰੀ ਰੂਪ ਹੋ ਰਿਹਾ ਹੈ। ਆਪ ਹੀ ਸੁੰਦਰ ਸੇਜਾ, ਤੇ ਆਪ ਹੀ ਭਤਾਰੁ=ਪਤੀ ਰੂਪ ਹੋ ਰਿਹਾ ਹੈ॥ ੧ ॥

*ਨੋਟ-ਏਥੇ ਪਾਠ ਅਧਿਕ ਲਾ ਕੇ ਵਿਰੱਤੀ ਕਰਨਾ ਹੈ।

ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ ੧ ॥ ਰਹਾਉ ॥

ਸਾਰਿਆਂ ਰੰਗਾਂ ਵਿਚ ਰੱਤਾ ਹੋਇਆ ਮੇਰਾ ਮਾਲਕ ਪ੍ਰਭੂ ਭਰਪੂਰ ਹੋ ਕੇ ਸਾਰੇ ਰਵਿ ਰਹਿਆ=ਪਰੀਪੂਰਨ ਹੋ ਰਿਹਾ ਹੈ॥ ੧ ॥ ਰਹਾਉ ॥

ਅੱਗੇ ਜਾਂਦਿਆਂ ਕੀ ਵੇਖਿਆ ਇਕ ਝੀਵਰ ਤਲਾਵ ਦੇ ਕੰਢੇ ਬੈਠਾ, ਜਾਲ ਪਾ ਕੇ ਮੱਛੀਆਂ ਫੜ ਰਿਹਾ ਹੈ, ਮਰਦਾਨੇ ਨੇ ਕਿਹਾ ਗੁਰੂ ਜੀ ਇਹ ਬੜਾ ਨਿਰਦਈ ਹੈ, ਜੋ ਤੜਫਦੀਆਂ ਮੱਛੀਆਂ ਨੂੰ ਵੇਖਕੇ ਖੁਸ਼ ਹੋ ਰਿਹਾ ਹੈ-ਅੱਗੋਂ ਗੁਰੂ ਜੀ ਨੇ ਕਿਹਾ-ਮਰਦਾਨਿਆਂ ਉਹ ਪ੍ਰਭੂ-

ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥

ਆਪ ਹੀ ਮਾਛੀ=ਝੀਵਰ ਰੂਪ ਹੈ, ਆਪ ਹੀ ਮੱਛੀ ਰੂਪ ਹੈ, ਆਪ ਹੀ ਪਾਣੀ ਰੂਪ, ਅਤੇ ਆਪ ਹੀ ਜਾਲ ਰੂਪ ਹੋ ਰਿਹਾ ਹੈ।

ਆਪੇ ਜ਼ਾਲ ਮਣਕੜਾ ਆਪੇ ਅੰਦਰਿ ਲਾਲੁ ॥ ੨ ॥

ਆਪ ਹੀ ਜਾਲ ਵਿਚ ਮਣਕੜਾ=ਮਣਕਾ ਰੂਪ ਹੈ, ਜੋ ਜਾਲ ਨੂੰ ਹੇਠਾਂ ਪਾਣੀ ਵਿਚ ਦਬਾਈ ਰੱਖਦਾ ਹੈ। ਆਪ ਹੀ ਜਾਲ ਦੇ ਅੰਦਰ ਲਾਲੁ=ਮਾਸ ਦੀ ਬੋਟੀ ਰੂਪ ਹੈ॥ ੨ ॥

ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥

ਭਾਈ ਮਰਦਾਨੇ ਨੂੰ ਆਖਦੇ ਹਨ, ਹੇ ਮੇਰੀ ਪਿਆਰੀ ਸਖੀਏ! ਮੇਰਾ ਲਾਲੁ=ਪਿਆਰਾ ਵਾਹਿਗੁਰੂ ਆਪ ਹੀ ਬਹੁਤ ਪ੍ਰਕਾਰ ਸੇ ਰੰਗੁਲਾ=ਆਨੰਦ ਵਾਲਾ ਹੋ ਰਿਹਾ ਹੈ।

ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥ ੩ ॥

ਪ੍ਰਮੇਸ਼ੁਰ ਪਤੀ ਵਾਲੀਆਂ ਸੁਹਾਗਵੰਤੀਆਂ ਤਾਂ ਨਿਤਾਪ੍ਰਤੀ ਉਸ ਦੇ ਅਨੰਦ ਨੂੰ ਭੋਗਦੀਆਂ ਹਨ। ਉਹ ਸੁਆਮੀ ! ਅਸਾਡਾ ਹਾਲ ਦੇਖ ਕੇ ਕਦੇ ਨ ਕਦੇ ਮੇਹਰ ਕਰਕੇ ਆਪੇ ਆਪ ਮਿਲੇਗਾ ॥ ੩ ॥

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥

ਗੁਰੂ ਸਾਹਿਬ ਜੀ ਪ੍ਰਣਵੈ=ਕਥਨ ਕਰਦੇ ਹਨ, ਹੇ ਭਾਈ ਮਰਦਾਨੇ ! ਤੂੰ ਏਹੋ ਬੇਨਤੀ ਕਰ। ਹੇ ਪ੍ਰਭੂ ! ਮਾਨਸਰੋਵਰ ਰੂਪ ਭੀ ਤੂੰ ਹੈਂ, ਹੰਸ ਰੂਪ ਵੀ ਤੂੰਹੀਂ ਹੈਂ।

ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥ ੪ ॥ ੨੫ ॥

ਕੌਲ ਫੁੱਲ ਰੂਪ ਭੀ ਤੂੰਹੀਂ ਤੇ ਕਵੀਆ ਰੂਪ ਭੀ ਤੂੰ ਹੈਂ। ਕੌਲ ਫੁੱਲ ਸੂਰਜ ਨੂੰ ਵੇਖਕੇ ਖਿੜਦੇ ਹਨ, ਸੂਰਜ ਰੂਪ ਭੀ ਤੂੰ ਆਪ ਹੈਂ। ਕਵੀਆਂ ਚੰਦ੍ਰਮਾਂ ਨੂੰ ਵੇਖਕੇ ਖਿੜਦੀਆਂ ਹਨ ਚੰਦ੍ਰਮਾਂ ਰੂਪ ਵੀ ਤੂੰ ਆਪ ਹੈਂ॥ ੪ ॥ ੨੫ ॥

ਦੂਜਾ ਅਰਥ:-

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥

ਉਹ ਪ੍ਰਭੂ ਆਪ ਹੀ ਰਸੀਆ=ਉਪਦੇਸ਼ ਦੇ ਦੇਣ ਵਾਲਾ ਗੁਰੂ ਰੂਪ ਹੈ।

ਆਪ ਹੀ ਰਸੁ=ਉਪਦੇਸ਼ ਰੂਪ ਹੈ, ਆਪ ਹੀ ਉਪਦੇਸ਼ ਦੇ ਰਾਵਣੇ ਵਾਲਾ ਜਗਿਆਸੂ ਰੂਪ ਹੈ।

ਆਪੇ ਹੋਵੈ ਚੋਲੜਾ=ਆਪ ਹੀ ਬੁੱਧੀ ਰੂਪ ਚੋਲਾ ਹੋ ਰਿਹਾ ਹੈ।

ਆਪੇ ਸੇਜ ਭਤਾਰੁ ॥ ੧ ॥=ਆਪ ਹੀ ਸੇਜਾ ਸ਼ਰਧਾ ਰੂਪ ਹੋ ਰਿਹਾ ਹੈ।

ਆਪ ਹੀ ਭਤਾਰੁ=ਪਤੀ ਸਾਖੀ ਚੇਤਨ ਰੂਪ ਹੋ ਰਿਹਾ ਹੈ।

ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ ੧ ॥ ਰਹਾਉ ॥

ਸਾਰਿਆਂ ਰੰਗਾਂ ਵਿਖੇ ਰੱਤਾ ਹੋਇਆ ਮੇਰਾ ਮਾਲਕ ਪ੍ਰਭੂ ਭਰਪੂਰ ਹੋ ਕੇ ਸਾਰੇ ਪਰੀਪੂਰਨ ਹੋ ਰਿਹਾ ਹੈ॥ ੧ ॥ ਰਹਾਉ ॥

ਆਪੇ ਮਾਛੀ ਮਛੁਲੀ=ਆਪ ਹੀ ਜਮ ਰੂਪ ਝੀਵਰ ਹੋ ਰਿਹਾ ਹੈ, ਆਪ ਹੀ ਜੀਵ ਰੂਪੀ ਮੱਛੀ ਹੋ ਰਿਹਾ ਹੈ।

ਆਪੇ ਪਾਣੀ ਜਾਲੁ=ਆਪ ਹੀ ਪਦਾਰਥਾਂ ਰੂਪ ਪਾਣੀ ਹੋ ਰਿਹਾ ਹੈ, ਆਪ ਹੀ ਮੋਹ ਰੂਪ ਜਾਲ, ਵਾ ਜਮਾਂ ਦਾ ਜਾਲ ਰੂਪ ਹੋ ਰਿਹਾ ਹੈ।

ਆਪੇ ਜਾਲ ਮਣਕੜਾ=ਆਪ ਹੀ ਮੋਹ ਰੂਪ ਜਾਲ ਵਿਚ ਵਰਨ ਆਸ਼ਰਮਾਂ ਦੀਆਂ ਗੰਢਾਂ ਰੂਪ ਮਣਕਾ ਹੈ।

ਆਪੇ ਅੰਦਰਿ ਲਾਲੁ ॥ ੨ ॥=ਆਪ ਹੀ ਅੰਦਰ ਲਾਲੁ=ਲਾਲਸਾ ਰੂਪ ਹੋ ਰਿਹਾ ਹੈ।

ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥ ੩ ॥

ਹੇ ਮੇਰੀ ਪਿਆਰੀ ਸਖੀਏ! ਮੇਰਾ ਲਾਲੁ=ਪਿਆਰਾ ਵਾਹਿਗੁਰੂ, ਆਪ ਹੀ ਬਹੁਤ ਪ੍ਰਕਾਰ ਸੇ ਰੰਗੁਲਾ=ਆਨੰਦ ਵਾਲਾ ਹੋ ਰਿਹਾ ਹੈ।

ਹੇ ਵਾਹਿਗੁਰੂ ! ਸੋਹਾਗਣੀ=ਤਤਵੇਤਾ ਮਹਾਤਮਾ ਰੂਪ ਸਖੀਆਂ ਨਾਲ ਤੂੰ ਨਿੱਤ ਹੀ ਰਾਂਵਦਾ ਹੈਂ। ਕਦੇ ਅਸਾਡੇ ਹਾਲ ਨੂੰ ਵੀ ਵੇਖਣਾ ਕਰ, ਭਾਵ ਅਸਾਡੇ ਤੇ ਤਰਸ ਕਰਕੇ ਅਸਾਨੂੰ ਭੀ ਦਰਸ਼ਨ ਦੇਣਾ ਕਰ॥ ੩ ॥

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥

ਗੁਰੂ ਸਾਹਿਬ ਜੀ ਪ੍ਰਣਵੈ=ਕਥਨ ਕਰਦੇ ਹਨ ਤੂੰ ਐਸੇ ਬੇਨਤੀ ਕਰ,

ਨੇ ਪ੍ਰਭੂ ! ਸੰਸਾਰ ਵਾ ਸਤਸੰਗ ਰੂਪ ਸਰੋਵਰ ਭੀ ਤੂੰ ਆਪ ਹੈਂ, ਤਤਵੇਤਾ ਮਹਾਤਮਾਂ ਰੂਪ ਹੰਸ ਭੀ ਤੂੰ ਆਪ ਹੈਂ।

ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥ ੪ ॥ ੨੫ ॥

ਗੁਰਮੁਖਾਂ ਰੂਪ ਕੌਲ ਫੁੱਲ ਵੀ ਤੂੰ ਆਪ ਹੈਂ, ਮਨਮੁਖਾਂ ਰੂਪ ਕਵੀਆਂ ਵੀ ਤੂੰ ਆਪ ਹੈਂ।

ਗੁਰਮੁਖਾਂ ਰੂਪ ਕੌਲ ਗੁਰੂ ਰੂਪ ਸੂਰਜ ਨੂੰ ਵੇਖ ਕੇ ਵਿਗਸੁ=ਖਿੜਦੇ ਹਨ।

ਮਨਮੁਖਾਂ ਰੂਪ ਕਵੀਆਂ ਗੁਰੂ ਰੂਪ ਸੂਰਜ ਨੂੰ ਵੇਖ ਕੇ ਮੁੰਦੀਆਂ ਜਾਂਦੀਆਂ ਹਨ। ਉਹ ਗੁਰੂ ਰੂਪ ਭੀ ਆਪ ਹੋ।

ਅਥਵਾ:-ਮਹਾਤਮਾ ਰੂਪ ਕੌਲ ਫੁੱਲ ਵੀ ਤੂੰ ਆਪ ਹੈਂ, ਜਗਿਆਸੂ ਰੂਪ ਕਵੀਆਂ ਵੀ ਤੂੰ ਆਪ ਹੈਂ। ਮਹਾਤਮਾ ਰੂਪ ਕੌਲ ਬ੍ਰਹਮ ਰੂਪ ਸੂਰਜ ਨੂੰ ਵੇਖਕੇ ਖਿੜਦੇ ਹਨ।

(ਬ੍ਰਹਮ ਰੂਪ ਵੀ ਤੂੰ ਆਪ ਹੈਂ।) ਜਗਿਆਸੂ ਰੂਪ ਕਵੀਆਂ ਗੁਰੂ ਰੂਪ ਚੰਦ੍ਰਮਾਂ ਨੂੰ ਵੇਖ ਕੇ ਖਿੜਦੀਆਂ ਹਨ। ਗੁਰੂ ਰੂਪ ਵੀ ਤੂੰ ਆਪ ਹੈਂ॥ ੪॥ ੨੫॥

ਸਿਰੀਰਾਗੁ ਮਹਲਾ ੧ ਘਰੁ ੩॥

ਕਿਸੇ ਜ਼ਿਮੀਂਦਾਰ ਨੂੰ ਪ੍ਰਤੱਖ ਖੇਤੀ ਬੀਜਦਿਆਂ ਵੇਖ ਕੇ ਉਸ ਨੂੰ ਅੰਤ੍ਰੀਵ ਖੇਤੀ ਦੇ ਬੀਜਣ ਦਾ ਉਪਦੇਸ਼ ਦਿੰਦੇ ਹਨ।

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ

ਇਸ ਸਰੀਰ ਨੂੰ ਵਿਸ਼ੇ ਵਿਕਾਰਾਂ ਤੋਂ ਰਹਿਤ ਕਰਨਾ ਇਹ ਧਰਤੀ ਕਰ।

ਇਸ ਸ਼ੁੱਧ ਸਰੀਰ ਰੂਪ ਧਰਤੀ ਵਿਖੇ ਨਿਸ਼ਕਾਮ ਕਰਮਾਂ ਰੂਪ ਬੀਜ ਬੀਜਨਾ ਕਰ।

ਸਲਿਲ ਆਪਾਉ ਸਾਰਿੰਗਪਾਣੀ॥

ਸਾਰਿੰਗ ਪਾਣੀ=ਪ੍ਰਮਾਤਮਾ ਦੇ ਨਾਮ ਦਾ ਜਿਹੜਾ ਚਿੰਤਨ ਕਰਨਾ ਹੈ ਏਹੋ ਸਲਿਲ=ਜਲ ਆ+ਪਾਉ=ਲਿਆ ਕੇ ਪਾਣਾ ਕਰੋ।

ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥੧॥

ਮਨ ਨੂੰ ਸ਼ੁੱਧ ਕਰਨਾ, ਵਾ ਸਾਵਧਾਨ ਕਰਨਾ ਏਸੇ ਨੂੰ ਕਿਰਸਾਣੁ=ਜ਼ਿਮੀਂਦਾਰ ਕਰ, ਹਿਰਦੇ ਵਿਚ ਹਰੀ ਦੀ ਪ੍ਰਾਪਤੀ ਰੂਪ ਬੋਹਲ ਨੂੰ ਜੰਮਾਇ ਲੈਂ=ਜਮ੍ਹਾਂ ਭਾਵ ਇਕੱਠਾ ਕਰ ਲੈ।

ਅਥਵਾ:-ਹਿਰਦੇ ਰੂਪ ਖੇਤ ਵਿਚ ਹਰੀ ਨਾਮ ਰੂਪ ਖੇਤੀ ਨੂੰ ਜੰਮਾਇ ਲੈ=ਉਗਾ ਲੈ ਇਉ=ਇਸ ਤਰ੍ਹਾਂ ਕਰਨ ਨਾਲ ਨਿਰਬੰਧ ਪਦ ਨੂੰ ਪਾ ਲਵੇਂਗਾ॥ ੧॥

ਕਾਹੇ ਗਰਬਸਿ ਮੂੜੇ ਮਾਇਆ॥

ਹੇ ਮੂੜੇ=ਮੂਰਖਾ! ਤੂੰ ਮਾਇਆ ਦਾ ਹੰਕਾਰ ਕਾਹੇ=ਕਿਉਂ ਕਰਦਾ ਹੈਂ।

ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ॥ਰਹਾਉ॥

ਮਾਂ ਪਿਉ ਪੁਤ੍ਰ ਕਾਲਤ੍ਰ=ਇਸਤ੍ਰੀ ਇਤ੍ਯਾਦਕ ਸਾਰੇ ਸਨਬੰਧੀ ਅੰਤ ਨੂੰ ਤੇਰੀ ਸਹਾਇਤਾ ਕਰਨ ਵਾਲੇ ਨਹੀਂ ਹੋਣਗੇ।

ਬਿਖੈ ਬਿਕਾਰ ਦੁਸਟ ਕਿਰਖਾ ਕਰੇ

ਜਿਵੇਂ ਪ੍ਰਤੱਖ ਖੇਤੀਆਂ ਵਿਚ ਨਦੀਨ (ਬਾਥੂ) ਪੈਦਾ ਹੋ ਜਾਵੇ ਤਾਂ ਉਹ ਖੇਤੀਆਂ ਨੂੰ ਉਚਾ ਨਹੀਂ ਹੋਣ ਦੇਂਦਾ, ਇਸ ਕਰਕੇ ਜ਼ਿਮੀਂਦਾਰ ਲੋਕ ਉਸਨੂੰ ਰੰਬਿਆਂ ਨਾਲ ਕੱਟ ਦੇਂਦੇ ਹਨ।

ਪਹਿਲਾ ਅਰਥ:-ਤਿਵੇਂ ਸਰੀਰ ਦੇ ਬਿਖੈ=ਵਿਚ ਜੋ ਦੁਸ਼ਟ ਕਾਮ ਆਦਿਕ ਵਿਕਾਰ ਹਨ, ਏਹੀ ਨਦੀਨ (ਬਾਥੂ-ਭੂੰਕਲ) ਵਗੈਰਾ ਹੈ। ਰਾਮ ਨਾਮ ਰੂਪ ਬਸੋਲਿਆਂ (ਰੰਬਿਆਂ) ਕਰਕੇ ਤਿਸਨੂੰ ਕਿਰਖਾ ਕਰੇ=ਕੱਟਨਾ ਕਰੇ।

ਯਥਾ:- ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥
ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਇ॥ ੩॥

(ਬਸੰਤੁ ਮਹਲਾ ੧, ਪੰਨਾ ੧੧੭੧)

ਦੂਜਾ ਅਰਥ:-ਦੁਸ਼ਟ ਜੋ ਵਿਸ਼ੇ ਵਿਕਾਰ ਹਨ ਏਹ ਚੂਹੇ ਹਨ, ਇਨ੍ਹਾਂ ਨੂੰ ਕਿਰਖਾ ਕਰੇ=ਖਿੱਚਕੇ ਬਾਹਰ ਕੱਢਣਾ ਕਰੇ।

ਇਨ ਤਜਿ ਆਤਮੈ ਹੋਇ ਧਿਆਈ॥

ਇਨ੍ਹਾਂ ਵਿਕਾਰਾਂ ਨੂੰ ਤਿਆਗੇ ਆਤਮੈ=ਆਪਣੇ ਸ੍ਵੈਸਰੂਪ ਦਾ ਧਿਆਹੀ ਹੋਣਾ ਕਰ। ਰਾਖੇ ਨ ਬਿਠਾਏ ਜਾਣ ਤਾਂ ਖੇਤੀਆਂ ਨੂੰ ਪਸ਼ੂ ਚਰ ਜਾਂਦੇ ਹਨ। ਇਸ ਵਾਸਤੇ ਜ਼ਿਮੀਂਦਾਰ ਖੇਤੀ ਦੀ ਰੱਖਿਆ ਵਾਸਤੇ ਰਾਖੇ ਜ਼ਰੂਰ ਬੈਠਾਂਦੇ ਹਨ।

ਅੰਤ੍ਰੀਵ ਭੀ ਏਹੋ ਹਾਲ ਹੈ ਜੇਕਰ ਰਾਖੇ ਨਾ ਹੋਵਣ, ਤਾਂ ਸ਼ੁਭ ਗੁਣਾਂ ਰੂਪ ਖੇਤੀ ਨੂੰ, ਇਸਤਰੀਆਂ ਆਦਿਕ ਛੇਲੀਆਂ ਖਾ ਜਾਂਦੀਆਂ ਹਨ। ਇਸ ਲਈ

ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ॥ ੨॥

ਜਪੁ, ਤਪੁ ਤੇ ਸੰਜਮੁ=ਇੰਦ੍ਰੀਆਂ ਦਾ ਵਿਕਾਰਾਂ ਵੱਲੋਂ ਰੋਕਣਾ, ਜੇਕਰ ਇਹ ਰਾਖੇ ਹੋਵਣ ਤਾਂ ਸਰੀਰ ਆਸ਼ਰਮ ਦੇ ਵਿਚ ਹੀ ਹਿਰਦਾ ਕੌਲ ਬਿਗਸੈ=ਖਿੜ ਜਾਏਗਾ।

ਅਥਵਾ:-ਸ਼ੁਭ ਗੁਣਾਂ ਰੂਪ ਕੌਲ ਫੁੱਲ ਖਿੜਦੇ ਹਨ। ਅਤੇ ਬ੍ਰਹਮਾਨੰਦ ਰੂਪੀ ਮਧੁ=ਅੰਮ੍ਰਿਤ ਆਸ੍ਮਾਈ=ਸ੍ਵੈਮ ਆਉਂਦਾ ਅਰਥਾਤ ਚੋਂ ਆਉਂਦਾ ਹੈ॥ ੨॥

ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ॥

ਪਹਿਲਾ ਅਰਥ:-ਬੀਸ=ਵੀਹ, ਸਪਤਾ=ਸਤ, ੨੦+੭=੨੭ ਪੰਝੀ ਪ੍ਰਕਿਰਤੀਆਂ ਤੇ ਮਨ ਬੁੱਧੀ ਇਨ੍ਹਾਂ ਸਤਾਈਆਂ ਕਰਕੇ ਰਚਿਆ ਹੋਇਆ ਜੋ ਸਰੀਰ ਹੈ।

ਦੂਜਾ ਅਰਥ:-੧੦ ਇੰਦ੍ਰੀਏ, ੧੦ ਤੱਤ, ੩ ਗੁਣ (ਰਜੋ ਸਤੋ ਤਮੋ), ਮਹਿੱਤਤ, ਮਨ, ਬੁੱਧ, ਪ੍ਰਕਿਰਤੀ।

ਇਨ੍ਹਾਂ ਸਤਾਈਆਂ ਕਰਕੇ ਰਚਿਆ ਹੋਇਆ ਜੋ ਸਰੀਰ ਹੈ। ਇਸ ਦੇ ਅਭਿਮਾਨ ਨੂੰ ਹਰੋ=ਦੂਰ ਕਰਕੇ, ਹਰ+ਬਾਸਰੋ=ਹਰ ਰੋਜ਼ ਹਰੀ ਨਾਮ ਨੂੰ ਸੰਗ੍ਰਹੈ=ਇਕੱਤ੍ਰ ਕਰ।

ਜੇਕਰ ਤੀਨਿ ਖੋੜਾ=ਤ੍ਰਿਗੁਣ ਆਤਮਕ ਰੂਪ ਸੰਸਾਰ ਖੁੰਡ ਵਿਚ ਲਗੇਗਾ ਤਾਂ ਕਾਲ ਨਿਤਾਪ੍ਰਤੀ ਸਾਰੈ=ਸਾੜੇਗਾ।

ਤੀਜਾ ਅਰਥ:-ਬੀਸ ਸਪਤਾਹਰੋ=ਸਤਾਈ ਨਿਛੱਤ੍ਰਾਂ ਦੀ ਪੂਜਾ ਨੂੰ ਹਰਕੇ=ਦੂਰ ਕਰਕੇ ਹਰ ਰੋਜ਼ ਹਰੀ ਨਾਮ ਨੂੰ ਇਕੱਤ੍ਰ ਕਰ।

ਤੀਨਿ ਖੋੜਾ ਨਿਤ ਕਾਲੁ ਸਾਰੈ:-ਅਤੇ ਬਾਲਕ, ਜੋਬਨ, ਬ੍ਰਿਧ ਤਿੰਨ ਅਵਸਥਾ ਰੂਪ ਤਿੰਨ ਖੁੱਡਾਂ ਵਿਚ ਕਾਲ ਨੂੰ ਨਿਤਾਪ੍ਰਤੀ ਸਾਰੈ=ਸੰਭਾਲਣਾ ਕਰ ਅਰਥਾਤ ਹਰ ਵੇਲੇ ਕਾਲ ਨੂੰ ਚੇਤੇ ਰੱਖ।

ਚੌਥਾ ਅਰਥ:-ਬੀਸ ਸਪਤਾਹਰੋ=੨੭ ਸਿੰਮਿਤ੍ਰੀਆਂ ਦੁਆਰੇ ਹਰ ਰੋਜ਼ ਹਰੀ ਨਾਮ ਨੂੰ ਸੰਗ੍ਰਹੈ= ਇਕੱਤ੍ਰ ਕਰ।

ਤੀਨਿ ਖੋੜਾ=ਤਿੰਨ ਖੁੱਡਾਂ-ਜਾਗ੍ਰਤ, ਸੁਪਨ, ਸਖੋਪਤਿ, ਜੇ ਇਨ੍ਹਾਂ ਦੇ ਅਭਿਮਾਨੀ ਹੋਵੋਗੇ,

ਨਿਤ ਕਾਲੁ ਸਾਰੈ:-ਤਾਂ ਕਾਲ ਭਗਵਾਨ ਨਿਤਾਪ੍ਰਤੀ ਤੁਹਾਨੂੰ ਸਾਰੈ=ਸੰਭਾਲੇਗਾ, ਅਰਥਾਤ ਤੁਹਾਨੂੰ ਆਪਣੀ ਯਾਦ ਵਿਚ ਰੱਖੇਗਾ।

ਦਸ ਅਠਾਰ ਮੈ ਅਪਰੰਪਰੋ ਚੀਨੈ

ਪਹਿਲਾ ਅਰਥ:-ਦਸ ਅਠਾਰ=੧੦ ਤੇ ੮ ਅਠਾਰਾਂ ਪੁਰਾਨਾਂ ਦੁਆਰੇ ਅਪਰੰਪਰੋ ਚੀਨੈ=ਪ੍ਰਮਾਤਮਾ ਨੂੰ ਜਾਨਣਾ ਕਰ।

ਦੂਜਾ ਅਰਥ:-ਦਸ=ਛੇ ਸ਼ਾਸਤ੍ਰ+ਚਾਰ ਬੇਦ ਇਨ੍ਹਾਂ ਦਸਾਂ ਦੁਆਰੇ, ਅਤੇ ਅਠਾਰ=ਅਠਾਰਾਂ ਪੁਰਾਣਾਂ ਦੁਆਰੇ ਅਪਰੰਪਰੋ ਚੀਨੈ=ਪ੍ਰਮੇਸ਼ਰ ਨੂੰ ਪਰੀਪੂਰਨ ਜਾਨਣਾ ਕਰ।

ਤੀਜਾ ਅਰਥ:-ਦਸ=ਛੇ ਭੇਖ+ਚਾਰ ਆਸ਼੍ਰਮ ਇਨ੍ਹਾਂ ਦਸਾਂ ਵਿਚ, ਅਤੇ ਅਠਾਰ=ਅਠਾਰਾਂ ਵਰਨਾਂ ਵਿਚ ਅਪਰੰਪਰੋ ਚੀਨੈ=ਪ੍ਰਮੇਸ਼ਰ ਨੂੰ ਪਰੀਪੂਰਨ ਜਾਨਣਾ ਕਰ।

ਚੌਥਾ ਅਰਥ:-ਦਸ ਅਠਾਰ=੧੦+੧੮=੨੮ (ਅਠਾਈ) ੧੮ ਪੁਰਾਨ, ੬ ਸ਼ਾਸਤ੍ਰ, ੪ ਬੇਦ, ਇਨ੍ਹਾਂ ਅਠਾਈਆਂ ਗ੍ਰੰਥਾਂ ਦੁਆਰੇ ਅਪਰੰਪਰੋ ਚੀਨੈ=ਪ੍ਰਮਾਤਮਾ ਨੂੰ ਜਾਨਣਾ ਕਰ।

ਕਹੈ ਨਾਨਕੁ ਇਵ ਏਕੁ ਤਾਰੈ ॥ ੩ ॥ ੨੬ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਇਵ=ਇਸ ਤਰ੍ਹਾਂ ਦੇ ਨਿਸਚੇ ਹੋਣ ਨਾਲ ਇਕ ਅਕਾਲ ਪੁਰਖ ਜੀਵ ਨੂੰ ਤਾਰ ਦੇਂਦਾ ਹੈ॥ ੩ ॥ ੨੬ ॥

[ਪੰਨਾ ੨੪]

ਸਿਰੀਰਾਗੁ ਮਹਲਾ ੧ ਘਰੁ ੩ ॥

ਇਕ ਕਾਜ਼ੀ ਨੇ ਆ ਕੇ ਗੁਰੂ ਸਾਹਿਬ ਜੀ ਨੂੰ ਕਿਹਾ, ਖੇਤੀ ਦੇ ਢੰਗ ਨਾਲ ਮੈਨੂੰ ਕੋਈ ਅਜਿਹਾ ਉਪਦੇਸ਼ ਦਿਓ, ਜਿਸ ਤੇ ਖੁਦਾ ਨੂੰ ਪਾ ਕੇ, ਮੇਰਾ ਮਨ ਸ਼ਾਂਤੀ ਨੂੰ ਪ੍ਰਾਪਤ ਹੋਵੇ।

ਗੁਰ ਉੱਤਰ:-

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ

ਬੁੱਧੀ ਨੂੰ ਰਾਗ ਦ੍ਵੈਸ਼ ਰੂਪ ਮੈਲ ਤੋਂ ਅ=ਰਹਿਤ ਕਰਨਾ ਇਹ ਧਰਤੀ ਕਰ, ਗੁਰ ਉਪਦੇਸ਼ ਰੂਪ ਬੀਜ ਨੂੰ ਬੀਜਨਾ ਕਰ।

ਸਚ ਕੀ ਆਬ ਨਿਤ ਦੇਹਿ ਪਾਣੀ

ਨਿਤਾਪ੍ਰਤੀ ਸੱਚ ਨਾਮ ਰੂਪ ਪਾਣੀ ਦੀ ਆਬ=ਤ੍ਰਾਵਟ ਦੇਣਾ ਕਰ।

ਹੋਇ ਕਿਰਸਾਣੁ ਈਮਾਨੁ ਜੰਮਾਇ ਲੈ

ਇਸ ਤਰ੍ਹਾਂ ਦਾ ਕਿਰਸਾਣੁ=ਜ਼ਿਮੀਂਦਾਰ ਹੋ ਕੇ ਆਪਣੇ ਈਮਾਨੁ=ਧਰਮ ਨੂੰ ਉਤਪਤ ਕਰ ਲੈ।

*ਅਥਵਾ:-*ਧਰਮ ਦਾ ਜਿਹੜਾ ਉਤਪੰਨ ਕਰਨਾ ਹੈ ਏਹੋ ਖੇਤੀ ਦਾ ਜਮਾ ਹੈ ਵਾ ਬੋਹਲ ਹੈ।

ਭਿਸਤੁ ਦੋਜਕੁ ਮੂੜੇ ਏਵ ਜਾਣੀ॥ ੧॥

ਭਿਸਤੁ=ਸੁਰਗ, ਦੋਜਕੁ=ਨਰਕ ਨੂੰ ਹੇ ਮੂੜੇ ! ਇਸ ਪ੍ਰਕਾਰ ਜਾਣ ਲਵੇਂਗਾ। ਕਿ ਫਲਾਣੇ ਕਰਮਾਂ ਦੇ ਕਰਨ ਨਾਲ ਸੁਰਗ (ਭਿਸ਼ਤ) ਦੀ ਪ੍ਰਾਪਤੀ ਹੁੰਦੀ ਹੈ, ਅਤੇ ਅਮਕੇ ਕਰਮਾਂ ਦੇ ਕਰਨ ਨਾਲ ਨਰਕ (ਦੋਜਕਾਂ) ਦੀ ਪ੍ਰਾਪਤੀ ਹੁੰਦੀ ਹੈ।

ਅਥਵਾ:-ਭਿਸਤੁ ਦੋਜਕੁ=ਸੁਰਗ ਨ ਕ ਨੂੰ ਅਤੇ ਮੂੜ੍ਹਤਾ ਅਮੂੜ੍ਹਤਾ ਨੂੰ ਇਵੇਂ ਕਿਵੇਂ ਭਾਵ ਤੁੱਛ ਕਰਕੇ ਜਾਣ ਲਵੇਂਗਾ।

ਅਥਵਾ:-ਹੇ ਮੂੜ੍ਹੇ! ਜੇਹੜੀ ਗੱਲ ਤੂੰ ਭਿਸਤ ਦਾ ਸਾਧਨ ਜਾਣੀ ਹੈ ਏਵ=ਇਹ ਤਾਂ ਦੋਜਕਾਂ ਦਾ ਰਾਹ ਹੈ॥ ੧॥

ਮਤੁ ਜਾਣ ਸਹਿ ਗਲੀ ਪਾਇਆ॥

ਮਤੁ ਜਾਣ=ਇਹ ਨਾ ਜਾਣ ਕਿ ਪਤੀ ਪ੍ਰਮਾਤਮਾ ਗੱਲਾਂ ਨਾਲ ਪਾਇਆ ਜਾਂਦਾ ਹੈ।

ਮਾਲ ਕੈ ਮਾਣੈ ਰੂਪ ਕੀ ਸੋਭਾ

ਗਉਆਂ, ਮੱਝਾਂ, ਘੋੜੇ ਆਦਿਕ ਮਾਲ ਦੇ ਮਾਨ ਵਿਚ, ਅਤੇ ਸੁੰਦਰ ਰੂਪ ਦੀ ਸੋਭਾ ਵਿਖੇ ਤੂੰ ਲਗ ਰਿਹਾ ਹੈਂ॥

ਇਤੁ ਬਿਧੀ ਜਨਮੁ ਗਵਾਇਆ॥ ੧॥ ਰਹਾਉ॥

ਇਸੀ ਵਿਧੀ ਸੇ ਤੈਨੇ ਅਮੋਲਕ ਮਨੁੱਖ ਜਨਮਾਂ ਨੂੰ ਨਿਸਫਲ ਗਵਾ ਲਿਆ ਹੈ॥ ੧॥ ਰਹਾਉ॥

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ

ਸਰੀਰ ਕਰਕੇ ਜੋ ਐਬ=ਪਾਪ ਕਰਮ ਕਰਨੇ ਹਨ ਏਹੋ ਚਿੱਕੜ ਹੈ, ਇਸ ਵਿਖੇ ਇਹ ਮਨ ਮੀਡਕੋ= ਡੱਡੂਵਤ ਹੈ।

ਕਮਲ ਕੀ ਸਾਰ ਨਹੀ ਮੂਲਿ ਪਾਈ॥

ਇਸ ਮਨ ਨੇ ਸ਼ੁਭ ਗੁਣਾਂ ਰੂਪ ਕਵਲ ਫੁੱਲਾਂ ਦੀ ਸੰਭਾਲ ਕਦਾਚਿੱਤ ਨਹੀਂ ਪਾਈ।

ਅਥਵਾ:-ਅਸਥੂਲ ਸਰੀਰ ਰੂਪ ਛੱਪੜ ਵਿਚ ਤ੍ਰਿਸ਼ਨਾ ਰੂਪ ਜਲ ਹੈ।

ਐਬ ਚਿਕੜੋ=ਪਾਪਾਂ ਰੂਪੀ ਚਿੱਕੜ ਹੈ ਇਸ ਵਿਚ ਮਨ ਰੂਪ ਡੱਡੂ ਹੈ।

ਇਸ ਮਨ ਰੂਪ ਡੱਡੂ ਨੇ ਕਮਲ ਰੂਪ ਪ੍ਰਮਾਤਮਾ ਦੀ ਸਾਰ ਸੰਭਾਲ ਮੂਲਿ=ਕਦਾਚਿਤ ਨਹੀਂ ਪਾਈ।

ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ॥ ੨॥

ਆਤਮਕ ਰਸ ਦੇ ਆਨੰਦ ਨੂੰ ਮਾਨਣ ਵਾਲਾ ਜੋ ਉਸਤਾਦੁ=ਗੁਰੂ ਰੂਪ ਭੌਰਾ ਹੈ, ਉਹ ਨਿਤਾਪ੍ਰਤੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਭਾਖਿਆ=ਬਾਣੀ ਬੋਲਦੇ ਹਨ।

ਅਥਵਾ:-ਭਾਖਿਆ ਹੋਇਆ ਜੋ ਵੇਦ ਹੈ ਉਸ ਦੁਆਰਾ ਨਿਤਾਪ੍ਰਤੀ ਬੋਲਦੇ ਹਨ।

ਜਾਂ ਇਸ ਮਨ ਨੂੰ ਬੂਝ ਹੀ ਨਹੀਂ ਆਈ ਅਰਥਾਤ ਸਮਝ ਹੀ ਨਹੀਂ ਆਈ, ਤਾਂ ਕਿਸ ਪ੍ਰਕਾਰ ਸੇ

ਬੂਝੈ=ਸਮਝਣਾ ਕਰੇ॥ ੨॥

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨ ਰਤਾ ਮਾਇਆ॥

ਜਿਸ ਦਾ ਇਹ ਮਨ ਮਾਇਆ ਵਿਖੇ ਰੱਤਾ ਹੋਇਆ ਹੈ,

ਉਸ ਪੁਰਸ਼ ਦਾ ਆਖਣੁ=ਗ੍ਰੰਥਾਂ ਦਾ ਪੜ੍ਹਨਾ ਜਾਂ ਸ਼ਾਸਤ੍ਰਾਂ ਦਾ ਉਚਾਰਨਾ ਅਤੇ ਸ਼ਾਸਤ੍ਰਾਂ ਦਾ ਸੁਨਣਾ ਪਉਣ ਕੀ ਬਾਣੀ=ਹਵਾ ਦੇ ਬੁੱਲੇ ਵਾਂਗੂੰ ਨਿਸਫਲ ਹੈ।

ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ॥ ੩॥

ਜਗਿਆਸੂ ਰੂਪ ਇਸਤ੍ਰੀ ਦੇ ਖਸਮ ਜੋ ਗੁਰੂ ਸਾਹਿਬ ਜੀ ਹਨ, ਉਨ੍ਹਾਂ ਗੁਰਾਂ ਦੀ, ਨਦਰਿ=ਕਿਰਪਾ ਦ੍ਰਿਸ਼ਟੀ ਦੁਆਰੇ ਜਿਨ੍ਹਾਂ ਨੇ ਇਕ ਵਾਹਿਗੁਰੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ। ਉਨ੍ਹਾਂ ਨੇ ਆਪਣੇ ਦਿਲ ਵਿਚ ਹੀ ਪਰਮੇਸ਼ੁਰ ਨੂੰ ਪਸਿੰਦੇ=ਵੇਖ ਲਿਆ ਹੈ॥ ੩॥

ਕਾਜ਼ੀ ਨੇ ਕਿਹਾ-ਮੈਂ ੩੦ ਰੋਜ਼ੇ ਰੱਖਦਾ ਹਾਂ, ਪੰਜ ਨਿਵਾਜ਼ਾਂ ਪੜ੍ਹਦਾ ਹਾਂ। ਅਤੇ ਆਪਣੇ ਬਜ਼ੁਰਗਾਂ ਦੇ ਦੱਸੇ ਹੋਏ ਰਾਹ ਉਪਰ ਤੁਰਦਾ ਹਾਂ।

ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ:- ਠੀਕ ਹੈ-ਤੂੰ

ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ॥

੩੦ ਰੋਜ਼ਿਆਂ ਨੂੰ ਰੱਖਣਾ ਕਰਦਾ ਹੈਂ ਅਤੇ ਪੰਜ ਨਿਵਾਜ਼ਾਂ ਨੂੰ ਭੀ ਪੜ੍ਹਦਾ ਹੈਂ। ਪਰ ਇਹ ਗੱਲ ਚੇਤੇ ਰੱਖੀਂ ਕਿ ਤੇਰਾ ਸਾਥੀ।

ਜਿਸ ਦਾ ਨਾਂ ਸੈਤਾਨੁ=ਕਾਮਦੇਵ, ਵਾ ਹੰਕਾਰ ਹੈ ਉਹ ਤੈਨੂੰ ਮਤਾਂ ਕੱਟ ਜਾਵੇ।

ਨਾਨਕੁ ਆਖੈ ਰਾਹਿ ਪੈ ਚਲਣਾ

ਗੁਰੂ ਜੀ ਕਥਨ ਕਰਦੇ ਹਨ-ਹੇ ਕਾਜ਼ੀ ਤੂੰ ਆਖਦਾ ਹੈਂ ਮੈਂ ਆਪਣੇ ਬਜ਼ੁਰਗਾਂ ਦੇ ਦੱਸੇ ਹੋਇ ਰਾਹ ਉੱਪਰ ਚਲਦਾ ਹਾਂ। ਅਸੀਂ ਆਖਦੇ ਹਾਂ ਕਿ ਤੂੰ ਆਪਣੇ ਬਜ਼ੁਰਗਾਂ ਦੇ ਦੱਸੇ ਹੋਇ ਰਾਹ ਉੱਪਰ ਨਹੀਂ ਚਲਦਾ, ਕਿਉਂਕਿ ਕਾਰਜ ਦੁਆਰੇ ਕਾਰਨ ਦਾ ਅਨੁਮਾਨ ਹੁੰਦਾ ਹੈ। ਜੇ ਤੂੰ ਬਜ਼ੁਰਗਾਂ ਦੱਸੇ ਹੋਏ ਰਾਹ ਉੱਤੇ ਚਲਦਾ ਹੋਵੇਂ।

ਤਾਂ ਤੂੰ-

ਮਾਲੁ ਧਨੁ ਕਿਤਕੂ ਸੰਜਿਆਹੀ॥ ੪॥ ੨੭॥

ਮਾਲ ਧਨ ਨੂੰ ਕਿਤ ਕੂ=ਕਿਸ ਵਾਸਤੇ ਸੰਜਿਆਹੀ=ਇਕੱਠਾ ਕਰਦਾ ਹੈਂ॥ ੪॥ ੨੭॥

ਸਿਰੀਰਾਗੁ ਮਹਲਾ ੧ ਘਰੁ ੪॥

ਗੁਰੂ ਜੀ ਤੋਂ ਮਾਲ ਧਨ ਦੇ ਤਿਆਗਣ ਵਾਲੀਆਂ ਗੱਲਾਂ ਸੁਣਕੇ ਕਾਜ਼ੀ ਤੇ ਮੁੱਲਾਂ* ਨੇ ਕਿਹਾ, ਤੂੰ ਬੜਾ ਮੋਲਾ ਹੈਂ, ਇਹ ਦੱਸ ਕਦੇ ਮਾਲ ਧਨ ਦੇ ਤਿਆਗਣ ਨਾਲ ਵੀ ਗੁਜ਼ਾਰਾ ਹੋ ਸਕਦਾ ਹੈ।

ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ:-

---

*ਨੋਟ-ਜਦ ਗੁਰਦੇਵ ਜੀ ਪਿਛਲੇ ਸ਼ਬਦ ਦੁਆਰੇ ਕਾਜ਼ੀ ਨੂੰ ਉਪਦੇਸ਼ ਦੇ ਰਹੇ ਸਨ ਤਾਂ ਇਤਨੇ ਨੂੰ ਇਕ ਮੁੱਲਾਂ ਭੀ ਉਪਦੇਸ਼ ਸੁਣਨ ਵਾਸਤੇ ਆ ਗਿਆ ਇਸ ਤੇ ਹੁਣ ਦੋਹਾਂ ਨੂੰ ਸਾਂਝਾ ਉਪਦੇਸ਼ ਦੇਂਦੇ ਹਨ।

ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥

ਉਹ ਪ੍ਰਮਾਤਮਾ ਹੀ ਮੌਲਾ ਹੈ ਜਿਸਨੇ ਸਾਰੇ ਜਗਤ ਨੂੰ ਮਉਲਿਆ=ਖਿੜਾਇਆ ਹੈ, ਅਤੇ ਸਾਰੇ ਸੰਸਾਰ ਨੂੰ ਹਰਿਆ ਭਰਿਆ ਕੀਤਾ ਹੈ।

ਦੂਜੀ ਲਵੰਤਾ ਇਸ ਤਰ੍ਹਾਂ ਭੀ ਲਗਾਂਦੇ ਹਨ:-

ਉਹ ਪ੍ਰਮਾਤਮਾ ਹੀ ਮੌਲਾ ਹੈ, ਜਿਸਨੇ ਸਾਰੇ ਜਗਤ ਨੂੰ ਮਉਲਾਇਆ ਹੈ।

ਕਾਜ਼ੀ ਨੇ ਕਿਹਾ ਮਉਲਾਏ ਦਾ ਅਰਥ ਕੀ ਹੈ? *ਗੁਰ ਉੱਤਰ:-*

ਹਰਿਆ ਕੀਆ ਸੰਸਾਰੋ=ਜਿਸਨੇ ਸਾਰੇ ਸੰਸਾਰ ਨੂੰ ਹਰਿਆ ਕੀਤਾ ਹੈ।

ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥ ੧॥

ਜਿਸ ਪ੍ਰਮਾਤਮਾ ਨੇ ਆਬ=ਪਾਣੀ, ਖਾਕੁ=ਪ੍ਰਿਥਵੀ ਆਦਿਕ ਪੰਜ ਤੱਤਾਂ ਕਰਕੇ ਸਾਰੀ ਸ੍ਰਿਸ਼ਟੀ ਬੰਨ੍ਹ ਰੱਖੀ ਹੈ।

ਅਥਵਾ:-ਜਿਸ ਪ੍ਰਮਾਤਮਾ ਨੇ ਦਸ ਹਿਸੇ ਪਾਣੀ ਵਧੀਕ ਹੁੰਦਿਆਂ ਭੀ ਖਾਕੁ=ਪ੍ਰਿਥਵੀ ਨੂੰ ਆਪਣੀ ਸ਼ਕਤੀ ਦੁਆਰਾ ਆਬ=ਜਲ ਵਿਚ ਇਸ ਤਰ੍ਹਾਂ ਬੰਨ੍ਹ ਰੱਖਿਆ ਹੈ। ਜੋ ਪਾਣੀ ਇਸਨੂੰ ਨਾ ਗਾਲ ਸਕਦਾ ਹੈ ਨਾ ਹੀ ਡੋਬ ਸਕਦਾ ਹੈ।

ਇਸ ਕਰਕੇ ਉਹ ਸਿਰਜਣਹਾਰ ਅਕਾਲ ਪੁਰਖ ਧੰਨਤਾ ਦੇ ਜੋਗ ਹੈ॥ ੧॥

ਮਰਣਾ ਮੁਲਾ ਮਰਣਾ॥

ਹੇ ਮੁੱਲਾਂ ਤੈਨੇ ਮਰ ਜਾਣਾ ਹੈ, ਹੇ ਕਾਜ਼ੀ ਤੈਨੇ ਵੀ ਮਰ ਜਾਣਾ ਹੈ।

ਅਥਵਾ:-ਹੇ ਮੁੱਲਾਂ ਤੈਨੇ ਮਰ ਜਾਣਾ ਹੈ, ਮਰ ਜਾਣਾ ਹੈ, ਮਰ ਜਾਣਾ ਹੈ, (ਤਿੰਨ ਵਾਰ ਕਹਿਣੇ ਸੇ ਨਿਸਚੇ ਅਰਥ ਹੈ)।

ਇਹ ਗੱਲ ਸੁਣ ਕੇ ਮੁੱਲਾਂ ਨੇ ਕਿਹਾ ਜੇਕਰ ਮਰ ਹੀ ਜਾਣਾ ਹੈ। ਫਿਰ ਸੰਸਾਰਕ ਆਨੰਦ ਤਾਂ ਲੈ ਲਈਏ, ਡਰਨ ਦੀ ਕੀ ਲੋੜ ਹੈ? ਗੁਰੂ ਜੀ ਨੇ ਕਿਹਾ ਠੀਕ ਹੈ ਮਰ ਤਾਂ ਜਾਣਾ ਹੈ।

ਭੀ ਕਰਤਾਰਹੁ ਡਰਣਾ॥ ੧॥ ਰਹਾਉ॥

ਤੋ ਭੀ ਕਰਤਾਰ ਪਾਸੋਂ ਡਰਨਾ ਹੀ ਚਾਹੀਦਾ ਹੈ ਕਿਉਂਕਿ ਪਤਾ ਨਹੀਂ, ਜ਼ਿੰਦਗੀ ਵਿਚ ਕੀ ਸਜ਼ਾ ਦੇ ਦੇਵੇ।

ਸਾਖੀ-ਦੋ ਪ੍ਰਿਸ਼ਟ ਜੁੜਿਆਂ ਦੀ

ਜੋੜੇ ਪੁੱਤਰ ਕਈਆਂ ਦੇ ਘਰ ਹੋਇ ਹਨ, ਇਹ ਕੋਈ ਅਚੰਭਾ ਨਹੀਂ ਹੈ।

ਪਰ ਇਕ ਦਿਨ ਇਕ ਮਾਤਾ ਦੇ ਗਰਭ 'ਚੋਂ ਜੋੜੇ ਪੁੱਤਰ ਅਜਿਹੇ ਪੈਦਾ ਹੋਇ, ਜਿਨ੍ਹਾਂ ਦੀਆਂ ਪਿੱਠਾਂ ਆਪਸ ਵਿਚ ਜੁੜੀਆਂ ਹੋਈਆਂ ਸਨ। ਮਾਂ ਨੇ ਆਪਣੀ ਆਂਦਰ ਅਨੁਸਾਰ ਬੜੇ ਸੋਹਣੇ ਢੰਗ ਅਨੁਸਾਰ ਦੋਹਾਂ ਦੀ ਪਾਲਣਾ ਕੀਤੀ। ਪਲਦੇ ਪਲਦੇ ਵੱਡੇ ਹੋ ਗਏ, ਜਿਨ੍ਹਾਂ 'ਚੋਂ ਇਕ ਗੁਰਮੁਖ ਸੁਭਾਅ ਵਾਲਾ ਹੋਣ ਕਰਕੇ ਨਾਮ ਜਪੀ ਜਾਵੇ, ਤੇ ਭਾਣੇ ਨੂੰ ਮਿੱਠਾ ਕਰਕੇ ਮੰਨੇ।

ਦੂਜਾ ਮਨਮੁਖ ਸੀ ਉਹ ਆਪਣੀਆਂ ਪਿੱਠਾਂ ਜੁੜੀਆਂ ਵੇਖਕੇ ਰੱਬ ਨੂੰ ਗਾਲ੍ਹੀਆਂ ਕੱਢੇ। ਕਿ ਪਰਮੇਸ਼ੁਰ ਨੇ

ਚੰਗਾ ਕੰਮ ਨਹੀਂ ਕੀਤਾ ਜੋ ਸਾਡੀਆਂ ਪਿੱਠਾਂ ਜੋੜ ਦਿੱਤੀਆਂ ਹਨ।

ਗੁਰਮੁਖ ਬੜਾ ਸਮਝਾਵੇ ਕਿ ਇਸ ਵਿਚ ਰੱਬ ਦਾ ਕੀ ਦੋਸ਼ ਹੈ, ਸਾਡੇ ਆਪਣੇ ਹੀ ਕਰਮਾਂ ਦਾ ਦੋਸ਼ ਹੈ, ਤੂੰ ਗਾਲ੍ਹੀਆਂ ਨਾ ਕੱਢ ਨਾਮ ਜਪੀ ਜਾ ਤਾਂ ਕਿ ਸਾਡਾ ਛੇਤੀ ਛੁਟਕਾਰਾ ਹੋ ਜਾਵੇ।

ਅੱਗੋਂ ਮਨਮੁਖ ਨੇ ਕਿਹਾ ਨਾਮ ਜਪਣ ਦੀ ਕੋਈ ਲੋੜ ਨਹੀਂ ਹੈ, ਇਸ ਤੋਂ ਪਰੇ ਰੱਬ ਨੇ ਹੋਰ ਸਾਡਾ ਕੀ ਕਰ ਲੈਣਾ ਹੈ।

ਸਮੇਂ ਅਨੁਸਾਰ ਨਾਮ ਦੇ ਪ੍ਰਤਾਪ ਕਰਕੇ ਗੁਰਮੁਖ ਦੇ ਪਾਪ ਕੀਤੇ ਹੋਏ ਛੇਤੀ ਖਤਮ ਹੋ ਜਾਣ ਤੇ ਉਸ ਦਾ ਸਰੀਰ ਛੁਟ ਗਿਆ, ਅਰਥਾਤ ਮਰ ਗਿਆ। ਹੁਣ ਉਸ ਦੀ ਲੋਥ ਵੀ ਮਨਮੁਖ ਨੂੰ ਧਰੂਣੀ ਪੈ ਗਈ ਜਿੱਥੇ ਭੀ ਜਾਵੇ ਉਹ ਲੋਥ ਨਾਲ ਹੀ ਜਾਵੇ। ਇਸ ਵਜ੍ਹਾ ਨਾਲ ਮਨਮੁਖ ਬੁਰੀਆਂ ਹਾਲਤਾਂ ਨਾਲ ਮੋਇਆ।

ਪ੍ਰਭੂ ਕਰਮਾਂ ਦਾ ਫਲ ਭੁਗਤਾਨ ਵਾਸਤੇ ਚਾਹੇ ਕਿਸੀ ਹਾਲਤ ਵਿਚ ਵੀ ਰੱਖੇ। ਮਨੁੱਖ ਨੂੰ ਪ੍ਰਭੂ ਦੇ ਸ਼ੁਕਰਾਨੇ ਵਿਚ ਹੀ ਰਹਿਣਾ ਚਾਹੀਦਾ ਹੈ, ਅਤੇ ਉਸ ਤੋਂ ਡਰਦਿਆਂ ਰਹਿਣਾ ਚਾਹੀਦਾ ਹੈ।

*ਅਥਵਾ:-*ਮਰਣਾ ਮੁਲਾ ਮਰਣਾ॥ ਭੀ ਕਰਤਾਰਹੁ ਡਰਣਾ॥ *(ਪੰਨਾ ੨੮)*

ਹੇ ਮੁੱਲਾਂ ਜਿਸਨੇ ਕਰਤਾਰ ਪ੍ਰਭੂ ਦੇ ਡਰ ਨੂੰ ਧਾਰਕੇ ਜੀਵਤ ਭਾ ਤੋਂ ਮਰਨਾ ਕੀਤਾ ਹੈ, ਉਹ ਫਿਰ ਮਰ+ਣਾ ਮਰਦਾ ਨਹੀਂ ਹੈ, ਭਾਵ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ॥ ੧॥ ਰਹਾਉ॥

ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ॥

ਤਾਂ ਹੀ ਤੂੰ ਸ੍ਰੇਸ਼ਟ ਮੁੱਲਾਂ ਹੈਂ, ਤਾਂ ਹੀ ਤੂੰ ਸ੍ਰੇਸ਼ਟ ਕਾਜ਼ੀ ਹੈ।*

ਜੇਕਰ ਖੁਦਾਈ=ਸ੍ਰਿਸ਼ਟੀ ਦੇ ਮਾਲਕ ਖੁਦਾ ਦੇ ਨਾਮ ਨੂੰ ਜਾਨਣਾ ਕਰੇਂ।

ਜਿਸ ਵੇਲੇ ਮੁੱਲਾਂ ਨੇ ਆਪਣੀ ਪੜ੍ਹੀ ਹੋਈ ਵਿੱਦਿਆ ਦਾ ਬਹੁਤ ਸਾਰਾ ਮਾਣ ਕੀਤਾ। ਤਾਂ ਗੁਰੂ ਜੀ ਨੇ ਕਿਹਾ-

ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ॥ ੨॥

ਜੇ ਕੋਈ ਬਹੁਤ ਸਾਰਾ ਪੜ੍ਹਿਆ ਹੋਇਆ ਭੀ ਹੋਵੇ, ਤਾਂ ਕਾਲ ਦੇ ਸਾਹਮਣੇ ਕੋਈ ਨਹੀਂ ਠਹਿਰ ਸਕਦਾ।

ਜਿਸ ਵੇਲੇ ਪਾਈ** ਦਾਣਿਆਂ ਨਾਲ ਭਰੀ ਜਾਂਦੀ ਹੈ, ਤਾਂ ਫਿਰ ਰਹਿੰਦੀ ਕੋਈ ਨਹੀਂ ਝੱਟ ਉਸ ਨੂੰ ਉਲੱਦ ਦਿੰਦੇ ਹਨ।

ਏਸੇ ਤਰ੍ਹਾਂ ਸਰੀਰ ਰੂਪੀ ਪਾਈ ਜਿਸ ਵੇਲੇ ਸ੍ਵਾਸਾਂ ਰੂਪ ਦਾਣਿਆਂ ਨਾਲ ਭਰੀ ਗਈ ਭਾਵ ਸ੍ਵਾਸ ਪੂਰੇ ਹੋ ਗਏ। ਤਾਂ ਕੋਈ ਰਹਿੰਦੀ ਨਹੀਂ, ਉਸਨੂੰ ਭੀ ਹੋਰ ਜੂਨ ਵਿਚ ਉਲੱਦ ਦੇਂਦੇ ਹਨ।

ਅਥਵਾ :- ਜਿਵੇਂ ਭਰੀ ਹੋਈ ਪਾਈ ਨੂੰ ਪਲਟੀਏ, ਤਾਂ ਉਸ ਵਿਚ ਕੋਈ ਭੀ ਦਾਣਾ ਨਹੀਂ ਰਹਿੰਦਾ। ਤਿਵੇਂ ਅਵਸਥਾ ਦੇ ਪੂਰੇ ਹੋ ਜਾਣ ਤੇ ਸਰੀਰ ਰੂਪ ਪਾਈ ਵਿਚ ਕੋਈ ਸ੍ਵਾਸਾਂ ਰੂਪ ਦਾਣਾ ਨਹੀਂ ਰਹਿੰਦਾ।

**ਮਸੀਤ ਵਿਖੇ ਜੋ ਲੜਕਿਆਂ ਨੂੰ ਫਾਰਸੀ ਇਲਮ ਪੜ੍ਹਾਂਦਾ ਹੈ ਉਸਨੂੰ ਮੁੱਲਾਂ ਕਹਿੰਦੇ ਹਨ। ਅਤੇ ਜੋ ਨਿਆਂ ਕਰਦਾ ਹੈ ਉਸਦਾ ਨਾਂ ਕਾਜ਼ੀ ਹੈ।*

***ਪਾਈ, ਇਕ ਮਿਣਤੀ ਦੇ ਭਾਂਡੇ ਦਾ ਨਾਂ ਹੈ। ਪੜੋਪੀ ਵਿਚ ਅੱਧ ਸੇਰ ਦਾਣੇ ਹੁੰਦੇ ਹਨ।*
ਚਾਰ ਪੜੋਪੀਆਂ ਦਾ ਇਕ ਟੋਪਾ ਹੁੰਦਾ ਹੈ। ਟੋਪੇ ਵਿਚ ਦੋ ਸੇਰ ਦਾਣੇ ਹੁੰਦੇ ਹਨ।
ਤੇ ਚਾਰ ਟੋਪਿਆਂ ਦੀ ਇਕ ਪਾਈ ਹੁੰਦੀ ਹੈ। ਪਾਈ ਵਿਚ ਅੱਠ ਸੇਰ ਦਾਣੇ ਹੁੰਦੇ ਹਨ।
ਸਟੀਕ ਆਸਾ ਦੀ ਵਾਰ ਦਾ ੫੨ ਸਫਾ ਦੇਖੋ-

ਯਥਾ- ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ.॥ (ਵਾਰ ਮਾਝ ਸਲੋਕ ੨੦, ਪੰਨਾ ੧੪੭)

ਤਥਾ - ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥ ਕੋ ਰਹੈ ਨ ਭਰੀਐ ਪਾਈਐ॥

(ਆਸਾ ਦੀ ਵਾਰ, ਪੰਨਾ ੪੬੫)

ਤਥਾ- ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥
ਮੁਹਲਤਿ ਪੁਨੀ 'ਪਾਈ ਭਰੀ' ਜਾਨੀਅੜਾ ਘਤਿ ਚਲਾਇਆ॥

(ਵਡਹੰਸੁ ਮਹਲਾ ੧, ਪੰਨਾ ੫੭੮)

ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ॥

ਅਸੀਂ ਤਾਂ ਉਸਨੂੰ ਚੰਗਾ ਕਾਜ਼ੀ ਜਾਣਦੇ ਹਾਂ, ਜਿਸਨੇ ਆਪਾ ਭਾਵ ਅਰਥਾਤ ਹੰਕਾਰ ਨੂੰ ਤਿਆਗਿਆ ਹੈ। ਅਤੇ ਇਕ ਪ੍ਰਭੂ ਦੇ ਨਾਮ ਦਾ ਆਧਾਰੋ=ਆਸਰਾ ਗ੍ਰਹਿਣ ਕੀਤਾ ਹੈ।

ਪ੍ਰਸ਼ਨ:-ਉਹ ਪ੍ਰਭੂ ਕਿੱਥੇ ਰਹਿੰਦਾ ਹੈ ? ਗੁਰ ਉੱਤਰ:-

ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ॥ ੩॥

ਉਹ ਪ੍ਰਮਾਤਮਾ ਹੁਣ ਵਰਤਮਾਨ ਸਮੇਂ ਵਿਖੇ ਹੈ; ਭੀ=ਪਿੱਛੇ-ਭੂਤ ਕਾਲ ਵਿਚ ਸੀ, ਹੋਸੀ=ਅੱਗੇ ਭਵਿੱਖਤ ਕਾਲ ਵਿਚ ਹੋਵੇਗਾ।

ਜਾਇ ਨ ਜਾਸੀ=ਜੰਮਦਾ ਮਰਦਾ ਨਹੀਂ ਹੈ, ਉਹ ਸੱਚਾ ਪ੍ਰਭੂ ਸਾਰਿਆਂ ਦੇ ਸਿਰਜਣੇ ਵਾਲਾ ਹੈ॥ ੩॥

ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ॥

ਭਾਵੇਂ ਤੂੰ ਪੰਜਾਂ ਸਮਿਆਂ ਵਿਚ ਨਿਵਾਜ਼ਾਂ+ ਨੂੰ ਭੀ ਗੁਜਾਰਹਿ=ਪੜ੍ਹਦਾ ਹੈਂ।
ਅਤੇ ਕੁਰਾਣ ਸ਼ਰੀਫ ਆਦਿਕ ਚਾਰੇ ਕਤੇਬਾਂ++ ਨੂੰ ਭੀ ਪੜ੍ਹਦਾ ਹੈਂ।

ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥ ੪॥ ੨੮॥

ਗੁਰੂ ਜੀ ਕਥਨ ਕਰਦੇ ਹਨ-ਹੇ ਕਾਜ਼ੀ ਜਿਸ ਵੇਲੇ ਤੈਨੂੰ, 'ਗੋਰ=ਕਬਰ ਸੱਦੇਗੀ।'
ਤਿਸ ਵੇਲੇ ਤੇਰਾ ਖਾਣਾ ਪੀਣਾ ਸਭ ਕੁਝ ਇੱਥੇ ਹੀ ਰਹਿ ਜਾਣਾ ਹੈ॥ ੪॥ ੨੮॥

'ਗੋਰ' ਵੈਰਾਗ ਮਈ ਬਚਨਾਂ ਦੁਆਰੇ ਮਨੁੱਖ ਨੂੰ ਇੰਵ ਸਮਝਾਂਦੀ ਹੈ:-ਹੇ ਪੁਰਸ਼ਾ ਸੰਸਾਰ ਵਿਚ ਤਾਂ ਤੂੰ ਅਨੇਕਾਂ ਦੋਸਤਾਂ ਮਿੱਤਰਾਂ ਨਾਲ ਚਲਦਾ ਹੈਂ। ਪਰ ਅੰਤ ਨੂੰ ਮੇਰੇ ਵਿਚ ਤੈਨੂੰ ਇਕੱਲਾ ਰਹਿਣਾ ਪਵੇਗਾ। ਹੁਣ ਤੂੰ ਚੰਗੀਆਂ ਸਿਹਜਾ ਉੱਪਰ ਸੌਂਦਾ ਹੈਂ ਅੰਤ ਨੂੰ ਮੇਰੇ ਪਾਸ ਧਰਤੀ ਉੱਤੇ ਸੌਣਾ ਪਵੇਗਾ।

+ਪਹਿਲੀ ਨਿਵਾਜ਼-ਫਜ਼ਰ ਦੀ ਸੂਰਜ ਚੜ੍ਹਨ ਤੋਂ ੧ ਘੜੀ ਪਹਿਲੇ ਬਾਬੇ ਆਦਮ ਨੇ ਪੜ੍ਹੀ।
ਦੂਜੀ ਨਿਵਾਜ਼-ਜ਼ੁਹਰ ਦੀ ਬਾਰ੍ਹਾਂ ਵਜੇ ਤੋਂ ਪਿੱਛੇ ੧॥ ਵਜੇ ਦੇ ਕਰੀਬ ਇਬ੍ਰਾਹੀਮ ਨੇ ਪੜ੍ਹੀ।
ਤੀਜੀ ਨਿਵਾਜ਼-ਅਸਰ ਦੀ ਲੌਂਡੇ ਪਹਿਰ (ਚਾਰ ਘੜੀ ਦਿਨ ਰਹਿੰਦੇ) ਯੂਨਸ ਨੇ ਪੜ੍ਹੀ।
ਸਿਆਲ ਵਿਚ ੪ ਵਜੇ ਗਰਮੀ ਵਿਚ ੬ ਵਜੇ
ਚੌਥੀ ਨਿਵਾਜ਼-ਮਗਰਬੀ ਦਿਨ ਦੇ ਛੁਪਣ ਵੇਲੇ ਈਸਾ ਨੇ ਪੜ੍ਹੀ।
ਪੰਜਵੀਂ ਨਿਵਾਜ਼-ਇਸ਼ਾ ਦੀ (ਚਾਰ ਘੜੀ ਰਾਤ ਗਈ) ਮੂਸੇ ਪੈਗੰਬਰ ਨੇ ਪੜ੍ਹੀ।
ਸਿਆਲ ਵਿਚ ੮ ਵਜੇ ਗਰਮੀ ਵਿਚ ੯ ਵਜੇ ਦੇ ਕਰੀਬ

++ਚਾਰ ਕਤੇਬਾਂ:-ਕੁਰਾਨ, ਅੰਜ਼ੀਲ, ਤਉਰੇਤ, ਜ਼ੰਬੂਰ।

ਯਥਾ:- ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥ ੬੭॥

(ਸਲੋਕ ਸੇਖ ਫਰੀਦ, ਪੰਨਾ ੧੩੮੧)

ਸਿਰੀਰਾਗੁ ਮਹਲਾ ੧ ਘਰੁ ੪॥

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸਿੱਖ ਨੂੰ ਗੁਰਤਾ ਗੱਦੀ ਉਪਰ ਬਿਠਾਣ ਲਈ ਪ੍ਰੀਖਿਆ ਲੈਣ ਦਾ ਸੰਕਲਪ ਕੀਤਾ, ਤਾਂ ਸਿੱਖਾਂ ਉੱਪਰ ਕਰੜਾਈ ਕਰਨੀ ਸ਼ੁਰੂ ਕਰ ਦਿੱਤੀ।

ਪਹਿਲੇ ਲੰਗਰ ਦੋ ਵੇਲੇ ਚਲਦਾ ਸੀ, ਫਿਰ ਇਕ ਵੇਲੇ ਕਰ ਦਿੱਤਾ। ਜਿਹੜੇ ਦੋ ਵੇਲੇ ਲੰਗਰ ਖਾਣ ਵਾਲੇ ਸਨ ਜਦ ਉਨ੍ਹਾਂ ਨੂੰ ਇਕ ਵੇਲੇ ਮਿਲਿਆ ਦੂਜੇ ਵੇਲੇ ਨ ਮਿਲਿਆ ਤਾਂ ਇਸ ਦੁੱਖੋਂ ਕਈ ਸਿੱਖ ਦੌੜ ਗਏ।

ਫਿਰ ਹਲ ਫੜਾ ਕੇ ਸਾਰਿਆਂ ਪਾਸੋਂ ਖੇਤੀਆਂ ਕਰਵਾਉਣ ਲੱਗ ਪਏ। ਜਿਨ੍ਹਾਂ ਨੇ ਕਦੇ ਹਲ ਵਾਹੇ ਨਹੀਂ ਸਨ, ਉਹ ਏਸ ਦੁਖੋਂ ਦੌੜ ਗਏ। ਅੱਧੇ ਦੌੜ ਗਏ, ਅੱਧੇ ਬਾਕੀ ਰਹਿ ਗਏ।

ਫਿਰ ਹਜ਼ੂਰ ਨੇ ਇਕ ਦਿਨ ਛੱਡ ਕੇ, ਦੂਜੇ ਦਿਨ ਲੰਗਰ ਵਰਤਾਣਾ ਸ਼ੁਰੂ ਕਰ ਦਿੱਤਾ। ਭੁੱਖ ਦੇ ਮਾਰੇ ਫਿਰ ਹੋਰ ਭੀ ਦੌੜ ਗਏ।

ਜਦ ਖੇਤ ਪੱਕ ਗਏ ਤਾਂ ਹਜ਼ੂਰ ਨੇ ਵਾਢੀਆਂ ਕਰਵਾ ਕੇ ਬੋਹਲ ਲਗਵਾ ਕੇ ਕਿਹਾ: ਇਸ ਨੂੰ ਅੱਗ ਲਗਾ ਕੇ ਸਾੜ ਦਿਓ, ਇਹ ਗੱਲ ਸੁਣ ਕੇ ਕਈ ਸਿੱਖ ਘਬਰਾ ਗਏ। ਕਿ ਗੁਰੂ ਜੀ ਨੂੰ ਕੀ ਹੋ ਗਿਆ ਹੈ, ਬਰਦਾਸ਼ਤ ਨ ਕਰ ਸਕੇ, ਤੇ ਆਪਣੀ ਘਰੀਂ ਚਲੇ ਗਏ।

ਜਿਹੜੇ ਆਗਿਆਕਾਰੀ ਸਨ, ਉਨ੍ਹਾਂ ਨੇ ਹੁਕਮ ਮੰਨ ਕੇ ਅੱਗ ਲਗਾ ਕੇ ਅਨਾਜ ਦੇ ਬੋਹਲ ਸਾੜ ਦਿੱਤੇ।

ਫਿਰ ਗੁਰੂ ਜੀ ਲੱਕ ਨਾਲ ਛੁਰਾ, ਤੇ ਕੁੱਤੇ ਕੁੱਤੀਆਂ ਨਾਲ ਲੈ ਕੇ, ਭਿਆਨਕ ਰੂਪ ਧਾਰਕੇ ਤੁਰ ਪਏ। ਕਈ ਸਿੱਖ ਗੁਰੂ ਜੀ ਦੇ ਭਿਆਨਕ ਰੂਪ ਨੂੰ ਵੇਖ ਕੇ ਘਬਰਾ ਗਏ ਤੇ ਆਪਣੇ ਪਿੰਡ ਆ ਗਏ। ਉਸ ਭਿਆਨਕ ਰੂਪ ਦਾ ਅਬ ਵਰਨਣ ਕਰਦੇ ਹਨ:-

ਏਕੁ ਸੁਆਨੁ ਦੁਇ ਸੁਆਨੀ ਨਾਲਿ॥

ਇਕ ਕੁੱਤਾ ਤੇ ਦੋ ਕੁੱਤੀਆਂ ਨਾਲ ਲੈ ਲੀਤੀਆਂ।

ਅਥਵਾ:-ਇਕ ਕੁੱਤਾ ਤੇ ਦੂਜੀ ਕੁੱਤੀ ਨਾਲ ਲੈ ਲੀਤੀ।

ਉਹ ਕੁੱਤੇ ਕੁੱਤੀਆਂ ਕੈਸੀਆਂ ਹਨ ? ਕਿ-

ਭਲਕੇ ਭਉਕਹਿ ਸਦਾ ਬਇਆਲਿ॥

ਜਿਸ ਵੇਲੇ, 'ਬਇਆਲਿ=ਪੌਣ ਦੇ ਚਲਣ ਨਾਲ ਬ੍ਰਿੱਛਾਂ ਦੇ ਪਤੇ ਹਿਲਦੇ ਹਨ, ਤੇ ਉਨ੍ਹਾਂ ਦੇ ਸ਼ਬਦ ਹੋਣ ਤੇ ਉਹ ਕੁੱਤੇ ਕੁੱਤੀਆਂ ਦੇ ਸ਼ਬਦ ਹੋਣ ਤੇ ਉਹ ਕੁੱਤੇ ਕੁੱਤੀਆਂ ਭਲਕੇ=ਸਵੇਰੇ ਸਵੇਰੇ ਹਮੇਸ਼ਾਂ ਭੌਂਕਦੀਆਂ ਹਨ।'

ਕੂੜੁ ਛੁਰਾ ਮੁਠਾ ਮੁਰਦਾਰੁ॥

ਇਕ ਝੂਠਾ ਛੁਰਾ ਭਾਵ ਲੱਕੜ ਦਾ ਛੁਰਾ ਨਾਲ ਲੈ ਲੀਤਾ, ਜੋ ਮੁਰਦਾਰੁ=ਮਰੇ ਹੋਇ ਨੂੰ ਭੀ ਨਹੀਂ ਮੁਠਾ=ਕੱਟ ਸਕਦਾ।

ਧਾਣਕ ਰੂਪਿ ਰਹਾ ਕਰਤਾਰ॥ ੧॥

ਕਰਤਾਰ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ (ਸਿੱਖਾਂ ਦੀ ਪ੍ਰੀਖਿਆ ਲੈਣ ਵਾਸਤੇ) ਇਸ ਵਜ੍ਹਾ ਨਾਲ ਧਾਣਕ=ਭਿਆਨਕ ਰੂਪ ਵਿਖੇ ਰਹਿਣਾ ਕੀਤਾ॥ ੧॥

ਅੱਗੇ ਜਾ ਕੇ ਪੈਸਿਆਂ ਦੀ ਵਰਖਾ ਕੀਤੀ, ਕਈ ਪੈਸਿਆਂ ਦੇ ਚੁਕਣ ਵਿਖੇ ਲੱਗ ਗਏ। ਫਿਰ ਰੁਪਇਆਂ ਦੀ ਵਰਖਾ ਕੀਤੀ, ਕਈ ਰੁਪਿਆਂ ਦੇ ਚੁੱਕਣ ਵਿਚ ਲਗ ਗਏ। ਫਿਰ ਹਜ਼ੂਰ ਨੇ ਮੋਹਰਾਂ ਦੀ ਵਰਖਾ ਕੀਤੀ, ਮੋਹਰਾਂ ਵੇਖਕੇ ਸਾਰੇ ਸਿੱਖ ਉਨ੍ਹਾਂ ਵਿਚ ਹੀ ਮਸਤ ਰਹਿ ਗਏ। ਆਖਿਰ ਗੁਰੂ ਜੀ ਨਾਲ ਦੋ ਸਿੱਖ ਭਾਈ ਬੁੱਢਾ ਜੀ, ਤੇ ਭਾਈ ਲਹਿਣਾ ਜੀ ਰਹੇ। ਭਾਈ ਬੁੱਢਾ ਜੀ ਨੂੰ ਵੇਖਕੇ ਕਿਹਾ ਤੂੰ ਕਿਉਂ ਖੜਾ ਹੈਂ ਦੌੜ ਜਾ।

ਅੱਗੋਂ ਭਾਈ ਜੀ ਨੇ ਹੱਥ ਜੋੜ ਕੇ ਕਿਹਾ, ਮੈਂ ਆਪ ਜੀ ਦਾ ਸਿੱਖ ਹਾਂ ਇਸ ਲਈ ਖੜਾ ਹਾਂ। ਹਜ਼ੂਰ ਨੇ ਕਿਹਾ ਸਿੱਖ ਉਹ ਹੁੰਦਾ ਹੈ ਜਿਹੜਾ ਸਿੱਖਾਂ ਵਾਲੇ ਕੰਮ ਕਰੇ, ਭਾਈ ਬੁੱਢਾ ਜੀ ਨੇ ਕਿਹਾ ਆਪ ਹੁਕਮ ਕਰੋ, ਹਜ਼ੂਰ ਨੇ ਕਿਹਾ ਔਹ ਮੁਰਦਾ ਪਿਆ ਹੈ ਉਸ ਨੂੰ ਖਾ ਜਾ। ਇਹ ਗੱਲ ਸੁਣਕੇ ਮਨ ਸਹਿਮ ਗਿਆ ਮੈਂ ਮੁਰਦਾ ਖਾਵਾਂ।

ਹਜ਼ੂਰ ਨੇ ਉਸ ਦੀ ਪਿੱਠ ਤੇ ਰੱਖ ਕੇ ਸਲੋਤ੍ਰ ਮਾਰਿਆ ਤੇ ਕਿਹਾ, (ਕੁਟਨ ਹਮਰੇ ਸਿੱਖ ਕਹਾਵੋ) ਉਸ ਵੇਲੇ ਭਾਈ ਬੁੱਢਾ ਜੀ ਵੀ ਦੌੜਕੇ ਝਾੜੀਆਂ ਵਿਚ ਜਾ ਲੁਕੇ।

ਫਿਰ ਭਾਈ ਲਹਿਣਾ ਜੀ ਨੂੰ ਕਿਹਾ ਤੂੰ ਕਿਉਂ ਖੜਾ ਹੈਂ, ਅੱਗੋਂ ਉਨ੍ਹਾਂ ਨੇ ਹੱਥ ਜੋੜ ਕੇ ਕਿਹਾ ਆਪ ਜੀ ਦਾ ਸਿੱਖ ਜੋ ਹੋਇਆ। ਹਜ਼ੂਰ ਨੇ ਕਿਹਾ ਸਿੱਖ ਉਹ ਹੁੰਦਾ ਹੈ ਜਿਹੜਾ ਹੁਕਮ ਮੰਨੇ, ਤਾਂ ਭਾਈ ਲਹਿਣਾ ਜੀ ਨੇ ਕਿਹਾ ਆਪ ਹੁਕਮ ਕਰੋ ਦਾਸ ਮੰਨਣ ਨੂੰ ਤਿਆਰ ਹੈ। ਗੁਰੂ ਜੀ ਨੇ ਕਿਹਾ:-ਖਾਹ ਮੁਰਦਾ, ਤਾਂ ਲਹਿਣਾ ਜੀ ਸੱਤ ਬਚਨ ਕਹਿ ਕੇ ਮੁਰਦੇ ਪਾਸ ਜਾ ਕੇ ਖਲੋ ਗਏ।

ਹਜ਼ੂਰ ਨੇ ਫਿਰ ਕਿਹਾ ਖੜਾ ਕਿਉਂ ਹੈਂ ਖਾਂਦਾ ਕਿਉਂ ਨਹੀਂ ? ਤਾਂ ਲਹਿਣਾ ਜੀ ਨੇ ਕਿਹਾ ਮੈਂ ਆਪ ਜੀ ਦੀ ਆਗਿਆ ਉਡੀਕ ਰਿਹਾ ਹਾਂ, ਕਿ ਕਿਸ ਪਾਸਿਓਂ ਖਾਵਾਂ, ਹਜ਼ੂਰ ਨੇ ਕਿਹਾ ਸਿਰ ਤੋਂ ਲੈ ਕੇ ਪੈਰਾਂ ਤੱਕ ਖਾ ਜਾ। ਲਹਿਣਾ ਜੀ ਦਾ ਚਿੱਤ ਸਹਿਮਿਆ ਨਹੀਂ ਜਦ ਕੱਪੜਾ ਲਾਹ ਕੇ ਖਾਣ ਲਗੇ। ਤਾਂ ਹਜ਼ੂਰ ਨੇ ਉਸ ਦੇ ਦ੍ਰਿੜ ਨਿਸਚੇ ਨੂੰ ਵੇਖਕੇ ਕੜਾਹ ਪ੍ਰਸ਼ਾਦ ਦੀ ਦੇਗ ਬਣਾ ਦਿੱਤੀ। ਫਿਰ ਭਾਈ ਲਹਿਣਾ ਜੀ ਨੂੰ ਆਪਣੇ ਪਾਸ ਬੁਲਾ ਕੇ ਘੁੱਟ ਕੇ ਗਲਵੱਕੜੀ ਪਾਈ। ਆਪਣੇ ਅੰਗਾਂ ਨਾਲ ਛੁਹਾ ਕੇ, ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਬਣਾ ਦਿੱਤਾ। ਇਹ ਹੈ ਸਿੱਖ ਦਾ ਨਮੂਨਾ।

ਜਦ ਵੀ ਗੁਰੂ ਹੁਕਮ ਕਰੇ ਸਿੱਖ ਨੂੰ ਉਸੇ ਤਰ੍ਹਾਂ ਮੰਨਣਾ ਚਾਹੀਦਾ ਹੈ। ਗੁਰੂ ਦੇ ਲਿਬਾਸ ਨੂੰ ਜਾਂ ਕੌਤਕ ਨੂੰ ਵੇਖਕੇ ਮਨ ਡੁਲਾਵੇ ਨਾ। ਯਥਾ-ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨ ਹਾਰੇ।

ਹੁਣ ਕਲਜੁਗੀ ਜੀਵਾਂ ਦੀ ਦਸ਼ਾ ਵਰਣਨ ਕਰਦੇ ਹਨ।

ਏਕੁ ਸੁਆਨੁ ਦੁਇ ਸੁਆਨੀ ਨਾਲਿ॥

ਜੀਵ ਦੇ ਨਾਲ ਇੱਕ ਲੋਭ ਰੂਪ ਸੁਆਨੁ=ਕੁੱਤਾ ਹੈ, ਦੋ ਆਸਾ ਤ੍ਰਿਸ਼ਨਾਂ ਰੂਪੀ ਕੁੱਤੀਆਂ ਹਨ।

ਵਾ:-ਦੁਇ=ਦ੍ਵੈਤ ਰੂਪੀ ਕੁੱਤੀ ਨਾਲ ਹੈ।

ਭਲਕੇ ਭਉਕਹਿ ਸਦਾ ਬਇਆਲਿ॥

ਲੋਭ ਰੂਪ ਕੁੱਤਾ, ਤੇ ਆਸਾ ਤ੍ਰਿਸ਼ਨਾਂ ਰੂਪੀ ਦੋਵੇਂ ਕੁੱਤੀਆਂ, ਬਇਆਲਿ=ਪਦਾਰਥਾਂ ਵਾਸਤੇ ਭਲਕੇ=ਸਵੇਰੇ

ਸਵੇਰੇ ਹਮੇਸ਼ਾਂ ਭੌਂਕਦੀਆਂ ਹਨ।

ਅਥਵਾ:-ਬਇਆਲਿ=ਦਿਨ ਦੇ ਉਦੇ ਹੋਣ ਨਾਲ ਹੀ, ਵਾ ਬਇਆਲਿ=ਵਾਸ਼ਨਾਂ ਦੇ ਅਨੁਸਾਰ ਭੌਂਕਦੀਆਂ ਹਨ।

ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੧ ॥

ਝੂਠ ਰੂਪ ਛੁਰਾ ਮਨ ਰੂਪ ਹੱਥ ਵਿਚ ਫੜਿਆ ਹੋਇਆ ਹੈ, ਜੇਹੜਾ ਲੋਕਾਂ ਨੂੰ ਮੁਠਾ=ਠਗ ਕੇ ਖਾਣਾ ਹੈ ਏਹੋ ਮੁਰਦਾਰੁ=ਮੋਏ ਹੋਇ ਪਸ਼ੂ ਦਾ ਖਾਣਾ ਹੈ।

ਹੇ ਕਰਤਾਰ ! ਸੰਸਾਰੀ ਜੀਵ ਆਪ ਜੀ ਤੋਂ ਭੁੱਲਕੇ ਧਾਣਕ=ਭਿਆਨਕ ਰੂਪ ਹੋ ਰਹੇ ਹਨ॥। ੧॥

ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥

ਪਹਿਲਾ ਅਰਥ:-ਮੈ=ਹੰਗਤਾ ਮਮਤਾ ਵਸ਼ਿਸ਼ਟ ਜੀਵ ਪਤਿ=ਪ੍ਰਮਾਤਮਾ ਦੀ ਪੰਦਿ=ਸਿੱਖਿਆ ਨਹੀਂ ਲੈਂਦਾ।

ਦੂਜਾ ਅਰਥ:-ਪਤੀ ਪ੍ਰਮਾਤਮਾ ਦੀ ਪ੍ਰਾਪਤੀ ਦੇ ਪੰਦਿ=ਰਸਤੇ ਵਿਚ ਪੈਰ ਨਹੀਂ ਰੱਖਦਾ। ਕਈ ਬੀੜਾਂ ਵਿਚ 'ਪੰਦਿ' ਦੀ ਜਗ੍ਹਾ 'ਸਪੰਦ' ਪਾਠ ਵੀ ਹੁੰਦਾ ਹੈ। ਜੇ ਸਪੰਦਿ ਪਾਠ ਹੋਵੇ ਤਾਂ ਇਹ ਅਰਥ ਕਰਨਾ ਇਹ ਮੈ=ਮਮਤਾ ਵਸ਼ਿਸ਼ਟ ਜੀਵ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਦੀ ਸਪੰਦਿ=ਇੱਛਾ ਨਹੀਂ ਕਰਦਾ ਅਤੇ ਨਾ ਹੀ ਸ੍ਰੇਸ਼ਟ ਕਰਨੀ ਦੀ ਕਾਰ ਨੂੰ ਕਰਦਾ ਹੈ।

ਹਉ ਬਿਗੜੈ ਰੂਪਿ ਰਹਾ ਬਿਕਰਾਲ ॥

ਹਉ=ਹੰਗਤਾ-ਮਮਤਾ ਵਸ਼ਿਸ਼ਟ ਜੀਵ ਰੂਪਿ=ਸਰੂਪ ਤੋਂ ਵਿਗੜਿਆ ਹੋਇਆ ਬਿਕਰਾਲ=ਭਿਆਨਕ ਹੋ ਰਿਹਾ ਹੈ।

ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥

ਹੇ ਵਾਹਿਗੁਰੂ ! ਆਪ ਜੀ ਦਾ ਇੱਕ ਨਾਮ ਹੀ ਸੰਸਾਰ ਸਮੁੰਦ੍ਰ ਤੋਂ ਤਾਰਨੇ ਵਾਲਾ ਹੈ।

ਮੈ ਏਹਾ ਆਸ ਏਹੋ ਆਧਾਰੁ ॥ ੧ ॥ ਰਹਾਉ ॥

ਮੈਨੂੰ ਏਸੇ ਨਾਮ ਜਪਣ ਦੀ ਆਸਾ ਹੈ, ਅਤੇ ਏਸੇ ਨਾਮ ਦਾ ਹੀ ਮੈਨੂੰ ਆਧਾਰੁ=ਆਸਰਾ ਹੈ॥ ੧॥

ਮੁਖਿ ਨਿੰਦਾ ਆਖਾ ਦਿਨੁ ਰਾਤਿ ॥

ਇਹ ਜੀਵ ਦਿਨ ਰਾਤ ਆਪਣੇ ਮੂੰਹ ਸੇ ਨਿੰਦਿਆ ਦੇ ਸ਼ਬਦ ਹੀ ਕਥਨ ਕਰਦਾ ਹੈ।

ਪਰ ਘਰੁ ਜੋਹੀ ਨੀਚ ਸਨਾਤਿ ॥

ਧਨ ਲੁੱਟਨ ਵਾਸਤੇ ਪਰਾਏ ਘਰਾਂ ਵੱਲ ਜੋਹੀ=ਵੇਖਦਾ ਰਹਿੰਦਾ ਹੈ,

ਅਥਵਾ:-ਪਰ ਘਰੁ=ਪਰਾਈ ਇਸਤ੍ਰੀ ਵੱਲ ਬੁਰੀ ਨਿਗਾਹ ਕਰਕੇ ਵੇਖਦਾ ਰਹਿੰਦਾ ਹੈ।

ਅਥਵਾ:=ਪਰ ਘਰੁ=ਪ੍ਰਾਏ ਘਰ ਦੇਵੀ ਦਿਉਤਿਆਂ ਵੱਲ ਵੇਖਦਾ ਰਹਿੰਦਾ ਹੈ ਇਸ ਕਰਕੇ ਨੀਚ ਅਤੇ ਸਨਾਤਿ=ਭੂਤਨਾ ਹੋ ਰਿਹਾ ਹੈ।

ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥

ਕਾਮ ਕਰੋਧ ਆਦਿਕ ਪੰਜ ਚੰਡਾਲ ਇਸ ਦੇ ਤਨ ਵਿਖੇ ਵਸ ਰਹੇ ਹਨ।

ਧਾਣਕ ਰੂਪਿ ਰਹਾ ਕਰਤਾਰ॥ ੨॥

ਹੇ ਕਰਤਾਰ ! ਸੰਸਾਰੀ ਜੀਵ ਆਪ ਜੀ ਤੋਂ ਭੁੱਲਕੇ ਭਿਆਨਕ ਰੂਪ ਹੋ ਰਹੇ ਹਨ॥ ੨॥

ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥

ਉਪਰਲਾ ਵੇਸੁ=ਲਿਬਾਸ (ਭੇਖ) ਬੜਾ ਮਲੂਕੀ=ਸੁੰਦਰ ਹੈ, ਪਰ ਅੰਦਰੋਂ ਸੁਰਤਿ ਫਾਹੀ=ਫਹਾਣੇ ਵਾਲੀ ਹੈ।

ਠੱਗੀ ਰੂਪ ਦੇਸ ਵਿਚ ਵੱਸਨ ਕਰਕੇ, ਵਾ ਜਿਸ ਦੇਸ ਵਿਚ ਜਾਂਦਾ ਹੈ ਓਥੇ ਹੀ ਠੱਗੀਆਂ ਕਰਦਾ ਹੈ, ਏਸ ਕਾਰਨ ਇਹ ਹਉ=ਹੰਗਤਾ ਮਮਤਾ ਵਸ਼ਿਸ਼ਟ ਜੀਵ ਵਾੜਾ=ਵੱਡਾ ਠਗ ਹੋ ਰਿਹਾ ਹੈ।

ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ ॥ ੩॥

ਇਹ ਜੀਵ ਜਿਤਨਾ ਚੰਗਾ ਸਿਆਣਾ ਹੁੰਦਾ ਹੈ ਉਤਨਾ ਬਹੁਤਾ ਹੀ ਪਾਪਾਂ ਦਾ ਭਾਰੁ=ਬੋਝ ਉਠਾਂਦਾ ਹੈ ਕਿਉਂਕਿ ਝੂਠੀਆਂ ਉਗਾਹੀਆਂ ਸਿਆਣੇ ਆਦਮੀ ਹੀ ਦਿੰਦੇ ਹਨ।

ਹੇ ਕਰਤਾਰ ! ਸੰਸਾਰੀ ਜੀਵ ਆਪ ਜੀ ਤੋਂ ਭੁੱਲਕੇ ਭਿਆਨਕ ਰੂਪ ਹੋ ਰਹੇ ਹਨ॥ ੩॥

ਮੈ ਕੀਤਾ ਨ ਜਾਤਾ ਹਰਾਮਖੋਰੁ॥

ਮੈ=ਹੰਗਤਾ-ਮਮਤਾ ਵਸ਼ਿਸ਼ਟ ਜੋ ਜੀਵ ਹੈ ਇਸਨੇ ਪ੍ਰਭੂ ਦੇ ਕੀਤੇ ਉਪਕਾਰ ਨੂੰ ਨਹੀਂ ਜਾਨਣਾ ਕੀਤਾ ਇਸ ਕਰਕੇ ਇਹ ਹਰਾਮਖੋਰ ਹੋ ਰਿਹਾ ਹੈ।

ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥

ਹਉ=ਹੰਗਤਾ-ਮਮਤਾ ਵਸ਼ਿਸ਼ਟ ਜੋ ਦੁਸ਼ਟ ਜੀਵ ਹੈ ਨਾਮ ਤੋਂ ਵੇਮੁਖ ਹੋਣ ਕਰਕੇ ਚੋਰ ਹੈ।

ਯਥਾ-ਨਾਮੁ ਦੁਰਾਇ ਚਲੈ ਸੋ ਚੋਰੁ॥

ਵਾ ਲੁਕ ਛਿਪ ਕੇ ਪਾਪ ਕਰਮਾਂ ਨੂੰ ਕਰਦਾ ਹੈ ਇਸ ਕਰਕੇ ਚੋਰ ਹੈ, ਇਹ ਅੱਗੇ ਪ੍ਰਲੋਕ ਵਿਚ ਜਾ ਕੇ ਕਿਆ ਮੁਹੁ ਦੇਸਾ=ਕੀ ਮੂੰਹ ਦੇਵੇਗਾ।

ਨਾਨਕੁ ਨੀਚੁ ਕਹੈ ਬੀਚਾਰੁ॥

ਗੁਰੂ ਜੀ ਕਥਨ ਕਰਦੇ ਹਨ-ਇਸ ਸ਼ਬਦ ਵਿਖੇ ਅਸਾਂ ਨੇ ਨੀਚਾਂ ਦਾ ਵਿਚਾਰ ਕਿਹਾ ਹੈ।

ਧਾਣਕ ਰੂਪਿ ਰਹਾ ਕਰਤਾਰ॥ ੪॥ ੨੯॥

ਹੇ ਕਰਤਾਰ ! ਸੰਸਾਰੀ ਜੀਵ ਆਪ ਜੀ ਤੋਂ ਭੁੱਲ ਕੇ ਧਾਣਕ ਰੂਪਿ=ਭਿਆਨਕ ਰੂਪ ਹੋ ਰਹੇ ਹਨ॥ ੪॥ ੨੯॥

ਸਿਰੀਰਾਗੁ ਮਹਲਾ ੧ ਘਰੁ ੪॥

ਸ੍ਰੀ ਗੁਰੂ ਨਾਨਕ ਦੇਵ ਜੀ ਬਾਰ ਦੇਸ ਵਿਚ ਚਲੇ ਜਾ ਰਹੇ ਸਨ। ਜੀਵਾਂ ਨੂੰ ਦੁਖ ਸਹਿਤ ਰੋਂਦਿਆਂ ਵੇਖ ਕੇ ਪੁੱਛਿਆ-ਭਲਿਓ ਲੋਕੋ ਤੁਹਾਨੂੰ ਕੀ ਦੁੱਖ ਹੈ ? ਤਾਂ ਲੋਕਾਂ ਨੇ ਹੱਥ ਜੋੜ ਕੇ ਕਿਹਾ ਫਕੀਰ ਸਾਈਂ ਜੀ, ਵਰਖਾ

ਨਾ ਹੋਣ ਦੇ ਕਾਰਨ ਕਾਲ ਪਿਆ ਹੋਇਆ ਹੈ, ਖਾਣ ਨੂੰ ਕੁਝ ਮਿਲਦਾ ਨਹੀਂ ਹੈ।

ਆਪ ਕਿਰਪਾ ਕਰਕੇ ਵਰਖਾ ਪਾ ਕੇ ਸਾਨੂੰ ਜੀਵ ਦਾਨ ਬਖਸ਼ਣਾ ਕਰੋ।

ਹਜ਼ੂਰ ਨੇ ਕਿਹਾ:- ਭਾਣੇ ਵਿਚ ਹੀ ਸੁਖ ਹੈ ਤੁਸੀਂ ਉਸ ਦਾ ਭਾਣਾ ਮਿੱਠਾ ਕਰਕੇ ਮੰਨੀ ਜਾਵੋ।

ਤਾਂ ਲੋਕਾਂ ਨੇ ਕਿਹਾ ਐਨੇ ਦੁਖੀ ਹਾਂ, ਜੋ ਭਾਣੇ ਮੰਨਣ ਤੋਂ ਅਸਮਰੱਥ ਹੋ ਚੁੱਕੇ ਹਾਂ।

ਫਕੀਰ ਲੋਕ ਦਿਆਲੂ ਹੁੰਦੇ ਹਨ, ਆਪ ਦਇਆ ਦੇ ਘਰ ਵਿਚ ਆ ਕੇ ਵਰਖਾ ਜ਼ਰੂਰ ਪਵਾਓ ।

ਤਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਤਰ-ਧਿਆਨ ਹੋ ਕੇ, ਕਰਤਾਰ ਅੱਗੇ ਬੇਨਤੀ ਕੀਤੀ।

ਮੀਂਹ ਤਾਂ ਬਹੁਤ ਵਸਿਆ। ਪਰ ਉਸ ਜਲ ਨੂੰ ਜੇਹੜਾ ਵੀ ਪਸ਼ੂ ਪੰਛੀ ਪੀਂਦਾ ਹੈ ਉਹ ਮਰਦਾ ਜਾਂਦਾ ਹੈ।

ਇਹ ਕੌਤਕ ਵੇਖਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ:

ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥

ਪਹਿਲਾ ਅਰਥ:-ਹੇ ਪ੍ਰਭੂ ! ਸੰਸਾਰ ਵਿਚ ਜਿਤਨੇ ਕੁ ਜੀਵ ਹਨ, ਉਨ੍ਹਾਂ ਸਾਰਿਆਂ ਦੇ ਖਾਣ ਪੀਣ ਦੀ ਸੁਰਤ ਆਪ ਜੀ ਨੂੰ ਹੈ।

ਹੇ ਪ੍ਰਭੂ ਤੈਂਨੇ ! ਆਪਣੀ ਗਿਆਤ ਤੋਂ ਬਿਨਾਂ ਕੋਈ ਵੀ ਜੀਵ ਪੈਦਾ ਨਹੀਂ ਕੀਤਾ । ਅਰਥਾਤ ਸਾਰੇ ਜੀਵ ਆਪ ਜੀ ਦੀ ਹੀ ਦ੍ਰਿਸ਼ਟੀ ਗੋਚਰੇ ਹਨ।

ਦੂਜਾ ਅਰਥ:-ਸੰਸਾਰ ਵਿਖੇ ਜਿਤਨੇਕੁ ਜੀਵ ਹਨ, ਸਭਨਾਂ ਨੂੰ ਇੱਕ ਪਰਮੇਸ਼ਰ ਦੀ ਗਿਆਤ ਹੈ। ਜੇਕਰ ਬੱਚੇ ਨੂੰ ਵੀ ਪੁੱਛੋ ਤਾਂ ਉਹ ਭੀ ਉੱਚੀ ਉਂਗਲ ਕਰਕੇ ਆਖਦਾ ਹੈ ਔਹ ਰੱਬ ਹੈ।

ਸੁਰਿਤ=ਗਿਆਤ ਤੋਂ ਬਿਨਾਂ ਕੋਈ ਜੀਵ ਪੈਦਾ ਨਹੀਂ ਕੀਤਾ।

[ਪੰਨਾ ੨੫]

ਜੇਹੀ ਸੁਰਤਿ ਤੇਹਾ ਤਿਨ ਰਾਹੁ ॥

ਹੇ ਪ੍ਰਭੂ! ਜੇਹੋ ਜੇਹੀ ਤੂੰ ਸੁਰਤਿ=ਗਿਆਤ ਦਿੰਦਾ ਹੈਂ, ਤੇਹੋ ਜੇਹਾ ਤਿਨ੍ਹਾਂ ਜੀਵਾਂ ਨੂੰ! ਰਾਹੁ=ਰਸਤਾ ਪ੍ਰਾਪਤ ਹੁੰਦਾ ਹੈ।

ਲੇਖਾ ਇਕੋ ਆਵਹੁ ਜਾਹੁ ॥ ੧ ॥

ਸਾਰਿਆਂ ਜੀਵਾਂ ਦੇ ਔਣ ਜਾਣ ਦਾ ਲੇਖਾ=ਹਿਸਬ ਇੱਕ ਆਪ ਜੀ ਦੇ ਪਾਸ ਹੈ॥ ੧ ॥

ਕਾਹੇ ਜੀਅ ਕਰਹਿ ਚਤੁਰਾਈ ॥

ਇਹ ਸੰਸਾਰੀ ਜੀਵ ! ਕਿਸ ਵਾਸਤੇ ਆਪਣੀਆਂ ਚਤੁਰਾਈਆਂ ਕਰਦੇ ਹਨ, ਕਿ ਇੰਝ ਹੋਣਾ ਚਾਹੀਦਾ ਹੈ, ਜੋ ਕੁਝ ਅੱਗੇ ਹੋਇਆ ਹੈ ਉਹ ਠੀਕ ਨਹੀਂ ਹੋਇਆ।

ਲੇਵੈ ਦੇਵੈ ਢਿਲ ਨ ਪਾਈ ॥ ੧ ॥ ਰਹਾਉ ॥

ਹੇ ਪ੍ਰਭੂ ! ਤੂੰ ਜੀਵਾਂ ਪਾਸੋਂ ਪਦਾਰਥ ਲੈਂਦਿਆਂ ਦੇਂਦਿਆਂ ਢਿਲ=ਦੇਰ ਨਹੀਂ ਪਾਂਦਾ ॥ ੧ ॥ ਰਹਾਉ ॥

ਤੇਰੇ ਜੀਅ ਜੀਆ ਕਾ ਤੋਹਿ ॥

ਹੇ ਪ੍ਰਭੂ ! ਇਹ ਸਾਰੇ ਜੀਵ ਤੇਰੇ ਬਣਾਏ ਹੋਏ ਹਨ, ਤੂੰ ਇਨ੍ਹਾਂ ਜੀਵਾਂ ਦਾ ਮਾਲਕ ਹੈਂ।

ਕਿਤ ਕਉ ਸਾਹਿਬ ਆਵਹਿ ਰੋਹਿ ॥

ਹੇ ਸਾਹਿਬ ! ਫਿਰ ਤੂੰ ਕਿਸ ਵਾਸਤੇ ਰੋਹਿ=ਗੁੱਸੇ ਵਿਚ ਆਇਆ ਹੈਂ।

ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥ ੨ ॥

ਹੇ ਸਾਹਿਬ ! ਜੇਕਰ ਤੂੰ ਰੋਹਿ=ਗੁੱਸੇ ਵਿਚ ਆਇਆ ਭੀ ਹੈਂ।

ਤਾਂ ਉਹ ਤੇਰੇ ਦਾਸ ਹਨ, ਤੇ ਤੂੰ ਉਨ੍ਹਾਂ ਦਾ ਸੁਆਮੀ ਹੈਂ॥ ੨ ॥

ਅਸੀ ਬੋਲਵਿਗਾੜ ਵਿਗਾੜਹ ਬੋਲ ॥

ਅਸੀਂ ਬੋਲ ਵਿਗਾੜ ਹਾਂ, ਜੋ ਬੋਲ ਕੇ ਵਿਗਾੜ ਲੀਤਾ ਹੈ, ਕਿ ਮੀਂਹ ਪਾਓ,

*ਅਥਵਾ:-*ਅਸੀਂ=ਤਮਾਮ ਪੁਰਸ਼ ਬੋਲ ਕੇ ਕੰਮ ਨੂੰ ਵਿਗਾੜ ਲੈਂਦੇ ਹਾਂ।

ਤੂ ਨਦਰੀ ਅੰਦਰਿ ਤੋਲਹਿ ਤੋਲ ॥

ਹੇ ਨਦਰੀ=ਪ੍ਰਮਾਤਮ ਦੇਵ ਤੂੰ ਆਪਣੀ ਨਿਗਾਹ ਦੇ ਅੰਦਰ ਸਾਰਿਆਂ ਜੀਵਾਂ ਦੇ ਖਾਣ ਪਾਣ ਰੂਪ ਤੋਲ=ਵਿਚਾਰ ਨੂੰ ਤੋਲਹਿ=ਵਿਚਾਰਦਾ ਹੈਂ।

ਜਹ ਕਰਣੀ ਤਹ ਪੂਰੀ ਮਤਿ ॥

ਜਿਸ ਜਗ੍ਹਾ ਪ੍ਰਭੂ ਦੇ ਭਾਣੇ ਮੰਨਣ ਰੂਪ ਕਰਨੀ ਹੈ, ਤਿਸ ਜਗ੍ਹਾ ਪੂਰਨ ਮਤੀ ਦੀ ਪ੍ਰਾਪਤੀ ਹੈ।

ਕਰਣੀ ਬਾਝਹੁ ਘਟੇ ਘਟਿ ॥ ੩ ॥

ਭਾਣੇ ਦੇ ਮੰਨਣ ਰੂਪ ਸ੍ਰੇਸ਼ਟ ਕਰਨੀ ਤੋਂ ਬਿਨਾਂ ਘਾਟਾ ਹੀ ਘਾਟਾ ਹੈ।

ਅਥਵਾ:-ਘਟਿ=ਅੰਤਹਕਰਨ ਵਿਖੇ ਘਾਟਾ ਹੀ ਹੈ॥ ੩ ॥

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥
ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥ ੪ ॥ ੩੦ ॥

(ਅੰਨਵੇਂ ਅੱਖਰ ਲੱਗਣੇ ਹਨ ਖਿਆਲ ਰੱਖਣਾ)

*ਪ੍ਰਸ਼ਨ:-*ਗਿਆਨੀ ਕੈਸਾ ਹੋਇ=ਗਿਆਨੀ ਦੇ ਲੱਛਣ ਦੱਸੋ ਗਿਆਨਵਾਨ ਕਿਸ ਤਰ੍ਹਾਂ ਹੁੰਦਾ ਹੈ ?

ਪ੍ਰਣਵਤਿ ਨਾਨਕ=ਗੁਰੂ ਸਾਹਿਬ ਜੀ ਕਥਨ ਕਰਦੇ ਹਨ।

ਗੁਰ ਪਰਸਾਦਿ ਕਰੇ ਬੀਚਾਰੁ ॥

ਸੋ ਸਤਿਗੁਰਾਂ ਦੀ ਕਿਰਪਾ ਦੁਆਰੇ ਨਾਮ ਦਾ ਵਿਚਾਰ ਕਰਦਾ ਹੈ, ਅਤੇ

ਆਪੁ ਪਛਾਣੈ ਬੂਝੈ ਸੋਇ ॥

ਆਪਣੇ ਸ੍ਵੈ ਸਰੂਪ ਨੂੰ ਪਛਾਣ ਕੇ, ਆਪਣੀ ਆਤਮਾ ਨੂੰ ਉਸ ਬ੍ਰਹਮ ਨਾਲ ਅਭੇਦ ਰੂਪ ਸਮਝਦਾ ਹੈ।

ਸੋ ਗਿਆਨੀ ਦਰਗਹ ਪਰਵਾਣੁ ॥

ਉਹ ਅਸਲ ਬ੍ਰਹਮ ਗਿਆਨੀ ਸਤਸੰਗ, ਵਾ ਪ੍ਰਲੋਕ ਦਰਗਾਹ ਵਿਚ ਪ੍ਰਮਾਣੀਕ ਹੁੰਦਾ ਹੈ॥ ੪॥ ੩੦॥

ਸਿਰੀਰਾਗੁ ਮਹਲਾ ੧ ਘਰੁ ੪॥

ਇਸ ਸ਼ਬਦ ਦੁਆਰਾ ਪ੍ਰਮੇਸ਼੍ਵਰ ਦੇ ਸਨਮੁਖ ਬੇਨਤੀ ਕਰਦੇ ਹਨ-

ਤੂ ਦਰੀਆਉ ਦਾਨਾ ਬੀਨਾ

ਹੇ ਪ੍ਰਭੂ ! ਤੂੰ ਦਰੀਆ ਵਾਂਗੂੰ ਗੰਭੀਰ, ਵਾ ਦ੍ਰਵੀ ਭੂਤ ਅਰਥਾਤ ਕਿਰਪਾਲੂ ਸੁਭਾਅ ਵਾਲਾ ਹੈਂ, ਫਿਰ ਤੂੰ ਅੰਦਰਲੀ ਗੱਲ ਜਾਨਣੇ ਨੂੰ ਦਾਨਾ=ਦਨਾ ਹੈਂ, ਬਾਹਰਲੀ ਗੱਲ ਜਾਨਣੇ ਨੂੰ ਬੀਨਾ=ਦ੍ਰਿਸ਼ਟਾ ਹੈਂ।

ਮੈ ਮਛੁਲੀ ਕੈਸੇ ਅੰਤੁ ਲਹਾ॥

ਤੇਰੇ ਆਸ੍ਰਿਤ ਰਹਿਣ ਵਾਲੀ ਮੈਂ ਜੀਵ ਰੂਪ ਮੱਛੀ ਆਪ ਜੀ ਦੇ ਅੰਤ ਨੂੰ ਕਿਵੇਂ ਲੈ ਸਕਦੀ ਹਾਂ।

ਜਹ ਜਹ ਦੇਖਾ ਤਹ ਤਹ ਤੂ ਹੈ

ਜਿੱਥੇ ਜਿੱਥੇ ਦੇਖਦੀ ਹਾਂ, ਤਿੱਥੇ ਤਿੱਥੇ ਤੂੰ ਆਪ ਹੀ ਪਰੀਪੂਰਨ ਦਿਸ ਰਿਹਾ ਹੈਂ।

ਤੁਝ ਤੇ ਨਿਕਸੀ ਫੂਟਿ ਮਰਾ॥ ੧॥

ਜੇ ਮੈਂ ਤੇਰੇ ਵਿਚੋਂ ਬਾਹਰ ਨਿਕਲ ਗਈ ਭਾਵ ਤੇਰੇ ਨਾਮ ਜਾਪ ਤੋਂ ਵਿੱਛੁੜ ਗਈ ਤਾਂ ਮੈਂ ਫੂਟਿ=ਦੁਖੀ ਹੋ ਕੇ ਮਰ ਜਾਵਾਂਗੀ॥ ੧॥

ਨ ਜਾਣਾ ਮੇਉ ਨ ਜਾਣਾ ਜਾਲੀ॥

ਹੇ ਪ੍ਰਭੂ ! ਤੇਰੇ ਆਸਰੇ ਰਹਿੰਦੀ ਹੋਈ, ਨਾ ਮੈਂ ਜਮ ਰੂਪ ਮੇਉ=ਝੀਵਰ ਨੂੰ ਜਾਣਦੀ ਹਾਂ, ਨਾ ਹੀ ਮੈਂ ਜਮਾਂ ਦੀ ਜਾਲੀ=ਫਾਹੀ ਨੂੰ ਜਾਣਦੀ ਹਾਂ।

ਜਾ ਦੁਖੁ ਲਾਗੈ ਤਾ ਤੁਝੈ ਸਮਾਲੀ॥ ੧॥ ਰਹਾਉ॥

ਜਦ ਕੋਈ ਦੁੱਖ ਆ ਕੇ ਲਗਦਾ ਹੈ, ਤਦ ਮੈਂ ਆਪ ਜੀ ਨੂੰ ਸੰਭਾਲਦੀ ਹਾਂ।

ਅਥਵਾ:- ਜਾਂ ਮੈਂ ਆਪ ਜੀ ਨੂੰ ਸੰਭਾਲਦੀ ਹਾਂ ਤਾਂ ਦੁੱਖ ਲਾਗੈ=ਪਾਸੇ ਹੋ ਜਾਂਦੇ ਹਨ।

ਤੂ ਭਰਪੂਰਿ ਜਾਨਿਆ ਮੈ ਦੂਰਿ ॥

ਹੇ ਪ੍ਰਭੂ ! ਤੂੰ ਤਾਂ ਸਾਰੇ ਪਰੀਪੂਰਨ ਹੈਂ ਪਰ ਮੈਨੇ ਤੁੱਛ ਬੁੱਧੀ ਕਰਕੇ ਦੂਰ ਜਾਣਿਆ ਹੈ।

ਜੋ ਕਛੁ ਕਰੀ ਸੁ ਤੇਰੈ ਹਦੂਰਿ॥

ਜੋ ਕੁਝ ਭੀ ਕਰਦੀ ਹਾਂ ਉਹ ਸਭ ਤੇਰੇ ਕੋਲ ਹੀ ਕਰਦੀ ਹਾਂ, ਅਰਥਾਤ ਅਜੇਹੀ ਕੋਈ ਥਾਂ ਨਹੀਂ ਜਿੱਥੇ ਤੂੰ ਨਾ ਹੋਵੇਂ।

ਤੂ ਦੇਖਹਿ ਹਉ ਮੁਕਰਿ ਪਾਉ॥

ਹੇ ਪ੍ਰਭੂ ! ਤੂੰ ਮੇਰੇ ਕੀਤੇ ਹੋਇ ਕੰਮਾਂ ਨੂੰ ਵੇਖਦਾ ਹੈਂ। ਮੈਂ ਫਿਰ ਭੀ ਮੁੱਕਰ ਪੈਂਦਾ ਹਾਂ।

ਤੇਰੈ ਕੰਮਿ ਨ ਤੇਰੈ ਨਾਇ॥ ੨॥

ਸੰਤ ਸੇਵਾ, ਪੂਜਾ ਆਦਿਕ ਤੇਰੇ ਕੋਈ ਕੰਮ ਨਹੀਂ ਕੀਤੇ, ਅਤੇ ਨਾ ਹੀ ਤੇਰੇ ਨਾਮ ਨੂੰ ਜਪਿਆ ਹੈ।

ਅਥਵਾ:-ਤੇਰੇ ਨਾਮ ਨੂੰ ਨਹੀਂ ਜਪਿਆ, ਇਸ ਕਰਕੇ ਤੇਰੇ ਨਾਲੋਂ ਕੰਮਿ=ਨਿਉਣ ਹੀ ਰਹੇ ਹਾਂ।

ਅਥਵਾ:-ਤੇਰੇ ਨਾਮ ਨੂੰ ਨਹੀਂ ਜਪਿਆ, ਇਸ ਕਰਕੇ ਤੇਰੇ ਕੰਮ ਨਹੀ ਆਏ। ਅੱਗੋਂ ਅਕਾਸ਼ ਬਾਣੀ ਹੋਈ ਕਿ ਤੂੰ ਨਾਮ ਨਹੀਂ ਜਪਦਾ ਤਾਂ ਤੂੰ ਮੇਰਾ ਅੰਨ ਕਿਉਂ ਖਾਂਦਾ ਹੈਂ, ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ:-

ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥

ਜਿੰਨਾ ਤੂੰ ਦੇਂਦਾ ਹੈਂ ਉਨਾ ਹੀ ਮੈਂ ਖਾਈ ਜਾਂਦਾ ਹਾਂ।

ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਬਿਆ ਦਰੁ=ਦੂਜਾ ਦਰਵਾਜ਼ਾ ਨਹੀ ਦਿਸਦਾ ਮੈਂ ਕਿਸ ਦੇ ਦਰ ਤੇ ਜਾਵਾਂ॥ ੧॥

ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥ ੩ ॥

ਮੈਂ ਨਾਨਕ ! ਆਪ ਜੀ ਦੇ ਅੱਗੇ ਇੱਕ ਏਹੋ ਬੇਨਤੀ ਕਰਦਾ ਹਾਂ,

ਕਿ ਮੇਰਾ ਜੀਉ ਪਿੰਡੁ=ਮਨ ਤਨ, ਪ੍ਰਾਨ, ਇੰਦ੍ਰੇ ਤੇ ਸਾਰਾ ਧਨ ਆਪ ਜੀ ਦੇ ਚਰਨਾਂ ਦੇ ਪਾਸ (ਕੋਲ) ਹੀ ਟਿਕਿਆ ਰਹੇ॥ ੩॥

ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋ ॥

ਪਹਿਲਾ ਅਰਥ:-ਨੇੜੈ=ਨਜ਼ੀਕ ਅਸਥਾਨਾਂ ਉੱਪਰ ਤੂੰ ਆਪ ਹੈਂ ਦੂਰ=ਦੁਰੇਡੇ ਅਸਥਾਨਾਂ ਉੱਪਰ ਵੀ ਤੂੰ ਆਪ ਹੈਂ, ਮੱਧ ਦੀਆਂ ਜਗ੍ਹਾਂ ਵਿਚ ਵੀ ਆਪ ਹੈਂ,

ਦੂਜਾ ਅਰਥ:-ਆਪੇ ਨੇੜੈ=ਗੁਰਮੁਖਾਂ ਦੇ, ਦੂਰ ਆਪੇ ਹੀ=ਮਨਮੁਖਾਂ ਦੇ, ਆਪੇ ਮੰਝਿ ਮਿਆਨੋ=ਬ੍ਰਹਮ ਗਿਆਨੀਆਂ ਦੇ ਮਿਆਨੋ=ਸਰੀਰ ਵਿਚ ਭੀ ਆਪ ਪ੍ਰਗਟ ਹੈਂ।

ਤੀਜਾ ਅਰਥ:-ਆਪੇ ਨੇੜੈ=ਜੀਵ ਰੂਪ ਹੋ ਕੇ ਆਪ ਨੇੜੇ ਹੋ,

ਦੂਰਿ ਆਪੇ ਹੀ=ਈਸ਼ੂਰ ਰੂਪ ਹੋ ਕੇ ਆਪ ਦੂਰ ਹੋ। ਆਪੇ ਮੰਝਿ ਮਿਆਨੋ=ਬ੍ਰਹਮ ਰੂਪ ਹੋ ਕੇ ਆਪ ਸਾਰਿਆਂ ਸਰੀਰਾਂ ਵਿਚ ਪੂਰਨ ਹੋ।

ਚੌਥਾ ਅਰਥ:-ਆਪੇ ਨੇੜੈ=ਇਸ ਲੋਕ ਵਿਖੇ ਦੂਰਿ ਆਪੇ ਹੀ=ਪਰਲੋਕ ਵਿਖੇ ਆਪੇ ਮੰਝਿ ਮਿਆਨੋ ਪਤਾਲ ਵਿਚ ਪੂਰਨ ਹੋ।

ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ ॥

ਤੂੰ ਆਪ ਵੇਖਦਾ ਹੈਂ, ਆਪੇ ਸੁਣਦਾ ਹੈਂ, ਅਤੇ ਆਪੇ ਹੀ ਆਪਣੀ ਕੁਦਰਤਿ=ਸ਼ਕਤੀ ਦੁਆਰਾ ਜਹਾਨ ਬਣਾ ਦੇਂਦਾ ਹੈਂ।

ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋ ॥ ੪ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ-ਤਿਸੁ=ਆਪ ਜੀ ਨੂੰ ਜੋ ਹੁਕਮ ਕਰਨਾ ਭਾਉਂਦਾ ਹੈ, ਸਾਨੂੰ ਤੇਰਾ ਓਹੀ ਹੁਕਮ ਪ੍ਰਵਾਨ ਹੈ॥ ੪॥ ੩੧॥

ਯਥਾ:- ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ॥ (ਪੰਨਾ ੩੩੮)

ਸਿਰੀਰਾਗੁ ਮਹਲਾ ੧ ਘਰੁ ੪ ॥

ਸਤਿਗੁਰਾਂ ਪਾਸ ਇੱਕ ਸਿੱਖ ਨੇ ਬੇਨਤੀ ਕੀਤੀ ਜੀਵ ਸੁਤੰਤ੍ਰ ਹੈ ਜਾਂ ਪਤੰਤ੍ਰ ?

ਇਸ ਸ਼ਬਦ ਦੁਆਰਾ ਗੁਰੂ ਸਾਹਿਬ ਜੀ ਜੀਵ ਨੂੰ ਪਤੰਤ੍ਰ ਦੱਸਦੇ ਹਨ:-

ਕੀਤਾ ਕਹਾ ਕਰੇ ਮਨਿ ਮਾਨੁ ॥ ਦੇਵਣਹਾਰੇ ਕੈ ਹਥਿ ਦਾਨੁ ॥

ਪਰਮੇਸ਼ਰ ਦਾ ਪੈਦਾ ਕੀਤਾ ਹੋਇਆ ਜੀਵ ਆਪਣੇ ਮਨ ਵਿਚ ਕਿਸ ਲਈ ਮਾਨ ਕਰਦਾ ਹੈ। ਕਿਉਂਕਿ ਸਾਰੇ ਦਾਨੁ=ਪਦਾਰਥ, ਦੇਣ ਵਾਲੇ ਪ੍ਰਭੂ ਦੇ ਹੱਥ ਵਿਚ ਹਨ। ਜਾਂ ਦਾਨ ਦੇਣਾ ਦੇਵਣ ਵਾਲੇ ਪ੍ਰਭੂ ਦੇ ਆਪਣੇ ਹਥਿ=ਅਧੀਨਤਾ ਵਿਚ ਹੈ।

ਭਾਵੈ ਦੇਇ ਨ ਦੇਈ ਸੋਇ ॥ ਕੀਤੇ ਕੈ ਕਹਿਐ ਕਿਆ ਹੋਇ ॥ ੧ ॥

ਭਾਵੈ=ਚਾਹੇ ਉਹ ਦੇਵੇ, ਚਾਹੇ ਨਾ ਦੇਵੇ। (ਉਸ ਦੀ ਆਪਣੀ ਮਰਜ਼ੀ ਹੈ)

ਪੈਦਾ ਕੀਤਾ ਹੋਇਆ ਜੋ ਜੀਵ ਹੈ ਇਸ ਦੇ ਕਹਿਣੇ ਸੇ ਭਲਾ ਕੀ ਹੋਣਾ ਹੈ॥ ੧ ॥

ਆਪੇ ਸਚੁ ਭਾਵੈ ਤਿਸੁ ਸਚੁ ॥ ਅੰਧਾ ਕਚਾ ਕਚੁ ਨਿਕਚੁ ॥ ੧ ॥ ਰਹਾਉ ॥

ਤਿਸੁ ਸਚੁ=ਤਿਸ ਸੱਚੇ ਵਾਹਿਗੁਰੂ ਨੂੰ ਆਪ ਸੱਚ ਨਾਮ ਜਪਣ ਵਾਲੇ ਗੁਰਮੁਖ ਆਦਮੀ ਭਾਵੈ=ਚੰਗੇ ਲਗਦੇ ਹਨ।

ਅਥਵਾ:-ਉਹ ਪ੍ਰਭੂ ਆਪ ਸੱਚਾ ਹੈ, ਅਤੇ ਜੇਹੜਾ ਮਨੁੱਖ ਤਿਸਨੂੰ ਭਾਂਵਦਾ ਹੈ ਉਹ ਭੀ ਸੱਚਾ ਹੈ।

ਅੰਧਾ=ਅਗਿਆਨੀ ਜੀਵ ਕੱਚੇ ਸ਼ਕਾਮ ਕਰਮਾਂ ਦੁਆਰੇ ਕੱਚੇ ਪਦਾਰਥਾਂ ਵਿਚ ਲਗਕੇ ਨਿ+ਕਚੁ=ਵਿਸ਼ੇਸ਼ ਕਰਕੇ ਕੱਚਾ ਹੋ ਰਿਹਾ ਹੈ।

ਅਥਵਾ:-ਕੱਚੇ ਸ਼ਕਾਮ ਕਰਮਾਂ ਦੇ ਕਰਨ ਨਾਲ, ਵਾ ਨਿਸਚਾ ਕੱਚਾ ਹੋਣ ਕਰਕੇ ਅੰਧੇ ਅਗਿਆਨੀ ਦਾ ਮਨ ਕੱਚਾ ਹੈ, ਅਤੇ ਤਨ ਵੀ ਨਿ+ਕਚੁ=ਵਿਸ਼ੇਸ਼ ਕਰਕੇ ਕੱਚਾ ਹੈ॥ ੧ ॥

ਜਾ ਕੇ ਰੁਖ ਬਿਰਖ ਆਰਾਉ ॥ ਜੇਹੀ ਧਾਤੁ ਤੇਹਾ ਤਿਨ ਨਾਉ ॥

ਸਾਰੇ ਰੁੱਖ ਤੇ ਬ੍ਰਿੱਛ ਜਿਸ ਪ੍ਰਮੇਸ਼ਰ ਦੇ ਆਰਾਉ=ਆਸਰੇ ।

ਨੋਟ:-ਰੁੱਖ ਤੇ ਬ੍ਰਿੱਛ ਇਨ੍ਹਾਂ ਦੋਹਾਂ ਦਾ ਆਪਸ ਵਿਚ ਭੇਦ ਹੈ।

ਰੁੱਖ-ਜਿਨ੍ਹਾਂ ਨੂੰ ਕੋਈ ਫੁੱਲ ਫਲ ਨ ਲਗੇ, ਜਾਂ ਜਿਹੜੇ ਜੰਗਲਾਂ ਵਿਚ ਪਾਣੀ ਦਿੱਤੇ ਬਗੈਰ ਆਪੇ ਪੈਦਾ ਹੋ ਜਾਂਦੇ ਹਨ।

ਬਿਰਖ-ਜਿਨ੍ਹਾਂ ਨੂੰ ਖੂਬ ਚੰਗੇ ਚੰਗੇ ਫੁੱਲ ਫਲ ਲਗਣ, ਜਾਂ ਜਿਨ੍ਹਾਂ ਨੂੰ ਆਪ ਮਾਲੀ ਲੋਕ ਪਾਣੀ ਦੇ ਬਾਗਾਂ ਵਿਚ ਲਗਾਂਦੇ ਹਨ।

ਅਥਵਾ-ਰੁਖ ਬਿਰਖ=ਜੜ੍ਹ ਚੇਤਨ ਤਮਾਮ ਜੀਵ ਤੇ ਆਰਾਉ=ਸਰਾਵਾਂ ਇਹ ਸਭ ਜਿਸ ਦੇ ਆਰਾਉ=ਆਸਰੇ ਹਨ।

ਅਥਵਾ-ਜਿਸ ਪ੍ਰਭੂ ਦੇ ਰਚੇ ਹੋਇ ਰੁੱਖਾਂ ਤੇ ਬ੍ਰਿੱਛਾਂ ਦੀ ਆਰਾਉ=ਅਰਾਇਸ਼ ਯਾਨੇ ਸਜਾਵਟ ਹੋ ਰਹੀ ਹੈ।

ਉਨ੍ਹਾਂ ਬ੍ਰਿੱਛਾਂ ਦੀ ਜੇਹੀ ਧਾਤੁ=ਧਾਵਣੀ ਹੁੰਦੀ ਹੈ, ਤੇਹੋ ਜੇਹਾ ਉਨ੍ਹਾਂ ਦਾ ਨਾਂ ਪੈ ਜਾਂਦਾ ਹੈ। ਇਸੀ ਪ੍ਰਕਾਰ

ਸੰਸਾਰੀ ਜੀਵਾਂ ਦੀ ਜੇਹੋ ਜੇਹੇ ਕਰਮਾਂ ਵਿਚ ਧਾਵਣੀ ਹੁੰਦੀ ਹੈ ਤੇਹੋ ਜੇਹਾ ਉਨ੍ਹਾਂ ਦਾ ਨਾਂ ਪੈ ਜਾਂਦਾ ਹੈ।

ਖੋਟਿਆਂ ਕਰਮਾਂ ਵੱਲ ਦੌੜੇ ਤਾਂ ਰਾਖਸ਼ ਨਾਂ ਪੈ ਜਾਂਦਾ ਹੈ।

ਚੰਗਿਆਂ ਕਰਮਾਂ ਵੱਲ ਦੌੜੇ ਤਾਂ ਦੇਵਤਾ ਨਾਂ ਪੈ ਜਾਂਦਾ ਹੈ।

ਇੱਕ ਸਿੱਖ ਨੇ ਪੁੱਛਿਆ ਗਿਆਨ ਫਲ ਦੀ ਪ੍ਰਾਪਤੀ ਕਿਹੜਿਆਂ ਫੁੱਲਾਂ ਸੇ ਹੁੰਦੀ ਹੈ ?

ਗੁਰ ਉੱਤਰ:-

ਫੁਲੁ ਭਾਉ ਫਲੁ ਲਿਖਿਆ ਪਾਇ ॥ ਆਪਿ ਬੀਜਿ ਆਪੇ ਹੀ ਖਾਇ ॥ ੨ ॥

ਪਹਿਲਾ ਅਰਥ:-ਵੇਦਾਂ ਸ਼ਾਸਤ੍ਰਾਂ ਵਿਚ ਇਹ ਲਿਖ ਪਾਇਆ ਹੈ, ਕਿ ਧਰਮ ਫੁੱਲਾਂ ਕਰਦੇ ਭਾਉ=ਗਿਆਨ ਫਲ ਦੀ ਪ੍ਰਾਪਤੀ ਹੁੰਦੀ ਹੈ।

ਦੂਜਾ ਅਰਥ:-ਵੇਦਾਂ ਸ਼ਾਸਤ੍ਰਾਂ ਵਿਚ ਇਹ ਲਿਖ ਪਾਇਆ ਹੈ, ਕਿ ਪਰੇਮ ਰੂਪ ਫੁੱਲ ਹੈ ਗਿਆਨ ਰੂਪ ਫਲ ਹੈ।

ਤੀਜਾ ਅਰਥ:-ਜੈਸੀ ਜੈਸੀ ਭਾਉ=ਭਾਵਨਾ ਰੂਪੀ ਫੁੱਲ ਕੋਈ ਚਾੜ੍ਹਦਾ ਹੈ ਤੈਸਾ ਤੈਸਾ ਫਲ ਪਾਵਣਾ ਲਿਖਿਆ ਹੈ।

ਇਹ ਜੀਵ ਆਪਣਾ ਬੀਜਿਆ ਆਪ ਹੀ ਖਾਂਦਾ ਹੈ। ਅਰਥਾਤ ਜੈਸੇ ਕਰਮ ਕਰਦਾ ਹੈ ਉਨ੍ਹਾਂ ਕਰਮਾਂ ਦਾ ਫਲ ਆਪ ਹੀ ਭੋਗਦਾ ਹੈ॥ ੨॥

ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥

ਇਹ ਜੀਵ ਪ੍ਰਤੱਖ ਕੱਚੀਆਂ ਕੰਧਾਂ ਵਿਚ ਕੱਚਾ ਹੀ ਰਾਜ ਭਾਗ ਕਰਦਾ ਹੈ।

ਅਥਵਾ:-ਕਚੀ ਕੰਧ=ਸਰੀਰ ਰੂਪੀ ਕੰਧ ਕੱਚੀ ਹੈ, ਇਸ ਦੇ ਵਿਚ ਰਾਜਾ ਮਨ ਵੀ ਕੱਚਾ ਹੈ।

ਜਿਸ ਦੀ ਬੁੱਧੀ ਅਲੂਣੀ=ਨਾਮ ਰੂਪ ਲੂਣ ਤੋਂ ਬਿਨਾਂ ਹੈ, ਉਸਨੂੰ ਫਿੱਕਿਆਂ ਪਦਾਰਥਾਂ ਦਾ ਫਿੱਕਾ ਹੀ ਸਾਦੁ=ਆਨੰਦ ਆ ਰਿਹਾ ਹੈ।

ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥ ੩ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਜਿਸਨੂੰ ਸਚਿਆਈ ਵਿਚ ਆਣੇ=ਲਿਆਉਂਦਾ ਹੈ, ਓਹੀ ਰਾਸਿ=ਸਚਤਾਈ ਵਿਖੇ ਆਉਂਦਾ ਹੈ।

ਪ੍ਰਭੂ ਦੇ ਸਤਿਨਾਮੁ ਚਿੰਤਨ ਕੀਤੇ ਤੋਂ ਬਿਨਾਂ ਜੀਵ ਨੂੰ ਕਦੇ ਭੀ ਸਾਬਾਸਿ=ਧੰਨਤਾ ਜੋਗ ਨਹੀਂ ਮਿਲਦੀ ॥ ੩ ॥ ੩੨ ॥

ਸਿਰੀਰਾਗੁ ਮਹਲਾ ੧ ਘਰੁ ੫ ॥

ਇੱਕ ਸਿੱਖ ਨੇ ਪੁੱਛਿਆ ਮਾਇਆ ਕੈਸੀ ਹੈ ? *ਗੁਰ ਉੱਤਰ:-*

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥

ਮਾਇਆ ਆਪ ਛਲਣੇ ਸੇ ਅਛੱਲ ਹੈ ਕਿਸੇ ਪਾਸੋਂ ਛਲੀ ਨਹੀਂ ਜਾਂਦੀ।

ਅਥਵਾ:-ਅਛਲ=ਬ੍ਰਹਮਾ ਆਦਿਕ ਤਿਨਾਂ ਦੇਵਤਿਆਂ ਨੂੰ ਛਲ ਆਈ ਹੈ, ਪਰ ਆਪ ਨਹੀਂ ਛਲੀ ਜਾਂਦੀ।

ਕਟਾਰ ਆਦਿਕ ਸ਼ਸ਼ਤ੍ਰ ਵੀ ਉਸਨੂੰ ਘਾਉ=ਜ਼ਖਮ ਨਹੀਂ ਕਰ ਸਕਦੇ।

ਅਥਵਾ-ਕਟਾਰ ਆਦਿਕ ਸ਼ਸ਼ਤ੍ਰ ਉਸ ਦੇ ਪਾਸ ਨਹੀ ਹਨ, ਪਰ ਸਾਰਿਆਂ ਨੂੰ ਜ਼ਖਮ ਕਰ ਸਕਦੀ ਹੈ। ਤਾਂ ਫੇਰ ਸਿੱਖ ਨੇ ਪੁੱਛਿਆ ਕਿ ਮਾਇਆ ਸੁਤੰਤ੍ਰ ਹੈ ਜਾਂ ਪਤੰਤ੍ਰ ? *ਗੁਰ ਉੱਤਰ:-*

ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥ ੧ ॥

ਇਸਨੂੰ ਮਾਲਕ ਪ੍ਰਮਾਤਮਾ ਜਿਵੇਂ ਰੱਖਦਾ ਹੈ ਤਿਵੇਂ ਰਹਿੰਦੀ ਹੈ, ਕਿਉਂਕਿ ਮਾਇਆ ਸੁਤੰਤ੍ਰ ਨਹੀਂ ਹੈ, ਪ੍ਰਮਾਤਮਾ ਦੇ ਅਧੀਨ ਹੈ।

ਯਥਾ:-ਮਾਖੀ ਰਾਮ ਕੀ ਤੂ ਮਾਖੀ ॥ *(ਸਾਰਗ ਮਹਲਾ ੫, ਪੰਨਾ ੧੨੨੭)*

ਇਹ ਮਾਇਆ ਰੂਪ ਮੱਖੀ ਰਾਮ ਦੀ ਮਛਰਾਈ ਹੋਈ ਮੱਛਰਦੀ ਹੇ। ਉਂਵ ਭੀ ਇਸਤ੍ਰੀ ਜਾਤਿ ਕਦੇ ਸੁਤੰਤ੍ਰ ਨਹੀਂ ਰਹਿ ਸਕਦੀ, ਇਹ ਹਮੇਸ਼ਾਂ ਪਤੰਤ੍ਰ ਹੀ ਰਹਿੰਦੀ ਆਈ ਹੈ। ਪਹਿਲੀ ਅਵੱਸਥਾ ਵਿਚ ਮਾਂ ਪਿਉ ਦੇ ਅਧੀਨ ਹੋ ਕੇ ਰਹਿੰਦੀ ਹੈ, ਦੂਜੀ ਅਵੱਸਥਾ ਵਿਚ ਪਤੀ ਦੀ ਆਗਿਆ ਵਿਚ ਚਲਦੀ ਹੈ, ਤੀਜੀ ਅਵੱਸਥਾ ਇਸ ਲੋਭੀ ਦਾ ਜੀਉ=ਮਨ ਉਲਟ ਉਲਟ ਪੈਂਦਾ ਹੈ, ਵਾ ਡਿੱਗ ਪੈਂਦਾ ਹੈ।

ਯਥਾ:- ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥
(ਗਉੜੀ ਕੀ ਵਾਰ ਸਲੋਕ ਮ: ੪, ਪੰਨਾ ੩੧੫)

ਅਥਵਾ:-ਇਸ ਲੋਭੀ ਦਾ ਮਨ ਪਲੈ=ਪੱਲ ਪੱਲ ਕਾਲ ਵਿਚ ਪ੍ਰਮੇਸ਼ਰ ਦੇ ਭਜਨ ਵੱਲੋਂ ਟਲ ਜਾਂਦਾ ਹੈ।

ਪੁਨਾ ਸਿੱਖ ਨੇ ਪੁੱਛਿਆ ਇਹ ਮਾਇਆ ਜਿਸ ਪ੍ਰਭੂ ਦੇ ਅਧੀਨ ਹੈ ਉਹ ਪ੍ਰਭੂ ਕੈਸਾ ਹੈ ?

ਗੁਰ ਉੱਤਰ :-ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥

ਉਹ ਪ੍ਰਭੂ ਛਲਨੇ ਸੇ ਅਛਲ ਹੈ, ਕਿਸੀ ਪਾਸੋਂ ਛਲਿਆ ਨਹੀਂ ਜਾਂਦਾ । ਕਟਾਰ ਆਦਿਕ ਸ਼ਸ਼ਤ੍ਰ ਵੀ ਉਸ ਨੂੰ ਘਾਉ=ਜ਼ਖਮ ਨਹੀਂ ਕਰ ਸਕਦੇ।

ਯਥਾ:- ਆਪ ਹੀ ਮਸਟਿ ਆਪ ਹੀ ਬੁਲਨਾ ॥ ਆਪ ਹੀ ਅਛਲੁ ਨ ਜਾਈ ਛਲਨਾ ॥ ੨ ॥
(ਬਿਲਾਵਲੁ ਮਹਲਾ ੫, ਪੰਨਾ ੮੦੩)

ਯਥਾ:- ਨਈਨੰ ਛਿਦੰਤੀ ਸ਼ਸਤ੍ਰਾਣੀ, ਨਾਈਨੰ ਦਹਤੀ ਪਾਵਕਾ: *(ਗੀਤਾ)*

ਜਿਉ ਸਾਹਿਬੁ ਰਾਖੈ ਤਿਉ ਰਹੈ

ਸ਼ਸ਼ਤ੍ਰ ਵੀ ਉਸਨੂੰ ਘਾਉ=ਜ਼ਖਮ ਨਹੀਂ ਕਰ ਸਕਦੇ।

ਇਸ ਮਾਇਆ ਵੱਲੋਂ ਮਾਲਕ ਪ੍ਰਮਾਤਮਾ ਜਿਵੇਂ ਰੱਖਦਾ ਹੈ ਤਿਵੇ ਰਹਿੰਦਾ ਹੈ।

ਇਸੁ ਲੋਭੀ ਕਾ ਜੀਉ ਟਲ ਪਲੈ ॥ ੧ ॥

ਪਰ ਇਸ ਲੋਭੀ ਪੁਰਸ਼ ਦਾ ਮਨ ਪੱਲ ਪੱਲ ਕਾਲ ਵਿਚ ਮਾਇਆ ਵੱਲ ਪੈਂਦਾ ਹੈ।

ਇੱਕ ਸਿੱਖ ਨੇ ਕਿਹਾ-ਉਸ ਪ੍ਰਭੂ ਦੀ ਪ੍ਰਾਪਤੀ ਕਿਵੇਂ ਹੁੰਦੀ ਏ ?

ਗੁਰ ਉੱਤਰ :-ਗਿਆਨ ਰੂਪ ਦੀਵੇ ਕਰਕੇ ਉਸ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਪੁਨਾ ਸਿੱਖ ਨੇ ਕਿਹਾ-

ਬਿਨੁ ਤੇਲ ਦੀਵਾ ਕਿਉ ਜਲੈ॥ ੧ ॥ ਰਹਾਉ ॥

ਜਿਵੇਂ ਪ੍ਰਤੱਖ ਤੇਲ ਬੱਤੀ ਤੋਂ ਬਿਨਾਂ ਦੀਵਾ ਕਿਵੇਂ ਪ੍ਰਕਾਸ਼ ਕਰ ਸਕਦਾ ਹੈ। ਅਰਥਾਤ ਨਹੀਂ ਕਰ ਸਕਦਾ, ਤਿਵੇਂ ਗਿਆਨ ਰੂਪ ਦੀਵਾ ਭੀ ਤੇਲ ਬੱਤੀ ਤੋਂ ਬਿਨਾ ਕਿਵੇਂ ਪ੍ਰਕਾਸ਼ ਕਰ ਸਕਦਾ ਹੈ।

ਇਸ ਗਿਆਨ ਰੂਪ ਦੀਵੇ ਵਾਸਤੇ ਤੇਲ ਬੱਤੀ ਕੌਣ ਸੀ ਹੈ ? *ਗੁਰ ਉੱਤਰ:-*

ਪੋਥੀ ਪੁਰਾਣ ਕਮਾਈਐ॥

ਪੋਥੀ=ਧਰਮ ਪੁਸਤਕ, ਅਤੇ ਪੁਰਾਣ ਆਦਿਕ ਗ੍ਰੰਥਾਂ ਦਾ ਜੋ ਸਿਧਾਂਤ ਰੂਪ ਬਚਨਾਂ ਦਾ ਕਮਾਣਾ ਹੈ ਏਹੋ ਤੇਲ ਹੈ।

ਯਥਾ:-ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜਾਰਾ॥ *(ਪ੍ਰਭਾਤੀ ਕਬੀਰ, ਪੰਨਾ ੧੩੫੦)*

ਭਉ ਵਟੀ ਇਤੁ ਤਨਿ ਪਾਈਐ॥

ਇਤੁ ਤਨਿ=ਇਸ ਸੂਖਮ ਸਰੀਰ ਠੂਠੀ ਵਿਚ ਪ੍ਰਭੂ ਦਾ ਡਰ ਧਾਰਨਾ ਰੂਪ ਵੱਟੀ ਪਾਵਨਾ ਕਰੋ।

ਸਚੁ ਬੂਝਣੁ ਆਣਿ ਜਲਾਈਐ॥ ੨ ॥

ਗੁਰਾਂ ਪਾਸੋਂ ਜੇਹੜਾ ਸੱਚ ਨਾਮ ਦਾ ਬੁੱਝਣਾ ਹੈ, ਇਹ ਤੀਲੀ ਆਣਿ=ਲਿਆ ਕੇ ਇਸ ਦੀਵੇ ਨੂੰ ਜਲਾਈਐ=ਬਾਲਨਾ ਕਰੋ॥ ੨ ॥

ਇਹੁ ਤੇਲੁ ਦੀਵਾ ਇਉ ਜਲੈ॥

ਇਸ ਤਰ੍ਹਾਂ ਦੇ ਤੇਲ ਵੱਟੀ ਦੁਅਰਾ ਗਿਆਨ ਰੂਪ ਦੀਵਾ ਐਸੇ ਜਲੈ=ਪ੍ਰਕਾਸ਼ਦਾ ਹੈ। ਜੋ ਕਦੇ ਬੁਝਦਾ ਹੀ ਨਹੀਂ ਕਿਉਂਕਿ ਇੱਕ ਵਾਰ ਗਿਆਨ ਦੇ ਪ੍ਰਾਪਤ ਹੋਣ ਕਰਕੇ ਫਿਰ ਗਿਆਨ ਦਾ ਅਭਾਵ ਨਹੀਂ ਹੁੰਦਾ।

ਕਰਿ ਚਾਨਣੁ ਸਾਹਿਬ ਤਉ ਮਿਲੈ॥ ੧ ॥ ਰਹਾਉ ॥

ਜਿਸ ਵੇਲੇ ਗਿਆਨ ਰੂਪ ਦੀਵਾ ਚਾਨਣੁ=ਪ੍ਰਕਾਸ਼ ਕਰਦਾ ਹੈ, ਤਿਸੀ ਵੇਲੇ ਮਾਲਕ ਅਕਾਲ ਪੁਰਖ ਮਿਲ ਜਾਂਦਾ ਹੈ॥ ੧ ॥ ਗਿਆਨ ਤੋਂ ਬਿਨਾ:-

ਇਤੁ ਤਨਿ ਲਾਗੈ ਬਾਣੀਆ॥

ਇਸ ਤਨ ਨੂੰ ਬਾਣੀਆਂ=ਧਰਮ ਰਾਜਾ ਆ ਕੇ ਲਗਦਾ ਹੈ।

ਜਿਵੇਂ ਬਾਣੀਆਂ ਦਮੜੀ ਦਮੜੀ ਦਾ ਹਿਸਾਬ ਕਰਦਾ ਹੈ। ਤਿਵੇਂ ਧਰਮ ਰਾਜਾ ਵੀ ਜੀਵ ਨਾਲ ਪਲ ਪਲ ਦਾ ਘੜੀ ਘੜੀ ਦਾ ਹਿਸਾਬ ਕਰਦਾ ਹੈ।

ਯਥਾ- ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ॥ ਨਾਵਹੁ ਭੂਲੇ ਦੇਇ ਸਜਾਏ॥
ਘੜੀ ਮੁਹਤ ਕਾ ਲੇਖਾ ਲੇਵੈ ਰਵੀਅਹੁ ਮਾਸਾ ਤੋਲ ਕਢਾਵਣਿਆ॥ ੫ ॥

(ਮਾਝ ਮਹਲਾ ੩, ਪੰਨਾ ੧੨੭)

ਤਥਾ- ਬਾਬਾ ਅਬ ਨ ਬਸਉ ਇਹ ਗਾਉ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥ ੧ ॥ *(ਮਾਰੂ ਕਬੀਰ ਜੀ, ਪੰਨਾ ੧੧੦੪)*

ਤਥਾ- ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥

(ਤੁਖਾਰੀ ਮਹਲਾ ੧, ਪੰਨਾ ੧੧੧੦)

ਤਥਾ- ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫਡੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥ ੨ ॥

(ਮਾਰੂ ਮਹਲਾ ੫, ਪੰਨਾ ੧੦੧੯)

ਅਥਵਾ:-ਇਤੁ ਤਨਿ ਲਾਗੈ ਬਾਣੀਆ ॥ ਇਸ ਸਰੀਰ ਨੂੰ ਮੋਹ ਵਾ:-ਵਾਸ਼ਨਾਂ ਰੂਪ ਬਾਣੀਆ=ਕਾਨੀਆਂ ਲਗ ਰਹੀਆਂ ਹਨ।

ਪ੍ਰਸ਼ਨ-ਜੀਵ ਨੂੰ ਸੁਖ ਦੀ ਪ੍ਰਾਪਤੀ ਕਿਵੇਂ ਹੋਵੇ? ਗੁਰ ਉੱਤਰ-

(ਅੰਨਵੇਂ ਅੱਖਰਾਂ ਵੱਲ ਖਿਆਲ ਰੱਖਣਾ)

ਇਤੁ ਤਨਿ ਲਾਗੈ ਬਾਣੀਆ ॥ ਇਤੁ ਤਨ:-ਇਸ ਸਰੀਰ ਕਰਕੇ ਸਤਿਗੁਰਾਂ ਦੀ ਸੇਵਾ ਨੂੰ ਕਮਾਣਾ ਕਰੇ, ਅਤੇ ਲਾਗੇ ਬਾਣੀਆ=ਗੁਰਾਂ ਦੀ ਉਚਾਰਨ ਕੀਤੀ ਹੋਈ ਬਾਣੀਆਂ ਦੇ ਪਾਠ ਪੜ੍ਹਨ ਵਿਚ ਲਗ ਜਾਵੇ।

ਸੁਖੁ ਹੋਵੈ ਸੇਵ ਕਮਾਣੀਆ ॥

ਤਾਂ ਇਸ ਜੀਵ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ।

[ਪੰਨਾ ੨੬]

ਸਭ ਦੁਨੀਆ ਆਵਣ ਜਾਣੀਆ ॥ ੩ ॥

ਇਹ ਦ੍ਰਿਸ਼ਟਮਾਨ ਸਾਰੀ ਦੁਨੀਆਂ ਆਉਣ ਜਾਣ ਵਾਲੀ ਅਰਥਾਤ ਜਨਮ ਮਰਨ ਵਾਲੀ ਹੈ॥ ੩ ॥

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥

ਦੁਨੀਆ-ਸੰਸਾਰ ਵਿਚ ਰਹਿੰਦਿਆਂ ਹੋਇਆ ਸੰਤਾਂ ਦੀ ਸੇਵਾ ਕਮਾਵਨਾ ਕਰੀਏ।
ਤਾਂਹੀਂ ਦਰਗਾਹ ਵਿਚ ਜਾ ਕੇ ਆਰਾਮ ਨਾਲ ਬੈਠਣਾ ਪਾਈਦਾ ਹੈ। ਅਤੇ-

ਕਹੁ ਨਾਨਕ ਬਾਹ ਲੁਡਾਈਐ ॥ ੪ ॥ ੩੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਪ੍ਰਤੱਖ ਬਾਂਹ ਵਾ:-ਮਨ ਬੁੱਧੀ ਰੂਪੀ ਬਾਂਹ ਨੂੰ ਲੁਡਾਕੇ ਅਰਥਾਤ ਨਫਿਕਰ ਹੋ ਕੇ ਖੁਸ਼ੀਆਂ ਨਾਲ ਝੁਰਦਾ ਹੈ॥ ੪ ॥ ੩੩ ॥

(ਇੱਥੋਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤੇਤੀਂ ਸ਼ਬਦ ਆ ਚੁੱਕੇ ਹਨ)

ਸਿਰੀਰਾਗੁ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਉਸਤਤੀ ਕਰਦੇ ਹੋਏ ਮਨ ਨੂੰ ਉਪਦੇਸ਼ ਦਿੰਦੇ ਹਨ।

ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ॥

ਹਉ=ਮੈਂ ਆਪਣੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਕ ਮਨਿ=ਇਕਾਗਰ ਮਨ ਹੋ ਕੇ ਇਕ ਚਿੱਤ ਦੇ ਭਾਇ=ਪ੍ਰੇਮ ਨਾਲ, *ਅਥਵਾ:*-ਇਕ ਚਿਤਿ ਭਾਇ=ਇੱਕ ਚੇਤਨ ਦਾ ਸਰੂਪ ਸਮਝ ਕੇ ਸੇਵਾ ਕਰਦਾ ਹਾਂ।

ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ॥

ਪਹਿਲਾ ਅਰਥ:-ਸਤਿਗੁਰ ਅੰਗਦ ਦੇਵ ਜੀ ਮਨ ਦੀਆਂ ਕਾਮਨਾ ਪੂਰਨ ਕਰਨ ਵਾਲੇ ਹਨ, ਅਤੇ ਤੀਰਥੁ=ਪਵਿਤ੍ਰ ਰੂਪ ਹਨ।

ਦੂਜਾ ਅਰਥ:-ਬਨਾਰਸ ਵਿਚ ਇੱਕ ਮਨੀ ਕਰਨ ਘਾਟ ਹੈ, ਸਤਿਗੁਰੂ ਦੇਵ ਜੀ ਮਨ ਕਾਮਨਾ='ਮਨੀ ਕਰਨ' ਘਾਂਟ ਵਾਂਗ ਪਵਿੱਤ੍ਰ ਰੂਪ ਹਨ।

ਤੀਜਾ ਅਰਥ:- ਉੱਤਰਾ ਖੰਡ ਵਿਚ ਇੱਕ 'ਮਨੀ ਕਰਨ' ਤੀਰਥ ਭੀ ਹੈ ਜਿੱਥੇ ਪੋਟਲੀ ਬੰਨ੍ਹਕੇ ਚੌਲਾਂ ਦੀ ਪਾਈਏ ਆਪੇ ਉਬਲ ਜਾਂਦੇ ਹਨ। ਸਤਿਗੁਰ ਦੇਵ ਜੀ ਮਨ ਦੀਆਂ ਕਾਮਨਾ ਪੂਰਨ ਕਰਨੇ ਨੂੰ ਉਸ ਮਨੀਕਰਨ ਤੀਰਥ ਵਾਂਗੂੰ ਹਨ। ਜਿਸ ਨੂੰ ਪਰਮੇਸ਼ਰ ਕਿਰਪਾ ਕਰਕੇ ਸਮਝਾ ਦੇਂਦਾ ਹੈ ਓਹੀ ਪੁਰਸ਼ ਸਤਿਗੁਰਾਂ ਦੀ ਮਹਿਮਾ ਨੂੰ ਜਾਣਦਾ ਹੈ।

ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ॥

ਉਹ ਫਿਰ ਮਨ ਇੱਛਤ ਵਰ ਪਾਣਾ ਕਰਦਾ ਹੈ।

ਪ੍ਰਸ਼ਨ:-ਮਨ ਚਿੰਦਿਆ ਵਰ ਕਿਸ ਨੂੰ ਕਹਿੰਦੇ ਹਨ ? *ਉੱਤਰ*-ਜੋ ਭੀ ਇੱਛਾ ਕਰਦਾ ਹੈ ਉਸ ਫਲ ਨੂੰ ਪਾਂਵਦਾ ਹੈ।

ਅਥਵਾ:-ਮਨ ਚਿੰਦਿਆ ਵਰ ਜੋ ਪ੍ਰਮੇਸ਼ਰ ਹੈ ਉਸਨੂੰ ਪਾਣਾ ਕੀਤਾ ਹੈ ਉਸ ਪਰਮੇਸ਼ਰ ਪਾਸੋਂ ਜੋ ਇੱਛਾ ਕਰਦਾ ਹੈਂ ਓਹੀ ਫਲ ਪਾਂਦਾ ਹੈ।

ਅਥਵਾ:-ਹੇ ਪੁਰਸ਼ਾ ਜੇ ਤੂੰ ਮਨ ਚਿੰਦਿਆ ਵਰ ਪਾਣਾ ਚਾਹੁੰਦਾ ਹੈਂ ਤਾਂ ਗੁਰਾਂ ਦੀ ਸੇਵਾ ਕਰ, ਕਿਉਂਕਿ ਸੇਵਾ ਕਰਨ ਵਾਲਾ ਜੋ ਭੀ ਇੱਛਾ ਕਰਦਾ ਹੈ ਉਹ ਫਲ ਪਾ ਲੈਂਦਾ ਹੈ।

ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ॥ ੧॥

ਗੁਰਾਂ ਪਾਸੋਂ ਨਾਮ ਦੀ ਦਾਤ ਮੰਗੀਏ, ਉਹ ਦਾਤ ਲੈ ਕੇ ਫਿਰ ਆਪ ਨਾਮ ਨੂੰ ਧਿਆਈਏ ਕਿਉਂਕਿ ਨਾਮ ਜਪਣ ਵਾਲੇ ਦੀ ਸਹਜ ਪਦ ਵਿਖੇ ਸਮਾਈ ਹੁੰਦੀ ਹੈ॥ ੧॥

ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ॥

ਹੇ ਮੇਰੇ ਮਨ ! ਤੂੰ ਹਰੀ ਨਾਮ ਰਸ ਨੂੰ ਚੱਖਣਾ ਕਰ ਤਾਂ ਵਿਸ਼ਿਆਂ ਦੀ ਤ੍ਰੇਹ ਵਾ ਮਾਇਆ ਦੀ ਤ੍ਰਿਸ਼ਨਾ ਦੂਰ ਹੋ ਜਾਵੇਗੀ।

ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ॥ ੧॥ ਰਹਾਉ॥

ਜਿਨ੍ਹਾਂ ਨੇ ਗੁਰਾਂ ਦੁਆਰੇ ਨਾਮ-ਰਸ ਨੂੰ ਚੱਖਿਆ ਹੈ ਉਹ ਸੁਤੇ ਹੀ ਪ੍ਰਭੂ ਵਿਖੇ ਸਮਾ ਰਹੇ ਹਨ॥ ੧॥ ਰਹਾਉ॥

ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ॥

ਜਿਨ੍ਹਾਂ ਨੇ ਪੂਰਿਆਂ ਸਤਿਗੁਰਾਂ ਦੀ ਸੇਵਾ ਨੂੰ ਕੀਤਾ ਹੈ, ਉਨ੍ਹਾਂ ਨੇ ਨਾਮ ਖਜ਼ਾਨਾ ਪਾਇਆ ਹੈ ।

ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ॥

ਮਨ 'ਚੋਂ ਹੰਕਾਰ ਦੇ ਦੂਰ ਹੋਣ ਕਰਕੇ ਉਨ੍ਹਾਂ ਨੇ ਰਸ=ਅਨੰਦ ਰੂਪ ਹਰੀ ਨੂੰ ਅੰਤਰਿ=ਅੰਤਹਕਰਨ ਵਿਚ ਰਵਿ ਰਹਿਆ=ਮਿਲ ਰਿਹਾ ਨਿਸਚੇ ਕੀਤਾ ਹੈ।

ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ॥

ਸਹਜ ਪਦ ਵਿਖੇ ਧਿਆਨ ਲਗਨ ਕਰਕੇ ਉਨ੍ਹਾਂ ਦਾ ਹਿਰਦਾ ਕੌਲ ਖਿੜਿਆ ਰਹਿੰਦਾ ਹੈ।

ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ॥ ੨॥

ਜਿਨ੍ਹਾਂ ਨੇ ਅੰਤਹਕਰਨ ਰੂਪ ਗਹਿ=ਜਗ੍ਹਾ ਦੇ ਅੰਦਰ ਪ੍ਰਭੂ ਦਾ ਮਨੁ=ਮਨਨ ਕਰਨਾ ਪਾਇਆ ਹੈ ਉਨ੍ਹਾਂ ਦਾ ਮਨ ਨਿਰਮਲ ਹੋਇਆ ਹੈ ਤੇ ਹਰੀ ਨੂੰ ਸਾਰੇ ਰਵ ਰਿਹਾ ਨਿਸਚੇ ਕੀਤਾ ਹੈ, ਇਸੀ ਕ਼ਰਕੇ ਉਨ੍ਹਾਂ ਨੇ ਪ੍ਰਲੋਕ ਦਰਗਾਹ ਵਿਚ ਮਾਨੁ=ਆਦਰ ਪਾਇਆ ਹੈ।

ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ॥

ਜੋ ਆਪਣੇ ਸਤਿਗੁਰਾਂ ਦੀ ਸੇਵਾ ਨੂੰ ਕਰਦੇ ਹਨ ਉਹ ਪੁਰਸ਼ ਸੰਸਾਰ ਵਿਚ ਵਿਰਲੇ ਭਾਵ ਥੋੜ੍ਹੇ ਹਨ।

ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ॥

ਉਨ੍ਹਾਂ ਨੇ ਹੰਗਤਾ ਮਮਤਾ ਨੂੰ ਮਾਰ ਕਰਕੇ ਹਰੀ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ॥

ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ, ਜਿਨ੍ਹਾਂ ਦਾ ਨਾਮ ਜਪਣ ਵਿਚ ਪਰੇਮ ਲੱਗਾ ਹੈ।

ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ॥ ੩॥

ਉਹ ਚਹੁ ਜੁਗੀ=ਸੰਸਾਰ ਵਿਚ ਸੁਖੀ ਹਨ, ਜਿਨ੍ਹਾਂ ਦੇ ਪਾਸ ਅਪਾਰ ਪ੍ਰਭੂ ਦੇ ਨਾਮ ਦਾ ਅਖੁੱਟ ਖਜ਼ਾਨਾ ਹੈ॥ ੩॥

ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ॥

ਸਤਿਗੁਰਾਂ ਨਾਲ ਮਿਲਣ ਕਰਕੇ ਨਾਮ ਪਾਈਦਾ ਹੈ, ਨਾਮ ਕਰਦੇ ਹੀ ਮੋਹ ਸੰਬੰਧੀਆਂ ਦਾ ਪਿਆਸ ਵਿਸ਼ਿਆਂ ਦੀ ਵਾ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ।

ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ॥

ਜਿਸ ਦਾ ਮਨ ਹਰੀ ਨਾਲ ਮਿਲ ਰਿਹਾ ਹੈ, ਉਹ ਘਰ=ਗ੍ਰਹਿਸਤ ਦੇ ਵਿਚ ਰਹਿ ਕੇ ਹੀ ਉਦਾਸੀਨ ਰਹਿੰਦਾ ਹੈ।

ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ॥

ਜਿਨ੍ਹਾਂ ਨੂੰ ਹਰੀ ਨਾਮ ਦਾ ਸ੍ਵਾਦ ਆਇਆ ਹੈ ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।

ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ ॥ ੪ ॥ ੧ ॥ ੩੪ ॥

ਗੁਰੂ ਜੀ ਕਥਨ ਕਰਦੇ ਹਨ-ਨਦਰੀ=ਗੁਰਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਗੁਣਤਾਸੁ=ਪ੍ਰਮਾਤਮਾ ਦਾ ਸੱਚਾ ਨਾਮ ਪਾਈਦਾ ਹੈ। ੪ ॥ ੧ ॥ ੩੪ ॥

ਸਿਰੀਰਾਗੁ ਮਹਲਾ ੩ ॥

ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥

ਜੇਹੜਾ ਪੁਰਸ਼ ਬਹੁਤੇ ਭੇਖ ਬਣਾ ਕੇ ਭਰਮਨੇ ਵਿਚ ਆਉਂਦਾ ਹੈ, ਅਤੇ ਮਨ ਦੇ ਹਿਰਦੈ=ਵਿਚ, ਵਾ ਮਨਾ ਮੂੰਹ ਹਿਰਦੇ ਵਿਚ ਕਪਟ ਕਮਾਉਂਦਾ ਹੈ।

ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥ ੧ ॥

ਉਹ ਹਰੀ ਦੇ ਮਹਲੁ=ਸਰੂਪ ਨੂੰ ਨਹੀਂ ਪਾਂਦਾ, ਅੰਤ ਨੂੰ ਮਰ ਕੇ ਗੰਦਗੀ ਵਿਚ ਸਮਾਂਵਦਾ ਹੈ, ਅਰਥਾਤ ਗੂੰਹ ਦਾ ਕੀੜਾ ਬਣਦਾ ਹੈ॥ ੧ ॥

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥

ਹੇ ਮਨ ! ਘਰ ਵਿਚ ਰਹਿ ਕੇ ਹੀ ਤੂੰ ਉਦਾਸੀਨ ਹੋ ਕੇ ਰਹਿਣਾ ਕਰ।

ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥ ੧ ॥ ਰਹਾਉ ॥

ਸਚੁ ਸੰਜਮੁ=ਨਿਸ਼ਕਪਟ ਇੰਦ੍ਰੀਆਂ ਦੇ ਦਮਨ ਕਰਨੇ ਰੂਪ ਸ੍ਰੇਸ਼ਟ ਕਰਨੀ ਨੂੰ ਉਹ ਪੁਰਸ਼ ਕਰਦਾ ਹੈ ਜਿਸਨੂੰ ਗੁਰਾਂ ਦੁਆਰੇ ਭਲੇ ਬੁਰੇ ਦਾ ਅਤੇ ਸੱਤ ਅਸੱਤ ਦੇ ਨਿਰਣੇ ਦਾ ਪ੍ਰਕਾਸ਼ ਹੁੰਦਾ ਹੈ॥ ੧ ॥ ਰਹਾਉ ॥

ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥

ਜਿਸ ਨੇ ਗੁਰਾਂ ਦੇ ਉਪਦੇਸ਼ ਦੁਆਰਾ ਮਨ ਨੂੰ ਜਿੱਤਿਆ ਹੈ ਉਸਨੇ ਮੁਕਤੀ ਦੀ ਗਤਿ=ਪ੍ਰਾਪਤੀ ਸਰੀਰ ਘਰ ਵਾ ਅੰਤਹਕਰਨ ਰੂਪ ਘਰ ਦੇ ਵਿਚ ਹੀ ਪਾ ਲਈ ਹੈ।

ਹਰਿ ਕਾ ਨਾਮੁ ਧਿਆਈਐ ਸਤਿਸੰਗਤਿ ਮੇਲਿ ਮਿਲਾਇ ॥ ੨ ॥

ਸਤਸੰਗਤ ਦੇ ਮੇਲ ਵਿਖੇ ਆਪਣੇ ਆਪ ਨੂੰ ਮਿਲਾ ਕੇ ਹਰੀ ਦਾ ਨਾਮ ਧਿਆਉਣਾ ਕਰੀਏ।

ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥

ਇੱਕ ਇਸਤ੍ਰੀ ਕੀ ! ਜੇ ਭਾਵੇਂ ਲੱਖਾਂ ਇਸਤ੍ਰੀਆਂ ਨਾਲ ਵਿਸ਼ੇ ਭੋਗ ਕਰ ਲਵੇ, ਅਤੇ ਨੌ ਖੰਡਾਂ ਦਾ ਰਾਜ ਵੀ ਕਰ ਲਵੇ।

ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥ ੩ ॥

ਤੌਭੀ ਸਤਿਗੁਰਾਂ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ, ਅਤੇ ਮੁੜ ਮੁੜ ਕੇ ਜੂਨੀਆਂ ਵਿਖੇ ਪੈਂਦਾ ਹੈ॥ ੩ ॥

ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ॥

ਜਿਨ੍ਹਾਂ ਨੇ ਗੁਰ ਚਰਨਾਂ ਨਾਲ ਚਿੱਤ ਲਗਾ ਕੇ ਹਰੀ ਨਾਮ ਰੂਪ ਹਾਰ ਗਲ ਵਿਖੇ ਪਹਿਰਿਆ ਹੈ।

ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ॥ ੪॥

ਰਿੱਧੀਆਂ ਸਿੱਧੀਆਂ ਆਦਿਕ ਸਾਰੇ ਪਦਾਰਥ ਤਿਨ੍ਹਾਂ ਦੇ ਪਿੱਛੇ ਫਿਰਦੇ ਹਨ, ਪਰ ਉਨ੍ਹਾਂ ਨੂੰ ਤਿਲ ਮਾਤ੍ਰ ਵੀ ਪਦਾਰਥਾਂ ਦੀ ਤਮਾਇ=ਇੱਛਾ ਨਹੀਂ ਹੈ॥ ੪॥ ਉਹ ਇੰਞ ਕਹਿੰਦੇ ਹਨ:-

ਜੋ ਪ੍ਰਭ ਭਾਵੈ ਸੋ ਥੀਐ ਅਵਰੁ ਨ ਕਰਣਾ ਜਾਇ॥

ਜੋ ਪ੍ਰਭੂ ਨੂੰ ਭਾਉਂਦਾ ਹੈ, ਓਹੀ ਹੁੰਦਾ ਹੈ, ਹੋਰ ਕਿਸੇ ਪਾਸੋਂ ਕੁਝ ਵੀ ਨਹੀਂ ਕੀਤਾ ਜਾਂਦਾ ।

ਜਨੁ ਨਾਨਕੁ ਜੀਵੈ ਨਾਮੁ ਲੈ ਹਰਿ ਦੇਵਹੁ ਸਹਜਿ ਸੁਭਾਇ॥ ੫॥ ੨॥ ੩੫॥

ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ ਨਾਮ ਲੈ ਕੇ ਜਿਉਂਦਾ ਹਾਂ, ਇਸ ਕਰਕੇ ਹੇ ਹਰੀ! ਆਪ ਮੈਨੂੰ ਨਾਮ ਦਾਨ ਅਤੇ ਸਹਜਿ ਸੁਭਾਇ=ਸ਼ਾਂਤੀ ਸੁਭਾਅ ਦੇਣਾ ਕਰੋ॥ ੫॥ ੨॥ ੩੫॥

[ਪੰਨਾ ੨੭]

ਸਿਰੀਰਾਗੁ ਮਹਲਾ ੩ ਘਰੁ ੧॥

ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ॥

ਜਿਸ ਪ੍ਰਮੇਸ਼ਰ ਦੀ ਹੁਕਮ ਰੂਪੀ ਕਾਰ ਸਾਰਿਆਂ ਦੇ ਸਿਰ ਉੱਪਰ ਹੈ, ਸਭ ਕੋਈ ਓਸੇ ਪਰਮੇਸ਼ਰ ਦਾ ਹੀ ਦਾਸ ਹੈ। ਵਾ ਸਿਰਕਾਰ ਰਾਜੇ ਨੂੰ ਕਹਿੰਦੇ ਹਨ ਜਿਵੇਂ ਮਹਾਰਾਜਾ ਰਾਜਾ ਰਣਜੀਤ ਸਿੰਘ ਜੀ ਨੂੰ ਸਰਕਾਰ ਆਖਦੇ ਸਨ। ਜਿਸਹੀ ਕੀ ਸਰਕਾਰ ਹੈ=ਉਹ ਰਾਜਿਆਂ ਦਾ ਰਾਜਾ ਪ੍ਰਮੇਸ਼ਰ ਜਿਸ ਦੀ ਤਰਫ ਹੋ ਗਿਆ ਹੈ, ਦੁਨੀਆਂ ਵਿਚ ਭੀ ਤਿਸੀ ਕਾ ਸਭ ਕੋਈ ਦਾਸ ਹੋ ਜਾਂਦਾ ਹੈ। ਵਾ ਜਿਸ ਪ੍ਰਮੇਸ਼ਰ ਦੀ ਇਹ ਸਾਰੀ ਸਿਰਕਾਰ=ਰਯੱਅਤ ਹੈ ਓਸੇ ਦਾ ਸਭ ਕੋਈ ਹੈ।

ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ॥

ਜਿਨ੍ਹਾਂ ਨੇ ਗੁਰਾਂ ਦੁਆਰੇ ਗੁਰਮੁਖਾਂ ਵਾਲੀ ਕਾਰ ਕਮਾਉਣਾ ਕੀਤੀ ਹੈ ਭਾਵ ਪ੍ਰਮੇਸ਼ਰ ਦੀ ਆਗਿਆ ਮੰਨੀ ਹੈ, ਉਨ੍ਹਾਂ ਦੇ ਘਟਿ=ਹਿਰਦੇ ਵਿਚ ਸੱਚਾ ਵਾਹਿਗੁਰੂ ਪਰਗਟ ਹੁੰਦਾ ਹੈ।

ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਸੱਚ ਨਾਮ ਵਸਦਾ ਹੈ, ਉਸ ਸੱਚੇ ਗੁਰਮੁਖ ਦੀ ਸਚੀ ਸੋਇ=ਸੋਭਾ ਹੁੰਦੀ ਹੈ। ਵਾ ਉਸਦੀਆਂ ਸੋਇ=ਕੰਨਸੋਆਂ ਸੱਚੀਆਂ ਹੁੰਦੀਆਂ ਹਨ।

ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ॥ ੧॥

ਜੋ ਸੱਚ ਨਾਮ ਨਾਲ ਮਿਲੇ ਹਨ ਉਹ ਪ੍ਰਭੂ ਨਾਲੋਂ ਕਦੇ ਵਿੱਛੁੜਦੇ ਨਹੀਂ, ਤਿਨ੍ਹਾਂ ਦਾ ਆਪਣੇ ਸਰੂਪ ਘਰ ਵਿਚ ਨਿਵਾਸ ਹੁੰਦਾ ਹੈ॥ ੧॥

ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥

ਹੇ ਮੇਰੇ ਭਾਈ! ਹਰੀ ਤੋਂ ਬਿਨਾਂ ਮੇਰਾ ਹੋਰ ਕੋਈ ਨਹੀਂ ਹੈ।

ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥ ੧ ॥ ਰਹਾਉ ॥

ਸੱਚਾ ਨਿਰਮਲ ਜੋ ਪ੍ਰਭੂ ਹੈ ਉਸ ਨਾਲ ਸਤਿਗੁਰਾਂ ਦੇ ਸ਼ਬਦ ਕਰਕੇ ਮਿਲਾਪ ਹੁੰਦਾ ਹੈ॥ ੧ ॥ ਰਹਾਉ ॥

ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥

ਜੋ ਗੁਰ ਸ਼ਬਦ ਵਿਚ ਮਿਲਿਆ ਹੈ ਉਹ ਪ੍ਰਭੂ ਨਾਲ ਮਿਲ ਰਹਿੰਦਾ ਹੈ, ਪ੍ਰੰਤੂ ਗੁਰ ਸ਼ਬਦ ਨਾਲ ਉਹ ਮਿਲਦਾ ਹੈ ਜਿਸਨੂੰ ਪ੍ਰਮੇਸ਼ਰ ਆਪ ਕਿਰਪਾ ਕਰਕੇ ਮਿਲਾ ਲੈਂਦਾ ਹੈ।

ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥

ਦ੍ਵੈਤ ਭਾ ਸੇ ਕੋਈ ਵੀ ਨਹੀਂ ਮਿਲ ਸਕਦਾ, ਦ੍ਵੈਤ ਭਾ ਵਾਲਾ ਪੁਰਸ਼ ਵਾਰੰਵਾਰ ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਹੈ।

ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥

ਸਾਰਿਆਂ ਵਿਚ ਇੱਕ ਪਰਮੇਸ਼ਰ ਦਾ ਹੁਕਮ ਵਰਤਦਾ ਹੈ, ਅਤੇ ਇੱਕ ਹੀ ਸਾਰਿਆਂ ਵਿਚ ਸਮਾ ਰਿਹਾ ਹੈ।

ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥ ੨ ॥

ਜਿਸ ਉੱਪਰ ਪਰਮੇਸ਼ਰ ਆਪ ਦਿਆਲੂ ਹੁੰਦਾ ਹੈ ਉਹ ਗੁਰਮੁਖ ਨਾਮ ਜਪਨ ਵਿਖੇ ਸਮਾਂਦਾ ਹੈ॥ ੨ ॥

ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥

ਪੰਡਿਤ ਲੋਕ ਪੁਰਾਣਾਂ ਨੂੰ ਪੜ੍ਹ ਪੜ੍ਹਕੇ, ਅਤੇ ਜੋਤਸ਼ੀ ਜੋਤਸ਼ ਦਾ ਵਿਚਾਰ ਕਰ ਕਰਕੇ ਵਾਦ=ਝਗੜਿਆਂ ਦਾ ਹੀ ਵਿਅਰਥ ਵਿਚਾਰ ਕਰਦੇ ਹਨ।

ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥

ਮਤੀ ਪੰਡਿਤਾਂ ਦੀ ਬੁੱਧੀ ਜੋਤਸ਼ੀਆਂ ਦੀ ਭਵੀ=ਭ੍ਰਮ ਰਹੀ ਹੈ ਦੋਨੋਂ ਹੀ ਪਰਮੇਸ਼ਰ ਨੂੰ ਬੁੱਝਦੇ ਨਹੀਂ ਹਨ, ਦੋਹਾਂ ਦੇ ਅੰਦਰ ਲੋਭ ਰੂਪ ਵਿਕਾਰੁ=ਰੋਗ ਹੈ।

ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥

ਉਹ ਚੁਰਾਸੀ ਲੱਖ ਜੂਨ ਦੇ ਚਕਰ ਵਿਚ ਫਿਰਦੇ ਹਨ, ਅਤੇ ਭ੍ਰਮਿ ਭ੍ਰਮਿ=ਫਿਰ ਫਿਰ ਕੇ ਅੰਤ ਨੂੰ ਖੁਆਰੁ=ਖਰਾਬ ਹੀ ਹੁੰਦੇ ਹਨ।

ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥ ੩ ॥

ਪੂਰਬ ਜਨਮ ਦੇ ਕੀਤੇ ਕਰਮਾਂ ਅਨੁਸਾਰ ਜੋ ਲੇਖ ਉਨ੍ਹਾਂ ਦੇ ਮੱਥੇ ਉੱਪਰ ਲਿਖਿਆ ਗਿਆ ਹੈ ਉਸੇ ਅਨੁਸਾਰ ਕਰਮਾਂ ਨੂੰ ਕਮਾਣਾ ਕਰਦੇ ਹਨ, ਫਲ ਭੋਗੇ ਬਗੈਰ ਉਨ੍ਹਾਂ ਕਰਮਾਂ ਨੂੰ ਮੇਟਨੇ ਵਾਲਾ ਕੋਈ ਨਹੀਂ ਹੈ॥ ੩ ॥

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥

ਸਤਿਗੁਰਾਂ ਦੀ ਸੇਵਾ ਕਰਨੀ ਬਹੁਤ ਗਾਖੜੀ=ਕਠਨ ਭਾਵ ਔਖੀ ਹੈ। ਪਹਿਲੇ ਸਿਰ ਦੇ ਕੇ ਸੇਵਾ ਕਰਨੀ ਪੈਂਦੀ ਹੈ ਫਿਰ ਆਪਾ ਭਾ ਹੰਕਾਰ ਗੁਆਣਾ ਪੈਂਦਾ ਹੈ। ਇਹ ਗੱਲ ਨ ਕਵ੍ਹੇ ਕਿ ਮੈਂ ਸਿਰ ਦੇ ਕੇ ਸੇਵਾ ਕੀਤੀ ਹੈ।

ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥

ਗੁਰ ਸੇਵਾ ਕਰਦਿਆਂ ਕਰਦਿਆਂ ਜਦ ਗੁਰ ਉਪਦੇਸ਼ ਮਿਲਦਾ ਹੈ ਤਾਂ ਫਿਰ ਹਰੀ ਆਪ ਮਿਲਦਾ ਹੈ। ਜਦ ਹਰੀ ਮਿਲਿਆ ਤਦ ਇਸ ਦੀ ਸੇਵਾ ਕੀਤੀ ਹੋਈ ਸਾਰੀ ਥਾਂ ਪੈਂਦੀ ਭਾਵ ਸਫਲ ਹੁੰਦੀ ਹੈ।

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥

ਗੁਰੂ ਸਾਹਿਬ ਰੂਪ ਪਾਰਸ ਨਾਲ ਪਰਸਕੇ ਇਹ ਜਗਿਆਸੂ ਪਾਰਸ ਰੂਪ ਹੋ ਜਾਂਦਾ ਹੈ, ਅਤੇ ਜੋਤੀ ਪ੍ਰਮਾਤਮਾ ਨਾਲ ਇਸ ਜਗਿਆਸੂ ਦੀ ਜੋਤਿ ਸਮਾਇ=ਅਭੇਦ ਹੋ ਜਾਂਦੀ ਹੈ।

ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ॥ ੪॥

ਪੂਰਬ ਜਨਮ ਦੇ ਕੀਤੇ ਚੰਗੇ ਕਰਮਾਂ ਅਨੁਸਾਰ ਜਿਸ ਦੇ ਮੱਥੇ ਉੱਪਰ ਸ਼ੁਭ ਲੇਖ ਲਿਖਿਆ ਗਿਆ ਹੈ ਤਿਸਨੂੰ ਆ ਕੇ ਸਤਿਗੁਰੂ ਮਿਲੇ ਹਨ॥ ੪॥

ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ॥

ਹੇ ਮਨ! ਤੂੰ ਐਸੀ ਬਾਣੀ ਮਤਾਂ ਉਚਾਰਨਾ ਕਰ ਕਿ ਮੈਂ ਭੁੱਖਾ ਹਾਂ, ਮੈਂ ਭੁੱਖਾ ਹਾਂ, ਅਤੇ ਮਤਾਂ ਤੂੰ ਕਿਸੇ ਅੱਗੇ ਪੁਕਾਰ=ਫਰਿਆਦ ਕਰ।

ਅਥਵਾ:-ਭੂ=ਪ੍ਰਿਥਵੀ ਤੇ ਖਾ=ਅਕਾਸ਼ ਦੇ ਪਦਾਰਥਾਂ ਲਈ ਮੈਂ ਭੁੱਖਾਂ ਹਾਂ ਇਸ ਤਰ੍ਹਾਂ ਮਤਾਂ ਉਚਾਰਨ ਕਰ। ਅਤੇ ਪਤਾਲ ਦੇ ਪਦਾਰਥਾਂ ਲਈ ਭੀ ਮਤਾਂ ਤੂੰ ਪੁਕਾਰ ਕਰ।

ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ॥

ਚੌਰਾਸੀ ਲੱਖ ਜੂਨ ਜਿਸਨੇ ਸਿਰਜੀ ਹੈ, ਓਹੀ ਪ੍ਰਮਾਤਮਾ ਸਾਰਿਆਂ ਨੂੰ ਅਧਾਰੁ=ਆਸਰਾ ਦੇਂਦਾ ਹੈ।

ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ॥

ਨਿਰਭਉ ਪ੍ਰਮੇਸ਼ਰ ਸਦੀਵਕਾਲ ਦਿਆਲੂ ਕਿਰਪਾਲੂ ਹੈ, ਜੋ ਸਾਰਿਆਂ ਜੀਵਾਂ ਦੀ ਸਾਰ ਸੰਭਾਲ ਕਰਦਾ ਹੈ।

ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ॥ ੫॥ ੩॥ ੩੬॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਉਸ ਪਰਮੇਸ਼ਰ ਨੂੰ ਗੁਰਾਂ ਦੁਆਰੇ ਬੁੱਝਨਾ ਕਰ, ਤਾਂ ਮੋਖ ਕਾ ਦੁਆਰਾ ਗਿਆਨ ਪ੍ਰਾਪਤ ਹੁੰਦਾ ਹੈ॥ ੫॥ ੩॥ ੩੬॥

ਸਿਰੀਰਾਗੁ ਮਹਲਾ ੩॥

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥

ਜਿਨ੍ਹਾਂ ਨੇ ਗੁਰ ਉਪਦੇਸ਼ ਨੂੰ ਸੁਣ ਕਰਕੇ ਨਾਮ ਦਾ ਮਨਨ ਕੀਤਾ ਹੈ, ਤਿਨ੍ਹਾਂ ਦਾ ਆਪਣੇ ਸਰੂਪ ਰੂਪ ਘਰ ਵਿਚ ਵਾਸਾ ਹੋਇਆ ਹੈ।

ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥

ਜਿਨ੍ਹਾਂ ਨੇ ਗੁਰ ਸਿੱਖਿਆ ਲੈ ਕੇ ਸੱਚ ਨੂੰ ਸਲਾਹਿਆ ਹੈ, ਉਨ੍ਹਾਂ ਨੇ ਗੁਣਤਾਸੁ=ਪ੍ਰਮਾਤਮਾ ਨੂੰ ਪਾਇਆ ਹੈ।

ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥

ਜੋ ਗੁਰ ਉਪਦੇਸ਼ ਵਿਚ ਰੱਤੇ ਹਨ ਉਹ ਨਿਰਮਲੇ=ਪਵਿੱਤ੍ਰ ਆਤ੍ਮਾ ਹਨ। ਮੈਂ ਉਨ੍ਹਾਂ ਤੋਂ ਸਦਾ ਕੁਰਬਾਨ ਜਾਂਦਾ ਹਾਂ।

ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥ ੧ ॥

ਜਿਨ੍ਹਾਂ ਦੇ ਹਿਰਦੇ ਵਿਚ ਹਰੀ ਨਾਮ ਵਸਦਾ ਹੈ, ਤਿਨ੍ਹਾਂ ਦੇ ਹਿਰਦੇ ਵਿਚ ਹੀ ਪਰਗਾਸੁ=ਗਿਆਨ ਹੁੰਦਾ ਹੈ॥ ੧ ॥

ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥

ਹੇ ਮੇਰੇ ਮਨ ! ਤੂੰ ਹਰਿ ਹਰਿ ਦੇ ਪਵਿੱਤ੍ਰ ਨਾਮ ਨੂੰ ਧਿਆਉਣਾ ਕਰ।

ਧੁਰਿ ਮਸਤਕਿ ਜਿਨ ਕਉ ਲਿਖਿਆ
ਸੇ ਗੁਰਮੁਖਿ ਰਹੇ ਲਿਵ ਲਾਇ ॥ ੧ ॥ ਰਹਾਉ ॥

ਜਿਨ੍ਹਾਂ ਦੇ ਮੱਥੇ ਉੱਪਰ ਮੁੱਢ ਤੋਂ ਹੀ ਨਾਮ ਜਪਨ ਦਾ ਲੇਖ ਲਿਖਿਆ ਹੋਇਆ ਹੈ ਓਹੀ ਗੁਰਮੁਖ ਹੋ ਕੇ ਪ੍ਰਭੂ ਦੇ ਨਾਮ ਸਿਮਰਨ ਵਿਖੇ ਲਿਵ ਲਗਾ ਰਹੇ ਹਨ॥ ੧ ॥ ਰਹਾਉ ॥

ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥

ਹੇ ਸੰਤੋ ! ਨਦਰਿ=ਗਿਆਨ ਦ੍ਰਿਸ਼ਟੀ ਕਰਕੇ ਦੇਖਣਾ ਕਰੋ, ਉਹ ਹਰੀ ਭਰਪੂਰਿ=ਪਰੀਪੂਰਨ ਹੋ ਕੇ ਸਭਨਾਂ ਦੇ ਨੇੜੇ ਵਸ ਰਿਹਾ ਹੈ।

ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥

ਜਿਨ੍ਹਾਂ ਨੇ ਗੁਰ ਸਿੱਖਿਆ ਦਾ ਗ੍ਰਹਿਣ ਕਰਨਾ ਪਛਾਣਿਆ ਹੈ, ਉਹ ਪ੍ਰਮਾਤਮਾ ਨੂੰ ਸਦਾ ਹਾਜਰਾ ਹਜ਼ੂਰ ਦੇਖਦੇ ਹਨ।

ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥

।ਜੇਨ੍ਹਾਂ ਦੇ ਹਿਰਦੇ ਵਿਚ ਸ਼ੁਭ ਗੁਣ ਹਨ, ਤਿਨ੍ਹਾਂ ਦੇ ਮਨ ਵਿਚ ਹਰੀ ਸਦਾ ਵਸਦਾ ਹੈ ਅਤੇ ਜੋ ਔਗੁਣਾਂ ਵਾਲੇ ਹਨ ਉਨ੍ਹਾਂ ਤੋਂ ਸਦਾ ਦੂਰ ਰਹਿੰਦਾ ਹੈ।

ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥ ੨ ॥

ਮਨਮੁਖ ਪੁਰਸ਼ ਸ਼ੁਭ ਗੁਣਾਂ ਤੋਂ ਬਾਹਰ ਭਾਵ ਖਾਲੀ ਹਨ ਅਤੇ ਵਾਹਿਗੁਰੂ ਨਾਮ ਤੋਂ ਬਿਨਾਂ ਹਨ ਇਸ ਕਰਕੇ ਝੁਰ ਝੁਰ ਕੇ ਮਰਦੇ ਹਨ॥ ੨ ॥

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥

ਜਿਨ੍ਹਾਂ ਨੇ ਗੁਰ ਉਪਦੇਸ਼ ਨੂੰ ਸੁਣ ਕੇ ਮੰਨਣ ਕੀਤਾ ਹੈ, ਤਿਨ੍ਹਾਂ ਨੇ ਮਨ ਵਿਚ ਉਸ ਹਰੀ ਨੂੰ ਧਿਆਉਣਾ ਕੀਤਾ ਹੈ।

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥

ਰਾਤ ਦਿਨ ਭਗਤੀ ਵਿਖੇ ਤਦਾਕਾਰ ਹੋਣ ਕਰਕੇ ਉਨ੍ਹਾਂ ਦਾ ਮਨ ਤਨ ਸ਼ੁੱਧ ਹੁੰਦਾ ਹੈ।

ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ॥

ਜਿਵੇਂ ਕਸੁੰਭੇ ਦਾ ਰੰਗ ਕੂੜਾ=ਕੱਚਾ ਹੁੰਦਾ ਹੈ, ਪਾਣੀ ਦੀ ਬੂੰਦ ਪੈਣ ਨਾਲ ਉਹ ਰੰਗ ਬਿਨਸ ਜਾਂਦਾ ਹੈ ਤੇ ਮਨੁੱਖ ਦੁੱਖ ਪਾ ਕੇ ਰੋਂਦਾ ਹੈ। ਤਿਵੇਂ ਕਸੁੰਭੇ ਰੰਗ ਵਾਂਗੂੰ ਦੁਨੀਆਂ ਦੇ ਪਦਾਰਥ ਕੂੜੇ ਹਨ, ਪੁੰਨਾਂ ਦੇ ਅਭਾਵ ਰੂਪ ਜਲ ਦੀ ਬੂੰਦ ਪੈਣ ਨਾਲ ਸਾਰੇ ਪਦਾਰਥ ਬਿਨਸ ਜਾਂਦੇ ਹਨ ਤੇ ਜੀਵ ਦੁਖਾਂ ਨੂੰ ਪਾਕੇ ਰੋਂਦਾ ਹੈ।

ਜਿਸੁ ਅੰਦਰਿ ਨਾਮੁ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ॥ ੩॥

ਨਾਮ ਜਪਣ ਕਰਕੇ ਜਿਸ ਦੇ ਅੰਦਰ ਪ੍ਰਗਾਸੁ=ਗਿਆਨ ਹੋਇਆ ਹੈ ਉਹ ਸਦਾ=ਨਿੱਤ ਰੂਪ ਪ੍ਰਮਾਤਮਾ ਵਿਚ ਸਦਾ ਸਥਿਰ ਹੁੰਦਾ ਹੈ॥ ੩॥

[ਪੰਨਾ ੨੮]

ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ॥

ਇਸ ਮਨੁੱਖ ਜਨਮ ਰੂਪ ਪਦਾਰਥ ਨੂੰ ਪਾ ਕਰਕੇ ਜੋ ਲਿਵ ਲਗਾਕੇ ਹਰੀ ਨਾਮ ਨੂੰ ਨਹੀਂ ਚੇਤੇ ਕਰਦਾ।

ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ॥

ਸ੍ਵਾਸਾਂ ਰੂਪ ਪੈਰ ਦੇ ਤਿਲਕਨੇ ਕਰਕੇ ਫਿਰ ਸੰਸਾਰ ਵਿਖੇ ਰਹਿਣਾ ਨਹੀਂ ਮਿਲਦਾ, ਆਗੈ=ਪ੍ਰਲੋਕ ਵਿਚ ਵੀ ਠਹਿਰਨਾ ਨਹੀਂ ਪਾਂਦਾ।

ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ॥

ਉਹ ਮਨੁੱਖ ਜਨਮ ਦੀ ਪ੍ਰਾਪਤੀ ਦਾ ਵੇਲਾ ਉਸ ਦੇ ਹੱਥੀਂ ਨਹੀਂ ਆਉਂਦਾ, ਅੰਤ ਨੂੰ ਪਸ਼ਚਾਤਾਪ ਕਰਦਾ ਹੀ ਚਲਾ ਗਿਆ।

ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ॥ ੪॥

ਜਿਸ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਹ ਹਰੀ ਨਾਲ ਲਿਵ ਲਗਾ ਕੇ ਚੁਰਾਸੀ ਦੇ ਦੁਖਾਂ ਤੋਂ ਉਬਰੈ=ਬਚ ਜਾਂਦਾ ਹੈ॥ ੪॥

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥

ਦੇਖਾ ਦੇਖੀ=ਰੀਸ ਬਰੀਸੀ ਤਾਂ ਸਾਰੇ ਹੀ ਨਾਮ ਜਪਨਾ ਕਰਦੇ ਹਨ ਪਰ ਮਨਮੁਖ ਪੁਰਸ਼ ਉਸ ਦੀ ਪ੍ਰਾਪਤੀ ਦੀ ਸਮਝ ਨਹੀਂ ਪਾਂਦੇ।

ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥

ਸੇਵਾ ਕਰਦਿਆਂ ਕਰਦਿਆਂ ਜਿਨ੍ਹਾਂ ਗੁਰਮੁਖਾਂ ਦਾ ਹਿਰਦਾ ਸ਼ੁੱਧ ਹੋਇਆ ਹੈ ਤਿਨ੍ਹਾਂ ਦੀ ਸੇਵਾ ਕੀਤੀ ਹੋਈ ਥਾਂ ਪਈ ਅਰਥਾਤ ਸਫਲ ਹੋਈ ਹੈ।

ਪ੍ਰਸ਼ਨ-ਗੁਰਮੁਖ ਕੀ ਕੰਮ ਕਰਦੇ ਹਨ? ਉੱਤਰ:-

ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ॥

ਗੁਰਮੁਖ ਕਦੇ ਤਾਂ ਰਾਗ ਵਿਚ ਹਰੀ ਗੁਣਾਂ ਨੂੰ ਗਾਂਵਦੇ ਹਨ, ਕਦੇ ਗ੍ਰੰਥਾਂ ਦੁਆਰੇ ਨਿਤਾਪ੍ਰਤੀ ਹਰੀ ਗੁਣਾਂ ਨੂੰ ਪੜ੍ਹਦੇ ਹਨ, ਅਤੇ ਕਦੇ ਹਰੀ ਗੁਣਾਂ ਨੂੰ ਗਾਉਂਦੇ ਗਾਉਂਦੇ ਸਮਾਧੀ ਵਿਚ ਜਾਂ ਪ੍ਰਭੂ ਵਿਚ ਸਮਾ ਜਾਂਦੇ ਹਨ।

ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ
ਜਿ ਨਾਮਿ ਰਹੇ ਲਿਵ ਲਾਇ॥ ੫॥ ੪॥ ੩੭॥

ਗੁਰੂ ਜੀ ਕਥਨ ਕਰਦੇ ਹਨ-ਜੇਹੜੇ ਮਨੁੱਖ ਪ੍ਰਭੂ ਦੇ ਨਾਮ ਵਿਚ ਲਿਵ ਲਗਾ ਰਹੇ ਹਨ ਉਨ੍ਹਾਂ ਦੀ ਬਾਣੀ ਸਦਾ ਸੱਚ ਨੂੰ ਮਿਲਾਣ ਵਾਲੀ ਹੈ॥ ੫॥ ੪॥ ੩੭॥

ਸਿਰੀਰਾਗੁ ਮਹਲਾ ੩॥

ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ॥

ਜਿਨ੍ਹਾਂ ਨੇ ਗੁਰ ਸਿੱਖਿਆ ਦੇ ਵਿਚਾਰ ਦੁਆਰਾ ਇੱਕ ਮਨ ਹੋ ਕੇ ਪ੍ਰਭੂ ਦਾ ਨਾਮ ਧਿਆਉਣਾ ਕੀਤਾ ਹੈ।

ਤਿਨ ਕੇ ਮੁਖਿ ਸਦ ਉਜਲੇ ਤਿਤੁ ਸਚੈ ਦਰਬਾਰਿ॥

ਉਸ ਸੱਚੇ ਪ੍ਰਭੂ ਦੇ ਦਰਬਾਰ ਵਿਚ ਉਨ੍ਹਾਂ ਦੇ ਮੂੰਹ ਸਦਾ ਉੱਜਲੇ ਹਨ।

ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ॥ ੧॥

ਉਹ ਗੁਰਮੁਖ ਜਨ ਸੱਚੇ ਨਾਮ ਵਿਚ ਪਿਆਰ ਧਾਰਕੇ ਸਦਾ=ਨਿਤ ਰੂਪ ਪ੍ਰਮਾਤਮਾ ਦੇ ਬ੍ਰਹਮਾਨੰਦ ਰੂਪ ਅੰਮ੍ਰਿਤ ਨੂੰ ਸਦਾ ਹੀ ਪੀਂਦੇ ਹਨ॥ ੧॥

ਭਾਈ ਰੇ ਗੁਰਮੁਖਿ ਸਦਾ ਪਤਿ ਹੋਇ॥

ਹੇ ਭਾਈ ! ਗੁਰਮੁਖਾਂ ਦੀ ਹਮੇਸ਼ਾਂ ਹੀ ਪਤ ਅਬਰੋ ਹੁੰਦੀ ਹੈ।

ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ॥ ੧॥ ਰਹਾਉ॥

ਜੇਕਰ ਹਰਿ ਹਰਿ ਨਾਮ ਨੂੰ ਸਦਾ ਧਿਆਉਣਾ ਕਰੀਏ, ਤਾਂ ਪ੍ਰਭੂ ਦਾ ਨਾਮ ਹਿਰਦੇ ਵਿਚੋਂ ਹੰਗਤਾ ਮਮਤਾ ਦੀ ਮੈਲ ਨੂੰ ਧੋ ਕੱਢਦਾ ਹੈ॥ ੧॥ ਰਹਾਉ॥

ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ॥

ਮਨਮੁਖ ਪੁਰਸ਼ ਨਾਮ ਸਿਮਰਨ ਕਰਨਾ ਨਹੀਂ ਜਾਣਦੇ, ਨਾਮ ਤੋਂ ਬਿਨਾਂ ਆਪਣੀ ਪਤ ਅਬਰੋ ਨੂੰ ਨਿਸਫਲ ਗਵਾਕੇ ਜਾਂਦੇ ਹਨ।

ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ॥

ਮਨਮੁਖਾਂ ਨੂੰ ਗੁਰ ਉਪਦੇਸ਼ ਦਾ ਸੁਆਦ ਨਹੀਂ ਆਇਆ, ਕਿਉਂਕਿ ਉਹ ਦ੍ਵੈਤ ਭਾਵ ਵਿਖੇ ਲਗ ਰਹੇ ਹਨ।

ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ॥ ੨॥

ਮਨਮੁਖ ਪਿੱਛੇ ਵੀ ਗੂੰਹ ਕੇ ਕੀੜੇ ਸਨ, ਹੁਣ ਫਿਰ ਵਿਸ਼ਿਆਂ ਰੂਪੀ, ਵਾ:-ਮੰਦ ਕਰਮਾਂ ਦੇ ਕਰਨੇ ਰੂਪ

ਵਿਸ਼ਟਾ ਵਿਚ ਪੈ ਰਹੇ ਹਨ ਓਹੀ ਮਨਮੁਖ ਅੰਤ ਨੂੰ ਮਰ ਕੇ ਨਰਕਾਂ ਰੂਪ ਵਿਸ਼ਟਾ ਵਿਚ ਸਮਾਣਗੇ॥ ੨॥

ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ॥

ਉਨ੍ਹਾਂ ਗੁਰਮੁਖਾਂ ਦਾ ਮਨੁੱਖਾ ਜਨਮ ਸਫਲਾ ਹੈ ਜੋ ਸਤਿਗੁਰਾਂ ਦੇ ਭਾਇ=ਭਾਣੇ ਵਿਚ ਚਲਦੇ ਹਨ।

ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥

ਉਹ ਆਪਣੀ ਕੁਲ ਨੂੰ ਭੀ ਤਾਰ ਲੈਂਦੇ ਹਨ, ਉਨ੍ਹਾਂ ਨੂੰ ਜੰਮਣ ਵਾਲੀ ਮਾਂ ਵੀ ਧੰਨਤਾ ਦੇ ਜੋਗ ਹੈ।

ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ॥ ੩॥

ਹੇ ਭਾਈ ! ਹਰਿ ਹਰਿ ਨਾਮ ਨੂੰ ਧਿਆਉਣਾ ਕਰੋ, ਪਰ ਨਾਮ ਨੂੰ ਉਹ ਪੁਰਸ਼ ਧਿਆਉਂਦਾ ਹੈ ਜਿਸ ਉੱਤੇ ਰਜਾਇ=ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ॥ ੩॥

ਜਿਨੀ ਗੁਰਮੁਖਿ ਨਾਮੁ ਧਿਆਇਆ ਵਿਉਹ ਆਪੁ ਗਵਾਇ॥

ਜਿਨ੍ਹਾਂ ਗੁਰਮੁਖਾਂ ਨੇ ਹਿਰਦੇ ਵਿਚੋਂ ਆਪਾ ਭਾਵ ਹੰਕਾਰ ਗਵਾ ਕੇ ਨਾਮ ਜਪਿਆ ਹੈ।

ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ॥

ਉਹ ਅੰਦਰੋਂ ਮਨ ਕਰਕੇ ਤੇ ਬਾਹਰੋਂ ਤਨ ਕਰਕੇ ਨਿਰਮਲੇ=ਸ਼ੁੱਧ ਹਨ, ਸਚਿ=ਨਿਸਚੇ ਕਰਕੇ ਉਹ ਸੱਚੇ ਵਾਹਿਗੁਰੂ ਵਿਚ ਸਮਾਇ=ਅਭੇਦ ਹੋਇ ਹਨ।

ਨਾਨਕ ਆਏ ਸੇ ਪਰਵਾਣੁ ਹਹਿ
ਜਿਨ ਗੁਰਮਤੀ ਹਰਿ ਧਿਆਇ॥ ੪॥ ੫॥ ੩੮॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਗੁਰਮਤੀਆਂ ਨੇ ਗੁਰ ਸਿੱਖਿਆ ਦੁਆਰੇ ਹਰੀਨਾਮ ਧਿਆਉਣਾ ਕੀਤਾ ਹੈ ਉਹ ਦੁਨੀਆਂ ਵਿਚ ਆਏ ਹੋਇ ਪ੍ਰਵਾਨ ਹਨ॥ ੪॥ ੫॥ ੩੮॥

ਸਿਰੀਰਾਗੁ ਮਹਲਾ ੩॥

ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ॥

ਹਰੀ ਦੇ ਭਗਤਾਂ ਕੋਲ ਰਾਸਿ=ਸੱਚਾ ਹਰੀ ਨਾਮ ਧਨ ਹੈ, ਗਰਾਂ ਪਾਸੋਂ ਪੁੱਛਕੇ ਨਾਮ ਦਾ ਹੀ ਵਪਾਰ ਕਰਦੇ ਹਨ।

ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ॥

ਸਦਾ ਸਦਾ ਹਰੀ ਨਾਮ ਨੂੰ ਹੀ ਸਲਾਹੁੰਦੇ ਹਨ, ਹਰੀਨਾਮ ਰੂਪੀ ਵਖਰੁ=ਸੌਦੇ ਦੇ ਹੀ ਆਸਰੇ ਰਹਿੰਦੇ ਹਨ।

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ॥ ੧॥

ਪੂਰਿਆਂ ਗੁਰਾਂ ਨੇ ਹਰੀ ਨਾਮ ਦ੍ਰਿੜ੍ਹ ਕਰਵਾਇਆ ਹੈ, ਇਸ ਕਰਕੇ ਹਰੀ ਦੇ ਭਗਤਾਂ ਪਾਸ ਅਤੁਟੁ ਭੰਡਾਰੁ=ਨਾ ਮੁਕਣ ਵਾਲਾ ਖਜ਼ਾਨਾ ਹੈ॥ ੧॥

ਭਾਈ ਰੇ ਇਸੁ ਮਨ ਕਉ ਸਮਝਾਇ॥

ਹੇ ਭਾਈ ! ਇਸ ਆਪਣੇ ਚੰਚਲ ਮਨ ਨੂੰ ਸਮਝਾਣਾ ਕਰ।

ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ॥ ੧॥ ਰਹਾਉ॥

ਇਹ ਮਨ ਕਿਸ ਵਾਸਤੇ ਆਲਸ ਕਰਦਾ ਹੈ ਇਸ ਨੂੰ ਚਾਹੀਦਾ ਹੈ ਗੁਰਾਂ ਦੁਆਰੇ ਨਾਮ ਨੂੰ ਧਿਆਉਣਾ ਕਰੇ॥ ੧॥ ਰਹਾਉ॥

ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ॥

ਭਾਵੇਂ ! ਹਰ ਇੱਕ ਭਗਤੀ ਕਰਨ ਵਾਲੇ ਨਾਲ ਹਰੀ ਦਾ ਪਿਆਰ ਹੈ, ਪਰ ਜੇਹੜਾ ਗੁਰਮੁਖ ਹੋ ਕੇ ਗੁਰਾਂ ਦੁਆਰੇ ਉਸ ਦਾ ਵਿਚਾਰ ਕਰਦਾ ਹੈ ਉਸ ਨਾਲ ਹਰੀ ਦਾ ਖਾਸ ਪ੍ਰੇਮ ਹੈ।

ਅਥਵਾ-ਜੇਹੜੇ ਗੁਰਮੁਖ ਗੁਰਾਂ ਦੁਆਰੇ ਵਿਚਾਰ ਕਰਦੇ ਹਨ ਉਨ੍ਹਾਂ ਨੂੰ ਖਾਸ ਤੌਰ ਸੇ ਹਰਿ ਹਰਿ ਦੀ ਭਗਤੀ ਦਾ ਪਿਆਰ ਹੈ। *ਅਥਵਾ:*-ਹਰਿ ਭਗਤੀ=ਹਰ ਪ੍ਰਕਾਰ ਦੀ ਜੋ 'ਨੌਧਾ ਭਗਤੀ' ਹੈ ਤਿਸ ਦੇ ਵਿਚ ਹਰੀ ਦਾ ਪਿਆਰ ਹੈ ਇਸ ਲੀਏ ਜੇਹੜੇ ਗੁਰਮੁਖ ਪੁਰਸ਼ ਹਨ ਉਹ ਹਰ ਵੇਲੇ ਨੌਧਾ ਭਗਤੀ ਦਾ ਹੀ ਵਿਚਾਰ ਕਰਦੇ ਰਹਿੰਦੇ ਹਨ।

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ॥

ਪਖੰਡ ਕਰਨ ਵਾਲਾ ਜੋ ਪਖੰਡੀ ਹੈ ਉਸ ਪਾਸੋਂ ਕਦੇ ਭਗਤੀ ਨਹੀਂ ਹੁੰਦੀ, ਉਹ ਦੁਬਿਧਾ ਦੇ ਬੋਲਾਂ ਕਰਕੇ ਅਰਥਾਤ ਦ੍ਵੈਤ ਸਬੰਧੀ ਗੱਲਾਂ ਦੇ ਕਰਨ ਨਾਲ ਖੁਆਰੁ=ਖਰਾਬ ਹੁੰਦਾ ਹੈ।

ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ॥ ੨॥

ਜਿਸਦੇ ਅੰਦਰ ਬਿਬੇਕ=ਬਿਬ+ਏਕ=ਦੋ ਸੇ ਇਕ ਹੋਣ ਦਾ ਵਿਚਾਰ ਹੈ ਉਹ ਗੁਰਮੁਖ ਜਨ ਸੰਸਾਰ ਨਾਲ ਰਲਾਇਆ=ਮਿਲਾਇਆ ਹੋਇਆ ਨਹੀਂ ਮਿਲਦਾ।

ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥

ਸੋ=ਉਸਨੂੰ ਹਰੀ ਦਾ ਸੇਵਕ ਕਹਿਣਾ ਚਾਹੀਦਾ ਹੈ, ਜੋ ਹਰੀ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖਦਾ ਹੈ।

ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਉਹ ਮਾਰਿ॥

ਮਨ ਗੁਰਾਂ ਨੂੰ ਸੌਂਪ ਦੇਂਦਾ ਹੈ, ਤਨ ਵੀ ਗੁਰਾਂ ਅੱਗੇ ਭੇਟਾ ਰੱਖ ਦਿੰਦਾ ਹੈ, ਫਿਰ ਅੰਤਹਕਰਨ 'ਚੋਂ ਹਉਮੈ ਆਦਿਕ ਵਿਕਾਰਾਂ ਨੂੰ ਮਾਰ ਦੇਂਦਾ ਹੈ।

ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ॥ ੩॥

ਉਹ ਗੁਰਮੁਖ ਪ੍ਰਵਾਨ ਹੋਇਆ ਹੋਇਆ ਧੰਨਤਾ ਦੇ ਯੋਗ ਹੈ ਜਿਸਨੂੰ ਕਦੇ ਭੀ ਕਾਮ ਆਦਿਕਾਂ ਵੱਲੋਂ ਹਾਰ ਨਹੀਂ ਆਉਂਦੀ॥ ੩॥

ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ॥

ਗੁਰਾਂ ਦਾ ਕਰਮਿ=ਅਨੁਗ੍ਰਹੁ ਮਿਲੇ ਤਾਂ ਪ੍ਰਭੂ ਪਾਈਦਾ ਹੈ, ਗੁਰਾਂ ਦੀ ਕਿਰਪਾ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਭੀ ਨਹੀਂ ਪਾਇਆ ਜਾਂਦਾ।

[ਪੰਨਾ ੨੯]

ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ॥

ਚੌਰਾਸੀ ਲੱਖ ਜੂਨੀਆਂ ਦੇ ਸਾਰੇ ਜੀਵ ਪ੍ਰਭੂ ਦੇ ਦਰਸ਼ਨਾਂ ਨੂੰ ਤਰਸਦੇ ਫਿਰਦੇ ਹਨ। ਪਰ ਜਿਸਨੂੰ ਆਪਣੇ ਨਾਲ, ਜਾਂ ਗੁਰਾਂ ਨਾਲ ਮੇਲਦਾ ਹੈ ਓਹੀ ਹਰੀ ਨਾਲ ਆ ਕੇ ਮਿਲਦਾ ਹੈ।

ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ॥੪॥੬॥੩੯॥

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖਾਂ ਨੇ ਸਦਾ ਹਰੀ ਨਾਮ ਵਿਖੇ ਸਮਾਕੇ ਹਰੀ ਪ੍ਰਭੂ ਨੂੰ ਪਾਇਆ ਹੈ॥ ੪॥ ੬॥ ੩੯॥

ਸਿਰੀਰਾਗੁ ਮਹਲਾ ੩॥

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ॥

ਹਰੀ ਦਾ ਨਾਮ ਸੁਖਾਂ ਦਾ ਸਮੁੰਦ੍ਰ ਹੈ, ਪਰ ਗੁਰਾਂ ਦੁਆਰੇ ਪਾਇਆ ਜਾਂਦਾ ਹੈ।

ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ॥

ਜੇ ਰਾਤ ਦਿਨੇ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰੀਏ, ਤਾਂ ਸੁੱਤੇ ਸਿੱਧ ਹੀ ਨਾਮੀਂ ਵਿਚ ਸਮਾਈ ਹੁੰਦੀ ਹੈ।

ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ॥੧॥

ਉਨ੍ਹਾਂ ਦਾ ਅੰਦਰੁ=ਅੰਤਹਕਰਨ ਹਰੀ ਸੱਚੇ ਨਾਲ ਰਚੈ=ਤਦਾਕਾਰ ਹੁੰਦਾ ਹੈ, ਅਤੇ ਉਨ੍ਹਾਂ ਦੀ ਜੀਭ ਵੀ ਹਰੀ ਗੁਣਾਂ ਨੂੰ ਗਾਉਂਦੀ ਹੈ॥ ੧॥

ਭਾਈ ਰੇ ਜਗੁ ਦੁਖੀਆ ਦੂਜੈ ਭਾਇ॥

ਹੇ ਭਾਈ! ਦ੍ਵੈਤ ਭਾ ਵਿਚ ਫਸ ਕੇ ਸਾਰਾ ਜਗਤ ਦੁਖੀ ਹੋ ਰਿਹਾ ਹੈ।

ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ॥੧॥ ਰਹਾਉ॥

ਜੇ ਗੁਰਾਂ ਦੀ ਸ਼ਰਨ ਵਿਚ ਆ ਕੇ ਰਾਤ ਦਿਨ ਪ੍ਰਭੂ ਦੇ ਨਾਮ ਨੂੰ ਧਿਆਵੇ ਤਾਂ ਆਤਮ ਸੁੱਖ ਲੈਂਦਾ ਹੈ॥ ੧॥ ਰਹਾਉ॥

ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ॥

ਸੱਚ ਨਾਮ ਜਪਨ ਵਾਲੇ ਨੂੰ ਪਾਪਾਂ ਰੂਪੀ ਮੈਲ ਨਹੀਂ ਲਗਦੀ, ਨਿਰਮਲ ਮਨ ਦੁਆਰਾ ਹਰੀ ਨੂੰ ਧਿਆਵੇ ਤਾਂ ਅਧਿਕ ਫਲ ਹੁੰਦਾ ਹੈ।

ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ॥

ਸੁਖੀ ਗੁਰਾਂ ਦੇ ਉਪਦੇਸ਼ ਨੂੰ ਪਛਾਣੀਏ, ਤਾਂ ਹਰੀ ਨਾਮ ਅੰਮ੍ਰਿਤ ਵਿਚ ਸਮਾਂਵਦਾ ਹੈ।

ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ॥੨॥

ਜਿਸ ਵੇਲੇ ਗੁਰਾਂ ਨੇ ਪ੍ਰਚੰਡੁ=ਤੀਸ਼ਨ ਅਰਥਾਤ ਬੜੇ ਪ੍ਰਕਾਸ਼ ਵਾਲਾ ਗਿਆਨ ਰੂਪ ਦੀਵਾ ਬਾਲ ਦਿੱਤਾ,

ਤਾਂ ਅੰਤਹਕਰਨ ਰੂਪ ਮੰਦਰ 'ਚੋਂ ਅਗਿਆਨ ਰੂਪ ਹਨੇਰਾ ਜਾਂਦਾ ਰਿਹਾ ॥ ੨ ॥

ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥

ਮਨਮੁਖਾਂ ਦੇ ਅੰਤਹਕਰਨ ਹੰਗਤਾ ਮਮਤਾ, ਪਦਾਰਥਾਂ ਦੀ ਤ੍ਰਿਸ਼ਨਾ, ਅਤੇ ਵਿਸ਼ੇ ਵਿਕਾਰਾਂ ਰੂਪੀ ਮੈਲ ਨਾਲ ਭਰੇ ਹੋਏ ਮੈਲੇ ਹੋ ਰਹੇ ਹਨ।

ਬਿਨੁ ਸਬਦੈ ਮੈਲੁ ਨ ਉੱਤਰੈ ਮਰਿ ਜੰਮਹਿ ਹੋਇ ਖੁਆਰੁ ॥

ਗੁਰ ਸ਼ਬਦ ਤੋਂ ਬਿਨਾਂ ਉਹ ਮੈਲ ਉੱਤਰਦੀ ਨਹੀਂ ਹੈ, ਇਸ ਕਰਕੇ ਮਨਮੁਖ ਪੁਰਸ਼ ਜਨਮ ਮਰਣ ਵਿਚ ਖੁਆਰੁ=ਖਰਾਬ ਹੋ ਰਹੇ ਹਨ।

ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥ ੩ ॥

ਧਾ ਜਾਣ ਵਾਲੀ ਸੰਸਾਰ ਬਾਜੀ ਵਿਚ ਪਲਚਿ=ਉਲਝ ਰਹੇ ਹਨ, ਨਾ ਉਰਵਾਰ=ਨਾ ਇਸ ਲੋਕ ਦਾ ਸੁਖ ਮਿਲਿਆ, ਨ ਪਾਰੁ=ਨਾਹੀ ਪ੍ਰਲੋਕ ਦਾ ਸੁਖ ਮਿਲਿਆ ॥ ੩ ॥

*ਅਥਵਾ:-*ਨਾ ਉਰਵਾਰੁ=ਨਾ ਵੈਰਾਗ ਦੀ ਪ੍ਰਾਪਤੀ ਹੋਈ, ਨ ਪਾਰੁ=ਨਾ ਹੀ ਗਿਆਨ ਦੀ ਪ੍ਰਾਪਤੀ ਹੋਈ।

ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥

ਗੁਰਮੁਖ ਜਨ ਗੁਰਾਂ ਦੁਆਰੇ ਜਪ ਤਪ ਸੰਜਮਾਂ ਦੇ ਸਹਿਤ ਹੋ ਕੇ ਇੱਕ ਹਰੀ ਦੇ ਨਾਮ ਵਿਚ ਪਿਆਰ ਰੱਖਦੇ ਹਨ।

ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥

ਗੁਰਮੁਖ ਜਨ ! ਗੁਰਾਂ ਦੁਆਰੇ ਹਮੇਸ਼ਾਂ ਕਰਤਾਰ ਦੇ ਨਾਮ ਨੂੰ ਹੀ ਧਿਆਉਂਦੇ ਹਨ।

ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥ ੪ ॥ ੭ ॥ ੪੦ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਭਾਈ ! ਉਸ ਵਾਹਿਗੁਰੂ ਦੇ ਨਾਮ ਨੂੰ ਧਿਆਉਣਾ ਕਰ, ਜੋ ਸਾਰਿਆਂ ਜੀਵਾਂ ਦਾ ਆਧਾਰੁ=ਆਸਰਾ ਰੂਪ ਹੈ॥ ੪॥ ੭॥ ੪੦॥

ਸ੍ਰੀਰਾਗੁ ਮਹਲਾ ੩ ॥

ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥

ਮਨਮੁਖ ਮਾਇਆ ਦੇ ਮੋਹ ਵਿਚ ਵਿਆਪਿ ਰਿਹਾ ਹੈ, ਵੈਰਾਗ ਨੂੰ ਧਾਰਕੇ ਮਾਇਆ ਵੱਲੋਂ ਉਦਾਸ ਨਹੀਂ ਹੁੰਦਾ ।

*ਅਥਵਾ:=*ਮਨਮੁਖ ਮਾਇਆ ਦੇ ਮੋਹ ਵਿਚ ਵਿਆਪ ਰਿਹਾ ਹੈ ਇਸ ਲਈ ਉਸਨੂੰ ਵੈਰਾਗ ਤੇ ਉਦਾਸੀ ਕਦੇ ਭੀ ਨਹੀਂ ਹੁੰਦੀ ।

ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥

ਉਹ ਗੁਰਉਪਦੇਸ਼ ਨੂੰ ਨਹੀਂ ਜਾਣਦਾ ਇਸ ਕਰਕੇ ਉਸਨੂੰ ਹਮੇਸ਼ਾਂ ਦੁੱਖ ਰਹਿੰਦਾ ਹੈ, ਅਤੇ ਹਰੀ ਦੀ ਦਰਗਾਹ ਵਿਚ ਆਪਣੀ ਪਤ ਅਬਰੋ ਖੋਹ ਲੈਂਦਾ ਹੈ।

ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥ ੧ ॥

ਗੁਰਾਂ ਦੁਆਰੇ ਹਉਮੈ=ਹੰਗਤਾ ਮਮਤਾ ਖੋਹਕੇ ਵਾਹਿਗੁਰੂ ਨਾਮ ਵਿਖੇ ਤਦਾਕਾਰ ਹੋਵੇ ਤਾਂ ਸੁਖ ਹੁੰਦਾ ਹੈ॥ ੧ ॥

ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥

ਹੇ ਮੇਰੇ ਪਿਆਰੇ ! ਨਿਤਾਪ੍ਰਤੀ ਇਸਤ੍ਰੀ ਪੁਤ੍ਰ ਆਦਿਕ ਸਬੰਧੀਆਂ, ਤੇ ਪਦਾਰਥਾਂ ਦੇ ਮੋਹ ਕਰਕੇ ਦਿਨ ਰਾਤ ਹਿਰਦੇ ਵਿਚ ਆਸਾ ਪੂਰਨ ਹੋ ਰਹੀ ਹੈ।

ਇਹ ਆਸਾ ਹੀ ਦੁਖਾਂ ਦਾ ਕਾਰਨ ਹੈ ਇਸ ਦੀ ਨਵਿਰਤੀ ਲਈ:-

ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥ ੧ ॥ ਰਹਾਉ ॥

ਪੂਰਿਆਂ ਸਤਿਗੁਰਾਂ ਦੀ ਸੇਵਾ ਕਰਕੇ ਮੋਹ ਨੂੰ ਪਾਰ=ਭਲੀ ਪ੍ਰਕਾਰ ਜਲੈ=ਸਾੜੇ ਤਾਂ ਘਰ ਦੇ ਵਿਚ ਹੀ ਰਹਿ ਕੇ ਉਦਾਸੀਨ ਰਹਿੰਦਾ ਹੈ॥ ੧ ॥ ਰਹਾਉ ॥

ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥

ਵੈਰਾਗਵਾਨ ਗੁਰਮੁਖ-ਗੁਰਾਂ ਦੁਆਰੇ ਅਨੰਦ ਰੂਪ ਹਰੀ ਦੇ ਨਾਮ ਜਪਣੇ ਰੂਪ ਸ਼ੁਭ ਕਰਮਾਂ ਨੂੰ ਕਮਾਂਦੇ ਹੋਏ ਬਿਗਸੈ=ਅਨੰਦ ਰਹਿੰਦੇ ਹਨ।

ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥

ਦਿਨ ਰਾਤ ਵਾਹਿਗੁਰੂ ਦੀ ਅਹਿਨਿਸ=ਇੱਕ ਰਸ ਭਗਤੀ ਕਰਦੇ ਰਹਿੰਦੇ ਹਨ, ਤੇ ਹਉਮੈ ਨੂੰ ਮਾਰ ਕੇ ਨਿਚੰਦੁ=ਨਿਸਚਿੰਤ ਹੋਏ ਹਨ।

ਵਡੈ ਭਾਗਿ ਸਤਿਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥ ੨ ॥

ਉਨ੍ਹਾਂ ਗੁਰਮੁਖਾਂ ਦੀ ਸਤਸੰਗਤ ਵਡਭਾਗੀ ਪੁਰਸ਼ਾਂ ਨੇ ਪਾਈ ਹੈ, ਸਤਸੰਗਤ ਦੇ ਪ੍ਰਤਾਪ ਕਰਕੇ ਹੀ ਅਨੰਦ ਰੂਪ ਹਰੀ ਨੂੰ ਸਹਜਿ=ਸੁਭਾਵਕ ਪਾਣਾ ਕੀਤਾ ਹੈ॥ ੨ ॥

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥

ਅਸਲ ਸਾਧੂ ਭੀ ਓਹੀ ਹੈ, ਅਸਲ ਵੈਰਾਗੀ ਭੀ ਓਹੀ ਹੈ ਜੋ ਹਿਰਦੇ ਵਿਚ ਨਾਮ ਨੂੰ ਵਸਾਂਦਾ ਹੈ।

ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚੁਹ ਆਪੁ ਗਵਾਏ ॥

ਹਿਰਦੇ ਵਿਚੋਂ ਆਪਾ ਭਾ ਹੰਕਾਰ ਦੇ ਗਵਾਨੇ ਕਰਕੇ ਉਨ੍ਹਾਂ ਦੇ ਅੰਦਰ ਮੂਲੇ=ਕਦਾਚਿਤ ਤਮੋਗੁਣ ਨਹੀਂ ਲੱਗਦਾ।

ਨਾਮੁ ਨਿਧਾਨੁ ਸਤਗੁਰੁ ਦਿਖਾਲਿਆ ਹਰਿ ਰਸੁ ਪੀਆ ਅਘਾਏ ॥ ੩ ॥

ਉਨ੍ਹਾਂ ਨੂੰ ਸਤਿਗੁਰਾਂ ਨੇ ਸੁਖਾਂ ਦਾ ਨਿਧਾਨੁ=ਖਜ਼ਾਨਾ ਨਾਮ ਵਿਖਾ ਦਿੱਤਾ ਹੈ, ਇਸ ਤੇ ਉਹ ਹਰੀ ਨਾਮ ਰਸ ਨੂੰ ਪੀ ਕੇ ਅਘਾਏ=ਰੱਜ ਗਏ ਹਨ॥ ੩ ॥

ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥

ਜਿਸ ਕਿਸੇ ਨੇ ਵੈਰਾਗ ਨੂੰ ਪਾਇਆ ਹੈ ਤਾਂ ਪੂਰਿਆਂ ਭਾਗਾਂ ਦੀ ਮੱਦਦ ਨਾਲ ਤੇ ਸਤਸੰਗ ਦੁਆਰਾ ਹੀ ਪਾਣਾ ਕੀਤਾ ਹੈ।

ਅਥਵਾ:-ਪੂਰੇ=ਪੂਰਨ ਪ੍ਰਭ ਦੀ ਪ੍ਰਾਪਤੀ ਦਾ ਭਾਗਿ=ਛਾਂਦਾ ਜੋ ਵੈਰਾਗ ਹੈ ਉਸਨੂੰ ਜਿਸ ਕਿਸੇ ਨੇ ਪਾਇਆ ਹੈ ਤਾਂ ਸਤਿਸੰਗ ਦੁਆਰਾ ਹੀ ਪਾ.ਆ ਹੈ।

ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥

ਮਨਮੁਖ ਪੁਰਸ਼ ਆ ਕੇ ਸਤਸੰਗਤ ਵਿਚ ਫਿਰਦੇ ਤਾਂ ਹਨ ਪਰ ਸਤਿਗੁਰਾਂ ਦੇ ਉਪਦੇਸ਼ ਨੂੰ ਵਾ ਪ੍ਰਤਾਪ ਨੂੰ ਜਾਣਦੇ ਨਹੀਂ, ਕਿਉਂਕਿ ਉਨ੍ਹਾਂ ਦੇ ਅੰਦਰ ਹਉਮੈ ਦੀ ਮੈਲ ਲਗ ਰਹੀ ਹੈ।

ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪ ॥੮ ॥੪੧ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰਉਪਦੇਸ਼ ਵਿਖੇ ਤਦਾਕਾਰ ਹੋ ਕੇ, ਮਨ ਆਦਿਕ ਚਤੁਸ਼ਟੇ ਅੰਤਹਕਰਨ ਰੂਪ ਬਸਤ੍ਰ ਹਰੀ ਨਾਮ ਰੰਗ ਵਿਖੇ ਰੰਗਾਏ ਹਨ, ਉਹ ਜਮਾਂ ਦੇ ਭੈ ਤੋਂ ਰਹਿਤ ਹੋਇ ਹਨ, ਉਨ੍ਹਾਂ ਨੂੰ ਫਿਰ ਤਮੋਗੁਣ ਦੀ ਕਾਹਦੀ ਲਾਗ ਹੈ ਭਾਵ ਕੋਈ ਨਹੀਂ ।

ਅਥਵਾ:-ਮਨ ਰੂਪ ਬਸਤ੍ਰ ਨੂੰ ਪ੍ਰਭੂ ਦੇ ਭੈ ਰੂਪੀ ਖੁੰਭ ਉੱਤੇ ਚਾੜ੍ਹੇ ਬਿਨਾਂ ਭਗਤੀ ਰੂਪ ਰੰਗ ਦੀ ਸਰਮ ਰੂਪੀ ਪਾਹ ਕਿਸ ਤਰ੍ਹਾਂ ਲਗ ਸਕਦੀ ਹੈ ਅਰਥਾਤ ਨਹੀਂ ਲਗ ਸਕਦੀ॥ ੪॥ ੮॥ ੪੧॥

ਸਿਰੀਰਾਗੁ ਮਹਲਾ ੩ ॥

ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥

ਇਸ ਸਰੀਰ ਦੇ ਅੰਦਰ ਸਭ ਵਸਤੂਆਂ ਪਈਆਂ ਹੋਈਆਂ ਹਨ, ਇਸ ਵਾਸਤੇ ਸਰੀਰ ਘਰ ਦੇ ਵਿਚੋਂ ਹੀ ਨਾਮ ਰੂਪ ਸੌਦਾ ਪਾਣਾ ਕਰੀਏ।

ਅਥਵਾ:-ਸਰੀਰ ਰੂਪ ਘਰ ਦੇ ਵਿਚੋਂ ਨਾਮ ਰੂਪ ਸੌਦਾ ਪਾਈਏ ਤਾਂ ਅੰਦਰੋਂ ਹੀ ਸਭ ਵਸਤੂਆਂ ਦਾ ਮਾਲਕ ਪਰਮੇਸ਼ਰ ਪ੍ਰਾਪਤ ਹੁੰਦਾ ਹੈ।

ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥

ਖਿਨ ਖਿਨ ਕਾਲ ਵਿਚ ਨਾਮ ਦਾ ਸੰਭਾਲਣਾ ਕੋਈ ਵਿਰਲਾ ਹੀ ਗੁਰਮੁਖ ਪਾਂਦਾ ਹੈ।

ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥ ੧ ॥

ਪ੍ਰਭੂ ਦਾ ਨਾਮ ਅਖੁੱਟ ਖਜ਼ਾਨਾ ਹੈ, ਪਰ ਵੱਡਿਆਂ ਭਾਗਾਂ ਸੇ ਵਡਭਾਗੀਆਂ ਨੂੰ ਪ੍ਰਾਪਤ ਹੁੰਦਾ ਹੈ॥ ੧ ॥

[ਪੰਨਾ ੩੦]

ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥

ਹੇ ਮੇਰੇ ਮਨ ! ਪਰਾਈ ਨਿੰਦਿਆ, ਸਰੀਰ ਦੀ ਹੰਗਤਾ, ਪਦਾਰਥਾਂ ਦੀ ਮਮਤਾ, ਜਾਤੀ ਆਦਿਕਾਂ ਦਾ ਹੰਕਾਰ ਇਨ੍ਹਾਂ ਸਾਰਿਆਂ ਨੂੰ ਤਜਿ=ਤਿਆਗ ਦੇ।

ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥ ੧ ॥ ਰਹਾਉ ॥

ਤੂੰ ਗੁਰਾਂ ਦੁਆਰੇ ਇੱਕ ਓਅੰਕਾਰ ਰੂਪ ਹਰਿ ਜੀ ਦੇ ਨਾਮ ਨੂੰ ਸਦਾ ਜਪਨਾ ਕਰ॥ ੧॥ ਰਹਾਉ॥

ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥

ਗੁਰ ਸ਼ਬੰਦ ਦੀ ਵਿਚਾਰ ਦੁਆਰਾ ਗੁਰਮੁਖਾਂ ਦੇ ਲੋਕ ਪ੍ਰਲੋਕ ਵਿਖੇ ਮੂੰਹ ਉੱਜਲੇ ਹਨ।

ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥

ਹਿਰਦੇ ਵਿਚ ਮੁਰਾਰੀ ਦੇ ਨਾਮ ਨੂੰ ਜਪ ਜਪ ਦੇ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਸੁਖ ਨੂੰ ਪਾਉਂਦੇ ਹਨ।

ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥ ੨ ॥

ਗੁਰਮੁਖਾਂ ਨੇ ਗੁਰ ਸ਼ਬਦ ਦੀ ਵਿਚਾਰ ਦੁਆਰਾ ਘਰ=ਅੰਤਹਕਰਨ ਦੇ ਵਿਚ ਹੀ ਮਹਲੁ=ਸਰੂਪ ਨੂੰ ਪਾ ਲਿਆ ਹੈ॥ ੨॥

ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥

ਜਿਹੜੇ ਮਨਮੁਖ ਆਪਣੇ ਸਤਿਗੁਰਾਂ ਤੋਂ ਮੂੰਹ ਫੇਰ ਲੈਂਦੇ ਹਨ, ਉਨ੍ਹਾਂ ਦੇ ਮਥੇ=ਮੂੰਹ ਕਾਲੇ ਹਨ।

ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥

ਉਹ ਰਾਤ ਦਿਨ ਦੁੱਖਦਾਇਕ ਕਰਮਾਂ ਨੂੰ ਕਮਾਵਦੇ=ਕਰਦੇ ਹੋਇ ਦੁਖਾਂ ਨੂੰ ਹੀ ਭੋਗਦੇ ਹਨ।
ਜਪ ਆਪਣਾ ਜਾਲੇ=ਫਾਹਾ ਲੈ ਕੇ ਉਨ੍ਹਾਂ ਵੱਲ ਹਮੇਸ਼ਾਂ ਜੋਹੇ=ਦੇਖਦਾ ਰਹਿੰਦਾ ਹੈ।

ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥ ੩ ॥

ਉਹ ਮਨਮੁਖ ਸੁਪਨੈ=ਸੰਸਾਰ ਵਿਚ, ਸੁਪਨੇ ਮਾਤ੍ਰ ਵੀ ਸੁੱਖ ਨਹੀਂ ਵੇਖਦੇ, ਚਿੰਤਾ ਰੂਪੀ ਵੱਡੀ ਅੱਗ ਨੇ ਉਨ੍ਹਾਂ ਨੂੰ, ਪਰ+ਜਾਲੇ=ਚੰਗੀ ਤਰ੍ਹਾਂ ਸਾੜਨਾ ਕੀਤਾ ਹੈ॥ ੩॥

ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥

ਸਾਰਿਆਂ ਦਾ ਦਾਤਾ ਇੱਕ ਪ੍ਰਮਾਤਮਾ ਹੈ, ਜੇਕਰ ਉਹ ਪ੍ਰਭੂ ਆਪ ਕਿਰਪਾ ਦੀ ਬਖਸ਼ਿਸ਼ ਕਰੇ, ਤਾਂ ਉਹ ਮਨਮੁਖ ਬਖਸ਼ੇ ਜਾ ਸਕਦੇ ਹਨ।

ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥

ਅਸਾਡੇ ਪਾਸੋਂ ਤਾਂ ਕੁਝ ਕਿਹਾ ਨਹੀਂ ਜਾਂਦਾ, ਵਾ ਉਸ ਦੀ ਕਿਰਪਾ ਦਾ ਸਾਧਨ ਕੁਝ ਕਿਹਾ ਨਹੀਂ ਜਾਂਦਾ, ਜਿਸਨੂੰ ਚਾਹੁੰਦਾ ਹੈ ਤਿਸਨੂੰ ਕਿਰਪਾ ਦੀ ਦਾਤ ਦੇਂਦਾ ਹੈ।

ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥ ੪ ॥ ੯ ॥ ੪੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਗੁਰਾਂ ਦੁਆਰੇ ਗੁਰਮੁਖ ਬਣਕੇ ਨਾਮ ਪਾਈਏ ਤਾਂ ਆਪ ਹੀ ਉਸ ਦੇ ਅਨੰਦ ਨੂੰ ਜਾਣ ਲੈਂਦਾ ਹੈ॥ ੪॥ ੯॥ ੪੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਗੁਰਾਂ ਦੁਆਰੇ ਗੁਰਮੁਖ ਬਣਕੇ ਨਾਮ ਪਾਈਏ ਤਾਂ ਆਪ ਹੀ ਉਸ ਦੇ ਅਨੰਦ ਨੂੰ ਜਾਣ ਲੈਂਦਾ ਹੈ॥ ੪॥ ੯॥ ੪੨॥

ਸਿਰੀਰਾਗੁ ਮਹਲਾ ੩॥

ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ॥

ਸੱਚੇ ਸਾਹਿਬ ਦੀ ਸੇਵਾ ਕਰੀਏ ਤਾਂ ਉਹ ਸੱਚੀ ਵਡਿਆਈ ਦੇਂਦਾ ਹੈ।

ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ॥

ਗੁਰ ਕਿਰਪਾ ਦੁਆਰੇ ਹੰਗਤਾ ਮਮਤਾ ਨੂੰ ਦੂਰ ਕਰੇ ਤਾਂ ਮਨ ਵਿਚ ਵਸ ਜਾਂਦਾ ਹੈ।

ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ॥ ੧॥

ਇਹ ਚੰਚਲ ਮਨ ਪਦਾਰਥਾਂ ਵੱਲ ਦੌੜਦਾ ਹੋਇਆ ਤਾਂ ਇਸਥਿਤ ਰਹਿ ਸਕਦਾ ਹੈ ਜਾਂ ਆਪ ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇ॥ ੧॥

ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ॥

ਹੇ ਭਾਈ ! ਗੁਰਮੁਖ ਬਣਕੇ ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਣਾ ਕਰ।

ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ ਪਾਵੈ ਥਾਉ॥ ੧॥ ਰਹਾਉ॥

ਜੇਕਰ ਨਾਮ ਰੂਪ ਨਿਧਾਨੁ=ਖਜ਼ਾਨਾ ਸਦਾ ਮਨ ਵਿਚ ਵਸ ਜਾਵੇ ਤਾਂ ਹੀ ਮਹਲੀ=ਜਗਿਆਸੂ ਸਰੂਪ ਥਾਂ ਨੂੰ ਪਾਂਦਾ ਹੈ।

ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥

ਮਨਮੁਖਾਂ ਦਾ ਮਨ ਤਨ ਅੰਧਾ=ਅਗਿਆਨੀ ਹੋ ਰਿਹਾ ਹੈ, ਇਸ ਲਈ ਤਿਸ ਮਨਮੁਖ ਨੂੰ ਠਹਿਰਨ ਵਾਸਤੇ ਕੋਈ ਥਾਂ ਨਹੀਂ ਮਿਲਦਾ।

ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ॥

ਬਹੁਤ ਹੀ ਚੌਰਾਸੀ ਲੱਖ ਜੂਨੀਆਂ ਵਿਖੇ ਭੌਂਦਾ ਫਿਰਦਾ ਹੈ, ਜਿਵੇਂ ਸੁੰਞੈਂ=ਖਾਲੀ ਘਰਾਂ ਵਿਚ ਕਾਂ ਭੌਂਦਾ ਫਿਰਦਾ ਹੈ।

ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ॥ ੨॥

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)

ਗੁਰ ਸਿੱਖਿਆ ਲੈ ਕੇ ਹਰੀ ਨਾਮ ਨੂੰ ਜਪੇ ਤਾਂ ਘਟ ਵਿਖੇ ਚਾਨਣਾ=ਗਿਆਨ ਹੁੰਦਾ ਹੈ, ਗਿਆਨ ਕਰਕੇ ਹੀ ਸਬਦਿ=ਬ੍ਰਹਮ ਨਾਲ ਮਿਲਾਪ ਹੁੰਦਾ ਹੈ॥ ੨॥

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ॥

ਤ੍ਰਿਗੁਣ ਆਤਮਕ ਸੰਸਾਰ:- ਸ਼ਬਦ ਸਪ੍ਰਸ ਰੂਪ ਰਸ ਗੰਧ ਆਦਿ ਵਿਸ਼ਿਆਂ ਕਰਕੇ ਅੰਧਾ ਹੋ ਰਿਹਾ ਹੈ,

ਅਰਥਾਤ ਗਿਆਨ ਵੈਰਾਗ ਆਦਿਕ ਅੱਖਾਂ ਤੋਂ ਬਿਨਾਂ ਹੋ ਰਿਹਾ ਹੈ, ਅਤੇ ਮਾਇਆ ਦੇ ਮੋਹ ਕਰਕੇ ਗੁਬਾਰੁ=ਗਾੜ੍ਹਾ ਹਨੇਰਾ ਹੋ ਰਿਹਾ ਹੈ।

ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰਹਿ ਪੂਕਾਰ ॥*

ਲੋਭੀ ਪੁਰਸ਼ ਅਨ[1]=ਦ੍ਵੈਤ ਨੂੰ ਸੇਂਵਦੇ ਹਨ, ਵਾ ਪ੍ਰਮਾਤਮਾ ਨੂੰ ਛੱਡਕੇ ਅਨ=ਹੋਰ ਦੇਵੀ ਦੇਵਤਿਆਂ ਨੂੰ ਸੇਂਵਦੇ ਹਨ। ਵੇਦਾਂ ਪੁਰਾਣਾਂ ਨੂੰ ਪੜ੍ਹ ਕੇ ਅਰਥਾਤ ਕਥਾ ਕਰਕੇ ਮਾਇਆ ਲਈ ਪੁਕਾਰ ਕਰਦੇ ਹਨ।

ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥ ੩ ॥

ਬਿਖਿਆ=ਮਾਇਆ ਦੇ ਅੰਦਰ ਹੀ ਪਚਿ ਮੁਏ=ਸੜ ਮੋਏ ਹਨ, ਨਾ ਉਰਵਾਰੁ=ਨਾ ਇਸ ਲੋਕ ਦਾ ਸੁਖ, ਨ ਪਾਰੁ=ਨਾ ਹੀ ਪ੍ਰਲੋਕ ਦਾ ਸੁਖ ਹੋਇਆ ॥ ੩ ॥

ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥

ਜਗਤ ਦੀ ਪ੍ਰਤਿਪਾਲਾ ਕਰਨ ਵਾਲੇ ਪਿਤਾ ਰੂਪ ਪ੍ਰਮਾਤਮਾ ਨੂੰ ਉਨ੍ਹਾਂ ਨੇ ਮਾਇਆ ਦੇ ਮੋਹ ਵਿਚ ਲਗਕੇ ਭੁਲਾ ਦਿੱਤਾ ਹੈ।

ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥

ਗੁਰਾਂ ਤੋਂ ਬਿਨਾਂ ਸਾਰੀ ਦੁਨੀਆਂ ਅਚੇਤੁ=ਅਗਿਆਤ ਹੈ, ਏਸੇ ਲਈ ਜਮਕਾਲ ਨੇ ਬੱਧੀ ਹੋਈ ਹੈ।

ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥ ੪ ॥ ੧੦ ॥ ੪੩ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਗੁਰਮਤੀਏ ਸੱਚੇ ਨਾਮ ਨੂੰ ਸੰਭਾਲਕੇ ਜਮਾਂ ਤੋਂ ਉਬਰੇ=ਬਚ ਗਏ ਹਨ॥ ੪ ॥ ੧੦ ॥ ੪੩ ॥

ਸਿਰੀਰਾਗੁ ਮਹਲਾ ੩ ॥

ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥

ਰਜੋ ਸਤੋ ਤਮੋ ਰੂਪ ਜੋ ਤ੍ਰਿਗੁਣ ਆਤਮਕ ਮਾਇਆ ਦਾ ਮੋਹ ਹੈ ਉਸ ਨੂੰ ਤਿਆਗਕੇ ਗੁਰਮੁਖਾਂ ਨੇ ਚਉਥਾ ਪਦੁ=ਤੁਰੀਆਪਦ ਪਾਣਾ ਕੀਤਾ ਹੈ।

ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥

ਜਿਸ ਦੇ ਮਨ ਵਿਚ ਹਰੀ ਨਾਮ ਆ ਵਸਿਆ ਹੈ, ਵਾਹਿਗੁਰੂ ਨੇ ਕਿਰਪਾ ਕਰਕੇ ਉਸਨੂੰ ਆਪਣੇ ਨਾਲ ਮਿਲਾ ਲੀਤਾ ਹੈ।

ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥ ੧ ॥

ਜਿਨ੍ਹਾਂ ਦੇ ਅੰਤਹਕਰਨ ਰੂਪ ਪੋਤੈ=ਖਜ਼ਾਨੇ ਵਿਚ ਪੁੰਨ ਕਰਮ ਹਨ, ਤਿਨ੍ਹਾਂ ਨੂੰ ਸਤਸੰਗਤ ਨਾਲ ਮਿਲਾਇਆ ਹੈ॥ ੧ ॥

ਪਾਠਾਂਤ੍ਰ:-ਪੜਿ ਵੇਦਾ ਕਰੈ ਪੂਕਾਰ।

ਭਾਈ ਰੇ ਗੁਰਮਤਿ ਸਾਚਿ ਰਹਾਉ ॥

ਹੇ ਭਾਈ ਗੁਰ ਸਿੱਖਿਆ ਦੁਆਰੇ ਸੱਚ ਨਾਮ ਰੂਪ ਬੀਜ ਨੂੰ ਆਪ ਬੀਜੋ ਹੋਰਨਾਂ ਪਾਸੋਂ ਰਹਾਉ=ਬਿਜਵਾਓ।

ਅਥਵਾ:-ਗੁਰ ਸਿੱਚਿਆ ਦੁਆਰੇ ਇਹ ਨਿਸਚੇ ਕਰ ਲਵੋ ਕਿ ਇਕ ਸੱਚ ਨੇ ਹੀ ਰਹਾਉ=ਰਹਿਣਾ ਹੈ।

ਅਥਵਾ :- ਗੁਰ ਸਿੱਖਿਆ ਦੁਆਰੇ ਆਪਣੇ ਆਪ ਨੂੰ ਸੱਚ ਵਿਖੇ ਰਹਾਣਾ ਕਰੋ।

ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥ ੧ ॥ ਰਹਾਉ ॥

ਜਿਸਨੇ ਸੱਚੇ ਨਿਸਚੇ ਦੁਆਰਾ ਸੱਚ ਹੀ ਸੱਚ ਨਾਮ ਨੂੰ ਕਮਾਉਣਾ ਕੀਤਾ ਹੈ ਉਸ ਦਾ ਸੱਚੇ ਸਬਦਿ=ਬ੍ਰਹਮ ਨਾਲ ਮਿਲਾਪ ਹੋਇਆ ਹੈ॥ ੧ ॥ ਰਹਾਉ॥

ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥

ਜਿਨ੍ਹਾਂ ਨੇ ਨਾਮ ਦਾ ਚਿੰਤਨ ਕਰਨਾ ਪਛਾਣਿਆ ਹੈ ਮੈਂ ਤਿਨ੍ਹਾਂ ਦੇ ਉੱਪਰੋਂ ਬਲਿਹਾਰ ਜਾਂਦਾ ਹਾਂ।

ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥

ਆਪਾ ਭਾ ਹੰਕਾਰ ਛੱਡਕੇ ਉਨ੍ਹਾਂ ਦੀ ਚਰਨੀ ਪੈਂਦਾ ਹਾਂ, ਅਤੇ ਉਨ੍ਹਾਂ ਦੇ ਭਾਇ=ਭਾਣੇ (ਹੁਕਮ) ਅਨੁਸਾਰ ਚਲਦਾ ਹਾਂ। ਵਾ ਉਨ੍ਹਾਂ ਦੇ ਭਾਇ=ਪਰੇਮ ਵਿਚ ਤੁਰਦਾ ਹਾਂ।

ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥ ੨ ॥

ਕਿਉਂਕਿ ਉਨ੍ਹਾਂ ਦੀ ਕਿਰਪਾ ਨਾਲ ਹਰਿ ਹਰਿ ਨਾਮ ਦਾ ਲਾਭ ਮਿਲਦਾ ਹੈ, ਅਤੇ ਸੁਤੇ ਸਿਧ ਨਾਮੀ ਵਿਚ ਅਭੇਦ ਹੁੰਦਾ ਹੈ॥ ੨ ॥

ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥

ਗੁਰੂ ਤੋਂ ਬਿਨਾਂ ਨਾਮ ਨਹੀਂ ਪ੍ਰਾਪਤ ਹੁੰਦਾ, ਨਾਮ ਤੋਂ ਬਿਨਾਂ ਮਹਲੁ=ਸਰੂਪ ਨਹੀਂ ਪਾ ਸਕੀਦਾ ।

ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥

ਅਜੇਹੇ ਸਤਿਗੁਰਾਂ ਨੂੰ ਲਭ ਲਵੋ, ਜਿਦੂ=ਜਿਨ੍ਹਾਂ ਦੁਆਰੇ ਉਹ ਸੱਚਾ ਪ੍ਰਭੂ ਪਾਈਦਾ ਹੈ।

ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥ ੩ ॥

ਕਾਮ ਆਦਿਕ ਅਸੁਰ=ਦੈਂਤਾਂ ਨੂੰ ਸੰਘਾਰੈ=ਮਾਰ ਕੇ ਅਜੇਹਾ ਨਿਸਚਾ ਰੱਖੇ ਕਿ ਜੋ ਉਸਨੂੰ ਭਾਉਂਦਾ ਹੈ ਉਹੀ ਹੁੰਦਾ ਹੈ ਤਾਂ ਇਹ ਜੀਵ ਆਤਮ ਸੁੱਖ ਵਿਖੇ ਵਸਦਾ ਹੈ॥ ੩ ॥

ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥

ਆਪਣਿਆਂ ਸਤਿਗੁਰਾਂ ਨੂੰ ਜੋਹੇ ਜੇਹਾ ਕਿਸੇ ਨੇ ਜਾਣਿਆ ਹੈ ਉਸਨੂੰ ਤੇਹੋ ਜਿਹਾ ਹੀ ਸੁੱਖ ਹੁੰਦਾ ਹੈ। ਕਿਉਂਕਿ ਆਪੋ ਆਪਣੀ ਭਾਵਨਾ ਅਨੁਸਾਰ ਹੀ ਫਲ ਮਿਲਦਾ ਹੈ। ਜੇ ਕਿਸੇ ਨੇ ਬ੍ਰਹਮ ਰੂਪ ਜਾਣਿਆ ਹੈ ਤਾਂ ਉਸਨੂੰ ਮੁਕਤੀ ਦਾ ਸੁਖ ਹੁੰਦਾ ਹੈ।

ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥

ਏਹੋ=ਜਿਸ ਮੇਰੇ ਕਥਨ ਵਿਚ ਮੂਲੇ=ਕਦਾਚਿਤ ਸੰਸਾ ਨਹੀਂ ਕਰਨਾ, ਬੇਸ਼ੱਕ ਕੋਈ ਜਨ ਭਾਉ=ਪਰੇਮ

ਲਗਾਕੇ ਵੇਖ ਲਵੇ ਕਿ ਗੁਰ ਚਰਨਾਂ ਨਾਲ ਪੇਰਮ ਕਰਨੇ ਸੇ ਕੀ ਮਿਲਦਾ ਹੈ।

ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪ ॥੧੧ ॥੪੪ ॥

ਗੁਰੂ ਜੀ ਕਥਨ ਕਰਦੇ ਹਨ-ਮੂਰਤੀਆਂ ਬੇਸ਼ੱਕ ਦੋ ਹਨ। ਗੁਰੂ ਤੇ ਪਰਮੇਸ਼ਰ ਪਰ ਦੋਹਾਂ ਦੀ ਜੋਤ ਇੱਕੋ ਹੀ ਹੈ, ਗੁਰਾਂ ਦੇ ਸ਼ਬਦ ਕਰਕੇ ਹੀ ਵਾਹਿਗੁਰੂ ਨਾਲ ਮਿਲਾਪ ਹੁੰਦਾ ਹੈ॥ ੪॥ ੧੧॥ ੪੪॥

[ਪੰਨਾ ੩੧]

ਸਿਰੀਰਾਗੁ ਮਹਲਾ ੩ ॥

ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ॥

ਮਨਮੁਖ ਪੁਰਸ਼ ਨਾਮ ਅੰਮ੍ਰਿਤ ਨੂੰ ਛੱਡਕੇ ਬਿਖਿਆ=ਮਾਇਆ ਵਿਚ ਲੁਭਾਇਮਾਨ ਹਨ, ਪਰਮੇਸ਼ਰ ਨੂੰ ਛੱਡ ਕੇ ਵਿਡਾਣੀ=ਪਰਾਈ ਦੇਵੀ ਦੇਵਤਿਆਂ ਭੂਤਾਂ ਪ੍ਰੇਤਾਂ ਦੀ ਸੇਵਾ ਕਰਦੇ ਹਨ।

ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥

ਮਾਇਆ ਦੇ ਲਾਲਚ ਕਰਕੇ ਆਪਣਾ ਧਰਮ ਗਵਾ ਲੈਂਦੇ ਹਨ ਪਰ ਸਮਝਦੇ ਕੁਝ ਨਹੀਂ, ਇਸ ਕਰਕੇ ਉਨ੍ਹਾਂ ਦੀ ਉਮਰਾ ਅਨ+ਦਿਨ=ਰਾਤ ਦਿਨ ਦੁਖਾਂ ਵਿਚ ਹੀ ਬੀਤਦੀ ਹੈ।

ਮਨਮੁਖ ਅੰਧੁ* ਨ ਚੇਤਹੀ ਡੂਬਿ ਮੁਏ ਬਿਨੁ ਪਾਣੀ॥ ੧ ॥

ਮਨਮੁਖ ਅੰਨ੍ਹੇ ਹੋਇ ਹੋਇ ਪ੍ਰਭੂ ਨੂੰ ਚੇਤਦੇ ਨਹੀਂ ਹਨ, ਪਦਾਰਥਾਂ ਦੇ ਮਗਰ ਦੌੜਦੇ ਹਨ ਪਰ ਉਹ ਪ੍ਰਾਪਤ ਨਹੀਂ ਹੁੰਦੇ, ਇਸ ਲਈ ਪਦਾਰਥਾਂ ਰੂਪ ਪਾਣੀ ਦੇ ਮਿਲੇ ਤੋਂ ਬਗੈਰ ਹੀ ਸੰਸਾਰ ਸਮੁੰਦਰ ਵਿਚ ਡੁੱਬ ਕੇ ਮਰ ਗਏ॥ ੧ ॥

ਮਨ ਰੇ ਸਦਾ ਭਜਹੁ ਹਰਿ ਸਰਣਾਈ॥

ਹੇ ਮਨ ! ਗੁਰਾਂ ਦੀ ਸ਼ਰਨ ਵਿਚ ਆ ਕੇ ਸਦਾ ਹਰੀ ਦਾ ਭਜਨ ਸਿਮਰਨ ਕਰੋ।

ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ॥ ੧ ॥ ਰਹਾਉ ॥

ਜੇਕਰ ਗੁਰਾਂ ਦਾ ਉਪਦੇਸ਼ ਅੰਦਰ ਵਸ ਜਾਵੇ, ਤਾਂ ਕਦੇ ਭੀ ਹਰੀ ਭੁੱਲ ਨਹੀਂ ਜਾਂਦਾ ॥ ੧ ॥

ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥

ਇਹ ਸਰੀਰ ਮਾਇਆ ਦਾ ਪੁਤਲਾ ਹੈ ਅਰਥਾਤ ਮਾਇਆ ਤੋਂ ਬਣਿਆ ਹੋਇਆ ਹੈ। ਇਸ ਸਰੀਰ ਦੇ ਵਿਚ ਜੋ ਹੰਗਤਾ ਮਮਤਾ ਹੈ ਏਹੀ ਦੁਸ਼ਟਤਾਈ ਭਾਵ ਖੁਟਿਆਈ ਪਾਈ ਹੋਈ ਹੈ।

ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ॥

ਏਸੇ ਕਰਕੇ ਮਨਮੁਖਾਂ ਦਾ ਆਉਣਾ ਜਾਣਾ ਜੰਮਣਾ ਮਰਨਾ ਹੋ ਰਿਹਾ ਹੈ। ਅਰਥਾਤ ਜਨਮ ਕਰਕੇ ਆਉਣਾ ਤੇ ਮਰ ਕਰਕੇ ਜਾਣਾ ਹੋ ਰਿਹਾ ਹੈ। ਮਨਮੁਖਾਂ ਨੇ ਆਪਣੀ ਇੱਜ਼ਤ ਗਵਾ ਲਈ ਹੈ।

---

*ਪਾਠਾਂਤ੍ਰ :- ਅੰਧ

ਸਤਗੁਰ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥ ੨ ॥

ਗੁਰਮੁਖਾਂ ਨੇ ਸਤਿਗੁਰਾਂ ਦੀ ਸੇਵਾ ਕਰਕੇ ਸਦਾ ਦੁਖੁ=ਨਿੱਤ ਸੁਖ ਪਾਇਆ ਹੈ ਅਤੇ ਜੋਤੀ ਪ੍ਰਮਾਤਮਾ ਨਾਲ ਆਪਣੀ ਜੋਤ ਮਿਲਾ ਲੀਤੀ ਹੈ॥ ੨ ॥

ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥

ਸਤਿਗੁਰਾਂ ਦੀ ਸੇਵਾ ਕਰਨੇ ਨੂੰ ਬਹੁਤ ਕਠਨ ਹੈ ਪਰ ਫਲ ਦੇਣ ਨੂੰ ਅਤੀਅੰਤ ਸੁਖੈਣ ਹੈ, ਵਾ ਸੁਖਾਂ ਦੀ ਘਰ ਹੈ। ਸੇਵਕ ਸੇਵਾ ਕਰਦਿਆਂ ਜੋ ਭੀ ਇੱਛਾ ਕਰਦਾ ਹੈ ਓਹੀ ਫਲ ਪਾ ਲੈਂਦਾ ਹੈ।

ਸਾਖੀ:-ਸ੍ਰੀ ਗੁਰੂ ਅਮਰਦਾਸ ਜੀ ਦੀ ਚੇਤੇ ਰੱਖਣੀ ਰੋਜ਼ਾਨਾ ਜਲ ਦੀ ਗਾਗਰ ਬਿਪਾਸਾ ਨਦੀ ਤੋਂ ਲਿਆਕੇ ਇਸ਼ਨਾਨ ਕਰਾਉਂਦੇ ਸਨ।

ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥

ਜਿਸਨੇ ਹਰਿ ਹਰਿ ਨਾਮ ਨੂੰ ਮਨ ਵਿਚ ਵਸਾਇਆ ਹੈ, ਉਸਨੇ ਜਤ, ਸਤ, ਤਪ ਆਦਿਕ ਸਾਰੇ ਸਾਧਨ ਕਰੇ ਲਏ ਹਨ, ਅਤੇ ਉਸ ਦਾ ਸਰੀਰ ਵੀ ਪਵਿੱਤ੍ਰ ਹੋ ਗਿਆ ਹੈ।

ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥ ੩ ॥

ਉਹ ਰਾਤ ਦਿਨੇ ਸਦਾ ਅਨੰਦ ਰਹਿੰਦਾ ਹੈ ਕਿਉਂਕਿ ਉਸ ਨੇ ਪ੍ਰੀਤਮ ਪ੍ਰਮਾਤਮਾ ਦੇ ਮਿਲਾਪ ਦਾ ਸੁਖ ਪਾਇਆ ਹੈ॥ ੩ ॥

ਜੋ ਸਤਗੁਰ ਕੀ ਸਰਣਾਗਤੀ ਹਉ ਤਿਨ ਕੈ ਬਲਿ ਜਾਉ ॥

ਜੋ ਪੁਰਸ਼ ਸਤਿਗੁਰਾਂ ਦੀ ਸ਼ਰਨ ਵਿਚ ਆਗਤੀ=ਆਏ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।

ਦਰਿ ਸਚੈ ਸਚੀ ਵਡਿਆਈ ਸਹਜੇ ਸਚਿ ਸਮਾਉ ॥

ਸੱਚੇ ਦਰਬਾਰ ਵਿਚ ਉਸ ਦੀ ਸੱਚੀ ਵਡਿਆਈ ਹੁੰਦੀ ਹੈ, ਉਹ ਸਹਜੇ ਹੀ ਸੱਚ ਵਿਖੇ ਸਮਾ ਜਾਂਦਾ ਹੈ।

ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ ॥ ੪ ॥ ੧੨ ॥ ੪੫ ॥

ਗੁਰੂ ਜੀ ਕਥਨ ਕਰਦੇ ਹਨ-ਸੁਖ ਗੁਰਾਂ ਦੇ ਮੇਲ ਵਿਖੇ ਆਪਣੇ ਆਪ ਨੂੰ ਮਿਲਾਵੇ, ਤਾਂ ਨਦਰੀ=ਪ੍ਰਮਾਤਮਾ ਪਾਈਦਾ ਹੈ॥ ੪॥ ੧੨॥ ੪੫॥

ਸਿਰੀਰਾਗੁ ਮਹਲਾ ੩ ॥

ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥

ਮਨਮੁਖ ਪੁਰਸ਼ਾਂ ਦੇ ਕਰਮ ਕਮਾਵਣੇ=ਕਰਨੇ ਇਉਂ ਨਿਸਫਲ ਹਨ, ਜਿਵੇਂ ਦੋਹਾਗਣਿ=ਛੁੱਟੜ ਔਰਤ ਦੇ ਤਨ ਉੱਤੇ ਸ਼ਿੰਗਾਰ ਕੀਤੇ ਹੋਏ ਨਿਸਫਲ ਹਨ।

ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥

ਕਿਉਂਕਿ:-ਉਸ ਦੀ ਸੇਜਾ ਉੱਤੇ ਪਤੀ ਨਹੀਂ ਆਉਂਦਾ।

ਇਸ ਲਈ ਉਹ ਛੁੱਟੜ ਔਰਤ ਨਿਤਾਪ੍ਰਤੀ ਖੁਆਰਾ=ਖਰਾਬ ਹੁੰਦੀ ਹੈ। ਏਸੇ ਤਰ੍ਹਾਂ ਮਨਮੁਖ ਇਸਤ੍ਰੀ ਦੀ ਅੰਤਹਕਰਨ ਰੂਪ ਸੇਜਾ ਤੇ ਪਤੀ ਪ੍ਰਮਾਤਮਾ ਸਖਿਆਤਕਾਰ ਨਹੀਂ ਹੁੰਦਾ, ਇਸ ਲਈ ਉਹ ਨਿਤਾਪ੍ਰਤੀ ਖੁਆਰ ਹੁੰਦੀ ਹੈ।

ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ॥ ੧ ॥

ਪਤੀ ਪ੍ਰਮਾਤਮਾ ਦੇ ਮਹਲੁ=ਅਨੰਦ ਵਾ ਸਰੂਪ ਨੂੰ ਨਹੀਂ ਪਾਂਦੀ, ਕਿਉਂਕਿ ਉਸਨੂੰ ਸਰੂਪ ਰੂਪ ਘਰ ਦੀ ਪ੍ਰਾਪਤੀ ਦਾ ਬ੍ਰਹਮ ਗਿਆਨ ਰੂਪ ਬਾਰੁ=ਦਰਵਾਜ਼ਾ ਦਿਸਦਾ ਨਹੀਂ ਹੈ॥ ੧ ॥

ਅਥਵਾ:-ਸਤਸੰਗ ਰੂਪੀ ਘਰ ਉਸਨੂੰ ਦਿਸਦਾ ਨਹੀਂ ਹੈ, ਬਾਰੁ=ਉਜਾੜਾਂ ਵਿਚ ਹੀ ਭੌਂਦੀ ਫਿਰਦੀ ਹੈ, ਵਾ-ਤੀਰਥਾਂ ਦੇ ਬਾਰੁ=ਜਲ ਵਿਚ ਇਸ਼ਨਾਨ ਕਰਦੀ ਫਿਰਦੀ ਹੈ॥ ੧ ॥

ਭਾਈ ਰੇ ਇਕ ਮਨਿ ਨਾਮੁ ਧਿਆਇ॥

ਹੇ ਭਾਈ ! ਇਕ ਮਨਿ=ਇਕਾਗਰ ਮਨ ਹੋ ਕੇ ਵਾਹਿਗੁਰੂ ਨਾਮ ਨੂੰ ਧਿਆਉਣਾ ਕਰ ।

ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ॥ ੧ ॥ ਰਹਾਉ ॥

ਅਤੇ ਸੰਤਾਂ ਦੀ ਸਤਸੰਗਤ ਵਿਖੇ ਮਿਲ ਰਹਿਣਾ ਕਰ, ਸਤਸੰਗਤ ਵਿਚ ਬੈਠ ਕੇ ਰਾਮ ਨਾਮ ਨੂੰ ਜਪ ਤਾਂ ਤੂੰ ਸੁਖ ਪਾਵੇਂਗਾ॥ ੧ ॥ ਰਹਾਉ ॥

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ॥

ਗੁਰਮੁਖ ਇਸਤ੍ਰੀ ਸਦਾ ਸੋਹਾਗਵੰਤੀ ਹੈ, ਕਿਉਂਕਿ ਉਸਨੇ ਆਪਣੇ ਪਤੀ ਪ੍ਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ। ਅਤੇ-

ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥

ਮਿੱਠਾ ਬਚਨ ਬੋਲਦੀ ਹੈ, ਸਭ ਦੇ ਅੱਗੇ ਨਿਉਂਕੇ ਚਲਦੀ ਹੈ, ਅੰਤਹਕਰਨ ਰੂਪ ਸੇਜਾ ਉੱਤੇ ਭਤਾਰੁ=ਪਤੀ ਪ੍ਰਮਾਤਮਾ ਦੇ ਅਨੰਦ ਨੂੰ ਰਵੈ=ਭੋਗਦੀ ਹੈ।

ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ॥ ੨ ॥

ਓਹੀ ਸੋਭਾ ਵਾਲੀ ਹੈ, ਓਹੀ ਸੋਹਾਗਵੰਤੀ ਹੈ, ਜਿਸਨੂੰ ਗੁਰਾਂ ਦੇ ਸ਼ਬਦ ਦਾ ਅਪਾਰੁ ਹੇਤੁ=ਬਹੁਤਾ ਪਰੇਮ ਹੈ।

ਅਥਵਾ:-ਜਿਸ ਦਾ ਗੁਰ ਚਰਨਾਂ ਵਿਚ ਅਪਾਰੁ ਹੇਤੁ=ਬਹੁਤਾ ਪਰੇਮ ਹੈ॥੨ ॥

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ॥

ਜਾਂ ਆਪਣੇ ਭਾਗਾਂ ਦਾ ਫਲ ਉਦੇ ਹੋਵੇ ਤਾਂ ਹੀ ਪੂਰਨ ਭਾਗਾਂ ਵਾਲੇ ਬ੍ਰਹਮਨੇਸ਼ਟੀ ਬ੍ਰਹਮ ਸੋਤ੍ਰੀ ਗੁਰੂ ਸਾਹਿਬ ਜੀ ਮਿਲਦੇ ਹਨ।

ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ॥

ਗੁਰ ਕਿਰਪਾ ਕਰਕੇ ਅੰਦਰੋਂ ਦੁਖਦਾਈ ਭਰਮ ਕੱਟਿਆ ਜਾਂਦਾ ਹੈ, ਅਤੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥ ੩ ॥

ਜੋ ਭੀ ਜਗਿਆਸੁ ਗੁਰਾਂ ਦੇ ਹੁਕਮ ਅੰਦਰ ਚਲਦਾ ਹੈ ਉਹ ਕੋਈ ਭੀ ਦੁੱਖ ਨਹੀਂ ਪਾਂਦਾ ॥ ੩ ॥

ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥

ਗੁਰਾਂ ਦੇ ਹੁਕਮ ਮੰਨਣ ਵਿਚ ਹੀ ਬ੍ਰਹਮਾਨੰਦ ਰੂਪ ਅੰਮ੍ਰਿਤ ਹੈ। ਉਸ ਅੰਮ੍ਰਿਤ ਨੂੰ, ਸਹਜੇ=ਗਿਆਨ ਦੁਆਰਾ ਕੋਈ ਵਿਰਲਾ ਪੁਰਸ਼ ਪਾਂਵਦਾ ਹੈ।

ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥

ਜਿਨ੍ਹਾਂ ਨੇ ਹਿਰਦੇ ਵਿਚੋਂ ਹਉਮੈ ਆਦਿਕ ਵਿਕਾਰਾਂ ਨੂੰ ਖੋਹਣਾ ਕੀਤਾ ਹੈ, ਤਿਨ੍ਹਾਂ ਨੇ ਉਸ ਅੰਮ੍ਰਿਤ ਨੂੰ ਗੁਰਾਂ ਤੋਂ ਪ੍ਰਾਪਤ ਕਰਕੇ ਪੀਤਾ ਹੈ।

ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪ ॥੧੩ ॥੪੬ ॥

ਗੁਰੂ ਜੀ ਕਥਨ ਕਰਦੇ ਹਨ ਗੁਰਾਂ ਦੁਆਰੇ ਗੁਰਮੁਖ ਬਣਕੇ ਵਾਹਿਗੁਰੂ ਨਾਮ ਧਿਆਉਣਾ ਕਰੀਏ, ਤਾਂ ਹੀ ਸੱਚੇ ਪ੍ਰਮਾਤਮਾ ਨਾਲ ਮਿਲਾਪ ਹੁੰਦਾ ਹੈ॥ ੪॥ ੧੩॥ ੪੬॥

ਸਿਰੀਰਾਗੁ ਮਹਲਾ ੩ ॥

ਸਿੱਖ ਨੇ ਬੇਨਤੀ ਕੀਤੀ ਪ੍ਰਮਾਤਮਾ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ? *ਗੁਰ ਉਤੱਰ:-*

ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥

ਜੇ ਤੂੰ ਆਪਣੇ ਪਤੀ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੀ ਹੈਂ, ਤਾਂ ਆਪਣਾ ਤਨ ਮਨ ਗੁਰਾਂ ਅੱਗੇ ਧਰ ਦੇ।

ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥

ਜਿਹੜੇ ਕਰਮ ਸੋਹਾਗਵੰਤੀਆਂ ਕਰਦੀਆਂ ਹਨ ਓਹੀ ਕਰਮ ਤੂੰ ਕਰ ।

ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥ ੧ ॥

ਤਾਂ ਫਿਰ ਸੁਤੇ ਸਿੱਧ ਤੇਰਾ ਸੱਚੇ ਪਤੀ ਨਾਲ ਮਿਲਾਪ ਹੋ ਜਾਵੇਗਾ, ਅਤੇ ਉਹ ਪ੍ਰਭੂ ਤੈਨੂੰ ਸੱਚੀ ਵਡਿਆਈ ਦੇਵੇਗਾ॥ ੧ ॥

ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥

ਹੇ ਭਾਈ ! ਪੂਰਨ ਗੁਰਾਂ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੁੰਦੀ।

ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥ ੧ ॥ ਰਹਾਉ ॥

ਅਤੇ ਭਗਤੀ ਕੀਤੇ ਤੋਂ ਬਿਨਾਂ ਗੁਰ=ਪੂਜਨੀਕ ਪ੍ਰਮਾਤਮਾ ਨਹੀਂ ਪਾਈਦਾ, ਜੇਕਰ ਸਭ ਕੋਈ ਚਾਹੁੰਦਾ ਭੀ ਰਵ੍ਹੇ ਤੌਭੀ ਭਗਤੀ ਕੀਤੇ ਬਗੈਰ ਨਹੀਂ ਮਿਲ ਸਕਦਾ ॥ ੧॥ ਰਹਾਉ॥

ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ ॥

ਜੋ ਜੀਵ ਰੂਪ ਇਸਤ੍ਰੀ ਦ੍ਵੈਤ ਭਾਵ ਵਿਖੇ ਲਗੀ ਹੈ, ਉਸਨੂੰ ਚੁਰਾਸੀ ਲੱਖ ਜੂਨੀਆਂ ਦਾ ਫੇਰੁ=ਚੱਕਰ ਪਿਆ ਹੈ।

ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ॥

ਗੁਰੂ ਤੋਂ ਬਿਨਾਂ ਸ਼ਾਂਤੀ ਰੂਪੀ ਨੀਂਦ ਨਹੀਂ ਆਉਂਦੀ, ਦੁਖਾਂ ਵਿਚ ਹੀ ਅਵਸਥਾ ਰੂਪੀ ਰਾਤ ਵਿਹਾਇ=ਬਤੀਤ ਹੁੰਦੀ ਹੈ।

ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ॥ ੨॥

ਗੁਰ ਸ਼ਬਦ ਤੋਂ ਬਿਨਾਂ ਆਪਣੇ ਪਤੀ ਪ੍ਰਮਾਤਮਾ ਨੂੰ ਨਹੀਂ ਪਾਂਵਦੀ, ਦ੍ਵੈਤ ਭਾਵ ਵਾਲੀ ਕਾਮਣ ਨੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗਵਾ ਲਿਆ ਹੈ॥ ੨॥

[ਪੰਨਾ ੩੨]

ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ॥

ਜਿਸ ਧਨ ਤੇ ਸੰਪਦਾ ਨੂੰ ਪਾ ਕੇ ਇਹ ਜੀਵ ਰੂਪ ਇਸਤ੍ਰੀ ਹਉ ਹਉ=ਮੈਂ ਮੈਂ ਕਰਦੀ ਫਿਰਦੀ ਹੈ, ਇਹ ਧਨ ਅਤੇ ਸੰਪਦਾ ਅੱਜ ਤੱਕ ਕਿਸੇ ਦੇ ਨਾਲ ਨਹੀਂ ਗਈ।

(ਇਹ ਗੱਲ ਵੇਖਕੇ ਭੀ)-

ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ॥

ਅੰਧੀ ਦੁਨੀਆਂ ਨਾਮ ਦਾ ਸਿਮਰਨ ਨਹੀਂ ਕਰਦੀ, ਇਸ ਕਰਕੇ ਸਾਰੀ ਦੁਨੀਆਂ ਜਮਕਾਲ ਨੇ ਬੱਧੀ ਹੋਈ ਹੈ।

ਸਤਗੁਰਿ ਮਿਲਿਐ ਧਨੁ ਪਾਇਆ ਹਰਿ ਨਾਮਾ ਰਿਦੈ ਸਮਾਲਿ॥ ੩॥

ਪੂਰਨ ਸਤਿਗੁਰਾਂ ਨਾਲ ਮਿਲਕੇ ਜਿਸਨੇ ਹਰੀ ਨਾਮ ਨੂੰ ਆਪਣੇ ਹਿਰਦੇ ਵਿਚ ਸਮ੍ਹਾਲਿਆ ਹੈ, ਉਸਨੇ ਅਸਲੀ ਆਤਮ ਧਨ ਪਾਇਆ ਹੈ।

ਨਾਮਿ ਰਤੇ ਸੇ ਨਿਰਮਲੇ ਗੁਰ ਕੈ ਸਹਜਿ ਸੁਭਾਇ॥

ਗੁਰਾਂ ਦੇ ਉਪਦੇਸ਼ ਦੁਆਰਾ ਜੋ ਵਾਹਿਗੁਰੂ ਦੇ ਨਾਮ ਵਿਚ ਰੱਤੇ ਹਨ, ਉਹ ਨਿਰਮਲੇ=ਪਵਿੱਤ੍ਰ ਹਨ, ਅਤੇ ਸਹਜਿ ਸੁਭਾਇ=ਸ਼ਾਂਤੀ ਸੁਭਾਅ ਦੇ ਸਹਿਤ ਹੋਏ ਹਨ।

ਮਨੁ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ॥

ਉਨ੍ਹਾਂ ਗੁਰਮੁਖਾਂ ਦਾ ਮਨ ਤਨ ਪਰੇਮ ਰੰਗ ਨਾਲ ਰੰਗਿਆ ਗਿਆ ਹੈ, ਅਤੇ ਰਸਨਾ=ਜੀਭ ਵੀ ਆਤਮ ਰਸ ਵਿਖੇ ਰਸਾਇ=ਤਦਾਕਾਰ ਹੋਈ ਹੈ।

ਨਾਨਕ ਰੰਗੁ ਨ ਉੱਤਰੈ ਜੋ ਹਰਿ ਧੁਰਿ ਛੋਡਿਆ ਲਾਇ॥ ੪॥ ੧੪॥ ੪੭॥

ਗੁਰੂ ਜੀ ਕਥਨ ਕਰਦੇ ਹਨ-ਉਹ ਰੰਗ ਕਦੇ ਭੀ ਉੱਤਰਦਾ ਨਹੀਂ, ਜੋ ਧੁਰ ਤੋਂ ਹਰੀ ਨੇ ਲਗਾ ਛੱਡਿਆ ਹੈ॥ ੪॥ ੧੪॥ ੪੭॥

ਸਿਰੀਰਾਗੁ ਮਹਲਾ ੩॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ॥

ਮੁਖੀ ਗੁਰੂ ਸਾਹਿਬ ਜੀ ਕਿਰਪਾ ਦ੍ਰਿਸ਼ਟੀ ਕਰਨ ਤਾਂ ਪ੍ਰਭੂ ਦੀ ਭਗਤੀ ਕੀਤੀ ਜਾਂਦੀ ਹੈ, ਗੁਰੂ ਤੋਂ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ।

ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ॥

ਆਪਣੇ ਆਪ ਨੂੰ ਗੁਰਾਂ ਨਾਲ ਮਿਲਾਕੇ ਨਾਮ ਚਿੰਤਨ ਕਰਨਾ ਬੁੱਝੇ ਤਾਂ ਉਹ ਕੋਈ ਨਿਰਮਲ=ਸ਼ੁੱਧ ਹੁੰਦਾ ਹੈ।

ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ॥ ੧॥

ਹਰਿ ਜੀ ਆਪ ਸੱਚਾ ਹੈ, ਅਤੇ ਉਸ ਦੀ ਬੇਦ ਬਾਣੀ, ਵਾ:-ਨਾਮ ਬਾਣੀ ਵੀ ਸੱਚੀ ਹੈ, ਨਾਮ ਬਾਣੀ ਦੁਆਰਾ ਹੀ ਸਬਦਿ=ਬ੍ਰਹਮ ਨਾਲ ਮਿਲਾਪ ਹੁੰਦਾ ਹੈ॥ ੧॥

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥

ਹੇ ਭਾਈ ! ਭਗਤੀ ਤੋਂ ਬਿਨਾਂ ਜਗਤ ਵਿਚ ਤੂੰ ਕਿਸ ਲਈ ਆਇਆ ਏਂ।

ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ॥ ੧॥ ਰਹਾਉ॥

ਨਾ ਹੀ ਤੂੰ ਪੂਰਿਆਂ ਗੁਰਾਂ ਦੀ ਸੇਵਾ ਕੀਤੀ ਹੈ, ਇਸ ਕਰਕੇ ਤੂੰ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗਵਾ ਲਿਆ ਹੈ॥ ੧॥ ਰਹਾਉ॥

ਆਪੇ ਜਗਜੀਵਨੁ ਸੁਖਦਾਤਾ ਆਪੇ ਬਖਸਿ ਮਿਲਾਏ॥

ਜਗਤ ਦਾ ਜੀਵਨ ਰੂਪ ਪ੍ਰਮਾਤਮਾ ਆਪ ਹੀ ਸੁਖਾਂ ਦਾ ਦਾਤਾ ਹੈ। ਅਤੇ ਆਪ ਹੀ ਦਾਸਾਂ ਦੇ ਔਗੁਣਾਂ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈ।

ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ॥

ਇਹ ਵਿਚਾਰੇ ਸੂਖਮ ਸਥੂਲ ਜੀਅ ਜੰਤ ਕੀ ਜ਼ੋਰ ਰੱਖ ਸਕਦੇ ਹਨ, ਅਤੇ ਕੀ ਕੁਝ ਆਖਕੇ ਸੁਣਾ ਸਕਦੇ ਹਨ।

ਗੁਰਮੁਖਿ ਆਪੇ ਦੇਇ ਵਡਾਈ ਆਪੇ ਸੇਵ ਕਰਾਏ॥ ੨॥

ਉਹ ਪ੍ਰਭੂ ਆਪ ਹੀ ਗੁਰਮੁਖਾਂ ਨੂੰ ਵਡਿਆਈ ਦੇਂਦਾ ਹੈ । ਅਤੇ ਆਪ ਹੀ ਜਗਿਆਸੂਆਂ ਪਾਸੋਂ ਸੇਵਾ ਕਰਾਉਂਦਾ ਹੈ॥ ੨॥

ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ॥

ਜਿਸ ਕੁਟੰਬ ਨੂੰ ਵੇਖਕੇ ਇਹ ਜੀਵ ਉਸ ਦੇ ਮੋਹ ਵਿਚ ਲੁਭਾਇਮਾਨ ਹੋ ਰਿਹਾ ਹੈ, ਇਹੋ ਕੁਟੰਬ ਅੰਤ ਨੂੰ ਇੱਥੋਂ ਤੁਰਦਿਆਂ ਹੋਇਆਂ ਜੀਵ ਦੇ ਨਾਲ ਨਹੀਂ ਜਾਂਦਾ।

ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਦੀ ਕੀਮ ਨ ਪਾਈ॥

ਜਿਸਨੇ ਸਤਿਗੁਰਾਂ ਦੀ ਸੇਵਾ ਕਰਕੇ ਗੁਣਾਂ ਦੇ ਖਜ਼ਾਨੇ ਪ੍ਰਮਾਤਮਾ ਨੂੰ ਪਾਇਆ ਹੈ, ਉਸ ਦੀ ਕੀਮਤ ਨਹੀਂ ਪਾਈ ਜਾਂਦੀ। (ਉਸਨੇ ਇਹ ਨਿਸਚੇ ਕੀਤਾ ਹੋਇਆ ਹੈ) ਕਿ:-

ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ ਅੰਤੇ ਹੋਇ ਸਖਾਈ॥ ੩॥

ਮੇਰਾ ਹਰੀ ਪ੍ਰਭੂ ਇਸ ਲੋਕ ਦਾ ਸਖਾ=ਮਿੱਤਰ ਹੈ, ਮੇਰਾ ਹਰੀ ਪ੍ਰਭੂ ਪ੍ਰਲੋਕ ਦਾ ਵੀ ਮਿੱਤਰ ਹੈ, ਅਤੇ ਅੰਤੇ=ਪ੍ਰਾਣਾਂ ਦੇ ਵਿਜੋਗ ਕਾਲ ਵਿਚ ਭੀ ਮੇਰਾ ਹਰੀ ਪ੍ਰਭੂ ਸਖਾਈ=ਸਹਾਈ ਹੋਵੇਗਾ॥ ੩॥

ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ॥

ਆਪਣੇ ਮਨ ਚਿੱਤ ਵਿਚ ਵੀ ਕਵ੍ਹੇ ਕਿ ਮੇਰਾ ਹੰਕਾਰ ਦੂਰ ਹੋ ਗਿਆ ਹੈ, ਅਤੇ ਸੇਵਕਾਂ ਪਾਸੋਂ ਵੀ ਕਹਾ ਲਵੇ ਕਿ ਇਨ੍ਹਾਂ ਵਿਚ ਹੰਕਾਰ ਨਹੀਂ ਹੈ, ਪਰ ਇਹ ਨਿਯਮ ਹੈ ਕਿ ਗੁਰੂ ਤੋਂ ਬਿਨਾਂ ਆਪਾ ਭਾਵ ਹੰਕਾਰ ਜਾਂਦਾ ਨਹੀਂ ਹੈ।

ਹਰਿ ਜੀਉ ਦਾਤਾ ਭਗਤਿ ਵਛਲੁ ਹੈ ਕਰਿ ਕਿਰਪਾ ਮੰਨਿ ਵਸਾਈ॥

ਸਾਰਿਆਂ ਦਾ ਦਾਤਾ ਹਰਿ ਜੀਉ ਭਗਤਾਂ ਦਾ ਵਛਲੁ=ਪਿਆਰਾ ਹੈ, ਉਹ ਆਪ ਹੀ ਕਿਰਪਾ ਕਰਕੇ ਮਨ ਵਿਚ ਭਗਤੀ ਵਸਾਂਦਾ ਹੈ।

ਨਾਨਕ ਸੋਭਾ ਸੁਰਤਿ ਦੇਇ ਪ੍ਰਭੁ
ਆਪੇ ਗੁਰਮੁਖਿ ਦੇ ਵਡਿਆਈ॥ ੪॥ ੧੫॥ ੪੮॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਪ੍ਰਮਾਤਮਾ ਆਪ ਹੀ ਆਪਣੀ ਸੋਭਾ ਦੇ ਕਰਾਉਣ ਦੀ ਸੁਰਤਿ=ਗਿਆਤ ਦੇ ਕੇ ਗੁਰਮੁਖਾਂ ਨੂੰ ਵਡਿਆਈ ਦੇਂਦਾ ਹੈ।

ਅਥਵਾ-ਪ੍ਰਭੂ ਪ੍ਰਮਾਤਮਾ ਆਪ ਹੀ ਸੁਰਤਿ=ਆਤਮ ਗਿਆਤ ਦੇ ਕੇ ਗੁਰਮੁਖਾਂ ਨੂੰ ਸੋਭਾ ਇਸ ਲੋਕ ਵਿਚ ਅਤੇ ਵਡਿਆਈ ਪ੍ਰਲੋਕ ਵਿਚ ਦੇਂਦਾ ਹੈ॥ ੪॥ ੧੫॥ ੪੮॥

ਸਿਰੀਰਾਗੁ ਮਹਲਾ ੩॥

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜਨਨੀ=ਮਾਤਾ ਭਿਰਾਈ* ਜੀ, ਧੰਨਤਾ ਜੋਗ ਹਨ ਜਿਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਜਾਇਆ=ਜੰਮਿਆ ਅਰਥਾਤ ਪਰਾਦਰ ਭਾਵ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਿਤਾ ਬਾਬਾ ਫੇਰੂ ਜੀ ਧੰਨਤਾ ਜੋਗਯ ਹਨ, ਜੋ ਸਭ ਤੋਂ ਪਰਧਾਨੁ=ਮੁਖੀ ਹੋਇ।

ਸਤਗੁਰੁ ਸੇਵਿ ਸੁਖੁ ਪਾਇਆ ਵਿਉਹ ਗਇਆ ਗੁਮਾਨੁ॥

ਐਸੇ ਸਤਿਗੁਰਾਂ ਨੂੰ ਸੇਵਕੇ ਅਸਾਂ ਨੇ ਆਤਮ ਸੁਖ ਪਾਇਆ ਹੈ, ਅਤੇ ਹਿਰਦੇ ਵਿਚੋਂ ਗੁਮਾਨੁ=ਹੰਕਾਰ ਚਲਾ ਗਿਆ ਹੈ।

ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ॥ ੧॥

ਬੜੇ ਬੜੇ ਸੰਤ ਜਨ ਦਰਵਾਜ਼ੇ ਉੱਪਰ ਖੜੇ ਹੋ ਕੇ ਸੇਵਾ ਕਰਦੇ ਹਨ, ਅਤੇ ਸ਼ੁਭ ਗੁਣ ਦੇ ਖਜ਼ਾਨੇ ਪ੍ਰਮਾਤਮਾ ਨੂੰ ਪਾਂਦੇ ਹਨ॥ ੧॥

ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ॥

ਹੇ ਮੇਰੇ ਮਨ! ਤੂੰ ਭੀ ਅਜੇਹੇ ਗੁਰਾਂ ਦੁਆਰੇ ਉਸ ਹਰੀ ਨਾਮ ਨੂੰ ਧਿਆਉਣਾ ਕਰ।

**ਗੁਰ ਪ੍ਰਤਾਪ ਸੂਰਜ ਵਿੱਚ ਮਾਤਾ ਜੀ ਦਾ ਨਾਮ ਦਯਾ ਕੌਰ, ਲਿਖਿਆ ਹੈ।*

ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥ ੧ ॥ ਰਹਾਉ ॥

ਜੇਕਰ ਪੂਰਿਆਂ ਗੁਰਾਂ ਦਾ ਉਪਦੇਸ਼ ਮਨ ਵਿਚ ਵੱਸ ਜਾਵੇ ਤਾਂ ਜੀਵ ਦਾ ਮਨ ਤਨ ਸ਼ੁੱਧ ਹੋ ਜਾਂਦਾ ਹੈ॥ ੧ ॥ ਰਹਾਉ॥

ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ ॥

ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਅੰਤਰ-ਮੁਖਤਾ ਰੂਪੀ ਘਰ ਵਿਚ ਆਇਆ, ਤਾਂ ਪ੍ਰਭੂ ਆਪੇ ਆ ਕੇ ਮਿਲ ਗਿਆ। ਪਰਮੇਸ਼ਰ ਨੇ ਕਿਰਪਾ ਕੀਤੀ ਤਾਂ ਸਤਸੰਗ ਰੂਪ ਘਰ ਵਿਚ ਆਇਆ, ਸਤਸੰਗ 'ਚੋਂ ਗੁਰਾਂ ਦੀ ਕਿਰਪਾ ਨਾਲ ਆਪੇ ਨਾਮ ਆ ਕੇ ਮਿਲਿਆ, ਨਾਮ ਚਿੰਤਨ ਕਰਨ ਨਾਲ ਅੰਤਰ-ਮੁਖਤਾ ਰੂਪੀ ਘਰ ਵਿਚ ਆਇਆ, ਫਿਰ ਕਿਰਪਾ ਕਰਨ ਵਾਲਾ ਪ੍ਰਭੂ ਆਪ ਆ ਕੇ ਮਿਲ ਗਿਆ ।

ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ ॥

ਗੁਰ ਉਪਦੇਸ਼ ਦੁਆਰਾ ਉਸ ਪ੍ਰਮਾਤਮਾ ਦੀ ਸ਼ਲਾਘਾ ਕਰੀਏ, ਤਾਂ ਮਨ ਆਦਿਕ ਚਤੁਸ਼ਟੇ ਅੰਤਹਕਰਨ ਰੂਪ ਬਸਤ੍ਰ ਨਾਮ ਰੰਗ ਵਿਚ 'ਸਹਜਿ ਸੁਭਾਇ'=ਸੁਤੇ ਸਿਧ ਰੰਗੇ ਜਾਂਦੇ ਹਨ।

ਸਚੈ ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ ॥ ੨ ॥

ਸਚਿ=ਨਿਸਚੇ ਸਹਿਤ ਜੋ ਸੱਚ ਨਾਮ ਵਿਖੇ ਸਮਾਇਆ ਹੈ ਉਹ ਪ੍ਰਮਾਤਮਾ ਨਾਲ ਮਿਲਿਆ ਰਹਿੰਦਾ ਹੈ ਫਿਰ ਵਿਛੁੜ ਨਹੀਂ ਜਾਂਦਾ। ਵਾ: ਵਿੱਛੁੜਕੇ ਕਿਸੇ ਜੂਨ ਵਿਚ ਨਹੀਂ ਜਾਂਦਾ ॥ ੨ ॥

ਜੋ ਕਿਛੁ ਕਰਣਾ ਸੁ ਕਰਿ ਰਹਿਆ ਅਵਰੁ ਨ ਕਰਣਾ ਜਾਇ ॥

ਜੋ ਕੁਝ ਵਾਹਿਗੁਰੂ ਨੇ ਕਰਨਾ ਸੋ ਆਪ ਹੀ ਕਰ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕਿਸੇ ਤੋਂ ਕੁਝ ਕੀਤਾ ਹੀ ਨਹੀਂ ਜਾਂਦਾ।

ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥

ਅਸੀਂ ਚਿਰੰਕਾਲ ਦੇ ਵਿਛੁੜੇ ਹੋਇ ਸੀ, ਪਰ ਸਤਿਗੁਰਾਂ ਨੇ ਆਪਣੀ ਪੰਨੈ=ਸ਼ਰਨ ਪਾ ਕੇ, ਵਾ ਵੇਦ ਰੂਪੀ ਪੰਨੈ=ਦਫਤਰ ਵਿਖੇ ਪਾ ਕੇ, ਵਾ ਨਾਮ ਰੂਪੀ ਪੰਨੈ=ਪੱਲੇ ਨਾਲ ਲਗਾਕੇ ਪ੍ਰਭੂ ਨਾਲ ਮੇਲ ਦਿੱਤਾ ਹੈ।

ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ ॥ ੩ ॥

ਆਪਣੀ ਇੱਛਾ ਅਨੁਸਾਰ ਆਪ ਹੀ ਜੀਵਾਂ ਤੋਂ ਕੰਮ ਕਰਾਉਂਦਾ ਹੈ, ਉਸ ਦੇ ਹੁਕਮ ਤੋਂ ਬਿਨਾਂ ਹੋਰ ਕਿਸੇ ਪਾਸੋਂ ਕੁਝ ਕੀਤਾ ਨਹੀਂ ਜਾਂਦਾ॥ ੩ ॥

ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥

ਗੁਰਮੁਖਾਂ ਦਾ ਮਨ ਤਨ ਵਾਹਿਗੁਰੂ ਦੇ ਰੰਗ ਨਾਲ ਰੱਤਾ ਹੋਇਆ ਹੈ, ਇਸ ਕਰਕੇ ਉਨ੍ਹਾਂ ਨੇ ਹਉਮੈ ਆਦਿਕ ਵਿਕਾਰਾਂ ਨੂੰ ਤਿਆਗ ਦਿੱਤਾ ਹੈ।

ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥

ਪੁਨਾ-ਉਹ ਨਿਰਭਉ ਨਿਰੰਕਾਰ ਦੇ ਨਾਮ ਨੂੰ ਅਹਿ+ਨਿਸਿ=ਦਿਨ ਰਾਤ ਹਿਰਦੇ ਵਿਖੇ ਉਚਾਰਦੇ ਰਹਿੰਦੇ ਹਨ।

ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ॥ ੪ ॥ ੧੬ ॥ ੪੯ ॥

ਗੁਰੂ ਜੀ ਕਥਨ ਕਰਦੇ ਹਨ-ਅਪਾਰ=ਪਾਰਾਵਾਰ ਤੋਂ ਰਹਿਤ ਪੂਰੇ ਬ੍ਰਹਮ ਨੇ ਉਨ੍ਹਾਂ ਗੁਰਮੁਖਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ।। ੪ ॥ ੧੬ ॥ ੪੯ ॥

ਸਿਰੀਰਾਗੁ ਮਹਲਾ ੩ ॥

ਇੱਕ ਸਿੱਖ ਨੇ ਪੁੱਛਿਆ ਉਹ ਗੋਬਿੰਦ ਕੈਸਾ ਹੈ ਉਸ ਦਾ ਅੰਤ ਕਿਸੇ ਨੇ ਪਾਇਆ ਹੈ ਕਿ ਨਹੀਂ ?

ਗੁਰ ਉੱਤਰ:-

ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ॥

ਉਹ ਗੋਬਿੰਦ ਪ੍ਰਮਾਤਮਾ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈ, ਉਸ ਦਾ ਅੰਤ ਕਿਸੇ ਤੋਂ ਭੀ ਨਹੀਂ ਪਾਇਆ ਜਾਂਦਾ।

[ਪੰਨਾ ੩੩]

ਕਥਨੀ ਬਦਨੀ ਨ ਪਾਈਐ ਹਉਮੈ ਵਿਉਹ ਜਾਇ॥

ਕਥਨੀਆਂ ਤੇ ਬਦਨੀ=ਕਵੀਸ਼ਰੀਆਂ ਦੇ ਕਰਨੇ ਨਾਲ, ਵਾ:-ਬਦਨੀ=ਮੂੰਹ ਨਾਲ ਕਥਨੀਆਂ ਦੇ ਕਥਨ ਕਰਨ ਨਾਲ ਨਹੀਂ ਪਾਇਆ ਜਾਂਦਾ, ਹਿਰਦੇ ਵਿਚੋਂ ਹਉਮੈ ਚਲੀ ਜਾਵੇ ਤਾਂ ਉਸ ਦੀ ਪ੍ਰਾਪਤੀ ਹੁੰਦੀ ਹੈ।

ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ॥ ੧ ॥

ਪੂਰਿਆਂ ਸਤਿਗੁਰਾਂ ਨਾਲ ਮਿਲਕੇ ਸਦਾ ਉਸ ਦੇ ਡਰ ਵਿਖੇ ਤਦਾਕਾਰ ਹੋਵੇ, ਤਾਂ ਮਨ ਵਿਚ ਆਪੇ ਆ ਕੇ ਵਸ ਜਾਂਦਾ ਹੈ॥ ੧ ॥

ਭਾਈ ਰੇ ਗੁਰਮੁਖਿ ਬੂਝੈ ਕੋਇ॥

ਹੇ ਭਾਈ ! ਗੁਰਾਂ ਦੁਆਰੇ ਉਸ ਪ੍ਰਭੂ ਨੂੰ ਕੋਈ ਵਿਰਲਾ ਹੀ ਬੁੱਝਦਾ ਹੈ।

ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ॥ ੧ ॥ ਰਹਾਉ ॥

ਪ੍ਰਭੂ ਦੇ ਬੁੱਝੇ ਤੋਂ ਬਿਨਾਂ ਜਿਹੜੇ ਕਰਮ ਕਮਾਣੇ ਹਨ ਉਹ ਸਭ ਨਿਸਫਲ ਹਨ, ਉਨ੍ਹਾਂ ਕਰਮਾਂ ਵਿਚ ਜਨਮ ਪਦਾਰਥ ਦਾ ਨਿਸਫਲ ਹੀ ਖੋਇ=ਗੁਆਣਾ ਹੈ॥ ੧ ॥ ਰਹਾਉ ॥

ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ॥

ਜਿਨ੍ਹਾਂ ਨੇ ਨਾਮ ਰਸ ਨੂੰ ਚੱਖਿਆ ਹੈ ਤਿਨ੍ਹਾਂ ਨੇ ਸਾਦੁ=ਅਨੰਦ ਪਾਇਆ ਹੈ, ਜੋ ਨਾਮ ਰਸ ਦੇ ਚੱਖੇ ਤੋਂ ਬਿਨਾਂ ਹਨ ਉਹ ਭਰਮ ਵਿਖੇ ਭੁੱਲੇ ਫਿਰਦੇ ਹਨ।

ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ॥

ਪ੍ਰਭੂ ਦਾ ਸੱਚਾ ਨਾਮ ਹੀ ਅੰਮ੍ਰਿਤ ਰੂਪ ਹੈ ਉਸ ਦਾ ਅਨੰਦ ਕੁਝ ਕਿਹਾ ਨਹੀਂ ਜਾਂਦਾ ।

ਜਿਸ ਨੇ ਪੀਤਾ ਹੈ:-

ਪੀਵਤ ਹੂ ਪਰਵਾਣੁ ਭਇਆ ਪੂਰੇ ਸਬਦਿ ਸਮਾਇ॥ ੨ ॥

ਉਹ ਪੀਂਵਦਿਆਂ ਸਾਰ ਪ੍ਰਮਾਨੀਕ ਹੋਇਆ ਹੈ, ਅਤੇ ਉਹ ਪੂਰੇ ਸਬਦਿ=ਬ੍ਰਹਮ ਵਿਖੇ ਸਮਾਇ=ਅਭੇਦ ਹੁੰਦਾ ਹੈ॥ ੨॥

ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੁ ਨ ਜਾਇ॥

ਉਹ ਪ੍ਰਭੂ ਆਪ ਕਿਰਪਾ ਕਰਕੇ ਦੇਵੇ ਤਾਂ ਨਾਮ ਪ੍ਰਾਪਤ ਹੁੰਦਾ ਹੈ, ਹੋਰ ਕੁਝ ਕਰਤੱਬ ਕੀਤਾ ਨਹੀਂ ਜਾਂਦਾ।

ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ॥

ਦੇਣ ਵਾਲਾ ਜੋ ਪ੍ਰਭੂ ਪ੍ਰਮਾਤਮਾ ਹੈ ਉਸ ਦੇ ਹੱਥ ਵਿਚ ਸਭ ਦਾਤਾਂ ਹਨ, ਜਿਸਨੂੰ ਭੀ ਕੋਈ ਦਾਤ ਦਿੰਦਾ ਹੈ ਤਾਂ ਗੁਰਾਂ ਦੁਆਰੇ ਪਾਂਦਾ ਹੈ।

ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ॥ ੩॥

ਜੇਹੋ ਜਿਹਾ ਕਰਮ ਪੂਰਬ ਜਨਮ ਵਿਖੇ ਕੀਤਾ, ਤਿਸ ਅਨੁਸਾਰ ਹੁਣ ਫਲ ਪ੍ਰਾਪਤ ਹੋਇਆ ਹੈ, ਜੇਹੋ ਜੇਹੇ ਕਰਮ ਹੁਣ ਕਰਦਾ ਹੈ ਤਿਸ ਅਨੁਸਾਰ ਅੱਗੇ ਫਲ ਹੋਵੇਗਾ॥ ੩॥

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ॥

ਜਤ ਸਤ ਸੰਜਮ ਆਦਿਕ ਜੋ ਭੀ ਸਾਧਨ ਹਨ ਇਨ੍ਹਾਂ 'ਚੋਂ ਪ੍ਰਭੂ ਦਾ ਨਾਮ ਮੁਖ ਹੈ, ਕਿਉਂਕਿ ਨਾਮ ਤੋਂ ਬਿਨਾਂ ਮਨ ਸ਼ੁੱਧ ਨਹੀਂ ਹੁੰਦਾ। ਜਤ ਸਤ ਸੰਜਮ ਆਦਿਕ ਸਾਧਨਾਂ ਨਾਲ ਹੰਕਾਰ ਰੂਪੀ ਮੈਲ ਵਧਦੀ ਹੈ, ਤੇ ਨਾਮ ਕਰਕੇ ਨਹੀਂ ਵੱਧਦੀ।

ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ॥

ਪੂਰਿਆਂ ਭਾਗਾਂ ਦੇ ਫਲ ਕਰਕੇ ਜੇ ਵਾਹਿਗੁਰੂ ਨਾਮ ਮਨ ਵਿਚ ਵਸ ਜਾਵੇ ਤਾਂ ਸਬਦਿ=ਬ੍ਰਹਮ ਨਾਲ ਮਿਲਾਪ ਹੁੰਦਾ ਹੈ।

ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ॥੪॥੧੭॥੫੦॥

ਗੁਰੂ ਜੀ ਕਥਨ ਕਰਦੇ ਹਨ-ਸਹਜੇ=ਸੁਤੇ ਸਿੱਧ ਹੀ ਰੰਗਿ=ਅਨੰਦ ਰੂਪ ਹਰੀ ਸਾਰੇ ਵਰਤ ਰਿਹਾ ਹੈ, ਵਿਚਾਰ ਆਦਿਕ ਸ਼ੁਭ ਗੁਣਾਂ ਦੁਆਰੇ ਉਸ ਹਰੀ ਨੂੰ ਪਾਵਨਾ ਕਰੇ॥ ੪॥ ੧੭॥੫੦॥

ਸਿਰੀਰਾਗੁ ਮਹਲਾ ੩॥

ਕਾਂਇਆ ਸਾਧੈ ਉਰਧ ਤਪੁ ਕਰੈ ਵਿਉਹ ਹਉਮੈ ਨ ਜਾਇ॥

ਚਾਹੇ ਕਿਤਨੇ ਹੀ ਕਠਨ ਜਪ ਤਪ ਆਦਿਕ ਸਾਧਨ ਕਰਕੇ ਕਾਂਇਆ ਸਾਧੈ=ਸਰੀਰ ਨੂੰ ਸਾਧ ਲਵੇ ਅਰਥਾਤ ਕ੍ਰਿਸ ਕਰ ਲਵੇ, ਅਤੇ ਸਿਰ ਹੇਠ, ਲੱਤਾਂ ਉੱਪਰ ਇਸ ਤਰ੍ਹਾਂ ਉਰਧ=ਉਲਟਾ ਹੋ ਕੇ ਤਪ ਕਰ ਲਵੇ।

ਅਥਵਾ:-ਬਾਹਵਾਂ ਉਰਧ=ਉੱਚੀਆਂ ਕਰਕੇ ਚਾਹੇ ਤਪ ਕਰ ਲਵੇ, ਇਤਿਆਦਕ ਕਰਮ ਜਾਂ ਸਾਧਨਾਂ ਕੇ ਕਰਨ ਨਾਲ ਹਿਰਦੇ 'ਚੋਂ ਹਉਮੈ ਰੂਪੀ ਮੈਲ ਨਹੀਂ ਜਾਂਦੀ।

ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥

ਤਿੰਨ ਆਤਮਾਂ ਹਨ:-ਗਾਉਣ ਆਤਮਾ, ਮਿੱਥਿਆ ਆਤਮਾ, ਮੁਖ ਆਤਮਾ। ਗਉਣ ਆਤਮਾ ਸਬੰਧੀ ਹਨ। ਮਿੱਥਿਆ ਆਤਮਾ ਸਰੀਰ ਹੈ। ਮੁਖ ਆਤਮਾ ਸਾਖੀ ਚੇਤਨ ਹੈ। ਜਿਹੜੇ ਪੁਰਸ਼ ਗਉਣ ਆਤਮਾ, ਜਾਂ ਮਿੱਥਿਆ

ਵਾਸਤੇ ਕਰਮ ਕਰਦੇ ਹਨ, ਉਹ ਪੁਰਸ਼ ਨਾਮ ਨੂੰ ਕਦੇ ਭੀ ਨਹੀਂ ਪਾਂਦੇ ।

ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥ ੧ ॥

ਗੁਰਾਂ ਦੇ ਉਪਦੇਸ਼ ਕਰਕੇ ਜੀਵਤ ਭਾਵ ਤੋਂ ਮਰ ਜਾਵੇ, ਤਾਂ ਹਰੀ ਨਾਮ ਮਨ ਵਿਚ ਆ ਕੇ ਵਸਦਾ ਹੈ॥ ੧ ॥

ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥

ਹੇ ਮੇਰੇ ਮਨ ! ਮੇਰੇ ਉਪਦੇਸ਼ ਨੂੰ ਸੁਣ ਕੇ ਦੌੜਕੇ ਸਤਿਗੁਰਾਂ ਦੀ ਸ਼ਰਨ ਪੈ ਜਾ।

ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਹੀ ਛੁਟੀਦਾ ਹੈ, ਅਤੇ ਗੁਰਾਂ ਦੇ ਉਪਦੇਸ਼ ਕਰਕੇ ਹੀ ਬਿਖ ਰੂਪ ਸੰਸਾਰ ਸਮੁੰਦ੍ਰ ਤੋਂ ਤਰਨਾ ਹੁੰਦਾ ਹੈ॥ ੧ ॥ ਰਹਾਉ ॥

ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥

ਸਾਰੇ ਜੀਵ ਤ੍ਰਿਗੁਣ ਆਤਮਕ ਮਾਇਆ ਵੱਲ ਦੌੜਦੇ ਹਨ,

ਅਥਵਾ:-ਤ੍ਰਿਗੁਣ ਆਤਮਕ ਸਾਰਾ ਪ੍ਰਪੰਚ ਹੀ ਧਾ ਜਾਣੇ ਵਾਲਾ ਭਾਵ ਨਾਸ ਹੋ ਜਾਣੇ ਵਾਲਾ ਹੈ, ਇਸ ਵਿਚ ਜੋ ਦ੍ਵੈਤ ਭਾਵ ਹੈ ਏਹੀ ਵਿਕਾਰਾਂ ਦੀ ਉਤਪਤੀ ਕਰਨ ਵਾਲਾ ਹੈ।

ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥

ਵੇਦਾਂ ਸ਼ਾਸਤ੍ਰਾਂ ਦੇ ਪੜ੍ਹਣ ਵਾਲਾ ਪੰਡਿਤ ਵੀ ਮੋਹ ਦੇ ਬੰਧਨਾਂ ਵਿਚ ਬੱਧਾ ਹੋਇਆ ਹੈ, ਬਿਖਿਆ=ਮਾਇਆ ਦੇ ਪਿਆਰ ਕਰਕੇ ਪ੍ਰਮਾਤਮਾ ਨੂੰ ਬੁੱਝਦਾ ਨਹੀਂ ਹੈ।

ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥ ੨ ॥

ਸਤਿਗੁਰਾਂ ਨਾਲ ਮਿਲਣ ਕਰਕੇ ਧਿਆਤਾ ਧਿਆਨ ਧੇਅ, ਗਿਆਤਾ ਗਿਆਨ ਗੇਅ, ਰੂਪ ਤ੍ਰਿਕੁਟੀ ਛੁਟ ਜਾਂਦੀ ਹੈ, ਅਤੇ ਮੁਕਤੀ ਦਾ ਦਰਵਾਜ਼ਾ ਜੋ ਚਉਥੈ=ਤੁਰੀਆ ਪਦ ਹੈ ਉਸ ਦੀ ਪ੍ਰਾਪਤੀ ਹੁੰਦੀ ਹੈ॥ ੨ ॥

ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥

ਜੇਕਰ ਗੁਰਾਂ ਦੇ ਉਪਦੇਸ਼ ਨਾਲ ਗਿਆਨ ਭਗਤੀ ਰੂਪ ਮਾਰਗੁ=ਰਾਹ ਉੱਪਰ ਤੁਰਨਾ ਪਾਈਏ, ਤਾਂ ਮੋਹ ਗੁਬਾਰੁ=ਅਗਿਆਨ ਰੂਪ ਹਨੇਰਾ ਦੂਰ ਹੋ ਜਾਂਦਾ ਹੈ।

ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥

ਗੁਰਾਂ ਦੇ ਉਪਦੇਸ਼ ਦੁਆਰਾ ਜੀਵਤ ਭਾਵ ਤੋਂ ਮਰ ਕੇ ਮੋਖ ਦਾ ਦੁਆਰਾ ਗਿਆਨ ਪਾਵੇ ਤਾਂ ਸੰਸਾਰ ਸਮੁੰਦ੍ਰ ਤੋਂ ਤਰ ਜਾਂਦਾ ਹੈ।

ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥ ੩ ॥

ਗੁਰ ਕ੍ਰਿਪਾ ਵਾਲੇ ਪੁਰਸ਼ ਉਸ ਪ੍ਰਭੂ ਨਾਲ ਮਿਲ ਰਹੇ ਹਨ, ਜਿਸ ਕਰਤਾਰ ਦਾ ਨਾਮ ਸੱਚਾ ਹੈ॥ ੩ ॥

ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥

ਇਹ ਚੰਚਲ ਮਨ ਅਤੀਅੰਤ ਸਬਲ=ਬਲ ਦੇ ਸਹਿਤ ਹੈ, ਵਾ ਸਬੱਲ ਵਾਂਗੂੰ ਦੁਖਦਾਈ ਹੈ, (ਸੱਬਲ ਲੋਹਿ

ਦਾ ਹੁੰਦਾ ਹੈ ਆਮ ਤੌਰ ਚੋਰਾਂ ਪਾਸ ਹੁੰਦਾ ਹੈ) ਕਿਸੇ ਜਤਨ ਨਾਲ ਭੀ ਇਹ ਮਨ ਜੀਵ ਨੂੰ ਛੱਡਦਾ ਨਹੀਂ ਹੈ।

ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ॥

ਦ੍ਵੈਤ ਭਾਵ ਵਾਲਿਆਂ ਨੂੰ ਇਹ ਮਨ ਦੁੱਖ ਲਗਾਂਦਾ ਹੈ, ਅਤੇ ਦ੍ਵੈਤ ਭਾਵ ਵਾਲਿਆਂ ਨੂੰ ਜਮ ਵੀ ਬਹੁਤੀ ਸਜ਼ਾ ਦਿੰਦਾ ਹੈ।

ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ॥੪॥੧੮॥੫੧॥

ਗੁਰੂ ਜੀ ਕਥਨ ਕਰਦੇ ਹਨ-ਜੋ ਗੁਰ ਸ਼ਬਦ ਦੁਆਰੇ ਹਉਮੈ ਨੂੰ ਗਵਾਕੇ ਨਾਮ ਜਪਣ ਵਿਚ ਲਗੇ ਹਨ ਉਹ ਜਮਾਂ ਦੀ ਤਾੜਨਾ ਤੋਂ ਬਚ ਗਏ ਹਨ॥ ੪॥ ੧੮॥ ੫੧॥

ਸਿਰੀਰਾਗੁ ਮਹਲਾ ੩॥

ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ॥

ਪ੍ਰਭੂ ਕਿਰਪਾ ਕਰੇ ਤਾਂ ਗੁਰੂ ਪਾਈਦੇ ਹਨ, ਗੁਰੂ ਕ੍ਰਿਪਾ ਕਰਨ ਤਾਂ ਉਹ ਹਰੀ ਨਾਮ ਨੂੰ ਦ੍ਰਿੜ੍ਹ ਕਰਵਾ ਦੇਂਦੇ ਹਨ।

ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ॥

ਗੁਰੂ ਤੋਂ ਬਿਨਾਂ ਨਾਮ ਨੂੰ ਕਿਸੀ ਨੇ ਨਹੀਂ ਪਾਇਆ, ਨਾਮ ਹੀਣਿਆਂ ਨੇ ਆਪਣਾ ਮਨੁੱਖਾ ਜਨਮ ਵਿਅੱਰਥ ਗਵਾ ਲਿਆ ਹੈ।

ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ॥੧॥

ਮਨਮੁਖਤਾ ਵਾਲੇ ਕਰਮ ਕਮਾਣੇ ਕਰਕੇ ਪ੍ਰਲੋਕ ਦਰਗਾਹ ਵਿਚ ਭਾਰੀ ਸਜ਼ਾ ਮਿਲਦੀ ਹੈ॥ ੧॥

ਮਨ ਰੇ ਦੂਜਾ ਭਾਉ ਚੁਕਾਇ॥

ਹੇ ਮਨ! ਤੂੰ ਦ੍ਵੈਤ ਭਾ ਨੂੰ ਚੁਕਾਇ=ਦੂਰ ਕਰ ਦੇ।

ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ॥ ਰਹਾਉ॥

ਹਰੀ ਤੇਰੇ ਅੰਦਰ ਹੀ ਵਸ ਰਿਹਾ ਹੈ ਉਸ ਦੀ ਪ੍ਰਾਪਤੀ ਲਈ ਗੁਰਾਂ ਦੀ ਸੇਵਾ ਕਰ ਤਾਂ ਸੁੱਖ ਪਾਵੇਂਗਾ॥ ਰਹਾਉ॥

ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥

ਸੱਚੀ ਨਾਮ ਬਾਣੀ ਵਾਲਾ ਜੋ ਸੱਚਾ ਸਬਦੁ=ਬ੍ਰਹਮ ਹੈ, ਜਾਂ ਉਸ ਸੱਚ ਵਿਖੇ ਪਿਆਰ ਧਾਰੇ ਤਾਂ ਇਹ ਤਰਦਾ ਹੈ।

ਅਥਵਾ:-ਜਾਂ ਇਹ ਜੀਵ ਸੱਚੇ ਪ੍ਰਭੂ ਵਿਚ ਪਰੇਮ ਧਾਰੇ, ਇਸ ਦੀ ਬਾਣੀ ਸੱਚੀ ਹੋ ਜਾਂਦੀ ਹੈ ਅਤੇ ਸਬਦੁ=ਉਪਦੇਸ਼ ਵੀ ਸੱਚਾ ਹੁੰਦਾ ਹੈ।

ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥

ਹਰੀ ਦਾ ਨਾਮ ਮਨ ਵਿਚ ਵਸ ਜਾਵੇ ਤਾਂ ਹਉਮੈ=ਹੰਗਤਾ ਮਮਤਾ ਅਤੇ ਕ੍ਰੋਧ ਆਦਿਕ ਸਾਰੇ ਵਿਕਾਰ

ਨਵਿਰਤ ਹੋ ਜਾਂਦੇ ਹਨ।

ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ॥ ੨॥

ਨਿਰਮਲ ਮਨ ਦੁਆਰਾ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰੇ, ਤਾਂ ਮੁਕਤੀ ਦੇ ਦਰਵਾਜ਼ੇ ਗਿਆਨ ਨੂੰ ਪਾਂਦਾ ਹੈ ॥ ੨॥

ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ॥

ਹਉਮੈ ਦੇ ਵਿੱਚ ਹੀ ਸਾਰਾ ਜਗਤ ਬਿਨਸਦਾ ਜਾਂਦਾ ਹੈ, ਮੁੜ ਮੁੜ ਕੇ ਮਰਨ ਜੰਮਣ ਵਿਚ ਆਉਂਦਾ ਜਾਂਦਾ ਹੈ।

ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ॥

ਮਨਮੁਖ ਪੁਰਸ਼ ਗੁਰ ਉਪਦੇਸ਼ ਨੂੰ ਨਹੀਂ ਜਾਣਦੇ, ਇਸ ਲਈ ਇੱਜ਼ਤ ਨੂੰ ਗਵਾ ਕੇ ਜਾਂਦੇ ਹਨ।

ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ॥ ੩॥

ਗੁਰ ਸੇਵਾ ਦੁਆਰੇ ਪ੍ਰਭੂ ਦਾ ਨਾਮ ਪਾਈਏ ਤਾਂ ਹੀ ਸੱਚੇ ਵਿਖੇ ਸਮਾ ਰਹਿੰਦਾ ਹੈ॥ ੩॥

[ਪੰਨਾ ੩੪]

ਸਬਦਿ ਮੰਨਿਐ ਗੁਰੁ ਪਾਈਐ ਵਿਚੁਹ ਆਪੁ ਗਵਾਇ॥

ਹਿਰਦੇ ਚੋਂ ਆਪਾ ਭਾਵ ਹੰਕਾਰ ਗਵਾ ਕੇ ਗੁਰ ਉਪਦੇਸ਼ ਦਾ ਮੰਨਣ ਕਰਨਾ ਪਾਈਏ ।

ਅਥਵਾ:- ਗੁਰ ਉਪਦੇਸ਼ ਨੂੰ ਮੰਨਕੇ ਹਿਰਦੇ 'ਚੋਂ ਆਪਾ ਭਾਵ ਹੰਕਾਰ ਗਵਾਨਾ ਕਰੇ ਤਾਂ ਸਾਰਿਆਂ ਦਾ ਗੁਰੁ=ਪੂਜਨੀਕ ਪ੍ਰਮਾਤਮਾ ਪਾਈਦਾ ਹੈ।

ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ॥

ਲਿਵ ਲਗਾਕੇ ਰਾਤ ਦਿਨ ਸਦੀਵ ਕਾਲ ਸੱਚੇ ਦੀ ਭਗਤੀ ਕਰੇ।

ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ॥ ੪॥ ੧੯॥ ੫੨॥

ਜਨਮ ਪਦਾਰਥ, ਪ੍ਰੇਮ ਪਦਾਰਥ, ਨਾਮ ਪਦਾਰਥ, ਗਿਆਨ ਪਦਾਰਥ, ਇਹ ਚਾਰੇ ਸੰਪ੍ਰਦਾਈ ਹਨ, ਇਨ੍ਹਾਂ ਚਹੁੰ 'ਚੋਂ ਇੱਕ ਨਾਮ ਪਦਾਰਥ ਜਿਸ ਦੇ ਮਨ ਵਿਚ ਵਸਿਆ ਹੈ, ਗੁਰੂ ਜੀ ਕਥਨ ਕਰਦੇ ਹਨ ਉਹ ਸਹਜ ਪਦ ਵਿਖੇ ਸਮਾਂਦਾ ਹੈ॥ ੪॥ ੧੯॥ ੫੨॥

ਸਿਰੀਰਾਗੁ ਮਹਲਾ ੩॥

ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ॥

ਜਿਨ੍ਹਾਂ ਪੁਰਸ਼ਾਂ ਨੇ ਸਤਿਗੁਰਾਂ ਨੂੰ ਨਹੀਂ ਸੇਵਨਾ ਕੀਤਾ, ਉਹ ਪੁਰਸ਼ ਚਾਰੇ ਜੁਗਾਂ ਵਿਖੇ ਵਾ:-ਉਹੰ ਜੁਗੀ ਸੰਸਾਰ ਵਿਚ ਦੁਖੀ ਰਹਿੰਦੇ ਹਨ।

ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ॥

ਉਨ੍ਹਾਂ ਨੇ ਅੰਤਹਕਰਨ ਰੂਪ ਘਰ ਵਿਚ ਹੋਂਦਾ ਪੁਰਖ ਜੋ ਪ੍ਰਮਾਤਮਾ ਹੈ ਉਸਨੂੰ ਨਹੀਂ ਪਛਾਣਿਆ, ਇਸ ਕਰਕੇ

ਉਹ ਹੰਕਾਰੀ ਪੁਰਸ਼ ਅਹੰਕਾਰ ਆਦਿਕ ਵਿਕਾਰਾਂ ਵਿਚ ਲਗਕੇ ਮੁੱਠੇ=ਲੁੱਟੇ ਗਏ ਹਨ।

ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ॥

ਜੋ ਪੁਰਸ਼ ਸਤਗੁਰਾਂ ਦੇ ਫਿਟਕਾਰੇ ਹੋਇ ਹਨ, ਉਹ ਸੰਸਾਰ ਵਿਖੇ ਮੰਗ ਮੰਗ ਕੇ ਥੱਕ ਗਏ ਹਨ ਪਰ ਉਨ੍ਹਾਂ ਨੂੰ ਕੋਈ ਕੁਝ ਨਹੀਂ ਦੇਂਦਾ। ਹੋਰ ਭਲਾ ਕੀ ਕਹਿਣਾ ਹੈ ਉਨ੍ਹਾਂ ਦੇ ਮੂੰਹ ਉੱਪਰ ਕੋਈ ਥੁੱਕਦਾ ਭੀ ਨਹੀਂ ਹੈ।

ਯਥਾ:-ਮੂੰਹ ਥੁਕ ਨ ਕੋਈ ਪਾਇ॥

ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ॥ ੧॥

ਉਨ੍ਹਾਂ ਨੇ ਸੱਚੇ ਬ੍ਰਹਮ ਨੂੰ ਨਹੀਂ ਸੇਵਨਾ ਕੀਤਾ, ਜੋ ਸਾਰਿਆਂ ਕੰਮਾਂ ਦੇ ਸਵਾਰਣ ਵਾਲਾ ਹੈ॥ ੧॥

ਮਨ ਮੇਰੇ ਸਦਾ ਹਰਿ ਵੇਖੁ ਹਦੂਰਿ॥

ਹੇ ਮੇਰੇ ਮਨ! ਤੂ ਹਰੀ ਨੂੰ ਸਦਾ ਹਾਜ਼ਰਾ ਹਜੂਰ ਵੇਖਣਾ ਕਰ।

ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ॥ ੧॥ ਰਹਾਉ॥

ਜੇ ਤੂੰ ਸਬਦਿ=ਬ੍ਰਹਮ ਨੂੰ ਸਾਰੇ ਭਰਪੂਰਿ=ਪਰੀਪੂਰਨ ਨਿਸਚੇ ਕਰ ਲਵੇਂਗਾ, ਤਾਂ ਜਨਮ ਮਰਨ ਦੇ ਦੁਖ ਨੂੰ ਪਰਹਰੈ=ਨਵਿਰਤ ਕਰ ਦੇਵੇਗਾ॥ ੧॥ ਰਹਾਉ॥

ਸਚੁ ਸਲਾਹਨਿ ਸੇ ਸਚੇ ਸਚਾ ਨਾਮੁਅਧਾਰੁ॥

ਜੋ ਸੱਚ ਨਾਮ ਦਾ ਅਧਾਰੁ=ਆਸਰਾ ਲੈ ਕੇ ਸੱਚ ਨੂੰ ਸਲਾਹੁੰਦੇ ਹਨ ਉਹ ਸੱਚੇ ਹਨ।

ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ॥

ਜਿਸਨੇ ਭਗਤੀ ਰੂਪੀ ਸੱਚੀ ਕਾਰ ਕਮਾਉਣੀ ਕੀਤੀ ਹੈ ਉਸ ਦਾ ਸੱਚੇ ਵਹਿਗੁਰੂ ਨਾਲ ਪਿਆਰ ਹੈ।

ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ॥

ਸੱਚਾ ਸ਼ਾਹ ਜੋ ਪ੍ਰਮਾਤਮਾ ਹੈ ਉਸ ਦਾ ਹੁਕਮ ਸਾਰੇ ਵਰਤ ਰਿਹਾ ਹੈ, ਉਸ ਦੇ ਹੁਕਮ ਨੂੰ ਕੋਈ ਮੇਟਣ ਵਾਲਾ ਨਹੀਂ ਹੈ।

ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ॥ ੨॥

ਮਨਮੁਖ ਪੁਰਸ਼ ਮਹਲੁ=ਸਰੂਪ ਨੂੰ ਨਹੀਂ ਪਾਂਵਦੇ, ਮਨਮੁਖ ਕੂੜਿਆਰ ਕੂੜ ਆਦਿਕਾਂ ਕਰਕੇ ਮੁਠੇ=ਠੱਗੇ ਗਏ ਹਨ॥ ੨॥

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ॥

ਸਾਰਾ ਜਗਤ ਹੀ ਹੰਗਤਾ ਮਮਤਾ ਕਰਦਾ ਮਿਰਤੂ ਹੋ ਰਿਹਾ ਹੈ, ਗੁਰੂ ਤੋਂ ਬਿਨਾਂ ਘੋਰ=ਭਿਆਨਕ ਅਗਿਆਨ ਰੂਪ ਹਨੇਰਾ ਬਣਿਆ ਰਹਿੰਦਾ ਹੈ।

ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ॥

ਮਾਇਆ ਦੇ ਮੋਹ ਵਿਚ ਲਗਕੇ ਮਨਮੁਖ ਨੇ ਸੁਖਾਂ ਦਾ ਦਾਤਾ ਜੋ ਦਾਤਾਰ ਪ੍ਰਭੂ ਹੈ ਉਸਨੂੰ ਭੁਲਾ ਦਿੱਤਾ ਹੈ ।

ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ॥

ਸਤਿਗੁਰਾਂ ਨੂੰ ਸੇਵਨਾ ਕਰੇ, ਅਤੇ ਸੱਚ ਨਾਮ ਨੂੰ ਉਰ=ਹਿਰਦੇ ਵਿਚ ਧਾਰਨ ਕਰ ਰੱਖੇ, ਤਾਂ ਜਮਾਂ ਤੋਂ ਉਬਰਹਿ=ਬਚ ਸਕਦਾ ਹੈ।

ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ॥ ੩॥

ਗੁਰਾਂ ਦੀ ਕਿਰਪਾ ਨਾਲ ਹਰੀ ਪਾਈਦਾ ਹੈ, ਇਸ ਤੇ ਸੱਚੇ ਗੁਰ ਸ਼ਬਦ ਦੀ ਵਿਚਾਰ ਕਰੇ॥ ੩॥

ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ॥

ਸਤਿਗੁਰਾਂ ਦੀ ਸੇਵਾ ਕਰਦਾ ਹੋਇਆ ਹਉਮੈ ਆਦਿਕ ਵਿਕਾਰਾਂ ਨੂੰ ਤਿਆਗੇ ਤਾਂ ਹੀ ਮਨ ਸ਼ੁੱਧ ਹੁੰਦਾ ਹੈ।

ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ॥

ਗੁਰਾਂ ਦੇ ਸੰਬਦਿ=ਉਪਦੇਸ਼ ਨੂੰ ਵਿਚਾਰਕੇ, ਆਪਾ ਭਾ ਹੰਕਾਰ ਨੂੰ ਛੱਡਕੇ ਜੀਵਤ ਭਾਵ ਤੋਂ ਮਰਨਾ ਕਰੇ।

ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ॥

ਪ੍ਰਥਮ ਧੰਧਿਆਂ ਵੱਲ ਧਾਵਤ=ਦੌੜਦੇ ਸੀ, ਜਦ ਧੰਧਿਆਂ ਵੱਲੋਂ ਰਹਿ ਗਏ ਤਾਂ ਸੱਚ ਵਿਖੇ ਪਿਆਰ ਲਗ ਗਿਆ ।

ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ॥ ੪॥

ਜੋ ਸੱਚ ਨਾਮ ਵਿਖੇ ਰੱਤੇ ਹਨ, ਉਨ੍ਹਾਂ ਦੇ ਮੂੰਹ ਤਿਸ ਸੱਚੇ ਦਰਬਾਰ ਵਿਖੇ ਉੱਜਲੇ ਹੋਇ ਹਨ॥ ੪॥

ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥

ਜਿਨ੍ਹਾਂ ਨੇ ਸਤਗੁਰ ਪੁਰਖਾਂ ਨੂੰ ਨਹੀਂ ਮੰਨਿਆ, ਅਰਥਾਤ ਗੁਰਾਂ ਦੀ ਮਾਨਤਾ ਨਹੀਂ ਕੀਤੀ, ਅਤੇ ਉਨ੍ਹਾਂ ਦੇ ਸ਼ਬਦ ਵਿਖੇ ਪਿਆਰ ਨਹੀਂ ਲਗਾ। ਉਹ-

ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥

ਜਿਤਨਾ ਭੀ ਤੀਰਥਾਂ ਉੱਪਰ ਇਸ਼ਨਾਨ ਤੇ ਦਾਨ ਆਦਿਕ ਕਰਦੇ ਹਨ, ਉਹ ਦ੍ਵੈਤ ਭਾਵ ਕਰਕੇ ਸਭ ਖੁਆਰੁ=ਨਿਸਫਲ ਹੈ।

ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾ ਲਾਗੈ ਨਾਮ ਪਿਆਰੁ॥

ਹਰਿ ਜੀਉ=ਅਕਾਲ ਪੁਰਖ ਜੇ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤਾਂ ਇਸ ਦਾ ਨਾਮ ਜਪਣ ਵਿਚ ਪਿਆਰ ਲਗਦਾ ਹੈ।

ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ॥ ੫॥ ੨੦॥ ੫੩॥

ਗੁਰੂ ਜੀ ਕਥਨ ਕਰਦੇ ਹਨ ਹੇ ਪੁਰਸ਼ਾ ! ਤੂੰ ਵਾਹਿਗੁਰੂ ਨਾਮ ਨੂੰ ਸੰਭਾਲਣਾ ਕਰ ਗੁਰਾਂ ਵਿਖੇਂ ਅਪਾਰਿ=ਬਹੁਤਾ ਪਰੇਮ ਕਰਕੇ॥ ੫॥ ੨੦॥ ੫੩॥

ਸਿਰੀਰਾਗੁ ਮਹਲਾ ੩ ॥

ਇਸ ਸ਼ਬਦ ਵਿਖੇ ਜਗਿਆਸੂ ਮਹਾਤਮਾਂ ਦੇ ਸੰਬਾਦ ਦੁਆਰਾ ਗੁਰੂ ਸਾਹਿਬ ਜੀ ਉਪਦੇਸ਼ ਦਿੰਦੇ ਹਨ। ਜਗਿਆਸੂ ਆਖਦਾ ਹੈ ?

ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥

ਹਉ=ਮੈਂ ਕਿਸਦੀ ਸੇਵਾ ਕਰਾਂ, ਅਤੇ ਕੀ ਜਪ ਕਰਾਂ ? ਮਹਾਤਮਾ ਨੇ ਕਿਹਾ-ਸਤਿਗੁਰਾਂ ਪਾਸ ਜਾ ਕੇ ਇਸ ਵਿਚਾਰ ਨੂੰ ਪੁੱਛ। ਪਰ ਪੁੱਛਣ ਤੋਂ ਪਹਿਲਾਂ :-

ਸਤਗੁਰ ਕਾ ਭਾਣਾ ਮੰਨਿ ਲਈ ਵਿਉਹ ਆਪੁ ਗਵਾਇ ॥

ਹਿਰਦੇ ਵਿਚੋਂ ਆਪਾ ਭਾ ਹੰਕਾਰ ਗੁਆ ਕੇ ਸਤਿਗੁਰਾਂ ਦਾ ਭਾਣਾ=ਹੁਕਮ ਮੰਨ ਲਵੀਂ!

ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥

ਗੁਰੂ ਦਾ ਜਿਹੜਾ ਹੁਕਮ ਮੰਨਣਾ ਹੈ ਏਹੀ ਅਸਲ ਸੇਵਾ ਤੇ ਨੌਕਰੀ ਹੈ, (ਸੇਵਾ ਨਿਸ਼ਕਾਮ ਹੁੰਦੀ ਹੈ ਚਾਕਰੀ ਸ਼ਕਾਮ ਹੁੰਦੀ ਹੈ) ਏਸੇ ਕਰਕੇ ਮਨ ਵਿਚ ਪ੍ਰਭੂ ਦਾ ਨਾਮ ਆ ਕੇ ਵਸਦਾ ਹੈ।

ਨਾਮੇ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥

ਪ੍ਰਭੂ ਦੇ ਨਾਮ ਜਪਣ ਕਰਕੇ ਹੀ ਸੁਖ ਪਾਈਦਾ ਹੈ, ਅਤੇ ਸੱਚੇ ਸ਼ਬਦ ਕਰਕੇ ਜੀਵ ਸੁਹਾਇ=ਸੋਭਨੀਕ ਹੁੰਦਾ ਹੈ॥ ੧ ॥

ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥

ਹੇ ਮੇਰੇ ਮਨ ! ਰਾਤ ਦਿਨ ਤੂੰ ਹਰੀ ਦੇ ਚੇਤਿ=ਚਿੰਤਨ ਕਰਨ ਵਿਚ ਜਾਗਨਾ ਕਰ।

ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥

ਆਪਣਿਆਂ ਸ੍ਵਾਸਾਂ ਰੂਪੀ ਖੇਤੀ ਨੂੰ ਰਖਿ ਲੈ=ਸਫਲਾ ਕਰ ਲੈ, ਨਹੀਂ ਤਾਂ ਸਰੀਰ ਰੂਪ ਖੇਤ ਵਿਖੇ ਮਿਰਤੂ ਰੂਪੀ ਕੂੰਜ ਪਵੇਗੀ। *ਅਥਵਾ:*-ਜੋਬਨ ਅਵਸਥਾ ਰੂਪੀ ਆਪਣੀ ਖੇਤੀ ਰੱਖ ਲੈ, ਨਹੀਂ ਤਾਂ ਸਰੀਰ ਰੂਪੀ ਖੇਤ ਵਿਚ ਬ੍ਰਿਧ ਅਵਸਥਾ ਰੂਪੀ ਕੂੰਜ ਆ ਪਵੇਗੀ ਤੇ ਸਾਰੇ ਜੋਬਨ ਨੂੰ ਉਜਾੜ ਜਾਏਗੀ। *ਅਥਵਾ:-* ਸ਼ੁਭ ਗੁਣਾਂ ਰੂਪੀ ਆਪਣੀ ਖੇਤੀ ਨੂੰ ਰੱਖ ਲੈ, ਨਹੀਂ ਤਾਂ ਅੰਤਹਕਰਨ ਰੂਪੀ ਖੇਤ ਵਿਚ ਤ੍ਰਿਸਨਾਂ ਰੂਪੀ ਕੂੰਜ ਪਵੇਗੀ ਤੇ ਸਾਰਿਆਂ ਸ਼ੁਭ ਗੁਣਾਂ ਦਾ ਉਜਾੜਾ ਕਰ ਜਾਏਗੀ॥੧॥ ਰਹਾਉ॥

ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥

ਜਿਨ੍ਹਾਂ ਨੇ ਸਬਦਿ=ਬ੍ਰਹਮ ਨੂੰ ਪਰੀਪੂਰਨ ਨਿਸਚੇ ਕੀਤਾ ਹੈ, ਉਨ੍ਹਾਂ ਦੇ ਮਨ ਦੀਆਂ ਸਭ ਇੱਛਾਂ ਪੂਰਨ ਹੋਈਆਂ ਹਨ।

ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥

ਜੋ ਪੁਰਸ਼ ਪ੍ਰਭੂ ਦੇ ਭੈ=ਡਰ ਵਿਚ ਹੋ ਕੇ ਦਿਨ ਰਾਤ ਭਾਇ ਭਗਤਿ=ਪਰੇਮਾ ਭਗਤੀ ਕਰਦੇ ਹਨ, ਉਹ ਹਰਿ ਜੀ ਨੂੰ ਸਦਾ ਹਾਜ਼ਰਾ ਹਜੂਰ ਵੇਖਦੇ ਹਨ।

ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ॥

ਉਨ੍ਹਾਂ ਦਾ ਮਨ ਸੱਚੇ ਸ਼ਬਦ ਵਿਖੇ ਸਦਾ ਰੱਤਾ ਰਹਿੰਦਾ ਹੈ, ਇਸ ਲਈ ਭਰਮ ਸਰੀਰ ਤੋਂ ਦੂਰ ਚਲਾ ਗਿਆ ਹੈ॥ ੨॥ *ਅਥਵਾ:*-ਭਰਮ ਦੇ ਜਾਣ ਕਰਕੇ ਸਰੀਰਹੁ ਦੂਰਿ=ਦੇਹ ਅਧਿਆਸ ਨਵਿਰਤ ਹੋ ਗਿਆ ਹੈ।

ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ॥ ੨॥

ਸ਼ੁਭ ਗੁਣਾਂ ਦਾ ਗਹੀਰੁ=ਸਮੁੰਦ੍ਰ ਨਿਰਮਲ ਜੋ ਸੱਚਾ ਸਾਹਿਬ ਹੈ ਉਸਨੂੰ ਉਨ੍ਹਾਂ ਗੁਰਮੁਖਾਂ ਨੇ ਪਾ ਲਿਆ ਹੈ॥ ੨॥

ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ॥

ਜੋ ਗਿਆਨ ਜਾਗ੍ਰਤ ਵਿਖੇ ਜਾਗੇ ਹਨ ਉਹ ਮੌਤ ਤੋਂ ਬਚ ਗਏ ਹਨ, ਜੋ ਅਵਿੱਦਿਆ ਦੀ ਨੀਂਦ ਵਿਚ ਸੁੱਤੇ ਰਹੇ ਹਨ, ਉਹ ਸ਼ੁਭ ਗੁਣਾਂ ਰੂਪ ਧਨ ਨੂੰ ਮੁਹਾਇ=ਲੁਟਾ ਗਏ ਹਨ।

ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ॥

ਸੁੱਤਿਆਂ ਹੋਇਆਂ ਨੇ ਸੱਚੇ ਉਪਦੇਸ਼ ਨੂੰ ਪਛਾਣਿਆ ਨਹੀਂ ਹੈ, ਉਹਨਾਂ ਦਾ ਅਮੋਲਕ ਜਨਮ ਸੁਪਨੇ ਦੀ ਨਿਆਈਂ ਨਿਸਫਲ ਹੀ ਗਇਆ ਵਿਹਾਇ=ਬੀਤ ਗਿਆ ਹੈ।

ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ॥

ਸੁੰਞੇ=ਖਾਲੀ ਘਰ ਦਾ ਪ੍ਰਾਹੁਣਾ ਜਿਵੇਂ ਭੁੱਖਾ ਆਉਂਦਾ ਹੈ ਤਿਵੇਂ ਚਲਾ ਜਾਂਦਾ ਹੈ। ਮਨਮੁਖ ਵੀ ਏਸੇ ਤਰ੍ਹਾਂ ਖਾਲੀ ਘਰ=ਸੰਸਾਰ ਵਿਚ ਜਿਵੇਂ ਆਇਆ ਤਿਵੇਂ ਚਲਾ ਗਿਆ।

[ਪੰਨਾ ੩੫]

ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ॥ ੩॥

ਮਨਮੁਖ ਪੁਰਸ਼ ਦਾ ਮਨੁੱਖਾ ਜਨਮ ਵਿਅੱਰਥ ਹੀ ਚਲਾ ਗਿਆ ਹੈ, ਅੱਗੇ ਜਾ ਕੇ ਕੀ ਮੂੰਹ ਦੇਵੇਗਾ॥ ੩॥

ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ॥

ਉਹ ਵਾਹਿਗੁਰੂ ਸਭ ਕੁਝ ਆਪੇ ਆਪ ਕਰ ਰਿਹਾ ਹੈ, ਪਰ ਹਉਮੈ ਵਿਚ ਲਗੇ ਹੋਇ ਪੁਰਸ਼ ਪਾਸੋਂ ਇਹ ਗੱਲ ਕਹੀ ਨਹੀਂ ਜਾਂਦੀ। *ਪ੍ਰਸ਼ਨ*-ਹਉਮੈ ਕਿਵੇਂ ਦੂਰ ਹੋਵੇ ? *ਉੱਤਰ:*-

ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ॥

ਦੁਖਦਾਈ ਹਉਮੈ ਦਾ ਹਿਰਦੇ ਵਿਚੋਂ ਗੁਆਣਾ ਗੁਰਾਂ ਦੇ ਉਪਦੇਸ਼ ਦੁਆਰਾ ਪਛਾਨਣਾ ਕਰੀਏ।

ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥

ਆਪਣਾ ਫਰਜ਼ ਸਮਝ ਕੇ ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ, ਮੈਂ ਉਨ੍ਹਾਂ ਦੀ ਚਰਨੀਂ ਲਗਦਾ ਹਾਂ।

ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ॥ ੪॥ ੨੧॥ ੫੪॥

ਗੁਰੂ ਜੀ ਕਥਨ ਕਰਦੇ ਹਨ-ਉਹ ਸੱਚੇ ਪ੍ਰਮਾਤਮਾ ਦੇ ਦਰਬਾਰ ਵਿਚ ਸਚਿਆਰ ਹਨ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ॥ ੪॥ ੨੧॥ ੫੪॥

ਸਿਰੀਰਾਗੁ ਮਹਲਾ ੩ ॥

ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥

ਜੇਕਰ ਪ੍ਰਭੂ ਦੀ ਭਗਤੀ ਕਰਨ ਵਾਸਤੇ ਵੇਲਾ ਦਿਨ ਦਾ, ਵਕਤ ਰਾਤ ਦਾ ਕੋਈ ਵਿਚਾਰਨਾ ਕਰੀਏ, ਤਾਂ ਫਿਰ ਕਿਸ ਵੇਲੇ ਭਗਤੀ ਹੋ ਸਕਦੀ ਹੈ, ਵਿਚਾਰਨ ਨਾਲ ਨਾ ਸਮਾਂ ਨਿਕਲਦਾ ਹੈ ਨਾਹੀ ਭਗਤੀ ਹੋ ਸਕਦੀ ਹੈ।

ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥

ਅਨ+ਦਿਨ=ਰਾਤ ਦਿਨ ਵਾਹਿਗੁਰੂ ਨਾਮ ਵਿਖੇ ਤਦਾਕਾਰ ਰਹਿਣ ਨਾਲ ਸੱਚਿਆਂ ਦੀ ਸੱਚੀ ਸੋਇ= ਸੋਭਾ ਹੁੰਦੀ ਹੈ।

ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥

ਜੇਕਰ ਇਕ ਤਿਲ ਜਿਨ੍ਹਾਂ ਸਮਾਂ ਭੀ ਪਿਆਰਾ ਵਾਹਿਗੁਰੂ ਭੁੱਲ ਜਾਵੇ ਤਾਂ ਫਿਰ ਕਾਹਦੀ ਭਗਤੀ ਹੋਈ।

ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥ ੧ ॥

ਸੱਚੇ ਸਿਮਰਨ ਨਾਲ ਹੀ ਮਨ ਤਨ ਸੀਤਲੁ=ਠੰਢਾ ਰਹਿੰਦਾ ਹੈ, ਅਤੇ ਕੋਈ ਭੀ ਸ੍ਵਾਸ ਨਿਸਫਲ ਨਹੀਂ ਜਾਂਦਾ ॥ ੧ ॥

ਮੇਰੇ ਮਨ ਹਰਿ ਕਾ ਨਾਮੁ ਧਿਆਇ ॥

ਹੇ ਮੇਰੇ ਮਨ ! ਤੂੰ ਭੀ ਹਰੀ ਨਾਮ ਨੂੰ ਧਿਆਉਣਾ ਕਰ।

ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥ ੧ ॥ ਰਹਾਉ ॥

ਸੱਚੀ ਭਗਤੀ ਤਾਂ ਹੀ ਹੁੰਦੀ ਹੈ ਜਾਂ ਹਰੀ ਪ੍ਰਭੂ ਮਨ ਵਿਚ ਆ ਕੇ ਵਸ ਜਾਵੇ॥ ੧ ॥ ਰਹਾਉ ॥

ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥

ਸਭ ਤੋਂ ਪਹਿਲੇ ਸੁਭਾਵਕ ਹੀ ਬੁੱਧੀ ਰੂਪੀ ਖੇਤੀ ਨੂੰ ਰਾਹੀਐ=ਵਾਹੀਏ ਭਾਵ ਬੁੱਧੀ ਰੂਪੀ ਧਰਤੀ ਨੂੰ ਸ਼ੁੱਧ ਕਰੀਏ, ਫਿਰ ਸੱਚਨਾਮ ਰੂਪ ਬੀਜ ਨੂੰ ਪਾਵੇ ।

ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥

ਤਾਂ ਸ਼ੁਭ ਗੁਣਾਂ ਰੂਪੀ ਖੇਤੀ ਅਗਲੀ=ਬਹੁਤੀ ਜੰਮਦੀ ਹੈ, ਬਹੁਤੀ ਖੇਤੀ ਵੇਖ ਕੇ ਮਨ ਰੱਜਕੇ ਸਹਜਿ ਸੁਭਾਇ=ਸ਼ਾਂਤੀ ਸੁਭਾਅ ਵਾਲਾ ਹੋ ਜਾਂਦਾ ਹੈ।

ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥

ਗੁਰਾਂ ਦਾ ਉਪਦੇਸ਼ ਅੰਮ੍ਰਿਤ ਰੂਪ ਹੈ ਜਿਸ ਦੇ ਪੀਤਿਆ ਪਦਾਰਥਾਂ ਦੀ ਤ੍ਰੇਹ ਨਵਿਰਤ ਹੋ ਜਾਂਦੀ ਹੈ।

ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥ ੨ ॥

ਜਿਸ ਗੁਰਮੁਖ ਦਾ ਇਹ ਸੱਚਾ ਮਨ ਸੱਚ ਨਾਮ ਵਿਖੇ ਰੱਤਾ ਹੈ, ਓਹੀ ਸੱਚੇ ਪ੍ਰਭੂ ਵਿਖੇ ਸਮਾ ਰਿਹਾ ਹੈ॥ ੨ ॥

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ॥

ਗੁਰਮੁਖਾਂ ਦਾ ਆਖਣੁ=ਮੂੰਹ ਸੇ ਬੋਲਣਾ, ਤੇ ਅੱਖਾਂ ਸੇ ਵੇਖਣਾ, *ਅਥਵਾ*-ਗੁਰਮੁਖਾਂ ਦਾ ਆਖਣਾ, ਵੇਖਣਾ ਤੇ ਬੋਲਣਾ, *ਅਥਵਾ*-ਆਖਣੁ=ਅਖਿਆਣਾ ਦਾ ਪੜ੍ਹਣਾ, ਬਚਨਾਂ ਦਾ ਬੋਲਣਾ, ਅੱਖਾਂ ਸੇ ਵੇਖਣਾ ਆਦਿਕ ਜੋ ਭੀ ਵਿਹਾਰ ਹੈ ਉਹ ਸਾਰਾ ਸਬਦੇ=ਬ੍ਰਹਮ ਵਿਖੇ ਸਮਾ ਰਿਹਾ ਹੈ।

ਬਾਣੀ ਵਜੀ ਉਹ ਜੁਗੀ ਸਚੋ ਸਚੁ ਸੁਣਾਇ॥

ਜਿਸ ਦੇ ਪਾਸੋਂ ਸੱਚ ਹੀ ਸੱਚ ਸੁਨਣੇ ਵਿਖੇ ਆ ਰਿਹਾ ਹੈ, ਅਥਵਾ:-ਸਚੁ=ਨਿਸਚੇ ਕਰਕੇ ਜੋ ਜਗਿਆਸੂਆਂ ਨੂੰ ਸੱਚ ਨਾਮ ਸੁਨਾਂਦਾ ਹੈ। ਉਹ ਜੁਗੀ=ਸੰਸਾਰ ਵਿਚ ਵਾ ਚਾਰੇ ਜੁਗਾਂ ਵਿਚ ਉਸ ਦੀ ਜਸ ਰੂਪ ਬਾਣੀ ਵਜੀ=ਪ੍ਰਗਟ ਹੋ ਰਹੀ ਹੈ।

ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥

ਜਿਸ ਵੇਲੇ ਹੰਗਤਾ ਮਮਤਾ, ਮੇਰ ਤੇਰ ਆਦਿਕ ਸਭ ਕੁਝ ਰਹਿ ਗਿਆ, ਤਿਸ ਵੇਲੇ ਸੱਚੇ ਵਾਹਿਗੁਰੂ ਨੇ ਉਸਨੂੰ ਆਪਣੇ ਨਾਲ ਮਿਲਾ ਲੈਣਾ ਕੀਤਾ ।

ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥ ੩॥

ਜਿਹੜੇ ਗੁਰਮੁਖ ਸੱਚ ਵਿਖੇ ਬਿਰਤੀ ਲਗਾ ਰਹੇ ਹਨ, ਤਿਨ੍ਹਾਂ ਨੂੰ ਪ੍ਰਭੂ ਦਾ ਮਹਲੁ=ਸਰੂਪ ਹਾਜ਼ਰਾ ਹਜੂਰ ਦਿਸਦਾ ਹੈ॥ ੩॥

ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ॥

ਨਦਰੀ=ਪਰਮੇਸ਼ਰ ਦੇ ਨਾਮ ਦਾ ਧਿਆਉਣਾ ਚੰਗਿਆਂ ਕਰਮਾਂ ਤੋਂ ਬਿਨਾਂ ਵੀ ਗੁਰੂ ਦੀ ਕਿਰਪਾ ਤੋਂ ਬਿਨਾਂ ਪਾਇਆ ਨਹੀਂ ਜਾਂਦਾ।

ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ॥

ਜਿਸ ਦੇ ਪੂਰਨ ਭਾਗ ਹਨ, ਉਹ ਸਤਸੰਗਤ ਨੂੰ ਲੈਂਦਾ ਹੈ, ਉਸੇ ਨੂੰ ਸਤਗੁਰੂ ਆ ਕੇ ਭੇਟੈ=ਮਿਲਦੇ ਹਨ। *ਅਥਵਾ*:-ਪੂਰੇ ਭਾਗਾਂ ਦੁਆਰੇ ਜਿਸਨੂੰ ਸਤਿਗੁਰੂ ਆ ਕੇ ਮਿਲਦੇ ਹਨ, ਓਹੀ ਗੁਰਮੁਖ ਸਤ=ਤ੍ਰੈਕਾਲ ਅਬਾਧ ਪ੍ਰਮਾਤਮਾ ਦੀ ਸੰਗਤ ਨੂੰ ਲੈਂਦਾ ਹੈ।

ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ॥

ਅਨ+ਦਿਨੁ=ਰਾਤ ਦਿਨ ਪ੍ਰਭੂ ਦੇ ਨਾਮ ਵਿਚ ਰੱਤੇ ਰਹਿਣ ਕਰਕੇ ਹਿਰਦੇ ਵਿਚੋਂ ਬਿਖਿਆ-ਮਾਇਆ ਦਾ ਦੁਖ ਚਲਿਆ ਜਾਂਦਾ ਹੈ।

ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ॥ ੪॥ ੨੨॥ ੫੫॥

ਗੁਰੂ ਜੀ ਕਥਨ ਕਰਦੇ ਹਨ-ਨਾਮੀ ਪ੍ਰਭੂ ਦੇ ਨਾਮ ਵਿਚ ਸਮਾਣ ਕਰਕੇ ਸਬਦਿ=ਬ੍ਰਹਮ ਨਾਲ ਮਿਲਾਪ ਹੁੰਦਾ ਹੈ॥ ੪॥ ੨੨॥ ੫੫॥

ਸਿਰੀਰਾਗੁ ਮਹਲਾ ੩॥

ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ॥

ਜਿਸ ਨੇ ਗੁਰਾਂ ਦਾ ਉਪਦੇਸ਼ ਵਿਚਾਰਿਆ ਹੈ, ਵਾਹਿਗੁਰੂ ਨੇ ਆਪਣਾ ਭਉ=ਡਰ ਉਨ੍ਹਾਂ ਨੂੰ ਪਾਇਆ ਹੈ। ਉਹ ਫਿਰ:-

ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ॥

ਹਮੇਸ਼ਾਂ ਸਤਸੰਗ ਵਿਖੇ ਮਿਲੇ ਰਹਿੰਦੇ ਹਨ; ਅਤੇ ਸੱਚੇ ਪ੍ਰਭੂ ਦੇ ਪਰਉਪਕਾਰ ਆਦਿਕ ਗੁਣਾਂ ਨੂੰ ਸਾਰਿ=ਸੰਭਾਲਦੇ ਹਨ।

ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ॥

ਹਿਰਦੇ 'ਚੋਂ ਦੁਬਿਧਾ ਦੀ ਮੈਲ ਨੂੰ ਚੁਕਾਈਅਨੁ=ਦੂਰ ਕਰ ਦਿੱਤਾ ਹੈ ਅਤੇ ਹਰੀ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ॥ ੧॥

ਸੱਚੀ ਉਪਦੇਸ਼ ਬਾਣੀ ਦੁਆਰੇ ਸੱਚ ਨੂੰ ਮੰਨਣ ਕਰਦੇ ਹਨ, ਅਤੇ ਸੱਚੇ ਵਾਹਿਗੁਰੂ ਨਾਲ ਹੀ ਉਨ੍ਹਾਂ ਦਾ ਪਿਆਰ ਹੈ॥ ੧॥

ਮਨ ਮੇਰੇ ਹਉਮੈ ਮੈਲੁ ਭਰ ਨਾਲਿ॥

ਹੇ ਮੇਰੇ ਮਨ ! ਇਹ ਜੀਵ ਹਉਮੈ ਦੀ ਮੈਲ ਨਾਲ ਭਰਿਆ ਹੋਇਆ ਹੈ ਇਸ ਕਰਕੇ ਤਰਦਾ ਨਹੀਂ ਹੈ।

ਅਥਵਾ:-ਹੰਗਤਾ ਮਮਤਾ ਰੂਪੀ ਮੈਲ ਕਰਕੇ ਸੰਸਾਰ ਰੂਪ ਭਰ ਨਾਲਿ=ਸਮੁੰਦਰ ਵਿਚ ਡੁੱਬ ਰਿਹਾ ਹੈ।

ਅਥਵਾ:-ਹੰਗਤਾ ਮਮਤਾ ਰੂਪੀ ਮੈਲ ਕਰਕੇ ਕਾਲ ਰੂਪ ਨਦੀ ਦੇ ਭਰ ਨਾਲਿ=ਕਿਨਾਰੇ ਉੱਪਰ ਬੈਠਾ ਹੈ।

(ਜੇਹੜੀ ਬ੍ਰਿੱਧ ਅਵਸਥਾ ਆ ਗਈ ਹੈ, ਏਹੀ ਕਾਲ ਰੂਪ ਨਦੀ ਦਾ ਕਿਨਾਰਾ ਹੈ)

ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ॥ ੧॥ ਰਹਾਉ॥

ਹਰੀ ਨਿਰਮਲ ਅਤੇ ਸਦਾ ਸੋਭਨੀਕ ਹੈ, ਏਸੇ ਕਾਰਨ ਉਸ ਨਾਲ ਜੀਵ ਦਾ ਮੇਲ ਨਹੀਂ ਹੁੰਦਾ। ਪਰ ਗੁਰੂ ਸਾਹਿਬ ਜੀ ਆਪਣੇ ਸਬਦਿ=ਉਪਦੇਸ਼ ਦੁਆਰਾ ਹਉਮੈ ਦੀ ਮੈਲ ਕੱਟ ਕੇ ਜੀਵ ਦੇ ਅੰਤਹਕਰਨ ਨੂੰ ਸਵਾਰਣ ਵਾਲੇ ਹਨ॥ ੧॥ ਰਹਾਉ॥

ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ॥

ਸੱਚੇ ਗੁਰਾਂ ਦੇ ਉਪਦੇਸ਼ ਵਿਚ ਜਿਸ ਦਾ ਮਨ ਮੋਹਿਆ ਗਿਆ ਏ, ਉਹ ਹੰਗਤਾ ਮਮਤਾ ਰੂਪੀ ਮੈਲ ਤੋਂ ਬਿਨਾਂ ਹੋ ਗਿਆ ਹੈ ਇਸ ਕਰਕੇ ਉਸਨੂੰ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ।

ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ॥

ਰਾਤ ਦਿਨੇ ਨਾਮ ਵਿਖੇ ਰੱਤੇ ਰਹਿਣ ਕਰਕੇ ਜੋਤੀ ਪ੍ਰਭੂ ਵਿਖੇ ਇਸ ਦੀ ਜੋਤ ਸਮਾ ਜਾਂਦੀ ਹੈ।

ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ॥

ਜੋਤੀ=ਸ਼ੁਭ ਗਿਆਤ ਕਰਕੇ ਹੀ ਪ੍ਰਭੂ ਜਾਪਦਾ=ਜਾਣਿਆ ਜਾਂਦਾ ਹੈ, ਅਤੇ ਸਤਿਗੁਰਾਂ ਤੋਂ ਬਿਨਾਂ ਬੂਝ=ਸਮਝ ਅਰਥਾਤ ਸ਼ੁਭ ਗਿਆਤ ਨੂੰ ਨਹੀਂ ਪਾਂਵਦਾ ।

ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥ ੨ ॥

ਜਿਨ੍ਹਾਂ ਨੂੰ ਗੁਰੂ ਦਾ ਮੇਲ ਹੋਣਾ ਪੂਰਬਿ=ਪਹਿਲਾਂ ਤੋਂ ਹੀ ਲਿਖਿਆ ਹੋਇਆ ਹੈ ਤਿਸਨੂੰ ਆ ਕੇ ਸਤਿਗੁਰੂ ਮਿਲੇ ਹਨ॥ ੨ ॥

ਵਿਣੁ ਨਾਵੈ ਸਭ ਛੁਮਣੀ ਦੂਜੈ ਭਾਇ ਖੁਆਇ ॥

ਵਾਹਿਗੁਰੂ ਨਾਮ ਤੋਂ ਬਿਨਾਂ ਸਾਰੀ ਦੁਨੀਆਂ ਛੁਮਣੀ=ਦੁੱਖੀ ਵਾ:-ਦੁੱਚਿਤੀ ਹੋ ਰਹੀ ਹੈ, ਦ੍ਵੈਤ ਭਾਵ ਨੇ ਹੀ ਇਸਨੂੰ ਪ੍ਰਭੂ ਵੱਲੋਂ ਖੁਆਇ=ਭੁਲਾ ਦਿੱਤਾ ਹੈ।

ਅਥਵਾ:-ਦ੍ਵੈਤ ਭਾਵ ਕਰਕੇ ਸਾਰੀ ਦੁਨੀਆਂ ਖਰਾਬ ਹੋ ਰਹੀ ਹੈ।

ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥

ਤਿਸ ਪ੍ਰਭੂ ਤੋਂ ਬਿਨਾਂ ਇੱਕ ਘੜੀ ਭਰ ਵੀ ਸੁੱਖ ਪੂਰਬਕ ਨਹੀਂ ਜੀਉ ਸਕਦੀ, ਸਾਰੀ ਅਵਸਥਾ ਰੂਪੀ ਰੈਣਿ=ਰਾਤ ਦੁੱਖਾਂ ਵਿਚ ਹੀ ਵਿਹਾਇ=ਬਤੀਤ ਹੁੰਦੀ ਹੈ।

ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥

ਅੰਧੁਲਾ=ਅੰਨ੍ਹਾਂ ਅਗਿਆਨੀ ਜੀਵ ਭਰਮ ਵਿਖੇ ਭੁੱਲਾ ਹੋਇਆ ਮੁੜ ਮੁੜ ਕੇ ਜੰਮਦਾ ਮਰਦਾ ਹੈ।

ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥ ੩ ॥

ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਆਪਣੇ ਨਾਲ ਮਿਲਾ ਲੈਂਦਾ ਹੈ॥ ੩ ॥

[ਪੰਨਾ ੩੬]

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥

ਜਦ ਕਿ ! ਸਾਡਾ ਕੀਤਾ ਕਤਰਿਆ ਸਭ ਕੁਝ ਪ੍ਰਭੂ ਸੁਣਦਾ ਅਤੇ ਵੇਖਦਾ ਹੈ ਤਾਂ ਉਸ ਤੋਂ ਕਿਵੇ ਮੁੱਕਰਿਆ ਜਾ ਸਕਦਾ ਹੈ।

ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥

ਮਨਮੁਖ ਪੁਰਸ਼ ਪਾਪ ਹੀ ਪਾਪ ਕਰਮਾਂ ਨੂੰ ਕਮਾਂਦੇ ਹਨ, ਆਪ ਪਾਪਾਂ ਵਿਚ ਪਚਹਿ=ਖਰਾਬ ਹੁੰਦੇ ਹਨ, ਹੋਰਨਾਂ ਨੂੰ ਭੀ ਪਾਪ ਕਰਮਾਂ ਵਿਚ ਲਗਾ ਕੇ ਪਚਾਇ=ਖਰਾਬ ਕਰਦੇ ਹਨ।

ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥

ਉਨ੍ਹਾਂ ਨੂੰ ਉਹ ਪ੍ਰਭੂ ਪ੍ਰਮਾਤਮਾ ਨਿਗਾਹ ਨਹੀਂ ਆਉਂਦਾ ਕਿਉਂਕਿ ਮਨਮੁਖ ਪੁਰਸ਼ ਸ਼ੁਭ ਗਿਆਤ ਨੂੰ ਨਹੀਂ ਪਾਂਦੇ।

ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਏ ॥ ੪ ॥ ੨੩ ॥ ੫੬ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਨੂੰ ਸ਼ੁਭ ਰਸਤਾ ਵਿਖਾਂਦਾ ਹੈ, ਓਹੀ ਗੁਰਮੁਖ ਉਸ ਰਸਤੇ ਨੂੰ ਪਾ ਕੇ ਪ੍ਰਮਾਤਮਾ ਨੂੰ ਵੇਖਦਾ ਹੈ॥ ੪ ॥ ੨੩ ॥ ੫੬ ॥

ਸ੍ਰੀਰਾਗੁ ਮਹਲਾ ੩ ॥

ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥

ਗੁਰਾਂ ਤੋਂ ਬਿਨਾਂ-ਨਾਮ ਦੀ ਪ੍ਰਾਪਤੀ ਨਹੀਂ, ਨਾਮ ਜਪੇ ਤੋਂ ਬਿਨਾਂ ਹਉਮੈ ਰੂਪ ਰੋਗ ਨਹੀਂ ਤੁੱਟਦਾ ਹਉਮੈ ਰੂਪ ਰੋਗ ਤੁੱਟੇ ਬਿਨਾਂ ਜਨਮ ਮਰਨ ਦੀ ਪੀੜਾ ਨਹੀਂ ਜਾਂਦੀ। ਅਥਵਾ:-ਗੁਰਾਂ ਦੀ ਕਿਰਪਾ ਬਿਨਾਂ ਅਗਿਆਨ ਰੂਪ ਰੋਗ ਨਹੀਂ ਤੁੱਟਦਾ, ਅਗਿਆਨ ਦੀ ਨਵਿਰਤੀ ਬਿਨਾ ਹੰਗਤਾ ਮਮਤਾ ਰੂਪ ਪੀੜ ਨਹੀਂ ਜਾਂਦੀ।

ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥

ਜਿਨ੍ਹਾਂ ਉੱਪਰ ਗੁਰਾਂ ਦੀ ਕਿਰਪਾ ਹੋਈ ਹੈ, ਉਨ੍ਹਾਂ ਦੇ ਮਨ ਵਿਚ ਨਾਮ ਵਸਦਾ ਹੈ। ਉਹ ਫਿਰ ਨਾਮੀ ਪਰਮੇਸ਼ਰ ਵਿਚ ਸਮਾ ਰਹਿੰਦੇ ਹਨ।

ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥ ੧ ॥

ਨਿਯਮ ਸਮਝ ਲਓ:-ਗੁਰ ਸ਼ਬਦ ਦੇ ਧਾਰਨ ਵਾਲੇ ਗੁਰ ਸ਼ਬਦੀਏ ਹੀ ਹਰੀ ਨੂੰ ਪਾਂਵਦੇ ਹਨ, ਗੁਰ ਸ਼ਬਦ ਤੋਂ ਬਿਨਾਂ ਮਨਮੁਖ ਪੁਰਸ਼ ਭਰਮ ਵਿਖੇ ਭੁੱਲੇ ਫਿਰਦੇ ਹਨ॥ ੧ ॥

ਮਨ ਰੇ ਨਿਜ ਘਰਿ ਵਾਸਾ ਹੋਇ ॥

ਹੇ ਮਨ ! ਨਾਮ ਜਪਣੇ ਕਰਕੇ ਸਰੂਪ ਘਰ ਵਿਚ ਨਿਵਾਸ ਹੁੰਦਾ ਹੈ ।

ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ ॥ ੧ ॥ ਰਹਾਉ ॥

ਇਸ ਲਈ ਤੂੰ ਰਾਮ ਨਾਮ ਨੂੰ ਸਲਾਹੁਣਾ ਕਰ, ਫਿਰ ਤੇਰਾ ਜਨਮ ਮਰਨ ਨਹੀਂ ਹੋਵੇਗਾ॥ ੧ ॥ ਰਹਾਉ ॥

ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ ॥

ਇੱਕ ਹਰੀ ਦਾਤੇ ਦਾ ਹੁਕਮ ਸਾਰੇ ਵਰਤ ਰਿਹਾ ਹੈ ਉਸ ਤੋਂ ਬਿਨਾਂ ਹੁਕਮ ਕਰਨ ਵਾਲਾ ਦੂਜਾ ਹੋਰ ਕੋਈ ਨਹੀਂ ਹੈ।

ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ ॥

ਗੁਰ ਸ਼ਬਦ ਦੁਆਰੇ ਪਰਮੇਸ਼ਰ ਦਾ ਸਲਾਹੁਣਾ ਮਨ ਵਿਚ ਵਸ ਜਾਵੇ, ਵਾ ਸਬਦਿ=ਬ੍ਰਹਮ ਦਾ ਸਲਾਹੁਣਾ ਜੇ ਮਨ ਵਿਚ ਵਸ ਜਾਵੇ ਤਾਂ ਸੁਭਾਵਕ ਹੀ ਸੁਖ ਪ੍ਰਾਪਤ ਹੁੰਦਾ ਹੈ।

ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ ॥ ੨ ॥

ਉਹ ਪਰਮੇਸ਼ਰ ਆਪਣੀ ਦ੍ਰਿਸ਼ਟੀ ਅੰਦਰ ਸਾਰਿਆਂ ਨੂੰ ਵੇਖ ਰਿਹਾ ਹੈ, ਜਿਸਨੂੰ ਚਾਹੁੰਦਾ ਹੈ ਤਿਸਨੂੰ ਗੁਰਸ਼ਬਦ ਵਾ ਪਦਾਰਥ ਵਗੈਰਾ ਦੇਂਦਾ ਹੈ॥ ੨ ॥

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥

ਸਾਰੇ ਜੀਵ ਹਉਮੈ ਵਿਚ ਲਗਕੇ ਗਿਣਤੀ ਕਰਦੇ ਹਨ ਕਿ ਅਸਾਂ ਨੇ ਇਤਨਾ ਜਾਪ ਕਰ ਲਿਆ ਹੈ, ਇਤਨਾ ਦਾਨ ਕੀਤਾ ਹੈ, ਇਤਨੇ ਯੱਗ ਆਦਿਕ ਕਰ ਲਏ ਹਨ। ਪਰ ਗਿਣਤੀ ਕਰਨ ਵਾਲੇ ਨਉ=ਨੂੰ ਕੋਈ ਸੁੱਖ ਨਹੀਂ ਹੁੰਦਾ।

ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ॥

ਬਿਖ ਰੂਪ ਜੋ ਮਾਇਆ ਹੈ ਉਸ ਦੀ ਪ੍ਰਾਪਤੀ ਲਈ ਕਾਰ ਨੂੰ ਕਮਾਉਂਦਾ ਹੈ, ਇਸ ਲਈ ਅੰਤ ਨੂੰ ਮਰ ਕੇ ਮਾਤਾ ਦੇ ਉਦਰ ਰੂਪ ਬਿਖੁ=ਗੰਦਗੀ ਦੇ ਵਿਚ ਸਮਾਉਂਦਾ ਹੈ।

ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ॥ ੩॥

ਨਾਮ ਤੋਂ ਬਿਨਾਂ ਠਹਿਰਨਾ ਨਹੀਂ ਪਾਉਂਦਾ, ਜਮਪੁਰੀ ਵਿਚ ਜਾ ਕੇ ਦੁੱਖ ਸਹਾਰਦਾ ਹੈ॥ ੩॥

ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ॥

ਜੀਵ ਨੂੰ ਪਿੰਡ ਆਦਿ ਸਭ ਕੁਝ ਤਿਸ ਪਰਮੇਸ਼ਰ ਦਾ ਦਿੱਤਾ ਹੋਇਆ ਹੈ, ਸਾਰਿਆਂ ਨੂੰ ਤਿਸ ਪਰਮੇਸ਼ਰ ਦਾ ਹੀ ਆਧਾਰੁ=ਆਸਰਾ ਹੈ।

ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ॥

ਗੁਰਾਂ ਦੀ ਕਿਰਪਾ ਦੁਆਰੇ ਤਿਸ ਪ੍ਰਮਾਤਮਾ ਨੂੰ ਬੁੱਝੀਏ, ਤਾਂ ਮੋਖ ਦਾ ਦੁਆਰਾ ਗਿਆਨ ਪਾਂਵਦਾ ਹੈ।

ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ॥ ੪॥ ੨੪॥ ੫੭॥

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਨਾਮ ਨੂੰ ਸਲਾਹੁਣਾ ਕਰ ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ ॥ ੪॥੨੪॥ ੫੭॥

ਸਿਰੀਰਾਗੁ ਮਹਲਾ ੩॥

ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ॥

ਤਿਨ੍ਹਾ ਨੂੰ ਸਦਾ ਸੁਖ ਅਨੰਦ ਦੀ ਪ੍ਰਾਪਤੀ ਹੈ, ਜਿਨ੍ਹਾਂ ਨੂੰ ਸੱਚਨਾਮ ਦਾ ਆਧਾਰੁ=ਆਸਰਾ ਹੈ।

ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ॥

ਗੁਰ ਸਬਦ ਧਾਰਨ ਵਾਲਿਆਂ ਨੇ ਸੱਚੇ ਪਰਮੇਸ਼ਰ ਨੂੰ ਪਾਇਆ ਹੈ ਜੋ ਸਾਰੇ ਦੁੱਖਾਂ ਦੇ ਨਵਿ੦ਤ ਕਰਨ ਵਾਲਾ ਹੈ। ਜੀਵ ਨੂੰ ਚਾਹੀਦਾ ਹੈ।

ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ॥

ਸਦਾ ਨਿੱਤ ਰੂਪ ਸੱਚੇ ਦੇ ਗੁਣਾਂ ਨੂੰ ਸਦਾ ਹੀ ਗਾਵਣਾ ਕਰੇ, ਅਤੇ ਸੱਚੇ ਨਾਮ ਵਿਖੇ ਪ੍ਰੇਮ ਧਾਰਨਾ ਕਰੇ।

ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ॥ ੧॥

ਪਰਮੇਸ਼ਰ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਗੁਰਮੁਖਾਂ ਨੂੰ ਭਗਤੀ ਦਾ ਭੰਡਾਰਾ ਦਿੱਤਾ ਹੈ॥ ੧॥

ਮਨ ਰੇ ਸਦਾ ਅਨੰਦੁ ਗੁਣ ਗਾਇ॥

ਹੇ ਮਨ! ਗੁਣਾਂ ਨੂੰ ਗਾਵਣਾ ਕਰ, ਤਾਂ ਸਦਾ ਅਨੰਦ ਪ੍ਰਾਪਤ ਹੋਵੇਗਾ।

ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥ ੧॥ ਰਹਾਉ॥

ਸੱਚੀ ਗੁਰਾਂ ਦੀ ਉਪਦੇਸ਼ ਬਾਣੀ ਦੁਆਰੇ ਹਰੀ ਨਾਮ ਨੂੰ ਪਾਈਏ, ਤਾਂ ਹਰੀ ਨਾਲ ਅਭੇਦ ਹੋ ਰਹਿੰਦਾ ਹੈ॥

੧ ॥ ਰਹਾਉ ॥

ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ ॥

ਪਖੰਡ ਤੋਂ ਰਹਿਤ ! ਸੱਚੀ ਭਗਤੀ ਕਰਨ ਨਾਲ ਗੁਰਮੁਖਾਂ ਦਾ ਮਨ ਲਾਲੁ=ਗਾਹੜੇ ਰੰਗ ਵਾਲਾ ਹੋਇਆ ਹੈ, ਅਤੇ ਸੁਤੇ ਸਿੱਧ ਪਰਮੇਸ਼ਰ ਵਿਖੇ ਰੱਤਾ ਰਹਿੰਦਾ ਹੈ।

ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ॥

ਗੁਰ ਸ਼ਬਦੀਆਂ ਦੁਆਰੇ ਗੁਰਮੁਖਾਂ ਦਾ ਮਨ ਪਰਮੇਸ਼ਰ ਵਿਚ ਐਸਾ ਮੋਹਿਆ ਗਿਆ ਹੈ, ਜੋ ਮੂੰਹ ਨਾਲ ਕੁਛ ਕਥਨ ਨਹੀਂ ਕੀਤਾ ਜਾਂਦਾ।

ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ॥

ਗੁਰਮੁਖਾਂ ਦੀ ਜਿਹਵਾ ਸੱਚੇ ਉਪਦੇਸ਼ ਵਿਖੇ ਰੱਤੀ ਹੋਈ ਹੈ, ਨਾਮ ਅੰਮ੍ਰਿਤ ਨੂੰ ਪੀਂਦੀ ਹੈ. ਤੇ ਰਸਿ=ਪ੍ਰੇਮ ਨਾਲ ਗੁਣਾਂ ਨੂੰ ਗਾਉਂਦੀ ਹੈ।

ਗੁਰਮੁਖਿ ਏਹੁ ਰੰਗੁ ਪਾਈਐ ਜਿਸ ਨੋ ਕਿਰਪਾ ਕਰੇ ਰਜਾਇ ॥ ੨ ॥

ਇਸ ਪ੍ਰਮਾਤਮਾ ਦੇ ਰੰਗੁ=ਅਨੰਦ ਨੂੰ ਉਹ ਗੁਰਮੁਖ ਪਾਂਦੇ ਹਨ ਜਿਸ ਗੁਰਮੁਖ ਉੱਤੇ ਰਜਾਇ=ਪਰਮੇਸ਼ਰ ਕਿਰਪਾ ਕਰਦਾ ਹੈ॥ ੨ ॥

ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥

ਇਹ ਸਾਰਾ ਸੰਸਾਰ ਹੀ ਸੰਸਾ ਰੂਪ ਹੈ, ਇਸ ਵਿਚ ਮਨਮੁਖ ਜੀਵਾਂ ਦੀ ਅਵਿੱਦਿਆ ਰੂਪੀ ਨੀਂਦ ਵਿਖੇ ਸੁੱਤਿਆ ਹੋਇਆਂ ਅਵਸਥਾ ਰੂਪੀ ਰਾਤ ਵਿਹਾਇ=ਬਤੀਤ ਹੋ ਜਾਂਦੀ ਹੈ।

ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥

ਪਰਮੇਸ਼ਰ ਨੇ ਆਪਣੇ ਭਾਣੇ ਨੂੰ ਮਨਾ ਕੇ ਇੱਕ ਪੁਰਸ਼ ਸੰਸਾਰ ਚੋਂ ਕੱਢ ਲਏ ਹਨ ਅਤੇ ਆਪਣੇ ਵਿਚ ਮਿਲਾ ਲੀਤਾ ਹੈ।

ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥

ਉਨ੍ਹਾਂ ਦੇ ਮਨ ਵਿਚ ਪਰਮੇਸ਼ਰ ਆਪੇ ਹੀ ਆਪ ਵਸਿਆ ਹੈ, ਜਿਨ੍ਹਾਂ ਨੇ ਮਾਇਆ ਦਾ ਮੋਹ ਚੁਕਾਇ=ਦੂਰ ਕੀਤਾ ਹੈ।

ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥ ੩ ॥

ਪਰਮੇਸ਼ਰ ਨੇ ਆਪ ਹੀ ਉਨ੍ਹਾਂ ਨੂੰ ਵਡਿਆਈ ਦਿੱਤੀ ਹੈ, ਜਿਨ੍ਹਾਂ ਨੂੰ ਮੁਖੀ ਗੁਰੂ ਸਾਹਿਬ ਜੀ ਸਮਝਾ ਦੇਂਦੇ ਹਨ॥ ੩ ॥

ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ ॥

ਸਾਰਿਆਂ ਜੀਵਾਂ ਦਾ ਦਾਤਾ ਇੱਕ ਪ੍ਰਮਾਤਮਾ ਹੈ, ਜੋ ਕਿਰਪਾ ਕਰਕੇ ਭੁੱਲਿਆਂ ਜੀਵਾਂ ਨੂੰ ਸਮਝਾ ਲੈਂਦਾ ਹੈ।

ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ ॥

ਇੱਕ ਜੋ ਮਨਮੁਖ ਹਨ ਉਨ੍ਹਾਂ ਨੂੰ ਆਪ-ਹੀ ਕਰਮਾਂ ਅਨੁਸਾਰ ਆਪਣੇ ਸਰੂਪ ਵੱਲੋਂ ਭੁਲਾਣਾ ਕੀਤਾ ਹੈ, ਅਤੇ ਉਨ੍ਹਾਂ ਨੂੰ ਦ੍ਵੈਤ ਭਾ ਵਿਚ ਲਗਾ ਛੱਡਿਆ ਹੈ।

ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ॥

ਗੁਰ ਸਿੱਖਿਆ ਦੁਆਰੇ ਹਰੀ ਨਾਮ ਜਪਣਾ ਪਾਈਏ, ਤਾਂ ਜੋਤੀ ਨਾਲ ਜੋਤ ਮਿਲ ਜਾਂਦੀ ਹੈ।

ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ॥ ੪॥ ੨੫॥ ੫੮॥

ਗੁਰੂ ਜੀ ਕਥਨ ਕਰਦੇ ਹਨ-ਰਾਤ ਦਿਨ ਹਰੀ ਨਾਮ ਦੇ ਜਾਪ ਵਿਖੇ ਤਦਾਕਾਰ ਹੋਣ ਕਰਕੇ ਨਾਮੀ ਪ੍ਰਮਾਤਮਾ ਵਿਚ ਸਮਾਇ=ਅਭੇਦ ਹੁੰਦਾ ਹੈ॥ ੪॥ ੨੫॥ ੫੮॥

ਸਿਰੀਰਾਗੁ ਮਹਲਾ ੩॥

ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥

ਗੁਣਾਂ ਵਾਲੀਆਂ ਮਹਤਮਾਂ ਰੂਪ ਸਖੀਆਂ ਨੇ ਤ੍ਰਿਸ਼ਨਾਂ ਆਦਿ ਵਿਕਾਰਾਂ ਨੂੰ ਤਿਆਗ ਕੇ ਸੱਚ ਨੂੰ ਪਾਇਆ ਹੈ।

ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥

ਗੁਰ ਸ਼ਬਦੀਆਂ ਨੇ ਆਪਣੇ ਮਨ ਨੂੰ ਭਗਤੀ ਰੰਗ ਵਿਚ ਰੰਗਿਆ ਹੈ, ਅਤੇ ਰਸਨਾ ਵੀ ਉਸ ਪਿਆਰੇ ਪ੍ਰਭੂ ਦੇ ਪ੍ਰੇਮ ਵਿਚ ਲਗ ਰਹੀ ਹੈ।

[ਪੰਨਾ ੩੭]

ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ॥

ਸਤਿਗੁਰਾਂ ਤੋਂ ਬਿਨਾ-ਆਪਣੇ ਆਪ ਪਰਮੇਸ਼ਰ ਨੂੰ ਕਿਸੇ ਨੇ ਭੀ ਨਹੀਂ ਪਾਇਆ, ਬੇਸ਼ੱਕ ਮਨ ਵਿਚ ਚੰਗੀ ਤਰ੍ਹਾਂ ਵਿਚਾਰ ਕੇ ਦੇਖ ਲਵੋ।

ਮਨਮੁਖ ਮੈਲੁ ਨ ਉੱਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥ ੧॥

ਮਨਮੁਖ ਪੁਰਸ਼ਾਂ ਦੇ ਹਿਰਦੇ ਚੋਂ ਓਨਾ ਚਿਰ ਰਾਗ ਦ੍ਵੈਸ਼ ਵਾ ਅਵਿੱਦਿਆ ਰੂਪੀ ਮੈਲ ਉੱਤਰਦੀ ਨਹੀਂ ਹੈ, ਜਿੰਨਾ ਚਿਰ ਗੁਰ ਸ਼ਬਦ ਵਿਖੇ ਪਿਆਰ ਧਾਰਨ ਨਹੀਂ ਕਰਦਾ ॥ ੧॥

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥

ਹੇ ਮੇਰੇ ਮਨ ! ਤੂੰ ਸਤਿਗੁਰਾਂ ਦੇ ਹੁਕਮ ਅਨੁਸਾਰ ਚਲਣਾ ਕਰ।

ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ॥ ੧॥ ਰਹਾਉ॥

ਆਪਣੇ ਸਤਸੰਗ ਘਰ ਵਿਚ ਵਸ ਕੇ ਜੇ ਤੂੰ ਨਾਮ ਅੰਮ੍ਰਿਤ ਨੂੰ ਪੀਵੇਂਗਾ ਤਾਂ ਮਹਲੁ=ਸਰੂਪ ਸੁਖ ਨੂੰ ਪਾ ਲਵੇਂਗਾ॥ ੧॥ ਰਹਾਉ॥

ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥

ਔਗੁਣ ਵਾਲੀਆਂ ਜੋ ਮਨਮੁਖ ਇਸਤ੍ਰੀਆਂ ਹਨ, ਉਨ੍ਹਾਂ ਵਿਚ ਪਰਮੇਸ਼ਰ ਪ੍ਰਾਪਤੀ ਦਾ ਕੋਈ ਸ਼ੁਭ ਗੁਣ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਪਰਮੇਸ਼ਰ ਪਤੀ ਪਾਸ ਬੈਠਣਾ ਨਹੀਂ ਮਿਲਦਾ ।

ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ॥

ਮਨਮੁਖ ਪੁਰਸ਼ ਗੁਰ ਉਪਦੇਸ਼ ਨੂੰ ਨਹੀਂ ਜਾਣਦੇ, ਔਗੁਣਾਂ ਕਰਕੇ ਉਹ ਪ੍ਰਭੂ ਦੂਰ ਹੈ।

ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ॥

ਜਿਨ੍ਹਾਂ ਗੁਰਮੁਖਾਂ ਨੇ ਸੱਚਨਾਮ ਜਪਣਾ ਪਛਾਣਿਆ ਹੈ, ਵਾ ਸੱਚਨਾਮ ਨੂੰ ਮੁਕਤੀ ਦਾਤਾ ਪਛਾਣਿਆ ਹੈ, ਉਹ ਭਰਪੂਰਿ=ਪਰੀਪੂਰਨ ਸੱਚੇ ਵਾਹਿਗੁਰੂ ਵਿਚ ਰੱਤੇ ਹਨ।

ਵਾ-ਸੱਚ ਵਿਖੇ ਤਦਾਕਾਰ ਹੋ ਕੇ ਸ਼ੁਭ ਗੁਣਾਂ ਨਾਲ ਭਰਪੂਰਿ ਹੋਏ ਹਨ।

ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ॥ ੨॥

ਜਿਨ੍ਹਾਂ ਗੁਰ ਸ਼ਬਦੀਆਂ ਨੇ ਮਨ ਦੇ ਕਠੋਰ ਸੁਭਾਵ ਨੂੰ ਵਿੰਨ੍ਹਿਆ ਹੈ, ਵਾ ਮਨ ਨੂੰ ਨਾਮ ਨਾਲ ਤਦਾਕਾਰ ਕੀਤਾ ਹੈ ਉਨ੍ਹਾਂ ਨੂੰ ਪ੍ਰਭੂ ਆਪ ਪਾਸ ਆ ਕੇ ਮਿਲਿਆ ਹੈ॥ ੨॥

ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ॥

ਜਿਨ੍ਹਾਂ ਨੇ ਮਨ ਰੂਪ ਬਸਤ੍ਰ ਨੂੰ ਗੁਰੂ ਰੂਪ ਲਿਲਾਰੀ ਨੇ ਸਤਸੰਗ ਰੂਪ ਰੰਗਣਿ=ਮੱਟੀ ਵਿਚ ਨਾਮ ਜਲ ਭਗਤੀ ਰੂਪ ਰੰਗ ਪਾ ਕੇ ਰੰਗਿਆ ਹੈ, ਉਨ੍ਹਾਂ ਨੂੰ ਸਬਦੇ=ਬ੍ਰਹਮ ਦੇ ਮੇਲ ਨਾਲ ਮਿਲਾ ਲੀਤਾ ਹੈ। ਵਾ ਉਨ੍ਹਾਂ ਨੂੰ ਬ੍ਰਹਮ ਨੇ ਆਪਣੇ ਮੇਲ ਨਾਲ ਮਿਲਾ ਲੀਤਾ ਹੈ।

ਸਚਾ ਰੰਗੁ ਨ ਉੱਤਰੈ ਜੋ ਸਚਿ ਰਤੇ ਲਿਵ ਲਾਇ॥

ਅੰਨਵੇ:- ਜੋ ਲਿਵ ਲਗਾ ਕੇ ਸੱਚੇ ਵਾਹਿਗੁਰੂ ਵਿਚ ਰੱਤੇ ਹਨ-ਉਨ੍ਹਾਂ ਦਾ ਸੱਚਾ ਰੰਗੁ=ਆਨੰਦ ਉੱਤਰਦਾ ਨਹੀਂ ਹੈ।

ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ॥

ਗੁਰਾਂ ਤੋਂ ਹੀਣ ਮਨਮੁਖ ਪੁਰਸ਼ ਪੂਰਬ ਪੱਛਮ ਆਦਿ ਚਾਰੇ ਕੁੰਟਾਂ ਵਿਚ ਫਿਰ ਫਿਰ ਕੇ ਥੱਕ ਗਏ ਹਨ ਪਰ ਸੱਤ ਅਸੱਤ ਦੀ ਗਿਆਤ ਨੂੰ ਨਹੀਂ ਪਾਂਦੇ।

ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ॥ ੩॥

ਉਹ ਪ੍ਰਮਾਤਮਾ ਜਿਸਨੂੰ ਸਤਿਗੁਰਾਂ ਨਾਲ ਮੇਲਦਾ ਹੈ ਉਹ ਨਾਮ ਨਾਲ ਮਿਲਦਾ ਹੈ। ਜੋ ਨਾਮ ਨਾਲ ਮਿਲਦਾ ਹੈ ਉਹ ਫਿਰ ਸਚੇ ਸਬਦਿ=ਬ੍ਰਹਮ ਵਿਖੇ ਅਭੇਦ ਹੁੰਦਾ ਹੈ॥ ੩॥

ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ॥

ਮੈਂ ਬੜੇ ਦੁਨਿਆਵੀ ਮਿੱਤ੍ਰ ਬਣਾ ਕਰਕੇ ਥੱਕ ਗਈ ਹਾਂ, ਕਿ ਮੇਰਾ ਦੁੱਖ ਕੋਈ ਕੱਟ ਦੇਵੇ। ਪਰ ਮੇਰਾ ਦੁੱਖ ਕਿਸੇ ਨੇ ਨਹੀਂ ਕੱਟਿਆ ।

ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ॥

ਜਿਸ ਵੇਲੇ ਮੈਂ ਸੱਚੇ ਪ੍ਰੀਤਮ ਗੁਰਾਂ ਨਾਲ ਮਿਲੀ, ਤੇ ਉਨ੍ਹਾਂ ਦੇ ਸਬਦਿ=ਉਪਦੇਸ਼ ਨਾਲ ਮਿਲਾਪ ਹੋਇਆ ਤਾਂ ਉਨ੍ਹਾਂ ਨੇ ਮੇਰਾ ਦੁੱਖ ਕੱਟ ਦਿੱਤਾ।

ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥

ਸੱਚੀ ਸ਼ਰਧਾ ਰੂਪ ਰਾਸਿ=ਪੂੰਜੀ ਨਾਲ ਜਿਸ ਨੇ ਸੱਚਨਾਮ ਰੂਪੀ ਵਸਤੂ ਨੂੰ ਖੱਟਣਾ ਕੀਤਾ ਹੈ, ਉਸ ਸੱਚੇ ਦੀ ਸੱਚੀ ਸੋਇ=ਸੋਭਾ ਹੁੰਦੀ ਹੈ।

ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥ ੪ ॥ ੨੬ ॥ ੫੯ ॥

ਗੁਰੂ ਦੀ ਕਥਨ ਕਰਦੇ ਹਨ-ਜੋ ਪੁਰਸ਼ ਗੁਰਮੁਖ ਹੋ ਕੇ ਸੱਚ ਵਿਖੇ ਮਿਲੇ ਹਨ-
ਉਹ ਕਦੇ ਸੱਚੇ ਨਾਲੋਂ ਵਿਛੁੜਦੇ ਨਹੀਂ ਹਨ ॥ ੪ ॥੨੬ ॥੫੯ ॥

ਸਿਰੀਰਾਗੁ ਮਹਲਾ ੩ ॥

ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ ॥

ਕਰਤਾ ਪੁਰਖ ਪ੍ਰਮਾਤਮਾ ਆਪ ਹੀ ਸ੍ਰਿਸ਼ਟੀ ਦੇ ਕਾਰਣ ਜੋ ਮਹਿਤਤ ਆਦਿਕ ਹਨ ਉਨ੍ਹਾਂ ਨੂੰ ਕਰਦਾ ਹੈ, ਵਾ:-ਆਪ ਹੀ ਕਾਰਨ ਕਾਰਜ ਨੂੰ ਕਰਦਾ ਹੈ, ਆਪ ਹੀ ਸ੍ਰਿਸ਼ਟੀ ਨੂੰ ਉਤਪੰਨ ਕਰਕੇ ਵੇਖਦਾ ਹੈ।

ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ ॥

ਸਾਰਿਆਂ ਜੀਵਾਂ ਵਿਚ ਇਕੋ ਇੱਕ ਪ੍ਰਮਾਤਮਾ ਵਰਤਦਾ ਹੈ, ਪੁਨਾ ਉਹ ਅਲਖ ਸਰੂਪ ਹੈ, ਆਪਣੇ ਆਪ ਜਾਣਿਆਂ ਨਹੀਂ ਜਾਂਦਾ ।

ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ ॥

ਪ੍ਰਭੂ ਪ੍ਰਮਾਤਮਾ ਜਿਸ ਉਤੇ ਆਪ ਦਿਆਲੂ ਹੁੰਦਾ ਹੈ, ਉਸਨੂੰ ਆਪਣਾ ਸਰੂਪ ਆਪ ਹੀ ਸਮਝਾ ਦੇਂਦਾ ਹੈ।

ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥ ੧ ॥

ਗੁਰਾਂ ਦੀ ਸਿੱਖਿਆ ਧਾਰਨ ਵਾਲਿਆਂ ਦੇ ਮਨ ਵਿਚ ਸਦਾ ਵਿਸ਼ੇਸ਼ ਰੂਪ ਕਰਕੇ ਵੱਸ ਰਿਹਾ ਹੈ, ਜੋ ਗੁਰਮਤੀਏ ਸੱਚ ਵਿਖੇ ਲਿਵ ਲਗਾ ਰਹੇ ਹਨ ॥ ੧ ॥

ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥

ਹੇ ਮੇਰੇ ਮਨ ! ਤੂੰ ਗੁਰਾਂ ਦੀ ਆਗਿਆ ਨੂੰ ਮੰਨ ਲੈ। ਆਗਿਆ ਮੰਨਣ ਦਾ ਏਡਾ ਪ੍ਰਤਾਪ ਹੈ।

ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥ ੧ ॥ ਰਹਾਉ ॥

ਇੱਕ ਤਾਂ ਅਕਾਲ ਪੁਰਖ ਦਾ ਨਾਮ ਵਿਚ ਆ ਕੇ ਵਸਦਾ ਹੈ ਦੂਜਾ-ਇਸ ਦਾ ਮਨ ਤਨ ਸਭ ਤਰ੍ਹਾਂ ਕਰਕੇ ਸੀਤਲੁ=ਠੰਢਾ ਹੁੰਦਾ ਹੈ ॥ ੧ ॥ ਰਹਾਉ ॥

ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ ॥

ਜਿਸ ਕਾਰਨ ਰੂਪ ਪ੍ਰਮਾਤਮਾ ਨੇ ਪ੍ਰਪੰਚ ਨੂੰ ਧਾਰਨਾ ਕੀਤਾ ਹੈ। ਉਹੀ ਪ੍ਰਮਾਤਮਾ ਇਸ ਪ੍ਰਪੰਚ ਦੀ ਸਾਰ=ਸੰਭਾਲ ਕਰਦਾ ਹੈ।

ਗੁਰ ਕੈ ਸਬਦਿ ਪਛਾਣੀਐ ਜਾ ਆਪੇ ਨਦਰਿ ਕਰੇਇ ॥

ਜਾਂ ਗੁਰਾਂ ਦੇ ਉਪਦੇਸ਼ ਨੂੰ ਪਛਾਣੀਏ ਤਾਂ ਉਹ ਪ੍ਰਮਾਤਮਾ ਆਪ ਹੀ ਨਦਰਿ ਕਰੇਇ=ਕਿਰਪਾ ਦ੍ਰਿਸ਼ਟੀ

ਕਰਦਾ ਏ।

ਅਥਵਾ:-ਗੁਰਾਂ ਦੇ ਉਪਦੇਸ਼ ਕਰਕੇ ਉਹ ਪ੍ਰਮਾਤਮਾ ਪਛਾਣਿਆ ਜਾਂਦਾ ਹੈ।

ਪ੍ਰਸ਼ਨ-ਗੁਰੂ ਕਿਵੇਂ ਮਿਲਦੇ ਹਨ? *ਉੱਤਰ*- ਜਾਂ ਉਹ ਪ੍ਰਮਾਤਮਾ ਆਪ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰੂ ਮਿਲਦੇ ਹਨ।

ਸੇ ਜਨ ਥਬਦੇ ਸੋਹਣੇ ਤਿਤੁ ਸਚੈ ਦਰਬਾਰਿ॥

ਉਹ ਪੁਰਸ਼ ਗੁਰਾਂ ਦੇ ਸ਼ਬਦ ਕਰਕੇ-ਤਿਸ ਸੱਚੇ ਪ੍ਰਮਾਤਮਾ ਦੇ ਦਰਬਾਰ ਵਿਖੇ ਸ਼ੋਭਨੀਕ ਹਨ।

ਗੁਰਮੁਖਿ ਸਚੈ ਸਬਦਿ ਰਤੇ ਆਪਿ ਮੇਲੇ ਕਰਤਾਰਿ॥ ੨॥

ਜੋ ਗੁਰਮੁਖ ਜਨ ਮੁਖ ਗੁਰਾਂ ਦੇ ਸੱਚੇ ਉਪਦੇਸ਼ ਵਿਚ ਰੱਤੇ ਹਨ ਉਨ੍ਹਾਂ ਨੂੰ ਕਰਤਾਰ ਨੇ ਆਪਣੇ ਨਾਲ ਮੇਲਿਆ ਹੈ॥ ੨॥

ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ॥

ਗੁਰ ਸਿੱਖਿਆ ਲੈਣ ਵਾਲਾ ਜਗਿਆਸੂ ! ਉਸ ਸੱਚ ਦਾ ਸਲਾਹੁਣਾ ਕਰਦਾ ਹੈ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ॥

ਉਹ ਹੁਕਮੀ ਪ੍ਰਮਾਤਮਾ ਆਪ ਹੀ ਸਭ ਘਟਾਂ ਘਟਾਂ ਵਿਚ ਵੱਸ ਰਿਹਾ ਹੈ। ਉਸ ਦੇ ਹੁਕਮ ਵਿਚ ਹੀ ਧਰਮ ਰਾਜਾ ਜੀਵਾਂ ਦੇ ਪਾਪਾਂ ਪੁੰਨਾਂ ਦਾ ਵਿਚਾਰ ਕਰਦਾ ਹੈ।

ਅਥਵਾ:-ਜੋ ਹੁਕਮੀ ਪ੍ਰਮਾਤਮਾ ਆਪ ਹੀ ਸਭ ਘਟਾਂ ਘਟਾਂ ਵਿਚ ਵੱਸ ਰਿਹਾ ਹੈ ਉਸ ਦੇ ਹੁਕਮ ਮੰਨਣ ਦਾ ਵਿਚਾਰ ਕਰੇ।

ਗੁਰ ਸਬਦੀ ਸਾਲਾਹੀਐ ਹਉਮੈ ਵਿਉਹ ਖੋਇ॥

ਗੁਰ ਸ਼ਬਦ ਦੁਆਰਾ ਹਿਰਦੇ 'ਚੋਂ ਹੰਗਤਾ ਮਮਤਾ ਖੋਹ ਕੇ ਉਸ ਦੀ ਸ਼ਲਾਘਾ ਕਰੀਏ।

***ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ॥ ੩॥**

ਜੋ ਸਾਧਨ=ਇਸਤ੍ਰੀ ਨਾਮ ਤੋਂ ਬਾਹਰ ਹੈ, ਉਹ ਔਗੁਣਾਂ ਵਾਲੀ ਇਸਤ੍ਰੀ ਰੋਂਦੀ ਹੀ ਰਹਿੰਦੀ ਹੈ॥ ੩॥

ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ॥

ਸੱਚ ਦੀ ਸ਼ਲਾਘਾ ਕਰੇ ਬਾਣੀ ਕਰਕੇ, ਸੱਚ ਦੀ ਸੇਵਾ ਵਿਚ ਲਗਨਾ ਕਰੇ ਤਨ ਕਰਕੇ, ਸੱਚੇ ਨਾਮ ਨੂੰ ਜਪੇ ਮਨ ਕਰਕੇ, ਤਾਂ ਪਦਾਰਥਾਂ ਵੱਲੋਂ ਤ੍ਰਿਪਤ ਹੁੰਦਾ ਹੈ।

ਅਥਵਾ:-ਸਚ=ਨਿਸਚੇ ਕਰਕੇ ਸੱਚ ਦੇ ਸਲਾਹੁਣੇ ਵਿਖੇ ਲਗੇ, ਕਿਉਂਕਿ ਸੱਚੇ ਨਾਮ ਕਰਕੇ ਹੀ ਮਨ ਤ੍ਰਿਪਤ ਹੁੰਦਾ ਹੈ।

ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ॥

ਸ਼ੁਭ ਗੁਣਾਂ ਨੂੰ ਵਿਚਾਰਨਾ ਕਰੇ, ਸ਼ੁਭ ਗੁਣਾਂ ਨੂੰ ਹੀ ਸੰਗ੍ਰਹਾ=ਇਕੱਤ੍ਰ ਕਰੇ; ਔਗੁਣਾਂ ਦੀ ਮੈਲ ਨੂੰ ਨਾਮ ਜਲ

---

* *ਇਥੇ ਪਾਠ 'ਸਾਧਨ' ਬੋਲਣਾ ਹੈ।*

ਨਾਲ ਧੋ ਕੇ ਬਾਹਰ ਕੱਢ ਦੇਵੇ।

ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ॥

ਤਾਂ ਵਾਹਿਗੁਰੂ ਆਪਣੇ ਮੇਲ ਨਾਲ ਐਸੇ ਮਿਲਾਂਦਾ ਹੈ, ਜੋ ਮੁੜ ਕਦੇ ਵਿਛੋੜਾ ਨਹੀਂ ਹੁੰਦਾ।

ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ॥੪॥੨੭॥੬੦॥

ਗੁਰੂ ਜੀ ਕਥਨ ਕਰਦੇ ਹਨ-ਆਪਣੇ ਪੂਰਨ ਗੁਰਾਂ ਦੀ ਸ਼ਲਾਘਾ ਕਰੇ, ਜਿਦੂ=ਜਿਨ੍ਹਾਂ ਗੁਰਾਂ ਦੁਆਰੇ ਉਹ ਪ੍ਰਭੂ ਪ੍ਰਾਪਤ ਹੁੰਦਾ ਹੈ॥ ੪॥ ੨੭॥ ੬੦॥

ਸਿਰੀਰਾਗੁ ਮਹਲਾ ੩॥

ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ॥

ਹੇ ਕਾਮ ਚੇਸਟਾ, ਵਾ ਕਾਮਨਾ ਵਿਖੇ ਗਹੇਲੀਏ=ਗ੍ਰਸੀਏ ਹੋਈਏ ਤੂੰ ਸੁਣਿ=ਕੰਨਾਂ ਦੁਆਰੇ ਸੁਨਣਾ ਕਰ, ਤੂੰ ਆਪਣੀ ਬਾਂਹ ਲੁਡਾ ਕੇ ਭਾਵ ਬੇਫਿਕਰ ਹੋ ਕੇ ਕੀ ਚਲਦੀ ਹੈਂ।

ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ॥

ਇਸ ਲੋਕ ਵਿਚ ਤੂੰ ਆਪਣੇ ਪਤੀ ਪ੍ਰਮਾਤਮਾ ਨੂੰ ਜਾਣਦੀ ਨਹੀਂ, ਤਾਂ ਅੱਗੇ ਪ੍ਰਲੋਕ ਵਿਚ ਜਾ ਕੇ ਤੂੰ ਕੀ ਮੂੰਹ ਦੇਵੇਂਗੀਂ।

ਜਿਨੀ ਸਖੀਂ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ॥

ਜਿਸ ਗਿਆਨਵਾਨ ਸਖੀ ਨੇ ਆਪਣੇ ਪਤੀ ਪ੍ਰਮੇਸ਼ਰ ਨੂੰ ਪਛਾਣ ਲਿਆ ਹੈ। ਗੁਰੂ ਜੀ ਕਹਿੰਦੇ ਹਨ-ਮੈਂ ਉਸ ਦੇ ਪਾਇ=ਚਰਨੀਂ ਲਗਦੀ ਹਾਂ।

[ਪੰਨਾ ੩੮]

ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ॥੧॥

ਸਤਸੰਗਤ ਦੇ ਮੇਲ ਨਾਲ ਆਪਣੇ ਆਪ ਨੂੰ ਮਿਲਾਕੇ ਮੈਂ ਭੀ ਤਿਨ੍ਹਾਂ ਵਰਗੀ ਹੋ ਰਵ੍ਹਾਂਗੀ॥ ੧॥

ਮੁੰਧੇ ਕੂੜਿ ਮੁਠੀ ਕੂੜਿਆਰਿ॥

ਹੇ ਕੁੜਿਆਰ ਮੁੰਧੇ ! ਤੂੰ ਤਾਂ ਕੂੜਿ=ਝੂਠ ਆਦਿਕਾਂ ਕਰਕੇ ਮੁਠੀ=ਲੁੱਟੀ ਪੁੱਟੀ ਗਈ ਹੈਂ।

ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ॥੧॥ਰਹਾਉ॥

ਸੱਚਾ ਪ੍ਰਭੂ ਸੋਹਣਾ ਪਤੀ ਹੈ ਪ੍ਰੰਤੂ ਗੁਰਾਂ ਦੇ ਵਿਚਾਰ ਦੁਆਰਾ ਪਾਈਦਾ ਹੈ॥ ੧॥ ਰਹਾਉ॥

ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ॥

ਮਨਮੁਖ ਇਸਤ੍ਰੀਆਂ ਪਰਮੇਸ਼ਰ ਪਤੀ ਨੂੰ ਨਹੀਂ ਪਛਾਣਦੀਆਂ, ਇਸ ਲਈ ਤਿਨ੍ਹਾਂ ਦੀ ਅਵੱਸਥਾ ਰੂਪੀ ਰਾਤ ਸੁੱਖ ਨਾਲ ਕਿਵੇਂ ਬਤੀਤ ਹੋਵੇ।

ਵਾ ਤਿਨ੍ਹਾਂ ਦੀ ਅਵਿੱਦਿਆ ਰੂਪੀ ਰਾਤ ਕਿਵੇਂ ਬਤੀਤ ਹੋਵੇ।

ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ॥

ਗਰਬਿ ਅਟੀਆ=ਹੰਕਾਰ ਵਿਖੇ ਪੂਰਤ ਹੋ ਕੇ ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਅੱਗ ਵਿਚ ਜਲਹਿ= ਸੜਦੀਆਂ ਹਨ, ਅਤੇ ਦ੍ਵੈਤ ਭਾ ਵਿਚ ਲਗ ਕੇ ਦੁੱਖ ਪਾਂਦੀਆਂ ਹਨ।

ਸਬਦਿ ਰਤੀਆ ਸੋਹਾਗਣੀ ਤਿਨ ਵਿਉਹ ਹਉਮੈ ਜਾਇ॥

ਜੋ ਸੁਹਾਗਣ ਇਸਤ੍ਰੀਆਂ ਗੁਰ ਉਪਦੇਸ਼ ਵਿਖੇ ਰੱਤੀਆਂ ਹਨ, ਤਿਨ੍ਹਾਂ ਦੇ ਹਿਰਦੇ 'ਚੋਂ ਹੰਗਤਾ ਮਮਤਾ ਚਲੀ ਜਾਂਦੀ ਹੈ।

ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ॥ ੨॥

ਉਹ ਆਪਣੇ ਪਤੀ ਪ੍ਰਮੇਸ਼ਰ ਦੇ ਅਨੰਦ ਨੂੰ ਸਦਾ ਰਾਵਹਿ=ਭੋਗਦੀਆਂ ਹਨ, ਇਸ ਕਰਕੇ ਤਿਨ੍ਹਾਂ ਦੀ ਅਵੱਸਥਾ ਰੂਪੀ ਰਾਤ ਸੁੱਖਾਂ ਹੀ ਸੁੱਖਾਂ ਵਿਚ ਵਿਹਾਇ=ਬੀਤਦੀ ਹੈ॥ ੨॥

ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ॥

ਜੋ ਸਰੂਪ ਗਿਆਨ ਤੋਂ ਬਿਨਾਂ ਹਨ-ਉਨ੍ਹਾਂ ਨੂੰ ਪਤੀ ਪਰਮਾਤਮਾ ਨੇ ਮੁਤੀਆ=ਛੁੱਟੜ ਕੀਤਾ ਹੈ। ਉਨ੍ਹਾਂ ਪਾਸੋਂ ਪਤੀ ਦਾ ਪ੍ਰੇਮ ਨਹੀਂ ਪਾਇਆ ਜਾਂਦਾ।

ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ॥

ਉਨ੍ਹਾਂ ਦੀ ਮਤੀ ਵਿਖੇ ਅਗਿਆਨ ਰੂਪ ਹਨੇਰਾ ਹੈ, ਪਿਰੀ ਦੇ ਵੇਖੇ ਬਿਨਾਂ ਭਾਵ ਆਸਤਕ ਭਾਵਨਾ ਧਾਰੇ ਬਿਨਾਂ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਨਹੀਂ ਜਾਂਦੀ।

ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥

ਸਤਸੰਗ ਵਿਚ ਜਾ ਕੇ ਐਸੇ ਬੇਨਤੀ ਕਰੋ, ਹੇ ਮਹਾਤਮਾਂ ਰੂਪ ਸਖੀਓ ! ਤੁਸੀਂ ਆ ਕੇ ਮੈਨੂੰ ਮਿਲੋ-ਮੈਨੂੰ ਭੀ ਪਤੀ ਪ੍ਰਮਾਤਮਾ ਨਾਲ ਮਿਲਾ ਦਿਓ। ਅੱਗੋਂ ਮਹਾਤਮਾਂ ਨੇ ਕਿਹਾ-

ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ॥ ੩॥

ਪੂਰੇ ਭਾਗ ਆਪਣੇ ਹੋਣ ਤਾਂ ਬ੍ਰਹਮ ਨੇਸ਼ਟੀ ਬ੍ਰਹਮ ਸ੍ਰੋਤਰੀ ਸਤਿਗੁਰ ਦੇਵ ਜੀ ਮਿਲਦੇ ਹਨ। ਗੁਰਾਂ ਦੁਆਰੇ ਜਿਸ ਨੇ ਪਿਰੀ ਦਾ ਨਾਮ ਗਿਆਨ ਪਾਇਆ ਹੈ ਉਹ ਸੱਚ ਸਰੂਪ ਵਿਖੇ ਅਭੇਦ ਹੁੰਦਾ ਹੈ। ਵਾ ਪਿਰੀ ਨੂੰ ਜਿਸ ਨੇ ਭੀ ਪਾਇਆ ਹੈ ਗੁਰਾਂ ਦੁਆਰੇ ਪਾਇਆ ਹੈ। ਜਿਸ ਨੇ ਗੁਰਾਂ ਦੁਆਰੇ ਪਿਰੀ ਨੂੰ ਪਾਇਆ ਹੈ ਉਹ ਸੱਚ ਸਰੂਪ ਵਿਖੇ ਅਭੇਦ ਹੁੰਦਾ ਹੈ॥ ੩॥

ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ॥

ਉਹ ਸਖੀਆਂ ਸੋਹਾਗਵੰਤੀਆਂ ਹਨ-ਜਿਨ੍ਹਾਂ ਉਤੇ ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰਦਾ ਹੈ।

ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ॥

ਪੁਨਾ ਜੋ ਗੁਰਾਂ ਅੱਗੇ ਆਪਣਾ ਤਨ ਮਨ ਦੇ ਕੇ ਆਪਣੇ ਖਸਮ ਪ੍ਰਮਾਤਮਾ ਨੂੰ ਪਛਾਣਦੀਆਂ ਹਨ।

ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ॥

ਗੁਰਾਂ ਦੀ ਕਿਰਪਾ ਨਾਲ ਹਉਮੈ ਨੂੰ ਦੂਰ ਕਰਕੇ ਆਪਣਾ ਜੋ ਪਤੀ ਪ੍ਰਮਾਤਮਾ ਹੈ ਉਸ ਨੂੰ ਹਿਰਦੇ ਘਰ ਵਿਚ ਹੀ ਪਾਇਆ ਹੈ।

ਨਾਨਕ ਸੋਭਾਵੰਤੀਆ ਸੋਹਾਗਣੀ
ਅਨਦਿਨੁ ਭਗਤਿ ਕਰੇਇ ॥ ੪ ॥ ੨੮ ॥ ੬੧ ॥

ਗੁਰੂ ਜੀ ਕਥਨ ਕਰਦੇ ਹਨ-ਉਹ ਸੋਹਾਗਣ ਇਸਤ੍ਰੀਆਂ ਸੋਭਾ ਵਾਲੀਆਂ ਹਨ ਜੋ ਰਾਤ ਦਿਨ ਪਰਮੇਸ਼ਰ ਦੀ ਭਗਤੀ ਕਰਦੀਆਂ ਹਨ॥ ੪॥ ੨੮॥ ੬੧॥

ਸਿਰੀਰਾਗੁ ਮਹਲਾ ੩ ॥
ਇਕਿ ਪਿਰੁ ਰਾਵਹਿ ਆਪਣਾ ਹਉ ਕੈ ਦਰਿ ਪੂਛਉ ਜਾਇ ॥

ਇਕ ਜੋ ਗਿਆਨਵਾਨ ਸੁਹਾਗਣ ਸਖੀਆਂ ਹਨ ਉਹ ਆਪਣੇ ਪਤੀ ਦੇ ਆਨੰਦ ਨੂੰ ਭੋਗਦੀਆਂ ਹਨ, ਮੈਂ ਕਿਸ਼ ਦੇ ਦਰਵਾਜ਼ੇ ਜਾ ਕੇ ਪਤੀ ਦੀ ਪ੍ਰਾਪਤੀ ਦਾ ਰਸਤਾ ਪੁੱਛਾਂ? ॥ ਉੱਤਰ:-

ਸਤਿਗੁਰੁ ਸੇਵੀ ਭਾਉ ਕਰਿ ਮੈ ਪਿਰੁ ਦੇਹੁ ਮਿਲਾਇ ॥

ਹੇ ਜਗਿਆਸੂ ! ਤੂੰ ਪ੍ਰੇਮ ਪੂਰਬਕ ਸਤਿਗੁਰਾਂ ਨੂੰ ਸੇਵਨਾ ਕਰ, ਤੇ ਐਸੇ ਬੇਨਤੀ ਕਰ-
ਹੇ ਗੁਰੋ ! ਮੈਨੂੰ ਪਿਰੀ ਨਾਲ ਮਿਲਾ ਦਿਓ। ਅੱਗੋਂ ਗੁਰੂ ਜੀ ਉੱਤਰ ਦੇਂਦੇ ਹਨ:

ਸਭੁ ਉਪਾਏ ਆਪੇ ਵੇਖੈ ਕਿਸੁ ਨੇੜੈ ਕਿਸੁ ਦੂਰਿ ॥

ਜੋ ਪ੍ਰਮਾਤਮਾ ਸਾਰਿਆਂ ਨੂੰ ਉਤਪੰਨ ਕਰਕੇ ਆਪ ਹੀ ਵੇਖੈ=ਪਾਲਦਾ ਹੈ ਉਹ ਪ੍ਰਮਾਤਮਾ ਕਿਸ ਦੇ ਨੇੜੇ ਤੇ ਕਿਸ ਦੇ ਦੂਰ ਕਹੀਏ, ਅਰਥਾਤ ਆਪਦਾ ਆਪ ਰੂਪ ਹੋਣ ਕਰਕੇ ਨਾ ਕਿਸੀ ਦੇ ਨੇੜੇ ਨਾ ਕਿਸੀ ਦੇਂ ਦੂਰ ਕਹੀਦਾ ਹੈ।

ਜਿਨਿ ਪਿਰੁ ਸੰਗੇ ਜਾਣਿਆ ਪਿਰੁ ਰਾਵੇ ਸਦਾ ਹਦੂਰਿ ॥ ੧ ॥

ਜਿਸ ਨੇ ਪਿਰੀ ਨੂੰ ਅੰਗ ਸੰਗ ਜਾਣਿਆ ਹੈ, ਉਹ ਹਾਜ਼ਰਾ ਹਜ਼ੂਰ ਜਾਣ ਕੇ ਪਿਰੀ ਦੇ ਅਨੰਦ ਨੂੰ ਸਦਾ ਰਾਵੇ=ਭੋਗਦੀ ਹੈ॥ ੧ ॥

ਮੁੰਧੇ ਤੂ ਚਲੁ ਗੁਰ ਕੈ ਭਾਇ ॥

ਹੇ ਮੁੰਧੇ=ਜਗਿਆਸੂ ਰੂਪ ਇਸਤ੍ਰੀ ! ਤੂੰ ਗੁਰਾਂ ਦੇ ਭਾਇ=ਭਾਣੇ ਅਨੁਸਾਰ ਚਲਣਾ ਕਰ।

ਅਨਦਿਨੁ ਰਾਵਹਿ ਪਿਰੁ ਆਪਣਾ ਸਹਜੇ ਸਚਿ ਸਮਾਇ ॥ ੧ ॥ ਰਹਾਉ ॥

ਤਦ ਤੂੰ ਰਾਤ ਦਿਨ ਆਪਣੇ ਪਤੀ ਦੇ ਆਨੰਦ ਨੂੰ ਭੋਗੇਂਗੀ, ਅਤੇ ਸੁਭਾਵਕ ਹੀ ਸੱਚ ਸਰੂਪ ਵਿਖੇ ਸਮਾਵੇਂਗੀ ॥ ੧ ॥ ਰਹਾਉ ॥

ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ ॥

ਜੋ ਗੁਰ ਸ਼ਬਦ ਵਿਖੇ ਰੱਤੀਆਂ ਹਨ ਉਹ ਸੁਹਾਗਣਾਂ ਹਨ, ਉਹ ਜੀਵਨ ਮੁਕਤ ਲਈ ਸੱਚੇ ਗੁਰ ਉਪਦੇਸ਼ ਰੂਪ ਸ਼ਿੰਗਾਰ ਨੂੰ ਕਰਦੀਆਂ ਹਨ।

ਅਥਵਾ-ਸੱਚੇ ਉਪਦੇਸ਼ ਰੂਪ ਸ਼ਿੰਗਾਰ ਨੂੰ ਕਰਕੇ ਸੋਹਾਗਣੀਆਂ ਸਬਦਿ=ਬ੍ਰਹਮ ਵਿਖੇ ਰੱਤੀਆਂ ਹਨ।

ਹਰਿ ਵਰੁ ਪਾਇਨਿ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ॥

ਆਪਣੇ ਘਰਿ=ਅੰਤਹਕਰਨ ਵਿਚ ਹਰੀ ਰੂਪ ਪਤੀ ਨੂੰ ਪਾਂਵਦੀਆਂ ਹਨ-ਗੁਰਾਂ ਵਿਖੇ ਹਿਤ ਪਿਆਰ ਕਰਕੇ ਭਾਵ ਅੱਤੀਅੰਤ ਪ੍ਰੇਮ ਧਾਰ ਕੇ।

ਸੇਜ ਸੁਹਾਵੀ ਹਰਿ ਰੰਗਿ ਰਵੈ ਭਗਤਿ ਭਰੇ ਭੰਡਾਰ॥

ਰੰਗਿ=ਅਨੰਦ ਰੂਪ ਹਰੀ ਦੇ ਰਵੈ=ਉਚਾਰਨ ਕਰਕੇ ਅੰਤਹਕਰਨ ਰੂਪ ਸਿਹਜਾ ਸ਼ੋਭਨੀਕ ਹੋਈ ਹੈ ਅਤੇ ਅੰਤਹਕਰਨ ਰੂਪ ਭੰਡਾਰੇ ਭਗਤੀ ਨਾਲ ਭਰੇ ਹੋਇ ਹਨ।

ਸੋ ਪ੍ਰਭੁ ਪ੍ਰੀਤਮੁ ਮਨਿ ਵਸੈ ਜਿ ਸਭਸੈ ਦੇਇ ਅਧਾਰੁ॥ ੨॥

ਜੋ ਸੁਾਰਿਆਂ ਨੂੰ ਆਸਰਾ ਦੇ ਰਿਹਾ ਹੈ ਉਹ ਪ੍ਰੀਤਮ ਪ੍ਰਭੂ ਸੋਹਾਗਣਾਂ ਦੇ ਮਨ ਵਿਖੇ ਵੱਸਦਾ ਹੈ॥ ੨॥

ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ ਸਦ ਬਲਿਹਾਰੈ ਜਾਉ॥

ਜੋ ਆਪਣੇ ਪਿਰੁ=ਪਤੀ ਪ੍ਰਮਾਤਮਾ ਨੂੰ ਸਲਾਹੁੰਦੇ ਹਨ, ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ॥

ਉਨ੍ਹਾਂ ਅੱਗੇ ਮਨ ਤਨ ਅਰਪ ਕੇ ਪ੍ਰਤੱਖ ਸਿਰ ਵਾ ਹੰਕਾਰ ਨੂੰ ਦੇਂਦਾ ਹਾਂ-ਅਤੇ ਤਿਨ੍ਹਾਂ ਦੇ ਪਾਇ=ਚਰਨਾਂ ਵਿਖੇ ਲਗਦਾ ਹਾਂ।

ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ॥

ਜਿਨ੍ਹਾਂ ਨੇ ਇਕ ਪ੍ਰਮਾਤਮਾ ਨੂੰ ਪਛਾਣਿਆ ਹੈ ਤਿਨ੍ਹਾਂ ਨੇ ਦ੍ਵੈਤ ਭਾ ਨੂੰ ਚੁਕਾਇ=ਦੂਰ ਕੀਤਾ ਹੈ।

ਗੁਰਮੁਖਿ ਨਾਮੁ ਪਛਾਣੀਐ ਨਾਨਕ ਸਚਿ ਸਮਾਇ॥ ੩॥ ੨੯॥ ੬੨॥

ਗੁਰਾਂ ਦੁਆਰੇ ਨਾਮ ਨੂੰ ਜਪ ਕੇ ਪਰਮੇਸ਼ਰ ਨੂੰ ਪਛਾਣੀਏ ਤਾਂ ਸੱਚ ਸਰੂਪ ਵਿਖੇ ਸਮਾ ਜਾਂਦਾ ਹੈ॥ ੩॥ ੨੯॥ ੬੨॥

ਸਿਰੀਰਾਗੁ ਮਹਲਾ ੩॥

ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ॥

ਹੇ ਹਰਿ ਜੀ ! ਸਚੁ=ਨਿਸਚੇ ਕਰਕੇ ਤੂੰ ਸੱਚਾ ਹੈਂ, ਜਿਤਨਾ ਕੁ ਪ੍ਰਪੰਚ ਹੈ ਇਹ ਸਭ ਕੁਝ ਤੇਰੇ ਚੀਰੈ=ਦਫਤਰ ਵਿਚ ਹੈ, ਵਾ ਹੱਦ ਵਿਚ ਹੈ, ਵਾ ਵਿਸਥਾਰ ਵਿਚ ਹੈ।

ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰੁ ਭੇਟੇ ਪੀਰੈ॥

ਚੁਰਾਸੀ ਲੱਖ ਜੂਨੀਆਂ ਦੇ ਜੀਵ ਸੁਖਾਂ ਨੂੰ ਤਰਸਦੇ ਫਿਰਦੇ ਹਨ, ਵਾ ਪਰਮੇਸ਼ਰ ਦੀ ਪ੍ਰਾਪਤੀ ਨੂੰ ਤਰਸਦੇ ਫਿਰਦੇ ਹਨ, ਪੀਰੈ=ਪੂਜਨੀਕ ਗੁਰਾਂ ਦੇ ਮਿਲੇ ਬਿਨਾਂ ਉਸ ਦੀ ਪ੍ਰਾਪਤੀ ਨਹੀਂ ਹੁੰਦੀ, ਵਾ ਗੁਰਾਂ ਦੇ ਮਿਲੇ ਬਿਨਾਂ ਇਸ ਨੂੰ ਪੀਰੈ=ਪੀੜਾ ਬਣੀ ਰਹਿੰਦੀ ਹੈ।

ਵਾ ਹਿੰਦੂ-ਗੁਰਾਂ ਦੇ ਮਿਲੇ ਬਿਨਾਂ, ਮੁਸਲਮਾਨ-ਪੀਰਾਂ ਦੇ ਮਿਲੇ ਬਿਨਾਂ ਤਰਸਦੇ ਫਿਰਦੇ ਹਨ।

ਹਰਿ ਜੀਉ ਬਖਸੇ ਬਖਸਿ ਲਏ ਸੁਖ ਸਦਾ ਸਰੀਰੈ॥

ਜਿਸਨੂੰ ਹਰਿ ਜੀ ਬਖਸ਼ਿਆ ਚਾਹੁੰਦਾ ਹੈ ਉਸ ਨੂੰ ਬਖਸ਼ ਲੈਂਦਾ ਹੈ, ਉਸ ਦੇ ਸਰੀਰ ਵਿਖੇ ਸਦਾ ਸੁਖ ਪ੍ਰਾਪਤ ਹੁੰਦਾ ਹੈ।

ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ॥ ੧॥

ਪ੍ਰਸਾਦੀ ਜੋ ਗੁਰੂ ਹਨ ਉਨ੍ਹਾਂ ਦੀ ਸੇਵਾ ਕਰਨ ਨਾਲ:-ਸੱਚਾ ਜੋ ਗਹਿਰ ਗੰਭੀਰ ਪ੍ਰਮਾਤਮਾ ਹੈ ਉਸ ਦੀ ਪ੍ਰਾਪਤੀ ਹੁੰਦੀ ਹੈ॥ ੧॥

ਮਨ ਮੇਰੇ ਨਾਮਿ ਰਤੇ ਸੁਖੁ ਹੋਇ॥

ਹੇ ਮੇਰੇ ਮਨ ! ਨਾਮੀ ਦੇ ਨਾਮ ਵਿਚ ਤਦਾਕਾਰ ਹੋਣ ਨਾਲ ਸੁਖ ਪ੍ਰਾਪਤ ਹੁੰਦਾ ਹੈ।

ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ॥ ੧॥ ਰਹਾਉ॥

ਗੁਰ ਸਿੱਖਿਆ ਦੁਆਰੇ ਨਾਮ ਨੂੰ ਸਲਾਹੁਣਾ ਕਰੀਏ ਨਾਮ ਤੋਂ ਬਿਨਾ ਹੋਰ ਕੋਈ ਦੂਜਾ ਇਸ ਦੀ ਸਹਾਇਤਾ ਕਰਨ ਵਾਲਾ ਨਹੀਂ ਹੈ॥ ੧॥ ਰਹਾਉ॥

ਧਰਮ ਰਾਇ ਨੋ ਹੁਕਮ ਹੈ ਬਹਿ ਸਚਾ ਧਰਮੁ ਬੀਚਾਰਿ॥

ਉਸ ਪ੍ਰਮਾਤਮਾ ਦਾ ਧਰਮ ਰਾਜੇ ਨੂੰ ਹੁਕਮ ਹੈ, ਕਿ ਤੂੰ ਸਭਾ ਵਿਚ ਬੈਠ ਕੇ ਸੱਚਾ ਧਰਮ ਅਰਥਾਤ ਪੱਖਪਾਤ ਤੋਂ ਬਿਨਾਂ ਸੱਚਾ ਨਿਆਂ ਜੀਵਾਂ ਦਾ ਵਿਚਾਰਨਾ ਕਰ।

ਦੂਜੈ ਭਾਇ ਦੁਸਟੁ ਆਤਮਾ ਉਹ ਤੇਰੀ ਸਰਕਾਰ॥

ਜਿਨ੍ਹਾਂ ਦਾ ਆਤਮਾ=ਮਨ ਦ੍ਵੈਤ ਭਾਵ ਵਿਚ ਲਗ ਕੇ ਦੁਸ਼ਟ ਹੋ ਰਿਹਾ ਹੈ ਉਹ ਤੇਰੀ ਸਰਕਾਰ=ਰਯੱਤ ਹੈ। ਵਾ ਉਨ੍ਹਾਂ ਦੇ ਸਿਰ ਤੇ ਤੇਰੀ ਹੁਕਮ ਰੂਪੀ ਕਾਰ ਹੈ।,

[ਪੰਨਾ ੩੯]

ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ॥

ਮੁਖ ਆਤਮਾ ਜੋ ਹਰੀ ਮੁਰਾਰੀ ਹੈ ਸ਼ੁਭ ਗੁਣਾਂ ਦਾ ਖਜ਼ਾਨਾ ਉਸ ਦੀ ਪ੍ਰਾਪਤੀ ਅਧਿ=ਵਾਸਤੇ ਜੋ ਪੁਰਸ਼ ਮਨ ਵਿਖੇ ਇਕ ਨਾਮ ਨੂੰ ਜਪਦੇ ਹਨ।

ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥ ੨॥

ਉਨ੍ਹਾਂ ਦੀ ਸੇਵਾ ਧਰਮ ਰਾਜ ਆਪ ਕਰਦਾ ਹੈ-ਉਸ ਦੇ ਸਵਾਰਨ ਵਾਲੇ ਉਸਤਾਦ

ਵਾ:-ਮਾਤਾ ਪਿਤਾ ਭੀ ਧੰਨਤਾ ਦੇ ਜੋਗ ਹਨ॥ ੨॥

ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ॥

ਜਿਨ੍ਹਾਂ ਨੇ ਮਨ ਦੇ ਵਿਕਾਰਾਂ ਨੂੰ ਮਨ ਦੇ ਵਿਚ ਹੀ ਤਿਆਗਨਾ ਕੀਤਾ ਹੈ, ਉਨ੍ਹਾਂ ਦੇ ਮਨ ਵਿਚੋਂ ਮੋਹ ਅਤੇ ਜਾਤੀ ਹੰਕਾਰ ਚੂਕੈ=ਨਵਿਰਤ ਹੋ ਗਿਆ ਹੈ।

ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥

ਉਨ੍ਹਾਂ ਨੇ ਆਤਮ=ਆਪਣੇ ਆਪ ਨੂੰ ਰਾਮ ਰੂਪ ਕਰਕੇ ਪਛਾਣਿਆ ਹੈ ਉਹ ਸਹਜੇ ਨਾਮੀ ਪ੍ਰਮਾਤਮਾ ਵਿਖੇ ਸਮਾਨੁ=ਅਭੇਦ ਹੋ ਗਏ ਹਨ।

ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥

ਪੂਰਨ ਸਤਿਗੁਰਾਂ ਤੋਂ ਬਿਨਾਂ ਮੋਖ ਨਹੀਂ ਪਾਂਦਾ, ਮਨਮੁਖ ਪੁਰਸ਼ ਹਰ ਵੇਲੇ ਕਚਹਿਰੀਆਂ ਵਿਚ ਹੀ ਫਿਰਦਾ ਹੈ, ਵਾ ਸੰਸਾਰ ਵਿਖੇ ਝੱਲਾ ਹੋਇਆ ਫਿਰਦਾ ਹੈ।

ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥ ੩ ॥

ਗੁਰ ਉਪਦੇਸ਼ ਨੂੰ ਜਾਣਦਾ ਨਹੀਂ, ਕਥਨੀਆਂ ਤੇ ਬਦਨੀ=ਕਵੀਸ਼ਰੀਆਂ ਨੂੰ ਕਰਦਾ ਫਿਰਦਾ ਹੈ ਤੇ ਬਿਖਿਆ=ਮਾਇਆ ਵਿਚ ਸਮਾ ਰਿਹਾ ਹੈ॥ ੩ ॥

ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥

ਗੁਰਮੁਖਾਂ ਦੀਆਂ ਨਜ਼ਰਾਂ ਵਿਚ ਸਭ ਕੁਝ ਆਪੇ ਆਪ ਪ੍ਰਮੇਸ਼ਰ ਹੈ, ਗੁਰਮੁਖ ਆਖਦੇ ਹਨ ਕਿ ਉਸ ਤੋਂ ਬਿਨਾਂ ਦੂਜਾ ਅਵਰੁ=ਹੋਰ ਕੋਈ ਨਹੀਂ ਹੈ।

ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥

ਜਿਵੇਂ ਪਰਮੇਸ਼ਰ ਬੁਲਾਂਦਾ ਹੈ ਤਿਵੇਂ ਗੁਰਮੁਖ ਬੋਲਦੇ ਹਨ, ਜਾਂ ਉਹ ਪਰਮੇਸ਼ਰ ਆਪ ਬੁਲਾਵੇ ਤਾਂ ਨਾਮ ਨੂੰ ਬੋਲਦੇ ਭਾਵ ਉਚਾਰਦੇ ਹਨ।

ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥

ਜਿਨ੍ਹਾਂ ਦੇ ਸਬਦਿ=ਉਪਦੇਸ਼ ਕਰਕੇ ਪਰਮੇਸ਼ਰ ਨਾਲ ਮਿਲਾਪ ਹੁੰਦਾ ਹੈ, ਉਨ੍ਹਾਂ ਮੁਖ ਗੁਰਾਂ ਦੀ ਬਾਣੀ ਬ੍ਰਹਮੁ ਹੈ=ਬੇਦ ਰੂਪ ਹੈ ਵਾ ਬ੍ਰਹਮ ਦੀ ਪ੍ਰਾਪਤੀ ਕਰਨ ਵਾਲੀ ਹੈ।

ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥ ੪ ॥ ੩੦ ॥ ੬੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਹੇ ਪੁਰਸ਼ਾ ! ਤੂੰ ਉਸ ਦੇ ਨਾਮ ਨੂੰ ਸੰਭਾਲਣਾ ਕਰ ਜਿਸ ਪ੍ਰਮੇਸ਼ਰ ਦੀ ਸੇਵਾ ਕੀਤਿਆਂ ਸੁਖ ਪ੍ਰਾਪਤ ਹੁੰਦਾ ਹੈ॥ ੪ ॥ ੩੦ ॥ ੬੩ ॥

ਸਿਰੀਰਾਗੁ ਮਹਲਾ ੩ ॥

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥

ਜਗਤ ਵਿਖੇ ਜੀਵਾਂ ਨੂੰ ਹਉਮੈ ਰੂਪੀ ਮੈਲ ਲਗ ਰਹੀ ਹੈ, *ਪ੍ਰਸ਼ਨ:-* ਕਿਵੇਂ ਲੱਗ ਰਹੀ ਹੈ?

ਗੁਰ ਉੱਤਰ:- ਮਲੁ ਲਾਗੀ ਦੂਜੈ ਭਾਇ ॥ ਦ੍ਵੈਤ ਭਾ ਦੇ ਹੋਣ ਕਰਕੇ ਹਉਮੈ ਰੂਪੀ ਮਲ ਲੱਗ ਰਹੀ ਹੈ ਏਸੇ ਕਰਕੇ ਜੀਵ ਨੇ ਦੁੱਖ ਪਾਣਾ ਕੀਤਾ ਹੈ।

ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥

ਇਹ ਹਉਮੈ ਰੂਪੀ ਮੈਲ ਆਪਣੇ ਆਪ ਧੋਣ ਨਾਲ ਕਿਸੀ ਪ੍ਰਕਾਰ ਉੱਤਰਦੀ ਨਹੀਂ ਹੈ।

ਪ੍ਰਸ਼ਨ :- ਤੀਰਥ ਉੱਪਰ ਇਸ਼ਨਾਨ ਕਰਨ ਨਾਲ ਤਾਂ ਉੱਤਰ ਜਾਂਦੀ ਹੋਵੇਗੀ ?

ਗੁਰ ਉੱਤਰ-ਇਕ ਤੀਰਥ ਕੀ, ਜੇਕਰ ਚਾਹੇ ਸਉ=ਸੈਂਕੜੇ ਤੀਰਥਾਂ ਉੱਪਰ ਜਾ ਕੇ ਇਸ਼ਨਾਨ ਕਰ ਲਵੇ ਤੋਭੀ ਇਹ ਮੈਲ ਉੱਤਰਦੀ ਨਹੀਂ। ਤੀਰਥਾਂ ਉੱਪਰ ਜਾਣ ਨਾਲ ਸਗੋਂ ਹੋਰ ਮੈਲ ਲੱਗ ਜਾਂਦੀ ਹੈ।

ਯਥਾ:- ਤੀਰਥਿ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥

ਪ੍ਰਸ਼ਨ :- ਕਰਮਾਂ ਦੇ ਕਮਾਣ ਨਾਲ ਤਾਂ ਮੈਲ ਉੱਤਰ ਜਾਂਦੀ ਹੋਂਵੇਗੀ ? ਗੁਰ ਉੱਤਰ-

ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥

ਜੋ ਪੁਰਸ਼ ਬਹੁਤ ਪ੍ਰਕਾਰ ਦੇ ਕਰਮ ਕਮਾਂਵਦੇ ਹਨ ਉਨ੍ਹਾਂ ਨੂੰ ਸਗੋਂ ਦੂਣੀ ਹਉਮੈ ਦੀ ਮੈਲ ਆ ਕੇ ਲਗਦੀ ਹੈ।

ਪ੍ਰਸ਼ਨ-ਗ੍ਰੰਥਾਂ ਦੇ ਪੜ੍ਹਣ ਨਾਲ ਮੈਲ ਉੱਤਰ ਜਾਂਦੀ ਹੋਵੇਗੀ ?

ਪੜਿਐ ਮੈਲੁ ਨ ਉੱਤਰੈ ਪੂਛਹੁ ਗਿਆਨੀਆ ਜਾਇ॥ ੧॥

ਉੱਤਰ:-ਗ੍ਰੰਥਾਂ ਦੇ ਪੜ੍ਹਣ ਨਾਲ ਭੀ ਮੈਲ ਨਹੀਂ ਉੱਤਰਦੀ, ਜੇ ਸਾਡੇ ਕਹਿਣ ਵਿਚ ਸੰਸਾ ਹੈ, ਤਾਂ ਬੇਸ਼ੱਕ ਗਿਆਨੀਆਂ ਪਾਸੋਂ ਜਾ ਕੇ ਪੁੱਛ ਲਵੋ॥ ੧॥

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥

ਹੇ ਮੇਰੇ ਪਿਆਰੇ ! ਗੁਰਾਂ ਦੀ ਸ਼ਰਨ ਵਿਖੇ ਆਵੇ ਤਾਂ ਜੀਵ ਦਾ ਮਨ ਨਿਰਮਲ ਹੁੰਦਾ ਹੈ।

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥ ੧॥ ਰਹਾਉ॥

ਮਨਮੁਖ ਪੁਰਸ਼ ਆਪਣੇ ਆਪ ਹਰਿ ਹਰਿ ਕਰਕੇ ਥੱਕ ਗਏ ਹਨ ਪ੍ਰੰਤੂ ਹਉਮੈ ਰੂਪੀ ਮੈਲ ਨੂੰ ਧੋ ਨਹੀਂ ਸਕੇ॥ ੧॥ ਰਹਾਉ॥

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥

ਮਲੀਣ ਮਨ ਹੋਣ ਕਰਕੇ ਵਾ ਮਨ ਵਿਖੇ ਹਉਮੈ ਰੂਪੀ ਮੈਲ ਦੇ ਹੋਣ ਕਰਕੇ ਪ੍ਰਮੇਸ਼ਰ ਦੀ ਭਗਤੀ ਨਹੀਂ ਹੁੰਦੀ, ਅਤੇ ਨਾ ਹੀ ਪ੍ਰਮੇਸ਼ਰ ਦਾ ਨਾਮ ਪਾਇਆ ਜਾਂਦਾ ਹੈ।

ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥

ਮੈਲੇ ਅੰਤਹਕਰਨ ਵਾਲੇ ਮਨਮੁਖ ਪੁਰਸ਼ ਹਉਮੈ ਰੂਪੀ ਮੈਲ ਵਿਚ ਲਗਿਆਂ ਹੀ ਮਰ ਗਏ ਹਨ।

ਅਥਵਾ:-ਜਦ ਤੱਕ ਜਿਉਂਦੇ ਰਹੇ ਹਨ ਤਦ ਤੱਕ ਮਨਮੁਖ ਮੈਲੇ ਹੀ ਰਹੇ ਹਨ, ਅੰਤ ਨੂੰ ਜਦ ਮਰੇ ਹਨ ਤਾਂ ਮੈਲ ਦੇ ਸਹਿਤ ਹੀ ਮਰੇ ਹਨ। ਆਪਣੀ ਇੱਜ਼ਤ ਨੂੰ ਗਵਾ ਕੇ ਪ੍ਰਲੋਕ ਵਿਖੇ ਜਾਂਦੇ ਹਨ।

ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥

ਗੁਰਾਂ ਦੀ ਕਿਰਪਾ ਦੁਆਰੇ ਮਨ ਵਿਖੇ ਨਾਮ ਵੱਸੇ, ਤਾਂ ਹਉਮੈ ਦੀ ਮੈਲ ਸਮਾਇ=ਅਭਾਵ ਹੋ ਜਾਂਦੀ ਹੈ।

ਅਥਵਾ-ਗੁਰਾਂ ਦੀ ਕਿਰਪਾ ਨਾਲ ਮਨ ਵਸੀਕਾਰ ਹੋਵੇ ਤਾਂ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ ਤੇ ਪ੍ਰਮੇਸ਼ਰ ਵਿਖੇ ਸਮਾਇ=ਅਭੇਦ ਹੁੰਦਾ ਹੈ।

ਜਿਉ ਅੰਧੇਰੈ ਦੀਪਕੁ ਬਾਲੀਐ
ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥ ੨ ॥

ਜਿਵੇਂ ਹਨੇਰੇ ਵਿਚ ਦੀਵੇ ਦੇ ਬਾਲਣ ਕਰਕੇ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਗੁੰਰਾਂ ਦੁਆਰੇ ਨਾਮ ਜਪਣ ਕਰਕੇ ਗਿਆਨ ਪ੍ਰਾਪਤ ਹੁੰਦਾ ਹੈ ਗਿਆਨ ਦੇ ਪ੍ਰਾਪਤ ਹੋਣ ਕਰਕੇ ਅਗਿਆਨ ਰੂਪ ਹਨੇਰਾ ਤਜਾਇ=ਨਵਿਰਤ ਹੋ ਜਾਂਦਾ ਹੈ॥ ੨ ॥

*ਪ੍ਰਸ਼ਨ:-*ਹਉਮੈ ਦੀ ਮੈਲ ਪੈਦਾ ਕਿਵੇਂ ਹੁੰਦੀ ਹੈ? *ਗੁਰ ਉੱਤਰ-*

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥

ਅਮਕਾ ਕਰਮ ਹਮਨੇ ਕੀਤਾ ਹੈ, ਅਤੇ ਫਲਾਣਾ ਕਰਮ ਅਸੀਂ ਕਰਾਂਗੇ, ਸਾਡੇ ਬਿਨਾਂ ਹੋਰ ਕੋਈ ਕੁਝ ਨਹੀਂ ਕਰ ਸਕਦਾ, ਐਸੇ ਸ਼ਬਦ ਉਚਾਰਨ ਕਰਕੇ ਜੀਵਾਂ ਨੂੰ ਹਉਮੈ ਦੀ ਮੈਲ ਲੱਗ ਰਹੀ ਹੈ ਇਸ ਕਰਕੇ ਹਮ=ਤਮਾਮ ਜੀਵ ਮੂਰਖ ਤੇ ਗਾਵਾਰ= ਚੰਡਾਲ ਹੋ ਰਹੇ ਹਨ।

*ਅਥਵਾ:-*ਅਮਕਾ ਕਰਮ ਹਮ ਨੇ ਕੀਤਾ ਹੈ ਐਸੇ ਕਹਿਣ ਵਾਲੇ ਤਾਂ ਤਮਾਮ ਜੀਵ ਮੂਰਖ ਹਨ। ਅਮਕਾ ਕਰਮ ਅਸੀਂ ਅਗਾਂਹ ਕਰਾਂਗੇ ਐਸੇ ਕਹਿਣ ਵਾਲੇ ਤਮਾਮ ਜੀਵ ਗਵਾਰ ਹਨ।

ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥

ਸਾਰਿਆਂ ਦੇ ਪੈਦਾ ਕਰਨ ਵਾਲਾ ਜੋ ਪ੍ਰਭੂ ਹੈ ਉਹ ਮੂਰਖਾਂ ਨੂੰ ਭੁੱਲ ਗਿਆ ਹੈ, ਕਿਉਂਕਿ ਮੂਰਖ ਪੁਰਸ਼ ਦ੍ਵੈਤ ਭਾਵ ਵਿਖੇ ਪਿਆਰ ਕਰਦੇ ਹਨ।

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥

ਜੇਡਾ ਵੱਡਾ ਦੁੱਖ ਮਾਇਆ ਦਾ ਹੈ ਏਡਾ ਵੱਡਾ ਦੁੱਖ ਹੋਰ ਕੋਈ ਨਹੀਂ ਹੈ, ਮਾਇਆ ਪਿੱਛੇ ਲੱਗ ਕੇ ਮਨਮੁਖ ਪੁਰਸ਼ ਸਾਰੇ ਸੰਸਾਰ ਵਿਖੇ ਭਵਿ=ਫਿਰ ਕੇ ਥੱਕ ਗਏ ਹਨ।

ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥ ੩ ॥

ਗੁਰਾਂ ਦੀ ਸਿੱਖਿਆ ਦੁਆਰੇ ਸੱਚ ਨਾਮ ਨੂੰ ਹਿਰਦੇ ਵਿਚ ਧਾਰੇ ਤਾਂ ਸੁਖ ਪ੍ਰਾਪਤ ਹੁੰਦਾ ਹੈ॥ ੩ ॥

ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥

ਜਿਸ ਨੂੰ ਪ੍ਰਮੇਸ਼ਰ ਗੁਰਾਂ ਨਾਲ ਮੇਲਦਾ ਹੈ ਓਹੀ ਨਾਮ ਨਾਲ ਮਿਲਦਾ ਹੈ, ਮੈਂ ਉਸ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥

ਨਿਜ ਥਾਉ=ਸਰੂਪ ਦੀ ਪ੍ਰਾਪਤੀ ਕਰਨ ਵਾਲੀ ਜੋ ਸੱਚੀ ਉਪਦੇਸ਼ ਬਾਣੀ ਹੈ ਉਸ ਦੁਆਰੇ ਇਹ ਮਨ ਭਗਤੀ ਵਿਖੇ ਰਤਿਆ=ਤਦਾਕਾਰ ਹੋਇਆ ਹੈ।

ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥

ਮਨ ਦੇ ਤਦਾਕਾਰ ਹੋਣ ਕਰਕੇ ਜਿਹਵਾ ਭੀ ਸੱਚੇ ਹਰੀ ਦੇ ਗੁਣ ਗਾਉਣੇ ਵਿਚ ਰਤੀ=ਤਦਾਕਾਰ ਹੋਈ ਹੈ।

ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥ ੪ ॥ ੩੧ ॥ ੬੪ ॥

ਗੁਰੂ ਜੀ ਆਖਦੇ ਹਨ ਜਿਨ੍ਹਾਂ ਨੂੰ ਪਰਮੇਸ਼ਰ ਦਾ ਨਾਮ ਨਹੀਂ ਭੁੱਲਦਾ ਉਹ ਸੱਚੇ ਵਿਚ ਅਭੇਦ ਹੁੰਦੇ ਹਨ॥ ੪॥ ੩੧॥ ੩੩॥ ੬੪॥

੩੧ ਸ਼ਬਦ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ, ੩੩ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ਸਾਰੇ ੬੪ ਸ਼ਬਦ ਆ ਚੁੱਕੇ ਹਨ।

ਅੱਗੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੇ ਮੁਖਾਰਬਿੰਦ ਤੋਂ ਬਾਣੀ ਉਚਾਰਦੇ ਹਨ।

ਗਰੀਬ ਨਿਵਾਜ ਇਨ੍ਹਾਂ ਸ਼ਬਦਾਂ ਦੁਆਰੇ ਆਪਣਾ ਪ੍ਰੇਮ ਦੱਸਦੇ ਹਨ -

ਸਿਰੀਰਾਗੁ ਮਹਲਾ ੪ ਘਰੁ ੧ ॥

ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ ॥

ਮੇਰੇ ਮਨ ਤਨ ਵਿਖੇ ਪ੍ਰਭੂ ਦਾ ਬਿਰਹੁ=ਪ੍ਰੇਮ ਅਤਸੈ ਕਰਕੇ ਅਗਲਾ=ਬਹੁਤ ਹੈ, ਪ੍ਰੀਤਮੁ=ਪ੍ਰਮਾਤਮਾ ਹਿਰਦੇ ਘਰ ਵਿਚ ਕਿਵੇਂ ਆ ਕੇ ਮਿਲੇ।

ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ ॥

ਜਾਂ ਮੈਂ ਆਪਣੇ ਪ੍ਰਭੂ ਨੂੰ ਵੇਖਾਂ ਤਾਂ ਅਨੰਦ ਹੋ ਜਾਵਾਂ, ਕਿਉਂਕਿ ਪ੍ਰਭੂ ਦੇ ਦੇਖਣ ਨਾਲ ਹੀ ਸਾਰਾ ਦੁੱਖ ਚਲਾ ਜਾਂਦਾ ਹੈ।

ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ ॥ ੧ ॥

ਤਿਨ੍ਹਾਂ ਸਜਣਾ=ਗੁਰਾਂ ਪਾਸੋਂ ਜਾ ਕੇ ਪੁੱਛਣਾ ਕਰੋ, ਕਿ ਪ੍ਰਭੂ ਪ੍ਰਮਾਤਮਾ ਕਿਸ ਬਿਧੀ ਨਾਲ ਮਿਲਦਾ ਹੈ ਆਪ ਉਸ ਨਾਲ ਮਿਲਾਣਾ ਕਰੋ॥ ੧॥

ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ ॥

ਹੇ ਮੇਰੇ ਸਤਿਗੁਰੋ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ ਹੈ।

ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ ॥੧ ॥ਰਹਾਉ ॥

ਅਸੀਂ ਮਨ ਬਾਣੀ ਕਰਕੇ ਮੂਰਖ ਮੁਗਧ ਆਪ ਜੀ ਦੀ ਸ਼ਰਨ ਵਿਖੇ ਪ੍ਰਾਪਤ ਹੋਇ ਹਾਂ ਆਪ ਐਸੀ ਕਿਰਪਾ ਕਰੋ, ਜਿਸ ਕਰਕੇ ਉਹ ਹਰੀ ਸਾਨੂੰ ਆਪਣੇ ਨਾਲ ਮੇਲ ਲਵੇ॥ ੧॥ ਰਹਾਉ॥

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥

ਹਰੀ ਨਾਮ ਦੇ ਦਾਤੇ ਜੋ ਸਤਿਗੁਰੂ ਹਨ ਉਹ ਤਾਂ ਮਿਲਦੇ ਹਨ ਜਦੀ ਉਹ ਪ੍ਰਭੂ ਆਪ ਮਿਲਾਣਾ ਕਰੇ।

ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥

ਜਿਨ੍ਹਾਂ ਸਤਿਗੁਰਾਂ ਨੇ ਹਰਿ ਪ੍ਰਭੂ ਨੂੰ ਆਪ ਬੁੱਝ ਲਿਆ ਹੈ, ਉਨ੍ਹਾਂ ਗੁਰਾਂ ਜੇਡਾ ਵੱਡਾ ਸੰਸਾਰ ਵਿਚ ਹੋਰ ਕੋਈ ਨਹੀਂ ਹੈ।

ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥ ੨ ॥

ਜੇਕਰ ਐਸੇ ਗੁਰਾਂ ਦੀ ਸ਼ਰਨ ਵਿਖੇ ਢਹਿ ਪਵਾ=ਡਿਗ ਪਵਾਂ, ਤਾਂ ਮੈਨੂੰ ਬੜੀ ਉਮੀਦ ਹੈ ਕਿ ਉਹ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਉਸ ਪ੍ਰਭੂ ਨਾਲ ਮੇਲ ਦੇਣਗੇ॥ ੨ ॥

ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥

ਗੁਰਾਂ ਤੋਂ ਬਗੈਰ ਮਨ ਦੇ ਹੱਠ ਕਰਕੇ ਕਿਸੇ ਪੁਰਸ਼ ਨੇ ਭੀ ਪ੍ਰਮੇਸ਼ਰ ਨੂੰ ਨਹੀਂ ਪਾਇਆ, ਆਪਣੇ ਆਪ ਅਨੇਕ ਪ੍ਰਕਾਰ ਦੇ ਉਪਾਵ=ਜਤਨ ਕਰਕੇ ਸਭ ਕੋਈ ਥੱਕ ਰਹੇ ਹਨ।

ਅਰਥਾਤ ਗੁਰਾਂ ਤੋਂ ਬਿਨਾਂ ਮਨ ਦੇ ਹੱਠ ਕਰਕੇ ਜਪ ਤਪ ਆਦਿਕ ਅਨੇਕਾਂ ਕਰਮ ਕਰਦੇ ਹਨ ਪਰ ਉਸ ਦੀ ਪ੍ਰਾਪਤੀ ਹੁੰਦੀ ਨਹੀਂ ਹੈ।

[ਪੰਨਾ ੪੦]

ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥

ਮਨਮੁਖ ਪੁਰਸ਼ ਸ਼ਾਸਤ੍ਰਾਂ ਦਾ ਪੜ੍ਹਨਾ ਅਤੇ ਵਰਤ ਰੱਖਣੇ ਇਤਆਦਿ ਹਜ਼ਾਰਾਂ ਸਿਆਣਪਾਂ ਵਾਲੇ ਉਪਾਵਕਰ ਰਹੇ ਹਨ, ਪਰੰਤੂ ਫਿਰ ਵੀ ਉਨ੍ਹਾਂ ਦਾ ਜੋ ਮਨ ਰੂਪ ਕੋਰਾ ਬਸਤ੍ਰ ਹੈ ਜੋ ਪ੍ਰਮੇਸ਼ਰ ਦੇ ਭੈ ਧਾਰਨੇ ਰੂਪ ਖੁੰਭ ਉਪਰ ਨਹੀਂ ਚੜ੍ਹਿਆ ਤੇ ਸ਼ਰਮ ਰੂਪ ਪਾਹ ਤੋਂ ਰਹਿਤ ਹੈ ਉਸ ਨੂੰ ਭਗਤੀ ਰੂਪੀ ਵਾ ਵੈਰਾਗ ਰੂਪ ਰੰਗ ਨ ਹੋਇ=ਨਹੀਂ ਹੁੰਦਾ।

ਜੇ ਕੋਈ ਮੁਖ ਨਾਲ ਆਪਣੇ ਆਪ ਕਹਿੰਦਾ ਰਹੇ ਕਿ ਮੈਂ ਪਰਮੇਸ਼ਰ ਨੂੰ ਪਾ ਲਿਆ ਹੈ ਤਾਂ ਗੁਰੂ ਜੀ ਕਹਿੰਦੇ ਹਨ -

ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥ ੩ ॥

ਕੂੜਿ=ਝੂਠ ਬੋਲਣ ਕਰਕੇ ਅਤੇ ਕਪਟ ਕਰਨ ਨਾਲ ਕਿਸੀ ਨੇ ਭੀ ਪ੍ਰਮੇਸ਼ਰ ਨੂੰ ਨਹੀਂ ਪਾਇਆ।

ਜਿਵੇਂ ਜ਼ਿਮੀਂਦਾਰ ਧਰਤੀ ਵਿਖੇ ਜੋ ਬੀਜ ਬੀਜਦਾ ਹੈ ਅੰਤ ਨੂੰ ਓਹੀ ਕੱਟ ਕੇ ਖਾਂਦਾ ਹੈ।

ਤਿਵੇਂ ਇਹ ਜੀਵ ਜੈਸਾ ਕਰਮਾਂ ਰੂਪ ਬੀਜ ਬੀਜਦਾ ਹੈ ਉਸੇ ਅਨੁਸਾਰ ਫਲ ਖਾਂਦਾ ਹੈ ਜੇਕਰ ਝੂਠ ਬੋਲਣਾ ਤੇ ਕਪਟ ਆਦਿਕ ਕਰਨੇ ਰੂਪ ਬੀਜ ਬੀਜਦਾ ਹੈ ਤਾਂ ਦੁੱਖ ਹੀ ਭੋਗਦਾ ਹੈ॥ ੩ ॥

ਹੁਣ ਗਿਆਨਵਾਨਾਂ ਦਾ ਨਿਸਚਾ ਦਿਖਾਂਦੇ ਹਨ, ਬ੍ਰਹਮ ਗਿਆਨੀ ਐਸੇ ਆਖਦੇ ਹਨ:-

ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ ॥

ਹੇ ਪ੍ਰਭੂ ! ਸਾਰੇ ਜੀਵ ਤੇਰੇ ਪੈਦਾ ਕੀਤੇ ਹੋਇ ਹਨ, ਤੂੰ ਹੀ ਸਾਰਿਆਂ ਨੂੰ ਸ੍ਵਾਸਾਂ ਰੂਪ ਪੂੰਜੀ ਦੇ ਰਿਹਾ ਹੈਂ, ਪੁਨਾ ਸਾਰਿਆਂ ਜੀਵਾਂ ਨੂੰ ਤੇਰੀ ਹੀ ਆਸਾ ਲਗ ਰਹੀ ਹੈ।

ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ ॥

ਹੇ ਪ੍ਰਭੂ ! ਆਪ ਤੋਂ ਖਾਲੀ ਕੋਈ ਭੀ ਨਹੀਂ, ਭਾਵ ਸਭ ਦੇ ਅੰਦਰ ਆਪ ਜੀ ਦੀ ਚੇਤਨ ਸੱਤਾ ਹੈ, ਆਪ ਸਾਰਿਆਂ ਅੰਦਰ ਵਿਆਪਕ ਹੋ। ਜਿਨ੍ਹਾਂ ਗੁਰਮੁਖਾਂ ਨੇ ਆਪਣੇ ਦਰਿ=ਅੰਦਰ ਆਪ ਦੀ ਚੇਤਨ ਸੱਤਾ ਨੂੰ ਵੇਖਿਆ ਹੈ ਉਨ੍ਹਾਂ ਨੂੰ ਸਾਬਾਸਿ=ਧੰਨਤਾ ਜੋਗ ਮਿਲਦੀ ਹੈ।

ਅਥਵਾ:-ਹੇ ਪ੍ਰਭੂ ਭਾਵੇਂ ਆਪ ਤੋਂ ਖਾਲੀ ਕੋਈ ਨਹੀਂ ਹੈ, ਭਾਵ ਸਾਰਿਆਂ ਨੇ ਤੈਨੇ ਆਪ ਹੀ ਦਾਤਾਂ ਦਿੱਤੀਆਂ ਹਨ, ਪਰ ਤੇਰੇ ਦਰਿ=ਦਰਬਾਰ ਪ੍ਰਲੋਕ ਵਿਖੇ ਗੁਰਮੁਖਾਂ ਨੂੰ ਧੰਨਤਾ ਜੋਗ ਮਿਲਦੀ ਹੈ।

ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ ॥੪ ॥੧ ॥੬੫ ॥

ਗੁਰੂ ਜੀ ਆਖਦੇ ਹਨ-ਹੇ ਪ੍ਰਭੂ ! ਮੈਂ ਜਨ ਦੀ ਆਪ ਜੀ ਦੇ ਅੱਗੇ ਏਹੋ ਅਰਦਾਸਿ=ਬੇਨਤੀ ਹੈ, ਕਿ ਬਿਖ ਰੂਪ ਸੰਸਾਰ ਸਮੁੰਦਰ ਵਿਚ ਡੁੱਬਦੇ ਹੋਇ ਜੀਵ ਨੂੰ ਆਪ ਕੱਢ ਲੈਣਾ ਕਰੋ॥ ੪॥ ੧॥ ੬੫॥

ਸਿਰੀਰਾਗੁ ਮਹਲਾ ੪ ॥

ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ ॥

ਪਰਮੇਸ਼ਰ ਦਾ ਨਾ ਮਿਲਣੇ ਕਰਕੇ ਮਨ ਤ੍ਰਿਪ ਹੁੰਦਾ ਹੈ, ਨਾਮ ਤੋਂ ਬਿਨਾ ਜੀਵ ਨੂੰ ਜੋ ਜੀਵਣੇ ਦੀ ਆਸ ਹੈ ਉਸ ਨੂੰ ਧ੍ਰਿਕਾਰ ਹੈ।

ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ ॥

ਜੇ ਕੋਈ ਗੁਰਮੁਖ ਸੱਜਣ ਭਾਵ ਗਿਆਨਵਾਨ ਮਿੱਤ੍ਰ ਮਿਲ ਜਾਵੇ, ਤਾਂ ਉਹ ਮੈਨੂੰ ਸ਼ੁਭ ਗੁਣਾਂ ਦੇ ਤਾਸੁ=ਖਜ਼ਾਨੇ ਪ੍ਰਭੂ ਨੂੰ ਦੱਸ ਦੇਵੇ।

ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ ॥ ੧ ॥

ਮੈਂ ਉਸ ਪੁਰਸ਼ ਦੇ ਉੱਪਰੋਂ ਚਉ ਖੰਨੀਐ=ਚਾਰ ਟੁਕੜੇ ਭਾਵ ਬਲਿਹਾਰ ਜਾਂਦਾ ਹਾਂ, ਜੋ ਮੈਨੂੰ ਨਾਮ ਦਾ ਪ੍ਰਕਾਸ਼ ਕਰੇ ਭਾਵ ਨਾਮ ਦਾ ਉਪਦੇਸ਼ ਦੇਵੇ॥ ੧॥

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥

ਹੇ ਮੇਰੇ ਪ੍ਰੀਤਮ ਸ਼ਤਿਗੁਰ ਦੇਵ ਜੀ ! ਮੈਂ ਨਾਮ ਨੂੰ ਧਿਆ ਕੇ ਜਿਉਂਦਾ ਹਾਂ।

ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧ ॥ਰਹਾਉ ॥

ਨਾਮ ਸਿਮਰਨ ਤੋਂ ਬਿਨਾਂ ਮੇਰਾ ਜੀਵਨ ਨਹੀਂ ਹੁੰਦਾ, ਇਸ ਕਰਕੇ ਹੇ ਮੇਰੇ ਸਤਿਗੁਰੋ ! ਮੈਨੂੰ ਆਪ ਨਾਮ ਦ੍ਰਿੜ੍ਹਾਉਣਾ ਕਰੋ ਭਾਵ ਨਾਮ ਉੱਪਰ ਨਿਸਚਾ ਕਰਾਓ॥ ੧॥ ਰਹਾਉ॥

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥

ਪ੍ਰਭੂ ਦਾ ਨਾਮ ਇਕ ਅਮੋਲਕ ਰਤਨ ਹੈ, ਪ੍ਰੰਤੂ ਇਹ ਰਤਨ ਰੂਪ ਨਾਮ ਬ੍ਰਹਮ ਨੇਸ਼ਟੀ ਬ੍ਰਹਮ ਸੋ੍ਤੀ ਪੂਰਿਆਂ ਸ਼ਤਿਗੁਰਾਂ ਪਾਸ ਹੈ। *ਪ੍ਰਸ਼ਨ-* ਇਹ ਪ੍ਰਾਪਤ ਕਿਵੇਂ ਹੁੰਦਾ ਹੈ? *ਗੁਰ ਉੱਤਰ-*

ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥

ਜਦੋਂ ਇਹ ਪੁਰਸ਼ ਤਨੋਂ ਮਨੋਂ ਹੋ ਕੇ ਸਤਿਗੁਰਾਂ ਦੀ ਸੇਵਾ ਕਰਨ ਵਿਖੇ ਲਗ ਜਾਵੇ ਤਾਂ ਗੁਰੂ ਸਾਹਿਬ ਜੀ ਪ੍ਰਕਾਸ਼ ਰੂਪ ਰਤਨ ਨੂੰ ਭਾਵ ਨਾਮ ਨੂੰ ਕੱਢ ਦੇਂਦੇ ਹਨ।

ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥ ੨ ॥

ਉਹ ਵਡਭਾਗੀ ਪੁਰਸ਼ ਧੰਨਤਾ ਜੋਗ ਵਡਿਆਂ ਭਾਗਾਂ ਵਾਲੇ ਹਨ, ਜੋ ਗੁਰਾਂ ਪਾਸ ਆ ਕੇ ਮਿਲੇ ਹਨ॥ ੨॥

ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ॥

ਜਿਨ੍ਹਾਂ ਪੁਰਸ਼ਾਂ ਨੂੰ ਸਤਿਗੁਰੂ ਪੁਰਖ ਨਹੀਂ ਮਿਲੇ, ਉਹ ਭਾਗਹੀਣ=ਪੁੰਨਾਂ ਤੋਂ ਰਹਿਤ ਸਦਾ ਕਾਲ ਦੇ ਅਧੀਨ ਰਹਿੰਦੇ ਹਨ।

ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ॥

ਉਹ ਪੁਰਸ਼ ਵਾਰੰਵਾਰ ਜੂਨੀਆਂ ਵਿਚ ਭਵਾਈਅਹਿ=ਫਿਰਾਏ ਜਾਂਦੇ ਹਨ, ਅਤੇ ਮਾਂ ਦੇ ਗਰਭ ਵਿਖੇ ਵਿਸ਼ਟਾ ਵਿਚ ਭਿਆਨਕ ਸਰੂਪ ਕੀਤਾ ਜਾਂਦਾ ਹੈ।

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥ ੩॥

ਜਿਨ੍ਹਾਂ ਪੁਰਸ਼ਾਂ ਦੇ ਅੰਦਰ ਕ੍ਰੋਧ ਰੂਪ ਚੰਡਾਲ ਹੈ ਉਨ੍ਹਾਂ ਦੇ ਪਾਸਿ ਦੁਆਸਿ=ਆਲੇ ਦੁਆਲੇ ਨ ਭਿਟੀਐ=ਨਾ ਛੋਹੀਏ॥ ੩॥

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ॥

ਸਤਿਗੁਰੂ ਪੁਰਖ ਨਾਮ ਗਿਆਨ ਰੂਪ ਅੰਮ੍ਰਿਤ ਦੇ ਸਰੋਵਰ ਹਨ ਵਡਿਆਂ ਭਾਗਾਂ ਵਾਲੇ ਪੁਰਸ਼ ਤਿਸ ਸਰੋਵਰ ਵਿਖੇ ਆ ਕੇ ਇਸ਼ਨਾਨ ਕਰਦੇ ਹਨ।

ਜੋ ਪੁਰਸ਼ ਸਤਿਗੁਰੂ ਰੂਪ ਸਰੋਵਰ ਵਿਚ ਇਸ਼ਨਾਨ ਕਰਦੇ ਹਨ।

ਉਨ ਜਨਮ ਜਨਮ ਕੀ ਮੈਲੁ ਉੱਤਰੈ ਨਿਰਮਲ ਨਾਮੁ ਦ੍ਰਿੜਾਇ॥

ਉਨ੍ਹਾਂ ਦੀ ਜਨਮਾਂ ਜਨਮਾਂਤਰਾਂ ਦੀ ਪਾਪਾਂ ਰੂਪੀ ਮੈਲ ਉੱਤਰ ਜਾਂਦੀ ਹੈ, ਕਿਉਂਕਿ ਸਤਿਗੁਰ ਦੇਵ ਜੀ ਉਸ ਨੂੰ ਨਿਰਮਲ ਨਾਮ ਦ੍ਰਿੜਾਂਵਦੇ ਹਨ।

ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ॥ ੪॥ ੨॥ ੬੬॥

ਉਨ੍ਹਾਂ ਗੁਰਮੁਖ ਜਨਾਂ ਨੇ ਸਤਿਗੁਰਾਂ ਦੀ ਸਿੱਖਿਆ ਦੁਆਰੇ ਪਰਮੇਸ਼ਰ ਵਿਖੇ ਲਿਵ ਲਗਾ ਕੇ ਉੱਤਮ ਪਦ ਪਾਇਆ ਹੈ॥ ੪॥ ੨॥ ੬੬॥

ਸਿਰੀਰਾਗੁ ਮਹਲਾ ੪॥

ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ॥

ਹੇ ਮੇਰੇ ਭਾਈ ! ਹਰੀ ਦੇ ਗੁਣ ਗਾਵਣਾ ਕਰ, ਗੁਣਾਂ ਨੂੰ ਹੀ ਵਿਸਤੀਰਨ ਕਰ, ਗੁਣਾਂ ਦੇ ਸਾਥ ਮਿਲੀ ਹੋਈ ਬਾਣੀ ਨੂੰ ਬੋਲਣਾ ਕਰ।

ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ॥

ਸਜਣੁ=ਪਰਉਪਕਾਰੀ ਜੋ ਗੁਰਮੁਖ ਹਨ ਸ਼ੁਭ ਗੁਣਾਂ ਦੀ ਪ੍ਰਾਪਤੀ ਕਰਨ ਵਾਲੇ, ਉਨ੍ਹਾਂ ਸੱਜਣਾਂ ਨਾਲ ਮਿਲ ਕੇ ਹਰੀ ਗੁਣਾਂ ਨੂੰ ਗਾਵਣਾ ਕਰ।

ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ॥ ੧॥

ਜਿਸ ਨੂੰ ਨਾਮ ਰੂਪ ਚਲੂਲੈ=ਗਾੜ੍ਹਾ ਰੰਗ ਚੜ੍ਹਿਆ ਹੈ ਉਹ ਜੀਵ ਰੂਪ ਹੀਰਾ ਪ੍ਰਮੇਸ਼ਰ ਰੂਪ ਹੀਰੇ ਨਾਲ

ਮਿਲ ਕੇ ਬੇਧਿਆ=ਅਭੇਦ ਹੋਇਆ ਹੈ॥ ੧॥

ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ॥

ਹੇ ਮੇਰੇ ਭਾਈ ! ਪਰਮੇਸ਼ਰ ਦੇ ਗੁਣ ਗਾਉਣਾ ਕਰ, ਗੁਣਾਂ ਦੇ ਗਾਉਣ ਕਰਕੇ ਮਨ ਵਿਖੇ ਤ੍ਰਿਪਤੀ ਹੁੰਦੀ ਹੈ।

ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ॥ ੧॥ ਰਹਾਉ॥

ਜਿਨ੍ਹਾਂ ਦੇ ਅੰਦਰ ਹਰੀ ਨਾਮ ਜਪਣ ਦੀ ਪਿਆਸ ਹੈ, ਉਨ੍ਹਾਂ ਨੂੰ ਗੁਰੂ ਸਾਹਿਬ ਜੀ ਤੁਸਿ=ਪ੍ਰਸੰਨ ਹੋ ਕੇ ਨਾਮ ਨਾਲ ਵਾ ਪਰਮੇਸ਼ਰ ਨਾਲ ਮਿਲਾਂਦੇ ਹਨ॥ ੧॥ ਰਹਾਉ॥

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ॥

ਹੇ ਵਡਭਾਗੀਓ ! ਤੁਸੀਂ ਆਪਣੇ ਮਨ ਨੂੰ ਗੁਰ ਸੇਵਾ ਵਿਚ ਰੰਗਣਾ ਕਰੋ, ਭਾਵ ਤਕੜੇ ਹੋ ਕੇ ਗੁਰ ਸੇਵਾ ਕਰੋ, ਤਾਂ ਗੁਰੂ ਤੁਠਾ=ਪ੍ਰਸੰਨ ਹੋ ਕੇ ਤੁਹਾਨੂੰ ਪਸਾਉ=ਦਾਤ ਦੇਣਾ ਕਰਨਗੇ।

ਪ੍ਰਸ਼ਨ-ਕਿਹੜੀ ਦਾਤ ਦੇਣਗੇ? ਗੁਰ ਉੱਤਰ-

ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥

ਗੁਰੂ ਸਾਹਿਬ ਜੀ ਰੰਗ ਸਿਉ=ਪ੍ਰੇਮ ਸਹਿਤ ਨਾਮ ਨੂੰ ਦ੍ਰਿੜ੍ਹ ਕਰਾਉਣਗੇ, ਇਸ ਤੇ ਅਸੀਂ ਸਤਿਗੁਰਾਂ ਦੇ ਉੱਪਰ ਬਲਿਹਾਰ ਜਾਂਦੇ ਹਾਂ।

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ॥ ੨॥

ਇਹ ਨਿਯਮ ਹੈ ਕਿ ਸਤਿਗੁਰਾਂ ਤੋਂ ਬਿਨਾਂ ਹਰੀ ਦਾ ਨਾਮ ਨਹੀਂ ਲੱਭਦਾ, ਚਾਹੇ ਲੱਖਾਂ ਕ੍ਰੋੜਾਂ ਕਰਮਾਂ ਨੂੰ ਕਮਾਣਾ ਕਰੇ॥ ੨॥

ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ॥

ਸ੍ਰੇਸ਼ਟ ਭਾਗਾਂ ਤੋਂ ਬਿਨਾਂ ਪੂਰਨ ਸਤਿਗੁਰ ਦੇਵ ਜੀ ਨਹੀਂ ਮਿਲਦੇ, ਚਾਹੇ ਇਸ ਜੀਵ ਦੇ ਨਿਕਟਿ=ਨੇੜੇ ਹੀ ਬੈਠੇ ਹਨ ਤੇ ਚਾਹੇ ਇਹ ਜੀਵ ਭੀ ਪਾਸ ਵੱਸਦਾ ਹੈ।

*ਅਥਵਾ:-*ਚਾਹੇ ਗੁਰਾਂ ਦਾ ਘਰ ਵੀ ਨਿਕਟਿ=ਨੇੜੇ ਹੋਵੇ, ਤੇ ਇਹ ਜੀਵ ਭੀ ਪਾਸ ਬੈਠਾ ਹੋਵੇ ਤੌਭੀ ਸ੍ਰੇਸ਼ਟ ਭਾਗਾਂ ਤੋਂ ਬਿਨਾਂ ਸਤਿਗੁਰੂ ਨਹੀਂ ਮਿਲਦੇ।

ਪ੍ਰਸ਼ਨ-ਪਾਸ ਰਹਿੰਦਿਆਂ ਹੋਇਆਂ ਨਾ ਮਿਲਣ ਦਾ ਕਾਰਨ ਕੀ ਹੈ? ਗੁਰ ਉੱਤਰ-

ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ॥

ਇਕ ਤਾਂ ਜੀਵ ਦੇ ਹਿਰਦੇ ਅੰਦਰ ਦੁਖਦਾਈ ਅਗਿਆਨ ਹੈ, ਦੂਜਾ ਹਿਰਦੇ ਵਿਚ ਭਰਮ ਦਾ ਪੜਦਾ ਪਿਆ ਹੋਇਆ ਹੈ। ਉਸੇ ਭਰਮ ਕਰਕੇ ਗੁਰਾਂ ਨੂੰ ਪਰਮੇਸ਼ਰ ਰੂਪ ਨਹੀਂ ਸਮਝਦਾ, ਏਸ ਕਰਕੇ ਦੂਰਤਾ ਪੈ ਰਹੀ ਹੈ।

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ॥ ੩॥

ਲੋਹੇ ਦੇ ਸਮਾਨ ਜੋ ਮਨਮੁਖ ਪੁਰਸ਼ ਹੈ, ਉਹ ਸਤਿਗੁਰਾਂ ਰੂਪ ਪਾਰਸ ਨਾਲ ਮਿਲੇ ਬਿਨਾਂ, ਕੰਚਨੁ=ਸੋਨੇ ਵਾਂਗੂੰ ਸ਼ੁੱਧ ਨਹੀਂ ਹੁੰਦਾ, ਪੁਨਾ ਭਗਤੀ ਰੂਪੀ ਬੇੜੀ ਵਾ ਸਤਸੰਗ ਰੂਪ ਬੇੜੀ ਪਾਸ ਹੀ ਹੈ ਪਰ ਉਸ ਉੱਤੇ ਚੜ੍ਹਦਾ ਨਹੀਂ ਇਸ ਕਰਕੇ ਮਨਮੁਖ ਰੂਪ ਲੋਹਾ ਸੰਸਾਰ ਨਦੀ ਵਿਖੇ ਡੁੱਬ ਰਿਹਾ ਹੈ॥ ੩॥

ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥

ਪ੍ਰਸ਼ਨ :- ਮਲਾਹ ਰੂਪ ਸਤਿਗੁਰਾਂ ਪਾਸ ਜੋ ਹਰੀ ਨਾਮ ਰੂਪ ਬੋਹਿਥੁ=ਜਹਾਜ਼ ਹੈ ਉਸ ਉੱਪਰ ਕਿਸ ਬਿਧੀ ਨਾਲ ਚੜ੍ਹਿਆ ਜਾਂਦਾ ਹੈ ? ਉੱਤਰ:-

ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥

ਜੋ ਪੁਰਸ਼ ਸਤਿਗੁਰਾਂ ਦੇ ਭਾਣੇ=ਹੁਕਮ ਅਨੁਸਾਰ ਚਲਦਾ ਹੈ ਭਾਵ ਆਗਿਆ ਦਾ ਪਾਲਣ ਕਰਦਾ ਹੈ ਉਹ ਪੁਰਸ਼ ਇਸ ਨਾਮ ਰੂਪ ਜਹਾਜ਼ ਵਿਚ ਆ ਕੇ ਬੈਠਦਾ ਹੈ।

ਧੰਨੁ ਧੰਨੁ ਵਡਭਾਗੀ ਨਾਨਕਾ
ਜਿਨਾ ਸਤਿਗੁਰੁ ਲਏ ਮਿਲਾਇ ॥ ੪ ॥ ੩ ॥ ੬੭ ॥

ਸਤਿਗੁਰ ਦੇਵ ਜੀ ਆਖਦੇ ਹਨ ਉਹ ਵਡਭਾਗੀ ਪੁਰਸ਼ ਧੰਨ ਤੇ ਧੰਨ ਹਨ ਭਾਵ ਧੰਨਤਾ ਦੇ ਯੋਗ ਹਨ ਜਿਨ੍ਹਾਂ ਨੂੰ ਸਤਿਗੁਰ ਦੇਵ ਜੀ ਆਪਣੇ ਨਾਲ ਵਾ ਪਰਮੇਸ਼ਰ ਨਾਲ ਮਿਲਾ ਲੈਂਦੇ ਹਨ॥ ੪॥

[ਪੰਨਾ ੪੧]

ਸਿਰੀਰਾਗੁ ਮਹਲਾ ੪ ॥

ਅਬ ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਸਾਹਿਬ ਜੀ ਕਥਨ ਕਰਦੇ ਹਨ। ਜਗਿਆਸੂ ਰੂਪ ਸਖੀ ਕਹਿੰਦੀ ਹੈ।

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥

ਮੈਂ ਪ੍ਰਭੂ ਦੀ ਪ੍ਰਾਪਤੀ ਦੇ ਪੰਥੁ=ਰਸਤੇ ਨੂੰ ਨਿਤਾਪ੍ਰਤੀ ਖੜੀ=ਸਾਵਧਾਨ ਹੋ ਕੇ ਵਾ ਸਮਾਹਤ ਚਿੱਤ ਹੋ ਕੇ ਦਸਾਈ=ਪੁੱਛਦੀ ਹਾਂ, ਐਸਾ ਕੋਈ ਹੈ ਜੋ ਪ੍ਰਭੂ ਦੀ ਪ੍ਰਾਪਤੀ ਦੇ ਰਸਤੇ ਨੂੰ ਦੱਸੇ ਤੇ ਮੈਂ ਉਸ ਰਸਤੇ ਵਿਖੇ ਜਾਵਾਂ। ਵਾ ਮੈਂ ਤਿਸ ਤੋਂ ਬਲਿਹਾਰ ਜਾਵਾਂ।

ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥

ਜਿਨ੍ਹਾਂ ਨੇ ਮੇਰੇ ਪਿਆਰੇ ਪ੍ਰਭੂ ਦੇ ਅਨੰਦ ਨੂੰ ਰਾਵਿਆ=ਭੋਗਿਆ ਹੈ ਤਿਨ੍ਹਾਂ ਦੇ ਪਿੱਛੇ ਮੈਂ ਲੱਗੀ ਫਿਰਦੀ ਹਾਂ।

ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ ॥ ੧ ॥

ਉਨ੍ਹਾਂ ਅੱਗੇ ਮੈਂ ਮਿੰਨਤ=ਬੇਨਤੀ ਕਰਦੀ ਹਾਂ, ਅਤੇ ਜੋਦੜੀ=ਸੇਵਾ ਟਹਿਲ ਕਰਦੀ ਹਾਂ, ਜੇ ਉਹ ਅੱਗੋਂ ਕਹਿਣ ਕਿ ਤੂੰ ਸਾਡੀ ਸੇਵਾ ਕਿਉਂ ਕਰਦੀ ਹੈਂ ਤਾਂ ਮੈਂ ਕਹਾਂਗੀ ਕਿ ਮੈਨੂੰ ਪ੍ਰਭੂ ਨਾਲ ਮਿਲਣ ਦਾ ਚਾਉ ਹੈ ਆਪ ਕਿਰਪਾ ਕਰਕੇ ਉਸ ਨਾਲ ਮਿਲਾ ਦਿਓ॥ ੧॥

ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥

ਹੇ ਮੇਰੇ ਭਾਈ ਜਨੋ ! ਐਸਾ ਕੋਈ ਪਰਉਪਕਾਰੀ ਹੈ ਜੋ ਮੈਨੂੰ ਹਰੀ ਪ੍ਰਭੂ ਦੇ ਮੇਲ ਨਾਲ ਮਿਲਾ ਦੇਵੇ।

ਹਉ ਸਤਿਗੁਰ ਵਿਟਹੁ ਵਾਰਿਆ
ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥ ੧ ॥ ਰਹਾਉ ॥

ਮੈਂ ਉਨ੍ਹਾਂ ਸਤਿਗੁਰਾਂ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਗੁਰਮਖ ਜਨਾਂ ਨੂੰ ਆਪਣਾ ਆਪ ਰੂਪ ਸਮਝਾ ਕੇ ਹਰੀ ਪ੍ਰਭੂ ਦਿਖਾ ਦਿੱਤਾ ਹੈ॥ ੧ ॥ ਰਹਾਉ ॥

ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥

ਨਿਮਾਣੀ=ਮਾਣ ਤੋਂ ਰਹਿਤ ਹੋ ਕੇ ਅਰਥਾਤ ਦੁਨੀਆਂ ਦੇ ਵਿਚ ਜੋ ਮਾਨ ਪਤਿਸਟਾ ਹੋ ਰਹੀ ਹੈ ਉਸਨੂੰ ਤਿਆਗ ਕੇ, ਬ੍ਰਹਮਨੇਸ਼ਟੀ ਜੋ ਪੂਰੇ ਸਤਿਗੁਰੂ ਹਨ ਉਨ੍ਹਾਂ ਦੇ ਪਾਸ ਢਹਿ ਪਵਾ=ਡਿੱਗ ਪਵਾਂਗੀ।

ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ॥

ਕਿਉਂਕਿ ਗੁਰੂ ਸਾਹਿਬ ਜੀ ਨਿਮਾਣਿਆਂ ਦੇ ਮਾਣ ਹਨ। ਅਰਥਾਤ ਜੋ ਪੁਰਸ਼ ਮਾਨ ਪਤਿਸਟਾ ਤੋਂ ਰਹਿਤ ਹਨ ਉਨ੍ਹਾਂ ਨੂੰ ਮਾਨ ਦੇਂਦੇ ਹਨ, ਪੁਨਾ ਗੁਰੁ=ਪੂਜਨੀਕ ਸਤਿਗੁਰ ਦੇਵ ਜੀ ਸਿੱਖ ਨੂੰ ਸਾਬਾਸਿ=ਧੰਨਤਾ ਦੇ ਯੋਗ ਕਰ ਦਿੰਦੇ ਹਨ।

ਹਉ ਗੁਰੁ ਸਾਲਾਹਿ ਨ ਰਜਉ ਮੈ ਮੇਲੇ ਹਰਿ ਪ੍ਰਭੁ ਪਾਸਿ ॥ ੨ ॥

ਏਸ ਕਰਕੇ ਮੈਂ ਗੁਰਾਂ ਨੂੰ ਸਲਾਹੁੰਦਾ ਹੋਇਆ ਰੱਜਦਾ ਨਹੀਂ ਹਾਂ, ਜਦ ਗੁਰੂ ਪ੍ਰਸੰਨ ਹੋਣਗੇ ਤਦ ਮੈਨੂੰ ਹਰੀ ਪ੍ਰਭੂ ਦੇ ਪਾਸ ਮੇਲਣਗੇ॥ ੨ ॥

ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥

ਜਿਤਨਾ ਕੁ ਸਭੁ ਕੋਇ=ਸੰਪੂਰਨ ਜਗਤ ਹੈ ਉਹ ਸਭ ਕੋਈ ਸਤਿਗੁਰਾਂ ਨੂੰ ਲੋਚਦਾ=ਚਾਹੁੰਦਾ ਹੈ।

ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥

ਸ੍ਰੇਸ਼ਟ ਭਾਗਾਂ ਤੋਂ ਬਿਨਾਂ ਸਤਿਗੁਰਾਂ ਦਾ ਦਰਸ਼ਨ ਨਹੀਂ ਹੁੰਦਾ, ਜੋ ਸ੍ਰੇਸ਼ਟ ਭਾਗਾਂ ਤੋਂ ਰਹਿਤ ਪੁਰਸ਼ ਹਨ ਉਹ ਜਿੱਥੇ ਭੀ ਬੈਠਦੇ ਹਨ ਉਥੇ ਰੋਂਦੇ ਰਹਿੰਦੇ ਹਨ।

ਵਾ ਰੋਣੇ ਵਿਖੇ ਬੈਠਦੇ ਹਨ।

ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥ ੩ ॥

ਜੋ ਹਰੀ ਪ੍ਰਭੂ ਦਾ ਭਾਣਾ=ਹੁਕਮ ਹੁੰਦਾ ਹੈ ਓਹੀ ਕੁਝ ਹੁੰਦਾ ਹੈ, ਜੋ ਧੁਰ ਤੋਂ ਕਰਮਾਂ ਦਾ ਲੇਖ ਲਿਖਿਆ ਗਿਆ ਹੈ ਉਸਨੂੰ ਭੋਗੇ ਬਿਨਾਂ ਕੋਈ ਮੇਟ ਨਹੀਂ ਸਕਦਾ॥ ੩ ॥

ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ ॥

ਹਰੀ ਆਪ ਹੀ ਸਤਿਗੁਰੂ ਰੂਪ ਹੈ, ਹਰੀ ਆਪ ਹੀ ਜਗਿਆਸੂ ਰੂਪ ਹੈ, ਹਰੀ ਆਪ ਹੀ ਸਤਸੰਗ ਦੇ ਮੇਲ ਵਿਖੇ ਮਿਲਾਂਵਦਾ ਹੈ।

ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ ॥

ਹਰੀ ਆਪ ਹੀ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਜਗਿਆਸੂ ਨੂੰ ਗੁਰ=ਪੂਜਨੀਕ ਸਤਿਗੁਰਾਂ ਦੇ ਪਿੱਛੇ ਪਾ

ਕੇ ਭਾਵ ਗੁਰਾਂ ਦੀ ਸੇਵਾ ਵਿਚ ਲਗਾ ਕੇ ਆਪਣੇ ਨਾਲ ਮੇਲ ਲੈਂਦਾ ਹੈ।

ਸਭੁ ਜਗਜੀਵਨੁ ਜਗਿ ਆਪਿ ਹੈ
ਨਾਨਕ ਜਲੁ ਜਲਹਿ ਸਮਾਇ॥ ੪॥ ੪॥ ੬੮॥

ਜਗ ਜੀਵਨੁ=ਪ੍ਰਮਾਤਮਾ ਆਪ ਹੀ ਸਾਰਾ ਜਗਤ ਰੂਪ ਹੋ ਰਿਹਾ ਹੈ, ਵਾ ਆਪ ਹੀ ਸਾਰੇ ਜਗਤ ਦਾ ਜੀਵਨੁ=ਪ੍ਰਾਨ ਰੂਪ ਹੈ, ਤੇ ਆਪ ਹੀ ਜਗਤ ਰੂਪ ਹੈ। ਅੰਤ ਨੂੰ ਇਹ ਸਾਰਾ ਜਗਤ ਉਸ ਵਿਖੇ ਐਸੇ ਅਭੇਦ ਹੁੰਦਾ ਹੈ ਜਿਵੇਂ ਜਲ ਵਿਖੇ ਜਲ ਅਭੇਦ ਹੁੰਦਾ ਹੈ॥ ੪॥ ੪॥ ੬੮॥

ਸਿਰੀਰਾਗੁ ਮਹਲਾ ੪॥

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ॥

ਜਗਿਆਸੂ ਬੇਨਤੀ ਕਰਦਾ ਹੈ ਦੁਨੀਆਂ ਦੇ ਰਸ ਤਾਂ ਬਹੁਤ ਹਨ।

ਯਥਾ:- ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥ *(ਪੰਨਾ ੭੫)*

ਪਰ ਉੱਤਮ ਰਸ ਕੌਣ ਸਾ ਹੈ? *ਗੁਰ ਉੱਤਰ:-*

ਦੁਨੀਆਂ ਦੇ ਤਮਾਮ ਰਸਾਂ 'ਚੋਂ ਨਾਮ ਅੰਮ੍ਰਿਤ ਰਸ ਅਤੀਅੰਤ ਭਲਾ ਹੈ। ਵਾ ਸ਼ਬਦ ਆਦਿਕ ਵਿਸ਼ੇ ਰਸਾਂ 'ਚੋਂ ਨਾਮ ਅੰਮ੍ਰਿਤ ਰਸ ਅਤੀਅੰਤ ਭਲਾ ਹੈ, ਕਿਉਂਕਿ ਸ਼ਬਦ ਸਪ੍ਰੱਸ਼ ਆਦਿਕ ਵਿਸ਼ੇ ਰਸ ਤਾਂ ਜਨਮ ਮਰਨ ਦੇ ਦੇਣ ਵਾਲੇ ਹਨ ਤੇ ਇਹ ਅੰਮ੍ਰਿਤ ਰਸ ਜਨਮ ਮਰਨ ਦੀ ਨਵਿਰਤੀ ਕਰਨ ਵਾਲਾ ਹੈ ਇਸ ਕਰਕੇ ਇਸਨੂੰ ਅਤੀਅੰਤ ਭਲਾ ਕਿਹਾ ਹੈ।

ਪੁਨਾ ਜਗਿਆਸੂ ਨੇ ਕਿਹਾ-ਇਸ ਨਾਮ ਅੰਮ੍ਰਿਤ ਰਸ ਦਾ ਖਾਣਾ ਕਿਸ ਵਿਧੀ ਨਾਲ ਮਿਲਦਾ ਹੈ?

ਗੁਰ ਉੱਤਰ-

ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ॥

ਪਰਮੇਸ਼ਰ ਦੇ ਪਿਆਰ ਵਾਲੀਆਂ ਜੋ ਸੁਹਾਗਣਾਂ-ਮਹਾਤਮਾਂ ਰੂਪ ਸਖੀਆਂ ਹਨ ਉਨ੍ਹਾਂ ਪਾਸੋਂ ਜਾ ਕੇ ਪੁੱਛਣਾ ਕਰ, ਕਿ ਤੁਹਾਨੂੰ ਪ੍ਰਭੂ ਪ੍ਰਮਾਤਮਾ ਕਿਸ ਵਜ੍ਹਾ ਨਾਲ ਆ ਕੇ ਮਿਲਿਆ ਹੈ। ਅੱਗੋਂ ਜਗਿਆਸੂ ਨੇ ਕਿਹਾ-ਮੈਂ ਉਨ੍ਹਾਂ ਪਾਸੋਂ ਜਾ ਕੇ ਪੁੱਛਦੀ ਤਾਂ ਹਾਂ ਪਰ-

ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ॥ ੧॥

ਉਹ ਮਹਾਤਮਾਂ ਬੇ-ਪ੍ਰਵਾਹ ਹਨ, ਮੇਰੇ ਨਾਲ ਬੋਲਦੇ ਨਹੀਂ ਹਨ ਪਰ ਮੈਂ ਭੀ ਉਨ੍ਹਾਂ ਨੂੰ ਛੱਡਦੀ ਨਹੀਂ ਹਾਂ ਮੈਂ ਉਨ੍ਹਾਂ ਦੇ ਦੋਵੇਂ ਚਰਨ ਮਲ ਮਲ ਕੇ ਧੋਂਦੀ ਹਾਂ॥ ੧॥

ਹੁਣ ਗੁਰੂ ਜੀ ਕਹਿੰਦੇ ਹਨ-

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥

ਹੇ ਭਾਈ! ਸੱਜਣਾਂ ਨਾਲ ਮਿਲ ਕੇ ਤੂੰ ਹਰੀ ਗੁਣਾਂ ਨੂੰ ਸਾਰਿ=ਸੰਭਾਲਣਾ ਕਰ।

*ਪ੍ਰਸ਼ਨ-*ਸੱਜਣ ਕੌਣ ਹਨ ? *ਗੁਰ ਉੱਤਰ-*

ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ॥ ੧ ॥ ਰਹਾਉ ॥

ਸਤਿਗੁਰੂ ਪੁਰਖ ਹੀ ਸੱਜਣ ਹਨ, ਜੋ ਹੰਗਤਾ ਮਮਤਾ ਅਤੇ ਮਾਰਿ=ਕਾਮ ਆਦਿਕਾਂ ਦੇ ਦੁੱਖਾਂ ਨੂੰ ਅੰਦਰੋਂ ਕੱਢ ਦੇਂਦੇ ਹਨ। ਵਾ ਦੁਖਦਾਈ ਹਉਮੈ ਨੂੰ ਗਿਆਨ ਰੂਪ ਖੰਡਾ ਮਾਰ ਕੇ ਬਾਹਰ ਕੱਢ ਦੇਂਦੇ ਹਨ॥ ੧॥ ਰਹਾਉ॥ ਮਲ ਮਲ ਕੇ ਚਰਨ ਧੋਣ ਨਾਲ

ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ॥

ਗੁਰਮੁਖ ਜੋ ਸੁਹਾਗਣ ਸਖੀਆਂ ਹਨ ਉਨ੍ਹਾਂ ਦੇ ਮਨ ਵਿਚ ਆ ਕੇ ਦਇਆ ਪੈ ਗਈ। ਤਾਂ ਉਨ੍ਹਾਂ ਨੇ ਪੁੱਛਿਆ ਤੂੰ ਸੇਵਾ ਕਿਉਂ ਕਰਦਾ ਹੈਂ ਤਾਂ ਮੈਨੇ ਕਿਹਾ, ਹਰੀ ਰਸ ਦੇ ਖਾਣ ਦੀ ਇੱਛਾ ਕਰਕੇ ਸੇਵਾ ਕਰਦਾ ਹਾਂ ਆਪ ਦੱਸੋ ਹਰੀ ਰਸ ਨੂੰ ਕਿਵੇਂ ਖਾਵਾਂ? ਤਾਂ ਉਨ੍ਹਾਂ ਨੇ ਕਿਹਾ-

ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ॥

ਸਤਿਗੁਰਾਂ ਦੇ ਬਚਨ ਰਤਨ ਵਾਂਗੂੰ ਅਮੋਲਕ ਹਨ, ਜੋ ਪੁਰਸ਼ ਉਨ੍ਹਾਂ ਬਚਨਾਂ ਨੂੰ ਮੰਨਦਾ ਹੈ ਉਹ ਹਰੀ ਰਸ ਨੂੰ ਖਾਂਦਾ ਹੈ।

ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ॥ ੨ ॥

ਉਹ ਪੁਰਸ਼ ਵੱਡਿਆਂ ਤੋਂ ਵੱਡੇ ਭਾਗਾਂ ਵਾਲੇ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਸਤਿਗੁਰਾਂ ਵਿਖੇ ਭਾਇ=ਪ੍ਰੇਮ ਕਰਕੇ ਹਰੀ ਨਾਮ ਰਸ ਨੂੰ ਖਾਧਾ ਹੈ॥ ੨॥

ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ॥

ਇਹ ਹਰੀ ਦਾ ਰਸੁ=ਆਨੰਦ ਵਣ ਤ੍ਰਿਣ ਆਦਿਕ ਸਾਰੀ ਸ੍ਰਿਸ਼ਟੀ ਵਿਚ ਹੈ, ਪਰ ਜੋ ਪੁਰਸ਼ ਭਾਗਾਂ ਤੋਂ ਰਹਿਤ ਹਨ ਉਹ ਨਹੀਂ ਖਾ ਸਕਦੇ।

ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥

ਸਤਿਗੁਰਾਂ ਤੋਂ ਬਿਨਾਂ ਉਹ ਰਸ ਬੁੱਧੀ ਰੂਪ ਪੱਲੇ ਵਿਚ ਨਹੀਂ ਪੈਂਦਾ, ਉਸ ਦੀ ਨਾ ਪ੍ਰਾਪਤੀ ਹੋਣ ਨਾਲ ਮਨਮੁਖ ਪੁਰਸ਼ ਵਿਰਲਾਪ ਕਰ ਰਹੇ ਹਨ।

ਪ੍ਰਸ਼ਨ-ਮਨਮੁਖਾਂ ਨੂੰ ਹਰੀ ਰਸ ਕਿਉਂ ਨਹੀਂ ਪ੍ਰਾਪਤ ਹੁੰਦਾ? ਗੁਰ ਉੱਤਰ-

ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥ ੩ ॥

ਉਹ ਮਨਮੁਖ ਪੁਰਸ਼ ਸਤਿਗੁਰਾਂ ਅੱਗੇ ਨਿਊਂਦੇ ਨਹੀਂ ਹਨ, ਕਿਉਂਕਿ ਉਨ੍ਹਾਂ ਦੇ ਹਿਰਦੇ ਅੰਦਰ ਕ੍ਰੋਧ ਰੂਪੀ ਚੁੜੈਲ ਚਮੜੀ ਹੋਈ ਹੈ॥ ੩॥

ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ॥

ਹਰੀ ਜੋ ਹਰ ਇਕ ਦੇ ਹਰੇ ਕਰਨ ਵਾਲਾ ਹੈ ਉਹ ਹਰੀ ਆਪ ਹੀ ਨਾਮ ਰਸ ਰੂਪ ਹੋ ਰਿਹਾ ਹੈ, ਆਪ ਹੀ ਹਰੀ ਰਸ ਦੇ ਲੈਣ ਵਾਲਾ ਜਗਿਆਸੂ ਰੂਪ ਹੋ ਰਿਹਾ ਹੈ।

ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥

ਉਹ ਹਰੀ ਆਪ ਹੀ ਮੁਖ ਗੁਰੂ ਹੋ ਕੇ ਦਇਆ=ਕਿਰਪਾ ਦ੍ਰਿਸ਼ਟੀ ਕਰਕੇ ਜਗਿਆਸੂ ਦੇ ਮੂੰਹ ਵਿਚ ਨਾਮ ਅੰਮ੍ਰਿਤ ਚੋਅ ਦਿੰਦੇ ਹਨ।

ਸਭੁ ਤਨੁ ਮਨੁ ਹਰਿਆ ਹੋਇਆ
ਨਾਨਕ ਹਰਿ ਵਸਿਆ ਮਨਿ ਸੋਇ ॥ ੪ ॥ ੫ ॥ ੬੯ ॥

ਜਿਸਦੇ ਮੂੰਹ ਵਿਚ ਨਾਮ ਅੰਮ੍ਰਿਤ ਚੋਇਆ ਹੈ, ਉਸ ਦਾ ਤਨ ਮਨ ਸਾਰਾ ਸ਼ੁਭ ਗੁਣਾਂ ਨਾਲ ਹਰਿਆ ਹੋਇਆ ਹੈ, ਅਤੇ ਗੁਰੂ ਜੀ ਆਖਦੇ ਹਨ ਉਸ ਦੇ ਮਨ ਵਿਚ ਉਹ ਹਰੀ ਵਸਿਆ ਹੈ॥ ੪ ॥ ੫ ॥ ੬੯ ॥

ਸਿਰੀਰਾਗੁ ਮਹਲਾ ੪ ॥

ਮਨਮੁਖਾਂ ਦੀ ਦਸ਼ਾ ਕਥਨ ਕਰਦੇ ਹਨ-

ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥

ਦਿਨ ਚੜ੍ਹਦਾ ਹੈ ਫਿਰ ਆਥਵੈ=ਅਸਤ ਹੋ ਜਾਂਦਾ ਹੈ, ਏਸੇ ਤਰ੍ਹਾਂ ਰਾਤ ਭੀ ਸਾਰੀ ਬਤੀਤ ਹੋ ਜਾਂਦੀ ਹੈ। ਐਸੇ ਰਾਤ ਦਿਨ ਦੀ ਸੰਗਿਆ ਕਰਕੇ-

ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥

ਆਵ=ਆਰਬਲਾ ਭਾਵ ਉਮਰਾ ਘਟਦੀ ਜਾਂਦੀ ਹੈ, ਪਰੰਤੂ ਇਹ ਮਨੁੱਖ ਸਮਝਦਾ ਨਹੀਂ ਹੈ। ਕਿ ਮੇਰੀ ਉਮਰਾ ਰੂਪੀ ਲੱਜ ਨੂੰ ਨਿਤਾਪ੍ਰਤੀ ਰਾਤ ਦਿਨ ਰੂਪੀ ਚੂਹੀ ਚੂਹਾ ਟੁੱਕੀ ਜਾਂਦੇ ਹਨ।

ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥ ੧ ॥

ਗੁੜ ਦੀ ਨਿਆਈਂ ਮਿਠਾ ਮਾਇਆ ਦਾ ਮੋਹ ਸਾਰੇ ਫੈਲ ਰਿਹਾ ਹੈ, ਮਨਮੁਖ ਪੁਰਸ਼ ਮੱਖੀ ਵਾਂਗੂੰ ਉਸ ਵਿਚ ਲਗ ਕੇ ਆਪ ਪਚ ਰਿਹਾ ਹੈ ਹੋਰਨਾਂ ਨੂੰ ਪਚਾਇ=ਖਰਾਬ ਕਰਦਾ ਹੈ॥ ੧ ॥

ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥

ਹੇ ਭਾਈ ! ਮੇਰਾ ਇਸ ਲੋਕ ਦਾ ਮਿਤ੍ਰ ਉਹ ਪ੍ਰਭੂ ਹੈ, ਅਤੇ ਪ੍ਰਲੋਕ ਦਾ ਸਖਾ ਭੀ ਉਹ ਪ੍ਰਭੂ ਹੈ।

ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ ॥ ੧ ॥ ਰਹਾਉ ॥

ਪੁਤ੍ਰ ਅਤੇ ਕਲਤੁ=ਇਸਤਰੀ ਦਾ ਮੋਹ ਬਿਖੁ ਵੱਤ ਦੁਖਦਾਈ ਹੈ, ਅੰਤਿ=ਪ੍ਰਾਣਾਂ ਦੇ ਵਿਜੋਗ ਕਾਲ ਵਿਖੇ ਕੋਈ ਸੰਬੰਧੀ ਸਹਾਇਕ ਨਹੀਂ ਹੁੰਦਾ॥ ੧ ॥ ਰਹਾਉ ॥

[ਪੰਨਾ ੪੨]

ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥

ਗੁਰਮੁਖ ਜਨ ਗੁਰ ਸਿੱਖਿਆ ਦੁਆਰੇ ਹਰੀ ਵਿਚ ਬਿਰਤੀ ਲਗਾ ਕੇ, (ਮਾਇਆ ਰੂਪ ਮਿੱਠੇ ਗੁੜ ਵਿਚ ਫਸਣ ਤੋਂ) ਉਬਰੇ=ਬਚ ਗਏ ਹਨ, ਗੁਰ ਸ਼ਰਨ ਵਿਚ ਆਉਣ ਕਰਕੇ ਉਹ ਮਾਇਆ ਵਿਚ ਹੁੰਦੇ ਹੋਏ ਭੀ ਕੌਲ ਫੁੱਲ ਦੀ ਨਿਆਈਂ ਮਾਇਆ ਤੋਂ ਅਲਿਪਤੁ=ਅਸੰਗ ਰਹਿੰਦੇ ਹਨ।

ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ॥

ਉਨ੍ਹਾਂ ਨੇ ਸੰਸਾਰ ਤੋਂ ਚਲਣਾ ਹੀ ਸਦਾ ਨਿਹਾਲਿਆ=ਵੇਖਿਆ ਹੈ, ਅਤੇ ਪ੍ਰਲੋਕ ਰਸਤੇ ਵਾਸਤੇ ਹਰੀ ਨਾਮ ਰੂਪ ਖਰਚ ਨੂੰ ਬੁੱਧੀ ਰੂਪ ਪੱਲੇ ਵਿਚ ਬੰਨ੍ਹ ਲੀਤਾ ਹੈ ਇਸ ਲਈ ਉਨ੍ਹਾਂ ਨੇ ਇਸ ਲੋਕ ਵਿਚ ਪਤਿ=ਇੱਜ਼ਤ ਨੂੰ ਪਾਵਨਾ ਕੀਤਾ ਹੈ।

ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ॥ ੨॥

ਗੁਰਮੁਖ ਪ੍ਰਲੋਕ ਦਰਗਾਹ ਵਿਚ ਭੀ ਮਾਨੀਕ ਹੁੰਦੇ ਹਨ।

ਯਥਾ:- ਰੇ ਰੇ ਦਰਗਹ ਕਹੈ ਨ ਕੋਊ॥ ਆਉ ਬੈਠੁ ਆਦਰੁ ਸੁਭ ਦੇਊ॥

(ਬਾਵਨ ਅਖਰੀ, ਪੰਨਾ ੨੫੨)

ਉਨ੍ਹਾਂ ਨੂੰ ਹਰੀ ਨੇ ਆਪਣੇ ਗਲ ਨਾਲ ਲਗਾ ਲੀਤਾ ਹੈ, ਅਰਥਾਤ ਅਭੇਦ ਕੀਤਾ ਹੈ॥ ੨॥

ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥

ਗੁਰਮੁਖਾਂ ਨੂੰ ਪ੍ਰਭੂ ਦੀ ਪ੍ਰਾਪਤੀ ਦਾ ਗਿਆਨ ਵੈਰਾਗ ਰੂਪ ਪੰਥੁ=ਰਸਤਾ ਪ੍ਰਗਟ ਹੈ, ਇਸ ਕਰਕੇ ਉਨ੍ਹਾਂ ਨੂੰ ਦਰਿ=ਦਰਗਾਹ ਵਿਚ ਕੋਈ ਠਾਕ=ਰੋਕ ਨਹੀਂ ਪਾਂਦਾ।

ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ॥

ਗੁਰਮੁਖ ਬਾਣੀ ਦੁਆਰਾ ਹਰੀ ਨਾਮ ਦੀ ਸ਼ਲਾਘਾ ਕਰਦੇ ਹਨ, ਮਨ ਵਿਚ ਹਰੀ ਨਾਮ ਨੂੰ ਮੰਨਨ ਕਰਦੇ ਹਨ, ਅਤੇ ਨਾਮੀ ਦੇ ਨਾਮ ਵਿਚ ਹੀ ਬਿਰਤੀ ਲਾਈ ਰੱਖਦੇ ਹਨ।

ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ॥ ੩॥

ਸੁੱਧੇ ਹੰ, ਬੁੱਧੇ ਹੰ, ਨਿਰਵਿਕਾਰੇ ਹੰ, ਆਦਿਕ ਅਨਹਦ ਧੁਨਿ ਦੇ ਵਾਜੇ ਉਨ੍ਹਾਂ ਦੇ ਦਰਿ=ਅੰਦਰ ਵੱਜਦੇ ਰਹਿੰਦੇ ਹਨ, ਇਸੀ ਤੇ ਉਹ ਸੱਚੇ ਦਰਬਾਰ ਵਿਚ ਸੋਭਾ ਨੂੰ ਪਾਂਦੇ ਹਨ॥ ੩॥

ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮ ਜਪਿਆ ਹੈ, ਉਨ੍ਹਾਂ ਨੂੰ ਸਭ ਕੋਈ ਸਾਬਾਸਿ=ਧੰਨ ਧੰਨ ਕਹਿੰਦਾ ਹੈ।

ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ॥

ਹੇ ਪ੍ਰਭੂ ! ਮੈਂ ਜਾਚਿਕ=ਮੰਗਤੇ ਦਾਸ ਦੀ ਏਹੋ ਅਰਦਾਸਿ=ਬੇਨਤੀ ਹੈ. ਮੈਨੂੰ ਉਨ੍ਹਾਂ ਗੁਰਮੁਖਾਂ ਦੀ ਸਤਸੰਗਤ ਦੇਣਾ ਕਰੋ।

ਨਾਨਕ ਭਾਗ ਵਡੇ ਤਿਨਾ ਗੁਰਮੁਖਾ
ਜਿਨ ਅੰਤਰਿ ਨਾਮੁ ਪਰਗਾਸਿ॥ ੪॥ ੩੩॥ ੩੧॥ ੬॥ ੭੦॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਗੁਰਮੁਖਾਂ ਦੇ ਸਭ ਤੋਂ ਚੰਗੇ ਵੱਡੇ ਭਾਗ ਹਨ, ਜਿਨ੍ਹਾਂ ਦੇ ਅੰਦਰ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੈ॥ ੪॥ ੩੩॥ ੩੧॥ ੬॥ ੭੦॥

ਨੋਟ-੩੩ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ੩੧ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਦੇ ੬ ਸ਼ਬਦ

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ, ਇਥੋਂ ਤੱਕ ੭੦ ਸ਼ਬਦ ਕੁੱਲ ਆਏ ਹਨ।

ਸਿਰੀਰਾਗੁ ਮਹਲਾ ੫ ਘਰੁ ੧ ॥

ਉਥਾਨਕਾ: - ਇਕ ਦਿਨ ਪੱਟੀ ਵਾਲਾ ਰਾਜਾ 'ਦੁਨੀ ਚੰਦ' ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਮਹਿਮਾ ਸੁਣਕੇ ਅੰਮ੍ਰਿਤਸਰ ਆਇਆ। ਭੇਟਾ ਅੱਗੇ ਰੱਖ ਕੇ ਗੁਰੂ ਜੀ ਦੇ ਸਾਹਮਣੇ ਬੈਠ ਗਿਆ।

ਗਰੀਬ ਨਿਵਾਜ ਓਸ ਨੂੰ ਪ੍ਰਮਾਤਮਾ ਤੋਂ ਬੇਮੁੱਖ, ਸੰਸਾਰਕ ਪਦਾਰਥਾਂ ਵਿਚ ਖੱਚਤ ਅਤੇ ਧਨ ਦੀ ਮਸਤੀ ਵਿਚ ਮੱਤਾ ਵੇਖ ਕੇ ਦੋ ਸ਼ਬਦਾਂ ਵਿਚ ਵੈਰਾਗ ਜਨਕ ਉਪਦੇਸ਼ ਦਿੰਦੇ ਹਨ।

ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥

ਹੇ ਰਾਜਨ ! ਤੂੰ ਪੁਤ੍ਰ ਇਸਤਰੀ ਅੰਤੇ ਅਨੇਕ ਤਰ੍ਹਾਂ ਦੇ ਸੀਗਾਰ=ਗਹਿਣੇ ਕੱਪੜੇ ਆਦਿਕਾਂ ਨੂੰ ਵੇਖਕੇ ਇਨ੍ਹਾਂ ਵਿਚ ਕਿਉਂ ਮਸਤ ਹੋ ਗਿਆ ਹੈਂ।

ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥

ਕਈ ਤਰ੍ਹਾਂ ਦੇ ਰਸ=ਪਦਾਰਥਾਂ ਨੂੰ ਭੋਗਦਾ ਹੈਂ, ਵਾ ਵਿਸ਼ੇ ਰਸਾਂ ਨੂੰ ਭੋਗਦਾ ਹੈਂ, ਖੁਸ਼ੀਆਂ ਮਨਾਉਂਦਾ ਹੈ, ਅਤੇ ਅਪਾਰ=ਬਿਅੰਤ ਰੰਗ ਤੇ ਅਨੰਦਾਂ ਨੂੰ ਮਾਣਦਾ ਹੈਂ।

ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥

ਬਹੁਤ ਪ੍ਰਕਾਰ ਦੇ ਫੁਰਮਾਇਸੀ=ਹੁਕਮ ਕਰਦਾ ਹੈਂ, ਲੋਕਾਂ ਨਾਲ ਅਫਾਰ=ਅਮੋੜ ਹੋ ਕੇ ਵਰਤਦਾ ਹੈਂ।

ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥ ੧ ॥

ਕਰਤਾ ਪੁਰਖ ਪ੍ਰਮਾਤਮਾ ਤੈਨੂੰ ਚੇਤੇ ਹੀ ਨਹੀਂ ਆਉਂਦਾ, ਇਸ ਕਰਕੇ ਤੂੰ ਮਨ ਬਾਣੀ ਸਰੀਰ ਕਰਕੇ ਮਨਮੁਖ ਅੰਧ ਗਵਾਰ ਹੋ ਰਿਹਾ ਹੈਂ।

ਅਥਵਾ:-ਹੇ ਅੰਧੇ ਅਭਿਮਾਨੀ ਪੁਰਸ਼ਾ ਮਨਮੁਖਤਾ ਕਰਕੇ ਤੂੰ ਗਵਾਰ=ਚੰਡਾਲ ਹੋ ਰਿਹਾ ਹੈਂ ॥ ੧ ॥

ਮੇਰੇ ਮਨ ਸੁਖਦਾਤਾ ਹਰਿ ਸੋਇ ॥

ਹੇ ਮੇਰੇ ਮਨ ! ਸੁੱਖਾਂ ਦੇ ਦੇਣ ਵਾਲਾ ਉਹ ਇਕ ਹਰੀ ਹੀ ਹੈ।

ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥ ੧ ॥ ਰਹਾਉ ॥

ਗੁਰੂ ਦੀ ਕਿਰਪਾ ਕਰਕੇ ਹਰੀ ਪਾਈਦਾ ਹੈ, ਪਰ ਗੁਰੂ ਚੰਗਿਆਂ ਕਰਮਾਂ ਨਾਲ,

ਅਥਵਾ:-ਈਸ਼ਵਰ ਦੀ ਅਨੁਗ੍ਰਹੁ ਦੁਆਰੇ ਗੁਰੂ ਪ੍ਰਾਪਤ ਹੁੰਦੇ ਹਨ ॥ ੫ ॥ ਰਹਾਉ ॥

ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ ॥

ਚੰਗਿਆਂ ਕਪੜਿਆਂ ਦੇ ਪੈਨਣ ਵਿਚ ਤੇ ਪਦਾਰਥਾਂ ਦੇ ਭੋਗਿ=ਖਾਣ ਵਿਚ ਤੈਨੇ ਮਨ ਨੂੰ ਲਿਪਟਾਇਆ ਹੋਇਆ ਹੈ। ਸੋਨੇ ਦੇ ਗਹਿਣੇ ਰੁਪਾ=ਚਾਂਦੀ ਦੇ ਭਾਂਡੇ ਅਤੇ ਖਾਕੁ=ਪ੍ਰਿਥਵੀ ਭਾਵ ਜਗੀਰਾਂ ਵਿਚ ਤੂੰ ਲਗ ਰਿਹਾ ਹੈਂ।

ਅਥਵਾ:-ਇਹ ਸਾਰੇ ਪਦਾਰਥ ਖਾਕੁ=ਮਿਟੀ ਰੂਪ ਹਨ।

ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ ॥

ਬਹੁ ਰੰਗੇ=ਬੜੇ ਬੜੇ ਰੰਗਾਂ ਦੇ ਵਰ+ਹੈ=ਸ੍ਰੇਸ਼ਟ ਘੋੜੇ ਤੇ ਵਰ+ਗੈ=ਸ੍ਰੇਸ਼ਟ ਹਾਥੀ, ਅਤੇ ਬਹੁਤੇ ਰੰਗਾਂ ਵਾਲੇ ਅਥਾਕ=ਅਥੱਕ ਬਲਦਾਂ ਵਾਲੇ ਰੱਥ ਇਕੱਠੇ ਕੀਤੇ ਹੋਏ ਹਨ।

ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥

ਹੇ ਰਾਜਨ ! ਇਨ੍ਹਾਂ ਪਦਾਰਥਾਂ ਨੂੰ ਵੇਖਕੇ ਤੂੰ ਕਿਸੇ ਨੂੰ ਭੀ ਚਿੱਤ ਵਿਚ ਲਿਆਉਂਦਾ ਨਹੀਂ ਹੈਂ, ਅਰਥਾਤ ਆਪਣੇ ਜੇਹਾ ਕਿਸੇ ਨੂੰ ਸਮਝਦਾ ਨਹੀਂ ਹੈਂ। ਤੂੰ ਏਡਾ ਹੰਕਾਰੀ ਹੋ ਗਿਆ ਹੈਂ ਜੋ ਸਨਬੰਧੀਆਂ ਦਾ ਸਾਰਾ ਖਿਆਲ (ਗਿਆਨ) ਤੈਨੂੰ ਭੁੱਲ ਗਿਆ ਹੈ।

ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ ॥ ੨ ॥

ਤੈਨੇ ਸਿਰਜਣਹਾਰ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ, ਨਾਮ ਤੋਂ ਬਿਨਾਂ ਤੂੰ ਨਾਪਾਕ=ਅਪਵਿੱਤ੍ਰ ਭਾਵ ਗੰਦਾ ਹੋ ਰਿਹਾ ਹੈਂ॥ ੨ ॥

ਲੈਦਾ ਬਦ ਦੁਆਇ ਤੂੰ ਮਾਇਆ ਕਰਹ ਇਕਤ ॥

ਤੂੰ ਅਨੀਤੀ ਨਾਲ ਅਰਥਾਤ ਜ਼ੁਲਮ ਕਰਕੇ ਮਾਇਆ ਨੂੰ ਇਕੱਠੀ ਕਰਦਾ ਹੈਂ, ਇਸ ਕਰਕੇ ਲੋਕਾਂ ਤੋਂ ਤੂੰ ਬਦਅਸੀਸਾਂ ਲੈਂਦਾ ਹੈਂ।

ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ ॥

ਜਿਸ ਪੁਤ੍ਰ, ਇਸਤਰੀ, ਮਾਇਆ ਉਤੇ ਤੂੰ ਭਰੋਸਾ ਕਰਦਾ ਹੈਂ ਕਿ ਮੇਰੇ ਆਪਣੇ ਹਨ ਉਹ ਤੁਝੈ=ਤੇਰੇ ਸਣੁ=ਸਹਿਤ ਹੀ ਅਨਿਤ=ਮਿੱਥਿਆ ਹਨ।

ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ ॥

ਓਇ ਅਹੰਕਾਰੀਆ! ਮਨ ਦੀ ਮੱਤ ਵਿਚ ਵਿਆਪਿਆ=ਲਗਕੇ ਤੂੰ ਹੰਕਾਰ ਕਰਦਾ ਹੈਂ।

ਤਿਨਿ ਪ੍ਰਭਿ ਆਪਿ ਭੁਲਾਇਆ ਨਾ ਤਿਸੁ ਜਾਤਿ ਨ ਪਤਿ ॥ ੩ ॥

ਤਿਸ ਪ੍ਰਭੂ ਨੇ ਤੈਨੂੰ ਆਪਣੀ ਤਰਫੋਂ ਭੁਲਾਇਆ ਹੋਇਆ ਹੈ, ਤਿਸ ਪ੍ਰਭੂ ਦੀ ਨਾ ਕੋਈ ਜਾਤੀ ਹੈ ਨਾ ਹੀ ਪਤਿ=ਪੰਗਤੀ ਹੈ।

ਅਥਵਾ:-ਹੇ ਰਾਜਨ ਤਿਸ ਪ੍ਰਭੂ ਨੂੰ ਤੈਨੇ ਆਪ ਭੁਲਾ ਦਿੱਤਾ ਹੈ, ਇਸ ਕਰਕੇ ਤਿਸੁ=ਤੇਰੀ ਨਾ ਉੱਚੀ ਜਾਤੀ ਹੈ, ਨਾ ਹੀ ਤੇਰੀ ਪਤ ਅਬਰੋ ਹੈ॥ ੩ ॥

ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥

ਸਤਿਗੁਰੂ ਪੁਰਖ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਆਪਣੀ ਕਿਰਪਾ ਕਰਕੇ ਉਸ ਇਕ ਸੱਜਣ ਵਾਹਿਗੁਰੂ ਨਾਲ ਮਿਲਾਉਣਾ ਕੀਤਾ ਹੈ।

ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ ॥

ਭਗਤ ਜਨਾਂ ਦਾ ਰਾਖਾ ਇਕ ਹਰੀ ਆਪ ਹੀ ਹੈ, ਇਹ ਮਨੁੱਖ ਹਉਮੈ ਵਿਚ ਲਗਕੇ ਕੀ ਰੋਂਦੇ ਹਨ। ਇਨ੍ਹਾਂ

ਦੇ ਰੋਣ ਨਾਲ ਕੁਝ ਨਹੀਂ ਬਣ ਸਕਦਾ।

ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ॥

ਹਰੀ ਦੇ ਸੇਵਕ ਜਨਾਂ ਨੂੰ ਜੋ ਗੱਲ ਭਾਉਂਦੀ ਹੈ ਪ੍ਰਭੂ ਓਹੀ ਕਰਦਾ ਹੈ, ਵਾਹਿਗੁਰੂ ਦੇ ਦਰਬਾਰ ਵਿਚ ਉਨ੍ਹਾਂ ਦੇ ਹੁਕਮ ਨੂੰ ਕੋਈ ਫੇਰੁ=ਮੋੜਨਾ ਨਹੀਂ ਪਾਂਦਾ।

ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ॥ ੪॥ ੧॥ ੭੧॥

ਗੁਰੂ ਜੀ ਕਥਨ ਕਰਦੇ ਹਨ-ਭਗਤਾਂ ਦਾ ਮਨ ਉਸ ਹਰੀ ਦੇ ਰੰਗ ਵਿਚ ਰੱਤਾ ਹੋਇਆ ਹੈ, ਜਿਸ ਦਾ ਚਾਨਣ ਸਾਰੇ ਜਗਤ ਵਿਚ ਹੋ ਰਿਹਾ ਹੈ। *ਅਥਵਾ:*-ਹਰੀ ਦੇ ਰੰਗਿ=ਪ੍ਰੇਮ ਵਿਚ ਰਤਾ=ਤਦਾਕਾਰ ਹੋਣ ਨਾਲ ਸਾਰੇ ਜਗਤ ਵਿਚ ਉਨ੍ਹਾਂ ਨੂੰ ਬ੍ਰਹਮ ਦਾ ਹੀ ਚਾਨਣ ਹੁੰਦਾ ਹੈ॥ ੪॥ ੧॥ ੭੧॥

ਸਿਰੀਰਾਗੁ ਮਹਲਾ ੫॥

ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ॥

ਮਨ ਦੇ ਜੋ ਬਹੁਤ ਸਾਰੇ ਬਿਲਾਸੁ=ਕੌਤਕ ਹਨ, ਉਨ੍ਹਾਂ ਦੇ ਘਣਾ=ਸੰਘਣੇ ਰੰਗੁ=ਅਨੰਦ ਵਿਚ ਤੂੰ ਲਗ ਰਿਹਾ ਹੈਂ, ਸੰਸਾਰਕ ਖੁਸ਼ੀਆਂ ਕਰਕੇ ਤੈਨੂੰ ਆਤਮ ਦ੍ਰਿਸ਼ਟੀ ਭੁੱਲ ਗਈ ਹੈ। ਹੇ ਰਾਜਨ ! ਤੂੰ ਭਲਾ ਕਿਹੜੇ ਬਾਗ ਦੀ ਮੂਲੀ ਹੈਂ ਤੇਰੇ ਨਾਲੋਂ ਭੀ ਬੜੇ ਬੜੇ ਬਾਦਸ਼ਾਹ ਹੋ ਚੁੱਕੇ ਹਨ।

ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ॥ ੧॥

ਜਿਨ੍ਹਾਂ ਦੀ ਬਾਦਸ਼ਾਹੀ ਛੱਤਰਾਂ ਦੇ ਧਾਰਨ ਵਾਲੀ ਹੋਈ ਹੈ, ਅਰਥਾਤ ਜਿਸ ਵੇਲੇ ਭੀ ਉਹ ਚਲਦੇ ਸਨ ਬਾਕੀ ਦੇ ਰਾਜੇ ਉਸ ਉੱਪਰ ਛੱਤ੍ਰ ਝੁਲਾਂਦੇ ਸਨ-

ਯਥਾ:-ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ॥ *(ਪੰਨਾ ੬੯੩)*

ਆਖਿਰਕਾਰ ਉਹ ਬਾਦਸ਼ਾਹੀਆਂ ਵੀ ਸੰਸਿਆਂ ਵਿਚ ਪਈਆਂ ਰਹੀਆਂ। ਇਸ ਅਨਿਸਥਰ ਵਿਭੂਤੀ ਨੂੰ ਪਾ ਕੇ ਕੋਈ ਭੀ ਸੁਖੀ ਨਹੀਂ ਹੈ॥ ੧॥

ਭਾਈ ਰੇ ਸੁਖੁ ਸਾਧਸੰਗਿ ਪਾਇਆ॥

ਹੇ ਭਾਈ ! ਸਤਸੰਗਤ ਵਿਚੋਂ ਹੀ ਸੁੱਖ ਪ੍ਰਾਪਤ ਹੁੰਦਾ ਹੈ।

ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ
ਦੁਖੁ ਸਹਸਾ ਮਿਟਿ ਗਇਆ॥ ੧॥ ਰਹਾਉ॥

ਉਸ ਫਲ ਬਰ ਦਾਤੇ ਵਿਧਾਤੇ ਪੁਰਖ ਨੇ ਜਿਸ ਦੇ ਮੱਥੇ ਉਪਰ ਸਤਸੰਗਤ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੈ, ਉਸ ਦਾ ਦੁਖਦਾਈ ਸੰਸਾ ਮਿਟ ਗਿਆ ਹੈ।

ਅਥਵਾ:-ਸਰੀਰਕ ਦੁਖ ਅਤੇ ਜਨਮ ਮਰਨ ਦਾ ਸੰਸਾ ਮਿਟ ਗਿਆ ਹੈ॥ ੧॥ ਰਹਾਉ॥

ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ॥

ਜਿਤਨੇ ਕੁ ਥਾਨ=ਅਸਥਾਨ ਹਨ, ਅਤੇ ਥਨੰਤਰਾ=ਥਾਨਾ ਅੰਦਰ ਅਸਥਾਨ ਹਨ, ਸੁਖ ਦੀ ਇੱਛਾ ਰਖ

ਕੇ ਉਹ ਸਾਰੇ ਹੀ ਫਿਰ ਆਇਆ ਹਾਂ। ਪਰ ਸੁਖ ਕਿਤੋਂ ਵੀ ਨਹੀਂ ਲੱਭਾ।

ਧਨ ਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ ॥ ੨ ॥

ਜਿਤਨੇ ਕੁ ਵੱਡੇ ਵੱਡੇ ਧਨ ਪਾਤੀ=ਸ਼ਾਹੂਕਾਰ ਹਨ ਤੇ ਵਡਭੂਮੀਆ=ਜ਼ਿਮੀਂਦਾਰ ਹਨ ਸਭ ਮੇਰੀ ਮੇਰੀ ਕਰਨੇ ਵਿਖੇ ਪੈ ਰਹੇ ਹਨ। ਅਥਵਾ:-ਸਾਰੇ ਹੀ ਮੇਰੀ ਮੇਰੀ ਕਰਦੇ ਝੜ ਪਏ ਹਨ॥ ੨ ॥

ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ ॥

ਜੋ ਰਾਜੇ ਨਿਸੰਗ ਹੋ ਕੇ ਹੁਕਮ ਚਲਾਉਂਦੇ ਹਨ ਅਤੇ ਲੋਕਾਂ ਵਿਚ ਅਫਰਿਆ=ਅਮੋੜ ਹੋ ਕੇ ਵਰਤਦੇ ਹਨ।

ਸਭੁ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ ॥ ੩ ॥

ਭਾਵੇਂ ਸਭ ਕਿਸੇ ਨੂੰ ਆਪਣੇ ਵਸਗਤਿ=ਅਧੀਨ ਕਰ ਲਿਆ ਹੈ, ਪਰ ਵਾਹਿਗੁਰੂ ਨਾਮ ਤੋਂ ਬਿਨਾਂ ਮਿੱਟੀ ਵਿਚ ਰੁਲਦਾ ਹੈ॥ ੩ ॥

ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ ॥

ਹੇ ਰਾਜਨ ! ਤੂੰ ਕਿਸ ਗੱਲ ਦਾ ਹੰਕਾਰ ਕਰਦਾ ਹੈਂ। ਵੇਖ ਜਿਸ ਰਾਵਨ ਦੇ ਤੇਤੀ ਕਰੋੜ ਦੇਵਤੇ ਸੇਵਕ ਸਨ, ਸਿੱਧ ਸਾਧਕ ਵੀ ਸੇਵਕ ਬਣਕੇ ਜਿਸ ਰਾਵਨ ਦੇ ਦਰਵਾਜ਼ੇ ਉੱਪਰ ਖੜੇ ਰਹਿੰਦੇ ਹਨ।

ਗਿਰੰਬਾਰੀ ਵਡ ਸਾਹਬੀ ਸਭੁ ਨਾਨਕ ਸੁਪਨੁ ਥੀਆ ॥ ੪ ॥ ੨ ॥ ੭੨ ॥

ਜਿਸ ਰਾਵਨ ਦੀ ਗਿਰੰਬਾਰੀ=ਗੰਭੀਰਤਾ ਵਾਲੀ ਵੱਡੀ ਬਾਦਸ਼ਾਹੀ ਸੀ।

ਅਥਵਾ:-ਗਿਰੰ=ਪਹਾੜਾਂ ਤੋਂ ਲੈ ਕੇ ਬਾਰੀ=ਜਲ ਤੀਕਨ ਜਿਸ ਦੀ ਵੱਡੀ ਬਾਦਸ਼ਾਹੀ ਸੀ।

ਅਥਵਾ:-ਗਿਰੰ=ਪਰਬਤਾਂ ਸ੍ਰੀਖੇ ਹਾਥੀ ਬਾਰੀ=ਅੰਬਾਰੀਆਂ ਵਾਲੇ ਜਿਸ ਦੇ ਪਾਸ ਸਨ।

ਅਥਵਾ:-ਜਿਨ੍ਹਾਂ ਦੇ ਮੰਦਰ ਗਿਰੰ=ਪਹਾੜਾਂ ਸ੍ਰੀਖੇ ਉੱਚੇ ਬਾਰੀ=ਬਾਰੀਆਂ ਵਾਲੇ ਅਰਥਾਤ ਝਰੋਖਿਆਂ ਵਾਲੇ ਸਨ ਅਜਿਹੀ ਵੱਡੀ ਬਾਦਸ਼ਾਹੀ ਸੀ।

ਅਥਵਾ:-ਜਿਸ ਇੰਦਰ ਦੇ ਡਰ ਕਰਕੇ 'ਮਨਾਕ', ਨਾਮੇ ਗਿਰੰ=ਪਰਬਤ ਬਾਰੀ=ਜਲ ਵਿਚ ਛਿਪ ਗਿਆ ਸੀ ਉਸ ਵਰਗੀ ਵੱਡੀ ਬਾਦਸ਼ਾਹੀ ਸੀ ਇਤ ਆਦਿਕ ਸਾਰੇ ਪਦਾਰਥ ਸੁਪਨੇ ਵਾਂਗੂੰ ਮਿਥਿਆ ਹੋ ਗਏ ਹਨ।

ਅਥਵਾ:-ਹੇ ਰਾਜਨ ! ਜਿਸ ਵੱਡੀ ਸਾਹਿਬੀ ਦਾ ਤੂੰ ਮਾਣ ਕਰਦਾ ਹੈਂ ਇਹ ਗਿਰੰਬਾਰੀ=ਗਿਰ ਜਾਣ ਵਾਲੀ ਹੈ। ਜਿਤਨੇ ਕੁ ਧਨ ਪਦਾਰਥ ਹੁਕਮ ਹਾਸਲ ਕਰਨੇ ਹਨ ਇਹ ਸਭ ਸੁਪਨੇ ਵਾਂਗੂੰ ਅਪ੍ਰਤੀਤੀ ਹੋ ਜਾਣੇ ਹਨ॥ ੪ ॥ ੨ ॥ ੭੨ ॥

[ਪੰਨਾ ੪੩]

ਸਿਰੀਰਾਗੁ ਮਹਲਾ ੫ ॥

ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥

ਜਿਹੜੀ ਚੀਜ਼ ਮੂੰਹ ਵਿਚ ਚਗਲਕੇ ਰਸ ਲੀਤੇ ਬਗੈਰ ਸੁਟ ਦੇਣੀ ਹੈ ਉਸ ਨੂੰ ਪਪੋਲਨਾ ਆਖਦੇ ਹਨ। ਏਸੇ ਤਰ੍ਹਾਂ ਸੰਸਾਰੀ ਪੁਰਸ਼ ਭਲਕੇ=ਹਮੇਸ਼ਾਂ ਸਵੇਰੇ ਉੱਠ ਕੇ ਗ੍ਰੰਥਾਂ ਨੂੰ ਪਪੋਲਦੇ ਭਾਵ ਫਰੋਲਦੇ ਹਨ ਇੱਧਰ ਉਧਰ

ਪੱਤਰੇ ਉਲਟਾਈ ਜਾਂਦੇ ਹਨ ਪਰ ਵਿਚੋਂ ਅਸਲ ਸਿਧਾਂਤ ਗ੍ਰਹਿਣ ਨਹੀਂ ਕਰਦੇ। ਸਿਧਾਂਤ ਦੇ ਬੁੱਝੇ ਤੋਂ ਬਿਨਾਂ ਮੂਰਖ ਜੀਵ ਅਜਾਣਿ=ਅਗਿਆਤ ਹਨ। ਅਥਵਾ:-ਭਲਕੇ=ਸਵੇਰੇ ਉੱਠਦਿਆਂ ਸਾਰ ਹੀ ਦੇਹ ਨੂੰ ਪਪੋਲੀਐ=ਪਾਲਦੇ ਪੋਸਦੇ ਹਨ, ਨਾਮ ਸਿਮਰਨ ਦੇ ਬੁੱਝੇ ਤੋਂ ਬਿਨਾਂ ਮੂਰਖ ਪੁਰਸ਼ ਅਗਿਆਤ ਹੋ ਰਹੇ ਹਨ।

ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ॥

ਉਹ ਕਰਤਾ ਪ੍ਰਭੂ ਇਸ ਨੂੰ ਚੇਤੇ ਨਾ ਆਇਆ, ਇਸ ਲਈ ਅੰਤਮ ਸਮੇਂ ਉਨ੍ਹਾਂ ਦੀ ਦੇਹ ਬੇਬਾਣਿ= ਬੀਆਬਾਣ ਉਜਾੜ ਵਿਚ ਛੁਟੇਗੀ। ਜਿੱਥੇ ਇਸ ਦੀ ਦੇਹ ਨੂੰ ਕਾਂ ਕੁੱਤੇ ਹੀ ਖਾਣਗੇ।

ਅਥਵਾ:-ਨਾਮ ਸਿਮਰਨ ਤੋਂ ਬਿਨਾਂ ਬੇ+ਬਾਣਿ=ਦ੍ਵੈਤ ਦੀ ਬਾਣੀ ਛੁਟੇਗੀ? ਅਰਥਾਤ ਨਹੀਂ ਛੁਟੇਗੀ।

ਅਥਵਾ:-ਜਿਸ ਵੇਲੇ ਦੇਹ ਛੁਟੇਗੀ ਭਾਵ ਪ੍ਰਾਨ ਅੰਤ ਹੋਣਗੇ ਤਾਂ ਫਿਰ ਬੇਬਾਣਿ=ਤਖਤਾ ਤਿਆਰ ਹੋਵੇਗਾ, ਬਿਬਾਣ ਉੱਪਰ ਸਜਾ ਕੇ ਲੈ ਜਾਣਗੇ।

ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ ਮਾਣਿ॥ ੧॥

ਹੇ ਪੁਰਸ਼ਾ ! ਸਤਿਗੁਰਾਂ ਨਾਲ ਚਿੱਤ ਬਿਰਤੀ ਲਗਾ ਕੇ ਤੂੰ ਸਦਾ ਰਹਿਣ ਵਾਲੇ ਰੰਗੁ=ਆਨੰਦ ਨੂੰ ਸਦਾ ਹੀ ਮਾਣਿ=ਭੋਗਣਾ ਕਰ॥ ੧॥

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥

ਹੇ ਪੁਰਸ਼ਾ! ਤੂੰ ਤਾਂ ਆਤਮ ਲਾਭ ਲੈਣ ਵਾਸਤੇ ਆਇਆ ਸੈਂ।

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ ੧॥ ਰਹਾਉ॥

ਕੇਹੜਿਆਂ ਕੁਫਕੜੇ=ਖੋਟਿਆਂ ਕੰਮਾਂ ਵਿਚ ਲਗ ਰਿਹਾ ਹੈਂ, ਤੇਰੀ ਅਵੱਸਥਾ ਰੂਪੀ ਰੈਣਿ=ਰਾਤ ਸਾਰੀ ਮੁੱਕਦੀ ਜਾ ਰਹੀ ਹੈ॥ ੧॥ ਰਹਾਉ॥

ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ॥

ਪਸ਼ੂ ਪੰਛੀਆਂ ਦੀ ਨਿਆਈਂ ਤੂੰ ਕੁਦਮ=ਖੋਟਾ ਉੱਦਮ ਕਰ ਰਿਹਾ ਹੈਂ। ਅਥਵਾ:- ਪਸ਼ੂ ਪੰਛੀਆਂ ਦੀ ਨਿਆਈਂ ਤੂੰ ਕੁਦਮ=ਕੁੱਦਣਾ ਭੁੜਕਣਾ ਕਰ ਰਿਹਾ ਹੈਂ। ਜਮਕਾਲ ਤਾਂ ਤੈਨੂੰ ਦਿਸਦਾ ਹੀ ਨਹੀਂ।

(ਸਾਰੀ ਪੰਗਤੀ ਇਹ ਦ੍ਰਿਸ਼ਟਾਂਤ ਵਿਚ ਰੱਖਣੀ)

ਜਿਵੇਂ ਸਭ ਪਸ਼ੂ ਪੰਛੀ ਆਪੋ ਆਪਣੇ ਵਿਸ਼ੇ ਭੋਗਣ ਦਾ ਕੁਦਮ=ਖੋਟਾ ਉੱਦਮ ਕਰਦੇ ਹਨ, ਆਪਣੇ ਕਾਲੁ=ਮਰਨੇ ਨੂੰ ਵੇਖਦੇ ਨਹੀਂ ਹਨ।

ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ॥

ਓਤੈ=ਉਨ੍ਹਾਂ ਪਸ਼ੂਆਂ ਪੰਛੀਆਂ ਦੇ ਨਾਲ ਹੀ ਇਹ ਮਨੁੱਖ ਮਿਲ ਗਿਆ ਹੈ, ਅਰਥਾਤ ਉਨ੍ਹਾਂ ਵਾਂਗੂੰ ਇਹ ਭੀ ਖੋਟਾ ਉੱਦਮ ਕਰਦਾ ਹੈ।

ਅਤੇ ਮਾਇਆ ਦੇ ਮੋਹ ਰੂਪੀ ਜਾਲ ਵਿਚ ਫਸ ਗਿਆ ਹੈ।

ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ॥ ੨॥

ਉਹ ਗੁਰਮੁਖ ਮਾਇਆ ਦੇ ਜਾਲ ਤੋਂ ਮੁਕਤ ਰੂਪ ਭਾਲੀਅਹਿ=ਵੇਖੀਂਦੇ ਹਨ, ਜਿਹੜੇ ਸੱਚੇ ਨਾਮ ਨੂੰ

ਸੰਭਾਲਦੇ ਹਨ॥ ੨॥

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ॥

ਜਿਸ ਘਰ ਨੂੰ ਛੱਡ ਕੇ ਚਲਿਆ ਜਾਣਾ ਹੈ ਓਹੀ ਘਰ ਮਨ ਵਿਚ ਪਿਆਰਾ ਲਗ ਰਿਹਾ ਹੈ।

ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ॥

ਜਿਸ ਪ੍ਰਲੋਕ ਘਰ ਵਿਚ ਜਾ ਕੇ ਤੈਨੇ ਵਰਤਣਾ ਹੈ ਭਾਵ ਨਿਵਾਸ ਕਰਨਾ ਹੈ, ਤਿਸ ਪ੍ਰਲੋਕ ਘਰ ਦੀ ਤੈਨੂੰ ਚਿੰਤਾ ਹੀ ਨਹੀਂ ਹੈ।

ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ॥ ੩॥

ਜਿਹੜੇ ਅਧਿਕਾਰੀ ਹੋ ਕੇ ਗੁਰੂ ਜੀ ਦੀ ਚਰਨੀਂ ਪੈਂਦੇ ਹਨ, ਓਹੀ ਫਾਥੇ=ਫਾਹੀ ਵਿਚੋਂ ਨਿਕਲਦੇ ਹਨ॥ ੩॥

ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ॥

ਗੁਰੂ ਤੋਂ ਬਗੈਰ ਹੋਰ ਕੋਈ ਬਚਾ ਨਹੀਂ ਸਕਦਾ, ਗੁਰੂ ਜੈਸਾ ਸਮਰੱਥ ਹੋਰ ਕੋਈ ਦੂਜਾ ਦੇਖਣ ਵਿਚ ਨਹੀਂ ਆਉਂਦਾ।

ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ॥

ਚਾਰੇ ਕੁੰਡਾ=ਚਾਰੇ ਦਿਸ਼ਾਂ ਨੂੰ ਢੂੰਢ ਢਾਂਡ ਕੇ ਹੁਣ ਮੈਂ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਪਿਆ ਹਾਂ।

ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ॥ ੪॥ ੩॥ ੭੩॥

ਗੁਰੂ ਸਾਹਿਬ ਜੀ ਆਖਦੇ ਹਨ-ਮੈਂ ਡੁਬਦਾ ਜਾਂਦਾ ਸਾਂ, ਪਰ ਸੱਚੇ ਪਾਤਸ਼ਾਹ ਨੇ ਮੇਹਰ ਕਰਕੇ ਗੁਰੂ ਰੂਪ ਮਲਾਹ ਪਾਸੋਂ ਕਢਵਾ ਲੀਤਾ ਹੈ॥ ੪॥ ੩॥ ੭੩॥

ਸਿਰੀਰਾਗੁ ਮਹਲਾ ੫॥

ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ॥

ਇਹ ਜੀਵ ਸੰਸਾਰ ਵਿਚ ਇਕ ਘੜੀ ਜਾਂ ਮੁਹਤ=ਅੱਧੀ ਘੜੀ ਦਾ ਪ੍ਰਾਹੁਣਾ ਹੈ, ਪਰ ਆਪਣੇ ਆਪ ਨੂੰ ਅਮਰ ਸਮਝ ਕੇ ਕਈ ਕੰਮਾਂ ਦੇ ਸਵਾਰਨ ਵਾਲਾ ਹੋ ਰਿਹਾ ਹੈ।

ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ॥

ਮਾਇਆ ਦੇ ਕੰਮਾਂ ਵਿਚ ਵਿਆਪ ਰਿਹਾ (ਲਗ ਰਿਹਾ) ਹੈ, ਇਹ ਮੂਰਖ ਮੌਤ ਨੂੰ ਆਪਣੇ ਪਾਸ ਸਮਝਦਾ ਨਹੀਂ ਹੈ।

ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ॥ ੧॥

ਜਦ ਇੱਥੋਂ ਉੱਠ ਕੇ ਤੁਰਿਆ ਤੇ ਜੰਦਾਰ=ਜਿੰਦ ਦੇ ਦੁਸ਼ਮਣ ਜਮਦੂਤਾਂ ਦੇ ਵਸ ਵਿਚ ਪੈ ਗਿਆ ਤਾਂ ਫਿਰ ਪਸਚਾਤਾਪ ਕਰਦਾ ਹੈ॥ ੧॥

ਅੰਧੇ ਤੂੰ ਬੈਠਾ ਕੰਧੀ ਪਾਹਿ॥

ਹੇ ਅੰਧੇ ਅਗਿਆਨੀ ਪੁਰਖ਼ਾ ! ਕਾਲ ਰੂਪ ਨਦੀ ਚਲ ਰਹੀ ਹੈ। ਤੂੰ ਸੰਸਾਰ ਰੂਪ ਕੰਧੀ ਦੇ ਪਾਸ ਬੈਠਾ ਹੈਂ। ਚਵ੍ਹੀ ਹਜ਼ਾਰ ਸ੍ਵਾਸ ਨਿਕਲਣੇ ਰੂਪ ਮਣਾਂ ਢਹਿ ਰਹੀਆਂ ਹਨ, ਤੂੰ ਆਪਣੇ ਆਪ ਨੂੰ ਸੰਭਾਲਣਾ ਕਰ।

ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ॥ ੧॥ ਰਹਾਉ॥

ਜੇ ਕੋਈ ਪੂਰਬਲੇ ਭਾਵ ਪਿਛਲੇ ਜਨਮ ਦੇ ਕੀਤੇ ਹੋਇ ਚੰਗੇ ਕਰਮਾਂ ਦਾ ਫਲ ਲਿਖਿਆ ਹੋਇਆ ਹੈਗਾ ਈ, ਤਾਂ ਗੁਰਾਂ ਦੇ ਉਪਦੇਸ਼ ਨੂੰ ਕਮਾ ਲੈ॥ ੧॥ ਰਹਾਉ॥

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥

ਜਿਵੇਂ ਜ਼ਿਮੀਂਦਾਰ ਦੀ ਮਰਜ਼ੀ ਹੈ ਭਾਵੇਂ ਹਰੀ ਖੇਤੀ ਵੱਢ ਲਵੇ, ਭਾਵੇਂ ਡੱਡਿਆਂ ਵਾਲੀ ਵੱਢ ਲਵੇ, ਜੇਕਰ ਹਰੀ ਖੇਤੀ ਨਾ ਵੱਢੇ, ਡੰਡਿਆਂ ਵਾਲੀ ਵੀ ਨਾ ਵੱਢੇ, ਤਾਂ ਜਿਸ ਵੇਲੇ ਖੇਤੀ ਪੱਕ ਜਾਂਦੀ ਹੈ, ਤਾਂ ਵੱਢਣ ਵਾਲਾ ਹੋਕੇ ਪੱਕੀ ਖੇਤੀ ਨੂੰ ਵੱਢ ਲੈਂਦਾ ਹੈ।

ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥

ਖੇਤੀ ਨੂੰ ਵੱਢਣ ਵਾਲੇ ਜੋ ਦਿਹਾੜੀਦਾਰ ਮਨੁੱਖ ਹਨ ਉਨ੍ਹਾਂ ਨੂੰ 'ਲਾਵੇ' ਆਖਦੇ ਹਨ, ਉਨ੍ਹਾਂ ਲਾਵਿਆਂ ਨੂੰ ਤਿਆਰ ਕਰਦਾ ਹੈ। ਉਹ ਫਿਰ ਦਾਤ=ਦਾਤ੍ਰੀਆਂ ਲੈ ਲੈ ਕੇ ਖੇਤ ਦੇ ਪਾਸ ਪਹੁੰਤਿਆ=ਪਹੁੰਚ ਜਾਂਦੇ ਹਨ।

ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ॥ ੨॥

ਜਿਸ ਵੇਲੇ ਜ਼ਿਮੀਂਦਾਰ ਦਾ ਹੁਕਮ ਹੋਇਆ ਤਾਂ ਉਨ੍ਹਾਂ ਲਾਵਿਆਂ ਨੇ ਸਾਰਾ ਖੇਤ ਮਿਣ ਕੇ ਲੁਣਿ=ਕੱਟ ਦਿੱਤਾ।

ਏਸੇ ਤਰ੍ਹਾਂ ਪ੍ਰਮਾਤਮਾ ਰੂਪ ਜ਼ਿਮੀਂਦਾਰ ਦੀ ਮਰਜ਼ੀ ਹੈ, ਭਾਵੇਂ ਬਾਲਕ ਅਵਸਥਾ ਵਿਚ ਮਾਰ ਲਵੇ, ਭਾਵੇਂ ਜੁਆਨੀ ਵਿਚ ਮਾਰ ਲਵੇ' ਜੇਕਰ ਹਰੀ ਨਾਹੀ=ਬਾਲਕ ਅਵਸਥਾ ਵਿਚ ਨਾ ਮਾਰੇ, ਨਹ ਡਡੁਰੀ=ਜੁਆਨੀ ਵਿਚ ਵੀ ਨਾ ਮਾਰੇ, ਜਿਸ ਵੇਲੇ ਸਰੀਰ ਰੂਪ ਖੇਤੀ ਪੱਕ ਜਾਂਦੀ ਹੈ ਭਾਵ ਬੁਢੇਪਾ ਆ ਜਾਂਦਾ ਹੈ ਉਸ ਵੇਲੇ ਵੱਢਣਹਾਰ ਹੋ ਕੇ ਇਸ ਨੂੰ ਕੱਟ ਲੈਂਦਾ ਭਾਵ ਮਾਰ ਦਿੰਦਾ ਹੈ। ਜਿਸ ਵੇਲੇ ਲਾਵੇ=ਜਮਦੂਤਾਂ ਨੂੰ ਤਿਆਰ ਕਰਦਾ ਹੈ ਤਿਸ ਵੇਲੇ ਉਹ ਦਾਤ੍ਰੀਆਂ ਗੁਰਜਾਂ ਛਵੀਆਂ ਨੂੰ ਲੈ ਲੈ ਕੇ ਪਹੁੰਚਦੇ ਹਨ। ਜਿਸ ਵੇਲੇ ਜ਼ਿਮੀਂਦਾਰ-ਪ੍ਰਮਾਤਮਾ ਦਾ ਹੁਕਮ ਹੋਇਆ ਤਾਂ ਜਮਦੂਤਾਂ ਨੇ ਸਰੀਰ ਰੂਪ ਖੇਤ ਮਿਣਕੇ ਅਰਥਾਤ ਜਿਤਨੇ ਕੁ ਸ੍ਵਾਸ ਇਸ ਨੇ ਲੈਣੇ ਸਨ ਉਹ ਪੂਰੇ ਗਿਣ ਕੇ ਕੱਟ ਲੈਣਾ ਕੀਤਾ॥ ੨॥

ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ॥

ਰਾਤ ਦਾ ਪਹਿਲਾ ਪਹਿਰ ਤਾਂ ਖਾਣ ਪੀਣ ਦੇ ਧੰਧਿਆਂ ਵਿਚ ਹੀ ਬੀਤ ਗਿਆ, ਅਤੇ ਰਾਤ ਦਾ ਦੂਜਾ ਪਹਿਰ ਗੂੜ੍ਹੀ ਨੀਂਦ ਵਿਚ ਭਰ ਕੇ ਸੌਂ ਗਿਆ।

ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ॥

ਰਾਤ ਦੇ ਤੀਜੇ ਪ੍ਰਹਿਰ ਵਿਚ ਜਾਗ ਕੇ ਵਿਸ਼ੇ ਵਿਕਾਰਾਂ ਦੀਆਂ ਝਾਖ ਝਖਾਇਆ=ਗੱਪਾਂ ਮਾਰਦਾ ਰਿਹਾ, ਇਤਨੇ ਨੂੰ ਚੌਥੇ ਪਹਿਰ ਦੇ ਹੁੰਦਿਆਂ ਹੀ ਭੋਰੁ ਭਇਆ=ਦਿਨ ਉਦੇ ਹੋ ਗਿਆ। ਏਸੇ ਤਰ੍ਹਾਂ ਅਵੱਸਥਾ ਰੂਪੀ ਰਾਤ

ਦਾ ਪਹਿਲਾ ਪਹਿਰਾ ਬਾਲਕ ਅਵਸਥਾ ਖੇਡ ਰੂਪ ਧੰਧੇ ਵਿਚ ਬੀਤ ਗਿਆ। ਅਵੱਸਥਾ ਰੂਪੀ ਰਾਤ ਦਾ ਦੂਜਾ ਪਹਿਰਾ ਜੋਬਨ ਅਵਸਥਾ ਦੇ ਮਦ ਰੂਪ ਨੀਂਦ ਵਿਚ ਭਰਕੇ ਸੁੱਤਾ ਰਿਹਾ। ਅਵਸਥਾ ਰੂਪੀ ਰਾਤ ਦਾ ਤੀਜਾ ਪਹਿਰਾ ਅੱਧਖੜ ਅਵਸਥਾ ਆਈ ਤਾਂ ਝੱਖਾਂ ਨੂੰ ਮਾਰਦਾ ਹੈ ਕਿ ਬੁਢੇਪਾ ਆ ਰਿਹਾ ਹੈ ਹੁਣ ਬਹੁਤ ਸਾਰਾ ਧਨ ਇਕੱਠਾ ਕਰ ਲਵਾਂ। ਅਵਸਥਾ ਰੂਪੀ ਰਾਤ ਦਾ ਚੌਥਾ ਪਹਿਰਾ ਬੁਢੇਪਾ ਆਇਆ ਤਾਂ ਕਾਲ ਰੂਪ ਦਿਨ ਉਦੇ ਹੋ ਗਿਆ।

ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ ॥ ੩ ॥

ਜਿਸ ਪ੍ਰਭੂ ਨੇ ਜੀਵ ਨੂੰ ਪਿੰਡੁ=ਸਰੀਰ ਦਿੱਤਾ ਹੈ, ਉਹ ਪ੍ਰਭੂ ਕਦੇ ਭੀ ਚੇਤੇ ਨਾ ਆਇਆ ॥ ੩ ॥

ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥

ਮੈਂ ਸਾਧਸੰਗਤ ਤੋਂ ਵਾਰਨੇ ਜਾਂਦਾ ਹਾਂ, ਮੈਨੇ ਆਪਣੇ ਜੀਅ ਨੂੰ ਭੀ ਸਾਧਸੰਗਤ ਤੋਂ ਕੁਰਬਾਣੁ=ਵਾਰਨੇ ਕੀਤਾ ਹੈ।

ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥

ਜਿਸ ਸਾਧਸੰਗਤ ਦੇ ਪਰਤਾਪ ਕਰਕੇ ਮੇਰੇ ਮਨ ਵਿਚ ਸ਼ੁਭ ਗਿਆਤ ਪਈ ਹੈ, ਅਤੇ ਸੁਜਾਣ ਪੁਰਖ ਵਾਹਿਗੁਰੂ ਮਿਲਿਆ ਹੈ।

ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥ ੪ ॥ ੪ ॥ ੭੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਸਾਰੀਆਂ ਗੱਲਾਂ ਜਾਨਣ ਵਾਲਾ ਅੰਤਰਜਾਮੀ ਹਰੀ ਸਦਾ ਹੀ ਆਪਣੇ ਨਾਲ ਵੇਖਣਾ ਕੀਤਾ ॥ ੪ ॥ ੪ ॥ ੭੪ ॥

ਸਿਰੀਰਾਗੁ ਮਹਲਾ ੫ ॥

ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥

ਹੋਰ ਭਾਵੇਂ ਸਾਰੀਆਂ ਗੱਲਾਂ ਭੁੱਲ ਜਾਣ, ਪਰ ਇਕ ਵਾਹਿਗੁਰੂ ਨਾਮ ਨਾ ਭੁੱਲ ਜਾਵੇ।

ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ ॥

ਸਾਰਿਆਂ ਧੰਧਿਆਂ ਨੂੰ ਜਲਾਇ ਕੈ=ਸਾੜਕੇ ਸਚੁ ਸੁਆਉ=ਸੱਚੇ ਅਨੰਦ ਦੀ ਪ੍ਰਾਪਤੀ ਕਰਨ ਵਾਲਾ ਨਾਮ ਗੁਰਾਂ ਨੇ ਦਿੱਤਾ ਹੈ।

ਅਥਵਾ:-ਗੁਰਾਂ ਨੇ ਵਾਹਿਗੁਰੂ ਨਾਮ ਦਾ ਸਚੁ ਸੁਆਉ=ਲਾਭ ਬਖਸ਼ਿਆ ਹੈ।

ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥

ਹੇ ਮਨਾ ! ਸਾਰੀਆਂ ਆਸਾਂ ਲਾਹਿ ਕੈ=ਛੱਡ ਕੇ ਇਕ ਪ੍ਰਭੂ ਦੀ ਆਸ ਧਾਰਨਾ ਕਰ।

ਅਥਵਾ:-ਇਕ ਦੀ ਆਸਾ ਰੱਖਕੇ ਨਾਮ ਦੀ ਕਮਾਈ ਕਰ।

ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥ ੧ ॥

ਜਿਨ੍ਹਾਂ ਨੇ ਪੂਰਿਆਂ ਸਤਿਗੁਰਾਂ ਨੂੰ ਸੇਵਨਾ ਕੀਤਾ ਹੈ, ਤਿਨ੍ਹਾਂ ਨੂੰ ਅਗੈ=ਪ੍ਰਲੋਕ ਵਿਚ ਬੈਠਣ ਲਈ ਆਦਰ ਦਾ ਅਸਥਾਨ ਮਿਲਿਆ ਹੈ ॥ ੧ ॥

ਮਨ ਮੇਰੇ ਕਰਤੇ ਨੋ ਸਾਲਾਹਿ॥

ਹੇ ਮੇਰੇ ਮਨ ! ਤੂੰ ਕਰਤੇ ਅਕਾਲ ਪੁਰਖ ਨੂੰ ਸਲਾਹੁਣਾ ਕਰ।

ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ॥ ੧॥ ਰਹਾਉ॥

ਸਾਰੀਆਂ ਸਿਆਣਪਾਂ ਛੱਡ ਕੇ ਗੁਰੂ ਦੀ ਚਰਨੀਂ ਪਿਆ ਰਹੁ॥ ੧॥ ਰਹਾਉ॥

ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ॥

ਜੇਕਰ ਸੁਖਾਂ ਦਾ ਦਾਤਾ ਵਾਹਿਗੁਰੂ ਮਨ ਵਿਚ ਵਸਿਆ ਹੋਵੇ ਤਾਂ ਫਿਰ ਕਦੇ ਵੀ ਦੁੱਖ ਭੁੱਖ ਨਹੀਂ ਵਿਆਪਦੀ।

ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ॥

ਜਾ=ਜੇਕਰ ਹਿਰਦੇ ਵਿਚ ਉਹ ਸੱਚਾ ਵਾਹਿਗੁਰੂ ਵਸਦਾ ਹੋਵੇ, ਤਾਂ ਕਿਸੇ ਭੀ ਕੰਮਿ ਵਿਚ ਛਿਜੀਐ=ਨੁਕਸਾਨ ਨਹੀਂ ਹੁੰਦਾ।

ਅਥਵਾ:-ਚਾਹੇ ਕਿਸੇ ਕੰਮ ਵਿਚ ਲੱਗਾ ਰਵ੍ਹੇ ਉਹ ਕੰਮ ਛਿਜੀਐ=ਵਿਗੜਦਾ ਨਹੀਂ।

ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ॥

ਹੇ ਵਾਹਿਗੁਰੂ ! ਜਿਸਨੂੰ ਤੂੰ ਹੱਥ ਦੇ ਕੇ ਰਖਦਾ ਹੈਂ, ਤਿਸ ਨੂੰ ਕੋਈ ਭੀ ਮਾਰ ਨਹੀਂ ਸਕਦਾ।

ਯਥਾ:- ਜਿਸ ਦਾ ਸਾਹਿਬੁ ਡਾਢਾ ਹੋਇ॥ ਤਿਸ ਨੋ ਮਾਰਿ ਨ ਸਾਕੈ ਕੋਇ॥

(ਬਿਲਾਵਲੁ ਮਹਲਾ ੩, ਪੰਨਾ ੮੪੨)

ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ॥ ੨॥

ਸੁਖਾਂ ਦੇ ਦੇਣ ਵਾਲੇ ਗੁਰੂ ਦੀ ਸੇਵਾ ਕਰੀਏ, ਤਾਂ ਉਹ ਨਾਮ ਜਲ ਨਾਲ ਧੋ ਕੇ ਸਾਰੇ ਔਗੁਣ ਕੱਢ ਦੇਂਦੇ ਹਨ॥ ੨॥

ਪ੍ਰਸ਼ਨ :- ਜਗਿਆਸੂ ਦੀ ਸੇਵਾ ਵੇਖ ਕੇ ਜੇਕਰ ਗੁਰੂ ਪ੍ਰਸੰਨ ਹੋ ਕੇ ਕਹਿਣ ਤੂੰ ਕੁਝ ਮੰਗ ਲੈ ਤਾਂ ਸੇਵਕ ਨੂੰ ਕੀ ਮੰਗਣਾ ਚਾਹੀਦਾ ਹੈ। *ਉੱਤਰ:-*

ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ॥

ਸੇਵਕ ਨੂੰ ਚਾਹੀਦਾ ਹੈ ਕਿ ਫਿਰ ਭੀ ਸੇਵਾ ਮੰਗੇ, ਅਤੇ ਇੰਞ ਕਵ੍ਹੇ ਹੇ ਗੁਰਦੇਵ ਜੀ ! ਮੈਨੂੰ ਆਪਣੀ ਸੇਵਾ ਵਿਚ ਹੀ ਲਗਾਈ ਰੱਖੋ।

[ਪੰਨਾ ੪੪]

ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ॥

ਹੇ ਗੁਰਦੇਵ ! ਆਪ ਤੂਠੈ=ਪ੍ਰਸੰਨ ਹੋਏ ਹੋ ਤਾਂ ਇਹ ਕਿਰਪਾ ਕਰੋ, ਮੈਂ ਸਾਧੂਆਂ ਦਾ ਸੰਗ, ਅਤੇ ਉਨ੍ਹਾਂ ਦੀ ਸੇਵਾ ਟਹਲ ਰੂਪੀ ਮਸਕਤੇ=ਮੇਹਨਤ ਨੂੰ ਕਰਨਾ ਪਾਵਾਂ। ਵਾ ਜਪ ਤਪ ਰੂਪੀ ਮੇਹਨਤ ਨੂੰ ਕਰਨਾ ਪਾਵਾਂ। (ਪਾਠ ਮਸੱਕਤੇ ਬੋਲਣਾ ਹੈ)।

ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ॥

ਸਭ ਕੁਝ ਸਾਹਿਬ ਪ੍ਰਮਾਤਮਾ ਦੇ ਵਸ ਵਿਚ ਹੈ, ਉਹ ਆਪ ਹੀ ਸਭ ਕਾਰਨ ਕਾਰਜਾਂ ਦੇ ਕਰਨ ਵਾਲਾ ਹੈ।

ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ॥ ੩॥

ਮੈਂ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜੋ ਸਾਰਿਆਂ ਦੀ ਮਨਸਾ=ਵਾਸ਼ਨਾਂ ਪੂਰਨ ਕਰਨ ਵਾਲੇ ਹਨ॥ ੩॥

ਇਕੋ ਦਿਸੈ ਸਜਣੋ ਇਕੋ ਭਾਈ ਮੀਤੁ॥

ਇਕ ਪ੍ਰਮਾਤਮਾ ਹੀ ਸੱਜਣ ਦਿਸਦਾ ਹੈ, ਇਕ ਪ੍ਰਮਾਤਮਾ ਹੀ ਮੇਰਾ ਭਰਾ ਤੇ ਮਿੱਤਰ ਹੈ।

ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ॥

ਇਹ ਸਾਰੀ ਸਮੱਗਰੀ ਇਕ ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਹੈ। ਸਾਰੀ ਰੀਤਿ=ਮਰਯਾਦਾ ਭੀ ਇਕ ਪ੍ਰਮੇਸ਼ਰ ਦੀ ਬੱਧੀ ਹੋਈ ਹੈ।

ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ॥

ਜਾਂ ਇਕ ਅਕਾਲ ਪੁਰਖ ਨਾਲ ਮੰਨ ਮੰਨਿਆ ਗਿਆ ਤਾਂ ਚਿੱਤ ਨਿਹਚਲੁ=ਅਚੱਲ ਹੋ ਗਿਆ।

ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ॥ ੪॥ ੫॥ ੭੫॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਸੱਚੇ ਵਾਹਿਗੁਰੂ ਦੇ ਟੇਕ=ਆਸਰੇ ਨੂੰ ਗ੍ਰਹਿਣ ਕੀਤਾ ਹੈ, ਉਸ ਦਾ ਖਾਣਾ ਵੀ ਸਚੁ=ਸਫਲਾ ਹੈ ਅਤੇ ਬਸਤ੍ਰ ਆਦਿ ਗਹਿਣਿਆਂ ਦਾ ਪਹਿਨਣਾ ਵੀ ਸਚੁ=ਸਫਲਾ ਹੈ।

*ਅਥਵਾ:-*ਉਸ ਦਾ ਖਾਣਾ=ਜਪਨਾ ਵੀ ਸਫ਼ਲਾ ਹੈ ਪੈਨਣਾ=ਸੁਨਣਾ ਵੀ ਸਫਲਾ ਹੈ॥ ੪॥ ੫॥ ੭੫॥

ਸਿਰੀਰਾਗੁ ਮਹਲਾ ੫॥

ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ॥

ਜੇਕਰ ਇਕ ਵਾਹਿਗੁਰੂ ਦਾ ਨਾਮ ਮਨ ਰੂਪ ਹੱਥ ਵਿਚ ਆ ਜਾਵੇ ਤਾਂ ਸਾਰੇ ਥੋਕ=ਪਦਾਰਥ ਧਰਮ, ਅਰਥ, ਕਾਮ, ਮੋਖ ਪ੍ਰਾਪਤ ਹੋ ਜਾਂਦੇ ਹਨ*।

ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ॥

ਜਨਮ ਪਦਾਰਥ ਤਾਂ ਹੀ ਸਫਲ ਹੁੰਦਾ ਹੈ ਜੇਕਰ ਸਚਾ ਗੁਰ ਉਪਦੇਸ਼ ਕਥਨ ਕੀਤਾ ਜਾਵੇ।

ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ॥ ੧॥

ਜਿਸ ਦੇ ਮੱਥੇ ਉੱਪਰ ਸ੍ਰੇਸ਼ਟ ਲੇਖ ਲਿਖਿਆ ਹੋਵੇ, ਉਸਨੂੰ ਗੁਰਾਂ ਪਾਸੋਂ ਮਹਲੁ=ਸਰੂਪ ਪ੍ਰਾਪਤ ਹੁੰਦਾ ਹੈ॥ ੧॥

**ਸੰਪ੍ਰਦਾ ਦੇ ਕਥਨ ਅਨੁਸਾਰ ਗੁਰਬਾਣੀ ਵਿਚ ਚਾਰ ਪਦਾਰਥ ਇਹ ਹਨ:-*

੧. ਜਨਮ ਪਦਾਰਥ, ੨. ਨਾਮ ਪਦਾਰਥ, ੩. ਪ੍ਰੇਮ ਪਦਾਰਥ, ੪. ਗਿਆਨ ਪਦਾਰਥ, ਇਤ ਆਦਿਕ ਸਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ।

ਮੇਰੇ ਮਨ ਏਕਸ ਸਿਉ ਚਿਤੁ ਲਾਇ॥

ਹੇ ਮੇਰੇ ਪਿਆਰੇ! ਇਕ ਵਾਹਿਗੁਰੂ ਨਾਲ ਚਿੱਤ ਬਿਰਤੀ ਨੂੰ ਲਗਾਣਾ ਕਰ।

ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥ ੧ ॥ ਰਹਾਉ ॥

ਇਕ ਨਾਮ ਤੋਂ ਬਿਨਾਂ ਹੋਰ ਸਾਰੇ ਕਰਮ ਧੰਧਾ ਰੂਪ ਹਨ, ਅਤੇ ਮਾਇਆ ਦਾ ਮੋਹ ਵੀ ਸਭ ਮਿਥਿਆ ਰੂਪ ਹੈ॥ ੧ ॥ ਰਹਾਉ॥

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥

ਜੇਕਰ ਸਤਿਗੁਰ ਦੇਵ ਜੀ ਕਿਰਪਾ ਦ੍ਰਿਸ਼ਟੀ ਕਰਨ, ਤਾਂ ਲੱਖਾਂ ਪਾਤਸ਼ਾਹੀਆਂ ਜਿੰਨੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ॥

ਇਕ ਨਿਮਖ ਮਾਤ੍ਰ (ਅੱਖ ਦੇ ਫੁਰਕਨੇ ਮਾਤ੍ਰ) ਵੀਂ ਹਰੀ ਨਾਮ ਦਾ ਸਿਮਰਨ ਦੇ ਦੇਵਣ, ਤਾਂ ਮੇਰਾ ਮਨ ਤਨ ਠੰਢਾ ਹੋ ਜਾਵੇਗਾ। ਭਾਵ, ਨਿਹਾਲ ਹੋ ਜਾਵੇਗਾ।

ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ॥ ੨ ॥

ਜਿਸ ਨੂੰ ਪੂਰਬਲਾ ਲੇਖ ਲਿਖਿਆ ਫਲ ਦੇਣ ਨੂੰ ਪ੍ਰਾਪਤ ਹੋਇਆ ਹੈ ਉਸ ਨੇ ਗੁਰੂ ਸਾਹਿਬਾਂ ਦੇ ਚਰਨ ਗਹੇ=ਫੜੇ ਹਨ॥ ੨ ॥

ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ॥

ਉਹ ਮੂਰਤੁ=ਦੋ ਘੜੀਆਂ ਦਾ ਸਮਾਂ ਵੀ ਸਫਲ ਹੈ, ਇਕ ਘੜੀ ਦਾ ਸਮਾਂ ਵੀ ਸਫਲ ਹੈ, ਜਿਸ ਵਿਚ ਸੱਚੇ ਵਾਹਿਗੁਰੂ ਨਾਲ ਪਿਆਰ ਕੀਤਾ ਜਾਵੇ।

ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ॥

ਜਿਸਨੂੰ ਹਰੀ ਨਾਮ ਦਾ ਅਧਾਰੁ=ਆਸਰਾ ਹੈ ਉਸਨੂੰ ਕੋਈ ਸਰੀਰਕ ਦੁੱਖ ਅਤੇ ਮਨ ਦਾ ਸੰਤਾਪ ਨਹੀਂ ਲੱਗਦਾ।

ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ॥ ੩ ॥

ਜਿਸਨੂੰ ਗੁਰੂ ਜੀ ਨੇ ਬੁੱਧੀ ਰੂਪੀ ਭੁਜਾ ਤੋਂ ਫੜ ਕੇ ਬਾਹਰ ਕਢਿਆ ਹੈ, ਓਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਿਆ ਹੈ॥ ੩ ॥

ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ॥

ਉਹ ਅਸਥਾਨ ਸੋਭਨੀਕ ਅਤੇ ਪਵਿੱਤ੍ਰ ਹੈ ਜਿਸ ਜਗ੍ਹਾ ਸੰਤ ਸਭਾ ਜੁੜਕੇ ਬਹਿੰਦੀ ਹੈ।

ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੁ ਲਭਾ॥

ਓਸੇ ਪੁਰਸ਼ ਨੂੰ ਸਤਸੰਗਤ ਦਾ ਢੋਈ=ਆਸਰਾ ਮਿਲਦਾ ਹੈ, ਜਿਸ ਨੂੰ ਪੂਰੇ ਗੁਰੂ ਲੱਭੇ ਹਨ।

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥ ੪ ॥ ੬ ॥ ੭੬ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਗੁਰਮੁਖਾਂ ਨੇ ਓਥੇ ਘਰ ਜਾ ਬਣਾਇਆ ਹੈ, ਜਿਥੇ ਜੰਮਣਾ ਮਰਨਾ, ਤੇ ਜਰਾ=ਬੁਢੇਪੇ ਦਾ ਦੁੱਖ ਨਹੀਂ ਹੈ॥ ੪ ॥ ੬ ॥ ੭੬ ॥

ਸ੍ਰੀਰਾਗੁ ਮਹਲਾ ੫ ॥

ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥

ਹੇ ਜੀਵ ! ਤੂੰ ਉਸ ਅਕਾਲ ਪੁਰਖ ਨੂੰ ਧਿਆਉਣਾ ਕਰ, ਜੋ ਪਾਤਸ਼ਾਹਾਂ ਦਾ ਸਿਰਿ=ਸ਼੍ਰੋਮਣੀ ਪਾਤਸ਼ਾਹ ਹੈ।

ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ ॥

ਓਸੇ ਵਾਹਿਗੁਰੂ ਦੀ ਆਸਾ ਮਨ ਵਿਚ ਧਾਰਨਾ ਕਰ, ਜਿਸ ਦਾ ਸਾਰਿਆਂ ਨੂੰ ਵੇਸਾਹੁ=ਭਰੋਸਾ ਹੈ।

ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥ ੧ ॥

ਮਨ ਦੀਆਂ ਸਭ ਸਿਆਣਪਾਂ ਛੱਡ ਕੇ ਗੁਰੂ ਜੀ ਦੀ ਚਰਨੀਂ ਜਾ ਪਉ॥ ੧ ॥

ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥

ਹੇ ਮੇਰੇ ਮਨ ! ਸਹਜ=ਸੇਤੀ ਸ਼ਾਂਤੀ ਸੁਭਾਅ ਨਾਲ ਨਾਮ ਨੂੰ ਜਪ, ਤਾਂ ਆਤਮ ਸੁਖ ਹੋਵੇਗਾ।

ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥ ੧ ॥ ਰਹਾਉ ॥

ਤੂੰ ਅੱਠੇ ਪਹਿਰ (ਦਿਨ ਰਾਤ) ਪ੍ਰਭੂ ਦੇ ਨਾਮ ਨੂੰ ਧਿਆਂਦਾ ਰਹੁ, ਅਤੇ ਨਿਤਾਪ੍ਰਤੀ ਗੋਬਿੰਦ ਦੇ ਗੁਣਾਂ ਨੂੰ ਗਾਉਂਦਾ ਰਹੁ॥ ੧ ॥ ਰਹਾਉ ॥

ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥

ਹੇ ਮਨ ! ਤੂੰ ਉਸ ਪ੍ਰਭੂ ਦੀ ਸ਼ਰਨ ਪੈਣਾ ਕਰ, ਜਿਸ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥

ਜਿਸ ਦਾ ਸਿਮਰਨ ਕਰਦਿਆਂ ਘਣਾ=ਬਹੁਤ ਸੁਖ ਪ੍ਰਾਪਤ ਹੁੰਦਾ ਹੈ, ਅਤੇ ਮੂਲੇ=ਕਦਾਚਿਤ ਭੀ ਦੁੱਖ ਜਾਂ ਦਰਦ ਨਹੀਂ ਹੁੰਦਾ।

ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥ ੨ ॥

ਜੋ ਪ੍ਰਭੂ ਸੱਚਾ ਸਾਹਿਬ ਹੈ, ਸੋਇ=ਉਸ ਦੀ ਚਾਕਰੀ=ਸੇਵਾ ਸਦਾ ਸਦਾ=ਨਿਤਾਪ੍ਰਤੀ (ਹਮੇਸ਼ਾ) ਕਰੀ ਜਾ॥ ੨ ॥

ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥

ਸਤਸੰਗਤ ਦੀ ਸੇਵਾ ਕਰਨੇ ਕਰਕੇ ਮਨ ਸ਼ੁਧ ਹੁੰਦਾ ਹੈ, ਅਤੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥

ਜੋ ਪ੍ਰਭੂ ਸੁਖਾਂ ਦੇ ਦੇਣ ਵਾਲਾ ਹੈ, ਅਤੇ ਡਰ ਦੇ ਨਾਸ ਕਰਨ ਵਾਲਾ ਹੈ, ਤਿਸ ਪ੍ਰਭੂ ਅੱਗੇ ਤੂੰ

ਅਰਦਾਸਿ=ਬੇਨਤੀ ਕਰ।

ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥ ੩ ॥

ਜਿਸ ਪੁਰਸ਼ ਉੱਤੇ ਮਿਹਰਵਾਨੁ=ਪ੍ਰਮਾਤਮਾ ਜਦੋਂ ਵੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਤਾਂ ਸਾਰੇ ਕਾਰਜ ਰਾਸ ਆ ਜਾਂਦੇ ਹਨ॥ ੩ ॥

ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥

ਉਸ ਪ੍ਰਭੂ ਦੇ ਜਸ ਨੂੰ ਬਹੁਤ ਸੇ ਬਹੁਤ ਵਖਾਣੀਐ=ਕਥਨ ਕਰਦੇ ਹਨ, ਉਸ ਦਾ ਸਤਸੰਗ ਵਾ ਸਰੂਪ ਥਾਂ ਵੀ ਉਚਿਆਂ ਤੋਂ ਉੱਚਾ ਹੈ।

ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ ॥

ਉਹ ਸਾਰੇ ਵਰਨਾਂ ਤੋਂ ਅਤੇ ਚੱਕਰ ਆਦਿਕ ਚਿੰਨ੍ਹਾਂ ਤੋਂ ਬਾਹਰ ਹੈ,

ਯਥਾ:- ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ *(ਜਾਪੁ ਸਾਹਿਬ)*

ਉਸ ਦੀ ਕੀਮਤ ਨੂੰ ਕੋਈ ਕਹਿ ਨਹੀਂ ਸਕਦਾ।

ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥੪ ॥੭ ॥੭੭ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰੋ ਹੇ ਪ੍ਰਭੂ ! ਮਇਆ=ਕਿਰਪਾ ਦ੍ਰਿਸ਼ਟੀ ਕਰਕੇ ਮੈਂ ਸੇਵਕ ਨੂੰ ਆਪਣਾ ਨਾਮਦਾਨ ਦੇਣਾ ਕਰੋ॥ ੪॥ ੭॥ ੭੭॥

ਸ੍ਰੀਰਾਗੁ ਮਹਲਾ ੫ ॥

ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥

ਜੋ ਵਾਹਿਗੁਰੂ ਨਾਮ ਧਿਆਉਂਦਾ ਹੈ ਉਹ ਇਸ ਲੋਕ ਵਿਖੇ ਸੁਖੀ ਰਹਿੰਦਾ ਹੈ, ਅਤੇ ਪ੍ਰਲੋਕ ਵਿਚ ਵੀ ਉਸ ਦਾ ਮੂੰਹ ਉੱਜਲਾ ਹੁੰਦਾ ਹੈ।

ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥

ਪਰ ਪੂਰਿਆਂ ਗੁਰਾਂ ਪਾਸੋਂ ਨਾਮ ਪਾਈਏ, ਤਾਂ ਸਾਰੀ ਦੁਨੀਆਂ ਵਿਚ ਪ੍ਰਗਟ ਹੋ ਜਾਂਦਾ ਹੈ।

ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥ ੧ ॥

ਉਹ ਇਕ ਸੱਚਾ ਪ੍ਰਭੂ ਸਾਧਸੰਗਤ ਰੂਪੀ ਘਰ ਦੇ ਵਿਚ ਵਸ ਰਿਹਾ ਹੈ॥ ੧ ॥

[ਪੰਨਾ ੪੫]

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥

ਹੇ ਮੇਰੇ ਮਨ ! ਤੂੰ ਸਾਡੀ ਸਿੱਖਿਆ ਮੰਨ ਕੇ ਹਰਿ ਹਰਿ ਨਾਮ ਨੂੰ ਧਿਆਉਣਾ ਕਰ।

ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ ॥ ੧ ॥ ਰਹਾਉ ॥

ਪ੍ਰਭੂ ਦਾ ਨਾਮ ਹੀ ਸਦਾ ਅੰਗ ਸੰਗ ਹੋ ਕੇ ਸਹਾਇਤਾ ਕਰਦਾ ਹੈ, ਅਤੇ ਆਗੈ=ਪ੍ਰਲੋਕ ਵਿਚ ਵੀ ਸਾਥੀ

ਹੋ ਕੇ ਜਮਾਂ ਤੋਂ ਛੁਡਾ ਲੈਂਦਾ ਹੈ॥ ੧ ॥ ਰਹਾਉ ॥

ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥

ਦੁਨੀਆ=ਮਾਇਆ ਦੀਆਂ ਸੰਸਾਰਕ ਵਡਿਆਈਆਂ ਕਿਸ ਕੰਮ ਆਉਣਗੀਆਂ।

ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥

ਮਾਇਆ ਦਾ ਸਾਰਾ ਰੰਗੁ=ਆਨੰਦ ਫਿਕਾ ਹੈ, ਇਹ ਨਿਦਾਨਿ=ਅੰਤ ਨੂੰ ਬਿਨਸ ਜਾਂਦਾ ਹੈ।

ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥ ੨ ॥

ਜਿਸ ਦੇ ਹਿਰਦੇ ਵਿਚ ਹਰੀ ਨਾਮ ਵਸਦਾ ਹੈ ਉਹ ਸ਼ੁਭ ਗੁਣਾਂ ਕਰਕੇ ਪੂਰਨ ਅਤੇ ਪਰਧਾਨੁ=ਮੁਖੀ ਹੈ॥ ੨ ॥

ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥

ਆਪਣਾ ਆਪ ਅਰਥਾਤ ਹੰਕਾਰ ਨੂੰ ਤਿਆਗ ਕੇ ਸੰਤਾਂ ਦੇ ਚਰਨਾਂ ਦੀ ਰੇਣੁਕਾ=ਧੂੜ ਗ੍ਰਹਿਣ ਕਰਨੇ ਵਾਲਾ ਹੋ ਜਾ।

ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥

ਸਾਰੇ ਉਪਾਵ=ਜਤਨ ਤੇ ਸਿਆਣਪ ਦੇ ਰਸਤੇ ਛੱਡ ਕੇ, ਗੁਰੂ ਜੀ ਦੀ ਚਰਨੀਂ ਲੱਗਾ ਰਹੁ।

ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥ ੩ ॥

ਜਿਸ ਦੇ ਮੱਥੇ ਦੇ ਭਾਗ ਚੰਗੇ ਹੁੰਦੇ ਹਨ, ਤਿਸ ਨੂੰ ਰਤਨ ਰੂਪ ਨਾਮ ਦੀ ਪ੍ਰਾਪਤੀ ਹੁੰਦੀ ਹੈ॥ ੩ ॥

ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥

ਹੇ ਭਾਈਓ! ਰਤਨ ਰੂਪ ਨਾਮ ਤਿਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੂੰ ਆਪ ਪ੍ਰਭੂ ਦੇਂਦਾ ਹੈ।

ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥

ਸਤਿਗੁਰਾਂ ਦੀ ਸੇਵਾ ਉਹ ਪੁਰਸ਼ ਕਰਦਾ ਹੈ, ਜਿਸ ਦੇ ਅੰਦਰੋਂ ਹਉਮੈ ਦਾ ਬੁਖਾਰ ਲਹਿ ਜਾਂਦਾ ਹੈ।

ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥ ੪ ॥ ੮ ॥ ੭੮ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਗੁਰੂ ਮਿਲਿਆ ਹੈ, ਉਸ ਦੇ ਸਾਰੇ ਸੰਤਾਪ=ਦੁੱਖ ਬਿਨਸ ਗਏ ਹਨ॥ ੪ ॥ ੮ ॥ ੭੮ ॥

ਸਿਰੀਰਾਗੁ ਮਹਲਾ ੫ ॥

ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ॥

ਇਕ ਵਾਹਿਗੁਰੂ ਹੀ ਜੀਵ ਦਾ ਪਛਾਣੂ ਹੈ, ਅਤੇ ਇਕ ਵਾਹਿਗੁਰੂ ਹੀ ਜੀਵ ਦੀ ਰੱਖਿਆ ਕਰਨ ਵਾਲਾ ਹੈ।

ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥

ਉਸ ਇਕ ਦਾ ਹੀ ਮਨ ਵਿਚ ਆਸਰਾ ਹੈ, ਉਹ ਇਕ ਹੀ ਮੇਰੇ ਪ੍ਰਾਣਾਂ ਦਾ ਅਧਾਰੁ=ਆਸਰਾ ਹੈ।

ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ॥ ੧ ॥

ਤਿਸ ਪ੍ਰਾਰਬ੍ਰਹਮ ਕਰਤਾਰ ਦੀ ਸ਼ਰਨ ਵਿਚ ਆਇਆਂ ਹੀ ਜੀਵ ਨੂੰ ਸਦਾ ਸੁਖ ਹੁੰਦਾ ਹੈ॥ ੧ ॥

ਮਨ ਮੇਰੇ ਸਗਲ ਉਪਾਵ ਤਿਆਗੁ ॥

ਹੇ ਮੇਰੇ ਮਨ ! ਤੂੰ ਸਾਰੇ ਜਤਨ ਕਰਨੇ ਤਿਆਗ ਦੇ।

ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥ ੧ ॥ ਰਹਾਉ ॥

ਨਿਤਾਪ੍ਰਤੀ ਪੂਰਿਆਂ ਗੁਰਾਂ ਨੂੰ ਅਰਾਧਨਾ ਕਰ, ਅਤੇ ਇਕ ਪ੍ਰਭੂ ਦੀ ਲਿਵ ਵਿਚ ਲੱਗਾ ਰਹੁ॥ ੧ ॥ ਰਹਾਉ ॥

ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ॥

ਇਕ ਵਾਹਿਗੁਰੂ ਹੀ ਮੇਰਾ ਭਰਾ ਹੈ, ਇਕ ਵਾਹਿਗੁਰੂ ਹੀ ਮਿਤ੍ਰ ਹੈ, ਇਕ ਵਾਹਿਗੁਰੂ ਹੀ ਮੇਰਾ ਮਾਂ ਪਿਉ ਹੈ।

ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥

ਇਕ ਵਾਹਿਗੁਰੂ ਦੀ ਮਨ ਵਿਚ ਟੇਕ=ਓਟ ਹੈ, ਜਿਸ ਨੇ ਜੀਵ ਨੂੰ ਪਿੰਡੁ=ਸਰੀਰ ਆਦਿਕ ਸਭ ਕੁਝ ਦਿੱਤਾ ਹੋਇਆ ਹੈ।

ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ ॥ ੨ ॥

ਜਿਸ ਪ੍ਰਭੂ ਨੇ ਸਭ ਕੁਝ (ਕਾਰਨ ਕਾਰਜ ਰੂਪ ਸੰਪੂਰਨ ਪ੍ਰਪੰਚ) ਆਪਣੇ ਵੱਸ ਵਿਚ ਕੀਤਾ ਹੋਇਆ ਹੈ, ਉਹ ਪ੍ਰਭੂ ਮੇਰੇ ਮਨ ਚੋਂ ਭੁੱਲਦਾ ਨਹੀਂ ਹੈ॥ ੨ ॥

ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ ॥

ਘਰ ਵਿਚ ਵੀ ਇਕ ਪ੍ਰਭੂ ਹੈ, ਬਾਹਰ ਵੀ ਇਕ ਪ੍ਰਭੂ ਦਿਸਦਾ ਹੈ, ਥਾਨਾਂ ਵਿਚ ਤੇ ਥਨੰਤਰੀ ਜੀਵਾਂ ਵਿਚ ਵੀ ਆਪ ਪ੍ਰਭੂ ਹੈ।

ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ ॥

ਸਾਰੇ ਸੂਖਮ ਅਸਥੂਲ਼ ਜੀਆ ਜੰਤੂ ਜਿਸ ਨੇ ਪੈਦਾ ਕੀਤੇ ਹਨ, ਹੇ ਮਨ ! ਅੱਠੇ ਪਹਿਰ ਤੂੰ ਤਿਸਨੂੰ ਜਪ।

ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ॥ ੩ ॥

ਇਕ ਪ੍ਰਭੂ ਨਾਲ ਪ੍ਰੀਤੀ ਕੀਤਿਆਂ ਕਦੇ ਵੀ ਸੋਗ ਸੰਤਾਪ ਨਹੀਂ ਹੋਵੇਗਾ॥ ੩ ॥

ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥

ਇਕ ਪ੍ਰਭੂ ਪਾਰਬ੍ਰਹਮ ਹੀ ਸਰਬ ਕਲਾ ਸਮਰੱਥ ਹੈ, ਉਸ ਵਰਗਾ ਦੂਜਾ ਹੋਰ ਕੋਈ ਨਹੀਂ ਹੈ।

ਜੀਉ ਪਿੰਡ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥

ਜੀਵ ਨੂੰ ਪਿੰਡੁ=ਸਰੀਰ ਆਦਿਕ ਸਭ ਕੁਝ ਓਸੇ ਦਾ ਦਿੱਤਾ ਹੋਇਆ ਹੈ, ਜੋ ਉਸਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ।

ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥ ੪ ॥ ੯ ॥ ੭੯ ॥

ਗੁਰੂ ਜੀ ਕਥਨ ਕਰਦੇ ਹਨ-ਪੂਰਿਆਂ ਗੁਰਾਂ ਦੁਆਰੇ ਜਿਸ ਨੇ ਉਸ ਸੱਚੇ ਨੂੰ ਜਪਿਆ ਹੈ ਉਸਨੂੰ ਪੂਰਾ ਪ੍ਰਭੂ ਪ੍ਰਾਪਤ ਹੋਇਆ ਹੈ॥ ੪॥ ੯॥ ੭੯॥

ਸਿਰੀਰਾਗੁ ਮਹਲਾ ੫ ॥

ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ ॥

ਜਿਨ੍ਹਾਂ ਨੇ ਸਤਿਗੁਰਾਂ ਦੇ ਚਰਨਾਂ ਨਾਲ ਜਾਂ ਉਪਦੇਸ਼ ਨਾਲ ਚਿੱਤ ਲਗਾਇਆ ਹੈ, ਉਹ ਪੁਰਸ਼ ਪੂਰੇ ਤੇ ਪਰਧਾਨ=ਮੁਖੀ ਹਨ।

ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥

ਜਿਨ੍ਹਾਂ ਉੱਪਰ ਆਪ ਦਿਆਲੁ ਹੁੰਦਾ ਹੈ, ਤਿਨ੍ਹਾਂ ਦੇ ਮਨ ਵਿਚ ਬ੍ਰਹਮ ਗਿਆਨ ਉਪਜਦਾ ਹੈ।

ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥ ੧ ॥

ਜਿਨ੍ਹਾਂ ਦੇ ਮੱਥੇ ਉੱਪਰ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਤਿਨ੍ਹਾਂ ਨੇ ਗੁਰਾਂ ਪਾਸੋਂ ਹਰੀ ਨਾਮ ਪਾਇਆ ਹੈ॥ ੧॥

ਮਨ ਮੇਰੇ ਏਕੋ ਨਾਮੁ ਧਿਆਇ ॥

ਹੇ ਮੇਰੇ ਮਨ ! ਤੂੰ ਇਕ ਵਾਹਿਗੁਰੂ ਨਾਮ ਨੂੰ ਧਿਆਉਣਾ ਕਰ।

ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ ॥ ੧ ॥ ਰਹਾਉ ॥

ਸੰਸਾਰਕ ਸਾਰਿਆਂ ਸੁਖਾਂ 'ਚੋਂ ਆਤਮ ਸੁਖ ਉਪਜੇਗਾ ਅਤੇ ਪ੍ਰਲੋਕ ਦਰਗਾਹ ਵਿਚ ਜਸ ਰੂਪ ਪੁਸ਼ਾਕ ਪਹਿਨ ਕੇ ਜਾਵੇਂਗਾ॥ ੧॥ ਰਹਾਉ॥

ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥

ਜਿਨ੍ਹਾਂ ਨੇ ਗੋਪਾਲ ਦੀ ਪ੍ਰੇਮਾ ਭਗਤੀ ਕੀਤੀ ਹੈ, ਉਨ੍ਹਾਂ ਦੇ ਹਿਰਦੇ ਚੋਂ ਜਨਮ ਮਰਨ ਦਾ ਭਉ=ਡਰ ਮਿਟ ਗਿਆ ਹੈ।

ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥

ਸਾਧੂਆਂ ਦੀ ਸੰਗਤ ਕਰਨ ਨਾਲ ਜਦ ਮਨ ਪਵਿੱਤ੍ਰ ਹੋ ਗਿਆ, ਭਾਂ ਨਿਸਚੇ ਕੀਤਾ ਕਿ ਵਾਹਿਗੁਰੂ ਆਪ ਹੀ ਸਾਰਿਆਂ ਦੀ ਪ੍ਰਤਿਪਾਲਾ ਕਰਦਾ ਹੈ।

ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥ ੨ ॥

ਗੁਰੂ ਜੀ ਦਾ ਦਰਸ਼ਨ ਵੇਖਣ ਨਾਲ ਮਨ ਨਿਹਾਲ ਹੁੰਦਾ ਹੈ, ਅਤੇ ਜਨਮ ਮਰਨ ਦੀ ਮੈਲ,

ਵਾ:-ਜਨਮ ਮਰਨ ਦੇ ਦੇਣ ਵਾਲੀ ਅਵਿੱਦਿਆ ਰੂਪੀ ਮੈਲ ਕੱਟੀ ਜਾਂਦੀ ਹੈ।

ਥਾਨ ਥਾਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ ॥

ਉਹ ਪ੍ਰਭੂ ਪਾਰਬ੍ਰਹਮ ਥਾਨਾਂ ਅੰਤਰ ਥਾਨਾਂ ਵਿਖੇ ਪਰੀਪੂਰਨ ਹੋ ਰਿਹਾ ਹੈ।

ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ॥

ਸਾਰਿਆਂ ਨੂੰ ਦਾਤਾਂ ਦੇਣ ਵਾਲਾ ਇਕ ਪ੍ਰਭੂ ਆਪ ਹੀ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ॥ ੩॥

ਤਿਸ ਪ੍ਰਭੂ ਦੀ ਸ਼ਰਨ ਗ੍ਰਹਿਣ ਕਰਨ ਨਾਲ ਛੁਟੀਦਾ ਹੈ, ਉਹ ਪ੍ਰਭੂ ਜੋ ਕੀਤਾ ਲੋੜੇ=ਚਾਹੁੰਦਾ ਹੈ ਓਹੀ ਹੁੰਦਾ ਹੈ॥ ੩॥

ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ॥

ਜਿਨ੍ਹਾਂ ਦੇ ਮਨ ਵਿਚ ਪਾਰਬ੍ਰਹਮ ਵਸਿਆ ਹੈ, ਉਹ ਪੁਰਸ਼ ਸ਼ੁਭ ਗੁਣਾਂ ਕਰਕੇ ਪੂਰਨ ਅਤੇ ਸਾਰਿਆਂ 'ਚੋਂ ਪਰਧਾਨ=ਮੁਖੀ ਹਨ।

ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ॥

ਉਨ੍ਹਾਂ ਦੀ ਸਾਰੇ ਜਹਾਨ ਵਿਚ ਨਿਰਮਲੀ=ਉੱਜਲ ਸੋਭਾ ਪ੍ਰਗਟ ਹੋ ਗਈ ਹੈ।

ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ॥ ੪॥ ੧੦॥ ੮੦॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਮੇਰੇ ਪ੍ਰਭੂ ਨੂੰ ਅਰਾਧਿਆ ਹੈ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ॥ ੪॥ ੧੦॥ ੮੦॥

[ਪੰਨਾ ੪੬]

ਸਿਰੀਰਾਗੁ ਮਹਲਾ ੫॥

ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ॥

ਸਤਿਗੁਰਾਂ ਨਾਲ ਮਿਲਣ ਕਰਕੇ ਸਾਰਾ ਦੁੱਖ ਨਵਿਰਤ ਹੋ ਗਿਆ ਹੈ ਅਤੇ ਸੁਖ ਸਰੂਪ ਹਰੀ ਮਨ ਵਿਚ ਆ ਵਸਿਆ ਹੈ।

ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ॥

ਇਕ ਵਾਹਿਗੁਰੂ ਨਾਲ ਲਿਵ ਲਗਾਣ ਕਰਕੇ ਹਿਰਦੇ ਅੰਦਰ ਵਾਹਿਗੁਰੂ ਦੀ ਜੋਤਿ=ਗਿਆਤ ਪ੍ਰਕਾਸ਼ ਹੋ ਆਈ ਹੈ।

ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ॥

ਸਾਧੂਆਂ ਨਾਲ ਮਿਲਣ ਕਰਕੇ ਮੂੰਹ ਉੱਜਲਾ ਹੁੰਦਾ ਹੈ, ਪ੍ਰੰਤੂ ਸੰਤਾਂ ਦਾ ਸੰਗ ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਪ੍ਰਾਪਤ ਹੁੰਦਾ ਹੈ।

ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ॥ ੧॥

ਨਿਤਾਪ੍ਰਤੀ ਗੋਵਿੰਦ ਦੇ ਗੁਣ ਗਾਂਵਦੇ ਹਾਂ, ਅਤੇ ਸੱਚੇ ਪ੍ਰਭੂ ਦੇ ਨਿਰਮਲ ਨਾਮ ਨੂੰ ਜਪਦੇ ਰਹਿੰਦੇ ਹਾਂ।

ਅਥਵਾ:-ਨਿੱਤ ਹੀ ਗੋਵਿੰਦ ਦੇ ਗੁਣ ਗਾਵਣੇ ਕਰਕੇ, ਅਤੇ ਸੱਚੇ ਨਾਮ ਜਪਨੇ ਕਰਕੇ ਮਨ ਨਿਰਮਲ=ਸ਼ੁੱਧ ਹੁੰਦਾ ਹੈ॥੧॥

ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥

ਹੇ ਮੇਰੇ ਮਨ ! ਗੁਰੂ ਉਪਦੇਸ਼ ਕਰਕੇ ਆਤਮ ਸੁਖ ਪ੍ਰਾਪਤ ਹੁੰਦਾ ਹੈ।

ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥ ੧ ॥ ਰਹਾਉ ॥

ਪੂਰਿਆਂ ਗੁਰਾਂ ਦੀ ਚਾਕਰੀ=ਸੇਵਾ ਕਰਨ ਵਾਲਾ, ਕੋਈ ਭੀ ਬ੍ਰਿਰਥਾ=ਖਾਲੀ ਨਹੀਂ ਜਾਂਦਾ ॥ ੧ ॥ ਰਹਾਉ ॥

ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥

ਗੁਰ ਸੇਵਾ ਕਰਕੇ ਜਦ ਨਾਮ ਰੂਪ ਨਿਧਾਨੁ=ਖਜ਼ਾਨਾ ਪਾਇਆ, ਤਾਂ ਮਨ ਦੀਆਂ ਸਭ ਇੱਛਾ ਪੂਰਨ ਹੋ ਗਈਆਂ।

ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥

ਜਗਤ ਦੀ ਉਤਪਤੀ ਕਰਨ ਵਾਲੇ ਅੰਤਰਜਾਮੀ ਪ੍ਰਭੂ ਨੂੰ ਸਦਾ ਹੀ ਆਪਣੇ ਨਾਲ ਪਛਾਣ ਲਿਆ।

ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥

ਜਿਨ੍ਹਾਂ ਨੇ ਗੁਰ ਕਿਰਪਾ ਦੁਆਰਾ ਇਸ਼ਨਾਨ ਕਰਕੇ ਨਾਮ ਜਪਿਆ ਹੈ ਤੇ ਅਨਾਥਾਂ ਨੂੰ ਦਾਨ ਦਿੱਤਾ ਹੈ ਉਨ੍ਹਾਂ ਦਾ ਮੂੰਹ ਉੱਜਲਾ ਹੋਇਆ ਹੈ।

ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥ ੨ ॥

ਉਨ੍ਹਾਂ ਦੇ ਅੰਦਰੋਂ ਕਾਮ ਕ੍ਰੋਧ ਲੋਭ ਬਿਨਸ ਗਿਆ ਹੈ, ਅਤੇ ਸਾਰਾ ਹੰਕਾਰ ਵੀ ਉਨ੍ਹਾਂ ਨੇ ਤਿਆਗ ਦਿੱਤਾ ਹੈ ॥ ੨ ॥

ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥

ਉਨ੍ਹਾਂ ਨੇ ਨਾਮ ਦੇ ਲਾਭ ਕਰਕੇ ਆਤਮ ਲਾਭ ਪਾਇਆ ਹੈ, ਵਾ ਦੁਨੀਆਂ ਦੇ ਲਾਭਾਂ ਵਿਚੋਂ ਨਾਮ ਦਾ ਲਾਭ ਪਾਇਆ ਹੈ।

ਅਥਵਾ:-ਨਾਮ ਰੂਪੀ ਲਾਭ ਦਾ ਲੱਭਣਾ ਪਾਇਆ ਹੈ। ਵਾ ਲਾਭਦਾਇਕ ਨਾਮ ਦਾ ਲਾਭ ਪਾਇਆ ਹੈ, ਅਤੇ ਉਨ੍ਹਾਂ ਦੇ ਸਾਰੇ ਕੰਮ ਵੀ ਪੂਰਨ ਹੋ ਗਏ ਹਨ।

ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥

ਪ੍ਰਭੂ ਨੇ ਗੁਰੂ ਰੂਪ ਹੋ ਕੇ ਅਪਣਾ ਨਾਮ ਦਾਨ ਦਿੱਤਾ ਹੈ, ਅਤੇ ਪ੍ਰਭੂ ਨੇ ਕਿਰਪਾ ਕਰਕੇ ਆਪਣੇ ਨਾਲ ਹੀ ਮੇਲ ਲੀਤਾ ਹੈ।

ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥

ਜਿਸ ਉੱਤੇ ਆਪ ਮੇਹਰਵਾਨ ਹੋਇਆ ਹੈ, ਉਸ ਦਾ ਜੰਮਣਾ ਮਰਨਾ ਮਿਟ ਗਿਆ ਹੈ।

ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥ ੩ ॥

ਗੁਰਾਂ ਦਾ ਉਪਦੇਸ਼ ਪਛਾਣਕੇ ਹਿਰਦੇ ਘਰ ਵਿਚ ਸਚੁ ਮਹਲੁ=ਸੱਚੇ ਸਰੂਪ ਨੂੰ ਪਾ ਲਿਆ ਹੈ ॥ ੩ ॥

ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥

ਆਪਣੀ ਕਿਰਪਾ ਦ੍ਰਿਸ਼ਟੀ ਧਾਰਕੇ ਭਗਤ ਜਨਾਂ ਨੂੰ ਸਾਰਿਆਂ ਸੰਕਟਾਂ ਵਲੋਂ ਰੱਖ ਲੈਂਦਾ ਹੈ, (ਭਗਤ ਪ੍ਰਹਿਲਾਦ ਦੀ ਨਿਆਈਂ)।

ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ॥

ਜੋ ਸੱਚੇ ਪ੍ਰਭੂ ਦੇ ਪਰਉਪਕਾਰ ਆਦਿਕ ਗੁਣਾਂ ਨੂੰ ਸਾਰਿ=ਸੰਭਾਲਦੇ ਹਨ, ਉਨ੍ਹਾਂ ਦੇ ਲੋਕ ਪ੍ਰਲੋਕ ਵਿਚ ਮੂੰਹ ਉੱਜਲੇ ਹੁੰਦੇ ਹਨ।

ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ॥

ਜੋ ਅਪਾਰ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ, ਉਹ ਅੱਠੇ ਪਹਿਰ ਵਾਹਿਗੁਰੂ ਦੇ ਗੁਣ ਨੂੰ ਸਾਰਦੇ=ਸੰਭਾਲਦੇ ਅਰਥਾਤ ਯਾਦ ਕਰਦੇ ਹਨ।

ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ॥ ੪॥ ੧੧॥ ੮੧॥

ਗੁਰੂ ਜੀ ਕਥਨ ਕਰਦੇ ਹਨ-ਜੋ ਪਾਰਬ੍ਰਹਮ ਸੁਖਾਂ ਦਾ ਸਮੁੰਦ੍ਰ ਹੈ, ਮੈਂ ਉਸ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੪॥ ੧੧॥ ੮੧॥

ਸਿਰੀਰਾਗੁ ਮਹਲਾ ੫॥

ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ॥

ਜੇਕਰ ਪੂਰਾ ਸਤਿਗੁਰੂ ਮਿਲ ਜਾਵੇ, ਤਾਂ ਨਿਧਾਨੁ=ਨਿੱਧੀਆਂ ਦਾ ਖਜ਼ਾਨਾ ਸਬਦੁ=ਬ੍ਰਹਮ ਪਾਈਦਾ ਹੈ।

ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ॥

ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤਾਂ ਹੀ ਨਾਮ ਅੰਮ੍ਰਿਤ ਜਪ ਸਕੀਦਾ ਹੈ।

ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ॥ ੧॥

ਨਾਮ ਦੇ ਪ੍ਰਤਾਪ ਕਰਕੇ ! ਜਦ ਸਹਜ ਪਦ ਵਿਖੇ ਧਿਆਨ ਲੱਗਦਾ ਹੈ, ਤਾਂ ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ॥ ੧॥

ਮੇਰੇ ਮਨ ਪ੍ਰਭ ਸਰਣਾਈ ਪਾਇ॥

ਹੇ ਮੇਰੇ ਮਨ ! ਤੂੰ ਪ੍ਰਭੂ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਣਾ ਕਰ।

ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ॥ ੧॥ ਰਹਾਉ॥

ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਸਹਾਇਕ ਨਹੀਂ ਹੈ, ਇਸਤੇ ਤੂੰ ਇਕ ਨਾਮ ਨੂੰ ਹੀ ਧਿਆਉਣਾ ਕਰ॥ ੧॥ ਰਹਾਉ॥

ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ॥

ਪ੍ਰਮਾਤਮਾ ਅਥਾਹ ਗੁਣਾਂ ਦਾ ਸਮੁੰਦਰ ਹੈ, ਇਸ ਕਰਕੇ ਉਸ ਦੀ ਕੀਮਤ ਕਹੀ ਨਹੀਂ ਜਾਂਦੀ।

ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ॥

ਵਡਭਾਗੀ ਪੁਰਸ਼ ਹੀ ਸਾਧਸੰਗਤ ਵਿਖੇ ਮਿਲਕੇ, ਸ਼ਰਧਾ ਰੂਪ ਮੁੱਲ ਦੇ ਕੇ ਗੁਰੂ ਪਾਸੋਂ ਸੱਚਾ ਉਪਦੇਸ਼

ਵਿਸਾਹੁ=ਖਰੀਦ ਲੈਂਦੇ ਹਨ।

ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥ ੨ ॥

ਸੁਖਾਂ ਦਾ ਸਮੁੰਦਰ ਜੋ ਪ੍ਰਭੂ ਹੈ ਉਸ ਦੀ ਸੇਵਾ ਕਰ, ਜੋ ਪਾਤਸ਼ਾਹਾਂ ਦਾ ਸਿਰਿ=ਸ਼੍ਰੋਮਣੀ ਪਾਤਸ਼ਾਹ ਹੈ॥ ੨ ॥

ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥

ਸਾਨੂੰ ਉਸੇ ਦੇ ਚਰਨ ਕਮਲਾਂ ਦਾ ਆਸਰਾ ਹੈ, ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਦੂਜੀ ਥਾਂ ਨਹੀਂ।

ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥

ਹੇ ਪਾਰਬ੍ਰਹਮ ! ਮੈਨੂੰ ਤੇਰੀ ਧਰ=ਓਟ ਹੈ, ਮੈਂ ਤੇਰੇ ਹੀ ਤਾਣਿ=ਬਲ ਕਰਕੇ ਤੇਰੇ ਆਸਰੇ ਰਹਿੰਦਾ ਹਾਂ।

ਨਿਮਾਣਿਆ ਪ੍ਰਭੁ ਮਾਣੁ ਤੂੰ ਤੇਰੈ ਸੰਗਿ ਸਮਾਉ ॥ ੩ ॥

ਹੇ ਪ੍ਰਭੂ ! ਤੂੰ ਨਿਮਾਣਿਆਂ ਨੂੰ ਮਾਣ ਦੇਣ ਵਾਲਾ ਹੈਂ, ਜਿਨ੍ਹਾਂ ਉੱਤੇ ਤੇਰੀ ਮੇਹਰ ਹੋਈ ਹੈ ਉਹ ਤੇਰੇ ਨਾਲ ਹੀ ਸਮਾਉ=ਅਭੇਦ ਹੋਏ ਹਨ॥ ੨ ॥

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥

ਅੱਠੇ ਪਹਿਰ ਹਰੀ ਨਾਮ ਨੂੰ ਜਪਦੇ ਹਾਂ, ਅਤੇ ਗੋਬਿੰਦ ਦੀ ਆਰਾਧਣਾ ਕਹਦੇ ਹਾਂ।

ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ ॥

ਜਿਸ ਪ੍ਰਭੂ ਨੇ ਜੀਅ ਨੂੰ ਪ੍ਰਾਣ, ਤਨ, ਧਨ ਆਦਿਕ ਰਖੇ=ਦੇ ਛੱਡੇ ਹਨ, ਉਸੇ ਨੇ ਹੀ ਕਿਰਪਾ ਕਰਕੇ ਜਿੰਦੁ=ਬੁੱਧੀ ਵਾ ਜੀਵਨ ਕਲਾ ਰੱਖੀ ਹੈ।

ਨਾਨਕ ਸਗਲੇ ਦੋਖ ਉਤਾਰਿਅਨੁ
ਪ੍ਰਭੁ ਪਾਰਬ੍ਰਹਮ ਬਖਸਿੰਦੁ ॥ ੪ ॥ ੧੨ ॥ ੮੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਬਖਸ਼ਣਹਾਰ ਪ੍ਰਭੂ ਪਾਰਬ੍ਰਹਮ ਨੇ ਕਿਰਪਾ ਕਰਕੇ ਇਸ ਦੇ ਕੀਤੇ ਹੋਇ ਸਾਰੇ ਦੋਸ਼ ਆਪਣੇ ਮਨ 'ਚੋਂ ਉਤਾਰ ਦਿੱਤੇ ਹਨ॥ ੪ ॥ ੧੨ ॥ ੮੨ ॥

ਸਿਰੀਰਾਗੁ ਮਹਲਾ ੫ ॥

ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥

ਸੇਵਕਾਂ ਦੀ ਤਿਸ ਸੱਚੇ ਪ੍ਰਭੂ ਨਾਲ ਪ੍ਰੀਤੀ ਲਗੀ ਹੈ, ਜੋ ਜੰਮ ਕੇ ਆਉਂਦਾ ਨਹੀਂ ਅਤੇ ਮਰ ਕੇ ਜਾਂਦਾ ਨਹੀਂ।

ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥

ਜੇ ਉਸਨੂੰ ਕਿਸੇ ਤਰੀਕੇ ਨਾਲ ਭੀ ਵਿਛੋੜਣਾ ਚਾਹੀਏ, ਤਾਂ ਉਹ ਵਿੱਛੜਦਾ ਨਹੀਂ, ਕਿਉਂਕਿ ਸਾਰਿਆਂ ਵਿਚ ਇਕ ਸਾਰ ਸਮਾ ਰਿਹਾ ਹੈ।

ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥

ਦੀਨ=ਗਰੀਬਾਂ ਦੇ ਦੁੱਖ ਜਨ ਦਰਦ ਦੇ ਭੰਜਨ ਵਾਲਾ ਹੈ, ਅਤੇ ਸੇਵਕਾਂ ਦੇ ਦੁੱਖਾਂ ਨੂੰ ਸਤ ਭਾਇ=ਸੈਂਕੜੇ ਪ੍ਰਕਾਰ ਨਾਲ, ਸਤ ਭਾਇ=ਨਿਸਚੇ ਕਰਕੇ ਨਾਸ ਕਰਦਾ ਹੈ।

ਅਥਵਾ:-ਸੇਵਕਾਂ ਦੇ ਸਤ=ਸੈਂਕੜੇ ਹੀ ਦੁੱਖਾਂ ਨੂੰ ਭਾਇ=ਪ੍ਰੇਮ ਸਹਿਤ ਨਾਸ ਕਰਦਾ ਹੈ।

ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥ ੧ ॥

ਮਾਇ=ਹੇ ਭਾਈ! ਅਸਚਰਜ ਰੂਪ ਨਿਰੰਜਨ ਨਾਲ ਮੈਨੂੰ ਗੁਰਾਂ ਨੇ ਮਿਲਾ ਦਿੱਤਾ ਹੈ॥ ੧ ॥

ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥

ਹੇ ਭਾਈ ! ਉਸ ਪ੍ਰਭੂ ਨੂੰ ਆਪਣਾ ਮਿੱਤਰ ਬਨਾਣਾ ਕਰੋ।

[ਪੰਨਾ ੪੭]

ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥ ੧ ॥ ਰਹਾਉ ॥

ਸੰਬੰਧੀਆਂ ਦੇ ਮੋਹ ਅਤੇ ਮਾਇਆ ਦੀ ਪਰੀਤੀ ਨੂੰ ਧ੍ਰਿਕਾਰ ਹੈ,

ਅਥਵਾ:-ਮਾਇਆ ਦੇ ਮੋਹ ਦੀ ਪਰੀਤੀ ਨੂੰ ਧ੍ਰਿਕਾਰ ਹੈ, ਜਿਸ ਵਿਚ ਲੱਗਾ ਹੋਇਆ ਕੋਈ ਭੀ ਸੁਖੀ ਨਹੀਂ ਦਿਸਦਾ ॥ ੧ ॥ ਰਹਾਉ ॥

ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥

ਸਭ ਦੀ ਜਾਨਣ ਵਾਲਾ ਹੋਣ ਕਰਕੇ ਦਾਨਾ=ਦਨਾਅ ਹੈ, ਸਾਰਿਆਂ ਦਾ ਦਾਤਾ ਹੈ, ਸੀਲਵੰਤੁ=ਸੀਲ ਸੁਭਾਅ ਵਾਲਾ ਹੈ, ਨਿਰਮਲੁ ਰੂਪੁ=ਸ਼ੁੱਧ ਸਰੂਪ ਹੈ, ਅਪਾਰੁ=ਬਿਅੰਤ ਗੁਣਾਂ ਵਾਲਾ ਹੈ।

ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥

ਸਖਾ=ਮਿੱਤਰ ਬਣਕੇ ਸਹਾਇਤਾ ਕਰਦਾ ਹੈ, ਅਤਿ ਵਡਾ=ਵੱਡਿਆਂ ਤੋਂ ਵੱਡਾ ਹੈ, ਉਸ ਅਪਾਰ ਪ੍ਰਭੂ ਦਾ ਸਤਸੰਗ ਵਾ ਸਰੂਪ ਅਸਥਾਨ ਭੀ ਊਚਾ ਵਡਾ=ਉਚਿਆਂ ਤੋਂ ਉੱਚਾ ਹੈ।

ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥

ਬਾਲਕ ਬ੍ਰਿੱਧ ਰੂਪ ਕਰਕੇ ਉਹ ਨਹੀਂ ਜਾਣਿਆ ਜਾਂਦਾ, ਤਿਸ ਦਾ ਦਰਵਾਰੁ=ਸਰੂਪ ਅਚੱਲ ਹੈ।

ਯਥਾ- ਉਹ ਨ ਬਾਲਾ ਬੂਢਾ ਭਾਈ॥ *(ਆਸਾ ਮਹਲਾ ੫, ਪੰਨਾ ੩੭੮)*

ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥ ੨ ॥

ਉਸ ਪਾਸੋਂ ਜੋ ਮੰਗੀਦਾ ਹੈ ਓਹੀ ਪਾਈਦਾ ਹੈ, ਉਹ ਨਿਆਸਰਿਆਂ ਦਾ ਆਧਾਰੁ=ਆਸਰਾ ਹੈ॥ ੨ ॥

ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥

ਜਿਸ ਪ੍ਰਭੂ ਦੇ ਦਰਸ਼ਨ ਕੀਤਿਆਂ ਸਾਰੇ ਪਾਪ ਦੂਰ ਹੋ ਜਾਂਦੇ ਹਨ, ਅਤੇ ਮਨ ਤਨ ਵਿਖੇ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥

ਮਨ ਦੀ ਭਰਾਂਤੀ ਲਾਹਿ=ਦੂਰ ਕਰਕੇ ਇਕਾਗਰ ਮਨ ਹੋ ਕੇ ਇਕ ਵਾਹਿਗੁਰੂ ਨੂੰ ਧਿਆਉਣਾ ਕਰੀਏ।

ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ॥

ਉਹ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ, ਸਦਾ ਨਵਤਨੁ=ਨਵੀਨ ਹੈ, ਅਤੇ ਜਿਸ ਦੀ ਰਾਤ ਨੂੰ ਪੂਰਨ= ਸੰਪੂਰਣ (ਸਾਰਾ) ਸੰਸਾਰ ਵਰਤ ਰਿਹਾ ਹੈ।

ਅਥਵਾ:- ਜਿਸ ਦੀ ਨਾਮ ਦਾਤ ਸ਼ੁਭ ਗੁਣਾਂ ਨਾਲ ਪੂਰਨ ਹੈ।

ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ॥ ੩॥

ਸਦਾ ਰੂਪ ਪ੍ਰਮਾਤਮਾ ਨੂੰ ਸਦਾ=ਨਿੱਤ ਹੀ ਆਰਾਧਣਾ ਕਰੀਏ, ਨਾ ਦਿਨੇ ਭੁਲਾਓ ਨਾ ਹੀ ਰਾਤੀ ਭੁਲਾਓ॥ ੩॥

ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ॥

ਜਿਨ੍ਹਾਂ ਦੇ ਮੱਥੇ ਉੱਪਰ ਪੂਰਬਲੇ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਗੋਬਿੰਦ ਉਨ੍ਹਾਂ ਦਾ ਸਖਾ=ਮਿੱਤਰ ਬਣਿਆ ਹੈ।

ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ॥

ਤਨ, ਮਨ, ਧਨ ਆਦਿਕ ਸਭ ਕੁਝ ਅਰਪਣਾ ਕਰੇ, ਅਤੇ ਸਭ ਤਰ੍ਹਾਂ ਕਰਕੇ ਇਹ ਜਿੰਦੁ=ਬੁੱਧੀ ਵਾ ਜਿੰਦੜੀ ਵੀ ਵਾਰ ਦੇਵੇ।

ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ॥

ਸਦ=ਸ੍ਰੇਸ਼ਟ ਪ੍ਰਭੂ ਨਿੱਤ ਹੀ ਹਾਜਰਾ ਹਜੂਰ ਹੋ ਕੇ ਸਾਰਿਆਂ ਨੂੰ ਵੇਖਦਾ ਹੈ, ਤੇ ਸਭ ਦੀਆਂ ਗੱਲਾਂ ਸੁਣਦਾ ਹੈ, ਉਹ ਬ੍ਰਹਮ ਸਭ ਘਟਾਂ ਘਟਾਂ ਵਿਚ ਰਵਿੰਦੁ=ਰਵ ਰਿਹਾ ਹੈ।

ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥੪॥੧੩॥੮੩॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਬਖਸ਼ਣਹਾਰ ਪ੍ਰਭੂ ਅਕਿਰਤਘਣਾਂ ਦੀ ਭੀ ਸਦਾ ਪਾਲਣਾ ਕਰਦਾ ਹੈ॥ ੪॥ ੧੩॥ ੮੩॥

ਸਿਰੀਰਾਗੁ ਮਹਲਾ ੫॥

ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ॥

ਜਿਸ ਪ੍ਰਭੂ ਨੇ ਮਨ ਤਨ ਤੇ ਧਨ ਦਿੱਤਾ ਹੈ, ਅਤੇ ਇਨ੍ਹਾਂ ਨੂੰ ਸਵਾਰਕੇ ਸਹਜੇ ਹੀ ਰੱਖਿਆ ਕੀਤੀ ਹੈ।,

ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ॥

ਇਸ ਸਰੀਰ ਨੂੰ ਪ੍ਰਾਨ ਇੰਦ੍ਰੇ ਆਦਿਕ ਸਰਬ ਕਲਾ ਕਰਕੇ ਥਾਪਿਆ=ਬਨਾਇਆ ਹੈ, ਪੁਨਾ ਇਸ ਸਰੀਰ ਦੇ ਅੰਦਰ ਅਪਾਰ ਪ੍ਰਭੂ ਦੀ ਜੋਤਿ=ਚੇਤਨ ਸੱਤਾ ਹੈ।

ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰ ਧਾਰਿ॥ ੧॥

ਉਸ ਸਦਾ ਰੂਪ ਪ੍ਰਭੂ ਨੂੰ ਸਦਾ ਹੀ ਸਿਮਰਨਾ ਕਰੀਏ, ਅਤੇ ਹਿਰਦੇ ਅੰਦਰ ਉਸ ਨੂੰ ਟਿਕਾ ਰੱਖ॥ ੧॥

ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ ॥

ਹੇ ਮੇਰੇ ਮਨ ! ਹਰੀ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੈ।

ਪ੍ਰਭ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ ॥ ੧ ॥ ਰਹਾਉ ॥

ਉਸ ਪ੍ਰਭੂ ਦੀ ਸ਼ਰਨ ਵਿਚ ਸਦਾ ਰਹਿਣਾ ਕਰ, ਤਾਂ ਤੈਨੂੰ ਕੋਈ ਦੁੱਖ ਨਹੀਂ ਵਿਆਪੇਗਾ ॥ ੧ ॥ ਰਹਾਉ ॥

ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ ॥

ਹੀਰੇ ਰਤਨ, ਮਾਣਿਕ, ਜਵਾਰਾਤ, ਸੋਨਾ, ਰੁਪਾ=ਚਾਂਦੀ, ਖਾਕੁ=ਪ੍ਰਿਥਵੀ ਇਤਆਦਿਕ ਸਾਰੇ ਪਦਾਰਥ ਖਾਕੁ=ਮਿੱਟੀ ਰੂਪ ਹਨ।

ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥

ਮਾਂ ਪਿਉ ਸੁਤ=ਪੁੱਤਰ ਆਦਿਕ ਜਿੰਨੇ ਭੀ ਸੰਬੰਧੀ ਹਨ, ਇਹ ਸਾਰੇ ਸਾਕ ਝੂਠੇ ਹਨ।

ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ ॥ ੨ ॥

ਜਿਸ ਪ੍ਰਭੂ ਨੇ ਪੈਦਾ ਕੀਤਾ ਹੈ, ਉਸਨੂੰ ਜਾਣਦਾ ਨਹੀਂ ਹੈਂ, ਇਹ ਮਨਮੁਖ ਪਸ਼ੂ ਨਾਪਾਕ=ਅਪਵਿੱਤ੍ਰ ਹੈ ॥ ੨ ॥

ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥

ਜੋ ਪ੍ਰਭੂ ਇਸ ਦੇ ਅੰਦਰ ਬਾਹਰ ਸਾਰੇ ਪਰੀਪੂਰਨ ਹੋ ਰਿਹਾ ਹੈ, ਉਸਨੂੰ ਇਹ ਦੂਰ ਜਾਣਦਾ ਹੈ।

ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥

ਭੋਗਾਂ ਦੀ ਤ੍ਰਿਸ਼ਨਾ ਲੱਗੀ ਹੋਈ ਹੈ, ਇਸ ਕਰਕੇ ਕੂਰਿ=ਝੂਠੀ ਹੰਗਤਾ ਮਮਤਾ ਦੇ ਅੰਦਰ ਰਚਿ ਰਹਿਆ=ਤਦਾਕਾਰ ਹੋ ਰਿਹਾ ਹੈ।

ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥ ੩ ॥

ਪ੍ਰਭੂ ਦੀ ਨਾਮ ਭਗਤੀ ਤੋਂ ਬਿਨਾਂ ਜੋ ਪੁਰਸ਼ ਹਨ, ਉਨ੍ਹਾਂ ਦੇ ਪੂਰਾਂ ਦੇ ਪੂਰ ਆਵਹਿ ਵੰਞਹਿ=ਆਉਂਦੇ ਜਾਂਦੇ ਅਰਥਾਤ ਜੰਮਦੇ ਮਰਦੇ ਹਨ ॥ ੩ ॥

ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ ॥

ਹੇ ਕਰਨਹਾਰ ਪ੍ਰਭੂ ! ਆਪਣੀ ਦਇਆ ਕਰਕੇ ਇਨ੍ਹਾਂ ਸੂਖਮ ਸਥੂਲ ਜੀਅ ਜੰਤਾਂ ਨੂੰ ਜਮਾਂ ਦੇ ਦੁੱਖਾਂ ਤੋਂ ਰੱਖ ਲੈਣਾ ਕਰੋ।

ਬਿਨੁ ਪ੍ਰਭ ਕੋਇ ਨ ਰਖਨਹਾਰੁ ਮਹਾ ਬਿਕਟ ਜਮ ਭਇਆ ॥

ਹੇ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ, ਮਹਾ ਬਿਕਟ=ਬੜਾ ਭਿਆਨਕ ਜਮ ਇਸ ਦੇ ਮਗਰ ਲੱਗਾ ਹੋਇਆ ਹੈ।

ਨਾਨਕ ਨਾਮੁ ਨ ਵੀਸਰਉ ਕਰਿ ਅਪੁਨੀ ਹਰਿ ਮਇਆ ॥ ੪ ॥ ੧੪ ॥ ੬੪ ॥

ਗੁਰੂ ਜੀ ਕਥਨ ਕਰਦੇ ਹਨ ਹੇ ਹਰੀ ! ਤੂੰ ਆਪਣੀ ਮਇਆ=ਦਇਆ ਕਰ, ਤਾਂਕਿ ਜੀਵ ਨੂੰ ਆਪ ਜੀ ਦਾ ਨਾਮ ਕਦੇ ਵੀ ਨਾ ਭੁੱਲੇ॥ ੪॥ ੧੪॥ ੮੪॥

ਸਿਰੀਰਾਗੁ ਮਹਲਾ ੫ ॥

ਇਸ ਸ਼ਬਦ ਵਿਖੇ ਸਤਿਗੁਰੂ ਜੀ ਜੀਵ ਦੀ ਪ੍ਰਮਾਦਤਾਈ ਕਥਨ ਕਰਦੇ ਹਨ। ਜੀਵ ਆਖਦਾ ਹੈ।

ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ ॥

ਇਹ ਸਰੀਰ ਮੇਰਾ ਹੈ, ਧਨ ਵੀ ਮੇਰਾ ਹੈ, ਅਤੇ ਮੈਂ ਇੰਨੇ ਦੇਸਾਂ ਦਾ ਰਾਜਾ ਹਾਂ, ਤੇ ਸੋਹਣੇ ਰੂਪ ਵਾਲਾ ਹਾਂ।

ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ ॥

ਇਹ ਮੇਰੀਆਂ ਸੁਤ ਦਾਰਾ=ਨੂੰਹਾਂ ਹਨ, ਇਹ ਮੇਰੀਆਂ ਅਨੇਕਾਂ ਬਨਿਤਾ=ਇਸਤ੍ਰੀਆਂ ਹਨ, ਅਤੇ ਬਹੁਤੇ ਰੰਗਾਂ ਰੰਗਾਂ ਦੇ ਵੇਸ=ਲਿਬਾਸ ਮੈਂ ਹੀ ਧਾਰਨ ਕਰ ਸਕਦਾ ਹਾਂ।

ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ ॥ ੧ ॥

ਹਰੀ ਦਾ ਨਾਮ ਹਿਰਦੇ ਵਿਚ ਵਸਦਾ ਨਹੀਂ ਹੈ, ਇਸ ਲਈ ਇਹ ਸਾਰੇ ਕਾਰਜ ਕਿਸੇ ਭੀ ਲੇਖੇ ਵਿਚ ਨਹੀਂ ਹਨ॥ ੧ ॥

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥

ਹੇ ਮੇਰੇ ਮਨ ! ਤੂੰ ਹਰਿ ਹਰਿ ਨਾਮੁ ਨ ਧਿਆਉਣਾ ਕਰ।

ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥ ੧ ॥ ਰਹਾਉ ॥

ਨਿੱਤ ਹੀ ਸੰਤਾਂ ਦੀ ਸੰਗਤ ਕਰ, ਅਤੇ ਗੁਰ ਚਰਨਾਂ ਨਾਲ ਚਿੱਤ ਲਾਈ ਰੱਖ॥ ੧॥ ਰਹਾਉ॥

ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥

ਮੱਥੇ ਦੇ ਭਾਗ ਚੰਗੇ ਹੋਵਣ ਤਾਂ ਨਾਮ ਰੂਪ ਨਿਧਾਨੁ=ਖਜ਼ਾਨੇ ਦਾ ਧਿਆਉਣਾ ਹੁੰਦਾ ਹੈ।

ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥

ਗੁਰੂ ਜੀ ਦੀ ਚਰਨੀਂ ਲਗ ਕੇ ਤੂੰ ਆਪਣੇ ਸਾਰਿਆਂ ਕਾਰਜਾਂ ਨੂੰ ਸਵਾਰ ਲੈ।

ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗ ॥ ੨ ॥

ਹਉਮੈ ਰੂਪੀ ਦੀਰਘ ਰੋਗ, ਅਤੇ ਪੰਜ ਪ੍ਰਕਾਰ ਦਾ ਭਰਮ ਕੱਟਿਆ ਜਾਵੇਗਾ, ਨਾ ਤੂੰ ਆਵੇਂਗਾ, ਨਾ ਹੀ ਪ੍ਰਲੋਕ ਜਗਾ ਉੱਪਰ ਹਿਸਾਬ ਦੇਣ ਲਈ ਜਾਵੇਂਗਾ॥ ੨ ॥

ਕਰਿ ਸੰਗਤਿ ਭੂ ਸਾਧ ਕੀ ਅਠਸਠਿ ਤੀਰਥ ਨਾਉ ॥

ਹੇ ਭਾਈ ! ਤੂੰ ਸੰਤਾਂ ਦੀ ਸੰਗਤ ਕਰ, ਤਾਂ ਘਰ ਬੈਠਿਆਂ ਹੀ ਅਠਾਠ ਤੀਰਥਾਂ ਦੇ ਨਾਉਂ=ਇਸ਼ਨਾਨ ਕਰਨੇ ਦਾ ਫਲ ਪ੍ਰਾਪਤ ਹੋਵੇਗਾ।

ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥

ਪੁਨਾ ਇਸ ਨਾਮ ਦਾ ਸਚਾ ਸੁਆਉ=ਲਾਭ ਲੈਣ ਨਾਲ ਜੀਅ, ਪ੍ਰਾਨ, ਮਨ, ਤਨ ਸਭ ਹਰੇ=ਸਫਲ ਹੋ ਜਾਣਗੇ।

[ਪੰਨਾ ੪੮]

ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥ ੩ ॥

ਐਥੈ=ਇਸ ਲੋਕ ਵਿਚ ਤੈਨੂੰ ਵਡਿਆਈਆਂ ਮਿਲਣਗੀਆਂ, ਅਤੇ ਪ੍ਰਲੋਕ ਦਰਗਾਹ ਵਿਚ ਜਾ ਕੇ ਤੂੰ ਟਿਕਨ ਵਾਸਤੇ ਸੋਹਣਾ ਅਸਥਾਨ ਪਾਵੇਂਗਾ ॥ ੩ ॥

ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥

ਪ੍ਰਭੂ ਆਪ ਹੀ ਕਰਦਾ ਕਰਾਉਂਦਾ ਹੈ, ਕਿਉਂਕਿ ਸਭ ਕੁਝ ਉਸੇ ਦੇ ਹੱਥ ਵਿਚ ਹੈ।

ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ ॥

ਉਹ ਆਪ ਹੀ ਮਾਰਦਾ ਤੇ ਜੀਵਾਂਦਾ ਹੈ, ਉਹ ਅੰਦਰ ਬਾਹਰ ਸਭ ਦਾ ਸਾਥੀ ਹੈ।

ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ ॥ ੪ ॥ ੧੫ ॥ ੬੫ ॥

ਗੁਰੂ ਜੀ ਕਥਨ ਕਰਦੇ ਹਨ-ਸਾਰਿਆਂ ਘਟਾਂ ਦਾ ਨਾਥ=ਸੁਆਮੀ ਜੋ ਪ੍ਰਭੂ ਹੈ ਉਸ ਦੀ ਸ਼ਰਨ ਵਿਚ ਤੂੰ ਆਉਣਾ ਕਰ ॥ ੪ ॥ ੧੫ ॥ ੬੫ ॥

ਸਿਰੀਰਾਗੁ ਮਹਲਾ ੫ ॥ ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥

ਜਿਨ੍ਹਾਂ ਉੱਪਰ ਗੁਰੂ ਕਿਰਪਾਲੂ ਹੋਇਆ ਹੈ, ਉਹ ਪੁਰਸ਼ ਆਪਣੇ ਪ੍ਰਭੂ ਦੀ ਸ਼ਰਨ ਵਿਚ ਪਏ ਹਨ।

ਅਥਵਾ:-ਪ੍ਰਭ ਹੋਆ ਕਿਰਪਾਲੁ=ਜਿਸ ਵੇਲੇ ਆਪਣਾ ਪ੍ਰਭੂ ਕਿਰਪਾਲੁ ਹੋਇਆ ਤਾਂ ਆਪਣੇ ਗੁਰਾਂ ਦੀ ਸ਼ਰਣ ਵਿਚ ਪਏ ਹਨ।

ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥

ਸਤਿਗੁਰਾਂ ਦੇ ਉਪਦੇਸ਼ ਦੇਣ ਕਰਕੇ ਸਾਰੇ ਹੀ ਜੰਜਾਲ=ਧੰਧੇ ਬਿਨਸ ਗਏ ਹਨ।

ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥ ੧ ॥

ਜਦ ਅੰਦਰੋਂ ਅੰਤਹਕਰਨ ਰਾਮ ਨਾਮ ਦੇ ਜਪਨੇ ਵਿਖੇ ਲੱਗਾ, ਤਾਂ ਗੁਰਾਂ ਦੀ ਨਦਰਿ ਨਿਹਾਲੁ=ਕਿਰਪਾ ਦ੍ਰਿਸ਼ਟੀ ਦੁਆਰਾ ਅੰਮ੍ਰਿਤ=ਅਮਿਰਤੂ ਹੋ ਗਏ ਹਨ ॥੧ ॥

ਮਨ ਮੇਰੇ ਸਤਿਗੁਰ ਸੇਵਾ ਸਾਰੁ ॥

ਹੇ ਮੇਰੇ ਮਨ ! ਤੂੰ ਸਤਿਗੁਰਾਂ ਦੀ ਸੇਵਾ ਸਾਰੁ=ਸੰਭਾਲਨਾ ਕਰ।

ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ ਵਿਸਾਰੁ ॥ ਰਹਾਉ ॥

ਇਕ ਨਿਮਖ ਮਾਤ੍ਰ ਵੀ ਸੇਵਾ ਨੂੰ ਮਨ 'ਚੋਂ ਨ ਭੁਲਾ, ਤਾਂ ਪ੍ਰਭੂ ਤੇਰੇ ਉੱਪਰ ਆਪਣੀ ਕਿਰਪਾ ਦ੍ਰਿਸ਼ਟੀ ਕਰੇਗਾ ਅਤੇ ਇਕ ਨਿਮਖ ਮਾਤ੍ਰ ਭੀ ਆਪਣੇ ਮਨ 'ਚੋਂ ਤੈਨੂੰ ਭੁਲਾਵੇਗਾ ਨਹੀਂ ॥ ਰਹਾਉ ॥

ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥

ਜੋ ਔਗੁਣਾਂ ਦੇ ਕੱਟਣ ਵਾਲਾ ਹੈ ਉਸ ਗੋਬਿੰਦ ਦੇ ਗੁਣਾਂ ਨੂੰ ਨਿਤਾਪ੍ਰਤੀ ਗਾਵਣਾ ਕਰ।

ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ॥

ਬਹੁਤੇਰਿਆਂ ਨੇ ਵਿਸਤਾਰ ਪੂਰਬਕ ਕਰਮ ਕਾਂਡ ਕਰ ਵੇਖੇ ਹਨ, ਪਰ ਹਰੀ ਨਾਮ ਤੋਂ ਬਿਨਾਂ ਕਿਸੇ ਨੂੰ ਭੀ ਸੁਖ ਪ੍ਰਾਪਤ ਨਹੀਂ ਹੁੰਦਾ।

ਸਹਜੇ ਸਿਫਤੀ ਰਤਿਆ ਭਵਜਲੁ ਉੱਤਰੇ ਪਾਰਿ॥ ੨ ॥

ਜੋ ਪੁਰਸ਼ ਸਿਫਤੀ=ਪ੍ਰਮਾਤਮਾ ਦੀ ਉਪਮਾ ਕਰਨ ਵਿਚ ਰੱਤੇ ਹੋਏ ਹਨ, ਉਹ ਸਹਜੇ=ਸੁਖੈਣ ਹੀ ਸੰਸਾਰ ਸਮੁੰਦਰ ਤੋਂ ਪਾਰ ਉੱਤਰ ਗਏ ਹਨ॥ ੨ ॥

ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ॥

ਲੱਖਾਂ ਤੀਰਥਾਂ ਦੇ ਇਸ਼ਨਾਨ ਕਰਨ ਦਾ ਫਲ, ਲੱਖਾਂ ਵਰਤ ਰੱਖਣੇ ਦਾ ਫਲ, ਅਤੇ ਸੰਜਮਾ=ਇੰਦ੍ਰੀਆਂ ਦੇ ਦਮਨ ਕਰਨੇ ਦਾ ਫਲ ਘਰ ਬੈਠਿਆਂ ਹੀ ਸੰਤਾਂ ਦੀ ਚਰਨ ਧੂੜ ਗ੍ਰਹਿਣ ਕਰਨ ਨਾਲ ਪਾ ਲਈਦਾ ਹੈ।

ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ॥

ਜਾਂ ਉਹ ਪ੍ਰਮਾਤਮਾ ਸਦਾ ਹੀ ਤੇਰੇ ਹਦੂਰਿ=ਪਾਸ ਹੋ ਕੇ ਤੇਰੇ ਕਰਮਾਂ ਨੂੰ ਵੇਖ ਰਿਹਾ ਹੈ, ਤਦ ਤੂੰ ਕਿਸ ਤੋਂ ਲੁਕਾ ਕੇ ਕਰਮ ਕਮਾਂਦਾ ਹੈ।

ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ॥ ੩ ॥

ਮੇਰਾ ਭਰਪੂਰਿ=ਪੂਰਨ ਪ੍ਰਭੂ ਥਾਨਾਂ ਅੰਦਰ ਥਾਨਾਂ ਵਿਖੇ ਰਵਿ ਰਹਿਆ=ਮਿਲ ਰਿਹਾ ਹੈ॥ ੩ ॥

ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ॥

ਉਸ ਦੀ ਪਾਤਸ਼ਾਹੀ ਸੱਚੀ ਹੈ, ਅਮਰੁ=ਹੁਕਮ ਭੀ ਸੱਚਾ ਹੈ, ਸੱਚੇ ਪ੍ਰਭੂ ਦਾ ਸਤਸੰਗ ਅਸਥਾਨ ਭੀ ਸੱਚਾ ਹੈ।

ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ॥

ਉਸਨੇ ਸੱਚੀ ਕੁਦਰਤਿ=ਸ਼ਕਤੀ ਧਾਰੀ ਹੋਈ ਹੈ, ਉਸ ਸੱਚੇ ਨੇ ਹੀ ਜਹਾਨੁ=ਦੁਨੀਆਂ ਨੂੰ ਸਿਰਜਣਾ ਕੀਤਾ ਹੈ।

ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ॥ ੪ ॥ ੧੬ ॥ ੮੬ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਉਸ ਸੱਚੇ ਦੇ ਨਾਮ ਨੂੰ ਜਪਿਆ ਹੈ, ਹਉ=ਮੈਂ ਉਨ੍ਹਾਂ ਤੋਂ ਸਦਾ ਸਦਾ ਬਲਿਹਾਰ ਜਾਂਦਾ ਹੈ॥ ੪ ॥ ੧੬ ॥ ੮੬ ॥

ਸਿਰੀਰਾਗੁ ਮਹਲਾ ੫ ॥ ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ॥

ਹੇ ਵਡਭਾਗੀ ਪੁਰਸ਼ਾ! ਤੂੰ ਹਰੀ ਨਾਮ ਜਪਣ ਦਾ ਉੱਦਮ ਕਰ, ਤਾਂ ਤੂੰ ਆਤਮ ਧਨ ਨੂੰ ਖਟੇਂਗਾ।

ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥ ੧ ॥

ਸੰਤਸੰਗਿ=ਸੰਤਾਂ ਨਾਲ ਮਿਲ ਕੇ ਹਰੀ ਨਾਮ ਦਾ ਸਿਮਰਨ ਕਰ, ਤਦ ਜਨਮਾਂ ਜਨਮਾਂਤਰਾਂ ਦੀ ਪਾਪਾਂ

ਰੂਪੀ ਮੈਲ ਕੱਟੀ ਜਾਵੇਗੀ॥ ੧॥

ਮਨ ਮੇਰੇ ਰਾਮ ਨਾਮੁ ਜਪਿ ਜਾਪੁ॥

ਹੇ ਮੇਰੇ ਮਨ! ਰਾਮ ਨਾਮ ਰੂਪ ਜਪ ਨੂੰ ਜਪ ਲੈਣਾ ਕਰ।

ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ॥ ਰਹਾਉ॥

ਫਿਰ ਤੂੰ ਆਪਣੇ ਮਨ ਦੀ ਇੱਛਾ ਅਨੁਸਾਰ ਫਲ ਭੋਗੇਂਗਾ, ਅਤੇ ਸਾਰੇ ਸੋਗ ਸੰਤਾਪ ਚੂਕੇ=ਨਵਿਰਤ ਹੋ ਜਾਣਗੇ॥ ਰਹਾਉ॥

ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ॥

ਜਿਸ ਪ੍ਰਭੂ ਨੂੰ ਪਾਵਣ ਵਾਸਤੇ ਇਹ ਮਨੁੱਖ ਸਰੀਰ ਧਾਰਿਆ ਹੈ, ਉਸ ਪ੍ਰਭੂ ਨੂੰ ਆਪਣੇ ਨਾਲ ਹੀ ਡਿੱਠਾ=ਵੇਖ ਲਿਆ ਹੈ।

ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ॥ ੨॥

ਜੋ ਪ੍ਰਭੂ ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ=ਆਕਾਸ਼ ਵਿਖੇ ਪੂਰਨ ਹੋ ਰਿਹਾ ਹੈ, ਉਸ ਨੂੰ ਅਸਾਂ ਨੇ ਆਪਣੀ ਨਦਰਿ=ਅੱਖੀਂ ਨਿਹਾਲਿ=ਦੇਖ ਲਿਆ ਹੈ॥ ੨॥

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ॥

ਉਨ੍ਹਾਂ ਦਾ ਮਨ ਤਨ ਨਿਰਮਲ ਹੋ ਗਿਆ ਹੈ, ਜਿਨ੍ਹਾਂ ਦੀ ਸੱਚੇ ਪ੍ਰਭੂ ਨਾਲ ਪਰੀਤੀ ਲੱਗੀ ਹੈ।

ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ॥ ੩॥

ਜਿਸ ਨੇ ਪਾਰਬ੍ਰਹਮ ਦੇ ਚਰਨਾਂ ਨੂੰ ਭਜਨਾ ਕੀਤਾ ਹੈ ਅਰਥਾਤ ਚਰਨਾਂ ਦਾ ਧਿਆਨ ਕੀਤਾ ਹੈ, ਉਸ ਨੇ ਤਾਂ ਸਾਰੇ ਹੀ ਜਪ ਤਪ ਕਰ ਲਏ ਹਨ॥ ੩॥

ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ॥

ਅੰਮ੍ਰਿਤ ਰੂਪ ਹਰੀ ਦਾ ਨਾਮ ਰਤਨਾਂ ਜਵੇਹਰਾਂ ਮਾਣਿਕਾਂ ਨਾਲੋਂ ਭੀ ਅਮੋਲਕ ਹੈ।

ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ॥ ੪॥ ੧੭॥ ੬੭॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਸ ਨੇ ਰਸ=ਪ੍ਰੇਮ ਪੂਰਬਕ ਹਰੀ ਗੁਣਾਂ ਨੂੰ ਗਾਉਣਾ ਕੀਤਾ ਹੈ, ਉਸ ਨੇ ਸਹਜ=ਅਚੁਤ ਸੁਖ ਦੇ ਅਨੰਦ ਦਾ ਰਸ ਮਾਣਿਆ ਹੈ॥ ੪॥ ੧੭॥ ੬੭॥

ਸਿਰੀਰਾਗੁ ਮਹਲਾ ੫॥

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ॥

ਉਹ ਸ਼ਾਸਤ੍ਰ ਚੰਗਾ ਹੈ, ਉਹ ਸਉਣੁ=ਸਗਨ ਚੰਗਾ ਹੈ, ਜਿਸ ਸ਼ਾਸਤ੍ਰ ਦੇ ਪੜ੍ਹਿਆਂ, ਤੇ ਜਿਸ ਸਗਨ ਦੇ ਹੁੰਦਿਆਂ ਹਰੀ ਨਾਮ ਜਪਿਆ ਜਾਂਦਾ ਹੈ।

ਚਰਣ ਕਮਲੁ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ॥

ਜਿਸ ਪੁਰਸ਼ ਨੂੰ ਗੁਰਾਂ ਨੇ ਚਰਨ ਕਮਲਾਂ ਦਾ ਧਿਆਨ ਕਰਕੇ ਰੂਪ ਧਨ ਦਿੱਤਾ ਹੈ, ਉਸ ਨਿਥਾਵੇਂ ਨੂੰ ਸਰੂਪ

ਥਾਂ ਮਿਲਿਆ ਹੈ।

ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥

ਉਸ ਦੀ ਸ਼ਰਧਾ ਰੂਪੀ ਪੂੰਜੀ ਸੱਚੀ ਹੈ, ਅਤੇ ਇੰਦ੍ਰੀਆਂ ਦੇ ਦਮਨ ਕਰਨੇ ਰੂਪ ਸੰਜਮ ਵੀ ਸੱਚਾ ਹੈ, ਜੋ ਅੱਠੇ ਪਹਿਰ ਗੁਣਾਂ ਨੂੰ ਗਾਇਣ ਕਰਦਾ ਹੈ।

ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥ ੧ ॥

ਪ੍ਰਭੂ ਕਿਰਪਾ ਕਰਕੇ ਜਿਨ੍ਹਾਂ ਨੂੰ ਮਿਲਿਆ ਹੈ, ਉਹ ਮਰ ਕੇ ਫਿਰ ਆਉਂਦੇ ਜਾਂਦੇ ਨਹੀਂ ਹਨ॥ ੧ ॥

ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥

ਹੇ ਮੇਰੇ ਮਨ ! ਸਦਾ ਹੀ ਰੰਗਿ=ਪ੍ਰੇਮ ਨਾਲ ਇਕ ਹਰੀ ਨੂੰ ਭਜਨਾ ਕਰ।

ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥ ੧ ॥ ਰਹਾਉ ॥

ਉਹ ਪ੍ਰਭੂ ਘਟਾਂ ਘਟਾਂ ਦੇ ਅੰਦਰ ਰਵਿ ਰਹਿਆ=ਮਿਲ ਰਿਹਾ ਹੈ, ਸੇਵਕਾਂ ਦੇ ਅੰਗ ਸੰਗ ਹੋ ਕੇ ਸਦਾ ਸਹਾਇਤਾ ਕਰਦਾ ਹੈ॥ ੧ ॥ ਰਹਾਉ ॥

ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥

ਜਾਂ ਗੋਬਿੰਦ ਨੂੰ ਸਿਮਰਿਆ, ਤਾਂ ਫਿਰ ਸੁਖਾਂ ਦੀ ਕੀ ਮਰਯਾਦਾ ਗਿਨਣੀ ਹੈ, ਕਿ ਕਿਤਨੇ ਕੁ ਸੁਖ ਪ੍ਰਾਪਤ ਹੋਏ ਹਨ।

ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ ॥

ਜਿਨ੍ਹਾਂ ਨੇ ਨਾਮ ਦਾ ਸਵਾਦ ਚੱਖਿਆ ਹੈ, ਉਹ ਰੱਜ ਗਿਆ ਹੈ, ਉਸ ਰਸ ਨੂੰ ਓਹੀ ਜਿੰਦੁ=ਬੁੱਧੀ ਜਾਣਦੀ ਹੈ।

[ਪੰਨਾ ੪੯]

ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥

ਸੰਤਾਂ ਦੀ ਸੰਗਤ ਕਰਨ ਕਰਕੇ, ਔਗੁਣਾਂ ਦੇ ਬਖਸ਼ਣੇ ਵਾਲਾ ਪ੍ਰਭੂ ਪ੍ਰੀਤਮ ਮਨ ਵਿਚ ਆ ਵਸਦਾ ਹੈ।

ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥ ੨ ॥

ਜਿਸ ਨੇ ਆਪਣੇ ਪ੍ਰਭੂ ਦੇ ਨਾਮ ਨੂੰ ਸੇਵਿਆ=ਸਿਮਰਿਆ ਹੈ, ਉਹ ਰਾਜਿਆਂ ਦਾ ਵੀ ਨਰਿੰਦੁ=ਰਾਜਾ ਹੈ॥ ੨ ॥

ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥

ਜਿਤੁ ਅਉਸਰਿ=ਜਿਸ ਸਮੇਂ ਹਰੀ ਗੁਣਾਂ ਦਾ ਜਸ ਰਮਣ=ਉਚਾਰਿਆ ਜਾਵੇ, ਉਸ ਵੇਲੇ ਕ੍ਰੋੜਾਂ ਮਜਨ=ਪੁਰਬਾਂ ਦੇ ਇਸ਼ਨਾਨ ਦਾ ਫਲ ਮਿਲਦਾ ਹੈ।

ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥

ਜੋ ਗੁਣਾਂ ਵਾਲੀ ਰਸਨਾਂ ਪ੍ਰਭੂ ਨਾਮਾਂ ਨੂੰ ਉਚਾਰਦੀ ਹੈ, ਉਸ ਦੇ ਸਦ੍ਰਸ ਹੋਰ ਕੋਈ ਦਾਨ ਨਹੀਂ ਪੁੱਜਦਾ।

ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ॥

ਮੇਹਰਵਾਨ ਗੁਰਾਂ ਨੇ ਜਿਸ ਉੱਪਰ ਕ੍ਰਿਪਾ ਦ੍ਰਿਸ਼ਟੀ ਨੂੰ ਧਾਰਿਆ ਹੈ, ਉਸ ਦੇ ਮਨ ਤਨ ਵਿਖੇ ਦਿਆਲੂ ਪੁਰਖ ਵਸਦਾ ਹੈ।

ਜੀਉ ਪਿੰਡੁ ਧਨ ਤਿਸ ਦਾ ਹਉ ਸਦਾ ਸਦਾ ਕੁਰਬਾਨੁ॥ ੩॥

ਜੀਵ ਨੂੰ ਪਿੰਡੁ=ਸਰੀਰ ਤੇ ਧਨ ਤਿਸ ਪ੍ਰਭੂ ਦਾ ਦਿੱਤਾ ਹੋਇਆ ਹੈ, ਮੈਂ ਉਸ ਤੋਂ ਸਦਾ ਬਲਿਹਾਰ ਕੁਰਬਾਣ ਜਾਂਦਾ ਹਾਂ॥ ੩॥

ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ॥

ਜਿਸ ਨੂੰ ਕਰਤਾਰ ਨੇ ਆਪਣੇ ਨਾਲ ਮੇਲਿਆ ਹੈ ਉਹ ਮਿਲਿਆ ਹੋਇਆ ਪ੍ਰਭੂ ਨਾਲੋਂ ਕਦੇ ਵਿੱਛੁੜਦਾ ਨਹੀਂ ਹੈ।

ਦਾਸਾ ਕੇ ਬੰਧਨ ਕਟਿਆ ਸਾਚੈ ਸਿਰਜਣਹਾਰਿ॥

ਸੱਚੇ ਸਿਰਜਣਹਾਰ ਪ੍ਰਭੂ ਨੇ ਆਪਣਿਆਂ ਦਾਸਾਂ ਦੇ ਬੰਧਨਾਂ ਨੂੰ ਕੱਟ ਦਿੱਤਾ ਹੈ।

ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ॥

ਦਾਸ ਦੇ ਗੁਣ ਔਗੁਣ ਦੀ ਵਿਚਾਰ ਨਾ ਕਰਦਿਆਂ ਹੋਇਆਂ, ਭੁੱਲੇ ਹੋਏ ਨੂੰ ਭੀ ਭਗਤੀ ਰੂਪ ਮਾਰਗਿ=ਰਸਤੇ ਉੱਪਰ ਪਾ ਦਿੱਤਾ ਹੈ।

ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ॥ ੪॥ ੧੮॥ ੮੮॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਤਿਸ ਪ੍ਰਭੂ ਦੀ ਸ਼ਰਨ ਵਿਚ ਆਉਣਾ ਕਰ, ਜਿਹੜਾ ਪ੍ਰਭੂ ਸਾਰਿਆਂ ਘਟਾਂ ਦਾ ਆਧਾਰੁ=ਆਸਰਾ ਰੂਪ ਹੈ॥ ੪॥ ੧੮॥ ੮੮॥

ਸਿਰੀਰਾਗੁ ਮਹਲਾ ੫॥ ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ॥

ਰਸਨਾਂ ਦੁਆਰੇ ਸੱਚਾ ਨਾਮ ਸਿਮਰਨ ਕਰੀਏ, ਤਾਂ ਮਨ ਤਨ ਨਿਰਮਲੁ=ਸ਼ੁੱਧ ਹੁੰਦਾ ਹੈ।

ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ॥

ਮਾਂ, ਪਿਉ ਆਦਿਕ ਜਿਤਨੇ ਕੁ ਅਗਲੇ=ਬਹੁਤੇ ਸਾਕ ਹਨ, ਪਰ ਤਿਸ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੈ।

ਮਿਹਰ ਕਰੇ ਜੰ ਆਪਣੀ ਚਸਾ ਨ ਵਿਸਰੈ ਸੋਇ॥ ੧॥

ਜੇ ਕਰ ਉਹ ਆਪਣੀ ਕਿਰਪਾ ਦ੍ਰਿਸ਼ਟੀ ਕਰ ਦੇਵੇ, ਤਾਂ ਉਹ ਪ੍ਰਭੂ ਇਕ ਚਸਾ ਭਰ ਵੀ ਮਨ 'ਚੋਂ ਨ ਵਿਸਰੈ=ਭੁੱਲਦਾ ਨਹੀਂ ਹੈ॥ ੧॥

ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ॥

ਹੇ ਮੇਰੇ ਮਨ ! ਜਿੰਨਾ ਚਿਰ ਤੇਰੇ ਸਰੀਰ ਵਿਚ ਸ੍ਵਾਸ ਹਨ, ਉਨ੍ਹਾਂ ਚਿਰ ਤੂੰ ਸੱਚੇ ਵਾਹਿਗੁਰੂ ਨੂੰ ਸੇਂਵਦਾ ਰਹੁ ਅਰਥਾਤ ਸਿਮਰਦਾ ਰਹੁ।

ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ ॥ ੧ ॥ ਰਹਾਉ ॥

ਸੱਚੇ ਤੋਂ ਬਿਨਾਂ ਸਾਰਾ ਸੰਸਾਰ ਝੂਠਾ ਹੈ, ਅੰਤ ਨੂੰ ਨਾਸ ਹੋ ਜਾਣ ਵਾਲਾ ਹੈ॥ ੧॥ ਰਹਾਉ॥

ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ ॥

ਨਿਰਮਲਾ=ਸ਼ੁੱਧ ਸਰੂਪ ਪ੍ਰਮਾਤਮਾ ਹੀ ਮੇਰਾ ਮਾਲਕ ਭਾਵ ਪਤੀ ਹੈ, ਉਸ ਨੂੰ ਮਿਲੇ ਤੋਂ ਬਿਨਾਂ ਮੈਥੋਂ ਰਿਹਾ ਨਹੀਂ ਜਾਂਦਾ।

ਮੇਰੈ ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ ॥

ਮੇਰੇ ਮਨ ਤਨ ਵਿਖੇ ਉਸ ਦੀ ਪ੍ਰਾਪਤੀ ਦੀ ਭੁਖ=ਚਾਹ ਅਤਿ ਅਗਲੀ=ਬਹੁਤ ਵੱਡੀ ਲਗ ਰਹੀ ਹੈ। ਮਾਇ=ਹੇ ਭਾਈ ! ਐਸਾ ਕੋਈ ਹੈ ਜਿਹੜਾ ਮੈਨੂੰ ਉਸ ਨਾਲ ਲਿਆ ਮਿਲਾਵੇ।

ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ ॥ ੨ ॥

ਮੈਨੇ ਚਾਰੇ ਦਿਸ਼ਾ ਢੂੰਢੀਆਂ ਹਨ, ਪਰ ਸਹੁ=ਪਤੀ ਤੋਂ ਬਿਨਾਂ ਹੋਰ ਕੋਈ ਜਾਇ=ਜਗ੍ਹਾ ਨਹੀਂ ਹੈ॥ ੨॥

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥

ਤਿਸ ਗੁਰੂ ਅੱਗੇ ਅਰਦਾਸਿ=ਬੇਨਤੀ ਕਰ, ਜੋ ਕਰਤਾਰ ਨਾਲ ਮੇਲਦੇ ਹਨ।

ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥

ਸਤਿਗੁਰੂ ਨਾਮ ਦੇ ਦਾਤਾ ਹਨ, ਜਿਸ ਗੁਰੂ ਕੋਲ ਭਗਤੀ ਦਾ ਪੂਰਨ ਭੰਡਾਰਾ ਭਰਿਆ ਹੋਇਆ ਹੈ।

ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥ ੩ ॥

ਜਿਸ ਦੇ ਪਾਰਉਰਵਾਰ ਦਾ ਅੰਤ ਨਹੀਂ ਆਉਂਦਾ ਉਸ ਨੂੰ ਸਦਾ ਸਦਾ ਸਲਾਹੁਣਾ ਕਰੀਏ॥ ੩॥

ਪਰਵਦਗਾਰੁ ਸਾਲਾਹੀਐ ਜਿਸ ਦੇ ਚਲਤ ਅਨੇਕ ॥

ਉਸ ਪਾਲਨਾ ਕਰਨ ਵਾਲੇ ਦੀ ਸ਼ਲਾਘਾ ਕਰੀਏ ਜਿਸ ਦੇ ਅਨੇਕਾਂ ਹੀ ਚਲਤ=ਕੌਤਕ ਹੋ ਰਹੇ ਹਨ।

ਸਦਾ ਸਦਾ ਆਰਾਧੀਐ ਏਹਾ ਮਤਿ ਵਿਸੇਖ ॥

ਸਦਾ=ਨਿਤ ਸਰੂਪ ਪ੍ਰਮਾਤਮਾ ਦੇ ਨਾਮ ਨੂੰ ਹਮੇਸ਼ਾਂ ਅਰਾਧਨਾ ਕਰੀਏ, ਏਹੋ ਸਭ ਤੋਂ ਵਿਸੇਖ=ਵਿਸ਼ੇਸ਼ ਮਤੀ ਹੈ।

ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ ॥੪ ॥੧੯ ॥੮੯ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਸ ਦੇ ਮੱਥੇ ਉੱਪਰ ਚੰਗੇ ਲੇਖ ਲਿਖੇ ਹੋਏ ਹਨ, ਉਸ ਦੇ ਮਨ ਤਨ ਵਿਖੇ ਪ੍ਰਭੂ ਦਾ ਨਾਮ ਮਿਠਾ=ਪਿਆਰਾ ਲੱਗਦਾ ਹੈ॥ ੪॥ ੧੯॥ ੮੯॥

ਸਿਰੀਰਾਗੁ ਮਹਲਾ ੫ ॥ ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥

ਹੇ ਭਾਈਓ ! ਸੰਤ ਜਨਾਂ ਨਾਲ ਮਿਲਕੇ ਵਾਹਿਗੁਰੂ ਦਾ ਸੱਚਾ ਨਾਮ ਸੰਭਾਲਣਾ ਕਰੋ।

ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥

ਜੀਵ ਦਾ ਤੋਸਾ=ਖਰਚਾ ਆਪਣੇ ਬੁੱਧੀ ਰੂਪ ਪੱਲੇ ਵਿਚ ਬੰਨ੍ਹਣਾ ਕਰੋ ਜੋ ਐਥੈ ਓਥੈ=ਲੋਕ ਪ੍ਰਲੋਕ ਵਿਚ ਨਾਲ ਨਿਭਣ ਵਾਲਾ ਹੈ।

ਅਥਵਾ:-ਇਹ ਨਾਮ ਹੀ ਜੀਵ ਦਾ ਤੋਸਾ=ਖਰਚਾ ਹੈ, ਇਸ ਨੂੰ ਐਥੈ=ਇਸ ਲੋਕ ਵਿਚ ਹਿਰਦੇ ਰੂਪ ਪੱਲੇ ਵਿਖੇ ਬੰਨ੍ਹਣਾ ਕਰੋ, ਤਾਂ ਓਥੈ=ਪ੍ਰਲੋਕ ਵਿਚ ਜੀਵ ਦੇ ਨਾਲ ਜਾਏਗਾ।

ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ॥

ਇਹ ਖਰਚਾ ਪੂਰਿਆਂ ਗੁਰਾਂ ਤੋਂ ਪਾਈਦਾ ਹੈ, ਪੂਰੇ ਗੁਰੂ ਤਾਂ ਮਿਲਦੇ ਹਨ ਜੇ ਵਾਹਿਗੁਰੂ ਆਪਣੀ ਨਦਰਿ ਨਿਹਾਲਿ=ਕਿਰਪਾ ਦ੍ਰਿਸ਼ਟੀ ਕਰੇ।

ਕਰਮਿ ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ॥ ੧॥

ਕਰਮਾਂ ਦੁਆਰੇ ਨਾਮ ਤਿਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਉੱਪਰ ਗੁਰੂ ਦਿਆਲੂ ਹੁੰਦੇ ਹਨ॥ ੧॥

ਅਥਵਾ:-ਗੁਰੂ ਦਾ ਕਰਮਿ=ਅਨੁਗ੍ਰਹੁ ਤਿਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਉਤੇ ਪ੍ਰਭੂ ਦਿਆਲੂ ਹੁੰਦਾ ਹੈ॥ ੧॥

ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ॥

ਹੇ ਮੇਰੇ ਮਨ! ਗੁਰੂ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ॥ ੧॥ ਰਹਾਉ॥

ਗੁਰੂ ਤੋਂ ਬਗੈਰ ਹੋਰ ਕੋਈ ਦੂਜਾ ਥਾਂ ਸੁਝੈ=ਪ੍ਰਤੀਤ ਨਹੀਂ ਹੁੰਦਾ, ਉਸ ਸੱਚ ਨੂੰ ਗੁਰੂ ਹੀ ਮਿਲਾਉਂਦੇ ਹਨ॥ ੧॥ ਰਹਾਉ॥

ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ॥

ਜਿਸ ਨੇ ਸ਼ਰਧਾ ਨਾਲ ਜਾ ਕੇ ਗੁਰੂ ਦਾ ਦਰਸ਼ਨ ਵੇਖਿਆ ਹੈ, ਤਿਸ ਨੂੰ ਸਾਰੇ ਪਦਾਰਥ ਮਿਲ ਜਾਂਦੇ ਹਨ।

ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ॥

ਜਿਨ੍ਹਾਂ ਦਾ ਮਨ ਗੁਰ ਚਰਨਾਂ ਨਾਲ ਲਗਾ ਹੈ, ਹੇ ਭਾਈ! ਉਹ ਵੱਡਿਆਂ ਭਾਗਾਂ ਵਾਲਾ ਹੈ।

ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥

ਗੁਰੂ ਨਾਮ ਦੇ ਦਾਤਾ ਹਨ ਸਭ ਕਾਰਜਾਂ ਦੇ ਪੂਰਿਆਂ ਕਰਨ ਨੂੰ ਗੁਰੂ ਸਮਰੱਥ ਹਨ, ਗੁਰੂ ਜੀ ਦਾ ਜੱਸ ਸਾਰਿਆਂ ਵਿਚ ਸਮਾ ਰਿਹਾ ਹੈ।

ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥ ੨॥

ਗੁਰੂ ਸਾਹਿਬ ਜੀ ਪਾਰਬ੍ਰਹਮ ਪਰਮੇਸ਼ਰ ਦਾ ਸਰੂਪ ਹਨ, ਗੁਰੂ ਸਾਹਿਬ ਜੀ ਡੁੱਬਦੇ ਜਾਂਦੇ ਜੀਵ ਨੂੰ ਤਰਾ ਲੈਂਦੇ ਹਨ॥ ੨॥

ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ॥

ਕਿਹੜੇ ਮੂੰਹ ਨਾਲ ਗੁਰੂ ਜੀ ਦੀ ਸ਼ਲਾਘਾ ਕਰੀਏ, ਸਭ ਕਾਰਨ ਕਾਰਜਾਂ ਦੇ ਕਰਨੇ ਨੂੰ ਗੁਰੂ ਸਮਰੱਥ ਹਨ।

ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ॥

ਸੇ ਮਥੇ=ਉਹ ਪੁਰਸ਼ ਅਚੱਲ ਰਹੇ ਹਨ, ਜਿਨ੍ਹਾਂ ਦੇ ਮੱਥੇ ਉੱਪਰ ਗੁਰਾਂ ਨੇ ਕਿਰਪਾ ਦਾ ਹੱਥ ਰੱਖਿਆ ਹੈ।

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ॥

ਜਿਹੜਾ ਨਾਮ ਅੰਮ੍ਰਿਤ ਗੁਰਾਂ ਨੇ ਪਿਲਾਇਆ ਹੈ, ਏਹੀ ਜਨਮ ਮਰਨ ਦੀ ਨਵਿਰਤੀ ਦਾ ਪਥੁ=ਦਾਰੂ ਹੈ। ਪਥੁ=ਪ੍ਰਹੇਜ ਹੈ, *ਅਥਵਾ:*-ਪਥੁ=ਰਸਤਾ ਹੈ।

[ਪੰਨਾ ੫੦]

ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ॥ ੩॥

ਜਿਸ ਨੇ ਗੁਰਾਂ ਦੁਆਰੇ ਭੈ ਭੰਜਨੁ=ਡਰ ਨਾਸ ਕਰਨ ਵਾਲੇ ਪ੍ਰਮੇਸ਼ਰ ਨੂੰ ਸੇਵਿਆ ਹੈ ਉਸ ਦਾ ਜਨਮ ਮਰਨ ਰੂਪ ਦੁਖ ਲਥੁ=ਲਹਿ ਗਿਆ ਹੈ॥ ੩॥

ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ॥

ਸਤਿਗੁਰ ਦੇਵ ਜੀ ਗਹਿਰ=ਡੂੰਘੇ ਤੇ ਗਭੀਰੁ=ਨਿਰਹੱਲ ਹਨ, ਅਤੇ ਸੁਖਾਂ ਦੇ ਸਮੁੰਦਰ ਤੇ ਪਾਪਾਂ ਦੇ ਖੰਡੁ=ਨਾਸ ਕਰਨ ਵਾਲੇ ਹਨ।

ਅਥਵਾ:-ਸਤਿਗੁਰ ਦੇਵ ਜੀ ਸੁਖਾਂ ਦਾ ਗਹਿਰ ਗੰਭੀਰ ਸਮੁੰਦਰ ਹਨ, ਅਤੇ ਅਘ ਖੰਡੁ=ਪਾਪਾਂ ਦੇ ਨਾਸ ਕਰਨ ਵਾਲੇ ਹਨ।

ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ॥

ਜਿਨ੍ਹਾਂ ਨੇ ਆਪਣੇ ਗੁਰੂ ਨੂੰ ਸੇਵਿਆ ਹੈ, ਉਨ੍ਹਾਂ ਨੂੰ ਜਮਦੂਤਾਂ ਦਾ ਡੰਡਾ ਨਹੀਂ ਲੱਗਦਾ।

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ॥

ਅਸਾਂ ਨੇ ਤੁਲਿ=ਵਿਚਾਰਿਆ ਹੈ ਜੋ ਗੁਰਾਂ ਦੇ ਨਾਲ ਤੋਲਿਆਂ ਕੁਝ ਭੀ ਨਹੀਂ ਲੱਗਦਾ, ਬਲਕਿ ਸਾਰਾ ਬ੍ਰਹਮੰਡ ਹੀ ਢੂੰਢ ਵੇਖਿਆ ਹੈ।

ਯਥਾ:- ਗੁਰ ਜੈਸਾ ਨਾਹੀ ਕੋ ਦੇਵ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥ ੧॥ ਰਹਾਉ॥

(ਭੈਰਉ ਮਹਲਾ ੫, ਪੰਨਾ ੧੧੪੨)

ਨਾਮੁ ਨਿਧਾਨੁ ਸਤਿਗੁਰਿ ਦੀਆ
ਸੁਖੁ ਨਾਨਕ ਮਨ ਮਹਿ ਮੰਡੁ॥ ੪॥ ੨੦॥ ੯੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਸਤਿਗੁਰਾਂ ਨੇ ਸਾਨੂੰ ਨਾਮ ਰੂਪ ਖਜ਼ਾਨਾ ਦਿੱਤਾ ਹੈ, ਜਿਸ ਕਰਕੇ ਅਸਾਂ ਨੇ ਆਪਣੇ ਮਨ ਵਿਚ ਸੁਖ ਸਰੂਪ ਪ੍ਰਮਾਤਮਾ ਨੂੰ ਮੰਡੁ=ਧਾਰਨਾ ਕੀਤਾ ਹੈ॥ ੪॥ ੨੦॥ ੯੦॥

ਸਿਰੀਰਾਗੁ ਮਹਲਾ ੫॥

ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥

ਜਿਨ੍ਹਾਂ ਪਦਾਰਥਾਂ ਨੂੰ ਮਿੱਠਾ ਸਮਝ ਕਰਕੇ ਖਾਧਾ ਹੈ, ਉਨ੍ਹਾਂ ਤੋਂ ਕੌੜਾ ਹੀ ਸੁਆਦ, ਭਾਵ ਦੁੱਖ

ਉਪਜਿਆ=ਪੈਦਾ ਹੋਇਆ ਹੈ।

ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥

ਕਈਆਂ ਨੂੰ ਭਰਾ, ਕਈਆਂ ਨੂੰ ਮਿੱਤਰ, ਕਈਆਂ ਨੂੰ ਸੁਰਿਦ=ਸੁਹਿਰਦ ਬਨਾਉਣਾ ਕੀਤਾ, ਇਨ੍ਹਾਂ ਨੂੰ ਆਪਣਾ ਬਣਾ ਕੇ ਬਿਖਿਆ=ਮਾਇਆ ਦੇ ਬਾਦੁ=ਝਗੜਿਆਂ ਵਿਚ ਰਚਿਆ=ਲੱਗਾ ਰਿਹਾ।

ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥ ੧ ॥

ਇਨ੍ਹਾਂ ਪਦਾਰਥਾਂ ਦੇ ਜਾਂਦਿਆਂ ਕੋਈ ਬਿਲਮ=ਦੇਰ ਨਹੀਂ ਹੁੰਦੀ, ਨਾਮ ਤੋਂ ਬਿਨਾਂ ਸਾਰੇ ਪਦਾਰਥ ਬਿਸਮਾਦੁ=ਮਿਥਿਆ ਹਨ॥ ੧ ॥

ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥

ਹੇ ਮੇਰੇ ਮਨ ! ਤੂੰ ਸਤਿਗੁਰਾਂ ਦੀ ਸੇਵਾ ਵਿਚ ਲੱਗਣਾ ਕਰ।

ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥ ੧ ॥ ਰਹਾਉ ॥

ਜੋ ਭੀ ਦਿਸ ਰਿਹਾ ਹੈ ਉਹ ਨਾਸ ਹੋ ਜਾਣ ਵਾਲਾ ਹੈ, ਇਸਤੇ ਮਨ ਦੀ ਮੱਤ ਤਿਆਗ ਕੇ ਗੁਰਮਤਿ ਅਨੁਸਾਰ ਚਲਣਾ ਕਰ॥ ੧ ॥ ਰਹਾਉ ॥

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥

ਜਿਵੇਂ ਹਰਕਾਇਆ ਕੂਕਰੁ=ਹਲਕਾਇਆ ਕੁੱਤਾ ਦਹ ਦਿਸ=ਹਰ ਪਾਸੇ ਭੱਜਾ ਜਾਂਦਾ ਹੈ। ਹਲਕੇ ਕੁੱਤੇ ਵਿਚ ਚਾਰ ਔਗੁਣ ਹੁੰਦੇ ਹਨ:-ਇਕ ਪੂਛ ਸਿੱਧੀ ਹੋ ਜਾਂਦੀ ਹੈ, ਦੂਜਾ ਝੱਗ ਸੁਟਦਾ ਹੈ, ਤੀਜਾ ਪਾਣੀ ਤੋਂ ਸੰਗਦਾ ਹੈ, ਚੌਥਾ ਜਿਸ ਨੂੰ ਵੱਢਦਾ ਹੈ ਉਸਨੂੰ ਭੀ ਹਲਕ ਹੋ ਜਾਂਦਾ ਹੈ। ਤਿਵੇਂ:-

ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥

ਲੋਭੀ ਪੁਰਸ਼ ਧਰਮ ਅਧਰਮ ਨੂੰ ਨਹੀਂ ਜਾਣਦਾ, ਭਖੁ=ਅਭਖੁ=ਭਾਵੇਂ ਖਾਣ ਵਾਲਾ ਹੋਵੇ ਭਾਵੇਂ ਨ ਖਾਣ ਵਾਲਾ ਹੋਵੇ ਉਹ ਸਭ ਕੁਝ ਖਾ ਜਾਂਦਾ ਹੈ। ਲੋਭੀ ਪੁਰਸ਼ ਦੀ ਹਲਕੇ ਕੁੱਤੇ ਵਾਂਗੂੰ ਸਿੱਧੀ ਪੂਛ ਏਹੋ ਹੈ ਜਿਹੜੀ ਜਣੇ ਖਣੇ ਅੱਗੇ ਤਲੀ ਅੱਡੀ ਰੱਖਦਾ ਹੈ, ਦੂਜਾ ਨਿੰਦਿਆ ਰੂਪ ਝੱਗ ਸੁਟਦਾ ਹੈ, ਤੀਜਾ ਨਾਮ ਰੂਪ ਪਾਣੀ ਤੋਂ ਸੰਗਦਾ ਹੈ। ਚੌਥਾ ਜਿਹੜਾ ਕੋਈ ਲੋਭੀ ਦੀ ਸੰਗਤ ਕਰਦਾ ਹੈ ਉਸ ਨੂੰ ਭੀ ਭੈੜਾ ਅਸਰ ਹੋ ਜਾਂਦਾ ਹੈ।

ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥ ੨ ॥

ਕਾਮ, ਕਰੋਧ, ਲੋਭ, ਮੋਹ, ਮਦਿ=ਹੰਕਾਰ ਵਿਚ ਵਿਆਪਣ ਕਰਕੇ ਮੁੜ ਮੁੜਕੇ ਜੂਨੀਆਂ ਵਿਚ ਪੈਂਦਾ ਹੈ॥ ੨ ॥

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥

ਈਸ਼ੁਰ ਨੇ ਮਾਇਆ ਰੂਪ ਜਾਲ ਨੂੰ ਪਸਾਰਿਆ=ਖਿਲਾਰਕੇ ਵਿਚ ਵਿਸ਼ਿਆਂ ਰੂਪੀ ਚੋਗ ਬਣਾਈ ਹੋਈ ਹੈ।

ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥

ਮਾਇ=ਹੇ ਭਾਈ ! ਇਸ ਜਾਲ ਵਿਚ ਤ੍ਰਿਸ਼ਨਾ ਵਾਲਾ ਜੀਵ ਰੂਪ ਪੰਖੀ ਫਸਿਆ ਹੋਇਆ ਹੈ, ਜੋ ਇਸ

ਜਾਲ ਵਿਚੋਂ ਨਿਕਲਣਾ ਨਹੀਂ ਪਾਂਦਾ।

ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥ ੩ ॥

ਜਿਸ ਪ੍ਰਭੂ ਨੇ ਇਸਨੂੰ ਪੈਦਾ ਕੀਤਾ ਹੈ ਤਿਸ ਨੂੰ ਜਾਣਦਾ ਨਹੀਂ ਹੈ, ਇਸ ਕਰਕੇ ਮੁੜ ਮੁੜਕੇ ਜੰਮਦਾ ਮਰਦਾ ਹੈ॥ ੩ ॥

ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥

ਇਹ ਜੋ ਬਹੁਤ ਤਰ੍ਹਾਂ ਦਾ ਸੰਸਾਰ ਹੈ ਇਸ ਨੂੰ ਮਾਇਆ ਨੇ ਅਨੇਕ ਤਰ੍ਹਾਂ ਨਾਲ ਮੋਹਿਆ ਹੋਇਆ ਹੈ।

ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥

ਉਹ ਸਰਬ ਕਲਾ ਸਮਰੱਥ ਅਪਾਰ ਪੁਰਖ ਜਿਸ ਨੂੰ ਹੱਥ ਦੇ ਕੇ ਬਚਾ ਰੱਖਦਾ ਹੈ, ਉਹ ਇਸ ਤੋਂ ਬਚ ਰਹਿੰਦਾ ਹੈ।

ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥ ੪ ॥ ੨੧ ॥ ੯੧ ॥

ਜਿਹੜੇ ਹਰੀ ਦੇ ਸੇਵਕ ਜਨ ਹਰੀ ਵਿਚ ਲਿਵ ਲਗਾ ਕੇ ਮਾਇਆ ਤੋਂ ਉਧਰੇ=ਬਚ ਗਏ ਹਨ, ਗੁਰੂ ਸਾਹਿਬ ਜੀ ਕਥਨ ਕਰਦੇ ਹਨ ਮੈਂ ਉਨ੍ਹਾਂ ਤੋਂ ਸਦਾ ਹੀ ਬਲਿਹਾਰ ਜਾਂਦਾ ਹੈ॥ ੪ ॥ ੨੧ ॥ ੯੧ ॥

ਸਿਰੀਰਾਗੁ ਮਹਲਾ ੫ ਘਰੁ ੨ ॥

ਉਥਾਨਕਾ:- ਇਸ ਸ਼ਬਦ ਦੁਆਰਾ ਗੁਰੂ ਸਾਹਿਬ ਜੀ ਵੈਰਾਗ ਜਨਕ ਉਪਦੇਸ਼ ਦਿੰਦੇ ਹਨ। ਆਪਣੇ ਦੇਸ ਵਿਚ ਮੀਂਹ ਦੇ ਨਾ ਪੈਣ ਕਰਕੇ ਜਦ ਪੱਠੇ ਨਹੀਂ ਹੁੰਦੇ। ਤਾਂ ਗੁੱਜਰ ਲੋਕ ਜਿੱਥੇ ਮੀਂਹ ਨਾਲ ਪੱਠੇ ਪੈਦਾ ਹੋਏ ਹੋਵਨ ਉਸ ਇਲਾਕੇ ਵਿਚ ਡੰਗਰਾਂ ਨੂੰ ਲੈ ਜਾਂਦੇ ਹਨ। ਉਸ ਜਗ੍ਹਾ ਦਾ ਨਾਂ ਗੋਇਲ ਹੈ, ਤੇ ਡੰਗਰਾਂ ਦੇ ਚਰਾਨ ਵਾਲੇ ਦਾ ਨਾਂ ਗੋਇਲੀ ਹੈ।

ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥

ਜਿਵੇਂ ਗਊਆਂ ਦੇ ਚਰਾਣ ਵਾਲਾ 'ਗੋਇਲੀ ਪੁਰਸ਼' ਗੋਇਲ ਅਸਥਾਨ ਉੱਪਰ ਆਉਂਦਾ ਹੈ, ਓਥੇ ਆ ਕੇ ਉਸ ਨੇ ਭਲਾ ਕੀ ਡੰਫੁ=ਪਖੰਡ ਨੂੰ ਪਸਾਰਨਾ ਹੈ। ਓਥੇ ਆ ਕੇ ਉਹ ਕੋਈ ਪੱਕੇ ਮਕਾਨ ਬਣਾ ਕੇ ਨਹੀਂ ਬੈਠਦਾ, ਉਹ ਤਾਂ ਕੇਵਲ ਨਿਰਬਾਹ ਕਰਨ ਦੀ ਕਰਦਾ ਹੈ ਜਦ ਆਪਣੇ ਦੇਸ਼ ਵਿਚ ਵਰਖਾ ਹੋਈ ਸੁਣਦਾ ਹੈ ਫਿਰ ਝੱਟ ਆ ਜਾਂਦਾ ਹੈ। ਹੇ ਜੀਵ ! ਤੂੰ ਅਜਿਹਾ ਪ੍ਰਮਾਦੀ ਹੈਂ ਜੋ ਗੋਇਲੀ ਤੋਂ ਭੀ ਨਖਿੱਧ ਹੈਂ, ਸੰਸਾਰ ਰੂਪ ਗੋਇਲ ਅਸਥਾਨ ਉੱਪਰ ਆ ਕੇ ਘਰਾਂ ਵਿਚ ਪੱਕੀ ਮਮਤਾ ਪਾਈ ਬੈਠਾ ਹੈਂ।

ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥ ੧ ॥

ਜਿਤਨੀ ਕੁ ਇੱਥੇ ਰਹਿਣ ਦੀ ਤੈਨੂੰ ਮੁਹਲਤ ਮਿਲੀ ਹੈ, ਉਹ ਮੁਹਲਤ ਜਿਸ ਵੇਲੇ ਪੁੰਨੀ=ਪੂਰੀ ਹੋ ਗਈ, ਤਾਂ ਤੂੰ ਚਲਿਆ ਜਾਣਾ ਹੈ।

ਇਸ ਲਈ ਤੂੰ ਆਪਣੇ ਅਸਲੀ ਪ੍ਰਲੋਕ ਘਰ ਬਾਰ ਨੂੰ ਸੰਮਲੁ=ਚੇਤੇ ਕਰ॥ ੧ ॥

ਹਰਿ ਗੁਣ ਗਾਉ ਮਨਾ ਸਤਿਗੁਰ ਸੇਵਿ ਪਿਆਰਿ ॥

ਹੇ ਮਨਾ ! ਤੂੰ ਹਰੀ ਗੁਣਾਂ ਨੂੰ ਗਾਣਾ ਕਰ ਅਤੇ ਪਿਆਰ ਨਾਲ ਸਤਿਗੁਰਾਂ ਦੀ ਸੇਵਾ ਕਰ।

ਕਿਆ ਥੋੜੜੀ ਬਾਤ ਗੁਮਾਨੁ ॥ ੧ ॥ ਰਹਾਉ ॥

ਥੋੜ੍ਹੀ ਜਿੰਨੀ ਗੱਲ ਦਾ ਤੂੰ ਕੀ ਗੁਮਾਨੁ=ਹੰਕਾਰ ਕਰਦਾ ਹੈਂ, ਅਰਥਾਤ ਥੋੜ੍ਹੇ ਜਿੰਨੇ ਪਦਾਰਥ ਪਾ ਕੇ ਹੰਕਾਰ ਨਾ ਕਰ ॥ ੧ ॥ ਰਹਾਉ ॥

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥

ਜਿਵੇਂ ਪ੍ਰਾਹੁਣੇ ਰਾਤ ਨੂੰ ਘਰ ਵਿਚ ਆਉਂਦੇ ਹਨ ਉਹ ਕੇਵਲ ਰਾਤ ਕੱਟਕੇ ਪਰਭਾਤਿ=ਸਵੇਰ ਹੁੰਦਿਆਂ ਸਾਰ ਹੀ ਉੱਠ ਕੇ ਚਲੇ ਜਾਂਦੇ ਹਨ। ਤਿਵੇਂ ਤੂੰ ਭੀ ਚਲਿਆ ਜਾਣਾ ਹੈ।

ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥ ੨ ॥

ਤੂੰ ਗ੍ਰਿਹਸਤ ਨਾਲ ਕੀ ਰੱਤਾ ਹੋਇਆ ਹੈਂ, ਇਹ ਤਾਂ ਸਭ ਕੁਝ ਫੁੱਲਾਂ ਦੀ ਬਾਗਾਤਿ=ਬਗੀਚੀ ਵਾਂਗੂੰ ਹੈ। ਜਿਵੇਂ ਫੁੱਲ ਬਗੀਚੀ ਵਿਚ ਕੋਈ ਦਿਨ ਦਾ ਪ੍ਰਾਹੁਣਾ ਹੁੰਦਾ ਹੈ ਤਿਵੇਂ ਤੂੰ ਭੀ ਕੋਈ ਦਿਨ ਦਾ ਪ੍ਰਾਹੁਣਾ ਹੈਂ ॥ ੨ ॥

ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥

ਮੇਰੀ ਮਾਇਆ, ਮੇਰੀ ਦੇਹ, ਇਤਿਆਦਿਕ ਸ਼ਬਦ ਕੀ ਉਚਾਰਨ ਕਰਦਾ ਹੈਂ, ਜਿਸ ਪ੍ਰਭੂ ਨੇ ਸਭ ਕੁਝ ਦਿੱਤਾ ਹੈ ਉਸ ਨੂੰ ਲੋੜਿ=ਚਾਹੁਣਾ ਕਰ।

ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥ ੩ ॥

ਸਰਪਰ=ਜ਼ਰੂਰ ਹੀ ਇੱਥੋਂ ਉੱਠ ਕੇ ਚਲਿਆ ਜਾਣਾ ਹੈ, ਅਤੇ ਇਹ ਲੱਖਾਂ ਕਰੋੜਾਂ ਰੁਪਏ ਭੀ ਇਥੇ ਛੱਡ ਕੇ ਚਲਾ ਜਾਏਂਗਾ ॥ ੩ ॥

ਲਖ ਚਉਰਾਸੀਹ ਕ੍ਰਮਤਿਆ ਦੁਲਭ ਜਨਮੁ ਪਾਇਓਇ ॥

ਚੁਰਾਸੀ ਲੱਖ ਜੂਨਾਂ ਵਿਚ ਫਿਰਦਿਆਂ ਫਿਰਦਿਆਂ ਤੈਨੇ ਹੁਣ ਦੁਰਲੱਭ ਮਨੁੱਖਾ ਜਨਮ ਪਾਇਆ ਹੈ।

ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥ ੪ ॥ ੨੨ ॥ ੯੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਭਾਈ ! ਤੂੰ ਨਾਮ ਨੂੰ ਸਮਾਲਣਾ ਕਰ, ਉਹ ਚਲੇ ਜਾਣ ਵਾਲਾ ਦਿਨ ਤੇਰੇ ਨੇੜੇ ਆ ਰਿਹਾ ਹੈ ॥ ੪ ॥ ੨੨ ॥ ੯੨ ॥

ਸਿਰੀਰਾਗੁ ਮਹਲਾ ੫ ॥

ਜੀਵਾਤਮਾਂ ਦੇ ਨਿਕਲ ਜਾਣ ਨਾਲ ਦੇਹ ਖਾਲੀ ਪਈ ਵੇਖਕੇ ਗੁਰੂ ਸਾਹਿਬ ਜੀ ਉਪਦੇਸ਼ ਦਿੰਦੇ ਹਨ।

ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ ॥

ਹੇ ਦੇਹ ! ਤਿਚਰੁ=ਉਨਾ ਚਿਰ ਤੂੰ ਸੁਹੇਲੜੀ=ਸੁਖੀ ਵਸਦੀ ਸੈਂ, ਜਿਨ੍ਹਾਂ ਚਿਰ ਤੇਰਾ ਸਾਥੀ ਜੀਵ ਆਤਮਾ ਤੇਰੇ ਨਾਲ ਸੀ।

ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ ॥ ੧ ॥

ਜਿਸ ਵੇਲੇ ਤੇਰਾ ਸਾਥੀ ਜੀਵਾਤਮਾਂ ਉੱਠ ਕੇ ਚਲਾ ਗਿਆ, ਤਾਂ ਹੇ ਧਨ=ਇਸਤਰੀ ਤੇਰਾ ਮਿੱਟੀ ਵਿਚ

ਰੁਲਣਾ ਹੋ ਗਿਆ ॥ ੧ ॥

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥

ਇਸ ਅਨਿੱਸਥਰਤਾ ਨੂੰ ਵੇਖਕੇ ਮੇਰੇ ਮਨ ਵਿਚ ਸੰਸਾਰ ਵੱਲੋਂ ਵੈਰਾਗ ਹੋ ਗਿਆ, ਅਤੇ ਵਾਹਿਗੁਰੂ ਦੇ ਦਰਸ਼ਨ ਦੇਖਣ ਦਾ ਚਾਉ ਜਾਗ ਪਿਆ।

ਧੰਨੁ ਸੁ ਤੇਰਾ ਥਾਨੁ ॥ ੧ ॥ ਰਹਾਉ ॥

ਹੇ ਵਾਹਿਗੁਰੂ ਜਿੱਥੇ ਤੂੰ ਵਸਦਾ ਹੈਂ ਉਹ ਤੇਰਾ ਅਸਥਾਨ ਧੰਨਤਾ ਦੇ ਯੋਗ ਹੈ ॥ ੧ ॥ ਰਹਾਉ ॥

ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ ॥

ਹੇ ਦੇਹ ! ਜਿੰਨਾ ਚਿਰ ਘਰ ਦਾ ਮਾਲਕ ਕੰਤੁ=ਜੀਵ ਸਰੀਰ ਘਰ ਵਿਚ ਵਸਦਾ ਸੀ, ਉਨਾ ਚਿਰ ਤਾਂ ਤੈਨੂੰ ਸਭ ਕੋਈ ਜੀ ! ਜੀ ! ਕਹਿੰਦਾ ਸੀ।

ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥ ੨ ॥

ਜਿਸ ਵੇਲੇ ਤੇਰਾ ਪਤੀ ਜੀਵ ਉੱਠ ਕੇ ਚਲਦਾ ਹੈ, ਤਾਂ ਫਿਰ ਤੇਰੀ ਗੱਲਬਾਤ ਕੋਈ ਭੀ ਨਹੀਂ ਪੁੱਛਦਾ ॥ ੨ ॥ ਅੱਗੋਂ ਜੀਵ ਨੂੰ ਉਪਦੇਸ਼ ਦਿੰਦੇ ਹਨ :- ਹੇ ਜੀਵ ਰੂਪੀ ਇਸਤ੍ਰੀ !

ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥

ਮਾਤਲੋਕ ਰੂਪੀ ਪੇਈਅੜੈ=ਪੇਕੇ ਘਰ ਵਿਚ ਤੂੰ ਆਪਣੇ ਪਤੀ ਪ੍ਰਮਾਤਮਾ ਨੂੰ ਸੇਵਨਾ ਕਰ, ਤਾਂ ਪ੍ਰਲੋਕ ਰੂਪ ਸਾਹੁਰੇ ਘਰ ਵਿਚ ਤੂੰ ਸੁਖ ਸਹਿਤ ਵਸੇਂਗੀ।

ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥ ੩ ॥

ਤੂੰ ਗੁਰਾਂ ਨਾਲ ਮਿਲਕੇ ਚਜੁ ਅਚਾਰੁ=ਸੋਹਣੇ ਕੰਮਾਂ ਨੂੰ ਸਿੱਖ ਲੈ, ਫਿਰ ਤੈਨੂੰ ਕਦੇ ਦੁੱਖ ਨਹੀਂ ਲਗੇਗਾ ॥ ੩ ॥

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥

ਪ੍ਰਲੋਕ ਰੂਪ ਸਾਹੁਰੇ ਘਰ ਵਿਚ ਸਭਨਾਂ ਨੇ ਵੰਞਣਾ=ਚਲਿਆ ਜਾਣਾ ਹੈ, ਸਾਰੀਆਂ ਮੁਕਲਾਵਾਂ ਲੈਣ ਵਾਲੀਆਂ ਹਨ। ਅਰਥਾਤ ਕਾਲ ਰੂਪ ਲਾੜੇ ਨਾਲ ਵਿਆਹੀਆਂ ਜਾਣ ਵਾਲੀਆਂ ਹਨ।

[ਪੰਨਾ ੫੧]

ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥ ੪ ॥ ੨੩ ॥ ੯੩ ॥

ਗੁਰੂ ਜੀ ਕਥਨ ਕਰਦੇ ਹਨ-ਉਹ ਸੁਹਾਗਣ ਧੰਨਤਾ ਜੋਗ ਹੈ, ਜਿਸ ਦਾ ਮਾਤਲੋਕ ਰੂਪ ਪੇਕੇ ਘਰ ਵਿਚ ਆਪਣੇ ਪਤੀ ਪ੍ਰਮਾਤਮਾ ਨਾਲ ਪਿਆਰ ਹੈ ॥ ੪ ॥ ੨੩ ॥ ੯੩ ॥

ਸਿਰੀਰਾਗੁ ਮਹਲਾ ੫ ਘਰੁ ੯ ॥

ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ ॥

ਇਕ ਓਹੀ ਪ੍ਰਮਾਤਮਾ ਸਭ ਕਾਰਨਾਂ ਦੇ ਕਰਨ ਵਾਲਾ ਹੈ, ਜਿਸ ਨੇ ਆਕਾਰੁ=ਜਗਤ ਨੂੰ ਪੈਦਾ ਕੀਤਾ ਹੈ

ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ ॥ ੧ ॥

ਹੇ ਮੇਰੇ ਮਨ ! ਤੂੰ ਉਸੇ ਨੂੰ ਧਿਆਉਣਾ ਕਰ, ਜੋ ਸਾਰਿਆਂ ਨੂੰ ਆਧਾਰੁ=ਆਸਰਾ ਦੇ ਰਿਹਾ ਹੈ॥ ੧ ॥

ਗੁਰ ਕੇ ਚਰਨ ਮਨ ਮਹਿ ਧਿਆਇ ॥

ਮਨ ਵਿਚ ਤੂੰ ਗੁਰਾਂ ਦੇ ਚਰਨਾਂ ਨੂੰ ਧਿਆਉਣਾ ਕਰ।

ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥ ੧ ॥ ਰਹਾਉ ॥

ਸਾਰੀਆਂ ਸਿਆਣਪਾਂ ਛੱਡਕੇ ਸੱਚੇ ਗੁਰਾਂ ਦੇ ਉਪਦੇਸ਼ ਵਿਚ ਲਿਵ ਲਗਾਣਾ ਕਰ॥ ੧ ॥ ਰਹਾਉ ॥

ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰ ਹਿਰਦੈ ਹੋਇ ॥

ਹਿਰਦੇ ਵਿਚ ਗੁਰਮੰਤ੍ਰ ਵਸਿਆ ਹੋਵੇ, ਤਾਂ ਫਿਰ ਦੁਖਦਾਈ ਕਲੇਸ਼ ਅਤੇ ਕੋਈ ਡਰ ਨਹੀਂ ਵਿਆਪੇਗਾ।

ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥ ੨ ॥

ਕ੍ਰੋੜਾਂ ਪੁਰਸ਼ ਸੰਸਾਰ ਸਾਗਰ ਤੋਂ ਤਰਨ ਵਾਸਤੇ ਕ੍ਰੋੜਾਂ ਹੀ ਜਤਨ ਕੱਰ ਨਹੇ ਹਨ, ਪਰ ਗੁਰੂ ਤੋਂ ਬਿਨਾਂ ਕੋਈ ਤਰਿਆ ਨਹੀਂ ਹੈ॥ ੨ ॥

ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ ॥

ਗੁਰੂ ਦਾ ਦਰਸ਼ਨ ਦੇਖਦਿਆਂ ਸਾਰ ਹੀ ਮਨ ਸਹਿਤ ਆਸਰੇ ਦੇ ਹੁੰਦਾ ਹੈ, ਵਾ ਮਨ ਸੁਧਰ ਜਾਂਦਾ ਹੈ, ਅਤੇ ਪਾਪ ਸਾਰੇ ਦੂਰ ਹੋ ਜਾਂਦੇ ਹਨ।

ਹਉ ਤਿਨ ਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥ ੩ ॥

ਹਉ=ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਹੜੇ ਗੁਰੂ ਦੀ ਪੈਰੀ ਪਾਹਿ=ਚਰਨੀ ਪਏ ਹਨ॥ ੩ ॥

ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥

ਸਤਸੰਗਤ ਕਰਦਿਆਂ ਕਰਦਿਆਂ ਹਰੀ ਦਾ ਸੱਚ ਨਾਮ ਮਨ ਵਿਚ ਵਸ ਜਾਂਦਾ ਹੈ।

ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ ॥ ੪ ॥ ੨੪ ॥ ੯੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਮਨ ਵਿਚ ਇਸ ਤਰ੍ਹਾਂ ਦਾ ਭਾਉ=ਪ੍ਰੇਮ ਹੈ ਉਹ ਵਡਿਆਂ ਭਾਗਾਂ ਵਾਲੇ ਹਨ॥ ੪ ॥ ੨੪ ॥ ੯੪ ॥

ਸਿਰੀਰਾਗੁ ਮਹਲਾ ੫ ॥

ਤਿੰਨ ਪ੍ਰਸ਼ਨਾਂ ਵਿਚ ਜਗਿਆਸੂ ਨੇ ਬੇਨਤੀ ਕੀਤੀ। ਗਰੀਬ ਨਿਵਾਜ ਜੀਉ !

(੧) ਕੇਹੜਾ ਧਨ ਇਕੱਠਾ ਕਰੀਏ ? (੨) ਪੂਜਾ ਕਿਸ ਦੀ ਕਰੀਏ ? (੩) ਕੇਹੜੀ ਚੀਜ਼ ਛੱਡੀਏ ?

ਗੁਰ ਉੱਤਰ:-

ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥

ਹਰੀ ਨਾਮ ਧਨ ਨੂੰ ਸੰਚਿ=ਇਕੱਠਾ ਕਰ, ਸਤਿਗੁਰਾਂ ਦੀ ਪੂਜਾ ਕਰ, ਅਤੇ ਸਾਰੇ ਵਿਕਾਰ ਛੱਡ ਦੇ।

ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥ ੧ ॥

ਜਿਸ ਪ੍ਰਮਾਤਮਾ ਨੇ ਪੰਜਾਂ ਤੱਤਾਂ ਨੂੰ ਸਾਜ ਕੇ ਤੈਨੂੰ ਸਵਾਰਿਆ ਹੈ, ਉਸ ਹਰੀ ਨੂੰ ਚੇਤੇ ਕਰ ਤਾਂ ਤੇਰਾ ਉਧਾਰ ਹੋਵੇਗਾ ॥ ੧ ॥

ਜਪਿ ਮਨ ਨਾਮੁ ਏਕੁ ਅਪਾਰੁ ॥

ਹੇ ਮਨ ! ਇਕ ਅਪਾਰ ਪ੍ਰਭੂ ਦੇ ਨਾਮ ਨੂੰ ਜਪਨਾ ਕਰ।

ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥ ੧ ॥ ਰਹਾਉ ॥

ਜਿਸ ਪ੍ਰਭੂ ਨੇ ਤੈਨੂੰ ਪ੍ਰਾਣ, ਮਨ ਤੇ ਸਰੀਰ ਦਿੱਤਾ ਹੈ, ਉਸ ਦੇ ਨਾਮ ਨੂੰ ਆਪਣੇ ਹਿਰਦੇ ਦਾ ਆਧਾਰੁ=ਆਸਰਾ ਬਣਾ ਲੈ ॥ ੧ ॥ ਰਹਾਉ ॥

ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥

ਜੋ ਪੁਰਸ਼ ਕਾਮ ਕ੍ਰੋਧ ਅਹੰਕਾਰ ਆਦਿਕਾਂ ਵਿਖੇ ਮਸਤ ਹਨ, ਉਨ੍ਹਾਂ ਨੂੰ ਸੰਸਾਰੁ=ਜੰਮਣਾ ਮਰਨਾ ਵਿਆਪ ਰਿਹਾ ਹੈ।

ਅਥਵਾ:-ਕਾਲ ਰੂਪ ਸੰਸਾਰ ਉਨ੍ਹਾਂ ਦੇ ਮਗਰ ਵਿਆਪਿਆ=ਲਗ ਰਿਹਾ ਹੈ।

ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥ ੨ ॥

ਸੰਤ ਸ਼ਰਨ ਵਿਖੇ ਪੈ ਕੇ ਗੁਰ ਚਰਨਾਂ ਨਾਲ ਲਗਣਾ ਕਰ, ਤਾਂ ਦੁਖਦਾਈ ਅਗਿਆਨ ਰੂਪ ਹਨੇਰਾ ਮਿਟ ਜਾਏਗਾ ॥ ੨ ॥

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥

ਸੱਚ ਬੋਲਣਾ, ਸੰਤੋਖ ਧਾਰਨਾ, ਸਾਰਿਆਂ ਉਪਰ ਦਇਆ ਕਮਾਵੈ=ਕਰਨੀ, ਇਹ ਕਰਨੀ ਸਭ ਤੋਂ ਸਾਰ=ਸ੍ਰੇਸ਼ਟ ਹੈ।

ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥ ੩ ॥

ਆਪਾ ਭਾ ਹੰਕਾਰ ਨੂੰ ਛੱਡ ਕੇ ਸਾਰਿਆਂ ਦੀ ਚਰਨ ਧੂੜ ਹੋ ਜਾ, ਇਹ ਚੀਜ਼ਾਂ ਉਸ ਨੂੰ ਮਿਲਦੀਆਂ ਹਨ ਜਿਸ ਨੂੰ ਨਿਰੰਕਾਰ ਪ੍ਰਭੂ ਆਪ ਦੇਂਦਾ ਹੈ ॥ ੩ ॥

ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥

ਸੰਸਾਰ ਪਸਾਰੇ ਵਿਚ ਜੋ ਭੀ ਪਸਰਿਆ ਹੋਇਆ ਦਿਸ ਰਿਹਾ ਹੈ, ਉਹ ਸਾਰਾ ਤੂੰ ਆਪ ਹੀ ਹੈਂ।

ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥ ੪ ॥ ੨੫ ॥ ੯੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਗੁਰਾਂ ਨੇ ਭਰਮ ਕੱਟ ਦਿੱਤਾ, ਤਾਂ ਸਾਰੇ ਬ੍ਰਹਮ ਨੂੰ ਹੀ ਵਿਚਾਰਨਾ ਕੀਤਾ ॥ ੪ ॥ ੨੫ ॥ ੯੫ ॥

ਸਿਰੀਰਾਗੁ ਮਹਲਾ ੫ ॥ ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥

ਇਹ ਸਾਰਾ ਸੰਸਾਰ ਦੁਕ੍ਰਿਤ=ਪਾਪ ਕਰਮ, ਤੇ ਸੁਕ੍ਰਿਤ=ਪੁੰਨ ਕਰਮਾਂ ਦੇ ਕਰਨ ਮੰਧੇ=ਵਿਚ ਲੱਗਾ

ਹੋਇਆ ਹੈ।

ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥ ੧ ॥

ਇਨ੍ਹਾਂ ਦੋਹਾਂ ਪਾਪ ਪੁੰਨ ਰੂਪ ਕਰਮਾਂ ਤੋਂ ਰਹਿਤ ਕੋਈ ਵਿਰਲਾ ਹੀ ਭਗਤ ਜਾਣਿਆ ਜਾਂਦਾ ਹੈ॥ ੧ ॥

ਠਾਕੁਰੁ ਸਰਬੇ ਸਮਾਣਾ ॥

ਹੇ ਠਾਕੁਰ ਪ੍ਰਭੂ ! ਤੂੰ ਸਾਰਿਆਂ ਵਿਚ ਸਮਾ ਰਿਹਾ ਹੈਂ।

ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ ॥ ੧ ॥ ਰਹਾਉ ॥

ਮੈਂ ਤੇਰੀ ਕੀ ਉਪਮਾ ਕਵ੍ਹਾਂ, ਸੁਨਣਾ ਕਰੋ, ਹੇ ਸੁਆਮੀ ਤੂੰ ਵਡਾ ਹੀ ਸੁਜਾਣ ਪੁਰਖ ਹੈਂ॥ ੧ ॥ ਰਹਾਉ ॥

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥

ਜੋ ਪੁਰਸ਼ ਮਾਨ ਅਭਿਮਾਨ=ਵਡਿਆਈ ਤੇ ਨਿਰਾਦਰੀ ਵਿਚ ਹੈ,

ਅਥਵਾ:-ਮਾਨ=ਵਡਿਆਈ ਤੇ ਅਭਿਮਾਨ=ਹੰਕਾਰ ਵਿਚ ਹੈ ਉਹ ਸੇਵਕ ਨਹੀਂ ਹੋ ਸਕਦਾ।

ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥ ੨ ॥

ਹੇ ਸੰਤੋ ! ਸਾਰਿਆਂ ਵਿਚ ਤੱਤ ਰੂਪ ਪ੍ਰਮਾਤਮਾ ਨੂੰ ਸਮ=ਇਕ ਸਮਾਨ ਵੇਖਣ ਵਾਲਾ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੈ॥ ੨ ॥

ਕਹਨ ਕਹਾਵਨ ਇਹੁ ਕੀਰਤਿ ਕਰਲਾ ॥

ਆਪ ਕਹਿਣਾ ਅਸੀਂ ਬੜੇ ਭਜਨੀਕ ਹਾਂ, ਹੋਰਨਾਂ ਤੋਂ ਭੀ ਕਹਾਵਨਾ ਇਹ ਬੜੇ ਨਾਮ-ਰਸੀਏ ਹਨ, ਇਹ ਤਾਂ ਇਕ ਕੀਰਤੀ ਕਰਾਉਨੇ ਦਾ ਕਰਲਾ=ਰਸਤਾ ਹੈ।

ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥ ੩ ॥

ਇਸ ਕਥਨ ਦੇ ਕਹਿਣੇ ਸੇ ਮੁਕਤਾ=ਰਹਿਤ ਕੋਈ ਵਿਰਲਾ ਹੀ ਗੁਰਮੁਖ ਹੈ॥ ੩ ॥

ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥

ਗਤਿ ਅਵਿਗਤਿ=ਪ੍ਰਾਪਤੀ ਅਪ੍ਰਾਪਤੀ, ਵਾ:-ਗਿਆਨ, ਅਗਿਆਨ ਦਾ ਵਿਚਾਰ ਜਦ ਕੁਝ ਨਿਗਾਹ ਨਾ ਆਇਆ।

ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥ ੪ ॥ ੨੬ ॥ ੯੬ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਤਾਂ ਮੈਨੇ ਸੰਤਾਂ ਦੀ ਚਰਨ ਧੂੜੀ ਦਾ ਦਾਨ ਪਾਣਾ ਕੀਤਾ॥ ੪ ॥ ੨੧ ॥ ੯੬ ॥

ਸਿਰੀਰਾਗੁ ਮਹਲਾ ੫ ਘਰੁ ੭ ॥

ਉਥਾਨਕਾ:- ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮੁਕੰਮਲ ਤਿਆਰੀ ਹੋ ਗਈ ਤਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਨਮੁਖ ਸ਼ੁਕਰਾਨੇ ਦੀ ਵਜ੍ਹਾ ਸੇ ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨ ਕੀਤਾ।

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥

ਹੇ ਪਿਆਰੇ ਗੁਰੂ ਰਾਮਦਾਸ ਸਾਹਿਬ ਜੀਉ ਆਪ ਜੀ ਦੇ ਭਰੋਸੇ ਕਰਕੇ ਹੀ ਮੈਨੇ ਇਹ ਸ੍ਰੀ ਹਰਿਮੰਦਰ ਸਾਹਿਬ ਦਾ ਲਾਡ ਲਡਾਇਆ=ਬਣਾ ਬਣਾਇਆ ਹੈ।

ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥

ਅਸੀਂ ਆਪ ਜੀ ਦੇ ਬਾਲਕੇ ਭੁੱਲਨੇ ਚੁੱਕਨੇ ਵਾਲੇ ਹਾਂ, ਹੇ ਹਰੀ ਸਰੂਪ ਸਤਿਗੁਰੋਂ ਆਪ ਮੇਰੇ ਮਾਤਾ ਪਿਤਾ ਰੂਪ ਹੋ॥ ੧ ॥

ਸੁਹੇਲਾ ਕਹਨੁ ਕਹਾਵਨੁ ॥

ਜ਼ੁਬਾਨੀ ਆਪ ਜੀ ਦੇ ਜਸ ਦਾ ਕਹਿਣਾ ਤੇ ਕਹਾਵਣਾ ਇਹ ਬੜਾ ਸੁਹੇਲਾ=ਸੌਖਾ ਹੈ।

ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥

ਜਿਹੜਾ ਆਪ ਜੀ ਨੂੰ ਭਾ ਜਾਣਾ ਹੈ ਇਹ ਬੜਾ ਬਿਖਮੁ=ਕਠਨ ਹੈ॥ ੧ ॥ ਰਹਾਉ ॥

ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥

ਹਉ=ਮੈਂ ਆਪਣੇ ਮਨ ਵਿਚ ਤੇਰਾ ਹੀ ਮਾਣ ਤਾਣ ਕਰਦਾ ਹਾਂ, ਮੈਂ ਆਪ ਜੀ ਨੂੰ ਆਪਣਾ ਹੀ ਜਾਣਦਾ ਹਾਂ।

ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ ੨ ॥

ਆਪ ਸਾਰਿਆਂ ਦੇ ਵਿਚ ਹੋ, ਤੇ ਸਾਰਿਆਂ ਤੋਂ ਬਾਹਰ ਭੀ ਹੋ, ਹੇ ਪਿਤਾ ਜੀ ਆਪ ਕਿਸੇ ਦੇ ਬੇਮੁਹਤਾਜ=ਅਧੀਨ ਨਹੀਂ ਹੋ॥ ੨ ॥

ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥

ਹੇ ਪਿਤਾ ਜੀ ! ਮੈਂ ਜਾਣਦਾ ਨਹੀਂ ਹਾਂ ਤੇਰੀ ਪ੍ਰਸੰਨਤਾ ਦੀ ਕਿਹੜੀ ਜੁਗਤ ਹੈ।

[ਪੰਨਾ ੫੨]

ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥

ਹੇ ਸੰਤਹੁ=ਸ਼ਾਂਤ ਆਤਮਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ ! ਆਪ ਸੰਸਾਰਕ ਬੰਧਨਾਂ ਤੋਂ ਮੁਕਤ ਹੋ, ਪ੍ਰੰਤੂ ਆਪ ਮੇਰੀ ਮਮਤਾ ਰੱਖਦੇ ਹੋ ਕਿ ਇਹ ਅਸਾਡਾ ਦਾਸ ਹੈ॥ ੩ ॥

ਦੂਜਾ ਅਰਥ-

ਜਗਿਆਸੂ ਪ੍ਰਮਾਤਮਾ ਦੇ ਸਨਮੁਖ ਬੇਨਤੀ ਕਰਦਾ ਹੈ।

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥

ਹੇ ਪਿਆਰੇ ਵਾਹਿਗੁਰੂ ਆਪ ਜੀ ਦੇ ਭਰੋਸੇ ਕਰਕੇ ਮੈਨੇ ਜਪ ਤਪ ਰੂਪੀ ਲਾਡ ਨੂੰ ਬਣਾਇਆ ਹੈ।

ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥

ਮੈਂ ਬਾਲਕਾ ਸਰੂਪ ਤੋਂ ਭੁੱਲਿਆ ਹੋਇਆ ਹਾਂ, ਅਤੇ ਸਿਮਰਨ ਤੋਂ ਚੁਕਿਆ ਹੋਇਆ ਹਾਂ।

ਅਥਵਾ:-ਵਿਸ਼ੇਸ਼ਤਾ ਕਰਕੇ ਭੁੱਲਿਆ ਹੋਇਆ ਹਾਂ। ਸਮਾਨਤਾ ਕਰਕੇ ਚੁਕਿਆ ਹੋਇਆ ਹਾਂ।

ਹੇ ਹਰੀ ! ਤੂੰ ਮਾਂ ਪਿਉ ਵਾਂਗੂੰ ਔਗੁਣਾਂ ਦੇ ਬਖਸ਼ਣੇ ਵਾਲਾ ਹੈਂ।

ਯਥਾ :-ਸੁਤੁਤ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥ ੧॥

ਰਾਮਈਆ ਹਉ ਬਾਰਿਕ ਤੇਰਾ॥ ਕਾਹੇ ਨ ਖੰਡਸਿ ਅਵਗਨੁ ਮੇਰਾ॥

(ਆਸਾ ਕਬੀਰ ਜੀ ਪੰਨਾ ੪੭੮)

ਤਥਾ:- ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥

ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥

(ਸੋਰਠਿ ਮ: ੫ ਪੰਨਾ ੬੨੪)

ਸੁਹੇਲਾ ਕਹਨੁ ਕਹਾਵਨੁ॥

ਆਪਣੇ ਆਪ ਨੂੰ ਚੰਗਾ ਕਹਿਣਾ, ਹੋਰਨਾਂ ਪਾਸੋਂ ਭੀ ਚੰਗਾ ਕਹਾਵਣਾ ਇਹ ਭਾਂ ਸੌਖਾ ਹੈ

ਅਥਵਾ:-ਸਾਸਤ੍ਰਾਂ ਦੁਆਰੇ ਆਪ ਜੀ ਦੇ ਜਸ ਨੂੰ ਕਹਿਣਾ ਕਹਾਣਾ ਸੌਖਾ ਹੈ। ਪਰ:-

ਤੇਰਾ ਬਿਖਮੁ ਭਾਵਨੁ॥ ੧॥ ਰਹਾਉ॥

ਆਪ ਜੀ ਦਾ ਭਾਣਾ ਮੰਨਣਾ ਬੜਾ ਬਿਖਮੁ=ਕਠਨ ਹੈ॥ ੧॥ ਰਹਾਉ॥

ਹਉ ਮਾਨੁ ਤਾਨੁ ਕਰੰਉ ਤੇਰਾ ਹਉ ਜਾਨਉ ਆਪਾ॥

ਮੈਂ ਆਪਣੇ ਮਨ ਵਿਚ ਆਪ ਜੀ ਦਾ ਹੀ ਮਾਣ ਤਾਣ ਧਾਰਨ ਕਰਦਾ ਹਾਂ, ਮੈਂ ਆਪ ਜੀ ਨੂੰ ਆਪਣਾ ਸੁਆਮੀ ਜਾਣਦਾ ਹਾਂ।

ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥ ੨॥

ਅਸਤੀ, ਭਾਂਤੀ, ਪ੍ਰੇਯ ਰੂਪ ਹੋ ਕੇ ਆਪ ਸਾਰਿਆਂ ਦੇ ਵਿਚ ਹੋ, ਅਤੇ ਅਬਿਨਾਸ਼ੀ ਰੂਪ ਹੋ ਕੇ ਆਪ ਸਾਰਿਆਂ ਤੋਂ ਬਾਹਰ ਹੋ।

ਹੇ ਸਾਰਿਆਂ ਦੇ ਪਿਤਾ ਰੂਪ ਪ੍ਰਮਾਤਮਾ ! ਆਪ ਮੁਹਥਾਜੀ ਤੋਂ ਬੇ=ਰਹਿਤ ਹੋ॥ ੨॥

ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ॥

ਹੇ ਸਰਬ ਦੇ ਪਿਤਾ ਰੂਪ ਪ੍ਰਮਾਤਮਾ ! ਮੈਂ ਜਾਣਦਾ ਨਹੀਂ ਹਾਂ ਜੋ ਤੇਰੀ ਪ੍ਰਾਪਤੀ ਦੀ ਕੋਣ ਸੀ ਜੁਗਤੀ ਹੈ।

ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ॥ ੩॥

ਹੇ ਸੰਤਹੁ=ਸ਼ਾਂਤ ਆਤਮਾ ਪ੍ਰਭੂ! ਆਪ ਸੰਸਾਰਕ ਬੰਧਨਾਂ ਤੋਂ ਮੁਕਤੁ=ਰਹਿਤ ਹੋ, ਸੰਤਾਂ ਦੀ ਨਿਆਈਂ ਆਪ ਮੇਰੀ ਮਮਤਾ ਰੱਖਦੇ ਹੋ।

ਅਰਥਾਤ ਜਿਵੇਂ ਪ੍ਰਹਿਲਾਦ ਨੂੰ ਆਪਣਾ ਪੁਤਰ ਜਾਣਕੇ ਉਸ ਦੀ ਰੱਖਿਆ ਕੀਤੀ ਹੈ ਤਿਵੇਂ ਮੇਰੀ ਰੱਖਿਆ ਕਰਦੇ ਹੋ।

ਅਥਵਾ:-ਸੰਸਾਰ ਬੰਧਨਾਂ ਤੋਂ ਮੁਕਤ ਜੋ ਸੰਤ ਹਨ, ਉਨ੍ਹਾਂ ਸੰਤਾਂ ਵਿਚ ਮੇਰੀ ਭੀ ਮਮਤਾ ਅਰਥਾਤ ਗਿਣਤੀ ਰੱਖਦੇ ਹੋ।

ਅਥਵਾ:-ਆਪ ਬੰਧਨਾਂ ਸੇ ਮੁਕਤ ਹੋ, ਸੰਤਹੁ=ਸ਼ਾਂਤ ਆਤਮਾਂ ਹੋ, ਮੇਰ ਤੇਰ ਦੀ ਮਮਤਾ ਜੋ ਦੁੱਖ ਰੂਪ ਹੈ, ਉਸ ਵੱਲੋਂ ਆਪਣਿਆਂ ਸੇਵਕਾਂ ਨੂੰ ਰੋਕ ਰੱਖਦੇ ਹੋ॥ ੩॥

ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ॥

ਹੇ ਠਾਕੁਰ ! ਜਦੀ ਆਪ ਕਿਰਪਾਲੂ ਹੋਏ, ਤਾਂ ਸੰਸਾਰ ਵਿਖੇ ਆਵਣ ਜਾਣਾ=ਜੰਮਣਾ ਮਰਨਾ ਰਹਿ ਗਿਆ।

ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ॥ ੪॥ ੨੭॥ ੯੭॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਗੁਰਾਂ ਨਾਲ ਮਿਲਕੇ ਹੇ ਪਾਰਬ੍ਰਹਮ ! ਮੈਨੇ ਆਪ ਜੀ ਨੂੰ ਪਛਾਨਣਾ ਕੀਤਾ ਹੈ॥ ੪॥ ੨੭॥ ੯੭॥

ਸਿਰੀਰਾਗੁ ਮਹਲਾ ੫ ਘਰੁ ੧॥

ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ॥

ਹੇ ਭਾਈ ! ਅਸਾਂ ਨੇ ਸੰਤ ਜਨਾਂ ਨਾਲ ਮਿਲਕੇ 'ਜਮਕਾਲ' ਨੂੰ ਕੱਟ ਦਿੱਤਾ ਹੈ।

ਅਥਵਾ:-ਜਮ ਕਾਲੁ=ਜੰਮਨਾ ਤੇ ਮਰਨਾ ਇਨ੍ਹਾਂ ਦੋਹਾਂ ਨੂੰ ਕੱਟ ਦਿੱਤਾ ਹੈ।

ਅਥਵਾ:-ਜਮਾ ਹੋਇਆ ਹੋਇਆ ਜੋ ਕਾਲ ਸੀ ਉਸਨੂੰ ਕੱਟ ਦਿੱਤਾ।

ਵਾ ਜਮ=ਜਮਾਂ ਤੋਂ ਹੀ ਭਾਵ ਮੁੱਢ ਤੋਂ ਹੀ ਕਾਲ ਨੂੰ ਕੱਟ ਦਿੱਤਾ ਹੈ।

ਅਥਵਾ:- ਸੰਤ ਜਨਾਂ ਨਾਲ ਮਿਲਕੇ ਨਾਮ ਜਪਿਆ ਤੇ ਗਿਆਨ ਜਮ=ਜੰਮਿਆ, ਤਾਂ ਕਾਲ ਨੂੰ ਕੱਟ ਦਿੱਤਾ।

ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ॥

ਖਸਮੁ=ਗੁਰੂ ਸਾਹਿਬ ਜੀ ਦਿਆਲੂ ਹੋਏ ਤਾਂ ਸੱਚਾ ਸਾਹਿਬ ਪ੍ਰਮਾਤਮਾ ਮਨ ਵਿਚ ਵਸ ਗਿਆ।

ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ॥ ੧॥

ਜਦ ਪੂਰਾ ਸਤਿਗੁਰੂ ਮਿਲਿਆ, ਤਾਂ ਸਾਰਾ ਜੰਜਾਲੁ=ਧੰਧਾ ਬਿਨਸ ਗਿਆ॥ ੧॥

ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ॥

ਹੇ ਮੇਰੇ ਸਤਿਗੁਰੂ ਜੀ ! ਮੈਂ ਆਪ ਜੀ ਦੇ ਉਪਰੋਂ ਬਲਿਹਾਰ ਜਾਂਦਾ ਹਾਂ।

ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ॥ ੧॥ ਰਹਾਉ॥

ਤੁਸਿ=ਤੁਸਾਂ ਨੇ ਮੈਨੂੰ ਤੁਸਿ=ਪ੍ਰਸੰਨ ਹੋ ਕੇ ਨਾਮ ਅੰਮ੍ਰਿਤ ਦਿੱਤਾ ਹੈ,
ਇਸ ਲਈ ਮੈਂ ਤੁਹਾਡੇ ਦਰਸ਼ਨ ਤੋਂ ਕੁਰਬਾਣ ਜਾਂਦਾ ਹਾਂ॥ ੧॥ ਰਹਾਉ॥

ਜਿਨ ਤੂੰ ਸੇਵਿਆ ਭਾਉ ਕਰਿ ਸੇਈ ਪੁਰਖ ਸੁਜਾਨ॥

ਜਿਸਨੇ ਭਾਉ ਕਰਿ=ਪ੍ਰੇਮ ਕਰਕੇ ਆਪ ਜੀ ਨੂੰ ਸੇਵਿਆ ਹੈ, ਉਹ ਚਤੁਰ ਪੁਰਖ ਹੈ।

ਤਿਨਾ ਪਿਛੈ ਛੁਟੀਐ ਜਿਨ ਅੰਦਰਿ ਨਾਮੁ ਨਿਧਾਨੁ॥

ਜਿਨ੍ਹਾਂ ਦੇ ਹਿਰਦੇ ਅੰਦਰ ਨਾਮ ਰੂਪ ਨਿਧਾਨੁ=ਖਜ਼ਾਨਾ ਹੈ, ਉਨ੍ਹਾਂ ਦੇ ਪਿੱਛੇ ਲਗ ਕੇ ਜਮਾਂ ਤੋਂ ਛੁੱਟ ਜਾਈਦਾ ਹੈ।

ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ॥ ੨ ॥

ਗੁਰੂ ਜੇਡਾ ਵੱਡਾ ਦਾਤਾ ਹੋਰ ਕੋਈ ਨਹੀਂ ਹੈ, ਜਿਸ ਗੁਰੂ ਨੇ ਸਾਨੂੰ ਆਤਮ ਦਾਨ ਦਿੱਤਾ ਹੈ॥ ੨॥

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ॥

ਦੁਨੀਆਂ ਵਿਚ ਆਏ ਹੋਏ ਉਹ ਪੁਰਖ ਪ੍ਰਮਾਨੀਕ ਹਨ, ਜਿਸ ਨੂੰ ਸੁਭਾਇ=ਸੁਭਾਵਕ ਹੀ ਵਾ ਸ੍ਰੇਸ਼ਟ ਪ੍ਰੇਮ ਕਰਕੇ ਗੁਰੂ ਮਿਲੇ ਹਨ।

ਅਥਵਾ:-ਜਿਨ੍ਹਾਂ ਦਾ ਸੁਭਾਇ=ਸੁਭਾਅ ਗੁਰੂ ਨਾਲ ਮਿਲ ਗਿਆ ਹੈ, ਅਰਥਾਤ ਗੁਰਾਂ ਦੇ ਕਹੇ ਅਨੁਸਾਰ ਚਲਦੇ ਹਨ।

ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ॥

ਸੱਚੇ ਪ੍ਰਭੂ ਦੇ ਸੱਚ ਨਾਮ ਨਾਲ ਤਦਾਕਾਰ ਹੋਣੇ ਕਰਕੇ ਪ੍ਰਲੋਕ ਦਰਗਾਹ ਵਿਚ ਬੈਠਣਾ ਪਾਂਵਦਾ ਹੈ।

ਕਰਤੇ ਹਥਿ ਵਡਿਆਈਆ ਪੂਰਬਿ ਲਿਖਿਆ ਪਾਇ॥ ੩ ॥

ਸਾਰੀਆਂ ਵਡਿਆਈਆਂ ਕਰਤੇ ਪੁਰਖ ਦੇ ਹੱਥ ਵਿਚ ਹਨ, ਪੂਰਬਲੇ ਕਰਮਾਂ ਦਾ ਲੇਖ ਚੰਗਾ ਲਿਖਿਆ ਹੋਵੇ ਤਾਂ ਇਹ ਜੀਵ ਵਡਿਆਈਆਂ ਨੂੰ ਪਾਂਵਦਾ ਹੈ॥ ੩॥

ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ॥

ਉਹ ਕਰਤਾ ਪੁਰਖ ਪਿੱਛੇ ਵੀ ਸੱਚ ਸੀ, ਉਹ ਕਰਨਹਾਰ ਹੁਣ ਭੀ ਸੱਚਾ ਹੈ, ਉਹ ਸਾਹਿਬ ਅੱਗੇ ਵੀ ਸੱਚਾ ਹੋਵੇਗਾ, ਉਸ ਦਾ ਟੇਕ=ਆਸਰਾ ਭੀ ਸੱਚਾ ਹੈ।

ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ॥

ਉਸ ਸੱਚੇ ਨੂੰ ਸੱਚ ਕਰਕੇ ਕਥਨ ਕਰੀਏ, ਤਾਂ ਬੁੱਧੀ ਵਿਖੇ ਸੱਚਾ ਬਿਬੇਕ=ਵਿਚਾਰ ਪ੍ਰਾਪਤ ਹੁੰਦਾ ਹੈ।

ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ॥ ੪ ॥ ੨੮ ॥ ੯੮ ॥

ਨਿਰੰਤਰਿ=ਇਕ ਰਸ ਜੋ ਸਾਰਿਆਂ ਵਿਚ ਰਵਿ ਰਹਿਆ=ਮਿਲ ਰਿਹਾ ਹੈ, ਗੁਰੂ ਜੀ ਕਥਨ ਕਰਦੇ ਹਨ, ਅਸੀਂ ਉਸ ਇਕ ਨੂੰ ਜਪਕੇ ਜਿਉਂਦੇ ਹਾਂ॥ ੪॥ ੨੮॥ ੯੮॥

ਸਿਰੀਰਾਗੁ ਮਹਲਾ ੫ ॥

ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥

ਮਨ ਤਨ ਵਿਖੇ ਪ੍ਰੇਮ ਲਗਾਕੇ ਪਰਮੇਸ਼ਰ ਰੂਪ ਜਾਣਕੇ ਗੁਰੂ ਨੂੰ ਪੂਜਨਾ ਕਰੋ।

ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ॥

ਸਤਿਗੁਰ ਦੇਵ ਜੀ ਜੀਅ ਕਾ ਦਾਤਾ ਹਨ, ਅਰਥਾਤ ਜੀਵ ਨੂੰ ਸਫਲ ਜੀਵਣ ਦਾਨ ਦੇਣ ਵਾਲੇ ਹਨ, ਅਤੇ ਸਭ ਕਿਸੇ ਨੂੰ ਅਧਾਰੁ=ਆਸਰਾ ਦਿੰਦੇ ਹਨ।

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥

ਜਿਹੜਾ ਸਤਿਗੁਰਾਂ ਦੇ ਬਚਨਾਂ ਦਾ ਕਮਾਣਾ ਹੈ ਏਹੋ ਵਿਚਾਰ ਸੱਚਾ ਹੈ।

ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ॥ ੧॥

ਸਾਧੂਆਂ ਦੀ ਸਤਸੰਗਤ ਵਿਖੇ ਤਦਾਕਾਰ ਹੋਏ ਤੋਂ ਬਿਨਾਂ, ਜਿਤਨਾ ਕੁ ਮਾਇਆ ਵਿਖੇ ਮੋਹ ਕਰਨਾ ਹੈ, ਇਹ ਛਾਰੁ=ਸੁਆਹ ਰੂਪ ਹੈ॥ ੧॥

ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ॥

ਹੇ ਮੇਰੇ ਸੱਜਨ ! ਤੂੰ ਹਰਿ ਹਰਿ ਨਾਮ ਨੂੰ ਸੰਭਾਲਣਾ ਕਰ।

ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ॥ ੧॥ ਰਹਾਉ॥

ਸਾਧੂਆਂ ਦੀ ਸੰਗਤ ਦੁਆਰਾ ਜੇਕਰ ਮਨ ਵਿਚ ਹਰੀ ਨਾਮ ਵਸ ਜਾਵੇ, ਤਾਂ ਇਸ ਜੀਵ ਦੀ ਘਾਲ=ਕਮਾਈ ਪੂਰਨ ਹੁੰਦੀ ਹੈ॥੧॥ ਰਹਾਉ॥

ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥

ਗੁਰੂ ਅਪਾਰ ਸਮਰੱਥਾ ਵਾਲੇ ਹਨ, ਪਰ ਵੱਡਿਆਂ ਭਾਗਾਂ ਕਰਕੇ ਗੁਰਾਂ ਦਾ ਦਰਸ਼ਨ ਹੁੰਦਾ ਹੈ।

ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥

ਗੁਰੂ ਅਗੋਚਰੁ=ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹਨ, ਨਿਰਮਲਾ=ਸ਼ੁੱਧ ਸਰੂਪ ਹਨ,

ਅਥਵਾ:- ਨਿਰਮਲ ਅਗੋਚਰ ਜੋ ਪ੍ਰਭੂ ਹੈ ਗੁਰੂ ਉਸ ਦਾ ਸਰੂਪ ਹਨ ਇਸ ਕਰਕੇ ਗੁਰੂ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥

ਗੁਰੂ ਪਿੱਛੇ ਵੀ ਕਰਤਾ ਸਨ, ਗੁਰੂ ਹੁਣ ਭੀ ਕਰਨਹਾਰ ਹਨ,

*ਅਥਵਾ:-*ਗੁਰੂ ਜਗਤ ਦਾ ਕਰਤਾ=ਉਪਾਦਾਨ ਕਾਰਨ ਹਨ ਅਤੇ ਗੁਰੂ ਹੀ ਕਰਣਹਾਰੁ=ਨਿਮਿੱਤ ਕਾਰਨ ਹਨ, ਮੁਖੀ ਗੁਰਾਂ ਦੀ ਸੱਚੀ ਸੋਇ=ਸੋਭਾ ਹੋ ਰਹੀ ਹੈ।

ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ॥ ੨॥

ਗੁਰੂ ਜੀ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੈ, ਗੁਰੂ ਜੋ ਭੀ ਕੀਤਾ ਚਾਹੁੰਦੇ ਹਨ ਓਹੀ ਹੁੰਦਾ ਹੈ॥੨॥

ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ॥

ਗੁਰੁ ਤੀਰਥੁ=ਪਵਿੱਤ੍ਰ ਰੂਪ ਹਨ, ਗੁਰੂ ਪਾਰਜਾਤੁ=ਕਲਪ ਬ੍ਰਿੱਛ ਹਨ,

ਗੁਰੂ ਸਭ ਵਾਸ਼ਨਾਂ ਦੇ ਪੂਰਨ ਕਰਨ ਵਾਲੇ ਹਨ।

ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥

ਗੁਰੂ ਦਾਤੇ ਹਨ, ਜਿਸ ਨੂੰ ਹਰੀ ਨਾਮ ਦੀ ਦਾਤ ਦਿੰਦੇ ਹਨ, ਉਹ ਸਾਰੇ ਸੰਸਾਰ ਤੋਂ ਤਰ ਜਾਂਦਾ ਹੈ।

ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥

ਗੁਰੂ ਸਮਰੱਥ ਹੰਨ, ਗੁਰੂ ਨਿਰੰਕਾਰ ਦਾ ਸਰੂਪ ਹਨ, ਗੁਰੂ ਸਭਨਾਂ ਤੋਂ ਉਚੇ ਹਨ, ਪੁਨਾ ਅਗਮ=ਪੌਂਹ ਤੋਂ ਰਹਿਤ ਹਨ, ਅਪਾਰੁ=ਬਿਅੰਤ ਗੁਣਾਂ ਵਾਲੇ ਹਨ।

ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥ ੩॥

ਗੁਰੂ ਸਾਹਿਬਾਂ ਦੀ ਮਹਿਮਾ ਅਗਮ=ਮਨ ਬਾਣੀ ਦੀ ਪਹੁੰਚ ਤੋਂ ਪਰ੍ਹੇ ਹੋਣ ਕਰਕੇ ਬਿਅੰਤ ਹੈ, ਇਸ ਲਈ ਇਹ ਕਥਨ ਕਰਨ ਵਾਲਾ ਜੀਵ ਕੀ ਕਥਨ ਕਰ ਸਕਦਾ ਹੈ॥ ੩॥

ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥

ਜਿਤਨੇ ਕੁ ਫਲ ਮਨ ਵਿਚ ਬਾਛੀਅਹਿ=ਚਾਹੀਦੇ ਹਨ, ਉਤਨੇ ਹੀ ਸਤਿਗੁਰਾਂ ਪਾਸੋਂ ਮਿਲ ਸਕਦੇ ਹਨ।

ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ॥

ਪਰ ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਗੁਰੂ ਪਾਏ ਜਾਂਦੇ ਹਨ, ਜਿਸ ਦੇ ਪਾਸ ਸ਼ਰਧਾ ਰੂਪੀ ਰਾਸਿ=ਪੂੰਜੀ ਹੈ ਉਸ ਨੂੰ ਸੱਚਾ ਨਾਮ ਦਿੰਦੇ ਹਨ।

ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ॥

ਸਤਿਗੁਰਾਂ ਦੀ ਸ਼ਰਨ ਵਿਚ ਆਉਣ ਕਰਕੇ ਬਾਹੁੜਿ=ਫਿਰ ਇਸਦਾ ਨਾਸ ਨਹੀਂ ਹੁੰਦਾ।

ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ॥੪॥੨੯॥੯੯॥

ਗੁਰੂ ਜੀ ਕਥਨ ਕਰਦੇ ਹਨ- ਹੇ ਹਰੀ!ਆਪ ਮੈਨੂੰ ਕਦੇ ਵੀ ਨਾ ਭੁੱਲੋ, ਜੀਉ, ਪਿੰਡੁ=ਸਰੀਰ, ਤੇ ਸਾਸੁ=ਸ੍ਵਾਸ ਇਹ ਸਭ ਕੁਝ ਤੇਰਾ ਦਿੱਤਾ ਹੋਇਆ ਹੀ ਮੈਨੂੰ ਮਿਲਿਆ ਹੈ॥ ੪॥ ੨੯॥ ੯੯॥

ਸਿਰੀਰਾਗੁ ਮਹਲਾ ੫॥

ਇਸ ਸ਼ਬਦ ਦੁਆਰਾ ਸੰਤਾਂ ਨੂੰ ਤੇ ਗ੍ਰਹਿਸਤੀਆਂ ਨੂੰ ਸਾਂਝਾ ਉਪਦੇਸ਼ ਦਿੰਦੇ ਹਨ।

ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ॥

ਹੇ ਸੰਤ ਜਨੋ, ਹੇ ਭਾਈਓ ! ਸੁਨਣਾ ਕਰੋ, ਜਦ ਵੀ ਛੁਟਕਾਰਾ ਹੋਣਾ ਹੈ ਤਾਂ ਸੱਚੇ ਨਾਮ ਕਰਕੇ ਹੀ ਹੋਣਾ ਹੈ।

ਅਥਵਾ:-ਹੇ ਭਾਈਓ ਸੰਤ ਜਨਾਂ ਪਾਸੋਂ ਸੱਚਾ ਨਾਮ ਸੁਨਣਾ ਕਰੋ, ਤਾਂ ਜਮਾਂ ਤੋਂ ਛੁਟਕਾਰਾ ਹੋਵੇਗਾ।

ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ॥

ਗੁਰੂ ਜੀ ਦੇ ਚਰਣ ਸ੍ਰੇਵਨੇ ਕਰਕੇ ਤੀਰਥ=ਪਵਿੱਤ੍ਰ ਰੂਪ ਹਰੀ ਦਾ ਨਾਮ ਪ੍ਰਾਪਤ ਹੁੰਦਾ ਹੈ।

ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ॥ ੧॥

ਨਾਮ ਦੇ ਪ੍ਰਤਾਪ ਕਰਕੇ ਅੱਗੇ ਪ੍ਰਲੋਕ ਦਰਗਾਹ ਵਿਚ ਮਾਨਤਾ ਹੁੰਦੀ ਹੈ, ਅਤੇ ਨਿਥਾਵੇਂ ਜੀਵ ਨੂੰ ਇਸ

ਲੋਕ ਵਿਚ ਵੀ ਥਾਂ ਮਿਲਦੀ ਹੈ॥ ੧॥

[ਪੰਨਾ ੫੩]

ਭਾਈ ਰੇ ਸਾਚੀ ਸਤਿਗੁਰ ਸੇਵ॥

ਹੇ ਭਾਈ! ਸਤਿਗੁਰਾਂ ਦੀ ਸੇਵਾ ਕਰਨੀ ਸੱਚੀ ਹੈ।

ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ॥ ੧॥ ਰਹਾਉ॥

ਸਤਿਗੁਰਾਂ ਦੀ ਤੁਠੈ=ਪ੍ਰਸੰਨਤਾ ਕਰੰਕੇ ਪੂਰਨ ਅਲਖ ਅਭੇਵ ਪ੍ਰਮਾਤਮਾ ਪਾ ਲਈਦਾ ਹੈ॥ ੧॥ ਰਹਾਉ॥

ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ॥

ਸਤਿਗੁਰਾਂ ਦੇ ਉੱਪਰੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਮੈਨੂੰ ਸੱਚ ਨਾਮ ਦਿੱਤਾ ਹੈ।

ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ॥

ਮੈਂ ਰਾਤ ਦਿਨ ਸੱਚ ਨੂੰ ਸਲਾਹੁੰਦਾ ਹਾਂ, ਅਤੇ ਸੱਚੇ ਪ੍ਰਭੂ ਦੇ ਹੀ ਗੁਣ ਗਾਉਂਦਾ ਹਾਂ।

ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ॥ ੨॥

ਜਿਨ੍ਹਾਂ ਨੇ ਸੱਚੇ ਪ੍ਰਭੂ ਦਾ ਸੱਚ ਨਾਮ ਜਪਿਆ ਹੈ, ਉਸ ਦਾ ਖਾਣਾ ਭੀ ਸਚੁ=ਸਫਲਾ ਹੈ, ਉਸ ਦਾ ਪੈਨਣਾ ਭੀ ਧਫਲਾ ਹੈ।

ਅਥਵਾ:-ਹਰੀ ਨਾਮ ਦਾ ਖਾਣਾ=ਜਪਣਾ ਭੀ ਸਫਲਾ ਹੈ, ਅਤੇ ਹਰੀ ਨਾਮ ਦਾ ਪੈਨ੍ਣਾ=ਸ੍ਰਵਨ ਕਰਨਾ ਭੀ ਸਫਲਾ ਹੈ॥ ੨॥

ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ॥

ਸਾਸਿ ਗਿਰਾਸਿ=ਬਾਹਰ ਅੰਦਰ ਸ੍ਵਾਸ ਆਉਂਦਿਆਂ ਜਾਂਦਿਆਂ,

ਅਥਵਾ:-ਸ੍ਵਾਸ ਲੈਂਦਿਆਂ ਤੇ ਗਿਰਾਸਿ=ਭੋਜਨ ਖਾਂਦਿਆਂ ਹਰੀ ਨਾਮ ਭੁੱਲਦਾ ਨਹੀਂ ਹੈ ਇਸ ਕਰਕੇ ਗੁਰਾਂ ਦੀ ਆਪਣੀ ਸਫਲ ਮੂਰਤੀ ਹੈ।

ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ॥

ਗੁਰੂ ਜੇਡਾ ਹੋਰ ਕੋਈ ਨਹੀਂ ਦਿਸਦਾ, ਇਸ ਲਈ ਅੱਠੇ ਪਹਿਰ ਤਿਸ ਗੁਰੂ ਨੂੰ ਮੈਂ ਜਪਦਾ ਹਾਂ।

ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ॥ ੩॥

ਗੁਰੂ ਕਿਰਪਾ ਦ੍ਰਿਸ਼ਟੀ ਕਰਨ, ਤਾਂ ਗੁਣਾਂ ਦੇ ਤਾਸਿ=ਖਜ਼ਾਨੇ ਪ੍ਰਭੂ ਦਾ ਸੱਚਾ ਨਾਮ ਪਾਈਦਾ ਹੈ॥ ੩॥

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥

ਗੁਰੂ ਤੇ ਪਰਮੇਸ਼ਰ ਦੋਨੋਂ ਇਕ ਰੂਪ ਹਨ, ਗੁਰੂ ਸਭਨਾਂ ਵਿਚ ਸਮਾ ਰਿਹਾ ਹੈ,

ਵਾ:-ਗੁਰੂ ਦਾ ਜਸ ਸਾਰਿਆਂ ਵਿਚ ਸਮਾ ਰਿਹਾ ਹੈ।

ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥

ਜਿਸ ਨੂੰ ਪੂਰਬਲੇ ਜਨਮ ਦੇ ਕੀਤੇ ਹੋਇ ਕਰਮਾਂ ਦਾ ਲੇਖ ਲਿਖਿਆ ਹੋਇਆ ਫਲ ਦੇਣ ਨੂੰ ਪ੍ਰਾਪਤ ਹੋਇਆ ਹੈ ਉਹੀ ਪੁਰਸ਼ ਨਾਮ ਨੂੰ ਧਿਆਉਂਦਾ ਹੈ।

ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥ ੪ ॥ ੩੦ ॥ ੧੦੦ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਜੋ ਪੁਰਸ਼ ਗੁਰੂ ਦੀ ਸ਼ਰਨ ਵਿਚ ਆਗਤੀ=ਆਇਆ ਹੈ, ਉਹ ਮਰ ਕੇ ਫਿਰ ਜੂਨੀਆਂ ਵਿਚ ਆਉਂਦਾ ਜਾਂਦਾ ਨਹੀਂ ਹੈ॥ ੪ ॥ ੩੦ ॥ ੧੦੦ ॥

ਨੋਟ :- ੩੩ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ੩੧ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਦੇ, ੬ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ, ੩੦ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ, ਇਸ ਹਿਸਾਬ ਨਾਲ ਇਥੋਂ ਤੱਕ ਕੁੱਲ ੧੦੦ ਸ਼ਬਦ ਆਇਆ ਹੈ। ਇਸ ਕਰਕੇ ੧੦੦ ਅੰਕ ਲਗਾਇਆ ਹੈ।

੧ਓ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ ॥

ਉਥਾਨਕਾ:-ਇਕ ਦਿਨ 'ਭਾਈ ਮਰਦਾਨੇ' ਨੇ ਬੇਨਤੀ ਕੀਤੀ ਆਪ ਜੀ ਦੀ ਕਿਰਪਾ ਨਾਲ ਬੜੇ ਬੜੇ ਅਸਥਾਨ ਅਤੇ ਤੀਰਥ ਵੇਖੇ ਹਨ। ਪਰ ਮੁਸਲਮਾਨ ਜਿਸਨੂੰ ਖੁਦਾ ਦਾ ਘਰ ਆਖਦੇ ਹਨ। ਉਸ 'ਮੱਕੇ' ਦੇ ਦਰਸ਼ਨ ਨਹੀਂ ਕੀਤੇ, ਆਪ ਕਿਰਪਾ ਕਰਕੇ ਵਿਖਾ ਦਿਉ। ਹਜ਼ੂਰ ਨੇ ਕਿਹਾ ਉਹ ਤਾਂ ਬਹੁਤ ਦੂਰ ਹੈ ਉਥੇ ਜਾਣਾ ਬੜਾ ਕਠਨ ਹੈ, ਮਰਦਾਨੇ ਕਿਹਾ-ਆਪ ਜੀ ਲਈ ਕੋਈ ਕਠਨ ਨਹੀਂ, ਜੇ ਆਪ ਜੀ ਨੇ ਦਰਸ਼ਨ ਨਾ ਕਰਵਾਇਆ ਤਾਂ ਕੌਣ ਕਰਾਵੇਗਾ। ਮਰਦਾਨੇ ਨੇ ਬੇਨਤੀ ਪ੍ਰਵਾਨ ਕਰਕੇ ਹਜ਼ੂਰ ਚਲ ਪਏ। ਸਰੀਰ ਉੱਪਰ ਨੀਲੇ ਰੰਗ ਦੇ ਕੱਪੜੇ ਪਾਏ, ਬਗਲ ਵਿਚ ਕਿਤਾਬ, ਸਿਰ ਤੇ ਟੋਪੀ, ਹੱਥ ਵਿਚ ਸੋਟਾ, ਗਲ ਵਿਚ ਜਨੇਊ, ਮੱਥੇ ਤੇ ਤਿਲਕ, ਭਾਈ ਬਾਲੇ ਨੂੰ ਅਸਥਾਵਾ ਤੇ ਮੁਸੱਲਾ ਫੜਾ ਦਿੱਤਾ। ਚਲਦੇ ਚਲਦੇ ਚੋਜੀ ਪ੍ਰੀਤਮ ਭੱਖਰ ਸੱਖਰ ਆ ਪਹੁੰਚੇ ਜਿੱਥੇ ਅੱਗੇ ਮੁਲਤਾਨ ਆਦਿਕਾਂ ਦੇ ਪੀਰ ਇਕੱਠੇ ਹੋ ਕੇ ਬੈਠੇ ਹੋਏ ਸਨ ਮੱਕੇ ਜਾਣ ਲਈ। ਓਥੇ ਬੈਠਿਆ ਉਨ੍ਹਾਂ ਪੀਰਾਂ ਨਾਲ ਕਾਫੀ ਵਿਚਾਰ ਹੋਈ, ਰਾਤ ਪੈਣ ਤੇ ਸਾਰੇ ਸੌਂ ਗਏ ਉਹ ਹਾਜੀ ਸਵੇਰਸਾਰ ਹੀ ਗੁਰੂ ਜੀ ਨੂੰ ਛੱਡਕੇ ਆਪ ਤੁਰ ਗਏ। ਜਦ ਗੁਰੂ ਸਾਹਿਬ ਜੀ ਨੇ ਉੱਠ ਕੇ ਵੇਖਿਆ ਕਿ ਪੀਰ ਤਾਂ ਸਾਰੇ ਤੁਰ ਗਏ ਹਨ ਅਸੀਂ ਇਕੱਲੇ ਰਹਿ ਗਏ ਹਾਂ, ਫਿਰ ਮਰਦਾਨੇ ਨੂੰ ਕਿਹਾ ਉਥੇ ਹਿੰਦੂ ਤਾਂ ਕੋਈ ਜਾ ਨਹੀਂ ਸਕਦਾ ਤੂੰ ਮਕੇ ਜਾਣ ਦਾ ਸੰਕਲਪ ਛੱਡ ਦੇ, ਮਰਦਾਨੇ ਨੇ ਕਿਹਾ ਗੁਰੂ ਜੀ ਆਪ ਜੀ ਨੂੰ ਕੋਈ ਨਹੀਂ ਰੋਕ ਸਕਦਾ ਆਪ ਜ਼ਰੂਰ ਚਲੋ। ਹਜ਼ੂਰ ਨੇ ਕਿਹਾ ਰਬਾਬ ਲੈ ਕੇ, ਪ੍ਰਭੂ ਦਾ ਜਸ ਗਾ ਉਹ ਪ੍ਰਭੂ ਤੇਰੀ ਆਸ ਪੂਰੀ ਕਰੇਗਾ। ਹਜ਼ੂਰ ਦੀ ਆਗਿਆ ਮੰਨਕੇ ਸ਼ਬਦ ਗਾਇਆ ਭੋਗ ਪੈ ਜਾਣ ਤੇ ਅੱਖਾਂ ਖੋਲੀਆਂ ਤਾਂ ਕੀ ਵੇਖਦਾ ਹੈ ਕਿ ਮੱਕੇ ਵਿਚ ਬੈਠੇ ਹਾਂ ਹਜ਼ੂਰ ਨੇ ਕਿਹਾ ਮਰਦਾਨਿਆਂ ਰੱਜ ਕੇ ਦਰਸ਼ਨ ਕਰ ਲੈ। ਰਾਤ ਪਈ ਫਿਰ ਗੁਰੂ ਜੀ 'ਮੱਕੇ' ਵੱਲ ਚਰਨ ਕਰਕੇ ਸੌਂ ਗਏ ਸਵੇਰ ਸਾਰ ਜਦ 'ਜੀਵਣ' ਨਾਮੇ ਕਾਜ਼ੀ ਸੇਵਾ ਕਰਨ ਲਈ ਆਇਆ ਤਾਂ ਵੇਖਕੇ ਆਖਦਾ ਹੈ-ਕਿਹੜਾ ਸੁਤ ਕੁਫਰ ਕੁਫਾਰੀ। ਗੁਰੂ ਜੀ ਨੇ ਬੜੇ ਪ੍ਰੇਮ ਨਾਲ ਕਿਹਾ, ਅਸੀਂ ਥੱਕੇ ਹੋਇ ਸਾਂ ਸਾਨੂੰ ਨਹੀਂ ਪਤਾ ਲੱਗਾ, ਜਿਸ ਪਾਸੇ ਮੱਕਾ ਨਹੀਂ ਹੈ ਤੂੰ ਸਾਡੇ ਚਰਨ ਉਸ ਪਾਸੇ ਕਰਦੇ-ਜਦ ਕਾਜ਼ੀ ਨੇ ਟੰਗਾਂ ਤੋਂ ਫੜ ਕੇ ਘਸੀਟਿਆ ਜਿਥੇ ਪੈਰ ਰੱਖੇ ਮੱਕਾ ਓਸੇ ਪਾਸੇ ਫਿਰਦਾ ਜਾਵੇ ਤਾਂ ਕਾਜ਼ੀ ਨੇ ਸਮਝਿਆ ਇਹ ਕੋਈ ਸ਼ਕਤੀਵਾਨ ਹੈ ਇਸ ਪਾਸੋਂ ਕੋਈ ਮੁਰਾਦ ਹਾਸਲ ਕਰੀਏ, ਕਾਜ਼ੀ ਨੇ ਪੁੱਛਿਆ ਉਹ ਅੱਲਾ ਕੈਸਾ ਹੈ ? ਹਜ਼ੂਰ ਨੇ ਕਿਹਾ-

'ਬਾਬਾ ਅਲਹੁ ਅਗਮ ਅਪਾਰੁ ॥'

ਹੇ ਭਾਈ ਉਹ ਅੱਲਾ ਅਗਮ=ਔਂਫ ਤੋਂ ਰਹਿਤ ਹੈ ਤੇ ਅਪਾਰੁ=ਪਾਰਾਵਾਰ ਤੋਂ ਰਹਿਤ ਹੈ। ਫਿਰ ਕਾਜ਼ੀ ਨੇ ਪੁੱਛਿਆ ਉਸਦੀ ਪ੍ਰਾਪਤੀ ਕਿਵੇਂ ਹੁੰਦੀ ਹੈ ? *ਉੱਤਰ:-*

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ॥

ਪਹਿਲਾ ਅਰਥ:-ਪ੍ਰਮੇਸ਼ਰ ਦੇ ਨਾਮਾਂ ਨੂੰ ਆਖ ਆਖਕੇ ਮਨ ਪਾਸੋਂ ਵਾਵਣਾ=ਉਚਰਾਵਨਾ ਕਰਾਵੇ ਜਿਉਂ ਜਿਉਂ ਵਾਇ=ਉਚਰਾਵਣਾ ਜਾਪੈ=ਜਾਣੇਗਾ ਤਿਉਂ ਤਿਉਂ ਅਨੰਦ ਹੋਵੇਗਾ।

ਦੂਜਾ ਅਰਥ:-ਆਖਿ=ਆਖਣੇ ਵਾਲਾ ਹੋ ਕੇ ਪ੍ਰਮੇਸ਼ਰ ਦੇ ਨਾਮ ਨੂੰ ਆਖ ਕੇ ਮਨੁ ਵਾਵਣਾ=ਮਨਨ ਕਰਨਾ ਜਾਣੇ, ਜਿਉਂ ਜਿਉਂ ਮਨਨ ਕਰਨਾ ਜਾਣੇਗਾ ਤਿਉਂ ਤਿਉਂ ਅਨੰਦ ਹੋਵੇਗਾ।

ਤੀਜਾ ਅਰਥ:-ਆਖਿ=ਅਖਿਆਣਾਂ ਨੂੰ ਆਖ ਕੇ ਮਨ ਨੂੰ ਵਾਵਣਾ=ਮਾਂਜਨਾ ਕਰੇ ਜਿਉਂ ਜਿਉਂ ਮਨ ਨੂੰ ਵਾਇ=ਮਾਂਜਨਾ ਜਾਪੈ=ਜਾਣੈਗਾ ਤਿਉਂ ਤਿਉਂ ਆਨੰਦ ਹੋਵੇਗਾ।

ਚੌਥਾ ਅਰਥ:- ਆਖਿ=ਨਾਮ ਨੂੰ ਆਖਿ=ਕਹਿਕੇ ਮਨ ਦਾ ਕਠੋਰ ਸੁਭਾਅ ਵਾਵਣਾ=ਗੁਆਣਾ ਕਰੇ, ਜਿਉਂ ਜਿਉਂ ਮਨ ਦਾ ਕਠੋਰ ਸੁਭਾਅ ਗੁਆਣਾ ਜਾਪੈ=ਜਾਣੇਗਾ ਤਿਉਂ ਤਿਉਂ ਆਨੰਦ ਹੋਵੇਗਾ।

ਪੰਜਵਾਂ ਅਰਥ:-ਜਿਨ੍ਹਾਂ ਨੇ ਪ੍ਰਭੂ ਦੇ ਨਾਮ ਨੂੰ ਆਖਿਆ ਹੈ, ਉਨ੍ਹਾਂ ਦੁਆਰੇ ਆਖ ਕੇ ਮਨ ਨੂੰ ਵਾਵਣਾ=ਸੁਖਮ ਕਰੇ, ਜਿਉਂ ਜਿਉਂ ਮਨ ਨੂੰ ਵਾਇ=ਸੁਖਮ ਕਰਨਾ ਜਾਣੇਗਾ ਤਿਉਂ ਤਿਉਂ ਆਨੰਦ ਹੋਵੇਗਾ।

ਨੋਟ :- 'ਵਾਵਣਾ' ਦਾ ਅਰਥ ਗੁਆਣਾ ਅੱਗੇ ਭੀ ਆਉਂਦਾ ਹੈ।

*ਯਥਾ :-*ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ॥ *(ਵਡਹੰਸ ਮਹਲਾ ੧, ਪੰਨਾ ੫੬੬)*

ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ॥

ਜਿਸ ਪ੍ਰਮੇਸ਼ਰ ਦੇ ਨਾਮ ਨੂੰ ਵਾਇ=ਉਚਾਰ ਕੇ, ਵਾ ਮਨਨ ਕਰਕੇ ਸੁਨਾਵਣਾ ਹੈ, ਉਹ ਪ੍ਰਮਾਤਮਾ ਕੇਡਾ ਕੁ ਵੱਡਾ ਹੈ, ਅਤੇ ਉਸ ਦੇ ਰਹਿਣ ਦਾ ਥਾਂ ਕਿਤੁ=ਕੇਹੜਾ ਹੈ ? *ਗੁਰ ਉੱਤਰ:-*

ਜਿਸ ਨੂੰ ਉਚਾਰ ਕੇ ਵਾ ਮਨਨ ਕਰ਼ਕੇ ਵਾ ਮਨ ਨੂੰ ਮਾਂਜ ਕੇ ਵਾ ਮਨ ਨੂੰ ਸੁਖਮ ਕਰਕੇ ਸੁਨਾਵਣਾ ਹੈ ਉਹ ਕੇਡਾ ਕੁ ਵੱਡਾ ਕਹੀਏ, ਅਤੇ ਇਦੰਮਿਥ ਕਰਕੇ ਉਸ ਦਾ ਕਿਹੜਾ ਥਾਂ ਕਹੀਏ, ਕਿਉਂਕਿ ਸਾਰੇ ਉਸੇ ਦੇ ਅਸਥਾਨ ਹਨ, ਪੁਨਾ ਕਾਜ਼ੀ ਨੇ ਕਿਹਾ-ਉਸਦਾ ਅੰਤ ਕਿਸੀ ਨੇ ਪਾਇਆ ਹੈ ਕਿ ਨਹੀਂ ? *ਗੁਰ ਉੱਤਰ:-*

ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ॥ ੧॥

ਜਿਤਨੇ ਕੁ ਉਸ ਪ੍ਰਭੂ ਦੇ ਜਸ ਨੂੰ ਆਖਣ ਵਾਲੇ ਹਨ, ਉਹ ਸਾਰੇ ਹੀ ਬਿਰਤੀ ਲਗਾ ਕੇ ਆਖ ਰਹੇ ਹਨ, ਪਰ ਉਸ ਦਾ ਅੰਤ ਕਿਸੇ ਨੇ ਨਹੀਂ ਪਾਇਆ॥ ੧॥

ਬਾਬਾ ਅਲਹੁ ਅਗਮ ਅਪਾਰੁ॥

ਬਾਬਾ=ਹੇ ਭਾਈ ਉਹ ਅੱਲਾ ਪ੍ਰਮਾਤਮਾ ਅਗਮ=ਔਂਫ ਤੋਂ ਰਹਿਤ ਹੈ, ਅਤੇ ਅਪਾਰੁ=ਪਾਰਾਵਾਰ ਤੋਂ ਰਹਿਤ ਹੈ, ਵਾ ਅਪਾਰੁ=ਬਿਅੰਤ ਗੁਣਾਂ ਵਾਲਾ ਹੈ।

ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ॥ ੧॥ ਰਹਾਉ॥

ਉਸ ਦੀ ਨਾਈ=ਵਡਿਆਈ ਪਾਕੀ=ਪਵਿੱਤ੍ਰ ਹੈ, ਉਸ ਦੇ ਰਹਿਣ ਦਾ ਸਚਖੰਡ, ਸਤਸੰਗ, ਸਰੂਪ ਅਸਥਾਨ

ਭੀ ਪਾਕ=ਪਵਿੱਤ੍ਰ ਹੈ। ਉਹ ਸੱਚਾ ਪ੍ਰਭੂ ਸਾਰਿਆਂ ਦੀ ਪਰਵਦਿਗਾਰੁ=ਪਾਲਣਾ ਕਰਨ ਵਾਲਾ ਹੈ॥ ੧॥ ਰਹਾਉ॥

ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ॥

ਇਹ ਨ ਜਾਪੀ=ਨਹੀਂ ਜਾਣਿਆ ਜਾਂਦਾ, ਜੋ ਤਿਸ ਦਾ ਹੁਕਮ ਕੇਤੜਾ=ਕੇਡਾ ਕੁ ਹੈ, ਅਤੇ ਨਾ ਹੀ ਕੋਈ ਲਿਖ ਜਾਣਦਾ ਹੈ। ਕਾਜ਼ੀ ਨੇ ਕਿਹਾ ਕਵੀ ਲੋਕ ਤਾਂ ਕਹਿ ਸਕਦੇ ਹੋਣਗੇ ? *ਗੁਰ ਉੱਤਰ:-*

ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥

ਜੇਕਰ ਬਿਆਸ ਵਸ਼ਿਸਟ ਆਦਿਕ ਸੈਂਕੜੇ ਸਾਇਰ=ਕਵੀ ਭੀ ਮੇਲੀਅਹਿ=ਇਕੱਠੇ ਕਰ ਲਈਏ, ਤਾਂ ਤਿਲ ਮਾਤ੍ਰ ਵੀ ਤਿਸਦੀ ਰੋਇ=ਸੋਭਾ ਨੂੰ ਨਹੀਂ ਪੁੱਜ ਸਕਦੇ। ਵਾ:-ਏਕੋਹੰ ਬਹੁ ਸ਼ਯਾਮ ਪਰਜਾ ਯੇਯ, ਇਸ ਰੋਇ=ਬਾਣੀ ਨੂੰ ਤਿਲ ਮਾਤ੍ਰ ਵੀ ਨਹੀਂ ਪੁੱਜ ਸਕਦੇ।

*ਅਥਵਾ:-*ਰੋਇ=ਬਾਣੀ ਭਾਵ ਸੁਰੱਸਤੀ ਭੀ ਤਿਲ ਮਾਤ੍ਰ ਉਸਦੀ ਸੋਭਾ ਨੂੰ ਨਹੀਂ ਪੁੱਜ ਸਕਦੀ।

*ਅਥਵਾ:-*ਰੋਇ=ਜਤਨ ਤਾਂ ਬਹੁਤ ਕਰਦੇ ਹਨ, ਪਰ ਸੋਭਾ ਕਹਿ ਨਹੀਂ ਸਕਦੇ ਇਸ ਲਈ ਸਾਰੇ ਰੋਂਦੇ ਰਹਿੰਦੇ ਹਨ।

ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ॥ ੨॥

ਵੇਦਾਂ ਸ਼ਾਸਤ੍ਰਾਂ ਤੋਂ; *ਅਥਵਾ:-* ਸੰਤਾਂ ਮਹਾਤਮਾਂ ਪਾਸੋਂ ਸੁਣ ਸੁਣਕੇ ਸਾਰੇ ਉਸਦੀ ਸੋਇ=ਸੋਭਾ ਨੂੰ ਆਖਦੇ ਹਨ, ਪਰ ਉਸਦੀ ਕੀਮਤ ਕਿਸੀ ਨੇ ਨਹੀਂ ਪਾਈ॥ ੨॥

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥

ਪੀਰ=ਮੁਸਲਮਾਣਾਂ ਦੇ ਗੁਰੂ, ਪੈਕਾਮਰ=ਰੱਬ ਦਾ ਪੈਗਾਮ (ਸੁਨੇਹਾ) ਲਿਆਣ ਵਾਲੇ ਮਹੰਮਦ ਆਦਿਕ, ਸਾਲਕ=ਗਿਆਨਵਾਨ, ਸਾਕ=ਸਿਦਕ ਵਾਲੇ ਜਗਿਆਸੂ, ਸੁਹਦੇ=ਗਰੀਬ, ਵਾ ਸੋਹਦਾ ਇਕ ਭੇਖ ਹੈ, ਅਤੇ ਸ਼ਹੀਦ=ਜੁੱਧ ਵਿਖੇ ਸਨਮੁਖ ਲੜ ਕੇ ਸਰੀਰ ਤਿਆਗਣ ਵਾਲੇ।

ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥

ਮੁਸਲਮਾਣਾਂ ਦੇ ਮੱਤ ਵਿਚੋਂ ਸੇਖ ਵੱਡੇ ਹੁੰਦੇ ਹਨ, ਮਸਾਇਕ=ਮੇਹਨਤਾਂ ਕਰਨ ਵਾਲੇ, ਕਾਜੀ=ਨਿਆਂ ਕਰਨ ਵਾਲੇ, ਮੁਲਾ=ਲੜਕਿਆਂ ਨੂੰ ਮਸੀਤੇ ਪੜ੍ਹਾਣ ਵਾਲੇ, ਇਨ੍ਹਾਂ ਸਾਰਿਆਂ ਵਿਚੋਂ ਜੋ ਰੱਬ ਦੇ ਦਰਵਾਜ਼ੇ ਦੇ ਦਰਵੇਸ=ਫਕੀਰ ਹੋਏ ਹਨ,ਉਹ ਰੱਬ ਦੇ ਪਾਸ ਰਸੀਦ=ਪਹੁੰਚ ਗਏ ਹਨ।

ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ॥ ੩॥

ਭਾਵੇਂ ਖੁਦਾ ਵੱਲੋਂ ਉਨ੍ਹਾਂ ਨੂੰ ਅਗਲੀ=ਬਹੁਤੀ ਬਰਕਤ ਮਿਲਦੀ ਹੈ, ਫਿਰ ਵੀ ਉਹ ਦਰੂਦ=ਬੇਨਤੀਆਂ ਦੇ ਸ਼ਬਦ ਪੜ੍ਹਦੇ ਰਹਿੰਦੇ ਹਨ॥ ੩॥

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥

ਪ੍ਰਮਾਤਮਾ ਨਾ ਕਿਸੇ ਪਾਸੋਂ ਪੁੱਛ ਕੇ ਜਗਤ ਨੂੰ ਸਾਜਦਾ ਹੈ, ਨਾ ਹੀ ਕਿਸੇ ਪਾਸੋਂ ਪੁੱਛ ਕੇ ਢਾਹੁੰਦਾ ਹੈ, ਨਾ ਹੀ ਕਿਸੇ ਪਾਸੋਂ ਪੁੱਛ ਕੇ ਦੇਂਦਾ ਲੈਂਦਾ ਹੈ।

ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥

ਆਪਣੀ ਕੁਦਰਤਿ=ਸ਼ਕਤੀ ਨੂੰ ਆਪ ਹੀ ਜਾਣਦਾ ਹੈ, ਅਤੇ ਆਪ ਹੀ ਸ੍ਰਿਸ਼ਟੀ ਦੇ ਸਾਰੇ ਕਾਰਨਾਂ ਨੂੰ ਕਰਦਾ ਹੈ।

*ਅਥਵਾ:-*ਆਪ ਹੀ ਸਾਰੇ ਕਰਣੁ=ਸਾਧਨਾਂ ਨੂੰ ਕਰਦਾ ਹੈ।

ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ॥ ੪॥

ਉਹ ਪ੍ਰਮਾਤਮਾ ਸਾਰਿਆਂ ਨੂੰ ਆਪਣੀ ਨਿਗਾਹ ਕਰਕੇ ਵੇਖਦਾ ਹੈ, ਪਰ ਜਿਹੜਾ ਮਨੁੱਖ ਉਸ ਨੂੰ ਭਾਂਵਦਾ ਹੈ, ਵਾ ਉਸ ਨੂੰ ਚਾਹੁੰਦਾ ਹੈ, ਵਾ ਉਸਦਾ ਭਾਵੈ=ਭਾਣਾ ਮੰਨਦਾ ਹੈ ਤੇ ਦੇਇ=ਤਿਸ ਨੂੰ ਨਾਮ ਦੀ ਦਾਤ ਦੇਂਦਾ ਹੈ॥ ੪॥

ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ॥

ਉਸਦੀਆਂ ਥਾਵਾਂ=ਜਗ੍ਹਾਂ ਦੇ ਨਾਂ ਨਹੀਂ ਜਾਣੇ ਜਾਂਦੇ।

*ਅਥਵਾ:-*ਉਸ ਦੇ ਥਾਂ ਤੇ ਨਾਂ ਨਹੀਂ ਜਾਣੇ ਜਾਂਦੇ, ਇਹ ਪਤਾ ਲਹੀਂ ਲੱਗਦਾ ਜੋ ਨਾਮਾਂ ਵਿਚੋਂ ਉਸ ਦਾ ਨਾਮ ਕੇਡਾ ਕੁ ਹੈ।

ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ॥

ਜਿਸ ਜਗ੍ਹਾਂ ਤੇ ਮੇਰਾ ਪਾਤਸ਼ਾਹ ਪ੍ਰਮੇਸ਼ਰ ਵਸਦਾ ਹੈ, ਉਹ ਥਾਂ ਕੇਡਾ ਕੁ ਵੱਡਾ ਹੈ ? *ਉੱਤਰ:-*

ਅੰਬੜਿ ਕੋਇ ਨ ਸਕਈ ਹਉ ਕਿਸਨੋ ਪੁਛਣਿ ਜਾਉ॥ ੫॥

ਉਥੋਂ ਤੱਕ ਕੋਈ ਅੰਬੜਿ=ਪਹੁੰਚ ਨਹੀਂ ਸਕਦਾ, ਹਉ=ਮੈਂ ਕਿਸ ਕੋਲੋਂ ਜਾ ਕੇ ਪੁੱਛਣਾ ਕਰਾਂ॥ ੫॥

ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ॥

ਉਹ ਪ੍ਰਮਾਤਮਾ ਜੇਕਰ ਕਿਸੇ ਨੂੰ ਵੱਡਾ ਕਰ ਦੇਂਦਾ, ਤਾਂ ਵਰਨ ਨੂੰ ਵਰਨ ਅਤੇ ਅਵਰਨ ਨੂੰ ਅਵਰਨ ਨਹੀਂ ਸੀ ਭਾਂਵਨਾ। ਪੁਨਾ ਕਾਜ਼ੀ ਨੇ ਕਿਹਾ-ਉਹ ਪ੍ਰਮਾਤਮਾ ਵਰਨ ਵਾਲਿਆਂ ਨੂੰ ਵੱਡਾ ਕਰਦਾ ਹੈ ਜਾਂ ਕਿ ਅਵਰਨ ਵਾਲਿਆਂ ਨੂੰ ? *ਗੁਰ ਉੱਤਰ :-* ਹੇ ਕਾਜ਼ੀ ਜੇਕਰ ਉਹ ਪ੍ਰਮਾਤਮਾ ਕਿਸੇ ਨੂੰ ਵੱਡਾ ਕਰਨਾ ਚਾਹੇ, ਤਾਂ ਉਸ ਨੂੰ ਉੱਚੇ ਵਰਨਾਂ ਚੋਂ ਅਤੇ ਅਵਰਨਾ ਚੋਂ ਕੋਈ ਮਨੁੱਖ ਨਹੀਂ ਭਾਉਂਦਾ, ਉੱਹ ਤਾਂ ਪ੍ਰੇਮ ਦਾ ਭੁੱਖਾ ਹੈ।*

ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ॥

ਸਾਰੀਆਂ ਵਡਿਆਈਆਂ ਵੱਡੇ ਪ੍ਰਮਾਤਮਾ ਦੇ ਹੱਥ ਵਿਚ ਹਨ, ਜਿਸ ਨੂੰ ਚਾਹੁੰਦਾ ਹੈ ਤਿਸ ਨੂੰ ਦੇਂਦਾ ਹੈ। ਕਿਉਂਕਿ ਉਸ ਦੀ ਨਿਗਾਹ ਵਿਚ ਉੱਚੀ ਜਾਤੀ ਵਾਲਿਆਂ ਦਾ ਕੋਈ ਲਿਹਾਜ਼ ਨਹੀਂ। ਜਿਵੇਂ ਪੰਪਾਸਰ ਵਾਲੇ ਮਹਾਤਮਾਂ ਆਪਣੀਆਂ ਕੁਟੀਆਂ ਹੀ ਸਵਾਰਦੇ ਰਹਿ ਗਏ ਪਰ ਸ੍ਰੀ ਰਾਮ ਚੰਦਰ ਜੀ ਅਵਰਨਾ ਚੋਂ ਜੋ ਭੀਲਣੀ ਸੀ ਉਸਦੇ ਘਰ ਚਲੇ ਗਏ।

**ਅਥਵਾ:-ਜੇਕਰ ਪ੍ਰਭੂ ਆਪਣਾ ਆਪ ਦੇ ਕੇ ਕਿਸੇ ਵੱਡਾ ਕਰਦਾ ਹੈ, ਤਾਂ ਉਸ ਗੁਰਮੁਖ ਨੂੰ ਸਮਦ੍ਰਿਸ਼ਟੀ ਸੁਭਾਅ ਦੀ ਸ਼ਕਤੀ ਨਾਲ ਵਰਨ ਅਵਰਨ ਰੂਪ ਦੁੰਦਵਾਦ ਨਹੀਂ ਭਾਉਂਦਾ।*

ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥ ੬ ॥

ਜਿਸ ਦੇ ਅੰਤਹ ਕਰਨ ਨੂੰ ਆਪਣੇ ਹੁਕਮ ਵਿਚ ਸਵਾਰਦਾ ਹੈ, ਤਿਸ ਨੂੰ ਫਲ ਦੇਣ ਲਗਿਆਂ ਚਸਾ ਭਰ ਵੀ ਢਿਲ=ਦੇਰ ਨਹੀਂ ਕਰਦਾ ॥ ੬ ॥

ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥

ਸਭ ਕੋਈ ਉਸਦੇ ਜਸ ਨੂੰ ਬਹੁਤ ਤੋਂ ਬਹੁਤ ਆਖਦਾ ਹੈ, ਨਿਸ਼ਕਾਮ ਹੋ ਕੇ ਕੋਈ ਨਹੀਂ ਕਹਿੰਦਾ, ਲੈਣ ਦੇ ਵਿਚਾਰ ਨੂੰ ਮੁੱਖ ਰੱਖਕੇ ਆਖਦੇ ਹਨ ਭਾਵ ਸਕਾਮੀ ਹੋ ਕੇ ਉਸਦੇ ਜਸ ਦਾ ਵਰਨਣ ਕਰਦੇ ਹਨ, ਪਰ ਉਹ ਸਾਰਿਆਂ ਨੂੰ ਦੇ ਦੇਂਦਾ ਹੈ।

ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥

ਉਸ ਨੂੰ ਕੇਡਾ ਕੁ ਵੱਡਾ ਦਾਤਾ ਕਥਨ ਕਰੀਏ, ਜੋ ਖਾਣ ਪਾਣ ਦੇ ਕੇ ਸਭ ਦੀ ਸੰਭਾਲ ਕਰ ਰਿਹਾ ਹੈ।

ਅਥਵਾ:-ਦੇ ਕੇ ਸਭ ਦੀ ਸੁਮਾਰਿ=ਗਿਣਤੀ ਕਰ ਰਿਹਾ ਹੈ ਕਿ ਕੋਈ ਰਹਿ ਨ ਜਾਵੇ।

ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥ ੭ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਕਾਜ਼ੀ ! ਉਸ ਨੂੰ ਕਦੇ ਘਾਟਾ ਨਹੀਂ ਆਉਂਦਾ, ਤੇਰੇ=ਤਿਸਦੇ ਜੁਗਾਂ ਜੁਗਾਂ ਵਿਖ ਭੰਡਾਰੇ ਭਰੇ ਹੋਏ ਹਨ ॥ ੭ ॥ ੧ ॥

ਮਹਲਾ ੧ ॥ ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥

ਸਾਰੀਆਂ ਪਤੀ ਪ੍ਰਮਾਤਮਾ ਦੀਆਂ ਮਹੇਲੀਆਂ=ਇਸਤ੍ਰੀਆਂ ਹਨ, ਅਤੇ ਪਤੀ ਨੂੰ ਰੀਝਾਉਣ ਵਾਸਤੇ ਸਾਰੀਆਂ ਜੀਵਾਂ ਰੂਪ ਇਸਤ੍ਰੀਆਂ ਜਪ ਤਪ, ਵਾ ਕਰਮਾਂ ਰੂਪ ਸ਼ਿੰਗਾਰਾਂ ਨੂੰ ਕਰਦੀਆਂ ਹਨ।

[ਪੰਨਾ ੫੪]

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥

ਸਾਰੀਆਂ ਜੀਵਾਂ ਰੂਪ ਇਸਤ੍ਰੀਆਂ ਗਿਣਤੀ ਗਿਣਾਨ ਮਾਤ੍ਰ ਹੀ ਸੰਸਾਰ ਵਿਚ ਆਈਆਂ ਹਨ, ਕਿ ਅਸੀਂ ਵੀ ਪਤੀ ਪ੍ਰਮੇਸ਼ਰ ਦੀਆਂ ਇਸਤ੍ਰੀਆਂ ਹਾਂ, ਉਨ੍ਹਾਂ ਦਾ ਅੰਦਰੂਨੀ ਪ੍ਰੇਮ ਕੋਈ ਨਹੀਂ, ਕਿਉਂਕਿ ਸੂਹਾ=ਪਦਾਰਥਾਂ ਵਾਸਤੇ ਸੂਹਾ=ਪਖੰਡ ਵਾਲਾ ਵੇਸ ਕਰਦੀਆਂ ਹਨ ਜੋ ਵਿਕਾਰਾਂ ਦੀ ਉਤਪਤੀ ਕਰਨ ਵਾਲਾ ਹੈ।

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥ ੧ ॥

ਪਦਾਰਥਾਂ ਲਈ ਪਖੰਡ ਕਰਨ ਨਾਲ ਪ੍ਰਭੂ ਦਾ ਪ੍ਰੇਮ ਨਹੀਂ ਪਾਈਦਾ, ਪਾਜੁ=ਦਿਖਾਵੇ ਮਾਤ੍ਰ ਜੋ ਸ਼ਿੰਗਾਰ ਕਰਨਾ ਹੈ ਇਹ ਖੋਟਾ ਹੈ, ਅਤੇ ਇਸ ਜੀਵ ਨੂੰ ਖੁਆਰੁ=ਖਰਾਬ ਕਰਨ ਵਾਲਾ ਹੈ ॥ ੧ ॥

ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥

ਜੀਵ ਰੂਪ ਇਸਤ੍ਰੀ ਨੂੰ ਚਾਹੀਦਾ ਹੈ, ਕਿ ਹਰਿ ਜੀ ਪਤੀ ਨੂੰ ਇਸ ਪ੍ਰਕਾਰ ਰਾਵਨਾ ਕਰੇ, ਜਿਵੇਂ ਸੁਹਾਗਣਾਂ ਨਿਸ਼ਕਪਟ ਹੋ ਕੇ ਰਾਂਵਦੀਆਂ ਹਨ।

ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ॥ ੧ ॥ ਰਹਾਉ ॥

ਜਿਹੜੀ ਇਸਤ੍ਰੀ ਤਿਸ ਪ੍ਰਮੇਸ਼ਰ ਪਤੀ ਨੂੰ ਭਾਂਵਦੀ ਹੈ, ਵਾ ਚਾਹੁੰਦੀ ਹੈ, ਵਾ ਭਾਣਾ ਮੰਨਦੀ ਹੈ, ਓਹੀ ਸੁਹਾਗਣੀ ਹੈ, ਪਰਮੇਸ਼ਰ ਪਤੀ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਫਿਰ ਉਸ ਨੂੰ ਸਵਾਰ ਲੈਂਦਾ ਹੈ॥ ੧ ॥ ਰਹਾਉ ॥

ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ॥

ਗੁਰ ਸ਼ਬਦ ਦੁਆਰਾ ਜੋ ਜਪ ਤਪ ਵਾ ਸ਼ੁਭ ਗੁਣਾਂ ਰੂਪੀ ਸ਼ਿੰਗਾਰ ਦੇ ਸਹਿਤ ਹੋਈ ਹੈ ਅਤੇ ਆਪਣਾ ਤਨ ਮਨ ਪਿਰੀ ਦੇ ਪਾਸ ਅਰਪਨ ਕੀਤਾ ਹੈ।

ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ॥

ਦੋ ਹੱਥ ਜੋੜਕੇ ਖੜੀ=‘ਸਮਾਹਤ ਚਿੱਤ’ ਹੋ ਕੇ ਪਤੀ ਵੱਲ ਤੱਕਦੀ ਰਹਿੰਦੀ ਹੈ, ਤੇ ਨਿਸ਼ਕਪਟ ਹੋ ਕੇ ਸੱਚੇ ਪਤੀ ਅੱਗੇ ਅਰਦਾਸਿ=ਬੇਨਤੀ ਕਰਦੀ ਹੈ।

ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ॥ ੨ ॥

ਪਹਿਲਾ ਅਰਥ:-ਉਹ ਜੀਵ ਰੂਪ ਇਸਤ੍ਰੀ ! ਲਾਲਿ=ਪਿਆਰੇ ਵਿਖੇ ਰੱਤੀ ਹੈ ਮਨ ਕਰਕੇ, ਸੱਚੇ ਦੇ ਡਰ ਵਿਚ ਵਸੀ ਹੈ ਤਨ ਕਰਕੇ, ਭਾਇ=ਪ੍ਰੇਮ ਵਿਚ ਰੱਤੀ ਹੈ ਬਾਣੀ ਕਰ਼ਕੇ, ਉਸ ਨੂੰ ਰਾਸਿ ਰੰਗਿ=ਸੱਚਾ ਆਨੰਦ ਪ੍ਰਾਪਤ ਹੋਇਆ ਹੈ।

ਦੂਜਾ ਅਰਥ:-ਜੋ ਲਾਲਿ ਰਤੀ=ਪ੍ਰੇਮ ਵਿਚ ਰੱਤੀ ਹੈ, ਓਹੀ ਸੱਚੇ ਦੇ ਡਰ ਵਿਚ ਵਸੀ ਹੈ, ਜੋ ਸੱਚੇ ਦੇ ਡਰ ਵਿਚ ਵਸੀ ਹੈ ਓਹੀ ਪਾਇ ਰਤੀ=ਗਿਆਨ ਵਿਚ ਤਦਾਕਾਰ ਹੋਈ ਹੈ ਜੋ ਗਿਆਨ ਵਿਚ ਰੱਤੀ ਹੈ ਉਸ ਨੂੰ ਰਾਸਿ ਰੰਗਿ=ਸੱਚਾ ਆਨੰਦ ਪ੍ਰਾਪਤ ਹੋਇਆ ਹੈ।

ਤੀਜਾ ਅਰਥ:-ਲਾਲਿ=ਪਿਆਰੇ ਪ੍ਰਭੂ ਦੇ ਨਾਮ ਵਿਚ ਰੱਤਕੇ ਜੋ ਸੱਚੇ ਦੇ ਭੈ ਵਿਚ ਵਸੀ ਹੈ ਉਸ ਮਹਾਤਮਾਂ ਦੇ ਚਰਨਾਂ ਵਿਚ ਰਹਿ ਕੇ ਜੋ ਜਗਿਆਸੂ ਰੂਪ ਇਸਤ੍ਰੀ ਭਾਇ ਰਤੀ=ਪ੍ਰੇਮ ਵਿਖੇ ਤਦਾਕਾਰ ਹੋਈ ਹੈ ਉਸ ਨੂੰ ਰੰਗਿ ਰਾਸਿ=ਸਚਾ ਅਨੰਦ ਪ੍ਰਾਪਤ ਹੋਇਆ ਹੈ।

ਚੌਥਾ ਅਰਥ:-ਭਾਇ=ਪ੍ਰੇਮ ਪੂਰਬਕ ਜੋ ਇਸਤ੍ਰੀ ਸੱਚੇ ਲਾਲਿ=ਪਿਆਰੇ ਦੇ ਭੈ ਵਿਚ ਰੱਤੀ ਭਰ ਵੀ ਵਸੀ ਹੈ ਉਹ ਰੱਤੀ ਰੰਗਿ ਰਾਸਿ=ਸਚੇ ਅਨੰਦ ਵਿਖੇ ਤਦਾਕਾਰ ਹੋਈ ਹੈ।

ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ॥

ਉਹ ਇਸਤ੍ਰੀ ਪ੍ਰਿਅ=ਪਤੀ ਪ੍ਰਮਾਤਮਾ ਦੀ ਚੇਰੀ=ਦਾਸੀ ਕਹੀਦੀ ਹੈ, ਜੋ ਆਪਣਾ ਨਾਂ ਲਾਲੀ=ਦਾਸੀ ਮੰਨਦੀ ਹੈ।

ਅਥਵਾ-ਜੋ ਦਾਸੀ ਭਾਵ ਦੇ ਸਹਿਤ ਹੋ ਕੇ ਨਾਮ ਨੂੰ ਮੰਨਦੀ ਹੈ, ਓਹੀ ਇਸਤ੍ਰੀ ਪਤੀ ਪ੍ਰਮਾਤਮਾ ਦੀ ਦਾਸੀ ਕਹੀਦੀ ਹੈ।

ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ॥

ਜਿਸਦਾ ਸੱਚੇ ਗੁਰਾਂ ਨਾਲ ਮੇਲ ਮਿਲਾਪ ਹੋਇਆ ਹੈ, ਉਹਦੇ ਅੰਦਰੋਂ ਸੱਚੀ ਪ੍ਰੀਤੀ ਟੁੱਟਦੀ ਨਹੀਂ ਹੈ।

ਅਥਵਾ:-ਜਿਸ ਦੇ ਅੰਦਰੋਂ ਸੱਚੀ ਪ੍ਰੀਤੀ ਟੁੱਟਦੀ ਨਹੀਂ ਹੈ ਉਸ ਨੂੰ ਸੱਚੇ ਨੇ ਆਪਣੇ ਮੇਲ ਵਿਚ ਮਿਲਾ ਲਿਆ ਹੈ।

ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥ ੩ ॥

ਜਿਸ ਦਾ ਮਨ ਰਤੀ ਭਰ ਵੀ ਗੁਰ ਉਪਦੇਸ਼ ਵਿਖੇ ਤਦਾਕਾਰ ਹੋਇਆ ਹੈ।

ਅਥਵਾ:-ਜਿਸਨੇ ਗੁਰ ਉਪਦੇਸ਼ ਵਿਖੇ ਰਤੀ=ਤਦਾਕਾਰ ਹੋ ਕੇ ਮਨ ਦੇ ਕਠੋਰ ਸੁਭਾਅ ਨੂੰ ਵੇਧਿਆ= ਵਿੰਨ੍ਹਿਆ ਹੈ, ਮੈਂ ਉਸ ਤੋਂ ਸਦਾ ਬਲਿਹਾਰ ਜਾਂਦੀ ਹਾਂ ॥ ੩ ॥

ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥

ਉਹ ਜੀਵ ਰੂਪ ਇਸਤ੍ਰੀ ਰੰਡੀ ਨਹੀਂ ਬੈਠਦੀ, ਭਾਵ ਅਨੀਸ਼ਰਵਾਦੀ ਨਹੀਂ ਹੁੰਦੀ, ਜਿਹੜੀ ਸਤਿਗੁਰਾਂ ਦੇ ਉਪਦੇਸ਼ ਵਿਚ ਸਮਾਈ ਹੈ।

ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥

ਉਹ ਪਤੀ ਪ੍ਰਮਾਤਮਾ ਰੀਸਾਲੂ=ਸੁੰਦਰ ਤੇ ਨਉਤਨੋ=ਨਵੀਨ ਹੈ, ਉਹ ਸੱਚਾ ਪ੍ਰਭੂ ਨਾ ਜੰਮਦਾ ਹੈ ਨਾ ਮਰਦਾ ਹੈ।

ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥ ੪ ॥

ਰਜਾਇ=ਪ੍ਰਮੇਸ਼ਰ ਦੀ ਸੱਚੀ ਨਜ਼ਰ ਹੋਣ ਕਰੇ ਸੁਹਾਗਣਾਂ ਨਿੱਤ ਹੀ ਉਸ ਦੇ ਅਨੰਦ ਨੂੰ ਰਵੈ=ਭੋਗਦੀਆਂ ਹਨ ॥ ੪ ॥

ਜਿਵੇਂ ਪ੍ਰਤੱਖ ਔਰਤਾਂ ਸ਼ਿੰਗਾਰ ਕਰਕੇ, ਪਤੀ ਨੂੰ ਪ੍ਰਸੰਨ ਕਰਦੀਆਂ ਹਨ ਤਿਵੇਂ ਪਰਮੇਸ਼ਰ ਪਤੀ ਨੂੰ ਪ੍ਰਸੰਨ ਕਰਨ ਵਾਸਤੇ ਸੁਹਾਗਣਾਂ ਨੇ ਕਿਹੜਾ ਸ਼ਿੰਗਾਰ ਕੀਤਾ ਹੈ ? ਗੁਰ ਉੱਤਰ:-

ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥

ਸੱਚ ਦਾ ਬੋਲਣਾ, ਸੱਚ ਦਾ ਨਿਸਚੇ ਕਰਨਾ, ਸੱਚ ਨਾਮ ਦਾ ਜਪਣਾ, ਏਹੋ ਧੜੀ=ਮੇਢੀਆਂ ਸੁਹਾਗਣ ਇਸਤ੍ਰੀ ਨੇ ਮਾਡੀਐ=ਬਣਾਈਆਂ ਹਨ। ਵਾ-ਧੜੀ ਇਕ ਕੰਨਾਂ ਦਾ ਗਹਿਣਾ ਭੀ ਹੁੰਦਾ ਹੈ, ਸੱਚ ਨਾਮ ਜਪਨੇ ਰੂਪ ਕੰਨਾਂ ਦਾ ਗਹਿਣਾ ਸੋਹਾਗਣ ਇਸਤ੍ਰੀ ਨੇ ਬਣਾਇਆ ਹੈ। ਅਤੇ ਪ੍ਰੇਮ ਰੂਪ ਕੱਪੜੇ ਦਾ ਸ਼ਿੰਗਾਰ ਕੀਤਾ ਹੈ।

ਅਥਵਾ:-ਪ੍ਰੇਮ ਰੂਪ ਕੱਪੜਾ ਤੇ ਜਪ ਤਪ ਰੂਪ ਸ਼ਿੰਗਾਰ ਕੀਤਾ ਹੈ।

ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥

ਜਿਹੜਾ ਚਿੱਤ ਨੂੰ ਵਸਾਇਆ=ਵਸੀਕਾਰ ਕੀਤਾ ਹੈ ਏਹੋ ਚੰਦਨ ਰਗੜ ਕੇ ਲਗਾਇਆ ਹੈ। ਦਸਾਂ ਦੁਆਰਿਆਂ ਵਿਖੇ ਪੂਰਨ ਜੋ ਪ੍ਰਮਾਤਮਾ ਹੈ, ਉਸ ਦੀ ਪ੍ਰਾਪਤੀ ਵਾਸਤੇ ਅੰਤਹਕਰਨ ਰੂਪ ਮੰਦਰ ਬਣਾਇਆ ਹੈ, ਵਾ:-ਦਸਮ ਦੁਆਰ ਨੂੰ ਹੀ ਮੰਦਰ ਬਨਾਣਾ ਕੀਤਾ ਹੈ।

ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥ ੫ ॥

ਗੁਰ ਉਪਦੇਸ਼ ਰੂਪ ਦੀਵੇ ਨੂੰ ਵਿਗਾਸਿਆ=ਜਗਾਇਆ।

ਅਥਵਾ:-ਗੁਰ ਉਪਦੇਸ਼ ਦੁਆਰਾ ਗਿਆਨ ਰੂਪ ਦੀਵੇ ਨੂੰ ਪ੍ਰਕਾਸ਼ਿਆ ਹੈ, ਅਤੇ ਗਲ ਵਿਚ ਰਾਮ ਨਾਮ ਰੂਪ ਹਾਰ ਪਹਿਰਿਆ ਹੈ।

ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥

ਤੇ ਪਿਆਰ ਰੂਪੀ ਮਸਤਕਿ ਮਣੀ='ਚੂੜਾ ਮਣੀ' ਗਹਿਣਾ ਪਹਿਰਿਆ ਹੈ, ਇਤਿਆਦਿਕ ਸ਼ੁਭ ਸਾਧਨਾਂ ਰੂਪ ਗਹਿਣੇ ਜਿਸ ਨੇ ਪਾਏ ਹਨ, ਤਮਾਮ ਇਸਤ੍ਰੀਆਂ ਵਿਚੋਂ ਉਹ ਜੀਵ ਰੂਪ ਇਸਤ੍ਰੀ ਸੋਭਨੀਕ ਹੋਈ ਹੈ।

ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥

ਉਸ ਇਸਤ੍ਰੀ ਦੀ ਸੋਭਾ ਤੇ ਸੁਰਤਿ=ਗਿਆਤ ਸੋਭਨੀਕ ਹੈ, ਜਿਸ ਦਾ ਸੱਚੇ ਪਤੀ ਵਿਖੇ ਅਪਾਰ=ਬਿਅੰਤ ਪ੍ਰੇਮ ਹੈ।

ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥ ੬ ॥

ਪਿਆਰਿਆਂ ਗੁਰਾਂ ਵਿਚ ਸੱਚੇ ਹੇਤਿ=ਪ੍ਰੇਮ ਕਰਕੇ ਜਿਸ ਨੇ ਆਪਣੇ ਪਤੀ ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸੇ ਨੂੰ ਆਦਮੀ ਨਹੀਂ ਸਮਝਿਆ। ਸਭ ਨੂੰ ਇਸਤ੍ਰੀਆਂ ਰੂਪ ਹੀ ਸਮਝਿਆ ਹੈ।

ਯਥਾ:- ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥

(ਵਡਹੰਸ ਕੀ ਵਾਰ, ਪੰਨਾ ੫੯੧)

ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥

ਅਵੱਸਥਾ ਰੂਪੀ ਨਿਸਿ=ਰਾਤ ਜੋ ਪਾਪਾਂ ਕਰਕੇ ਹਨੇਰੀ ਹੈ, ਇਸ ਵਿਚ ਹੇ ਅਵਿੱਦਿਆ ਰੂਪੀ ਨੀਂਦ ਵਿਚ ਸੁੱਤੀ ਹੋਈਏ, ਪਤੀ ਪ੍ਰਮਾਤਮਾ ਦੇ ਮਿਲੇ ਤੋਂ ਬਿਨਾਂ ਤੇਰੀ ਅਵੱਸਥਾ ਰੂਪੀ ਰੈਣਿ=ਰਾਤ ਕਿਵੇਂ ਸੁਖ ਨਾਲ ਬਤੀਤ ਹੋਵੇਗੀ।

ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥

ਪਤੀ ਪ੍ਰਮਾਤਮਾ ਤੋਂ ਬਿਨਾਂ ਅੰਕੁ ਜਲਉ=ਹਿਰਦਾ ਸੜ ਜਾਵੇ, ਸਰੀਰ ਵੀ ਸਾੜ ਦਿਓ, ਅਤੇ ਮਨ ਧਨ ਵੀ ਜਲਿ ਬਲਿ=ਸੜ ਬਲ ਜਾਵੇ।

ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥ ੭ ॥

ਜਾਂ ਇਸ ਜੀਵ ਰੂਪੀ ਇਸਤ੍ਰੀ ਨੇ ਕੰਤਿ=ਪਤੀ ਪ੍ਰਮਾਤਮਾ ਦੇ ਆਨੰਦ ਨੂੰ ਨਹੀਂ ਰਾਵਿਆ, ਤਾਂ ਪ੍ਰਤੱਖ ਜੋਬਨ ਵਾ:-ਸ਼ੋਕ ਅਵੱਸਥਾ ਰੂਪ ਜੋਬਨ ਬਿਰਥਾ ਜਾਇ=ਨਿਸਫਲ ਚਲਿਆ ਜਾਂਦਾ ਹੈ॥ ੭ ॥

ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥

ਜੀਵ ਰੂਪ ਮਹੇਲੜੀ=ਇਸਤ੍ਰੀ ਦੀ ਅੰਤਹਕਰਨ ਰੂਪ ਸੇਜਾ ਦੇ ਉਪਰ ਹੀ ਪਤੀ (ਸਾਖੀ ਚੇਤਨ) ਬਿਰਾਜਮਾਨ ਹੈ, ਪਰ ਇਹ ਅਵਿੱਦਿਆ ਰੂਪੀ ਨੀਂਦ ਵਿਚ ਸੁੱਤੀ ਹੋਈ ਉਸ ਦੀ ਬੂਝ=ਖਬਰ ਨਹੀਂ ਪਾਂਵਦੀ।

ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥

ਹਉ=ਹੰਗਤਾ ਕਰਕੇ ਜੀਵ ਰੂਪ ਇਸਤ੍ਰੀ ਅਵਿੱਦਿਆ ਰੂਪੀ ਨੀਂਦ ਵਿਚ ਸੁੱਤੀ ਹੋਈ ਹੈ, ਤੇ ਪਤੀ ਪ੍ਰਮਾਤਮਾ

ਜਾਗਦਾ ਹੈ, ਜਗਿਆਸੂ ਰੂਪ ਇਸਤ੍ਰੀ ਆਖਦੀ ਹੈ ਮੈਂ ਕਿਸ ਪਾਸੋਂ ਜਾ ਕੈ ਪੁੱਛਣਾ ਕਰਾਂ ? *ਗੁਰ ਉੱਤਰ:-*

ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥ ੮ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਦ ਪ੍ਰਮੇਸ਼ਰ ਦੇ ਡਰ ਵਿਚ ਵੱਸੀ ਤਾਂ ਪ੍ਰਮੇਸ਼ਰ ਨੇ ਕਿਰਪਾ ਕਰਕੇ ਸਤਿਗੁਰਾਂ ਨਾਲ ਮੇਲ ਦਿੱਤਾ, ਅੱਗੋਂ ਗੁਰਾਂ ਨੇ ਐਸਾ ਪ੍ਰੇਮ ਪਾਇਆ ਜੋ ਹਰੀ ਆਪ ਹੀ ਇਸ ਦਾ ਸਖਾਇ=ਸਖਾ (ਮਿੱਤਰ) ਬਣ ਗਿਆ।

*ਅਥਵਾ:-*ਜਦ ਹਉ ਸੁਤੀ-ਮੈਂ ਅਵਿੱਦਿਆ ਰੂਪ ਨੀਂਦ ਵਿਖੇ ਸੁਤੀ ਹੋਈ ਹਾਂ, ਤਾਂ ਹਮੇਸ਼ਾਂ ਜਾਗਦੇ ਰਹਿਣ ਵਾਲੇ ਪਤੀ ਦਾ ਪਤਾ ਕਿਸ ਕੋਲੋਂ ਜਾ ਕੇ ਪੁੱਛਣਾ ਕਰਾਂ ?

ਗੁਰੂ ਜੀ ਆਖਦੇ ਹਨ, ਜਦ ਭੈ ਤੇ ਪ੍ਰੇਮ ਵਿਖੇ ਵੱਸੀ ਤਦ ਸਤਿਗੁਰਾਂ ਨੇ ਸਖਾਇ=ਮਿਤ੍ਰ ਹਰੀ ਨਾਲ ਮੇਲ ਦਿੱਤਾ ॥ ੮ ॥ ੨ ॥

ਸਿਰੀਰਾਗੁ ਮਹਲਾ ੧ ॥

ਪ੍ਰੇਮ ਦੁਆਰਾ ਜਿਨ੍ਹਾਂ ਨੂੰ ਪ੍ਰਭੂ ਦੀ ਪ੍ਰਾਪਤੀ ਹੋਈ ਹੈ ਹੁਣ ਉਨ੍ਹਾਂ ਦਾ ਨਿਸਚਾ ਦੱਸਦੇ ਹਨ, ਉਹ ਪਰਮੇਸ਼ਰ ਨੂੰ ਸਰਬ ਰੂਪ ਕਰਕੇ ਕਥਨ ਕਰਦੇ ਹਨ।

ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥

ਹੇ ਪ੍ਰਭੂ ! ਤੂੰ ਆਪ ਹੀ ਗੁਣ ਰੂਪ ਹੈਂ, ਆਪ ਹੀ ਗੁਣਾਂ ਦੇ ਕਥਨ ਕਰਨ ਵਾਲਾ ਹੈਂ, ਆਪ ਹੀ ਵਿਚਾਰ ਪੂਰਬਕ ਸੁਣਦਾ ਹੈਂ।

ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥

ਹੇ ਪ੍ਰਭੂ ! ਤੂੰ ਆਪ ਹੀ ਰਤਨੁ=ਵੈਰਾਗ ਵਾ ਨਾਮ ਰੂਪ ਹੈਂ, ਆਪ ਹੀ ਪਰਖਣੇ ਵਾਲਾ ਗੁਰੂ ਰੂਪ ਹੈਂ, ਆਪ ਹੀ ਅਪਾਰੁ ਮੋਲੁ=ਬੇਅੰਤ ਸ਼ਰਧਾ ਰੂਪ ਹੈਂ।

ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥ ੧ ॥

ਹੇ ਸੱਚੇ ਪ੍ਰਭੂ ! ਮਾਨ ਸਮਾਨਤੇ, ਮਹਤੁ=ਮ੍ਰਾਤਬਾ ਰੂਪ ਭੀ ਤੂੰ ਆਪ ਹੈਂ, ਅਤੇ ਆਪ ਹੀ ਆਪਣਿਆਂ ਦਾਸਾਂ ਨੂੰ ਮਾਨ ਤੇ ਮ੍ਰਾਤਬਾ ਦੇਣ ਵਾਲਾ ਹੈਂ ॥ ੧ ॥

ਹਰਿ ਜੀਉ ਤੂੰ ਕਰਤਾ ਕਰਤਾਰੁ ॥

ਹੇ ਹਰਿ ਜੀਉ ! ਤੂੰ ਆਪ ਹੀ ਸਾਰਿਆਂ ਦਾ ਕਰਤਾ ਹੈਂ, ਅਤੇ ਆਪ ਜੀ ਦੇ ਕਰ=ਹੱਥ ਵਿਚ ਜੀਵਾਂ ਦੇ ਖਾਣ ਪਾਣ ਦੀ ਤਾਰ ਫੜੀ ਹੋਈ ਹੈ।

ਜਿਉ ਭਾਵੈ ਤਿਉ ਰਾਖ ਤੂੰ ਹਰਿ ਨਾਮੁ ਮਿਲੈ ਆਚਾਰੁ ॥ ੧ ॥ ਰਹਾਉ ॥

ਜਿਵੇਂ ਤੈਨੂੰ ਭਾਂਵਦਾ ਹੈ ਤਿਵੇਂ ਤੂੰ ਰੱਖਦਾ ਹੈਂ, ਪਰ ਮੇਰੇ ਤੇ ਇਹ ਕਿਰਪਾ ਕਰੋ ਮੈਨੂੰ ਹਰੀ ਨਾਮ ਜਪਨ ਦਾ ਆਚਾਰੁ=ਕਰਤਬ ਮਿਲੇ ॥ ੧ ॥ ਰਹਾਉ ॥

ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥

ਤੂੰ ਆਪ ਹੀ ਨਿਰਮਲ ਹੀਰਾ=ਨਾਮ ਹੈਂ, ਆਪ ਹੀ ਮਜੀਠ ਰੰਗੁ=ਭਗਤੀ ਰੂਪ ਹੈਂ।

ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥

ਤੂੰ ਆਪ ਹੀ ਉੱਜਲ ਮੋਤੀ=ਤੀਬਰ ਵੈਰਾਗ ਰੂਪ ਹੈਂ, ਅਤੇ ਆਪ ਹੀ ਭਗਤਾਂ ਰੂਪੀ ਵਕੀਲ ਹੈਂ।

ਅਥਵਾ:- ਭਗਤੀ ਦੇ ਕਰਾਉਣ ਵਾਲਾ ਗੁਰੂ ਰੂਪੀ ਬਸੀਠੁ=ਵਕੀਲ ਤੂੰ ਆਪ ਹੈਂ।

ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥ ੨ ॥

ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੁਆਰੇ ਸਲ੍ਹਾਉਣਾ ਕੀਤਾ ਹੈ, ਉਨ੍ਹਾਂ ਨੇ ਸਾਰਿਆਂ ਘਟਾਂ ਘਟਾਂ ਵਿਚ ਅਡੀਠੁ=ਪ੍ਰਮਾਤਮਾ ਨੂੰ ਡੀਠੁ=ਵੇਖਿਆ ਹੈ॥ ੨ ॥

ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥

ਤੂੰ ਆਪ ਹੀ ਪ੍ਰਤੱਖ ਸਮੁੰਦਰ ਰੂਪ ਤੇ ਜਹਾਜ਼ ਰੂਪ ਹੈਂ, ਆਪ ਹੀ ਪਾਰਲਾ ਕਿਨਾਰਾ, ਆਪ ਹੀ ਅਪਾਰੁ=ਉਰਵਾਰਲ੍ਹਾ ਕਿਨਾਰਾ ਰੂਪ ਹੈਂ।

*ਅਥਵਾ:-*ਤੂੰ ਆਪ ਹੀ ਸੰਸਾਰ ਰੂਪ ਸਮੁੰਦਰ ਹੈ, ਆਪ ਹੀ ਨਾਮ ਰੂਪ ਬੋਹਿਥਾ=ਜਹਾਜ਼ ਹੈਂ, ਆਪ ਹੀ ਪਾਰਲਾ ਕਿਨਾਰਾ ਗਿਆਨ, ਉਰਵਾਰਲਾ ਕਿਨਾਰਾ ਵੈਰਾਗ ਰੂਪ ਹੈਂ।

ਵਾ:-ਉਰਵਾਰਲਾ ਕਿਨਾਰਾ 'ਨਰਕ' ਤੇ ਪਾਰਲਾ ਕਿਨਾਰਾ 'ਮੋਖਛ' ਰੂਪ ਹੈਂ।

ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥

ਤੂੰ ਆਪ ਹੀ ਸੱਚੀ ਭਗਤੀ ਰੂਪੀ ਵਾਟ ਦੇ ਵਿਖਾਣੇ ਨੂੰ ਸੁਜਾਣੁ=ਚਤੁਰ ਹੈਂ, ਸ਼ਬਦ ਰੂਪ ਅਨਕੂਲੀ ਪਾਉਣ ਦੇ ਕੇ ਪਾਰ ਲੰਘਾਣ ਵਾਲਾ ਗੁਰੂ ਰੂਪ ਮਲਾਹ ਭੀ ਤੂੰ ਆਪ ਹੈਂ।

ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥ ੩ ॥

ਸ਼ਾਸਤ੍ਰਾਂ ਦੁਆਰੇ ਜਾਣੀਂਦਾ ਹੈ, ਕਿ ਜਿਹੜੇ ਪੁਰਸ਼ ਨਿਡਰ ਹਨ ਭਾਵ ਤੇਰੇ ਡਰ ਤੋਂ ਰਹਿਤ ਹਨ ਉਨ੍ਹਾਂ ਨੂੰ ਜਮਾਂ ਦਾ ਡਰ ਹੁੰਦਾ ਹੈ। ਕਿਉਂਕਿ ਗੁਰਾਂ ਤੋਂ ਬਿਨਾ ਅਗਿਆਨ ਰੂਪ ਗੁਬਾਰੁ=ਹਨੇਰਾ ਬਣਿਆ ਰਹਿੰਦਾ ਹੈ॥ ੩ ॥

ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥

ਹੇ ਕਰਤਾ ਪੁਰਖ ! ਇਕ ਤੂੰ ਹੀ ਅਸਥਿਰੁ=ਅਚੱਲ ਦੇਖੀਂਦਾ ਹੈਂ, ਹੋਰ ਜੋ ਕਿਤਨੀ ਸ੍ਰਿਸ਼ਟੀ ਹੈ ਇਹ ਆਵੈ ਜਾਇ=ਜੰਮਦੀ ਮਰਦੀ ਹੈ।

ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥

ਇਕ ਤੂੰ ਆਪ ਹੀ ਸ਼ੁੱਧ ਸਰੂਪ ਹੈਂ, ਹੋਰ ਸਾਰੀ ਦੁਨੀਆਂ ਧੰਧਿਆਂ ਵਿਚ ਪਾ ਕੇ ਬੰਨ੍ਹੀ ਹੋਈ ਹੈ।

ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥ ੪ ॥

ਜਿਨ੍ਹਾਂ ਦੇ ਗੁਰੂ ਰਾਖੇ ਹੋਏ ਹਨ, ਉਹ ਪੁਰਸ਼ ਸੱਚੇ ਨਾਲ ਬਿਰਤੀ ਲਗਾ ਕੇ ਜਮਾਂ ਤੋਂ ਉਬਰੇ=ਬਚ ਗਏ ਹਨ॥ ੪ ॥

[ਪੰਨਾ ੫੫]

ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ॥

ਜੋ ਸੱਚੇ ਗੁਰਾਂ ਦੇ ਵਾਕਿ=ਬਚਨਾਂ ਵਿਚ ਰੱਤੇ ਹਨ, ਵਾ ਗੁਰਾਂ ਦੇ ਵਾਕਿ=ਬਚਨਾਂ ਦੁਆਰੇ ਸਚ ਨਾਮ ਵਿਖੇ ਰੱਤੇ ਹਨ, ਉਨ੍ਹਾਂ ਨੇ ਹਰਿ ਜੀਉ ਸਬਦਿ=ਬ੍ਰਹਮ ਨੂੰ ਪਛਾਣ ਲਿਆ ਹੈ।

ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ॥

ਜਿਸ ਨੇ ਸੱਚੇ ਸਰੂਪ ਰੂਪ ਘਰ ਵਿਚ ਆਪਣਾ ਓਤਾਕੁ=ਘਰ ਬਣਾਇਆ ਹੈ।

ਅਥਵਾ:- ਸੱਚੇ ਸਰੂਪ ਘਰ ਨੂੰ ਜਿਸ ਨੇ ਓ+ਤਾਕੁ=ਵਿਸ਼ੇਸ਼ ਕਰਕੇ ਤੱਕਿਆ ਹੈ, ਤਿਨ੍ਹਾਂ ਦੇ ਤਨੁ=ਸੂਖਮ ਸਰੀਰ (ਅੰਤਹਕਰਨ) ਨੂੰ ਕੋਈ ਪਾਪਾਂ ਰੂਪੀ ਮੈਲ ਨਹੀਂ ਲਗਦੀ।

ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ॥ ੫॥

ਜਿਸ ਉਤੇ ਗੁਰੂ ਕਿਰਪਾ ਦ੍ਰਿਸ਼ਟੀ ਕਰਦੇ ਹਨ, ਉਹ ਸੱਚ ਸਰੂਪ ਪਾਂਦਾ ਹੈ, ਨਾਮ ਸਿਮਰਨ ਤੋਂ ਬਿਨਾਂ ਸਰੂਪ ਨਾਲ ਕੀ ਸਾਕੁ=ਸੰਬੰਧ ਹੈ ਅਰਥਾਤ ਕੋਈ ਸੰਬੰਧ ਨਹੀਂ ਹੈ॥ ੫॥

ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥

ਜਿਨ੍ਹਾਂ ਨੇ ਸੱਚ ਨਾਮ ਦਾ ਸਿਮਰਨ ਕਰਨਾ ਪਛਾਣਿਆਂ ਹੈ ਉਹ ਚਾਰੇ ਜੁਗਾਂ ਵਿਚ ਸੁਖੀ ਹਨ।

ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥

ਕਿਉਂਕਿ ਉਨ੍ਹਾਂ ਨੇ ਪਦਾਰਥਾਂ ਦੀ ਹੰਗਤਾ ਮਮਤਾ ਅਤੇ ਤ੍ਰਿਸ਼ਨਾਂ ਨੂੰ ਮਾਰਕੇ ਸੱਚ ਨਾਮ ਨੂੰ ਹਿਰਦੇ ਵਿਚ ਟਿਕਾ ਰੱਖਿਆ ਹੈ।

ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ॥ ੬॥

ਜਗਤ ਵਿਖੇ ਇਕ ਨਾਮ ਦਾ ਲਾਭ ਗੁਰਾਂ ਦੇ ਵਿਚਾਰ ਦੁਆਰਾ ਪਾਈਦਾ ਹੈ॥ ੬॥

ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ॥

ਜਿਨ੍ਹਾਂ ਨੇ ਸੱਚੀ ਸ਼ਰਧਾ ਰੂਪੀ ਰਾਸਿ=ਪੂੰਜੀ ਕਰਕੇ ਸੱਚ ਨਾਮ ਰੂਪ ਸੌਦਾ ਲੱਦਿਆ ਹੈ, ਉਨ੍ਹਾਂ ਨੂੰ ਸਦਾ ਹੀ ਆਤਮ ਲਾਭ ਪ੍ਰਾਪਤ ਹੋਇਆ ਹੈ।

ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ॥

ਜੋ ਭਗਤ ਭਗਤੀ ਸਹਿਤ ਹੋ ਕੇ ਸੱਚੀ ਅਰਦਾਸ ਕਰਦਾ ਹੈ, ਉਹ ਸੱਚੀ ਦਰਗਾਹ ਵਿਚ ਬੈਠਦਾ ਹੈ।

ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ॥ ੭॥

ਜਿਨ੍ਹਾਂ ਦੇ ਅੰਦਰ ਰਾਮ ਨਾਮ ਦਾ ਪ੍ਰਕਾਸ਼ ਹੈ, ਉਨ੍ਹਾਂ ਦੇ ਕਰਮਾਂ ਦਾ ਲੇਖਾ=ਹਿਸਾਬ ਪਤ ਅਬਰੋ (ਇਜ਼ਤ) ਨਾਲ ਨਿਬੜੈ=ਮੁਕ ਜਾਂਦਾ ਹੈ॥ ੭॥

ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥

ਜੋ ਉਚਿਆਂ ਸੇ ਊਚਾ ਆਖੀਦਾ ਹੈ, ਉਹ ਪ੍ਰਭੂ ਗੁਰੂ ਤੋਂ ਬਿਨਾਂ ਆਪਣੇ ਆਪ ਕਿਸੇ ਤਰ੍ਹਾਂ ਭੀ ਨਹੀਂ ਦੇਖਿਆ ਜਾਂਦਾ।

ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥

ਹੇ ਵਾਹਿਗੁਰੂ ! ਮੈਂ ਜਿੱਥੇ ਵੇਖਦਾ ਹਾਂ ਉਥੇ ਇਕ ਤੂੰ ਹੀ ਦਿਸਦਾ ਹੈਂ, ਤੇਰਾ ਸਰੂਪ ਮੈਨੂੰ ਸਤਿਗੁਰਾਂ ਨੇ ਵਿਖਾ ਦਿੱਤਾ ਹੈ।

ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥ ੮॥ ੩॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਮੈਨੇ ਸਹਜਿ ਸੁਭਾਇ=ਸੁਤੇ ਸਿੱਧ ਹੀ ਆਪ ਜੀ ਦੀ ਜੋਤ ਸਾਰਿਆਂ ਵਿਚ ਨਿਰੰਤਰਿ=ਇਕ ਰਸ ਜਾਣ ਲਈ ਹੈ॥ ੮॥ ੩॥

ਸਿਰੀਰਾਗੁ ਮਹਲਾ ੧॥

ਰਹਾਉ ਤੋਂ ਪੰਗਤੀ ਉਠਾਨੀ:-ਭਾਈ ਰੇ ਇਉ ਸਿਰਿ ਜਾਣਹੁ ਕਾਲੁ॥

ਹੇ ਭਾਈ ! ਇਸ ਪ੍ਰਕਾਰ ਕਾਲ ਨੂੰ ਆਪਣੇ ਸਿਰ ਤੇ ਖੜਾ ਜਾਨਣਾ ਕਰੋ।

ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥ ਜਿਵੇਂ ਮੱਛੀ ਨੂੰ ਜਾਲ ਪੈ ਗਿਆ ਹੈ ਤਿਵੇਂ ਮਨੁੱਖ ਨੂੰ ਭੀ ਅਚਾਨਕ ਕਾਲ ਦਾ ਜਾਲ ਪੈ ਜਾਂਦਾ ਹੈ।

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥

ਅਸਗਾਹੁ=ਡੂੰਘਾ ਤੇ ਖਾਰਾ ਜੋ ਸਮੁੰਦਰ ਹੈ ਉਸ ਵਿਚ ਰਹਿੰਦਿਆਂ ਹੋਇਆ ਮੱਛੀ ਨੇ ਜਲ ਨੂੰ ਨਾ ਜਾਣਿਆ, ਕਿ ਮੇਰੇ ਫਸਾਵਣ ਵਾਲੀ ਭੀ ਕੋਈ ਚੀਜ਼ ਹੈ।

ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥

ਭਾਵੇਂ ਮੱਛੀ ਅਤਿ=ਵੱਡੀ ਸਿਆਣੀ ਤੇ ਸੋਹਣੀ ਸੀ ਪਰ ਉਸ ਨੇ ਵੇਸਾਹੁ=ਭਰੋਸਾ ਕਿਉਂ ਕੀਤਾ, ਕਿ ਮੈਂ ਵੱਡੇ ਸਮੁੰਦਰ ਵਿਚ ਹਾਂ ਮੈਨੂੰ ਕੋਈ ਨਹੀਂ ਫੜ ਸਕਦਾ।

ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ॥ ੧॥

ਭਰੋਸੇ ਕਰਨੇ ਦੇ ਕਾਰਣਿ=ਸਬੱਬ ਕਰਕੇ ਹੀ ਪਾਕੜੀ=ਫੜੀ ਗਈ ਕਿਉਂਕਿ ਸਿਰ ਤੋਂ ਕਾਲ ਜੋ ਨਹੀਂ ਟਲਦਾ॥ ੧॥

ਭਾਈ ਰੇ ਇਉ ਸਿਰਿ ਜਾਣਹੁ ਕਾਲੁ॥

ਏਸੇ ਤਰ੍ਹਾਂ ਅਸਗਾਹ ਜੋ ਸੰਸਾਰ ਸਮੁੰਦਰ ਹੈ ਪਦਾਰਥਾਂ ਰੂਪ ਜਲ ਨਾਲ ਭਰਿਆ ਹੋਇਆ, ਖਾਰਾ=ਦੁੱਖ ਮਾਂਝ ਹੋਰ ਦੁੱਖ ਹੋਣੇ ਏਹੀ ਖਾਰਪਣਾ ਹੈ ਇਸ ਵਿਚ ਰਹਿੰਦਿਆਂ ਹੋਇਆਂ ਜੀਵ ਰੂਪ ਮੱਛੀ ਨੇ ਜਮਾਂ ਦੇ ਜਾਲ ਨੂੰ ਨਾ ਜਾਨਣਾ ਕੀਤਾ। ਭਾਵੇਂ ਜੀਵ ਰੂਪੀ ਮੱਛੀ ਅਤੀ ਸਿਆਣੀ ਤੇ ਸੋਹਣੀ ਭੀ ਸੀ ਪਰ ਇਸ ਨੇ ਭਰੋਸਾ ਕਿਉਂ ਕੀਤਾ ਕਿ ਮੈਨੂੰ ਜਮ ਨਹੀਂ ਮਾਰ ਸਕਦਾ। ਭਰੋਸੇ ਕਰਨੇ ਦੇ ਸਬੱਬ ਸੇ ਹੀ ਇਹ ਫੜੀ ਗਈ ਕਿਉਂਕਿ ਕਾਲ ਸਿਰ ਤੋਂ ਟਲੈ ਨ=ਟਲਦਾ ਨਹੀਂ ਹੈ।

ਹੇ ਭਾਈ ! ਕਾਲ ਨੂੰ ਇਸ ਤਰ੍ਹਾਂ ਸਿਰ ਤੇ ਖਲੋਤਾ ਜਾਨਣਾ ਕਰੋ।

ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ ੧ ॥ ਰਹਾਉ ॥

ਜਿਵੇਂ ਮੱਛੀ ਨੂੰ ਸਮੁੰਦਰ ਵਿਚ ਰਹਿੰਦਿਆਂ ਹੋਇਆਂ ਅਚਾਨਕ ਜਾਲ ਪੈ ਜਾਂਦਾ ਹੈ, ਤਿਵੇਂ ਮਾਣਸਾ=ਮਨੁੱਖ ਨੂੰ ਭੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਅਚਾਨਕ ਜਮਾਂ ਦਾ ਜਾਲ ਪੈ ਜਾਂਦਾ ਹੈ॥ ੧॥ ਰਹਾਉ॥

ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥

ਕਾਲ ਨੇ ਸਾਰੇ ਜਗਤ ਨੂੰ ਬੱਧਾ ਹੋਇਆ ਹੈ, ਗੁਰੂ ਤੋਂ ਬਿਨਾਂ ਕਾਲ ਅਫਾਰੁ=ਅਮੋੜ ਹੈ ਕਿਉਂਕਿ ਗੁਰੂ ਦੀ ਮੱਦਦ ਤੋਂ ਬਿਨਾਂ ਇਹ ਕਾਲ ਹਟ ਨਹੀਂ ਸਕਦਾ।

ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥

ਜੋ ਦੁਬਿਧਾ ਆਦਿਕ ਵਿਕਾਰਾਂ ਨੂੰ ਛੱਡਕੇ ਸੱਚ ਨਾਮ ਵਿਚ ਰੱਤੇ ਹਨ ਉਹ ਕਾਲ ਤੋਂ ਉਬਰੇ=ਬਚ ਗਏ ਹਨ।

ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥ ੨ ॥

ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਉਹ ਸੱਚੇ ਦਰਬਾਰ ਵਿਚ ਜਾ ਕੇ ਸਚਿਆਰ ਹੁੰਦੇ ਹਨ॥ ੨॥

ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥

ਰਿੱਧੀਆਂ ਸਿੱਧੀਆਂ ਵਾਲੇ ਜੋ ਸ਼ਕਤੀਵਾਨ ਹਨ ਉਨ੍ਹਾਂ ਨੂੰ ਜਮ ਇੰਝ ਛੇਤੀ ਮਾਰਦਾ ਹੈ ਜਿਵੇਂ ਪੰਛੀਆਂ ਨੂੰ ਸੀਚਾਨੇ=ਬਾਜ਼ ਮਾਰਦਾ ਹੈ। ਬਾਕੀ ਦੇ ਸੰਸਾਰੀ ਜੀਵਾਂ ਨੂੰ ਜਮ ਇਸ ਤਰ੍ਹਾਂ ਮਾਰਦਾ ਹੈ, ਜਿਵੇਂ ਬਧਿਕ=ਫੰਧਕ ਹੱਥ ਵਿਚ ਜਾਲੀ ਲੈ ਕੇ ਜਾਨਵਰਾਂ ਨੂੰ ਫਸਾਂਦਾ ਹੈ।

ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥

ਜਿਨ੍ਹਾਂ ਦੇ ਰਾਖੇ ਗੁਰੂ ਹੋਏ ਹਨ ਉਹ ਬਚ ਗਏ ਹਨ, ਹੋਰ ਸਾਰੇ ਜੀਵ ਵਿਸ਼ਿਆਂ ਰੂਪੀ ਚੋਗ ਨਾਲ ਫਸੇ ਹੋਏ ਹਨ।

ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥ ੩ ॥

ਜੋ ਮਨੁੱਖ ਨਾਮ ਸਿਮਰਨ ਤੋਂ ਬਿਨਾਂ ਹਨ, ਉਨ੍ਹਾਂ ਨੂੰ ਚੁਣ ਚੁਣ ਕੇ ਜਮ ਨਰਕਾਂ ਵਿਚ ਸੁੱਟਦਾ ਹੈ, ਉਸ ਵੇਲੇ ਕੋਈ ਭੀ ਸੰਗ ਦਾ ਸਾਥੀ ਹੋ ਕੇ ਮੱਦਦ ਨਹੀਂ ਕਰਦਾ॥ ੩॥

ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥

ਸਾਰੇ ਵੇਦ ਸ਼ਾਸਤ੍ਰ ਜਿਸ ਸੱਚੇ ਨੂੰ ਸੱਚਾ ਕਰਕੇ ਆਖਦੇ ਹਨ, ਉਸ ਸੱਚੇ ਦਾ ਸੱਚਾ ਅਸਥਾਨ ਸਤਸੰਗ ਹੈ। ਉਸ ਸਤਸੰਗ ਵਿਚ ਬੈਠਕੇ ਸੱਚੇ ਪ੍ਰਭੂ ਦੇ ਸੱਚੇ ਨਾਮ ਨੂੰ ਆਖੀਐ=ਜਪੀਏ ਤਾਂ ਸੱਚੇ ਦਾ ਸੱਚਾ ਥਾਨ ਅੰਤ੍ਰ ਮੁੱਖ ਪ੍ਰਾਪਤ ਹੁੰਦਾ ਹੈ। ਅੰਤਰ ਮੁੱਖ ਬਿਰਤੀ ਹੋਣੇ ਤੇ ਸੱਚੇ ਦਾ ਸੱਚਾ ਗਿਆਨ ਪ੍ਰਾਪਤ ਹੋਇਆ ਆਖੀਦਾ ਹੈ, ਗਿਆਨ ਤੋਂ ਬਾਅਦ ਸੱਚੇ ਦਾ ਸੱਚਾ ਥਾਨ ਸਰੂਪ ਪ੍ਰਾਪਤ ਹੁੰਦਾ ਹੈ। ਸਰੂਪ ਦੀ ਪ੍ਰਾਪਤੀ ਹੋਣ ਕਰਕੇ ਫਿਰ ਸਾਰੇ ਇਸ ਨੂੰ ਸੱਚਾ ਸੱਚਾ ਆਖਣ ਲੱਗ ਪੈਂਦੇ ਹਨ, ਅਤੇ ਉਸ ਨੂੰ ਸਭ ਅਸਥਾਨਾਂ ਉੱਪਰ ਸੱਚਾ ਹੀ ਸੱਚਾ ਵਾਹਿਗੁਰੂ ਨਿਗਾਹ ਆਉਣ ਲੱਗ ਜਾਂਦਾ ਹੈ।

ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥

ਜਿਨ੍ਹਾਂ ਨੇ ਸੱਚ ਨੂੰ ਮੰਨਿਆ ਹੈ ਤਿਨ੍ਹਾਂ ਦਾ ਮਨ ਸੱਚ ਦੇ ਧਿਆਨ ਵਿਚ ਜੁੜ ਗਿਆ ਹੈ।

ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥ ੪ ॥

ਜਿਨ੍ਹਾਂ ਨੂੰ ਗੁਰਮੁਖਿ=ਗੁਰਾਂ ਦੁਆਰੇ ਬ੍ਰਹਮ ਗਿਆਨ ਪ੍ਰਾਪਤ ਹੋਇਆ ਹੈ, ਉਹ ਮਨ ਤੇ ਮੂੰਹ ਕਰਕੇ ਸੂਚੇ=ਪਵਿੱਤ੍ਰ ਜਾਣੀਂਦੇ ਹਨ॥ ੪॥

ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥

ਹੇ ਪੁਰਸ਼ਾ ! ਤੂੰ ਸਤਿਗੁਰਾਂ ਅੱਗੇ ਦੋ ਹੱਥ ਜੋੜ ਕੇ ਅਰਦਾਸਿ=ਬੇਨਤੀ ਕਰ, ਉਹ ਤੈਨੂੰ ਸਾਜਨੁ=ਪ੍ਰਮਾਤਮਾ ਨਾਲ ਮਿਲਾ ਦੇਣਗੇ।

ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥

ਜਿਨ੍ਹਾਂ ਨੂੰ ਸੱਜਨ ਪ੍ਰਮਾਤਮਾ ਮਿਲਿਆ ਹੈ ਉਨ੍ਹਾਂ ਨੇ ਆਤਮ ਸੁਖ ਪਾਇਆ ਹੈ, ਜਮਦੂਤ ਨਾਮ ਰੂਪ ਵਿਹੁ ਨੂੰ ਖਾ ਕੇ ਮਰ ਗਏ ਹਨ। ਨਾਮ ਹੈ ਤਾਂ ਮਿੱਠਾ ਪਰ ਜਮਦੂਤਾਂ ਦੇ ਮਾਰਨੇ ਨੂੰ ਵਿਹੁ ਰੂਪ ਹੈ, ਜਿਵੇਂ ਮਿਸ਼ਰੀ ਹੈ ਮਿੱਠੀ ਪਰ ਗਧੇ ਦੇ ਮਾਰਨੇ ਨੂੰ ਵਿਹੁ ਰੂਪ ਹੈ।

ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ ॥ ੫ ॥

ਪ੍ਰਭੂ ਨੇ ਅਕਾਸ਼ ਬਾਣੀ ਦੁਆਰੇ ਕਿਹਾ:-

ਹਉ=ਮੈਂ ਨਾਮ ਦੇ ਅੰਦਰ ਵਸਦਾ ਹਾਂ, ਅਤੇ ਨਾਮ ਜਪਣ ਵਾਲਾ ਮਨੁੱਖ ਮਨਿ=ਮੇਰੇ ਵਿਚ ਆ ਕੇ ਵਸਦਾ ਹੈ॥ ੫॥

ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥

ਗੁਰੂ ਤੋਂ ਬਿਨਾਂ ਅਗਿਆਨ ਰੂਪ ਗੁਬਾਰੁ=ਹਨੇਰਾ ਹੀ ਹਨੇਰਾ ਹੈ, ਗੁਰ ਉਪਦੇਸ਼ ਤੋਂ ਬਿਨਾਂ ਬੂਝ=ਸਮਝ ਨਹੀਂ ਪੈਂਦੀ।

ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥

ਗੁਰਮਤੀਆਂ ਨੂੰ ਪਰਗਾਸੁ=ਗਿਆਨ ਹੋ ਗਿਆ ਹੈ, ਇਸ ਕਰਕੇ ਉਹ ਸੱਚ ਵਿਖੇ ਲਿਵ ਲਗਾ ਰਹਿੰਦੇ ਹਨ।

ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥ ੬ ॥

ਜਿੱਥੇ ਗੁਰਮਤੀਏ ਹਨ ! ਤਿੱਥੇ ਕਾਲ ਨਹੀਂ ਸੰਚਰੈ=ਪਹੁੰਚ ਸਕਦਾ, ਗੁਰਮਤੀਆਂ ਦੀ ਜੋਤ 'ਜੋਤਿ'=ਪ੍ਰਮਾਤਮਾ ਵਿਖੇ ਅਭੇਦ ਹੋਈ ਹੈ॥ ੬॥

ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥

ਹੇ ਪ੍ਰਭੂ ! ਤੂੰ ਹੀ ਸੱਜਣ ਹੈਂ, ਤੂੰ ਹੀ ਸੁਜਾਣੁ=ਚਤੁਰ ਹੈਂ, ਅਤੇ ਤੂੰ ਆਪ ਹੀ ਸੇਵਕਾਂ ਨੂੰ ਆਪਣੇ ਨਾਲ ਮੇਲਣ ਵਾਲਾ ਹੈਂ।

ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥

ਗੁਰ ਉਪਦੇਸ਼ ਦੁਆਰਾ ਉਸਨੂੰ ਸਲ੍ਹਾਉਣਾ ਕਰੀਏ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥ ੭ ॥

ਜਿੱਥੇ ਅਪਾਰ ਪ੍ਰਭੂ ਦੀ ਪ੍ਰਾਪਤੀ ਕਰਨ ਵਾਲਾ ਗੁਰ ਉਪਦੇਸ਼ ਹੈ ਤਿਸ ਜਗ੍ਹਾ ਕਾਲ ਨਹੀਂ ਅਪੜੈ=ਪਹੁੰਚ ਸਕਦਾ।

ਅਥਵਾ:-ਅਪਾਰ ਗੁਰਾਂ ਦਾ ਸ਼ਬਦ ਜਿਸ ਜਗਾਂ ਜੀਵ ਨੂੰ ਪਹੁੰਚਾਂਵਦਾ ਹੈ ਓਥੇ ਕਾਲ ਨਹੀਂ ਪਹੁੰਚ ਸਕਦਾ ॥ ੭ ॥

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥

ਹੁਕਮੀ=ਪ੍ਰਮਾਤਮਾਂ ਦੇ ਹੁਕਮ ਵਿਚ ਸਾਰੇ ਜੀਵ ਪੈਦਾ ਹੋਏ ਹਨ, ਅਤੇ ਹੁਕਮ ਦੇ ਵਿਚ ਹੀ ਕਾਰ ਕਮਾਹਿ=ਕੰਮ ਕਰਦੇ ਹਨ।

ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥

ਹੁਕਮੀ=ਪ੍ਰਮਾਤਮਾ ਦੇ ਹੁਕਮ ਵਿਚ ਹੀ ਕਾਲ ਦੇ ਵਸ ਵਿਚ ਪੈਂਦੇ ਹਨ, ਅਤੇ ਹੁਕਮੀ ਦੇ ਹੁਕਮ ਵਿਚ ਹੀ ਸੱਚ ਵਿਖੇ ਜਾ ਸਮਾਂਦੇ ਹਨ।

ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥ ੮ ॥ ੪ ॥

ਗੁਰੂ ਸਾਹਿਬ ਜੀ ਆਖਦੇ ਹਨ-ਜੋ ਉਸ ਪ੍ਰਮਾਤਮਾ ਨੂੰ ਭਾਉਂਦਾ ਹੈ ਓਹੋ
ਕੁਝ ਹੁੰਦਾ ਹੈ, ਇਨ੍ਹਾਂ ਜੀਵਾਂ ਦੇ ਵਸ ਵਿਚ ਤਾਂ ਕੁਝ ਭੀ ਨਹੀਂ ਹੈ ॥ ੮ ॥੪ ॥

ਸਿਰੀਰਾਗੁ ਮਹਲਾ ੧ ॥

ਜੀਵ ਦੇ ਨਾ ਤਰਨ ਦਾ ਕਾਰਨ ਦੱਸਦੇ ਹਨ।

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥

ਭੈੜਿਆਂ ਸੰਕਲਪਾਂ ਦੇ ਚਿਤਵਨੇ ਕਰਕੇ ਮਨ ਜੂਠੈ=ਅਪਵਿੱਤ੍ਰ ਹੈ, ਵਿਸ਼ਿਆਂ ਵਿਚ ਲਗਣ ਕਰਕੇ ਤਨ ਜੂਠਿ=ਅਪਵਿੱਤ੍ਰ ਹੈ, ਝੂਠ ਬੋਲਣ ਕਰਕੇ ਜੀਭ ਅਪਵਿੱਤ੍ਰ ਹੋ ਰਹੀ ਹੈ।

[ਪੰਨਾ ੫੬]

ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥

ਮੂੰਹ ਸੇ ਝੂਠ ਹੀ ਝੂਠ ਬੋਲਦਾ ਹੈ, ਵਾ ਝੂਠਿਆਂ ਪਦਾਰਥਾਂ ਲਈ ਮੂੰਹ ਸੇ ਝੂਠ ਬੋਲਦਾ ਹੈ, ਇਸ ਲਈ ਸੂਚਾ=ਪਵਿੱਤ੍ਰ ਕਿਸ ਵਜ੍ਹਾ ਕਰਕੇ ਹੋ ਸਕਦਾ ਹੈ।

ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥ ੧ ॥

ਗੁਰ ਉਪਦੇਸ਼ ਤੋਂ ਬਿਨਾਂ ਅਭ=ਹਿਰਦਾ ਮਾਂਜਿਆ ਨਹੀਂ ਜਾਂਦਾ, ਸੱਚ ਨਾਮ ਜਪਣ ਕਰਕੇ ਹੀ ਸੱਚ ਸਰੂਪ ਦੀ, ਵਾ:-ਸਚੁ=ਸੁਖ ਦੀ ਪ੍ਰਾਪਤੀ ਹੁੰਦੀ ਹੈ ॥ ੧ ॥

ਮੁੰਧੇ ਗੁਣਹੀਣੀ ਸੁਖੁ ਕੇਹਿ॥

ਹੇ ਜੀਵ ਰੂਪ ਮੁੰਧੇ=ਇਸਤ੍ਰੀਏ ! ਸ਼ੁਭ ਗੁਣਾਂ ਤੋਂ ਬਿਨਾਂ ਕੇਹਿ=ਕਿਵੇਂ ਸੁਖ ਹੋ ਸਕਦਾ ਹੈ।

ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ॥ ੧॥ ਰਹਾਉ॥

ਜੇ ਤੂੰ ਸੁਖ ਸਰੂਪ ਸੱਚੇ ਗੁਰਾਂ ਦੇ ਉਪਦੇਸ਼ ਵਿਚ ਨੇਹਿ=ਪ੍ਰੇਮ ਕਰੇਂਗੀ, ਤਾਂ ਹੀ ਤੂੰ ਰਲੀਆ=ਖੁਸ਼ੀਆਂ ਵਾਲੇ ਪਿਰੀ ਦੇ ਰਸਿ ਮਾਣਸੀ=ਆਨੰਦ ਨੂੰ ਭੋਗੇਂਗੀ॥ ੧॥ ਰਹਾਉ॥

ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ॥

ਜੇਕਰ ਜੀਵ ਰੂਪ ਇਸਤ੍ਰੀ ਨੂੰ ਪਤ ਪ੍ਰਮਾਤਮਾ ਪਰਦੇਸੀ=ਆਸਖਿਆਤਕਾਰ ਹੋ ਜਾਵੇ, ਤਾਂ ਜੀਵ ਰੂਪ ਧਨ=ਇਸਤ੍ਰੀ ਵਾਂਢੀ=ਵਿਛੁੜ ਕੇ ਇਸ ਤਰ੍ਹਾਂ ਝੁਰਦੀ ਹੈ।

ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ॥

ਜਿਵੇਂ ਥੋੜ੍ਹੇ ਜਲ ਵਿਚ ਮੱਛੀ ਕੀਰਣੇ ਤੇ ਪਲਾ੍ਵ=ਜਤਨ ਕਰਦੀ ਹੈ।

ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ॥ ੨॥

ਜਾ ਆਪ ਗੁਰੂ ਸਾਹਿਬ ਦੀ ਕਿਰਪਾ ਦ੍ਰਿਸ਼ਟੀ ਕਰਨ ਤਾਂਹੀ ਇਹ ਪਿਰੀ ਨੂੰ ਭਾਉਂਦੀ ਹੈ, ਪਿਰੀ ਨੂੰ ਭਾਨ ਕਰਕੇ ਸੁਖ ਪਾਉਂਦੀ ਹੈ॥ ੨॥

ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ॥

ਸਹੇਲੀ ਸਖੀ=ਪਿਆਰੀਆਂ ਮਹਾਤਮਾਂ ਰੂਪ ਸਖੀਆਂ ਨਾਲ ਮਿਲਕੇ ਆਪਣੇ ਪਤੀ ਪ੍ਰਮਾਤਮਾ ਨੂੰ ਸਲਾਹੁਣਾ ਕਰੇ।

ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ॥

ਉਸ ਨਿਹਾਲ ਰੂਪ ਪ੍ਰਭੂ ਦੇ ਸਲਾਹੁਣ ਕਰਕੇ ਤਨ ਸੋਭਨੀਕ ਹੁੰਦਾ ਹੈ, ਮਨ ਵੀ ਮੋਹਤ ਹੁੰਦਾ ਹੈ ਬਾਣੀ ਵੀ ਉਸ ਦੇ ਰੰਗਿ=ਪ੍ਰੇਮ ਵਿਚ ਰੱਤੀ ਰਹਿੰਦੀ ਹੈ।

*ਅਥਵਾ:-*ਤਨਿ ਸੋਹੈ=ਸੋਹਣੇ ਤਨ ਵਾਲਾ ਜੋ ਪ੍ਰਭੂ ਹੈ ਉਸ ਦੇ ਰੰਗਿ=ਆਨੰਦ ਵਿਚ ਰੱਤੀ ਭਰ ਵੀ ਜਿਸਦਾ ਮਨ ਮੋਹਿਆ ਹੈ ਨਿਹਾਲ ਹੋਈ ਹੈ।

ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ॥ ੩॥

ਜਿਸ ਨੇ ਗੁਰ ਉਪਦੇਸ਼ ਦੁਆਰਾ ਆਪਣੀ ਅੰਤਹਕਰਨ ਰੂਪ ਸੇਜਾ ਸੋਹਣੀ ਸੁਆਰਨਾ ਕੀਤੀ ਹੈ, ਉਹ ਸ਼ੁਭ ਗੁਣਾਂ ਦੇ ਨਾਲ ਹੋ ਕੇ ਪਤੀ ਪ੍ਰਮਾਤਮਾ ਦੇ ਆਨੰਦ ਨੂੰ ਰਾਵੇ=ਭੋਗਦੀ ਹੈ॥ ੩॥

ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ॥

ਅਵਗਣਿਆਰਿ=ਔਗੁਣਾਂ ਦਾ ਘਰ ਹੋਣ ਕਰਕੇ ਜੋ ਜੀਵ ਰੂਪ ਇਸਤ੍ਰੀ ਖੋਟੀ ਹੋ ਗਈ ਹੈ, ਉਹ ਕਾਮਣਿ=ਇਸਤ੍ਰੀ ਪਤੀ ਪ੍ਰਮਾਤਮਾ ਦੇ ਕੰਮ ਨਹੀਂ ਆਉਂਦੀ ।

ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ॥

ਉਸ ਨੂੰ ਪੇਈਐ ਸਾਹੁਰੈ=ਲੋਕ ਪ੍ਰਲੋਕ ਵਿਚ ਸੁਖ ਨਹੀਂ ਹੁੰਦਾ, ਉਹ ਝੂਠੀ ਵਿਕਾਰਾਂ ਵਿਚ ਜਲਦੀ ਰਹਿੰਦੀ ਹੈ।

ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ॥ ੪॥

ਪਤੀ ਪ੍ਰਮਾਤਮਾ ਨੇ ਉਸ ਨੂੰ ਮਨ ਚੋਂ ਵਿਸਾਰਿ=ਭੁਲਾ ਛੱਡਿਆ ਹੈ, ਇਸ ਕਰਕੇ ਉਸ ਨੂੰ ਆਵਣੁ ਵੰਞਣੁ=ਜੰਮਣ ਮਰਣ ਦਾ ਡਾਖੜੋ=ਦੁੱਖ ਹੁੰਦਾ ਹੈ।

ਅਥਵਾ:-ਜਿਸ ਸੰਸਾਰ ਤੋਂ ਤਰਨਾ ਬੜਾ ਡਾਖੜੋ=ਕਠਨ ਹੈ, ਉਸ ਸੰਸਾਰ ਵਿਚ ਉਸਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ॥ ੪॥

ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ॥

ਪਤੀ ਪ੍ਰਮਾਤਮਾ ਦੀ ਇਹ ਸੋਭਨੀਕ ਇਸਤ੍ਰੀ ਸੀ, ਪਰ ਇਹ ਪਤੀ ਨਾਲੋਂ 'ਕਿਤੁ ਮੁਤੀ'=ਕਿਸ ਕਰਕੇ ਛੁੱਟੜ ਹੋ ਗਈ ? *ਗੁਰ ਉੱਤਰ:-* ਪਦਾਰਥਾਂ ਦੇ ਸਾਦਿ=ਸ੍ਵਾਦਾਂ ਵਿਚ ਲਗਨ ਕਰਕੇ ਛੁੱਟੜ ਹੋ ਗਈ ਹੈ।

ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ॥

ਬਾਦਿ=ਵਿਅਰਥ ਫਾਦਿਲੁ=ਫਜ਼ੂਲ ਬਚਨ ਬੋਲਦੀ ਹੈ, ਇਸ ਕਰਕੇ ਪਤੀ ਪ੍ਰਮਾਤਮਾ ਦੇ ਕੰਮ ਨਹੀਂ ਆਉਂਦੀ।

ਦਰਿ ਘਰਿ ਢੋਈ ਨਾ ਲਹੈ ਛੁਟੀ ਦੂਜੈ ਸਾਦਿ॥ ੫॥

ਸਰੂਪ ਰੂਪੀ ਘਰ ਦੇ ਦਰਿ=ਅੰਦਰ ਢੱਕਣਾ ਨਹੀਂ ਲੈਂਦੀ, ਦੂਜੈ=ਦ੍ਵੈਤ ਭਾਵ ਤੇ ਪਦਾਰਥਾਂ ਦੇ ਸੁਆਦ ਲੈਣ ਕਰਕੇ ਪਤੀ ਤੋਂ ਛੁੱਟੜ ਹੋ ਗਈ ਹੈ॥ ੫॥

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥

ਪੰਡਿਤ ਲੋਕ ਕੇਵਲ ਪੋਥੀਆਂ=ਸ਼ਾਸਤ੍ਰਾਂ ਨੂੰ ਹੀ ਵਾਚਦੇ ਰਹਿੰਦੇ ਹਨ, ਪਰ ਉਨ੍ਹਾਂ ਦੇ ਵੀਚਾਰੁ=ਸਿਧਾਂਤ ਨੂੰ ਨਹੀਂ ਸਮਝਦੇ ।

ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥

ਅਨ ਕਉ=ਹੋਰਨਾਂ ਨੂੰ ਮੱਤਾਂ ਦੇਣ ਵਾਸਤੇ ਉੱਠ ਚਲਦੇ ਹਨ, ਤੇ ਆਪ ਕਥਾ ਕਰਕੇ ਮਾਇਆ ਦਾ ਵਾਪਾਰ ਕਰਦੇ ਹਨ।

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥ ੬॥

ਏਹ ਜਗੁ=ਜੀਵ ਝੂਠੀਆਂ ਕਥਣੀਆਂ ਦੇ ਕਰਨ ਵਿਖੇ ਭੌਂਦਾ ਫਿਰਦਾ ਹੈ,

ਵਾ:-ਝੂਠੀ ਕਥਨੀ ਵਾਲਾ ਮਨੁੱਖ ਜਗਤ ਵਿਚ ਹੀ ਭੌਂਦਾ ਫਿਰਦਾ ਹੈ ਅਤੇ ਜੋ ਰਹਿਣੀ ਕਹਿਣੀ ਵਾਲਾ ਮਨੁੱਖ ਹੈ ਸੁ=ਉਹ ਸਬਦੁ=ਸੰਸਾਰ ਵਿਖੇ ਸਾਰ=ਸ੍ਰੇਸ਼ਟ ਹੈ॥ ੬॥

ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥

ਕਿਤਨੇ ਪੰਡਿਤ ਲੋਕ ਤਾਂ ਵੇਦਾਂ ਦਾ ਵਿਚਾਰ ਕਰਦੇ ਹਨ, ਅਤੇ ਕਿਤਨੇ ਜੋਤਕੀ=ਜੋਤਸ਼ੀ ਜੋਤਸ਼ ਵਿਦਿਆ ਦਾ ਵਿਚਾਰ ਕਰਦੇ ਹਨ।

ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥

ਪੰਡਿਤ ਲੋਕ ਵੇਦਾਂ ਨੂੰ ਪੜ੍ਹਕੇ ਇੱਕ ਦੂਜੇ ਨਾਲ ਵਾਦਿ=ਝਗੜਿਆਂ ਨੂੰ ਕਰਦੇ ਹਨ, ਅਤੇ ਜੋਤਸ਼ੀ ਲੋਕ ਵਿਰੋਧ ਦਾ ਹੀ ਸਲਾਹੁਣਾ ਕਰਦੇ ਹਨ, ਵਾਦ ਵਿਰੋਧ ਕਰਕੇ ਪੰਡਿਤ ਤੇ ਜੋਤਸ਼ੀ ਦੋਹਾਂ ਦਾ ਆਉਣਾ ਜਾਣਾ ਹੋ ਰਿਹਾ ਹੈ।

ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥ ੭ ॥

ਚਾਹੇ ਕਿਤਨੇ ਹੀ ਵਖਾਣੁ=ਪ੍ਰਸੰਗਾਂ ਨੂੰ ਆਖਿ=ਮੁੰਹ ਸੇ ਕਹਿ ਲਵੇ ਅਤੇ ਕੰਨਾਂ ਦੁਆਰੇ ਸੁਣ ਲਵੇ, ਪਰ ਗੁਰੂ ਦੀ ਕਰਮ=ਕਿਰਪਾ ਤੋਂ ਬਿਨਾਂ ਨਹੀਂ ਛੁਟ ਸਕਦਾ ॥ ੭ ॥

ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥

ਹੋਰ ਸਾਰੀਆਂ ਗੁਣਾਂ ਵਾਲੀਆਂ ਕਥਨ ਕੀਤੀਆਂ ਜਾਂਦੀਆਂ ਹਨ, ਪਰ ਮੇਰੇ ਵਿਚ ਕੋਈ ਭੀ ਸ਼ੁਭ ਗੁਣ ਨਹੀਂ ਹੈ।

ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥

ਹਰੀ ਰੂਪ ਵਰੁ=ਪਤੀ ਵਾਲੀ ਇਸਤ੍ਰੀ ਸ਼ੋਭਨੀਕ ਹੈ, ਉਸ ਵੱਲ ਦੇਖਕੇ ਮੈਨੂੰ ਵੀ ਉਹ ਪ੍ਰਭੂ ਭਾਉਂਦਾ ਹੈ, ਪਰ-

ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥ ੮ ॥ ੫ ॥

ਗੁਰੂ ਜੀ ਆਖਦੇ ਹਨ ਗੁਰਾਂ ਦੇ ਉਪਦੇਸ਼ ਕਰਕੇ ਉਸ ਨਾਲ ਮਿਲਾਪ ਹੁੰਦਾ ਹੈ, ਇੱਕ ਵਾਰ ਮਿਲਾਪ ਹੋਣ ਨਾਲ ਮੁੜ ਕਦੇ ਵਿਛੋੜਾ ਨਹੀਂ ਹੁੰਦਾ ॥ ੮ ॥ ੫ ॥

ਸਿਰੀਰਾਗੁ ਮਹਲਾ ੧ ॥

ਪ੍ਰਭੂ ਦੇ ਮਨ ਸਿਮਰਨ ਤੋਂ ਬਿਨਾਂ ਸਭ ਸਾਧਨਾਂ ਦੀ ਨਿਸਫਲਤਾ ਕਥਨ ਕਰਦੇ ਹਨ।

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥

ਚਾਹੇ ਕਿਤਨੇ ਜਪ ਤਪ ਤੇ ਸੰਜਮ ਆਦਿਕ ਸਾਧਨ ਸਾਧੀਐ=ਕਰ ਲਈਏ, ਅਤੇ ਤੀਰਥਾਂ ਉੱਪਰ ਜਾ ਕੇ ਵੀ ਵਾਸਾ ਕਰ ਲਈਏ ।

ਪੁੰਨ ਦਾਨੁ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥

ਪੁੰਨ ਸਮੇਂ ਪੁੰਨ, ਦਾਨ ਹਮੇਸ਼ਾਂ, ਅਤੇ ਚੰਗੇ ਕਰਮ ਵੀ ਕਰਦੇ ਰਹੀਏ, ਪਰ ਸੱਚੇ ਨਾਮ ਸਿਮਰਨ ਤੋਂ ਬਿਨਾਂ ਤਾਸੁ=ਤਿਸ ਪੁਰਸ਼ ਨੂੰ ਕੀ ਪ੍ਰਾਪਤ ਹੋਣਾ ਹੈ, ਕਿਉਂਕਿ ਅੰਤਮ ਸਮੇਂ ਨਾਮ ਤੋਂ ਬਿਨਾਂ ਹੋਰ ਕਰਮ ਸਹਾਇਤਾ ਨਹੀਂ ਕਰ ਸਕਦੇ।

ਯਥਾ:- ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥

(ਸੂਹੀ ਮਹਲਾ ੫, ਪੰਨਾ ੭੪੭)

ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥ ੧॥

ਜੇਹਾਂ ਕੋਈ ਰਾਧੇ=ਬੀਜਦਾ ਹੈ ਤੇਹਾ ਕੋਈ ਲੁਣੈ=ਕੁੱਟਦਾ ਹੈ, ਸ਼ੁਭ ਕਰਮਾਂ ਨਾਲ ਸੁੱਖ ਦੀ ਪ੍ਰਾਪਤੀ ਹੈ, ਅਸ਼ੁਭ ਕਰਮਾਂ ਕਰਕੇ ਦੁੱਖ ਦੀ ਪ੍ਰਾਪਤੀ ਹੈ। ਪੁੰਨ ਕਰਮਾ ਦੁਆਰਾ ਸੁਰਗ ਦੀ ਪ੍ਰਾਪਤੀ ਹੈ, ਮੰਦ ਕਰਮਾਂ ਕਰਕੇ ਨਰਕਾਂ ਦੀ ਪ੍ਰਾਪਤੀ, ਪਰ ਮੁਕਤੀ ਨਹੀਂ ਮਿਲ ਸਕਦੀ, ਨਾਮ ਜਪਣ ਰੂਪ ਸ਼ੁਭ ਗੁਣਾਂ ਤੋਂ ਬਿਨਾਂ ਮਨੁੱਖਾ ਜਨਮ ਵਿਣਾਸੁ=ਨਿਸਫਲ ਹੈ॥ ੧॥

ਮੁੰਧੇ ਗੁਣ ਦਾਸੀ ਸੁਖੁ ਹੋਇ॥

ਹੇ ਜੰਗਿਆਸੂ ਰੂਪ ਮੁੰਧੇ=ਇਸਤ੍ਰੀਏ ਗੁਣਾਂ ਵਾਲਿਆਂ ਦੀ ਦਾਸੀ ਹੋ।

ਅਥੰਵਾ:-ਦਾਸੀ ਗੁਣ ਨੂੰ ਧਾਰਨਾ ਕਰ ਤਾਂ ਤੈਨੂੰ ਸੁਖ ਹੋਵੇਗਾ। ਵਾ:-ਹੇ ਮੁੰਧ ਦਾਸੀ ਬਣ ਕੇ ਸਤ ਸੰਤੋਖ ਆਦਿਕ ਗੁਣਾਂ ਨੂੰ ਧਾਰ ਤਾਂ ਤੈਨੂੰ ਸੁਖ ਪ੍ਰਾਪਤ ਹੋਵੇਗਾ।

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥ ੧॥ ਰਹਾਉ॥

ਗੁਰੂ ਸਿੱਖਿਆ ਵਿਚ ਸਮਾ ਕੇ ਔਗੁਣਾਂ ਨੂੰ ਤਿਆਗੀਏ ਤਾਂ ਉਸ ਪ੍ਰਭੂ ਦਾ ਪੂਰਾ ਨਾਮ ਗਿਆਨ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥

ਜਿੰਵੇਂ ਪ੍ਰਤੱਖ ਵਾਪਾਰੀ ਰਾਸੀ=ਮੂੜੀ ਤੋਂ ਬਿਨਾਂ ਚੌਹੀਂ ਪਾਸੇ ਤੱਕਦਾ ਹੈ, ਪਰ ਸੌਦਾ ਨਹੀਂ ਖਰੀਦ ਸਕਦਾ। ਏਸੇ ਤਰ੍ਹਾਂ:-

ਵਾਪਾਰੀ ਜੀਵ ਸ਼ਰਧਾ ਰੂਪੀ ਰਾਸ ਤੋਂ ਬਿਨਾਂ ਚਾਰਿ ਕੁੰਡਾ=ਚਾਰੇ ਦਿਸਾਂ ਵੱਲ ਤੱਕਦਾ ਹੈ ਪਰ ਆਤਮ ਵਸਤੂ ਨਹੀਂ ਲੈ ਸਕਦਾ।

ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ॥

ਆਪਣੇ ਮੂਲ=ਕਾਰਨ ਰੂਪ ਪ੍ਰਮਾਤਮਾ ਨੂੰ ਜਾਣਦਾ ਨਹੀਂ, ਆਤਮ ਵਸਤੂ ਤਾਂ ਘਰ ਦੇ ਅੰਦਰ ਹੀ ਰਹੀ ਹੈ ਪਰ ਇਹ ਹਰਨ ਵਾਂਗੂੰ ਬਾਹਰ ਭਾਲਦਾ ਫਿਰਦਾ ਹੈ।

ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ॥ ੨॥

ਨਾਮ ਰੂਪ ਵਖਰ=ਸੌਦਾ ਖਰੀਦੇ ਤੋਂ ਬਿਨਾਂ ਇਸ ਨੂੰ ਅਗਲਾ=ਬਹੁਤਾ ਦੁੱਖ ਹੋ ਰਿਹਾ ਹੈ, ਇਹ ਕੂੜਿਆਰ ਔਰਤ ਕੂੜ ਆਦਿਕਾਂ ਕਰਕੇ ਮੁਠੀ=ਠੱਗੀ ਗਈ ਹੈ॥ ੨॥

ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ॥

ਜੋ ਵਿਚਾਰ ਰੂਪ ਰਤਨ ਨੂੰ ਪਰਖਦਾ ਹੈ,

ਅਥਵਾ:-ਗੁਰ ਸ਼ਬਦ ਨੂੰ ਵਿਚਾਰ ਕੇ ਨਾਮ ਰੂਪ ਰਤਨ ਨੂੰ ਪਰਖਦਾ ਹੈ।

ਅਥਵਾ:-ਵਿਚਾਰ ਤੇ ਰਤਨੁ=ਵੈਰਾਗ ਨੂੰ ਜੋ ਪਰਖਦਾ ਹੈ ਉਸ ਨੂੰ ਅਹਿਨਿਸਿ=ਦਿਨ ਰਾਤ ਨਉਤਨਾ=

ਨਵੀਨ ਲਾਭ ਮਿਲਦਾ ਹੈ।

ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ॥

ਆਪਣੇ ਘਰਿ=ਅੰਤਹਕ਼ਰਨ ਵਿਚੋਂ ਆਤਮ ਵਸਤੂ ਲੈ ਕੇ ਮੋਖਛ ਰੂਪੀ ਕਾਰਜ ਨੂੰ ਸਾਰਿ=ਸਵਾਰ ਕੇ ਚਲਦਾ ਹੈ।

ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ॥ ੩॥

ਵਣਜਾਰਿਆ=ਮਹਾਤਮਾ ਨਾਲ ਮਿਲਕੇ ਨਾਮ ਦਾ ਸੌਦਾ ਖਰੀਦਨਾ ਕਰ, ਅਤੇ ਗੁਰਮੁਖਿ=ਗੁਰਾਂ ਦੁਆਰੇ ਬ੍ਰਹਮ ਦਾ ਵਿਚਾਰ ਕਰ॥ ੩॥

ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ॥

ਜੇਕਰ ਮੇਲਣਹਾਰ ਪ੍ਰਭੂ ਮੇਲੇ ਤਾਂਹੀਂ ਸੰਤਾਂ ਦੀ ਸੰਗਤ ਕਰਨੀ ਪ੍ਰਾਪਤ ਹੁੰਦੀ ਹੈ।

ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ॥

ਜਿਸ ਦੇ ਅੰਦਰ ਅਪਾਰ ਪ੍ਰਭੂ ਦੀ ਜੋਤ ਪ੍ਰਗਟ ਹੈ, ਉਹ ਉਸ ਨਾਲ ਮਿਲਿਆ ਹੋਇਆ ਫਿਰ ਕਦੇ ਵਿੱਛੁੜਦਾ ਨਹੀਂ।

ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥ ੪॥

ਸਚਿ=ਨਿਸਚੇ ਸਹਿਤ ਸਤਸੰਗਤ ਰੂਪ ਸੱਚੇ ਆਸਣ ਉੱਪਰ ਟਿਕ ਰਹਿਣਾ ਕਰੇ ਤੇ ਪ੍ਰੇਮ ਸਹਿਤ ਸੱਚੇ ਨਾਮ ਵਿਚ ਪਿਆਰ ਧਾਰੇ, ਪੁਨਾ :-ਸਚਿ=ਨਿਸਚੇ ਕਰਕੇ ਅੰਤਰ ਮੁਖ ਬਿਰਤੀ ਕਰਨੇ ਰੂਪ ਸੱਚੇ ਆਸਣ ਉੱਪਰ ਟਿਕ ਰਵ੍ਹੇ, ਤਾਂ ਪ੍ਰੇਮ ਪੂਰਬਕ ਪਿਆਰੇ ਪ੍ਰਮਾਤਮਾ ਦੇ ਸੱਚੇ ਗਿਆਨ ਨੂੰ ਪਾਂਦਾ ਹੈ। ਗਿਆਨ ਤੋਂ ਉਪਰੰਤ ਸੱਚੇ ਪ੍ਰਭੂ ਦੇ ਸਰੂਪ ਰੂਪੀ ਸੱਚੇ ਆਸਣ ਉੱਪਰ ਟਿਕ ਰਹਿੰਦਾ ਹੈ ਅਤੇ ਪ੍ਰੇਮ ਨਾਲ ਹੋਰਨਾਂ ਨੂੰ ਸੱਚ ਨਾਮ ਅੰਮ੍ਰਿਤ ਪਿਆਰ=ਪਿਲਾਂਦਾ ਹੈ॥ ੪॥

ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ॥

ਜਿਨ੍ਹਾਂ ਨੇ ਆਪ ਉੱਦਮ ਕਰਕੇ ਸਰੀਰ ਘਰ ਦੇ ਵਿਚ ਜੋ ਮਹਲੁ=ਅੰਤਹਕਰਨ ਹੈ ਉਸ ਵਿਖੇ ਸੁਥਾਇ=ਸ੍ਰੇਸ਼ਟ ਅਸਥਾਨ ਸਰੂਪ ਨੂੰ ਪਛਾਣ ਲੀਤਾ ਹੈ।

ਸਚੇ ਸੇਤੀ ਰਤਿਆ ਸਚੋ ਪਲੈ ਪਾਇ॥

ਉਹ ਸੱਚੇ ਵਾਹਿਗੁਰੂ ਨਾਲ ਰਤਿਆ=ਤਦਾਕਾਰ ਹੋਏ ਹਨ, ਉਹ ਬੁੱਧੀ ਰੂਪ ਪੱਲੇ ਵਿਚ ਸੱਚ ਨੂੰ ਹੀ ਪਾਂਦੇ ਹਨ।

[ਪੰਨਾ ੫੭]

ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ॥ ੫॥

ਸੱਚੇ ਪ੍ਰਭੂ ਦੇ ਸੱਚ ਨਾਮ ਦੁਆਰਾ ਉਸ ਪ੍ਰਭੂ ਨੂੰ ਤਿੰਨਾਂ ਲੋਕਾਂ ਵਿਚ ਪੂਰਨ ਜਾਣਦੇ ਹਨ॥ ੫॥

ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ॥

ਉਹ ਜੀਵ ਰੂਪ ਇਸਤ੍ਰੀ ਖਰੀ ਸੁਹਾਵਣੀ=ਚੰਗੀ ਸੋਭਾ ਵਾਲੀ ਹੈ, ਜਿਸ ਨੇ ਪਤੀ ਪ੍ਰਮਾਤਮਾ ਨੂੰ ਆਪਣੇ ਨਾਲ ਜਾਤਾ=ਜਾਣਿਆ ਹੈ।

ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥

ਉਸ ਮਹਲੀ=ਇਸਤ੍ਰੀ ਨੂੰ ਪਤੀ ਮਹਲਿ=ਸਰੂਪ ਵਿਖੇ ਬੁਲਾਉਂਦਾ ਹੈ, ਅਤੇ ਉਹ ਜਗਿਆਸੂ ਰੂਪ ਇਸਤ੍ਰੀ ਪਤੀ ਦੇ ਅਨੰਦ ਨੂੰ ਰਾਵੇ=ਭੋਗਦੀ ਹੈ।

ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥ ੬ ॥

ਉਹ ਸੱਚੀ ਸੁਹਾਗਣ ਹੈ, ਉਹ ਸਭ ਤੋਂ ਭਲੀ=ਚੰਗੀ ਹੈ, ਜੋ ਪਤੀ ਦੇ ਗੁਣਾਂ ਨਾਲ ਮੋਹੀ ਗਈ ਹੈ,

ਅਥਵਾ:-ਜਿਸ ਨੇ ਸ਼ੁਭ ਗੁਣਾਂ ਦੇ ਸੰਗ ਹੋ ਕੇ ਪਿਰੀ ਨੂੰ ਮੋਹਣਾ ਕੀਤਾ ਹੈ॥ ੬ ॥

ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥

ਗੁਰਾਂ ਤੋਂ ਬਗੈਰ ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ, ਭੁਲਦੀ ਭੁਲਾਈ ਹੋਈ ਚਾਹੇ ਰੇਤ ਦੇ ਟਿੱਬਿਆਂ ਉੱਪਰ ਚੜ੍ਹਨਾ ਕਰੇ, ਥਲਿ=ਰੇਤ ਦੇ ਟਿੱਬਿਆਂ ਤੇ ਚੜ੍ਹ ਕੇ ਫਿਰ ਡੂਗਰਿ ਜਾਉ=ਪ੍ਰਬਤਾਂ ਉੱਪਰ ਚੜ੍ਹ ਜਾਵੇ।

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥

ਪ੍ਰਮੇਸ਼ਰ ਤੋਂ ਭੁੱਲੀ ਹੋਈ ਜੇਕਰ ਬਣ=ਜੰਗਲਾਂ ਵਿਚ ਫਿਰਨਾ ਕਰੇ ਤੋਭੀ ਗੁਰਾਂ ਤੋਂ ਬਿਨਾਂ ਪਤੀ ਦੀ ਗਿਆਤ ਨਹੀਂ ਪਾਂਦੀ।

ਅਥਵਾ:-ਜੋ ਸਿਮਰਨ ਤੋਂ ਭੁੱਲੀ ਹੋਈ ਹੈ ਉਹ ਭੁੱਲੀ ਹੋਈ ਚਾਹੇ ਥਲਿ ਚੜਾ=ਪੁਰਾਣਾਂ ਨੂੰ ਪੜ੍ਹ ਲਵੇ। ਥਲਿ ਚੜਿ=ਪੁਰਾਣਾਂ ਨੂੰ ਪੜ੍ਹ ਕੇ ਚਾਹੇ ਡੂਗਰਿ ਜਾਉ=ਸ਼ਾਸਤ੍ਰਾਂ ਨੂੰ ਪੜ੍ਹ ਲਵੇ। ਬਨ ਮਹਿ ਭੂਲੀ ਜੇ ਫਿਰਾ =ਪਰਮੇਸ਼ਰ ਤੋਂ ਭੁੱਲੀ ਹੋਈ ਜੇਕਰ ਚਾਹੇ ਬੇਦਾਂ ਦੇ ਪੜ੍ਹਨੇ ਵਿਖੇ ਫਿਰਦੀ ਰਵ੍ਹੇ ਤੋਭੀ ਗੁਰੂ ਤੋਂ ਬਿਨਾਂ ਪਤੀ ਪ੍ਰਮਾਤਮਾ ਦੀ ਸਮਝ ਨਹੀਂ ਪੈਂਦੀ।

ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥ ੭ ॥

ਜਿਹੜੀ ਇਸਤ੍ਰੀ ਵਾਹਿਗੁਰੂ ਨਾਮ ਤੋਂ ਭੁੱਲੀ ਫਿਰਦੀ ਹੈ ਉਹ ਮੁੜ ਮੁੜ ਕੇ ਜੰਮਦੀ ਮਰਦੀ ਹੈ॥ ੭ ॥

ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥

ਭਗਤੀ, ਵੈਰਾਗ, ਗਿਆਨ, ਰੂਪ ਰਸਤੇ, ਉੱਪਰ ਚਲਣ ਵਾਲੇ ਜੋ ਪਧਾਊਆ=ਰਾਹੀ ਮਹਾਤਮਾਂ ਹਨ, ਉਨ੍ਹਾਂ ਕੋਲ ਜਾ ਕੇ ਪ੍ਰਮੇਸ਼ਰ ਪ੍ਰਾਪਤੀ ਦਾ ਰਸਤਾ ਪੁੱਛੋ ਜੋ ਚਾਕਰ=ਦਾਸ ਹੋ ਕੇ ਪ੍ਰਭੂ ਵੱਲ ਚਲੇ ਹਨ।

ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥

ਜੋ ਰਾਜਨੁ=ਪ੍ਰਕਾਸ਼ ਰੂਪ ਪ੍ਰਮਾਤਮਾ ਨੂੰ ਆਪਣਾ ਕਰਕੇ ਜਾਣਦੇ ਹਨ, ਅਤੇ ਸਰੂਪ ਘਰ ਦੇ ਅੰਦਰ ਜਿਨ੍ਹਾਂ ਨੂੰ ਕੋਈ ਠਾਕ ਨ ਹੋਇ=ਰੁਕਾਵਟ ਨਹੀ ਹੁੰਦੀ।

ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥ ੮ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਦੇ ਨਿਸਚੇ ਅੰਦਰ ਇੱਕ ਪ੍ਰਭੂ ਸਾਰੇ ਰਵ ਰਿਹਾ ਹੈ, ਉਸ ਤੋਂ ਦੂਜਾ ਹੋਰ ਕੋਈ ਨਹੀਂ ਹੈ॥ ੮ ॥ ੬ ॥

ਸਿਰੀਰਾਗੁ ਮਹਲਾ ੧ ॥

ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥

ਗੁਰਾਂ ਪਾਸੋਂ ਨਿਰਮਲ ਉਪਦੇਸ਼ ਨੂੰ ਜਾਣੀਏ, ਤਾਂ ਅਸਥੂਲ ਦੇਹ ਤੇ ਸੂਖਮ ਸਰੀਰ ਦੋਨੋਂ ਨਿਰਮਲ ਹੋ ਜਾਂਦੇ ਹਨ।

ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ॥

ਨਿਰਮਲੁ=ਸ਼ੁੱਧ ਸਰੂਪ ਸੱਚਾ ਵਾਹਿਗੁਰੂ ਮਨ ਵਿਚ ਵਸ ਜਾਵੇ ਤਾਂਹੀ ਸੁਖ ਹੁੰਦਾ ਹੈ, ਵਿਛੋੜੇ ਵਿਚ ਜੋ ਦੁੱਖ ਹੋ ਰਿਹਾ ਹੈ ਮੇਰੇ ਅਭ=ਹਿਰਦੇ ਦੀ ਉਸ ਪੀਰ=ਪੀੜਾ ਨੂੰ ਓਹੀ ਜਾਣਦਾ ਹੈ।

ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥ ੧ ॥

ਸਹਜੈ=ਗਿਆਨ ਕਰਕੇ ਹੀ ਅਗਲੋ=ਬਹੁਤਾ ਸੁਖ ਹੁੰਦਾ ਹੈ, ਗਿਆਨ ਦੇ ਬਲ ਕਰਕੇ ਜਮਾਂ ਦਾ ਤੀਰੁ=ਬਾਣ ਨਹੀਂ ਲਗਦਾ।

ਅਥਵਾ:-ਜਮ ਤੀਰੁ=ਪਾਸ ਆ ਕੇ ਨਾਲ ਨਹੀਂ ਲਗਦਾ॥ ੧ ॥

ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥

ਹੇ ਭਾਈ ! ਨਾਮ ਰੂਪ ਨਿਰਮਲ ਜਲ ਵਿਚ ਇਸ਼ਨਾਨ ਕਰ, ਤਾਂ ਤੇਰੇ ਹਿਰਦੇ ਵਿਚ ਪਾਪਾਂ ਦੀ ਮੈਲ ਨਹੀਂ ਲਗੇਗੀ।

ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥ ੧ ॥ ਰਹਾਉ ॥

ਤੂੰ ਐਸੇ ਨਿਸਚੇ ਕਰ ! ਇੱਕ ਸੱਚਾ ਵਾਹਿਗੁਰੂ ਹੀ ਨਿਰਮਲ ਹੈ, ਹੋਰ ਸਾਰੀਆਂ ਜਾਇ=ਜਗ੍ਹਾਂ ਮੈਲ ਨਾਲ ਭਰੀਆਂ ਹੋਈਆਂ ਹਨ॥ ੧ ॥ ਰਹਾਉ ॥

ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥

ਪਹਿਲਾ ਅਰਥ:-ਹਰੀ ਦਾ ਸੋਹਣਾ ਮੰਦਰ ਵੈਰਾਟ, ਇਸਨੂੰ ਕਰਣੈਹਾਰਿ=ਅਕਾਲ ਪੁਰਖ ਨੇ ਆਪ ਹੀ ਰਚਨਾ ਕੀਤਾ ਹੈ।

ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥

ਇਸ ਵਿਚ ਅਨੂਪ ਜੋਤ ਵਾਲੇ ਸੂਰਜ ਚੰਦ੍ਰਮਾ ਰੂਪ ਦੋ ਦੀਵੇ ਕੀਤੇ ਹਨ, ਜੋ ਤੇਲ ਬੱਤੀ ਤੋਂ ਬਗੈਰ ਹੀ ਪ੍ਰਕਾਸ਼ ਰਹੇ ਹਨ, ਤਿਨ੍ਹਾਂ ਭਵਣਾਂ ਵਿਚ ਅਪਾਰ ਪ੍ਰਭੂ ਦੀ ਜੋਤਿ ਹੈ।

ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥ ੨ ॥

ਇਸ ਵਿਚ ਪ੍ਰਤੱਖ ਹਟੀਆਂ ਤੇ ਪਟਣ=ਸ਼ਹਿਰ, ਗੜ=ਕਿਲ੍ਹੇ, ਅਤੇ ਕੋਠੜੀਆਂ ਬਣਾਈਆਂ ਹਨ, ਇਸ ਵਿਚ ਗੁਰਮੁਖ ਲੋਕ ਸੱਚ ਬੋਲਦੇ ਹੋਏ ਸੌਦੇ ਦਾ ਵਾਪਾਰ ਕਰਦੇ ਹਨ॥ ੨ ॥

ਦੂਜਾ ਅਰਥ:-ਹਰੀ ਪ੍ਰਭੂ ਦਾ ਸੋਹਣਾ ਮੰਦਰ ਇਹ ਮਨੁੱਖਾ ਸਰੀਰ ਹੈ, ਕਰਣੈਹਾਰਿ=ਪ੍ਰਭੂ ਨੇ ਆਪ ਹੀ ਇਸਨੂੰ ਬਣਾਇਆ ਹੈ। ਰਵਿ ਸਸਿ=ਸੱਜਾ ਖੱਬਾ ਨੇਤ੍ਰ ਏਹੀ ਦੋ ਦੀਵੇ ਬੜੇ ਅਪਾਰ ਜੋਤ ਵਾਲੇ ਹਨ,

ਤ੍ਰਿਭਵਣਿ=ਸਥੂਲ ਸੂਖਮ ਕਾਰਨ ਰੂਪ ਤਿੰਨੇ ਸਰੀਰਾਂ ਵਿਚ ਅਪਾਰ ਰੂਪ ਪ੍ਰਮਾਤਮਾ ਦੀ ਜੋਤਿ=ਚੇਤਨਸੱਤਾ ਹੈ।

ਹਾਟ=ਹਿਰਦਾ, ਪਟਣ=ਸਰੀਰ, ਗੜ=ਦਸਮ ਦੁਆਰ ਕੋਠੜੀ=ਮਨ ਦੀਆਂ ੭੨ ਕੋਠੜੀਆਂ ਇਨ੍ਹਾਂ ਵਿਚ ਗੁਰਮੁਖ ਸੱਚ ਨਾਮ ਰੂਪ ਸੌਦੇ ਦਾ ਵਾਪਾਰ ਕਰਦੇ ਹਨ॥ ੨॥

ਤੀਜਾ ਅਰਥ:-ਹਰੀ ਦਾ ਸੋਹਣਾ ਮੰਦਰ ਸਤਸੰਗ ਹੈ, ਇਸਨੂੰ ਕਰਣੈਹਾਰਿ=ਪ੍ਰਭੂ ਨੇ ਆਪ ਬਨਾਵਣਾ ਕੀਤਾ ਹੈ। ਰਵਿ ਸਸਿ=ਗਿਆਨ ਵੈਰਾਗ ਰੂਪ ਦੋ ਦੀਵਿਆਂ ਦੀ ਅਪਾਰ ਜੋਤ ਹੋ ਰਹੀ ਹੈ। ਅਤੇ ਗੁਰਮੁਖਾਂ ਨੇ ਇਹ ਭੀ ਨਿਸਚੇ ਕੀਤਾ ਹੈ ਕਿ ਤਿਨ੍ਹਾਂ ਭਵਣਾਂ ਵਿਚ ਵੀ ਅਪਾਰ ਪ੍ਰਭੂ ਦੀ ਜੋਤਿ=ਸੱਤਾ ਹੋ ਰਹੀ ਹੈ।

ਹਾਟ=ਹਿਰਦਾ, ਪਟਣ=ਸਰੀਰ, ਗੜ=ਦਸਮ ਦੁਆਰ, ਕੋਠੜੀ=ਮਨ ਦੀਆਂ ਕੋਠੀਆਂ ਇਨ੍ਹਾਂ ਸਾਰਿਆਂ ਨੂੰ ਦਮਨ ਕਰਕੇ ਗੁਰਮੁਖ ਸੱਚਨਾਮ ਰੂਪ ਸੌਦੇ ਦਾ ਵਾਪਾਰ ਕਰਦੇ ਹਨ॥ ੨॥

ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ॥

ਜਿਨ੍ਹਾਂ ਨੇ ਬੁੱਧੀ ਰੂਪੀ ਅੱਖਾਂ ਵਿਚ ਗਿਆਨ ਰੂਪ ਅੰਜਨੁ=ਸੁਰਮਾ ਪਾ ਕੇ ਭਾਇ=ਗਿਆਨ ਸਰੂਪ ਨਿਰੰਜਨ ਨੂੰ ਭਾਇ=ਪ੍ਰੇਮ ਸਹਿਤ ਵੇਖਿਆ ਹੈ ਉਨ੍ਹਾਂ ਨੇ ਜਮਾਂ ਦੇ ਭੈ=ਡਰ ਨੂੰ ਭੰਜਨਾ=ਨਾਸ ਕੀਤਾ ਹੈ।

ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ॥

ਜੇਕਰ ਆਪਣੇ ਮਨ ਨੂੰ ਇੱਕ ਥਾਂ ਤੇ ਰੱਖੇ ਭਾਵ ਇਕਾਗਰਤਾ ਵਿਚ ਲਿਆਵੇ ਤਾਂ ਗੁਪਤ ਪ੍ਰਗਟ ਸਭ ਜਗ੍ਹਾਂ ਤੇ ਪ੍ਰਮੇਸ਼ਰ ਨੂੰ ਜਾਣ ਲੈਂਦਾ ਹੈ।

ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ॥ ੩॥

ਬ੍ਰਹਮ ਨੇਸ਼ਟੀ ਬ੍ਰਹਮ ਸ੍ਰੋਤਰੀ ਜੇਕਰ ਐਸੇ ਗੁਰੂ ਸਾਹਿਬ ਜੀ ਮਿਲ ਪੈਣ ਤਾ ਸਹਜੇ=ਗਿਆਨ ਦੁਆਰਾ ਜਗਿਆਸੂ ਨੂੰ ਪਰਮੇਸ਼ਰ ਨਾਲ ਮਿਲਾ ਲੈਂਦੇ ਹਨ॥ ੩॥

ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ॥

ਕਸਿ=ਕਸੀਸ (ਤਾੜਨਾ) ਰੂਪ ਕਸਵਟੀ ਤੇ ਲਗਾ ਕੇ ਜਗਿਆਸੂ ਦੇ ਚਿੱਤ ਦੇ ਹਿਤੁ=ਪ੍ਰੇਮ ਨੂੰ ਪਰਖ ਲੈਂਦੇ ਹਨ।

ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ॥

ਜੋ ਖੋਟੇ ਮਨੁੱਖ ਗੁਰਾਂ ਦੇ ਹੁਕਮ ਅਨੁਸਾਰ ਨਹੀਂ ਚਲਦੇ ਉਹ ਕਸੀਸ ਰੂਪ ਕਸਵਟੀ ਤੇ ਠਹਿਰਨਾ ਨਹੀਂ ਪਾਂਦੇ, ਜੋ ਖਰੇ ਮਨੁੱਖ ਗੁਰਾਂ ਦੇ ਹੁਕਮ ਅਨੁਸਾਰ ਚਲਦੇ ਹਨ, ਉਹ ਸਰੂਪ ਰੂਪ ਖਜ਼ਾਨੇ ਵਿਚ ਪਾਏ ਜਾਦੇ ਹਨ।

ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ॥ ੪॥

ਪਦਾਰਥਾਂ ਦੀ ਆਸਾ ਤੇ ਅੰਦੇਸਾ=ਫਿਕਰਾਂ ਨੂੰ ਦੂਰ ਕਰਕੇ ਸੇਵਾ ਕਰਦਾ ਰਹੁ, ਤਾਂ ਇਸ ਵਜ੍ਹਾ ਸੇ ਤੇਰੀ ਰਾਗ ਦ੍ਵੇਸ਼ ਰੂਪੀ ਮੈਲ ਜਾਇ ਸਮਾਇ=ਨਵਿਰਤ ਹੋ ਜਾਏਗੀ॥ ੪॥

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥

ਸੁਖ ਨੂੰ ਤਾਂ ਸਭ ਕੋਈ ਮੰਗਦਾ ਹੈ, ਪਰ ਦੁੱਖ ਨੂੰ ਕੋਈ ਨਹੀਂ ਮੰਗਦਾ।

ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥

ਸੰਸਾਰਕ ਸੁਖ ਭੋਗਣ ਵਾਲੇ ਨੂੰ ਅਗਲਾ=ਬਹੁਤਾ ਦੁੱਖ ਭੋਗਣਾ ਪੈਂਦਾ ਹੈ, ਇਸ ਗੱਲ ਦੀ ਮਨਮੁਖ ਨੂੰ ਬੂਝ=ਸਮਝ ਨਹੀਂ ਹੁੰਦੀ ।

ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥ ੫॥

ਗੁਰ ਉਪਦੇਸ਼ ਨੂੰ ਭੇਦਿ=ਜਾਣਕੇ ਵਾ ਗੁਰ ਸ਼ਬਦ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਭੇਦਿ=ਵਿੰਨ੍ਹ ਕੇ ਸੁਖ ਤੇ ਦੁੱਖ ਨੂੰ ਇੱਕੋ ਜੇਹਾ ਕਰਕੇ ਜਾਣੀਏ ਤਾਂ ਹੀ ਆਤਮ ਸੁਖ ਪ੍ਰਾਪਤ ਹੁੰਦਾ ਹੈ॥ ੫॥

ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ॥

ਬ੍ਰਹਮ ਬਾਣੀ ਜੋ ਬੇਦ ਹੈ ਉਸਨੂੰ ਬਿਆਸੁ=ਵਿਸਤਾਰ ਪੂਰਬਕ ਵਾਚੀਏ, ਤਾਂ ਉਹ ਏਹੀ ਪੁਕਾਰਦੀ ਹੈ।

ਅਥਵਾ:-ਬ੍ਰਹਮਾ ਦੀ ਬਾਣੀ ਬੇਦ, ਤੇ ਬਿਆਸ ਦੀ ਬਾਣੀ ਪੁਰਾਣ ਇਨ੍ਹਾਂ ਨੂੰ ਵਾਚੀਏ ਤਾਂ ਏਹੋ ਪੁਕਾਰਦੇ ਹਨ-ਕਿ

ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ॥

ਚਾਹੇ ਕੋਈ ਮੁਨੀ ਜਨ ਮਹਾਤਮਾਂ ਹੈ, ਚਾਹੇ ਕੋਈ ਸੇਵਾ ਕਰਨ ਵਾਲਾ ਸੇਵਕ ਹੈ, ਚਾਹੇ ਕੋਈ ਸਾਧਨਾਂ ਦੇ ਕਰਨ ਵਾਲਾ ਸਾਧਿਕ ਹੈ, ਇਨ੍ਹਾਂ ਸਾਰਿਆਂ 'ਚੋਂ ਜੇਹੜਾ ਨਾਮੀ ਪ੍ਰਭੂ ਦੇ ਨਾਮ ਸਿਮਰਨ ਵਿਚ ਰੱਤਾ ਹੈ ਉਹ ਸ਼ੁਭ ਗੁਣਾਂ ਦਾ ਤਾਸੁ=ਖਜ਼ਾਨਾ ਹੋਇਆ ਹੈ।

ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ॥ ੬॥

ਜੋ ਸੱਚ ਨਾਮ ਵਿਖੇ ਰੱਤੇ ਹਨ, ਉਹ ਜਿਣਿ ਗਏ=ਜਿੱਤ ਗਏ ਹਨ, ਹਉ=ਮੈਂ ਉਨ੍ਹਾਂ ਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ॥ ੬॥

ਉਹ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥

ਜਿਨ੍ਹਾਂ ਦੇ ਮੂੰਹ 'ਚੋਂ ਸਤਿਨਾਮੁ ਵਾਹਿਗੁਰੂ ਨਾਮ ਦਾ ਉਚਾਰਨ ਨਹੀਂ ਹੋਇਆ, ਉਹ ਚਾਰ ਜੁਗਾਂ ਵਿਚ, ਵਾ:-ਉਹ ਜੁਗੀ=ਸੰਸਾਰ ਵਿਚ ਰਾਗ ਦ੍ਵੈਸ਼ ਰੂਪੀ ਮਲ ਨਾਲ ਭਰੇ ਹੋਇ ਮੈਲੇ ਹੋ ਰਹੇ ਹਨ।

ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ॥

ਭਾਇ ਭਗਤੀ=ਪ੍ਰੇਮਾ ਭਗਤੀ ਤੋਂ ਵਿਹੂਣਿਆ=ਬਿਨਾਂ ਪੁਰਸ਼ਾਂ ਦਾ ਮੂੰਹ ਕਾਲਾ ਕਰਕੇ ਇੱਜ਼ਤ ਖੋਈ ਜਾਂਦੀ ਹੈ।

ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ॥ ੭॥

ਜਿਸ ਨੇ ਵਾਹਿਗੁਰੂ ਨਾਮ ਨੂੰ ਭੁਲਾ ਦਿੱਤਾ ਹੈ, ਉਹ ਔਗੁਣਾਂ ਕਰਕੇ ਮੁਠੀ=ਲੁੱਟੀ ਹੋਈ ਰੋਣਾ ਕਰਦੀ ਹੈ॥ ੭॥

ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ॥

ਸੰਸਾਰਕ ਡਰ ਕਰਕੇ ਖੋਜਦਿਆਂ ਖੋਜਦਿਆਂ ਸਤਿਗੁਰਾਂ ਨੂੰ ਪਾਣਾ ਕੀਤਾ, ਜਿਨ੍ਹਾਂ ਦਾ ਮਿਲਾਇਆ ਹੋਇਆ

ਪ੍ਰਮੇਸ਼ਰ ਮਿਲਦਾ ਹੈ।

ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥

ਸਤਸੰਗਤ ਰੂਪ ਘਰ ਵਿਚ ਵਸਕੇ ਆਪਣੇ ਸਰੂਪ ਨੂੰ ਪਛਾਣੇ, ਤਾਂ ਹੰਗਤਾ ਮਮਤਾ ਅਤੇ ਪਦਾਰਥਾਂ ਦੀ ਤ੍ਰਿਸ਼ਨਾਂ ਚਲੀ ਜਾਂਦੀ ਹੈ।

ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ॥ ੮॥ ੭॥

ਗੁਰੂ ਜੀ ਕਥਨ ਕ਼ਰਦੇ ਹਨ-ਉਹ ਨਿਰਮਲ ਤੋਂ ਨਿਰਮਲ ਹਨ, ਜੋ ਹਰੀ ਨਾਮ ਵਿਖੇ ਰੱਤੇ ਹਨ।

ਅਥਵਾ:-ਜੋ ਨਿਰਮਲ ਹਰੀ ਨਾਮ ਵਿਖੇ ਰੱਤੇ ਹਨ ਉਹ ਊਜਲੇ=ਉੱਜਲ ਮਨ ਵਾਲੇ ਹੋਏ ਹਨ॥ ੮॥ ੭॥

ਸਿਰੀਰਗੁ ਮਹਲਾ ੧॥

ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ॥

ਹੇ ਵਾਹਿਗੁਰੂ ਤੋਂ ਭੁੱਲੇ ਹੋਏ ਬਾਵਰੇ ਮਨ ! ਅਸਾਡੀ ਸਿੱਖਿਆ ਸੁਣਕੇ ਤੂੰ ਗੁਰਾਂ ਦੀ ਚਰਨੀ ਲਗ ਜਾ।

ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ॥

ਤੂੰ ਜਪਨੇ ਯੋਗ ਹਰੀ ਨਾਮ ਨੂੰ ਧਿਆਉਣਾ ਕਰ, ਤਦ ਜਮ ਦਾ ਡਰਪੈ=ਪਰ ਅਤੇ ਜਨਮ ਮਰਨ ਦਾ ਦੁੱਖ ਭਾਗੁ=ਦੌੜ ਜਾਏਗਾ।

ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ॥ ੧॥

ਦੋਹਾਗਣੀ=ਛੁੱਟੜ ਔਰਤਾਂ ਨੂੰ ਘਣਾ ਦੁੱਖ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦਾ ਸੁਹਾਗੁ=ਆਨੰਦ ਕਿਵੇਂ ਥਿਰ ਰਹਿ ਸਕਦਾ ਹੈ॥ ੧॥

[ਪੰਨਾ ੫੮]

ਭਾਈ ਰੇ ਅਵਰੁ ਨਾਹੀ ਮੈ ਥਾਉ॥

ਹੇ ਭਾਈ ! ਪ੍ਰਭੂ ਤੋਂ ਬਿਨਾਂ ਸੁਖਾਂ ਦਾ ਥਾਂ ਮੇਰਾ ਹੋਰ ਕੋਈ ਨਹੀਂ ਹੈ।

ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ॥ ੧॥ ਰਹਾਉ॥

ਮੈਨੂੰ ਗੁਰਾਂ ਨੇ ਨਾਮ ਧਨ ਦਾ ਨਿਧਾਨੁ=ਖਜ਼ਾਨਾ ਦਿੱਤਾ ਹੈ, ਇਸਤੇ ਮੈਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ॥ ੧॥ ਰਹਾਉ॥

ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ॥

ਜਿਸ ਨੇ ਗੁਰਮਤਿ ਧਾਰੀ ਹੈ, ਤਿਸਨੂੰ ਪਤੀ ਪ੍ਰਮਾਤਮਾ ਵੱਲੋਂ ਸਾਬਾਸਿ=ਧੰਨਤਾ ਜੋਗ ਮਿਲਦੀ ਹੈ, ਤਿਸ ਗੁਰਮਤਿ ਦੇ ਨਾਲ ਤੂੰ ਆਪਣੇ ਆਪ ਨੂੰ ਮਿਲਾਣਾ ਕਰ।

ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ॥

ਮੈਂ ਤਾਂ ਤਿਸ ਗੁਰਮਤਿ ਤੋਂ ਬਿਨਾਂ ਇੱਕ ਘੜੀ ਮਾਤ੍ਰ ਵੀ ਨਹੀਂ ਜੀਊ ਸਕਦੀ, ਨਾਮ ਤੋਂ ਬਿਨਾਂ ਮਰ

ਜਾਂਦੀ ਹਾਂ।

ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥ ੨ ॥

ਜਿਹੜਾ ਮੈਂ ਅੰਨ੍ਹੇ ਨੂੰ ਪ੍ਰਭੂ ਦਾ ਨਾਮ ਵਿਸਰਦਾ ਨਹੀਂ ਹੈ, ਏਹੋ ਸਰੂਪ ਰੂਪ ਘਰ ਵਿਚ ਜਾਣ ਦੀ ਟੇਕ ਟਿਕੀ ਹੈ॥ ੨ ॥

ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥

ਜਿਨ੍ਹਾਂ ਦਾ ਗੁਰੂ ਹੀ ਅੰਧੁਲਾ=ਗਿਆਨ ਵੈਰਾਗ ਰੂਪ ਅੱਖਾਂ ਤੋਂ ਬਿਨਾਂ ਹੈ, ਉਸ ਦੇ ਚੇਲਿਆਂ ਨੂੰ ਕੋਈ ਸਰੂਪ ਥਾਂ ਨਹੀਂ ਮਿਲਦੀ ।

ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥

ਸਤਿਗੁਰਾਂ ਤੋਂ ਬਿਨਾਂ ਨਾਮ ਨਹੀਂ ਪ੍ਰਾਪਤ ਹੁੰਦਾ, ਨਾਮ ਸਿਮਰਨ ਤੋਂ ਬਿਨਾਂ ਮਨੁੱਖ ਜਨਮ ਦੀ ਪ੍ਰਾਪਤੀ ਦਾ ਕੀ ਸੁਆਉ=ਲਾਭ ਹੈ।

ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥ ੩ ॥

ਸੰਸਾਰ ਵਿਚ ਆ ਕੇ ਇਸ ਤਰ੍ਹਾਂ ਪਛਤਾਂਦਾ ਉੱਠਕੇ ਚਲਾ ਗਿਆ ਹੈ, ਜਿਵੇਂ ਸੁੰਞੈ=ਖਾਲੀ ਘਰ ਵਿਚ ਆਇਆ ਕਾਉ=ਕਾਂ ਪਛਤਾਂਦਾ ਹੀ ਉੱਡ ਜਾਂਦਾ ਹੈ॥ ੩ ॥

ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥

ਨਾਮ ਸਿਮਰਨ ਤੋਂ ਬਿਨਾਂ ਦੇਹੁਰੀ=ਦੇਹ ਨੂੰ ਵਾ ਬੁੱਧੀ ਨੂੰ ਦੁੱਖ ਬਣਿਆ ਰਹਿੰਦਾ ਹੈ, ਜਿਵੇ ਕੱਲਰ ਦੀ ਭੀਤਿ=ਕੰਧ ਕਿਰ ਕਿਰ ਕੇ ਡਿੱਗ ਪੈਂਦੀ ਹੈ ਤਿਵੇਂ ਰੋਜ ਦੇ ਚਵ੍ਹੀ ਹਜ਼ਾਰ ਸ੍ਵਾਸ ਨਿਕਲਦੇ ਨਿਕਲਦੇ ਇਹ ਦੇਹ ਡਿੱਗ ਪੈਂਦੀ ਹੈ।

ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥

ਤਬ ਤੱਕ ਮਹਲੁ=ਸਰੂਪ ਨੂੰ ਨਹੀਂ ਪਾ ਸਕੀਦਾ, ਜਿੰਨਾ ਚਿਰ ਚਿੱਤ ਵਿਚ ਸੱਚ ਨਾਮ ਨਹੀਂ ਵੱਸਦਾ ।

ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥ ੪ ॥

ਗੁਰ ਸ਼ਬਦ ਵਿਖੇ ਰਪੈ=ਤਦਾਕਾਰ ਹੋਣ ਕਰਕੇ ਅੰਤਹਕਰਨ ਰੂਪ ਘਰ ਦੇ ਵਿਚ ਹੀ ਨਿੱਤ ਰੂਪ ਨਿਰਬੰਧ ਪਦ ਨੂੰ ਪਾ ਲਈਦਾ ਹੈ॥ ੪ ॥

ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥

ਹਉ=ਮੈਂ ਆਪਣੇ ਗੁਰਾਂ ਪਾਸੋਂ ਪੁੱਛਦਾ ਹਾਂ, ਅਤੇ ਗੁਰਾਂ ਤੋਂ ਪੁੱਛੀ ਹੋਈ ਕਾਰ ਨੂੰ ਕਮਾਂਦਾ ਹਾਂ।

ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥

ਜੇਕਰ ਗੁਰ ਸ਼ਬਦ ਦਾ ਸਲਾਹੁਣਾ ਮਨ ਵਿਚ ਵੱਸ ਜਾਵੇ, ਤਾਂ ਹੰਗਤਾ ਮਮਤਾ ਦਾ ਦੁੱਖ ਸੜ ਬਲ ਜਾਂਦਾ ਹੈ।

ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥ ੫ ॥

ਸੱਚੇ ਦੇ ਸੱਚੇ ਨਾਮ ਨਾਲ ਮਿਲਾਣ ਕਰਕੇ ਸਹਜੇ=ਗਿਆਨ ਦੁਆਰਾ ਪ੍ਰਭੂ ਨਾਲ ਮਿਲਾਪ ਹੁੰਦਾ ਹੈ॥ ੫॥

ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥

ਜੋ ਗੁਰ ਉਪਦੇਸ਼ ਵਿਚ ਰੱਤੇ ਹਨ, ਉਹ ਕਾਮ ਕ੍ਰੋਧ ਅਹੰਕਾਰ ਆਦਿਕਾਂ ਨੂੰ ਤਿਆਗ ਕੇ ਨਿਰਮਲੇ=ਸ਼ੁੱਧ ਸਰੂਪ ਹੋਏ ਹਨ।

ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ॥

ਉਹ ਬਾਣੀ ਦੁਆਰਾ ਸਦਾ ਸਦਾ ਨਾਮ ਨੂੰ ਸਲਾਹੁੰਦੇ ਹਨ, ਅਤੇ ਹਿਰਦੇ ਵਿਚ ਹਰੀ ਨੂੰ ਧਾਰਨ ਕਰ ਰੱਖਦੇ ਹਨ।

ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥ ੬॥

ਜੋ ਪ੍ਰਭੂ ਸਾਰਿਆਂ ਜੀਵਾਂ ਦਾ ਆਧਾਰ=ਆਸਰਾ ਰੂਪ ਹੈ ਉਸ ਨੂੰ ਮਨ ਵਿਚੋਂ ਕਿਸ ਲਈ ਭੁਲਾਣਾ ਹੈ॥ ੬॥

ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ॥

ਗੁਰਾਂ ਦੇ ਉਪਦੇਸ਼ ਕਰਕੇ ਜੋ ਜੀਵਤ ਭਾ ਤੋਂ ਮਰਦਾ ਹੈ, ਉਹ ਮਰਿ ਰਹੇ=ਮੌਤ ਤੋਂ ਰਹਿਤ ਹੋ ਜਾਂਦਾ ਹੈ ਮੁੜ ਕੇ ਦੂਜੀ ਵਾਰ ਨਹੀਂ ਮਰਦਾ!

ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥

ਹਰੀ ਨਾਮ ਵਿਖੇ ਪਿਆਰ ਲਗਣਾ ਗੁਰਾਂ ਦੇ ਉਪਦੇਸ਼ ਦੁਆਰਾ ਹੀ ਪਾਈਦਾ ਹੈ।

ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ॥ ੭॥

ਗੁਰ ਉਪਦੇਸ਼ ਤੋਂ ਬਿਨਾਂ ਸਾਰਾ ਜਗਤ ਭੁੱਲਿਆ ਫਿਰਦਾ ਹੈ, ਇਸ ਲਈ ਮੁੜ ਮੁੜ ਕੇ ਜੰਮਦਾ ਮਰਦਾ ਹੈ॥ ੭॥

ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥

ਸਭ ਕੋਈ ਆਪ ਨੂੰ ਹੀ ਸਲਾਹੁੰਦਾ ਹੈ, ਅਤੇ ਇਸ ਤਰ੍ਹਾਂ ਕਹਿੰਦਾ ਹੈ ਕਿ ਵੱਡਿਆਂ ਤੋਂ ਭੀ ਮੇਰੀ ਵਡੇਰੀ=ਵੱਡੀ ਵਡਿਆਈ ਹੋਵੇ।

ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥

ਗੁਰਾਂ ਤੋਂ ਬਿਨਾਂ ਆਪਣਾ ਸਰੂਪ ਜਾਣਿਆ ਨਹੀਂ ਜਾਂਦਾ, ਐਵੇਂ ਕਿਸੇ ਦੇ ਕਹੇ, ਸੁਣੇ ਨਾਲ ਕੀ ਹੋ ਸਕਦਾ ਹੈ।

ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥ ੮॥ ੮॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਗੁਰ ਉਪਦੇਸ਼ ਨੂੰ ਪਛਾਣੀਏ, ਤਾਂ ਫਿਰ ਕੋਈ ਭੀ ਹੰਗਤਾ ਮਮਤਾ ਨੂੰ ਨਹੀਂ ਕਰਦਾ॥ ੮॥ ੮॥

ਸਿਰੀਰਾਗੁ ਮਹਲਾ ੧ ॥

ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ॥

ਜਿਵੇਂ ਪਤੀ ਦੀ ਪ੍ਰਸੰਨਤਾ ਤੋਂ ਬਿਨਾਂ ਇਸਤ੍ਰੀ ਦਾ ਸ਼ਿੰਗਾਰ ਤੇ ਜੋਬਨ ਬਾਦਿ=ਵਿਅੱਰਥ ਜਾਂਦਾ ਹੈ, ਅਤੇ ਖੁਆਰੁ=ਦੁਖੀ ਹੁੰਦੀ ਹੈ। ਤਿਵੇਂ ਪਤੀ ਪ੍ਰਮਾਤਮਾ ਦੀ ਖੁਸ਼ੀ ਤੋਂ ਬਿਨਾਂ ਜਗਿਆਸੂ ਰੂਪ ਇਸਤ੍ਰੀ ਦਾ ਜਪ ਤਪ ਰੂਪ ਸ਼ਿੰਗਾਰ ਤੇ ਸ਼ੋਕ ਅਵਸਥਾ ਰੂਪ ਜੋਬਨ ਵਿਅੱਰਥ ਜਾਂਦਾ ਹੈ, ਤੇ ਦੁੱਖੀ ਹੁੰਦੀ ਹੈ।

ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥

ਜਿਵੇਂ ਪ੍ਰਤੱਖ ਇਸਤ੍ਰੀ ! ਪਤੀ ਤੋਂ ਬਿਨਾਂ ਸੇਜਾ ਦਾ ਸੁਖ ਨਹੀਂ ਮਾਣਦੀ ਤੇ ਉਸ ਦਾ ਸ਼ਿੰਗਾਰ ਕੀਤਾ ਹੋਇਆ ਬਾਦਿ=ਵਿਅੱਰਥ ਜਾਂਦਾ ਹੈ। ਤਿਵੇਂ ਜਗਿਆਸੂ ਰੂਪ ਇਸਤ੍ਰੀ ਪਤੀ ਪ੍ਰਮਾਤਮਾ ਤੋਂ ਬਿਨਾਂ ਅੰਤਹਕਰਨ ਰੂਪ ਸੇਜਾ ਦੇ ਸੁਖ ਨੂੰ ਭਾਵ ਆਤਮਕ ਆਨੰਦ ਨੂੰ ਨਹੀਂ ਭੋਗਦੀ ਤੇ ਜਪ ਤਪ ਰੂਪ ਸ਼ਿੰਗਾਰ ਵੀ ਨਿਸਫਲ ਜਾਂਦਾ ਹੈ।

ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ ॥ ੧ ॥

ਜਿਵੇਂ ਛੁੱਟੜ ਔਰਤ ਨੂੰ ਘਣਾ ਦੁੱਖ ਹੁੰਦਾ ਹੈ, ਕਿਉਂਕਿ ਘਰ ਵਿਚ ਹੁੰਦਾ ਪਤੀ ਸੇਜਾ ਉੱਪਰ ਨਹੀਂ ਆਉਂਦਾ। ਤਿਵੇਂ ਜਗਿਆਸੂ ਰੂਪ ਛੁੱਟੜ ਔਰਤ ਨੂੰ ਘਣਾ=ਬਹੁਤ ਦੁੱਖ ਹੁੰਦਾ ਹੈ ਕਿਉਂਕਿ ਸਰੀਰ ਘਰ ਵਿਚ ਹੁੰਦਾ ਹੋਇਆ ਅੰਤਹਕਰਨ ਰੂਪ ਸੇਜਾ ਉੱਪਰ ਆ ਕੇ 'ਸਾਖੀ ਚੇਤਨ' ਸਖਿਆਤਕਾਰ ਨਹੀਂ ਹੁੰਦਾ ॥ ੧ ॥

ਮਨ ਰੇ ਰਾਮ ਜਪਹੁ ਸੁਖੁ ਹੋਇ ॥

ਮਨ ਰੇ=ਹੇ ਪਿਆਰੇ ! ਰਾਮ ਨਾਮ ਨੂੰ ਜਪੋ, ਤਾਂ ਹੀ ਆਤਮ ਸੁਖ ਪ੍ਰਾਪਤ ਹੋਵੇਗਾ।

ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ ॥ ੧ ॥ ਰਹਾਉ ॥

ਗੁਰਾਂ ਤੋਂ ਬਿਨਾਂ ਪ੍ਰਭੂ ਦਾ ਪ੍ਰੇਮ ਨਹੀਂ ਪਾਈਦਾ, ਗੁਰਾਂ ਦਾ ਉਪਦੇਸ਼ ਮਿਲੇ ਤਾਂ ਹੀ ਆਤਮਕ ਰੰਗੁ=ਆਨੰਦ ਹੁੰਦਾ ਹੈ॥ ੧ ॥ ਰਹਾਉ ॥

ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ ॥

ਇੱਕ ਤਾਂ ਗੁਰ ਸੇਵਾ ਕਰਕੇ ਸੁਖ ਪਾਈਦਾ ਹੈ, ਅਤੇ ਦੂਜਾ ਹਰੀ ਰੂਪ ਪਤੀ ਦਾ ਸਹਜਿ=ਸ਼ਾਂਤੀ ਆਦਿਕ ਸ਼ੁਭ ਗੁਣਾਂ ਦਾ ਸ਼ਿੰਗਾਰ ਕਰਨਾ ਪ੍ਰਾਪਤ ਹੁੰਦਾ ਹੈ।

ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ ॥

ਜਿਸ ਦਾ ਪਤੀ ਪ੍ਰਮਾਤਮਾ ਨਾਲ ਗੂੜਾ ਹੇਤੁ ਪਿਆਰੁ=ਪ੍ਰੇਮ ਪਿਆਰ ਹੈ, ਉਹ ਅੰਤਹਕਰਨ ਰੂਪ ਸੇਜਾ ਉੱਤੇ ਪਤੀ ਪ੍ਰਮਾਤਮਾ ਦੇ ਸਚਿ=ਸੁੱਖ ਨੂੰ ਭੋਗਦੀ ਹੈ,

ਗੁਰਮੁਖਿ ਜਾਣਿ ਸਿਵਾਣੀਐ ਗੁਰਿ ਮੇਲੀ ਗੁਣ ਚਾਰੁ ॥ ੨ ॥

ਜਿਸ ਨੂੰ ਗੁਰਾਂ ਨੇ ਵੈਰਾਗ ਵਿਵੇਕ ਖਟ ਸੰਪਤੀ ਮੋਖ ਇੱਛਾ ਰੂਪ ਚਾਰ ਗੁਣਾਂ ਨਾਲ ਮੇਲਿਆ ਹੈ, ਉਸ ਗੁਰਮੁਖ ਨੇ ਜਾਣਿ=ਗਿਆਨ ਦੁਆਰਾ ਜਾਨਣੇ ਜੋਗ ਪ੍ਰਭੂ ਨੂੰ ਪਛਾਣ ਲਿਆ ਹੈ॥ ੨ ॥

ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ ॥

ਜਿਸ ਜਗਿਆਸੂ ਰੂਪ ਕਾਮਣੀ=ਇਸਤ੍ਰੀ ਨੂੰ ਰੰਗੁ ਲਾਇ=ਪ੍ਰੇਮ ਲਗਾ ਕੇ ਪਿਰੀ ਨੇ ਮੋਹਿਆ ਹੈ, ਉਸ ਦੁਆਰੇ ਤੂੰ ਵੀ ਸੱਚੇ ਪਤੀ ਨੂੰ ਮਿਲਣਾ ਕਰ।

ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ॥

ਸੱਚ ਨਾਮ ਦਾ ਸਿਮਰਨ ਕਰਦਿਆਂ ਕਰਦਿਆਂ ਜਿਸ ਦਾ ਮਨ ਤਨ ਵਿਗਸਿਆ=ਖੇੜੇ ਵਿਚ ਆਇਆ ਹੈ, ਉਸ ਦੀ ਕੀਮਤ ਕੁਝ ਕਹੀ ਨਹੀਂ ਜਾਂਦੀ।

ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ॥ ੩॥

ਜੋ ਸੱਚ ਨਾਮ ਨੂੰ ਜਪ ਕੇ ਨਿਰਮਲ ਹੋਈ ਹੈ, ਉਸ ਸੁਹਾਗਣ ਦੇ ਅੰਤਹਕਰਨ ਰੂਪ ਘਰ ਵਿਚ ਹਰੀ ਪਤੀ ਸਖਿਆਤਕਾਰ ਹੋਇਆ ਹੈ॥ ੩॥

ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥

ਨਾਮ ਦੇ ਮਨ=ਮਨਨ ਕਰਨ ਵਿਚ ਜੇਕਰ ਮਨ ਮਨੂਆ=ਮਨੌਤ ਵੱਲੋਂ ਮਰ ਜਾਵੇ, ਤਾਂ ਜਗਿਆਸੂ ਰੂਪ ਇਸਤ੍ਰੀ ਪਤੀ ਦੇ ਅਨੰਦ ਨੂੰ ਰਾਵੈ=ਭੋਗਦੀ ਹੈ।

ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥

ਜਿਸ ਨੇ ਆਪਣੇ ਗਲ ਵਿਚ ਵੈਰਾਗ ਤੇ ਸ਼ੁੱਧਤਾ ਆਦਿਕ ਮੋਤੀਆਂ ਦਾ ਹਾਰ ਪਹਿਰਿਆ ਹੈ, ਉਹ ਪ੍ਰਭੂ ਨਾਲ ਇਸ ਤਰ੍ਹਾਂ ਅਭੇਦ ਹੋਈ ਹੈ, ਜਿਵੇਂ ਸੂਤ ਦੀ ਮਾਲਾ ਵਿਚ ਇੱਕ ਤਾਗਾ ਹੀ ਰਲਿਆ ਮਿਲਿਆ ਹੁੰਦਾ ਹੈ।

ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ॥ ੪॥

ਜਿਸ ਗੁਰਮੁਖ ਨੇ ਸੰਤ ਸਭਾ ਵਿਚ ਬੈਠ ਕੇ ਨਾਮ ਦਾ ਅਧਾਰੁ=ਆਸਰਾ ਗ੍ਰਹਿਣ ਕੀਤਾ ਹੈ ਉਸ ਨੂੰ ਆਤਮ ਸੁੱਖ ਪ੍ਰਾਪਤ ਹੁੰਦਾ ਹੈ॥ ੪॥

ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ॥

ਜਿਸ ਖਿਨ ਵਿਖੇ ਪਦਾਰਥ ਮਿਲਦੇ ਹਨ ਉਸ ਖਿਨ ਵਿਚ ਮਨ ਵਿਖੇ ਅਨੰਦ ਉਪਜਦਾ ਹੈ, ਜਿਸ ਖਿਨ ਵਿਖੇ ਪਦਾਰਥ ਨਸ਼ਟ ਹੁੰਦੇ ਹੱਨ ਘਾਟਾ ਆਦਿਕ ਪੈ ਜਾਂਦਾ ਹੈ ਉਸੇ ਖਿਨ ਵਿਚ ਮਨ ਖਪਦਾ ਹੈ, ਖਿਨ ਕਾਲ ਵਿਚ ਆਉਂਦਾ ਹੈ ਖਿਨ ਕਾਲ ਵਿਚ ਜਾਂਦਾ ਹੈ,

ਯਥਾ:- ਖਿਨੇ ਰੁਸਟਾ ਖਿਨੈ ਤੁਸ਼ਟਾ।

*ਅਥਵਾ:-*ਜਿਸ ਖਿਨ ਵਿਚ ਸ਼ੁਭ ਗੁਣ ਉਪਜਦੇ ਹਨ, ਉਸੀ ਖਿਨ ਵਿਖੇ ਅਸ਼ੁਭ ਗੁਣ ਖਪ ਜਾਂਦੇ ਹਨ, ਜਿਸ ਖਿਨ ਵਿਚ ਗਿਆਨ ਆਉਂਦਾ ਹੈ ਉਸੀ ਖਿਨ ਵਿਖੇ ਅਗਿਆਨ ਚਲਾ ਜਾਂਦਾ ਹੈ।

ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ॥

ਗੁਰ ਉਪਦੇਸ਼ ਨੂੰ ਪਛਾਣ ਕੇ ਜੋ ਨਾਮ ਨੂੰ ਰਵਿ ਰਹੈ=ਉਚਾਰਨ ਕਰਦਾ ਰਹਿੰਦਾ ਹੈ।

*ਅਥਵਾ:-*ਜੋ ਸਬਦੁ=ਬ੍ਰਹਮ ਨੂੰ ਪਛਾਣ ਕੇ ਤਿਸ ਵਿਚ ਰਵਿ ਰਹੈ=ਮਿਲ ਰਹਿੰਦਾ ਅਰਥਾਤ ਅਭੇਦ ਹੁੰਦਾ ਹੈ ਤਿਸ ਨੂੰ ਜਮਕਾਲ ਸੰਤਾਇ=ਦੁੱਖ ਨਹੀਂ ਦੇਂਦਾ।

[ਪੰਨਾ ੫੯]

ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥ ੫ ॥

ਉਹ ਸਾਹਿਬ ਪ੍ਰਮਾਤਮਾ ਅਤੁੱਲ ਹੈ, ਕਿਸੇ ਤਰ੍ਹਾਂ ਤੋਲਿਆ ਨਹੀਂ ਜਾਂਦਾ, ਜ਼ਬਾਨੀ ਕਥਨੀਆਂ, ਦੇ ਕਰਨ ਨਾਲ ਨਹੀਂ ਪਾਇਆ ਜਾਂਦਾ ॥ ੫ ॥

ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ ॥

ਵਾਪਾਰੀ=ਜਗਿਆਸੂ ਲੋਕ ਵਨਜਾਰਿਆਂ ਦੀ ਨਿਆਈਂ ਵਜਹੁ=ਦੁਮਾਹਾ (ਪਰਾਲਬਧ) ਨੂੰ ਲਿਖਾ ਕੇ ਆਏ ਹਨ।

ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥

ਸੱਚੇ ਪ੍ਰਮਾਤਮਾ ਦੀ ਭਗਤੀ ਰੂਪੀ ਕਾਰ ਨੂੰ ਕਮਾਂਵਦੇ ਹਨ, ਇਸ ਤੇ ਉਨ੍ਹਾਂ ਨੂੰ ਰਜਾਇ=ਪ੍ਰਮਾਤਮਾ ਦੀ ਪ੍ਰਾਪਤੀ ਰੂਪ ਲਾਭ ਮਿਲਦਾ ਹੈ।

ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥ ੬ ॥

ਸੱਚੀ ਸ਼ਰਧਾ ਰੂਪੀ ਪੂੰਜੀ ਕਰਕੇ ਉਨ੍ਹਾਂ ਨੂੰ ਪੂਰੇ ਗੁਰੂ ਮਿਲੇ ਹਨ, ਨਾ ਉਨ੍ਹਾਂ ਦੇ ਅੰਦਰ ਤਿਸੁ=ਤ੍ਰਿਸ਼ਨਾ ਹੈ, ਨਾ ਹੀ ਤਿਲ ਮਾਤ੍ਰ ਤਮਾਇ=ਤਮੋਗੁਣ ਹੈ,

ਵਾ:-ਤਿਲ ਮਾਤ੍ਰ ਅਗਿਆਨ ਰੂਪ ਤਮ=ਹਨੇਰਾ ਨਹੀਂ ਆਉਂਦਾ ॥ ੬ ॥

ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ ॥

ਮੁਖੀ ਗੁਰੂ ਸਾਹਿਬ ਜੀ ਬੁੱਧੀ ਰੂਪੀ ਤਰਾਜੀ=ਤੱਕੜੀ, ਤੇ ਵਿਚਾਰ ਰੂਪ ਤੋਲੁ=ਵੱਟੇ ਨਾਲ ਆਪ ਸੱਚ ਨੂੰ ਤੋਲਦੇ ਹਨ ਸਿੱਖਾਂ ਪਾਸੋਂ ਤੁਲਵਾਂਦੇ ਹਨ ਅਰਥ਼ਾਤ ਸੱਚ ਦੀ ਵਿਚਾਰ ਆਪ ਕਰਦੇ ਤੇ ਹੋਰਨਾਂ ਪਾਸੋਂ ਕਰਵਾਂਦੇ ਹਨ।

ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥

ਸਿੱਖ ਦੀ ਮਨਸਾ=ਬੁੱਧੀ ਵਿਚ ਜੋ ਮੋਹਣੀ=ਮਾਇਆ ਦੀ ਆਸਾ ਲੱਗ ਰਹੀ ਸੀ, ਉਹ ਗੁਰਾਂ ਨੇ ਸੱਚ ਦਾ ਬਚਨ ਬੋਲਕੇ ਠਾਕੀ=ਰੋਕ ਦਿੱਤੀ ਹੈ।

ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥ ੭ ॥

ਵਾਹਿਗੁਰੂ ਆਪਿ ਵਿਚਾਰ ਕਰਾਵੇ ਤਾਂ ਇਹ ਜੀਵ ਤੋਲਸੀ=ਵਿਚਾਰ ਕਰਦਾ ਹੈ, ਕਿਉਂਕਿ ਪੂਰੇ ਪ੍ਰਭੂ ਦਾ ਪੂਰਾ ਹੀ ਤੋਲੁ=ਵਿਚਾਰ ਹੈ॥ ੭ ॥

ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥

ਜ਼ਬਾਨੀ ਕਥਨੀਆਂ ਦੇ ਕਹਿਣ ਨਾਲ ਛੁਟਕਾਰਾ ਨਹੀਂ ਹੁੰਦਾ ਭਾਰ=ਸਮੂਹ ਪੁਸਤਕਾਂ ਦੇ ਪੜ੍ਹਨ ਨਾਲ ਵੀ ਛੁਟਕਾਰਾ ਨਹੀਂ ਹੁੰਦਾ।

ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ॥

ਭਗਤਿ ਪਿਆਰ=ਪ੍ਰੇਮਾ ਭਗਤੀ ਤੋਂ ਬਿਨਾਂ ਕੇਵਲ ਕਰਮ ਕਾਂਡੀਆਂ ਵਾਂਗੂੰ ਕਾਇਆ ਸੋਚ=ਦੇਹ ਦੀ ਪਵਿੱਤ੍ਰਤਾ ਕਰਨ ਨਾਲ ਹਰਿ ਨ ਪਾਈਐ=ਪ੍ਰਮੇਸ਼ਰ ਨਹੀਂ ਮਿਲਦਾ।

ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ॥ ੮॥ ੯॥

ਗੁਰੂ ਜੀ ਕਥਨ ਕਰਦੇ ਹਨ ਜੇਕਰ ਪ੍ਰਭੂ ਦਾ ਨਾਮ ਨਾ ਭੁੱਲੇ, ਤਾਂ ਗੁਰੂ ਸਾਹਿਬ ਜੀ ਕਰਤਾਰ ਨਾਲ ਮੇਲ ਦੇਂਦੇ ਹਨ॥ ੮॥ ੯॥

ਸਿਰੀਰਾਗੁ ਮਹਲਾ ੧॥

ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ॥

ਜੇਕਰ ਪੂਰਾ ਸਤਿਗੁਰੂ ਮਿਲ ਜਾਵੇ, ਤਾਂ ਵਿਚਾਰ ਰੂਪ ਰਤਨ ਪਾਈਦਾ ਹੈ।

ਅਥਵਾ-ਸ਼ੁਭ ਵਿਚਾਰ ਤੇ ਰਤਨੁ=ਵੈਰਾਗ ਪਾਈਦਾ ਹੈ।

ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ॥

ਆਪਣੇ ਗੁਰਾਂ ਨੂੰ ਮਨ ਅਰਪਣ ਕਰ ਦੇਵੇ ਤਾਂ ਸਭਨਾਂ ਨਾਲ ਪਿਆਰ ਕਰਨਾ ਪਾਈਦਾ ਹੈ, ਵਾ:-ਸਾਰਿਆਂ ਦਾ ਪਿਆਰਾ ਜੋ ਪ੍ਰਭੂ ਹੈ ਉਹ ਪਾਈਦਾ ਹੈ।

ਅਥਵਾ-ਸਾਰਿਆਂ ਵਿਚ ਵਿਆਪਕ ਪ੍ਰਭੂ ਦਾ ਪਿਆਰ ਪਾਈਦਾ ਹੈ।

ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ॥ ੧॥

ਪ੍ਰਭੂ ਦਾ ਪਿਆਰ ਹੀ ਔਗੁਣਾਂ ਦੇ ਨਾਸ ਕਰਨ ਵਾਲਾ ਹੈ, ਉਸ ਨਾਲ ਪਿਆਰ ਕਰਕੇ ਹੀ ਮੁਕਤੀ ਪਦਾਰਥ ਪ੍ਰਾਪਤ ਹੁੰਦਾ ਹੈ॥ ੧॥

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥

ਹੇ ਭਾਈ ! ਗੁਰੂ ਦੀ ਕਿਰਪਾ ਤੋਂ ਬਿਨਾਂ ਬ੍ਰਹਮ ਗਿਆਨ ਪ੍ਰਾਪਤ ਨਹੀਂ ਹੁੰਦਾ।

ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ੧॥ ਰਹਾਉ॥

ਬੇਸ਼ੱਕ ਜਾਕੇ ਕੋਈ ਬ੍ਰਹਮਾਂ ਪਾਸੋਂ, ਨਾਰਦ ਮੁਨੀ ਪਾਸੋਂ, ਅਤੇ ਬੇਦਾਂ ਦੇ ਟੀਕਾ ਕਰਨ ਵਾਲੇ ਬੇਦ ਬਿਆਸ ਜੀ ਪਾਸੋਂ ਪੁੱਛ ਲਵੇ, ਕਿਉਂਕਿ ਉਨ੍ਹਾਂ ਨੂੰ ਭੀ ਗੁਰੂ ਤੋਂ ਬਿਨਾਂ ਗਿਆਨ ਨਹੀਂ ਹੋਇਆ ॥ ੧॥ ਰਹਾਉ॥

ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥

ਪ੍ਰਭੂ ਦੇ ਗਿਆਨ ਧਿਆਨ ਦੀ ਪ੍ਰਾਪਤੀ ਗੁਰੂ ਦੀ ਉਪਦੇਸ਼ ਧੁਨਿ=ਬਾਣੀ ਸੇ ਜਾਣੀਂਦੀ ਹੈ, ਜਿਸ ਨੂੰ ਉਪਦੇਸ਼ ਬਾਣੀ ਪ੍ਰਾਪਤੀ ਹੋਈ ਹੈ-ਉਹ ਅਕੱਥ ਪ੍ਰਭੂ ਦੇ ਜਸ ਨੂੰ ਆਪ ਕਹਿੰਦਾ ਹੈ ਹੋਰਨਾਂ ਪਾਸੋਂ ਕਹਾਂਦਾ ਹੈ।

ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥

ਗੁਰੂ ਸਾਹਿਬ ਜੀ ਧਰਮ ਫੁੱਲ ਤੇ ਗਿਆਨ ਫਲ ਦੇ ਸਹਿਤ ਹਰੀਆਵਲੇ ਬ੍ਰਿੱਛ ਹਨ, ਸ਼ੁਭ ਗੁਣਾਂ ਰੂਪ ਹਰੀਆਵਲਤਾ ਹੈ, ਅਤੇ ਸ਼ਾਂਤੀ ਰੂਪੀ ਘਣੀ ਛਾਇਆ ਹੋ ਰਹੀ ਹੈ।

ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥ ੨ ॥

ਲਾਲ=ਪ੍ਰੇਮ ਜਵੇਹਰ=ਗਿਆਨ ਮਾਣਕੀ=ਸ੍ਰਵਨ ਮਨਨ ਨਿਧਿਆਸਣ, ਇਤਆਦਿਕ ਸਾਰੇ ਸ਼ੁਭ ਗੁਣ ਗੁਰਾਂ ਦੇ ਅੰਤਹਕਰਨ ਰੂਪ ਭੰਡਾਰੇ ਵਿਚ ਸੋਇ='ਸੁਭਾਇਮਾਨ' ਹੋ ਰਹੇ ਹਨ॥੨ ॥

ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥

ਗੁਰਾਂ ਦੇ ਅੰਤਹਕਰਨ ਰੂਪ ਭੰਡਾਰੇ ਵਿਚੋਂ ਹੀ ਨਿਰਮਲ ਪ੍ਰਭੂ ਦੇ ਨਾਮ ਦਾ ਪਿਆਰ ਪਾਈਦਾ ਹੈ।

ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥

ਪੂਰਿਆਂ ਗੁਰਾਂ ਦੇ ਕਰਮਿ=ਅਨੁਗ੍ਰਹੁ ਨਾਲ ਹੀ ਅਪਾਰੁ=ਬਿਅੰਤ ਰੂਪ ਪ੍ਰਭੂ ਦਾ ਸੱਚ ਨਾਮ ਰੂਪ ਵਖਰੁ ਸੰਚੀਐ=ਸੌਦਾ ਇਕੱਠਾ ਕਰੀਦਾ ਹੈ।

ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥ ੩ ॥

ਸਤਿਗੁਰੂ ਹੀ ਸੁਖਾਂ ਦੇ ਦੇਣ ਵਾਲੇ, ਦੁੱਖਾਂ ਦੇ ਦੂਰ ਕਰਨ ਵਾਲੇ, ਅਤੇ ਕਾਮ ਆਦਿਕ ਅਸੁਰ ਸੰਘਾਰੁ=ਦੈਂਤਾਂ ਦੇ ਮਾਰਨ ਵਾਲੇ ਹਨ॥ ੩ ॥

ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥

ਅਗਿਆਨ ਕਰਕੇ ਡਰਾਉਣੇ ਸੰਸਾਰ ਸਮੁੰਦਰ ਤੋਂ ਜੀਵ ਦਾ ਤਰਨਾ ਬਹੁਤ ਬਿਖਮੁ=ਕਠਨ ਹੈ, ਕਿਉਂਕਿ ਨਾ ਇਸ ਦੀ ਉਰਾਰ ਦੀ ਕੰਧੀ ਤੇ ਨਾਹੀ ਪਾਰਲੀ ਕੰਧੀ ਦਾ ਅੰਤ ਆਉਂਦਾ ਹੈ।

ਅਥਵਾ:-ਡਰਾਉਣੇ ਸੰਸਾਰ ਤੋਂ ਤਰਨ ਵਾਸਤੇ ਨਾ ਉਰਾਰ ਦਾ ਕਿਨਾਰਾ ਵੈਰਾਗ ਹੈ, ਨਾ ਪਾਰਲਾ ਕਿਨਾਰਾ ਗਿਆਨ ਹੈ।

ਅਥਵਾ:-ਨਾ ਉਰਾਰ ਦਾ ਕਿਨਾਰਾ ਸ਼ਰਧਾ ਹੈ, ਨਾ ਪਾਰਲਾ ਕਿਨਾਰਾ ਮੋਖਛ ਹੈ।

ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥

ਜੀਵ ਦੇ ਪਾਸ ਆਸਾ ਤ੍ਰਿਸ਼ਨਾਂ ਰੂਪ ਨਦੀ ਤੋਂ ਪਾਰ ਹੋਣ ਵਾਸਤੇ ਭਗਤੀ ਰੂਪੀ ਬੇੜੀ ਨਹੀਂ ਹੈ। ਸੰਕਲਪਾਂ ਵਿਕਲਪਾਂ ਰੂਪ ਨਾਲਿਆਂ ਤੋਂ ਪਾਰ ਹੋਣ ਵਾਸਤੇ 'ਅਦ੍ਵੈਤ ਨਿਸਚਾ', ਵਾ:- ਪ੍ਰੇਮ ਰੂਪ ਤੁਲਹਾ ਨਹੀਂ ਹੈ, ਨਾ ਤਿਸ ਜੀਵ ਦੇ ਪਾਸ ਵੈਰਾਗ ਰੂਪ 'ਵੰਝੁ' ਹੈ, ਨਾ ਹੀ ਗੁਰੂ ਰੂਪ ਮਲਾਰੁ=ਮਲਾਹ ਮਿਲੇ।

ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥ ੪ ॥

ਸਤਿਗੁਰੂ ਹੀ ਭੈ-ਦਾਇਕ ਸੰਸਾਰ ਸਮੁੰਦਰ ਦਾ ਬੋਹਿਥਾ=ਜਹਾਜ਼ ਨਾਮ ਦੇ ਕੇ ਆਪਣੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਦਿੰਦੇ ਹਨ॥ ੪ ॥

ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥

ਇੱਕ ਤਿਲ ਜਿੰਨਾਂ ਸਮਾਂ ਭੀ ਪਿਆਰਾ ਪ੍ਰਭੂ ਭੁੱਲ ਜਾਵੇ, ਤਾਂ ਦੁੱਖ ਆ ਲੱਗਦਾ ਹੈ, ਅਤੇ ਸੁਖ ਚਲਿਆ ਜਾਂਦਾ ਹੈ।

ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥

ਜਿਹਵਾ ਸੜ ਜਾਵੇ, ਕਿਉਂਕਿ ਜਲਾਵਣੀ=ਸਾੜਨੇ ਜੋਗ ਹੈ, ਰਸਾਇ=ਤਦਾਕਾਰ ਹੋ ਕੇ ਇੱਕ ਰਸ ਪ੍ਰੇਮ ਸਹਿਤ ਨਾਮ ਨਹੀਂ ਜਪਦੀ।

ਯਥਾ:- ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥ *(ਪੰਨਾ ੫੫੦)*

ਤਥਾ:- ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨ ਪਾਇਆ ॥ *(ਪੰਨਾ ੫੫੦)*

ਤਥਾ:- ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥ *(ਪੰਨਾ ੧੩੬੨)*

ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥ ੫ ॥

ਜਿਸ ਵੇਲੇ ਘਟੁ=ਸਰੀਰ ਬਿਨਸਦਾ ਹੈ, ਤੇ ਜਮ ਆ ਕੇ ਫੜਦਾ ਹੈ, ਤਦ ਅਗਲੋ=ਬਹੁਤਾ ਦੁੱਖ ਭੋਗਣ ਲਗਿਆਂ ਪਛਤਾਂਦਾ ਹੈ।

*ਅਥਵਾ:-*ਪਟੁ=ਸਰੀਰ ਦੇ ਬਿਨਸਣ ਲਗਿਆਂ ਇਸਨੂੰ ਬਹੁਤਾ ਦੁਖ ਹੁੰਦਾ ਹੈ, ਜਿਸ ਵੇਲੇ ਜਮ ਫੜਦਾ ਹੈ ਤਦ ਵੀ ਪਸਚਾਤਾਪ ਕਰਦਾ ਹੈ ॥ ੫ ॥

ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥

ਕਈ ਮਨੁੱਖ ਮੇਰੀ ਮੇਰੀ ਕਰਦੇ ਚਲੇ ਗਏ ਹਨ, ਪਰ ਇਸ ਸਰੀਰ, ਧਨ, ਕਲਤੁ=ਇਸਤ੍ਰੀ ਆਦਿਕ ਕਿਸੀ ਦੇ ਭੀ ਨਾਲ ਨਹੀਂ ਗਏ।

ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥

ਪ੍ਰਭੂ ਦੇ ਨਾਮ ਤੋਂ ਬਿਨਾਂ ਇਹ ਧਨੁ=ਇਸਤ੍ਰੀ ਬਾਦਿ=ਵਿਅਰਥ ਹੈ, ਆਥਿ=ਮਾਇਆ ਵਿਚ ਲਗਣ ਕਰਕੇ ਪ੍ਰਭੂ ਦੀ ਪ੍ਰਾਪਤੀ ਦਾ ਗਿਆਨ ਵੈਰਾਗ ਰੂਪ ਮਾਰਗਿ=ਰਸਤਾ ਭੁੱਲ ਗਿਆ ਹੈ।

*ਅਥਵਾ:-*ਗਿਆਨ ਵੈਰਾਗ ਰੂਪੀ ਰਸਤਾ ਜੋ ਆਥਿ=ਹੈ ਉਸ ਵੱਲੋਂ ਭੁੱਲ ਗਿਆ ਹੈ। ਆਥ ਨਾਮ ਭਗਤੀ ਦਾ ਹੈ ਭਗਤੀ ਰੂਪੀ ਮਾਰਗ ਇਸ ਨੂੰ ਭੁੱਲ ਗਿਆ ਹੈ।

ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥ ੬ ॥

ਗੁਰਾਂ ਦੁਆਰੇ ਸੱਚੇ ਸਾਹਿਬ ਨੂੰ ਸੇਵਨਾ ਕਰੋ, ਅਤੇ ਅਕੱਥ ਪ੍ਰਭੂ ਦੀ ਕਥਾ ਨੂੰ ਕਥਨ ਕਰੋ ॥ ੬ ॥

ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥

ਮਨਮੁਖ ਪੁਰਸ਼ ਆਉਣੇ ਜਾਣੇ ਭਾਵ ਜਨਮ ਮਰਨ ਵਿਚ ਭੁਆਂਏ ਜਾਂਦੇ ਹਨ, ਕਿਰਤਿ ਕਮਾਇ=ਕੀਤੀ ਹੋਈ ਕਮਾਈ ਦਾ ਫਲ ਜੁ ਪਾਣਾ ਹੋਇਆ।

ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥

ਪੂਰਬਲੇ ਜਨਮ ਵਿਚ ਕੀਤੇ ਹੋਇ ਕਰਮਾਂ ਦਾ ਫਲ ਭੁਗਤਾਣ ਵਾਸਤੇ ਰਜਾਇ=ਪ੍ਰਮਾਤਮਾ ਨੇ ਜੋ ਹੁਣ ਲੇਖ ਲਿਖ ਦਿੱਤਾ ਹੈ, ਉਹ ਲਿਖਿਆ ਹੋਇਆ ਲੇਖ ਫਲ ਭੋਗੇ ਤੋਂ ਬਿਨਾਂ ਕਿਵੇਂ ਮਿਟ ਸਕਦਾ ਹੈ।

ਯਥਾ:- ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥ *(ਦਖਣੀ ਓਅੰਕਾਰੁ, ਪੰਨਾ ੯੩੭)*

ਤਥਾ:-ਪਵੜੀ॥ ਕਕਾ ਕਾਰਨ ਕਰਤਾ ਸੋਊ॥ ਲਿਖਿਓ ਲੇਖੁ ਨ ਮੇਟਤ ਕੋਊ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੩)

ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ॥ ੭॥

ਹਰੀ ਨਾਮ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ, ਗੁਰ ਸਿੱਖਿਆ ਵਿਖੇ ਮਨ ਮਿਲ ਜਾਵੇ ਤਾਂ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ॥ ੭॥

ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ॥

ਜਿਸ ਪ੍ਰਮਾਤਮਾ ਦਾ ਜੀਅ ਨੂੰ ਪਰਾਨ ਆਦਿਕ ਸਭ ਕੁਝ ਦਿੱਤਾ ਹੋਇਆ ਹੈ, ਉਸ ਤੋਂ ਬਿਨਾਂ ਮੇਰਾ ਹੋਰ ਕੋਈ ਰਾਖਾ ਨਹੀਂ ਹੈ।

ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ॥

ਹੰਗਤਾ ਮਮਤਾ ਸਭ ਜਾਵੇ, ਲੋਭ ਵੀ ਬਲਉ=ਸੜ ਜਾਵੇ, ਅਤੇ ਅਭਿਮਾਨੁ=ਹੰਕਾਰ ਵੀ ਜਲਉ=ਸੜ ਜਾਵੇ।

ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥ ੮॥ ੧੦॥

ਗੁਰੂ ਜੀ ਆਖਦੇ ਹਨ-ਗੁਰ ਉਪਦੇਸ਼ ਦੇ ਵਿਚਾਰਨ ਕਰਕੇ ਹੀ ਗੁਣੀ ਨਿਧਾਨੁ=ਸ਼ੁਭ ਗੁਣਾਂ ਦਾ ਖਜ਼ਾਨਾ ਪ੍ਰਮਾਤਮਾ ਪਾਈਦਾ ਹੈ॥ ੮॥ ੧੦॥

ਸਿਰੀਰਾਗੁ ਮਹਲਾ ੧॥

ਉਥਾਨਕਾ:-ਇੱਕ ਸਿੱਖ ਨੇ ਬੇਨਤੀ ਕੀਤੀ, ਪ੍ਰਭੂ ਦੀ ਪ੍ਰਾਪਤੀ ਦਾ ਮੁੱਖ ਸਾਧਨ ਕਿਹੜਾ ਹੈ ?

ਗੁਰੂ ਜੀ ਨੇ ਕਿਹਾ ਉਸ ਦੀ ਪ੍ਰਾਪਤੀ ਦਾ ਮੁੱਖ ਸਾਧਨ ਪ੍ਰੀਤੀ ਹੈ।

ਜੇਕਰ ਤੈਨੂੰ ਉਸ ਦੀ ਪ੍ਰਾਪਤੀ ਦੀ ਇੱਛਾ ਹੈ। ਤਾਂ-

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥

ਹੇ ਮਨ ! ਹਰੀ ਨਾਲ ਤੂੰ ਅਜੇਹੀ ਪ੍ਰੀਤੀ ਕਰ, ਜਿਵੇਂ ਕਵਲ ਫੁੱਲ ਦੀ ਪਾਣੀ ਨਾਲ ਪ੍ਰੀਤ ਹੈ।

ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥

ਭਾਵੇਂ ਪਾਣੀ ਉਸਨੂੰ ਲਹਿਰਾਂ ਨਾਲ ਪਛਾੜਦਾ ਭਾਵ ਡੇਗਦਾ ਹੈ, ਭੀ=ਤਾਂ ਭੀ ਕਵਲ ਫੁੱਲ ਅਸਨੇਹਿ=ਪ੍ਰੇਮ ਕਰਕੇ ਵਿਗਸੈ=ਖੁਸ਼ ਹੁੰਦਾ ਅਰਥਾਤ ਖਿੜਦਾ ਹੈ।

ਏਸੇ ਤਰ੍ਹਾਂ ਜਲ ਰੂਪ ਪ੍ਰਮਾਤਮਾ ਕਰਮਾਂ ਰੂਪ ਲਹਿਰਾਂ ਨਾਲ ਜੀਵ ਰੂਪ ਕਵਲ ਫੁੱਲ ਨੂੰ ਪਛਾੜੀਐ=ਦੁੱਖ ਭੀ ਦੇਵੇ ਤੋਭੀ ਜੀਵ ਨੂੰ ਪ੍ਰੇਮ ਕਰਕੇ ਖੁਸ਼ ਹੋਣਾ ਚਾਹੀਦਾ ਹੈ ਕਿ ਚੰਗਾ ਹੋ ਗਿਆ ਹੈ ਜੋ ਮੇਰੇ ਕਰਮਾਂ ਦਾ ਫਲ ਭੁਗਤ ਗਿਆ ਹੈ।

[ਪੰਨਾ ੬੦]

ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥ ੧ ॥

ਵਾਹਿਗੁਰੂ ਨੇ ਜਲ ਦੇ ਵਿਚ ਹੀ ਕਵਲ ਫੁੱਲ ਦਾ ਜੀਵਣ ਪੈਦਾ ਕਰ ਦਿੱਤਾ ਹੈ, ਪਾਣੀ ਤੋਂ ਬਿਨਾਂ ਤਿਨੇਹਿ=ਤਿਸ ਕਵਲ ਫੁੱਲ ਦਾ ਮਰਨਾ ਹੁੰਦਾ ਹੈ।

ਅਥਵਾ:-ਜਿਤਨੇ ਕੁ ਜੀਆ ਜੰਤ ਜਲ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਜਲ ਤੋਂ ਬਿਨਾਂ ਮਰਨਾ ਹੁੰਦਾ ਹੈ। ਜਿਸ ਵੇਲੇ ਅਗਸਤ ਰਿਖੀ ਨੇ ਢਾਈ ਚੁਲੀਆਂ ਕਰਕੇ ਸਮੁੰਦ੍ਰ ਦਾ ਸਾਰਾ ਪਾਣੀ ਪੀ ਲਿਆ ਸੀ, ਤਿਸ ਵੇਲੇ ਜਲ ਜੰਤੁ ਸਭ ਤੜਫਨ ਲਗ ਪਏ ਸਨ।

ਏਸੇ ਤਰ੍ਹਾਂ ਜਿਨ੍ਹਾਂ ਗੁਰਮੁਖਾਂ ਨੇ ਨਾਮ ਜਲ ਵਿਚ ਆਪਣਾ ਜੀਵਣ ਪੈਦਾ ਕੀਤਾ ਹੈ ਉਨ੍ਹਾਂ ਦਾ ਨਾਮ ਜਲ ਤੋਂ ਬਿਨਾਂ ਮਰਨਾ ਹੀ ਹੁੰਦਾ ਹੈ॥ ੧॥

ਮਨ ਰੇ ਕਿਉ ਛੂਟਹਿ ਬਿਨੁ ਪਿਆਰ॥

ਹੇ ਮਨ ! ਪ੍ਰਭੂ ਵਿਖੇ ਪਿਆਰ ਕੀਤੇ ਤੋਂ ਬਿਨਾਂ, ਜਮਾਂ ਪਾਸੋਂ ਕਿਵੇਂ ਛੁਟੇਂਗਾ।

ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ॥ ੧ ॥ ਰਹਾਉ ॥

ਉਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਪ੍ਰਭੂ ਰਵ ਰਿਹਾ ਹੈ, ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਭਗਤੀ ਦਾ ਭੰਡਾਰਾ ਬਖਸ਼ਦੇ ਹਨ।

ਅਥਵਾ:-ਉਹ ਪ੍ਰਮਾਤਮਾ ਗੁਰਮੁਖਾਂ ਦੇ ਅੰਦਰ ਰਵ ਰਿਹਾ ਹੈ, ਅਤੇ ਗੁਰਮੁਖਾਂ ਨੂੰ ਹੀ ਭਗਤੀ ਦਾ ਭੰਡਾਰਾ ਬਖਸ਼ਦਾ ਹੈ॥ ੧॥ ਰਹਾਉ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥

ਹੇ ਮਨ ! ਹਰੀ ਨਾਲ ਇਸ ਤਰ੍ਹਾਂ ਪ੍ਰੀਤੀ ਕਰ, ਜਿਵੇਂ ਮੱਛੀ ਦੀ ਨੀਰ=ਪਾਣੀ ਨਾਲ ਪ੍ਰੀਤੀ ਹੈ।

ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥

ਜਿਉਂ ਜਿਉਂ ਪਾਣੀ ਅਧਿਕਉ=ਬਹੁਤਾ ਹੁੰਦਾ ਹੈ, ਤਿਉਂ ਤਿਉਂ ਮੱਛੀ ਦੇ ਸਰੀਰ ਨੂੰ ਘਣਾ ਸੁਖ ਹੁੰਦਾ ਹੈ, ਅਤੇ ਮਨ ਤਨ ਵਿਖੇ ਸ਼ਾਂਤੀ ਹੁੰਦੀ ਹੈ।

ਅਥਵਾ:-ਮਨ ਤਨਿ=ਨਾਲੇ ਸਰੀਰ ਨੂੰ ਸ਼ਾਂਤੀ ਹੁੰਦੀ ਹੈ।

ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ॥ ੨ ॥

ਜਲ ਤੋਂ ਬਿਨਾਂ ਇੱਕ ਘੜੀ ਭਰ ਵੀ ਜਿਉਂਦੀ ਨਹੀਂ ਹੈ, ਜਲ ਦੇ ਵਿਛੜਣੇ ਕਰਕੇ ਜੋ ਦੁੱਖ ਮੱਛੀ ਨੂੰ ਹੁੰਦਾ ਹੈ ਉਸ ਦੇ ਅਭ=ਹਿਰਦੇ ਦੀ ਪੀਰ=ਪੀੜਾ ਨੂੰ ਪ੍ਰਭੂ ਹੀ ਜਾਣਦਾ ਹੈ।

ਤਿਵੇਂ ਜਗਿਆਸੁ ਨੂੰ ਚਾਹੀਦਾ ਹੈ ਆਪ ਮੱਛੀ ਸਮਾਨ ਬਣੇ, ਪ੍ਰਮੇਸ਼ਰ ਨੂੰ ਜਲ ਸਮਾਨ ਸਮਝੇ, ਉਸ ਤੋਂ ਬਿਨਾਂ ਇੱਕ ਘੜੀ ਮਾਤ੍ਰ ਵੀ ਨਾ ਜਿਉਵੇ॥ ੨ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥

ਹੇ ਮਨ ! ਹਰੀ ਨਾਲ ਇਸ ਤਰ੍ਹਾਂ ਪ੍ਰੀਤੀ ਕਰ, ਜਿਵੇਂ (ਚਾਤ੍ਰਿਕ) ਪਪੀਹੇ ਦੀ ਮੇਹ=ਮੇਘ (ਬਦਲਾਂ) ਨਾਲ ਪ੍ਰੀਤੀ ਹੈ। ਅਥਵਾ:-ਮੇਹ=ਸ੍ਵਾਂਤੀ ਬੂੰਦ ਨਾਲ ਪ੍ਰੀਤੀ ਹੈ।

ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥

ਜਿਸ ਵੇਲੇ ਬੱਦਲ ਵਰਸਦਾ ਹੈ, ਉਸ ਵੇਲੇ ਸਰ=ਸਰੋਵਰ ਪਾਣੀ ਨਾਲ ਭਰ ਜਾਂਦੇ ਹਨ ਅਤੇ ਹੋਰ ਥਲ=ਅਸਥਾਨ ਵੀ ਮੀਂਹ ਦੇ ਪਾਣੀ ਨਾਲ ਹਰਿਆਵਲਤਾ ਦੇ ਸਹਿਤ ਹੋ ਜਾਂਦੇ ਹਨ। ਪਰ ਪਪੀਹੇ ਦੇ ਮੂੰਹ ਵਿਚ ਜੇਕਰ ਇੱਕ ਸ੍ਵਾਂਤੀ ਬੂੰਦ ਨਾ ਪਵੇ, ਤਾਂ ਉਸ ਦੇ ਭਾਣੇ ਇਤਨਾ ਮੀਂਹ ਪਿਆ ਕੇਹ=ਕਿਸ ਕੰਮ ਹੈ।

ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥ ੩॥

ਜੇਕਰ ਕੋਈ ਪੂਰਬਲਾ ਚੰਗਾ ਕਰਮ ਆ ਕੇ ਮਿਲੇ, ਜਾਂ ਈਸ੍ਵਰ ਦਾ ਕਰਮਿ=ਅਨੁਗ੍ਰਹੁ ਮਿਲੇ ਤਾਂ 'ਸ੍ਵਾਂਤੀ ਨਿਛੱਤ੍ਰ' ਵਿਚ ਉਸ ਸ੍ਵਾਂਤੀ ਬੂੰਦ ਨੂੰ ਪਾਂਦਾ ਹੈ, ਨਹੀਂ ਤਾਂ ਉਸ ਦਾ ਕਿਰਤ ਹੀ ਅਜੇਹਾ ਲਿਖਿਆ ਪਿਆ ਹੈ, ਕਿ ਉਹ ਆਪਣਾ ਸਿਰ ਦੇ ਦੇਂਦਾ ਹੈ। ਅਰਥਾਤ 'ਪੀਆ ਪੀਆ', ਕਰਦਾ ਹੀ ਮਰ ਜਾਂਦਾ ਹੈ। ਏਸੇ ਤਰ੍ਹਾਂ ਜਗਿਆਸੂ ਰੂਪ ਚਾਤ੍ਰਿਕ ਦੀ ਗੁਰੂ ਰੂਪ ਮੇਘ ਨਾਲ ਪ੍ਰੀਤੀ ਹੈ, ਵਾ:-ਅਭੇਦ ਬੋਧ ਰੂਪ ਸ੍ਵਾਂਤੀ ਬੂੰਦ ਨਾਲ ਪ੍ਰੀਤੀ ਹੈ। ਜਿਸ ਵੇਲੇ ਗੁਰੂ ਰੂਪ ਬੱਦਲ ਉਪਦੇਸ਼ ਜਲ ਦੀ ਵਰਖਾ ਕਰਦੇ ਹਨ, ਤਾਂ ਸਰ ਭਰਿ='ਮਧਿਮ ਜਗਿਆਸੂਆਂ' ਦੇ ਅੰਤਹ ਕਰਨ ਰੂਪ ਸਰੋਵਰ ਸ਼ੁਭ ਗੁਣਾਂ ਰੂਪ ਜਲ ਨਾਲ ਭਰ ਜਾਂਦੇ ਹਨ, ਥਲ ਹਰੀਆਵਲੇ='ਕਨਿਸ਼ਟ ਜਗਿਆਸੂਆਂ' ਦੇ ਥਲ ਵੱਤ ਖੁਸ਼ਕ ਅੰਤਹਕਰਨ ਵੀ ਸ਼ੁਭ ਗੁਣਾਂ ਨਾਲ ਹਰੇ ਹੋ ਜਾਂਦੇ ਹਨ, ਪਰ 'ਉੱਤਮ ਜਗਿਆਸੂ' ਰੂਪ ਪਪੀਹੇ ਦੇ ਅੰਤਹਕਰਨ ਵਿਚ ਅਭੇਦ ਬੋਧ ਰੂਪ ਸ੍ਵਾਂਤੀ ਬੂੰਦ ਨਾ ਪਵੇ ਤਾਂ ਉਸ ਦੇ ਭਾਣੇ ਹੋਰਨਾਂ ਨੂੰ ਜੋ ਆਨੰਦ ਮਿਲਿਆ ਹੈ ਉਹ ਕਿਸ ਕੰਮ ਹੈ।

ਸ਼ਰਧਾ ਰੂਪ ਸ੍ਵਾਂਤੀ ਨਿਛੱਤ੍ਰ ਵਿਖੇ ਗੁਰੂ ਰੂਪ ਬੱਦਲ ਕਰਮਿ=ਕਿਰਪਾ ਕਰਕੇ ਮਿਲਣ ਤਾਂ ਨਾਮ ਰੂਪ ਵਰਖਾ ਦੁਆਰੇ ਅਭੇਦ ਬੋਧ ਰੂਪ ਸ੍ਵਾਂਤੀ ਬੂੰਦ ਪ੍ਰਾਪਤ ਹੁੰਦੀ ਹੈ। ਨਹੀਂ ਤਾਂ ਉਸ ਦਾ ਕਿਰਤ ਹੀ ਅਜੇਹਾ ਲਿਖਿਆ ਪਿਆ ਹੈ ਉਹ ਆਪਣਾ ਸਿਰ ਕੁਰਬਾਨ ਕਰ ਦੇਂਦਾ ਹੈ।

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੂਧ ਹੋਇ॥

ਹੇ ਮਨ ! ਹਰੀ ਨਾਲ ਇਸ ਤਰ੍ਹਾਂ ਪ੍ਰੀਤੀ ਕਰ, ਜਿਵੇਂ ਜਲ ਦੀ ਦੁੱਧ ਨਾਲ ਪ੍ਰੀਤੀ ਹੁੰਦੀ ਹੈ।

ਆਵਟਣੁ ਆਪੇ ਖਵੈ ਦੂਧ ਕਉ ਖਪਣਿ ਨ ਦੇਇ॥

ਆਵਟਣੁ=ਉਬਾਲਿਆਂ ਨੂੰ ਆਪ ਹੀ ਖਵੈ=ਸਹਾਰਦਾ ਹੈ, ਪਰ ਦੁੱਧ ਨੂੰ ਖਪਣਿ=ਸੜਨ ਨਹੀਂ ਦੇਂਦਾ। (ਇਨ੍ਹਾਂ ਦੀ ਆਪਸ ਵਿਚ ਦੋ ਅੰਗੀ ਪ੍ਰੀਤੀ ਹੈ) ਜਦ ਪਾਣੀ ਉਬਾਲਿਆਂ ਨੂੰ ਸਹਾਰ ਸਹਾਰ ਕੇ ਆਪ ਸੁੱਕ ਜਾਂਦਾ ਹੈ, ਤਾਂ ਦੁੱਧ ਵਿਚਾਰਦਾ ਹੈ ਮੇਰੇ ਪਿੱਛੇ ਇਸਨੇ ਆਪਣਾ ਆਪ ਅਭਾਵ ਕਰ ਦਿੱਤਾ ਹੈ, ਹੁਣ ਇਸ ਦੇ ਦੁਸ਼ਮਨ ਦਾ ਮੈਨੂੰ ਭੀ ਅਭਾਵ ਕਰਨਾ ਚਾਹੀਦਾ ਹੈ। ਇਹ ਗੱਲ ਵਿਚਾਰਦਾ ਹੋਇਆ ਦੁੱਧ ਉਬਲ ਕੇ 'ਜਲ ਦਾ ਦੁਸ਼ਮਨ', ਜੋ ਅੱਗ ਹੈ ਉਸ ਨੂੰ ਬੁਝਾ ਦੇਂਦਾ ਹੈ। ਏਸੇ ਤਰ੍ਹਾਂ ਜਲ ਦੀ ਨਿਆਈਂ ਸ਼ਾਂਤ ਆਤਮਾਂ ਜੋ ਗੁਰਮੁਖ ਮਹਾਤਮਾਂ ਹਨ ਉਨ੍ਹਾਂ ਦੀ ਦੁੱਧ ਰੂਪ ਵਾਹਿਗੁਰੂ ਨਾਲ ਪ੍ਰੀਤੀ ਹੈ।

ਵਾਹਿਗੁਰੂ ਪਿੱਛੇ ਆਪ ਦੁੱਖ ਸਹਾਰਦੇ ਰਹਿੰਦੇ ਹਨ ਪਰ- ਦੂਧ ਕਉ ਖਪਣਿ ਨ ਦੇਇ॥

ਈਸ਼੍ਵਰ ਦੀ ਨਿੰਦਿਆ ਨਹੀਂ ਸੁਣਦੇ। ਜਿਵੇਂ ਗੁਰਮੁਖ ਭਗਤਾਂ ਦੀ ਵਾਹਿਗੁਰੂ ਨਾਲ ਪ੍ਰੀਤੀ ਹੈ, ਤਿਵੇਂ ਈਸ਼੍ਵਰ

ਦੀ ਵੀ ਭਗਤਾਂ ਨਾਲ ਪ੍ਰੀਤੀ ਹੈ। ਜੇ ਕੋਈ ਗੁਰਮੁਖ ਭਗਤਾਂ ਨੂੰ ਦੁੱਖ ਦੇਂਦਾ ਹੈ ਤਾਂ ਈਸ਼ੁਰ ਆਪ ਉੱਦਮ ਕਰਕੇ ਯਾਨੇ ਅਵਤਾਰ ਧਾਰ ਕੇ ਦੋਖੀਆਂ ਦੁਸ਼ਟਾਂ ਨੂੰ ਮਾਰ ਦੇਂਦਾ ਹੈ।

ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ ॥ ੪ ॥

ਜਿਨ੍ਹਾਂ ਨੂੰ ਸੱਚ ਬੋਲਣ ਦੀ, *ਅਥਵਾ:*-ਸੱਚ ਨਾਮ ਜਪਣ ਦੀ ਵਡਿਆਈ ਦੇਂਦਾ ਹੈ, ਉਨ੍ਹਾਂ ਵਿਛੜਿਆਂ ਹੋਇਆਂ ਨੂੰ ਆਪਣੇ ਨਾਲ ਮੇਲ ਲੈਂਦਾ ਹੈ॥ ੪॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥

ਹੇ ਮਨ ! ਹਰੀ ਨਾਲ ਇਸ ਤਰ੍ਹਾਂ ਪ੍ਰੀਤੀ ਕਰ, ਜਿਵੇਂ ਚਕਵੀ ਦੀ ਸੂਰ=ਸੂਰਜ ਨਾਲ ਪ੍ਰੀਤੀ ਹੈ।

ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥

ਪੱਲ ਦਾ ਖਿਨ ਭਰ ਸਮਾਂ ਵੀ ਰਾਤ ਨੂੰ ਨੀਂਦ ਵਿਚ ਨਹੀਂ ਸੌਂਦੀ , ਸੂਰਜ ਭਾਵੇਂ ਦੂਰ ਹੈ, ਪਰ ਉਸਨੂੰ ਹਜੂਰਿ=ਨੇੜੇ ਜਾਣਦੀ ਹੈ ਕਿ ਹੁਣੇ ਚੜ੍ਹਦਾ ਹੈ।

ਅਥਵਾ:-ਚਕਵਾ ਭਾਵੇਂ ਹਜੂਰਿ=ਪਾਸ ਹੈ ਇੱਕੋ ਪਿੰਜਰੇ ਵਿਚ ਪਏ ਹੋਏ ਹਨ, ਪਰ ਉਸਨੂੰ ਦੂਰ ਜਾਣਦੀ ਹੈ। ਰਾਮ ਚੰਦ੍ਰ ਜੀ ਦੇ ਸਰਾਪ ਹੋਣ ਕਰਕੇ।

ਏਸੇ ਤਰ੍ਹਾਂ ਜਗਿਆਸੂ ਰੂਪ ਚਕਵੀ ਦੀ ਗੁਰੂ ਸਾਹਿਬ ਜੀ ਰੂਪ ਸੂਰਜ ਨਾਲ ਪ੍ਰੀਤੀ ਹੈ-ਬ੍ਰਹਮ ਰੂਪ ਚਕਵੇ ਨਾਲ ਮਿਲਾਪ ਲਈ। ਪਲ ਦਾ ਖਿਨ ਭਰ ਸਮਾਂ ਵੀ ਸ਼ਾਂਤੀ ਰੂਪੀ ਨੀਂਦ ਵਿਖੇ ਸੌਂਦੀ ਨਹੀਂ, ਗੁਰੂ ਸਾਹਿਬ ਜੀ ਭਾਵੇਂ ਦੂਰ ਹਨ ਪਰ ਉਨ੍ਹਾਂ ਨੂੰ ਆਪਣੇ ਨੇੜੇ ਸਮਝਦੀ ਹੈ ਕਿ ਗੁਰੂ ਮੇਰੇ ਅੰਗ ਸੰਗ ਹਨ, ਭਾਵੇਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ 'ਡਰੋਲੀ' ਵਿਚ ਸਨ ਪਰ 'ਭਾਈ ਰੂਪੇ' ਕੇ ਜੰਗਲਾਂ ਵਿਚ ਕੋਲੇ ਬਣਾਂਦੇ ਹੋਏ ਗੁਰੂ ਸਾਹਿਬਾਂ ਨੂੰ ਆਪਣੇ ਪਾਸ ਹੀ ਸਮਝਦੇ ਰਹੇ।

ਅਥਵਾ:- ਬ੍ਰਹਮ ਰੂਪ ਚਕਵਾ ਹੈ ਤਾਂ ਪਾਸ ਅਰਥਾਤ ਅੰਤਹਕਰਨ ਦੇ ਵਿਚ ਹੀ ਹੈ, ਪਰ ਜਗਿਆਸੂ ਰੂਪ ਚਕਵੀ ਗੁਰੂ ਰੂਪ ਸੂਰਜ ਦੇ ਚੜ੍ਹੇ ਤੋਂ ਬਿਨਾਂ ਉਸਨੂੰ ਦੂਰ ਜਾਣਦੀ ਹੈ।

ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ ॥ ੫ ॥

ਮਨਮੁਖਾਂ ਨੂੰ ਉਸ ਪ੍ਰਭੂ ਦੀ ਸੋਝੀ=ਗਿਆਤ ਨਹੀਂ ਪੈਂਦੀ, ਅਤੇ ਗੁਰਮੁਖ ਉਸਨੂੰ ਸਦਾ ਹਾਜ਼ਰਾ ਹਜ਼ੂਰ ਸਮਝਦੇ ਹਨ॥ ੫॥

ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥

ਮਨਮੁਖ ਇਸਤ੍ਰੀ ਕਰਮ ਧਰਮ ਕਰਕੇ ਗਿਣਤੀਆਂ ਗਿਨਣ ਵਿਚ ਹੀ ਆਉਂਦੀ ਰਹਿੰਦੀ ਹੈ, ਪਰ ਇਹ ਨਹੀਂ ਸਮਝਦੀ ਕਿ ਹੁੰਦਾ ਉਹ ਕੁਝ ਹੈ ਜੋ ਕਰਤਾ ਪੁਰਖ ਕਰਦਾ ਹੈ।

ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥

ਤਿਸ ਪ੍ਰਭੂ ਦੀ ਕੀਮਤ ਨਹੀਂ ਪੈਂਦੀ ਜੇਕਰ ਭਾਵੇਂ ਸਭ ਕੋਈ ਲੋਚੈ=ਚਾਹੁੰਦਾ ਭੀ ਹੈ।

ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥ ੬ ॥

ਗੁਰ ਸਿੱਖਿਆ ਪ੍ਰਾਪਤ ਹੋਵੇ ਤਾਂ ਪ੍ਰਮੇਸ਼ਰ ਪਾਈਦਾ ਹੈ, ਸੱਚ ਦੇ ਮਿਲਣ ਕਰਕੇ ਹੀ ਸੁਖ ਪ੍ਰਾਪਤ ਹੁੰਦਾ ਹੈ॥ ੬॥

ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ॥

ਸੋਇ=ਉਸ ਪ੍ਰਭੂ ਦਾ ਸਰੂਪ ਪੂਰੇ ਸਤਿਗੁਰ ਦੇਵ ਜੀ ਜੇਕਰ ਮਿਲ ਪੈਣ, ਤਾਂ ਸੱਚਾ ਨੇਹੁ=ਪ੍ਰੇਮ ਟੁੱਟਦਾ ਨਹੀਂ ਹੈ।

ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥

ਗੁਰਾਂ ਪਾਸੋਂ ਗਿਆਨ ਪਦਾਰਥ ਪਾ ਲਿਆ ਜਾਵੇ, ਤਾਂ ਤਿੰਨਾਂ ਭਵਣਾਂ ਦੀ ਮਿਥਿਆ ਰੂਪ, ਵਾ ਬ੍ਰਹਮ ਰੂਪਤਾ ਕਰਕੇ ਸੋਝੀ ਹੋਇ=ਗਿਆਤ ਪ੍ਰਾਪਤ ਹੁੰਦੀ ਹੈ।

ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ॥ ੭॥

ਜਿਹੜਾ ਸ਼ੁਭ ਗੁਣਾਂ ਦਾ ਗਾਹਕੁ=ਖਰੀਦਾਰ ਹੁੰਦਾ ਹੈ, ਉਸਨੂੰ ਨਿਰਮਲ ਪ੍ਰਭੂ ਦਾ ਨਾਮ ਭੁੱਲਦਾ ਨਹੀਂ ਹੈ॥ ੭॥

ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ॥

ਉਹ ਰਾਜਿਆਂ ਰੂਪ ਪੰਛੀ ਖੇਲਿ ਗਏ=ਚਲੇ ਗਏ ਹਨ, ਜੋ ਤੱਲਕਿਆਂ (ਦੇਸਾਂ) ਰੂਪ ਸਰੋਵਰਾਂ ਉੱਪਰ ਪਦਾਰਥਾਂ ਰੂਪ ਚੋਗ ਨੂੰ ਚੁਗਦੇ ਸਨ।

ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ॥

ਕਿ=ਕੀ ਪਤਾ ਹੈ ਘੜੀ ਨੂੰ, ਕਿ ਮੁਹਤਿ=ਯਾਂਕਿ ਅੱਧੀ ਘੜੀ ਨੂੰ ਉੱਠ ਤੁਰਨਾ ਹੈ, ਅਜ ਕਿ=ਜਾਂ ਕੱਲ੍ਹ ਨੂੰ ਖੇਲ ਜਾਣਾ ਹੈ।

ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ॥ ੮॥

ਹੇ ਪ੍ਰਭੂ! ਜਿਸ ਨੂੰ ਤੂੰ ਗੁਰਾਂ ਨਾਲ ਮੇਲਦਾ ਹੈ, ਉਹ ਨਾਮ ਨਾਲ ਮਿਲਦਾ ਹੈ, ਫਿਰ ਓਹੀ ਸੱਚੇ ਪਿੜੁ=ਸਰੂਪ ਨੂੰ ਜਾ ਮੱਲਦਾ ਹੈ॥੮॥

ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ॥

ਗੁਰੂ ਤੋਂ ਬਿਨਾਂ ਵਾਹਿਗੁਰੂ ਵਿਖੇ ਪ੍ਰੀਤੀ ਨਹੀਂ ਪੈਦਾ ਹੁੰਦੀ, ਅਤੇ ਪ੍ਰੀਤੀ ਤੋਂ ਬਿਨਾਂ ਹੰਗਤਾ ਮਮਤਾ ਦੀ ਮੈਲ ਨਹੀਂ ਜਾਂਦੀ।

ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ॥

ਸੋ ਹੰ, ਅਹੰ ਸਾ=ਉਹ ਬ੍ਰਹਮ ਮੈਂ ਹਾਂ, ਅਤੇ ਮੈਂ ਉਸ ਬ੍ਰਹਮ ਦਾ ਸਰੂਪ ਹਾਂ, ਐਸੇ ਅਭੇਦ ਰੂਪ ਆਪਣੇ ਆਪ ਨੂੰ ਪਛਾਨਣਾ ਕਰੀਏ, ਗੁਰ ਸ਼ਬਦ ਨੂੰ ਭੇਦਿ=ਜਾਣਕੇ ਪਤੀਆਇ=ਭਰੋਸਾ ਕਰੇ।

ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ॥ ੯॥

ਗੁਰਮੁਖ ਜਨ ਗੁਰਾਂ ਦੁਆਰੇ ਆਪਣੇ ਸਰੂਪ ਨੂੰ ਪਛਾਣਦੇ ਹਨ, ਇਸ ਲਈ ਉਨ੍ਹਾਂ ਨੇ ਹੋਰ ਕਰਮ ਆਦਿਕਾਂ ਦਾ ਫਿਰ ਕੀ ਕਰਨਾ ਕਰਾਣਾ ਹੈ॥ ੯॥

ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀਆਇ॥

ਪਤੀਆਇ=ਭਰੋਸਾ ਧਾਰਕੇ ਜੋ ਗੁਰ ਸ਼ਬਦ ਨਾਲ ਮਿਲਕੇ ਪ੍ਰਮੇਸ਼ਰ ਨਾਲ ਮਿਲੇ ਹਨ, ਉਨ੍ਹਾਂ ਮਿਲਿਆਂ ਹੋਇਆਂ ਦੇ ਨਾਲ ਕੀ ਕਰੇ?

ਉੱਤਰ-ਆਪਣੇ ਆਪ ਨੂੰ ਮੇਲਣਾ ਕਰੇ।

ਅਥਵਾ:-ਪ੍ਰਮੇਸ਼ਰ ਅੱਗੇ ਬੇਨਤੀ ਕਰੇ ਹੇ ਪ੍ਰਭੂ ! ਗੁਰ ਸ਼ਬਦ ਵਿਖੇ ਭਰੋਸਾ ਧਾਰਕੇ ਜੋ ਆਪ ਜੀ ਨਾਲ ਮਿਲੇ ਹਨ, ਉਨ੍ਹਾਂ ਦਾ ਕੀ ਮੇਲਣਾ ਹੈ ਉਹ ਤਾਂ ਅੱਗੇ ਹੀ ਆਪ ਜੀ ਨਾਲ ਮਿਲੇ ਹੋਏ ਹਨ, ਤੂੰ ਅਸਾਨੂੰ ਆਪਣੇ ਨਾਲ ਮੇਲਣਾ ਕਰ।

ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ॥

ਮਨਮੁਖਾਂ ਨੂੰ ਸੋਝੀ=ਗਿਆਤ ਨਹੀਂ ਪੈਂਦੀ, ਇਸ ਲਈ ਉਹ ਪ੍ਰਭੂ ਤੋਂ ਵਿਛੁੜ ਕੇ ਚੋਟਾਂ ਖਾਂਦੇ ਹਨ।

ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ॥੧੦॥੧੧॥

ਗੁਰੂ ਜੀ ਕਥਨ ਕਰਦੇ ਹਨ-ਸਰੀਰ ਘਰ ਦੇ ਦਰੁ=ਅੰਦਰ ਹੀ ਇੱਕ ਪ੍ਰਮਾਤਮਾ ਹੈ, ਹੋਰ ਕੋਈ ਦੂਜੀ ਜਗ੍ਹਾ ਨਹੀਂ ॥ ੧੦॥ ੧੧॥

ਸਿਰੀਰਾਗੁ ਮਹਲਾ ੧॥

ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥

ਮਨਮੁਖ ਇਸਤ੍ਰੀ ਆਪ ਭੁੱਲੀ ਹੋਈ ਹੈ, ਹੋਰਨਾਂ ਨੂੰ ਭੁਲਾਂਵਦੀ ਹੈ।

ਅਥਵਾ:-ਮਨਮੁਖ ਇਸਤ੍ਰੀ ਭੁਲੈ=ਅਵਿੱਦਿਆ ਦੀ ਭੁਲਾਈ ਹੋਈ ਹੈ, ਭੁੱਲੀ ਹੋਈ ਨੂੰ ਠਹਿਰਨ ਵਾਸਤੇ ਕੋਈ ਥਾਂ ਨਹੀਂ ਮਿਲਦੀ।

ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥

ਗੁਰੂ ਤੋਂ ਬਿਨਾਂ ਪ੍ਰਮੇਸ਼ਰ ਨੂੰ ਕੋਈ ਭੀ ਨਹੀਂ ਦਿਖਾ ਸਕਦਾ, ਗਿਆਨ ਵੈਰਾਗ ਰੂਪ ਅੱਖਾਂ ਤੋਂ ਬਿਨਾਂ ਅੰਨ੍ਹੀ ਦੁਨੀਆਂ ਆਵੈ ਜਾਇ=ਜੰਮਦੀ ਮਰਦੀ ਹੈ।

ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥੧॥

ਇਸਨੇ ਗਿਆਨ ਪਦਾਰਥ ਨੂੰ ਗੁਆ ਲਿਆ ਹੈ, ਇਸ ਕਰਕੇ ਠਗਿਆ ਮੁਠਾ=ਲੁੱਟਿਆ ਪੁੱਟਿਆ ਜਾਂਦਾ ਹੈ। *ਅਥਵਾ*:-ਕਾਮ ਆਦਿਕ ਠਗਾਂ ਪਾਸੋਂ ਠਗੀਂਦਾ ਜਾਂਦਾ ਹੈ॥ ੧॥

ਬਾਬਾ ਮਾਇਆ ਭਰਮਿ ਭੁਲਾਇ॥

ਹੇ ਬਾਬਾ=ਭਾਈ ! ਮਾਇਆ ਨੇ ਸਾਰੇ ਸੰਸਾਰ ਨੂੰ ਭਰਮ ਵਿਚ ਭੁਲਾ ਦਿੱਤਾ ਹੈ।

ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ॥੧॥ਰਹਾਉ॥

ਜੋ ਭਰਮ ਵਿਚ ਭੁੱਲੀ ਹੋਈ ਡੋਹਾਗਣੀ=ਛੁੱਟੜ ਹੋ ਚੁੱਕੀ ਹੈ, ਉਹ ਪਿਰੀ ਦੇ ਅੰਕਿ=ਸਰੂਪ ਵਿਚ ਨਹੀਂ ਸਮਾਂਵਦੀ॥ ੧॥ ਰਹਾਉ॥

ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥

ਵਾਹਿਗੁਰੂ ਨਾਮ ਤੋਂ ਭੁੱਲੀ ਹੋਈ ਦਿਸੰਤਰੀ=ਪਰਦੇਸਾਂ ਵਿਚ ਭੁੱਲੀ ਫਿਰਦੀ ਹੈ, ਅਤੇ ਭੁੱਲੀ ਹੋਈ ਆਪਣੇ ਘਰ ਨੂੰ ਤਿਆਗ ਜਾਂਦੀ ਹੈ।

ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥

ਵਾਹਿਗੁਰੂ ਤੋਂ ਭੁੱਲੀ ਹੋਈ ਡੂੰਗਰਿ=ਪਹਾੜਾਂ ਉੱਤੇ, ਅਤੇ ਥਲ ਤੇ ਜਾ ਚੜ੍ਹਦੀ ਹੈ, ਭਰਮ ਕਰਕੇ ਆਪਣੇ ਮਨ ਨੂੰ ਡੁਲਾਂਵਦੀ ਹੈ। ਏਸੇ ਤਰ੍ਹਾਂ ਪ੍ਰਭੂ ਤੋਂ ਭੁੱਲੀ ਹੋਈ ਫਿਰੈ ਦਿਸੰਤਰੀ=ਸਾਧਨਾਂ ਦੇ ਕਰਨੇ ਵਿਖੇ ਫਿਰਦੀ ਹੈ, ਪ੍ਰਭੂ ਤੋਂ ਭੁੱਲੀ ਹੋਈ ਸਤਸੰਗ ਵਾ ਅੰਤ੍ਰਮੁਖਤਾ ਰੂਪੀ ਘਰ ਨੂੰ ਤਿਆਗ ਜਾਂਦੀ ਹੈ। ਪ੍ਰਭੂ ਤੋਂ ਭੁੱਲੀ ਹੋਈ ਡੂੰਗਰਿ ਚੜੈ=ਸ਼ਾਸਤ੍ਰਾਂ ਨੂੰ ਪੜ੍ਹਦੀ ਹੈ, ਤੇ ਥਲਿ ਚੜੈ=ਪੁਰਾਨਾਂ ਨੂੰ ਪੜ੍ਹਦੀ ਹੈ, ਅਤੇ ਭਰਮ ਕਰਕੇ ਆਪਣੇ ਮਨ ਨੂੰ ਬਨ ਡੋਲਾਇ=ਬੇਦਾਂ ਦੇ ਪੜ੍ਹਨੇ ਵਿਚ ਡੋਲਾਂਦੀ ਹੈ।

ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥ ੨ ॥

ਜਿਹੜੀ ਇਸਤ੍ਰੀ ਧੁਰ ਤੋਂ ਹੀ ਵਿੱਛੜ ਗਈ ਹੈ, ਉਹ ਪ੍ਰਭੂ ਨਾਲ ਕਿਵੇਂ ਮਿਲ ਸਕਦੀ ਹੈ, ਗਰਬਿ ਮੁਠੀ=ਹੰਕਾਰ ਆਦਿਕਾਂ ਸੇ ਲੁੱਟੀ ਹੋਈ ਵਿਰਲਾਪ ਕਰਦੀ ਹੈ॥੨ ॥

ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ ॥

ਧੰਨ ਗੁਰੂ ਸਾਹਿਬ ਜੀ ਹਨ-ਜੋ ਵਿਛੁੜੇ ਹੋਏ ਜੀਵਾਂ ਨੂੰ ਹਰੀ ਨਾਮ ਰਸ ਪਿਆਰਿ=ਪਿਆ ਕੇ ਪ੍ਰਭੂ ਨਾਲ ਮੇਲਦੇ ਹਨ।

[ਪੰਨਾ ੬੧]

ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥

ਹਰੀ ਨਾਮ ਗੁਣਾਂ ਦਾ ਅਧਾਰਿ=ਆਸਰਾ ਗ੍ਰਹਿਣ ਕਰਨ ਨਾਲ ਸਾਚਿ ਸਹਜਿ=ਸੱਚੀ ਸ਼ਾਂਤੀ ਅਤੇ ਬਹੁਤੀ ਸੋਭਾ ਹੁੰਦੀ ਹੈ। ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀ ਕਰ-

ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥ ੩ ॥

ਹੇ ਪ੍ਰਭੂ ! ਜਿਵੇਂ ਆਪ ਜੀ ਨੂੰ ਭਾਵੇ ਅਸਾਨੂੰ ਰੱਖ ਲੈ, ਆਪ ਜੀ ਤੋਂ ਬਿਨਾਂ ਮੇਰਾ ਹੋਰ ਕੌਣ ਭਤਾਰੁ=ਪਤੀ ਹੈ॥ ੩ ॥

ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥

ਵਾਹਿਗੁਰੂ ਦੀ ਭਗਤੀ ਤੋਂ ਬਿਨਾਂ ਸ਼ਾਸਤ੍ਰ ਅੱਖਰ ਪੜ੍ਹ ਪੜ੍ਹ ਕੇ ਭੁਲੀਦਾ ਹੈ, ਅਤੇ ਭੇਖਾਂ ਦੇ ਕਰਨ ਨਾਲ ਬਹੁਤਾ ਹੰਕਾਰ ਵਧਦਾ ਹੈ।

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥

ਜੇਕਰ ਮਨ ਵਿਚ ਹੰਕਾਰ ਰੂਪੀ ਮੈਲ ਹੈ, ਤਾਂ ਤੀਰਥਾਂ ਉੱਪਰ ਇਸ਼ਨਾਨ ਕੀਤਾ ਹੋਇਆ ਕੀ ਲਾਭ ਦੇਣਾ ਕਰੇਗਾ।

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ ੪ ॥

ਸ਼ਾਸਤ੍ਰਾਂ ਦੇ ਪੜ੍ਹਨ ਕਰਕੇ, ਭੇਖਾਂ ਦੇ ਧਾਰਨ ਨਾਲ ਤੀਰਥਾਂ ਦੇ ਇਸ਼ਨਾਨ ਕੀਤਿਆਂ ਆਪਣੇ ਆਪ ਗੁਰੂ ਤੋਂ ਬਿਨਾਂ ਕਿਸ ਨੂੰ ਸਮਝ ਆਈ ਹੈ, ਇਹ ਮਨ ਤਾਂ ਰਾਜਿਆਂ ਦਾ ਭੀ ਸੁਲਤਾਨ='ਚੱਕਰ ਵਰਤੀ' ਬਾਦਸ਼ਾਹ ਹੋ ਰਿਹਾ ਹੈ॥ ੪॥

ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥

ਪ੍ਰੇਮ ਪਦਾਰਥ ਨੂੰ ਪਾਣਾ ਕਰੇ, ਤਾਂ ਗੁਰਾਂ ਦੁਆਰੇ ਤਤੁ=ਸਿਧਾਂਤ ਨੂੰ ਵਿਚਾਰਦਾ ਹੈ।

ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥

ਉਸ ਜੀਵ ਰੂਪ ਇਸਤ੍ਰੀ ਨੇ ਆਪਾ ਭਾ ਹੰਕਾਰ ਦੂਰ ਕੀਤਾ ਹੈ, ਜਿਸ ਨੇ ਗੁਰੂ ਦੇ ਸ਼ਬਦ ਦਾ ਸ਼ਿੰਗਾਰ ਕੀਤਾ ਹੈ।

ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥ ੫ ॥

ਉਸ ਨੇ ਗੁਰਾਂ ਵਿਖੇ ਅਪਾਰੁ ਹੇਤਿ=ਬਹੁਤਾ ਪ੍ਰੇਮ ਕਰਕੇ ਘਰ ਦੇ ਵਿਚ ਹੀ ਉਸ ਪਤੀ ਪ੍ਰਮਾਤਮਾ ਨੂੰ ਪਾ ਲਿਆ ਹੈ॥ ੫॥

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥

ਗੁਰਾਂ ਦੀ ਨਿਸ਼ਕਾਮ ਸੇਵਾ ਕਰਨ ਨਾਲ ਮਨ ਸ਼ੁੱਧ ਹੁੰਦਾ ਹੈ, ਅਤੇ ਚਾਕਰੀ=ਸ਼ਕਾਮ ਸੇਵਾ ਕਰਨੇ ਕਰਕੇ ਸੁਖ ਪ੍ਰਾਪਤ ਹੁੰਦਾ ਹੈ।

ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਉਹ ਖੋਇ ॥

ਜਿਸ ਦੇ ਮਨ ਵਿਚ ਗੁਰਾਂ ਦਾ ਉਪਦੇਸ਼ ਵਸਿਆ ਹੈ, ਉਸ ਨੇ ਹਿਰਦੇ ਵਿਚੋਂ ਹੰਗਤਾ ਮਮਤਾ ਨੂੰ ਖੋ ਦਿੱਤਾ ਹੈ।

ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥ ੬ ॥

ਗੁਰੂ ਪਾਸੋਂ ਨਾਮ ਪਦਾਰਥ ਪਾਇਆ ਹੈ, ਇਸ ਕਰਕੇ ਉਸ ਦੇ ਮਨ ਵਿਚ ਸਦਾ ਆਤਮ ਲਾਭ ਹੁੰਦਾ ਹੈ॥ ੬॥

ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥

ਗੁਰਾਂ ਦਾ ਕਰਮਿ=ਅਨੁਗ੍ਰਹੁ ਮਿਲੇ ਤਾਂ ਨਾਮ ਪਾਈਦਾ ਹੈ, ਆਪਣੇ ਆਪ ਨਹੀਂ ਲੀਤਾ ਜਾਂਦਾ।

ਗੁਰ ਕੀ ਚਰਣੀ ਲਗਿ ਰਹੁ ਵਿਉਹ ਆਪੁ ਗਵਾਇ ॥

ਇਸ ਲਈ ਹਿਰਦੇ 'ਚੋਂ ਆਪਾ ਭਾ ਹੰਕਾਰ ਗੁਆ ਕੇ ਗੁਰੂ ਦੀ ਚਰਨੀਂ ਲਗ ਰਹਿਣਾ ਕਰ, ਗੁਰੂ ਆਪੇ ਕਿਰਪਾ ਕਰਨਗੇ।

ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ੭ ॥

ਸੱਚੇ ਨਾਮ ਨਾਲ ਤਦਾਕਾਰ ਹੋਣੇ ਤੇ, ਬੁੱਧੀ ਰੂਪ ਪੱਲੇ ਵਿਚ ਸੱਚ ਹੀ ਪੈਂਦਾ ਹੈ॥ ੭॥

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥

ਸਭ ਕੋਈ ਭੁੱਲਣੇ ਅੰਦਰ ਹੈ, ਗੁਰੂ ਤੇ ਕਰਤਾਰ ਇਹ ਦੋਨੋਂ ਅਭੁੱਲ ਹਨ।

ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥

ਜਿਸ ਨੇ ਗੁਰ ਸਿੱਖਿਆ ਨਾਲ ਆਪਣੇ ਮਨ ਨੂੰ ਸਮਝਾਇਆ ਹੈ, ਉਸ ਦਾ ਨਾਮ ਨਾਲ ਪ੍ਰੇਮ ਲੱਗਾ ਹੈ।

ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ॥ ੮॥ ੧੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਜਿਸਨੂੰ ਸੱਚਾ ਨਾਮ ਭੁੱਲਦਾ ਨਹੀਂ ਹੈ, ਉਸਨੂੰ ਅਪਾਰ ਗੁਣਾਂ ਵਾਲਾ ਸਬਦੁ=ਬ੍ਰਹਮ ਆਪਣੇ ਨਾਲ ਮੇਲ ਲੈਂਦਾ ਹੈ॥ ੮॥ ੧੨॥

ਸਿਰੀਰਾਗੁ ਮਹਲਾ ੧॥

ਸਿੱਖ ਨੇ ਪੁੱਛਿਆ ਕਿ-ਜੀਵ ਤਰਦਾ ਕਿਉਂ ਨਹੀਂ ? *ਗੁਰ ਉੱਤਰ:-*

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥

ਇਸ ਮਨ ਨੂੰ ਮੋਹਣੀ ਮਾਇਆ ਦੀ ਤ੍ਰਿਸ਼ਨਾਂ ਲਗ ਰਹੀ ਹੈ, ਅਤੇ ਮਮਤਾ ਕਰਕੇ ਆਖਦਾ ਹੈ, ਇਹ ਮੇਰਾ ਪੁਤ੍ਰ ਹੈ, ਇਸ ਮੇਰੇ ਸਬੰਧੀ ਹਨ, ਇਹ ਮੇਰਾ ਘਰ ਹੈ ਇਹ ਮੇਰੀ ਇਸਤ੍ਰੀ ਹੈ। (ਇਸ ਕਰਕੇ ਤਰਦਾ ਨਹੀਂ ਹੈ)।

ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥

ਧਨ, ਜੁਆਨੀ, ਲੱਭ, ਲੋਭੁ, ਤੇ ਅਹੰਕਾਰ-ਇਨ੍ਹਾਂ ਪੰਜਾਂ ਠੱਗਾਂ ਨੇ ਸਾਰੇ ਜਗਤ ਨੂੰ ਠੱਗ ਲਿਆ ਹੈ।

ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥ ੧॥

ਮੋਹ ਰੂਪ ਠੱਗ ਬੂਟੀ ਅਤੇ ਹੰਗਤਾ ਕਰਕੇ ਪਿੱਛੇ ਸਾਰੀ ਸ੍ਰਿਸ਼ਟੀ ਮਰੀ ਸੀ ਸਾ=ਓਹੀ ਮੋਹ ਰੂਪ ਠਗਉਲੀ=ਠੱਗ ਬੂਟੀ ਤੇ ਹੰਗਤਾ ਹੁਣ ਸਾਰੇ ਸੰਸਾਰ ਵਿਚ ਵਰਤ ਰਹੀ ਹੈ॥ ੧॥

ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ॥

ਹੇ ਮੇਰੇ ਪ੍ਰੀਤਮ ਪ੍ਰਮਾਤਮਾ ! ਇਨ੍ਹਾਂ ਠੱਗਾਂ ਤੋਂ ਬਚਾਣ ਵਾਲਾ ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਸਹਾਇਕ ਨਹੀਂ ਹੈ।

ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ॥ ੧॥ ਰਹਾਉ॥

ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਭਾਉਂਦਾ ਨਹੀਂ ਹੈ, ਤੈਨੂੰ ਭਾਵਣੇ ਕਰਕੇ ਹੀ ਸੁਖ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ॥

ਗੁਰਾਂ ਦੇ ਉਪਦੇਸ਼ ਦੁਆਰਾ ਸੰਤੋਖ ਧਾਰਕੇ ਰੰਗ ਸਿਉ=ਪ੍ਰੇਮ ਨਾਲ ਮੈਂ ਨਾਮ ਨੂੰ ਸਾਲਾਹੀ=ਜਪਦਾ ਹਾਂ।

ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ॥

ਅਤੇ ਮਨ ਨੂੰ ਇਸ ਤਰ੍ਹਾਂ ਸਮਝਾਂਦਾ ਹਾਂ ਕਿ ਜੋ ਕੁਝ ਦਿਸ ਰਿਹਾ ਹੈ ਇਹ ਸਭ ਚਲੇ ਜਾਣ ਵਾਲਾ ਹੈ,

ਮੋਹ ਕਰਕੇ ਕੂੜੇ ਪਦਾਰਥਾਂ ਵੱਲ ਅਤੇ ਝੂਠੇ ਸਬੰਧੀਆਂ ਵੱਲ ਤੂੰ ਨਾ ਵੇਖ ।

ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥ ੨ ॥

ਪਹਿਲਾ ਅਰਥ:-ਜਿਵੇਂ ਵਾਟ=ਰਸਤੇ ਦਾ ਵਟਾਊ=ਰਾਂਹੀ (ਮੁਸਾਫਰ) ,ਰਾਤ ਨੂੰ ਸਰਾਂ ਵਿਚ ਆ ਕੇ ਠਹਿਰਦਾ ਹੈ, ਪਰ ਉਹ ਕਿਸੇ ਨਾਲ ਪ੍ਰੀਤੀ ਨਹੀਂ ਕਰਦਾ, ਜਿਸ ਵੇਲੇ ਦਿਨ ਚੜ੍ਹਦਾ ਹੈ, ਤਾਂ ਉਹ ਮੁਸਾਫਰਾਂ ਦਾ ਸਾਥੁ=ਸਮੁਦਾ ਨਿੱਤ ਹੀ ਚਲਦਾ ਦੇਖੀਦਾ ਹੈ।

ਏਸੇ ਤਰ੍ਹਾਂ ਸਾਰੇ ਜੀਵ ਮੁਸਾਫਰਾਂ ਦੀ ਨਿਆਈਂ, ਸੰਸਾਰ ਰੂਪ ਸਰਾਂ ਵਿਚ ਅਵਸਥਾ ਰੂਪੀ ਰਾਤ ਕੱਟਣ ਵਾਸਤੇ ਆਉਂਦੇ ਹਨ, ਜਿਸ ਵੇਲੇ ਅਵਸਥਾ ਰੂਪੀ ਰਾਤ ਬਤੀਤ ਹੋਣ ਤੇ ਕਾਲ ਰੂਪ ਦਿਨ ਚੜ੍ਹਦਾ ਹੈ ਤਾਂ ਨਿੱਤ ਹੀ ਜੀਵਾਂ ਦਾ ਸਾਥੁ=ਸਮੁਦਾ ਚਲਦਾ ਦੇਖੀਦਾ ਹੈ।

ਦੂਜਾ ਅਰਥ:-ਜਿਵੇਂ ਰਸਤੇ ਦਾ ਰਾਹੀ (ਮੁਸਾਫਰ) ਆਉਂਦਾ ਤੇ ਚਲਿਆ ਜਾਂਦਾ ਹੈ, ਤਿਵੇਂ ਹੇ ਪੁਰਸ਼ਾ! ਤੂੰ ਆਪਣੇ ਧੀਆਂ ਪੁਤ੍ਰ ਇਸਤ੍ਰੀ ਆਦਿਕਾਂ ਨੂੰ ਚਲਦਾ ਵੇਖਣਾ ਕਰ॥ ੨ ॥

ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥

ਕਿੰਨੇ ਹੀ ਪੁਰਸ਼ ਆਖਣਿ=ਵਖਿਆਣਾਂ (ਪ੍ਰਸੰਗਾਂ) ਨੂੰ ਮੂੰਹ ਨਾਲ ਆਖਦੇ ਹਨ, ਪਰ ਗੁਰੂ ਤੋਂ ਬਿਨਾਂ ਬੂਝ=ਸਮਝ (ਗਿਆਨ) ਨਹੀਂ ਹੁੰਦਾ।

ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥

ਜੇਕਰ ਨਾਮ ਜਪਣੇ ਰੂਪ ਵਡਿਆਈ ਮਿਲ ਜਾਵੇ, ਤਾਂ ਸੱਚ ਸਰੂਪ ਵਿਖੇ ਰਪਦਾ ਹੈ ਤਾਂਹੀ ਇਸ ਦੀ ਪਤਿ ਹੋਇ=ਇੱਜ਼ਤ ਹੁੰਦੀ ਹੈ।

ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥ ੩ ॥

ਹੇ ਪ੍ਰਭੂ! ਜੋ ਆਪ ਜੀ ਨੂੰ ਭਾਉਂਦੇ ਹਨ, ਉਹ ਭਲੇ ਹਨ, ਆਪ ਜੀ ਦੇ ਦਰਬਾਰ ਵਿਚ ਖੋਟਿਆਂ ਖਰਿਆਂ ਦੀ ਕੋਈ ਵਿਚਾਰ ਨਹੀਂ ਕਿ ਖਰੇ ਨੂੰ ਤਾਰਨਾ ਹੈ ਤੇ ਖੋਟੇ ਨੂੰ ਨਹੀਂ ਤਾਰਨਾ। ਭਾਵੇਂ ਅਜਾਮਲ ਪਾਪੀ ਖੋਟਾ ਸੀ ਪਰ ਉਸ ਨੂੰ ਭੀ ਤਾਰ ਦਿੱਤਾ ਹੈ।

ਅਥਵਾ:-ਜੋ ਆਪ ਜੀ ਨੂੰ ਭਾਉਂਦੇ ਹਨ ਉਹ ਭਲੇ ਹਨ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਖੋਟਾ ਖਰਾ ਕੋਈ ਭੀ ਨਹੀਂ ॥ ੩ ॥

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥

ਗੁਰ ਦੀ ਸ਼ਰਨ ਗ੍ਰਹਿਣ ਕਰਨ ਨਾਲ ਛੁਟਕਾਰਾ ਹੁੰਦਾ ਹੈ, ਮਨਮੁਖਾਂ ਪਾਸ ਖੋਟੀ ਰਾਸਿ=ਅਸ਼ਰਧਾ ਹੈ ਇਸ ਕਰਕੇ ਉਹ ਸ਼ਰਨ ਵਿਚ ਨਹੀਂ ਆਉਂਦੇ।

ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥

ਜਿਸ ਵੇਲੇ ਬਾਦਸ਼ਾਹ ਸਬਦਿ ਵਿਗਾਸੁ=ਹੁਕਮ ਉਚਾਰਦਾ ਹੈ, ਤਿਸ ਵੇਲੇ ਬਾਦਸ਼ਾਹ ਦੀ ਟਕਸਾਲ ਵਿਚ ਲੋਹਾ, ਸਿੱਕਾ, ਸੋਨਾ ਚਾਂਦੀ, ਤਾਂਬਾ, ਕਲੀ, ਪਿੱਤਲ, ਜਿਸਤ, ਇਨ੍ਹਾਂ ਅੱਠਾਂ ਧਾਤਾਂ ਦੇ ਸ਼ਸਤ੍ਰ ਘੜੀਦੇ ਹਨ।

ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥ ੪ ॥

ਫਿਰ ਆਪ ਹੀ ਪਾਰਖੂ ਆ ਕੇ ਉਨ੍ਹਾਂ ਸ਼ਸਤ੍ਰਾਂ ਨੂੰ ਪਰਖਦਾ ਹੈ, ਜੋ ਸ਼ਸਤ੍ਰ ਰਾਸਿ=ਠੀਕ ਬਣੇ ਹੁੰਦੇ ਹਨ ਉਹ ਖਜ਼ਾਨੇ ਵਿਚ ਪੈ ਜਾਂਦੇ ਹਨ। ਇਸੀ ਪ੍ਰਕਾਰ ਜਿਸ ਵੇਲੇ ਪ੍ਰਮਾਤਮਾ ਸ਼ਬਦ ਨੂੰ ਵਿਗਾਸਿ=ਉਚਾਰਦਾ ਹੈ, ਏਕੋਂ ਹੀ ਬਹੁ ਸਜਾਮ ਪ੍ਰਜਾਯੇਜ ਤਾਂ ਪਾਤਿਸਾਹ ਪ੍ਰਮਾਤਮਾ ਦੀ ਸੰਸਾਰ ਟਕਸਾਲ ਵਿਚ, ਰਕਤ, ਰੋਮ, ਨਾੜੀ, ਤੁਚਾ, ਅਸਤ, ਮਿੱਝ, ਬੀਰਜ, ਚਰਬੀ।

*ਅਥਵਾ:-*ਪੰਜ ਤੱਤ ਤਿੰਨੇ ਗੁਣ ਇਨ੍ਹਾਂ ਅੱਠਾਂ ਧਾਤਾਂ ਦੇ ਸਰੀਰ ਘੜੇ ਜਾਂਦੇ ਹਨ।

ਆਪ ਹੀ ਪਾਰਖੂ=ਗੁਰੂ ਸਾਹਿਬ ਜੀ ਉਨ੍ਹਾਂ ਸਰੀਰਾਂ ਨੂੰ ਪਰਖਦੇ ਹਨ, ਜਿਹੜੇ ਸਰੀਰ ਸੇਵਾ ਟਹਲ, ਨਾਮ ਸਿਮਰਨ ਕਰਕੇ ਰਾਸਿ=ਸੱਚੇ ਹੁੰਦੇ ਹਨ, ਉਹ ਸਰੂਪ ਖਜ਼ਾਨੇ ਵਿਚ ਪੈਂਦੇ ਹਨ।

ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥

*ਅਥਵਾ:-*ਪਾਤਿਸਾਹ=ਪ੍ਰਮੇਸ਼ਰ ਦੀ ਟਕਸਾਲ ਜੋ ਸਤਸੰਗ ਹੈ, ਉਸ ਵਿਚ ਜਿਸ ਵੇਲੇ ਗੁਰਾਂ ਨੇ ਸਬਦਿ ਵਿਗਾਸਿ=ਉਪਦੇਸ਼ ਉਚਾਰਿਆ ਤਾਂ ਵੈਰਾਗ, ਵਿਵੇਕ, ਖਟ ਸੰਪਤੀ, ਮੋਖ ਇੱਛਾ ਰੂਪ ਚਾਰ ਸਾਧਨ, ਤਿੰਨ ਸ੍ਰਵਨ, ਮਨਨ, ਨਿਧਿਆਸਣ, ਤੇ 'ਤਤ ਤੁਯੰ' ਕਾ ਸੋਧਨ ਇਹ ਸਾਧਨਾਂ ਰੂਪ ਅੱਠ ਧਾਤਾਂ ਘੜੀਆਂ ਗਈਆਂ।

ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥ ੪ ॥

ਆਪ ਹੀ ਪਾਰਖੂ=ਗੁਰੂ ਸਾਹਿਬ ਜੀ ਪਰਖਦੇ ਹਨ, ਜੋ ਜਗਿਆਸੂ ਸਾਧਨਾਂ ਵਿਚ ਰਾਸਿ=ਸੱਚੇ ਅਰਥਾਤ ਪ੍ਰਪੱਕ ਹੁੰਦੇ ਹਨ ਉਹ ਸਰੂਪ ਰੂਪ ਖਜ਼ਾਨੇ ਵਿਚ ਪੈਂਦੇ ਹਨ॥੪॥

ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥

ਹੇ ਪ੍ਰਭੂ ! ਮੈਂ ਸਭ ਤਰ੍ਹਾਂ ਠੋਕ ਵਜਾ ਕੇ ਚੰਗੀ ਤਰ੍ਹਾਂ ਨਿਰਣੇ ਕਰਕੇ ਵੇਖ ਲਿਆ ਹੈ, ਅਸਾਡੇ ਪਾਸੋਂ ਤੇਰੀ ਕੀਮਤ ਨਹੀਂ ਪੈ ਸਕਦੀ ।

ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥

ਜ਼ਬਾਨੀ ਕਹਿਣੇ ਮਾਤ੍ਰ ਨਾਲ ਭੀ ਮਨ ਰੂਪ ਹੱਥ ਵਿਖੇ ਨਹੀਂ ਲੱਭਦਾ, ਜੇਕਰ ਸੱਚ ਨਾਮ ਦੇ ਸਿਮਰਨ ਵਿਚ ਟਿਕ ਜਾਵੇ ਤਾਂ ਹੀ ਪਤੀ ਨੂੰ ਪਾ ਕੇ ਦਰਗਾਹ ਵਿਚ ਪਤਿ ਪਾਇ=ਇੱਜ਼ਤ ਪਾਂਦਾ ਹੈ।

ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥ ੫ ॥

ਗੁਰਾਂ ਦੀ ਸਿੱਖਿਆ ਦੁਆਰੇ ਤੂੰ ਸਲਾਹਿਆ ਜਾਂਦਾ ਹੈਂ, ਹੋਰ ਕਿਸੀ ਪ੍ਰਕਾਰ ਨਾਲ ਤੇਰੀ ਕੀਮਤ ਕਹੀ ਨਹੀਂ ਜਾਂਦੀ॥ ੫ ॥

ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥

ਜਿਸ ਤਨਿ=ਅੰਤਹਕਰਨ ਵਿਚ ਪ੍ਰਭੂ ਦਾ ਨਾਮ ਜਪਣਾ ਭਉਂਦਾ ਨਹੀਂ ਹੈ, ਤਿਸ ਅੰਤਹਕਰਨ ਵਿਚ ਹਉਮੈ ਤੇ ਵਾਦ=ਝਗੜੇ ਪਏ ਰਹਿੰਦੇ ਹਨ।

ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥

ਇੱਕ ਨਾਮ ਦਾ ਸੁਆਦ ਹੈ ਉਸ ਤੋਂ ਭਿੰਨ ਦੂਜਾ ਵਿਸ਼ਿਆਂ ਦਾ, ਵਾ:-ਬਿਖਿਆ=ਮਾਇਆ ਦਾ ਸੁਆਦ

ਹੈ ਉਸ ਵਿਚ ਲਗਣ ਕਰਕੇ ਗੁਰੂ ਤੋਂ ਬਿਨਾਂ ਬ੍ਰਹਮ ਗਿਆਨ ਨਹੀਂ ਪਾਇਆ ਜਾਂਦਾ।

ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥ ੬ ॥

ਸ਼ੁਭ ਗੁਣਾਂ ਤੋਂ ਬਿਨਾਂ, *ਅਥਵਾ*-ਵਾਹਿਗੁਰੂ ਦੇ ਜੱਸ ਰੂਪ ਗੁਣ ਉਚਾਰਨ ਤੋਂ ਬਿਨਾਂ ਹੋਰ ਕੁਝ ਵੀ ਜੀਵ ਦੇ ਕੰਮ ਨਹੀਂ ਆਉਂਦਾ, ਕਿਉਂਕਿ ਮਾਇਆ ਦਾ ਸਭ ਸੁਆਦ ਫਿੱਕਾ ਹੈ॥ ੬ ॥

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥

ਇਹ ਜੀਵ ਆਸਾ ਦੇ ਅੰਦਰ ਹੀ ਜੰਮਦਾ ਹੈ, ਆਸਾ ਕਰਕੇ ਹੀ ਰਸਾਂ ਕਸਾਂ ਨੂੰ ਖਾਂਦਾ ਹੈ, ਵਾ ਕਸੀਸ ਦੇਣ ਵਾਲੇ ਰਸਾਂ ਨੂੰ ਖਾਂਦਾ ਹੈ।

ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

ਆਸਾ ਕਰਕੇ ਬੰਨ੍ਹਕੇ ਪ੍ਰਲੋਕ ਰਸਤੇ ਵਿਖੇ ਤੋਰਿਆ ਜਾਂਦਾ ਹੈ, ਓਥੇ ਮੂੰਹ ਹੀ ਮੂੰਹ ਉੱਪਰ ਸੱਟਾਂ ਖਾਂਦਾ ਹੈ।

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥ ੭ ॥

ਔਗੁਣਾਂ ਵਿਚ ਬੱਧਾ ਹੋਣ ਕਰਕੇ ਮਾਰ ਖਾਂਦਾ ਹੈ, ਗੁਰ ਸਿੱਖਿਆ ਦੁਆਰੇ ਨਾਮ ਜਪੇ ਤਾਂ ਮਾਰ ਤੋਂ ਛੁਟਦਾ ਹੈ॥ ੭ ॥

[ਪੰਨਾ ੬੨]

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥

ਹੇ ਪ੍ਰਭੂ ! ਸਭ ਜਗ੍ਹਾਂ ਉੱਪਰ ਇੱਕ ਤੂੰਹੀਂ ਹੈਂ, ਜਿਵੇਂ ਜਾਣ ਤਿਵੇਂ ਰੱਖ ਲੈ।

ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥

ਸਾਰਿਆਂ ਤੋਂ ਭਲੋ=ਚੰਗਾ ਸੱਚਾ ਨਾਮ ਜੇਕਰ ਗੁਰਾਂ ਦੀ ਸਿੱਖਿਆ ਦੁਆਰੇ ਮਨ ਵਿਚ ਵਸ ਜਾਵੇ, ਤਾਂ ਇਸ ਲੋਕ ਵਿਚ ਪਤ ਅਬਰੋ (ਇੱਜ਼ਤ) ਅਤੇ ਪ੍ਰਲੋਕ ਵਿਚ ਸਾਖੁ=ਉਗਾਹੀ ਹੁੰਦੀ ਹੈ।

ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥ ੮ ॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਨਾਮ ਨੂੰ ਭਾਖੁ=ਉਚਾਰਨ ਕਰਕੇ ਹਉਮੈ ਰੂਪ ਰੋਗ ਨੂੰ ਗੁਆਣਾ ਕਰੀਏ॥ ੮ ॥

ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥

ਹੇ ਪ੍ਰਭੂ ! ਅਕਾਸ਼ਾਂ ਵਿਚ ਤੇ ਪਤਾਲਾਂ ਵਿਚ ਤੂੰਹੀਂ ਹੈਂ, ਤਿੰਨਾਂ ਲੋਕਾਂ ਵਿਚ ਭੀ ਤੂੰਹੀ ਸਮਾ ਰਿਹਾ ਹੈ।

ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥

ਹੇ ਪ੍ਰਭੂ ! ਤੂੰ ਆਪ ਹੀ ਭਗਤੀ ਰੂਪ ਹੈਂ, ਆਪ ਹੀ ਭਾਉ=ਗਿਆਨ ਸਰੂਪ ਹੈਂ, ਗੁਰਾਂ ਦਾ ਮਿਲਾਇਆ ਹੋਇਆ ਤੂੰ ਆਪ ਹੀ ਜਗਿਆਸੂ ਨੂੰ ਮਿਲਦਾ ਹੈਂ।

ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥ ੯ ॥ ੧੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਆਪ ਜੀ ਦਾ ਨਾਮ ਨਾ ਭੁੱਲੇ, ਜਿਵੇਂ ਆਪ ਜੀ ਨੂੰ ਭਾਉਂਦਾ ਹੈ

ਤਿਵੇਂ ਮੈਨੂੰ ਰਜਾਇ=ਕ੍ਰਿਪਤ ਕਰ।

ਅਥਵਾ:-ਹੇ ਰਜਾਇ=ਆਗਿਆ ਦੇ ਕਰਨ ਵਾਲੇ ਪ੍ਰਭੂ ! ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਰਖ ਲੈ॥ ੯ ॥ ੧੩ ॥

ਸਿਰੀਰਾਗੁ ਮਹਲਾ ੧ ॥

ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥

ਜਿਸ ਵੇਲੇ ਰਾਮ ਨਾਮ ਵਿਖੇ ਮਨ ਬੇਧਿਆ=ਤਦਾਕਾਰ ਹੋ ਗਿਆ, ਤਾਂ ਇਸ ਤੋਂ ਇਲਾਵਾ ਫਿਰ ਹੋਰ ਕੀ ਵਿਚਾਰ ਕਰਨੀ ਹੈ।

ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥

ਸੁਖ ਸਰੂਪ ਗੁਰਾਂ ਦੇ ਸ਼ਬਦ ਦੀ ਸੁਰਤਿ=ਗਿਆਤ ਉਪਜਨੇ ਕਰਕੇ ਪ੍ਰਭੂ ਵਿਖੇ ਰਾਤਉ=ਤਦਾਕਾਰ ਹੁੰਦਾ ਹੈ, ਪ੍ਰਭੂ ਦੀ ਕਿਰਪਾ ਨਾਲ ਹੀ ਸਾਰੁ ਸੁਖ=ਸ੍ਰੇਸ਼ਟ ਆਤਮ ਸੁਖ ਪ੍ਰਾਪਤ ਹੁੰਦਾ ਹੈ।

ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥ ੧ ॥

ਹੇ ਪ੍ਰਭੂ ! ਜਿਵੇਂ ਭਾਂਵਦਾ ਹੈ ਤਿਵੇਂ ਤੂੰ ਰੱਖ ਲੈ, ਮੈਨੂੰ ਇੱਕ ਹਰੀ ਨਾਮ ਦਾ ਹੀ ਅਧਾਰੁ=ਆਸਰਾ ਹੈ॥ ੧ ॥

ਮਨ ਰੇ ਸਾਚੀ ਖਸਮ ਰਜਾਇ ॥

ਹੇ ਮਨ ! ਖਸਮ=ਮਾਲਕ ਵਾਹਿਗੁਰੂ ਦੀ ਜਿਹੜੀ ਰਜਾਇ=ਆਗਿਆ ਮੰਨ ਲੈਣੀ ਹੈ ਏਹੋ ਸੱਚੀ ਭਗਤੀ ਹੈ।

ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥ ੧ ॥ ਰਹਾਉ ॥

ਜਿਸ ਪ੍ਰਭੂ ਨੇ ਤਨ ਮਨ ਨੂੰ ਸਾਜ ਕੇ ਸੀਗਾਰਿਆ=ਸੋਭਾ ਵਾਲਾ ਕੀਤਾ ਹੈ, ਤਿਸ ਪ੍ਰਭੂ ਨਾਲ ਲਿਵ ਲਗਾਣਾ ਕਰ॥ ੧ ॥ ਰਹਾਉ ॥

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥

ਜੇਕਰ ਤਨ ਨੂੰ ਇਕ ਇਕ ਰੱਤੀ ਤੋਲ ਜਿੰਨਾ ਕੱਟ ਕੇ ਬੈਸੰਤਰਿ=ਅੱਗ ਵਿਚ ਹੋਮੀਐ=ਹਮਨ ਕੀਤਾ ਜਾਵੇ, ਅਰਥਾਤ ਸਾੜਿਆ ਜਾਵੇ।

ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥

ਜੇਕਰ ਤਨ ਮਨ ਨੂੰ ਸਮਧਾ=ਲੱਕੜਾਂ ਬਣਾ ਕੇ ਰਾਤ ਦਿਨ ਇਨ੍ਹਾਂ ਨਾਲ ਅੱਗ ਬਾਲੀ ਰੱਖੀਏ।

ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥ ੨ ॥

ਜੇਕਰ ਏਹੋ ਜੇਹੇ ਲੱਖਾਂ ਕ੍ਰੋੜਾਂ ਕਰਮ ਕਮਾਏ ਜਾਣ, ਪਰ ਉਹ ਹਰੀ ਨਾਮ ਸਿਮਰਨ ਦੇ ਬਰਾਬਰ ਨਹੀਂ ਪੁੱਜਣਗੇ॥ ੨ ॥

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥

ਸਿਰ ਉੱਤੇ ਕਾਂਸ਼ੀ ਦਾ ਕਰਵਤੁ=ਕਲਵੱਤ੍ਰ ਰਖਾ ਕੇ ਸਰੀਰ ਨੂੰ ਅੱਧੋ ਅੱਧ ਕਟਵਾ ਦੇਈਏ।

ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥

ਚਾਹੇ ਸਰੀਰ ਨੂੰ ਹੈਮੰਚਲਿ=ਬਰਫ ਦੇ ਪਹਾੜ ਵਿਚ ਪਾਂਡਵਾਂ ਵਾਂਗੂੰ ਗਾਲ ਦੇਈਏ, ਤੋਂਭੀ ਮਨ 'ਚੋਂ ਹਉਮੈ ਰੂਪੀ ਰੋਗ ਨਹੀਂ ਜਾਂਦਾ।

ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥ ੩ ॥

ਸਾਰੇ ਕਰਮ ਠੋਕਿ ਵਜਾਇ=ਫਿਰਨੇ ਕਰਕੇ ਵੇਖੇ ਹਨ, ਪਰ ਹਰੀ ਨਾਮ ਸਿਮਰਨ ਦੇ ਤੁੱਲ ਨਹੀਂ ਪੁੱਜ ਸਕਦੇ ॥ ੩ ॥

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥

ਚਾਹੇ ਸੋਨੇ ਦੇ ਕੋਟ=ਕਿਲ੍ਹੇ ਬਣਾ ਕੇ ਦਤੁ=ਦੇਣਾ ਕਰੇ,

ਅਥਵਾ:-ਚਾਹੇ ਕੋਟ=ਕ੍ਰੋੜਾਂ ਸੋਨੇ ਦੇ ਭਾਰ ਬੰਨ੍ਹ ਕੇ ਦੇਣਾ ਕਰੇ।

ਅਥਵਾ:-ਚਾਹੇ ਕ੍ਰੋੜਾਂ ਹੀ ਸੂਰਨ ਦੀਆਂ ਮੋਹਰਾਂ ਦਾਨ ਕਰ ਦੇਵੇ, ਬਹੁਤ ਸਾਰੇ ਹੈਵਰ=ਸ੍ਰੇਸ਼ਟ ਘੋੜੇ ਤੇ ਗੈਵਰ=ਚੰਗੇ ਚੰਗੇ ਹਾਥੀ ਦਾਨ ਕਰੇ।

ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥

ਭੂਮਿ=ਪ੍ਰਿਥਵੀ ਦਾਨ ਕਰੇ, ਬਹੁਤੀਆਂ ਗਊਆਂ ਦਾਨ ਕਰੇ, ਤਦ ਭੀ ਗੁਮਾਨੁ=ਹੰਕਾਰੀ ਪੁਰਸ਼ ਦੇ ਹਿਰਦੇ ਅੰਦਰ ਗਰਬੁ=ਹੰਕਾਰ ਬਣਿਆ ਰਹਿੰਦਾ ਹੈ।

ਅਥਵਾ:-ਸੋਨੇ ਦੀਆਂ ਮੋਹਰਾਂ ਦਾਨ ਦੇਣ ਕਰਕੇ ਹੰਕਾਰ, ਅਤੇ ਪ੍ਰਿਥਵੀ ਤੇ ਗਊਆਂ ਦਾਨ ਦੇਣ ਨਾਲ ਗੁਮਾਨ ਬਣਿਆ ਰਹਿੰਦਾ ਹੈ।

ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥ ੪ ॥

ਜਿਸ ਵੇਲੇ ਗੁਰਾਂ ਨੇ ਸੱਚਨਾਮ ਦਾ ਦਾਨ ਦਿੱਤਾ, ਤਾਂ ਮੇਰਾ ਮਨ ਰਾਮ ਨਾਮ ਦੇ ਚਿੰਤਨ ਕਰਨ ਵਿਖੇ ਬੇਧਿਆ=ਮਿਲ ਗਿਆ ॥ ੪ ॥

ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥

ਹਠ ਵਾਲੇ ਮਨ ਦੀ ਬੁੱਧੀ ਅਨੁਸਾਰ ਚਾਹੇ ਕਿਤਨੇ ਕਰਮ ਕਰ ਲਵੇ, ਅਤੇ ਚਾਹੇ ਕਿਤਨੇ ਹੀ ਬੇਦਾਂ ਦਾ ਵਿਚਾਰ ਕਰ ਲਵੇ।

ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥

ਜਿਤਨੇ ਕਿਤਨੇ ਕਰਮ ਜੀਅ ਦੇ ਤਾਈਂ ਸਭ ਬੰਧਨ ਰੂਪ ਹਨ, ਗੁਰਮੁਖਾਂ ਨੂੰ ਗੁਰਾਂ ਦੁਆਰੇ ਮੋਖ ਦਾ ਦੁਆਰਾ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ।

ਸਉਹ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ੫ ॥

ਸਾਰੇ ਕਰਮ ਸੱਚ ਨਾਮ ਤੋਂ ਉਰ੍ਹੇ ਹਨ, ਸੱਚਨਾਮ ਜਪਣ ਦਾ ਆਚਾਰੁ=ਕਰਤਬ ਸਭ ਕਰਮਾਂ ਤੋਂ ਉੱਪਰ ਹੈ ॥ ੫ ॥

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥

ਸਭ ਕਿਸੇ ਨੂੰ ਉੱਚਾ ਹੀ ਕਹਿਣਾ ਚਾਹੀਦਾ ਹੈ, ਕਿਉਂਕਿ ਨੀਚੁ=ਨੀਂਵਾਂ ਤਾਂ ਕੋਈ ਦਿਸਦਾ ਹੀ ਨਹੀਂ।

ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥

ਕਿਉਂਕਿ ਇੱਕ ਪ੍ਰਭੂ ਨੇ ਹੀ ਸਾਰੇ ਸਰੀਰਾਂ ਰੂਪ ਭਾਂਡੇ ਬਣਾਏ ਹਨ, ਅਤੇ ਇੱਕ ਪ੍ਰਭੂ ਦਾ ਹੀ ਤਿੰਨਾਂ ਲੋਕਾਂ ਵਿਚ ਚਾਨਣ ਹੈ ਅਰਥਾਤ ਚੇਤਨ ਸੱਤਾ ਹੈ।

ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ॥ ੬॥

ਗੁਰਾਂ ਦਾ ਕਰਮਿ=ਅਨੁਗ੍ਰਹੁ ਮਿਲੇ ਤਾਂ ਸੱਚ ਨਾਮ ਪਾਈਦਾ ਹੈ, ਨਾਮ ਜਪਣ ਕਰਕੇ ਧੁਰ ਰੂਪ ਅਕਾਲ ਪੁਰਖ ਤੋਂ ਜਿਹੜੀ ਬਖਸ਼ਸ਼ ਮਿਲਣੀ ਹੈ ਉਸਨੂੰ ਕੋਈ ਮੇਟ ਨਹੀਂ ਸਕਦਾ॥ ੬॥

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ॥

ਜੋ ਸਾਧੂ ਜਨ ਮਹਾਤਮਾਂ ਸਾਧੁ='ਆਤਮ ਵਸਤੂ' ਵਿਖੇ ਮਿਲੇ ਹੋਏ ਹਨ, ਉਨ੍ਹਾਂ ਦੁਆਰੇ ਗੁਰਾਂ ਵਿਚ ਭਾਇ=ਪ੍ਰੇਮ ਕਰੇ, ਤਾਂ ਸੰਤੋਖ ਵਿਖੇ ਵੱਸਦਾ ਹੈ।

ਅਥਵਾ:-ਜੋ ਸਾਧੁ=ਜਗਿਆਸੂ ਸਾਧੂ ਜਨੈ=ਮਹਾਤਮਾਂ ਜਨਾਂ ਨਾਲ ਮਿਲਕੇ ਗੁਰਾਂ ਵਿਚ ਪ੍ਰੇਮ ਕਰਦਾ ਹੈ ਉਹ ਸੰਤੋਖ ਵਿਖੇ ਵੱਸਦਾ ਹੈ।

ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ॥

ਜੇਕਰ ਸਤਿਗੁਰਾਂ ਦੇ ਉਪਦੇਸ਼ ਵਿਚ ਸਮਾ ਜਾਵੇ, ਤਾਂ ਹੀ ਅਕੱਥ ਪ੍ਰਭੂ ਦੀ ਕਥਾ ਨੂੰ ਵਿਚਾਰਦਾ ਹੈ।

ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ॥ ੭॥

ਜੋ ਨਾਮ ਅੰਮ੍ਰਿਤ ਨੂੰ ਪੀ ਕੇ ਸੰਤੋਖ ਨੂੰ ਪ੍ਰਾਪਤ ਹੋਇਆ ਹੈ, ਉਹ ਪ੍ਰਲੋਕ ਦਰਗਾਹ ਵਿਚ ਜਸ ਰੂਪ ਪੁਸ਼ਾਕ ਨੂੰ ਪਹਿਨ ਕੇ ਜਾਂਦਾ ਹੈ॥ ੭॥

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ॥

ਸਾਰੇ ਸਰੀਰਾਂ ਵਿਚ ਚੇਤਨ ਸੱਤਾ ਰੂਪੀ ਕਿੰਗ ਵੱਜ ਰਹੀ ਹੈ, ਏਸ ਗੱਲ ਦਾ ਨਿਸਚਾ ਉਹ ਕਰਦਾ ਹੈ ਜੋ ਰਾਤ ਦਿਨ ਗੁਰਾਂ ਦੇ ਉਪਦੇਸ਼ ਵਿਖੇ ਸ੍ਰੇਸ਼ਟ ਪ੍ਰੇਮ ਕਰਦਾ ਹੈ।

ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ॥

ਪਰ ਕਿਸੇ ਵਿਰਲੇ ਨੂੰ ਹੀ ਇਸ ਕਿੰਗ ਦੀ ਸੋਝੀ ਪਈ ਹੈ, ਜਿਸ ਨੇ ਗੁਰਾਂ ਦੁਆਰੇ ਆਪਣੇ ਮਨ ਨੂੰ ਸਮਝਾਇਆ ਹੈ।

ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ॥ ੮॥ ੧੪॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਗੁਰ ਸ਼ਬਦ ਦੇ ਕਮਾਉਣ ਕਰਕੇ ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਵੀਸਰੈ ਨ=ਭੁੱਲਦਾ ਨਹੀਂ ਹੈ, ਉਹ ਜਮਾਂ ਤੋਂ ਛੁੱਟ ਜਾਂਦੇ ਹਨ॥ ੮॥ ੧੪॥

ਸਿਰੀਰਾਗੁ ਮਹਲਾ ੧ ॥

ਉਥਾਨਕਾ:-ਕਿਸੇ ਮਨੁੱਖ ਨੇ ਸੋਹਣੇ ਮੰਦਰ ਬਣਾ ਕੇ ਕਿਹਾ-ਗੁਰੂ ਜੀ ਵੇਖੋ ਮੈਨੇ ਕਿਤਨੇ ਸੁੰਦਰ ਮਕਾਨ ਬਣਾਏ ਹਨ। ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ-

ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ॥

ਏਹ ਜੇਹੜੇ ਚਿਤ੍ਰੇ ਹੋਏ ਧਉਲਹਰ=ਮਕਾਨ ਦਿਸਦੇ ਹਨ, ਜਿਨ੍ਹਾਂ ਦੇ ਬਗੇ=ਚਿੱਟੇ ਤੇ ਬੰਕ=ਸੁੰਦਰ ਦਰਵਾਜ਼ੇ ਹਨ।

ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥

ਦ੍ਵੈਤ ਭਾ ਵਿਚ ਹਿਤ ਪਿਆਰ ਕਰਕੇ ਮਨ ਦੀਆਂ ਖੁਸ਼ੀਆਂ ਨਾਲ ਉਸਾਰਨਾ ਕੀਤੇ ਹਨ।

ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥ ੧ ॥

ਜੇਕਰ ਉਹ ਮਕਾਨ ਅੰਦਰੋਂ ਪ੍ਰੇਮੀਆਂ ਤੋਂ ਬਿਨਾਂ ਖਾਲੀ ਹਨ, ਅਰਥਾਤ ਪ੍ਰਮੇਸ਼ਰ ਦੇ ਪਿਆਰਿਆਂ ਦਾ ਨਿਵਾਸ ਨੱਹੀਂ ਹੈ, ਤਾਂ ਉਹ ਮਕਾਨ ਢਹਿ ਕੇ ਸੁਆਹ ਦੀ ਢੇਰੀ ਹੋ ਜਾਣ ॥ ੧ ॥

ਅਥਵਾ:-ਸਰੀਰ ਰੂਪ ਮੰਦਰ ਟਿੱਕਿਆਂ ਨਾਲ, ਜਾਂ ਅੰਜਨ ਮੰਜਨ ਨਾਲ ਚਿਤ੍ਰਿਆ ਹੋਇਆ, ਵਾ ਚਿਤੇ=ਚਿੱਟਾ ਭਾਵ ਗੋਰਾ ਰੰਗ ਦੇ ਸਹਿਤ ਦਿਸਦਾ ਹੈ। ਇੰਦ੍ਰੀਆਂ ਰੂਪ ਦਰਵਾਜ਼ੇ ਵੀ ਬਗੇ=ਚਿੱਟੇ ਅਤੇ ਬੰਕ=ਸੁੰਚਰ ਹਨ। ਦ੍ਵੈਤ ਭਾ ਵਿਚ ਹਿਤ ਪਿਆਰ ਕਰਕੇ ਜੋ ਮਨ ਦੀਆਂ ਖੁਸ਼ੀਆਂ ਨਾਲ ਸਰੀਰ ਰੂਪ ਮੰਦਰ ਨੂੰ ਉਸਾਰਨਾ ਕੀਤਾ ਹੈ ਅਰਥਾਤ ਚੰਗੇ ਚੰਗੇ ਪਦਾਰਥ ਖੁਆ ਕੇ ਰਿਸ਼ਟ ਪੁਸ਼ਟ ਕੀਤਾ ਹੈ।

ਜੇਕਰ ਵਾਹਿਗੁਰੂ ਦੇ ਪ੍ਰੇਮ ਤੋਂ ਬਿਨਾਂ ਹੋਣ ਕਰਕੇ ਅੰਦਰੋਂ ਖਾਲੀ ਹੈ, ਤਾਂ ਸਰੀਰ ਰੂਪ ਮੰਦਰ ਢਹਿ ਕੇ ਸੁਆਹ ਦੀ ਢੇਰੀ ਹੋ ਜਾਵੇ ॥ ੧ ॥

ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥

ਹੇ ਭਾਈ ! ਇਸ ਤਨ, ਧਨ ਨੇ ਪ੍ਰਲੋਕ ਦਾ ਸਾਥੀ ਨਹੀਂ ਹੋਣਾ।

ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥ ੧ ॥ ਰਹਾਉ ॥

ਰਾਮ ਨਾਮ ਰੂਪ ਨਿਰਮਲ ਧਨ ਹੀ ਜੀਵ ਦਾ ਸਾਥੀ ਹੈ, ਪ੍ਰਭੂ=ਸਮਰੱਥ ਗੁਰੂ ਸਾਹਿਬ ਜੀ ਉਸ ਪ੍ਰਭੂ ਦੀ ਨਾਮ ਦਾਤ ਦੇਣੀ ਕਰਦੇ ਹਨ ॥ ੧ ॥ ਰਹਾਉ ॥

ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥

ਜੇਕਰ ਦੇਵਣ ਵਾਲੇ ਗੁਰੂ ਸਾਹਿਬ ਜੀ ਦੇਣਾ ਕਰਨ, ਤਾਂ ਰਾਮ ਨਾਮ ਰੂਪ ਨਿਰਮਲ ਧਨ ਦੀ ਪ੍ਰਾਪਤੀ ਹੁੰਦੀ ਹੈ।

ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥

ਕਰਤਾਰ ਰੂਪ ਗੁਰੂ ਸਾਹਿਬ ਜੀ ਜਿਸ ਦੇ ਬੇਲੀ ਹਨ, ਅੱਗੇ ਪ੍ਰਲੋਕ ਵਿਚ ਗਿਆਂ ਉਸ ਪਾਸੋਂ ਕੋਈ ਪੁੱਛ ਗਿੱਛ ਨਹੀਂ ਹੁੰਦੀ।

ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥ ੨ ॥

ਉਹ ਪ੍ਰਭੂ ਆਪ ਹੀ ਔਗੁਣਾਂ ਦੇ ਬਖਸ਼ਣੇ ਵਾਲਾ ਹੈ, ਜੇਕਰ ਉਹ ਆਪ ਛੁਡਾਵੇ ਤਾਂ ਦੁੱਖਾਂ ਤੋਂ ਛੁਟ ਸਕੀਦਾ ਹੈ॥ ੨ ॥

[ਪੰਨਾ ੬੩]

ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥

ਧੀਆਂ ਤੇ ਪੁੱਤਰਾਂ ਦੇ ਸੰਜੋਗ ਨੂੰ ਮਨਮੁਖ ਪੁਰਸ਼ ਆਪਣੇ ਕਰਕੇ ਜਾਣਦਾ ਹੈ।

ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥

ਇਸਤ੍ਰੀ ਨੂੰ ਵੇਖਕੇ ਬਹੁਤ ਖੁਸ਼ ਹੁੰਦਾ ਹੈ, ਇਸ ਕਰਕੇ ਉਸ ਦੇ ਨਾਲ ਹੀ ਹਰਖ ਤੇ ਸੋਗ ਲੱਗਾ ਰਹਿੰਦਾ ਹੈ।

ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥ ੩ ॥

ਗੁਰਮੁਖ ਜਨ ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਦਿਨ ਰਾਤ ਹਰੀਨਾਮ ਰਸ ਨੂੰ ਭੋਗ ਕੇ ਸਬਦਿ=ਸੰਸਾਰ ਵਿਖੇ ਰੰਗਾਵਲੇ=ਅਨੰਦ ਰਹਿੰਦੇ ਹਨ॥ ੩ ॥

ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥

ਚਲੇ ਜਾਣ ਵਾਲਾ ਜੋ ਵਿਤੁ=ਧਨ ਹੈ, ਉਸ ਵਿਚ ਚਿੱਤ ਚਲੈ=ਚੰਚਲ ਹੋ ਰਿਹਾ ਹੈ, ਸਾਕਤ ਪੁਰਸ਼ ਡੋਲ ਵਾਂਗੂੰ ਆਪਣੇ ਮਨ ਨੂੰ ਡੁਲਾਂਵਦਾ ਹੈ।

ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥

ਸਰੀਰ ਘਰ ਦੇ ਵਿਚ ਸੁਥਾਇ=ਸ੍ਰੇਸ਼ਟ ਅਸਥਾਨ ਅੰਤਹਕਰਨ ਦੇ ਵਿਚ ਹੀ ਆਤਮ ਵਸਤੂ ਹੈ, ਪਰ ਭੁੱਲਾ ਹੋਇਆ ਜੀਵ ਬਾਹਰ ਜੰਗਲਾਂ ਵਿਚ ਢੂੰਢਕੇ ਵਿਗੁਚੀਐ=ਖਰਾਬ ਹੋ ਰਿਹਾ ਹੈ।

ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥ ੪ ॥

ਮਨਮੁਖ ਇਸਤ੍ਰੀ ਹੰਗਤਾ ਮਮਤਾ ਕਰਕੇ ਮੁਸੀ=ਲੁੱਟੀ ਗਈ ਹੈ, ਗੁਰਮੁਖ ਇਸਤ੍ਰੀ ਨੇ ਗੁਰਾਂ ਦੁਆਰੇ ਆਤਮ ਵਸਤੂ ਬੁੱਧੀ ਰੂਪ ਪੱਲੇ ਵਿਖੇ ਪਾ ਲੀਤੀ ਹੈ॥ ੪ ॥

ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥

ਹੇ ਔਗੁਣਾਂ ਵਾਲੇ ਮਨਮੁਖ ਪੁਰਸ਼ਾ ! ਜਿਸ ਸਰੀਰ ਦਾ ਤੂੰ ਮਾਣ ਕਰਦਾ ਹੈਂ, ਇਸ ਆਪਣੇ ਸਰੀਰ ਦਾ ਤੂੰ ਮੂਲੁ=ਮੁੱਢ ਪਛਾਨਣਾ ਕਰ ਜੋ ਇਹ ਸਰੀਰ ਕਿੱਥੋਂ ਪੈਦਾ ਹੋਇਆ ਹੈ?

ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥

ਮਾਂ ਦੀ ਰਕਤ ਤੇ ਪਿਤਾ ਦੀ ਬਿੰਦੁ=ਧਾਤੁ ਦਾ ਇਹ ਸਰੀਰ ਬਣਿਆ ਹੋਇਆ ਹੈ, ਫਿਰ ਚਿਖਾ ਦੀ ਅੱਗ ਕੋਲ ਪਹੁੰਚਿਆ ਹੀ ਪਿਰਾਣੁ=ਪਛਾਨਣਾ ਕਰ।

ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥ ੫ ॥

ਇਹ ਦੇਹੁਰੀ=ਦੇਹ ਪਵਣੈ=ਪ੍ਰਾਣਾਂ ਦੇ ਵਸੀਕਾਰ ਹੈ, ਜਿਸ ਵੇਲੇ ਪ੍ਰਾਣ ਨਿਕਲ ਗਏ, ਤਾਂ ਇਸ ਨੇ ਅਗਨ ਭੇਟ ਹੋ ਜਾਣਾ ਹੈ। ਮੱਥੇ ਉੱਪਰ ਜੋ ਨੀਸਾਣੁ=ਲੇਖ ਲਿਖਿਆ ਹੋਇਆ ਹੈ ਉਹ ਸੱਚਾ ਹੈ॥ ੫॥

ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ॥

ਸਭ ਕੋਈ ਬਹੁਤਾ ਜਿਊਣਾ ਮੰਗਦਾ ਹੈ, ਮਰਣਾ ਤਾਂ ਕੋਈ ਚਾਹੁੰਦਾ ਹੀ ਨਹੀਂ। ਪਰ-

ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ॥

ਜਿਸ ਗੁਰਮੁਖ ਦੇ ਹਿਰਦੇ ਵਿਚ ਉਹ ਵਾਹਿਗੁਰੂ ਵਸਿਆ ਹੈ ਉਸ ਦਾ ਜਿਊਣਾ ਸੁਖ ਸਹਿਤ ਕਥਨ ਕੀਤਾ ਜਾਂਦਾ ਹੈ।

ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ॥ ੬॥

ਜੋ ਵਾਹਿਗੁਰੂ ਨਾਮ ਤੋਂ ਬਿਨਾਂ ਹਨ, ਅਤੇ ਜਿਨ੍ਹਾਂ ਨੂੰ ਹਰੀ ਸਰੂਪ ਗੁਰਾਂ ਦਾ ਦਰਸ਼ਨ ਨਹੀਂ ਹੋਇਆ, ਉਨ੍ਹਾਂ ਨੂੰ ਜਿਉਂਦਿਆਂ ਵਿਚ ਕੀ ਗਿਨਣਾ ਹੈ? ਭਾਵ ਉਹ ਤਾਂ ਮੁਰਦਿਆਂ ਦੇ ਤੁਲ ਹਨ ॥ ੬॥

ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ॥

ਜਿਵੇਂ ਨਿਸਿ=ਰਾਤ ਨੂੰ ਸੁਪਨੇ ਵਿਚ ਆਦਮੀ ਭੁੱਲਿਆ ਫਿਰਦਾ ਹੈ, ਜਦ ਤੀਕ ਨੀਂਦ ਦੇ ਵਸ ਵਿਚ ਹੁੰਦਾ ਹੈ।

ਤਿਵੇਂ ਇਹ ਜੀਵ ਜਦ ਤੱਕ ਅਵਿੱਦਿਆ ਰੂਪੀ ਨੀਂਦ ਦੇ ਵਸ ਵਿਚ ਹੁੰਦਾ ਹੈ, ਤਦ ਤੱਕ ਅਵਸਥਾ ਰੂਪੀ ਰਾਤ ਵਿਖੇ ਸੰਸਾਰ ਸੁਪਨੇ ਵਿਚ ਭੁੱਲਿਆ ਫਿਰਦਾ ਹੈ।

ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥

ਜਿਵੇਂ ਸਰਪਾਂ ਦੇ ਵਸ ਪੈ ਕੇ ਦੁੱਖੀ ਹੁੰਦਾ ਹੈ, ਤਿਵੇਂ ਕਾਮ ਆਦਿਕ ਸਰਪਾਂ ਦੇ, ਵਾ:-ਮਾਇਆ ਰੂਪ ਸੱਪਣੀ ਦੇ ਵਸ ਪੈ ਕੇ ਜੀਵ ਦੁਖੀ ਹੁੰਦਾ ਹੈ। ਜੀਵ ਦੇ ਅੰਦਰ ਹੰਗਤਾ ਮਮਤਾ ਦੋਵੇਂ ਲੱਗ ਰਹੀਆਂ ਹਨ।

ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ॥ ੭॥

ਜੇ ਗੁਰ ਸਿੱਖਿਆ ਪ੍ਰਾਪਤ ਹੋਵੇ ਤਾਂ ਇਉਂ ਵਿਚਾਰੀਦਾ ਹੈ, ਕਿ ਇਹ ਜਗਤ ਸੁਪਨੇ ਦੇ ਲੋਇ=ਨਜ਼ਾਰੇ ਵਾਂਗੂੰ ਮਿਥਿਆ ਹੈ।

ਅਥਵਾ:-ਇਸ ਜਗਤ ਦੇ ਜਿਤਨੇ ਕੁ ਲੋਕ ਹਨ, ਜਾਂ ਇਸ ਜਗਤ ਵਿਖੇ ਇੰਦ੍ਰ ਲੋਕ, ਸ਼ਿਵ ਲੋਕ, ਬ੍ਰਹਮ ਲੋਕ ਸਭ ਸੁਪਨੇ ਵਾਂਗ ਮਿਥਿਆ ਹਨ॥ ੭॥

ਅਗਨਿ ਮਰੈ ਜਲੁ ਪਾਈਐ

ਜਿਵੇਂ ਪਾਣੀ ਪਾਣ ਨਾਲ ਅੱਗ ਮਰੈ=ਬੁਝ ਜਾਂਦੀ ਹੈ, ਤਿਵੇਂ ਵਸਤ ਵਿਚਾਰ ਰੂਪ ਜਲ ਦੇ ਪਾਣ ਨਾਲ ਕਾਮ ਰੂਪ ਅੱਗ ਬੁਝ ਜਾਂਦੀ ਹੈ। ਸੰਤੋਖ ਰੂਪ ਜਲ ਦੇ ਪਾਣ ਨਾਲ ਤ੍ਰਿਸ਼ਨਾਂ ਰੂਪੀ ਅੱਗ ਬੁਝ ਜਾਂਦੀ ਹੈ, ਖਿਮਾਂ ਰੂਪ ਜਲ ਦੇ ਪਾਣ ਨਾਲ ਕ੍ਰੋਧ ਰੂਪ ਅੱਗ ਬੁਝ ਜਾਂਦੀ ਹੈ।

ਜਿਉ ਬਾਰਿਕ ਦੂਧੈ ਮਾਇ॥

ਜਿਵੇਂ ਬਾਲਕ ਮਾਂ ਦਾ ਦੁੱਧ ਪੀ ਕੇ ਚੁੱਪ ਕਰ ਜਾਂਦਾ ਹੈ, ਤਿਵੇਂ ਬਾਰਿਕ=ਮਨ ਗੁਰ ਉਪਦੇਸ਼ ਰੂਪ ਦੁੱਧ

ਨੂੰ ਪੀ ਕੇ ਸ਼ਾਂਤੀ ਸਰੂਪ ਹੋ ਜਾਂਦਾ ਹੈ।

ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ ਮਰਾਇ॥

ਜਿਵੇਂ ਪ੍ਰਤੱਖ ਪਾਣੀ ਤੋਂ ਬਿਨਾਂ ਕੌਲ ਫੁੱਲ ਨਹੀਂ ਹੁੰਦੇ, ਅਤੇ ਜਲ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ। ਤਿਵੇਂ ਨਾਮ ਜਲ ਤੋਂ ਬਿਨਾਂ ਸ਼ੁਭ ਗੁਣਾਂ ਰੂਪ ਕੌਲ ਫੁੱਲ ਨਹੀਂ ਹੁੰਦੇ, ਅਤੇ ਆਤਮ ਜਲ ਤੋਂ ਬਿਨਾਂ ਜਗਿਆਸੂ ਦੀ ਬੁੱਧੀ ਰੂਪੀ ਮੱਛੀ ਮਰ ਜਾਂਦੀ ਹੈ।

ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ॥ ੮॥ ੧੫॥

ਗੁਰੂ ਜੀ ਕਥਨ ਕਰਦੇ ਹਨ-ਹਰੀ ਰਸ ਦੇ ਮਿਲਣ ਕਰਕੇ, ਅਤੇ ਹਰੀ ਗੁਣਾਂ ਦੇ ਗਾਇਣ ਕਰਨ ਨਾਲ ਗੁਰਮੁਖਾਂ ਦਾ ਜੀਊਣਾ ਹੁੰਦਾ ਹੈ॥੮॥੧੫॥

ਸਿਰੀਰਾਗੁ ਮਹਲਾ ੧॥

ਡੂੰਗਰ ਦੇਖਿ ਡਰਾਵਣੋ ਪੇਈਅੜੈ ਡਰੀਆਸੁ॥

ਪਹਿਲਾ ਅਰਥ-

ਮਾਤ ਲੋਕ ਰੂਪ ਪੇਈਅੜੈ=ਪੇਕੇ ਘਰ ਵਿਚ ਸ਼ਾਸਤ੍ਰਾਂ ਦੁਆਰੇ ਪ੍ਰਲੋਕ ਰਸਤੇ ਦੇ ਡਰਾਵਣੋ ਡੂੰਗਰੁ=ਭੈ-ਦਾਇਕ ਪਰਬਤ ਵੇਖਕੇ ਜੀਵ ਰੂਪ ਇਸਤ੍ਰੀ ਡਰੀਆਸੁ=ਡਰ ਰਹੀ ਹੈ।

ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ॥

ਪ੍ਰਲੋਕ ਰਸਤੇ ਵਿਚ ਬੜੇ ਬੜੇ ਉੱਚੇ ਪ੍ਰਬਤ ਗਾਖੜੋ=ਕਠਨ ਹਨ, ਤਿਤੁ=ਉਨ੍ਹਾਂ ਪਰਬਤਾਂ ਤੋਂ ਲੰਘਣ ਵਾਸਤੇ ਤਾਸੁ=ਤਿਸ ਮਨੁੱਖ ਦੇ ਪਾਸ ਪੁੰਨਾਂ ਰੂਪ ਪੌੜੀ ਨਹੀਂ ਹੈ।

ਦੂਜਾ ਅਰਥ-

ਕਾਮ ਕ੍ਰੋਧ ਆਦਿਕ ਡਰਾਵਣੋ ਡੂੰਗਰੁ=ਭੈ-ਦਾਇਕ ਪਰਬਤ ਵੇਖਕੇ, ਮਾਤਲੋਕ ਰੂਪ ਪੇਕੇ ਘਰ ਵਿਚ ਜੀਵ ਰੂਪ ਇਸਤ੍ਰੀ ਡਰੀਆਸੁ=ਡਰ ਰਹੀ ਹੈ।

ਇਹ ਕਾਮ ਕ੍ਰੋਧ ਆਦਿਕ ਬੜੇ ਉੱਚੇ ਕਠਨ ਪਰਬਤ ਹਨ, ਤਿਤੁ=ਉਨ੍ਹਾਂ ਪਰਬਤਾਂ ਤੋਂ ਲੰਘਣ ਵਾਸਤੇ ਤਾਸੁ=ਤਿਸ ਪੁਰਸ਼ ਦੇ ਪਾਸ ਭਗਤੀ ਅਤੇ ਸਾਧਨਾਂ ਰੂਪ ਪੌੜੀ ਨਹੀਂ ਹੈ।

ਤੀਜਾ ਅਰਥ-

ਮਾਤ ਲੋਕ ਰੂਪ ਪੇਕੇ ਘਰ ਵਿਚ 'ਪੰਜਾਂ ਕੋਸ਼ਾਂ' ਰੂਪ ਬੜੇ ਡਰਾਉਣੇ ਪਰਬਤ ਵੇਖਕੇ ਜੀਵ ਰੂਪ ਇਸਤ੍ਰੀ ਡਰ ਰਹੀ ਹੈ। ਇਹ ਪੰਜਾਂ ਕੋਸ਼ਾਂ ਰੂਪ ਬੜੇ ਉੱਚੇ ਕਠਨ ਪਰਬਤ ਹਨ, ਤਿਤੁ=ਉਨ੍ਹਾਂ ਪਰਬਤਾਂ ਤੋਂ ਲੰਘਣ ਵਾਸਤੇ ਤਾਸੁ=ਤਿਸ ਪੁਰਸ਼ ਦੇ ਪਾਸ 'ਚਤੁਰਥ ਭੂਮਿਕਾ' ਰੂਪੀ ਪੌੜੀ ਨਹੀਂ ਹੈ।

ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ॥ ੧॥

ਗੁਰਮੁਖਾਂ ਨੇ ਆਤਮਾ ਨੂੰ ਅੰਦਰ ਹੀ ਜਾਣਿਆ ਹੈ, ਵਾ ਅੰਦਰਲਾ ਗੁੱਝਾ ਭੇਦ ਜਾਣਿਆ ਹੈ, ਜਿਸ ਜਗਿਆਸੂ ਨੇ ਆਪਣੇ ਆਪ ਨੂੰ ਗੁਰੂ ਨਾਲ ਮੇਲਿਆ ਹੈ, ਤਰੀਆਸੁ=ਤਰਨ ਦੀ ਆਸਾ ਹੋਣ ਕਰਕੇ ਉਹ ਸੰਸਾਰ ਸਮੁੰਦ੍ਰ ਤੋਂ ਤਰ ਗਿਆ ਹੈ॥੧॥

ਭਾਈ ਰੇ ਭਵਜਲੁ ਬਿਖਮੁ ਡਰਾਂਉ ॥

ਹੇ ਭਾਈ ! ਡਰਾਉਣੇ ਸੰਸਾਰ ਸਮੁੰਦ੍ਰ ਤੋਂ ਪਾਰ ਹੋਣਾ ਬੜਾ ਬਿਖਮੁ=ਕਠਨ ਹੈ।

ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥ ੧ ॥ ਰਹਾਉ ॥

ਪੂਰਿਆਂ ਸਤਿਗੁਰਾਂ ਦਾ ਰਸਿ=ਪ੍ਰੇਮ ਵਾ ਉਪਦੇਸ਼ ਮਿਲ ਜਾਵੇ।

ਅਥਵਾ:- ਜਗਿਆਸੂ ਜਨ ਰਸਿ=ਪ੍ਰੇਮੀ ਹੋ ਕੇ ਪੂਰਿਆਂ ਗੁਰਾਂ ਨੂੰ ਮਿਲ ਜਾਵੇ ਤਾਂ ਗੁਰੂ ਸਾਹਿਬ ਜੀ ਹਰੀ ਨਾਮ ਰੂਪ ਜਹਾਜ਼ ਦੇ ਕੇ ਤਾਰ ਦਿੰਦੇ ਹਨ ॥੧ ॥ ਰਹਾਉ ॥

ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥

ਜੇਕਰ ਸੰਸਾਰ ਤੋਂ ਚਲਿਆ ਜਾਣਾ, ਚਲਿਆ ਜਾਣਾ ਕਰਦਾ ਰਹੇ, ਤਾਂ ਭਜਨ ਸਿਮਰਨ ਕੁਝ ਨਹੀਂ ਕਰ ਸਕਦਾ, ਹਾਂ ਜੇਕਰ ਸੱਚ ਮੁੱਚ ਆਪਣੇ ਆਪ ਨੂੰ ਚੱਲੇ ਜਾਣ ਵਾਲਾ ਨਿਸ਼ਚੇ ਕਰ ਲਵੇ ਤਾਂ ਹੀ ਭਜਨ ਸਿਮਰਨ ਕਰ ਸਕਦਾ ਹੈ।

ਦੂਜਾ ਅਰਥ-

ਜੇਕਰ ਜ਼ਬਾਨੀ ਪਰਮੇਸ਼ੁਰ ਦੀ ਤਰਫ ਚਲਦਾ ਹਾਂ ਕਰਦਾ ਰਵ੍ਹੇ ਤਾਂ ਨਹੀਂ ਤੁਰਦਾ।

*ਯਥਾ:-*ਪੂਛਤ ਪਥਕਿ ਤਿਹ ਮਾਰਗਿ ਨ ਧਾਰੈ ਪਗ, ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ।

(ਕਬਿਤ, ਭਾਈ ਗੁਰਦਾਸ ਜੀ)

ਜਾਣਾ ਚਲਣਹਾਰੁ ॥ ਜੇਕਰ ਮਨ ਕਰਕੇ ਚਲਨ ਵਾਲਾ ਹੋ ਕੇ ਚੱਲਣਾ ਜਾਣੇ ਤਾਂ ਪ੍ਰੀਤਮ ਦੇ ਪਾਸ ਜਾ ਸਕਦਾ ਹੈ।

ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥

ਸੰਸਾਰ ਵਿਚ ਜੋ ਭੀ ਆਇਆ ਹੈ ਉਸ ਨੇ ਚਲਿਆ ਜਾਣਾ ਅਰਥਾਤ ਮਰ ਜਾਣਾ ਹੈ। ਕਰਤਾਰ ਰੂਪ ਜੋ ਗੁਰੂ ਸਾਹਿਬ ਜੀ ਹਨ ਇੱਕ ਉਹ ਅ+ਮਰੁ ਹਨ, ਅਰਥਾਤ ਮਰਨ ਤੋਂ ਰਹਿਤ ਹਨ।

ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥ ੨ ॥

ਜਦ ਚਲੇ ਜਾਣ ਦਾ ਨਿਸਚਾ ਹੋ ਜਾਵੇ, ਭੀ=ਪੁਨਾ (ਫਿਰ) ਸਤਸੰਗਤ ਰੂਪ ਸੱਚੇ ਥਾਨ ਵਿਚ ਪਿਆਰ ਧਾਰ ਕੇ ਸੱਚੇ ਵਾਹਿਗੁਰੂ ਦਾ ਸਲਾਹੁਣਾ ਕਰੇ ॥੨ ॥

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥

ਚਾਹੇ ਸੋਹਣੇ ਸਰੂਪ ਵਾਲੀਆਂ ਮਹਲਾ=ਇਸਤ੍ਰੀਆਂ ਭੀ ਘਰ ਦੇ ਦਰ=ਅੰਦਰ ਹਨ, ਕੋਟ=ਕਿਲ੍ਹੇ ਭੀ ਪੱਕੇ ਬਣੇ ਹੋਏ ਹਨ, ਹਜ਼ਾਰਾਂ ਰੁਪਏ ਭੀ ਪਾਸ ਹਨ।

ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥

ਹਸਤੀ=ਹਾਥੀ ਪਾਖਹੇ=ਅੰਬਾਰੀਆਂ ਵਾਲੇ ਘੋੜੇ ਪਾਖਰੇ=ਕਾਠੀਆਂ ਵਾਲੇ ਊਠ ਪਾਖਰੇ=ਪਲਾਣਾ ਵਾਲੇ ਭੀ ਤਬੇਲੇ ਵਿਚ ਖੜੇ ਹਨ, ਅਤੇ ਲਸਕਰ ਲਖ ਅਪਾਰ=ਪਾਰਾਵਾਰ ਤੋਂ ਰਹਿਤ ਬੇ-ਸ਼ੁਮਾਰ ਲੱਖਾਂ ਫੌਜਾਂ ਭੀ ਹਨ। ਪਰ ਅੱਜ ਤੱਕ ਇਨ੍ਹਾਂ ਸਾਰਿਆਂ ਚੋਂ-

ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥ ੩ ॥

ਕਿਸੇ ਦੇ ਨਾਲ ਕੁਝ ਭੀ ਨਹੀਂ ਤੁਰਿਆ, ਅਸਾਰ=ਝੂਠੇ ਹੰਕਾਰ ਵਿਚ ਅਸਾਰ=ਬੇਸੰਭਾਲ ਅਰਥਾਤ ਅਨਗਿਣਤ ਪੁਰਸ਼ ਖਪ ਖਪ ਕੇ ਅਸਾਰ=ਵਿਅਰਥ ਹੀ ਮਰ ਗਏ ਹਨ ॥੩ ॥

ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥

ਸੋਨਾ, ਰੁਪਾ=ਚਾਂਦੀ ਭੀ ਇਕੱਠਾ ਕਰ ਲਈਏ, ਪਰ ਇਹ ਜਾਲੁ=ਸਮੂਹ ਮਾਲ ਜੰਜਾਲੁ=ਬੰਧਨ ਰੂਪ ਹੈ।

ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥

ਐਨਾ ਪ੍ਰਤਾਪ ਭੀ ਹੋ ਜਾਵੇ, ਚਾਹੇ ਸਾਰੇ ਜਗਤ ਵਿਚ ਆਪਣੀ ਦੋਹੀ=ਦੋਹਾਈ ਫਿਰਾ ਦੇਵੇ, ਪਰ ਨਾਮ ਸਿਮਰਨ ਤੋਂ ਬਿਨਾਂ ਸਿਰ ਉੱਪਰ ਕਾਲ ਖੜਾ ਹੀ ਰਹਿੰਦਾ ਹੈ।

ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥ ੪ ॥

ਜਿਸ ਵੇਲੇ ਜੀਵਾਤਮਾਂ ਪ੍ਰਲੋਕ ਰਸਤੇ ਵਿਚ ਚਲੇਗਾ, ਤਾਂ ਪੰਜ ਭੂਤਕ ਪਿੰਡੁ=ਸਰੀਰ ਧਰਤੀ ਤੇ ਡਿੱਗ ਪਵੇਗਾ, ਅਤੇ ਪਤਾ ਨਹੀਂ ਬਦਫੈਲੀ ਭੈੜਿਆਂ ਕਰਮਾਂ ਦੇ ਕਰਨ ਵਾਲੇ ਜੀਵ ਦਾ ਅੱਗੇ ਜਾ ਕੇ ਕੀ ਹਾਲ ਹੋਵੇਗਾ? ॥ ੪ ॥

ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥

ਪੁਤ੍ਰਾਂ ਨੂੰ ਤੇ ਇਸਤ੍ਰੀ ਨੂੰ ਸੇਜਾ ਉੱਤੇ ਵੇਖ ਕੇ ਪਤੀ ਖੁਸ਼ ਹੁੰਦਾ ਹੈ। ਅਤੇ ਇਸਤ੍ਰੀ ਸੇਜਾ ਉੱਤੇ ਪਤੀ ਨੂੰ ਦੇਖ ਕੇ ਤੇ ਗੋਦੀ ਵਿਚ ਪੁਤ੍ਰ ਨੂੰ ਵੇਖ ਕੇ ਵਿਗਸੀਐ=ਖੁਸ਼ ਹੁੰਦੀ ਹੈ।

ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥

ਚੰਦਨ ਆਦਿਕਾਂ ਨੂੰ ਚੁਆ ਕੇ ਕੱਪੜਿਆਂ ਉੱਪਰ ਲਗਾਂਦੇ ਹਨ, ਤੇ ਸ਼ਿੰਗਾਰ ਕਰਕੇ ਇਸਤ੍ਰੀ ਆਪਣੇ ਰੂਪ ਨੂੰ ਚਮਕਾਉਂਦੀ ਹੈ।

ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥ ੫ ॥

ਜਿਸ ਵੇਲੇ ਜੀਵਾਤਮਾਂ ਆਪਣੇ ਘਰ ਬਾਰ ਛੱਡ ਕੇ ਚਲਦਾ ਹੈ, ਤਿਸ ਵੇਲੇ ਖੇਹ ਆਦਿਕ ਪੰਜਾਂ ਤੱਤਾਂ ਕਰਕੇ ਰਚਤ ਸਰੀਰ ਮਿੱਟੀ ਨਾਲ ਰਲਾ ਦਿੱਤਾ ਜਾਂਦਾ ਹੈ ॥ ੫ ॥

ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥

ਆਪਣੇ ਆਪ ਨੂੰ ਮਹਰ ਤੇ ਮਲੂਕ ਕਹਾ ਲਈਏ, ਚਾਹੇ ਰਾਜਾ ਤੇ ਰਾਉ=ਟਿੱਕੇ ਅਤੇ ਖਾਨ ਸਾਹਿਬ ਵੀ ਕਹਾ ਲਈਏ।*

ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥

ਭਾਵੇਂ ਆਪਣੇ ਆਪ ਨੂੰ ਚੌਧਰੀ ਤੇ ਰਾਉ=ਰਾਜਪੂਤ ਸਦਵਾ ਲਵੇ, ਪਰ ਸਾਰੇ ਹੰਕਾਰ ਦੀ ਜਲਿ=ਅੱਗ ਵਿਚ ਸੜਦੇ ਬਲਦੇ ਹਨ।

ਨੋਟ:=ਮਹਰ ਅਰਾਈਆਂ 'ਚੋਂ ਵੱਡੇ ਹੁੰਦੇ ਹਨ, ਮਲੂਕ ਬਲੋਚਾਂ 'ਚੋਂ ਵੱਡੇ ਹੁੰਦੇ ਹਨ, ਗੁਜਰਾਂ ਨੂੰ ਭੀ ਮਹਰ ਆਖਦੇ ਹਨ, ਮਲੂਕ ਸੁੰਦਰ ਨੂੰ ਆਖਦੇ ਹਨ। ਪੰਜ ਹਜ਼ਾਰੀ ਜਾਂ ਦਸ ਹਜ਼ਾਰੀ ਨੂੰ ਖਾਨ ਆਖਦੇ ਹੰਨ।

ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥ ੬ ॥

ਜਿਸ ਮਨਮੁਖ ਨੇ ਨਾਮ ਭੁਲਾ ਦਿੱਤਾ ਹੈ ਉਸ ਦੀ ਬਾਦਸ਼ਾਹੀ ਤੇ ਸਾਰੀ ਦੁਨੀਆਂ ਦੀ ਇੱਜ਼ਤ ਇਸ ਤਰ੍ਹਾਂ ਹੈ, ਜਿਵੇਂ ਡਵਿ=ਅੱਗ ਦਾ ਦਧਾ=ਸੜਿਆ ਹੋਇਆ ਕਾਨਾ ਕਾਲਾ ਸ੍ਵਾਹ ਹੋ ਕੇ ਭੀ ਚਮਕਦਾ ਰਹਿੰਦਾ ਹੈ। ਬੇਸ਼ਕ ਉਪਰੋਂ ਚਿੱਟੇ ਕੱਪੜੇ ਪਾ ਕੇ ਚੌਧਰੀ ਜਾਂ ਰਾਜੇ ਬਣਕੇ ਚਮਕਦੇ ਹਨ ਪਰ ਅੰਦਰੋਂ ਤ੍ਰਿਸ਼ਨਾਂ ਅੱਗ ਦੇ ਸੜੇ ਹੋਏ ਭਸਮ ਰੂਪ ਹਨ।

ਅਥਵਾ:-ਜਿਵੇਂ ਅੱਗ ਨਾਲ ਸੜਿਆ ਹੋਇਆ ਕਾਨਾ ਅੰਦਰੋਂ ਕਠੋਰ ਹੁੰਦਾ ਹੈ, ਤਿਵੇਂ ਨਾਮ-ਹੀਨ ਮਨਮੁਖ ਬਾਹਰੋਂ ਭਾਵੇਂ ਮਿੱਠੇ ਬਚਨ ਬੋਲਦਾ ਹੈ ਪਰ ਅੰਦਰੋਂ ਮਨ ਦਾ ਕਠੋਰ ਹੈ॥ ੬ ॥

ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥

ਜੋ ਭੀ ਜਗਤ ਵਿਚ ਆਇਆ ਹੈ, ਝੂਠੀ ਹੰਗਤਾ ਤੇ ਮਮਤਾ ਕਰਦਾ ਕਰਦਾ ਚਲਾ ਜਾਂਦਾ ਹੈ।

[ਪੰਨਾ ੬੪]

ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥

ਸਾਰਾ ਜਗਤ ਪਾਪਾਂ ਅਤੇ ਵਿਸ਼ਿਆਂ ਰੂਪ ਕਾਜਲ=ਸ਼ਾਹੀ (ਕਾਲਖ) ਦੀ ਕੋਠੀ ਹੈ, ਇਸ ਦੇ ਤਨੁ=ਨਾਲ ਲਗਕੇ ਮਨ ਅਤੇ ਅਸਥੂਲ ਦੇਹ ਸੁਆਹਿ=ਕਾਲੀ ਹੋ ਰਹੀ ਹੈ।

ਅਥਵਾ:-ਸਥੂਲ ਦੇਹ ਚਿਖਾ ਤੇ ਚੜ੍ਹ ਕੇ ਇੱਥੇ ਸੁਆਹ ਹੋ ਜਾਂਦੀ ਹੈ, ਮਨੁ=ਸੂਖਮ ਸਰੀਰ ਪ੍ਰਲੋਕ ਵਿਚ ਜਾ ਕੇ ਦੁਖ ਭੋਗਦਾ ਹੈ।

ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥ ੭ ॥

ਜਿਨ੍ਹਾਂ ਦੇ ਰਾਖੇ ਗੁਰੂ ਹੋਏ ਹਨ, ਉਹ ਇਸ ਕਜਲੇ ਦੀ ਕੋਠੀ ਸੰਸਾਰ ਵਿਚ ਰਹਿੰਦੇ ਹੋਏ ਨਿਰਮਲੇ=ਸ਼ੁੱਧ ਹਨ, ਕਿਉਂਕਿ ਉਨ੍ਹਾਂ ਨੇ ਗੁਰ ਉਪਦੇਸ਼ ਦੁਆਰਾ ਤ੍ਰਿਸ਼ਨਾਂ ਰੂਪੀ ਭਾਹਿ=ਅੱਗ ਬੁਝਾ ਲਈ ਹੈ॥੭ ॥

ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜੋ ਸ਼ਾਹਾਂ ਤੇ ਪਾਤਿਸ਼ਾਹਾਂ ਦਾ ਸਿਰਿ=ਸ਼੍ਰੋਮਣੀ ਪਾਤਸ਼ਾਹ ਹੈ ਉਸ ਦੇ ਸੱਚ ਨਾਮ ਜਪਣ ਕਰਕੇ ਤਰਨਾ ਹੁੰਦਾ ਹੈ।

ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥

ਮੈਨੂੰ ਹਰੀ ਦਾ ਨਾਮ ਭੁੱਲਦਾ ਨਹੀਂ ਹੈ, ਕਿਉਂਕਿ ਗੁਰਾਂ ਪਾਸੋਂ ਮੈਨੇ ਰਤਨ ਰੂਪ ਹਰੀ ਨਾਮ ਨੂੰ ਵੇਸਾਹੁ=ਖਰੀਦਿਆ ਹੈ।

ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥ ੮ ॥ ੧੬ ॥

ਨਾਮ ਹੀਣ ਮਨਮੁਖ ਪੁਰਸ਼ ਸੰਸਾਰ ਸਮੁੰਦ੍ਰ ਵਿਚ ਫਸ ਕੇ ਵਾ ਖਰਾਬ ਹੋ ਕੇ ਮਰ ਗਏ ਹਨ, ਗੁਰਮੁਖ ਪੁਰਸ਼ ਗੁਰਾਂ ਦੁਆਰੇ ਨਾਮ ਜਪ ਕੇ ਅਥਾਹੁ=ਡੂੰਘੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ॥੮ ॥੧੬ ॥

ਸਿਰੀਰਾਗੁ ਮਹਲਾ ੧ ਘਰੁ ੨ ॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ 'ਮੱਕੇ' ਤੋਂ ਹੋ ਕੇ 'ਮਦੀਨੇ' ਪਹੁੰਚੇ ਤਾਂ ਹਜ਼ਰਤ 'ਮੁਹੰਮਦ' ਦੀ ਕਬਰ ਨੇ ਕੁਝਕੁ ਅੱਗੇ ਹੋ ਕੇ ਗੁਰੂ ਜੀ ਦੇ ਚਰਨ ਕਵਲਾਂ ਤੇ ਸਿਰ ਝੁਕਾਇਆ। ਅਤੇ ਫਿਰ ਆਪਣੀ ਜਗ੍ਹਾਂ ਉੱਪਰ ਟਿਕ ਗਈ, ਇਹ ਗੱਲ ਵੇਖਦਿਆਂ ਸਾਰ ਮੁਜ਼ਾਵਰਾਂ ਤੇ ਕਾਜ਼ੀਆਂ ਦੇ ਮਨ ਵਿਚ ਸ਼ਰਧਾ ਆਈ, ਤੇ ਬੇਨਤੀ ਕੀਤੀ ਆਪ ਕੋਈ ਦਿਨ ਇੱਥੇ ਮੁਕਾਮ ਕਰੋ।

ਦੂਜਾ ਭਾਵ ਇਹ ਭੀ ਸੁਣਾਂਦੇ ਹਨ, ਕਿ ਜਿਸ ਵੇਲੇ ਹਜ਼ਰਤ ਮੁਹੰਮਦ ਦੀ ਕਬਰ ਗੁਰੂ ਸਾਹਿਬ ਜੀ ਦੇ ਚਰਨਾਂ ਉੱਪਰ ਝੁਕੀ ਤਾਂ ਇਸ ਕੌਤਕ ਨੂੰ ਵੇਖ ਕੇ ਮਜੌਰਾਂ ਨੇ ਕਿਹਾ। ਫਕੀਰ ਸਾਈਂ ਜੀ ਮੁਹੰਮਦ ਸਾਹਿਬ ਜੀ ਦੀ ਕਬਰ ਤਾਂ ਮੁਕਾਮ ਰੂਪ ਸੀ ਇਹ ਕਿਵੇਂ ਝੁਕੀ ਹੈ? ਤਾਂ ਗੁਰੂ ਜੀ ਨੇ ਕਿਹਾ, ਹੇ ਕਾਜ਼ੀਓ-ਦੁਨੀਆਂ ਕੈਸਿ ਮੁਕਾਮੇ॥

ਇਸ ਦੁਨੀਆਂ ਦਾ ਮੁਕਾਮ ਕਿਵੇਂ ਰਹਿ ਸਕਦਾ ਹੈ ਜਿਵੇਂ ਦੁਨੀਆਂ ਮੁਕਾਮ ਰੂਪ ਨਹੀਂ ਤਿਵੇਂ ਇਹ ਕਬਰ ਵੀ ਮੁਕਾਮ ਰੂਪ ਨਹੀਂ।

(ਦੂਜੀ ਹੋਰ ਉਥਾਨਕਾ ਭੀ ਸੁਣਾਂਦੇ ਹਨ)

ਇਕ ਦਿਨ ਗੁਰੂ ਸਾਹਿਬ ਜੀ 'ਬਾਰ ਦੇਸ' ਵਿਚ ਜਾ ਰਹੇ ਸਨ, ਰਾਹ ਵਿਚ ਕਿਧਰੇ ਪਾਤਸ਼ਾਹੀ ਸੈਨਾ ਉੱਤਰੀ ਹੋਈ ਸੀ। ਉਸਨੂੰ ਵੇਖ ਕੇ ਗੁਰੂ ਸਾਹਿਬ ਜੀ ਕਈ ਦਿਨ ਠਹਿਰੇ, ਜਦ ਭੁੱਖ ਦੇ ਮਾਰਿਆਂ ਮਰਦਾਨੇ ਨੇ ਉਸ ਸੈਨਾ ਪਾਸੋਂ ਕੁਝ ਖਾਣ ਲਈ ਮੰਗਿਆ, ਤਾਂ ਉਨ੍ਹਾਂ ਨੇ ਚੰਗਾ ਚੋਖਾ ਦੇ ਦਿੱਤਾ, ਮਰਦਾਨੇ ਨੂੰ ਅਜੇਹਾ ਭੁਸ ਪਿਆ ਜੋ ਇਸ ਨੇ ਰੋਜ਼ਾਨਾ ਜਾ ਕੇ ਮੰਗਣਾ ਸ਼ੁਰੂ ਕਰ ਦਿੱਤਾ। ਜਿੰਨੇ ਦਿਨ ਗੁਰੂ ਜੀ ਰਹੇ ਇਹ ਰੋਜ਼ਾਨਾ ਸ਼ਾਹੀ ਸੈਨਾ ਤੋਂ ਮੰਗ ਕੇ ਖਾ ਆਇਆ ਕਰੇ।

ਜਿਸ ਦਿਨ ਗੁਰੂ ਸਾਹਿਬ ਜੀ ਓਥੋਂ ਤੁਰਨ ਲਗੇ ਤਾਂ ਮਰਦਾਨੇ ਨੇ ਕਿਹਾ, ਗਰੀਬ ਨਿਵਾਜ ਜੀਉ! ਆਪ ਕੁਝ ਦਿਨ ਹੋਰ ਇੱਥੇ ਹੀ ਮੁਕਾਮ ਕਰੋ, ਤਾਂ ਹਜ਼ੂਰ ਨੇ ਫੁਰਮਾਇਆ-

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥

ਇਹ ਜੀਵ ਤਾਂ ਆਪਣੀ ਮੁਕਾਮੁ=ਇਸਥਿਤੀ ਜਾਣ ਕੇ ਘਰ ਵਿਚ ਬੈਠਣਾ ਕਰਦਾ ਹੈ, ਸਾਨੂੰ ਤਾਂ ਸਦਾ ਹੀ ਚਲੇ ਜਾਣ ਦੀ ਧੋਖ=ਚਿੰਤਾ ਲਗ ਰਹੀ ਹੈ।

ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥ ੧॥

ਮੁਕਾਮੁ=ਇਸਥਿਤੀ ਤਾਂ ਪਰੁ=ਭਲੀ ਪ੍ਰਕਾਰ ਜਾਣੀਏ, ਜਾਂ ਕੋਈ ਲੋਕ ਨਿਸਚਲ ਰਹੇ, ਜਾਂ ਕੋਈ ਇੰਦ੍ਰ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਨਿਸਚਲ ਰਹਿਣਾ ਕਰੇ॥ ੧॥

ਦੁਨੀਆ ਕੈਸਿ ਮੁਕਾਮੇ॥

ਦੁਨੀਆਂ ਵਿਖੇ ਕਿਵੇਂ ਮੁਕਾਮੇ=ਇਸਥਿਤੀ ਹੋ ਸਕਦੀ ਹੈ।

ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥ ੧॥ ਰਹਾਉ॥

ਵਾਹਿਗੁਰੂ ਵਿਖੇ ਸਿਦਕੁ=ਭਰੋਸਾ ਕਰਨਾ, ਨਿਸ਼ਕਾਮ ਕਰਮਾਂ ਦੀ ਕਰਨੀ ਇਹ ਆਪਣੇ ਬੁੱਧੀ ਰੂਪ ਪੱਲੇ ਵਿਚ ਖਰਚ ਬੰਨ੍ਹਣਾ ਕਰੋ, ਅਤੇ ਨਾਮ ਜਪਣ ਵਿਚ ਲਗੇ ਰਵ੍ਹੋ॥੧॥ ਰਹਾਉ॥

ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥

ਜੋਗੀ ਤਾਂ ਆਸਣ ਲਗਾ ਕੇ ਬੈਠੇ ਹਨ, ਅਤੇ ਮੁਲਾਂ ਮਸੀਤ ਵਿਚ ਮੁਕਾਮ ਕਰਕੇ ਬੈਠੇ ਹਨ।

ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥ ੨॥

ਪੰਡਿਤ ਲੋਕ ਪੋਥੀਆਂ ਨੂੰ ਕਥਨ ਕਰਦੇ ਹਨ, ਅਤੇ ਸਿੱਧ ਲੋਕ ਦੇਵ ਸਥਾਨਿ=ਸੁਮੇਰ ਪ੍ਰਬਤ ਉੱਤੇ ਜਾ ਬੈਠੇ ਹਨ॥੨॥

ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥

ਸੁਰ=ਦੇਵਤੇ, ਸਿਧ, ਸ਼ਿਵਾਂ ਦੇ ਗਣ ਨੰਦੀ, ਭ੍ਰਿੰਗੀ ਆਦਿਕ, ਗੰਧਰਬ=ਦੇਵਤਿਆਂ ਦੇ ਗਵੱਈਏ 'ਹਾ ਹਾ, ਹੂ ਹੂ' ਗੰਧਰਬ ਮੁਨਿ ਜਨ=ਮਹਾਤਮਾਂ, ਸੇਖ ਮੁਸਲਮਾਨਾਂ 'ਚੋਂ ਵਡੇ, ਪੀਰ=ਮੁਸਲਮਾਨਾਂ ਦੇ ਗੁਰੂ, ਸਲਾਰ= ਸ੍ਰਦਾਰ। ਇਤ ਆਦਿਕ ਸਾਰੇ ਹੀ-

ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ ੩॥

ਕੂਚ ਦਰ ਕੂਚ ਕਰਕੇ ਚਲੇ ਗਏ ਹਨ, ਅਵਰੇ=ਹੋਰ ਜਿਹੜੇ ਰਹਿੰਦੇ ਹਨ ਇਹ ਭੀ ਚਲੇ ਜਾਣ ਵਾਲੇ ਹਨ॥੩॥

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥

ਸੁਲਤਾਨ=ਬਾਦਸ਼ਾਹ, ਖਾਨ=ਪੰਜ ਹਜ਼ਾਰੀ ਦਸ ਹਜ਼ਾਰੀ, ਮਲੂਕ ਬਲੋਚਾਂ 'ਚੋਂ ਵੱਡੇ, ਉਮਰਾਵ, ਇਤ ਆਦਿਕ ਸਾਰੇ ਹੀ ਕੂਚ ਕਰਦੇ ਕਰਦੇ ਚਲੇ ਗਏ ਹਨ।

ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥ ੪॥

ਇੱਕ ਘੜੀ ਨੂੰ ਜਾਂ ਮੁਹਤਿ=ਅੱਧੀ ਘੜੀ ਨੂੰ ਸਭ ਨੇ ਤੁਰ ਜਾਣਾ ਹੈ, ਹੇ ਦਿਲ ! ਤੂੰ ਭੀ ਆਪਣੇ ਆਪ ਨੂੰ ਉਥੇ ਪਹੁੰਚਿਆ ਸਮਝ॥੪॥

ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥

ਜੋ ਗੱਲ ਇਸ ਸ਼ਬਦ ਦੇ ਵਿਚ ਅਸਾਂ ਨੇ ਕਹੀ ਹੈ, ਉਸਨੂੰ ਤਾਂ ਕੋਈ ਵਿਰਲਾ ਹੀ ਸਮਝਦਾ ਹੈ।

ਅਥਵਾ:- ਸਬ=ਸਾਰੀ ਦੁਨੀਆਂ ਦਾਹ=ਅੱਗ ਵਿਚ ਭਸਮ ਹੋ ਜਾਣੀ ਕਥਨ ਕੀਤੀ ਹੈ।

ਅਥਵਾ:- ਸਬਦਾਹ=ਵੇਦ ਵਿਚ ਜੋ ਗੱਲ ਕਹੀ ਹੈ, ਉਸਨੂੰ ਕੋਈ ਵਿਰਲਾ ਹੀ ਸਮਝਦਾ ਹੈ।

ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥ ੫॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਉਸ ਪ੍ਰਭੂ ਅੱਗੇ ਬੇਨਤੀ ਕਥਨ ਕਰੇ, ਉਹ ਪ੍ਰਭੂ ਜਲਾਂ, ਥਲਾਂ, ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਪੂਰਨ ਹੈ॥੫॥

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥

ਉਹ ਅੱਲਾ ਅਲਖੁ=ਜਾਣਿਆ ਨਹੀਂ ਜਾਂਦਾ, ਅਗੰਮੁ=ਡਰ ਤੋਂ ਰਹਿਤ ਹੈ, ਕਾਦਰੁ=ਸਮਰੱਥ ਹੈ, ਕਰਣਹਾਰੁ=ਸਭ ਦੇ ਕਰਨ ਵਾਲਾ ਹੈ, ਕਰੀਮੁ=ਕ੍ਰਿਪਾਲੂ ਹੈ।

ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥ ੬ ॥

ਇਹ ਸਾਰੀ ਦੁਨੀਆਂ ਆਉਣ ਜਾਣ ਵਾਲੀ ਹੈ, ਅਤੇ ਉਹ ਇਕ ਰਹੀਮੁ=ਦਿਆਲੂ ਪ੍ਰਮਾਤਮਾ ਹੀ ਮੁਕਾਮੁ=ਸਥਿਰ ਹੈ॥ ੬ ॥

ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥

ਮੁਕਾਮੁ=ਸਥਿਰ ਉਸੇ ਨੂੰ ਕਹਿਣਾ ਚਾਹੀਦਾ ਹੈ, ਜਿਸ ਦੇ ਸਿਸਿ=ਸਿਰ ਤੇ ਕਰਮਾਂ ਦਾ ਲੇਖ ਨਾ ਹੋਵੇ।

ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥ ੭ ॥

ਅਕਾਸ਼ ਤੇ ਧਰਤੀ ਭੀ ਨਾਸ ਹੋ ਜਾਏਗੀ, ਉਹ ਇਕ ਪ੍ਰਮੇਸ਼ਰ ਹੀ ਮੁਕਾਮੁ=ਇਸਥਿਤ ਹੈ॥ ੭ ॥

ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥

ਦਿਨ ਤੇ ਰਵਿ=ਸੂਰਜ ਨਾਸ ਹੋ ਜਾਏਗਾ, ਨਿਸਿ=ਰਾਤ, ਸਸਿ=ਚੰਦ੍ਰਮਾਂ ਨਾਸ ਹੋ ਜਾਏਗਾ, ਲੱਖਾਂ ਤਾਰੇ ਭੀ ਪਲੋਇ=ਨਾਸ ਭਾਵ ਛੁਪ ਜਾਣਗੇ।

ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥ ੧੭ ॥

ਮਹਲੇ ਪਹਿਲੇ ਸਤਾਰਹ ਅਸਟਪਦੀਆ ॥

ਉਹ ਇਕ ਪ੍ਰਮਾਤਮਾ ਹੀ ਮੁਕਾਮੁ=ਇਸਥਿਤ ਹੈ, ਗੁਰੂ ਜੀ ਕਥਨ ਕਰਦੇ ਹਨ, ਉਸ ਸੱਚ ਨੂੰ ਬੁਗੋਇ= ਉਚਾਰਨਾ ਕਰੋ॥ ੮ ॥ ੧੭ ॥

ਇੱਥੋਂ ਤੱਕ ੧੭ ਅਸਟਪਦੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰੀਆਂ ਹਨ।

ਸਿਰੀਰਾਗੁ ਮਹਲਾ ੩ ਘਰੁ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ ॥

ਮੁਖੀ ਗੁਰੂ ਕਿਰਪਾ ਦ੍ਰਿਸ਼ਟੀ ਕਰਨ ਤਾਂ ਭਗਤੀ ਕੀਤੀ ਜਾਂਦੀ ਹੈ, ਗੁਰੂ ਦੀ ਕਿਰਪਾ ਤੋਂ ਬਿਨਾਂ ਭਗਤੀ ਨਹੀਂ ਹੁੰਦੀ।

ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ ॥

ਆਪਣੇ ਆਪ ਨੂੰ ਗੁਰਾਂ ਨਾਲ ਮਿਲਾ ਕੇ ਉਪਦੇਸ਼ ਨੂੰ ਬੁੱਝਣਾ ਕਰੇ, ਤਾਂ ਉਹ ਕੋਈ ਸ਼ੁੱਧ ਹੁੰਦਾ ਹੈ।

ਹਰਿ ਜੀਉ ਸਚਾ ਸਚੀ ਬਾਣੀ ਸਬਦਿ ਮਿਲਾਵਾ ਹੋਇ ॥ ੧ ॥

ਹਰ ਜੀ ਆਪ ਸੱਚਾ ਹੈ ਉਸ ਦੀ ਨਾਮ ਬਾਣੀ ਭੀ ਸੱਚੀ ਹੈ, ਗੁਰ ਉਪਦੇਸ਼ ਕਰਕੇ ਤਿਸ ਨਾਲ ਮਿਲਾਪ ਹੁੰਦਾ ਹੈ॥੧ ॥

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥

ਹੇ ਭਾਈ ! ਵਾਹਿਗੁਰੂ ਦੀ ਭਗਤੀ ਤੋਂ ਬਿਨਾਂ ਤੂੰ ਕਿਸ ਵਾਸਤੇ ਜਗਤ ਵਿਚ ਆਇਆਂ ਹੈਂ।

ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥

ਤੈਨੇ ਪੂਰਿਆਂ ਗੁਰਾਂ ਦੀ ਸੇਵਾ ਨਹੀਂ ਕੀਤੀ, ਤੇ ਅਮੋਲਕ ਮਨੁੱਖਾ ਜਨਮ ਨੂੰ ਬਿਅਰਥ ਗਵਾ ਲਿਆ ਹੈ॥ ੧ ॥ ਰਹਾਉ ॥

ਆਪੇ ਹਰਿ ਜਗਜੀਵਨੁ ਦਾਤਾ ਆਪੇ ਬਖਸਿ ਮਿਲਾਏ ॥

ਜਗਤ ਦੇ ਜਿਵਾਣ ਵਾਲਾ ਹਰੀ ਆਪ ਹੀ ਸਾਰਿਆਂ ਜੀਵਾਂ ਦਾ ਦਾਤਾ ਹੈ, ਅਤੇ ਆਪ ਹੀ ਸੇਵਕਾਂ ਦੇ ਔਗੁਣ ਬਖਸ਼ ਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥

ਇਹ ਵਿਚਾਰੇ ਸੂਖਮ ਸਥੂਲ ਜੀਆ ਜੰਤ ਕੀ ਕਰ ਸਕਦੇ, ਅਤੇ ਕੀ ਕੁਝ ਆਖਕੇ ਸੁਣਾ ਸਕਦੇ ਹਨ।

ਗੁਰਮੁਖਿ ਆਪੇ ਦੇ ਵਡਿਆਈ ਆਪੇ ਸੇਵ ਕਰਾਏ ॥ ੨ ॥

ਆਪ ਹੀ ਗੁਰਮੁਖਾਂ ਨੂੰ ਪ੍ਰਤੱਖ ਵਡਿਆਈ, ਵਾ ਨਾਮ ਵਡਿਆਈ ਦੇਂਦਾ ਹੈ, ਅਤੇ ਆਪ ਹੀ ਉਨ੍ਹਾਂ ਤੋਂ ਸੇਵਾ ਕਰਾਂਦਾ ਹੈ॥੨ ॥

ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ ॥

ਜਿਸ ਕੁਟੰਬ ਨੂੰ ਦੇਖਕੇ ਉਨ੍ਹਾਂ ਦੇ ਮੋਹ ਵਿਚ ਲੁਭਾਇਮਾਨ ਹੋ ਰਿਹਾ ਹੈ, ਉਹ ਤਾਂ ਇੱਥੋਂ ਹੀ ਚਲਦਿਆਂ ਹੋਇਆਂ ਨਾਲ ਨਹੀ ਜਾਂਦੇ।

[ਪੰਨਾ ੬੫]

ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਕੀ ਕੀਮ ਨ ਪਾਈ ॥

ਜਿਸ ਨੇ ਸਤਿਗੁਰਾਂ ਦੀ ਸੇਵਾ ਕਰਕੇ ਸ਼ੁਭ ਗੁਣਾਂ ਦੇ ਖਜ਼ਾਨੇ ਵਾਹਿਗੁਰੂ ਨੂੰ ਪਾਇਆ ਹੈ, ਉਸ ਦੀ ਕੀਮਤ ਨਹੀਂ ਪਾਈ ਜਾਂਦੀ।

ਪ੍ਰਭੁ ਸਖਾ ਹਰਿ ਜੀਉ ਮੇਰਾ ਅੰਤੇ ਹੋਇ ਸਖਾਈ ॥ ੩ ॥

ਮੇਰਾ ਪ੍ਰਭੂ ਹਰਿ ਜੀ ਅਜੇਹਾ ਸਖਾ=ਮਿੱਤਰ ਹੈ, ਜੋ ਅੰਤੇ=ਪ੍ਰਾਣਾਂ ਦੇ ਵਿਜੋਗ ਕਾਲ ਵਿਚ ਜੀਵ ਦਾ ਸਹਾਇਕ ਹੁੰਦਾ ਹੈ॥੩ ॥

ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥

ਮਾਤ ਲੋਕ ਰੂਪ ਪੇਕੇ ਘਰ ਵਿਚ ਜਗਜੀਵਨ ਦਾਤੇ ਪ੍ਰਭੂ ਨੂੰ ਭੁਲਾ ਕੇ ਮਨਮੁਖਾਂ ਨੇ ਆਪਣੀ ਪਤਿ=ਇੱਜ਼ਤ ਗੁਆ ਲਈ ਹੈ।

ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ ॥

ਸਤਿਗੁਰਾਂ ਨੂੰ ਮਿਲੇ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਦੇ ਗਿਆਨ ਵੈਰਾਗ ਰੂਪ ਮਗੁ=ਰਾਹ ਨੂੰ ਕੋਈ ਨਹੀਂ ਜਾਣਦਾ, ਅਤੇ ਅੰਧੇ ਅਗਿਆਨੀ ਨੂੰ ਪ੍ਰਲੋਕ ਵਿਚ ਕੋਈ ਥਾਂ ਨਹੀਂ ਮਿਲਦੀ।

ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ॥ ੪ ॥

ਜਿਸ ਦੇ ਮਨ ਵਿਚ ਸੁਖ ਦਾਤਾ ਹਰੀ ਨਹੀਂ ਵਸਿਆ, ਉਹ ਅੰਤ ਨੂੰ ਪਛਤਾਂਦਾ ਹੀ ਗਿਆ ਹੈ॥੪॥

ਪੇਈਅੜੈ ਜਗਜੀਵਨੁ ਦਾਤਾ ਗੁਰਮਤਿ ਮੰਨਿ ਵਸਾਇਆ॥

ਜਿਸ ਨੇ ਮਾਤ ਲੋਕ ਰੂਪੀ ਪੇਕੇ ਘਰ ਵਿਚ ਗੁਰ ਸ਼ਿੱਖਿਆ ਦੁਆਰੇ ਜਗਜੀਵਣ ਦਾਤੇ ਪ੍ਰਭੂ ਨੂੰ ਮਨ ਵਿਚ ਵਸਾਇਆ ਹੈ। ਅਤੇ-

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ॥

ਅਨਦਿਨੁ=ਇਕਰਸ ਦਿਨ ਰਾਤ ਭਗਤੀ ਕਰਦਾ ਹੈ, ਅਤੇ ਮਨ ਵਿਚੋਂ ਹੰਗਤਾ ਮਮਤਾ ਤੇ ਮੋਹ ਨੂੰ ਚੁਕਾਇਆ=ਦੂਰ ਕੀਤਾ ਹੈ।

ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ॥ ੫ ॥

ਉਹ ਜਿਸ ਨਾਲ ਰਾਤਾ=ਲਗਾ ਹੈ, ਤੈਸੋ ਹੋਵੈ=ਉਸ ਵਰਗਾ ਹੁੰਦਾ ਹੈ। ਸੱਚੇ ਨਾਮ ਦੇ ਜਪਣ ਵਾਲਾ ਸੱਚੇ ਪ੍ਰਭੂ ਵਿਖੇ ਸਮਾ ਜਾਂਦਾ ਹੈ॥੫॥

ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ॥

ਪ੍ਰਭੂ ਆਪ ਕਿਰਪਾ ਦ੍ਰਿਸ਼ਟੀ ਕਰਕੇ ਜਿਸ ਦੇ ਅੰਦਰ ਭਾਉ=ਪ੍ਰੇਮ ਲਗਾਂਦਾ ਹੈ ਓਹੀ ਗੁਰ ਉਪਦੇਸ਼ ਦੀ ਵਿਚਾਰ ਕਰਦਾ ਹੈ।

ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ॥

ਸਤਿਗੁਰਾਂ ਦੀ ਸੇਵਾ ਕੀਤਿਆਂ ਸਹਜੁ=ਸਤੋਗੁਣ ਵਾ ਗਿਆਨ ਉਪਜਦਾ ਹੈ, ਅਤੇ ਹੰਗਤਾ ਮਮਤਾ ਤ੍ਰਿਸ਼ਨਾ ਆਦਿਕ ਵਿਕਾਰ ਸਭ ਮਰ ਜਾਂਦੇ ਹਨ।

ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ॥ ੬ ॥

ਜਿਸਨੇ ਹਿਰਦੇ ਵਿਚ ਸੱਚ ਨਾਮ ਨੂੰ ਧਾਰ ਰੱਖਿਆ ਹੈ, ਉਸ ਦੇ ਮਨ ਵਿਚ ਸ਼ੁਭ ਗੁਣਾਂ ਦਾ ਦਾਤਾ ਹਰੀ ਸਦਾ ਹੀ ਵਸਦਾ ਹੈ॥ ੬॥

ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ॥

ਮੇਰਾ ਪ੍ਰਭੂ ਸਦਾ ਹੀ ਨਿਰਮਲਾ=ਸ਼ੁੱਧ ਸਰੂਪ ਹੈ, ਜੋ ਸ਼ੁੱਧ ਮਨ ਕਰਕੇ ਹੀ ਪਾਇਆ ਜਾਂਦਾ ਹੈ।

ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ॥

ਸਾਰਿਆਂ ਸੁੱਖਾਂ ਦਾ ਨਿਧਾਨੁ=ਖਜ਼ਾਨਾ ਹਰੀ ਨਾਮ ਮਨ ਵਿਚ ਵਸ ਜਾਵੇ, ਤਾਂ ਹਉਮੈ ਦਾ ਸਾਰਾ ਦੁੱਖ ਚਲਿਆ ਜਾਂਦਾ ਹੈ।

ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ॥ ੭ ॥

ਜਿਸ ਸਤਿਗੁਰ ਨੇ ਉਪਦੇਸ਼ ਸੁਣਾਇਆ ਹੈ, ਹਉ=ਮੈਂ ਉਸ ਗੁਰੂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੭॥

ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ॥

ਆਪਣੇ ਮਨ ਬੁੱਧ ਚਿੱਤ ਅਹੰਕਾਰ ਰੂਪ ਚਤੁਸਟੇ ਅੰਤਹਕਰਨ ਵਿਚ ਕਹੇ ਕਿ ਮੇਰੇ ਵਿਚ ਹੰਕਾਰ ਨਹੀਂ ਹੈ, ਅਤੇ ਹੋਰਨਾਂ ਪਾਸੋਂ ਭੀ ਕਹਾਵੇ ਕਿ ਇਸ ਦੇ ਵਿਚ ਹੰਕਾਰ ਨਹੀਂ ਹੈ ਪਰ ਗੁਰੂ ਦੀ ਕਿਰਪਾ ਤੋਂ ਬਿਨਾਂ ਆਪਾ ਭਾਂ ਹੰਕਾਰ ਜਾਂਦਾ ਨਹੀਂ ਹੈ।

ਹਰਿ ਜੀਉ ਭਗਤਿ ਵਛਲੁ ਸੁਖਦਾਤਾ ਕਰਿ ਕਿਰਪਾ ਮੰਨਿ ਵਸਾਈ॥

ਉਹ ਹਰਿ ਜੀ ਭਗਤਾਂ ਦਾ ਵਛਲੁ=ਪਿਆਰਾ, ਤੇ ਸੁਖਾਂ ਦੇ ਦੇਣ ਵਾਲਾ ਹੈ, ਉਸਨੇ ਕਿਰਪਾ ਕਰਕੇ ਅਸਾਡੇ ਮਨ ਵਿਚ ਭਗਤੀ ਵਸਾਈ ਹੈ।

ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ॥ ੮॥ ੧॥ ੧੮॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਆਪਣੀ ਸੋਭਾ ਕਰਾਉਣ ਵਿਚ ਜਿਨ੍ਹਾਂ ਨੂੰ ਸੁਰਤ ਦੇਂਦਾ ਹੈ, ਉਨ੍ਹਾਂ ਗੁਰਮੁਖਾਂ ਨੂੰ ਆਪ ਹੀ ਵਡਿਆਈ ਦਿੰਦਾ ਹੈ॥ ੮॥ ੧॥ ੧੮॥

ਸ਼ਿਰੀਰਾਗੁ ਮਹਲਾ ੩॥

ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ॥

ਜੋ ਪੁਰਸ਼ ਹਉਮੈ ਦੇ ਸਹਿਤ ਕਰਮ ਕਰਦੇ ਹਨ, ਤਿਨ੍ਹਾਂ ਦੇ ਸਿਰ ਤੇ ਆ ਕੇ ਜਮ ਡੰਡਾ ਵੱਜਦਾ ਹੈ।

ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ॥ ੧॥

ਜਿਹੜੇ ਪੁਰਸ਼ ਸਤਿਗੁਰਾਂ ਨੂੰ ਸੇਂਵਦੇ ਹਨ, ਅਤੇ ਹਰੀ ਨਾਲ ਚਿੱਤ ਬ੍ਰਿਤੀ ਨੂੰ ਲਾਈ ਰੱਖਦੇ ਹਨ, ਉਹ ਜਮਾਂ ਦੀ ਮਾਰ ਤੋਂ ਉਬਰੇ=ਬਚ ਜਾਂਦੇ ਹਨ॥ ੧॥

ਮਨ ਰੇ ਗੁਰਮੁਖਿ ਨਾਮੁ ਧਿਆਇ॥

ਹੇ ਮਨ! ਗੁਰਮੁਖਿ=ਗੁਰਾਂ ਦੁਆਰੇ ਤੂੰ ਵਾਹਿਗੁਰੂ ਨਾਮ ਧਿਆਉਣਾ ਕਰ।

ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ॥੧॥ਰਹਾਉ॥

ਜਿਨ੍ਹਾਂ ਦੇ ਮੱਥੇ ਉੱਤੇ ਧੁਰ ਰੂਪ ਕਰਤੇ ਪੁਰਖ ਨੇ ਪੂਰਬਿ=ਪਹਿਲੋਂ ਹੀ ਚੰਗਾ ਲੇਖ ਲਿਖ ਦਿੱਤਾ ਹੈ, ਉਨ੍ਹਾਂ ਨੇ ਗੁਰ ਸਿੱਖਿਆ ਦੁਆਰੇ ਨਾਮੀ ਦੇ ਨਾਮ ਜਪਣ ਵਿਖੇ ਸਮਾਈ ਕੀਤੀ ਹੈ॥ ੧॥ ਰਹਾਉ॥

ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ॥

ਸਤਿਗੁਰਾਂ ਤੋਂ ਬਿਨਾਂ ਇਸ ਗੱਲ ਦੀ ਪ੍ਰਤੀਤੀ ਨਹੀਂ ਆਉਂਦੀ ਕਿ ਪ੍ਰਭੂ ਦਾ ਨਾਮ ਹੀ ਸੁਖਾਂ ਦਾ ਖਜ਼ਾਨਾ ਹੈ, ਅਤੇ ਪ੍ਰਤੀਤੀ ਆਏ ਤੋਂ ਬਿਨਾਂ ਨਾਮ ਵਿਚ ਭਾਉ=ਪ੍ਰੇਮ ਨਹੀਂ ਲਗਦਾ।

ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ॥ ੨॥

ਉਹ ਸੁਪਨੇ ਮਾਤ੍ਰ ਵੀ ਸੁਖ ਨਹੀਂ ਪਾਂਦਾ।

ਅਥਵਾ:- ਸੰਸਾਰ ਸੁਪਨੇ ਵਿਚ ਸੁਪਨੈ=ਕਦਾਚਿਤ ਵੀ ਸੁਖ ਨਹੀਂ ਪਾਂਦਾ, ਦੁੱਖਾਂ ਵਿਚ ਹੀ ਸੌਂਦਾ ਤੇ ਸਮਾਇ=ਟਿਕਦਾ ਹੈ।

ਅਥਵਾ:-ਆਪ ਦੁੱਖਾਂ ਵਿਚ ਸਵੈ=ਇਸਥਤ ਹੈ ਹੋਰਨਾਂ ਨੂੰ ਭੀ ਦੁੱਖਾਂ ਵਿਚ ਸਮਾਇ=ਇਸਥਿਤ ਕਰਦਾ ਹੈ।

ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥

ਜੇਕਰ ਉਸਨੂੰ ਹਰਿ ਹਰਿ ਨਾਮ ਜਪਨ ਦਾ ਉਪਦੇਸ਼ ਦੇਣਾ ਕਰੀਏ, ਅਤੇ ਬਹੁਤ ਸਾਰਾ ਸੁਖ ਦੇਣਾ ਭੀ ਲੋਚੀਐ=ਚਾਹੀਏ, ਪਰ ਉਹ ਮਨਮੁਖ ਪੁਰਸ਼ ਨਾਮ ਨਹੀਂ ਜਪਦੇ, ਕਿਉਂਕਿ ਉਨ੍ਹਾਂ ਦਾ ਪੂਰਬਲਾ ਮੰਦ ਕਰਮ ਭੋਗੇ ਤੋਂ ਬਿਨਾਂ ਮੇਟਿਆ ਨਹੀਂ ਜਾਂਦਾ।

ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥ ੩॥

ਜਿਨ੍ਹਾਂ ਭਗਤਾਂ ਨੇ ਹਰੀ ਦਾ ਭਾਣਾ ਮੰਨਿਆ ਹੈ, ਉਹ ਭਗਤ ਦਰਗਾਹ ਵਿਚ ਕਬੂਲ ਪਏ ਹਨ॥ ੩॥

ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ॥

ਭਾਵੇਂ ਗੁਰੂ ਸਾਹਿਬ ਜੀ ਰੰਗ ਸਿਉ=ਪ੍ਰੇਮ ਨਾਲ ਉਪਦੇਸ਼ ਦ੍ਰਿੜਾਉਂਦੇ ਹਨ, ਪਰ ਪ੍ਰਭੂ ਦੀ ਕਿਰਪਾ ਤੋਂ ਬਿਨਾਂ ਲੀਤਾ ਨਹੀਂ ਜਾਂਦਾ।

ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ॥ ੪॥

ਜੇਕਰ ਸਉ=ਸੈਂਕੜੇ ਅੰਮ੍ਰਿਤ ਦੀ ਨਿਆਈਂ ਮਿੱਠੇ ਭੋਜਨ ਨੀਰੀਐ=ਪ੍ਰੋਸ ਕੇ ਅੱਗੇ ਰੱਖ ਦੇਈਏ, ਤੋਂਭੀ ਅੱਕ ਟਿੱਡਾ ਜ਼ਹਿਰ ਰੂਪ ਅੱਕ ਦੇ ਫਲਾਂ ਨੂੰ ਧਾਇ=ਦੌੜਕੇ ਜਾ ਲਗਦਾ ਹੈ, ਇਸੇ ਤਰ੍ਹਾਂ ਜੇਕਰ ਸੈਂਕੜੇ ਵਾਰੀ ਨਾਮ ਅੰਮ੍ਰਿਤ-ਰੂਪ ਭੋਜਨ ਪ੍ਰੋਸ ਕੇ ਅੱਗੇ ਰੱਖੀਏ ਅਰਥਾਤ ਨਾਮ ਦਾ ਉਪਦੇਸ਼ ਦੇਣਾ ਕਰੀਏ ਤੋਂਭੀ ਮਨਮੁਖ ਪੁਰਸ਼ ਧਾਇ=ਦੌੜਕੇ ਵਿਹੁ ਵਾਂਗੂੰ ਦੁਖਦਾਇਕ ਵਿਸ਼ਿਆਂ ਰੂਪ ਫਲ ਦੇ ਖਾਣੇ ਵਿਚ ਲਗਦਾ ਹੈ॥ ੪॥

ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥

ਉਹ ਪੁਰਸ਼ ਸੱਚੇ ਤੇ ਨਿਰਮਲੇ=ਸ਼ੁੱਧ ਹਨ, ਜਿਨ੍ਹਾਂ ਦਾ ਸਤਿਗੁਰਾਂ ਨਾਲ ਪਿਆਰ ਹੈ।

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥ ੫॥

ਉਹ ਹੰਗਤਾ ਮਮਤਾ ਤੇ ਵਿਸ਼ੇ ਵਿਕਾਰਾਂ ਨੂੰ ਤਜਿ=ਤਿਆਗ ਕੇ ਸਤਿਗੁਰਾਂ ਦਾ ਹੁਕਮ ਕਮਾਉਂਦੇ ਹਨ॥ ੫॥

ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ॥

ਜੋ ਮਨ ਦੇ ਹਠੀਏ ਜਿਦੀਏ ਪੁਰਸ਼ ਹਨ ਉਹ ਕਿਸੇ ਯਤਨ ਨਾਲ ਭੀ ਨਹੀਂ ਛੁੱਟ ਸਕਦੇ, ਭਾਵੇਂ ਸਤਾਈ ਸਿੰਮ੍ਰਿਤੀਆਂ ਤੇ ਛੇ ਸ਼ਾਸਤ੍ਰਾਂ ਨੂੰ ਜਾ ਕੇ ਸੋਧ ਵੇਖੋ।

ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ॥ ੬॥

ਸਾਧੂਆਂ ਦੀ ਸਤਸੰਗਤ ਵਿਖੇ ਮਿਲਕੇ ਜੋ ਗੁਰਾਂ ਦਾ ਉਪਦੇਸ਼ ਕਮਾਂਦੇ ਹਨ, ਉਹ ਜਮਾਂ ਤੋਂ ਉਬਰੇ=ਬਚ ਗਏ ਹਨ॥ ੬॥

ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥

ਹਰੀ ਦਾ ਨਾਮ ਸੁਖਾਂ ਦਾ ਨਿਧਾਨੁ=ਖਜ਼ਾਨਾ ਹੈ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥ ੭ ॥

ਜਿਨ੍ਹਾਂ ਉੱਪਰ ਕਰਤਾਰ ਕਿਰਪਾ ਕਰਦਾ ਹੈ, ਉਹ ਗੁਰਮੁਖ ਸੋਹਦੇ=ਸੋਭਨੀਕ ਹੁੰਦੇ ॥ ੭ ॥

ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਇੱਕ ਵਾਹਿਗੁਰੂ ਹੀ ਸਭ ਦਾ ਦਾਤਾ ਹੈ, ਉਸ ਵਰਗਾ ਦੂਜਾ ਹੋਰ ਕੋਈ ਨਹੀਂ ਹੈ।

ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥ ੮ ॥ ੨ ॥ ੧੯ ॥

ਗੁਰੂ ਦੀ ਕਿਰਪਾ ਨਾਲ ਉਹ ਹਰੀ ਪਾਈਦਾ ਹੈ, ਪਰ ਗੁਰੂ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ ॥ ੮ ॥ ੨ ॥ ੧੯ ॥

[ਪੰਨਾ ੬੬]

ਸਿਰੀਰਾਗੁ ਮਹਲਾ ੩ ॥

ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥

ਸਰੀਰ ਰੂਪ ਬ੍ਰਿੱਛ ਤੇ ਬੈਠਾ ਹੋਇਆ ਉਹ ਜੀਵ ਰੂਪ ਪੰਛੀ ਸੋਭਾ ਵਾਲਾ ਹੈ, ਜੋ ਵਿਚ ਭਾਇ=ਪ੍ਰੇਮ ਕਰਕੇ ਵਾ ਗੁਰਾਂ ਦੇ ਭਾਣੇ ਅੰਦਰ ਚਲਕੇ ਸੱਚ ਨਾਮ ਰੂਪ ਵਾਂਗ ਚੋਗ ਚੁਗਦਾ ਹੈ।

ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥

ਜੋ ਹਰੀ ਨਾਮ ਰੂਪ ਰਸ ਨੂੰ ਪੀਂਦਾ ਹੋਇਆ ਸਹਜਿ=ਗਿਆਨ ਵਿਚ ਰਹਿੰਦਾ ਹੈ, ਉਹ ਉੱਡ ਕੇ ਅਰਥਾਤ ਵਾਸ਼ਨਾਂ ਕਰਕੇ ਕਿਤੇ ਆਉਂਦਾ ਜਾਂਦਾ ਨਹੀਂ।

ਅਥਵਾ:- ਉੱਡ ਕੇ ਭਾਵ ਸਹਜ ਤਿਆਗ ਕੇ ਆਵੈ ਜਾਇ=ਜੰਮਦਾ ਮਰਦਾ ਨਹੀਂ।

ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥ ੧ ॥

ਹਰਿ ਹਰਿ ਨਾਮ ਦੇ ਚਿੰਤਨ ਕਰਨ ਵਿਚ ਸਮਾ ਕੇ ਉਸ ਨੇ ਆਪਣੇ ਸਰੂਪ ਘਰ ਵਿਖੇ ਨਿਵਾਸ ਪਾਇਆ ਹੈ ॥ ੧ ॥

ਮਨ ਰੇ ਗੁਰ ਕੀ ਕਾਰ ਕਮਾਇ ॥

ਹੇ ਮਨ ! ਗੁਰਾਂ ਦੀ ਸੇਵਾ ਰੂਪੀ ਕਾਰ ਨੂੰ ਕਮਾਉਣਾ ਕਰ।

ਅਥਵਾ:- ਗੁਰਾਂ ਦੁਆਰੇ ਭਗਤੀ ਦੀ ਕਾਰ ਕਮਾਉਣਾ ਕਰ।

ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥ ੧ ॥ ਰਹਾਉ ॥

ਜੇ ਤੂੰ ਗੁਰਾਂ ਦੇ ਭਾਣੇ ਵਿਚ ਚਲੇਂਗਾ, ਤਾਂ ਰਾਤ ਦਿਨੇ ਹਰੀ ਨਾਮ ਦੇ ਸਿਮਰਨ ਵਿਖੇ ਰਾਚਹਿ=ਤਦਾਕਾਰ ਹੋ ਰਵੇਂਗਾ ॥ ੧ ॥ ਰਹਾਉ ॥

ਪੰਖੀ ਬਿਰਖ ਸੁਹਾਵੜੇ ਊਡਹਿ ਉਹ ਦਿਸਿ ਜਾਹਿ॥

ਸੰਸਾਰ ਬ੍ਰਿੱਛ ਉੱਪਰ ਬੈਠੇ ਹੋਏ ਜੀਵ ਰੂਪ ਪੰਛੀ ਹੈਗੇ ਤਾਂ ਸੁਹਾਵਣੇ ਸਨ, ਪਰ ਵਾਸ਼ਨਾਂ ਦੇ ਮਾਰੇ ਹੋਏ ਉੱਡ ਕੇ ਦਸੋ ਦਿਸ਼ਾਂ ਵਿਚ ਜਾਂਦੇ ਹਨ।

ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥

ਉਹ ਜਿੰਨਾ ਕੁ ਉੱਡਦੇ ਹਨ, ਉਤਨੇ ਹੀ ਬਹੁਤ ਦੁੱਖੀ ਹੁੰਦੇ ਹਨ, ਨਿੱਤ ਹੀ ਤ੍ਰਿਸ਼ਨਾਂ ਦੀ ਅੱਗ ਵਿਚ ਦਾਝਹਿ=ਸੜਦੇ ਹੋਏ ਵਿਰਲਾਪ ਕਰਦੇ ਹਨ।

ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ॥ ੨॥

ਗੁਰਾਂ ਤੋਂ ਬਿਨਾਂ ਉਹ ਮਹਲੁ=ਸਰੂਪ ਨੂੰ ਨਹੀਂ ਜਾਣਦੇ, ਨਾ ਹੀ ਗਿਆਨ ਰੂਪ ਅੰਮ੍ਰਿਤ ਫਲ ਨੂੰ ਪਾਂਦੇ ਹਨ॥ ੨॥

ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ॥

ਨਾਮ ਜਪਣ ਵਾਲੇ ਗੁਰਮੁਖ ਜਨ ਸ਼ੁਭ ਗੁਣਾਂ ਕਰਕੇ ਹਰੀਆਵਲੇ ਬ੍ਰਹਮੁ=ਬ੍ਰਿੱਛ ਹਨ।

ਅਥਵਾ:- ਗੁਰਮੁਖ ਜਨ ਬ੍ਰਹਮਾ ਨੰਦ ਰੂਪ ਅੰਮ੍ਰਿਤ ਨੂੰ ਪੀ ਕੇ, ਵਾ ਬ੍ਰਹਮ ਦੀ ਪ੍ਰਾਪਤੀ ਕਰਕੇ ਹਰੀਆਵਲਾ=ਅਨੰਦ ਹੋ ਰਹੇ ਹਨ, ਸਹਜਿ ਸੁਭਾਇ=ਸੁਤੇ ਸਿੱਧ ਹੀ ਸੱਚੇ ਵਾਹਿਗੁਰੂ ਵਿਚ ਸੁ+ਭਾਇ=-ਸ੍ਰੇਸ਼ਟ ਪ੍ਰੇਮ ਕਰਦੇ ਹਨ।

ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ॥

ਉਨ੍ਹਾਂ ਨੇ ਇਕ ਗੁਰਾਂ ਦੇ ਸ਼ਬਦ ਵਿਖੇ ਲਿਵ ਲਗਾ ਕੇ ਰਜੋ ਸਤੋ ਤਮੋ, ਵਾ ਸੁਤ ਵਿੱਤ ਲੋਕ ਈਖਣਾ, ਰੂਪ ਤੀਨਿ=ਤਿੰਨ ਸ਼ਾਖਾਂ (ਟਾਹਣੀਆਂ) ਨਵਿਰਤ ਕਰ ਦਿੱਤੀਆਂ ਹਨ।

ਅਥਵਾ:- ਇਸ ਸਰੀਰ ਰੂਪ ਬ੍ਰਿੱਛ ਨਾਲੋਂ ਰਜੋ ਸਤੋ ਤਮੋ ਰੂਪ ਤਿੰਨ ਟਾਹਣੀਆਂ ਤੋੜਕੇ ਇਕ ਸਬਦਿ= ਬ੍ਰਹਮ ਵਿਖੇ ਲਿਵ ਲਗਾ ਲਈ ਹੈ।

ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ॥ ੩॥

ਇਕ ਹਰੀ ਦਾ ਨਾਮ ਵਾ ਗਿਆਨ ਹੀ ਅੰਮ੍ਰਿਤ ਫਲ ਹੈ, ਜਿਸ ਉੱਤੇ ਕਿਰਪਾ ਕਰਦਾ ਹੈ ਉਸਨੂੰ ਆਪ ਹੀ ਖਵਾ ਦੇਂਦਾ ਹੈ॥ ੩॥

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ॥

ਜੋ ਬ੍ਰਿਛ ਊਭੇ=ਖੜੇ ਹੀ ਸੁੱਕ ਜਾਂਦੇ ਹਨ, ਨਾ ਉਨ੍ਹਾਂ ਨੂੰ ਫਲ ਲੱਗਦਾ ਹੈ ਨਾ ਹੀ ਤਿਨ੍ਹਾਂ ਦੀ ਛਾਂ ਹੁੰਦੀ ਹੈ।

ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥

ਉਨ੍ਹਾਂ ਬ੍ਰਿੱਛਾਂ ਦੇ ਕੋਲ ਕੋਈ ਬੈਠਦਾ ਨਹੀਂ, ਨਾ ਹੀ ਉਸ ਦੀ ਲੱਕੜ ਦਾ ਕੋਈ ਘਰ ਬਣਦਾ ਹੈ, ਅਤੇ ਨਾ ਹੀ ਕਿਸੇ ਗਿਰਾਉ=ਪਿੰਡ ਦੇ ਕਿਵਾੜ ਦਾ ਕੰਮ ਦੇਂਦਾ ਹੈ।

ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ॥ ੪॥

ਏਹੋ ਜਿਹੇ ਬ੍ਰਿੱਛ ਨਿੱਤ ਹੀ ਕੱਟੇ ਜਾਂਦੇ ਤੇ ਜਾਲੀਅਹਿ=ਸਾੜੇ ਜਾਂਦੇ ਹਨ, ਉਨ੍ਹਾਂ ਬ੍ਰਿੱਛਾਂ ਦੀ ਲੱਕੜ ਦਾ ਕੋਈ ਵਾਜਾ ਨਹੀਂ ਬਣ ਸਕਦਾ, ਇਸ ਕਰਕੇ ਨਾ ਸ਼ਬਦ ਗਾਵਿਆ ਜਾਂਦਾ ਹੈ, ਨਾ ਹੀ ਨਾਮ ਜਪਿਆ ਜਾਂਦਾ ਹੈ।

ਮਨਮੁਖ ਊਭੇ ਸੁਕਿ ਗਏ

ਏਸੇ ਤਰ੍ਹਾਂ ਸ਼ੁਭ ਗੁਣਾਂ ਦਾ ਅਭਾਵ ਹੋਣ ਕਰਕੇ ਮਨਮੁਖ ਪੁਰਸ਼ ਖੜ ਸੁੱਕ ਬ੍ਰਿਛ ਵਾਂਗੂੰ ਨਿਕੰਮੇ ਹੋ ਗਏ ਹਨ।

ਨਾ ਫਲੁ ਤਿੰਨਾ ਛਾਉ॥

ਨਾ ਉਨ੍ਹਾਂ ਨੂੰ ਗਿਆਨ ਫਲ ਲੱਗਦਾ ਹੈ, ਨਾ ਹੀ ਸ਼ਾਂਤੀ ਰੂਪੀ ਛਾਂ ਹੁੰਦੀ ਹੈ।

ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥

ਉਨ੍ਹਾਂ ਮਨਮੁਖਾਂ ਦੇ ਕੋਲ ਬੈਠਣਾ ਨਹੀਂ ਚਾਹੀਦਾ , ਕਿਉਂਕਿ ਉਨ੍ਹਾਂ ਨੇ ਗਿਰਾਉ=ਸਤਸੰਗ ਵਿਚ ਜਾ ਕੇ ਸਰੂਪ ਘਰ ਦੀ ਪ੍ਰਾਪਤੀ ਨਹੀਂ ਕੀਤੀ।

ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ॥ ੪॥

ਉਨ੍ਹਾਂ ਨੂੰ ਜਮ ਰੂਪ ਲੁਹਾਰ ਕੱਟਦਾ ਹੈ ਤੇ ਨਿੱਤ ਹੀ ਨਰਕਾਂ ਦੀ ਅੱਗ ਵਿਚ ਸਾੜਦਾ ਹੈ, ਕਿਉਂਕਿ ਉਨ੍ਹਾਂ ਨੇ ਨਾ ਗੁਰ ਸ਼ਬਦ ਦੀ ਵਿਚਾਰ ਕੀਤੀ ਹੈ, ਨਾ ਹੀ ਪ੍ਰਭੂ ਦਾ ਨਾਮ ਜਪਿਆ ਹੈ॥ ੪॥

ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ॥

ਪ੍ਰਭੂ ਦੇ ਹੁਕਮ ਵਿਚ ਹੀ ਸਾਰੇ ਜੀਵ ਕਰਮ ਕਮਾਂਦੇ ਹਨ, ਜੇਹੋ ਜੇਹਾ ਕਿਸੇ ਦਾ ਲੇਖ ਮੱਥੇ ਤੇ ਪਿਆ ਹੈ ਤੈਸੇ ਹੀ ਕਰਮਾਂ ਦੇ ਕਰਨ ਵਿਚ ਫਿਰਦੇ ਹਨ।

ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ॥

ਉਸ ਦੇ ਹੁਕਮ ਵਿਚ ਹੀ ਪ੍ਰਭੂ ਦੇ ਦਰਸ਼ਨ ਦਾ ਦੇਖਣਾ ਹੁੰਦਾ ਹੈ, ਜਿੱਥੇ ਭੇਜਦਾ ਹੈ ਤਿੱਥੇ ਜੀਵ ਜਾਂਦੇ ਹਨ।

ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ॥ ੫॥

ਉਸ ਦੇ ਹੁਕਮ ਵਿਚ ਹੀ ਹਰਿ ਹਰਿ ਨਾਮ ਮਨ ਵਿਚ ਵਸਦਾ ਹੈ, ਅਤੇ ਹੁਕਮ ਵਿਚ ਹੀ ਸੱਚ ਵਿਖੇ ਸਮਾਂਦਾ ਹੈ॥ ੫॥

ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ॥

ਜਿਹੜੇ ਬਪੁੜੇ=ਵਿਚਾਰੇ ਹੁਕਮ ਮੰਨਣਾ ਨਹੀਂ ਜਾਣਦੇ ਉਹ ਗਵਾਰ=ਮੂਰਖ ਸੰਸਾਰ ਉਜਾੜ ਵਿਚ ਭੁੱਲੇ ਫਿਰਦੇ ਹਨ।

ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ॥

ਉਹ ਮਨ ਦੇ ਹੱਠ ਵਾਲੇ ਕਰਮ ਕਮਾਂਦੇ ਹਨ, ਇਸ ਲਈ ਨਿਤ ਨਿਤ=ਨਿਤਾਪ੍ਰਤੀ ਖੁਆਰ=ਖਰਾਬ ਹੁੰਦੇ ਹਨ।

ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ॥ ੬॥

ਉਨ੍ਹਾਂ ਦੇ ਅੰਦਰ ਸ਼ਾਂਤੀ ਨਹੀਂ ਆਉਂਦੀ, ਅਤੇ ਨਾ ਹੀ ਸੱਚ ਵਿਖੇ ਪ੍ਰੇਮ ਲੱਗਦਾ ਹੈ॥ ੬॥

ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ॥

ਗੁਰੂ ਪਿਆਰਿਆਂ ਵਿਚ ਹੇਤਿ=ਪ੍ਰੇਮ ਕਰਨ ਨਾਲ ਵਾ ਗੁਰਾਂ ਨਾਲ ਹਿੱਤ ਪਿਆਰ ਕਰਨੇ ਸੇ ਗੁਰਮੁਖਾਂ ਦੇ ਮੂੰਹ ਦਰਗਾਹ ਵਿਚ ਸੋਭਦੇ ਹਨ।

ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ॥

ਸੱਚੀ ਭਗਤੀ ਕਰਦੇ ਹੋਏ ਸੱਚ ਵਿਖੇ ਰੱਤੇ ਰਹਿੰਦੇ ਹਨ ਇਸ ਲਈ ਉਹ ਸੱਚੇ ਦਰਬਾਰ ਵਿਚ ਸਚਿਆਰ ਹੁੰਦੇ ਹਨ।

ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ॥ ੭॥

ਉਹ ਦੁਨੀਆਂ ਵਿਚ ਆਏ ਹੋਏ ਪ੍ਰਮਾਨੀਕ ਹਨ, ਉਹ ਆਪਣੀਆਂ ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦੇ ਹਨ॥ ੭॥

ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ॥

ਪ੍ਰਭੂ ਦੀ ਨਿਗਾਹ ਵਿਚ ਹੀ ਸਾਰੇ ਜੀਵ ਕਰਮ ਕਮਾਂਦੇ ਹਨ, ਉਸ ਦੀ ਨਜ਼ਰ ਤੋਂ ਬਾਹਰ ਕੋਈ ਭੀ ਨਹੀਂ ਹੈ।

ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ॥

ਉਹ ਸੱਚਾ ਜੇਹੋ ਜੇਹੀ ਨਜ਼ਰ ਕਰਕੇ ਕਿਸੇ ਵੱਲ ਦੇਖਦਾ ਹੈ, ਉਹ ਕੋਈ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ।

ਨਾਨਕ ਨਾਮਿ ਵਡਾਈਆ ਕਰਮਿ ਪਰਾਪਤਿ ਹੋਇ॥ ੮॥ ੩॥ ੨੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਨਾਮ ਜਪਣ ਦੀਆਂ ਵਡਿਆਈਆਂ ਪੂਰਬਲੇ ਕਰਮਾਂ ਕਰਕੇ ਪ੍ਰਾਪਤ ਹੁੰਦੀਆਂ ਹਨ॥ ੮ ॥ ੩॥ ੨੦॥

ਸਿਰੀਰਾਗੁ ਮਹਲਾ ੩॥

ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ॥

ਗੁਰਮੁਖ ਜਨ ਗੁਰਮੁਖਤਾ ਦੁਆਰੇ ਨਾਮ ਨੂੰ ਧਿਆਉਂਦੇ ਹਨ, ਅਤੇ ਮਨਮੁਖ ਪੁਰਸ਼ ਮਨਮੁਖਤਾ ਕਰਕੇ ਨਾਮ ਜਪਣ ਦੀ ਸਮਝ ਨਹੀਂ ਪਾਂਦੇ।

ਗੁਰਮੁਖਿ ਸਦਾ ਮੁਖ ਉਜਲੇ ਹਰਿ ਵਸਿਆ ਮਨਿ ਆਇ॥

ਗੁਰਮੁਖਾਂ ਦੇ ਮੂੰਹ ਸਦਾ ਹੀ ਉੱਜਲੇ ਹਨ, ਕਿਉਂਕਿ ਉਨ੍ਹਾਂ ਦੇ ਮਨ ਵਿਚ ਹਰੀ ਆ ਵਸਿਆ ਹੈ।

ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ॥ ੧॥

ਗੁਰਮੁਖ ਸਹਜੇ=ਗਿਆਨ ਕਰਕੇ ਹੀ ਸੁਖ ਪਾਂਦੇ ਹਨ, ਸਹਜੇ=ਗਿਆਨ ਕਰਕੇ ਹੀ ਪ੍ਰਮੇਸ਼ਰ ਵਿਚ ਅਭੇਦ ਹੋ ਰਹਿੰਦੇ ਹਨ॥ ੧॥

ਭਾਈ ਰੇ ਦਾਸਨਿ ਦਾਸਾ ਹੋਇ॥

ਹੇ ਭਾਈ! ਦਾਸਾਂ ਦਾ ਦਾਸ ਹੋ ਕੇ ਰਹਿਣਾ ਕਰ।

ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥ ੧ ॥ ਰਹਾਉ ॥

ਗੁਰੂ ਦੀ ਸੇਵਾ ਕਰਨੀ ਹੀ ਗੁਰ ਭਗਤਿ=ਵੱਡੀ ਭਗਤੀ ਹੈ, ਪਰ ਇਸਨੂੰ ਕੋਈ ਵਿਰਲਾ ਪਾਂਦਾ ਹੈ॥ ੧ ॥ ਰਹਾਉ ॥

ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥

ਜੇਹੜੀਆਂ ਸਤਿਗੁਰਾਂ ਦੀ ਭਾਇ=ਆਗਿਆ ਵਾ ਪ੍ਰੇਮ ਵਿਖੇ ਚਲਦੀਆਂ ਹਨ, ਉਨ੍ਹਾਂ ਸੁਹਾਗਣੀਆਂ ਨੂੰ ਸਦਾ ਹੀ ਸੁਹਾਗੁ=ਆਨੰਦ ਹੈ।

ਸਦਾ ਪਿਰੁ ਨਿਹਚਲੁ ਪਾਈਐ ਨਾ ਉਹ ਮਰੈ ਨ ਜਾਇ ॥

ਉਹ ਸਦਾ ਹੀ ਨਿਸਚਲ ਪਤੀ ਨੂੰ ਪਾਂਦੀਆਂ ਹਨ, ਉਹ ਪਤੀ ਨਾ ਮਰਦਾ ਹੈ, ਨਾ ਜੰਮਦਾ ਹੈ।

ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥ ੨ ॥

ਜਿਹੜੀ ਇਸਤ੍ਰੀ ਸ਼ਬਦ ਦੀ ਕਮਾਈ ਕਰਕੇ ਮਿਲੀ ਹੈ, ਉਹ ਪਤੀ ਦੇ ਅੰਕਿ=ਸਰੂਪ ਵਿਚ ਅਜੇਹੀ ਸਮਾਈ ਹੈ ਜੋ ਕਦੇ ਵੀ ਨਹੀਂ ਵਿਛੁੜਦੀ॥ ੨ ॥

ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥

ਨਿਰਮਲ ਹਰੀ ਅਤਿ=ਬੜਾ ਉੱਜਲ ਹੈ, ਗੁਰ ਕਿਰਪਾ ਤੋਂ ਬਿਨਾਂ ਉਹ ਨਹੀਂ ਪਾਇਆ ਜਾਂਦਾ। ਵਾ ਹਰੀ ਅਤੀ ਨਿਰਮਲ ਤੋਂ ਨਿਰਮਲ ਹੈ।

ਅਥਵਾ:- ਕਾਲੀ ਲੋਈ ਪਵਿੱਤ੍ਰ ਤਾਂ ਹੈ ਪਰ ਉੱਜਲੀ ਨਹੀਂ, ਪਰ ਉਹ ਹਰੀ ਨਿਰਮਲੁ=ਪਵਿੱਤ੍ਰ ਹੈ ਤੇ ਅਤੀ ਉੱਜਲ ਭੀ ਹੈ।

ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥

ਪਾਠਾਂ ਦੇ ਪੜ੍ਹਨ ਵਾਲੇ ਭੀ ਨਹੀਂ ਬੁੱਝ ਸਕਦੇ, ਭੇਖੀ ਪੁਰਸ਼ ਸਭ ਭਰਮ ਵਿਖੇ ਭੁੱਲੇ ਹੋਏ ਹਨ।

ਯਥਾ:- ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥

(ਸੋਰਠਿ ਮਹਲਾ ੫, ਪੰਨਾ ੬੪੧)

ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥ ੩ ॥

ਜਿਨ੍ਹਾਂ ਗੁਰਮਤੀਆਂ ਦੀ ਰਸਨਾਂ ਹਰੀ ਰਸ ਵਿਖੇ ਸਮਾ ਰਹੀ ਹੈ, ਉਨ੍ਹਾਂ ਨੇ ਸਦਾ=ਨਿੱਤ ਰੂਪ ਹਰੀ ਨੂੰ ਪਾਇਆ ਹੈ॥ ੩ ॥

ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥

ਗੁਰਮਤੀਆਂ ਨੇ ਮਾਇਆ ਦਾ ਮੋਹ ਚੁਕਾਇਆ=ਦੂਰ ਕਰ ਦਿੱਤਾ ਹੈ, ਅਤੇ ਸਹਜਿ ਸੁਭਾਇ=ਸ਼ਾਂਤੀ ਸੁਭਾਅ ਧਾਰਨ ਕੀਤਾ ਹੈ।

ਅਥਵਾ:- ਗੁਰਮਤੀਆਂ ਨੇ ਸਹਜਿ ਸੁਭਾਇ=ਸੁਤੇ ਸਿੱਧ ਹੀ ਮਾਇਆ ਦਾ ਮੋਹ ਦੂਰ ਕਰ ਦਿੱਤਾ ਹੈ।

[ਪੰਨਾ ੬੭]

ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥

ਗੁਰ ਸ਼ਬਦ ਤੋਂ ਬਿਨਾਂ ਸਾਰਾ ਜਗਤ ਦੁਖੀ ਹੋਇਆ ਫਿਰਦਾ ਹੈ, ਮਨਮੁਖਾਂ ਨੂੰ ਤਾਂ ਮਾਇਆ ਰੂਪ ਸੱਪਣੀ ਖਾ ਗਈ ਹੈ।

ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥ ੪ ॥

ਗੁਰ ਸ਼ਬਦ ਦੁਆਰਾ ਵਾਹਿਗੁਰੂ ਨਾਮ ਧਿਆਈਏ, ਤਾਂ ਸਚੇ ਸਬਦੇ=ਬ੍ਰਹਮ ਵਿਚ ਅਭੇਦ ਹੁੰਦਾ ਹੈ ॥ ੪ ॥

ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥

੮੪ ਸਿੱਧ ਵੀ ਮਾਇਆ ਵਿਚ ਭੁੱਲੇ ਫਿਰਦੇ ਹਨ, ਕਿਸੀ ਨੇ ਪੁੱਛਿਆ ਆਪ ਜੀ ਨੇ ਕਿਵੇਂ ਜਾਣਿਆਂ ਹੈ?

ਉੱਤਰ:- ਅਨੁਮਾਨ ਪ੍ਰਮਾਣ ਕਰਕੇ ਜਾਣਿਆਂ ਹੈ।

ਕਿਉਂਕਿ ਉਨ੍ਹਾਂ ਦੀ ਸੁਭਾਵਕ ਸਮਾਧੀ ਨਹੀਂ ਲਗਦੀ ਬੜੇ ਜਤਨਾਂ ਨਾਲ ਉਹ ਸਮਾਧੀ ਲਗਾਂਦੇ ਹਨ।

ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥

ਸਮਾਨ ਰੂਪ ਨਾਲ ਮਾਇਆ ਤਿੰਨਾਂ ਲੋਕਾਂ ਵਿਚ ਵਿਆਪ ਰਹੀ ਹੈ, ਪਰ ਸਿੱਧਾਂ ਨੂੰ ਵਾ ਮਨਮੁਖਾਂ ਨੂੰ ਅਧਿਕ=ਵਿਸ਼ੇਸ਼ ਰੂਪ ਨਾਲ ਲੰਪਟ ਹੋ ਰਹੀ ਹੈ।

ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥ ੫ ॥

ਗੁਰੂ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ, ਅਤੇ ਨਾ ਹੀ ਮਾਇਆ ਦੀ ਦੁਬਿਧਾ ਜਾਂਦੀ ਹੈ ॥ ੫ ॥

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥

ਪ੍ਰਸ਼ਨ:- ਮਾਇਆ ਕਿਸਨੂੰ ਕਹਿੰਦੇ ਹਨ, ਅਤੇ ਮਾਇਆ ਕੀ ਕਰਮ ਕਮਾਂਦੀ ਹੈ? *ਗੁਰ ਉੱਤਰ:-*

ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥

ਦੁੱਖ ਤੇ ਸੁਖ ਇਹ ਅੰਤਹਕਰਨ ਦੇ ਧਰਮ ਹਨ, ਪਰ ਇਹ ਜੀਵ ਭ੍ਰਾਂਤੀ ਕਰਕੇ ਆਖਦਾ ਹੈ ਮੈਂ ਦੁੱਖ ਸੁੱਖ ਵਿਖੇ ਬੱਧਾ ਹੋਇਆ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਇਸੇ ਭ੍ਰਾਂਤੀ ਦਾ ਨਾਂ ਮਾਇਆ ਹੈ, ਹੰਗਤਾ ਮਮਤਾ ਦੇ ਸਹਿਤ ਜਿਹੜੇ ਕਰਮ ਕਮਾ ਰਿਹਾ ਹੈ ਇਹ ਮਾਇਆ ਹੀ ਕਰਮ ਕਮਾ ਰਹੀ ਹੈ।

ਬਿਨੁ ਸਬਦੈ ਭਰਮੁ ਨ ਚੁਕਈ ਨਾ ਵਿਉਹ ਹਉਮੈ ਜਾਇ ॥ ੬ ॥

ਗੁਰ ਸ਼ਬਦ ਤੋਂ ਬਿਨਾਂ ਇਹ ਭਰਮ ਦੂਰ ਨਹੀਂ ਹੁੰਦਾ, ਅਤੇ ਨਾ ਹੀ ਹਿਰਦੇ ਵਿਚੋਂ ਹੰਗਤਾ ਮਮਤਾ ਜਾਂਦੀ ਹੈ ॥ ੬ ॥

ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥

ਪ੍ਰੀਤੀ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੋ ਸਕਦੀ, ਅਤੇ ਗੁਰ ਸ਼ਬਦ ਤੋਂ ਬਿਨਾਂ ਸਰੂਪ ਥਾਂ ਨੂੰ ਨਹੀਂ ਪਾ ਸਕੀਦਾ।

ਅਥਵਾ:- ਪ੍ਰੀਤੀ ਤੋਂ ਬਿਨਾਂ ਗੁਰ ਸ਼ਬਦ ਨਹੀਂ ਮਿਲਦਾ, ਗੁਰ ਸ਼ਬਦ ਤੋਂ ਬਿਨਾਂ ਭਗਤੀ ਨਹੀਂ ਹੁੰਦੀ, ਭਗਤੀ ਤੋਂ ਬਿਨਾਂ ਸਰੂਪ ਥਾਂ ਨੂੰ ਨਹੀਂ ਪਾਂਵਦਾ।

ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥

ਗੁਰ ਸ਼ਬਦ ਦੁਆਰਾ ਹੰਗਤਾ ਮਮਤਾ ਨੂੰ ਮਾਰਨਾ ਕਰੀਏ ਤਾਂ ਮਾਇਆ ਦਾ ਕਾਰਜ ਰੂਪ ਜੋ ਪੰਜ ਪ੍ਰਕਾਰ ਦਾ ਭਰਮ ਹੈ ਉਹ ਦੂਰ ਹੋ ਜਾਂਦਾ ਹੈ।

ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥ ੭ ॥

ਗੁਰਮੁਖਿ=ਗੁਰਾਂ ਦੁਆਰੇ ਪ੍ਰਭੂ ਦੇ ਨਾਮ ਪਦਾਰਥ ਨੂੰ ਪਾਈਏ, ਤਾਂ ਸੁਭਾਵਕ ਹੀ ਸਹਜਿ=ਗਿਆਨ ਹੁੰਦਾ ਹੈ॥ ੭ ॥

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥

ਗੁਰੂ ਤੋਂ ਬਿਨਾਂ ਸ਼ੁਭ ਗੁਣਾਂ ਦੀ ਪਛਾਣ ਨਹੀਂ ਜਾਣੀ ਜਾਂਦੀ, ਅਤੇ ਸ਼ੁਭ ਗੁਣਾਂ ਤੋਂ ਬਿਨਾਂ ਭਗਤੀ ਕਬੂਲ ਨਹੀਂ ਹੁੰਦੀ।

ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥

ਭਗਤਾਂ ਦੇ ਪਿਆਰੇ ਹਰੀ ਦਾ ਨਾਮ ਮਨ ਵਿਚ ਵਸਿਆ, ਤਾਂ ਉਹ ਪ੍ਰਭੂ ਸੁਭਾਵਕ ਹੀ ਮਿਲ ਪਿਆ।

ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥ ੮ ॥ ੪ ॥ ੨੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਗੁਰ ਉਪਦੇਸ਼ ਦੁਆਰਾ ਹਰੀ ਦੀ ਸ਼ਲਾਘਾ ਕਰੀਏ, ਤਾਂ ਉਸ ਦੀ ਕਰਮਿ=ਕਿਰਪਾ ਪ੍ਰਾਪਤ ਹੁੰਦੀ ਹੈ॥ ੮ ॥ ੪ ॥ ੨੧ ॥

ਸਿਰੀਰਾਗੁ ਮਹਲਾ ੩ ॥

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥

ਮੇਰੇ ਪ੍ਰਭੂ ਨੇ ਆਪ ਹੀ ਮਾਇਆ ਦੇ ਮੋਹ ਨੂੰ ਪੈਦਾ ਕੀਤਾ ਹੈ, ਅਤੇ ਉਸ ਨੇ ਆਪ ਹੀ ਜੀਵਾਂ ਨੂੰ ਮਾਇਆ ਦੇ ਭਰਮ ਵਿਚ ਭੁਲਾ ਦਿੱਤਾ ਹੈ।

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥

ਮਨਮੁਖ ਸਕਾਮ ਕਰਮਾਂ ਨੂੰ ਤਾਂ ਕਰਦੇ ਹਨ, ਪਰ ਵਾਹਿਗੁਰੂ ਨੂੰ ਨਹੀਂ ਬੁੱਝਦੇ, ਇਸ ਕਰਕੇ ਆਪਣੇ ਅਮੋਲਕ ਜਨਮ ਨੂੰ ਬਿਅਰਥ ਗਵਾ ਰਹੇ ਹਨ।

ਅਥਵਾ:- ਮਨਮੁਖ ਪੁਰਸ਼ ਕਰਮਾਂ ਨੂੰ ਤਾਂ ਕਰਦੇ ਹਨ ਪਰ ਉਸ ਦਾ ਫਲ ਨਹੀਂ ਬੁੱਝਦੇ ਕਿ ਜੋ ਮੈਂ ਕਰਮ ਕਰਨ ਲੱਗਾ ਹਾਂ ਇਸ ਦਾ ਫਲ ਕੀ ਭੋਗਣਾ ਪਵੇਗਾ।

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥ ੧ ॥

ਗੁਰਬਾਣੀ ਹੀ ਇਸ ਸੰਸਾਰ ਵਿਚ ਜੀਵ ਨੂੰ ਚਾਨਣੁ=ਗਿਆਨ ਦੇਣ ਵਾਲੀ ਹੈ, ਕਰਮਿ=ਪੂਰਬਲਿਆਂ ਕਰਮਾਂ ਦੀ ਮਦਦ ਨਾਲ *ਅਥਵਾ-* ਗੁਰਾਂ ਦੀ ਕਰਮਿ=ਕਿਰਪਾ ਨਾਲ ਇਹ ਗੁਰਬਾਣੀ ਮਨ ਵਿਚ ਆ ਵਸਦੀ ਹੈ॥ ੧ ॥

ਮਨ ਰੇ ਨਾਮੁ ਜਪਹੁ ਸੁਖੁ ਹੋਇ॥

ਹੇ ਮਨ! ਵਾਹਿਗੁਰੂ ਨਾਮ ਨੂੰ ਜਪ ਤਾਂ ਤੈਨੂੰ ਸੁੱਖ ਪ੍ਰਾਪਤ ਹੋਵੇਗਾ।

ਗੁਰੁ ਪੂਰਾ ਸਾਲਾਹੀਐ ਸਹਜਿ ਮਿਲੇ ਪ੍ਰਭੁ ਸੋਇ॥ ੧॥ ਰਹਾਉ॥

ਪੂਰਿਆਂ ਗੁਰਾਂ ਦੀ ਸ਼ਲਾਘਾ ਕਰੀਏ, ਤਾਂ ਉਹ ਪ੍ਰਭੂ ਸਹਜਿ=ਸੁਭਾਵਕ ਹੀ ਆ ਮਿਲਦਾ ਹੈ॥ ੧॥ ਰਹਾਉ॥

ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ॥

ਜਿਸ ਵੇਲੇ ਹਰੀ ਦੇ ਚਰਨਾਂ ਨਾਲ ਚਿੱਤ ਲਾਇਆ, ਤਾਂ ਭਰਮ ਦੂਰ ਹੋ ਗਿਆ, ਅਤੇ ਜਮਾਂ ਦਾ ਭਉ-ਭਾਗਿਆ=ਡਰ ਵੀ ਦੌੜ ਗਿਆ।

ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ॥

ਗੁਰਮੁਖ ਹੋ ਕੇ ਗੁਰ ਸ਼ਬਦ ਦੀ ਕਮਾਈ ਕਰੀਏ, ਤਾਂ ਹਰੀ ਮਨ ਵਿਚ ਆ ਵਸ੍ਦਾ ਹੈ।

ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ॥ ੨॥

ਅੰਤਹਕਰਨ ਰੂਪ ਘਰ ਵਿਖੇ ਮਹਲਿ ਸਚਿ=ਸੱਚੇ ਸਰੂਪ ਵਿਚ ਅਭੇਦ ਹੋਈਏ, ਤਾਂ ਜਮਕਾਲ ਇਸਨੂੰ ਖਾ ਨਹੀਂ ਸਕੇਗਾ॥ ੨॥

ਨਾਮਾ ਛੀਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ॥

ਦੇਖੋ! ਨਾਮਦੇਵ ਛੀਂਬਾ ਜਾਤਿ ਦਾ ਸੀ, ਕਬੀਰ ਜੁਲਾਹਾ ਜਾਤੀ ਦਾ ਸੀ, ਇਨ੍ਹਾਂ ਨੇ ਭੀ ਪੂਰਿਆਂ ਗੁਰਾਂ ਦੀ ਕਿਰਪਾ ਨਾਲ ਗਤਿ ਪਾਈ=ਮੁਕਤੀ ਪਾਈ ਹੈ।

ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥

ਉਹ ਬ੍ਰਹਮ ਦੇ ਬੇਤੇ=ਜਾਨਣ ਵਾਲੇ ਹੋ ਕੇ ਸਾਰਿਆਂ ਵਿਚ ਸਬਦੁ=ਬ੍ਰਹਮ ਨੂੰ ਹੀ ਪਛਾਣਦੇ ਹਨ, ਉਨ੍ਹਾਂ ਨੇ ਜਾਤੀ ਦੀ ਹਉਮੈ ਸਭ ਗਵਾ ਦਿੱਤੀ ਹੈ।

ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥ ੩॥

ਅੱਜ ਉਨ੍ਹਾਂ ਦੀ ਬਾਣੀ ਨੂੰ ਦੇਵਤੇ ਮਨੁੱਖ ਬ੍ਰਾਹਮਣ ਆਦਿਕ ਸਭ ਰਾਗ ਵਿਚ ਪਾ ਕੇ ਗਾਉਂਦੇ ਹਨ, ਹੇ ਭਾਈ! ਉਨ੍ਹਾਂ ਦੇਂ ਜਸ ਨੂੰ ਕੋਈ ਨਹੀਂ ਮੇਟਦਾ।

ਅਥਵਾ:- ਹੇ ਭਾਈ! ਉਨ੍ਹਾਂ ਨੂੰ ਕੋਈ ਨਹੀਂ ਰੋਕਦਾ॥ ੩॥

ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ॥

ਹਰਨਾਖਸ਼ ਦੈਂਤ ਦਾ ਪੁਤ੍ਰ ਜੋ ਪ੍ਰਹਿਲਾਦ ਭਗਤ ਹੈ, ਉਹ ਕੁਝ ਕਰਮ ਧਰਮ ਕਰਨੇ ਨਹੀਂ ਸੀ ਜਾਣਦਾ, ਅਤੇ ਨਾ ਹੀ ਸੰਜਮ ਆਦਿਕ ਸਾਧਨਾਂ ਦੇ ਕਰਨ ਵਿਚ ਪੜੈ=ਪਿਆ ਹੋਇਆ ਸੀ, ਪਰ ਉਸ ਵਿਚ ਇਕ ਏਹੋ ਵਿਸ਼ੇਸ਼ਤਾ ਸੀ ਕਿ ਉਹ ਦ੍ਵੈਤ ਭਾ ਨੂੰ ਨਹੀਂ ਜਾਣਦਾ ਸੀ।

ਸਤਿਗੁਰੁ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮੁ ਵਖਾਣੈ॥

ਪ੍ਰਹਿਲਾਦ ਦੇ ਸਤਿਗੁਰੂ ਜੋ ਨਾਰਦ ਮੁਨੀ ਜੀ ਹਨ, ਉਨ੍ਹਾਂ ਨਾਲ ਮਿਲਣ ਕਰਕੇ ਉਸ ਦਾ ਮਨ ਨਿਰਮਲੁ=ਸ਼ੁੱਧ ਹੋ ਗਿਆ ਸੀ, ਅਤੇ ਰਾਤ ਦਿਨ ਇਕ ਨਾਮ ਨੂੰ ਕਥਨ ਕਰਦਾ ਸੀ।

ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ॥ ੪॥

ਇਕ ਨਾਮ ਨੂੰ ਪੜ੍ਹਦਾ ਸੀ, ਇਕ ਨਾਮ ਨੂੰ ਹੀ ਬੁੱਝਦਾ ਸੀ, ਦੂਜਾ ਹੋਰ ਕੁਝ ਜਾਣਦਾ ਨਹੀਂ ਸੀ॥ ੪॥

ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ॥

ਖਟੁ ਦਰਸਨ=ਛੇ ਭੇਖ, ਜੋਗੀ, ਤੇ ਸੰਨਿਆਸੀ ਆਦਿਕ ਸਾਰੇ ਹੀ ਗੁਰਾਂ ਤੋਂ ਬਿਨਾਂ ਭਰਮ ਵਿਖੇ ਭੁੱਲ ਰਹੇ ਹਨ।

ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ॥

ਜਾਂ ਸਤਿਗੁਰਾਂ ਨੂੰ ਸੇਵਣਗੇ, ਤੇ ਹਰਿ ਜੀ ਨੂੰ ਮਨ ਵਿਚ ਵਸਾਣਗੇ ਤਾਂ ਹੀ ਮੁਕਤੀ ਦੀ ਮਰਯਾਦਾ ਨੂੰ ਪਾਉਣਗੇ।

ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ॥ ੫॥

ਜਿਸ ਦਾ ਸੱਚੀ ਬਾਣੀ ਨਾਲ ਚਿੱਤ ਲੱਗਦਾ ਹੈ, ਉਸ ਦਾ ਜੰਮਣਾ ਮਰਨਾ ਰਹਿ ਜਾਂਦਾ ਹੈ॥ ੫॥

ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ॥

ਗੁਰ ਉਪਦੇਸ਼ ਤੋਂ ਬਿਨਾਂ ਪੰਡਿਤ ਭੀ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਭਰਮ ਵਿਚ ਭੁੱਲੇ ਹੋਏ ਵਾਦੁ ਵਖਾਣਿਹ=ਝਗੜਿਆਂ ਨੂੰ ਕਥਨ ਕ਼ਰਦੇ ਹਨ।

ਲਖ ਚਉਰਾਸੀਹ ਫੇਰੁ ਪਇਆ ਬਿਨੁ ਸਬਦੈ ਮੁਕਤਿ ਨ ਪਾਏ॥

ਉਨ੍ਹਾਂ ਨੂੰ ਚੁਰਾਸੀ ਲੱਖ ਜੂਨੀਆਂ ਦਾ ਫੇਰੁ=ਚੱਕਰ ਪਿਆ ਹੈ, ਉਹ ਗੁਰ ਸ਼ਬਦ ਤੋਂ ਬਿਨਾਂ ਮੁਕਤੀ ਨਹੀਂ ਪਾਂਦੇ।

ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ॥ ੬॥

ਜਾਂ ਪ੍ਰਮੇਸ਼ਰ ਕਿਰਪਾ ਕਰਕੇ ਸਤਿਗੁਰਾਂ ਦੇ ਮੇਲ ਨਾਲ ਮਿਲਾ ਦੇਵੇ, ਤਾਂ ਵਾਹਿਗੁਰੂ ਨਾਮ ਨੂੰ ਚੇਤਦਾ ਹੈ, ਜਾਂ ਨਾਮ ਨੂੰ ਚੇਤੇ ਤਾਂ ਹੀ ਮੁਕਤੀ ਦੀ ਮਰਯਾਦਾ ਨੂੰ ਪਾਂਦਾ ਹੈ॥ ੬॥

[ਪੰਨਾ ੬੮]

ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ॥

ਸਤਸੰਗਤ ਵਿਖੇ ਜਾਂਦਿਆਂ ਜਾਂ ਸੁਭਾਏਮਾਨ ਸਤਿ ਗੁਰਦੇਵ ਜੀ ਮਿਲ ਪੈਣ, ਤਾਂ ਹਰੀ ਨਾਮ ਦਾ ਸਿਮਰਨ ਕਰਨਾ ਉਪਜਦਾ ਹੈ।

ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ॥

ਆਪਾ ਭਾ ਹੰਕਾਰ ਨੂੰ ਗਵਾ ਕੇ ਮੈਂ ਆਪਣਾ ਮਨ ਤਨ ਸਤਿਗੁਰਾਂ ਨੂੰ ਅਰਪਦਾ ਭਾਵ ਟਾਂ ਕਰਦਾ ਹਾਂ,

ਅਤੇ ਸਤਿਗੁਰਾਂ ਦੇ ਭਾਏ=ਭਾਣੇ ਅਨੁਸਾਰ ਚਲਦਾ ਹਾਂ।

ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ ॥ ੭ ॥

ਮੈਂ ਆਪਣੇ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ, ਜਿਹੜੇ ਗੁਰੂ ਹਰੀ ਨਾਲ ਚਿੱਤ ਲਗਾ ਦਿੰਦੇ ਭਾਵ ਜੋੜ ਦਿੰਦੇ ਹਨ॥ ੭॥

ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ॥

ਜੋ ਬ੍ਰਹਮ ਨੂੰ ਬਿੰਦੇ=ਜਾਣਦਾ ਹੈ, ਅਤੇ ਹਰੀ ਦੇ ਰੰਗਿ=ਪ੍ਰੇਮ ਵਾ ਆਨੰਦ ਵਿਚ ਰੱਤਾ ਰਹਿੰਦਾ ਹੈ ਅਸਲੀ ਬ੍ਰਾਹਮਣ ਓਹੀ ਹੈ।

ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ॥

ਪ੍ਰਭੂ ਨੇੜੇ ਹੀ ਵਸ ਰਿਹਾ ਹੈ, ਪ੍ਰਸ਼ਨ ਕਿੱਥੇ ਵੱਸ ਰਿਹਾ ਹੈ?

ਉੱਤਰ:- ਸਾਰਿਆਂ.ਘਟਾਂ ਅੰਦਰ ਵੱਸ ਰਿਹਾ ਹੈ। ਪਰ ਕਿਸੇ ਵਿਰਲੇ ਗੁਰਮੁਖ ਨੇ ਹੀ ਗੁਰਾਂ ਦੁਆਰੇ ਜਾਤਾ=ਜਾਣਿਆ ਹੈ। *ਯਥਾ:-* ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ॥ ੮ ॥ ੫ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਉਪਦੇਸ਼ ਦੁਆਰਾ ਜਿਸ ਨੇ ਨਾਮ ਜਪਣਾ ਪਛਾਣਿਆ ਹੈ ਉਸ ਨੂੰ ਵਡਿਆਈ ਮਿਲਦੀ.ਹੈ॥ ੮॥ ੫॥ ੨੨॥

ਸਿਰੀਰਾਗੁ ਮਹਲਾ ੩ ॥

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥

ਸਾਰੀ ਸ੍ਰਿਸ਼ਟੀ ਸਹਜੈ=ਸੁਖ ਨੂੰ, ਵਾ:-ਗਿਆਨ ਨੂੰ ਚਾਹੁੰਦੀ ਹੈ, ਪਰ ਗੁਰੂ ਤੋਂ ਬਿਨਾਂ ਗਿਆਨ ਪਾਇਆ ਨਹੀਂ ਜਾਂਦਾ।

ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥

ਪੰਡਿਤ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਤੇ ਜੋਤਸ਼ੀ ਜੋਤਸ਼ ਨੂੰ ਲਗਾ ਲਗਾ ਕੇ ਥੱਕ ਗਏ ਹਨ, ਭੇਖੀ ਪੁਰਸ਼ ਭੇਖ ਦੇ ਭਰਮ ਵਿਖੇ ਭੁੱਲੇ ਫਿਰਦੇ ਹਨ।

ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥ ੧ ॥

ਜਿਸ ਨੂੰ ਗੁਰੂ ਭੇਟੇ=ਮਿਲੇ ਹਨ ਉਸ ਨੇ ਸਹਜੁ=ਸੁਖ ਵਾ ਗਿਆਨ ਪਾਇਆ ਹੈ, ਰਜਾਇ=ਪ੍ਰਮੇਸ਼ਰ ਆਪਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰੂ ਮਿਲਦੇ ਹਨ॥ ੧॥

ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥

ਹੇ ਭਾਈ! ਗੁਰੂ ਤੋਂ ਬਿਨਾਂ ਸਹਜੁ=ਸੁਖ ਵਾ ਗਿਆਨ ਪ੍ਰਾਪਤ ਨਹੀ ਹੁੰਦਾ।

ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥ ੧ ॥ ਰਹਾਉ ॥

ਗੁਰਾਂ ਦੇ ਸ਼ਬਦ ਤੋਂ ਹੀ ਸਹਜੁ=ਗਿਆਨ ਪੈਦਾ ਹੁੰਦਾ ਹੈ, ਗਿਆਨ ਦੁਆਰਾ ਹੀ ਉਸ ਸੱਚੇ ਹਰੀ ਨੂੰ

ਪਾਇਆ ਹੈ॥ ੧॥ ਰਹਾਉ॥

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥

ਸਹਜੇ=ਸ਼ਾਂਤੀ ਵਿਚ, ਵਾ ਸਮਾਨ ਗਿਆਨ ਦੁਆਰਾ ਪ੍ਰਮੇਸ਼ਰ ਦਾ ਜਸ ਗਾਵਿਆ 'ਥਾਇ ਪਵੈ'=ਕਬੂਲ ਪੈਂਦਾ ਹੈ। ਬਿਨੁ ਸਹਜੈ=ਸ਼ਾਂਤੀ ਤੋਂ ਬਿਨਾਂ, ਵਾ ਸਮਾਨ ਗਿਆਨ ਤੋਂ ਬਿਨਾਂ ਜਿੰਨੀ ਭੀ ਕਥਨੀ ਕਰਨੀ ਹੈ ਸਭ ਬਾਦਿ=ਬਿਅਰਥ ਹੈ।

ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥

ਸਹਜੇ=ਸ਼ਾਂਤੀ ਤੋਂ, ਵਾ ਸਮਾਨ ਗਿਆਨ ਤੋਂ ਭਗਤੀ ਪੈਦਾ ਹੁੰਦੀ ਹੈ, ਸਹਜਿ=ਸ਼ਾਂਤੀ ਤੋਂ ਹੀ ਪ੍ਰੇਮ ਤੇ ਵੈਰਾਗ ਮਿਲਦਾ ਹੈ।

ਅਥਵਾ:- ਸਹਜਿ ਪਿਆਰਿ=ਗਿਆਨ ਵਿਚ ਪ੍ਰੇਮ ਹੋਣ ਕਰਕੇ ਵੈਰਾਗ ਹੁੰਦਾ ਹੈ।

ਵੈਸ਼ਨਵ ਮੱਤ ਵਾਲਿਆਂ ਨੇ ਭਗਤੀ ਦਾ ਕਾਰਨ ਗਿਆਨ ਹੀ ਮੰਨਿਆ ਹੈ (ਅਗਲੀ ਯੁਕਤੀ ਅਨੁਸਾਰ) ਕਿ- ਜਿਵੇਂ ਮਨੁੱਖ ਦਾ ਗੁਣ ਜਾਂ ਰੂਪ ਪਹਿਲੇ ਜਾਣਿਆ ਜਾਵੇ ਤਾਂ ਉਸ ਵਿਖੇ ਪ੍ਰੀਤੀ ਹੁੰਦੀ ਹੈ, ਤਿਵੇਂ ਪ੍ਰਮੇਸ਼ਰ ਦੇ ਗੁਣਾਂ ਦਾ ਪਹਿਲੇ ਗਿਆਨ ਹੋਵੇ ਤਾਂ ਉਸ ਦੀ ਭਗਤੀ ਹੁੰਦੀ ਹੈ।

ਸਹਜੈ ਹੀ ਤੇ ਸੁਖ ਸਾਂਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ॥ ੨॥

ਸਹਜੈ=ਗਿਆਨ ਨਾਲ ਹੀ ਸ਼ਾਂਤੀ ਸੁਖ ਹੁੰਦਾ ਹੈ, ਸਹਜੈ=ਗਿਆਨ ਹੋਇ ਤੋਂ ਬਿਨਾਂ ਇਸ ਦਾ ਜਿਊਣਾ ਬਾਦਿ=ਬਿਅਰਥ ਹੈ॥ ੨॥

ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥

ਸਹਜਿ=ਗਿਆਨ ਦੁਆਰਾ ਸਦਾ=ਨਿੱਤ ਰੂਪ ਪ੍ਰਮਾਤਮਾ ਨੂੰ ਸਦਾ ਹੀ ਸੁਲਾਹੁਣਾ ਕਰੇ, ਗਿਆਨ ਦੁਆਰਾ ਹੀ ਉਸ ਵਿਖੇ ਸਮਾਧੀ ਲਗਾਵੇ।

ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥

ਸਹਜੇ=ਗਿਆਨ ਦੁਆਰਾ ਹੀ ਹਰੀ ਦੇ ਗੁਣ ਉਚਾਰਨਾ ਕਰੇ, ਅਤੇ ਲਿਵ ਲਗਾਕੇ ਹਰੀ ਦੀ ਭਗਤੀ ਕਰੇ।

ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ॥ ੩॥

ਗੁਰਾਂ ਦੇ ਉਪਦੇਸ਼ ਦੁਆਰਾ ਹੀ ਮਨ ਵਿਚ ਹਰੀ ਵਸਦਾ ਹੈ, ਅਤੇ ਜਿਹਵਾ ਹਰੀ ਨਾਮ ਰਸ ਨੂੰ ਚੱਖਦੀ ਹੈ॥ ੩॥

ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥

ਸੱਚੇ ਦੀ ਸ਼ਰਨ ਵਿਖੇ ਪਾ ਕੇ ਗੁਰਮੁਖਾਂ ਨੇ ਸਹਜੇ=ਸੁਭਾਵਕ ਹੀ ਕਾਲ ਨੂੰ ਵਿਡਾਰਿਆ=ਦੂਰ ਕਰ ਲਿਆ ਹੈ।

ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥

ਗੁਰਮੁਖਾਂ ਨੇ ਸੱਚੀ ਗੁਰ ਸੇਵਾ ਰੂਪੀ ਕਾਰ ਕਮਾਈ ਹੈ, ਇਸ ਕਰਕੇ ਉਨ੍ਹਾਂ ਦੇ ਮਨ ਵਿਚ ਸੁਭਾਵਕ ਹੀ ਹਰੀ ਨਾਮ ਵਸ ਗਿਆ ਹੈ।

ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥ ੪ ॥

ਸੇ=ਉਹ ਗੁਰਮੁਖ ਵਡਭਾਗੀ ਪੁਰਸ਼ ਹਨ ਜਿਨ੍ਹਾਂ ਨੇ ਗਿਆਨ ਪਾਇਆ ਹੈ, ਅਤੇ ਗਿਆਨ ਕਰਕੇ ਪ੍ਰਮੇਸ਼ਰ ਵਿਚ ਸਮਾਇ=ਅਭੇਦ ਹੋ ਰਹੇ ਹਨ॥ ੪ ॥

ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥

ਮਾਇਆ ਵਿਚ ਮਨ ਲਗਾ ਰਵ੍ਹੇ ਤਾਂ ਸਹਜੁ=ਗਿਆਨ ਪੈਦਾ ਨਹੀਂ ਹੁੰਦਾ, ਕਿਉਂਕਿ ਮਾਇਆ [illegible] ਦਾ ਕਾਰਨ ਹੈ।

ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥

ਮਨਮੁਖ ਪੁਰਸ਼ ਸ਼ਕਾਮ ਕਰਮਾਂ ਨੂੰ ਕਰਦੇ ਹਨ, ਕਰਮ ਕਰਕੇ ਹਉਮੈ ਦੀ ਅੱਗ ਵਿਚ ਆਪ ਸੜਦੇ ਹਨ ਹੋਰਨਾਂ ਨੂੰ ਸਾੜਦੇ ਹਨ।

ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ ੫ ॥

ਉਨ੍ਹਾਂ ਦਾ ਜੰਮਣਾ ਮਰਣਾ ਦੂਰ ਨਹੀਂ ਹੁੰਦਾ, ਅਤੇ ਮੁੜ ਮੁੜ ਕੇ ਆਵੈ ਜਾਇ=ਜੰਮਦੇ ਮਰਦੇ ਹਨ॥ ੫ ॥

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥

ਰਜੋ ਸਤੋ ਤਮੋ ਰੂਪ ਤਿੰਨ ਗੁਣਾਂ ਵਿਚ ਰਹਿਣ ਕਰਕੇ ਸਹਜੁ=ਗਿਆਨ ਨਹੀਂ ਪਾਈਦਾ, ਤ੍ਰੈਗੁਣੀ ਜੀਵ ਭਰਮ ਵਿਖੇ ਭੁੱਲੇ ਹੋਏ ਹਨ।

ਅਥਵਾ:- 'ਤ੍ਰੈਗੁਣ ਵਿਸ਼ਯ ਵੇਦਾ' ਤਿੰਨ ਗੁਣਾਂ ਦੇ ਵਿਸ਼ੇ ਕਰਨ ਵਾਲੀ ਬੇਦ ਬਾਣੀ ਵਿਚੋਂ ਭੀ ਸ਼ਾਂਤੀ ਨਹੀਂ ਪਾਈਦੀ, ਤ੍ਰੈਗੁਣੀ ਬੇਦ ਵੀ ਭਰਮ ਵਿਚ ਭੁੱਲੇ ਹੋਏ ਹਨ।

ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥

ਬੇਦਾਂ ਦੇ ਪੜ੍ਹਣ ਦਾ ਗੁਣੀਐ=ਵਿਚਾਰਨ ਦਾ, ਅਤੇ ਕਥਨ ਕਰਨ ਦਾ ਕੀ ਲਾਭ ਹੈ, ਜਾਂ ਮੁੱਢੋਂ ਹੀ ਰਸਤਾ, ਜਾਂ ਮੁੱਢ ਰੂਪ ਪ੍ਰਮਾਤਮਾ ਤੋਂ ਘੁਥਾ ਜਾਇ=ਭੁੱਲਾ ਜਾ ਰਿਹਾ ਹੈ।

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ ੬ ॥

ਜਾਗ੍ਰਤ, ਸੁਪਨ, ਸਖੋਪਤ, ਇਨ੍ਹਾਂ ਤਿੰਨਾਂ ਨੂੰ ਲੰਘ ਕੇ ਚਉਥੇ=ਤੁਰੀਆ ਪਦ ਵਿਚ ਜਾਵੇ ਤਾਂ ਸਹਜੁ=ਸੁਖ ਅਤੇ ਅਪ੍ਰੋਖ ਗਿਆਨ ਦੀ ਪ੍ਰਾਪਤੀ ਹੈ। ਉਹ ਅਪ੍ਰੋਖ ਗਿਆਨ ਗੁਰਾਂ ਦੁਆਰੇ ਹੀ ਗੁਰਮੁਖਾਂ ਦੇ ਬੁੱਧੀ ਰੂਪ ਪੱਲੇ ਵਿਖੇ ਪੈਂਦਾ ਹੈ॥ ੬ ॥

ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥

ਰਜੋ ਸਤੋ ਤਮੋ ਰੂਪ ਤਿੰਨਾਂ ਗੁਣਾਂ ਤੋਂ ਰਹਿਤ ਨਿਰਗੁਣ ਬ੍ਰਹਮ ਦਾ ਨਾਮ ਨਿੱਧੀਆਂ ਦਾ ਅਤੇ ਸੁਖਾਂ ਦਾ ਨਿਧਾਨੁ=ਖਜ਼ਾਨਾ ਹੈ, ਸਹਜੇ=ਗਿਆਨ ਦੁਆਰਾ ਹੀ ਉਸ ਨਾਮ ਦੀ ਸੋਝੀ ਹੁੰਦੀ ਹੈ। ਵਾ ਨਾਮ ਦੀ ਸੋਝੀ ਹੋਣ ਕਰਕੇ ਸਹਜੇ=ਸੁਖ ਦੀ ਪ੍ਰਾਪਤੀ ਹੁੰਦੀ ਹੈ।

ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥

ਜਿਨ੍ਹਾਂ ਨੇ ਸੱਚ ਨਾਮ ਨੂੰ ਸਲਾਹਿਆ ਹੈ, ਉਨ੍ਹਾਂ ਗੁਣਵੰਤੀ=ਗੁਣਾਂ ਵਾਲਿਆਂ ਦੀ ਸਚੇ ਸਚੀ ਸੋਇ=ਸੱਚੀ ਸੋਭਾ ਹੁੰਦੀ ਹੈ।

ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥ ੭॥

ਭੁੱਲਿਆਂ ਜੀਵਾਂ ਦਾ ਯਦੀ ਗੁਰ ਸ਼ਬਦ ਨਾਲ ਮਿਲਾਪ ਹੋਵੇ, ਤਾਂ ਉਨ੍ਹਾਂ ਦਾ ਸਹਜਿ ਮਿਲਾਇਸੀ=ਗਿਆਨ ਨਾਲ ਮਿਲਾਪ ਹੁੰਦਾ ਹੈ॥ ੭॥

ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥

ਸਹਜੈ=ਗਿਆਨ ਤੋਂ ਬਿਨਾਂ ਮਾਇਆ ਦੇ ਮੋਹ ਰੂਪ ਗੁਬਾਰੁ=ਹਨ੍ਹੇਰੇ ਕਰਕੇ ਸਾਰੇ ਲੋਕ ਅੰਨ੍ਹੇ ਹਨ।

ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥

ਸਹਜੇ=ਗਿਆਨ ਕਰਕੇ ਹੀ ਜਗਿਆਸੂ ਨੂੰ ਅਪਾਰ ਗੁਣਾਂ ਵਾਲੇ ਸਚੇ ਸਬਦਿ=ਬ੍ਰਹਮ ਦੀ ਸੋਝੀ=ਗਿਆਤ ਪਈ ਹੈ।

ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥ ੮॥

ਪੂਰਿਆਂ ਗੁਰਾਂ ਦੁਆਰੇ ਕਰਤਾਰ ਨੇ ਆਪ ਹੀ ਉਨ੍ਹਾਂ ਦੇ ਗੁਨਾਹ ਬਖਸ਼ ਕੇ ਆਪਣੇ ਨਾਲ ਮਿਲਾ ਲਿਆ ਹੈ॥ ੮॥

ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥

ਜੋ ਅਦਿਸਟੁ=ਇੰਦ੍ਰੀਆਂ ਕਰਕੇ ਅਵਿਸ਼ੇ ਹੈ।

ਅਥਵਾ:- ਸਰੀਰ ਵਿਚ ਅਦਿਸਟੁ=ਗੁਪਤ ਰੂਪ ਹੋ ਕੇ ਵੱਸਣ ਵਾਲੇ ਨਿਰਭਉ ਨਿਰੰਕਾਰ ਜੋਤੀ ਸਰੂਪ ਪ੍ਰਮਾਤਮਾ ਨੂੰ ਸਹਜੇ=ਗਿਆਨ ਦੁਆਰਾ ਹੀ ਪਛਾਣ ਸਕੀਦਾ ਹੈ।

ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥

ਜੋ ਸਾਰਿਆਂ ਜੀਵਾਂ ਦਾ ਇਕੋ ਦਾਤਾ ਹੈ, ਉਹ ਜੋਤੀ ਪ੍ਰਮਾਤਮਾ ਸਾਰਿਆਂ ਨਾਲ ਆਪਣੀ ਜੋਤ ਦੇ ਮਿਲਾਣ ਵਾਲਾ ਹੈ।

ਅਥਵਾ:- ਜੋ ਸਭ ਜੀਵਾਂ ਦਾ ਦਾਤਾ ਹੈ, ਉਸ ਇਕ ਜੋਤੀ ਦੀ ਜੋਤ ਨਾਲ ਮਿਲਾਵਣ ਵਾਲੇ ਗੁਰੂ ਹਨ। ਇਸ ਲਈ-

ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥ ੯॥

ਪੂਰਿਆਂ ਗੁਰਾਂ ਦੇ ਸ਼ਬਦ ਦੁਆਰਾ ਉਸ ਨੂੰ ਸਲਾਉਣਾ ਕਰੀਏ ਜਿਸ ਦੇ ਪਾਸ ਉਰਾਰ ਦਾ ਅੰਤ ਨਹੀਂ ਆਉਂਦਾ॥ ੯॥

ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥

ਗਿਆਨਵਾਨਾਂ ਦਾ ਨਾਮ ਹੀ ਧਨ ਹੈ, ਕਿਉਂਕਿ ਉਹ ਸਹਜਿ=ਸੁਤੇ ਹੀ ਨਾਮ ਦਾ ਵਾਪਾਰ ਕਰਦੇ ਹਨ।

ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥

ਉਹ ਰਾਤ ਦਿਨ ਹਰੀ ਨਾਮ ਦਾ ਲਾਭ ਲੈਂਦੇ ਭਾਵ ਖੱਟਦੇ ਹਨ, ਅਖੁਟ=ਨਾ ਮੁਕਣ ਵਾਲੇ ਨਾਮ ਧਨ ਨਾਲ ਉਨ੍ਹਾਂ ਦੇ ਅੰਤ੍ਰਹਕਰਨ ਰੂਪ ਭੰਡਾਰੇ ਭਰੇ ਹੋਏ ਹਨ।

ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥ ੧੦॥ ੬॥ ੨੩॥

ਗੁਰੂ ਜੀ ਕਥਨ ਕਰਦੇ ਹਨ-ਦੇਵਣ ਵਾਲੇ ਨਿਰੰਕਾਰ ਨੇ ਐਸੇ ਭੰਡਾਰੇ ਭਰ ਦਿੱਤੇ ਹਨ, ਜਿਨ੍ਹਾਂ ਵਿਚ ਕਦੇ ਤੋਟਿ=ਘਾਟਾ ਨਹੀਂ ਆਉਂਦਾ॥ ੧੦॥ ੬॥ ੨੩॥

[ਪੰਨਾ ੬੯]

ਸਿਰੀਰਾਗੁ ਮਹਲਾ ੩॥

ਸਤਿਗੁਰਿ ਮਿਲਿਐ ਫੇਰੁ ਨ ਪਵੈ ਜਨਮ ਮਰਣ ਦੁਖੁ ਜਾਇ॥

ਸਤਿਗੁਰਾਂ ਨਾਲ ਮਿਲਣ ਕਰਕੇ ਚੁਰਾਸੀ ਲੱਖ ਜੂਨੀਆਂ ਦੇ ਫੇਰੇ ਵਿਚ ਨਹੀਂ ਪੈਂਦਾ, ਅਤੇ ਜਨਮ ਮਰਨ ਦਾ ਦੁੱਖ ਚਲਿਆ ਜਾਂਦਾ ਹੈ।

ਪੂਰੈ ਸਬਦਿ ਸਭ ਸੋਝੀ ਹੋਈ ਹਰਿ ਨਾਮੈ ਰਹੈ ਸਮਾਇ॥ ੧॥

ਪੂਰਿਆਂ ਗੁਰਾਂ ਦੇ ਉਪਦੇਸ਼ ਦੁਆਰਾ ਉਸ ਨੂੰ ਸਾਰੀ ਸੋਝੀ=ਗਿਆਤ ਪ੍ਰਾਪਤ ਹੋਈ ਹੈ, ਇਸ ਲਈ ਉਹ ਹਰੀ ਨਾਮ ਵਿਖੇ ਸਮਾ ਰਹਿੰਦਾ ਹੈ॥ ੧॥

ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ॥

ਹੇ ਮੇਰੇ ਮਨ! ਤੂੰ ਸਤਿਗੁਰਾਂ ਦੇ ਨਾਲ ਆਪਣੀ ਚਿੱਤ ਬਿਰਤੀ ਨੂੰ ਲਗਾਣਾ ਕਰ।

ਨਿਰਮਲੁ ਨਾਮੁ ਸਦ ਨਵਤਨੋ ਆਪਿ ਵਸੈ ਮਨਿ ਆਇ॥ ੧॥ ਰਹਾਉ॥

ਨਿਰਮਲ ਪ੍ਰਭੂ ਦਾ ਨਾਮ ਜੋ ਸਦਾ ਨਵਤਨੋ=ਨਵੀਨ ਹੈ, ਉਹ ਆਪੇ ਮਨ ਵਿਚ ਆ ਵਸੇਗਾ॥ ੧॥ ਰਹਾਉ॥

ਹਰਿ ਜੀਉ ਰਾਖਹੁ ਅਪੁਨੀ ਸਰਣਾਈ ਜਿਉ ਰਾਖਹਿ ਤਿਉ ਰਹਣਾ॥

ਹੇ ਹਰਿ ਜੀਉ! ਆਪਣੀ ਸ਼ਰਨ ਵਿਚ ਸਾਨੂੰ ਰੱਖਣਾ ਕਰੋ, ਜਿਵੇਂ ਆਪ ਰੱਖੋਗੇ ਤਿਵੇਂ ਅਸੀਂ ਰਵ੍ਹਾਂਗੇ।

ਗੁਰ ਕੈ ਸਬਦਿ ਜੀਵਤੁ ਮਰੈ ਗੁਰਮੁਖਿ ਭਵਜਲੁ ਤਰਣਾ॥ ੨॥

ਜੋ ਗੁਰਮੁਖ ਗੁਰਾਂ ਦੇ ਉਪਦੇਸ਼ ਦੁਆਰਾ ਜੀਵਤ ਭਾ ਤੋਂ ਮਰਦਾ ਹੈ, ਉਹ ਸੰਸਾਰ ਸਮੁੰਦ੍ਰ ਤੋਂ ਤਰਦਾ ਹੈ॥ ੨॥

ਵਡੈ ਭਾਗਿ ਨਾਉ ਪਾਈਐ ਗੁਰਮਤਿ ਸਬਦਿ ਸੁਹਾਈ॥

ਵੱਡਿਆਂ ਭਾਗਾਂ ਨਾਲ ਗੁਰ ਸ਼ਬਦ ਦੁਆਰਾ ਪ੍ਰਭੂ ਦਾ ਨਾਮ ਪਾਈਏ ਤਾਂ ਮਤਿ ਸੁਹਾਈ=ਬੁੱਧੀ ਸੋਭਨੀਕ ਹੁੰਦੀ ਹੈ।

ਆਪੇ ਮਨਿ ਵਸਿਆ ਪ੍ਰਭੁ ਕਰਤਾ ਸਹਜੇ ਰਹਿਆ ਸਮਾਈ॥ ੩ ॥

ਜੋ ਸਹਜੇ=ਗਿਆਨ ਵਿਖੇ ਸਮਾ ਰਿਹਾ ਹੈ, ਉਸ ਦੇ ਮਨ ਵਿਚ ਪ੍ਰਭੂ ਕਰਤਾ ਆਪ ਹੀ ਵਸਿਆ ਹੈ॥ ੩ ॥

ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ॥

ਜਿਨ੍ਹਾਂ ਇਕਨਾ ਮਨਮੁਖਾਂ ਨੂੰ ਗੁਰ ਉਪਦੇਸ਼ ਸੁਣਿਆ ਭਾਂਵਦਾ ਨਹੀਂ ਹੈ, ਉਹ ਮੋਹ ਦੇ ਬੰਧਨਾਂ ਦਾ ਬੱਧਾ ਹੋਇਆ ਚੁਰਾਸੀ ਲੱਖ ਜੂਨੀਆਂ ਵਿਚ ਭੁਆਇਆ ਜਾਂਦਾ ਹੈ।

ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ॥ ੪ ॥

ਉਹ ਫਿਰਿ ਫਿਰਿ=ਮੁੜ ਮੁੜ ਕੇ ਚੁਰਾਸੀ ਲੱਖ ਜੂਨ ਵਿਚ ਆਉਂਦਾ ਹੈ, ਉਸ ਨੇ ਆਪਣੇ ਅਮੋਲਕ ਜਨਮ ਨੂੰ ਬਿਅਰਥ ਗਵਾ ਲਿਆ ਹੈ॥ ੪ ॥

ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗਿ ਰਾਤੇ॥

ਜੋ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸੱਚੇ ਪ੍ਰੇਮ ਵਿਚ ਰੱਤੇ ਰਹਿੰਦੇ ਹਨ, ਉਨ੍ਹਾਂ ਭਗਤਾਂ ਦੇ ਮਨ ਵਿਚ ਆਨੰਦ ਹੈ।

ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ॥ ੫ ॥

ਨਿਰਮਲ ਹਰੀ ਦੇ ਗੁਣਾਂ ਨੂੰ ਸਦਾ ਹੀ ਰਾਤ ਦਿਨ ਗਾਉਂਦੇ ਰਹਿੰਦੇ ਹਨ, ਇਸ ਕਰਕੇ ਉਹ ਸਹਜੇ=ਸੁਭਾਵਕ ਹੀ ਨਾਮੀ ਵਿਖੇ ਅਭੇਦ ਹੁੰਦੇ ਹਨ॥ ੫ ॥

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ॥

ਗੁਰਮੁਖ ਹਮੇਸ਼ਾਂ ਨਾਮ ਅੰਮ੍ਰਿਤ ਬਾਣੀ ਨੂੰ ਬੋਲਦੇ ਹਨ, ਅਤੇ ਸਾਰਿਆਂ ਵਿਚ ਆਤਮ=ਆਪਣੇ ਆਪ ਨੂੰ ਰਾਮ ਰੂਪ ਕਰਕੇ ਪਛਾਣਦੇ ਹਨ।

ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ॥ ੬ ॥

ਪੁਨਾ ਉਹ ਗੁਰਮੁਖ ਤਨ ਕਰਕੇ ਇਕ ਦੀ ਸੇਵਾ ਕਰਦੇ ਹਨ, ਮਨ ਕਰਕੇ ਇਕ ਨੂੰ ਅਰਾਧਦੇ ਹਨ, ਬਾਣੀ ਦੁਆਰੇ ਅਕੱਥ ਪ੍ਰਭੂ ਦੀ ਕਹਾਣੀ ਕਥਨ ਕਰਦੇ ਹਨ॥ ੬ ॥

ਸਚਾ ਸਾਹਿਬੁ ਸੇਵੀਐ ਗੁਰਮੁਖਿ ਵਸੈ ਮਨਿ ਆਇ॥

ਗੁਰਮੁਖਾਂ ਵਾਂਙੂ ਗੁਰਾਂ ਦੁਆਰੇ ਸੱਚੇ ਸਾਹਿਬ ਦੀ ਸੇਵਾ ਕਰੀਏ, ਤਾਂ ਉਹ ਮਨ ਵਿਚ ਆ ਵੱਸਦਾ ਹੈ॥

ਸਦਾ ਰੰਗਿ ਰਾਤੇ ਸਚ ਸਿਉ ਅਪੁਨੀ ਕਿਰਪਾ ਕਰੇ ਮਿਲਾਇ॥ ੭ ॥

ਜੋ ਸਦਾ ਹੀ ਸੱਚੇ ਰੰਗਿ=ਪ੍ਰੇਮ ਨਾਲ ਰੱਤੇ ਰਹਿੰਦੇ ਹਨ, ਉਨ੍ਹਾਂ ਨੂੰ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ॥ ੭ ॥

ਆਪੇ ਕਰੇ ਕਰਾਏ ਆਪੇ ਇਕਨਾ ਸੁਤਿਆ ਦੇਇ ਜਗਾਇ॥

ਆਪੇ ਸਭ ਕੁਝ ਕਰਦਾ ਹੈ, ਆਪ ਹੀ ਹੋਰਨਾਂ ਪਾਸੋਂ ਕਰਾਂਦਾ ਹੈ, ਇਕਨਾਂ ਸੁੱਤਿਆਂ ਨੂੰ ਮੋਹ ਵਾ ਅਵਿੱਦਿਆ ਦੀ ਨੀਂਦ ਤੋਂ ਜਗਾ ਕੇ ਨਾਮ ਦੀ ਦਾਤ ਦੇਂਦਾ ਹੈ।

ਆਪੇ ਮੇਲਿ ਮਿਲਾਇਦਾ ਨਾਨਕ ਸਬਦਿ ਸਮਾਇ ॥ ੮ ॥ ੭ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਆਪ ਹੀ ਸਤਿਸੰਗ ਵਾ ਗੁਰਾਂ ਦੇ ਮੇਲ ਨਾਲ ਮਿਲਾਂਦਾ ਹੈ, ਉਹ ਗੁਰ ਉਪਦੇਸ਼ ਵਿਖੇ ਸਮਾਂਦਾ ਹੈ। ਜੋ ਉਪਦੇਸ਼ ਵਿਚ ਸਮਾਂਦਾ ਹੈ, ਉਸ ਨੂੰ ਆਪ ਹੀ ਨਾਮ ਦੇ ਮੇਲ ਵਿਚ ਮਿਲਾਂਦਾ ਹੈ। ਜੋ ਨਾਮ ਵਿਚ ਮਿਲਿਆ ਰਹਿੰਦਾ ਹੈ, ਉਹ ਫਿਰ ਸਬਦਿ ਸਮਾਇ=ਬ੍ਰਹਮ ਵਿਖੇ ਅਭੇਦ ਹੁੰਦਾ ਹੈ॥ ੮ ॥ ੭ ॥ ੨੪ ॥

ਸਿਰੀਰਾਗੁ ਮਹਲਾ ੩ ॥

ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਮਨ ਸ਼ੁੱਧ ਹੁੰਦਾ ਹੈ, ਅਤੇ ਸਰੀਰ ਵੀ ਪਵਿੱਤ੍ਰ ਹੋ ਜਾਂਦਾ ਹੈ।

ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥

ਗੁਰ ਕਿਰਪਾ ਦੁਆਰਾ ਜਦ ਗਹਿਰ ਗੰਭੀਰ ਪ੍ਰਮਾਤਮਾ ਮਿਲਿਆ, ਤਾਂ ਮਨ ਵਿਚ ਸਦਾ=ਨਿੱਤ ਸੁਖ ਦਾ ਆਨੰਦ ਪਾਇਆ ॥

ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥ ੧ ॥

ਸੱਚੀ ਸਤਸੰਗਤ ਵਿਖੇ ਬੈਠਣ ਕਰਕੇ ਸੱਚੇ ਨਾਮੀ ਵਿਖੇ ਮਨ ਧੀਰ=ਟਿਕ ਜਾਂਦਾ ਹੈ।

ਅਥਵਾ:- ਸੱਚੀ ਸਤਸੰਗਤਿ ਵਿਖੇ ਬੈਠਣ ਨਾਲ ਸੱਚੇ ਨਾਮੀ ਨੂੰ ਪਾ ਕੇ ਮਨ ਧੀਰਜਵਾਨ ਹੁੰਦਾ ਹੈ॥ ੧ ॥

ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥

ਹੇ ਮਨ! ਨਿਸ਼ੰਗ ਹੋ ਕੇ ਤੂੰ ਸਤਿਗੁਰਾਂ ਦੀ ਸੇਵਾ ਕਰ।

ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥ ੧ ॥ ਰਹਾਉ ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਮਨ ਵਿਚ ਹਰੀ ਵੱਸਦਾ ਹੈ, ਅਤੇ ਸੇਵਾ ਦੇ ਪ੍ਰਤਾਪ ਕਰਕੇ ਪਤੰਗੁ=ਅੰਤਹਕਰਨ ਨੂੰ ਪਤੰਗੁ=ਰੰਚਕ ਮਾਤ੍ਰ ਪਾਪਾਂ ਵਾ ਅਵਿੱਦਿਆ ਰੂਪੀ ਮੈਲ ਨਹੀਂ ਲਗਦੀ, ਅਤੇ ਪਤੰਗੁ=ਸੂਰਜ ਵਾਂਙੂ ਨਿਰਮਲ ਹੋ ਜਾਂਦਾ ਹੈ॥ ੧ ॥ ਰਹਾਉ ॥

ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸਚੇ ਸਚਾ ਨਾਉ=ਸੱਚੇ ਦੇ ਸੱਚ ਨਾਮ ਨੂੰ ਜਪੀਏ ਤਾਂ ਲੋਕ ਪ੍ਰਲੋਕ ਵਿਚ ਪਤਿ ਊਪਜੈ=ਇੱਜ਼ਤ ਪੈਦਾ ਹੁੰਦੀ ਹੈ।

ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥

ਜਿਨ੍ਹਾਂ ਨੇ ਹਉਮੈ ਦਾ ਮਾਰਨਾ ਪਛਾਣਿਆ ਹੈ,

*ਅਥਵਾ:-*ਜਿਨ੍ਹਾਂ ਨੇ ਹਉਮੈ ਨੂੰ ਮਾਰ ਕੇ ਆਪਣੇ ਸਰੂਪ ਨੂੰ ਪਛਾਣਿਆ ਹੈ, ਹਉ=ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।

ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥ ੨ ॥

ਜੋ ਮਨਮੁੱਖ ਸੱਚ ਦਾ ਸਿਮਰਨ ਕਰਨਾ ਨਹੀਂ ਜਾਣਦੇ, ਉਨ੍ਹਾਂ ਨੂੰ ਕਿਤੇ ਭੀ ਠਹਿਰਣ ਵਾਸਤੇ ਥਾਂ ਨਹੀਂ ਮਿਲਦੀ॥ ੨॥

ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ॥

ਸੱਚੇ ਵਾਹਿਗੁਰੂ ਵਿਚ ਹੀ ਜਿਸ ਦਾ ਨਿਵਾਸ ਹੈ, ਉਸ ਦਾ ਖਾਣਾ ਸਚੁ=ਸਫਲਾ ਹੈ, ਅਤੇ ਕਪੜਿਆਂ ਦਾ ਪੈਨਣਾ ਭੀ ਸਫਲਾ ਹੈ।

ਅਥਵਾ:- ਖਾਣਾ=ਜਪਣਾ ਵੀ ਸਫਲ ਹੈ, ਪੈਨਣਾ=ਸੁਨ੍ਹਣਾ ਵੀ ਸਫਲ ਹੈ।

ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ॥

ਉਹ ਸਦਾ=ਨਿੱਤ ਹੀ ਸੱਚ ਦਾ ਸਲਾਹੁਣਾ ਕਰਦਾ ਹੈ, ਇਸ ਲਈ ਉਸ ਦਾ ਸੱਚੇ 'ਸਬਦਿ'=ਬ੍ਰਹਮ ਵਿਚ ਨਿਵਾਸ ਹੈ।

ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ॥ ੩॥

ਉਸ ਨੇ ਗੁਰ+ਮਤੀ=ਗੁਰ ਸਿੱਖਿਆ ਦੁਆਰੇ ਸਭੁ ਆਤਮ=ਸਾਰਿਆਂ ਜੀਵਾਂ ਨੂੰ ਰਾਮ ਸਰੂਪ ਕਰਕੇ ਪਛਾਣਿਆ ਹੈ, ਇਸ ਕਰਕੇ ਉਸ ਗੁਰਮਤੀਏ ਦਾ ਸਰੂਪ ਰੂਪ ਨਿਜ ਘਰ ਵਿਖੇ ਵਾਸਾ ਹੋਇਆ ਹੈ॥ ੩॥ ਤਾ ਤੇ-

ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ॥

ਸੱਚ ਨੂੰ ਵੇਖਣਾ ਕਰੇ, ਸੱਚ ਨੂੰ ਹੀ ਬੋਲਣਾ ਕਰੇ, ਇਸ ਸਾਧਨ ਕਰਕੇ ਇਸ ਦਾ ਤਨ ਮਨ ਸਚਾ=ਸਫਲਾ ਹੁੰਦਾ ਹੈ।

ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ॥

ਸੱਚੀਆਂ ਸਾਖੀਆਂ ਸੁਣਾਵੇ, ਸੱਚ ਨਾਮ ਦਾ ਹੀ ਉਪਦੇਸ਼ ਦੇਣਾ ਕਰੇ, ਸੱਚੇ ਪਾਸੇ ਤੁਰਨ ਕਰਕੇ ਸੱਚੀ ਸੋਇ=ਸੋਭਾ ਹੁੰਦੀ ਹੈ॥

ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ॥ ੪॥

ਜਿਨ੍ਹਾਂ ਨੇ ਸੱਚ ਨੂੰ ਵਿਸਾਰਿਆ=ਭੁਲਾ ਦਿੱਤਾ ਹੈ, ਉਹ ਦੁਖੀ ਹੋ ਕੇ ਰੋਂਦੇ ਪਿੱਟਦੇ ਚਲੇ ਜਾਂਦੇ ਭਾਵ ਤੁਰ ਜਾਂਦੇ ਹਨ॥ ੪॥

ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ॥

ਜਿਨ੍ਹਾਂ ਨੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ, ਉਹ ਸੰਸਾਰ ਵਿਚ ਕਿਸ ਵਾਸਤੇ ਆਏ ਹਨ, ਨਾ ਆਉਂਦੇ ਤਾਂ ਚੰਗਾ ਸੀ।

ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ॥

ਉਹ ਜਮਾਂ ਦੇ ਦਰਵਾਜ਼ੇ ਉੱਪਰ ਸੰਗਲਾਂ ਨਾਲ ਬੱਧੇ ਹੋਏ ਮਾਰ ਖਾਂਦੇ ਹਨ, ਉਨ੍ਹਾਂ ਦੀਆਂ ਕੂਕ=ਉਚੀਆਂ ਪੁਕਾਰਾਂ ਨੂੰ । *ਅਥਵਾ:-* ਉਨ੍ਹਾਂ ਦੀ ਕੂਕ ਪੁਕਾਰ ਕੋਈ ਸੁਣਦਾ ਨਹੀਂ।

ਵਾ:- ਉਹ ਬਹੁਤੇਰਾ ਕੂਕਦੇ ਹਨ ਪਰ ਉਨ੍ਹਾਂ ਦੀ ਪੁਕਾਰ ਕੋਈ ਸੁਣਦਾ ਨਹੀਂ।

ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ॥ ੫॥

ਉਸ ਨੇ ਮਨੁੱਖਾ ਜਨਮ ਬਿਅਰਥ ਗਵਾ ਲਿਆ ਹੈ, ਇਸ ਲਈ ਵਾਰੋ ਵਾਰ=ਮੁੜ ਮੁੜ ਕੇ ਜੰਮਦਾ ਮਰਦਾ ਹੈ॥ ੫॥

[ਪੰਨਾ ੭੦]

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ॥

ਇਸ ਜਗਤ ਨੂੰ ਕਾਮ ਕ੍ਰੋਧ ਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦਿਆਂ ਵੇਖਕੇ ਜੋ ਪੁਰਸ਼ ਦੌੜਕੇ ਸਤਿਗੁਰਾਂ ਦੀ ਸ਼ਰਨ ਵਿਚ ਪਏ ਹਨ।

ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ॥

ਉਨ੍ਹਾਂ ਨੂੰ ਸਤਿਗੁਰਾਂ ਨੇ ਸੱਚ ਨਾਮ ਦ੍ਰਿੜ੍ਹ ਕਰਵਾਇਆ ਹੈ, ਇਸ ਲਈ ਉਹ ਹਮੇਸ਼ਾਂ ਸੱਚੇ ਸੰਜਮ ਵਿਖੇ ਰਹਿਣਾ ਕਰਦੇ ਹਨ।

ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ॥ ੬॥

ਸਤਿਗੁਰੂ ਹੀ ਸੱਚਾ ਜਹਾਜ਼ ਹਨ, ਵਾ:- ਸਤਿਗੁਰ ਦੇਵਾਂ ਪਾਸ ਸੱਚਾ ਨਾਮ ਗਿਆਨ ਰੂਪੀ ਜਹਾਜ਼ ਹੈ, ਗੁਰਾਂ ਦੇ ਉਪਦੇਸ਼ ਕਰਕੇ ਸੰਸਾਰ ਸਮੁੰਦ੍ਰ ਤੋਂ ਤਰਨਾ ਹੁੰਦਾ ਹੈ॥ ੬॥

ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ॥

ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ, ਵਾ:- ਸਤਿਗੁਰਾਂ ਦੇ ਉਪਦੇਸ਼ ਲਏ ਤੋਂ ਬਿਨਾਂ ਕਿਸੇ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੋਈ, ਇਸ ਕਰਕੇ ਮਨਮੁਖ ਚੁਰਾਸੀ ਲੱਖ ਜੂਨਾਂ ਵਿਚ ਫਿਰਦੇ ਰਹਿੰਦੇ ਹਨ।

ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ॥

ਪੰਡਿਤ ਲੋਕ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਅਤੇ ਮੋਨੀ ਪੁਰਸ਼ ਮੋਨ ਧਾਰਕੇ ਥੱਕ ਚੁੱਕੇ ਹਨ, ਪਰ ਮੁਕਤੀ ਨਹੀਂ ਮਿਲੀ ਦ੍ਵੈਤ ਭਾ ਨੇ ਸਭਨਾਂ ਦੀ ਪਤ ਅਬਰੋ (ਇੱਜ਼ਤ) ਖੋਹ ਦਿੱਤੀ ਹੈ।

ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ॥ ੭॥

ਜਿਸ ਨੂੰ ਸਤਿਗੁਰਾਂ ਨੇ ਆਪਣਾ ਉਪਦੇਸ਼ ਸੁਣਾਇਆ ਹੈ, ਉਸ ਨੇ ਇਹ ਨਿਸਚੇ ਕੀਤਾ ਹੈ ਕਿ ਸੱਚੇ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੭॥

ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ॥

ਜੋ ਮਨੁੱਖ ਸੱਚੇ ਪ੍ਰਭੂ ਨੇ ਗੁਰਾਂ ਦੇ ਲੜ ਲਗਾਏ ਹਨ, ਓਹੀ ਸੱਚ ਨਾਮ ਸਿਮਰਨ ਵਿਚ ਲੱਗੇ ਹਨ, ਉਹ ਨਿੱਤ ਹੀ ਸੱਚੀ ਭਗਤੀ ਵਾ ਸੇਵਾ ਰੂਪੀ ਕਾਰ ਨੂੰ ਕਰਦੇ ਹਨ।

ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਿਲ ਰਹੰਨਿ॥

ਉਨ੍ਹਾਂ ਨੇ ਆਪਣੇ ਸਰੂਪ ਰੂਪ ਘਰ ਵਿਚ ਵਾਸਾ ਪਾਇਆ ਹੈ, ਅਤੇ ਸੱਚੇ ਮਹਿਲ=ਪ੍ਰਮਾਤਮਾ ਵਿਖੇ ਟਿਕੇ ਰਹਿੰਦੇ ਹਨ।

ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥ ੮ ॥ ੧੭ ॥ ੮ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਨਾਮੀ ਦੇ ਨਾਮ ਸਿਮਰਨ ਵਿਚ ਰਚੰਨਿ=ਤਦਾਕਾਰ ਰਹਿਣ ਕਰਕੇ ਭਗਤ ਲੋਕ ਸਦਾ ਹੀ ਸੁਖੀ ਰਹਿੰਦੇ ਹਨ॥ ੮ ॥ ੧੭ ॥ ੮ ॥ ੨੫ ॥

੧੭ ਅਸਟਪਦੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਆਈਆਂ ਹਨ।

੮ ਅਸਟਪਦੀਆਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਆਈਆਂ ਹਨ।

ਇਥੋਂ ਤੱਕ ਦੋਹਾਂ ਪਾਤਸ਼ਾਹਾਂ ਜੀ ਦੀਆਂ ੨੫ ਅਸਟਪਦੀਆਂ ਆ ਗਈਆਂ ਹਨ।

ਅਗਲੀਆਂ ਦੋ ਅਸਟਪਦੀਆਂ ਪੰਚਮ ਪਾਤਸ਼ਾਹ ਜੀ ਆਪ ਉਚਾਰਦੇ ਹਨ।

ਸਿਰੀਰਾਗੁ ਮਹਲਾ ੫ ॥

ਕਿਸੇ ਸਿੱਖ ਨੇ ਆ ਕੇ ਬੇਨਤੀ ਕੀਤੀ ਪ੍ਰਭੂ ਦਾ ਨਾਮ ਬਿਪਤਾ ਕਾਲ ਵਿਖੇ ਮਨੁੱਖ ਦੀ ਸਹਾਇਤਾ ਕਰਦਾ ਹੈ ਜਾਂ ਨਹੀਂ? ਗੁਰੂ ਜੀ ਨੇ ਕਿਹਾ, ਹਾਂ ਜਿਸ ਵੇਲੇ ਭੀ ਮਨੁੱਖ ਉਸ ਨੂੰ ਯਾਦ ਕਰਦਾ ਹੈ ਹਰ ਸਮੇਂ ਆ ਕੇ ਸਹਾਇਤਾ ਕਰਦਾ ਹੈ। ਪਹਿਲੀਆਂ 'ਚਾਰ ਪੌੜੀਆਂ' ਵਿਚ ਗੁਰੂ ਸਾਹਿਬ ਜੀ ਸਭ ਸਾਧਨਾਂ ਨਾਲੋਂ ਨਾਮ ਦੀ ਵਿਸ਼ੇਸ਼ਤਾ ਦੱਸਦੇ ਹਨ।

ਅਗਲੀਆਂ 'ਚਾਰ ਪੌੜੀਆਂ' ਵਿਚ ਵਾਹਿਗੁਰੂ ਤੋਂ 'ਬੇਮੁਖ ਪੁਰਸ਼ਾਂ' ਦੀ ਹਾਲਤ ਦੱਸਣਗੇ।

ਅਖੀਰਲੀ ਨੌਵੀਂ ਪੌੜੀ ਵਿਚ ਸਿਧਾਂਤ ਦੀ ਗੱਲ ਦੱਸਣਗੇ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥

ਜਿਸਨੂੰ ਡਾਢੀ ਮੁਸ਼ਕਲਤਾ ਆ ਕੇ ਬਣ ਜਾਵੇ-ਦ੍ਰੌਪਤਾਂ ਵਾਂਗੂੰ, ਕੋਈ ਭੀ ਢੋਈ=ਆਸਰਾ ਨਾ ਦੇਵੇ।

ਅਥਵਾ:- ਆਪਣੇ ਪਾਸ ਬੈਠਣ ਵਾਸਤੇ ਕੋਈ ਢੋਈ=ਜਗ੍ਹਾਂ ਨਾ ਦੇਵੇ।

ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥

ਦੁਸ਼ਮਨ ਪੁਰਸ਼ ਵੀ ਲਾਗੂ=ਦੁਸ਼ਮਨੀ ਦੇ ਕਰਨ ਵਾਲੇ ਹੋ ਜਾਣ, ਅਤੇ ਸਾਕ ਸੈਨ ਅਰਥਾਤ ਸਬੰਧੀ ਵੀ ਦੌੜਕੇ ਪਰ੍ਹੇ ਖਲੋ ਜਾਣ।

ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥

ਧਨ ਪਦਾਰਥਾਂ ਦਾ ਸਾਰਾ ਆਸਰਾ ਭਜੈ=ਟੁੱਟ ਜਾਵੇ, ਅਤੇ ਸਨਬੰਧੀਆਂ ਦਾ ਭੀ ਸਾਰਾ ਅਸਰਾਉ=ਆਸਰਾ ਚੁੱਕ ਜਾਵੇ।

ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥

ਜੇਕਰ ਇਸ ਤਰ੍ਹਾਂ ਦੇ ਸਮੇਂ ਵਿਚ ਉਸ ਨੂੰ ਪਾਰਬ੍ਰਹਮ ਚੇਤੇ ਆ ਜਾਵੇ ਤਾਂ ਉਸਨੂੰ ਕੋਈ ਦੁੱਖ ਰੂਪੀ ਤੱਤੀ ਹਵਾ ਨਹੀਂ ਲਗਦੀ॥ ੧ ॥

ਯਥਾ- ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੌਪਤੀ ਆਂਦੀ।

ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।

ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।
ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
ਨਾਥ ਅਨਾਥਾਂ ਬਾਣਿ ਧੁਰਾਂਦੀ॥ ੮॥ *(ਭਾਈ ਗੁਰਦਾਸ ਜੀ ਵਾਰ ੧੦)*

ਤਥਾ:- ਦ੍ਰੌਪਤੀ ਕੁਪੀਨ ਮਾਤ੍ਰ ਦਈ ਜਉ ਮੁਨੀਸਰਹਿ,
ਤਾਂਤੇ ਸਭਾ ਮਧਿ ਬਹਿਓ ਬਸਨ ਪ੍ਰਵਾਹ ਜੀ।
ਤਨਕ ਤੰਦਲ ਜਗਦੀਸਹਿ ਦਏ ਸੁਦਾਮਾ,
ਤਾਂਤੇ ਪਾਏ ਚਤੁਰ ਪਦਾਰਥ ਅਥਾਹ ਜੀ।
ਦੁਖਿਤ ਗਜਿੰਦ ਅਰਬਿੰਦ ਗਹਿ ਭੇਟ ਰਾਖੈ,
ਤਾਂਕੈ ਕਾਜੈ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ।
ਕਹਾ ਕੋਊ ਕਰੈ ਕਛੁ ਹੋਤ ਨ ਕਾਹੂ ਕੇ ਕੀਏ,
ਜਾਕੀ ਪ੍ਰਭ ਮਾਨ ਲੇਹਿ ਸਭੈ ਸੁਖ ਤਾਹ ਜੀ॥ ੪੩੫॥

(ਭਾਈ ਗੁਰਦਾਸ ਜੀ, ਕਬਿੱਤ ੪੩੫)

ਸਾਹਿਬੁ ਨਿਤਾਣਿਆ ਕਾ ਤਾਣੁ॥

ਮੇਰਾ ਮਾਲਕ ਵਾਹਿਗੁਰੂ ਨਿਤਾਣਿਆਂ ਦਾ ਤਾਣ ਰੂਪ ਹੈ।

ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥ ੧॥ ਰਹਾਉ॥

ਨਾ ਆਉਂਦਾ ਹੈ ਨਾ ਜਾਂਦਾ ਹੈ, ਸਦਾ ਹੀ ਥਿਰ ਰੂਪ ਹੈ, ਗੁਰ ਸ਼ਬਦੀਏ ਉਸ ਸੱਚੇ ਨੂੰ ਜਾਣਦੇ ਹਨ।

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥

ਜੇ ਕੋਈ ਸਰੀਰ ਕਰਕੇ ਦੁਬਲਾ=ਕ੍ਰਿਸ ਭਾਵ ਕਮਜ਼ੋਰ ਹੋਵੇ, ਅਤੇ ਭੁੱਖ ਨੰਗ ਦੀ ਵੀ ਪੀਰ=ਪੀੜਾ ਹੋਵੇ, ਕਾਲੇ ਦੇ ਭਤੀਜਿਆਂ ਵਾਂਗੂੰ।

ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ॥

ਕਿਧਰੋਂ ਇਕ ਰੁਪਿਆ ਭੀ ਪੱਲੇ ਵਿਖੇ ਨਾ ਪਵੇ, ਅਤੇ ਨਾ ਹੀ ਕੋਈ ਧੀਰਜ ਦੇਵੇ ਕਿ ਤੂੰ ਘਬਰਾ ਨਾ, ਮੈਂ ਤੇਰੀ ਲੋੜ ਪੂਰੀ ਕਰਦਾ ਹਾਂ।

ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥

ਸੁਆਰਥੁ=ਆਪਣੇ ਮਤਲਬ ਪਿੱਛੇ ਵੀ ਚਾਹੇ ਕੋਈ ਸੁਆਉ=ਪ੍ਰਯੋਜਨ ਨੂੰ ਪੂਰਾ ਨਾ ਕਰੇ।

ਅਥਵਾ:- ਸੁਆਰਥੁ=ਸ੍ਵੈ ਅਰਥ ਭਾਵ ਆਪਣਾ ਮਤਲਬ ਵੀ ਸਿੱਧ ਨਾ ਕਰ ਸਕਦਾ ਹੋਵੇ ਅਤੇ ਦੂਜੇ ਦੇ ਸੁਆਉ=ਪ੍ਰੋਯਜਨ ਨੂੰ ਭੀ ਪੂਰਾ ਨਾ ਕਰ ਸਕਦਾ ਹੋਵੇ। ਸਰੀਰ ਦੀ ਨਿਰਬਲਤਾ ਹੋਣ ਕਰਕੇ ਕੁਝ ਕੰਮ ਕਾਜ

ਵੀ ਨਾ ਕਰ ਸਕਦਾ ਹੋਵੇ।

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥ ੨ ॥

ਜੇਕਰ ਪਾਰਬ੍ਰਹਮ ਉਸਨੂੰ ਚੇਤੇ ਆ ਜਾਵੇ, ਤਾਂ ਉਸ ਦਾ ਰਾਜ ਭਾਗ ਨਿਸਚਲ ਹੋ ਜਾਂਦਾ ਹੈ॥ ੨ ॥ ਭਾਈ ਕਾਲੇ ਦਾ ਭਰਾ 'ਰੂਪ ਚੰਦ' ਸੀ, ਰੂਪ ਚੰਦ ਦੇ ਦੋ ਪੁਤ੍ਰ ਸਨ 'ਲੋਹੀਆ' ਤੇ 'ਸੰਦਲੀ'। ਜਦ ਸਮੇਂ ਦੇ ਚੱਕਰ ਅਨੁਸਾਰ ਰੂਪ ਚੰਦ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸੱਚਖੰਡ ਚਲਾ ਗਿਆ ਤਾਂ ਇਸ ਦੇ ਦੋਹਾਂ ਪੁੱਤਰਾਂ ਨੂੰ ਚਾਚਾ ਘਰ ਲੈ ਆਇਆ, ਇਹ ਚਾਚੇ ਪਾਸ ਹੀ ਰਹਿ ਕੇ ਪਲਦੇ ਰਹੇ। ਇਕ ਦਿਨ 'ਸ੍ਰੀ ਗੁਰੂ ਹਰਿ ਰਾਇ ਸਾਹਿਬ' ਜੀ ਮਾਲਵੇ ਦੀ ਧਰਤੀ ਨੂੰ ਭਾਗ ਲਾਂਦੇ ਹੋਏ ਤੇ ਸਿੱਖਾਂ ਨੂੰ ਆਨੰਦ ਦੇਂਦੇ ਹੋਏ ਕਾਲੇ ਦੇ ਪਾਸ ਆ ਕੇ ਪਹੁੰਚੇ, ਤਾਂ ਭਾਈ ਕਾਲੇ ਨੇ ਤਨੋਂ ਮਨੋਂ ਸੇਵਾ ਕਰਕੇ ਗੁਰੂ ਸਾਹਿਬਾਂ ਦੀ ਪ੍ਰਸੰਨਤਾ ਲਈ। ਇਕ ਦਿਨ ਦੋਹਾਂ ਬੱਚਿਆਂ ਨੂੰ ਸਿਖਾ ਕੇ ਆਪਣੇ ਨਾਲ ਲੈ ਕੇ ਗੁਰੂ ਜੀ ਦੇ ਪਾਸ ਪਹੁੰਚਾ। ਬੱਚਿਆਂ ਨੇ ਆਉਂਦਿਆਂ ਸਾਰ ਮੱਥਾ ਟੇਕ ਕੇ ਢਿੱਡ ਤੇ ਹੱਥ ਮਾਰਨਾ ਸ਼ੁਰੂ ਕਰ ਦਿੱਤਾ, ਇਸ ਕੌਤਕ ਨੂੰ ਵੇਖਕੇ ਸਪਤਮ ਪਾਤਸ਼ਾਹ ਜੀ ਨੇ ਕਿਹਾ-

ਹੇ ਕਾਲੇ ! ਇਹ ਬੱਚੇ ਕੀ ਆਖਦੇ ਹਨ?

ਕਾਲੇ ਨੇ ਕਿਹਾ ! ਇਹ ਬੱਚੇ ਬਹੁਤ ਗਰੀਬ ਹਨ, ਇਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਹੈ, ਇਨ੍ਹਾਂ ਨੂੰ ਕਿਸੇ ਸਬੰਧੀ ਦੀ ਸਹਾਇਤਾ ਭੀ ਨਹੀਂ, ਢਿੱਡੋਂ ਭੁੱਖੇ ਹੋਣ ਕਰਕੇ ਆਪ ਜੀ ਨੂੰ ਦੱਸ ਰਹੇ ਹਨ ਕਿ ਅਸੀਂ ਬਹੁਤ ਭੁੱਖ ਤੋਂ ਦੁੱਖੀ ਹਾਂ। ਆਪ ਇਨ੍ਹਾਂ ਦੇ ਉੱਪਰ ਕਿਰਪਾ ਕਰ ਦਿਓ ਇਨ੍ਹਾਂ ਦਾ ਮਾਤਾ ਪਿਤਾ ਭੀ ਕੋਈ ਨਹੀਂ ਹੈ, ਇਹ ਗੱਲ ਸੁਣਕੇ ਹਜੂਰ ਨੇ ਕਿਰਪਾ ਦੇ ਘਰ ਵਿਚ ਆ ਕੇ ਵਰ ਦੇ ਦਿੱਤਾ, ਇਹ ਦੋਵੇਂ ਲੜਕੇ ਰਾਜ ਭਾਗ ਕਰਨਗੇ ਤੂੰ ਕੋਈ ਫਿਕਰ ਨਾ ਕਰ। ਸਮੇਂ ਅਨੁਸਾਰ ਇਕ 'ਪਟਿਆਲੇ' ਦਾ, ਦੂਜਾ 'ਨਾਭੇ' ਦਾ ਰਾਜਾ ਹੋ ਗਿਆ।

ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥

ਜਿਸ ਮਨੁੱਖ ਨੂੰ ਬਹੁਤ ਤੋਂ ਬਹੁਤ ਚਿੰਤਾ ਲੱਗ ਰਹੀ ਹੈ, ਅਤੇ ਦੇਹ ਨੂੰ ਕੋਈ ਨਾ ਕੋਈ ਰੋਗ ਵੀ ਵਿਆਪਿਆ ਰਹਿੰਦਾ ਹੈ।

ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥

ਗ੍ਰਿਹਸਤੀ ਹੋਣ ਕਰਕੇ ਧੀਆਂ ਪੁਤ੍ਰ ਆਦਿਕ ਕੁਟੰਬ ਵਿਖੇ ਲਪੇਟਿਆ ਰਹਿੰਦਾ ਹੈ। ਇਸ ਕਰਕੇ ਕਦੇ ਖੁਸ਼ੀ ਤੇ ਕਦੇ ਸੋਗੁ=ਗਮੀ ਲੱਗੀ ਰਹਿੰਦੀ ਹੈ।

ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥

ਇਨ੍ਹਾਂ ਦੁੱਖਾਂ ਤੋਂ ਛੁੱਟਣ ਵਾਸਤੇ, ਚਾਰੇ ਕੁੰਟਾਂ ਵਿਖੇ ਏਨਾ ਫਿਰਨਾ ਕਰੇ, ਜੋ ਕਿ ਇਕ ਘੜੀ ਮਾਤ੍ਰ ਵੀ ਉਸਨੂੰ ਬੈਠਣਾ ਨਾ ਮਿਲੇ।

ਅਥਵਾ:- ਇਕ ਘੜੀ ਭਰ ਵੀ ਸੁੱਖ ਦਾ ਬੈਹਣਾ ਤੇ ਸੋਇ=ਸੌਣਾ ਨਸੀਬ ਨਾ ਹੋਵੇ।

ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥ ੩ ॥

ਜੇਕਰ ਉਸ ਨੂੰ ਪਾਰਬ੍ਰਹਮ ਚੇਤੇ ਆ ਜਾਵੇ, ਤਾਂ ਉਸ ਦਾ ਤਨ ਮਨ ਠੰਢਾ ਹੋ ਜਾਂਦਾ ਹੈ॥ ੩ ॥

ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥

ਕਾਮ, ਕ੍ਰੋਧ, ਮੋਹ ਆਦਿਕ ਪੰਜਾਂ ਦੂਤਾਂ ਨੇ ਆਪਣੇ ਵਸ ਵਿਚ ਕੀਤਾ ਹੋਵੇ, ਕਿਰਪਨ=ਸੂਮਪੁਣੇ ਵਿਚ ਅਤੇ

ਲੋਭ ਵਿਖੇ ਪਿਆਰ ਭੀ ਹੋਵੇ।

ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ॥

ਗੁਰ ਪਤਣੀ ਗਮਣ, ਸੋਨਾ ਚੁਰਾਣਾ, ਗਊ ਦਾ ਮਾਰਨਾ, ਬ੍ਰਾਹਮਣ ਦਾ ਮਾਰਨਾ,

ਅਥਵਾ:- ਬ੍ਰਾਹਮਣ ਦਾ ਮਾਰਨਾ, ਕਾਲੀ ਗਊ ਦਾ ਮਾਰਨਾ, ਲੜਕੀ ਦਾ ਮਾਰਨਾ, ਵੇਸ਼ਵਾ ਦਾ ਅੰਨ ਖਾਣਾ।

ਯਥਾ:- ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥

(ਸਲੋਕ ਮਹਲਾ ੩, ਪੰਨਾ ੧੪੧੩)

ਇਸ ਤਰ੍ਹਾਂ ਦੇ ਚਾਰ ਵੱਡੇ ਪਾਪ ਕੀਤੇ ਹਨ, ਅਤੇ ਉਸ ਨੇ ਛੋਟੇ ਛੋਟੇ ਵੀ ਬਹੁਤ ਅਘ=ਪਾਪ ਕੀਤੇ ਹਨ, ਫਿਰ ਉਹ ਅਸੁਰਾਂ ਕਰਕੇ ਮਾਰ ਖਾਣੇ ਜੋਗ ਭੀ ਹੋ ਰਿਹਾ ਹੈ।

ਅਥਵਾ:- ਉਹ 'ਅਸੁਰ' ਮਾਰ ਖਾਣੇ ਜੋਗ ਹੋ ਰਿਹਾ ਹੈ।

ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ॥

ਪੋਥੀ=ਸ਼ਾਸਤ੍ਰਾਂ ਨੂੰ, ਗੀਤ=ਸੰਗੀਤ ਵਿੱਦਿਆ, ਕਵਿਤ=ਕਵਿਤਾ ਆਦਿਕ ਵਾ ਕਬਿਤਾਂ ਵਾਲੇ ਕਾਬਜ ਸ਼ਾਸਤ੍ਰ ਇਤ ਆਦਿਕ ਸਾਰਿਆਂ ਗ੍ਰੰਥਾਂ 'ਚੋਂ ਕੁਝ ਵੀ ਆਪਣੇ ਕਰਨਿ=ਕੰਨਾਂ ਵਿਚ ਕਦੇ ਧਾਰਨ ਨਹੀਂ ਕੀਤਾ।

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ॥ ੪॥

ਜੇਕਰ ਉਸਨੂੰ ਪਾਰਬ੍ਰਹਮ ਚੇਤੇ ਆ ਜਾਵੇ, ਤਾਂ ਇਕ ਨਿਮਖ ਕਾਲ ਵਿਚ ਅਰਥਾਤ ਅੱਖ ਦੇ ਫੁਰਕਨੇ ਮਾਤ੍ਰ ਨਾਲ ਵਾਹਿਗੁਰੂ ਨਾਮ ਨੂੰ ਸਿਮਰਦਾ ਹੋਇਆ ਤਰ ਜਾਂਦਾ ਹੈ॥ ੪॥

ਇਥੋਂ ਤੱਕ ਚਾਰ ਪੌੜੀਆਂ ਵਿਖੇ ਨਾਮ ਦੀ ਵਿਸ਼ੇਸ਼ਤਾ ਦੱਸੀ ਹੈ, ਅਗਲੀਆਂ ਚਾਰ ਪੌੜੀਆਂ ਵਿਚ ਵਾਹਿਗੁਰੂ ਤੋਂ ਬੇਮੁੱਖ ਪੁਰਸ਼ਾਂ ਦੀ ਹਾਲਤ ਦੱਸਦੇ ਹਨ।

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥

ਚਾਹੇ ਛੇ ਸ਼ਾਸ਼ਤ੍ਰ, ਸਤਾਈ ਸਿੰਮ੍ਰਿਤੀਆਂ, ਚਾਰ ਬੇਦਾਂ ਨੂੰ ਮੂੰਹ ਦੇ ਅਗਰ ਭਾਗ ਵਿਚਾਰਦਾ ਹੈ। ਅਰਥਾਤ ਇਨ੍ਹਾਂ ਗ੍ਰੰਥਾਂ ਦਾ ਜ਼ਬਾਨੀ ਪਾਠ ਕਰਦਾ ਹੈ।

ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥

ਚਾਹੇ ਤਪ ਕਰਕੇ ਤਪੀਆਂ ਦਾ ਭੀ ਗੁਰੂ ਹੋ ਜਾਵੇ, ਵੱਡਾ ਜੋਗੀ ਹੋ ਜਾਵੇ, ਸਾਰਿਆਂ ਤੀਰਥਾਂ ਉੱਪਰ ਭੀ ਗਵਨੁ ਕਰੇ=ਫਿਰ ਆਵੇ।

ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥

ਖਟੁ ਕਰਮਾ=ਛੇ ਪ੍ਰਕਾਰ ਦੇ ਕਰਮਾਂ ਨਾਲੋਂ ਦੁਗੁਣੇ=ਦੂਣੇ ਭਾਵ ਬਾਰਾਂ ਕਰਮ ਭੀ ਕਰ ਲਵੇ, ਯੱਗ ਕਰਨਾ, ਯੱਗ ਕਰਾਉਣਾ, ਵੇਦ ਪੜ੍ਹਨਾ, ਵੇਦ ਪੜ੍ਹਾਣਾ, ਦਾਨ ਲੈਣਾ, ਦਾਨ ਦੇਣਾ, ਸੰਧਿਆ, ਇਸ਼ਨਾਨ, ਜਪ, ਹੋਮ, ਅਥਿਤ ਪੂਜਾ ਦੇਵ ਅਰਚਾ, ਨਾਇ=ਇਸ਼ਨਾਨ ਕਰਕੇ ਠਾਕੁਰ ਪੂਜਾ ਵੀ ਕਰਦਾ ਹੈ।

ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥ ੫ ॥

ਜੇਕਰ ਉਸ ਦਾ ਪਾਰਬ੍ਰਹਮ ਦੇ ਨਾਲ ਰੰਗੁ=ਪ੍ਰੇਮ ਨਹੀਂ ਲੱਗਾ, ਤਾਂ ਉਹ ਸਰਪਰ=ਜ਼ਰੂਰ ਹੀ ਨਰਕਾਂ ਵਿਚ ਜਾਵੇਗਾ ॥ ੫ ॥

ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥

ਚਾਹੇ ਕਿਸੇ ਦੇਸ ਦਾ ਰਾਜ ਪ੍ਰਾਪਤ ਹੋਵੇ, ਮਿਲਕ=ਜਗੀਰਾਂ ਹੋਣ, ਸਿਕਦਾਰੀਆਂ=ਸ੍ਰਦਾਰੀਆਂ, ਵਾ-ਨੰਬਰਦਾਰੀਆਂ, ਵਾ ਥਾਨੇਦਾਰੀਆਂ ਪ੍ਰਾਪਤ ਹੋਣ, ਵਿਸਤਾਰ ਪੂਰਬਕ ਰਸਾਂ ਦਾ ਭੋਗਣਾ ਵੀ ਪ੍ਰਾਪਤ ਹੋਵੇ।

ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥

ਸੁਹਾਵੇ=ਸੁੰਦਰ ਬਾਗਾਂ ਵਿਚ ਸੋਹਣੇ ਮੰਦਰ ਬਣੇ ਹੋਣ, ਅਤੇ ਅਫਾਰ=ਅਮੋੜ (ਢਾਢਮ) ਹੁਕਮ ਚਲਦਾ ਹੋਵੇ।

ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥

ਬਹੁ ਬਿਧੀ=ਬਹੁਤ ਪ੍ਰਕਾਰ ਦੇ ਰੰਗਾਂ ਰੰਗਾਂ ਦੇ ਤਮਾਸ਼ਿਆਂ ਵੇਖਣ ਦੇ ਉਤਸ਼ਾਹ ਵਿਚ ਲੱਗਾ ਰਹਿੰਦਾ ਹੋਵੇ।

ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥ ੬ ॥

ਜੇਕਰ ਉਸਨੂੰ ਪਾਰਬ੍ਰਹਮ ਚੇਤੇ ਨਹੀਂ ਆਇਆ, ਤਾਂ ਉਹ ਸੱਪ ਦੀ ਜੂਨ ਵਿਚ ਜਾਂਦਾ ਹੈ ॥ ੬ ॥

ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥

ਚਾਹੇ ਬਹੁਤੁ ਧਨਾਢਿ=ਵੱਡਾ ਸ਼ਾਹੂਕਾਰ ਹੋਵੇ, ਅਚਾਰਵੰਤੁ=ਸ੍ਰੇਸ਼ਟ ਕਰਤਬਾਂ ਦੇ ਕਰਨ ਵਾਲਾ ਹੋਵੇ, ਸੰਸਾਰ ਵਿਚ ਚੰਗੀ ਸੋਭਾ ਵਾਲਾ ਹੋਵੇ ਤੇ ਨਿਰਮਲ ਰੀਤਿ=ਪਵਿੱਤ ਮਰਯਾਦਾ ਵਾਲਾ ਹੋਵੇ।

ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥

ਮਾਤਾ, ਪਿਤਾ, ਪੁਤ੍ਰਾਂ, ਭਰਾਵਾਂ, ਤੇ ਮਿੱਤਰਾਂ ਨਾਲ ਪ੍ਰੀਤੀ ਰੱਖਣ ਵਾਲਾ ਹੋਵੇ।

ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥

ਲਸਕਰ=ਫੌਜਾਂ, ਤਰਕਸ=ਭੱਥਿਆਂ ਨੂੰ ਬੰਦ=ਬੰਨ੍ਹ ਕੇ ਭਾਵ ਸਨੱਧ ਬੱਧ ਹੋ ਕੇ ਬੰਦ=ਬੰਦਨਾ ਅਰਥਾਤ ਨਮਸ਼ਕਾਰ ਕਰਦੀਆਂ ਹੋਵਣ ਅਤੇ ਸਾਰੀ ਦੁਨੀਆਂ ਭੀ 'ਜੀ' 'ਜੀ' ਸ਼ਬਦ ਉਚਾਰਨ ਕਰਦੀ ਹੋਵੇ।

[ਪੰਨਾ ੭੧]

ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥ ੭ ॥

ਜੇਕਰ ਉਸਨੂੰ ਪਾਰਬ੍ਰਹਮ ਚੇਤੇ ਨਹੀਂ ਆਉਂਦਾ, ਤਾਂ ਉਸਨੂੰ ਖੜਿ=ਲਿਜਾ ਕੇ ਜਮਦੂਤ ਰਸਾਤਲਿ ਦੀਤ=ਨਰਕਾਂ ਰੂਪ ਟੋਇ ਵਿਚ ਸੁੱਟ ਦਿੰਦੇ ਹਨ ॥ ੭ ॥

ਕਾਇਆ ਰੋਗੁ ਨ ਛਿਦ੍ਰ ਕਿਛੁ ਨਾ ਕਿਛੁ ਕਾੜਾ ਸੋਗੁ ॥

ਚਾਹੇ ਕਾਇਆ=ਸਰੀਰ ਨੂੰ ਰੋਗ ਭੀ ਨਾ ਹੋਵੇ, ਅਤੇ ਨਾ ਹੀ ਕੋਈ ਛਿਦ੍ਰ=ਦੋਸ਼ ਹੋਵੇ, ਨਾ ਹੀ ਕਿਸੇ ਪਦਾਰਥ ਦਾ ਕਾੜਾ=ਝੋਰਾ ਹੋਵੇ, ਨਾ ਹੀ ਕਿਸੇ ਕਿਸਮ ਦਾ ਸੋਗੁ=ਫਿਕਰ ਹੋਵੇ।

ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸਿ ਭੋਗੈ ਭੋਗੁ॥

ਤਿਸਨੂੰ ਮੌਤ ਕਦੇ ਚੇਤੇ ਨਾ ਆਵੇ, ਅਤੇ ਦਿਨ ਰਾਤ ਭੋਗਾਂ ਨੂੰ ਭੋਗਦਾ ਹੋਵੇ।

ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ॥

ਸਭ ਕਿਸੇ ਨੂੰ ਆਪਣਾ ਸਾਥੀ ਬਣਾ ਲਿਆ ਹੋਵੇ, ਆਪਣੇ ਜੀਇ=ਦਿਲ ਵਿਖੇ ਕਿਸੇ ਦੁਸ਼ਮਨ ਦੀ ਸ਼ੰਕਾ ਭੀ ਨਾ ਰੱਖਦਾ ਹੋਵੇ।

ਚਿਤਿ ਨ ਆਇਓ ਪਾਰਬ੍ਰਹਮੁ ਜਮਕੰਕਰ ਵਸਿ ਪਰਿਆ॥ ੮॥

ਜੇਕਰ ਉਸ ਨੂੰ ਪਾਰਬ੍ਰਹਮ ਚੇਤੇ ਨਹੀਂ ਆਉਂਦਾ, ਤਾਂ ਫਿਰ ਜਮਦੂਤਾਂ ਦੇ ਵਸ ਵਿਚ ਪੈ ਜਾਂਦਾ ਹੈ॥ ੮॥

'ਚਾਰ ਪੌੜੀਆਂ' ਵਿਚ 'ਗੁਰਮੁਖਾਂ' ਦਾ, 'ਚਾਰ ਪੌੜੀਆਂ' ਵਿਚ 'ਮਨਮੁਖਾਂ' ਦਾ ਹਾਲ ਦੱਸ ਕੇ ਹੁਣ ਸਿਧਾਂਤ ਦੀ ਪੌੜੀ ਕਥਨ ਕਰਦੇ ਹਨ।

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥

ਜਿਸ ਉੱਤੇ ਪਾਰਬ੍ਰਹਮ ਕਿਰਪਾ ਕਰਦਾ ਹੈ, ਉਸ ਨੂੰ ਸੰਤਾਂ ਦਾ ਸਤਸੰਗ ਪ੍ਰਾਪਤ ਹੁੰਦਾ ਹੈ।

ਜਿਉ ਜਿਉ ਉਹ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥

ਜਿਵੇਂ ਜਿਵੇਂ ਉਹ ਗੁਰਮੁਖ ਸੰਤਾਂ ਦਾ ਸਤਸੰਗ ਕਰਨਾ ਵਧਾਂਦਾ ਹੈ, ਤਿਉਂ ਤਿਉਂ ਉਸ ਦਾ ਹਰੀ ਨਾਲ ਰੰਗੁ=ਪ੍ਰੇਮ ਵਧਦਾ ਹੈ।

ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ॥

ਗੁਰਮੁਖ ਤੇ ਮਨਮੁਖ, ਦੇਵਤਾ ਦੈਂਤ, ਇਨ੍ਹਾਂ ਦੋਹਾਂ ਸਿਰਿਆ=ਪਾਸਿਆਂ ਦਾ ਉਹ ਆਪ ਮਾਲਕ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਥਾਂ ਨਹੀਂ ਹੈ।

ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ॥ ੯॥ ੧॥ ੨੬॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦੀ ਤੁਠੈ=ਪ੍ਰਸੰਨਤਾ ਕਰਕੇ ਅਸਾਂ ਨੇ ਸੱਚਾ ਨਾਮ ਪਾਇਆ ਹੈ॥ ੯॥ ੧॥ ੨੬॥

ਸਿਰੀਰਾਗੁ ਮਹਲਾ ੫ ਘਰੁ ੫॥

ਉੱਤਮ ਜਗਿਆਸੂ ਨੇ ਆ ਕੇ ਬੇਨਤੀ ਕੀਤੀ-ਹੇ ਗਰੀਬ ਨਿਵਾਜ ਜੀਉ !

ਜਾਨਉ ਨਹੀ ਭਾਵੈ ਕਵਨੁ ਬਾਤਾ॥

ਮੈਂ ਜਾਣਦਾ ਨਹੀਂ ਹਾਂ, ਜੋ ਪ੍ਰਮਾਤਮਾ ਨੂੰ ਕਿਹੜੀ ਗੱਲ ਭਾਉਂਦੀ ਹੈ।

ਮਨ ਖੋਜਿ ਮਾਰਗੁ॥ ੧॥ ਰਹਾਉ॥

ਮੈਂ ਖੋਜੀ ਹੋ ਕੇ ਮਨ ਵਿਚ ਉਸ ਦੀ ਪ੍ਰਾਪਤੀ ਦੇ ਮਾਰਗੁ=ਰਸਤੇ ਨੂੰ ਖੋਜਦਾ ਹਾਂ॥ ੧॥ ਰਹਾਉ॥

ਧਿਆਨੀ ਧਿਆਨੁ ਲਾਵਹਿ॥

ਧਿਆਨੀ ਪੁਰਸ਼ ਧਿਆਨ ਨੂੰ ਲਗਾਂਵਦੇ ਹਨ।

ਗਿਆਨੀ ਗਿਆਨੁ ਕਮਾਵਹਿ ॥

ਗਿਆਨਵਾਨ ਗਿਆਨ ਨੂੰ ਹੀ ਕਮਾਉਂਦੇ ਹਨ, ਅਰਥਾਤ ਗਿਆਨ ਦੀਆਂ ਗੱਲਾਂ ਕਰਦੇ ਹਨ।

ਪ੍ਰਭੁ ਕਿਨ ਹੀ ਜਾਤਾ ॥ ੧ ॥

ਪਰ ਆਪ ਇਹ ਦੱਸੋ ਇਨ੍ਹਾਂ ਸਾਰਿਆਂ ਵਿਚੋਂ ਪ੍ਰਭੂ ਨੂੰ ਜਿਸ ਨੇ ਜਾਣਿਆ ਹੈ ? ॥ ੧ ॥

ਧਿਆਨ ਰੱਖਣਾ ਇਹ ਤੁਕ ਅੱਗੇ ਭੀ ਜਾ ਕੇ ਲਗੇਗੀ-

ਭਗਉਤੀ ਰਹਤ ਜੁਗਤਾ ॥

ਭਗਉਤੀ=ਰਾਸ ਧਾਰੀਆ ਰਾਸ ਦੀ ਜੁਗਤੀ ਵਿਖੇ ਜੁੜਿਆ ਰਹਿੰਦਾ ਹੈ।

ਜੋਗੀ ਕਹਤ ਮੁਕਤਾ ॥

ਜੋਗੀ ਕਹਿੰਦੇ ਹਨ ਕਿ ਜੋਗ ਦੇ ਕਰਨ ਕਰਕੇ ਹੀ ਮੁਕਤੀ ਦੀ ਪ੍ਰਾਪਤੀ ਹੈ।

ਤਪਸੀ ਤਪਹਿ ਰਾਤਾ ॥ ੨ ॥

ਤਪੱਸੀ ਲੋਕ ਤਪ ਕਰਨ ਵਿਚ ਹੀ ਰੱਤੇ ਰਹਿੰਦੇ ਹਨ, ਉਹ ਆਖਦੇ ਹਨ ਤਪ ਕਰਨ ਨਾਲ ਮੁਕਤੀ ਹੈ।

ਮੋਨੀ ਮੋਨਿਧਾਰੀ ॥

ਮੋਨੀ ਨੇ ਮੋਨਿ=ਚੁੱਪ ਹੀ ਧਾਰਨਾ ਕੀਤੀ ਹੈ, ਉਹ ਕਹਿੰਦਾ ਹੈ ਮੋਨ ਧਾਰਨ ਕਰਕੇ ਹੀ ਮੁਕਤੀ ਹੈ।

ਸਨਿਆਸੀ ਬ੍ਰਹਮਚਾਰੀ ॥

ਸੰਨਿਆਸੀ ਸਨਿਆਸ ਵਿਚ ਮੁਕਤੀ ਮੰਨਦੇ ਹਨ। ਬ੍ਰਹਮਚਾਰੀ ਬ੍ਰਹਮਚਰਜ ਵਿਚ ਮੁਕਤੀ ਆਖਦੇ ਹਨ।

ਉਦਾਸੀ ਉਦਾਸਿ ਰਾਤਾ ॥ ੩ ॥

ਉਦਾਸੀ ਉਦਾਸਤਾਈ ਵਿਚ ਰੱਤਾ ਰਹਿੰਦਾ ਹੈ। ਉਹ ਉਦਾਸਪੁਣੇ ਵਿਚ ਹੀ ਮੁਕਤੀ ਮੰਨਦਾ ਹੈ ॥ ੩ ॥

ਭਗਤਿ ਨਵੈ ਪਰਕਾਰਾ ॥

ਨੌਧਾ ਭਗਤੀ ਕਰਨ ਵਾਲੇ ਨੌਂ ਪ੍ਰਕਾਰ ਦੀ ਭਗਤੀ ਕਰਨ ਵਿਚ ਹੀ ਮੁਕਤੀ ਮੰਨਦੇ ਹਨ*।

---

*ਨੌਂ ਪ੍ਰਕਾਰ ਦੀ ਭਗਤੀ	ਅਤੇ	ਭਗਤੀ ਕਰਨ ਵਾਲਿਆਂ ਦੇ ਨਾਂ
੧ ਸ੍ਰਵਨ ਭਗਤੀ		ਰਾਜੇ ਪ੍ਰੀਛਤ ਨੇ ਕੀਤੀ
੨ ਕੀਰਤਨ ਭਗਤੀ		ਸੁਖਦੇਵ ਮੁਨੀ ਨੇ ਕੀਤੀ
੩ ਸਿਮਰਨ ਭਗਤੀ		ਪ੍ਰਹਿਲਾਦ ਭਗਤ ਨੇ ਕੀਤੀ
੪ ਪਾਦ ਸੇਵਨ ਭਗਤੀ		ਲਛਿਮੀ ਨੇ ਕੀਤੀ
੫ ਅਰਚਨ ਭਗਤੀ		ਪ੍ਰਿਥੂ ਰਾਜੇ ਨੇ ਕੀਤੀ
੬ ਬੰਦਨ ਭਗਤੀ		ਅਕ੍ਰੂਰ ਨੇ ਕੀਤੀ
੭ ਸਖਾ ਭਗਤੀ		ਅਰਜਨ ਨੇ ਕੀਤੀ
੮ ਦਾਸਾ ਭਗਤੀ		ਹਨੂੰਮਾਨ ਨੇ ਕੀਤੀ
੯ ਆਤਮ ਨਿਵੇਦਨੁ ਭਗਤੀ		ਬਲ ਰਾਜਾ ਨੇ ਕੀਤੀ

ਪੰਡਿਤੁ ਵੇਦੁ ਪੁਕਾਰਾ ॥

ਪੰਡਿਤ ਵੇਦਾਂ ਨੂੰ ਹੀ ਪੁਕਾਰਦਾ ਰਹਿੰਦਾ ਹੈ।

ਗਿਰਸਤੀ ਗਿਰਸਤਿ ਧਰਮਾਤਾ ॥ ੪ ॥

ਗ੍ਰਿਹਸਤੀ ਆਪਣੇ ਗ੍ਰਿਹਸਤ ਧਰਮ ਵਿਚ ਮਸਤ ਰਹਿੰਦਾ ਹੈ, ਉਹ ਗ੍ਰਿਹਸਤ ਵਿਚ ਹੀ ਮੁਕਤੀ ਮੰਨੀ ਬੈਠਾ ਹੈ ॥ ੪ ॥

ਇਕ ਸਬਦੀ ਬਹੁ ਰੂਪਿ ਅਵਧੂਤਾ ॥

ਇਕ ਸਬਦੀ=ਅਲੱਖੀਏ ਅਲੱਖ ਕਹਿਣ ਵਿਚ ਹੀ ਮੁਕਤੀ ਮੰਨਦੇ ਹਨ।

ਬਹੁਰੂਈਏ ਵੀ ਭੇਖ ਹੈ; ਉਹ ਬਹੁਤੇ ਰੂਪ ਧਾਰਨ ਵਿਚ ਮੁਕਤੀ ਮੰਨਦੇ ਹਨ।

ਅਵਧੂਤਾ=ਅਵਧੂਤ (ਨੰਗੇ) ਰਹਿਣ ਵਾਲੇ ਸੰਤ ਨੰਗੇ ਰਹਿਣ ਵਿਚ ਹੀ ਮੁਕਤੀ ਮੰਨਦੇ ਹਨ।

ਕਾਪੜੀ ਕਉਤੇ ਜਾਗੂਤਾ ॥

ਕਾਪੜੀ ਭੇਖ ਵਾਲੇ ਬਹੁਤ ਸਾਰੇ ਕੱਪੜੇ ਪਹਿਨਣ ਵਿਚ ਹੀ ਜਾਂ ਤੀਰਥਾਂ ਉੱਪਰ ਭਉਣ ਵਿਚ ਹੀ ਮੁਕਤੀ ਮੰਨਦੇ ਹਨ। ਕਉਤੇ=ਕਵਿਤਾ ਕਰਨ ਵਾਲੇ ਕਵੀਸ਼ਰ ਲੋਕ ਕਵਿਤਾ ਬਨਾਉਣ ਵਿਚ ਹੀ ਮੁਕਤੀ ਮੰਨਦੇ ਹਨ। ਜਾਗੂਤਾ=ਜਾਗਣ ਵਾਲੇ ਪੁਰਸ਼ ਜਗਰਾਤੇ ਕਰਨ ਵਿਚ ਹੀ ਮੁਕਤੀ ਮੰਨਦੇ ਹਨ।

ਇਕਿ ਤੀਰਥਿ ਨਾਤਾ ॥ ੫ ॥

ਇਕ ਮੁਕਤੀ ਦੀ ਇੱਛਾ ਵਾਲਾ ਮਨੁੱਖ ਤੀਰਥਾਂ ਉੱਪਰ ਹੀ ਨਾਤਾ=ਇਸ਼ਨਾਨ ਕਰਦਾ ਰਹਿੰਦਾ ਹੈ ॥ ੫ ॥

ਨਿਰਹਾਰ ਵਰਤੀ ਆਪਰਸਾ ॥

ਨਿਰ+ਅਹਾਰ=ਭੋਜਨ ਤੋਂ ਰਹਿਤ ਜੋ ਨਿਰਾਹਾਰੀ ਪੁਰਸ਼ ਹਨ, ਉਹ ਕਹਿੰਦੇ ਹਨ ਭੋਜਨ ਦੇ ਨਾ ਖਾਣੇ ਕਰਕੇ ਮੁਕਤੀ ਹੈ। ਵਰਤ ਰੱਖਣ ਵਾਲੇ ਕਹਿੰਦੇ ਹਨ, ਇਕਾਦਸੀ ਆਦਿਕਾਂ ਦਾ ਵਰਤ ਰੱਖਣ ਨਾਲ ਮੁਕਤੀ ਹੈ।

ਆਪਰਸ ਭੇਖ ਵਾਲੇ ਕਹਿੰਦੇ ਹਨ ਕਿਸੇ ਨਾਲ ਛੋਹਣਾ ਨਹੀਂ ਭਾਵ ਅਟੰਕ ਰਹਿਣ ਕਰਕੇ ਮੁਕਤੀ ਦੀ ਪ੍ਰਾਪਤੀ ਹੈ।

ਇਕਿ ਲੂਕਿ ਨ ਦੇਵਹਿ ਦਰਸਾ ॥

ਇਕ ਐਸੇ ਹਨ ਜੋ ਪਹਾੜ ਦੀ ਕੰਦਰਾਂ ਵਿਚ ਲੁੱਕ ਕੇ ਬੈਠੇ ਹਨ, ਕਿਸੇ ਨੂੰ ਭੀ ਦਰਸ਼ਨ ਨਹੀਂ ਦੇਂਦੇ।

ਇਕਿ ਮਨ ਹੀ ਗਿਆਤਾ ॥ ੬ ॥

ਇਕ ਮਨੁੱਖ ਐਸੇ ਹਨ ਜੋ ਮਨ ਬੁੱਧ ਆਦਿਕਾਂ ਦੇ ਗਿਆਤਾ ਹਨ, ਮਨ ਦੀ ਚੰਗੀ ਸਮਝ ਰੱਖਣੀ ਏਸੇ ਵਿਚ ਮੁਕਤੀ ਮੰਨੀ ਬੈਠੇ ਹਨ ॥ ੬ ॥

ਘਾਟਿ ਨ ਕਿਨ ਹੀ ਕਹਾਇਆ ॥

ਜਿਤਨੇ ਕੁ ਉੱਪਰ ਗਿਣੇ ਹਨ, ਇਨ੍ਹਾਂ ਵਿਚੋਂ ਕਿਸੀ ਨੇ ਭੀ ਆਪਣੇ ਆਪ ਨੂੰ ਘਟ ਨਹੀਂ ਕਹਾਇਆ।

ਸਭ ਕਹਤੇ ਹੈ ਪਾਇਆ ॥

ਸਾਰੇ ਏਹੋ ਕਹਿੰਦੇ ਹਨ ਅਸਾਂ ਨੇ ਪ੍ਰਮੇਸ਼ਰ ਨੂੰ ਪਾ ਲਿਆ ਹੈ।

ਹੇ ਗਰੀਬ ਨਿਵਾਜ਼ ! ਆਪ ਦੱਸੋ-(ਪ੍ਰਭੂ ਕਿਨਹੀ ਜਾਤਾ ॥ ੧ ॥)

ਪ੍ਰਮਾਤਮਾ ਨੂੰ ਕਿਸਨੇ ਜਾਣਿਆ ਹੈ ? *ਗੁਰ ਉੱਤਰ:-*

ਜਿਨ੍ਹਾਂ ਹੰਕਾਰੀਆਂ ਨੇ ਆਪਣੇ ਆਪ ਨੂੰ ਮੁਕਤ ਰੂਪ ਮੰਨਿਆ ਹੈ, ਉਨ੍ਹਾਂ ਵਿਚੋਂ ਪ੍ਰਭ ਕਿ ਨਹੀਂ ਜਾਤਾ॥ ਪ੍ਰਭੂ ਨੂੰ ਕਿਸੇ ਨੇ ਨਹੀਂ ਜਾਨਣਾ ਕੀਤਾ।

ਭਗਤ ਨ ਵੈ ਪਰਕਾਰਾ॥ ਵੈ=ਇਸ ਪ੍ਰਕਾਰ ਨਾਲ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ।

ਪ੍ਰਸ਼ਨ:- ਅਸਲ ਭਗਤ ਕੌਣ ਹੈ? *ਗੁਰ ਉੱਤਰ:-*

ਜਿਸੁ ਮੇਲੇ ਸੋ ਭਗਤਾ ॥ ੭ ॥ ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥ ੮ ॥ ੨ ॥ ੨੭ ॥

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)

ਜਿਸ ਨੇ ਸਾਰੀਆਂ ਉਕਤੀਆਂ ਜੁਗਤੀਆਂ, ਤੇ ਸੰਸਾਰਕ ਉਪਾਵਾ=ਜਤਨ ਤਿਆਗ ਕੇ, ਅਤੇ ਗੁਰੂ ਸਾਹਿਬਾਂ ਦੇ ਚਰਨਾਂ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਵਾ=ਪਾ ਕੇ ਪ੍ਰਮੇਸ਼ਰ ਦੇ ਨਾਮ ਨੂੰ ਪਰਾਤਾ=ਪਛਾਣਿਆ ਹੈ, ਵਾ ਨਾਮ ਵਿਚ ਪਰ=ਭਲੀ ਪ੍ਰਕਾਰ ਰੱਤਾ ਹੈ। ਉਸਨੂੰ ਪ੍ਰਮੇਸ਼ਰ ਆਪਣੇ ਨਾਲ ਮੇਲਦਾ ਹੈ, ਜਿਸਨੂੰ ਆਪਣੇ ਨਾਲ ਮੇਲਦਾ ਹੈ ਓਹੀ ਅਸਲ ਭਗਤ ਹੈ॥ ੮ ॥ ੨ ॥ ੨੭ ॥

੧ਓ ਸਤਿਗੁਰ ਪ੍ਰਸਾਦਿ ॥ ਸਿਰੀਰਾਗੁ ਮਹਲਾ ੧ ਘਰੁ ੩ ॥

ਉਥਾਨਕਾ:- ਸ੍ਰੀ ਗੁਰੂ ਨਾਨਕ ਦੇਵ ਜੀ ਬਾਰ ਦੇਸ ਵਿਖੇ ਚਲੇ ਜਾ ਰਹੇ ਸਨ, ਅੱਗੇ ਇਕ ਜਗ੍ਹਾ ਧਮਾਰ (ਲੁੱਡੀ) ਪੈ ਰਹੀ ਸੀ, ਨਾਲਦਿਆਂ ਲੋਕਾਂ ਨੇ ਵੇਖਕੇ ਕਿਹਾ, ਗਰੀਬ ਨਿਵਾਜ਼ ਜੀਉ ਜੇਕਰ ਆਪ ਇੱਥੇ ਠਹਿਰੋ ਤਾਂ ਅਸੀਂ ਭੀ ਲੁੱਡੀ ਵੇਖ ਲਈਏ। ਹਜ਼ੂਰ ਨੇ ਫੁਰਮਾਇਆ ਇਸ ਲੁੱਡੀ ਨੂੰ ਕੀ ਵੇਖਣਾ ਹੈ, ਜੋ ਪ੍ਰਭੂ ਨੇ ਲੁੱਡੀ ਪਾਈ ਹੈ ਉਹ ਵੇਖਣਾ ਕਰੋ। ਹੁਣ ਪ੍ਰਭੂ ਨੂੰ ਸਰਬ ਰੂਪ ਵਰਨਣ ਕਰਦੇ ਹੋਏ ਉਸ ਦੇ ਸਨਮੁਖ ਬੇਨਤੀ ਕਰਦੇ ਹਨ।

ਜੋਗੀ ਅੰਦਰਿ ਜੋਗੀਆ ॥ ਤੂੰ ਭੋਗੀ ਅੰਦਰਿ ਭੋਗੀਆ ॥

ਹੇ ਪ੍ਰਭੂ ! ਤੂੰ ਜੋਗੀਆਂ ਦੇ ਅੰਦਰ ਜੋਗੀ ਰੂਪ ਹੋ ਰਿਹਾ ਹੈਂ, ਭੋਗੀਆਂ ਅੰਦਰ ਭੋਗੀ ਰੂਪ ਹੋ ਰਿਹਾ ਹੈਂ।

ਅਥਵਾ:- ਜੋਗੀਆਂ ਦੇ ਅੰਦਰ ਜੋਗੀ=ਸ਼ਿਵ ਰੂਪ ਹੋ ਰਿਹਾ ਹੈਂ।

ਭੋਗੀਆਂ ਦੇ ਅੰਦਰ ਭੋਗੀ=ਕ੍ਰਿਸ਼ਨ ਰੂਪ ਹੋ ਰਿਹਾ ਹੈਂ।

ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥ ੧ ॥

ਹੇ ਪ੍ਰਭੂ ਜੀ ! ਸੁਰਗ ਲੋਕ, ਮਛਿ=ਮਾਤ ਲੋਕ, ਪਇਆਲਿ=ਪਤਾਲ ਲੋਕ ਦੇ ਰਹਿਣ ਵਾਲਿਆਂ ਵਿਚੋਂ ਕਿਸੇ ਨੇ ਭੀ ਤੇਰਾ=ਆਪ ਜੀ ਦਾ ਅੰਤ ਨਹੀਂ ਪਾਇਆ॥ ੧ ॥

ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ॥ ੧॥ ਰਹਾਉ॥

ਮਨ ਕਰਕੇ ਮੈਂ ਤੈਥੋਂ ਸਦਕੇ ਹਾਂ, ਬਾਣੀ ਕਰਕੇ ਭੀ ਮੈਂ ਤੈਥੋਂ ਵਾਰਨੇ ਜਾਂਦਾ ਹਾਂ ਅਤੇ ਸਰੀਰ ਕਰਕੇ ਭੀ ਮੈਂ ਆਪ ਜੀ ਦੇ ਨਾਮ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ॥ ੧॥ ਰਹਾਉ॥

ਤੁਧੁ ਸੰਸਾਰੁ ਉਪਾਇਆ॥ ਸਿਰੇ ਸਿਰਿ ਧੰਧੇ ਲਾਇਆ॥

ਤੁਸਾਂ ਨੇ ਆਪ ਹੀ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ। ਸਾਰਿਆਂ ਨੂੰ ਸਿਰਜ ਸਿਰਜ ਕੇ, ਵਾ ਸਿਰ ਬਸਿਰ ਜਿੱਥੇ ਕੋਈ ਹੈ ਓਥੇ ਹੀ ਸਭਨਾਂ ਨੂੰ ਸਿਰੇ ਸ਼ਿਰਿ=ਵੱਖੋ ਵੱਖਰੇ ਕੰਮਾਂ ਵਿਚ ਲਗਾਇਆ ਹੋਇਆ ਹੈ।

ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ॥ ੨॥

ਆਪਣੇ ਕੀਤੇ ਹੋਏ ਪਰਪੰਚ ਨੂੰ ਤੂੰ ਆਪ ਹੀ ਵੇਖਦਾ ਹੈਂ, ਹੇ ਪ੍ਰਭੂ ਜੀ ! ਤੂੰ ਆਪਣੀ ਸ਼ਕਤੀ ਕਰਕੇ ਹੀ ਤਿੰਨਾਂ ਗੁਣਾਂ ਰੂਪ ਪਾਸੇ ਨੂੰ ਢਾਲਦਾ ਹੈਂ॥ ੨॥

ਪਰਗਟਿ ਪਾਹਾਰੈ ਜਾਪਦਾ॥ ਸਭੁ ਨਾਵੈ ਨੋ ਪਰਤਾਪਦਾ॥

ਸੰਸਾਰ ਪਾਹਾਰੈ=ਪਸਾਰੇ ਵਿਚ ਤੂੰ ਪ੍ਰਗਟ ਜਾਪਦਾ=ਜਾਣਿਆ ਜਾਂਦਾ ਹੈਂ। ਸਭ ਕੋਈ ਆਪ ਜੀ ਦੇ ਨਾਮ ਨੂੰ ਪਰਤਾਪਦਾ=ਚਾਹੁੰਦਾ ਹੈ। ਪਰ-

ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ॥ ੩॥

ਸਤਿਗੁਰਾਂ ਤੋਂ ਬਾਝੁ=ਬਿਨਾਂ ਨਾਮ ਨੂੰ ਕਿਸੇ ਨੇ ਨਹੀਂ ਪਾਇਆ, ਹੇ ਪ੍ਰਭੂ ਜੀ ! ਸਾਰੀ ਦੁਨੀਆਂ ਮਾਇਆ ਦੇ ਮੋਹ ਰੂਪ ਜਾਲ ਵਿਖੇ ਮੋਹੀ=ਫਸੀ ਹੋਈ ਹੈ।

ਅਥਵਾ:- ਸਾਰੀ ਦੁਨੀਆਂ ਮਾਇਆ ਦੀ ਮੋਹੀ ਹੋਣ ਕਰਕੇ ਜਮਾਂ ਦੇ ਜਾਲਿ=ਫਾਹੀ ਵਿਖੇ ਪੈਂਦੀ ਹੈ॥ ੩॥

ਸਤਿਗੁਰ ਕਉ ਬਲਿ ਜਾਈਐ॥ ਜਿਤੁ ਮਿਲਿਐ ਪਰਮਗਤਿ ਪਾਈਐ॥

ਅਸੀਂ ਸਤਿਗੁਰਾਂ ਤੋਂ ਬਲਿਹਾਰ ਜਾਂਦੇ ਹਾਂ।

ਜਿਸ ਸਤਿਗੁਰਾਂ ਨਾਲ ਮਿਲਣ ਕਰਕੇ ਹੀ ਪਰਮਗਤਿ=ਕੇਵਲ ਮੁਕਤੀ ਪ੍ਰਾਪਤ ਹੁੰਦੀ ਹੈ।

[ਪੰਨਾ ੭੨]

ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ॥ ੪॥

ਸੁਰਿ=ਦੇਵਤੇ, ਨਰ=ਮਨੁੱਖ, ਮੁਨਿ ਜਨ=ਮਹਾਤਮਾਂ ਜਿਸ ਪ੍ਰਭੂ ਦੇ ਨਾਮ ਨੂੰ ਲੋਚਦੇ=ਚਾਹੁੰਦੇ ਹਨ। ਉਸ ਨਾਮ ਦਾ ਭੇਦ ਸਤਿਗੁਰੂ ਜੀ ਨੇ ਮੈਨੂੰ ਸਮਝਾ ਦਿੱਤਾ ਹੈ॥ ੪॥

ਪ੍ਰਸ਼ਨ- ਸਤਿਗੁਰਾਂ ਦਾ ਨਿਵਾਸ ਕਿਸ ਜਗ੍ਹਾ ਉੱਪਰ ਹੈ ?

*ਉੱਤਰ-*ਸਤਿਗੁਰਾਂ ਦਾ ਨਿਵਾਸ ਸਾਧ ਸੰਗਤ ਵਿਖੇ ਹੈ। *ਪ੍ਰਸ਼ਨ-*

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

ਸਤਸੰਗਤ ਕਿਸ ਤਰ੍ਹਾਂ ਜਾਣੀ ਜਾਂਦੀ ਹੈ, ਵਾ-ਸਤਸੰਗਤ ਕਿਸ ਨੂੰ ਕਹਿੰਦੇ ਹਨ? *ਉੱਤਰ-*ਜਿਸ ਜਗ੍ਹਾ ਇਕ ਪ੍ਰਭੂ ਦਾ ਨਾਮ ਹੀ ਕਥਨ ਕੀਤਾ ਜਾਂਦਾ ਹੈ, ਉਸ ਜਗ੍ਹਾ ਨੂੰ ਸਤਸੰਗਤ ਕਹਿੰਦੇ ਹਨ।

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ ੫ ॥

ਸਤਸੰਗੀਆਂ ਨੂੰ ਇਕ ਨਾਮ ਜਪਣ ਦਾ ਹੀ ਹੁਕਮ ਹੈ, ਗੁਰੂ ਸਾਹਿਬ ਜੀ ਕਥਨ ਕਰਦੇ ਹਨ ਇਹ ਭੇਦ ਸਤਿਗੁਰੂ ਜੀ ਨੇ ਸਭਨਾਂ ਨੂੰ ਸਮਝਾ ਦਿੱਤਾ ਹੈ॥ ੫॥

ਇਹੁ ਜਗਤੁ ਭਰਮਿ ਭੁਲਾਇਆ ॥ ਆਪਹੁ ਤੁਧੁ ਖੁਆਇਆ ॥

ਇਹ ਸਾਰਾ ਜਗਤ ਮਾਇਆ ਦੇ ਭਰਮ ਵਿਖੇ ਭੁਲਾ ਦਿੱਤਾ ਹੈ।

ਹੇ ਵਾਹਿਗੁਰੂ ! ਤੈਨੇ ਆਪ ਹੀ ਆਪਣੇ ਸਰੂਪ ਵੱਲੋਂ ਖੁਆਇਆ=ਭੁਲਾ ਛੱਡਿਆ ਹੈ।

ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ ॥ ੬ ॥

ਉਨ੍ਹਾਂ ਦੋਹਾਗਣੀ=ਛੁੱਟੜ ਔਰਤਾਂ ਨੂੰ ਪਰਤਾਪੁ=ਪਸਚਾਤਾਪ (ਦੁੱਖ) ਲੱਗਾ ਹੈ।

ਜਿਨ੍ਹਾਂ ਜੀਵਾਂ ਦੇ ਭਾਗ ਚੰਗੇ ਨਹੀਂ ਹਨ, ਅਥਵਾ:- ਜਿਨ੍ਹਾਂ ਦੇ ਭਾਗਾਂ ਵਿਚ ਤੇਰਾ ਮਿਲਾਪ ਨਹੀਂ ਹੈ॥ ੬ ॥

ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥

ਦੋਹਾਗਣੀ=ਛੁੱਟੜ ਔਰਤਾਂ ਦੀ ਨਿਸ਼ਾਨੀ ਕੀ ਹੈ ? *ਉੱਤਰ-*

ਉਹ ਨਿਮਾਣੀਆਂ=ਮਾਣ ਤੋਂ ਰਹਿਤ ਆਪਣੇ ਖਸਮ ਦੀ ਸੇਵਾ ਤੋਂ ਘੁਥੀਆ=ਭੁੱਲੀਆਂ ਫਿਰਦੀਆਂ ਹਨ।

ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥ ੭ ॥

ਉਨ੍ਹਾਂ ਇਸਤ੍ਰੀਆਂ ਦੇ ਲਿਬਾਸ ਮੈਲੇ ਹਨ, ਉਨ੍ਹਾਂ ਜੀਵਾਂ ਦੀ ਸਾਰੀ ਅਵਸਥਾ ਰੂਪੀ ਰੈਣਿ=ਰਾਤ ਦੁੱਖਾਂ ਵਿਚ ਹੀ ਵਿਹਾਇ=ਬਤੀਤ ਹੁੰਦੀ ਹੈ॥ ੭ ॥

ਸੋਹਾਗਣੀ ਕਿਆ ਕਰਮੁ ਕਮਾਇਆ ॥ ਪੂਰਬਿ ਲਿਖਿਆ ਫਲੁ ਪਾਇਆ ॥

*ਪ੍ਰਸ਼ਨ-*ਸੁਹਾਗਵੰਤੀਆਂ ਨੇ ਕਿਹੜਾ ਕਰਮ ਕਮਾਇਆ ਹੈ, (ਜਿਸ ਕਰਕੇ ਉਹ ਸੁਖੀ ਹਨ)?

ਉੱਤਰ :- ਉਨ੍ਹਾਂ ਨੇ ਪੂਰਬਿ=ਪਿਛਲੇ ਜਨਮ ਵਿਚ ਜੋ ਪੁੰਨ ਕਰਮ ਕੀਤੇ ਸਨ ਉਸ ਦੇ ਅਨੁਸਾਰ ਜੋ ਵਾਹਿਗੁਰੂ ਨੇ ਇਸ ਜਨਮ ਵਿਚ ਲੇਖ ਲਿਖਿਆ ਹੈ ਉਸ ਦਾ ਫਲ ਪਾਣਾ ਕੀਤਾ ਹੈ।

ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥ ੮ ॥

ਪ੍ਰਭੂ ਜੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਉਨ੍ਹਾਂ ਸੁਹਾਗਵੰਤੀਆਂ ਨੂੰ ਆਪਣੇ ਮੇਲ ਨਾਲ ਮਿਲਾ ਲੀਤਾ ਹੈ॥ ੮ ॥

ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥

ਜਿਨਾ ਨੋ=ਜਿਨ੍ਹਾਂ ਨੂੰ ਵਾ:-ਜਿਨ੍ਹਾਂ ਪਾਸੋਂ ਪ੍ਰਭੂ ਨੇ ਆਪਣਾ ਹੁਕਮ ਮਨਵਾਇਆ ਹੈ। ਉਨ੍ਹਾਂ ਨੇ ਹਿਰਦੇ ਅੰਦਰ ਗੁਰੂ ਦਾ ਉਪਦੇਸ਼ ਵਸਾ ਲਿਆ ਹੈ।

ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥ ੯ ॥

ਉਹ ਸਹੀਆ=ਸਖੀਆਂ ਸੁਹਾਗਣਾਂ ਹਨ, ਜਿਨ੍ਹਾਂ ਜੀਵ ਰੂਪ ਇਸਤ੍ਰੀਆਂ ਦਾ ਸਹ=ਪਤੀ ਪ੍ਰਮਾਤਮਾ ਨਾਲ ਪਿਆਰ ਹੈ॥ ੯ ॥

ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਉਹ ਭਰਮੁ ਚੁਕਾਇਆ ॥

ਜਿਨ੍ਹਾਂ ਨੂੰ ਭਾਣਾ ਮੰਨਣ ਦਾ ਰਸੁ=ਸ੍ਵਾਦ ਆਇਆ ਹੈ। ਉਨ੍ਹਾਂ ਦੇ ਹਿਰਦੇ ਵਿਚੋਂ ਭਰਮ ਚੁਕਾਇਆ=ਚੁਕਾ ਦਿੱਤਾ ਭਾਵ ਦੂਰ ਕਰ ਦਿੱਤਾ ਹੈ।

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰ ਦੇਵ ਜੀ ਐਸੇ ਕ੍ਰਿਪਾਲੂ ਜਾਣੀਦੇ ਹਨ, ਜੋ ਸਾਰਿਆਂ ਜੀਵਾਂ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ ਤੇ ਸਿਮਰਨ ਵਿਚ ਜੋੜ ਦਿੰਦੇ ਹਨ॥ ੧੦॥

ਸਤਿਗੁਰਿ ਮਿਲਿਐ ਫਲੁ ਪਾਇਆ ॥

ਸਤਿਗੁਰਾਂ ਨਾਲ ਮਿਲਕੇ ਉਸ ਨੇ ਗਿਆਨ ਫਲ ਨੂੰ ਪਾਇਆ ਹੈ।

ਜਿਨਿ ਵਿਉਹ ਅਹਕਰਣੁ ਚੁਕਾਇਆ ॥

ਜਿਸ ਨੇ ਆਪਣੇ ਹਿਰਦੇ ਵਿਚੋਂ ਅਹਕਰਣੁ=ਹੰਕਾਰ ਨੂੰ ਚੁਕਾਇਆ=ਦੂਰ ਕਰ ਦਿੱਤਾ ਹੈ।

ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥ ੧੧ ॥

ਗੁਰੂ ਜੀ ਨੇ ਦੁਰ+ਮਤਿ=ਖੋਟੀ ਮੱਤ ਦਾ ਦੁੱਖ ਕੱਟ ਦਿੱਤਾ ਹੈ। ਹੁਣ ਤਾਂ ਜੀਵ ਦੇ ਮੱਥੇ ਉਪਰ ਭਾਗਾਂ ਦਾ ਫਲ ਆ ਕੇ ਬੈਠਾ ਹੈ॥ ੧੧॥

ਅੰਮ੍ਰਿਤੁ ਤੇਰੀ ਬਾਣੀਆ ॥ ਤੇਰਿਆ ਭਗਤਾ ਰਿਦੈ ਸਮਾਣੀਆ ॥

ਹੇ ਪ੍ਰਭੂ! ਆ=ਵਿਸ਼ੇਸ਼ ਕਰਕੇ ਆਪ ਜੀ ਦੀ ਨਾਮ ਬਾਣੀ ਅੰਮ੍ਰਿਤ ਰੂਪ ਹੈ, ਵਾ ਅੰਮ੍ਰਿਤ ਵਾਂਗੂੰ ਮਿੱਠੀ ਹੈ। ਪਰ ਇਹ ਨਾਮ ਬਾਣੀ ਆਪ ਜੀ ਦੇ ਭਗਤਾਂ ਦੇ ਹਿਰਦੇ ਵਿਚ ਸਮਾ ਰਹੀ ਹੈ।

ਸੁਖ ਸੇਵਾ ਅੰਦਰਿ ਰਖਿਐ

ਆਪ ਜੀ ਨੇ ਸੰਸਾਰਕ ਸੁਖ ਵਾ ਆਤਮ ਸੁਖ ਗੁਰ ਸੇਵਾ ਦੇ ਅੰਦਰ ਰੱਖਿਆ ਹੈ।

ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥ ੧੨ ॥

ਜਿਹੜੇ ਗੁਰਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਜੀਵਾਂ ਨੂੰ ਤੂੰ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਨਿਸਤਾਰਿ=ਤਾਰ ਲੈਂਦਾ ਹੈਂ॥ ੧੨॥

ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ ॥

ਬ੍ਰਹਮ ਨੇਸ਼ਟੀ, ਬ੍ਰਹਮ ਸੋਤਰੀ ਪੂਰਨ ਸਤਿਗੁਰਾਂ ਨਾਲ ਮਿਲਿਆ ਤਾਂ ਹੀ ਜਾਨਣਾ ਕਰੇ। ਜਿਨ੍ਹਾਂ ਸਤਿਗੁਰਾਂ ਨੂੰ ਮਿਲਦਿਆਂ ਸਾਰ ਹੀ ਪ੍ਰਭੂ ਦੇ ਨਾਮ ਨੂੰ ਕਥਨ ਕਰਨ ਲੱਗ ਜਾਵੇ।

ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥ ੧੩ ॥

ਸਤਿਗੁਰਾਂ ਤੋਂ ਬਾਝੁ=ਬਿਨਾਂ ਪ੍ਰਭੂ ਦੇ ਨਾਮ ਨੂੰ ਕਿਸੀ ਨੇ ਨਹੀਂ ਪਾਇਆ।

ਜੀਉ=ਹੇ ਭਾਈ ! ਸਾਰੀ ਦੁਨੀਆਂ ਕਰਮਾਂ ਨੂੰ ਕਮਾਂਦੀ ਕਮਾਂਦੀ ਥੱਕ ਗਈ ਹੈ॥ ੧੩॥

ਹਉ ਸਤਿਗੁਰ ਵਿਟਹੁ ਘੁਮਾਇਆ ॥ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥

ਹਉ=ਮੈਂ ਪੂਰਨ ਸਤਿਗੁਰਾਂ ਦੇ ਉੱਪਰੋਂ ਬਲਿਹਾਰ ਜਾਂਦਾ ਹਾਂ। ਭਰਮ ਕਰਕੇ ਮੈਂ ਸਰੂਪ ਵੱਲੋਂ ਭੁੱਲਾ ਹੋਇਆ ਸੀ, ਜਿਸ ਗੁਰੂ ਨੇ ਮੈਨੂੰ ਸ੍ਰੇਸ਼ਟ ਭਗਤੀ ਰੂਪ ਰਾਹ ਉੱਪਰ ਪਾ ਦਿੱਤਾ ਹੈ।

ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥ ੧੪ ॥

ਜੇਕਰ ਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਨ ਤਾਂ ਪ੍ਰਮੇਸ਼ਰ ਜੀਵ ਨੂੰ ਆਪਣੇ ਵਿਖੇ ਰਲਾਇ=ਅਭੇਦ ਕਰ ਲੈਂਦਾ ਹੈ॥ ੧੪ ॥

ਤੂੰ ਸਭਨਾ ਮਾਹਿ ਸਮਾਇਆ ॥ ਤਿਨਿ ਕਰਤੈ ਆਪੁ ਲੁਕਾਇਆ ॥

ਹੇ ਪ੍ਰਭੂ ! ਤੂੰ ਸਾਰਿਆਂ ਵਿਚ ਸਮਾਇਆ ਹੋਇਆ ਹੈਂ। ਜਿਹੜੇ ਬੇਮੁੱਖ ਪੁਰਸ਼ ਹਨ ਉਨ੍ਹਾਂ ਤੋਂ ਹੇ ਕ਼ਰਤੇ! ਤੈਨੇ ਆਪਣਾ ਆਪ ਲੁਕਾਇਆ ਹੋਇਆ ਹੈ।

ਨਾਨਕ ਗੁਰਮੁਖਿ ਪਰਗਟੁ ਹੋਇਆ

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤੂੰ ਉਨ੍ਹਾਂ ਗੁਰਮੁਖਾਂ ਨੂੰ ਪਰਗਟ ਹੋਇਆ ਹੈਂ।

ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥ ੧੫ ॥

ਹੇ ਕਰਤਾਰ ! ਜਿਨ੍ਹਾਂ ਜੀਵਾਂ ਦੇ ਹਿਰਦੇ ਵਿਚ ਤੈਨੇ ਜੋਤਿ=ਗਿਆਨ ਦ੍ਰਿਸ਼ਟੀ ਧਾਰਨ ਕੀਤੀ ਹੈ॥ ੧੫ ॥

ਆਪੇ ਖਸਮਿ ਨਿਵਾਜਿਆ ॥ ਜੀਉ ਪਿੰਡੁ ਦੇ ਸਾਜਿਆ ॥

ਖਸਮਿ=ਪ੍ਰਮਾਤਮਾ ਨੇ ਆਪ ਹੀ ਸੇਵਕਾਂ ਨੂੰ ਨਿਵਾਜਿਆ=ਵਡਿਆਇਆ ਹੈ। ਪਿੰਡੁ=ਸਰੀਰ ਨੂੰ ਸਾਜ ਕੇ ਆਪ ਹੀ ਵਿਚ ਜੀਵਾਤਮਾਂ ਨੂੰ ਪਾ ਦਿੱਤਾ ਹੈ।

ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ ॥ ੧੬ ॥

ਆਪਣਿਆਂ ਦਾਸਾਂ ਦੀ ਪ੍ਰਭੂ ਨੇ ਆਪ ਹੀ ਇੱਜ਼ਤ ਰੱਖੀ ਹੈ, ਜੀਵ ਦੇ ਮੱਥੇ ਉੱਪਰ ਦੋਵੇਂ ਹੱਥ ਰੱਖ ਕਰਕੇ॥ ੧੬ ॥

ਸਭਿ ਸੰਜਮ ਰਹੇ ਸਿਆਣਪਾ ॥ ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥

ਸੰਜਮ=ਇੰਦ੍ਰੀਆਂ ਦੇ ਦਮਨ ਕਰਨੇ ਰੂਪ ਸਾਧਨ, ਅਤੇ ਬੁੱਧੀ ਦੀ ਸਿਆਣਪ ਆਦਿਕ ਸਾਰੇ ਉਪਾਵ ਰਹਿ ਚੁੱਕੇ ਹਨ।

ਮੇਰਾ ਪ੍ਰਭੂ ਪ੍ਰਮਾਤਮਾ ਮੇਰਾ ਗੁਣ ਔਗੁਣ ਆਦਿਕ ਸਭ ਕੁਝ ਜਾਣਦਾ ਹੈ।

ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ ॥ ੧੭ ॥

ਸਾਰੇ ਜਗਤ ਵਿਚ ਦਾਸ ਦਾ ਪ੍ਰਤਾਪ ਪ੍ਰਗਟ ਹੀ ਵਰਤਾਇਓ=ਫੈਲਾ ਦਿੱਤਾ ਹੈ। ਹੁਣ ਦੁਨੀਆਂ ਦੇ ਸਾਰੇ ਲੋਕ ਜੀਉ=ਮਹਾਰਾਜ ਜੀ ਇੰਝ ਸਤਿਕਾਰ ਦੇ ਬਚਨਾਂ ਨਾਲ ਮੈਨੂੰ ਜੈਕਾਰੁ=ਨਮਸ਼ਕਾਰ ਕਰਦੇ ਹਨ॥ ੧੭ ॥

ਮੇਰੇ ਗੁਣ ਅਵਗਨ ਨ ਬੀਚਾਰਿਆ ॥ ਪ੍ਰਭਿ ਅਪਣਾ ਬਿਰਦੁ ਸਮਾਰਿਆ ॥

ਪ੍ਰਭੂ ਨੇ ਮੇਰੇ ਗੁਣ ਤੇ ਔਗੁਣਾਂ ਦਾ ਕੁਝ ਵਿਚਾਰ ਨਹੀਂ ਕੀਤਾ। ਪ੍ਰਭੂ ਨੇ ਤਾਂ ਆਪਣਾ ਹੀ ਬਿਰਦੁ=ਧਰਮ

ਸੰਭਾਲਣਾ ਕੀਤਾ ਹੈ।

ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥ ੧੮ ॥

ਦਾਸ ਨੂੰ ਆਪਣੇ ਕੰਠਿ=ਗਲ ਨਾਲ ਲਗਾ ਕੇ ਰੱਖਣਾ ਕੀਤਾ ਹੈ। ਇਸ ਕਰਕੇ ਮੇਰੇ ਜੀਅ ਨੂੰ ਪ੍ਰਸੂਤ ਪੌਣ, ਵਾ ਦੁੱਖ ਰੂਪ ਤੱਤੀ ਹਵਾ ਲਗਦੀ ਨਹੀਂ ਹੈ॥ ੧੮॥

ਮੈ ਮਨਿ ਤਨਿ ਪ੍ਰਭੁ ਧਿਆਇਆ ॥ ਜੀਇ ਇਛਿਅੜਾ ਫਲੁ ਪਾਇਆ ॥

ਹੇ ਪ੍ਰਭੂ ! ਮੈਂਨੇ ਮਨ ਤਨ ਵਿਖੇ ਆਪ ਜੀ ਨੂੰ ਧਿਆਉਣਾ ਕੀਤਾ ਹੈ। ਮੈਨੇ ਜੀਅ ਦੀ ਇੱਛਾ ਅਨੁਸਾਰ ਭਾਵ ਮਨ ਬਾਂਛਤ ਫਲ ਪਾਣਾ ਕੀਤਾ ਹੈ।

ਸਾਹ ਪਾਤਿਸਾਹ ਸਿਰਿ ਖਸਮੁ ਤੂੰ ਜਪਿ ਨਾਨਕ ਜੀਵੈ ਨਾਉ ਜੀਉ ॥ ੧੯ ॥

ਸ਼ਾਹਾਂ ਤੇ ਪਾਤਸ਼ਾਹਾਂ ਦੇ ਸਿਰਿ ਦਾ ਤੂੰ ਸਿਰਿ=ਸ਼੍ਰੋਮਣੀ ਪਾਤਸ਼ਾਹ ਹੈਂ। ਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਆਪ ਜੀ ਦੇ ਨਾਮ ਨੂੰ ਜਪਕੇ ਜਿਉਂਦਾ ਹਾਂ॥ ੧੯॥

[ਪੰਨਾ ੭੩]

ਤੁਧੁ ਆਪੇ ਆਪੁ ਉਪਾਇਆ ॥

ਹੇ ਪ੍ਰਭੂ ! ਤੈਨੇ ਆਪੇ ਆਪੁ=ਸੁਤੰਤ੍ਰ ਹੀ ਸਾਰੇ ਸੰਸਾਰ ਨੂੰ ਉਤਪੰਨ ਕੀਤਾ ਹੈ।

ਅਥਵਾ:-ਵੇਦਾਂਤੀਆਂ ਦੇ ਮੱਤ ਅਨੁਸਾਰ ਅਭਿੰਨ ਨਿਮਿੱਤ ਉਪਾਦਾਨ ਕਾਰਨ ਦੁਆਰੇ ਆਪਣੇ ਆਪ ਤੋਂ ਹੀ ਸਾਰੇ ਸੰਸਾਰ ਨੂੰ ਉਤਪੰਨ ਕੀਤਾ ਹੈ।

ਦੂਜਾ ਖੇਲੁ ਕਰਿ ਦਿਖਲਾਇਆ ॥

ਦੂਜਾ ਸੰਸਾਰ ਦਾ ਖੇਲ ਬਣਾ ਕੇ ਦਿਖਾ ਦੇਣਾ ਕੀਤਾ ਹੈ।

ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ ॥ ੨੦ ॥

ਹੇ ਸੱਚੇ ਪ੍ਰਭੂ ! ਸਚੁ=ਨਿਸਚੇ ਕਰਕੇ ਤੂੰ ਸਾਰਿਆਂ ਵਿਖੇ ਵਰਤ ਰਿਹਾ ਹੈਂ, ਪਰ ਜਿਸਨੂੰ ਭਾਵੈ=ਚਾਹੁੰਦਾ ਹੈਂ, ਉਸ ਜੀਵ ਨੂੰ ਇਹ ਗੱਲ ਸਮਝਾਉਂਦਾ ਹੈਂ॥ ੨੦॥

ਗੁਰ ਪਰਸਾਦੀ ਪਾਇਆ ॥ ਤਿਥੈ ਮਾਇਆ ਮੋਹੁ ਚੁਕਾਇਆ ॥

ਗੁਰੂ ਜੀ ਨੇ ਕਿਰਪਾ ਕਰਕੇ ਜਿਸ ਦੇ ਹਿਰਦੇ ਵਿਚ ਨਾਮ ਪਾਇਆ ਹੈ, ਤਿਸ ਅੰਤਹਕਰਨ ਵਿਚੋਂ ਤੁਸਾਂ ਨੇ ਮਾਇਆ ਦਾ ਮੋਹ ਚੁਕਾਇਆ=ਦੂਰ ਕਰ ਦਿੱਤਾ ਹੈ।

ਕਿਰਪਾ ਕਰਿ ਕੈ ਆਪਣੀ ਆਪੇ ਲਏ ਸਮਾਇ ਜੀਉ ॥ ੨੧ ॥

ਤੁਸਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ, ਉਸ ਜੀਵ ਨੂੰ ਆਪਣੇ ਵਿਚ ਸਮਾਇ=ਅਭੇਦ ਕਰ ਲੀਤਾ ਹੈ॥ ੨੧॥

ਗੋਪੀ ਨੈ ਗੋਆਲੀਆ ॥

ਪਹਿਲਾ ਅਰਥ:-ਗੋਪੀਆਂ, ਨੈ=ਨਦੀ ਜਮੁਨਾ, ਅਤੇ ਗੋਆਲੀਆ-ਗੁਆਲੇ।

ਦੂਜਾ ਅਰਥ:-ਗੋਪੀ ਨੈ=ਇਸਤ੍ਰੀਆਂ ਮਾਤ੍ਰ, ਗੋਆਲੀਆ=ਪੁਰਸ਼ ਮਾਤ੍ਰ।

ਤੀਜਾ ਅਰਥ:-ਗੋਪੀ ਨੈ=ਇੰਦ੍ਰੀਆਂ ਗੋਆਲੀਆ=ਅੰਤਹਕਰਨ।

ਤੁਧੁ ਆਪੇ ਗੋਇ ਉਠਾਲੀਆ ॥

ਇਸ ਤਰ੍ਹਾਂ ਦੀ ਸੰਸਾਰ ਗੋਇ=ਬਾਜ਼ੀ ਤੁਸਾਂ ਨੇ ਆਪ ਹੀ ਉਠਾਲੀਆ=ਉਤਪੰਨ ਕੀਤੀ ਹੈ।

ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ ॥ ੨੨ ॥

ਹੇ ਹੁਕਮੀ=ਪ੍ਰਮਾਤਮਾ ! ਤੈਂਨੇ ਆਪਣੇ ਹੁਕਮ ਵਿਚ ਹੀ ਸਰੀਰਾਂ ਰੂਪ ਭਾਂਡੇ ਸਾਜਿਆ=ਬਣਾਏ ਹਨ। ਤੂੰ ਆਪ ਹੀ ਇਨ੍ਹਾਂ ਜੀਵਾਂ ਨੂੰ ਸਵਾਰਿ=ਪਾਲਦਾ ਹੈਂ, ਅਤੇ ਆਪ ਹੀ ਭੰਨਿ=ਭੰਨਦਾ ਅਰਥਾਤ ਮਾਰਦਾ ਹੈਂ॥ ੨੨॥

ਜਿਨ ਸਤਿਗੁਰ ਸਿਉ ਚਿਤੁ ਲਾਇਆ ॥

ਜਿਨ੍ਹਾਂ ਨੇਂ ਸਤਿਗੁਰਾਂ ਦੀ ਸੇਵਾ, ਵਾ ਉਪਦੇਸ਼ ਨਾਲ ਚਿੱਤ ਬਿਰਤੀ ਨੂੰ ਲਗਾਇਆ ਹੈ।

ਤਿਨੀ ਦੂਜਾ ਭਾਉ ਚੁਕਾਇਆ ॥

ਉਨ੍ਹਾਂ ਨੇ ਹਿਰਦੇ ਵਿਚੋਂ ਦ੍ਵੈਤ ਭਾ ਨੂੰ ਚੁਕਾਇਆ=ਦੂਰ ਕਰ ਦਿੱਤਾ ਹੈ।

ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥ ੨੩ ॥

ਉਨ੍ਹਾਂ ਪ੍ਰਾਣੀਆਂ ਨੂੰ ਨਿਰਮਲ ਜੋਤੀ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਹੈ, ਉਹ ਜੀਵ ਆਪਣੇ ਮਨੁੱਖ ਜਨਮ ਨੂੰ ਸਵਾਰਿ=ਸਫਲਾ ਕਰ ਚਲੇ ਹਨ॥ ੨੩॥

ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ ॥

ਮੈਂ ਸਦਾ ਸਦਾ ਆਪ ਜੀ ਦੀਆਂ ਚੰਗਿਆਈਆ=ਭਲਿਆਈਆਂ ਨੂੰ ਹੀ ਚੇਤੇ ਕਰਦਾ ਰਹਿੰਦਾ ਹਾਂ। ਅਤੇ ਰਾਤ ਦਿਨ ਮੈਂ ਆਪ ਜੀ ਦੀਆਂ ਵਡਿਆਈਆਂ ਕਰਦਾ ਹਾਂ। ਕਿਉਂਕਿ-

ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥ ੨੪ ॥ ੧ ॥

ਤੁਸੀਂ ਮੰਗੇ ਤੋਂ ਬਿਨਾਂ ਹੀ ਸਾਰਿਆਂ ਨੂੰ ਦਾਨ ਦੇਣਾ ਕਰਦੇ ਹੋ, ਵਾ ਦਾਨ ਦੇ ਕੇ ਅਣਮੰਗ ਕਰ ਦੇਂਦੇ ਹੋ। ਗੁਰੂ ਜੀ ਕਥਨ ਕਰਦੇ ਹਨ-ਹੇ ਸੱਚੇ ਵਾਹਿਗੁਰੂ ! ਤੁਸੀਂ ਸਾਰਿਆਂ ਜੀਵਾਂ ਦੀ ਸਾਰ ਸੰਭਾਲ ਰੱਖਦੇ ਹੋ।

ਅਥਵਾ:-ਹੇ ਭਾਈ ! ਉਸ ਸੱਚ ਨੂੰ ਤੁਸੀਂ ਸੰਭਾਲਣਾ ਕਰੋ॥ ੨੪॥ ੧॥

ਸਿਰੀਰਾਗੁ ਮਹਲਾ ੫ ॥

ਉਥਾਨਕਾ:-ਇਕ ਸਮੇਂ ਅੰਮ੍ਰਿਤਸਰ ਵਿਖੇ 'ਛਿੰਝ' ਪਈ, ਤਾਂ ਲੋਕਾਂ ਨੇ ਆ ਕੇ ਬੇਨਤੀ ਕੀਤੀ ਆਪ ਭੀ ਛਿੰਝ ਵੇਖਣ ਵਾਸਤੇ ਚਲੋ।

ਗੁਰੂ ਜੀ ਨੇ ਕਿਹਾ, ਜਿਹੜੀ ਛਿੰਝ ਪ੍ਰਭੂ ਨੇ ਪਾਈ ਹੈ ਅਸੀਂ ਉਹ ਛਿੰਝ ਵੇਖ ਰਹੇ ਹਾਂ, ਤੁਸੀਂ ਵੀ ਉਸੇ ਛਿੰਝ ਨੂੰ ਵੇਖਣਾ ਕਰੋ।

ਪੈ ਪਾਇ ਮਨਾਈ ਸੋਇ ਜੀਉ ॥

ਸੋਇ=ਸੋਭਨੀਕ, ਵਾ ਸੋ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਉਨ੍ਹਾਂ ਦੇ ਪੈ=ਚਰਨੀਂ ਆਪਣੇ ਆਪ ਨੂੰ ਪਾ ਕੇ ਉਨ੍ਹਾਂ ਨੂੰ ਮੈਂ ਮਨਾਂਦੀ ਹਾਂ।

ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧ ॥ ਰਹਾਉ ॥

ਸਤਿਗੁਰਾਂ ਨੇ ਅਕਾਲ ਪੁਰਖ ਨਾਲ ਮਿਲਾ ਦਿੱਤਾ ਹੈ। ਇਸ ਕਰਕੇ-

ਜੀਉ=ਹੇ ਭਾਈ ! ਤਿਸ ਗੁਰੂ ਜੇਡਾ ਵੱਡਾ ਹੋਰ ਕੋਈ ਨਹੀਂ ਹੈ॥ ੧ ॥ ਰਹਾਉ॥

ਗੋਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ ਮਿਠੜਾ ॥

ਗੋ+ਸਾਈ=ਪ੍ਰਿਥਵੀ ਦਾ ਮਾਲਕ ਵਾਹਿਗੁਰੂ ਮਿਹੰਡਾ=ਮੇਰਾ ਇਠੜਾ=ਪਿਆਰਾ ਹੈ। ਅੰਮ=ਮਾਂ, ਅਬੇ=ਪਿਉ ਥਾਵਹੁ=ਨਾਲੋਂ ਵੀ ਮਿਠੜਾ=ਪਿਆਰਾ ਲੱਗ ਰਿਹਾ ਹੈ।

ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥ ੧ ॥

ਭੈਣ ਭਰਾ ਅਤੇ ਸਾਰੇ ਸੱਜਣਾਂ ਵਿਚੋਂ ਮੈਨੂੰ ਆਪ ਜੀ ਵਰਗਾ ਕੋਈ ਭੀ ਨਹੀਂ ਹੈ॥ ੧ ॥

ਤੇਰੈ ਹੁਕਮੇ ਸਾਵਣੁ ਆਇਆ ॥ ਮੈ ਸਤ ਕਾ ਹਲੁ ਜੋਆਇਆ ॥

ਹੇ ਪ੍ਰਭੂ ! ਆਪ ਜੀ ਦੇ ਹੁਕਮ ਵਿਚ ਹੀ ਪ੍ਰੇਮ ਰੂਪ ਵਾ ਮਨੁੱਖਾ ਜਨਮ ਰੂਪ ਸਾਵਣ ਦਾ ਮਹੀਨੇ ਆ ਕੇ ਪ੍ਰਾਪਤ ਹੋਇਆ ਹੈ। ਇਸ ਮਨੁੱਖਾ ਦੇਹ ਰੂਪ ਸਾਵਣ ਵਿਖੇ, ਮੈਨੇ ਸਤ ਦਾ ਨਿਸਚੇ ਕਰਨੇ ਰੂਪ ਹਲ ਜੋਆਇਆ=ਜੋੜਨਾ ਕੀਤਾ ਹੈ।

ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥ ੨ ॥

ਹੇ ਹਰੀ ! ਤੇਰੀ ਆਸਾ ਧਾਰਕੇ ਬੁੱਧੀ ਰੂਪੀ ਜ਼ਮੀਨ ਵਿਖੇ ਨਾਮ ਰੂਪ ਬੀਜ ਨੂੰ ਬੀਜਨੇ ਲੱਗਾ ਹਾਂ, ਹੇ ਹਰਿ ਜੀਉ ! ਆਪਣੀ ਬਖਸ਼ਸ਼ ਰੂਪੀ ਬੋਹਲ ਨੂੰ ਜਮਾਉਣਾ ਕਰੋ॥ ੨ ॥

ਹਉ ਗੁਰ ਮਿਲਿ ਇਕੁ ਪਛਾਣਦਾ ॥ ਦੁਯਾ ਕਾਗਲੁ ਚਿਤਿ ਨ ਜਾਣਦਾ ॥

ਹਉ=ਮੈਂ ਗੁਰੂ ਜੀ ਨਾਲ ਮਿਲ ਕੇ ਇਕ ਆਪ ਜੀ ਦੇ ਨਾਮ ਦਾ ਚਿੰਤਨ ਕਰਨਾ ਪਛਾਣਦਾ ਹਾਂ।

ਨਾਮ ਤੋਂ ਬਿਨਾਂ ਦੂਜੇ ਕਾਗਦ ਚਿਤ੍ਰਨੇ ਮੈਂ ਨਹੀਂ ਜਾਣਦਾ।

ਅਥਵਾ:- 'ਦੁਯਾ'=ਦ੍ਵੈਤ ਦੀ ਕਾ+ਗਲੁ=ਕੋਈ ਗੱਲ ਵੀ ਚਿੱਤ ਵਿਚ ਜਾਣਦਾ ਨਹੀਂ ਹਾਂ।

ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿਵੈ ਨਿਬਾਹਿ ਜੀਉ ॥ ੩ ॥

ਹੇ ਹਰੀ ! ਤੈਨੇ ਇਕ ਭਗਤੀ ਰੂਪੀ ਕਾਰ ਵਿਚ ਅਸਾਨੂੰ ਲਗਾਣਾ ਕੀਤਾ ਹੈ। ਹੁਣ ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਮੈਂ ਜੀਵ ਦਾ ਕੰਮ ਤੋੜ ਚੜ੍ਹਾ ਦੇਹੁ॥ ੩ ॥

ਤੁਸੀ ਭੋਗਿਹੁ ਭੁੰਚਹੁ ਭਾਈਹੋ ॥ ਗੁਰਿ ਦੀਬਾਣਿ ਕਵਾਇ ਪੈਨਾਈਓ ॥

ਹੇ ਭਾਈਓ ! ਤੁਸੀਂ ਨਾਮ ਰੂਪ ਭੋਜਨ ਨੂੰ ਆਪ ਛਕੋ, ਅਤੇ ਹੋਰਨਾਂ ਨੂੰ ਛਕਾਓ। ਗੁਰੂ ਜੀ ਨੇ ਸਤਸੰਗ ਰੂਪੀ ਦੀਬਾਣਿ=ਸਭਾ ਵਿਚ ਲਿਜਾ ਕੇ ਜਸ, ਵਾ:-ਭਗਤੀ ਰੂਪੀ ਕਵਾਇ=ਪੁਸ਼ਾਕ ਪਹਿਨਾਈ ਹੈ।

ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥ ੪ ॥

ਇਸ ਕਰਕੇ ਹੁਣ ਮੈਂ ਸਰੀਰ ਰੂਪ ਪਿੰਡ ਦਾ ਮਾਹਰੁ=ਚੌਧਰੀ, ਨੰਬਰਦਾਰ, ਹੋ ਗਿਆ ਹਾਂ। ਅਤੇ ਜੀਵ ਦੇ ਕਾਮ ਕ੍ਰੋਧ ਆਦਿਕ ਪੰਜ ਸਰੀਕ=ਦੁਸ਼ਮਨ ਬੰਨ੍ਹ ਲਿਆਂਦੇ ਹਨ॥ ੪॥

ਹਉ ਆਇਆ ਸਾਮ੍ਹੈ ਤਿਹੰਡੀਆ ॥ ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥

ਜਦ ਤੋਂ ਹਉ=ਮੈਂ ਤਿਹੰਡੀਆ=ਤੁਹਾਡੀ ਸਾਮ੍ਹੈ=ਸ਼ਰਨ ਵਿਚ ਆਇਆ ਹਾਂ। ਤਦ ਤੋਂ ਪੰਜ ਗਿਆਨ ਇੰਦ੍ਰੀਏ ਰੂਪ ਕਿਰਸਾਣ=ਜ਼ਿਮੀਂਦਾਰ ਮਿਹਡਿਆ=ਮੇਰੇ ਮੁਜੇਰੇ=ਮੁਜਾਰੇ ਭਾਵ ਕਾਮੇ ਹੋ ਗਏ ਹਨ। ਅਰਥਾਤ ਪੰਜ ਗਿਆਨ ਇੰਦ੍ਰੇ ਮੇਰੇ ਅਧੀਨ ਹੋ ਗਏ ਹਨ।

ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥ ੫ ॥

ਉਨ੍ਹਾਂ ਇੰਦ੍ਰੀਆਂ ਵਿਚੋਂ ਹੁਣ ਕੋਈ ਇੰਦ੍ਰੀਆਂ ਭੀ ਕੰਨ=ਮੋਢਾ ਭਾਵ ਸਿਰ ਉੱਚਾ ਨਹੀਂ ਕਰ ਸਕਦਾ, ਅਰਥਾਤ ਕੋਈ ਇੰਦ੍ਰੀਆਂ ਭੀ ਵਿਸ਼ਿਆਂ ਦੀ ਤਰਫ ਬਲ ਨਹੀਂ ਪਾ ਸਕਦਾ।

ਜਿਵੇਂ ਕਿਸੇ ਪਿੰਡ ਵਿਚ ਉੱਲੂ ਬੋਲਣ ਤਾਂ ਉਹ ਪਿੰਡ ਉੱਜੜ ਜਾਂਦਾ ਹੈ ਤਿਵੇਂ ਸਰੀਰ ਰੂਪ ਪਿੰਡ ਵਿਚ ਮਨ ਰੂਪ ਉੱਲੂ ਦੇ ਬੋਲਣ ਕਰਕੇ ਸਰੀਰ ਉੱਜੜ ਰਿਹਾ ਸੀ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜਿਸ ਵੇਲੇ ਮਨ ਰੂਪ ਉੱਲੂ ਨੂੰ ਫੜ ਕੇ ਕਾਬੂ ਕਰ ਲਿਆ, ਤਿਸ ਵੇਲੇ ਸਰੀਰ ਰੂਪ ਗਿਰਾਉ=ਪਿੰਡ ਸ਼ੁਭ ਗੁਣਾਂ ਨਾਲ ਘੁਘਿ=ਸੰਘਣਾ ਵੁਠਾ=ਵਸ ਗਿਆ॥ ੫ ॥

ਹਉ ਵਾਰੀ ਘੁੰਮਾ ਜਾਵਦਾ ॥ ਇਕ ਸਾਹਾ ਤੁਧੁ ਧਿਆਇਦਾ ॥

ਹੇ ਪ੍ਰਭੂ ! ਹਉ=ਮੈਂ ਆਪ ਜੀ ਤੋਂ ਮਨ ਕਰਕੇ ਵਾਰਨੇ ਤੇ ਤਨ ਕਰਕੇ ਵੀ ਘੁੰਮਾ=ਬਲਿਹਾਰ ਜਾਂਦਾ ਹਾਂ।

ਹੇ ਸ਼ਹਿਨਸ਼ਾਹ ਪ੍ਰਭੂ ! ਇਕ ਤੈਨੂੰ ਹੀ ਧਿਆਉਂਦਾ ਹਾਂ, ਅਥਵਾ:-ਇਕ-ਸਾਹਾ=ਇਕ ਰਸ, ਵਾ-ਸ੍ਵਾਸ ਸ੍ਵਾਸ ਇਕ ਤੈਨੂੰ ਧਿਆਉਂਦਾ ਹਾਂ।

ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥ ੬ ॥

ਅੰਤਹਕਰਨ ਰੂਪ ਥੇਹ ਉੱਜੜਿਆ ਹੋਇਆ ਸੀ, ਮੁੜ ਕੇ ਸ਼ੁਭ ਗੁਣਾਂ ਨਾਲ ਵਸਾ ਦਿੱਤਾ ਹੈ। ਮੈਂ ਆਪ ਜੀ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ॥ ੬॥

ਹਰਿ ਇਠੈ ਨਿਤ ਧਿਆਇਦਾ ॥ ਮਨਿ ਚਿੰਦੀ ਸੋ ਫਲੁ ਪਾਇਦਾ ॥

ਹੇ ਇਠੈ=ਪਿਆਰੇ ਹਰੀ ! ਮੈਂ ਆਪ ਜੀ ਨੂੰ ਨਿਤਾਪ੍ਰਤੀ ਧਿਆਉਂਦਾ ਹਾਂ। ਮਨ ਵਿਚ ਜੋ ਭੀ ਚਿੰਦੀ=ਚਾਹੁੰਦਾ ਹਾਂ, ਓਹੀ ਫਲ ਆਪ ਜੀ ਪਾਸੋਂ ਪਾਉਂਦਾ ਹਾਂ।

ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥ ੭ ॥

ਆਪ ਜੀ ਨੇ ਮੇਰੇ ਸਾਰੇ ਕੰਮ ਸਵਾਰ ਦਿੱਤੇ ਹਨ; ਹੇ ਮਹਾਰਾਜ ਜੀਉ ! ਆਪ ਜੀ ਨੇ ਮੇਰੇ ਮਨ ਦੀ ਭੁਖ=ਤ੍ਰਿਸ਼ਨਾਂ ਲਾਹ ਦਿੱਤੀ ਹੈ॥ ੭॥

ਮੈ ਛਡਿਆ ਸਭੋ ਧੰਧੜਾ ॥ ਗੋਸਾਈ ਸੇਵੀ ਸਚੜਾ ॥

ਮੈਂਨੇ ਹੋਰ ਸਭ ਧੰਧਿਆਂ ਨੂੰ ਛੱਡ ਦਿੱਤਾ ਹੈ। 'ਗੋ+ਸਾਈ'=ਪ੍ਰਿਥਵੀ ਦੇ ਮਾਲਕ ਸੱਚੇ ਪ੍ਰਭੂ ਨੂੰ

ਸੇਵੀ=ਸੇਂਵਦਾ ਭਾਵ ਜਪਦਾ ਹਾਂ।

ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥ ੮ ॥

ਨੌਂ ਨਿੱਧੀਆਂ ਦਾ ਖਜ਼ਾਨਾ ਰੂਪ ਜੋ ਹਰੀ ਨਾਮ ਹੈ, ਉਸ ਨੂੰ ਜੀਅ ਦੇ ਨਿਸਚੇ ਪੂਰਬਕ ਮੈਂਨੇ ਬੁੱਧੀ ਰੂਪ ਪੱਲੇ ਵਿਚ ਛਿਕਿ=ਖਿੱਚ ਕੇ ਭਾਵ ਘੁੱਟ ਕੇ ਬੰਨ੍ਹ ਲਿਆ ਹੈ॥ ੮ ॥

ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥

ਮੈਨੇ ਸੁਖਾਂ ਵਿਚ ਆਤਮ ਸੁਖ ਪਾਇਆ ਹੈ। *ਅਥਵਾ:-*ਤਦ ਤੋਂ ਮੈਂ ਸੁਖੀ ਹਾਂ, ਜਦ ਤੋਂ ਮੈਨੇ ਆਤਮ ਸੁਖ ਪਾਇਆ ਹੈ ਤੇ ਹਿਰਦੇ ਅੰਤਰ ਗੁਰ ਉਪਦੇਸ਼ ਨੂੰ ਵਸਾਉਣਾ ਕੀਤਾ ਹੈ।

ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥ ੯ ॥

ਸਤਿਗੁਰਾਂ ਨੇ ਮੈਂ ਜੀਅ ਦੇ ਸਿਰ ਤੇ ਕਿਰਪਾ ਦਾ ਹੱਥ ਰੱਖ ਕੇ ਮੈਨੂੰ ਅਕਾਲ ਪੁਰਖ ਵਿਖਾ ਦਿੱਤਾ ਹੈ॥ ੯ ॥

ਮੈ ਬਧੀ ਸਚੁ ਧਰਮਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥

ਪਹਿਲਾ ਅਰਥ :- ਗੁਰੂ ਜੀ ਆਖਦੇ ਹਨ ਮੈਂਨੇ ਸਚੁ=ਨਿਸਚੇ ਕਰਕੇ, ਵਾ ਸੱਚ ਨਾਮ ਜਪਣ ਵਾਸਤੇ ਧਰਮਸਾਲਾ ਬਣਾਈ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਤੇ ਨਿਸਚਾ ਰੱਖਣ ਵਾਲੇ ਗੁਰਸਿੱਖਾਂ ਨੂੰ ਢੂੰਢ ਕੇ ਲਹਦਾ=ਲਿਆਉਂਦਾ ਹਾਂ।

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥ ੧੦ ॥

ਗੁਰਸਿੱਖਾਂ ਦੇ ਪੈਰ ਧੋਂਦਾ ਹਾਂ, ਗਰਮੀ ਦੀ ਮੌਸਮ ਵਿਚ ਉਨ੍ਹਾਂ ਨੂੰ ਪੱਖਾ ਫੇਰਦਾ=ਝੱਲਦਾ ਹਾਂ ਅਤੇ ਜੀਅ ਵਿਚ ਭਾਵਨਾ ਧਾਰ ਕੇ ਨਿਉਂ ਨਿਉਂ ਕੇ ਉਨ੍ਹਾਂ ਦੀ ਪਾਇ=ਚਰਨੀਂ ਲੱਗਦਾ ਹਾਂ॥ ੧੦ ॥

ਦੂਜਾ ਅਰਥ:-ਮੈ ਬਧੀ ਸਚੁ ਧਰਮਸਾਲ ਹੈ॥

ਮੈਂਨੇ ਬੁੱਧੀ ਰੂਪ ਇਕ ਸੱਚੀ ਧਰਮਸਾਲਾ ਬਣਾਈ ਹੈ।

ਗੁਰਸਿਖਾ ਲਹਦਾ ਭਾਲਿ ਕੈ॥

ਇਸ ਬੁੱਧੀ ਵਿਚ ਗੁਰ ਸਿੱਖਿਆ ਨੂੰ ਢੂੰਢ ਕੇ ਲੈਂਦਾ ਹਾਂ।

ਪੈਰ ਧੋਵਾਂ=ਗੁਰੂ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਕਰਦਾ ਹਾਂ।

ਪਖਾ ਫੇਰਦਾ=ਗੁਰੂ ਸਾਹਿਬ ਜੀ ਦਾ ਪੱਖ ਲੈਂਦਾ ਹਾਂ।

ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥ ੧੦ ॥

ਨਿਉਂ ਨਿਉਂ ਕੇ ਉਨ੍ਹਾਂ ਗੁਰੂ ਸਾਹਿਬ ਜੀ ਦੀ ਚਰਨੀ ਲੱਗਦਾ ਹਾਂ॥ ੧੦ ॥

[ਪੰਨਾ ੭੪]

ਸੁਣਿ ਗਲਾ ਗੁਰ ਪਹਿ ਆਇਆ ॥

ਜਿਸ ਵੇਲੇ ਪ੍ਰਮਾਤਮਾ ਨਾਲ ਮਿਲਣ ਦੀਆਂ ਭਜਨ ਸਿਮਰਨ, ਕਥਾ ਕੀਰਤਨ ਰੂਪ ਗੱਲਾਂ ਸੁਨਣ ਵਾਸਤੇ

ਗੁਰਾਂ ਕੋਲ ਆਇਆ।

ਨਾਮੁ ਦਾਨੁ ਇਸਨਾਨੁ ਦਿੜਾਇਆ ॥

ਤਾਂ ਗੁਰਾਂ ਨੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਨਾਮ ਜਪਣਾ, ਦਾਨ ਦੇਣਾ ਦ੍ਰਿੜ੍ਹ ਕਰਵਾ ਦਿੱਤਾ।

ਯਥਾ:-ਗੁਰਮੁਖ ਨਾਮ ਦਾਨ ਇਸਨਾਨ॥

ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥ ੧੧ ॥

ਸੰਸਾਰ ਦੇ ਸਾਰਿਆਂ ਦੁੱਖਾਂ ਤੋਂ ਮੈਂ ਮੁਕਤ ਹੋ ਗਿਆ ਹਾਂ।

ਗੁਰੂ ਜੀ ਆਖਦੇ ਹਨ ਕਿਉਂਕਿ ਗੁਰੂ ਜੀ ਨੇ ਮੈਨੂੰ ਸੱਚੀ ਭਗਤੀ ਰੂਪੀ ਬੇੜੀ ਉੱਤੇ ਚਾੜ੍ਹ ਦਿੱਤਾ ਹੈ॥ ੧੧ ॥

ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥ ਦੇ ਕੰਨੁ ਸੁਣਹੁ ਅਰਦਾਸਿ ਜੀਉ ॥

ਹੇ ਪ੍ਰਭੂ ! ਸਭ ਸ੍ਰਿਸਟਿ=ਸਾਰੀ ਦੁਨੀਆਂ ਆਪ ਜੀ ਨੂੰ ਦਿਨ ਰਾਤ ਸੇਵੇ=ਅਰਾਧ ਰਹੀ ਹੈ।

ਹੇ ਮਹਾਰਾਜ ਜੀਓ ! ਆਪ ਕੰਨ ਦੇ ਕੇ ਮੇਰੀ ਅਰਦਾਸਿ=ਬੇਨਤੀ ਸੁਣਨਾ ਕਰੋ।

ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥ ੧੨ ॥

ਮੈਂਨੇ 'ਠੋਕਿ ਵਜਾਇ'=ਨਿਰਨੇ ਕਰਕੇ ਸਭ ਤਰ੍ਹਾਂ ਵੇਖ ਲਿਆ ਹੈ। ਕਿ-

ਤੁਸਾਂ ਨੇ ਜੀਅ ਵਿਖੇ ਤੁਸਿ=ਪ੍ਰਸੰਨ ਹੋ ਕੇ ਆਪ ਹੀ ਸੇਵਕਾਂ ਨੂੰ ਦੁੱਖਾਂ ਤੋਂ, ਵਾ ਜਮਾਂ ਤੋਂ ਛੁਡਾ ਲਿਆ ਹੈ॥ ੧੨ ॥

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥

ਪਹਿਲਾ ਅਰਥ :- ਹੁਣ ਮਿਹਰਵਾਨ ਪ੍ਰਮਾਤਮਾ ਦਾ ਅਜਿਹਾ ਹੁਕਮ ਹੋਇਆ ਹੈ।

ਜੋ ਕਿਸੇ ਦੇ ਮਗਰ ਪੈ ਕੇ ਕੋਈ ਭੀ ਕਿਸੇ ਨੂੰ ਰਵਾਣਦਾ=ਦੁੱਖ ਨਹੀਂ ਦੇਂਦਾ।

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ ੧੩ ॥

ਸਾਰੀ ਸ੍ਰਿਸ਼ਟੀ ਸੁਖੀ ਵੁਠੀਆ=ਵਸੀ ਹੈ।

ਇਸ ਤਰ੍ਹਾਂ ਦਾ ਰਾਜ ਜੀਅ ਵਿਖੇ ਹਲੇਮੀ=ਗਰੀਬੀ ਦੇ ਧਾਰਨ ਨਾਲ ਹੋਇਆ ਹੈ॥ ੧੩ ॥

ਦੂਜਾ ਅਰਥ :- *ਹੁਣਿ ਹੁਕਮੁ ਹੋਆ ਮਿਹਰਵਾਣ ਦਾ॥*

ਹੁਣ ਇਸ ਸਰੀਰ, ਵਾ ਅੰਤਹਕਰਨ ਰੂਪ ਨਗਰ ਵਿਚ ਮਿਹਰਵਾਨ ਪਰਮਾਤਮਾ ਦਾ ਹੁਕਮ ਇਸਥਿਤ ਹੋਇਆ ਹੈ।

ਜਿਵੇਂ ਕਬੀਰ ਜੀ ਨੇ ਕਿਹਾ ਸੀ-'ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ॥'

ਪੈ ਕੋਇ ਨ ਕਿਸੈ ਰਵਾਣਦਾ॥ ਸਭ ਸੁਖਾਲੀ ਵੁਠੀਆ

ਇਸ ਲਈ ਕੋਈ ਭੀ ਔਗੁਣ ਪੈ=ਪ੍ਰਬਲ ਹੋ ਕੇ ਕਿਸੇ ਸ਼ੁਭ ਗੁਣ ਨੂੰ ਨਹੀਂ ਰਵਾਣਦਾ=ਦਬਾ ਸਕਦਾ। ਸ਼ੁਭ ਗੁਣਾਂ ਦੀ ਸਾਰੀ ਪਰਜਾ ਸੁਖ ਪੂਰਬਕ ਵਸ ਰਹੀ ਹੈ।

ਇਹੁ ਹੋਆ ਹਲੇਮੀ ਰਾਜੁ ਜੀਉ॥ ੧੩ ॥

ਜੀਅ ਵਿਚ ਹਲੇਮੀ=ਨਿੰਮ੍ਰਤਾ ਦੇ ਧਾਰਨ ਨਾਲ ਇਹ ਰਾਜੁ=ਗਿਆਨ ਪ੍ਰਾਪਤ ਹੋਇਆ ਹੈ॥ ੧੩॥

ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ॥ ਬੋਲਾਇਆ ਬੋਲੀ ਖਸਮ ਦਾ॥

ਗੁਰੂ ਰੂਪ ਬੱਦਲ ਝਿੰਮਿ ਝਿੰਮਿ=ਛਮਾ ਛਮ ਭਾਵ ਇਕ ਰਸ ਉਪਦੇਸ਼, ਵਾ ਨਾਮ ਰੂਪ ਅੰਮ੍ਰਿਤ ਦੀ ਵਰਖਾ ਕਰਦੇ ਹਨ।

ਹੇ ਖਸਮ=ਪ੍ਰਮਾਤਮਾ ! ਮੈਂ ਤਾਂ ਆਪ ਜੀ ਦਾ ਬੋਲਾਇਆ=ਬੋਲ ਰਿਹਾ ਹਾਂ।

ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ॥ ੧੪॥

ਮੈਂਨੇ ਆਪ ਜੀ ਦੇ ਉੱਪਰ ਬਹੁਤ ਮਾਣ ਕੀਤਾ ਹੈ।

ਹੇ ਮਹਾਰਾਜ ਜੀਓ ! ਤੂੰ ਆਪ ਹੀ ਮੇਰੇ ਕੀਤੇ ਹੋਏ ਕਰਮਾਂ ਨੂੰ ਥਾਂ ਪਾਂਦਾ ਅਰਥਾਤ ਸਫਲ ਕਰਦਾ ਹੈਂ॥ ੧੪॥

ਤੇਰਿਆ ਭਗਤਾ ਭੁਖ ਸਦ ਤੇਰੀਆ॥ ਹਰਿ ਲੋਚਾ ਪੂਰਨ ਮੇਰੀਆ॥

ਤੇਰਿਆਂ ਭਗਤਾਂ ਨੂੰ ਸਦਾ ਹੀ ਤੇਰੀ ਪ੍ਰਾਪਤੀ ਦੀ ਭੁੱਖ ਹੈ। ਹੇ ਹਰੀ ! ਤੂੰ ਮੇਰੀਆਂ ਸਾਰੀਆਂ ਲੋਚਾ=ਇੱਛਾਂ ਪੂਰਨ ਕਰਨ ਵਾਲਾ ਹੈਂ, ਪਰ ਇਕ ਮੇਰੀ ਇਹ ਇੱਛਾ ਭੀ ਪੂਰੀ ਕਰ ਦੇ।

ਦੇਹੁ ਦਰਸੁ ਸੁਖਦਾਤਿਆ ਮੈ ਗਲਿ ਵਿਚਿ ਲੈਹੁ ਮਿਲਾਇ ਜੀਉ॥ ੧੫॥

ਹੇ ਸੁੱਖ ਦੇਣ ਵਾਲੇ ਦਾਤਿਆ ! ਆਪਣਾ ਦਰਸ਼ਨ ਦੇਣਾ ਕਰ, ਹੇ ਮਹਾਰਾਜ ਜੀਉ ! ਮੈਨੂੰ ਗਲਿ ਵਿਚਿ=ਗਲਵੱਕੜੀ ਵਿਚ ਲੈ ਕੇ ਆਪਣੇ ਨਾਲ ਮਿਲਾ ਲਓ॥ ੧੫॥

ਤੁਧੁ ਜੇਵਡੁ ਅਵਰੁ ਨ ਭਾਲਿਆ॥ ਤੂੰ ਦੀਪ ਲੋਅ ਪਇਆਲਿਆ॥

ਤੁਹਾਡੇ ਜੇਡਾ ਵੱਡਾ ਹੋਰ ਕਿਸੇ ਨੂੰ ਨਹੀਂ ਵੇਖਿਆ। ਕਿਉਂਕਿ-ਤੂੰ ਸੱਤਾ ਦੀਪਾਂ, ਚੌਦਾਂ ਲੋਕਾਂ, ਅਤੇ ਸੱਤਾਂ ਪਤਾਲਾਂ ਵਿਚ ਪਰੀਪੂਰਨ ਹੈਂ।

ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ॥੧੬॥

ਤੂੰ ਥਾਨਾਂ ਅੰਦਰ ਤੇ ਥਨੰਤਰਿ=ਜੀਵਾਂ ਵਿਚ ਰਵਿ ਰਹਿਆ=ਪਰੀਪੂਰਨ ਹੋ ਰਿਹਾ ਹੈਂ।

ਗੁਰੂ ਜੀ ਆਖਦੇ ਹਨ, ਭਗਤਾਂ ਨੂੰ ਹੇ ਸੱਚੇ ਪ੍ਰਭੂ ! ਆਪ ਜੀ ਦਾ ਹੀ ਅਧਾਰੁ=ਆਸਰਾ ਹੈ॥ ੧੬॥

ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥

ਹਉ=ਮੈਂ ਗੋਸਾਈ=ਪ੍ਰਮਾਤਮਾ ਦਾ ਨਿੱਕਾ ਜਿਹਾ ਪਹਿਲਵਾਨ ਹਾਂ। ਪਰ-ਮੈਂਨੇ ਗੁਰਾਂ ਨਾਲ ਮਿਲਕੇ ਪ੍ਰੇਮ, ਵਾ ਜਸ ਰੂਪ ਉੱਚਾ ਦੁਮਾਲੜਾ ਬੰਨਿਆ ਹੈ।*

*ਅਥਵਾ:-*ਗੁਰਾਂ ਨਾਲ ਮਿਲਕੇ ਮੈਂਨੇ ਉ=ਵਿਸ਼ੇਸ਼ ਕਰਕੇ ਚ=ਪੁਨਾ ਦੁ+ਮਾਲੜਾ=ਦ੍ਵੈਤ ਨੂੰ ਵਾ:- ਦੂਰ ਭਾਗ ਦ੍ਵੈਸ਼ ਨੂੰ ਮਲ ਦਿੱਤਾ ਹੈ।

**ਜਿਸ ਵੇਲੇ ਪਹਿਲਵਾਨ ਕੁਸ਼ਤੀ ਕਰਦਾ ਹੋਇਆ ਜਿੱਤ ਜਾਂਦਾ ਹੈ, ਉਸ ਨੂੰ ਇਨਾਮੀ ਤੌਰ ਤੇ ਜੋ ਪੱਗ ਦਾ ਸਿਰੋਪਾ ਮਿਲਦਾ ਹੈ ਉਹ ਪੱਗ ਪਹਿਲੇ ਵਾਂਸ ਤੇ ਟੰਗ ਕੇ ਸਭਨਾਂ ਨੂੰ ਵਿਖਾਈ ਜਾਂਦੀ ਹੈ, ਉਸ ਨੂੰ 'ਦੁਮਾਲੜਾ' ਜਾਂ ਨਾਮੀ ਆਖਦੇ ਹਨ ਏਧਰ ਗੁਰੂ ਜੀ ਦੀ ਕਿਰਪਾ ਨਾਲ ਜਸ ਰੂਪ ਉੱਚਾ ਦੁਮਾਲੜਾ=ਪੱਗ ਦਾ ਸਿਰੋਪਾ ਮਿਲਿਆ ਹੈ।*

ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥ ੧੭ ॥

ਇਸ ਸੰਸਾਰ ਰੂਪ ਛਿੰਝ=ਅਖਾੜੇ ਵਿਚ ਗੁਰਮੁਖ ਤੇ ਮਨਮੁਖ ਰੂਪ ਪਹਿਲਵਾਨਾਂ ਦੀ ਇਕੱਤ੍ਰਤਾ ਹੋਈ ਹੈ। ਇਸ ਸੰਸਾਰ ਛਿੰਝ ਦੇ ਪਵਾਣ ਵਾਲਾ ਦਯੁ=ਪ੍ਰੇਰਕ ਪ੍ਰਮਾਤਮਾ ਆਪ ਹੀ ਇਨ੍ਹਾਂ ਸਾਰਿਆਂ ਜੀਵਾਂ ਨੂੰ ਇਕਾਂਤ ਜੁਗ੍ਹਾ ਤੇ ਬੈਠਾ ਵੇਖ ਰਿਹਾ ਹੈ॥ ੧੭॥

ਜਿਵੇਂ ਪ੍ਰਤੱਖ ਛਿੰਝ ਵਿਖੇ ਟੰਮਕ ਤੇ ਭੇਰੀਆਂ ਵੱਜਦੀਆਂ ਹਨ, ਤਿਵੇਂ ਇਸ ਸੰਸਾਰ ਛਿੰਝ ਵਿਚ ਟੰਮਕ ਤੇ ਭੇਰੀਆਂ ਕਿਹੜੀਆਂ ਹਨ? *ਉੱਤਰ:-*

ਵਾਤ ਵਜਨਿ ਟੰਮਕ ਭੇਰੀਆ ॥

ਤਮਾਮ ਜੀਵਾਂ ਦੇ ਵਾਤ=ਮੂੰਹਾਂ ਵਿਚੋਂ ਜੋ ਛੋਟੇ ਛੋਟੇ ਸ਼ਬਦ ਹੋ ਰਹੇ ਹਨ ਏਹ ਟੰਮਕ=ਛੋਟੇ ਨਗਾਰੇ ਵਾ ਤੂਤੀਆਂ ਵੱਜ ਰਹੀਆਂ ਹਨ, ਅਤੇ ਤਮਾਮ ਜੀਵਾਂ ਦੇ ਵਾਤ=ਮੂੰਹ 'ਚੋਂ ਜੋ ਵੱਡੇ ਵੱਡੇ ਸ਼ਬਦ ਹੋ ਰਹੇ ਹਨ, ਏਹ ਭੇਰੀਆ=ਵੱਡੇ ਨਗਾਰੇ (ਧੌਂਸੇ) ਵੱਜ ਰਹੇ ਹਨ।

ਮਲ ਲਥੇ ਲੈਦੇ ਫੇਰੀਆ ॥

ਗੁਰਮੁਖ ਤੇ ਮਨਮੁਖ ਰੂਪ ਮਲ=ਪਹਿਲਵਾਨ ਸੰਸਾਰ ਰੂਪ ਛਿੰਝ (ਅਖਾੜੇ) ਵਿਚ ਲਥ=ਉੱਤਰੇ ਹੋਏ ਫੇਰੀਆਂ ਲੈ ਰਹੇ ਹਨ।

*ਅਥਵਾ:-*ਗੁਰਮੁਖਾਂ ਰੂਪ ਪਹਿਲਵਾਨ ਫੇਰੀਆਂ ਲੈਂਦੇ ਹੋਏ, ਹੱਲੇ ਦੇ ਸ਼ਬਦ ਪੜ੍ਹਦੇ ਹੋਏ, ਸੰਸਾਰ ਛਿੰਝ ਵਿਖੇ ਆ ਕੇ ਉੱਤਰੇ ਹਨ।

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥ ੧॥

ਮਨਮੁਖਾਂ ਰੂਪੀ ਪਹਿਲਵਾਨ ਫੇਰੀਆਂ ਲੈਂਦੇ ਹੋਏ, ਡੰਡਰੋਲਾ ਪਾਂਦੇ ਹੋਏ ਸੰਸਾਰ ਛਿੰਝ ਵਿਖੇ ਉੱਤਰੇ ਹਨ।

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥ ੧੮ ॥

ਜਿਸ ਵੇਲੇ ਗੁਰੂ ਜੀ ਨੇ ਮੇਰੀ ਕੰਡਿ=ਪਿੱਠ ਤੇ ਥਾਪੀ ਦਿੱਤੀ, ਉਸੀ ਵੇਲੇ ਮੈਨੇ ਕਾਮ ਕ੍ਰੋਧ ਆਦਿਕ ਪੰਜੇ ਸੂਰਮੇ ਆਪਣੇ ਹੇਠਾਂ ਨਿਹਤੇ=ਕਾਬੂ ਕਰ ਲਏ।

ਵਾ:-ਨਿਹਤੇ=ਨਿ+ਹਤੇ=ਵਿਸ਼ੇਸ਼ ਕਰਕੇ ਮਾਰ ਦਿੱਤੇ॥ ੧੮॥

ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥

ਜਿਵੇਂ ਪ੍ਰਤੱਖ ਮੱਲ ਅਖਾੜੇ ਵਿਚ ਸਾਰੇ ਪਹਿਲਵਾਨ ਇਕੱਠੇ ਹੋ ਕੇ ਚਲੇ ਆਉਂਦੇ ਹਨ।

ਪਰ ਜਿਸ ਵੇਲੇ ਘਰਾਂ ਨੂੰ ਵਾਪਸ ਜਾਂਦੇ ਹਨ, ਤਾਂ ਵਾਟ=ਰਸਤਾ ਬਦਲਾ ਕੇ ਜਾਂਦੇ ਹਨ। ਕਿਉਂਕਿ ਜਿਸ ਰਸਤੇ ਜਿੱਤ ਵਾਲੇ ਪਹਿਲਵਾਨ ਜਾਂਦੇ ਹਨ, ਉਸ ਰਸਤੇ ਹਾਰ ਵਾਲੇ ਨਹੀਂ ਜਾਂਦੇ।

ਇਸੀ ਪ੍ਰਕਾਰ ਗੁਰਮੁਖ ਤੇ ਮਨਮੁਖ ਰੂਪ ਪਹਿਲਵਾਨ ਸਾਰੇ ਸੰਸਾਰ ਅਖਾੜੇ ਵਿਚ ਇਕੱਠੇ ਹੋ ਕੇ ਆਉਂਦੇ

ਹਨ। ਕਿਉਂਕਿ ਮਨੁੱਖ ਜਨਮ ਸਾਰਿਆਂ ਦਾ ਇਕੋ ਜਿਹਾ ਹੈ, ਜੇਹਾ ਗੁਰਮੁੱਖਾਂ ਦਾ ਹੈ ਤੇਹਾ ਮਨਮੁਖਾਂ ਦਾ ਹੈਂ।

ਪਰ ਜਿਸ ਵੇਲੇ ਪ੍ਰਲੋਕ ਘਰ ਵਿਖੇ ਜਾਂਦੇ ਹਨ ਤਾਂ ਵਾਟ (ਰਸਤੇ) ਨੂੰ ਬਦਲਾ ਕੇ ਜਾਂਦੇ ਹਨ। ਗੁਰਮੁਖ ਮੁਕਤ ਰੂਪ ਰਸਤੇ ਵਿਚ ਜਾਂਦੇ ਹਨ, ਮਨਮੁਖ ਜਮ ਮਾਰਗ ਵਿਖੇ ਜਾਂਦੇ ਹਨ।

ਅਥਵਾ:-ਮਨਮੁਖਾਂ ਨੇ ਭਗਤੀ ਰੂਪ ਵਾਟ ਨੂੰ ਬਦਲਾ ਦਿੱਤਾ ਹੈ ਇਸ ਕਰਕੇ ਉਹ ਨਰਕਾਂ ਰੂਪ ਘਰ ਵਿਚ, ਵਾ-ਚੁਰਾਸੀ ਲੱਖ ਜੂਨ ਰੂਪੀ ਘਰ ਵਿਚ ਜਾਂਦੇ ਹਨ।

ਅਥਵਾ:-ਗੁਰਮੁਖਾਂ ਨੇ ਸੰਸਾਰਕ ਵਾਟ ਨੂੰ ਬਦਲਾ ਦਿੱਤਾ ਹੈ, ਇਸ ਕਰਕੇ ਉਹ ਗੁਰਮੁਖ ਸਰੂਪ ਰੂਪੀ ਘਰ ਵਿਖੇ ਜਾਂਦੇ ਹਨ।

ਅਥਵਾ:-ਗੁਰਮੁਖ ਤਾਂ ਸਰੂਪ ਰੂਪੀ ਘਰ ਵਿਖੇ ਜਾਂਦੇ ਹਨ, ਪਰ ਮਨਮੁਖਾਂ ਨੇ ਉਸ ਵਾਟ ਨੂੰ ਵਟਾਇਆ=ਬਦਲਾ ਹੀ ਦਿੱਤਾ ਹੈ।

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥ ੧੯ ॥

ਗੁਰਮੁਖ ਤਾਂ ਨਾਮ ਦਾ ਲਾਭ ਲੈ ਕੇ ਸਚਖੰਡ ਵਿਖੇ ਗਏ ਹਨ। ਅਤੇ ਮਨਮੁਖ ਜੀਵ ਆਪਣੇ ਮੂਲ ਰੂਪ ਸ੍ਵਾਸਾਂ ਨੂੰ ਨਿਸਫਲ ਗੁਆ ਕੇ ਜਮਪੁਰੀ ਵਿਖੇ ਚਲਦੇ ਹਨ॥ ੧੯ ॥

ਤੂੰ ਵਰਨਾ ਚਿਹਨਾ ਬਾਹਰਾ ॥ ਹਰਿ ਦਿਸਹਿ ਹਾਜਰੁ ਜਾਹਰਾ ॥

ਹੇ ਪ੍ਰਭੂ ! ਤੂੰ ਚਾਰੇ ਵਰਨਾਂ ਤੋਂ ਅਤੇ ਅਨੇਕ ਪ੍ਰਕਾਰ ਦੇ ਚਿੰਨ੍ਹਾਂ ਤੋਂ ਬਾਹਰ ਹੈਂ। ਹੇ ਹਰੀ ! ਤੂੰ ਹਰ ਇਕ ਜਗ੍ਹਾ ਉੱਪਰ ਹਾਜ਼ਰਾ ਹਜ਼ੂਰ ਭਾਵ ਨੇੜੇ ਤੋਂ ਨੇੜੇ ਜਾਹਰਾ=ਪ੍ਰਸਿੱਧ ਦਿਸ ਰਿਹਾ ਹੈਂ।

ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥ ੨੦ ॥

ਹੇ ਗੁਣ+ਤਾਸੁ=ਸ਼ੁਭ ਗੁਣਾਂ ਦੇ ਸਮੁੰਦਰ ਵਾ ਖਜ਼ਾਨੇ ਪ੍ਰਭੂ ! ਤੇਰੇ ਭਗਤ ਤੇਰੇ ਪ੍ਰੇਮ ਵਿਚ ਰੱਤੇ ਹੋਏ ਤੇਰੇ ਜਸ ਨੂੰ ਸੁਣ ਸੁਣ ਕੇ, ਵਾ ਸੁਣਿ=ਕੰਨਾਂ ਦੁਆਰੇ ਸੁਣਕੇ ਤੈਨੂੰ ਹੀ ਧਿਆਉਂਦੇ ਹਨ॥ ੨੦ ॥

ਮੈ ਜੁਗਿ ਜੁਗਿ ਦਯੈ ਸੇਵੜੀ ॥ ਗੁਰਿ ਕਟੀ ਮਿਹਡੀ ਜੇਵੜੀ ॥

ਹੇ ਦਯੈ-ਪ੍ਰੇਰਕ ਪ੍ਰਮਾਤਮਾ ! ਜੁਗਾਂ ਜੁਗਾਂ ਵਿਚ ਮੈਨੂੰ ਗੁਰ ਸੇਵਾ ਕਰਨੀ ਦਿਓ। ਕਿਉਂਕਿ ਗੁਰਾਂ ਨੇ ਮਿਹਡੀ=ਮੇਰੀ ਵਾਸ਼ਨਾ ਰੂਪੀ ਜੇਵੜੀ=ਰੱਸੀ, ਵਾ ਜਮਾਂ ਦੀ ਜੇਵੜੀ=ਫਾਹੀ ਕੱਟ ਦਿੱਤੀ ਹੈ।

ਹਉ ਬਾਹੁੜਿ ਛਿੰਝ ਨ ਨਚਉ

ਹਉ=ਮੈਂ ਇਸ ਸੰਸਾਰ ਰੂਪ ਛਿੰਝ=ਮੱਲ ਅਖਾੜੇ ਵਿਚ ਫਿਰ ਨਹੀਂ ਨੱਚਾਂਗਾ, ਅਰਥਾਤ ਮੁੜ ਕੇ ਜਨਮ ਨਹੀਂ ਪਾਵਾਂਗਾ। ਕਿਉਂਕਿ-

ਨਾਨਕ ਅਉਸਰੁ ਲਧਾ ਭਾਲਿ ਜੀਉ ॥ ੨੧ ॥ ੨ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ-ਇਸ ਮਨੁੱਖਾ ਦੇਹ ਰੂਪ ਅਉਸਰੁ=ਸਮੇਂ ਵਿਚ ਮੈਂਨੇ ਵਾਹਿਗੁਰੂ ਜੀ ਨੂੰ ਢੂੰਡ ਕੇ ਲੱਭ ਲਿਆ ਹੈ।

ਅਥਵਾ:-ਇਸ ਸਤਸੰਗ ਰੂਪ ਸਮੇਂ ਨੂੰ ਮੈਂ ਜੀਵ ਨੇ ਢੂੰਡ ਕੇ ਲੱਭ ਲਿਆ ਹੈ॥ ੨੧ ॥ ੨ ॥ ੨੯ ॥

੧ਓ ਸਤਿਗੁਰ ਪ੍ਰਸਾਦਿ॥

+ਸਿਰੀਰਾਗੁ ਪਹਰੇ ਮਹਲਾ ੧ ਘਰੁ ੧॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ਾਂ ਦਿਸ਼ਾਂਤਰਾਂ ਵਿਚ ਰਟਨ ਕਰਦੇ ਹੋਏ ਭਾਈ ਮਰਦਾਨੇ ਨੂੰ ਨੌਖੰਡ ਵਿਖਾ ਕੇ ਚਲਦੇ ਆਏ ਤਾਂ ਅੱਗੇ 'ਵਣਜਾਰਿਆਂ' ਦਾ ਪਿੰਡ ਆ ਗਿਆ ਰਾਤ ਉਥੇ ਆਰਾਮ ਕੀਤਾ।

ਉਨ੍ਹਾਂ ਵਣਜਾਰਿਆਂ ਦਾ ਜੋ ਨਾਇਕ ਸੀ ਉਸ ਦੇ ਘਰ ਵਿਚ ਸੰਤਾਨ ਕੋਈ ਨਹੀਂ ਸੀ, ਬਹੁਤ ਜਤਨਾਂ ਤੋਂ ਬਾਅਦ ਜਦ ਉਸ ਦੇ ਘਰ ਵਿਚ ਲੜਕਾ ਜੰਮਿਆ, ਤਦ ਸਾਰੇ ਪਿੰਡ ਵਾਸੀਆਂ ਨੇ ਅਤੇ ਸਬੰਧੀਆਂ ਨੇ ਆ ਕੇ ਵਧਾਈਆਂ ਦਿੱਤੀਆਂ।

ਗਰੀਬ ਨਿਵਾਜ਼ ਬਾਗ ਵਿਚ ਬੈਠੇ ਹੋਏ ਸਨ, ਪਰ ਇਨ੍ਹਾਂ ਨੂੰ ਕਿਸੇ ਨੇ ਭੀ ਆ ਕੇ ਨਾ ਪੁੱਛਿਆ, ਖੁਸ਼ੀਆਂ ਵਿਚ ਭਰੇ ਹੋਏ ਹੰਕਾਰੀ ਪੁਰਸ਼ ਆਉਂਦੇ ਤੇ ਵਧਾਈਆਂ ਦੇਂਦੇ ਚਲੇ ਜਾ ਰਹੇ ਸਨ। ਏਸੇ ਲੜਕੇ ਦੀ ਖੁਸ਼ੀ ਵਿਚ ਨਾਇਕ ਨੇ ਹਲਵਾਈ ਬੁਲਵਾ ਕੇ ਮਠਿਆਈ ਬਣਵਾ ਕੇ ਹਰ ਇਕ ਆਏ ਮਨੁੱਖ ਨੂੰ ਸਵਾ ਸਵਾ ਸੇਰ ਮਠਿਆਈ ਦੇਣ ਦਾ ਹੁਕਮ ਕਰ ਦਿੱਤਾ।

ਜਿਹੜਾ ਭੀ ਆਉਂਦਾ ਹੈ ਸਵਾ ਸੇਰ ਮਠਿਆਈ ਲੈ ਕੇ ਜਾਂਦਾ ਹੈ।

ਜਿਸ ਵੇਲੇ ਗੁਰੂ ਜੀ ਦੀ ਆਗਿਆ ਲੈ ਕੇ ਭਾਈ ਮਰਦਾਨਾ ਗਿਆ, ਤਾਂ ਇਸਨੂੰ ਭੀ ਸਵਾ ਸੇਰ ਮਠਿਆਈ ਮਿਲ ਗਈ, ਇਹ ਵੇਖ ਕੇ ਬੜਾ ਖੁਸ਼ ਹੋਇਆ ਤੇ ਦਿਲ ਵਿਚ ਲਾਲਚ ਆਉਣ ਕਰਕੇ ਆਖਦਾ ਹੈ ਮੇਰੇ ਨਾਲ ਬਾਹਰ ਦੋ ਫਕੀਰ ਹੋਰ ਭੀ ਹਨ ਤਦ ਉਨ੍ਹਾਂ ਦੇ ਢਾਈ ਸੇਰ ਮਠਿਆਈ ਹੋਰ ਦੇ ਦਿੱਤੀ।

ਜਦ ਪੌਣੇ ਚਾਰ ਸੇਰ ਮਠਿਆਈ ਲੈ ਕੇ ਹੱਸਦਾ ਹੱਸਦਾ ਗੁਰੂ ਜੀ ਪਾਸ ਆਇਆ, ਤਾਂ ਮਹਾਰਾਜ ਜੀ ਨੇ ਕਿਹਾ, 'ਮਰਦਾਨਿਆ' ਇਹ ਬੱਚਾ ਤਾਂ ਆਪਣਾ ਕਰਜ਼ਾ ਲੈਣ ਆਇਆ ਹੈ ਇਸ ਨੇ ਕੱਲ੍ਹ ਮਰ ਜਾਣਾ ਹੈ।

ਯਥਾ:-ਗੁਰੂ ਕਹੈਂ ਇਹ ਬਾਲ ਜੁ ਜਾਯੋ॥ ਸੋ ਅਪਨੋ ਰਿਣ ਲੈਣੇ ਆਯੋ॥

ਪੂਰਬ ਜਨਮ ਜਿਤੋ ਇਸ ਪਾਹੀ॥ ਸੋ ਲੇ ਭੋਰ ਹੋਤਿ ਮਰਿ ਜਾਹੀ॥ ੮੨॥

ਜੇਕਰ ਤੈਂਨੇ ਮਠਿਆਈ ਖਾਣੀ ਹੈ ਤਾਂ ਇਸ ਲੜਕੇ ਨੂੰ ਜਿਵਾ ਦੇ, ਨਹੀਂ ਤਾਂ ਮਠਿਆਈ ਵਾਪਸ ਕਰ ਆ, ਗੁਰੂ ਜੀ ਦਾ ਹੁਕਮ ਮੰਨ ਕੇ ਮਰਦਾਨਾ ਵਾਪਸ ਕਰਨ ਗਿਆ, ਪਰ ਉਨ੍ਹਾਂ ਨੇ ਲੀਤੀ ਨਾ, ਮਰਦਾਨਾ ਮਠਿਆਈ ਲੈ ਕੇ ਗੁਰੂ ਜੀ ਪਾਸ ਆ ਕੇ ਆਖਦਾ ਹੈ ਉਹ-ਵਾਪਸ ਨਹੀਂ ਲੈਂਦੇ, ਹਜ਼ੂਰ ਨੇ ਕਿਹਾ ਮਰਦਾਨਿਆ ਤੈਂਨੇ ਇਹ ਮਠਿਆਈ ਨਹੀਂ ਖਾਣੀ ਬਦੋ ਬਦੀ ਉਨ੍ਹਾਂ ਦੇ ਪਾਸ ਰੱਖ ਆ। ਮਰਦਾਨਾ ਉਸੀ ਵੇਲੇ ਉਨ੍ਹਾਂ ਦੇ ਪਾਸ ਰੱਖ ਕੇ ਆ ਗਿਆ।

ਦੂਜੇ ਦਿਨ ਲੜਕੇ ਦੇ ਮਰਨ ਨਾਲ ਜਿੱਥੇ ਖੁਸ਼ੀਆਂ ਸਨ ਓਥੇ ਰੋਣੇ ਪਿੱਟਨੇ ਪੈ ਗਏ, ਜਿਸ ਵੇਲੇ ਲੜਕੇ ਨੂੰ ਚੁੱਕ ਕੇ ਬਾਹਰ ਲਿਜਾ ਰਹੇ ਸਨ ਉਨ੍ਹਾਂ ਨੂੰ ਰੋਂਦਿਆਂ ਵੇਖ ਕੇ ਗੁਰੂ ਜੀ ਨੇ ਕਿਹਾ-

ਜਿਤ ਮੁਹਿ ਮਿਲੈ ਮੁਮਾਰਖੀ ਲਖ ਲਖ ਮਿਲਣ ਅਸੀਸ॥

ਸੋ ਮੁਖ ਰੋਂਦੇ ਡਿਠ ਮੈਂ ਮਿਲ ਮਿਲ ਪਿਟਨ ਸੀਸ॥ *(ਨਾਨਕ ਪ੍ਰਕਾਸ਼ ਉੱਤਰਾਰਧ ਧਿਆ ੩)*

+ਕਈ ਬੀੜਾਂ ਵਿਚ ਇਸ ਤਰ੍ਹਾਂ ਹੈ:-ਸਿਰੀਰਾਗੁ ਮਹਲਾ ੧ ਪਹਰੇ ਘਰੁ ੧॥

ਲੋਕਾਂ ਨੇ ਧੀਰਜ ਬੜਾ ਦਿੱਤਾ ਪਰ ਉਸ ਨਾਇਕ ਦਾ ਮਨ ਖਲੋਵੇ ਨਾ, ਕਿਸੇ ਨੇ ਕਿਹਾ ਬਾਹਰ ਫਕੀਰ ਬੈਠੇ ਹੋਏ ਹਨ ਉਨ੍ਹਾਂ ਪਾਸ ਇਸ ਨੂੰ ਲੈ ਚਲੋ ਸ਼ਾਇਦ ਇਸ ਦਾ ਦਿਲ ਖਲੋ ਜਾਵੇ, ਇਸ ਤਰ੍ਹਾਂ ਦੀ ਸਲਾਹ ਨਾਲ ਉਸ ਦੇ ਰਿਸ਼ਤੇਦਾਰ ਉਸ ਨੂੰ ਗੁਰੂ ਸਾਹਿਬ ਜੀ ਪਾਸ ਲੈ ਆਏ ਤੇ ਬੇਨਤੀ ਕੀਤੀ ਫਕੀਰ ਸਾਂਈਂ ਜੀ ਇਸ ਦਾ ਲੜਕਾ ਮਿਰਤੂ ਹੋ ਗਿਆ ਹੈ ਆਪ ਅਜਿਹਾ ਉਪਦੇਸ਼ ਦਿਓ ਜਿਸ ਕਰਕੇ ਇਸ ਦਾ ਮਨ ਖਲੋ ਜਾਵੇ।

ਹੁਣ ਗੁਰੂ ਸਾਹਿਬ ਜੀ ਅਵਸਥਾ ਰੂਪੀ ਰਾਤ ਦੇ ਚਾਰ ਪਹਿਰਿਆਂ ਵਿਖੇ ਉਸ ਵਣਜਾਰੇ ਨੂੰ ਉਪਦੇਸ਼ ਦਿੰਦੇ ਹਨ।

(ਪਹਿਲਾ ਪਹਿਰਾ ਮਾਤਾ ਦੇ ਉਦਰ ਤੋਂ ਆਰੰਭ ਹੋਵੇਗਾ)

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਪਹਿਲੇ ਪਹਿਰੇ ਵਿਖੇ ਪ੍ਰਭੂ ਦੇ ਹੁਕਮ ਅਨੁਸਾਰ ਇਹ ਜੀਵ ਮਾਂ ਦੇ ਗਰਭ ਵਿਚ ਪਿਆ ਹੈ।

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਮਾਂ ਦੇ ਗਰਭ ਵਿਚ ਇਹ ਉਰਧ=ਉਲਟਾ ਹੋ ਕੇ ਤਪ ਕਰਦਾ ਸੀ, ਅਤੇ ਆਪਣੇ ਖਸਮ=ਮਾਲਕ ਪ੍ਰਭੂ ਅੱਗੇ ਬੇਨਤੀਆਂ ਕਰਦਾ ਸੀ।

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥

ਮਾਲਕ ਪ੍ਰਭੂ ਦੇ ਪਾਸ ਅਰਦਾਸਿ=ਬੇਨਤੀਆਂ ਕਥਨ ਕਰਦਾ ਸੀ, ਅਤੇ ਉਰਧ=ਉੱਤਕ੍ਰਿਸ਼ਟ ਪ੍ਰਭੂ ਦੇ ਧਿਆਨ ਵਿਚ ਲਿਵ=ਬਿਰਤੀ ਲਗਾ ਰਿਹਾ ਸੀ।

ਅਥਵਾ:-ਉਰਧਿ=ਪੁੱਠੇ ਲਮਕੇ ਹੋਏ ਦਾ ਧਿਆਨ ਲਿਵ ਵਿਚ ਲੱਗਾ ਹੋਇਆ ਸੀ।

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥

ਕਲਜੁਗ ਦੇ ਵਿਚ, *ਅਥਵਾ:*-ਕਲਾ ਰੂਪ ਪ੍ਰਪੰਚ ਦੇ ਵਿਚ ਮਰਯਾਦਾ ਤੋਂ ਬਿਨਾਂ ਆਇਆ ਭਾਵ ਨੰਗਾ ਆਇਆ, ਅੰਤ ਨੂੰ ਭੀ ਬਾਹੁੜਿ=ਫਿਰ ਨੰਗਾ ਹੀ ਜਾਵੇਗਾ।

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥

ਜੀਵ ਦੇ ਮੱਥੇ ਉੱਪਰ, ਪ੍ਰਭੂ ਦੇ ਹੁਕਮ ਰੂਪੀ ਕਲਮ ਜੇਹੋ ਜੇਹੀ ਵੁੜੀ=ਵਰਗੀ ਅਰਥਾਤ ਚਲੀ ਹੈ। ਤਿਸੀ ਕਲਮ ਦੇ ਅਨੁਸਾਰ ਜੀਵ ਦੇ ਪਾਸ ਸੁੱਖ ਦੁੱਖ ਦੀ ਪ੍ਰਾਪਤੀ ਹੈ।

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਪਹਿਲੇ ਪਹਿਰੇ ਵਿਚ ਪ੍ਰਭੂ ਦੇ ਹੁਕਮ ਅਨੁਸਾਰ ਇਹ ਜੀਵ ਮਾਂ ਦੇ ਉਦਰ ਵਿਚ ਆ ਕੇ ਪਿਆ ਹੈ॥ ੧॥

[ਪੰਨਾ ੭੫]

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥

ਹੇ ਭਾਈ ਵਣਜਾਰਿਆ ਮਿਤ੍ਰ ! ਅਵਸਥਾ ਰੂਪੀ ਰਾਤ ਦੇ ਦੂਜੇ ਪਹਿਰੇ ਵਿਚ ਜਦ ਇਸ ਦਾ ਜਨਮ

ਹੋਇਆ, ਤਾਂ ਪ੍ਰਭੂ ਦਾ ਧਿਆਨ ਕਰਨਾ ਭੁੱਲ ਗਿਆ।

ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥

ਹੇ ਭਾਈ ਵਣਜਾਰਿਆ ਮਿਤ੍ਰਾ ! ਉਸ ਵੇਲੇ ਬੱਚੇ ਨੂੰ ਹੱਥੋ ਹੱਥੀ ਨਚਾਂਵਦੇ (ਟਪਾਂਵਦੇ) ਹਨ। ਜਿਵੇਂ ਜਸੋਦਾਂ ਦੇ ਘਰ ਕਾਨੁ=ਕ੍ਰਿਸ਼ਨ ਨੂੰ ਖਿਡਾਉਂਦੇ ਸਨ।

ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥

ਘਰ ਦੇ ਸਾਰੇ ਮਨੁੱਖ ਬੱਚੇ ਨੂੰ ਹੱਥੋਂ ਹੱਥੀ ਲੈ ਕੇ ਨਚਾਉਂਦੇ ਹਨ, ਮਾਂ ਆਖਦੀ ਹੈ ਕਿ ਇਹ ਮੇਰਾ ਪੁਤ੍ਰ ਹੈ।

ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ॥

ਹੇ ਮੇਰੇ ਅਚੇਤ=ਅਗਿਆਤ (ਬੇ-ਸਮਝ) ਮੂਰਖ ਮਨ ! ਤੂੰ ਪ੍ਰਭੂ ਨੂੰ ਚੇਤਨਾ ਕਰ, ਵਾ:-ਚੇਤੇ ਰੱਖ ਇਨ੍ਹਾਂ ਪਦਾਰਥਾਂ 'ਚੋਂ ਅੰਤ ਨੂੰ ਤੇਰਾ ਕੁਝ ਭੀ ਨਹੀਂ ਹੈ।

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ॥

ਜਿਸ ਨੇ ਤੇਰੀ ਰਚਨਾ ਨੂੰ ਰਚਿਆ ਹੈ, ਅਥਵਾ:-ਜਿਸ ਪ੍ਰਭੂ ਨੇ ਪੰਜ ਤੱਤਾਂ ਨੂੰ ਰਚ ਕੇ ਤੇਰੇ ਸਰੀਰ ਨੂੰ ਰਚਿਆ ਹੈ ਤੂੰ ਤਿਸਨੂੰ ਜਾਣਦਾ ਨਹੀਂ ਹੈਂ। ਤੈਨੂੰ ਚਾਹੀਦਾ ਹੈ ਮਨ ਦੇ ਵਿਚ ਉਸ ਪ੍ਰਭੂ ਦੇ ਗਿਆਨ ਨੂੰ ਧਾਰਨਾ ਕਰ।

ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ॥ ੨॥

ਗੁਰੂ ਜੀ ਕਥਨ ਕਰਦੇ ਹਨ-ਅਵਸਥਾ ਰੂਪੀ ਰਾਤ ਦੇ ਦੂਜੇ ਪਹਿਰੇ ਵਿਚ ਜੀਵ ਨੂੰ ਪ੍ਰਭੂ ਦਾ ਧਿਆਨ ਕਰਨਾ ਵਿਸਰਿ ਗਇਆ=ਭੁੱਲ ਗਿਆ ਹੈ॥ ੨॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਵਿਚ ਜੀਵ ਦਾ ਚਿੱਤ ਧਨ ਅਤੇ ਜੁਆਨੀ ਨਾਲ ਲੱਗ ਰਿਹਾ ਹੈ।

ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥

ਹੇ ਵਣਜਾਰਿਆ ਮਿਤ੍ਰਾ ! ਉਸ ਹਰੀ ਦਾ ਨਾਮ ਤੂੰ ਚੇਤੇ ਹੀ ਨਹੀਂ ਕਰਦਾ, ਜਿਸ ਹਰੀ ਨਾਮ ਦੇ ਪ੍ਰਤਾਪ ਕਰਕੇ ਮੋਹ ਜਾਲ ਵਿਚ ਬੱਧਾ ਹੋਇਆ ਜੀਵ ਛੁੱਟ ਜਾਂਦਾ ਹੈ।

ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥

ਇਹ ਜੀਵ ਹਰੀ ਨਾਮ ਦਾ ਸਿਮਰਨ ਨਹੀਂ ਕਰਦਾ, ਮਾਇਆ ਦੇ ਨਾਲ ਲੱਗ ਕੇ ਬਿਕਲੁ=ਵਿਆਕੁਲ ਹੋਇਆ ਫਿਰਦਾ ਹੈ।

ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥

ਧਨ ਨਾਲ ਤਦਾਕਾਰ ਹੋ ਕੇ, ਤੇ ਜੁਆਨੀ ਵਿਚ ਮੱਤਾ=ਮਸਤ ਹੋ ਕੇ

ਅਹਿਲਾ=ਸੁੰਦਰ ਮਨੁੱਖਾ ਜਨਮ ਨੂੰ ਅਹਿਲਾ=ਵਿਅਰਥ ਗਵਾ ਲਿਆ ਹੈ।

ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥

ਸ੍ਰੈ ਧਰਮ ਦੇ ਨਾਲ ਵਾਪਾਰ ਨਹੀਂ ਕੀਤਾ, ਅਤੇ ਨਾ ਹੀ ਮਿੱਤਰ ਕਰਮ ਕੀਤਾ ਹੈ,

ਮਿੱਤ੍ਰ ਕਰਮ ਉਸ ਨੂੰ ਕਹਿੰਦੇ ਹਨ, ਜਿਹੜਾ ਨਾਲ ਜਾ ਕੇ ਪ੍ਰਲੋਕ ਵਿਚ ਸਹਾਇਤਾ ਕਰਦਾ ਹੈ।

ਅਥਵਾ:-ਹੇ ਮਿੱਤਰਾ ! ਤੈਂਨੇ ਸੰਸਾਰ ਵਿਚ ਕੋਈ ਸ਼ੁਭ ਕਰਮ ਨਹੀਂ ਕੀਤਾ।

ਅਥਵਾ:-ਮਿਤੁ=ਮਰਯਾਦਾ ਵਾਲਾ ਕਰਮ ਕੋਈ ਭੀ ਨਹੀਂ ਕੀਤਾ।

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਵਿਚ ਜੀਵ ਦਾ ਚਿੱਤ ਧਨ ਅਤੇ ਜੁਆਨੀ ਨਾਲ ਲੱਗ ਰਿਹਾ ਹੈ॥੩॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥

ਹੇ ਭਾਈ ਵਣਜਾਰਿਆ ਮਿੱਤਰਾ ! ਅਵਸਥਾ ਰੂਪੀ ਰਾਤ ਦੇ ਬ੍ਰਿੱਧ ਅਵਸਥਾ ਰੂਪ ਚੌਥੇ ਪਹਿਰੇ ਵਿਚ ਸਰੀਰ ਰੂਪ ਖੇਤ ਜਮਦੂਤਾਂ ਰੂਪ ਲਾਵੀ=ਕਾਮਿਆਂ ਦੇ, ਕੱਟਨੇ ਨੂੰ ਤਿਆਰ ਹੋ ਆਇਆ।

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥

ਹੇ ਵਣਜਾਰਿਆ ਮਿਤ੍ਰਾ ! ਜਿਸ ਵੇਲੇ ਜਮਾਂ ਨੇ ਫੜ ਕੇ ਅੱਗੇ ਚਲਾਇਆ=ਤੋਰਨਾ ਹੈ, ਉਸ ਵੇਲੇ ਦਾ ਭੇਤ ਕਿਸੇ ਨੂੰ ਨਹੀਂ ਮਿਲਿਆ।

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥

ਹੇ ਪੁਰਸ਼ਾ ! ਤੂੰ ਹਰੀ ਨੂੰ ਚੇਤਨਾ ਕਰ, ਕਿਉਂਕਿ ਅੰਤ ਦਾ ਭੇਤ ਕਿਸੇ ਨੂੰ ਨਹੀਂ ਮਿਲਿਆ,

ਅਥਵਾ:-ਹਰ ਪ੍ਰਕਾਰ ਸੇ ਭੇਤੁ ਚੇਤੁ=ਭੇਤ ਭੂਤ ਕਿਸੇ ਨੂੰ ਭੀ ਨਾ ਮਿਲਿਆ। ਜਿਸ ਵੇਲੇ ਜਮਾਂ ਨੇ ਫੜ ਕੇ ਅੱਗੇ ਨੂੰ ਤੋਰਿਆ।

ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ॥

ਇਸ ਦੇ ਆਲੇ ਦੁਆਲੇ ਸਬੰਧੀਆਂ ਦਾ ਝੂਠਾ ਹੀ ਰੋਣਾ ਹੋਇਆ ਹੈ। ਘਰ ਵਿਚ ਇਸ ਜੀਵ ਨੇ ਜਿਤਨਾ ਕੁ ਪਦਾਰਥ ਇਕੱਠਾ ਕੀਤਾ ਹੋਇਆ ਸੀ, ਉਹ ਇਕ ਖਿਨ ਵਿਚ ਪਰਾਇਆ ਹੋ ਗਿਆ।

ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥

ਜੀਵ ਨੂੰ ਦੂਜੇ ਜਨਮ ਵਿਚ ਜਾ ਕੇ ਓਹੀ ਚੀਜ਼ ਪ੍ਰਾਪਤ ਹੋਈ ਜਿਸ ਚੀਜ਼ ਦੇ ਨਾਲ ਇਸ ਨੇ ਹੇਤੁ=ਪ੍ਰੇਮ ਲਗਾਇਆ ਹੋਇਆ ਸੀ।

ਯਥਾ:-ਅੰਤਿ ਕਾਲਿ ਜੋ ਲਛਮੀ ਸਿਮਰੈ..... ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਬ੍ਰਿੱਧ ਅਵਸਥਾ ਰੂਪ ਚੌਥੇ ਪਹਿਰੇ ਵਿਚ ਜਮਦੂਤਾਂ ਰੂਪ ਲਾਵੀ=ਕਾਮਿਆਂ ਨੇ ਸਰੀਰ ਰੂਪ ਖੇਤ ਨੂੰ ਲੁਣਿਆ=ਕੱਟ ਲਿਆ॥ ੪॥ ੧॥

ਸਿਰੀਰਾਗੁ ਮਹਲਾ ੧ ॥

ਇਸ ਸ਼ਬਦ ਦੁਆਰਾ ਉਸ ਨਾਇਕ ਦੇ ਭਰਾ ਨੂੰ ਉਪਦੇਸ਼ ਦਿੰਦੇ ਹਨ, ਹੁਣ ਬਾਲਕ ਅਵਸਥਾ ਤੋਂ ਪਹਿਲਾ ਪਹਿਰਾ ਚੱਲੇਗਾ।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਪਹਿਲੇ ਪਹਿਰੇ ਵਿਚ ਜਦ ਮਾਂ ਦੇ ਪੇਟ ਤੋਂ ਬਾਹਰ ਨਿਕਲਦਾ ਹੈ, ਉਸ ਵੇਲੇ ਬਾਲਕ ਬੁੱਧੀ ਹੋਣ ਕਰਕੇ ਅਚੇਤੁ=ਅਗਿਆਤ (ਬੇਸਮਝ) ਹੁੰਦਾ ਹੈ।

ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਉਸ ਵੇਲੇ ਮਾਂ ਦਾ ਖੀਰੁ=ਦੁੱਧ ਪੀਂਦਾ ਹੈ, ਅਤੇ ਹਰ ਤਰ੍ਹਾਂ ਨਾਲ ਖਿਡਾਇਆ ਜਾਂਦਾ ਹੈ। ਮਾਂ ਪਿਉ ਸੁਤ=ਪੁੱਤ੍ਰ ਨਾਲ ਹੇਤੁ=ਪ੍ਰੇਮ ਕਰਦੇ ਹਨ।

ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ ॥

ਮਾਂ ਪਿਉ ਦਾ ਪੁੱਤਰ ਨਾਲ ਘਨੇਰਾ ਨੇਹੁ=ਬੜਾ ਮੋਹ ਹੁੰਦਾ ਹੈ, ਕਿਉਂਕਿ ਸਾਰੀ ਦੁਨੀਆਂ ਮਾਇਆ ਦੇ ਮੋਹ ਵਿਚ ਫਸੀ ਹੋਈ ਹੈ।

ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ ॥

ਪੂਰਬਲੇ ਕਿਰਤੁ=ਕਰਮਾਂ ਦੇ ਕਮਾਏ ਅਨੁਸਾਰ ਇਥੇ ਆ ਕੇ ਜੀਵ ਸਬੰਧੀਆਂ ਦਾ ਸੰਜੋਗੀ ਹੋਇਆ ਹੈ। ਅੱਗੋਂ ਹੋਰ ਨਵੇਂ ਕਰਮਾਂ ਦੀ ਕਾਰ ਕਰਨ ਵਿਚ ਆਉਂਦਾ ਹੈ, ਉਸ ਦਾ ਫਲ ਫਿਰ ਦੂਜੇ ਜਨਮ ਵਿਚ ਹੋਵੇਗਾ।

ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥

ਰਾਮ ਨਾਮ ਜਪੇ ਤੋਂ ਬਿਨਾਂ ਮੁਕਤੀ ਨਹੀਂ ਹੋਣੀ, ਸਾਰੀ ਦੁਨੀਆਂ ਪ੍ਰਮੇਸ਼ਰ ਨੂੰ ਛੱਡ ਕੇ ਦੂਜੈ=ਸਬੰਧੀਆਂ ਦੇ, ਵਾ ਸੰਸਾਰ ਦੇ ਹੇਤਿ=ਮੋਹ ਵਿਚ ਫਸ ਕੇ ਡੁੱਬ ਰਹੀ ਹੈ। *ਅਥਵਾ:*-ਦੂਜੈ ਹੇਤਿ=ਦ੍ਵੈਤ ਭਾ ਵਿਚ ਪ੍ਰੇਮ ਕਰਕੇ ਡੁੱਬ ਰਹੀ ਹੈ।

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ਅਵਸਥਾ ਰੂਪੀ ਰਾਤ ਦੇ ਪਹਿਲੇ ਪਹਿਰੇ ਵਿਚ ਹਰੀ ਨੂੰ ਚੇਤਨਾ ਕਰ, ਤਾਂ ਤੇਰਾ ਜਮਾਂ ਤੋਂ ਛੁਟਕਾਰਾ ਹੋਵੇਗਾ ॥ ੧ ॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਦੂਜੇ ਪਹਿਰੇ ਵਿਚ ਜੋਬਨ ਅਵਸਥਾ ਰੂਪੀ ਮੈ ਮਤਿ=ਸ਼ਰਾਬ ਦੀ ਮਸਤੀ ਵਿਖੇ ਭਰ ਰਿਹਾ ਹੈਂ।

ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਤੂੰ ਦਿਨ ਰਾਤ ਕਾਮ ਚੇਸਟਾ ਵਿਚ ਲੱਗ ਰਿਹਾ ਹੈਂ। ਹੇ ਅੰਨ੍ਹੇ ਅਗਿਆਨੀ ! ਤੈਨੂੰ ਪ੍ਰਭੂ ਦਾ ਨਾਮ ਚੇਤੇ ਨਹੀਂ ਆਉਂਦਾ।

ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ॥

ਰਾਮ ਦਾ ਨਾਮ ਤੇਰੇ ਹਿਰਦੇ ਵਿਚ ਨਹੀਂ ਹੈ, ਅਤੇ ਹੋਰ ਦੁਨਿਆਵੀ ਰਸਾਂ ਕਸਾਂ ਨੂੰ ਮਿੱਠਾ ਕਰਕੇ ਜਾਣਦਾ ਹੈਂ।

ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ॥

ਤੇਰੇ ਅੰਦਰ ਪ੍ਰਭੂ ਦਾ ਗਿਆਨ ਧਿਆਨ ਆਦਿਕ ਕੋਈ ਸ਼ੁਭ ਗੁਣ ਨਹੀਂ ਹੈ, ਅਤੇ ਨਾ ਹੀ ਸੰਜਮੁ=ਇੰਦ੍ਰੀਆਂ ਦਾ ਦਮਨ ਕੀਤਾ ਹੈ। ਝੂਠੇ ਪਦਾਰਥਾਂ ਵਿਚ ਲਗ ਕੇ ਜੰਮਦੇ ਮਰਦੇ ਰਹੋਗੇ।

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮ ਨਹੀਂ ਪੂਜਾ॥

ਤੀਰਥ ਯਾਤਰਾ ਕਰਨੀ, ਜਨਮ ਅਸ਼ਟਮੀ, ਰਾਮ ਨੌਮੀ, ਨਰ ਸਿੰਘ ਚੌਦਸ, ਬਾਵਨ ਦੁਆਦਸੀ, ਆਦਿਕਾਂ ਦੇ ਵਰਤ ਰਖਣੇ, ਸੁਚਿ=ਪਵਿੱਤ੍ਰਤਾ ਸੰਜਮੁ=ਇੰਦ੍ਰੀਆਂ ਦਾ ਦਮਨ ਕਰਨਾ ਇਤਿਆਦਿਕ ਤੁਸਾਂ ਨੇ ਕੋਈ ਨਹੀਂ ਕੀਤਾ।

ਸ੍ਰੇਸ਼ਟ ਕਰਮ ਧਰਮ ਤੇ ਠਾਕੁਰ ਪੂਜਾ ਆਦਿਕ ਕੋਈ ਚੰਗਾ ਕਰਮ ਤੁਸਾਂ ਨੇ ਨਹੀਂ ਕੀਤਾ।

ਅਥਵਾ:- ਤੀਰਥਾਂ ਦਾ ਇਸ਼ਨਾਨ, ਮੰਗਲਵਾਰ ਆਦਿਕ ਦੇ ਵਰਤ, ਸੁਚਿ=ਪਵਿੱਤ੍ਰਤਾ ਤੇ ਹਰ ਗੱਲ ਵਿਚ ਸੰਜਮੁ=ਪਰਹੇਜ ਰੱਖਨਾ ਇਤਆਦਿਕ ਕਰਮ ਧਰਮ ਜੀਵ ਦੀ ਕੁਝ ਸਹਾਇਤਾ ਨਹੀਂ ਕਰਦੇ। ਅਤੇ ਠਾਕੁਰ ਪੂਜਾ ਪਾਠ ਵੀ ਜਮਾਂ ਤੋਂ ਨਹੀਂ ਛੁਡਾ ਸਕਦੇ।

ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ॥ ੨॥

ਗੁਰੂ ਜੀ ਕਥਨ ਕਰਦੇ ਹਨ-ਭਾਇ ਭਗਤਿ=ਪ੍ਰੇਮਾ ਭਗਤੀ ਕੀਤਿਆਂ ਹੀ ਸੰਸਾਰ ਸਾਗਰ ਤੋਂ ਤਰਨਾ ਹੁੰਦਾ ਹੈ। ਦੁਬਿਧਾ ਵਿਚ ਵਿਆਪੈ=ਲੱਗਣ ਕਰਕੇ ਦੂਜਾ=ਜਮਾਂ ਦਾ ਹੁੰਦਾ ਹੈ।

*ਅਥਵਾ:-*ਦੂਜਾ ਜਨਮ ਧਾਰਨਾ ਪੈਂਦਾ ਹੈ॥ ੨॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ॥

ਹੇ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਅੱਧਖੜ ਉਮਰਾ ਵਿਚ ਸਰਿ=ਸਿਰ ਉੱਤੇ ਹੰਸ=ਚਿੱਟੇ ਕੇਸ ਆ ਕੇ ਉਲੱਥੜੇ=ਉੱਤਰ ਪਏ।

*ਅਥਵਾ:-*ਸਰੀਰ ਰੂਪ ਸਰਿ=ਤਲਾਉ ਉੱਤੇ ਹੰਸ ਆ ਉੱਤਰੇ ਅਰਥਾਤ ਚਿੱਟੇ ਕੇਸ ਹੋ ਗਏ ਹਨ।

ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ॥

ਹੇ ਭਾਈ ਵਣਜਾਰਿਆ ਮਿੱਤਰਾ ! ਉਸ ਵੇਲੇ ਜੁਆਨੀ ਦਾ ਬਲ ਘਟ ਜਾਂਦਾ ਹੈ, ਅਤੇ ਜਰੂਆ=ਬੁਢੇਪਾ ਸਰੀਰ ਨੂੰ ਜਿਣੈ=ਜਿੱਤ ਜਾਂਦਾ ਹੈ। ਜਿਉਂ ਜਿਉਂ ਦਿਨ ਜਾਂਦੇ ਹਨ ਤਿਉਂ ਤਿਉਂ ਆਵ=ਉਮਰਾ ਘਟਦੀ ਜਾਂਦੀ ਹੈ।

[ਪੰਨਾ ੭੬]

ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ॥

ਹੇ ਅੰਨ੍ਹੇ ਅਗਿਆਨੀ ਪੁਰਸ਼ਾ ! ਅੰਤ ਸਮੇਂ ਤੂੰ ਪਸਚਾਤਾਪ ਕਰਦਾ ਰਹੇਂਗਾ ਜਿਸ ਵੇਲੇ ਜਮਾਂ ਨੇ ਫੜ ਕੇ

ਤੈਨੂੰ ਅੱਗੇ ਤੋਰ ਲਿਆ।

ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ॥

ਜੋ ਕੁਝ ਆਪਣਾ ਬਣਾ ਕਰਕੇ ਰੱਖਿਆ ਹੋਇਆ ਸੀ ਉਹ ਸਾਰਾ ਕੁਝ-ਇੱਕ ਛਿਨ ਵਿਖੇ ਪਰਾਇਆ =ਬਿਗਾਨਾ ਹੋ ਗਿਆ।

ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ॥

ਜੀ=ਹੇ ਭਾਈ! ਬੁੱਧੀ ਦੀ ਸਿਆਣਪ ਉਸੀ ਵੇਲੇ ਵਿਸਰ ਗਈ, *ਅਥਵਾ*-ਬੁੱਧੀ ਵਿਸਰ ਗਈ ਅਤੇ ਸਿਆਣਪ ਵੀ ਚਲੀ ਗਈ। ਕੀਤੇ ਹੋਏ ਔਗੁਣਾਂ ਨੂੰ ਚੇਤੇ ਕਰਕੇ ਪਸਚਾਤਾਪ ਕਰਦਾ ਹੈ।

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਪ੍ਰਭੁ ਚੇਤਹੁ ਲਿਵ ਲਾਇ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ! ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਅੱਧਖੜ ਉਮਰਾ ਵਿਖੇ ਲਿਵ ਲਗਾ ਕੇ ਪ੍ਰਭੂ ਨੂੰ ਚੇਤਨਾ ਕਰ॥ ੩॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ॥

ਹੇ ਭਾਈ ਵਣਜਾਰਿਆ ਮਿਤ੍ਰਾ! ਅਵਸਥਾ ਰੂਪੀ ਰਾਤ ਦੇ ਚੌਥੇ ਪਹਿਰੇ ਵਿਖੇ ਬਿਰਧਿ ਭਇਆ=ਬੁੱਢੇ ਹੋਣ ਕਰਕੇ ਸਰੀਰ ਦਾ ਬਲ ਖੀਣੁ=ਨਸ਼ਟ ਹੋ ਜਾਂਦਾ ਹੈ।

ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ॥

ਹੇ ਭਾਈ ਵਣਜਾਰਿਆ ਮਿਤ੍ਰਾ! ਉਸ ਵੇਲੇ ਅੱਖਾਂ ਤੋਂ ਅੰਨ੍ਹਾਂ ਹੋ ਜਾਂਦਾ ਹੈ, ਕੁਝ ਦਿਸਦਾ ਨਹੀਂ ਹੈ, ਅਤੇ ਨਾ ਹੀ ਕੰਨਾਂ ਨਾਲ ਵੈਣ=ਬਚਨ ਸੁਣ ਸਕਦਾ ਹੈ।

ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ॥

ਅੱਖਾਂ ਤੋਂ ਅੰਨ੍ਹਾ ਹੋ ਜਾਂਦਾ ਹੈ, ਜਿਹਵਾ ਵਿਚ ਰਸ ਲੈਣ ਦੀ ਸ਼ਕਤੀ ਨਹੀਂ ਰਹਿੰਦੀ।

ਪਹਿਲਾ ਅਰਥ:-ਇੰਦ੍ਰੀਆਂ ਦੇ ਪਰਾਕਉ=ਪ੍ਰਾਕ੍ਰਮ ਭਾਵ (ਬਲ) ਤੇ ਸਰੀਰ ਦੇ ਤਾਣਾ=ਬਲ ਤੋਂ ਭੀ ਰਹਿ ਜਾਂਦਾ ਹੈ।

ਦੂਜਾ ਅਰਥ:-ਪਰਾਕਉ=ਪਰਾਏ ਬਲ ਦੇ ਹੇਠਾਂ ਰਹਿਣਾ ਕਰਦਾ ਹੈ, ਅਰਥਾਤ ਦੂਜੇ ਦੇ ਆਸਰੇ ਹੋ ਕੇ ਚਲਦਾ ਹੈ।

ਤੀਜਾ ਅਰਥ:-ਪਰਾਕਉ=ਪੂਰਬਲਾ ਜੁਆਨੀ ਅਵਸਥਾ ਵਾਲਾ ਤਾਣਾ=ਬਲ ਰਹਿ ਜਾਂਦਾ ਹੈ।

ਚੌਥਾ ਅਰਥ:-ਉਤਾਣਾ=ਅਮੂਧਾ ਹੀ ਪਰਾਕ=ਪਇਆ ਰਹਿੰਦਾ ਹੈ।

ਪੰਜਵਾਂ ਅਰਥ:-ਜੀਵ ਦਾ ਆਪਣਾ ਜੋ ਪਰਾਕਉ ਤਾਣਾ=ਪੂਰਬਲਾ ਬਲ ਸੀ ਸੱਤ ਚਿੱਤ ਅਨੰਦ ਰੂਪ ਉਸ ਵੱਲੋਂ ਰਹਿ ਗਿਆ, ਅਰਥਾਤ ਆਪਣੇ ਅਸਲੀ ਬਲ ਨੂੰ ਨਾ ਜਾਣਿਆ।

ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ॥

ਜੇਕਰ ਹਿਰਦੇ ਅੰਦਰ ਕੋਈ ਸ਼ੁਭ ਗੁਣ ਨਹੀਂ ਹੈ, ਤਾਂ ਆਤਮ ਸੁੱਖ ਨੂੰ ਕਿਵੇਂ ਪਾਵੇਗਾ, ਏਸੇ ਕਰਕੇ ਮਨਮੁਖਾਂ ਦਾ ਜੰਮਣਾ ਮਰਨਾ ਬਣਿਆ ਰਹਿੰਦਾ ਹੈ।

ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥

ਜਿਸ ਵੇਲੇ ਖੜੁ=ਖੇਤੀ ਪੱਕਦੀ ਹੈ, ਤਾਂ ਕੁੜਿ=ਨੀਵੀਂ ਹੋ ਕੇ ਭਜੈ=ਟੁੱਟ ਜਾਂਦੀ ਹੈ, ਅੰਤ ਨੂੰ ਬਿਨਸੈ=ਨਾਸ ਹੋ ਜਾਂਦੀ ਹੈ। ਏਸੇ ਤਰ੍ਹਾਂ ਜਦ ਸਰੀਰ ਰੂਪ ਖੇਤੀ ਪੱਕਦੀ ਹੈ ਅਰਥਾਤ ਬੁਢੇਪਾ ਆਉਂਦਾ ਹੈ, ਤਾਂ

ਪਹਿਲੇ ਕੁੜਿ=ਕੁੱਬ ਨਿਕਲ ਜਾਂਦਾ ਹੈ, ਫਿਰ ਭਜੈ=ਕੋਈ ਨਾ ਕੋਈ ਅੰਗ ਮਾਰਿਆ ਜਾਂਦਾ ਹੈ, ਬਿਨਸੈ=ਅੰਤ ਨੂੰ ਨਾਸ ਹੋ ਜਾਂਦੀ ਹੈ।

ਜਦ ਸਰੀਰ ਨੇ ਆ ਕੇ ਚਲਿਆ ਜਾਣਾ ਹੈ, ਤਾਂ ਇਸ ਦਾ ਕੀ ਮਾਣ ਕਰਨਾ ਹੈ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਚੌਥੇ ਪਹਿਰੇ ਵਿਚ ਗੁਰਾਂ ਦੁਆਰੇ ਗੁਰਮੁਖ ਬਣਕੇ ਸਬਦੁ=ਬ੍ਰਹਮ ਨੂੰ ਪਛਾਣਨਾ ਕਰ॥ ੪ ॥

ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਜਿਸ ਵੇਲੇ ਉਨ੍ਹਾਂ ਸਾਹਿਆ=ਸ੍ਵਾਸਾਂ ਦਾ ਓੜਕੁ=ਅੰਤ ਆਉਂਦਾ ਹੈ। ਤਿਸ ਵੇਲੇ ਜਰੁ=ਬ੍ਰਿੱਧ ਅਵਸਥਾ ਰੂਪ ਜਰਵਾਣਾ=ਜਮਦੂਤ ਕੰਨਿ=ਮੋਢੇ ਉੱਤੇ ਆ ਨੱਚਦਾ ਹੈ।

*ਅਥਵਾ:-*ਕੰਨਾਂ ਪਾਸ ਆ ਕੇ ਨੱਚਦਾ ਹੈ, ਜਿਹੜਾ ਕੰਨਾਂ ਪਾਸ ਚਿੱਟਾ ਵਾਲ ਆ ਜਾਂਦਾ ਹੈ।

ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਜਿਸ ਦੇ ਹਿਰਦੇ ਵਿਚ ਇੱਕ ਰੱਤੀ ਭਰ ਵੀ ਸ਼ੁਭ ਗੁਣ ਨਹੀਂ ਸਮਾਂਵਦੇ, ਉਸ ਔਗੁਣ ਵਾਲੇ ਨੂੰ ਜਮਦੂਤ ਸੰਗਲਾਂ ਨਾਲ ਬੰਨ੍ਹ ਕੇ ਪ੍ਰਲੋਕ ਦਰਬਾਰ ਵਿਚ ਖੜਸਨਿ=ਲੈ ਜਾਂਦੇ ਹਨ।

ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥

ਜੋ ਪੁਰਸ਼ ਸੰਜਮਿ=ਇੰਦ੍ਰੀਆਂ ਦੇ ਦਮਨ ਕਰਨੇ ਰੂਪ ਸ਼ੁਭ ਗੁਣਾਂ ਦੇ ਸਹਿਤ ਜਾਂਦਾ ਹੈ, ਉਹ ਗੁਰਮੁਖ ਜਮਾਂ ਦੀਆਂ ਚੋਟਾਂ ਨਹੀਂ ਖਾਂਦਾ। ਨਾ ਹੀ ਤਿਸਨੂੰ ਜਨਮ ਮਰਨ ਦਾ ਦੁੱਖ ਹੁੰਦਾ ਹੈ।

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥

ਜਮਕਾਲ ਜਾਲੁ=ਫਾਹਾ ਲੈ ਕੇ ਉਨ੍ਹਾਂ ਨੂੰ 'ਜੋਹਿ ਨ ਸਾਕੈ'=ਵੇਖ ਨਹੀਂ ਸਕਦਾ। ਭੈ ਨਾਲ ਪ੍ਰੇਮਾ ਭਗਤੀ ਕਰਨ ਵਾਲਾ ਪੁਰਸ਼ ਭੈ-ਦਾਇਕ ਸੰਸਾਰ ਸਮੁੰਦ੍ਰ ਤੋਂ ਤਰ ਜਾਂਦਾ ਹੈ।

ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ ॥

ਜੋ ਸਹਜਿ=ਗਿਆਨ ਵਿਚ ਸਮਾਂਵਦਾ ਹੈ, ਉਹ 'ਪਤਿ ਸੇਤੀ'=ਇੱਜ਼ਤ ਨਾਲ ਜਾਂਦਾ ਹੈ। ਅਤੇ ਸਾਰਿਆਂ ਦੁੱਖਾਂ ਨੂੰ ਮਿਟਾ ਲੈਂਦਾ ਹੈ।

ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ ਸਾਚੇ ਤੇ ਪਤਿ ਪਾਵੈ ॥ ੫ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਪ੍ਰਾਣੀ ਮੁਖੀ ਗੁਰਾਂ ਦੀ ਕਿਰਪਾ ਨਾਲ ਜਮਾਂ ਤੋਂ ਛੁੱਟ ਜਾਂਦੇ ਹਨ। ਸੱਚ ਨਾਮ ਜਪਣੇ ਕਰਕੇ ਗੁਰਮੁਖ ਪਤਿ ਅਬਰੋ ਵਾ ਪਤੀ ਨੂੰ ਪਾਂਦੇ ਹਨ॥ ੫ ॥ ੨ ॥

ਤਾਂਤੇ ਤੁਸੀਂ ਭੀ ਗੁਰਾਂ ਦੁਆਰੇ ਨਾਮ ਜਪਕੇ ਅਕਾਲ ਪੁਰਖ ਨੂੰ ਪਾਣਾ ਕਰੋ। ਇਸ ਵਜ੍ਹਾ ਨਾਲ ਗੁਰੂ ਸਾਹਿਬਾਂ ਪਾਸੋਂ ਉਪਦੇਸ਼ ਸੁਣ ਕੇ ਉਸ ਨਾਇਕ ਦਾ ਮਨ ਸਥਿਰ ਹੋ ਗਿਆ ਤੇ ਪ੍ਰਭੂ ਦਾ ਭਾਣਾ ਮਿੱਠਾ ਮੰਨਕੇ ਸਿਮਰਨ ਵਿਚ ਜੁੜ ਗਿਆ।

ਸਿਰੀਰਾਗੁ ਮਹਲਾ ੪ ॥

ਉਥਾਨਕਾ:-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਣਜਾਰਿਆਂ ਦੇ ਦੇਸ਼ ਵਿਚ ਜਾ ਕੇ ਜਿਨ੍ਹਾਂ ਨੂੰ ਦੋ ਸ਼ਬਦਾਂ ਦੁਆਰੇ ਉਪਦੇਸ਼ ਦਿੱਤਾ ਸੀ ਉਹ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਜਦ ਗੁਜ਼ਰ ਗਏ ਤਾਂ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੋਤਰਿਆਂ ਨੇ ਪਹਿਲੀ ਪਾਤਸ਼ਾਹੀ ਵਾਲੇ ਦੋਨੋਂ ਸ਼ਬਦ ਲਿਆ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਾਵਨ ਚਰਨਾਂ ਵਿਚ ਹਾਜਰ ਹੋ ਕੇ ਯਥਾ ਸ਼ਕਤ ਭੇਟਾ ਰੱਖਕੇ ਬੇਨਤੀ ਕੀਤੀ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸ਼ਬਦਾਂ ਰਾਹੀਂ ਅਸਾਡਿਆਂ ਬਜ਼ੁਰਗਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ ਹੈ।

ਹੁਣ ਆਪ ਸਾਨੂੰ ਵੀ ਆਪਣਾ ਉਪਦੇਸ਼ ਦੇ ਕੇ ਕ੍ਰਿਤਾਰਥ ਕਰੋ। ਉਨ੍ਹਾਂ ਦੀ ਬੇਨਤੀ ਸੁਣਕੇ ਉਸੇ ਧਾਰਨਾ ਅਨੁਸਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਪਹਿਲੇ ਪਹਿਰੇ ਵਿਖੇ

ਹਰਿ ਪਾਇਆ ਉਦਰ ਮੰਝਾਰਿ ॥

ਹਰੀ ਨੇ ਜੀਵ ਨੂੰ ਮਾਂ ਦੇ ਪੇਟ ਵਿਚ ਪਾਇਆ ਹੈ।

ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ
ਹਰਿ ਹਰਿ ਨਾਮੁ ਸਮਾਰਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਉਸ ਵੇਲੇ ਹਰੀ ਨੂੰ ਧਿਆਉਂਦਾ ਸੀ, ਹਰੀ ਦੇ ਗੁਣਾਂ ਨੂੰ ਉਚਾਰਦਾ ਸੀ। ਅਤੇ ਹਰਿ ਹਰਿ ਦੇ ਨਾਮਾਂ ਨੂੰ ਸੰਭਾਲਦਾ ਸੀ।

ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ ॥

ਹਰੀ ਨਾਮ ਨੂੰ ਜਪਦਾ ਸੀ, ਹਰੀ ਨੂੰ ਆਰਾਧਦਾ ਸੀ, ਮਾਂ ਦੇ ਪੇਟ ਵਿਚ ਜੋ ਜਠਰ ਅਗਨੀ ਹੈ, ਉਸ ਵਿਚ ਪਿਆ ਹੋਇਆ ਹਰੀ ਨੂੰ ਜਪਕੇ ਜਿਉਂਦਾ ਸੀ।

ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ ॥

ਜਿਸ ਵੇਲੇ ਮਾਂ ਦੇ ਪੇਟ ਤੋਂ ਬਾਹਰ ਜਨਮ ਹੋਇਆ, ਤਾਂ ਮਾਂ ਪਿਉ ਦੇ ਮੁਖਿ ਲਾਗਾ=ਮੱਥੇ ਲੱਗ ਗਿਆ, *ਅਥਵਾ:*-ਜਿਸ ਵੇਲੇ ਬੱਚੇ ਦਾ ਜਨਮ ਹੋਇਆ ਤਾਂ ਬਾਹਰਲੇ ਪਦਾਰਥਾਂ ਵੱਲ ਮੂੰਹ ਲੱਗ ਗਿਆ। ਮਾਂ ਪਿਉ ਨੂੰ ਅਧਿਕ ਆਨੰਦ ਥੀਵਿਆ=ਹੋ ਗਿਆ।

ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ ॥

ਜਿਸ ਪ੍ਰਮਾਤਮਾ ਦੀ ਦਿੱਤੀ ਹੋਈ ਵਸਤੂ ਮਾਇਆ, ਸ੍ਵਾਸ, ਜ਼ਮੀਨ ਆਦਿਕ ਤੈਨੂੰ ਪ੍ਰਾਪਤ ਹਨ, ਹੇ ਪ੍ਰਾਣੀ !

ਤੂੰ ਤਿਸਨੂੰ ਚੇਤਨਾ ਕਰ। ਗੁਰਾਂ ਦੁਆਰੇ ਹਿਰਦੇ ਵਿਚ ਓਸੇ ਪ੍ਰਭੂ ਦਾ ਵਿਚਾਰ ਕਰ।+

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ ਧਾਰਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਪਹਿਲੇ ਪਹਿਰੇ ਵਿਚ ਕਿਰਪਾ ਦ੍ਰਿਸ਼ਟੀ ਧਾਰਨ ਵਾਲਾ ਜੋ ਹਰੀ ਹੈ ਉਸਨੂੰ ਜਪਣਾ ਕਰ॥ ੧ ॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਾਗਾ ਦੂਜੈ ਭਾਇ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਦੂਜੇ ਪਹਿਰੇ ਵਿਚ, ਮਾਂ ਦੇ ਪੇਟ 'ਚੋਂ ਬਾਹਰ ਆਇਆ ਤਾਂ ਇਸ ਦਾ ਮਨ ਦਵੈਤ ਭਾ ਵਿਚ ਲੱਗ ਗਿਆ।

ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ ਲੈ ਮਾਤ ਪਿਤਾ ਗਲਿ ਲਾਇ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਉਸ ਵੇਲੇ ਮਾਂ ਪਿਉ ਬੱਚੇ ਨੂੰ ਮੇਰਾ ਮੇਰਾ ਕਰਕੇ ਪਾਲਦੇ ਹਨ, ਪੁਨਾ ਮਾਂ ਪਿਉ ਬੱਚੇ ਨੂੰ ਲੈ ਕੇ ਆਪਣੇ ਗਲ਼ ਨਾਲ ਲਾਉਂਦੇ ਹਨ।

ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ ॥

ਮਾਂ ਤੇ ਪਿਉ ਸਦਾ ਹੀ ਗਲ਼ ਨਾਲ ਲਾਉਂਦੇ ਹਨ, ਅਤੇ ਮਨ ਵਿਚ ਜਾਣਦੇ ਹਨ ਇਹ ਵੱਡਾ ਹੋ ਕੇ ਸਾਨੂੰ ਖੱਟ ਕੇ ਖਵਾਏਗਾ।

ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ ॥

ਜੋ ਪ੍ਰਮਾਤਮਾ ਇਨ੍ਹਾਂ ਚੀਜ਼ਾਂ ਨੂੰ ਦੇਂਦਾ ਹੈ, ਮੂਰਖ ਮਾਪੇ ਉਸਨੂੰ ਤਾਂ ਜਾਣਦੇ ਨਹੀਂ ਹਨ, ਅਤੇ ਉਸ ਦੇ ਦਿੱਤੇ ਹੋਏ ਪਦਾਰਥਾਂ ਵਿਚ ਲੰਪਟ ਹੋ ਰਹੇ ਹਨ।

ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ ਹਰਿ ਧਿਆਵੈ ਮਨਿ ਲਿਵ ਲਾਇ ॥

ਜਿਹੜਾ ਕੋਈ ਗੁਰਮੁਖ ਹੁੰਦਾ ਹੈ ਉਹ ਉਸ ਦਾਤੇ ਪ੍ਰਭੂ ਦੀ ਵੀਚਾਰ ਨੂੰ ਕਰਦਾ ਹੈ, ਅਤੇ ਮਨ ਵਿਚ ਲਿਵ ਲਗਾ ਕੇ ਅਰਥਾਤ ਬਿਰਤੀ ਟਿਕਾ ਕੇ ਹਰੀ ਨੂੰ ਧਿਆਉਂਦਾ ਹੈ।

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਦੂਜੇ ਪਹਿਰੇ ਵਿਖੇ-ਤਿਸ ਗੁਰਮੁਖ ਨੂੰ ਫਿਰ ਕਦੇ ਵੀ ਕਾਲ ਨਹੀਂ ਖਾਂਦਾ॥ ੨ ॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਵਿਚ ਜੀਵ ਦਾ ਮਨ ਆਲਿ=ਘਰ

+ਕਿਉਂਕਿ ਵਿਚਾਰ ਵਿਚ ਹੀ ਸੁਖ ਹੈ, ਯਥਾ:-

ਹੋਤ ਸੁਖੰ ਜਨ ਮੇ ਨ ਬਨ ਮੇ ਨ ਧਨ ਮੇ ਨ, ਜਪ ਮੇ ਨ ਤਪ ਮੇ ਨ ਤੀਰਥ ਮੇ ਨ੍ਹਾਇਯੇ॥
ਭੋਗ ਮੇ ਨ ਜੋਗ ਮੇ ਸੰਜੋਗ ਮੇ ਵਿਜੋਗ ਮੇ ਨ, ਦੇਸ਼ ਔ ਵਿਦੇਸ਼ ਦਸੋ ਦਿਸਾ ਜੋ ਭ੍ਰਮਾਇਯੇ॥
ਗਯਾਨ ਮੇ ਨ ਧਿਆਨ ਮੇ ਨ ਸਯਾਨ ਸਨਮਾਨ ਮੇ ਨ, ਮਾਨ ਅਪਮਾਨ ਮੇ ਨ ਪ੍ਰਭੁਤਾ ਬਢਾਇਯੇ॥
ਸਾਧਨ ਸਮਾਧਿ ਵਯਾਧਿ ਜਾਨਿਯੇ ਟਹਲ ਸਿੰਘ, ਸੁਖ ਹੈ ਵਿਚਾਰ ਮੇ ਵਿਚਾਰੇ ਸੁਖ ਪਾਇਯੇ॥

(ਅਲੰਕਾਰ ਸਾਗਰ ਸੁਧਾ)

ਦੇ ਜੰਜਾਲਿ=ਧੰਧਿਆਂ ਵਿਚ ਲਗ ਗਿਆ।

ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ॥

ਹੇ ਭਾਈ ਵਣਜਾਰਿਆ ਮਿਤ੍ਰਾ ! ਉਸ ਵੇਲੇ ਧਨ ਨੂੰ ਚਿਤਵਦਾ ਹੈ, ਧਨ ਨੂੰ ਹੀ ਸੰਚਵੈ=ਇਕੱਠਾ ਕਰਦਾ ਹੈ, ਹਰਿ ਹਰਿ ਨਾਮਾਂ ਨੂੰ ਸੰਭਾਲਦਾ ਨਹੀਂ ਹੈ।

ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ ਜਿ ਹੋਵੈ ਅੰਤਿ ਸਖਾਈ॥

ਹਰੀ ਦਾ ਹਰਿ ਹਰਿ ਨਾਮ ਕਦੇ ਭੀ ਸੰਭਾਲਦਾ ਨਹੀਂ ਹੈ।

ਅਥਵਾ:-ਮਨ ਕਰਕੇ ਹਰੀ ਨਾਮ ਨੂੰ ਬਾਣੀ ਦੁਆਰਾ ਹਰੀ ਨਾਮ ਨੂੰ, ਤਨ ਕਰਕੇ ਹਰੀ ਨਾਮ ਨੂੰ ਕਦੇ ਯਾਦ ਨਹੀਂ ਕਰਦਾ। ਜਿਹੜਾ ਨਾਮ ਅੰਤ ਨੂੰ ਇਸ ਦਾ ਸਖਾਈ=ਸਹਾਈ ਹੋਣਾ ਸੀ।

[ਪੰਨਾ ੭੭]

ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ॥

ਇਹ ਪ੍ਰਤੱਖ ਧਨ, ਤੇ ਹਾਥੀ ਘੋੜਾ ਗਊਆਂ ਮੱਝਾਂ ਆਦਿਕ ਸੰਪਦਾ ਜੋ ਭੀ ਮਾਇਆ ਹੈ ਉਹ ਸਭ ਝੂਠੀ ਹੈ। ਜਦ ਅੰਤ ਸਮੇ ਸੰਪਦਾ ਆਦਿਕ ਮਾਇਆ ਨੂੰ ਛੱਡ ਕੇ ਚਲਦਾ ਹੈ ਤਦ ਪਸ਼ਚਾਤਾਪ ਕਰਦਾ ਹੈ।

ਜਿਸ ਨੋ ਕਿਰਪਾ ਕਰੇ ਗੁਰੁ ਮੇਲੇ ਸੋ ਹਰਿ ਹਰਿ ਨਾਮੁ ਸਮਾਲਿ॥

ਉਹ ਪ੍ਰਭੂ ਕਿਰਪਾ ਕਰਕੇ ਜਿਸ ਮਨੁੱਖ ਨੂੰ ਗੁਰਾਂ ਨਾਲ ਮੇਲਦਾ ਹੈ, ਉਹ ਫਿਰ ਹਰਿ ਹਰਿ ਨਾਮ ਨੂੰ ਸੰਭਾਲਦਾ ਰਹਿੰਦਾ ਹੈ।

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਸੇ ਜਾਇ ਮਿਲੇ ਹਰਿ ਨਾਲਿ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਵਿਚ ਉਹ ਗੁਰਮੁਖ ਪ੍ਰਾਣੀ ਜਾ ਕੇ ਹਰੀ ਨਾਲ ਮਿਲ ਜਾਂਦੇ ਹਨ॥ ੩॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਚਲਣ ਵੇਲਾ ਆਈ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਚੌਥੇ ਪਹਿਰੇ ਵਿਚ ਹਰੀ ਨੇ ਹਰ ਇੱਕ ਦੇ ਚਲੇ ਜਾਣ ਦੀ ਵੇਲਾ=ਘੜੀ ਆਂਦੀ ਹੋਈ ਹੈ।

ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ

ਹੇ ਭਾਈ ਵਣਜਾਰਿਆ ਮਿਤ੍ਰਾ ! ਪੂਰਿਆਂ ਸਤਿਗੁਰਾਂ ਦੀ ਸੇਵਾ ਕਰੋ, ਕਿਉਂਕਿ-

ਸਭ ਚਲੀ ਰੈਣਿ ਵਿਹਾਦੀ॥

ਅਵਸਥਾ ਰੂਪੀ ਰਾਤ ਸਾਰੀ ਬੀਤਦੀ ਤੁਰੀ ਜਾਂਦੀ ਹੈ।

ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ

ਛਿਨ ਛਿਨ ਕਾਲ ਵਿਖੇ ਹਰੀ ਨੂੰ ਸੇਵਨਾ ਕਰੋ, ਮੂਲਿ=ਕਦਾਚਿਤ ਢਿਲ=ਦੇਰ ਨਾ ਕਰੋ,

ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ ॥

ਜਿਸ ਸੇਵਾ ਕਰਕੇ ਜੁਗਾਂ ਜੁਗਾਂ ਵਿਚ ਅਸਥਿਰੁ=ਅਚੱਲ ਹੋਵੋਗੇ।

ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖ ਖੋਵਹੁ ॥

ਹਰੀ ਨਾਲ ਮਿਲ ਕੇ ਨਿੱਤ ਹੀ ਰਲੀਆ=ਖੁਸ਼ੀਆਂ ਭੋਗਨਾ ਕਰੋ। ਅਤੇ ਜਨਮ ਮਰਨ ਦੇ ਦੁੱਖਾਂ ਨੂੰ ਖੋਵਹੁ=ਅਭਾਵ ਕਰੋ।

ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ

ਗੁਰ=ਪੂਜਨੀਕ ਸਤਿਗੁਰੂ ਤੇ ਸੁਆਮੀ=ਪ੍ਰਮਾਤਮਾ ਇਨ੍ਹਾਂ ਦੋਹਾਂ ਵਿਚ ਭੇਦੁ=ਫਰਕ ਨਾ ਜਾਣੋ,

ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥

ਜਿਸ ਗੁਰੂ ਨਾਲ ਮਿਲਣ ਕਰਕੇ ਹਰੀ ਦੀ ਭਗਤੀ ਕਰਨੀ ਸੁਖਾਂਦੀ=ਭਾਉਂਦੀ ਹੈ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਸਫਲਿਓੁ ਰੈਣਿ ਭਗਤਾ ਦੀ ॥ ੪ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ–ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਚੌਥੇ ਪਹਿਰੇ ਬੁਢੇਪੇ ਵਿਚ ਭਗਤੀ ਕਰਨ ਵਾਲੇ ਭਗਤਾਂ ਦੀ ਉਮਰਾ ਰੂਪੀ ਰਾਤ ਸਫਲੀ ਹੈ॥ ੪॥ ੧॥ ੩॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਇਹ ਉਪਦੇਸ਼ ਸੁਣ ਕੇ ਅਤੇ ਲਿਖ ਕੇ ਲੈ ਗਏ। ਏਸੇ ਸ਼ਬਦ ਦੇ ਆਸ਼ੇ ਅਨੁਸਾਰ ਸੇਵਾ ਟਹਲ ਨਾਮ ਸਿਮਰਨ ਦੁਆਰਾ ਆਪਣੇ ਜੀਵਨ ਨੂੰ ਸਫਲ ਕਰਦੇ ਰਹੇ।

ਸਮੇਂ ਅਨੁਸਾਰ ਜਿਸ ਵੇਲੇ ਇਨ੍ਹਾਂ ਦੇ ਪੁਤ੍ਰ ਪੋਤਰੇ ਸਿਆਣੇ ਹੋਏ ਤਾਂ ਇਨ੍ਹਾਂ ਦੇ ਮਨ ਵਿਚ ਗੁਰੂ ਸਾਹਿਬਾਂ ਦੇ ਦਰਸ਼ਨਾਂ ਦੀ ਸਿੱਕ ਪੈਦਾ ਹੋ ਗਈ,

ਉਸੀ ਵੇਲੇ ਦੋ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ, ਅਤੇ

ਇੱਕ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵਾਲਾ,

ਤਿੰਨੇ ਸ਼ਬਦ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ, ਸਰੋਵਰ ਵਿਚ ਇਸ਼ਨਾਨ ਕਰਕੇ ਹਰੀਮੰਦਰ ਦੇ ਦਰਸ਼ਨ ਕੀਤੇ ਫੇਰ ਕਿਸੇ ਪ੍ਰੇਮੀ ਤੋਂ ਪੁੱਛ ਕੇ ਰਾਮਸਰ ਸਾਹਿਬ ਵਾਲੀ ਜਗ੍ਹਾ ਉੱਪਰ ਆ ਕੇ ਗੁਰੂ ਸਾਹਿਬਾਂ ਦੇ ਦਰਸ਼ਨ ਕੀਤੇ, ਤਿੰਨੇ ਸ਼ਬਦ ਅੱਗੇ ਰੱਖ ਕੇ ਬੇਨਤੀ ਕੀਤੀ, ਆਪ ਜੀ ਦੇ ਸਤਿਗੁਰਾਂ ਨੇ ਅਸਾਡੇ ਬਜ਼ੁਰਗਾਂ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਉਪਦੇਸ਼ ਦਿੱਤਾ ਹੈ ਆਪ ਕਿਰਪਾ ਕਰਕੇ ਸਾਨੂੰ ਵੀ ਉਪਦੇਸ਼ ਦੇਣਾ ਕਰੋ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਪਹਿਲੇ ਤਿੰਨਾਂ ਸ਼ਬਦਾਂ ਦਾ ਪਾਠ ਕੀਤਾ,

ਫੇਰ ਭਾਈ ਗੁਰਦਾਸ ਜੀ ਨੂੰ ਕਹਿ ਕੇ ਤਿੰਨੇ ਸ਼ਬਦ ਲਿਖਵਾਏ।

ਉਪਰੰਤ ਓਸੇ ਧਾਰਨਾ ਦੇ ਅਧਾਰ ਤੇ ਪੰਚਮ ਪਿਤਾ ਜੀ ਆਪਣੇ ਮੁਖਾਰਬਿੰਦ ਤੋਂ ਬਾਣੀ ਉਚਾਰ ਕੇ ਉਨ੍ਹਾਂ ਵਣਜਾਰਿਆਂ ਨੂੰ ਉਪਦੇਸ਼ ਦਿੰਦੇ ਹਨ।

ਸਿਰੀਰਾਗੁ ਮਹਲਾ ੫ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਪਹਿਲੇ ਪਹਿਰੇ ਵਿਚ ਪ੍ਰਮਾਤਮਾ ਨੇ ਇਸ ਜੀਵ ਦੇ ਆਵਣ ਨੂੰ ਮਾਂ ਦੇ ਪੇਟ ਵਿਚ ਇਕ ਪਾਇਤਾ=ਪੈਂਤੜਾ ਧਰ ਦਿੱਤਾ ਹੈ, ਜੇਹੜਾ ਰਕਤ ਬਿੰਦ ਦਾ ਮਿਲਾਪ ਕੀਤਾ ਹੈ।*

ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ

ਹੇ ਭਾਈ ਵਣਜਾਰਿਆ ਮਿਤ੍ਰਾ ! ਹਰੀ ਨੇ ਦਸੀ ਮਾਸੀ=ਦਸਾਂ ਮਹੀਨਿਆਂ ਵਿਚ ਇਸ ਜੀਵ ਦੀ ਮਨੁੱਖਾ ਦੇਹੀ ਨੂੰ ਬਨਾਣਾ ਕੀਤਾ ਹੈ।

ਕਰਿ ਮੁਹਲਤਿ ਕਰਮ ਕਮਾਹਿ ॥

ਅਤੇ ਕਰਮਾਂ ਦੇ ਕਮਾਵਣ ਦੀ ਮੁਹਲਤਿ=ਮਿਆਦ ਕਰ ਦਿੱਤੀ ਹੈ ਕਿ ਇਤਨਾ ਚਿਰ ਜਗਤ ਵਿਚ ਰਹਿ ਕੇ ਤੈਂਨੇ ਕਰਮ ਕਮਾਣੇ ਹਨ।

ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ ॥

ਕਰਮਾਂ ਦੇ ਕਮਾਵਣ ਦੀ ਮੁਹਲਤਿ=ਮਿਆਦ ਕਰ ਦਿੱਤੀ ਹੈ, ਧੁਰ ਤੋਂ ਭਾਵ ਜਨਮ ਕਾਲ ਤੋਂ ਜੈਸਾ ਲਿਖਤ ਮੱਥੇ ਉੱਪਰ ਲਿਖ ਪਾਇਆ ਹੈ।

ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਪ੍ਰਭੂ ਸੰਜੋਇਆ ॥

ਮਾਂ, ਪਿਉ, ਭਰਾ, ਸੁਤ=ਪੁਤ੍ਰ, ਬਨਿਤਾ=ਇਸਤ੍ਰੀ ਆਦਿਕ ਜੋ ਸਨਬੰਧੀ ਹਨ, ਉਨ੍ਹਾਂ ਦੇ ਵਿਚ ਪ੍ਰਭੂ ਨੇ ਇਸ ਜੀਵ ਨੂੰ ਸੰਜੋਇਆ=ਮੇਲਣਾ ਕੀਤਾ ਹੈ।

ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ ॥

ਪ੍ਰਭੂ ਆਪ ਹੀ ਧੁਰ ਦੀ ਲਿਖਤ ਅਨੁਸਾਰ ਇਸ ਪਾਸੋਂ ਸਮਾਨ ਕਰਮ ਅਤੇ ਸੁਕਰਮ=ਚੰਗੇ ਕਰਮ ਕਰਾਉਂਦਾ ਹੈ, ਇਸ ਜੀਵ ਦੇ ਵਸ ਵਿਚ ਕੁਝ ਭੀ ਨਹੀਂ ਹੈ।

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਧਰਿ ਪਾਇਤਾ ਉਦਰੈ ਮਾਹਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਹੇ ਜੀਵ ਅਵਸਥਾ ਰੂਪ ਰਾਤ ਦੇ ਪਹਿਲੇ ਪਹਿਰੇ ਵਿਚ ਪ੍ਰਭੂ ਨੇ ਧਰਿ=ਫੜ ਕੇ ਇਸ ਨੂੰ ਮਾਂ ਦੇ ਪੇਟ ਵਿਚ ਪਾਇਤਾ=ਪਾ ਦਿੱਤਾ ਹੈ॥ ੧॥

**ਜਿਵੇਂ ਕਿਸੇ ਯਾਤਰੂ ਨੇ ਬਾਹਰ ਯਾਤਰਾ ਲਈ ਜਾਣਾ ਹੈ, ਉਸ ਦੇ ਜਾਣ ਦਾ ਮਹੂਰਤ ਅੱਜ ਹੀ ਨਿਕਲਦਾ ਹੋਵੇ ਪਰ ਕਿਸੇ ਕਾਰਜ ਦੇ ਸਬੱਬ ਕਰਕੇ ਜਾ ਨਹੀਂ ਸਕਦਾ, ਫਿਰ ਉਹ ਆਪਣੇ ਗਲ ਦਾ ਕੋਈ ਕੱਪੜਾ, ਤਾਂਬਾ, ਚਾਵਲ ਤੇ ਹਲਦੀ ਦੀ ਗੰਢੀ ਇਹ ਚਾਰੇ ਚੀਜ਼ਾਂ ਇਕੱਠੀਆਂ ਕਰਕੇ ਸ਼ੁਭ ਮਹੂਰਤ ਸਮੇਂ ਘਰੋਂ ਲਿਜਾ ਕੇ ਉਸ ਪਾਸੇ ਵੱਲ ਰੱਖ ਆਉਂਦਾ ਹੈ ਜਿੱਧਰ ਜਾਣਾ ਹੋਵੇ, ਅਤੇ ਜਾਣ ਦੇ ਸਮੇਂ ਉਨ੍ਹਾਂ ਚੀਜ਼ਾਂ ਦੀ ਪੋਟਲੀ ਨੂੰ ਚੁੱਕ ਕੇ ਨਾਲ ਲੈ ਜਾਂਦਾ ਹੈ, ਏਸੇ ਦਾ ਨਾਂ ਪੈਂਤੜਾ ਹੈ, ਏਸੇ ਨੂੰ ਪਾਇਤਾ ਭੀ ਆਖਦੇ ਹਨ।*

ਏਸੇ ਤਰ੍ਹਾਂ ਜੀਵ ਦੇ ਪਹਿਰਣ ਦਾ ਕੱਪੜਾ ਸਰੀਰ ਹੈ ਇਸ ਸਰੀਰ ਦੀ ਰਚਨਾ ਮਾਂ ਦੇ ਗਰਭ ਵਿਚ ਪ੍ਰਭੂ ਨੇ ਸ਼ੁਰੂ ਕਰ ਦਿੱਤੀ ਹੈ, ਏਹੀ ਮਾਨੋ ਜੀਵ ਦੀ ਸੰਸਾਰਕ ਯਾਤਰਾ ਲਈ ਪਹਿਲੇ ਪੈਂਤੜਾ ਧਰ ਦਿੱਤਾ ਹੈ।

ਦੂਜੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ॥

ਹੇ ਭਾਈ ਵਣਜਾਰਿਆ ਮਿਤ੍ਰਾ! ਅਵਸਥਾ ਰੂਪੀ ਰਾਤ ਦੇ ਦੂਜੇ ਪਹਿਰੇ ਵਿਚ ਜਿਸ ਵੇਲੇ ਜੋਬਨ ਅਵਸਥਾ ਰੂਪ ਨਦੀ ਬਲ ਰੂਪ ਜਲ ਨਾਲ ਭਰੀ, ਤਾਂ ਕਾਮ ਕ੍ਰੋਧ ਆਦਿਕਾਂ ਰੂਪੀ ਲਹਿਰਾਂ ਦੇਂਦੀ ਹੈ।

ਅਥਵਾ:-ਜਿਸ ਵੇਲੇ ਭਰ ਜੁਆਨੀ ਆਉਂਦੀ ਹੈ ਤਾਂ ਲਹਰੀ=ਠਾਠਾਂ ਮਾਰਦੀ ਹੈ।

ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ॥

ਹੇ ਭਾਈ ਵਣਜਾਰਿਆ ਮਿਤ੍ਰਾ ! ਉਸ ਵੇਲੇ ਜੀਵ ਭਲਾ ਬੁਰਾ ਨਹੀਂ ਪਛਾਣਦਾ, ਕਿਉਂਕਿ ਏਵ=ਨਿਸਚੇ ਕਰਕੇ ਹੰਕਾਰ ਵਿਚ ਮਨ ਮਸਤ੍ਰਿਆ ਹੁੰਦਾ ਹੈ।

ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ॥

ਹੁਣ ਤਾਂ ਜੀਵ ਚੰਗੇ ਮੰਦੇ ਕਰਮਾਂ ਨੂੰ ਪਛਾਣਦਾ ਨਹੀਂ ਹੈ, ਪਰ ਅੱਗੇ ਇਸ ਨੂੰ ਕਰਾਰਾ=ਕਰੜੇ ਭਾਵ ਔਖੇ ਰਸਤੇ 'ਚੋਂ ਲੰਘਣਾ ਪਵੇਗਾ।

ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ॥

ਹੇ ਪੁਰਸ਼ਾ ! ਤੈਂਨੇ ਪੂਰਿਆਂ ਸਤਿਗੁਰਾਂ ਨੂੰ ਕਦੇ ਵੀ ਸੇਵਿਆ ਨਹੀਂ ਹੈ, ਯਾਦ ਰੱਖ ! ਤੇਰੇ ਸਿਰ ਉੱਪਰ ਜੰਦਾਰਾ=ਜਿੰਦ ਦਾ ਅਰੀ ਜਮ ਜੰਦਾਰਾ=ਡੰਡਾ ਲੈ ਕੇ ਠਾਢੇ=ਖੜਾ ਹੈ।

ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ॥

ਹੇ ਬਵਰੇ=ਝੱਲਿਆ ਪੁਰਸ਼ਾ ! ਜਿਸ ਵੇਲੇ ਧਰਮ ਰਾਜਾ ਤੈਨੂੰ ਫੜੇਗਾ ਤਿਸ ਵੇਲੇ ਤੂੰ ਉਸ ਅੱਗੇ ਕੀ ਉੱਤਰ ਦੇਵੇਂਗਾ।

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਭਰਿ ਜੋਬਨੁ ਲਹਰੀ ਦੇਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਜੀਵ ! ਅਵਸਥਾ ਰੂਪੀ ਰਾਤ ਦੇ ਦੂਜੇ ਪਹਿਰੇ ਵਿਚ ਜਿਸ ਵੇਲੇ ਜੋਬਨ ਅਵਸਥਾ ਰੂਪ ਨਦੀ ਬਲ ਰੂਪ ਜਲ ਨਾਲ ਭਰੀ ਤਾਂ ਕਾਮ ਆਦਿਕਾਂ ਰੂਪੀ ਲਹਿਰਾਂ ਦੇਂਦੀ ਹੈ॥ ੨॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਵਿਚ ਅਧਖੜ ਉਮਰਾ ਵਿਚ ਅੰਨ੍ਹਾ ਅਗਿਆਨੀ ਜੀਵ ਬਿਖੁ ਸੰਚੈ=ਮਾਇਆ ਇਕੱਠੀ ਕਰਦਾ ਹੈ।

ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ॥

ਹੇ ਭਾਈ ਵਣਜਾਰਿਆ ਮਿਤ੍ਰਾ ! ਪੁੱਤ੍ਰ ਤੇ 'ਕਲਤ੍ਰਿ'=ਇਸਤ੍ਰੀ ਦੇ ਮੋਹ ਵਿਚ ਲੰਪਟ ਹੋ ਰਿਹਾ ਹੈਂ। ਅਤੇ ਹਿਰਦੇ ਅੰਦਰ ਲੋਭਾਨੁ=ਪਦਾਰਥਾਂ ਦੀ ਲਹਰਿ=ਤ੍ਰਿਸ਼ਨਾਂ ਉਠ ਰਹੀ ਹੈ।

ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ॥

ਇਸ ਜੀਵ ਦੇ ਹਿਰਦੇ ਅੰਦਰ ਲੋਭਾਨੁ=ਪਦਾਰਥਾਂ ਦੀ ਲਹਰਿ=ਤ੍ਰਿਸ਼ਨਾਂ ਲਗ ਰਹੀ ਹੈ, ਜਿਸ ਤ੍ਰਿਸ਼ਨਾਂ ਕਰਕੇ ਉਸ ਪ੍ਰਭੂ ਨੂੰ ਚਿੱਤ ਵਿਚ ਨਹੀਂ ਲਿਆਉਂਦਾ।

ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ॥

ਪ੍ਰਭੂ ਦੀ ਸਤਸੰਗਤ ਨਾਲ ਸੰਗੁ=ਮੇਲ ਨਹੀਂ ਕਰਦਾ, ਇਸ ਕਰਕੇ ਬਹੁਤ ਜੂਨੀਆਂ ਵਿਚ ਫਿਰਨ ਦੇ ਦੁਖ ਨੂੰ ਪਾਂਦਾ ਹੈ।

ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ॥

ਇਸ ਜੀਵ ਨੇ ਸਭ ਦੇ ਪੈਦਾ ਕਰਨ ਵਾਲੇ ਸੁਆਮੀ=ਪ੍ਰਮਾਤਮਾ ਨੂੰ ਭੁਲਾ ਦਿੱਤਾ ਹੈ।

ਇਕ ਨਿਮਖ ਮਾਤ੍ਰ ਵੀ ਉਸ ਦੇ ਧਿਆਨ ਵਿਚ ਨਹੀਂ ਲੱਗਾ।

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੇ ਅੰਧੁ ਅਗਿਆਨੁ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਜੀਵ ਅਵਸਥਾ ਰੂਪ ਰਾਤ ਦੇ ਤੀਜੇ ਪਹਿਰੇ ਅਧਖੜ ਉਮਰਾ ਵਿਚ ਅੰਨ੍ਹਾਂ ਅਗਿਆਨੀ ਜੀਵ ਵਿਸ਼ੇ ਵਿਕਾਰਾਂ ਨੂੰ, *ਅਥਵਾ:*-ਮਾਇਆ ਨੂੰ ਇਕੱਠਾ ਕਰਦਾ ਹੈ॥ ੩॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਦਿਨੁ ਨੇੜੈ ਆਇਆ ਸੋਇ॥

ਹੇ ਭਾਈ ਵਣਜਾਰਿਆ ਮਿਤ੍ਰਾ ! ਅਵਸਥਾ ਰੂਪੀ ਰਾਤ ਦੇ ਚੌਥੇ ਪਹਿਰੇ ਵਿਚ ਉਹ ਦਿਨ ਨੇੜੇ ਆ ਗਿਆ ਹੈ, ਜਿਸ ਦਿਨ ਇੱਥੋਂ ਤੁਰ ਜਾਣਾ ਹੈ।

ਗੁਰਮੁਖਿ ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ ਤੇਰਾ ਦਰਗਹ ਬੇਲੀ ਹੋਇ॥

ਹੇ ਭਾਈ ਵਣਜਾਰਿਆ ਮਿਤ੍ਰਾ ! ਤੂੰ ਗੁਰਮੁਖ ਬਣ ਕੇ ਗੁਰਾਂ ਦੁਆਰੇ ਨਾਮ ਨੂੰ ਸੰਭਾਲਣਾ ਕਰ। ਉਹ ਪ੍ਰਭੂ ਦਾ ਨਾਮ ਦਰਗਹ ਵਿਚ ਤੇਰਾ ਬੇਲੀ=ਸਹਾਇਕ ਹੋਵੇਗਾ।

ਗੁਰਮੁਖਿ ਨਾਮੁ ਸਮਾਲਿ ਪਰਾਣੀ ਅੰਤੇ ਹੋਇ ਸਖਾਈ॥

ਹੇ ਜੀਵ ! ਗੁਰਮੁਖ ਬਣਕੇ ਗੁਰਾਂ ਦੁਆਰੇ ਸਤਿਨਾਮ ਨੂੰ ਸੰਭਾਲਣਾ ਕਰ, ਅੰਤਮ ਸਮੇਂ ਵਿਚ ਉਹ ਨਾਮ ਹੀ ਤੇਰਾ ਸਖਾਈ=ਸਹਾਈ ਹੋਵੇਗਾ।

[ਪੰਨਾ ੭੮]

ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ॥

ਜਿਸ ਮਾਇਆ ਵਿਚ ਤੂੰ ਮੋਹ ਕਰ ਰਿਹਾ ਹੈਂ, ਇਹ ਮਾਇਆ ਤੇਰੇ ਨਾਲ ਨਹੀਂ ਚਲੇਗੀ। ਤੈਨੇ ਝੂਠੀ ਮਾਇਆ ਨਾਲ ਝੂਠੀ ਹੀ ਪ੍ਰੀਤੀ ਲਗਾਈ ਹੋਈ ਹੈ।

ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ॥

ਤੇਰੀ ਅਵਸਥਾ ਰੂਪੀ ਸਾਰੀ ਰਾਤ ਅਗਿਆਨ ਰੂਪ ਹਨੇਰੇ ਵਿਚ ਗੁਜ਼ਰਦੀ ਜਾ ਰਹੀ ਹੈ, ਸਤਿਗੁਰਾਂ ਦੀ ਸੇਵਾ ਕਰ, ਤਾਂ ਇਸ ਹਨੇਰੇ ਨੂੰ ਨਾਸ ਕਰਨ ਵਾਲਾ ਚਾਨਣ ਹੋਇ=ਗਿਆਨ ਹੋਵੇਗਾ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਦਿਨੁ ਨੇੜੈ ਆਇਆ ਸੋਇ॥ ੪॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਾਣੀ ! ਅਵਸਥਾ ਰੂਪੀ ਰਾਤ ਦੇ ਚੌਥੇ ਪਹਿਰੈ ਵਿਚ ਉਹ ਮਰਨ ਵਾਲਾ ਦਿਨ ਨੇੜੇ ਆ ਗਿਆ ਹੈ॥ ੪॥

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ

ਹੇ ਭਾਈ ਵਣਜਾਰਿਆ ਮਿਤ੍ਰਾ! ਜਿਸ ਵੇਲੇ ਗੋਵਿੰਦ ਦਾ ਲਿਖਿਆ ਹੋਇਆ ਸਮਾਂ ਪੂਰਾ ਹੋ ਆਇਆ,

ਅਥਵਾ:-ਗੋਵਿੰਦ ਦਾ ਲਿਖਿਆ ਹੋਇਆ ਪ੍ਰਵਾਨਾ ਲੈ ਕੇ ਜਿਸ ਵੇਲੇ ਜਮ ਆਇਆ, ਤਾਂ

ਉਠਿ ਚਲੇ ਕਮਾਣਾ ਸਾਥਿ॥

ਤੀਰ ਕਮਾਣਾਂ ਵਾਲੇ ਜਮਦੂਤਾਂ ਦੇ ਨਾਲ ਹੀ ਉੱਠ ਕੇ ਤੁਰ ਪੈਂਦਾ ਹੈ।

ਅਥਵਾ:-ਜੋ ਇਸਨੇ ਚੰਗਾ ਮੰਦਾ ਕਰਮ ਕਮਾਇਆ ਹੈ ਉਸ ਨੂੰ ਨਾਲ ਲੈ ਕੇ ਉੱਠ ਚਲਦਾ ਹੈ।

ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ

ਹੇ ਭਾਈ ਵਣਜਾਰਿਆ ਮਿਤ੍ਰਾ ! ਇੱਕ ਰੱਤੀ ਭਰ ਵੀ ਜੀਵ ਨੂੰ ਬਿਲਮ=ਦੇਰ ਭਾਵ ਢਿੱਲ ਨਹੀਂ ਦੇਂਦੇ।

ਓਨੀ ਤਕੜੇ ਪਾਏ ਹਾਥ॥

ਉਨ੍ਹਾਂ ਜਮਦੂਤਾਂ ਨੇ ਤਕੜੇ=ਪੱਕੇ ਹੱਥ ਪਾਏ ਹਨ।

ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ॥

ਲਿਖਿਆ ਹੋਇਆ ਸਮਾਂ ਜਿਸ ਵੇਲੇ ਪੂਰਾ ਹੋ ਆਇਆ। *ਅਥਵਾ:*-ਜਿਸ ਵੇਲੇ ਗੋਵਿੰਦ ਦਾ ਲਿਖਿਆ ਹੋਇਆ ਪਰਵਾਨਾ ਲੈ ਕੇ ਜਮਦੂਤ ਆਇਆ ਤੇ ਜੀਵਾਂ ਨੂੰ ਫੜ ਕੇ ਅੱਗੇ ਤੋਰ ਲਿਆ ਉਸ ਵੇਲੇ ਮਨਮੁਖ ਪੁਰਸ਼ ਸਦਾ ਹੀ ਦੁਹੇਲੇ=ਦੁਖੀ ਹੁੰਦੇ ਹਨ।

ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ॥

ਪਰ ਜਿਨ੍ਹਾਂ ਨੇ ਪੂਰਿਆਂ ਸਤਿਗੁਰਾਂ ਨੂੰ ਸੇਵਨਾ ਕੀਤਾ ਹੈ, ਸੇ=ਉਹ ਗੁਰਮੁਖ ਪ੍ਰਲੋਕ ਦਰਗਾਹ ਵਿਚ ਸਦਾ ਸੁਹੇਲੇ=ਸੁਖੀ ਰਹਿੰਦੇ ਹਨ।

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ॥

ਇਸ ਕਲਜੁਗ ਦੇ ਅੰਦਰ ਏਹ ਸਰੀਰ ਕਰਮਾਂ ਰੂਪ ਬੀਜ ਦੇ ਬੀਜਨ ਦੀ ਧਰਤੀ ਹੈ।

ਅਥਵਾ:-ਭਾਰਥ ਖੰਡ ਦੀ ਧਰਤੀ, ਮਨੁੱਖ ਸਰੀਰ, ਅਤੇ ਕਲਜੁਗ ਦਾ ਸਮਾਂ, ਇਹ ਤਿੰਨੇ ਕਰਮ ਧਰਤੀਆਂ ਹਨ, ਇਨ੍ਹਾਂ ਦੇ ਅੰਦਰ ਜੋ ਭੀ ਕਰਮਾਂ ਰੂਪ ਬੀਜ ਬੀਜਦਾ ਹੈ, ਉਸ ਅਨੁਸਾਰ ਓਹੀ ਫਲ ਖਾਤਿ=ਖਾਂਦਾ ਹੈ।

ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ॥੫॥੧॥੪॥

ਗੁਰੂ ਜੀ ਕਥਨ ਕਰਦੇ ਹਨ-ਭਗਤੀ ਦੇ ਕਰਨ ਵਾਲੇ ਭਗਤ ਹਮੇਸ਼ਾਂ ਪ੍ਰਭੂ ਦੇ ਦਰਬਾਰ ਵਿਚ ਸੋਭਦੇ ਹਨ। ਅਤੇ ਮਨਮੁਖ ਪੁਰਸ਼ ਨਿੱਤ ਹੀ ਜੂਨੀਆਂ ਵਿਚ ਭਵਾਤਿ=ਭੁਆਏ ਜਾਂਦੇ ਹਨ॥ ੫॥ ੧॥ ੪॥

ਸਿਰੀਰਾਗੁ ਮਹਲਾ ੪ ਘਰੁ ੨ ਛੰਤ

ਛੰਤ=ਛੰਦ ਦੀ ਚਾਲ ਹੈ, *ਅਥਵਾ:*-ਪ੍ਰਭੂ ਦਾ ਛੰਤ=ਜਸ ਉਚਾਰਨ ਕਰਦੇ ਹਨ।

ੴ ਸਤਿਗੁਰ ਪ੍ਰਸਾਦਿ॥

(ਪਹਿਲੀ ਪੰਗਤੀ ਦੇ ਵਿਚ ਹੀ ਜਗਿਆਸੂ ਬੇਨਤੀ ਕਰਦਾ ਹੈ)

ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ॥

ਜੀਵ ਰੂਪੀ ਮੁੰਧ=ਇਸਤ੍ਰੀ ਮਾਤਲੋਕ ਰੂਪੀ ਪੇਈਅੜੈ=ਪੇਕੇ ਘਰ ਵਿਚ ਇਆਣੀ=ਅਗਿਆਤ ਹੋ ਰਹੀ ਹੈ, ਆਪ ਕਿਰਪਾ ਕਰਕੇ ਦੱਸੋ ! ਇਹ ਇਸਤ੍ਰੀ ਹਰੀ ਰੂਪ ਪਤੀ ਦਾ ਦਰਸ਼ਨ ਕਿਸ ਪ੍ਰਕਾਰ ਵੇਖਣਾ ਕਰੇ?

ਗੁਰ ਉੱਤਰ-

ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ॥

ਦੁਖਾਂ ਦੇ ਹਰਨੇ ਵਾਲਾ ਹਰੀ ਜੇਕਰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ, ਤਾਂ ਹੀ ਜੀਵ ਰੂਪ ਇਸਤ੍ਰੀ ਗੁਰਮੁਖਿ= ਗੁਰਾਂ ਦੁਆਰੇ ਸਾਹੁਰੜੈ=ਪ੍ਰਲੋਕ ਘਰ ਵਿਚ ਸੁਖ ਸਹਿਤ ਵੱਸਣ ਦੇ ਕੰਮ ਸਿੱਖਦੀ ਹੈ।

*ਅਥਵਾ:-*ਸਾਹੁਰੜੈ ਨਾਮ ਪ੍ਰਲੋਕ ਦਾ ਹੈ, ਪ੍ਰਲੋਕ ਦਾ ਅਰਥ ਕਰਨਾ ਲੋਕਾਂ ਤੋਂ ਪਰੇ ਜੋ ਪ੍ਰਮਾਤਮਾ ਹੈ ਉਸ ਦੀ ਪ੍ਰਾਪਤੀ ਦੇ ਕੰਮ ਨੂੰ ਸਿੱਖਦੀ ਹੈ।

ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ॥

ਗੁਰਮੁਖਿ=ਗੁਰਾਂ ਦੁਆਰੇ ਪ੍ਰਲੋਕ ਰੂਪੀ ਸੋਹਰੇ ਘਰ ਵਿਚ ਸੁਖ ਸਹਿਤ ਵੱਸਣ ਦੇ ਕੰਮ ਸਿੱਖਦੀ ਹੈ,

*ਅਥਵਾ:-*ਸਾਹੁਰੜੈ ਨਾਮ ਪ੍ਰਲੋਕ ਦਾ ਹੈ, ਲੋਕਾਂ ਤੋਂ ਪਰੇ ਜੋ ਪ੍ਰਮਾਤਮਾ ਹੈ ਉਸ ਦੀ ਪ੍ਰਾਪਤੀ ਦੇ ਕੰਮ ਸਿੱਖਦੀ ਹੈ, *ਪ੍ਰਸ਼ਨ:-*ਕੇਹੜੇ ਕੰਮ ਸਿੱਖਦੀ ਹੈ?

*ਉੱਤਰ-*ਗੁਰਾਂ ਦੁਆਰੇ ਸਦਾ ਹੀ ਹਰਿ ਹਰਿ ਨਾਮ ਨੂੰ ਧਿਆਉਂਦੀ ਹੈ।

ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ॥

ਪੁਨਾ ਉਹ ਇਸਤ੍ਰੀ ! ਮਹਾਤਮਾਂ ਰੂਪ ਸਹੀਆ=ਸਖੀਆਂ ਵਿਚ ਸੁਹੇਲੀ-ਸੁਖੀ ਹੋਈ ਫਿਰਦੀ ਹੈ, ਅਤੇ ਹਰੀ ਦੀ ਦਰਗਾਹ ਵਿਚ ਬੁੱਧੀ ਰੂਪ ਬਾਂਹ ਲੁਡਾ ਕੇ ਭਾਵ ਬੇਫਿਕਰ ਹੋ ਕੇ ਜਾਂਦੀ ਹੈ।

ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ॥

ਧਰਮਰਾਜ ਦੀ ਕਚਹਿਰੀ ਵਿਚ ਜੋ ਬਾਕੀ ਲੇਖਾ ਦੇਣਾ ਰਹਿੰਦਾ ਸੀ, ਉਸ ਲੇਖੇ ਨੂੰ ਹਰਿ ਹਰਿ ਦਾ ਨਾਮ ਜਪ ਕੇ ਕਿਰਖੈ=ਖਿੱਚ ਲਿਆ ਅਰਥਾਤ ਮੁਕਾ ਦਿੱਤਾ।

ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ॥ ੧॥

ਜੋ ਜੀਵ ਰੂਪ ਮੁੰਧ=ਇਸਤ੍ਰੀ ਮਾਤਲੋਕ ਰੂਪੀ ਪੇਕੇ ਘਰ ਵਿਚ ਇਆਣੀ=ਅਗਿਆਤ ਹੋ ਰਹੀ ਸੀ, ਉਸ ਨੇ ਗੁਰਮੁਖਿ=ਗੁਰਾਂ ਦੁਆਰੇ ਹਰੀ ਰੂਪ ਪਤੀ ਦਾ ਦਰਸ਼ਨ ਦੇਖ ਲਿਆ ਹੈ॥ ੧॥

ਜਿਸ ਇਸਤ੍ਰੀ ਨੂੰ ਪ੍ਰਮੇਸਰ ਪਤੀ ਦੀ ਪ੍ਰਾਪਤੀ ਹੋਈ ਹੈ, ਉਹ ਆਪਣੀ ਬਿਵਸਥਾ ਸੰਤਾਂ ਨੂੰ ਸੁਣਾਂਦੀ ਹੈ।

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥

ਹੇ ਮੇਰੇ ਬਾਬੁਲਾ=ਪਿਆਰੇ ਸੰਤ ਜਨੋ ! ਹੁਣ ਮੇਰਾ ਪ੍ਰਮੇਸ਼ਰ ਰੂਪ ਪਤੀ ਨਾਲ ਵਿਆਹ ਹੋ ਗਿਆ ਹੈ, ਸੰਤਾਂ ਨੇ ਪੁੱਛਿਆ ਕਿਵੇਂ ਤੇਰਾ ਵਿਆਹ ਹੋਇਆ ਹੈ? *ਉੱਤਰ-*

ਗੁਰਾਂ ਦੁਆਰੇ ਮੈਂਨੇ ਹਰੀ ਰੂਪ ਪਤੀ ਨੂੰ ਪਾਇਆ ਹੈ।

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥

ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਪ੍ਰਚੰਡੁ=ਤੀਛਨ ਗਿਆਨ ਰੂਪ ਦੀਵਾ ਬਲਾਇਆ=ਜਗਾਇਆ ਭਾਵ ਬਾਲਿਆ ਤਾਂ ਅਗਿਆਨ ਰੂਪੀ ਹਨੇਰਾ ਕੱਟਿਆ ਗਿਆ ਅਰਥਾਤ ਨਵਿਰਤ ਹੋ ਗਿਆ।

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ

ਗੁਰਾਂ ਦੁਆਰੇ ਗਿਆਨ ਰੂਪ ਦੀਵਾ ਬਲਿਆ=ਜਗਿਆ, ਤਾਂ ਅਗਿਆਨ ਰੂਪ ਹਨੇਰਾ ਬਿਨਸ ਗਿਆ, ਅਗਿਆਨ ਰੂਪ ਹਨੇਰੇ ਦੇ ਦੂਰ ਹੋਣ ਤੇ-

ਹਰਿ ਰਤਨੁ ਪਦਾਰਥੁ ਲਾਧਾ॥

ਹਰੀ ਰੂਪ ਰਤਨੁ=ਅਮੋਲਕ ਪਦਾਰਥ ਨੂੰ ਅੰਤਹਕਰਨ ਰੂਪ ਘਰ ਅੰਦਰੋਂ ਹੀ ਲੱਭ ਲਿਆ।

ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥

ਜਿਸ ਵੇਲੇ ਗੁਰਾਂ ਦੀ ਸਿੱਖਿਆ ਦੁਆਰੇ ਆਪ ਉੱਦਮ ਕਰਕੇ ਆਪਾ ਭਾ ਹੰਕਾਰ ਨੂੰ ਖਾਧਾ=ਖਾ ਲਿਆ ਅਰਥਾਤ ਅਭਾਵ ਕੀਤਾ, ਤਾਂ ਹੰਗਤਾ ਮਮਤਾ ਰੂਪੀ ਰੋਗ ਦੂਰ ਹੋ ਗਿਆ, ਹਉਮੈ ਦੇ ਦੂਰ ਹੋਣ ਤੇ ਜਨਮ ਮਰਨ ਦਾ ਦੁਖ ਲਹਿ ਗਿਆ, ਤਾਂ ਆਪਣੇ ਸਰੂਪ ਨੂੰ ਆਪ ਖਾਧਾ=ਧਾਰਨ ਕੀਤਾ।

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥

ਅਬਿਨਾਸੀ=ਨਾਸ ਤੋਂ ਰਹਿਤ ਅਕਾਲ ਸਰੂਪ ਪਤੀ ਨੂੰ ਪਾ ਲਿਆ ਹੈ। ਜੋ ਪਤੀ ਨਾ ਕਦੇ ਮਰਦਾ ਹੈ ਨਾ ਜੰਮਦਾ ਹੈ। *ਅਥਵਾ:*-ਜੋ ਕਦੇ ਮਰਦਾ ਨਹੀਂ ਅਤੇ ਨਾ ਹੀ ਛੱਡ ਕੇ ਜਾਇਆ=ਜਾਂਦਾ ਹੈ।

ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥ ੨॥

ਹੇ ਮੇਰੇ ਬਾਬੋਲਾ=ਪਿਆਰੇ ਸੰਤ ਜਨੋ! ਇਸ ਤਰੀਕੇ ਨਾਲ ਮੇਰਾ ਵਿਆਹ ਹੋ ਗਿਆ ਹੈ, ਮੈਨੇ ਗੁਰਾਂ ਦੁਆਰੇ ਹਰੀ ਪਤੀ ਨੂੰ ਪਾ ਲਿਆ ਹੈ॥ ੨॥

ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ॥

ਹੇ ਮੇਰੇ ਬਾਬੁਲਾ=ਪਿਆਰੇ ਸੰਤ ਜਨੋ! ਜਿਸ ਹਰੀ ਰੂਪ ਪਤੀ ਨਾਲ ਮੇਰਾ ਵਿਆਹ ਹੋਇਆ ਹੈ, ਉਹ ਹਰੀ ਪਤੀ ਸਤਿ=ਨਿਸਚੇ ਕਰਕੇ ਸੱਤ ਸਰੂਪ ਹੈ। ਉਸ ਹਰੀ ਦੇ ਜੋ ਸੰਤ ਜਨ ਆ ਕੇ ਮਿਲੇ ਹਨ ਏਹੋ ਸੋਭਨੀਕ ਜੰਞ ਹੈ।

ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ॥

ਮਾਤ ਲੋਕ ਰੂਪੀ ਪੇਕੇ ਘਰ ਵਿਚ ਜੇਹੜੀ ਇਸਤ੍ਰੀ ਹਰੀ ਨਾਮ ਨੂੰ ਜਪਕੇ ਸੁਹੇਲ=ਸੁਖੀ ਹੋਈ ਹੈ, ਉਹ ਪ੍ਰਲੋਕ ਰੂਪੀ ਸੋਹਰੇ ਘਰ ਵਿਚ ਭੀ ਖਰੀ ਸੋਹੰਦੀ=ਚੰਗੀ ਸੋਭਾ ਵਾਲੀ ਹੁੰਦੀ ਹੈ।

ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ॥

ਉਹ ਪ੍ਰਲੋਕ ਰੂਪੀ ਸੋਹਰੇ ਘਰ ਵਿਚ ਖਰੀ=ਚੰਗੀ ਸੋਭਾ ਵਾਲੀ ਹੁੰਦੀ ਹੈ, ਜਿਸ ਜੀਵ ਰੂਪ ਇਸਤ੍ਰੀ ਨੇ ਮਾਤਲੋਕ ਰੂਪੀ ਪੇਵਕੜੈ=ਪੇਕੇ ਘਰ ਵਿਚ ਹਰੀ ਨਾਮ ਨੂੰ ਸਮਾਲਿਆ=ਸਿਮਰਿਆ ਹੈ।

ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ

ਉਨ੍ਹਾਂ ਗੁਰਮੁਖਾਂ ਦਾ ਮਨੁੱਖਾ ਜਨਮ ਸਭ ਤਰ੍ਹਾਂ ਕਰਕੇ ਸਫਲਾ ਹੈ।

ਜਿਨਾ ਮਨੁ ਜਿਣਿ ਪਾਸਾ ਢਾਲਿਆ॥

ਜਿਨ੍ਹਾਂ ਨੇ ਮਨ ਦੇ ਜਿੱਤਨੇ ਰੂਪੀ ਪਾਸਾ ਢਾਲਿਆ ਹੈ।

ਅਥਵਾ:-ਜਿਨ੍ਹਾਂ ਨੇ ਮਨ ਨੂੰ ਜਿੱਤਕੇ ਸੰਸਾਰ ਵੱਲੋਂ ਪਾਸਾ ਢਾਲਿਆ=ਮੋਢਾ ਫੇਰਿਆ ਹੈ, ਅਰਥਾਤ ਸੰਸਾਰ ਨੂੰ ਪਿੱਠ ਦੇ ਦਿੱਤੀ ਹੈ।

ਅਥਵਾ:-ਜਿਨ੍ਹਾਂ ਨੇ ਮਨ ਨੂੰ ਜਿੱਤ ਕੇ ਤਿੰਨਾਂ ਗੁਣਾਂ ਰੂਪੀ ਪਾਸਾ ਢਾਲਿਆ ਹੈ, ਅਰਥਾਤ ਤਿੰਨਾਂ ਗੁਣਾਂ ਤੋਂ ਰਹਿਤ ਹੋਏ ਹਨ।

ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ॥

ਹਰੀ ਦੇ ਸੰਤ ਜਨਾਂ ਨਾਲ ਮਿਲਣ ਕਰਕੇ ਮੇਰਾ ਮੋਖਛ ਰੂਪੀ ਕਾਰਜ ਸੋਹਿਆ=ਸੋਭਨੀਕ ਹੋਇਆ ਹੈ, ਵਾ-ਮੋਖਛ ਰੂਪੀ ਕਾਰਜ ਸੋਹਿਆ=ਸੋਰ ਗਿਆ ਹੈ।

ਅਨੰਦੀ ਪੁਰਖ ਜੋ ਪ੍ਰਮਾਤਮਾ ਹੈ ਉਸ ਵਰੁ=ਪਤੀ ਨੂੰ ਮੈਂਨੇ ਪਾਇਆ ਹੈ।

ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੁੋਹੰਦੀ॥ ੩॥

ਹੇ ਮੇਰੇ ਬਾਬੋਲਾ=ਪਿਆਰੇ ਸੰਤ ਜਨੋਂ! ਜਿਸ ਅਨੰਦੀ ਪੁਰਖ ਨਾਲ ਮੇਰਾ ਵਿਆਹ ਹੋਇਆ ਹੈ ਉਹ ਹਰੀ ਸਤਿ=ਨਿਸਚੇ ਕਰਕੇ ਸੱਤ ਸਰੂਪ ਹੈ। ਹਰੀ ਦੇ ਜੋ ਮਹਾਤਮਾ ਜਨ ਆ ਕੇ ਮਿਲੇ ਹਨ ਏਹੋ ਸੋਭਨੀਕ ਜੰਞ ਹੈ॥ ੩॥

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥

ਜਿਵੇਂ ਵਿਆਹ ਦੇ ਮੌਕੇ ਪ੍ਰਤੱਖ ਪਿਉ ਆਪਣੀ ਲੜਕੀ ਨੂੰ ਦਾਜ ਦੇਂਦਾ ਹੈ। ਤਿਵੇਂ-ਹੇ ਮੇਰੇ ਪਿਤਾ ਦੀ ਨਿਆਈਂ ਬਾਬੁਲਾ=ਪਿਆਰੇ ਸਤਿਗੁਰੋ ਹਰਿ ਹਰਿ ਜੋ ਪ੍ਰਭ=ਰੱਖਕ ਹੈ ਤਿਸ ਦੇ ਨਾਮਾਂ ਰੂਪੀ ਦਾਜ ਦਾ ਦਾਨ ਮੈਨੂੰ ਦੇਣਾ ਕਰੋ।

[ਪੰਨਾ ੭੯]

ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥

ਹਰੀ ਨਾਮ ਰੂਪੀ ਕੱਪੜਾ ਦੇਵੋ, ਅਤੇ ਹਰੀ ਪ੍ਰਭੂ ਦੀ ਸੋਭਾ ਕਰਨੀ ਦੇਵੋ।

ਅਥਵਾ:-ਹਰਿ ਹਰਿ ਦੀ ਸੋਭਾ ਕਰਨੇ ਰੂਪੀ ਕੱਪੜਾ ਮੈਨੂੰ ਦੇਵੋ।

ਜਿਸ ਕਰਕੇ ਮੇਰਾ ਮੁਕਤੀ ਰੂਪੀ ਕਾਰਜ ਸੁਧਰ ਜਾਵੇ।

ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥

ਹਰਿ ਹਰਿ ਦੀ ਭਗਤੀ ਕਰਨ ਨਾਲ ਮੁਕਤੀ ਰੂਪ ਕਾਰਜ ਸੋਭਨੀਕ ਹੁੰਦਾ ਹੈ। ਗੁਰਿ ਸਤਿਗੁਰਿ=ਹੇ ਪੂਜਨੀਕ ਸਤਿਗੁਰੋ ! ਆਪ ਜੀ ਦੇ ਪਾਸੋਂ ਨਾਮ ਭਗਤੀ ਰੂਪੀ ਦਾਨ ਪ੍ਰਮੇਸ਼ਰ ਨੇ ਕਿਰਪਾ ਕਰਕੇ ਦਿਵਾਇਆ ਹੈ।

ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥

ਹਰੀ ਨਾਮ ਕਰਕੇ ਖੰਡਾਂ ਬ੍ਰਹਮੰਡਾਂ ਵਿਚ ਹਰ ਤਰ੍ਹਾਂ ਦੀ ਸੋਭਾ ਹੋ ਰਹੀ ਹੈ, ਇਹ ਨਾਮ ਦਾਨ ਹੋਰ ਵਿਹਾਰਕ

ਦਾਨਾਂ ਨਾਲ ਰਲਾਇਆ ਹੋਇਆ ਰਲ ਨਹੀਂ ਸਕਦਾ।

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥

ਨਾਮ ਤੋਂ ਬਿਨਾਂ ਹੋਰ ਵਿਆਹ ਸਮੇਂ ਮਨਮੁਖ ਪੁਰਸ਼ ਇਕ ਕਮਰੇ ਵਿਚ ਬੇ-ਕੀਮਤੇ ਸੂਟ, ਗਹਿਣੇ, ਭਾਂਡੇ, ਬਿਸਤਰੇ ਆਦਿਕ ਅਨਮੁੱਲੇ ਪਦਾਰਥਾਂ ਦਾ ਦਾਜ ਨੰਗਾ ਰੱਖ ਕੇ ਆਪਣੀ ਵਡਿਆਈ ਵਾਸਤੇ ਲੋਕਾਂ ਨੂੰ ਵਿਖਾਂਦੇ ਹਨ।

ਉਸ ਦਿੱਤੇ ਦਾਜ ਦਾ ਹੰਕਾਰ ਕਰਨਾ ਕੂੜ=ਝੂਠਾ ਹੈ, ਅਤੇ ਬਹੁਤ ਸਾਰਾ ਦਾਜ ਦੇ ਕੇ ਜੋ ਕੁੜਮਾਂ ਨਾਲ ਜੋੜ ਮੇਲ ਰੱਖਣ ਦਾ ਢੰਗ ਬਣਾਂਦੇ ਹਨ ਉਹ ਵੀ ਉਪਰਲਾ ਪਾਜੋ=ਪਖੰਡ ਵਾ ਵਿਖਾਵਾ ਕੱਚਾ ਹੈ।

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥ ੪॥

ਹੇ ਮੇਰੇ ਬਾਬੁਲਾ=ਪਿਆਰੇ ਗੁਰੋ! ਹਰਿ ਹਰਿ ਪ੍ਰਭੂ ਦੇ ਨਾਮਾਂ ਰੂਪੀ ਦਾਜ ਦਾ ਦਾਨ ਮੈਨੂੰ ਦੇਣਾ ਕਰੋ॥ ੪॥

ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ॥

ਪਿਤਾ ਵਾਂਗੂੰ ਹੇ ਮੇਰੇ ਬਾਬੋਲਾ=ਪਿਆਰੇ ਸਤਿਗੁਰੋ!

ਪ੍ਰਮੇਸ਼ਰ ਪਤੀ ਨਾਲ ਮਿਲਣੇ ਕਰਕੇ ਮੈਂ ਧਨ=ਇਸਤ੍ਰੀ ਦੀ ਸ਼ੁਭ ਗੁਣਾਂ ਰੂਪੀ ਵੇਲ ਵਧੀ ਹੈ, ਹੁਣ ਮੇਰੀ ਆਪ ਜੀ ਨੂੰ ਰਾਮ ਰਾਮ ਹੈ।

ਜਿਵੇਂ ਪ੍ਰਤੱਖ ਲੜਕੀ ਵਿਆਹ ਕਰਕੇ ਜਿਸ ਵੇਲੇ ਚਲਦੀ ਹੈ ਤਾਂ ਆਪਣੇ ਮਾਂ ਪਿਉ ਨੂੰ ਰਾਮ ਰਾਮ ਜਾਂ ਸਤਿ ਸ੍ਰੀ ਅਕਾਲ ਕਹਿ ਕੇ ਜਾਂਦੀ ਹੈ।

ਤਿਵੇਂ ਜਗਿਆਸੂ ਰੂਪ ਲੜਕੀ ਪ੍ਰਮੇਸ਼ਰ ਪਤੀ ਨਾਲ ਵਿਆਹ ਕਰਾ ਕੇ ਆਪਣੇ ਪਿਤਾ ਰੂਪ ਗੁਰਾਂ ਨੂੰ ਰਾਮ ਰਾਮ ਆਖਦੀ ਹੈ।

ਕਈ ਲੜਕੀਆਂ ਰਾਮ ਰਾਮ ਨਹੀਂ ਭੀ ਆਖਦੀਆਂ-ਉਸ ਵਾਂਗੂੰ ਜੇਕਰ ਗੁਰਾਂ ਨੂੰ ਰਾਮ ਰਾਮ ਨ ਕਹਿਣੀ ਹੋਵੇ ਤਾਂ ਇਸ ਤਰ੍ਹਾਂ ਅਰਥ ਕਰ ਲੈਣਾ-

'ਮੇਰੇ ਬਾਬੋਲਾ'=ਹੇ ਮੇਰੇ ਪਿਆਰੇ ਸਤਿਗਰੋ!

'ਹਰਿ ਰਾਮ ਰਾਮ'=ਹਰੀ ਰਾਮ ਜੋ ਸਾਰੇ ਰਮਿਆ ਹੋਇਆ ਹੈ ਤਿਸ ਪਿਰੀ ਨਾਲ ਮਿਲਣ ਕਰਕੇ ਮੈਂ ਧਨ=ਇਸਤ੍ਰੀ ਦੀ ਸ਼ੁਭ ਗੁਣਾਂ ਰੂਪੀ ਵੇਲ=ਕੁਲ ਵਧੀ ਹੈ।

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥

ਪਹਿਲਾ ਅਰਥ:-ਹਰੀ ਸਰੂਪ ਸਤਿਗੁਰਾਂ ਦੀ ਪ੍ਰਮਾਤਮਾ ਨਾਲ ਜੁਗਹ=ਜੁੜਨ ਦੀ ਪੀੜੀ ਸਦਾ ਹੀ ਸਤਜੁਗ, ਤ੍ਰੇਤਾ, ਦੁਆਪੁਰ, ਕਲਜੁਗ, ਇਨ੍ਹਾਂ ਚਾਰਿਆਂ ਜੁਗਾਂ ਵਿਚ ਚਲਦੀ ਆਈ ਹੈ।

ਦੂਜਾ ਅਰਥ:-ਗੁਰਾਂ ਦੁਆਰੇ ਜਗਿਆਸੂ ਦੀ ਹਰੀ ਨਾਲ ਜੁੜਨ ਦੀ ਪੀੜੀ ਸਦਾ ਹੀ ਚਾਰਿਆਂ ਜੁਗਾਂ ਵਿਚ ਚਲਦੀ ਆ ਰਹੀ ਹੈ।

ਤੀਜਾ ਅਰਥ:-ਵੈਰਾਗ, ਵਿਵੇਕ, ਖਟ ਸੰਪਤੀ, ਮੋਖ ਇੱਛਾ ਰੂਪ ਜੁਗ=ਚਾਰ ਸਾਧਨਾਂ ਵਿਚ ਜੁਗੋ=ਜੁੜਕੇ ਜੋ ਸਤਿਗੁਰਾਂ ਦੇ ਉਪਦੇਸ਼ ਵਿਖੇ ਜੁਗਹ=ਜੁੜਿਆ ਹੈ ਉਸ ਦੀ ਸਾਰਿਆਂ ਵਿਚ ਜੁਗੋ=ਜੁੜੇ ਹੋਏ

ਹਰੀ ਨਾਲ ਜੁਗਹ=ਜੁੜਨ ਦੀ ਪੀੜੀ ਸਦਾ ਹੀ ਚਲਦੀ ਆ ਰਹੀ ਹੈ।

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥

ਜੁਗਾਂ ਜੁਗਾਂ ਵਿਚ ਸਤਿਗੁਰਾਂ ਦੀ ਪੀੜੀ ਚਲ ਰਹੀ ਹੈ, ਜਿਨ੍ਹਾਂ ਮੁਖੀ ਗੁਰਾਂ ਨੇ ਪ੍ਰਭੂ ਦੇ ਨਾਮਾਂ ਨੂੰ ਧਿਆਉਣਾ ਕੀਤਾ ਹੈ।

ਅਥਵਾ:-ਜੁਗਾਂ ਜੁਗਾਂ ਵਿਚ ਸਤਿਗੁਰਾਂ ਦੁਆਰੇ ਜਗਿਆਸੂਆਂਦੀ ਪੀੜੀ ਚਲ ਰਹੀ ਹੈ ਜਿਨ੍ਹਾਂ ਜਗਿਆਸੂਆਂ ਨੇ ਗੁਰਾਂ ਦੁਆਰੇ ਪ੍ਰਭੂ ਦਾ ਨਾਮ ਧਿਆਉਣਾ ਕੀਤਾ ਹੈ।

ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥

ਹਰੀ ਪੁਰਖ ਕਦੇ ਵੀ ਬਿਨਸ ਨਹੀਂ ਜਾਂਦਾ, ਜਿਸਨੂੰ ਆਪਣਾ ਆਪ ਦੇਂਦਾ ਹੈ ਉਸ ਦਾ ਸਵਾਏ ਤੋਂ ਸਵਾਇਆ ਜਸ ਚੜ੍ਹਦਾ ਹੈ।

ਅਥਵਾ:-ਉਨ੍ਹਾਂ ਗੁਰਮੁਖਾਂ ਨੂੰ ਹਰੀ ਪੁਰਖ ਨਿੱਤ ਹੀ ਸਵਾਏ ਤੋਂ ਸਵਾਇਆ ਚੜ੍ਹਕੇ ਦਾਨ ਦੇਂਦਾ ਹੈ, ਜੋ ਦਾਨ ਕਦੇ ਬਿਨਸ ਨਹੀਂ ਜਾਂਦਾ।

ਨਾਨਕ ਸੰਤ ਸੰਤ ਹਰਿ ਏਕੋ

ਗੁਰੂ ਜੀ ਕਥਨ ਕਰਦੇ ਹਨ-ਸੰਤ=ਸ਼ਾਂਤ ਆਤਮਾ ਸੰਤ ਤੇ ਹਰੀ ਦੋਵੇਂ ਇਕ ਰੂਪ ਹਨ,

ਅਥਵਾ:-ਸੰਤ ਹਰੀ ਦਾ ਸਰੂਪ ਹਨ, ਤੇ ਹਰੀ ਸੰਤ ਅਵਤਾਰ ਧਾਰ ਕੇ ਆਇਆ ਹੈ, ਇਸ ਲਈ ਦੋਨੋਂ ਇਕ ਰੂਪ ਹਨ।

ਯਥਾ:- ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥

(ਗਉੜੀ ਮਹਲਾ ੫, ਪੰਨਾ ੨੦੮)

ਜਪਿ ਹਰਿ ਹਰਿ ਨਾਮੁ ਸੋਹੰਦੀ ॥

ਸੰਤਾਂ ਦੀ ਬਿਰਤੀ ਹਰਿ ਹਰਿ ਨਾਮ ਜਪਣ ਵਿਚ ਸੋਹੰਦੀ=ਸੋਭ ਰਹੀ ਹੈ।

ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥ ੫ ॥ ੧ ॥

ਹੇ ਮੇਰੇ ਬਾਬੁਲਾ=ਪਿਆਰੇ ਗੁਰੋ ! ਹਰੀ ਰਾਮ ਜੋ-ਸਾਰੇ ਰਮਿਆ ਹੋਇਆ ਹੈ ਤਿਸ ਪਿਰ=ਪਤੀ ਪ੍ਰਮਾਤਮਾ ਨਾਲ ਮਿਲਣ ਕਰਕੇ ਮੈਂ ਧਨ=ਇਸਤ੍ਰੀ ਦੀ ਸ਼ੁਭ ਗੁਣਾਂ ਰੂਪੀ ਵੇਲ ਵਧੀ ਹੈ ॥ ੫ ॥ ੧ ॥

ਸਿਰੀਰਾਗੁ ਮਹਲਾ ੫ ਛੰਤ

੧ਓ ਸਤਿਗੁਰ ਪ੍ਰਸਾਦਿ

(ਇਸ ਛੰਤ ਦੁਆਰਾ ਗੁਰੂ ਜੀ ਹਿਤ ਉਪਦੇਸ਼ ਦੇਂਦੇ ਹਨ)।

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ॥

ਹੇ ਪਿਆਰੇ ਮਨ ਜੀਵ ਦੇ ਮਿਤ੍ਰ ਪੁਰਸ਼ਾ ਤੂੰ ਗੋਬਿੰਦ ਦੇ ਨਾਮ ਨੂੰ ਸਮਾਲਣਾ ਕਰ।

ਅਥਵਾ:-ਹੇ ਪਿਆਰੇ ਮਨ ! ਜੀਵ ਦਾ ਮਿਤ੍ਰ ਜੋ ਗੋਬਿੰਦ ਹੈ ਉਸਦੇ ਨਾਮ ਨੂੰ ਸਿਮਰਨਾ ਕਰ।

ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ॥

ਹੇ ਪਿਆਰੇ ਮਨ ! ਜੀਵ ਦਾ ਮਿਤ੍ਰ ਜੋ ਹਰੀ ਹੈ ਓਹੀ ਤੇਰੇ ਨਾਲ ਨਿਭੇਗਾ, ਭਾਵ ਪੁੱਜੇਗਾ।

ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨਾ ਜਾਏ॥

ਅੰਗ ਸੰਗ ਸਹਾਇਤਾ ਕਰਨ ਵਾਲਾ ਜੋ ਹਰੀ ਹੈ ਉਸ ਦੇ ਨਾਮ ਨੂੰ ਧਿਆਉਣਾ ਕਰ, ਜਿਸ ਕਰਕੇ ਤੇਰਾ ਕੋਈ ਭੀ ਸੰਕਲਪ ਬਿਰਥਾ=ਖਾਲੀ ਨਹੀਂ ਜਾਵੇਗਾ। *ਅਥਵਾ:*-ਕਿਸੇ ਕਿਸਮ ਦੀ ਕੋਈ ਭੀ ਬਿਰਥਾ=ਪੀੜਾ ਪੈਦਾ ਨਹੀਂ ਹੋਵੇਗੀ।

ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ॥

ਜੋ ਮਨ ਵਿਚ ਚਿੰਦੇ=ਇੱਛਾ ਕਰੇਂਗਾ ਓਹੀ ਫਲ ਪਾਵੇਂਗਾ, ਵਾਹਿਗੁਰੂ ਦੇ ਵਾ ਗੁਰਾਂ ਦੇ ਚਰਨ ਕਵਲਾਂ ਨਾਲ ਚਿੱਤ ਲਗਾਣ ਕਰਕੇ।

ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ॥

ਜੋ ਬਨਵਾਰੀ=ਸੰਸਾਰ ਬਨ ਦਾ ਮਾਲਕ ਪ੍ਰਭੂ ਜਲਾਂ ਥਲਾਂ ਵਿਚ ਪੂਰਨ ਹੋ ਰਿਹਾ ਹੈ। ਉਹ ਆਪਣੀ ਸਰਬੱਗ ਦ੍ਰਿਸ਼ਟੀ ਦੁਆਰਾ ਸਾਰਿਆਂ ਘਟਾਂ ਘਟਾਂ ਨੂੰ ਵੇਖ ਰਿਹਾ ਹੈ।

ਅਥਵਾ:-ਤੂੰ ਉਸਨੂੰ ਸਾਰਿਆਂ ਘਟਾਂ ਘਟਾਂ ਵਿਚ ਨਦਰਿ=ਅੱਖਾਂ ਨਾਲ ਨਿਹਾਲੇ=ਵੇਖਣਾ ਕਰ। ਵਾ ਗਿਆਨ ਦ੍ਰਿਸ਼ਟੀ ਦੁਆਰਾ ਉਸ ਬ੍ਰਹਮ ਨੂੰ ਸਾਰਿਆਂ ਘਟਾਂ ਘਟਾਂ ਵਿਚ ਵਖੇਣਾ ਕਰ।

ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਮਨ ਦੇ ਪ੍ਰੀਤਮ ! ਅਸੀਂ ਤੈਨੂੰ ਸਿੱਖਿਆ ਦੇਂਦੇ ਹਾਂ,

ਅਥਵਾ:-ਮਨ=ਸ਼੍ਰੋਮਣੀ ਪ੍ਰੀਤਮ ਜੋ ਪ੍ਰਮਾਤਮਾ ਹੈ ਉਸ ਦੀ ਪ੍ਰਾਪਤੀ ਦੀ ਸਿੱਖਿਆ ਦੇਂਦੇ ਹਾਂ।

ਤੂੰ ਸਤਸੰਗਤ ਵਿਚ ਜਾ ਕੇ ਭਰਮ ਨੂੰ ਜਾਲੇ=ਸਾੜਨਾ ਕਰ॥ ੧॥

ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ॥

ਹੇ ਪਿਆਰੇ ਮਨ ! ਜੀਵ ਦਾ ਮਿਤ੍ਰ ਜੋ ਹਰੀ ਹੈ ਉਸ ਤੋਂ ਬਿਨਾਂ ਦੁਨੀਆਂ ਦੇ ਸਾਰੇ ਪਸਾਰੇ ਝੂਠੇ ਹਨ।

ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ॥

ਹੇ ਪਿਆਰੇ ਮਨ ਮੇਰੇ ਜੀ ਦੇ ਮਿੱਤਰ ਇਹ ਸੰਸਾਰ ਸਮੁੰਦਰ ਬਿਖੁ=ਵਿਹੁ ਵਾਂਗੂੰ ਦੁਖਦਾਈ ਹੈ।

ਅਥਵਾ:- ਇਹ ਸੰਸਾਰ ਜ਼ਹਿਰ ਦਾ ਸਮੁੰਦਰ ਹੈ।

ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ॥

ਇਸ ਤੋਂ ਪਾਰ ਉੱਤਰਨ ਵਾਸਤੇ ਕਰਤੇ ਪੁਰਖ ਦੇ ਚਰਨ ਕਮਲਾਂ ਨੂੰ ਬੋਹਿਥੁ=ਜਹਾਜ਼ ਬਣਾ ਲੈ, ਫਿਰ ਤੈ ਕੋਈ ਦੁਖਦਾਈ ਸੰਸਾ ਨਹੀਂ ਵਿਆਪੇਗਾ।

ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ॥

ਜਿਸ ਵਡਭਾਗੀ ਨੂੰ ਪੂਰੇ ਗੁਰੂ ਭੇਟੈ=ਮਿਲਦੇ ਹਨ, ਉਹ ਅੱਠੇ ਪਹਿਰ ਰਾਤ ਦਿਨ ਪ੍ਰਭੂ ਨੂੰ ਜਪਦਾ ਹੈ, ਵਾ ਜਾਪੈ=ਜਾਣਦਾ ਹੈ।

ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ॥

ਜੋ ਸੁਆਮੀ ਆਦਿ ਜੁਗਾਦੀ=ਸਦਾ ਸਦਾ ਸੇਵਕਾਂ ਦੀ ਪੈਜ ਰੱਖਦਾ ਹੈ। ਭਗਤਾਂ ਨੂੰ ਓਸੇ ਦੇ ਨਾਮ ਦਾ ਅਧਾਰੇ=ਆਸਰਾ ਹੈ।

*ਅਥਵਾ:-*ਜੋ ਭਗਤ ਸੇਵਕ ਹੋ ਕੇ ਸਦਾ ਸਦਾ ਸੁਆਮੀ ਦੀ ਸੇਵਾ ਕਰਦੇ ਹਨ ਉਨ੍ਹਾਂ ਭਗਤਾਂ ਨੂੰ ਸੁਆਮੀ ਦੇ ਨਾਮ ਦਾ ਹੀ ਅਧਾਰੇ=ਆਸਰਾ ਹੈ।

ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਮਨ ਦੇ ਪ੍ਰੀਤਮ! ਮੈਂ ਤੈਨੂੰ ਸ਼ੁਭ ਸਿੱਖਿਆ ਦੇਂਦਾ ਹਾਂ, ਮਨ ਪ੍ਰੀਤਮ=ਸ਼੍ਰੋਮਣੀ ਪ੍ਰੀਤਮ ਜੋ ਹਰੀ ਹੈ ਉਸ ਤੋਂ ਬਿਨਾਂ ਇਹ ਸਾਰੇ ਪਸਾਰੇ ਝੂਠੇ ਹਨ॥ ੨॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ॥

ਹੇ ਪਿਆਰੇ ਮਨ! ਮੇਰੇ ਜੀ ਦੇ ਮਿਤ੍ਰ ਤੂੰ ਹਰੀ ਨਾਮ ਰੂਪੀ ਸਵਲੀ=ਸਸਤੀ ਖੇਪ ਲੱਦ ਲੈ।

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ॥

ਹੇ ਮੇਰੇ ਮਨ! ਮੇਰੇ ਜੀ ਦੇ ਮਿਤ੍ਰ ਨਿਸਚਲ ਹਰੀ ਦੇ ਸਤਸੰਗ ਰੂਪ ਦਰਵਾਜ਼ੇ ਨੂੰ ਮੱਲ ਕੇ ਬੈਠਣਾ ਕਰ।

ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ॥

ਜੇਹੜੇ ਗੁਰਮੁਖ ਅਲਖ ਅਭੇਵ ਹਰੀ ਦੇ ਸਤਸੰਗ ਰੂਪ ਦਰਵਾਜ਼ੇ ਨੂੰ ਸੇਂਵਦੇ ਹਨ।

*ਅਥਵਾ:-*ਜੇਹੜੇ ਗੁਰਮੁਖ ਸਤਸੰਗ ਰੂਪ ਦਰਵਾਜ਼ੇ ਉੱਪਰ ਬੈਠ ਕੇ ਅਭੇਵੇ=ਭੇਦਾਂ ਤੋਂ ਰਹਿਤ ਅਲਖ ਹਰੀ ਨੂੰ ਸੇਂਵਦੇ ਹਨ।

ਉਨ੍ਹਾਂ ਨੇ ਸਰੂਪ ਰੂਪੀ ਨਿਸਚਲ ਆਸਣ ਉੱਪਰ ਬੈਠਣਾ ਪਾਇਆ ਹੈ।

*ਅਥਵਾ:-*ਉਨ੍ਹਾਂ ਨੇ ਨਿਸਚਲ ਪ੍ਰਭੂ ਵਿਚ ਆਸਣ=ਇਸਥਿਤ ਹੋਣਾ ਪਾਇਆ ਹੈ।

ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ॥

ਤਿਨ੍ਹਾਂ ਗੁਰਮੁਖਾਂ ਦਾ ਜੰਮਣਾ ਮਰਨਾ ਨਹੀਂ ਹੁੰਦਾ, ਅਤੇ ਨਾ ਹੀ ਆਉਣਾ ਜਾਣਾ ਹੁੰਦਾ ਹੈ। ਉਨ੍ਹਾਂ ਨੇ ਦੁਖਦਾਈ ਸੰਸਾ ਮਿਟਾ ਦਿੱਤਾ ਹੈ।

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ॥

ਚਿਤ੍ਰ ਨੇ ਦਿਨ ਦੇ ਕੀਤੇ ਹੋਏ ਕਰਮਾਂ ਦਾ, ਅਤੇ ਗੁਪਤ ਨੇ ਰਾਤ ਦੇ ਕੀਤੇ ਹੋਏ ਕਰਮਾਂ ਦਾ ਜੋ ਹਿਸਾਬ ਕਾਗਜ਼ ਉੱਪਰ ਲਿਖਿਆ ਹੋਇਆ ਸੀ ਉਸ ਕਾਗਜ਼ ਨੂੰ ਗੁਰਮੁਖਾਂ ਨੇ ਪਾੜ ਦਿੱਤਾ ਹੈ। ਉਨ੍ਹਾਂ ਗੁਰਮੁਖਾਂ ਉੱਤੇ ਜਮਦੂਤਾਂ ਦੀ ਕੁਝ ਪੇਸ਼ ਨਹੀਂ ਚਲਦੀ।

ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਮਨ! ਸ਼੍ਰੋਮਣੀ ਪ੍ਰੀਤਮ ਪ੍ਰਮਾਤਮਾ ਦੀ ਸਿੱਖਿਆ ਦੇਂਦੇ ਹਾਂ।

ਤੂੰ ਹਰੀ ਨਾਮ ਰੂਪੀ ਸਵਲੀ=ਸਸਤੀ ਖੇਪ ਨੂੰ ਲੱਦਣਾ ਕਰ॥ ੩॥

ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ॥

ਹੇ ਪਿਆਰੇ ਮਨ! ਮੇਰੇ ਜੀ ਦੇ ਮਿੱਤਰ, ਤੂੰ ਸੰਤਾਂ ਦੀ ਸਤਸੰਗਤ ਵਿਚ ਨਿਵਾਸ ਕਰ।

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ॥

ਹੇ ਪਿਆਰੇ ਮਨ! ਮੇਰੇ ਜੀ ਦੇ ਮਿਤ੍ਰ ਤੂੰ ਹਰੀ ਨਾਮ ਨੂੰ ਜਪਣਾ ਕਰ, ਕਿਉਂਕਿ ਹਰੀ ਨਾਮ ਦੇ ਜਪਣ ਕਰਕੇ ਹੀ ਪਰਗਾਸੋ=ਗਿਆਨ ਹੁੰਦਾ ਹੈ।

[ਪੰਨਾ ੮੦]

ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ॥

ਸੁਖਾਂ ਵਿਚ ਗਮਨ ਕਰਾਣ ਵਾਲੇ ਸੁਆਮੀ ਦੇ ਨਾਮ ਨੂੰ ਸਿਮਰਨਾ ਕਰ, ਤਾਂ ਤੁਹਾਡੇ ਮਨ ਦੀਆਂ ਇੱਛਾ ਪੁੰਨੀਆ=ਪੂਰਨ ਹੋ ਜਾਣਗੀਆਂ।

ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ॥

ਪੂਰਬ ਜਨਮ ਦੇ ਸ੍ਰੇਸ਼ਟ ਕਰਮਾਂ ਦੇ ਕਮਾਏ ਅਨੁਸਾਰ ਜੇਹੜੇ ਮਨੁੱਖ ਸ੍ਰੀ=ਸੁਭਾਏਮਾਨ ਹਰੀ ਵਿਚ ਰੰਗ=ਪ੍ਰੇਮ ਕਰਨਾ ਪਾਂਵਦੇ ਹਨ। ਉਹ ਚਿਰੰਕਾਲ ਦੇ ਵਿਛੁੜੇ ਹੋਏ ਮਨੁੱਖ ਹਰੀ ਨਾਲ ਮਿਲ ਗਏ ਹਨ।

ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ॥

ਉਨ੍ਹਾਂ ਨੇ ਸਰੀਰ ਦੇ ਅੰਦਰ ਬਾਹਰ, *ਅਥਵਾ*-ਬ੍ਰਹਮਾਂਡ ਦੇ ਅੰਦਰ ਬਾਹਰ ਸਾਰੇ ਪ੍ਰਮਾਤਮਾਂ ਨੂੰ ਵਿਆਪਕ ਜਾਣਿਆ ਹੈ, ਜਿਨ੍ਹਾਂ ਦੇ ਮਨ ਵਿਚ ਦ੍ਰਿੜ੍ਹ ਬਿਸੁਆਸੋ=ਭਰੋਸਾ ਪੈਦਾ ਹੋਇਆ ਹੈ।

ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ॥ ੪॥

ਗੁਰੂ ਜੀ ਕਥਨ ਕਰਦੇ ਹਨ ਹੇ ਮਨ! ਸ਼੍ਰੋਮਣੀ ਪ੍ਰੀਤਮ ਪ੍ਰਮਾਤਮਾ ਦੀ ਸਿੱਖਿਆ ਤੈਨੂੰ ਦੇਂਦੇ ਹਾਂ, ਤੂੰ ਸੰਤਾਂ ਦੀ ਸਤਸੰਗਤ ਵਿਚ ਨਿਵਾਸ ਕਰ॥ ੪॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ॥

ਹੇ ਮਨ ਦੇ ਪਿਆਰੇ, ਮੇਰੇ ਜੀ ਦੇ ਮਿਤ੍ਰ, ਜਿਨ੍ਹਾਂ ਗੁਰਮੁਖਾਂ ਨੇ ਹਰੀ ਦੀ ਪ੍ਰੇਮਾ ਭਗਤੀ ਵਿਚ ਆਪਣੇ ਮਨ ਨੂੰ ਲੀਣ ਕੀਤਾ ਹੈ।

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ॥

ਹੇ ਮਨ ਦੇ ਪਿਆਰੇ ! ਜੀਅ ਦਾ ਮਿਤ੍ਰ ਜੋ ਹਰੀ ਹੈ, ਉਸ ਹਰੀ ਦੇ ਨਾਮ ਰੂਪ ਜਲ ਵਿਚ ਮਿਲ ਕੇ ਉਹ ਗੁਰਮੁਖ ਮੱਛੀ ਵਾਂਗੂੰ ਜਿਉਂਦੇ ਹਨ।

ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ॥

ਹਰੀ ਨਾਮ ਬਾਣੀ ਜੋ ਅੰਮ੍ਰਿਤ ਰੂਪ ਹੈ ਉਸ ਨੂੰ ਪੀ ਕੇ ਉਹ ਆਘਾਨੇ=ਰੱਜ ਗਏ ਹਨ, ਇਸ ਕਰਕੇ ਉਨ੍ਹਾਂ ਦੇ ਮਨ ਵਿਚ ਸਾਰੇ ਸੁਖ ਆ ਕੇ ਵਸੇ ਹਨ।

ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ॥

ਸਤਿਗੁਰ ਤੁਠੇ=ਸਤਿਗੁਰਾਂ ਦੇ ਪ੍ਰਸੰਨ ਹੋਣ ਨਾਲ ਪ੍ਰਭੂ ਦੇ ਮੰਗਲ ਗਾਏ, ਤਾਂ ਸ੍ਰੀ ਧਰ=ਸੋਭਾ ਦੇ ਧਾਰਨ ਵਾਲੇ ਪ੍ਰਭੂ ਨੂੰ ਪਾਇਆ, ਪ੍ਰਭੂ ਦੇ ਪਾਣ ਨਾਲ ਸਾਰੀਆਂ ਇੱਛਾਂ ਪੁੰਨੀ=ਪੂਰਨ ਹੋ ਗਈਆਂ।

ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ॥

ਜਿਨ੍ਹਾਂ ਨੂੰ ਗੁਰਾਂ ਨੇ ਆਪਣੇ ਕਿਰਪਾ ਰੂਪੀ ਲੜਿ=ਪੱਲੇ ਨਾਲ ਲਾ ਲਿਆ ਹੈ ਉਨ੍ਹਾਂ ਨੇ ਨੌ ਨਿੱਧੀਆਂ ਦੇ ਦਾਤੇ ਨਾਮ ਨੂੰ ਪਾਇਆ ਹੈ, ਨਾਮ ਜਪਣ ਵਾਲੇ ਨੂੰ ਠਾਕੁਰ ਨੇ ਪ੍ਰਸੰਨਤਾ ਵਿਚ ਆ ਕੇ ਆਪਣਾ ਸਰਬੰਸ ਦੇ ਦਿੱਤਾ ਹੈ।

*ਅਥਵਾ:-*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥ ਦੇ ਵਾਕ ਅਨੁਸਾਰ ਗੁਰਾਂ ਅੱਗੇ ਆਪਣਾ ਸਰਬੰਸ ਅਰਪਿਆ, ਤਾਂ ਗੁਰਾਂ ਨੇ, ਨਾਉ ਠਾਕੁਰਿ ਦੀਨਾ=ਠਾਕੁਰ ਦਾ ਨਾਮ ਦਾਨ ਦਿੱਤਾ, ਅਤੇ ਨੌਧਾ ਭਗਤੀ ਰੂਪ ਨੌ ਨਿੱਧੀ ਪਾਈ, ਭਗਤੀ ਦੇ ਪ੍ਰਤਾਪ ਨਾਲ ਪ੍ਰਮਾਤਮਾ ਨੇ ਆਪਣੇ 'ਲੜਿ ਲੀਨੇ ਲਾਏ' =ਪੱਲੇ ਨਾਲ ਲਾ ਲਿਆ।

ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ॥੫॥੧॥੨॥

ਗੁਰੂ ਜੀ ਕਥਨ ਕਰਦੇ ਹਨ ਜਿਨ੍ਹਾਂ ਸਿੱਖਾਂ ਨੂੰ ਸੰਤਾਂ ਨੇ ਇਸ ਤਰ੍ਹਾਂ ਦੀ ਸਿਖ=ਸਿੱਖਿਆ ਸਮਝਾਈ ਹੈ ਉਨ੍ਹਾਂ ਦਾ ਮਨ ਹਰੀ ਦੀ ਪ੍ਰੇਮਾ ਭਗਤੀ ਵਿਚ ਲੀਣ ਹੋਇਆ ਹੈ॥ ੫॥ ੧॥ ੨॥

ਸਿਰੀਰਾਗ ਕੇ ਛੰਤ ਮਹਲਾ ੫

੧ੴ ਸਤਿਗੁਰ ਪ੍ਰਸਾਦਿ

ਡਖਣਾ॥

ਡੱਖਣਾ ਛੰਦ ਦੀ ਚਾਲ ਹੈ। ਵਾ:-ਡੱਖਣ ਦੇਸ ਦੀ ਸੰਗਤ ਆਈ ਹੈ ਉਨ੍ਹਾਂ ਪ੍ਰਤੀ ਉਪਦੇਸ਼ ਦੇਂਦੇ ਹਨ। ਨਨਕਾਣੇ ਸਾਹਿਬ ਤੋਂ ਦੱਖਣ ਵੱਲ ਦੀ ਭਾਸ਼ਾ।

ਅਰਥਾਤ ਮੁਲਤਾਨ, ਤੇ ਸਾਹੀਵਾਲ ਦੇ ਇਲਾਕੇ ਦੀ ਬੋਲੀ ਵਿਚ ਜੋ ਰਚਨਾ ਹੈ, ਉਹ 'ਡੱਖਣੇ' ਨਾਮ ਤੋਂ ਗੁਰਬਾਣੀ ਵਿਚ ਪ੍ਰਸਿੱਧ ਹੈ।

(ਪਹਿਲੀ ਪੰਗਤੀ ਦੇ ਵਿਚ ਹੀ ਸਿੱਖ ਪ੍ਰਸ਼ਨ ਕਰਦਾ ਹੈ)

ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ॥

ਹੇ ਗੁਰੋ ! ਹਠ ਮਝਾਹੂ=ਹਿਰਦੇ ਵਿਚ ਹੀ 'ਮਾ ਪਿਰੀ'=ਮੇਰਾ ਪੰਤੀ ਪ੍ਰਮਾਤਮਾ ਵੱਸਦਾ ਹੈ, ਪਰ ਉਸ ਦਾ ਦੀਦਾਰ=ਦਰਸ਼ਨ ਮੈਂ 'ਕਿਉ ਪਸੇ'-ਕਿਵੇਂ ਵੇਖਣਾ ਕਰਾਂ ?

ਗੁਰ ਉੱਤਰ:-

ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ॥ ੧॥

ਗੁਰੂ ਜੀ ਕਥਨ ਕਰਦੇ ਹਨ-ਪ੍ਰਾਣਾਂ ਦਾ ਅਧਾਰ=ਆਸਰਾ ਰੂਪ ਪਤੀ ਪ੍ਰਮਾਤਮਾ ਸੰਤਾਂ ਦੀ ਸ਼ਰਨ ਆਉਣ ਕਰਕੇ ਲੱਭਦਾ ਹੈ॥ ੧॥

ਛੰਤੁ॥ ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ॥

ਵਾਹਿਗੁਰੂ ਦੇ ਚਰਨ ਕਮਲਾਂ ਨਾਲ ਪ੍ਰੀਤੀ ਕਰਨ ਦੀ ਰੀਤੀ ਸੰਤਾਂ ਦੇ ਮਨ ਵਿਚ ਆਈ ਹੋਈ ਹੈ।

ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ॥

ਵਾਹਿਗੁਰੂ ਤੋਂ ਬਿਪਰੀਤਿ=ਉਲਟ ਕਰਨ ਵਾਲਾ ਜੋ 'ਦੁਤੀਆ ਭਾਉ'=ਦ੍ਵੈਤ ਭਾ ਹੈ, ਇਸ ਵਿਚ ਲਗਣਾ ਅਨੀਤਿ=ਅਜੋਗ ਹੈ। ਇਸ ਕਰਕੇ ਪ੍ਰਮੇਸ਼ਰ ਦੇ ਦਾਸਾਂ ਨੂੰ ਦ੍ਵੈਤ ਭਾ ਚੰਗਾ ਨਹੀਂ ਲਗਦਾ।

ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ॥

ਵਾਹਿਗੁਰੂ ਦੇ ਦਰਸ਼ਨ ਤੋਂ ਬਿਨਾਂ ਦਾਸਾਂ ਨੂੰ ਹੋਰ ਕੁਝ ਨਹੀਂ ਭਾਉਂਦਾ,

ਵਾਹਿਗੁਰੂ ਤੋਂ ਵਿਛੁੜ ਕੇ ਦਾਸ ਇਕ ਖਿਨ ਭਰ ਵੀ ਕਿਵੇਂ ਧੀਰਜ ਕਰ ਸਕਦੇ ਹਨ।

ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ॥

ਨਾਮ ਸਿਮਰਨ ਤੋਂ ਬਿਨਾਂ ਉਨ੍ਹਾਂ ਦਾ ਤਨ ਮਨ ਇਸ ਤਰ੍ਹਾਂ ਹੀਨਾ=ਨਾਸ ਹੁੰਦਾ ਹੈ, ਜਿਵੇਂ ਪਾਣੀ ਤੋਂ ਬਿਨਾਂ ਹੋ ਕੇ ਮੱਛੀ ਮਰ ਜਾਂਦੀ ਹੈ।

ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ॥

ਹੇ ਮੇਰੇ ਪਿਆਰੇ ਪ੍ਰਭੂ ਪ੍ਰਾਣਾਂ ਦੇ ਆਸਰੇ ! ਆਪ ਮੈਨੂੰ ਮਿਲਣਾ ਕਰੋ। ਅਤੇ ਇਹ ਕਿਰਪਾ ਕਰੋ ਮੇਰਾ ਮਨ ਸਾਧ ਸੰਗਤ ਵਿਚ ਮਿਲ ਕੇ ਆਪ ਜੀ ਦੇ ਗੁਣ ਗਾਵੇ।

ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ ਮਨਿ ਤਨਿ ਅੰਕਿ ਸਮਾਵਏ॥ ੧॥

ਹੇ ਗੁਰੂ ਨਾਨਕ ਦੇਵ ਜੀ ਦੇ ਸੁਆਮੀ ਅਕਾਲ ਪੁਰਖ ! ਮੇਰੇ ਉੱਪਰ ਅਜੇਹੀ ਕਿਰਪਾ ਕਰੋ, ਜੋ ਮਨ ਤਨ ਕਰਕੇ ਮੈਂ ਆਪ ਜੀ ਦੇ ਅੰਕਿ=ਸਰੂਪ ਵਿਚ ਸਮਾ ਜਾਵਾਂ॥ ੧॥

ਪ੍ਰਸ਼ਨ-ਉਹ ਪ੍ਰਮੇਸ਼ਰ ਕਿੱਥੇ ਰਹਿੰਦਾ ਹੈ? ਉੱਤਰ:-

ਭਖਣਾ ॥ ਸੋਹੰਦੜੋ ਹਭ ਠਾਇ ਕੋਇ ਨ ਦਿਸੈ ਭੂਜੜੋ ॥

ਉਹ ਪ੍ਰਮੇਸ਼ਰ ਹਭ ਠਾਇ=ਸਭ ਜਗ੍ਹਾ ਉੱਪਰ ਸੋਭਨੀਕ ਹੋ ਰਿਹਾ ਹੈ। ਉਸ ਤੋਂ ਬਿਨਾਂ ਹੋਰ ਕੋਈ ਭੂਜੜੋ=ਦੂਜਾ ਨਹੀਂ ਦਿਸਦਾ।

ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਨਾਲ ਮਿਲਣ ਕਰਕੇ ਪੰਜਾਂ ਕੋਸ਼ਾਂ ਰੂਪੀ ਕਪਾਟ=ਭਖਤੇ ਖੁਲ੍ਹ ਜਾਣ, ਤਾਂ ਉਸ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ॥ ੧ ॥

ਛੰਤੁ ॥ ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥

ਹੇ ਪ੍ਰਭੂ ! ਆਪ ਜੀ ਦੇ ਬੇਦ ਰੂਪ ਬਚਨ ਅਨੂਪ=ਉਪਮਾਂ ਤੋਂ ਰਹਿਤ ਤੇ ਅਪਾਰ=ਸ੍ਰੇਸ਼ਟ ਹਨ। ਪੁਨਾ ਸੰਤਾਂ ਦਾ ਆਸਰਾ ਰੂਪ ਹਨ, ਇਸ ਕਰਕੇ ਸੰਤ ਬੇਦ ਬਾਣੀ ਦਾ ਵਿਚਾਰ ਕਰਦੇ ਰਹਿੰਦੇ ਹਨ।

ਯਥਾ:-ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥ *(ਪੰਨਾ ੨੪੮)*

ਅਥਵਾ:-ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ ! ਆਪ ਜੀ ਦੇ ਉਚਾਰੇ ਹੋਏ ਬਚਨ ਉਪਮਾ ਤੋਂ ਰਹਿਤ ਤੇ ਅਪਾਰ=ਸ੍ਰੇਸ਼ਟ ਹਨ, ਪੁਨਾ ਸੰਤਾਂ ਦਾ ਆਧਾਰ=ਆਸਰਾ ਰੂਪ ਹਨ, ਇਸ ਕਰਕੇ ਸੰਤ ਆਪ ਜੀ ਦੇ ਹੀ ਬਚਨਾਂ ਦਾ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹੀ ਵਿਚਾਰ ਕਰਦੇ ਰਹਿੰਦੇ ਹਨ।

ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ ॥

ਜੋ ਪੂਰਨ ਬਿਸੁਆਸ=ਭਰੋਸਾ ਧਾਰ ਕੇ ਸ੍ਵਾਸ ਲੈਂਦਿਆਂ ਗਿਰਾਸ=ਭੋਜਨ ਖਾਂਦਿਆਂ ਸਿਮਰਦੇ ਰਹਿੰਦੇ ਹਨ। ਅਸੀਂ ਉਨ੍ਹਾਂ ਸੰਤਾਂ ਨੂੰ ਮਨ 'ਚੋਂ ਕਿਵੇਂ ਬਿਸਾਰੀਐ=ਭੁਲਾ ਸਕਦੇ ਹਾਂ।

ਅਥਵਾ:-ਉਹ ਸੰਤ ਮਨ ਵਿਚੋਂ ਪ੍ਰਭੂ ਨੂੰ ਕਿਵੇਂ ਭੁਲਾ ਸਕਦੇ ਹਨ।

ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ ॥

ਮਨ ਵਿਚੋਂ ਪ੍ਰਮਾਤਮਾ ਨੂੰ ਕਿਵੇਂ ਭੁਲਾ ਸਕਦੇ ਹਨ, ਉਹ ਤਾਂ ਇਕ ਨਿਮਖ ਮਾਤ੍ਰ ਵੀ ਸਿਮਰਨ ਨੂੰ ਟਾਲਦੇ ਨਹੀਂ। ਉਹ ਇੰਝ ਕਹਿੰਦੇ ਹਨ ਕਿ ਗੁਣਾਂ ਵਾਲਾ ਪ੍ਰਭੂ ਅਸਾਡੇ ਪ੍ਰਾਨ ਰੂਪ ਹੈ।

ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ ॥

ਪੁਨਾ ਉਹ ਸੁਆਮੀ ਪ੍ਰਮਾਤਮਾ ਮਨ ਦੀ ਇੱਛਾ ਅਨੁਸਾਰ ਸਾਰੇ ਫਲ ਦੇਂਦਾ ਹੈ। ਅਤੇ ਸਾਰਿਆਂ ਜੀਵਾਂ ਦੀ ਬਿਰਥਾ=ਪੀੜਾ, ਵਾ ਹਾਲਤ ਨੂੰ ਸੰਭਾਲਦਾ ਹੈ।

ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ ॥

ਹੇ 'ਅਨਾਥ ਕੇ ਨਾਥੇ'=ਗਰੀਬਾਂ ਦੇ ਸੁਆਮੀ ਪ੍ਰਭੂ ! ਸਾਰਿਆਂ ਦੇ ਨਾਲ ਰਹਿਣ ਵਾਲੇ, ਇਹ ਕਿਰਪਾ ਕਰੋ ਆਪ ਜੀ ਦੇ ਨਾਮ ਨੂੰ ਜਪਦੇ ਰਹੀਏ, ਸੰਸਾਰ ਜੂਏ ਵਿਚ ਆਪਣੇ ਮਨੁੱਖ ਜਨਮ ਨੂੰ ਨਾ ਹਾਰੀਏ।

ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲੁ ਤਾਰੀਐ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਦੀ ਜਾਂ ਮੈਂ ਨਾਨਕ ਦੀ ਹੇ ਪ੍ਰਭੂ ! ਆਪ ਜੀ ਪਾਸ ਏਹੋ ਬੇਨਤੀ

ਹੈ, ਕਿ-ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਜੀਵਾਂ ਨੂੰ ਸੰਸਾਰ ਸਮੁੰਦ੍ਰ ਤੋਂ ਤਾਰ ਲਵੋ॥ ੨॥

ਭਖਣਾ॥

ਇਕ ਸਿੱਖ ਨੇ ਬੇਨਤੀ ਕੀਤੀ ਸੰਸਾਰਕ ਸੁਖਾਂ ਲਈ ਪਦਾਰਥਾਂ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਅਤੇ ਮੁਕਤੀ ਲਈ ਨਾਮ ਧਨ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਕਿਉਂਕਿ ਮਾਇਆ ਤੋਂ ਬਿਨਾਂ ਦੁਨੀਆਂ ਵਿਚ ਸੋਭਾ ਨਹੀਂ ਹੁੰਦੀ, ਤੇ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਮੁਕਤੀ ਨਹੀਂ ਲੱਭਦੀ, ਜਿਵੇਂ 'ਦੁਰਗੇ' ਬ੍ਰਾਹਮਣ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ ਸੀ-

ਨਾਮ ਦੇਹਿੰ, ਧਨ ਦੇਹਿੰ ਨ ਜਨ ਕੋ, ਧਨ ਬਿਹੀਨ ਜਨ ਜਗ ਨ ਸੁਹਾਇ।
ਜੇ ਧਨ ਦੇਹਿੰ, ਨਾਮ ਨਹਿੰ ਦੇਵੈਂ, ਨਾਮ ਬਿਨਾ ਜਨ ਜਮਪੁਰਿ ਜਾਇ।
ਤੁਮ ਪਹਿ ਕਹੀ ਨਹੀਂ ਬਨ ਆਵਹਿ, ਜਯੋਂ ਭਾਵੈ ਤਯੋਂ ਬਨਤਿ ਬਨਾਇ।
ਗੁਰ ਅਮਰਦਾਸ ਤੇਜੋ ਕੇ ਨੰਦਨ, ਦੋਨਹੁ ਨਿਰਮਲ ਪੱਖ ਚਲਾਇ। ੨੪।

(ਗੁਰ ਪ੍ਰਤਾਪ ਸੂਰਜ ਰਾਸ ੧ ਅੰਸੁ ੫੦)

(ਸਿੱਖ ਦੇ ਦੋਵੇਂ ਪ੍ਰਸ਼ਨਾਂ ਦਾ ਉੱਤਰ ਗੁਰੂ ਜੀ ਦੇਂਦੇ ਹਨ)

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥

ਖੇ=ਚਿਦਾ ਕਾਸ ਵਿਚ ਵਿਚਰਨ ਵਾਲੇ ਸੰਤਾਂ ਦੇ ਚਰਨਾਂ ਦੀ ਧੂੜੀ ਵਿਚ ਮਜਨੁ=ਇਸ਼ਨਾਨ ਕਰਨ ਨਾਲ।

ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥ ੧॥

ਦੁਨੀਆਂ ਦੇ ਸੁਖਾਂ ਲਈ 'ਹਭੇ ਥੋਕੜੇ'=ਸਾਰੇ ਪਦਾਰਥ ਲਧੇ=ਲੱਭ ਪੈਂਦੇ ਹਨ, ਅਤੇ ਗੁਰੂ ਜੀ ਕਥਨ ਕਰਦੇ ਹਨ, ਮੁਕਤੀ ਲਈ ਧਨੁ=ਧੰਨਤਾ ਜੋਗ ਹਰੀਨਾਮ ਰੂਪੀ ਮਾਲ ਮਿਲ ਪੈਂਦਾ ਹੈ।

ਪ੍ਰਸ਼ਨ -ਸੰਤ ਚਰਨ ਧੂੜੀ ਵਿਚ ਇਸ਼ਨਾਨ ਕਦੋਂ ਹੁੰਦਾ ਹੈ? *ਉੱਤਰ-*

ਸਾਈ ਥੀਏ ਕ੍ਰਿਪਾਲ॥

ਜਿਸ ਵੇਲੇ ਸਾਈ=ਸੁਆਮੀ ਪ੍ਰਮਾਤਮਾ ਕ੍ਰਿਪਾਲੂ ਹੁੰਦਾ ਹੈ ਤਾਂ ਸੰਤਾਂ ਦੀ ਚਰਨ ਧੂੜੀ ਵਿਚ ਇਸ਼ਨਾਨ ਹੁੰਦਾ ਹੈ।

ਛੰਤੁ॥ ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ॥

ਸੁਆਮੀ ਪ੍ਰਮਾਤਮਾ ਦਾ ਸੁੰਦਰ ਧਾਮ=ਘਰ ਜੋ ਸਤਸੰਗ ਵਾ ਸਰੂਪ ਹੈ, ਉਸ ਘਰ ਵਿਚ ਭਗਤ ਜਨ ਵਿਸਰਾਮ ਕਰਦੇ ਹਨ, ਅਤੇ ਉਸੇ ਪ੍ਰਭੂ ਦੀ ਆਸਾ ਵਿਚ ਭਗਤ ਜਿਉਂਦੇ ਹਨ।

[ਪੰਨਾ ੮੧]

ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ॥

ਪ੍ਰਭੂ ਦੇ ਨਾਮ ਸਿਮਰਨ ਵਿਚ ਮਨ ਤਨ ਕਰਕੇ ਗਲਤਾਨ ਰਹਿੰਦੇ ਹਨ, ਅਤੇ ਹਰੀ ਨਾਮ ਅੰਮ੍ਰਿਤ ਨੂੰ ਪੀਂਦੇ ਰਹਿੰਦੇ ਹਨ।

ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ ॥

ਹਰੀ ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਹਮੇਸ਼ਾਂ ਇਸਥਿਤ ਰਹਿੰਦੇ ਹਨ, ਅਤੇ ਜਿਨ੍ਹਾਂ ਭਗਤਾਂ ਨੇ ਵਿਸ਼ਿਆਂ ਰੂਪ ਬਨੁ=ਜਲ ਨੂੰ ਫਿੱਕਾ ਜਾਣਿਆ ਹੈ।

ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ ਮਾਨਿਆ ॥

ਮੇਰੇ ਪ੍ਰਭੂ ਗੋਪਾਲ ਉਨ੍ਹਾਂ ਭਗਤਾਂ ਉੱਪਰ ਕਿਰਪਾਲੂ ਹੋਏ ਹਨ, ਕਿਉਂਕਿ ਭਗਤਾਂ ਨੇ ਸਾਧ ਸੰਗਤ ਨੂੰ ਸੁਖਾਂ ਦੀ ਨਿਧੀ ਕਰਕੇ ਮੰਨਿਆ ਹੈ।

ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥

ਹੇ ਪਿਆਰੇ ਸੱਜਨੋਂ ! ਭਗਤਾਂ ਨੂੰ ਸਰਬੰਸ ਦਾ ਸੁਖ ਪ੍ਰਾਪਤ ਹੋਇਆ ਹੈ, ਅਤੇ ਘਨਾ ਬ੍ਰਹਮਾਨੰਦ ਰੂਪ ਅੰਮ੍ਰਿਤ ਆਪ ਪੀਂਦੇ ਹਨ ਹੋਰਨਾਂ ਨੂੰ ਪਿਆਰੇ=ਪਿਲਾਂਦੇ ਹਨ। ਅਤੇ ਹਰੀ ਨਾਮ ਰਤਨ ਨੂੰ ਮਨ ਅੰਦਰ ਸੀਵੀ ਰੱਖਦੇ ਹਨ ਅਰਥਾਤ ਨਾਮ ਵਿਚ ਮਨ ਜੋਤੀ ਰੱਖਦੇ ਹਨ।

ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥ ੩ ॥

ਉਨ੍ਹਾਂ ਭਗਤਾਂ ਨੂੰ ਇਕ ਤਿਲ ਜਿੰਨਾ ਸਮਾਂ ਭੀ ਪ੍ਰਾਣਾਂ ਦਾ ਆਸਰਾ ਰੂਪ ਪ੍ਰਭੂ ਵਿਸਰੈ ਨਹੀਂ=ਭੁੱਲਦਾ ਨਹੀਂ, ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਨੰਮ ਜਪ ਨੂੰ ਜਪ ਕੇ ਹੀ ਜਿਉਂਦੇ ਹਨ॥ ੩ ॥

ਡਖਣਾ ॥ ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ ॥

ਜੇਹੜੇ ਗੁਰਮੁਖ ਜਨ ਤੈਨੇ ਆਪਣੇ ਦਾਸ ਕੀਤੇ ਹਨ, ਉਨ੍ਹਾਂ ਨੂੰ ਹੀ ਤੂੰ ਆਪ ਮਿਲਿਆ ਹੈਂ।

ਆਪੇ ਹੀ ਆਪਿ ਮੋਹਿਉਹ ਜਸੁ ਨਾਨਕ ਆਪਿ ਸੁਣਿਓਹਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਆਪਣੇ ਜਸ ਨੂੰ ਸੁਣ ਕੇ ਆਪੇ ਹੀ ਤੂੰ ਆਪਣੇ ਉੱਪਰ ਮੋਹਤ ਹੋ ਰਿਹਾ ਹੈਂ॥ ੧ ॥

ਛੰਤੁ ॥ ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ ॥

ਪ੍ਰੇਮ ਰੂਪੀ ਠਗਬੂਟੀ ਪਾ ਕੇ, ਗੋਬਿੰਦ ਨੂੰ ਰੀਝਾਇ=ਪ੍ਰਸੰਨ ਕਰਕੇ ਉਸ ਦੇ ਮਨ ਨੂੰ ਮੋਹ ਲਿਆ ਹੈ।

ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ ॥

ਸੰਤਾਂ ਦੀ ਕਿਰਪਾ ਨਾਲ ਅਗਾਧ ਪ੍ਰਭ ਦੇ ਗਲ ਨਾਲ ਲਗ ਕੇ ਮੈਂ ਸੋਹਿਆ=ਸੋਭਾ ਵਾਲਾ ਹੋਇਆ ਹਾਂ।

ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ

ਹਰੀ ਦੇ ਗਲ ਨਾਲ ਲਗ ਕੇ ਸੋਭਾ ਵਾਲਾ ਹੋਇਆ ਹਾਂ,

ਦੋਖ ਸਭਿ ਜੋਹਿਆ=ਜੋ ਸਾਰੇ ਦੋਸ਼ ਸਨ, ਉਹ ਹਿਆ=ਹਤ ਅਰਥਾਤ ਦੂਰ ਹੋ ਗਏ ਹਨ।

ਭਗਤਿ ਲਖ੍ਹਣ ਕਰਿ ਵਸਿ ਭਏ ॥

ਭਗਤੀ ਰੂਪ ਲੱਛਣਾਂ ਨੂੰ ਵੇਖ ਕੇ ਪਤੀ ਜੀ ਵਸੀਕਾਰ ਹੋ ਗਏ ਹਨ।

ਮਨਿ ਸਰਬ ਸੁਖ ਵੁਠੇ ਗੋਵਿਦ ਤੁਠੇ ਜਨਮ ਮਰਣਾ ਸਭਿ ਮਿਟਿ ਗਏ ॥

ਗੋਬਿੰਦ ਦੇ ਤੁਠੇ=ਪ੍ਰਸੰਨ ਹੋਣ ਤੇ ਮਨ ਵਿਚ ਸਾਰੇ ਸੁਖ ਵੱਸ ਗਏ ਹਨ, ਜਨਮ ਮਰਨ ਦੇ ਸਾਰੇ ਝੋਰੇ ਮਿਟ ਗਏ ਹਨ।

ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਨ ਮਾਇਆ ਹੋਹਿਆ ॥

ਮਹਾਤਮਾ ਰੂਪ ਸਖੀਆਂ ਨਾਲ ਮਿਲ ਕੇ ਗੋਬਿੰਦ ਦੇ ਜਸ ਰੂਪ ਮੰਗਲਾਂ ਨੂੰ ਗਾਇਆ ਤਾਂ ਉਸ ਨੇ ਸਾਰੀਆਂ ਇੱਛਾਂ ਪੁਜਾਇਆ=ਪੂਰਨ ਕਰ ਦਿੱਤੀਆਂ, ਬਹੁੜਿ=ਮੁੜ ਕੇ ਮਾਇਆ ਦਾ ਕੋਈ ਹੋਹਿਆ=ਧੱਕਾ ਨਹੀਂ ਵੱਜਾ।

ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪਿਆਰੇ ਪ੍ਰਭੂ ਨੇ ਮਨ ਰੂਪ ਹੱਥ ਨੂੰ ਫੜ ਲਿਆ ਤਾਂ ਸੰਸਾਰ ਸਮੁੰਦਰ ਦਾ ਕੋਈ ਦੁੱਖ ਨਹੀਂ ਪੋਹਿਆ=ਪੋਂਹਦਾ ਭਾਵ ਲਗ ਸਕਦਾ॥ ੪॥

ਭਖਣਾ ॥

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥

ਸਾਈ=ਸੁਆਮੀ ਪ੍ਰਮਾਤਮਾ ਦਾ ਨਾਮ ਅਮੋਲਕ ਹੈ, ਉਸ ਦੀ ਕੀਮਤ ਨੂੰ ਕੋਈ ਨਹੀਂ ਜਾਣ ਸਕਦਾ।

ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਮੱਥੇ ਉੱਪਰ ਭਾਗ ਚੰਗੇ ਹਨ ਓਹੀ ਮਨੁੱਖ ਹਰੀ ਦੇ ਰੰਗੁ=ਆਨੰਦ ਨੂੰ ਮਾਣਦੇ=ਭੋਗਦੇ ਹਨ॥ ੧॥

ਛੰਤੁ ॥ ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ ॥

ਪ੍ਰਭੂ ਦੇ ਨਾਮ ਨੂੰ ਕਹਿਣ ਵਾਲੇ ਪਵਿੱਤ੍ਰ ਹਨ, ਸੁਣਨ ਵਾਲੇ ਵੀ ਸਾਰੇ ਧੰਨ ਹਨ, ਅਤੇ ਨਾਮ ਦੀਆਂ ਸਿਫਤਾਂ ਲਿਖਣ ਵਾਲਿਆਂ ਨੇ ਆਪਣੀ ਕੁਲ ਨੂੰ ਤਾਰ ਲਿਆ ਹੈ।

ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥

ਜਿਨ੍ਹਾਂ ਨੂੰ ਸੰਤਾਂ ਦਾ ਸੰਗ ਹੋਇਆ ਹੈ, ਉਨ੍ਹਾਂ ਨੂੰ ਹਰੀ ਨਾਮ ਦਾ ਰੰਗ ਚੜ੍ਹਿਆ ਹੈ। ਅਤੇ ਉਨ੍ਹਾਂ ਨੇ ਅਕਾਲ ਪੁਰਖ ਨੂੰ ਵਿਚਾਰਨਾ ਕੀਤਾ ਹੈ।

ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ ॥

ਜਿਨ੍ਹਾਂ ਨੇ ਅਕਾਲ ਪੁਰਖ ਨੂੰ ਵਿਚਾਰਿਆ ਹੈ ਉਨ੍ਹਾਂ ਨੇ ਆਪਣਾ ਜਨਮ ਸਫਲਾ ਕਰ ਲਿਆ ਹੈ, ਉਨ੍ਹਾਂ ਉੱਤੇ ਪ੍ਰਭੂ ਨੇ ਆਪਣੀ ਪੂਰਨ ਕਿਰਪਾ ਦ੍ਰਿਸ਼ਟੀ ਕੀਤੀ ਹੈ।

ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ ॥

ਹਰੀ ਨੇ ਆਪਣਾ ਜਸ ਕਰਨਾ ਦੇ ਕੇ ਜਿਨ੍ਹਾਂ ਦੇ ਮਨ ਰੂਪ ਕਰੁ=ਹੱਥ ਨੂੰ ਫੜ ਲਿਆ ਹੈ ਉਹ ਜੂਨੀਆਂ ਵਿਚ ਨਹੀਂ ਦੌੜਦਾ ਅਤੇ ਨਾ ਹੀ ਮਰਦਾ ਹੈ।

ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥

ਸਤਿਗੁਰਾਂ ਦੀ ਦਿਆਲਤਾ ਨਾਲ ਕਾਮ ਕ੍ਰੋਧ ਲੋਭ ਆਦਿਕਾਂ ਨੂੰ ਮਾਰਿਆ ਤਾਂ ਹਰੀ ਕ੍ਰਿਪਾਲੂ ਭੇਟਤ=ਮਿਲ ਗਿਆ।

ਅਥਵਾ-ਸਤਿਗੁਰਾਂ ਦੀ ਦਿਆਲਤਾ ਨਾਲ ਕਿਰਪਾਲ ਭੇਟਤ=ਕ੍ਰਿਪਾਲੂ ਪ੍ਰਮੇਸ਼ਰ ਮਿਲਿਆ ਤਾਂ ਸ਼ੁਭ ਗੁਣਾਂ ਨਾਲ ਹਰੇ ਹੋ ਗਏ ਅਤੇ ਕਾਮ ਕ੍ਰੋਧ ਲੋਭ ਆਦਿਕਾਂ ਨੂੰ ਮਾਰ ਦਿੱਤਾ।

ਅਥਵਾ-ਪ੍ਰਭੂ ਦੀ ਕ੍ਰਿਪਾਲਤਾ ਨਾਲ ਦਿਆਲੂ ਸੁਭਾਅ ਵਾਲੇ ਗੁਰੂ ਮਿਲੇ ਤਾਂ ਉਨ੍ਹਾਂ ਦੀ ਮਦਦ ਨਾਲ ਕਾਮ ਕ੍ਰੋਧ ਹਰੇ=ਦੂਰ ਹੋ ਗਏ, ਅਤੇ ਲੋਭ ਨੂੰ ਭੀ ਮਾਰ ਦਿੱਤਾ।

ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ ॥੫ ॥੧ ॥੩ ॥

ਸੁਆਮੀ ਦਾ ਜਸ ਕਥਨ ਨਹੀਂ ਕੀਤਾ ਜਾਂਦਾ। ਗੁਰੂ ਜੀ ਕਥਨ ਕਰਦੇ ਹਨ, ਉਸ ਅਕੱਥ ਪ੍ਰਭੂ ਤੋਂ ਮੈਂ ਸਦਕੇ ਤੇ ਵਾਰਨੇ ਜਾਂਦਾ ਹਾਂ॥ ੫ ॥ ੧ ॥ ੩ ॥

ਸਿਰੀਰਾਗੁ ਮਹਲਾ ੪ ਵਣਜਾਰਾ

੧ਓ ਸਤਿਨਾਮੁ ਗੁਰ ਪ੍ਰਸਾਦਿ ॥

ਗੁਰੂ ਸਾਹਿਬਾਂ ਨੇ ਇਹ ਦਸਾਂ ਅੱਖਰਾਂ ਵਾਲਾ ਮੰਤ੍ਰ ਲਿਖਿਆ ਹੈ।

੧	੨	੩	੪	੫	੬	੭	੮	੯	੧੦
੧ਓ	ਸ	ਤਿ	ਨਾ	ਮੁ	ਗੁ	ਰ·	ਪ੍	ਸਾ	ਦਿ ॥

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਦਸਾਂ ਅੱਖਰਾਂ ਵਾਲਾ ਮੰਤ੍ਰ ਕੇਵਲ ਦੋ ਵਾਰੀ ਆਉਂਦਾ ਹੈ। ਇੱਕ ਤਾਂ ੮੧ ਪੰਨੇ ਉੱਪਰ ਆਪ ਜੀ ਦੇ ਸਾਹਮਣੇ ਦਿਸ ਰਿਹਾ ਹੈ। ਦੂਜਾ ੫੪੪ ਪੰਨੇ ਉੱਪਰ ਹੈ।

ਬਿਹਾਗੜਾ ਮਹਲਾ ੫ ਘਰੁ ੨ ॥ ੧ਓ ਸਤਿਨਾਮੁ ਗੁਰ ਪ੍ਰਸਾਦਿ ॥

ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ ॥

ਇਸ ਤੋਂ ਇਲਾਵਾ ਹੋਰ ਕਿਧਰੇ ਨਹੀਂ ਆਉਂਦਾ।

ਮੰਤਰਾਂ ਦੇ ਸਾਰੇ ਭੇਦ ਪੜ੍ਹਨੇ ਹੋਣ ਤਾਂ ਪੋਥੀ ਅਮੀਰ ਭੰਡਾਰ ਦੇ ੭੮ ਪੰਨੇ ਤੋਂ ਪੜ੍ਹੋ।

ਉਥਾਨਕਾ :- ਇੱਕ ਵਣਜਾਰੇ ਸਿੱਖ ਨੇ ਆ ਕੇ ਬੇਨਤੀ ਕੀਤੀ, ਦੁਨੀਆਂ ਵਿਚ ਬਹੁਤ ਸਾਰੇ ਲੋਕ ਆਪੋ ਆਪਣੇ ਖਿਆਲਾਂ ਅਨੁਸਾਰ ਯੱਗ, ਤਪ, ਤੀਰਥ ਇਸ਼ਨਾਨ ਵਰਤ, ਆਦਿਕ ਸ਼ੁਭ ਕਰਮਾਂ ਦੇ ਕਰਨ ਵਿਚ ਲਗੇ ਹੋਏ ਹਨ, ਮੇਰਾ ਭਰੋਸਾ ਆਪ ਜੀ ਉੱਤੇ ਹੈ ਆਪ ਦੱਸੋ ਮੈਂ ਕਿਹੜਾ ਸਾਧਨ ਕਰਾਂ, ਜਿਸ ਕਰਕੇ ਮੈਨੂੰ ਪ੍ਰਭੂ ਦੀ ਪ੍ਰਾਪਤੀ ਹੋਵੇ? *ਗੁਰ ਉੱਤਰ-*

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥

ਹੇ ਭਾਈ ! ਸਾਰਿਆਂ ਸਾਧਨਾਂ 'ਚੋਂ ਮੁਕਤੀ ਲਈ ਹਰਿ ਹਰਿ ਦਾ ਨਾਮ ਹੀ ਉੱਤਮ ਸਾਧਨ ਹੈ, ਜਿਸ ਹਰੀ ਨੇ ਸਭ ਕਿਸੇ ਨੂੰ ਸਿਰਿਆ=ਪੈਦਾ ਕੀਤਾ ਹੈ।

ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ॥

ਹਰੀ ਸਾਰਿਆਂ ਜੀਵਾਂ ਦੀ ਪਾਲਨਾ ਕਰਦਾ ਹੈ, ਅਤੇ ਓਹੀ ਹਰੀ ਸਾਰਿਆਂ ਘਟਾਂ ਘਟਾਂ ਵਿਚ ਵਿਆਪਕ ਹੈ।

ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ॥

ਉਸ ਹਰੀ ਨੂੰ ਸਦਾ ਧਿਆਉਣਾ ਕਰੀਏ, ਕਿਉਂਕਿ ਉਸ ਹਰੀ ਤੋਂ ਬਿਨਾਂ ਜੀਵ ਦਾ ਰਾਖਾ ਹੋਰ ਕੋਈ ਨਹੀਂ ਹੈ।

ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ॥

ਜੋ ਪੁਰਸ਼ ਮਾਇਆ ਦੇ ਮੋਹ ਵਿਚ ਚਿੱਤ ਨੂੰ ਲਗਾਉਂਦੇ ਹਨ, ਉਹ ਅੰਤ ਸਮੇਂ ਮਾਇਆ ਨੂੰ ਇੱਥੇ ਹੀ ਛੱਡ ਕੇ ਜਮਾਂ ਨਾਲ ਚਲਦੇ ਹਨ, ਤੇ ਦੁਖੀ ਹੋ ਕੇ ਰੋਂਦੇ ਹਨ।

ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਪੁਰਸ਼ਾਂ ਨੇ ਸਤਿਨਾਮੁ ਨੂੰ ਧਿਆਉਣਾ ਕੀਤਾ ਹੈ। ਹਰੀ ਅੰਤ ਵੇਲੇ ਉਨ੍ਹਾਂ ਦਾ ਸਹਾਈ ਹੁੰਦਾ ਹੈ॥ ੧॥

ਮੈ ਹਰਿ ਬਿਨੁ ਅਵਰੁ ਨ ਕੋਇ॥

ਮੇਰਾ ਹਰੀ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

ਅਥਵਾ:-ਮੈਂ ਹਰੀ ਨਾਮ ਤੋਂ ਬਿਨਾਂ ਹੋਰ ਕੋਈ ਮੁਕਤੀ ਦਾ ਸਾਧਨ ਨਹੀਂ ਮੰਨਦਾ।

ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ
ਵਡਭਾਗਿ ਪਰਾਪਤਿ ਹੋਇ॥ ੧॥ ਰਹਾਉ॥

ਹੇ ਭਾਈ ਵਣਜਾਰਿਆ ਮਿਤ੍ਰਾ ! ਗੁਰਾਂ ਦੀ ਸ਼ਰਨ ਵਿਚ ਆਉਣ ਨਾਲ ਹਰੀ ਨਾਮ ਪਾਈਦਾ ਹੈ।
ਪਰ ਗੁਰੂ ਵਡਿਆਂ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ॥ ੧॥ ਰਹਾਉ॥

[ਪੰਨਾ ੮੨]

ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ॥

ਹੇ ਭਾਈ ! ਸੰਤ ਜਨਾਂ ਤੋਂ ਬਿਨਾਂ, ਹੋਰ ਕਿਸੇ ਨੇ ਭੀ ਹਰੀ ਨਾਮ ਨੂੰ ਨਹੀਂ ਪਾਇਆ।

ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ॥

ਜੋ ਪੁਰਸ਼ ਹਉਮੈ ਵਿਚ ਲਗ ਕੇ ਕਰਮਾਂ ਨੂੰ ਕਮਾਵਦੇ=ਕਰਦੇ ਹਨ, ਉਹ ਪਿਤਾ ਪ੍ਰਮਾਤਮਾ ਤੋਂ ਬਿਨਾਂ ਹੋਣ ਕਰਕੇ ਸੋਭਾ ਨਹੀਂ ਪਾਂਦੇ। ਜਿਵੇਂ ਵੇਸ਼ਵਾ ਦਾ ਪੁਤ੍ਰ ਨਿ+ਨਾਉ=ਪਿਤਾ ਦੇ ਨਾਂ ਤੋਂ ਰਹਿਤ ਹੋਣ ਕਰਕੇ ਜਗਤ ਵਿਚ ਪ੍ਰਭੁਤਾ ਅਰਥਾਤ ਵਡਿਆਈ ਨਹੀਂ ਪਾਂਦਾ।

ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥

ਸਾਰਿਆਂ ਦਾ ਪਿਤਾ ਜੋ ਪ੍ਰਮੇਸ਼ਰ ਹੈ ਉਸ ਦਾ ਜਾਤਿ=ਸਰੂਪ ਤਾਂ ਹੁੰਦਾ ਹੈ। ਜੇਕਰ ਗੁਰੂ ਸਾਹਿਬ ਜੀ

ਤੁਠਾ=ਪ੍ਰਸੰਨ ਹੋ ਕੇ ਨਾਮ ਦੀ ਪਸਾਉ=ਦਾਤ ਦੇਣਾ ਕਰਨ।

ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥

ਜਿਨ੍ਹਾਂ ਵਡਭਾਗੀਆਂ ਨੇ ਗੁਰਾਂ ਪਾਸੋਂ ਨਾਮ ਪਾਇਆ ਹੈ। ਉਨ੍ਹਾਂ ਦਾ ਅਹਿ+ਨਿਸਿ=ਦਿਨ ਰਾਤ ਹਰੀ ਨਾਮ ਵਿਚ ਭਾਉ=ਪ੍ਰੇਮ ਲੱਗਾ ਰਹਿੰਦਾ ਹੈ।

ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਸ ਗੁਰਮੁਖ ਜਨ ਨੇ ਬ੍ਰਹਮ ਨੂੰ ਪਛਾਣ ਲਿਆ ਹੈ ਜਿਸ ਨੇ ਹਰੀ ਦੀ ਕੀਰਤੀ ਕਰਨੇ ਰੂਪ ਕਰਮ ਨੂੰ ਕਮਾਇਆ ਹੈ॥ ੨ ॥

ਮਨਿ ਹਰਿ ਹਰਿ ਲਗਾ ਚਾਉ ॥

ਮੇਰੇ ਮਨ ਵਿਚ ਭੀ ਹਰਿ ਹਰਿ ਨਾਮ ਜਪਨ ਦਾ ਚਾਉ=ਉਤਸ਼ਾਹ ਲਗ ਰਿਹਾ ਹੈ।

ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧ ॥ਰਹਾਉ ॥

ਪੂਰਿਆਂ ਗੁਰਾਂ ਨੇ ਹਰੀ ਨਾਮ ਦ੍ਰਿੜ੍ਹ ਕਰਾ ਦਿੱਤਾ ਹੈ। ਨਾਉ=ਨਾਮ ਜਪਣ ਕਰਕੇ ਹੀ ਹਰਿ ਹਰਿ ਪ੍ਰਭੂ ਮਿਲਿਆ ਹੈ।

ਅਥਵਾ:- ਜਿਸ ਪ੍ਰਭੂ ਦਾ ਨਾਮ ਹਰਿ ਹੈ ਉਹ ਹਰੀ ਆ ਕੇ ਮਿਲਿਆ ਹੈ॥ ੧ ॥ ਰਹਾਉ ॥

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ ॥

ਜਿਤਨਾ ਚਿਰ ਜੋਬਨ ਅਵਸਥਾ ਦੇ ਸ੍ਵਾਸ ਹਨ।

*ਅਥਵਾ:-*ਜਿਤਨਾ ਚਿਰ ਜੁਆਨੀ ਹੈ ਤੇ ਸਰੀਰ ਵਿਚ ਸ੍ਵਾਸ ਹਨ।

ਉਤਨਾ ਚਿਰ ਤੱਕ ਤੂੰ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰ।

ਯਥਾ:- ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥

(ਸਿਰੀਰਾਗੁ ਮਹਲਾ ੧, ਪੰਨਾ ੨੦)

ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ ॥

ਇੱਥੋਂ ਚਲਦਿਆ=ਜਾਣ ਲਗਿਆਂ ਹਰੀ ਨਾਮ ਤੇਰੇ ਨਾਲ ਚਲੇਗਾ, ਅਤੇ ਅੰਤ ਨੂੰ ਜਮਾਂ ਪਾਸੋਂ ਹਰੀ ਨਾਮ ਤੈਨੂੰ ਛੁਡਾ ਲਏਗਾ।

ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ ॥

ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ, ਜਿਨ੍ਹਾਂ ਦੇ ਮਨ ਵਿਚ ਹਰੀ ਨਾਮ ਆ ਕੇ ਵੁਠਾ= ਵਸਿਆ ਹੈ।

ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ ॥

ਜਿਨ੍ਹਾਂ ਨੇ ਹਰਿ ਹਰਿ ਨਾਮ ਦਾ ਚਿੰਤਨ ਨਹੀਂ ਕੀਤਾ, ਉਹ ਪੁਰਸ਼ ਅੰਤ ਨੂੰ ਪਸਚਾਤਾਪ ਕਰਦੇ ਗਏ ਹਨ।

ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ॥ ੩ ॥

ਜਿਨ੍ਹਾਂ ਦੇ ਮੱਥੇ ਉੱਪਰ ਹਰੀ ਪ੍ਰਭੂ ਨੇ ਧੁਰ ਤੋਂ ਚੰਗਿਆਂ ਕਰਮਾਂ ਦਾ ਲੇਖ ਲਿਖਿਆ ਹੈ, ਗੁਰੂ ਜੀ ਕਥਨ ਕਰਦੇ ਹਨ, ਉਹ ਗੁਰਮੁਖ ਜਨ ਪ੍ਰਭੂ ਦੇ ਨਾਮ ਨੂੰ ਧਿਆਉਂਦੇ ਹਨ॥ ੩ ॥

ਮਨ ਹਰਿ ਹਰਿ ਪ੍ਰੀਤਿ ਲਗਾਇ ॥

ਮੇਰੇ ਮਨ ਨੇ ਹਰਿ ਹਰਿ ਨਾਮ ਜਪਣ ਵਿਚ ਪ੍ਰੀਤੀ ਲਗਾਈ ਹੈ।

ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ॥ ੧ ॥ ਰਹਾਉ ॥

ਜਿਸ ਵਡਭਾਗੀ ਨੇ ਗੁਰਾਂ ਦੇ ਉਪਦੇਸ਼ ਨੂੰ ਪਾਇਆ ਹੈ, ਉਸ ਗੁਰ ਸ਼ਬਦੀਏ ਨੂੰ ਗੁਰਾਂ ਨੇ ਸੰਸਾਰ ਸਾਗਰ ਤੋਂ ਪਾਰ ਲੰਘਾਣਾ ਕੀਤਾ ਹੈ॥ ੧ ॥ ਰਹਾਉ ॥

ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥

ਹਰੀ ਆਪਣੇ ਆਪ ਭਾਵ ਸੁਤੰਤ੍ਰ ਹੀ ਜਗਤ ਨੂੰ ਪੈਦਾ ਕਰਦਾ ਹੈ, ਹਰੀ ਆਪ ਹੀ ਦਾਤਾਂ ਦੇਂਦਾ ਹੈ ਅਤੇ ਆਪ ਹੀ ਜੀਵਾਂ ਤੋਂ ਖੋਹ ਲੈਂਦਾ ਹੈ।

ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥

ਹਰੀ ਆਪ ਹੀ ਜੀਵਾਂ ਨੂੰ ਭਰਮ ਵਿਚ ਭੁਲਾਂਦਾ ਹੈ, ਹਰੀ ਆਪ ਹੀ ਸ਼ੁਭ ਸਿੱਖਿਆ ਦੇਂਦਾ ਹੈ।

ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥

ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਪਰਗਾਸੁ=ਗਿਆਨ ਦਾ ਚਾਨਣ ਹੈ, ਉਹ ਕੋਈ ਕੋਈ ਵਿਰਲੇ ਹਨ।

ਯਥਾ:- ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ ੧੨ ॥ *(ਪੰਨਾ ੧੪੧੧)*

ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥

ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ, ਜਿਨ੍ਹਾਂ ਨੇ ਗੁਰ ਸਿੱਖਿਆ ਦੁਆਰੇ ਹਰੀ ਨੂੰ ਪਾਇਆ ਹੈ।

ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਪੁਰਸ਼ਾਂ ਦਾ ਹਿਰਦਾ ਕੌਲ ਖਿੜਿਆ ਹੈ, ਜਿਨ੍ਹਾਂ ਦੇ ਮਨ ਵਿਚ ਹਰਿ ਹਰਿ ਨਾਮ ਵੁਠੜਾ=ਵਸਿਆ ਹੈ॥ ੪ ॥

ਮਨਿ ਹਰਿ ਹਰਿ ਜਪਨੁ ਕਰੇ ॥

ਮੈਂ ਭੀ ਮਨ ਵਿਚ ਹਰਿ ਹਰਿ ਨਾਮ ਨੂੰ ਜਪਨਾ ਕਰਦਾ ਹਾਂ।

ਹਰਿ ਗੁਰ ਸਰਣਾਈ ਭਜਿ ਪਉ
ਜਿੰਦੂ ਸਭ ਕਿਲਵਿਖ ਦੁਖ ਪਰਹਰੇ ॥ ੧ ॥ ਰਹਾਉ ॥

ਜਿੰਦੂ=ਹੇ ਭਾਈ ! ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਦੌੜ ਕੇ ਜਾ ਪਉ ਤਾਂ ਤੇਰੇ ਸਾਰੇ ਕਿਲਵਿਖ=ਪਾਪ ਅਤੇ ਦੁਖ ਪਰਹਰੇ=ਨਵਿਰਤ ਹੋ ਜਾਣਗੇ॥ ੧ ॥ ਰਹਾਉ ॥

ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ॥

ਜੋ ਰਮਈਆ=ਰਾਮ ਸਾਰਿਆਂ ਸਰੀਰਾਂ ਦੇ ਮਨ ਵਿਚ ਵਸ ਰਿਹਾ ਹੈ, ਉਸ ਨੂੰ ਕਿਵੇਂ ਪਾਈਦਾ ਹੈ?

ਉੱਤਰ-

ਕਿਤੁ ਭਤਿ=ਕੀਰਤੀ ਦੀ ਤਰ੍ਹਾਂ (ਢੰਗ) ਦੁਆਰੇ ਪਾਈਦਾ ਹੈ। ਕਿਉਂਕਿ ਉਸ ਦੇ ਗੁਣਾਂ ਦਾ ਗਾਉਣਾ ਹੀ ਉਸ ਦੇ ਮਿਲਣ ਦਾ ਸਾਧਨ ਹੈ।

ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤਿ॥

ਗੁਰੁ=ਪੂਜਨੀਕ ਬ੍ਰਹਮ ਨੇਸ਼ਟੀ ਬ੍ਰਹਮ ਸ੍ਰੋਤਰੀ ਪੂਰਿਆਂ ਸਤਿਗੁਰਾਂ ਦੇ ਮਿਲਣ ਕਰਕੇ ਮਨ ਚਿੱਤ ਵਿਚ ਹਰੀ ਆ ਕੇ ਵਸਦਾ ਹੈ।

ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ॥

ਮੈਨੂੰ ਤਨ ਕਰਕੇ ਨਾਮ ਦਾ ਧਰ=ਆਸਰਾ ਹੈ, ਬਾਣੀ ਕਰਕੇ ਵੀ ਨਾਮ ਦਾ ਅਧਾਰੁ=ਆਸਰਾ ਹੈ।

*ਅਥਵਾ:-*ਅਧਾਰੁ=ਆਸਰਾ ਰੂਪ ਜੋ ਪ੍ਰਭੂ ਹੈ ਉਸ ਦੇ ਨਾਮ ਦਾ ਮੈਨੂੰ ਧਰ=ਆਸਰਾ ਹੈ।

ਵਾ :-ਮੈਨੇ ਨਾਮ ਦੇ ਅਧਾਰ=ਆਸਰੇ ਨੂੰ ਧਰ=ਧਾਰਨਾ ਕੀਤਾ ਹੈ।

ਹਰੀ ਨਾਮ ਜਪਨੇ ਨਾਲ ਹੀ ਆਤਮ ਵਸ਼ੈਣੀ ਮਤੀ ਦੀ ਗਤਿ=ਪ੍ਰਾਪਤੀ ਹੋਈ ਹੈ।

ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ॥

ਮੈਨੇ ਹਰਿ ਹਰਿ ਨਾਮ ਨੂੰ ਵਿਸਾਹੁ=ਖਰੀਦਿਆ ਹੈ, ਵਾ ਵਿਸਾਹੁ=ਭਰੋਸਾ ਕੀਤਾ ਹੈ। ਹਰੀ ਨਾਮ ਕਰਕੇ ਹੀ ਜਾਤੀਂ ਦੀ ਉਤਮਤਾਈ ਤੇ ਪੱਤ ਅਬਰੋ ਰਹਿ ਆਈ ਹੈ।

ਅਥਵਾ:- ਹਰੀ ਦੇ ਨਾਮ ਵਿਚ ਹੀ ਅਸਾਂ ਨੇ ਆਪਣੀ ਪਤਿ=ਇੱਜ਼ਤ ਜਤਿ=ਜਾਣੀ ਹੈ।

ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ॥ ੫॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਜਨ ਨੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ, ਅਤੇ ਸਾਰਿਆਂ ਰੰਗਾਂ ਵਿਚ ਰੱਤਾ ਹੋਇਆ ਜੋ ਹਰੀ ਹੈ, ਉਸ ਦੇ ਰੰਗਿ=ਪ੍ਰੇਮ ਵਿਚ ਮਨ ਨੂੰ ਰਤਿ=ਰੰਗ ਲਿਆ ਹੈ॥ ੫॥

ਹਰਿ ਧਿਆਵਹੁ ਹਰਿ ਪ੍ਰਭੁ ਸਤਿ॥

ਸਤਿ=ਤ੍ਰੈਕਾਲ ਅਬਾਧ ਰੂਪ ਹਰਿ ਹਰਿ ਪ੍ਰਭੂ ਨੂੰ ਸਤਿ=ਨਿਸਚੇ ਸਹਿਤ ਧਿਆਉਣਾ ਕਰੋ।

ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ॥੧॥ਰਹਾਉ॥

ਗੁਰ ਬਚਨੀ=ਗੁਰ ਉਪਦੇਸ਼ ਵਾਲਿਆਂ ਨੇ ਉਸ ਹਰੀ ਪ੍ਰਭੂ ਨੂੰ ਜਾਣਿਆ ਹੈ, ਜਿਸ ਹਰੀ ਪ੍ਰਭੂ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ॥ ੧॥ ਰਹਾਉ॥

ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ॥

ਜਿਨ੍ਹਾਂ ਨੂੰ ਪ੍ਰਭੂ ਨੇ ਪੂਰਬਿ=ਪਿਛਲੇ ਜਨਮ ਦੇ ਸ਼ੁਭ ਕਰਮਾਂ ਦਾ ਲੇਖ ਲਿਖ ਦਿੱਤਾ ਹੈ, ਉਹ ਮਨੁੱਖ ਗੁਰਾਂ ਪਾਸ ਆ ਕੇ ਸਤਸੰਗਤ ਨਾਲ ਮਿਲੇ ਹਨ।

ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪਰਗਾਸਿ॥

ਹੇ ਭਾਈ ਵਣਜਾਰਿਆ ਮਿਤ੍ਰਾ ! ਸੇਵਕੀ ਭਾ ਦੇ ਹੋਣ ਕਰਕੇ ਗੁਰੂ ਸਾਹਿਬ ਜੀ ਉਸ ਜਗਿਆਸੂ ਪ੍ਰਤੀ ਹਰਿ ਹਰਿ ਨਾਮ ਨੂੰ ਪਰਗਾਸਿ=ਉਚਾਰਦੇ ਹਨ। ਪਾਠਾਂਤ੍ਰ ਪਾਠ :-ਪ੍ਰਗਾਸਿ ਹੈ।

ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ॥

ਨਾਮ ਰੂਪ ਵਣਜ ਧੰਨਤਾ ਜੋਗ ਹੈ, ਨਾਮ ਦਾ ਵਾਪਾਰੀ ਜੋ ਉੱਤਮ ਜਗਿਆਸੂ ਹੈ ਉਹ ਭੀ ਧੰਨਤਾ ਜੋਗ ਹੈ। ਜਿਸ ਨੇ ਸ਼ਰਧਾ ਵਾ :-ਸ੍ਵਾਸਾਂ ਰੂਪੀ ਰਾਸਿ=ਪੂੰਜੀ ਦੁਆਰਾ ਹਰੀ ਦੀ ਪ੍ਰਾਪਤੀ ਰੂਪ ਵਖਰੁ=ਸੌਦੇ ਨੂੰ ਲੱਦਣਾ ਕੀਤਾ ਹੈ।

ਅਥਵਾ:-ਜਿਸਨੇ ਹਰੀ ਨਾਮ ਰੂਪੀ ਰਾਸਿ ਵਖਰੁ=ਸੱਚਾ ਸੌਦਾ ਖਰੀਦਨਾ ਕੀਤਾ ਹੈ।

ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ॥

ਗੁਰਮੁਖਾਂ ਦੇ ਸੰਸਾਰ ਦਰਵਾਜ਼ੇ ਅੰਦਰ ਮੂੰਹ ਉਜਲੇ ਹਨ, ਅਤੇ ਪ੍ਰਲੋਕ ਵਿਚ ਉਹ ਗੁਰਮੁਖ ਹਰੀ ਦੇ ਪਾਸ ਆ ਕੇ ਮਿਲੇ ਹਨ।

ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ॥ ੬॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਪੁਰਸ਼ਾਂ ਨੇ ਗੁਰੂ ਪਾਸੋਂ ਹਰੀ ਨਾਮ ਪਾਇਆ ਹੈ, ਜਿਨ੍ਹਾਂ ਉੱਤੇ ਗੁਣ ਤਾਸਿ=ਸ਼ੁਭ ਗੁਣਾਂ ਦਾ ਖਜ਼ਾਨਾ ਪ੍ਰਭੂ ਆਪ ਤੁਠਾ=ਪ੍ਰਸੰਨ ਹੋਇਆ ਹੈ॥ ੬॥

ਹਰਿ ਧਿਆਵਹੁ ਸਾਸਿ ਗਿਰਾਸਿ॥

ਸ੍ਵਾਸ ਲੈਂਦਿਆਂ, ਗਿਰਾਸਿ=ਭੋਜਨ ਖਾਂਦਿਆਂ ਹਰੀ ਨਾਮ ਨੂੰ ਧਿਆਉਣਾ ਕਰੋ।

ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ

ਉਨ੍ਹਾਂ ਗੁਰਮੁਖਾਂ ਦੇ ਮਨ ਵਿਚ ਪ੍ਰਭੂ ਦੀ ਪ੍ਰੀਤੀ ਲਗੀ ਹੈ।

ਹਰਿ ਨਾਮੁ ਜਿਨਾ ਰਹਰਾਸਿ॥ ੧॥ ਰਹਾਉ॥ ੧॥

ਜਿਨ੍ਹਾਂ ਪਾਸ ਹਰਿ ਨਾਮ ਦੀ ਰਾਸਿ=ਪੂੰਜੀ ਰਹਿ ਆਈ ਹੈ।

ਅਥਵਾ:-ਹਰੀ ਦਾ ਨਾਮ ਹੀ ਜਿਨ੍ਹਾਂ ਦੀ 'ਰਹਰਾਸਿ'=ਰਹੁ ਰੀਤੀ ਹੈ॥ ੧॥ ਰਹਾਉ॥ ੧॥

ਸਿਰੀਰਾਗੁ ਕੀ ਵਾਰ ਆਰੰਭ

ਮੁਖਬੰਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਬਾਈ ਵਾਰਾਂ ਆਉਂਦੀਆਂ ਹਨ, ਜਿਨ੍ਹਾਂ ਦੀ ਖੁਲਾਸੀ ਪੜਚੋਲ ਇਸ ਤਰ੍ਹਾਂ ਦੇ ਪ੍ਰਸ਼ਨ ਉੱਤਰਾਂ ਦੁਆਰੇ ਕੀਤੀ ਗਈ ਹੈ। ਤਾਂ ਕਿ ਹਰ ਇਕ ਸੱਜਣ ਨੂੰ ਇਸ ਤੋਂ ਪੜ੍ਹਨ ਨਾਲ ਹੀ ਬਾਈ ਵਾਰਾਂ ਦਾ ਪੂਰਾ ਗਿਆਨ ਹੋ ਜਾਵੇ।

ਪ੍ਰਸ਼ਨ:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤਨੇ ਰਾਗ ਹਨ?

ਉੱਤਰ :-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੇ ੩੧ ਰਾਗ ਹਨ।

੧ ਸਿਰੀਰਾਗ,	੨ ਮਾਝ,	੩ ਗਉੜੀ,	੪ ਆਸਾ,	੫ ਗੂਜਰੀ,
੬ ਦੇਵ ਗੰਧਾਰੀ,	੭ ਬਿਹਾਗੜਾ,	੮ ਵਡਹੰਸ,	੯ ਸੋਰਠਿ,	੧੦ ਧਨਾਸਰੀ,
੧੧ ਜੈਤਸਰੀ,	੧੨ ਟੋਡੀ,	੧੩ ਬੈਰਾੜੀ,	੧੪ ਤਿਲੰਗ,	੧੫ ਸੂਹੀ,
੧੬ ਬਿਲਾਵਲ,	੧੭ ਗੌਂਡ,	੧੮ ਰਾਮਕਲੀ,	੧੯ ਨਟ ਨਰਾਇਣ,	
੨੦ ਮਾਲੀ ਗੌੜਾ,	੨੧ ਮਾਰੂ,	੨੨ ਤੁਖਾਰੀ,	੨੩ ਕੇਦਾਰਾ,	੨੪ ਭੈਰਉ,
੨੫ ਬਸੰਤ,	੨੬ ਸਾਰੰਗ,	੨੭ ਮਲਾਰ,	੨੮ ਕਾਨੜਾ,	
੨੯ ਕਲਿਆਣ,	੩੦ ਪ੍ਰਭਾਤੀ,	੩੧ ਜੈਜਾਵੰਤੀ।		

ਯਥਾ :-ਸਿਰੀਰਾਗੁ ਮਾਝ ਗਉੜੀ, ਆਸਾ, ਸੰਗ ਭਈ ਬਉਰੀ, ਗੂਜਰੀ ਗੰਧਾਰੀ ਤੇ ਬਿਹਾਗੜਾ ਸੁਹਾਇਓ ਹੈ। ਵਡਹੰਸ ਸੋਰਠਿ ਧਨਾਸਰੀ ਤੇ ਜੈਤਸਰੀ, ਟੋਡੀ ਤੇ ਬੈਰਾੜੀ, ਔ ਤਿਲੰਗ ਸੂਹੀ ਛਾਇਓ ਹੈ। ਬਿਲਾਵਲੁ ਤੇ ਗੌਂਡ ਰਾਮਕਲੀ ਨਟ ਮਾਲੀ ਗਉੜਾ, ਮਾਰੂ ਤੇ ਤੁਖਾਰੀ ਔ ਕਿਦਾਰ ਭੈਰਉ ਪਾਇਓ ਹੈ। ਬਸੰਤ ਸਾਰੰਗ ਮਲ੍ਹਾਰ ਕਾਨੜਾ ਕਲਿਆਣ, ਪ੍ਰਭਾਤੀ ਬਿਭਾਸ ਤੇ ਜੈਜਾਵੰਤੀ ਗੁਣ ਗਾਇਓ ਹੈ।

ਪ੍ਰਸ਼ਨ:- ਬਾਈ ਵਾਰਾਂ ਕਿਤਨੇ ਰਾਗਾਂ ਵਿਚ ਹਨ?

ਉੱਤਰ:-ਬਾਈ ਵਾਰਾਂ ਸਤਾਰ੍ਹਾਂ ਰਾਗਾਂ ਵਿਚ ਹਨ।

ਪ੍ਰਸ਼ਨ:-ਸਤਾਰ੍ਹਾਂ ਰਾਗ ਕੇਹੜੇ ਹਨ?

ਉੱਤਰ:-੧. ਸਿਰੀਰਾਗੁ, ੨. ਮਾਝ, ੩. ਗਉੜੀ, ੪. ਆਸਾ, ੫. ਗੂਜਰੀ, ੬. ਬਿਹਾਗੜਾ, ੭. ਵਡਹੰਸ, ੮. ਸੋਰਠਿ, ੯. ਜੈਤਸਰੀ, ੧੦. ਸੂਹੀ, ੧੧. ਬਿਲਾਵਲੁ, ੧੨. .ਰਾਮਕਲੀ, ੧੩. ਮਾਰੂ, ੧੪. ਬਸੰਤੁ, ੧੫. ਸਾਰੰਗ, ੧੬. ਮਲਾਰ, ੧੭. ਕਾਨੜਾ।

ਪ੍ਰਸ਼ਨ:-ਦੋ ਦੋ ਜਾਂ ਤਿੰਨ ਤਿੰਨ ਵਾਰਾਂ ਕਿਹੜੇ ਰਾਗਾਂ ਵਿਚ ਹਨ?

ਉੱਤਰ:-ਗਉੜੀ ਰਾਗ ਵਿਚ ਦੋ ਵਾਰਾਂ ਹਨ। ਗੂਜਰੀ ਰਾਗ ਵਿਚ ਦੋ ਵਾਰਾਂ ਹਨ।

ਰਾਮਕਲੀ ਰਾਗ ਵਿਚ ਤਿੰਨ ਵਾਰਾਂ ਹਨ। ਮਾਰੂ ਰਾਗ ਵਿਚ ਦੋ ਵਾਰਾਂ ਹਨ।

ਪ੍ਰਸ਼ਨ:- ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਕਿਤਨੀਆਂ ਵਾਰਾਂ ਹਨ ਅਤੇ ਕਿਹੜੇ ਕਿਹੜੇ ਰਾਗ ਵਿਚ ਹਨ?

ਉੱਤਰ:-ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ-

ਮਾਝ ਰਾਗ, ਆਸਾ ਰਾਗ, ਮਲਾਰ ਰਾਗ ਵਿਚ ਹਨ।

ਪ੍ਰਸ਼ਨ:-ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀਆਂ ਕਿਤਨੀਆਂ ਵਾਰਾਂ ਅਤੇ ਕਿਹੜੇ ਕਿਹੜੇ ਰਾਗ ਵਿਚ ਹਨ?

ਉੱਤਰ:-ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀਆਂ ਚਾਰ ਵਾਰਾਂ ਹਨ।

ਗੂਜਰੀ ਰਾਗ, ਸੂਹੀ ਰਾਗ, ਰਾਮਕਲੀ ਰਾਗ, ਮਾਰੂ ਰਾਗ ਵਿਚ।

ਪ੍ਰਸ਼ਨ:- ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਕਿਤਨੀਆਂ ਵਾਰਾਂ ਅਤੇ ਕਿਹੜੇ ਕਿਹੜੇ ਰਾਗ ਵਿਚ ਹਨ?

ਉੱਤਰ:-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਅੱਠ ਵਾਰਾਂ ਹਨ, ਅਤੇ-

ਸਿਰੀਰਾਗੁ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲੁ, ਸਾਰੰਗ, ਕਾਨੜਾ ਵਿਚ ਹਨ।

ਪ੍ਰਸ਼ਨ:- ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀਆਂ ਕਿਤਨੀਆਂ ਵਾਰਾਂ, ਅਤੇ ਕਿਹੜੇ ਕਿਹੜੇ ਰਾਗ ਵਿਚ ਹਨ?

ਉੱਤਰ:- ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀਆਂ ਛੇ ਵਾਰਾਂ ਹਨ,

ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਡਖਣਾ, ਬਸੰਤ ਵਿਚ ਹਨ।

ਪ੍ਰਸ਼ਨ:- ਗੁਰੂ ਸਾਹਿਬਾਂ ਤੋਂ ਇਲਾਵਾ ਹੋਰ ਭੀ ਕਿਸੇ ਦੀ ਵਾਰ ਹੈ ਜਾਂ ਨਹੀਂ?

ਉੱਤਰ:- ਗੁਰੂ ਸਾਹਿਬਾਂ ਤੋਂ ਬਿਨਾਂ ਇੱਕ ਸੱਤੇ ਬਲਵੰਡ ਦੀ ਵਾਰ ਰਾਮਕਲੀ ਵਿਚ ਹੈ।

ਪ੍ਰਸ਼ਨ:-ਬਾਈ ਵਾਰਾਂ ਵਿਚ ਧੁਨਾਂ ਕਿਤਨੀਆਂ ਹਨ ?

ਉੱਤਰ:- ਬਾਈ ਵਾਰਾਂ ਵਿਚ ਸਾਰੀਆਂ ਨੌਂ ਧੁਨਾਂ ਹਨ।

ਪ੍ਰਸ਼ਨ:-ਨੌਂ ਧੁਨਾਂ ਕਿਹੜੇ ਕਿਹੜੇ ਰਾਗ ਵਿੱਚ ਹਨ?

ਉੱਤਰ:-ਪਹਿਲੀ ਧੁਨ ਮਾਝ ਰਾਗ ਵਿਚ ੧੩੭ ਪੰਨੇ ਉੱਪਰ ਹੈ

ਦੂਜੀ ਧੁਨ ਗਉੜੀ ਰਾਗ ਵਿਚ ੩੧੮ ਪੰਨੇ ਉੱਪਰ ਹੈ

ਤੀਜੀ ਧੁਨ ਆਸਾ ਰਾਗ ਵਿਚ ੪੬੨ ਪੰਨੇ ਉੱਪਰ ਹੈ

ਚੌਥੀ ਧੁਨ ਗੂਜਰੀ ਰਾਗ ਵਿਚ ੫੦੮ ਪੰਨੇ ਉੱਪਰ ਹੈ

ਪੰਜਵੀਂ ਧੁਨ ਵਡਹੰਸ ਰਾਗ ਵਿਚ ੫੮੫ ਪੰਨੇ ਉੱਪਰ ਹੈ

ਛੇਵੀਂ ਧੁਨ ਰਾਮਕਲੀ ਰਾਗ ਵਿਚ ੯੪੭ ਪੰਨੇ ਉੱਪਰ ਹੈ

ਸੱਤਵੀਂ ਧੁਨ ਸਾਰੰਗ ਰਾਗ ਵਿਚ ੧੨੩੭ ਪੰਨੇ ਉੱਪਰ ਹੈ

ਅੱਠਵੀਂ ਧੁਨ ਮਲਾਰ ਰਾਗ ਵਿਚ ੧੨੭੮ ਪੰਨੇ ਉੱਪਰ ਹੈ

ਨੌਵੀਂ ਧੁਨ ਕਾਨੜੇ ਰਾਗ ਵਿਚ ੧੩੧੨ ਪੰਨੇ ਉੱਪਰ ਹੈ

ਪ੍ਰਸ਼ਨ:- ਜਿਨ੍ਹਾਂ ਸੂਰਮਿਆਂ ਦੀਆਂ ਧੁਨਾਂ ਚੜ੍ਹੀਆਂ ਹਨ ਉਨ੍ਹਾਂ ਦੇ ਨਾਂ ਕੀ ਹਨ?

ਉੱਤਰ:- ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੁਹੀਆ ੨ ਰਾਇ ਕਮਾਲਦੀ ਮੌਜਦੀ

੩ ਟੁੰਡੇ ਅਸਰਾਜੈ ਦੀ ਧੁਨੀ ੪ ਸਿਕੰਦਰ ਬਿਰਾਹਿਮ

੫ ਲਲਾ ਬਹਲੀਮਾ ੬ ਜੋਧੈ ਵੀਰੈ ਪੁਰਬਾਣੀ

੭ ਰਾਇ ਮਹਮੇ ਹਸਨੈ ਕੀ ਧੁਨਿ ੮ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ

੯ ਮੂਸੇ ਕੀ ਵਾਰ ਕੀ ਧੁਨੀ

ਪ੍ਰਸ਼ਨ:- ਇਹ ਨੌਂ ਧੁਨਾਂ ਤਰਤੀਬਵਾਰ ਕਿਸ ਨੇ ਚੜ੍ਹਾਈਆਂ ਹਨ ?

ਉੱਤਰ:- ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਢਾਡੀਆਂ ਤੋਂ ਸੁਣਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਾਈ ਗੁਰਦਾਸ ਸਾਹਿਬ ਜੀ ਪਾਸੋਂ ਲਿਖਵਾਈਆਂ ਹਨ।

ਧੁਨਾਂ ਦੇ ਲਿਖਾਣ ਦਾ ਜ਼ਿਕਰ ਛੇਵੇਂ ਪਾਤਸ਼ਾਹ ਜੀ ਦੇ 'ਗੁਰ ਬਿਲਾਸ' ਵਿਚ ਆਉਂਦਾ ਹੈ। *ਯਥਾ:-*

ਕਬਿਤ- ਮਲਕ ਮੁਰੀਦ ਸੂਰ ਚੰਦ੍ਰਹੜਾ ਜੁਧ ਪੁਰ,
ਤਾਕੀ ਧੁਨ ਸੁਨ ਵਾਰ ਮਾਝ ਕੀ ਚੜ੍ਹਾਈ ਹੈ।
ਕਮਾਲ ਰਾਇ ਧਾਰ ਕ੍ਰੂਧ ਮੌਜਦੀ ਜਿਉਂ ਕੀਨੋ ਜੁਧ,
ਤਾਕੀ ਧੁਨ ਸੁਨ ਵਾਰ ਗਉੜੀ ਕੀ ਲਿਖਾਈ ਹੈ।
ਟੁੰਡੇ ਅਸ ਭਯੋ ਜਸ ਕੀਨੋ ਬਡੋ ਜੁਧ ਰਸ,
ਧੁਨ ਸੁ ਅਪਾਰ ਤਾਹਿ ਆਸਾ ਵਾਰ ਪਾਈ ਹੈ।
ਸਿਕੰਦਰ ਸੋ ਬਡੋ ਬਲ ਬ੍ਰਾਹਮ ਸੋ ਜੁਧ ਭਲ,
ਤਾਕੀ ਧੁਨ ਬੈਰੀ ਦਲ ਗੂਜਰੀ ਧਰਾਈ ਹੈ॥ ੧੩੩॥

ਸ੍ਰੈਯਾ- ਸੁਨ ਕੈ ਧੁਨਿ ਔਰ ਲਲਾ ਬਹਿਲੀਮਕ, ਹੈ ਵਡਹੰਸ ਕੇ ਮਾਹਿ ਚੜਾਈ॥
ਜੋਧ ਸੁ ਵੀਰ ਭਯੋ ਰਣਧੀਰ ਪੂਰਬਾਣੀ ਸੋਂ ਰਸ ਰੁਦ੍ਰ ਮਚਾਈ॥
ਸੋ ਧੁਨ ਰਾਮਕਲੀ ਸੁਭ ਰਾਗ ਮੈਂ ਹੋਇ ਦਿਆਲ ਗੁਰੂ ਜੀ ਲਿਖਾਈ॥
ਮਹਿਮੇ ਹਸਨੇ ਜਿਮ ਜੁਧ ਕੀਓ ਧੁਨ ਸੁੰਦਰ ਸਾਰੰਗ ਵਾਰ ਧਰਾਈ॥ ੧੩੪॥

ਸੋਰਠਾ-ਪੁਨ ਰਾਣੇ ਕੈਲਾਸ਼ ਮਾਲਦੇਵ ਜਿਮ ਯੁਧ ਕੀਓ॥
ਤਿਹ ਧੁਨ ਗੁਰੂ ਪ੍ਰਕਾਸ਼ ਮਲਾਰ ਰਾਗ ਪੈ ਸੋ ਲਿਖੀ॥ ੧੩੫॥

ਦੋਹਰਾ-ਮੂਸੇ ਵਾਰ ਕੀ ਧੁਨ ਪਰ ਸ੍ਰੀ ਗੁਰ ਮਨ ਹਰਖਾਇ॥
ਵਾਰ ਕਾਨੜੇ ਪਰ ਲਿਖੀ ਸੋ ਧੁਨ ਗੁਰ ਪ੍ਰਗਟਾਇ॥ ੧੩੬॥

(ਗੁਰ ਬਿਲਾਸ ਪਾਤਸ਼ਾਹੀ ੬ ਧਿਆ ੮)

*ਪ੍ਰਸ਼ਨ:-*ਵਾਰ ਦਾ ਅਰਥ ਕੀ ਹੈ?

ਉੱਤਰ:-'ਵਾਰ' ਸ਼ਬਦ ਦੇ ਅਨੇਕਾਂ ਅਰਥ ਗੁਰਬਾਣੀ ਵਿਚ ਆਏ ਹਨ।

*ਯਥਾ:-*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ 'ਵਾਰ'=ਬੇਰ॥

*ਤਥਾ:-*ਨਾਨਕ ਸਿਝਿ ਇਵੇਹਾ 'ਵਾਰ'=ਵੇਲੇ॥

,, ਬਿਨਸ ਜਾਇ ਖਿਨ 'ਵਾਰ'=ਵਾਰੀ॥

,, ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ 'ਵਾਰ'=ਵਾਰੀ॥

" ਫੁਨਿ ਬਹੁੜਿ ਨ ਆਵਨ 'ਵਾਰ'=ਵਾਰੀ॥

" ਪੰਦ੍ਰਹ ਥਿਤੀ ਸਾਤ 'ਵਾਰ'॥ ਕਹਿ ਕਬੀਰ ਉਰਵਾਰ ਨ ਪਾਰ॥

ਤਥਾ:- ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ 'ਵਾਰ'=ਬੇਰ॥

" ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ 'ਵਾਰ'=ਦੇਰ॥

" ਲੇਖੈ 'ਵਾਰ' ਨ ਆਵਈ ਤੂੰ ਬਖਸਿ ਮਿਲਾਵਣਹਾਰੁ॥ ਵਾਰ=ਅੰਤ॥

ਪਰ ਏਥੇ 'ਵਾਰ' ਪਦ ਇੱਕ ਖਾਸ ਧਾਰਨਾ ਦੇ ਛੰਦ ਲਈ ਵਰਤਿਆ ਗਿਆ ਹੈ, ਇਸ ਦੀ 'ਲਯ' ਬੀਰ ਰਸ ਵਿਚ ਭਰੀ ਹੋਈ ਹੁੰਦੀ ਹੈ।

ਆਮ ਕਰਕੇ ਵਾਰ ਵਿਚ ਕਿਸੇ ਜੋਧੇ ਦੀ ਸੂਰਬੀਰਤਾ ਦਾ, ਜਾਂ ਕਿਸੇ ਮਹਾਂ ਪੁਰਸ਼ ਦੀ ਵਡਿਆਈ ਦਾ ਵਰਨਣ ਹੁੰਦਾ ਹੈ।

ਖੋਜ ਤੋਂ ਪਤਾ ਲਗਦਾ ਹੈ ਕਿ ਵਾਰ ਦਾ ਮੁਢ ਸ਼ਾਹਜ਼ਾਦਾ ਖੁਸਰੋ ਦੇ ਸਮੇਂ ਤੋਂ ਹੋਇਆ ਹੈ।

ਇਸ ਤੋਂ ਬਾਅਦ ਫਿਰ ਕਈ ਭੱਟ ਵਾਰਾਂ ਉਚਾਰਦੇ ਰਹੇ ਹਨ।

ਮੁਗਲ ਰਾਜ ਦੇ ਸਮੇਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰਾਂ ਉਚਾਰੀਆਂ ਹਨ।

ਫਿਰ ਗੁਰੂ ਅਮਰਦਾਸ ਜੀ ਨੇ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਅਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਚਾਰੀਆਂ ਹਨ।

ਅਕਬਰ ਬਾਦਸ਼ਾਹ ਵੇਲੇ ਅਨੇਕਾਂ ਭੱਟਾਂ ਨੇ ਬੀਰ ਰਸ ਪੂਰਤ ਵਾਰਾਂ ਉਚਾਰੀਆਂ, ਜੋ ਅਕਬਰ ਅਤੇ ਹੋਰ ਰਜਪੂਤ ਰਾਜਿਆਂ ਦੇ ਦਰਬਾਰਾਂ ਵਿਚ ਪੜ੍ਹਦੇ ਰਹੇ।

ਖੁਸ਼ੀ ਦੇ ਮੌਕੇ ਰਾਜ ਦਰਬਾਰਾਂ ਵਿਚ ਭੱਟ ਲੋਕ ਜਾ ਕੇ ਖਾਨਦਾਨੀ ਸ਼ਾਨ ਪ੍ਰਗਟ ਕਰਨ ਲਈ ਜਸ ਦਾਇਕ ਵਡਿਆਈ ਦੀਆਂ ਵਾਰਾਂ ਉਚਾਰਦੇ ਸਨ।

ਅਤੇ ਲੜਾਈ ਦੇ ਮੌਕੇ ਜੋਧਿਆਂ ਦੀ ਸੂਰਬੀਰਤਾ ਤੇ ਦਲੇਰੀ ਪਰਗਟ ਕਰਨ ਲਈ ਪਿਛਲੇ ਬਹਾਦੁਰ ਸੂਰਮਿਆਂ ਦੀਆਂ ਵਾਰਾਂ ਉਚਾਰਦੇ ਸਨ।

ਜਿਨ੍ਹਾਂ ਵਾਰਾਂ ਨੂੰ ਸੁਣ ਸੁਣ ਕੇ ਬਹਾਦਰਾਂ ਦੇ ਦਿਲ ਵਿਚ ਜੋਸ਼ ਤੇ ਰਗ ਰਗ ਅੰਦਰ ਬੀਰਤਾ ਦਾ ਖੂਨ ਠਾਠਾਂ ਮਾਰਨ ਲਗ ਜਾਂਦਾ ਸੀ ਤੇ ਉਹ ਦੇਸ਼ ਅਤੇ ਕੌਮ ਦੇ ਬਦਲੇ ਤਲੀਆਂ ਉੱਪਰ ਸਿਰ ਰੱਖ ਕੇ ਤਿਆਰ ਬਰ ਤਿਆਰ ਹੋ ਕੇ ਜੰਗ ਮੈਦਾਨ ਵਿਚ ਨਿੱਤਰ ਪੈਂਦੇ ਸਨ।

ਆਮ ਭੱਟਾਂ, ਤੇ ਕਵੀਆਂ ਦੀਆਂ ਵਾਰਾਂ ਵਿਚ ਜੋਧਿਆਂ ਦੀ ਸੂਰਬੀਰਤਾ ਦਾ ਅਤੇ ਰਾਜਿਆਂ ਮਹਾਰਾਜਿਆਂ ਦੀਆਂ ਵਡਿਆਈਆਂ ਦਾ ਵਰਨਣ ਹੁੰਦਾ ਹੈ।

ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਲਿਖਿਆ ਹੈ,

ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਿਸਾਹੀ ੧੦॥

ਇਸ ਵਾਰ ਵਿਚ ਚੰਡੀ ਦੀ ਉਸਤਤੀ ਹੈ*।

**ਇੱਕ ਹੋਰ ਭੀ ਗੱਲ ਚੇਤੇ ਰੱਖਣੀ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਭਤੀਜੇ ਜੋ ਭਾਈ ਗੁਰਦਾਸ ਜੀ ਹੋਇ ਹਨ। ਉਨ੍ਹਾਂ ਨੇ ਜੋ ਵਾਰਾਂ ਉਚਾਰੀਆਂ ਤੇ ਲਿਖੀਆਂ ਹਨ ਉਹ ਕੇਵਲ ਪੌੜੀਆਂ ਦੇ ਰੂਪ ਵਿਚ ਹੀ ਹਨ, ਉਨ੍ਹਾਂ ਪੌੜੀਆਂ ਨਾਲ ਕੋਈ ਸਲੋਕ ਜਾਂ ਮਹੱਲਾ ਨਹੀਂ ਹੈ, ਭਾਈ ਗੁਰਦਾਸ ਜੀ ਦੀਆਂ ਵਾਰਾਂ ਇਨ੍ਹਾਂ ਬਾਈਵਾਰਾਂ ਤੋਂ ਬਿਲਕੁਲ ਵੱਖਰੀਆਂ ਹਨ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਨਹੀਂ ਹਨ। ਪਰ ਹੈਣ ਸਤਿਕਾਰ ਯੋਗ ਅਤੇ ਪਰਮਾਨੀਕ।*

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਵਿਚ ਇੱਕ ਅਕਾਲ ਪੁਰਖ ਦੀਆਂ ਵਡਿਆਈਆਂ ਦਾ ਅਤੇ ਉਸ ਦੇ ਨਾਮ ਜਪਣ ਵਾਲੇ ਗੁਰਮੁਖ ਮਹਾਤਮਾਂ ਦੀਆਂ ਸਿਫਤਾਂ ਦਾ ਵਰਨਣ ਹੈ।

ਜਾਂ ਜਿਨ੍ਹਾਂ ਨੇ ਕਾਮ ਕ੍ਰੋਧ ਲੋਭ ਮੋਹ ਆਦਿਕ ਦੁਸ਼ਮਣਾਂ ਨਾਲ ਜੰਗ ਕਰਕੇ ਫਤ੍ਹੇ ਪ੍ਰਾਪਤ ਕੀਤੀ ਹੈ ਉਨ੍ਹਾਂ ਦੀ ਮਹਿਮਾਂ ਦਾ ਵਰਨਣ ਹੈ।

[ਪੰਨਾ ੮੩]

੧ੴ ਸਤਿਗੁਰ ਪ੍ਰਸਾਦਿ॥

ਮੰਗਲ ਸਰੂਪ ਪ੍ਰਮਾਤਮਾ ਇੱਕ ਹੈ, ਉਹ ਸਤਿਗੁਰਾਂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਸਿਰੀਰਾਗੁ ਕੀ ਵਾਰ ਮ੍ਹਲਾ ੪

'ਵਾਰ' ਦਾ ਅਰਥ ਜਸ ਹੈ, ਜਿਵੇਂ ਭੱਟ ਸੂਰਮਿਆਂ ਦਾ ਤੇ ਰਾਜਿਆਂ ਦਾ ਜਸ ਗਾਉਂਦੇ ਹਨ, ਤਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਢਾਢੀ ਬਣਕੇ ਪ੍ਰਭੂ ਦਾ ਵਾਰ=ਜਸ ਉਚਾਰਨ ਕਰਦੇ ਹਨ। ਏਸੇ ਵਾਰ ਦੀ ਆਖਰੀ ਪੌੜੀ ਵਿਚ ਗੁਰੂ ਜੀ ਨੇ ਆਪਣੇ ਆਪ ਨੂੰ ਢਾਢੀ ਵਰਨਣ ਕੀਤਾ ਹੈ।

ਯਥਾ- ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥

(ਸਿਰੀਰਾਗੁ ਵਾਰ, ਪੰਨਾ ੯੧)

ਤਥਾ:- ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥

(ਮਾਝ ਕੀ ਵਾਰ, ਪੰਨਾ ੧੫੦)

'ਵਾਰ' ਦਾ ਅਰਥ ਪੌੜੀਆਂ ਭੀ ਹੈ।

ਇਸ ਵਾਰ ਵਿਚ ਸਾਰੀਆਂ ਇੱਕੀ (੨੧) ਪੌੜੀਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਚਾਰਨ ਕੀਤੀਆਂ ਹਨ। ਪੁਨਾ ਇਸ ਵਾਰ ਵਿਚ ਸਲੋਕ ਤੇ ਮਹੱਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ਸ੍ਰੀ ਗੁਰੂ ਅੰਗਦ ਦੇਵ ਜੀ ਦੇ, ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਹੋਣ ਕਰਕੇ ਸਾਂਝੇ ਹਨ।

ਹਰ ਪੌੜੀ ਨਾਲ ਇੱਕ ਸਲੋਕ ਤੇ ਇੱਕ ਮਹੱਲਾ ਹੈ, ਪਰ ੮੮ ਪੰਨੇ ਉੱਪਰ ਚੌਧਵੀਂ ਪੌੜੀ ਨਾਲ ਇੱਕ ਸਲੋਕ ਤੇ ਦੋ ਮਹੱਲੇ ਹਨ ਇਸ ਵਜ੍ਹਾ ਨਾਲ ੨੧ ਸਲੋਕ ਤੇ ੨੨ ਮਹੱਲੇ ਹੋਣ ਕਰਕੇ ਸਾਰੇ ੪੩ ਸਲੋਕ ਹਨ।

ਸਲੋਕਾ ਨਾਲਿ॥

ਇਹ ਸਿਰੀਰਾਗ ਦੀ ਵਾਰ ਸਲੋਕਾਂ ਦੇ ਨਾਲ ਹੈ, ਕਿਉਂਕਿ ਕਈ ਵਾਰਾਂ ਸਲੋਕਾਂ ਤੋਂ ਬਿਨਾਂ ਭੀ ਹਨ। ਜਿਵੇਂ ਸੱਤੇ ਬਲਵੰਡ ਦੀ ਵਾਰ, ਅਤੇ ਬਸੰਤ ਦੀ ਵਾਰ ਸਲੋਕਾਂ ਤੋਂ ਬਿਨਾਂ ਹਨ।

ਸਲੋਕ ਮ ੩ ॥

ਉਥਾਨਕਾ:- ਇੱਕ ਦਿਨ ਗੋਇੰਦਵਾਲ ਵਿਚ ਆ ਕੇ ਕਿਸੇ ਗਵਈਏ ਨੇ ਸਿਰੀਰਾਗੁ ਗਾਇਆ ਤਾਂ ਸਿੱਖਾਂ ਨੇ ਸੁਣ ਕੇ ਗੁਰੂ ਜੀ ਨੂੰ ਆ ਕੇ ਆਖਿਆ ਇੱਕ ਗਵਈਆ ਆਇਆ ਹੈ ਉਸ ਨੇ ਸਿਰੀਰਾਗੁ ਬੜਾ ਸੋਹਣਾ ਗਾਇਆ ਹੈ।

ਇਹ ਗੱਲ ਸੁਣ ਕੇ ਗੁਰੂ ਜੀ ਨੇ ਫੁਰਮਾਇਆ।

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥

ਰਾਗਾਂ ਵਿਚੋਂ ਸਿਰੀਰਾਗੁ ਗਾਇਆ ਤਦ ਉੱਤਮ ਹੈ, ਜੇਕਰ ਇਸ ਰਾਹੀਂ ਸੱਚ ਸਰੂਪ ਪ੍ਰਮਾਤਮਾ ਵਿਚ ਪ੍ਰੇਮ ਧਾਰਨਾ ਕਰੇ*।

ਅਥਵਾ:- ਰਾਗਾ=ਪ੍ਰੇਮਾਂ ਵਿਚੋਂ ਓਹੀ ਰਾਗੁ=ਪ੍ਰੇਮ ਸ੍ਰੀ=ਸ਼੍ਰੋਮਣੀ ਹੈ ਜੇਹੜਾ ਸੱਚ ਸਰੂਪ ਪ੍ਰਮਾਤਮਾ ਵਿਚ ਪ੍ਰੇਮ ਧਾਰਨਾ ਹੈ।

ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥

ਸੱਚਾ ਹਰੀ ਸਦਾ=ਹਮੇਸ਼ਾਂ ਮਨ ਵਿਚ ਵਸ ਜਾਵੇ, ਤਾਂ ਅਪਾਰੁ=ਬਿਅੰਤ ਗੁਣਾਂ ਵਾਲੇ ਪ੍ਰਭੂ ਵਿਚ ਮੱਤੀ ਅਚੱਲ ਹੋ ਜਾਂਦੀ ਹੈ।

ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥

ਗੁਰਾਂ ਦਾ ਉਪਦੇਸ਼ ਵਿਚਾਰਨ ਵਾਲੇ ਨੇ, ਅਮੋਲਕੁ ਰਤਨੁ=ਨਾਮ ਵਾ ਗਿਆਨ ਪਾਇਆ ਹੈ।

ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥

ਉਨ੍ਹਾਂ ਦੀ ਜੀਭ ਸੱਚੀ ਹੈ, ਉਨ੍ਹਾਂ ਦਾ ਮਨ ਵੀ ਸੱਚਾ ਹੈ, ਅਤੇ ਸਰੀਰ ਦਾ ਅਕਾਰੁ=ਰੰਗ ਢੰਗ ਭੀ ਸਚਾ=ਸਫਲਾ ਹੈ।

ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਸਤਿਗੁਰਾਂ ਦੀ ਸੇਵਾ ਕਰਨ ਨਾਲ ਹਮੇਸ਼ਾਂ ਸੱਚ ਨਾਮ ਦਾ ਵਪਾਰ ਕਰਦਾ ਹੈ ॥ ੧ ॥

ਮ: ੩ ॥ ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥

ਹੋਰ ਸਾਰੇ ਬਿਰਹਾ=ਪ੍ਰੇਮ ਧਾਤੁ=ਦੌੜ ਜਾਣ ਵਾਲੇ ਹਨ, ਵਾ ਮਾਇਆ ਮਾਤ੍ਰ ਅਰਥਾਤ ਛਲ ਰੂਪ ਹਨ,

---

**ਰਾਗਾਂ ਵਿੱਚੋਂ ਸਿਰੀਰਾਗੁ ਨੂੰ ਬਹੁਤ ਉੱਚਤਾ ਦਿੱਤੀ ਗਈ ਹੈ, ਕਿਉਂਕਿ ਜੇਕਰ ਪੂਰੀ ਵਿਧੀ ਨਾਲ ਸਿਰੀਰਾਗੁ ਗਾਇਆ ਜਾਵੇ ਤਾਂ ਮੁਰਦਿਆਂ ਵਿਚ ਜੀਵਨ ਕਲਾ ਪੈ ਜਾਂਦੀ ਹੈ ਤੇ ਉਹ ਉੱਠ ਕੇ ਬਹਿ ਜਾਂਦੇ ਹਨ, ਰਾਗਾਂ ਵਿਚ ਸੰਪੂਰਣ ਸ਼ਕਤੀ ਹੈ ਜੇਕਰ ਵਕਤ ਸਿਰ ਪੂਰੀ ਪੂਰੀ ਵਿਧੀ ਨਾਲ ਗਾਇਆ ਜਾਵੇ ਤਾਂ ਸਾਰੇ ਕੰਮ ਸਵਰ ਜਾਂਦੇ ਹਨ।*

ਦੀਪਕ ਰਾਗ ਦੇ ਗਾਇਣ ਕਰਨ ਨਾਲ ਦੀਵੇ ਆਪੇ ਜਗ ਪੈਂਦੇ ਹਨ।

ਭੈਰਉ ਰਾਗ ਦੇ ਗਾਇਣ ਕਰਨ ਨਾਲ ਕੌਹਲੂ ਆਪੇ ਚਲ ਪੈਂਦੇ ਹਨ।

ਮਲਾਰ ਰਾਗ ਦੇ ਗਾਇਣ ਕਰਨ ਨਾਲ ਬੱਦਲ ਆ ਕੇ ਆਪੇ ਵਰਖਾ ਕਰਨ ਲੱਗ ਪੈਂਦੇ ਹਨ।

ਜਿੰਨਾ ਚਿਰ ਸਾਹਿਬ=ਮਾਲਕ ਪ੍ਰਮਾਤਮਾ ਨਾਲ ਪ੍ਰੀਤੀ ਨਹੀਂ ਹੁੰਦੀ।

ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ॥

ਇਸ ਚੰਚਲ ਮਨ ਨੂੰ ਮਾਇਆ ਨੇ ਮੋਹਿਆ ਹੋਇਆ ਹੈ, ਇਸ ਲਈ ਇਸ ਦੇ ਪਾਸੋਂ ਪ੍ਰਮੇਸ਼ਰ ਦਾ ਵੇਖਣਾ ਤੇ ਸੁਨਣਾ ਨਹੀਂ ਹੁੰਦਾ। ਤਾਂ ਹੀ ਇਹ ਅੰਨ੍ਹਾ ਤੇ ਬੋਲਾ ਹੈ।

ਜਿਸ ਤੇ ਬੋਲਾ ਹੈ ਇਸਤੇ ਸੁਣਦਾ ਨਹੀਂ, ਜਿਸ ਤੇ ਅੰਨ੍ਹਾਂ ਹੈ ਇਸਤੇ ਵੇਖਦਾ ਨਹੀਂ।

ਯਥਾ:- ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

(ਗਉੜੀ ਵਾਰ ਸਲੋਕ ੨੪, ਪੰਨਾ ੩੧੩)

ਤਥਾ:- ਮਾਇਆ ਮੋਹਿ ਹਰਿ ਚੇਤੈ ਨਾਹੀ॥ ਜਮਪੁਰਿ ਬਧਾ ਦੁਖ ਸਹਾਹੀ॥
ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ॥ ੪॥

(ਮਾਝ ਮ: ੩, ਪੰਨਾ ੧੧੧)

ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ

ਪ੍ਰੀਤੀ ਪੈਦਾ ਹੋਏ ਤੋਂ ਬਿਨਾਂ ਸਹ=ਮਾਲਕ ਪ੍ਰਮਾਤਮਾ ਨੂੰ ਦੇਖ ਨਹੀਂ ਸਕਦਾ, ਕਾਵਜ ਗ੍ਰੰਥਾਂ ਵਿਚ ਚਾਰ ਪ੍ਰਕਾਰ ਦਾ ਦਰਸ਼ਨ ਲਿਖਿਆ ਹੈ।

ਇੱਕ ਪ੍ਰਤੱਖ ਦਰਸ਼ਨ,

ਯਥਾ:- ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ॥ ੧॥ *(ਫੁਨਹੇ ਮਹਲਾ ੫, ਪੰਨਾ ੧੩੬੧)*

ਦੂਜਾ ਸੁਪਨ ਦਰਸ਼ਨ ਹੈ,

ਯਥਾ:- ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥ ੧੩॥ *(ਫੁਨਹੇ ਮਹਲਾ ੫, ਪੰਨਾ ੧੩੬੨)*

ਤਥਾ:- ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥

(ਵਡਹੰਸ ਮ: ੧, ਪੰਨਾ ੫੫੮)

ਤੀਜਾ ਮੂਰਤੀ ਦਰਸ਼ਨ ਹੈ,

ਯਥਾ:- ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰ ਮਨੁ ਮਾਨ॥

(ਗੌਂਡ ਮਹਲਾ ੫, ਪੰਨਾ ੮੬੪)

ਚੌਥਾ ਸ੍ਵਪਨ ਦਰਸ਼ਨ ਹੈ,

ਯਥਾ:- ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥ ੨॥

(ਆਸਾ ਮਹਲਾ ੫, ਪੰਨਾ ੪੦੩)

ਇੱਥੇ ਸ੍ਵਪਨ ਦਰਸ਼ਨ ਅਨੁਸਾਰ ਅਰਥ ਕਰਨਾ-

ਸਹ ਦੇਖੇ ਬਿਨੁ=ਮਾਲਕ ਪ੍ਰਮਾਤਮਾ ਦੇ ਸ੍ਵਪਨ ਦਰਸ਼ਨ ਦੇਖੇ ਬਿਨਾਂ

*ਅਥਵਾ:-*ਆਸਤਕ ਭਾਵਨਾ ਧਾਰੇ ਤੋਂ ਬਿਨਾਂ ਪ੍ਰੀਤੀ ਉਤਪੰਨ ਨਹੀਂ ਹੁੰਦੀ।

ਅੰਧਾ ਕਿਆ ਕਰੇਇ॥

ਇਸ ਲਈ ਅੰਨ੍ਹਾਂ ਅਗਿਆਨੀ ਪੁਰਸ਼ ਕੀ ਕਰ ਸਕਦਾ ਹੈ?

ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪ੍ਰਭੂ ਨੇ ਪ੍ਰਤੱਖ ਅੱਖਾਂ ਵਾ ਸੁਰਤੀ ਸਿੰਮ੍ਰਤੀ ਰੂਪ ਅੱਖਾਂ, *ਅਥਵਾ*-ਗਿਆਨ ਰੂਪ ਅੱਖਾਂ ਖੋਹ ਲਈਆਂ ਹਨ। ਓਹੀ ਸੱਚਾ ਦੇਵੇ ਤਾਂ ਇਹ ਸੁਜਾਖਾ ਹੋ ਕੇ ਦਰਸ਼ਨ ਕਰ ਸਕਦਾ ਹੈ।

ਅਥਵਾ:-ਜਿਸ ਗੁਰਮੁਖ ਜਗਿਆਸੂ ਨੇ ਗੁਰਾਂ ਪਾਸੋਂ ਗਿਆਨ ਵੈਰਾਗ ਰੂਪ ਅੱਖਾਂ ਲੀਤੀਆਂ ਹਨ, ਉਹ ਗੁਰਮੁਖ ਅੱਗੋਂ ਹੋਰਨਾਂ ਨੂੰ ਸੱਚੇ ਦੀ ਪ੍ਰਾਪਤੀ ਦਾ ਉਪਦੇਸ਼ ਦੇਂਦਾ ਹੈ॥ ੨॥

ਪਉੜੀ॥ ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ॥

ਹਰ ਇਕ ਦੇ ਪੈਦਾ ਕਰਨ ਵਾਲਾ ਇੱਕ ਹਰੀ ਹੈ, ਇੱਕ ਹਰੀ ਹੀ ਸਭਨਾਂ ਦਾ ਦੀਬਾਣੁ=ਆਸਰਾ ਰੂਪ ਹੈ।

ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ॥

ਇੱਕ ਹਰੀ ਦਾ ਹੀ ਸਭਨਾਂ ਦੇ ਸਿਰ ਉੱਤੇ ਅਮਰੁ=ਹੁਕਮ ਹੈ, ਇਸ ਲਈ ਇੱਕ ਹਰੀ ਨੂੰ ਚਿੱਤ ਵਿਚ ਯਾਦ ਰੱਖ।

ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ॥

ਉਸ ਹਰੀ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੈ, ਉਸ ਹਰੀ ਦਾ ਆਸਰਾ ਲੈ ਕੇ ਜਮਾਂ ਦਾ ਡਰ, ਪੰਜ ਪ੍ਰਕਾਰ ਦਾ ਭਰਮ, ਤੇ ਜਨਮ ਮਰਨ ਦਾ ਭਉ=ਡਰ ਦੂਰ ਕਰ ਦੇ।

ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ॥

ਹੇ ਪਿਆਰੇ! ਤਿਸ ਹਰੀ ਨੂੰ ਸਲਾਹੁਣਾ ਕਰ, ਜੇਹੜਾ ਹਰੀ ਤੈਨੂੰ ਬਾਹਰ ਅਤੇ ਘਰ ਵਿਚ ਰੱਖਦਾ ਹੈ।

ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ॥ ੧॥

ਜਿਸ ਉੱਤੇ ਹਰੀ ਦਿਆਲੂ ਹੁੰਦਾ ਹੈ, ਉਹ ਪੁਰਸ਼ ਹਰੀ ਨਾਮ ਨੂੰ ਜਪ ਕੇ ਭੈਦਾਇਕ ਬਿਖਮੁ=ਕਠਨ ਸੰਸਾਰ ਸਮੁੰਦ੍ਰ ਤੋਂ ਤਰ ਜਾਂਦਾ ਹੈ॥ ੧॥

ਸਲੋਕ ਮਃ ੧

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸਾਂ ਦਿਸਾਂਤਰਾਂ ਵਿਚ ਰਟਨ ਕਰਦੇ, ਸਤਿਨਾਮੁ ਦਾ ਉਪਦੇਸ਼ ਦੇਂਦੇ 'ਪਾਕ ਪਟਨ' ਤੋਂ ਬਾਹਰ, ਜਿੱਥੇ ਬੈਠੇ ਫਰੀਦ ਜੀ ਤਪ ਕਰ ਰਹੇ ਸਨ ਉਸੇ ਜੰਗਲ ਵਿਚ ਕੁਝਕੁ ਫਾਸਲੇ ਉੱਪਰ, ਗੁਰੂ ਜੀ ਆ ਕੇ ਬੈਠ ਗਏ, ਫਰੀਦ ਨੂੰ ਤਪ ਕਰਦਿਆਂ ਵੇਖਕੇ ਬੁਲਾਇਆ ਨਹੀਂ।

ਇਕ ਸ਼ਾਹੂਕਾਰ ਦਾ ਨਿਯਮ ਸੀ ਜੋ ਪਹਿਲੀ ਰਾਤ ਫਰੀਦ ਜੀ ਨੂੰ ਦਾਲ਼ ਫੁਲਕਾ ਛਕਾ ਜਾਂਦਾ ਸੀ, ਅਤੇ ਬਾਰਾਂ ਵਜੇ ਤੋਂ ਉਪਰੰਤ ਫਰੀਦ ਜੀ ਦੇ ਪਿਆਲੇ ਵਿਚ ਪਾਈਆ ਭਰ ਦੁੱਧ ਪਾ ਜਾਂਦਾ ਸੀ, ਰੋਜ਼ ਦੇ ਨਿਯਮ ਅਨੁਸਾਰ ਜਦ ਇਕ ਰਾਤ ਫਰੀਦ ਦੇ ਪਿਆਲੇ ਵਿਚ ਦੁੱਧ ਪਾ ਕੇ ਹਟਿਆ ਤਾਂ ਕੀ ਦੇਖਿਆ ਤਿੰਨ ਫਕੀਰ ਹੋਰ ਭੀ ਲੰਮੇ ਪਏ ਹੋਏ ਹਨ। ਮਨ ਵਿਚ ਵਿਚਾਰਿਆ ਕਿ ਏਹ ਪਰਦੇਸੀ ਫਕੀਰ ਪੈਂਡਾ ਕਰਕੇ ਬਹੁਤ ਥੱਕੇ ਹੋਏ

ਹੋਣਗੇ ਪੜ੍ਹਾ ਨਹੀਂ ਫਿਰ ਮਿਲਾਪ ਹੋਵੇ ਕਿ ਨਾ, ਇਨ੍ਹਾਂ ਦੀ ਸੇਵਾ ਕਰਨੀ ਭੀ ਜ਼ਰੂਰੀ ਹੈ।

ਇਸ ਤਰ੍ਹਾਂ ਦੀ ਵਿਚਾਰ ਕਰਦਾ ਹੋਇਆ ਵਾਪਸ ਘਰ ਆ ਕੇ ਇਕ ਗਡਵਾ ਦੁੱਧ ਦਾ ਭਰਕੇ ਉੱਪਰ ਛੰਨਾ ਰੱਖਕੇ ਵਿਚ ਪੰਜ ਮੋਹਰਾਂ ਪਾ ਕੇ ਗੁਰੂ ਜੀ ਦੇ ਪਾਸ ਆ ਕੇ ਰੱਖ ਗਿਆ।

ਜਿਸ ਵੇਲੇ ਫਰੀਦ ਜੀ ਦੀ ਸਮਾਧੀ ਖੁਲ੍ਹੀ ਤਾਂ ਪਹਿਲੇ ਦੁੱਧ ਪੀਤਾ, ਫਿਰ ਤਿੰਨ ਫਕੀਰਾਂ ਨੂੰ ਲੰਮਾ ਪਿਆ ਦੇਖ ਕੇ ਹੰਕਾਰ ਆ ਗਿਆ ਕਿ ਸੁੱਤਿਆਂ ਹੋਇਆਂ ਨੂੰ ਕੀ ਮਿਲਣਾ ਹੈ, ਹਮੇਸ਼ਾਂ ਜਾਗਣ ਵਾਲਿਆਂ ਨੂੰ ਹੀ ਸਭ ਕੁਝ ਮਿਲਦਾ ਹੈ।

ਇਸ ਤਰ੍ਹਾਂ ਹੰਕਾਰ ਆਉਣ ਤੇ ਫਰੀਦ ਜੀ ਨੇ ਤਰਕ ਮਾਰਦਿਆਂ ਸਲੋਕ ਉਚਾਰਿਆ

ਪਹਿਲੈ ਪਹਰੈ ਫੁਲੜਾ

ਰਾਤ੍ਰ ਦੇ ਪਹਿਲੇ ਪਹਿਰ ਵਿਚ ਜੋ ਜਾਗਦਾ ਹੈ ਉਸ ਨੂੰ ਦਾਲ ਸਬਜ਼ੀ ਫੁਲਕਾ ਆਦਿ ਮਿਲਦਾ ਹੈ।

ਫਲੁ ਭੀ ਪਛਾ ਰਾਤਿ॥

ਜੋ ਪਿਛਲੀ ਰਾਤ ਉਠ ਕੇ ਰੱਬ ਦੀ ਬੰਦਗੀ ਕਰਦਾ ਹੈ ਉਸ ਨੂੰ ਫਲੁ=ਦੁੱਧ ਆਦਿਕ ਚੰਗੇ ਚੰਗੇ ਪਦਾਰਥ ਮਿਲਦੇ ਹਨ।

ਜੋ ਜਾਗੰਨ੍ਹਿ ਲਹੰਨਿ ਸੇ

ਜੋ ਖੁਦਾ ਦੀ ਬੰਦਗੀ ਵਿਚ ਜਾਗਦੇ ਹਨ,

ਸਾਈ ਕੰਨੋ ਦਾਤਿ॥ ੧੧੨॥

ਓਹੀ ਮਨੁੱਖ ਸਾਂਈ ਦੇ ਕੰਨੋ=ਪਾਸੋਂ ਦਾਤਾਂ ਨੂੰ ਲੈਂਦੇ ਹਨ।

ਹੰਕਾਰ ਸਹਿਤ ਫਰੀਦ ਜੀ ਦੇ ਬਚਨ ਸੁਣ ਕੇ ਹੰਕਾਰ ਦੀ ਨਵਿਰਤੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ!

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥

ਪਹਿਲਾ ਅਰਥ:-ਹੇ ਫਰੀਦ ! ਇਹ ਸਾਰੀਆਂ ਦਾਤਾਂ ਉਸ ਮਾਲਕ ਪ੍ਰਭੂ ਦੀਆਂ ਹਨ, ਉਸ ਪ੍ਰਮਾਤਮਾ ਨਾਲ ਕਿਸੇ ਦਾ ਕੀ ਜ਼ੋਰ ਚਲਦਾ ਹੈ। ਦੇਖ-

ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥ ੧॥

ਇੱਕ ਤੇਰੇ ਵਰਗੇ ਜਾਗਦੇ ਹੰਕਾਰੀ ਪੁਰਸ਼ ਪ੍ਰਮਾਤਮਾ ਪਾਸੋਂ ਕੁਝ ਨਹੀਂ ਲੈ ਸਕਦੇ, ਜਿਨ੍ਹਾਂ ਉੱਤੇ ਉਸ ਦੀ ਬਖਸ਼ਸ਼ ਹੁੰਦੀ ਹੈ ਉਨ੍ਹਾਂ ਇਕਨਾਂ ਸੁੱਤਿਆਂ ਹੋਇਆਂ ਨੂੰ ਉਠਾ ਕੇ ਪ੍ਰਭੂ ਦਾਤਾ ਦੇਂਦਾ ਹੈ। ਦੇਖ ਤੇਰੇ ਮਿੱਟੀ ਦੇ ਪਿਆਲੇ ਵਿਚ ਤਾਂ ਪਾਈਆ ਭਰ ਦੁੱਧ ਹੈ, ਅਸਾਡੇ ਪਾਸ ਦੁੱਧ ਦਾ ਗਡਵਾ ਪੰਜ ਮੋਹਰਾਂ ਤੇ ਛੰਨੇ ਸਮੇਤ ਪਿਆ ਹੋਇਆ ਹੈ। ਇਸ ਕਰਕੇ ਫ਼ਕੀਰ ਸਾਂਈ ਜੀ ਹੰਕਾਰ ਨਹੀਂ ਕਰਨਾ ਚਾਹੀਦਾ॥ ੧॥

ਦੂਜਾ ਅਰਥ:-ਜਿਸ ਤਰ੍ਹਾਂ ਬ੍ਰਿੱਛਾਂ ਨੂੰ ਪਹਿਲੇ ਫੁੱਲ ਤੇ ਪਿਛੋਂ ਫਲ ਲਗਦੇ ਹਨ, ਇਸੇ ਤਰ੍ਹਾਂ ਪਹਿਲੀ ਰਾਤ ਪ੍ਰਭੂ ਦਾ ਭਜਨ ਕਰਨਾ ਫੁੱਲ ਦੀ ਤਰ੍ਹਾਂ ਹੈ, ਪਿਛਲੀ ਰਾਤ ਉੱਠ ਕੇ ਜੇਹੜਾ ਭਜਨ ਕਰਨਾ ਹੈ ਏਹ ਫਲ ਵਾਂਗੂੰ ਹੈ। ਜੇਹੜੇ ਭਜਨ ਬੰਦਗੀ ਵਿਚ ਜਾਗਦੇ ਹਨ, ਓਹੀ ਮਨੁੱਖ ਸਾਂਈਂ ਪਾਸੋਂ ਦਾਤਾਂ ਲੈਂਦੇ ਹਨ। ਇਸ ਤਰ੍ਹਾਂ ਫਰੀਦ

ਜੀ ਪਾਸੋਂ ਸੁਣ ਕੇ ਮੁੜ ਫਰੀਦ ਜੀ ਨੂੰ ਸਮਝਾਂਦੇ ਹਨ-ਹੇ ਫਕੀਰ ਸਾਂਈ !

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥

ਨਾਮ ਸਿਮਰਨ ਗਿਆਨ ਵੈਰਾਗ ਆਦਿ ਸ਼ੁਭ ਗੁਣਾਂ ਰੂਪੀ ਦਾਤਾਂ ਸਾਹਿਬ ਦੀਆਂ ਹਨ। ਜੇਕਰ ਉਹ ਨ ਦੇਵੇ ਤਾਂ ਤਿਸ ਪ੍ਰਮਾਤਮਾ ਨਾਲੋਂ ਕਿਸੇ ਪੁਰਸ਼ ਦਾ ਕੀ ਜ਼ੋਰ ਚਲ ਸਕਦਾ ਹੈ।

ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥ ੧॥

ਇੱਕ ਜੇਹੜੇ ਜਾਗਦੇ ਪੁਰਸ਼ ਹਨ, ਭਾਵ ਵੇਦਾਂ ਸ਼ਾਸਤ੍ਰਾਂ ਦੇ ਗਿਆਤਾ ਹਨ, ਉਹ ਵਿਦਿਆ ਦੇ ਹੰਕਾਰ ਕਰਕੇ ਪ੍ਰਮਾਤਮਾ ਪਾਸੋਂ ਕੁਝ ਨਹੀਂ ਲੈਂਦੇ। ਅਤੇ ਇਕਨਾਂ ਸੁੱਤਿਆਂ ਹੋਇਆਂ ਨੂੰ ਭਾਵ ਅਨਪੜਾਂ ਪੁਰਸ਼ਾਂ ਨੂੰ ਉਠਾਲ ਕੇ ਭਾਵ ਉੱਦਮ ਦੇ ਕੇ ਸ਼ੁਭ ਗੁਣਾਂ ਰੂਪ ਦਾਤਾਂ ਦੇਂਦਾ ਹੈ॥ ੧॥

ਯਥਾ:- ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥ *(ਪੰਨਾ ੬੦੪)*

ਤਥਾ:- ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਮ॥

ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਮ॥ *(ਪੰਨਾ ੭੮੩)*

ਮ: ੧ ॥ ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥

ਸਾਦਿਕਾ=ਜਗਿਆਸੂਆਂ ਨੂੰ ਸਿਦਕੁ=ਭਰੋਸਾ ਤੇ ਸਬੂਰੀ=ਸੰਤੋਖ ਧਾਰਨਾ ਚਾਹੀਦਾ ਹੈ।

ਅਤੇ ਮਲਾਇਕਾਂ=ਗਿਆਨਵਾਨਾਂ ਪਾਸ ਸਬਰੁ=ਸੰਤੋਖ ਦਾ ਤੋਸਾ=ਖਰਚਾ ਹੋਣਾ ਚਾਹੀਦਾ ਹੈ।

ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥ ੨ ॥

ਇਸ ਤਰ੍ਹਾਂ ਉਹ ਪੂਰੇ ਪ੍ਰਮੇਸ਼ਰ ਦਾ ਦੀਦਾਰੁ=ਦਰਸ਼ਨ ਪਾ ਲੈਂਦੇ ਹਨ, ਅਤੇ ਪਾਇਕਾ=ਮੂਰਖਾਂ ਨੂੰ ਕੋਈ ਸਰੂਪ ਥਾਂ ਨਹੀਂ ਮਿਲਦੀ॥ ੨ ॥

ਪਉੜੀ॥ ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ॥

ਹੇ ਅਕਾਲ ਪੁਰਖ ! ਸਾਰੀ ਦੁਨੀਆਂ ਤੈਂਨੇ ਆਪ ਉਤਪੰਨ ਕਰਕੇਂ, ਆਪ ਹੀ ਕਾਰੈ=ਕੰਮਾਂ ਵਿਚ ਭਾਵ ਧੰਧਿਆਂ ਵਿਚ ਲਾਈ ਹੋਈ ਹੈ।

ਤੂੰ ਆਪੇ ਵੇਖਿ ਵਿਗਸਦਾ ਆਪਣੀ ਵਡਿਆਈ॥

ਆਪਣੀ ਵਡਿਆਈ=ਇੱਛਾ ਅਨੁਸਾਰ ਵੇਖ ਕੇ ਤੂੰ ਆਪ ਹੀ ਵਿਗਸਦਾ=ਪ੍ਰਸੰਨ ਹੁੰਦਾ ਹੈਂ।

ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ॥

ਹੇ ਹਰੀ ! ਤੈਥੋਂ ਬਾਹਰ ਕੁਝ ਭੀ ਨਹੀਂ ਹੈ, ਤੂੰ ਹੀਂ ਸਾਰਿਆਂ ਦਾ ਸੱਚਾ ਮਾਲਕ ਹੈਂ।

ਤੂੰ ਆਪੇ ਆਪਿ ਵਰਤਦਾ ਸਭਨੀ ਹੀ ਥਾਈ॥

ਤੂੰ ਆਪਣੇ ਆਪ ਹੀ ਸਾਰੀਆਂ ਥਾਵਾਂ ਉੱਪਰ ਵਰਤ ਰਿਹਾ ਹੈਂ।

ਹਰਿ ਤਿਸੈ ਧਿਆਵਹੁ ਸੰਤ ਜਨਹੁ ਜੋ ਲਏ ਛਡਾਈ॥ ੨ ॥

ਹੇ ਸੰਤ ਜਨੋਂ ! ਉਸ ਹਰੀ ਨੂੰ ਧਿਆਵਣਾ ਕਰੋ, ਜੋ ਅੰਤਮ ਸਮੇਂ ਜਮਾਂ ਤੋਂ ਛੁਡਾ ਲਵੇਗਾ॥ ੨ ॥

ਸਲੋਕ ਮਃ ੧ ॥

ਉਥਾਨਕਾ:– ਕੋਈ ਜਾਤੀ ਅਭਿਮਾਨੀ ਮਨੁੱਖ ਆਪਣੀ ਬਹੁਤ ਤਾਰੀਫ ਕਰ ਰਿਹਾ ਸੀ ਉਸਨੂੰ ਗੁਰੂ ਸਾਹਿਬ ਜੀ ਸਮਝਾਂਦੇ ਹਨ। (ਅੰਨਵੇਂ ਤੁਕਾਂ ਵੱਲ ਖਿਆਲ ਰੱਖਣਾ)

ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥
ਆਪਹੁ ਜੇ ਕੋ ਭਲਾ ਕਹਾਏ ॥

ਪਹਿਲਾ ਅਰਥ:–ਜੇਹੜਾ ਕੋਈ ਮਨੁੱਖ ਆਪਣੇ ਆਪ ਨੂੰ ਚੰਗਾ ਅਖਵਾਂਦਾ ਹੈ। ਉਸ ਦੀ ਜਾਤੀ ਫਕੜ=ਖਰਾਬੜ ਹੈ, ਅਤੇ ਉਸ ਦਾ ਨਾਂ ਭੀ ਫਕੜ=ਖਰਾਬੜ (ਫ਼ਜ਼ੂਲ) ਹੈ। ਕਿਉਂਕਿ ਸਾਰਿਆਂ ਜੀਆਂ ਵਿਚ ਤਾਂ ਇੱਕ ਪ੍ਰਮੇਸ਼ੂਰ ਹੀ ਛਾ ਰਿਹਾ ਹੈ।

ਇਸ ਲਈ ਆਪਣੇ ਨੂੰ ਚੰਗਾ ਤੇ ਦੂਜਿਆਂ ਨੂੰ ਬੁਰਾ ਕਹਿਣਾ ਠੀਕ ਨਹੀਂ।

ਦੂਜਾ ਅਰਥ:–ਜੇਹੜਾ ਕੋਈ ਮਨੁੱਖ ਆਪਣੇ ਆਪ ਨੂੰ ਚੰਗਾ ਅਖਵਾਣਾ ਚਾਹੁੰਦਾ ਹੈ। ਉਹ ਜਾਤੀ ਅਭਿਮਾਨ ਤੋਂ ਫਕੜ=ਫਾਰਗ ਹੋ ਜਾਵੇ, ਅਤੇ ਨਾਉ=ਨਾਮ ਰੂਪ ਪ੍ਰਪੰਚ ਤੋਂ ਭੀ ਫਕੜ=ਫਾਰਗ ਹੋ ਜਾਵੇ। ਅਤੇ ਸਾਰਿਆਂ ਜੀਵਾਂ ਵਿਚ ਇਕ ਪ੍ਰਮੇਸ਼ਰ ਨੂੰ ਛਾਇਆ ਹੋਇਆ ਨਿਸਚੇ ਕਰੇ।

ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਹ ਮਨੁੱਖ ਪਰੁ=ਭਲੀ ਪ੍ਰਕਾਰ ਤਾਂ ਹੀ ਚੰਗਾ ਜਾਪੈ=ਜਾਣਿਆ ਜਾਂਦਾ ਹੈ, ਜਾਂ ਇਸ ਮਨੁੱਖ ਦੀ ਪਤ ਅਬਰੋ (ਇੱਜ਼ਤ) ਪ੍ਰਮਾਤਮਾ ਆਪਣੇ ਲੇਖੇ ਵਿਚ ਪਾ ਲਵੇ॥ ੧ ॥

ਮਃ ੨

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਪਰਖ ਕੇ, ਗੁਰਤਾ ਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਹੈ, ਤਦ ਸਾਰੀ ਸੰਗਤ ਨੂੰ ਹੁਕਮ ਦਿੱਤਾ।

ਜਿਸ ਨੇ ਅਸਾਡਾ ਦਰਸ਼ਨ ਕਰਨਾ ਹੋਵੇ, ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਕਰੇ।

ਜਿਸ ਨੇ ਅਸਾਡੇ ਬਚਨ ਸੁਨਣੇ ਹੋਣ, ਉਹ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਬਚਨ ਸੁਣੇ।

ਜਿਸ ਨੇ ਅਸਾਡੀ ਸੇਵਾ ਕਰਨੀ ਹੋਵੇ, ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰੇ।

ਇਸ ਤਰ੍ਹਾਂ ਦੇ ਬਚਨ ਕਹਿ ਕੇ ਸਾਰੀ ਸੰਗਤ ਨੂੰ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਰੂਪ ਨਿਸਚੇ ਕਰਵਾ ਦਿੱਤਾ। ਕੁਝਕੁ ਸਮੇਂ ਬਾਅਦ ਫਿਰ ਹੁਕਮ ਦੇ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਭੇਜ ਦਿੱਤਾ ਕਿ ਤੁਸੀਂ ਓਥੇ ਰਹਿ ਕੇ ਸੰਗਤਾਂ ਨੂੰ ਨਿਹਾਲ ਕਰੋ--ਏਥੇ ਸਾਡੀ ਸੰਤਾਨ ਰਵ੍ਹੇਗੀ।

ਸ੍ਰੀ ਗੁਰੂ ਅੰਗਦ ਦੇਵ ਜੀ ਵਿੱਛੁੜਨਾ ਨਹੀਂ ਚਾਹੁੰਦੇ ਸਨ। ਪਰ ਆਗਿਆ ਵੀ ਨਹੀਂ ਮੋੜ ਸਕਦੇ ਸਨ ਆਗਿਆ ਦਾ ਪਾਲਣ ਕਰਦੇ ਹੋਏ ਖਡੂਰ ਸਾਹਿਬ ਚਲੇ ਗਏ।

ਪਰ ਵਿਛੋੜੇ ਦੇ ਕਾਰਨ ਖਾਣਾ ਪੀਣਾ ਕੁਝ ਚੰਗਾ ਨ ਲਗੇ, ਮਨ ਵਿਚ ਡਾਢੀ ਉਦਾਸੀ ਆਉਣ ਦੇ ਕਾਰਨ ਮਾਤਾ ਜੀ ਨੂੰ ਸਮਝਾ ਕੇ ਆਪ ਕੋਠੇ ਦੇ ਅੰਦਰ ਸਮਾਧੀ ਲਗਾ ਕੇ ਭਜਨਾਨੰਦ ਵਿਚ ਜੁੜ ਕੇ ਬੈਠ ਗਏ।

ਮਾਤਾ ਜੀ ਨੇ ਹੁਕਮ ਮੰਨ ਕੇ ਬਾਹਰੋਂ ਕੋਠਾ ਸਾਰਾ ਲਿਪ ਦਿੱਤਾ ਦਰਵਾਜ਼ੇ ਦਾ ਪਤਾ ਹੀ ਨਾ ਲਗਣ ਦਿੱਤਾ

ਕਿ ਇਸ ਕੋਠੇ ਦਾ ਦਰਵਾਜ਼ਾ ਕਿਹੜੇ ਪਾਸੇ ਹੈ।

ਜਦ ਸਮੇਂ ਦੇ ਅਨੁਸਾਰ ਸੰਮਤ ੧੫੯੬ ਅਸੂ ਵਦੀ ਦਸਮੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ ਤਾਂ ਬਾਅਦ ਵਿਚ ਸ਼ਰਧਾਲੂ ਸਿੱਖਾਂ ਨੇ ਵਿਆਕੁਲਤਾ ਵਿਚ ਆ ਕੇ ਬਾਬਾ ਬੁੱਢਾ ਜੀ ਨੂੰ ਕਿਹਾ-ਗਰੀਬ ਨਿਵਾਜ਼ ਸਤਿਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੂੰ ਗੁਰਤਾ ਗੱਦੀ ਬਖਸ਼ ਗਏ ਹਨ, ਉਹ ਕਿੱਥੇ ਹਨ, ਸਾਨੂੰ ਉਨ੍ਹਾਂ ਦਾ ਦਰਸ਼ਨ ਕਰਵਾਓ।

ਤਾਂ ਬਾਬਾ ਜੀ ਨੇ ਕਿਹਾ ਉਹ ਤਾਂ ਖਡੂਰ ਸਾਹਿਬ ਵਿਚ ਹਨ, ਚਲੋ ਓਥੇ ਜਾ ਕੇ ਦਰਸ਼ਨ ਪਰਸਨ ਕਰਦੇ ਹਾਂ।

ਸਾਰੀਆਂ ਸੰਗਤਾਂ ਨੂੰ ਨਾਲ ਲੈ ਕੇ ਬਾਬਾ ਜੀ ਖਡੂਰ ਸਾਹਿਬ ਪਹੁੰਚੇ, ਬਹੁਤ ਲੱਭਿਆ ਕਈਆਂ ਤੋਂ ਪੁੱਛਿਆ ਵੀ ਸਹੀ ਪਰ ਗੁਰੂ ਜੀ ਦਾ ਪਤਾ ਨ ਲੱਗਾ ਆਖਿਰ ਮਾਤਾ ਜੀ ਪਾਸੋਂ ਹੱਥ ਜੋੜ ਕੇ ਪੁੱਛਿਆ-

ਪਰ ਗੁਰੂ ਜੀ ਤੋ ਡਰਦੇ ਹੋਏ ਮਾਤਾ ਜੀ ਦੱਸਣ ਨਾ, ਆਖਰਕਾਰ ਸੰਗਤਾਂ ਦੀ ਬਿਹਬਲ ਅਵਸਥਾ ਵੇਖ ਕੇ ਇਸ਼ਾਰਾ ਕਰ ਦਿੱਤਾ ਕਿ ਇਸ ਕੋਠੇ ਅੰਦਰ ਹਨ, ਉਸ ਵੇਲੇ ਮਿਟੀ ਲਾਹ ਕੇ ਦਰਵਾਜ਼ਾ ਖੋਲ੍ਹ ਕੇ ਬਾਬਾ ਜੀ ਅੰਦਰ ਚਲੇ ਗਏ ਕੀ ਵੇਖਿਆ ਕਿ ਗੁਰੂ ਜੀ ਸਮਾਧੀ ਵਿਚ ਅਡੋਲ ਬੈਠੇ ਹਨ, ਦੀਨ ਦੁਨੀਆਂ ਦਾ ਕੁਝ ਪਤਾ ਨਹੀਂ। ਉਸ ਵੇਲੇ ਸੁਗੰਧੀਆਂ ਤੇ ਮੱਖਣ ਮੰਗਵਾ ਕੇ ਗੁਰੂ ਜੀ ਦੇ ਚਰਨਾਂ ਨੂੰ ਤੇ ਤਾਲੂ ਨੂੰ ਝੱਸਿਆ, ਝੱਸਦਿਆਂ ਝੱਸਦਿਆਂ ਜਦ ਦਸਮ ਦੁਆਰ ਤੋਂ ਪ੍ਰਾਨ ਉੱਤਰੇ ਤਾਂ ਬਾਬਾ ਜੀ ਨੇ ਮੱਥਾ ਟੇਕ ਕੇ ਬੇਨਤੀ ਕੀਤੀ ਸੰਗਤਾਂ ਬਾਹਰ ਆਪ ਜੀ ਦੀ ਉਡੀਕ ਵਿਚ ਬੈਠੀਆਂ ਹਨ ਦਰਸ਼ਨ ਦੇ ਕੇ ਨਿਹਾਲ ਕਰੋ।

ਤਾਂ ਗੁਰੂ ਅੰਗਦ ਦੇਵ ਜੀ ਨੇ ਕਿਹਾ, ਸੰਗਤਾਂ ਨੂੰ ਕਰਤਾਰਪੁਰ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਲੈ ਜਾਓ। ਤਾਂ ਬਾਬਾ ਬੁੱਢਾ ਜੀ ਨੇ ਕਿਹਾ ਉਹ ਤਾਂ ਜੋਤੀ ਜੋਤ ਸਮਾ ਗਏ ਹਨ।

ਇਤਨੀ ਗੱਲ ਸੁਣਦਿਆਂ ਸਾਰ ਵੈਰਾਗ ਵਿਚ ਆ ਕੇ ਇਹ ਸਲੋਕ ਉਚਾਰਿਆ-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥

ਪਹਿਲਾ ਅਰਥ:-ਜਿਸ ਪਿਆਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਾਡਾ ਨੇਹੁ=ਪ੍ਰੇਮ ਹੈ, ਉਨ੍ਹਾਂ ਤੋਂ ਆਗੈ=ਪਹਿਲੇ ਹੀ ਸਾਨੂੰ ਮਰ ਕੇ ਚਲਿਆ ਜਾਣਾ ਚਾਹੀਦਾ ਸੀ। ਅਸੀਂ ਆਪਣੀ ਕੰਨੀਂ ਸੁਣਦੇ ਨਾ, ਕਿ ਗੁਰੂ ਸਾਹਿਬ ਜੀ ਸੰਸਾਰ ਤੋਂ ਚਲੇ ਗਏ ਹਨ।

ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥

ਤਾ ਕੈ ਪਾਛੈ=ਤਿਸ ਗੁਰੂ ਨਾਨਕ ਦੇਵ ਜੀ ਤੋਂ ਪਿੱਛੇ ਜੇਹੜਾ ਸੰਸਾਰ ਵਿਚ ਜਿਉਂਣਾ ਹੈ, ਉਹ ਜਿਉਂਣੇ ਨੂੰ ਧ੍ਰਿਕਾਰ ਭਾਵ ਲਾਹਨਤ ਹੈ॥ ੨॥

ਦੂਜਾ ਅਰਥ:-ਸ੍ਰੀ ਗੁਰੂ ਅੰਗਦ ਦੇਵ ਜੀ ਆਖਦੇ ਹਨ-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥

ਜਿਸ ਪਿਆਰੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਾਡਾ ਨੇਹੁ=ਪ੍ਰੇਮ ਹੈ,

'ਤਿਸੁ ਆਗੈ'=ਤਿਸ ਗੁਰੂ ਨਾਨਕ ਦੇਵ ਜੀ ਦੀ ਆਗਿਆ ਮੰਨਣ ਵਿਚ ਜੀਵਤ ਭਾ ਤੋਂ ਮਰ ਕੇ ਚਲਣਾ ਚਾਹੀਦਾ ਹੈ। ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥

ਤਿਸ ਗੁਰੂ ਨਾਨਕ ਦੇਵ ਜੀ ਦੀ ਆਗਿਆ ਨੂੰ ਉਲੰਘ ਕੇ ਜੇਹੜਾ ਪਿੱਛੋਂ ਜਿਉਣਾ ਹੈ, ਤਿਸ ਜਿਉਣੇ ਨੂੰ ਸੰਸਾਰ ਵਿਚ ਧ੍ਰਿਕਾਰ ਹੈ॥ ੨॥

ਕਿਉਂਕਿ ਗੁਰੂ ਸਾਹਿਬ ਜੀ ਦਾ ਹੁਕਮ ਹੋਇਆ ਹੈ ਕਿ ਤੁਸਾਂ ਨੇ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕਰਨਾ ਹੈ।

ਏਸੇ ਹੁਕਮ ਅਨੁਸਾਰ ਬਾਹਰ ਆ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਉਪਦੇਸ਼ ਰਾਹੀਂ ਨਿਹਾਲ ਕੀਤਾ।

ਪਉੜੀ॥ ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ॥

ਪਹਿਲਾ ਅਰਥ:- ਹੇ ਅਕਾਲ ਪੁਰਖ ! ਤੁਸਾਂ ਨੇ ਆਪ ਹੀ ਧਰਤੀ ਬਣਾਈ ਹੈ, ਅਤੇ ਚੰਦ੍ਰਮਾਂ ਸੂਰਜ ਦੋ ਦੀਵੇ ਬਣਾਏ ਹਨ।

ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ॥

'ਦਸ ਚਾਰਿ'=ਚੌਦਾਂ ਲੋਕ ਤੁਸਾਂ ਨੇ ਹੱਟ ਬਣਾਏ ਹਨ, ਇਸ ਵਿਚ ਜੀਵ ਕਈ ਤਰ੍ਹਾਂ ਦੇ ਵਪਾਰ ਨੂੰ ਕਰਦੇ ਹਨ।

ਦੂਜਾ ਅਰਥ:- ਹੇ ਪ੍ਰਭੂ ! ਤੁਸਾਂ ਨੇ ਆਪ ਹੀ ਮਨੁੱਖਾ ਦੇਹ ਰੂਪ ਧਰਤੀ ਬਣਾਈ ਹੈ, ਚੰਦੁ ਸੂਰਜੁ=ਖੱਬਾ ਸੱਜਾ ਨੇਤ੍ਰ ਇਹ ਦੋ ਦੀਵੇ ਬਣਾਏ ਹਨ। 'ਦਸ ਚਾਰਿ'=ਚੌਦਾਂ ਇੰਦ੍ਰੀਆਂ ਰੂਪੀ ਹੱਟ ਤੁਸਾਂ ਨੇ ਬਣਾਏ ਹਨ, ਇਸ ਵਿਚ ਸਾਰੇ ਜੀਵ ਕਰਮਾਂ ਦਾ ਵਪਾਰ ਕਰਦੇ ਹਨ।

ਤੀਜਾ ਅਰਥ:- ਹੇ ਅਕਾਲ ਪੁਰਖ ! ਤੁਸਾਂ ਨੇ ਆਪ ਹੀ ਸਤਸੰਗਤਿ ਰੂਪ ਧਰਤੀ ਬਣਾਈ ਹੈ, ਚੰਦੁ ਸੂਰਜੁ=ਵੈਰਾਗ ਤੇ ਗਿਆਨ ਇਹ ਦੋ ਦੀਵੇ ਕੀਤੇ ਹਨ।

'ਦਸ ਚਾਰਿ'=ਚੌਦਾਂ ਇੰਦ੍ਰੀਆਂ ਦੇ ਦਮਨ ਕਰਨੇ ਰੂਪ ਹੱਟ ਤੁਸਾਂ ਨੇ ਬਣਾਏ ਹਨ, ਇਸ ਵਿਚ ਸਾਰੇ ਗੁਰਮੁਖ ਸ਼ੁਭ ਗੁਣਾਂ ਦਾ ਵਪਾਰ ਕਰਦੇ ਹਨ।

ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ॥

ਹੇ ਹਰੀ ! ਉਨ੍ਹਾਂ ਇਕਨਾਂ ਨੂੰ ਤੂੰ ਮਨੁੱਖ ਜਨਮ ਦਾ ਲਾਭ ਦੇਂਦਾ ਹੈਂ, ਜੋ ਗੁਰਾਂ ਦੇ ਸਨਮੁਖ ਹੋ ਕੇ ਗੁਰਮੁਖ ਥੀਵੈ=ਹੋਏ ਹਨ।

ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੈ॥

ਉਨ੍ਹਾਂ ਨੂੰ ਜਮ ਕਾਲ ਵਿਆਪਦਾ ਨਹੀਂ ਹੈ, ਅਥਵਾ ਉਨ੍ਹਾਂ ਨੂੰ ਜਮ+ਕਾਲੁ=ਜਨਮ ਮਰਨ ਦਾ ਦੁਖ ਲਗਦਾ ਨਹੀਂ ਹੈ। ਜਿਨ੍ਹਾਂ ਨੇ ਸੱਚ ਨਾਮ ਰੂਪੀ ਅੰਮ੍ਰਿਤ ਪੀਤਾ ਹੈ।

ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੈ॥ ੩॥

ਉਹ ਆਪ ਸਾਰੇ ਪਰਵਾਰ ਸਮੇਤ ਸੰਸਕਾਰ ਬੰਧਨਾਂ ਤੋਂ ਛੁਟ ਗਏ ਹਨ, ਉਨ੍ਹਾਂ ਪਿੱਛੇ ਚਲਕੇ ਸਾਰਾ ਜਗਤ ਭੀ ਛੁਟ ਜਾਂਦਾ ਹੈ॥ ੩॥

ਸਲੋਕ ਮਃ ੧॥

ਉਥਾਨਕਾ:- ਗੁਰੂ ਸਾਹਿਬਾਂ ਦੀ ਸਿਫਤ ਸੁਣਕੇ ਇਕ ਕਾਜ਼ੀ ਆਇਆ ਉਸ ਨੇ ਆ ਕੇ ਛੇ ਪ੍ਰਸ਼ਨ ਕੀਤੇ-

੧. ਪ੍ਰਸ਼ਨ-ਉੱਮਿਤ (ਸ੍ਰਿਸ਼ਟੀ) ਕਿਸ ਨੇ ਪੈਦਾ ਕੀਤੀ ਹੈ?

ਅਤੇ ਕਿਸ ਦੁਆਰਾ ਪੈਦਾ ਕੀਤੀ ਹੈ ? ਇਸ ਦੇ ਵਿਚ ਵਸਦਾ ਕੌਣ ਹੈ ?

੨. ਪ੍ਰਸ਼ਨ- ਖੁਦਾ ਦੇ ਜੋ ਬੰਦੇ ਹਨ ਉਨ੍ਹਾਂ ਦੇ ਲਖਛਣ ਕੀ ਹਨ ?

੩. ਪ੍ਰਸ਼ਨ- ਖੁਦਾ ਦੀ ਕੀਮਤ ਕਿਸੇ ਨੇ ਪਾਈ ਹੈ ਜਾਂ ਨਹੀਂ ?

੪. ਪ੍ਰਸ਼ਨ- ਸ਼ਰੱਈ ਲੋਕ ਸ਼ਰਾ ਦਾ ਵਿਚਾਰ ਕਿਵੇਂ ਕਰਦੇ ਹਨ ?

੫. ਪ੍ਰਸ਼ਨ- ਸੰਸਾਰ ਸਮੁੰਦ੍ਰ ਤੋਂ ਪਾਰ ਕਿਵੇਂ ਹੋਈਦਾ ਹੈ ?

੬. ਪ੍ਰਸ਼ਨ- ਸਿਜਦਾ ਕੇਹੜਾ ਕਰੇ ਜਿਸ ਦੇ ਕੀਤਿਆਂ ਮਨ ਨੂੰ ਨਫਾ ਹੋਵੇ ?

ਕੁਦਰਤਿ ਕਰਿ ਕੈ ਵਸਿਆ ਸੋਇ ॥

ਪਹਿਲੇ ਪ੍ਰਸ਼ਨ ਦਾ ਉੱਤਰ-ਕੁਦਰਤਿ=ਪ੍ਰਮਾਤਮਾ ਨੇ ਆਪ ਹੀ ਸ੍ਰਿਸ਼ਟੀ ਪੈਦਾ ਕੀਤੀ ਹੈ। ਪਰ ਕੁਦਰਤਿ=ਮਾਇਆ ਦੁਆਰੇ ਪੈਦਾ ਕੀਤੀ ਹੈ। ਉਮਤਿ=(ਸ੍ਰਿਸ਼ਟੀ) ਨੂੰ ਪੈਦਾ ਕਰਕੇ ਉਹ ਪ੍ਰਭੂ ਆਪ ਹੀ ਇਸ ਦੇ ਵਿਚ ਵਸ ਰਿਹਾ ਹੈ।

[ਪੰਨਾ ੮੪]

ਵਖਤੁ ਵੀਚਾਰੇ ਸੁ ਬੰਦਾ ਹੋਇ ॥

ਦੂਜੇ ਪ੍ਰਸ਼ਨ ਦਾ ਉੱਤਰ- ਜੋ ਆਪਣੇ ਸਮੇਂ ਨੂੰ ਵਿਚਾਰਦਾ ਹੈ ਕਿ ਇਸ ਅਮੋਲਕ ਮਨੁੱਖਾ ਜਨਮ ਨੇ ਬਾਰ ਬਾਰ ਨਹੀਂ ਮਿਲਣਾ, ਇਸ ਦੁਆਰਾ ਜੋ ਨੇਕ ਕਮਾਈ ਕਰ ਲਵਾਂ ਓਹੀ ਚੰਗੀ ਹੈ, ਇਸ ਤਰ੍ਹਾਂ ਦੇ ਸ਼ੁਭ ਵਿਚਾਰ ਕਰਨ ਵਾਲਾ ਜੋ ਮਨੁੱਖ ਹੈ ਉਹ ਅਸਲੀ ਬੰਦਾ ਹੁੰਦਾ ਹੈ।

ਕੁਦਰਤਿ ਹੈ ਕੀਮਤਿ ਨਹੀ ਪਾਇ ॥

ਤੀਜੇ ਪ੍ਰਸ਼ਨ ਦਾ ਉੱਤਰ-ਕੁਦਰਤ ਵਾਲਾ ਜੋ ਪ੍ਰਭੂ ਹੈ ਉਸ ਦੀ ਕੀਮਤ ਕਿਸੇ ਨੇ ਨਹੀਂ ਪਾਈ।

ਜਾ ਕੀਮਤਿ ਪਾਇ ਤ ਕਹੀ ਨ ਜਾਇ ॥

ਜਾਂ ਉਸ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾ ਭੀ ਲਵੇ,
ਤੋਂਭੀ ਉਸ ਦੀ ਸਮਗ੍ਰ ਮਹਿਮਾ ਕਥਨ ਨਹੀਂ ਕੀਤੀ ਜਾਂਦੀ।

ਸਰੈ ਸਰੀਅਤਿ ਕਰਹਿ ਬੀਚਾਰੁ ॥

ਚੌਥੇ ਪ੍ਰਸ਼ਨ ਦਾ ਉੱਤਰ-ਸ਼ਰੱਈ ਲੋਕ ਸ਼ਰੀਅਤਿ ਕਿਤਾਬ ਦੁਆਰਾ ਹੀ ਸ਼ਰ੍ਹਾ ਦਾ ਵਿਚਾਰ ਕਰਦੇ ਹਨ।

ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥

ਪੰਜਵੇਂ ਪ੍ਰਸ਼ਨ ਦਾ ਉੱਤਰ-ਸਿਧਾਂਤ ਦੇ ਬੁੱਝੇ ਤੋਂ ਬਿਨਾਂ ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਹੋਣਾ ਪਾ ਸਕਦਾ ਹੈ। ਅਰਥਾਤ ਸਿਧਾਂਤ ਨੂੰ ਸਮਝੇ ਤਾਂ ਹੀ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਪਾਂਦਾ ਹੈ।

ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥

ਛੇਵੇਂ ਪ੍ਰਸ਼ਨ ਦਾ ਉੱਤਰ—ਪ੍ਰਮੇਸ਼ਰ ਉੱਤੇ ਜੋ ਸਿਦਕੁ=ਭਰੋਸਾ ਕਰਨਾ ਹੈ, ਏਹੀ ਸਿਜਦਾ=ਨਮਸ਼ਕਾਰ

ਕਰੇ। ਇਸ ਤਰ੍ਹਾਂ ਮਨ ਨੂੰ ਮਖਸੂਦ=ਨਫ਼ਾ (ਲਾਭ) ਲੈਣ ਵਾਲਾ ਕਰੇ।

ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥ ੧ ॥

ਜਿਹ ਧਿਰਿ=ਜਿਸ ਪਾਸੇ ਦੇਖੇ, 'ਤਿਹ ਧਿਰਿ'=ਉਸੇ ਪਾਸੇ ਉਹ ਪ੍ਰਮਾਤਮਾ ਮਉਜੂਦੁ=ਪ੍ਰਗਟ ਹੈ॥ ੧ ॥

ਮਃ ੩ ॥ ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥

ਸ=ਭਲੀ ਪ੍ਰਕਾਰ ਗੁਰਾਂ ਦਾ 'ਭਾ'=ਅਭਿਪ੍ਰਾਯ (ਭਾਤਪ੍ਰਜ) ਅਰਥਾਤ ਪ੍ਰੇਮ ਏਵ ਨ ਪਾਈਐ=ਇਸ ਪ੍ਰਕਾਰ ਨਹੀਂ ਪਾਈਦਾ। ਨਾ ਨੇੜੇ ਰਹਿਣੇ ਨਾਲ ਅਤੇ ਨਾ ਹੀ ਦੂਰ ਰਹਿਣੇ ਨਾਲ। ਕਿਉਂਕਿ ਜੇ ਦੂਰ ਰਵ੍ਹੇ ਤਾਂ ਸੇਵਾ ਨਹੀਂ ਹੋ ਸਕਦੀ, ਜੇ ਨੇੜੇ ਰਵ੍ਹੇ ਤਾਂ ਕੋਈ ਨ ਕੋਈ ਦੂਸ਼ਣ ਅਰੋਪਣੇ ਰੂਪ ਅਵੱਗਿਆ ਹੋ ਜਾਂਦੀ ਹੈ।

ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦਾ ਅਭਿਪ੍ਰਾਯ (ਭਾਤਪ੍ਰਜ) ਅਰਥਾਤ ਸਿਧਾਂਤ ਤਾਂ ਮਿਲਦਾ ਹੈ, ਜੇ ਮਨ ਕਰਕੇ ਸਤਿਗੁਰਾਂ ਦੇ ਹਦੂਰਿ=ਪਾਸ ਰਹਿਣਾ ਕਰੇ॥ ੨ ॥

ਭਾਵ-ਜਿੱਥੇ ਖੜਾਵਾਂ ਦਾ ਖੜਕਾ ਸੁਣੀਂਦਾ ਰਵ੍ਹੇ।

ਪਉੜੀ ॥ ਸਪਤ ਦੀਪ ਸਪਤ ਸਾਗਰਾ
ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥

ਸੱਤ ਦੀਪ ਹਨ, ਸੱਤ ਸਮੁੰਦਰ ਹਨ, ਨੌਂ ਖੰਡ, ਚਾਰ ਵੇਦ, 'ਦਸ ਅਸਟ'=ਅਠਾਰਾਂ ਪੁਰਾਨ ਹਨ ।

ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥

ਹੇ ਹਰੀ ! ਇਨ੍ਹਾਂ ਸਾਰਿਆਂ ਵਿਚ ਤੂੰ ਹੀ ਵਰਤਦਾ ਹੈਂ, ਹੇ ਹਰੀ ! ਤੂੰ ਸਾਰਿਆਂ ਨੂੰ ਭਾਣਾ=ਭਾਉਂਦਾ ਭਾਵ ਚੰਗਾ ਲਗਦਾ ਹੈਂ।

ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗ ਪਾਣਾ ॥

ਹੇ ਹਰੀ ! ਸਾਰੇ ਜੀਆ ਜੰਤ ਤੈਨੂੰ ਇਸ ਤਰ੍ਹਾਂ ਧਿਆਉਂਦੇ ਹਨ, ਜਿਵੇਂ ਸਾਰਗ=ਪਪੀਹਾ ਪਾਣਾ=ਪਾਣੀ ਅਰਥਾਤ ਸ੍ਵਾਂਤੀ ਬੂੰਦ ਲਈ ਰਟ ਲਗਾਂਦਾ ਹੈ।

ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ ॥

ਹੇ ਹਰੀ ! ਜੇਹੜੇ ਗੁਰਮੁਖ ਗੁਰਾਂ ਦੁਆਰੇ ਆਪ ਜੀ ਨੂੰ ਅਰਾਧਦੇ ਹਨ, ਹਉ=ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥ ੪ ॥

ਹੇ ਹਰੀ ! ਵਿਡਾਣਾ=ਅਸਚਰਜ ਕੌਤਕ ਕਰਕੇ ਤੂੰ ਆਪੇ ਆਪ ਸਾਰੇ ਵਰਤ ਰਿਹਾ ਹੈਂ॥ ੪ ॥

ਸਲੋਕ ਮਃ ੩ ॥

ਇਕ ਦਿਨ ਉਪਦੇਸ਼ ਦੇਂਦਿਆਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਵਿੱਤ੍ਰ

ਮੁਖਾਰਬਿੰਦ ਤੋਂ ਉਚਾਰਿਆ ਹੋਇਆ ਸਲੋਕ ਸੰਗਤਾਂ ਨੂੰ ਸੁਣਾਇਆ-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥

ਪ੍ਰਿਉ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥

ਇਹ ਸਲੋਕ ਸੁਣਦਿਆਂ ਸਾਰ ਕਿਸੇ ਪ੍ਰੇਮੀ ਦਾ ਹਿਰਦਾ ਵੈਰਾਗ ਵਿਚ ਵਿੰਨਿਆ ਗਿਆ, ਤੇ ਉਸ ਨੇ ਉੱਚੀ ਅਵਾਜ਼ ਦੇ ਕੇ ਪੁੱਤਰ ਨੂੰ ਕਿਹਾ ਛੇਤੀ ਕਲਮ ਦਵਾਤ ਲਿਆ ਇਹ ਸਲੋਕ ਲਿਖ ਲਈਏ। ਗਰੀਬ ਨਿਵਾਜ਼ ਨੇ ਸੁਣਕੇ ਕਿਹਾ-

ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ॥

ਹੇ ਪਿਆਰੇ ! ਕਲਉ=ਕਲਮ, ਮਸਾਜਨੀ=ਦਵਾਤ, ਕੀ ਸਦਾਈਐ=ਮੰਗਵਾਉਣੀ ਹੈ, ਹਿਰਦੇ ਵਿਚ ਹੀ ਇਸਨੂੰ ਲਿਖ ਲੈਣਾ ਕਰ।

ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ॥

ਤਾਂ ਤੂੰ ਸਦਾ=ਹਮੇਸ਼ਾਂ ਹੀ ਮਾਲਕ ਪ੍ਰਭੂ ਦੇ ਰੰਗ ਵਿਚ ਰੰਗਿਆ ਰਵ੍ਹੇਂਗਾ ਅਤੇ ਕਦੇ ਭੀ ਤੇਰੇ ਅੰਦਰੋਂ ਨੇਹੁ=ਪ੍ਰੇਮ ਨਹੀਂ ਟੁੱਟੇਗਾ।

ਕਲਉ ਮਸਾਜਨੀ ਜਾਇਸੀ ਲਿਖਿਆ ਭੀ ਨਾਲੇ ਜਾਇ॥

ਪ੍ਰਤੱਖ ਕਲਉ ਮਸਾਜਨੀ=ਕਲਮ ਦਵਾਤ ਨੇ ਤਾਂ ਜਾਇਸੀ=ਨਾਸ ਹੋ ਜਾਣਾ ਹੈ, ਨਾਲੇ ਲਿਖਿਆ ਹੋਇਆ ਕਾਗਜ਼ ਭੀ ਨਾਸ ਹੋ ਜਾਣਾ ਹੈ।

ਨਾਨਕ ਸਹ ਪ੍ਰੀਤਿ ਨ ਜਾਇਸੀ ਜੋ ਧੁਰਿ ਛੋਡੀ ਸਚੈ ਪਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਸਹ=ਪਤੀ ਮਾਲਕ ਦੀ ਪ੍ਰੀਤੀ ਨਾਸ ਨਹੀਂ ਹੋਵੇਗੀ, ਜੋ ਪ੍ਰੀਤੀ ਸੱਚੇ ਪ੍ਰਭੂ ਨੇ ਧੁਰ ਤੋਂ ਪਾ ਛੱਡੀ ਹੈ॥ ੧॥

ਮਃ ੩॥ ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ॥

ਜੋ ਕੁਝ ਨਿਗਾਹ ਆਉਂਦਾ ਹੈ, ਇਹ ਨਾਲ ਨਹੀਂ ਜਾਣਾ, ਬੇਸ਼ੱਕ ਕੋਈ ਵਿਉਪਾਇ=ਨਿਰਣਾ ਕਰਕੇ ਅਰਥਾਤ ਅਜ਼ਮਾ ਕੇ ਵੇਖ ਲਵੇ।

ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ॥

ਸਤਿਗੁਰਾਂ ਨੇ ਸੱਚ ਨਾਮ ਦ੍ਰਿੜ੍ਹ ਅਰਥਾਤ ਪੱਕਾ ਕਰਵਾਇਆ ਹੈ, ਇਸ ਵਾਸਤੇ ਸੱਚ ਵਿਚ ਬਿਰਤੀ ਲਗਾਈ ਰੱਖੋ।

ਨਾਨਕ ਸਬਦੀ ਸਚੁ ਹੈ ਕਰਮੀ ਪਲੈ ਪਾਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਗੁਰ ਉਪਦੇਸ਼ ਵਿਚ ਹੀ ਸੱਚ ਦੀ ਪ੍ਰਾਪਤੀ ਹੈ।

ਅਥਵਾ:- ਸਬਦੀਏ ਜੋ ਗੁਰੂ ਸਾਹਿਬ ਜੀ ਹਨ, ਉਨਾਂ ਦਾ ਉਪਦੇਸ਼ ਸੱਚਾ ਹੈ। ਪਰ ਕਰਮੀ=ਭਾਗਾਂ ਵਾਲੇ ਦੇ ਬੁੱਧੀ ਰੂਪ ਪੱਲੇ ਵਿਚ ਪੈਂਦਾ ਹੈ॥ ੨॥

ਪਉੜੀ॥ ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ॥

ਹੇ ਹਰੀ ! ਸਰੀਰ ਦੇ ਅੰਦਰ ਬਾਹਰ, *ਅਥਵਾ:-* ਬ੍ਰਹਮਾਂਡ ਦੇ ਅੰਦਰ ਬਾਹਰ ਇੱਕ ਤੂੰਹੀਂ ਹੈਂ, ਤੂੰਹੀਂ ਸਾਰਿਆਂ ਜੀਵਾਂ ਦੇ ਗੁੱਝੇ ਭੇਤੁ=ਹਾਲ ਨੂੰ ਜਾਣਦਾ ਹੈਂ।

ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ॥

ਅਸੀਂ ਜੋ ਕੁਝ ਭੀ ਕਰਦੇ ਹਾਂ ਉਸਨੂੰ ਹਰੀ ਆਪ ਜਾਣਦਾ ਹੈ ਇਸ ਲਈ-ਹੇ ਮੇਰੇ ਮਨ ! ਤੂੰ ਹਰੀ ਨੂੰ ਚੇਤਨਾ ਕਰ।

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥

ਉਹ ਮਨੁੱਖ ਡਰਦਾ ਹੈ, ਜੇਹੜਾ ਪਾਪ ਕਰਮ ਕਮਾਉਂਦਾ ਹੈ, ਧਰਮੀ ਪੁਰਸ਼ ਹਮੇਸ਼ਾਂ ਵਿਗਸੇਤੁ=ਖੁਸ਼ ਰਹਿੰਦਾ ਹੈ।

ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ॥

ਹੇ ਹਰੀ ! ਤੂੰ ਆਪ ਸੱਚਾ ਹੈਂ, ਤੇਰਾ ਨਿਆਉ=ਇਨਸਾਫ ਵੀ ਸੱਚਾ ਹੈ, ਤਾਂ ਫਿਰ ਕਿਸ ਲਈ ਡਰਨਾ ਹੈ।

ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ॥ ੫॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਸੱਚ ਨੂੰ ਪਛਾਣ ਲਿਆ ਹੈ, ਉਹ ਸੱਚ ਸਰੂਪ ਵਿਚ ਰਲੇਤੁ=ਰਲ ਗਏ ਹਨ॥ ੫॥

ਸਲੋਕ ਮਃ ੩॥

ਉਥਾਨਕਾ:- ਕਿਸੇ ਲਿਖਾਰੀ ਨੇ ਦਵੈਤ ਭਾ ਸਬੰਧੀ ਪੁਸਤਕ ਲਿਖ ਕੇ ਗੁਰੂ ਜੀ ਨੂੰ ਲਿਆ ਕੇ ਵਿਖਾਈ ਕਿ ਮੈਨੇ ਇਹ ਪੁਸਤਕ ਬੜੀ ਮੇਹਨਤ ਨਾਲ ਲਿਖੀ ਹੈ ਆਪ ਪ੍ਰਵਾਨਗੀ ਦਿਓ। ਜਦ ਗੁਰੂ ਜੀ ਨੇ ਆਪਣੇ ਹਸਤ ਕਮਲਾਂ ਵਿਚ ਉਹ ਪੁਸਤਕ ਲੈ ਕੇ ਪੜ੍ਹੀ ਤਾਂ ਬੜੇ ਹੈਰਾਨ ਹੋ ਕੇ ਆਖਦੇ ਹਨ, ਇਸ ਪੁਸਤਕ ਵਿਚ ਨਾ ਭਗਤੀ ਸਬੰਧੀ ਬਚਨ ਹਨ,

ਨਾ ਵੈਰਾਗ ਸਬੰਧੀ ਬਚਨ ਹਨ, ਨਾ ਗਿਆਨ ਸਬੰਧੀ ਬਚਨ ਹਨ,

ਨਾ ਭਜਨ ਸਿਮਰਨ ਸਬੰਧੀ ਬਚਨ ਹਨ, ਨਾ ਸੇਵਾ ਟਹਿਲ ਸਬੰਧੀ ਬਚਨ ਹਨ,

ਇਹ ਪੁਸਤਕ ਸਾਡੇ ਮੱਤ ਵਿਚ ਪ੍ਰਮਾਣੀਕ ਨਹੀਂ ਹੈ, ਉਸ ਦੀ ਪੁਸਤਕ ਉਸ ਦੇ ਹਵਾਲੇ ਕਰਕੇ ਆਖਦੇ ਹਨ:-

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ॥

ਮਸਵਾਣੀਐ=ਦਵਾਤ ਦੇ ਸਣੁ=ਸਹਿਤ ਕਲਮ ਸੜ ਜਾਵੇ, ਅਤੇ ਕਾਗਜ਼ ਵੀ ਸੜ ਜਾਵੇ।

ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ॥

ਉਹ ਲਿਖਣੇ ਵਾਲਾ ਲਿਖਾਰੀ ਭੀ ਸੜ ਬਲ ਜਾਵੇ। ਜਿਸ ਨੇ ਇਸ ਪੁਸਤਕ ਵਿਚ ਦਵੈਤ ਭਾ ਸਬੰਧੀ ਬਚਨਾਂ ਨੂੰ ਲਿਖਿਆ ਹੈ।

ਯਥਾ:- ਲਿਖਦਿਆ ਲਿਖਦਿਆ ਕਾਗਦ ਮਸੁ ਖੋਈ॥ ਦੂਜੈ ਭਾਇ ਸੁਖੁ ਪਾਏ ਨ ਕੋਈ॥ *(ਪੰਨਾ ੧੨੩)*

ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਪੂਰਬਲੇ ਕਰਮਾਂ ਅਨੁਸਾਰ ਜੋ ਲੇਖ ਲਿਖਿਆ ਗਿਆ ਹੈ, ਓਹੀ ਕਮਾਂਵਦਾ ਹੈ, ਉਸ ਤੋਂ ਇਲਾਵਾ ਹੋਰ ਕੋਈ ਕਰਤੱਬ ਨਹੀਂ ਕੀਤਾ ਜਾਂਦਾ ॥ ੧॥

ਮਃ ੩॥ ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ॥

ਨਾਮ ਤੋਂ ਬਿਨਾਂ ਹੋਰ ਪੜ੍ਹਣਾ ਕੂੜਾ ਹੈ, ਅਤੇ ਬਚਨਾਂ ਦਾ ਬੋਲਣਾ ਵੀ ਕੂੜ=ਝੂਠਾ ਹੈ। ਜਿਸ ਕਰਕੇ ਮਾਇਆ ਨਾਲ ਪਿਆਰ ਹੁੰਦਾ ਹੈ।

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ॥ ੨॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਨਾਮ ਤੋ ਬਿਨਾਂ ਕੋਈ ਪਦਾਰਥ ਥਿਰ ਰੂਪ ਨਹੀਂ ਹੈ। ਦਵੈਤ ਸਬੰਧੀ ਪੁਸਤਕਾਂ ਨੂੰ ਪੜ੍ਹ ਪੜ੍ਹ ਕੇ ਸਾਰੇ ਖੁਆਰੁ=ਖਰਾਬ ਹੋ ਰਹੇ ਹਨ॥ ੨॥

ਪਉੜੀ॥ ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ॥

ਹਰੀ ਦੀ ਵਡਿਆਈ ਸਭ ਤੋਂ ਵੱਡੀ ਹੈ, ਕਿਉਂਕਿ ਉਸ ਵਿਚ ਹਰਿ ਹਰਿ ਦਾ ਕੀਰਤਨ ਹੈ,

ਅਥਵਾ:- ਹਰੀ ਦਾ ਕੀਰਤਨ ਜੀਵ ਦੇ ਦੁਖਾਂ ਨੂੰ ਹਰਿ=ਨਾਸ ਕਰਦਾ ਹੈ।

ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥

ਹਰੀ ਦੀ ਵਡਿਆਈ ਸਭ ਤੋਂ ਵੱਡੀ ਹੈ, ਕਿਉਂਕਿ ਉਹ ਧਰਮ ਦਾ ਨਿਆਉ=ਇਨਸਾਫ ਕਰਦਾ ਹੈ।

ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ॥

ਹਰੀ ਦੀ ਵਡਿਆਈ ਸਭ ਤੋਂ ਵੱਡੀ ਹੈ, ਜਾਂ ਉਹ ਜੀਆਂ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਦੇਂਦਾ ਹੈ।

ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ॥

ਹਰੀ ਦੀ ਵਡਿਆਈ ਸਭ ਤੋਂ ਵੱਡੀ ਹੈ, ਜਾਂ ਉਹ ਚੁਗਲਾਂ ਦਾ ਕਿਹਾ ਹੋਇਆ ਬਚਨ ਸੁਣਦਾ ਨਹੀਂ ਹੈ।

ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ॥ ੬॥

ਹਰੀ ਦੀ ਵਡਿਆਈ ਇਸ ਕਰਕੇ ਸਭ ਤੋਂ ਵੱਡੀ ਹੈ, ਕਿਉਂਕਿ ਉਹ ਪੁੱਛੇ ਤੋਂ ਬਿਨਾਂ ਅਰਥਾਤ ਮੰਗੇ ਤੋਂ ਬਿਨਾਂ ਹੀ ਦਾਨ ਦੇਂਦਾ ਹੈ। ਵਾ ਅਪੁਛਿਆ=ਕਿਸੇ ਪਾਸੋਂ ਪੁੱਛਦਾ ਨਹੀਂ, ਅਰਥਾਤ ਦੂਜੇ ਪਾਸੋਂ ਸਲਾਹ ਲੀਤੇ ਤੋਂ ਬਿਨਾਂ ਹੀ ਦਾਨ ਦੇਂਦਾ ਹੈ।

*ਅਥਵਾ:-*ਜਿਨ੍ਹਾਂ ਨੂੰ ਦਾਨ ਦੇਂਦਾ ਹੈ ਉਨ੍ਹਾਂ ਕੋਲੋਂ ਅਪੁਛਿਆ=ਪੁੱਛਦਾ ਨਹੀਂ ਹੈ। ਅਰਥਾਤ ਉਨ੍ਹਾਂ ਪਾਸੋਂ ਹਿਸਾਬ ਨਹੀਂ ਲੈਂਦਾ।

*ਅਥਵਾ:-*ਅਪੁਛਿਆ ਦਾਨ=ਜੋ ਨਾਮ ਗਿਆਨ ਉਹ ਆਪਣਿਆਂ ਸੇਵਕਾਂ ਨੂੰ ਦੇਂਦਾ ਹੈ।

*ਅਥਵਾ:-*ਦੁਖ ਨੂੰ ਕੋਈ ਨਹੀਂ ਪੁੱਛਦਾ, ਪ੍ਰਮੇਸ਼ਰ ਕਰਮਾਂ ਅਨੁਸਾਰ ਦੁਖ ਭੀ ਦੇਂਦਾ ਹੈ॥ ੬॥

ਸਲੋਕ ਮਃ ੩॥ ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ॥

ਹਉ ਹਉ=ਮੈਂ ਮੈਂ ਕਰਦੀ ਸਾਰੀ ਦੁਨੀਆਂ ਮਰ ਗਈ ਹੈ, ਪਰ ਇਹ ਸੰਪਦਾ ਅੱਜ ਤਕ ਕਿਸੇ ਦੇ ਭੀ ਨਾਲ ਨਹੀਂ ਗਈ।

[ਪੰਨਾ ੮੫]

ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ॥

ਦਵੈਤ ਭਾ ਵਾਲਿਆਂ ਨੂੰ ਜਨਮ ਮਰਨ ਦਾ ਦੁਖ ਪਾਇਆ ਹੈ, ਸਾਰੀ ਦੁਨੀਆਂ ਜਮਕਾਲ ਨੇ ਜੋਹੀ=ਤਾੜੀ ਅਰਥਾਤ ਵੇਖੀ ਹੋਈ ਹੈ।

ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਸੱਚਾ ਵਾਹਿਗੁਰੂ ਨਾਮ ਜਪਕੇ ਦੁਖਾਂ ਤੋਂ ਉਬਰੇ=ਬਚ ਗਏ ਹਨ॥ ੧॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ 'ਸੰਗਲਾ ਦੀਪ' ਵਿਖੇ ਰਾਜੇ ਸ਼ਿਵਨਾਭ ਨੂੰ ਉਪਦੇਸ਼ ਦੇ ਕੇ ਉਸ ਤੋਂ ਵਿਦਾ ਹੋ ਕੇ ਅੱਗੇ ਗਏ ਤਾਂ 'ਤ੍ਰਿਯਾ ਰਾਜ' ਵਿਚ ਜਾ ਪਹੁੰਚੇ।

ਤ੍ਰੇਹ ਦੇ ਕਾਰਨ ਮਰਦਾਨੇ ਨੇ ਬੇਨਤੀ ਕੀਤੀ ਮੇਰਾ ਮੂੰਹ ਸੁੱਕਦਾ ਜਾਂਦਾ ਹੈ, ਆਗਿਆ ਦਿਓ ਪਾਣੀ ਪੀ ਆਵਾਂ, ਹਜ਼ੂਰ ਨੇ ਕਿਹਾ ਜਾ ਪੀ ਆ।

ਇਕ ਔਰਤ ਦੇ ਘਰ ਅੱਗੇ ਖਲੋ ਕੇ ਆਖਦਾ ਹੈ ਮੈਨੂੰ ਪਾਣੀ ਪਿਲਾ, ਉਸ ਨੇ ਕਿਹਾ ਅੰਦਰ ਆ ਕੇ ਪੀ ਲੈ। ਮਰਦਾਨਾ ਅੰਦਰ ਚਲਾ ਗਿਆ ਪਲੰਘ ਉਪਰ ਬਿਠਾ ਕੇ ਔਰਤ ਨੇ ਪੁੱਛਿਆ, ਆਪ ਦਾ ਨਾਮ ਕੀ ਹੈ? ਆਪ ਕਿਸ ਦੇਸ ਵਿਚ ਰਹਿੰਦੇ ਹੋ ? ਆਪ ਨੇ ਜਾਣਾ ਕਿਥੇ ਹੈ ?

ਮਰਦਾਨੇ ਨੇ ਕਿਹਾ ! ਮੇਰਾ ਨਾਮ ਮਰਦਾਨਾ ਹੈ, ਸਾਡਾ ਦੇਸ਼ ਪੰਜਾਬ ਹੈ, ਹਰ ਜਗ੍ਹਾਂ ਉੱਪਰ ਜਾ ਕੇ ਸੈਲ ਕਰਦੇ ਹਾਂ।

ਇਸ ਤਰ੍ਹਾਂ ਦੀਆਂ ਗੱਲਾਂ ਕਰਦਿਆਂ ਹੋਇਆਂ ਔਰਤ ਨੇ ਪਾਣੀ ਪਲਾਣ ਦੇ ਬਹਾਨੇ ਮਰਦਾਨੇ ਦੇ ਗਲ ਵਿਚ ਤੰਤੂ ਪਾ ਕੇ ਉਸ ਨੂੰ ਮੇਢਾ ਬਨਾ ਕੇ ਗਲ ਵਿਚ ਰੱਸੀ ਪਾ ਕੇ ਮੇਖ ਨਾਲ ਬੰਨ੍ਹ ਦਿੱਤਾ, ਤੇ ਆਪ ਸਿਰ ਤੇ ਘੜਾ ਰੱਖ ਕੇ ਪਾਣੀ ਲੈਣ ਚਲ ਪਈ।

ਯਥਾ:- ਸੋ ਸੁਨਿ ਪਾਨ ਪਿਆਵਨ ਕੇ ਮਿਸ, ਗ੍ਰੀਵ ਮੈ ਤੰਤੁ ਕੋ ਡਾਰਿ ਬੰਧਾਨਾ॥
ਏਂਢਕ ਭਾ ਪਲਟੀ ਨਰ ਦੇਹਿ ਕੁਰੂਪ ਭਯੋ ਮੁਖ ਬੋਲਤਿ ਆਨਾ॥ ੨੧॥
ਚੰਚਲ ਨਾਰਿ ਚਲਤ੍ਰਿਹਿ ਸੋ ਕਰ ਦਾਮਨਿ ਲੇਕਰਿ ਤਾ ਛਿਨ ਮਾਂਹੀ॥
ਗ੍ਰੀਵ ਵਿਖੈ ਤਿਨ ਬਾਂਧ ਲਈ ਪੁਨ ਮੇਖ ਕੇ ਸੰਗ ਦਈ ਗਠ ਤਾਂਹੀ॥
ਆਪ ਚਲੀ ਘਟ ਸੀਸ ਧਰਾ ਜਲ ਲੇਵਨਿ ਕੋ ਉਦਪਾਨ ਜਹਾਂਹੀ॥

ਦੇਰ ਹੋਣ ਦੇ ਕਾਰਨ ਇੱਧਰੋਂ ਗੁਰੂ ਜੀ ਮਰਦਾਨੇ ਨੂੰ ਵੇਖਣ ਵਾਸਤੇ ਆਪ ਤੁਰ ਪਏ, ਜਿਸ ਵੇਲੇ ਔਰਤ ਸਿਰ ਤੇ ਘੜਾ ਰੱਖਕੇ ਖੂਹੇ 'ਚੋਂ ਬਾਹਰ ਨਿਕਲੀ ਉਸ ਵੇਲੇ ਗੁਰੂ ਜੀ ਭੀ ਉਥੇ ਪਹੁੰਚ ਗਏ। ਉਸ ਔਰਤ ਨੂੰ ਆਖਦੇ ਹਨ-ਸਾਡਾ ਇਕ ਮਨੁੱਖ ਇਥੇ ਆਇਆ ਹੈ ਪਾਣੀ ਪੀਣ ਵਾਸਤੇ ਵਾਪਸ ਹਟ ਕੇ ਨਹੀਂ ਗਿਆ, ਕਿਥੇ ਹੈ?

ਔਰਤ ਨੇ ਕਿਹਾ ਇਥੇ ਤਾਂ ਕੋਈ ਨਹੀਂ ਆਇਆ, ਕਿਧਰੇ ਹੋਰ ਥਾਂ ਗਿਆ ਹੋਣਾ ਹੈ। ਅੱਗੇ ਜਾ ਕੇ ਵੇਖ

ਲੋ, ਇਤਨੇ ਨੂੰ ਮਰਦਾਨਾ ਗੁਰੂ ਜੀ ਦੀ ਅਵਾਜ਼ ਪਛਾਣ ਕੇ ਭਯਾਂ ਭਯਾਂ ਕਰਕੇ ਸੁਣਾਂਦਾ ਹੈ ਕਿ ਮੈਂ ਅੰਦਰ ਹੀ ਹਾਂ।

ਯਥਾ:- ਬਸ ਨ ਬਸਾਵਹਿ ਫਸੈ ਕੋ ਬਾਸ ਵਿਖੈ ਬੰਧਾਨ॥

ਭਯਾਂ ਭਯਾਂ ਭਨਹਿ ਸੁਨਾਵਈ ਭਗਤਿ ਵਛਲ ਕੇ ਕਾਨ॥ ੨੬॥

ਹਜ਼ੂਰ ਨੇ ਸੁਣਕੇ ਕਿਹਾ, ਝੂਠ ਕਿਉਂ ਬੋਲਦੀ ਹੈਂ, ਉਹ ਤਾਂ ਤੇਰੇ ਘਰ ਅੰਦਰ ਹੀ ਹੈ। ਔਰਤ ਨੇ ਕਿਹਾ ਜੇਕਰ ਯਕੀਨ ਨਹੀਂ ਤਾਂ ਅੰਦਰ ਜਾ ਕੇ ਵੇਖ ਲੋ, ਹਜ਼ੂਰ ਨੇ ਚੰਚਲ ਇਸਤ੍ਰੀ ਦੇ ਇਸ ਕੌਤਕ ਨੂੰ ਵੇਖ ਕੇ ਕਿਹਾ-

ਕਲਰ ਕੀ ਵਣਜਾਰੀਆਂ ਝੂੰਗੇ ਮੁਸਕ ਮੰਗੇਨ॥

ਅਮਲਾਂ ਬਾਝਹੁ ਨਾਨਕਾ ਕਿਉਂ ਕਰ ਕੰਤ ਮਿਲੇਨ॥ ੧॥

ਇਤਨੇ ਅੱਖਰ ਕਹਿਣ ਨਾਲ ਘੜਾ ਔਰਤ ਦੇ ਸਿਰ ਨਾਲ ਹੀ ਲਗ ਗਿਆ, ਫਿਰ ਗੁਰੂ ਜੀ ਨੇ ਵਾਹਿਗੁਰੂ ਵਾਹਿਗੁਰੂ ਬਾਣੀ ਉਚਾਰੀ, ਵਾਹਿਗੁਰੂ ਮੰਤ੍ਰ ਸੁਨਣ ਨਾਲ ਮਰਦਾਨੇ ਦੇ ਗੱਲ 'ਚੋਂ ਤੰਤੂ ਤੁੱਟ ਗਈ, ਤੰਤੂ ਦੇ ਤੁੱਟਨ ਨਾਲ ਮੇਢੇ ਤੋਂ ਮਨੁੱਖ ਹੋ ਗਿਆ ਤੇ ਆਪਣਾ ਰਬਾਬ ਚੁੱਕ ਕੇ ਗੁਰੂ ਜੀ ਦੇ ਪਾਸ ਬਾਹਰ ਆ ਗਿਆ।

ਯਥਾ:- ਯੌਂ ਕਹਿਤੇ ਸਿਰ ਕੁੰਭ ਲਗਯੋ ਉੱਤਰੈ ਨ ਤਰੈ, ਰਹੀ ਹਾਰ ਉਤਾਰੀ॥

ਭਜਾਂ ਭਜਾਂ ਭਨੀ ਮਰਦਾਨੇ ਜਬੈ ਕਹੁ ਵਾਹਿਗੁਰੂ ਗੁਰਬਾਣੀ ਉਚਾਰੀ॥

ਯੌਂ ਭਨਿਤੇ ਗੁਰ ਤੰਤ ਗਈ ਤੁਟ ਭਾ ਤਨ ਮਾਨਵ ਟਾਮਨ ਟਾਰੀ॥

ਲੇਯ ਰਬਾਬ ਧਰੇ ਨਿਜ ਕੰਧ ਅਯੋ ਢਿਗ ਲਜਤਿ ਹੇਰਿ ਅਘਾਰੀ॥ ੨੯॥

ਸਿਰ ਤੋਂ ਘੜਾ ਉਤਾਰਨ ਵਾਸਤੇ ਆਸ ਪਾਸ ਦੀਆਂ ਔਰਤਾਂ ਨੇ ਜੰਤ੍ਰ ਮੰਤ੍ਰ ਪੜ੍ਹ ਕੇ ਬੜੇ ਜਤਨ ਕੀਤੇ ਪਰ ਘੜਾ ਉੱਤਰਨ ਵਿਚ ਨ ਆਇਆ।

ਆਖਿਰ ਕਿਸੀ ਨੇ ਉਸ ਨਗਰੀ ਦੀ ਵੱਡੀ ਸਰਦਾਰਨੀ 'ਨੂਰਸ਼ਾਹ' ਨੂੰ ਜਾ ਕੇ ਕਿਹਾ-ਇਕ ਚੇਟਕੀ ਫਕੀਰ ਆਇਆ ਹੈ, ਉਸਨੇ ਇਕ ਔਰਤ ਦੇ ਸਿਰ ਤੇ ਘੜਾ ਲਗਾ ਦਿੱਤਾ ਹੈ ਅਸੀਂ ਬਹੁਤ ਮੰਤ੍ਰ ਜੰਤ੍ਰ ਕਰਕੇ ਹਾਰ ਚੁੱਕੀਆਂ ਹਾਂ ਪਰ ਉਹ ਘੜਾ ਉੱਤਰਦਾ ਨਹੀਂ।

ਇਹ ਗੱਲ ਸੁਣਦਿਆਂ ਸਾਰ ਨੂਰਸ਼ਾਹ ਨੇ ਬੜੀਆਂ ਚਤੁਰ ਇਸਤ੍ਰੀਆਂ ਭੇਜੀਆਂ ਕਿ ਤੁਸੀਂ ਜੰਤ੍ਰ ਮੰਤ੍ਰ ਪੜ੍ਹ ਕੇ ਘੜਾ ਉਤਾਰ ਕੇ ਆਓ।

ਨੂਰਸ਼ਾਹ ਦੇ ਹੁਕਮ ਅਨੁਸਾਰ ਕੋਈ ਔਰਤ ਢੋਲਕ ਵਜਾਂਦੀ ਹੋਈ, ਕੋਈ ਕੰਧ ਨੂੰ ਦੁੜਾਂਦੀ ਹੋਈ, ਕੋਈ ਮੂੰਹ 'ਚੋਂ ਅੱਗ ਕੱਢਦੀ ਹੋਈ, ਕੋਈ ਬ੍ਰਿੱਛ ਤੇ ਚੜ੍ਹੀ ਹੋਈ, ਕੋਈ ਮ੍ਰਿਗਛਾਲਾ ਉੱਪਰ ਬੈਠ ਕੇ ਉੱਡਦੀ ਆਈ, ਸਾਰੀਆਂ ਨੇ ਆ ਕੇ ਜੰਤ੍ਰਾਂ ਮੰਤ੍ਰਾਂ ਦੁਆਰੇ ਜ਼ੋਰ ਬੜਾ ਲਗਾਇਆ ਪਰ ਘੜਾ ਨ ਉਤਰਿਆ।

ਯਥਾ:- ਲਿਖ ਹਾਰੀ ਜੰਤ੍ਰ ਸਭੈ ਮੰਤ੍ਰਿਨ ਪਢਿਤਿ ਬਿਸਾਲ॥

ਘਟਾ ਨ ਡੋਲਯੋ ਕਿਸੂ ਤੇ ਉਰ ਅਚਰਜ ਸਭਿ ਬਾਲ॥ ੩੩॥

ਨੂਰਸ਼ਾਹ ਨੂੰ ਫਿਰ ਜਾ ਕੇ ਕਿਹਾ, ਕਿ ਘੜਾ ਕਿਸੇ ਪਾਸੋਂ ਵੀ ਨਹੀਂ ਉਤਰਿਆ। ਆਪ ਕਿਰਪਾ ਕਰਕੇ ਚਲੋ ਉਹ ਔਰਤ ਬਹੁਤ ਦੁਖੀ ਹੈ।

ਨੂਰਸ਼ਾਹ ਨੇ ਭੀ ਬੜੇ ਜੰਤ੍ਰ ਮੰਤ੍ਰ ਕੀਤੇ ਪਰ ਕੋਈ ਪੇਸ਼ ਨਾ ਗਈ। ਆਖਰਕਾਰ ਗੁਰੂ ਜੀ ਦੇ ਚਰਨਾਂ ਉੱਪਰ ਸਿਰ ਰੱਖ ਕੇ ਮਾਫੀ ਮੰਗੀ ਹੁਣ ਕਿਰਪਾ ਕਰਕੇ ਇਸ ਦੇ ਸਿਰ ਤੋਂ ਘੜਾ ਉਤਾਰ ਦਿਓ, ਅੱਗੋਂ ਵਾਸਤੇ ਕਿਸੇ ਸੰਤ ਦਾ ਭੀ ਨਿਰਾਦਰ ਨਹੀਂ ਕਰੇਗੀ।

ਹਜ਼ੂਰ ਨੇ ਕਿਹਾ ਵਾਹਿਗੁਰੂ ਵਾਹਿਗੁਰੂ ਕਹਿ ਕੇ ਘੜਾ ਉਤਾਰੋ, ਤਾਂ ਉੱਤਰ ਜਾਏਗਾ।

ਯਥਾ:- ਯੌਂ ਸੁਨਿਕੈ ਤਿਨ ਕੀ ਬਿਨਤੀ ਪੁਨ ਸ੍ਰੀ ਗੁਰੂ ਆਨਨ ਬੈਨ ਅਲਾਯੋ॥
ਵਾਹਿਗੁਰੂ ਕਹਿ ਲੇਉ ਉਤਾਰ, ਉਠੀ ਤਤਕਾਲਕ ਬਾਲ ਹਿਲਾਯੋ॥
ਨਾਮ ਉਚਾਰਤ ਹੀ ਉੱਤਰਾ ਘਟ ਤੀਯ ਅਚੰਭ ਸਭੈ ਉਰ ਪਾਯੋ॥
ਆਨਿ ਉਪਾਇਨ ਭੂਰ ਧਰੀ ਮੁਕਤਾ ਸਭਿ ਹੀਰ ਤੇ ਚੀਰ ਮੰਗਾਯੋ॥

(ਨਾਨਕ ਪ੍ਰਕਾਸ਼ ਪੂਰਬਾਰਧ ਧਿਆ ੮੯)

ਪਨਾ ਇਸ ਸਲੋਕ ਦੁਆਰਾ ਉਨ੍ਹਾਂ ਦਾ ਹੰਕਾਰ ਦੂਰ ਕਰਦੇ ਹਨ।

॥ ਮਃ ੧ ॥ ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥

ਗੱਲਾਂ ਕਰਕੇ ਤਾਂ ਅਸੀਂ ਚੰਗੀਆਂ ਹਾਂ, ਪਰ ਸਾਡੇ ਆਚਾਰੀ=ਕਰਤਬ ਬੁਰੇ ਹਨ।

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥

ਮਨ ਕਰਕੇ ਕੁਸੁਧਾ=ਕੋਝਰੀਆ ਭਾਵ ਅਪਵਿੱਤ੍ਰ ਤੇ ਕਾਲੀਆਂ ਹਾਂ, ਪਰ ਬਾਹਰੋਂ ਚਿੱਟੀਆਂ ਗੋਰੇ ਰੰਗ ਵਾਲੀਆਂ ਹਾਂ।

ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥

ਉਨ੍ਹਾਂ ਪਤੀਬ੍ਰਤ ਧਰਮ ਵਾਲੀਆਂ ਇਸਤ੍ਰੀਆਂ ਦੀਆਂ ਰੀਸਾਂ ਕਰਦੀਆਂ ਹਨ, ਜੋ ਘਰ ਦੇ ਦਰਵਾਜ਼ੇ ਉੱਪਰ ਖਲੋ ਕੇ ਭਾਵ ਉੱਦਮ ਸਹਿਤ ਹੋ ਕੇ ਪਤੀ ਦੀ ਸੇਵਾ ਕਰਦੀਆਂ ਹਨ।

ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥

ਜੋ ਖਸਮ ਦੇ ਪ੍ਰੇਮ ਜਾਂ ਸੇਵਾ ਨਾਲ ਰਤੀਆ=ਮਿਲੀਆਂ ਰਹਿੰਦੀਆਂ ਹਨ, ਉਹ ਸੁਖ ਪੂਰਬਕ ਰਲੀਆਹ=ਖੁਸ਼ੀਆਂ ਨੂੰ ਮਾਣਹਿ=ਭੋਗਦੀਆਂ ਹਨ।

ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥

ਐਸੀਆਂ ਔਰਤਾਂ ਬਲ ਦੇ ਹੁੰਦਿਆਂ ਨਿਤਾਣੀਆਂ, ਅਤੇ ਮਾਨ ਦੇ ਹੁੰਦਿਆਂ ਨਿਮਾਣੀਆਂ ਹੋ ਕੇ ਰਹਿੰਦੀਆਂ ਹਨ। ਜਿਵੇਂ ਕਾਬਲ 'ਚੋਂ ਇਕ ਮਾਤਾ ਆ ਕੇ ਗੋਇੰਦਵਾਲ ਦੀ ਸੇਵਾ ਕਰਕੇ ਰੋਜ਼ਾਨਾ ਕਾਬਲ ਚਲੀ ਜਾਂਦੀ ਸੀ ਪਰ ਉਸਨੇ ਆਪਣਾ ਆਪ ਕਦੇ ਜਣਾਇਆ ਨਹੀਂ ਸੀ, ਨਿਮਾਣੇ ਮਨ ਨਾਲ ਰੋਜ਼ਾਨਾ ਸੇਵਾ ਕਰਦੀ ਸੀ।

ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਨੂਰਸ਼ਾਹ ! ਜੇਕਰ ਤੂੰ ਉਨ੍ਹਾਂ ਔਰਤਾਂ ਨਾਲ ਮਿਲ ਕੇ ਆਪਣਾ ਜੀਵਨ ਚੰਗਾ ਬਣਾ ਲਵੇਂ, ਤਾਂ ਤੇਰਾ ਜਨਮ ਸਕਾਰਥਾ=ਸਫਲ ਹੋ ਜਾਵੇਗਾ॥ ੨ ॥

ਦੂਜਾ ਅਰਥ:-ਜਗਿਆਸੂ ਦੀ ਅਵਸਥਾ ਵੇਖ ਕੇ ਗੁਰੂ ਸਾਹਿਬ ਜੀ ਆਖਦੇ ਹਨ।

ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥

ਸੰਸਾਰਕ ਗੱਲਾਂ ਕਰਕੇ ਤਾਂ ਅਸੀਂ=ਤਮਾਮ ਜੀਵਾਂ ਰੂਪ ਇਸਤ੍ਰੀਆਂ ਚੰਗੀਆਂ ਹਾਂ, ਪਰ ਕਰਤਬਾਂ ਕਰਕੇ ਬੁਰੀਆਂ ਹਾਂ।

ਯਥਾ:- ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥

(ਸੂਹੀ ਮਹਲਾ ੫, ਪੰਨਾ ੭੩੮)

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥

ਭੈੜਿਆਂ ਸੰਕਲਪਾਂ ਕਰਕੇ ਮਨ ਦੀਆਂ ਅਪਵਿੱਤ੍ਰ ਹਾਂ, ਅਤੇ ਪਾਪਾਂ ਕਰਕੇ ਕਾਲੀਆਂ ਹਾਂ।

ਮਾਲਾ, ਜਨੇਊ, ਤਿਲਕ, ਠਾਕੁਰ ਪੂਜਾ ਆਦਿਕ ਕਰਮ ਕਰਕੇ ਬਾਹਰੋਂ ਚਿੱਟੀਆਂ ਹਾਂ।

ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥

ਇਹ ਜੀਵ ਰੂਪ ਇਸਤ੍ਰੀਆਂ-ਉਨ੍ਹਾਂ ਮਹਾਤਮਾਂ ਰੂਪ ਇਸਤ੍ਰੀਆਂ ਦੀਆਂ ਰੀਸਾਂ ਕਰਦੀਆਂ ਹਨ, ਜੋ ਸਤਸੰਗ ਰੂਪ ਦਰਵਾਜ਼ੇ ਉੱਪਰ ਖਲੋ ਕੇ ਆਪਣੇ ਮਾਲਕ ਪ੍ਰਭੂ ਦੀ ਸੇਵਾ ਕਰਦੀਆਂ ਹਨ।

ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥

ਮਹਾਤਮਾ ਰੂਪ ਇਸਤ੍ਰੀਆਂ ਆਪਣੇ ਖਸਮ ਪ੍ਰਭੂ ਨਾਲ ਰੱਤੀਆਂ ਹੋਈਆਂ ਸੁਖ ਸਹਿਤ ਪ੍ਰਭੂ ਪ੍ਰਾਪਤੀ ਦੀਆਂ ਰਲੀਆਹ=ਖੁਸ਼ੀਆਂ ਨੂੰ ਭੋਗਦੀਆਂ ਹਨ।

ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥

ਆਤਮਕ ਬਲ ਦੇ ਹੁੰਦਿਆਂ, ਫਿਰ ਨਿਤਾਣੀਆਂ ਹੋ ਕੇ ਰਹਿੰਦੀਆਂ ਹਨ, ਅਤੇ ਜਾਤੀ ਵਿੱਦਿਆ ਧਨ ਆਦਿਕ ਦੇ ਮਾਣ ਤੋਂ ਭੀ ਨਿਮਾਣੀਆਂ ਹੋ ਕੇ ਰਹਿੰਦੀਆਂ ਹਨ।

ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਜਗਿਆਸੂ ਜੇਕਰ ਤੂੰ ਉਨ੍ਹਾਂ ਮਹਾਤਮਾ ਰੂਪ ਇਸਤ੍ਰੀਆਂ ਨਾਲ ਮਿਲ ਕੇ ਪ੍ਰਭੂ ਦਾ ਭਜਨ ਸਿਮਰਨ ਕਰੇਂ ਤਾਂ ਤੇਰਾ ਮਨੁੱਖਾ ਜਨਮ ਸਕਾਰਥਾ=ਸਫਲਾ ਹੋਵੇਗਾ ॥ ੨ ॥

ਪਉੜੀ ॥ ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ ॥

ਹੇ ਪ੍ਰਮੇਸ਼ਰ ! ਤੂੰ ਆਪ ਹੀ ਜਲ ਰੂਪ ਹੈਂ, ਤੂੰ ਆਪ ਹੀ ਮੀਨਾ=ਮੱਛੀ ਰੂਪ ਹੈਂ, ਤੂੰ ਆਪ ਹੀ ਜਾਲੁ ਰੂਪ ਹੈਂ, ਤੂੰ ਆਪ ਹੀ ਜਾਲ ਵਿਚ ਫਸਣੇ ਵਾਲਾ ਹੈਂ।

ਅਥਵਾ:-ਤੂੰ ਆਪੇ ਹੀ ਆਪ ਜਾਲ ਰੂਪ ਹੈਂ। ਅਥਵਾ:-ਤੂੰ ਆਪ ਹੀ ਪਦਾਰਥਾਂ ਰੂਪ ਜਲ ਹੈਂ, ਤੂੰ ਆਪ ਹੀ ਜੀਵ ਰੂਪ ਮੱਛੀ ਹੈਂ, ਤੂੰ ਆਪੇ ਹੀ ਆਪ ਮੋਹ ਰੂਪੀ ਜਾਲ ਹੈਂ।

ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ ਸੇਬਾਲੁ ॥

ਤੂੰ ਆਪ ਹੀ ਪ੍ਰਤੱਖ ਜਾਲ ਨੂੰ ਵਤਾਇਦਾ=ਫੇਰਦਾ ਹੈਂ, ਅਤੇ ਆਪੇ ਹੀ ਵਿਚ ਸੇਬਾਲੁ=ਜਾਲਾ ਰੂਪ ਹੈਂ।

ਅਥਵਾ:-ਤੂੰ ਆਪ ਹੀ ਮੋਹ ਰੂਪ ਜਾਲ ਨੂੰ ਫੇਰਦਾ ਹੈਂ, ਅਤੇ ਆਪ ਹੀ ਵਿਚ ਪਦਾਰਥਾਂ ਦੀ ਲਾਲਸਾ (ਇੱਛਾ) ਰੂਪ ਸੇਬਾਲੁ=ਜਾਲਾ ਹੈਂ।

ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ ॥

ਤੂੰ ਆਪ ਹੀ ਸੈ=ਸੈਂਕੜੇ ਹੱਥ ਡੂੰਘੇ, ਗੁਲਾਲੁ=ਪਾਣੀ ਵਿਚ ਕਵਲ ਫੁੱਲ ਹੋ ਕੇ ਅਲਿਪਤੁ=ਨਿਰਲੇਪ ਹੈਂ।

ਅਥਵਾ:-ਤੂੰ ਆਪ ਹੀ ਮਹਾਤਮਾਂ ਰੂਪ ਕਵਲ ਹੋ ਕੇ ਅਸੰਗ ਰਹਿੰਦਾ ਹੈਂ, ਚਾਹੇ ਹੱਥਾਂ ਵਿਚ ਸੈਂਕੜੇ ਪਦਾਰਥਾਂ ਰੂਪ ਪਾਣੀ ਹੋ ਜਾਵੇ।

ਤੂੰ ਆਪੇ ਮੁਕਤਿ ਕਰਾਇਦਾ ਇਕ ਨਿਮਖ ਘੜੀ ਕਰਿ ਖਿਆਲੁ॥

ਤੂੰ ਆਪ ਹੀ ਘੜੀ ਦਾ ਇੱਕ ਨਿਮਖ ਮਾਤ੍ਰ ਖਿਆਲੁ=ਧਿਆਨ ਕਰਕੇ ਉਨ੍ਹਾਂ ਸੰਤਾਂ ਨੂੰ ਮੁਕਤ ਰੂਪ ਕਰਦਾ ਹੈਂ।

ਅਥਵਾ:- ਘੜੀ ਵਿਚੋਂ ਜੋ ਇਕ ਨਿਮਖ ਭਰ ਵੀ ਤੇਰਾ ਖਿਆਲ ਕਰਦੇ ਹਨ ਤੂੰ ਆਪ ਹੀ ਉਨ੍ਹਾਂ ਨੂੰ ਮੁਕਤ ਰੂਪ ਕਰ ਦੇਂਦਾ ਹੈਂ।

ਹਰਿ ਤੁਧਹੁ ਬਾਹਰਿ ਕਿਛੁ ਨਹੀ ਗੁਰ ਸਬਦੀ ਵੇਖਿ ਨਿਹਾਲੁ॥ ੭॥

ਹੇ ਹਰੀ ! ਤੈਥੋਂ ਬਾਹਰ ਕੁਝ ਭੀ ਨਹੀਂ ਹੈ, ਗੁਰ ਸਬਦੀ=ਗੁਰ ਉਪਦੇਸ਼ ਵਾਲਾ ਗੁਰਮੁਖ ਜਨ ਤੈਨੂੰ ਵੇਖ ਕੇ ਨਿਹਾਲ ਹੋ ਰਿਹਾ ਹੈ॥ ੭॥

ਸਲੋਕ ਮਃ ੩॥

ਹੁਕਮੁ ਨ ਜਾਣੈ ਬਹੁਤਾ ਰੋਵੈ॥ ਅੰਦਰਿ ਧੋਖਾ ਨੀਦ ਨ ਸੋਵੈ॥

ਇਹ ਜੀਵ ਰੂਪ ਇਸਤ੍ਰੀ, ਪ੍ਰਭੂ ਦੇ ਹੁਕਮ ਨੂੰ ਨਹੀਂ ਜਾਣਦੀ ਇਸ ਕਰਕੇ ਬਹੁਤਾ ਰੋਂਦੀ ਹੈ। ਦਿਲ ਅੰਦਰ ਧੋਖਾ=ਸੰਸਾ ਹੈ, ਇਸ ਲਈ ਸ਼ਾਂਤੀ ਰੂਪ ਨੀਂਦ ਵਿਚ ਨਹੀਂ ਸੋਂਦੀ।

ਜੇ ਧਨ ਖਸਮੈ ਚਲੈ ਰਜਾਈ॥ ਦਰਿ ਘਰਿ ਸੋਭਾ ਮਹਲਿ ਬੁਲਾਈ॥

ਜੇਕਰ ਜੀਵ ਰੂਪ ਇਸਤ੍ਰੀ ਖਸਮ ਪ੍ਰਮਾਤਮਾ ਦੀ ਰਜਾਈ=ਆਗਿਆ ਵਿਚ ਚਲਣਾ ਕਰੇ। ਤਾਂ ਉਸ ਦੀ ਸੰਸਾਰ ਵਾ ਸਤਸੰਗ ਘਰ ਦੇ ਅੰਦਰ ਸੋਭਾ ਹੁੰਦੀ ਹੈ, ਅਤੇ ਉਹ ਮਹਲਿ=ਸਰੂਪ ਵਿਚ ਬੁਲਾਈ ਜਾਂਦੀ ਹੈ।

ਨਾਨਕ ਕਰਮੀ ਇਹ ਮਤਿ ਪਾਈ॥ ਗੁਰ ਪਰਸਾਦੀ ਸਚਿ ਸਮਾਈ॥ ੧॥

ਗੁਰੂ ਜੀ ਕਥਨ ਕਰਦੇ ਹਨ, ਕਰਮਾਂ ਵਾਲਿਆਂ ਨੇ ਇਹ ਸ਼ੁਭਮਤੀ ਪਾਈ ਹੈ। ਅਤੇ ਗੁਰਾਂ ਦੀ ਕਿਰਪਾ ਨਾਲ ਉਨ੍ਹਾਂ ਦੀ ਸੱਚ ਵਿਚ ਸਮਾਈ ਹੋਈ ਹੈ॥ ੧॥

ਮਃ ੩॥ ਮਨਮੁਖ ਨਾਮ ਵਿਹੂਣਿਆ ਰੰਗੁ ਕੁਸੰਭਾ ਦੇਖਿ ਨ ਭੁਲੁ॥

ਹੇ ਨਾਮ ਤੋਂ ਬਿਨਾਂ ਮਨਮੁਖ ਪੁਰਸ਼ਾ ! ਕੁਸੁੰਭੇ ਰੰਗ ਵਰਗੇ ਅਨਿਸਥਰ ਪਦਾਰਥਾਂ ਨੂੰ ਵੇਖ ਕੇ ਭੁੱਲ ਨਾ।

ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ॥

ਜਿਵੇਂ ਇਸ ਕੁਸੁੰਭੇ ਦਾ ਰੰਗ ਥੋੜ੍ਹਾ ਸਮਾਂ ਰਹਿੰਦਾ ਹੈ, ਤਿਵੇਂ ਇਨ੍ਹਾਂ ਪਦਾਰਥਾਂ ਦਾ ਰੰਗੁ=ਅਨੰਦ ਵੀ ਥੋੜੇ ਦਿਨ ਰਹਿੰਦਾ ਹੈ, ਇਸ ਦਾ ਮੁੱਲ ਵੀ ਛੋਛਾ=ਤੁੱਛ ਹੈ।

ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ॥

ਜੋ ਦ੍ਵੈਤ ਭਾ ਵਿਚ ਲੱਗੇ ਹਨ, ਉਹ ਮੂਰਖ ਅੰਨ੍ਹੇ ਤੇ ਗਵਾਰ ਖਪ ਖਪ ਕੇ ਮਰ ਗਏ ਹਨ।

ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ॥

ਉਹ ਗੰਦਗੀ ਦੇ ਵਿਚ ਕੀੜੇ ਹੋ ਕੇ ਵਾਰੋ ਵਾਰ=ਮੁੜ ਮੁੜ ਕੇ ਗੰਦਗੀ ਵਿਚ ਹੀ ਪੈ ਕੇ ਪਚਹਿ= ਖਪਦੇ ਹਨ।

ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸਹਜੇ ਹੀ ਗੁਰਾਂ ਦੇ ਉਪਦੇਸ਼ ਵਿਚ ਸੁਭਾਇ=ਸ੍ਰੇਸ਼ਟ ਪ੍ਰੇਮ ਕਰਕੇ ਨਾਮ ਸਿਮਰਨ ਵਿਚ ਰੱਤੇ ਹਨ ਉਹ ਰੰਗੁਲੇ=ਅਨੰਦ ਵਾਲੇ ਹੋਏ ਹਨ।

ਭਗਤੀ ਰੰਗੁ ਨ ਉੱਤਰੈ ਸਹਜੇ ਰਹੈ ਸਮਾਇ ॥ ੨ ॥

ਉਨ੍ਹਾਂ ਦੇ ਮਨ ਤੋਂ ਭਗਤੀ ਦਾ ਰੰਗ ਨਹੀਂ ਉੱਤਰਦਾ, ਉਹ ਸਹਿਜੇ ਹੀ ਨਾਮ ਸਿਮਰਨ ਵਿਚ ਸਮਾਏ ਰਹਿੰਦੇ ਹਨ॥ ੨ ॥

ਪਉੜੀ ॥ ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ ॥

ਹੇ ਵਾਹਿਗੁਰੂ ! ਤੈਨੇ ਆਪ ਹੀ ਸਾਰੀ ਦੁਨੀਆਂ ਪੈਦਾ ਕੀਤੀ ਹੈ, ਤੈਨੇ ਆਪ ਹੀ ਸਾਰਿਆਂ ਨੂੰ ਰਿਜ਼ਕ ਸੰਬਾਹਿਆ=ਪੁਚਾਇਆ ਹੈ। ਫਿਰ ਭੀ-

ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥

ਇਕ ਅਜੇਹੇ ਮਨੁੱਖ ਹਨ ਜੋ ਵਲ ਛਲ ਕਰਕੇ ਖਾਂਦੇ ਹਨ, ਉਨ੍ਹਾਂ ਨੇ ਮੂੰਹੋਂ ਕੂੜੁ=ਝੂਠ ਤੇ ਕੁਸਤੁ=ਕੁਹੱਠ ਨੂੰ ਢਾਹਿਆ=ਉਚਾਰਿਆ ਭਾਵ ਬੋਲਿਆ ਹੈ।

ਤੁਧੁ ਆਪੇ ਭਾਵੈ ਸੋ ਕਰਹਿ ਤੁਧੁ ਓਤੈ ਕੰਮਿ ਓਇ ਲਾਇਆ ॥

ਜੋ ਤੈਨੂੰ ਆਪ ਨੂੰ ਭਾਂਵਦਾ ਹੈ ਉਹ ਮਨਮੁਖ ਓਹੀ ਕੰਮ ਕਰਦੇ ਹਨ, ਤੈਨੇ ਉਨ੍ਹਾਂ ਨੂੰ ਉਸੇ ਕੰਮ ਵਿਚ ਲਗਾਇਆ ਹੈ।

ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ ਦੇਵਾਇਆ ॥

ਇਕ ਗੁਰਮੁਖਾਂ ਨੂੰ ਸੱਚ ਨਾਮ ਜਪਣਾ ਸਮਝਾ ਦਿੱਤਾ ਹੈ, ਉਨ੍ਹਾਂ ਨੂੰ ਅਤੁਟ=ਨਾ ਮੁੱਕਣ ਵਾਲਾ ਭੰਡਾਰਾ ਗੁਰੂ ਪਾਸੋਂ ਦਿਵਾਇਆ ਹੈ।

ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ ॥ ੮ ॥

ਜਿਹੜੇ ਮਨੁੱਖ ! ਹਰੀ ਨਾਮ ਨੂੰ ਯਾਦ ਕਰਕੇ (ਸਤਿਨਾਮ ਵਾਹਿਗੁਰੂ) ਕਰਕੇ ਖਾਂਦੇ ਹਨ ਉਨ੍ਹਾਂ ਦਾ ਖਾਧਾ ਸਫਲ ਹੈ, ਜਿਹੜੇ ਵਾਹਿਗੁਰੂ ਨੂੰ ਅਚੇਤਾ=ਚੇਤੇ ਨਹੀਂ ਕਰਦੇ, ਰੋਟੀ ਅੱਗੇ ਆਈ ਤੇ ਬਾਂਦਰਾਂ ਵਾਂਗੂੰ ਖਾ ਜਾਂਦੇ ਹਨ ਉਨ੍ਹਾਂ ਦੇ ਹੱਥ ਟੱਡੇ ਰਹਿੰਦੇ ਹਨ॥ ੮ ॥

ਅਗਲਾ ਸਲੋਕ ਪੰਡਿਤਾਂ ਦੀ ਕਿਰਿਆ ਦੇਖ ਕੇ ਕਥਨ ਕਰਦੇ ਹਨ।

ਸਲੋਕ ਮਃ ੩ ॥

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥

ਪੰਡਿਤ ਲੋਕ ਮਾਇਆ ਦੇ ਮੋਹ ਤੇ ਪਦਾਰਥਾਂ ਦੇ ਸੁਆਦ ਵਿਚ ਲੱਗ ਕਰਕੇ ਵੇਦਾਂ ਨੂੰ ਪੜ੍ਹ ਪੜ੍ਹ ਕੇ

ਵਖਿਆਨ ਕਰਦੇ ਹਨ।

ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥

ਪੰਡਿਤਾਂ ਨੇ ਦ੍ਵੈਤ ਭਾ ਵਿਚ ਲਗ ਕੇ ਹਰੀ ਨਾਮ ਭੁਲਾ ਦਿੱਤਾ ਹੈ, ਮੂਰਖ ਮਨ ਵਾਲਿਆਂ ਨੂੰ ਬੜੀ ਭਾਰੀ ਸਜ਼ਾ ਮਿਲਦੀ ਹੈ।

ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥

ਜਿਸ ਪਰਮਾਤਮਾ ਨੇ ਜੀਵ ਨੂੰ ਪਿੰਡੁ=ਸਰੀਰ ਆਦਿਕ ਬਹੁਤ ਕੁਝ ਦਿੱਤਾ ਹੈ ਉਸ ਨੂੰ ਕਦੀ ਵੀ ਚੇਤੇ ਨਹੀਂ ਕਰਦਾ, ਜੋ ਸਾਰਿਆਂ ਨੂੰ ਰਿਜ਼ਕ ਸੰਬਾਹਿ=ਪਹੁੰਚਾ ਦੇਂਦਾ ਹੈ ।

ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥

ਉਨ੍ਹਾਂ ਦੇ ਗਲੋਂ ਜਮਾਂ ਦਾ ਫਾਹਾ ਨਹੀਂ ਕੱਟਿਆ ਜਾਂਦਾ, ਉਹ ਫਿਰਿ ਫਿਰਿ=ਵਾਰੰਵਾਰ ਭਾਵ ਘੜੀ ਮੁੜੀ ਜਨਮ ਮਰਨ ਵਿਚ ਆਉਂਦੇ ਜਾਂਦੇ ਰਹਿੰਦੇ ਹਨ।

ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ ॥

ਮਨਮੁਖਾਂ ਨੂੰ ਭਲਾ ਬੁਰਾ ਕੁਝ ਨਹੀਂ ਸੁੱਝਦਾ, ਉਹ ਅੰਨ੍ਹੇ ਪੂਰਬ ਜਨਮ ਦੇ ਲਿਖੇ ਲੇਖਾਂ ਅਨੁਸਾਰ ਕਰਮਾਂ ਨੂੰ ਕਮਾਇ=ਕਰਦੇ ਹਨ।

ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥

ਪੂਰਿਆਂ ਭਾਗਾਂ ਨਾਲ ਸੱਚੇ ਸਤਿਗੁਰੂ ਮਿਲ ਜਾਣ, ਤਾਂ ਸੁਖਾਂ ਦੇ ਦੇਣ ਵਾਲੇ ਪ੍ਰਭੂ ਦਾ ਨਾਮ ਜਗਿਆਸੂ ਦੇ ਮਨ ਵਿਚ ਆ ਕੇ ਵੱਸਦਾ ਹੈ। ਨਾਮ ਦੇ ਪ੍ਰਤਾਪ ਕਰਕੇ ਉਹ ਫਿਰ-

ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ ॥

ਸੁਖਾਂ ਨੂੰ ਮਾਣਹਿ=ਭੋਗਦਾ ਹੈ, ਸੁਖ ਸਹਿਤ ਕੱਪੜਿਆਂ ਨੂੰ ਪਹਿਨਦਾ ਹੈ, ਉਸ ਦੀ ਸਾਰੀ ਉਮਰਾ ਸੁਖ ਹੀ ਸੁਖ ਵਿਚ ਵਿਹਾਇ=ਬਤੀਤ ਹੁੰਦੀ ਹੈ।

ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਨਾਮ ਨੂੰ ਮਨ 'ਚੋਂ ਨ ਭੁਲਾਣਾ ਕਰੀਏ, ਜਿਸ ਨਾਮ ਕਰਕੇ ਸੱਚੇ ਦਰ ਵਿਚ ਸੋਭਾ ਪ੍ਰਾਪਤ ਹੁੰਦੀ ਹੈ॥ ੧ ॥

[ਪੰਨਾ ੮੬]

ਮਃ ੩ ॥ ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥

ਗੁਰਮੁਖਾਂ ਨੇ ਸਤਿਗੁਰਾਂ ਦੀ ਸੇਵਾ ਕਰਕੇ, ਤੇ ਗੁਣ+ਤਾਸੁ=ਗੁਣਾਂ ਦੇ ਖਜ਼ਾਨੇ ਪ੍ਰਭੂ ਦੇ ਸੱਚ ਨਾਮ ਨੂੰ ਜਪ ਕੇ ਸੁਖ ਪਾਇਆ ਹੈ। ਅਤੇ

ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥

ਗੁਰ ਸਿੱਖਿਆ ਦੁਆਰੇ ਰਾਮ ਨਾਮ ਨੂੰ ਪਰਗਾਸੁ=ਉਚਾਰ ਕੇ ਆਪਣਾ ਆਪ ਪਛਾਣ ਲਿਆ ਹੈ।

ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ॥

ਗੁਰਮੁਖ ਸੱਚ ਹੀ ਸੱਚ ਨੂੰ ਕਮਾਉਂਦੇ ਹਨ, ਉਨ੍ਹਾਂ ਦੀ ਵਡਿਆਈ ਵੱਡੇ ਪ੍ਰਭੂ ਦੇ ਪਾਸ ਹੁੰਦੀ ਹੈ।

ਗੁਰਮੁਖਾਂ ਨੇ ਨਿਸਚੇ ਕੀਤਾ ਹੈ ਕਿ-

ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ॥

ਜੀਅ ਪਿੰਡ ਆਦਿਕ ਸਭ ਕੁਝ ਉਸ ਪ੍ਰਭੂ ਦਾ ਦਿੱਤਾ ਹੋਇਆ ਹੈ, ਗੁਰਮੁਖ ਅਰਦਾਸੀਆ (ਮੇਵੜਾ) ਬਣ ਕੇ ਵਾਹਿਗੁਰੂ ਦੀ ਸਿਫਤ ਕਰਦਾ ਹੈ।

ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ॥

ਸੱਚੇ ਸ਼ਬਦ ਦੁਆਰਾ ਵਾਹਿਗੁਰੂ ਦਾ ਸਲਾਹੁਣਾ ਕਰਦੇ ਹਨ, ਇਸ ਕਰਕੇ ਉਨ੍ਹਾਂ ਦਾ ਸੁਖ ਹੀ ਸੁਖ ਵਿਚ ਨਿਵਾਸ ਹੁੰਦਾ ਹੈ।

ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ॥

ਮਨ ਵਿਚ ਨਾਮ ਸਿਮਰਨ ਹੋਣ ਕਰਕੇ ਜਪ, ਤਪ, ਸੰਜਮ ਆਦਿਕ ਸਭ ਸਾਧਨ ਸਫਲ ਹਨ, ਵਾਹਿਗੁਰੂ ਨਾਮ ਤੋਂ ਬਿਨਾਂ ਜੀਵਨ ਦੀ ਆਸਾ ਨੂੰ ਧ੍ਰਿਕਾਰ ਹੈ।

ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ॥

ਗੁਰ ਸਿੱਖਿਆ ਲੈਣ ਨਾਲ ਵਾਹਿਗੁਰੂ ਨਾਮ ਪ੍ਰਾਪਤ ਹੁੰਦਾ ਹੈ, ਮਨਮੁਖ ਪੁਰਸ਼ ਮਾਇਆ ਦੇ ਮੋਹ ਵਿਚ ਹੀ ਵਿਣਾਸੁ=ਨਾਸ ਹੁੰਦਾ ਹੈ।

ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ॥ ੨॥

ਜਿਵੇਂ ਤੈਨੂੰ ਭਾਉਂਦਾ ਹੈ ਤਿਵੇਂ ਤੂੰ ਰੱਖ ਲੈ, ਗੁਰੂ ਜੀ ਆਖਦੇ ਹਨ ਹੇ ਪ੍ਰਭੂ ! ਮੈਂ ਤੇਰਾ=ਆਪ ਜੀ ਦਾ ਦਾਸ ਹਾਂ॥ ੨॥

ਪਉੜੀ॥ ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ॥

ਹੇ ਪ੍ਰਭੂ ! ਸਭ ਕੋਈ ਤੇਰਾ ਹੈ, ਤੂੰ ਸਾਰਿਆਂ ਦਾ ਮਾਲਕ ਹੈਂ, ਤੇ ਤੂੰਹੀਂ ਸਾਰਿਆਂ ਨੂੰ ਰਾਸਿ=ਪੂੰਜੀ ਦੇਂਦਾ ਹੈਂ।

ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ॥

ਨਿਤਾਪ੍ਰਤੀ ਅਰਦਾਸਿ=ਬੇਨਤੀ ਕਰਕੇ ਸ਼ਾਰੇ ਮਨੁੱਖ ਆਪ ਜੀ ਦੇ ਕੋਲੋਂ ਹੀ ਮੰਗਦੇ ਹਨ।

ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ ਪਾਸਿ॥

ਜਿਸ ਨੂੰ ਤੂੰ ਦੇਂਦਾ ਹੈਂ ਤਿਸ ਨੂੰ ਸਭ ਕੁਝ ਮਿਲ ਜਾਂਦਾ ਹੈ, ਇਕਨਾਂ ਤੋਂ ਤੂੰ ਦੂਰ ਹੈਂ, ਤੇ ਇ..ਾਂ ਦੇ ਪਾਸਿ=ਕੋਲ ਰਹਿੰਦਾ ਹੈਂ।

ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ ਮਨਿ ਵੇਖਹੁ ਕੋ ਨਿਰਜਾਸਿ॥

ਆਪ ਜੀ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਜਿਸ ਦੇ ਕੋਲੋਂ ਕੁਝ ਮੰਗੀਏ, ਬੇਸ਼ੱਕ ਕੋਈ ਮਨ ਵਿਚ ਨਿਰਣਾ

ਕਰਕੇ ਦੇਖ ਲਓ।

ਸਭਿ ਤੁਧੈ ਨੋ ਸਾਲਾਹਦੇ ਦਰਿ ਗੁਰਮੁਖਾ ਨੋ ਪਰਗਾਸਿ ॥ ੯ ॥

ਸਾਰੇ ਗੁਰਮੁਖ ਆਪ ਜੀ ਨੂੰ ਸਲਾਹੁੰਦੇ ਹਨ, ਆਪ ਜੀ ਦੇ ਸਤਸੰਗ ਰੂਪ ਦਰਵਾਜ਼ੇ ਤੋਂ ਗੁਰਮੁਖਾਂ ਨੂੰ ਪਰਗਾਸਿ=ਗਿਆਨ ਹੋਇਆ ਹੈ॥ ੯ ॥

ਸਲੋਕ ਮਃ ੩ ॥

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥

ਪੰਡਿਤ ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਉੱਚਾ ਬੋਲਦਾ ਹੈ, ਪਰ ਉਸ ਦਾ ਮਾਇਆ ਦੇ ਮੋਹ ਵਿਚ ਪਿਆਰ ਹੈ।

ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥

ਉਹ ਆਪਣੇ ਹਿਰਦੇ ਅੰਦਰ ਬ੍ਰਹਮ ਨੂੰ ਨਹੀਂ ਜਾਣਦਾ, ਉਹ ਮਨ ਕਰਕੇ ਮੂਰਖ ਤੇ ਤਨ ਕਰਕੇ ਗਾਵਾਰੁ=ਚੰਡਾਲ ਹੈ।

ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥

ਦ੍ਵੈਤ ਭਾ ਵਿਚ ਲੱਗਾ ਹੋਇਆ ਜਗਤ ਨੂੰ ਗਿਆਨ ਦੇਂਦਾ ਹੈ, ਪਰ ਆਪ ਸ਼ੁਭ ਵਿਚਾਰ ਨੂੰ ਨਹੀਂ ਸਮਝਦਾ।

ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥ ੧ ॥

ਉਸ ਨੇ ਆਪਣਾ ਅਮੋਲਕ ਮਨੁੱਖਾ ਜਨਮ ਬੇਅਰਥ ਗਵਾ ਲਿਆ ਹੈ, ਅਤੇ ਵਾਰੋ-ਵਾਰ=ਘੜੀ ਮੁੜੀ ਜੰਮਦਾ ਮਰਦਾ ਹੈ॥ ੧ ॥

ਮਃ ੩ ॥ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਸੇਵਨਾ ਕੀਤਾ ਹੈ, ਉਨ੍ਹਾਂ ਨੇ ਪ੍ਰਭੂ ਦਾ ਨਾਮ ਪਾਇਆ ਹੈਂ, ਇਸ ਗੱਲ ਨੂੰ ਵਿਚਾਰ ਕੇ ਸਮਝਣਾ ਕਰੋ।

ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ ॥

ਉਨ੍ਹਾਂ ਦੇ ਮਨ ਵਿਚ ਸਦਾ ਸ਼ਾਂਤੀ ਸੁਖ ਵਸਦਾ ਹੈ, ਉਨ੍ਹਾਂ ਦਾ ਉੱਚਾ ਪੁਕਾਰਨਾ ਭਾਵ ਰੋਣਾ ਖੱਪਣਾ ਦੂਰ ਹੋ ਜਾਂਦਾ ਹੈ।

ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥

ਜੇਕਰ ਗੁਰ ਸ਼ਬਦ ਦੀ ਵਿਚਾਰ ਦੁਆਰਾ ਆਪਾ ਭਾ ਹੰਕਾਰ ਨੂੰ ਆਪ ਖਾਇ=ਨਾਸ਼ ਕਰੇ ਤਾਂ ਮਨ ਸ਼ੁੱਧ ਹੁੰਦਾ ਹੈ।

ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥ ੨ ॥

ਗੁਰੂ ਜੀ ਆਖਦੇ ਹਨ-ਜੋ ਪੁਰਸ਼ ਗੁਰ ਸ਼ਬਦ ਵਿਚ ਤਦਾਕਾਰ ਹੋ ਕੇ ਹਰਿ ਜੀ ਪਿਆਰੇ ਨਾਲ ਹੇਤਿ=ਪ੍ਰੇਮ ਕਰਦੇ ਹਨ, ਸੇ ਮੁਕਤੁ ਹੈ=ਉਹ ਮੋਖ ਰੂਪ ਹੋਏ ਹਨ॥ ੨ ॥

ਪਉੜੀ॥ ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ॥

ਹਰੀ ਦੀ ਸੇਵਾ ਕੀਤੀ ਹੋਈ ਸਫਲ ਹੈ, ਵਾ ਸਹਿਤ ਫਲਾਂ ਦੇ ਹੈ, ਗੁਰਮੁਖ ਹਰੀ ਦੀ ਸੇਵਾ ਕਰਕੇ ਸਰੂਪ ਥਾਂ ਨੂੰ ਪਾਂਦੇ ਹਨ।

ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ॥

ਜਿਸ ਨੂੰ ਹਰੀ ਚਾਹੁੰਦਾ ਹੈ ਉਸ ਨੂੰ ਗੁਰੂ ਮਿਲਦੇ ਹਨ, ਜਿਸ ਨੂੰ ਗੁਰੂ ਮਿਲੇ ਹਨ, ਓਹੀ ਹਰੀ ਨਾਮ ਨੂੰ ਧਿਆਉਂਦਾ ਹੈ।

ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ॥

ਗੁਰ ਸ਼ਬਦ ਦੁਆਰਾ ਹਰੀ ਪ੍ਰਾਪਤ ਹੁੰਦਾ ਹੈ, ਗੁਰ ਸਬਦੀਆਂ ਨੂੰ ਹਰੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।

ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ॥

ਆਪਣੇ ਮਨ ਦੇ ਹੱਠ ਦੁਆਰਾ ਕਿਸੇ ਨੇ ਭੀ ਪ੍ਰਮਾਤਮਾ ਨੂੰ ਨਹੀਂ ਪਾਇਆ, ਭਾਵੇਂ ਵੇਦਾਂ ਨੂੰ ਜਾ ਕੇ ਪੁੱਛ ਲਵੋ।

ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ॥ ੧੦॥

ਗੁਰੂ ਜੀ ਆਖਦੇ ਹਨ-ਹਰੀ ਦੀ ਸੇਵਾ ਨੂੰ ਉਹ ਕਰਦਾ ਹੈ, ਜਿਸ ਨੂੰ ਹਰੀ ਆਪਣੀ ਸੇਵਾ ਵਿਚ ਲਗਾ ਲੈਂਦਾ ਹੈ॥ ੧੦॥

ਸਲੋਕ ਮਃ ੩॥

ਨਾਨਕ ਸੋ ਸੂਰਾ ਵਰਿਆਮੁ ਜਿਨਿ ਵਿਉਹ ਦੁਸਟੁ ਅਹੰਕਰਣੁ ਮਾਰਿਆ॥

ਗੁਰੂ ਜੀ ਕਥਨ ਕਰਦੇ ਹਨ-ਉਹ ਵਰਿਆਮੁ=ਬਹਾਦੁਰ ਸ਼ੂਰਮਾ ਹੈ, *ਅਥਵਾ:-* ਸੂਰਮਾ ਵੀ ਉਹ ਹੈ, ਵਰਿਆਮ ਭੀ ਉਹ ਹੈ, ਜਿਸ ਨੇ ਹਿਰਦੇ ਵਿਚੋਂ ਦੁਸ਼ਟ ਹੰਕਾਰ ਨੂੰ ਮਾਰ ਦਿੱਤਾ ਹੈ। ਜੋ ਦਸ ਹਜ਼ਾਰ ਫੌਜ ਨਾਲ ਇਕੱਲਾ ਲੜੇ ਉਸ ਨੂੰ ਸੂਰਮਾ ਆਖਦੇ ਹਨ, ਅਤੇ ਜੋ ਅਨਗਿਣਤ ਫੌਜ ਨਾਲ ਇਕੱਲਾ ਲੜੇ ਉਸ ਨੂੰ ਵਰਿਆਮ ਆਖਦੇ ਹਨ।

ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥

ਗੁਰਮੁਖਾਂ ਨੇ ਸਤਿਨਾਮੁ ਨੂੰ ਸਲਾਹ ਕੇ ਆਪਣਾ ਜਨਮ ਸਫਲਾ ਕਰ ਲਿਆ ਹੈ।

ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ॥

ਉਹ ਆਪ ਸਦਾ ਲਈ ਮੁਕਤ ਹੋ ਜਾਂਦਾ ਹੈ, ਅਤੇ ਸਾਰੀਆਂ ਕੁਲਾਂ ਨੂੰ ਤਾਰ ਦੇਂਦਾ ਹੈ।

ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ॥

ਉਹ ਨਾਮ ਦੇ ਪਿਆਰ ਵਾਲੇ ਗੁਰਮੁਖ ਸੱਚ ਦੁਆਰੇ ਤੇ ਸੋਹਨਿ=ਸ਼ੋਭਨੀਕ ਲਗਦੇ ਹਨ।

ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ॥

ਮਨਮੁਖ ਪੁਰਸ਼ ਹੰਕਾਰ ਵਿਚ ਹੀ ਮਰ ਜਾਂਦੇ ਹਨ, ਉਨ੍ਹਾਂ ਨੇ ਆਪਣਾ ਮਰਨਾ ਖਰਾਬ ਕਰ ਲਿਆ ਹੈ।

ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥

ਸਾਰਿਆਂ ਉੱਤੇ ਪ੍ਰਭੂ ਦਾ ਹੁਕਮ ਵਰਤ ਰਿਹਾ ਹੈ, ਇਹ ਵਿਚਾਰੇ ਜੀਵ ਆਪਣੇ ਆਪ ਕੀ ਕਰ ਸਕਦੇ ਹਨ।

ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥

ਮਨਮੁਖਾਂ ਨੇ ਆਪ ਹੀ ਦੂਜੇ ਪਾਸੇ ਲਗਕੇ, ਵਾ ਦ੍ਵੈਤ ਭਾ ਵਿਚ ਲਗਕੇ ਮਾਲਕ ਨੂੰ ਭੁਲਾ ਛੱਡਿਆ ਹੈ।

ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥ ੧ ॥

ਗੁਰੂ ਜੀ ਆਖਦੇ ਹਨ-ਨਾਮ ਤੋਂ ਬਿਨਾਂ ਸਾਰੇ ਦੁਖ ਆ ਕੇ ਲੱਗ ਜਾਂਦੇ ਹਨ, ਵਾ ਨਾਮ ਤੋਂ ਬਿਨਾਂ ਸਾਰੇ ਕਰਮ ਦੁਖ ਰੂਪ ਹਨ, ਮਨਮੁਖਾਂ ਨੇ ਸੁਖ ਸਰੂਪ ਪ੍ਰਮੇਸ਼ਰ ਨੂੰ ਭੁਲਾ ਛੱਡਿਆ ਹੈ॥ ੧ ॥

ਮਃ ੩ ॥

ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਉਹ ਭਰਮੁ ਚੁਕਾਇਆ ॥

ਪੂਰਿਆਂ ਗੁਰਾਂ ਨੇ ਜਿਨ੍ਹਾਂ ਨੂੰ ਹਰੀ ਨਾਮ ਦ੍ਰਿੜ੍ਹ ਕਰਵਾਇਆ ਹੈ, ਉਨ੍ਹਾਂ ਨੇ ਹਿਰਦੇ ਵਿਚੋਂ ਭਰਮ ਦੂਰ ਕਰ ਦਿੱਤਾ ਹੈ। ਅਤੇ-

ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥

ਰਾਮ ਨਾਮ ਜਪਕੇ ਹਰੀ ਦੀ ਕੀਰਤੀ ਗਾਈ ਹੈ, ਇਸ ਤੇ ਗੁਰਾਂ ਨੇ ਗਿਆਨ ਦਾ ਚਾਨਣ ਕਰਕੇ ਪ੍ਰਮੇਸ਼ਰ ਪ੍ਰਾਪਤੀ ਦਾ ਰਾਹ ਦਿਖਾ ਦਿੱਤਾ ਹੈ।

ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥

ਉਸ ਨੇ ਹਉਮੈ ਨੂੰ ਮਾਰ ਦਿੱਤਾ ਹੈ, ਤੇ ਹਿਰਦੇ ਅੰਦਰ ਨਾਮ ਵਸਾ ਲਿਆ ਹੈ ਇਸ ਕਰਕੇ ਉਨ੍ਹਾਂ ਦੀ ਇਕ ਪ੍ਰਭੂ ਵਿਚ ਬਿਰਤੀ ਲੱਗੀ ਰਹਿੰਦੀ ਹੈ।

[ਪੰਨਾ ੮੭]

ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥

ਸੱਚੇ ਨਾਮੀ ਵਿਚ ਸਮਾਣ ਕਰਕੇ ਗੁਰਮਤੀਆਂ ਨੂੰ ਜਮੁ ਜੋਹਿ ਨ ਸਾਕੈ=ਦੇਖ ਨਹੀਂ ਸਕਦਾ।

ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥

ਉਹ ਕਰਤਾ ਪੁਰਖ ਸਭ ਜਗ੍ਹਾ ਉੱਪਰ ਆਪੇ ਆਪ ਵਰਤ ਰਿਹਾ ਹੈ, ਜਿਹੜਾ ਚੰਗਾ ਲੱਗਦਾ ਹੈ ਉਹ ਨਾਮ ਜਪਣ ਵਿਚ ਲਗਾਇਆ ਹੈ।

ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਨਾਮ ਲੈਂਦੇ ਹਾਂ ਤਾਂ ਜਿਉਂਦੇ ਹਾਂ, ਨਾਮ ਤੋਂ ਬਿਨਾਂ ਖਿਨ ਕਾਲ ਵਿਚ ਮਰ ਜਾਣਾ ਹੁੰਦਾ ਹੈ॥ ੨ ॥

ਪਉੜੀ॥ ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ ॥

ਜੋ ਮਨੁੱਖ ਹਰੀ ਦੀ ਸਤਸੰਗ ਰੂਪ ਦੀਬਾਣ=ਸਭਾ ਨਾਲ ਮਿਲਿਆ ਹੈ, ਉਸ ਨੂੰ ਸਾਰੀਆਂ ਸਭਾ ਨਾਲ ਮਿਲਿਆ ਨਿਸਚੇ ਕਰੋ।

ਅਥਵਾ:- ਜੋ ਹਰੀ ਦੇ ਦੀਬਾਣ=ਆਸਰੇ ਨਾਲ ਮਿਲਿਆ ਹੈ, ਉਸ ਨੂੰ ਸਾਰਿਆਂ ਆਸਰਿਆਂ ਨਾਲ ਮਿਲਿਆ ਹੋਇਆ ਨਿਸਚੇ ਕਰੇ।

ਜਿਥੈ ਉਹ ਜਾਇ ਤਿਥੈ ਉਹ ਸੁਰਖਰੂ
***ਓਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥**

ਉਹ ਜਿੱਥੇ ਵੀ ਜਾਂਦਾਂ ਹੈ ਓਥੇ ਸੁਰਖਰੂ ਹੁੰਦਾ ਹੈ, ਵਾ ਉਸ ਦਾ ਰੂ=ਮੂੰਹ ਸੁਰਖ ਲਾਲ ਹੁੰਦਾ ਹੈ। ਉਸ ਦੇ ਮੂੰਹ ਵੇਖਿਆਂ ਭਾਵ ਦਰਸ਼ਨ ਕੀਤਿਆਂ ਸਾਰੇ ਪਾਪੀ ਤਰ ਜਾਂਦੇ ਹਨ।

ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ ॥

ਉਸ ਦੇ ਅੰਦਰ ਨਾਮ ਦਾ ਨਿਧਾਨੁ=ਖਜ਼ਾਨਾ ਹੈ, ਉਹ ਨਾਮ ਕਰਕੇ ਹੀ ਪਰਵਰਿਆ=ਵੇਸਟਤ ਰਹਿੰਦਾ ਹੈ। *ਅਥਵਾ:-* ਨਾਮ ਕਰਕੇ ਹੀ ਉਹ ਪਰਵਰਿਆ=ਪਲਿਆ ਹੈ।

ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ ॥

ਉਹ ਨਾਮ ਨੂੰ ਪੂਜਦਾ ਹੈ, ਨਾਮ ਨੂੰ ਹੀ ਮੰਨਦਾ ਹੈ, *ਅਥਵਾ:-* ਉਹ ਨਾਮ ਕਰਕੇ ਪੂਜੀਦਾ ਹੈ, ਨਾਮ ਕਰਕੇ ਹੀ ਮੰਨੀਐ=ਮਾਨੀਕ ਹੁੰਦਾ ਹੈ, ਨਾਮ ਦੇ ਬਲ ਕਰਕੇ ਉਸ ਨੇ ਸਾਰਿਆਂ ਕਿਲਵਿਖ=ਪਾਪਾਂ ਨੂੰ ਹਿਰਿਆ=ਦੂਰ ਕੀਤਾ ਹੈ।

ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ
ਸੇ ਅਸਥਿਰੁ ਜਗਿ ਰਹਿਆ ॥ ੧੧ ॥

ਜਿਨ੍ਹਾਂ ਨੇ ਇਕ ਮਨਿ=ਇਕਾਗਰ ਮਨ ਤੇ ਇਕਾਗਰ ਚਿੱਤ ਹੋ ਕੇ ਨਾਮ ਧਿਆਉਣਾ ਕੀਤਾ ਹੈ, *ਅਥਵਾ:-* ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਇਕ ਚਿਤਿ=ਇਕ ਚੇਤਨ ਪ੍ਰਭੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ ਉਹ ਜਗਤ ਵਿਚ ਅਸਥਿਰੁ=ਸਥਿਰ ਭਾਵ ਅਟੱਲ ਹੋਏ ਰਹਿੰਦੇ ਹਨ॥ ੧੧ ॥

ਸਿੱਖਾਂ ਨੇ ਬੇਨਤੀ ਕੀਤੀ ਕਿਸ ਦਾ ਪੂਜਨ ਕਰਨਾ ਚਾਹੀਦਾ ਹੈ? *ਗੁਰ ਉੱਤਰ-*

ਸਲੋਕ ਮਃ ੩ ॥ ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥

ਆਤਮਾ ਨੂੰ ਦੇਉ=ਬ੍ਰਹਮ ਰੂਪ ਜਾਣਕੇ ਪੂਜਨਾ ਕਰੀਏ, ਅਥਵਾ:- ਦੇਉ=ਪ੍ਰਕਾਸ਼ ਰੂਪ ਆਤਮਾ ਨੂੰ ਸਹਜੇ ਹੀ ਗੁਰਾਂ ਦੇ ਉਪਦੇਸ਼ ਵਿਚ ਸੁ+ਭਾਇ=ਸ੍ਰੇਸ਼ਟ ਪ੍ਰੇਮ ਕਰਕੇ ਪੂਜਨਾ ਕਰੀਏ।

ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥

ਆਤਮੇ=ਮਨ ਨੂੰ ਆਤਮੇ=ਸ੍ਵੈ ਸਰੂਪ ਦੀ ਪ੍ਰਤੀਤਿ=ਯਕੀਨਤਾ ਹੋ ਜਾਵੇ, ਤਾ ਘਰ ਦੇ ਵਿਚ ਹੀ ਪਰਚਣਾ ਵਾ :- ਪ੍ਰੇਮ ਪਾਂਦਾ ਹੈ।

**ਉਸ ਕੈ*

ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ॥

ਇਕ ਵਾਰ ਆਤਮਾ=ਮਨ ਅਡੋਲ ਹੋ ਜਾਵੇ, ਮੁੜ ਕੇ ਡੋਲਦਾ ਨਹੀ ਹੈ।

ਅਥਵਾ:- ਆਤਮਾ=ਪਰਮਾਤਮਾ ਅਡੋਲ ਹੈ ਉਹ ਕਦੇ ਡੋਲਦਾ ਨਹੀਂ, ਸੁਭਾਵਕ ਹੀ ਗੁਰਾਂ ਦੇ ਭਾਇ=ਪ੍ਰੇਮ ਕਰਕੇ ਉਸ ਦੀ ਪ੍ਰਾਪਤੀ ਹੁੰਦੀ ਹੈ।

ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਉਹ ਜਾਇ॥

ਗੁਰ ਉਪਦੇਸ਼ ਤੋਂ ਬਿਨਾਂ ਸਹਜੁ=ਸ਼ਾਂਤੀ ਨਹੀਂ ਆਉਂਦੀ, ਨਾ ਹੀ ਹਿਰਦੇ 'ਚੋਂ ਲੋਭ ਰੂਪੀ ਮੈਲ ਜਾਂਦੀ ਹੈ।

ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ॥

ਜੇ ਖਿਨ ਪਲ ਸਮਾਂ ਵੀ ਹਰੀ ਨਾਮ ਮਨ ਵਿਚ ਵਸ ਜਾਵੇ ਤਾਂ ਘਰ ਬੈਠਿਆਂ ਸਾਰੇ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ॥

ਸੱਚ ਨਾਮ ਜਪਣ ਵਾਲੇ ਨੂੰ ਕੋਈ ਮੈਲ ਨਹੀਂ ਲਗਦੀ, ਦੂਜੈ ਭਾਇ=ਦ੍ਵੈਤ ਭਾ ਵਾਲੇ ਨੂੰ ਮੈਲ ਲਗਦੀ ਹੈ।

ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ॥

ਜੇ ਕੋਈ ਅਠਾਹਠ (੬੮) ਤੀਰਥਾਂ ਉੱਪਰ ਇਸ਼ਨਾਨ ਕਰਕੇ ਉਸ ਮੈਲ ਨੂੰ ਧੋਣਾ ਚਾਹੇ, ਤਾਂ ਉਹ ਮੈਲ ਤੀਰਥਾਂ ਦੇ ਜਲ ਨਾਲ ਧੋਤਿਆਂ ਮੂਲਿ=ਕਦਾਚਿਤ ਨਹੀਂ ਉੱਤਰਦੀ।

ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਧੋ ਦੁਖੁ ਕਮਾਇ॥

ਮਨਮੁਖ ਹੰਕਾਰੀ ਹੋ ਕੇ ਕਰਮ ਕਰਦਾ ਹੈ, ਇਸ ਲਈ ਉਸ ਕਰਮ ਦੇ ਕਮਾਉਣ ਦਾ ਫਲ ਦੁਖ ਹੀ ਦੁਖ ਭੋਗਦਾ ਹੈ।

ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਮੈਲਾ ਮਨ ਤਾਂ ਹੀ ਉੱਜਲਾ ਹੁੰਦਾ ਹੈ, ਜਾਂ ਸਤਿਗੁਰਾਂ ਦੇ ਉਪਦੇਸ਼ ਵਿਚ ਸਮਾਉਣਾ ਕਰੇ॥ ੧॥

ਮਃ ੩॥ ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥

ਲੋਕਾਂ ਦੇ ਸਮਝਾਣ ਤੇ ਮਨਮੁਖ ਕਦੋਂ ਸਮਝਾਇਆ ਜਾ ਸਕਦਾ ਹੈ। ਭਾਵ ਨਹੀਂ ਸਮਝਾਇਆ ਜਾ ਸਕਦਾ। *ਅਥਵਾ:-*ਮਨਮੁਖ ਪੁਰਸ਼ ਨੂੰ ਸਮਝਾਂਦੇ ਤਾਂ ਹਾਂ ਪਰ ਕਦੋਂ ਸਮਝਾਇਆ ਜਾ ਸਕਦਾ ਹੈ।

ਯਥਾ:- ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉਂ ਬਾਂਸੁ ਬਜਾਈਐ ਫੂਕ॥ ੧੫੮॥

ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ॥

ਮਨਮੁਖ ਨੂੰ ਗੁਰਮੁਖਾਂ ਨਾਲ ਰਲਾਇਆ ਜਾਵੇ ਤਾਂ ਉਹ ਰਲਦਾ ਨਹੀਂ, ਜਿਵੇਂ ਮੱਥੇ ਤੇ ਲੇਖ ਪਏ ਹਨ ਤਿਵੇਂਕਰਮਾਂ ਦੇ ਕਰਨ ਵਿਚ ਪਿਆ ਫਿਰਦਾ ਹੈ।

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥

ਪ੍ਰਭੂ ਵਿਚ ਲਿਵ ਲਗਾਣੀ ਤੇ ਧਾਤੁ=ਮਾਇਆ ਨਾਲ ਪ੍ਰੇਮ ਕਰਨਾ ਇਹ ਦੋ ਰਸਤੇ ਹਨ, ਸਾਰੇ ਜੀਵ ਹੁਕਮੀ ਦੇ ਹੁਕਮ ਵਿਚ ਹੀ ਕਾਰ ਕਮਾਇੰ=ਕੰਮ ਕਰਦੇ ਹਨ।

ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ॥

ਗੁਰਮੁਖਾਂ ਨੇ ਗੁਰ ਸਬਦ ਦੀ ਕਸਵੱਟੀ ਉੱਪਰ ਲਗਾਕੇ ਆਪਣੇ ਮਨ ਨੂੰ ਮਾਰ ਲਿਆ ਹੈ।

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥

ਗੁਰਮੁਖਾਂ ਦਾ ਮਨ ਦੇ ਨਾਲ ਹੀ ਝਗੜਾ ਹੈ, ਮਨ ਦੇ ਨਾਲ ਹੀ ਸੱਥ ਹੈ, ਝਗੜਾ ਚਾਰ ਜਣਿਆਂ ਨਾਲ ਹੁੰਦਾ ਹੈ, ਸੱਥ ਬਹੁਤਿਆਂ ਨਾਲ ਹੁੰਦੀ ਹੈ, ਉਹ ਗੁਰਮੁਖ ਮਨ ਕਰਕੇ ਹੀ ਪ੍ਰਭੂ ਵਿਚ ਸਮਾਏ ਰਹਿੰਦੇ ਹਨ।

ਅਥਵਾ:- ਗੁਰਮੁਖਾਂ ਦੇ ਮਨ ਦੇ ਨਾਲ ਹੀ ਝਗੜਾ ਹੈ, ਮਨ ਦੇ ਨਾਲ ਹੀ ਸਥ=ਸਲਾਹ (ਮਸ਼ਵਰਾ) ਹੈ, ਇਸ ਲਈ ਉਹ ਮਨ ਦੇ ਵਿਚ ਹੀ ਸਮਾਏ ਰਹਿੰਦੇ ਹਨ ਭਟਕਦੇ ਨਹੀਂ।

ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ॥

ਸੱਚੇ ਗੁਰਾਂ ਦੇ ਉਪਦੇਸ਼ ਵਿਚ ਸੁਭਾਇ=ਸ੍ਰੇਸ਼ਟ ਪ੍ਰੇਮ ਕਰਨ ਨਾਲ ਮਨ ਜੋ ਭੀ ਇੱਛਾ ਕਰਦਾ ਹੈ ਓਹੀ ਫਲ ਲੈਂਦਾ ਹੈ।

ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ॥

ਸਦਾ ਹੀ ਨਾਮ ਅੰਮ੍ਰਿਤ ਨੂੰ ਭੁੰਚੀਐ=ਛਕੀਏ, ਕਿਉਂਕਿ ਗੁਰਮੁਖ ਹਮੇਸ਼ਾਂ ਏਹੋ ਕਾਰ ਕਮਾਂਵਦੇ ਹਨ।

ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ॥

ਮਨ ਤੋਂ ਬਿਨਾਂ ਜਿਹੜਾ ਹੋਰਨਾਂ ਨਾਲ ਲੜਣਾ (ਝਗੜਣਾ) ਹੈ, ਉਹ ਆਪਣੇ ਮਨੁੱਖਾ ਜਨਮ ਨੂੰ ਨਿਸਫਲ ਗਵਾ ਕੇ ਜਾਏਗਾ।

ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ॥

ਮਨਮੁਖਾਂ ਨੇ ਮਨ ਦੇ ਹੱਠ ਅੱਗੇ ਆਪਣਾ ਆਪ ਹਾਰ ਦਿੱਤਾ ਹੈ, ਇਸ ਲਈ ਉਹ ਝੂਠ ਤੇ ਕੁਸਤੁ=ਕੁਹੱਠ ਦੀ ਕਮਾਈ ਨੂੰ ਕਰਦੇ ਹਨ।

ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ॥

ਗੁਰਮੁਖ ਗੁਰਾਂ ਦੀ ਕਿਰਪਾ ਦੁਆਰੇ ਹਰੀ ਨਾਲ ਬਿਰਤੀ ਲਗਾਕੇ ਆਪਣੇ ਮਨ ਨੂੰ ਜਿਣੈ=ਜਿੱਤ ਲੈਂਦੇ ਹਨ।

ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ॥ ੨॥

ਗੁਰੂ ਜੀ ਕਥਨ ਕਰਦੇ ਹਨ ਗੁਰਮੁਖ ਸੱਚ ਨਾਮ ਦੀ ਕਮਾਈ ਕਰਕੇ ਜਨਮ ਮਰਨ ਤੋਂ ਰਹਿਤ ਹਨ, ਅਤੇ ਮਨਮੁਖ ਪੁਰਸ਼ ਮਨਮੁਖਤਾ ਕਰਕੇ ਆਵੈ ਜਾਇ=ਜੰਮਦੇ ਮਰਦੇ ਹਨ॥ ੨॥

ਪਉੜੀ॥ ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ॥

ਹੇ ਹਰੀ ਦੇ ਸੰਤ ਜਨੋਂ! ਭਾਈ ਪ੍ਰੇਮ ਨਾਲ ਹਰੀ ਸਰੂਪ ਸਤਿਗੁਰਾਂ ਦੀ ਇਕ ਸਾਖੀ=ਸਿੱਖਿਆ ਸੁਨਣਾ ਕਰੋ।

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ॥

ਜਿਸ ਦੇ ਮੱਥੇ ਉੱਤੇ ਧੁਰ ਤੋਂ ਹੀ ਮੁਖ ਭਾਗ ਲਿਖਿਆ ਹੁੰਦਾ ਹੈ, ਉਸੇ ਮਨੁੱਖ ਨੇ ਗੁਰਾਂ ਪਾਸੋਂ ਸਿੱਖਿਆ ਲੈ ਕੇ ਹਿਰਦੇ ਵਿਚ ਧਾਰ ਰੱਖੀ ਹੈ।

ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ॥

ਹਰੀ ਦੀ ਅੰਮ੍ਰਿਤ ਰੂਪ ਕਥਾ ਸ੍ਰੇਸ਼ਟ ਤੋਂ ਸ੍ਰੇਸ਼ਟ ਹੈ, *ਅਥਵਾ:-* ਹਰੀ ਦੀ ਕਥਾ ਅੰਮ੍ਰਿਤ ਨਾਲੋਂ ਭੀ ਸ੍ਰੇਸ਼ਟ ਤੇ ਉੱਤਮ ਹੈ, ਗੁਰਬਚਨੀ=ਗੁਰ ਉਪਦੇਸ਼ ਵਾਲਿਆਂ ਨੇ ਸਹਜੇ=ਸੁਭਾਵਕ ਹੀ ਉਸ ਦਾ ਸੁਆਦ ਚੱਖ ਲਿਆ ਹੈ।

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ॥

ਜਿਸ ਨੇ ਕਥਾ ਦਾ ਰਸ ਲਿਆ ਹੈ-ਤਿਸ ਦੇ ਅੰਤਹਕਰਨ ਵਿਚ ਪ੍ਰਗਾਸ=ਗਿਆਨ ਹੋਇਆ ਹੈ, ਅਤੇ ਅਗਿਆਨ ਰੂਪ ਹਨੇਰਾ ਇਉਂ ਮਿਟ ਗਿਆ ਹੈ ਜਿਵੇਂ ਸੂਰਜ ਰਾਤ ਨੂੰ ਕਿਰਾਖੀ=ਖ਼ਿੱਚ ਲੈਂਦਾ ਹੈ। ਭਾਵ ਦੂਰ ਕਰ ਦੇਂਦਾ ਹੈ। *ਅਥਵਾ:-* ਜਿਵੇਂ ਸੂਰਜ ਦੀਆਂ ਕਿਰਾ=ਕਿਰਨਾਂ ਰਾਤ ਨੂੰ ਖੀ=ਨਾਸ ਕਰ ਦੇਂਦੀਆਂ ਹਨ।

ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥ ੧੨॥

ਜੋ ਪ੍ਰਮੇਸ਼ਰ ਅਦਿਸਟੁ=ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦਾ, ਅਗੋਚਰੁ=ਕਿਸੇ ਇੰਦ੍ਰ ਦਾ ਵਿਸ਼ਾ ਨਹੀਂ ਹੈ, ਅਲਖੁ=ਆਪਣੇ ਆਪ ਜਾਣਿਆ ਨਹੀਂ ਜਾਂਦਾ, ਨਿਰੰਜਨੁ=ਮਾਇਆ ਮਲ ਤੋਂ ਰਹਿਤ ਹੈ, ਉਸ ਪਰਮਾਤਮਾ ਨੂੰ ਗੁਰਮੁਖਾਂ ਨੇ ਗਿਆਨ ਵੈਰਾਗ ਰੂਪ ਅੱਖਾਂ ਨਾਲ ਵੇਖ ਲਿਆ ਹੈ।

ਅਥਵਾ:- ਮੁਖੀ ਗੁਰਾਂ ਦੀ ਆਖੀ ਹੋਈ ਸਿੱਖਿਆ ਅਨੁਸਾਰ ਵੇਖ ਲਿਆ ਹੈ॥ ੧੨॥

[ਪੰਨਾ ੮੮]

ਸਲੋਕੁ ਮਃ ੩॥ ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੇ ਲਾਇ॥

ਜੋ ਪੁਰਸ਼ ਆਪਣਾ ਸਿਰ ਦੇ ਕੇ ਸਤਿਗੁਰਾਂ ਦੀ ਸੇਵਾ ਕਰਦਾ ਹੈ, ਉਹ ਆਪਣਾ ਸਿਰ ਲੇਖੇ ਲਾਉਂਦਾ ਹੈ ਅਰਥਾਤ ਆਪਣਾ ਜਨਮ ਸਫਲ ਕਰਦਾ ਹੈ।

ਵਿਉਹ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ॥

ਉਹ ਆਪਣੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਗਵਾ ਕੇ ਸੱਚ ਵਿਚ ਬਿਰਤੀ ਲਗਾ ਰਹਿਣਾ ਕਰਦਾ ਹੈ।

ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ॥

ਜਿਨ੍ਹਾਂ ਨੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ, ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਵਿਅੱਰਥ ਗਵਾ ਲਿਆ ਹੈ।

ਨਾਨਕ ਜੋ ਤਿਸੁ ਭਾਵੈ ਸੋ ਕਰੇ ਕਹਣਾ ਕਿਛੂ ਨ ਜਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਜੋ ਉਸ ਨੂੰ ਭਾਵੈ=ਚੰਗਾ ਲੱਗਦਾ ਹੈ, ਉਹ ਉਸ ਤਰ੍ਹਾਂ ਕਰਦਾ ਹੈ, ਉਸ ਨੂੰ ਕਿਹਾ ਕੁਝ ਵੀ ਨਹੀਂ ਜਾਂਦਾ॥ ੧॥

ਮਃ ੩॥ ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ॥

ਵਿਕਾਰੀ ਪੁਰਸ਼ ਦੇ ਮਨ ਨੂੰ ਵੇਕਾਰਾਂ ਨੇ ਵੇੜਿਆ=ਘੇਰਿਆ ਹੋਇਆ ਹੈ, ਇਸ ਲਈ ਉਹ ਵਿਕਾਰਾਂ ਵਾਲੇ ਕਰਮ ਕਮਾਇ=ਕਰਦਾ ਹੈ।

ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ॥

ਜੋ ਅਗਿਆਨੀ ਪੁਰਸ਼ ਇਕ ਪ੍ਰਮੇਸ਼ਰ ਨੂੰ ਛੱਡ ਕੇ ਦੂਜੇ ਦੇਵੀ ਦੇਵਤਿਆਂ ਨੂੰ ਭਾਇ=ਪ੍ਰੇਮ ਨਾਲ ਪੂਜਦੇ ਹਨ, *ਅਥਵਾ:*-ਜੋ ਅਗਿਆਨੀ ਦੂਜੈ ਭਾਇ=ਦ੍ਵੈਤ ਭਾ ਨੂੰ ਪੂਜਦੇ ਹਨ, ਅਰਥਾਤ ਦ੍ਵੈਤ ਭਾ ਨੂੰ ਮੁਖ ਰੱਖਦੇ ਹਨ ਉਨ੍ਹਾਂ ਨੂੰ ਦਰਗਾਹ ਵਿਚ ਭਾਰੀ ਸਜ਼ਾ ਮਿਲਦੀ ਹੈ।

ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ॥

ਆਤਮ ਦੇਉ=ਆਪਣੇ ਸਰੂਪ ਦੀ ਪੂਜਾ ਕਰਨੀ ਚਾਹੀਦੀ ਹੈ, ਪਰ ਸਤਿਗੁਰਾਂ ਤੋਂ ਬਿਨਾਂ ਉਸ ਦੀ ਸਮਝ ਨਹੀ ਪੈਂਦੀ। *ਅਥਵਾ:*-ਆਤਮਾ ਨੂੰ ਦੇਉ=ਪ੍ਰਕਾਸ਼ ਰੂਪ ਅਰਥਾਤ ਪ੍ਰਮੇਸ਼ਰ ਸਰੂਪ ਜਾਣਕੇ ਪੂਜਨਾ ਕਰੀਏ।

ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ॥

ਜਪ, ਤਪ, ਸੰਜਮ ਆਦਿਕ ਸਾਧਨ ਤਾਂ ਸਫਲ ਹੁੰਦੇ ਹਨ ਜਾਂ ਸਤਿਗੁਰਾਂ ਦਾ ਭਾਣਾ ਮੰਨੇ।

ਅਥਵਾ:- ਜੋ ਸ਼ਤਿਗੁਰਾਂ ਦਾ ਭਾਣਾ ਮੰਨਦਾ ਹੈ ਏਹੋ ਜਪ ਤਪ ਤੇ ਸੰਜਮ ਹੈ, ਪਰ ਇਹ ਭਾਗਾਂ ਨਾਲ ਹੀ ਪੱਲੇ ਪੈਂਦਾ ਹੈ।

ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜੋ ਸੇਵਾ ਹਰੀ ਨੂੰ ਭਾਉਂਦੀ ਹੈ ਉਹ ਸੇਵਾ ਸੁਰਤ ਨਾਲ ਕਮਾਈ ਜਾਵੇ ਤਾਂ ਉਸ ਸੇਵਾ ਨੂੰ ਹਰੀ ਥਾਇ ਪਾਇ=ਕਬੂਲ ਕਰਦਾ ਹੈ॥ ੨॥

ਪਉੜੀ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ॥

ਹੇ ਮੇਰੇ ਮਨ! ਦਿਨ ਰਾਤ ਹਰਿ ਹਰਿ ਨਾਮ ਨੂੰ ਜਪਨਾ ਕਰ, ਜਿਸ ਕਰਕੇ ਤੈਨੂੰ ਸਦਾ ਹੀ ਸੁਖ ਪ੍ਰਾਪਤ ਹੋਵੇ।

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ॥

ਹੇ ਮੇਰੇ ਮਨ! ਹਰਿ ਹਰਿ ਨਾਮ ਨੂੰ ਜਪਨਾ ਕਰ, ਜਿਸ ਨਾਮ ਦੇ ਸਿਮਰਨ ਕਰਕੇ ਸਾਰੇ ਕਿਲਵਿਖ ਤੇ ਸਾਰੇ ਪਾਪ ਲਹਿ ਜਾਂਦੇ ਹਨ। ਵਾਰਾਂ ਤੇ ਵਧੀਕ ਸਲੋਕਾਂ ਵਿਚ ਚਾਰ ਕਿਲਵਿਖ ਲਿਖੇ ਹਨ-

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ *(ਪੰਨਾ ੧੪੧੩)*

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ॥

ਹੇ ਮੇਰੇ ਮਨ ! ਹਰਿ ਹਰਿ ਨਾਮ ਨੂੰ ਜਪਨਾ ਕਰ, ਜਿਸ ਨਾਮ ਕਰਕੇ ਦਾਲਦੁ=ਦਰਿੱਦ੍ਰ ਦੁਖ ਤੇ ਭੁਖ ਸਭ ਲਹਿ ਜਾਂਦੇ ਹਨ।

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ ਗੁਰਮੁਖਿ ਪ੍ਰੀਤਿ ਲਗਾਤੀ॥

ਹੇ ਮੇਰੇ ਮਨ ! ਹਰਿ ਹਰਿ ਨਾਮ ਨੂੰ ਜਪਨਾ ਕਰ, ਮੁਖੀ ਜੋ ਗੁਰਮੁਖ ਹਨ ਉਨ੍ਹਾਂ ਨਾਲ ਪ੍ਰੀਤੀ ਲਗਾਕੇ।

ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ॥੧੩॥

ਜਿਸ ਮੂੰਹ ਉੱਪਰ ਧੁਰ ਤੋਂ ਸੱਚੇ ਨੇ ਸ੍ਰੇਸ਼ਟ ਭਾਗਾਂ ਦਾ ਲੇਖ ਲਿਖਿਆ ਹੈ, ਤਿਸ ਮੂੰਹ ਨਾਲ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ॥ ੧੩॥

ਸਲੋਕ ਮਃ ੩॥ ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਨਹੀਂ ਸੇਵਨਾ ਕੀਤਾ, ਅਤੇ ਗੁਰ ਸ਼ਬਦ ਦਾ ਵਿਚਾਰ ਭੀ ਨਹੀ ਕੀਤਾ।

ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥

ਹਿਰਦੇ ਅੰਦਰ ਪ੍ਰਭੂ ਭਾ ਗਿਆਨ ਨਹੀਂ ਆਇਆ ਉਹ ਦੁਨੀਆਂ ਵਿਚ ਮਿਰਤਕੁ=ਮੁਰਦੇ ਤੁੱਲ ਹੈ।

ਯਥਾ:- ਅਤਿ ਸੁੰਦਰ, ਕੁਲੀਨ ਚਤੁਰ ਮੁਖਿ ਛਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ੧॥ *(ਪੰਨਾ ੨੫੩)*

ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ॥

ਉਹ ਚੁਰਾਸੀ ਲੱਖ ਜੂਨੀਆਂ ਦੇ ਫੇਰੇ ਵਿਚ ਪਿਆ ਹੈ, ਇਸ ਲਈ ਉਹ ਜਨਮ ਮਰਨ ਵਿਚ ਖੁਆਰੁ=ਖਰਾਬ ਹੁੰਦਾ ਹੈ।

ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ॥

ਸਤਿਗੁਰਾਂ ਦੀ ਸੇਵਾ ਉਹ ਕਰਦਾ ਹੈ, ਜਿਸ ਤੋਂ ਉਹ ਪਰਮਾਤਮਾ ਆਪ ਕਰਾਉਂਦਾ ਹੈ।

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ॥

ਸਤਿਗੁਰਾਂ ਵਿਚ ਨਾਮ ਰੂਪ ਨਿਧਾਨੁ=ਖਜ਼ਾਨਾ ਹੈ, ਪਰ ਉਨ੍ਹਾਂ ਦੀ ਕਰਮਿ=ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ॥

ਜੋ ਗੁਰ ਸ਼ਬਦ ਦੁਆਰਾ ਸਚਿ ਸਿਉ=ਸੱਚੇ ਪ੍ਰਮਾਤਮਾ ਨਾਲ ਰਤੇ=ਤਦਾਕਾਰ ਹੋਏ ਹਨ ਉਨ੍ਹਾਂ ਦੀ ਸਦਾ ਸੱਚੀ ਲਿਵ ਹੁੰਦੀ ਹੈ।

ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸਨੂੰ ਪ੍ਰਭੂ ਆਪਣੇ ਨਾਲ ਮੇਲਦਾ ਹੈ ਉਹ ਕਦੇ ਵਿੱਛੜਦਾ ਨਹੀਂ, ਉਹ ਸਹਜ ਪਦ ਵਿਚ, ਵਾ ਸ਼ਾਂਤੀ ਵਿਚ ਸਮਾ ਜਾਂਦਾ ਹੈ॥ ੧॥

ਮਃ ੩ ॥ ਸੋ ਭਗਉਤੀ ਜੋ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥

ਕਿਸੀ ਸਿੱਖ ਨੇ ਪੁੱਛਿਆ ਭਗਤ ਦੇ ਕੀ ਲੱਛਣ ਹਨ? *ਗੁਰ ਉੱਤਰ-*

ਉਹ ਅਸਲੀ ਭਗਤ ਹੈ ਜੋ ਖਟ ਭਗਾਂ ਸਪੰਨ ਪ੍ਰਮਾਤਮਾ ਨੂੰ ਜਾਣਦਾ ਹੈ। ਪ੍ਰਸ਼ਨ-ਖਟ ਭਗ ਕਿਹੜੇ ਹਨ? ਉੱਤਰ- ਧਰਮ ਜਸ ਵੈਰਾਗ ਪਨ ਐਸ਼ੁਰਜ ਸ੍ਰੇਯ ਵਿਗਿਆਨ।

ਇਹ ਖਟ ਭਗਾਂ ਸਪੰਨ ਜੋ ਕਹਿਤ ਤਾਂਹਿ ਭਗਵਾਨ।

ਅਥਵਾ:- ਉਹ ਅਸਲ ਭਗਉਤੀ=ਰਾਸਧਾਰੀਆ ਹੈ, ਜੋ ਗੁਰਾਂ ਨੂੰ ਭਗਵੰਤ ਰੂਪ ਕਰਕੇ ਜਾਣਦਾ ਹੈ। ਅਤੇ ਗੁਰਾਂ ਦੀ ਕਿਰਪਾ ਨਾਲ ਆਪਣੇ ਸਰੂਪ ਨੂੰ ਪਛਾਣਦਾ ਹੈ।

ਭਗਉਤੀ ਭਗਵੰਤ ਭਗਤਿ ਕਾ ਰੰਗੁ॥ ਸਗਲ ਤਿਆਗੈ ਦੁਸਟ ਦਾ ਸੰਗੁ॥
ਮਨ ਤੇ ਬਿਨਸੈ ਸਗਲਾ ਭਰਮੁ॥ ਕਰਿ ਪੂਜੈ ਸਗਲ ਪਾਰਬ੍ਰਹਮੁ॥
ਸਾਧਸੰਗਿ ਪਾਪਾ ਮਲੁ ਧੋਵੈ॥ ਤਿਸ ਭਗਉਤੀ ਕੀ ਮਤਿ ਊਤਮ ਹੋਵੈ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ॥ ਮਨੁ ਤਨੁ ਅਰਪੈ ਬਿਸਨ ਪਰੀਤਿ॥
ਹਰਿ ਕੇ ਚਰਨ ਹਿਰਦੈ ਬਸਾਵੈ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ ੩॥

(ਪੰਨਾ ੨੭੪)

ਧਾਵਤੁ ਰਾਖੈ ਇਕਤੁ ਘਰਿ ਆਣੈ ॥ ਜੀਵਤੁ ਮਰੈ ਹਰਿ ਨਾਮੁ ਵਖਾਣੈ ॥

ਉਹ ਧਾਵਤੁ=ਦੌੜਦੇ ਮਨ ਨੂੰ ਏਕਤਾ ਦੇ ਘਰ ਵਿਚ ਲਿਆਕੇ ਰੋਕ ਰੱਖਦਾ ਹੈ।

ਅਥਵਾ:- ਧਾਵਤੁ ਰਾਖੈ=ਇੰਦ੍ਰੀਆਂ ਨੂੰ ਕਾਬੂ ਕਰਕੇ ਰੱਖਦਾ ਹੈ, ਅਤੇ ਮਨ ਨੂੰ ਏਕਤਾ ਦੇ ਘਰ ਵਿਚ ਲਿਆਉਂਦਾ ਹੈ। ਅਤੇ ਜੀਵਨ ਭਾ ਤੋਂ ਮਰ ਕੇ ਹਰੀ ਨਾਮ ਨੂੰ ਵਖਾਣੈ=ਕਥਨ ਕਰਦਾ ਹੈ।

ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥ ੨ ॥

ਐਸਾ ਭਗਉਤੀ=ਅਜੇਹੇ ਗੁਣਾਂ ਵਾਲਾ ਭਗਤ ਵਾ ਰਾਸਧਾਰੀਆ ਉੱਤਮ ਹੁੰਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਹ ਭਗਤ ਸੱਚ ਸਰੂਪ ਵਿਚ ਸਮਾ ਜਾਂਦਾ ਹੈ॥ ੨॥

ਮਃ ੩ ॥ ਅੰਤਰਿ ਕਪਟੁ ਭਗਉਤੀ ਕਹਾਏ ॥
ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥

ਜਿਸ ਦੇ ਹਿਰਦੇ ਅੰਦਰ ਕਪਟ ਹੈ, ਤੇ ਆਪਣੇ ਆਪ ਨੂੰ ਭਗਉਤੀ=ਭਗਤ ਕਹਾਉਂਦਾ ਹੈ, ਉਹ ਪਖੰਡੀ ਪਾਰਬ੍ਰਹਮ ਨੂੰ ਕਦੇ ਭੀ ਨਹੀਂ ਪਾ ਸਕਦਾ।

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥
ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥

ਉਹ ਸਗੋਂ ਪਰਾਈ ਨਿੰਦਿਆ ਕਰਕੇ ਅੰਤਰਿ=ਅੰਤਹਕਰਨ ਨੂੰ ਪਾਪਾਂ ਰੂਪੀ ਮੈਲ ਲਗਾ ਰਿਹਾ ਹੈ। ਬਾਹਰੋਂ

ਸਰੀਰ ਨੂੰ ਮਲ ਮਲ ਕੇ ਧੋਂਦਾ ਹੈ, ਇਸ ਤਰ੍ਹਾਂ ਕਰਨ ਨਾਲ ਮਨ ਦੀ ਜੂਠਿ=ਅਪਵਿੱਤ੍ਰਤਾ ਕਦੇ ਨਹੀਂ ਜਾਂਦੀ।

ਸਤਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥

ਉਹ ਪਖੰਡੀ ਸਤਸੰਗਤ ਨਾਲ ਬਾਦੁ ਰਚਾਏ=ਝਗੜਾ ਕਰਦਾ ਹੈ। ਅਤੇ ਦੂਜੈ ਭਾਇ ਰਚਾਏ=ਦਵੈਤ ਭਾ ਵਿਚ ਤਦਾਕਾਰ ਰਹਿੰਦਾ ਹੈ ਇਸ ਲਈ ਉਹ ਰਾਤ ਦਿਨ ਦੁਖੀ ਰਹਿੰਦਾ ਹੈ।

ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥

ਪ੍ਰਭੂ ਦੇ ਨਾਮ ਨੂੰ ਯਾਦ ਨਹੀਂ ਕਰਦਾ, ਅਤੇ ਬਹੁਤ ਤਰ੍ਹਾਂ ਦੇ ਕਰਮ ਕਮਾਂਦਾ ਹੈ। ਪੂਰਬ=ਪੂਰਬਲੇ (ਪਿਛਲੇ ਜਨਮ) ਦਾ ਜੋ ਲੇਖ ਲਿਖਿਆ ਗਿਆ ਹੈ ਉਹ ਭੋਗੇ ਤੋਂ ਬਿਨਾਂ ਕਿਸੇ ਤਰ੍ਹਾਂ ਭੀ ਮੇਟਿਆ ਨਹੀਂ ਜਾਂਦਾ।

ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਮੁਕਤੀ ਨੂੰ ਨਹੀਂ ਪਾਂਦਾ॥ ੩ ॥

ਪਉੜੀ ॥ ਸਤਿਗੁਰੁ ਜਿਨੀ ਧਿਆਇਆ ਸੇ ਕੜਿ ਨ ਸਵਾਹੀ ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਧਿਆਉਣਾ ਕੀਤਾ ਹੈ, ਉਹ ਸਵਾਹੀ=ਸਾਰੀਆਂ ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਕੜਿਨ=ਦਮਨ ਕਰਦੇ ਹਨ ਭਾਵ ਰੋਕ ਰੱਖਦੇ ਹਨ।

ਅਥਵਾ:- ਉਹ ਸਵਾਹੀ=ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਕੜਿ+ਨ=ਝੂਰਦੇ ਨਹੀਂ।

ਯਥਾ:- ਉਹ ਝੂਰਨੇ ਵਿਚ ਨ+ਸਵਾਹੀ=ਨਹੀਂ ਸੌਂਦੇ।

ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ ਅਘਾਹੀ ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਧਿਆਉਣਾ ਕੀਤਾ ਹੈ, ਉਹ ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋਂ ਤ੍ਰਿਪਤਿ ਹੋ ਕੇ ਅਘਾਹੀ=ਰੱਜ ਗਏ ਹਨ।

ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਧਿਆਉਣਾ ਕੀਤਾ ਹੈ ਉਨ੍ਹਾਂ ਨੂੰ ਜਮਾਂ ਦਾ ਡਰ ਨਹੀਂ ਹੈ।

[ਪੰਨਾ ੮੯]

ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ ॥

ਜਿਨ੍ਹਾਂ ਉੱਤੇ ਹਰੀ ਕ੍ਰਿਪਾਲੂ ਹੋਇਆ ਹੈ, ਉਹ ਸਤਿਗੁਰਾਂ ਦੀ ਪੈਰੀਂ ਪੈਂਦੇ ਹਨ।

ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ ॥ ੧੪ ॥

ਉਨ੍ਹਾਂ ਦੇ ਐਥੈ ਓਥੈ=ਲੋਕ ਪ੍ਰਲੋਕ ਵਿਚ ਮੂੰਹ ਉੱਜਲੇ ਹਨ, ਅਤੇ ਹਰੀ ਦੀ ਦਰਗਾਹ ਵਿਚ ਜਸ ਰੂਪ ਪੁਸ਼ਾਕ ਪਹਿਨ ਕੇ ਜਾਂਦੇ ਹਨ॥ ੧੪ ॥

ਸਲੋਕ ਮਃ ੨ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥

ਸ੍ਰੀ ਗੁਰੂ ਅੰਗਦ ਦੇਵ ਜੀ ਆਖਦੇ ਹਨ-ਜਿਹੜਾ ਸਿਰ ਆਪਣੇ ਮਾਲਕ ਪ੍ਰਭੂ ਅੱਗੇ ਨਹੀਂ ਨਿਉਂਦਾ, ਉਸ ਸਿਰ ਨੂੰ ਵੱਢ ਕੇ ਡਾਰਿ=ਸੁਟ ਦੇਣਾ ਕਰੋ।

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ ੭੧॥
ਜੋ ਸਿਰੁ ਸਾਈ ਨਾ ਵਿ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ ੭੨॥ (ਪੰਨਾ ੧੩੮੧)

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪਿੰਜਰ=ਸਰੀਰ ਵਿਚ ਪ੍ਰਭੂ ਦਾ ਬਿਰਹਾ=ਪ੍ਰੇਮ ਨਹੀ ਹੈ। ਅੱਗ ਲੈ ਕੇ ਉਸ ਪਿੰਜਰੁ=ਸਰੀਰ ਨੂੰ ਜਾਰਿ=ਸਾੜ ਦਿਓ॥ ੧॥

ਮਃ ੫॥ ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-ਜਿਹੜੀ ਜੀਵ ਰੂਪ ਇਸਤਰੀ ਮੁੰਢਹੁ=ਆਦਿ ਤੋਂ ਅਰਥਾਤ ਬਾਲਕ ਅਵਸਥਾ ਤੋਂ ਹੀ ਮੂੱਢ ਰੂਪ ਪ੍ਰਮਾਤਮਾ ਤੋਂ ਭੁੱਲ ਗਈ ਹੈ, ਉਹ ਫਿਰਿ ਫਿਰਿ=ਮੁੜ ਮੁੜ ਕੇ ਜੰਮਦੀ ਮਰਦੀ ਹੈ।

ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ॥ ੨॥

ਜਿਵੇਂ ਹਰਨ ਕਸਤੂਰੀ ਦੇ ਭੋਲੜੈ=ਭੁਲੇਖੇ ਗੰਦੇ ਡੁੰਮਿ=ਚਲ੍ਹੇ ਵਿਚ ਅਰਥਾਤ ਛੱਪੜਾਂ ਵਿਚ ਜਾ ਕੇ ਪੈਂਦਾ ਹੈ। ਭਾਵੇਂ ਕਸਤੂਰੀ ਦਾ ਨਾਪਾ ਹਰਨ ਦੀ ਆਪਣੀ ਧੁੰਨੀ ਵਿਚ ਹੀ ਹੈ, ਪਰ ਉਹ ਭਰਮ ਕਰਕੇ ਬਾਹਰ ਛੱਪੜਾਂ ਵਿਚ ਟੋਲਦਾ ਫਿਰਦਾ ਹੈ। ਏਸੇ ਤਰ੍ਹਾਂ ਜੀਵ ਨੂੰ ਆਪਣੀ ਚਿੱਤ ਬ੍ਰਿਤੀ ਦੀ ਇਕਾਗਰਤਾ ਵਿਚ ਹੀ ਸੁਖ ਹੈ। ਪਰ ਇਹ ਭਰਮ ਕਰਕੇ ਪਦਾਰਥਾਂ ਵਿਚ, ਵਾ:- ਪੁੱਤਰ ਆਦਿਕਾਂ ਵਿਚ ਸੁਖ ਮੰਨੀ ਬੈਠਾ ਹੈ।

ਅਥਵਾ:- ਆਤਮ ਸੁਖ ਰੂਪੀ ਕਸਤੂਰੀ ਦੇ ਭੁਲੇਖੇ ਜੀਵ ਰੂਪ ਹਰਨ ਇਸਤਰੀ ਰੂਪ ਗੰਦੇ ਡੁੰਮਿ=ਛੱਪੜ ਵਿਚ ਜਾ ਪੈਂਦਾ ਹੈ, ਅਰਥਾਤ ਵਿਸ਼ਿਆਂ ਵਿਚ ਸੁਖ ਮੰਨੀ ਬੈਠਾ ਹੈ।

ਪਉੜੀ॥ ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ
ਜੋ ਸਭਨਾ ਉਪਰਿ ਹੁਕਮੁ ਚਲਾਏ॥

ਹੇ ਮੇਰੇ ਮਨ ! ਐਸੇ ਹਰੀ ਦੇ ਨਾਮ ਨੂੰ ਧਿਆਉਣਾ ਕਰ, ਜੋ ਸਾਰਿਆਂ ਉੱਤੇ ਆਪਣਾ ਹੁਕਮ ਚਲਾਂਦਾ ਹੈ।

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ॥

ਹੇ ਮੇਰੇ ਮਨ ! ਐਸੇ ਹਰੀ ਦੇ ਨਾਮ ਨੂੰ ਜਪਣਾ ਕਰ, ਜੋ ਅੰਤ ਦੇ ਅਉਸਰਿ=ਸਮੇਂ ਜਮਾਂ ਤੋਂ ਛੁਡਾ ਲੈਂਦਾ ਹੈ।

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ॥

ਹੇ ਮੇਰੇ ਮਨ ! ਐਸੇ ਹਰੀ ਦੇ ਨਾਮ ਨੂੰ ਜਪਣਾ ਕਰ, ਜੋ ਸਭਨਾਂ ਦੇ ਮਨ ਦੀ ਤ੍ਰਿਸਨਾਂ ਰੂਪ ਭੁੱਖ ਦੂਰ ਕਰਦਾ ਹੈ।

ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ॥

ਜਿਨ੍ਹਾਂ ਵਡਭਾਗੀ ਗੁਰਮੁਖਾਂ ਨੇ ਉਹ ਨਾਮ ਜਪਿਆ ਹੈ, ਉਨ੍ਹਾਂ ਨੇ ਸਾਰੇ ਨਿੰਦਕ ਤੇ ਦੁਸ਼ਟ ਆਪਣੇ ਚਰਨੀਂ ਪਾ ਲਏ ਹਨ।

ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ
ਸਭਿ ਨਾਵੈ ਅਗੇ ਆਣਿ ਨਿਵਾਏ ॥ ੧੫ ॥

ਗੁਰੂ ਜੀ ਆਖਦੇ ਹਨ-ਸਾਰਿਆਂ ਸਾਧਨਾਂ ਤੋਂ ਵੱਡਾ ਸਾਧਨ ਨਾਮ ਹੈ ਏਸੇ ਨੂੰ ਅਰਾਧਨਾ ਕਰ, ਪ੍ਰਭੂ ਨੇ ਨਾਮ ਜਪਣ ਵਾਲੇ ਦੇ ਅੱਗੇ ਸਾਰੇ ਜੀਵ ਆਣਿ=ਲਿਆ ਕੇ ਨਿਵਾਏ ਹਨ॥ ੧੫ ॥

ਸਲੋਕ ਮਃ ੩ ॥ ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥

ਮਨ ਦੇ ਖੋਟੇ ਸੰਕਲਪਾਂ ਵਾਲੀ ਕੂੜਿਆਰਿ=ਝੂਠੀ ਜੀਵ ਰੂਪ ਇਸਤਰੀ ਬਾਹਰੋਂ ਤਾਂ ਕਈ ਤਰ੍ਹਾਂ ਦੇ ਵੇਸ=ਲਿਬਾਸ (ਸ਼ਿੰਗਾਰ) ਕਰਦੀ ਹੈ, ਪਰ ਅੰਦਰੋਂ ਕੁਰੂਪਿ=ਸਫਾਈ ਰੂਪੀ ਰੂਪ ਤੋਂ ਰਹਿਤ ਹੈ ਅਤੇ ਕੁਲਖਣੀ=ਭੈੜੇ ਲੱਛਣਾਂ ਵਾਲੀ ਹੈ,

ਵਾ:- ਕੁਲਖਣੀ=ਸ਼ੁਭ ਗੁਣਾਂ ਰੂਪੀ ਕੁਲ ਦੇ ਖੈ ਕਰਨ ਵਾਲੀ ਹੈ।

ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥

ਉਹ ਮੂਰਖ ਇਸਤਰੀ ਪਤੀ ਦੇ ਹੁਕਮ ਵਿਚ ਨਹੀਂ ਚਲਦੀ, ਸਗੋਂ ਪਤੀ ਉੱਤੇ ਆਪਣਾ ਹੁਕਮ ਕਰਦੀ ਹੈ।

ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥

ਜੇਹੜੀ ਇਸਤਰੀ ਗੁਰਾਂ ਦੇ ਹੁਕਮ ਵਿਚ ਚਲਦੀ ਹੈ, ਉਹ ਸਾਰਿਆਂ ਦੁਖਾਂ ਦੇ ਨਵਿਰਤ ਕਰਨ ਵਾਲੀ ਹੋਈ ਹੈ।

ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥

ਕਰਤਾਰ ਨੇ ਧੁਰ ਤੋਂ ਅਰਥਾਤ ਜਨਮ ਕਾਲ ਤੋਂ ਜੋ ਲੇਖ ਮੱਥੇ ਉੱਪਰ ਲਿਖ ਦਿੱਤਾ ਹੈ, ਉਸ ਲਿਖੇ ਹੋਏ ਲੇਖ ਨੂੰ ਭੋਗੇ ਤੋਂ ਬਗੈਰ ਮੇਟ ਨਹੀਂ ਸਕੀਦਾ। ਨਿਸਚੇ ਸਮਝ ਲਓ ਉਹ ਅਵੱਸ਼ ਭੋਗਣਾ ਪੈਂਦਾ ਹੈ।

ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥

'ਕੰਤ ਕਉ'=ਪਤੀ ਨੂੰ ਆਪਣਾ ਮਨ ਤਨ ਸੌਂਪ ਦੇਵੇ, ਅਤੇ ਉਸ ਦੇ ਸਬਦੇ=ਹੁਕਮ ਮੰਨਣ ਵਿਚ ਪਿਆਰ ਧਾਰੇ। *ਅਥਵਾ:-* ਗੁਰਾਂ ਦੇ ਉਪਦੇਸ਼ ਵਿਚ ਪਿਆਰ ਧਾਰੇ।

ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥

ਨਾਮ ਸਿਮਰਨ ਤੋਂ ਬਿਨਾਂ ਕਿਸੇ ਨੇ ਭੀ ਪ੍ਰਮੇਸ਼ਰ ਪਤੀ ਨੂੰ ਨਹੀਂ ਪਾਇਆ, ਹਿਰਦੇ ਵਿਚ ਵਿਚਾਰ ਕੇ ਵੇਖ ਲੌ।

ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜੀ ਇਸਤਰੀ ਸਿਰਜਣਹਾਰ ਪ੍ਰਭੂ ਨੇ ਆਪਣੇ ਨਾਲ ਰਾਵੀ=ਮੇਲੀ ਹੈ, ਸਾ=ਉਹ ਇਸਤਰੀ ਸੁਆਲਿਓ=ਸੁੰਦਰ ਵਾ ਸਲਾਹਣੇ ਜੋਗ ਹੈ, ਅਤੇ ਲਖਣੀ=ਸ਼ੁਭ ਲੱਛਣਾਂ ਵਾਲੀ ਹੈ॥ ੧ ॥

ਮਃ ੩ ॥ ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥

ਮਾਇਆ ਦੇ ਮੋਹ ਦਾ ਬੜਾ ਭਾਰੀ ਗੁਬਾਰੁ=ਹਨੇਰਾ ਉੱਠਿਆ ਹੋਇਆ ਹੈ, ਮਿੱਟੀ ਉਡਣ ਨਾਲ ਜੋ ਹਨੇਰਾ

ਹੋ ਜਾਏ ਉਸ ਨੂੰ ਗੁਬਾਰ ਆਖਦੇ ਹਨ। ਤਿਸ ਹਨੇਰੇ ਦੇ ਉਰਵਾਰ ਪਾਰ ਦਾ ਕੋਈ ਅੰਤ ਨਹੀਂ ਦਿਸਦਾ।

ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥

ਮਨਮੁਖ ਅਗਿਆਨੀ ਮੋਹ ਵਿਚ ਡੁੱਬੇ ਹੋਏ, ਹਰੀ ਨਾਮ ਨੂੰ ਭੁਲਾ ਕੇ ਮਹਾ=ਵੱਡਾ ਦੁਖ ਪਾਂਦੇ ਹਨ।

ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ॥

ਦੂਜੈ ਭਾਇ=ਦਵੈਤ ਭਾਵ ਨਾਲ ਪਿਆਰ ਕਰਕੇ, ਭਲਕੇ=ਤੜਕੇ (ਸਵੇਰੇ) ਉੱਠ ਕੇ ਬਹੁਤੇ ਕਰਮਾਂ ਨੂੰ ਕਮਾਂਦੇ ਹਨ।

ਸਤਿਗੁਰੁ ਸੇਵਹਿ ਆਪਣਾ ਭਉਜਲੁ ਉਤਰੇ ਪਾਰਿ॥

ਜੋ ਗੁਰਮੁਖ ਜਗਿਆਸੂ ਆਪਣੇ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹ ਸੰਸਾਰ ਸਮੁੰਦਰ ਤੋਂ ਪਾਰ ਉੱਤਰੇ ਹਨ।

ਨਾਨਕ ਗੁਰਮੁਖਿ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ॥ ੨॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਹਿਰਦੇ ਵਿਚ ਸੱਚਨਾਮ ਨੂੰ ਧਾਰ ਕੇ ਸੱਚ ਸਰੂਪ ਵਿਚ ਸਮਾਂਵਦੇ ਹਨ॥ ੨॥

ਪਉੜੀ॥ ਹਰਿ ਜਲਿ ਥਲਿ ਮਹੀਅਲਿ ਭਰਪੂਰਿ ਦੂਜਾ ਨਾਹੀ ਕੋਇ॥

ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਵੀ, ਅਲਿ=ਅਕਾਸ਼ ਸਾਰਿਆਂ ਵਿਚ ਹਰੀ ਭਰਪੂਰ ਹੈ, ਉਸ ਵਰਗਾ ਦੂਜਾ ਕੋਈ ਨਹੀਂ।

ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ॥

ਹਰੀ ਆਪ ਬੈਠ ਕੇ ਜੀਵਾਂ ਦਾ ਨਿਆਉ=ਇਨਸਾਫ਼ ਕਰਦਾ ਹੈ। ਜਿਤਨੇਕੁ ਝੂਠੇ ਪੁਰਸ਼ ਹਨ ਉਨ੍ਹਾਂ ਸਾਰਿਆਂ ਨੂੰ ਮਾਰ ਕੇ ਬਾਹਰ ਕੱਢ ਦੇਂਦਾ ਹੈ।

ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥

ਸਚਿਆਰਾ=ਸਚਿਆਂ ਨੂੰ ਹਰੀ ਵਡਿਆਈ ਦੇਂਦਾ ਹੈ, ਹਰੀ ਨੇ ਇਹ ਧਰਮ ਦਾ ਇਨਸਾਫ਼ ਕੀਤਾ ਹੈ।

ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ॥

ਤਾਂ ਤੇ ਤੁਸੀਂ ਸਾਰੇ ਰਲਕੇ ਹਰੀ ਦੀ ਉਪਮਾਂ ਕਰੋ, ਜਿਸ ਨੇ ਗਰੀਬਾਂ ਅਨਾਥਾਂ ਨੂੰ ਰਾਖਿ ਲੀਓਇ=ਬਚਾ ਲਿਆ ਹੈ।

ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥ ੧੬॥

ਦਰਗਾਹ ਵਿਚ ਧਰਮੀਆਂ ਦਾ ਜੈਕਾਰੁ=ਸਤਿਕਾਰ ਕੀਤਾ ਹੈ, ਅਤੇ ਪਾਪੀਆਂ ਨੂੰ ਡੰਡੁ=ਸਜ਼ਾ ਦੇਣਾ ਕੀਤੀ ਹੈ॥ ੧੬॥

ਸਲੋਕ ਮਃ ੩॥ ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥

ਮਨਮੁਖ ਕਾਮਣੀ=ਇਸਤ੍ਰੀ ਦੀ ਬੁੱਧੀ ਸ੍ਵਾਗ ਦ੍ਵੈਸ਼ ਕਰਕੇ ਮੈਲੀ ਹੋ ਰਹੀ ਹੈ, ਇਸ ਲਈ ਉਹ

ਕੁਲਖਣੀ=ਥੋਟੇ ਲੱਛਣਾਂ ਵਾਲੀ ਹੈ, ਵਾ ਸ਼ੁਭ ਗੁਣਾਂ ਰੂਪੀ ਕੁਲ ਦੇ ਖੈ ਕਰਨ ਵਾਲੀ ਹੈ, ਅਤੇ ਕੁਨਾਰਿ=ਕੁਤਸਤ ਨਾਰੀ ਅਰਥਾਂਤ ਨਿੰਦਣੇ ਜੋਗ (ਭੈੜੀ) ਇਸਤਰੀ ਹੈ।

ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥

ਉਸ ਨੇ ਆਪਣੇ ਪਤੀ ਨੂੰ ਘਰ ਵਿਚ ਬੈਠਿਆਂ ਹੀ ਛੱਡ ਦਿੱਤਾ ਹੈ ਤੇ ਪਰਾਏ ਪੁਰਸ਼ ਨਾਲ ਪ੍ਰੇਮ ਕਰਦੀ ਹੈ। ਏਸੇ ਤਰ੍ਹਾਂ ਮਨਮੁਖ ਇਸਤਰੀ ਨੇ ਆਪਣੇ ਅੰਤਹਕਰਨ ਰੂਪ ਘਰ ਵਿਚ ਬੈਠੇ ਹੋਏ ਪਤੀ ਪਰਮਾਤਮਾ ਨੂੰ ਛੱਡ ਦਿੱਤਾ ਹੈ ਤੇ ਪਰ ਪੁਰਖੈ=ਦੇਵੀ ਦੇਵਤਿਆਂ ਨਾਲ ਪਿਆਰ ਕਰਦੀ ਹੈ।

ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥

ਇਸ ਲਈ ਉਸ ਦੀ ਤ੍ਰਿਸ਼ਨਾਂ ਕਦੇ ਦੂਰ ਨਹੀਂ ਹੁੰਦੀ, ਤ੍ਰਿਸ਼ਨਾਂ ਦੀ ਅੱਗ ਵਿਚ ਜਲਦੀ=ਸੜਦੀ ਹੋਈ ਹਮੇਸ਼ਾਂ ਪੁਕਾਰ ਕਰਦੀ ਹੈ।

ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਹ ਜੀਵ ਰੂਪ ਇਸਤ੍ਰੀ ਪ੍ਰਭੂ ਦੇ ਨਾਮ ਤੋਂ ਬਿਨਾਂ ਕੁਰੂਪਿ=ਸਫਾਈ ਰੂਪੀ ਰੂਪ ਤੋਂ ਰਹਿਤ ਹੈ, ਅਤੇ ਕੁਸੋਹਣੀ=ਸੁੰਦਰਤਾ ਤੋਂ ਰਹਿਤ ਹੈ, ਇਸ ਕਰਕੇ ਪ੍ਰਮੇਸ਼ਰ ਪਤੀ ਨੇ ਉਸ ਨੂੰ ਪਰਹਰਿ ਛੋਡੀ=ਤਿਆਗ ਛੱਡਿਆ ਹੈ॥ ੧ ॥

[ਪੰਨਾ ੯੦]

ਮ: ੩ ॥ ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥

ਪਿਆਰਿਆਂ ਸਤਿਗੁਰਾਂ ਵਿਚ ਭਾਇ=ਪ੍ਰੇਮ ਕਰਕੇ ਜੋ ਸ਼ਬਦ ਵਿਚ ਰੱਤੀ ਹੈ ਉਹ ਸੁਹਾਗਵੰਤੀ ਹੈ।

ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥

ਉਹ ਸੱਚੇ ਪ੍ਰਭੂ ਦੇ ਪ੍ਰੇਮ ਪਿਆਰ ਕਰਕੇ ਆਪਣੇ ਪਿਆਰੇ ਪਤੀ ਦੇ ਅਨੰਦ ਨੂੰ ਸਦਾ ਰਾਵੇ=ਭੋਗਦੀ ਹੈ।

ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥

ਉਹ ਜੀਵ ਰੂਪੀ ਇਸਤਰੀ ਅਤਿ=ਬੜੀ ਸੁੰਦਰ ਹੈ ਤੇ ਸੁਆਲਿਓ=ਸਲਾਹੁਣੇ ਜੋਗ ਹੈ, ਪ੍ਰਲੋਕ ਵਿਚ ਵੀ ਸੋਭਾ ਵਾਲੀ ਹੁੰਦੀ ਹੈ।

ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਨਾਂ ਸੁਹਾਗਵੰਤੀ ਹੈ, ਕਿਉਂਕਿ ਮੇਲਣਹਾਰ ਗੁਰਾਂ ਨੇ ਉਸ ਨੂੰ ਪਤੀ ਪ੍ਰਮਾਤਮਾ ਨਾਲ ਮੇਲ ਦਿੱਤਾ ਹੈ।

ਅਥਵਾ:- ਨਾਮੀ ਦੇ ਨਾਮ ਵਿਚ ਲੀਣ ਹੋਣ ਕਰਕੇ ਉਹ ਸੁਹਾਗਣੀ ਹੈ, ਮੇਲਣਹਾਰ ਪ੍ਰਭੂ ਨੇ ਉਸ ਨੂੰ ਆਪਣੇ ਨਾਲ ਮੇਲ ਲੀਤਾ ਹੋਇਆ ਹੈ॥ ੨ ॥

ਪਉੜੀ ॥ ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ ਕਾਢਿਆ ॥

ਹੇ ਹਰੀ ! ਉਹ ਸਾਰੇ ਲੋਕ ਤੇਰੀ ਉਪਮਾਂ ਕਰਦੇ ਹੋਨ, ਜਿਨ੍ਹਾਂ ਮੋਹ ਜਾਲ ਵਿਚ ਫਸਿਆਂ ਹੋਇਆਂ ਨੂੰ ਤੈਨੇ ਕੱਢ ਲਿਆ ਹੈ।

ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ ॥

ਹੇ ਹਰੀ ! ਉਹ ਸਾਰੇ ਤੈਨੂੰ ਨਮਸ਼ਕਾਰ ਕਰਦੇ ਹਨ, ਜਿਨ੍ਹਾਂ ਨੂੰ ਤੈਨੇ ਪਾਪਾਂ ਤੋਂ ਰੱਖ ਲਿਆ ਹੈ।

ਹਰਿ ਨਿਮਾਣਿਆ ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ ॥

ਹੇ ਹਰੀ ! ਤੂੰ ਨਿਮਾਣਿਆਂ ਦਾ ਮਾਣ ਹੈਂ, ਅਤੇ ਹੇ ਹਰੀ ! ਤੂੰ ਡਾਢਿਆਂ ਤੋਂ ਡਾਢਾ ਹੈਂ।

ਹਰਿ ਅਹੰਕਾਰੀਆ ਮਾਰਿ ਨਿਵਾਏ ਮਨਮੁਖ ਮੂੜ ਸਾਧਿਆ ॥

ਹੇ ਹਰੀ ! ਤੈਨੇ ਹੰਕਾਰੀਆਂ ਨੂੰ ਮਾਰ ਕੇ ਨਿਵਾਇਆ ਹੈ, ਅਤੇ ਮਨਮੁਖ ਮੂਰਖਾਂ ਨੂੰ ਸਾਧਿਆ=ਸੁਧਾਰ ਲਿਆ ਹੈ, ਵਾ ਸਿੱਧਾ ਕੀਤਾ ਹੈ।

ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ ॥ ੧੭ ॥

ਹੇ ਹਰੀ ! ਤੂੰ ਆਪਣਿਆਂ ਭਗਤਾਂ ਨੂੰ ਵਡਿਆਈ ਦੇਂਦਾ ਹੈਂ ਅਤੇ ਗਰੀਬਾਂ ਅਨਾਥਾਂ ਨੂੰ ਭੀ ਵਡਿਆਈ ਦੇਂਦਾ ਹੈਂ॥ ੧੭ ॥

ਸਲੋਕ ਮਃ ੩ ॥ ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥

ਜੇਹੜਾ ਪੁਰਸ਼ ਸਤਿਗੁਰਾਂ ਦੇ ਭਾਣੇ ਅੰਦਰ ਚਲਦਾ ਹੈ, ਉਸ ਦੀ ਬੜੀ ਵਡਿਆਈ ਹੁੰਦੀ ਹੈ।

ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥

ਜਿਸ ਦੇ ਮਨ ਵਿਚ ਹਰੀ ਦਾ ਉੱਤਮ ਨਾਮ ਵਸਦਾ ਹੈ, ਉਸ ਦੀ ਵਡਿਆਈ ਨੂੰ ਕੋਈ ਭੀ ਮਿਟਾ ਨਹੀਂ ਸਕਦਾ।

ਕਿਰਪਾ ਕਰੇ ਜਿਸੁ ਆਪਣੀ ਤਿਸੁ ਕਰਮਿ ਪਰਾਪਤਿ ਹੋਇ ॥

ਜਿਸ ਉੱਤੇ ਪਰਮਾਤਮਾ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਕਰਮਾਂ ਵਾਲੇ ਨੂੰ ਨਾਮ ਪ੍ਰਾਪਤ ਹੁੰਦਾ ਹੈ।

ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਸਾਰੇ ਕਾਰਨ ਕਾਰਜ ਕਰਤੇ ਪੁਰਖ ਦੇ ਵਸਿ=ਅਧੀਨਤਾ ਵਿਚ ਹਨ, ਇਸ ਗੱਲ ਨੂੰ ਕੋਈ ਗੁਰਮੁਖ ਹੀ ਸਮਝਦਾ ਹੈ॥ ੧ ॥

ਮਃ ੩ ॥ ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਤਾਰ=ਤੇਲਧਾਰਾ ਵਾਂਗੂੰ ਲਿਵ ਲਗਾ ਕੇ ਅਰਥਾਤ ਸੁਰਤ ਜੋੜਕੇ ਰਾਤ ਦਿਨ ਹਰਿ ਹਰਿ ਨਾਮ ਨੂੰ ਅਰਾਧਿਆ ਹੈ।

ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥

ਪ੍ਰਭੂ ਦੀ ਮਾਇਆ ਉਨ੍ਹਾਂ ਦੇ ਅੱਗੇ ਬੰਦੀ=ਦਾਸੀ ਹੋ ਕੇ ਕਾਰ ਕਮਾਂਦੀ ਹੈ।

ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥

ਕਿਉਂਕਿ ਉਨ੍ਹਾਂ ਨੂੰ ਸਵਾਰਣ ਵਾਲੇ ਪੂਰਿਆਂ ਗੁਰਾਂ ਨੇ ਹੁਕਮ ਵਿਚ ਚਲਾ ਕੇ ਪੂਰਾ ਕਰ ਛੱਡਿਆ ਅਰਥਾਤ

ਬ੍ਰਹਮ ਰੂਪ ਕਰ ਦਿੱਤਾ ਹੈ।

ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ॥

ਗੁਰਾਂ ਦੀ ਕਿਰਪਾ ਦੁਆਰੇ ਜਿਨ੍ਹਾਂ ਨੇ ਭਾਣਾ ਮੰਨਣਾ ਬੁੱਝਿਆ ਹੈ, ਉਨ੍ਹਾਂ ਨੇ ਮੁਕਤੀ ਦਾ ਦਰਵਾਜ਼ਾ ਗਿਆਨ ਪਾਇਆ ਹੈ।

ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ॥

ਜੋ ਮਨਮੁਖ ਮਨਮਤੀਏ ਹੁਕਮ ਮੰਨਣਾ ਨਹੀਂ ਜਾਣਦੇ, ਉਨ੍ਹਾਂ ਨੂੰ ਜਿੰਦ ਦਾ ਅਰੀ=ਵੈਰੀ ਜਮ ਚੰਗੀ ਤਰ੍ਹਾਂ ਮਾਰਦਾ ਹੈ, ਵਾ ਜਮ ਜੰਦਾਰੁ=ਡੰਡਾ ਲੈ ਕੇ ਉਨ੍ਹਾਂ ਨੂੰ ਮਾਰਦਾ ਹੈ।

ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ॥

ਜਿਨ੍ਹਾਂ ਨੇ ਗੁਰਮੁਖਿ=ਗੁਰਾਂ ਦੁਆਰੇ ਗੁਰਮੁਖ ਬਣਕੇ ਨਾਮ ਜਪਿਆ ਹੈ, ਉਨ੍ਹਾਂ ਨੇ ਸੰਸਾਰ ਸਮੁੰਦਰ ਤੋਂ ਤਰਨਾ ਕੀਤਾ ਹੈ।

ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ॥ ੨॥

ਬਖਸ਼ਣਹਾਰ ਗੁਰਾਂ ਨੇ ਆਪ ਹੀ ਉਨ੍ਹਾਂ ਦੇ ਸਾਰੇ ਔਗਣ ਮਿਟਾ ਕੇ ਉਨ੍ਹਾਂ ਨੂੰ ਗੁਣੀ=ਗੁਣਵਾਨ ਬਣਾ ਦਿੱਤਾ ਹੈ॥ ੨॥

ਪਉੜੀ॥ ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ॥

ਭਗਤਾਂ ਦੀ ਹਰਿ ਉੱਤੇ ਪਰਤੀਤਿ=ਯਕੀਨਤਾ, ਅਰਥਾਤ ਭਰੋਸਾ ਹੈ, ਕਿ ਹਰੀ ਸਭ ਕੁਝ ਜਾਣਦਾ ਹੈ।

ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ॥

ਹਰੀ ਜੇਡਾ ਕੋਈ ਭੀ ਨਹੀਂ ਹੈ, ਜਾਨਣਾ ਕਰੋ ਹਰੀ ਧਰਮ ਦਾ ਨਿਆਂ ਵਿਚਾਰਦਾ ਹੈ।

ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ॥

ਜਾਂ ਉਹ ਹਰੀ ਅਧਰਮਿ=ਬੇ-ਇਨਸਾਫੀ ਨਾਲ ਨਹੀਂ ਮਾਰਦਾ, ਤਾਂ ਕਾੜਾ=ਝੋਰਾ ਤੇ ਅੰਦੇਸਾ=ਫਿਕਰ ਕਿਉਂ ਕਰਨਾ ਹੈ।

ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ॥

ਉਹ ਸਾਹਿਬੁ=ਪ੍ਰਮਾਤਮਾ ਸੱਚਾ ਹੈ, ਉਸ ਦਾ ਇਨਸਾਫ ਭੀ ਸੱਚਾ ਹੈ, ਉਸ ਦੀ ਦਰਗਾਹ ਵਿਚ ਪਾਪੀ ਪੁਰਸ਼ ਹਾਰ ਜਾਂਦਾ ਹੈ।

ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ ਤਾਰਦਾ॥ ੧੮॥

ਹੇ ਭਗਤੋ ! ਤੁਸੀ ਹੱਥ ਜੋੜ ਕੇ ਉਸ ਦੀ ਸ਼ਲਾਘਾ (ਉਪਮਾਂ) ਕਰੋ, ਕਿਉਂਕਿ ਉਹ ਭਗਤ ਜਨਾਂ ਨੂੰ ਤਾਰਦਾ ਹੈ॥ ੧੮॥

ਸਲੋਕ ਮਃ ੩॥ ਆਪਣੇ ਪ੍ਰੀਤਮ ਮਿਲਿ ਰਹਾ ਅੰਤਰਿ ਰਖਾ ਉਰਿ ਧਾਰਿ॥

ਮੇਰਾ ਮਨ ਤਾਂ ਚਾਹੁੰਦਾ ਹੈ ਕਿ ਮੈਂ ਆਪਣੇ ਪ੍ਰੀਤਮ ਪ੍ਰਭੂ ਨਾਲ ਮਿਲਿਆ ਰਹਾਂ, ਅਤੇ ਹਿਰਦੇ ਅੰਦਰ ਉਸ

ਨੂੰ ਧਾਰੀ ਰੱਖਾਂ।

ਸਾਲਾਹੀ ਸੋ ਪ੍ਰਭੁ ਸਦਾ ਸਦਾ ਗੁਰ ਕੈ ਹੇਤਿ ਪਿਆਰਿ॥

ਪਿਆਰਿਆਂ ਗੁਰਾਂ ਵਿਚ ਹੇਤਿ=ਪ੍ਰੇਮ ਕਰਕੇ ਉਸ ਪ੍ਰਭੂ ਨੂੰ ਸਦਾ ਸਦਾ ਸਲਾਹੁੰਦਾ ਰਹਾਂ।

ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ ਨਾਰਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਤਿਸ ਨੂੰ ਆਪਣੇ ਨਾਲ ਮੇਲ ਲੈਂਦਾ ਹੈ, ਅਤੇ ਓਹੀ ਇਸਤ੍ਰੀ ਸੁਹਾਗਣ ਹੁੰਦੀ ਹੈ॥ ੧॥

ਮ: ੩॥ ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ॥

ਗੁਰਾਂ ਦੀ ਸੇਵਾ ਕਰਨ ਨਾਲ ਹਰੀ ਪ੍ਰਾਪਤ ਹੁੰਦਾ ਹੈ, *ਪ੍ਰਸ਼ਨ:-* ਸੇਵਾ ਕੌਣ ਕਰਦਾ ਹੈ?

ਉੱਤਰ- ਜਿਸ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਪੁਰਸ਼ ਸੇਵਾ ਕਰਦਾ ਹੈ।

ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ॥

ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਇਆ ਹੈ, ਉਹ ਮਨੁੱਖ ਤੋਂ ਦੇਵਤਾ ਹੋਏ ਹਨ।

ਅਥਵਾ:- ਜਿਹੜੇ ਮਾਣਸ=ਮਾਣ ਦੇ ਸਹਿਤ ਸਨ, ਉਹ ਦੇਵਤੇ=ਪ੍ਰਕਾਸ਼ ਰੂਪ ਹੋਏ ਹਨ।

ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ॥

ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ ਉਨ੍ਹਾਂ ਨੂੰ ਹਰੀ ਨੇ ਆਪਣੇ ਨਾਲ ਮਿਲਾਇਆ ਹੈ, ਜੋ ਭੀ ਤਰੇ ਹਨ ਉਹ ਗੁਰਾਂ ਦੇ ਸ਼ਬਦ ਕਰਕੇ ਤਰੇ ਹਨ।

ਅਥਵਾ:- ਜਿਨ੍ਹਾਂ ਨੇ ਹੰਗਤਾ ਮਮਤਾ ਨੂੰ ਮਾਰ ਕੇ ਗੁਰਾਂ ਦੇ ਸਬਦਿ=ਉਪਦੇਸ਼ ਵਿਚ ਮਨ ਨੂੰ ਮਿਲਾਇਆ ਹੈ ਉਹ ਸੰਸਾਰ ਸਮੁੰਦ੍ਰ ਤੋਂ ਤਰੇ ਹਨ।

ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਉੱਤੇ ਹਰੀ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਹ ਸਹਜ ਪਦ ਵਿਚ ਸਮਾਏ ਹਨ॥ ੨॥

ਪਉੜੀ॥ ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ॥

ਹਰੀ ਨੇ ਆਪਣੀ ਭਗਤੀ ਕਰਾਕੇ ਆਪਣੀ ਵਡਿਆਈ ਵਾ ਭਗਤਾਂ ਦੀ ਵਡਿਆਈ ਵਿਖਾਈ ਹੈ।

ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ॥

ਆਪ ਹੀ ਗੁਰੂ ਰੂਪ ਹੋ ਕੇ ਆਪਣੀ ਪਰਤੀਤਿ ਕਰਦਾ ਹੈ, ਅਤੇ ਆਪ ਹੀ ਜਗਿਆਸੂ ਰੂਪ ਹੋ ਕੇ ਸੇਵਾ ਕਰਦਾ ਹੈ।

[ਪੰਨਾ ੯੧]

ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ॥

ਹਰੀ ਆਪ ਹੀ ਭਗਤਾਂ ਨੂੰ ਸਰੂਪ ਰੂਪੀ ਥਿਰ ਘਰ ਵਿਚ ਬਿਠਾਕੇ ਅਨੰਦ ਦੇਂਦਾ ਹੈ।

ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥

ਪਾਪ ਕਰਮਾਂ ਦੇ ਕਰਨ ਵਾਲੇ ਪਾਪੀਆਂ ਨੂੰ ਅਚੱਲ ਨਹੀਂ ਰਹਿਣ ਦੇਂਦਾ, ਪਾਪੀਆਂ ਨੂੰ ਚੁਣ ਕੇ ਘੋਰਿ=ਕੁੰਭੀ ਨਰਕ ਵੱਲ ਤੋਰ ਦੇਂਦਾ ਹੈ।

ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ ॥ ੧੯ ॥

ਹਰੀ ਭਗਤਾਂ ਨੂੰ ਪਿਆਰ ਦੇਂਦਾ ਹੈ, ਅਤੇ ਉਨ੍ਹਾਂ ਦਾ ਅੰਗੁ=ਪੱਖ ਕਰਕੇ ਉਨ੍ਹਾਂ ਨੂੰ ਸੰਸਾਰ ਸਮੁੰਦਰ ਤੋਂ ਤਾਰ ਦੇਂਦਾ ਹੈ॥ ੧੯ ॥

ਉਥਾਨਕਾ:- ਜਿਸ ਵੇਲੇ ਗੁਰੂ ਸਾਹਿਬ ਜੀ 'ਕਾਂਸ਼ੀ' ਗਏ ਉਸ ਵੇਲੇ ਓਥੋਂ ਦੇ ਪੰਡੇ ਕਾਰਾਂ ਦੇ ਕੇ ਰਸੋਈ ਬਣਾ ਰਹੇ ਸਨ, ਉਨ੍ਹਾਂ ਦੇ ਪਖੰਡ ਨਵਿਰਤ ਕਰਨ ਵਾਸਤੇ ਗੁਰੂ ਜੀ ਨੇ ਉਨ੍ਹਾਂ ਦੀ ਰਸੋਈ ਵਾਲੀ ਜਗ੍ਹਾ ਉੱਪਰ ਜਾ ਕੇ ਉਨ੍ਹਾਂ ਕਾਰਾਂ ਅੰਦਰ ਆਪਣਾ ਚਰਨ ਰੱਖ ਦਿੱਤਾ। ਤਾਂ ਸਾਰੇ ਬ੍ਰਾਹਮਣ ਟੁਟਕੇ ਗਲ ਪੈ ਗਏ ਕਿ ਤੁਸਾਂ ਨੇ ਸਾਡਾ ਚੌਂਕਾ ਭਰਿਸ਼ਟ ਕਰ ਦਿੱਤਾ ਹੈ, ਤੁਹਾਨੂੰ ਇਹ ਗੱਲ ਕਰਨੀ ਯੋਗ ਨਹੀਂ ਸੀ। ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ, ਅਸਾਂ ਨੇ ਤੁਹਾਡਾ ਚੌਂਕਾ ਕੀ ਭਰਿਸ਼ਟ ਕਰਨਾ ਹੈ ਤੁਹਾਡਾ ਚੌਂਕਾ ਤਾਂ ਪਹਿਲੇ ਹੀ ਭਰਿਸ਼ਟ ਹੈ ਕਿਉਂਕਿ ਤੁਹਾਡੇ ਚੌਂਕੇ ਵਿਚ ਨੀਚ ਜ਼ਾਤੀ ਵਾਲੀਆਂ ਡੂਮਣੀਆਂ ਕਸਾਇਣਾਂ ਚੂੜ੍ਹੀਆਂ ਆਦਿ ਇਸਤ੍ਰੀਆਂ ਬੈਠੀਆਂ ਹੋਈਆਂ ਹਨ। ਇਹ ਗੱਲ ਸੁਣਕੇ ਪੰਡਿਆਂ ਨੇ ਕਿਹਾ 'ਰਾਮ ਰਾਮ' ਸਾਡੇ ਚੌਂਕੇ ਵਿਚ ਇਹ ਔਰਤਾਂ ਭਲਾ ਕਿਵੇਂ ਬੈਠ ਸਕਦੀਆਂ ਹਨ, ਤਾਂ ਗੁਰੂ ਜੀ ਨੇ ਇਸ ਸ਼ਬਦ ਦੁਆਰਾ ਉਨ੍ਹਾਂ ਪੰਡਿਤਾਂ ਨੂੰ ਦੱਸਿਆ-

ਸਲੋਕ ਮਃ ੧ ॥ ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥

ਕੁ+ਬੁਧਿ=ਖੋਟੀ ਬੁੱਧੀ ਡੂਮਣੀ=ਮਿਰਾਸਣ ਹੈ, ਕੁ+ਦਇਆ=ਖੋਟੀ ਦਇਆ ਕਰਨੀ ਇਹ ਕਸਾਈ ਦੇ ਘਰ ਵਾਲੀ ਕਸਾਇਣ ਹੈ, ਪਰ ਨਿੰਦਾ=ਪਰਾਈ ਨਿੰਦਿਆ ਕਰਨੀ ਇਹ ਚੂਹੜੀ ਹੈ, ਕ੍ਰੋਧਿ ਚੰਡਾਲਿ=ਕ੍ਰੋਧ ਦੇ ਘਰ ਵਾਲੀ ਜੋ ਹਿੰਸਿਆ ਹੈ ਇਹ ਚੰਡਾਲਣੀ ਹੈ।

(ਘਟ ਤੇ ਮੁਠੀ ਇਨ੍ਹਾਂ ਦੋ ਪਦਾਂ ਨੂੰ ਅਗਲੀ ਤੁਕ ਨਾਲ ਜੋੜਨਾ)

ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥

ਜਦ ਕਿ ਇਹ ਚਾਰੇ ਨੀਚ ਜਾਤੀ ਵਾਲੀਆਂ ਇਸਤ੍ਰੀਆਂ ਮੁਠੀ=ਮੋਹਣੇ ਵਾਲੀਆਂ ਘਟ=ਅੰਤਹਕਰਨ ਦੇ ਨਾਲ ਬੈਠੀਆਂ ਹੋਈਆਂ ਹਨ, ਤਾਂ ਇਨ੍ਹਾਂ ਕਾਰੀ=ਲਕੀਰਾਂ ਦੇ ਕੱਢਿਆਂ ਕੀ ਸੁੱਚਤਾ ਭਾਵ ਪਵਿੱਤ੍ਰਤਾ ਹੋਣੀ ਹੈ (ਬਾਹਰਲੀ ਲੋਕ ਵਿਖਾਵੇ ਦੀ ਪਵਿੱਤ੍ਰਤਾ ਦਾ ਕੁਝ ਲਾਭ ਨਹੀਂ, ਅੰਤ੍ਰੀਵ ਪਵਿੱਤ੍ਰਤਾ ਹੋਣੀ ਚਾਹੀਦੀ ਹੈ।)

ਪੰਡਿਆਂ ਨੇ ਪੁੱਛਿਆ ਅੰਤੀਵ ਪਵਿੱਤ੍ਰਤਾ ਕੇਹੜੀ ਹੈ ? *(ਗੁਰ ਉੱਤਰ)*

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥

ਸਚੁ ਸੰਜਮ=ਸੱਚਾ ਸੰਜਮ ਰੱਖਣਾ ਅਰਥਾਤ ਨਿਸ਼ਕਪਟ ਇੰਦ੍ਰੀਆਂ ਦਾ ਦਮਨ ਕਰਨਾ ਇਹ ਚੌਂਕਾ ਕਰੇ, ਕਰਣੀ=ਨਿਸ਼ਕਾਮ ਕਰਮਾਂ ਦੀ ਕਰਨੀ ਰੂਪ ਕਾਰਾਂ=ਲਕੀਰਾਂ ਕੱਢੇ ਅਤੇ ਨਾਵਣੁ ਨਾਉ ਜਪੇਹੀ=ਪ੍ਰਮੇਸ਼ਰ ਨਾਮ ਦਾ ਜਪਣਾ ਇਹ ਇਸ਼ਨਾਨ ਕਰ।

ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥ ੧॥

ਗੁਰੂ ਜੀ ਕਥਨ ਕਰਦੇ ਹਨ-ਅਗੈ=ਪ੍ਰਲੋਕ ਦਰਗਾਹ ਵਿਚ ਗਏ ਹੋਏ ਉਹ ਪੁਰਸ਼ ਉੱਤਮ ਮੰਨੇ ਜਾਂਦੇ ਹਨ, ਜਿਹੜੇ ਪਾਪਾਂ ਦੇ ਪੰਦਿ=ਰਸਤੇ ਵਿਚ ਮਨ ਰੂਪੀ ਪੈਰ ਨਹੀਂ ਦੇਂਦੇ। ਕਈ ਬੀੜਾਂ ਵਿਚ ਪਾਠ 'ਪੰਦਿ' ਦੀ ਜਗ੍ਹਾ 'ਸਪੰਦ' ਭੀ ਆਉਂਦਾ ਹੈ।

ਅਥਵਾ:- ਜਿਹੜੇ ਪਾਪਾਂ ਦੀ ਸਪੰਦਿ=ਸਿੱਖਿਆ ਨਹੀਂ ਦੇਂਦੇ।

ਅਥਵਾ:- ਜਿਹੜੇ ਪਾਪਾਂ ਦੀ ਸਪੰਦਿ=ਇੱਛਿਆ ਨਹੀਂ ਕਰਦੇ॥ ੧॥

ਜਿਸ ਵੇਲੇ ਇਹ ਉਪਦੇਸ਼ ਸੁਣਕੇ ਕਾਂਸ਼ੀ ਨਿਵਾਸੀ ਪੰਡਿਤ ਗੁਰੂ ਜੀ ਦੇ ਚਰਨੀਂ ਪੈ ਗਏ, ਤਾਂ ਭਾਈ ਬਾਲੇ ਨੇ ਕਿਹਾ-ਧੰਨ ਉਹ ਵਾਹਿਗੁਰੂ ਹੈ ਜਿਸ ਨੇ ਬਗਲਿਆਂ ਤੋਂ ਹੰਸ ਕਰ ਦਿੱਤਾ ਹੈ।

ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ-ਹੇ ਭਾਈ ਬਾਲੇ!

ਮਃ ੧॥ ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥

ਜੇਕਰ ਬਗਲੇ ਤੋਂ ਹੰਸ ਕਿਆ=ਕਰ ਦਿੱਤਾ ਹੈ, ਤਾਂ ਕਿਆ=ਕੀ ਹੋਇਆ ਕੋਈ ਵਡੀ ਗੱਲ ਨਹੀਂ। ਉਹ ਪ੍ਰਭੂ ਜਿਸ ਉੱਤੇ ਭੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਸ ਨੂੰ ਤਾਰ ਦੇਂਦਾ ਹੈ।

ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਤਿਸ ਪ੍ਰਭੂ ਨੂੰ ਭਾਉਂਦਾ ਹੈ ਉਸਨੂੰ ਕਾਂ ਤੋਂ ਹੰਸ ਕਰ ਦੇਂਦਾ ਹੈ। ਇਸੀ ਪ੍ਰਕਾਰ ਹੇ ਭਾਈ ਬਾਲੇ ! ਜੇਕਰ ਬਗੁਲਾ=ਪਖੰਡੀ ਤੋਂ ਹੰਸੁ=ਮਹਾਤਮਾ ਬਣਾ ਦਿੱਤਾ ਹੈ ਤਾਂ ਕੀ ਹੈ ਕੋਈ ਅਸਚਰਜ ਵਾਲੀ ਗੱਲ ਨਹੀਂ, ਜਿਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਨ੍ਹਾਂ ਨੂੰ ਅਵੱਸ਼ ਤਾਰਦਾ ਹੈ। ਜੋ ਪੁਰਸ਼ ਤਿਸ ਪ੍ਰਮੇਸ਼ਰ ਨੂੰ ਭਾ ਜਾਂਦਾ ਹੈ, ਭਾਵੇਂ ਉਹ ਅੰਦਰੋਂ ਬਾਹਰੋਂ ਕਾਂ ਵਾਂਗੂੰ ਪਾਪਾਂ ਕਰਕੇ ਕਾਲਾ ਭੀ ਹੈ, ਤੋਂਭੀ ਉਸ ਨੂੰ ਹੰਸੁ=ਤੱਤਵੇਤਾ ਮਹਾਤਮਾ ਕਰ ਦੇਂਦਾ ਹੈ॥ ੨॥

ਦੂਜਾ ਅਰਥ:- ਹੰਸ ਕੀ, ਬਗਲਾ ਕੀ ਅਤੇ ਕਾਂ ਕੀ ਉਹ ਪ੍ਰਭੂ ਜਿਸ ਉੱਤੇ ਵੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਅਤੇ ਜਿਹੜਾ ਤਿਸਨੂੰ ਭਾ ਜਾਂਦਾ ਹੈ ਓਸੇ ਨੂੰ ਇਹ ਪ੍ਰਭੂ ਹੰਸੁ ਕਰੇਇ=ਤੱਤਵੇਤਾ ਮਹਾਤਮਾ ਕਰ ਦੇਂਦਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਖਦੇ ਹਨ- ਹੇ ਭਾਈ !

ਪਉੜੀ॥ ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥

ਜਿਹੜਾ ਵੀ ਕੰਮ ਪੂਰਾ ਕੀਤਾ ਚਾਹੀਏ ਉਹ ਪਹਿਲੇ ਹਰੀ ਦੇ ਪਾਸ ਆਖੀਏ ਭਾਵ ਉਸ ਕੰਮ ਦੀ ਸਫਲਤਾ ਲਈ ਹਰੀ ਅੱਗੇ ਬੇਨਤੀਆਂ ਕਰੀਏ।

ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥

ਕਿਉਂਕਿ ਹਰੀ ਆਪਣੇ ਸੇਵਕ ਦੀ ਬੇਨਤੀ ਸੁਣ ਕੇ ਸੇਵਕ ਦੇ ਸਾਰੇ ਕੰਮ ਸਵਾਰ ਦੇਂਦਾ ਹੈ, ਇਹ ਸਤਿਗੁਰਾਂ ਦੀ ਸਚੁ ਸਾਖੀਐ=ਸਿੱਖਿਆ ਹੈ।

ਅਥਵਾ:- ਇਸ ਗੱਲ ਵਿਚ ਸੱਚਾ ਸਤਿਗੁਰੂ ਸਾਖੀਐ=ਗਵਾਹ ਹੈ।

ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥

ਸੰਤਾਂ ਦਾ ਸੰਗ ਨਾਮ ਅੰਮ੍ਰਿਤ ਦਾ ਨਿਧਾਨੁ=ਖਜ਼ਾਨਾ ਹੈ ਓਥੇ ਜਾ ਕੇ ਨਾਮ ਅੰਮ੍ਰਿਤ ਚੱਖਣਾ ਕਰੀਏ। ਅਥਵਾ:- ਸੰਤਾਂ ਦੇ ਨਾਲ ਮਿਲਕੇ ਨਿੱਧੀਆਂ ਦਾ ਖਜ਼ਾਨਾ ਜੋ ਪ੍ਰਭੂ ਦਾ ਨਾਮ ਅੰਮ੍ਰਿਤ ਹੈ ਉਸਨੂੰ ਚਾਖੀਐ=ਧਾਰਨਾ ਕਰੀਏ।

ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ ॥

ਇੰਝ ਬੇਨਤੀਆਂ ਕਰੋ, ਹੇ ਭੈ ਨਾਸ ਕਰਨ ਵਾਲੇ ਮੇਹਰਬਾਨ ! ਦਾਸ ਦੀ ਪਤ ਅਬਰੋ ਰੱਖ ਲੋ।

ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ ॥੨੦॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਹਰੀ ਗੁਣਾਂ ਨੂੰ ਗਾਵਣਾ ਕਰ, ਕਿਉਂਕਿ ਗੁਣਾਂ ਦੇ ਗਾਉਣ ਕਰਕੇ ਹੀ ਅਲੱਖ ਪ੍ਰਭੂ=ਲਾਖੀਐ=ਜਾਣ ਲਈਦਾ ਹੈ॥ ੨੦॥

ਸਲੋਕ ਮਃ ੩ ॥ ਜੀਉ ਪਿੰਡੁ ਸਭੁ ਤਿਸ ਕਾ ਸਭਸੈ ਦੇਇ ਅਧਾਰੁ ॥

ਹੇ ਪੁਰਸ਼ਾ ! ਜੀਵ ਆਤਮਾ ਤੇ ਪਿੰਡੁ=ਸਰੀਰ ਆਦਿਕ ਸਭ ਕੁਝ ਉਸ ਮਾਲਕ ਦਾ ਹੈ ਉਹ ਸਾਰਿਆਂ ਨੂੰ ਅਧਾਰੁ=ਆਸਰਾ ਦੇਂਦਾ ਹੈ।

ਨਾਨਕ ਗੁਰਮੁਖਿ ਸੇਵੀਐ ਸਦਾ ਸਦਾ ਦਾਤਾਰੁ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਜੋ ਸਦੀਵਕਾਲ ਸਾਰਿਆਂ ਜੀਵਾਂ ਦਾ ਦਾਤਾ ਹੈ, ਉਸ ਨੂੰ ਗੁਰਾਂ ਦੁਆਰੇ ਸਦਾ ਸੇਵਨਾ ਕਰੀਏ।

ਹਉ ਬਲਿਹਾਰੀ ਤਿਨ ਕਉ ਜਿਨਿ ਧਿਆਇਆ ਹਰਿ ਨਿਰੰਕਾਰੁ ॥

ਜਿਨ੍ਹਾਂ ਨੇ ਹਰੀ ਨਿਰੰਕਾਰ ਨੂੰ ਧਿਆਉਣਾ ਕੀਤਾ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।

ਓਨਾ ਕੇ ਮੁਖ ਸਦ ਉਜਲੇ ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ ॥ ੧ ॥

ਉਨ੍ਹਾਂ ਦੇ ਮੂੰਹ ਸਦਾ ਹੀ ਉੱਜਲੇ ਹਨ ਅਤੇ ਉਨ੍ਹਾਂ ਨੂੰ ਸਾਰਾ ਜਗਤ ਨਮਸ਼ਕਾਰ ਕਰਦਾ ਹੈ॥ ੧॥

ਮਃ ੩ ॥ ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ ॥

ਸਤਿਗੁਰਾਂ ਨਾਲ ਮਿਲਣ ਕਰਕੇ ਜਦ ਦੀ ਬਿਰਤੀ ਸੰਸਾਰ ਵੱਲੋਂ ਉਲਟੀ ਹੋਈ ਹੈ, ਤਦੋਂ ਦਾ ਗੁਰਾਂ ਨੇ ਇਹ ਵਰ ਦਿੱਤਾ ਹੈ ਕਿ ਨੌਧਾ ਭਗਤੀ ਰੂਪ ਨੌਂ ਨਿਧਾਂ ਨੂੰ, ਵਾ ਪ੍ਰਤੱਖ ਨੌਂ ਨਿੱਧੀਆਂ ਨੂੰ ਆਪ ਖਾਓ ਤੇ ਹੋਰਨਾਂ ਨੂੰ ਖਰਚਨਾ ਕਰੋ। ਹੁਣ ਗੁਰਾਂ ਦੀ ਕਿਰਪਾ ਨਾਲ-

ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ ॥

ਅਠਾਰ੍ਹਾਂ ਸਿੱਧੀਆਂ ਪਿੱਛੇ ਲਗੀਆਂ ਫਿਰਦੀਆਂ ਹਨ, ਨਿਜ ਥਾਇ=ਆਪਣੇ ਅੰਤਹਕਰਨ ਰੂਪ ਅਸਥਾਨ ਵਿਚ ਜੋ ਆਪਣਾ ਸਰੂਪ ਰੂਪੀ ਘਰ ਹੈ ਉਸ ਵਿਚ ਮੈਂ ਵਸਦਾ ਹਾਂ।

ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥

ਉਨਮਨਿ=ਤੁਰੀਆ ਪਦ ਰੂਪ ਜੋ ਹਰੀ ਹੈ ਉਸ ਵਿਚ ਬਿਰਤੀ ਲਗਾਣ ਕਰਕੇ ਅਨਹਦ ਧੁਨੀ=ਇਕਰਸ ਧੁਨ ਦੇ ਵਾਜੇ ਸਦਾ ਵੱਜਦੇ ਹਨ, ਸੁਧੋਹੰ ਬੁਧੋਹੰ ਨਿਰਵਿਕਾਰੋਹੰ।

ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ
ਜਿਨ ਮਸਤਕਿ ਲਿਖਿਆ ਧੁਰਿ ਪਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਦੇ ਮਨ ਵਿਚ ਹਰੀ ਦੀ ਭਗਤੀ ਵਸਦੀ ਹੈ, ਜਿਨ੍ਹਾਂ ਦੇ ਮੱਥੇ ਉੱਪਰ ਧੁਰੋਂ ਸ੍ਰੇਸ਼ਟ ਲੇਖ ਲਿਖ ਪਾਇਆ ਹੈ॥ ੨ ॥

ਵਾਰ ਦੀ ਸਮਾਪਤੀ ਕਰਦੇ ਹੋਏ ਆਖਰੀ ਪੌੜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ-

ਪਉੜੀ ॥ ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥

ਆਪਣੇ ਮਾਲਕ ਹਰੀ ਪ੍ਰਭੂ ਦਾ ਜਸ ਕਰਨ ਵਾਲਾ ਮੈਂ ਢਾਡੀ ਹਾਂ, ਹਰੀ ਦੇ ਦਰਿ=ਦਰਬਾਰ ਸਤਿਸੰਗ ਵਿਚ ਆਇਆ ਹਾਂ।

ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥

ਜਿਸ ਵੇਲੇ ਹਰੀ ਨੇ ਮੇਰੇ ਅੰਦਰ ਦੀ ਪੁਕਾਰ ਸੁਣੀ ਤਾਂ ਮੈਂ ਢਾਢੀ ਨੂੰ ਆਪਣੇ ਮੂੰਹ ਲਾ ਲਿਆ, ਭਾਵ ਦਰਸ਼ਨ ਦੇ ਕੇ ਆਪਣੇ ਪਾਸ ਬਿਠਾ ਲਿਆ।

ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥

ਹਰੀ ਨੇ ਮੈਂ ਢਾਢੀ ਨੂੰ ਆਪਣੇ ਪਾਸ ਬੁਲਾ ਕੇ ਪੁੱਛਿਆ, ਕਿ ਤੂੰ ਕਿਤੁ ਅਰਥਿ=ਕਿਸ ਕੰਮ ਵਾਸਤੇ ਆਇਆ ਹੈਂ। ਅੱਗੋਂ ਮੈਂ ਬੇਨਤੀ ਕੀਤੀ-

ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥

ਹੇ ਦਿਆਲੂ ਸੁਭਾਅ ਵਾਲੇ ਪ੍ਰਭੂ ! ਮੈਂ ਨਿਤਾਪ੍ਰਤੀ ਹਰੀ ਨਾਮ ਧਿਆਇਆ=ਧਿਆਉਣਾ ਚਾਹੁੰਦਾ ਹਾਂ, ਆਪ ਕਿਰਪਾ ਕਰਕੇ ਮੈਨੂੰ ਨਾਮ ਦਾਨ ਦੇਣਾ ਕਰੋ।

ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥ ੨੧ ॥ ੧ ॥

ਉਸ ਵੇਲੇ ਹਰੀ ਦਾਤੇ ਨੇ ਮੈਂ ਢਾਢੀ ਪਾਸੋਂ ਹਰੀ ਨਾਮ ਜਪਾਇਆ, ਅਤੇ ਮੈਂ ਨਾਨਕ ਨੂੰ ਜਸ ਦਾ ਸਿਰੋਪਾ ਪਹਿਨਾਵਣਾ ਕੀਤਾ॥ ੨੧ ॥ ੧ ॥

ਸੁਧੁ ॥

ਇਹ ਗੱਲ ਭਾਈ ਗੁਰਦਾਸ ਜੀ ਨੂੰ ਆਖੀ ਹੈ ਕਿ ਇਥੋਂ ਤੱਕ ਜਿੰਨੀ ਬਾਣੀ ਆਈ ਹੈ ਇਹ ਸ਼ੁੱਧ ਹੈ ਇਸ ਵਿਚ ਕੋਈ ਅਸ਼ੁੱਧੀ ਨਹੀਂ, ਆਪਣੀ ਮਨਮਤ ਅਨੁਸਾਰ ਕੋਈ ਅੱਖਰ ਵਧ ਘਟ ਨਹੀ ਕਰਨਾ।

ਬੇਨਤੀ ਹੈ ਜਿਥੇ ਭੀ ਛਪਣ ਵੇਲੇ ਛਾਪੇਖਾਨੇ ਦੀ ਅਸ਼ੁੱਧੀ ਸਮਝੋ ਦਾਸ ਨੂੰ ਹੁਕਮ ਕਰ ਭੇਜੋ। ਤਾਂ ਕਿ ਅਗਲੀ ਐਡੀਸ਼ਨ ਵਿਚ ਠੀਕ ਕੀਤੀ ਜਾਵੇ।

ਸਾਧਸੰਗਤ ਦੇ ਪਵਿੱਤ੍ਰ ਚਰਨਾਂ ਦਾ ਦਾਸ-

ਕ੍ਰਿਪਾਲ ਸਿੰਘ

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਭਗਤ ਬਾਣੀ ਆਰੰਭ

ਭੂਮਿਕਾ

ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਸ੍ਰੀ ਗੁਰੂ ਅਰਜਨ ਦੇਵ ਜੀ ਜਿਸ ਸਮੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਉਸਾਰਨ ਦੀ ਸੇਵਾ ਪੂਰੀ ਕਰ ਚੁੱਕੇ ਤਾਂ ਉਸ ਸਮੇਂ ਇੱਕ ਭਾਰੀ ਦੀਵਾਨ ਸਜਾ ਕੇ ਇਹ ਵਿਚਾਰ ਪਰਗਟ ਕੀਤੀ ਕਿ ਇਸ ਹਰੀਮੰਦਰ ਵਿਚ ਕਿਸ ਵਸਤੂ ਦਾ ਪੂਜਨ ਹੋਣਾ ਚਾਹੀਦਾ ਹੈ? ਜਿਵੇਂ ਸ਼ਿਵ ਮੰਦਰ ਵਿਚ ਸ਼ਿਵਾਂ ਦਾ ਪੂਜਨ ਹੁੰਦਾ ਹੈ। ਦੇਵੀ ਮੰਦਰ ਵਿਚ ਦੇਵੀ ਦਾ ਪੂਜਨ ਹੁੰਦਾ ਹੈ। ਵਿਸ਼ਨੂੰ ਮੰਦਰ ਵਿਚ ਵਿਸ਼ਨੂੰ ਜੀ ਦਾ ਪੂਜਨ ਹੁੰਦਾ ਹੈ, ਤਿਵੇਂ ਇਸ ਹਰੀਮੰਦਰ ਵਿਚ ਗੁਰਬਾਣੀ ਦਾ ਪੂਜਨ ਹੋਣਾ ਚਾਹੀਦਾ ਹੈ। ਪਰੰਤੂ ਇਸ ਸਮੇਂ ਗੁਰਬਾਣੀ ਦੀਆਂ ਪੋਥੀਆਂ ਸ੍ਰੀ ਗੋਇੰਦਵਾਲ ਬਾਬਾ ਮੋਹਨ ਜੀ ਦੇ ਪਾਸ ਹਨ, ਉਹ ਲਿਆਉਣੀਆਂ ਚਾਹੀਦੀਆਂ ਹਨ। ਤਦ ਭਾਈ ਗੁਰਦਾਸ ਜੀ ਨੇ ਹੱਥ ਜੋੜਕੇ ਕਿਹਾ, ਪ੍ਰਭੂ ਜੀ! ਦਾਸ ਨੂੰ ਆਗਿਆ ਦਿਓ ਤਾਂ ਮੈਂ ਜਾ ਕੇ ਲਿਆਉਂਦਾ ਹਾਂ।

ਸਤਿਗੁਰੂ ਜੀ ਦੀ ਆਗਿਆ ਪਾ ਕੇ ਭਾਈ ਗੁਰਦਾਸ ਜੀ ਗੋਇੰਦਵਾਲ ਚਲੇ ਗਏ। ਪਹਿਲੇ ਸ੍ਰੀ ਬਾਵਲੀ ਸਾਹਿਬ ਵਿਖੇ ਇਸ਼ਨਾਨ ਕੀਤਾ, ਫਿਰ ਬੜੇ ਅਦਬ ਤੇ ਸਤਿਕਾਰ ਨਾਲ ਬਾਬਾ ਮੋਹਨ ਜੀ ਦੇ ਚੌਬਾਰੇ ਪੁੱਜੇ। ਬੂਹੇ ਅੱਗੇ ਖਲੋ ਕੇ ਬਹੁਤ ਅਵਾਜ਼ਾਂ ਮਾਰੀਆਂ, ਹੱਥ ਜੋੜਕੇ ਬੇਨਤੀਆਂ ਭੀ ਕੀਤੀਆਂ, ਪਰ ਬਾਬਾ ਮੋਹਨ ਜੀ ਨੇ ਬੂਹਾ ਨ ਖੋਲ੍ਹਿਆ। ਜਦ ਸਾਰਾ ਦਿਨ ਤੇ ਸਾਰੀ ਰਾਤ ਅਵਾਜ਼ਾਂ ਮਾਰਦਿਆਂ ਲੰਘ ਗਈ ਤਾਂ ਦੂਜੇ ਦਿਨ ਕਿਸੇ ਪ੍ਰੇਮੀ ਨੇ ਕਿਹਾ, ਭਾਈ ਸਾਹਿਬ ਜੀ ! ਜਿਨ੍ਹਾਂ ਨੂੰ ਤੁਸੀਂ ਅਵਾਜ਼ਾਂ ਮਾਰਦੇ ਹੋ, ਉਹ ਤਾਂ ਬੜੇ ਮਸਤ ਸੁਭਾਵ ਵਾਲੇ ਹਨ, ਉਹ ਤਾਂ ਕਿਸੀ ਦੇ ਬੁਲਾਇਆਂ ਬੋਲਦੇ ਨਹੀਂ ਹਨ, ਤੁਸੀਂ ਐਵੇਂ ਕੱਲ੍ਹ ਦੇ ਖਪਦੇ ਪਏ ਹੋ। ਜਾਓ ਆਪਣਾ ਕੰਮ ਕਰੋ।

ਉਸ ਵੇਲੇ ਭਾਈ ਗੁਰਦਾਸ ਜੀ ਨਿਰਾਸ ਹੋ ਕੇ ਮੁੜ ਪਏ ਤੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, ਮਹਾਰਾਜ ਜੀ ! ਬਾਬਾ ਮੋਹਨ ਜੀ ਤਾਂ ਬੜੇ ਅਲਮਸਤ ਸੁਭਾਵ ਵਾਲੇ ਹਨ। ਸਾਰਾ ਦਿਨ ਸਾਰੀ ਰਾਤ ਅਵਾਜ਼ਾਂ ਮਾਰਦਾ ਰਿਹਾ ਹਾਂ ਪਰ ਉਨ੍ਹਾਂ ਨੇ ਬੂਹਾ ਨਹੀਂ ਖੋਲ੍ਹਿਆ।

ਇਤਨੇ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਉੱਠ ਕੇ ਕਿਹਾ, ਜੇ ਆਪ ਦਾਸ ਨੂੰ ਆਗਿਆ ਦਿਓ ਤਾਂ ਦਾਸ ਜਾ ਕੇ ਲਿਆਉਂਦਾ ਹੈ। ਗੁਰੂ ਸਾਹਿਬ ਜੀ ਨੇ ਕਿਹਾ, ਚੰਗੀ ਗੱਲ ਹੈ। ਜੇਕਰ ਤੁਸੀਂ ਲਿਆ ਸਕਦੇ ਹੋ ਤਾਂ ਜਾਕੇ ਲੈ ਆਓ। ਬਾਬਾ ਬੁੱਢਾ ਜੀ ਗੁਰੂ ਜੀ ਦੀ ਆਗਿਆ ਪਾ ਕੇ ਤੁਰ ਪਏ ਤੇ ਸ੍ਰੀ ਗੋਇੰਦਵਾਲ ਪੁੱਜਕੇ ਪਹਿਲੇ ਸ੍ਰੀ

ਬਾਵਲੀ ਸਾਹਿਬ ਮਸਤਕ ਟੇਕ ਕੇ ਇਸ਼ਨਾਨ ਕੀਤਾ, ਫਿਰ ਬਾਬਾ ਮੋਹਨ ਜੀ ਦੇ ਚੁਬਾਰੇ ਪੁੱਜ ਕੇ ਮੱਥਾ ਟੇਕ ਕੇ ਬਹੁਤ ਬੇਨਤੀਆਂ ਕੀਤੀਆਂ, ਪਰ ਮੋਹਨ ਜੀ ਨੇ ਫਿਰ ਭੀ ਬੂਹਾ ਨ ਖੋਲ੍ਹਿਆ। ਬਾਬਾ ਬੁੱਢਾ ਜੀ ਨੂੰ ਬੜਾ ਗੁੱਸਾ ਚੜ੍ਹ ਗਿਆ। ਗੁੱਸੇ ਵਿਚ ਆ ਕੇ ਬੂਹੇ ਦੀਆਂ ਚੂਥੀਆਂ ਪੱਟ ਕੇ ਅੰਦਰ ਚਲੇ ਗਏ ਤਾਂ ਕੀ ਵੇਖਿਆ ਕਿ ਬਾਬਾ ਮੋਹਨ ਜੀ ਪਦਮਾਸਣ ਲਗਾਕੇ ਸਮਾਧੀ ਵਿਚ ਮਸਤ ਹੋਏ ਬੈਠੇ ਹਨ ਤੇ ਦੁਨੀਆਂਦਾਰੀ ਦਾ ਕੁਝ ਪਤਾ ਹੀ ਨਹੀਂ। ਸਿਰ ਦੇ ਕੇਸ ਖਿੱਲਰੇ ਹੋਇ ਹਨ, ਸਰੀਰ ਦੀ ਭਿਆਨਕ ਦਸ਼ਾ ਵੇਖ ਕੇ ਬਾਬਾ ਬੁੱਢਾ ਜੀ ਬੜੇ ਅਸਚਰਜ ਹੋਏ ਤੇ ਬਾਬਾ ਮੋਹਨ ਜੀ ਦੀ ਸਮਾਧੀ ਖੋਲ੍ਹਣ ਵਾਸਤੇ ਉਨ੍ਹਾਂ ਦੇ ਸਰੀਰ ਨੂੰ ਕੁਝ ਕੁ ਹਿਲਾਇਆ ਪਰੰਤੂ ਸਮਾਧੀ ਨਾ ਖੁਲ੍ਹੀ।

ਓਧਰ ਬਾਬਾ ਮੋਹਰੀ ਜੀ ਨੂੰ ਪਤਾ ਲੱਗਾ ਕਿ ਕੋਈ ਸਿੱਖ ਬੂਹੇ ਭੰਨ ਕੇ ਅੰਦਰ ਚਲਾ ਗਿਆ ਹੈ ਤਾਂ ਮੋਹਰੀ ਜੀ ਦੌੜੇ ਆਏ ਅਰ ਆਉਂਦਿਆਂ ਸਾਰ ਹੀ ਕਹਿਣ ਲੱਗ ਪਏ ਇਨ੍ਹਾਂ ਤੋਂ ਪਰੇ ਹਟ ਜਾਓ।

ਬਾਬੇ ਬੁੱਢੇ ਜੀ ਨੇ ਕਿਹਾ, ਅਸੀਂ ਅੰਮ੍ਰਿਤਸਰੋਂ ਆਇ ਹਾਂ ਸਾਨੂੰ ਗੁਰੂ ਜੀ ਨੇ ਭੇਜਿਆ ਹੈ। ਤਾਂ ਮੋਹਰੀ ਜੀ ਨੇ ਕਿਹਾ, ਬੇਸ਼ੱਕ ਆਪ ਅੰਮ੍ਰਿਤਸਰੋਂ ਆਇ ਹੋ ਪਰ ਇਹ ਆਪਣਾ ਪਰਾਇਆ ਕੋਈ ਨਹੀਂ ਵੇਖਦੇ, ਝਟ ਪਟ ਸਰਾਪ ਦੇ ਦਿੰਦੇ ਹਨ। ਆਪ ਇਨ੍ਹਾਂ ਤੋਂ ਪਰੇ ਹਟ ਜਾਓ। ਉਸ ਵੇਲੇ ਬਾਬਾ ਬੁੱਢਾ ਜੀ ਭੀ ਨਿਰਾਸ ਹੋ ਕੇ ਵਾਪਸ ਮੁੜ ਆਏ। ਤੇ ਆ ਕੇ ਸਾਰੀ ਗੱਲ ਗੁਰੂ ਜੀ ਨੂੰ ਦੱਸੀ ਕਿ ਉਹ ਤਾਂ ਹਰ ਵੇਲੇ ਸਮਾਧੀ ਵਿਚ ਹੀ ਲੀਣ ਰਹਿੰਦੇ ਹਨ। ਪੋਥੀਆਂ ਮਿਲਣੀਆਂ ਬਹੁਤ ਮੁਸ਼ਕਲ ਹਨ।

ਇਹ ਬਚਨ ਸੁਣਕੇ ਗੁਰੂ ਸਾਹਿਬ ਜੀ ਆਪ ਤਿਆਰ ਹੋ ਗਏ। ਪਹਿਲੇ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਜਾ ਕੇ ਅਰਦਾਸਾ ਕੀਤਾ, ਫੇਰ ਪਾਲਕੀ ਵਿਚ ਬੈਠਕੇ ਚਾਲੇ ਪਾ ਦਿੱਤੇ। ਸ੍ਰੀ ਗੋਇੰਦਵਾਲ ਪੁੱਜਕੇ ਬਾਵਲੀ ਸਾਹਿਬ ਵਿਚ ਇਸ਼ਨਾਨ ਕਰਕੇ ਸਤਿਗੁਰ ਦੇਵਾਂ ਦਾ ਧਿਆਨ ਕੀਤਾ। ਉਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਸ਼ਨ ਦੇ ਕੇ ਕਿਹਾ, ਮੋਹਨ ਜੀ ਦੇ ਕਰੜੇ ਬਚਨ ਸੁਣਕੇ ਆਪ ਗੁੱਸਾ ਨਾ ਕਰਨਾ, ਬਚਨ ਸਹਾਰ ਕੇ ਪੋਥੀਆਂ ਲੈ ਲੈਣੀਆਂ।

ਇਤਨੇ ਬਚਨ ਕਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਆਪ ਅਲੋਪ ਹੋ ਗਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਚਲਕੇ ਹੱਥ ਵਿਚ ਤੰਬੂਰਾ ਲੈ ਕੇ ਬਾਬਾ ਮੋਹਨ ਜੀ ਦੇ ਚੁਬਾਰੇ ਅੱਗੇ ਗਲੀ ਦੇ ਵਿਚ ਹੀ ਬੈਠ ਕੇ (ਲੋਕਾਂ ਨੇ ਦਰੀਆਂ ਖੇਸ ਬਹੁਤ ਲਿਆਂਦੇ ਪਰ ਗੁਰੂ ਜੀ ਨੇ ਹੇਠ ਕੋਈ ਨ ਵਿਛਾਇਆ) ਗਉੜੀ ਰਾਗ ਵਿਚ ਇਹ ਸ਼ਬਦ–

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥ (ਗਉੜੀ ਮਃ ੫, ਪੰਨਾ ੨੪੮)

ਦੀ ਧੁਨਿ ਐਸੀ ਉਠਾਈ ਜੋ ਬਾਬਾ ਮੋਹਨ ਜੀ ਦੀ ਸਮਾਧੀ ਆਪੇ ਹੀ ਖੁਲ੍ਹ ਗਈ। ਅਤੇ ਓਸੇ ਵੇਲੇ ਉੱਠ ਕੇ ਬਾਰੀ 'ਚੋਂ ਤੱਕ ਕੇ ਕਰੜੇ ਬਚਨ ਆਖਣ ਲਗ ਪਏ ਕਿ ਪਿਤਾ ਜੀ ਨੂੰ ਮਾਰ ਕੇ, ਭਰਾਵਾਂ ਨੂੰ ਬਾਹਰ ਕੱਢਕੇ, ਆਪ ਗੱਦੀ ਸਾਂਭ ਬੈਠਾ ਹੈਂ, ਹੁਣ ਤੰਬੂਰਾ ਫੜ ਕੇ ਇਥੇ ਆ ਗਿਆ ਹੈਂ? ਇਸ ਤਰ੍ਹਾਂ ਦੇ ਬਚਨ ਸੁਣਕੇ ਗੁਰੂ ਜੀ ਨੇ ਕੋਈ ਗੁੱਸਾ ਨ ਕੀਤਾ, ਸਗੋਂ ਐਸੇ ਕਿਹਾ ਕਿ:–

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥ (ਪੰਨਾ ੨੪੮)

ਇਸ ਤਰ੍ਹਾਂ ਨਿੰਮ੍ਰਤਾ ਗੁਣ ਧਾਰਕੇ ਬਾਬਾ ਮੋਹਨ ਜੀ ਪਾਸੋਂ ਪੋਥੀਆਂ ਲੈ ਕੇ ਪਾਲਕੀ ਸਾਹਿਬ ਉੱਤੇ ਟਿਕਾ

ਕੇ ਸ੍ਰੀ ਅੰਮ੍ਰਿਤਸਰ ਲੈ ਆਏ। ਅਠਸਠ ਤੀਰਥ ਦੇ ਨਾਲ ਜਿੱਥੇ ਹੁਣ ਥੜਾ ਸਾਹਿਬ ਹੈ ਇਸ ਜਗ੍ਹਾਂ ਪੋਥੀਆਂ ਰੱਖਕੇ ਇਹ ਦੋ ਸ਼ਬਦ ਉਚਾਰਨ ਕੀਤੇ-

(੧) ***ਗਉੜੀ ਗੁਆਰੇਰੀ ਮਹਲਾ ੫॥***

ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥ ੧॥ ਰਹਾਉ॥
ਪੀਉ ਦਾਦੇ ਕਾ ਖੋਲਿ ਦੇਠਾ ਖਜਾਨਾ॥ ਤਾ ਮੇਰੇ ਮਨਿ ਭਇਆ ਨਿਧਾਨਾ॥ ੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥ ੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥ ੪॥ ੩੧॥

(ਪੰਨਾ ੧੮੫)

(੨) ***ਸਾਰੰਗ ਮਹਲਾ ੫॥***

ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥ *(ਪੰਨਾ ੧੨੨੬)*

ਅਤੇ ਸਾਰੀ ਰਾਤ ਕੀਰਤਨ ਦੀ ਧੁਨਿ ਹੁੰਦੀ ਰਹੀ। ਦਿਨ ਚੜ੍ਹਦਿਆਂ ਨਾਲ ਭਾਈ ਗੁਰਦਾਸ ਜੀ ਨੂੰ ਕਿਹਾ- ਹੁਣ ਕੋਈ ਅਜੇਹੀ ਜਗ੍ਹਾ ਵੇਖੋ ਜਿੱਥੇ ਬੈਠਿਆਂ ਚਿੱਤ ਪ੍ਰਸੰਨ ਰਹੇ, ਪਰ ਹੋਵੇ ਇਕਾਂਤ।

ਭਾਈ ਗੁਰਦਾਸ ਜੀ ਨੇ ਹੱਥ ਜੋੜਕੇ ਕਿਹਾ, ਗਰੀਬ ਨਿਵਾਜ਼ ਜੀਉ! ਜੇਹੜੀ ਥਾਂ ਆਪ ਜੀ ਨੂੰ ਭਾ ਜਾਵੇ ਓਹੀ ਚੰਗੀ ਹੈ। ਸੋ ਉਸੀ ਵੇਲੇ ਗੁਰੂ ਸਾਹਿਬ ਜੀ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਤੁਰ ਪਏ। ਜਿੱਥੇ ਹੁਣ ਰਾਮਸਰ ਸਾਹਿਬ ਗੁਰਦੁਆਰਾ ਹੈ, ਇਹ ਥਾਂ ਗੁਰੂ ਜੀ ਨੂੰ ਪਸੰਦ ਆਈ ਤੇ ਮੁਖ ਤੋਂ ਇਸ ਤਰ੍ਹਾਂ ਕਿਹਾ, ਹੇ ਭਾਈ ਜੀ! ਇਹ ਜਗ੍ਹਾ ਪੰਚਬਟੀ ਜੈਸੀ ਰਮਣੀਕ ਅਤੇ ਇਕਾਂਤ ਹੈ। ਇਸ ਜਗ੍ਹਾ ਬੈਠਕੇ ਵਿਚਾਰ ਕਰਨਾ ਹੈ। ਓਸੇ ਵੇਲੇ ਹੁਕਮ ਦੇ ਕੇ ਸੁੰਦਰ ਥੜਾ ਬਣਵਾਇਆ ਅ੍ਰ ਇਕ ਪਹਿਰ ਵਿਚ ਸਰੋਵਰ ਤਿਆਰ ਕੀਤਾ ਅਤੇ ਹੁਕਮ ਦਿੱਤਾ-

ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ॥ ੧॥ ਰਹਾਉ॥
ਨਿਰਮਲ ਉਦਕੁ ਗੋਵਿੰਦ ਕਾ ਨਾਮ॥ ਮਜਨੁ ਕਰਤ ਪੂਰਨ ਸਭਿ ਕਾਮ॥

(ਗਉੜੀ ਮਹਲਾ ੫, ਪੰਨਾ ੧੯੮)

ਇਕ ਤੰਬੂ ਆਪਣੇ ਲਈ ਦੂਜਾ ਤੰਬੂ ਭਾਈ ਗੁਰਦਾਸ ਜੀ ਦੇ ਵਾਸਤੇ ਲਗਵਾਇਆ। ਉਸ ਜਗ੍ਹਾ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਵਾਣਾ ਸ਼ੁਰੂ ਕਰ ਦਿੱਤਾ। ਪਹਿਲੇ ਸ੍ਰੀ ਜਪੁਜੀ ਸਾਹਿਬ, ਰਹਰਾਸਿ ਅਤੇ ਕੀਰਤਨ ਸੋਹਿਲੇ ਦਾ ਪਾਠ ਇਹ ਤਿੰਨ ਸੰਥਿਆ ਲਿਖਵਾ ਕੇ ਪੁਨਾ ਸਿਰੀਰਾਗੁ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਫੇਰ ਤੀਜੇ ਪਾਤਿਸ਼ਾਹ ਜੀ ਦੇ ਸ਼ਬਦ, ਪੁਨਾ ਚੌਥੇ ਪਾਤਸ਼ਾਹ ਜੀ ਦੇ ਸ਼ਬਦ ਲਿਖਵਾ ਕੇ ਫੇਰ ਆਪਣੇ ਸ਼ਬਦ ਲਿਖਵਾਏ।

ਏਸੇ ਤਰ੍ਹਾਂ ਅਸਟਪਦੀਆਂ ਤੇ ਸੰਤਾਂ ਦੀ ਰੀਤੀ ਵਰਨਣ ਕਰਕੇ ਵਾਰ ਲਿਖਵਾਈ। ਵਾਰ ਲਿਖਵਾ ਕੇ ਹਜ਼ੂਰ ਨੇ ਕਿਹਾ, ਭਾਈ ਸਾਹਿਬ ਜੀ, ਹੁਣ ਭਗਤ ਬਾਣੀ ਲਿਖੋ। ਭਾਈ ਗੁਰਦਾਸ ਜੀ ਨੇ ਕਿਹਾ, ਭਗਤ ਆਏ ਤਾਂ ਕੋਈ ਨਹੀਂ ਹਨ। ਹਜ਼ੂਰ ਨੇ ਕਿਹਾ, ਭਗਤ ਲੋਕ ਅੰਮ੍ਰਿਤ ਵੇਲੇ ਰੋਜ਼ ਆਉਂਦੇ ਹਨ ਅਤੇ ਆਪਣੇ ਸੁੰਦਰ ਸ਼ਬਦਾਂ ਵਿਚ

ਸਾਡੇ ਨਾਲ ਬਚਨ ਬਿਲਾਸ ਕਰ ਜਾਂਦੇ ਹਨ। ਜੇ ਤੁਸਾਂ ਦਰਸ਼ਨ ਕਰਨਾ ਹੈ ਤਾਂ ਕੱਲ੍ਹ ਦੋ ਘੜੀਆਂ ਪਹਿਲੇ ਆ ਜਾਣਾ।

ਦੂਜੇ ਦਿਨ ਭਾਈ ਸਾਹਿਬ ਜੀ ਦੋ ਘੜੀਆਂ ਪਹਿਲੇ ਆਏ ਤਾਂ ਬਾਹਰ ਖਲੋਕੇ ਸਾਰੇ ਭਗਤਾਂ ਦਾ ਦਰਸ਼ਨ ਕੀਤਾ ਅਤੇ ਉਨ੍ਹਾਂ ਦੇ ਬਚਨ ਭੀ ਸੁਣੇ। ਜਿਸ ਵੇਲੇ ਭਗਤ ਉੱਠ ਕੇ ਬਾਹਰ ਆਏ ਤਾਂ ਭਾਈ ਗੁਰਦਾਸ ਜੀ ਨੂੰ ਮਿਲਕੇ ਕੁਝਕੁ ਬਚਨ ਬਿਲਾਸ ਕਰਕੇ ਅਲੋਪ ਹੋ ਗਏ। ਭਾਈ ਗੁਰਦਾਸ ਜੀ ਅੰਦਰ ਗਏ ਤਾਂ ਹਜ਼ੂਰ ਨੇ ਪੁੱਛਿਆ ਕਿ ਭਾਈ ਸਾਹਿਬ ਜੀ! ਭਗਤਾਂ ਦੇ ਦਰਸ਼ਨ ਹੋਇ ਹਨ ਜਾਂ ਨਹੀਂ ? ਭਾਈ ਸਾਹਿਬ ਜੀ ਨੇ ਕਿਹਾ ਹਾਂ ਜੀ, ਆਪ ਜੀ ਦੀ ਕਿਰਪਾ ਨਾਲ ਭਗਤਾਂ ਦੇ ਦਰਸ਼ਨ ਹੋ ਗਏ ਹਨ। ਉਪਰੰਤ ਸਤਿਗੁਰਾਂ ਦੀ ਆਗਿਆ ਪਾ ਕੇ ਭਗਤ ਬਾਣੀ ਲਿਖਣ ਲਗ ਪਏ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਇਹ ਨਿਯਮ ਸੀ ਕਿ ਰੋਜ਼ ਹੀ ਪਿਛਲੇ ਪਹਿਰ ਦੀਵਾਨ ਵਿਚ ਆ ਕੇ ਸ਼ਸ਼ੋਭਿਤ ਹੁੰਦੇ ਸਨ। ਸਿੱਖਾਂ ਨੂੰ ਅੰਮ੍ਰਿਤ ਰੂਪ ਮਿੱਠੇ ਬਚਨਾਂ ਦੁਆਰੇ ਉਪਦੇਸ਼ ਦੇ ਕੇ ਨਿਹਾਲ ਕੀਤਾ ਕਰਦੇ ਸਨ।

ਜਦੋਂ ਲਾਹੌਰ ਸ਼ਹਿਰ ਦੇ ਰਹਿਣ ਵਾਲੇ ਪਰਉਪਕਾਰੀ ਸਿੱਖ ਭਾਈ ਲੱਧਾ ਜੀ ਸੱਤੇ ਬਲਵੰਡ ਰਬਾਬੀ ਦੀ ਭੁੱਲ ਬਖਸ਼ਾਕੇ ਲਾਹੌਰ ਵਾਪਸ ਪਹੁੰਚੇ ਤਾਂ ਇਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਬੜੀ ਉਸਤਤ ਉਚਾਰੀ। ਉਸਤਤ ਕਰਦਿਆਂ ਇਹ ਭੀ ਸਾਰਿਆਂ ਨੂੰ ਸੁਣਾਇਆ ਕਿ ਕਲਜੁਗੀ ਜੀਵਾਂ ਦੇ ਤਾਰਨ ਵਾਸਤੇ ਗੁਰੂ ਸਾਹਿਬ ਜੀ ਇਕ ਜਹਾਜ ਰਚ ਰਹੇ ਹਨ। ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਰਹੇ ਹਨ ਜਿਸ ਵਿਚ ਪੰਜੇ ਗੁਰਾਂ ਦੀ ਬਾਣੀ ਅਤੇ ਪੁਰਾਤਨ ਭਗਤਾਂ ਦੀ ਬਾਣੀ ਭੀ ਹੈ। ਓਸੇ ਸਮੇਂ ਲਾਹੌਰ ਨਿਵਾਸੀ ਕਾਨ੍ਹਾ ਆਦਿ ਭਗਤਾਂ ਨੇ ਭੀ ਇਹ ਗੱਲ ਸੁਣਕੇ ਆਪਸ ਵਿਚ ਬੈਠ ਕੇ ਸਲਾਹ ਕੀਤੀ ਕਿ ਅਸੀਂ ਭੀ ਜਾ ਕੇ ਬਾਣੀ ਸੁਣਾਈਏ ਜੋ ਅਸਾਡੀ ਬਾਣੀ ਭੀ ਓਸੇ ਬਾਣੀ ਦੇ ਨਾਲ ਲਿਖੀ ਜਾਵੇ। ਇਹ ਸਲਾਹ ਕਰਕੇ ਲਾਹੌਰ ਨਿਵਾਸੀ ਕਾਨ੍ਹਾ, ਪੀਲੋ, ਛਜੂ, ਸ਼ਾਹ ਹੁਸੈਨ, ਚਾਰੇ ਭਗਤ ਸ੍ਰੀ ਅੰਮ੍ਰਿਤਸਰ ਆ ਪਹੁੰਚੇ ਤੇ ਗੁਰੂ ਜੀ ਪਾਸ ਆ ਕੇ ਬੈਠ ਗਏ। ਕਾਨ੍ਹੇ ਨੇ ਬੜੇ ਗੁੱਸੇ ਵਿਚ ਆ ਕੇ ਕਿਹਾ ਕਿ ਆਪ ਜੀ ਨੇ ਪਿਛਲੇ ਭਗਤਾਂ ਨੂੰ ਬੁਲਾ ਕੇ ਉਨ੍ਹਾਂ ਦੀ ਬਾਣੀ ਆਪਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹਾਈ ਹੈ ਤੇ ਸਾਨੂੰ ਕਿਉਂ ਨਹੀਂ ਯਾਦ ਕੀਤਾ ਗਿਆ? ਆਪ ਸਾਡੀ ਬਾਣੀ ਵੀ ਚੜ੍ਹਾਓ।

ਸ਼ਾਂਤੀ ਦੇ ਪੁੰਜ ਸਤਿਗੁਰਾਂ ਨੇ ਕਿਹਾ, ਉਹ ਭਗਤ ਤਾਂ ਪ੍ਰਮਾਤਮਾ ਦੇ ਸੰਕਲਪ ਅਨੁਸਾਰ ਜੀਵਨ ਮੁਕਤ ਅਵਸਥਾ ਵਿਚ ਪ੍ਰਾਪਤ ਹੋਇ ਹੋਇ ਇਥੇ ਆ ਕੇ ਬਾਣੀ ਉਚਾਰਦੇ ਹਨ, ਜੋ ਬਾਣੀ ਇਥੇ ਲਿਖਣੀ ਮੁਨਾਸਬ ਸਮਝਦੇ ਹਾਂ ਸੋ ਲਿਖਾਈ ਜਾਂਦੇ ਹਾਂ। ਤੁਸੀਂ ਭੀ ਬਾਣੀ ਉਚਾਰੋ, ਜੇਕਰ ਇਸ ਗੁਰਬਾਣੀ ਦੇ ਅਨੁਸਾਰ ਹੋਵੇਗੀ ਤਾਂ ਲਿਖਵਾ ਦਿਆਂਗੇ।

ਸਭ ਤੋਂ ਪਹਿਲੇ ਕਾਨ੍ਹੇ ਭਗਤ ਨੇ ਹੇਠ ਲਿਖੀ ਬਾਣੀ ਉਚਾਰੀ-

ਓਹੀ ਰੇ ਮੈਂ ਓਹੀ ਰੇ॥ ਜਾਕੋ ਬੇਦ ਪਰਾਨ ਸਭ ਗਾਵਹਿ ਖੋਜਤ ਖੋਜ ਨ ਕੋਈ ਰੇ॥
ਜਾਕੋ ਨਾਰਦ ਸਾਰਦ ਸੇਵਹਿ ਸੇਵਹਿ ਦੇਵੀ ਦੇਵਾਰੇ॥
ਬ੍ਰਹਮਾ ਬਿਸ਼ਨ ਮਹੇਸ ਅਰਾਧਹਿ ਸਭ ਕਰਦੇ ਜਾਕੀ ਸੇਵਾ ਰੇ॥
ਕਹਿ ਕਾਨ੍ਹਾ ਅਸ ਮਮ ਸਰੂਪ ਹੈ ਅਪਰੰਪਰ ਪੁਰਖ ਅਭੇਵਾ ਰੇ॥

ਇਹ ਬਾਣੀ ਸੁਣ ਕੇ ਗੁਰੂ ਜੀ ਨੇ ਵਿਚਾਰਿਆ, ਜੇ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖ

ਦਿੱਤੀ ਤਾਂ ਕਲਜੁਗੀ ਜੀਵ ਨਿਉਣ ਬੁੱਧੀ ਵਾਲੇ ਇਸ ਬਾਣੀ ਨੂੰ ਪੜ੍ਹ ਸੁਣਕੇ ਹੰਕਾਰ ਸੰਯੁਕਤ ਹੋ ਜਾਣਗੇ, ਸਗੋਂ ਨਾਸਤਕਤਾ ਵੱਧ ਜਾਏਗੀ, ਕੋਈ ਭਜਨ ਸਿਮਰਨ ਨਹੀ ਕਰੇਗਾ ਅਤੇ ਵਿਸ਼ੇ ਵਿਕਾਰਾਂ ਵੱਲ ਦੌੜਕੇ ਲੱਗਣਗੇ। ਪਾਪ ਕਰਮ ਨੂੰ ਕੁਝ ਨਹੀਂ ਸਮਝਣਗੇ। ਬਸ ਓਹੀ ਓਹੀ ਸ਼ਬਦ ਨੂੰ ਉਚਾਰਨ ਕਰਦੇ ਹੋਏ ਕਹਿਣਗੇ ਮੈਂ ਬ੍ਰਹਮ ਹੂੰ। ਜਿਵੇਂ ਵਿਚਾਰ ਸਾਗਰ ਦੇ ਆਰੰਭ ਵਿਚ ਪੰਡਿਤ ਨਿਸਚਲ ਦਾਸ ਨੇ ਕਿਹਾ ਹੈ:-

ਜੋ ਸੁਖ ਨਿਤ ਪ੍ਰਕਾਸ਼ ਵਿਭੂ, ਨਾਮ ਰੂਪ ਅਧਾਰ॥
ਮਤ ਨ ਲਖੈ ਜਿਹ ਮਤ ਲਖੇ, ਸੋ ਮੈ ਸੁਧ ਅਪਾਰ॥
ਅਵਧ ਅਪਾਰ ਸਰੂਪ ਮਮ ਲਹਿਰੀ ਬਿਸ਼ਨ ਮਹੇਸ॥
ਵਿਧਿ ਰਵਿ ਚੰਦਾ ਵਰਨ ਯਮ, ਸ਼ਕਤਿ ਧਨੇਸ ਗਨੇਸ।

ਇਸ ਕਾਰਨ ਕਰਕੇ ਹੇ ਭਗਤ ਜੀ ! ਇਹ ਬਾਣੀ ਭਗਤੀ ਤੋਂ ਬਿਨਾਂ ਕੇਵਲ ਗਿਆਨ ਰੂਪ ਹੋਣ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਣੇ ਯੋਗ ਨਹੀਂ ਹੈ। ਕਿਉਂਕਿ-

ਬ੍ਰਹਮ ਗਿਆਨ ਅਰ ਘ੍ਰਿਤ ਸਮਾਨ।
ਕਫੀ ਹੰਕਾਰੀ ਖਾਇ ਗ੍ਰਹਿਣ ਕਰ, ਛਾਤੀ ਬੋਝ ਬਧਹਿ ਵਡ ਮਾਨ।
ਪਿਤੀ ਸਹਤ ਵਿਕਾਰੀ ਜੇ ਨਰ, ਵਿਸ਼ੇ ਲਗੇ ਅਤੀਸਾਰ ਮਹਾਨ।
ਪੁਸ਼ਟ ਹੋਣ ਗਤਿ ਪ੍ਰਾਪਤ ਹੋਇ ਨ, ਰੋਗੀ ਕਸ਼ਟ ਨਰਕ ਪਹਿਚਾਨ।
ਸੁਖ ਤੋ ਰਹਿਓ ਮਹਾ ਦੁਖ ਪਾਵਹਿ ਯਾਂਤੇ ਹਮਰੇ ਨਹੀਂ ਪ੍ਰਮਾਨ।
ਸੋ ਬ੍ਰਹਮ ਗਿਆਨ ਘ੍ਰਿਤ ਕੋ ਲੇਕਰ, ਮਿਸਰੀ ਭਗਤਿ ਮਿਲਾਵਨ ਠਾਨ।
ਸੁਖ ਦਾਯਕ ਸਭ ਨਰ ਕੌ ਜਾਨਹੁ, ਇਸ ਪ੍ਰਕਾਰ ਕਰ ਲੇ ਕਲਿਆਨ।

ਅਰਥ:- ਬ੍ਰਹਮ ਗਿਆਨ ਅਤੇ ਘਿਉ ਇਹ ਦੋਵੇਂ ਇਕ ਸਮਾਨ ਹਨ। ਜਿਵੇਂ ਕਫੀ=ਬਲਗਮ ਵਾਲਾ ਪੁਰਸ਼ ਘਿਉ ਨੂੰ ਖਾਵੇ ਤਾਂ ਉਸ ਦੀ ਛਾਤੀ ਉੱਪਰ ਬੋਝ ਹੋ ਜਾਂਦਾ ਹੈ। ਤਿਵੇਂ ਹੰਕਾਰੀ ਪੁਰਸ਼ ਜੇ ਬ੍ਰਹਮ ਗਿਆਨ ਕੋ ਉਚਾਰੇ ਤਾਂ ਉਸ ਨੂੰ ਬੜਾ ਮਾਨ ਵਧ ਜਾਂਦਾ ਹੈ।

ਦੂਜਾ ਦ੍ਰਿਸ਼ਟਾਂਤ ਹੋਰ ਸੁਣੋ:- ਜਿਵੇਂ ਪਿਤ ਵਾਲਾ ਪੁਰਸ਼ ਘਿਉ ਨੂੰ ਖਾਵੇ ਤਾਂ ਉਸ ਨੂੰ ਅਤੀਸਾਰ=ਦਸਤ ਲਗ ਜਾਂਦੇ ਹਨ। ਤਿਵੇਂ ਜੋ ਵਿਕਾਰੀ ਪੁਰਸ਼ ਬ੍ਰਹਮ ਗਿਆਨ ਨੂੰ ਉਚਾਰਦੇ ਹਨ ਕਿ ਮੈਂ ਬ੍ਰਹਮ ਹੂੰ ਉਸ ਨੂੰ ਵਿਸ਼ਿਆਂ ਰੂਪੀ ਦਸਤ ਲਗ ਜਾਂਦੇ ਹਨ।

ਤੀਜਾ ਦ੍ਰਿਸ਼ਟਾਂਤ ਹੋਰ ਸੁਣੋ:- ਜੀਵ ਰਿਸ਼ਟ ਪੁਸ਼ਟ ਹੋਣ ਵਾਸਤੇ ਘਿਉ ਨੂੰ ਖਾਂਦਾ ਹੈ ਪਰੰਤੂ ਰਿਸ਼ਟ ਪੁਸ਼ਟ ਹੁੰਦਾ ਨਹੀਂ ਹੈ, ਸਗੋਂ ਕੋਹੜ ਰੋਗ ਹੋ ਜਾਂਦਾ ਹੈ; ਤਿਵੇਂ ਇਸ ਪੁਰਸ਼ ਨੂੰ ਮੈਂ ਬ੍ਰਹਮ ਹੂੰ ਐਸੇ ਉਚਾਰਨ ਕਰਕੇ ਗਤਿ=ਮੁਕਤੀ ਪਰਾਪਤ ਹੁੰਦੀ ਨਹੀ, ਸਗੋਂ ਉਸਨੂੰ ਨਰਕਾਂ ਦੀ ਪਰਾਪਤੀ ਹੁੰਦੀ ਹੈ। ਸੁਖ ਪਰਾਪਤ ਹੋਣਾ ਤਾਂ ਕਿਧਰੇ ਰਿਹਾ ਸਗੋਂ ਬੜਾ ਭਾਰੀ ਦੁਖ ਪਾਂਵਦਾ ਹੈ। ਇਸ ਕਰਕੇ ਇਹ ਬਾਣੀ ਸਾਨੂੰ ਪਰਵਾਨ ਨਹੀਂ ਹੈ।

ਇਹ ਗੱਲ ਸੁਣਕੇ ਕਾਨ੍ਹਾ ਸੜ ਬਲ ਗਿਆ, ਕ੍ਰੋਧ ਸਹਿਤ ਹੋ ਕੇ ਆਖਣ ਲਗ ਪਿਆ ਕਿ ਮੇਰੀ ਨਿਰਾਦਰੀ ਕਰਨ ਦਾ ਫਲ ਤੁਸੀਂ ਪਾਓਗੇ। ਤੁਰਕਾਂ ਦੇ ਘਰ ਤੁਹਾਡਾ ਬਹੁਤ ਨਿਰਾਦਰ ਹੋਵੇਗਾ, ਤੁਹਾਨੂੰ ਬੜੀ ਭਾਰੀ ਸਜ਼ਾ ਮਿਲੇਗੀ, ਤੁਹਾਨੂੰ ਅਹਿਦੀਏ ਫੜਨ ਵਾਸਤੇ ਆਵਣਗੇ।

ਕਾਨ੍ਹੇ ਭਗਤ ਤੋਂ ਇਸ ਤਰ੍ਹਾਂ ਦੇ ਬਚਨ ਸੁਣਕੇ ਸਤਿਗੁਰਾਂ ਨੇ ਵਿਚਾਰਿਆ, ਜੇਕਰ ਇਸ ਦੇ ਕੀਤੇ ਹੋਇ ਹੰਕਾਰ ਦਾ ਫਲ ਇਸਨੂੰ ਨ ਦਿੱਤਾ, ਤਾਂ ਇਹ ਸਾਰਿਆਂ ਭਗਤਾਂ ਨੂੰ ਤੁੱਛ ਸਮਝੇਗਾ, ਇਹ ਵਿਚਾਰ ਕੇ ਸਤਿਗੁਰਾਂ

ਨੇ ਕਿਹਾ ਭਗਤ ਜੀ ! ਤੁਸੀਂ ਭੀ ਲਾਹੌਰ ਤੱਕ ਜਾਣਾ ਨਹੀਂ ਪਾਉਗੇ ਰਸਤੇ ਵਿਚ ਹੀ ਹਰੀ ਹਰ ਹੋ ਜਾਓਗੇ। ਤਾਂ ਕਾਨ੍ਹੇ ਭਗਤ ਨੇ ਕਿਹਾ, ਮੇਰੀ ਉਮਰਾਂ ਪੰਜ ਸੌ ਸਾਲ ਦੀ ਹੈ। ਫੇਰ ਮੈਂ ਜੋਗਾ ਅਭਿਆਸੀ ਹਾਂ, ਮੈਨੂੰ ਕਾਲ ਨਹੀਂ ਮਾਰ ਸਕਦਾ। ਫਿਰ ਗੁਰੂ ਜੀ ਨੇ ਕਿਹਾ-ਜਿਸ ਹੱਡਾਂ ਦੇ ਪਿੰਜਰੇ ਦਾ ਤੁਸੀਂ ਮਾਣ ਕਰਦੇ ਹੋ, ਇੰਸਨੇ ਬਿਲਕੁਲ ਨਹੀਂ ਰਹਿਣਾ ਇਸ ਦੀ ਆਸਾ ਛੱਡ ਦਿਓ।

ਫੇਰ ਗੁਰੂ ਜੀ ਨੇ ਪੀਲੋ ਭਗਤ ਨੂੰ ਕਿਹਾ ਤੂੰ ਬਾਣੀ ਉਚਾਰ।

ਪੀਲੋ ਵਾਚ:-

ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੋ ਮੁਏ। ਓਨ੍ਹਾਂ ਚਿਕੜ ਪਾਵ ਨ ਬੋੜਿਆ ਨ ਆਲੂਦ ਭਏ॥

ਗੁਰੂ ਜੀ ਨੇ ਆਖਿਆ ਇਹ ਬਾਣੀ ਵੀ ਪ੍ਰਮਾਨੀਕ ਨਹੀਂ ਹੈ। ਗੁਰੂ ਘਰ ਦਾ ਆਸ਼ਾ ਇਹ ਹੈ- ਪਾਇ ਜਨਮ ਨਰ ਲਾਭ ਲੇਯ, ਸ਼ੁਭ ਭਜਹਿ ਸਦਾ ਸਤਿਨਾਮੁ ਵਿਸ਼ੇਸ਼॥

ਮਾਨਹਿ ਹੁਕਮ ਖਸਮ ਕੋ ਨੀਕੋ, ਤਿਆਗਹਿ ਹਉਮੈ ਸਹਿਤ ਕਲੇਸ਼॥

ਪੁਨਾ ਗੁਰੂ ਜੀ ਨੇ ਛੱਜੂ ਭਗਤ ਨੂੰ ਕਿਹਾ ਤੂੰ ਬਾਣੀ ਉਚਾਰ।

ਛਜੂ ਵਾਚ :- ਕਾਗਦ ਸੰਦੀ ਪੁਤਲੀ, ਤਊ ਨ ਤ੍ਰਿਯਾ ਨਿਹਾਰ।

ਯੋਹੀ ਮਾਰ ਲਿਜਾਵਹੀ, ਜਥਾ ਬਿਲੋਚਨ ਧਾੜ।

ਗੁਰੂ ਜੀ ਨੇ ਆਖਿਆ ਇਹ ਬਾਣੀ ਵੀ ਪ੍ਰਮਾਨੀਕ ਨਹੀਂ ਹੈ। ਗੁਰੂ ਘਰ ਦਾ ਸਿਧਾਂਤ ਇਹ ਹੈ:-

ਗ੍ਰਹਸਤ ਬਿਨਾ ਨਹਿ ਅਪਰ ਜਤਨ ਅਬ ਬਨ ਮਹਿ ਛੁਧਤ ਰਹਿਓ ਨਹਿ ਜਾਇ।

ਨਗਰ ਨਿਕਟ ਜਬ ਰਹਿਣ ਲਗੈ ਇਹ ਨਰ ਨਾਰੀ ਮਿਲਹੈ ਸਮਦਾਇ।

ਮਿਲੇ ਬੀਚ ਮਨ ਨਹਿ ਵਿਕਾਰ ਹੋਇ ਅਸ ਵਿਰਲੋ ਜਗ ਮਹਿ ਕੋ ਆਇ।

ਕਿਮ ਨਹਿ ਤ੍ਰਿਜਕੋ ਪਿਖਹਿ ਤਿਆਗਿ ਕਰ ਯਾਂਤੇ ਗ੍ਰਹਸਤ ਵਿਖੇ ਪ੍ਰਭ ਪਾਇ।

ਭਾਈ ਗੁਰਦਾਸ ਜੀ ਨੇ ਭੀ ਇਸੇ ਉੱਪਰ ਕਥਨ ਕੀਤਾ ਹੈ ੩੭੬ ਕਬਿਤ ਦੇਖੋ:-

ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ ਬਡੋ, ਮੇਰੁ ਮੈ ਸੁਮੇਰੁ ਬਡੋ ਜਗਤ ਬਖਾਨ ਹੈ।

ਤਰਵਰ ਵਿਖੈ ਜੈਸੇ ਚੰਦਨ ਬਿਰਖ ਬਡੋ, ਧਾਤੁ ਮੈਂ ਕਨਿਕ ਅਤਿ ਉਤਮ ਕੈ ਮਾਨਿ ਹੈ।

ਪੰਛੀਅਨ ਮੈਂ ਹੰਸ ਮ੍ਰਿਗਰਾਜਨ ਮੋ ਸਾਰਦੂਲ, ਰਾਗਨਿ ਮਹਿ ਸਿਰੀਰਾਗ ਪਾਰਸ ਪਖਾਨ ਹੈ।

ਗਿਆਨਨ ਮੈਂ ਗਿਆਨ ਅਰੁ ਧਿਆਨਨ ਮੈਂ ਧਿਆਨ ਗੁਰ, ਸਕਲ ਧਰਮ ਮੈਂ ਗ੍ਰਹਸਤ ਪ੍ਰਧਾਨ ਹੈ।

ਪੁਨਾ-ਗੁਰੂ ਜੀ ਨੇ ਸ਼ਾਹ ਹੁਸੈਨ ਨੂੰ ਕਿਹਾ, ਤੂੰ ਬਾਣੀ ਉਚਾਰ।

ਸ਼ਾਹ ਹੁਸੈਨ ਵਾਚ:-

ਚੁਪ ਵੇ ਅੜਿਆ, ਚੁਪ ਵੇ ਅੜਿਆ, ਬੋਲਣ ਦੀ ਨਹੀਂ ਜਾਇ ਵੇ ਅੜਿਆ।

ਸਜਣਾ ਬੋਲਣ ਦੀ ਜਾਇ ਨਾਹੀਂ। ਅੰਦਰ ਬਾਹਰ ਇਕਾ ਸਾਈਂ।

ਕਿਸਨੂੰ ਆਖ ਸੁਣਾਈ। ਇਕੋ ਦਿਲਬਰ ਸਭ ਘਟ ਰਵਿਆ ਦੂਜੀ ਨਾਹਿ ਕਦਾਈ।

ਕਹੈ ਹੁਸੈਨ ਫਕੀਰ ਨਿਮਾਣਾ ਸਤਿਗੁਰ ਤੋਂ ਬਲ ਬਲ ਜਾਈਂ।

ਉਸ ਵੇਲੇ ਗੁਰੂ ਸਾਹਿਬ ਜੀ ਨੇ ਹੱਸ ਕੇ ਕਿਹਾ-

ਭਲਾ ਕਹਯੋ ਚੁਪ ਕਰਹੁ ਰਿਦੈ ਰਖ, ਰਹਹੁ ਅਬੋਲੇ ਸ਼ਾਹ ਹੁਸੈਨ।

ਚਾਰੇ ਭਗਤ ਨਿਰਾਸ ਹੋ ਕੇ ਲਾਹੌਰ ਨੂੰ ਤੁਰ ਪਏ। ਕਾਨ੍ਹਾ ਭਗਤ ਸਯੰਦਨ=ਰਥ ਉੱਤੇ ਚੜ੍ਹ ਕੇ ਪਦਮਾਸਨ ਲਗਾ ਕੇ ਦਸਮ ਦੁਆਰ ਵਿਚ ਪ੍ਰਾਨ ਚੜ੍ਹਾ ਕੇ ਬੈਠ ਗਿਆ। ਜਿਸ ਵੇਲੇ ਲਾਹੌਰ ਦੇ ਨਜ਼ਦੀਕ ਪਹੁੰਚੇ ਤਦ ਅਜੇਹੀ ਭਿਆਨਕ ਹਨੇਰੀ ਚਲੀ, ਜਿਸ ਨਾਲ ਅਨੇਕਾਂ ਬ੍ਰਿੱਛ ਉੱਖੜ ਕੇ ਡਿੱਗ ਪਏ ਅਤੇ ਮਿੱਟੀ ਘੱਟੇ ਤੇ ਰੋੜ ਕੰਕਰਾਂ ਨਾਲ ਅਕਾਸ਼ ਅੱਟਿਆ ਗਿਆ, ਸਭ ਮਨੁੱਖਾਂ ਅਤੇ ਪਸ਼ੂਆਂ ਦੀਆਂ ਅੱਖਾਂ ਮਿੱਟੀ ਨਾਲ ਭਰ ਗਈਆਂ, ਅੱਗੇ ਪਿੱਛੇ ਕੁਝ ਦਿਖਾਈ ਨ ਦੇਵੇ। ਤਦੋਂ ਕਾਨ੍ਹੇ ਭਗਤ ਦਾ ਰਥ ਉਲਟ ਗਿਆ। ਕਾਨ੍ਹਾ ਭਗਤ ਜੀ ਆਪ ਜ਼ਮੀਨ ਉੱਪਰ ਡਿੱਗ ਪਏ। ਰਥ ਦਾ ਪਹੀਆ ਉੱਪਰ ਦੀ ਲੰਘ ਗਿਆ ਭਗਤ ਜੀ ਦਾ ਸਿਰ ਪਾਟ ਗਿਆ, ਮਿੱਝ ਨਿਕਲ ਗਈ ਉਥੇ ਹੀ ਮਿਰਤੂ ਹੋ ਗਏ।

ਹੰਕਾਰ ਦੀ ਵਜ੍ਹਾ ਹੋਣ ਕਰਕੇ ਇਨ੍ਹਾਂ ਚੌਹਾਂ ਭਗਤਾਂ ਦੀ ਬਾਣੀ ਨਹੀਂ ਲਿਖੀ। ਇਨ੍ਹਾਂ ਨੂੰ ਆਪਣੇ ਤਪ ਤਿਆਗ ਦਾ ਮਾਣ ਸੀ। ਪਿਛਲੇ ਜੋ ਭਗਤ ਸਨ ਕਬੀਰ, ਨਾਮਦੇਵ, ਤ੍ਰਿਲੋਚਨ ਜੀ ਆਦਿ ਇਹ ਨਿਮ੍ਰਤਾ ਅਤੇ ਭਗਤੀ ਆਦਿ ਗੁਣਾਂ ਸੰਯੁਕਤ ਸਨ, ਇਸ ਕਰਕੇ ਹੁਣ ਉਨ੍ਹਾਂ ਭਗਤਾਂ ਦੀ ਬਾਣੀ ਗੁਰੂ ਸਾਹਿਬ ਜੀ ਕਥਨ ਕਰਦੇ ਹਨ।

(ਇਹ ਪ੍ਰਸੰਗ ਸੂਰਜ ਪ੍ਰਤਾਪ ਰਾਸ ੩, ਅੰਸੂ ੪, ਤੇ ੪੮ ਵਿਚ ਦੇਖੋ)

੧ਓ ਸਤਿਗੁਰ ਪ੍ਰਸਾਦਿ॥

ਪਹਿਲੇ ਇਤਨਾ ਮੰਗਲ ਨਿਰੂਪਣ ਕਰਕੇ ਹੁਣ ਕੀਰਤਨ ਕਰਨ ਵਾਲੇ ਰਾਗੀ ਜਨਾਂ ਨੂੰ ਹੁਕਮ ਦੇਂਦੇ ਹਨ।

ਸਿਰੀਰਾਗੁ ਕਬੀਰ ਜੀਉ ਕਾ॥ ਏਕੁ ਸੁਆਨੁ ਕੈ ਘਰਿ ਗਾਵਣਾ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਘਰ ਵਿਖੇ-

ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ॥

ਵਾਲਾ ਸ਼ਬਦ ਗਾਉਣਾ ਕੀਤਾ ਹੈ ਉਸੀ ਚੌਥੇ ਘਰ ਵਿਚ ਇਸ ਸ਼ਬਦ ਨੂੰ ਗਾਇਣ ਕਰਨਾ।

ਪੁਨਾ-ਏਕੁ ਸੁਆਨੁ=ਕੁੱਤੇ ਦੀ ਸੁਰ ਰੂਪੀ ਘਰ ਵਿਖੇ ਇਸ ਸ਼ਬਦ ਨੂੰ ਗਾਇਣ ਕਰਨਾ।

ਕਈ ਸੱਜਣ ਜਨ ਇਸ ਅਰਥ ਦਾ ਨਿਖੇਧ ਕਰਦੇ ਹਨ, ਪਰ ਪਿਛਲੇ ਵਡੇ ਵਡੇ ਪੁਰਾਤਨ ਰਾਗੀਆਂ ਪਾਸੋਂ ਪੁੱਛਿਆ ਗਿਆ ਹੈ ਉਹ ਇਹੀ ਗੱਲ ਕਹਿੰਦੇ ਹਨ ਜਦ ਤੱਕ ਕੁੱਤੇ ਵਾਂਗੂੰ ਸੁਰ ਨ ਅਲਾਪੀ ਜਾਵੇ ਤਦ ਤੱਕ ਪੂਰਾ ਪੂਰਾ ਸਿਰੀਰਾਗੁ ਦਾ ਉਚਾਰਨ ਨਹੀਂ ਹੋ ਸਕਦਾ।

ਅਥਵਾ- ਇਸ ਸ਼ਬਦ ਨੂੰ ਸੁ=ਸਿਰੀ ਰਾਗੁ ਦੀ ਆਨੁ=ਅਲਾਪ ਚਾਰੀ ਵਿਚ ਗਾਇਣ ਕਰਨਾ।

ਪੁਨਾ ਸੁਆਨ=ਕੁੱਤੇ ਦਾ ਸੁਆਮੀ ਜੋ ਭੈਰਉ ਹੈ, ਉਸ ਭੈਰਉ ਰਾਗ ਵਿਚ ਇਸ ਸ਼ਬਦ ਨੂੰ ਗਾਇਣ ਕਰਨਾ। ਕਿਉਂਕਿ ਦਾਸ ਦੀ ਤੇ ਸੁਆਮੀ ਦੀ ਅਭੇਦਤਾ ਹੁੰਦੀ ਹੈ ਇਸ ਲਈ ਭੈਰਉ ਰਾਗ ਵਿਚ ਗਾਇਣ ਕਰਨਾ ਕਿਹਾ ਹੈ।

*ਅਥਵਾ-*ਸੁ=ਆਪਣੇ ਆਪ ਨੂੰ ਸਤਸੰਗ ਰੂਪੀ ਘਰ ਵਿਚ ਆਨੁ=ਲਿਆਕੇ ਅਰਥਾਤ ਰੱਬ ਦੇ ਪਿਆਰ

ਵਾਲਿਆਂ ਵਿਚ ਬੈਠ ਕੇ ਇਸ ਸ਼ਬਦ ਨੂੰ ਗਾਇਣ ਕਰਨਾ। ਕਿਉਂਕਿ ਸਤਸੰਗ ਵਿਚ ਬਹੁਤ ਮਹਾਤਮ ਕਥਨ ਕੀਤਾ ਹੈ। ਉਪਰੰਤ ਇਹ ਭੀ ਗੱਲ ਯਾਦ ਰੱਖਣੀ ਕਿ ਸਤਸੰਗ ਵਿਚ ਬੈਠਕੇ ਮਨ ਨੂੰ ਬਾਹਰ ਨ ਜਾਣ ਦੇਵੇ ਮਨ ਨੂੰ ਆਪਣੇ ਅਧੀਨ ਰੱਖੇ। ਤਾਂਤੇ ਸੁ=ਇਕ ਪ੍ਰਮਾਤਮਾ ਨੂੰ ਆਪਣੇ ਰਿਦੇ ਰੂਪ ਘਰ ਵਿਚ ਲਿਆਕੇ ਗਾਇਣ ਕਰਨਾ ਤਾਂ ਤੁਹਾਨੂੰ ਐਸਾ ਫਲ ਪਰਾਪਤ ਹੋਵੇਗਾ ਕਿ ਸੁ=ਜੋ ਬੇਦ ਪ੍ਰਤਿਪਾਦ ਅਥਵਾ ਮਾਤਾ ਦੇ ਉਦਰ ਵਿਚ ਰੱਖਿਆ ਕਰਨ ਵਾਲਾ ਪ੍ਰਮਾਤਮਾ ਹੈ ਉਹ ਤੁਹਾਡੇ ਅੰਤਹਕਰਨ ਰੂਪੀ ਘਰ ਵਿਚ ਆਕੇ ਪਰਾਪਤ ਹੋਵੇਗਾ। ਇਤਨੇ ਅੱਖਰਾਂ ਵਿਚ ਰਾਗੀਆਂ ਨੂੰ ਉਪਦੇਸ਼ ਦੇਕੇ ਹੁਣ ਸਮੁਚੇ ਕਥਨ ਕਰਦੇ ਹਨ:-

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ

ਉਥਾਨਕਾ:- ਏਕ ਸਮੇਂ ਕਬੀਰ ਜੀ ਆਪਣੇ ਨਾਲ ਜਗਿਆਸੂਆਂ ਨੂੰ ਲੈ ਕੇ ਸੈਰ ਕਰਨ ਵਾਸਤੇ ਬਾਹਰ ਜਾ ਰਹੇ ਸਨ, ਕੀ ਵੇਖਿਆ ਜੋ ਇਕ ਮਾਈ ਦਹੀਂ ਨੂੰ ਮਥ ਰਹੀ ਹੈ, ਉਸਦਾ ਜੋ ਪਿਆਰਾ ਛੋਟਾ ਬੱਚਾ ਹੈ ਉਹ ਦਹੀਂ ਮਥਣੇ ਲਹੀਂ ਦੇਂਦਾ। ਉਸ ਵੇਲੇ ਮਾਈ ਨੇ ਉਸ ਬੱਚੇ ਨੂੰ ਗੋਂਦ ਦੀ ਖੇਡ ਵਿਚ ਲਗਾ ਦਿੱਤਾ। ਮਾਂ ਕੋਠੇ ਉੱਪਰ ਆਪਣਾ ਕਾਰਜ ਸਿੱਧ ਕਰਨ ਲਈ ਖਿਦੂ ਨੂੰ ਸੁਟਦੀ ਹੈ ਤੇ ਬੱਚਾ ਚੁੱਕਕੇ ਲਿਆਉਂਦਾ ਹੈ। ਇਸਤਰ੍ਹਾਂ ਕਰਦਿਆਂ ਕਰਦਿਆਂ ਬੱਚਾ ਉਸ ਖਿਦੂ ਨੂੰ ਛੇਤੀ ਛੇਤੀ ਲਿਆਉਣ ਲਗ ਪਿਆ, ਜਿਸ ਵੇਲੇ ਮਾਂ ਨੇ ਵਿਚਾਰਿਆ ਕਿ ਇਹ ਹੁਣ ਖਿਦੂ ਨੂੰ ਛੇਤੀ ਲੈ ਆਉਂਦਾ ਹੈ, ਤਿਸ ਵੇਲੇ ਜ਼ੋਰ ਨਾਲ ਸੁਟਿਆ, ਤਾਂ ਉਹ ਖਿਦੂ ਕੋਠੇ ਤੋਂ ਥੱਲੇ ਜਾ ਪਿਆ। ਤਿਸ ਵੇਲੇ ਨਿੱਕਾ ਬੱਚਾ ਭੀ ਉਸ ਖਿਦੂ ਦੇ ਮਗਰ ਕੋਠਿਓਂ ਡਿਗ ਕੇ ਮਿਰਤੂ ਹੋ ਗਿਆ। ਉਸੀ ਵੇਲੇ ਰੋਣੇ ਪਿੱਟਣੇ ਪੈ ਗਏ।

ਜਦ ਕਬੀਰ ਸਾਹਿਬ ਜੀ ਬਾਹਰੋਂ ਸੈਰ ਕਰਕੇ ਆਏ ਤਦ ਰੋਣਾ ਸੁਣਕੇ ਕਬੀਰ ਜੀ ਪਾਸੋਂ ਜਗਿਆਸੂਆਂ ਨੇ ਪੁੱਛਿਆ ਹੇ ਪ੍ਰਭੂ! ਇਹ ਕੀ ਕਾਰਨ ਹੈ? ਪਹਿਲੇ ਜਦ ਇਥੋਂ ਲੰਘੇ ਸੀ ਤਦ ਖੂਬ ਖੁਸ਼ੀਆਂ ਹੋ ਰਹੀਆਂ ਸਨ ਹੁਣ ਰੋਣੇ ਪਿੱਟਣੇ ਪੈ ਰਹੇ ਹਨ। ਇਤਨੀ ਗੱਲ ਸੁਣਕੇ ਕਬੀਰ ਸਾਹਿਬ ਜੀ ਕਥਨ ਕਰਦੇ ਹਨ। ਅੰਨਵੇਂ ਅੱਖਰ:-

ਐਸਾ ਤੈਂ ਜਗੁ ਭਰਮਿ ਲਾਇਆ॥

(ਤੈਂ) ਤਿਸ ਪ੍ਰਮਾਤਮਾ ਨੇ ਜਗਤ ਨੂੰ ਵਾ ਹਿਸ ਜਗੁ=ਜੀਵ ਨੂੰ ਅਜੇਹੇ ਭਰਮ ਵਿਚ ਲਗਾ ਦਿੱਤਾ ਹੈ।

ਕੈਸੇ ਬੂਝੈ ਜਬ ਮੋਹਿਆ ਹੈ ਮਾਇਆ॥ ੧॥ ਰਹਾਉ॥

ਜਦ ਤਿਸਦੀ ਮਾਇਆ ਨੇ ਹੀ ਮੋਹਨਾ ਕੀਤਾ ਹੋਇਆ ਹੈ ਅਰਥਾਤ ਗਯਾਨ ਤੋਂ ਹੀਨ ਕਰ ਰੱਖਿਆ ਹੈ ਤਾਂ ਇਹ ਜੀਵ ਕਿਸ ਪਰਕਾਰ ਨਾਲ ਉਸ ਪ੍ਰਮਾਤਮਾ ਨੂੰ ਬੁੱਝਣਾ ਕਰੇ। ਹੁਣ ਘਟਣ ਵਿਚ ਵਧਣ ਦਾ ਭਰਮ ਨਿਰੂਪਣ ਕਰਦੇ ਹਨ॥ ੧॥ ਰਹਾਉ॥

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ

ਮਾਂ ਮੋਹ ਵਿਚ ਫਸੀ ਹੋਈ ਜਾਣਦੀ ਹੈ ਕਿ ਮੇਰਾ ਪੁੱਤਰ ਵਡਾ ਹੁੰਦਾ ਜਾਂਦਾ ਹੈ।

ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥

ਪਰੰਤੁ ਇਤਨਾ ਕੁ=ਇਤਨਾ ਨਹੀਂ ਜਾਣਦੀ ਜੋ ਦਿਨ ਦਿਨ ਦੀ ਸੰਗਿਆ ਕਰਕੇ ਮੇਰੇ ਪੁੱਤਰ ਦੀ

ਅਵਧ=ਆਯੁ (ਉਮਰਾ) ਘਟਦੀ ਜਾਂਦੀ ਹੈ।*

ਮੋਰ ਮੋਰ ਕਰਿ ਅਧਿਕ ਲਾਡੁ ਧਰਿ

ਮੋਹ ਵਿਚ ਫਸੀ ਹੋਈ ਮਾਂ ਬੜੇ ਲਾਡ=ਪ੍ਰੇਮ ਨੂੰ ਧਾਰ ਕੇ ਐਸੇ ਕਹਿੰਦੀ ਹੈ ਇਹ ਮੇਰਾ ਢੋਲਨ ਹੈ, ਇਹ ਮੇਰਾ ਕਾਹਨ ਹੈ, ਇਹ ਮੇਰਾ ਚੰਦ ਹੈ, ਇਹ ਮੇਰਾ ਅੱਖੀਆਂ ਦਾ ਤਾਰਾ ਹੈ। ਵਾ ਅਧਿਕ ਪ੍ਰੇਮ ਧਾਰ ਕੇ ਮਾਤਾ ਮੁੜ ਮੁੜ ਕੇ ਖਿਦੂ ਸੁੱਟਦੀ ਹੈ ਅਤੇ ਬੱਚਾ ਅਧਿਕ ਪ੍ਰੇਮ ਧਾਰ ਕੇ ਮੁੜ ਮੁੜ ਕੇ ਚੁੱਕ ਲਿਆਉਂਦਾ ਹੈ। ਅਥਵਾ ਅਧਿਕ ਪ੍ਰੇਮ ਧਾਰ ਕੇ ਮਾਂ ਕਹਿੰਦੀ ਹੈ ਇਹ ਮੇਰਾ ਪੁੱਤਰ ਹੈ ਤੇ ਜਮ ਆਖਦਾ ਹੈ ਇਹ ਮੇਰਾ ਭੱਖ ਹੈ।

ਪੇਖਤ ਹੀ ਜਮਰਾਉ ਹਸੈ ॥ ੧ ॥

ਜਮ ਰਾਜਾ ਵੇਖ ਕੇ ਹੱਸਦਾ ਹੈ ਕਿ ਮਾਤਾ ਮੇਰੇ ਭੋਜਨ ਦਾ ਕੈਸੇ ਸਤਿਕਾਰ ਕਰ ਰਹੀ ਹੈ॥ ੧ ॥

ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ ੧ ॥ ਰਹਾਉ ॥

ਇਨ੍ਹਾਂ ਰਹਾਉ ਦੀਆਂ ਤੁਕਾਂ ਦੇ ਅਰਥ ਪਹਿਲੇ ਹੋ ਚੁੱਕੇ ਹਨ।

ਪੂਰਬ ਭਰਮ ਦਾ ਸਰੂਪ ਨਿਰੂਪਨ ਕਰਕੇ ਹੁਣ ਜੀਵਾਂ ਦੀ ਮੁਕਤੀ ਲਈ ਵਿਸ਼ਿਆਂ ਦੇ ਤਿਆਗ ਦਾ ਉਪਦੇਸ਼ ਕਰਦੇ ਹਨ:-

ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥

ਕਬੀਰ ਜੀ ਆਖਦੇ ਹਨ-ਹੇ ਪੁਰਖ਼ਾ ! ਤੂੰ ਸ਼ਬਦ ਸਪਰਸ਼ ਆਦਿਕ ਵਿਸ਼ਿਆਂ ਦੇ ਰਸ=ਆਨੰਦ ਨੂੰ ਤਿਆਗ ਦੇਹ। ਇਨ੍ਹਾਂ ਵਿਸ਼ਿਆਂ ਦੀ ਸੰਗਤ ਕਰਨੇ ਕਰਕੇ ਮ੍ਰਿਗ, ਮੀਨ, ਕੁੰਚਰ ਆਦਿਕਾਂ ਦੀ ਤਰ੍ਹਾਂ ਤੇਰਾ ਨਿਸਚੇ ਕਰਕੇ ਨਿਸਫਲ ਹੀ ਮਰਨਾ ਹੋਵੇਗਾ।

ਯਥਾ:- ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥ *(ਆਸਾ ਰਵਿਦਾਸ, ਪੰਨਾ ੪੮੬)*

ਤਥਾ- ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥ ਮਿਰਗੁ ਮਰੈ ਸਹਿ ਅਪੁਨਾ ਕੀਨਾ ॥
(ਗਉੜੀ ਮਹਲਾ ੧, ਪੰਨਾ ੨੨੫)

ਪੁਨਾ-ਬੇਨਤੀ ਕੀਤੀ ਸਫਲ ਜੀਵਣਾ ਕਿਸ ਪ੍ਰਕਾਰ ਨਾਲ ਹੁੰਦਾ ਹੈ? *ਉੱਤਰ-*

ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ

ਸਫਲ ਜੀਵਣੇ ਦੀ ਬਾਣੀ ਅਨਤ=ਹੋਰ ਹੀ ਹੈ ਕਿਹੜੀ, ਕਿ ਹੇ ਪ੍ਰਾਣੀਓ ! ਜਿਹੜਾ ਰਮਈਏ ਦਾ ਜਪਣਾ ਹੈ। *ਯਥਾ-* ਮੰਤ੍ਰੰ ਰਾਮ ਰਾਮ ਨਾਮ ॥

ਪੁਨਾ-ਬੇਨਤੀ ਕੀਤੀ-ਹੇ ਪ੍ਰਭੂ ! ਇਹ ਤਾਂ ਅਸਾਂ ਨੇ ਠੀਕ ਨਿਸਚੇ ਕੀਤਾ ਹੈ ਕਿ ਰਾਮ ਦੇ ਜਪਣ ਨਾਲ

**ਦੂਜਾ ਭਾਵ ਇਹ ਭੀ ਹੈ ਕਿ ਸਤਿਜੁਗ ਦੇ ਜੀਵਾਂ ਦੀ ਆਰਜਾ ਲੱਖ ਬਰਸ ਦੀ ਸੀ। ਤ੍ਰੇਤੇ ਦੇ ਜੀਵਾਂ ਦੀ ਅਵਸਥਾ ਦਸ ਹਜ਼ਾਰ ਬਰਸਾਂ ਦੀ ਸੀ। ਦੁਆਪਰੁ ਦੇ ਜੀਵਾਂ ਦੀ ਆਯੁ ਇੱਕ ਹਜ਼ਾਰ ਦੀ ਸੀ। ਹੁਣ ਕਲਜੁਗ ਦੇ ਜੀਵਾਂ ਦੀ ਉਮਰਾ ਸੌ ਬਰਸ ਦੀ ਹੈ। ਪਰੰਤੂ ਸੌ ਵਰ੍ਹੇ ਤੱਕ ਭੀ ਕੋਈ ਕੋਈ ਹੀ ਪਹੁੰਚਦਾ ਹੈ।*

ਸਫਲ ਜੀਵਣਾ ਹੁੰਦਾ ਹੈ ਪਰੰਤੂ ਰਾਮ ਦਾ ਨਾਮ ਥੋੜ੍ਹਾ ਕਾਲ ਜਿਵਾਣੇ ਵਾਲਾ ਹੋਵੇਗਾ।

ਉੱਤਰ- ਹੇ ਪ੍ਰਾਣੀਓ ! ਤੁਸੀਂ ਰਮਈਏ ਨੂੰ ਜਪਨਾ ਕਰੋ, ਇਹ ਰਮਈਏ ਦੀ ਨਾਮਾ ਰੂਪ ਬਾਣੀ ਅਨਤ= ਬਿਅੰਤ ਸਮੇਂ ਤੱਕ ਜੀਵਾਣ ਵਾਲੀ ਹੈ। *ਯਥਾ-*ਕਾਗ ਭਸੁੰਡ, ਲੋਮਸ ਰਿਖੀ, ਮਾਰਕੰਡਾ ਇਤਿਆਦਿਕ ਸਭ ਚਿਰੰਜੀਵੀ ਹੋਇ ਹਨ।

ਪੁਨਾ-ਅਰਜ਼ ਕੀਤੀ ਹੇ ਪ੍ਰਭੂ ! ਫਿਰ ਥੋੜ੍ਹੇ ਪੁਰਸ਼ਾਂ ਨੂੰ ਜੀਵਾਣੇ ਵਾਲੀ ਹੋਵੇਗੀ?

*ਉੱਤਰ-*ਹੇ ਪ੍ਰਾਣੀਓ ! ਤੁਸੀਂ ਰਮਈਆ ਨੂੰ ਜਪਣਾ ਕਰੋ ਇਹ ਰਮਈਆ ਦੇ ਨਾਮਾਂ ਰੂਪੀ ਬਾਣੀ ਅਨਤ=ਬਿਅੰਤ ਹੀ ਪੁਰਸ਼ਾਂ ਦੇ ਜੀਵਾਉਣ ਵਾਲੀ ਹੈ।

ਪੁਨਾ-ਬੇਨਤੀ ਕੀਤੀ ਹੈ ਪ੍ਰਭੂ ! ਜਪਦਿਆਂ ਜਪਦਿਆਂ ਜਿਹਵਾ ਘਸ ਗਈ ਹੈ, ਥੱਕ ਪਏ ਹਾਂ, ਪਰੰਤੂ ਬਣਿਆਂ ਕੁਛ ਭੀ ਨਹੀਂ ਹੈ।

*ਉੱਤਰ-*ਹੇ ਪ੍ਰਾਣੀਓ ! ਚਿੱਤ ਦੀ ਬ੍ਰਿਤੀ ਨੂੰ ਇਕਾਗਰ ਕਰਕੇ ਤੇ ਅਨ=ਦ੍ਵੈਤ ਭਾ ਨੂੰ ਤਜੀਵਣ=ਤਿਆਗ ਕੇ ਰਾਮ ਨਾਮ ਨੂੰ ਜਪਣਾ ਕਰੋ। ਕੌਣ ਕਹਿੰਦਾ ਹੈ?

ਬੇਦ ਬਾਣੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਸ ਗੱਲ ਨੂੰ ਕਹਿੰਦੀ ਹੈ।

ਪੁਨਾ-ਬੇਨਤੀ ਕੀਤੀ, ਰਾਮ ਨਾਮ ਤੋਂ ਇਲਾਵਾ ਹੋਰ ਕਿਸੀ ਭੂਤ ਪ੍ਰੇਤ ਜਾਂ ਦੇਵੀ ਦੇਵਤਿਆਂ ਦੀ ਜਾਂ ਕਿਸੇ ਕਵੀਸ਼ਰ ਰਚਿਤ ਬਾਣੀ ਨੂੰ ਪੜ੍ਹੀਏ ਜਾਂ ਨਾ?

*ਉੱਤਰ-*ਅਨ=ਹੋਰ ਬਾਣੀਆਂ ਨੂੰ ਤਜੀਵਣ=ਤਿਆਗ ਕੇ ਹੇ ਪ੍ਰਾਣੀਓ ! ਰਮਈਏ ਨੂੰ ਜਪਣਾ ਕਰੋ। ਕਿਉਂਕਿ ਹੋਰ ਦੇਵੀ ਦੇਵਤੇ ਕੋਈ ਸਹਾਇਕ ਨਹੀਂ ਬਣਦੇ। ਹੁਣ ਕਲਜੁਗ ਵਿਚ ਪਹਿਰਾ ਕੇਵਲ ਅਕਾਲ ਪੁਰਖ ਦਾ ਹੈ। *ਯਥਾ-*ਕਲਗੀਧਰ ਜੀ ਨੇ ਬਚਿੱਤ੍ਰ ਨਾਟਕ ਦੇ ੯੭ ਸ੍ਵੈਯੇ ਵਿਚ ਲਿਖਿਆ ਹੈ-

ਕ੍ਰਿਸਨ ਅਉ ਬਿਸ਼ਨ ਜਪੇ ਤੁਹਿ ਕੋਟਿਕ ਰਾਮ ਰਹੀਮ ਭਲੀ ਬਿਧ ਧਜਾਯੋ॥
ਬ੍ਰਹਮ ਜਪਿਓ ਅਰੁ ਸੰਭ ਥਪਿਓ ਤਿਹ ਤੇ ਤੁਹਿ ਕੋ ਕਿਨਹੂੰ ਨ ਬਚਾਯੋ॥
ਕੋਟ ਕਰੀ ਤਪਸਾ ਦਿਨ ਕੋਟਿਕ ਕਾਹੂ ਨ ਕੋਡੀ ਕੋ ਕਾਮ ਕਢਾਯੋ॥
ਕਾਮਕੁ ਮੰਤ੍ਰ ਕੀਸਰੇ ਕੇ ਕਾਮ ਨ ਕਾਲ ਕੋ ਘਾਓ ਕਿਨਹੂੰ ਨ ਬਚਾਯੋ॥ ੯੭॥

ਪੁਨਾ-ਬੇਨਤੀ ਕੀਤੀ ਰਮਈਏ ਤੋਂ ਬਿਨਾਂ ਜੀਵਣਾ ਨਿਸਫਲ ਹੈ ਜਾਂ ਸਫਲਾ ਹੈ ?

*ਉੱਤਰ-*ਹੇ ਪ੍ਰਾਣੀਓ ! ਰਮਈਏ ਨੂੰ ਤੁਸੀਂ ਜਪਣਾ ਕਰੋ ਉਸ ਦੇ ਜਪੇ ਤੋਂ ਬਿਨਾਂ ਅਨਤ=ਹੋਰ ਜਿਹੜਾ ਜੀਵਣਾ ਹੈ ਇਹ ਬਾਣੀ=ਕਹਿਣੇ ਮਾਤ੍ਰ ਹੈ ਅਰਥਾਤ ਨਿਸਫਲ ਹੈ।

ਪੁਨਾ-ਬੇਨਤੀ ਕੀਤੀ, ਇਸ ਰਮਈਏ ਦੇ ਨਾਮ ਜਪਣੇ ਦੀ ਵਾਰਤਾ ਨੂੰ ਆਪ ਹੀ ਆਖਦੇ ਹੋ ਜਾਂ ਹੋਰ ਕੋਈ ਭੀ ਸਾਥ ਦੇਂਦਾ ਹੈ।

*ਉੱਤਰ-*ਹੇ ਪ੍ਰਾਣੀਓ ! ਅਨਤ=ਸ਼ੇਸ਼ਨਾਗ ਜੀ ਜੀਵਣ=ਕਾਗ ਭਸੁੰਡ, ਬਾਣੀ=ਸਰੁਸਤੀ ਇਹ ਸਾਰੇ ਕਥਨ ਕਰਦੇ ਹਨ ਕਿ ਰਮਈਏ ਨੂੰ ਜਪਣ ਕਰੋ।

ਪੁਨਾ-ਬੇਨਤੀ ਕੀਤੀ ਰਮਈਏ ਨੂੰ ਜਪਕੇ ਕੋਈ ਮੁਰਾਤਬੇ ਨੂੰ ਭੀ ਪਹੁੰਚਿਆ ਹੈ ਜਾਂ ਨਹੀਂ?

*ਉੱਤਰ-*ਹੇ ਪ੍ਰਾਣੀਓ ! ਤੁਸੀਂ ਰਮਈਏ ਨੂੰ ਜਪਣਾ ਕਰੋ, ਕਿਉਂਕਿ ਰਮਈਏ ਦੇ ਨਾਮਾਂ ਨੂੰ ਜਪ ਕੇ

ਅਨਤ=ਸ਼ੇਸ਼ਨਾਗ ਇਸ ਮੁਰਾਤਬੇ ਨੂੰ ਪਹੁੰਚਿਆ ਹੈ। ਯਥਾ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ:-

ਜਾਨਤ ਹੈ ਮਹਿਮਾ [1]ਅਹਿਸੇਖ, ਸੁ ਨਾਮਹਿ ਕੀ ਪਰਤਾਪ ਵਡਾਈ॥
ਸੈਲਨ ਕਾਨਨ ਸੋ ਧਰਨੀ [2]ਪਰਸੂਨਹਿ ਜਿਉਂ ਜਿਨ ਸੀਸ ਉਠਾਈ॥

ਪੁਨਾ-ਜੀਵਣ=ਕਾਗ ਭਸੁੰਡ ਰਾਮ ਨਾਮ ਨੂੰ ਜਪਕੇ ਸਰਬ ਪੰਛੀਆਂ ਵਿਚ ਮੁਖੀ ਅਤੇ ਚਿਰੰਜੀਵੀ ਹੋਇਆ ਹੈ, ਜਿਸ ਨੇ ਕਥਨ ਕੀਤਾ ਹੈ, ਮੇਰੇ ਦੇਖਦਿਆਂ ਦੇਖਦਿਆਂ ਬਾਰਾਂ ਰਾਮ ਅਵਤਾਰ ਹੋਇ ਹਨ ਤੇ ਸੋਲਾਂ ਕ੍ਰਿਸ਼ਨ ਅਵਤਾਰ ਹੋਇ ਹਨ।

ਪੁਨਾ-ਬਾਣੀ=ਸਰੁਸਤੀ ਰਾਮ ਨਾਮ ਨੂੰ ਜਪ ਕੇ ਇਸ ਮੁਰਾਤਬੇ ਨੂੰ ਪਹੁੰਚੀ ਹੈ ਕਿ ਸਭ ਗ੍ਰੰਥਾਂ ਦੇ ਆਦਿ ਸਰੁਸਤੀ ਦਾ ਮੰਗਲ ਕਥਨ ਕੀਤਾ ਜਾਂਦਾ ਹੈ, ਔਰ ਜਿਸ ਦਾ ਰੰਗ ਬੜਾ ਉੱਜਲ ਹੋਇਆ ਹੈ। ਯਥਾ ਨਾਨਕ ਪ੍ਰਕਾਸ਼ ਦੇ ਪਹਿਲੇ ਧਿਆ ਵਿਚ ਲਿਖਿਆ ਹੈ:-

[3]ਬਾਨੀ ਛਬਿ ਬਨੀ ਅੰਗਿ, ਸ਼ੇਖ ਤਨ ਸੰਗ ਰੰਗ, ਰੰਗ ਕੇ ਤਰੰਗ, ਸੁ [4]ਪਤੰਗ ਕੋ [5]ਕਿਕਾਨ ਹੈ॥
[6]ਲੋਬੰਦਰਿ ਰਦਨ ਕੀਨੋ, ਧਨੁਖ [7]ਮਦਨ ਚੀਨੋ, [8]ਸ੍ਰੀਆ ਕੋ ਸਦਨ, [9]ਉਹੰਬਦਨ ਕੋ ਜਾਨ ਹੈ।
ਕਰੁਨਾ ਨਿਧਾਨ ਸ੍ਰਿਗ, ਜੋਨ ਕੀਨੀ ਜਾਨਮ੍ਰਿਗ, ਭਸਮ ਸੁ [10]ਤੀਨ ਦ੍ਰਿਗ, ਸੁਧਾ ਸੁਰਪਾਨ ਹੈ॥
ਮਨ ਕੀਨੋ ਮੁਨੀ, ਸਤੋ ਗੁਨ ਚੀਨ ਲੀਨੋ ਗੁਨੀ, ਨਾਮ ਕੇ ਸੁਜਸ ਤੇ ਏ ਸਭੈ ਸੋਭਾਵਾਨ ਹੈ॥ ੪੮॥

ਪੁਨਾ-ਬੇਨਤੀ ਕੀਤੀ ਹੇ ਪ੍ਰਭੋ ! ਜਿਸ ਪ੍ਰਮਾਤਮਾ ਦਾ ਨਾਮ ਜਪਣਾ ਆਪ ਕਥਨ ਕਰਦੇ ਹੋ ਉਹ ਵਾਹਿਗੁਰੂ ਕੈਸਾ ਹੈ?

ਉੱਤਰ-ਰਮਈਆ=ਸਰਬ ਵਿਖੇ ਰਮਿਆ ਹੋਇਆ ਹੈ। ਜਪਹੁ=ਸਾਰਿਆਂ ਕਰਕੇ ਜਪਣੇ ਯੋਗ ਹੈ। ਪ੍ਰਾਣੀ=ਸ੍ਵਾਸਾਂ ਦਾ ਦਾਤਾ ਹੈ ਅਥਵਾ ਪਛਾਨਣੇ ਯੋਗ ਹੈ। ਅਨਤ=ਬਿਅੰਤ ਗੁਣ ਸਪੰਨ ਹੈ, ਜੀਵਨ ਰੂਪ ਹੈ ਕਦੀ ਭੀ ਮਰਦਾ ਨਹੀਂ। ਕਉਣ ਕਹਿੰਦਾ ਹੈ?

ਉੱਤਰ-ਗੁਰਬਾਣੀ ਇਸ ਗੱਲ ਨੂੰ ਕਹਿੰਦੀ ਹੈ-

ਯਥਾ:- ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਿਤ ਨਾਰਾਇਣ॥ ੧॥ ਰਹਾਉ॥
ਤਥਾ:- ਜਨਮਿ ਨ ਮਰੈ ਨ ਆਵੈ ਨ ਜਾਇ॥ ਨਾਨਕ ਕਾ ਪ੍ਰਭੁ ਰਹਿਓ ਸਮਾਇ॥ ੪॥ ੧॥

(ਭੈਰਉ ਮਹਲਾ ੫. ਪੰਨਾ ੧੧੩੬)

(ਸਾਰੇ ਨੌਂ ਅਰਥ ਹਨ)

ਇਨ ਬਿਧਿ ਭਵ ਸਾਗਰੁ ਤਰਣਾ॥ ੨॥

ਇਸ ਪਰਕਾਰ ਦੀ ਰੀਤੀ ਕਰਨ ਨਾਲ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੨॥

ਜਾਂ ਤਿਸੁ ਭਾਵੈ ਤਾ ਲਾਗੈ ਭਾਉ॥

ਜਾਂ ਤਿਸ ਵਾਹਿਗੁਰੂ ਨੂੰ ਭਾਵੈ=ਚਾਹਵੇ ਜਾਂ ਭਾਣਾ ਮੰਨੇ ਵਾ ਇਹ ਭਾ ਜਾਵੇ ਅਰਥਾਤ ਚੰਗਾ ਲਗੇ ਤਾਂ ਅੰਤਹਕਰਨ ਵਿਚ ਪ੍ਰੇਮ ਆ ਕੇ ਲਗਦਾ ਹੈ।

---

੧ ਸ਼ੇਸ਼ਨਾਗ। ੨ ਫੁੱਲ। ੩ ਸਰੁਸਤੀ। ੪ ਸੂਰਜ ਦਾ। ੫ ਘੋੜਾ। ੬ ਗਨੇਸ਼। ੭ ਕਾਮਦੇਵ। ੮ ਲਛਿਮੀ। ੯ ਬ੍ਰਹਮਾ। ੧੦ ਸ਼ਿਵ।

ਭਰਮੁ ਭੁਲਾਵਾ ਵਿਉਹ ਜਾਇ॥

ਤਿਸ ਪ੍ਰੇਮ ਦੁਆਰਾ ਹਿਰਦੇ 'ਚੋਂ ਭਰਮ ਦਾ ਭੁਲੇਖਾ ਚਲਿਆ ਜਾਂਦਾ ਹੈ।

ਉਪਜੈ ਸਹਜੁ ਗਿਆਨ ਮਤਿ ਜਾਗੈ॥

ਸਹਜੁ=ਪ੍ਰੌਖ ਗਿਆਨ ਵਾ ਸਤੋਗੁਣ ਵਾ ਵੈਰਾਗ ਉਤਪੰਨ ਹੁੰਦਾ ਹੈ ਤੇ ਬੁੱਧੀ ਵਿਚ ਅਪਰੋਖ ਗਿਆਨ ਜਾਗਦਾ ਹੈ।

ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥ ੩॥

ਸਤਿਗੁਰਾਂ ਦੀ ਕਿਰਪਾ ਕਰਕੇ ਅੰਤਰਿ=ਅੰਦਰ ਜੋ ਪ੍ਰਮਾਤਮਾ ਹੈ ਤਿਸ ਵਿਚ ਲਿਵ ਲਗ ਜਾਂਦੀ ਹੈ॥ ੩॥

ਇਤੁ ਸੰਗਤਿ ਨਾਹੀ ਮਰਣਾ॥

ਇਸ ਪਰਕਾਰ ਦੀ ਸੰਗਤ ਕਰਨ ਨਾਲ ਨਿਸਫਲ ਮਰਨਾ ਨਹੀਂ ਹੁੰਦਾ।

ਹੁਕਮੁ ਪਛਾਣਿ ਤਾ ਖਸਮੈ ਮਿਲਣਾ॥ ੧॥ ਰਹਾਉ ਦੂਜਾ॥

ਰਾਜ਼ੀ ਬਾਜ਼ੀ ਹੋ ਕੇ ਪ੍ਰਮਾਤਮਾ ਦੇ ਹੁਕਮ ਨੂੰ ਪਛਾਣੇ ਤਾਂ ਖਸਮ ਨਾਲ ਮਿਲਣਾ ਹੁੰਦਾ ਹੈ॥ ੧॥ ਰਹਾਉ ਦੂਜਾ॥

ਇਨ੍ਹਾਂ ਛੇ ਤੁਕਾਂ ਦਾ ਅਰਥ ਅੰਨਵੇਂ ਕਰਕੇ ਭੀ ਲਗਾਂਵਦੇ ਹਨ।

[੧] ਜਾਂ ਤਿਸੁ ਭਾਵੈ ਤਾ ਲਾਗੈ ਭਾਉ॥

[੬] ਭਰਮੁ ਭੁਲਾਵਾ ਵਿਉਹ ਜਾਇ॥

[੫] ਉਪਜੈ ਸਹਜੁ ਗਿਆਨ ਮਤਿ ਜਾਗੈ॥

[੨] ਗੁਰ ਪ੍ਰਸਾਦਿ

[੪] ਅੰਤਰਿ ਲਿਵ ਲਾਗੈ॥ ੩॥

[੮] ਇਤੁ ਸੰਗਤਿ ਨਾਹੀ ਮਰਣਾ॥

[੩] ਹੁਕਮੁ ਪਛਾਣਿ

[੭] ਤਾ ਖਸਮੈ ਮਿਲਣਾ॥ ੧॥

ਅਰਥ:- ਜਾਂ ਉਸ ਪਰਮੇਸ਼ਰ ਨੂੰ ਭਾ ਜਾਵੇ, ਤਾਂ ਇਸ ਜੀਵ ਦਾ ਗੁਰਾਂ ਵਿਚ ਭਾਉ=ਪ੍ਰੇਮ ਲੱਗਦਾ ਹੈ। ਜਿਸ ਵੇਲੇ ਗੁਰਾਂ ਦੀ ਪ੍ਰਸਾਦਿ=ਅਨੁਗ੍ਰਹ ਹੋਵੇ ਤਾਂ ਪਰਮੇਸ਼ਰ ਦੇ ਹੁਕਮ ਪਛਾਨਣੇ ਅੰਦਰ ਲਿਵ ਲਗਦੀ ਹੈ। ਜਾਂ ਲਿਵ ਲਗੀ ਤਾਂ ਉਪਜੈ ਸਹਜੁ=ਸਤੋ ਗੁਣ ਵਾ ਵੈਰਾਗ ਉਤਪੰਨ ਹੁੰਦਾ ਹੈ।

ਵੈਰਾਗ ਨਾਲ ਫਿਰ ਮਤੀ ਵਿਚ ਅਪ੍ਰੋਖ ਗਿਆਨ ਜਾਗਦਾ ਹੈ।

ਅਪ੍ਰੋਖ ਗਿਆਨ ਦੀ ਪ੍ਰਾਪਤੀ ਹੋਣ ਨਾਲ ਭਰਮ ਦਾ ਭੁਲੇਖਾ ਹਿਰਦੇ 'ਚੋਂ ਦੂਰ ਹੋ ਜਾਂਦਾ ਹੈ।

ਜਿਵੇਂ ਮੰਦਰ ਵਿਚ ਦੀਪਕ ਜਗਨੇ ਸੇ ਹਨੇਰਾ ਦੂਰ ਹੋ ਜਾਂਦਾ ਹੈ।

ਜਾਂ ਭਰਮ ਦੂਰ ਹੋਇਆ ਤਾਂ ਖਸਮੈ ਮਿਲਣਾ=ਤਾਂ ਫਿਰ ਪ੍ਰਮਾਤਮਾ ਨਾਲ ਮਿਲਾਪ ਹੋਇਆ। ਇਸ ਪ੍ਰਕਾਰ ਬ੍ਰਹਮ ਦੀ ਸੰਗਤ ਕਰਨ ਨਾਲ ਫਿਰ ਇਸ ਦਾ ਜਨਮ ਮਰਨ ਨਹੀਂ ਹੁੰਦਾ।

ਸਿਰੀਰਾਗੁ ਤ੍ਰਿਲੋਚਨ ਕਾ ॥

ਉਥਾਨਕਾ:- ਤ੍ਰਿਲੋਚਨ ਭਗਤ ਜੀ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ ਹੇ ਪ੍ਰਭੂ ! ਇਸ ਮਨੁੱਖ ਨੂੰ ਬ੍ਰਿਧ ਅਵਸਥਾ ਅਤੇ ਮਰਨ ਦਾ ਖੌਫ ਕਿਉਂ ਭੁੱਲ ਗਿਆ ਹੈ? *ਉੱਤਰ-*

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ ॥

ਇਸ ਪ੍ਰਾਣੀ=ਪੁਰਸ਼ ਦੇ ਮਨ ਵਿਚ ਮਾਇਆ ਦਾ ਮੋਹ ਆਗਲੜਾ=ਬਹੁਤਾ ਹੈ ਵਾ ਅਨਾਦੀ ਕਾਲ ਦਾ ਹੈ, ਵਾ ਆ ਕੇ ਆਗਲੜਾ=ਸਨਮੁਖ ਹੋ ਰਿਹਾ ਹੈ, ਇਸ ਕਰਕੇ ਇਸ ਪੁਰਸ਼ ਨੂੰ ਜਰਾ=ਬ੍ਰਿੱਧ ਅਵਸਥਾ ਦਾ ਅਤੇ ਮਰਨ ਦਾ ਖੌਫ ਭੁੱਲ ਗਿਆ ਹੈ। (ਆਗਲੜਾ ਦੇ ਤਿੰਨ ਅਰਥ ਸੰਪ੍ਰਦਾਈ ਹਨ। ਹੋਰ ਅਰਥ ਹੇਠ ਵੇਖੋ)*

ਅਥਵਾ: ਮਰ ਕਰ ਕੇ ਚਿਖਾ ਉੱਪਰ ਜਾਂ ਨਰਕ ਅਗਨੀ ਵਿਚ ਜਰਾ=ਸੜਨ ਦਾ ਖੌਫ ਭੁੱਲ ਗਿਆ ਹੈ।

ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ

ਆਪਣੇ ਇਸਤ੍ਰੀ ਪੁੱਤਰ ਆਦਿਕ ਕੁਟੰਬ ਨੂੰ ਦੇਖ ਕੇ ਇਹ ਜੀਵ ਐਸੇ ਬਿਗਸਹਿ=ਅਨੰਦ ਹੁੰਦਾ ਹੈ ਜਿਉ=ਜਿਸ ਪ੍ਰਕਾਰ ਕਮਲਾ=ਲਛਮੀ ਆਪਣੇ ਪਤੀ ਵਿਸ਼ਨੂੰ ਮਹਾਰਾਜ ਜੀ ਨੂੰ ਵੇਖ ਕੇ ਅਨੰਦ ਹੁੰਦੀ ਹੈ। *ਅਥਵਾ-*ਜਿਸ ਪ੍ਰਕਾਰ ਕਮਲਾ=ਕਵਲ ਫੁੱਲ ਸੂਰਜ ਨੂੰ ਦੇਖ ਕੇ ਖਿੜ ਜਾਂਦਾ ਹੈ, ਐਸੇ ਇਹ ਪੁਰਸ਼ ਆਪਣੇ ਪ੍ਰਵਾਰ ਨੂੰ ਦੇਖ ਕੇ ਅਨੰਦ ਹੁੰਦਾ ਹੈ। *ਅਥਵਾ:-* ਕਮਲਾ=ਸੁਦਾਈ ਜਿਵੇਂ ਆਪਣੇ ਪ੍ਰਛਾਵੇਂ ਨੂੰ ਵੇਖ ਕੇ ਹਸਦਾ ਹੈ, ਐਸੇ ਇਹ ਪੁਰਸ਼ ਆਪਣੇ ਸਬੰਧੀਆਂ ਨੂੰ ਵੇਖਕੇ ਖੁਸ਼ ਹੁੰਦਾ ਹੈ।

ਪਰ ਘਰਿ ਜੋਹਹਿ ਕਪਟ ਨਰਾ ॥ ੧ ॥

ਇਹ ਕਪਟ=ਛਲ ਵਾਲਾ ਪੁਰਸ਼ ਕਾਮ ਦੇਵ ਦੇ ਵਸੀਕਾਰ=ਹੋਇਆ ਹੋਇਆ 'ਪਰ ਘਰਿ'=ਦੂਸਰੀਆਂ ਔਰਤਾਂ ਵੱਲ ਬੁਰੀ ਦ੍ਰਿਸ਼ਟੀ ਕਰਕੇ ਦੇਖਦਾ ਹੈ।

*ਅਥਵਾ-*ਲੋਭ ਦੇ ਵਸੀਕਾਰ ਹੋਇਆ ਹੋਇਆ ਪਰਾਏ ਘਰਾਂ ਦੇ ਮਾਲ ਚੁਰਾਵਣੇ ਦੀ ਤਰਫ ਦੇਖਣਾ ਕਰਦਾ ਹੈ। *ਅਥਵਾ-*ਆਪਣਾ ਜੋ ਸਰੂਪ ਰੂਪੀ ਘਰ ਹੈ ਤਿਸਨੂੰ ਤਿਆਗ ਕੇ 'ਪਰ ਘਰਿ'=ਜੋ ਦੇਵੀ ਦੇਵਤੇ ਹਨ ਭੂਤ ਪ੍ਰੇਤ ਤਿਨ੍ਹਾਂ ਦੀ ਤਰਫ ਦੇਖਦਾ ਹੈ ਭਾਵ ਉਨ੍ਹਾਂ ਦੀ ਉਪਾਸ਼ਨਾ ਕਰਦਾ ਹੈ। ਇਸ ਕਰਕੇ ਇਸਨੂੰ ਮਰਨ ਦਾ ਖੌਫ ਭੁੱਲ ਗਿਆ ਹੈ॥ ੧ ॥

ਦੂੜਾ ਆਇਓਹਿ ਜਮਹਿ ਤਣਾ ॥

ਹੇ ਪੁਰਸ਼ਾ ! ਸਮਾਂ ਪਾ ਕੇ ਜਮ ਜੋ ਤਣਾ=ਬਲ ਵਾਲਾ ਹੈ ਉਸ ਦੇ ਦੂੜਾ=ਦੂਤ ਜਨ ਤੈਨੂੰ ਫੜਨ ਵਾਸਤੇ

**ਆਗਲੜਾ=ਮਾਇਆ ਦਾ ਮੋਹ ਆ ਕੇ ਸੱਪ ਦੀ ਨਿਆਈਂ ਲੜਦਾ ਹੈ। ਵਾ:- ਦਗਧ ਕਰਨੇ ਨੂੰ। ਆਗਲੜਾ=ਅੱਗ ਦੇ ਲੜਾ=ਲੰਬੂ ਵੱਤ ਹੈ, ਵਾ:- ਗਲ ਗਲ ਤੱਕ ਆ ਰਿਹਾ ਹੈ। ਵਾ ਮਾਇਆ ਦਾ ਮੋਹ ਆ ਕੇ ਇਸ ਪੁਰਸ਼ ਨੂੰ ਗਲੜਾ=ਗਾਲੀ ਜਾਂਦਾ ਹੈ। ਮਾਇਆ ਦਾ ਮੋਹ ਗਲੜ ਰੋਗ ਦੀ ਨਿਆਈਂ ਆ ਕੇ ਚੰਮੜਿਆ ਹੋਇਆ ਹੈ। ਇਸ ਕਰਕੇ ਇਸਨੂੰ ਬ੍ਰਿੱਧ ਅਵਸਥਾ ਦਾ ਅਤੇ ਮਰਨੇ ਦਾ ਖੌਫ ਭੁੱਲ ਗਿਆ ਹੈ।*

ਵਾ ਜਰਾ=ਰੰਚਕ ਭਰ ਵੀ ਇਸ ਨੂੰ ਮਰਨ ਦਾ ਖੌਫ ਨਹੀਂ ਰਿਹਾ। ਸਾਰੇ ਅੱਠ ਅਰਥ ਹਨ।

ਆਉਣਗੇ।

ਤਿਨ ਆਗਲੜੈ ਮੈ ਰਹਣੁ ਨ ਜਾਇ॥

ਫਿਰ ਤਿਨ੍ਹਾਂ ਦੇ ਆਗਲੜੈ=ਅਗਰ ਭਾਗ ਮੈ=ਵਿਚ ਤੇਰੇ ਪਾਸੋਂ ਰਿਹਾ ਨਹੀਂ ਜਾਣਾ ਅਰਥਾਤ ਬਲ ਨਾਲ ਤੈਨੂੰ ਨਰਕਾਂ ਵਿਚ ਲੈ ਜਾਣਗੇ।

ਅਥਵਾ-ਜਮ ਜੋ ਤਣਾ=ਬਲ ਵਾਲਾ ਹੈ ਉਸ ਦਾ ਦੂੜਾ=ਸੰਦੇਸਾ ਤੈਨੂੰ ਆ ਕੇ ਪ੍ਰਾਪਤ ਹੋਇਆ ਹੈ, ਜਿਹੜਾ ਕੰਨਾਂ ਪਾਸ ਚਿੱਟਾ ਵਾਲ ਆਇਆ ਹੈ।

ਅਥਵਾ-ਜਮ ਦਾ ਜਿਨ੍ਹਾਂ ਰੋਗਾਂ ਵਿਚ ਹਿਤਣਾ=ਪ੍ਰੇਮ ਹੈ ਤੇ ਰੋਗਾਂ ਦਾ ਜਮ ਵਿਚ ਪ੍ਰੇਮ ਹੈ, ਉਹ ਜਦ ਦੂੜਾ=ਦੌੜਿਆ ਆਇਆ, ਤਦ ਤਿਨ੍ਹਾਂ ਦੇ ਅਗਰਭਾਗ ਵਿਚ ਰਿਹਾ ਨਹੀਂ ਜਾਵੇਗਾ।

ਵਾ ਜਮਾਂ ਨੇ ਜਿਸ ਵੇਲੇ ਤਣਾ=ਖਿੱਚਿਆ ਵਾ ਤਣਾ ਆਦਿਕ ਸ਼ਸਤ੍ਰ ਮਾਰੇ ਤਦ ਚਉਰਾਸੀ ਲੱਖ ਜੂਨੀਆਂ ਦੇ ਭੋਗਣੇ ਰੂਪੀ ਦੂੜਾ=ਫੇਰੇ ਵਿਚ ਆਵੇਗਾ। ਕਿਉਂਕਿ ਇਹ ਨਿਯਮ ਹੈ ਤਿਨ੍ਹਾਂ ਦੇ ਆਗਲੜੈ=ਅੱਗੇ, ਮੈ=ਹੰਗਤਾ ਮਮਤਾ ਵਿਸ਼ਿਸ਼ਟ ਜੋ ਜੀਵ ਹੈ ਤਿਸ ਦੇ ਪਾਸੋਂ ਰਿਹਾ ਨਹੀਂ ਜਾਂਦਾ ਤੇ ਥਰ ਥਰ ਕਰਕੇ ਕੰਬਦਾ ਹੈ।

ਅਥਵਾ:-

ਦੂੜਾ ਆਇਓਹਿ ਜਮਹਿ ਤਣਾ॥

ਜਮ ਜੋ ਤਣਾ=ਬਲ ਵਾਲਾ ਹੈ ਉਸ ਦਾ ਜਦ ਦੂੜਾ=ਪੇੜਾ ਆਵੇਗਾ, ਤਾਂ ਤਿਨਾਂ ਦੇ ਅਗਰਭਾਗ ਵਿਚ ਤੇਰੇ ਪਾਸੋਂ ਰਿਹਾ ਨਹੀਂ ਜਾਣਾ।

ਨੋਟ-ਇਕ ਧਾੜ ਹੁੰਦੀ ਹੈ ਇਕ ਪੇੜਾ ਹੁੰਦਾ ਹੈ। ਧਾੜ ਤਾਂ ਬਹੁਤਿਆਂ ਪੁਰਸ਼ਾਂ ਦੀ ਹੁੰਦੀ ਹੈ, ਤੇ ਪੇੜਾ ਚਹੁੰ ਪੁਰਸ਼ਾਂ ਦਾ ਹੁੰਦਾ ਹੈ, ਇਸ ਤਰਫ ਚਾਰ ਪੁਰਸ਼ ਇਹ ਹਨ।

੧. ਅਜਰਾਈਲ, ੨. ਅਸਰਾਫੀਲ, ੩. ਜਬਰਾਈਲ, ੪. ਮੈਕਾਈਲ।

ਅਥਵਾ:-ਜਮ ਦਾ ਤਣਾ=ਪੁੱਤਰ ਜੋ ਤਪਦਿਕ ਰੋਗ ਹੈ ਉਹ ਜਿਸ ਵੇਲੇ ਤੇਰੇ ਪਾਸ ਆਵੇਗਾ ਫਿਰ ਤਿਸ ਦੇ ਅਗਰਭਾਗ ਵਿਖੇ ਰਿਹਾ ਨਹੀਂ ਜਾਣਾ।

ਕੋਈ ਕੋਈ ਸਾਜਣੁ ਆਇ ਕਹੈ॥
ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥

ਲੱਖਾਂ 'ਚੋਂ ਕੋਈ ਕੋਈ ਸੱਜਣ ਹਨ ਜੋ ਐਸੇ ਆ ਕੇ ਕਹਿੰਦੇ ਹਨ ਕਿ ਹੇ ਬੀਠੁਲਾ=ਪ੍ਰਮਾਤਮਾ ਤੂੰ ਮੈਨੂੰ ਆ ਕੇ ਮਿਲ। ਵਾ ਐਸਾ ਕੋਈ ਸੱਜਣ ਹੈ ਜਿਹੜਾ ਐਸੇ ਕੋਈ ਆ ਕੇ ਕਹੇ ਕਿ ਹੇ ਬੀਠੁਲਾ=ਪ੍ਰਮਾਤਮਾ ! ਤੂੰ ਮੈਨੂੰ ਮਿਲ, ਮੈਂ ਰੁੜ੍ਹਿਆ ਜਾ ਰਿਹਾ ਹਾਂ ਆਪ ਬਹੁੜੀਂ ਭਾਵ ਮੇਰੇ ਪਾਸ ਪਹੁੰਚ ਕੇ ਮੈਨੂੰ ਵਲਾਇ=ਨਿਕਾਲ ਲਓ।

ਅਥਵਾ:-ਜਿਸ ਵੇਲੇ ਵਾਹਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਕੋਈ ਪੂਰਨ ਗੁਰੂ ਆ ਕੇ ਮਿਲਣ ਤੇ ਉਹ ਆਪਣੀ ਰਸਨਾਂ ਦੁਆਰੇ ਕੋਈ ਸ਼ੁਭ ਉਪਦੇਸ਼ ਬਤਾਵਨ ਤਿਸ ਵੇਲੇ ਉਸ ਉਪਦੇਸ਼ ਨਾਲ ਪ੍ਰਮੇਸ਼ਰ ਅੱਗੇ ਐਸੀ ਪ੍ਰਾਰਥਨਾ ਕਰੇ ਹੇ +ਬੀਠੁਲਾ=ਅਕਾਲ ਪੁਰਖ ! ਆਪ ਮੈਨੂੰ ਮਿਲਣਾ ਕਰੋ, ਕਿਉਂਕਿ ਇਸ ਸੰਸਾਰ ਸਮੁੰਦਰ ਦੇ

+ਬੀ=ਉਤਪਤੀ ਠ=ਠਹਿਰਾਵਨਾ, ਲ=ਲੈਤਾ ਜੋ ਇਨ੍ਹਾਂ ਤਿੰਨਾਂ ਦੇ ਕਰਨ ਵਾਲਾ ਹੋਵੇ ਸੋ ਕਹੀਏ ਬੀਠੁਲ। ਵਾ ਜਿਸਨੇ ਪੁੱਡਰੀਕ ਭਗਤ ਦੇ ਪਾਸੋਂ ਬੀਠੁਲ=ਇੱਟ ਦਾ ਆਸਨ ਲੀਤਾ ਹੋਵੇ ਸੋ ਕਹੀਏ ਬੀਠਲ। ਪੂਰਬ ਵੱਲ ਇੱਟ ਨੂੰ ਹੀ ਬੀਠਲ ਆਖਦੇ ਹਨ।

ਵਿਚ ਮੈਂ ਬਾਹੜੀ=ਰੁੜ੍ਹਿਆ ਜਾਂਦਾ ਹਾਂ ਆਪ ਪ੍ਰੀਤੀ ਰੂਪ ਬਾਹੜੀ=ਜੱਫੀ ਪਾ ਕੇ ਵਲਾਇ=ਨਿਕਾਲ ਲੈਣਾ ਕਰੋ।

ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥ ੧ ॥ ਰਹਾਉ ॥

ਹੇ ਸਰਬ ਵਿਚ ਰਮੇ ਹੋਏ ਅਕਾਲ ਪੁਰਖ ਆਪ ਮੈਨੂੰ ਮਿਲਕੇ ਇਸ ਸੰਸਾਰ ਤੋਂ ਛੁਡਾ ਲੈਣਾ ਕਰੋ॥ ੧ ॥ ਰਹਾਉ ॥

ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ
ਸੰਸਾਰ ਸਾਗਰ ਪੈ ਅਮਰੁ ਭਇਆ ॥

ਪੁਨਾ-ਪ੍ਰਮਾਤਮਾ ਦੇ ਸਨਮੁਖ ਕਰਨੇ ਵਾਸਤੇ ਉਪਾਲੰਬ ਸੇ ਉਪਦੇਸ਼ ਕਰਦੇ ਹਨ। ਹੇ ਪੁਰਸ਼ਾ ! ਜੈਸੇ ਅਨੇਕਾਂ ਹੀ ਪ੍ਰਾਣੀ ਅਨੇਕਾਂ ਹੀ ਰਾਜ=ਬੜੇ ਬੜੇ ਭੋਗਾਂ ਵਿਚ ਲਗਕੇ ਪ੍ਰਮਾਤਮਾ ਨੂੰ ਭੁੱਲ ਗਏ ਹਨ ਉਨ੍ਹਾਂ ਵਾਂਗੂੰ ਤੂੰ ਭੀ ਸੰਸਾਰ ਦੇ ਪਦਾਰਥਾਂ ਵਿਚ ਪੈ ਕੇ, ਮੁਖ ਸੇ ਐਸੇ ਕਹਿੰਦਾ ਹੈਂ ਕਿ ਮੈਂ ਸੰਸਾਰ ਸਮੁੰਦਰ ਵਿਚ ਅਮਰ ਹੋ ਗਿਆ ਹਾਂ।

ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ ॥ ੨ ॥

ਹੇ ਆਲਸੀਆ=ਦਲਿਦਰੀ ਪੁਰਸ਼ਾ ! ਤੂੰ ਮਾਇਆ ਨਾਲ ਠਗਿਆ ਹੋਇਆ ਪ੍ਰਮਾਤਮਾ ਨੂੰ ਚੇਤਦਾ ਨਹੀਂ ਹੈਂ ਇਸ ਕਰਕੇ ਤੈਂਨੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਹੀ ਗਵਾ ਦਿੱਤਾ ਹੈ॥ ੨ ॥

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ

ਹੇ ਪ੍ਰਾਣੀ ! ਜਿਸ ਜਮ ਰਸਤੇ ਵਿਚ ਤੈਂਨੇ ਚਲਣਾ ਹੈ ਉਹ ਪ੍ਰਲੋਕ ਦਾ ਰਸਤਾ ਬੜਾ ਬਿਖਮ=ਕਠਨ, ਅਤੇ ਘੋਰ=ਭਿਆਨਕ ਹੈ।

ਯਥਾ:- ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ॥

(ਵਡਹੰਸ ਮ: ੩, ਪੰਨਾ ੫੮੪)

ਰਵਿ ਸਸਿ ਤਹ ਨ ਪ੍ਰਵੇਸੰ ॥

ਰਵਿ ਸਸਿ=ਸੂਰਜ ਚੰਦ੍ਰਮਾਂ ਇਹ ਤਹ=ਤਿਸ ਜਮ ਰਸਤੇ ਵਿਚ ਪਰਵੇਸ਼ ਹੀ ਨਹੀਂ ਕਰਦੇ। ਇਸ ਕਰਕੇ ਉਹ ਰਸਤਾ ਭਿਆਨਕ ਕਥਨ ਕੀਤਾ ਹੈ, ਤੇ ਪਾਪੀ ਲਈ ਨਵਿਰਤ ਹੋਣਾ ਬੜਾ ਕਠਨ ਹੈ।

ਯਥਾ:- ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ॥
ਜਿਹ ਪੈਡੈ ਮਹਾ ਅੰਧ ਗੁਬਾਰਾ॥ *(ਗਉੜੀ ਸੁਖਮਨੀ, ਪੰਨਾ ੨੬੪)*

ਵਾ-ਤਿਥੇ ਪ੍ਰਵੇਸ਼ ਕਰਨ ਲਈ ਤੇਰੇ ਪਾਸ ਵੈਰਾਗ ਵਿਵੇਕ ਰੂਪ ਸੂਰਜ ਚੰਦਰਮਾ ਨਹੀਂ ਹਨ।

ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ ॥ ੩ ॥

ਉਸ ਵੇਲੇ ਮਾਇਆ ਦਾ ਮੋਹ ਬਿਸਰਿ=ਭੁੱਲ ਜਾਵੇਗਾ ਤੇ ਪ੍ਰਮੇਸ਼ਰ ਯਾਦ ਆਵੇਗਾ। ਕਦੋਂ? ਜਿਸ ਵੇਲੇ ਤੂੰ ਇਸ ਸੰਸਾਰ ਨੂੰ ਤਿਆਗੇਂਗਾ ਤੇ ਜਮਾਂ ਦੇ ਵੱਸ ਪਵੇਂਗਾ। ਵਾ-ਇਸ ਸੰਸਾਰ ਨੂੰ ਜਾਂ ਤੂੰ ਤਿਆਗੇਂਗਾ ਤਾਂ ਮਾਇਆ ਦਾ ਮੋਹ ਭੁੱਲੇਗਾ? ਕਿੰਤੂ ਫੇਰ ਨਹੀਂ ਭੁੱਲੇਗਾ ਕਿਉਂਕਿ ਉਸ ਵੇਲੇ ਵਾਸ਼ਨਾਂ ਬਣੀਆਂ ਰਹਿੰਦੀਆਂ ਹਨ। ਤਾਂ ਤੇ ਹੁਣੇ ਹੀ ਤੂੰ ਮਾਇਆ ਦਾ ਮੋਹ ਛੱਡ ਦੇਹ॥ ੩ ॥

ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ ॥
ਤਹ ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥੪ ॥

ਅੰਨਵੇਂ ॥ ਕਿਉਂਕਿ ਤਹ=ਤਿਸ ਧਰਮ ਰਾਜਾ ਦੀ ਸਭਾ ਵਿਚ ਰਾਜੇ ਕਰਨ ਵਰਗੇ ਬੜੇ ਬੜੇ ਮਹਾਂ ਬਲੀਆਂ ਨੂੰ ਦਲ=ਦਲਨਾ ਕਰਦੇ ਹਨ, ਤੂੰ ਭਲਾ ਕਿਹੜੇ ਬਾਗ ਦੀ ਮੂਲੀ ਹੈਂ ਜੋ ਬਚ ਜਾਵੇਂਗਾ। ਅਥਵਾ ਕਰਨਿ=ਹਾਥੀ ਆਦਿਕ ਦਲਾਂ ਦੇ ਸਹਿਤ ਜਾ ਹਾਥੀ ਜਿਸ ਦੇ ਦਰਵਾਜ਼ੇ ਉੱਪਰ ਝੂਲਦੇ ਹੋਵਣ, ਤੇ ਤੇਤੀ ਕ੍ਰੋੜ ਦੇਵਤਾ ਜਿਸ ਦੀ ਦਲ=ਸੈਨਾ ਹੋਵੇ ਅਰਥਾਤ ਆਗਿਆ ਵਿਚ ਹੋਵਣ, ਐਸਾ ਜੋ ਮਹਾਂ ਬਲੀ ਰਾਵਨ ਹੈ ਉਸਨੂੰ ਭੀ ਉਥੇ ਨਾਸ ਕਰ ਦਿੱਤਾ, ਤੇ ਤੂੰ ਕਿਹੜੇ ਬਾਗ ਦੀ ਮੂਲੀ ਹੈਂ। ਯਥਾ:-ਗੁਸਾਈਂ ਤੁਲਸੀ ਦਾਸ ਜੀ ਨੇ ਲਿਖਿਆ ਹੈ:-

ਜਿਹ ਮਾਰਤ ਗਿਰ ਮੇਰ ਉਡਾਈ ॥ ਕਹੌ ਤੂਲ ਕਿਹ ਲੇਖੈ ਮਾਂਹੀ ॥

ਅਥਵਾ-ਮਹਾਂ ਬਲੀ ਜੋ ਅਜਰਾਈਲ ਮੈਕਾਈਲ ਹਨ, ਉਹ ਤਹ=ਤਿਸ ਪਰਲੋਕ ਵਿਚ ਦਲਨਾ ਕਰਦੇ ਹਨ। ਤਿਨ੍ਹਾਂ ਦੇ ਆਗਲੜੈ ਮੈ=ਅਗਰਭਾਗ ਵਿਚ ਤੇਰੇ ਪਾਸੋਂ ਰਿਹਾ ਨਹੀਂ ਜਾਣਾ ਤਾਂ ਤੇ ਤੂੰ ਭਗਵੰਤ ਦੇ ਨਾਮ ਦਾ ਚਿੰਤਨ ਕਰ। ਇਤਨੀ ਗੱਲ ਸੁਣਕੇ ਜਗਿਆਸੂ ਕਹਿੰਦਾ ਹੈ, ਹੇ ਪ੍ਰਭੋ ! ਆਪ ਦਾ ਕਹਿਣਾ ਠੀਕ ਹੈ ਆਪ ਦੇ ਪਾਸੋਂ ਸੁਣ ਕੇ ਅੱਜ ਮੇਰੇ ਮਨ ਵਿਚ ਇਹ ਸੰਕਲਪ ਪ੍ਰਗਟ ਹੋਇਆ ਹੈ ਕਿ ਸ਼ੁਭ ਕਰਮ ਕੀਤੇ ਬਿਨਾਂ ਅਸ਼ੁਭ ਕਰਮਾਂ ਦੇ ਕਰਨੇ ਨਾਲ ਕਠਨ ਸੁਭਾਵ ਵਾਲਾ ਜੋ ਧਰਮ ਰਾਜ ਹੈ, ਤਿਸ ਦਾ ਦੇਖਣਾ ਹੋਵੇਗਾ॥ ੪ ॥

ਪੁਨਾ-ਜਗਿਆਸੂ ਨੇ ਬੇਨਤੀ ਕੀਤੀ, ਆਪ ਕੋਈ ਸੁਖੈਨ ਉਪਾਵ ਦੱਸੋ ਜਿਸ ਕਰਕੇ ਜਮ ਮਾਰਗ ਤੋਂ ਬਚ ਜਾਈਏ?

ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥

ਤ੍ਰਿਲੋਚਨ ਜੀ ਕਹਿੰਦੇ ਹਨ, ਹੇ ਭਾਈ ਜੇ ਕੋ=ਜਿਸ ਕਿਸੀ ਨੇ ਮੂੰ=ਮੈਨੂੰ ਉਪਦੇਸ਼ ਦੇਣਾ ਕੀਤਾ ਹੈ ਤਾਂ ਉਸ ਨੇ ਇਹੀ ਦਿੱਤਾ ਹੈ ਕਿ ਉਹ ਨਰਾਇਣ ਵਣਾ ਔਰ ਤ੍ਰਿਣਾ ਵਿਚ ਰਤੜਾ=ਰਮ ਰਿਹਾ ਹੈ।

ਯਥਾ - ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥

(ਬਾਰਹ ਮਾਹਾ ਮਾਂਝ, ਪੰਨਾ ੧੩੪)

ਤਥਾ - ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥ ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥

(ਗਉੜੀ ਮਹਲਾ ੫, ਪੰਨਾ ੨੧੭)

ਤਥਾ - ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥ ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥

(ਗਉੜੀ ਮਹਲਾ ੫, ਪੰਨਾ ੧੯੮)

ਤਥਾ - ਵਣਿ ਤ੍ਰਿਣਿ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥

(ਬਸੰਤ ਕੀ ਵਾਰ, ਪੰਨਾ ੧੧੯੩)

ਤਥਾ- ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥
ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ *(ਗਉੜੀ ਸੁਖਮਨੀ, ਪੰਨਾ ੨੯੩)*

ਐ ਜੀ ਤੂੰ ਆਪੇ ਸਭ ਕਿਛੁ ਜਾਣਦਾ
ਬਦਤਿ ਤ੍ਰਿਲੋਚਨੁ ਰਾਮਈਆ ॥ ੫ ॥ ੨ ॥

ਤ੍ਰਿਲੋਚਨ ਜੀ ਬਦਤਿ=ਉਚਾਰਦੇ ਹਨ ਸੋ ਤੈਨੂੰ ਭੀ ਮੈਂ ਏਹੀ ਉਪਦੇਸ਼ ਕਰਦਾ ਹਾਂ, ਕਿ ਉਸ ਵਾਹਿਗੁਰੂ ਨੂੰ ਪਰੀਪੂਰਨ ਜਾਣਕੇ ਐਸੇ ਪ੍ਰਾਰਥਨਾਂ ਕਰ। ਹੇ ਸਰਬ ਵਿਚ ਰਾਮਈਆ=ਰਮੇ ਹੋਏ ਸਰਬੱਗ ਮਹਾਰਾਜ ਜੀ।

ਤੁਸੀਂ ਆਪ ਹੀ ਜੀਵਾਂ ਦੇ ਸ਼ੁਭ ਅਸ਼ੁਭ ਕਰਮਾਂ ਨੂੰ ਸਭ ਕਿਛ ਜਾਣਦੇ ਹੋ, ਅਰਥਾਤ ਜੀਵਾਂ ਦੇ ਦੁਖ ਸੁਖ ਦੀ ਗਿਆਤ ਆਪ ਜੀ ਨੂੰ ਹੈ ਇਸ ਵਾਸਤੇ ਆਪ ਕਿਰਪਾ ਕਰਕੇ ਮੈਨੂੰ ਦੁਖਾਂ ਤੋਂ ਛੁਡਾਣਾ ਕਰੋ॥ ੫ ॥ ੨ ॥

ਸ੍ਰੀਰਾਗੁ ਭਗਤ ਕਬੀਰ ਜੀਉ ਕਾ ॥

ਉਥਾਨਕਾ:-ਕਬੀਰ ਜੀ ਦੇ ਪਾਸ ਇਕ ਪੰਡਿਤ ਨੇ ਆ ਕੇ ਕਿਆ, ਮਾਇਆ ਦਾ ਕੀ ਸਰੂਪ ਹੈ? ਮਾਇਆ ਸੱਤ ਹੈ? ਕਿ ਅਸੱਤ ਹੈ? ਕਿ ਸੱਤ ਅਸੱਤ ਉਭੇ ਹੈ। ਮਾਇਆ ਸਵੈਵ ਹੈ? ਅਵੈਵ ਹੈ? ਕਿ ਅਵੈਵ ਸਵੈਵ ਉਭੇ ਹੈ? ਮਾਇਆ ਬ੍ਰਹਮ ਤੋਂ ਭਿੰਨ ਹੈ? ਕਿ ਅਭਿੰਨ ਹੈ? ਕਿ ਭਿੰਨਾਭਿੰਨ ਉਭੇ ਹੈ? ਇਹ ਨੌਂ ਪ੍ਰਸ਼ਨ ਸੁਣਕੇ ਕਬੀਰ ਜੀ ਆਖਦੇ ਹਨ।

ਅਚਰਜ ਏਕੁ ਸੁਣਹੁ ਰੇ ਪੰਡੀਆ

ਹੇ ਪੰਡਿਤ ਜੀ ! ਆਪ ਮਾਇਆ ਦਾ ਸਰੂਪ ਧਿਆਨ ਦੇ ਕੇ ਸ੍ਰਵਨ ਕਰੋ।

ਇਹ ਮਾਇਆ ਐਸੀ ਹੈ ਕਿ ਅਸਚਰਜ ਰੂਪ ਹੈ। ਅਸਚਰਜ ਉਸਨੂੰ ਕਹਿੰਦੇ ਹਨ ਜੋ ਨਾ ਬਣਦੀ ਗੱਲ ਨੂੰ ਬਣਾ ਦੇਵੇ। *ਯਥਾ-ਅਘਟਨ ਘਟਨ ਪਟੀ ਸੀ ਮਾਇਆ ॥*

ਤਥਾ- ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧ ॥

(ਗਉੜੀ ਭਗਤ ਬਾਣੀ, ਪੰਨਾ ੩੩੬)

ਤਥਾ- ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ॥

(ਸਵਯੇ ਮਃ ੫, ਪੰਨਾ ੧੩੮੭)

ਫੇਰ ਬੱਦਲਾਂ ਵਿਚ ਬਿਜਲੀ ਦਾ ਚਮਕਣਾ ਇਹ ਵੀ ਇਕ ਅਸਚਰਜ ਹੈ।

ਯਥਾ:- ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ॥ *(ਮਃ ੫, ਪੰਨਾ ੩੧੯)*

ਪੁਨਾ-ਮਾਇਆ ਇਕ ਹੈ ਨ੍ਯਾਰਾ ਨਹੀਂ।

ਅਬ ਕਿਛੁ ਕਹਨੁ ਨ ਜਾਈ ॥

ਜੈਸੇ ਪੁਰਖ ਸੱਤ ਸਰੂਪ ਕਿਸੀ ਨੇ ਨਹੀਂ ਕਹੀ। ਤੈਸੇ ਹੁਣ ਇਸ ਕਾਲ ਵਿਚ ਭੀ ਮਾਇਆ ਦਾ ਸਰੂਪ ਸੱਤ ਅਸੱਤ ਰੂਪ ਕਰਕੇ ਕੁਛ ਕਥਨ ਨਹੀਂ ਕੀਤਾ ਜਾਂਦਾ। ਜੇ ਮਾਇਆ ਨੂੰ ਸੱਤ ਸਰੂਪ ਕਥਨ ਕਰੀਏ, ਤਾਂ ਜੋ ਸੱਤ ਪਦਾਰਥ ਹੁੰਦਾ ਹੈ ਸੋ ਤਿੰਨਾਂ ਕਾਲਾਂ ਵਿਚ ਅਬਾਧ ਹੁੰਦਾ ਹੈ ਤੇ ਬ੍ਰਹਮ ਗਯਾਨ ਦੇ ਹੋਣ ਕਰਕੇ ਮਾਇਆ ਦਾ

ਯਥਾ:- ਚਉਦਹਿ ਚਾਰਿ ਕੁੰਟ ਪ੍ਰਭ ਆਪ ॥ ਸਗਲ ਭਵਨ ਪੂਰਨ ਪਰਤਾਪ ॥
ਦਸੇ ਦਿਸਾ ਰਵਿਆ ਪ੍ਰਭੁ ਏਕੁ ॥ ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥
ਜਲ ਥਲ ਬਨ ਪਰਬਤ ਪਾਤਾਲ ॥ ਪਰਮੇਸੁਰ ਤਹ ਬਸਹਿ ਦਇਆਲ ॥

(ਗਉੜੀ ਥਿਤੀ ਪੰਨਾ ੨੯੯)

ਬਾਧ ਹੋ ਜਾਂਦਾ ਹੈ, ਇਸ਼ ਕਾਰਨ ਨਾਲ ਮਾਇਆ ਸੱਤ ਸਰੂਪ ਨਹੀਂ ਹੈ॥ ੧ ॥ ਜੇ ਮਾਇਆ ਨੂੰ ਅਸੱਤ ਕਥਨ ਕਰੀਏ, ਤਾਂ ਜੋ ਪਦਾਰਥ ਅਸੱਤ ਹੁੰਦਾ ਹੈ, ਸੋ ਤਿੰਨਾਂ ਕਾਲਾਂ ਵਿਚ ਪਰਤੀਤ ਨਹੀਂ ਹੁੰਦਾ, ਸਸੇ ਸ਼੍ਰਿੰਗਾਂ ਵੱਤ, ਅਥਵਾ ਬੰਝਿਆ ਦੇ ਪੁੱਤਰ ਸਮਾਨ-ਪਰ ਮਾਇਆ ਬਹੁਤ ਰੂਪ ਨਾਲ ਤਿੰਨਾਂ ਕਾਲਾਂ ਵਿਚ ਪ੍ਰਤੀਤ ਹੋ ਰਹੀ ਹੈ।

ਯਥਾ- ਬਿਆਪਤ ਹਰਖ ਸੋਗ ਬਿਸਥਾਰ॥ ਬਿਆਪਤ ਸੁਰਗ ਨਰਕ ਅਵਤਾਰ॥
ਮਾਇਆ ਬਿਆਪਤ ਬਹੁ ਪਰਕਾਰੀ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ॥.....

(ਗਉੜੀ ਮ: ੫, ਪੰਨਾ ੧੮੨)

ਅਰਥਾਤ-ਜਾਗ੍ਰਤ ਅਵਸਥਾ ਵਿਚ ਜਾਗ੍ਰਤ ਦੇ ਪਦਾਰਥਾਂ ਦਾ ਸਰੂਪ ਹੋ ਕੇ ਪਰਤੀਤ ਹੋ ਰਹੀ ਹੈ। ਸੁਪਨ ਅਵਸਥਾ ਵਿਚ ਸੁਪਨ ਦੇ ਪਦਾਰਥਾਂ ਦਾ ਸਰੂਪ ਹੋ ਕੇ ਪਰਤੀਤ ਹੋ ਰਹੀ ਹੈ। ਅਤੇ ਸਖੋਪਤੀ ਅਵਸਥਾ ਵਿਚ ਮੈਂ ਬੜਾ ਸੁਖ ਨਾਲ ਸੋਇਆ, ਮੈਂ ਕੁਛ ਜਾਨ ਨਾ ਸਕਿਆ, ਐਸੇ ਅਗਿਆਨ ਰੂਪ ਸੇ ਪ੍ਰਤੀਤ ਹੋ ਰਹੀ ਹੈ। ਇਸ ਵਾਸਤੇ ਮਾਇਆ ਅਸੱਤ ਸਰੂਪ ਭੀ ਨਹੀਂ॥ ੨ ॥ ਅਤੇ ਸੱਤ ਅਸੱਤ ਇਹ ਦੋਨੋਂ ਧਰਮ ਵਿਰੋਧੀ ਹਨ। ਵਿਰੋਧੀ ਧਰਮ ਇਕ ਸਮੇਂ ਵਿਚ ਇਕ ਵਸਤੂ ਵਿਚ ਨਹੀਂ ਰਹਿ ਸਕਦੇ। ਜਿਸ ਤਰ੍ਹਾਂ ਤੇਜ ਤਿਮਰ ਇਕ ਕਾਲ ਵਿਚ ਨਹੀਂ ਰਹਿ ਸਕਦਾ। ਇਸ ਕਰਕੇ ਮਾਇਆ ਉਭੇ ਰੂਪ ਭੀ ਨਹੀਂ॥ ੩ ॥

ਮਾਇਆ ਸਵੈਵ ਭੀ ਨਹੀਂ, ਕਿਉਂਕਿ ਜੋ ਸਵੈਵ ਪਦਾਰਥ ਹੁੰਦਾ ਹੈ ਸੋ ਕਿਸੀ ਕਾਰਨ ਨਾਲ ਜਨ੍ ਹੁੰਦਾ ਹੈ ਔਰ ਮਾਇਆ ਦਾ ਕਾਰਨ ਕੋਈ ਬਣ ਨਹੀਂ ਸਕਦਾ। ਕਿਉਂਕਿ ਵੇਦਾਂਤ ਮੱਤ ਵਾਲਿਆਂ ਨੇ ਮਾਇਆ ਅਨਾਦੀ ਮੰਨੀ ਹੈ। ਜੇਕਰ ਸ਼ੁੱਧ ਚੇਤਨ ਨੂੰ ਮਾਇਆ ਦਾ ਕਾਰਨ ਮੰਨੀਏਂ, ਤਾਂ ਸ਼ੁੱਧ ਚੇਤਨ ਨਿਰਵਿਕਾਰ ਹੈ, ਮਾਇਆ ਦੇ ਕਾਰਨ ਨਾਲ ਵਿਕਾਰ ਹੋ ਜਾਵੇਗਾ। ਜੇ ਵਿਕਾਰੀ ਹੋ ਗਿਆ ਤਾਂ ਸਭ ਬੇਦ ਸ਼ਾਸਤ੍ਰ ਨਿਸਫਲ ਚਲੇ ਜਾਣਗੇ। ਅਤੇ ਜੀਵ ਈਸ਼ਵਰ ਇਹ ਦੋਨੋਂ ਮਾਇਆ ਦੇ ਕਾਰਜ ਹਨ, ਭਾਵ ਉਸ ਦੇ ਪੁਤਲ਼ੇ ਹਨ, ਇਸ ਵਾਸਤੇ ਇਹ ਭੀ ਆਪਣੀ ਮਾਤਾ ਰੂਪ ਮਾਇਆ ਦੇ ਕਾਰਨ ਨਹੀਂ ਬਣ ਸਕਦੇ। ਜਿਸ ਤਰ੍ਹਾਂ ਪੁੱਤਰ ਆਪਣੀ ਮਾਤਾ ਦਾ ਕਾਰਨ ਨਹੀਂ ਬਣ ਸਕਦਾ। ਤੇ ਬਾਕੀ ਜੜ੍ ਪਰਪੰਚ ਤਾਂ ਕਾਰਨ ਬਣ ਹੀ ਨਹੀਂ ਸਕਦਾ, ਇਸ ਤੇ ਇਹ ਭੀ ਮਾਇਆ ਦਾ ਕਾਰਨ ਨਹੀਂ ਹੈ। ਕੋਈ ਭੀ ਸਿੱਧ ਨ ਹੋਣ ਕਰਕੇ ਮਾਇਆ ਸਵੈਵ ਨਹੀਂ॥ ੧ ॥ ਅਤੇ ਨਿਰਾਵੈਵ ਭੀ ਨਹੀਂ। ਕਿਉਂਕਿ ਜੋ ਨਿਰਾਵੈਵ ਪਦਾਰਥ ਹੁੰਦਾ ਹੈ ਉਹ ਕਿਸੇ ਸਵੈਵ ਪਦਾਰਥ ਦਾ ਕਾਰਨ ਨਹੀਂ ਬਣ ਸਕਦਾ ਤੇ ਮਾਇਆ ਸਰਬ ਸਵੈਵ ਪਰਪੰਚ ਦਾ ਕਾਰਨ ਹੈ ਇਸ ਕਰਕੇ ਨਿਰਵੈਵ ਭੀ ਨਹੀਂ ਹੈ॥ ੨ ॥ ਅਤੇ ਸਵੈਵ ਤੇ ਨਿਰਾਵੈਵ ਦੋਨੋਂ ਧਰਮ ਵਿਰੋਧੀ ਹੋਣੇ ਕਰਕੇ ਮਾਇਆ ਸਵੈਵ ਤੇ ਨਿਰਾਵੈਵ ਉਭੇ ਰੂਪ ਭੀ ਨਹੀਂ ਹੈ॥ ੩ ॥

ਅਤੇ ਬ੍ਰਹਮ ਤੋਂ ਭਿੰਨ ਜਾਂ ਅਭਿੰਨ ਵਾ ਭਿੰਨਾਭਿੰਨ ਉਭੇ ਰੂਪ ਭੀ ਨਹੀਂ ਹੈ। ਕਿਉਂਕਿ ਜੇ ਮਾਇਆ ਬ੍ਰਹਮ ਤੋਂ ਭਿੰਨ ਹੋਵੇ ਤਾਂ ਬ੍ਰਹਮ ਤੋਂ ਜੁਦਾ ਇਸ ਦਾ ਕੋਈ ਆਸਰਾ ਸਿੱਧ ਹੋਣਾ ਚਾਹੀਦਾ ਹੈ। ਸੋ ਬ੍ਰਹਮ ਤੋਂ ਭਿੰਨ ਹੋਰ ਕੋਈ ਪਦਾਰਥ ਨਹੀਂ ਜੋ ਮਾਇਆ ਦਾ ਆਸਰਾ ਰੂਪ ਹੋਵੇ, ਇਸ ਤੇ ਮਾਇਆ ਬ੍ਰਹਮ ਤੋਂ ਭਿੰਨ ਭੀ ਨਹੀਂ॥ ੧ ॥ ਅਤੇ ਜੇ ਬ੍ਰਹਮ ਤੋਂ ਅਭਿੰਨ ਹੋਵੇ ਤਾਂ ਬ੍ਰਹਮ ਤੋਂ ਵੱਖਰਾ ਇਸ ਦਾ ਮਾਇਆ ਨਾਮ ਨਹੀਂ ਹੋਣਾ ਚਾਹੀਦਾ ਤੇ ਮਾਇਆ ਨਾਮ ਬ੍ਰਹਮ ਤੋਂ ਵੱਖਰਾ ਹੈ ਇਸ ਵਾਸਤੇ ਅਭਿੰਨ ਭੀ ਨਹੀਂ॥ ੨ ॥

ਅਤੇ ਭਿੰਨਾਭਿੰਨ ਉਭੈ ਰੂਪ ਵਿਰੋਧੀ ਹੈ॥ ੩ ॥ ਇਸ ਵਾਸਤੇ ਇਨ੍ਹਾਂ ਨੌਂ ਜੁਗਤੀਆਂ ਨੂੰ ਨ ਸਹਾਰਦੀ ਹੋਈ ਮਾਇਆ ਅਨਰਵਚਨੀਯ ਕਥਨ ਕੀਤੀ ਹੈ।

ਸ਼ੰਕਾ-ਸੱਤ ਤੋਂ ਵਿਲੱਛਨ ਕਹੋਗੇ ਤਾਂ ਅਸੱਤ ਆਵੇਗਾ। ਜੇ ਅਸੱਤ ਤੋਂ ਵਿਲੱਛਨ ਕਹੋਗੇ ਤਾਂ ਸੱਤ ਆਵੇਗਾ, ਕਿਉਂਕਿ ਸੱਤ ਅਸੱਤ ਤੇ ਵਿਲੱਛਨ ਹੋਰ ਕੋਈ ਤੀਸਰਾ ਪਦਾਰਥ ਨਹੀਂ ਹੈ। ਇਸ ਵਾਸਤੇ ਮਾਇਆ ਨੂੰ

'ਅਨਰਵਚਨੀਯ' ਕਹਿਣਾ ਭੀ ਠੀਕ ਨਹੀਂ। ਕਿਉਂਕਿ 'ਅਨਰਵਚਨੀਯ' ਕਿਸੀ ਦਾ ਵਿਸ਼ਾ ਨਹੀਂ, ਤੇ ਮੁੱਖ ਤੋਂ ਜਿਹੜਾ ਬੋਲਨਾ ਹੈ ਇਹ ਤਾਂ ਬਾਣੀ ਦਾ ਵਿਸ਼ਾ ਹੋ ਗਿਆ। ਵਦਤੋ, ਬਿਆਘਾਤ, ਦੋਸ਼ ਆ ਗਿਆ।

*ਅਰਥ-*ਆਪ ਹੀ ਪ੍ਰਿਥਮ ਵਦਤੋ=ਕਥਨ ਕਰ ਲੈਣਾ ਫਿਰ ਆਪ ਹੀ ਉਸ ਕਥਨ ਕੀਤੇ ਹੋਏ ਘਾਤ=ਨਾਸ ਕਰ ਲੈਣਾ?

*ਉੱਤਰ-*ਸੱਤ ਤੋਂ ਵਿਲੱਛਨ ਅਸੱਤ ਹੁੰਦਾ ਹੈ। ਅਸੱਤ ਉਸ ਨੂੰ ਕਹਿੰਦੇ ਹਨ ਜੋ ਤਿੰਨਾਂ ਕਾਲਾਂ ਵਿਚ ਪ੍ਰਤੀਤ ਨਾ ਹੋਵੇ, ਸੋ ਐਸਾ ਅਸੱਤ ਨ ਹੋਵੇ ਜੋ ਤਿੰਨਾਂ ਕਾਲਾਂ ਵਿਚ ਪ੍ਰਤੀਤ ਨਾ ਹੋਵੇ, ਕਿੰਤੂ ਸਰੂਪਵਾਨ ਹੋਵੇ ਅਤੇ ਅਸੱਤ ਤੋਂ ਵਿਲੱਛਨ ਸੱਤ ਹੁੰਦਾ ਹੈ। ਸਤਿ ਉਸ ਨੂੰ ਕਹਿੰਦੇ ਹਨ, ਜੋ ਤਿੰਨਾਂ ਕਾਲਾਂ ਵਿਚ ਨਾਸ ਨ ਹੋਵੇ। ਪ੍ਰੰਤੂ ਇਸ ਜਗ੍ਹਾ ਐਸਾ ਸੱਤ ਨਹੀਂ ਲੈਣਾ ਜੋ ਤਿੰਨਾਂ ਕਾਲਾਂ ਵਿਚ ਨਾਸ ਨ ਹੋਵੇ ਕਿੰਤੂ ਬਾਧ ਜੋਗ ਹੋਵੇ। ਅਰਥਾਤ ਸਰੂਪਵਾਨ ਅਤੇ ਬਾਧ ਜੋਗ ਹੋਵੇ। ਅਰਥਾਤ ਸਰੂਪਵਾਨ ਅਤੇ ਬਾਧ ਜੋਗ ਵਸਤੂ ਦਾ ਨਾਮ ਅਨਰਵਚਨੀਯ ਹੈ।

ਲਖਸ਼ਨ=ਬਾਧ ਯੋਗਤ੍ਵੇ ਸਤੀ ਸਰੂਪਵਾਨਾ ਤ੍ਵੰ ਅਨਿਰ ਵਚਨੀ ਤ੍ਵੰ।

ਦੂਜਾ ਅਰਥ-ਇਸ ਤਰ੍ਹਾਂ ਭੀ ਕਰਦੇ ਹਨ।

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ॥

ਹੇ ਪੰਡਿਤ ਸਾਹਿਬ! ਇਕ ਅਸਚਰਜ ਦੀ ਗੱਲ ਸੁਨਣਾ ਕਰੋ। ਯਥਾ-

ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥

(ਗਉੜੀ ਮ: ੫, ਪੰਨਾ ੨੧੫)

ਹੁਣ ਸਾਡੇ ਪਾਸੋਂ ਬਜਾਸ, ਵਸਿਸ਼ਟ ਆਦਿਕਾਂ ਦੀ ਤਰ੍ਹਾਂ ਅਨਰਵਚਨੀਯ ਤੋਂ ਬਿਨਾਂ ਹੋਰ ਕੁਝ ਮਾਇਆ ਦਾ ਸਰੂਪ ਕਥਨ ਨਹੀਂ ਕੀਤਾ ਜਾਂਦਾ।

ਪੁਨਾ-ਪੰਡਿਤ ਨੇ ਕਿਹਾ, ਹੇ ਭਗਤ ਜੀ! ਅਜਿਹੀ ਮਾਇਆ ਦਾ ਪ੍ਰਤਾਪ ਦੱਸੋ! ਤਾਂ ਕਬੀਰ ਜੀ ਕਹਿੰਦੇ ਹਨ।

ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ॥ ੧॥

ਇਹ ਮਾਇਆ ਅਜਿਹੀ ਹੈ ਜਿਸ ਨੇ ਗਣ=ਸਮੂਹ ਦੇਵਤਿਆਂ, ਮਨੁੱਖਾਂ ਅਤੇ ਸਮੂਹ ਗੰਧ੍ਰਬਾਂ ਨੂੰ ਮੋਹਣਾ ਕੀਤਾ ਹੈ। **ਯਥਾ-*

ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥ ੧॥ ਰਹਾਉ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ॥ ਸਾਕਰ ਮਾਖੀ ਅਧਿਕ ਸੰਤਾਪੇ॥
ਤੁਰੇ ਉਸਟ ਮਾਇਆ ਮਹਿ ਭੇਲਾ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ॥ ੨॥
ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥
ਤਪੇ ਰਖੀਸਰ ਮਾਇਆ ਮਹਿ ਸੁਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥ ੩॥

.....

ਮਾਇਆ ਅੰਤਰਿ ਭੀਨੇ ਦੇਵ॥ ਸਾਗਰ ਇੰਦ੍ਰਾ ਅਰੁ ਧਰਤੇਵ॥ *(ਪੰਨਾ ੧੧੬੦)*

**ਵਾ ਸ਼ਿਵਾਂ ਦੇ ਜੋ ਗਣ ਹਨ, ਨੰਦੀ ਭ੍ਰਿੰਗੀ ਟੋਨਾ ਛੋਨਾ, ਅਤੇ ਗੰਧਰਬ=ਦੇਵਤਿਆਂ ਦੇ ਜੋ ਰਾਗੀ ਹਨ ਇਨ੍ਹਾਂ ਸਾਰਿਆਂ ਨੂੰ ਮਾਇਆ ਨੇ ਮੋਹ ਲਿਆ ਹੈ।*

ਯਥਾ:- ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ॥

(ਸਿਰੀਰਾਗੁ ਮ: ੩, ਪੰਨਾ ੬੭)

ਜਿਵੇਂ ਕੋਈ ਮਾਂਦਰੀ ਪੁਰਸ਼ ਮੰਤਰੀ ਹੋਈ ਮੇਖੁਲੀ=ਮੇਖ ਨੂੰ ਦੁਸ਼ਮਨ ਦੇ ਮਾਰਨੇ ਲਈ ਕੰਧ ਵਿਚ ਠੋਕਦਾ ਹੈ, ਤਿਵੇਂ ਇਸ ਮਾਇਆ ਨੇ ਤਿੰਨਾਂ ਭਵਨਾਂ ਵਿਚ ਕਾਮ ਕ੍ਰੋਧ ਆਦਿਕ ਮੇਖੁਲੀ=ਮੇਖਾਂ ਲਗਾ ਕੇ ਸਭ ਜੀਵਾਂ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ। ਅਥਵਾ-ਤਿੰਨਾਂ ਭਵਨਾਂ ਦੇ ਜੀਵਾਂ ਦੇ ਅੰਤਹਕਰਨ ਰੂਪੀ ਕਮਰ ਵਿਚ ਹੰਗਤਾ ਰੂਪੀ ਮੇਖੁਲੀ=ਤੜਾਗੀ ਲਗਾਈ ਹੋਈ ਹੈ। ਵਾ-ਤਿੰਨਾਂ ਭਵਨਾਂ ਦੇ ਜੀਵਾਂ ਦੇ ਮਨ ਰੂਪੀ ਪੈਰ ਵਿਚ ਮੋਹ ਰੂਪੀ ਮੇਖੁਲੀ=ਹੜੀ ਲਗਾਈ ਹੋਈ ਹੈ। ਅਥਵਾ-ਮੇਖੁਲੀ ਨਾਮ ਗੌਦੜੀ ਦਾ ਹੈ ਜੋ ਲਹਿੰਦੇ ਵੱਲ ਬਹੁਤਿਆਂ ਪੁਰਸ਼ਾਂ ਉੱਪਰ ਰਾਤ ਨੂੰ ਪਾਂਵਦੇ ਹਨ। ਇਸ ਤਰਫ ਮਾਇਆ ਨੇ ਤਿੰਨਾਂ ਭਵਨਾਂ ਦੇ ਜੀਵਾਂ ਉੱਪਰ ਅਵਰਨ ਸ਼ਕਤੀ ਰੂਪ ਮੇਖੁਲੀ=ਗੌਦੜੀ ਲਾਈ ਹੋਈ ਭਾਵ ਪਹਿਰਾਈ ਹੋਈ ਹੈ। ਵਾ-ਮੇਖੁਲੀ ਉਸ ਨੂੰ ਭੀ ਆਖਦੇ ਹਨ ਜਿਸ ਵੇਲੇ ਵਣਜਾਰੇ ਵਾਪਾਰ ਕਰਨ ਲਈ ਬਾਹਰ ਜਾਂਦੇ ਹਨ, ਤੇ ਰਾਹ ਵਿਚ ਜਿੱਥੇ ਠਹਿਰਦੇ ਹਨ, ਉਥੇ ਦੋ ਕਿੱਲੇ ਠੋਕ ਕੇ ਇਕ ਲੱਜ ਬੰਨ੍ਹ ਦੇਂਦੇ ਹਨ, ਉਸ ਲੱਜ ਵਿਚ ਛੋਟੀਆਂ ਛੋਟੀਆਂ ਰੱਸੀਆਂ ਅੜਾ ਕੇ ਪਸ਼ੂਆਂ ਦੇ ਪੈਰ ਬੰਨ੍ਹ ਦੇਂਦੇ ਹਨ। ਇਸ ਤਰਫ ਮਾਇਆ ਨੇ ਤਿੰਨਾਂ ਭਵਨਾ ਦੇ ਜੀਵਾਂ ਨੂੰ ਮੇਖੁਲੀ ਲਗਾਈ ਹੋਈ ਹੈ। ਰਾਗ ਦ੍ਵੈਖ ਰੂਪੀ ਦੋ ਕਿੱਲੇ ਹਨ, ਆਸਾ ਰੂਪੀ ਲੱਜ ਹੈ। ਸੰਕਲਪਾਂ ਵਿਕਲਪਾਂ ਰੂਪੀ ਜਾਂ ਵਾਸ਼ਨਾਂ ਰੂਪੀ ਪੈਖੜ ਹਨ। ਇਨ੍ਹਾਂ ਨਾਲ ਜੀਵਾਂ ਰੂਪ ਬਲਦਾਂ ਦੇ ਮਨ ਬੁੱਧੀ ਰੂਪੀ ਪੈਰ ਫਸਾਏ ਹੋਏ ਹਨ। ਵਿਦਵਾਨਾਂ ਨੇ ਮਾਇਆ ਦਾ ਸਰੂਪ ਇਸ ਪ੍ਰਕਾਰ ਸੇ ਭੀ ਕਥਨ ਕੀਤਾ ਹੈ। ਕੁੰਡਲੀਆਂ :-

ਜੋ ਅਨਹੋਤੀ ਵਸਤ ਕੋ, ਹੋਤੀ ਕਰ ਦਿਖਲਾਏ॥ ਔਰ ਹੋਤੀ ਵਸਤ ਕੋ, ਤਾਕਾ ਲੋਪ ਕਰਾਏ॥
ਤਾਕਾ ਲੋਪ ਕਰਾਏ, ਯਹੀ ਮਾਇਆ ਕਾ ਰੂਪ॥ ਸਚ ਕੋ ਝੂਠ ਦਿਖਲਾਏ, ਝੂਠ ਕੋ ਸਾਚ ਸਰੂਪ॥
ਲਖਨਾਂ ਸੇ ਪ੍ਰਤੀਤ, ਆਪ ਨਹਿੰ ਭਾਸੇ ਜੋਇ॥ ਯੋਹ ਹੀ ਮਾਇਆ ਜਾਨ, ਨਾ ਸਚ ਦਿਖਾਏ ਜੋਇ॥

ਇਤਨੇ ਨੂੰ ਇਕ ਜੋਗੀ ਆਇਆ, ਉਸ ਨੇ ਕਿਹਾ, ਹੇ ਪ੍ਰਭੂ ! ਐਸੀ ਮਾਇਆ ਤੋਂ ਤਾਂ ਬਚ ਸਕੋਗੇ ਯਦਿ ਆਪ ਜੋਗ ਭੇਖ ਧਾਰਨ ਕਰੋਗੇ ਤਾਂ ਕਬੀਰ ਜੀ ਨੇ ਕਿਹਾ, ਜੋਗ ਭੇਖ ਤਾਂ ਅਸਾਂ ਨੇ ਅੱਗੇ ਹੀ ਧਾਰਨ ਕੀਤਾ ਹੋਇਆ ਹੈ। ਜੋਗੀ ਨੇ ਕਿਹਾ, ਸਾਡੇ ਮੱਤ ਵਿਚ ਕਿੰਗ ਅਤੇ ਨਾਦ ਵਜਾਉਂਦੇ ਹਨ, ਤੁਹਾਡੇ ਮੱਤ ਵਿਚ ਕਿਹੜੀ ਕਿੰਗ ਅਤੇ ਕਿਹੜਾ ਨਾਦ ਵੱਜਦਾ ਹੈ? ਇਹ ਗੱਲ ਸੁਣਕੇ ਕਬੀਰ ਜੀ ਕਥਨ ਕਰਦੇ ਹਨ-

ਰਾਜਾ ਰਾਮ ਅਨਹਦ ਕਿੰਗੁਰੀ ਬਾਜੈ॥

'ਰਾਜਾ ਰਾਮ' =ਓਅੰ ਸੋਹੰ ਦਾ ਜੋ ਉਚਾਰਨ ਕਰਨਾ ਹੈ ਅਨਹਦ=ਇਕ ਰਸ, ਇਹੋ ਸਾਡੇ ਮੱਤ ਵਿਚ ਕਿੰਗ ਵੱਜ ਰਹੀ ਹੈ।

ਜਾ ਕੀ ਦਿਸਟਿ ਨਾਦ ਲਿਵ ਲਾਗੈ॥ ੧॥ ਰਹਾਉ॥

ਦਸਮ ਦੁਆਰ ਦੇ ਨਾਦ=ਸ਼ਬਦਾਂ ਵਿਖੇ ਜਾ ਕੀ=ਜਿਹੜੀ ਲਿਵ=ਬਿਰਤੀ ਲਗੀ ਹੈ ਇਹੋ ਸਾਡੇ ਮੱਤ ਵਿਚ ਨਾਦ ਹੈ। ਪੁਨਾ-ਜੋਗੀ ਨੇ ਬੇਨਤੀ ਕੀਤੀ ਹੇ ਪ੍ਰਭੂ ! ਅਜਿਹੀ ਨਾਦ ਕਿਸ ਨੂੰ ਪ੍ਰਾਪਤ ਹੁੰਦੀ ਹੈ?

ਉੱਤਰ-ਜਾ=ਜਿਨ੍ਹਾਂ ਉੱਪਰ ਵਾਹਿਗੁਰੂ ਨੇ ਕੀ=ਕੀਤੀ ਹੈ, ਕ੍ਰਿਪਾ ਦ੍ਰਿਸ਼ਟੀ, ਉਨ੍ਹਾਂ ਨੂੰ ਇਸ ਪ੍ਰਕਾਰ ਦੀ ਨਾਦ ਪ੍ਰਾਪਤ ਹੁੰਦੀ ਹੈ॥ ੧॥ ਰਹਾਉ॥

ਪੁਨਾ-ਜੋਗੀ ਨੇ ਬੇਨਤੀ ਕੀਤੀ ਹੇ ਪ੍ਰਭੂ ! ਸਾਡੇ ਮੱਤ ਵਿਚ ਤਾਂ ਸ਼ਰਾਬ ਕੱਢ ਕੇ ਪੀਂਦੇ ਹਨ, ਤੁਸੀਂ ਕਿਸ ਤਰ੍ਹਾਂ ਦੀ ਸ਼ਰਾਬ ਕੱਢ ਕੇ ਪੀਂਦੇ ਹੋ? *ਉੱਤਰ-*

ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥

ਦਸਮ ਦੁਆਰ ਰੂਪੀ ਇਕ ਭੱਠੀ ਹੈ। ਸਿੰਙਿਆ=ਸੱਜੀ ਸੁਰ ਅਰ ਚੁੰਙਿਆ=ਖੱਬੀ ਸੁਰ ਭਾਵ ਇੜਾ ਪਿੰਗਲਾ ਇਹ ਦੋ ਨਾਲੀਆਂ ਹਨ। ਸ਼ੁੱਧ ਅੰਤਹ-ਕਰਨ ਰੂਪੀ ਕਨਕ=ਸੁਰਨ ਦਾ ਇਕ ਕਲਸ=ਘਟ ਪਾਇਆ ਹੈ, ਕਿਉਂਕਿ ਸ਼ੁੱਧ ਅੰਤਹ-ਕਰਨ ਤੋਂ ਬਿਨਾਂ ਜੋਗਾਨੰਦ ਪਾਪਤ ਨਹੀਂ ਹੁੰਦਾ। ਜਿਸ ਤਰ੍ਹਾਂ ਸੋਨੇ ਦੇ ਭਾਂਡੇ ਤੋਂ ਬਿਨਾਂ ਸ਼ੇਰਨੀ ਦਾ ਦੁੱਧ ਨਹੀਂ ਠਹਿਰਦਾ।

ਦੁਗਧ ਸ਼ੇਰਨੀ ਕੋ ਜੁ ਨਿਕਾਰੇ॥ ਕੰਚਨ ਕੋ ਬਾਸਨ ਤਿਸ ਧਾਰੇ॥
ਅਪਰ ਪਾਤ੍ਰ ਕੋ ਕਰ ਨਿਜ ਜੋਰ॥ ਪਰਯੋ ਦੇਤ ਹੈ ਤਤਛਿਨ ਫੋਰ॥ ੩੪॥
ਤਿਮ ਅਤ ਸੁਧ ਰਿਦਾ ਹ੍ਵੈ ਜਾਹੀ। ਉਚਿਤ ਅਹੈ ਸੋ ਬਹੁਤੇ ਨਾਹੀ॥

(ਸੂ: ਪ੍ਰ: ਰਾਸ ੯, ਅੰਸੂ ੫੮)

ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥ ੨ ॥

ਤਿਸ ਸ਼ੁੱਧ ਅੰਤਹਕਰਨ ਰੂਪੀ ਸੁਰਨ ਦੇ ਭਾਂਡੇ ਵਿਚ ਅਤਿਅੰਤ ਨਿਰਮਲ=ਸ਼ੁੱਧ ਜੋਗਾਨੰਦ ਰੂਪੀ ਸ਼ਰਾਬ ਦੀ ਧਾਰਾ ਚੋਂ ਰਹੀ ਹੈ। ਤਮਾਮ ਰਸਾਂ ਦੇ ਵਿਚੋਂ ਇਹ ਜੋਗਾਨੰਦ ਰੂਪੀ ਰਸ ਉੱਤਮ ਚੋ ਆਇਆ ਹੈ॥ ੨ ॥

ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥

ਇਕ ਹੋਰ ਅਨੂਪ=ਉਪਮਾ ਤੋਂ ਰਹਿਤ ਵਾਰਤਾ ਬਣੀ ਹੈ ਜਿਹੜੀ ਕਿ ਜੁ=ਜਿਹੜਾ ਦਸਮ ਦੁਆਰ ਵਿਚ ਪਵਨ=ਪ੍ਰਾਣਾਂ ਦਾ ਚਾੜ੍ਹਨਾ ਕੀਤਾ ਹੈ ਇਹ ਉਸ ਜੋਗਾਨੰਦ ਦੇ ਪੀਵਣੇ ਨੂੰ ਪਿਆਲਾ ਸਾਜਿਆ=ਬਣਾਇਆ ਹੈ। ਪੁਨਾ-ਬੇਨਤੀ ਕੀਤੀ ਹੇ ਪ੍ਰਭੂ ! ਐਸੀ ਸ਼ਰਾਬ ਦੇ ਪੀਣ ਵਾਲੇ ਬਹੁਤ ਸਾਰੇ ਯੋਗੀ ਹੋਣਗੇ? *ਉੱਤਰ:-*

ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥ ੩ ॥

ਅਜਿਹੀ ਸ਼ਰਾਬ ਦੇ ਪੀਣ ਵਾਲਾ ਤਿੰਨਾਂ ਭੁਵਨਾਂ ਦੇ ਵਿਚੋਂ ਕੋਈ ਇਕ ਅੱਧਾ ਭਾਵ ਦੁਰਲੱਭ ਜੋਗੀ ਹੈ, ਕਹੁ ਖਾਂ ਇਸ ਜੋਗਾਨੰਦ ਨੂੰ ਪਾ ਕੇ ਕਉਨ ਰਾਜਾ=ਰੱਜਿਆ ਹੈ ਭਾਵ ਕੋਈ ਭੀ ਨਹੀਂ ਤ੍ਰਿਪਤ ਹੋਇਆ॥ ੩ ॥

ਪੁਨਾ-ਜੋਗੀ ਨੇ ਬੇਨਤੀ ਕੀਤੀ, ਹੇ ਭਗਤ ਜੀ ! ਸਾਡੇ ਮੱਤ ਵਿਚ ਇਕ ਵਧੀਆ ਕਿੰਗ ਹੈ, ਜੋ ਕਿਸੀ ਪੁਰਬ ਵਾਲੇ ਦਿਨ ਵਜਾਈਦੀ ਹੈ ਸੋ ਆਪ ਦੇ ਮੱਤ ਵਿਚ ਕਿਹੜੀ ਹੈ?

*ਉੱਤਰ:-*ਰਾਜਾ ਰਾਮ ਅਨਹਦ ਕਿੰਗੁਰੀ ਬਾਜੈ॥

ਰਾਜਾ=ਪ੍ਰਕਾਸ਼ ਰੂਪ ਰਾਮ=ਪ੍ਰਮਾਤਮਾ ਦੀ ਸਭ ਵਿਚ ਅਨਹਦ=ਇਕਰਸ ਜਿਹੜੀ ਚੇਤਨ ਸੱਤਾ ਆਈ ਹੋਈ ਨਿਸਚੇ ਕੀਤੀ ਹੈ ਏਹੀ ਸਾਡੇ ਮੱਤ ਵਿਚ ਕਿੰਗ ਵੱਜ ਰਹੀ ਹੈ।

ਜਾ ਕੀ ਦਿਸਟਿ ਨਾਦ ਲਿਵ ਲਾਗੈ॥ ੧॥ ਰਹਾਉ॥

ਜਿਸ ਉੱਪਰ ਸਤਿਗੁਰ ਦੇਵਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ ਤਿਸ ਦੀ ਨਾਦ=ਬ੍ਰਹਮ ਵਿਚ ਲਿਵ ਲਗੀ ਹੈ। *ਅਥਵਾ-*ਜੋਗੀ ਨੇ ਬੇਨਤੀ ਕੀਤੀ ਐਸੀ ਦ੍ਰਿਸ਼ਟੀ ਪਰਾਪਤ ਕਿਸ ਨੂੰ ਹੁੰਦੀ ਹੈ?

ਉੱਤਰ-ਜਾਕੀ ਦਿਸਟਿ ਨਾਦ ਲਿਵ ਲਾਗੈ॥

ਜਾ ਕੀ=ਜਿਨ੍ਹਾਂ ਪੁਰਸ਼ਾਂ ਦੀ ਸਤਿਗੁਰ ਦੇਵਾਂ ਦੇ ਨਾਦ=ਉਪਦੇਸ਼ ਵਿਚ ਲਿਵ=ਬ੍ਰਿਤੀ ਲਗੀ ਹੈ ਤਿਨ੍ਹਾਂ ਨੂੰ ਐਸੀ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ॥ ੧॥ ਰਹਾਉ॥

ਪੁਨਾ-ਜੋਗੀ ਨੇ ਅਰਜ਼ ਕੀਤੀ ਹੇ ਭਗਤ ਜੀ ! ਸਾਡੇ ਮੱਤ ਵਿਚ ਚੰਗੀ ਸ਼ਰਾਬ ਭੀ ਕਦੀ ਕਦੀ ਨਿਕਾਲਦੇ ਹਨ ਅਤੇ ਆਪ ਦੇ ਮੱਤ ਵਿਚ ਕਿਹੜੇ ਤਰੀਕੇ ਦੀ ਨਿਕਾਲਦੇ ਹਨ?

ਉੱਤਰ- ***ਭਾਠੀ ਗਗਨੁ ਸਿੰਡਿਆ ਅਰੁ ਚੁੰਡਿਆ ਕਨਕ ਕਲਸ ਇਕੁ ਪਾਇਆ॥***

ਗਗਨੁ=ਚੇਤਨ ਦੇਵ ਰੂਪੀ ਤਾਂ ਭੱਠੀ ਹੈ ਆਸੁਰੀ ਸੰਪਤਾ ਵਾਲੇ ਗੁਣਾਂ ਨਾਲ ਸਿੰਡਿਆ=ਸੰਙਨਾ ਅਰਥਾਤ ਲੱਜਾ ਕਰਨੀ ਅਤੇ ਦੈਵੀ ਸੰਪਤਾ ਰੂਪ ਗੁਣਾਂ ਨੂੰ ਚੁੰਡਿਆ=ਚੁਨਣਾ ਭਾਵ ਗ੍ਰਹਿਣ ਕਰਨਾ ਇਹ ਦੋ ਨਾਲਾਂ ਹਨ। ਸ਼ੁਧ ਵਿਚਾਰ ਰੂਪੀ ਸ੍ਰੁਰਨ ਦਾ ਇਕ ਕਲਸ=ਘੱਟ ਪਾਇਆ=ਪ੍ਰਾਪਤ ਕੀਤਾ ਹੋਇਆ ਹੈ।

ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ॥ ੨॥

ਤਿਸ ਸ਼ੁੱਧ ਵਿਚਾਰ ਕਰਨੇ ਰੂਪੀ ਸੋਨੇ ਦੇ ਘਟ ਵਿਚ ਅਤਿਅੰਤ ਕਰ ਕੇ ਨਿਰਮਲ=ਸ਼ੁੱਧ ਬ੍ਰਹਮਾਨੰਦ ਰੂਪੀ ਧਾਰਾ ਚੋ ਰਹੀ ਹੈ। ਰਸਾਂ ਦੇ ਵਿਚੋਂ ਇਹ ਰਸ ਨਹੀਂ ਚੋ ਆਇਆ। ਯਥਾ-

ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥ ੩੫॥

(ਗਉੜੀ ਕਬੀਰ, ਪੰਨਾ ੩੪੨)

ਅਥਵਾ-ਰਸਨਾਂ ਵਿਚ ਇਹ ਉੱਤਮ ਰਸ ਚੋ ਆਇਆ ਹੈ, ਕਿਉਂਕਿ ਪ੍ਰਿਥਮ ਰਸਨਾਂ ਨਾਲ ਭਜਨ ਸਿਮਰਨ ਕਰੇਗਾ ਫਿਰ ਬ੍ਰਹਮਾਨੰਦ ਦੀ ਪ੍ਰਾਪਤੀ ਹੋਣੀ ਹੈ॥ ੨॥

ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ॥

ਇਕ ਹੋਰ ਅਨੂਪ ਵਾਰਤਾ ਬਣੀ ਹੈ ਕਿਹੜੀ? ਜੋ ਭਗਤੀ ਰੂਪੀ ਸੁਰਾਹੀ ਕੀਤੀ ਹੈ।

ਵਾ=ਏਕ ਅਨੂਪ ਬਨੀ=ਬਗੀਚੀ ਬਣੀ ਹੈ। *ਯਥਾ*-ਧਰਮ ਦਇਆ ਕਰ ਬਾਰੀ॥

ਬਾਤ=ਪਉਨ ਦੇ ਭੱਖਨੇ ਵਾਸਤੇ ਕਿਉਂਕਿ ਯੋਗੀ ਜਨ ਮਦ ਨੂੰ ਪੀ ਕਰ ਬਗੀਚੇ ਦੀ ਸੈਰ ਕਰਦੇ ਹਨ। ਇਸ ਤਰਫ ਨਾਮ ਰੂਪੀ ਪੌਣ ਨੂੰ ਭੱਖਨਾ ਕਰਦੇ ਹਨ। ਅਥਵਾ ਇਕ ਅਨੂਪ ਵਾਰਤਾ ਬਣੀ ਹੈ ਕਿਹੜੀ ਕਿ ਜਿਹੜਾ ਪਵਨ=ਸ੍ਵਾਸ ਸ੍ਵਾਸ ਭਜਨ ਸਿਮਰਨ ਕਰਨੇ ਰੂਪੀ ਪਿਆਲਾ ਸਾਜਨਾ ਕੀਤਾ ਹੈ।

ਅਥਵਾ=ਪਵਨ ਵਾਂਗ ਮਨ ਨਿਰਲੇਪ ਰੱਖਣਾ ਇਹ ਪਿਆਲਾ ਸਾਜਨਾ ਕੀਤਾ ਹੈ।

ਪੁਨਾ-ਬੇਨਤੀ ਕੀਤੀ ਹੇ ਭਗਤ ਜੀ ! ਤਿਸ ਬ੍ਰਹਮਾਨੰਦ ਦੇ ਲੈਣ ਵਿਚ ਬਹੁਤ ਪੁਰਸ਼ ਜੁੜੇ ਹੋਏ ਹੋਵਣਗੇ।

ਉੱਤਰ-

ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ॥ ੩॥

ਤਿੰਨਾਂ ਭਵਨਾਂ ਵਿਚੋਂ ਇਕ ਅੱਧਾ ਕੋਈ ਪਰਮੇਸ਼ਰ ਵਿਚ ਜੋਗੀ ਜੁੜਿਆ ਹੈ। ਪੁਨਾ ਬੇਨਤੀ ਕੀਤੀ ਹੇ ਭਗਤ ਜੀ ! ਜੋ ਪੁਰਸ਼ ਜੁੜਿਆ ਹੈ ਤਿਸ ਦੀ ਨਿਗ੍ਹਾ ਕਿਆ ਹੁੰਦੀ ਹੈ? *ਉੱਤਰ-*

ਉਸ ਦੀ ਦ੍ਰਿਸ਼ਟੀ ਵਿਚ ਰਾਜਾ ਕੌਣ ਹੈ ਤੇ ਕੰਗਾਲ ਕੌਣ ਹੈ। ਭਾਵ ਨਾ ਕੋਈ ਰਾਜਾ ਹੈ ਨਾ ਕੰਗਾਲ ਹੈ।

ਯਥਾ-ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥ ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥

(ਸੋਰਠ ਮਹਲਾ ੫, ਪੰਨਾ ੬੧੦)

ਵਾ-ਜੋ ਤਿਸ ਬ੍ਰਹਮਾਨੰਦ ਦੇ ਲੈਣ ਵਿਚ ਜੁੜਿਆ ਹੈ, ਕਹੁ ਖਾਂ ਤਿਸ ਜੈਸਾ ਹੋਰ ਕੌਣ ਰਾਜਾ=ਪ੍ਰਕਾਸ਼ਵਾਨ ਹੈ, ਭਾਵ ਉਸ ਤੱਤਵੇਤੇ ਮਹਾਤਮਾ ਜੈਸਾ ਜਗਤ ਵਿਚ ਹੋਰ ਕੋਈ ਨਹੀਂ॥ ੩॥

ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ॥

ਐਸੇ=ਇਸ ਪ੍ਰਕਾਰ ਦੇ ਸਾਧਨ ਕਰਦਿਆਂ ਹੋਇਆਂ ਪੁਰਖੋਤਮ=ਪੁਰਖਾਂ ਚੋਂ ਉੱਤਮ ਜੋ ਪ੍ਰਮਾਤਮਾ ਹੈ ਉਸ ਦਾ ਗਿਆਨ ਪ੍ਰਗਟ ਹੋਇਆ ਹੈ। ਕਬੀਰ ਜੀ ਆਖਦੇ ਹਨ ਸਾਡਾ ਮਨ ਤਿਸੀ ਦੇ ਰੰਗਿ=ਅਨੰਦ ਵਿਚ ਰਾਤਾ=ਤਦਾਕਾਰ ਹੋਇਆ ਹੈ।

ਅਉਰ ਦੁਨੀ ਸਭ ਭਰਮਿ ਭੁਲਾਨੀ

ਹੋਰ ਸਾਰੀ ਦੁਨੀਆਂ ਤੁੱਛ ਮਦ ਆਦਿਕ ਵਿਕਾਰਾਂ ਵਿਚ ਲੱਗ ਕੇ ਭਰਮ ਵਿਚ ਭੁੱਲੀ ਫਿਰਦੀ ਹੈ।

ਮਨੁ ਰਾਮ ਰਸਾਇਨ ਮਾਤਾ॥ ੪॥ ੩॥

ਰਾਮ ਜੋ ਰਸਾਂ ਦਾ ਆਨਿ=ਘਰ ਹੈ ਤਿਸ ਵਿਚ ਸਾਡਾ ਮਨ ਮਾਤਾ=ਮਸਤ ਹੋਇਆ ਹੈ॥ ੪॥ ੩॥

[ਪੰਨਾ ੯੩]

ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ॥

ਸਿਰੀਰਾਗ ਵਿਚ ਭਗਤ ਬੇਣੀ ਜੀ ਆਪਣੀ ਬਾਣੀ ਉਚਾਰਦੇ ਹਨ।

ਭਗਤ ਬੇਣੀ ਜੀ ਦੇ ਕੁੱਲ ਤਿੰਨ ਸ਼ਬਦ ਉਚਾਰੇ ਹੋਏ ਹਨ। ਇਕ ਸਿਰੀਰਾਗ ਵਿਚ, ਦੂਜਾ ਰਾਮਕਲੀ ਵਿਚ, ਇੜਾ ਪਿੰਗੁਲਾ ਔਰ ਸੁਖਮਨਾ। ਤੀਜਾ ਪ੍ਰਭਾਤੀ ਵਿਚ।

ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ॥ *(ਪੰਨਾ ੧੩੫੧)*

ਇਹ ਬੇਣੀ ਜੀ ਪੂਰਬ ਵਿਚ ਹੋਏ ਹਨ। ਇਨ੍ਹਾਂ ਦੇ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ-*

ਪਹਰਿਆ ਕੈ ਘਰਿ ਗਾਵਣਾ॥

ਪਹਿਲੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥

(ਸਿਰੀਰਾਗ ਮਃ ੧, ਪੰਨਾ ੭੪)

**ਗੁਰਮੁਖ ਬੇਣੀ ਭਗਤਿ ਕਰ ਜਾਇ ਇਕਾਂਤੁ ਬਹੈ ਲਿਵ ਲਾਵੈ॥*
ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਜਰ ਲਖਾਵੈ॥
ਘਰ ਆਇਆ ਜਾਂ ਪੁਛੀਐ ਰਾਜ ਦੁਆਰ ਗਇਆ ਆਲਾਵੈ॥
ਘਰ ਸਭ ਵਥੁ ਮੰਗੀਅਨਿ ਵਲ ਛਲ ਕਰਿ ਕੇ ਭਖ ਲੰਘਾਵੈ॥
ਵਡਾ ਸਾਂਗ ਵਰਤਦਾ ਓਹ ਇਕ ਮਨਿ ਪਰਮੇਸੁਰ ਧਯਾਵੈ॥
ਪੈਜ ਸਵਾਰੈ ਭਗਤ ਦੀ ਰਾਜਾ ਹੁਇ ਕੈ ਘਰਿ ਚਲ ਆਵੈ॥
ਦੇਇ ਦਿਲਾਸਾ ਤੁਸ ਕੈ ਅਣਗਣਤੀ ਖਰਚੀ ਪਹੁੰਚਾਵੈ॥
ਓਥਹੁ ਆਇਆ ਭਗਤਿ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ॥
ਭਗਤ ਜਨਾਂ ਜੈਕਾਰੁ ਕਰਾਵੈ॥ ੧੪॥ *(ਭਾਈ ਗੁਰਦਾਸ ਜੀ, ਵਾਰ ੧੦)*

ਜਿਸ ਘਰ ਵਿਚ ਇਹ ਸ਼ਬਦ ਗਾਇਨ ਕੀਤਾ ਜਾਂਦਾ ਹੈ ਉਸੀ ਘਰ ਵਿਚ ਇਸ ਸ਼ਬਦ ਨੂੰ ਗਾਇਨ ਕਰਨਾ। ਵਾ-ਪਹਿਰਿਆ=ਪਹਿਰ ਪਹਿਰ ਦੇ ਵਿਚ ਇਸ ਸ਼ਬਦ ਨੂੰ ਗਾਇਨ ਕਰਨਾ। ਵਾ-ਬਸਤ੍ਰ ਦੇ ਅਤੇ ਭੁਖਨਾ ਦੇ ਪਹਿਰਨ ਕਾਲ ਵਿਚ ਇਸ ਸ਼ਬਦ ਨੂੰ ਘਰ ਵਿਚ ਗਾਇਨ ਕਰਨਾ।

ਅਥਵਾ- ਪਹਿਰਾ ਦੇਂਦਿਆਂ ਦੇਂਦਿਆਂ ਘਰਾਂ ਅੱਗੇ ਇਸ ਸ਼ਬਦ ਨੂੰ ਗਾਇਨ ਕਰਨਾ।

੧ਓ ਸਤਿਗੁਰ ਪ੍ਰਸਾਦਿ॥

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ॥

ਰੇ ਨਰ=ਹੇ ਪੁਰਸ਼ਾ ! ਮਾਤਾ ਦਾ ਗਰਭ ਜੋ ਕੁੰਡਲਾਕਾਰ ਹੈ ਉਸ ਦੇ ਵਿਚ ਜਿਸ ਵੇਲੇ ਤੂੰ ਇਸਥਿਤ ਆਛਤ=ਹੋ ਰਿਹਾ ਸੀ ਉਸ ਵੇਲੇ ਤੂੰ ਉਰਧ=ਉਲਟਾ, ਭਾਵ ਸਿਰ ਹੇਠਾਂ ਸੀ ਤੇ ਪੈਰ ਉਪਰ ਸਨ ਅਪੁੱਠਾ ਟੰਗਿਆ ਹੋਇਆ ਸੀ ਤੇ ਵਾਹਿਗੁਰੂ ਦੇ ਧਿਆਨ ਵਿਚ ਤੇਰੀ ਲਿਵ=ਬਿਰਤੀ ਲੱਗ ਰਹੀ ਸੀ। *ਯਥਾ-*

ਰੇ ਮੁੜੇ ਤੂ ਕਿਉ ਸਿਮਰਤ ਅਬ ਨਾਹੀ॥
ਨਰਕ ਘੋਰ ਮਹਿ ਉਰਧ ਤਪੁ ਕਰਤਾ ਨਿਮਖ ਨਿਮਖ ਗੁਣ ਗਾਂਹੀ॥

(ਸਾਰੰਗ ਮ: ੫, ਪੰਨਾ ੧੨੦੭)

ਵਾ-ਉਰਧ=ਉਤ ਕ੍ਰਿਸ਼ਟ ਜੋ ਪ੍ਰਮਾਤਮਾ ਹੈ ਉਸ ਦੇ ਧਿਆਨ ਵਿਚ ਤੂੰ ਲਿਵ ਲਗਾ ਰਿਹਾ ਸੀ। *ਯਥਾ-*

ਗਰਭ ਕੁੰਡਲ ਮਹਿ ਉਰਧ ਗਿਆਨੀ॥ ਆਪੇ ਜਾਣੈ ਅੰਤਰਜਾਮੀ॥
ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ॥

(ਮਾਰੂ ਮ: ੧, ਪੰਨਾ ੧੦੨੬)

ਤਥਾ- ਗਰਭ ਕੁੰਟ ਮਹਿ ਉਰਧ ਤਪ ਕਰਤੇ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥

(ਗਉੜੀ ਬਾਵਨ ਅਖਰੀ, ਪੰਨਾ ੨੫੧)

ਤਥਾ- ਗਰਭ ਜੋਨਿ ਮਹਿ ਉਰਧ ਤਪੁ ਕਰਤਾ॥ ਤਉ ਜਠਰ ਅਗਨਿ ਮਹਿ ਰਹਤਾ॥ ੨॥

(ਗਉੜੀ ਕਬੀਰ, ਪੰਨਾ ੩੩੭)

ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ॥

ਜਿਸ ਵੇਲੇ ਤੂੰ ਮਾਤਾ ਦੇ ਗਰਭ ਵਿਚ ਇਸਥਿਤ ਸੀ ਉਸ ਵੇਲੇ ਤੂੰ ਪਿੰਡਿ=ਸਰੀਰ ਦੀ ਤਰਫੋਂ ਮਿਰਤਕ ਸੀ ਅਰਥਾਤ ਦੇਹ ਅਧਿਆਸ ਨਹੀਂ ਸੀ ਤੇ ਵਾਹਿਗੁਰੂ ਦੇ ਪਦ=ਚਰਨਾਂ ਵਿਚ ਮਦਨਾ=ਮਸਤ ਸੀ। ਤੇ ਅਹਿਨਿਸਿ=ਰਾਤ ਦਿਨੇ ਇਕ ਅਗਿਆਨ ਦਾ ਨਾਗਾ ਸੀ। ਕਿਉਂਕਿ ਮਾਂ ਦੇ ਪੇਟ ਵਿਚ ਤੈਨੂੰ ਸੋ ਜਨਮ ਦੀ ਖਬਰ ਸੀ।

*ਅਥਵਾ-*ਮਿਰਤਕ=ਮਿੱਟੀ ਦਾ ਪਿੰਡਿ=ਸਰੀਰ ਜੋ ਤੈਨੂੰ ਪ੍ਰਾਪਤ ਹੋਇਆ ਹੈ ਏਹੀ ਇਕ ਤੈਨੂੰ ਪਦ=ਮੁਰਾਤਬਾ ਮਿਲਿਆ ਹੈ, ਇਸ ਦਾ ਤੈਨੂੰ ਮਦ=ਹੰਕਾਰ ਨਹੀਂ ਸੀ ਤੇ ਅਹਿਨਿਸਿ=ਰਾਤ ਦਿਨੇ ਇਕ ਅਗਿਆਨ ਸੀ ਭਾਵ ਸ੍ਵੈ-ਸਰੂਪ ਦਾ ਤੈਨੂੰ ਪਤਾ ਨਹੀਂ ਸੀ ਅਤੇ ਨਾਗਾ=ਨੰਗਾ ਸੀ।

ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥

ਤੇ=ਉਹ ਮਾਤਾ ਦੇ ਗਰਭ ਵਾਸ ਵਾਲੇ ਦਿਨ ਸੰਭਾਲਣਾ ਕਰ ਜਦ ਤੂੰ ਮਾਤਾ ਦੇ ਗਰਭ ਵਿਚ ਕਸ਼ਟ ਕਰ ਕੇ ਬੜਾ ਦੁਖੀ ਹੋ ਰਿਹਾ ਸੀ। ਹੁਣ ਤੂੰ ਮਾਇਆ ਦੇ ਵਿਚ ਬਹੁਤ ਤਰ੍ਹਾਂ ਕਰਕੇ ਚਿੱਤ ਨੂੰ ਪਸਾਰਿਆ ਹੋਇਆ ਹੈ। ਯਥਾ-

ਖਾਤ ਪੀਵਤ ਸਵੰਤ ਸੁਖੀਆ ਨਾਮੁ ਸਿਮਰਤ ਖੀਨ ॥
ਗਰਭ ਉਦਰ ਬਿਲਲਾਟ ਕਰਤਾ ਤਹਾਂ ਹੋਵਤ ਦੀਨ ॥

(ਸਾਰਗ ਮ: ੫, ਪੰਨਾ ੧੨੨੫)

ਤਥਾ - ਵਿਚਹੁ ਗਰਭੈ ਨਿਕਲਿ ਆਇਆ ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥ *(ਪੰਨਾ ੧੦੦੭)*

ਤਥਾ - ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥ *(ਗਉੜੀ ਮ: ਪੰਨਾ ੨੩੭*)*

ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧ ॥

ਮਾਂ ਦੇ ਗਰਭ ਨੂੰ ਛੱਡ ਕੇ ਜਦੋਂ ਮ੍ਰਿਤ ਮੰਡਲ=ਸੰਸਾਰ ਉੱਤੇ ਆਇਆ ਤਉ=ਤਦੋਂ ਹੀ ਨਰ ਹਰਿ= ਪ੍ਰਮਾਤਮਾ ਨੂੰ ਵਾ ਹੇ ਨਰ=ਪੁਰਸ਼ਾ ਤੂੰ ਹਰੀ ਨੂੰ ਮਨ ਵਿਚੋਂ ਵਿਸਾਰਿਆ=ਭੁਲਾ ਦਿੱਤਾ ॥ ੧ ॥ ਯਥਾ-

ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥ *(ਪੰਨਾ ੨੫੧)*

ਤਥਾ- ਜੋਨਿ ਛਾਡਿ ਜਉ ਜਗ ਮਹਿ ਆਇਓ ॥ ਲਾਗਤ ਪਵਨ ਖਸਮੁ ਬਿਸਰਾਇਓ ॥ ੧ ॥

(ਗਉੜੀ ਕਬੀਰ, ਪੰਨਾ ੩੩੭)

ਤਥਾ- ਰੇ ਮੂੜੇ ਤੂ ਕਿਉ ਸਿਮਰਤ ਅਬ ਨਾਹੀ ॥
ਨਰਕ ਘੋਰ ਮਹਿ ਉਰਧ ਤਪੁ ਕਰਤਾ ਨਿਮਖ ਨਿਮਖ ਗੁਨ ਗਾਂਹੀ ॥ ੧ ॥ ਰਹਾਉ ॥
ਅਨਿਕ ਜਨਮ ਭ੍ਰਮਤੋ ਹੀ ਆਇਓ ਮਾਨਸ ਜਨਮੁ ਦੁਲਭਾਹੀ ॥
ਗਰਭ ਜੋਨਿ ਛੋਡਿ ਜਉ ਨਿਕਸਿਓ ਤਉ ਲਾਗੋ ਅਨ ਠਾਂਹੀ ॥ ੧ ॥

(ਸਾਰੰਗ ਮ: ੫, ਪੰਨਾ ੧੨੦੭)

ਤਥਾ- ਦੂਜੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥

(ਸਿਰੀਰਾਗੁ ਮ: ੧, ਪੰਨਾ ੭੫)

ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥

ਹੇ ਮੂਰਖ ਪੁਰਸ਼ਾਂ ! ਤੂੰ ਭਰਮ ਕਰਕੇ ਕਵਨ=ਕਿਸ ਕੁਮਤਿ=ਖੋਟੀ ਬੁਧੀ ਵਿਚ ਲਗ ਰਿਹਾ ਹੈਂ, ਜਿਸ ਵੇਲੇ

**ਮਾਣਸ ਜਨਮ ਦੁਲੰਭੁ ਹੈ ਛਿਣ ਭੰਗੁਰ ਛਲ ਦੇਹੀ ਛਾਰਾ ॥*
ਪਾਣੀ ਦਾ ਕਰਿ ਪੁਤਲਾ ਉਡੈ ਨ ਪਉਣੁ, ਖੁਲੇ ਨਉਂ ਦੁਆਰਾ ॥
ਅਗਨਿ ਕੁੰਡ ਵਿਚਿ ਰਖਿਅਨਿ ਨਰਕ ਘੋਰ ਮਹਿੰ ਉਦਰੁ ਮੰਝਾਰਾ ॥
ਕਰੈ ਉਰਧ ਤਪੁ ਗਰਭੁ ਵਿਚ ਚਸਾ ਨ ਵਿਸਰੈ ਸਿਰਜਣਹਾਰਾ ॥
ਦਸੀਂ ਮਹੀਨੀ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ ॥
ਜੰਮਦੋ ਮਾਇਆ ਮੋਹਿਆ, ਨਦਰਿ ਨ ਆਵੈ ਰਖਣਹਾਰਾ ॥
ਸਾਹੋਂ ਵਿਛੁੜਿਆ ਵਣਜਾਰਾ ॥ ੬ ॥ *(ਭਾਈ ਗੁਰਦਾਸ ਜੀ ਵਾਰ ੩੭ ਪਉੜੀ ੬)*

ਤੂੰ ਜਮਦੂਤਾਂ ਦੇ ਵਸੀਕਾਰ ਹੋਵੇਂਗਾ ਉਹ ਤੈਨੂੰ ਮਾਰਨਗੇ ਫਿਰਿ=ਪਿੱਛੋਂ ਪਛੁਤਾਵਹਿਗਾ=ਅਫਸੋਸ ਕਰੇਂਗਾ ਕਿ ਮੈਂ ਕਿਉਂ ਨਹੀਂ ਭਜਨ ਸਿਮਰਨ ਕੀਤਾ।

ਯਥਾ:- *ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ॥ ੧॥*

(ਵਡਹੰਸ ਕੀ ਵਾਰ, ਪੰਨਾ ੫੯੧)

ਮਨ ਰੇ ਸਮਝੁ ਕਵਨ ਮਤਿ ਲਾਗਾ॥ ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛਤਾਹਿ ਅਭਾਗਾ॥ ੧॥

(ਸੋਰਠ ਮ: ੧, ਪੰਨਾ ੫੯੮)

ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ॥੧॥ਰਹਾਉ॥

ਤਾਂ ਤੇ ਤੂੰ ਹੁਣੇ ਵਾਹਿਗੁਰੂ ਨੂੰ ਚੇਤਨਾ ਕਰ, ਨਾਹੀ=ਜੇਕਰ ਤੂੰ ਨਾ ਚੇਤੇਂਗਾ, ਤਾਂ ਜਮਪੁਰੀ ਵਿਚ ਜਾਵੇਂਗਾ। ਤਾਂ ਤੇ ਤੂੰ ਰਾਧਾ=ਅਰਾਧਨੇ ਤੋਂ ਅਨ=ਰਹਿਤ ਹੋ ਕੇ ਜਨੁ=ਮਤਾਂ ਵਿਚਰ। ਅਥਵਾ-ਪ੍ਰਮਾਤਮਾ ਨੂੰ ਛੋਡ ਕੇ ਅਨੁ=ਹੋਰ ਦੇਵੀਆਂ ਦੇਵਤਿਆਂ ਦੇ ਜਾਂ ਯੱਗ ਆਦਿਕ ਕਰਮਾਂ ਦੇ ਕਰਨ ਵਿਚ ਜਾਂ ਭੂਤਾਂ ਪ੍ਰੇਤਾਂ ਦੇ ਰਾਧਾ=ਆਰਾਧਨ ਵਿਚ ਮਤਾਂ ਫਿਰ। ਵਾ ਅਨੁ=ਦ੍ਵੈਤ ਦੇ ਰਾਧਾ=ਬੀਜਣੇ ਵਿਚ ਮਤਾਂ ਫਿਰ। ਵਾ ਅਨਰਾਧਾ ਆਦਿਕ +ਨਛੱਤਰਾਂ ਦੇ ਪੂਜਨੇ ਵਿਚ ਮਤਾਂ ਵਿਚਰ।

ਅਥਵਾ-ਅਨਰਾਧਾ=ਅਨਸਿਆ ਹੋ ਕੇ ਜਨੁ=ਮਤਾਂ ਵਿਚਰ। ਭਾਵ ਗੁਰੂ ਪੀਰ ਦਾ ਹੋ ਕੇ ਫਿਰ। ਨਿਗੁਰਾ ਹੋ ਕੇ ਨ ਫਿਰ। ਅਨਸਿਆ ਉਸਨੂੰ ਕਹਿੰਦੇ ਹਨ ਜੋ ਬਨ ਵਿਖੇ ਆਪੇ ਹੀ ਸਬਜ਼ੀ ਪੈਦਾ ਹੋ ਜਾਂਦੀ ਹੈ ਉਸ ਦਾ ਕੋਈ ਰਖਜਕ ਨਹੀਂ ਹੁੰਦਾ। ਐਸੇ ਨਿਗੁਰੇ ਦਾ ਵੀ ਕੋਈ ਰੱਖਜਕ ਨਹੀਂ ਹੁੰਦਾ॥ ੧॥ ਰਹਾਉ॥

ਯਥਾ- ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ॥
ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ॥ ੧॥

ਤਥਾ- ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ॥ ੫॥

(ਗਉੜੀ ਬੈਰਾਗਣਿ ਮ: ੩, ਪੰਨਾ ੨੩੩)

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥

ਜਿਸ ਵੇਲੇ ਬਾਲਕ ਅਵਸਥਾ ਹੁੰਦੀ ਹੈ ਤਿਸ ਵੇਲੇ ਬਿਨੋਦ=ਖੇਡਣ ਦੇ ਰਸਾਂ ਦੇ ਚਿੰਦ=ਚਿਤਵਨੇ ਵਿਚ ਲੱਗਾ ਰਹਿੰਦਾ ਹੈ। ਵਾ=ਬਾਲਕ ਅਵਸਥਾ ਵਿਚ ਤਾਂ ਬਿਨੋਦ=ਖੇਡਣ ਵਿਚ ਲੱਗਾ ਰਹਿੰਦਾ ਹੈ ਅਤੇ ਜੁਆਨੀ ਵਿਚ ਵਿਸ਼ੇ ਰਸਾਂ ਦੇ ਭੋਗਨ ਵਿਚ ਲੱਗਾ ਰਹਿੰਦਾ ਹੈ ਤੇ ਬ੍ਰਿੱਧ ਅਵਸਥਾ ਵਿਚ ਚਿੰਦ=ਚਿੰਤਾ ਵਿਚ ਲੱਗਾ ਰਹਿੰਦਾ ਹੈ।

ਅੱਗੇ ਪ੍ਰਸੰਗ ਜੋਬਨ ਅਵਸਥਾ ਦਾ ਚਲਣਾ ਹੈ ਇਸ ਲਈ ਇਹ ਅਰਥ ਕਰਨਾ। ਜੋਬਨ ਵਿਚ ਬਾਲ=ਇਸਤਰੀ ਦੇ ਬਿਨੋਦ=ਕੌਤਕਾਂ ਦੇ ਰਸਾਂ ਦੇ ਚਿੰਦ=ਚਿਤਵਨ ਵਿਚ ਲੱਗ ਗਿਆ ਅਤੇ ਖਿਨ ਖਿਨ ਕਾਲ

+੨੭ ਨਛੱਤਰਾਂ ਦੇ ਨਾਮ-੧. ਅਸ਼ਨੀ, ੨. ਭਰਨੀ, ੩. ਕ੍ਰਿਤਕਾ, ੪. ਰੋਹਨੀ, ੫. ਮ੍ਰਿਗਸ਼ਰ, ੬. ਆਦਰਾ, ੭. ਪੁਨਰ ਵਸੂ, ੮. ਪੁਖ, ੯. ਸ਼ਲੇਖਾ, ੧੦. ਮੱਘਾ, ੧੧. ਪੂਰਬਾ ਫਾਲਗੁਨੀ, ੧੨. ਉਤਰਾ ਫਾਲਗੁਨੀ, ੧੩. ਹਸਤ ਚਿਤ੍ਰਾ, ੧੪. ਸ੍ਵਾਤੀ, ੧੫. ਵਿਸ਼ਾਖਾ, ੧੬. ਅਨਰਾਧਾ, ੧੭. ਜੇਸ਼ਟਾ, ੧੮. ਮੂਲਾ, ੧੯. ਪੂਰਬਾ ਅਖਾੜਾ, ੨੦. ਉਤਰਾ ਅਖਾੜਾ, ੨੧. ਅਭੀਜਿਤ, ੨੨. ਸ਼੍ਰਵਨ, ੨੩. ਧਨਿਸ਼ਟਾ, ੨੪. ਸਤਭਿਖਾ, ੨੫. ਪੂਰਵਾ ਭਾਦ੍ਰ ਪਦਾ, ੨੬. ਉਤਰਾ ਭਾਦ੍ਰ ਪਦਾ, ੨੭. ਰੇਵਤੀ।

ਵਿਚ ਨਾਨਾ ਪਦਾਰਥਾਂ ਦਾ ਮੋਹ ਵਿਆਪਦਾ ਹੈ।

ਰਸੁਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥

ਇਹ ਜੀਵ ਰਸੁਮਿਸੁ=ਤਦਾਕਾਰ ਹੋ ਕੇ ਵਿਸ਼ੇ ਵਿਕਾਰ ਜੋ ਵਿਹੁ ਵੱਤ ਮਾਰਨ ਵਾਲੇ ਹਨ ਤਿਨ੍ਹਾਂ ਨੂੰ ਅੰਮ੍ਰਿਤ ਵਾਂਗ ਮੇਧੁ=ਪਵਿੱਤ੍ਰ ਜਾਣ ਕੇ ਭਾਵ ਸੁਖਦਾਇਕ ਸਮਝ ਕੇ ਚਾਖੀ=ਭੋਗਣਾ ਕਰਦਾ ਹੈ, ਵਾ ਰਸਾਂ ਦੇ ਭੋਗਣੇ ਦੇ ਮਿਸੁ=ਬਹਾਨੇ ਮੇਧੁ=ਮਾਸ ਸ਼ਰਾਬ ਆਦਿਕ ਜੋ ਬਿਖੁ=ਵਿਹੁ ਵੱਤ ਦੁਖਦਾਈ ਹਨ, ਤਿਨ੍ਹਾਂ ਨੂੰ ਅੰਮ੍ਰਿਤ ਸਮਾਨ ਸੁਖਦਾਈ ਜਾਣ ਕੇ ਚਾਖੀ=ਖਾਣਾ ਕਰਦਾ ਹੈ, ਤਾਂ ਫਿਰ ਪੰਜ ਕਾਮ ਆਦਿਕ ਪ੍ਰਗਟ ਹੀ ਇਸ ਨੂੰ ਸੰ=ਭਲੀ ਪ੍ਰਕਾਰ ਤਾਪੈ=ਦੁਖ ਦੇਂਦੇ ਹਨ।

ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥

ਪੁਨਾ-ਇਸ ਜੀਵ ਨੇ ਆਪਣੇ ਇਸ਼ਟ ਦੇਵ ਦਾ ਮੰਤ੍ਰ ਜਪਨਾ ਰੂਪ ਜਪ ਵਾ:-ਬਾਣੀ ਦਾ ਸੂਖਮ ਰੂਪ ਪਾਠ ਕਰਨ ਰੂਪ ਜਪ, ਔਰ ਵਰਤ ਰੱਖਣੇ, ਪੰਜ ਧੂਣੀਆਂ ਤਪਣੀਆਂ ਤੇ ਜਲਧਾਰਾ ਸਹਾਰਨੇ ਰੂਪ ਤਪ, ਔਰ ਇੰਦ੍ਰੀਆਂ ਦਾ ਸੰਜਮੁ=ਦਮਨ ਕਰਨਾ ਤੇ ਪੁੰਨਾਂ ਵਾਲੀ ਸ਼ੁਭ ਮੱਤੀ ਅਥਵਾ ਸੁਕ੍ਰਿਤ=ਪੁੰਨ ਕਰਨੇ ਇਹ ਸਭ ਛੱਡ ਦੇਣਾ ਕੀਤੇ, ਤੇ ਮਤਿ=ਬੁੱਧੀ ਵਿਚ ਰਾਮ ਦੇ ਨਾਮ ਨੂੰ ਅਰਾਧਨਾ ਨਾ ਕੀਤਾ।

ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਂਨੇ ਸਕਤਿ ਗਲ ਬਾਂਧਿਆ ॥੨ ॥

ਜਿਸ ਵੇਲੇ ਜੋਬਨ ਅਵਸਥਾ ਦੇ ਬਲ ਕਰਕੇ ਕਾਮਦੇਵ ਉੱਛਲਿਆ ਅਰਥਾਤ ਕਾਮਦੇਵ ਨੇ ਆਪਣਾ ਬਲ ਪਾਇਆ ਤਾਂ ਮਤਿ=ਬੁੱਧੀ ਨੂੰ ਕਾਲ=ਕਾਲਖ ਲਗ ਗਈ ਜੋ ਪਰਾਈਆਂ ਔਰਤਾਂ ਵੱਲ ਮੰਦ ਦ੍ਰਿਸ਼ਟੀ ਨਾਲ ਵੇਖਣ ਲੱਗ ਪਿਆ। ਵਾ ਯਦੀ ਕਾਮ ਉੱਛਲਿਆ ਤਾਂ ਕਾਲ ਕਰਨੇ ਵਾਲੀ ਭਾਵ ਜੁੱਤੀਆਂ ਪਵਾਣ ਵਾਲੀ ਮੱਤੀ ਆ ਕੇ ਲਾਗੀ=ਪ੍ਰਾਪਤ ਹੋ ਗਈ।

ਜਿਸ ਵੇਲੇ ਮਾਂ ਪਿਉ ਨੂੰ ਉਲਾਂਭੇ ਮਿਲਣ ਲੱਗ ਪਏ ਤਾਂ ਮਾਤਾ ਪਿਤਾ ਨੇ ਸਕਤਿ=ਇਸਤ੍ਰੀ ਨੂੰ ਆਨਿ=ਲਿਆ ਕੇ ਇਸ ਦੇ ਗਲ ਨਾਲ ਬੰਨ੍ਹ ਦਿੱਤਾ ਭਾਵ ਪੁੱਤ੍ਰ ਦਾ ਵਿਆਹ ਕਰ ਦਿੱਤਾ॥ ੨॥

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥

ਫਿਰ ਭੀ ਇਹ ਪੁਰਸ਼ ਤਰੁਣ=ਜੋਬਨ ਅਵਸਥਾ ਦੇ ਤੇਜੁ=ਬਲ ਕਰਕੇ ਪਰਾਈਆਂ ਔਰਤਾਂ ਦੇ ਸੁੰਦਰ ਮੁੱਖ ਵੱਲ ਜੋਹਹਿ=ਦੇਖਣਾ ਕਰਦਾ ਹੈ।

ਯਥਾ:- ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥

(ਗਉੜੀ ਵਾਰ, ਪੰਨਾ ੩੧੫)

*ਅਥਵਾ:-*ਤਰੁਣ ਤੇਜੁ=ਸੂਰਜ ਵਾਂਗੂੰ ਜਿਨ੍ਹਾਂ ਦਾ ਤੇਜ ਪ੍ਰਤਾਪ ਹੈ ਉਨ੍ਹਾਂ ਪਰਾਈਆਂ ਇਸਤ੍ਰੀਆਂ ਦੇ ਮੂੰਹ ਵੇਖਦਾ ਹੈ।

ਸਰੁ ਅਪਸਰੁ=ਭਲਾ ਬੁਰਾ ਇਸ ਨੇ ਜਾਣਨਾ ਨਾ ਕੀਤਾ ਕਿ ਇਸ ਕੰਮ ਦੇ ਕਰਨ ਨਾਲ ਮੈਨੂੰ ਨਫਾ ਹੈ ਜਾਂ ਨੁਕਸਾਨ ਹੈ।

*ਯਥਾ:-*ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ॥ ੨॥

(ਸੋਰਠ ਮਹਲਾ ੧, ਪੰਨਾ ੫੯੮)

ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥

ਕਾਮ ਦੇਵ ਦੀ ਉਨਮਤ=ਮਸਤੀ ਕਰਕੇ ਮਹਾਂ ਵਿਸ਼ੇ ਵਿਕਾਰਾਂ ਵਿਚ ਲਗ ਕੇ ਭੁੱਲ ਰਿਹਾ ਹੈ, ਇਸ ਜੀਵ ਨੇ ਪਾਪ ਪੁੰਨ ਨੂੰ ਨ ਪਛਾਣਨਾ ਕੀਤਾ ਕਿ ਪਰਾਈ ਔਰਤ ਨੂੰ ਹੱਥ ਪਾਣਾ ਇਹ ਪਾਪ ਹੈ ਅਤੇ ਆਪਣੀ ਔਰਤ ਪਰ ਕਾਇਮ ਰਹਿਣਾ ਏਹੁ ਪੁੰਨ ਹੈ।

ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥

ਜਿਸ ਵੇਲੇ ਪਰਵਾਰ ਪੈਦਾ ਹੋ ਗਿਆ ਤਦ ਸੁਤ=ਪੁੱਤਰ ਤੇ ਸੰਪਦਾ ਨੂੰ ਵੇਖ ਕੇ ਇਹ ਮਨ ਹੰਕਾਰ ਦੇ ਸਹਿਤ ਹੋ ਗਿਆ, ਤੇ ਜਪਨੇ ਜੋਗ ਜੋ ਰਾਮ ਦਾ ਨਾਮ ਸੀ ਉਹ ਰਿਦੇ 'ਚੋਂ ਖੋਇਆ=ਭੁਲਾ ਦਿੱਤਾ।

ਅਵਰ ਮਰਤ ਮਾਇਆ ਮਨੁ ਤੋਲੈ ਤਉ ਭਗ ਮੁਖਿ ਜਨਮੁ ਵਿਗੋਇਆ ॥ ੩ ॥

ਜਿਸ ਵੇਲੇ ਕੋਈ ਅਵਰ=ਹੋਰ ਮਰਦਾ ਹੈ ਤਾਂ ਮਨ ਵਿਚ ਮਾਇਆ ਨੂੰ ਤੋਲੇ=ਵਿਚਾਰਦਾ ਹੈ ਕਿ ਇਸ ਦੇ ਪਾਸ ਜੋ ਇਤਨਾ ਕੁ ਧਨ ਹੈ ਸੋ ਸਾਰਾ ਮੈਂ ਹੀ ਸਾਂਭਾਂਗਾ। ਕਿਉਂਕਿ ਇਸ ਦਾ ਲੜਕਾ ਕੋਈ ਨਹੀਂ ਹੈ। ਯਦੀ ਉਹ ਧਨ ਪ੍ਰਾਪਤ ਹੋ ਗਿਆ ਤਾਂ ਇਸਨੂੰ ਚਾਹੀਦਾ ਸੀ ਚੰਗੇ ਪਾਸੇ ਲਗਾਣਾ, ਪ੍ਰੰਤੂ ਇਸ ਨੇ ਉਹ ਧਨ ਲੈ ਕੇ ਭਗ ਤੇ ਮੁਖ ਇਨ੍ਹਾਂ ਦੋਹਾਂ ਇੰਦ੍ਰੀਆਂ ਦੇ ਸਵਾਦ ਵਿਚ ਲੱਗ ਕੇ ਆਪਣਾ ਮਨੁੱਖਾ ਜਨਮ ਵਿਗੋਇਆ=ਖਰਾਬ ਕਰ ਲੀਤਾ। ਵਾ-ਪ੍ਰਮਾਤਮਾ ਦੀ ਤਰਫੋਂ ਭੱਜ ਕੇ ਸਾਰੀਆਂ ਜੂਨਾਂ ਤੋਂ ਮੁਖੀ ਜਨਮ ਜੋ ਮਨੁੱਸ਼ਾ ਦੇਹ ਹੈ ਇਸ ਨੂੰ ਖਰਾਬ ਕਰ ਦਿੱਤਾ ਭਾਵ ਨਿਸਫਲ ਗਵਾ ਦਿੱਤਾ ਹੈ॥ ੩ ॥

ਬੇਨਤੀ ਕੀਤੀ ਕੋਈ ਤਰਿਆ ਭੀ ਹੈ ਕਿ ਨਹੀਂ, ਤਾਂ ਬੇਣੀ ਜੀ ਕਹਿੰਦੇ ਹਨ-ਮਹਾਤਮਾ ਤਰੇ ਹਨ।

ਉਹ ਅਵਰ=ਹੋਰ ਹੀ ਮਰਤ=ਮਰਦ ਹਨ, ਜਿਨ੍ਹਾਂ ਨੇ ਮਾਇਆ ਮਾਤ੍ਰ ਸਾਰੇ ਜਗਤ ਨੂੰ ਆਪਣੇ ਮਨ ਵਿਚ ਵਿਚਾਰਿਆ ਹੈ। ਤਿਨ੍ਹਾਂ ਨੇ ਸੰਸਾਰ ਦੀ ਤਰਫੋਂ ਭਗ=ਦੌੜ ਕਰਕੇ ਮੁਖਿ=ਅਧਿਸ਼ਠਾਨ ਰੂਪ ਪ੍ਰਮਾਤਮਾ ਵਿਚ ਆਪਣੇ ਜਨਮ=ਜੀਵਨੇ ਨੂੰ ਵਿ=ਵਿਸ਼ੇਸ਼ ਕਰਕੇ ਗੋਇਆ=ਮਿਲਾਇਆ ਹੈ। ਵਾ ਤਿਨ੍ਹਾਂ ਮਹਾਤਮਾਂ ਨੇ ਸੰਸਾਰ ਦੀ ਤਰਫੋਂ ਦੌੜ ਕਰ ਕੇ ਮੁੱਖ ਰੂਪ ਪ੍ਰਮਾਤਮਾ ਦੇ ਭਜਨ ਸਿਮਰਨ ਵਿਚ ਲੱਗ ਕੇ ਜੰਮਨਾ ਮਰਨਾ ਵਿਗੋਇਆ=ਅਭਾਵ ਕਰ ਦਿੱਤਾ ਹੈ॥ ੩ ॥

ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥

ਜਿਸ ਵੇਲੇ ਬ੍ਰਿੱਧ ਅਵਸਥਾ ਹੋਈ ਤਿਸ ਵੇਲੇ ਕੇਸ ਪੁੰਡਰ=ਚਿੱਟੇ ਹੋ ਗਏ। ਚਿੱਟੇ ਵੀ ਕੈਸੇ ਹੋਇ ਕੁਸਮ ਤੇ ਧਉਲੇ=ਮਰਤਬਾਨ ਦੇ ਫੁੱਲ ਨਾਲੋਂ ਵੀ ਧਉਲੇ=ਚਿੱਟੇ ਹੋ ਗਏ।*

ਯਥਾ:- ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥

(ਆਸਾ ਮ: ੧ ਪਟੀ, ਪੰਨਾ ੪੩੨)

ਤਥਾ:- ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥

(ਸੋਰਠ ਭਗਤ ਭੀਖਨ, ਪੰਨਾ ੬੫੯)

ਅਤੇ ਬਾਣੀ ਇਤਨੀ ਬਰੀਕ ਨਿਕਲਦੀ ਹੈ ਮਾਨੋਂ ਸੱਤਵੇਂ ਪਤਾਲੋਂ ਆਈ ਹੈ।

**ਵਾ-ਪੁੰਡਰ=ਚਿੱਟੇ=ਕੁਸਮ=ਫੁੱਲ ਨਾਲੋਂ ਭੀ ਕੇਸ ਧਉਲੇ=ਉੱਜਲ ਹੋ ਗਏ।*

ਵਾ-ਬਾਣੀ ਨਾਲ ਸੱਤਾਂ ਪਾਤਾਲਾਂ ਦੇ ਧਨ ਨੂੰ ਚਾਹੁੰਦਾ ਹੈ।

ਲੋਚਨ ਸ੍ਰਮਹਿ ਬੁਧਿ ਬਲ ਨਾਠੀ

ਬ੍ਰਿੱਧ ਅਵਸਥਾ ਵਿਚ ਨੇਤਰਾਂ ਵਿਚ ਜ਼ੁਲ਼ ਸ੍ਰਮਹਿ=ਵਗਦਾ ਹੈ।

ਯਥਾ- ਨੈਨਹੁ ਨੀਰ ਅਸਾਰ ਬਹੈ॥

ਤੇ ਬੁੱਧੀ ਅਭਾਵ ਹੋ ਜਾਂਦੀ ਹੈ। ਕਿਉਂਕਿ ਬੁੱਢੇਪੇ ਵਿਚ ਅਕਲ ਟਿਕਾਣੇ ਨਹੀਂ ਰਹਿੰਦੀ।

ਯਥਾ- ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥

(ਮਾਝ ਵਾਰ, ਪੰਨਾ ੧੩੮)

ਤੇ ਸਰੀਰ ਦਾ ਬਲ ਵੀ ਨਸ ਜਾਂਦਾ ਹੈ। ਅਥਵਾ-ਬੁੱਧੀ ਬਲ ਨੱਸ ਜਾਂਦਾ ਹੈ।

ਤਾ ਕਾਮੁ ਪਵਸਿ ਮਾਧਾਣੀ॥

ਤਾਂ ਫਿਰ ਕਾਮਨਾ ਰੂਪ ਮਧਾਣੀ ਅੰਤਹਕਰਨ ਰੂਪੀ ਮੱਟੀ ਵਿਚ ਪੈ ਕੇ ਰਿੜਕਣ ਲੱਗ ਪੈਂਦੀ ਹੈ। ਕਿਉਂਕਿ ਬੁਢੇਪੇ ਵਿਚ ਵਾਸ਼ਨਾਂ ਵਧ ਜਾਂਦੀਆਂ ਹਨ।

ਤਾ ਤੇ ਬਿਧੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ॥

ਬ੍ਰਿੱਧ ਅਵਸਥਾ ਵਿਚ ਤਾਤੇ=ਤਿਨ੍ਹਾਂ ਵਾਸ਼ਨਾਂ ਕਰਕੇ, ਤੇ ਜੋਬਨ ਅਵਸਥਾ ਵਿਚ ਵਿਸ਼ਿਆਂ ਦੀ ਬਹੁਲਤਾ ਕਰਕੇ ਇਸ ਦੀ ਮੱਤੀ ਕਾਲੀ ਹੋ ਗਈ। ਵਾ-ਤਾਤੇ=ਤਿਨ੍ਹਾਂ ਵਾਸ਼ਨਾਂ ਕਰਕੇ ਸਰੀਰ ਦੇ ਬਿਧੈ=ਬੀਚ ਜੋ ਮੱਤੀ ਸੀ ਸੋ ਪਾਵਸਿ=ਕਾਲੀ ਹੋ ਗਈ ਤੇ ਕਾਇਆ ਰੂਪੀ ਕਵਲ ਵੀ ਮੁਰਝਾ ਗਿਆ। ਵਾ ਤਾਤੇ=ਤਿਨ੍ਹਾਂ ਕਾਮਨਾ ਰੂਪ ਮਧਾਣੀ ਕਰਕੇ ਬ੍ਰਿੱਧ ਪੁਰਸ਼ ਦੀ ਮੱਤੀ ਦੇ ਬਿਧੈ=ਬੀਚ ਪਾਵਸ ਰੁੱਤ ਵੱਤ ਜੜ੍ਹਤਾ ਰੂਪ ਅੰਧਕਾਰ ਵਰਤ ਗਿਆ+ ਅਰਥਾਤ ਸ਼ੁਭ ਅਸ਼ੁਭ ਵਸਤੂ ਦਾ ਯਥਾਰਥ ਗਿਆਨ ਨ ਰਿਹਾ। ਪਹਿਲੇ ਜੋਬਨ ਜੋ ਮਨ ਬਾਂਛਤ ਪਦਾਰਥਾਂ ਰੂਪੀ ਜਲ ਨੂੰ ਪਾ ਕੇ ਖਿੜ ਰਿਹਾ ਸੀ ਉਹ ਜਿਸ ਵੇਲੇ ਮਨ ਬਾਂਛਤ ਪਦਾਰਥਾਂ ਰੂਪੀ ਜਲ ਦਾ ਅਭਾਵ ਹੋ ਗਿਆ ਤੇ ਬ੍ਰਿੱਧਵਸਥਾ ਰੂਪੀ ਸੂਰਜ ਚੜ੍ਹ ਗਿਆ ਤਾਂ ਕਾਇਆ ਰੂਪੀ ਕੰਵਲ ਝੁਰੜੀਆਂ ਪਾ ਕੇ ਕੁਮਲਾ ਗਿਆ।

ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ॥ ੪॥

ਇਸ ਜੀਵ ਨੇ ਮ੍ਰਿਤ ਮੰਡਲ=ਸੰਸਾਰ ਦੇ ਵਿਚ ਅਵਗਤਿ=ਪ੍ਰਮਾਤਮਾ ਦਾ ਨਾਮ ਰੂਪ ਬਾਣੀ ਛੱਡ ਦਿੱਤੀ ਹੈ, ਤਾਂ ਹੀ ਫਿਰ ਇਹ ਜੀਵ ਪਿੱਛੋਂ ਪਸਚਾਤਾਪ ਕਰਦਾ ਹੈ॥ ੪॥

ਯਥਾ- ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ॥
ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ॥
ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ॥

(ਸਿਰੀਰਾਗੁ ਮ: ੩, ਪੰਨਾ ੨੮)

ਤਥਾ- ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ॥

(ਸੋਰਠਿ ਮਹਲਾ ੧, ਪੰਨਾ ੫੯੮)

+ਜਿਵੇਂ ਪਾਵਸ ਰੁੱਤ ਵਿਚ ਭਾਵ ਸਾਵਨ ਭਾਦ੍ਰੋਂ ਦੇ ਮਹੀਨੇ ਵਿਚ ਬੱਦਲਾਂ ਕਰ ਕੇ ਰਾਤ੍ਰੀਆਂ ਕਾਲੀਆਂ ਅੰਧੇਰੀਆਂ ਹੋ ਜਾਂਦੀਆਂ ਹਨ। ਇਸੀ ਪ੍ਰਕਾਰ ਬ੍ਰਿੱਧ ਸਰੀਰ ਵਿਖੇ ਜੜ੍ਹਤਾ ਹੋ ਜਾਂਦੀ ਹੈ ਤੇ ਸਾਰੇ ਇੰਦਰੇ ਸਿਥਲ ਹੋ ਜਾਂਦੇ ਹਨ।

ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ॥

ਬ੍ਰਿਧਵਸਥਾ ਵਿਚ ਨਿਕੁਟੀ=ਨਿੱਕੀਆਂ ਨਿੱਕੀਆਂ ਪੋਤਰਿਆਂ ਦੀਆਂ ਦੇਹਾਂ ਨੂੰ ਵੇਖ ਕੇ ਧੁਨਿ=ਬਾਣੀ ਉਪਜੈ=ਉਚਰਦਾ ਹੈ, ਆਓ ਮੇਰੇ ਬਚਿਓ! ਆਓ ਮੇਰੇ ਹੀਰਿਓ ! ਉਹ ਤਾਂ ਮਾਣ ਕਰਦਾ ਹੈ, ਪ੍ਰੰਤੂ ਉਹ ਕੁਝ ਬੁੱਝਦੇ ਹੀ ਨਹੀਂ ਹਨ। ਉਹ ਕਹਿੰਦੇ ਹਨ ਬਾਬਾ ਹਉਆ। ਵਾ ਨਿਕੁਟੀ=ਨਿਕਟ ਆਈਆਂ ਪੁੱਤਰਾਂ ਦੀਆਂ ਦੇਹਾਂ ਨੂੰ ਦੇਖ ਕੇ ਧੁਨਿ=ਬਾਣੀ ਉਪਜੈ=ਉਚਾਰਦਾ ਹੈ ਕਿ ਮੈਨੂੰ ਰੋਟੀ ਨਰਮ ਬਣਾ ਕੇ ਦਿੱਤਾ ਕਰੋ ਅਤੇ ਮੇਰੀ ਕੋਈ ਦਵਾਈ ਬੂਟੀ ਵੀ ਕਰੋ। ਉਹ ਤਾਂ ਮਾਣ ਆਦਰ ਕਰਦਾ ਹੈ ਮੈਂ ਤੁਹਾਡੇ ਸਿਰ ਦਾ ਤਾਜ ਹਾਂ, ਪ੍ਰੰਤੂ ਉਹ ਬੁੱਝਦੇ ਨਹੀਂ ਸਗੋਂ ਉਲਟਾ ਜਵਾਬ ਦੇਂਦੇ ਹਨ, ਠਹਿਰ ਜਾ ਤੇਰੇ ਵਾਸਤੇ ਪੂੜੇ ਸਵਾਰਦੇ ਹਾਂ। ਜੇ ਭਲਾਮਾਣਸ ਹੈਂ ਤਾਂ ਲਾਠੀ ਲੈ ਕੇ ਦਰਵਾਜ਼ੇ ਪਰ ਬੈਠ ਜਾਹ+। ਵਾ-

ਦੇਹ ਨੂੰ ਨਿਕੁਟੀ=ਨਿਖੁਟੀ ਹੋਈ ਭਾਵ ਕ੍ਰਿਸ ਹੋਈ ਦੇਖ ਕੇ ਧੁਨਿ=ਬਾਣੀ ਉਪਜੈ=ਉਤਪਤ ਕਰਦਾ ਭਾਵ ਬੋਲਦਾ ਹੈ। ਪੁੱਤਰਾਂ ਨਾਲ ਉਹ ਬ੍ਰਿਧ ਪੁਰਸ਼ ਤਾਂ ਮਾਣ ਕਰਦਾ ਹੈ ਤੇ ਉਹ ਬੁੱਝਦੇ ਹੀ ਨਹੀਂ ਸਗੋਂ ਕਹਿੰਦੇ ਹਨ ਇਹ ਭੜੂਆ ਮਰਦਾ ਹੀ ਨਹੀਂ।

ਵਾ-ਮਾਨ ਕਰਤ ਨਹੀ ਬੂਝੈ=ਜਾਤੀ ਅਭਿਮਾਨ ਕਰਦਾ ਹੈ ਵਾਹਿਗੁਰੂ ਨੂੰ ਨਹੀਂ ਬੁੱਝਦਾ।

ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥

ਜੀਵਨ ਪਦਵੀ ਦੇ ਕਾਰਨ=ਵਾਸਤੇ ਲਾਲਚ ਨੂੰ ਕਰਦਾ ਹੈ, ਅਤੇ ਲੋਚਨ=ਅੱਖਾਂ ਵਿਚ ਕੁਛ ਸੂਝੈ=ਨਿਗ੍ਹਾ ਨਹੀਂ ਆਉਂਦਾ।

+ਯਥਾ- *ਭਾਵਰਸਾਮ੍ਰਿਤ ਵਿਚ ਕਥਨ ਕੀਤਾ ਹੈ:-*

ਜਬ ਜੋਬਨ ਥਾ ਜਨ ਪ੍ਰੀਤ ਕਰੇ, ਅਬ ਜਾਠਰ ਮਾਂਹਿ ਭਏ ਸਭ ਖਾਰੇ॥
ਨਹਿ ਹੈ ਅਧਕਾਰ ਕਛੂ ਤੁਮਰੋ, ਪਰ ਲੈ ਲਕੁਟੀ ਬਹੁ ਮੋਹਿ ਦੁਆਰੇ॥

ਯਥਾ- ਕੋਲੋਂ ਲੰਘਦੇ ਲੰਘਦੇ ਛੇੜ ਜਾਂਦੇ, ਬਾਬਾ ਬੁੱਢੜਾ ਆਖਦੇ ਬਾਲ ਬੰਦੇ।
ਡਿਉੜੀ ਵਿਚ ਮੰਜਾ ਦਿੱਤਾ ਘਰਦਿਆਂ ਨੇ, ਪੁਛਣ ਪੁਤ ਨ ਕਦੀ ਦਿਨ ਹਾਲ ਬੰਦੇ।
ਨੂੰਹਾਂ, ਬਹੀ ਬੁੱਸੀ ਰੋਟੀ ਦੇ ਛੱਡਣ, ਕਰਨ ਪਰਤ ਨਾ ਪੁਛ ਪੜਤਾਲ ਬੰਦੇ।
ਰਾਖਾ ਜੰਦਰੇ ਦਾ ਬੈਠਾ ਰਹੇ ਬੂਹੇ, ਕਟੇ ਛੰਨ ਵਿਚ ਹਾੜ ਸਿਆਲ ਬੰਦੇ।
ਕਾਲਾ ਦਿਲ ਤੇਰਾ ਚਿੱਟਾ ਨਹੀਂ ਹੋਇਆ, ਚਿੱਟੇ ਹੋ ਗਏ ਨੇ ਭਾਵੇਂ ਵਾਲ ਬੰਦੇ।
ਅਜੇ ਲੋਭ ਨੂੰ ਦਿਲੋਂ ਦੁਰਕਾਰਿਆ ਨਹੀਂ, ਨਾਹੀਂ ਛਡਿਆ ਕ੍ਰੋਧ ਚੰਡਾਲ ਬੰਦੇ।
ਕਦੇ ਦੁੱਧ ਮਲਾਈਆਂ ਲਭਦੀਆਂ ਸੀ, ਲਭੇ ਅੱਜ ਨ ਸਹਿਕਵੀਂ ਦਾਲ ਬੰਦੇ।
ਰਤਾ ਸੋਚ ਖਾਂ ਆਪਣੇ ਆਪ ਅੰਦਰ, ਕਿਧਰ ਗਿਆ ਉਹ ਜੋਹਰ ਜਮਾਲ ਬੰਦੇ।
ਕਿਥੇ ਰੁਸਤਮੀ ਗਈ ਤੇ ਜੌਰ ਕਿਥੇ, ਕਿਥੇ ਗਏ ਸੁਖ ਦੇ ਭਾਈਵਾਲ ਬੰਦੇ।
ਦਮ ਹੁੰਦਿਆਂ ਪਾਣੀ ਨੂੰ ਪਿਆ ਸਹਿਕੇਂ, ਮੰਨੇ ਕੋਈ ਨਾ ਤੇਰਾ ਸਵਾਲ ਬੰਦੇ।
ਦੂਰ ਦੂਰ ਹੁੰਦਿਆਂ ਵੀ ਖੋਲ੍ਹੇ ਅੱਖ ਨਾਹੀਂ, ਲਾਹੇਂ ਅਜੇ ਨਾ ਗਲੋਂ ਜੰਜਾਲ ਬੰਦੇ।
ਜਿੰਨੇ ਜਨਮ ਮਨੁੱਖ ਦਾ ਬਖਸ਼ਿਆ ਏ, ਕੀਤੀ ਕਿਤੇ ਵੀ ਨਾ ਉਹਦੀ ਭਾਲ ਬੰਦੇ।
ਉਮਰ ਵੇਚ ਕੇ ਵਿਸ਼ੇ ਤੋਂ ਖਾ ਛੱਡੀ, ਦਿੱਤਾ ਮੁਫਤ ਲੁਟਾ ਈ ਮਾਲ ਬੰਦੇ।
ਕੁੱਛੜ ਚੁੱਕ ਕੇ ਜਿਨ੍ਹਾਂ ਨੂੰ ਪਾਲਿਆ ਈ, ਤੇਰੇ ਰਹੇ ਨਾ ਉਹ ਅੰਗ ਪਾਲ ਬੰਦੇ।
ਭਾਵੇਂ ਆਪਣੇ ਆਪ ਵਿਚ ਕੁਝ ਹੋਵੇ, ਨਹੀਂ ਸਕਦਾ ਕਾਲ ਨੂੰ ਟਾਲ ਬੰਦੇ।
ਜੇਕਰ 'ਤੀਰ' ਚੁਰਾਸੀ ਤੋਂ ਛੁਟਣਾ ਈਂ, ਭਜਨ ਬੰਦਗੀ ਹੁਣੇ ਸੰਭਾਲ ਬੰਦੇ।

ਯਥਾ:- ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ॥ (ਸਿਰੀਰਾਗੁ ਮ: ੧, ਪੰਨਾ ੬੩)

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ॥

ਪ੍ਰਾਣਾਂ ਦਾ ਤੇਜ ਥੱਕ ਗਿਆ ਤੇ ਮਨੁ=ਜੀਵ ਰੂਪੀ ਪੰਛੀ ਉੱਡ ਗਿਆ ਤਾਂ ਮੋਇਆ ਹੋਇਆ ਸਨਬੰਧੀਆਂ ਨੂੰ ਘਰ ਦੇ ਆਂਗਨਿ=ਵੇਹੜੇ ਵਿਚ ਪਿਆ ਹੋਇਆ ਸੁਖਾਈ=ਚੰਗਾ ਨਹੀਂ ਲਗਦਾ। ਹੋਰ ਭਲਾ ਕੀ ਕਹਿਣਾ ਹੈ, ਜੋ ਔਰਤ ਹਮੇਸ਼ਾਂ ਗੱਲ ਨਾਲ ਲੱਗੀ ਰਹਿੰਦੀ ਸੀ, ਉਸ ਨੂੰ ਵੀ ਉਸ ਵੇਲੇ ਚੰਗਾ ਨਹੀਂ ਲੱਗਦਾ। ਯਥਾ-

ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ ਭੂੜੁ ਭੂੜੁ ਕਰਿ ਭਾਗੀ॥

(ਸੂਹੀ ਰਵਿਦਾਸ, ਪੰਨਾ ੭੯੪)

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥ ੫॥

ਬੇਣੀ ਭਗਤ ਜੀ ਆਖਦੇ ਹਨ ! ਹੇ ਪ੍ਰਮੇਸ਼ਰ ਦੇ ਭਗਤੋ ! ਸੁਣੋ, ਮਰਨ ਕਰਕੇ ਮੁਕਤ ਭਲਾ ਕਿਸ ਨੇ ਪਾਈ ਹੈ ਅਰਥਾਤ ਜਿਸ ਨੇ ਵੀ ਮੁਕਤੀ ਪਾਈ ਹੈ ਸੋ ਜੀਂਵਦਿਆਂ ਹੀ ਨਾਮ ਨੂੰ ਜਪ ਕੇ ਪਾਈ ਹੈ। ਵਾ-ਜੀਵਤ ਭਾ ਤੋਂ ਮਰੇ ਤੋਂ ਬਿਨਾਂ ਭਲਾ ਕਿਸ ਨੇ ਮੁਕਤੀ ਪਾਈ ਹੈ। ਜਿਸ ਨੇ ਪਾਈ ਹੈ ਸੋ ਜੀਵਤ ਭਾ ਤੋਂ ਮਰ ਕੇ ਹੀ ਪਾਈ ਹੈ॥ ੫॥

ਯਥਾ- ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ੧॥

(ਮਾਰੂ ਵਾਰ, ਪੰਨਾ ੧੧੦੨)

ਤਥਾ- ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥

(ਸਿਰੀਰਾਗੁ ਕੀ ਵਾਰ, ਪੰਨਾ ੮੩)

ਸਿਰੀਰਾਗੁ॥

ਇਹ ਰਵਿਦਾਸ ਭਗਤ ਜੀ ਪੂਰਬ ਜਨਮ ਵਿਚ ਬ੍ਰਾਹਮਣ ਸੀ, ਰਾਮਾ ਨੰਦ ਜੀ ਦੇ ਪਾਸ ਰਹਿ ਕੇ ਸੇਵਾ ਕਰਦੇ ਹੁੰਦੇ ਸਨ, ਰੋਜ਼ਾਨਾ ਸਤ ਘਰ ਦੀ ਭਿੱਖਿਆ ਲੈ ਕੇ ਰਾਮਾ ਨੰਦ ਜੀ ਨੂੰ ਛਕਾਉਂਦੇ ਸਨ। ਇਕ ਦਿਨ ਬੜੀ ਵਰਖਾ ਪੈ ਰਹੀ ਸੀ, ਤਦੋਂ ਇਕ ਹੀ ਜਗ੍ਹਾਂ ਤੋਂ ਅੰਨ ਲਿਆ ਕੇ ਛਕਾ ਦਿੱਤਾ, ਤਿਸ ਵੇਲੇ ਰਾਮਾ ਨੰਦ ਜੀ ਦੀ ਸਮਾਧੀ ਨ ਲੱਗੇ, ਤਦ ਕ੍ਰੋਧ ਵਿਚ ਆ ਕੇ ਪੁੱਛਿਆ, ਸੱਚੀ ਵਾਰਤਾ ਦੱਸ ਅੱਜ ਤੂੰ ਅੰਨ ਕਿੱਥੋਂ ਲਿਆਂਦਾ ਹੈ? ਤਾਂ ਰਵਿਦਾਸ ਜੀ ਨੇ ਸੱਚੀ ਗੱਲ ਕਹਿ ਦਿੱਤੀ ਕਿ ਅੱਜ ਮੀਂਹ ਬਹੁਤ ਪੈਂਦਾ ਸੀ ਇਸ ਲਈ ਕਿਸੇ ਇਕ ਦੇ ਘਰ 'ਚੋਂ ਸੀਧਾ ਲਿਆ ਕੇ ਆਪ ਜੀ ਨੂੰ ਭੋਜਨ ਛਕਾਇਆ ਹੈ। ਇਹ ਗੱਲ ਸੁਣ ਕੇ ਰਾਮਾ ਨੰਦ ਜੀ ਨੇ ਕਿਹਾ ਉਹ ਤਾਂ ਚਮਿਆਰ ਹਨ, ਅਤੇ ਉਹ ਪੁੱਤਰ ਦੀ ਇੱਛਾ ਕਰਕੇ ਸਾਰਿਆਂ ਨੂੰ ਭੋਜਨ ਦੇ ਰਹੇ ਹਨ, ਇਸ ਲਈ ਤੂੰ ਉਨ੍ਹਾਂ ਦੇ ਘਰ ਜਨਮ ਧਾਰ ਕੇ ਉਨ੍ਹਾਂ ਦੀ ਇੱਛਾ ਪੂਰਨ ਕਰ। ਕੁਝ ਸਮੇਂ ਮਗਰੋਂ ਉਸ ਦਾ ਸਰੀਰ ਛੁੱਟ ਗਿਆ ਤੇ ਉਸ ਨੇ ਚਮਿਆਰ ਦੇ ਘਰ ਆ ਕੇ ਜਨਮ ਲਿਆ ਤੇ ਇਨ੍ਹਾਂ ਦਾ ਨਾਂ ਰਵਿਦਾਸ ਰੱਖਿਆ ਗਿਆ। ਉਸ ਜਨਮ ਵਿਚ ਰਵਿਦਾਸ ਜੀ ਨੇ ਬੜੀ ਭਗਤੀ ਕੀਤੀ, ਜਿਸ ਭਗਤੀ ਕਰ ਕੇ ਭਗਵਾਨ ਜੀ ਪ੍ਰਸੰਨ ਹੋ ਕੇ ਸਾਹਮਣੇ ਆ ਖਲੋਤੇ ਉਸ ਵੇਲੇ ਰਵਿਦਾਸ ਜੀ ਚਰਨਾਂ ਉੱਪਰ ਨਮਸ਼ਕਾਰ ਕਰਨ ਲੱਗੇ ਤਾਂ ਭਗਵਾਨ ਨੇ

ਪ੍ਰੀਖਿਆ ਲੈਣ ਵਾਸਤੇ ਕਿਹਾ ਅਰੇ ਚਮਿਆਰ ! ਤੂੰ ਹਮਾਰੇ ਕੋ ਛੂਤ ਨਾ ਕਰ, ਭਗਵਾਨ ਦੇ ਐਸੇ ਬਚਨ ਸੁਣ ਕੇ ਰਵਿਦਾਸ ਜੀ ਆਖਦੇ ਹਨ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥

ਹੇ ਭਗਵਾਨ ! ਤੋਹੀ=ਤੇਰੇ ਵਿਚ ਮੋਹੀ=ਮੇਰੇ ਵਿਚ ਮੋਹੀ=ਮੇਰੇ ਵਿਚ ਤੋਹੀ=ਤੇਰੇ ਵਿਚ ਅੰਤਰੁ=ਭੇਦ ਕੈਸਾ ਹੈ। ਵਾ ਜਿਸ ਵੇਲੇ ਤੋਹੀ=ਆਪ ਨੇ ਮੇਰੀ ਬੁੱਧੀ ਮੋਹੀ=ਮੋਹਤ ਕੀਤੀ ਤਾਂ ਫਿਰ ਤੇਰੇ ਮੇਰੇ ਵਿਚ ਭੇਦ ਕੈਸੇ ਹੋ ਸਕਦਾ ਹੈ? ਕਿਉਂਕਿ ਉਪਾਸ਼ਕ ਉਪਾਸ਼ਜ ਦਾ ਸਰੂਪ ਹੁੰਦਾ ਹੈ।

ਪੁਨਾ-ਭਗਵਾਨ ਨੇ ਕਿਹਾ-ਹੇ ਰਵਿਦਾਸ ! ਤੇਰੀ ਉਪਾਧੀ ਨੀਚ ਚਮਿਆਰ ਦੀ ਹੈ, ਮੇਰੀ ਖੱਤਰੀ ਹੋਣ ਕਰਕੇ ਸ੍ਰੇਸ਼ਟ ਹੈ, ਇਸ ਵਾਸਤੇ ਤੇਰੇ ਮੇਰੇ ਵਿਚ ਬਹੁਤ ਭੇਦ ਹੈ ਤਾਂ ਭਗਤ ਰਵਿਦਾਸ ਜੀ ਨੇ ਕਿਹਾ-

ਕਨਕ ਕਟਿਕ

ਹੇ ਭਗਵਾਨ ! ਜੈਸੇ ਕਨਕ=ਸੁਰਨ ਵਿਚ ਅਤੇ ਸੁਰਨ ਦੇ ਕਟਿਕ=ਕੜਿਆਂ ਵਿਚ ਕੋਈ ਭੇਦ ਨਹੀਂ ਐਸੇ ਤੇਰੇ ਮੇਰੇ ਵਿਚ ਕੋਈ ਭੇਦ ਨਹੀਂ, ਕਿਉਂਕਿ ਸੁਰਨ ਦਾ ਗਹਿਣਾ ਸੋਨਾ ਹੀ ਹੁੰਦਾ ਹੈ। *ਯਥਾ-*

ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ॥
ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥ ੩॥

(ਧਨਾਸਰੀ ਮ: ੫, ਪੰਨਾ ੬੭੨)

ਤਥਾ- ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥ ੩॥

(ਸੋਰਠਿ ਭਗਤ ਬਾਣੀ, ਪੰਨਾ ੬੫੮)

ਪੁਨਾ-ਭਗਵਾਨ ਨੇ ਕਿਹਾ, ਤੂੰ ਜਨਮ ਮਰਨ ਵਾਲਾ, ਮੈਂ ਜਨਮ ਮਰਨ ਤੋਂ ਰਹਿਤ ਹਾਂ, ਇਸ ਤੇ ਤੇਰਾ ਮੇਰਾ ਬੜਾ ਫਰਕ ਹੈ ਤਾਂ ਰਵਿਦਾਸ ਜੀ ਨੇ ਕਿਹਾ-

ਜਲ ਤਰੰਗ ਜੈਸਾ ॥ ੧ ॥

ਹੇ ਭਗਵਾਨ ! ਜਿਵੇਂ ਜਲ ਵਿਚੋਂ ਹੀ ਤਰੰਗ ਉੱਠਦੇ ਹਨ, ਜਲ ਦੇ ਆਸਰੇ ਹੀ ਠਹਿਰਦੇ ਹਨ, ਜਲ ਵਿਚ ਹੀ ਲੀਣ ਹੋ ਜਾਂਦੇ ਹਨ, ਜੇ ਜਲ ਤੋਂ ਭਿੰਨ ਕਰੀਏ ਤਾਂ ਉਹ ਤਰੰਗ ਭਿੰਨ ਨਹੀਂ ਹੋ ਸਕਦੇ। *ਯਥਾ-*

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ੧॥ ਰਹਾਉ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥ ੨॥

(ਆਸਾ ਬਾਣੀ ਨਾਮਦੇਉ, ਪੰਨਾ ੪੮੫)

ਐਸੇ ਆਪ ਤੋਂ ਹੀ ਅਸੀਂ ਉਤਪੰਨ ਹੋਏ ਹਾਂ, ਆਪ ਦੇ ਆਸਰੇ ਹੀ ਵਿਚਰਦੇ ਹਾਂ, ਆਪ ਦੇ ਵਿਚ ਹੀ ਲੀਣ ਹੋਵਾਂਗੇ। ਜੈਸੇ ਤਰੰਗ ਜਲ ਦਾ ਰੂਪ ਹਨ, ਐਸੇ ਹੇ ਭਗਵਾਨ ਅਸੀਂ ਭੀ ਤੁਹਾਡਾ ਸਰੂਪ ਹੀ ਹਾਂ॥ ੧॥

ਯਥਾ:- ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥+

(ਪੰਨਾ ੧੦੨)

ਤਥਾ- ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥
ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥ ੧ ॥

(ਸਾਰੰਗ ਬਾਣੀ ਨਾਮਦੇਉ, ਪੰਨਾ ੧੨੫੨)

ਫਿਰ ਭਗਵਾਨ ਨੇ ਕਿਹਾ ਤੂੰ ਪਾਪੀ, ਅਸੀਂ ਪਾਵਨ ਹਾਂ, ਤਾਂ ਰਵਿਦਾਸ ਜੀ ਨੇ ਕਿਹਾ-

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ ੧ ॥ ਰਹਾਉ ॥

ਅਹੇ ਅਨੰਤਾ=ਹੇ ਬੇਅੰਤ ਸਰੂਪ ਵਾਹਿਗੁਰੂ ਜਉ=ਜੇ ਕਰਕੇ ਪੈ=ਬਹੁੜੋਂ ਅਸੀਂ ਪਾਪ ਕਰਮਾਂ ਨੂੰ ਨਾ ਕਰਦੇ ਤਾਂ ਆਪ ਜੀ ਦਾ ਨਾਮ ਪਤਿਤ ਪਾਵਨ=ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਕੈਸੇ ਹੁੰਤਾ=ਹੁੰਦਾ ॥ ੧ ॥ ਰਹਾਉ ॥

ਜਉ ਹਮ ਅਧਮ ਕਰਮ ਕਰਿਕੈ ਪਤਿਤ ਭਏ, ਪਤਿਤ ਪਾਵਨ ਪ੍ਰਭੁ ਨਾਮੁ ਪ੍ਰਗਟਾਇਓ ਹੈ।
ਜਉ ਭਏ ਦੁਖਤਿ ਅਰੁ ਦੀਨ ਪਰਚੀਨ ਲਗਿ, ਦੀਨ ਦੁਖ ਭੰਜਨ ਬਿਰਦ ਬਿਰਦਾਇਓ ਹੈ।
ਜਉ ਗ੍ਰਸੇ ਅਰਕਸੁਤ ਨਰਕ ਨਿਵਾਸੀ ਭਏ, ਨਰਕ ਨਿਵਾਰਨ ਜਗਤ ਜਸੁ ਗਾਇਓ ਹੈ ॥ ੫੦੪ ॥

(ਭਾਈ ਗੁਰਦਾਸ ਜੀ)

ਤਾਂ ਭਗਵਾਨ ਨੇ ਕਿਹਾ ਜੇ ਪਾਪਾਂ ਦੇ ਕਰਨ ਨਾਲ ਤਰ ਜਾਣਾ ਹੁੰਦਾ ਤਾਂ ਹੋਰ ਸੰਸਾਰ ਵਿਚ ਅਨੇਕਾਂ ਪਾਪੀ ਹਨ। ਉਹ ਕਿਉਂ ਨਹੀਂ ਤਰੇ ? ਤਾਂ ਰਵਿਦਾਸ ਜੀ ਨੇ ਕਿਹਾ-ਹੇ ਬੇਅੰਤ ਰੂਪ ਅਕਾਲ ਪੁਰਖ ! ਜੇ ਕਰਕੇ ਪੈ=ਬਹੁੜੋਂ ਅਸੀਂ ਆਪਦੇ ਪਾ=ਚਰਨਾਂ ਨੂੰ ਨਾ ਪਕਰੰਤਾ=ਪਕੜਦੇ ਤਾਂ ਆਪ ਜੀ ਦਾ ਨਾਮ ਪਾਪੀਆਂ ਦੇ ਪਵਿੱਤਰ ਕਰਨ ਵਾਲਾ ਕੈਸਾ ਹੁੰਦਾ?

ਫਿਰ ਭਗਵਾਨ ਨੇ ਕਿਹਾ-ਤੂੰ ਦਾਸ ਤੇ ਮੈਂ ਸੁਆਮੀ ਹਾਂ, ਜੇ ਮੈਂ ਨਾ ਹੋਵਾਂ ਤੁਹਾਨੂੰ ਕੋਈ ਭੀ ਨਾ ਜਾਣੇ, ਤਾਂ ਰਵਿਦਾਸ ਜੀ ਨੇ ਕਿਹਾ-

ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥

ਹੇ ਭਗਵਨ ! ਤੁਸੀਂ ਜੋ ਅੰਤਰਜਾਮੀ ਆਛਹੁ=ਚੰਗੇ ਨਾਇਕ=ਸੁਆਮੀ ਹੋ। ਵਾ-ਹੇ ਅੰਤਰਜਾਮੀ ! ਆਪ ਜੋ ਨਾਇਕ=ਸੁਆਮੀ ਆਛਹੁ=ਹੋ। ਯਥਾ:-

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥

(ਧਨਾਸਰੀ ਮ: ੫, ਪੰਨਾ ੬੭੪)

+ਯਥਾ:-ਮਾਟੀ ਕੋ ਕਾਰਜ ਘਟ ਜੈਸੇ ਮਾਟੀ ਤਾਕੇ ਬਾਹਰ ਮਾਹਿ ॥
ਜਲ ਤੇ ਫੇਨ ਤਰੰਗ ਬੁਦਬੁਦਾ ਉਪਜਤ ਜਲ ਤੇ ਜੁਦੇ ਸੁ ਨਾਹਿ ॥
ਐਸੇ ਜੌ ਜਾਕੋ ਹੈ ਕਾਰਜ ਕਾਰਨ ਰੂਪ ਪਛਾਨੋ ਤਾਹਿ ॥
ਕਾਰਨ ਈਸ਼ ਸਕਲ ਕੋ ਸੋ ਮੈਂ ਲਯ ਚਿੰਤਨ ਜਾਨੋ ਵਿਧਿ ਯਾਹਿ ॥ ੧੬੭ ॥

(ਵਿਚਾਰ ਸਾਗਰ ਤਰੰਗ ੫ ਪਿਤਾਂਬਰੀ ਦਾ ਪੰਨਾ ੧੬੬)

ਤਥਾ- ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥ ੧॥

(ਗਉੜੀ ਰਵਿਦਾਸ, ਪੰਨਾ ੩੪੯)

ਤਥਾ- ਐਸਾ ਨਾਇਕੁ ਰਾਮੁ ਹਮਾਰਾ॥ ਸਗਲ ਸੰਸਾਰੁ ਕੀਓ ਬਨਜਾਰਾ॥

(ਗਉੜੀ ਕਬੀਰ, ਪੰਨਾ ੩੩੩)

ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥ ੨॥

ਪਰ ਸੁਆਮੀ ਕਰ ਕੇ ਜਨੁ=ਦਾਸ ਜਾਣਿਆਂ ਜਾਂਦਾ ਹੈ ਅਤੇ ਜਨ ਕਰਕੇ ਪ੍ਰਭੂ ਜਾਨੀਜੈ=ਜਾਣਿਆਂ ਜਾਂਦਾ ਹੈ। ਯਥਾ:-

ਬਦਹੁ ਕੀ ਨ ਹੋਡ ਮਾਧਉ ਮੋਸਿਉ॥ ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ॥

(ਸਾਰੰਗ ਬਾਣੀ ਨਾਮਦੇਉ, ਪੰਨਾ ੧੨੫੨)

ਭਾਵ ਜੇ ਦਾਸ ਨਾ ਹੁੰਦੇ ਤਾਂ ਤੁਹਾਨੂੰ ਸੁਆਮੀ ਕੌਣ ਕਹਿੰਦਾ? ॥ ੨॥

ਇਤਨੀਆਂ ਗੱਲਾਂ ਸੁਣ ਕੇ ਭਗਵਾਨ ਜੀ ਅਤੀ ਪ੍ਰਸੰਨ ਹੋ ਗਏ ਤੇ ਕਿਹਾ ਤੂੰ ਕੋਈ ਵਰ ਮੰਗ-

ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥
ਰਵਿਦਾਸ ਸਮ ਦਲ ਸਮਝਾਵੈ ਕੋਊ॥ ੩॥

ਅੰਨਵੇ-ਰਵਿਦਾਸ ਜੀ ਕਥਨ ਕਰਦੇ ਹਨ, ਹੇ ਭਗਵਾਨ ਜੀ! ਜੇ ਆਪ ਮੈਨੂੰ ਪ੍ਰਸੰਨ ਹੋ ਕੇ ਵਰ ਦੇਣਾ ਚਾਹੁੰਦੇ ਹੋ ਤਾਂ ਐਸਾ ਮੈਨੂੰ ਵਿਚਾਰ ਦੇਣਾ ਕਰੋ, ਜਦ ਤੱਕ ਮੇਰਾ ਸਰੀਰ ਹੈ ਤਦ ਤੱਕ ਮੈਂ ਆਪ ਦੇ ਨਾਮਾਂ ਨੂੰ ਹੀ ਅਰਾਧਦਾ ਰਹਾਂ। ਅਤੇ ਅਜਿਹੇ ਮਹਾਤਮਾ ਦੀ ਸਤਸੰਗਤਿ ਬਖਸ਼ਣੀ, ਜੋ ਕੋਈ ਦਲ=ਸਮੂਹ ਵਿਖੇ ਸਮ ਦ੍ਰਿਸ਼ਟੀ ਹੀ ਸਮਝਾਂਵਦਾ ਰਹੇ। ਕਿਉਂਕਿ ਏਕਤਾ ਜਿਹਾ ਹੋਰ ਕੋਈ ਸੁੱਖ ਨਹੀਂ ਹੈ। ਭੇਦ ਵਾਦੀਆਂ ਦੀ ਸੰਗਤ ਬਹੁਤ ਬੁਰੀ ਹੈ ਉਹ ਮੈਨੂੰ ਨਾ ਦੇਣੀ। ਕਿਉਂਕਿ ਭੇਦ ਵਾਦੀ ਪੁਰਸ਼ ਹਰ ਵੇਲੇ ਜੀਵ ਈਸ਼ਵਰ ਦੇ ਭੇਦ ਨੂੰ ਹੀ ਸਿੱਧ ਕਰਦੇ ਰਹਿੰਦੇ ਹਨ। ਜਿਸ ਕਰਕੇ ਮਨ ਵਿਚ ਦੁਖ ਬਣਿਆਂ ਰਹਿੰਦਾ ਹੈ। ਜਿਵੇਂ ਕੋਈ ਪੁਰਸ਼ ਬਜ਼ਾਰ ਤੋਂ ਇਕ ਬੱਕਰਾ ਮੁੱਲ ਖਰੀਦ ਕੇ ਲਈ ਜਾ ਰਿਹਾ ਸੀ, ਅੱਗੋਂ ਭੇਦ ਵਾਦੀ ਮਨੁੱਖਾਂ ਨੇ ਵਿਚਾਰਿਆ ਕਿ ਉਹ ਜਿਹੜਾ ਮਨੁੱਖ ਬੱਕਰਾ ਲਈ ਜਾ ਰਿਹਾ ਹੈ ਇਹ ਬੱਕਰਾ ਇਸ ਪਾਸੋਂ ਪ੍ਰੇਮ ਨਾਲ ਖੋਹ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਸਲਾਹ ਕਰਕੇ ਉਹ ਚਾਰੇ ਮਨੁੱਖ ਥੋੜ੍ਹੇ ਥੋੜ੍ਹੇ ਫਾਸਲੇ ਉੱਪਰ ਜਾ ਖੜੇ ਹੋਏ। ਜਿਸ ਵੇਲੇ ਉਹ ਮਨੁੱਖ ਬੱਕਰਾ ਲੈ ਕੇ ਲੰਘਿਆ ਤਾਂ ਪਹਿਲੇ ਮਨੁੱਖ ਨੇ ਕਿਹਾ-ਇਹ ਤੂੰ ਕੀ ਲਈ ਜਾਂਦਾ ਹੈਂ ? ਉਸ ਨੇ ਆਖਿਆ ਬੱਕਰਾ। ਅੱਗੋਂ ਉਸ ਨੇ ਕਿਹਾ ਇਹ ਬੱਕਰਾ ਤਾਂ ਨਹੀਂ ਇਹ ਤਾਂ ਕੁੱਤਾ ਹੈ। ਬੱਕਰੇ ਵਾਲੇ ਨੇ ਸੁਣੀ ਅਨਸੁਣੀ ਕਰ ਲਈ ਤੇ ਤੁਰਦਾ ਗਿਆ।

ਕੁਝ ਕੁ ਫਾਸਲੇ ਉੱਪਰ ਦੂਜਾ ਮਨੁੱਖ ਮਿਲਿਆ, ਉਸ ਨੇ ਕਿਹਾ ਇਹ ਕੀ ਲਈ ਜਾਂਦਾ ਹੈਂ? ਉਸ ਨੇ ਆਖਿਆ ਬੱਕਰਾ।

ਦੂਜੇ ਨੇ ਭੀ ਕਿਹਾ, ਇਹ ਬੱਕਰਾ ਨਹੀਂ ਇਹ ਤਾਂ ਕੁੱਤਾ ਹੈ। ਤਾਂ ਵੀ ਸੁਣੀ ਅਨਸੁਣੀ ਕਰ ਕੇ ਚਲਾ ਗਿਆ।

ਅੱਗੋਂ ਤੀਜਾ ਪੁਰਸ਼ ਮਿਲਿਆ ਉਸ ਨੇ ਭੀ ਪੁੱਛਿਆ ਇਹ ਕੀ ਲਈ ਜਾਂਦਾ ਹੈਂ? ਤਾਂ ਬੱਕਰੇ ਵਾਲੇ ਨੇ ਕਿਹਾ, ਮੈਂ ਬੱਕਰਾ ਲਈ ਜਾਂਦਾ ਹਾਂ। ਉਸ ਨੇ ਕਿਹਾ, ਇਹ ਤਾਂ ਕੁੱਤਾ ਹੈ। ਤੀਜੇ ਪੁਰਸ਼ ਦੇ ਕਹਿਣੇ ਉੱਪਰ ਉਸਨੂੰ

ਸੰਸਾ ਪੈ ਗਿਆ ਤੇ ਵਿਚਾਰਦਾ ਚਲਾ ਜਾ ਰਿਹਾ ਹੈ।

ਇਤਨੇ ਨੂੰ ਚੌਥਾ ਪੁਰਸ਼ ਅੱਗੋਂ ਮਿਲ ਪਿਆ, ਜਦ ਉਸ ਨੇ ਪੁੱਛਿਆ ਤੂੰ ਕੀ ਲਈ ਜਾਂਦਾ ਹੈਂ? ਤਾਂ ਉਸ ਨੇ ਕਿਹਾ-ਬੱਕਰਾ।

ਅੱਗੋਂ ਕਹਿੰਦਾ ਹੈ ਇਹ ਬੱਕਰਾ ਨਹੀਂ, ਇਹ ਤਾਂ ਕੁੱਤਾ ਹੈ।

ਬੱਕਰੇ ਵਾਲੇ ਅਸਲ ਮਾਲਕ ਨੇ ਕਿਹਾ, ਹੱਛਾ! ਜੇ ਕੁੱਤਾ ਹੈ ਤਾਂ ਮੈਂ ਲਿਜਾ ਕੇ ਕੀ ਕਰਨਾ ਹੈ। ਐ ਪਿਆ ਜੇ। ਛੱਡ ਕੇ ਚਲਾ ਗਿਆ ਉਹ ਭੇਦਵਾਦੀ ਬੱਕਰੇ ਨੂੰ ਘਰ ਲੈ ਕੇ ਚਲੇ ਗਏ।

ਸਾਧ ਸੰਗਤ ਜੀ ਵਿਚਾਰ ਕੇ ਦੇਖੋ ! ਉਸ ਨੇ ਰੁਪਏ ਦੇ ਕੇ ਬੱਕਰਾ ਮੁੱਲ ਖਰੀਦਿਆ ਹੈ ਦੇਖਦਾ ਵੀ ਹੈ ਬੱਕਰਾ ਹੈ ਪਰ ਭੇਦ ਵਾਦੀਆਂ ਦੇ ਕਹਿਣੇ ਉੱਪਰ ਉਸ ਨੇ ਕੁੱਤਾ ਸਮਝ ਕੇ ਛੱਡ ਦਿੱਤਾ, ਇਸ ਕਰਕੇ ਭੇਦ ਵਾਦੀਆਂ ਦੀ ਸੰਗਤ ਬੁਰੀ ਕਹੀ ਹੈ।

ਇਹ ਸਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦਸਮ ਗ੍ਰੰਥ ਚਰਿੱਤ੍ਰਾਂ ਵਿਚ ਲਿਖੀ ਹੈ। ਏਸੇ ਉੱਪਰ ਹੋਰਨਾ ਗ੍ਰੰਥਾਂ ਵਿਚ ਵੀ ਲਿਖਿਆ ਹੈ।

ਯਥਾ- ਦ੍ਵੈਤ ਬਚਨ ਕੋ ਸਿਮਰਨ ਜੋ ਹੋਵੈ॥ ਹ੍ਵੈ ਸਖਿਆਤ ਤੁ ਤਾਂਹਿ ਬਿਗੋਵੈ॥
ਪੂਰਬ ਸਿਮਰਤੀ ਸਾਖਿਆਤ ਬਿਨਾਸਤ॥ ਸੁਨ ਇਕ ਅਸ ਤੋਹਿ ਕਥਾ ਪ੍ਰਕਾਸਤ॥ ੧੮॥
ਇਸ ਉਪਰ ਕਥਾ ਰਾਜੇ ਤੇ ਭਰਛੂ ਮੰਤ੍ਰੀ ਦੀ ਹੈ ਵਿਚਾਰ ਸਾਗਰ ਪੜ੍ਹ ਦੇਖੋ।

(ਵਿਚਾਰ ਸਾਗਰ ਤਰੰਗ ਪੰਜਵਾਂ ਪਿਤਾਂਬਰੀ ਪੰਨਾ ੧੨੩)

ਤਾਂ ਹੀ ਭਗਤ ਰਵਿਦਾਸ ਜੀ ਭਗਵੰਤ ਅੱਗੇ ਬੇਨਤੀ ਕਰਦੇ ਹਨ ਕਿ ਮੈਨੂੰ ਭੇਦ ਵਾਦੀਆਂ ਦੀ ਸੰਗਤ ਨ ਦੇਣੀ, ਮੈਨੂੰ ਤਾਂ ਉਨ੍ਹਾਂ ਗੁਰਮੁਖਾਂ ਦੀ ਸਤਸੰਗਤ ਦੇਣੀ ਜੋ ਦਲ=ਸਮੂਹ ਜਨਤਾ ਵਿਚ ਸਮ ਦ੍ਰਿਸ਼ਟੀ ਸਮਝਾਣ ਵਾਲੇ ਹੋਣ॥ ੩॥

ਯਥਾ- ਜਬ ਇਨਿ ਕਿਛੁ ਕਰਿ ਮਾਨੇ ਭੇਦਾ॥ ਤਬ ਤੇ ਦੂਖ ਡੰਡ ਅਰੁ ਖੇਦਾ॥
ਜਬ ਇਨਿ ਏਕੋ ਏਕੀ ਬੂਝਿਆ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ॥

(ਗਉੜੀ ਮਹਲਾ ੫, ਪੰਨਾ ੨੩੫)

ਸਿਰੀਰਾਗ ਦੀ ਭਗਤ ਬਾਣੀ ਵਿਖੇ ਸਾਰੇ ਪੰਜ ਸ਼ਬਦ ਆਏ ਹਨ:-

ਦੋ ਸ਼ਬਦ ਭਗਤ ਕਬੀਰ ਸਾਹਿਬ ਜੀ ਦੇ।
ਇਕ ਸ਼ਬਦ ਭਗਤ ਤ੍ਰਿਲੋਚਨ ਸਾਹਿਬ ਜੀ ਦਾ।
ਇਕ ਸ਼ਬਦ ਭਗਤ ਬੇਣੀ ਸਾਹਿਬ ਜੀ ਦਾ।
ਇਕ ਸ਼ਬਦ ਭਗਤ ਰਵਿਦਾਸ ਸਾਹਿਬ ਦਾ।

ਸਿਰੀਰਾਗੁ ਦੀ ਭਗਤ ਬਾਣੀ ਸਮਾਪਤੰ:-

ਸੰਪੂਰਣ ਸਿਰੀਰਾਗੁ ਦੂਜੀ ਵਾਰ ਛਪ ਕੇ ਸਮਾਪਤ ਹੋਇਆ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਏ ਪੰਦਰਾਂ ਭਗਤਾਂ ਦਾ ਸੰਖੇਪ ਜੀਵਨ

(੧) **ਭਗਤ ਕਬੀਰ ਜੀ**-ਜਨਮ ਸੰਃ ੧੪੫੫ ਬਿਃ ਜੇਠ ਸੁਦੀ ਪੂਰਨਮਾਸ਼ੀ। ਪਿਤਾ ਨੀਰੂ। ਮਾਤਾ ਨੀਮਾ। ਇਸਤ੍ਰੀ ਲੋਈ। ਪੁਤ੍ਰ ਕਮਾਲਾ। ਧੀ ਕਮਾਲੀ। ਦਿਹਾਂਤ ਬਿਃ ੧੫੭੫ ਮਗਹਰ ਵਿਖੇ। ਅਸਥਾਨ ਕਬੀਰ ਚੌਰਾ, ਕਾਂਸ਼ੀ ਵਿਚ।

(੨) **ਭਗਤ ਨਾਮਦੇਵ ਜੀ**-ਜਨਮ ਕੱਤਕ ਸੁਦੀ ੧੧ ਸੰਮਤ ੧੩੨੭। ਪਿੰਡ ਨਰਸੀ ਬਾਮਣੀ। ਪਿਤਾ ਦਾਮ ਸੇਟੀ। ਮਾਤਾ ਗੋਨਾ ਬਾਈ। ਨਿਵਾਸ ਪੁੰਡਰਪੁਰ। ਇਸਤ੍ਰੀ ਰਾਜਾ ਬਾਈ। ਪੁਤ੍ਰ-ਨਾਰਾਇਣ, ਵਿਠਲ, ਮਹਾਂਦੇਵ, ਗੋਬਿੰਦ। ਧੀ-ਲਿੰਬਾ ਬਾਈ। ਦਿਹਾਂਤ ੧੪੦੭ ਸੰਮਤ ਬਿਕ੍ਰਮੀ।

(੩) **ਭਗਤ ਰਵਿਦਾਸ ਜੀ**-ਜਨਮ ਸੰਮਤ ੧੪੫੬ ਬਿਃ ਨੂੰ ਚਮਾਰ ਦੇ ਗ੍ਰਿਹ ਕਾਸ਼ੀ ਵਿਚ ਹੋਇਆ। ਪਿਤਾ ਰਘੂ (ਸੰਤੋਖਾ)। ਮਾਤਾ ਧੁਰਬਿਨੀਆ (ਦਿਆਰੀ)।

(੪) **ਭਗਤ ਤ੍ਰਿਲੋਚਨ ਜੀ**-ਜਨਮ ਸੰਮਤ ੧੩੨੫ ਬਿਕ੍ਰਮੀ। ਪਿੰਡ ਬਾਰਸੀ ਜ਼ਿਲ੍ਹਾ ਸ਼ੋਲਾਪੁਰ। ਆਪ ਵੈਸ਼ ਜਾਤੀ ਦੇ ਹੋਏ ਹਨ। ਆਪ ਜੀ ਨਾਮਦੇਵ ਦੇ ਸਮਕਾਲੀ ਸਨ।

(੫) **ਭਗਤ ਧੰਨਾ ਜੀ**-ਜਨਮ ੧੪੭੩ ਬਿਕ੍ਰਮੀ ਸੰਨ ੧੪੧੬ ਈਸਵੀ। ਟਾਂਕ ਦੇ ਇਲਾਕੇ ਪਿੰਡ ਧੂਆਨ ਵਿਖੇ ਹੋਇਆ। ਇਹ ਦੇਉਲੀ ਤੋਂ ੨੦ ਮੀਲ ਤੇ ਹੈ।

(੬) **ਭਗਤ ਭੀਖਨ ਜੀ**-ਇਸ ਦਾ ਸੰਖੇਪ ਜੀਵਨ "ਸੰਪ੍ਰਦਾਈ ਭਗਤ ਬਾਣੀ ਸਟੀਕ" ਭਾਗ ਪਹਿਲਾ ਪੰਨਾ ੫੨੪ ਉੱਪਰ ਵੇਖੋ। ਦਿਹਾਂਤ ੧੩੬੧ ਬਿਕ੍ਰਮੀ।

(੭) **ਭਗਤ ਜੈਦੇਵ ਜੀ**-ਜਨਮ ਸੰਃ ੧੨੬੫ ਕਨੌਜੀ ਬ੍ਰਾਹਮਣ ਦੇ ਖਾਨਦਾਨ ਵਿਚ ਹੋਇਆ। ਪਿਤਾ ਭੋਜਦੇਵ। ਮਾਤਾ ਬਾਮ ਦੇਵੀ (ਰਮਾਂਦੇਵੀ) ਇਸਤ੍ਰੀ ਪਦਮਾਵਤੀ। ਇਸ ਦਾ ਸੰਖੇਪ ਜੀਵਨ 'ਸੰਪ੍ਰਦਾਈ ਭਗਤ ਬਾਣੀ ਸਟੀਕ' ਦੇ ਭਾਗ ਪਹਿਲਾ ਪੰਨਾ ੪੬੭ ਉੱਪਰ ਦੇਖੋ।

(੮) **ਭਗਤ ਬੇਣੀ ਜੀ**-ਜਨਮ ਸੰਃ ੧੬੯੦ ਬਿਕ੍ਰਮੀ ਭਗਤ ਮਾਲਾ ਵਿੱਚ ਲਿਖਿਆ ਹੈ, ਇਸ ਦਾ ਹੋਰ ਕਿਧਰੋਂ ਵੀ ਪੂਰਾ ਹਾਲ ਨਹੀਂ ਮਿਲਿਆ ਅਤੇ ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਵਿਚ ਇਨ੍ਹਾਂ ਦੇ ਜੀਵਨ ਬਾਰੇ ੧ ਪਉੜੀ ਲਿਖੀ ਹੈ।

'ਸੰਪ੍ਰਦਾਈ ਭਗਤ ਬਾਣੀ ਸਟੀਕ' ਭਾਗ ਪਹਿਲਾ ੫੯ ਉੱਪਰ ਵੇਖੋ।

(੯) **ਭਗਤ ਸ੍ਰੀ ਸੈਣ ਜੀ**-ਜਨਮ ਸੰਃ ੧੪੫੭ ਬਿਕ੍ਰਮੀ। ਪਿੰਡ ਬਾਧੂ ਗੜ੍ਹ। ਆਪ ਜੀ ਰੀਵਾ ਦੇ ਰਾਜੇ 'ਰਾਜਾ ਰਾਮ' ਦੇ ਨਾਈ ਸਨ, ਰਾਮਾਨੰਦ ਜੀ ਦੇ ਚੇਲੇ ਸਨ। ਸੈਣ ਜੀ ਦੀ ਵੰਸ ਰੀਵਾ ਵਿਖੇ ਰਹਿੰਦੀ ਹੈ। ਇਸ ਦੇ ਦਿਹਾਂਤ ਵਗੈਰਾ ਦਾ ਕੋਈ ਪਤਾ ਨਹੀਂ। ਇਸ ਦਾ ਸੰਖੇਪ ਜੀਵਨ 'ਭਗਤ ਬਾਣੀ ਸਟੀਕ' ਭਾਗ ਪਹਿਲਾ ਪੰਨਾ ੫੮੧ ਉੱਪਰ ਦੇਖੋ।

(੧੦) **ਭਗਤ ਪੀਪਾ ਜੀ**-ਜਨਮ ਸੰਃ ੧੪੮੩। ਘਰ ਵਾਲੀ ਦਾ ਨਾਮ 'ਸੀਤਾ ਰਾਣੀ' ਸੀ। ਆਪ ਗਗਰੌਨ ਦੇ ਰਾਜਾ ਸਨ। ਇਹਨਾਂ ਦਾ ਸੰਖੇਪ ਜੀਵਨ 'ਸੰਪ੍ਰਦਾਈ ਭਗਤ ਬਾਣੀ ਸਟੀਕ' ਭਾਗ ਪਹਿਲਾ ਪੰਨਾ ੫੮੫ ਉੱਪਰ ਦੇਖੋ।

(੧੧) **ਸ਼ੇਖ ਫ਼ਰੀਦ ਜੀ**-ਜਨਮ ਸੰਃ ੧੨੩੧, ਸੰਨ ੧੧੭੩ ਰਮਜ਼ਾਨ ਦੇ ਮਹੀਨੇ ਹੋਇਆ। ਪਿਤਾ ਸ਼ੇਖ 'ਜਲਾਲ ਦੀਨ' ਸੁਲੇਮਾਨ। ਮਾਤਾ ਮਰਯਮ, ਕੋਠੀਵਾਲ ਪਿੰਡ ਮੁਲਤਾਨ ਦੇ ਪਾਸ ਹੈ। ਆਪ ਦੀਆਂ ਚਾਰ ਸ਼ਾਦੀਆਂ ਹੋਈਆਂ ਸਨ। ਚੌਥੀ ਸ਼ਾਦੀ ਦਿੱਲੀ ਦੇ ਬਾਦਸ਼ਾਹ ਨਾਸਰਦੀਨ ਮਹਦੂਦ ਦੀ ਪੁੱਤਰੀ ਹਜ਼ਬਰਾ ਨਾਲ ਹੋਈ। ਆਪ ਜੀ ਦੇ ਪੰਜ ਪੁਤ੍ਰ-੧. ਬਦਰਦੀਨ ਸੁਲੇਮਾਨ, ੨. ਅਬਦੁਲਾ, ੩. ਬਹਾਉਦੀਨ, ੪. ਯਕੂਬ, ੫. ਨਿਜ਼ਾਮਦੀਨ ਅਤੇ ਤਿੰਨ ਧੀਆਂ ਸਨ। ਦਿਹਾਂਤ ੧੨੬੬ ਈਸਵੀ।

(੧੨) **ਭਗਤ ਸਧਨਾ ਜੀ**-ਜਨਮ ਸੰਨ ੧੧੮੦ ਸੇਹਵਨ (ਹੈਦਰਾਬਾਦ ਸਿੰਧ) ਵਿਚ ਹੋਇਆ। ਦਿਹਾਂਤ ਸਰਹੰਦ ਵਿਚ ਹੋਇਆ। ਆਪ ਜੀ ਦਾ ਡੇਹਰਾ ਸਰਹੰਦ ਵਿਚ ਬਣਿਆ ਹੋਇਆ ਹੈ। ਇਸ ਦਾ ਸੰਖੇਪ ਜੀਵਨ 'ਸੰਪ੍ਰਦਾਈ ਭਗਤ ਬਾਣੀ ਸਟੀਕ' ਭਾਗ ਪਹਿਲਾ ਪੰਨਾ ੬੫੫ ਤੇ ਦੇਖੋ।

(੧੩) **ਭਗਤ ਰਾਮਾਨੰਦ ਜੀ**-ਜਨਮ ਸੰਃ ੧੪੨੩ ਬਿਕ੍ਰਮੀ। ਪਿਤਾ ਭੂਰ ਕਰਮਾ। ਮਾਤਾ ਸੁਸ਼ੀਲਾ। ਜ਼ਾਤ ਗੌਡ ਬ੍ਰਾਹਮਣ ਸੀ ਅਤੇ ਆਪ ਵਿਰਕਤ ਸਨ। ਦਿਹਾਂਤ ਸੰਮਤ ੧੫੨੪ ਬਿਕ੍ਰਮੀ।

(੧੪) **ਭਗਤ ਪਰਮਾਨੰਦ ਜੀ**-ਜਨਮ ਸੰਨ ੧੩੮੯ ਈਃ। ਪਿੰਡ ਬਾਸਰੀ ਜ਼ਿਲ੍ਹਾ ਸ਼ੋਲਾਪੁਰ। ਇਨ੍ਹਾਂ ਦੇ ਜੀਵਨ ਬਾਰੇ 'ਸੰਪ੍ਰਦਾਈ ਭਗਤ ਬਾਣੀ ਸਟੀਕ' ਭਾਗ ਦੂਜਾ, ਪੰਨਾ ੨੬੫ ਤੇ ਨਾਵਾਂ ਥਾਵਾਂ ਦਾ ਕੋਸ਼ ਪੰਨਾ ੧੨੩ ਦੇਖੋ।

(੧੫) **ਭਗਤ ਸੂਰਦਾਸ ਜੀ**-ਜਨਮ ੧੫੮੬ ਬਿਕ੍ਰਮੀ। ਆਪ ਦਾ ਨਾਮ ਪਹਿਲਾਂ ਮਦਨ ਮੋਹਨ ਸੀ। ਇਨ੍ਹਾਂ ਦੇ ਸੰਖੇਪ ਜੀਵਨ ਲਈ 'ਸੰਪ੍ਰਦਾਈ ਭਗਤ ਬਾਣੀ ਸਟੀਕ' ਭਾਗ ਦੂਜਾ ਪੰਨਾ ੨੬੬ ਦੇਖੋ।

ਰਾਗੁ ਮਾਝ ਪ੍ਰਾਰੰਭ

ਰਾਗੁ ਮਾਝ *ਚਉਪਦੇ ਘਰੁ ੧ ਮਹਲਾ ੪

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸਤਿਗੁਰ ਦੇਵ ਜੀ ਮਾਝ ਰਾਗ ਦੇ ਆਰੰਭ ਵਿਚ ਵੱਡਾ ਮੰਗਲ ਕਥਨ ਕ਼ਰਦੇ ਹਨ, ਸਿਰੀਰਾਗ ਵਿਚ ਵੱਡਾ ਮੰਗਲ ਇਸ ਵਾਸਤੇ ਨਹੀਂ ਕੀਤਾ, ਕਿ ਉਸ ਦੇ ਆਰੰਭ ਵਿੱਚ ਜਪੁਜੀ, ਰਹਰਾਸਿ, ਕੀਰਤਨ ਸੋਹਿਲਾ ਇਹ ਤਿੰਨ ਬਾਣੀਆਂ ਮੰਗਲ ਰੂਪ ਕਥਨ ਕੀਤੀਆਂ ਹਨ। ਦੂਜਾ ਕਾਰਨ ਇਹ ਭੀ ਆਖਦੇ ਹਨ ਕਿ ਸਿਰੀਰਾਗ ਆਪ ਹੀ ਮੰਗਲ ਰੂਪ ਹੈ ਜਿਸ ਦੇ ਗਾਇਣ ਕੀਤਿਆਂ ਮੁਰਦੇ ਸੁਰਜੀਤ ਹੋ ਜਾਂਦੇ ਹਨ, ਇਸ ਕਾਰਨ ਕਰਕੇ ਸਿਰੀਰਾਗ ਦੇ ਆਰੰਭ ਵਿਚ ਵੱਡਾ ਮੰਗਲ ਨਹੀਂ ਕੀਤਾ।

ਮਾਝ ਰਾਗ ਵਿਚ ਪਹਿਲੇ ਪਾਤਸ਼ਾਹ, ਤੀਜੇ ਪਾਤਸ਼ਾਹ ਜੀ ਦੇ ਸ਼ਬਦ ਨਹੀਂ ਉਚਾਰੇ ਹੋਇ ਸਨ ਇਸ ਵਾਸਤੇ ਚੌਥੇ ਪਾਤਸ਼ਾਹ ਜੀ ਦੇ ਸ਼ਬਦ ਕਥਨ ਕਰਦੇ ਹਨ-ਚੌਥੇ ਸਤਿਗੁਰੂ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ, ਹੇ ਪ੍ਰਭੂ ! ਆਪ ਜੀ ਨੂੰ ਕਿਹੜਾ ਪਦਾਰਥ ਭਾਂਵਦਾ ਹੈ? *ਗੁਰ ਉੱਤਰ-*

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥
ਵਡਭਾਗੀ ਹਰਿ ਨਾਮੁ ਧਿਆਇਆ॥

ਮੇਰੇ ਮਨ ਵਿਚ ਹਰੀ ਦਾ ਨਾਮ ਭਾਇਆ ਹੈ, ਤਨ ਵਿਚ ਵੀ ਹਰੀ ਦਾ ਨਾਮ ਅਤੇ ਬਾਣੀ ਵਿਚ ਵੀ ਹਰੀ ਦਾ ਨਾਮ ਭਾਇਆ ਹੈ।

ਵਾ-ਹਰਿ=ਤਮਾਮ ਦੁਖਾਂ ਦੇ ਹਰਿ=ਨਾਸ ਕਰਨ ਵਾਲੇ ਹਰੀ ਦਾ ਨਾਮ ਮੇਰੇ ਮਨ ਵਿਚ ਭਾਇਆ ਹੈ। ਵਡਿਆਂ ਭਾਗਾਂ ਕਰਕੇ ਹਰੀ ਨਾਮ ਨੂੰ ਮੈਨੇ ਧਿਆਇਆ ਹੈ।

ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥ ੧॥

ਪੂਰਿਆਂ ਗੁਰਾਂ ਦੁਆਰੇ ਮੈਨੇ ਹਰੀ ਨਾਮ ਦੀ ਸਿਧਿ=ਪ੍ਰਾਪਤੀ ਪਾਈ ਹੈ, ਪਰ ਗੁਰ ਸਿੱਖਿਆ ਵਿਚ ਕੋਈ ਵਿਰਲਾ ਹੀ ਗੁਰਮੁਖ ਚਲਦਾ ਹੈ॥ ੧॥

**ਮਾਝ ਰਾਗੁ:-'ਸੁਰ ਤਾਲ ਸੰਬੂਹ' ਵਿਚ ਲਿਖਿਆ ਹੈ ਕਿ-ਸੋਰਠਿ, ਬਿਲਾਵਲੁ, ਸਾਰੰਗ, ਧਨਾਸਰੀ, ਨਟ ਇਹ ਪੰਜੇ ਮਿਲਣੇ ਕਰਕੇ 'ਮਾਝ ਰਾਗੁ' ਬਣਦਾ ਹੈ, ਕਈ ਇਸ ਨੂੰ ਰਾਗਣੀ ਕਰਕੇ ਭੀ ਕਹਿੰਦੇ ਹਨ। (ਰਹੋ ਵਿਚਾਰ)।*
ਦੁਪਹਿਰ ਤੋਂ ਪਿੱਛੋਂ ਇਸ ਮਾਝ ਰਾਗ ਨੂੰ ਗਾਉਂਦੇ ਹਨ: ਮਾਝੇ ਦੇਸ਼ ਦਾ ਰਾਗ ਹੋਣ ਕਰਕੇ ਇਸ ਦਾ ਨਾਮ ਮਾਝ ਰਾਗ ਹੈ।

ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ॥
ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ॥

ਮੈਂ ਹੰਰਿ ਹਰਿ ਨਾਮ ਰੂਪੀ ਖਰਚ ਪ੍ਰਲੋਕ ਦੀ ਮੁਸਾਫਰੀ ਵਾਸਤੇ ਬੁੱਧੀ ਰੂਪ ਪੱਲੇ ਵਿਚ ਬੰਨ੍ਹ ਲੀਤਾ ਹੈ। ਮੇਰੇ ਪ੍ਰਾਣਾਂ ਦਾ ਸਖਾਈ=ਮਿੱਤ੍ਰ ਨਾਮ, ਵਾ ਪ੍ਰਮਾਤਮਾ ਸਦਾ ਪ੍ਰਲੋਕ ਵਿਚ ਮੇਰੇ ਨਾਲ ਚਲਣੇ ਵਾਲਾ ਹੈ।

ਗੁਰਿ ਪੂਰੈ ਹਰਿ ਨਾਮੁ ਦਿੜ੍ਹਾਇਆ
ਹਰਿ ਨਿਹਚਲੁ ਹਰਿ ਧਨੁ ਪਲੈ ਜੀਉ॥ ੨॥

ਪੂਰਿਆਂ ਸਤਿਗੁਰਾਂ ਨੇ ਹਰੀ ਨਾਮ ਦ੍ਰਿੜ੍ਹ ਕਰਾਇਆ ਹੈ, ਇਸ ਕਰਕੇ ਹਰਿ ਹਰਿ ਨਾਮ ਰੂਪੀ ਅਚੱਲ ਧਨ ਮੇਰੇ ਬੁੱਧੀ ਰੂਪ ਪੱਲੇ ਵਿਚ ਪ੍ਰਾਪਤ ਹੈ॥ ੨॥

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥

ਮੇਰਾ ਹਰਿ ਹਰਿ ਰਾਜਾ, ਸੱਜਣ ਇਸ ਲੋਕ ਦਾ ਹੈ, ਪ੍ਰੀਤਮ-ਪ੍ਰਲੋਕ ਦਾ ਹੈ। ਵਾ ਮਨ ਦਾ ਸੱਜਣ ਹੈ, ਅਤੇ ਤਨ ਦਾ ਪ੍ਰੀਤਮ ਹੈ। ਐਸਾ ਕੋਈ ਹੈ? ਜਿਹੜਾ ਕੋਈ ਆ ਕੇ ਮੈਨੂੰ ਪ੍ਰਾਣ ਜੀਵਾਇਆ=ਪ੍ਰਾਣਾਂ ਦੇ ਜੀਵਾਣ ਵਾਲੇ ਪ੍ਰਮੇਸ਼ੁਰ ਨਾਲ ਮਿਲਾਵੇ।

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ॥ ੩॥

ਪ੍ਰੀਤਮ ਪ੍ਰਮਾਤਮਾ ਦੇ ਵੇਖੇ ਤੋਂ ਬਿਨਾਂ ਮੈਂ ਜਿਉਂਦਾ ਨਹੀਂ ਰਹਿ ਸਕਦਾ, ਪ੍ਰੇਮ ਕਰਕੇ ਮੇਰੇ ਨੇਤ੍ਰਾਂ 'ਚੋਂ ਨੀਰੁ=ਜਲ ਵਗ ਹੀ ਵਗ ਚਲਦਾ ਹੈ।

ਵਾ ਮਨ ਬੁੱਧੀ ਰੂਪ ਨੇਤਰਾਂ 'ਚੋਂ ਵੈਰਾਗ ਵਾ ਪ੍ਰੇਮ ਰੂਪੀ ਜਲ ਵਗ ਹੀ ਵਗ ਚਲਦਾ ਹੈ।

ਵਾ:-ਵਾਹੜੇ ਦੀ ਨਿਆਂਈਂ ਜਲ ਵਗ ਚਲਦਾ ਹੈ॥ ੩॥

ਸਤਿਗੁਰੁ ਮਿਤ੍ਰ ਮੇਰਾ ਬਾਲ ਸਖਾਈ॥
ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥

ਮੇਰੇ ਸਤਿਗੁਰੂ ਮਿੱਤ੍ਰ ! ਬਾਲਕ ਅਵਸਥਾ ਤੋਂ ਹੀ ਸਹਾਇਤਾ ਕਰਨ ਵਾਲੇ ਹਨ। ਹੇ ਮੇਰੇ ਭਾਈ ! ਸਤਿਗੁਰਾਂ ਦੇ ਦਰਸ਼ਨ ਦੇਖੇ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ।

ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ
ਜਨ ਨਾਨਕ ਹਰਿ ਧਨੁ ਪਲੈ ਜੀਉ॥ ੪॥ ੧॥

ਹੇ ਹਰਿ ਜੀਉ ! ਕਿਰਪਾ ਕਰਕੇ ਮੈਨੂੰ ਗੁਰਾਂ ਨਾਲ ਮੇਲਣਾ ਕਰੋ, ਜਿਸ ਕਰਕੇ ਮੈਂ ਜਨ ਦੇ ਬੁੱਧੀ ਰੂਪ ਪੱਲੇ ਵਿਚ ਹਰੀ ਨਾਮ ਧਨ ਪ੍ਰਾਪਤ ਹੋਵੇ॥ ੪॥ ੧॥

ਮਾਝ ਮਹਲਾ ੪ ॥

ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥
ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥

ਮਧੁਸੂਦਨ ਜੋ ਪ੍ਰਮੇਸ਼੍ਵਰ ਹੈ ਓਹੀ ਮੇਰੇ ਮਨ ਤਨ ਤੇ ਪ੍ਰਾਨ ਰੂਪ ਹੈ। ਮੈਂ ਉਸ ਹਰੀ ਪ੍ਰਮਾਤਮਾ ਤੋਂ ਬਿਨਾਂ ਦੂਜਾ ਹੋਰ ਕਿਸੇ ਨੂੰ ਨਹੀਂ ਜਾਣਦਾ।

ਕੋਈ ਸਜਣੁ ਸੰਤੁ ਮਿਲੈ ਵਡਭਾਗੀ
ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥ ੧ ॥

ਕੋਈ ਵਡਭਾਗੀ ਤੱਤਵੇਤਾ ਸੰਤ ਸੱਜਣ ਮਿਲੇ, ਜੋ ਮੈਨੂੰ ਮੇਰਾ ਹਰੀ ਪ੍ਰਭੂ ਪਿਆਰਾ ਦੱਸੇ॥ ੧ ॥

ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥

ਮੈਂ ਮਨੋਂ ਤਨੋਂ ਖੋਜੀ ਹੋ ਕੇ ਉਸ ਪ੍ਰਭੂ ਦਾ ਢੂੰਡ ਨੂੰ ਢੂੰਡਦਾ ਹਾਂ।
ਹੇ ਮੇਰੀ ਮਾਈ=ਸੰਤ ਜਨੋਂ ! ਪਿਆਰਾ ਪ੍ਰੀਤਮ ਪ੍ਰਮਾਤਮਾ ਮੈਨੂੰ ਕਿਸ ਪ੍ਰਕਾਰ ਨਾਲ ਮਿਲੇ।

ਮਿਲਿ ਸਤਸੰਗਤਿ ਖੋਜੁ ਦਸਾਈ
ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ੨ ॥

ਮਹਾਤਮਾਂ ਦੀ ਸਤਸੰਗਤ ਨਾਲ ਮਿਲ ਕੇ ਪ੍ਰਭੂ ਦੇ ਖੋਜੁ=ਰਸਤੇ ਨੂੰ ਦਸਾਈ=ਪੁੱਛਦਾ ਹਾਂ, ਕਿਉਂਕਿ ਮੈਨੇ ਸੁਣਿਆ ਹੈ ਕਿ ਹਰੀ ਪ੍ਰਭੂ ਸਤਸੰਗ ਵਿਚ ਵੱਸਦਾ ਹੈ॥ ੨ ॥

ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥
ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥

ਮੇਰਾ ਪਿਆਰਾ ਪ੍ਰੀਤਮ ਜੋ ਸਤਿਗੁਰੂ ਹੈ ਓਹੀ ਜਨਮ ਮਰਨ ਆਦਿਕ ਦੁੱਖਾਂ ਤੋਂ ਰੱਖਿਆ ਕਰਨ ਵਾਲਾ ਹੈ। ਉਸ ਅੱਗੇ ਐਸੀ ਬੇਨਤੀ ਕਰੋ-ਅਸੀਂ ਦੀਨ ਬਾਲਕੇ ਹਾਂ, ਹੇ ਗੁਰੂ ਆਪ ਸਾਡੀ ਪ੍ਰਿਤਪਾਲਾ ਕਰੋ।

ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ
ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥ ੩ ॥

ਪੂਰਾ ਗੁਰੂ ਹੀ ਮੇਰੀ ਮਾਂ ਹੈ, ਪੂਰਾ ਸਤਿਗੁਰੂ ਹੀ ਮੇਰਾ ਪਿਤਾ ਹੈ। ਗੁਰਾਂ ਦੇ ਦਰਸ਼ਨ ਰੂਪੀ ਜਲ ਦੇ ਵਾ ਗੁਰਾਂ ਦੁਆਰੇ ਨਾਮ ਜਲ ਦੇ ਮਿਲਣ ਕਰਕੇ ਮੇਰਾ ਹਿਰਦਾ ਕਵਲ ਵਿਗਸੈ=ਖਿੜਦਾ ਹੈ॥ ੩ ॥

ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥
ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥

ਸਤਿਗੁਰਾਂ ਦਾ ਦਰਸ਼ਨ ਦੇਖੇ ਤੋਂ ਬਿਨਾਂ ਮੈਨੂੰ ਪ੍ਰਤੱਖ ਵਾ ਸ਼ਾਂਤੀ ਰੂਪੀ ਨੀਂਦ ਨਹੀਂ ਆਉਂਦੀ। ਕਿਉਂਕਿ ਸਤਿਗੁਰਾਂ ਦਾ ਬਿਰਹੁ=ਵਿਛੋੜਾ ਮੇਰੇ ਮਨ ਤਨ ਨੂੰ ਵੇਦਨ=ਪੀੜਾ ਲਗਾਂਵਦਾ ਹੈ।

ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ
ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥ ੪ ॥ ੨ ॥

ਹੇ ਹਰਿ ਹਰਿ ! ਦਇਆ ਕਰਕੇ ਮੈਨੂੰ ਗੁਰਾਂ ਨਾਲ ਮੇਲਣਾ ਕਰੋ, ਗੁਰਾਂ ਨਾਲ ਮਿਲ਼ਣ ਕਰਕੇ ਮੈਂ ਜਨ ਰਹਸੈ=ਆਨੰਦ ਹੁੰਦਾ ਹਾਂ॥ ੪॥ ੨॥

[ਪੰਨਾ ੯੫]

ਮਾਝ ਮਹਲਾ ੪ ॥
ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥
ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥

ਹਰੀ ਦੇ ਗੁਣਾਂ ਨੂੰ ਪੜ੍ਹਣਾ ਕਰੀਏ, ਹਰੀ ਦੇ ਗੁਣਾਂ ਨੂੰ ਗੁਣੀਐ=ਵਿਚਾਰ ਕਰੀਏ, ਹਰਿ ਹਰਿ ਪ੍ਰਭੂ ਦੇ ਨਾਮ ਸੰਬੰਧੀ ਕਥਾ ਨੂੰ ਨਿਤਾਪ੍ਰਤੀ ਸੁਣਨਾ ਕਰੀਏ।

ਮਿਲਿ ਸਤਸੰਗਤਿ ਹਰਿ ਗੁਣ ਗਾਏ
ਜਗੁ ਭਉਜਲੁ ਦੁਤਰੁ ਤਰੀਐ ਜੀਉ ॥ ੧ ॥

ਸਤਸੰਗਤ ਨਾਲ ਮਿਲ ਕੇ ਹਰੀ ਦੇ ਗੁਣ ਗਾਵਣਾ ਕਰੀਏ, ਤਾਂ ਜਿਸ ਸੰਸਾਰ ਤੋਂ ਤਰਨਾ ਦੁਤਰੁ=ਕਠਨ ਹੈ ਉਸ ਸੰਸਾਰ ਰੂਪ ਭਉਜਲੁ=ਸਮੁੰਦਰ ਤੋਂ ਸੁਖੈਣ ਤਰ ਜਾਈਦਾ ਹੈ॥ ੧॥

ਆਉ ਸਖੀ ਹਰਿ ਮੇਲੁ ਕਰੇਹਾ ॥ ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥

ਹੇ ਗੁਰਮੁਖਾਂ ਰੂਪ ਸਖੀਓ ! ਆਓ, ਆ ਕੇ ਹਰੀ ਦੀਆਂ ਜੋ ਮਹਾਤਮਾਂ ਰੂਪ ਸਖੀਆਂ ਹਨ ਉਨ੍ਹਾਂ ਨਾਲ ਮੇਲ ਕਰੋ ਤੇ ਬੇਨਤੀ ਕਰੋ, ਹੇ ਮਹਾਤਮਾਂ ਰੂਪ ਸਖੀਓ ! ਮੇਰਾ ਜੋ ਪ੍ਰੀਤਮ ਪ੍ਰਮਾਤਮਾ ਹੈ ਉਸ ਦੀ ਪ੍ਰਾਪਤੀ ਦਾ ਮੈਨੂੰ ਸੰਦੇਸਾ ਦਿਉ।

ਮੇਰਾ ਮਿਤ੍ਰ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ ॥ ੨ ॥

ਮੇਰਾ ਮਿੱਤ੍ਰ ਵੀ ਓਹੀ ਹੈ, ਸਖਾ ਇਸ ਲੋਕ ਦਾ ਵੀ ਓਹੀ ਹੈ, ਪ੍ਰੀਤਮ ਭੀ ਓਹੀ ਹੈ, ਤੇ ਭਾਈ=ਭਰਾ ਵੀ ਓਹੀ ਹੈ, ਜੋ ਮੈਨੂੰ ਨਰਾਂ ਦੇ ਹਰਿਆਂ ਕਰਨ ਵਾਲੇ ਹਰੀ ਦੀ ਪ੍ਰਾਪਤੀ ਦਾ ਰਾਹ ਦੱਸਣਾ ਕਰੇ।

ਵਾ-ਜਿਸ ਪ੍ਰਭੂ ਨੇ ਨਰਹਰੀਐ=ਨਰਸਿੰਘ ਅਵਤਾਰ ਧਾਰਿਆ ਹੈ ਤਿਸ ਦੀ ਪ੍ਰਾਪਤੀ ਦਾ ਰਸਤਾ ਦੱਸਣਾ ਕਰੇ॥ ੨॥

ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ ॥
ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ ॥

ਹਰੀ ਸਰੂਪ ਪੂਰੇ ਸਤਿਗੁਰੂ ਹੀ ਮੇਰੀ ਅੰਦਰ ਦੀ ਪੀੜਾ ਨੂੰ ਜਾਣਦੇ ਹਨ। ਮੈਂ ਪ੍ਰਭ ਦੇ ਨਾਮ ਕਥਨ ਕੀਤੇ

ਤੋਂ ਬਿਨਾਂ ਇਕ ਖਿਨ ਪਲ ਵੀ ਰਹਿ ਨਹੀਂ ਸਕਦਾ।

ਮੈ ਅਉਖਧੁ ਮੰਤ੍ਰ ਦੀਜੈ ਗੁਰ ਪੂਰੇ
ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥ ੩ ॥

ਜਿਵੇਂ ਔਸ਼ਧੀ ਰੋਗਾਂ ਨੂੰ ਦੂਰ ਕਰਦੀ ਹੈ, ਤੇ ਮੰਤਰ ਸੱਪ ਆਦਿਕਾਂ ਦੇ ਡੰਗ ਨੂੰ ਦੂਰ ਕਰਦਾ ਹੈ। ਤਿਵੇਂ ਹੇ ਪੂਰਨ ਗੁਰੋ ! ਅਗਿਆਨ ਵਾ ਹੰਕਾਰ ਰੂਪੀ ਰੋਗ ਦੀ ਨਵਿਰਤੀ ਵਾਸਤੇ ਨਾਮ ਰੂਪੀ ਅਉਖਧੁ=ਦਵਾਈ, ਅਤੇ ਕਾਮਾਦਿਕ ਸੱਪਾਂ ਦੀ ਵਿਸ਼ਿਆਂ ਰੂਪੀ ਵਿਹੁ ਦੇ ਦੂਰ ਕਰਨ ਵਾਸਤੇ ਸਤਿਨਾਮੁ ਰੂਪੀ ਮੰਤਰ ਦੇਣਾ ਕਰੋ, ਜਿਸ ਕਰਕੇ ਮੇਰਾ ਉਧਾਰ ਹੋਵੇ॥ ੩ ॥

ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ॥
ਹਰਿ ਹਰਿ ਨਾਮੁ ਬੂੰਦ ਮੁਖਿ ਪਾਈ॥

ਹੇ ਸਤਿਗੁਰੋ ! ਅਸੀਂ ਦੀਨ ਚਾਤ੍ਰਿਕ=ਪਪੀਹੇ ਦੀ ਨਿਆਈਂ, ਨਾਮ ਰੂਪ ਸ੍ਵਾਂਤੀ ਬੂੰਦ ਦੀ ਪ੍ਰਾਪਤੀ ਵਾਸਤੇ ਦੀਨ ਹੋ ਕੇ ਆਪ ਦੀ ਸ਼ਰਨ ਵਿਚ ਆਏ ਹਾਂ। ਆਪ ਕਿਰਪਾ ਕਰਕੇ ਹਰਿ ਹਰਿ ਨਾਮ ਰੂਪੀ ਸ੍ਵਾਂਤੀ ਬੂੰਦ ਮੇਰੇ ਮੂੰਹ ਵਿਚ ਪਾਵਣਾ ਕਰੋ।

ਹਰਿ ਜਲਨਿਧਿ ਹਮ ਜਲ ਕੇ ਮੀਨੇ
ਜਨ ਨਾਨਕ ਜਲ ਬਿਨੁ ਮਰੀਐ ਜੀਉ ॥ ੪ ॥ ੩ ॥

ਹੇ ਹਰੀ ਆਪ ਜਲਨਿਧਿ=ਸਮੁੰਦਰ ਰੂਪ ਹੋ, ਅਸੀਂ ਆਪ ਦੇ ਨਾਮ ਰੂਪ ਜਲ ਵਿਚ ਰਹਿਣ ਵਾਲੇ ਮੀਨੇ=ਮੱਛ ਰੂਪ ਹਾਂ, ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਦਾ ਵਾ ਸਾਡਾ ਨਾਮ ਰੂਪ ਜਲ ਤੋਂ ਬਿਨਾਂ ਮਰਨਾ ਹੁੰਦਾ ਹੈ॥ ੪ ॥ ੩ ॥

ਮਾਝ ਮਹਲਾ ੪ ॥
ਹਰਿ ਜਨ ਸੰਤ ਮਿਲਹੁ ਮੇਰੇ ਭਾਈ॥
ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ॥

ਹੇ ਮੇਰੇ ਭਾਈ ! ਹਰੀ ਦੇ ਸੰਤ ਜਨਾਂ ਦੇ ਨਾਲ ਮਿਲਣਾ ਕਰੋ ਤੇ ਇਸ ਤਰ੍ਹਾਂ ਬੇਨਤੀ ਕਰੋ-ਮੇਰਾ ਹਰੀ ਪ੍ਰਭੂ ਕਿਵੇਂ ਮਿਲੇਗਾ ਮੈਨੂੰ ਦੱਸਣਾ ਕਰੋ, ਕਿਉਂਕਿ ਮੈਨੂੰ ਉਸ ਦੇ ਮਿਲਣ ਦੀ ਭੁੱਖ=ਚਾਹ ਲਗ ਰਹੀ ਹੈ।

ਮੇਰੀ ਸਰਧਾ ਪੂਰਿ ਜਗਜੀਵਨ ਦਾਤੇ
ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥ ੧ ॥

ਜਗਜੀਵਨ ਦਾਤੇ ਦੀ ਪ੍ਰਾਪਤੀ ਦੀ ਜੋ ਸ਼ਰਧਾ ਹੈ ਉਹ ਮੇਰੀ ਪੂਰਨ ਕਰੋ। ਹਰੀ ਜੀ ਦੇ ਦਰਸ਼ਨ ਮਿਲਣ ਕਰਕੇ ਹੀ ਮੇਰਾ ਮਨ ਭੀਜੈ=ਪ੍ਰਸੰਨ ਹੁੰਦਾ ਹੈ॥ ੧ ॥

ਮਿਲਿ ਸਤਸੰਗਿ ਬੋਲੀ ਹਰਿ ਬਾਣੀ॥
ਹਰਿ ਹਰਿ ਕਥਾ ਮੇਰੈ ਮਨਿ ਭਾਣੀ॥

ਸਤਸੰਗਤ ਵਿਚ ਮਿਲ ਕੇ ਮੈਂ ਹਰੀ ਨਾਮ ਬਾਣੀ ਬੋਲਦਾ ਹਾਂ। ਕਿਉਂਕਿ ਹਰਿ ਹਰਿ ਦੀ ਕਥਾ ਹੀ ਮੇਰੇ ਮਨ ਵਿਚ ਭਾਉਂਦੀ ਹੈ।

ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ
ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ॥ ੨॥

ਹਰੀ ਦਾ ਹਰਿ ਹਰਿ ਨਾਮ ਰੂਪੀ ਅੰਮ੍ਰਿਤ ਮੇਰੇ ਮਨ ਵਿਖੇ ਭਾਂਵਦਾ ਹੈ। ਇਸ ਲਈ ਸਤਿਗੁਰਾਂ ਨਾਲ ਮਿਲ ਕੇ ਮੈਂ ਨਾਮ ਅੰਮ੍ਰਿਤ ਨੂੰ ਪੀਂਦਾ ਹਾਂ॥ ੨॥

ਵਡਭਾਗੀ ਹਰਿ ਸੰਗਤਿ ਪਾਵਹਿ॥ ਭਾਗਹੀਨ ਭ੍ਰਮਿ ਚੋਟਾ ਖਾਵਹਿ॥

ਵਡਭਾਗੀ ਪੁਰਸ਼ ਹਰੀ ਦੀ ਸਤਸੰਗਤ ਨੂੰ ਪਾਂਦੇ ਹਨ। ਭਾਗਹੀਣ ਪੁਰਸ਼ ਸਤਸੰਗ ਕੀਤੇ ਬਿਨਾਂ ਭਰਮ ਕਰਕੇ ਜਮਾਂ ਦੀਆਂ ਸੱਟਾਂ ਖਾਂਦੇ ਹਨ।

ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ੩॥

ਪੂਰਬਲੇ ਸ੍ਰੇਸ਼ਟ ਭਾਗਾਂ ਤੋਂ ਬਿਨਾਂ ਸਾਧ ਸੰਗਤ ਨਹੀਂ ਪ੍ਰਾਪਤ ਹੁੰਦੀ ਅਤੇ ਸਤਸੰਗਤ ਪ੍ਰਾਪਤ ਹੋਏ ਤੋਂ ਬਿਨਾਂ ਅੰਤਹਕਰਨ ਰੂਪ ਕੱਪੜੇ ਰਾਗ ਦਵੈਸ਼ ਵਾ ਪਾਪਾਂ ਰੂਪੀ ਮੈਲ ਨਾਲ ਭਰ ਜਾਂਦੇ ਹਨ॥ ੩॥

ਮੈ ਆਇ ਮਿਲਹੁ ਜਗਜੀਵਨ ਪਿਆਰੇ॥
ਹਰਿ ਹਰਿ ਨਾਮੁ ਦਇਆ ਮਨਿ ਧਾਰੇ॥

ਹੇ ਜਗਜੀਵਨ ਪਿਆਰੇ ਪ੍ਰਮਾਤਮਾ! ਮੈਨੂੰ ਆ ਕੇ ਮਿਲੋ, ਮਨ ਵਿਚ ਦਇਆ ਧਾਰਕੇ ਹਰਿ ਹਰਿ ਨਾਮ ਦੇਣਾ ਕਰੋ।

ਗੁਰਮਤਿ ਨਾਮੁ ਮੀਠਾ ਮਨਿ ਭਾਇਆ
ਜਨ ਨਾਨਕ ਨਾਮਿ ਮਨੁ ਭੀਜੈ ਜੀਉ॥ ੪॥ ੪॥

ਗੁਰਾਂ ਦੀ ਸਿੱਖਿਆ ਦੁਆਰੇ, ਮਿੱਠਾ ਨਾਮ ਮੇਰੇ ਮਨ ਵਿਚ ਭਾ ਗਿਆ ਹੈ।
ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਦਾ ਮਨ ਨਾਮੀ ਵਿਚ ਭਿੱਜ ਗਿਆ ਹੈ॥ ੪॥ ੪॥

ਮਾਝ ਮਹਲਾ ੪॥

ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ॥
ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ॥

ਗੁਰਾਂ ਦੇ ਗਿਆਨ ਦੁਆਰਾ ਹਰੀ ਦੇ ਹਰਿ ਹਰਿ ਨਾਮ ਰੂਪੀ ਰਸ ਨੂੰ ਪਾਣਾ ਕੀਤਾ।
ਵਾ ਗੁਰਾਂ ਦੁਆਰੇ ਹਰੀ ਦਾ ਹਰਿ ਹਰਿ ਨਾਮ ਜਪਕੇ ਗਿਆਨ ਰਸ ਨੂੰ ਪਾਣਾ ਕੀਤਾ।

ਵਾ ਹਰੀ ਦੇ ਹਰਿ ਹਰਿ ਨਾਮ ਵਿਚ ਰਸ=ਪ੍ਰੇਮ ਕਰਕੇ ਗਿਆਨ ਪਾਇਆ। ਹੁਣ ਮੇਰਾ ਮਨ ਹਰੀ ਦੇ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹਰੀ ਨਾਮ ਵਾ ਆਤਮ ਰਸ ਦੇ ਪੀਣੇ ਵਿਚ ਆਇਆ ਹੈ।

ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ
ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥ ੧ ॥

ਹਰੀ ਜੋ ਹਰਿ=ਭਮਾਮ ਪਾਪਾਂ ਦੇ ਹਰਿ=ਨਵਿਰਤ ਕਰਨ ਵਾਲਾ ਹੈ ਤਿਸ ਹਰੀ ਦੇ ਨਾਮ ਨੂੰ ਮੁੰਹੋਂ ਬੋਲਦਾ ਹਾਂ, ਇਸ ਲਈ ਮੇਰੇ ਮਨ 'ਚੋਂ ਹਰੀ ਰਸ ਟੁਲਿ ਟੁਲਿ=ਢੁਲ੍ਹ ਢੁਲ੍ਹ ਭਾਵ ਉੱਛਲ ਉੱਛਲ ਕੇ ਪੈਂਦਾ ਹੈ॥ ੧ ॥

ਆਵਹੁ ਸੰਤ ਮੈ ਗਲਿ ਮੇਲਾਈਐ ॥
ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥

ਹੇ ਸੰਤੋ ਆਵੋ, ਮੈਨੂੰ ਆਪਣੇ ਗਲ ਨਾਲ ਮਿਲਾ ਲਵੋ। ਮੇਰੇ ਪ੍ਰੀਤਮ ਪਮਾਤਮਾ ਦੀ ਕੋਈ ਕਥਾ ਮੈਨੂੰ ਸੁਨਾਣਾ ਕਰੋ।

ਹਰਿ ਕੇ ਸੰਤ ਮਿਲਹੁ ਮਨੁ ਦੇਵਾ
ਜੋ ਗੁਰਬਾਣੀ ਮੁਖਿ ਚਉਦਾ ਜੀਉ ॥ ੨ ॥

ਹੇ ਹਰਿ ਦੇ ਸੰਤੋ ਮਿਲੋ, ਮੈਂ ਆਪਣੇ ਮਨ ਨੂੰ ਦੇਵਾਂ ਭਾਵ ਭੇਟਾ ਕਰਾਂ, ਪਰ ਉਹ ਸੰਤ ਮਿਲੇ ਜੋ ਮੁੰਹੋਂ ਗੁਰਬਾਣੀ ਉਚਾਰਦਾ ਹੋਵੇ॥ ੨ ॥

ਵਡਭਾਗੀ ਹਰਿ ਸੰਤੁ ਮਿਲਾਇਆ ॥ ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥

ਵਡਿਆਂ ਭਾਗਾਂ ਨਾਲ ਜਦ ਹਰੀ ਨੇ ਸੰਤੁ=ਸ਼ਾਂਤ ਆਤਮਾ ਗੁਰਾਂ ਨਾਲ ਮਿਲਾਇਆ। ਤਦ ਪੂਰਿਆਂ ਗੁਰਾਂ ਨੇ ਮੇਰੇ ਮੂੰਹ ਵਿਚ ਹਰੀ ਨਾਮ ਰਸ ਪਾਵਨਾ ਕੀਤਾ।

ਭਾਗਹੀਨ ਸਤਿਗੁਰੁ ਨਹੀ ਪਾਇਆ
ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥ ੩ ॥

ਜਿਸ ਕਰਮ ਹੀਣ ਮਨੁੱਖ ਨੇ ਸਤਿਗੁਰਾਂ ਨੂੰ ਨਹੀਂ ਪਾਇਆ, ਵਾ ਸਤਿਗੁਰਾਂ ਪਾਸੋਂ ਨਾਮ ਨਹੀਂ ਪਾਇਆ, ਉਹ ਮਨਮੁਖ ਪੁਰਸ਼ ਨਿਤਾਪ੍ਰਤੀ ਮਾਤਾ ਦੀ ਗਰਭ ਜੂਨੀ ਵਿਚ ਪੈਂਦਾ ਹੈ॥ ੩ ॥

ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥
ਮਲੁ ਹਉਮੈ ਬਿਖਿਆ ਸਭ ਨਿਵਾਰੀ ॥

ਦੀਨ ਦਿਆਲ ਪ੍ਰਭੂ ਨੇ ਜਿਸ ਮਨੁੱਖ ਉੱਤੇ ਆਪ ਕਿਰਪਾ ਦ੍ਰਿਸਟੀ ਧਾਰੀ ਹੈ। ਉਸ ਨੇ ਬਿਖਿਆ= ਮਾਇਆ ਦੀ ਹੰਗਤਾ ਮਮਤਾ ਰੂਪੀ ਮੈਲ ਸਭ ਨਵਿਰਤ ਕਰ ਦਿੱਤੀ ਹੈ।

ਨਾਨਕ ਹਟ ਪਟਣ ਵਿਚਿ ਕਾਂਇਆ
ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਕਾਂਇਆ ਰੂਪੀ ਪਟਣ=ਸ਼ਹਿਰ ਵਿਚ ਜੋ ਹਟ=ਹਿਰਦਾ ਹੈ ਉਸ ਵਿਚੋਂ ਗੁਰਮੁਖ ਨਾਮ ਰੂਪ ਸੌਦੇ ਨੂੰ ਲੈਂਦੇ ਹਨ॥ ੪॥ ੫॥

ਮਾਝ ਮਹਲਾ ੪ ॥

ਹਉ ਗੁਣ ਗੋਵਿੰਦ ਹਰਿ ਨਾਮੁ ਧਿਆਈ॥
ਮਿਲਿ ਸੰਗਤਿ ਮਨਿ ਨਾਮੁ ਵਸਾਈ॥

ਮੈਂ ਗੋਬਿੰਦ ਦੇ ਗੁਣ ਅਤੇ ਹਰੀ ਨਾਮ ਨੂੰ ਧਿਆਉਂਦਾ ਹਾਂ। ਗੁਰਾਂ ਦੀ ਸੰਗਤ ਵਿਚ ਮਿਲ ਕੇ ਮਨ ਵਿਚ ਨਾਮ ਦੀ ਪ੍ਰੀਤੀ ਵਸਾਈ ਹੈ।

ਹਰਿ ਪ੍ਰਭ ਅਗਮ ਅਗੋਚਰ ਸੁਆਮੀ
ਮਿਲਿ ਸਤਿਗੁਰ ਹਰਿ ਰਸੁ ਕੀਚੈ ਜੀਉ॥ ੧॥

ਹੇ ਭਾਈ ! ਹਰੀ ਪ੍ਰਭੂ ਸੁਆਮੀ ਜੋ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹੈ, ਉਸ ਹਰੀ ਦੇ ਨਾਮ ਰਸ ਨੂੰ ਸਤਿਗੁਰਾਂ ਨਾਲ ਮਿਲਕੇ ਮੈਂ ਪ੍ਰਾਪਤ ਕੀਤਾ ਹੈ॥ ੧॥

[ਪੰਨਾ ੯੬]

ਧਨੁ ਧਨੁ ਹਰਿ ਜਨ ਜਿਨਿ ਹਰਿ ਪ੍ਰਭੁ ਜਾਤਾ॥
ਜਾਇ ਪੁਛਾ ਜਨ ਹਰਿ ਕੀ ਬਾਤਾ॥

ਉਹ ਹਰੀ ਦਾ ਸੇਵਕ ਜਨ ਧਨੁ ਧਨੁ=ਧੰਨਤਾ ਦੇ ਜੋਗ ਹੈ, ਜਿਸ ਨੇ ਹਰੀ ਪ੍ਰਭੂ ਨੂੰ ਜਾਣਿਆ ਹੈ। ਉਸ ਜਨ ਦੇ ਪਾਸ ਜਾ ਕੇ ਮੈਂ ਹਰੀ ਦੀਆਂ ਗੱਲਾਂ ਪੁੱਛਦਾ ਹਾਂ।

ਪਾਵ ਮਲੋਵਾ ਮਲਿ ਮਲਿ ਧੋਵਾ
ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ॥ ੨॥

ਉਸ ਜਨ ਦੇ ਚਰਨਾਂ ਨੂੰ ਝੱਸਦਾ ਹਾਂ, ਤੇ ਦੋਨੋਂ ਚਰਨ ਮਲ ਮਲ ਕੇ ਧੋਂਦਾ ਹਾਂ, ਅਤੇ ਹਰੀ ਜਨ ਨਾਲ ਮਿਲਕੇ-ਹਰੀ ਨਾਮ ਰਸ ਪੀਂਦਾ ਹਾਂ॥ ੨॥

ਸਤਿਗੁਰ ਦਾਤੈ ਨਾਮੁ ਦਿੜਾਇਆ॥
ਵਡਭਾਗੀ ਗੁਰ ਦਰਸਨੁ ਪਾਇਆ॥

ਅੰਨਵੇਂ ! ਜਦ ਵਡਿਆਂ ਭਾਗਾਂ ਨਾਲ ਗੁਰਾਂ ਦਾ ਦਰਸ਼ਨ ਪਾਇਆ, ਤਾਂ ਸਤਿਗੁਰ ਦਾਤਿਆਂ ਨੇ ਹਰੀ ਨਾਮ ਦ੍ਰਿੜ੍ਹ ਕਰਵਾਇਆ।

ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ॥ ੩॥

ਜੋ ਗੁਰੂ ਸੱਚ ਨਾਮ ਰੂਪੀ ਅੰਮ੍ਰਿਤ ਰਸ ਨੂੰ ਪੀਂਦੇ ਹਨ, ਅਤੇ ਜਿਨ੍ਹਾਂ ਦੀ ਅੰਮ੍ਰਿਤ ਵਾਂਗੂੰ ਮਿੱਠੀ ਬੋਲੀ ਹੈ-ਉਨ੍ਹਾਂ ਪੂਰਿਆਂ ਗੁਰਾਂ ਪਾਸੋਂ ਨਾਮ ਅੰਮ੍ਰਿਤ ਲੀਚੈ=ਲੈਣਾ ਕਰੋ॥ ੩॥

ਹਰੀ ਅੱਗੇ ਇਸ ਤਰ੍ਹਾਂ ਬੇਨਤੀ ਕਰੋ-

ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ॥
ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ॥

ਹੇ ਹਰੀ ! ਸਤਪੁਰਖਾਂ ਦੀ ਸਤਸੰਗਤ ਵਿਚ ਮਿਲਾਣਾ ਕਰੋ, ਜਿਸ ਸਤਸੰਗਤ ਵਿਚ ਮਿਲਕੇ ਹਰੀ ਨਾਮ ਨੂੰ ਧਿਆਉਣਾ ਕਰਾਂ।

ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ
ਗੁਰਮਤਿ ਹਰਿ ਨਾਮਿ ਪਰੀਚੈ ਜੀਉ॥ ੪॥ ੬॥

ਹੇ ਹਰੀ ! ਆਪ ਜੀ ਦੀ ਕਥਾ ਸੁਨਣਾ ਕਰਾਂ, ਮੂੰਹ ਨਾਲ ਆਪ ਜੀ ਦੀ ਬਾਣੀ ਬੋਲਾਂ ਅਤੇ ਗੁਰ ਸਿੱਖਿਆ ਅਨੁਸਾਰ ਹਰੀ ਨਾਮ ਵਿਚ ਮੇਰਾ ਮਨ ਪਰਚਿਆ ਰਵ੍ਹੇ॥ ੪॥ ੬॥

ਮਾਝ ਮਹਲਾ ੪॥
ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ॥
ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ॥

ਹੇ ਪਿਆਰੀਆਂ ਸਖੀਓ ! ਆ ਕੇ ਤੁਸੀਂ ਮੇਰੇ ਨਾਲ ਮਿਲਣਾ ਕਰੋ, ਮੇਰਾ ਪ੍ਰੀਤਮ ਜੋ ਪ੍ਰਮਾਤਮਾ ਹੈ ਉਸ ਦੀ ਪ੍ਰਾਪਤੀ ਦਾ ਜੋ ਸੁਖ ਸਨੇਹਾ ਦੱਸੇ, ਉਸ ਤੋਂ ਮੈਂ ਬਲਿਹਾਰ ਕੁਰਬਾਨ ਜਾਂਦੀ ਹਾਂ।

ਮਿਲਿ ਸਤਸੰਗਤਿ ਲਧਾ ਹਰਿ ਸਜਣੁ
ਹਉ ਸਤਿਗੁਰ ਵਿਟਹੁ ਘੁਮਾਈਆ ਜੀਉ॥ ੧॥

ਜਿਨ੍ਹਾਂ ਸਤਿਗੁਰਾਂ ਦੀ ਸਤਸੰਗਤ ਨਾਲ ਮਿਲ ਕੇ ਹਰੀ ਸੱਜਣ ਨੂੰ ਲੱਭ ਲਿਆ ਹੈ, ਉਨ੍ਹਾਂ ਸਤਿਗੁਰਾਂ ਉੱਪਰੋਂ ਮੈਂ ਬਲਿਹਾਰ ਕੁਰਬਾਣ ਜਾਂਦੀ ਹਾਂ॥ ੧॥

ਜਹ ਜਹ ਦੇਖਾ ਤਹ ਤਹ ਸੁਆਮੀ॥ ਤੂ ਘਟਿ ਘਟਿ ਰਵਿਆ ਅੰਤਰਜਾਮੀ॥

ਹੇ ਭਾਈ ! ਜਿੱਥੇ ਜਿੱਥੇ ਮੈਂ ਵੇਖਦਾ ਹਾਂ ਉੱਥੇ ਉੱਥੇ ਹੀ ਸੁਆਮੀ ਪ੍ਰਮਾਤਮਾ ਪੂਰਨ ਹੈ। ਤੂੰ ਵੀ ਐਸੇ ਨਿਸਚੇ ਕਰ, ਉਹ ਅੰਤਰਜਾਮੀ ਸਾਰਿਆਂ ਘਟਾਂ ਘਟਾਂ ਵਿਚ ਰਵ ਰਿਹਾ ਹੈ।

ਗੁਰਿ ਪੂਰੈ ਹਰਿ ਨਾਲਿ ਦਿਖਾਲਿਆ
ਹਉ ਸਤਿਗਰ ਵਿਟਹੁ ਸਦ ਵਾਰਿਆ ਜੀਉ॥ ੨॥

ਧੰਨ ਪੂਰੇ ਸਤਿਗੁਰੂ ਜੀ ਹਨ ਜਿਨ੍ਹਾਂ ਨੇ ਹਰੀ ਨੂੰ ਅੰਤਹਕਰਨ ਦੇ ਨਾਲ ਹੀ ਵਿਖਾ ਦਿੱਤਾ ਹੈ। ਇਸੀ ਕਰਕੇ ਮੈਂ ਸਤਿਗੁਰਾਂ ਦੇ ਉੱਪਰੋਂ ਸਦਾ ਹੀ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨॥

ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ॥

ਸਾਰਿਆਂ ਵਿਚ ਪਵਨ ਤੱਤ ਵੀ ਇਕ ਹੈ, ਸਾਰਿਆਂ ਵਿਚ ਮਿੱਟੀ ਤੱਤ ਵੀ ਇਕ ਹੈ, ਸਾਰਿਆਂ ਵਿਚ ਜਲ

ਤੱਤ ਵੀ ਇਕ ਹੈ, ਸਾਰਿਆਂ ਵਿਚ ਅਗਨੀ ਤੱਤ ਵੀ ਇਕ ਹੈ, ਸਾਰਿਆਂ ਵਿਚ ਆਕਾਸ਼ ਤੱਤ ਵੀ ਇਕ ਹੈ, ਅਤੇ ਇਕ ਪ੍ਰਮਾਤਮਾ ਦੀ ਹੀ ਜੋਤਿ=ਚੇਤਨ ਸ਼ੱਤਾ ਸ਼ਾਰਿਆਂ ਵਿਚ ਆਈ ਹੋਈ ਹੈ।

ਸਭ ਇਕਾ ਜੋਤਿ ਵਰਤੈ

ਭਾਵੇਂ ਸਾਰਿਆਂ ਵਿਚ ਇਕ ਪ੍ਰਮਾਤਮਾ ਦੀ ਹੀ ਜੋਤਿ=ਚੇਤਨ ਸੱਤਾ ਵਰਤ ਰਹੀ ਹੈ। ਪਰ **ਭਿਨਿ ਭਿਨਿ** ਪ੍ਰਾਲਬਧ ਸਾਰਿਆਂ ਦੀ ਜੁਦਾ ਜੁਦਾ (ਵੱਖਰੀ ਵੱਖਰੀ) ਹੈ।

ਵਾ- ਅੰਤਹਕਰਨ ਸਾਰਿਆਂ ਦੇ ਭਿੰਨ ਭਿੰਨ ਹਨ।

ਵਾ- ਦਸਤਾਰ, ਗੁਫਤਾਰ, ਰਫਤਾਰ, ਸਭ ਦੀ ਭਿੰਨ ਭਿੰਨ ਹੈ।

ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ॥

ਪ੍ਰਾਲਬਧ ! ਇਕ ਦੂਜੇ ਨਾਲ ਕਿਸੇ ਦੀ ਰਲਾਈ ਹੋਈ ਰਲਦੀ ਨਹੀਂ।

ਵਾ ਦਸ਼ਤਾਰ, ਗੁਫਤਾਰ, ਰਫਤਾਰ ਵੀ ਕਿਸੇ ਨਾਲ ਰਲਾਈ ਹੋਈ ਨਹੀਂ ਰਲ ਸਕਦੀ।

ਗੁਰ ਪਰਸਾਦੀ ਇਕੁ ਨਦਰੀ ਆਇਆ
ਹਉ ਸਤਿਗੁਰ ਵਿਟਹੁ ਵਤਾਇਆ ਜੀਉ॥ ੩॥

ਗੁਰਾਂ ਦੀ ਕਿਰਪਾ ਨਾਲ ਮੈਨੂੰ ਸਭਨਾਂ ਵਿਚ ਇਕ ਪ੍ਰਮਾਤਮਾ ਹੀ ਨਿਗਾਹ ਆਇਆ ਹੈ, ਇਸ ਲਈ ਮੈਂ ਸਤਿਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੩॥

ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥
ਗੁਰਸਿਖਾਂ ਕੈ ਮਨਿ ਪਿਆਰੀ ਭਾਣੀ॥

ਹੇ ਭਾਈ ! ਗੁਰੂ ਸਾਹਿਬ ਜੀ ਅੰਮ੍ਰਿਤ ਵਾਂਗੂੰ ਮਿੱਠੀ ਬਾਣੀ ਬੋਲਦੇ ਹਨ। ਇਸੀ ਕਰ ਕੇ ਗੁਰਸਿੱਖਾਂ ਦੇ ਮਨ ਵਿਚ ਉਹ ਬਾਣੀ ਚੰਗੀ ਭਾਂਵਦੀ ਹੈ।

ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ
ਗੁਰੁ ਸਤਿਗੁਰੁ ਪਰਉਪਕਾਰੀਆ ਜੀਉ॥ ੪॥ ੭॥

ਗੁਰੁ=ਪੂਜਨੀਕ ਪੂਰੇ ਸਤਿਗੁਰੂ ਪਿੱਛੇ ਵੀ ਸਿੱਖਾਂ ਨੂੰ ਉਪਦੇਸ਼ ਕਰਦੇ ਸਨ, ਹੁਣ ਵੀ ਗੁਰੁ=ਪੂਜਨੀਕ ਸਤਿਗੁਰ ਦੇਵ ਜੀ ਸਿੱਖਾਂ ਉੱਤੇ ਪਰਉਪਕਾਰ ਵਾਲਾ ਕੰਮ ਕਰਦੇ ਹਨ॥ ੪॥ ੭॥

ਸਤ ਚਉਪਦੇ ਮਹਲੇ ਚਉਥੇ ਕੇ॥

'ਚਉਥੇ ਮਹਲੇ'=ਚੌਥੇ ਪਾਤਿਸ਼ਾਹ ਜੀ ਦੇ ਚਾਰ ਚਾਰ ਪਦਿਆਂ ਵਾਲੇ ਇੱਥੋਂ ਤਕ ਸੱਤ ਸ਼ਬਦ ਆਏ ਹਨ।

ਮਾਝ ਮਹਲਾ ੫ ਚਉਪਦੇ ਘਰੁ ੧॥

ਇਹ ਬਿਰਹੋਂ ਮਿਲਾਪ ਦਾ ਸ਼ਬਦ ਸਤਿਗੁਰਾਂ ਨੇ ਲਾਹੌਰ ਸ਼ਹਿਰ ਵਿਚ ਬੈਠਿਆਂ ਉਦਾਸੀ ਰੂਪ ਵਿਖੇ ਚਾਰ ਚਿੱਠੀਆਂ ਦੇ ਰੂਪ ਵਿਚ ਉਚਾਰਣਾ ਕੀਤਾ ਹੈ।

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਵੱਡੇ ਭਰਾਤਾ 'ਭਾਈ ਸਹਾਰੀ ਜੀ' ਹੋਰਾਂ ਨੇ ਲਾਹੌਰੋਂ ਅੰਮ੍ਰਿਤਸਰ ਆ ਕੇ ਆਪ ਜੀ ਪਾਸ ਬੇਨਤੀ ਕੀਤੀ ਕਿ ਆਪ ਜੀ ਦੇ ਭਤੀਜੇ ਦਾ ਵਿਆਹ ਹੈ। ਮੇਰੀ ਪ੍ਰਾਰਥਨਾ ਪ੍ਰਵਾਨ ਕਰਕੇ ਗ੍ਰਿਹ ਵਿਖੇ ਪਵਿੱਤਰ ਚਰਨ ਕਵਲ ਪਾਓ, ਤਾਂ ਕਿ ਮੇਰਾ ਕਾਰਜ ਚੰਗੀ ਤਰ੍ਹਾਂ ਨਿਭ ਜਾਵੇ।

ਇਸ ਤਰ੍ਹਾਂ ਦੇ ਵਾਕ ਸੁਣ ਕੇ ਗੁਰੂ ਜੀ ਪਹਿਲੇ ਤਾਂ ਕੁਝ ਚੁੱਪ ਰਹੇ ਤੇ ਫਿਰ ਬਚਨ ਫੁਰਮਾਇਆ-ਭਰਾਤਾ ਜੀ, ਤੁਹਾਡਾ ਕਹਿਣਾ ਤਾਂ ਠੀਕ ਹੈ ਪਰ ਇਸ ਵਿਚ ਇਕ ਮੁਸ਼ਕਲ ਹੈ ਕਿ ਜੇਕਰ ਅਸੀਂ ਤੁਹਾਡੇ ਨਾਲ ਚਲੇ ਗਏ ਤਾਂ ਸੰਗਤਾਂ ਵੀ ਸਾਡੇ ਪਿੱਛੇ ਪਿੱਛੇ ਲਾਹੌਰ ਪੁੱਜ ਜਾਣਗੀਆਂ। ਸੋ ਅਸੀਂ ਇਹ ਕਹਿੰਦੇ ਹਾਂ ਕਿ ਵਿਆਹ ਦੇ ਸਮੇਂ ਤਾਂ ਜਾਂਞੀਆਂ-ਮਾਂਞੀਆਂ ਦੀ ਹੀ ਬੜੀ ਭੀੜ ਹੋਣੀ ਹੈ, ਇਸ ਲਈ ਤੁਸੀਂ ਸੰਗਤਾਂ ਨੂੰ ਸਾਂਭੋਗੇ ਕਿ ਵਿਆਹ ਦਾ ਕਾਰਜ ਕਰੋਗੇ? ਇਸ ਕਰਕੇ ਸਾਡਾ ਕਹਿਣਾ ਮੰਨਕੇ ਸਾਨੂੰ ਨਾ ਲਿਜਾਓ, ਇੱਥੇ ਹੀ ਰਹਿਣ ਦਿਓ ਅਤੇ ਸਾਡੇ ਵੱਡੇ ਪੁੱਤਰ 'ਪ੍ਰਿਥੀ ਚੰਦ' ਨੂੰ ਨਾਲ ਲੈ ਜਾਓ। ਆਪ ਜੀ ਦੇ ਸਾਰੇ ਕਾਰਜ ਰਾਸ ਹੋ ਜਾਣਗੇ।

'ਭਾਈ ਸਹਾਰੀ ਜੀ' ਕਹਿਣਾ ਮੰਨ ਗਏ ਤੇ ਸਤਿ ਬਚਨ ਕਰਦਿਆਂ ਕਿਹਾ, ਜਿਵੇਂ ਆਪ ਜੀ ਦਾ ਹੁਕਮ ਹੋਵੇ। ਤਾਂ ਉਸ ਵੇਲੇ ਸਤਿਗੁਰਾਂ ਨੇ ਪ੍ਰਿਥੀ ਚੰਦ ਨੂੰ ਬੁਲਾ ਭੇਜਿਆ। ਜਿਸ ਵੇਲੇ ਆਇਆ ਤਾਂ ਕਿਹਾ-ਹੇ ਪੁੱਤਰ ! ਆਪ ਜੀ ਦੇ ਤਾਇਆ ਜੀ ਲਾਹੌਰੋਂ ਚੱਲ ਕੇ ਆਏ ਹਨ। ਇਸ ਵਿਆਹ ਦੇ ਸਮੇਂ ਸਾਡਾ ਜਾਣਾ ਮੁਸ਼ਕਲ ਹੈ। ਤੁਸੀਂ ਤਾਇਆ ਜੀ ਨਾਲ ਜਾ ਕੇ ਵਿਆਹ ਦਾ ਕੰਮ ਨਿਭਾ ਆਓ।

ਪਰ ਇੱਧਰ ਤਾਂ ਹੋਰ ਹੀ ਰੰਗ ਵਰਤੇ ਪਏ ਸਨ, ਕਿਉਂਕਿ ਚਵ੍ਹੀ ਘੰਟੇ ਮਾਇਆ ਵਿਚ ਹੀ ਮਨ ਫਸਿਆ ਹੋਇਆ ਸੀ। ਮਾਇਆ ਦਾ ਲਾਲਚ ਬੁਰਾ ਹੁੰਦਾ ਹੈ, ਇਹ ਤਾਂ ਗੁਰੂ, ਪੀਰ, ਮਾਤਾ ਪਿਤਾ ਦਾ ਸਤਿਕਾਰ ਤੇ ਉਨ੍ਹਾਂ ਦੀ ਆਗਿਆ ਮੰਨਣ ਦੇ ਫਰਜ਼ ਨੂੰ ਵੀ ਭੁਲਾ ਦਿੰਦਾ ਹੈ। ਇਹੀ ਕਾਰਨ ਪ੍ਰਿਥੀ ਚੰਦ ਉੱਪਰ ਵਾਪਰਿਆ। ਬਚਨ ਤਾਂ ਮੰਨਣਾ ਕਿਤੇ ਰਿਹਾ ਸਾਫ ਹੀ ਜਵਾਬ ਦੇ ਦਿੱਤਾ ਕਿ ਮੈਂ ਨਹੀਂ ਜਾ ਸਕਦਾ।

ਸਤਿਗੁਰਾਂ ਨੇ ਦੁਬਾਰਾ ਕਿਹਾ-ਹੇ ਪੁੱਤਰ ! ਤੂੰ ਹੀ ਘਰ ਵਿਚ ਵੱਡਾ ਹੈਂ, ਇਸ ਲਈ ਸਾਡੀ ਥਾਂ ਤੇਰਾ ਜਾਣਾ ਬਣਦਾ ਹੈ, ਨਾਂਹ ਨ ਕਰ ਤੇ ਜਾ ਕੇ ਕਾਰਜ ਨਿਭਾ ਆ। ਪਰ ਫਿਰ ਵੀ ਪ੍ਰਿਥੀ ਚੰਦ ਨੇ ਨਾਂਹ ਕਰ ਦਿੱਤੀ।

ਪਰ ਗੁਰੂ ਜੀ ਨੇ ਫਿਰ ਤੀਸਰੀ ਵਾਰੀ ਜ਼ੋਰ ਦੇਂ ਕੇ ਕਿਹਾ-ਹੇ ਪੁੱਤਰ ! ਸਾਡਾ ਕਿਹਾ ਨਾ ਮੋੜ, ਤੈਨੂੰ ਜ਼ਰੂਰ ਤਾਇਆ ਜੀ ਨਾਲ ਲਾਹੌਰ ਜਾਣਾ ਚਾਹੀਦਾ ਹੈ।

ਪਰ ਇੱਧਰ ਤਾਂ ਹੋਰ ਹੀ ਮਨੋਂ ਭਾਵ ਸਨ। ਜੋ ਕੁਝ ਅੰਦਰ ਸੀ ਉਹ ਹੁਣ ਤੀਸਰੀ ਵਾਰੀ ਕਹਿਣ ਤੇ ਬਾਹਰ ਆ ਗਿਆ ਤੇ ਕਹਿਣ ਲੱਗਾ ਕਿ ਪਿਤਾ ਜੀ ਸੰਗਤਾਂ ਦੀ ਆਵਾਜਾਈ ਕਾਫੀ ਰਹਿੰਦੀ ਹੈ ਜਿਸ ਕਰਕੇ ਭੇਟਾ ਵੀ ਕਾਫੀ ਆਉਂਦੀ ਹੈ। ਉਸ ਦੇ ਸੰਭਾਲ਼ਣ ਦਾ ਮੇਰੇ ਸਿਰ ਬਹੁਤ ਕੰਮ ਹੈ। ਇਸ ਲਈ ਮੈਂ ਤਾਂ ਕਿਸੀ ਹਾਲਤ ਵਿਚ ਨਹੀਂ ਜਾ ਸਕਦਾ, ਕਿਰਪਾ ਕਰਕੇ ਦੂਸਰਿਆਂ ਪੁੱਤਰਾਂ ਵਿਚੋਂ ਕਿਸੇ ਇਕ ਨੂੰ ਭੇਜ ਦਿਓ।

ਜਿਸ ਵੇਲੇ ਸਾਫ ਜੁਆਬ ਦੇ ਦਿੱਤਾ ਤਾਂ ਸਤਿਗੁਰਾਂ ਨੇ ਵਿਚਕਾਰਲੇ ਪੁੱਤਰ 'ਮਹਾਂਦੇਵ' ਨੂੰ ਬੁਲਾਇਆ ਤੇ ਕਿਹਾ-ਹੇ ਪੁੱਤਰ ! ਆਪ ਜੀ ਦੇ ਤਾਇਆ ਜੀ ਲਾਹੌਰੋਂ ਚੱਲ ਕੇ ਆਏ ਹਨ, ਇਸ ਲਈ ਤੁਸੀਂ ਇਨ੍ਹਾਂ ਦੇ ਨਾਲ ਜਾ ਕੇ ਵਿਆਹ ਦਾ ਕਾਰਜ ਨਿਭਾ ਆਓ।

ਪਰ ਮਹਾਂਦੇਵ ਜੀ ਵੀ ਸਤਿਗੁਰਾਂ ਦੀ ਕਸਵੱਟੀ ਵਿਚ ਪੂਰੇ ਨਾ ਉੱਤਰ ਸਕੇ। ਅਲਮਸਤ ਰਹਿੰਦੇ ਸਨ। ਸਤਿਗੁਰੂ ਰੂਪ ਪਿਤਾ ਦਾ ਬਚਨ ਨਾ ਮੰਨਦਿਆਂ ਕਿਹਾ ਮੇਰਾ ਕੋਈ ਤਾਇਆ ਤੂਇਆ ਨਹੀਂ, ਮੈਂ ਕਿਸੇ ਨੂੰ ਨਹੀਂ

ਜਾਣਦਾ ਅਤੇ ਨਾ ਹੀ ਮੈਂ ਲਾਹੌਰ ਜਾਣਾ ਹੈ, ਜੇ ਭੇਜਣਾ ਚਾਹੁੰਦੇ ਹੋ ਤਾਂ ਕਿਸੇ ਹੋਰ ਨੂੰ ਭੇਜ ਦਿਉ।

ਇਨ੍ਹਾਂ ਦੋਹਾਂ ਨੂੰ ਪਰਖ ਕੇ ਆਖਰਕਾਰ ਆਗਿਆਕਾਰੀ ਸ਼ਾਂਤ ਮੂਰਤੀ ਸਰਬ ਗੁਣਾਂ ਸਪੰਨ ਛੋਟੇ ਸਪੁੱਤਰ 'ਸ੍ਰੀ ਗੁਰੂ ਅਰਜਨ ਦੇਵ ਜੀ' ਹੋਰਾਂ ਨੂੰ ਸੱਦ ਭੇਜਿਆ।

ਪਿਤਾ ਜੀ ਦਾ ਸੁਨੇਹਾ ਮਿਲਦਿਆਂ ਹੀ ਸਾਰਿਆਂ ਕੰਮਾਂ ਨੂੰ ਵਿਚੇ ਛੱਡ ਕੇ ਸੁਨੇਹਾ ਦੇਣ ਵਾਲੇ ਦੇ ਨਾਲ ਚੱਲ ਕੇ ਸਤਿਗੁਰਾਂ ਪਾਸ ਪੁੱਜ ਗਏ। ਪਿਤਾ ਜੀ ਨੂੰ ਗੁਰੂ ਰੂਪ ਨਿਸਚੇ ਕਰਦਿਆਂ ਪਾਸ ਆ ਕੇ ਬੜੇ ਸਤਿਕਾਰ ਨਾਲ ਚਰਨ ਕਵਲਾਂ ਉੱਪਰ ਮੱਥਾ ਟੇਕਿਆ। ਫਿਰ ਉੱਠ ਕੇ ਤਾਇਆ ਜੀ ਨੂੰ ਵੀ ਨਮਸ਼ਕਾਰ ਕੀਤੀ।

ਇਸ ਤਰ੍ਹਾਂ ਦਾ ਆਪ ਜੀ ਦਾ ਸੁਭਾਵ ਦੇਖ ਕੇ ਸਹਾਰੀ ਜੀ ਦੇ ਮਨ ਵਿਚ ਕੁਝ ਆਸ ਹੋਈ ਕਿ ਇਹ ਪਿਤਾ ਜੀ ਦਾ ਕਿਹਾ ਮੰਨ ਕੇ ਸਾਡੇ ਨਾਲ ਚੱਲ ਪੈਣਗੇ।

ਇਤਨੇ ਨੂੰ ਜਦ ਹੱਥ ਜੋੜਕੇ ਸਾਹਮਣੇ ਖੜੇ ਹੋ ਗਏ। ਤਾਂ ਸਤਿਗੁਰਾਂ ਕਿਹਾ–ਹੇ ਪੁੱਤਰ ! ਤਾਇਆ ਜੀ ਨਾਲ ਲਾਹੌਰ ਜਾ ਕੇ ਵਿਆਹ ਦਾ ਕਾਰਜ ਭਲੀ ਭਾਂਤ ਨਿਭਾ ਆਓ।

ਇੱਧਰ ਤਾਂ ਆਗਿਆ ਦਾ ਮੰਨਣਾ ਹੀ ਅਸਲ ਮਨੋਰਥ ਸੀ। ਵੱਡਿਆਂ ਭਰਾਵਾਂ ਵਾਂਗ ਮੂੰਹੋਂ ਨਾਂਹ ਨਹੀਂ ਨਿਕਲੀ। ਨਮਸ਼ਕਾਰ ਕਰਦਿਆਂ ਕਿਹਾ ਜਿਵੇਂ ਆਪ ਜੀ ਦਾ ਹੁਕਮ ਹੋਵੇ।

ਜਿਸ ਵੇਲੇ ਆਗਿਆ ਅਨੁਸਾਰ ਜਾਣ ਲੱਗੇ ਤਾਂ ਆਵਾਜ਼ ਦੇ ਕੇ ਖਲ੍ਹਾਰ ਲਿਆ, ਕਿਉਂਕਿ ਪਹਿਲੇ ਹੀ ਸਤਿਗੁਰਾਂ ਨੇ ਗੁਰਤਾ ਗੱਦੀ ਬਖਸ਼ਣ ਦਾ ਸੰਕਲਪ ਕੀਤਾ ਹੋਇਆ ਸੀ। ਪ੍ਰੀਖਿਆ ਦਾ ਵੇਲਾ ਜਾਣ ਕੇ ਫਿਰ ਕਿਹਾ–ਹੇ ਪੁੱਤਰ ! ਦੂਸਰਾ ਬਚਨ ਇਹ ਹੈ ਕਿ ਜਦੋਂ ਤੱਕ ਅਸੀਂ ਤੁਹਾਨੂੰ ਵਾਪਸ ਨਾ ਬੁਲਾਈਏ ਉਦੋਂ ਤੱਕ ਵਾਪਸ ਅੰਮ੍ਰਿਤਸਰ ਨਹੀਂ ਆਉਣਾ। ਇਸ ਤੇ ਵੀ ਸਤਿ ਬਚਨ ਕੀਤਾ।

ਮਨ ਵਿਚ ਰੰਚਕ ਮਾਤ੍ਰ ਵੀ ਕੋਈ ਸੰਕਲਪ ਨਹੀਂ ਲਿਆਂਦਾ। ਖੁਸ਼ੀ ਖੁਸ਼ੀ ਪਿਤਾ ਜੀ ਨੂੰ ਮੱਥਾ ਟੇਕ ਕੇ ਮਾਤਾ ਜੀ ਪਾਸੋਂ ਆਗਿਆ ਲੈਣ ਲਈ (ਗੁਰੂ ਕੇ ਮਹਿਲ) ਵਿਚ ਆਏ। ਘਰ ਵਿਚ ਆ ਕੇ ਮਾਤਾ ਜੀ ਨੂੰ ਦਸਿਆ ਕਿ ਮੈਂ ਪਿਤਾ ਜੀ ਦੇ ਹੁਕਮ ਅਨੁਸਾਰ ਤਾਇਆ ਜੀ ਦੇ ਨਾਲ ਵਿਆਹ ਦੇ ਕਾਰਜ ਨੂੰ ਨਿਭਾਣ ਵਾਸਤੇ ਲਾਹੌਰ ਜਾ ਰਿਹਾ ਹਾਂ।

ਇਹ ਗੱਲ ਸੁਣਦਿਆਂ ਸਾਰ ਪ੍ਰੇਮ ਭਰੀਆਂ ਅਸੀਸਾਂ ਦਿੰਦਿਆਂ ਮਾਤਾ ਜੀ ਨੇ ਕਿਹਾ–ਹੇ ਪੁੱਤਰ ! ਤੂੰ ਧੰਨਤਾ ਦੇ ਯੋਗ ਹੈਂ। ਤੂੰ ਸੋਢ ਬੰਸ ਦੀ ਰੱਖ ਵਿਖਾਈ ਹੈ। ਜੇਕਰ ਅੱਜ ਤੂੰ ਵੀ ਵੱਡਿਆਂ ਪੁੱਤਰਾਂ ਵਾਂਗ ਪਿਤਾ ਦਾ ਕਿਹਾ ਨਾ ਮੰਨਦਾ ਤਾਂ ਇਹ ਗੁਰਤਾ ਗੱਦੀ ਸੋਢ ਬੰਸ ਤੋਂ ਬਾਹਰ ਚਲੀ ਜਾਣੀ ਸੀ। ਇਸ ਪ੍ਰਕਾਰ ਮਾਤਾ ਜੀ ਨੇ ਆਪ ਜੀ ਨੂੰ ਰੋਮ ਰੋਮ ਪ੍ਰਸੰਨਤਾ ਵਿਚ ਇਸਥਿਤ ਹੋ ਕੇ ਅਸੀਸਾਂ ਦਿੱਤੀਆਂ–ਹੇ ਪੁੱਤਰ ! ਤੈਨੂੰ ਨਿਮਖ ਮਾਤ੍ਰ ਵੀ ਪ੍ਰਭੂ ਦਾ ਨਾਮ ਨਾ ਵਿਸਰੇ। ਸਦਾ ਹੀ ਨਾਮ ਜਪਦਾ ਰਹੇਂ। ਗੁਰੂ ਨਾਨਕ ਪਾਤਿਸ਼ਾਹ ਤੇਰੇ ਅੰਗ ਸੰਗ ਸਹਾਈ ਹੋਵੇ।

ਮਾਤਾ ਜੀ ਦੀਆਂ ਇਨ੍ਹਾਂ ਅਸੀਸਾਂ ਨੂੰ ਆਪ ਜੀ ਨੇ ਕੁਝ ਸਮੇਂ ਪਿੱਛੋਂ ਗੂਜਰੀ ਰਾਗ ਵਿਚ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਬਾਣੀ ਦੇ ਰੂਪ ਵਿਚ ਉਚਾਰਣਾ ਕੀਤਾ ਹੈ।

ਯਥਾ– ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥ ੧॥
ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ

ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥
ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ .ਕੀਰਤਨੁ ਨੀਤਿ॥ ੨॥
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥ ੩॥
ਭਵਰੁ ਤੁਮ੍ਹਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ॥ ੪॥ ੩॥ ੪॥

(ਗੂਜਰੀ ਮਹਲਾ ੫, ਪੰਨਾ ੪੯੬)

ਇਸ ਤਰ੍ਹਾਂ ਦੀਆਂ ਮਾਤਾ ਜੀ ਪਾਸੋਂ ਅਸੀਸਾਂ ਲੈ ਕੇ ਆਪ ਭਾਇਆ ਜੀ ਨਾਲ ਲਾਹੌਰ ਵੱਲ ਚੱਲ ਪਏ।

ਲਾਹੌਰ ਵਿਚ ਜਾ ਕੇ ਪਿਤਾ ਰੂਪ ਗੁਰਾਂ ਦੀ ਬਖਸ਼ਿਸ਼ ਤੇ ਮਾਤਾ ਜੀ ਦੀਆਂ ਅਸੀਸਾਂ ਦੇ ਸਦਕੇ ਵਿਆਹ ਦਾ ਕਾਰਜ ਬੜੀ ਯੋਗਤਾ ਨਾਲ ਨਿਭਾਇਆ। ਵਿਆਹ ਦੇ ਕਾਰਜ ਉਪਰੰਤ ਪਿਤਾ ਜੀ ਦੀ ਆਗਿਆ ਅਨੁਸਾਰ ਵਾਪਸ ਅੰਮ੍ਰਿਤਸਰ ਨਹੀਂ ਪਰਤੇ। ਉਥੇ ਲਾਹੌਰ ਵਿਚ ਹੀ ਦੀਵਾਨਖਾਨੇ ਰਹਿ ਕੇ ਆਪਣੇ ਪਵਿੱਤ੍ਰ ਬਚਨਾ ਦੁਆਰਾ ਲਾਹੌਰ ਦੀਆਂ ਸੰਗਤਾਂ ਨੂੰ ਨਿਹਾਲ ਤੇ ਕ੍ਰਿਤਾਰਥ ਕਰਦੇ ਰਹੇ।

ਇਸ ਤਰ੍ਹਾਂ ਪਿਤਾ ਸਤਿਗੁਰਾਂ ਦੇ ਵਿਛੋੜੇ ਵਿਚ ਬਿਹਬਲ ਹੋਇਆਂ ਮਸਾਂ ਮਸਾਂ ਸੱਤ ਅੱਠ ਮਹੀਨੇ ਬਿਤਾਏ। ਇਕ ਦਿਨ ਵਿਛੋੜੇ ਦਾ ਦੁੱਖ ਨਾ ਸਹਾਰਦੇ ਹੋਏ ਅਤੀ ਉਦਾਸ ਹੋ ਗਏ ਅਤੇ ਕੋਠੇ ਉੱਪਰ ਚੜ੍ਹ ਕੇ ਅੰਮ੍ਰਿਤਸਰ ਦਾ ਰਾਹ ਤੱਕਦਿਆਂ ਤੱਕਦਿਆਂ ਜਲ ਭਰੇ ਨੇਤਰਾਂ ਨਾਲ ਸੋਰਠਿ ਰਾਗੁ ਵਿਚ ਵੈਰਾਗ ਮਈ ਸ਼ਬਦ ਉਚਾਰਣਾ ਕੀਤਾ-

ਯਥਾ- ਦਹ ਦਿਸ ਛਤ੍ਰ ਮੇਖ ਘਟਾ ਘਟ ਦਾਮਨਿ ਚਮਕਿ ਡਰਾਇਓ॥
ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ॥ ੧॥
ਹੁਣਿ ਨਹੀ ਸੰਦੇਸਰੋ ਮਾਇਓ॥ ਏਕ ਕੋਸਰੋ ਸਿਧਿ ਕਰਤ ਲਾਲੁ
ਤਬ ਚਤੁਰ ਪਾਤਰੋ ਆਇਓ॥ ਰਹਾਉ॥
ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ॥
ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ॥ ੨॥ *(ਪੰਨਾ ੬੨੪)*

ਇਸ ਤਰ੍ਹਾਂ ਕਾਫੀ ਸਮਾਂ ਅੰਮ੍ਰਿਤਸਰ ਦਾ ਰਾਹ ਤੱਕਦਿਆਂ ਬੀਤ ਗਿਆ। ਕਿਸੇ ਦੇ ਆਉਣ ਦੀ ਜਦ ਉੱਕਾ ਆਸ ਨਾ ਰਹੀ ਤਾਂ ਉਸੇ ਤਰ੍ਹਾਂ ਸੱਜਲ ਅੱਖੀਆਂ ਨਾਲ ਥੱਲੇ ਉੱਤਰ ਆਏ। ਮਨ ਵਿਚ ਵੈਰਾਗ ਬਹੁਤ ਹੈ ਪਰ ਪਿਤਾ ਜੀ ਦਾ ਹੁਕਮ ਹੈ ਕਿ ਆਪਣੇ ਆਪ ਨਹੀਂ ਆਉਣਾ।

ਇਸ ਤਰ੍ਹਾਂ ਉਦਾਸੀ ਵਿਚ ਹੀ ਪੂਰਾ ਸਾਲ ਬੀਤ ਗਿਆ, ਪਰ ਸੰਦੇਸਾ ਕੋਈ ਨਾ ਆਇਆ। ਆਖਰ ਰਹਿ ਨਾ ਸਕੇ, ਕਾਗਜ਼ ਕਲਮ ਲੈ ਕੇ ਇਹ ਵੈਰਾਗ ਮਈ ਸ਼ਬਦ ਰੂਪ ਪਹਿਲੀ ਚਿੱਠੀ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹੋਰਾਂ ਵੱਲ ਲਿਖਦੇ ਹਨ ਕਿ -

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥

ਹੇ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਦੇ ਦਰਸ਼ਲਾਂ ਲਈ ਮੇਰਾ ਮਨ ਲੋਚੈ=ਚਾਹੁੰਦਾ ਹੈ।

ਬਿਲਪ ਕਰੇ ਚਾਤ੍ਰਿਕ ਕੀ ਨਿਆਈ॥

ਜਿਸ ਤਰ੍ਹਾਂ ਚਾਤ੍ਰਿਕ=ਪਪੀਹਾ ਸਵਾਂਤੀ ਬੂੰਦ ਦੀ ਪ੍ਰਾਪਤੀ ਲਈ ਪੀਆ ਪੀਆ ਕਰਕੇ ਵਿਰਲਾਪ ਕਰਦਾ ਹੈ, ਤਿਸ ਚਾਤ੍ਰਿਕ ਦੀ ਨਿਆਈਂ ਮੇਰਾ ਮਨ ਆਪ ਜੀ ਦੇ ਦਰਸ਼ਨਾਂ ਲਈ ਬਿਲਪ ਕਰੇ=ਵਿਰਲਾਪ ਕਰ ਰਿਹਾ ਹੈ।

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥ ੧॥

ਹੇ ਸੰਤ=ਸ਼ਾਂਤ ਆਤਮਾ ਪਿਆਰੇ ਸਤਿਗੁਰੂ ਜੀਓ! ਆਪ ਜੀ ਦੇ ਦਰਸ਼ਨਾਂ ਰੂਪੀ ਸਵਾਂਤੀ ਬੂੰਦ ਦੀ ਪ੍ਰਾਪਤੀ ਹੋਏ ਤੋਂ ਬਿਨਾਂ ਦਰਸ਼ਨਾਂ ਦੀ ਤ੍ਰਿਖਾ=ਤ੍ਰੇਹ (ਪਿਆਸ) ਉਤਰਦੀ ਨਹੀਂ। ਜਿਸ ਕਰਕੇ ਮਨ ਨੂੰ ਸ਼ਾਂਤੀ ਨਹੀਂ ਆਂਵਦੀ॥ ੧॥

ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥ ੧॥ ਰਹਾਉ॥

ਹੇ ਸੰਤਾਂ ਦੇ ਪਿਆਰੇ ਸਤਿਗੁਰੂ ਜੀ! ਮੈਂ ਆਪ ਜੀ ਦੇ ਦਰਸ਼ਨਾਂ ਤੋਂ ਵਾਰਨੇ ਜਾਂਦਾ ਹਾਂ।

ਹੇ ਸਤਿਗੁਰੋ! ਮੈਂ ਆਪ ਜੀ ਦੇ ਦਰਸ਼ਨਾਂ ਤੋਂ ਘੋਲਿ ਘੁਮਾਈ=ਵਾਰਨੇ ਫੇਰਨੇ ਜਾਂਦਾ ਹਾਂ।

ਵਾ-ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ!

ਮੈਂ ਮਨ ਕਰਕੇ ਵੀ ਆਪ ਜੀ ਉੱਪਰੋਂ ਘੋਲੀ=ਵਾਰਨੇ ਫੇਰਨੇ ਜਾਂਦਾ ਹਾਂ।

ਬਾਣੀ ਕਰਕੇ ਵੀ ਘੋਲਿ=ਵਾਰਨੇ ਫੇਰਨੇ ਜਾਂਦਾ ਹਾਂ।

ਘੁਮਾਈ=ਸਰੀਰ ਕਰਕੇ ਵੀ ਆਪ ਜੀ ਤੋਂ ਵਾਰਨੇ ਫੇਰਨੇ ਜਾਂਦਾ ਹਾਂ॥ ੧॥ ਰਹਾਉ॥

ਇਸ ਤਰ੍ਹਾਂ ਦੀ ਚਿੱਠੀ ਲਿਖ ਕੇ ਇਕ ਨਜ਼ਦੀਕੀ ਸਿੱਖ ਨੂੰ ਦੇ ਕੇ ਕਿਹਾ ਇਹ ਚਿੱਠੀ ਅੰਮ੍ਰਿਤਸਰ ਲਿਜਾ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਵਿਖੇ ਰੱਖ ਦੇਣੀ ਅਤੇ ਜੋ ਗੁਰੂ ਜੀ ਹੁਕਮ ਕਰਨ ਉਹ ਵਾਪਸ ਆ ਕੇ ਜਲਦੀ ਦਸਣਾ।

'ਸਤਿ ਬਚਨ' ਕਹਿ ਕੇ ਉਸ ਸਿੱਖ ਨੇ ਚਿੱਠੀ ਲਈ ਤੇ ਚਿੱਠੀ ਨੂੰ ਸੰਭਾਲਦਾ ਹੋਇਆ ਅੰਮ੍ਰਿਤਸਰ ਵੱਲ ਚਲ ਪਿਆ।

ਜਿਸ ਵਕਤ ਅੰਮ੍ਰਿਤਸਰ ਪੁੱਜਾ ਤਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਮਿਲਾਪ ਹੋਣ ਤੋਂ ਪਹਿਲਾਂ ਹੀ ਪ੍ਰਿਥੀ ਚੰਦ ਮਿਲ ਗਿਆ। ਲੰਮੇ ਸਫਰ ਕਰਕੇ ਮਿੱਟੀ ਘੱਟਾ ਅੰਗਾਂ ਤੇ ਪਿਆ ਹੋਇਆ ਸੀ, ਸ਼ਕਲ ਪਛਾਣਨ ਤੇ ਸ਼ੱਕ ਹੋਇਆ ਕਿ ਕਿਤੇ ਲਾਹੌਰੋਂ ਕੋਈ ਸੁਨੇਹਾ ਨਾ ਲਿਆਇਆ ਹੋਵੇ।

ਪੁੱਛਿਆ ਕਿ ਤੂੰ ਕਿੱਥੋਂ ਆਇਆ ਹੈਂ ਤੇ ਕੀ ਕਰਨ ਆਇਆ ਹੈਂ? ਸਿੱਖ ਵਿਚਾਰਾ ਸਿੱਧਾ ਸਾਦਾ ਸੀ, ਵਲ ਛਲ ਨੂੰ ਨਾ ਜਾਣ ਸਕਿਆ। ਸਾਰੀ ਵਾਰਤਾ ਦੱਸਦਿਆਂ ਪ੍ਰਿਥਵੀ ਚੰਦ ਨੂੰ ਚਿੱਠੀ ਪਕੜਾਂਦਿਆਂ ਕਿਹਾ-ਇਹ ਆਪ ਜੀ ਦੇ ਛੋਟੇ ਭਰਾਤਾ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵੱਲ ਭੇਜੀ ਹੈ। ਪ੍ਰਿਥੀ ਚੰਦ

ਨੇ ਚਿੱਠੀ ਪਕੜ ਲਈ ਤੇ ਉਸ ਨੂੰ ਤੋਰ ਦਿੱਤਾ ਤੇ ਕਿਹਾ, ਚੰਗਾ ! ਤੂੰ ਜਾਹ, ਮੈਂ ਆਪੇ ਪਹੁੰਚਾ ਦਿਆਂਗਾ।

ਸਿੱਖ ਤਾਂ ਦਰਸ਼ਨ ਪਰਸ਼ਨ ਕਰ ਕੇ ਵਾਪਸ ਚਲਾ ਆਇਆ, ਪਰ ਇੱਧਰ ਪ੍ਰਿਥੀ ਚੰਦ ਨੇ ਜਿਸ ਵਕਤ ਨਿਵੇਕਲੇ ਹੋ ਕੇ ਚਿੱਠੀ ਪੜ੍ਹੀ ਤਾਂ ਬੜਾ ਪਰੇਸ਼ਾਨ ਹੋਇਆ। ਉਸ ਦੀ ਚਿੰਤਾ ਪਲ ਪਲ ਵਿਚ ਵਧਦੀ ਗਈ। ਸੋਚਦਾ ਹੈ ਇਹ ਸ਼ਬਦ ਤਾਂ ਪਿਤਾ ਜੀ ਦੀ ਬਾਣੀ ਨਾਲ ਰਲਦੇ ਮਿਲਦੇ ਹਨ। ਜੇਕਜ ਪਿਤਾ ਜੀ ਨੇ ਇਹ ਚਿੱਠੀ ਦੇਖ ਲਈ ਤਾਂ ਉਨ੍ਹਾ ਨੇ ਜ਼ਰੂਰ ਹੀ ਬਿਨਾਂ ਦੇਰ ਦੇ ਗੁਰਤਾ ਗੱਦੀ ਉੱਪਰ ਛੋਟੇ ਭਾਈ ਨੂੰ ਬਿਠਾ ਦੇਣਾ ਹੈ। ਮੇਰੀ ਇਤਨੇ ਚਿਰ ਦੀ ਆਸ ਉੱਪਰ ਪਾਣੀ ਫਿਰ ਜਾਏਗਾ। ਇਸ ਤਰ੍ਹਾਂ ਦੇ ਸੰਕਲਪ ਕਰਦਿਆਂ ਚਿੱਠੀ ਨੂੰ ਸਤਿਗੁਰਾਂ ਪਾਸ ਪੁਚਾਣ ਦੀ ਥਾਂ ਆਪਣੇ ਚੋਲੇ ਦੇ ਖੀਸੇ ਵਿਚ ਹੀ ਪਾ ਲਈ।

ਉੱਧਰ ਸਿੱਖ ਨੇ ਲਾਹੌਰ ਪਹੁੰਚ ਕੇ ਗੁਰੂ ਜੀ ਨੂੰ ਸੁਨੇਹਾ ਦੇ ਦਿੱਤਾ ਕਿ ਚਿੱਠੀ ਪੁਚਾ ਆਇਆ ਹਾਂ। ਜਿਸ ਕਰਕੇ ਆਪ ਜੀ ਉਡੀਕਦੇ ਰਹੇ ਕਿ ਅੱਜ ਵੀ ਪਿਤਾ ਜੀ ਦਾ ਸੁਨੇਹਾ ਆਉਂਦਾ ਹੈ, ਅੱਜ ਵੀ ਆਉਂਦਾ ਹੈ। ਇਸੇ ਤਰ੍ਹਾਂ ਉਡੀਕ ਵਿਚ ਕਈ ਦਿਨ ਬੀਤ ਗਏ। ਆਸ ਤਾਂ ਮਨ ਵਿਚ ਬੜੀ ਸੀ ਕਿ ਚਿੱਠੀ ਪੜ੍ਹਦਿਆਂ ਹੀ ਪਿਤਾ ਜੀ ਬੁਲਾ ਭੇਜਣਗੇ, ਪਰ ਸੁਨੇਹਾ ਕੋਈ ਨਾ ਆਇਆ ਦੇਖ ਕੇ ਨਿਰਾਸਤਾ ਵਧਦੀ ਗਈ। ਜਿਸ ਕਰਕੇ ਦੂਸਰੀ ਪੱਤ੍ਰਕਾ ਲਿਖਦੇ ਹਨ ਕਿ -

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥

ਹੇ ਗੁਰੂ ਸਾਹਿਬ ਜੀਓ ! ਆਪ ਜੀ ਦਾ ਮੁਖਾਰਬਿੰਦ ਸ਼ੋਭਨੀਕ ਹੈ, ਆਪ ਜੀ ਨੇ ਇਸ ਮੁਖਾਰਬਿੰਦ ਤੋਂ ਜੋ ਬਾਣੀ ਧੁਨਿ=ਉਚਾਰਣ ਕੀਤੀ ਹੈ ਉਹ ਸਹਜਿ=ਸ਼ਾਂਤੀ ਅਤੇ ਸਹਜਿ=ਗਿਆਨ ਦੀ ਪ੍ਰਾਪਤੀ ਕਰਨ ਵਾਲੀ ਹੈ।

ਚਿਰੁ ਹੋਆ ਦੇਖੇ ਸਾਰਿੰਗਪਾਣੀ॥

ਹੇ ਸਾਰੰਗ ਨਾਮੇ ਧਨੁੱਖ ਦੇ ਧਾਰਣ ਵਾਲੇ ਈਸ਼ਵਰ ਰੂਪ ਸਤਿਗੁਰੋ ! ਆਪ ਜੀ ਦੇ ਦਰਸ਼ਨ ਕੀਤਿਆਂ ਚਿਰੰਕਾਲ ਹੋ ਗਿਆ ਹੈ।

ਵਾ-ਗੁਰੂ ਅਰਜਨ ਸਾਹਿਬ ਜੀ ਕਹਿੰਦੇ ਹਨ-ਹੇ ਗੁਰੂ ਰਾਮਦਾਸ ਸਾਹਿਬ ਜੀ ! ਆਪ ਜੀ ਦੇ ਦਰਸ਼ਨ ਕੀਤਿਆਂ ਬਹੁਤ ਸਮਾਂ ਹੋ ਗਿਆ ਹੈ, ਜਿਸ ਕਰਕੇ ਮੇਰਾ ਮਨ ਸਾਰਿੰਗ=ਪਪੀਹੇ ਵਾਂਗ ਆਪ ਜੀ ਦੇ ਦਰਸ਼ਨਾਂ ਰੂਪੀ ਪਾਣੀ=ਸਵਾਂਤੀ ਬੂੰਦ ਲਈ ਤੜਫਦਾ ਰਹਿੰਦਾ ਹੈ।

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥ ੨॥

ਹੇ ਗੁਰੂ ਸਾਹਿਬ ਜੀ ! ਆਪ ਜੀ ਜਹਾ=ਜਿਸ ਅੰਮ੍ਰਿਤਸਰ ਸ਼ਹਿਰ ਰੂਪੀ ਦੇਸ ਵਿਖੇ ਵਸ ਰਹੇ ਹੋ ਸੁ=ਉਹ ਦੇਸ ਵੀ ਧੰਨਤਾ ਦੇ ਯੋਗ ਹੈ।

ਹੇ ਮੁਰਾਰੀ ਰੂਪ ਸਤਿਗੁਰੋ ! ਆਪ ਹੀ ਮੇਰੇ ਸੱਜਣ ਇਸ ਲੋਕ ਦੇ ਅਤੇ ਸੱਚੇ ਮੀਤ=ਮਿੱਤਰ ਪ੍ਰਲੋਕ ਦੇ ਹੋ॥ ੨॥

ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ॥ ੧॥ ਰਹਾਉ॥

ਹੇ ਮੁਰਾਰੀ ਦੇ ਸਰੂਪ ਗੁਰੂ ਸਾਹਿਬ ਜੀ ! ਕੇਵਲ ਆਪ ਹੀ ਮੇਰੇ ਇਸ ਲੋਕ ਦੇ ਸੱਜਣ ਅਤੇ ਪ੍ਰਲੋਕ ਦੇ

ਮੀਤ ਹੋ।

ਮੈਂ ਤਾਂ ਆਪ ਜੀ ਤੋਂ ਮਨ ਕਰਕੇ ਵੀ ਘੋਲੀ=ਵਾਰਨੇ ਫੇਰਨੇ ਜਾਂਦਾ ਹਾਂ ਅਤੇ ਤਨ ਤੇ ਬਾਣੀ ਕਰਕੇ ਵੀ ਘੋਲਿ ਘੁਮਾਈ=ਵਾਰਨੇ ਫੇਰਨੇ ਜਾਂਦਾ ਹਾਂ॥ ੧॥ ਰਹਾਉ॥

ਇਸ ਤਰ੍ਹਾਂ ਇਹ ਦੂਸਰੀ ਚਿੱਠੀ ਲਿਖਣ ਉਪਰੰਤ ਉਸੇ ਸਿੱਖ ਨੂੰ ਬੁਲਾਇਆ ਤੇ ਕਿਹਾ, ਇਹ ਚਿੱਠੀ ਵੀ ਪਿਤਾ ਜੀ ਹੋਰਾਂ ਨੂੰ ਦੇ ਆ।

ਇਸ ਵਾਰੀ ਵੀ ਉਹ ਸਿੱਖ ਸਤਿ ਬਚਨ ਕਹਿ ਚਿੱਠੀ ਲੈ ਕੇ ਲਾਹੌਰੋਂ ਚੱਲ ਕੇ ਅੰਮ੍ਰਿਤਸਰ ਪਹੁੰਚ ਗਿਆ।

ਦੇਵਨੇਤ ਇਸ ਵਾਰੀ ਵੀ ਅੱਗੋਂ ਪ੍ਰਿਥਵੀ ਚੰਦ ਹੀ ਮਿਲ ਪਿਆ। ਮੱਥਾ ਟੇਕਿਆ ਤੇ ਪੁੱਛਦਾ ਹੈ-ਹੇ ਭਾਈ ! ਕੀ ਤੂੰ ਅਜੇ ਤਕ ਲਾਹੌਰ ਵਾਪਸ ਨਹੀਂ ਗਿਆ? ਸਿੱਖ ਨੇ ਸਾਫ ਕਹਿ ਦਿੱਤਾ ਕਿ ਗਿਆ ਤਾਂ ਸੀ ਪਰ ਫਿਰ ਆਪ ਜੀ ਦੇ ਛੋਟੇ ਭਰਾਤਾ ਜੀ ਨੇ ਇਹ ਦੂਸਰੀ ਪੱਤ੍ਰਕਾ ਪੁਚਾਣ ਵਾਸਤੇ ਕਿਹਾ ਹੈ, ਜਿਸ ਕਰਕੇ ਫਿਰ ਅੰਮ੍ਰਿਤਸਰ ਆਇਆ ਹਾਂ।

ਪ੍ਰਿਥੀ ਚੰਦ ਨੇ ਚਿੱਠੀ ਲੈ ਕੇ ਵਾਚੀ ਤੇ ਬਹੁਤ ਚਿੰਤਾਤੁਰ ਹੋਇਆ ਤੇ ਗੁੱਸੇ ਵਿਚ ਉਸ ਸਿੱਖ ਨੂੰ ਕਹਿੰਦਾ ਹੈ ਉਨ੍ਹਾਂ ਨੂੰ ਜਾ ਕੇ ਕਹਿ ਦੇਣਾ ਪਿਤਾ ਜੀ ਦਾ ਹੁਕਮ ਹੈ ਅਜੇ ਲਾਹੌਰ ਹੀ ਠਹਿਰਨਾ ਹੈ। ਇਤਨੀਆਂ ਚਿੱਠੀਆਂ ਭੀ ਨਹੀਂ ਭੇਜਣੀਆਂ, ਆਪੇ ਸਮਾਂ ਪਾ ਕੇ ਅਸੀਂ ਬੁਲਾ ਲਵਾਂਗੇ।

ਇਸ ਤਰ੍ਹਾਂ ਦਾ ਹੁਕਮ ਲੈ ਕੇ ਉਹ ਸਿੱਖ ਵਾਪਸ ਲਾਹੌਰ ਚਲਾ ਆਇਆ। ਲਾਹੌਰ ਆ ਕੇ ਸਤਿਗੁਰਾਂ ਦੇ ਪੁੱਛਣ ਉੱਪਰ ਸਾਰੀ ਗੱਲ ਕਹਿ ਸੁਣਾਈ ਕਿ ਪਿਤਾ ਜੀ ਦਾ ਹੁਕਮ ਹੋਇਆ ਹੈ ਹਾਲੀ ਲਾਹੌਰ ਹੀ ਠਹਿਰਨਾ ਹੈ ਤੇ ਬਹੁਤੀਆਂ ਚਿੱਠੀਆਂ ਵੀ ਨਹੀਂ ਲਿਖਣੀਆਂ।

ਇਸ ਤਰ੍ਹਾਂ ਦੀ ਗੱਲ ਸੁਣ ਕੇ ਪਹਿਲੇ ਮਨ ਵਿਖੇ ਬਹੁਤ ਉਦਾਸੀ ਹੋਈ ਤੇ ਫਿਰ ਵਿਚਾਰਦੇ ਹਨ ਕਿ ਪਿਤਾ ਜੀ ਤਾਂ ਇਸ ਤਰ੍ਹਾਂ ਦੇ ਬਚਨ ਨਹੀਂ ਕਹਿ ਸਕਦੇ, ਪਿਤਾ ਜੀ ਤਾਂ ਬਹੁਤ ਪਿਆਰ ਕਰਦੇ ਹੁੰਦੇ ਸਨ। ਅੰਮ੍ਰਿਤਸਰ ਰਹਿੰਦਿਆਂ ਜਿਸ ਵਕਤ ਆਪ ਕਿਤੇ ਜਾਂਦੇ ਸਨ ਤਾਂ ਚਾਰ ਪੰਜ ਸੁਨੇਹੇ ਆ ਜਾਂਦੇ ਸਨ ਕਿ ਅਸੀਂ ਜਲਦੀ ਪਰਤ ਆਵਾਂਗੇ ਉਦਾਸ ਨਾ ਹੋਵੀਂ। ਜਦ ਹੁਣ ਉਨ੍ਹਾਂ ਦੀ ਆਗਿਆ ਪਾ ਕੇ ਮੈਂ ਲਾਹੌਰ ਬੈਠਾ ਹਾਂ ਤੇ ਗੁਰੂ ਜੀ ਇਸ ਤਰ੍ਹਾਂ ਦੇ ਬਚਨ ਕਿਵੇਂ ਕਹਿ ਸਕਦੇ ਹਨ। ਦੂਸਰਾ ਉਹ ਤਾਂ ਮਿਠ ਬੋਲੜੇ ਹਨ। ਜ਼ਰੂਰ ਹੀ ਕੋਈ ਰਸਤੇ ਵਿਚ ਚਿੱਠੀ ਗੁੰਮ ਕਰ ਲੈਂਦਾ ਹੈ। ਇਸ ਸੰਸੇ ਕਰਕੇ ਉਸ ਸਿੱਖ ਨੂੰ ਬੁਲਾਇਆ ਤੇ ਪੁੱਛਿਆ ਕਿਤੇ ਚਿੱਠੀ ਹੋਰ ਕਿਸੇ ਨੂੰ ਤਾਂ ਨਹੀਂ ਦੇ ਆਉਂਦਾ?

ਉਸ ਸਿੱਖ ਨੇ ਕਿਹਾ=ਹਾਂ ਪ੍ਰਭੂ ! ਆਪ ਜੀ ਦੇ ਵੱਡੇ ਭਰਾਤਾ ਜੀ ਮਿਲਦੇ ਰਹੇ ਹਨ ਓਹੀ ਚਿੱਠੀ ਲੈਂਦੇ ਰਹੇ ਹਨ। ਉਨ੍ਹਾਂ ਨੇ ਹੀ ਆਖਿਆ ਹੈ ਕਿ ਅਜੇ ਲਾਹੌਰ ਹੀ ਠਹਿਰਨਾ ਹੈ ਬਹੁਤੀਆਂ ਚਿੱਠੀਆਂ ਨਹੀਂ ਲਿਖਣੀਆਂ।

ਇਸ ਤਰ੍ਹਾਂ ਸੰਸੇ ਦੀ ਨਵਿਰਤੀ ਹੋ ਜਾਣ ਕਰਕੇ ਤੇ ਮਨ ਵਿਖੇ ਪੂਰਨ ਪ੍ਰੇਮ ਵੈਰਾਗ ਬਿਹਬਲਤਾ ਕਰਕੇ ਫਿਰ ਤੀਜੀ ਪੱਤ੍ਰਕਾ ਲਿਖਦੇ ਹਨ ਕਿ-

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥

ਹੇ ਗੁਰੂ ਸਾਹਿਬ ਜੀ ! ਜਿਸ ਵੇਲੇ ਆਪ ਜੀ ਦੇ ਪਾਸ ਰਹਿੰਦਾ ਸਾਂ ਤਾਂ ਕਿਸੇ ਕਾਰਣ ਜੇ ਇਕ ਘੜੀ ਮਾਤਰ ਸਮਾਂ ਵੀ ਆਪ ਮਿਲਦੇ ਨਹੀਂ ਸੀ ਭਾਵ ਆਪ ਜੀ ਦਾ ਦਰਸ਼ਨ ਪ੍ਰਾਪਤ ਨਹੀਂ ਹੁੰਦਾ ਸੀ ਤਾਂ ਕਲਜੁਗ ਹੋ ਜਾਂਦਾ ਸੀ ਭਾਵ ਕੀ ਆਪ ਜੀ ਦੇ ਦਰਸ਼ਨਾਂ ਬਿਨਾਂ ਚਿੱਤ ਵਿਚ ਬੜਾ ਭਾਰੀ ਵਿਖੇਪ ਹੁੰਦਾ ਸੀ।

ਵਾ-ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਸਤਿਗੁਰੋ ! ਆਪ ਜੀ ਦੇ ਪਾਸ ਰਹਿੰਦਿਆਂ ਕਿਸੀ ਕਾਰਣ ਆਪ ਜੀ ਨਾ ਮਿਲਦੇ ਤਾਂ ਵਿਛੋੜੇ ਦੀ ਇਕ ਘੜੀ ਦਾ ਕਲਿ=ਕਾਲ ਭਾਵ ਸਮਾਂ, ਜੁਗ ਦੀ ਨਿਆਂਈਂ ਪ੍ਰਤੀਤ ਹੁੰਦਾ ਸੀ। *ਯਥਾ -*

ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ॥ ੧॥
ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥
ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ॥ ੧॥ ਰਹਾਉ॥
ਚਾਰਿ ਪਹਰ ਉਹ ਜੁਗਹ ਸਮਾਨੇ॥ ਰੈਣਿ ਭਈ ਤਬ ਅੰਤੁ ਨ ਜਾਨੇ॥ ੨॥

(ਆਸਾ ਮਹਲਾ ੫, ਪੰਨਾ ੩੭੪)

ਤਥਾ- ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ॥

(ਸਾਰਗ ਮ: ੫, ਪੰਨਾ ੧੨੦੯)

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥

ਜਦ ਕਿ ਸਾਲ ਭਰ ਤੋਂ ਉੱਪਰ ਸਮਾਂ ਬੀਤ ਗਿਆ ਹੈ ਮਨ ਵਿਚ ਤੜਪ ਲੱਗੀ ਰਹਿੰਦੀ ਹੈ, ਹੇ ਭਗਵੰਤ ਅਕਾਲ ਪੁਰਖ ਦੇ ਸਰੂਪ ਪ੍ਰਿਅ=ਪਿਆਰੇ ਸਤਿਗੁਰੋ ! ਹੁਣ ਕਦੋਂ ਤੁਸਾਂ ਨਾਲ ਮੈਂ ਮਿਲਣਾ ਕਰਾਂਗਾ।

ਵਾ-ਹੇ ਭਗਵੰਤ ਦੇ ਪਿਆਰੇ ਸਤਿਗੁਰੋ ! ਹੁਣ ਆਪ ਜੀ ਨਾਲ ਮੇਰਾ ਕਦੋਂ ਮਿਲਣਾ ਹੋਵੇਗਾ।

ਕਿਉਂਕਿ-

[ਪੰਨਾ ੯੭]

ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ॥ ੩॥

ਹੇ ਗੁਰੋ ! ਆਪ ਜੀ ਦੇ ਸਾਧ ਸੰਗਤ ਰੂਪੀ ਦਰਬਾਰ ਦੇ ਦੇਖੇ ਬਿਨਾਂ ਮੇਰੀ ਰਾਤ ਬੀਤਦੀ ਹੀ ਨਹੀਂ ਅਤੇ ਆਪ ਜੀ ਦੇ ਵਿਛੋੜੇ ਕਰਕੇ ਨਿੰਦਰਾ ਵੀ ਨਹੀਂ ਆਉਂਦੀ। ਭਾਵ ਕੀ ਸਾਰੀ ਸਾਰੀ ਰਾਤ ਆਪ ਜੀ ਦੇ ਦੇਖੇ ਬਿਨਾਂ ਅੱਖਾਂ ਵਿਚ ਹੀ ਬੀਤ ਜਾਂਦੀ ਹੈ।

ਵਾ-ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ ! ਆਪ ਜੀ ਦੇ ਦਰਬਾਰੇ=ਸਰੂਪ ਦੇ ਦੇਖੇ ਬਿਨਾਂ ਅਵਸਥਾ ਰੂਪੀ ਰੈਣਿ=ਰਾਤਰੀ ਸੁਖਾਂ ਸਹਿਤ ਬੀਤਦੀ ਨਹੀਂ ਅਤੇ ਨਾ ਹੀ ਸ਼ਾਂਤੀ ਰੂਪੀ ਨਿੰਦਰਾ ਆਂਵਦੀ ਹੈ॥ ੩॥

ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ॥ ੧॥ ਰਹਾਉ॥

ਹੇ ਸਤਿਗੁਰੋ ! ਤਿਸੁ=ਆਪ ਜੀ ਦੇ ਸੱਚੇ ਦਰਬਾਰ ਉਪਰੋਂ-
ਮੈਂ ਮਨ ਕਰਕੇ ਵੀ ਘੋਲੀ ਜੀਉ=ਵਾਰਨੇ ਫੇਰਨੇ ਜਾਂਦਾ ਹਾਂ।
ਮੈਂ ਬਾਣੀ ਕਰਕੇ ਵੀ ਘੋਲਿ=ਵਾਰਨੇ ਫੇਰਨੇ ਜਾਂਦਾ ਹਾਂ।
ਮੈਂ ਸਰੀਰ ਕਰਕੇ ਵੀ ਘੁਮਾਈ=ਵਾਰਨੇ ਫੇਰਨੇ ਜਾਂਦਾ ਹਾਂ॥ ੧॥ ਰਹਾਉ॥

ਇਸ ਤਰ੍ਹਾਂ ਅਤੀ ਵਿਛੋੜੇ ਦੇ ਅਸਹਿ ਦੁਖ ਵਿਚ ਬਿਹਬਲ ਹੋਇਆਂ ਸਤਿਗੁਰਾਂ ਨੇ ਲਾਹੌਰ ਬੈਠਿਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹੋਰਾਂ ਨੂੰ ਤੀਸਰੀ ਪੱਤ੍ਰਕਾ ਲਿਖ ਕੇ ਉੱਪਰ ਤਿੰਨ ਅੰਗ ਪਾ ਦਿੱਤਾ।

ਪੁਨਾ-ਉਸੇ ਸਿੱਖ ਨੂੰ ਪਾਸ ਸੱਦ ਕੇ ਚੰਗੀ ਤਰ੍ਹਾਂ ਪੱਕੀ ਕੀਤੀ ਕਿ ਇਸ ਪੱਤ੍ਰਕਾ ਨੂੰ ਜ਼ਰੂਰ ਗੁਰੂ ਸਾਹਿਬ ਜੀ ਪਾਸ ਪਹੁੰਚਾਣਾ ਹੈ। ਰਸਤੇ ਵਿਚ ਨਾ ਕਿਸੇ ਨੂੰ ਦੱਸਣਾ ਹੈ ਨਾ ਹੀ ਕਿਸੀ ਹੋਰ ਨੂੰ ਪੱਤ੍ਰਕਾ ਦੇਣੀ ਹੈ।

ਉਹ ਸਿੱਖ 'ਸਤਿ ਬਚਨ' ਕਰਦਿਆਂ ਪੱਤ੍ਰਕਾ ਲੈ ਕੇ ਖੀਸੇ ਵਿਚ ਪਾ ਕੇ ਲਾਹੌਰ 'ਸਤਿਨਾਮੁ ਵਾਹਿਗੁਰੂ' ਕਰਦਾ ਚੱਲ ਪਿਆ। ਸਾਰਾ ਸਫਰ ਮੁਕਾ ਕੇ ਅੰਮ੍ਰਿਤਸਰ ਪੁੱਜਾ ਐਤਕੀਂ ਰਸਤੇ ਵਿਚ ਕਿਤੇ ਵੀ ਨਹੀਂ ਅਟਕਿਆ, ਸਿੱਧਾ ਸਤਿਗੁਰ ਦੇਵਾਂ ਦੇ ਚਰਨਾਂ ਵਿਚ ਪੁੱਜ ਕੇ ਨਮਸ਼ਕਾਰ ਕੀਤੀ ਤੇ ਪੱਤ੍ਰਕਾ ਫੜਾਂਦਿਆਂ ਬੇਨਤੀ ਕੀਤੀ ਕਿ ਇਹ ਪੱਤ੍ਰਕਾ ਆਪ ਜੀ ਦੇ ਸਪੁੱਤਰ ਨੇ ਲਾਹੌਰੋਂ ਭੇਜੀ ਹੈ।

ਸਤਿਗੁਰੂ ਜੀ ਪੱਤ੍ਰਕਾ ਪੜ੍ਹਦਿਆਂ ਸਾਰ ਤੀਸਰਾ ਅੰਗ ਪਿਆ ਵੇਖ ਕੇ ਸਿੱਖ ਤੋਂ ਪੁੱਛਦੇ ਹਨ ਪਹਿਲੀਆਂ ਦੋ ਚਿੱਠੀਆਂ ਕਿੱਥੇ ਹਨ?

ਉਸ ਸਿੱਖ ਨੇ ਕਿਹਾ-ਹੇ ਗ਼ਰੀਬ ਨਿਵਾਜ਼! ਅੱਗੇ ਵੀ ਮੈਂ ਦੋ ਵਾਰੀ ਚਿੱਠੀਆਂ ਲੈ ਕੇ ਆਇਆ ਸਾਂ ਪਰ ਆਪ ਜੀ ਦੇ ਵੱਡੇ ਸਪੁੱਤਰ ਪ੍ਰਿਥੀ ਚੰਦ ਜੀ ਨੇ ਰਸਤੇ ਵਿਚੋਂ ਹੀ ਲੈ ਲਈਆਂ ਤੇ ਕਿਹਾ ਸੀ ਕਿ ਮੈਂ ਆਪੇ ਹੀ ਦੇ ਦਿਆਂਗਾ ਅਤੇ ਸੰਗਤਾਂ ਬਹੁਤ ਹੋਣ ਕਰਕੇ ਆਪ ਜੀ ਦਾ ਮਿਲਾਪ ਨਹੀਂ ਹੁੰਦਾ ਰਿਹਾ।

ਇਹ ਗੱਲ ਸੁਣ ਕੇ ਸਤਿਗੁਰਾਂ ਨੇ ਉਸ ਨੂੰ ਪ੍ਰਸ਼ਾਦਿ ਛਕਾ ਕੇ ਉਸੀ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਲਿਆਉਣ ਵਾਸਤੇ ਉਸ ਦੇ ਨਾਲ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਲਾਹੌਰ ਭੇਜ ਦਿੱਤਾ।

ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਦੋਨੋਂ ਸੰਤ ਜਦ ਲਾਹੌਰ ਪਹੁੰਚੇ ਤੇ ਨਮਸ਼ਕਾਰ ਕਰਦਿਆਂ ਬੇਨਤੀ ਕੀਤੀ ਕਿ ਆਪ ਜੀ ਦੇ ਬੁਲਾਉਣ ਵਾਸਤੇ ਸਾਨੂੰ ਗੁਰੂ ਸਾਹਿਬ ਜੀ ਨੇ ਭੇਜਿਆ ਹੈ ਆਪ ਛੇਤੀ ਚਲੋ।

ਇਹ ਬਚਨ ਸੁਣਦਿਆਂ ਸਾਰ ਚੱਲ ਪਏ ਤੇ ਅੰਮ੍ਰਿਤਸਰ ਪਹੁੰਚ ਕੇ ਚਿਰਾਂ ਦੇ ਵਿਛੋੜੇ ਦੇ ਦੁੱਖ ਤੇ ਮਿਲਾਪ ਦੀ ਖ਼ੁਸ਼ੀ ਵਿਚ ਆਉਂਦਿਆਂ ਸਾਰ ਪਵਿੱਤਰ ਚਰਨ ਕਵਲਾਂ ਨਾਲ ਲਿਪਟ ਗਏ। ਇਤਨਾਂ ਵੈਰਾਗ ਆਇਆ ਕਿ ਅੱਖਾਂ ਵਿਚੋਂ ਅਥਾਹ ਜਲ ਵਗਣ ਕਰ ਕੇ ਚਰਨ ਧੋਤੇ ਗਏ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹੋਰਾਂ ਨੇ ਪਿਆਰ ਤੇ ਦਿਲਾਸਾ ਦਿੱਤਾ। ਪਿੱਠ ਤੇ ਥਾਪੜਾ ਦਿੰਦਿਆਂ ਬਖਸ਼ਿਸ਼ ਭਰਿਆ ਹੱਥ ਫੇਰਿਆ। ਫਿਰ ਬਾਹਾਂ ਤੋਂ ਫੜ ਕੇ ਉੱਪਰ ਉਠਾਇਆ।

ਦੀਵਾਨ ਸਜਿਆ ਹੋਇਆ ਹੈ, ਸੰਗਤਾਂ ਇਸ ਕੌਤਕ ਨੂੰ ਤਕ ਕੇ ਵਿਸਮਾਦ ਹੋ ਰਹੀਆਂ ਹਨ। ਇਤਨੇ ਨੂੰ ਸਤਿਗੁਰਾਂ ਨੇ ਪ੍ਰਿਥੀ ਚੰਦ ਨੂੰ ਵੀ ਬੁਲਾ ਭੇਜਿਆ, ਵੱਡਾ ਭਰਾਤਾ ਆਇਆ ਜਾਣ ਕੇ ਆਪ ਜੀ ਨੇ ਉਨ੍ਹਾਂ ਨੂੰ ਵੀ ਨਮਸ਼ਕਾਰ ਕੀਤੀ।

ਇਤਨੇ ਨੂੰ ਸਤਿਗੁਰਾਂ ਕਿਹਾ-ਤੇਰੇ ਪਾਸ ਜੋ ਇਨ੍ਹਾਂ ਦੀਆਂ ਦੋ ਚਿੱਠੀਆਂ ਆਈਆਂ ਸਨ ਉਹ ਕਿੱਥੇ ਹਨ? ਤੈਂ ਨੇ ਸਾਨੂੰ ਕਿਉਂ ਨਹੀਂ ਦਿੱਤੀਆਂ?

ਪਰ ਉਸ ਨੇ ਸਾਫ ਹੀ ਇਨਕਾਰ ਕਰ ਦਿੱਤਾ ਕਿ ਮੇਰੇ ਪਾਸ ਕੋਈ ਪੱਤ੍ਰਕਾ ਆਈ ਹੀ ਨਹੀਂ ਹੈ।

ਸਤਿਗੁਰਾਂ ਨੇ ਫਿਰ ਪੁੱਛਿਆ ਪਰ ਫਿਰ ਵੀ ਸੱਚ ਨਾ ਕਿਹਾ। ਜਦ ਤੀਸਰੀ ਵਾਰੀ ਕਿਹਾ ਕਿ ਪੱਤ੍ਰਕਾਂ ਤੇਰੇ ਪਾਸ ਹੀ ਹਨ ਸੰਗਤ ਵਿਚ ਮੁਕਰਦਾ ਕਿਉਂ ਹੈਂ? ਤੇਰਾ ਭਲਾ ਇਸੀ ਵਿਚ ਹੈ ਕਿ ਤੂੰ ਉਹ ਦੋਵੇਂ ਚਿੱਠੀਆਂ ਲਿਆ ਕੇ ਹਾਜ਼ਰ ਕਰ ਦੇਹ।

ਬਸ ਮਾਇਆ ਦਾ ਐਸਾ ਪੜਦਾ ਪਿਆ ਜੋ ਸਾਹਮਣੇ ਬੋਲਣ ਤੋਂ ਸੰਕੋਚ ਨਾ ਕੀਤਾ ਤੇ ਕਹਿੰਦਾ ਹੈ ਤੁਸੀਂ ਜੋ ਬਾਰ ਬਾਰ ਪੁੱਛਦੇ ਹੋ ਉਹ ਕੋਈ ਹੁੰਡੀਆਂ ਤਾਂ ਨਹੀਂ ਸਨ ਜਿਹੜੀਆਂ ਮੈਂ ਲੁਕਾ ਲਈਆਂ ਹਨ।

ਜਦ ਕਿਸੇ ਹੀਲੇ ਵੀ ਨਾ ਮੰਨਿਆ ਤਾਂ ਘਟ ਘਟ ਦੇ ਅੰਤਰਜਾਮੀ ਸਤਿਗੁਰਾਂ ਨੇ ਇੱਕ ਸਿੱਖ ਨੂੰ ਪਾਸ ਬੁਲਾ ਕੇ ਇਸ਼ਾਰੇ ਮਾਤਰ ਹੌਲੀ ਜਿਹੀ ਕਿਹਾ, ਕਿ ਇਸ ਦੇ ਘਰ ਜਾ ਕੇ ਇਸ ਦੀ ਘਰ ਵਾਲੀ ਕਰਮੋਂ ਪਾਸੋਂ ਚੋਗਾ ਲੈ ਆਓ ਕਿ ਪ੍ਰਿਥੀ ਚੰਦ ਮੰਗਦਾ ਹੈ।

'ਸਤਿ ਬਚਨ' ਕਹਿ ਕੇ ਸਿੱਖ ਪ੍ਰਿਥੀ ਚੰਦ ਦੇ ਗ੍ਰਿਹ ਵਿਖੇ ਗਿਆ ਅਤੇ 'ਕਰਮੋਂ' ਪਾਸੋਂ ਪ੍ਰਿਥੀ ਚੰਦ ਦਾ ਨਾਮ ਲੈ ਕੇ ਚੋਗਾ ਲੈ ਆਇਆ।

(ਇਹ ਚੋਗਾ ਘਰ ਹੀ ਕਿੱਲੀ ਉੱਪਰ ਟੰਗਿਆ ਰਹਿ ਗਿਆ ਸੀ, ਜਦੋਂ ਉਹ ਘਰ ਸੀ ਤਾਂ ਸੁਨੇਹਾ ਪੁੱਜਣ ਤੇ ਪ੍ਰਿਥੀ ਚੰਦ ਤਾਂ ਆਪ ਚਲਾ ਆਇਆ ਪਰ ਚੋਗਾ ਪਾਉਣਾ ਭੁਲ ਗਿਆ ਸੀ ਅਤੇ ਮਾਇਆ ਵਿਖੇ ਰਾਤ ਦਿਨ ਖੱਚਤ ਰਹਿਣ ਕਰਕੇ ਚਿੱਠੀਆਂ ਨੂੰ ਪਾੜ ਦੇਣ ਦਾ ਜਾਂ ਲੁਕਾ ਦੇਣ ਦਾ ਖਿਆਲ ਨਹੀਂ ਸੀ ਰਿਹਾ, ਜਿਸ ਕਰਕੇ ਦੋਵੇਂ ਚਿੱਠੀਆਂ ਹਾਲਾਂ ਤਕ ਚੋਗੇ ਦੇ ਖੀਸੇ ਵਿਚ ਹੀ ਪਈਆਂ ਸਨ।)

ਜਿਸ ਵੇਲੇ ਚੋਗਾ ਸਾਹਮਣੇ ਆਇਆ ਤਾਂ ਪ੍ਰਿਥੀ ਚੰਦ ਦੇ ਹੋਸ਼ ਗੁੰਮ ਹੋ ਗਏ। ਚੋਗੇ ਦੇ ਆਉਣ ਉੱਪਰ ਸਤਿਗੁਰਾਂ ਨੇ ਕਿਹਾ, ਹੁਣ ਤਾਂ ਇਸ ਵਿਚੋਂ ਚਿੱਠੀਆਂ ਆਪ ਕੱਢ ਦੇ। ਪਰ ਉਸ ਨੂੰ ਕੁਝ ਸੁੱਝਦਾ ਹੀ ਨਹੀਂ ਸੀ, ਕ੍ਰੋਧ ਨਾਲ ਲਾਲੋ ਲਾਲ ਹੋ ਰਿਹਾ ਸੀ। ਇਸ ਤਰ੍ਹਾਂ ਦੇ ਬਚਨ ਸੁਣ ਕੇ ਸ਼ਰਮਿੰਦਾ ਜਿਹਾ ਹੋ ਗਿਆ। ਚੇਹਰੇ ਤੋਂ ਲਾਲੀ ਉੱਡ ਗਈ। ਪਿਲੱਤਣਤਾ ਨੇ ਆ ਥਾਂ ਮੱਲੀ ਅਤੇ ਵੱਧ ਘੱਟ ਬੋਲਣ ਲੱਗਾ ਜਿਸ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ-

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਸੁਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ ੧॥ ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥ ੧॥ *(ਸਾਰਗ ਮਹਲਾ ੪, ਪੰਨਾ ੧੨੦੦)*

ਇਸ ਤਰ੍ਹਾਂ ਬਹੁਤ ਸਮਝਾਇਆ, ਪ੍ਰਿਥੀ ਚੰਦ ਨੂੰ ਸ਼ਾਂਤ ਕਰ ਕੇ ਫਿਰ ਸਤਿਗੁਰਾਂ ਨੇ ਆਪ ਚੋਗੇ ਵਿਚੋਂ ਦੋਵੇਂ ਚਿੱਠੀਆਂ ਕੱਢੀਆਂ ਅਤੇ ਤੀਸਰੀ ਵੀ ਉਨ੍ਹਾਂ ਨਾਲ ਰਲਾ ਕੇ ਭਰੇ ਦੀਵਾਨ ਵਿਖੇ ਫ਼ੁਰਮਾਇਆ ਇਹ ਤਿੰਨ ਪਦ ਰਚੇ ਹੋਏ ਹਨ ਹੁਣ ਜੋ ਕੋਈ ਅਗਲਾ ਚੌਥਾ ਪਦ ਇਸ ਦੇ ਮੁਤਾਬਕ ਰਚ ਦੇਵੇਗਾ; ਉਸਨੂੰ ਗੁਰਿਆਈ ਗੱਦੀ ਉੱਪਰ ਸੁਸ਼ੋਭਤ ਕਰ ਦਿੱਤਾ ਜਾਏਗਾ।

ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ। ਚਾਹੇ ਦੀਵਾਨ ਵਿਚ ਬੜੇ ਬੜੇ ਗੁਣੀ ਜਨ ਵੀ ਬੈਠੇ ਸਨ ਪਰ ਕਿਸੇ ਦਾ ਹੀਆ ਨਾ ਪਿਆ। ਸਭ ਚੁੱਪ ਵੱਟੀ ਬੈਠੇ ਰਹੇ। ਕੁਝ ਦੇਰ ਮਗਰੋਂ ਸਤਿਗੁਰਾਂ ਨੇ ਆਪ ਪ੍ਰਿਥੀ ਚੰਦ ਨੂੰ ਸੰਬੋਧਨ ਕਰਦਿਆਂ ਕਿਹਾ-ਹੁਣ ਵੇਲਾ ਈ, ਜੇਕਰ ਕੁਝ ਕਰ ਸਕਦਾ ਹੈਂ ਤਾਂ ਕਰ ਲੈ। ਈਰਖਾ ਵਿਚ ਸੜਦੇ ਰਹਿਣ ਦਾ ਕੋਈ ਲਾਭ ਨਹੀਂ। ਪਰ ਪ੍ਰਿਥੀ ਚੰਦ ਕੋਲੋਂ ਕਿਵੇਂ ਬਣ ਆਵੇ। ਇਹ ਤਾਂ ਬਖਸ਼ਿਸ਼ ਹੈ, ਜਿਸ ਉੱਪਰ ਹੋ ਜਾਵੇ। ਉਹ ਸ਼ਰਮਿੰਦਗੀ ਵਿਚ ਹੀ ਚੁੱਪ ਖੜਾ ਰਿਹਾ।

ਜਿਸ ਵਕਤ ਕੋਈ ਅੱਗੇ ਨਾ ਵਧਿਆ ਤਾਂ ਸਤਿਗੁਰਾਂ ਨੇ ਆਪ ਜੀ ਨੂੰ ਹੁਕਮ ਕੀਤਾ-ਹੇ ਪੁੱਤਰ ! ਸਾਡੀ ਆਗਿਆ ਮੰਨ ਤੇ ਅਗਲਾ ਚੌਥਾ ਪਦ ਉਚਾਰਨਾ ਕਰ।

ਇਸ ਪ੍ਰਕਾਰ ਹੁਕਮ ਮੰਨ ਕੇ ਸੰਗਤ ਵਿਖੇ ਬੈਠਿਆਂ ਵੈਰਾਗ ਤੇ ਖੁਸ਼ੀ ਵਿਖੇ ਆਪ ਜੀ ਇਹ ਚੌਥਾ ਪਦ ਉਚਾਰਦੇ ਹੋਏ ਮੰਗ ਕਰਦੇ ਹਨ ਕਿ-

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥

ਹੇ ਗਰੀਬ ਨਿਵਾਜ਼ ! ਜਿਸ ਵੇਲੇ ਮੇਰਾ ਭਾਗ ਆਪ ਜੀ ਦੇ ਮਿਲਾਪ ਰੂਪੀ ਫਲ ਦੇਣ ਨੂੰ ਉਦੇ ਹੋਇਆ ਤਾਂ ਆਪ ਜੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਸੰਤੁ=ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਹੋਰਾਂ ਨਾਲ ਮਿਲਾਵਣਾ ਕੀਤਾ ਹੈ।

ਤਿਨ੍ਹਾਂ ਸੰਤਾਂ ਦੀ ਕਿਰਪਾ ਕਰ ਕੇ ਹੀ ਚਿਰੰਕਾਲ ਮਗਰੋਂ-

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥

ਹੇ ਅਬਿਨਾਸੀ=ਨਾਸ ਤੋਂ ਰਹਿਤ ਪ੍ਰਭੁ=ਰਖਜਕ ਵਾਹਿਗੁਰੂ ਦੇ ਸਰੂਪ ਸਤਿਗੁਰੋ ! ਅੰਮ੍ਰਿਤਸਰ ਰੂਪੀ ਘਰ ਵਿਖੇ ਆਪ ਜੀ ਦੇ ਦਰਸ਼ਨਾਂ ਨੂੰ ਪਾਵਣਾ ਕੀਤਾ ਹੈ।

ਅਥਵਾ- ***ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥***

ਜਿਸ ਵੇਲੇ ਭਾਗਾਂ ਦਾ ਫਲ ਉਦੇ ਹੋਇਆ ਤਾਂ ਸੰਤੁ=ਬਾਬਾ ਬੁੱਢਾ ਜੀ ਨੇ ਹੇ ਗੁਰੋ ! ਆਪ ਜੀ ਨਾਲ ਮਿਲਾਵਣਾ ਕੀਤਾ ਹੈ।

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥

ਆਪ ਜੀ ਦੀ ਕਿਰਪਾ ਹੋਣ ਕਰਕੇ ਮੈਂਨੇ ਆਪਣੇ ਅੰਤਹਕਰਨ ਰੂਪ ਘਰ ਵਿਚ ਅਬਨਾਸੀ ਪ੍ਰਭੁ ਨੂੰ ਪਾਣਾ ਕੀਤਾ ਹੈ।

ਹੁਣ ਮੇਰੇ ਮਨ ਦੀ ਇਹੋ ਇੱਛਾ ਹੈ ਕਿ-

ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ੪ ॥

ਹਰ ਵੇਲੇ ਆਪ ਜੀ ਦੇ ਚਰਨਾਂ ਵਿਚ ਇਸਥਿਤ ਹੋਇਆ ਸੇਵ ਕਰੀ=ਸੇਵਾ ਹੀ ਕਰਦਾ ਰਹਾਂ। ਸੇਵਾ ਕਰਦਾ ਹੋਇਆ ਪਲ ਦਾ ਚਸਾ ਮਾਤਰ ਸਮਾਂ ਵੀ ਆਪ ਜੀ ਤੋਂ ਨਾ ਵਿਛੁੜਾਂ।

ਨਾਨਕ=ਸਤਿਗੁਰੂ ਜੀ ਕਥਨ ਕਰਦੇ ਹਨ, ਕਿ ਹੇ ਗਰੀਬ ਨਿਵਾਜ਼ ਸਤਿਗੁਰੋ । ਮੈਂ ਸੇਵਕ ਜਨ ਤਾਂ ਆਪ ਜੀ ਦੇ ਚਰਨਾਂ ਦਾ ਦਾਸ ਹਾਂ। ਕਿਰਪਾ ਕਰਕੇ ਆਪਣੇ ਚਰਨਾਂ ਨਾਲੋਂ ਨਾ ਵਿਛੋੜਨਾ॥ ੪ ॥

ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥ ੧ ॥ ੮ ॥

ਹੇ ਗਰੀਬ ਨਿਵਾਜ਼ ਜੀਓ ! ਮੈਂ ਆਪ ਜੀ ਉੱਪਰੋਂ ਮਨ ਕੁਰਬਾਨ ਕਰਕੇ ਵੀ ਘੋਲੀ=ਵਾਰਨੇ ਫੇਰਨੇ ਜਾਂਦਾ ਹਾਂ।

ਬਾਣੀ ਕਰਕੇ ਵੀ ਘੋਲਿ=ਵਾਰਨੇ ਫੇਰਨੇ ਜਾਂਦਾ ਹਾਂ।

ਸਰੀਰ ਕਰਕੇ ਵੀ ਘੁਮਾਈ=ਵਾਰਨੇ ਫੇਰਨੇ ਜਾਂਦਾ ਹਾਂ। ਮਹਾਰਾਜ ਜੀਓ ! ਮੈਂ ਜਨ ਆਪ ਜੀ ਦੇ ਚਰਨ ਕਵਲਾਂ ਦਾ ਦਾਸ ਹਾਂ॥ ਰਹਾਉ॥ ੧ ॥ ੮ ॥

ਜਿਸ ਵੇਲੇ ਪਿਤਾ ਗੁਰਦੇਵ ਜੀ ਦੀ ਆਗਿਆ ਪਾ ਕੇ ਇਹ ਚੌਥਾ ਪਦ ਉਚਾਰਣ ਕੀਤਾ ਤਾਂ ਗੁਰੂ ਜੀ ਸਮੇਤ ਸਾਰੀ ਸੰਗਤ ਅਤਿਅੰਤ ਪ੍ਰਸੰਨ ਹੋਈ।

ਫਿਰ ਭਰੇ ਦੀਵਾਨ ਵਿਚ ਸਤਿਗੁਰਾਂ ਨੇ ਆਪ ਜੀ ਨੂੰ ਗੁਰਿਆਈ ਗੱਦੀ ਦਾ ਸਿਰੋਪਾ ਬਖਸ਼ਕੇ ਸਾਰੇ ਜਗਤ ਦਾ ਗੁਰੂ ਥਾਪ ਦਿੱਤਾ ਅਤੇ ਕਿਹਾ-ਹੇ ਪੁਰਖਾ ! ਜੇ ਤੇਰੀ ਇੱਛਾ ਸੇਵਾ ਕਰਨ ਦੀ ਹੈ ਤਾਂ ਇਸ ਹਰਿਮੰਦਰ ਸਾਹਿਬ ਜੀ ਨੂੰ ਅਸਾਡਾ ਹੀ ਸਰੂਪ ਜਾਣ ਕੇ ਸੇਵਾ ਕਰਨੀ।

ਰਾਗੁ ਮਾਝ ਮਹਲਾ ੫ ॥

ਉਥਾਨਕਾ:-ਪਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹਨ, ਹੇ ਅਕਾਲ ਪੁਰਖ !

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥ ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥

ਛਿਆਂ ਰੁੱਤਾਂ 'ਚੋਂ ਉਹ ਰੁੱਤ ਸੋਭਨੀਕ ਹੈ, ਜਿਸ ਰੁੱਤ ਵਿਚ ਤੈਨੂੰ ਯਾਦ ਕਰੀਏ।

ਵਾ ਚਾਰੇ ਜੁਗਾਂ 'ਚੋਂ ਉਹ ਜੁਗ ਰੂਪੀ ਰੁੱਤ ਸੋਹਣੀ ਹੈ, ਜਿਸ ਜੁਗ ਵਿਚ ਤੈਨੂੰ ਯਾਦ ਕਰੀਏ।

ਵਾ ਚਾਰ ਖਾਣੀਆਂ ਰੂਪੀ ਰੁੱਤਾਂ 'ਚੋਂ ਉਹ ਖਾਣੀ ਰੂਪੀ ਰੁੱਤ ਸੋਭਨੀਕ ਹੈ, ਜਿਸ ਖਾਣੀ ਵਿਚ ਤੈਨੂੰ ਸਮਾਲਨਾ ਕਰੀਏ। ਵਾ ਬਾਲਕ, ਜੋਬਨ, ਅਧਖੜ, ਬ੍ਰਿਧ ਇਨ੍ਹਾਂ ਚਾਰ ਅਵਸਥਾ ਰੂਪੀ ਰੁੱਤਾਂ 'ਚੋਂ ਉਹ ਅਵਸਥਾ ਰੂਪੀ ਰੁੱਤ ਸੋਭਨੀਕ ਹੈ ਜਿਸ ਅਵਸਥਾ ਵਿਚ ਤੈਨੂੰ ਸਮਾਲਨਾ ਕਰੀਏ।

ਉਹ ਕੰਮ ਭੀ ਸੁਖਦਾਇਕ ਹੈ ਜਿਸ ਕੰਮ ਵਿਚ ਤੇਰੀ ਭਜਨ ਸਿਮਰਨ ਰੂਪੀ ਘਾਲਨਾ=ਕਮਾਈ ਘਾਲੀ=ਕੀਤੀ ਜਾਵੇ।

ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥ ੧ ॥

ਉਹ ਹਿਰਦਾ ਭੀ ਸੋਭਨੀਕ ਵਾ ਸੁਖੀ ਹੈ-ਜਿਸ ਹਿਰਦੇ ਵਿਚ ਤੂੰ ਵਸਿਆ ਭਾਵ ਸਖਿਆਤਕਾਰ ਹੋਇਆਂ ਹੈਂ। ਤੂੰਹੀਂ ਸਾਰਿਆਂ ਦਾ ਦਾਤਾ ਹੈਂ॥ ੧॥

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ ਨਉ ਨਿਧਿ ਤੇਰੈ ਅਖੁਟ ਭੰਡਾਰਾ ॥

ਤੂੰ ਸਾਰਿਆਂ ਦਾ ਸਾਂਝਾ ਸਾਹਿਬ ਹੈਂ, ਪਰ ਖਾਸ ਕਰਕੇ ਤੂੰ ਸਾਡਾ ਬਾਪ ਹੈਂ, ਕਿਉਂਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਰੂਪ ਹੋ ਕੇ ਆਪ ਅਸਾਡੇ ਪਿਤਾ ਬਣੇ ਹੋ। ਆਪ ਜੀ ਦੇ ਪਾਸ ਨੌਂ ਨਿਧੀਆਂ ਦੇ ਅੱਖੁੱਟ ਭੰਡਾਰੇ ਭਰੇ ਹੋਇ ਹਨ।

ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥ ੨ ॥

ਜਿਸ ਨੂੰ ਆਪ ਦੇਂਦੇ ਹੋ ਓਹੀ ਤ੍ਰਿਪਤ ਹੋ ਕੇ ਅਘਾਵੈ=ਰੱਜਦਾ ਹੈ-ਅਤੇ ਓਹੀ ਆਪ ਜੀ ਦਾ ਪੂਰਨ ਭਗਤ ਹੈ॥ ੨ ॥

ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰਹੈ ਵੁਠਾ ॥

ਦੁਨੀਆਂ ਵਿਚ ਸਭ ਕੋਈ ਆਪ ਜੀ ਦੀ ਆਸਾ ਧਾਰਕੇ ਬੈਠਾ ਹੈ। ਤੂੰ ਆਪ ਹੀ ਸਾਰਿਆਂ ਘਟਾਂ ਘਟਾਂ ਵਿਚ ਵੁਠਾ=ਵਸ ਰਿਹਾ ਹੈਂ।

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ੩ ॥

ਇਸ ਲਈ ਤੇਰੇ ਖਜ਼ਾਨੇ ਦੇ ਸਾਰੇ ਸਾਝੀਵਾਲ=ਭਾਈਵਾਲ (ਹਿੱਸੇਦਾਰ) ਸਦਾਂਦੇ ਹਨ, ਹੇ ਵਾਹਿਗੁਰੂ ਤੂੰ ਕਿਸੇ ਤੋਂ ਬਾਹਰ ਨਹੀਂ ਦਿਸਦਾ, ਸਾਰਿਆਂ ਵਿਚ ਪਰੀਪੂਰਨ ਹੈਂ॥ ੩॥

ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥

ਤੂੰ ਆਪ ਹੀ ਗੁਰਮੁਖਾਂ ਨੂੰ ਗੁਰਾਂ ਦੁਆਰੇ ਮੁਕਤ ਕਰਾਉਂਦਾ ਹੈਂ। ਤੂੰ ਆਪ ਹੀ ਮਨਮੁਖਾਂ ਨੂੰ ਭੈੜਿਆਂ ਦੀ ਸੰਗਤ ਹੋਣ ਕਰਕੇ ਜਨਮਾਂ ਵਿਚ ਭੁਆਂਦਾ ਹੈਂ।

ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ॥੪॥੨॥੯॥

ਗੁਰੂ ਜੀ ਆਖਦੇ ਹਨ-ਮੈਂ ਦਾਸ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ,
ਦਸਾਹਰਾ=ਪ੍ਰਗਟ ਵਾ ਦਸੋ ਦਿਸਾਂ ਰੂਪੀ ਖੇਲ੍ਹ ਸਾਰਾ ਆਪ ਜੀ ਦਾ ਹੈ॥ ੪॥ ੨॥ ੯॥

ਮਾਝ ਮਹਲਾ ੫॥

ਅਨਹਦੁ ਵਾਜੈ ਸਹਜਿ ਸੁਹੇਲਾ॥ ਸਬਦਿ ਅਨੰਦ ਕਰੇ ਸਦ ਕੇਲਾ॥

ਅਨਹਦੁ=ਇੱਕ ਰਸ ਸਬਦਿ=ਗੁਰ ਸਬਦ ਦੇ ਵਾਜੈ=ਉਚਾਰਨ ਕਰਕੇ ਮੈਂ ਸਹਿਜੇ ਸੁਖੀ ਹਾਂ। ਅਨੰਦ ਸਹਤ ਮੈਂ ਸਦਾ ਕੇਲਾ=ਖੁਸ਼ੀਆਂ ਕਰਦਾ ਹਾਂ। ਵਾ ਸਦ ਕੇਲਾ ਜੋ ਸਬਦਿ=ਬ੍ਰਹਮ ਹੈ ਉਸ ਦੇ ਅਨੰਦ ਨੂੰ ਧਾਰਨ ਕਰਦਾ ਹਾਂ।

ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ॥ ੧॥

ਸਹਜ=ਸ਼ਾਂਤੀ ਵਾ ਪ੍ਰਮਾਤਮਾ ਰੂਪ ਗੁਫਾ ਵਿਚ ਤਾੜੀ=ਸਮਾਧੀ ਲਗਾਈ ਹੈ, ਅਤੇ ਦਸਮ ਦੁਆਰ ਵਾ ਸਰੂਪ ਰੂਪੀ ਉੱਚਾ ਆਸਣ ਸਵਾਰਣਾ ਕੀਤਾ ਹੈ॥ ੧॥

ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ॥ ਜੋ ਲੋੜੀਦਾ ਸੋਈ ਪਾਇਆ॥

ਬਾਹਰਲੇ ਵਿਹਾਰਾਂ ਵਿਚ ਫਿਰਿ ਘਿਰਿ=ਮੁੜ ਘਿਰਕੇ ਭਾਵ ਫਿਰ ਤੁਰਕੇ ਜਦ ਮੈਂ ਆਪਣੇ ਅੰਤਰ ਮੁਖਤਾ ਰੂਪੀ ਘਰ ਵਿਚ ਆਇਆ। ਤਾਂ ਜੋ ਕੁਝ ਲੋੜੀਦਾ=ਚਾਹੀਦਾ ਸੀ ਓਹੀ ਪਦਾਰਥ ਪਾ ਲਿਆ ਹੈ।

ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ
ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ॥ ੨॥

ਅੰਨਵੇਂ:-ਹੇ ਸੰਤੋ ! ਧੰਨ ਗੁਰੂ ਸਾਹਿਬ ਜੀ ਹਨ-ਜਿਨ੍ਹਾਂ ਨੇ ਅਨਭਉ ਪੁਰਖ ਪਰਮਾਤਮਾ ਦਿਖਾਇਆ ਹੈ, ਉਸ ਦੇ ਵੇਖਣ ਨਾਲ ਲੋਕ ਪ੍ਰਲੋਕ ਦੇ ਪਦਾਰਥਾਂ ਵਲੋਂ ਮਨ ਤ੍ਰਿਪਤ ਹੋ ਕੇ ਅਘਾਇ=ਰੱਜ ਰਿਹਾ ਹੈ॥ ੨॥
ਹੁਣ ਇਹ ਦਿਸਦਾ ਹੈ-

ਆਪੇ ਰਾਜਨੁ ਆਪੇ ਲੋਗਾ॥ ਆਪਿ ਨਿਰਬਾਣੀ ਆਪੇ ਭੋਗਾ॥

ਉਹ ਪ੍ਰਮਾਤਮਾ ਆਪ ਹੀ ਰਾਜਾ ਰੂਪ ਹੈ, ਆਪ ਹੀ ਲੋਗਾ=ਪਰਜਾ ਰੂਪ ਹੈ।
ਆਪ ਹੀ ਨਿਰਬਾਣੀ=ਵਿਰੱਕਤ ਮਹਾਤਮਾਂ ਰੂਪ ਹੈ, ਆਪ ਹੀ ਪਦਾਰਥਾਂ ਦੇ ਭੋਗਨ ਵਾਲਾ ਗ੍ਰਿਹਸਤੀ ਰੂਪ ਹੈ।

ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ ॥ ੩ ॥

ਆਪ ਹੀ ਰਾਜਾ ਰੂਪ ਹੋ ਕੇ ਪਰਤੱਖ ਤਖਤ ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ।

ਵਾ ਆਪ ਹੀ ਈਸ਼ੁਰ ਰੂਪ ਹੋ ਕੇ ਸੰਸਾਰ ਤਖਤ ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ।

ਵਾ ਆਪ ਹੀ ਵਿਸ਼ਨੂੰ ਰੂਪ ਹੋ ਕੇ ਬੈਕੁੰਠ ਤਖਤ ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ।

ਵਾ ਆਪ ਹੀ ਸਾਖੀ ਚੇਤਨ ਰੂਪ ਹੋ ਕੇ ਅੰਤਹਕਰਨ ਰੂਪੀ ਤਖਤ ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ।

ਆਪ ਹੀ ਗੁਰੂ ਰੂਪ ਹੋ ਕੇ ਸਤਸੰਗਤ ਰੂਪੀ ਤਖਤ ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ। ਇਸੀ ਤੇ ਸਭ ਕੂਕ=ਉੱਚੀਆਂ ਪੁਕਾਰਾਂ ਦੂਰ ਹੋ ਗਈਆਂ ਹੰਨ॥ ੩ ॥

ਜੇਹਾ ਡਿਠਾ ਮੈ ਤੇਹੋ ਕਹਿਆ ॥
ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥

ਜੈਸਾ ਮੈਂਨੇ ਵੇਖਿਆ ਹੈ ਤੈਸਾ ਮੈਂਨੇ ਕਹਿ ਦਿੱਤਾ ਹੈ। ਪਰ ਰਸੁ=ਆਨੰਦ ਉਸਨੂੰ ਆਇਆ ਹੈ ਜਿਸ ਨੇ ਇਸ ਗੱਲ ਦਾ ਭੇਦ ਲੀਤਾ ਹੈ।

ਜੋਤੀ ਜੋਤਿ ਮਿਲੀ ਸੁਖੁ ਪਾਇਆ
ਜਨ ਨਾਨਕ ਇਕੁ ਪਸਾਰਿਆ ਜੀਉ ॥ ੪ ॥ ੩ ॥ ੧੦ ॥

ਜਿਸ ਪਰਮਾਤਮਾ ਨੇ ਇਕ ਆਪ ਹੀ ਸਾਰੇ ਸੰਸਾਰ ਪਸਾਰੇ ਨੂੰ ਪਸਾਰਿਆ ਹੈ ਉਸ ਜੋਤੀ ਪ੍ਰਭੂ ਨਾਲ ਇਸ ਜੀਵ ਦੀ ਜੋਤ ਮਿਲੀ ਤਾਂ ਆਤਮ ਸੁਖੁ ਪਾਇਆ॥ ੪ ॥ ੩ ॥ ੧੦ ॥

ਮਾਝ ਮਹਲਾ ੫ ॥
ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥
ਤਿਤੁ ਘਰਿ ਸਖੀਏ ਮੰਗਲੁ ਗਾਇਆ ॥

ਜਿਸ ਸਤਸੰਗਤ ਰੂਪੀ ਘਰ ਵਿਚ ਪਿਰੀ ਦਾ ਸੋਹਾਗੁ=ਆਨੰਦ ਬਣ ਆਇਆ ਹੈ। ਤਿਸ ਸਤਸੰਗਤ ਰੂਪੀ ਘਰ ਵਿਚ ਮਹਾਤਮਾਂ ਰੂਪ ਸਖੀਆਂ ਨੇ ਮੰਗਲ ਰੂਪ ਪ੍ਰਮਾਤਮਾ ਦੇ ਜਸ ਨੂੰ ਗਾਇਆ ਹੈ। *ਅਥਵਾ* ਜਿਸ ਅੰਤਹ ਕਰਨ ਰੂਪ ਘਰ ਵਿਚ ਪਿਰੀ ਦਾ ਸੋਹਾਗੁ=ਆਨੰਦ ਬਣ ਆਇਆ ਹੈ। ਤਿਸ ਅੰਤਹਕਰਨ ਰੂਪੀ ਘਰ ਵਿਚ ਇੰਦ੍ਰੀਆਂ ਰੂਪ ਸਖੀਆਂ ਨੇ ਮੰਗਲ ਰੂਪ ਪ੍ਰਮਾਤਮਾ ਦੇ ਜਸ ਨੂੰ ਗਾਇਣ ਕੀਤਾ ਹੈ।

ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥ ੧ ॥

ਆਨੰਦ-ਦਾਇਕ ਬਿਨੋਦ=ਕੌਤਕ ਤਿਸ ਔਰਤ ਦੇ ਘਰ ਵਿਚ ਸੋਭਦੇ ਹਨ। ਜੋ ਜੀਵ ਇਸਤ੍ਰੀ ਪਤੀ ਪ੍ਰਮਾਤਮਾ ਨੇ ਸਾਧਨਾ ਰੂਪ ਸ਼ਿੰਗਾਰਾਂ ਨਾਲ ਸ਼ਿੰਗਾਰੀ ਹੈ॥ ੧ ॥

ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥

ਓਹੀ ਇਸਤ੍ਰੀ ਸ਼ੁਭ ਗੁਣਾਂ ਵਾਲੀ ਹੈ, ਓਹੀ ਵਡਿਆਂ ਭਾਗਾਂ ਵਾਲੀ ਹੈ। ਓਹੀ ਸ੍ਰੇਸ਼ਟ ਪੁੱਤ੍ਰ ਵਾਲੀ ਵਾ ਗਿਆਨ ਰੂਪ ਪੁੱਤ੍ਰ ਵਾਲੀ ਹੈ, ਓਹੀ ਸੀਲ ਸੁਭਾਅ ਵਾਲੀ ਹੈ, ਓਹੀ ਸੋਹਾਗਣਿ=ਸੋਹਾਗਵੰਤੀ ਹੈ।

ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥ ੨ ॥

ਓਹੀ ਸੁੰਦਰ ਸਫਾਈ ਰੂਪੀ ਰੂਪ ਵਾਲੀ ਹੈ, ਓਹੀ ਸੁਘੜਿ=ਚਤੁਰ ਵਾ ਸ਼ੁਭ ਗੁਣਾਂ ਰੂਪੀ ਸ਼੍ਰੇਸ਼ਟ ਘਾੜਤ ਦੇ ਘੜਣ ਵਾਲੀ ਹੈ, ਅਤੇ ਬਿਚਖਣਿ=ਚਤੁਰ ਹੈ ਵਾ ਬਿ=ਦ੍ਵੈਤ ਦੇ ਚ=ਪੁਨਾ ਖਨਣੇ ਵਾਲੀ ਹੈ, ਵਾ ਬਿ=ਵਿਸ਼ੇਸ਼ ਕਰਕੇ ਗਿਆਨ ਵੈਰਾਗ ਰੂਪੀ ਚਖੂਆਂ ਵਾਲੀ ਹੈ, ਜਿਹੜੀ ਜੀਵ ਰੂਪ ਇਸਤ੍ਰੀ ਪਤੀ ਪ੍ਰਮਾਤਮਾ ਨੂੰ ਪ੍ਰੇਯ ਲਗੀ ਹੈ॥ ੨॥

ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥

ਓਹੀ ਸ਼੍ਰੇਸ਼ਟ ਕਰਤਬਾਂ ਵਾਲੀ ਹੈ, ਸਾਰਿਆਂ 'ਚੋਂ ਪਰਧਾਨੇ=ਮੁਖੀ ਭੀ ਓਹੀ ਹੈ। ਜਪ ਤਪ ਆਦਿਕ ਸਾਰੇ ਸ਼ਿੰਗਾਰ ਅਤੇ ਗਿਆਨ ਆਦਿਕ ਸਾਰੇ ਸਾਧਨ ਭੀ ਉਸ ਦੇ ਸਫਲ ਬਣੇ ਹਨ।

ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥ ੩ ॥

ਓਹੀ ਸ਼੍ਰੇਸ਼ਟ ਕੁਲ ਵਾਲੀ ਹੈ, ਸ਼ੁਭ ਗੁਣਾਂ ਰੂਪੀ ਭਰਾਵਾਂ ਦੇ ਸਹਿਤ ਭੀ ਓਹੀ ਹੈ। ਵਾ ਸਾਰਿਆਂ ਵਿਖੇ ਰਾਈ=ਪ੍ਰਕਾਸ਼ਨ ਭੀ ਓਹੀ ਹੈ। ਜੋ ਆਪਣੇ ਪਤੀ ਦੇ ਰੰਗਿ=ਪ੍ਰੇਮ ਕਰਕੇ ਸਵਾਰੀ ਹੋਈ ਹੈ॥ ੩॥

ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥

ਉਸ ਦੀ ਉਸਤਤੀ ਕੁਝ ਕਥਨ ਨਹੀਂ ਕੀਤੀ ਜਾਂਦੀ। ਜੋ ਇਸਤ੍ਰੀ ਪਤੀ ਪ੍ਰਮਾਤਮਾ ਨੇ ਅੰਗਿ=ਪੱਖ ਕਰਕੇ ਆਪਣੇ ਨਾਲ 'ਮੇਲਿ ਲਈ'=ਅਭੇਦ ਕਰ ਲੀਤੀ ਹੈ।

[ਪੰਨਾ ੯੮]

ਥਿਰੁ ਸੋਹਾਗੁ ਵਰੁ ਅਗਮੁ ਅਗੋਚਰੁ
ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥ ੪ ॥ ੪ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰੇਮ ਦੀ ਤਰਫ ਸਾਧਾਰੀ=ਚੱਲੀ ਹੈ। ਵਾ ਪ੍ਰੇਮ ਕਰਕੇ ਜਿਸ ਨੇ ਅਪਨੀ ਬੁੱਧੀ ਸੁਧਾਰ ਲੀਤੀ ਹੈ, ਉਸਨੂੰ ਅਗਮ ਅਗੋਚਰ ਰੂਪ ਵਰੁ=ਪਤੀ ਦਾ ਸੋਹਾਗੁ=ਆਨੰਦ ਇਸਥਿਤ ਹੋਇਆ ਹੈ॥ ੪॥ ੪॥ ੧੧॥

ਮਾਝ ਮਹਲਾ ੫ ॥

ਜਗਿਆਸੂ ਮਹਾਤਮਾਂ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ, ਹੁਣ ਜਗਿਆਸੂ ਬੇਨਤੀ ਕਰਦਾ ਹੈ-

ਖੋਜਤ ਖੋਜਤ ਦਰਸਨ ਚਾਹੇ ॥ ਭਾਤਿ ਭਾਤਿ ਬਨ ਬਨ ਅਵਗਾਹੇ ॥

ਹੇ ਸੰਤੋ ! ਪ੍ਰਮੇਸ਼੍ਵਰ ਦੇ ਦਰਸ਼ਨ ਦੀ ਇੱਛਾ ਕਰਕੇ ਖੋਜਨੇ ਵਾਲਾ ਹੋ ਕੇ ਉਸਨੂੰ ਖੋਜਦਾ ਹਾਂ। ਤਰ੍ਹਾਂ ਤਰ੍ਹਾਂ ਦੇ ਬਨਾਂ ਬਨਾਂ ਵਿਚ ਅਵਗਾਹੇ=ਫਿਰਨਾ ਕੀਤਾ ਹੈ, ਵਾ ਤਰ੍ਹਾਂ ਤਰ੍ਹਾਂ ਸੇ ਬਨ ਬਨ=ਜਲ ਹੀ ਜਲ ਭਾਵ ਤੀਰਥਾਂ ਉੱਪਰ ਰਟਨ ਕੀਤਾ ਹੈ। ਅਤੇ ਅਨੇਕਾਂ ਹੀ ਪੁਸਤਕਾਂ ਨੂੰ ਅਵਗਾਹੇ=ਵਿਚਾਰਿਆ ਹੈ।

ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ
ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥ ੧ ॥

ਹੇ ਸੰਤੋ ! ਜੋ ਮੇਰਾ ਹਰੀ ਨਿਰਗੁਣ ਰੂਪ ਹੈ ਫਿਰ ਜੋ ਹਰੀ ਸਰਗੁਣ ਰੂਪ ਧਾਰਨ ਵਾਲਾ ਹੈ, ਕੋਈ ਅਜੇਹਾ ਉਪਕਾਰੀ ਜੀਵ ਹੈ? ਜੇਹੜਾ ਮੈਂ ਜੀਵ ਨੂੰ ਲਿਆ ਕੇ ਹਰੀ ਪਤੀ ਨਾਲ ਮਿਲਾਣਾ ਕਰੇ॥ ੧॥

ਸੰਤਾਂ ਨੇ ਕਿਹਾ, ਤੂੰ ਖਟ ਸ਼ਾਸਤ੍ਰੀ ਪੰਡਤਾਂ ਪਾਸੋਂ ਤੇ ਜੋਗੀਆਂ ਪਾਸੋਂ ਜਾ ਕੇ ਪੁੱਛ ਲੈ। ਇਹ ਗੱਲ ਸੁਣਕੇ ਉੱਤਮ ਜਗਿਆਸੂ ਕਹਿੰਦਾ ਹੈ:-

ਖਟੁ ਸਾਸਤ ਬਿਚਰਤ ਮੁਖਿ ਗਿਆਨਾ॥
ਪੂਜਾ ਤਿਲਕੁ ਤੀਰਥ ਇਸਨਾਨਾ॥

ਖਟ ਸ਼ਾਸਤ੍ਰਾਂ ਦੇ ਵਿਚਾਰਨ ਵਾਲੇ ਜੋ ਪੰਡਿਤ ਹਨ ਅਤੇ ਮੂੰਹ ਨਾਲ ਗਿਆਨ ਦੀਆਂ ਗੱਲਾਂ ਕਰਨ ਵਾਲੇ, ਪੁਨਾ ਠਾਕੁਰ ਪੂਜਾ ਕਰਨ ਵਾਲੇ, ਮੱਥੇ ਉੱਪਰ ਤਿਲਕ ਲਗਾਨ ਵਾਲੇ, ਤੀਰਥਾਂ ਉੱਪਰ ਇਸ਼ਨਾਨ ਕਰਨ ਵਾਲੇ ਜੋ ਪੰਡਿਤ ਹਨ।

ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥੨॥

ਨੇਤੀ ਧੋਤੀ ਆਦਿਕ ਕਰਮ ਕਰਨ ਵਾਲੇ ਅਤੇ ਚੌਰਾਸੀ ਆਸਣ ਲਗਾਣ ਵਾਲੇ ਜੋ ਜੋਗੀ ਹਨ, ਇਤਿਆਦਿਕ ਜੋਗੀਆਂ ਤੇ ਪੰਡਿਤਾਂ ਦੀ ਸੰਗਤ ਵਿਚ ਬੈਠਣ ਨਾਲ ਸ਼ਾਂਤੀ ਨਹੀਂ ਆਉਂਦੀ॥ ੨॥

ਅਨਿਕ ਬਰਖ ਕੀਏ ਜਪ ਤਾਪਾ॥ ਗਵਨੁ ਕੀਆ ਧਰਤੀ ਭਰਮਾਤਾ॥

ਹੇ ਸੰਤੋ ! ਅਨੇਕਾਂ ਵਰ੍ਹੇ ਮੈਂ ਉਸ ਦੀ ਪ੍ਰਾਪਤੀ ਵਾਸਤੇ ਜਪ ਤਪ ਕੀਤੇ ਹਨ ਤੇ ਭਰਮਾਤਾ=ਭਰਮਣੇ ਵਾਲਾ ਹੋ ਕੇ ਧਰਤੀ ਉੱਪਰ ਫਿਰਨਾ ਭੀ ਕੀਤਾ ਹੈ।

ਇਕੁ ਖਿਨੁ ਹਿਰਦੈ ਸਾਂਤਿ ਨ ਆਵੈ
ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥ ੩॥

ਪਰ ਹਿਰਦੇ ਵਿਚ ਇੱਕ ਖਿਨ ਮਾਤ੍ਰ ਸ਼ਾਂਤੀ ਨਹੀਂ ਆਂਵਦੀ, ਜੋਗੀ=ਜੀਵ ਵਾਰ ਵਾਰ (ਮੁੜ ਮੁੜ ਕੇ) ਕਰਮਾਂ ਦੇ ਕਰਨ ਵਿਚ ਉੱਠ ਕੇ ਦੌੜਦਾ ਹੈ॥ ੩॥

ਕਰਿ ਕਿਰਪਾ ਮੋਹਿ ਸਾਧੁ ਮਿਲਾਇਆ॥
ਮਨੁ ਤਨੁ ਸੀਤਲੁ ਧੀਰਜੁ ਪਾਇਆ॥

ਜਦ ਪ੍ਰਭੂ ਨੇ ਕਿਰਪਾ ਕਰਕੇ ਮੈਨੂੰ ਪੂਰਨ ਸੰਤਾਂ ਨਾਲ ਮਿਲਾਇਆ, ਤਦ ਉਨ੍ਹਾਂ ਨੇ ਉਪਦੇਸ਼ ਦੇ ਕੇ ਧੀਰਜ ਪਾਇਆ ਤਾਂ ਮੇਰਾ ਮਨ ਤਨ ਸੀਤਲ ਹੋ ਗਿਆ।

ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ
ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥

ਅਬਿਨਾਸੀ ਪ੍ਰਭੂ ਅੰਤਹਕਰਨ ਦੇ ਵਿਚ ਵਸਿਆ ਹੈ, ਉਸ ਹਰੀ ਦੇ ਮੰਗਲਾਂ ਨੂੰ ਗਾਂਵਦਾ ਹਾਂ॥ ੪॥ ੫॥ ੧੨॥

ਮਾਝ ਮਹਲਾ ੫ ॥

ਪਾਰਬ੍ਰਹਮ ਅਪਰੰਪਰ ਦੇਵਾ ॥ ਅਗਮ ਅਗੋਚਰ ਅਲਖ ਅਭੇਵਾ ॥

ਜੋ ਪਾਰਬ੍ਰਹਮ ਦੇਵ ਅਪਰੰ=ਸੰਸਾਰ ਸੇ ਪਰਾ ਰੂਪ ਹੈ। ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ, ਅਲਖ=ਲਖਣੇ ਸੇ ਰਹਿਤ ਅਤੇ ਭੇਦਾਂ ਸੇ ਰਹਿਤ ਹੈ।

ਦੀਨ ਦਇਆਲ ਗੋਪਾਲ ਗੋਬਿੰਦਾ
ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥ ੧ ॥

ਗਰੀਬਾਂ ਉੱਪਰ ਦਿਆਲੂ, ਗੋ=ਪ੍ਰਿਥਵੀ ਦੇ ਪਾਲ=ਪਾਲਨ ਵਾਲਾ ਜੋ ਗੋਬਿੰਦ ਹਰੀ ਹੈ। ਗੁਰਾਂ ਦੁਆਰੇ ਉਸ ਹਰੀ ਨੂੰ ਧਿਆਵੋ ਗਾਤੀ ਬੰਨ੍ਹ ਕੇ ਭਾਵ ਵਿਰੱਕਤ ਸਾਧ ਹੋ ਕੇ। ਵਾ ਗਾਤੀ ਬੰਨ੍ਹ ਕੇ ਭਾਵ ਤਕੜੇ ਹੋ ਕੇ ਹਰੀ ਨੂੰ ਧਿਆਵੋ, ਤਾਂ ਤੁਹਾਡੀ ਗਾਤੀ=ਮੋਖ ਹੋਵੇਗੀ ॥ ੧ ॥

ਗੁਰਮੁਖਿ ਮਧੁਸੂਦਨੁ ਨਿਸਤਾਰੇ ॥ ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ ॥

ਮਧੁਸੂਦਨੁ=ਪ੍ਰਮਾਤਮਾ ਗੁਰਮੁਖਾਂ ਨੂੰ ਗੁਰਾਂ ਦੁਆਰੇ ਤਾਰਦਾ ਹੈ। ਕ੍ਰਿਸ਼ਨ ਮੁਰਾਰੀ ਆਪ ਗੁਰਮੁਖਾਂ ਦਾ ਸੰਗੀ ਹੈ, ਅਥਵਾ ਕ੍ਰਿਸ਼ਨ ਮੁਰਾਰੀ ਖੁਦ ਮੁਖੀ ਗੁਰਾਂ ਦਾ ਸੰਗੀ ਹੋਇਆ ਹੈ।

ਕ੍ਰਿਸ਼ਨ ਜੀ ਦੇ ਤਿੰਨ ਗੁਰੂ ਸਨ:-ਕੁਲ ਗੁਰੂ ਗਰਗ ਹੈ, ਵਿਦਿਆ ਗੁਰੂ ਸੰਦੀਪਨ ਹੈ, ਉਪਦੇਸ਼ ਗੁਰੂ ਦੁਰਬਾਸ਼ਾ ਰਿਖੀ ਹੈ।

ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ ॥ ੨ ॥

ਦਇਆਲ ਦਮੋਦਰ ਜੋ ਪ੍ਰਮਾਤਮਾ ਹੈ, ਉਸ ਨੂੰ ਗੁਰਮੁਖਾਂ ਨੇ ਗੁਰਾਂ ਦੁਆਰੇ ਪਾਇਆ ਹੈ। ਗੁਰਾਂ ਤੋਂ ਬਿਨਾਂ ਉਹ ਪ੍ਰਮਾਤਮਾ, ਹੋਰ ਕਿਸੇ ਤਰ੍ਹਾਂ ਭੀ ਨਹੀਂ ਮਿਲ ਸਕਦਾ ॥ ੨ ॥

ਨਿਰਹਾਰੀ ਕੇਸਵ ਨਿਰਵੈਰਾ ॥ ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥

ਉਹ ਕੇਸਵ ਪ੍ਰਮਾਤਮਾ ਨਿਰਹਾਰੀ=ਅਹਾਰ ਤੋਂ ਰਹਿਤ, ਤੇ ਵੈਰ ਭਾਵ ਤੋਂ ਰਹਿਤ ਹੈ। ਜਿਸ ਦੇ ਚਰਨਾਂ ਨੂੰ ਕ੍ਰੋੜਾਂ ਹੀ ਪੁਰਸ਼ ਪੂਜਦੇ ਹਨ।

ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ ॥ ੩ ॥

ਜਿਸ ਗੁਰਮੁਖ ਦੇ ਹਿਰਦੇ ਵਿਚ ਹਰਿ ਹਰਿ ਦਾ ਨਾਮ ਹੈ-ਓਹੀ ਇਕਾਤੀ=ਨਿਯਮੀ ਭਗਤ ਹੈ ॥ ੩ ॥

ਅਮੋਘ ਦਰਸਨ ਬੇਅੰਤ ਅਪਾਰਾ ॥ ਵਡ ਸਮਰਥੁ ਸਦਾ ਦਾਤਾਰਾ ॥

ਜਿਸ ਪ੍ਰਮਾਤਮਾ ਦਾ ਅਮੋਘ=ਸਫਲ ਦਰਸ਼ਨ ਹੈ, ਬਿਅੰਤ ਗੁਣਾਂ ਵਾਲਾ ਹੈ, ਪਾਰਾਵਾਰ ਤੋਂ ਰਹਿਤ ਹੈ। ਪੁਨਾ ਜੋ ਵਡਾ ਸਮਰੱਥ ਹੈ-ਅਤੇ ਸਦਾ ਸਾਰਿਆਂ ਦਾ ਦਾਤਾ ਹੈ।

ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ
ਗਤਿ ਨਾਨਕ ਵਿਰਲੀ ਜਾਤੀ ਜੀਉ ॥ ੪ ॥ ੬ ॥ ੧੩ ॥

ਤਿਤੁ=ਤਿਸ ਪ੍ਰਮੇਸ਼ਰ ਦੇ ਨਾਮ ਨੂੰ ਗੁਰਾਂ ਦੁਆਰੇ ਜਪੀਏ ਤਾਂ ਤਰਨਾ ਹੁੰਦਾ ਹੈ। ਗੁਰੂ ਜੀ ਕਥਨ ਕਰਦੇ

ਹਨ, ਇਹ ਰੀਤੀ ਕਿਸੇ ਵਿਰਲੇ ਨੇ ਜਾਣੀ ਹੈ॥ ੪॥ ੬॥ ੧੩॥

ਮਾਝ ਮਹਲਾ ੫॥

ਕਹਿਆ ਕਰਣਾ ਦਿਤਾ ਲੈਣਾ॥ ਗਰੀਬਾ ਅਨਾਥਾ ਤੇਰਾ ਮਾਣਾ॥

ਹੇ ਪ੍ਰਮਾਤਮਾ ! ਜੋ ਆਪ ਜੀ ਨੇ ਵੇਦਾਂ ਸ਼ਾਸਤ੍ਰਾਂ ਵਿਚ ਕਿਹਾ ਹੈ ਓਹੀ ਅਸੀਂ ਕਰਦੇ ਹਾਂ, ਜੋ ਪਰਾਲਬਧ ਅਨੁਸਾਰ ਤੁਸਾਂ ਨੇ ਦਿੱਤਾ ਹੈ ਓਹੀ ਲੈਣਾ ਕਰਦੇ ਹਾਂ। ਚਾਹੇ ਸੁਖ ਹੈ, ਚਾਹੇ ਦੁਖ ਹੈ, ਅਸਾਂ ਗਰੀਬਾਂ ਅਨਾਥਾਂ ਨੂੰ ਤੇਰਾ ਹੀ ਮਾਣ ਹੈ।

ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ
ਤੇਰੀ ਕੁਦਰਤਿ ਕਉ ਬਲਿ ਜਾਈ ਜੀਉ॥ ੧॥

ਹੇ ਮੇਰੇ ਪਿਆਰੇ ਵਾਹਿਗੁਰੂ ! ਪਿੱਛੇ ਵੀ ਸਭ ਕੁਛ ਤੂੰਹੀਂ ਸੀ, ਹੁਣ ਵੀ ਸਭ ਕੁਛ ਤੂੰਹੀਂ ਹੈਂ। ਮੈਂ ਤੇਰੀ ਕੁਦਰਤਿ ਸ਼ਕਤੀ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ॥ ੧॥

ਭਾਣੈ ਉਝੜ ਭਾਣੈ ਰਾਹਾ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥

ਹੇ ਵਾਹਿਗੁਰੂ ! ਤੇਰੇ ਹੁਕਮ ਵਿਚ ਹੀ ਮਨਮੁਖ ਪ੍ਰਤੱਖ ਉਜਾੜ ਵਾ ਸੰਸਾਰ, ਉਜਾੜ ਵਿਚ ਭੁੱਲੇ ਫਿਰਦੇ ਹਨ, ਅਤੇ ਤੇਰੇ ਹੁਕਮ ਵਿਚ ਹੀ ਗੁਰਮੁਖ ਸਤਸੰਗ ਰੂਪ ਰਸਤੇ ਵਾ ਗਿਆਨ ਵੈਰਾਗ ਰੂਪੀ ਰਸਤੇ ਉੱਪਰ ਚਲ ਰਹੇ ਹਨ।

ਹੇ ਹਰੀ ਤੇਰੇ ਭਾਣੇ ਵਿਚ ਹੀ ਗੁਰਮੁਖ ਜਨ ਗੁਣਾਂ ਨੂੰ ਗਾਇਣ ਕਰਦੇ ਹਨ।

ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ॥ ੨॥

ਹੇ ਵਾਹਿਗੁਰੂ ! ਤੇਰੇ ਭਾਣੇ ਵਿਚ ਹੀ ਇਹ ਜੀਵ ਭਰਮ ਕਰਕੇ ਬਹੁਤ ਜੂਨੀਆਂ ਵਿਚ ਭਵੈ=ਫਿਰਦੇ ਹਨ ਤਿਸ ਆਪ ਜੀ ਦੀ ਆਗਿਆ ਵਿਚ ਹੀ ਸਭ ਕੁਝ ਹੋ ਰਿਹਾ ਹੈ॥ ੨॥

ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ॥

ਆਪਣੇ ਆਪ ਨਾ ਕੋਈ ਮੂਰਖ ਹੈ, ਨਾ ਕੋਈ ਸਿਆਣਾ ਹੈ, ਸਭ ਕੁਝ ਤੇਰੇ ਭਾਣੇ ਅੰਦਰ ਵਰਤ ਰਿਹਾ ਹੈ।

ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ॥ ੩॥

ਮਨ ਕਰਕੇ ਤੂੰ ਅਗਮ ਹੈਂ, ਇੰਦ੍ਰੀਆਂ ਕਰਕੇ ਅਗੋਚਰ ਹੈਂ ਬੇਅੰਤ ਗੁਣਾਂ ਸਪੰਨ ਹੈਂ, ਅਥਾਹਾ=ਅਤੋਲ ਸਪ੍ਰਸ ਯਾਨੇ ਆਪ ਜੀ ਦਾ ਹਾਥ ਨਹੀਂ ਆਉਂਦਾ।

ਹੇ ਪ੍ਰਮਾਤਮਾ ! ਆਪ ਜੀ ਦੀ ਕੀਮਤ ਸਾਥੋਂ ਕਹੀ ਨਹੀਂ ਜਾਂਦੀ॥ ੩॥

ਖਾਕੁ ਸੰਤਨ ਕੀ ਦੇਹੁ ਪਿਆਰੇ॥ ਆਇ ਪਇਆ ਹਰਿ ਤੇਰੈ ਦੁਆਰੈ॥

ਹੇ ਪਿਆਰੇ ਹਰੀ ! ਮੈਨੂੰ ਸੰਤਾਂ ਦੇ ਚਰਨਾਂ ਦੀ ਖਾਕੁ=ਧੂੜ ਬਖਸ਼ ਦਿਓ।

ਹੇ ਹਰੀ ! ਮੈਂ ਆਪ ਜੀ ਦੇ ਦੁਆਰੇ ਉੱਪਰ ਆ ਪਿਆ ਹਾਂ।

ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥੪ ॥੭ ॥੧੪ ॥

ਸੰਤਾਂ ਦਾ ਦਰਸ਼ਨ ਦੇਖਦਿਆਂ ਮਨ ਸੰਸਾਰਕ ਪਦਾਰਥਾਂ ਵੱਲੋਂ ਤ੍ਰਿਪਤ ਹੁੰਦਾ ਹੈ। ਅਤੇ ਤੇਰੇ ਨਾਲ ਸੁਭਾਈ=ਸੁਭਾਵਕ ਭਾਵ ਸੌਖਾ ਹੀ ਮਿਲਣਾ ਹੁੰਦਾ ਹੈ॥ ੪॥ ੭॥ ੧੪॥

ਮਾਝ ਮਹਲਾ ੫ ॥

ਦੁਖੁ ਤਦੇ ਜਾ ਵਿਸਰਿ ਜਾਵੈ॥ ਭੁਖ ਵਿਆਪੈ ਬਹੁ ਬਿਧਿ ਧਾਵੈ॥

ਦੁਖ ਤਦ ਹੀ ਪ੍ਰਾਪਤ ਹੁੰਦਾ ਹੈ, ਜਾਂ ਪ੍ਰਮੇਸ਼ਰ ਦਾ ਨਾਮ ਭੁੱਲ ਜਾਵੇ।

ਯਥਾ- ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ *(ਪੰਨਾ ੧੩੫)*

ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਭੁੱਖ ਵਿਆਪਨੇ ਕਰਕੇ ਜੀਵ ਬਹੁਤ ਤਰ੍ਹਾਂ ਨਾਲ ਧਾਵੈ=ਦੌੜਦਾ ਹੈ।

ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ॥ ੧ ॥

ਜੋ ਪੁਰਸ਼ ਨਾਮ ਸਿਮਰਦਾ ਹੈ ਉਹ ਸਦਾ ਸੁਹੇਲਾ=ਸੁਖੀ ਹੈ। ਪਰ ਉਹ ਪੁਰਸ਼ ਨਾਮ ਸਿਮਰਦਾ ਹੈ ਦੀਨ ਦਿਆਲ ਪ੍ਰਮਾਤਮਾ ਜਿਸ ਨੂੰ ਦੇਂਦਾ ਹੈ॥ ੧॥

[ਪੰਨਾ ੯੯]

ਸਤਿਗੁਰੁ ਮੇਰਾ ਵਡ ਸਮਰਥਾ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ॥

ਮੇਰੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬੜੇ ਸਮਰੱਥ ਹਨ। ਉਨ੍ਹਾਂ ਦੁਆਰੇ ਜੀਅ ਵਿਚ ਨਾਮ ਜਪੀਏ ਤਾਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ॥ ੨ ॥

ਨਾਮ ਸਿਮਰਨ ਕਰਕੇ ਹਉਮੈ ਰੂਪੀ ਰੋਗ ਤੇ ਚਿੰਤਾ ਦੀ ਪੀੜਾ ਚਲੀ ਗਈ ਹੈ। ਅਤੇ ਇਹ ਨਿਸਚੇ ਹੋ ਗਿਆ ਹੈ ਕਿ ਉਹ ਪ੍ਰਮਾਤਮਾ ਆਪ ਹੀ ਸਾਰਿਆਂ ਦੀ ਪਾਲਨਾ ਕਰਦਾ ਹੈ॥ ੨॥

ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ॥ ਦੇਦੇ ਤੋਟਿ ਨਾਹੀ ਪ੍ਰਭ ਰੰਗਾ॥

ਬੱਚੇ ਵਾਂਗੂੰ ਮੈਂ ਸਭ ਕੁਝ ਪ੍ਰਮਾਤਮਾ ਤੋਂ ਮੰਗਦਾ ਹਾਂ। ਰੰਗਾ=ਆਨੰਦ ਰੂਪ ਪ੍ਰਭੂ ਨੂੰ ਦੇਂਦਿਆਂ ਹੋਇਆਂ ਕਈ ਘਾਟਾ ਨਹੀਂ ਪੈਂਦਾ।

ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ॥ ੩ ॥

ਦੀਨ ਦਿਆਲ ਜੋ ਗੁਪਾਲ ਹੈ ਉਸ ਦੇ ਚਰਨੀਂ ਪੈ ਪੈ ਕੇ ਉਸ ਨੂੰ ਬਹੁਤ ਮਨਾਂਵਦਾ ਭਾਵ ਪੂਜਦਾ ਹਾਂ॥ ੨॥

ਹਉ ਬਲਿਹਾਰੀ ਸਤਿਗੁਰ ਪੂਰੇ॥ ਜਿਨਿ ਬੰਧਨ ਕਾਟੇ ਸਗਲੇ ਮੇਰੇ॥

ਪੂਰਿਆਂ ਸਤਿਗੁਰਾਂ ਤੋਂ ਮੈਂ ਬਲਿਹਾਰ ਕੁਰਬਾਣ ਜਾਂਦਾ ਹਾਂ। ਜਿਸ ਪੂਰੇ ਗੁਰੂ ਨੇ ਮੇਰੇ ਸਾਰੇ ਸੰਸਾਰਕ ਬੰਧਨ ਕੱਟ ਦਿੱਤੇ ਹਨ।

ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪ ॥੮ ॥੧੫ ॥

ਹਿਰਦੇ ਵਿਚ ਨਾਮ ਦਾਨ ਦੇ ਕੇ ਮਨ ਬੁੱਧੀ ਆਦਿਕ ਸਭ ਨਿਰਮਲ ਕਰ ਦਿੱਤੇ ਹਨ। ਅਤੇ ਰਸਾਲਾ= ਸੁੰਦਰ ਰੰਗਿ=ਆਨੰਦ ਦਿੱਤਾ ਹੈ॥ ੪॥ ੮॥ ੧੫॥

ਮਾਝ ਮਹਲਾ ੫ ॥

ਲਾਲ ਗੋਪਾਲ ਦਇਆਲ ਰੰਗੀਲੇ ॥ ਗਹਿਰ ਗੰਭੀਰ ਬੇਅੰਤ ਗੋਵਿੰਦੇ ॥

ਹੇ ਲਾਲ=ਪਿਆਰੇ ਗੋਪਾਲ! ਲਾਲ ਵੱਤ ਬੇਕੀਮਤੇ ਆਪ ਰੰਗੀਲੇ ਦਿਆਲੂ ਹੋ। ਗਹਿਰ=ਡੂੰਘੇ ਗੰਭੀਰ=ਨਿਰਹੱਲ, ਬਿਅੰਤ ਗੁਣਾਂ ਸਪੰਨ ਗੋ=ਵੇਦਾਂ ਕਰਕੇ ਵਿੰਦੇ=ਜਾਨਣੇ ਜੋਗ ਹੋ।

ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ ॥ ੧ ॥

ਸਾਰਿਆਂ ਤੋਂ ਉੱਚੇ ਹੋ, ਅਥਾਹ=ਹਾਥ ਸੇ ਰਹਿਤ ਹੋ, ਬਿਅੰਤ ਗੁਣਾਂ ਸਪੰਨ ਹੋ, ਸਾਰਿਆਂ ਦੇ ਸੁਆਮੀ ਹੋ। ਮੈਂ ਆਪ ਜੀ ਨੂੰ ਸਿਮਰ ਸਿਮਰ ਕੇ ਜੀਉਂਦਾ ਹਾਂ॥ ੧॥

ਦੁਖ ਭੰਜਨ ਨਿਧਾਨ ਅਮੋਲੇ ॥ ਨਿਰਭਉ ਨਿਰਵੈਰ ਅਥਾਹ ਅਤੋਲੇ ॥

ਦੁਖਾਂ ਦੇ ਨਾਸ ਕਰਨ ਵਾਲੇ ਹੋ, ਨਿਧੀਆਂ ਦੇ ਖਜ਼ਾਨੇ ਹੋ, ਅਮੋਲਕ ਹੋ। ਭੈ ਰਹਿਤ ਹੋ, ਵੈਰ ਤੋਂ ਰਹਿਤ ਹੋ, ਅਥਾਹ=ਹਾਥ ਰਹਿਤ ਹੋ, ਤੋਲਨੇ ਸੇ ਰਹਿਤ ਹੋ।

ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ ॥ ੨ ॥

ਅਕਾਲ ਸਰੂਪ ਹੋ, ਜੂਨੀਆਂ ਤੋਂ ਰਹਿਤ ਹੋ, ਸੰਭੌ=ਸੁਤੇ ਪ੍ਰਕਾਸ਼ ਰੂਪ ਹੋ, ਆਪ ਜੀ ਨੂੰ ਸਿਮਰ ਕੇ ਮੇਰਾ ਮਨ ਸੀਤਲ ਹੁੰਦਾ ਹੈ॥ ੨॥

ਸਦਾ ਸੰਗੀ ਹਰਿ ਰੰਗ ਗੋਪਾਲਾ ॥ ਊਚ ਨੀਚ ਕਰੇ ਪ੍ਰਤਿਪਾਲਾ ॥

ਹੇ ਹਰੀ ਗੋਪਾਲ! ਰੰਗ-ਪ੍ਰੇਮ ਕਰਨ ਵਾਲਿਆਂ ਦੇ ਆਪ ਸਦਾ ਅੰਗ ਸੰਗ ਹੋ।

ਊਚ ਨੀਚ ਆਦਿਕ ਸਭ ਜੀਆਂ ਦੀ ਪਾਲਨਾ ਕਰਨ ਵਾਲੇ ਹੋ।

ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥ ੩ ॥

ਹੇ ਰਸਾਂ ਦੇ ਘਰ ਵਾਹਿਗੁਰੂ! ਆਪ ਜੀ ਦਾ ਨਾਮ ਹੀ ਮਨ ਨੂੰ ਤ੍ਰਿਪਤ ਕਰਨ ਵਾਲਾ ਹੈ, ਉਸ ਨਾਮ ਅੰਮ੍ਰਿਤ ਨੂੰ ਮੈਂ ਗੁਰਾਂ ਦੁਆਰੇ ਪੀਂਦਾ ਹਾਂ॥ ੩॥

ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥ ਏਹ ਸੁਮਤਿ ਗੁਰੂ ਤੇ ਪਾਈ ॥

ਹੇ ਪਿਆਰੇ ਵਾਹਿਗੁਰੂ! ਦੁਖ ਸੁਖ ਵਿਚ ਮੈਂ ਆਪ ਜੀ ਨੂੰ ਹੀ ਧਿਆਉਂਦਾ ਹਾਂ, ਪਰ ਇਹ ਸ਼ੁਭ ਮਤੀ ਮੈਨੇ ਸਤਿਗੁਰਾਂ ਪਾਸੋਂ ਪਾਣਾ ਕੀਤੀ ਹੈ।

ਨਾਨਕ ਕੀ ਧਰ ਤੂੰਹੈ ਠਾਕੁਰ
ਹਰਿ ਰੰਗਿ ਪਾਰਿ ਪਰੀਵਾਂ ਜੀਉ ॥ ੪ ॥ ੯ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ-ਹੇ ਠਾਕੁਰ! ਮੇਰਾ ਧਰ=ਆਸਰਾ ਇਕ ਤੂੰ ਹੀ ਹੈਂ,

ਹੇ ਹਰੀ ! ਤੇਰੇ ਰੰਗਿ=ਪ੍ਰੇਮ ਕਰਕੇ ਸੰਸਾਰ ਸਾਗਰ ਤੋਂ ਪਾਰ ਪਵਾਂਗਾ॥ ੪॥ ੯॥ ੧੬॥

ਮਾਝ ਮਹਲਾ ੫ ॥

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥
ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥

ਉਹ ਵੇਲਾ ਧੰਨਤਾ ਜੋਗ ਹੈ-ਜਿਸ ਵੇਲੇ ਮੈਂ ਸਤਿਗੁਰਾਂ ਨਾਲ ਮਿਲਿਆ ਹਾਂ। ਗੁਰੂ ਜੀ ਦੇ ਸਫਲ ਦਰਸ਼ਨ ਨੂੰ ਅੱਖਾਂ ਨਾਲ ਵੇਖਦਿਆਂ ਹੀ ਤਰ ਗਿਆ ਹਾਂ।

ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥ ੧ ॥

ਉਹ ਮੂਰਤ=ਦੋ ਘੜੀਆਂ, ਚਸਾਂ ਭਰ, ਪਲ ਭਰ, ਇਕ ਘੜੀ ਭੀ ਧੰਨਤਾ ਦੇ ਯੋਗ ਹੈ। ਉਹ ਕਰਮ ਭੀ ਧੰਨਤਾ ਯੋਗ ਹੈ ਜਿਸ ਦੁਆਰਾ ਗੁਰਾਂ ਨਾਲ ਸੰਜੋਗਾ=ਮਿਲਾਪ ਹੋਇਆ ਹੈ॥ ੧ ॥

ਉਦਮੁ ਕਰਤ ਮਨੁ ਨਿਰਮਲੁ ਹੋਆ ॥
ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥

ਗੁਰਾਂ ਵੱਲ ਜਾਣ ਦਾ ਉੱਦਮ ਕਰਦਿਆਂ ਹੀ ਮੇਰਾ ਮਨ ਨਿਰਮਲ ਹੋ ਗਿਆ ਹੈ। ਗੁਰਾਂ ਦੇ ਦੱਸੇ ਹੋਏ ਹਰੀ ਦੇ ਗਿਆਨ ਰਸਤੇ ਉੱਪਰ ਚਲਣ ਕਰਕੇ ਸਾਰਾ ਭਰਮ ਖੋਇਆ=ਨਾਸ ਹੋ ਗਿਆ ਹੈ।

ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥ ੨ ॥

ਧੰਨ ਸਤਿਗੁਰ ਦੇਵ ਜੀ ਹਨ, ਜਿਨ੍ਹਾਂ ਨੇ ਨਿਧੀਆਂ ਦਾ ਵਾ ਸੁਖਾਂ ਦਾ ਖਜ਼ਾਨਾ ਨਾਮ ਸੁਣਾਇਆ ਹੈ। ਨਾਮ ਸੁਨਣ ਨਾਲ ਸਾਰੇ ਰੋਗ ਮਿਟ ਗਏ ਹਨ॥ ੨ ॥

ਅੰਤਰਿ ਬਾਹਰਿ ਤੇਰੀ ਬਾਣੀ ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥

ਅੰਦਰ ਬਾਹਰ ਜੋ ਭੀ ਬਾਣੀ=ਬਨਾਵਟ ਹੈ ਉਹ ਸਭ ਤੇਰੀ ਹੈ। ਵਾ ਅੰਦਰਲੀ ਬਾਣੀ ਬੇਦ ਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ। ਬਾਹਰਲੀ ਬਾਣੀ ਚਿੱਠੇ ਆਦਿਕ ਹੋਰਨਾਂ ਕਵੀਆਂ ਦੀ ਇਹ ਸਭ ਤੇਰੀ ਹੈ। ਵਾ ਅੰਦਰਲੀ ਬਾਣੀ ਸਤਿਨਾਮੁ, ਬਾਹਰਲੀ ਬਾਣੀ ਕਿਰਤਮ ਨਾਮ ਇਹ ਸਭ ਤੇਰੀ ਹੈ। ਵਾ ਅੰਦਰਲੀ ਬਾਣੀ ਪਰਾ ਪਸੰਤੀ ਮਧਮਾ ਤੇ ਬਾਹਰਲੀ ਬਾਣੀ ਬੈਖਰੀ ਇਹ ਸਭ ਆਪ ਦੀ ਹੈ। ਪਿੱਛੇ ਤੈਨੇ ਆਪ ਕਥਨ ਕੀਤੀ ਸੀ, ਹੁਣ ਤੈਨੇ ਆਪ ਕਥਨ ਕੀਤੀ ਹੈ।

ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥ ੩ ॥

ਗੁਰੂ ਜੀ ਨੇ ਕਿਹਾ ਹੈ ਪਿੱਛੇ ਇੱਕ ਸੀ, ਹੁਣ ਭੀ ਸਾਰੇ ਇੱਕ ਪ੍ਰਮਾਤਮਾ ਹੈ, ਅਤੇ ਅੱਗੇ ਭੀ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੋਵੇਗਾ॥ ੩ ॥

ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ ਹਰਿ ਪੈਨਣੁ ਨਾਮੁ ਭੋਜਨੁ ਥੀਆ ॥

ਅਸਾਂ ਨੇ ਗੁਰਾਂ ਪਾਸੋਂ ਹਰੀ ਨਾਮ ਅੰਮ੍ਰਿਤ ਰਸ ਪੀਤਾ ਹੈ। ਹਰੀ ਨਾਮ ਰੂਪ ਬਸਤਰਾਂ ਨੂੰ ਪਹਿਨਿਆ ਹੈ ਅਤੇ ਹਰੀ ਨਾਮ ਰੂਪ ਭੋਜਨ ਨੂੰ ਛਕਣਾ ਕੀਤਾ ਹੈ।

ਨਾਮਿ ਰੰਗ ਨਾਮਿ ਚੋਜ ਤਮਾਸੇ
.ਨਾਉ ਨਾਨਕ ਕੀਨੇ ਭੋਗਾ ਜੀਉ ॥ ੪ ॥ ੧੦ ॥ ੧੭ ॥

ਜਿਸ ਨਾਮੀ ਦੇ ਚੋਜ=ਅਸਚਰਜ ਤਮਾਸ਼ੇ ਹਨ, ਉਸ ਨਾਮੀ ਵਿਚ ਰੰਗ=ਪ੍ਰੇਮ ਕਰਕੇ ਉਸ ਦੇ ਨਾਮ ਦਾ ਅਨੰਦ ਭੋਗਨਾ ਕੀਤਾ ਹੈ॥ ੪॥ ੧੦॥ ੧੭॥

ਮਾਝ ਮਹਲਾ ੫ ॥ ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥
ਕਰਉ ਬਿਨੰਤੀ ਮਾਨੁ ਤਿਆਗਉ ॥

ਹੇ ਹਰੀ ! ਮੈਂ ਆਪ ਜੀ ਪਾਸੋਂ ਇੱਕ ਵਸਤੂ ਮੰਗਦਾ ਹਾਂ, ਜੋ ਸਾਰਿਆਂ ਸੰਤਾਂ ਪਾਸ ਹੈ ਨਾਮ ਵਾ ਚਰਨ ਧੂੜੀ ਰੂਪੀ। ਮਾਇਆ ਦਾ ਮਾਨ ਤਿਆਗ ਕੇ ਮੈਂ ਆਪ ਜੀ ਪਾਸ ਬੇਨਤੀ ਕਰਦਾ ਹਾਂ।

ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥ ੧ ॥

ਆਪ ਜੀ ਤੋਂ ਲੱਖਾਂ ਵਾਰੀ ਬਲਿਹਾਰ ਕੁਰਬਾਨ ਜਾਂਦਾ ਹਾਂ, ਆਪ ਕਿਰਪਾ ਕਰਕੇ ਸੰਤਾਂ ਦੀ ਚਰਨ ਧੂੜੀ ਦਿਓ॥ ੧ ॥

ਤੁਮ ਦਾਤੇ ਤੁਮ ਪੁਰਖ ਬਿਧਾਤੇ ॥ ਤੁਮ ਸਮਰਥ ਸਦਾ ਸੁਖਦਾਤੇ ॥

ਆਪ ਸਾਰਿਆਂ ਦੇ ਦਾਤੇ ਹੋ। ਆਪ ਫਲਬਰ ਦਾਤੇ ਪੁਰਖ ਹੋ, ਅਰਥਾਤ ਪੁਰਖਾਂ ਦੇ ਕੀਤੇ ਹੋਏ ਕਰਮਾਂ ਦਾ ਫਲ ਦੇਣ ਵਾਲੇ ਹੋ, ਆਪ ਸਰਬ ਸ਼ਕਤੀਵਾਨ ਹੋ, ਅਤੇ ਸਦੀਵ ਕਾਲ ਸੁਖਾਂ ਦੇ ਦਾਤੇ ਹੋ।

ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ ॥ ੨ ॥

ਸਭ ਕੋਈ ਆਪ ਜੀ ਤੋਂ ਵਰਸਾਂਵਦਾ (ਦਾਨ ਪਾਉਂਦਾ) ਹੈ। ਇਸ ਮਨੁੱਖ ਜਨਮ ਦੀ ਪਰਾਪਤੀ ਦਾ ਅਉਸਰੁ=ਸਮਾਂ ਸਾਡਾ ਪੂਰਾ ਭਾਵ ਸਫਲਾ ਕਰੋ। ਵਾ:-ਇਸ ਵੇਲੇ ਦਾ ਸੁਆਲ ਸਾਡਾ ਪੂਰਾ ਕਰੋ॥ ੨ ॥

ਦਰਸਨਿ ਤੇਰੈ ਭਵਨ ਪੁਨੀਤਾ ॥ ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥

ਆਪ ਜੀ ਦੇ ਦਰਸ਼ਨ ਕਰਕੇ ਜਿਨ੍ਹਾਂ ਦਾ ਭਵਨ=ਸਰੀਰ ਪਵਿੱਤਰ ਹੋਇਆ ਹੈ। ਉਨ੍ਹਾਂ ਹੀ ਪੁਰਸ਼ਾਂ ਨੇ ਬਿਖਮੁ=ਕਠਨ ਆਤਮ ਗੜੁ=ਮਨ ਜਿੱਤਣਾ ਕੀਤਾ ਹੈ।

ਵਾ-ਮਨ ਰੂਪੀ ਕਠਨ ਕਿਲ੍ਹੇ ਨੂੰ ਜਿੱਤਣਾ ਕੀਤਾ ਹੈ।

ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥ ੩ ॥

ਹੇ ਹਰੀ ! ਆਪ ਸਾਰਿਆਂ ਦੇ ਦਾਤੇ ਹੋ, ਪੁਨਾ ਆਪ ਫਲਬਰ ਦਾਤੇ ਪੁਰਖ ਹੋ। ਆਪ ਜੈਸਾ ਹੋਰ ਕੋਈ ਸੂਰਬੀਰ ਨਹੀਂ ਹੈ॥ ੩ ॥

[ਪੰਨਾ ੧੦੦]

ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥

ਹੇ ਹਰੀ ! ਜਦ ਦੀ ਆਪ ਜੀ ਦੇ ਸੰਤਾਂ ਦੀ ਚਰਨ ਧੂੜੀ ਮੇਰੇ ਮੂੰਹ ਉੱਪਰ ਲਗੀ ਹੈ। ਤਦ ਅਭਾਗੀ=ਖੋਟਿਆਂ ਪਾਗਾਂ ਵਾਲੀ ਦੁਰ+ਮਤਿ=ਖੋਟੀ ਸਿੱਖਿਆ ਦੇਣ ਵਾਲੀ ਕੁਬੁੱਧੀ ਬਿਨਸ ਗਈ ਹੈ।

ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ ॥੪ ॥੧੧ ॥੧੮ ॥

ਸੱਚੇ ਸਤਸੰਗਤ ਰੂਪੀ ਘਰ ਵਿਖੇ ਬੈਠ ਰਹੇ ਹਾਂ। ਜਦ ਤੇਰੇ ਗੁਣ ਗਾਏ ਤਾਂ ਕਾਮ ਆਦਿਕਾਂ ਦਾ ਕੂੜਾ ਬਿਨਸ ਗਿਆ॥ ੪ ॥ ੧੧ ॥ ੧੮ ॥

ਮਾਝ ਮਹਲਾ ੫ ॥

ਵਿਸਰੁ ਨਾਹੀ ਏਵਡ ਦਾਤੇ ॥ ਕਰਿ ਕਿਰਪਾ ਭਗਤਨ ਸੰਗਿ ਰਾਤੇ ॥

ਹੇ ਏਡੇ ਵੱਡੇ ਦਾਤੇ ਪ੍ਰਮਾਤਮਾ ! ਆਪ ਵਿਸਰਨਾ ਨਾ ਕਰੋ। ਇਹ ਕਿਰਪਾ ਕਰੋ, ਜੋ ਭਗਤਾਂ ਨਾਲ ਤਦਾਕਾਰ ਹੋਇ ਰਹੀਏ।

ਦਿਨਸੁ ਰੈਣਿ ਜਿਉ ਤੁਧੁ ਧਿਆਈ ਏਹੁ ਦਾਨੁ ਮੋਹਿ ਕਰਣਾ ਜੀਉ ॥ ੧ ॥

ਕਰਣਾ=ਕਿਰਪਾ ਕਰਕੇ ਮੈਨੂੰ ਇਹ ਦਾਨ ਦਿਓ, ਜਿਵੇਂ ਰਾਤ ਦਿਨ ਮੈਂ ਆਪ ਜੀ ਨੂੰ ਧਿਆਉਣਾ ਕਰਾਂ॥ ੧ ॥

ਮਾਟੀ ਅੰਧੀ ਸੁਰਤਿ ਸਮਾਈ ॥ ਸਭ ਕਿਛੁ ਦੀਆ ਭਲੀਆ ਜਾਈ ॥

ਮਾਟੀ=ਦੇਹ ਅੰਧੀ=ਜੜ੍ਹ ਹੈ ਇਸ ਵਿਖੇ ਆਪ ਦੀ ਸੁਰਤਿ=ਚੇਤਨ ਸੱਤਾ ਸਮਾ ਰਹੀ ਹੈ। ਸਭ ਕੁਝ ਪਦਾਰਥ ਅਤੇ ਚੰਗੀਆਂ ਜਾਈ=ਜਗਾਂ ਆਪ ਨੇ ਦਿੱਤੀਆਂ ਹੋਈਆਂ ਹਨ।

ਅਨਦ ਬਿਨੋਦ ਚੋਜ ਤਮਾਸੇ ਤੁਧੁ ਭਾਵੈ ਸੋ ਹੋਣਾ ਜੀਉ ॥ ੨ ॥

ਹੇ ਅਨੰਦ ਦਾਇਕ ਬਿਨੋਦ=ਕੌਤਕਾਂ ਦੇ ਕਰਨ ਵਾਲੇ ਪ੍ਰਮਾਤਮਾ ! ਜਿਸ ਆਪ ਦੇ ਚੋਜ=ਅਸਚਰਜ ਤਮਾਸ਼ੇ ਹਨ ਜੋ ਆਪ ਜੀ ਨੂੰ ਭਾਉਂਦਾ ਹੈ ਉਹੀ ਕੁਝ ਹੁੰਦਾ ਹੈ॥ ੨ ॥

ਜਿਸ ਦਾ ਦਿਤਾ ਸਭੁ ਕਿਛੁ ਲੈਣਾ ॥ ਛਤੀਹ ਅੰਮ੍ਰਿਤ ਭੋਜਨੁ ਖਾਣਾ ॥

ਜਿਸ ਆਪ ਜੀ ਦਾ ਦਿੱਤਾ ਹੋਇਆ ਅਸੀਂ ਸਭ ਕਿਛ ਲੈਣਾ ਕਰਦੇ ਹਾਂ। ਅਤੇ ਛੱਤੀ ਪ੍ਰਕਾਰ ਦੇ ਅੰਮ੍ਰਿਤ ਭੋਜਨ ਖਾਣਾ ਕਰਦੇ ਹਾਂ।

ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ ॥ ੩ ॥

ਸੁਖਦਾਇਕ ਚੰਗੀਆਂ ਸਿਹਜਾ ਉੱਤੇ ਸੌਂਦੇ ਹਾਂ, ਠੰਡੀਆਂ ਹਵਾਵਾਂ ਲੈਂਦੇ ਹਾਂ, ਸਹਜ=ਸੁਤੇ ਸਿੱਧ ਕੇਲ=ਖੁਸ਼ੀਆਂ ਪੂਰਬਕ ਰੰਗ=ਆਨੰਦ ਲੈਣਾ ਕਰਦੇ ਹਾਂ॥ ੩ ॥

ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥
ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥

ਮੈਨੂੰ ਸਾ=ਉਹ ਬੁੱਧੀ ਦਿਓ, ਜਿਸ ਕਰਕੇ ਆਪ ਵਿਸਰੋ ਨਾ ਅਤੇ ਉਹ ਮਤਿ=ਅਕਲ ਦਿਓ, ਜਿਸ ਕਰਕੇ ਸਦਾ ਆਪ ਜੀ ਨੂੰ ਧਿਆਉਂਦਾ ਰਵ੍ਹਾਂ।

ਸਾਸ ਸਾਸ ਤੇਰੇ ਗੁਣ ਗਾਵਾ
ਓਟ ਨਾਨਕ ਗੁਰ ਚਰਣਾ ਜੀਉ ॥ ੪ ॥ ੧੨ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ-ਇਹ ਕਿਰਪਾ ਕਰੋ, ਗੁਰ ਚਰਨਾਂ ਦੀ ਓਟ ਲੈ ਕੇ ਅੰਦਰ ਸ੍ਵਾਸ ਜਾਂਦਿਆਂ ਬਾਹਰ ਸ੍ਵਾਸ ਆਉਂਦਿਆਂ ਤੇਰੇ ਗੁਣ ਗਾਂਵਦਾ ਰਹਾਂ॥ ੪॥ ੧੨॥ ੧੯॥

ਮਾਝ ਮਹਲਾ ੫॥

ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥
ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥

ਹੇ ਰਜਾਈ ਪ੍ਰਮਾਤਮਾ ! ਤੇਰਾ ਹੁਕਮ ਮੰਨਦੇ ਹਾਂ ਅਤੇ ਤੇਰੀ ਸਿਫਤ ਦਾ ਸਲਾਹੁਣਾ ਕਰਦੇ ਹਾਂ। ਓਹੀ ਗਿਆਨ ਧਿਆਨ ਕੀਤਾ ਸਫਲਾ ਹੈ ਜੋ ਆਪ ਜੀ ਨੂੰ ਭਾਉਂਦਾ ਹੈ।

ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ॥ ੧॥

ਹੇ ਪ੍ਰਭ ਜੀ ! ਜੋ ਆਪ ਜੀ ਨੂੰ ਭਾਂਵਦਾ ਹੈ ਓਹੀ ਜਪ ਕੀਤਾ ਸਫਲਾ ਹੈ। ਤੇਰੇ ਭਾਣੇ ਦੇ ਮੰਨਣ ਕਰਕੇ ਪੂਰਨ ਗਿਆਨ ਦੀ ਪ੍ਰਾਪਤੀ ਹੁੰਦੀ ਹੈ॥ ੧॥

ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ॥ ਜੋ ਸਾਹਿਬ ਤੇਰੈ ਮਨਿ ਭਾਵੈ॥

ਆਪ ਦਾ ਜੋ ਨਾਮ ਅੰਮ੍ਰਿਤ ਰੂਪ ਹੈ ਉਸਨੂੰ ਓਹੀ ਮਨੁੱਖ ਗਾਂਵਦਾ ਹੈ। ਹੇ ਸਾਹਿਬ ! ਜੋ ਤੇਰੇ ਮਨ ਵਿਖੇ ਭਾਉਂਦਾ ਹੈ।

ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ॥ ੨॥

ਤੂੰ ਸੰਤਾਂ ਦਾ ਸੁਆਮੀ ਹੈਂ, ਸੰਤ ਤੇਰੇ ਦਾਸ ਹਨ, ਹੇ ਸਾਹਿਬ ! ਸੰਤਾਂ ਦਾ ਤੇਰੇ ਉੱਪਰ ਮਨ ਮੰਨਿਆ ਹੋਇਆ ਹੈ॥ ੨॥

ਤੂੰ ਸੰਤਨ ਕੀ ਕਰਹਿ ਪ੍ਰਤਿਪਾਲਾ॥ ਸੰਤ ਖੇਲਹਿ ਤੁਮ ਸੰਗਿ ਗੋਪਾਲਾ॥

ਤੂੰ ਸੰਤਾਂ ਦੀ ਹਰ ਤਰ੍ਹਾਂ ਪ੍ਰਤਿਪਾਲਾ ਕਰਦਾ ਹੈਂ। ਹੇ ਗੋਪਾਲ ! ਸੰਤ ਤੇਰੇ ਨਾਲ ਹੀ ਖੇਡ ਰਹੇ ਹਨ।

ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂ ਸੰਤਨ ਕੇ ਪ੍ਰਾਨਾ ਜੀਉ॥ ੩॥

ਨਾਮ ਜਪਣ ਵਾਲੇ ਤੇਰੇ ਆਪਣੇ ਸੰਤ ਤੈਨੂੰ ਖਰੇ=ਚੰਗੇ (ਬਹੁਤ) ਪਿਆਰੇ ਲਗਦੇ ਹਨ। ਤੂੰ ਸੰਤਾਂ ਦੇ ਪ੍ਰਾਣਾਂ ਦਾ ਆਸਰਾ ਰੂਪ ਹੈਂ॥ ੩॥

ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ॥ ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ॥

ਉਨ੍ਹਾਂ ਸੰਤਾਂ ਦੇ ਉਤੋਂ ਮੇਰਾ ਮਨ ਬਲਿਹਾਰ ਕੁਰਬਾਨ ਜਾਂਦਾ ਹੈ। ਜਿਨ੍ਹਾਂ ਨੇ ਤੈਨੂੰ ਜਾਣਿਆ ਹੈ, ਅਤੇ ਜੋ ਤੇਰੇ ਮਨ ਵਿਖੇ ਭਾਂਵਦੇ ਹਨ।

ਤਿਨ ਕੈ ਸੰਗਿ ਸਦਾ ਸੁਖੁ ਪਾਇਆ
ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ॥ ੪॥ ੧੩॥ ੨੦॥

ਤਿਨ੍ਹਾਂ ਸੰਤਾਂ ਦੇ ਸੰਗ ਕਰਕੇ ਮੈਂਨੇ ਨਿੱਤ ਸੁਖ ਪਾਇਆ ਹੈ, ਅਤੇ ਗੁਰੂ ਜੀ ਕਥਨ ਕਰਦੇ ਹਨ-ਹਰੀ ਰਸ ਲੈ ਕੇ ਲੋਕ ਪ੍ਰਲੋਕ ਦੇ ਪਦਾਰਥਾਂ ਵਲੋਂ ਮਨ ਤ੍ਰਿਪਤ ਹੋ ਕੇ ਰੱਜ ਗਿਆ ਹੈ॥ ੪॥ ੧੩॥ ੨੦॥

ਮਾਝ ਮਹਲਾ ੫ ॥

ਤੂੰ ਜਲਨਿਧਿ ਹਮ ਮੀਨ ਤੁਮਾਰੇ ॥
ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ ॥

ਹੇ ਹਰੀ ! ਤੂੰ ਜਲਨਿਧਿ=ਸਮੁੰਦ੍ਰ ਰੂਪ ਹੈਂ, ਅਸੀਂ ਤੇਰੇ ਵਿਚ ਮੀਨ=ਮੱਛ ਵੱਤ ਹਾਂ। ਆਪ ਦਾ ਨਾਮ ਸਵਾਂਤੀ ਬੂੰਦ ਹੈ, ਅਸੀਂ ਉਸ ਦੀ ਤ੍ਰੇਹ ਵਾਲੇ ਪਪੀਹੇ ਵੱਤ ਹਾਂ।

ਤੁਮਰੀ ਆਸ ਪਿਆਸਾ ਤੁਮਰੀ ਤੁਮ ਹੀ ਸੰਗਿ ਮਨੁ ਲੀਨਾ ਜੀਉ ॥ ੧ ॥

ਮਨ ਕਰ ਕੇ ਆਪ ਦੀ ਆਸਾ ਹੈ, ਤਨ ਕਰਕੇ ਆਪ ਜੀ ਦੇ ਦਰਸ਼ਨਾਂ ਦੀ ਪਿਆਸਾ ਹੈ, ਆਪ ਜੀ ਦੇ ਨਾਲ ਹੀ ਮੇਰਾ ਮਨ ਲੀਣ ਹੋ ਰਿਹਾ ਹੈ॥ ੧ ॥

ਜਿਉ ਬਾਰਿਕੁ ਪੀ ਖੀਰੁ ਅਘਾਵੈ ॥ ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥

ਜਿਵੇਂ ਬਾਲਕਾ ਮਾਂ ਦਾ ਖੀਰੁ-ਦੁੱਧ ਪੀ ਕੇ ਰੱਜਦਾ ਹੈ। ਜਿਵੇਂ ਕੰਗਾਲ ਧਨ ਨੂੰ ਵੇਖ ਕੇ ਸੁਖ ਪਾਂਦਾ ਹੈ।

ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥੨ ॥

ਜਿਵੇਂ ਤਿਹਾਇਆ (ਪਿਆਸਾ) ਪੁਰਸ਼ ਠੰਢਾ ਪਾਣੀ ਪੀ ਕੇ ਖੁਸ਼ ਹੁੰਦਾ ਹੈ, ਤਿਵੇਂ ਹਰੀ ਨਾਲ ਇਹ ਮਨ ਭਿੱਜਾ ਹੋਇਆ ਆਨੰਦ ਹੁੰਦਾ ਹੈ॥ ੨ ॥

ਜਿਉ ਅੰਧਿਆਰੈ ਦੀਪਕੁ ਪਰਗਾਸਾ ॥ ਭਰਤਾ ਚਿਤਵਤ ਪੂਰਨ ਆਸਾ ॥

ਜਿੰਵੇਂ ਹਨੇਰੇ ਵਿਚ ਦੀਪਕ ਪ੍ਰਕਾਸ਼ਨੇ ਕਰਕੇ ਆਨੰਦ ਹੁੰਦਾ ਹੈ। ਜਿਵੇਂ ਪਤੀ ਪ੍ਰਦੇਸ ਗਿਆ ਹੋਵੇ ਤੇ ਇਸਤ੍ਰੀ ਪਤੀ ਨੂੰ ਚਿਤਵ ਚਿਤਵ ਕੇ ਆਸਾ ਪੂਰਨ ਕਰਕੇ ਪਤੀ ਨੂੰ ਦੇਖਕੇ ਅਨੰਦ ਹੁੰਦੀ ਹੈ।

ਮਿਲਿ ਪ੍ਰੀਤਮ ਜਿਉ ਹੋਤ ਅਨੰਦਾ
ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥ ੩ ॥

ਜਿਵੇਂ ਪ੍ਰੀਤਮ, ਪ੍ਰੀਤਮ ਨਾਲ ਮਿਲ ਕੇ ਆਨੰਦ ਹੁੰਦਾ ਹੈ ! ਤਿਵੇਂ ਮੇਰਾ ਮਨ ਹਰੀ ਦੇ ਰੰਗ ਵਿਖੇ ਰੰਗਿਆ ਹੋਇਆ ਆਨੰਦ ਹੋ ਰਿਹਾ ਹੈ॥ ੩ ॥

ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥
ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥

ਸੰਤਾਂ ਨੇ ਕਿਰਪਾ ਕਰਕੇ ਹੇ ਹਰੀ ! ਮੈਨੂੰ ਤੇਰੇ ਰਸਤੇ ਪਾਇਆ ਹੈ। ਕ੍ਰਿਪਾਲੂ ਸੰਤਾਂ ਨੇ ਹੇ ਹਰੀ ! ਤੇਰੇ ਨਾਲ ਗਿਝਾਇਆ ਹੈ। ਵਾ ਪ੍ਰੋਖ ਭੀ ਲਗਦਾ ਹੈ, ਸੰਤਾਂ ਨੇ ਮੈਨੂੰ ਹਰੀ ਦੇ ਰਸਤੇ ਪਾਇਆ ਹੈ। ਕ੍ਰਿਪਾਲੂ ਸੰਤਾਂ ਨੇ ਹਰੀ ਨਾਲ ਗਿਝਾਇਆ ਹੈ।

ਹਰਿ ਹਮਰਾ ਹਮ ਹਰਿ ਕੇ ਦਾਸੇ
ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥ ੪ ॥ ੧੪ ॥ ੨੧ ॥

ਹੇ ਹਰੀ ! ਤੂੰ ਸਾਡਾ ਸੁਆਮੀ ਹੈਂ, ਹੇ ਹਰੀ ! ਅਸੀਂ ਆਪ ਜੀ ਦੇ ਦਾਸ ਹਾਂ, ਜੇਕਰ ਪ੍ਰੀਖ ਕਰਨਾ ਹੋਵੇ ਤਾਂ ਇੰਞ ਕਰਨਾ:-ਹਰੀ ਹਮਾਰਾ ਸੁਆਮੀ ਹੈ, ਅਸੀਂ ਹਰੀ ਦੇ ਦਾਸ ਹਾਂ, ਸੱਚ ਦੀ ਪ੍ਰਾਪਤੀ ਦਾ ਉਪਦੇਸ਼ ਗੁਰਾਂ ਨੇ ਦਿੱਤਾ ਹੈ॥ ੪॥ ੧੪॥ ੨੧॥

ਮਾਝ ਮਹਲਾ ੫॥

ਅੰਮ੍ਰਿਤ ਨਾਮੁ ਸਦਾ ਨਿਰਮਲੀਆ॥ ਸੁਖਦਾਈ ਦੂਖ ਬਿਡਾਰਨਹਰੀਆ॥

ਹਰੀਆ=ਹਰੀ ਦਾ ਨਾਮ ਅੰਮ੍ਰਿਤ ਸਦਾ ਨਿਰਮਲ ਹੈ। ਸੁਖਾਂ ਦੇ ਦੇਣ ਵਾਲਾ ਹੈ, ਅਤੇ ਦੁਖਾਂ ਦੇ ਬਿਡਾਰਨ=ਅਭਾਵ ਕਰਨ ਵਾਲਾ ਹੈ।

ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥ ੧॥

ਦੁਨੀਆਂ ਦੇ ਹੋਰ ਸਾਰੇ ਸੁਆਦ ਚੱਖ ਵੇਖੇ ਹਨ, ਪ੍ਰੰਤੂ ਮਨ ਵਿਖੇ ਹਰੀ ਨਾਮ ਰਸ ਸਾਰਿਆਂ ਤੋਂ ਮਿੱਠਾ ਲੱਗਾ ਹੈ॥ ੧॥

[ਪੰਨਾ ੧੦੧]

ਜੋ ਜੋ ਪੀਵੈ ਸੋ ਤ੍ਰਿਪਤਾਵੈ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ॥

ਨਾਮ ਅੰਮ੍ਰਿਤ ਨੂੰ ਜੇਹੜਾ ਜੇਹੜਾ ਮਨੁੱਖ ਪੀਂਦਾ ਹੈ ਓਹੀ ਤ੍ਰਿਪਤ ਹੁੰਦਾ ਹੈ। ਅਤੇ ਜੋ ਨਾਮ ਰਸ ਨੂੰ ਪਾਂਵਦਾ ਹੈ ਉਹ ਜਨਮ ਮਰਨ ਤੋਂ ਰਹਿਤ ਹੁੰਦਾ ਹੈ।

ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥ ੨॥

ਨਾਮ ਰੂਪ ਨਿਧਾਨ=ਖਜ਼ਾਨਾ ਤਿਸਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਮਨ ਵਿਚ ਗੁਰਸ਼ਬਦ ਵਸਦਾ ਹੈ॥ ੨॥

ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ॥
ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ॥

ਜਿਸ ਨੇ ਹਰੀ ਨਾਮ ਰਸ ਪਾਇਆ ਹੈ ਉਹ ਇਸ ਲੋਕ ਦੇ ਪਦਾਰਥਾਂ ਤੋਂ ਤ੍ਰਿਪਤ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਭੀ ਰੱਜ ਗਿਆ ਹੈ। ਜਿਸ ਨੇ ਹਰੀ ਨਾਮ ਦਾ ਸੁਆਦ ਪਾਇਆ ਹੈ ਉਹ ਪੁਰਸ਼ ਡੋਲਦਾ ਨਹੀਂ।

ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ॥ ੩॥

ਹਰਿ ਹਰਿ ਦਾ ਨਾਮ ਉਸੇ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਮਸਤਕ ਦੇ ਈਠਾ=ਪਿਆਰੇ (ਚੰਗੇ) ਭਾਗ ਹਨ॥ ੩॥

ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ॥
ਤਿਸੁ ਲਗਿ ਮੁਕਤੁ ਭਏ ਘਣੇਰੇ॥

ਹਰੀ ਇੱਕ ਗੁਰਮੁਖਾਂ ਦੇ ਹੱਥ ਆਇਆ ਹੈ ਉਨ੍ਹਾਂ ਤੋਂ ਅੱਗੇ ਬਹੁਤ ਸਾਰੇ ਜੀਵ ਵਰਸਾਏ ਹਨ। ਤਿਸ ਦੀ ਚਰਨੀਂ ਲਗ ਕੇ ਘਣੇ ਪੁਰਸ਼ ਮੁਕਤੀ ਨੂੰ ਪ੍ਰਾਪਤ ਹੋਇ ਹਨ।

ਨਾਮੁ ਨਿਧਾਨਾ ਗੁਰਮੁਖਿ ਪਾਈਐ
ਕਹੁ ਨਾਨਕ ਵਿਰਲੀ ਡੀਠਾ ਜੀਉ ॥ ੪ ॥ ੧੫ ॥ ੨੨ ॥

ਨਾਮ ਰੂਪ ਖਜ਼ਾਨਾ ਗੁਰ+ਮੁਖਿ=ਗੁਰਾਂ ਦੁਆਰੇ ਪਾਈਦਾ ਹੈ, ਗੁਰੂ ਜੀ ਕਥਨ ਕਰਦੇ ਹਨ, ਕਿਸੇ ਵਿਰਲੇ ਨੇ ਪ੍ਰਮਾਤਮਾ ਨੂੰ ਦੇਖਿਆ ਹੈ॥ ੪ ॥ ੧੫ ॥ ੨੨ ॥

ਮਾਝ ਮਹਲਾ ੫ ॥

ਉਥਾਨਕਾ:-ਇੱਕ ਜੋਗੀ ਨੇ ਆ ਕੇ ਕਿਹਾ ਅਸਾਡੇ ਜੋਗ ਭੇਖ ਨੂੰ ਧਾਰੇ ਤਾਂ ਨਿੱਧੀਆਂ ਸਿੱਧੀਆਂ ਰਿੱਧੀਆਂ ਦੀ ਪ੍ਰਾਪਤੀ ਹੋ ਜਾਵੇਗੀ? *ਗੁਰ ਉੱਤਰ-*

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥
ਜਨਮੁ ਪਦਾਰਥੁ ਗਹਿਰ ਗੰਭੀਰੈ ॥

ਮੇਰੇ ਕੋਲ ਹਰੀ ਨਾਮ ਹੀ ਨਿਧੀ ਹੈ, ਹਰੀ ਨਾਮ ਹੀ ਮੇਰੇ ਸਿੱਧੀ ਹੈ, ਹਰੀ ਨਾਮ ਹੀ ਮੇਰੇ ਰਿੱਧੀ ਹੈ। ਗਹਿਰ ਗੰਭੀਰ ਪ੍ਰਮਾਤਮਾ ਦੇ ਜਪਣ ਕਰਕੇ ਮੇਰਾ ਜਨਮ ਪਦਾਰਥ ਸਫਲਾ ਹੋਇਆ ਹੈ।

ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥ ੧ ॥

ਉਹ ਪੁਰਸ਼ ਲੱਖਾਂ ਖੁਸ਼ੀਆਂ ਤੇ ਕ੍ਰੋੜਾਂ ਰੰਗ=ਆਨੰਦਾਂ ਨੂੰ ਰਾਵੈ=ਭੋਗਦਾ ਹੈ। ਜੋ ਗੁਰਾਂ ਦੀ ਪਾਈਂ=ਚਰਨੀ ਲਗਦਾ ਹੈ॥ ੧ ॥

ਦਰਸਨੁ ਪੇਖਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ ॥

ਗੁਰਾਂ ਦਾ ਦਰਸ਼ਨ ਦੇਖਣ ਨਾਲ ਸਾਰੇ ਅੰਗ ਪਵਿੱਤ੍ਰ ਹੋਇ ਹਨ।

ਅਥਵਾ:-ਦਰਸ਼ਨ ਵੇਖਣ ਵਾਲੇ ਸਾਰੇ ਪਵਿੱਤ੍ਰ ਹੋਏ ਹਨ। ਉਨ੍ਹਾਂ ਨੇ ਗੁਰਾਂ ਦੁਆਰੇ ਸਾਰੇ ਭਾਈ ਮਿੱਤਰ ਵੀ ਤਾਰਨਾ ਕੀਤੇ ਹਨ।

ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥ ੨ ॥

ਆਪਣਾ ਸੁਆਮੀ ਜੋ ਅਗਮ ਅਗੋਚਰ ਹੈ ਉਸ ਸੱਚੇ ਨੂੰ ਗੁਰ ਕਿਰਪਾ ਦੁਆਰੇ ਮੈਂ ਧਿਆਂਵਦਾ ਹਾਂ॥ ੨ ॥

ਜਾ ਕਉ ਖੋਜਹਿ ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥

ਜਿਸ ਪਰਮਾਤਮਾ ਨੂੰ ਸਾਰੇ ਰਿਖੀ ਮੁਨੀ ਬੜੇ ਜਤਨਾਂ ਨਾਲ ਖੋਜਦੇ ਹਨ। ਕੋਈ ਵਿਰਲਾ ਵਡਭਾਗੀ ਉਸ ਦੇ ਦਰਸ਼ਨ ਨੂੰ ਪਾਂਵਦਾ ਹੈ।

ਊਚ ਅਪਾਰ ਅਗੋਚਰ ਥਾਨਾ ਉਹ ਮਹਲੁ ਗੁਰੂ ਦੇਖਾਈ ਜੀਉ ॥ ੩ ॥

ਜੋ ਸਾਰਿਆਂ ਤੋਂ ਉੱਚਾ ਹੈ, ਅਪਾਰ ਗੁਣਾਂ ਵਾਲਾ ਹੈ, ਅਗੋਚਰ ਜਿਸ ਦਾ ਅਸਥਾਨ ਹੈ ਉਸ ਦੇ ਮਹਲੁ=ਸਰੂਪ ਨੂੰ ਗੁਰਾਂ ਨੇ ਦਿਖਾਇਆ ਹੈ॥ ੩ ॥

ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥

ਤਿਸ ਗਹਿਰ ਗੰਭੀਰ ਪ੍ਰਮਾਤਮਾ ਦਾ ਨਾਮ ਅੰਮ੍ਰਿਤ ਰੂਪ ਹੈ। ਜਿਸ ਦੇ ਹਿਰਦੇ ਵਿਚ ਨਾਮ ਵਸਿਆ ਹੈ

ਉਹ ਮੋਖਛ ਰੂਪ ਹੋਇਆ ਹੈ।

ਗੁਰਿ ਬੰਧਨ ਤਿਨ ਕੇ ਸਗਲੇ ਕਾਟੇ
ਜਨ ਨਾਨਕ ਸਹਜਿ ਸਮਾਈ ਜੀਉ ॥ ੪ ॥ ੧੬ ॥ ੨੩ ॥

ਤਿਸ ਨਾਮ ਜਪਣ ਵਾਲੇ ਦੇ ਸਾਰੇ ਬੰਧਨ ਗੁਰਾਂ ਨੇ ਕੱਟ ਦਿੱਤੇ ਹਨ, ਉਸ ਪੁਰਸ਼ ਦੀ ਸਹਜ ਪਦ ਵਿਖੇ ਸਮਾਈ ਹੋਈ ਹੈ॥ ੪ ॥ ੧੬ ॥ ੨੩ ॥

ਮਾਝ ਮਹਲਾ ੫ ॥
ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥
ਪ੍ਰਭੂ ਦਇਆ ਤੇ ਮੰਗਲੁ ਗਾਵਉ ॥

ਪ੍ਰਭੂ ਦੀ ਕਿਰਪਾ ਨਾਲ ਹਰਿ ਹਰਿ ਨਾਮ ਨੂੰ ਧਿਆਵੋ। ਪ੍ਰਭੂ ਦੀ ਦਇਆ ਨਾਲ ਉਸ ਦੇ ਮੰਗਲ ਦਾਇਕ ਗੁਣਾਂ ਨੂੰ ਗਾਵੋ।

ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧ ॥

ਉਠਦਿਆਂ, ਬੈਠਦਿਆਂ, ਸੁੱਤਿਆਂ, ਜਾਗਦਿਆਂ, ਸਾਰੀ ਅਵਰਦਾ=ਉਮਰਾ ਹਰੀ ਨਾਮ ਨੂੰ ਧਿਆਉਣਾ ਕਰੋ॥ ੧ ॥

ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥

ਸੰਤਾਂ ਨੇ ਮੈਨੂੰ ਨਾਮ ਰੂਪ ਦਾਰੂ ਦਿੱਤਾ ਹੈ। ਉਸ ਨਾਮ ਦੇ ਪ੍ਰਤਾਪ ਨਾਲ ਕਿਲਬਿਖ=ਪਾਪ ਕੱਟ ਦਿੱਤੇ ਹਨ, ਅਤੇ ਮਨ ਸ਼ੁੱਧ ਹੋ ਗਿਆ ਹੈ।

ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥ ੨ ॥

ਸੰਪੂਰਨ ਅਨੰਦ ਪ੍ਰਾਪਤ ਹੋਇਆ ਹੈ, ਜਨਮ ਮਰਨ ਦੀ ਸਭ ਪੀੜਾ ਨਿਕਲ ਗਈ ਹੈ। ਦਰਦਾ=ਦੁਖਾਂ ਦੇ ਦੇਣ ਵਾਲੇ ਜੋ ਕਾਮ ਆਦਿਕ ਹਨ ਉਹ ਸਾਰੇ ਬਿਨਸ ਗਏ ਹਨ।

ਅਥਵਾ-ਈਰਖਾ ਆਦਿਕ ਦਰਦ ਸਾਰੇ ਦੂਰ ਹੋ ਗਏ ਹਨ॥ ੨ ॥

ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥

ਮੇਰਾ ਪਿਆਰਾ ਪ੍ਰਭੂ ਜਿਸ ਦਾ ਅੰਗੁ=ਪੱਖ ਕਰਦਾ ਹੈ। ਉਹ ਸੰਸਾਰ ਸਾਗਰ ਦੇ ਦੁਖਾਂ ਤੋਂ ਮੁਕਤ ਰੂਪ ਹੋ ਜਾਂਦਾ ਹੈ।

ਸਤਿ ਕਰੇ ਜਿਨਿ ਗੁਰੁ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥ ੩ ॥

ਜਿਸ ਨੇ ਸਤਿ=ਨਿਸਚੇ ਕਰਕੇ ਗੁਰਾਂ ਨੂੰ ਸਤਿਚਿਤਿ ਅਨੰਦ ਸਰੂਪ ਕਰਕੇ ਪਛਾਣਿਆ ਹੈ, ਉਹ ਕਿਸ ਵਾਸਤੇ ਕਿਸੀ ਪਾਸੋਂ ਡਰਦਾ ਹੈ॥ ੩ ॥

ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ ॥

ਜਦ ਤੋਂ ਸਾਧੂਆਂ ਦੀ ਸੰਗਤ ਵਿਖੇ ਸ਼ੁਭ ਗੁਣ ਪਾਏ ਹਨ ਤੇ ਗੁਰਾਂ ਨਾਲ ਮਿਲਾਪ ਹੋਇਆ ਹੈ, ਤਦ ਤੋਂ

ਹੰਗਤਾ ਰੂਪ ਬਲਾ ਚਲੀ ਗਈ ਹੈ।

ਸਾਸਿ ਸਾਸਿ ਹਰਿ ਗਾਵੈ ਨਾਨਕੁ
ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥ ੪ ॥ ੧੭ ॥ ੨੪ ॥

ਮੈਂ ਤਾਂ ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਹਰੀ ਦੇ ਗੁਣ ਗਾਉਂਦਾ ਹਾਂ, ਧੰਨ ਸਤਿਗੁਰ ਦੇਵ ਜੀ ਹਨ ਜਿਨ੍ਹਾਂ ਨੇ ਮੇਰਾ ਪੜਦਾ ਢਕ ਲੀਤਾ ਹੈ॥ ੪॥ ੧੭॥ ੨੪॥

ਮਾਝ ਮਹਲਾ ੫ ॥

ਓਤਿ ਪੋਤਿ ਸੇਵਕ ਸੰਗਿ ਰਾਤਾ ॥ ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ ॥

ਮੇਰਾ ਪ੍ਰਭੂ ਪ੍ਰਮਾਤਮਾ ਤਾਣੇ ਪੇਟੇ ਵੱਤ ਆਪਣੇ ਸੇਵਕਾਂ ਨਾਲ ਰਾਤਾ=ਮਿਲਿਆ ਹੋਇਆ ਹੈ, ਅਤੇ ਸੁਖਦਾਤਾ ਪ੍ਰਭੂ ਆਪਣੇ ਸੇਵਕਾਂ ਦੀ ਆਪ ਹੀ ਪ੍ਰਤਿਪਾਲਾ ਕਰਦਾ ਹੈ।

ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥ ੧ ॥

ਹੇ ਭਾਈ ! ਉਨ੍ਹਾਂ ਸੇਵਕਾਂ ਪਾਸ ਰਹਿ ਕੇ ਜਲ ਭਰੋ, ਪੱਖਾ ਫੇਰੋ, ਚੱਕੀ ਵਿਚ ਦਾਣੇ ਪਾ ਕੇ ਪੀਸੋ, ਜਿਨ੍ਹਾਂ ਨੂੰ ਕੇਵਲ ਇੱਕ ਠਾਕੁਰ ਦੇ ਭਜਨ ਸਿਮਰਨ ਦਾ ਆਹਰੁ=ਉੱਦਮ ਹੋ ਰਿਹਾ ਹੈ॥ ੧॥

ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥
ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥

ਜਿਸ ਨੇ ਜਾਤੀ ਦੀ ਹੰਗਤਾ ਰੂਪ ਸਿਲਕ=ਫਾਹੀ* ਕੱਟ ਕੇ ਆਪਣੇ ਆਪ ਨੂੰ ਪ੍ਰਭੂ ਦੀ ਸੇਵਾ ਵਿਚ ਲਗਾਇਆ ਹੈ, ਤੇ ਸਾਹਿਬ=ਪ੍ਰਮਾਤਮਾ ਦਾ ਹੁਕਮ ਜਿਸ ਸੇਵਕ ਦੇ ਮਨ ਵਿਚ ਭਾਉਂਦਾ ਹੈ।

ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥ ੨ ॥

ਅਤੇ ਓਹੀ ਕਰਮ ਕਮਾਉਂਦਾ ਹੈ ਜਿਹੜਾ ਸਾਹਿਬ ਨੂੰ ਭਾਉਂਦਾ ਹੈ। ਐਸਾ ਸੇਵਕ ਅੰਦਰ ਬਾਹਰ ਦੇਸ ਪ੍ਰਦੇ ਵਿਚ ਸਾਰੇ ਮਾਹਰੁ=ਪ੍ਰਸਿੱਧ ਹੈ।

*ਅਥਵਾ:-*ਅਜਿਹਾ ਸੇਵਕ ਮਾਲਕ ਦੇ ਘਰ ਦੇ ਅੰਦਰ ਬਾਹਰ ਪ੍ਰਸਿੱਧ ਹੈ॥ ੨॥

ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ ॥ ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥

ਹੇ ਪੁਰਖ਼ਾ ! ਤੂੰ ਐਸੇ ਨਿਸ਼ਚੇ ਕਰ ਉਹ ਠਾਕੁਰ ਦਾਨਾ=ਦਨਾਅ ਹੈ, ਸਭ ਬਿਧੀਆਂ ਨੂੰ ਆਪ ਹੀ ਜਾਣਦਾ ਹੈ। ਠਾਕੁਰ ਦੇ ਸੇਵਕ ਹਰੀ ਦੇ ਰੰਗ+ਮਾਣਹਿ=ਅਨੰਦ ਨੂੰ ਭੋਗਦੇ ਹਨ।

[ਪੰਨਾ ੧੦੨]

ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ
ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥ ੩ ॥

---

*ਸਾਖੀ-ਗੰਗਾ ਰਾਮ ਬ੍ਰਾਹਮਣ ਦੀ ਜਿਸ ਨੇ ਆਪਣੇ ਜਾਤੀ ਦੀ ਹੰਗਤਾ ਰੂਪ ਫਾਹੀ ਕੱਟਕੇ ਪ੍ਰਭੂ ਦੀ ਸੇਵਾ ਵਿਚ ਲਗਿਆ ਹੈ। (ਗੁਰ ਪ੍ਰਤਾਪ ਸੂਰਜ ਰਾਸ ੨ ਅੰਸੂ ੪੯)

ਜੋ ਕੁਝ ਸੁਆਮੀ ਦਾ ਹੈ, ਓਹੀ ਸੇਵਕ ਦਾ ਹੁੰਦਾ ਹੈ। ਦਾਸ ਆਪਣੇ ਸੁਆਮੀ ਦੇ ਨਾਲ ਹੀ ਸਾਰੇ ਜਾਹਰੁ=ਪ੍ਰਸਿੱਧ (ਪ੍ਰਗਟ) ਹੁੰਦਾ ਹੈ॥ ੩॥

ਅਪੁਨੈ ਠਾਕੁਰਿ ਜੋ ਪਹਿਰਾਇਆ॥ ਬਹੁਰਿ ਨ ਲੇਖਾ ਪੁਛਿ ਬੁਲਾਇਆ॥

ਆਪਣੇ ਸੁਆਮੀ ਨੇ ਜਿਸ ਨੂੰ ਆਪਣਾ ਸੇਵਕ ਮੰਨਕੇ ਪ੍ਰੇਮ ਰੂਪ ਸਿਰੋਪਾ ਪਹਿਨਾਇਆ ਹੈ। ਮੁੜ ਉਸਨੂੰ ਲੇਖਾ ਪੁੱਛਣ ਵਾਸਤੇ ਨਹੀਂ ਬੁਲਾਇਆ।

ਤਿਸੁ ਸੇਵਕ ਕੈ ਨਾਨਕ ਕੁਰਬਾਣੀ
ਸੋ ਗਹਿਰ ਗਭੀਰਾ ਗਉਹਰੁ ਜੀਉ॥ ੪॥ ੧੮॥ ੨੫॥

ਗੁਰੂ ਜੀ ਕਥਨ ਕਰਦੇ ਹਨ-ਉਸ ਸੇਵਕ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ, ਉਹ ਸੇਵਕ ਗਹਿਰ=ਡੂੰਘਾ, ਗਭੀਰਾ=ਨਿਰਹੱਲ, ਅਤੇ ਗਉਹਰੁ=ਮੋਤੀ ਵਾਂਗੂੰ ਸ਼ੁੱਧ ਹੈ॥ ੪॥ ੧੮॥ ੨੫॥

ਮਾਝ ਮਹਲਾ ੫॥

ਉਥਾਨਕਾ:-ਸਿੱਖ ਨੇ ਬੇਨਤੀ ਕੀਤੀ, ਉਹ ਪ੍ਰਮਾਤਮਾ ਕਿੱਥੇ ਰਹਿੰਦਾ ਹੈ ? *ਉੱਤਰ-*

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥

ਸਭ ਕਿਛ ਵਸਤੂਆਂ ਦਾ ਮਾਲਕ ਪ੍ਰਮਾਤਮਾ ਅੰਤਹਕਰਨ ਰੂਪੀ ਘਰ ਅੰਦਰ ਹੈ, ਬਾਹਰ ਨਹੀਂ ਹੈ। ਜੋ ਮਨੁੱਖ ਅੰਤਹਕਰਨ ਤੋਂ ਬਾਹਰ ਟੋਲਦਾ ਹੈ, ਉਹ ਭਰਮ ਵਿਚ ਭੁੱਲਿਆ ਫਿਰਦਾ ਹੈ।

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ॥ ੧॥

ਗੁਰਾਂ ਦੀ ਕਿਰਪਾ ਨਾਲ ਜਿਸ ਨੇ ਹਿਰਦੇ ਅੰਦਰ ਪਾਇਆ ਹੈ, ਉਹ ਘਰ ਦੇ ਅੰਦਰ ਬਾਹਰ ਸਾਰੇ ਸੁਹੇਲਾ=ਸੁਖੀ ਰਹਿੰਦਾ ਹੈ॥ ੧॥

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥

ਝਿਮ ਝਿਮਿ=ਇੱਕ ਰਸ (ਛਮਾ ਛਮ) ਗੁਰੂ ਰੂਪ ਬੱਦਲ ਨਾਮ ਰੂਪ ਅੰਮ੍ਰਿਤ ਧਾਰਾ ਨੂੰ ਵਰਸਨਾ ਕਰਦੇ ਹਨ। ਪਰ ਇਸ ਅੰਮ੍ਰਿਤ ਨੂੰ ਉਹ ਪੁਰਸ਼ ਪੀਂਦਾ ਹੈ, ਜੋ ਪਹਿਲੇ ਗੁਰਸ਼ਬਦ ਨੂੰ ਸੁਣਦਾ ਤੇ ਮਨੁ=ਮੰਨਣ ਕਰਦਾ ਹੈ। ਅਤੇ ਬੀਚਾਰਾ=ਨਿਧਿਆਸਣ ਕਰਦਾ ਹੈ।

ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥ ੨॥

ਨਿਧਿਆਸਣ ਕਰਨ ਵਾਲਾ ਪੁਰਸ਼ ਹੀ, ਜੋ ਸਦਾ=ਨਿੱਤ ਰੂਪ ਹਰੀ ਸਦਾ ਹੀ ਕੇਲਾ=ਖੁਸ਼ੀਆਂ ਦੇ ਕਰਨ ਵਾਲਾ ਹੈ, ਉਸ ਦੇ ਅਨੰਦਦਾਇਕ ਕੌਤਕਾਂ ਨੂੰ ਰਾਤ ਦਿਨੇ ਲੈਣਾ ਕਰਦਾ ਹੈ॥ ੨॥

ਜਨਮ ਜਨਮ ਕਾ ਵਿਛੁੜਿਆ ਮਿਲਿਆ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥

ਉਹ ਪੁਰਸ਼ ! ਜਨਮਾਂ ਜਨਮਾਂਤਰਾਂ ਦਾ ਵਿੱਛੜਿਆ ਹੋਇਆ ਪ੍ਰਭੂ ਨਾਲ ਮਿਲ ਗਿਆ ਹੈ। ਜਿਸ ਦਾ ਸੁੱਕਾ ਅੰਤਹਕਰਨ ਸੰਤਾਂ ਦੀ ਕਿਰਪਾ ਨਾਲ ਸ਼ੁਭ ਗੁਣਾਂ ਨੂੰ ਪਾ ਕੇ ਹਰਿਆ ਹੋਇਆ ਹੈ।

ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥ ੩ ॥

ਗੁਰਾਂ ਦੁਆਰੇ ਸੁਮਤੀ ਪਾ ਕੇ ਜਿਸ ਨੇ ਨਾਮ ਨੂੰ ਧਿਆਇਆ ਹੈ, ਉਸ ਗੁਰਮੁਖ ਦਾ ਪ੍ਰਭੂ ਨਾਲ ਮੇਲਾ ਹੋਇਆ ਹੈ॥ ੩ ॥

ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥

ਜਿਵੇਂ ਪਾਣੀ ਦੇ ਬੁਲਬੁਲੇ ਪਾਣੀ ਦੇ ਵਿਚ ਹੀ ਸਮਾ ਜਾਂਦੇ ਹਨ। ਤਿਵੇਂ ਜੋਤੀ ਪ੍ਰਮਾਤਮਾ ਨਾਲ ਗੁਰਮੁਖਾਂ ਨੇ ਆਪਣੀ ਜੋਤ ਨੂੰ ਮਿਲਾਇਆ ਹੈ।

ਅਥਵਾ:-ਤਿਵੇਂ ਜੋਤੀ ਪ੍ਰਮਾਤਮਾ ਨਾਲ ਉਸ ਦੀ ਜੋਤ ਮਿਲ ਗਈ ਹੈ।

ਕਹੁ ਨਾਨਕ ਭ੍ਰਮ ਕਟੇ ਕਿਵਾੜਾ
ਬਹੁੜਿ ਨ ਹੋਈਐ ਜਉਲਾ ਜੀਉ ॥ ੪ ॥ ੧੯ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਭ੍ਰਮ ਰੂਪ ਕਿਵਾੜਾ=ਤਖਤੇ ਕੱਟ ਦਿੱਤੇ ਹਨ। ਉਹ ਫਿਰ ਪ੍ਰਮਾਤਮਾ ਤੋਂ ਜਉਲਾ=ਜੁਦਾ (ਵੱਖਰਾ) ਨਹੀਂ ਹੁੰਦਾ ॥ ੪ ॥ ੧੯ ॥ ੨੬ ॥

ਮਾਝ ਮਹਲਾ ੫ ॥ ਤਿਸੁ ਕੁਰਬਾਣੀ ਜਿਨਿ ਤੂੰ ਸੁਣਿਆ ॥
ਤਿਸੁ ਬਲਿਹਾਰੀ ਜਿਨਿ ਰਸਨਾ ਭਣਿਆ ॥

ਹੇ ਵਾਹਿਗੁਰੂ ! ਜਿਨ੍ਹਾਂ ਨੇ ਤੇਰਾ ਨਾਮ ਸੁਣਿਆ ਹੈ, ਉਨ੍ਹਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ। ਹੇ ਵਾਹਿਗੁਰੂ ! ਜਿਨ੍ਹਾਂ ਨੇ ਤੇਰਾ ਨਾਮ ਜੀਭਾ ਨਾਲ ਕਥਨ ਕੀਤਾ ਹੈ, ਉਨ੍ਹਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਵਾਰਿ ਵਾਰਿ ਜਾਈ ਤਿਸੁ ਵਿਟਹੁ ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥ ੧ ॥

ਮੈਂ ਉਸ ਉਤੋਂ ਵਾਰੀ ਘੋਲੀ ਜਾਂਦਾ ਹਾਂ, ਜੋ ਮਨੋਂ ਤਨੋਂ ਹੋ ਕੇ ਆਪ ਜੀ ਨੂੰ ਆਰਾਧਦਾ ਹੈ॥ ੧ ॥

ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥
ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥

ਹੇ ਵਾਹਿਗੁਰੂ ! ਮੈਂ ਉਸ ਦੇ ਚਰਨਾਂ ਨੂੰ ਧੋਂਦਾ ਹਾਂ, ਜੋ ਤੇਰੇ ਭਗਤੀ ਵੈਰਾਗ ਰੂਪ ਰਸਤੇ ਉੱਪਰ ਚਲਦਾ ਹੈ। ਅਤੇ ਤਿਸ ਦਿਆਲੂ ਪੁਰਖ ਨੂੰ ਸ਼ੁੱਧ ਬੁੱਧੀ ਰੂਪੀ ਅੱਖਾਂ ਨਾਲ ਨਿਹਾਲੀ=ਦੇਖਦਾ ਹੈ।

ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥੨ ॥

ਤਿਸ ਆਪਣੇ ਸੱਜਣ ਨੂੰ ਮੈਂ ਆਪਣਾ ਮਨ ਦੇਂਦਾ ਹਾਂ, ਜਿਸ ਨੇ ਗੁਰਾਂ ਨਾਲ ਮਿਲ ਕੇ ਉਸ ਪ੍ਰਭੂ ਨੂੰ ਲੱਭ ਲਿਆ ਹੈ॥ ੨ ॥

ਸੇ ਵਡਭਾਗੀ ਜਿਨਿ ਤੁਮ ਜਾਣੇ ॥ ਸਭ ਕੈ ਮਧੇ ਅਲਿਪਤ ਨਿਰਬਾਣੇ ॥

ਉਹ ਵਡਭਾਗੀ ਪੁਰਸ਼ ਹਨ, ਜਿਨ੍ਹਾਂ ਨੇ ਆਪ ਨੂੰ ਜਾਣਿਆ ਹੈ। ਉਹ ਸਾਰਿਆਂ ਦੇ ਵਿਚ ਰਹਿੰਦੇ ਹੋਏ ਭੀ

ਕੌਲ ਫੁੱਲ ਵਾਂਗੂੰ ਅਲਿਪਤ=ਅਸੰਗ ਰਹਿੰਦੇ ਹਨ ਅਤੇ ਨਿਰਬਾਣੇ=ਨਿਰਬੰਧ ਰਹਿੰਦੇ ਹਨ।

ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ ॥੩॥

ਉਨ੍ਹਾਂ ਵਡਭਾਗੀਆਂ ਨੇ ਸੰਤਾਂ ਨਾਲ ਮਿਲਕੇ ਸੰਸਾਰ ਤੋਂ ਤਰਨਾ ਕੀਤਾ ਹੈ, ਅਤੇ ਉਨ੍ਹਾਂ ਨੇ ਸਭ ਕਾਮ ਆਦਿਕ ਦੂਤਾਂ ਨੂੰ ਸਾਧਨਾ ਕੀਤਾ ਹੈ॥ ੩॥

ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥ ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥

ਉਨ੍ਹਾਂ ਸੰਤਾਂ ਦੀ ਸ਼ਰਨ ਵਿਚ ਮੇਰਾ ਮਨ ਢਹਿ ਪਿਆ ਹੈ ਅਤੇ ਮਾਣ ਮਨ ਦਾ, ਤਾਣ ਤਨ ਦਾ, ਅਤੇ ਹਨੇਰਾ ਰੂਪ ਜੋ ਮੋਹ ਹੈ ਉਸ ਨੂੰ ਤਿਆਗ ਦੇਣਾ ਕੀਤਾ ਹੈ।

ਨਾਮੁ ਦਾਨੁ ਦੀਜੈ ਨਾਨਕ ਕਉ
ਤਿਸੁ ਪ੍ਰਭ ਅਗਮ ਅਗਾਧੇ ਜੀਉ ॥ ੪ ॥ ੨੦ ॥ ੨੭ ॥

ਹੇ ਅਗਮ ਅਗਾਧ ਪ੍ਰਭੂ ! ਤਿਸੁ=ਉਨ੍ਹਾਂ ਸੰਤਾਂ ਦੇ ਸੰਗ ਦੁਆਰਾ ਮੈਂ ਸੇਵਕ ਨੂੰ ਨਾਮ ਦਾਨ ਦੇਣਾ ਕਰੋ॥ ੪॥ ੨੦॥ ੨੭॥

ਮਾਝ ਮਹਲਾ ੫ ॥

ਤੂੰ ਪੇਡੁ ਸਾਖ ਤੇਰੀ ਫੂਲੀ ॥ ਤੂੰ ਸੂਖਮੁ ਹੋਆ ਅਸਥੂਲੀ ॥

ਪੇਡੁ=ਮੁੱਢ ਰੂਪ ਭੀ ਤੂੰਹੀਂ ਹੈਂ, ਸਾਰੀਆਂ ਸਾਖਾਂ ਤੇਰੀਆਂ ਹੀ ਪ੍ਰਫੁਲਤ ਹੋਈਆਂ ਹੋਈਆਂ ਹਨ। ਵਾ ਸਾਰਿਆਂ ਦਾ ਮੁੱਢ ਅਗਿਆਨ ਰੂਪ ਤੂੰਹੀਂ ਹੈਂ ਕਿਉਂਕਿ ਅਗਿਆਨ ਨੇ ਸਾਰੇ ਸੰਸਾਰ ਨੂੰ ਰਚਿਆ ਹੈ। *ਯਥਾ-* ਅਗਿਆਨ ਰਚਿਓ ਸੰਸਾਰ॥ ਵਾ ਤੂੰਹੀਂ ਪੇਡੁ=ਮਾਇਆ ਸਬਲ ਹੈਂ ਕਿਉਂਕਿ ਮਾਇਆ ਸਬਲ ਈਸ਼ੂਰ ਤੋਂ ਹੀ ਜਗਤ ਦੀ ਉਤਪਤੀ ਹੋਈ ਹੈ। *ਯਥਾ- ਏਕਾ ਮਾਈ ਜੁਗਤਿ ਵਿਆਈ॥* ਇਹ ਜਗਤ ਰੂਪ ਸਾਖਾਂ ਤੇਰੀਆਂ ਹੀ ਪ੍ਰਫੁਲਤ ਕੀਤੀਆਂ ਹੋਈਆਂ ਹਨ। ਤੂੰਹੀਂ ਸੂਖਮ ਤੱਤ ਅਤੇ ਤੂੰਹੀਂ ਅਸਥੂਲ ਤੱਤ ਰੂਪ ਹੋ ਰਿਹਾ ਹੈਂ। ਵਾ ਤੂੰਹੀਂ ਸੂਖਮ ਸ੍ਰਿਸ਼ਟੀ ਅਤੇ ਤੂੰਹੀਂ ਅਸਥੂਲ ਸ੍ਰਿਸ਼ਟੀ ਰੂਪ ਹੋ ਰਿਹਾ ਹੈਂ।

ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥ ੧ ॥

ਪ੍ਰਤੱਖ ਸਮੁੰਦਰ ਰੂਪ ਵੀ ਤੂੰਹੀਂ ਹੈਂ, ਪ੍ਰਤੱਖ ਫੇਨੁ=ਝੱਗ ਰੂਪ ਭੀ ਤੂੰਹੀਂ ਹੈਂ, ਪ੍ਰਤੱਖ ਬੁਦਬੁਦੇ (ਬੁਲਬੁਲੇ) ਰੂਪ ਭੀ ਤੂੰਹੀਂ ਹੈਂ। ਵਾ ਸੰਸਾਰ ਰੂਪ ਸਮੁੰਦਰ ਭੀ ਤੂੰਹੀਂ ਹੈਂ, ਪਦਾਰਥਾਂ ਰੂਪ ਝੱਗ ਭੀ ਤੂੰਹੀਂ ਹੈਂ, ਜੀਵਾਂ ਰੂਪ ਬੁਦਬੁਦੇ ਭੀ ਤੂੰਹੀਂ ਹੈਂ। ਜੇ ਭਾਲੀਏ ਤਾਂ ਆਪ ਜੀ ਤੋਂ ਬਿਨਾਂ ਹੋਰ ਕੋਈ ਭੀ ਨਹੀਂ ਹੈ॥ ੧॥

ਤੂੰ ਸੂਤੁ ਮਣੀਏ ਭੀ ਤੂੰਹੈ ॥ ਤੂੰ ਗੰਠੀ ਮੇਰੁ ਸਿਰਿ ਤੂੰਹੈ ॥

ਸੂਤ੍ਰ ਰੂਪ ਭੀ ਤੂੰਹੀਂ ਹੈਂ, ਮਣੀਆਂ ਰੂਪ ਭੀ ਤੂੰਹੀਂ ਹੈਂ, ਗੰਢਾਂ ਰੂਪ ਭੀ ਤੂੰਹੀਂ ਹੈਂ ਅਤੇ ਸਿਰਿ=ਸ਼੍ਰੋਮਣੀ ਮੇਰੁ ਮਨਕਾ ਰੂਪ ਭੀ ਤੂੰਹੀਂ ਹੈਂ।

*ਅਥਵਾ:-*ਸੱਤਾ ਰੂਪੀ ਵਾ ਪ੍ਰਾਨਾਂ ਰੂਪ ਸੂਤ ਭੀ ਤੂੰਹੀਂ ਹੈਂ, ਦੇਹਾਂ ਰੂਪ ਮਣੀਆਂ ਭੀ ਤੂੰਹੀਂ ਹੈਂ। ਵਰਨ ਆਸ਼ਰਮਾਂ ਰੂਪ ਗੰਢਾਂ ਭੀ ਤੂੰਹੀਂ ਹੈਂ, ਸਿਰਿ=ਸ਼੍ਰੋਮਣੀ ਮੇਰੁ ਮਨਕਾ-ਬ੍ਰਹਮਾ ਰੂਪ ਭੀ ਤੂੰਹੀਂ ਹੈਂ ਕਿਉਂਕਿ ਸਭ ਤੋਂ ਪਹਿਲਾਂ ਬ੍ਰਹਮਾ ਹੋਇਆ ਹੈ।

ਯਥਾ - ਪ੍ਰਿਥਮ ਸਰੀਰੀ ਬ੍ਰਹਮਾ ਹਟੀਏ॥

ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ॥ ੨॥

ਹੇ ਭਾਈ ! ਆਦ ਮੱਧ ਅੰਤ ਤਿੰਨਾਂ ਕਾਲਾਂ ਵਿਚ ਉਹ ਪ੍ਰਭੂ ਪੂਰਨ ਹੈ, ਉਸ ਤੋਂ ਬਿਨਾਂ ਹੋਰ ਕੋਈ ਵੇਖਣ ਵਿਚ ਨਹੀਂ ਆਉਂਦਾ॥ ੨॥

ਤੂੰ ਨਿਰਗੁਣੁ ਸਰਗੁਣੁ ਸੁਖਦਾਤਾ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ॥

ਤੂੰਹੀਂ ਨਿਰਗੁਣ ਬ੍ਰਹਮ ਤੋਂ ਸਰਗੁਣ ਸਰੂਪ ਹੋ ਕੇ ਜੀਵਾਂ ਨੂੰ ਸੁਖ ਦੇਂਦਾ ਹੈਂ। ਤੂੰਹੀਂ ਨਿਰਬਾਣੁ=ਨਿਰਬੰਧ ਵਿਰੱਕਤ ਮਹਾਤਮਾ ਰੂਪ ਹੈਂ, ਤੂੰਹੀਂ ਰਸੀਆ=ਭੋਗੀ (ਰਸਾਂ ਦੇ ਲੈਣ ਵਾਲਾ) ਗ੍ਰਿਹਸਤੀ ਰੂਪ ਹੋ ਕੇ ਸਾਰੇ ਰੰਗਾਂ ਵਿਚ ਰਾਤਾ=ਮਿਲਿਆ ਹੋਇਆ ਹੈਂ।

ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ॥ ੩॥

ਤੂੰ ਆਪਣਿਆਂ ਕੰਮਾਂ ਨੂੰ ਆਪ ਹੀ ਜਾਣਦਾ ਹੈਂ, ਅਤੇ ਆਪਣੇ ਸਰੂਪ ਨੂੰ ਤੂੰ ਤੁਧੁ=ਆਪ ਹੀ ਸੰਭਾਲਦਾ ਹੈਂ॥ ੩॥

ਤੂੰ ਠਾਕੁਰੁ ਸੇਵਕੁ ਫੁਨਿ ਆਪੇ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ॥

ਤੂੰ ਆਪ ਹੀ ਠਾਕੁਰੁ=ਸੁਆਮੀ ਰੂਪ ਹੈਂ, ਫੁਨਿ=ਪੁਨਾ ਨੂੰ ਆਪ ਹੀ ਸੇਵਕ ਰੂਪ ਹੈਂ। ਹੇ ਪ੍ਰਭੂ ! ਤੂੰ ਆਪ ਹੀ ਗੁਪਤ ਰੂਪ ਅਤੇ ਆਪ ਹੀ ਪ੍ਰਗਟ ਰੂਪ ਹੈਂ।

ਨਾਨਕ ਦਾਸੁ ਸਦਾ ਗੁਣ ਗਾਵੈ
ਇਕ ਭੋਰੀ ਨਦਰਿ ਨਿਹਾਲੀਐ ਜੀਉ॥ ੪॥ ੨੧॥ ੨੮॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਸਦਾ ਤੇਰੇ ਹੀ ਗੁਣ ਗਾਉਂਦਾ ਹਾਂ, ਇੱਕ ਮੈਂ ਭੋਰੀ=ਭੋਲੀ ਉੱਪਰ ਭੋਰੀ=ਰੰਚਕ ਮਾਤ੍ਰ ਨਦਰਿ ਨਿਹਾਲੀਐ=ਕਿਰਪਾ ਦ੍ਰਿਸ਼ਟੀ ਨਾਲ ਵੇਖੋ ਤਾਂ ਗਿਆਨ ਰੂਪੀ ਭੋਰੀ=ਦਿਨ ਚੜ੍ਹ ਜਾਵੇ॥ ੪॥ ੨੧॥ ੨੮॥

[ਪੰਨਾ ੧੦੩]

ਮਾਝ ਮਹਲਾ ੫

ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ॥
ਗੁਰ ਪਰਸਾਦਿ ਕਿਨੈ ਵਿਰਲੈ ਜਾਣੀ॥

ਉਹ ਬਾਣੀ ਸਫਲ ਹੈ, ਜਿਸ ਵਿਚ ਪ੍ਰਭੂ ਦੇ ਨਾਮ ਦਾ ਵਖਾਣੀ=ਕਥਨ ਹੈ।

ਗੁਰਾਂ ਦੀ ਕਿਰਪਾ ਨਾਲ ਇਹ ਗੱਲ ਕਿਸੇ ਵਿਰਲੇ ਨੇ ਜਾਣੀ ਹੈ।

ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ॥ ੧॥

ਉਹ ਵੇਲਾ ਧੰਨਤਾ ਦੇ ਜੋਗ ਹੈ, ਜਿਸ ਵੇਲੇ ਹਰੀ ਜਸ ਦਾ ਗਾਵਣਾ ਤੇ ਸੁਨਣਾ ਹੁੰਦਾ ਹੈ, ਜੋ ਹਰੀ ਜਸ ਨੂੰ ਸੁਣਦੇ ਓਹੀ ਮਨੁੱਖ ਦੁਨੀਆਂ ਵਿਚ ਆਏ ਹੋਏ ਪ੍ਰਮਾਨੀਕ ਹਨ॥ ੧॥

ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥

ਉਹ ਨੇਤ੍ਰ ਪਰਵਾਣੁ=ਸਫਲ ਹਨ ਜਿਨ੍ਹਾਂ ਨੇਤ੍ਰ=ਅੱਖਾਂ ਨੇ ਪ੍ਰਭੂ ਦਾ ਦਰਸ਼ਨ ਵੇਖਿਆ ਹੈ। ਉਹ ਕਰ=ਹੱਥ ਭਲੇ=ਚੰਗੇ ਹਨ, ਜਿਨ੍ਹਾਂ ਹੱਥਾਂ ਨੇ ਹਰੀ ਜਸ ਨੂੰ ਲੇਖਾ=ਲਿਖਿਆ ਹੈ।

ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ
ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥ ੨ ॥

ਉਹ ਚਰਣ=ਪੈਰ ਸੁਹਾਵੇ=ਸੋਹਣੇ ਹਨ, ਜੋ ਪੈਰ ਹਰੀ ਦੇ ਵੈਰਾਗ ਗਿਆਨ ਰੂਪ ਰਸਤੇ ਵਿਚ ਚਲਦੇ ਹਨ। ਜਿਨ੍ਹਾਂ ਨਾਲ ਮਿਲ ਕੇ ਪ੍ਰਭੂ ਨੂੰ ਪਛਾਣਿਆ ਹੈ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ॥ ੨ ॥

ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਾਧਸੰਗਿ ਖਿਨ ਮਾਹਿ ਉਧਾਰੇ ॥

ਹੇ ਮੇਰੇ ਪਿਆਰੇ ਮਿੱਤ੍ਰ ਇਸ ਲੋਕ ਦੇ ਅਤੇ ਸੱਜਣ ਪ੍ਰਲੋਕ ਦੇ ! ਮੇਰੀ ਬੇਨਤੀ ਸੁਣਕੇ ਮੈਨੂੰ ਸਤਸੰਗ ਬਖਸ਼। ਜਿਸ ਸਤਸੰਗ ਦੁਆਰਾ ਇੱਕ ਖਿਨ ਵਿਚ ਕਈ ਜੀਵ ਤਾਰੇ ਹਨ।

ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥੩ ॥

ਸਤਸੰਗ ਦੁਆਰਾ ਗੁਰਮੁਖਾਂ ਨੇ ਚਾਰੇ ਕਿਲਵਿਖਾਂ ਨੂੰ ਕੱਟ ਦਿੱਤਾ ਹੈ ਤੇ ਮਨ ਸ਼ੁੱਧ ਹੋ ਗਿਆ ਹੈ, ਅਤੇ ਜੀਵ ਦੇ ਆਵਣ ਜਾਣਾ=ਜਨਮ ਮਰਨ ਦੇ ਸੰਕਲਪ ਮਿਟ ਗਏ ਹਨ॥ ੩ ॥

ਦੁਇ ਕਰ ਜੋੜਿ ਇਕੁ ਬਿਨਉ ਕਰੀਜੈ ॥ਕਰਿ ਕਿਰਪਾ ਡੁਬਦਾ ਪਥਰੁ ਲੀਜੈ ॥

ਹੇ ਭਾਈ ! ਤੁਸੀਂ ਵੀ ਦੋ ਹੱਥ ਜੋੜ ਕੇ ਇੱਕ ਬੇਨਤੀ ਕਰੋ।

ਅਥਵਾ:-ਮੈਂ ਦੋ ਹੱਥ ਜੋੜ ਕੇ ਇੱਕ ਬੇਨਤੀ ਕਰਦਾ ਹਾਂ। ਹੇ ਪ੍ਰਭੂ ! ਕਿਰਪਾ ਕਰਕੇ ਪੱਥਰ ਦੀ ਨਿਆਈਂ ਡੁੱਬਦੇ ਹੋਏ ਨੂੰ ਆਪ ਕੱਢ ਲੈਣਾ ਕਰੋ।

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ
ਪ੍ਰਭ ਨਾਨਕ ਮਨਿ ਭਾਣਾ ਜੀਉ ॥ ੪ ॥ ੨੨ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਉਤੇ ਪ੍ਰਭੂ ਕ੍ਰਿਪਾਲੂ ਹੋਇਆ, ਤਾਂ ਨਾਨਕ=ਅਦ੍ਵੈਤ ਪ੍ਰਭੂ ਮੇਰੇ ਮਨ ਵਿਚ ਭਾ ਗਿਆ॥ ੪ ॥ ੨੨ ॥ ੨੯ ॥

ਮਾਝ ਮਹਲਾ ੫ ॥

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥

ਤੇਰੀ=ਤਿਸ ਹਰਿ ਹਰਿ ਦੀ ਨਾਮ ਬਾਣੀ ਅੰਮ੍ਰਿਤ ਰੂਪ ਹੈ, ਜਿਸ ਨੂੰ ਸੁਣਿ=ਕੰਨਾਂ ਦੁਆਰੇ ਸੁਣਦਿਆਂ ਸੁਣਦਿਆਂ ਮੇਰੀ ਪਰਮ ਗਤੀ ਹੋ ਰਹੀ ਹੈ।

ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥੧ ॥

ਸਤਿਗੁਰਾਂ ਦਾ ਦਰਸ਼ਨ ਪਾਣ ਕਰਕੇ ਜੀਅ ਦੀ ਜਲਨਤਾ ਬੁਝ ਗਈ ਹੈ, ਤੇ ਮਨ ਠੰਢਾ ਹੋ ਗਿਆ ਹੈ॥ ੧ ॥

ਸੂਖੁ ਭਇਆ ਦੁਖੁ ਦੂਰਿ ਪਰਾਨਾ॥ ਸੰਤ ਰਸਨ ਹਰਿ ਨਾਮੁ ਵਖਾਨਾ॥

ਸੰਤਾਂ ਦੁਆਰੇ ਰਸਨਾਂ ਨਾਲ ਹਰੀ ਨਾਮ ਨੂੰ ਵਖਾਨਾ=ਕਥਨ ਕੀਤਾ, ਤਾਂ ਸੁਖ ਪ੍ਰਾਪਤ ਹੋਇਆ ਅਤੇ ਦੁਖ ਦੂਰ ਹੀ ਪਰਾਨਾ=ਪਰੇ ਹੋ ਗਿਆ। ਵਾ ਪਰਾਨਾ=ਪਛਾਨਣਾ ਕਰੋ ਦੁਖ ਦੂਰ ਹੋ ਗਿਆ।

ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ॥ ੨॥

ਪਹਿਲਾ ਅਰਥ:- ਜਿਸ ਵੇਲੇ ਬੱਦਲ ਵਰਖਾ ਕਰਦੇ ਹਨ, ਤਿਸ ਵੇਲੇ ਥਲ ਜਲ ਨਾਲ ਭਰ ਜਾਂਦੇ ਹਨ, ਅਤੇ ਸਰ=ਸਰੋਵਰ ਭੀ ਜਲ ਨਾਲ ਸੁਭਰ=ਲਬਾਲਬ ਭਰ ਜਾਂਦੇ ਹਨ, ਕੋਈ ਭੀ ਜਾਏ=ਜਗਾ ਬਿਰਥਾ=ਖਾਲੀ ਨਹੀਂ ਰਹਿੰਦੀ।

ਦੂਜਾ ਅਰਥ:-ਇਸੀ ਪ੍ਰਕਾਰ ਜਦ ਗੁਰੂ ਰੂਪ ਬੱਦਲ ਉਪਦੇਸ਼ ਜਲ ਦੀ ਵਰਖਾ ਕਰਦੇ ਹਨ-ਤਦ ਥਲ ਅਸਥਾਨੀ ਮੱਧਮ ਤੇ ਕਨਿਸ਼ਟ ਪੁਰਸ਼ ਨਾਮ ਜਲ ਨਾਲ ਭਰ ਜਾਂਦੇ ਹਨ, ਅਤੇ ਸਰੋਵਰ ਵਾਂਗੂੰ ਉੱਤਮ ਜਗਿਆਸੂ ਵੀ ਨਾਮ ਜਲ ਨਾਲ ਲਬਾਲਬ ਭਰ ਜਾਂਦੇ ਹਨ। ਅੱਗੇ ਉਨ੍ਹਾਂ ਜਗਿਆਸੂਆਂ ਪਾਸ ਜੋ ਚਲ ਕੇ ਆਉਂਦਾ ਹੈ ਉਹ ਖਾਲੀ ਨਹੀਂ ਜਾਂਦਾ।

ਤੀਜਾ ਅਰਥ:-ਜਿਸ ਵੇਲੇ ਬੱਦਲ ਵਰਖਾ ਕਰਦੇ ਹਨ, ਤਿਸ ਵੇਲੇ ਜਲ ਦਾ ਥਲ=ਅਸਥਾਨ ਜੋ ਸਰ=ਸਰੋਵਰ ਹਨ ਉਹ ਲਬਾਲਬ ਜਲ ਨਾਲ ਭਰ ਜਾਂਦੇ ਹਨ। ਜੋ ਭੀ ਪਸ਼ੂ ਪੰਛੀ ਆਉਂਦਾ ਹੈ ਉਹ ਬਿਰਥਾ=ਖਾਲੀ ਕੋਈ ਨਹੀਂ ਜਾਂਦਾ। ਇਸੀ ਪ੍ਰਕਾਰ-

ਚੌਥਾ ਅਰਥ-ਨਾਮ ਰੂਪ ਜਲ ਦਾ ਥਲ=ਅਸਥਾਨ ਜੋ ਸਰ=ਸਰੋਵਰ ਗੁਰੂ ਸਾਹਿਬ ਜੀ ਹਨ, ਉਹ ਲਬਾਲਬ ਨਾਮ ਜਲ ਨਾਮ ਭਰੇ ਹੋਏ ਹਨ। ਗੁਰਾਂ ਪਾਸ ਆ ਕੇ ਕੋਈ ਭੀ ਜਗਿਆਸੂ ਰੂਪ ਪੰਛੀ ਨਾਮ ਜਲ ਪੀਤੇ ਤੋਂ ਬਗੈਰ ਖਾਲੀ ਨਹੀਂ ਜਾਂਦਾ।

ਪੰਜਵਾਂ ਅਰਥ-ਥਲ=ਪੁਰਾਣ ਵੀ ਨਾਮ ਤੇ ਸ਼ੁਭ ਗੁਣਾਂ ਰੂਪ ਜਲ ਨਾਲ ਭਰੇ ਹੋਏ ਹਨ, ਸਰ=ਵੇਦ ਵੀ ਨਾਮ ਹੈ ਸ਼ੁਭ ਗੁਣਾਂ ਰੂਪ ਜਲ ਨਾਲ ਲਬਾਲਬ ਭਰੇ ਹੋਏ ਹਨ। ਜੋ ਭੀ ਸ਼ਰਧਾ ਧਾਰ ਕੇ ਪੜ੍ਹਦਾ ਹੈ ਉਹ ਕੋਈ ਖਾਲੀ ਨਹੀਂ ਜਾਂਦਾ॥ ੨॥

ਦਇਆ ਧਾਰੀ ਤਿਨਿ ਸਿਰਜਨਹਾਰੇ॥ ਜੀਅ ਜੰਤ ਸਗਲੇ ਪ੍ਰਤਿਪਾਰੇ॥

ਉਸ ਸਿਰਜਣਹਾਰ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ। ਜੋ ਸੂਖਮ ਸਥੂਲ ਸਭ ਜੀਆਂ ਜੰਤਾਂ ਦੀ ਪਾਲਣਾ ਕਰਦਾ ਹੈ।

ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ॥ ੩॥

ਉਹ ਪਿੱਛੇ ਵੀ ਮਿਹਰਵਾਨ ਸੀ, ਹੁਣ ਵੀ ਕ੍ਰਿਪਾਲੂ ਹੈ, ਅੱਗੇ ਭੀ ਦਿਆਲੂ ਹੋਵੇਗਾ।

*ਅਥਵਾ-*ਉਸ ਮਿਹਰਬਾਨ ਕ੍ਰਿਪਾਲੂ ਦੀ ਦਿਆਲਤਾ ਨਾਲ ਹੀ ਸਾਰੇ ਜੀਵ ਤ੍ਰਿਪਤ ਹੋ ਕੇ ਰੱਜ ਰਹੇ ਹਨ॥ ੩॥

ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ॥ ਕਰਣਹਾਰਿ ਖਿਨ ਭੀਤਰਿ ਕਰਿਆ॥

ਜਿਸ ਨੇ ਪ੍ਰਤੱਖ ਵਣ, ਤ੍ਰਿਣ ਤੇ ਤਿੰਨਾਂ ਲੋਕਾਂ ਨੂੰ ਹਰਾ ਕੀਤਾ ਹੈ।

ਅਥਵਾ-ਵਣੁ=ਅੰਤਹਕਰਨ; ਤ੍ਰਿਣੁ=ਇੰਦ੍ਰੇ, ਤ੍ਰਿਭਵਣੁ=ਤਿੰਨੇ ਸਰੀਰਾਂ ਨੂੰ ਹਰਾ ਕੀਤਾ ਹੈ। ਉਸ ਕਰਨਹਾਰ ਪ੍ਰਭੂ ਨੇ ਇੱਕ ਖਿਨ ਵਿਚ ਹੀ ਸੱਭ ਕੁਝ ਕਰ ਦਿੱਤਾ ਹੈ।

ਗੁਰਮੁਖਿ ਨਾਨਕ ਤਿਸੈ ਅਰਾਧੇ
ਮਨ ਕੀ ਆਸ ਪੁਜਾਏ ਜੀਉ ॥ ੪ ॥ ੨੩ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੁਆਰੇ ਉਸ ਪ੍ਰਭੂ ਨੂੰ ਅਰਾਧਣਾ ਕਰੇ, ਜੋ ਸਭਨਾਂ ਦੇ ਮਨ ਦੀ ਆਸਾ ਪੂਰਨ ਕਰਦਾ ਹੈ॥ ੪॥ ੨੩॥ ੩੦॥

ਮਾਝ ਮਹਲਾ ੫ ॥

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥

ਹੇ ਵਾਹਿਗੁਰੂ ! ਤੂੰ ਮੇਰਾ ਪਿਤਾ ਹੈਂ, ਤੂੰਹੀਂ ਮੇਰੀ ਮਾਂ ਹੈਂ, ਤੂੰ ਮੇਰਾ ਸਬੰਧੀ ਹੈਂ, ਅਤੇ ਤੂੰਹੀਂ ਮੇਰਾ ਭਰਾ ਹੈਂ।

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ ੧ ॥

ਜਦ ਕਿ ਤੂੰਹੀਂ ਮੇਰਾ ਸਭ ਜਗ੍ਹਾਂ ਤੇ ਰਾਖਾ ਹੈਂ, ਤਦ ਮੈਨੂੰ ਕਿਸ ਦਾ ਡਰ ਤੇ ਕਾਹਦਾ ਕਾੜ੍ਹਾ=ਝੋਰਾ ਹੈ॥ ੧॥

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰਹੈਂ ਮੇਰਾ ਮਾਣਾ ॥

ਆਪ ਜੀ ਦੀ ਕਿਰਪਾ ਨਾਲ ਹੀ ਆਪ ਜੀ ਨੂੰ ਪਛਾਣਿਆ ਹੈ। ਤੂੰਹੀਂ ਮੇਰੀ ਤਨ ਦੀ ਓਟ ਰੂਪ ਹੈ, ਤੂੰਹੀਂ ਮੇਰਾ ਮਨ ਦਾ ਮਾਣ ਰੂਪ ਹੈਂ।

ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥ ੨ ॥

ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਹੈ ਹੀ ਨਹੀਂ, ਸਾਰਾ ਸੰਸਾਰ ਅਖਾੜਾ ਤੇਰਾ ਹੀ ਖੇਲੁ=ਰਚਿਆ ਹੋਇਆ ਹੈ॥ ੨॥

ਅਥਵਾ-ਸਾਰਾ ਜਗਤ ਤੇਰੇ ਖੇਲਣ ਦਾ ਅਖਾੜਾ=ਅਸਥਾਨ (ਗਰਾਊਂਡ) ਹੈ।

ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥

ਸੂਖਮ ਸਥੂਲ ਜੀਅ ਜੰਤ ਸਾਰੇ ਤੁਸਾਂ ਨੇ ਹੀ ਪੈਦਾ ਕੀਤੇ ਹਨ। ਜਿੱਧਰ ਜਿੱਧਰ ਤੁਸਾਂ ਨੇ ਭਾਣਾ=ਚਾਹਿਆ ਹੈ ਉਧਰ ਉਧਰ ਹੀ ਤੁਸਾਂ ਨੇ ਇਨ੍ਹਾਂ ਨੂੰ ਲਾਇਆ ਹੋਇਆ ਹੈ।

ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥ ੩ ॥

ਆਪ ਜੀ ਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ। ਸਾਡਾ ਕੀਤਾ ਕੁਝ ਭੀ ਨਹੀਂ ਹੁੰਦਾ। ੩।

ਨਾਮੁ ਧਿਆਇ ਮਹਾ ਸੁਖੁ ਪਾਇਆ ॥
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥

ਆਪ ਜੀ ਦੇ ਨਾਮ ਨੂੰ ਧਿਆ ਕੇ ਮਹਾ=ਵੱਡਾ ਸੁਖ ਪਾਇਆ ਹੈ। ਹੇ ਹਰੀ ! ਆਪ ਜੀ ਦੇ ਜਸ ਰੂਪ ਗੁਣਾਂ ਨੂੰ ਗਾ ਕੇ ਮੇਰਾ ਮਨ ਠੰਢਾ ਹੋ ਗਿਆ ਹੈ।

ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥

ਗੁਰੂ ਜੀ ਕਥਨ ਕਰਦੇ ਹਨ-ਪੂਰਿਆਂ ਗੁਰਾਂ ਦੀ ਕਿਰਪਾ ਨਾਲ ਅਨੰਦ ਦੀ ਵਧਾਈ ਵੀ=ਪ੍ਰਗਟ ਹੋਈ ਹੈ, ਅਤੇ ਕਾਮ ਆਦਿਕਾਂ ਦਾ ਵਾ ਸੰਸਾਰ ਰੂਪ ਬਿਖਾੜਾ=ਕਠਨ ਅਖਾੜਾ ਜਿੱਤ ਲੈਣਾ ਕੀਤਾ ਹੈ॥ ੪॥ ੨੪॥ ੩੧॥

ਮਾਝ ਮਹਲਾ ੫ ॥

ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥ ਭਗਤ ਜੀਵਹਿ ਗੁਣ ਗਾਇ ਅਪਾਰਾ ॥

ਜੋ ਪ੍ਰਭੂ ਜੀਵਾਂ ਦੇ ਪ੍ਰਾਣਾਂ ਦਾ ਅਤੇ ਮਨ ਦਾ ਅਧਾਰਾ=ਆਸਰਾ ਰੂਪ ਹੈ। ਉਸ ਅਪਾਰ ਪ੍ਰਭੂ ਦੇ ਗੁਣਾਂ ਨੂੰ ਗਾ ਕੇ ਭਗਤ ਜੀਉਂਦੇ ਹਨ।

ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ
ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥ ੧ ॥

ਸ਼ੁਭ ਗੁਣਾਂ ਦਾ ਨਿਧਾਨ=ਖਜ਼ਾਨਾ ਜੋ ਹਰੀ ਨਾਮ ਅੰਮ੍ਰਿਤ ਹੈ, ਉਸ ਹਰੀ ਨਾਮ ਨੂੰ ਜਪ ਜਪ ਕੇ ਆਤਮ ਸੁਖ ਪਾਇਆ ਹੈ॥ ੧ ॥

ਮਨਸਾ ਧਾਰਿ ਜੋ ਘਰ ਤੇ ਆਵੈ ॥ ਸਾਧਸੰਗਿ ਜਨਮੁ ਮਰਣੁ ਮਿਟਾਵੈ ॥

ਘਰ ਵਿਚੋਂ ਜੋ ਭੀ ਵਾਸ਼ਨਾ ਧਾਰ ਕੇ ਆਉਂਦਾ ਹੈ-ਉਹ ਸਤਸੰਗ ਦੇ ਪ੍ਰਤਾਪ ਨਾਲ ਜਨਮ ਮਰਨ ਮਿਟਾ ਲੈਂਦਾ ਹੈ।

[ਪੰਨਾ ੧੦੪]

ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥ ੨ ॥

ਗੁਰਾਂ ਦਾ ਦਰਸ਼ਨ ਕਰਦਿਆਂ ਹੀ ਸਾਰੀਆਂ ਆਸਾਂ ਤੇ ਮਨ ਦੇ ਮਨੋਰਥ ਪੂਰੇ ਹੋ ਜਾਂਦੇ ਹਨ॥ ੨ ॥

ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥
ਸਾਧਿਕ ਸਿਧ ਧਿਆਵਹਿ ਗਿਆਨੀ ॥

ਜੋ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਉਸ ਦੀ ਕੁਝ ਮਰਯਾਦਾ ਨਹੀਂ ਜਾਣੀ ਜਾਂਦੀ। ਸਾਧਿਕ=ਸਾਧਨਾਂ ਕਰਨ ਵਾਲੇ ਜਗਿਆਸੂ, ਰਿੱਧੀਆਂ ਸਿੱਧੀਆਂ ਵਾਲੇ ਸਿੱਧ ਅਤੇ ਗਿਆਨੀ ਸਭ ਉਸਨੂੰ ਧਿਆਉਂਦੇ ਹਨ।

ਖੁਦੀ ਮਿਟੀ ਚੁਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥ ੩ ॥

ਖੁਦੀ=ਹੰਗਤਾ ਵਾ ਇੱਛਿਆ ਮਿਟ ਗਈ ਹੈ, ਭਰਮ ਕਰਕੇ ਜੋ ਭੁਲੇਖਾ ਪਿਆ ਹੋਇਆ ਸੀ ਉਹ ਭੀ ਚੁਕਾ=ਦੂਰ ਹੋ ਗਿਆ ਹੈ, ਕਿਉਂਕਿ ਗੁਰਾਂ ਨੇ ਮਨ ਦੇ ਵਿਚ ਹੀ ਪ੍ਰਭੂ ਪ੍ਰਗਟ ਕਰ ਦਿੱਤਾ ਹੈ॥ ੩ ॥

ਅਨਦ ਮੰਗਲ ਕਲਿਆਣ ਨਿਧਾਨਾ ॥ ਸੂਖ ਸਹਜ ਹਰਿ ਨਾਮੁ ਵਖਾਨਾ ॥

ਅਨੰਦਦਾਇਕ ਮੰਗਲਾਂ ਦੇ ਕਰਨ ਵਾਲਾ, ਅਤੇ ਮੁਕਤੀ ਦਾ ਖਜ਼ਾਨਾ ਜੋ ਪ੍ਰਭੂ ਹੈ, ਅਚੁਤ ਸੁੱਖ ਦਾ ਦਾਤਾ ਉਸ ਹਰੀ ਨਾਮ ਨੂੰ ਕਥਨ ਕਰਦੇ ਹਾਂ।

ਹੋਇ ਕ੍ਰਿਪਾਲੁ ਸੁਆਮੀ ਅਪਨਾ
ਨਾਉ ਨਾਨਕ ਘਰ ਮਹਿ ਆਇਆ ਜੀਉ ॥ ੪ ॥ ੨੫ ॥ ੩੨ ॥

ਜਿਸ ਉੱਤੇ ਅਪੁਣਾ ਸੁਆਮੀ ਪ੍ਰਭੂ ਕਿਰਪਾਲੂ ਹੋਇਆ ਹੈ, ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਅੰਤਹ ਕਰਨ ਰੂਪ ਘਰ ਵਿਚ ਨਾਮ ਆ ਗਿਆ ਹੈ॥ ੪॥ ੨੫॥ ੩੨॥

ਮਾਝ ਮਹਲਾ ੫ ॥

ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ ॥

ਹੇ ਪ੍ਰਭੂ ! ਮੈਂ ਆਪ ਜੀ ਦੀ ਸੋਇ=ਸੋਭਾ ਸੁਣ ਸੁਣ ਕੇ ਜਿਉਂਦਾ ਹਾਂ, ਹੇ ਠਾਕੁਰ ! ਤੂੰ ਮੇਰਾ ਵੱਡਾ ਭਾਰੀ ਪ੍ਰੀਤਮ ਹੈਂ।

ਤੁਮਰੇ ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੋਪਾਲਾ ਜੀਉ ॥ ੧ ॥

ਤੁਸੀਂ ਆਪਣੇ ਕਰਤਬਾਂ ਨੂੰ ਆਪ ਹੀ ਜਾਣਦੇ ਹੋ; ਹੇ ਗੋਪਾਲ ਜੀਉ ਸਾਨੂੰ ਆਪ ਜੀ ਦੀ ਓਟ ਹੈ॥ ੧ ॥

ਗੁਣ ਗਾਵਤ ਮਨੁ ਹਰਿਆ ਹੋਵੈ ॥ ਕਥਾ ਸੁਣਤ ਮਲੁ ਸਗਲੀ ਖੋਵੈ ॥

ਆਪ ਜੀ ਦੇ ਗੁਣ ਗਾਉਂਦਿਆਂ ਸਾਡਾ ਮਨ ਸ਼ੁਭ ਗੁਣਾਂ ਨਾਲ ਹਰਿਆ ਹੁੰਦਾ ਹੈ, ਅਤੇ ਆਪ ਜੀ ਦੀ ਕਥਾ ਸੁਣਦਿਆਂ ਪਾਪਾਂ ਦੀ ਸਾਰੀ ਮੈਲ ਖੋਵੈ=ਦੂਰ ਹੁੰਦੀ ਹੈ।

ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ ॥ ੨ ॥

ਸਾਧ=ਸ੍ਰੇਸ਼ਟ ਸੰਤਾਂ ਨਾਲ ਮਿਲ ਕੇ ਹੇ ਦਿਆਲੂ ਜੀਉ! ਮੈਂ ਸਦਾ ਆਪ ਜੀ ਨੂੰ ਜਪਦਾ ਹਾਂ॥ ੨ ॥

ਪ੍ਰਭੁ ਅਪੁਨਾ ਸਾਸਿ ਸਾਸਿ ਸਮਾਰਉ ॥
ਇਹ ਮਤਿ ਗੁਰ ਪ੍ਰਸਾਦਿ ਮਨਿ ਧਾਰਉ ॥

ਹੇ ਪ੍ਰਭੂ ! ਮੈਂ ਆਪ ਜੀ ਨੂੰ ਆਪਣਾ ਸੁਆਮੀ ਸਮਝ ਕੇ ਸ੍ਵਾਸ ਸ੍ਵਾਸ ਸੰਭਾਲਦਾ ਹਾਂ, ਪਰ ਇਹ ਸਿੱਖਿਆ ਗੁਰਾਂ ਦੀ ਕਿਰਪਾ ਨਾਲ ਮਨ ਵਿਚ ਧਾਰਦਾ ਹਾਂ।

ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ ਪ੍ਰਤਿਪਾਲਾ ਜੀਉ ॥ ੩ ॥

ਆਪ ਜੀ ਦੀ ਕਿਰਪਾ ਨਾਲ ਹੀ ਪ੍ਰਗਾਸਾ=ਗਿਆਨ ਹੁੰਦਾ ਹੈ, ਆਪ ਹੀ ਮਇਆ=ਕ਼ਿਰਪਾ ਕਰਕੇ ਸਾਰਿਆਂ ਜੀਵਾਂ ਦੀ ਪਾਲਣਾ ਕਰਦੇ ਹੋ॥ ੩ ॥

ਸਤਿ ਸਤਿ ਸਤਿ ਪ੍ਰਭੁ ਸੋਈ ॥ ਸਦਾ ਸਦਾ ਸਦ ਆਪੇ ਹੋਈ ॥

ਹੇ ਪ੍ਰਭੂ ! ਤੂੰ ਪਿੱਛੇ ਵੀ ਸਦਾ ਸੱਤ ਸੀ, ਹੁਣ ਵੀ ਸਦਾ ਸੱਤ ਹੈਂ; ਅਤੇ ਅੱਗੇ ਨੂੰ ਭੀ ਸਦਾ ਤੂੰ ਆਪੇ ਸੱਤ ਹੋਵੇਂਗਾ।

ਚਲਿਤ ਤੁਮਾਰੇ ਪ੍ਰਗਟ ਪਿਆਰੇ
ਦੇਖਿ ਨਾਨਕ ਭਏ ਨਿਹਾਲਾ ਜੀਉ ॥ ੪ ॥ ੨੬ ॥ ੩੩ ॥

ਗੁਰੂ ਜੀ ਕਥਨ ਕਰਦੇ ਹਨ ਹੇ ਪਿਆਰੇ ਜੀਉ ! ਆਪ ਜੀ ਦੇ ਪਰਗਟ ਚਲਿਤ੍ਰਾਂ ਨੂੰ ਦੇਖ ਕੇ ਮੈਂ ਨਿਹਾਲ ਹੋਇਆ ਹਾਂ ॥ ੪ ॥ ੨੬ ॥ ੩੩ ॥

ਮਾਝ ਮਹਲਾ ੫ ॥

ਹੁਕਮੀ ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ ਨਾਮੁ ਜਪੇਹਾ ॥

ਹੁਕਮੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਜਦ ਗੁਰੂ ਰੂਪ ਬੱਦਲ ਉਪਦੇਸ਼ ਜਲ ਦੀ ਵਰਖਾ ਕਰਨ ਲੱਗੇ। ਤਾਂ ਸੰਤ ਉਸ ਗੁਰੂ ਸੱਜਣ ਨਾਲ ਮਿਲ ਕੇ ਨਾਮ ਜਪਣ ਲੱਗੇ।

ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥ ੧ ॥

ਮਨ ਨੂੰ ਸੀਤਲ ਕਰਨ ਵਾਲੀ ਸ਼ਾਂਤੀ ਤੇ ਆਤਮ ਸੁਖ ਪਾਣਾ ਕੀਤਾ, ਪਰ ਇਹ ਸਾਰੀ ਠੰਢ ਪ੍ਰਭੂ ਨੇ ਆਪ ਹੀ ਪਾਈ ਹੈ ॥ ੧ ॥

ਸਭੁ ਕਿਛੁ ਬਹੁਤੋ ਬਹੁਤੁ ਉਪਾਇਆ ॥
ਕਰਿ ਕਿਰਪਾ ਪ੍ਰਭਿ ਸਗਲ ਰਜਾਇਆ ॥

ਬਹੁਤ ਸੇ ਬਹੁਤ ਸਭ ਕੁਝ ਸ਼ੁਭ ਗੁਣਾਂ ਦਾ ਸਮੁਦਾਇ ਪੈਦਾ ਕਰ ਦਿੱਤਾ, ਪ੍ਰਭੂ ਨੇ ਕਿਰਪਾ ਕਰਕੇ ਸਭ ਤਰ੍ਹਾਂ ਨਾਲ ਸਾਰਿਆਂ ਜਗਿਆਸੂਆਂ ਨੂੰ ਰਜਾਇਆ=ਤ੍ਰਿਪਤ ਕਰ ਦਿੱਤਾ।

ਦਾਤਿ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ ॥ ੨ ॥

ਹੇ ਮੇਰੇ ਦਾਤਾਰ ਪ੍ਰਭੂ ! ਜਦ ਆਪ ਦਾਤ ਦੇਣੀ ਕਰਦੇ ਹੋ, ਤਾਂ ਸੂਖਮ ਸਥੂਲ ਸਾਰੇ ਜੀਅ ਜੰਤ ਧ੍ਰਾਪੇ=ਤ੍ਰਿਪਤ ਹੋ ਜਾਂਦੇ ਹਨ ॥ ੨ ॥

ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦਿ ਤਿਸੁ ਸਦਾ ਧਿਆਈ ॥

ਜੋ ਸਾਹਿਬ ਸੱਚਾ ਹੈ, ਅਤੇ ਨਾਈ=ਵਡਿਆਈ ਭੀ ਸੱਚੀ ਹੈ, ਗੁਰਾਂ ਦੀ ਕਿਰਪਾ ਨਾਲ ਮੈਂ ਸਦਾ ਉਸ ਨੂੰ ਧਿਆਉਂਦਾ ਹਾਂ।

ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ ॥ ੩ ॥

ਮੋਹ ਦੇ ਸਹਿਤ ਜਨਮ ਮਰਨ ਦਾ ਭੈ ਕੱਟਿਆ ਗਿਆ ਹੈ, ਅਤੇ ਜੀਅ ਦੇ ਸੋਗ=ਫਿਕਰ ਸੰਤਾਪ ਸਭ ਨਾਸ ਹੋ ਗਏ ਹਨ ॥ ੩ ॥

ਸਾਸਿ ਸਾਸਿ ਨਾਨਕੁ ਸਾਲਾਹੇ ॥ ਸਿਮਰਤ ਨਾਮੁ ਕਾਟੇ ਸਭਿ ਫਾਹੇ ॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਸ੍ਵਾਸ ਸ੍ਵਾਸ ਉਸਨੂੰ ਸਲਾਹੁੰਦੇ ਹਾਂ, ਨਾਮ ਦੇ ਸਿਮਰਨੇ ਕਰਕੇ ਸਾਰੇ ਫਾਹੇ ਕੱਟੇ ਗਏ ਹਨ।

ਪੂਰਨ ਆਸ ਕਰੀ ਖਿਨ ਭੀਤਰਿ
ਹਰਿ ਹਰਿ ਹਰਿ ਗੁਣ ਜਾਪੇ ਜੀਉ ॥ ੪ ॥ ੨੭ ॥ ੩੪ ॥

ਹਰੀ ਨੇ ਉਨ੍ਹਾਂ ਦੀ ਆਸਾ ਇੱਕ ਖਿਨ ਵਿਚ ਪੂਰੀ ਕੀਤੀ ਹੈ, ਜਿਸ ਜੀਵ ਨੇ ਹਰਿ ਹਰਿ ਦੇ ਗੁਣ ਜਪਣਾ ਕੀਤੇ ਹਨ॥ ੪॥ ੨੭॥ ੩੪॥

ਮਾਝ ਮਹਲਾ ੫ ॥

ਆਉ ਸਾਜਨ ਸੰਤ ਮੀਤ ਪਿਆਰੇ ॥ ਮਿਲਿ ਗਾਵਹ ਗੁਣ ਅਗਮ ਅਪਾਰੇ ॥

ਪਿਆਰੇ ਪ੍ਰਭੂ ਦੇ ਮਿੱਤਰ ਹੇ ਸੱਜਣ ਸੰਤੋ ! ਤੁਸੀਂ ਮੇਰੇ ਪਾਸ ਆਓ। ਅਸੀਂ ਆਪਸ ਵਿਚ ਮਿਲ ਕੇ ਅਗਮ ਅਪਾਰ ਦੇ ਗ਼ੁਣ ਗਾਵਣਾ ਕਰੀਏ।

ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥ ੧ ॥

ਕਿਉਂਕਿ ਗਾਵਣ ਤੇ ਸੁਣਨ ਵਾਲੇ ਸਾਰੇ ਹੀ ਮੁਕਤ ਹੁੰਦੇ ਹਨ, ਇਸ ਲਈ ਉਸ ਹਰੀ ਨੂੰ ਧਿਆਉਣਾ ਕਰੀਏ ਜਿਸ ਨੇ ਸਾਨੂੰ ਪੈਦਾ ਕੀਤਾ ਹੈ॥ ੧ ॥

ਜਨਮ ਜਨਮ ਕੇ ਕਿਲਬਿਖ ਜਾਵਹਿ ॥ ਮਨਿ ਚਿੰਦੇ ਸੇਈ ਫਲ ਪਾਵਹਿ ॥

ਨਾਮ ਦੇ ਪਰਤਾਪ ਕਰਕੇ ਜਨਮਾਂ ਜਨਮਾਂ ਦੇ ਸਾਰੇ ਪਾਪ ਨਵਿਰਤ ਹੋ ਜਾਂਦੇ ਹਨ। ਜੋ ਨਾਮ ਜਪਦੇ ਹਨ ਉਹ ਮਨ ਇੱਛਤ ਫਲ ਪਾਂਦੇ ਹਨ।

ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ ॥ ੨ ॥

ਉਸ ਸੱਚੇ ਸੁਆਮੀ ਨੂੰ ਸਿਮਰਨਾ ਕਰ, ਜੋ ਸਾਹਿਬ ਸਾਰਿਆਂ ਜੀਵਾਂ ਨੂੰ ਰਿਜਕੁ=ਖਾਣ ਪਾਣ ਦੇਂਦਾ ਹੈ॥ ੨ ॥

ਨਾਮੁ ਜਪਤ ਸਰਬ ਸੁਖੁ ਪਾਈਐ ॥
ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥

ਨਾਮ ਜਪਣ ਕਰਕੇ ਸਾਰੇ ਸੁਖ ਪਾਈਦੇ ਹਨ, ਹਰਿ ਹਰਿ ਨਾਮ ਧਿਆਉਣ ਕਰਕੇ ਸਾਰੇ ਡਰ ਮਿਟ ਜਾਂਦੇ ਹਨ।

ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ ॥ ੩ ॥

ਜਿਸ ਨੇ ਨਾਮ ਸੇਵਿਆ=ਜਪਿਆ ਹੈ ਉਹ ਸੰਸਾਰ ਗ੍ਰਾਮ ਤੋਂ ਪਾਰ ਹੋ ਜਾਂਦਾ ਹੈ, ਅਤੇ ਉਸ ਜੀਵ ਦੇ ਸਾਰੇ ਕੰਮ ਪੂਰੇ ਹੋ ਗਏ ਹਨ॥ ੩ ॥

ਆਇ ਪਇਆ ਤੇਰੀ ਸਰਣਾਈ ॥ ਜਿਉ ਭਾਵੈ ਤਿਉ ਲੈਹਿ ਮਿਲਾਈ ॥

ਹੇ ਪ੍ਰਭੂ ! ਮੈਂ ਆਪ ਜੀ ਦੀ ਸ਼ਰਨੀ ਆ ਪਿਆ ਹਾਂ, ਜਿਵੇਂ ਜਾਣੋ ਤਿਵੇਂ ਆਪਣੇ ਨਾਲ ਮਿਲਾ ਲਵੋ।

[ਪੰਨਾ ੧੦੫]

ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ
ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥ ੪ ॥ ੨੮ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਕਿਰਪਾ ਕਰਕੇ ਆਪਣੀ ਭਗਤੀ ਵਿਚ ਲਾਵੋ, ਜਿਸ ਕਰਕੇ ਅਸੀਂ ਸੱਚਾ ਨਾਮ ਅੰਮ੍ਰਿਤ ਪੀਂਦੇ ਰਹੀਏ॥ ੪ ॥ ੨੮ ॥ ੩੫ ॥

ਮਾਝ ਮਹਲਾ ੫ ॥

ਭਏ ਕ੍ਰਿਪਾਲ ਗੋਬਿੰਦ ਗੁਸਾਈ ॥ ਮੇਘੁ ਵਰਸੈ ਸਭਨੀ ਥਾਈ ॥

ਜਿਸ ਵੇਲੇ ਗੋਬਿੰਦ ਗੁਸਾਈ ਕ੍ਰਿਪਾਲੂ ਹੋਏ, ਤਾਂ ਗੁਰੂ ਰੂਪ ਬੱਦਲ ਸਭ ਜਗ੍ਹਾ ਤੇ ਉਪਦੇਸ਼ ਜਲ ਦੀ ਵਰਖਾ ਕਰਦੇ ਹੁੰਏ।

ਦੀਨ ਦਇਆਲ ਸਦਾ ਕਿਰਪਾਲਾ ਠਾਢਿ ਪਾਈ ਕਰਤਾਰੇ ਜੀਉ ॥ ੧ ॥

ਜੋ ਦੀਨ ਦਿਆਲੂ ਸਦਾ ਕਿਰਪਾਲੂ ਸੁਭਾਅ ਵਾਲਾ ਹੈ, ਉਸ ਕਰਤਾਰ ਨੇ ਹੀ ਠੰਢ ਪਾਈ ਹੈ॥ ੧ ॥

ਅਪੁਨੇ ਜੀਅ ਜੰਤ ਪ੍ਰਤਿਪਾਰੇ ॥ ਜਿਉ ਬਾਰਿਕ ਮਾਤਾ ਸੰਮਾਰੇ ॥

ਉਹ ਆਪਣੇ ਜੀਆਂ ਜੰਤਾਂ ਦੀ ਇਸ ਤਰ੍ਹਾਂ ਪਾਲਣਾ ਕਰਦਾ ਹੈ। ਜਿਵੇਂ ਬੱਚੇ ਨੂੰ ਮਾਂ ਸੰਭਾਲਦੀ ਹੈ।

ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ ॥ ੨ ॥

ਜੋ ਸੁਆਮੀ ਦੁਖਾਂ ਦੇ ਭੰਜਨੇ ਵਾਲਾ, ਤੇ ਸੁਖਾਂ ਦਾ ਸਮੁੰਦਰ ਹੈ, ਓਹੀ ਸਾਰਿਆਂ ਨੂੰ ਆਹਾਰੇ=ਭੋਜਨ ਦੇਂਦਾ ਹੈ॥ ੨ ॥

ਜਲਿ ਥਲਿ ਪੂਰਿ ਰਹਿਆ ਮਿਹਰਵਾਨਾ ॥
ਸਦ ਬਲਿਹਾਰਿ ਜਾਈਐ ਕੁਰਬਾਨਾ ॥

ਜੋ ਮਿਹਰਵਾਨ ਜਲਾਂ ਥਲਾਂ ਵਿਚ ਪੂਰਨ ਹੋ ਰਿਹਾ ਹੈ, ਅਸੀਂ ਸਦਾ ਹੀ ਉਸ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ।

ਰੈਣਿ ਦਿਨਸੁ ਤਿਸੁ ਸਦਾ ਧਿਆਈ
ਜਿ ਖਿਨ ਮਹਿ ਸਗਲ ਉਧਾਰੇ ਜੀਉ ॥ ੩ ॥

ਸਦਾ ਰਾਤ ਦਿਨ ਉਸ ਨੂੰ ਧਿਆਉਂਦੇ ਹਾਂ, ਜਿਹੜਾ ਇੱਕ ਖਿਨ ਵਿਚ ਸਾਰਿਆਂ ਜੀਵਾਂ ਨੂੰ ਉਧਾਰੇ=ਤਾਰ ਦੇਂਦਾ ਹੈ॥ ੩ ॥

ਰਾਖਿ ਲੀਏ ਸਗਲੇ ਪ੍ਰਭਿ ਆਪੇ ॥ ਉਤਰਿ ਗਏ ਸਭ ਸੋਗ ਸੰਤਾਪੇ ॥

ਪ੍ਰਭੂ ਨੇ ਆਪ ਹੀ ਸਾਰਿਆਂ ਸੇਵਕਾਂ ਨੂੰ ਰੱਖ ਲਿਆ ਹੈ, ਸੇਵਕਾਂ ਦੇ ਸਾਰੇ ਸੋਗ ਸੰਤਾਪ ਉੱਤਰ ਗਏ ਹਨ।

ਨਾਮੁ ਜਪਤ ਮਨੁ ਤਨੁ ਹਰੀਆਵਲੁ
ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥ ੪ ॥ ੨੯ ॥ ੩੬ ॥

ਨਾਮ ਜਪਣ ਕਰਕੇ ਸੇਵਕਾਂ ਦਾ ਮਨ ਤਨ ਸ਼ੁਭ ਗੁਣਾਂ ਕਰਕੇ ਹਰੀਆਵਲੁ=ਅਨੰਦ ਵਾਲਾ ਹੋ ਰਿਹਾ ਹੈ, ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਆਪਣਿਆਂ ਸੇਵਕਾਂ ਨੂੰ ਕਿਰਪਾ ਦ੍ਰਿਸ਼ਟੀ ਨਾਲ ਨਿਹਾਰੇ=ਦੇਖਦਾ ਹੈ॥ ੪॥ ੨੯॥ ੩੬॥

ਮਾਝ ਮਹਲਾ ੫ ॥

ਉਥਾਨਕਾ:- ਜਿਸ ਵੇਲੇ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਦੇ ਦਰਸ਼ਨਾਂ ਨੂੰ ਜਾ ਰਹੇ ਸਨ ਤੇ ਰਾਹ ਵਿਚ ਭਾਈ ਹੇਮਾ ਭਗਤ ਅਰਾਧ ਰਿਹਾ ਸੀ, ਉਸ ਦੀ ਇੱਛਾ ਪੂਰਨ ਕਰਨ ਲਈ ਜਦ ਉਸ ਦੇ ਪਾਸ ਗਏ ਤਾਂ ਉਸ ਨੇ ਉੱਠ ਕੇ ਮੱਥਾ ਟੇਕ ਕੇ ਬੜਾ ਸਤਿਕਾਰ ਕੀਤਾ ਉਸ ਦੇ ਸਿਮਰਨ ਨੂੰ ਵੇਖ ਕੇ ਹਜ਼ੂਰ ਨੇ ਇਹ ਸ਼ਬਦ ਉਚਾਰਿਆ-

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਲ ਸੋਇਨ ਚਉਬਾਰੇ ॥

ਹੇ ਭਾਈ ਹੇਮਾ ! ਜਿਸ ਜਗ੍ਹਾਂ ਪਿਆਰੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ।

ਸੇ ਅਸਥਲ=ਉਹ ਅਸਥਾਨ ਚੁਬਾਰਿਆਂ ਵਾਂਗੂੰ ਸੋਇਨ=ਸੋਭਦੇ ਹਨ।

ਵਾ ਸੋਨੇ ਦੇ ਚੁਬਾਰਿਆਂ ਵਾਂਗੂੰ ਹਨ।

ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥ ੧ ॥

ਜਿਸ ਜਗ੍ਹਾਂ ਮੇਰੇ ਗੋਬਿੰਦ ਜੀ ਦਾ ਨਾਮ ਨਹੀਂ ਜਪਿਆ ਜਾਂਦਾ, ਉਹ ਨਗਰ ਭੀ ਉਜਾੜ ਦੇ ਸਮਾਨ ਹੈ॥ ੧ ॥

ਹਰਿ ਰੁਖੀ ਰੋਟੀ ਖਾਇ ਸਮਾਲੇ ॥ ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥

ਜਿਹੜਾ ਮਨੁੱਖ ਰੁਖੀ ਰੋਟੀ ਖਾ ਕੇ ਹਰੀ ਨੂੰ ਸਮਾਲੇ=ਚੇਤੇ ਕਰਦਾ ਹੈ। ਅਤੇ ਆਪਣੇ ਅੰਦਰ ਬਾਹਰ ਇੱਕ ਹਰੀ ਨੂੰ ਹੀ ਨਦਰਿ ਨਿਹਾਲੇ=ਅੱਖਾਂ ਨਾਲ ਵੇਖਦਾ ਹੈ, ਉਹ ਸੰਸਾਰ ਵਿਚ ਸੁਖੀ ਹੈ।

ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥ ੨ ॥

ਜਿਹੜਾ ਮਨੁੱਖ ਚੰਗੇ ਚੰਗੇ ਖਾਣਿਆਂ ਨੂੰ ਖਾ ਖਾ ਕੇ ਬਦਫੈਲੀ=ਭੈੜਿਆਂ ਕਰਮਾਂ ਨੂੰ ਕਰਦਾ ਹੈ, ਜਾਨਣਾ ਕਰੋ ਉਸ ਦੀ ਸ਼ੁਭ ਗੁਣਾਂ ਰੂਪ ਵਾੜੀ=ਬਗੀਚੀ ਵਿ=ਵਿਸ਼ੇਸ਼ ਕਰਕੇ ਸੂਕੀ=ਸੁਕ ਜਾਂਦੀ ਹੈ। ਵਾ ਉਸ ਦੇ ਅੰਦਰ ਵਿਸੂ+ਕੀ=ਵਿਹੁ ਦੀ ਬਗੀਚੀ ਲਗੀ ਹੋਈ ਜਾਨਣਾ ਕਰੋ॥ ੨ ॥

ਸੰਤਾ ਸੇਤੀ ਰੰਗੁ ਨ ਲਾਏ ॥ ਸਾਕਤ ਸੰਗਿ ਵਿਕਰਮ ਕਮਾਏ ॥

ਨਾਮ ਰਸੀਏ ਸੰਤਾਂ ਨਾਲ ਤਾਂ ਪ੍ਰੇਮ ਲਗਾਂਦਾ ਨਹੀਂ ਹੈ। ਅਤੇ ਸਾਕਤਾਂ ਨਾਲ ਮਿਲ ਕੇ ਵਿ+ਕਰਮ= ਖੋਟਿਆਂ ਕਰਮਾਂ ਨੂੰ ਕਮਾਉਂਦਾ ਹੈ।

ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥ ੩ ॥

ਸਰੂਪ ਗਿਆਤ ਤੋਂ ਰਹਿਤ ਅਗਿਆਨੀ ਪੁਰਸ਼ ਨੇ ਆਪਣੀ ਦੁਰਲੱਭ ਮਨੁੱਖਾ ਦੇਹ ਨਾਸ ਕਰ ਲਈ ਹੈ, ਅਤੇ ਆਪਣੀ ਜੜ੍ਹ ਆਪ ਹੀ ਉਪਾੜੀ=ਪੁੱਟ ਲੀਤੀ ਹੈ॥ ੩॥

ਤੇਰੀ ਸਰਣਿ ਮੇਰੇ ਦੀਨ ਦਇਆਲਾ॥ ਸੁਖ ਸਾਗਰ ਮੇਰੇ ਗੁਰ ਗੋਪਾਲਾ॥

ਹੇ ਮੇਰੇ ਦੀਨ ਦਇਆਲ ਪ੍ਰਭੂ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ। ਹੇ ਮੇਰੇ ਗੁਰ=ਪੂਜਨੀਕ ਗੋਪਾਲ ! ਤੂੰ ਸੁਖਾਂ ਦਾ ਸਮੁੰਦਰ ਹੈਂ।

ਕਰਿ ਕਿਰਪਾ ਨਾਨਕੁ ਗੁਣ ਗਾਵੈ
ਰਾਖਹੁ ਸਰਮ ਅਸਾੜੀ ਜੀਉ॥ ੪॥ ੩੦॥ ੩੭॥

ਗੁਰੂ ਜੀ ਕਥਨ ਕਰਦੇ ਹਨ-ਮੇਰੇ ਤੇ ਅਜੇਹੀ ਕਿਰਪਾ ਕਰੋ ਜੋ ਮੈਂ ਤੇਰੇ ਹੀ ਗੁਣ ਗਾਉਂਦਾ ਰਹਾਂ, ਤੁਸੀਂ ਅਸਾੜੀ=ਸਾਡੀ ਸਰਮ=ਲੱਜਾ ਰੱਖਣਾ ਕਰੋ॥ ੪॥ ੩੦॥ ੩੭॥

ਮਾਝ ਮਹਲਾ ੫॥

ਚਰਣ ਠਾਕੁਰ ਕੇ ਰਿਦੈ ਸਮਾਣੇ॥ ਕਲਿ ਕਲੇਸ ਸਭ ਦੂਰਿ ਪਇਆਣੇ॥

ਮੇਰੇ ਹਿਰਦੇ ਵਿਚ ਠਾਕੁਰ ਪ੍ਰਭੂ ਦੇ ਚਰਨ ਸਮਾਏ ਹਨ। ਜਿਸ ਦੇ ਪ੍ਰਤਾਪ ਕਰਕੇ ਕਲਪਣਾ ਤੇ ਕਲੇਸ਼ ਸਾਰੇ ਦੂਰ ਪਇਆਣੇ=ਚਲੇ ਗਏ ਹਨ।

ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ॥ ੧॥

ਜਿਨ੍ਹਾਂ ਨੇ ਸੰਤਾਂ ਦੇ ਸਤਸੰਗ ਵਿਚ ਨਿਵਾਸ ਕੀਤਾ ਹੈ, ਉਨ੍ਹਾਂ ਨੂੰ ਸ਼ਾਂਤੀ ਸੁਖ ਤੇ ਸਹਜ=ਗਿਆਨ ਦੇ ਅਨੁਭਵ ਕਰਨ ਵਾਲੀ ਧੁਨਿ=ਬਿਰਤੀ ਪੈਦਾ ਹੋਈ ਹੈ॥ ੧॥

ਲਾਗੀ ਪ੍ਰੀਤਿ ਨ ਤੂਟੈ ਮੂਲੇ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ॥

ਅਜਿਹੀ ਸੰਤਾਂ ਨਾਲ ਪ੍ਰੀਤ ਲਗੀ ਹੈ ਜੋ ਮੂਲੇ=ਕਦੇ ਭੀ ਟੁੱਟਦੀ ਨਹੀਂ। ਪ੍ਰੀਤੀ ਦੇ ਸਦਕੇ ਇਹ ਨਿਸਚੇ ਕੀਤਾ ਹੈ ਕਿ-ਹਰੀ ਅੰਦਰ ਬਾਹਰ ਸਾਰੇ ਪਰੀਪੂਰਨ ਹੋ ਰਿਹਾ ਹੈ।

ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ॥ ੨॥

ਉਸ ਦਾ ਸਿਮਰਨ ਜੋ ਸਿਮਰਨੇ ਜੋਗ ਹੈ ਉਸਨੂੰ ਸਿਮਰ ਕੇ ਵਾ ਮਨ ਬਾਣੀ ਸਰੀਰ ਦੁਆਰਾ ਸਿਮਰ ਸਿਮਰ ਕੇ ਹੀ ਹਰੀ ਦੇ ਗੁਣਾਂ ਨੂੰ ਗਾ ਕੇ ਜਮਾਂ ਦੀ ਫਾਹੀ ਕੱਟ ਲਈ ਹੈ॥ ੨॥

ਅੰਮ੍ਰਿਤੁ ਵਰਖੈ ਅਨਹਦ ਬਾਣੀ॥ ਮਨ ਤਨ ਅੰਤਰਿ ਸਾਂਤਿ ਸਮਾਣੀ॥

ਗੁਰੂ ਸਾਹਿਬ ਜੀ ਉਪਦੇਸ਼ ਬਾਣੀ ਦੁਆਰੇ ਅਨਹਦ=ਇੱਕ ਰਸ ਨਾਮ ਅੰਮ੍ਰਿਤ ਦੀ ਵਰਖਾ ਕਰਦੇ ਹਨ। ਜਿਨ੍ਹਾਂ ਨੇ ਨਾਮ ਅੰਮ੍ਰਿਤ ਪੀਤਾ ਹੈ ਉਨ੍ਹਾਂ ਦੇ ਮਨ ਤਨ ਅੰਦਰ ਸ਼ਾਂਤੀ ਸਮਾਈ ਹੈ।

ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ॥ ੩॥

ਹੇ ਪ੍ਰਭੂ ! ਉਹ ਤੇਰੇ ਸੇਵਕ ਜਨ ਤ੍ਰਿਪਤ ਹੋ ਕੇ ਅਘਾਇ=ਰੱਜ ਰਹੇ ਹਨ, ਜਿਨ੍ਹਾਂ ਨੂੰ ਸਤਿਗੁਰਾਂ ਨੇ ਦਿਲਾਸਾ=ਧੀਰਜ ਦਿੱਤਾ ਹੈ॥ ੩॥

ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥
ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥

ਜਿਸ ਗੁਰੂ ਦਾ ਮੈਂ ਦਾਸ ਸੀ, ਉਸ ਪਾਸੋਂ ਮੈਂਨੇ ਗਿਆਨ ਫਲ ਪਾਇਆ ਹੈ। ਗੁਰਾਂ ਨੇ ਕਿਰਪਾ ਕਰਕੇ ਮੈਨੂੰ ਪ੍ਰਭੂ ਦੇ ਨਾਲ ਮਿਲਾ ਦਿੱਤਾ ਹੈ।

ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥੪ ॥੩੧ ॥੩੮ ॥

ਹੁਣ ਮੈਂ ਵਡਭਾਗੀ ਦਾ ਆਉਣਾ ਜਾਣਾ ਜੰਮਣਾ ਮਰਣਾ ਰਹਿ ਗਿਆ ਹੈ,

ਗੁਰੂ ਜੀ ਕਥਨ ਕਰਦੇ ਹਨ, ਜਗਿਆਸੂ ਆਖਦਾ ਹੈ ਮੇਰੇ ਜੀਅ ਦੀਆਂ ਸਭ ਆਸਾਂ ਪੂਰਨ ਹੋ ਗਈਆਂ ਹਨ॥ ੪ ॥ ੩੧ ॥ ੩੮ ॥

ਮਾਝ ਮਹਲਾ ੫ ॥

ਮੀਹੁ ਪਇਆ ਪਰਮੇਸਰਿ ਪਾਇਆ ॥ ਜੀਅ ਜੰਤ ਸਭਿ ਸੁਖੀ ਵਸਾਇਆ ॥

ਪਰਮੇਸ਼ਰ ਦਾ ਪਾਇਆ ਹੋਇਆ, ਗੁਰੂ ਰੂਪ ਬੱਦਲ ਤੋਂ ਉਪਦੇਸ਼ ਰੂਪ ਮੀਂਹ ਪਿਆ ਹੈ। ਜਿਸ ਨੇ ਸਾਰਿਆਂ ਸੂਖਮ ਸਥੂਲ ਜੀਆਂ ਜੰਤਾਂ ਨੂੰ ਸੁਖ ਸਹਿਤ ਵਸਾ ਦਿੱਤਾ ਹੈ।

ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥ ੧ ॥

ਹਰਿ ਹਰਿ ਨਾਮ ਦੇ ਸੰਭਾਲਣ ਕਰਕੇ ਸਾਰਾ ਕਲੇਸ਼ ਮਿਟ ਗਿਆ ਹੈ ਤੇ ਸੱਚਾ ਸੁੱਖ ਪਰਾਪਤ ਹੋਇਆ ਹੈ॥ ੧ ॥

ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ ॥ ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥

ਜਿਸ ਦੇ ਪੈਦਾ ਕੀਤੇ ਹੋਏ ਸਾਂ, ਉਸੇ ਨੇ ਪਾਲਣਾ ਕੀਤੀ ਹੈ।

ਪ੍ਰਭੂ ਪਾਰਬ੍ਰਹਮ ਸਾਡੀ ਰੱਖਿਆ ਕਰਨ ਵਾਲੇ ਹੋਏ ਹਨ।

[ਪੰਨਾ ੧੦੬]

ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ ॥ ੨ ॥

ਵਾਹਿਗੁਰੂ ਨੇ ਮੇਰੀ ਬੇਨਤੀ ਸੁਣ ਲਈ ਹੈ, ਇਸ ਕਰਕੇ ਮੇਰੇ ਜੀਅ ਦੀ ਸਾਰੀ ਕਮਾਈ ਸਫਲ ਹੋਈ ਹੈ॥ ੨ ॥

ਸਰਬ ਜੀਆ ਕਉ ਦੇਵਣਹਾਰਾ ॥ ਗੁਰ ਪਰਸਾਦੀ ਨਦਰਿ ਨਿਹਾਰਾ ॥

ਜੋ ਪ੍ਰਭੂ ਸਾਰਿਆਂ ਜੀਵਾਂ ਨੂੰ ਦਾਨ ਦੇਣ ਵਾਲਾ ਹੈ, ਗੁਰਾਂ ਦੀ ਕਿਰਪਾ ਨਾਲ ਉਸ ਨਦਰਿ ਨਿਹਾਰਾ=ਅੱਖਾਂ ਨਾਲ ਵੇਖ ਲਿਆ ਹੈ।

ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ ॥ ੩ ॥

ਸੰਤਾਂ ਦੇ ਚਰਨ ਪਖਾਲੀ=ਧੋਣ ਨਾਲ ਇਹ ਜਾਣ ਲਿਆ ਹੈ ਕਿ ਉਹ ਪ੍ਰਭੂ ਜਲਾਂ ਥਲਾਂ ਮਹੀ=ਪ੍ਰਿਥਵੀ, ਅਲ=ਅਕਾਸ਼ ਵਿਚ ਪੂਰਨ ਹੈ, ਅਤੇ ਸਭ ਪਦਾਰਥਾਂ ਵੱਲੋਂ ਤ੍ਰਿਪਤਾਣੇ=ਰੱਜ ਗਏ ਹਾਂ॥ ੩ ॥

ਮਨ ਕੀ ਇਛ ਪੁਜਾਵਣਹਾਰਾ ॥ ਸਦਾ ਸਦਾ ਜਾਈ ਬਲਿਹਾਰਾ ॥

ਜੋ ਪ੍ਰਭੂ ਮਨ ਦੀਆਂ ਇੱਛਾਂ ਪੂਰਨ ਕਰਨ ਵਾਲਾ ਹੈ। ਉਸ ਸਦਾ ਰੂਪ ਪ੍ਰਮਾਤਮਾ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ।

ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥ ੪ ॥ ੩੨ ॥੩੯ ॥

ਗੁਰੂ ਜੀ ਕਥਨ ਕਰਦੇ ਹਨ-ਦੁਖਾਂ ਦੇ ਨਾਸ ਕਰਨ ਵਾਲੇ ਪ੍ਰਭੂ ਦਾ ਨਾਮ ਦਾਨ ਗੁਰਾਂ ਨੇ ਸਾਨੂੰ ਦਿੱਤਾ ਹੈ, ਇਸ ਕਰਕੇ ਅਸੀਂ ਰਸਾਲੀ=ਰਸਾਂ ਦੇ ਘਰ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤੇ ਗਏ ਹਾਂ॥ ੪॥ ੩੨॥ ੩੯॥

ਮਾਝ ਮਹਲਾ ੫ ॥

ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥

ਹੇ ਠਾਕੁਰ ! ਇਹ ਮਨ ਤਨ ਤੇਰਾ ਹੈ, ਅਤੇ ਧਨ ਵੀ ਆਪ ਜੀ ਦਾ ਦਿੱਤਾ ਹੋਇਆ ਹੈ। ਹੇ ਪ੍ਰਭੂ ! ਇੱਕ ਤੂੰਹੀਂ ਮੇਰਾ ਸੁਆਮੀ ਹੈਂ।

ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥ ੧ ॥

ਜੀਵ ਨੂੰ ਪਿੰਡੁ=ਸਰੀਰ ਆਦਿਕ ਸਭ ਰਾਸਿ-ਪੂੰਜੀ ਵਾ ਸ੍ਵਾਸਾਂ ਰੂਪ ਪੂੰਜੀ ਭੀ ਆਪ ਜੀ ਦੀ ਬਖਸ਼ੀ ਹੋਈ ਹੈ, ਹੇ ਗੋਪਾਲ ! ਮੈਨੂੰ ਤਾਂ ਤੇਰਾ ਹੀ ਜੋਰੁ=ਆਸਰਾ ਵਾ ਬਲ ਹੈ।

ਅਥਵਾ:-ਹੇ ਗੋਪਾਲ ! ਮੈਨੂੰ ਤੇਰਾ ਹੀ ਜੋਰੁ=ਗਿਆਨੱ ਹੈ॥ ੧॥

ਸਦਾ ਸਦਾ ਤੂੰਹੈ ਸੁਖਦਾਈ ॥ ਨਿਵਿ ਨਿਵਿ ਲਾਗਾ ਤੇਰੀ ਪਾਈ ॥

ਹੇ ਸਦਾ=ਨਿੱਤ ਰੂਪ ਪ੍ਰਮਾਤਮਾ ਤੂੰ ਸਦਾ ਹੀ ਸੁਖਾਂ ਦੇ ਦੇਣ ਵਾਲਾ ਹੈਂ, ਮੈਂ ਨਿਉਂ ਨਿਉਂ ਕੇ ਤੇਰੀ ਚਰਨੀਂ ਲਗਦਾ ਹਾਂ,

ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ ॥ ੨ ॥

ਹੇ ਦਿਆਲੂ ਪ੍ਰਭੂ ! ਜਾਂ ਤੂੰ ਕਿਰਪਾ ਕਰਕੇ ਦੇਵੇਂ ਤਾਂ ਮੈਂ ਉਹ ਭਜਨ ਸਿਮਰਨ ਰੂਪੀ ਕਾਰ ਕਮਾਵਾਂ ਜਿਹੜੀ ਤੈਨੂੰ ਭਾ ਜਾਵੇ॥ ੨॥

ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ ॥ ਜੋ ਤੂੰ ਦੇਹਿ ਸੋਈ ਸੁਖੁ ਸਹਣਾ ॥

ਹੇ ਪ੍ਰਭੂ ! ਅਸਾਂ ਨੇ ਤੇਰੇ ਪਾਸੋਂ ਹੀ ਸਭ ਕੁਝ ਲੈਣਾ ਹੈ ਕਿਉਂਕਿ ਤੂੰਹੀਂ ਮੇਰਾ ਗਹਣਾ=ਆਸਰਾ ਹੈਂ, ਜੋ ਤੂੰ ਦੇਵੇਂਗਾ ਓਹੀ ਮੈਂ ਸੁਖ ਕਰਕੇ ਸਹਣਾ=ਸਹਾਰਾਂਗਾ।

ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥ ੩ ॥

ਜਿੱਥੇ ਰੱਖੇਗਾ ਮੈਨੂੰ ਓਥੇ ਹੀ ਬੈਕੁੰਠ ਵਰਗਾ ਸੁਖ ਹੈ, ਤੂੰਹੀਂ ਸਾਰਿਆਂ ਦੇ ਪਾਲਣ ਵਾਲਾ ਹੈਂ॥ ੩॥

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥

ਆਠ ਪਹਰ ਤੇਰੇ ਗੁਣ ਗਾਇਆ ॥

ਮੈਂ ਨਾਨਕ ਨੇ ਤੇਰੇ ਸਿਮਰਨ ਨੂੰ ਸਿਮਰ ਕੇ ਆਤਮ ਸੁਖ ਪਾਇਆ ਹੈ, ਅਤੇ ਅੱਠੇ ਪਹਿਰ ਤੇਰੇ ਹੀ ਗੁਣਾਂ ਨੂੰ ਗਾਂਵਦਾ ਹਾਂ।

ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ ॥੪ ॥੩੩ ॥੪੦ ॥

ਮੇਰੇ ਮਨ ਦੇ ਸਾਰੇ ਸੰਕਲਪ ਪੂਰੇ ਹੋ ਗਏ ਹਨ, ਹੁਣ ਮੈਂ ਕਦੇ ਭੀ ਦੁਖੀ ਨਹੀਂ ਹੁੰਦਾ ॥ ੪ ॥ ੩੩ ॥ ੪੦ ॥

ਮਾਝ ਮਹਲਾ ੫ ॥

ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥
ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ ॥

ਜਿਸ ਵੇਲੇ ਪਾਰਬ੍ਰਹਮ ਪ੍ਰਭੂ ਨੇ ਗੁਰੂ ਰੂਪ ਮੇਘੁ=ਬੱਦਲ ਨੂੰ ਪਠਾਇਆ=ਭੇਜਿਆ, ਤਾਂ ਉਨ੍ਹਾਂ ਨੇ ਜਲਾਂ ਥਲਾਂ ਮਹੀ=ਪ੍ਰਿਥਵੀ ਅਲਿ=ਅਕਾਸ਼ ਆਦਿਕ ਦਸੋ ਦਿਸ਼ਾਂ ਵਿਚ ਨਾਮ ਦਾ ਮੀਂਹ ਵਸਾਉਣਾ ਕੀਤਾ।

ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥ ੧ ॥

ਨਾਮ ਦੇ ਪ੍ਰਤਾਪ ਕਰਕੇ ਸਾਰੀ ਦੁਨੀਆਂ ਵਿਚ ਸ਼ਾਂਤੀ ਹੋ ਗਈ, ਸਭਨਾਂ ਦੀ ਤ੍ਰਿਸ਼ਨਾਂ ਰੂਪ ਅੱਗ ਬੁਝ ਗਈ, ਇਸ ਲਈ ਸਭ ਜਗ੍ਹਾਂ ਉਪਰ ਅਨੰਦ ਹੀ ਹੋ ਗਿਆ ॥ ੧ ॥

ਸੁਖਦਾਤਾ ਦੁਖ ਭੰਜਨਹਾਰਾ ॥ ਆਪੇ ਬਖਸਿ ਕਰੇ ਜੀਅ ਸਾਰਾ ॥

ਉਹ ਪ੍ਰਭੂ ਸੁਖਾਂ ਦਾ ਦਾਤਾ ਹੈ ਤੇ ਦੁਖਾਂ ਦੇ ਨਾਸ ਕਰਨ ਵਾਲਾ ਹੈ। ਉਹ ਆਪ ਹੀ ਜੀਵਾਂ ਦੇ ਔਗੁਣਾਂ ਨੂੰ ਬਖਸ਼ ਕੇ ਉਨ੍ਹਾਂ ਦੀ ਸਾਰ ਸੰਭਾਲ ਕਰਦਾ ਹੈ।

ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ਪਇ ਪੈਰੀ ਤਿਸਹਿ ਮਨਾਈ ਜੀਉ ॥ ੨ ॥

ਆਪਣੇ ਕੀਤੇ ਹੋਏ ਪ੍ਰਪੰਚ ਨੂੰ ਆਪ ਹੀ ਪਾਲਦਾ ਹੈ। ਮੈਂ ਚਰਨੀਂ ਪੈ ਕੇ ਉਸੇ ਨੂੰ ਮਨਾ ਰਿਹਾ ਹਾਂ ॥ ੨ ॥

ਜਾ ਕੀ ਸਰਣਿ ਪਇਆ ਗਤਿ ਪਾਈਐ ॥
ਸਾਸਿ ਸਾਸਿ ਹਰਿ ਨਾਮੁ ਧਿਆਈਐ ॥

ਜਿਸ ਪ੍ਰਭੂ ਦੀ ਸ਼ਰਨ ਪੈਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਉਸ ਹਰੀ ਦੇ ਨਾਮ ਨੂੰ ਧਿਆਉਣਾ ਕਰੀਏ।

ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ ਸਭ ਤਿਸੈ ਕੀਆ ਜਾਈ ਜੀਉ ॥ ੩ ॥

ਉਸ ਤੋਂ ਬਿਨਾਂ ਦੂਜਾ ਹੋਰ ਕੋਈ ਮਾਲਕ ਨਹੀਂ ਹੈ। ਇਹ ਸਾਰੀਆਂ ਜਾਈ=ਜਗ੍ਹਾਂ ਉਸੇ ਪ੍ਰਭੂ ਦੀਆਂ ਹਨ ॥ ੩ ॥

ਤੇਰਾ ਮਾਣੁ ਤਾਣੁ ਪ੍ਰਭ ਤੇਰਾ ॥ ਤੂੰ ਸਚਾ ਸਾਹਿਬੁ ਗੁਣੀ ਗਹੇਰਾ ॥

ਹੇ ਪ੍ਰਭੂ ! ਸਾਨੂੰ ਤੇਰਾ ਮਾਣ ਹੈ, ਅਤੇ ਤੇਰਾ ਹੀ ਤਾਣ ਹੈ, ਤੂੰ ਮੇਰਾ ਸੱਚਾ ਮਾਲਕ ਹੈਂ, ਤੇ ਸ਼ੁਭ ਗੁਣਾਂ ਦਾ ਗਹੇਰਾ=ਸਮੁੰਦਰ ਹੈਂ।

ਨਾਨਕੁ ਦਾਸੁ ਕਹੈ ਬੇਨੰਤੀ

ਆਠ ਪਹਰ ਤੁਧੁ ਧਿਆਈ ਜੀਉ ॥ ੪ ॥ ੩੪ ॥ ੪੧ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਏਹੋ ਬੇਨਤੀ ਕਹਿੰਦਾ ਹਾਂ, ਇਹ ਕਿਰਪਾ ਕਰ ਮੈਂ ਅੱਠੇ ਪਹਿਰ ਆਪ ਜੀ ਨੂੰ ਧਿਆਉਂਦਾ ਰਹਾਂ॥ ੪॥ ੩੪॥ ੪੧॥

ਮਾਝ ਮਹਲਾ ੫ ॥

ਸਭੇ ਸੁਖ ਭਏ ਪ੍ਰਭ ਤੁਠੇ॥ ਗੁਰ ਪੂਰੇ ਕੇ ਚਰਣ ਮਨਿ ਵੁਠੇ॥

ਮਨ ਵਿਚ ਪੂਰਿਆਂ ਗੁਰਾਂ ਦੇ ਚਰਨ ਵਸਣ ਕਰਕੇ, ਜਦ ਪ੍ਰਭੂ ਤੁਠੇ=ਪ੍ਰਸੰਨ ਹੋਏ ਤਾਂ ਸਾਰੇ ਸੁਖ ਪ੍ਰਾਪਤ ਹੋਏ।

ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥ ੧ ॥

ਹੁਣ ਸਹਜ ਸਮਾਧਿ=ਨਿਰ ਵਿਕਲਪ ਸਮਾਧੀ ਅੰਦਰ ਲਿਵ ਲਗ ਗਈ ਹੈ, ਸੋ ਰਸੁ=ਉਸ ਆਨੰਦ ਨੂੰ ਓਹੀ ਜਾਣਦਾ ਹੈ ਜਿਸ ਨੇ ਚੱਖਿਆ ਹੈ॥ ੧॥

ਅਗਮ ਅਗੋਚਰੁ ਸਾਹਿਬੁ ਮੇਰਾ॥ ਘਟ ਘਟ ਅੰਤਰਿ ਵਰਤੈ ਨੇਰਾ॥

ਉਹ ਮੇਰਾ ਸਾਹਿਬ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰੁ ਹੈ। ਉਹ ਸਾਰਿਆਂ ਘਟਾਂ ਘਟਾਂ ਦੇ ਅੰਦਰ ਨੇੜੇ ਹੋ ਕੇ ਵਰਤ ਰਿਹਾ ਹੈ।

ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ॥ ੨ ॥

ਉਹ ਸਦਾ ਨਿਰਲੇਪ ਰਹਿੰਦਾ ਹੈ, ਅਤੇ ਸਾਰਿਆਂ ਜੀਵਾਂ ਦਾ ਦਾਤਾ ਹੈ, ਉਸ ਪ੍ਰਭੂ ਨੂੰ ਕੋਈ ਵਿਰਲਾ ਹੀ ਮਨੁੱਖ ਗੁਰਾਂ ਦੀ ਕਿਰਪਾ ਨਾਲ ਆਪਣੇ ਅੰਦਰੋਂ ਆਪਣਾ ਰੂਪ ਪਛਾਣਦਾ ਹੈ॥ ੨॥

ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥

ਜੋ ਪ੍ਰਭੂ ਨਾਲ ਮਿਲ ਗਏ ਹਨ ਉਨ੍ਹਾਂ ਦੀ ਇਹ ਨਿਸ਼ਾਨੀ ਹੈ ਕਿ ਉਹ ਮਨ ਵਿਚ ਇੱਕ ਸੱਚੇ ਪ੍ਰਭੂ ਦੇ ਹੁਕਮ ਨੂੰ ਹੀ ਪਛਾਣਦੇ ਹਨ। ਅਤੇ-

ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥ ੩ ॥

ਸਹਜਿ=ਸੁਭਾਵਕ ਹੀ ਸੰਤੋਖੀ ਹੋ ਕੇ ਪਦਾਰਥਾਂ ਵਲੋਂ ਸਦਾ ਤ੍ਰਿਪਤ ਰਹਿੰਦੇ ਹਨ ਅਤੇ ਖਸਮ ਦੇ ਭਾਣੇ ਵਿਚ ਅਨੰਦ ਰਹਿੰਦੇ ਹਨ॥ ੩॥

ਹਥੀ ਦਿਤੀ ਪ੍ਰਭਿ ਦੇਵਣਹਾਰੈ॥ ਜਨਮ ਮਰਣ ਰੋਗ ਸਭਿ ਨਿਵਾਰੇ॥

ਦੇਵਣ ਵਾਲੇ ਪ੍ਰਭੂ ਨੇ ਕਿਰਪਾ ਰੂਪ ਹੱਥ ਦੇ ਕੇ ਵਾ ਪ੍ਰੀਤੀ ਰੂਪ ਹਥੀ ਚੁੱਪੀ ਦੇ ਕੇ, ਵਾ ਭਗਤੀ ਰੂਪ ਹਥੀ=ਨੌਕਾ ਦੇ ਕੇ, ਵਾ ਸ੍ਰਵਨ, ਮਨਨ, ਨਿਧਿਆਸਣ ਰੂਪ ਹਾਥੀ ਦੇ ਕੇ, ਜਨਮ ਮਰਨ ਆਦਿਕ ਰੋਗ ਸਭ ਨਵਿਰਤ ਕਰ ਦਿੱਤੇ ਹਨ।

ਅਥਵਾ:-ਦੇਵਣਹਾਰ ਪ੍ਰਭੂ ਨੇ ਨਾਮ ਰੂਪ ਹਥੀ=ਛੱਕੀ ਦਿੱਤੀ ਹੈ, ਜਿਸ ਛੱਕੀ ਨੇ ਜਨਮ ਮਰਨ ਆਦਿਕ

ਸਾਰੇ ਰੋਗ ਨਵਿਰਤ ਕਰ ਦਿੱਤੇ ਹਨ।

ਨਾਨਕ ਦਾਸ ਕੀਏ ਪ੍ਰਭਿ ਅਪੁਨੇ
ਹਰਿ ਕੀਰਤਨਿ ਰੰਗ ਮਾਣੇ ਜੀਉ ॥ ੪ ॥ ੩੫ ॥ ੪੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਪ੍ਰਭੂ ਨੇ ਆਪਣਾ ਦਾਸ ਕੀਤਾ ਹੈ, ਉਹ ਹਰੀ ਕੀਰਤਨ ਦੇ ਰੰਗ=ਆਨੰਦ ਨੂੰ ਭੋਗਦੇ ਹਨ॥ ੪॥ ੩੫॥ ੪੨॥

[ਪੰਨਾ ੧੦੭]

ਮਾਝ ਮਹਲਾ ੫ ॥

ਕੀਨੀ ਦਇਆ ਗੋਪਾਲ ਗੁਸਾਈ ॥ ਗੁਰ ਕੇ ਚਰਣ ਵਸੇ ਮਨ ਮਾਹੀ ॥

ਗੋ+ਪਾਲ=ਇੰਦ੍ਰੀਆਂ ਦੀ ਪਾਲਣਾ ਕਰਨ ਵਾਲੇ ਗੁਸਾਈ ਨੇ ਜਿਨ੍ਹਾਂ ਉੱਪਰ ਆਪਣੀ ਦਇਆ ਕੀਤੀ ਹੈ। ਉਨ੍ਹਾਂ ਦੇ ਮਨ ਵਿਚ ਗੁਰਾਂ ਦੇ ਚਰਨ ਵੱਸ ਗਏ ਹਨ।

ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥ ੧ ॥

ਕਰਤੇ ਪੁਰਖ ਨੇ ਉਨ੍ਹਾਂ ਦਾ ਅੰਗੀਕਾਰੁ=ਪੱਖ ਕੀਤਾ ਹੈ, ਅਤੇ ਉਨ੍ਹਾਂ ਦੇ ਹਿਰਦੇ 'ਚੋਂ ਦੁਖਾਂ ਦਾ ਡੇਰਾ ਅਗਿਆਨ ਢਾਹ ਦਿੱਤਾ ਅਰਥਾਤ ਨਾਸ ਕਰ ਦਿੱਤਾ ਹੈ॥ ੧॥

ਮਨਿ ਤਨਿ ਵਸਿਆ ਸਚਾ ਸੋਈ ॥ ਬਿਖੜਾ ਥਾਨੁ ਨ ਦਿਸੈ ਕੋਈ ॥

ਉਹ ਸੱਚਾ ਵਾਹਿਗੁਰੂ ਜਿਸ ਦੇ ਮਨ ਤਨ ਵਿਚ ਵਸਿਆ ਹੈ। ਉਸ ਨੂੰ ਕੋਈ ਭੀ ਅਸਥਾਨ ਕਠਨ ਨਹੀਂ ਦਿਸਦਾ।

ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ ॥ ੨ ॥

ਜਿਸ ਨੇ ਇੱਕ ਸੁਆਮੀ ਪ੍ਰਮਾਤਮਾ ਨੂੰ ਆਹਿਆ=ਚਾਹਿਆ ਹੈ, ਉਸ ਦੇ ਦੁਸ਼ਮਣੀ ਦੇ ਕਰਨ ਵਾਲੇ ਪ੍ਰਤੱਖ ਸਾਰੇ ਦੂਤ ਸੱਜਣ ਹੋ ਗਏ ਹਨ।

ਅਥਵਾ:-ਜਿਤਨੇ ਕੁ ਕਾਮ ਆਦਿਕ ਦੂਤ ਦੁਸ਼ਮਣੀ ਦੇ ਕਰਨ ਵਾਲੇ ਸਨ ਉਹ ਸਾਰੇ ਸਜਣ=ਸ਼ੁਭ ਗੁਣ ਹੋ ਗਏ॥ ੨॥

ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥

ਜੋ ਕੁਝ ਆਪ ਕਰਦਾ ਹੈ ਉਸ ਨੂੰ ਆਪ ਹੀ ਜਾਣਦਾ ਹੈ। ਕਿਸੇ ਮਨੁੱਖ ਦੀ ਬੁੱਧੀ ਦੀ ਸਿਆਣਪ ਨਾਲ ਉਸ ਦਾ ਕੁਝ ਭੇਦ ਜਾਣਿਆ ਨਹੀਂ ਜਾਂਦਾ।

ਆਪਣਿਆ ਸੰਤਾ ਨੋ ਆਪਿ ਸਹਾਈ
ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥ ੩ ॥

ਉਹ ਪ੍ਰਭੂ ਆਪਣਿਆਂ ਸੰਤਾਂ ਦੀ ਆਪ ਹੀ ਸਹਾਇਤਾ ਕਰਨ ਵਾਲਾ ਹੈ। ਪ੍ਰਭੂ ਨੇ ਸਾਡੇ ਮਨ 'ਚੋਂ ਭਰਮ ਦਾ ਭੁਲੇਖਾ ਲਾਹ ਦਿੱਤਾ ਹੈ॥ ੩॥

ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥

ਸੰਤ ਜਨਾਂ ਨੂੰ ਪ੍ਰਭੂ ਦੇ ਚਰਨ ਕਵਲਾਂ ਦਾ ਹੀ ਆਧਾਰੋ=ਆਸਰਾ ਹੈ। ਸੰਤ ਅੱਠੇ ਪਹਿਰ ਰਾਮ ਨਾਮ ਦਾ ਹੀ ਵਪਾਰ ਕਰਦੇ ਹਨ।

ਸਹਜ ਅਨੰਦ ਗਾਵਹਿ ਗੁਣ ਗੋਵਿੰਦ
ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥ ੪ ॥ ੩੬ ॥ ੪੩ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਭੂ ਸਾਰਿਆਂ ਵਿਚ ਸਮਾ ਰਿਹਾ ਹੈ।

ਅਥਵਾ:-ਜਿਸ ਪ੍ਰਭੂ ਦਾ ਸਾਰਿਆਂ ਨੂੰ ਸਮਾਹਿਆ=ਸਮਾਹੜਾ (ਅਨੰਦ) ਬਖਸ਼ਿਆ ਹੋਇਆ ਹੈ ਉਸ ਗੋਬਿੰਦ ਦੇ ਗੁਣ ਗਾਉਂਦੇ ਹੋਏ ਸੰਤ ਸਹਜੇ ਹੀ ਅਨੰਦ ਰਹਿੰਦੇ ਹਨ॥ ੪॥ ੩੬॥ ੪੩॥

ਮਾਝ ਮਹਲਾ ੫ ॥

ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥
ਸੋ ਹਿਰਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥

ਉਹ ਪ੍ਰਤੱਖ ਮੰਦਰ ਵਾ ਸਰੀਰ ਮੰਦਰ ਸਚੁ=ਸਫਲਾ ਹੈ, ਜਿਸ ਵਿਚ ਸੱਚ ਸਰੂਪ ਪ੍ਰਮਾਤਮਾ ਧਿਆਇਆ ਜਾਂਦਾ ਹੈ। ਉਹ ਹਿਰਦਾ ਸੁਹੇਲਾ=ਸੁਖੀ ਹੈ ਜਿਸ ਹਿਰਦੇ ਵਿਚ ਹਰੀ ਗੁਣ ਗਾਏ ਜਾਂਦੇ ਹਨ।

ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ
ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥ ੧ ॥

ਉਹ ਪ੍ਰਤੱਖ ਧਰਤੀ ਸੋਭਨੀਕ ਹੈ ਜਿੱਥੇ ਹਰੀ ਦੇ ਸੰਤ ਜਨ ਵਸਦੇ ਹਨ।

ਅਥਵਾ:-ਉਹ ਬੁੱਧੀ ਰੂਪ ਧਰਤੀ ਸੋਭਨੀਕ ਹੈ ਜਿੱਥੇ ਹਰੀ ਦੇ ਜਨਾਵਣ ਵਾਲੇ ਸ਼ੁਭ ਗੁਣ ਵਸਦੇ ਹਨ, ਸੱਚੇ ਨਾਮ ਜਪਣ ਵਾਲਿਆਂ ਤੋਂ ਮੈਂ ਕੁਰਬਾਨ ਜਾਂਦਾ ਹਾਂ॥ ੧॥

ਸਚੁ ਵਡਾਈ ਕੀਮ ਨ ਪਾਈ ॥ ਕੁਦਰਤਿ ਕਰਮੁ ਨ ਕਹਣਾ ਜਾਈ ॥

ਪ੍ਰਭੂ ਦੀ ਵਡਿਆਈ ਸੱਚੀ ਹੈ ਉਸ ਦੀ ਕੀਮਤ ਨਹੀਂ ਪੈਂਦੀ। ਉਸ ਕੁਦਰਤਿ=ਸ਼ਕਤੀ ਵਾਲੇ ਪ੍ਰਭੂ ਦਾ ਕਰਮੁ=ਕਰਤਬ ਵੀ ਨਹੀਂ ਕਿਹਾ ਜਾ ਸਕਦਾ।

ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥ ੨ ॥

ਤਿਸ ਪ੍ਰਭੂ ਦੇ ਸੰਤ ਜਨ ਪ੍ਰਭੂ ਦੇ ਨਾਮਾਂ ਨੂੰ ਧਿਆ ਧਿਆ ਕੇ ਜੀਉਂਦੇ ਹਨ, ਸੱਚੇ ਗੁਰਾਂ ਦੇ ਸ਼ਬਦ ਦੁਆਰਾ ਮਨ ਵਿਚ ਸਚੁ ਸਬਦੁ=ਸੱਚੇ ਬ੍ਰਹਮ ਦੇ ਅਨੰਦ ਨੂੰ ਮਾਣੋ=ਭੋਗਦੇ ਹਨ॥ ੨॥

ਸਚੁ ਸਾਲਾਹਣੁ ਵਡਭਾਗੀ ਪਾਈਐ ॥ ਗੁਰ ਪਰਸਾਦੀ ਹਰਿ ਗੁਣ ਗਾਈਐ ॥

ਸੱਚੇ ਪ੍ਰਭੂ ਦਾ ਸਲਾਹਣਾ ਵਡਿਆਂ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਗੁਰਾਂ ਦੀ ਪਰਸਾਦੀ=ਕਿਰਪਾ ਨਾਲ ਹਰੀ ਦੇ ਗੁਣ ਗਾਏ ਜਾਂਦੇ ਹਨ।

ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥ ੩ ॥

ਸੱਚ ਨਾਮ ਰੂਪੀ ਨੀਸਾਣੋ=ਪ੍ਰਵਾਨੇ ਕਰਕੇ ਜੋ ਤਿਸ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤੇ ਹਨ, ਉਹ ਤਿਸ ਪ੍ਰਭੂ ਨੂੰ ਭਾਂਵਦੇ ਹਨ॥ ੩ ॥

ਸਚੇ ਅੰਤੁ ਨ ਜਾਣੈ ਕੋਈ ॥ ਥਾਨਿ ਥਨੰਤਰਿ ਸਚਾ ਸੋਈ ॥

ਸੱਚੇ ਪ੍ਰਭੂ ਦੇ ਅੰਤ ਨੂੰ ਕੋਈ ਭੀ ਨਹੀਂ ਜਾਣ ਸਕਦਾ। ਉਹ ਸੱਚਾ ਪ੍ਰਭੂ ਥਾਨਿ ਥਨੰਤਰਿ=ਜਗ੍ਹਾਂ ਜਗ੍ਹਾਂ ਅੰਦਰ ਵੱਸ ਰਿਹਾ ਹੈ।

*ਅਥਵਾ:-*ਥਾਨਾ ਅੰਦਰ ਤੇ ਥਨੰਤਰੀ ਜੀਵਾਂ ਅੰਦਰ ਵੱਸ ਰਿਹਾ ਹੈ।

ਨਾਨਕ ਸਚੁ ਧਿਆਈਐ ਸਦ ਹੀ
ਅੰਤਰਜਾਮੀ ਜਾਣੋ ਜੀਉ ॥ ੪ ॥ ੩੭ ॥ ੪੪ ॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਨੂੰ ਸਦਾ ਹੀ ਧਿਆਉਣਾ ਕਰੋ, ਉਹ ਅੰਤਰਜਾਮੀ ਸਭ ਜੀਵਾਂ ਦੀਆਂ ਗੱਲਾਂ ਨੂੰ ਜਾਣਦਾ ਹੈ॥ ੪ ॥ ੩੭ ॥ ੪੪ ॥

ਮਾਝ ਮਹਲਾ ੫ ॥

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥

ਉਹ ਰੈਣਿ=ਰਾਤ ਭੀ ਸੋਭਨੀਕ ਹੈ, ਉਹ ਦਿਨ ਭੀ ਸੁਹੇਲਾ=ਸੁਖਦਾਈ ਹੈ। ਜਦ ਸੰਤਾਂ ਨਾਲ ਮਿਲ ਕੇ ਨਾਮ ਅੰਮ੍ਰਿਤ ਨੂੰ ਜਪਿਆ।

ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥ ੧ ॥

ਇੱਕ ਘੜੀ, ਮੂਰਤ=ਦੋ ਘੜੀਆਂ, ਜਾਂ ਪਲ ਮਾਤ੍ਰ ਸਮਾਂ ਜਿੱਥੇ ਪ੍ਰਭੂ ਦੇ ਸਿਮਰਨ ਵਿਚ ਵੰਞਹਿ=ਬਤੀਤ ਹੋਵੇ ਤਿਥਾਈ=ਉਥੋਂ ਦਾ ਜੀਊਣਾ ਸਫਲ ਹੈ॥ ੧ ॥

ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥

ਪ੍ਰਭੂ ਦਾ ਨਾਮ ਸਿਮਰਦਿਆਂ ਸਾਰੇ ਦੋਖਿ=ਪਾਪ ਲਹਿ ਜਾਂਦੇ ਹਨ ਅਤੇ ਅੰਦਰ ਬਾਹਰ ਜਾਂਦਿਆਂ ਹਰ ਥਾਂ ਤੇ ਪ੍ਰਭੂ ਨਾਲ ਰਹਿੰਦਾ ਹੈ।

ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥ ੨ ॥

ਜਿਸ ਭਰਮ ਕਰਕੇ ਜਮਾਂ ਦਾ ਭੈ ਤੇ ਮਰਨ ਦਾ ਭਉ=ਖੌਫ ਹੋ ਰਿਹਾ ਹੈ ਉਹ ਭਰਮ ਜਿਸ ਵੇਲੇ ਪੂਰਿਆਂ ਗੁਰਾਂ ਨੇ ਖੋਇਆ=ਨਾਸ ਕੀਤਾ, ਤਾਂ ਸਾਰੀਆਂ ਜਗ੍ਹਾਂ ਉੱਪਰ ਪ੍ਰਭੂ ਨੂੰ ਪੂਰਨ ਦੇਖਣਾ ਕੀਤਾ॥ ੨ ॥

ਪ੍ਰਭੁ ਸਮਰਥੁ ਵਡ ਊਚ ਅਪਾਰਾ ॥ ਨਉ ਨਿਧਿ ਨਾਮੁ ਭਰੇ ਭੰਡਾਰਾ ॥

ਉਹ ਅਪਾਰ ਪ੍ਰਭੂ ਬੜਾ ਸਮਰੱਥ, ਤੇ ਸਾਰਿਆਂ ਤੋਂ ਉੱਚਾ ਹੈ। ਉਸ ਦੇ ਪਾਸ ਨੌਂ ਨਿਧੀਆਂ ਤੇ ਨਾਮ ਦੇ ਭੰਡਾਰੇ ਭਰੇ ਹੋਏ ਹਨ।

ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥ ੩ ॥

ਉਹ ਪ੍ਰਭੂ ! ਆਦ ਅੰਤ ਤੇ ਮੱਧ ਤਿੰਨਾਂ ਕਾਲਾਂ ਵਿਚ ਪੂਰਨ ਹੈ, ਉਸ ਪ੍ਰਭੂ ਦੇ ਲਵੈ=ਸਦ੍ਰਸ (ਬਰਾਬਰ) ਹੋਰ ਕੋਈ ਦੂਜਾ ਨਹੀਂ ਲਾਇਆ ਜਾਂਦਾ ॥ ੩ ॥

ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਜਾਚਿਕੁ ਜਾਚੈ ਸਾਧ ਰਵਾਲਾ ॥

ਹੇ ਦੀਨ ਦਿਆਲ ਪ੍ਰਭੂ ! ਮੇਰੇ ਤੇ ਕਿਰਪਾ ਕਰ, ਮੈਂ ਜਾਚਿਕੁ=ਮੰਗਤਾ ਸੰਤਾਂ ਦੀ ਚਰਨ ਧੂੜੀ ਜਾਚੈ=ਮੰਗਦਾ ਹਾਂ।

ਦੇਹਿ ਦਾਨੁ ਨਾਨਕੁ ਜਨੁ ਮਾਗੈ
ਸਦਾ ਸਦਾ ਹਰਿ ਧਿਆਈ ਜੀਉ ॥ ੪ ॥ ੩੮ ॥ ੪੫ ॥

ਗੁਰੂ ਜੀ ਕਥਨ ਕਰਦੇ ਹਨ-ਜਗਿਆਸੂ ਆਖਦਾ ਹੈ ਹੇ ਪ੍ਰਭੂ ! ਦਾਸ ਮੰਗਦਾ ਹੈ ਆਪ ਇਹ ਦਾਨ ਦਿਓ ਜੋ ਸਦਾ=ਨਿੱਤ ਰੂਪੀ ਹਰੀ ਨੂੰ ਸਦੀਵ ਕਾਲ ਧਿਆਉਂਦਾ ਰਹਾਂ ॥ ੪ ॥ ੩੮ ॥ ੪੫ ॥

ਮਾਝ ਮਹਲਾ ੫ ॥

ਐਥੈ ਤੁੰਹੈ ਆਗੈ ਆਪੇ ॥ ਜੀਅ ਜੰਤ੍ਰ ਸਭਿ ਤੇਰੇ ਥਾਪੇ ॥

ਐਥੈ=ਇਸ ਲੋਕ ਵਿਚ ਭੀ ਤੂੰ ਰਖਜਕ ਹੈਂ, ਆਗੈ=ਪ੍ਰਲੋਕ ਵਿਚ ਭੀ ਤੂੰ ਆਪ ਸਹਾਇਤਾ ਕਰਦਾ ਹੈਂ। ਜਿਤਨੇ ਕੁ ਜੀਅ ਜੰਤ ਹਨ ਇਹ ਸਭ ਆਪ ਜੀ ਦੇ ਥਾਪੇ=ਬਣਾਏ ਵਾ ਟਿਕਾਏ ਹੋਏ ਹਨ।

ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ ॥ ੧ ॥

ਹੇ ਕਰਤੇ ਪੁਰਖ ! ਆਪ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਦਿਸਦਾ, ਮੈਨੇ ਤਾਂ ਆਪ ਜੀ ਦੀ ਓਟ ਧਾਰਨ ਕੀਤੀ ਹੋਈ ਹੈ ॥ ੧ ॥

ਰਸਨਾ ਜਪਿ ਜਪਿ ਜੀਵੈ ਸੁਆਮੀ ॥ ਪਾਰਬ੍ਰਹਮ ਪ੍ਰਭ ਅੰਤਰਜਾਮੀ ॥

ਹੇ ਸੁਆਮੀ ! ਮੈਂ ਤਾਂ ਰਸਨਾ=ਜੀਭ ਨਾਲ ਤੈਨੂੰ ਜਪ ਜਪ ਕੇ ਜੀਉਂਦਾ ਹਾਂ।

ਹੇ ਪ੍ਰਭੂ ਪਾਰਬ੍ਰਹਮ ! ਤੂੰਹੀਂ ਅੰਤਰਜਾਮੀ ਹੈਂ ਅਰਥਾਤ ਮੇਰੇ ਅੰਦਰ ਦੇ ਪ੍ਰੇਮ ਨੂੰ ਤੂੰਹੀਂ ਜਾਣਦਾ ਹੈਂ।

ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ ॥ ੨ ॥

ਜਿਸ ਨੇ ਆਪ ਜੀ ਨੂੰ ਸੇਵਿਆ ਹੈ ਉਸ ਨੇ ਆਤਮ ਸੁਖ ਪਾਇਆ ਹੈ, ਉਹ ਆਪਣੇ ਮਨੁੱਖ ਜਨਮ ਰੂਪ ਬਾਜੀ ਨੂੰ ਸੰਸਾਰ ਜੂਏ ਵਿਚ ਹਾਰਦਾ ਨਹੀਂ ਹੈ ॥ ੨ ॥

[ਪੰਨਾ ੧੦੮]

ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥
ਜਨਮ ਜਨਮ ਕਾ ਰੋਗੁ ਗਵਾਇਆ ॥

ਜਿਸ ਜਨ ਨੇ ਤਿਸ ਪ੍ਰਭੂ ਦੇ ਨਾਮ ਰੂਪ ਅਵਖਧੁ=ਦਾਰੂ ਨੂੰ ਪਾਇਆ ਹੈ, ਉਸ ਨੇ ਜਨਮਾਂ ਜਨਮਾਂਤਰਾਂ

ਦਾ ਅਗਿਆਨ ਵਾ ਹਉਮੈ ਰੂਪ ਰੋਗ ਗਵਾਉਣਾ ਕੀਤਾ ਹੈ।

ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥ ੩ ॥

ਹੇ ਭਾਈ ! ਦਿਨ ਰਾਤ ਹਰੀ ਦੇ ਕੀਰਤਨੁ=ਜਸ ਨੂੰ ਗਾਣਾ ਕਰੋ। ਇਹ ਕਾਰ ਸਭ ਤੋਂ ਸਫਲ ਹੈ॥ ੩ ॥

ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥
ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ ਆਪਣੇ ਦਾਸ ਨੂੰ ਆਪ ਹੀ ਸਵਾਰ ਲਿਆ ਹੈ। ਉਸ ਦਾਸ ਨੇ ਸਭ ਘਟਾਂ ਘਟਾਂ ਅੰਤਰ ਪਾਰਬ੍ਰਹਮ ਨੂੰ ਪੂਰਨ ਜਾਣ ਕੇ ਮੱਥਾ ਟੇਕਿਆ ਹੈ।

ਇਕਸੁ ਵਿਣੁ ਹੋਰੁ ਦੂਜਾ ਨਾਹੀ
ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥ ੪ ॥ ੩੯ ॥ ੪੬ ॥

ਬਾਬਾ ਨਾਨਕ=ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸ਼ੁਭ ਸਿੱਖਿਆ ਸਾਰੀ=ਉਚਾਰਨਾ ਕੀਤੀ ਹੈ ਕਿ ਇੱਕ ਪ੍ਰਭੂ ਤੋਂ ਬਿਨਾਂ ਜਗਤ ਵਿਚ ਹੋਰ ਕੋਈ ਦੂਜਾ ਨਹੀਂ ਹੈ॥ ੪॥ ੩੯ ॥ ੪੬ ॥

ਮਾਝ ਮਹਲਾ ੫ ॥

ਮਨੁ ਤਨੁ ਰਤਾ ਰਾਮ ਪਿਆਰੇ ॥ ਸਰਬਸੁ ਦੀਜੈ ਅਪਨਾ ਵਾਰੇ ॥

ਪਿਆਰੇ ਰਾਮ ਦੇ ਨਾਮ ਨਾਲ ਜਿਨ੍ਹਾਂ ਦਾ ਮਨ ਤਨ ਰੱਤਾ ਗਿਆ ਹੈ, ਉਸ ਨੂੰ ਆਪਣਾ ਸਰਬੰਸ ਵਾਰਨੇ ਕਰ ਦਿਓ।

ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥ ੧ ॥

ਉਨ੍ਹਾਂ ਨਾਲ ਮਿਲ ਕੇ ਅੱਠੇ ਪਹਿਰ ਗੋਬਿੰਦ ਦੇ ਗੁਣ ਗਾਉਣਾ ਕਰੋ, ਅਤੇ ਕੋਈ ਸ੍ਵਾਸ ਭੀ ਉਸ ਨੂੰ ਭੁਲਾਣਾ ਨਾ ਕਰੋ॥ ੧ ॥

ਸੋਈ ਸਾਜਨ ਮੀਤੁ ਪਿਆਰਾ ॥ ਰਾਮ ਨਾਮੁ ਸਾਧਸੰਗਿ ਬੀਚਾਰਾ ॥

ਓਹੀ ਮੇਰਾ ਸੱਜਣ ਤੇ ਪਿਆਰਾ ਮਿੱਤ੍ਰ ਹੈ। ਜਿਸ ਨੇ ਸੰਤਾਂ ਦੀ ਸੰਗਤ ਵਿਚ ਬੈਠ ਕੇ ਰਾਮ ਨਾਮ ਵਿਚਾਰਨਾ ਕੀਤਾ ਹੈ।

ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥ ੨ ॥

ਸਾਧੂਆਂ ਦੀ ਸੰਗਤ ਵਿਚ ਬੈਠ ਕੇ ਰਾਮ ਨਾਮ ਵਿਚਾਰਨ ਕਰਕੇ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ, ਅਤੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ॥ ੨ ॥

ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥

ਹਰੀ ਦੀ ਸੇਵਾ ਵਿਚ ਹੀ ਚਾਰ ਪਦਾਰਥਾਂ ਦੀ ਪ੍ਰਾਪਤੀ ਹੈ ਅਤੇ ਅਲਖ ਅਭੇਵ ਦੇ ਜਪਣੇ ਵਿਚ ਹੀ ਪਾਰਜਾਤੁ=ਕਲਪ ਬ੍ਰਿੱਛ ਵਾਂਗੂੰ ਮਨ ਬਾਂਛਤ ਪਦਾਰਥਾਂ ਦੀ ਪ੍ਰਾਪਤੀ ਹੈ।

ਯਥਾ-ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥

ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ॥ ੩॥

ਕਾਮ ਕ੍ਰੋਧ ਆਦਿਕਾਂ ਨੂੰ ਤੇ ਚਾਰੇ ਕਿਲਵਿਖਾਂ ਨੂੰ ਗੁਰਾਂ ਨੇ ਕੱਟ ਦਿੱਤਾ ਹੈ, ਇਸ ਲਈ ਸਾਡੀ ਆਸਾ ਪੂਰਨ ਹੋ ਗਈ ਹੈ॥ ੩॥

ਪੂਰਨ ਭਾਗ ਭਏ ਜਿਸੁ ਪ੍ਰਾਣੀ॥ ਸਾਧਸੰਗਿ ਮਿਲੇ ਸਾਰੰਗਪਾਣੀ॥

ਜਿਸ ਮਨੁੱਖ ਦੇ ਪੂਰਨ ਭਾਗ=ਉੱਤਮ ਭਾਗ ਪ੍ਰਗਟ ਹੋਏ ਹਨ। ਉਸ ਨੂੰ ਸਤਸੰਗਤ ਵਿਚੋਂ ਸਾਰੰਗ ਪਾਣੀ=ਪ੍ਰਮਾਤਮਾ ਮਿਲਿਆ ਹੈ।

ਨਾਨਕ ਨਾਮੁ ਵਸਿਆ ਜਿਸੁ ਅੰਤਰਿ
ਪਰਵਾਣੁ ਗਿਰਸਤ ਉਦਾਸਾ ਜੀਉ॥ ੪॥ ੪੦॥ ੪੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮਨ ਅੰਦਰ ਪ੍ਰਭੂ ਦਾ ਨਾਮ ਵਸਿਆ ਹੈ, ਭਾਵੇਂ ਉਹ ਗ੍ਰਿਹਸਤ ਵਿਚ ਹੈ ਭਾਵੇਂ ਉਹ ਉਦਾਸ=ਸਾਧੂਪਣੇ ਵਿਚ ਹੈ ਪਰ ਉਹ ਪ੍ਰਮਾਣੀਕ ਹੈ।

ਅਥਵਾ-ਗ੍ਰਿਹਸਤ ਵਿਚ ਰਹਿੰਦਾ ਹੋਇਆ ਉਹ ਉਦਾਸਾ=ਸਾਧੂਆਂ ਵਾਂਗੂੰ ਪ੍ਰਮਾਣੀਕ ਹੈ॥ ੪॥ ੪੦॥ ੪੭॥

ਮਾਝ ਮਹਲਾ ੫॥

ਸਿਮਰਤ ਨਾਮੁ ਰਿਦੈ ਸੁਖੁ ਪਾਇਆ॥ ਕਰਿ ਕਿਰਪਾ ਭਗਤੀ ਪ੍ਰਗਟਾਇਆ॥

ਜਿਸ ਨੇ ਹਿਰਦੇ ਵਿਚ ਨਾਮ ਸਿਮਰਿਆ ਹੈ, ਉਸ ਨੇ ਸੁਖ ਪਾਇਆ ਹੈ। ਜਿਸ ਉੱਤੇ ਗੁਰੂ ਨੇ ਕਿਰਪਾ ਕੀਤੀ ਹੈ ਉਸ ਨੂੰ ਭਗਤੀ ਦਾ ਰਸ ਪ੍ਰਗਟ ਕੀਤਾ ਹੈ।

ਅਥਵਾ-ਪ੍ਰਭੂ ਨੇ ਕਿਰਪਾ ਕਰਕੇ ਭਗਤੀ=ਭਗਤਾਂ ਨੂੰ ਸੰਸਾਰ ਵਿਚ ਪ੍ਰਗਟ ਕੀਤਾ ਹੈ।

ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ॥ ੧॥

ਜਿਸ ਨੇ ਸੰਤਾਂ ਨਾਲ ਮਿਲ ਕੇ ਹਰਿ ਹਰਿ ਨਾਮ ਜਪਿਆ ਹੈ। ਉਸ ਦੇ ਆਲਸ ਆਦਿਕ ਸਾਰੇ ਰੋਗ ਨਾਸ ਹੋ ਗਏ ਹਨ॥ ੧॥

ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ॥

ਹੇ ਭਾਈ! ਜਿਸ ਹਰੀ ਦੇ ਘਰ ਵਿਚ ਨੌਂ ਨਿਧੀਆਂ ਆਦਿਕ ਸਾਰੇ ਪਦਾਰਥ ਹਨ। ਉਹ ਪ੍ਰਭੂ ਤਿਸਨੂੰ ਮਿਲਿਆ ਹੈ ਜਿਸ ਦੀ ਪੁਰਬ ਕਮਾਈ=ਪਿਛਲੇ ਜਨਮ ਦੀ ਕਮਾਈ ਚੰਗੀ ਕੀਤੀ ਹੋਈ ਸੀ।

ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ॥ ੨॥

ਉਹ ਪ੍ਰਮੇਸ਼ਰ ਗਿਆਨ ਧਿਆਨ ਆਦਿਕ ਛੇ ਭਾਗਾਂ ਵਿਚ ਪੂਰਨ ਹੈ, ਅਤੇ ਉਹ ਪ੍ਰਭੂ ਸਾਰੀਆਂ ਗੱਲਾਂ ਦੇ ਕਰਨੇ ਜੋਗ ਹੈ॥ ੨॥

ਖਿਨ ਮਹਿ ਥਾਪਿ ਉਥਾਪਨਹਾਰਾ॥ ਆਪਿ ਇਕੰਤੀ ਆਪਿ ਪਸਾਰਾ॥

ਇੱਕ ਖਿਨ ਵਿਚ ਜਗਤ ਦੀ ਉਤਪਤੀ, ਪਾਲਣਾ, ਲੈਤਾ ਦੇ ਕਰਨ ਵਾਲਾ ਹੈ। ਆਪ ਹੀ ਇਕੰਤੀ= ਨਿਰਗੁਣ ਸਰੂਪ ਹੈ, ਆਪ ਹੀ ਪਸਾਰੇ ਵਾਲਾ ਸਰਗੁਣ ਸਰੂਪ ਹੈ।

ਅਥਵਾ-ਆਪ ਹੀ ਇਕਾਂਤ ਰਹਿਣ ਵਾਲਾ ਸੰਤ ਸਰੂਪ ਹੈ, ਆਪ ਹੀ ਪਸਾਰੇ ਵਾਲਾ ਗ੍ਰਹਿਸਤੀ ਰੂਪ ਹੈ।

ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥ ੩ ॥

ਉਸ ਜਗਜੀਵਨ ਦਾਤੇ ਪ੍ਰਭੂ ਨੂੰ ਸੰਸਾਰ ਦਾ ਕੋਈ ਲੇਪੁ=ਚਿੰਨ ਨਹੀਂ ਲਗਦਾ, ਸਗੋਂ ਉਸ ਦੇ ਦਰਸ਼ਨ ਵੇਖਿਆਂ ਸਾਰੇ ਵਿਜੋਗਾ=ਦੁਖ ਲਹਿ ਜਾਂਦੇ ਹਨ॥ ੩ ॥

ਅੰਚਲਿ ਲਾਇ ਸਭ ਸਿਸਟਿ ਤਰਾਈ ॥ ਆਪਣਾ ਨਾਉ ਆਪਿ ਜਪਾਈ ॥

ਉਸ ਪ੍ਰਭੂ ਨੇ ਆਪਣੇ ਨਾਮ ਰੂਪ ਅੰਚਲਿ=ਪੱਲੇ (ਲੜ) ਨਾਲ ਲਗਾ ਕੇ ਸਾਰੀ ਸ੍ਰਿਸ਼ਟੀ (ਦੁਨੀਆਂ) ਤਾਰ ਲਈ ਹੈ। ਉਹ ਆਪਣੇ ਨਾਮ ਨੂੰ ਆਪ ਹੀ ਜਪਵਾਂਦਾ ਹੈ।

ਗੁਰ ਬੋਹਿਥੁ ਪਾਇਆ ਕਿਰਪਾ ਤੇ
ਨਾਨਕ ਧੁਰਿ ਸੰਜੋਗਾ ਜੀਉ ॥ ੪ ॥ ੪੧ ॥ ੪੮ ॥

ਗੁਰੂ ਜੀ ਕਥਨ ਕਰਦੇ ਹਨ-ਮੁੱਢ ਤੋਂ ਹੀ ਕਰਮਾਂ ਦੇ ਸੰਜੋਗ ਕਰਕੇ ਪ੍ਰਭੂ ਦੀ ਕਿਰਪਾ ਤੇ ਗੁਰੂ ਰੂਪ ਜਹਾਜ਼, ਵਾ-ਗੁਰਾਂ ਤੋਂ ਨਾਮ ਰੂਪ ਜਹਾਜ਼ ਪਾਇਆ ਹੈ॥ ੪ ॥ ੪੧ ॥ ੪੮ ॥

ਮਾਝ ਮਹਲਾ ੫ ॥

ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥

ਅਸੀਂ ਭਾਂ ਉਹ ਕਰਤਬ ਕਰਦੇ ਹਾਂ, ਜਿਹੜਾ ਆਪ ਪ੍ਰਭੂ ਸਾਡੇ ਪਾਸੋਂ ਕਰਾਂਵਦਾ ਹੈ। ਸਾਨੂੰ ਜਿੱਥੇ ਪ੍ਰਭੂ ਰਖਦਾ ਹੈ, ਸਾਡੇ ਵਾਸਤੇ ਓਹੀ ਜਗ੍ਹਾ ਚੰਗੀ ਹੈ।

ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥ ੧ ॥

ਓਹੀ ਮਨੁੱਖ ਸਿਆਣਾ ਹੈ, ਓਹੀ ਪਤਿਵੰਤਾ=ਇੱਜ਼ਤ ਵਾਲਾ ਹੈ, ਜਿਸ ਨੂੰ ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ॥ ੧ ॥

ਸਭ ਪਰੋਈ ਇਕਤੁ ਧਾਗੈ ॥ ਜਿਸੁ ਲਾਇ ਲਏ ਸੋ ਚਰਣੀ ਲਾਗੈ ॥

ਉਸ ਪ੍ਰਭੂ ਨੇ ਸਾਰੀ ਦੁਨੀਆਂ ਇੱਕ ਹੁਕਮ ਰੂਪ ਸੂਤ੍ਰ ਵਿਚ, ਵਾ ਸੱਤਾ ਰੂਪ ਸੂਤ੍ਰ ਵਿਚ, ਵਾ ਪ੍ਰਾਣਾਂ ਰੂਪ ਸੂਤਰ ਵਿਚ ਪ੍ਰੋਤੀ ਹੋਈ ਹੈ। ਜਿਸ ਨੂੰ ਆਪਣੀ ਚਰਨੀਂ ਲਗਾ ਲੈਂਦਾ ਹੈ ਓਹੀ ਲਗਦਾ ਹੈ।

ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥ ੨ ॥

ਜਿਸ ਦਾ ਊਂਧ=ਅਮੂਧਾ ਹਿਰਦਾ ਕੌਲ ਪ੍ਰਗਾਸਾ=ਸਿੱਧਾ ਹੋ ਗਿਆ ਹੈ।

ਅਥਵਾ-ਜਿਸ ਦੇ ਅਮੂਧੇ ਹਿਰਦੇ ਕੌਲ ਵਿਚ ਪ੍ਰਭੂ ਦਾ ਪ੍ਰਗਾਸਾ=ਗਿਆਨ ਹੋਇਆ ਹੈ, ਤਿਸ ਜੀਵ ਨੇ ਸਾਰਿਆਂ ਵਿਚ ਨਿਰੰਜਨ ਪ੍ਰਮਾਤਮਾ ਨੂੰ ਪਰੀਪੂਰਨ ਵੇਖਿਆ ਹੈ॥ ੨ ॥

ਤੇਰੀ ਮਹਿਮਾ ਤੂੰਹੈ ਜਾਣਹਿ ॥ ਅਪਣਾ ਆਪੁ ਤੂੰ ਆਪਿ ਪਛਾਣਹਿ ॥

ਹੇ ਪ੍ਰਭੂ ! ਤੇਰੀ ਜੋ ਮਹਿਮਾ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ, ਅਤੇ ਆਪਣੇ ਆਪ ਨੂੰ ਤੂੰ ਆਪ ਹੀ ਪਛਾਣਦਾ ਹੈਂ।

ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥ ੩ ॥

ਮੈਂ ਆਪ ਜੀ.ਦੇ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਕਾਮ ਕ੍ਰੋਧ ਤੇ ਲੋਭ ਨੂੰ ਪੀਠਾ=ਪੀਹ ਸੁਟਿਆ ਹੈ॥ ੩ ॥

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉੱਤਰਹਿ ਕਲਮਲ ॥

ਹੇ ਪ੍ਰਭੂ ! ਤੂੰ ਆਪ ਨਿਰਵੈਰ ਸੁਭਾਅ ਵਾਲਾ ਹੈਂ, ਅਤੇ ਆਪ ਜੀ ਦੇ ਸੰਤ ਵੀ ਨਿਰਮਲ=ਸ਼ੁਧ ਮਨ ਵਾਲੇ ਹਨ। ਜਿਨ੍ਹਾਂ ਦੇ ਦਰਸ਼ਨ ਕੀਤਿਆਂ ਸਾਰੇ ਕਲਮਲ=ਪਾਪ ਲਹਿ ਜਾਂਦੇ ਹਨ।

ਨਾਨਕ ਨਾਮੁ ਧਿਆਇ ਧਿਆਇ ਜੀਵੈ
ਬਿਨਸਿਆ ਭ੍ਰਮ ਭਉ ਧੀਠਾ ਜੀਉ ॥ ੪ ॥ ੪੨ ॥ ੪੯ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਭੀ ਆਪ ਜੀ ਦੇ ਨਾਮ ਨੂੰ ਧਿਆ ਧਿਆ ਕੇ ਭਾਵ ਜਪ ਜਪ ਕੇ ਜੀਊਂਦਾ ਹਾਂ, ਨਾਮ ਦੇ ਪ੍ਰਤਾਪ ਕਰਕੇ ਹੀ ਮੇਰੇ ਅੰਦਰੋਂ ਭਰਮ, ਭਉ=ਡਰ ਤੇ ਧੀਠਾ=ਕਠੋਰ ਸੁਭਾਵ ਨਾਸ ਹੋ ਗਿਆ ਹੈ॥ ੪ ॥ ੪੨ ॥ ੪੯ ॥

[ਪੰਨਾ ੧੦੯]

ਮਾਝ ਮਹਲਾ ੫ ॥

ਝੂਠਾ ਮੰਗਣੁ ਜੇ ਕੋਈ ਮਾਗੈ ॥ ਤਿਸ ਕਉ ਮਰਤੇ ਘੜੀ ਨ ਲਾਗੈ ॥

ਪ੍ਰਭੂ ਦੇ ਨਾਮ ਤੋਂ ਬਿਨਾਂ ਜਿਹੜਾ ਕੋਈ ਝੂਠਾ ਮੰਗਣੁ=ਸੰਸਾਰਕ ਪਦਾਰਥਾਂ ਨੂੰ ਮੰਗਦਾ ਹੈ ਉਸ ਨੂੰ ਮਰਦਿਆਂ ਘੜੀ ਵੀ ਨਹੀਂ ਲਗਦੀ। ਕਿਉਂਕਿ ਝੂਠੇ ਪਦਾਰਥਾਂ ਦੇ ਮੰਗਣ ਵਾਲਾ ਮਨੁੱਖ ਜੰਮਦਾ ਮਰਦਾ ਰਹਿੰਦਾ ਹੈ।

ਅਥਵਾ:-ਜਿਹੜਾ ਕੋਈ ਦੂਜਿਆਂ ਦੇ ਬੁਰੇ ਚਿਤਵਨ ਰੂਪ ਝੂਠੇ ਮੰਗਣ ਨੂੰ ਮੰਗਦਾ ਹੈ ਭਸਮਾਂਗਦ ਦੈਂਤ ਵਾਂਗੂੰ ਉਸ ਨੂੰ ਮਰਦਿਆਂ ਇੱਕ ਘੜੀ ਦੇਰ ਨਹੀਂ ਲਗਦੀ।

ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ ॥ ੧ ॥

ਜੋ ਮਨੁੱਖ ਪੂਰਨ ਗੁਰਾਂ ਨਾਲ ਮਿਲ ਕੇ ਸਦਾ ਹੀ ਪਾਰਬ੍ਰਹਮ ਨੂੰ ਸੇਵੈ=ਆਰਾਧਦਾ ਹੈ, ਉਸ ਨੂੰ ਨਿਹਚਲੁ= ਅਚੱਲ ਕਹਿਣਾ ਚਾਹੀਦਾ ਹੈ॥ ੧ ॥

ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥ ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥

ਜਿਸ ਦੇ ਮਨ ਵਿਚ ਵਾਹਿਗੁਰੂ ਦੀ ਪ੍ਰੇਮਾ ਭਗਤੀ ਲੱਗੀ ਹੋਈ ਹੈ; ਅਤੇ ਵਾਹਿਗੁਰੂ ਦੇ ਗੁਣ ਗਾਉਣ ਵਿਚ ਜਿਸ ਦੀ ਬੁੱਧੀ ਨਿਤਾਪ੍ਰਤੀ ਜਾਗਦੀ ਰਹਿੰਦੀ ਹੈ।

ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ ॥ ੨ ॥

ਉਸ ਨੂੰ ਬਾਹੋਂ ਫੜ ਕੇ ਸੁਆਮੀ ਪ੍ਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ ਪਰ ਜਿਸ ਦੇ ਮੱਥੇ ਉੱਪਰ ਸ਼ੁਭ ਕਰਮਾਂ ਦਾ ਲਹਣਾ=ਲੇਖ ਲਿਖਿਆ ਹੁੰਦਾ ਹੈ॥ ੨ ॥

ਚਰਨ ਕਮਲ ਭਗਤਾਂ ਮਨਿ ਵੁਠੇ ॥ ਵਿਣੁ ਪਰਮੇਸਰ ਸਗਲੇ ਮੁਠੇ ॥

ਭਗਤ ਜਨਾਂ ਦੇ ਮਨ ਵਿਚ ਵਾਹਿਗੁਰੂ ਦੇ ਚਰਨ ਕਵਲ ਵੁਠੇ=ਵੱਸ ਰਹੇ ਹਨ। ਪ੍ਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਸਾਰੇ ਮਨੁੱਖ ਮੁਠੇ=ਠਗੇ ਗਏ ਹਨ।

ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥ ੩ ॥

ਅਸੀਂ ਤਾਂ ਸੰਤ ਜਨਾਂ ਦੀ ਚਰਨ ਧੂੜੀ ਨੂੰ ਨਿਤਾਪ੍ਰਤੀ ਬਾਂਛਹਿ=ਚਾਹੁੰਦੇ ਹਾਂ, ਜੋ ਚਰਨ ਧੂੜੀ ਸੱਚੇ ਨਾਮ ਦਾ ਗਹਣਾ=ਸ਼ਿੰਗਾਰ ਰੂਪ ਹੈ।

ਅਥਵਾ-ਸਾਨੂੰ ਸੱਚੇ ਨਾਮ ਦਾ ਹੀ ਗਹਣਾ=ਆਸਰਾ ਹੈ॥ ੩ ॥

ਊਠਤ ਬੈਠਤ ਹਰਿ ਹਰਿ ਗਾਈਐ ॥
ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥

ਉਠਦਿਆਂ ਬਹਿੰਦਿਆਂ ਹਰਿ ਹਰਿ ਨਾਮ ਨੂੰ ਗਾਉਣਾ ਕਰੋ। ਜਿਸ ਨਾਮ ਦੇ ਸਿਮਰਦਿਆਂ ਨਿਹਚਲੁ ਵਰੁ=ਅਚੱਲ ਪਤੀ ਪ੍ਰਮਾਤਮਾ ਪਾਈਦਾ ਹੈ।

ਨਾਨਕ ਕਉ ਪ੍ਰਭ ਹੋਇ ਦਇਆਲਾ ਤੇਰਾ ਕੀਤਾ ਸਹਣਾ ॥੪ ॥੪੩ ॥੫੦ ॥

ਗੁਰੂ ਜੀ ਆਖਦੇ ਹਨ-ਇਸ ਤਰ੍ਹਾਂ ਬੇਨਤੀ ਕਰੋ, ਹੇ ਪ੍ਰਭੂ ! ਦਿਆਲੂ ਹੋ ਕੇ ਮੈਨੂੰ ਇਹ ਬਲ ਬਖਸ਼ੋ, ਜੋ ਆਪ ਜੀ ਦੇ ਕੀਤੇ ਹੋਏ ਨੂੰ ਖਿੜੇ ਮੱਥੇ ਸਹਣਾ=ਸਹਾਰਦਾ ਰਹਾਂ॥ ੪॥ ੪੩॥ ੫੦॥

ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਸਬਦਿ ਰੰਗਾਏ ਹੁਕਮਿ ਸਬਾਏ ॥ ਸਚੀ ਦਰਗਹ ਮਹਲਿ ਬੁਲਾਏ ॥

ਹੁਕਮੀ ਪ੍ਰਮਾਤਮਾ ਨੇ ਹੁਕਮ ਕਰਕੇ ਸਤਸੰਗਤ ਰੂਪ ਸੱਚੀ ਦਰਗਾਹ ਵਿਚ ਬੁਲਾ ਕੇ ਜਿਨ੍ਹਾਂ ਦੇ ਮਨ ਨੂੰ ਗੁਰ ਸ਼ਬਦ ਰੂਪ ਰੰਗ ਵਿਚ ਰੰਗ ਦਿੱਤਾ ਹੈ, ਉਨ੍ਹਾਂ ਸਬਾਏ=ਸਾਰਿਆਂ ਨੂੰ ਮਹਲਿ=ਮਹਲੀ ਪ੍ਰਮਾਤਮਾ ਨੇ ਸੱਚੀ ਦਰਗਾਹ ਵਿਚ ਬੁਲਾਇਆ ਹੈ।

ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥ ੧ ॥

ਹੇ ਮੇਰੇ ਸੱਚੇ ਸਾਹਿਬ ਦੀਨ=ਗਰੀਬਾਂ ਉੱਪਰ ਦਿਆਲੂ ! ਸੱਚੇ ਨਾਮ ਜਪਣ ਵਾਲਿਆਂ ਉੱਪਰ ਤੇਰਾ ਮਨ ਪਤੀਜਦਾ ਹੈ।

ਅਥਵਾ:-ਸੱਚੇ ਮਨ ਵਾਲਿਆਂ ਉੱਪਰ ਤੂੰ ਪਤੀਆਵਣਿਆ=ਭਰੋਸਾ ਕਰਦਾ ਹੈਂ॥ ੧ ॥

ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥

ਸੋਭਨੀਕ ਗੁਰਾਂ ਦੇ ਸ਼ਬਦ ਤੋਂ, ਵਾ ਗੁਰਾਂ ਦੇ ਸ਼ਬਦ ਕਰਕੇ ਜੋ ਸੋਭਾ ਵਾਲੇ ਹੋਏ ਉਨ੍ਹਾਂ ਤੋਂ ਮੈਂ ਤਨ ਕਰਕੇ ਬਲਿਹਾਰ ਤੇ ਜੀਉ=ਮਨ ਕਰਕੇ ਕੁਰਬਾਨ ਜਾਂਦਾ ਹਾਂ।

ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧ ॥ਰਹਾਉ ॥

ਸੁਖਦਾਤੇ ਪ੍ਰਭੂ ਦਾ ਨਾਮ ਅੰਮ੍ਰਿਤ ਸਦਾ ਹੀ ਗੁਰਮਤੀਆਂ ਨੇ ਆਪਣੇ ਮੰਨ ਵਿਚ ਵਸਾਣਾ ਕੀਤਾ ਹੈ॥ ੧ ॥ ਰਹਾਉ ॥

ਨਾ ਕੋ ਮੇਰਾ ਹਉ ਕਿਸੁ ਕੇਰਾ ॥ ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥

ਜਦ ਕਿ ਮੇਰਾ ਕੋਈ ਨਹੀਂ ਹੈ, ਤਾਂ ਹਉ=ਮੈਂ ਕਿਸੁ ਕੇਰਾ=ਕਿਸ ਦਾ ਹਾਂ। ਅਰਥਾਤ ਮੈਂ ਭੀ ਕਿਸੇ ਦਾ ਨਹੀਂ ਹਾਂ। ਤਿੰਨਾਂ ਲੋਕਾਂ ਦਾ ਸੱਚਾ ਮਾਲਕ ਮੇਰਾ ਸੁਆਮੀ ਹੈ।

ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥ ੨ ॥

ਹੰਗਤਾ ਮਮਤਾ ਕਰ ਕਰ ਕੇ ਬਹੁਤੀ ਦੁਨੀਆਂ ਤੁਰੀ ਜਾਂਦੀ ਹੈ, ਅੰਤੇ ਔਗੁਣਾਂ ਨੂੰ ਕਰਕੇ ਪਸਚਾਤਾਪ ਕਰਦੀ ਹੈ॥ ੨ ॥

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥

ਜੋ ਵਾਹਿਗੁਰੂ ਦੇ ਹੁਕਮ ਨੂੰ ਪਛਾਣਦਾ ਹੈ, ਓਹੀ ਹਰੀ ਗੁਣਾਂ ਨੂੰ ਵਖਾਣੈ=ਕਥਨ ਕਰਦਾ ਹੈ। ਅਤੇ ਗੁਰਾਂ ਦੇ ਉਪਦੇਸ਼ ਕਰਕੇ ਨਾਮ ਰੂਪ ਨੀਸਾਣੈ=ਪ੍ਰਵਾਨਾ ਮਿਲਦਾ ਹੈ।

ਅਥਵਾ:-ਨਾਮਿ=ਨਾਮੀ ਪ੍ਰਮਾਤਮਾ ਨੀਸਾਣੈ=ਪ੍ਰਗਟ ਹੁੰਦਾ ਹੈ।

ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥ ੩ ॥

ਸਾਰਿਆਂ ਦਾ ਲੇਖਾ=ਹਿਸਾਬ ਸੱਚੇ ਦਰਬਾਰ ਵਿਚ ਹੁੰਦਾ ਹੈ, ਸੋਭਨੀਕ ਨਾਮੀ ਦੇ ਨਾਮ ਜਪਣੇ ਕਰਕੇ ਛੁਟਕਾਰਾ ਹੁੰਦਾ ਹੈ॥ ੩ ॥

ਮਨਮੁਖੁ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥

ਨਾਮ ਤੋਂ ਭੁੱਲਾ ਹੋਇਆ ਮਨਮੁਖ ਠਹਿਰਣਾ ਨਹੀਂ ਪਾਂਦਾ।

ਅਥਵਾ:-ਸਰੂਪ ਰੂਪੀ ਠਉਰ=ਜਗ੍ਹਾ ਨੂੰ ਨਹੀਂ ਪਾਂਦਾ। ਜਮਾਂ ਦੇ ਦਰਬਾਰ ਵਿਚ ਬੱਧਾ ਹੋਇਆ ਜਮਾਂ ਦੀਆਂ ਸੱਟਾਂ ਖਾਂਦਾ ਹੈ।

ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥ ੪ ॥

ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਸੰਗ ਦਾ ਸਾਥੀ ਨਹੀਂ ਹੈ।

ਅਥਵਾ:-ਕੋਈ ਸੰਗੀ ਸਾਥੀ ਨਹੀਂ ਹੈ, ਨਾਮ ਧਿਆਵਣ ਵਾਲਾ ਹੀ ਜਮਾਂ ਦੇ ਦੁਖਾਂ ਤੋਂ ਮੁਕਤੇ=ਛੁਟਦਾ ਹੈ॥ ੪ ॥

ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥

ਕੂੜਿਆਂ ਪਦਾਰਥਾਂ ਵਿਚ ਲਗਣ ਕਰਕੇ ਸਾਕਤਾਂ ਨੂੰ ਸੱਚ ਨਾਮ ਜਪਣਾ ਭਾਂਵਦਾ ਨਹੀਂ ਹੈ। ਦੁਬਿਧਾ ਵਿਚ ਬੱਧਾ ਹੋਣ ਕਰਕੇ ਮੁੜ ਮੁੜ ਕੇ ਆਵੈ ਜਾਵੈ=ਜੰਮਦਾ ਮਰਦਾ ਹੈ।

ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥ ੫ ॥

ਮੱਥੇ ਉੱਪਰ ਜੋ ਲੇਖ ਲਿਖਿਆ ਗਿਆ ਹੈ ਉਸਨੂੰ ਭੇਗੇ ਬਿਨਾਂ ਕੋਈ ਮੇਟ ਨਹੀਂ ਸਕਦਾ, ਗੁਰਮੁਖ ਜਗਿਆਸੂਆਂ ਨੂੰ ਗੁਰਾਂ ਦੁਆਰੇ ਮੁਕਤ ਕਰਵਾ ਦੇਂਦਾ ਹੈ॥ ੫ ॥

ਪੇਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥

ਜਿਸ ਜੀਵ ਰੂਪ ਇਸਤ੍ਰੀ ਨੇ ਮਾਤ ਲੋਕ ਰੂਪ ਪੇਕੇ ਘਰ ਵਿਚ ਰਹਿੰਦਿਆਂ ਪਤੀ ਪ੍ਰਾਪਤੀ ਦੇ ਰਸਤੇ ਨੂੰ ਜਾਣਿਆ ਨਹੀਂ ਹੈ। ਉਹ ਝੂਠੀ ਪ੍ਰਮੇਸ਼ਰ ਪਤੀ ਤੋਂ ਵਿੱਛੁੜੀ ਹੋਈ ਧਾਂਹੀ ਮਾਰ ਕੇ ਰੋਂਦੀ ਹੈ।

ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥ ੬ ॥

ਉਹ ਔਗੁਣਾਂ ਕਰਕੇ ਮੁੱਠੀ=ਲੁੱਟੀ ਹੋਈ ਮਹਲੁ=ਸਰੂਪ ਨੂੰ ਨਹੀਂ ਪਾਂਦੀ, ਜਿਹੜੇ ਔਗੁਣ ਹਨ ਉਹ ਸ਼ੁਭ ਗੁਣਾਂ ਕਰਕੇ ਹੀ ਬਖਸ਼ੇ ਜਾਂਦੇ ਹਨ॥ ੬ ॥

ਪੇਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥

ਜਿਸ ਨੇ ਮਾਤ ਲੋਕ ਰੂਪੀ ਪੇਈਅੜੈ=ਪੇਕੇ ਘਰ ਵਿਚ ਰਹਿੰਦਿਆਂ ਪਿਆਰੇ ਪਤੀ ਪ੍ਰਮੇਸ਼ਰ ਨੂੰ ਜਾਣਿਆ ਹੈ। ਉਸ ਗੁਰਮੁਖ ਤੋਂ ਬੁੱਝ ਕੇ ਜਿਸ ਨੇ ਜੀਵ ਬ੍ਰਹਮ ਦੀ ਏਕਤਾ ਦੇ ਵਿਚਾਰ ਨੂੰ ਬੁੱਝ ਲਿਆ ਹੈ। ਉਸ ਨੇ-

ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥ ੭ ॥

ਸੱਚੇ ਨਾਮੀ ਵਿਚ ਸਮਾਵਣਿਆ=ਅਭੇਦ ਹੋ ਕੇ ਆਵਣੁ ਜਾਣਾ=ਜਨਮ ਮਰਨ ਨੂੰ ਠਾਕਿ ਰਹਾਏ=ਰੋਕ ਰੱਖਿਆ ਹੈ॥ ੭ ॥

ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥

ਮੁਖੀ ਗੁਰਾਂ ਤੋਂ ਬੁੱਝ ਕੇ ਅਕਥ ਪ੍ਰਭੂ ਦੇ ਨਾਮ ਨੂੰ ਆਪ ਕਥਨ ਕਰੇ ਅਤੇ ਹੋਰਨਾਂ ਪਾਸੋਂ ਕਹਾਵੇ, ਕਿਉਂਕਿ ਸੱਚੇ ਠਾਕੁਰ ਨੂੰ ਸੱਚ ਨਾਮ ਜਪਣ ਵਾਲੇ ਗੁਰਮੁਖ ਹੀ ਭਾਂਵਦੇ ਹਨ।

ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਸੱਚ ਸਰੂਪ ਪ੍ਰਮਾਤਮਾ ਅੱਗੇ ਸੱਚੀ ਬੇਨਤੀ ਕਹਿ ਕੇ ਗੁਣਾਂ ਨੂੰ ਗਾਵਣਾ ਕਰੇ ਤਾਂਹੀ ਸੱਚਾ ਪ੍ਰਮਾਤਮਾ ਮਿਲਦਾ ਹੈ॥ ੮ ॥ ੧ ॥

[ਪੰਨਾ ੧੧੦]

ਮਾਝ ਮਹਲਾ ੩ ਘਰੁ ੧ ॥

ਕਰਮੁ ਹੋਵੈ ਸਤਿਗੁਰੁ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥

ਪੂਰਬਲੇ ਸ੍ਰੇਸ਼ਟ ਕਰਮ ਹੋਵਣ ਤਾਂ ਪ੍ਰਭੂ ਕਰਮੁ=ਕ੍ਰਿਪਾ ਕਰਕੇ ਸਤਿਗੁਰਾਂ ਨਾਲ ਮਿਲਾਂਵਦਾ ਹੈ।

ਤਾਂ ਫਿਰ ਜਗਿਆਸੂ ਗੁਰ ਸੇਵਾ ਵਿਚ ਸੁਰਤ ਜੋੜ ਕੇ ਵਾ ਸੁ+ਰਤਿ=ਸ੍ਰੇਸ਼ਟ ਪ੍ਰੀਤੀ ਕਰਕੇ ਗੁਰ ਸ਼ਬਦ

ਵਿਚ ਚਿੱਤ ਲਗਾਂਵਦਾ ਹੈ।

ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥ ੧ ॥

ਜਿਸ ਨੇ ਹਉਮੈ ਨੂੰ ਮਾਰਿਆ ਹੈ, ਅਤੇ ਮਨ 'ਚੋਂ ਮਾਇਆ ਦੇ ਮੋਹ ਨੂੰ ਚੁਕਾ ਦਿੱਤਾ ਹੈ ਉਸ ਨੇ ਸਦਾ=ਨਿੱਤ ਸੁਖ ਪਾਇਆ ਹੈ॥ ੧ ॥

ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥

ਮੈਂ ਸਤਿਗੁਰਾਂ ਤੋਂ ਤਨ ਕਰਕੇ ਵਾਰਨੇ ਜਾਂਦਾ ਹਾਂ, ਮਨ ਕਰਕੇ ਵਾਰਨੇ ਜਾਂਦਾ ਹਾਂ, ਬਾਣੀ ਕਰਕੇ ਭੀ ਬਲਿਹਾਰ ਜਾਂਦਾ ਹਾਂ।

ਗੁਰਮਤੀ ਪਰਗਾਸੁ ਹੋਆ ਜੀ
ਅਨਦਿਨੁ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥

ਰਾਤ ਦਿਨ ਹਰੀ ਦੇ ਗੁਣ ਗਾਇਣ ਕਰਨ ਨਾਲ ਗੁਰਮਤੀਆਂ ਦੇ ਜੀ=ਮਨ ਵਿਚ ਪਰਗਾਸੁ=ਗਿਆਨ ਹੋਇਆ ਹੈ॥ ੧ ॥ ਰਹਾਉ ॥

ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥

ਜਾਂ ਪ੍ਰਭੂ ਦਾ ਨਾਮ ਜਪਣਾ ਪਾਵੇ, ਤੇ ਵਿਸ਼ਿਆਂ ਵੱਲ ਧਾਵਤੁ=ਦੌੜਦੀਆਂ ਇੰਦ੍ਰੀਆਂ ਨੂੰ ਰੋਕ ਰੱਖੇ, ਸੰਕਲਪਾਂ ਵਿਚ ਦੌੜਦੇ ਹੋਏ ਮਨ ਨੂੰ ਠਾਕਿ ਰਹਾਏ=ਰੋਕ ਰੱਖੇ ਤਾਂ ਤਨ ਮਨ ਵਿਚ ਹੀ ਪ੍ਰਮੇਸ਼ਰ ਨੂੰ ਖੋਜ ਲੈਂਦਾ ਹੈ।

ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥ ੨ ॥

ਜੋ ਸ਼ਰਧਾ ਨਾਲ ਰਾਤ ਦਿਨ ਆਪ ਗੁਰਬਾਣੀ ਨੂੰ ਗਾਂਵਦਾ ਹੈ, ਉਹ ਹੋਰਨਾਂ ਪਾਸੋਂ ਭੀ ਸਹਜੇ ਪ੍ਰਭੂ ਦੀ ਭਗਤੀ ਕਰਾਉਂਦਾ ਹੈ॥ ੨ ॥

ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥

ਸ਼ੁਭ ਗੁਣ ਵਾ ਪ੍ਰਤੱਖ ਬਿਅੰਤ ਵਸਤੂਆਂ ਦਾ ਮਾਲਕ ਪ੍ਰਭੂ ਇਸ ਕਾਇਆ=ਸਰੀਰ ਦੇ ਅੰਦਰ ਹੈ।

ਗੁਰਾਂ ਦੁਆਰੇ ਸੱਚ ਨਾਮ ਮਿਲ ਜਾਵੇ ਤਦ ਉਸ ਦਾ ਵੇਖਣਾ ਹੁੰਦਾ ਹੈ।

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥ ੩ ॥

ਜਿਸ ਨੇ ਨਉ ਦਰਵਾਜੇ=ਨੌਂ ਗੋਲਕਾਂ ਨੂੰ ਰੋਕ ਕੇ ਦਸਵੈ=ਦਸਮ ਦੁਆਰ ਵਿਚ ਪ੍ਰਾਨ ਚੜ੍ਹਾਏ ਹਨ ਉਹ ਮੁਕਤ ਰੂਪ ਹੋਇਆ ਹੈ।

ਉਸ ਨੂੰ ਅਨਹਦ=ਇਕ ਰਸ ਦਸਮ ਦੁਆਰ ਦੇ ਤਤ ਤੰਤੀ ਆਦਿਕ ਸਬਦੁ=ਵਾਜੇ ਵੱਜ ਆਏ ਹਨ।

ਅਥਵਾ:-ਜਿਸ ਨੇ ਅਨਹਦ=ਇਕਰਸ ਗੁਰਾਂ ਦੇ ਸ਼ਬਦ ਨੂੰ ਵਜਾਵਣਿਆ=ਉਚਾਰ ਕੇ ਨਉ ਦਰਵਾਜੇ=ਨੌਂ ਗੋਲਕਾਂ ਵਿਚ ਦਸ ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕਿਆ ਹੈ ਉਹ ਦਸਵੇਂ ਰੂਪ ਪ੍ਰਮੇਸ਼ਰ ਨੂੰ ਪਾ ਕੇ ਮੁਕਤ ਹੋਇਆ ਹੈ।

ਅਤੇ ਅਨਹਦ=ਹੱਦ ਤੋਂ ਰਹਿਤ ਜੋ ਸਬਦੁ=ਬ੍ਰਹਮ ਹੈ ਉਹ ਉਸ ਨੂੰ ਵਜਾਵਣਿਆ=ਪ੍ਰਗਟ ਹੋਇਆ ਹੈ॥ ੩॥

ਸਚਾ ਸਾਹਿਬੁ ਸਚੀ ਨਾਈ॥ ਗੁਰ ਪਰਸਾਦੀ ਮੰਨਿ ਵਸਾਈ॥

ਉਹ ਸਾਹਿਬ ਸੱਚਾ ਹੈ, ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ।

ਗੁਰਾਂ ਦੀ ਕਿਰਪਾ ਨਾਲ ਉਹ ਵਡਿਆਈ ਮੰਨ ਵਿਚ ਆ ਵਸਦੀ ਹੈ।

ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ॥ ੪॥

ਜੋ ਰਾਤ ਦਿਨ ਸਦਾ ਰੰਗਿ=ਪ੍ਰੇਮ ਵਿਚ ਰੱਤਾ ਰਹਿੰਦਾ ਹੈ, ਉਹ ਆਪਣੇ ਦਰਿ=ਅੰਦਰੋਂ ਹੀ ਸੱਚੇ ਦੀ ਸੋਝੀ ਪਾ ਲੈਂਦਾ ਹੈ।

ਅਥਵਾ:-ਸੱਚੇ ਦਰ ਸਤਸੰਗ ਦੁਆਰਾ ਸੱਚੇ ਦੀ ਗਿਆਤ ਪਾ ਲੈਂਦਾ ਹੈ॥ ੪॥

ਪਾਪ ਪੁੰਨ ਕੀ ਸਾਰ ਨ ਜਾਣੀ॥ ਦੂਜੈ ਲਾਗੀ ਭਰਮਿ ਭੁਲਾਣੀ॥

ਮਨਮੁਖਾਂ ਨੇ ਪਾਪ ਪੁੰਨ ਦੀ ਸਾਰ=ਖਬਰ ਨਹੀਂ ਜਾਣੀ। ਕਿਉਂਕਿ ਉਨ੍ਹਾਂ ਦੀ ਬੁੱਧੀ ਭਰਮ ਵਿਚ ਭੁੱਲੀ ਹੋਈ ਦ੍ਵੈਤ ਭਾ ਵਿਚ ਲੱਗ ਰਹੀ ਹੈ।

ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ॥ ੫॥

ਉਹ ਅੰਧਾ ਅਗਿਆਨੀ ਪ੍ਰਭੂ ਦੀ ਪ੍ਰਾਪਤੀ ਦਾ ਰਸਤਾ ਨਹੀਂ ਜਾਣਦਾ, ਇਸ ਲਈ ਮੁੜ ਮੁੜ ਕੇ ਜੰਮਦਾ ਮਰਦਾ ਹੈ॥ ੫॥

ਗੁਰ ਸੇਵਾ ਤੇ ਸਦਾ ਸੁਖੁ ਪਾਇਆ॥ ਹਉਮੈ ਮੇਰਾ ਠਾਕਿ ਰਹਾਇਆ॥

ਜਿਨ੍ਹਾਂ ਨੇ ਗੁਰ ਸੇਵਾ ਕਰਕੇ ਹੰਗਤਾ ਮਮਤਾ ਤੇ ਮੇਰ ਤੇਰ ਨੂੰ ਠਾਕਿ ਰਹਾਇਆ=ਰੋਕ ਰੱਖਿਆ ਹੈ ਤਿਨ੍ਹਾਂ ਨੇ ਸਦਾ ਸੁਖੁ=ਨਿੱਤ ਸੁਖ ਅਰਥਾਤ ਆਤਮ ਸੁਖ ਪਾਇਆ ਹੈ।

ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ॥ ੬॥

ਗੁਰਾਂ ਦੀ ਸਿੱਖਿਆ ਕਰਕੇ ਉਨ੍ਹਾਂ ਦਾ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ, ਅਤੇ ਬੱਜਰ ਵਾਂਗ ਜੜੇ ਹੋਏ ਪੰਜਾਂ ਕੋਸ਼ਾਂ ਰੂਪ ਕਪਾਟ=ਤਖਤੇ ਖੁਲ੍ਹ ਗਏ ਹਨ॥ ੬॥

ਹਉਮੈ ਮਾਰਿ ਮੰਨਿ ਵਸਾਇਆ॥ ਗੁਰ ਚਰਣੀ ਸਦਾ ਚਿਤੁ ਲਾਇਆ॥

ਗੁਰਮੁਖਾਂ ਨੇ ਹੰਗਤਾ ਮਮਤਾ ਨੂੰ ਮਾਰ ਕੇ ਨਾਮ ਨੂੰ ਮਨ ਵਿਚ ਵਸਾਇਆ ਹੈ, ਵਾ ਮਨ ਨੂੰ ਵਸੀਕਾਰ ਕੀਤਾ ਹੈ। ਅਤੇ ਗੁਰਾਂ ਦੇ ਚਰਨਾਂ ਨਾਲ ਸਦਾ ਹੀ ਚਿੱਤ ਨੂੰ ਲਗਾ ਰੱਖਿਆ ਹੈ।

ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ॥ ੭॥

ਗੁਰਾਂ ਦੀ ਕਿਰਪਾ ਨਾਲ ਉਨ੍ਹਾਂ ਦਾ ਮਨ ਤਨ ਸ਼ੁੱਧ ਹੋ ਗਿਆ ਹੈ, ਉਹ ਹਰ ਵੇਲੇ ਨਿਰਮਲ ਨਾਮ ਨੂੰ ਹੀ ਧਿਆਉਣਾ ਕਰਦੇ ਹਨ॥ ੭॥

ਜੀਵਣੁ ਮਰਣਾ ਸਭੁ ਤੁਧੈ ਤਾਈ॥ ਜਿਸੁ ਬਖਸੇ ਤਿਸੁ ਦੇ ਵਡਿਆਈ॥

ਹੇ ਪ੍ਰਭੂ ! ਗੁਰਮੁਖਾਂ ਦਾ ਜਿਉਣਾ ਤੇ ਮਰਣਾ ਸਾਰਾ ਤੇਰੇ ਤਾਈਂ ਅਰਥਾਤ ਤੇਰੇ ਗੋਚਰੇ ਹੈ।

ਯਥਾ:- ਆਖਾ ਜੀਵਾ ਵਿਸਰੈ ਮਰਿ ਜਾਉ ॥

ਜੇਕਰ ਤੇਰੇ ਨਾਮ ਨੂੰ ਜਪਦੇ ਰਹਿਣ ਤਾਂ ਜਿਉਂਦੇ ਹਨ।

ਜੇਕਰ ਤੇਰਾ ਨਾਮ ਭੁੱਲ ਜਾਵੇ ਤਾਂ ਗੁਰਮੁਖਾਂ ਦਾ ਮਰਨਾ ਹੁੰਦਾ ਹੈ।

*ਅਥਵਾ:-*ਜਿਨ੍ਹਾਂ ਨੇ ਜੀਵਤ ਭਾ ਤੋਂ ਮਰਨਾ ਕੀਤਾ ਹੈ ਉਹ ਸਾਰੇ 'ਭੁਧੈ ਤਾਈ'=ਤੇਰੇ ਤਾਈਂ ਪ੍ਰਾਪਤ ਹੋਏ ਹਨ।

ਜਿਸ ਨੂੰ ਆਪ ਬਖਸ਼ਦੇ ਹੋ ਉਸ ਨੂੰ ਆਪ ਨਾਮ ਦੀ ਵਡਿਆਈ ਵਾ ਪ੍ਰਤੱਖ ਵਡਿਆਈ ਦੇਂਦੇ ਹੋ।

ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮ ॥੧ ॥੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ਤੂੰ ਸਦਾ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰ, ਤਦ ਤੂੰ ਆਪਣੇ ਜਨਮ ਮਰਨ ਨੂੰ ਸਵਾਰ ਲਵੇਂਗਾ॥ ੮॥ ੧॥ ੨॥

ਮਾਝ ਮਹਲਾ ੩ ॥

ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ॥ ਬਿਨੁ ਤਕੜੀ ਤੋਲੈ ਸੰਸਾਰਾ ॥

ਮੇਰਾ ਪ੍ਰਭੂ ਪ੍ਰਮਾਤਮਾ ਨਿਰਮਲੁ=ਸ਼ੁੱਧ ਸਰੂਪ ਹੈ, ਅਗਮ=ਥੌਹ ਤੋਂ ਰਹਿਤ ਤੇ ਅਪਾਰਾ=ਬਿਅੰਤ ਗੁਣਾਂ ਵਾਲਾ ਹੈ। ਉਹ ਪ੍ਰਤੱਖ ਤੱਕੜੀ ਤੋਂ ਬਿਨਾਂ ਹੀ ਸਾਰੇ ਸੰਸਾਰ ਨੂੰ ਤੋਲ ਰਿਹਾ ਹੈ। ਅਰਥਾਤ ਹੋਰਨਾਂ ਦੀ ਅਪੇਖਿਆ ਤੋਂ ਬਿਨਾਂ ਹੀ ਜਿਥੇ ਕੋਈ ਹੈ ਉਥੇ ਸਭਨਾਂ ਨੂੰ ਜਾਣ ਰਿਹਾ ਹੈ।

*ਆਵਾ:-*ਜੋ ਮਨੁੱਖ ਸ਼ਰਧਾ ਨਾਲ ਉਸ ਪ੍ਰਭੂ ਅੱਗੇ ਬਿਨੁਤ+ਕੜੀ=ਬੇਨਤੀ ਕਰਦਾ ਹੈ, ਉਹ ਸਾਰੇ ਸੰਸਾਰ ਨੂੰ ਮਿਥਿਆ ਰੂਪ ਕਰਕੇ ਤੋਲੈ=ਵਿਚਾਰਦਾ ਹੈ।

ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥ ੧ ॥

ਜਿਹੜਾ ਮਨੁੱਖ ਗੁਰਮੁਖ ਹੁੰਦਾ ਹੈ ਓਹੀ ਉਸ ਪ੍ਰਭੂ ਨੂੰ ਜਾਣਦਾ ਹੈ, ਉਹ ਗੁਣਾਂ ਨੂੰ ਕਹਿ ਕੇ ਗੁਣੀ=ਪ੍ਰਮਾਤਮਾ ਵਿਚ ਅਭੇਦ ਹੁੰਦਾ ਹੈ॥ ੧॥

ਹਉ ਵਾਰੀ ਜੀਉ ਵਾਰੀ ਹਰਿ ਕਾ ਨਾਮੁ ਮੰਨਿ ਵਸਾਵਣਿਆ ॥

ਉਸ ਗੁਰਮੁਖ ਤੋਂ ਮੈਂ ਤਨ ਕਰਕੇ ਵਾਰਨੇ ਜਾਂਦਾ ਹਾਂ, ਜੀਉ ਵਾਰੀ=ਮਨ ਕਰਕੇ ਵਾਰਨੇ ਜਾਂਦਾ ਹਾਂ ਜਿਸ ਗੁਰਮੁਖ ਨੇ ਹਰੀ ਦਾ ਨਾਮ ਮਨ ਵਿਚ ਵਸਾਣਾ ਕੀਤਾ ਹੈ।

ਜੋ ਸਚਿ ਲਾਗੇ ਸੇ ਅਨਦਿਨੁ ਜਾਗੇ
ਦਰਿ ਸਭੈ ਸੋਭਾ ਪਾਵਣਿਆ ॥ ੧ ॥ ਰਹਾਉ ॥

ਜੋ ਸੱਚ ਨਾਮ ਵਿਚ ਲਗੇ ਹਨ ਉਹ ਰਾਤ ਦਿਨ ਗਿਆਨ ਜਾਗ੍ਰਤ ਵਿਚ ਜਾਗੇ ਹਨ, ਅਤੇ ਉਸ ਸੱਚੇ ਦਰਬਾਰ ਵਿਚ ਜਾ ਕੇ ਸੋਭਾ ਪਾਂਦੇ ਹਨ॥ ੧॥ ਰਹਾਉ॥

ਆਪਿ ਸੁਣੈ ਤੈ ਆਪੇ ਵੇਖੈ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ॥

ਉਹ ਪ੍ਰਭੂ ਆਪ ਹੀ ਜੀਵਾਂ ਦੀਆਂ ਗੱਲਾਂ ਸੁਣਦਾ ਹੈ, ਅਤੇ ਆਪ ਹੀ ਜੀਵਾਂ ਦੇ ਕਰਤੱਬ ਵੇਖਦਾ ਹੈ।

ਅਥਵਾ:-ਆਪ ਹੀ ਜਗਿਆਸੂ ਰੂਪ ਹੋ ਕੇ ਨਾਮ ਸੁਣਦਾ ਹੈ, ਅਤੇ ਆਪ ਸ੍ਵੈ-ਸਰੂਪ ਨੂੰ ਵੇਖਦਾ ਹੈ। ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਓਹੀ ਜਨ ਲੇਖੇ ਵਿਚ ਪੈਂਦਾ ਹੈ।

ਆਪੇ ਲਾਇ ਲਏ ਸੋ ਲਾਗੈ ਗੁਰਮੁਖਿ ਸਚੁ ਕਮਾਵਣਿਆ॥ ੨॥

ਜਿਸ ਨੂੰ ਆਪਣੀ ਤਰਫ ਲਗਾ ਲੈਂਦਾ ਹੈ ਓਹੀ ਲਗਦਾ ਹੈ, ਅਤੇ ਓਹੀ ਗੁਰਮੁਖ ਗੁਰਾਂ ਦੁਆਰੇ ਸੱਚ ਨਾਮ ਨੂੰ ਕਮਾਂਵਦਾ ਹੈ॥ ੨॥

ਜਿਸੁ ਆਪਿ ਭੁਲਾਏ ਸੁ ਕਿਥੈ ਹਥੁ ਪਾਏ॥
ਪੂਰਬਿ ਲਿਖਿਆ ਸੁ ਮੇਟਣਾ ਨ ਜਾਏ॥

ਜਿਸ ਨੂੰ ਪ੍ਰਭੂ ਆਪ ਆਪਣੇ ਵੱਲੋਂ ਭੁਲਾਂਵਦਾ ਹੈ ਉਹ ਪੁਰਸ਼ ਕਿਥੇ ਹੱਥ ਪਾ ਸਕਦਾ ਹੈ ?

ਜੋ ਪੂਰਬਿ=ਪਿਛਲੇ ਕਰਮਾਂ ਦਾ ਲੇਖ ਲਿਖਿਆ ਗਿਆ ਹੈ ਉਹ ਭੋਗੇ ਤੋਂ ਬਗੈਰ ਮੇਟਿਆ ਨਹੀਂ ਜਾਂਦਾ।

ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ ਮਿਲਾਵਣਿਆ॥ ੩॥

ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ ਉਹ ਵਡਭਾਗੀ ਪੁਰਸ਼ ਹਨ, ਪਰ ਪੂਰਿਆਂ ਕਰਮਾਂ ਨਾਲ ਹੀ ਸਤਿਗੁਰਾਂ ਦਾ ਮਿਲਾਪ ਹੁੰਦਾ ਹੈ।

ਅਥਵਾ:-ਪੂਰਿਆਂ ਗੁਰਾਂ ਦੀ ਕਰਮਿ=ਕਿਰਪਾ ਨਾਲ ਪ੍ਰਭੂ ਦਾ ਮਿਲਾਪ ਹੁੰਦਾ ਹੈ॥ ੩॥

ਪੇਈਅੜੈ ਧਨ ਅਨਦਿਨੁ ਸੁਤੀ॥ ਕੰਤਿ ਵਿਸਾਰੀ ਅਵਗਣਿ ਮੁਤੀ॥

ਜੋ ਜੀਵ ਰੂਪ ਇਸਤ੍ਰੀ ਮਾਤ ਲੋਕ ਰੂਪ ਪੇਕੇ ਘਰ ਵਿਚ ਰਾਤ ਦਿਨ ਮੋਹ ਰੂਪ ਨੀਂਦ ਵਿਚ ਸੁੱਤੀ ਹੋਈ ਹੈ। ਉਸ ਨੂੰ ਕੰਤ ਨੇ ਭੁਲਾ ਦਿੱਤਾ ਹੈ, ਕਿਉਂਕਿ ਉਹ ਔਗੁਣਾਂ ਕਰਕੇ ਮੁਤੀ=ਛੁੱਟੜ ਹੋਈ ਹੈ।

ਅਨਦਿਨੁ ਸਦਾ ਫਿਰੈ ਬਿਲਲਾਦੀ ਬਿਨੁ ਪਿਰ ਨੀਦ ਨ ਪਾਵਣਿਆ॥ ੪॥

ਉਹ ਰਾਤ ਦਿਨ ਸਦਾ ਵਿਰਲਾਪ ਕਰਦੀ ਫਿਰਦੀ ਹੈ, ਪਤੀ ਤੋਂ ਬਿਨਾ ਹੋਣ ਕਰਕੇ ਉਹ ਸ਼ਾਂਤੀ ਰੂਪ ਨੀਂਦ ਨੂੰ ਨਹੀਂ ਪਾਂਦੀ॥ ੪॥

ਪੇਈਅੜੈ ਸੁਖਦਾਤਾ ਜਾਤਾ॥ ਹਉਮੈ ਮਾਰਿ ਗੁਰ ਸਬਦਿ ਪਛਾਤਾ॥

ਮਾਤ ਲੋਕ ਰੂਪੀ ਪੇਕੇ ਘਰ ਵਿਚ ਰਹਿੰਦਿਆਂ ਜਿਸ ਨੇ ਗੁਰ ਸ਼ਬਦ ਨੂੰ ਪਛਾਣ ਕੇ ਹੰਗਤਾ ਮਮਤਾ ਨੂੰ ਮਾਰਿਆ ਹੈ ਤੇ ਸੁਖਦਾਤੇ ਪ੍ਰਭੂ ਦਾ ਸਿਮਰਨ ਕਰਨਾ ਜਾਤਾ=ਜਾਣਿਆ ਹੈ।

ਸੇਜ ਸੁਹਾਵੀ ਸਦਾ ਪਿਰੁ ਰਾਵੇ ਸਚੁ ਸੀਗਾਰੁ ਬਣਾਵਣਿਆ॥ ੫॥

ਉਸ ਦੀ ਅੰਤਹਕਰਨ ਰੂਪੀ ਸਿਹਜਾ ਸੋਭਨੀਕ ਹੋਈ ਹੈ, ਉਹ ਸਦਾ ਹੀ ਪਤੀ ਦੇ ਆਨੰਦ ਨੂੰ ਰਾਵੇ=ਭੋਗਦੀ ਹੈ। ਉਸ ਦਾ ਸਾਧਨਾ ਰੂਪ ਸ਼ਿੰਗਾਰ ਬਣਾਇਆ ਹੋਇਆ ਸਚੁ=ਸਫਲਾ ਹੈ॥ ੫॥

[ਪੰਨਾ ੧੧੧]

ਲਖ ਚਉਰਾਸੀਹ ਜੀਅ ਉਪਾਏ ॥ ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥

ਜਿਸ ਪ੍ਰਭੂ ਨੇ ਚੌਰਾਸੀ ਲੱਖ ਜੀਵ ਪੈਦਾ ਕੀਤੇ ਹਨ, ਉਹ ਪ੍ਰਭੂ ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ ਤਿਸ ਨੂੰ ਗੁਰਾਂ ਨਾਲ ਮਿਲਾਂਵਦਾ ਹੈ।

ਕਿਲਵਿਖ ਕਾਟਿ ਸਦਾ ਜਨ ਨਿਰਮਲ ਦਰਿ ਸਚੈ ਨਾਮਿ ਸੁਹਾਵਣਿਆ ॥੬॥

ਉਹ ਪੁਰਸ਼ ਪਾਪਾਂ ਨੂੰ ਕੱਟ ਕੇ ਸਦਾ ਹੀ ਨਿਰਮਲ ਹੋਇਆ ਹੈ, ਤੇ ਸੱਚੇ ਨਾਮ ਦੇ ਨਾਮ ਕਰਕੇ ਦਰਗਾਹ ਵਿਚ ਸੋਭਾ ਵਾਲਾ ਹੁੰਦਾ ਹੈ॥ ੬॥

ਲੇਖਾ ਮਾਗੈ ਤਾ ਕਿਨਿ ਦੀਐ ॥ ਸੁਖੁ ਨਾਹੀ ਫੁਨਿ ਦੂਐ ਤੀਐ ॥

ਜਿਸ ਵੇਲੇ ਪ੍ਰਭੂ ਕਰਮਾਂ ਦਾ ਲੇਖਾ ਮੰਗੇਗਾ, ਤਾਂ ਦੱਸੋ ਕਿਸ ਪਾਸੋਂ ਦਿੱਤਾ ਜਾਏਗਾ?

ਵਾ ਇਸ ਦੀ ਜਗ੍ਹਾਂ ਕਿਸ ਨੇ ਦੇਣਾ ਹੈ?

ਉੱਤਰ-ਇਸ ਨੇ ਆਪ ਹੀ ਦੇਣਾ ਹੈ ਹੋਰ ਕਿਸ ਨੇ ਦੇਣਾ ਹੈ।

ਦੂਐ=ਦ੍ਵੈਤ, ਤੀਐ=ਤਿੰਨਾਂ ਗੁਣਾਂ ਵਿਚ ਵਾ ਮਾਇਆ ਵਿਚ ਲਗਣੇ ਕਰਕੇ।

ਅਥਵਾ-ਇਕ ਯੱਗ, ਦੂਜੇ ਵਰਤ, ਤੀਜੇ ਤੀਰਥ ਯਾਤਰਾ ਇਨ੍ਹਾਂ ਦੇ ਕਰਨੇ ਕਰਕੇ ਸੁਖ ਕਦੇ ਭੀ ਨਹੀਂ ਹੋਣਾ।

ਆਪੇ ਬਖਸਿ ਲਏ ਪ੍ਰਭੁ ਸਾਚਾ ਆਪੇ ਬਖਸਿ ਮਿਲਾਵਣਿਆ ॥ ੭ ॥

ਸੱਚਾ ਪ੍ਰਭੂ ਆਪ ਹੀ ਔਗੁਣਾਂ ਨੂੰ ਬਖਸ਼ ਲੈਂਦਾ ਹੈ, ਬਖਸ਼ ਕੇ ਫਿਰ ਆਪਣੇ ਨਾਲ ਮਿਲਾ ਲੈਂਦਾ ਹੈ॥ ੭॥

ਆਪਿ ਕਰੇ ਤੈ ਆਪਿ ਕਰਾਏ ॥ ਪੂਰੇ ਗੁਰ ਕੈ ਸਬਦਿ ਮਿਲਾਏ ॥

ਪ੍ਰਭੂ ਆਪ ਹੀ ਜੀਵਾਂ ਨੂੰ ਉਤਪੰਨ ਕਰਦਾ ਹੈ ਤੇ ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈ ਫਿਰ ਆਪ ਹੀ ਫਲ ਦੇਣਾ ਕਰਦਾ ਹੈ। ਪੂਰਿਆਂ ਗੁਰਾਂ ਦੇ ਸਬਦਿ=ਉਪਦੇਸ਼ ਗ੍ਰਹਿਣ ਕਰਨ ਵਾਲਿਆਂ ਨੂੰ ਆਪਣੇ ਨਾਲ ਮਿਲਾਂਵਦਾ ਹੈ।

ਨਾਨਕ ਨਾਮੁ ਮਿਲੈ ਵਡਿਆਈ ਆਪੇ ਮੇਲਿ ਮਿਲਾਵਣਿਆ ॥ ੮ ॥ ੨ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਪ੍ਰਭੂ ਆਪ ਗੁਰਾਂ ਦੇ ਮੇਲ ਨਾਲ ਮਿਲਾਂਵਦਾ ਹੈ, ਉਨ੍ਹਾਂ ਨੂੰ ਨਾਮ ਦੀ ਵਡਿਆਈ ਮਿਲਦੀ ਹੈ॥ ੮॥ ੨॥ ੩॥

ਮਾਝ ਮਹਲਾ ੩ ॥

ਇਕੋ ਆਪਿ ਫਿਰੈ ਪਰਛੰਨਾ ॥ ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥

ਇਕ ਪ੍ਰਭੂ ਆਪ ਹੀ ਜੀਵ ਰੂਪ ਹੋ ਕੇ ਪਰਛੰਨਾ=ਭਿੰਨ ਭਿੰਨ ਸਾਰੇ ਫਿਰ ਰਿਹਾ ਹੈ। ਗੁਰਮੁਖਿ=ਗੁਰਾਂ ਦੁਆਰੇ ਉਸ ਨੂੰ ਵੇਖਾਂ ਤਾਂ ਉਸ ਦੇ ਵਿਚ ਹੀ ਇਹ ਮਨ ਭਿੱਜ ਜਾਂਦਾ ਹੈ।

ਅਥਵਾ-ਮੁਖੀ ਗੁਰਾਂ ਦਾ ਦਰਸ਼ਨ ਵੇਖਣਾ ਕਰੇ ਤਾਂ ਇਹ ਮਨ ਨਾਮ ਸਿਮਰਨ ਵਿਚ ਭਿੱਜ ਜਾਂਦਾ ਹੈ।

ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ॥ ੧ ॥

ਜਦ ਪਦਾਰਥਾਂ ਦੀ ਤ੍ਰਿਸ਼ਨਾ ਤਿਆਗ ਕੇ ਇਕ ਵਾਹਿਗੁਰੂ ਨੂੰ ਮਨ ਵਿਚ ਵਸਾ ਲਿਆ ਤਾਂ ਸਹਜ ਸੁਖ=ਆਤਮ ਸੁਖ ਪਾਇਆ ਹੈ॥ ੧ ॥

ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥

ਜਿਨ੍ਹਾਂ ਨੇ ਇਕ ਵਾਹਿਗੁਰੂ ਨਾਲ ਚਿੱਤ ਲਗਾਣਾ ਕੀਤਾ ਹੈ, ਮੈਂ ਤਨ ਕਰਕੇ ਉਨ੍ਹਾਂ ਤੋਂ ਵਾਰਨੇ ਜਾਂਦਾ ਹਾਂ, ਜੀਉ=ਮਨ ਕਰਕੇ ਵੀ ਵਾਰਨੇ ਜਾਂਦਾ ਹਾਂ।

ਗੁਰਮਤੀ ਮਨੁ ਇਕਤੁ ਘਰਿ ਆਇਆ
ਸਚੈ ਰੰਗਿ ਰੰਗਾਵਣਿਆ ॥ ੧ ॥ ਰਹਾਉ ॥

ਗੁਰਮਤੀਆਂ ਦਾ ਮਨ ਏਕਤਾ ਰੂਪੀ ਘਰ ਵਿਚ ਆਇਆ ਹੈ, ਅਤੇ ਸੱਚੇ ਰੰਗ ਵਿਚ ਉਨ੍ਹਾਂ ਨੇ ਆਪਣੇ ਮਨ ਰੂਪ ਬਸਤ੍ਰ ਨੂੰ ਰੰਗਾਣਾ ਕੀਤਾ ਹੈ॥ ੧ ॥ ਰਹਾਉ ॥

ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ ॥
ਇਕੁ ਵਿਸਾਰਿ ਦੂਜੈ ਲੋਭਾਇਆ ॥

ਹੇ ਗੁਰੋ ! ਇਹ ਜਗ=ਜੀਵ ਇਕ ਪ੍ਰਮਾਤਮਾ ਨੂੰ ਭੁਲਾ ਕੇ ਜੋ ਦ੍ਵੈਤ ਭਾ ਵਿਚ ਲੁਭਾਇਮਾਨ ਹੋ ਰਿਹਾ ਹੈ, ਇਹ ਆਪ ਹੀ ਭੁੱਲਾ ਹੈ ਕਿ ਤਿਸ ਪ੍ਰਮਾਤਮਾ ਨੇ ਆਪ ਭੁਲਾਇਆ ਹੈ? *ਗੁਰ ਉੱਤਰ-* ਜੇਕਰ ਆਪ ਭੁੱਲਾ ਹੈ ਤਾਂ ਭੀ ਕਰਮਾਂ ਅਨੁਸਾਰ। ਜੇਕਰ ਪ੍ਰਭੂ ਨੇ ਭੁਲਾਇਆ ਹੈ ਤਾਂ ਭੀ ਕਰਮਾਂ ਅਨੁਸਾਰ।

ਅਨਦਿਨੁ ਸਦਾ ਫਿਰੈ ਭ੍ਰਮਿ ਭੂਲਾ ਬਿਨੁ ਨਾਵੈ ਦੁਖੁ ਪਾਵਣਿਆ ॥ ੨ ॥

ਇਹ ਜੀਵ ਰਾਤ ਦਿਨ ਸਦਾ ਭਰਮ ਵਿਚ ਭੁੱਲਿਆ ਫਿਰਦਾ ਹੈ ਵਾਹਿਗੁਰੂ ਨਾਮ ਤੋਂ ਬਿਨਾਂ ਦੁੱਖ ਪਾਂਦਾ ਹੈ॥ ੨ ॥

ਜੋ ਰੰਗਿ ਰਾਤੇ ਕਰਮ ਬਿਧਾਤੇ ॥ ਗੁਰ ਸੇਵਾ ਤੇ ਜੁਗ ਚਾਰੇ ਜਾਤੇ ॥

ਜੋ ਪੁਰਸ਼ ਗੁਰ ਸੇਵਾ ਕਰਕੇ ਕਰਮ ਬਿਧਾਤੇ=ਫਲ ਬਰਦਾਤੇ ਪ੍ਰਭੂ ਦੇ ਪ੍ਰੇਮ ਵਿਚ ਰੱਤੇ ਹਨ ਤੇ=ਉਹ ਪੁਰਸ਼ ਚਾਰੇ ਜੁਗਾਂ ਵਿਚ ਪ੍ਰਗਟ ਜਾਣੇ ਜਾਂਦੇ ਹਨ।

ਜਿਸ ਨੋ ਆਪਿ ਦੇਇ ਵਡਿਆਈ ਹਰਿ ਕੈ ਨਾਮਿ ਸਮਾਵਣਿਆ ॥ ੩ ॥

ਜਿਸ ਨੂੰ ਪ੍ਰਭੂ ਆਪ ਵਡਿਆਈ ਦੇਂਦਾ ਹੈ, ਉਹ ਹਰੀ ਦੇ ਨਾਮ ਵਿਚ ਸਮਾ ਜਾਂਦਾ ਹੈ॥ ੩ ॥

ਮਾਇਆ ਮੋਹਿ ਹਰਿ ਚੇਤੈ ਨਾਹੀ ॥ ਜਮਪੁਰਿ ਬਧਾ ਦੁਖ ਸਹਾਹੀ ॥

ਜੋ ਮਾਇਆ ਦੇ ਮੋਹ ਵਿਚ ਲੱਗਾ ਹੋਇਆ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ, ਉਹ ਜਮਪੁਰੀ ਵਿਚ ਬੱਧਾ ਹੋਇਆ ਦੁਖ ਸਹਾਰਦਾ ਹੈ।

ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ ॥ ੪ ॥

ਗਿਆਨ ਵੈਰਾਗ ਰੂਪ ਅੱਖਾਂ ਤੋਂ ਬਿਨਾਂ ਹੋਣ ਕਰਕੇ ਅੰਨ੍ਹਾ ਹੈ, ਨਿਸਚਾ ਵਿਚਾਰ ਰੂਪ ਕੰਨਾਂ ਤੋਂ ਬਿਨਾਂ ਹੋਣ

ਕਰ੍ਕੇ ਬੋਲਾ ਹੈ, ਇਸ ਕਰਕੇ ਇਸ ਨੂੰ ਭਲਾ ਬੁਰਾ ਕੁਝ ਨਿਗਾਹ ਨਹੀਂ ਆਉਂਦਾ, ਅੱਠੇ ਪਹਿਰ ਮਨਮੁਖ ਪਾਪਾਂ ਵਿਚ ਪਚਾਵਣਿਆ=ਸੜਦਾ ਹੈ॥ ੪॥

ਇਕਿ ਰੰਗਿ ਰਾਤੇ ਜੋ ਤੁਧੁ ਆਪਿ ਲਿਵ ਲਾਏ॥
ਭਾਇ ਭਗਤਿ ਤੇਰੈ ਮਨਿ ਭਾਏ॥

ਉਹ ਇਕ ਗੁਰਮੁਖ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ, ਜੋ ਤੁਸਾਂ ਨੇ ਆਪ ਪ੍ਰੇਰ ਕੇ ਲਿਵ ਵਿਚ ਲਗਾਏ ਹਨ। ਭਾਇ ਭਗਤਿ=ਪ੍ਰੇਮਾ ਭਗਤੀ ਕਰਨੇ ਤੇ ਉਹ ਤੇਰੇ ਮਨ ਵਿਚ ਭਾਏ=ਚੰਗੇ ਲਗੇ ਹਨ।

ਸਤਿਗੁਰੁ ਸੇਵਨਿ ਸਦਾ ਸੁਖਦਾਤਾ
ਸਭ ਇਛਾ ਆਪਿ ਪੁਜਾਵਣਿਆ॥ ੫॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ, ਸਦਾ ਸੁਖ ਦੇਣ ਵਾਲਾ ਪ੍ਰਭੂ ਉਨ੍ਹਾਂ ਦੀਆਂ ਸਾਰੀਆਂ ਇੱਛਾ ਆਪ ਪੂਰੀਆਂ ਕਰਦਾ ਹੈ॥ ੫॥

ਹਰਿ ਜੀਉ ਤੇਰੀ ਸਦਾ ਸਰਣਾਈ॥ ਆਪੇ ਬਖਸਿਹਿ ਦੇ ਵਡਿਆਈ॥

ਹੇ ਹਰਿ ਜੀਉ ! ਜੋ ਸਦਾ ਤੇਰੀ ਆਪ ਜੀ ਦੀ ਸ਼ਰਨ ਪਿਆ ਰਹਿੰਦਾ ਹੈ, ਉਸ ਨੂੰ ਤੂੰ ਆਪ ਹੀ ਵਡਿਆਈ ਬਖਸ਼ ਦੇਂਦਾ ਹੈਂ।

ਅਥਵਾ- ਉਸ ਦੇ ਔਗੁਣਾਂ ਨੂੰ ਬਖਸ਼ ਕੇ ਉਸ ਨੂੰ ਤੂੰ ਆਪ ਹੀ ਵਡਿਆਈ ਦੇਂਦਾ ਹੈਂ।

ਜਮਕਾਲੁ ਤਿਸੁ ਨੇੜਿ ਨ ਆਵੈ
ਜੋ ਹਰਿ ਹਰਿ ਨਾਮੁ ਧਿਆਵਣਿਆ॥ ੬॥

ਜੋ ਮਨੁੱਖ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ ਉਸ ਦੇ ਨੇੜੇ ਜਮਕਾਲ, ਵਾ ਜੰਮਣਾ ਤੇ ਮਰਨਾ ਨਹੀਂ ਆਉਂਦਾ॥ ੬॥

ਅਨਦਿਨੁ ਰਾਤੇ ਜੋ ਹਰਿ ਭਾਏ॥ ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ॥

ਰਾਤ ਦਿਨ ਪ੍ਰੇਮ ਵਿਚ ਰੱਤੇ ਹੋਏ ਜੋ ਹਰੀ ਦੇ ਭਾਣੇ ਵਿਚ ਜੁਰੇ ਹਨ, ਉਨ੍ਹਾਂ ਨੂੰ ਗੁਰਾਂ ਦੇ ਮੇਲ ਨਾਲ ਮਿਲਾ ਕੇ ਮੇਰੇ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ।

ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ॥ ੭॥

ਹੇ ਸਦਾ ਰੂਪ ਸੱਚੇ ! ਅਸੀਂ ਸਦਾ ਹੀ ਤੇਰੀ ਸ਼ਰਨ ਪਏ ਹਾਂ। ਤੂੰ ਆਪ ਹੀ ਸੱਚਨਾਮ ਦਾ ਸਿਮਰਨ ਬੁਝਾਉਂਦਾ ਹੈਂ॥ ੭॥

ਜਿਨ ਸਚੁ ਜਾਤਾ ਸੇ ਸਚਿ ਸਮਾਣੇ॥ ਹਰਿ ਗੁਣ ਗਾਵਹਿ ਸਚੁ ਵਖਾਣੇ॥

ਜਿਨ੍ਹਾਂ ਨੇ ਸੱਚ ਨਾਮ ਦਾ ਸਿਮਰਨ ਜਾਣਿਆ ਹੈ ਉਹ ਸੱਚ ਸਰੂਪ ਵਿਚ ਅਭੇਦ ਹੋਏ ਹਨ। ਉਹ ਜੀਵਨ ਮੁਕਤ ਅਨੰਦ ਲਈ ਹਰੀ ਗੁਣਾਂ ਨੂੰ ਗਾਉਣੇ ਹਨ, ਤੇ ਸੱਚ ਨੂੰ ਹੀ ਵਖਾਣੇ=ਬੋਲਦੇ ਹਨ।

ਨਾਨਕ ਨਾਮਿ ਰਤੇ ਬੈਰਾਗੀ
ਨਿਜ ਘਰਿ ਤਾੜੀ ਲਾਵਣਿਆ ॥ ੮ ॥ ੩ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਜੋ ਸੰਸਾਰ ਵੱਲੋਂ ਵੈਰਾਗਵਾਨ ਹੋ ਕੇ ਵਾ ਪ੍ਰੇਮੀ ਹੋ ਕੇ ਨਾਮ ਵਿਚ ਰੱਤੇ ਹਨ, ਉਨ੍ਹਾਂ ਦੇ ਸਰੂਪ ਰੂਪ ਨਿਜ ਘਰ ਵਿਚ ਤਾੜੀ=ਸਮਾਧੀ ਵਾ ਬ੍ਰਿਰਤੀ ਲਗਾਣਾ ਕੀਤੀ ਹੈ॥ ੮॥ ੩॥ ੪॥

ਮਾਝ ਮਹਲਾ ੩ ॥

ਸਬਦਿ ਮਰੈ ਸੋ ਮੁਆ ਜਾਪੈ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ॥

ਜੋ ਗੁਰਾਂ ਦੇ ਉਪਦੇਸ਼ ਦੁਆਰਾ ਜੀਵਤ ਭਾ ਤੋਂ ਮਰਿਆ ਹੈ ਓਹੀ ਮਰਿਆ ਜਾਣੀਦਾ ਹੈ।

ਪ੍ਰਸ਼ਨ-ਜੀਵਤ ਭਾ ਤੋਂ ਮਰਨ ਦਾ ਕੀ ਫਲ ਹੈ?

ਉੱਤਰ-ਜੋ ਜੀਵਤ ਭਾ ਤੋਂ ਮਰਦਾ ਹੈ ਨਾ ਉਸ ਨੂੰ ਕਾਲ ਦਬਾਂਵਦਾ ਹੈ, ਨਾ ਹੀ ਕੋਈ ਦੁੱਖ ਸਤਾਂਵਦਾ ਹੈ।

ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥ ੧ ॥

ਜੋਤੀ=ਪ੍ਰਮਾਤਮਾ ਵਿਚ ਮਿਲ ਕੇ ਉਸ ਦੀ ਜੋਤ ਸਮਾ ਗਈ ਹੈ ਕਿਉਂਕਿ ਉਸ ਨੇ ਸੱਚ ਨਾਮ ਨੂੰ ਸੁਣ ਕੇ ਮਨ ਮਨਣ ਕੀਤਾ ਹੈ ਤੇ ਸਮਾਵਣਿਆ=ਨਿਧਿਆਸਣ ਕੀਤਾ ਹੈ॥ ੧॥

ਹਉ ਵਾਰੀ ਜੀਉ ਵਾਰੀ ਹਰਿ ਕੈ ਨਾਇ ਸੋਭਾ ਪਾਵਣਿਆ ॥

ਹਰੀ ਦੇ ਨਾਮ ਨੂੰ ਜਪ ਕੇ ਸ਼ੋਭਾ ਪਾਣ ਵਾਲਿਆਂ ਤੋਂ ਮੈਂ ਤਨ ਕਰਕੇ ਵਾਰਨੇ, ਮਨ ਕਰਕੇ ਵੀ ਵਾਰਨੇ ਜਾਂਦਾ ਹਾਂ।

ਸਤਿਗੁਰੁ ਸੇਵਿ ਸਚਿ ਚਿਤੁ ਲਾਇਆ
ਗੁਰਮਤੀ ਸਹਜਿ ਸਮਾਵਣਿਆ ॥ ੧ ॥ ਰਹਾਉ ॥

ਸਤਿਗੁਰਾਂ ਦੀ ਸੇਵਾ ਕਰਕੇ ਜਿਨ੍ਹਾਂ ਨੇ ਸੱਚ ਵਿਚ ਚਿੱਤ ਲਗਾਇਆ ਹੈ, ਉਹ ਗੁਰ ਸਿੱਖਿਆ ਵਾਲਾ ਸਹਜਿ=ਸ਼ਾਂਤੀ ਵਿਚ ਸਮਾਇਆ ਹੈ॥ ੧॥ ਰਹਾਉ॥

ਕਾਇਆ ਕਚੀ ਕਚਾ ਚੀਰੁ ਹੰਢਾਏ॥ ਦੂਜੈ ਲਾਗੀ ਮਹਲੁ ਨ ਪਾਏ॥

ਇਹ ਪ੍ਰਤੱਖ ਕਾਇਆ=ਅਸਥੂਲ ਦੇਹ ਕੱਚੀ ਹੈ, ਤੇ ਕੱਚੇ ਹੀ ਚੀਰੁ=ਕੱਪੜਿਆਂ ਨੂੰ ਹੰਢਾ ਰਹੀ ਹੈ।

ਅਥਵਾ:-ਸੂਖਮ ਦੇਹ ਰੂਪ ਕਾਇਆ ਕੱਚੀ ਹੈ, ਤੇ ਸਥੂਲ ਦੇਹ ਰੂਪ ਕੱਚੇ ਹੀ ਚੀਰੁ=ਬਸਤ੍ਰ ਨੂੰ ਹੰਢਾ ਰਹੀ ਹੈ। ਇਹ ਦ੍ਵੈਤ ਭਾ ਵਿਚ ਲਗੀ ਹੋਈ ਕਦੇ ਭੀ ਮਹਲੁ=ਸਰੂਪ ਨੂੰ ਨਹੀਂ ਪਾਂਵਦੀ।

[ਪੰਨਾ ੧੧੨]

ਅਨਦਿਨੁ ਜਲਦੀ ਫਿਰੈ ਦਿਨੁ ਰਾਤੀ ਬਿਨੁ ਪਿਰ ਬਹੁ ਦੁਖੁ ਪਾਵਣਿਆ ॥੨ ॥

ਦਿਨ ਰਾਤ ਅਨਦਿਨੁ=ਇਕ ਰਸ (ਇਕਸਾਰ) ਤ੍ਰਿਸ਼ਨਾਂ ਦੀ ਅੱਗ ਵਿਚ ਸੜਦੀ ਫਿਰਦੀ ਹੈ, ਪਤੀ ਤੋਂ

ਬਿਨਾਂ ਹੋ ਕੇ ਬਹੁਤ ਸਾਰਾ ਦੁਖ ਪਾਣਾ ਕਰਦੀ ਹੈਂ॥ ੨॥

ਦੇਹੀ ਜਾਤਿ ਨ ਆਗੈ ਜਾਏ॥ ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ॥

ਦੇਹ ਨੇ ਅਤੇ ਜਾਤੀ ਨੇ ਆਗੈ=ਪ੍ਰਲੋਕ ਵਿਚ ਨਹੀਂ ਜਾਣਾ। ਜਿੱਥੇ ਕਰਮਾਂ ਦਾ ਲੇਖਾ=ਹਿਸਾਬ ਮੰਗਿਆ ਜਾਣਾ ਹੈ ਤਿੱਥੇ ਸੱਚ ਦੀ ਕਮਾਈ ਨਾਲ ਹੀ ਛੁਟਕਾਰਾ ਹੋਣਾ ਹੈ।

ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ॥ ੩॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ, ਉਹ ਐਥੈ=ਇਸ ਲੋਕ ਵਿਚ ਧਨਵੰਤੇ=ਧਨਾਢ ਹਨ, ਅਤੇ ਓਥੈ=ਪ੍ਰਲੋਕ ਵਿਚ ਜਾ ਕੇ ਨਾਮਿ=ਪ੍ਰਮਾਤਮਾ ਵਿਚ ਅਭੇਦ ਹੁੰਦੇ ਹਨ॥ ੩॥

ਭੈ ਭਾਇ ਸੀਗਾਰੁ ਬਣਾਏ॥ ਗੁਰ ਪਰਸਾਦੀ ਮਹਲੁ ਘਰੁ ਪਾਏ॥

ਜਿਸ ਨੇ ਪ੍ਰਭੂ ਦੇ ਭੈ=ਡਰ ਤੇ ਭਾਇ=ਪ੍ਰੇਮ ਦਾ ਸ਼ਿੰਗਾਰ ਬਨਾਣਾ ਕੀਤਾ ਹੈ, ਉਸ ਨੇ ਗੁਰਾਂ ਦੀ ਕਿਰਪਾ ਨਾਲ ਹੀ ਘਰੁ=ਹਿਰਦੇ ਵਿਚ ਮਹਲੁ=ਸਰੂਪ ਨੂੰ ਪਾਇਆ ਹੈ।

ਅਨਦਿਨੁ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗੁ ਬਣਾਵਣਿਆ॥ ੪॥

ਜੋ ਦਿਨ ਰਾਤ ਅਨਦਿਨੁ=ਇਕ ਰਸ ਸਦਾ ਹੀ ਨਾਮਾ ਨੂੰ ਰਵੈ=ਉਚਾਰਦਾ ਹੈ ਉਸ ਨੂੰ ਮਜੀਠੇ ਰੰਗ ਵਾਂਗੂੰ ਪੱਕਾ ਵਾਹਿਗੁਰੂ ਦਾ ਆਨੰਦ ਬਣ ਆਉਂਦਾ ਹੈ॥ ੪॥

ਸਭਨਾ ਪਿਰੁ ਵਸੈ ਸਦਾ ਨਾਲੇ॥ ਗੁਰ ਪਰਸਾਦੀ ਕੋ ਨਦਰਿ ਨਿਹਾਲੇ॥

ਪਤੀ ਪ੍ਰਮਾਤਮਾਂ ਸਦਾ ਹੀ ਸਾਰਿਆਂ ਦੇ ਕੋਲ ਵਸਦਾ ਹੈ। ਪਰ ਗੁਰਾਂ ਦੀ ਕਿਰਪਾ ਨਾਲ ਕੋਈ ਵਿਰਲਾ ਹੀ ਨਦਰਿ ਨਿਹਾਲੇ=ਗਿਆਨ ਦ੍ਰਿਸ਼ਟੀ ਨਾਲ ਵੇਖਦਾ ਹੈ।

ਮੇਰਾ ਪ੍ਰਭੁ ਅਤਿ ਊਚੋ ਊਚਾ ਕਰਿ ਕਿਰਪਾ ਆਪਿ ਮਿਲਾਵਣਿਆ॥ ੫॥

ਮੇਰਾ ਪ੍ਰਭੂ ਪ੍ਰਮਾਤਮਾ ਅਤਿ=ਬਹੁਤ ਹੀ ਉਚਿਆਂ ਤੋਂ ਭੀ ਉੱਚਾ ਹੈ, ਆਪ ਹੀ ਕਿਰਪਾ ਕਰਕੇ ਸੇਵਕਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੫॥

ਮਾਇਆ ਮੋਹਿ ਇਹੁ ਜਗੁ ਸੁਤਾ॥ ਨਾਮੁ ਵਿਸਾਰਿ ਅੰਤਿ ਵਿਗੁਤਾ॥

ਇਹ ਸਾਰਾ ਜਗਤ ਮਾਇਆ ਦੇ ਮੋਹ ਵਿਚ ਸੁੱਤਾ ਹੋਇਆ ਹੈ। ਨਾਮ ਨੂੰ ਭੁਲਾਉਣ ਕਰਕੇ ਅੰਤ ਨੂੰ ਵਿਗੁਤਾ=ਖਰਾਬ ਹੁੰਦਾ ਹੈ।

ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ॥ ੬॥

ਜਿਸ ਪ੍ਰਭੂ ਦੇ ਸੰਕਲਪ ਨਾਲ ਇਹ ਜੀਵ ਮੋਹ ਵਾ ਅਵਿੱਦਿਆ ਦੀ ਨੀਂਦ ਵਿਚ ਸੁੱਤਾ ਹੈ, ਜੇਕਰ ਉਹ ਪ੍ਰਭੂ ਜਗਾਵੇ ਤਾਂ ਇਹ ਜੀਵ ਗੁਰ ਸਿੱਖਿਆ ਲੈ ਕੇ ਸੋਝੀ=ਗਿਆਤ ਪਾਣਾ ਕਰਦਾ ਹੈ॥ ੬॥

ਅਪਿਉ ਪੀਐ ਸੋ ਭਰਮੁ ਗਵਾਏ॥ ਗੁਰ ਪਰਸਾਦਿ ਮੁਕਤਿ ਗਤਿ ਪਾਏ॥

ਜੋ ਨਾਮ ਅੰਮ੍ਰਿਤ ਨੂੰ ਪੀਂਦਾ ਹੈ, ਉਹ ਭਰਮ ਨੂੰ ਗੁਆ ਦੇਂਦਾ ਹੈ। ਅਤੇ ਉਹ ਗੁਰਾਂ ਦੀ ਕਿਰਪਾ ਨਾਲ ਮੁਕਤੀ ਦੀ ਪ੍ਰਾਪਤੀ ਪਾਂਦਾ ਹੈ।

ਭਗਤੀ ਰਾਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥ ੭ ॥

ਜੋ ਸਦਾ ਵੈਰਾਗਵਾਨ ਹੋ ਕੇ ਭਗਤੀ ਵਿਚ ਰੱਤਾ ਰਹਿੰਦਾ ਹੈ, ਉਸ ਨੇ ਆਪਾ ਭਾ ਹੰਕਾਰ ਮਾਰ ਕੇ ਆਪਣੇ ਆਪ ਨੂੰ ਵਾਹਿਗੁਰੂ ਨਾਲ ਮਿਲਾਇਆ ਹੈ॥ ੭ ॥ ਅਤੇ ਇਹ ਨਿਸਚੇ ਕੀਤਾ ਹੈ ਕਿ-

ਆਪਿ ਉਪਾਏ ਧੰਧੈ ਲਾਏ ॥ ਲਖ ਚਉਰਾਸੀ ਰਿਜਕੁ ਆਪਿ ਅਪੜਾਏ ॥

ਉਹ ਪ੍ਰਭੂ ਆਪੇ ਜੀਵਾਂ ਨੂੰ ਪੈਦਾ ਕਰਦਾ ਹੈ, ਆਪ ਹੀ ਧੰਧਿਆਂ ਵਿਚ ਲਗਾਂਦਾ ਹੈ, ਅਤੇ ਆਪ ਹੀ ਚੁਰਾਸੀ ਲੱਖ ਜੀਵਾਂ ਨੂੰ ਰਿਜ਼ਕ ਪਹੁੰਚਾਂਦਾ ਹੈ।

ਨਾਨਕ ਨਾਮੁ ਧਿਆਇ ਸਚਿ ਰਾਤੇ
ਜੋ ਤਿਸੁ ਭਾਵੈ ਸੁ ਕਾਰ ਕਰਾਵਣਿਆ ॥ ੮ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਜੋ ਕਾਰ ਤਿਸ ਪ੍ਰਮੇਸ਼ਰ ਨੂੰ ਭਾਂਵਦੀ ਹੈ ਓਹੀ ਜੀਵਾਂ ਤੋਂ ਕਰਾਂਵਦਾ ਹੈ।

ਇਹ ਨਿਸਚੇ ਕਰਕੇ ਜੋ ਨਾਮ ਨੂੰ ਧਿਆਂਵਦੇ ਹਨ, ਉਹ ਸੱਚ ਸਰੂਪ ਵਿਚ ਰੱਤੇ ਰਹਿੰਦੇ ਹਨ॥ ੮ ॥ ੪ ॥ ੫ ॥

ਮਾਝ ਮਹਲਾ ੩ ॥

ਅੰਦਰਿ ਹੀਰਾ ਲਾਲੁ ਬਣਾਇਆ ॥ ਗੁਰ ਕੈ ਸਬਦਿ ਪਰਖਿ ਪਰਖਾਇਆ ॥

ਹੀਰੇ ਵਾਂਗੂੰ ਸ਼ੁੱਧ ਲਾਲ=ਪਿਆਰੇ ਪ੍ਰਭੂ ਨੇ ਅੰਤਹਕਰਨ ਦੇ ਅੰਦਰ ਆਪਣਾ ਟਿਕਾਣਾ ਬਣਾਇਆ ਹੋਇਆ ਹੈ।

ਅਥਵਾ:-ਹੀਰੇ ਲਾਲਾਂ ਦੀ ਨਿਆਈਂ ਅਮੋਲਕ ਪ੍ਰਭੂ ਨੇ ਅੰਤਹਕਰਨ ਦੇ ਅੰਦਰ ਹੀ ਟਿਕਾਣਾ ਬਣਾਇਆ ਹੋਇਆ ਹੈ। ਗੁਰਾਂ ਦੇ ਸ਼ਬਦ ਕਰਕੇ ਉੱਤਮ ਜਗਿਆਸੂ ਹੀ ਉਸ ਦੀ ਪਰਖ ਦੇ ਪਰਖਣੇ ਵਿਚ ਆਇਆ ਹੈ।

ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥ ੧ ॥

ਜਿਨ੍ਹਾਂ ਦੇ ਬੁੱਧੀ ਰੂਪ ਪੱਲੇ ਵਿਚ ਸੱਚ ਨਾਮ ਹੈ, ਉਹ ਸੱਚ ਨੂੰ ਹੀ ਕਥਨ ਕਰਦੇ ਹਨ, ਅਤੇ ਆਪਣੇ ਆਪ ਨੂੰ ਸੱਚੀ ਭਗਤੀ ਵਾ ਤਤਿੱਖਿਆ ਰੂਪ ਕਸਵੱਟੀ ਉੱਪਰ ਲਾਉਣਾ ਕਰਦੇ ਹਨ॥ ੧ ॥

ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥

ਮੈਂ ਤਨ ਕਰਕੇ ਵਾਰਨੇ ਜਾਂਦਾ ਹਾਂ, ਮਨ ਕਰਕੇ ਘੋਲੀ ਜਾਂਦਾ ਹਾਂ, ਜਿਨ੍ਹਾਂ ਨੇ ਗੁਰਾਂ ਦੀ ਬਾਣੀ ਨੂੰ ਮਨ ਵਿਚ ਵਸਾਣਾ ਕੀਤਾ ਹੈ।

ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥ ੧ ॥ ਰਹਾਉ ॥

ਉਨ੍ਹਾਂ ਨੇ ਅੰਜਨ=ਮਾਇਆ ਵਿਚ ਰਹਿ ਕੇ ਨਿਰੰਜਨੁ=ਮਾਇਆ ਮਲ ਤੋਂ ਰਹਿਤ ਪ੍ਰਮੇਸ਼ਰ ਨੂੰ ਪਾਇਆ ਹੈ, ਅਤੇ ਉਨ੍ਹਾਂ ਦੀ ਜੋਤ ਨੂੰ ਜੋਤੀ=ਪ੍ਰਮੇਸ਼ਰ ਨੇ ਆਪਣੇ ਨਾਲ ਮਿਲਾ ਲਿਆ ਹੈ॥ ੧ ॥ ਰਹਾਉ ॥

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥

ਇਸ ਸਰੀਰ ਦੇ ਅੰਦਰ ਬਹੁਤ ਹੀ ਸ਼ੁਭ ਗੁਣਾਂ ਦਾ ਪਸਾਰਾ ਹੈ। ਜਿਸ ਦਾ ਨਾਮ ਨਿਰੰਜਨ ਹੈ ਤੇ ਸਾਰਿਆਂ ਤੋਂ ਅਤਿ=ਵੱਡਾ ਹੈ, ਅਗਮ=ਪੌਂਹਚ ਤੋਂ ਰਹਿਤ ਤੇ ਅਪਾਰਾ=ਪਾਰਾਵਾਰ ਤੋਂ ਰਹਿਤ ਹੈ ਉਹ ਪ੍ਰਭੂ ਵੀ ਇਸੇ ਕਾਂਇਆਂ ਦੇ ਵਿਚ ਹੈ।

ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥ ੨ ॥

ਜਿਹੜਾ ਗੁਰਮੁਖ ਹੁੰਦਾ ਹੈ ਓਹੀ ਪ੍ਰਭੂ ਨੂੰ ਪਾਂਦਾ ਹੈ, ਉਹ ਆਪ ਹੀ ਗੁਰਮੁਖਾਂ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈ॥ ੨ ॥

ਮੇਰਾ ਠਾਕੁਰੁ ਸਚੁ ਦ੍ਰਿੜਾਏ ॥ ਗੁਰ ਪਰਸਾਦੀ ਸਚਿ ਚਿਤੁ ਲਾਏ ॥

ਮੇਰਾ ਸੁਆਮੀ ਪ੍ਰਮਾਤਮਾ ਜਿਨ੍ਹਾਂ ਨੂੰ ਸੱਚ ਨਾਮ ਦ੍ਰਿੜਾਉਂਦਾ ਹੈ, ਉਹ ਗੁਰੂ ਦੀ ਕਿਰਪਾ ਕਰਕੇ ਸੱਚ ਸਰੂਪ ਵਿਚ ਚਿੱਤ ਲਾਉਂਦਾ ਹੈ।

ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥ ੩ ॥

ਉਨ੍ਹਾਂ ਦੀ ਨਿਗਾਹ ਵਿਚ ਸਾਰੀਆਂ ਜਗ੍ਹਾ ਉੱਪਰ ਸੱਚ ਹੀ ਸੱਚ ਵਰਤ ਰਿਹਾ ਹੈ, ਉਹ ਸੱਚੇ ਗੁਰਮੁਖ ਸੱਚ ਵਿਚ ਹੀ ਸਮਾ ਜਾਂਦੇ ਹਨ॥ ੩ ॥

ਵੇਪਰਵਾਹੁ ਸਚੁ ਮੇਰਾ ਪਿਆਰਾ ॥ ਕਿਲਵਿਖ ਅਵਗਣ ਕਾਟਣਹਾਰਾ ॥

ਮੇਰਾ ਪਿਆਰਾ ਸੱਚਾ ਪ੍ਰਭੂ ਬੇ-ਪ੍ਰਵਾਹ ਹੈ। ਸਾਰਿਆਂ ਕਿਲਵਿਖ=ਪਾਪਾਂ ਤੇ ਔਗੁਣਾਂ ਦੇ ਕੱਟਣ ਵਾਲਾ ਹੈ।

ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ ॥ ੪ ॥

ਪ੍ਰੇਮੀਆਂ ਵਿਚ ਜਿਸ ਦੀ ਪ੍ਰੀਤੀ ਹੈ, ਉਸ ਨੂੰ ਸਦਾ ਧਿਆਉਣਾ ਕਰੀਏ।

ਅਥਵਾ:-ਮਨ ਕਰਕੇ ਪ੍ਰੇਮ ਤੇ ਤਨ ਕਰਕੇ ਪ੍ਰੀਤੀ ਧਾਰਕੇ, ਬਾਣੀ ਦੁਆਰਾ ਉਸ ਨੂੰ ਸਦਾ ਧਿਆਉਣਾ ਕਰੀਏ, ਅਤੇ ਹੋਰਨਾਂ ਦੇ ਮਨ ਨੂੰ ਭੀ ਪ੍ਰਭੂ ਦੇ ਭੈ=ਡਰ ਤੇ ਪ੍ਰੇਮਾ ਭਗਤੀ ਵਿਚ ਦ੍ਰਿੜ੍ਹ ਕਰਨਾ ਚਾਹੀਦਾ ਹੈ॥ ੪ ॥

ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥ ਆਪੇ ਦੇਇ ਨ ਪਛੋਤਾਵੈ ॥

ਹੇ ਸੱਚੇ ! ਜੇਕਰ ਆਪ ਜੀ ਨੂੰ ਭਾ ਜਾਵੇ ਤਾਂ ਤੇਰੀ ਭਗਤੀ ਕੀਤੀ ਹੋਈ ਸਚੀ=ਸਫਲੀ ਹੈ। ਜਿਸ ਨੂੰ ਆਪ ਭਗਤੀ ਕਰਨੀ ਦੇਂਦਾ ਹੈਂ ਉਹ ਫਿਰ ਪਛਤਾਂਦਾ ਨਹੀਂ ਹੈ।

ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥ ੫ ॥

ਸਾਰਿਆਂ ਜੀਵਾਂ ਦਾ ਇਕ ਤੂੰ ਹੀਂ ਦਾਤਾ ਹੈਂ, ਜਿਨ੍ਹਾਂ ਨੇ ਗੁਰ ਸ਼ਬਦ ਦੁਆਰਾ ਆਪਣੇ ਮਨ ਨੂੰ ਸਬਦੇ=ਸੰਸਾਰ ਵੱਲੋਂ ਮਾਰਿਆ ਹੈ ਉਨ੍ਹਾਂ ਨੂੰ ਤੂੰ ਆਪਣੀ ਤਰਫ ਜੀਵਾਉਂਦਾ ਹੈਂ॥ ੫ ॥

ਹਰਿ ਤੁਧ ਬਾਝਹੁ ਮੈ ਕੋਈ ਨਾਹੀ ॥ ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ ॥

ਹੇ ਹਰੀ! ਤੈਥੋਂ ਬਿਨਾਂ ਮੈਨੂੰ ਹੋਰ ਕੋਈ ਨਹੀਂ ਦਿਸਦਾ, ਇਸ ਲਈ ਹੇ ਹਰੀ ਮੈਂ ਤੈਨੂੰ ਹੀ ਸੇਂਵਦਾ ਹਾਂ ਅਤੇ ਤੈਨੂੰ ਹੀ ਸਲਾਂਵਦਾ ਹਾਂ।

ਆਪੇ ਮੇਲਿ ਲੈਹੁ ਪ੍ਰਭ ਸਾਚੇ ਪੂਰੈ ਕਰਮਿ ਤੂੰ ਪਾਵਣਿਆ ॥ ੬ ॥

ਹੇ ਸੱਚੇ ਪ੍ਰਭੂ ! ਆਪ ਹੀ ਕਿਰਪਾ ਕਰਕੇ ਮਿਲਾ ਲਓ, ਪੂਰਿਆਂ ਕਰਮਾਂ ਵਾਲਿਆਂ ਨੇ ਤੈਨੂੰ ਪਾਇਆ ਹੈ॥ ੬ ॥

ਮੈ ਹੋਰੁ ਨ ਕੋਈ ਤੁਧੈ ਜੇਹਾ ॥ ਤੇਰੀ ਨਦਰੀ ਸੀਝਸਿ ਦੇਹਾ ॥

ਮੈਨੂੰ ਤੇਰੇ ਜੇਹਾ ਹੋਰ ਕੋਈ ਨਹੀਂ ਦਿਸਦਾ, ਤੇਰੀ ਕਿਰਪਾ ਦ੍ਰਿਸ਼ਟੀ ਕਰਕੇ ਹੀ ਮੈਂ ਦੇਹ ਵਿਚ ਸੀਝਸਿ=ਮੁਕਤ ਹੋ ਜਾਵਾਂਗਾ।

ਅਨਦਿਨੁ ਸਾਰਿ ਸਮਾਲਿ ਹਰਿ ਰਾਖਹਿ ਗੁਰਮੁਖਿ ਸਹਜਿ ਸਮਾਵਣਿਆ ॥ ੭ ॥

ਹੇ ਹਰੀ ! ਤੂੰ ਰਾਤ ਦਿਨ ਸਾਰਿਆਂ ਨੂੰ ਸੰਭਾਲ ਰੱਖਦਾ ਹੈਂ, ਗੁਰਮੁਖਾਂ ਨੇ ਸਹਜਿ=ਗਿਆਨ ਪ੍ਰਾਪਤ ਕਰਕੇ ਸਹਜ ਪਦ ਵਿਚ ਸਮਾਣਾ ਕੀਤਾ ਹੈ॥ ੭ ॥

ਤੁਧੁ ਜੇਵਡੁ ਮੈ ਹੋਰੁ ਨ ਕੋਈ ॥ ਤੁਧੁ ਆਪੇ ਸਿਰਜੀ ਆਪੇ ਗੋਈ ॥

ਤੁਹਾਡੇ ਜੇਡਾ ਮੈਨੂੰ ਹੋਰ ਕੋਈ ਨਹੀਂ ਦਿਸਦਾ, ਤੁਸਾਂ ਨੇ ਆਪ ਹੀ ਸਾਰੀ ਦੁਨੀਆਂ ਸਿਰਜੀ=ਬਣਾਈ ਹੈ, ਅਤੇ ਆਪ ਹੀ ਗੋਈ=ਬੁਲਾਈ ਮਿਲਾਈ ਛਪਾਈ ਹੈ।

[ਪੰਨਾ ੧੧੩]

ਤੂੰ ਆਪੇ ਹੀ ਘੜਿ ਭੰਨਿ ਸਵਾਰਹਿ
ਨਾਨਕ ਨਾਮਿ ਸੁਹਾਵਣਿਆ ॥ ੮ ॥ ੫ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸੋਭਨੀਕ ਨਾਮੀ ਪ੍ਰਮਾਤਮਾ ਤੂੰ ਆਪ ਹੀ ਸੰਸਾਰ ਨੂੰ ਘੜਦਾ ਤੇ ਸਵਾਰਹਿ=ਪਾਲਦਾ ਹੈਂ, ਫਿਰ ਆਪ ਭੰਨ ਦੇਂਦਾ ਅਰਥਾਤ ਸਾਰੇ ਸੰਸਾਰ ਦੀ ਪਰਲੋ ਕਰ ਦੇਂਦਾ ਹੈਂ॥ ੮ ॥ ੫ ॥ ੬ ॥

ਮਾਝ ਮਹਲਾ ੩ ॥

ਸਭ ਘਟ ਆਪੇ ਭੋਗਣਹਾਰਾ ॥ ਅਲਖੁ ਵਰਤੈ ਅਗਮ ਅਪਾਰਾ ॥

ਸਾਰਿਆਂ ਸਰੀਰਾਂ ਵਿਚ ਉਹ ਪ੍ਰਭੂ ਆਪ ਹੀ ਪਦਾਰਥਾਂ ਦੇ ਭੋਗਣ ਵਾਲਾ ਹੈ, ਅਲਖੁ=ਜਾਨਣੇ ਤੋਂ ਰਹਿਤ ਅਗਮ ਅਪਾਰ ਪ੍ਰਭੂ ਸਾਰੇ ਵਰਤ ਰਿਹਾ ਹੈ।

ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥ ੧ ॥

ਗੁਰਾਂ ਦੇ ਉਪਦੇਸ਼ ਨੂੰ ਲੈ ਕੇ ਮੇਰੇ ਹਰੀ ਪ੍ਰਭੂ ਨੂੰ ਧਿਆਉਣਾ ਕਰੋ, ਤਾਂ ਸੁੱਤੇ ਸਿੱਧ ਸੱਚ ਸਰੂਪ ਵਿਚ ਅਭੇਦ ਹੋਈਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਮਨ ਕਰਕੇ ਘੋਲੀ ਜਾਂਦਾ ਹਾਂ, ਜਿਨ੍ਹਾਂ ਨੇ ਗੁਰ ਉਪਦੇਸ਼ ਨੂੰ ਮਨ ਵਿਚ ਵਸਾਣਾ ਕੀਤਾ ਹੈ।

ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧ ॥ਰਹਾਉ ॥

ਗੁਰ ਸ਼ਬਦ ਦੀ ਸੂਝੈ=ਗਿਆਤ ਪ੍ਰਾਪਤ ਹੋਵੇ ਤਾਂ ਮਨ ਨਾਲ ਲੜਦਾ ਹੈ, ਫਿਰ ਮਨਸਾ=ਵਾਸ਼ਨਾਂ ਮਾਰ ਕੇ ਪ੍ਰਭੂ ਵਿਚ ਅਭੇਦ ਹੁੰਦਾ ਹੈ॥ ੧॥ ਰਹਾਉ॥

ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥

ਕਾਮ ਆਦਿਕ ਪੰਜ ਦੂਤ ਸੰਸਾਰ ਨੂੰ ਠਗ ਰਹੇ ਹਨ, ਪਰ ਅੰਨ੍ਹੇ ਮਨਮੁਖ ਨੂੰ ਸਾਰ ਅਸਾਰ ਦੀ ਕੋਈ ਖਬਰ ਨਹੀਂ।

ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥ ੨ ॥

ਜੋ ਗੁਰਮੁਖ ਹੁੰਦਾ ਹੈ ਉਹ ਆਪਣਾ ਅੰਤਹਕਰਨ ਰੂਪੀ ਘਰ ਸੰਭਾਲ ਕੇ ਰੱਖਦਾ ਹੈ ਅੰਤਹਕਰਨ 'ਚੋਂ ਸ਼ੁਭ ਗੁਣਾਂ ਰੂਪ ਧਨ ਨੂੰ ਲੁੱਟਣ ਨਹੀਂ ਦੇਂਦਾ। ਗੁਰ ਸ਼ਬਦ ਦੁਆਰਾ ਪੰਜ ਕਾਮ ਆਦਿਕ ਦੂਤਾਂ ਨੂੰ ਪਚਾਵਣਿਆ=ਖਰਾਬ ਕਰਦਾ ਹੈ॥ ੨॥

ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥

ਇਕ ਗੁਰਮੁਖ ਹਮੇਸ਼ਾਂ ਹੀ ਸੱਚੇ ਪ੍ਰੇਮ ਵਿਚ ਰੱਤੇ ਰਹਿੰਦੇ ਹਨ, ਸਹਜੇ ਹੀ ਪ੍ਰਭੂ ਦੇ ਸੇਵਨ ਵਿਚ ਰਾਤ ਦਿਨ ਮਸਤ ਰਹਿੰਦੇ ਹਨ।,

ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ ॥ ੩ ॥

ਪ੍ਰੀਤਮ ਗੁਰਾਂ ਨਾਲ ਮਿਲ ਕੇ ਸੱਚੇ ਦੇ ਗੁਣਾਂ ਨੂੰ ਗਾਉਂਦੇ ਹਨ, ਇਸ ਕਰਕੇ ਉਹ ਹਰੀ ਦੇ ਦਰਬਾਰ ਵਿਚ ਸੋਭਾ ਪਾਂਦੇ ਹਨ॥ ੩॥

ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥

ਏਕਮ ਥਿਤ ਦੁਆਰਾ ਕਥਨ ਕਰਦੇ ਹਨ, ਇਕ ਪ੍ਰਮੇਸ਼ਰ ਨੇ ਆਪ ਸੰਸਾਰ ਨੂੰ ਪੈਦਾ ਕੀਤਾ ਹੈ।

ਦੂਜ ਥਿਤ ਦੁਆਰਾ ਕਥਨ ਕਰਦੇ ਹਨ, ਫਿਰ ਦੁਬਿਧਾ ਨੂੰ ਪੈਦਾ ਕੀਤਾ।

ਤੀਜ ਥਿਤ ਦੁਆਰਾ ਕਥਨ ਕਰਦੇ ਹਨ, ਫਿਰ ਮਾਇਆ ਸਾਰੇ ਵਰਤਾ ਦਿੱਤੀ।

ਅੱਗੇ ਕੋਈ ਥਿਤਾਂ ਦਾ ਪ੍ਰਸੰਗ ਨਹੀਂ ਇਸ ਕਰਕੇ **ਦੂਜਾ ਅਰਥ** ਕਰਨਾ-

ਏਕਮ ਏਕੈ=ਇਕ ਇਕ ਪ੍ਰਮਾਤਮਾ ਨੇ ਆਪ ਹੀ ਰਾਜਸੀ ਸਾਤਕੀ ਤਾਮਸੀ ਰੂਪ ਤ੍ਰਿਬਿਧਿ ਮਾਇਆ=ਤਿੰਨ ਪ੍ਰਕਾਰ ਦੀ ਮਾਇਆ ਨੂੰ ਉਤਪੰਨ ਕੀਤਾ ਹੈ, *ਪ੍ਰਸ਼ਨ:*-ਇਹ ਤ੍ਰਿਬਿਧਿ ਮਾਇਆ ਕੈਸੀ ਹੈ?

ਉੱਤਰ:-ਦੁਬਿਧਾ ਰੂਪ ਹੈ, ਜੋ ਇਸ ਮਾਇਆ ਵਿਚ ਲੱਗਾ ਹੈ ਉਹ ਦੂਜਾ=ਜਮਾਂ ਦਾ ਹੁੰਦਾ ਹੈ।

ਤੀਜਾ ਅਰਥ:-ਏਕੈ ਆਪੁ ਉਪਾਇਆ=ਇਕ ਪ੍ਰਮਾਤਮਾ ਨੇ ਆਪ ਹੀ ਜਗਤ ਨੂੰ ਉਤਪੰਨ ਕੀਤਾ ਹੈ,

ਪ੍ਰਸ਼ਨ:-ਇਸ ਜਗਤ ਵਿਚ ਕੀ ਹੈ? *ਉੱਤਰ:*-ਦੁ+ਬਿਧਾ=ਦੋਵਿਧਾਂ ਹਨ

ਨਾਮ ਰੂਪ ਆਤਮਕ,

ਪੁਨਾ ਇਸ ਸੰਸਾਰ ਵਿਚ ਦੂ+ਜਾ=ਦੋ ਰਾਗ ਦ੍ਵੈਸ਼, ਹਰਖ ਸ਼ੋਕ ਪੈਦਾ ਕੀਤੇ ਹਨ।

ਪੁਨਾ ਇਹ ਸੰਸਾਰ ਤ੍ਰਿਬਿਧਿ=ਤਿੰਨ ਰੂਪ ਹੈ ਰਾਜਸੀ ਸਾਤਕੀ ਤਾਮਸੀ ਕਰਕੇ।

ਫਿਰ ਇਹ ਸੰਸਾਰ ਮਾਇਆ=ਮਾਇਆ ਮਾਤ੍ਰ ਅਰਥਾਤ ਮਿਥਿਆ ਹੈ।

ਏ+ਕਮ=ਇਸ ਸੰਸਾਰ ਵਿਚ ਜੋ ਲੱਗਾ ਹੈ ਉਸ ਨੂੰ ਘਾਟਾ ਹੀ ਹੈ।

ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥ ੪ ॥

ਜੋ ਗੁਰਮੁਖ ਗੁਰਾਂ ਦੁਆਰੇ ਸੱਚ ਹੀ ਸੱਚ ਨੂੰ ਕਮਾਵਣਾ ਕਰਦਾ ਹੈ, ਉਸ ਨੂੰ ਸਾਰਿਆਂ ਸਾਧਨਾਂ ਤੋਂ ਉੱਚੀ ਚਤੁਰਥ ਭੂਮਿਕਾ (ਤੁਰੀਆ ਪਦ) ਰੂਪੀ ਚੌਥੀ ਪੌੜੀ ਪ੍ਰਾਪਤ ਹੋਈ ਹੈ॥ ੪॥

ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥

ਜੇਕਰ ਸੱਚੇ ਪ੍ਰਭੂ ਨੂੰ ਭਾ ਜਾਵੇ ਤਾਂ ਉਸ ਦਾ ਸਾਰਾ ਕਰਤਬ ਕੀਤਾ ਹੋਇਆ ਸਚਾ ਸਫਲਾ ਹੈ, ਜਿਸ ਨੇ ਸੱਚ ਨੂੰ ਜਾਣਿਆ ਹੈ ਉਹ ਸਹਜਿ=ਸ਼ਾਂਤੀ ਵਾ ਸਹਜ ਪਦ ਵਿਚ ਸਮਾਂਵਦਾ ਹੈ।

ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥ ੫ ॥

ਗੁਰਮੁਖਾਂ ਦੀ ਇਹ ਕਰਣੀ ਸ੍ਰੇਸ਼ਟ ਹੈ ਜੋ ਸੱਚੇ ਨੂੰ ਸੇਂਵਦੇ ਹਨ, ਇਸ ਤੇ ਗੁਰਮੁਖ ਸੱਚੇ ਵਿਚ ਸਮਾ ਜਾਂਦੇ ਹਨ॥ ੫॥

ਸਚੇ ਬਾਝਹੁ ਕੋ ਅਵਰੁ ਨ ਦੂਆ ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥

ਸੱਚੇ ਨਾਮ ਤੋਂ ਬਿਨਾਂ ਹੋਰ ਕੋਈ ਦੂਜਾ ਕਰਮ ਮੁਕਤੀ ਦੇਣ ਵਾਲਾ ਨਹੀਂ ਹੈ, ਦੂਜੇ ਕੰਮਾਂ ਵਿਚ ਲਗ ਕੇ ਜਗੁ=ਜੀਵ ਖਪ ਖਪ ਕੇ ਮਰ ਰਿਹਾ ਹੈ।

ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥ ੬ ॥

ਜੋ ਗੁਰਮੁਖ ਹੁੰਦਾ ਹੈ ਉਹ ਇਕ ਦਾ ਸਿਮਰਨ ਕਰਨਾ ਜਾਣਦਾ ਹੈ, ਅਤੇ ਇਕ ਪ੍ਰਭੂ ਨੂੰ ਸੇਵ ਕੇ ਆਤਮ ਸੁਖ ਪਾਂਦਾ ਹੈ॥ ੬॥

ਜੀਅ ਜੰਤ ਸਭਿ ਸਰਣਿ ਤੁਮਾਰੀ ॥ ਆਪੇ ਧਰਿ ਦੇਖਹਿ ਕਚੀ ਪਕੀ ਸਾਰੀ ॥

ਸਾਰੇ ਸੂਖਮ ਸਥੂਲ ਜੀਆ ਜੰਤ ਆਪ ਜੀ ਦੀ ਸ਼ਰਨ ਵਿਚ ਹਨ, ਤੂੰ ਆਪ ਹੀ ਜੀਵਾਂ ਰੂਪ ਸਾਰੀ=ਨਰਦਾਂ ਨੂੰ ਧਰਿ=ਫੜ ਕੇ ਵਾ ਸੰਸਾਰ ਰੂਪ ਚੌਪੜ ਉੱਤੇ ਧਰਿ=ਰੱਖਕੇ ਵੇਖਦਾ ਹੈਂ ਕਿ ਕੱਚੀ ਕਿਹੜੀ ਹੈ ਤੇ ਪੱਕੀ ਕਿਹੜੀ ਹੈ, ਅਰਥਾਤ ਸਾਧਨਾ ਤੋਂ ਰਹਿਤ ਕਿਹੜੀ ਹੈ, ਸਾਧਨਾ ਦੇ ਸਹਿਤ ਕਿਹੜੀ ਹੈ।

ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ ॥ ੭ ॥

ਰਾਤ ਦਿਨ ਆਪ ਹੀ ਗੁਰਮੁਖਾਂ ਤੋਂ ਭਗਤੀ ਰੂਪ ਕਾਰ ਕਰਾ ਕੇ ਆਪਣੇ ਮੇਲ ਵਿਚ ਮਿਲਾਂਵਦਾ ਹੈਂ॥ ੭॥

ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥ ਸਭ ਮਹਿ ਆਪਿ ਰਹਿਆ ਭਰਪੂਰਿ ॥

ਜਿਨ੍ਹਾਂ ਨੂੰ ਤੂੰ ਆਪ ਸਤਸੰਗ ਨਾਲ ਮੇਲਦਾ ਹੈਂ, ਉਹ ਤੈਨੂੰ ਆਪਣੇ ਪਾਸ ਵੇਖਦੇ ਹਨ, ਤੂੰ ਸਭਨਾਂ ਵਿਚ ਆਪ ਹੀ ਪੂਰਨ ਹੋ ਰਿਹਾ ਹੈਂ।

ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥ ੮ ॥ ੬ ॥ ੭ ॥

ਗੁਰੂ ਜੀ ਕਥਨ ਕਰਦੇ ਹਨ-ਸਰਬ ਰੂਪ ਹੋ ਕੇ ਤੂੰ ਆਪੇ ਆਪ ਸਾਰੇ ਵਰਤ ਰਿਹਾ ਹੈਂ, ਇਸ ਗੱਲ ਦੀ ਸੋਝੀ ਗੁਰਮੁਖਾਂ ਨੇ ਪਾਈ ਹੈ॥ ੮ ॥ ੬ ॥ ੭ ॥

ਮਾਝ ਮਹਲਾ ੩ ॥

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥

ਗੁਰਾਂ ਦੀ ਬਾਣੀ ਅੰਮ੍ਰਿਤ ਵਰਗੀ ਮਿੱਠੀ ਹੈ, ਪਰ ਕਿਸੇ ਵਿਰਲੇ ਮਨੁੱਖ ਨੇ ਚੱਖ ਕੇ ਵੇਖੀ ਹੈ।

ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥ ੧ ॥

ਜੋ ਸੱਚੇ ਦਰਿ=ਸਤਸੰਗ ਵਿਚ ਗੁਰ ਸਬਦ ਨੂੰ ਵਜਾਵਣਿਆ=ਉਚਾਰਨ ਕਰਦਾ ਹੈ, ਉਸ ਦੇ ਅੰਤਰਿ=ਅੰਤਹਕਰਨ ਵਿਚ ਪਰਗਾਸੁ=ਗਿਆਨ ਹੁੰਦਾ ਹੈ, ਗਿਆਨ ਕਰਕੇ ਬ੍ਰਹਮਾਨੰਦ ਰੂਪੀ ਮਹਾਰਸ ਨੂੰ ਪੀਂਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥

ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਗੁਰ ਚਰਨਾਂ ਵਿਚ ਚਿੱਤ ਲਗਾਉਣਾ ਕੀਤਾ ਹੈ।

ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧ ॥ਰਹਾਉ ॥

ਸਤਿਗੁਰਾਂ ਦਾ ਰਚਿਆ ਹੋਇਆ ਇਹ ਅੰਮ੍ਰਿਤ ਸਰੋਵਰ ਸੱਚਾ ਹੈ ਜੋ ਸ਼ਰਧਾ ਨਾਲ ਮਨੁ=ਤਨ ਕਰਕੇ ਇਸ਼ਨਾਨ ਕਰਦਾ ਹੈ ਉਹ ਪਾਪਾਂ ਦੀ ਮੈਲ ਦੂਰ ਕਰਦਾ ਹੈ।

ਯਥਾ:- ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥

ਅਥਵਾ:-ਸਤਿਗੁਰੂ ਹੀ ਇਕ ਨਾਮ ਅੰਮ੍ਰਿਤ ਦੇ ਸੱਚੇ ਸਰੋਵਰ ਹਨ, ਜੋ ਮਨ ਕਰਕੇ ਉਸ ਵਿਚ ਇਸ਼ਨਾਨ ਕਰਦਾ ਹੈ ਉਹ ਰਾਗ ਦ੍ਵੈਸ਼ ਈਰਖਾ ਬਖੀਲੀ ਰੂਪੀ ਮੈਲ ਨੂੰ ਦੂਰ ਕਰਦਾ ਹੈ॥ ੧ ॥ ਰਹਾਉ ॥

ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥
ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥

ਹੇ ਸੱਚੇ ਪ੍ਰਭੂ ! ਤੇਰਾ ਅੰਤ ਕਿਸੇ ਨਹੀਂ ਪਾਇਆ, ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਤੇਰੇ ਵਿਚ ਚਿੱਤ ਜੋੜਿਆ ਹੈ।

ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥ ੨ ॥

ਮੈਂ ਤੈਨੂੰ ਸਲ੍ਹਾਂਵਦਾ ਹੋਇਆ ਕਦੇ ਭੀ ਰੱਜਦਾ ਨਹੀਂ ਹਾਂ, ਮੈਨੂੰ ਸੱਚੇ ਨਾਮ ਜਪਣ ਦੀ ਭੁੱਖ ਲੱਗ ਰਹੀ ਹੈ॥ ੨ ॥

ਏਕੋ ਵੇਖਾ ਅਵਰੁ ਨ ਬੀਆ ॥ ਗੁਰ ਪਰਸਾਦੀ ਅੰਮ੍ਰਿਤੁ ਪੀਆ ॥

ਮੈਂ ਇਕ ਪ੍ਰਭੂ ਨੂੰ ਵੇਖਦਾ ਹਾਂ, ਉਸ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ। ਗੁਰਾਂ ਦੀ ਕਿਰਪਾ ਨਾਲ ਮੈਂਨੇ ਨਾਮ ਅੰਮ੍ਰਿਤ ਪੀਤਾ ਹੈ।

ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥ ੩ ॥

ਗੁਰਾਂ ਦੇ ਸ਼ਬਦ ਕਰਕੇ ਮੈਂਨੇ ਪਦਾਰਥਾਂ ਦੀ ਤ੍ਰੇਹ ਨਵਿਰਤ ਕੀਤੀ ਹੈ, ਇਸ ਲਈ ਮੇਰਾ ਮਨ ਅਚੁਤ ਸੁਖ ਵਿਚ ਸਮਾ ਗਿਆ ਹੈ॥ ੩ ॥

ਰਤਨੁ ਪਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥

ਅੰਨਵੇਂ-ਜੋ ਮਨਮੁਖ ਅੰਨ੍ਹਾਂ ਦ੍ਵੈਤ ਭਾ ਵਿਚ ਲੱਗਾ ਹੋਇਆ ਹੈ, ਉਸ ਨੇ ਰਤਨ ਵਰਗੇ ਅਮੋਲਕ ਨਾਮ ਪਦਾਰਥ ਨੂੰ ਬੁੱਧੀ ਰੂਪ ਪੱਲੇ 'ਚੋਂ ਪਲਰਿ=ਖਾਲੀ ਜਾਣ ਕੇ ਤਿਆਗ ਦਿੱਤਾ ਹੈ।

ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥ ੪ ॥

ਜੋ ਬੀਜ ਬੀਜਦਾ ਹੈ ਓਹੀ ਫਲ ਪਾਂਦਾ ਹੈ, ਨਿਕੰਮੇ ਕੰਮਾਂ ਵਿਚ ਲਗਣ ਕਰ ਕੇ ਸੁਪਨੇ ਵਿਚ ਭੀ ਸੁਪਨੈ=ਕਦਾਚਿਤ ਸੰਸਾਰ ਸੁਪਨੇ ਵਿਚ ਸੁਖ ਨਹੀਂ ਪਾਂਦਾ॥ ੪ ॥

ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ ਗੁਰ ਕਾ ਸਬਦੁ ਮੰਨਿ ਵਸਾਏ ॥

ਜਿਸ ਉਤੇ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਪੁਰਸ਼ ਗੁਰਾਂ ਨੂੰ ਪਾਂਦਾ ਹੈ, ਅਤੇ ਗੁਰਾਂ ਦਾ ਉਪਦੇਸ਼ ਮਨ ਵਿਚ ਵਸਾਂਦਾ ਹੈ।

[ਪੰਨਾ ੧੧੪]

ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥ ੫ ॥

ਉਹ ਰਾਤ ਦਿਨ ਸਦਾ ਹੀ ਵਾਹਿਗੁਰੂ ਦੇ ਡਰ ਅੰਦਰ ਰਹਿੰਦਾ ਹੈ, ਅਤੇ ਭਰਮ ਨੂੰ ਦੂਰ ਕਰਕੇ ਜਮਾਂ ਦੇ ਭੈ ਨੂੰ ਮਾਰ ਦੇਂਦਾ ਹੈ॥ ੫ ॥

ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ॥

ਜਿਸ ਨੇ ਭਰਮ ਨੂੰ ਦੂਰ ਕੀਤਾ ਹੈ ਉਸ ਨੇ ਸਦਾ ਸੁਖ ਪਾਇਆ ਹੈ, ਅਤੇ ਗੁਰਾਂ ਦੀ ਕਿਰਪਾ ਨਾਲ ਉਸ ਨੇ ਪਰਮ ਪਦੁ=ਆਤਮ ਪਦ ਪਾਇਆ ਹੈ।

ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥ ੬ ॥

ਗੁਰਾਂ ਦੀ ਨਿਰਮਲ ਬਾਣੀ ਨਾਲ ਉਸ ਦਾ ਅੰਤਹਕਰਨ ਨਿਰਮਲ ਹੋਇਆ ਹੈ, ਅਤੇ ਉਹ ਸੁੱਤੇ ਸਿੱਧ ਹਰੀ ਗੁਣਾਂ ਨੂੰ ਗਾਉਂਦਾ ਰਹਿੰਦਾ ਹੈ॥ ੬ ॥

ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥

ਮਨਮੁਖ ਸਿੰਮ੍ਰਤੀਆਂ ਸ਼ਾਸਤ੍ਰਾਂ ਤੇ ਬੇਦਾਂ ਨੂੰ ਕਥਨ ਤਾਂ ਕਰਦਾ ਹੈ, ਪਰ ਭਰਮ ਵਿਚ ਭੁੱਲਾ ਹੋਇਆ ਤਤੁ=ਸਿਧਾਂਤ ਰੂਪ ਪ੍ਰਮਾਤਮਾ ਨੂੰ ਨਹੀਂ ਜਾਣਦਾ।

ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥ ੭ ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਕਿਤੋਂ ਸੁਖ ਨਹੀਂ ਪਾਂਦਾ, ਦੁੱਖ ਹੀ ਦੁੱਖ ਭੋਗਦਾ ਹੈ।

ਅਥਵਾ:-ਦੁਖ ਹੀ ਦੁਖ ਦੇਣ ਵਾਲੇ ਕਰਮਾਂ ਨੂੰ ਕਮਾਂਵਦਾ ਹੈ॥ ੭॥

ਆਪਿ ਕਰੇ ਕਿਸੁ ਆਖੈ ਕੋਈ॥ ਆਖਣਿ ਜਾਈਐ ਜੇ ਭੂਲਾ ਹੋਈ॥

ਸਭ ਕੁਝ ਵਾਹਿਗੁਰੂ ਆਪ ਹੀ ਕਰਦਾ ਹੈ, ਕਿਸੇ ਨੂੰ ਕੋਈ ਕੀ ਆਖੇ? ਉਸ ਨੂੰ ਆਖਣ ਵਾਸਤੇ ਤਾਂ ਜਾਈਏ ਜੇ ਉਹ ਭੁੱਲਿਆ ਹੋਵੇ।

ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ॥ ੮॥ ੭॥ ੮॥

ਗੁਰੂ ਜੀ ਕਥਨ ਕਰਦੇ ਹਨ-ਆਪ ਹੀ ਜੀਵਾਂ ਨੂੰ ਉਤਪੰਨ ਕਰਦਾ ਹੈ, ਆਪ ਹੀ ਜੀਵਾਂ ਤੋਂ ਕਰਮ ਕਰਾਂਦਾ ਹੈ, ਜੋ ਨਾਮ ਜਪਦਾ ਹੈ ਉਹ ਨਾਮਿ=ਨਾਮੀ ਪ੍ਰਮਾਤਮਾ ਵਿਚ ਅਭੇਦ ਹੁੰਦਾ ਹੈ॥ ੮॥ ੭॥ ੮॥

ਮਾਝ ਮਹਲਾ ੩॥

ਆਪੇ ਰੰਗੇ ਸਹਜਿ ਸੁਭਾਏ॥ ਗੁਰ ਕੈ ਸਬਦਿ ਹਰਿ ਰੰਗੁ ਚੜਾਏ॥

ਉੱਤਮ ਜਗਿਆਸੂਆਂ ਦੇ ਮਨ ਰੂਪ ਬਸਤ੍ਰ ਹਰੀ ਨੇ ਆਪ ਹੀ ਸੁੱਤੇ ਸਿੱਧ ਨਾਮ ਰੰਗ ਵਿਚ ਰੰਗੇ ਹਨ। ਪਰ ਗੁਰਾਂ ਦੇ ਸ਼ਬਦ ਦੁਆਰਾ ਹਰੀ ਆਪਣੇ ਨਾਮ ਰੰਗ ਨੂੰ ਚੜਾਂਦਾ ਹੈ।

ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ॥ ੧॥

ਗੁਰਮੁਖਾਂ ਦਾ ਮਨ ਤਨ ਉਸ ਵਿਚ ਰੱਤਾ ਗਿਆ ਹੈ, ਅਤੇ ਰਸਨਾ ਵੀ ਚਲੂਲੀ=ਗਾਹੜੇ ਰੰਗ ਵਾਲੀ ਹੋਈ ਹੈ, ਗੁਰਮੁਖਾਂ ਨੇ ਪ੍ਰਭੂ ਦੇ ਭੈ=ਡਰ ਨੂੰ ਧਾਰ ਕੇ ਭਾਇ=ਪ੍ਰੇਮ ਰੂਪੀ ਰੰਗ ਚੜ੍ਹਾਣਾ ਕੀਤਾ ਹੈ॥ ੧॥

ਹਉ ਵਾਰੀ ਜੀਉ ਵਾਰੀ ਨਿਰਭਉ ਮੰਨਿ ਵਸਾਵਣਿਆ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਘੋਲੀ ਜਾਂਦਾ ਹਾਂ, ਜਿਨ੍ਹਾਂ ਨੇ ਨਿਰਭਉ ਪ੍ਰਭੂ ਨੂੰ ਮਨ ਵਿਚ ਵਸਾਉਣਾ ਕੀਤਾ ਹੈ।

ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ
ਬਿਖੁ ਭਉਜਲੁ ਸਬਦਿ ਤਰਾਵਣਿਆ॥ ੧॥ ਰਹਾਉ॥

ਗੁਰਮੁਖਾਂ ਨੇ ਗੁਰਾਂ ਦੀ ਕਿਰਪਾ ਨਾਲ ਹੀ ਨਿਰਭਉ ਹਰੀ ਨੂੰ ਧਿਆਉਣਾ ਕੀਤਾ ਹੈ, ਅਤੇ ਗੁਰ ਸਬਦ ਦੁਆਰਾ ਵਿਖ ਰੂਪ ਸੰਸਾਰ ਸਮੁੰਦਰ ਤੋਂ ਆਪ ਨੂੰ ਤਰਾਣਾ ਕੀਤਾ ਹੈ॥ ੧॥ ਰਹਾਉ॥

ਮਨਮੁਖ ਮੁਗਧ ਕਰਹਿ ਚਤੁਰਾਈ॥ ਨਾਤਾ ਧੋਤਾ ਥਾਇ ਨ ਪਾਈ॥

ਮਨਮੁਖ ਮੂਰਖ ਆਪਣੀ ਮੂਰਖਾਂ ਵਾਲੀ ਚਤੁਰਾਈ ਕਰਦਾ ਹੈ, ਇਸ ਲਈ ਉਸ ਦਾ ਨਹਾਉਣਾ ਧੋਣਾ ਥਾਇ ਨ ਪਾਈ=ਕਬੂਲ ਨਹੀਂ ਪੈਂਦਾ।

ਅਥਵਾ:-ਨਾਤਾ ਧੋਤਾ=ਨੇਤੀ ਧੋਤੀ ਆਦਿਕ ਕੀਤਾ ਕਰਮ ਥਾਂ ਵਿਚ ਨਹੀਂ ਪੈਂਦਾ।

ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ॥ ੨॥

ਜਿਸ ਤਰ੍ਹਾਂ ਖਾਲੀ ਆਇਆ ਹੈ, ਤਿਵੇਂ ਖਾਲੀ ਚਲਾ ਜਾਂਦਾ ਹੈ। ਕੀਤੇ ਔਗੁਣਾਂ ਦਾ ਫਲ ਭੋਗਣ ਲਗਿਆਂ

ਪਛਤਾਂਦਾ ਹੈ॥ ੨॥

ਮਨਮੁਖ ਅੰਧੇ ਕਿਛੂ ਨ ਸੂਝੈ॥ ਮਰਣੁ ਲਿਖਾਇ ਆਏ ਨਹੀ ਬੂਝੈ॥

ਮਨਮੁਖ ਅੰਨ੍ਹੇ ਨੂੰ ਕੁਝ ਨਹੀਂ ਸੁੱਝਦਾ। ਧੁਰ ਤੋਂ ਮਰਨਾ ਲਿਖਾ ਕੇ ਆਏ ਹਨ ਪਰ ਇਥੇ ਆ ਕੇ ਮਰਨੇ ਨੂੰ ਬੁੱਝਦੇ ਨਹੀਂ, ਵਾ ਇਥੇ ਆ ਕੇ ਨਾਮ ਨੂੰ ਨਹੀਂ ਬੁੱਝਦੇ।

ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ॥ ੩॥

ਮਨਮੁਖ ਪੁਰਸ਼ ਨਾਮ ਤੋਂ ਬਿਨਾਂ ਹੋਰ ਕਰਮਾਂ ਨੂੰ ਕਰਦਾ ਹੈ ਇਸ ਕਰਕੇ ਪ੍ਰਮੇਸ਼ਰ ਨੂੰ ਨਹੀਂ ਪਾਂਦਾ, ਨਾਮ ਤੋਂ ਬਿਨਾਂ ਮਨੁੱਖਾ ਜਨਮ ਨੂੰ ਨਿਸਫਲ ਗੁਆਣਾ ਕੀਤਾ ਹੈ॥ ੩॥

ਸਚੁ ਕਰਣੀ ਸਬਦੁ ਹੈ ਸਾਰੁ॥ ਪੂਰੈ ਗੁਰਿ ਪਾਈਐ ਮੋਖ ਦੁਆਰੁ॥

ਗੁਰ ਉਪਦੇਸ਼ ਰੂਪ ਸੱਚੀ ਕਰਨੀ ਸਭ ਤੋਂ ਸਾਰ=ਸ੍ਰੇਸ਼ਟ ਹੈ। ਪੂਰਿਆਂ ਗੁਰਾਂ ਤੋਂ ਮੋਖ ਦਾ ਦਰਵਾਜ਼ਾ ਗਿਆਨ ਪਾਈਦਾ ਹੈ।

ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ॥ ੪॥

ਅੰਨਵੇਂ:-ਜੋ ਸੱਚੇ ਪ੍ਰੇਮ ਰੰਗ ਵਿਚ ਆਪ ਰੱਤੇ ਹਨ ਹੋਰਨਾਂ ਨੂੰ ਰੰਗਾਂਵਦੇ ਹਨ, ਉਹ ਰਾਤ ਦਿਨੇ ਉਪਦੇਸ਼ ਬਾਣੀ ਨੂੰ ਸੁਣਾਂਦੇ ਹਨ॥ ੪॥

ਰਸਨਾ ਹਰਿ ਰਸਿ ਰਾਤੀ ਰੰਗੁ ਲਾਏ॥ ਮਨੁ ਤਨੁ ਮੋਹਿਆ ਸਹਜਿ ਸੁਭਾਏ॥

ਉਨ੍ਹਾਂ ਦੀ ਰਸਨਾਂ ਹਰੀ ਰਸ ਵਿਚ ਰੱਤੀ ਹੋਈ ਹੋਰਨਾਂ ਨੂੰ ਰੰਗੁ=ਪ੍ਰੇਮ ਲਗਾਂਦੀ ਹੈ, ਜੋ ਉਨ੍ਹਾਂ ਦੇ ਉਪਦੇਸ਼ ਨੂੰ ਸੁਣਦਾ ਹੈ ਉਨ੍ਹਾਂ ਦਾ ਮਨ ਤਨ ਸੁਤੇ ਸਿੱਧ ਮੋਹਿਆ ਜਾਂਦਾ ਹੈ।

ਸਹਜੇ ਪ੍ਰੀਤਮੁ ਪਿਆਰਾ ਪਾਇਆ ਸਹਜੇ ਸਹਜਿ ਮਿਲਾਵਣਿਆ॥ ੫॥

ਅਸਾਂ ਨੇ ਸੁਭਾਵਕ ਹੀ ਪਿਆਰੇ ਪ੍ਰੀਤਮ ਗੁਰੂ ਅੰਗਦ ਦੇਵ ਜੀ ਨੂੰ ਪਾਇਆ ਹੈ ਅਤੇ ਉਨ੍ਹਾਂ ਨੇ ਸਹਜੇ=ਗਿਆਨ ਦੇ ਕੇ ਸਹਜਿ=ਸ਼ਾਂਤੀ ਸਰੂਪ ਬ੍ਰਹਮ ਨਾਲ ਮਿਲਾਇਆ ਹੈ॥ ੫॥

ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ॥ ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ॥

ਜਿਸ ਦੇ ਅੰਦਰ ਰੰਗੁ=ਪ੍ਰੇਮ ਹੈ ਓਹੀ ਪ੍ਰਭੂ ਦੇ ਗੁਣ ਗਾਉਂਦਾ ਹੈ। ਅਤੇ ਗੁਰਾਂ ਦੇ ਸ਼ਬਦ ਕਰਕੇ ਸੁੱਤੇ ਆਤਮ ਸੁਖ ਵਿਚ ਸਮਾਂਦਾ ਹੈ।

ਹਉ ਬਲਿਹਾਰੀ ਸਦਾ ਤਿਨ ਵਿਟਹੁ ਗੁਰ ਸੇਵਾ ਚਿਤੁ ਲਾਵਣਿਆ॥ ੬॥

ਮੈਂ ਸਦਾ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਗੁਰ ਸੇਵਾ ਵਿਚ ਚਿੱਤ ਬਿਰਤੀ ਨੂੰ ਲਗਾਣਾ ਕੀਤਾ ਹੈ॥ ੬॥

ਸਚਾ ਸਚੋ ਸਚਿ ਪਤੀਜੈ॥ ਗੁਰ ਪਰਸਾਦੀ ਅੰਦਰੁ ਭੀਜੈ॥

ਸੱਚਾ ਪ੍ਰਮੇਸ਼ਰ ਸਚਿ=ਨਿਸਚੇ ਕਰਕੇ ਸੱਚ ਨਾਮ ਜਪਣ ਵਾਲਿਆਂ ਉੱਤੇ ਪਤੀਜੈ=ਭਰੋਸਾ ਕਰਦਾ ਹੈ। ਗੁਰਾਂ ਦੀ ਕਿਰਪਾ ਕਰਕੇ ਨਾਮ ਅੰਦਰ ਮਨ ਭਿੱਜਦਾ ਹੈ।

ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ ॥ ੭ ॥

ਸਤਸੰਗਤ ਰੂਪ ਸ੍ਰੇਸ਼ਟ ਅਸਥਾਨ ਤੇ ਬੈਠ ਕੇ ਜੋ ਹਰੀ ਗੁਣਾਂ ਨੂੰ ਗਾਂਵਦਾ ਹੈ, ਉਹ ਆਪ ਹੀ ਸਤਿ=ਤ੍ਰੈਕਾਲ ਅਬਾਧ ਰੂਪ ਪ੍ਰਮਾਤਮਾ ਨੂੰ ਮਨਾਵਣਾ ਕਰਦਾ ਹੈ॥ ੭ ॥

ਜਿਸ ਨੋ ਨਦਰਿ ਕਰੇ ਸੋ ਪਾਏ ॥ ਗੁਰ ਪਰਸਾਦੀ ਹਉਮੈ ਜਾਏ ॥

ਜਿਸ ਉੱਤੇ ਵਾਹਿਗੁਰੂ ਕਿਰਪਾ ਕਰਦਾ ਹੈ ਉਹ ਸਤਸੰਗਤ ਨੂੰ ਪਾਂਦਾ ਹੈ, ਅਤੇ ਗੁਰਾਂ ਦੀ ਕਿਰਪਾ ਕਰਕੇ ਉਸ ਦੀ ਹਉਮੈ ਨਵਿਰਤ ਹੋ ਜਾਂਦੀ ਹੈ।

ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥ ੮ ॥ ੮ ॥ ੯ ॥

ਗੁਰੂ ਜੀ ਕਥਨ ਕਰਦੇ ਹਨ ਉਸ ਦੇ ਮਨ ਅੰਦਰ ਪ੍ਰਭੂ ਦਾ ਨਾਮ ਵਸਦਾ ਹੈ, ਇਸ ਲਈ ਉਹ ਸੱਚੇ ਦਰਬਾਰ ਵਿਚ ਸੋਭਾ ਪਾਂਦਾ ਹੈ॥ ੮ ॥ ੮ ॥ ੯ ॥

ਮਾਝ ਮਹਲਾ ੩ ॥

ਸਤਿਗੁਰੁ ਸੇਵਿਐ ਵਡੀ ਵਡਿਆਈ ॥ ਹਰਿ ਜੀ ਅਚਿੰਤੁ ਵਸੈ ਮਨਿ ਆਈ ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਇਕ ਤਾਂ ਵਡੀ ਵਡਿਆਈ ਹੁੰਦੀ ਹੈ, ਅਤੇ ਹਰਿ ਜੀ ਪ੍ਰਭੂ ਅਚਿੰਤੁ=ਅਚਾਨਕ ਹੀ ਮਨ ਵਿਚ ਆ ਕੇ ਵਸਦਾ ਹੈ।

ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ
ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ॥ ੧ ॥

ਹਰਿ ਜੀ ਦੇ ਸਰੂਪ ਸਤਿਗੁਰ ਦੇਵ ਜੀ ਗਿਆਨ ਫਲ ਦੇ ਸਹਿਤ ਬ੍ਰਿੱਛ ਹਨ, ਜਿਵੇਂ ਆਮ ਫਲਾਂ ਵਿਚ ਰਸ ਹੁੰਦਾ ਹੈ, ਤਿਵੇਂ ਗਿਆਨ ਰੂਪ ਫਲ ਵਿਚ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਹੈ, ਜਿਸ ਮਨੁੱਖ ਨੇ ਉਸ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਨੂੰ ਪੀਤਾ ਹੈ ਤਿਸ ਦੀ ਸਾਰੀ ਤਿਖਾ=ਤ੍ਰੇਹ ਲਹਿ ਗਈ ਭਾਵ ਮਿਟ ਗਈ ਹੈ॥ ੧ ॥

ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸੱਚੀ ਸਤਸੰਗਤ ਦੇ ਮੇਲ ਨਾਲ ਆਪਣੇ ਆਪ ਨੂੰ ਮਿਲਾਣਾ ਕੀਤਾ ਹੈ।

ਹਰਿ ਸਤਸੰਗਤਿ ਆਪੇ ਮੇਲੈ
ਗੁਰ ਸਬਦੀ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥

ਹਰੀ ਆਪ ਹੀ ਕਿਰਪਾ ਕਰਕੇ ਜਿਨ੍ਹਾਂ ਨੂੰ ਸਤਸੰਗਤ ਨਾਲ ਮੇਲਦਾ ਹੈ, ਉਹ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ॥ ੧ ॥ ਰਹਾਉ ॥

[ਪੰਨਾ ੧੧੫]

ਸਤਿਗੁਰੁ ਸੇਵੀ ਸਬਦਿ ਸੁਹਾਇਆ ॥
ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥

ਉਨ੍ਹਾਂ ਸਤਿਗੁਰਾਂ ਨੂੰ ਸੇਵਣਾ ਕਰੇ ਜਿਨ੍ਹਾਂ ਦਾ ਉਪਦੇਸ਼ ਸੋਭਨੀਕ ਹੈ, ਅਤੇ ਜਿਨ੍ਹਾਂ ਗੁਰਾਂ ਨੇ ਹਰੀ ਦਾ ਨਾਮ ਮਨ ਵਿਚ ਵਸਾਣਾ ਕੀਤਾ ਹੈ।

ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥ ੨ ॥

ਨਿਰਮਲ ਹਰੀ ਦੇ ਨਾਮ ਨੂੰ ਜਪ ਕੇ ਹਉਮੈਂ ਰੂਪੀ ਮੈਲ ਨੂੰ ਗੁਆਣਾ ਕਰੇ, ਤਾਂ ਫਿਰ ਸੱਚੇ ਦਰਬਾਰ ਵਿਚ ਜਾ ਕੇ ਸੋਭਾ ਪਾਣਾ ਕਰਦਾ ਹੈ॥ ੨॥

ਬਿਨੁ ਗੁਰ ਨਾਮੁ ਨ ਪਾਇਆ ਜਾਇ ॥ ਸਿਧ ਸਾਧਕ ਰਹੇ ਬਿਲਲਾਇ ॥

ਗੁਰਾਂ ਤੋਂ ਬਿਨਾਂ ਹੋਰ ਕਿਸੇ ਪ੍ਰਕਾਰ ਪ੍ਰਭੂ ਦਾ ਨਾਮ ਪਾਇਆ ਨਹੀਂ ਜਾਂਦਾ, ਬਹੁਤੇਰੇ ਸਿੱਧ ਤੇ ਸਾਧਕ=ਸਾਧਨਾ ਕਰਨ ਵਾਲੇ ਜਗਿਆਸੂ ਨਾਮ ਪ੍ਰਾਪਤੀ ਲਈ ਵਿਰਲਾਪ ਕਰ ਰਹੇ ਹਨ।

ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥ ੩ ॥

ਗੁਰੂ ਦੀ ਸੇਵਾ ਕੀਤੇ ਤੋਂ ਬਿਨਾਂ ਕਿਸੇ ਨੂੰ ਭੀ ਸੁਖ ਪ੍ਰਾਪਤ ਨਹੀਂ ਹੁੰਦਾ, ਅਤੇ ਗੁਰੂ ਪੂਰਿਆਂ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ॥ ੩॥

ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥

ਇਸ ਮਨ ਨੂੰ ਆਰਸੀ=ਸ਼ੀਸ਼ੇ ਵਾਂਗੂੰ ਸ਼ੁੱਧ ਕਰਕੇ ਕੋਈ ਵਿਰਲਾ ਗੁਰਮੁਖ ਹੀ ਪ੍ਰਮੇਸ਼ਰ ਨੂੰ ਵੇਖਦਾ ਹੈ।

ਅਥਵਾ:-ਇਸ ਮਨ ਰੂਪ ਸ਼ੀਸ਼ੇ ਵਿਚੋਂ ਕੋਈ ਵਿਰਲਾ ਗੁਰਮੁਖ ਹੀ ਆਤਮਾ ਰੂਪ ਮੁੰਹ ਨੂੰ ਵੇਖਦਾ ਹੈ। ਜਾਂ ਹਉਮੈ ਨੂੰ ਸੋਖੈ=ਸੁਕਾ ਦੇਵੇ ਤਾਂ ਅਵਿੱਦਿਆ ਰੂਪ ਮੋਰਚਾ=ਜੰਗਾਲ ਨਹੀਂ ਲੱਗਦਾ।

ਅਥਵਾ:-ਕਾਮ ਆਦਿਕ ਦੁਸ਼ਮਨਾਂ ਨਾਲ ਮੋਰਚਾ=ਜੰਗ ਨਹੀਂ ਲੱਗਦਾ।

ਅਨਹਤ ਬਾਣੀ ਨਿਰਮਲ ਸਬਦੁ ਵਜਾਏ
ਗੁਰ ਸਬਦੀ ਸਚਿ ਸਮਾਵਣਿਆ ॥ ੪ ॥

ਜੋ ਪੁਰਸ਼ ਨਿਰਮਲ ਗੁਰਾਂ ਦੀ ਉਪਦੇਸ਼ ਬਾਣੀ ਨੂੰ ਅਨਹਤ ਵਜਾਏ=ਇਕ ਰਸ ਉਚਾਰਦਾ ਹੈ, ਉਹ ਗੁਰ ਸਬਦੀਆ ਸੱਚੇ ਪ੍ਰਮੇਸ਼ਰ ਵਿਚ ਸਮਾਂ ਜਾਂਦਾ ਹੈ॥ ੪॥

ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥
ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥

ਸਤਿਗੁਰਾਂ ਤੋਂ ਬਿਨਾ ਹੋਰ ਕਿਸੇ ਪ੍ਰਕਾਰ ਉਸ ਦਾ ਦਰਸ਼ਨ ਦੇਖਿਆ ਨਹੀਂ ਜਾਂਦਾ। ਗੁਰਾਂ ਨੇ ਕਿਰਪਾ ਕਰਕੇ ਆਪ ਹੀ ਉਸ ਦਾ ਦਰਸ਼ਨ ਕਰਾ ਦਿੱਤਾ ਹੈ।

ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ ॥ ੫ ॥

ਆਪੇ ਆਪਿ=ਸੁਤੰਤ੍ਰ ਜੋ ਪ੍ਰਮੇਸ਼ਰ ਹੈ ਉਹ ਆਪ ਹੀ ਸਾਰਿਆਂ ਨਾਲ ਮਿਲ ਰਿਹਾ ਹੈ।

ਅਥਵਾ:-ਉਹ ਪ੍ਰਭੂ ਆਪ ਹੀ ਆਪਣੇ ਤੋਂ ਜਗਤ ਬਣਾ ਕੇ ਆਪੇ ਇਸ ਵਿਚ ਮਿਲ ਰਿਹਾ ਹੈ, ਉਹ ਸਹਜਿ=ਸ਼ਾਂਤਿ ਸਰੂਪ ਪ੍ਰਮਾਤਮਾ ਵਿਚ ਸਹਜੇ=ਗਿਆਨ ਕਰਕੇ ਸਮਾਂਵਦਾ ਹੈ॥ ੫ ॥

ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥
ਦੂਜਾ ਭਰਮੁ ਗੁਰ ਸਬਦਿ ਜਲਾਏ ॥

ਜਿਹੜਾ ਮਨੁੱਖ ਗੁਰਮੁਖ ਹੁੰਦਾ ਹੈ ਉਹ ਇਕ ਪ੍ਰਭੂ ਨਾਲ ਬਿਰਤੀ ਜੋੜਦਾ ਹੈ, ਅਤੇ ਗੁਰ ਉਪਦੇਸ਼ ਦੁਆਰਾ ਦ੍ਵੈਤ ਭਾ ਤੇ ਭਰਮ ਨੂੰ ਸਾੜਦਾ ਹੈ।

ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥ ੬ ॥

ਇਸ ਕਾਇਆਂ ਦੇ ਅੰਦਰ ਹੀ ਜੋ ਵਪਾਰੀ ਹੋ ਕੇ ਸ਼ੁਭ ਗੁਣਾਂ ਦਾ ਵਣਜੁ=ਵਪਾਰ ਕਰਦਾ ਹੈ, ਉਹ ਸੱਚੇ ਨਾਮ ਖਜ਼ਾਨੇ ਨੂੰ ਪਾ ਲੈਂਦਾ ਹੈ॥ ੬ ॥

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥

ਗੁਰਮੁਖ ਜਨ ਹਰੀ ਦੀ ਕੀ਼ਰਤੀ ਰੂਪ ਸਾਰੁ=ਸ੍ਰੇਸ਼ਟ ਕਰਨੀ ਨੂੰ ਕਰਦੇ ਹਨ, ਗੁਰਮੁਖ ਹੀ ਮੁਕਤੀ ਦੇ ਦੁਆਰੇ ਗਿਆਨ ਨੂੰ ਪਾਂਦੇ ਹਨ।

ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥ ੭ ॥

ਜੋ ਰਾਤ ਦਿਨ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹਰੀ ਦੇ ਗੁਣ ਗਾਉਂਦਾ ਹੈ, ਉਸ ਨੂੰ ਹਰੀ ਮਹਲਿ=ਸਰੂਪ ਅੰਦਰ ਬੁਲਾ ਲੈਂਦਾ ਹੈ॥ ੭ ॥

ਸਤਿਗੁਰੁ ਦਾਤਾ ਮਿਲੈ ਮਿਲਾਇਆ ॥ ਪੂਰੈ ਭਾਗਿ ਮਨਿ ਸਬਦੁ ਵਸਾਇਆ ॥

ਸਤਿਗੁਰਾਂ ਦਾ ਮਿਲਾਇਆ ਹੋਇਆ ਦਾਤਾ ਪ੍ਰਭੂ ਮਿਲਦਾ ਹੈ। ਪੂਰਿਆਂ ਭਾਗਾਂ ਵਾਲੇ ਨੇ ਮਨ ਵਿਚ ਗੁਰ ਸ਼ਬਦ ਨੂੰ ਵਸਾਇਆ ਹੈ।

ਨਾਨਕ ਨਾਮੁ ਮਿਲੈ ਵਡਿਆਈ
ਹਰਿ ਸਚੇ ਕੇ ਗੁਣ ਗਾਵਣਿਆ ॥ ੮ ॥ ੯ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਜਪਣ ਕਰਕੇ ਅਤੇ ਸੱਚੇ ਹਰੀ ਦੇ ਗੁਣ ਗਾਉਣ ਕਰਕੇ ਦਰਗਾਹ ਵਿਚ ਮਨੁੱਖ ਨੂੰ ਵਡਿਆਈ ਮਿਲਦੀ ਹੈ॥ ੮ ॥ ੯ ॥ ੧੦ ॥

ਮਾਝ ਮਹਲਾ ੩ ॥

ਆਪੁ ਵੰਞਾਏ ਤਾ ਸਭ ਕਿਛੁ ਪਾਏ ॥ ਗੁਰ ਸਬਦੀ ਸਚੀ ਲਿਵ ਲਾਏ ॥

ਜਿਵੇਂ ਗੁਰ ਸਬਦੀਏ ਸਬਦ ਦੁਆਰਾ ਸੱਚੀ ਲਿਵ ਲਗਾਂਦੇ ਹਨ, ਤਿਵੇਂ ਗੁਰ ਸਬਦ ਦੁਆਰਾ ਆਪਾ ਭਾ ਹੰਕਾਰ ਨੂੰ ਵੰਞਾਏ=ਗਵਾਏ (ਦੂਰ) ਕਰੇ ਤਾਂ ਸਭ ਕੁਝ ਸ਼ੁਭ ਗੁਣਾਂ ਨੂੰ ਪਾ ਲੈਂਦਾ ਹੈ।

ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥ ੧ ॥

ਜੋ ਆਪ ਗੁਰਾਂ ਪਾਸੋਂ ਸੱਚ ਨਾਮ ਨੂੰ ਵਣੰਜਹਿ=ਖਰੀਦਦਾ ਹੈ, ਤੇ ਹਿਰਦੇ ਵਿਚ ਸੱਚ ਨੂੰ ਹੀ ਸੰਘਰਹਿ=ਇਕਤ੍ਰ ਕਰਦਾ ਹੈ, ਉਹ ਹੋਰਨਾਂ ਪਾਸੋਂ ਭੀ ਸੱਚ ਨਾਮ ਦਾ ਵਪਾਰ ਕਰਾਉਂਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰ ਕੇ ਵਾਰਨੇ ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ ਜੋ ਰਾਤ ਦਿਨ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

ਹਉ ਤੇਰਾ ਤੂੰ ਠਾਕੁਰੁ ਮੇਰਾ
ਸਬਦਿ ਵਡਿਆਈ ਦੇਵਣਿਆ ॥ ੧ ॥ ਰਹਾਉ ॥

ਹੇ ਪ੍ਰਭੂ ! ਮੈਂ ਆਪ ਜੀ ਦਾ ਦਾਸ ਹਾਂ, ਤੂੰ ਮੇਰਾ ਸੁਆਮੀ ਹੈਂ, ਜੋ ਗੁਰ ਉਪਦੇਸ਼ ਵਿਚ ਲਗੇ ਹਨ ਤੂੰ ਉਨ੍ਹਾਂ ਨੂੰ ਵਡਿਆਈ ਦੇਂਦਾ ਹੈ॥ ੧ ॥ ਰਹਾਉ ॥

ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥

ਉਹ ਵੇਲਾ ਦਿਨ ਦਾ ਤੇ ਵਖਤ ਰਾਤ ਦਾ ਸਾਰਾ ਹੀ ਸੁਹਾਇਆ=ਸੋਭਨੀਕ ਭਾਵ ਸਫਲਾ ਹੈ, ਜਿਸ ਵੇਲੇ ਸੱਚਾ ਪ੍ਰਭੂ ਮੇਰੇ ਮਨ ਵਿਚ ਭਾ ਗਿਆ ਹੈ।

ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥ ੨ ॥

ਸਚੇ ਸੇਵਿਐ=ਸੱਚ ਨਾਮ ਜਪਣ ਕਰਕੇ ਸੱਚੀ ਵਡਿਆਈ ਹੁੰਦੀ ਹੈ ਪਰ ਗੁਰਾਂ ਦੀ ਕਿਰਪਾ ਨਾਲ ਹੀ ਸੱਚ ਨਾਮ ਪਾਇਆ ਜਾਂਦਾ ਹੈ॥ ੨ ॥

ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸ ਮੰਨਿ ਵਸਾਏ ॥

ਭਾਉ=ਗਿਆਨ ਰੂਪ ਭੋਜਨ ਸਤਿਗੁਰਾਂ ਦੀ ਤੁਠੈ=ਪ੍ਰਸੰਨਤਾ ਤੋਂ ਪ੍ਰਾਪਤ ਹੁੰਦਾ ਹੈ, ਮਨ ਵਿਚ ਹਰੀ ਰਸ ਵਸਾਣ ਕਰਕੇ ਅਨ=ਹੋਰ ਦੁਨੀਆਂ ਦੇ ਰਸ ਚੂਕੈ=ਦੂਰ ਹੋ ਜਾਂਦੇ ਹਨ।

ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥ ੩ ॥

ਪੂਰਿਆਂ ਗੁਰਾਂ ਦੀ ਬਾਣੀ ਤੋਂ ਹੀ ਸੱਚ, ਸੰਤੋਖ, ਤੇ ਅਚੁਤ ਸੁਖ ਪਾਇਆ ਜਾਂਦਾ ਹੈ।

*ਅਥਵਾ:-*ਸਚੁ ਬਾਣੀ=ਸੱਚ ਨਾਮ ਬਾਣੀ ਨਾਲ ਸੰਤੋਖ ਦੇ ਸਹਿਤ ਸਹਜ=ਆਤਮ ਸੁਖ ਹੁੰਦਾ ਹੈ, ਅਤੇ ਨਾਮ ਪੂਰਿਆਂ ਗੁਰਾਂ ਤੋਂ ਪਾਇਆ ਜਾਂਦਾ ਹੈ॥ ੩ ॥

ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥
ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥

ਜੋ ਅੰਧੇ ਅਗਿਆਨੀ ਮੂਰਖ ਗਵਾਰਾ=ਚੰਡਾਲ ਸਤਿਗੁਰਾਂ ਦੀ ਸੇਵਾ ਨਹੀਂ ਕਰਦੇ, ਉਹ ਫਿਰ ਕਿਸ ਤਰ੍ਹਾਂ ਵਾ ਕਿਸ ਜਗ੍ਹਾ ਤੋਂ ਮੁਕਤੀ ਦਾ ਦਰਵਾਜ਼ਾ ਬ੍ਰਹਮ ਗਿਆਨ ਪਾਉਣਗੇ।

ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥ ੪ ॥

ਇਕ ਵਾਰ ਮਰ ਕੇ, ਮੁੜ ਮੁੜ ਕੇ ਜੰਮਣ ਮਰਨ ਵਿਚ ਆਉਣਗੇ, ਅਤੇ ਜਮਾਂ ਦੇ ਦਰਬਾਰ ਵਿਚ ਚੋਟਾ=ਸੱਟਾਂ ਭਾਵ ਮਾਰਾਂ ਖਾਣਗੇ॥ ੪ ॥

ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥
ਨਿਰਮਲ ਬਾਣੀ ਸਬਦਿ ਵਖਾਣਹਿ ॥

ਗੁਰ ਸ਼ਬਦ ਦੇ ਸ੍ਵਾਦ ਨੂੰ ਜਾਣੇ ਤਾਂ ਆਪਣੇ ਸਰੂਪ ਨੂੰ ਪਛਾਣਦਾ ਹੈ, ਸ਼ਬਦ ਬਾਣੀ ਨੂੰ ਕਥਨ ਕਰੇ ਤਾਂ ਮਨ ਸ਼ੁੱਧ ਹੁੰਦਾ ਹੈ।

ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥ ੫ ॥

ਸੱਚੇ ਗੁਰਾਂ ਨੂੰ ਸੇਵ ਕੇ ਜੋ ਨੌਂ ਨਿਧਾਂ ਰੂਪ ਨਾਮ ਨੂੰ ਮਨ ਵਿਚ ਵਸਾਂਦੇ ਹਨ, ਉਹ ਸਦਾ ਆਤਮ ਸੁੱਖ ਨੂੰ ਪਾਂਦੇ ਹਨ॥ ੫ ॥

ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥
ਸਤਸੰਗਤਿ ਬਹਿ ਹਰਿ ਗੁਣ ਗਾਇਆ ॥

ਉਹ ਸਰੀਰ ਥਾਨ ਸ਼ੋਭਨੀਕ ਭਾਵ ਸਫਲਾ ਹੈ ਜੋ ਮਨਿ=ਸ਼ਰੋਮਣੀ ਹਰੀ ਨੂੰ ਭਾਇਆ=ਚੰਗਾ ਲੱਗਾ ਹੈ, ਜਿਸ ਨੇ ਸਤਿਸੰਗਤ ਵਿਚ ਬੈਠ ਕੇ ਹਰੀ ਗੁਣਾਂ ਨੂੰ ਗਾਇਣ ਕੀਤਾ ਹੈ ਓਹੀ ਸ਼ਰੋਮਣੀ ਹਰੀ ਨੂੰ ਭਾਉਂਦਾ ਹੈ।

ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥ ੬ ॥

ਜੋ ਰਾਤ ਦਿਨ ਹਰੀ ਸੱਚੇ ਨੂੰ ਸਲਾਹੁੰਦਾ ਹੈ ਉਸ ਨੂੰ ਨਿਰਮਲੁ ਨਾਦੁ=ਬ੍ਰਹਮ ਵਜਾਵਣਿਆ=ਪ੍ਰਗਟ ਹੋ ਆਇਆ ਹੈ॥ ੬ ॥

[ਪੰਨਾ ੧੧੬]

ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥

ਮਨਮੁਖਾਂ ਪਾਸ ਅਸ਼ਰਧਾ ਰੂਪ ਖੋਟੀ ਰਾਸਿ=ਪੂੰਜੀ ਹੈ, ਅਤੇ ਜੋ ਕਰਮਾਂ ਦਾ ਪਸਾਰਾ ਖਿਲਾਰਦੇ ਹਨ ਉਹ ਭੀ ਖੋਟਾ ਹੈ। ਝੂਠ ਨੂੰ ਕਮਾਂਦੇ ਹਨ ਵਾ ਕੂੜਾ ਧਨ ਕਮਾਉਂਦੇ ਹਨ ਇਸ ਲਈ ਭਾਰਾ=ਵੱਡਾ ਦੁੱਖ ਲੱਗਦਾ ਹੈ।

ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥ ੭ ॥

ਉਹ ਦਿਨ ਰਾਤ ਭਰਮ ਵਿਚ ਭੁੱਲੇ ਫਿਰਦੇ ਹਨ, ਅਤੇ ਜਨਮ ਮਰਨ ਦੇ ਗੇੜ ਵਿਚ ਪੈ ਕੇ ਉਨ੍ਹਾਂ ਨੇ ਆਪਣੇ ਜਨਮ ਨੂੰ ਨਿਸਫਲ ਗਵਾ ਲਿਆ ਹੈ॥ ੭ ॥

ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥

ਉਹ ਸੱਚਾ ਸਾਹਿਬ ਮੈਨੂੰ ਅਤਿ=ਬੜਾ ਪਿਆਰਾ ਲਗ ਰਿਹਾ ਹੈ, ਪੂਰਿਆਂ ਗੁਰਾਂ ਦੇ ਉਪਦੇਸ਼ ਦੁਆਰਾ ਮੈਨੂੰ ਉਸ ਦਾ ਅਧਾਰਾ=ਆਸਰਾ ਮਿਲਿਆ ਹੈ।

ਨਾਨਕ ਨਾਮਿ ਮਿਲੈ ਵਡਿਆਈ
ਦੁਖੁ ਸੁਖੁ ਸਮ ਕਰਿ ਜਾਨਣਿਆ ॥ ੮ ॥ ੧੦ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਦੁੱਖ ਸੁਖ ਨੂੰ ਇਕ ਸਮਾਨ ਜਾਨਣਾ ਕੀਤਾ ਹੈ, ਉਸ ਨੂੰ ਨਾਮੀ ਪ੍ਰਭੂ ਦੇ ਦਰਬਾਰ ਵਿਚ ਵਡਿਆਈ ਮਿਲਦੀ ਹੈ॥ ੮ ॥ ੧੦ ॥ ੧੧ ॥

ਮਾਝ ਮਹਲਾ ੩ ॥
ਤੇਰੀਆ ਡਾਣੀ ਤੇਰੀਆ ਬਾਣੀ ॥ ਬਿਨੁ ਨਾਵੈ ਸਭ ਭਰਮਿ ਭੁਲਾਣੀ ॥

ਹੇ ਪ੍ਰਭੂ ! ਅੰਡਜ, ਜੇਰਜ, ਸੇਤਜ, ਉਤਭੁਜ ਰੂਪ ਚਾਰ ਖਾਣੀਆਂ ਭੀ ਤੇਰੀਆਂ ਰਚੀਆਂ ਹੋਈਆਂ ਹਨ। ਅਤੇ ਪਰਾ, ਪਸੰਤੀ, ਮਧੁਮਾ, ਤੇ ਬੈਖਰੀ ਰੂਪ ਚਾਰ ਬਾਣੀਆਂ ਭੀ ਤੇਰੀਆਂ ਰਚੀਆਂ ਹੋਈਆਂ ਹਨ। ਨਾਮ ਸਿਮਰਨ ਤੋਂ ਬਿਨਾਂ ਸਾਰੀ ਦੁਨੀਆਂ ਭਰਮ ਵਿਚ ਭੁੱਲੀ ਹੋਈ ਹੈ।

ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥ ੧ ॥

ਗੁਰਾਂ ਦੀ ਸੇਵਾ ਤੋਂ ਹਰੀ ਨਾਮ ਪਾਇਆ ਜਾਂਦਾ ਹੈ, ਸਤਿਗੁਰਾਂ ਤੋਂ ਬਿਨਾਂ ਪ੍ਰਭੂ ਦੇ ਪਾਉਣ ਦਾ ਹੋਰ ਕੋਈ ਰਸਤਾ ਨਹੀਂ ਹੈ॥ ੧ ॥

ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨਾਲ ਚਿੱਤ ਨੂੰ ਲਗਾਣਾ ਕੀਤਾ ਹੈ।

ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥ ੧ ॥ ਰਹਾਉ ॥

ਗੁਰਾਂ ਦੁਆਰੇ ਭਗਤੀ ਕਰਨ ਨਾਲ ਹਰੀ ਸੱਚਾ ਪ੍ਰਾਪਤ ਹੁੰਦਾ ਹੈ, ਜਿਸ ਨੇ ਭਗਤੀ ਕੀਤੀ ਹੈ ਉਸ ਨੇ ਸਹਜੇ ਹੀ ਮਨ ਵਿਚ ਹਰੀ ਨੂੰ ਵਸਾਣਾ ਕੀਤਾ ਹੈ॥ ੧ ॥ ਰਹਾਉ ॥

ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥

ਸਤਿਗੁਰਾਂ ਦੀ ਸੇਵਾ ਕਰੇ ਤਾਂ ਸਭ ਕੁਝ ਪਾ ਲੈਂਦਾ ਹੈ। ਜੇਹੋ ਜੇਹੀ ਮਨਸਾ=ਵਾਸ਼ਨਾ (ਇੱਛਾ) ਕਰਕੇ ਸੇਵਾ ਵਿਚ ਲਗਦਾ ਹੈ ਤੇਹੋ ਜੇਹਾ ਫਲ ਪਾ ਲੈਂਦਾ ਹੈ।

ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥ ੨ ॥

ਸਤਿਗੁਰ ਦੇਵ ਜੀ ਸਭ ਵਸਤੂਆਂ ਦੇ ਦਾਤੇ ਹਨ, ਪਰ ਪੂਰਿਆਂ ਭਾਗਾਂ ਨਾਲ ਸਤਿਗੁਰਾਂ ਦਾ ਮਿਲਾਪ ਹੁੰਦਾ ਹੈ॥ ੨ ॥

ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥

ਇਹ ਮੈਲਾ ਮਨ ਇਕ ਪ੍ਰਭੂ ਨੂੰ ਧਿਆਉਂਦਾ ਨਹੀਂ ਹੈ, ਕਿਉਂਕਿ ਇਸ ਦੇ ਅੰਦਰ ਦ੍ਵੈਤ ਭਾ ਦੀ ਬਹੁਤ ਮੈਲ ਲਗੀ ਹੋਈ ਹੈ।

ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ
ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥ ੩ ॥

ਹੰਕਾਰੀ ਪੁਰਸ਼ ਤੀਰਥਾਂ ਦੇ ਕਿਨਾਰੇ ਕਿਨਾਰੇ ਅਤੇ ਦੇਸਾਂਤਰਾਂ ਵਿਚ ਭਵੈ=ਫਿਰ ਕੇ ਸਗੋਂ ਹੋਰ ਵਧੇਰੇ ਹਉਮੈ ਦੀ ਮੈਲ ਲਗਾਈ ਜਾਂਦਾ ਹੈ॥ ੩ ॥

ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥

ਸਤਿਗੁਰਾਂ ਦੀ ਸੇਵਾ ਕਰਕੇ ਤੇ ਜੀਵਤ ਭਾ ਤੋਂ ਮਰ ਕੇ ਹਰੀ ਨਾਲ ਚਿੱਤ ਬਿਰਤੀ ਲਗਾਵੇ ਤਾਂ ਹਉਮੈ ਦੀ ਮੈਲ ਨਵਿਰਤ ਹੁੰਦੀ ਹੈ।

ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥ ੪ ॥

ਹਰੀ ਸੱਚਾ ਨਿਰਮਲ ਹੈ, ਉਸ ਨੂੰ ਕੋਈ ਮੈਲ ਨਹੀਂ ਲਗਦੀ, ਜੋ ਉਸ ਦੇ ਸੱਚ ਨਾਮ ਵਿਚ ਲਗਦਾ ਹੈ ਉਹ ਰਾਗ ਦ੍ਵੈਸ਼ ਰੂਪੀ ਮੈਲ ਨੂੰ ਗੁਆ ਲੈਂਦਾ ਹੈ॥ ੪ ॥

ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥

ਸੱਚੇ ਗੁਰਾਂ ਤੋਂ ਬਿਨਾ ਅੰਧ ਗੁਬਾਰਾ=ਘੋਰ ਹਨੇਰਾ ਬਣਿਆ ਰਹਿੰਦਾ ਹੈ। ਅੰਨ੍ਹੇ ਅਗਿਆਨੀ ਨੂੰ ਮਨਮੁਖਤਾ ਰੂਪ ਹਨੇਰੇ ਕਰਕੇ ਅੰਧਕਾਰ ਹੀ ਰਹਿੰਦਾ ਹੈ।

ਬਿਸਟਾ ਕੇ ਕੀੜੇ ਬਿਸਟਾ ਕਮਾਵਹਿ
ਫਿਰਿ ਬਿਸਟਾ ਮਾਹਿ ਪਚਾਵਣਿਆ ॥ ੫ ॥

ਪਹਿਲੇ ਭੀ ਮਾਂ ਦੇ ਉਦਰ ਵਿਚ ਗੰਦਗੀ ਦੇ ਕੀੜੇ ਸਨ, ਹੁਣ ਵਿਸ਼ੇ ਵਿਕਾਰਾਂ ਰੂਪ ਗੰਦਗੀ ਨੂੰ ਭੋਗਦੇ ਹਨ, ਅੰਤ ਨੂੰ ਮਰ ਕੇ ਫਿਰ ਕੁੰਭੀ ਨਰਕ ਰੂਪ ਗੰਦਗੀ ਵਿਚ ਪੈ ਕੇ ਪਚਾਵਣਿਆ=ਖਰਾਬ ਹੁੰਦੇ ਹਨ॥ ੫ ॥

ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥

ਜੋ ਮੁਕਤ ਰੂਪ ਗੁਰਾਂ ਨੂੰ ਸੇਂਵਦਾ ਹੈ, ਉਹ ਮੁਕਤ ਰੂਪ ਹੁੰਦਾ ਹੈ, ਗੁਰ ਸ਼ਬਦ ਦੁਆਰੇ ਹੰਗਤਾ ਮਮਤਾ ਨੂੰ ਖੋਵੈ=ਦੂਰ ਕਰੇ।

ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥ ੬ ॥

ਪੂਰਿਆਂ ਭਾਗਾਂ ਦੁਆਰੇ ਗੁਰਾਂ ਨੂੰ ਪਾ ਕੇ ਰਾਤ ਦਿਨ ਸੱਚੇ ਹਰਿ ਜੀ ਨੂੰ ਸੇਵਣਾ ਕਰੇ॥ ੬ ॥

ਆਪੇ ਬਖਸੇ ਮੇਲਿ ਮਿਲਾਏ ॥ ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥

ਜਿਸ ਨੂੰ ਆਪ ਪ੍ਰਭੂ ਬਖਸ਼ਦਾ ਹੈ ਉਸ ਨੂੰ ਗੁਰਾਂ ਦੇ ਮੇਲ ਨਾਲ ਮਿਲਾਂਦਾ ਹੈ, ਫਿਰ ਉਹ ਪੂਰੇ ਗੁਰਾਂ ਪਾਸੋਂ ਨਾਮ ਰੂਪ ਨਿਧੀ ਨੂੰ ਪਾਂਦਾ ਹੈ।

ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥ ੭ ॥

ਸੱਚੇ ਨਾਮ ਵਿਚ ਲਗ ਕੇ, ਵਾ ਸੱਚੇ ਨਾਮੀ ਨੂੰ ਪਾ ਕੇ ਮਨ ਸਦਾ ਹੀ ਸੱਚਾ ਰਹਿੰਦਾ ਹੈ, ਅਤੇ ਸੱਚ ਨੂੰ ਸੇਵਕੇ ਉਹ ਦੁਖਾਂ ਨੂੰ ਗੁਆ ਦੇਂਦਾ ਹੈ।

ਅਥਵਾ:-ਸੱਚ ਦੀ ਸੇਵਾ ਸਾਰੇ ਦੁਖਾਂ ਨੂੰ ਗੁਆ ਦੇਂਦੀ ਹੈ॥ ੭॥

ਸਦਾ ਹਜੂਰਿ ਦੂਰਿ ਨ ਜਾਣਹੁ॥ ਗੁਰ ਸਬਦੀ ਹਰਿ ਅੰਤਰਿ ਪਛਾਣਹੁ॥

ਪ੍ਰਭੂ ਸਦਾ ਹਾਜ਼ਰਾ ਹਜ਼ੂਰ ਹੈ ਉਸ ਨੂੰ ਦੂਰ ਨਾ ਜਾਣੋ। ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨੂੰ ਅੰਦਰ ਹੀ ਪਛਾਨਣਾ ਕਰੋ।

ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ॥੮॥੧੧॥੧੨॥

ਗੁਰੂ ਜੀ ਕਥਨ ਕਰਦੇ ਹਨ-ਨਾਮੀ ਦੇ ਨਾਮ ਜਪਣ ਵਾਲੇ ਨੂੰ ਵਡਿਆਈ ਮਿਲਦੀ ਹੈ, ਪਰ ਨਾਮ ਪੂਰਿਆਂ ਗੁਰਾਂ ਪਾਸੋਂ ਪਾਇਆ ਜਾਂਦਾ ਹੈ॥ ੮॥ ੧੧॥ ੧੨॥

ਮਾਝ ਮਹਲਾ ੩॥

ਐਥੈ ਸਾਚੇ ਸੁ ਆਗੈ ਸਾਚੇ॥ ਮਨੁ ਸਚਾ ਸਚੈ ਸਬਦਿ ਰਾਚੇ॥

ਜੋ ਪੁਰਸ਼ ਐਥੈ=ਇਸ ਲੋਕ ਵਿਚ ਸੱਚੇ ਨਾਮ ਨੂੰ ਜਪਦੇ ਹਨ, ਉਹ ਆਗੈ=ਪ੍ਰਲੋਕ ਵਿਚ ਸੱਚੇ ਹੁੰਦੇ ਹਨ। ਉਹ ਮਨ ਸੱਚਾ ਹੈ ਜੋ ਸੱਚੇ ਗੁਰਾਂ ਦੇ ਉਪਦੇਸ਼ ਵਿਚ ਰਚ ਜਾਂਦਾ ਹੈ।

ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ॥ ੧॥

ਉਹ ਤਨ ਕਰਕੇ ਸੱਚ ਨੂੰ ਸੇਂਵਦੇ ਹਨ, ਬਾਣੀ ਕਰਕੇ ਸੱਚ ਨੂੰ ਕਮਾਉਂਦੇ ਹਨ, ਅਤੇ ਮਨ ਕਰਕੇ ਸੱਚ ਹੀ ਸੱਚ ਨੂੰ ਕਮਾਉਂਦੇ ਹਨ।

ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ॥

ਮੈਂ ਉਨ੍ਹਾ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਮਨ ਵਿਚ ਸੱਚਾ ਨਾਮ ਵਸਾਣਾ ਕੀਤਾ ਹੈ।

ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ॥ ੧॥ ਰਹਾਉ॥

ਜੋ ਮਨੁੱਖ ਸੱਚੇ ਗੁਰਾਂ ਨੂੰ ਸੇਵ ਕੇ ਸੱਚੇ ਪ੍ਰਭੂ ਦੇ ਗੁਣਾਂ ਨੂੰ ਗਾਂਵਦੇ ਹਨ ਉਹ ਸੱਚ ਸਰੂਪ ਵਿਚ ਅਭੇਦ ਹੁੰਦੇ ਹਨ॥ ੧॥ ਰਹਾਉ॥

ਪੰਡਿਤ ਪੜਹਿ ਸਾਦੁ ਨ ਪਾਵਹਿ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ॥

ਪੰਡਿਤ ਲੋਕ ਸ਼ਾਸਤ੍ਰਾਂ ਨੂੰ ਪੜ੍ਹਦੇ ਹੰਨ, ਪਰ ਉਨ੍ਹਾਂ ਦਾ ਸਾਦੁ=ਰਸ ਨਹੀਂ ਪਾਂਦੇ।

ਅਥਵਾ:-ਨਾਮ ਦਾ ਸੁਆਦ ਨਹੀਂ ਪਾਂਦੇ। ਦ੍ਵੈਤ ਭਾ ਕਰਕੇ ਮਾਇਆ ਵਿਚ ਮਨ ਨੂੰ ਭਰਮਾਂਦੇ ਹਨ।

ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ॥ ੨॥

ਮਾਇਆ ਦੇ ਮੋਹ ਨੇ ਉਨ੍ਹਾਂ ਦੀ ਸਾਰੀ ਸੁਰਤ ਗੁਆ ਦਿੱਤੀ ਹੈ, ਹੁਣ ਤਾਂ ਔਗੁਣ ਕਰਦੇ ਹਨ ਪਰ ਅੰਤ ਨੂੰ ਪਸਚਾਤਾਪ ਕਰਨਗੇ॥ ੨॥

ਸਤਿਗੁਰੁ ਮਿਲੈ ਤਾ ਤਤੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥

ਸਤਿਗੁਰਾਂ ਨਾਲ ਮਿਲ ਕੇ ਹਰੀ ਦਾ ਨਾਮ ਮਨ ਵਿਚ ਵਸਾਉਣਾ ਕਰੇ ਤਾਂ ਤਤੁ=ਸਿਧਾਂਤ ਰੂਪ ਪ੍ਰਭੂ ਨੂੰ ਪਾਂਦਾ ਹੈ।

[ਪੰਨਾ ੧੧੭]

ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥ ੩ ॥

ਮਾਰਨ ਵਾਲੇ ਗੁਰਾਂ ਦੇ ਉਪਦੇਸ਼ ਦੁਆਰਾ ਆਪਣੇ ਮਨ ਨੂੰ ਮਾਰਨਾ ਕਰੇ, ਤਾਂ ਹੀ ਮੁਕਤੀ ਦਾ ਦਰਵਾਜ਼ਾ ਗਿਆਨ ਪਾਂਵਦਾ ਹੈ।

ਅਥਵਾ:-ਗੁਰ ਸ਼ਬਦ ਦੁਆਰਾ ਜੋ ਆਪਣੇ ਮਨ ਨੂੰ ਮਾਰ ਕੇ ਮੋਏ ਹਨ ਉਹ ਮੁਕਤੀ ਦੇ ਦਰਵਾਜ਼ੇ ਗਿਆਨ ਨੂੰ ਪਾਂਵਦੇ ਹਨ॥ ੩ ॥

ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥

ਗੁਰਾਂ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਧਾਰਨ ਕਰ ਰੱਖੇ, ਤੇ ਕ੍ਰੋਧ ਨੂੰ ਨਵਿਰਤ ਕਰੇ ਤਾਂ ਸਾਰੇ ਕਿਲਵਿਖ (ਪਾਪ) ਕੱਟੇ ਜਾਂਦੇ ਹਨ।

ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥ ੪ ॥

ਜੋ ਵੈਰਾਗੀ ਪੁਰਸ਼ ਸੰਸਾਰ ਤੋਂ ਵੈਰਾਗਵਾਨ ਹੋ ਕੇ ਸਦਾ ਸੱਚ ਵਿਚ ਰੱਤੇ ਰਹਿੰਦੇ ਹਨ, ਉਨ੍ਹਾਂ ਨੇ ਹੰਗਤਾ ਨੂੰ ਮਾਰ ਕੇ ਆਪਣੇ ਆਪ ਨੂੰ ਪ੍ਰਭੂ ਨਾਲ ਮਿਲਾਣਾ ਕੀਤਾ ਹੈ॥ ੪ ॥

ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥

ਰਤਨ ਰੂਪ ਪ੍ਰਮਾਤਮਾ ਅੰਤਹਕਰਨ ਵਿਚ ਹੈ ਪਰ ਗੁਰਾਂ ਦਾ ਮਿਲਾਇਆ ਹੋਇਆ ਮਿਲਦਾ ਹੈ। ਕਿਉਂਕਿ ਗੁਰਾਂ ਤੋਂ ਬਿਨਾਂ ਰਾਜਸੀ ਸ਼ਾਤਕੀ ਤਾਮਸੀ ਰੂਪ ਜੋ ਤਿੰਨ ਪ੍ਰਕਾਰ ਦੀ ਮਾਇਆ ਹੈ ਉਸ ਦੀ ਮਨਸਾ=ਵਾਸ਼ਨਾ ਭੀ ਤਿੰਨ ਪ੍ਰਕਾਰ ਦੀ ਲਗ ਰਹੀ ਹੈ।

ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥ ੫ ॥

ਪੰਡਿਤ ਲੋਕ ਪੋਥੀਆਂ ਨੂੰ ਪੜ੍ਹ ਪੜ੍ਹ ਕੇ ਮੋਨੀ ਮੌਨ ਨੂੰ ਧਾਰ ਕੇ ਥੱਕ ਗਏ ਹਨ। ਪਰ ਚਉਥੇ ਪਦ=ਤੁਰੀਆ ਪਦ ਦੀ ਖਬਰ ਕਿਸੇ ਨੇ ਭੀ ਨਹੀਂ ਪਾਣਾ ਕੀਤੀ॥ ੫ ॥

ਆਪੇ ਰੰਗੇ ਰੰਗੁ ਚੜਾਏ ॥ ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥

ਜਿਨ੍ਹਾਂ ਨੂੰ ਆਪ ਰੰਗਿਆ ਚਾਹੁੰਦਾ ਹੈ ਉਨ੍ਹਾਂ ਨੂੰ ਨਾਮ ਭਗਤੀ ਰੂਪੀ ਰੰਗ ਚੜ੍ਹਾਂਦਾ ਹੈ। ਜੋ ਗੁਰ ਉਪਦੇਸ਼ ਰੂਪ ਰੰਗ ਵਿਚ ਰੰਗਾਏ ਹਨ ਉਹ ਜਨ ਪ੍ਰਭੂ ਵਿਚ ਰੱਤੇ ਹਨ।

ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥ ੬ ॥

ਉਨ੍ਹਾਂ ਨੂੰ ਅਪਾਰ ਹਰੀ ਦਾ ਅਤਿ=ਬਹੁਤਾ ਰੰਗ ਚੜ੍ਹਿਆ ਹੈ, ਜੋ ਰਸਿ=ਪ੍ਰੇਮ ਵਿਚ ਰਸਿ=ਤਦਾਕਾਰ ਹੋ ਕੇ ਹਰੀ ਦੇ ਗੁਣ ਗਾਉਂਦੇ ਹਨ॥ ੬ ॥

ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥
ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥

ਗੁਰਮੁਖਾਂ ਨੇ ਸੋਈ=ਸੋਭਨੀਕ ਸੱਚੇ ਨਾਮ ਨੂੰ ਹੀ ਰਿੱਧੀ ਸਿੱਧੀ ਤੇ ਸੰਜਮ ਨਿਸਚੇ ਕੀਤਾ ਹੈ। ਗੁਰਮੁਖਾਂ ਨੂੰ

ਨਾਮੀ ਦੇ ਗਿਆਨ ਕਰਕੇ ਮੁਕਤੀ ਦੀ ਪ੍ਰਾਪਤੀ ਹੋਈ ਹੈ।

ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥ ੭ ॥

ਗੁਰਮੁਖ ਸੱਚੀ ਭਗਤੀ ਰੂਪ ਕਾਰ ਨੂੰ ਕਮਾਂਦੇ ਹਨ, ਪ੍ਰਭੂ ਤੋਂ ਸੱਚੇ ਹੋ ਕੇ ਸੱਚ ਸਰੂਪ ਵਿਚ ਅਭੇਦ ਹੁੰਦੇ ਹਨ॥ ੭ ॥

ਗੁਰਮੁਖਿ ਥਾਪੇ ਥਾਪਿ ਉਥਾਪੇ ॥ ਗੁਰਮੁਖਿ ਜਾਤਿ ਪਤਿ ਸਭੁ ਆਪੇ ॥

ਗੁਰਮੁਖਾਂ ਨੇ ਇਹ ਜਾਣਿਆ ਹੈ ਕਿ ਪ੍ਰਭੂ ਆਪ ਹੀ ਜਗਤ ਨੂੰ ਥਾਪੇ=ਰਚਦਾ ਹੈ, ਆਪ ਹੀ ਥਾਪਿ=ਪਾਲਦਾ ਹੈ, ਆਪ ਹੀ ਉਥਾਪੇ=ਲਯ ਕਰਦਾ ਹੈ।

ਅਥਵਾ:-ਗੁਰਮੁਖ ਥਾਪੇ ਹੋਏ ਕਾਮ ਆਦਿਕਾਂ ਨੂੰ ਉਥਾਪੇ=ਪੱਟ ਦੇਂਦੇ ਹਨ, ਤੇ ਉਥਾਪੇ ਹੋਏ ਸ਼ੁਭ ਗੁਣਾਂ ਨੂੰ ਥਾਪਦੇ ਹਨ। ਗੁਰਮੁਖਾਂ ਦੀ ਜਾਤੀ ਤੇ ਪੰਗਤੀ ਸਭ ਕੁਝ ਉਹ ਹਰੀ ਆਪ ਹੀ ਹੈ।

ਨਾਨਕ ਗੁਰਮੁਖਿ ਨਾਮੁ ਧਿਆਏ
ਨਾਮੇ ਨਾਮਿ ਸਮਾਵਣਿਆ ॥ ੮ ॥ ੧੨ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਗੁਰਾਂ ਦੁਆਰੇ ਨਾਮ ਨੂੰ ਧਿਆਉਂਦੇ ਹਨ, ਅਤੇ ਨਾਮ ਦੇ ਪ੍ਰਤਾਪ ਕਰਕੇ ਨਾਮੀ ਪ੍ਰਭੂ ਵਿਚ ਅਭੇਦ ਹੁੰਦੇ ਹਨ॥ ੮ ॥ ੧੨ ॥ ੧੩ ॥

ਮਾਝ ਮਹਲਾ ੩ ॥

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥

ਸੰਸਾਰ ਦੀ ਉਤਪਤੀ ਤੇ ਪਰਲੋ,

ਅਥਵਾ-ਪਰਲੋ ਦੀ ਉਤਪਤੀ ਸਬਦੇ=ਬ੍ਰਹਮ ਤੋਂ ਹੁੰਦੀ ਹੈ। ਮਹਾਂ ਪਰਲੋ ਤੋਂ ਬਾਅਦ ਫਿਰ ਭੀ ਸੰਸਾਰ ਦੀ ਉਤਪਤੀ ਸਬਦੇ=ਬ੍ਰਹਮ ਤੋਂ ਹੁੰਦੀ ਹੈ।

ਅਥਵਾ:-ਸ਼ੁਭ ਗੁਣਾਂ ਦੀ ਉਤਪਤੀ ਤੇ ਕਾਮ ਆਦਿਕਾਂ ਦੀ ਪਰਲੋ ਦੀ ਉਤਪਤੀ ਗੁਰ ਸ਼ਬਦ ਕਰਕੇ ਹੁੰਦੀ ਹੈ। ਗੁਰਾਂ ਦੇ ਸ਼ਬਦ ਕਰਕੇ ਹੀ ਫਿਰ ਸ਼ੁਭ ਗੁਣਾਂ ਦੀ ਉਤਪਤੀ ਹੁੰਦੀ ਹੈ।

ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥ ੧ ॥

ਗੁਰਮੁਖ ਜਾਣਦੇ ਹਨ ਕਿ ਸੱਚਾ ਆਪ ਹੀ ਸ਼ਰਬ ਰੂਪ ਹੋ ਕੇ ਸਾਰੇ ਵਰਤ ਰਿਹਾ ਹੈ, ਇਸ ਕਰਕੇ ਗੁਰਮੁਖ ਆਪ ਹੀ ਸ਼ੁਭ ਗੁਣਾਂ ਦੀ ਉਤਪਤੀ ਤੇ ਕਾਮ ਆਦਿਕਾਂ ਦਾ ਸਮਾਵਣਿਆ=ਅਭਾਵ ਕਰਦੇ ਹਨ॥ ੧ ॥

ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ ਜਿਸ ਨੇ ਮਨ ਵਿਚ ਪੂਰਿਆਂ ਗੁਰਾਂ ਦੇ ਉਪਦੇਸ਼ ਨੂੰ ਵਸਾਣਾ ਕੀਤਾ ਹੈ।

ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ
ਗੁਣ ਕਹਿ ਗੁਣੀ ਸਮਾਵਣਿਆ ॥ ੧ ॥ ਰਹਾਉ ॥

ਗੁਰ ਉਪਦੇਸ਼ ਨਾਲ ਮਨ ਨੂੰ ਸ਼ਾਂਤ ਕਰਕੇ ਜੋ ਦਿਨ ਰਾਤ ਭਗਤੀ ਕਰਦਾ ਹੈ, ਉਹ ਗੁਣਾਂ ਨੂੰ ਕਹਿੰਦਾ ਹੋਇਆ ਗੁਣੀ=ਪ੍ਰਮਾਤਮਾ ਵਿਚ ਅਭੇਦ ਹੁੰਦਾ ਹੈ॥ ੧॥ ਰਹਾਉ॥

ਗੁਰਮੁਖਿ ਧਰਤੀ ਗੁਰਮੁਖਿ ਪਾਣੀ॥
ਗੁਰਮਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ॥

ਗੁਰਮੁਖ ਜਨ ਗੁਰਮੁਖਿ=ਗੁਰਾਂ ਦੁਆਰੇ ਜਾਣਦੇ ਹਨ, ਕਿ ਗੁਰ+ਮੁਖਿ=ਅਧਿਸਟਾਨ ਰੂਪ ਚੇਤਨ ਧਰਤੀ ਪਾਣੀ ਪੌਣ ਅਗਨੀ ਆਦਿਕ ਤੱਤਾਂ ਦੁਆਰੇ ਵਿਡਾਣੀ=ਅਸਚਰਜ ਖੇਡਾਂ ਖੇਡ ਰਿਹਾ ਹੈ।

ਅਥਵਾ:-ਗੁਰਮੁਖ ਧਰਤੀ ਵਾਂਗੂੰ ਖਿਮਾਂ ਵਾ ਧੀਰਜਤਾ, ਪੁਨਾ ਗੁਰਮੁਖ ਪਾਣੀ ਵਾਂਗੂੰ ਸੀਤਲਤਾ ਗੁਣ ਨੂੰ ਧਾਰਦੇ ਹਨ। ਪੁਨਾ ਗੁਰਮੁਖ ਪੌਣ ਵਾਂਗੂੰ ਸਮਤਾ, ਅਗਨੀ ਵਾਂਗੂੰ ਕਾਮ ਆਦਿਕਾਂ ਦਾ ਖੈ ਕਰਦੇ ਹਨ। ਅਤੇ ਵਿਡਾਣੀ=ਅਸਚਰਜ ਰੂਪ ਪ੍ਰਮਾਤਮਾ ਵਿਚ ਖੇਡਦੇ ਹਨ।

ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ॥ ੨॥

ਜੋ ਨਿਗੁਰਾ ਪੁਰਸ਼ ਹੈ ਉਹ ਵਾਰੰਵਾਰ ਮਰ ਕੇ ਜੰਮਦਾ ਹੈ, ਨਿਗੁਰੇ ਪੁਰਸ਼ ਦਾ ਆਉਣਾ ਜਾਣਾ ਸੰਸਾਰ ਵਿਚ ਬਣਿਆ ਰਹਿੰਦਾ ਹੈ।

ਤਿਨਿ ਕਰਤੈ ਇਕੁ ਖੇਲੁ ਰਚਾਇਆ॥
ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥

ਤਿਸ ਕਰਤੇ ਪੁਰਖ ਨੇ ਇਕ ਅਜਿਹਾ ਖੇਲ ਬਣਾਇਆ ਹੈ, ਕਾਇਆ=ਬੁੱਧੀ ਅਤੇ ਸਥੂਲ ਸਰੀਰ ਵਿਚ ਸਭ ਕੁਝ ਪਾ ਦਿੱਤਾ ਹੈ।

ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ॥ ੩॥

ਜਿਹੜਾ ਕੋਈ ਗੁਰ ਉਪਦੇਸ਼ ਨੂੰ ਭੇਦਿ=ਜਾਣਦਾ ਹੈ ਉਹ ਮਹਲੁ=ਸਰੂਪ ਨੂੰ ਪਾਂਦਾ ਹੈ। ਅਤੇ ਉਹ ਮਹਲੇ=ਸਰੂਪ ਵਾਲਾ ਗਿਆਨਵਾਨ ਹੋਰਨਾਂ ਉੱਤਮ ਅਧਿਕਾਰੀਆਂ ਨੂੰ ਭੀ ਮਹਲਿ=ਸਰੂਪ ਵਿਚ ਬੁਲਾਂਦਾ ਹੈ॥ ੩॥

ਸਚਾ ਸਾਹੁ ਸਚੇ ਵਣਜਾਰੇ॥ ਸਚੁ ਵਣੰਜਹਿ ਗੁਰ ਹੇਤਿ ਅਪਾਰੇ॥

ਗੁਰੂ ਸਾਹਿਬ ਜੀ ਸੱਚੇ ਸ਼ਾਹ ਹਨ, ਜਗਿਆਸੂ ਸੱਚੇ ਵਣਜਾਰੇ ਹਨ, ਉਹ ਜਗਿਆਸੂ ਗੁਰਾਂ ਨਾਲ ਅਪਾਰ ਹੇਤਿ=ਪ੍ਰੇਮ ਕਰਕੇ ਸੱਚ ਨਾਮ ਰੂਪ ਸੌਦੇ ਨੂੰ ਵਣੰਜਹਿ=ਖਰੀਦਦੇ ਹਨ।

ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ॥ ੪॥

ਸੱਚ ਨਾਮ ਨੂੰ ਵਿਹਾਝਹਿ=ਖਰੀਦਦੇ ਹਨ, ਸੱਚ ਨਾਮ ਨੂੰ ਹੀ ਕਮਾਂਦੇ ਹਨ, ਸਚੁ=ਨਿਸਚੇ ਕਰਕੇ ਸੱਚ ਨਾਮ ਹੀ ਉਨ੍ਹਾਂ ਦੇ ਕੰਮ ਆਉਂਦਾ ਹੈ॥ ੪॥

ਬਿਨੁ ਰਾਸੀ ਕੋ ਵਥੁ ਕਿਉ ਪਾਏ॥ ਮਨਮੁਖ ਭੂਲੇ ਲੋਕ ਸਬਾਏ॥

ਸ਼ਰਧਾ ਰੂਪ ਰਾਸ=ਪੂੰਜੀ ਤੋਂ ਬਿਨਾ ਨਾਮ, ਵਾ ਆਤਮ ਵਸਤੂ ਨੂੰ ਕੋਈ ਕਿਵੇਂ ਪਾ ਸਕਦਾ ਹੈ, ਸਾਰੇ ਮਨਮੁਖ

ਲੋਕ ਇਸ ਵਸਤੂ ਤੋਂ ਭੁੱਲੇ ਫਿਰਦੇ ਹਨ।

ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥ ੫ ॥

ਸ਼ਰਧਾ ਰੂਪ ਰਾਸ ਤੋਂ ਬਿਨਾਂ ਸਾਰੇ ਖਾਲੀ ਚਲਦੇ ਹਨ, ਖਾਲੀ ਜਾ ਕੇ ਨਰਕਾਂ ਦਾ ਦੁਖ ਪਾਣਾ ਕਰਦੇ ਹਨ॥ ੫॥

ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥
ਆਪਿ ਤਰਹਿ ਸਗਲੇ ਕੁਲ ਤਾਰੇ ॥

ਉਹ ਇਕ ਗੁਰਮੁਖ ਸੱਚ ਨਾਮ ਨੂੰ ਖਰੀਦਦੇ ਹਨ ਜਿਨ੍ਹਾਂ ਦਾ ਗੁਰ ਸ਼ਬਦ ਵਿਚ ਪਿਆਰ ਹੈ, ਉਹ ਆਪ ਤਰ ਕੇ ਕੁੱਲ ਦੇ ਸਾਰਿਆਂ ਜੀਵਾਂ ਨੂੰ ਤਾਰ ਲੈਂਦੇ ਹਨ।

ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥ ੬ ॥

ਉਹ ਜਗਤ ਵਿਚ ਆਏ ਹੋਏ ਪ੍ਰਮਾਣੀਕ ਹੋਏ ਹਨ, ਜਿਨ੍ਹਾਂ ਨੇ ਪ੍ਰੀਤਮ=ਗੁਰਾਂ ਨਾਲ ਮਿਲ ਕੇ ਆਤਮ ਸੁੱਖ ਪਾਇਆ ਹੈ॥ ੬॥

ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥

ਆਤਮ ਵਸਤੂ ਅੰਦਰ ਹੈ, ਪਰ ਮੂਰਖ ਪੁਰਸ਼ ਬਾਹਰ ਜੰਗਲਾਂ ਵਿਚ ਢੂੰਡਦਾ ਹੈ, ਅੰਨ੍ਹੇ ਮਨਮੁਖ ਬੇਤਾਲੇ=ਭੂਤਨੇ ਹੋਏ ਫਿਰਦੇ ਹਨ।

ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥ ੭ ॥

ਜਿਸ ਜਗ੍ਹਾ ਸਤਸੰਗ ਵਿਚ ਆਤਮ ਵਸਤੂ ਹੁੰਦੀ ਹੈ, ਤਿਸ ਜਗ੍ਹਾ ਜਾ ਕੇ ਕੋਈ ਪਾਂਦਾ ਨਹੀਂ ਹੈ, ਮਨਮੁਖ ਪੁਰਸ਼ ਭਰਮ ਵਿਚ ਭੁੱਲੇ ਫਿਰਦੇ ਹਨ॥ ੭॥

ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥

ਜਿਸ ਨੂੰ ਪ੍ਰਭੂ ਆਪ ਬੁਲਾ ਕੇ ਗੁਰ ਉਪਦੇਸ਼ ਦੇਂਦਾ ਹੈ, ਉਹ ਮਹਲੀ=ਜਗਿਆਸੂ ਸਹਜ=ਨਿਰਜਤਨ ਹੀ ਮਹਲਿ=ਸਰੂਪ ਸੁੱਖ ਨੂੰ ਪਾਂਦਾ ਹੈ।

ਨਾਨਕ ਨਾਮਿ ਮਿਲੈ ਵਡਿਆਈ
ਆਪੇ ਸੁਣਿ ਸੁਣਿ ਧਿਆਵਣਿਆ ॥ ੮ ॥ ੧੩ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ-ਨਾਮੀ ਦੇ ਨਾਮ ਜਪਣ ਵਾਲਿਆਂ ਨੂੰ ਵਡਿਆਈ ਮਿਲਦੀ ਹੈ, ਉਹ ਪ੍ਰਭੂ ਆਪ ਹੀ ਜਗਿਆਸੂ ਰੂਪ ਹੋ ਕੇ ਸੁਣਿ=ਕੰਨਾਂ ਦੁਆਰੇ ਨਾਮ ਨੂੰ ਸੁਣ ਸੁਣ ਕੇ ਧਿਆਉਣਾ ਕਰਦਾ ਹੈ॥ ੮॥ ੧੩॥ ੧੪॥

[ਪੰਨਾ ੧੧੮]

ਮਾਝ ਮਹਲਾ ੩ ॥

ਸਤਿਗੁਰ ਸਾਚੀ ਸਿਖ ਸੁਣਾਈ ॥ ਹਰਿ ਚੇਤਹੁ ਅੰਤਿ ਹੋਇ ਸਖਾਈ ॥

ਇਹ ਸੱਚੀ ਸਿੱਖਿਆ ਸਤਿਗੁਰਾਂ ਨੇ ਸੁਣਾਈ ਹੈ ਕਿ ਹੇ ਭਾਈ ! ਹਰੀ ਨਾਮ ਨੂੰ ਚੇਤਨਾ ਕਰੋ ਜੋ ਅੰਤਮ

ਵੇਲੇ ਤੁਹਾਡਾ ਸਹਾਈ ਹੋਵੇਗਾ।

ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ ॥ ੧ ॥

ਜੋ ਹਰੀ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ ਅਰਥਾਤ ਇੰਦ੍ਰੇ ਉਸ ਨੂੰ ਵਿਸ਼ੇ ਨਹੀਂ ਕਰ ਸਕਦੇ, ਪੁਨਾ ਜੋ ਅਨਾਥ ਹੈ ਉਸ ਦਾ ਸੁਆਮੀ ਕੋਈ ਨਹੀਂ, ਅਜੋਨੀ=ਜੂਨੀਆਂ ਤੋਂ ਰਹਿਤ ਹੈ ਉਹ ਸਤਿਗੁਰਾਂ ਨਾਲ ਭਾਇ=ਪ੍ਰੇਮ ਕਰਨ ਨਾਲ ਪਾਇਆ ਜਾਂਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਆਪੁ ਨਿਵਾਰਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਆਪਾ ਭਾ ਹੰਕਾਰ ਨੂੰ ਨਿਵਰਤ ਕੀਤਾ ਹੈ।

ਆਪੁ ਗਵਾਏ ਤਾ ਹਰਿ ਪਾਏ
ਹਰਿ ਸਿਉ ਸਹਜਿ ਸਮਾਵਣਿਆ ॥ ੧ ॥ ਰਹਾਉ ॥

ਜਾਂ ਆਪਾ ਭਾ ਹੰਕਾਰ ਨੂੰ ਗਵਾਵੇ ਤਾਂ ਹੀ ਹਰੀ ਨੂੰ ਪਾਂਦਾ ਹੈ, ਅਤੇ ਸਹਜੇ ਹਰੀ ਨਾਲ ਸਮਾਵਣਿਆ =ਅਭੇਦ ਹੁੰਦਾ ਹੈ॥ ੧ ॥ ਰਹਾਉ ॥

ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥

ਪੂਰਬਿ=ਪਹਿਲੇ ਜੰਨਮ ਕਾਲ ਤੋਂ ਜੋ ਲੇਖ ਲਿਖਿਆ ਗਿਆ ਹੈ ਓਹੀ ਕਰਮ ਜੀਵ ਨੇ ਕਮਾਣਾ ਕੀਤਾ, ਅਤੇ ਸਤਿਗੁਰਾਂ ਦੀ ਸੇਵਾ ਕਰਕੇ ਨਿੱਤ ਸੁੱਖ ਨੂੰ ਪਾਣਾ ਕੀਤਾ ਹੈ।

ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ ॥ ੨ ॥

ਭਾਗਾਂ ਤੋਂ ਬਿਨਾ ਗੁਰੂ ਪ੍ਰਾਪਤ ਨਹੀਂ ਹੁੰਦੇ, ਗੁਰਾਂ ਦੇ ਸਬਦੈ=ਉਪਦੇਸ਼ ਕਰਕੇ ਹੀ ਪ੍ਰਭੂ ਦੇ ਮੇਲ ਨਾਲ ਮਿਲਾਪ ਹੁੰਦਾ ਹੈ॥ ੨ ॥

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥ ਗੁਰ ਕੈ ਤਕੀਐ ਨਾਮਿ ਅਧਾਰੇ ॥

ਗੁਰਾਂ ਦੇ ਤਕੀਐ=ਆਸਰੇ, ਤੇ ਨਾਮੀ ਦੇ ਨਾਮ ਆਧਾਰੇ=ਆਸਰੇ ਕਰਕੇ,

ਅਥਵਾ-ਗੁਰਾਂ ਦੇ ਉਪਦੇਸ਼ ਕਰਕੇ ਨਾਮਿ=ਨਾਮੀ ਪ੍ਰਮਾਤਮਾ ਦੇ ਆਧਾਰੇ=ਆਸਰੇ ਨੂੰ ਤਕੀਐ=ਤੱਕ ਕੇ (ਵੇਖ ਕੇ) ਗੁਰਮੁਖ ਸੰਸਾਰ ਤੋਂ ਅਲਿਪਤੁ=ਅਸੰਗ ਰਹਿੰਦੇ ਹਨ।

ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ ਆਪੇ ਖਪਿ ਦੁਖੁ ਪਾਵਣਿਆ ॥ ੩ ॥

ਸਿਮਰਨ ਵਾਲੇ ਜੋ ਗੁਰਮਖ ਹਨ-ਤਿਸ ਨੋ=ਤਿਸ ਉਪਰ ਮਨਮੁਖ ਆਪਣਾ ਕੀ ਜੋਰੁ=ਬਲ ਕਰ ਸਕਦਾ ਹੈ, ਮਨੁਮਖ ਆਪ ਹੀ ਖਪ ਕੇ ਦੁਖ ਪਾਣਾ ਕਰਦਾ ਹੈ॥ ੩ ॥

ਮਨਮੁਖਿ ਅੰਧੇ ਸੁਧਿ ਨ ਕਾਈ ॥ ਆਤਮ ਘਾਤੀ ਹੈ ਜਗਤ ਕਸਾਈ ॥

ਮਨਮੁਖ ਅੰਨ੍ਹੇ ਨੂੰ ਆਪਣੇ ਭਲੇ ਬੁਰੇ ਦੀ ਕੋਈ ਖਬਰ ਨਹੀਂ ਹੈ, ਉਹ ਤਾਂ ਜਗਤ ਵਿਚ ਆਤਮ ਘਾਤੀ=

ਆਪਣੇ ਆਪ ਨੂੰ ਮਾਰਨ ਵਾਲਾ ਕਸਾਈ ਹੈ। ਪ੍ਰਤੱਖ ਕਸਾਈ ਤਾਂ ਬੱਕਰਿਆਂ ਦੇ ਗਲ ਤੇ ਛੁਰੀ ਚਲਾਂਦਾ ਹੈ, ਮਨਮੁਖ ਆਪਣੇ ਗਲ ਤੇ ਆਪ ਹੀ ਛੁਰੀ ਮਾਰਦਾ ਹੈ।

ਅਥਵਾ:-ਜੋ ਪੁਰਸ਼ ਆਪਣੇ ਆਪ ਦਾ ਘਾਤ ਕਰਨ ਵਾਲਾ ਹੈ ਉਹ ਸਾਰੇ ਜਗਤ ਦਾ ਕਸਾਈ ਹੈ।

ਅਥਵਾ:-ਜੋ ਪੁਰਸ਼ ਆਤਮਘਾਤੀ ਹੈ ਅਰਥਾਤ ਆਪਣੇ ਸਰੂਪ ਨੂੰ ਨਹੀਂ ਜਾਣਦਾ ਉਹ ਸਾਰੇ ਜਗਤ ਦਾ ਕਸਾਈ ਹੈ।

ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ
ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥ ੪ ॥

ਸਗੋਂ ਨਿੰਦਿਆ ਕਰ ਕਰਕੇ ਬਹੁਤਾ ਪਾਪਾਂ ਦਾ ਭਾਰ ਉਠਾਂਦਾ ਹੈ, ਅਤੇ ਮਜੂਰੀ ਲਏ ਤੋਂ ਬਿਨਾਂ ਹੀ ਲੋਕਾਂ ਦੇ ਪਾਪਾਂ ਰੂਪੀ ਭਾਰ ਨੂੰ ਪਹੁੰਚਾਂਦਾ (ਢੋਂਦਾ) ਹੈ॥ ੪॥

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ ਸਦਾ ਸਮਾਲੇ ਕੋ ਨਾਹੀ ਖਾਲੀ॥

ਇਹ ਜਗਤ ਵਾੜੀ=ਬਗੀਚੀ ਹੈ ਮੇਰਾ ਪ੍ਰਭੂ ਇਸ ਦਾ ਮਾਲੀ ਹੈ। ਉਹ ਸਦਾ ਹੀ ਸਭਨਾਂ ਦੀ ਸੰਭਾਲ ਕਰਦਾ ਹੈ ਉਸ ਦੀ ਦਾਤ ਤੋਂ ਕੋਈ ਖਾਲੀ ਨਹੀਂ।

ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੁ ਵਾਸੁ ਜਣਾਵਣਿਆ॥ ੫ ॥

ਕਰਮਾਂ ਅਨੁਸਾਰ ਜੇਹੋ ਜੇਹੀ ਵਾਸ਼ਨਾ ਜੀਵ ਦੇ ਹਿਰਦੇ ਵਿਚ ਪਾਂਦਾ ਹੈ, ਤੇਹੋ ਜੇਹੀ ਵਾਸ਼ਨਾ ਸਾਰੇ ਜਗਤ ਵਿਚ ਵਰਤੈ=ਵਰਤ ਜਾਂਦੀ (ਫੈਲ ਜਾਂਦੀ) ਹੈ, ਵਾ ਤਿਸੀ ਵਾਸ਼ਨਾ ਅਨੁਸਾਰ ਜੀਵ ਵਰਤਦਾ ਹੈ ਕਿਉਂਕਿ ਵਾਸੁ=ਵਾਸ਼ਨਾ ਵਾਲੀ ਚੀਜ਼ ਆਪਣੀ ਵਾਸ਼ਨਾ ਤੋਂ ਹੀ ਆਪਣਾ ਆਪ ਜਣਾ ਦੇਂਦੀ ਹੈ। ਜਿਵੇਂ ਚੰਦਨ ਕਸਤੂਰੀ ਆਦਿਕ ਆਪਣੀ ਵਾਸ਼ਨਾ ਤੋਂ ਆਪਣੇ ਨੂੰ ਚੰਗਾ ਪ੍ਰਸਿੱਧ ਕਰਦੇ ਹਨ, ਅਤੇ ਥੋਮ ਆਦਿਕ ਆਪਣੀ ਵਾਸ਼ਨਾ ਤੋਂ ਆਪਣੇ ਨੂੰ ਬੁਰਾ ਜ਼ਾਹਰ ਕਰਦੇ ਹਨ, ਤਿਵੇਂ ਮਨੁੱਖ ਆਪਣੇ ਕਰਮਾਂ ਤੋਂ ਜਗਤ ਵਿਚ ਆਪਣੇ ਆਪ ਨੂੰ ਗੁਰਮੁਖ ਤੇ ਮਨਮੁਖ ਪ੍ਰਸਿੱਧ ਪ੍ਰਗਟ ਕਰਦੇ ਹਨ।

ਅਥਵਾ:-ਜਿਵੇਂ ਵਾਸੁ=ਡੱਬਾ ਵਾਸ਼ਨਾ ਦੁਆਰੇ ਜਾਣਿਆ ਜਾਂਦਾ ਹੈ, ਤਿਵੇਂ ਸੰਸਾਰ ਵਿਚ ਜੀਵ ਭੀ ਵਾਸ਼ਨਾ ਦੁਆਰੇ ਚੰਗੇ ਮੰਦੇ ਜਾਣੇ ਜਾਂਦੇ ਹਨ॥ ੫॥

ਮਨਮੁਖੁ ਰੋਗੀ ਹੈ ਸੰਸਾਰਾ॥ ਸੁਖਦਾਤਾ ਵਿਸਰਿਆ ਅਗਮ ਅਪਾਰਾ॥

ਮਨਮੁਖ ਪੁਰਸ਼ ਸੰਸਾਰ ਵਿਚ ਰੋਗੀ ਹੈ, ਕਿਉਂਕਿ ਉਸ ਨੂੰ ਸੁੱਖ ਦੇਣ ਵਾਲਾ ਅਗਮ ਅਪਾਰ ਪ੍ਰਭੂ ਵਿਸਰਿਆ=ਭੁੱਲ ਗਿਆ ਹੈ।

ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ॥ ੬ ॥

ਉਹ ਨਿਤਾਪ੍ਰਤੀ ਦੁਖੀ ਹੋ ਕੇ ਵਿਰਲਾਪ ਕਰਦੇ ਫਿਰਦੇ ਹਨ, ਗੁਰੂ ਦੀ ਕਿਰਪਾ ਤੋਂ ਬਿਨਾਂ ਕਦੇ ਭੀ ਸ਼ਾਂਤੀ ਨੂੰ ਨਹੀਂ ਪਾਉਂਦੇ॥ ੬॥

ਜਿਨਿ ਕੀਤੇ ਸੋਈ ਬਿਧਿ ਜਾਣੈ॥ ਆਪਿ ਕਰੇ ਤਾ ਹੁਕਮਿ ਪਛਾਣੈ॥

ਜਿਸ ਪ੍ਰਭੂ ਨੇ ਇਹ ਜੀਵ ਪੈਦਾ ਕੀਤੇ ਹਨ, ਓਹੀ ਇਨ੍ਹਾਂ ਦੀ ਵਿਧੀ ਨੂੰ ਜਾਣਦਾ ਹੈ, ਜੇ ਉਹ ਪ੍ਰਭੂ ਆਪ

ਕਿਰਪਾ ਕਰੇਂ ਤਾਂ ਜੀਵ ਉਸ ਹੁਕਮੀ ਦੇ ਹੁਕਮ ਨੂੰ ਪਛਾਣਦੇ ਹਨ।

ਜੇਹਾਂ ਅੰਦਰਿ ਪਾਏ ਤੇਹਾ ਵਰਤੈ ਆਪੇ ਬਾਹਰਿ ਪਾਵਣਿਆ ॥ ੭ ॥

ਜੀਵ ਦੇ ਅੰਦਰ ਜੇਹੋ ਜੇਹਾ ਸੁਭਾਵ ਪਾਂਦਾ ਹੈ, ਤਿਸੈ ਸੁਭਾਵ ਅਨੁਸਾਰ ਜੀਵ ਵਰਤਦਾ ਹੈ, ਫੇਰ ਆਪ ਹੀ ਉਸ ਸੁੱਭਾਵ ਨੂੰ ਬਾਹਰ=ਸਾਰੇ ਸੰਸਾਰ ਵਿਚ ਪ੍ਰਗਟ ਕਰਦਾ ਹੈ॥ ੭॥

ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥ ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥

ਉਸ ਸੱਚੇ ਤੋਂ ਬਿਨਾ ਮੈਨੂੰ ਹੋਰ ਕੋਈ ਨਹੀਂ ਦਿਸਦਾ, ਜਿਸ ਨੂੰ ਆਪਣੀ ਨਾਮ ਭਗਤੀ ਵਿਚ ਲਗਾ ਲੈਂਦਾ ਹੈ ਓਹੀ ਪਵਿੱਤ੍ਰ ਆਤਮਾ ਹੁੰਦਾ ਹੈ।

ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ ॥੮ ॥੧੪ ॥੧੫ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਤਾਂ ਘਟ ਘਟ ਦੇ ਅੰਦਰ ਹੀ ਵੱਸਦਾ ਹੈ, ਪਰ ਜਿਸ ਨੂੰ ਜਣਾ ਦੇਂਦਾ ਹੈ ਓਹੀ ਪੁਰਸ਼ ਨਾਮ ਗਿਆਨ ਨੂੰ ਪਾਂਦਾ ਹੈ॥ ੮॥ ੧੪॥ ੧੫॥

ਮਾਝ ਮਹਲਾ ੩ ॥

ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥

ਜੋ ਗੁਰਮੁਖ ਨਾਮ ਅੰਮ੍ਰਿਤ ਨੂੰ ਮਨ ਵਿਚ ਵਸਾਂਦੇ ਹਨ। ਉਹ ਹੰਗਤਾ ਮਮਤਾ ਮੇਰਾ ਤੇਰਾ ਆਦਿਕ ਵਿਕਾਰਾਂ ਨੂੰ ਤੇ ਸਾਥਿਆਂ ਦੁਖਾਂ ਨੂੰ ਗਵਾ ਲੈਂਦੇ ਹਨ।

ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥ ੧ ॥

ਨਾਮ ਅੰਮ੍ਰਿਤ ਬਾਣੀ ਨੂੰ ਸਦਾ ਸਲਾਹਣਾ ਕਰੇ, ਕਿਉਂਕਿ ਨਾਮ ਅੰਮ੍ਰਿਤ ਕਰਕੇ ਅਮਿਰਤੁ ਹੋਣਾ ਪਾਂਦਾ ਹੈ। ਅਰਥਾਂਤ ਮੌਤ ਤੋਂ ਰਹਿਤ ਹੋਣਾ ਪਾਉਂਦਾ ਹੈ॥ ੧॥

ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਆਪਣੇ ਮਨ ਵਿਚ ਨਾਮ ਅੰਮ੍ਰਿਤ ਬਾਣੀ ਨੂੰ ਵਸਾਣਾ ਕੀਤਾ ਹੈ।

ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥ ੧ ॥ ਰਹਾਉ ॥

ਜੋ ਗੁਰ ਉਪਦੇਸ਼ ਰੂਪ ਅੰਮ੍ਰਿਤ ਬਾਣੀ ਨੂੰ ਮਨ ਵਿਚ ਵਸਾਂਦਾ ਹੈ, ਉਹ ਨਾਮ ਅੰਮ੍ਰਿਤ ਨੂੰ ਧਿਆਉਣਾ ਕਰਦਾ ਹੈ॥ ੧॥ ਰਹਾਉ॥

ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥

ਜੋ ਮੂੰਹ ਨਾਲ ਅੰਮ੍ਰਿਤ ਰੂਪ ਮਿੱਠੇ ਵੈਣੀ=ਬਚਨਾਂ ਨੂੰ ਸਦਾ ਬੋਲਦਾ ਹੈ। ਉਹ ਨਾਮ ਨੂੰ ਪਰਖ ਕੇ ਸਦੀਵ ਕਾਲ ਅੱਖਾਂ ਨਾਲ ਅੰਮ੍ਰਿਤ ਰੂਪ ਪ੍ਰਮਾਤਮਾ ਨੂੰ ਵੇਖਣਾ ਕਰਦਾ ਹੈ।

ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥ ੨ ॥

ਗੁਰਮੁਖ ਸਦੀਵਕਾਲ ਦਿਨ ਰਾਤ ਅੰਮ੍ਰਿਤ ਰੂਪ ਕਥਾ ਨੂੰ ਕਹਿੰਦਾ ਹੈ, ਅਤੇ ਕਹਿ ਕੇ ਹੋਰਨਾਂ ਨੂੰ ਸੁਨਾਵਣਾ

ਕਰਦਾ ਹੈ॥ ੨॥

ਅੰਮ੍ਰਿਤ ਰੰਗਿ ਰਤਾ ਲਿਵ ਲਾਏ॥ ਅੰਮ੍ਰਿਤੁ ਗੁਰ ਪਰਸਾਦੀ ਪਾਏ॥

ਜੋ ਲਿਵ ਲਗਾ ਕੇ ਨਾਮ ਅੰਮ੍ਰਿਤ ਦੇ ਰੰਗ ਵਿਚ ਰੱਤਾ ਰਹਿੰਦਾ ਹੈ, ਉਹ ਗੁਰਾਂ ਦੀ ਕਿਰਪਾ ਨਾਲ ਅਮਰਤਾਈ ਨੂੰ ਪਾਂਦਾ ਹੈ।

ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ॥ ੩॥

ਉਹ ਦਿਨ ਰਾਤ ਜਿਹਵਾ ਨਾਲ ਨਾਮ ਅੰਮ੍ਰਿਤ ਨੂੰ ਬੋਲਦਾ ਰਹਿੰਦਾ ਹੈ, ਅਤੇ ਮਨੋਂ ਤਨੋਂ ਹੋ ਕੇ ਹੋਰਨਾਂ ਨੂੰ ਨਾਮ ਅੰਮ੍ਰਿਤ ਪਿਲਾਂਦਾ ਹੈ॥ ੩॥

ਸੋ ਕਿਛੁ ਕਰੈ ਜੁ ਚਿਤਿ ਨ ਹੋਈ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ॥

ਪ੍ਰਭੂ ! ਉਹ ਕੁਝ ਕਰਦਾ ਹੈ ਜੋ ਅਸਾਡੇ ਚਿੱਤ ਚੇਤੇ ਹੀ ਨਹੀਂ ਹੁੰਦਾ, ਉਸ ਪ੍ਰਭੂ ਦਾ ਹੁਕਮ ਕੋਈ ਭੀ ਨਹੀਂ ਮੇਟ ਸਕਦਾ।

ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ॥ ੪॥

ਉਸ ਦੇ ਹੁਕਮ ਵਿਚ ਹੀ ਨਾਮ ਅੰਮ੍ਰਿਤ ਬਾਣੀ ਵਰਤ ਰਹੀ ਹੈ, ਅਤੇ ਹੁਕਮ ਵਿਚ ਹੀ ਨਾਮ ਅੰਮ੍ਰਿਤ ਪਿਲਾਂਦਾ ਹੈ॥ ੪॥

ਅਜਬ ਕੰਮ ਕਰਤੇ ਹਰਿ ਕੇਰੇ॥ ਇਹੁ ਮਨੁ ਭੂਲਾ ਜਾਂਦਾ ਫੇਰੇ॥

ਹਰੀ ਕਰਤੇ ਦੇ ਕੰਮ ਅਜਬ=ਅਸਚਰਜ ਹਨ, ਇਹ ਚੰਚਲ ਮਨ ਉਸ ਤੋਂ ਭੁੱਲਾ ਹੋਇਆ ਚੁਰਾਸੀ ਦੇ ਫੇਰੇ ਵਿਚ ਜਾਂਦਾ ਹੈ।

ਅਥਵਾ:-ਇਸ ਭੁੱਲੇ ਜਾਂਦੇ ਹੋਏ ਮਨ ਨੂੰ ਵਾਹਿਗੁਰੂ ਵਲ ਫੇਰਨਾ ਕਰੇ।

ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ॥ ੫॥

ਉਪਦੇਸ਼, ਵਾ ਨਾਮ ਰੂਪ ਅੰਮ੍ਰਿਤ ਬਾਣੀ ਨਾਲ ਚਿੱਤ ਬਿਰਤੀ ਨੂੰ ਲਗਾਵੇ ਤਾਂ ਅੰਮ੍ਰਿਤ ਅਮਿਰਤੁ ਜੋ ਸਬਦਿ=ਬ੍ਰਹਮ ਹੈ ਉਹ ਆਪੇ ਵਜਾਵਣਿਆ=ਪ੍ਰਗਟ ਹੁੰਦਾ ਹੈ॥ ੫॥

[ਪੰਨਾ ੧੧੯]

ਖੋਟੇ ਖਰੇ ਤੁਧੁ ਆਪਿ ਉਪਾਏ॥ ਤੁਧੁ ਆਪੇ ਪਰਖੇ ਲੋਕ ਸਬਾਏ॥

ਹੇ ਪ੍ਰਭੂ ! ਤੈਂਨੇ ਆਪ ਹੀ ਖੋਟਿਆਂ, ਖਰਿਆਂ ਨੂੰ ਅਰਥਾਤ ਬੁਰਿਆਂ ਭਲਿਆਂ ਨੂੰ ਪੈਦਾ ਕੀਤਾ ਹੈ। ਅਤੇ ਤੁਸਾਂ ਨੇ ਆਪ ਹੀ ਸਾਰੇ ਲੋਕ ਪਰਖਣਾ ਕੀਤੇ ਹਨ।

ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ॥ ੬॥

ਖਰਿਆਂ ਨੂੰ ਪਰਖ ਕੇ ਤੁਸਾਂ ਨੇ ਸਰੂਪ ਰੂਪ ਖਜ਼ਾਨੇ ਵਿਚ ਪਾਇਆ ਹੈ, ਅਤੇ ਖੋਟਿਆ ਨੂੰ ਭਰਮ ਵਿਚ ਭੁਲਾ ਦਿੱਤਾ ਹੈ॥ ੬॥

ਕਿਉ ਕਰਿ ਵੇਖਾ ਕਿਉ ਸਾਲਾਹੀ॥ ਗੁਰ ਪਰਸਾਦੀ ਸਬਦਿ ਸਲਾਹੀ॥

ਹੇ ਪ੍ਰਭੂ! ਮੈਂ ਤੈਨੂੰ ਕਿਸ ਵਜ਼ਾ ਨਾਲ ਵੇਖਾ? ਅਤੇ ਕਿਸ ਪ੍ਰਕਾਰ ਸਲਾਹਵਾ?

ਉੱਤਰ:-ਗੁਰਾਂ ਦੀ ਕਿਰਪਾ ਦੁਆਰੇ ਉਪਦੇਸ਼ ਦਾ, ਵਾ ਬ੍ਰਹਮ ਦਾ ਸਲਾਹਣਾ ਕਰ ਤਾਂ ਉਸ ਨੂੰ ਵੇਖੇਂਗਾ।

ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥ ੭ ॥

ਹੇ ਪ੍ਰਭੂ! ਤੇਰੇ ਭਾਣੇ ਵਿਚ ਹੀ ਗੁਰੂ ਰੂਪ ਬੱਦਲ ਨਾਮ ਅੰਮ੍ਰਿਤ ਦੀ ਵਰਖਾ ਕਰਦੇ ਹਨ, ਤੂੰ ਆਪਣੇ ਭਾਣੇ ਵਿਚ ਹੀ ਜਗਿਆਸੂ ਨੂੰ ਨਾਮ ਅੰਮ੍ਰਿਤ ਪਿਲਾਂਦਾ ਹੈਂ ॥ ੭ ॥

ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥

ਸਬਦੁ=ਬ੍ਰਹਮ ਅੰਮ੍ਰਿਤ ਰੂਪ ਹੈ, ਤੇ ਹਰੀ ਦੀ ਨਾਮ ਬਾਣੀ ਭੀ ਅੰਮ੍ਰਿਤ ਰੂਪ ਹੈ।

ਅਥਵਾ:- ਗੁਰਾਂ ਦਾ ਸਬਦੁ=ਉਪਦੇਸ਼ ਅੰਮ੍ਰਿਤ ਰੂਪ ਹੈ, ਹਰੀ ਦੀ ਪ੍ਰਾਪਤੀ ਕਰਨ ਵਾਲੀ ਉਪਦੇਸ਼ ਬਾਣੀ ਵੀ ਅੰਮ੍ਰਿਤ ਰੂਪ ਹੈ। ਸਤਿਗੁਰਾਂ ਦੀ ਸੇਵਾ ਕਰਨ ਨਾਲ ਉਹ ਬਾਣੀ ਰਿਦੇ ਵਿਚ ਸਮਾਂਦੀ ਹੈ।

ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ
ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥ ੮ ॥ ੧੫ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਦਾ ਨਾਮ ਅੰਮ੍ਰਿਤ ਸਦਾ ਸੁਖਾਂ ਦੇ ਦੇਣ ਵਾਲਾ ਹੈ, ਜੋ ਇਸ ਨਾਮ ਅੰਮ੍ਰਿਤ ਨੂੰ ਪੀਂਦਾ ਹੈ ਉਸ ਦੀ ਸਾਰੀ ਭੁੱਖ ਲਹਿ ਜਾਂਦੀ ਹੈ ॥ ੮ ॥ ੧੫ ॥ ੧੬ ॥

ਮਾਝ ਮਹਲਾ ੩ ॥

ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥

ਗੁਰੂ ਰੂਪ ਬੱਦਲ ਸਹਜਿ ਸੁਭਾਏ=ਸੁਤੇ ਸਿੱਧ ਨਾਮ ਅੰਮ੍ਰਿਤ ਦੀ ਵਰਖਾ ਕਰਦੇ ਹਨ, ਪਰ ਕੋਈ ਵਿਰਲਾ ਗੁਰਮੁਖ ਜਨ ਹੀ ਗੁਰਾਂ ਪਾਸੋਂ ਉਸ ਨਾਮ ਅੰਮ੍ਰਿਤ ਨੂੰ ਪੀਂਦਾ ਹੈ।

ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥ ੧ ॥

ਜਿਨ੍ਹਾਂ ਨੇ ਨਾਮ ਅੰਮ੍ਰਿਤ ਪੀਤਾ ਹੈ ਉਹ ਸਦਾ ਲਈ ਆਪ ਤ੍ਰਿਪਤਾਸੇ=ਰੱਜ ਗਏ ਹਨ, ਅਤੇ ਕਿਰਪਾ ਕਰਕੇ ਹੋਰਨਾਂ ਦੀ ਤ੍ਰਿਸ਼ਨਾ ਨੂੰ ਬੁਝਾਂਦੇ ਹਨ ॥ ੧ ॥

ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜੋ ਗੁਰਮੁਖ ਮਹਾਤਮਾ ਨਾਮ ਅੰਮ੍ਰਿਤ ਨੂੰ ਪਿਆਉਂਦੇ ਹਨ।

ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ
ਸਹਜੇ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥

ਉਨ੍ਹਾਂ ਦੀ ਰਸਨਾ ਨਾਮ ਰਸ ਨੂੰ ਚੱਖ ਕੇ ਸਦਾ ਹੀ ਰੰਗਿ=ਅਨੰਦ ਵਿਚ ਰੱਤੀ ਰਹਿੰਦੀ ਹੈ, ਅਤੇ ਉਹ ਸਹਜੇ=ਸੁਭਾਵਕ ਹੀ ਹਰੀ ਗੁਣਾਂ ਨੂੰ ਗਾਉਂਦੇ ਰਹਿੰਦੇ ਹਨ।

ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥

ਗੁਰਾਂ ਦੀ ਕਿਰਪਾ ਨਾਲ ਉਹ ਕੋਈ ਵਿਰਲਾ ਹੀ ਸਹਜੁ=ਗਿਆਨ ਨੂੰ ਪਾਂਦਾ ਹੈ, ਜੋ ਦੁਬਿਧਾ=ਦ੍ਵੈਤ ਨੂੰ ਮਾਰ ਕੇ ਇਕ ਪ੍ਰਭੂ ਨਾਲ ਬਿਰਤੀ ਜੋੜਦਾ ਹੈ।

ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥ ੨ ॥

ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇ ਤਾਂ ਜੀਵ ਹਰੀ ਗੁਣਾਂ ਨੂੰ ਗਾਉਂਦਾ ਹੈ, ਅਤੇ ਸਚਿ=ਨਿਸਚੇ ਕਰਕੇ ਨਦਰੀ=ਪ੍ਰਮਾਤਮਾ ਵਿਚ ਅਭੇਦ ਹੁੰਦਾ ਹੈ॥ ੨ ॥

ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ ਘਣੇਰੀ॥

ਹੇ ਪ੍ਰਭੂ ! ਸਾਰਿਆਂ ਉਪਰ ਆਪ ਦੀ ਕ੍ਰਿਪਾ ਦ੍ਰਿਸ਼ਟੀ ਹੈ, ਕਿਸੇ ਉਤੇ ਥੋੜੀ ਹੈ ਅਤੇ ਕਿਸੇ ਉਤੇ ਘਣੇਰੀ=ਬਹੁਤੀ ਹੈ।

ਤੁਝਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ ॥ ੩ ॥

ਕਿਉਂਕਿ ਆਪ ਜੀ ਦੇ ਹੁਕਮ ਤੋਂ ਬਾਹਰਿ=ਬਗੈਰ ਕਿਸੇ ਪਾਸੋਂ ਕੁਝ ਵੀ ਹੁੰਦਾ ਨਹੀਂ, ਇਸ ਗੱਲ ਦੀ ਸੋਝੀ ਗੁਰਮੁਖਾਂ ਨੇ ਪਾਈ ਹੈ॥ ੩ ॥

ਗੁਰਮੁਖਿ ਤਤੁ ਹੈ ਬੀਚਾਰਾ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ॥

ਗੁਰਮੁਖਾਂ ਨੇ ਹੇ ਤਤੁ=ਸਿਧਾਂਤ ਰੂਪ ਪ੍ਰਭੂ ਆਪ ਜੀ ਨੂੰ ਵਿਚਾਰਨਾ ਕੀਤਾ ਹੈ। ਗੁਰਮੁਖਾਂ ਦੇ ਅੰਤਹਕਰਨ ਰੂਪ ਭੰਡਾਰੇ ਤੇਰੇ ਨਾਮ ਅੰਮ੍ਰਿਤ ਨਾਲ ਭਰੇ ਪਏ ਹਨ।

ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥ ੪ ॥

ਸਤਿਗੁਰਾਂ ਦੀ ਸੇਵਾ ਤੋਂ ਬਿਨਾਂ ਉਸ ਅੰਮ੍ਰਿਤ ਨੂੰ ਕੋਈ ਨਹੀਂ ਪਾਂਦਾ, ਕਿਉਂਕਿ ਗੁਰਾਂ ਦੀ ਕਿਰਪਾ ਨਾਲ ਹੀ ਉਹ ਨਾਮ ਅੰਮ੍ਰਿਤ ਪਾਇਆ ਜਾਂਦਾ ਹੈ॥ ੪ ॥

ਸਤਿਗੁਰੁ ਸੇਵੈ ਸੋ ਜਨੁ ਸੋਹੈ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥

ਜੋ ਪੁਰਸ਼ ਸਤਿਗੁਰਾਂ ਦੀ ਸੇਵਾ ਕਰਦਾ ਹੈ ਉਹ ਜਨ ਸੋਹੈ=ਸੋਭਨੀਕ ਹੁੰਦਾ ਹੈ। ਜਿਸ ਦੇ ਅੰਦਰ ਨਾਮ ਅੰਮ੍ਰਿਤ ਹੈ ਉਹ ਸਭਨਾਂ ਦੇ ਮਨ ਨੂੰ ਮੋਹੈ=ਮੋਹ ਲੈਂਦਾ ਹੈ।

ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ ॥ ੫ ॥

ਜੋ ਮਨ ਬਾਣੀ ਸਰੀਰ ਕਰਕੇ ਨਾਮ ਅੰਮ੍ਰਿਤ ਵਿਚ ਰੱਤਾ ਹੋਇਆ ਹੈ ਉਹ ਸਹਜੇ ਹੋਰਨਾਂ ਨੂੰ ਭੀ ਨਾਮ ਅੰਮ੍ਰਿਤ ਦਾ ਉਪਦੇਸ਼ ਸੁਣਾਂਦਾ ਹੈ॥ ੫ ॥

ਮਨਮੁਖੁ ਭੂਲਾ ਦੂਜੈ ਭਾਇ ਖੁਆਏ॥ ਨਾਮੁ ਨ ਲੇਵੈ ਮਰੈ ਬਿਖੁ ਖਾਏ॥

ਨਾਮ ਤੋਂ ਭੁੱਲਾ ਹੋਇਆ ਮਨਮੁਖ ਦ੍ਵੈਤ ਭਾ ਵਿਖੇ ਖੁਆਏ=ਭੁੱਲ ਰਿਹਾ ਹੈ। ਨਾਮ ਨੂੰ ਨਹੀਂ ਜਪਦਾ, ਵਿਸ਼ਿਆਂ ਰੂਪੀ ਜ਼ਹਿਰ ਦੇ ਖਾਣ ਵਿਚ ਮਰਦਾ ਹੈ।

ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ ॥੬॥

ਉਸ ਦਾ ਰਾਤ ਦਿਨ ਸਦਾ ਵਿਸ਼ਿਆਂ ਰੂਪ ਗੰਦਗੀ ਵਿਚ ਨਿਵਾਸ ਰਹਿੰਦਾ ਹੈ, ਉਸ ਨੇ ਗੁਰ ਸੇਵਾ ਤੋਂ

ਬਿਨਾ ਹੋ ਕੇ ਆਪਣਾ ਮਨੁੱਖਾ ਜਨਮ ਨਿਸਫਲ ਗੁਆਣਾ ਕੀਤਾ ਹੈ॥ ੬॥

ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥ ਗੁਰ ਪਰਸਾਦਿ ਸਹਜਿ ਲਿਵ ਲਾਏ ॥

ਜਿਸ ਨੂੰ ਪ੍ਰਭੂ ਆਪ ਪਿਲਾਂਦਾ ਹੈ ਉਹੀ ਨਾਮ ਅੰਮ੍ਰਿਤ ਨੂੰ ਪੀਂਦਾ ਹੈ। ਅਤੇ ਗੁਰਾਂ ਦੀ ਕਿਰਪਾ ਨਾਲ ਸਹਜਿ=ਨਿਰ ਵਿਕਲਪ ਸਮਾਧੀ ਵਿਚ ਬਿਰਤੀ ਜੋੜਦਾ ਹੈ।

ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥ ੭ ॥

ਪੂਰਨ ਪ੍ਰਮਾਤਮਾ ਸਭ ਜਗ੍ਹਾ ਉਪਰ ਆਪ ਪੂਰਨ ਹੋ ਰਿਹਾ ਹੈ, ਗੁਰਮਤੀਆਂ ਨੂੰ ਉਹ ਨਦਰੀ=ਪ੍ਰਮਾਤਮਾ ਸਾਰੇ ਨਿਗਾਹ ਆਇਆ ਹੈ॥ ੭॥

ਆਪੇ ਆਪਿ ਨਿਰੰਜਨੁ ਸੋਈ ॥ ਜਿਨਿ ਸਿਰਜੀ ਤਿਨਿ ਆਪੇ ਗੋਈ ॥

ਉਹ ਨਿਰੰਜਨ ਪ੍ਰਮਾਤਮਾ ਆਪੇ ਆਪਿ=ਸੁਤੰਤ੍ਰ ਹੈ। ਜਿਸ ਪ੍ਰਭੂ ਨੇ ਸ੍ਰਿਸ਼ਟੀ ਸਿਰਜੀ=ਬਣਾਈ ਹੈ ਉਸ ਨੇ ਆਪ ਹੀ ਗੋਈ=ਬੁਲਾਈ ਮਿਲਾਈ ਛਪਾਈ ਹੈ।

ਨਾਨਕ ਨਾਮੁ ਸਮਾਲਿ ਸਦਾ ਤੂੰ
ਸਹਜੇ ਸਚਿ ਸਮਾਵਣਿਆ ॥ ੮ ॥ ੧੬ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ! ਤੂੰ ਸਦਾ ਨਾਮ ਨੂੰ ਸੰਭਾਲਣਾ ਕਰ, ਤਾਂ ਸੁਭਾਵਕ ਹੀ ਸੱਚ ਸਰੂਪ ਵਿਚ ਸਮਾ ਜਾਵੇਂਗਾ॥ ੮॥ ੧੬॥੧੭॥

ਮਾਝ ਮਹਲਾ ੩ ॥

ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ ਸਹਜ ਸੁਭਾਏ ॥

ਹੇ ਪ੍ਰਭੂ ! ਜੋ ਤੈਨੂੰ ਭਾਏ ਹਨ ਉਹ ਪੁਰਸ਼ ਸੱਚ ਨਾਮ ਵਿਚ ਲੱਗੇ ਹਨ। ਉਹ ਸਹਜ ਸੁਭਾਏ=ਸ਼ਾਂਤੀ ਸੁਭਾਅ ਨਾਲ ਸਦਾ ਸੱਚ ਨੂੰ ਸੇਂਵਦੇ ਹਨ।

ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥ ੧ ॥

ਸੱਚੇ ਸਤਸੰਗ ਦੇ ਮੇਲ ਵਿਚ ਆਪਣੇ ਆਪ ਨੂੰ ਮਿਲਾ ਕੇ, ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਨੂੰ ਸਲਾਹਣਾ ਕਰੇ ਤਾਂ ਸੱਚਾ ਪ੍ਰਭੂ ਆਪਣੇ ਮੇਲ ਵਿਚ ਮਿਲਾ ਲੈਂਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜੋ ਸੱਚ ਨੂੰ ਸਲਾਹਣਾ ਕਰਦੇ ਹਨ।

ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥ ੧ ॥ ਰਹਾਉ ॥

ਜੋ ਸੱਚ ਨਾਮ ਨੂੰ ਧਿਆਉਂਦੇ ਹਨ ਉਹ ਸੱਚ ਵਿਚ ਮਿਲ ਗਏ ਹਨ, ਅੰਤ ਨੂੰ ਸਚ=ਨਿਸਚੇ ਕਰਕੇ ਸੱਚੇ ਪ੍ਰਮੇਸ਼ਰ ਵਿਚ ਅਭੇਦ ਹੁੰਦੇ ਹਨ।

ਜਹ ਦੇਖਾ ਸਚੁ ਸਭਨੀ ਥਾਈ ॥ ਗੁਰ ਪਰਸਾਦੀ ਮੰਨਿ ਵਸਾਈ ॥

ਜਿੱਥੇ ਦੇਖਦਾ ਹਾਂ, ਸਭਨਾਂ ਜਗ੍ਹਾਂ ਤੇ ਸੱਚਾ ਪ੍ਰਭੂ ਹੀ ਦਿਸਦਾ ਹੈ, ਪਰ ਗੁਰਾਂ ਦੀ ਕਿਰਪਾ ਨਾਲ ਮਨ ਵਿਚ ਵੱਸਦਾ ਹੈ।

ਅਥਵਾ:-ਗੁਰਾਂ ਦੀ ਕਿਰਪਾ ਨਾਲ ਇਹ ਦ੍ਰਿਸ਼ਟੀ ਜਨ ਵਿਚ ਆ ਵੱਸਦੀ ਹੈ।

ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥ ੨ ॥

ਜਿਸ ਦੀ ਰਸਨਾ ਸੱਚ ਵਿਚ ਰੱਤੀ ਹੋਈ ਹੈ, ਤੇ ਜੋ ਕੰਨਾਂ ਵਿਚ ਸੱਚ ਨਾਮ ਨੂੰ ਸੁਣਦਾ ਹੈ, ਅਤੇ ਆਖਿ=ਮੂੰਹੋਂ ਭੀ ਸੱਚ ਨੂੰ ਵਖਾਨਣਿਆ=ਕਥਨ ਕਰਦਾ ਹੈ ਉਸ ਦਾ ਤਨੁ ਸਚਾ=ਸਰੀਰ ਸਫਲਾ ਹੈ॥ ੨ ॥

[ਪੰਨਾ ੧੨੦]

ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥

ਜਦ ਮਨਸਾ=ਵਾਸ਼ਨਾ ਨੂੰ ਮਾਰ ਕੇ ਬਿਰਤੀ ਸੱਚ ਵਿਚ ਸਮਾ ਗਈ, ਤਦ ਮਨ ਕਰਕੇ ਇਸ ਜੀਵ ਨੇ ਇਹ ਗੱਲ ਵੇਖ ਲਈ ਕਿ ਸਾਰੀ ਦੁਨੀਆਂ ਆਉਣ ਜਾਣ ਵਾਲੀ ਹੈ।

ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥ ੩ ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਸਦਾ ਹੀ ਮਨ ਇਸਥਿਤ ਰਹਿੰਦਾ ਹੈ, ਅਤੇ ਸਰੂਪ ਰੂਪੀ ਘਰ ਵਿਚ ਨਿਵਾਸ ਪਾਂਦਾ ਹੈ॥ ੩ ॥

ਗੁਰ ਕੈ ਸਬਦਿ ਰਿਦੈ ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥

ਗੁਰਾਂ ਦੇ ਉਪਦੇਸ਼ ਕਰਕੇ ਉਹ ਪ੍ਰਮਾਤਮਾ ਹਿਰਦੇ ਵਿਚ ਹੀ ਦਿਸ ਆਇਆ ਹੈ, ਕਿਉਂਕਿ ਮਾਇਆ ਦੇ ਮੋਹ ਨੂੰ ਗੁਰ ਉਪਦੇਸ਼ ਨੇ ਹਿਰਦੇ ਵਿਚੋਂ ਜਲਾਇਆ=ਸਾੜ ਦਿੱਤਾ ਹੈ।

ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥ ੪ ॥

ਜਿਸ ਨੇ ਗੁਰ ਉਪਦੇਸ਼ ਦੁਆਰਾ ਸੱਚ ਨੂੰ ਪਾਣਾ ਕੀਤਾ ਹੈ, ਉਹ ਸਭ ਜਗ੍ਹਾ ਸੱਚ ਨੂੰ ਵੇਖਦਾ ਹੈ ਤੇ ਸੱਚ ਨੂੰ ਹੀ ਸਦਾ ਸਲਾਹੁੰਦਾ ਹੈ॥ ੪ ॥

ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥
ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥

ਜੋ ਪੁਰਸ਼ ਸੱਚ ਨਾਮ ਵਿਚ ਰੱਤੇ ਹਨ ਉਨ੍ਹਾਂ ਦੀ ਸੱਚੀ ਲਿਵ ਲੱਗੀ ਹੈ, ਜੋ ਹਰੀ ਨਾਮ ਨੂੰ ਸਿਮਰਦੇ ਹਨ ਉਹ ਪੁਰਸ਼ ਵੱਡਿਆਂ ਭਾਗਾਂ ਵਾਲੇ ਹਨ।

ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥ ੫ ॥

ਜੋ ਸਤਸੰਗਤ ਵਿਚ ਬੈਠ ਕੇ ਸੱਚ ਸਰੂਪ ਦੇ ਗੁਣਾਂ ਨੂੰ ਗਾਉਂਦੇ ਹਨ, ਉਨ੍ਹਾਂ ਨੂੰ ਸੱਚੇ ਸਬਦਿ=ਬ੍ਰਹਮ ਨੇ ਆਪਣੇ ਨਾਲ ਮਿਲਾ ਲਿਆ ਹੈ।

ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਉਹ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

ਹਿਸਾਬ ਤਾਂ ਪੜ੍ਹੀਏ ਜੇਕਰ ਉਹ ਪ੍ਰਭੂ ਹਿਸਾਬ ਵਿਚ ਆ ਸਕਦਾ ਹੋਵੇ। ਉਹ ਤਾਂ ਮਨ ਕਰਕੇ ਅਗਮ, ਤੇ ਇੰਦ੍ਰੀਆਂ ਕਰਕੇ ਅਗੋਚਰ ਹੈ, ਗੁਰਾਂ ਦੇ ਉਪਦੇਸ਼ ਕਰਕੇ ਉਸ ਦੀ ਸੁਧਿ=ਸੋਝੀ (ਖਬਰ) ਹੁੰਦੀ ਹੈ।

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥ ੬ ॥

ਸਚ ਸਬਦਿ=ਸੱਚੇ ਬ੍ਰਹਮ ਨੂੰ ਰਾਤ ਦਿਨ ਗੁਰਾਂ ਦੇ ਉਪਦੇਸ਼ ਦੁਆਰਾ ਸਲਾਹੁਣਾ ਕਰੇ, ਉਸਦੀ ਕੀਮਤ ਪਾਣ ਦਾ ਹੋਰ ਕੋਈ ਸਾਧਨ ਨਹੀਂ ਹੈ॥ ੬॥

ਪੜਿ ਪੜਿ ਥਾਕੇ ਸਾਂਤਿ ਨ ਆਈ॥ ਤ੍ਰਿਸਨਾ ਜਾਲੇ ਸੁਧਿ ਨ ਕਾਈ॥

ਪੰਡਿਤ ਲੋਕ ਪੁਰਾਣਾਂ ਨੂੰ ਪੜ੍ਹ ਪੜ੍ਹ ਕੇ ਥੱਕ ਗਏ ਹਨ ਪਰ ਸ਼ਾਂਤੀ ਨਹੀਂ ਆਈ। ਤ੍ਰਿਸ਼ਨਾ ਦੀ ਅੱਗ ਵਿਚ ਜਾਲੇ=ਸੜ ਰਹੇ ਹਨ ਇਸ ਕਰਕੇ ਉਨ੍ਹਾਂ ਨੂੰ ਪ੍ਰਭੂ ਦੀ ਕੋਈ ਸੋਝੀ ਨਹੀਂ ਹੈ॥

ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥ ੭ ॥

ਬਿਖੁ ਬਿਹਾਝਹਿ=ਮਾਇਆ ਇਕੱਠੀ ਕਰਦੇ ਹਨ, ਬਿਖੁ=ਮਾਇਆ ਦੇ ਮੋਹ ਦੇ ਹੀ ਪਿਆਸੇ=ਚਾਹਵਾਨ ਹਨ, ਝੂਠ ਬੋਲ ਕੇ ਮਾਇਆ ਹੀ ਖਾਂਦੇ ਹਨ। ਅਰਥਾਤ ਝੂਠ ਬੋਲ ਕੇ ਮਾਇਆ ਲੈਣ ਦਾ ਯਤਨ ਕਰਦੇ ਹਨ॥ ੭॥

ਗੁਰ ਪਰਸਾਦੀ ਏਕੋ ਜਾਣਾ॥ ਦੂਜਾ ਮਾਰਿ ਮਨੁ ਸਚਿ ਸਮਾਣਾ॥

ਜਿਨ੍ਹਾਂ ਨੇ ਗੁਰਾਂ ਦੀ ਕਿਰਪਾ ਨਾਲ ਇਕ ਪ੍ਰਭੂ ਨੂੰ ਜਾਣਿਆ ਹੈ, ਉਨ੍ਹਾਂ ਦਾ ਮਨ ਦ੍ਵੈਤ ਭਾ ਨੂੰ ਮਾਰ ਕੇ ਸੱਚ ਵਿਚ ਸਮਾਇਆ ਹੈ।

ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ
ਗੁਰ ਪਰਸਾਦੀ ਪਾਵਣਿਆ ॥ ੮ ॥੧੭ ॥੧੮ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮਨ ਵਿਚ ਗੁਰਾਂ ਦੀ ਕਿਰਪਾ ਕਰਕੇ ਨਾਮ ਵਰਤਦਾ ਹੈ ਉਹ ਇਕ ਪ੍ਰਭੂ ਨੂੰ ਪਾ ਲੈਂਦਾ ਹੈ॥ ੮॥ ੧੭॥ ੧੮॥

ਮਾਝ ਮਹਲਾ ੩ ॥

ਵਰਨ ਰੂਪ ਵਰਤਹਿ ਸਭ ਤੇਰੇ॥ ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ॥

ਹੇ ਪ੍ਰਭੂ ! ਬ੍ਰਾਹਮਣ ਖੜ੍ਹੀ ਸ਼ੂਦ੍ਰ ਵੈਸ਼ ਇਹ ਚਾਰੇ ਵਰਨ,

ਅਥਵਾ:-ਵਰਨ=ਰੰਗ ਤੇ ਰੂਪ ਸਾਰੇ ਤੇਰੇ ਹੀ ਵਰਤ ਰਹੇ ਹਨ। ਜੋ ਇਸ ਤਰ੍ਹਾਂ ਨਿਸਚੇ ਨਹੀਂ ਕਰਦੇ ਉਹ ਵਾਰੰਵਾਰ ਮਰ ਮਰ ਕੇ ਜੰਮਦੇ ਹਨ ਅਤੇ ਉਨ੍ਹਾਂ ਨੂੰ ਚੁਰਾਸੀ ਲੱਖ ਜੂਨ ਦੇ ਘਣੇਰੇ=ਬਹੁਤੇ ਫੇਰੇ ਪੈਂਦੇ ਹਨ।

ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥ ੧ ॥

ਹੇ ਅਗਮ ਅਪਾਰ ਪ੍ਰਭੂ ਇਕ ਤੂੰਹੀਂ ਅਚੱਲ ਹੈਂ, ਇਹ ਬੂਝ=ਗਿਆਨ ਗੁਰਮਤੀਆਂ ਨੂੰ ਸਮਝਾਣਾ ਕੀਤਾ ਹੈ॥ ੧॥

ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਮਨ ਵਿਚ ਰਾਮ ਨਾਮ ਵਸਾਉਣਾ ਕੀਤਾ ਹੈ।

ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ
ਗੁਰਮਤੀ ਆਪਿ ਬੁਝਾਵਣਿਆ ॥ ੧ ॥ ਰਹਾਉ ॥

ਉਸ ਦਾ ਕੋਈ ਰੂਪ ਰੇਖ ਨਹੀਂ ਹੈ, ਤੇ ਨਾ ਹੀ ਕੋਈ ਵਰਨ ਹੈ, ਉਸ ਨੇ ਗੁਰਮਤੀਆਂ ਨੂੰ ਆਪਣਾ ਆਪ ਸਮਝਾਣਾ ਕੀਤਾ ਹੈ॥ ੧ ॥ ਰਹਾਉ ॥

ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥

ਜੇ ਕੋਈ ਜਾਨਣਾ ਕਰੇ ਤਾਂ ਸਾਰਿਆਂ ਵਿਚ ਇਕ ਪ੍ਰਭੂ ਦੀ ਜੋਤ ਹੈ। ਸਤਿਗੁਰਾਂ ਦੀ ਸੇਵਾ ਕਰਨ ਕਰਕੇ ਉਹ ਜੋਤਿ ਪ੍ਰਗਟ ਹੁੰਦੀ ਹੈ।

ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥ ੨ ॥

ਜਿਨ੍ਹਾਂ ਨੇ ਇੰਵ ਨਿਸਚੇ ਕੀਤਾ ਹੈ ਕਿ ਗੁਪਤ ਅਤੇ ਪਰਗਟ ਸਭ ਜਗ੍ਹਾਂ ਉਪਰ ਉਹ ਵਰਤ ਰਿਹਾ ਹੈ, ਜੋਤੀ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ॥ ੨ ॥

ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥

ਸਾਰਾ ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਜਲੈ=ਸੜ ਰਿਹਾ ਹੈ। ਅਤੇ ਬਹੁਤਿਆਂ ਨੂੰ ਲੋਭ, ਵਿੱਦਿਆ ਦਾ ਅਭਿਮਾਨ ਤੇ ਜਾਤੀ ਦਾ ਹੰਕਾਰ ਰੂਪ ਰੋਗ ਲੱਗਾ ਹੋਇਆ ਹੈ।

ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥ ੩ ॥

ਉਹ ਵਾਰੰਵਾਰ ਮਰ ਮਰ ਕੇ ਜਨਮਦੇ ਹਨ, ਅਤੇ ਆਪਣੀ ਪੱਤ ਅਬਰੋ ਨੂੰ ਗੁਆ ਲੈਂਦੇ ਹਨ, ਉਨ੍ਹਾਂ ਨੇ ਆਪਣੇ ਮਨੁੱਖ ਜਨਮ ਨੂੰ ਵਿਅਰਥ ਗੁਆਣਾ ਕੀਤਾ ਹੈ॥ ੩ ॥

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥

ਗੁਰਾਂ ਦੇ ਉਪਦੇਸ਼ ਨੂੰ ਕੋਈ ਵਿਰਲਾ ਜਾਣਦਾ ਹੈ, ਗੁਰ ਉਪਦੇਸ਼ ਲੈ ਕੇ ਆਪਾ ਭਾ ਹੰਕਾਰ ਨੂੰ ਮਾਰੇ ਤਾਂ ਤਿੰਨੇ ਭਵਨ ਮਿੱਥਿਆ ਰੂਪ ਸੁੱਝਦੇ ਹਨ।

ਫਿਰਿ ਉਹ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥ ੪ ॥

ਜਿਸ ਦਾ ਜੀਵਤ ਭਾ ਤੋਂ ਮਰਨਾ ਹੁੰਦਾ ਹੈ, ਉਹ ਫਿਰ ਮਰਦਾ ਨਹੀਂ ਹੈ, ਉਹ ਸਹਜੇ ਸੱਚ ਵਿਚ ਸਮਾ ਜਾਂਦਾ ਹੈ॥ ੪ ॥

ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ ਰਹੈ ਸਮਾਏ ॥

ਉਹ ਫਿਰ ਮਾਇਆ ਵਿਚ ਚਿੱਤ ਬਿਰਤੀ ਨੂੰ ਨਹੀਂ ਲਗਾਂਦਾ, ਗੁਰਾਂ ਦੇ ਉਪਦੇਸ਼ ਵਿਚ ਸਦਾ ਸਮਾਇਆ ਰਹਿੰਦਾ ਹੈ।

ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥ ੫ ॥

ਉਹ ਉਸ ਸੱਚੇ ਨੂੰ ਸਲਾਹੁੰਦਾ ਰਹਿੰਦਾ ਹੈ, ਜੋ ਸੱਚਾ ਪ੍ਰਭੂ ਸਚ=ਨਿਸਚੇ ਕਰਕੇ ਸਾਰਿਆਂ ਘਟਾਂ ਵਿਚ ਸੋਭਾ ਪਾ ਰਿਹਾ ਹੈ॥ ੫ ॥

ਸਚੁ ਸਾਲਾਹੀ ਸਦਾ ਹਜੂਰੇ॥ ਗੁਰ ਕੈ ਸਬਦਿ ਰਹਿਆ ਭਰਪੂਰੇ॥

ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਕਰਕੇ ਪ੍ਰਭੂ ਨੂੰ ਸਾਰੇ ਭਰਪੂਰ ਹੋ ਰਿਹਾ ਨਿਸਚੇ ਕੀਤਾ ਹੈ, ਉਨ੍ਹਾਂ ਨੇ ਹਾਜ਼ਰਾ ਹਜ਼ੂਰੇ=ਨੇੜੇ ਤੋਂ ਨੇੜੇ ਜਾਣ ਕੇ ਸੱਚ ਨੂੰ ਸਲਾਹੁਣਾ ਕੀਤਾ ਹੈ।

ਗੁਰ ਪਰਸਾਦੀ ਸਚੁ ਨਦਰੀਂ ਆਵੈ ਸਚੇ ਹੀ ਸੁਖੁ ਪਾਵਣਿਆ॥ ੬॥

ਜਿਨ੍ਹਾਂ ਨੂੰ ਗੁਰਾਂ ਦੀ ਕਿਰਪਾ ਨਾਲ ਸ਼ਬਦ ਵਿਚ ਸੱਚਾ ਪ੍ਰਭੂ ਨਿਗਾਹ ਆਉਂਦਾ ਹੈ, ਉਸ ਨੇ ਸੱਚੇ ਆਤਮ ਸੁਖ ਨੂੰ ਹੀ ਪਾਣਾ ਕੀਤਾ ਹੈ॥ ੬॥

ਸਚੁ ਮਨ ਅੰਦਰਿ ਰਹਿਆ ਸਮਾਇ॥ ਸਦਾ ਸਚੁ ਨਿਹਚਲੁ ਆਵੈ ਨ ਜਾਇ॥

ਸੱਚ ਸਰੂਪ ਪ੍ਰਮਾਤਮਾ ਮਨ ਵਿਚ ਸਮਾ ਰਿਹਾ ਹੈ। ਉਹ ਸੱਚਾ ਪ੍ਰਭੂ ਸਦਾ ਨਿਹਚਲੁ=ਅਚੱਲ ਹੈ, ਕਿਧਰੇ ਆਉਂਦਾ ਜਾਂਦਾ ਨਹੀਂ ਹੈ।

ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ॥ ੭॥

ਜੋ ਗੁਰਮਤੀਏ ਸੱਚ ਵਿਚ ਲੱਗੇ ਹਨ, ਉਹ ਨਿਰਮਲ ਮਨ ਵਾਲੇ ਸੱਚ ਸਰੂਪ ਵਿਚ ਸਮਾਵਣਿਆ=ਅਭੇਦ ਹੁੰਦੇ ਹਨ॥ ੭॥

ਸਚੁ ਸਾਲਾਹੀ ਅਵਰੁ ਨ ਕੋਈ॥ ਜਿਤੁ ਸੇਵਿਐ ਸਦਾ ਸੁਖੁ ਹੋਈ॥

ਉਸ ਸੱਚ ਨੂੰ ਸਲਾਹੁਣਾ ਚਾਹੀਦਾ ਹੈ ਜਿਸ ਵਰਗਾ ਹੋਰ ਕੋਈ ਨਹੀਂ ਹੈ, ਅਤੇ ਜਿਸ ਦੇ ਸੇਵਨ ਕਰਕੇ ਹਮੇਸ਼ਾਂ ਹੀ ਸੁੱਖ ਪ੍ਰਾਪਤ ਹੁੰਦਾ ਹੈ।

[ਪੰਨਾ ੧੨੧]

ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ॥ ੮॥ ੧੮॥ ੧੯॥

ਗੁਰੂ ਜੀ ਕਥਨ ਕਰਦੇ ਹਨ-ਜੋ ਵਿਚਾਰਵਾਨ ਨਾਮੀ ਦੇ ਨਾਮ ਵਿਚ ਰੱਤੇ ਹਨ, ਉਹ ਸੱਚ ਹੀ ਸੱਚ ਨੂੰ ਕਮਾਉਣਾ ਕਰਦੇ ਹਨ॥ ੮॥ ੧੮॥ ੧੯॥

ਮਾਝ ਮਹਲਾ ੩॥ ਨਿਰਮਲ ਸਬਦੁ ਨਿਰਮਲ ਹੈ ਬਾਣੀ॥
ਨਿਰਮਲ ਜੋਤਿ ਸਭ ਮਾਹਿ ਸਮਾਣੀ॥

ਗੁਰਾਂ ਦਾ ਸਬਦੁ=ਉਪਦੇਸ਼ ਨਿਰਮਲ ਹੈ, ਗੁਰਾਂ ਦੀ ਸੁਭਾਵਕ ਬੋਲੀ ਹੋਈ ਬਾਣੀ ਵੀ ਨਿਰਮਲ ਹੈ।

ਅਥਵਾ:-ਉਹ ਸਬਦੁ=ਬ੍ਰਹਮ ਨਿਰਮਲ ਹੈ ਉਸਦੀ ਵੇਦ ਬਾਣੀ ਵੀ ਨਿਰਮਲ ਹੈ, ਉਸਦੀ ਜੋਤਿ=ਸੱਤਾ ਵੀ ਨਿਰਮਲ ਹੈ ਜੋ ਸਾਰਿਆਂ ਵਿਚ ਸਮਾ ਰਹੀ ਹੈ।

ਨਿਰਮਲ ਬਾਣੀ ਹਰਿ ਸਾਲਾਹੀ
ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ॥ ੧॥

ਹਰੀ ਨਾਮ ਰੂਪ ਨਿਰਮਲ ਬਾਣੀ ਨੂੰ ਸਲਾਹੁਣਾ ਕਰੇ, ਨਿਰਮਲ ਹਰੀ ਨਾਮ ਨੂੰ ਜਪ ਕੇ ਪਾਪਾਂ ਰੂਪੀ ਮੈਲ ਨੂੰ ਗੁਆਣਾ ਕਰੇ॥ ੧॥

ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸੁਖ ਦਾਤੇ ਪ੍ਰੱਭੂ ਨੂੰ ਮਨ ਵਿਚ ਵਸਾਣਾ ਕੀਤਾ ਹੈ।

ਹਰਿ ਨਿਰਮਲੁ ਗੁਰ ਸਬਦਿ ਸਲਾਹੀ
ਸਬਦੋ ਸੁਣਿ ਤਿਸਾ ਮਿਟਾਵਣਿਆ ॥ ੧ ॥ ਰਹਾਉ ॥

ਗੁਰ ਸ਼ਬਦ ਦੁਆਰਾ ਹਰੀ ਨਿਰਮਲ ਨੂੰ ਸਲਾਹੁਣਾ ਕਰੇ, ਅਤੇ ਗੁਰ ਸ਼ਬਦ ਨੂੰ ਸੁਣ ਕੇ ਪਦਾਰਥਾਂ ਦੀ ਤਿਸਾ=ਤ੍ਰਿਸ਼ਨਾ ਨੂੰ ਦੂਰ ਕਰੇ॥ ੧॥

ਨਿਰਮਲੁ ਨਾਮੁ ਵਸਿਆ ਮਨਿ ਆਏ ॥
ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥

ਜਿਸ ਦੇ ਮਨ ਵਿਚ ਪਵਿੱਤ੍ਰ ਨਾਮ ਆ ਵੱਸਿਆ ਹੈ, ਤੇ ਮਾਇਆ ਦੇ ਮੋਹ ਨੂੰ ਗੁਆਣਾ ਕੀਤਾ ਹੈ ਉਸ ਦਾ ਮਨ ਅਤੇ ਤਨ ਭੀ ਪਵਿੱਤ੍ਰ ਹੋਇਆ ਹੈ।

ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥ ੨ ॥

ਜੋ ਪੁਰਸ਼ ਨਿਤਾਪ੍ਰਤੀ ਸੱਚੇ ਪ੍ਰਭੂ ਦੇ ਨਿਰਮਲ ਗੁਣਾਂ ਨੂੰ ਗਾਉਂਦਾ ਹੈ, ਉਸ ਨੂੰ ਨਿਰਮਲ ਨਾਦੁ=ਸ਼ੁੱਧ ਬ੍ਰਹਮ ਵਜਾਵਣਿਆ=ਪ੍ਰਗਟ ਹੋਇਆ ਹੈ॥ ੨॥

ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥
ਵਿਉਹ ਆਪੁ ਮੁਆ ਤਿਥੈ ਮੋਹੁ ਨ ਮਾਇਆ ॥

ਜਿਸਨੇ ਪਵਿੱਤ੍ਰ ਨਾਮ ਅੰਮ੍ਰਿਤ ਗੁਰਾਂ ਪਾਸੋਂ ਪਾਇਆ ਹੈ, ਉਸ ਦੇ ਹਿਰਦੇ ਵਿੱਚੋਂ ਆਪਾ ਭਾ ਹੰਕਾਰ ਮਰ ਗਿਆ ਹੈ, ਅਤੇ ਉਥੇ ਮਾਇਆ ਦਾ ਮੋਹ ਭੀ ਨਹੀਂ ਰਿਹਾ।

ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ
ਨਿਰਮਲ ਬਾਣੀ ਮੰਨਿ ਵਸਾਵਣਿਆ ॥ ੩ ॥

ਜਿਸ ਨੇ ਗੁਰਾਂ ਦੀ ਪਵਿੱਤ੍ਰ ਉਪਦੇਸ਼ ਬਾਣੀ ਨੂੰ ਮਨ ਵਿਚ ਵਸਾਣਾ ਕੀਤਾ ਹੈ, ਉਸ ਨੂੰ ਸੰਸੇ ਵਿੱਪਰਜੇ ਤੋਂ ਰਹਿਤ ਨਿਰਮਲ ਗਿਆਨ ਪ੍ਰਾਪਤ ਹੋਇਆ ਹੈ, ਅਤੇ ਸੰਕਲਪਾਂ ਤੋਂ ਰਹਿਤ ਅਤੀਅੰਤ ਨਿਰਮਲ ਧਿਆਨ ਪ੍ਰਾਪਤ ਹੋਇਆ ਹੈ॥ ੩॥

ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥
ਹਉਮੈ ਮੈਲੁ ਗੁਰ ਸਬਦੇ ਧੋਵੈ ॥

ਜੋ ਪਵਿੱਤ੍ਰ ਗੁਰਾਂ ਦੀ ਸੇਵਾ ਕਰਦਾ ਹੈ ਉਸ ਦਾ ਹਿਰਦਾ ਸ਼ੁੱਧ ਹੁੰਦਾ ਹੈ, ਕਿਉਂਕਿ ਗੁਰੂ ਅਪਣੇ ਉਪਦੇਸ਼ ਦੁਆਰਾ ਉਸ ਦੇ ਅੰਦਰੋਂ ਹਉਮੈ ਦੀ ਮੈਲ ਨੂੰ ਧੋ ਦੇਂਦੇ ਹਨ।

ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥ ੪ ॥

ਅਨਹਦ=ਇੱਕਰਸ ਗੁਰਾਂ ਦੀ ਉਪਦੇਸ਼ ਬਾਣੀ, ਵਾ ਨਾਮ ਬਾਣੀ ਦੇ ਧੁਨਿ=ਉਚਾਰਨ ਤੇ ਜਿਸ ਨੂੰ ਨਿਰਮਲ ਪ੍ਰਭੂ ਵਾਜੈ=ਪ੍ਰਗਟ ਹੋਇਆ ਹੈ, ਉਸ ਸੱਚੇ ਦਰਬਾਰ ਵਿਚ ਸੋਭਾ ਪਾਣਾ ਕਰਦਾ ਹੈ॥ ੪॥

ਨਿਰਮਲੁ ਤੇ ਸਭ ਨਿਰਮਲ ਹੋਵੈ ॥
ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥

ਵਾਹਿਗੁਰੂ ਦੇ ਪਵਿੱਤ੍ਰ ਨਾਮ ਜਪਣ ਕਰਕੇ ਸਾਰੇ ਜੀਵ ਪਵਿੱਤ੍ਰ ਹੋ ਜਾਂਦੇ ਹਨ, ਇਸ ਲਈ ਗੁਰ ਸ਼ਬਦ ਦੁਆਰਾ ਨਿਰਮਲ ਹਰੀ ਵਿਚ ਆਪਣੇ ਮਨ ਨੂੰ ਪ੍ਰੋਣਾ ਕਰੇ।

ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥ ੫ ॥

ਜੋ ਵਡਭਾਗੀ ਪੁਰਸ਼ ਪਵਿੱਤ੍ਰ ਨਾਮ ਜਪਣ ਵਿਚ ਲੱਗੇ ਹਨ, ਉਹ ਨਿਰਮਲ ਨਾਮੀ ਨੂੰ ਪਾ ਕੇ ਸੁਹਾਵਣਿਆ=ਸੋਭਨੀਕ ਹੋਏ ਹਨ॥ ੫॥

ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥

ਜੋ ਗੁਰ ਉਪਦੇਸ਼ ਕਰਕੇ ਸੋਭ ਰਿਹਾ ਹੈ ਉਹ ਪਵਿੱਤ੍ਰ ਹੈ, ਨਿਰਮਲ ਨਾਮੀ ਪ੍ਰਮਾਤਮਾ ਉਸ ਦੇ ਮਨ ਤਨੁ ਵਿਚ ਸਖਿਆਤ (ਪ੍ਰਗਟ) ਹੋ ਰਿਹਾ ਹੈ।

ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥ ੬ ॥

ਸੱਚੇ ਨਾਮੀ ਦੇ ਨਾਮ ਜਪਣ ਕਰਕੇ ਕਦੇ ਪਾਪਾਂ ਰੂਪੀ ਮੈਲ ਨਹੀਂ ਲਗਦੀ, ਸੱਚਾ ਨਾਮ ਦਰਗਾਹ ਵਿਚ ਭੀ ਮੂੰਹ ਉੱਜਲਾ ਕਰਾਉਂਦਾ ਹੈ॥ ੬॥

ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥

ਦ੍ਵੈਤ ਭਾ ਕਰਕੇ ਜਿਸ ਦਾ ਮਨ ਮੈਲਾ ਹੈ, ਉਸ ਦਾ ਪ੍ਰਤੱਖ ਚੌਂਕਾ ਦੇਣਾ ਭੀ ਮੈਲਾ ਹੈ, ਅਤੇ ਰਹਿਣ ਦਾ ਥਾਂ ਸਵਾਰਣਾ ਭੀ ਮੈਲਾ ਹੈ।

ਅਥਵਾ:-ਉਸ ਦਾ ਅੰਤਹਕਰਨ ਰੂਪ ਚੌਂਕਾ ਮੈਲਾ ਹੈ, ਅਤੇ ਸਰੀਰ ਰੂਪੀ ਵਾ ਇੰਦ੍ਰੀਆਂ ਰੂਪੀ ਥਾਂ ਭੀ ਮੈਲਾ ਹੈ।

ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥ ੭ ॥

ਉਸ ਦਾ ਖਾਣਾ ਭੀ ਮੈਲਾ ਹੈ,

ਅਥਵਾ:-ਜੋ ਭੀ ਪਦਾਰਥ ਖਾਂਦਾ ਹੈ, ਉਹ ਮੈਲੇ ਹਨ ਉਨ੍ਹਾਂ ਨੂੰ ਖਾ ਕੇ ਫਿਰ ਵਿਸ਼ਟਾ ਵਾ:- ਪਾਪਾਂ ਰੂਪੀ ਮੈਲ ਨੂੰ ਵਧਾਂਦਾ ਹੈ, ਮਨਮੁਖ ਪੁਰਸ਼ ਪਾਪਾਂ ਰੂਪੀ ਮੈਲ ਕਰਕੇ ਦੁਖ ਪਾਣਾ ਕਰਦਾ ਹੈ॥ ੭॥

ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥

ਸਾਰੇ ਮੈਲੇ ਪੁਰਸ਼ ਸਾਰੇ ਨਿਰਮਲ ਪੁਰਸ਼ ਉਸ ਪ੍ਰਭੂ ਦੇ ਹੁਕਮ ਵਿਚ ਹਨ, ਪਰ ਜੋ ਹਰੀ ਸੱਚੇ ਨੂੰ ਭਾ ਗਏ ਹਨ ਉਹ ਨਿਰਮਲ ਹਨ।

ਨਾਨਕ ਨਾਮੁ ਵਸੈ ਮਨ ਅੰਤਰਿ
ਗੁਰਮੁਖਿ ਮੈਲੁ ਚੁਕਾਵਣਿਆ ॥ ੮ ॥ ੧੯ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ ਜਿਸ ਗੁਰਮੁਖ ਦੇ ਮਨ ਵਿਚ ਗੁਰਾਂ ਦੁਆਰੇ ਪ੍ਰਭੂ ਦਾ ਨਾਮ ਵੱਸਦਾ ਹੈ ਉਸ ਨੇ ਪਾਪਾਂ ਰੂਪੀ ਮੈਲ ਨੂੰ ਚੁਕਾਵਣਿਆ=ਦੂਰ ਕੀਤਾ ਹੈ॥ ੮ ॥ ੧੯ ॥੨੦ ॥

ਮਾਝ ਮਹਲਾ ੩ ॥

ਗੋਵਿੰਦੁ ਊਜਲੁ ਊਜਲ ਹੰਸਾ ॥ ਮਨੁ ਬਾਣੀ ਨਿਰਮਲ ਮੇਰੀ ਮਨਸਾ ॥

ਉੱਜਲ ਗੋਬਿੰਦ ਮਾਨ-ਸਰੋਵਰ ਰੂਪ ਹੈ, ਅਤੇ ਉੱਜਲ ਮਨ ਵਾਲੇ ਜੋ ਮਹਾਤਮਾ ਹਨ ਇਹ ਉਸ ਮਾਨ-ਸਰੋਵਰ ਉੱਪਰ ਵਿਚਰਨੇ ਵਾਲੇ ਹੰਸ ਹਨ। ਜਿਨ੍ਹਾਂ ਮਹਾਤਮਾਂ ਦੀ ਮਨ ਬਾਣੀ ਤੇ ਮਨੰਸਾ=ਬੁੱਧੀ ਮੇਰੀ=ਮੇਰ ਤੇਰ ਵੱਲੋਂ ਹਟ ਕੇ ਨਿਰਮਲ ਹੋਈ ਹੈ।

ਅਥਵਾ:-ਜਿਨ੍ਹਾਂ ਦੀ ਮਨ, ਬਾਣੀ, ਤੇ ਮਨਸਾ=ਬੁੱਧੀ ਮੇਰ ਤੇਰ ਵੱਲੋਂ ਹਟ ਕੇ ਨਿਰਮਲ ਹੋਈ ਹੈ ਉਨ੍ਹਾਂ ਦੀ ਅਜੇਹੀ ਦ੍ਰਿਸ਼ਟੀ ਹੋ ਜਾਂਦੀ ਹੈ, ਕਿ ਉੱਜਲ ਗੋਵਿੰਦ ਹੰਸਾ=ਜੀਵ ਰੂਪ ਹੈ ਅਤੇ ਉੱਜਲ ਹੰਸਾ=ਜੀਵ ਗੋਬਿੰਦ ਰੂਪ ਹੈ। ਅਰਥਾਤ ਜੀਵ ਈਸ਼ੂਰ ਦੋਨੋਂ ਆਪਸ ਵਿਚ ਅਭੇਦ ਰੂਪ ਹਨ।

ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ ॥ ੧ ॥

ਜੋ ਅਤੀਅੰਤ ਉੱਜਲ ਵਾਹਿਗੁਰੂ ਦੇ ਨਾਮ ਨੂੰ ਧਿਆਉਂਦਾ ਹੈ, ਉਸ ਦਾ ਮਨ ਉੱਜਲਾ ਹੈ, ਅਤੇ ਉਸ ਦਾ ਮੂੰਹ ਸਦਾ ਸੋਭਨੀਕ ਹੋ ਰਿਹਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜੋ ਗੋਬਿੰਦ ਦੇ ਗੁਣਾਂ ਨੂੰ ਗਾਉਂਦਾ ਹੈ।

ਗੋਬਿਦੁ ਗੋਬਿਦੁ ਕਹੈ ਦਿਨ ਰਾਤੀ
ਗੋਬਿਦ ਗੁਣ ਸਬਦਿ ਸੁਣਾਵਣਿਆ ॥ ੧ ॥ ਰਹਾਉ ॥

ਜੋ ਆਪ ਦਿਨ ਰਾਤ ਗੋਬਿੰਦ, ਗੋਬਿੰਦ ਨਾਮਾਂ ਨੂੰ ਕਹਿੰਦਾ ਹੈ, ਅਤੇ ਹੋਰਨਾਂ ਨੂੰ ਭੀ ਸ਼ਬਦ ਦੁਆਰਾ ਗੋਬਿੰਦ ਦੇ ਗੁਣਾਂ ਨੂੰ ਸੁਣਾਉਂਦਾ ਹੈ॥ ੧ ॥ ਰਹਾਉ ॥

ਗੋਬਿਦੁ ਗਾਵਹਿ ਸਹਜਿ ਸੁਭਾਏ ॥ ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥

ਜੋ ਗੋਬਿੰਦ ਦੇ ਗੁਣ ਗਾਉਂਦੇ ਹਨ ਉਹ ਸਹਜਿ ਸੁਭਾਏ=ਸ਼ਾਂਤੀ ਸੁਭਾਅ ਵਾਲੇ ਹਨ, ਵਾ:-ਉਹ ਸਹਜੇ ਸੁਭਾਏ=ਸੋਭਾ ਵਾਲੇ ਹਨ। ਗੁਰਾਂ ਦੇ ਡਰ ਧਾਰਨੇ ਤੇ ਮਨ ਉੱਜਲਾ ਹੁੰਦਾ ਹੈ ਅਤੇ ਹੰਗਤਾ ਮਮਤਾ ਦੀ ਮੈਲ ਚਲੀ ਜਾਂਦੀ ਹੈ।

ਸਦਾ ਅਨੰਦਿ ਰਹਹਿ ਭਗਤਿ ਕਰਹਿ ਦਿਨੁ ਰਾਤੀ
ਸੁਣਿ ਗੋਬਿਦ ਗੁਣ ਗਾਵਣਿਆ ॥ ੨ ॥

ਉਹ ਪੁਰਸ਼ ਹਮੇਸ਼ਾ ਅਨੰਦ ਵਿਚ ਲੀਣ ਰਹਿੰਦੇ ਹਨ, ਜੋ ਦਿਨ ਰਾਤ ਪ੍ਰਭੂ ਦੀ ਭਗਤੀ ਕਰਦੇ ਹਨ, ਅਤੇ

ਗੋਬਿੰਦ ਦੇ ਗੁਣਾਂ ਨੂੰ ਗਾਉਂਦੇ ਤੇ ਸੁਣਦੇ ਹਨ।

ਅਥਵਾ:-ਜੇ ਕੋਈ ਕਹਿਣੇ ਵਾਲਾ ਹੋਵੇ ਤਾਂ ਪਾਸ ਬੈਠ ਕੇ ਗੋਬਿੰਦ ਦੇ ਗੁਣ ਸੁਣਦੇ ਹਨ, ਜੇ ਕੋਈ ਸੁਣਨੇ ਵਾਲਾ ਹੋਵੇ ਤਾਂ ਗੋਬਿੰਦ ਦੇ ਗੁਣ ਗਾਉਂਦੇ ਹਨ॥ ੨॥

ਮਨੂਆ ਨਾਚੈ ਭਗਤਿ ਦ੍ਰਿੜਾਏ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ॥

ਆਪ ਮਨ ਵਿਚ ਸੱਤ ਅਸੱਤ ਦ ਨਾਚੈ=ਨਿਰਣਾ ਕਰੇ, ਅਤੇ ਹੋਰਨਾਂ ਨੂੰ ਭਗਤੀ ਦ੍ਰਿੜਾਵੇ।

ਅਥਵਾ:-ਨੱਚਣ ਵਾਲੇ ਮਨ ਨੂੰ ਭਗਤੀ ਕਰਕੇ ਦ੍ਰਿੜ (ਸਥਿਰ) ਕਰੇ। ਗੁਰਾਂ ਦੇ ਉਪਦੇਸ਼ ਦੁਆਰਾ ਮਨੁ=ਜੀਵ ਨੂੰ ਮਨੈ=ਸ਼੍ਰੋਮਣੀ ਪ੍ਰਮਾਤਮਾ ਨਾਲ ਮਿਲਾਵੇ।

ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ॥ ੩॥

ਮਾਇਆ ਦਾ ਮੋਹ ਚੁਕਾਏ=ਦੂਰ ਕਰਨੇ ਰੂਪ ਸੱਚੇ ਤਾਲਾਂ ਨੂੰ ਪੂਰਨਾ ਕਰੇ, ਵਾ:-ਮਾਇਆ ਦਾ ਮੋਹ ਦੂਰ ਕਰਕੇ ਮਹਾਂਵਾਕਾਂ ਰੂਪੀ ਸੱਚੇ ਤਾਲਾਂ ਨੂੰ ਪੂਰਨਾ ਕਰੇ, ਗੁਰ ਸ਼ਬਦ ਦੁਆਰੇ ਆਪ ਸੱਤ ਅਸੱਤ ਦੇ ਨਿਰਨੇ ਕਰਨ ਵਿਚ ਆਵੇ, ਅਤੇ ਹੋਰਨਾਂ ਪਾਸੋਂ ਸੱਤ ਅਸੱਤ ਦਾ ਨਿਰਨਾ ਕਰਾਵੇ॥ ੩॥

ਊਚਾ ਕੂਕੇ ਤਨਹਿ ਪਛਾੜੈ॥ ਮਾਇਆ ਮੋਹਿ ਜੋਹਿਆ ਜਮਕਾਲੇ॥

ਜੋ ਪੁਰਸ਼ ਕਪਟ ਨਾਲ ਊਚਾ ਕੂਕੇ=ਬੋਲਦਾ ਹੈ, ਤੇ ਤਨਹਿ=ਸਰੀਰ ਨੂੰ ਧਰਤੀ ਉੱਪਰ ਪਛਾੜਦਾ (ਡੇਗਦਾ) ਹੈ, ਉਸ ਮਾਇਆ ਦੇ ਮੋਹੇ ਹੋਏ ਨੂੰ ਜਮਕਾਲ ਨੇ ਜੋਹਿਆ=ਤੱਕਿਆ ਹੈ।

[ਪੰਨਾ ੧੨੨]

ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥

ਮਾਇਆ ਦਾ ਮੋਹ ਹੀ ਇਸ ਮਨ ਨੂੰ ਨਚਾਉਂਦਾ ਹੈ, ਅਰਥਾਤ ਨਿਰਤਕਾਰੀ ਕਰਾਉਂਦਾ ਹੈ, ਹਿਰਦੇ ਅੰਦਰ ਕਪਟ ਹੋਣ ਕਰਕੇ ਇਹ ਦੁਖ ਪਾਂਦਾ ਹੈ॥ ੪॥

ਗੁਰਮੁਖਿ ਭਗਤਿ ਜਾ ਆਪਿ ਕਰਾਏ॥ ਤਨੁ ਮਨੁ ਰਾਤਾ ਸਹਜਿ ਸੁਭਾਏ॥

ਜਾਂ ਪ੍ਰਭੂ ਆਪ ਕਰਾਵੇ ਤਾਂ ਮੁਖੀ ਗੁਰਾਂ ਦੀ ਭਗਤੀ ਹੁੰਦੀ ਹੈ। ਗੁਰਮੁਖਾਂ ਦਾ ਤਨ ਮਨ ਸਹਜਿ ਸੁਭਾਏ=ਸ਼ਾਂਤੀ ਸੁਭਾਅ ਵਿੱਚ ਰੱਤਾ ਰੰਹਿਦਾ ਹੈ।

ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ॥ ੫॥

ਜੋ ਗੁਰਾਂ ਦੀ ਉਪਦੇਸ਼ ਬਾਣੀ ਨੂੰ ਵਜਾਏ=ਉਚਾਰਦਾ ਹੈ ਉਸ ਦੀ ਜਸ ਰੂਪੀ ਬਾਣੀ ਸਾਰੇ ਵਜੈ=ਪਰਗਟ ਹੁੰਦੀ ਹੈ।

ਅਥਵਾ:-ਜੋ ਨਾਮ ਬਾਣੀ ਨੂੰ ਵਜੈ=ਉਚਾਰਦਾ ਹੈ ਉਸ ਨੂੰ ਸਬਦਿ=ਬ੍ਰਹਮ ਵਜਾਏ=ਪਰਗਟ ਹੋ ਆਉਂਦਾ ਹੈ, ਉਸ ਗੁਰਮੁਖ ਦੀ ਭਗਤੀ ਕੀਤੀ ਹੋਈ ਪ੍ਰਭੂ ਥਾਂ ਪਾਂਦਾ ਹੈ ਅਰਥਾਤ ਸਫਲੀ ਕਰਦਾ ਹੈ॥ ੫॥

ਬਹੁ ਤਾਲ ਪੂਰੇ ਵਾਜੇ ਵਜਾਏ॥ ਨਾ ਕੋ ਸੁਣੇ ਨ ਮੰਨਿ ਵਸਾਏ॥

ਮਨਮੁਖ ਪੁਰਸ਼ ਭਾਵੇ ਬਹੁਤੇ ਵਾਜਿਆਂ ਨੂੰ ਵਜਾ ਕੇ ਤਾਲਾਂ ਨੂੰ ਪੂਰਦੇ ਹਨ, ਤੇ ਬਿਸ਼ਨ ਪਦੇ ਗਾਵਦੇ ਹਨ,

ਪਰ ਉਸ ਦੇ ਚਰਿਤ੍ਰ ਤੇ ਵਾਜਿਆਂ ਨੂੰ ਭਲਿਆਂ ਪੁਰਸ਼ਾਂ ਚੋਂ ਨਾ ਕੋਈ ਸੁਣਦਾ ਹੈ ਅਤੇ ਨਾ ਹੀ ਕੋਈ ਮਨ ਵਿਚ ਵਸਾਂਦਾ ਹੈ।

ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥ ੬ ॥

ਉਹ ਤਾਂ ਕੇਵਲ ਮਾਇਆ ਦੀ ਪ੍ਰਾਪਤੀ ਵਾਸਤੇ ਪਿੜ=ਅਖਾੜੇ ਨੂੰ ਬੰਨ੍ਹ ਕੇ ਨੱਚਦੇ ਹਨ, ਅਤੇ ਦ੍ਵੈਤ ਭਾ ਵਿਚ ਲਗਾ ਕੇ ਦੁਖ ਪਾਂਦੇ ਹਨ॥ ੬ ॥

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥

ਜਿਸ ਦੇ ਅੰਦਰ ਵਾਹਿਗੁਰੂ ਦੀ ਪ੍ਰੀਤੀ ਲਗੀ ਹੈ, ਉਹ ਮੁਕਤ ਰੂਪ ਹੈ, ਉਹ ਇੰਦ੍ਰੀਆਂ ਨੂੰ ਵਸੀਕਾਰ ਕਰਕੇ ਸੱਚੇ ਸੰਜਮ ਵਿਚ ਜੁਗਤਾ=ਜੁੜਿਆ ਹੈ।

ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥ ੭ ॥

ਗੁਰਾਂ ਦੇ ਉਪਦੇਸ਼ ਦੁਆਰਾ ਸਦਾ ਹਰੀ ਨਾਮ ਨੂੰ ਧਿਆਉਣਾ ਕਰੇ, ਏਹੋ ਭਗਤੀ ਹਰੀ ਨੂੰ ਭਾਵਣਿਆ=ਚੰਗੀ ਲਗਦੀ ਹੈ॥ ੭ ॥

ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥ ਹੋਰਤੁ ਭਗਤਿ ਨ ਪਾਏ ਕੋਈ ॥

ਗੁਰਮੁਖਾਂ ਪਾਸੋਂ ਚਾਰੇ ਜੁਗਾਂ ਵਿਚ ਭਗਤੀ ਹੁੰਦੀ ਆਈ ਹੈ, ਵਾ:-ਗੁਰਾਂ ਦੁਆਰੇ ਪ੍ਰਭੂ ਦੀ ਭਗਤੀ ਚਾਰੇ ਜੁਗਾਂ ਮੇਂ ਹੁੰਦੀ ਆਈ ਹੈ, ਵਾ:-ਮੁਖੀ ਜੋ ਗੁਰੂ ਹੰਨ ਉਨ੍ਹਾਂ ਦੀ ਭਗਤੀ ਚਾਰੇ ਜੁਗਾਂ ਵਿਚ ਹੁੰਦੀ ਆਈ ਹੈ, ਹੋਰ ਕਿਸੇ ਤਰ੍ਹਾਂ ਕੋਈ ਵੀ ਭਗਤੀ ਨੂੰ ਨਹੀਂ ਪਾ ਸਕਦਾ।

ਨਾਨਕ ਨਾਮੁ ਗੁਰ ਭਗਤੀ ਪਾਈਐ
ਗੁਰ ਚਰਣੀ ਚਿਤੁ ਲਾਵਣਿਆ ॥ ੮ ॥ ੨੦ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦਾ ਨਾਮ ਤੇ ਭਗਤੀ ਗੁਰਾਂ ਦੁਆਰੇ ਪ੍ਰਾਪਤ ਹੁੰਦੀ ਹੈ, ਤਾਂ ਤੇ ਹੇ ਭਾਈ ! ਤੂੰ ਗੁਰ ਚਰਨਾਂ ਵਿਚ ਚਿੱਤ ਬਿਰਤੀ ਨੂੰ ਲਗਾਵਣਾ ਕਰ ॥ ੮ ॥ ੨੦ ॥ ੨੧ ॥

ਮਾਝ ਮਹਲਾ ੩ ॥

ਸਚਾ ਸੇਵੀ ਸਚੁ ਸਾਲਾਹੀ ॥ ਸਚੈ ਨਾਇ ਦੁਖੁ ਕਬ ਹੀ ਨਾਹੀ ॥

ਸੱਚ ਦੀ ਸੇਵਾ ਕਰੇ, ਸੱਚ ਦੀ ਹੀ ਸ਼ਲਾਘਾ ਕਰੇ ਕਿਉਂਕਿ ਸੱਚੇ ਨਾਮ ਕਰਕੇ ਕਦੇ ਭੀ ਦੁਖ ਨਹੀਂ ਹੁੰਦਾ।

ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥ ੧ ॥

ਜੋ ਸੁਖ ਦੇਣ ਵਾਲੇ ਪ੍ਰਭੂ ਨੂੰ ਸੇਂਵਦੇ ਹਨ ਓਹੀ ਸੁਖਾਂ ਨੂੰ ਪਾਂਦੇ ਹਨ, ਪਰ ਗੁਰਮਤੀਆਂ ਨੇ ਨਾਮ ਨੂੰ ਮਨ ਵਿਚ ਵਸਾਉਣਾ ਕੀਤਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥

ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸੁਖ ਸਰੂਪ ਪ੍ਰਮਾਤਮਾ ਵਿਚ ਸਹਜਿ ਸਮਾਧਿ=ਨਿਰ ਵਿਕਲਪ ਸਮਾਧੀ ਨੂੰ ਲਗਾਉਣਾ ਕੀਤਾ ਹੈ।

ਜੋ ਹਰਿ ਸੇਵਹਿ ਸੇ ਸਦਾ ਸੋਹਹਿ
ਸੋਭਾ ਸੁਰਤਿ ਸੁਹਾਵਣਿਆ ॥ ੧ ॥ ਰਹਾਉ ॥

ਜੋ ਮਨੁੱਖ ਹਰੀ ਨੂੰ ਸੇਂਵਦੇ ਹਨ ਉਹ ਸਦਾ ਸੋਭਨੀਕ ਹੁੰਦੇ ਹਨ, ਉਨ੍ਹਾਂ ਦੀ ਸੋਭਾ ਤੇ ਸੁਰਤ ਸੋਭਨੀਕ ਹੋਈ ਹੈ॥ ੧ ॥ ਰਹਾਉ ॥

ਸਭੁ ਕੋ ਤੇਰਾ ਭਗਤੁ ਕਹਾਏ ॥ ਸੇਈ ਭਗਤ ਤੇਰੈ ਮਨਿ ਭਾਏ ॥

ਹੇ ਵਾਹਿਗੁਰੂ ! ਸਭ ਕੋਈ ਆਪ ਜੀ ਦਾ ਭਗਤ ਕਹਾਉਂਦਾ ਹੈ, ਪਰ ਉਹ ਅਸਲ ਭਗਤ ਹਨ ਜੋ ਆਪ ਜੀ ਦੇ ਮਨ ਵਿਚ ਭਾਉਂਦੇ ਹਨ।

ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥ ੨ ॥

ਜੋ ਆਪ ਜੀ ਨੂੰ ਸਲਾਹੁੰਦੇ ਹਨ ਉਨ੍ਹਾਂ ਦੀ ਬਾਣੀ ਸੱਚੀ ਹੈ,

ਅਥਵਾ:-ਸੱਚੀ ਨਾਮ ਬਾਣੀ ਦੁਆਰੇ ਜੋ ਆਪ ਜੀ ਨੂੰ ਸਲਾਹੁੰਦੇ ਹਨ। ਉਹ ਰੰਗਿ=ਪ੍ਰੇਮ ਵਿਚ ਰੱਤੇ ਹੋਏ ਆਪ ਭਗਤੀ ਕਰਦੇ ਹਨ, ਹੋਰਨਾਂ ਪਾਸੋਂ ਭਗਤੀ ਕਰਾਉਂਦੇ ਹਨ॥ ੨ ॥

ਸਭੁ ਕੋ ਸਚੇ ਹਰਿ ਜੀਉ ਤੇਰਾ ॥ ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥

ਹੇ ਸੱਚੇ ਹਰਿ ਜੀਉ ! ਸਭ ਕੋਈ ਆਪ ਜੀ ਦਾ ਦਾਸ ਹੈ, ਮੁਖੀ ਗੁਰਾਂ ਨਾਲ ਮਿਲੇ ਤਾਂ ਚੁਰਾਸੀ ਲੱਖ ਜੂਨਾਂ ਦਾ ਫੇਰਾ ਦੂਰ ਹੋ ਜਾਂਦਾ ਹੈ।

ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥ ੩ ॥

ਜਾਂ ਆਪ ਜੀ ਨੂੰ ਭਾ ਜਾਵੇ ਤਾਂ ਨਾਮ ਸਿਮਰਨ ਵਿਚ ਰਚਾਵਹਿ=ਤਦਾਕਾਰ ਕਰਦਾ ਹੈ; ਅਤੇ ਤੂੰ ਆਪ ਹੀ ਆਪਣਾ ਨਾਮ ਜਪਾਂਦਾ ਹੈਂ॥ ੩ ॥

ਗੁਰਮਤੀ ਹਰਿ ਮੰਨਿ ਵਸਾਇਆ ॥ ਹਰਖੁ ਸੋਗੁ ਸਭੁ ਮੋਹੁ ਗਵਾਇਆ ॥

ਗੁਰਮਤੀਆਂ ਨੇ ਹਰੀ ਨਾਮ ਨੂੰ ਮਨ ਵਿਚ ਵਸਾਇਆ ਹੈ, ਹਰਖ ਸੋਕ ਅਤੇ ਸਾਰੇ ਮੋਹ ਨੂੰ ਗੁਆ ਦਿੱਤਾ ਹੈ।

ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥ ੪ ॥

ਉਨ੍ਹਾਂ ਦੀ ਇੱਕ ਪ੍ਰਭੂ ਨਾਲ ਸਦਾ ਹੀ ਬਿਰਤੀ ਜੁੜੀ ਰਹਿੰਦੀ ਹੈ, ਅਤੇ ਹਰੀ ਨਾਮ ਨੂੰ ਮਨ ਵਿਚ ਵਸਾਣਾ ਕੀਤਾ ਹੈ॥ ੪ ॥

ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥
ਨਉ ਨਿਧਿ ਨਾਮੁ ਵਸਿਆ ਮਨਿ ਆਏ ॥

ਭਗਤ ਜਨ ਚਾਹ ਕਰਕੇ ਸਦਾ ਹੀ ਆਪ ਜੀ ਦੇ ਰੰਗਿ=ਪ੍ਰੇਮ ਵਿਚ ਰੱਤੇ ਰਹਿੰਦੇ ਹਨ, ਨੌਂ ਨਿਧੀਆਂ ਦਾ ਦਾਤਾ ਨਾਮ ਉਨ੍ਹਾਂ ਦੇ ਮਨ ਵਿਚ ਆ ਕੇ ਵਸਿਆ ਹੈ।

ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥ ੫ ॥

ਜਿਨ੍ਹਾਂ ਪੂਰੇ ਭਾਗਾਂ ਵਾਲਿਆਂ ਨੇ ਸਤਿਗੁਰਾਂ ਪਾਸੋਂ ਨਾਮ ਪਾਇਆ ਹੈ ਉਨ੍ਹਾਂ ਨੂੰ ਸਬਦੇ=ਬ੍ਰਹਮ ਨੇ ਆਪਣੇ

ਮੇਲ ਵਿਚ ਮਿਲਾਇਆ ਹੈ॥ ੫॥

ਤੂੰ ਦਇਆਲੁ ਸਦਾ ਸੁਖਦਾਤਾ॥ ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ॥

ਤੂੰ ਦਿਆਲੂ ਸੁਭਾਅ ਵਾਲਾ ਹੈਂ ਅਤੇ ਸਦਾ ਹੀ ਸੁਖਾਂ ਦੇ ਦੇਣ ਵਾਲਾ ਹੈਂ, ਜਿਨ੍ਹਾਂ ਨੇ ਗੁਰਾਂ ਦੁਆਰੇ ਇੰਞ ਜਾਣਿਆ ਹੈ ਉਨ੍ਹਾਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ।

ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥੬॥

ਹੇ ਪ੍ਰਭੂ ! ਤੂੰ ਆਪ ਹੀ ਨਾਮ ਦੀ ਵਡਿਆਈ ਦੇਂਦਾ ਹੈਂ, ਜੋ ਨਾਮ ਵਿਚ ਰੱਤੇ ਹਨ ਉਨ੍ਹਾਂ ਨੇ ਆਪ ਜੀ ਪਾਸੋਂ ਸੁਖ ਪਾਣਾ ਕੀਤਾ ਹੈ॥ ੬॥

ਸਦਾ ਸਦਾ ਸਾਚੇ ਤੁਧੁ ਸਾਲਾਹੀ॥ ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥

ਹੇ ਸੱਚੇ ! ਮੈਂ ਸਦਾ ਸਦਾ ਆਪ ਜੀ ਨੂੰ ਸਲਾਹੁੰਦਾ ਹਾਂ, ਅਤੇ ਗੁਰਾਂ ਦੁਆਰੇ ਇਹ ਜਾਣਿਆ ਹੈ ਕਿ ਆਪ ਜੀ ਤੋਂ ਬਿਨਾਂ ਦੂਜਾ ਕੋਈ ਨਹੀਂ ਹੈ।

ਏਕਸੁ ਸਿਉ ਮਨੁ ਰਹਿਆ ਸਮਾਏ
ਮਨਿ ਮੰਨਿਐ ਮਨਹਿ ਮਿਲਾਵਣਿਆ॥ ੭॥

ਇਕ ਆਪ ਜੀ ਦੇ ਨਾਮ ਨਾਲ ਮੇਰਾ ਮਨ ਸਮਾਏ=ਮਿਲ ਰਿਹਾ ਹੈ, ਗੁਰਾਂ ਦੇ ਮਨਿ=ਮੰਤਰ ਮੰਨਣ ਕਰਨ ਨਾਲ ਹੇ ਮਨਹਿ=ਸਰੋਮਣੀ ਪ੍ਰਭੂ ਆਪ ਜੀ ਨਾਲ ਮਿਲਾਪ ਹੁੰਦਾ ਹੈ।

ਅਥਵਾ-ਜਿਸ ਵੇਲੇ ਮਨਹਿ=ਸ਼੍ਰੋਮਣੀ ਪ੍ਰਭੂ ਉੱਤੇ ਮਨ ਮੰਨਿਆ ਗਿਆ ਤਾਂ ਮਿਲਾਪ ਹੋ ਗਿਆ।

ਗੁਰਮੁਖਿ ਹੋਵੈ ਸੋ ਸਾਲਾਹੇ॥ ਸਾਚੇ ਠਾਕੁਰ ਵੇਪਰਵਾਹੇ॥

ਜੋ ਤਾਂ ਗੁਰਮੁਖ ਹੁੰਦਾ ਹੈ, ਉਹ ਸੱਚੇ ਬੇਪ੍ਰਵਾਹ ਠਾਕਰ ਨੂੰ ਸਲਾਹੁੰਦਾ ਹੈ।

ਨਾਨਕ ਨਾਮੁ ਵਸੈ ਮਨਿ ਅੰਤਰਿ
ਗੁਰ ਸਬਦੀ ਹਰਿ ਮੇਲਾਵਣਿਆ॥ ੮॥ ੨੧॥ ੨੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਗੁਰਸਬਦੀਆਂ ਦੇ ਮਨ ਅੰਦਰ ਨਾਮ ਵਸਦਾ ਹੈ, ਉਨ੍ਹਾਂ ਨੂੰ ਹਰੀ ਆਪਣੇ ਮੇਲ ਨਾਲ ਮਿਲਾ ਲੈਂਦਾ ਹੈ॥ ੮॥ ੨੧॥ ੨੨॥

ਮਾਝ ਮਹਲਾ ੩॥

ਤੇਰੇ ਭਗਤ ਸੋਹਹਿ ਸਾਚੈ ਦਰਬਾਰੇ॥ ਗੁਰ ਕੈ ਸਬਦਿ ਨਾਮਿ ਸਵਾਰੇ॥

ਹੇ ਸੱਚੇ ਵਾਹਿਗੁਰੂ ਉਹ ਭਗਤ ਆਪ ਜੀ ਦੇ ਦਰਬਾਰ ਵਿਚ ਸੋਭਦੇ ਹਨ, ਜਿਨ੍ਹਾਂ ਨੇ ਗੁਰ ਉਪਦੇਸ ਦੁਆਰਾ ਨਾਮ ਜਪ ਕੇ ਮਨ ਬੁੱਧ ਆਦਿਕ ਚਤੁਸਟੇ ਅੰਤਹਕਰਨ ਸ਼ਵਾਰੇ ਹਨ।

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥ ੧॥

ਉਹ ਸਦਾ ਹੀ ਦਿਨ ਰਾਤ ਅਨੰਦ ਰਹਿੰਦੇ ਹਨ, ਜੋ ਸ਼ੁਭ ਗੁਣਾਂ ਨੂੰ ਕਹਿ ਕੇ ਗੁਣੀ=ਪ੍ਰਮਾਤਮਾ ਵਿਚ ਸਮਾਵਣਿਆ=ਅਭੇਦ ਹੋਏ ਹਨ॥ ੧॥

[ਪੰਨਾ ੧੨੩]

ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨਾਮ ਨੂੰ ਕੰਨਾਂ ਦੁਆਰੇ ਸੁਣ ਕੇ ਮਨ ਵਿਚ ਵਸਾਣਾ ਕੀਤਾ ਹੈ।

ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥ ੧ ॥ ਰਹਾਉ ॥

ਉਹ ਹਰਿ ਜੀਉ ਸੱਚਾ ਹੈ, ਤੇ ਉੱਚਿਆਂ ਤੋਂ ਭੀ ਉੱਚਾ ਹੈ, ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ ਉਨ੍ਹਾਂ ਨੂੰ ਪ੍ਰਭੂ ਨੇ ਆਪਣੇ ਨਾਲ ਮਿਲਾਇਆ ਹੈ॥ ੧॥ ਰਹਾਉ॥

ਹਰਿ ਜੀਉ ਸਾਚਾ ਸਾਚੀ ਨਾਈ ॥ ਗੁਰ ਪਰਸਾਦੀ ਕਿਸੈ ਮਿਲਾਈ ॥

ਹਰਿ ਜੀਉ ਆਪ ਸੱਚਾ ਹੈ, ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ।

ਗੁਰ ਕਿਰਪਾ ਦੁਆਰੇ ਕਿਸੇ ਵਿਰਲੇ ਨੂੰ ਨਾਮ ਵਡਿਆਈ ਮਿਲਦੀ ਹੈ।

ਗੁਰ ਸਬਦਿ ਮਿਲਹਿ ਸੇ ਵਿਛੁੜਹਿ ਨਾਹੀਂ ਸਹਜੇ ਸਚਿ ਸਮਾਵਣਿਆ ॥ ੨ ॥

ਜੋ ਗੁਰ ਸ਼ਬਦ ਕਰਕੇ ਮਿਲਦੇ ਹਨ, ਉਹ ਫਿਰ ਵਿੱਛੁੜਦੇ ਨਹੀਂ ਹਨ, ਉਹ ਸਹਜੇ ਹੀ ਗਿਆਨ ਦੁਆਰਾ ਸੱਚ ਸਰੂਪ ਵਿਚ ਸਮਾਵਣਿਆ=ਅਭੇਦ ਹੋਇ ਹਨ॥ ੨॥

ਤੁਝ ਤੇ ਬਾਹਰਿ ਕਛੂ ਨ ਹੋਇ ॥ ਤੂੰ ਕਰਿ ਕਰਿ ਵੇਖਹਿ ਜਾਣਹਿ ਸੋਇ ॥

ਹੇ ਪ੍ਰਭੂ ! ਆਪ ਜੀ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੁੰਦਾ। ਤੂੰ ਆਪ ਹੀ ਕਰਿ ਕਰਿ=ਉਤਪਤੀ ਕਰਦਾਂ ਹੈਂ, ਆਪ ਹੀ ਵੇਖਹਿ=ਪਾਲਣਾ ਕਰਦਾ ਹੈਂ, ਤੂੰ ਆਪ ਹੀ ਲੈਤਾ ਕਰਨੀ ਜਾਣਦਾ ਹੈਂ।

ਆਪੇ ਕਰੇ ਕਰਾਏ ਕਰਤਾ ਗੁਰਮਤਿ ਆਪਿ ਮਿਲਾਵਣਿਆ ॥ ੩ ॥

ਹੇ ਕਰਤਾ ਪੁਰਖ ! ਤੂੰ ਆਪ ਹੀ ਸਭ ਕੁਝ ਕਰਦਾ ਕਰਾਂਦਾ ਹੈਂ, ਵਾ:- ਤੂੰ ਆਪ ਹੀ ਉਤਪਤ ਕਰਦਾ ਹੈਂ ਤੂੰ ਆਪ ਹੀ ਜੀਵਾਂ ਤੋ ਕਰਮ ਕਰਾਂਦਾ ਹੈਂ ਅਤੇ ਗੁਰਮਤੀਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈਂ॥ ੩॥

ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥

ਉਹ ਜੀਵ ਰੂਪ ਇਸਤ੍ਰੀ ਸ਼ੁਭ ਗੁਣਾਂ ਵਾਲੀ ਹੈ, ਜਿਸ ਨੇ ਭੈ ਭਾਇ=ਡਰ ਪ੍ਰੇਮ ਰੂਪ ਸ਼ਿੰਗਾਰ ਬਣਾਕੇ ਹਰੀ ਰੂਪ ਪੱਤੀ ਨੂੰ ਪਾਇਆ ਹੈ।

ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥ ੪ ॥

ਜੋ ਸਤਿਗੁਰਾਂ ਦੀ ਸੇਵਾ ਕਰਦੀ ਹੈ, ਅਤੇ ਗੁਰਾਂ ਦੇ ਸੱਚੇ ਉਪਦੇਸ ਵਿਚ ਸਮਾ ਰਹਿੰਦੀ ਹੈ ਉਹ ਜੀਵ ਰੂਪ ਇਸਤ੍ਰੀ ਸਦਾ ਹੀ ਸੁਹਾਗਵੰਤੀ ਹੈ॥ ੪॥

ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥
ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥

ਜੋ ਗੁਰ ਉਪਦੇਸ਼ ਨੂੰ ਭੁਲਾਉਂਦੇ ਹਨ ਉਨ੍ਹਾਂ ਨੂੰ ਠਹਿਰਣ ਵਾਸਤੇ ਕਿਧਰੇ ਥਾਂ ਨਹੀਂ ਮਿਲਦੀ, ਭਰਮ ਵਿਚ

ਭੁੱਲੇ ਹੋਏ ਇਉਂ ਕੁਰਲਾਂਦੇ ਫਿਰਦੇ ਹਨ, ਜਿਵੇਂ ਸੁੰਞੈ=ਖਾਲੀ ਘਰ ਵਿਚ ਕਾਂ ਕੁਰਲਾਂਦਾ ਉੱਡ ਜਾਂਦਾ ਹੈ।

ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥ ੫ ॥

ਉਨ੍ਹਾਂ ਨੇ ਹਲਤੁ ਪਲਤੁ=ਲੋਕ ਪ੍ਰਲੋਕ ਦੋਵੇਂ ਗਵਾ ਲਏ ਹਨ, ਅਤੇ ਦੁੱਖ ਹੀ ਦੁੱਖ ਵਿਚ ਉਨ੍ਹਾਂ ਦੀ ਉਮਰਾ ਬਤੀਤ ਹੁੰਦੀ ਹੈ॥ ੫॥

ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥
ਦੂਜੈ ਭਾਇ ਸੁਖੁ ਪਾਏ ਨ ਕੋਈ ॥

ਲੇਖੇ ਲਿਖਦਿਆਂ ਲਿਖਦਿਆਂ ਕਾਗਜ਼ ਤੇ ਮਸੁ=ਸ਼ਾਹੀ ਖੋਈ=ਮੁਕਾ ਦਿੱਤੀ, ਪਰ ਸੁਖ ਪ੍ਰਾਪਤ ਨ ਹੋਇਆ, ਕਿਉਂਕਿ ਦ੍ਵੈਤ ਭਾ ਵਾਲਾ ਕੋਈ ਭੀ ਮਨੁੱਖ ਸੁੱਖ ਨਹੀਂ ਪਾਂਦਾ।

ਕੂੜੁ ਲਿਖਹਿ ਤੈ ਕੂੜੁ ਕਮਾਵਹਿ
ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥ ੬ ॥

ਝੂਠੇ ਲੇਖੇ ਨੂੰ ਲਿਖਦੇ ਹਨ ਤੇ ਕੂੜੇ ਧਨ ਨੂੰ ਕਮਾਂਦੇ ਹਨ, ਜੋ ਝੂਠ ਬੋਲਣ ਵਿਚ ਚਿੱਤ ਲਗਾਂਦੇ ਹਨ ਉਹ ਨਰਕ ਅਗਨੀ ਵਿਚ ਜਲਿ ਜਾਵਹਿ=ਸੜ ਜਾਂਦੇ ਹਨ॥ ੬॥

ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥

ਜੋ ਗੁਰਮੁਖ ਸੱਚ ਹੀ ਸੱਚ ਦੇ ਵਿਚਾਰ ਲਿਖਦੇ ਹਨ, ਉਹ ਸੱਚੇ ਜਨ ਮੁਕਤੀ ਦੇ ਦਰਵਾਜ਼ੇ ਗਿਆਨ ਨੂੰ ਪਾਂਦੇ ਹਨ।

ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥ ੭ ॥

ਉਹ ਪ੍ਰਤੱਖ ਕਾਗਜ਼, ਕਲਮ ਤੇ ਮਸਵਾਣੀ=ਦੁਆਤ ਸਫਲੀ ਹੈ ਜਿਸ ਉੱਤੇ ਸੱਚ ਨਾਮ ਲਿਖਿਆ ਹੈ।

ਅਥਵਾ:-ਉਹ ਹਿਰਦਾ ਰੂਪ ਕਾਗਜ਼ ਪ੍ਰੇਮ ਰੂਪ ਕਲਮ, ਸ਼ਰਧਾ ਵਸਿਸਟ ਬੁੱਧੀ ਰੂਪ ਮਸਵਾਣੀ=ਦੁਆਤ ਸਫਲ ਹੈ, ਜੋ ਸੱਚ ਨਾਮ ਜਪਦਾ ਹੈ। ਜੋ ਲਿਖਾਰੀ ਸੱਚ ਨੂੰ ਲਿਖਦਾ ਹੈ ਉਹ ਸੱਚ ਸਰੂਪ ਵਿਚ ਸਮਾ ਜਾਂਦਾ ਹੈ॥ ੭॥

ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥

ਮੇਰਾ ਪ੍ਰਭੂ ਅੰਦਰ ਬੈਠਾ ਹੋਇਆ ਸਭਨਾਂ ਨੂੰ ਵੇਖ ਰਿਹਾ ਹੈ, ਗੁਰਾਂ ਦੀ ਕਿਰਪਾ ਨਾਲ ਜਿਸ ਨੂੰ ਮਿਲਦਾ ਹੈ ਓਹੀ ਮਨੁੱਖ ਲੇਖੇ ਵਿਚ ਪੈਂਦਾ ਹੈ।

ਨਾਨਕ ਨਾਮੁ ਮਿਲੈ ਵਡਿਆਈ
ਪੂਰੇ ਗੁਰ ਤੇ ਪਾਵਣਿਆ ॥ ੮ ॥ ੨੨ ॥ ੨੩ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਣ ਵਾਲੇ ਨੂੰ ਵਡਿਆਈ ਮਿਲਦੀ ਹੈ, ਪਰ ਪੂਰਿਆਂ ਗੁਰਾਂ ਪਾਸੋਂ ਨਾਮ ਪਾਇਆ ਜਾਂਦਾ ਹੈ॥ ੮॥ ੨੨॥ ੨੩॥

ਮਾਝ ਮਹਲਾ ੩ ॥

ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥

ਜੀਵਾਤਮਾਂ ਰਾਮ ਰੂਪ ਹੈ ਤੇ ਰਾਮ ਜੀਵਾਤਮਾਂ ਰੂਪ ਹੈ, ਦੋਹਾਂ ਦੇ ਅਭੇਦਤਾ ਦਾ ਪਰਗਾਸੁ=ਗਿਆਨ ਪੂਰਨ ਗੁਰਾਂ ਤੋਂ ਪ੍ਰਾਪਤ ਹੁੰਦਾ ਹੈ। ਅੰਤਹਕਰਨ ਵਿਚ ਜੋ ਹਉਮੈ ਦੀ ਮੈਲ ਲਗ ਰਹੀ ਹੈ ਉਸ ਨੂੰ ਗੁਰ ਉਪਦੇਸ਼ ਦੁਆਰਾ ਖੋਵੈ=ਅਭਾਵ ਕਰੇ।

ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥੧ ॥

ਮਨ ਪਵਿੱਤ੍ਰ ਹੋ ਕੇ ਰਾਤ ਦਿਨ ਭਗਤੀ ਵਿਚ ਰੱਤਾ ਰਵ੍ਹੇ, ਇਸ ਤਰ੍ਹਾਂ ਭਗਤੀ ਕਰਨ ਨਾਲ ਹਰੀ ਪਾਵਣਿਆ=ਪ੍ਰਾਪਤ ਹੁੰਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜੋ ਆਪ ਭਗਤੀ ਕਰਦੇ ਹਨ ਅਤੇ ਹੋਰਨਾਂ ਪਾਸੋਂ ਭਗਤੀ ਕਰਾਉਂਦੇ ਹਨ।

ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ
ਜੋ ਅਨਦਿਨੁ ਹਰਿ ਗੁਣ ਗਾਵਣਿਆ ॥ ੧ ॥ ਰਹਾਉ ॥

ਮੈਂ ਉਨ੍ਹਾਂ ਭਗਤ ਜਨਾਂ ਨੂੰ ਸਦਾ ਨਮਸ਼ਕਾਰ ਕਰਦਾ ਹਾਂ, ਜੋ ਰਾਤ ਦਿਨ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ॥ ੧ ॥ ਰਹਾਉ ॥

ਆਪੇ ਕਰਤਾ ਕਾਰਣੁ ਕਰਾਏ ॥ ਜਿਤੁ ਭਾਵੈ ਤਿਤੁ ਕਾਰੈ ਲਾਏ ॥

ਕਰਤਾ ਪੁਰਖੁ ਆਪ ਹੀ ਸ੍ਰਿਸ਼ਟੀ ਦਾ ਕਾਰਨ ਜੋ ਮਾਇਆ ਮਹਿਤਤ ਤ੍ਰਿਧਾ ਹੰਕਾਰ ਆਦਿਕ ਹਨ ਉਨ੍ਹਾਂ ਦੁਆਰੇ ਜਗਤ ਰੂਪ ਕਾਰਜ ਨੂੰ ਉਤਪਤ ਕਰਾਉਂਦਾ ਹੈ, ਫਿਰ ਜਿਸ ਤਰਫ ਚਾਹੁੰਦਾ ਹੈ ਜਗਤ ਦੇ ਜੀਵਾਂ ਨੂੰ ਓਸੇ ਕਾਰ ਵਿਚ ਲਗਾਉਂਦਾ ਹੈ।

ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ ॥ ੨ ॥

ਪੂਰਿਆਂ ਭਾਗਾਂ ਨਾਲ ਗੁਰ ਸੇਵਾ ਪ੍ਰਾਪਤੀ ਹੁੰਦੀ ਹੈ, ਅਤੇ ਗੁਰ ਸੇਵਾ ਤੋਂ ਹੀ ਸੁਖ ਪ੍ਰਾਪਤ ਹੁੰਦਾ ਹੈ॥ ੨ ॥

ਮਰਿ ਮਰਿ ਜੀਵੈ ਤਾ ਕਿਛੁ ਪਾਏ ॥ ਗੁਰ ਪਰਸਾਦੀ ਹਰਿ ਮੰਨਿ ਵਸਾਏ ॥

ਜਿਸ ਸੰਸਾਰ ਵੱਲ ਜੀਉਂਦਾ ਹੈ ਉਸ ਵੱਲੋਂ ਮਰ ਜਾਵੇ, ਜਿਸ ਪ੍ਰਮਾਤਮਾ ਵੱਲੋਂ ਮਰਿਆ ਹੋਇਆ ਹੈ ਉਸ ਤਰਫ ਜੀਵੇ ਤਾਂ ਕੁਝ ਗਿਆਨ ਪਾਂਦਾ ਹੈ। ਗੁਰਾਂ ਦੀ ਕਿਰਪਾ ਨਾਲ ਮਨ ਵਿਚ ਹਰੀ ਨੂੰ ਵਸਾਵੇ।

ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥ ੩ ॥

ਉਹ ਪੁਰਸ਼ ਨਿੱਤ ਹੀ ਮੁਕਤ ਰੂਪ ਹਨ, ਜੋ ਮਨ ਵਿਚ ਹਰੀ ਨੂੰ ਵਸਾਂਦੇ ਹਨ, ਉਹ ਸਹਜਿ=ਗਿਆਨ ਦੁਆਰਾ ਸਹਜ ਪਦ ਵਿਚ ਸਮਾਏ ਹਨ॥ ੩ ॥

ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥ ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥

ਜੋ ਗੁਰ ਉਪਦੇਸ਼ ਤੋਂ ਬਿਨਾਂ ਹੋਰ ਬਹੁਤੇ ਕਰਮਾਂ ਨੂੰ ਕਰਦਾ ਹੈ ਉਹ ਮੁਕਤੀ ਨੂੰ ਨਹੀਂ ਪਾਂਦਾ, ਦ੍ਵੈਤ ਭਾ ਵਿਚ ਖਰਾਬ ਹੋ ਕੇ ਦੇਸਾਂ ਪ੍ਰਦੇਸ਼ਾਂ ਵਿਚ ਭੌਂਦਾ ਫਿਰਦਾ ਹੈ।

ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੇ ਦੁਖੁ ਪਾਵਣਿਆ ॥ ੪ ॥

ਉਸ ਕਪਟੀ ਨੇ ਆਪਣਾ ਮਨੁੱਖਾ ਜਨਮ ਨਿਸਫਲ ਗਵਾ ਲਿਆ ਹੈ, ਗੁਰ ਉਪਦੇਸ਼ ਤੋਂ ਬਿਨਾਂ ਅੱਗੇ ਜਾ ਕੇ ਵੀ ਦੁਖ ਪਾਣਾ ਕਰਦਾ ਹੈ॥ ੪॥

ਧਾਵਤੁ ਰਾਖੈ ਠਾਕਿ ਰਹਾਏ ॥ ਗੁਰ ਪਰਸਾਦੀ ਪਰਮ ਪਦੁ ਪਾਏ ॥

ਵਿਸ਼ਿਆਂ ਵੱਲ ਦੌੜਦੀਆਂ ਇੰਦ੍ਰੀਆਂ ਨੂੰ ਰੋਕ ਰੱਖੇ ਅਤੇ ਸੰਕਲਪਾਂ ਵੱਲ ਜਾਂਦੇ ਹੋਏ ਮਨ ਨੂੰ ਠਾਕਿ ਰਹਾਏ=ਰੋਕ ਰੱਖੇ, ਤਾਂ ਗੁਰਾਂ ਦੀ ਕ੍ਰਿਪਾ ਨਾਲ ਪਰਮਪਦੁ=ਆਤਮ ਪਦ ਨੂੰ ਪਾਂਦਾ ਹੈ।

ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥ ੫ ॥

ਜਿਸ ਵੇਲੇ ਸਤਿਗੁਰ ਦੇਵ ਜੀ ਆਪ ਪ੍ਰਭੂ ਦੇ ਮੇਲ ਨਾਲ ਮਿਲਾਂਦੇ ਹਨ, ਤਾਂ ਇਹ ਜੀਵ ਪ੍ਰੀਤਮ=ਪ੍ਰਮਾਤਮਾ ਨਾਲ ਮਿਲ ਕੇ ਸੁਖ ਪਾਂਦਾ ਹੈ॥ ੫॥

[ਪੰਨਾ ੧੨੪]

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮੁ ਗਵਾਏ ॥

ਇਕ ਮਨਮੁਖ ਝੂਠੇ ਵਿਹਾਰਾਂ ਵਿਚ ਲਗ ਕੇ ਸੰਸਾਰਕ ਸੁਖ ਰੂਪ ਝੂਠੇ ਫਲਾਂ ਨੂੰ ਪਾਂਦੇ ਹਨ, ਦ੍ਵੈਤ ਭਾ ਵਿਚ ਲਗ ਕੇ ਅਮੋਲਕ ਮਨੁੱਖਾ ਜਨਮ ਨੂੰ ਬਿਰਥਾ=ਨਿਸਫਲ ਗਵਾ ਰਹੇ ਹਨ।

ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥ ੬ ॥

ਉਹ ਆਪ ਤਾਂ ਸੰਸਾਰ ਸਮੁੰਦਰ ਵਿਚ ਡੁੱਬੇ ਹੋਏ ਹਨ, ਅਤੇ ਸਾਰੀਆਂ ਕੁਲਾਂ ਨੂੰ ਡੋਬੀ ਜਾਂਦੇ ਹਨ, ਕੂੜੁ-ਝੂਠ ਬੋਲਣੇ ਰੂਪੀ ਬਿਖੁ=ਜ਼ਹਿਰ ਨੂੰ ਖਾਣਾ ਕਰਦੇ ਹਨ॥ ੬॥

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥
ਭਾਇ ਭਗਤਿ ਜਾ ਹਉਮੈ ਸੋਖੈ ॥

ਇਸ ਸਰੀਰ ਵਿਚ ਮਨ ਦਾ ਵਸੀਕਾਰ ਕਰਨਾ, ਵਾ ਮਨ ਦਾ ਸ਼ੁੱਧ ਕਰਨਾ ਵਾ:-ਮਨੁ=ਸ਼੍ਰੋਮਣੀ ਪ੍ਰਮਾਤਮਾ ਨੂੰ ਕੋਈ ਵਿਰਲਾ ਹੀ ਗੁਰਮੁਖ ਦੇਖਦਾ ਹੈ, ਪ੍ਰੇਮਾ ਭਗਤੀ ਕੀਤੀ ਤਾਂ ਸਫਲ ਹੈ ਜਾਂ ਹਉਮੈ ਨੂੰ ਸੋਖੈ=ਸੁਕਾ ਦੇਵੇ।

ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ
ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥ ੭ ॥

ਰਿੱਧੀਆਂ ਸਿੱਧੀਆਂ ਵਾਲੇ ਸਿੱਧ, ਸਾਧਨਾਂ ਕਰਨ ਵਾਲੇ ਸਾਧਿਕ=ਜਗਿਆਸੂ ਤੇ ਚੁੱਪ ਰਹਿਣ ਵਾਲੇ ਮੌਨਧਾਰੀ ਇਤ ਆਦਿਕ ਸਾਰੇ ਪ੍ਰਭੂ ਵਿਚ ਲਿਵ ਲਗਾ ਰਹੇ ਹਨ, ਪਰ ਉਨ੍ਹਾਂ ਨੇ ਭੀ ਤਨ ਮਹਿ=ਦੇਹ ਅਧਿਆਸ ਵਿਚ ਮਨ ਦਾ ਸ਼ੁੱਧ ਕਰਨਾ,

ਵਾ:-ਮਨੁ=ਸ੍ਰੋਮਣੀ ਪ੍ਰਮਾਤਮਾ ਨੂੰ ਨਹੀਂ ਵੇਖਣਾ ਕੀਤਾ॥ ੭॥

ਆਪਿ ਕਰਾਏ ਕਰਤਾ ਸੋਈ॥ ਹੋਰੁ ਕਿ ਕਰੇ ਕੀਤੈ ਕਿਆ ਹੋਈ॥

ਉਹ ਕਰਤਾ ਪੁਰਖ ਜੋ ਆਪ ਕਰਾਉਂਦਾ ਹੈ ਓਹੀ ਕੁਝ ਹੁੰਦਾ ਹੈ, ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਕੀ ਕਰ ਸਕਦਾ ਹੈ, ਅਤੇ ਕਿਸੇ ਦੇ ਕੀਤਿਆਂ ਕੀ ਹੋ ਸਕਦਾ ਹੈ।

ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ
ਨਾਮੋ ਮੰਨਿ ਵਸਾਵਣਿਆ॥ ੮॥ ੨੩॥ ੨੪॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਪ੍ਰਭੂ ਨਾਮ ਦੇਂਦਾ ਹੈ ਓਹੀ ਗੁਰਮੁਖ ਮਨ ਵਿਚ ਨਾਮ ਨੂੰ ਵਸਾ ਲੈਣਾ ਕਰਦਾ ਹੈ॥ ੮॥ ੨੩॥ ੨੪॥

ਮਾਝ ਮਹਲਾ ੩॥

ਇਸੁ ਗੁਫਾ ਮਹਿ ਅਖੁਟ ਭੰਡਾਰਾ॥
ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥

ਇਸ ਸਰੀਰ, ਵਾ:-ਅੰਤਹਕਰਨ, ਵਾ:-ਸਤਸੰਗ ਰੂਪ ਗੁਫਾ ਵਿਚ ਸ਼ੁਭ ਗੁਣਾਂ ਦਾ ਅਖੁੱਟ ਖਜ਼ਾਨਾ ਹੈ। ਤਿਸ ਅੰਤਹਕਰਨ ਵਾ:-ਸਤਸੰਗ ਗੁਫਾ ਵਿਚ ਹੀ ਅਲਖ ਅਪਾਰ ਹਰੀ ਵੱਸਦਾ ਹੈ।

ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥ ੧॥

ਗੁਪਤ ਅਸਥਾਨਾਂ ਉੱਪਰ ਆਪ ਹੈ, ਪਰਗਟ ਅਸਥਾਨਾਂ ਉੱਪਰ ਭੀ ਆਪ ਹੈ,

*ਅਥਵਾ:-*ਆਪ ਹੀ ਮਨਮੁਖਾਂ ਨੂੰ ਗੁਪਤ ਹੈ ਆਪ ਹੀ ਗੁਰਮੁਖਾਂ ਨੂੰ ਪ੍ਰਗਟ ਹੈ, ਗੁਰ ਸਬਦੀਆਂ ਦੇ ਆਪਾ ਭਾ ਹੰਕਾਰ ਨੂੰ ਵੰਞਾਵਣਿਆ=ਦੂਰ ਕਰਦਾ ਹੈ॥ ੧॥

ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਮਨ ਵਿਚ ਨਾਮ ਅੰਮ੍ਰਿਤ ਵਸਾਣਾ ਕੀਤਾ ਹੈ।

ਅੰਮ੍ਰਿਤ ਨਾਮੁ ਮਹਾ ਰਸੁ ਮੀਠਾ
ਗੁਰਮਤੀ ਅੰਮ੍ਰਿਤੁ ਪੀਆਵਣਿਆ॥ ੧॥ ਰਹਾਉ॥

ਨਾਮ ਅੰਮ੍ਰਿਤ ਦਾ ਰਸੁ=ਸੁਆਦ ਬੜਾ ਮਿੱਠਾ ਹੈ, ਗੁਰ ਸਿੱਖਿਆ ਵਾਲੇ ਇਸ ਨਾਮ ਅੰਮ੍ਰਿਤ ਨੂੰ ਆਪ ਪੀਂਦੇ ਹਨ ਤੇ ਹੋਰਨਾਂ ਨੂੰ ਪਿਲਾਉਂਦੇ ਹਨ॥ ੧॥ ਰਹਾਉ॥

ਹਉਮੈ ਮਾਰਿ ਬਜਰ ਕਪਾਟ ਖੁਲਾਇਆ॥
ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥

ਹੰਗਤਾ ਮਮਤਾ ਨੂੰ ਮਾਰ ਕੇ ਬੱਜਰ ਵਾਂਗੂੰ ਅਛੇਦ ਪੰਜਾਂ ਕੋਸਾਂ ਰੂਪੀ ਤਖਤਿਆਂ ਨੂੰ ਖੁਲ੍ਹਾਵਣਾ ਕੀਤਾ, ਅਤੇ

ਗੁਰਾਂ ਦੀ ਕਿਰਪਾ ਨਾਲ ਅਮੋਲਕ ਨਾਮ ਨੂੰ ਪਾਣਾ ਕੀਤਾ।

ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥ ੨ ॥

ਗੁਰ ਉਪਦੇਸ਼ ਤੋਂ ਬਿਨਾਂ ਨਾਮ ਨੂੰ ਕੋਈ ਨਹੀਂ ਪਾਂਦਾ, ਗੁਰ ਕਿਰਪਾ ਨਾਲ ਹੀ ਨਾਮ ਮਨ ਵਿਚ ਵਸ ਜਾਂਦਾ ਹੈ॥ ੨ ॥

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥

ਜਿਸ ਵੇਲੇ ਗੁਰਾਂ ਨੇ ਬੁੱਧੀ ਰੂਪ ਨੇਤ੍ਰਾਂ ਵਿਚ ਸੱਚਾ ਗਿਆਨ ਰੂਪ ਅੰਜਨੁ=ਸੁਰਮਾਂ ਪਾਇਆ, ਤੇ ਹਿਰਦੇ ਅੰਦਰ ਚਾਨਣ=ਪ੍ਰਕਾਸ਼ ਹੋਇਆ ਤਾਂ ਅਗਿਆਨ ਰੂਪ ਹਨੇਰੇ ਨੂੰ ਗਵਾ ਦਿੱਤਾ।

ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥ ੩ ॥

ਜਿਸ ਵੇਲੇ ਗੁਰਾਂ ਦੇ ਮਨੁ=ਮੰਤ੍ਰ ਨੂੰ ਮਨਣ ਕੀਤਾ, ਤਾਂ ਜੋਤੀ ਪ੍ਰਭੂ ਨਾਲ ਜੋਤ ਮਿਲ ਗਈ, ਤਾਂ ਹੀ ਹਰੀ ਦੇ ਦਰਬਾਰ ਵਿਚ ਸੋਭਾ ਨੂੰ ਪਾਣਾ ਕੀਤਾ॥ ੩ ॥

ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥

ਜਿਹੜਾ ਕੋਈ ਸਰੀਰ ਤੋਂ ਬਾਹਰ ਹੋਰ ਥੇ ਢੂੰਡਣ ਜਾਂਦਾ ਹੈ, ਉਹ ਨਾਮ ਨੂੰ ਨਹੀਂ ਲੱਭ ਸਕਦਾ, ਸਗੋਂ ਵੇਗਾਰੀਆਂ ਵਾਂਗੂੰ ਬਹੁਤ ਦੁੱਖ ਪਾਂਦਾ ਹੈ।

ਮਨਮੁਖ ਅੰਧੇ ਸੂਝੈ ਨਾਹੀ
ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥ ੪ ॥

ਮਨਮੁਖ ਅੰਨ੍ਹੇ ਨੂੰ ਕੁਝ ਸੁੱਝਦਾ ਨਹੀਂ ਹੈ, ਜਦ ਫਿਰ ਤੁਰ ਕੇ ਗੁਰਾਂ ਦੀ ਚਰਨੀ ਆ ਲਗੇ, ਤਾਂ ਗੁਰਾਂ ਦੁਆਰੇ ਅੰਤਹਕਰਨ ਦੇ ਵਿਚ ਹੀ ਆਤਮ ਵਸਤੂ ਨੂੰ ਪਾਣਾ ਕੀਤਾ॥ ੪ ॥

ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥

ਗੁਰਾਂ ਦੀ ਕਿਰਪਾ ਨਾਲ ਸੱਚੇ ਹਰੀ ਨਾਮ ਨੂੰ ਪਾਵੇ, ਹਉਮੈ ਰੂਪੀ ਮੈਲ ਦੇ ਜਾਣ ਕਰਕੇ ਮਨ ਤਨ ਦੇ ਵਿਚ ਹਰੀ ਨੂੰ ਵੇਖ ਲੈਂਦਾ ਹੈ।

ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥ ੫ ॥

ਸ੍ਰੇਸ਼ਟ ਅਸਥਾਨ ਸਤਸੰਗਤ ਵਿਚ ਬੈਠ ਕੇ ਸਦਾ ਹਰੀ ਗੁਣਾਂ ਨੂੰ ਗਾਵੇ ਤਾਂ ਸੱਚੇ ਸਬਦਿ=ਬ੍ਰਹਮ ਵਿਚ ਸਮਾਵਣਿਆ=ਅਭੇਦ ਹੁੰਦਾ ਹੈ॥ ੫ ॥

ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥

ਨਉ ਦਰਿ ਠਾਕੇ=ਨੌਂ ਦਰਵਾਜ਼ਿਆਂ (ਗੋਲਕਾਂ) ਵਿਚ ਦਸ ਇੰਦ੍ਰੀਆਂ ਨੂੰ ਰੋਕੇ, ਅਤੇ ਮਨ ਦੌੜਦੇ ਨੂੰ ਰੋਕ ਰੱਖੇ, ਤਾਂ ਦਸਵਾਂ ਸਰੂਪ ਜੋ ਨਿਜ ਘਰ ਹੈ ਉਸ ਵਿਚ ਨਿਵਾਸ ਪਾਂਦਾ ਹੈ।

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ ॥ ੬ ॥

ਉਥੇ ਸਰੂਪ ਘਰ ਵਿਚ ਅਨਹਦ=ਇੱਕਰਸ ਦਿਨ ਰਾਤ ਸ਼ਬਦ ਵੱਜ ਰਹੇ ਹਨ, ਉਨ੍ਹਾਂ ਸ਼ਬਦਾਂ ਨੂੰ ਗੁਰਮਤੀਏ ਹੀ ਸੁਨਾਣਾ ਕਰਦੇ ਹਨ॥ ੬॥

ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥

ਗੁਰ ਉਪਦੇਸ਼ ਤੋਂ ਬਿਨਾਂ ਹਿਰਦੇ ਅੰਦਰ ਅਗਿਆਨ ਰੂਪ ਹਨੇਰਾ ਬਣਿਆ ਰਹਿੰਦਾ ਹੈ, ਉਸ ਹਨੇਰੇ ਕਰਕੇ ਨਾ ਆਤਮ ਵਸਤੂ ਲੱਭ ਸਕਦਾ ਹੈ, ਨਾ ਹੀ ਚੁਰਾਸੀ ਲੱਖ ਜੂਨ ਦਾ ਫੇਰਾ ਨਵਿਰਤ ਹੁੰਦਾ ਹੈ।

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ ॥ ੭ ॥

ਅਗਿਆਨ ਰੂਪ ਜੰਦਰੇ ਦੇ ਖੋਲ੍ਹਣ ਨੂੰ ਸਤਿਗੁਰਾਂ ਦੇ ਹੱਥ ਵਿਚ ਬ੍ਰਹਮ ਵਿੱਦਿਆ ਰੂਪ ਕੁੰਜੀ ਹੈ, ਗੁਰਾਂ ਤੋਂ ਬਗੈਰ ਹੋਰ ਕਿਸੇ ਪਾਸੋਂ ਪੰਜਾਂ ਕੋਸਾਂ ਰੂਪੀ ਦਰਵਾਜ਼ਾ ਖੁਲ੍ਹਦਾ ਨਹੀਂ ਹੈ, ਵਾ:-ਸਤਿਗੁਰਾਂ ਦੇ ਹੱਥ ਵਿਚ ਪ੍ਰਾਣਾ-ਯਾਮ ਰੂਪੀ ਕੁੰਜੀ ਹੈ ਹੋਰ ਕਿਸੇ ਪਾਸੋਂ ਖਟ ਚੱਕਰਾਂ ਰੂਪੀ ਦਰਵਾਜ਼ਾ ਖੁਲ੍ਹਦਾ ਨਹੀਂ ਹੈ, ਪੂਰਿਆਂ ਭਾਗਾਂ ਦੁਆਰੇ ਸਤਿਗੁਰਾਂ ਨਾਲ ਮਿਲਾਪ ਹੁੰਦਾ ਹੈ॥ ੭॥

ਯਥਾ:- ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ੩॥ *(ਪੰਨਾ ੨੦੫)*

ਤਥਾ:- ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ *(ਪੰਨਾ ੧੨੩੭)*

ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥

ਗੁਪਤ ਅਤੇ ਪਰਗਟ ਸਾਰਿਆਂ ਅਸਥਾਨਾਂ ਉੱਪਰ ਤੂੰ ਵਿਆਪਕ ਹੈਂ। ਪਰਸਾਦੀ=ਕਿਰਪਾਲੂ ਗੁਰਾਂ ਦੇ ਮਿਲਿਆਂ ਇਹ ਸੋਝੀ=ਗਿਆਤ ਪ੍ਰਾਪਤ ਹੁੰਦੀ ਹੈ।

ਨਾਨਕ ਨਾਮੁ ਸਲਾਹਿ ਸਦਾ ਤੂੰ
ਗੁਰਮੁਖਿ ਮੰਨਿ ਵਸਾਵਣਿਆ ॥ ੮ ॥ ੨੪ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਤੂੰ ਸਦੀਵਕਾਲ ਨਾਮ ਨੂੰ ਸਲਾਹੁਣਾ ਕਰ, ਗੁਰਮੁਖਾਂ ਨੇ ਮਨ ਵਿਚ ਨਾਮ ਨੂੰ ਵਸਾਣਾ ਕੀਤਾ ਹੈ॥ ੮॥ ੨੪॥ ੨੫॥

ਮਾਝ ਮਹਲਾ ੩ ॥

ਗੁਰਮੁਖਿ ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥

ਗੁਰਮੁਖ ਆਪ ਪ੍ਰਭੂ ਨਾਲ ਮਿਲੇ ਹਨ, ਅਤੇ ਹੋਰਨਾਂ ਨੂੰ ਪ੍ਰਭੂ ਨਾਲ ਮਿਲਾਂਦੇ ਹਨ।

*ਅਥਵਾ:-*ਮੁਖੀ ਗੁਰਾਂ ਦਾ ਮਿਲਾਇਆ ਪ੍ਰਭੂ ਆਪੇ ਆ ਕੇ ਮਿਲਦਾ ਹੈ। ਉਨ੍ਹਾਂ ਨੂੰ ਕਾਲ ਜੋਹੈ=ਦੇਖਦਾ

ਨਹੀਂ ਹੈ ਨਾ ਹੀ ਉਨ੍ਹਾਂ ਨੂੰ ਦੁਖ ਸਤਾਂਵਦੇ ਹਨ।

ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥ ੧ ॥

ਗੁਰਮੁਖਾਂ ਨੇ ਹਉਮੈ ਨੂੰ ਮਾਰ ਕੇ ਸਾਰੇ ਬੰਧਨ ਤੋੜ ਦਿੱਤੇ ਹਨ, ਗੁਰਮੁਖ ਜਨ ਗੁਰਾਂ ਦੇ ਸ਼ਬਦ ਕਰਕੇ ਸੋਭਨੀਕ ਹੋਏ ਹਨ॥ ੧ ॥

ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥

ਹਉ=ਮੈਂ ਉਨ੍ਹਾ ਤੋਂ ਤਨ ਕਰਕੇ ਵਾਰਨੇ ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਹੜੇ ਹਰਿ ਹਰਿ ਨਾਮ ਨੂੰ ਜਪਕੇ ਸੋਭਾ ਵਾਲੇ ਹੋਏ ਹਨ।

ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥ ੧ ॥ ਰਹਾਉ ॥

ਗੁਰਮੁਖ ਰਾਗ ਵਿਚ ਹਰੀ ਜਸ ਨੂੰ ਗਾਂਵਦੇ ਹਨ, ਨੱਚਦੇ ਹੋਏ ਭੀ ਗੁਰਮੁਖ ਹਰੀ ਗੁਣਾਂ ਨੂੰ ਗਾਂਵਦੇ ਹਨ, ਵਾ:-ਨਾਚੈ=ਸੱਤ ਅਸੱਤ ਦਾ ਨਿਰਣਾ ਕਰਦੇ ਹਨ, ਹਰੀ ਨਾਲ ਚਿੱਤ ਬਿਰਤੀ ਨੂੰ ਲਗਾਂਦੇ ਹਨ॥ ੧ ॥ ਰਹਾਉ ॥

[ਪੰਨਾ ੧੨੫]

ਗੁਰਮੁਖਿ ਜੀਵੈ ਮਰੈ ਪਰਵਾਣੁ ॥ ਆਰਜਾ ਨ ਛੀਜੈ ਸਬਦੁ ਪਛਾਣੁ ॥

ਗੁਰਮੁਖਾਂ ਦਾ ਜੀਵਣਾ ਮਰਨਾ ਪ੍ਰਮਾਨੀਕ ਹੈ, ਵਾ ਜੀਵਤ ਭਾ ਤੋਂ ਮਰ ਕੇ ਗੁਰੁਮਖ ਪ੍ਰਮਾਨੀਕ ਹੋਏ ਹਨ, ਸਬਦੁ=ਗੁਰ ਉਪਦੇਸ਼ ਦੇ ਵਾ:-ਸਬਦੁ=ਬ੍ਰਹਮ ਦੇ ਪਛਾਨਣ ਕਰਕੇ ਗੁਰਮੁਖਾਂ ਦੀ ਆਰਾ=ਉਮਰਾ ਨਿਸਫਲ ਨਹੀਂ ਛਿੱਜਦੀ, ਵਾ:-ਗੁਰਮੁਖਾਂ ਦੀ ਆਰਜਾ=ਸ੍ਰੇਸ਼ਟਤਾਈ ਨਹੀਂ ਛਿੱਜਦੀ।

ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥ ੨ ॥

ਗੁਰਮੁਖ ਮਰਦੇ ਨਹੀਂ, ਕਿਉਂਕਿ ਉਨ੍ਹਾਂ ਨੂੰ ਕਾਲ ਨਹੀਂ ਖਾਂਦਾ, ਗੁਰਮੁਖ ਸੱਚ ਸਰੂਪ ਵਿਚ ਸਮਾਵਣਿਆ=ਅਭੇਦ ਹੋਏ ਹਨ॥ ੨ ॥

ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਉਹ ਆਪੁ ਗਵਾਏ ॥

ਗੁਰਮੁਖ ਹਰੀ ਦੇ ਦਰਬਾਰ ਵਿਚ ਸੋਭਾ ਪਾਂਦੇ ਹਨ। ਗੁਰਮੁਖ ਆਪਣੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆਂਦੇ ਹਨ।

ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥ ੩ ॥

ਗੁਰਮੁਖ ਆਪ ਸੰਸਾਰ ਸਮੁੰਦਰ ਤੋਂ ਤਰਦੇ ਹਨ, ਤੇ ਸਾਰੀਆਂ ਕੁਲਾਂ ਨੂੰ ਤਾਰਦੇ ਹਨ, ਗੁਰਮੁਖਾਂ ਨੇ ਆਪਣੇ ਜਨਮ ਨੂੰ ਸਵਾਰ ਲਿਆ ਹੈ॥ ੩ ॥

ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੂਕੇ ਪੀਰ ॥

ਗੁਰਮੁਖਾਂ ਦੇ ਸੂਖਮ ਸਰੀਰਿ=ਅੰਤਹਕਰਨ ਨੂੰ ਕਦੇ ਦੁੱਖ ਨਹੀਂ ਲੱਗਦਾ, ਵਾ:-ਗੁਰਮੁਖਾਂ ਨੂੰ ਕਦੇ ਦੁੱਖ ਨਹੀਂ ਲੱਗਦਾ ਕਿਉਂਕਿ ਸਰੀਰ ਤੋਂ ਅਸੰਗ ਰਹਿੰਦੇ ਹਨ, ਗੁਰਮੁਖਾਂ ਦੇ ਅੰਦਰੋਂ ਹੰਗਤਾ ਮਮਤਾ ਦੀ ਪੀੜਾ ਚੂਕੈ=ਦੂਰ ਹੋ ਗਈ ਹੈ।

ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ
ਗੁਰਮੁਖਿ ਸਹਜਿ ਸਮਾਵਣਿਆ ॥ ੪ ॥

ਗੁਰਮੁਖਾਂ ਦਾ ਮਨ ਪਵਿੱਤ੍ਰ ਹੈ ਇਸ ਲਈ ਮੁੜ ਕਦੇ ਮੈਲ ਨਹੀਂ ਲੱਗਦੀ, ਗੁਰਮੁਖ ਸਹਜ ਪਦ ਵਿਚ ਸਮਾਏ ਰਹਿੰਦੇ ਹਨ॥ ੪॥

ਗੁਰਮੁਖਿ ਨਾਮੁ ਮਿਲੈ ਵਡਿਆਈ ॥ ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥

ਗੁਰਮੁਖਾਂ ਨੂੰ ਨਾਮ ਜਪਣ ਦੀ ਵਡਿਆਈ ਮਿਲੀ ਹੈ, ਗੁਰਮੁਖ ਸਦਾ ਹੀ ਗੁਣ ਗਾਉਂਦੇ ਰਹਿੰਦੇ ਹਨ ਏਸੇ ਕਰਕੇ ਉਨ੍ਹਾਂ ਨੇ ਸੋਭਾ ਪਾਈ ਹੈ।

ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥ ੫ ॥

ਗੁਰਮੁਖ ਦਿਨ ਰਾਤ ਹਮੇਸ਼ਾਂ ਅਨੰਦ ਵਿਚ ਮਗਨ ਰਹਿੰਦੇ ਹਨ, ਕਿਉਂਕਿ ਗੁਰਮੁਖ ਸ਼ਬਦ ਦਾ ਜਾਪ ਆਪ ਕਰਦੇ ਹਨ ਹੋਰਨਾਂ ਤੋਂ ਕਰਵਾਉਂਦੇ ਹਨ॥ ੫॥

ਗੁਰਮੁਖਿ ਅਨਦਿਨੁ ਸਬਦੇ ਰਾਤਾ ॥ ਗੁਰਮੁਖਿ ਜੁਗ ਚਾਰੇ ਹੈ ਜਾਤਾ ॥

ਗੁਰਮੁਖ ਦਿਨ ਰਾਤ ਸ਼ਬਦ ਵਿਚ ਰੱਤਾ ਰਹਿੰਦਾ ਹੈ, ਇਸ ਲਈ ਗੁਰਮੁਖ ਚਾਰੇ ਜੁਗਾਂ ਵਿਚ ਪ੍ਰਸਿੱਧ ਜਾਣਿਆ ਜਾਂਦਾ ਹੈ।

ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥ ੬ ॥

ਗੁਰਮੁਖ ਸਦਾ ਹੀ ਨਿਰਮਲੁ=ਸ਼ੁੱਧ ਸਰੂਪ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ, ਅਤੇ ਗੁਰ ਸ਼ਬਦ ਦੁਆਰਾ ਆਪ ਭਗਤੀ ਕਰਦੇ ਹਨ ਹੋਰਨਾਂ ਤੋਂ ਭਗਤੀ ਕਰਾਉਂਦੇ ਹਨ॥ ੬॥

ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥

ਗੁਰਾਂ ਤੋਂ ਬਿਨਾਂ ਅੰਧੇ ਅਗਿਆਨੀਆਂ ਨੂੰ ਅਗਿਆਨ ਰੂਪ ਹਨੇਰਾ ਬਣਿਆ ਰਹਿੰਦਾ ਹੈ, ਜਮਕਾਲ ਦੇ ਗਰਠੇ=ਫੜੇ ਹੋਏ ਪੁਕਾਰਾਂ ਕਰਦੇ ਹਨ।

ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥ ੭ ॥

ਮਨਮੁਖ ਦਿਨ ਰਾਤ ਰੋਗੀ ਹਨ, ਗੰਦਗੀ ਦੇ ਕੀੜੇ ਹੋ ਕੇ ਗੰਦਗੀ ਵਿਚ ਦੁਖ ਪਾਂਦੇ ਹਨ। ੭।

ਗੁਰਮੁਖਿ ਆਪੇ ਕਰੇ ਕਰਾਏ ॥ ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥

ਗੁਰਮੁਖ ਆਪ ਭਗਤੀ ਕਰਦੇ ਹਨ ਹੋਰਨਾਂ ਪਾਸੋਂ ਕਰਾਉਂਦੇ ਹਨ, ਇਸ ਲਈ ਗੁਰਮੁਖਾਂ ਦੇ ਹਿਰਦੇ ਵਿਚ ਵਾਹਿਗੁਰੂ ਆਪ ਆ ਕੇ ਵਸਦਾ ਹੈ।

ਨਾਨਕ ਨਾਮਿ ਮਿਲੈ ਵਡਿਆਈ
ਪੂਰੇ ਗੁਰ ਤੇ ਪਾਵਣਿਆ ॥ ੮ ॥ ੨੫ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ-ਨਾਮੀ ਦੇ ਨਾਮ ਜਪਣ ਕਰਕੇ ਦਰਗਾਹ ਵਿਚ ਵਡਿਆਈ ਮਿਲਦੀ ਹੈ, ਪ੍ਰੰਤੂ ਨਾਮ ਪੂਰਿਆਂ ਗੁਰਾਂ ਤੋਂ ਪਾਇਆ ਜਾਂਦਾ ਹੈ॥ ੮॥ ੨੫॥ ੨੬॥

ਮਾਝ ਮਹਲਾ ੩ ॥

ਏਕਾ ਜੋਤਿ ਜੋਤਿ ਹੈ ਸਰੀਰਾ ॥ ਸਬਦਿ ਦਿਖਾਏ ਸਤਿਗੁਰੁ ਪੂਰਾ ॥

ਇਕ ਜੋਤੀ ਪ੍ਰਮਾਤਮਾ ਦੀ ਹੀ ਸਾਰੇ ਸਰੀਰਾਂ ਵਿਚ ਜੋਤਿ=ਸੱਤਾ ਹੈ, ਪੂਰੇ ਸਤਿਗੁਰੂ ਹੀ ਆਪਣੇ ਉਪਦੇਸ਼ ਦੁਆਰਾ ਉਸ ਜੋਤੀ ਪ੍ਰਮਾਤਮਾ ਨੂੰ ਵਿਖਾਂਦੇ ਹਨ।

ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥ ੧ ॥

ਸਾਰਿਆਂ ਵਿਚ ਜੋਤ ਭਾਵੇਂ ਇਕੋ ਹੈ। ਪਰ ਸਾਰਿਆਂ ਘਟ=ਸਰੀਰਾਂ ਦੀ ਬਣਾਵਟ ਅੰਦਰ ਕੋਈ ਨਾ ਕੋਈ ਫਰਕ ਕੀਤਾ ਹੋਇਆ ਹੈ, ਲੰਬੀ ਚੌੜੀ ਮਧਰੀ ਆਦਿਕ ਭੇਦ ਸੇ, ਵਾ:-ਜੜ੍ਹ ਜੰਗਮ ਆਦਿਕ ਭੇਦ ਸੇ, ਵਾ:-ਦਸਤਾਰ, ਗੁਫਤਾਰ, ਰਫਤਾਰ ਆਦਿਕ ਭੇਦ ਸੇ ਫਰਕ ਕੀਤਾ ਹੋਇਆ ਹੈ, ਉਹ ਆਪ ਹੀ ਸਾਰੀਆਂ ਬਣਤਾਂ ਨੂੰ ਬਣਾਂਵਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜੋ ਸੱਚੇ ਹਰੀ ਦੇ ਗੁਣਾਂ ਨੂੰ ਗਾਂਵਦਾ ਹੈ।

ਬਾਝੁ ਗੁਰੂ ਕੋ ਸਹਜੁ ਨ ਪਾਏ
ਗੁਰਮੁਖਿ ਸਹਜਿ ਸਮਾਵਣਿਆ ॥ ੧ ॥ ਰਹਾਉ ॥

ਗੁਰੂ ਤੋਂ ਬਾਝੁ=ਬਿਨਾਂ ਕੋਈ ਭੀ ਸਹਜੁ=ਗਿਆਨ ਨੂੰ ਨਹੀਂ ਪਾਂਦਾ, ਗੁਰਮੁਖ ਸਹਜ ਪਦ ਵਿਚ ਸਮਾਏ ਹਨ॥ ੧ ॥ ਰਹਾਉ ॥

ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥ ਤੂੰ ਆਪੇ ਨਦਰੀ ਜਗਤੁ ਪਰੋਵਹਿ ॥

ਹੇ ਪ੍ਰਭੂ ! ਤੂੰ ਆਪ ਹੀ ਸਾਰੇ ਸੋਹਹਿ=ਸੋਭ ਰਿਹਾ ਹੈਂ, ਤੂੰ ਆਪ ਹੀ ਮਾਇਆ ਦੁਆਰੇ ਸਾਰੇ ਜਗਤ ਨੂੰ ਮੋਹ ਰਿਹਾ ਹੈਂ, ਹੇ ਨਦਰੀ ਪ੍ਰਭੂ ! ਤੂੰ ਆਪ ਹੀ ਸਾਰੇ ਜਗਤ ਨੂੰ ਚੇਤਨ ਸੱਤਾ ਰੂਪ ਸੂਤਰ ਵਿਚ ਪ੍ਰੋਂਵਦਾ ਹੈਂ।

ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥ ੨ ॥

ਹੇ ਕਰਤੇ ਪੁਰਖ ! ਤੂੰ ਆਪ ਹੀ ਕਰਮਾਂ ਅਨੁਸਾਰ ਦੁਖ ਸੁਖ ਦੇਣਾ ਕਰਦਾ ਹੈਂ, ਅਤੇ ਹੇ ਹਰੀ ! ਤੂੰ ਆਪਣਾ ਸਰੂਪ ਗੁਰਮੁਖਾਂ ਨੂੰ ਵਿਖਾਉਂਦਾ ਹੈਂ॥ ੨ ॥

ਆਪੇ ਕਰਤਾ ਕਰੇ ਕਰਾਏ ॥ ਆਪੇ ਸਬਦੁ ਗੁਰ ਮੰਨਿ ਵਸਾਏ ॥

ਹੇ ਕਰਤਾ ਪੁਰਖ ਤੂੰ ਆਪ ਹੀ ਸਭ ਕਰਦਾ ਕਰਾਉਂਦਾ ਹੈਂ,

ਅਥਵਾ:-ਤੂੰ ਆਪ ਹੀ ਉਤਪਤ ਕਰਦਾ ਹੈਂ, ਆਪ ਹੀ ਕਰਮ ਕਰਾਉਂਦਾ ਹੈਂ ਆਪ ਹੀ ਫਲ ਦੇਣਾ ਕਰਦਾ ਹੈਂ, ਤੂੰ ਆਪ ਹੀ ਗੁਰਾਂ ਦੇ ਉਪਦੇਸ਼ ਨੂੰ ਜਗਿਆਸੂ ਦੇ ਮਨ ਵਿਚ ਵਸਾਂਦਾ ਹੈਂ।

ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥ ੩ ॥

ਗੁਰ ਉਪਦੇਸ਼ ਦੁਆਰਾ ਹੀ ਨਾਮ ਅੰਮ੍ਰਿਤ ਬਾਣੀ ਉਪਜੈ=ਪਰਗਟ ਹੁੰਦੀ ਹੈ, ਤੂੰ ਆਪ ਹੀ ਗੁਰਮੁਖਾਂ ਨੂੰ

ਨਾਮ ਅੰਮ੍ਰਿਤ ਬਾਣੀ ਆਖਕੇ ਸੁਣਾਂਦਾ ਹੈਂ॥ ੩॥

ਆਪੇ ਕਰਤਾ ਆਪੇ ਭੁਗਤਾ॥ ਬੰਧਨ ਤੋੜੇ ਸਦਾ ਹੈ ਮੁਕਤਾ॥

ਤੂੰ ਆਪ ਹੀ ਸਾਰਿਆਂ ਦਾ ਕਰਤਾ ਹੈਂ ਫਿਰ ਆਪ ਹੀ ਪਦਾਰਥਾਂ ਦੇ ਭੋਗਣ ਵਾਲਾ ਹੈਂ, ਜਿਸ ਦੇ ਸੰਸਾਰਕ ਬੰਧਨਾਂ ਨੂੰ ਤੂੰ ਤੋੜਦਾ ਹੈਂ ਉਹ ਸਦਾ ਹੀ ਮੁਕਤ ਰੂਪ ਹੈ।

ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ॥ ੪॥

ਹੇ ਸੱਚੇ ਤੂੰ ਆਪ ਹੀ ਸਦਾ ਮੁਕਤ ਰੂਪ ਹੈਂ, ਅਤੇ ਤੂੰ ਆਪ ਹੀ ਆਪਣੇ ਅਲਖ ਸਰੂਪ ਨੂੰ ਲਖਾਵਣਿਆ=ਲਖਾ ਦੇਂਦਾ ਹੈਂ॥ ੪॥

ਆਪੇ ਮਾਇਆ ਆਪੇ ਛਾਇਆ॥ ਆਪੇ ਮੋਹੁ ਸਭੁ ਜਗਤੁ ਉਪਾਇਆ॥

ਤੂੰ ਆਪ ਹੀ ਮਾਇਆ ਰੂਪ ਹੈਂ, ਤੂੰ ਆਪ ਹੀ ਛਾਇਆ=ਅਵਿੱਦਿਆ ਰੂਪ ਹੈਂ-ਸਰਬ ਰੂਪ ਹੋਣ ਕਰਕੇ,

ਅਥਵਾ:-ਜੋ ਭੀ ਕਲਪਤ ਪਦਾਰਥ ਹੁੰਦਾ ਹੈ ਉਹ ਆਪਣੇ ਅਧਿਸ਼ਠਾਨ ਤੋਂ ਭਿੰਨ ਨਹੀਂ ਹੁੰਦਾ ਇਸ ਲਈ ਉਹ ਪ੍ਰਭੂ ਆਪ ਹੀ ਮਾਇਆ ਰੂਪ ਤੇ ਆਪ ਹੀ ਛਾਇਆ ਰੂਪ ਹੈ।

ਯਥਾ:-ਤੂੰ ਆਪੇ ਆਪ ਹੀ ਮਾਇਆ ਵਿਚ ਛਾਇਆ=ਪ੍ਰਤਿਬਿੰਬ ਰੂਪ ਅਰਥਾਤ ਈਸ਼ੁਰ ਰੂਪ ਹੋ ਰਿਹਾ ਹੈਂ, ਈਸ਼ੁਰ ਰੂਪ ਹੋ ਕੇ ਤੈਂਨੇ ਆਪੇ ਮੋਹੁ=ਆਪਣੇ ਵਿਚੋਂ ਹੀ ਸਾਰੇ ਜਗਤ ਨੂੰ ਉਤਪੰਨ ਕੀਤਾ ਹੈ।

ਆਪੇ ਗੁਣਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ॥ ੫॥

ਤੂੰ ਆਪ ਹੀ ਗੁਰੂ ਰੂਪ ਹੋ ਕੇ ਸ਼ੁਭ ਗੁਣਾਂ ਦਾ ਦਾਤਾ ਹੈਂ, ਆਪ ਹੀ ਸਿੱਖ ਰੂਪ ਹੋ ਕੇ ਸ਼ੁਭ ਗੁਣਾਂ ਨੂੰ ਗਾਉਂਦਾ ਹੈਂ, ਆਪ ਹੀ ਆਖਕੇ ਅੱਗੇ ਹੋਰਨਾਂ ਨੂੰ ਸੁਣਾਉਂਦਾ ਹੈਂ॥ ੫॥

ਆਪੇ ਕਰੇ ਕਰਾਏ ਆਪੇ॥ ਆਪੇ ਥਾਪਿ ਉਥਾਪੇ ਆਪੇ॥

ਤੂੰ ਆਪ ਹੀ ਜੀਵਾਂ ਨੂੰ ਉਤਪੰਨ ਕਰਦਾ ਹੈਂ, ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈਂ, ਆਪ ਹੀ ਫਲ ਦੇਣਾ ਕਰਦਾ ਹੈਂ, ਆਪ ਹੀ ਜੀਵਾਂ ਨੂੰ ਥਾਪਿ=ਉਤਪਤ ਕਰਦਾ ਹੈਂ, ਆਪ ਹੀ ਉਥਾਪੇ=ਲਯ ਕਰਦਾ ਹੈਂ।

ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ॥ ੬॥

ਹੇ ਪ੍ਰਭੂ ! ਆਪ ਜੀ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੁੰਦਾ, ਤੂੰ ਆਪ ਹੀ ਜੀਵਾਂ ਨੂੰ ਕੰਮਾਂ ਵਿਚ ਲਗਾਉਂਦਾ ਹੈਂ॥ ੬॥

ਆਪੇ ਮਾਰੇ ਆਪਿ ਜੀਵਾਏ॥ ਆਪੇ ਮੇਲੇ ਮੇਲਿ ਮਿਲਾਏ॥

ਆਪ ਹੀ ਮਾਰਦਾ ਹੈਂ, ਆਪ ਹੀ ਜੀਵਾਉਂਦਾ ਹੈਂ, ਆਪ ਹੀ ਸਤਸੰਗਤ ਵਿਚ ਗੁਰਾਂ ਦੇ ਮੇਲ ਨਾਲ ਮੇਲਕੇ ਆਪਣੇ ਨਾਲ ਮਿਲਾਂਦਾ ਹੈਂ।

ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ॥ ੭॥

ਜਿਸ ਨੇ ਸੇਵਾ ਕੀਤੀ ਹੈ ਤਿਸ ਨੇ ਨਿੱਤ ਸੁਖ ਪਾਇਆ ਹੈ, ਗੁਰਮੁਖ ਸਹਜਿ=ਗਿਆਨ ਦੁਆਰਾ ਸਹਜ ਪਦ ਵਿਚ ਸਮਾਇਆ ਹੈ॥ ੭॥

[ਪੰਨਾ ੧੨੬]

ਆਪੇ ਊਚਾ ਊਚੋ ਹੋਈ॥ ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ॥

ਉੱਚੇ ਜੋ ਬ੍ਰਹਮਾ ਆਦਿਕ ਹਨ, ਆਪ ਉਨ੍ਹਾਂ ਤੋਂ ਭੀ ਊਚਾ ਹੋ ਰਿਹਾ ਹੈ, ਜਿਸ ਨੂੰ ਆਪਣਾ ਸਰੂਪ ਵਿਖਾਲਦਾ ਹੈ ਉਹ ਕੋਈ ਵੇਖਦਾ ਹੈ।

ਨਾਨਕ ਨਾਮੁ ਵਸੈ ਘਟ ਅੰਤਰਿ
ਆਪੇ ਵੇਖਿ ਵਿਖਾਲਣਿਆ॥ ੮॥ ੨੬॥ ੨੭॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਘਰ ਅੰਦਰ ਪ੍ਰਭੂ ਦਾ ਨਾਮ ਵਸਦਾ ਹੈ ਉਹ ਆਪ ਪ੍ਰਭੂ ਨੂੰ ਵੇਖਦਾ ਹੈ ਅਤੇ ਹੋਰਨਾਂ ਨੂੰ ਵਿਖਾਂਦਾ ਹੈ॥ ੮॥ ੨੬॥ ੨੭॥

ਮਾਝ ਮਹਲਾ ੩॥ ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ॥
ਗੁਰ ਪਰਸਾਦੀ ਘਰ ਹੀ ਮਹਿ ਪਾਈ॥

ਮੇਰਾ ਰੱਖਕ ਪ੍ਰਭੂ ਸਾਰੀਆਂ ਜਗ੍ਹਾਂ ਤੇ ਭਰਪੂਰਿ=ਪੂਰਨ ਹੋ ਰਿਹਾ ਹੈ, ਗੁਰਾਂ ਦੀ ਕਿਰਪਾ ਦੁਆਰੇ ਉਸ ਨੂੰ ਅੰਤਹਕਰਨ ਰੂਪ ਘਰ ਦੇ ਵਿਚ ਹੀ ਪਾ ਲਿਆ ਹੈ।

ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ॥ ੧॥

ਜੋ ਸਦੀਵ ਕਾਲ ਸਰੇਵੀ=ਸੇਂਵਦੇ ਹਨ ਤੇ ਇਕਾਗਰ ਮਨ ਹੋ ਕੇ ਧਿਆਉਂਦੇ ਹਨ ਉਹ ਗੁਰਮੁਖ ਸੱਚ ਸਰੂਪ ਵਿਚ ਸਮਾਏ ਹਨ॥ ੧॥

ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰੱਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਜਗਜੀਵਨ ਪ੍ਰਭੂ ਨੂੰ ਮਨ ਵਿਚ ਵਸਾਣਾ ਕੀਤਾ ਹੈ।

ਹਰਿ ਜਗਜੀਵਨੁ ਨਿਰਭਉ ਦਾਤਾ
ਗੁਰਮਤਿ ਸਹਜਿ ਸਮਾਵਣਿਆ॥ ੧॥ ਰਹਾਉ॥

ਉਹ ਹਰੀ ਜਗਤ ਦੇ ਜਿਵਾਣੇ ਵਾਲਾ ਹੈ, ਨਿਰਭਉ=ਖੌਫ ਤੋਂ ਰਹਿਤ ਹੈ, ਸਾਰਿਆਂ ਦਾ ਦਾਤਾ ਹੈ, ਗੁਰਮਤੀਏ ਸਹਜੇ ਹੀ ਉਸ ਵਿਚ ਸਮਾਏ ਹਨ॥ ੧॥ ਰਹਾਉ॥

ਘਰ ਮਹਿ ਧਰਤੀ ਧਉਲੁ ਪਾਤਾਲਾ ॥
ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥

ਸੰਸਾਰ ਘਰ ਦੇ ਵਿਚ ਹੀ ਧਰਤੀ, ਧੌਲਾ ਬਲਦ ਤੇ ਪਤਾਲ ਹਨ; ਸੰਸਾਰ ਘਰ ਦੇ ਵਿਚ ਬਾਲਾਨ ਬਾਲ ਪ੍ਰੀਤਮ ਪ੍ਰਮਾਤਮਾ ਸਦਾ ਪਰੀਪੂਰਨ ਹੈ।

ਅਥਵਾ:-ਸਰੀਰ ਘਰ ਦੇ ਵਿਚ ਧਰਤੀ=ਖਿਮਾ, ਵਾ:-ਧੀਰਜਤਾ, ਧਉਲੁ=ਧਰਮ ਵਾ:-ਉੱਜਲਤਾ,

ਪਾਤਾਲਾ=ਨਿੰਮ੍ਰਤਾ ਇਤਆਦਿਕ ਸ਼ੁਭ ਗੁਣਾਂ ਨੂੰ ਧਾਰਨਾ ਕਰੇ, ਤਾਂ ਸਰੀਰ ਘਰ ਦੇ ਵਿਚ ਹੀ ਬਾਲਾ=ਵਡਿਆਂ ਤੋਂ ਵੱਡਾ ਪ੍ਰੀਤਮ ਪ੍ਰਮਾਤਮਾ ਪ੍ਰਗਟ ਹੁੰਦਾ ਹੈ।

ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥ ੨ ॥

ਉਹ ਸਦਾ ਹੀ ਸੁਖਦਾਤੇ ਪ੍ਰਭੂ ਦੇ ਅਨੰਦ ਵਿਚ ਇਸਥਿਤ ਰਹਿੰਦਾ ਹੈ, ਜਿਹੜਾ ਗੁਰਾਂ ਦੀ ਸਿੱਖਿਆ ਕਰਕੇ ਸਹਜ ਪਦ ਵਿਚ ਸਮਾਇਆ ਹੈ॥ ੨ ॥

ਕਾਇਆ ਅੰਦਰਿ ਹਉਮੈ ਮੇਰਾ ॥ ਜੰਮਣ ਮਰਣੁ ਨ ਚੂਕੈ ਫੇਰਾ ॥

ਜਿਸ ਸਰੀਰ ਅੰਦਰ ਹੰਗਤਾ ਮਮਤਾ ਮੇਰ ਤੇਰ ਹੈ, ਉਸ ਦੇ ਜਨਮ ਮਰਨ ਦਾ ਫੇਰਾ ਚੁੱਕਦਾ ਨਹੀਂ ਹੈ, ਅਰਥਾਤ ਨਵਿਰੰਤ ਨਹੀਂ ਹੁੰਦਾ।

ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥ ੩ ॥

ਜਿਹੜਾ ਗੁਰਮੁਖ ਹੁੰਦਾ ਹੈ ਉਹ ਹਉਮੈ ਨੂੰ ਮਾਰਦਾ ਹੈ, ਅਤੇ ਸੱਚੇ ਪ੍ਰਭੂ ਦੇ ਸੱਚ ਨਾਮ ਨੂੰ ਧਿਆਉਂਦਾ ਹੈ॥ ੩ ॥

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥
ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥

ਹੇ ਭਾਈ ਇਸ ਸਰੀਰ ਦੇ ਅੰਦਰ ਪਾਪ ਪੁੰਨ ਰੂਪ ਦੋ ਭਰਾ ਹਨ, ਇਨ੍ਹਾਂ ਦੋਹਾਂ ਨੇ ਮਿਲਕੇ ਸਾਰੀ ਦੁਨੀਆਂ ਪੈਦਾ ਕੀਤੀ ਹੈ।

ਯਥਾ:-ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥ *(ਪੰਨਾ ੫੧)*

ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥ ੪ ॥

ਪਾਪ ਤੇ ਪੁੰਨ ਇਨ੍ਹਾਂ ਦੋਹਾਂ ਨੂੰ ਮਾਰ ਕੇ ਏਕਤਾ ਰੂਪ ਘਰ ਦੀ ਜਾਇ=ਜਗ੍ਹਾਂ ਵਿਚ ਆਵੇ ਤਾਂ ਉਹ ਗੁਰਮਤੀਆ ਗੁਰ ਸਿੱਖਿਆ ਕਰਕੇ ਸਹਜ ਪਦ ਵਿਚ ਅਭੇਦ ਹੁੰਦਾ ਹੈ॥ ੪ ॥

ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥

ਸਰੀਰ ਘਰ ਦੇ ਵਿਚ ਹੀ ਦ੍ਵੈਤ ਭਾ ਕਰਕੇ ਅਗਿਆਨ ਰੂਪ ਹਨੇਰਾ ਹੈ, ਹੰਗਤਾ ਮਮਤਾ ਮੇਰ ਤੇਰ ਨੂੰ ਛੱਡੇ ਤਾਂ ਗਿਆਨ ਦਾ ਚਨਣ ਹੁੰਦਾ ਹੈ।

ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥ ੫ ॥

ਦਿਨ ਰਾਤ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰੇ ਤਾਂ ਸੁਖਾਂ ਦੇ ਦੇਣ ਵਾਲਾ ਸਬਦੁ=ਬ੍ਰਹਮ ਪ੍ਰਗਟ ਹੁੰਦਾ ਹੈ॥ ੫ ॥

ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥

ਸਾਰੇ ਸੰਸਾਰ ਪਸਾਰੇ ਅੰਦਰ ਜਿਸ ਜੋਤੀ ਦੀ ਜੋਤ ਪਰਗਟ ਹੋ ਰਹੀ ਹੈ, ਉਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਜੇਕਰ ਗੁਰਾਂ ਦੀ ਸਿੱਖਿਆ ਦੁਆਰੇ ਅਗਿਆਨ ਰੂਪ ਹਨੇਰਾ ਮਿਟ ਜਾਵੇ।

ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥ ੬ ॥

ਜੋਤੀ ਪ੍ਰਭੂ ਨਾਲ ਜੋਤ ਦੇ ਮਿਲਣ ਕਰਕੇ ਜਦ ਹਿਰਦਾ ਕੌਲ ਖਿੜਿਆ ਤਾਂ ਸਦਾ=ਨਿੱਤ ਸੁਖ ਪਾਵਣਾ ਕੀਤਾ ॥ ੬ ॥

ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥

ਮਹਲ=ਅੰਤਹਕਰਨ ਦੇ ਅੰਦਰ ਸ਼ੁਭ ਗੁਣਾਂ ਰੂਪ ਰਤਨਾਂ ਦੇ ਭੰਡਾਰੇ ਭਰੇ ਪਏ ਹਨ, ਗੁਰਮੁਖਿ=ਗੁਰਾਂ ਦੁਆਰੇ ਸਤਿਨਾਮ ਨੂੰ ਜਪੇ ਤਾਂ ਬਿਅੰਤ ਹੀ ਸ਼ੁਭ ਗੁਣਾਂ ਰੂਪੀ ਰਤਨਾਂ ਨੂੰ ਪਾਂਵਦਾ ਹੈ।

ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥ ੭ ॥

ਗੁਰਮੁਖ ਜਨ ਵਾਪਾਰੀ ਹੋ ਕੇ ਸਦਾ ਨਾਮ ਰੂਪ ਸੌਦੇ ਨੂੰ ਵਣਜੇ=ਖਰੀਦਦੇ ਹਨ, ਅਤੇ ਸਦੀਵ ਕਾਲ ਨਾਮ ਦੇ ਲਾਭ ਨੂੰ ਪਾਂਦੇ ਹਨ।

ਅਥਵਾ:-ਨਾਮ ਚਿੰਤਨ ਦੁਆਰਾ ਸਦਾ ਮੁਕਤੀ ਰੂਪ ਲਾਭ ਨੂੰ ਪਾਂਵਦੇ ਹਨ॥ ੭ ॥

ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥

ਪ੍ਰਮੇਸ਼ਰ ਆਪ ਹੀ ਨਾਮ ਰੂਪ ਵਸਤੂ ਨੂੰ ਗੁਰੂ ਪਾਸ ਰੱਖਦਾ ਹੈ, ਆਪ ਹੀ ਗੁਰੂ ਰੂਪ ਹੋ ਕੇ ਦੇਂਦਾ ਹੈ। ਪਰ ਇਸ ਸੌਦੇ ਨੂੰ ਕੋਈ ਕੋਈ ਵਿਰਲੇ ਹੀ ਗੁਰਮੁਖ ਵਣਜਹਿ=ਖਰੀਦਦੇ ਹਨ।

ਨਾਨਕ ਜਿਸੁ ਨਦਰਿ ਕਰੇ ਸੋ ਪਾਏ
ਕਰਿ ਕਿਰਪਾ ਮੰਨਿ ਵਸਾਵਣਿਆ ॥ ੮ ॥ ੨੭ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਹ ਗੁਰੂ ਨੂੰ ਪਾਂਦਾ ਹੈ, ਫਿਰ ਗੁਰੂ ਕ੍ਰਿਪਾ ਕਰਕੇ ਸਿੱਖ ਦੇ ਮਨ ਵਿਚ ਪ੍ਰਭੂ ਦਾ ਨਾਮ ਵਸਾ ਦੇਂਦੇ ਹਨੇ ੮ ॥ ੨੭ ॥ ੨੮ ॥

ਮਾਝ ਮਹਲਾ ੩ ॥

ਹਰਿ ਆਪੇ ਮੇਲੇ ਸੇਵ ਕਰਾਏ ਗੁਰ ਕੈ ਸਬਦਿ ਭਾਉ ਦੂਜਾ ਜਾਏ ॥

ਜਦ ਹਰੀ ਆਪ ਹੀ ਗੁਰਾਂ ਨਾਲ ਮੇਲਦਾ ਹੈ, ਆਪ ਹੀ ਸੇਵਾ ਕਰਾਂਦਾ ਹੈ, ਤਦ ਗੁਰਾਂ ਦੇ ਉਪਦੇਸ ਕਰਕੇ ਦ੍ਵੈਤ ਭਾ ਚਲਿਆ ਜਾਂਦਾ ਹੈ।

ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧ ॥

ਹਰੀ ਨਿਰਮਲੁ=ਸ਼ੁੱਧ ਸਰੂਪ ਹੈ, ਸਦਾ ਸ਼ੁਭ ਗੁਣਾਂ ਦਾ ਦਾਤਾ ਹੈ, ਸ਼ੁਭ ਗੁਣਾਂ ਵਾਲੇ ਜਗਿਆਸੂਆਂ ਦੇ ਹਿਰਦੇ ਵਿਚ ਹਰੀ ਆਪ ਆ ਕੇ ਸਮਾਵਣਿਆ=ਪਰਗਟ ਹੁੰਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਿਰਦੇ ਵਿਚ ਸੱਚੇ ਪ੍ਰਭੂ ਦਾ ਸੱਚਾ ਨਾਮ ਵਸਾਣਾ ਕੀਤਾ ਹੈ।

ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧ ॥ਰਹਾਉ ॥

ਪ੍ਰਭੂ ਦਾ ਸੱਚਾ ਨਾਮ ਸਦਾ ਸ਼ੁੱਧ ਹੈ, ਉਸ ਨਾਮ ਨੂੰ ਗੁਰ ਉਪਦੇਸ਼ ਵਾਲਿਆਂ ਨੇ ਆਪਣੇ ਮਨ ਵਿਚ ਵਸਾਣਾ ਕੀਤਾ ਹੈ॥ ੧ ॥ ਰਹਾਉ ॥

ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥ ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥

ਕਰਮਿ ਬਿਧਾਤਾ=ਫਲ ਬਰਦਾਤਾ ਜੋ ਪ੍ਰਮੇਸ਼ਰ ਹੈ ਉਸ ਦੀ ਪ੍ਰਾਪਤੀ ਦੇ ਗੁਰੂ ਆਪ ਹੀ ਦਾਤੇ ਹਨ, ਜੋ ਸੇਵਕ ਹੋ ਕੇ ਸੇਵਾ ਕਰਦੇ ਹਨ ਉਨ੍ਹਾਂ ਗੁਰਮੁਖਾਂ ਨੇ ਹਰੀ ਨੂੰ ਜਾਤਾ=ਜਾਣਿਆ ਹੈ।

ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥ ੨ ॥

ਨਾਮੀ ਪ੍ਰਮਾਤਮਾ ਦੇ ਨਾਮ ਅੰਮ੍ਰਿਤ ਕਰਕੇ ਗੁਰਮੁਖ ਜਨ ਸਦਾ ਸੋਭਦੇ ਹਨ, ਇਹ ਹਰੀ ਨਾਮ ਰਸ ਗੁਰ ਸਿੱਖਿਆ ਦੁਆਰੇ ਪ੍ਰਾਪਤ ਹੁੰਦਾ ਹੈ॥ ੨ ॥

ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥
ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥

ਇਸ ਸਰੀਰ ਰੂਪ ਗੁਫਾ ਵਿਚ ਇੱਕ ਸੋਭਨੀਕ ਅਸਥਾਨ ਅੰਤਹ-ਕਰਨ ਹੈ,

ਅਥਵਾ-ਇਸ ਅੰਤਹਕਰਨ ਰੂਪ ਗੁਫਾ ਵਿਚ ਇੱਕ ਸਰੂਪ ਰੂਪੀ ਸੁਹਾਇਆ ਅਸਥਾਨ ਹੈ।

ਅਥਵਾ- ਇਸ ਸਾਰੀ ਪ੍ਰਿਥਵੀ ਰੂਪ ਗੁਫਾ ਵਿਚ ਭਾਰਤ ਖੰਡ ਦੀ ਭੂਮੀ ਰੂਪ ਇੱਕ ਸੁਹਾਇਆ ਅਸਥਾਨ ਹੈ।

ਅਥਵਾ-ਇਸ ਭਾਰਤ ਖੰਡ ਦੀ ਭੂਮੀ ਰੂਪ ਗੁਫਾ ਵਿਚ ਇੱਕ ਸਤਸੰਗ ਰੂਪ ਸੁਹਾਇਆ ਅਸਥਾਨ ਹੈ। ਧੰਨ ਪੂਰੇ ਗੁਰੂ ਹਨ ਜਿਨ੍ਹਾਂ ਨੇ ਹਉਮੈ ਦੇ ਸਹਿਤ ਭਰਮ ਨੂੰ ਦੂਰ ਕੀਤਾ ਹੈ।

ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥ ੩ ॥

ਗੁਰਮੁਖ ਰਗਿ=ਪ੍ਰੇਮ ਵਿਚ ਰੱਤੇ ਹੋਏ ਦਿਨ ਰਾਤ ਨਾਮ ਨੂੰ ਸਲਾਹੁੰਦੇ ਹਨ, ਪਰ ਨਾਮ ਗੁਰਾਂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ॥ ੩ ॥

[ਪੰਨਾ ੧੨੭]

ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥

ਗੁਰਾਂ ਦੇ ਉਪਦੇਸ਼ ਕਰਕੇ ਇਸ ਸਰੀਰ ਗੁਫਾ ਵਿਚ ਉਸ ਪ੍ਰਭੂ ਦਾ ਵਿਚਾਰ ਕਰੇ, ਜਿਸ ਦਾ ਨਾਮ ਨਿਰੰਜਨੁ=ਮਾਇਆ ਮਲ ਅਵਿੱਦਿਆ ਤੋਂ ਰਹਿਤ ਹੈ, ਅਤੇ ਜੋ ਮੁਰਾਰੀ ਅੰਤਹਕਰਨ ਦੇ ਅੰਦਰ ਵੱਸ ਰਿਹਾ ਹੈ।

ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥ ੪ ॥

ਜੋ ਗੁਰਾਂ ਦੇ ਸੋਭਨੀਕ ਸ਼ਬਦ ਦੁਆਰੇ ਹਰੀ ਗੁਣਾਂ ਨੂੰ ਗਾਂਵਦਾ ਹੈ, ਉਹ ਪ੍ਰੀਤਮ ਪ੍ਰਭੂ ਨਾਲ ਮਿਲ ਕੇ ਸੁਖ ਪਾਣਾ ਕਰਦਾ ਹੈ॥ ੪ ॥

ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ ਨਾਵਹੁ ਭੂਲੇ ਦੇਇ ਸਜਾਏ ॥

ਮਸੂਲ ਦੇ ਲਗਾਣ ਵਾਲਾ ਜਾਗਾਤੀ=ਮਸੂਲੀਆ ਜੋ ਜਮ ਹੈ ਉਹ ਦ੍ਵੈਤ ਭਾ ਵਾਲਿਆਂ ਨੂੰ ਕਰੁ=ਡੰਨ ਲਗਾਂਦਾ ਹੈ, ਅਤੇ ਨਾਮ ਤੋਂ ਭੁਲਿਆਂ ਹੋਇਆਂ ਨੂੰ ਸਜ਼ਾ ਦੇਂਦਾ ਹੈ।

ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥ ੫ ॥

ਮਨਮੁਖਾਂ ਪਾਸੋਂ ਇੱਕ ਘੜੀ ਤੇ ਮੁਹਤ=ਅੱਧੀ ਘੜੀ ਦਾ ਭੀ ਲੇਖਾ=ਹਿਸਾਬ ਲੈਂਦਾ ਹੈ, ਰਤੀ ਭਰ ਤੇ ਮਾਸੇ ਭਰ ਦਾ ਵੀ ਤੋਲ ਕੱਢਦਾ ਹੈ; ਅਰਥਾਤ ਥੋੜ੍ਹੇ ਥੋੜ੍ਹੇ ਸਮੇਂ ਦਾ ਸਾਰਾ ਹਿਸਾਬ ਲੈਂਦਾ ਹੈ॥ ੫॥

ਯਥਾ:-ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥ *(ਪੰਨਾ ੧੧੧੦)*

ਪੇਈਅੜੈ ਪਿਰੁ ਚੇਤੇ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥

ਜੋ ਜੀਵ ਰੂਪ ਇਸਤ੍ਰੀ ਸੰਸਾਰ ਰੂਪ ਪੇਕੇ ਘਰ ਰਹਿੰਦਿਆਂ ਪਤੀ ਪ੍ਰਮਾਤਮਾ ਨੂੰ ਚੇਤੇ ਨਹੀਂ ਕਰਦੀ, ਉਹ ਦ੍ਵੈਤ ਭਾ ਕਰਕੇ ਮੁਠੀ=ਲੁਟੀ ਹੋਈ ਧਾਂਹੀ ਮਾਰ ਮਾਰ ਕੇ ਰੋਂਦੀ ਹੈ।

ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥ ੬ ॥

ਉਹ ਖਰੀ=ਚੰਗੀ (ਵਡੀ) ਕੁਆਲਿਓ=ਨਿੰਦਨੇ ਜੋਗ ਹੈ, ਕੁਰੂਪਿ=ਸਫਾਈ ਰੂਪੀ ਰੂਪ ਤੋਂ ਰਹਿਤ ਹੈ, ਕੁਲਖਣੀ=ਖੋਟੇ ਲੱਛਣਾਂ ਵਾਲੀ ਹੈ; ਵਾ:-ਸ਼ੁਭ ਗੁਣਾਂ ਰੂਪੀ ਕੁਲ ਦੇ ਖਣੀ=ਨਾਸ ਕਰਨ ਵਾਲੀ ਹੈ, ਉਹ ਸੰਸਾਰ ਸੁਪਨੇ ਵਿਚ ਸੁਪਨੇ=ਕਦਾਚਿਤ, ਵਾ:-ਸੁਪਨੇ ਮਾਤ੍ਰ ਵੀ ਪਤੀ ਨੂੰ ਨਹੀਂ ਪਾਂਦੀ ॥ ੬॥

ਪੇਈਅੜੇ ਪਿਰੁ ਮੰਨਿ ਵਸਾਇਆ ॥ ਪੂਰੈ ਗੁਰਿ ਹਦੂਰਿ ਦਿਖਾਇਆ ॥

ਜਿਸ ਨੇ ਸੰਸਾਰ ਰੂਪ ਪੇਕੇ ਘਰ ਵਿਚ ਰਹਿੰਦਿਆਂ ਪ੍ਰਮੇਸ਼ਰ ਪਤੀ ਨੂੰ ਮਨ ਵਿਚ ਵਸਾਇਆ ਹੈ, ਉਸ ਨੂੰ ਪੂਰਿਆਂ ਗੁਰਾਂ ਨੇ ਪਰਮੇਸ਼ਰ ਪਤੀ ਹਾਜ਼ਰਾ ਹਜ਼ੂਰ ਵਿਖਾ ਦਿੱਤਾ ਹੈ।

ਕਾਮਣਿ ਪਿਰੁ ਰਾਖਿਆ ਕੰਠਿ ਲਾਇ
ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥ ੭ ॥

ਉਸ ਕਾਮਣਿ=ਜੀਵ ਰੂਪ ਇਸਤ੍ਰੀ ਨੇਂ ਪਤੀ ਪ੍ਰਮਾਤਮਾ ਨੂੰ ਆਪਣੇ ਗਲ ਨਾਲ ਲਗਾ ਰੱਖਿਆ ਹੈ, ਅਰਥਾਤ ਅਭੇਦ ਚਿੰਤਨ ਕਰਦੀ ਹੈ। ਗੁਰਾਂ ਦੇ ਸ਼ਬਦ ਦੁਆਰਾ ਪਤੀ ਪ੍ਰਮਾਤਮਾ ਦੇ ਅਨੰਦ ਨੂੰ ਰਾਵੈ=ਭੋਗਦੀ ਹੈ, ਅਤੇ ਉਸ ਦੀ ਸ਼ਰਧਾ ਵਿਸ਼ਿਸਟ ਅੰਤਹਕਰਨ ਰੂਪ ਸੇਜਾ ਸੋਭਨੀਕ ਹੋਈ ਹੈ॥ ੭॥

ਆਪੇ ਦੇਵੈ ਸਦਿ ਬੁਲਾਏ ॥ ਆਪਣਾ ਨਾਉ ਮੰਨਿ ਵਸਾਏ ॥

ਪ੍ਰਮਾਤਮਾ ਆਪ ਹੀ ਸਦਿ=ਸ਼ੀਘਰ ਸਤਸੰਗ ਵਿਚ ਬੁਲਾ ਕੇ ਸਦਿ=ਸ੍ਰੇਸ਼ਟਤਾਈ, ਵਾ:-ਸਦਿ=ਉਪਦੇਸ਼ ਦੇਂਦਾ ਹੈ, ਅਤੇ ਅਪਣੇ ਨਾਮ ਨੂੰ ਮਨ ਵਿਚ ਵਸਾ ਦੇਂਦਾ ਹੈ।

ਨਾਨਕ ਨਾਮੁ ਮਿਲੈ ਵਡਿਆਈ
ਅਨਦਿਨੁ ਸਦਾ ਗੁਣ ਗਾਵਣਿਆ ॥ ੮ ॥ ੨੮ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਣੇ ਤੇ ਵਡਿਆਈ ਮਿਲਦੀ ਹੈ, ਇਸ ਤੇ ਦਿਨ ਰਾਤ ਸਦਾ ਪ੍ਰਭੂ

ਦੇ ਗੁਣਾਂ ਨੂੰ ਗਾਵਣਾ ਕਰੇ॥ ੮॥ ੨੮॥ ੨੯॥

ਮਾਝ ਮਹਲਾ ੩ ॥

ਊਤਮ ਜਨਮੁ ਸੁਥਾਨਿ ਹੈ ਵਾਸਾ ॥ ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥

ਹੇ ਪੁਰਖ਼ਾ! ਜਿਸ ਦੀ ਕਿਰਪਾ ਨਾਲ ਤੈਨੂੰ ਸਾਰਿਆਂ ਤੇ ਉੱਤਮ ਮਨੁੱਖਾ ਜਨਮ ਮਿਲਿਆ ਹੈ। ਤੇ ਸ੍ਰੇਸ਼ਟ ਅਸਥਾਨ ਭਾਰਤ ਖੰਡ ਦੀ ਭੂਮੀ ਵਿਚ ਵਾ:-ਸਤਸੰਗ ਵਿਚ ਤੇਰਾ ਵਾਸਾ ਹੈ, ਜੇਕਰ ਘਰ ਵਿਚ ਰਹਿੰਦੀਆਂ ਹੋਇਆਂ ਪਰਵਾਰ ਵਲੋਂ ਉਦਾਸੀਨ ਹੋ ਕੇ ਸਤਗੁਰਾਂ ਦੁਆਰੇ ਉਸ ਪ੍ਰਭੂ ਨੂੰ ਸੇਵੇਂਗਾ।

ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ ॥ ੧ ॥

ਤਾਂ ਸਦਾ ਹੀ ਰੰਗਿ ਰਾਤੇ=ਪ੍ਰੇਮ ਵਿਚ ਤਦਾਕਾਰ ਹੋ ਕੇ ਹਰੀ ਦੇ ਰੰਗਿ=ਅਨੰਦ ਵਿਚ ਰਵ੍ਹੇਂਗਾ, ਅਤੇ ਹਰੀ ਰਸ ਵਿਚ ਤੇਰਾ ਮਨ ਤ੍ਰਿਪਤ ਰਵ੍ਹੇਗਾ॥ ੧॥

ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਪੜ੍ਹ ਕੇ ਸਿਧਾਂਤ ਨੂੰ ਬੁੱਝਿਆ ਹੈ ਤੇ ਮਨ ਵਿਚ ਵਸਾਵਣਿਆ=ਨਿਧਿਆਸਣ ਕੀਤਾ ਹੈ।

ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ
ਦਰਿ ਸਚੈ ਸੋਭਾ ਪਾਵਣਿਆ ॥ ੧ ॥ ਰਹਾਉ ॥

ਜਿਹੜੇ ਗੁਰਮੁਖ ਸ਼ਾਸਤ੍ਰਾਂ ਨੂੰ ਪੜ੍ਹ ਕੇ ਹਰੀ ਨਾਮ ਨੂੰ ਸਲਾਹੁੰਦੇ ਹਨ, ਉਹ ਸੱਚੇ ਦਰਬਾਰ ਵਿਚ ਸੋਭਾ ਪਾਂਵਦੇ ਹਨ॥ ੧॥ ਰਹਾਉ॥

ਅਲਖ ਅਭੇਉ ਹਰਿ ਰਹਿਆ ਸਮਾਏ ॥ ਉਪਾਇ ਨ ਕਿਤੀ ਪਾਇਆ ਜਾਏ ॥

ਅਲਖ=ਲਖਣੇ ਸੇ ਰਹਿਤ, ਅਭੇਉ=ਭੇਦਾਂ ਸੇ ਰਹਿਤ ਹਰੀ ਭਾਵ ਸਾਰਿਆਂ ਵਿਚ ਸਮਾ ਿ... ਹੈ, ਪਰ ਕਿਸੀ ਉਪਾਇ=ਜਤਨ ਦੇ ਕੀਤਿਆਂ ਪਾਇਆ ਨਹੀਂ ਜਾਂਦਾ ।

ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥ ੨ ॥

ਵਾਹਿਗੁਰੂ ਕਿਰਪਾ ਕਰੇ ਤਾਂ ਸਤਿਗੁਰ ਦੇਵ ਜੀ ਮਿਲਦੇ ਹਨ, ਫਿਰ ਗੁਰੂ ਸਾਹਿਬ ਜੀ ਕ੍ਰਿਪਾ ਦ੍ਰਿਸ਼ਟੀ ਕਰਕੇ ਨਦਰੀ=ਪ੍ਰਮਾਤਮਾ ਦੇ ਮੇਲ ਨਾਲ ਮਿਲਾ ਦੇਂਦੇ ਹਨ॥ ੨॥

ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥

ਜੋ ਪੁਰਸ਼ ਦ੍ਵੈਤ ਭਾ ਵਿਚ ਲਗਕੇ ਗ੍ਰੰਥਾਂ ਨੂੰ ਪੜ੍ਹਦੇ ਹਨ ਤੇ ਸਿਧਾਂਤ ਨੂੰ ਨਹੀਂ ਸਮਝਦੇ, ਉਹ ਪੁਰਸ਼ ਤ੍ਰਿਗੁਣ ਆਤਮਕ ਮਾਇਆ ਦੀ ਪ੍ਰਾਪਤੀ ਕਾਰਣਿ=ਵਾਸਤੇ ਲੂਝੈ=ਝਗੜਦੇ ਹਨ।

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥ ੩ ॥

ਰਾਜਸੀ, ਸਾਤਕੀ, ਤਾਮਸੀ ਰੂਪ ਤ੍ਰਿਗੁਣ ਆਤਮਕ ਮਾਇਆ ਕ੍ਰਿਤ ਜੋ ਤਿੰਨ ਪ੍ਰਕਾਰ ਦੇ ਬੰਧਨ ਹਨ ਉਹ ਗੁਰ ਸ਼ਬਦ ਦੁਆਰਾ ਟੁੱਟਦੇ ਹਨ, ਉਹ ਪ੍ਰਮਾਤਮਾ ਗੁਰ ਉਪਦੇਸ਼ ਵਾਲਿਆਂ ਨੂੰ ਗੁਰਾਂ ਪਾਸੋਂ ਮੋਖ ਕਰਵਾ ਦੇਂਦਾ

ਹੈ॥ ੩॥

ਇਹੁ ਮਨੁ ਚੰਚਲੁ ਵਸਿ ਨ ਆਵੈ॥ ਦੁਬਿਧਾ ਲਾਗੈ ਦਹ ਦਿਸਿ ਧਾਵੈ॥

ਇਹ ਮਨ ਚੰਚਲ ਹੈ ਕਿਸੇ ਤਰ੍ਹਾਂ ਭੀ ਵਸ ਵਿਚ ਨਹੀਂ ਆਉਂਦਾ, ਦ੍ਵੈਤ ਵਿਚ ਲਗ ਕੇ ਦਸੋ ਦਿਸਾਂ ਵਿਚ ਧਾਵੈ=ਭੱਜਾ ਫਿਰਦਾ ਹੈ।

ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ॥ ੪॥

ਬਿਖ=ਮਾਇਆ ਦਾ ਕੀੜਾ ਹੋ ਕੇ ਬਿਖ ਮਹਿ=ਮਾਇਆ ਵਿਚ ਹੀ ਮਸਤ ਰਹਿੰਦਾ ਹੈ, ਅਤੇ ਮਾਇਆ ਵਿਚ ਹੀ ਪਚਾਵਣਿਆ=ਸੜਦਾ ਹੈ।

ਅਥਵਾ:- ਪਿੱਛੇ ਵੀ ਵਿਸ਼ਿਆਂ ਦਾ ਕੀੜਾ ਸੀ, ਹੁਣ ਭੀ ਵਿਸ਼ਿਆਂ ਰੂਪੀ ਵਿਹੁ ਵਿਚ ਰੱਤਾ ਹੋਇਆ ਹੈ, ਅੱਗੇ ਭੀ ਵਿਸ਼ੇ ਵਿਕਾਰਾਂ ਵਿਚ ਖਰਾਬ ਹੋਵੇਗਾ॥ ੪॥

ਹਉ ਹਉ ਕਰੇ ਤੈ ਆਪੁ ਜਣਾਏ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ॥

ਇਹ ਜੀਵ ਹਉ ਹਉ=ਮੈਂ ਮੈਂ ਕਰਦਾ ਹੈ ਤੇ ਆਪਣੇ ਆਪ ਨੂੰ ਚੰਗਾ ਜਣਾਉਂਦਾ ਹੈ, ਭਾਵੇਂ ਬਹੁਤੇ ਕਰਮ ਕਰਦਾ ਹੈ, ਪਰ ਕੋਈ ਕਰਮ ਥਾਂ ਨਹੀਂ ਪੈਂਦਾ ਅਰਥਾਤ ਕਬੂਲ ਨਹੀਂ ਹੁੰਦਾ।

ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ॥ ੫॥

ਹੇ ਵਾਹਿਗੁਰੂ ਆਪ ਜੀ ਦੇ ਸਿਮਰਨ ਤੋਂ ਜਿਹੜੇ ਬਾਹਰ ਹਨ ਉਨ੍ਹਾਂ ਪਾਸੋਂ ਕੁਝ ਚੰਗਾ ਕੰਮ ਨਹੀਂ ਹੁੰਦਾ, ਜਿਨ੍ਹਾਂ ਨੂੰ ਆਪ ਬਖਸ਼ਦੇ ਹੋ ਉਹ ਗੁਰ ਸ਼ਬਦ ਕਰਕੇ ਸੁਹਾਵਣਿਆ=ਸੋਭਨੀਕ ਹੋਏ ਹਨ॥ ੫॥

ਉਪਜੈ ਪਚੈ ਹਰਿ ਬੂਝੈ ਨਾਹੀ॥ ਅਨਦਿਨੁ ਦੂਜੈ ਭਾਇ ਫਿਰਾਹੀ॥

ਮਨਮੁਖ ਪੈਦਾ ਹੋ ਕੇ ਪਚੈ=ਖਰਾਬ ਹੁੰਦੇ ਹਨ, ਹਰੀ ਨੂੰ ਬੁੱਝਦੇ ਨਹੀਂ, ਅਤੇ ਰਾਤ ਦਿਨ ਦ੍ਵੈਤ ਭਾ ਵਿਚ ਭੱਜੇ ਫਿਰਦੇ ਹਨ।

ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ॥ ੬॥

ਇਸ ਕਰਕੇ ਮਨਮੁਖਾਂ ਦਾ ਮਨੁੱਖਾ ਜਨਮ ਵਿਅਰਥ ਚਲਾ ਗਿਆ ਹੈ, ਅੰਤ ਨੂੰ ਜਮਰਾਜ ਪਾਸ ਗਿਆ ਹੋਇਆ ਪਸਚਾਤਾਪ ਕਰੇਗਾ॥ ੬॥

ਪਿਰੁ ਪਰਦੇਸਿ ਸਿਗਾਰੁ ਬਣਾਏ॥ ਮਨਮੁਖ ਅੰਧੁ ਐਸੇ ਕਰਮ ਕਮਾਏ॥

ਜਿਵੇਂ ਇਸਤ੍ਰੀ ਦਾ ਪਤੀ ਪਰਦੇਸ ਗਿਆ ਹੋਵੇ ਤੇ ਪਿੱਛੋਂ ਉਸ ਦੇ ਸ਼ਿੰਗਾਰ ਬਨਾਣੇ ਨਿਸਫਲ ਹਨ, ਏਸੇ ਤਰ੍ਹਾਂ ਅੰਧੇ ਅਗਿਆਨੀ ਮਨਮੁਖ ਦੇ ਕਰਮ ਕਮਾਣੇ ਨਿਸਫਲ ਹਨ।

*ਅਥਵਾ:-*ਪਤੀ ਪ੍ਰਮਾਤਮਾ ਪਰਦੇਸਿ=ਅਸਖਿਆਤਕਾਰ ਹੈ ਅਰਥਾਤ ਗੁਪਤ ਹੈ, ਵਾ:-ਉਸ ਵਿਚ ਆਸਤਕ ਭਾਵਨਾ ਨਹੀਂ ਹੈ ਤਾਂ ਜਪ ਤਪ ਰੂਪੀ ਸ਼ਿੰਗਾਰ ਬਨਾਣੇ ਜਿਵੇਂ ਨਿਸਫਲ ਹਨ, ਤਿਵੇਂ ਅੰਨ੍ਹੇ ਮਨਮੁਖ ਦੇ ਕਰਮ ਕਮਾਣੇ ਨਿਸਫਲ ਹਨ।

ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ॥ ੭॥

ਉਸ ਦੀ ਇਸ ਲੋਕ ਵਿਚ ਸੋਭਾ ਨਹੀਂ ਹੁੰਦੀ, ਪਲਤਿ=ਪ੍ਰਲੋਕ ਵਿਚ ਵੀ ਢੋਈ=ਜਗ੍ਹਾ ਨਹੀਂ ਮਿਲਦੀ,

ਉਸ ਨੇ ਆਪਣੇ ਜਨਮ ਨੂੰ ਨਿਸਫਲ ਗਵਾ ਲੀਤਾ ਹੈ॥ ੭॥

ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ॥ ਪੂਰੇ ਗੁਰ ਕੈ ਸਬਦਿ ਪਛਾਤਾ॥

ਜਿਸ ਨੇ ਪੂਰਿਆਂ ਗੁਰਾਂ ਦੇ ਉਪਦੇਸ਼ ਨੂੰ ਪਛਾਣਿਆ ਹੈ, ਉਸ ਕਿਸੇ ਵਿਰਲੇ ਨੇ ਹੀ ਹਰੀ ਦਾ ਨਾਮ ਜਾਨਣਾ ਕੀਤਾ ਹੈ।

ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ॥ ੮॥

ਜੋ ਰਾਤ ਦਿਨੇ ਅਨਦਿਨੁ=ਇਕ ਰਸ ਭਗਤੀ ਕਰਦਾ ਹੈ, ਉਹ ਸਹਜੇ ਹੀ ਸੁਖ ਨੂੰ ਪਾ ਲੈਂਦਾ ਹੈ ॥ ੮॥

ਸਭ ਮਹਿ ਵਰਤੈ ਏਕੋ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥

ਸਾਰਿਆਂ ਵਿਚ ਇੱਕ ਪਰਮਾਤਮਾ ਆਪ ਵਰਤ ਰਿਹਾ ਹੈ, ਪਰ ਕੋਈ ਵਿਰਲਾ ਗੁਰਮੁਖ ਹੀ ਉਸ ਨੂੰ ਬੁੱਝਣਾ ਕਰਦਾ ਹੈ।

ਨਾਨਕ ਨਾਮਿ ਰਤੇ ਜਨ ਸੋਹਹਿ
ਕਰਿ ਕਿਰਪਾ ਆਪਿ ਮਿਲਾਵਣਿਆ॥ ੯॥ ੨੯॥ ੩੦॥

ਗੁਰੂ ਜੀ ਕਥਨ ਕਰਦੇ ਹਨ ਜੋ ਨਾਮੀ ਦੇ ਨਾਮ ਵਿਚ ਰੱਤੇ ਹਨ ਉਹ ਸ਼ੋਭਦੇ ਹਨ, ਵਾਹਿਗੁਰੂ ਕਿਰਪਾ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੯॥ ੨੯॥ ੩੦॥

[ਪੰਨਾ ੧੨੮]

ਮਾਝ ਮਹਲਾ ੩॥

ਮਨਮੁਖ ਪੜਹਿ ਪੰਡਿਤ ਕਹਾਵਹਿ॥ ਦੂਜੈ ਭਾਇ ਮਹਾ ਦੁਖੁ ਪਾਵਹਿ॥

ਮਨਮੁਖ ਸ਼ਾਸਤ੍ਰਾਂ ਨੂੰ ਪੜ੍ਹ ਕੇ ਆਪਣੇ ਆਪ ਨੂੰ ਪੰਡਿਤ ਕਹਾਉਂਦੇ ਹਨ, ਦ੍ਵੈਤ ਭਾ ਵਿਚ ਫਸਕੇ ਵੱਡਾ ਦੁਖ ਪਾਂਦੇ ਹਨ।

ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ॥ ੧॥

ਬਿਖਿਆ=ਮਾਇਆ, ਵਾ:-ਵਿਸ਼ਿਆਂ ਵਿਚ ਮਸਤ ਹੋਇਆਂ ਨੂੰ ਸੁੱਝਦਾ ਕੁਝ ਨਹੀਂ, ਇਸ ਲਈ ਮੁੜ ਮੁੜ ਕੇ ਜੂਨਾਂ ਵਿਚ ਆਉਂਦੇ ਹਨ॥ ੧॥

ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹੰਗਤਾ ਮਮਤਾ ਨੂੰ ਮਾਰ ਕੇ ਆਪਣੇ ਮਨ ਨੂੰ ਵਾਹਿਗੁਰੂ ਨਾਲ ਮਿਲਾਵਣਾ ਕੀਤਾ ਹੈ।

ਗੁਰ ਸੇਵਾ ਤੇ ਹਰਿ ਮਨਿ ਵਸਿਆ
ਹਰਿ ਰਸੁ ਸਹਜਿ ਪੀਆਵਣਿਆ॥ ੧॥ ਰਹਾਉ॥

ਪੂਰਨ ਗੁਰਾਂ ਦੀ ਸੇਵਾ ਕਰਕੇ ਜਿਨ੍ਹਾਂ ਦੇ ਮਨ ਵਿਚ ਹਰੀ ਨਾਮ ਵਸਿਆ ਹੈ, ਉਹ ਸਹਜਿ=ਸੁਤੇ ਸਿੱਧ (ਨਿਰ ਜਤਨ) ਹੋਰਨਾਂ ਨੂੰ ਹਰੀ ਨਾਮ ਰਸ ਪਿਲਾਵਣਾ ਕਰਦਾ ਹੈ॥ ੧॥ ਰਹਾਉ॥

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥

ਜੋ ਪੁਰਸ਼ ਵੇਦਾਂ ਨੂੰ ਪੜ੍ਹਦੇ ਹਨ ਉਨ੍ਹਾਂ ਨੂੰ ਭੀ ਹਰੀ ਰਸ ਨਹੀਂ ਆਇਆ, ਕਿਉਂਕਿ ਉਹ ਮਾਇਆ ਦੇ ਮੋਹੇ ਹੋਏ ਵਾਦੁ=ਝਗੜਿਆਂ ਨੂੰ ਕਥਨ ਕਰਦੇ ਹਨ।

ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥ ੨ ॥

ਉਨ੍ਹਾਂ ਦੀ ਮਤੀ=ਬੁੱਧੀ ਵਿਚ ਸਦਾ ਅਗਿਆਨ ਦਾ ਹਨੇਰਾ ਹੈ, ਇਸ ਭੇਦ ਨੂੰ ਬੁੱਝਕੇ ਗੁਰਮੁਖਾਂ ਨੇ ਹਰੀ ਗੁਣਾਂ ਨੂੰ ਗਾਉਣਾ ਕੀਤਾ ਹੈ॥ ੨ ॥

ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥

ਸੁਹਾਵੈ=ਸੋਭਨੀਕ ਗੁਰਾਂ ਦੇ ਸ਼ਬਦ ਦੁਆਰਾ ਅਕਥ ਰੂਪ ਪ੍ਰਮੇਸ਼ਰ ਦੇ ਜਸ ਨੂੰ ਕਥਨ ਕਰੀਏ, ਗੁਮਤੀਆਂ ਦੇ ਮਨ ਵਿਚ ਸੱਚਾ ਅਕਾਲ ਪੁਰਖ ਹੀ ਭਾਂਵਦਾ ਹੈ।

ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥ ੩ ॥

ਗੁਰਮਤੀਏ ਦਿਨ ਰਾਤ ਸੱਚ ਹੀ ਸੱਚ ਨੂੰ ਰਵਹਿ=ਉਚਾਰਦੇ ਹਨ, ਕਿਉਂਕਿ ਉਨ੍ਹਾਂ ਨੇ ਇਹ ਆਪਣਾ ਮਨ ਸੱਚ ਨਾਮ ਰੂਪੀ ਰੰਗ ਵਿਚ ਰੰਗ ਲਿਆ ਹੈ॥ ੩॥

ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥

ਜੋ ਗੁਰਮਤੀਏ ਸੱਚ ਨਾਮ ਵਿਚ ਰੱਤੇ ਹਨ ਉਨ੍ਹਾਂ ਨੂੰ ਸੱਚ ਹੀ ਭਾਉਂਦਾ ਹੈ । ਜਿਨ੍ਹਾਂ ਨੂੰ ਵਾਹਿਗੁਰੂ ਆਪ ਸੱਚ ਨਾਮ ਦੇਂਦਾ ਹੈ, ਉਹ ਫਿਰ ਪਸਚਾਤਾਪ ਨਹੀਂ ਕਰਦੇ।

ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥ ੪ ॥

ਜਿਨ੍ਹਾਂ ਨੇ ਗੁਰ ਉਪਦੇਸ਼ ਦੁਆਰਾ ਸਦਾ ਹੀ ਸਚ ਸਰੂਪ ਨੂੰ ਜਾਤਾ=ਜਾਣਿਆ ਹੈ, ਉਨ੍ਹਾਂ ਨੇ ਸੱਚੇ ਦੇ ਮਿਲਾਪ ਦਾ ਸੁਖ ਪਾਣਾ ਕੀਤਾ ਹੈ॥ ੪ ॥

ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥

ਉਨ੍ਹਾਂ ਨੂੰ ਕੂੜ=ਝੂਠ ਤੇ ਕੁਸਤੁ=ਕੁਹਨੁ (ਖੋਟੇ ਹਠ) ਰੂਪੀ ਮੈਲ ਨਹੀਂ ਲਗਦੀ, ਕਿਉਂਕਿ ਉਹ ਗੁਰਾਂ ਦੀ ਕਿਰਪਾ ਕਰਕੇ ਰਾਤ ਦਿਨ ਗਿਆਨ ਜਾਗ੍ਰਤ ਵਿਚ ਜਾਗਦੇ ਰਹਿੰਦੇ ਹਨ।

ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥ ੫ ॥

ਉਨਾਂ ਦੇ ਘਟ ਵਿਚ ਨਿਰਮਲ=ਪਵਿੱਤ੍ਰ ਨਾਮ ਵਸਦਾ ਹੈ, ਇਸ ਲਈ ਜੋਤੀ=ਪ੍ਰਮਾਤਮਾ ਉਨ੍ਹਾਂ ਦੀ ਜੋਤ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੫ ॥

ਤ੍ਰੈਗੁਣ ਪੜਹਿ ਹਰਿ ਤਤੁ ਨ ਜਾਣਹਿ ॥
ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥

ਰਾਜਸੀ, ਤਾਮਸੀ, ਸਾਤਕੀ ਇਨ੍ਹਾਂ ਤਿੰਨਾਂ ਗੁਣਾਂ ਨੂੰ ਵਿਸ਼ੇ ਕਰਨ ਵਾਲੇ ਜੋ ਵੇਦ ਹਨ ਉਨ੍ਹਾਂ ਨੂੰ ਪੜ੍ਹਦੇ ਹਨ, ਅਤੇ ਤਤੁ=ਸਿਧਾਂਤ ਰੂਪ ਹਰੀ ਨੂੰ ਨਹੀਂ ਜਾਣਦੇ। ਉਹ ਮੂਲਹੁ=ਮੁੱਢ ਤੋਂ ਭੁੱਲੇ ਹੋਏ ਗੁਰ ਸ਼ਬਦ ਨੂੰ ਨਹੀਂ

ਪਛਾਣਦੇ।

ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥ ੬ ॥

ਉਨ੍ਹਾਂ ਨੂੰ ਮੋਹ ਦੇ ਵਿਆਪਣ ਕਰਕੇ ਕੁਝ ਸੁੱਝਦਾ ਨਹੀਂ ਹੈ, ਕਿ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਪ੍ਰਾਪਤ ਹੁੰਦਾ ਹੈ॥ ੬॥

ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥

ਤ੍ਰਿਗੁਣ ਆਤਮਕ ਮਾਇਆ ਨੂੰ ਵੇਦ ਪੁਕਾਰ ਰਹੇ ਹਨ; *ਯਥਾ:*-ਤ੍ਰੈਗੁਣ ਵਿਸ਼ੇ ਵੇਦਾ।

ਅਥਵਾ:-ਇਹ ਜੀਵ ਤ੍ਰਿਗੁਣ ਆਤਮਕ ਮਾਇਆ ਦੀ ਪ੍ਰਾਪਤੀ ਵਾਸਤੇ ਵੇਦਾਂ ਨੂੰ ਪੁਕਾਰਦਾ ਹੈ। ਦ੍ਵੈਤ ਭਾ ਵਿਚ ਲਗ ਕੇ ਮਨਮੁਖ-ਇਸ ਭੇਦ ਨੂੰ ਨਹੀਂ ਬੁੱਝਦਾ, ਵਾ:-ਪ੍ਰਮਾਤਮਾ ਨੂੰ ਨਹੀਂ ਬੁੱਝਦਾ ।

ਤ੍ਰੈਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥ ੭ ॥

ਤ੍ਰਿਗੁਣ ਆਤਮਕ ਮਾਇਆ ਵਾਸਤੇ ਵੇਦਾਂ ਨੂੰ ਪੜ੍ਹਦੇ ਹਨ ਇੱਕ ਹਰੀ ਦਾ ਸਿਮਰਨ ਕਰਨਾ ਨਹੀਂ ਜਾਣਦੇ, ਹਰੀ ਦੇ ਬੁੱਝੇ ਤੋਂ ਬਿਨਾਂ ਭਾਰੀ ਦੁਖ ਪਾਣਾ ਕਰਦੇ ਹਨ॥ ੭॥

ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥

ਜਾਂ ਉਸ ਪ੍ਰਭੂ ਨੂੰ ਭਾ ਜਾਵੇ ਤਾਂ ਆਪ ਗੁਰਾਂ ਨਾਲ ਮਿਲਾਂਵਦਾ ਹੈ, ਫਿਰ ਗੁਰਾਂ ਦੇ ਉਪਦੇਸ਼ ਕਰਕੇ ਦੁਖਦਾਈ ਸੰਸਾ ਚੁਕਾਏ=ਦੂਰ ਹੋ ਜਾਂਦਾ ਹੈ।

ਨਾਨਕ ਨਾਵੈ ਕੀ ਸਚੀ ਵਡਿਆਈ
ਨਾਮੋ ਮੰਨਿ ਸੁਖ ਪਾਵਣਿਆ ॥ ੮ ॥ ੩੦ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਦੀ ਵਡਿਆਈ ਸੱਚੀ ਹੈ, ਨਾਮ ਨੂੰ ਮੰਨਣ ਕਰਨ ਵਾਲੇ ਹੀ ਸੁਖ ਪਾਂਦੇ ਹਨ॥ ੮॥ ੩੦॥ ੩੧॥

ਮਾਝ ਮਹਲਾ ੩ ॥

ਨਿਰਗੁਣੁ ਸੁਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥

ਉਹ ਪ੍ਰਭੂ ਆਪ ਹੀ ਨਿਰਗੁਣ ਸਰਗੁਣ ਰੂਪ ਹੋ ਰਿਹਾ ਹੈ, ਜੋ ਇਸ ਸਿਧਾਂਤ ਨੂੰ ਪਛਾਣਦਾ ਹੈ ਉਹ ਅਸਲ ਪੰਡਿਤ ਹੁੰਦਾ ਹੈ।

ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥ ੧ ॥

ਜਿਸ ਨੇ ਮਨ ਵਿਚ ਹਰੀ ਨਾਮ ਵਸਾਣਾ ਕੀਤਾ ਹੈ ਉਹ ਆਪ ਤਰਦਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ॥ ੧॥

ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨਾਮ ਨੂੰ ਚੱਖਕੇ ਵਾਹਿਗੁਰੂ ਦਾ ਸਾਦੁ=ਅਨੰਦ ਪਾਇਆ ਹੈ।

ਹਰਿ ਰਸੁ ਚਾਖਹਿ ਸੇ ਜਨ ਨਿਰਮਲ
ਨਿਰਮਲ ਨਾਮੁ ਧਿਆਵਣਿਆ ॥ ੧ ॥ ਰਹਾਉ ॥

ਜੋ ਹਰੀ ਨਾਮ ਰਸ ਨੂੰ ਚੱਖਦੇ ਹਨ ਅਤੇ ਮਨ ਕਰਕੇ ਨਿਰਮਲ ਨਾਮ ਨੂੰ ਧਿਆਉਂਦੇ ਹਨ ਉਹ ਪੁਰਸ਼ ਨਿਰਮਲ=ਪਵਿੱਤ੍ਰ ਹਨ॥ ੧ ॥ ਰਹਾਉ ॥

ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥

ਜੋ ਗੁਰ ਸ਼ਬਦ ਨੂੰ ਵਿਚਾਰਦਾ ਹੈ ਉਹ ਪੁਰਸ਼ ਨਿਹਕਰਮੀ=ਨਿਸ਼ਕਾਮੀ ਹੈ, ਅਰਥਾਤ ਕਰਮ ਕਰਦਾ ਹੋਇਆ ਭੀ ਕਰਮਾਂ ਦੇ ਫਲ ਦੀ ਇੱਛਾ ਨਹੀਂ ਰੱਖਦਾ। ਜੋ ਹੰਗਤਾ ਮਮਤਾ ਨੂੰ ਮਾਰਦਾ ਹੈ ਉਸ ਦੇ ਅੰਦਰ ਤਤੁ ਗਿਆਨਿ=ਯਥਾਰਥ ਗਿਆਨ ਪ੍ਰਾਪਤ ਹੋਇਆ ਹੈ।

ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥ ੨ ॥

ਉਹ ਨਾਮ ਪਦਾਰਥ ਕਰਕੇ ਨੌਂ ਨਿੱਧਿਆਂ ਨੂੰ ਪਾਂਦਾ ਹੈ, ਤ੍ਰਿਗੁਣ ਆਤਮਕ ਮਾਇਆ ਦੀ ਇੱਛਾ ਮੇਟ ਕੇ ਪ੍ਰਮੇਸ਼ਰ ਵਿਚ ਸਮਾ ਜਾਂਦਾ ਹੈ॥ ੨ ॥

ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥

ਜੋ ਹੰਗਤਾ ਮਮਤਾ ਕਰਦਾ ਹੈ ਉਹ ਨਿਹਕਰਮੀ=ਨਿਸ਼ਕਾਮੀ (ਕਰਮਾਂ ਦੇ ਫਲ ਦੀ ਇੱਛਾ ਤੋਂ ਰਹਿਤ) ਨਹੀਂ ਹੁੰਦਾ। ਗੁਰਾਂ ਦੀ ਕ੍ਰਿਪਾ ਕਰਕੇ ਹੰਗਤਾ ਮਮਤਾ ਨੂੰ ਖੋਵੈ=ਦੂਰ ਕਰਦਾ ਹੈ।

ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥ ੩ ॥

ਹਿਰਦੇ ਅੰਦਰ ਵੈਰਾਗ ਵਿਵੇਕ ਆਦਿਕ ਸਾਧਨਾਂ ਦੁਆਰੇ ਸਦਾ ਆਪਣੇ ਸਰੂਪ ਦਾ ਵਿਚਾਰ ਕਰੇ, ਅਤੇ ਗੁਰਾਂ ਦੇ ਉਪਦੇਸ਼ ਕਰਕੇ ਵਾਹਿਗੁਰੂ ਦੇ ਗੁਣਾਂ ਨੂੰ ਗਾਉਣਾ ਕਰੇ॥ ੩ ॥

ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥

ਸੰਸਾਰ ਸਮੁੰਦ੍ਰ ਵਿਚ ਹਰੀ ਦਾ ਨਿਰਮਲ ਸਰੁ=ਸਰੋਵਰ ਸਤਸੰਗ ਹੈ,

ਅਥਵਾ:-ਉਹ ਨਿਰਮਲ ਹਰੀ ਸਾਗਰੁ=ਮਾਨ-ਸਰੋਵਰ ਦੇ ਸਰੁ=ਸਦੱਰਸ ਹੈ।

ਹਰੀ ਸਾਗਰੁ=ਸਮੁੰਦ੍ਰ ਦੇ ਸਦੱਰਸ ਨਿਰਮਲ ਤੇ ਗੰਭੀਰ ਹੈ। ਸੰਤ ਗੁਰਮੁਖ ਹੋ ਕੇ ਨਿਤਾਪ੍ਰਤੀ ਸ਼ੁਭ ਗੁਣਾਂ ਰੂਪੀ ਮੋਤੀਆਂ ਦੀ ਚੋਗ ਨੂੰ ਚੁਗਦੇ ਹਨ।

ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥ ੪ ॥

ਦਿਨ ਰਾਤ ਸਦਾ ਹੀ ਕਥਾ ਕੀਰਤਨ ਰੂਪ ਜਲ ਵਿਚ ਇਸ਼ਨਾਨ ਕਰਦੇ ਹਨ, ਅਤੇ ਹੰਗਤਾ ਮਮਤਾ ਦੀ ਮੈਲ ਨੂੰ ਦੂਰ ਕਰਦੇ ਹਨ॥ ੪ ॥

ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥

ਨਿਰਮਲ ਮਨ ਵਾਲੇ ਜੋ ਹੰਸ=ਤੱਤਵੇਤਾ ਮਹਾਤਮਾਂ ਹਨ ਉਨ੍ਹਾਂ ਦਾ ਪਿਆਰੇ ਪ੍ਰਭੂ ਨਾਲ ਪ੍ਰੇਮ ਹੈ, ਉਹ ਹਉਮੈ ਨੂੰ ਮਾਰ ਕੇ ਹਰੀ ਰੂਪ ਸਰਿ=ਸਰੋਵਰ ਵਿਚ ਵਸਦੇ ਹਨ।

[ਪੰਨਾ ੧੨੯]

ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥ ੫ ॥

ਜਿਨ੍ਹਾਂ ਦੀ ਦਿਨ ਰਾਤ ਸੱਚੇ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਹੈ, ਉਹ ਹਰੀ ਰੂਪ ਸਰਿ=ਸਰੋਵਰ ਵਿਚ ਵਾਸਾ ਪਾਂਵਦੇ ਹਨ॥ ੫ ॥

ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥
ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥

ਮਨਮੁਖ ਰੂਪੀ ਬਗੇਲਾ ਸਦਾ ਮੈਲਾ ਹੈ, ਕਿਉਂਕਿ ਉਸ ਨੇ ਆਪਣੇ ਮਨ ਨੂੰ ਹਉਮੈ ਰੂਪੀ ਮੈਲ ਲਗਾਈ ਹੋਈ ਹੈ । ਤੀਰਥਾਂ ਉੱਪਰ ਭਾਵੇਂ ਕਿਤਨਾ ਹੀ ਇਸ਼ਨਾਨ ਕਰਦਾ ਹੈ ਪਰ ਉਸ ਦੀ ਹਉਮੈ ਰੂਪੀ ਮੈਲ ਜਾਂਦੀ ਨਹੀਂ ਹੈ।

ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥ ੬ ॥

ਗੁਰ ਉਪਦੇਸ਼ ਨੂੰ ਵਿਚਾਰ ਕੇ ਜੀਵਤ ਭਾਵ ਤੋਂ ਮਰ ਜਾਵੇ, ਤਾਂ ਹਉਮੈ ਦੀ ਮੈਲ ਨੂੰ ਚੁਕਾਵਣਿਆ=ਦੂਰ ਕਰਦਾ ਹੈ॥ ੬ ॥

ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥

ਜਦ ਪੂਰਿਆਂ ਸਤਿਗੁਰਾਂ ਨੇ ਉਪਦੇਸ਼ ਸੁਣਾਇਆ ਤਾਂ ਨਾਮ, ਵਾ:=ਵੈਰਾਗ ਰੂਪ ਰਤਨ ਪਦਾਰਥ ਨੂੰ ਹਿਰਦੇ ਘਰ ਵਿਚੋਂ ਪਾ ਲਿਆ।

ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥ ੭ ॥

ਗੁਰਾਂ ਦੀ ਕਿਰਪਾ ਕਰਕੇ ਘਟ ਵਿਚ ਗਿਆਨ ਦਾ ਚਾਨਣ ਹੋਇਆ ਤੇ ਆਪਣੇ ਸਰੂਪ ਨੂੰ ਪਛਾਣਿਆਂ ਤਾਂ ਅਗਿਆਨ ਰੂਪ ਹਨੇਰਾ ਮਿਟ ਗਿਆ।

ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥

ਪ੍ਰਮੇਸ਼ਰ ਆਪੇ ਪੈਦਾ ਕਰਦਾ ਹੈ, ਤੇ ਆਪ ਹੀ ਜੀਵਾਂ ਦੇ ਕਰਮਾਂ ਨੂੰ ਵੇਖਦਾ ਹੈ, ਜੋ ਸਤਿਗੁਰਾਂ ਦੀ ਸੇਵਾ ਕਰਦਾ ਹੈ ਓਹੀ ਪੁਰਸ਼ ਲੇਖੇ ਵਿਚ ਹੈ ਅਰਥਾਤ ਉਸ ਦਾ ਜਨਮ ਸਫਲ ਹੈ।

ਨਾਨਕ ਨਾਮੁ ਵਸੈ ਘਟ ਅੰਤਰਿ
ਗੁਰ ਕਿਰਪਾ ਤੇ ਪਾਵਣਿਆ ॥ ੮ ॥ ੩੧ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ- ਗੁਰਮੁਖਾਂ ਦੇ ਘਟ ਅੰਦਰ ਨਾਮ ਵਸਦਾ ਹੈ, ਪਰ ਗੁਰਾਂ ਦੀ ਕਿਰਪਾ ਨਾਲ ਨਾਮ ਪਾਇਆ ਜਾਂਦਾ ਹੈ॥ ੮ ॥ ੩੧ ॥ ੩੨ ॥

ਮਾਝ ਮਹਲਾ ੩ ॥

ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥

ਸਾਰੇ ਜਗਤ ਵਿਚ ਮਾਇਆ ਦਾ ਮੋਹ ਆ ਰਿਹਾ ਹੈ, ਤ੍ਰੈਗੁਣੀ ਜੀਵ ਸਭ ਮਾਇਆ ਦੇ ਮੋਹੇ ਹੋਏ ਨਿਗਾਹ

ਆ ਰਹੇ ਹਨ।

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥ ੧ ॥

ਇਸ ਭੇਦ ਨੂੰ ਗੁਰਾਂ ਦੀ ਕਿਰਪਾ ਨਾਲ ਕੋਈ ਵਿਰਲਾ ਸਮਝਦਾ ਹੈ, ਜੋ ਸਮਝਦਾ ਹੈ ਉਹ ਚਉਥੈ=ਤੁਰੀਆ ਪਦ ਵਿਚ ਬਿਰਤੀ ਲਗਾਂਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਗੁਰ ਸ਼ਬਦ ਦੁਆਰਾ ਮਾਇਆ ਦੇ ਮੋਹ ਨੂੰ ਸਾੜ ਦਿੱਤਾ ਹੈ।

ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ
ਹਰਿ ਦਰਿ ਮਹਲੀ ਸੋਭਾ ਪਾਵਣਿਆ ॥ ੧ ॥ ਰਹਾਉ ॥

ਜੋ ਮਾਇਆ ਦੇ ਮੋਹ ਨੂੰ ਜਲਾਏ=ਸਾੜਦਾ ਹੈ ਉਹ ਹਰੀ ਨਾਲ ਚਿੱਤ ਨੂੰ ਲਗਾਂਦਾ ਹੈ, ਫਿਰ ਉਹ ਮਹਲੀ=ਜਗਿਆਸੂ ਹਰੀ ਦੇ ਦਰਬਾਰ ਵਿਚ ਸੋਭਾ ਪਾਂਵਦਾ ਹੈ॥ ੧ ॥ ਰਹਾਉ ॥

ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਦ ਜਿੰਨਿ ਉਪਾਇਆ ॥

ਜੋ ਭੀ ਦੇਵੀ ਦੇਵਤੇ ਹਨ ਉਨ੍ਹਾਂ ਸਾਰਿਆਂ ਦਾ ਮੂਲੁ=ਮੁੱਢ (ਕਾਰਨ) ਮਾਇਆ ਹੈ। ਜਿਨ੍ਹਾਂ ਰਿਖੀਆਂ ਨੇ ਸਿੰਮ੍ਰਤੀਆਂ ਸਾਸਤ੍ਰਾਂ ਨੂੰ ਪੈਦਾ ਕੀਤਾ ਹੈ ਉਨ੍ਹਾਂ ਦਾ ਮੁੱਢ ਵੀ ਮਾਇਆ ਹੈ।

ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥ ੨ ॥

ਕਾਮ ਕ੍ਰੋਧ ਰੂਪ ਮਾਇਆ ਦਾ ਜਾਲ ਸਾਰੇ ਸੰਸਾਰ ਉੱਤੇ ਪਸਰ ਰਿਹਾ ਹੈ, ਇਸ ਲਈ ਜੀਵ ਆਉਣ ਜਾਣ ਦੇ ਦੁਖਾਂ ਨੂੰ ਪਾਂਵਦਾ ਹੈ॥ ੨ ॥

ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥
ਗੁਰ ਪਰਸਾਦੀ ਮੰਨਿ ਵਸਾਇਆ ॥

ਤਿਸ ਸੰਸਾਰ ਵਿਚ ਇੱਕ ਰਤਨ ਰੂਪ ਗਿਆਨ ਉਤਪੰਨ ਕੀਤਾ ਹੈ, ਪਰ ਗੁਰ ਕਿਰਪਾ ਵਾਲਿਆਂ ਨੇ ਉਸ ਰਤਨ ਰੂਪ ਗਿਆਨ ਨੂੰ ਮਨ ਵਿਚ ਵਸਾਇਆ ਹੈ।

ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥ ੩ ॥

ਜਤ, ਸਤ, ਸੰਜਮ ਤੇ ਸੱਚ ਨੂੰ ਕਮਾਵੇ, ਅਤੇ ਪੂਰਿਆਂ ਗੁਰਾਂ ਪਾਸੋਂ ਲਏ ਹੋਏ ਨਾਮ ਨੂੰ ਧਿਆਉਣਾ ਕਰੇ ਤਾਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ॥ ੩ ॥

ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥

ਜੋ ਜੀਵ ਰੂਪ ਇਸਤ੍ਰੀ ਮਾਤ ਲੋਕ ਰੂਪੀ ਪੇਕੇ ਘਰ ਵਿਚ ਭਰਮ ਵਿਚ ਭੁੱਲੀ ਹੋਈ ਹੈ, ਉਹ ਦ੍ਵੈਤ ਭਾ ਵਿਚ ਲਗੀ ਹੋਈ ਫਿਰ ਪਸਚਾਤਾਪ ਕਰਦੀ ਹੈ।

ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥ ੪ ॥

ਉਸ ਨੇ ਹਲਤੁ ਪਲਤੁ=ਲੋਕ ਪ੍ਰਲੋਕ ਦੇ ਦੋਵੇਂ ਸੁਖ ਗੁਆ ਲਏ ਹਨ, ਸੰਸਾਰ ਸੁਪਨੇ ਵਿਚ ਸੁਪਨੇ ਮਾਤ੍ਰ ਵੀ ਸੁਖ ਨਹੀਂ ਪਾਣਾ ਕੀਤਾ ॥ ੪ ॥

ਪੇਈਅੜੈ ਧਨ ਕੰਤੁ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥

ਜੋ ਜੀਵ ਰੂਪ ਇਸਤ੍ਰੀ ਮਾਤਲੋਕ ਰੂਪ ਪੇਕੇ ਘਰ ਵਿਚ ਰਹਿੰਦਿਆਂ ਪਤੀ ਪ੍ਰਮਾਤਮਾ ਨੂੰ ਸੰਭਾਲਦੀ ਹੈ, ਉਹ ਗੁਰੂ ਦੀ ਕਿਰਪਾ ਨਾਲ ਪਤੀ ਪ੍ਰਮਾਤਮਾ ਨੂੰ ਆਪਣੇ ਨਾਲ ਵੇਖਦੀ ਹੈ।

ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥ ੫ ॥

ਉਹ ਪਤੀ ਪ੍ਰਮਾਤਮਾ ਦੇ ਰੰਗਿ=ਅਨੰਦ ਵਿਚ ਸਹਜੇ ਰੱਤੀ ਰਹਿੰਦੀ ਹੈ, ਜਿਸ ਨੇ ਗੁਰ ਉਪਦੇਸ਼ ਰੂਪੀ ਸ਼ਿੰਗਾਰ ਨੂੰ ਬਨਾਣਾ ਕੀਤਾ ਹੈ॥ ੫ ॥

ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥
ਦੂਜਾ ਭਾਉ ਗੁਰ ਸਬਦਿ ਜਲਾਇਆ ॥

ਉਨ੍ਹਾਂ ਦਾ ਮਨੁੱਖਾ ਜਨਮ ਸਫਲ ਹੈ ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ ਹੈ, ਅਤੇ ਗੁਰ ਉਪਦੇਸ ਦੁਆਰਾ ਦ੍ਵੈਤ ਭਾ ਜਲਾਇਆ=ਸਾੜਨਾ ਕੀਤਾ ਹੈ।

ਏਕੋ ਰਵਿ ਰਹਿਆ ਘਟ ਅੰਤਰਿ
ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥ ੬ ॥

ਜੋ ਇੱਕ ਹਰੀ ਸਾਰਿਆਂ ਘਟਾਂ ਵਿਚ ਰਵਿ ਰਹਿਆ=ਮਿਲ ਰਿਹਾ ਹੈ, ਸਤਸੰਗਤ ਨਾਲ ਮਿਲ ਕੇ ਉਸ ਹਰੀ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ॥ ੬ ॥

ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥
ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥

ਜੋ ਪੁਰਸ਼ ਸਤਿਗੁਰਾਂ ਦੀ ਸੇਵਾ ਨਹੀਂ ਕਰਦਾ, ਉਹ ਜਗਤ ਵਿਚ ਕਿਉਂ ਆਇਆ ਹੈ? ਉਸ ਦੇ ਜੀਵਨ ਨੂੰ ਧ੍ਰਿਕਾਰ ਹੈ, ਉਸ ਨੇ ਆਪਣੇ ਜਨਮ ਨੂੰ ਵਿਅਰਥ ਗਵਾ ਲਿਆ ਹੈ।

ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥ ੭ ॥

ਮਨਮੁਖਾਂ ਦੇ ਚਿੱਤ ਵਿਚ ਵਾਹਿਗੁਰੂ ਨਾਮ ਚੇਤੇ ਨਹੀਂ ਆਉਂਦਾ, ਨਾਮ ਤੋਂ ਬਿਨਾਂ ਬਹੁਤਾ ਦੁਖ ਪਾਣਾ ਕਰਦਾ ਹੈ॥ ੭ ॥

ਜਿਨਿ ਸਿਸਟਿ ਸਾਜੀ ਸੋਈ ਜਾਣੈ ॥ ਆਪੇ ਮੇਲੈ ਸਬਦਿ ਪਛਾਣੈ ॥

ਜਿਸ ਪ੍ਰਭੂ ਨੇ ਸ੍ਰਿਸ਼ਟੀ ਬਣਾਈ ਹੈ ਓਹੀ ਇਸ ਦੇ ਭੇਦ ਨੂੰ ਜਾਣਦਾ ਹੈ, ਜੋ ਗੁਰ ਉਪਦੇਸ਼ ਨੂੰ ਪਛਾਣਦਾ ਹੈ ਉਸ ਨੂੰ ਆਪਣੇ ਨਾਲ ਮੇਲ ਲੈਂਦਾ ਹੈ।

ਨਾਨਕ ਨਾਮੁ ਮਿਲਿਆ ਤਿਨ ਜਨ ਕਉ
ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥ ੮ ॥ ੧ ॥ ੩੨ ॥ ੩੩ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਗੁਰਮੁਖ ਜਨਾਂ ਨੂੰ ਗੁਰਾਂ ਪਾਸੋਂ ਵਾਹਿਗੁਰੂ ਨਾਮ ਮਿਲਿਆ ਹੈ, ਜਿਨ੍ਹਾਂ ਦੇ ਮੱਥੇ ਉਪਰ ਧੁਰੋਂ ਸ਼ੁਭ ਲੇਖ ਲਿਖਿਆ ਹੋਇਆ ਹੈ॥ ੮ ॥ ੧ ॥ ੩੨ ॥ ੩੩ ॥

ਮਾਝ ਮਹਲਾ ੪ ॥

ਆਦਿ ਪੁਰਖੁ ਅਪਰੰਪਰੁ ਆਪੇ ॥ ਆਪੇ ਥਾਪੇ ਥਾਪਿ ਉਥਾਪੇ ॥

ਹੇ ਸਾਰਿਆਂ ਪੁਰਖਾਂ ਦੇ ਆਦਿ ਰੂਪ ਅਕਾਲ ਪੁਰਖ ! ਤੂੰ ਆਪ ਹੀ ਅਪਰੰ=ਸੰਸਾਰ ਤੋਂ ਪਰਾ ਰੂਪ ਹੈਂ। ਤੂੰ ਆਪ ਹੀ ਸੰਸਾਰ ਦੀ ਥਾਪੇ=ਉਤਪਤੀ ਕਰਦਾ ਹੈਂ, ਆਪ ਹੀ ਥਾਪਿ=ਪਾਲਨਾ ਕਰਦਾ ਹੈਂ, ਆਪ ਹੀ ਉਥਾਪੇ=ਲੈਤਾ ਕਰਦਾ ਹੈਂ।

ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ ॥ ੧ ॥

ਸੋ ਇਕ ਤੂੰ ਹੀ ਸਾਰਿਆਂ ਵਿਚ ਵਰਤ ਰਿਹਾ ਹੈਂ, ਇਹ ਗੱਲ ਜਾਣਨ ਵਾਲੇ ਗੁਰਮੁਖ ਦਰਗਾਹ ਵਿਚ ਸੋਭਾ ਪਾਂਦੇ ਹਨ॥ ੧ ॥

ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਨਿਰੰਕਾਰ ਪ੍ਰਭੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ।

[ਪੰਨਾ ੧੩੦]

ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ
ਗੁਰਮੁਖਿ ਅਲਖੁ ਲਖਾਵਣਿਆ ॥ ੧ ॥ ਰਹਾਉ ॥

ਤਿਸ ਪ੍ਰਭੂ ਦਾ ਨਾ ਕੋਈ ਰੂਪ ਹੈ, ਨਾ ਹੀ ਕੋਈ ਮੱਛ ਕੱਛ ਆਦਿਕ ਰੇਖਾਂ ਹਨ, ਗੁਰਮੁਖਾਂ ਨੇ ਉਸ ਅਲਖ ਸਰੂਪ ਪ੍ਰਮਾਤਮਾ ਨੂੰ ਘਟਾਂ ਘਟਾਂ ਵਿਚ ਦੇਖਿਆ ਹੈ ਅਤੇ ਹੋਰਨਾਂ ਨੂੰ ਜਨਾਵਣਾ ਕੀਤਾ ਹੈ॥ ੧ ॥

ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥

ਹੇ ਪ੍ਰਭੂ ! ਤੂੰ ਪਿੱਛੇ ਵੀ ਦਿਆਲੂ ਸੀ, ਹੁਣ ਵੀ ਕਿਰਪਾਲੂ ਸੁਭਾਅ ਵਾਲਾ ਹੈਂ, ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਕ੍ਰਿਪਾਲੂ ਨਹੀਂ ।

ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥ ੨ ॥

ਗੁਰੂ ਕਿਰਪਾ ਕਰਕੇ ਨਾਮ ਦਾਨ ਦੇਵੇ ਤਾਂ ਇਹ ਜੀਵ ਨਾਮ ਨੂੰ ਜਪ ਕੇ ਨਾਮੀ ਪ੍ਰਮਾਤਮਾ ਵਿਚ ਅਭੇਦ ਹੁੰਦਾ ਹੈ॥ ੨ ॥

ਤੂੰ ਆਪੇ ਸਚਾ ਸਿਰਜਣਹਾਰਾ ॥ ਭਗਤੀ ਭਰੇ ਤੇਰੇ ਭੰਡਾਰਾ ॥

ਹੇ ਸੱਚੇ ! ਤੂੰ ਆਪ ਹੀ ਸਾਰਿਆਂ ਦੇ ਸਿਰਜਨੇ ਵਾਲਾ ਹੈਂ, ਤੇਰੀ ਭਗਤੀ ਦੇ ਭੰਡਾਰੇ ਭਰੇ ਪਏ ਹਨ, ਵੇਦ ਸ਼ਾਸਤ੍ਰ ਵਾ:-ਮਹਾਤਮਾ ਦੇ ਅੰਤਹਕਰਨ।

ਗੁਰਮੁਖਿ ਨਾਮੁ ਮਿਲੈ ਮਨੁ ਭੀਜੈ ਸਹਜਿ ਸਮਾਧਿ ਲਗਾਵਣਿਆ ॥ ੩ ॥

ਮੁਖੀ ਗੁਰਾਂ ਪਾਸੋਂ .ਨਾਮ ਮਿਲ ਜਾਵੇ ਤੇ ਉਸ ਵਿਚ ਮਨ ਭਿੱਜ ਜਾਵੇ, ਤਾਂ ਸਹਜੇ ਸਮਾਧੀ ਲਗ ਜਾਂਦੀ ਹੈ॥ ੩ ॥.

ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥

ਹੇ ਪ੍ਰਭੂ ! ਮੈਂ ਰਾਤ ਦਿਨ ਤੇਰੇ ਗੁਣ ਗਾਂਵਦਾ ਹਾਂ, ਹੇ ਮੇਰੇ ਪ੍ਰੀਤਮ ਪ੍ਰਭੂ ! ਮੈਂ ਹਰ ਵੇਲੇ ਤੈਨੂੰ ਹੀ ਸਲਾਹੁੰਦਾ ਹਾਂ।

ਤੁਧੁ ਬਿਨੁ ਅਵਰੁ ਨ ਕੋਈ ਜਾਚਾ ਗੁਰ ਪਰਸਾਦੀ ਤੂੰ ਪਾਵਣਿਆ ॥ ੪ ॥

ਆਪ ਜੀ ਤੋਂ ਬਿਨਾਂ ਮੈਂ ਹੋਰ ਕੋਈ ਪਦਾਰਥ ਨਹੀਂ ਜਾਚਾ=ਮੰਗਦਾ, ਗੁਰਾਂ ਦੀ ਕਿਰਪਾ ਨਾਲ ਤੂੰ ਪਾਇਆ ਜਾਂਦਾ ਹੈਂ॥ ੪ ॥

ਅਗਮੁ ਅਗੋਚਰੁ ਮਿਤਿ ਨਹੀ ਪਾਈ ॥
ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥

ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ਆਪ ਜੀ ਦੀ ਮਰਯਾਦਾ ਨਹੀਂ ਪਾਈ ਜਾਂਦੀ । ਤੂੰ ਆਪਣੀ ਕਿਰਪਾ ਕਰਕੇ ਹੀ ਆਪਣੇ ਨਾਲ ਮਿਲਾ ਲੈਂਦਾ ਹੈਂ।

ਪੂਰੇ ਗੁਰ ਕੈ ਸਬਦਿ ਧਿਆਈਐ ਸਬਦੁ ਸੇਵਿ ਸੁਖੁ ਪਾਵਣਿਆ ॥ ੫ ॥

ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਤੂੰ ਧਿਆਇਆ ਜਾਂਦਾ ਹੈਂ, ਜਿਨ੍ਹਾਂ ਨੇ ਗੁਰ ਸ਼ਬਦ ਨੂੰ ਸੇਵਿ=ਧਾਰਿਆ ਹੈ ਉਨ੍ਹਾਂ ਨੇ ਸੁਖ ਪਾਣਾ ਕੀਤਾ ਹੈ॥ ੫ ॥

ਰਸਨਾ ਗੁਣਵੰਤੀ ਗੁਣ ਗਾਵੈ ॥ ਨਾਮੁ ਸਲਾਹੇ ਸਚੇ ਭਾਵੈ ॥

ਉਹ ਰਸਨਾ ਗੁਣਾਂ ਵਾਲੀ ਹੈ ਜੋ ਪ੍ਰਭੂ ਦੇ ਗੁਣਾਂ ਨੂੰ ਗਾਉਂਦੀ ਹੈ, ਜੋ ਨਾਮ ਨੂੰ ਸਲਾਹੁੰਦਾ ਹੈ ਉਹ ਸੱਚੇ ਨੂੰ ਭਾ ਜਾਂਦਾ ਹੈ।

ਗੁਰਮੁਖਿ ਸਦਾ ਰਹੈ ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ ॥ ੬ ॥

ਜੋ ਗੁਰਮੁਖ ਇਸਤ੍ਰੀ ਸਦਾ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤੀ ਰਹਿੰਦੀ ਹੈ ਉਹ ਸੱਚੇ ਨਾਲ ਮਿਲ ਕੇ ਸੋਭਾ ਪਾਂਦੀ ਹੈ॥ ੬ ॥

ਮਨਮੁਖੁ ਕਰਮ ਕਰੇ ਅਹੰਕਾਰੀ ॥ ਜੂਐ ਜਨਮੁ ਸਭ ਬਾਜੀ ਹਾਰੀ ॥

ਜੋ ਮਨਮੁਖ ਅਹੰਕਾਰੀ ਸ਼ਕਾਮ ਕਰਮਾਂ ਨੂੰ ਕਰਦੇ ਹਨ, ਉਨ੍ਹਾਂ ਨੇ ਸੰਸਾਰ ਜੂਏ ਵਿਚ ਮਨੁੱਖ ਜਨਮ ਰੂਪ ਸਾਰੀ ਬਾਜ਼ੀ ਹਾਰ ਦਿੱਤੀ ਹੈ।

ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥ ੭ ॥

ਉਸ ਦੇ ਅੰਦਰ ਲੋਭ ਰੂਪੀ ਬੜਾ ਗੁਬਾਰਾ=ਹਨੇਰਾ ਹੈ, ਇਸ ਲਈ ਉਹ ਮੁੜ ਮੁੜ ਕੇ ਆਵਣ-ਜਾਵਣਿਆ=ਜੰਮਦਾ ਮਰਦਾ ਹੈ॥ ੭ ॥

ਆਪੇ ਕਰਤਾ ਦੇ ਵਡਿਆਈ ॥ ਜਿਨ ਕਉ ਆਪਿ ਲਿਖਤੁ ਧੁਰਿ ਪਾਈ ॥

ਕਰਤਾ ਪੁਰਖ ਆਪ ਹੀ ਉਨ੍ਹਾਂ ਨੂੰ ਨਾਮ ਦੀ ਵਡਿਆਈ ਦੇਂਦਾ ਹੈ, ਜਿਨ੍ਹਾਂ ਨੂੰ ਆਪ ਹੀ ਪ੍ਰਭੂ ਨੇ ਮੁੱਢ ਤੋਂ ਚੰਗਿਆਂ ਕਰਮਾਂ ਦੀ ਲਿਖਤ ਲਿਖ ਪਾਈ ਹੈ।

ਨਾਨਕ ਨਾਮੁ ਮਿਲੈ ਭਉ ਭੰਜਨੁ
ਗੁਰ ਸਬਦੀ ਸੁਖੁ ਪਾਵਣਿਆ ॥ ੮ ॥ ੧ ॥ ੩੪ ॥

ਗੁਰੂ ਜੀ ਕਥਨ ਕਰਦੇ ਹਨ ਗੁਰ ਉਪਦੇਸ਼ ਦੁਆਰਾ ਜਿਸ ਨੂੰ ਭਉ ਭੰਜਨੁ=ਪ੍ਰਮੇਸ਼ਰ ਦਾ ਨਾਮ ਮਿਲਿਆ ਹੈ, ਉਹੀ ਗੁਰਸਬਦੀਆ ਸੁਖ ਪਾਣਾ ਕਰਦਾ ਹੈ॥ ੮ ॥ ੧ ॥ ੩੪ ॥

ਮਾਝ ਮਹਲਾ ੫ ਘਰੁ ੧ ॥

ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥

ਉਹ ਅਲਖ ਸਰੂਪ ਪ੍ਰਮਾਤਮਾ ਹਿਰਦੇ ਦੇ ਅੰਦਰ ਹੀ ਹੈ ਪਰ ਆਪਣੇ ਆਪ ਜਾਣਿਆ ਨਹੀਂ ਜਾਂਦਾ। ਉਸ ਨੇ ਆਪਣੇ ਰਤਨ ਰੂਪ ਨਾਮ ਨੂੰ ਲੈ ਕੇ ਛਿਪਾ ਰੱਖਿਆ ਹੈ।

ਅਥਵਾ:-ਪ੍ਰਮੇਸ਼ਰ ਨੇ ਆਪਣਾ ਆਪ ਸਭ ਜੀਵਾਂ ਅੰਦਰ ਗੁਝਾ ਰਖਿਆ=ਛਿਪਾ ਰੱਖਿਆ ਹੈ,

ਪ੍ਰਸ਼ਨ:-ਉਸ ਨੂੰ ਕਿਵੇਂ ਜਾਣੇ? *ਉੱਤਰ:*-ਗੁਰਾਂ ਪਾਸੋਂ ਨਾਮ ਰਤਨ ਲੈਣਾ ਕਰੇ ਤਾਂ ਉਹ ਪ੍ਰਗਟ ਹੁੰਦਾ ਹੈ।

ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥ ੧ ॥

ਉਹ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ਸਾਰਿਆਂ ਤੋਂ ਉੱਚਾ ਹੈ, ਉਹ ਪ੍ਰਭੂ ਗੁਰਾਂ ਦੇ ਉਪਦੇਸ਼ ਕਰਕੇ ਜਾਣਿਆ ਜਾਂਦਾ ਹੈ॥ ੧ ॥

ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥

ਜਿਸ ਨਾਮ ਦਾ ਮਹਾਤਮ ਕਲਜੁਗ ਵਿਚ ਗੁਰਾਂ ਨੇ ਸੁਨਾਵਣਾ ਕੀਤਾ ਹੈ ਉਸ ਪ੍ਰਭੂ ਤੋਂ ਮੈ ਤਨ ਕਰਕੇ ਵਾਰਨੇ, ਮਨ ਕਰਕੇ ਵੀ ਬਲਿਹਾਰ ਜਾਂਦਾ ਹਾਂ।

ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥ ੧ ॥ ਰਹਾਉ ॥

ਪਿਆਰੇ ਸੰਤ ਜੋ ਸੱਚੇ ਪ੍ਰਭੂ ਦੇ ਧਾਰੇ=ਆਸਰੇ ਰਹਿੰਦੇ ਹਨ, ਵਡਿਆਂ ਭਾਗਾਂ ਨਾਲ ਉਨ੍ਹਾਂ ਦਾ ਦਰਸ਼ਨ ਪਾਇਆ ਜਾਂਦਾ ਹੈ ।

ਅਥਵਾ:-ਪਿਆਰੇ ਸੰਤ ਸੱਚੇ ਨੇ ਆਪ ਧਾਰਨਾ ਕੀਤੇ ਹਨ ਕਿਉਂਕਿ ਸੰਤ ਨਿੱਤ ਅਵਤਾਰ ਹਨ, ਸ੍ਰੀ ਰਾਮ ਚੰਦ੍ਰ ਆਦਿਕ ਨਮਿੱਤਕ ਅਵਤਾਰ ਹਨ, ਵਡਿਆਂ ਭਾਗਾਂ ਨਾਲ ਸੰਤਾਂ ਦਾ ਦਰਸ਼ਨ ਪਾਇਆ ਜਾਂਦਾ ਹੈ॥ ੧ ॥

ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥

ਸਾਧਿਕ=ਸਾਧਨਾਂ ਕਰਨ ਵਾਲੇ ਜਗਿਆਸੂ, ਸਿਧ=ਮਹਾਤਮਾ ਜਿਸ ਪ੍ਰਮਾਤਮਾ ਨੂੰ ਢੂੰਡਦੇ ਫਿਰਦੇ ਹਨ, ਬ੍ਰਹਮੇ ਤੇ ਇੰਦਰ ਆਦਿਕ ਦੇਵਤੇ ਭੀ ਜਿਸ ਪ੍ਰਮਾਤਮਾ ਨੂੰ ਹਿਰਦੇ ਵਿਚ ਧਿਆਉਂਦੇ ਹਨ।

ਕੋਟਿ ਤੇਤੀਸਾ ਖੋਜਨਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥ ੨ ॥

ਤੇਤੀ ਕ੍ਰੋੜ ਦੇਵਤੇ ਭੀ ਜਿਸ ਨੂੰ ਖੋਜਦੇ ਹਨ, ਤਿਸ ਪ੍ਰਮੇਸ਼ਰ ਦੇ ਜਸ ਨੂੰ ਗੁਰਮੁਖ-ਜਨ ਗੁਰਾਂ ਨਾਲ ਮਿਲਕੇ ਹਿਰਦੇ ਵਿਚ ਗਾਂਵਦੇ ਹਨ॥ ੨ ॥

ਆਠ ਪਹਰ ਤੁਧੁ ਜਾਪੇ ਪਵਨਾ ॥ ਧਰਤੀ ਸੇਵਕ ਪਾਇਕ ਚਰਨਾ ॥

ਹੇ ਪ੍ਰਭੂ ! ਅੱਠੇ ਪਹਿਰ ਪਵਨ ਦੇਵਤਾ ਆਪ ਜੀ ਨੂੰ ਜਪਦਾ ਹੈ, ਜਲ ਵੀ ਆਪ ਜੀ ਦਾ ਸੇਵਕ ਹੈ, ਧਰਤੀ ਭੀ ਆਪ ਜੀ ਦੇ ਚਰਨਾਂ ਦੀ ਪਾਇਕ=ਦਾਸੀ ਹੈ। *ਅਥਵਾ:-* ਧਰਤੀ ਆਪ ਜੀ ਦੇ ਚਰਨਾਂ ਦੀ ਪਾਇਕ=ਦਾਸੀ ਹੋ ਕੇ ਸੇਵਕਾਣੀ ਹੈ।

ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ ॥ ੩ ॥

ਚਾਰ ਖਾਣੀਆਂ ਚਾਰ ਬਾਣੀਆਂ ਸਾਰਿਆਂ ਵਿਚ ਆਪ ਨਿਵਾਸ ਕਰ ਰਹੇ ਹੋ ਅਤੇ ਸਭਨਾਂ ਦੇ ਮਨ ਵਿਚ ਤੂੰ ਭਾਉਂਦਾ ਹੈਂ॥ ੩ ॥

ਸਾਚਾ ਸਾਹਿਬੁ ਗੁਰਮੁਖਿ ਜਾਪੈ ॥ ਪੂਰੇ ਗੁਰ ਕੈ ਸਬਦਿ ਸਿਞਾਪੈ ॥

ਗੁਰਮੁਖ ਜਨ ਸੱਚੇ ਸਾਹਿਬ ਨੂੰ ਜਪਦੇ ਹਨ, ਵਾ:-ਸੱਚਾ ਸਾਹਿਬ ਗੁਰਾਂ ਦੁਆਰੇ ਜਾਪੈ=ਜਾਣਿਆ ਜਾਂਦਾ ਹੈ। ਪੂਰਿਆਂ ਗੁਰਾਂ ਦੇ ਸ਼ਬਦ ਕਰਕੇ ਸਿਞਾਪੈ=ਪਛਾਣਿਆ ਜਾਂਦਾ ਹੈ।

ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥ ੪ ॥

ਜਿਨ੍ਹਾਂ ਨੇ ਗੁਰਾਂ ਪਾਸੋਂ ਨਾਮ ਅੰਮ੍ਰਿਤ ਪੀਤਾ ਹੈ ਉਹ ਜਗਤ ਦੇ ਪਦਾਰਥਾਂ ਵੱਲੋ ਤ੍ਰਿਪਤਾਸੇ=ਤ੍ਰਿਪਤ ਹੋ ਗਏ ਹਨ, ਅਤੇ ਸਚਿ=ਨਿਸਚੇ ਸਹਿਤ ਸੱਚ ਨਾਮ ਨੂੰ ਜਪ ਕੇ ਸੁਰਗ-ਆਦਿਕਾਂ ਦੇ ਪਦਾਰਥਾਂ ਵੱਲੋਂ ਅਘਾਵਣਿਆ=ਰੱਜ ਗਏ ਹਨ॥ ੪ ॥

ਤਿਸੁ ਘਰਿ ਸਹਜਾ ਸੋਈ ਸੁਹੇਲਾ ॥ ਅਨਦ ਬਿਨੋਦ ਕਰੇ ਸਦ ਕੇਲਾ ॥

ਉਸ ਦੇ ਅੰਤਹਕਰਨ ਰੂਪ ਘਰ ਵਿਚ ਸਹਜਾ=ਗਿਆਨ ਹੈ, ਇਸ ਲਈ ਉਹ ਸੁਹੇਲਾ=ਸੁਖੀ ਹੈ । ਅਨੰਦ ਦਾਇਕ ਬਿਨੋਦ=ਕੌਤਕਾਂ ਦੇ ਕਰਨ ਵਾਲਾ ਜੋ ਪ੍ਰਭੂ ਹੈ ਉਸ ਵਿਚ ਉਹ ਸਦਾ ਕੇਲਾ=ਖੁਸ਼ੀਆਂ ਕਰਦਾ ਹੈ।

ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥ ੫ ॥

ਉਹ ਧਨ ਵਾਲਾ ਹੈ, ਓਹੀ ਵੱਡਾ ਸ਼ਾਹ ਹੈ, ਜੋ ਗੁਰੂ ਦੇ ਚਰਨਾਂ ਨਾਲ ਮਨ ਨੂੰ ਲਗਾਣਾ ਕਰਦਾ ਹੈ॥ ੫ ॥

ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੈ ਦੇ ਤੈਂ ਜੰਤੁ ਉਪਾਹਾ ॥

ਹੇ ਪ੍ਰਭੂ ! ਤੁਸਾਂ ਨੇ ਜੀਆਂ ਦੇ ਉਤਪੰਨ ਹੋਣ ਤੋਂ ਪਹਿਲਾਂ ਰਿਜਕ ਸਮਾਹਾ=ਪਹੁੰਚਾ ਦਿੱਤਾ ਹੈ, ਜੋ ਮਾਂ ਦੇ ਥਣਾਂ ਵਿਚ ਦੁੱਧ ਪੈਦਾ ਕੀਤਾ ਹੈ। ਤੇ ਪਿੱਛੋਂ ਤੁਸਾਂ ਨੇ ਜੀਵਾਂ ਨੂੰ ਪੈਦਾ ਕੀਤਾ ਹੈ।

ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥ ੬ ॥

ਹੇ ਸੁਆਮੀ ! ਤੇਰੇ ਜੇਡਾ ਹੋਰ ਕੋਈ ਦਾਤਾ ਨਹੀਂ ਹੈ, ਤੇਰੇ ਲਵੈ=ਸਦੱਰਸ (ਬਰਾਬਰ) ਕੋਈ ਨਹੀਂ ਲਾਇਆ ਜਾਂਦਾ ॥ ੬ ॥

ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ ਸਾਧ ਜਨਾ ਕਾ ਮੰਤ੍ਰ ਕਮਾਏ ॥

ਜਿਸ ਉੱਤੇ ਤੂੰ ਤੁਠਾ=ਪ੍ਰਸੰਨ ਹੁੰਦਾ ਹੈਂ ਉਹ ਤੈਨੂੰ ਧਿਆਉਂਦਾ ਹੈ, ਅਤੇ ਉਹ ਸੰਤ ਜਨਾਂ ਦਾ ਮੰਤ੍ਰ ਕਮਾਂਵਦਾ ਹੈ।

ਆਪਿ ਤਰੈ ਸਗਲੇ ਕੁਲ ਤਾਰੇ ਤਿਸੁ ਦਰਗਹ ਠਾਕ ਨ ਪਾਵਣਿਆ ॥ ੭ ॥

ਉਹ ਆਪ ਤਰਦਾ ਹੈ, ਤੇ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ, ਉਸ ਨੂੰ ਦਰਗਾਹ ਵਿਚ ਕੋਈ ਠਾਕ=ਰੋਕ ਨਹੀਂ ਪੈਂਦੀ ॥ ੭ ॥

[ਪੰਨਾ ੧੩੧]

ਤੂੰ ਵਡਾ ਤੂੰ ਊਚੋ ਊਚਾ ॥ ਤੂੰ ਬੇਅੰਤੁ ਅਤਿ ਮੂਚੋ ਮੂਚਾ ॥

ਤੂੰ ਸਾਰਿਆਂ ਤੋਂ ਵੱਡਾ ਹੈਂ, ਤੂੰ ਊਚੇ ਬ੍ਰਹਮੇ ਆਦਿਕਾਂ ਤੋਂ ਭੀ ਊਚਾ ਹੈਂ। ਤੂੰ ਬੇਅੰਤ ਹੈਂ ਅਤੇ ਅਤਿ=ਬਹੁਤ ਮੂਚੋ ਮੂਚਾ=ਵਿਸਤਾਰ ਤੋਂ ਵਿਸਤਾਰ ਵਾਲਾ ਹੈਂ।

ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ ॥ ੮ ॥ ੧ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਆਪ ਜੀ ਤੋਂ ਬਲਿਹਾਰ ਵੰਞਾ=ਜਾਂਦਾ ਹਾਂ, ਅਤੇ ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹਾਂ ॥ ੮ ॥ ੧ ॥ ੩੫ ॥

ਇਸ ਸ਼ਬਦ ਦੀਆਂ ਪਹਿਲੀਆਂ ਚਾਰ ਪੌੜੀਆਂ ਵਿਚ ਜਗਿਆਸੂ ਵੱਲੋਂ ਗੁਰੂ ਸਾਹਿਬ ਜੀ ੨੪ (ਚੌਵੀ) ਪ੍ਰਸ਼ਨ ਸ੍ਰਵਨ ਕਰਵਾਂਦੇ ਹਨ। ਉਸ ਤੋਂ ਅਗਲੀਆਂ ਚਾਰ ਪੌੜੀਆਂ ਵਿਚ ਉੱਤਰ ਦੇਣਗੇ।

ਮਾਝ ਮਹਲਾ ੫ ॥

ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥
ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥

੧. ਸੰਸਾਰ ਵਿਚ ਮੁਕਤ ਰੂਪ ਕੌਣ ਹੈ ? ੨. ਪਰਮਾਤਮਾ ਨਾਲ ਜੁੜਿਆ ਕੌਣ ਹੈ ?

੩. ਸ੍ਰੇਸ਼ਟ ਗਿਆਨਵਾਨ ਕੌਣ ਹੈ ? ੪. ਸ੍ਰੇਸ਼ਟ ਵਕਤਾ ਕੌਣ ਹੈ ?

ਅਰਥਾਤ ਪ੍ਰਮੇਸ਼ਰ ਦੇ ਜਸ ਉਚਾਰਣ ਵਾਲਾ ਕੌਣ ਹੈ?

ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥ ੧ ॥

੫. ਸ੍ਰੇਸ਼ਟ ਧੰਨਤਾ ਜੋਗ ਗ੍ਰਹਿਸਤੀ ਕੌਣ ਹੈ ? ੬. ਧੰਨਤਾ ਜੋਗ ਸਾਧੂ ਕੌਣ ਹੈ ?

੭. ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨੂੰ ਕੌਣ ਪਾਂਵਦਾ ਹੈ ?

ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥
ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥

੯. ਸੰਸਾਰ ਵਿਚ ਕਿਸ ਪ੍ਰਕਾਰ ਬੱਧਾ ਜਾਂਦਾ ਹੈ ? ੯. ਕਿਸ ਪ੍ਰਕਾਰ ਬੰਧਨਾਂ ਤੋਂ ਛੁਟਦਾ ਹੈ ?

੧੦. ਕਿਸ ਪ੍ਰਕਾਰ ਸੇ ਜੀਵ ਦਾ ਆਉਣਾ ਜਾਣਾ, ਜੰਮਣਾ ਮਰਨਾ ਟੁੱਟਦਾ ਹੈ ?

ਕਉਣ ਕਰਮ ਕਉਣੁ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥ ੨ ॥

੧੧. ਸ੍ਰੇਸ਼ਟ ਕਰਮਾਂ ਨੂੰ ਕੌਣ ਕਰਦਾ ਹੈ ? ੧੨. ਕਰਮਾਂ ਤੋਂ ਰਹਿਤ ਕੌਣ ਹੈ ?

੧੩. ਉਹ ਕੌਣ ਪੁਰਸ਼ ਹੈ ਜੋ ਪ੍ਰਮੇਸ਼ਰ ਦੇ ਜਸ ਨੂੰ ਆਪ ਕਹਿੰਦਾ ਹੈ ਹੋਰਨਾਂ ਪਾਸੋਂ ਕਹਾਂਦਾ ਹੈ? ॥ ੨ ॥

ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥
ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥

੧੪. ਸੰਸਾਰ ਵਿਚ ਸੁਖੀ ਕੌਣ ਹੈ ? ੧੫. ਅਤੇ ਦੁਖੀ ਕੌਣ ਹੈ ?

੧੬. ਪ੍ਰਮੇਸ਼ਰ ਦੇ ਸਨਮੁਖ ਕੌਣ ਹੈ ? ੧੭. ਪ੍ਰਮੇਸ਼ਰ ਤੋਂ ਬੇਮੁਖ ਕੌਣ ਹੈ ?

ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ
ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥ ੩ ॥

੧੮. ਕਿਸ ਵਿਧੀ ਸੇ ਪ੍ਰਮੇਸ਼ਰ ਨਾਲ ਮਿਲਾਪ ਹੁੰਦਾ ਹੈ ? ੧੯. ਕਿਸ ਵਿਧੀ ਸੇ ਉਸ ਨਾਲੋਂ ਵਿੱਛੁੜਦਾ ਹੈ ? ੨੦. ਇਸ ਵਿਧੀ ਨੂੰ ਕੌਣ ਪਰਗਟ ਕਰਦਾ ਹੈ ? ॥ ੩ ॥

ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥
ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥

੨੧. ਉਹ ਕਿਹੜਾ ਅੱਖਰ ਹੈ, ਜਿਸ ਕਰਕੇ ਦੌੜਦਾ ਮਨ ਸਥਿਰ ਰਹਿੰਦਾ ਹੈ ?

੨੨. ਉਹ ਕਿਹੜਾ ਉਪਦੇਸ਼ ਹੈ, ਜਿਸ ਕਰਕੇ ਦੁਖ ਸੁਖ ਨੂੰ ਸਮ ਜਾਣਕੇ ਸਹਾਰਦਾ ਹੈ?

ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ
ਕਿਨਿ ਬਿਧਿ ਕੀਰਤਨੁ ਗਾਏ ਜੀਉ ॥ ੪ ॥

੨੩. ਉਹ ਸ੍ਰੇਸ਼ਟ ਚਾਲ ਕੇਹੜੀ ਹੈ, ਜਿਸ ਕਰਕੇ ਪਾਰਬ੍ਰਹਮ ਨੂੰ ਧਿਆਂਵਦਾ ਹੈ ?

੨੪. ਕਿਸ ਵਿਧੀ ਸੇ ਉਸ ਦੇ ਕੀਰਤਨ ਨੂੰ ਗਾਂਵਦੇ ਹਨ॥ ੪ ॥

ਇਥੋਂ ਤੱਕ ਜਗਿਆਸੂ ਵੱਲੋਂ ਚਵ੍ਹੀ (੨੪) ਪ੍ਰਸ਼ਨ ਆ ਚੁੱਕੇ ਹਨ, ਅੱਗੋਂ ਗੁਰੂ ਜੀ ਉੱਤਰ ਦੇਂਦੇ ਹਨ-

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥

੧. ਸੰਸਾਰ ਵਿਚ ਗੁਰਮੁਖ ਹੀ ਮੁਕਤ ਰੂਪ ਹੈ, ੨. ਗੁਰਮੁਖ ਹੀ ਪ੍ਰਮਾਤਮਾ ਨਾਲ ਜੁਗਤਾ=ਜੁੜਿਆ ਹੈ,

੩. ਗੁਰਮੁਖ ਹੀ ਸ੍ਰੇਸ਼ਟ ਗਿਆਨਵਾਨ ਹੈ, ੪. ਗੁਰਮੁਖ ਹੀ ਸ੍ਰੇਸ਼ਟ ਵਕਤਾ ਹੈ ਅਰਥਾਤ ਪ੍ਰਮੇਸ਼ਰ

ਦੇ ਜਸ ਨੂੰ ਉਚਾਰਨ ਕਰਦਾ ਹੈ।

ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥ ੫ ॥

੫. ਗੁਰਮੁਖ ਗ੍ਰਿਹਸਤੀ ਹੀ ਧੰਨਤਾ ਜੋਗ ਹੈ, ੬. ਗੁਰਮੁਖ ਸਾਧੂ ਹੀ ਧੰਨਤਾ ਜੋਗ ਹੈ,

੭. ਗੁਰਮੁਖ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਂਵਦਾ ਹੈ॥੫॥

ਹਉਮੈ ਬਾਧਾ ਗੁਰਮੁਖਿ ਛੂਟਾ ॥ ਗੁਰਮੁਖਿ ਆਵਣੁ ਜਾਵਣੁ ਤੂਟਾ ॥

੮. ਹੰਗਤਾ ਮਮਤਾ ਕਰਕੇ ਬੱਧਾ ਜਾਂਦਾ ਹੈ, ੯. ਗੁਰਮੁਖਤਾ ਕਰਕੇ ਬੰਧਨਾਂ ਤੋਂ ਛੁਟਦਾ ਹੈ,

੧੦. ਗੁਰਮੁਖਤਾ ਕਰਕੇ ਜੀਵ ਦਾ ਆਉਣਾ ਜਾਣਾ ਜੰਮਣਾਂ ਮਰਨਾ ਟੁੱਟਦਾ ਹੈ।

ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥ ੬ ॥

੧੧. ਗੁਰਮੁਖ ਹੀ ਸ੍ਰੇਸ਼ਟ ਕਰਮਾਂ ਨੂੰ ਕਰਦਾ ਹੈ, ੧੨. ਗੁਰਮੁਖ ਹੀ ਸ਼ਕਾਮ ਕਰਮਾਂ ਤੋਂ ਨਿਹ=ਰਹਿਤ ਹੈ, ੧੩. ਗੁਰਮੁਖ ਆਪ ਹੀ ਸੁਭਾਏ=ਸ੍ਰੇਸ਼ਟ ਪ੍ਰੇਮ ਨਾਲ ਪ੍ਰਮੇਸ਼ਰ ਦੇ ਜਸ ਨੂੰ ਉਚਾਰਨ ਕਰਦਾ ਹੈ ਅਤੇ ਹੋਰਨਾਂ ਪਾਸੋਂ ਜਸ ਕਰਵਾਂਦਾ ਹੈ॥ ੬ ॥

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥

੧੪. ਸੰਸਾਰ ਵਿਚ ਗੁਰਮੁਖ ਸੁਖੀ ਹੈ, ੧੫. ਮਨਮੁਖ ਦੁਖੀ ਹੈ,

੧੬. ਗੁਰਮੁਖ ਪ੍ਰਮੇਸ਼ਰ ਦੇ ਸਨਮੁਖ ਹੈ, ੧੭. ਮਨਮੁਖ ਪ੍ਰਮੇਸ਼ਰ ਤੋਂ ਬੇਮੁਖ ਹੈ.

ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ
ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥ ੭ ॥

੧੮. ਗੁਰਮੁਖਤਾ ਕਰਕੇ ਪ੍ਰਮੇਸ਼ਰ ਨਾਲ ਮਿਲਾਪ ਹੁੰਦਾ ਹੈ, ੧੯. ਮਨਮੁਖਤਾ ਕਰਕੇ ਪ੍ਰਮੇਸ਼ਰ ਤੋਂ ਵਿੱਛੁੜਦਾ ਹੈ, ੨੦. ਇਸ ਵਿਧੀ ਨੂੰ ਗੁਰਮੁਖ ਹੀ ਪਰਗਟ ਕਰਦਾ ਹੈ॥ ੭ ॥

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥

੨੧. ਗੁਰਮੁਖੀ ਅੱਖਰ ਹਨ, ਵਾ:-ਗੁਰਮੁਖਤਾ ਰੂਪੀ ਅੱਖਰ ਹਨ, ਜਿਸ ਕਰਕੇ ਦੌੜਦਾ ਮਨ ਸਥਿਰ ਰਹਿੰਦਾ ਹੈ, ੨੨. ਮੁਖੀ ਗੁਰਾਂ ਦਾ ਹੀ ਉਪਦੇਸ਼ ਹੈ, ਜਿਸ ਕਰਕੇ ਦੁਖ ਸੁਖ ਨੂੰ ਸਮ ਜਾਣ ਕੇ ਸਹਾਰਨਾ ਕਰਦਾ ਹੈ।

ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ ॥ ੮ ॥

੨੩. ਗੁਰਮੁਖੀ ਚਾਲ ਹੈ ਜਿਸ ਕਰਕੇ ਪਾਰਬ੍ਰਹਮ ਨੂੰ ਧਿਆਂਵਦਾ ਹੈ,

੨੪. ਗੁਰਮੁਖ ਜਨ ਗੁਰਮੁਖਤਾ ਦੁਆਰੇ ਉਸ ਦੇ ਕੀਰਤਨ ਨੂੰ ਗਾਂਵਦੇ ਹਨ॥ ੮॥

ਇੱਥੋਂ ਤੱਕ ੨੪ ਪ੍ਰਸ਼ਨਾਂ ਦੇ ਚਵ੍ਹੀ ਉੱਤਰ ਆ ਚੁੱਕੇ ਹਨ।

ਸਗਲੀ ਬਣਤ ਬਣਾਈ ਆਪੇ॥ ਆਪੇ ਕਰੇ ਕਰਾਏ ਥਾਪੇ॥

ਗੁਰਮੁਖਾਂ ਅਤੇ ਮਨਮੁਖਾਂ ਦੀ ਸਾਰੀ ਬਨਾਵਟ ਪ੍ਰਭੂ ਨੇ ਆਪ ਹੀ ਬਣਾਈ ਹੈ, ਆਪ ਹੀ ਜੀਵਾਂ ਨੂੰ ਉਤਪਤ ਕਰਦਾ ਹੈ, ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈ, ਆਪ ਹੀ ਜੀਵਾਂ ਨੂੰ ਥਾਪੇ=ਇਸਥਿਤ ਕਰਦਾ ਹੈ।

ਇਕਸੁ ਤੇ ਹੋਇਓ ਅਨੰਤਾ
ਨਾਨਕ ਏਕਸੁ ਮਾਹਿ ਸਮਾਏ ਜੀਉ॥ ੯॥ ੨॥ ੩੬॥

ਇੱਕ੍ਰ ਵਾਹਿਗੁਰੂ ਤੋਂ ਹੀ ਇਹ ਅਨੰਤਾ=ਬਿਅੰਤ ਸੰਸਾਰ ਹੋਇਆ ਹੈ, ਅੰਤ ਨੂੰ ਇੱਕ ਦੇ ਵਿਚ ਹੀ ਸਮਾ ਜਾਣਾ ਹੈ।

ਅਸ਼ਵਾ:-ਜਿਸ ਇੱਕ ਤੋਂ ਇਹ ਬਿਅੰਤ ਸੰਸਾਰ ਹੋਇਆ ਹੈ ਉਸ ਇੱਕ ਦੇ ਨਾਮ ਵਿਚ ਸਮਾਣਾ ਕਰੇ॥ ੯॥ ੨॥ ੩੬॥

ਮਾਝ ਮਹਲਾ ੫॥

ਪ੍ਰਭੁ ਅਬਿਨਾਸੀ ਤਾ ਕਿਆ ਕਾੜਾ॥ ਹਰਿ ਭਗਵੰਤਾ ਤਾ ਜਨੁ ਖਰਾ ਸੁਖਾਲਾ॥

ਹੇ ਅਬਿਨਾਸੀ ਪ੍ਰਭੂ ! ਜਾਂ ਤੂੰ ਮੇਹਰਵਾਨ ਹੈਂ ਤਾਂ ਮੈਨੂੰ ਕਾਹਦਾ ਕਾੜਾ=ਝੋਰਾ ਹੈ। ਹੇ ਭਗਵੰਤ ਹਰੀ ਜਾਂ ਤੂੰ ਦੁਖਾਂ ਦੇ ਹਰਨ ਵਾਲਾ ਹੈਂ ਤਾਂ ਮੈਂ ਜਨੁ ਖਰਾ ਸੁਖਾਲਾ=ਚੰਗਾ (ਬੜਾ) ਸੁਖੀ ਹਾਂ।

ਜੀਅ ਪ੍ਰਾਨ ਮਾਨ ਸੁਖਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ॥ ੧॥

ਹੇ ਵਾਹਿਗੁਰੂ ਤੂੰਹੀਂ ਜੀਵ ਨੂੰ ਪ੍ਰਾਣ, ਮਾਨ ਤੇ ਸੁਖਾਂ ਨੂੰ ਦੇਂਦਾ ਹੈਂ, ਜੋ ਤੂੰ ਕਰਦਾ ਹੈਂ ਦਾਸ ਓਸੇ ਨੂੰ ਸੁਖ ਸਰੂਪ ਜਾਣ ਕੇ ਪਾਣਾ ਕਰਦਾ ਹੈ॥ ੧॥

ਹਉ ਵਾਰੀ ਜੀਉ ਵਾਰੀ ਗੁਰਮੁਖਿ ਮਨਿ ਤਨਿ ਭਾਵਣਿਆ॥

ਹਉ=ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ, ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਗੁਰਮੁਖਾਂ ਦੇ ਮਨ ਤਨ ਵਿਚ ਵਾਹਿਗੁਰੂ ਭਾਂਵਦਾ ਹੈ।

ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ
ਤੁਮ ਸੰਗਿ ਲਵੈ ਨ ਲਾਵਣਿਆ॥ ੧॥ ਰਹਾਉ॥

ਤੂੰਹੀਂ ਮੇਰਾ ਪਰਬਤ ਰੂਪ ਹੈਂ ਤੂੰਹੀਂ ਮੇਰਾ ਓਲਾ=ਆਸਰਾ ਰੂਪ ਹੈਂ, ਵਾ:-ਤੂੰਹੀਂ ਮੇਰਾ ਸੁਮੇਰ ਪਰਬਤ ਦੀ ਨਿਆਈਂ ਓਲਾ=ਆਸਰਾ ਰੂਪ ਹੈਂ। ਤੁਮ ਸੰਗਿ=ਤੇਰੇ ਨਾਲ ਕੋਈ ਲਵੈ=ਬਰਾਬਰ ਦਾ ਨਹੀਂ ਲਾਇਆ ਜਾ ਸਕਦਾ। ਅਰਥਾਤ ਤੇਰੇ ਲਵੋ=ਸਦੱਰਸ ਕਿਸ ਨੂੰ ਲਗਾਈਏ ਤਾਂ ਤੇਰੇ ਨਾਲ ਕੋਈ ਨਹੀਂ ਲਗਦਾ॥ ੧॥

ਤੇਰਾ ਕੀਤਾ ਜਿਸੁ ਲਾਗੈ ਮੀਠਾ॥ ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ॥

ਹੇ ਪ੍ਰਭੂ ਜਿਸ ਨੂੰ ਤੇਰਾ ਕੀਤਾ ਮਿੱਠਾ ਲਗਦਾ ਹੈ, ਉਸ ਪੁਰਸ਼ ਨੇ ਹੇ ਪਾਰਬ੍ਰਹਮ ! ਤੈਨੂੰ ਸਾਰਿਆਂ ਘਟਾਂ

ਘਟਾਂ ਵਿਚ ਵਿਆਪਕ ਡੀਠਾ=ਵੇਖਿਆ ਹੈ।

ਥਾਨਿ ਥਨੰਤਰਿ ਤੂੰਹੈ ਤੂੰਹੈ ਇਕੋ ਇਕੁ ਵਰਤਾਵਣਿਆ ॥ ੨ ॥

ਥਾਨਾਂ ਅੰਤਰ ਥਾਨਾਂ ਵਿੱਚ ਇੱਕ ਤੂਹੀਂ ਤੂੰਹੀਂ ਹੈਂ, ਅਤੇ ਇੱਕ ਤੂੰਹੀਂ ਇਨ੍ਹਾਂ ਸਾਰਿਆਂ ਵਿਚ ਆਪਣਾ ਹੁਕਮ ਵਰਤਾ ਰਿਹਾ ਹੈਂ॥ ੨ ॥

ਸਗਲ ਮਨੋਰਥ ਤੂੰ ਦੇਵਣਹਾਰਾ॥ ਭਗਤੀ ਭਾਇ ਭਰੇ ਭੰਡਾਰਾ॥

ਸਾਰਿਆਂ ਨੂੰ ਤੂੰ ਮਨੋਰਥ=ਮਨ ਭਾਉਂਦੇ ਪਦਾਰਥ ਦੇਣ ਵਾਲਾ ਹੈਂ, ਮਹਾਤਮਾਂ ਦੇ ਅੰਤਹਕਰਨ ਹੀ ਆਪ ਜੀ ਦੇ ਪ੍ਰੇਮਾ ਭਗਤੀ ਦੇ ਭੰਡਾਰੇ ਭਰੇ ਪਏ ਹਨ।

ਦਇਆ ਧਾਰਿ ਰਾਖੇ ਤੁਧੁ ਸੇਈ ਪੂਰੈ ਕਰਮਿ ਸਮਾਵਣਿਆ॥ ੩ ॥

ਜਿਨ੍ਹਾਂ ਨੂੰ ਕਿਰਪਾ ਦ੍ਰਿਸ਼ਟੀ ਧਾਰ ਕੇ ਤੁਸਾਂ ਨੇ ਸੰਸਾਰ ਤੋਂ ਬਚਾ ਰੱਖਿਆ ਹੈ, ਉਹ ਪੂਰੇ ਕਰਮਿ=ਕਰਮਾਂ ਵਾਲੇ ਆਪ ਜੀ ਵਿਚ ਸਮਾਏ ਹਨ॥ ੩ ॥

[ਪੰਨਾ ੧੩੨]

ਅੰਧ ਕੂਪ ਤੇ ਕੰਢੈ ਚਾੜੈ॥ ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥

ਜਿਸ ਦਾਸ ਨੂੰ ਆਪ ਜੀ ਨੇ ਕਿਰਪਾ ਦ੍ਰਿਸ਼ਟੀ ਨਾਲ ਨਿਹਾਲੇ=ਵੇਖਿਆ ਹੈ, ਉਸ ਦਾਸ ਨੂੰ ਸੰਸਾਰ ਰੂਪ ਅੰਨ੍ਹੇ ਖੂਹ ਤੋਂ ਸਤਸੰਗ ਰੂਪ ਕਢੈ=ਕਿਨਾਰੇ ਉੱਪਰ ਚਾੜ੍ਹਿਆ ਹੈ।

ਗੁਣ ਗਾਵਹਿ ਪੂਰਨ ਅਬਿਨਾਸੀ ਕਹਿ ਸੁਣਿ ਤੋਟਿ ਨ ਆਵਣਿਆ॥ ੪ ॥

ਹੇ ਪੂਰਨ ਅਬਿਨਾਸੀ ਪ੍ਰਭੂ ! ਅਸੀਂ ਤੇਰੇ ਗੁਣ ਗਾਂਵਦੇ ਹਾਂ, ਮੂੰਹ ਸੇ ਕਹਿੰਦੇ ਭੀ ਹਾਂ ਤੇ ਕੰਨਾਂ ਵਿਚ ਸੁਣਦੇ ਭੀ ਹਾਂ, ਪਰ ਸਾਥੋਂ ਉਨ੍ਹਾਂ ਗੁਣਾਂ ਦਾ ਤੋਟਿ=ਘਾਟਾ ਨਹੀਂ ਆਉਂਦਾ, ਅਰਥਾਤ ਅੰਤ ਨਹੀਂ ਆ ਸਕਦਾ ॥ ੪ ॥

ਐਥੈ ਓਥੈ ਤੂੰਹੈ ਰਖਵਾਲਾ॥ ਮਾਤ ਗਰਭ ਮਹਿ ਤੁਮ ਹੀ ਪਾਲਾ॥

ਐਥੈ ਓਥੈ=ਲੋਕ ਪ੍ਰਲੋਕ ਵਿਚ ਤੂੰ ਹੀਂ ਰੱਖਿਆ ਕਰਨਾ ਵਾਲਾ ਹੈਂ, ਅਤੇ ਮਾਂ ਦੇ ਪੇਟ ਵਿਚ ਭੀ ਤੁਸਾਂ ਨੇ ਹੀ ਪਾਲਿਆ ਸੀ।

ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ॥ ੫ ॥

ਜੋ ਪੁਰਸ਼ ਰੰਗਿ=ਪ੍ਰੇਮ ਵਿਚ ਤਦਾਕਾਰ ਹੋ ਕੇ ਗੁਣ ਗਾਉਂਦੇ ਹਨ, ਉਨ੍ਹਾਂ ਨੂੰ ਮਾਇਆ ਰੂਪ ਅਗਨੀ ਦਾ ਸੇਕ ਪੋਂਹਦਾ ਨਹੀਂ ਅਰਥਾਤ ਲਗਦਾ ਨਹੀਂ॥ ੫ ॥

ਕਿਆ ਗੁਣ ਤੇਰੇ ਆਖਿ ਸਮਾਲੀ॥
ਮਨ ਤਨ ਅੰਤਰਿ ਤੁਧੁ ਨਦਰਿ ਨਿਹਾਲੀ॥

ਮੈਂ ਆਪ ਜੀ ਦੇ ਕਿਹੜੇ ਕਿਹੜੇ ਗੁਣ ਸੰਭਾਲ ਕੇ ਆਖਣਾ ਕਰਾਂ, ਹੇ ਨਦਰੀ ਪ੍ਰਮਾਤਮਾ ਮੈਂ ਮਨ ਤਨ ਵਿਚ ਆਪ ਜੀ ਨੂੰ ਹੀ ਨਿਹਾਲੀ=ਦੇਖਦਾ ਹਾਂ।

ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ
ਤੁਧੁ ਬਿਨੁ ਅਵਰੁ ਨ ਜਾਨਣਿਆ ॥ ੬ ॥

ਮਿੱਤਰ ਇਸ ਲੋਕ ਦਾ ਸੱਜਣ ਪ੍ਰਲੋਕ ਦਾ ਮੇਰਾ ਤੂੰਹੀਂ ਹੈਂ, ਮੇਰਾ ਸੁਆਮੀ ਭੀ ਤੂੰਹੀਂ ਹੈਂ, ਮੈਂਨੇ ਆਪ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਿਆ ॥ ੬ ॥

ਜਿਸ ਕਉ ਤੂੰ ਪ੍ਰਭ ਭਇਆ ਸਹਾਈ ॥
ਤਿਸੁ ਤਤੀ ਵਾਉ ਨ ਲਗੈ ਕਾਈ ॥

ਹੇ ਪ੍ਰਭੂ ! ਜਿਸ ਨੂੰ ਤੂੰ ਸਹਾਇਤਾ ਕਰਨ ਵਾਲਾ ਹੋਇਆ ਹੈਂ। ਉਸਨੂੰ ਕਾਈ=ਕਿਸੇ ਕਿਸਮ ਦੀ ਤੱਤੀ ਹਵਾ ਨਹੀਂ ਲਗਦੀ, ਅਰਥਾਤ ਕੋਈ ਦੁਖ ਨਹੀਂ ਲਗਦਾ। ਵਾ:-ਨਰਕ ਰੂਪੀ, ਵਾ:-ਪ੍ਰਸੂਤ ਪੌਣ ਰੂਪੀ ਤੱਤੀ ਹਵਾ ਨਹੀਂ ਲਗਦੀ।

ਤੂੰ ਸਾਹਿਬੁ ਸਰਣਿ ਸੁਖਦਾਤਾ ਸਤਸੰਗਤਿ ਜਪਿ ਪ੍ਰਗਟਾਵਣਿਆ ॥ ੭ ॥

ਹੇ ਸਾਹਿਬ ! ਸ਼ਰਨ ਪਿਆਂ ਨੂੰ ਤੂੰ ਸੁਖ ਦੇਣ ਵਾਲਾ ਹੈਂ, ਜਿਨ੍ਹਾਂ ਨੇ ਸਤਸੰਗਤ ਵਿਚ ਬੈਠ ਕੇ ਨਾਮ ਜਪਿਆ ਹੈ ਉਨ੍ਹਾਂ ਨੂੰ ਤੂੰ ਪਰਗਟ ਹੋਇਆ ਹੈਂ ॥ ੭ ॥

ਤੂੰ ਊਚ ਅਥਾਹੁ ਅਪਾਰੁ ਅਮੋਲਾ ॥ ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ ॥

ਤੂੰ ਸਾਰਿਆਂ ਤੋਂ ਉੱਚਾ ਅਥਾਹ, ਅਪਾਰ ਤੇ ਅਮੋਲਕ ਹੈਂ, ਤੂੰ ਸੱਚਾ ਮਾਲਕ ਹੈਂ, ਜੋ ਆਪ ਜੀ ਦਾ ਦਾਸ ਹੈ ਮੈਂ ਉਸ ਦਾ ਗੋਲਾ=ਗੁਲਾਮ (ਦਾਸ) ਹਾਂ।

ਅਥਵਾ:-ਮੈਂ ਤੇਰੇ ਦਾਸਾਂ ਦਾ ਦਾਸ ਹਾਂ, ਵਾ:-ਮੈਂ ਤੇਰਾ ਗੋਲਾ ਦਾਸ ਹਾਂ।

ਤੂੰ ਮੀਰਾ ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ ॥ ੮ ॥ ੩ ॥ ੩੭ ॥

ਗੁਰੂ ਜੀ ਕਥਨ ਕਰਦੇ ਹਨ, ਤੂੰ ਮੀਰਾ=ਪਾਤਸ਼ਾਹ ਹੈਂ, ਤੇਰੀ ਠਕੁਰਾਈ=ਰਾਜਧਾਨੀ (ਪਾਤਸ਼ਾਹੀ) ਸੱਚੀ ਹੈ। ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੮ ॥ ੩ ॥ ੩੭ ॥

ਮਾਝ ਮਹਲਾ ੫ ਘਰੁ ੨ ॥

ਨਿਤ ਨਿਤ ਦਯੁ ਸਮਾਲੀਐ ॥ ਮੂਲਿ ਨ ਮਨਹੁ ਵਿਸਾਰੀਐ ॥ ਰਹਾਉ ॥

ਨਿੱਤ ਸਰੂਪ ਜੋ ਪ੍ਰਮਾਤਮਾ ਹੈ ਸਾਰਿਆਂ ਦਾ ਦਯੁ=ਪ੍ਰੇਰਕ ਉਸ ਨੂੰ ਨਿਤਾਪ੍ਰਤੀ ਯਾਦ ਕਰੀਏ, ਮੂਲਿ= ਕਦਾਚਿਤ (ਕਦੇ ਭੀ) ਮਨ ਤੋਂ ਭੁਲਾਵਣਾ ਨ ਕਰੀਏ ॥ ਰਹਾਉ ॥

ਸੰਤਾ ਸੰਗਤਿ ਪਾਈਐ ॥ ਜਿਤੁ ਜਮ ਕੈ ਪੰਥਿ ਨ ਜਾਈਐ ॥

ਸੰਤਾਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ, ਜਿਸ ਕਰਕੇ ਫਿਰ ਜਮਾਂ ਦੇ ਪੰਥਿ=ਰਸਤੇ ਉੱਤੇ ਜਾਣਾ ਨਹੀਂ ਹੁੰਦਾ।

ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥ ੧ ॥

ਹੇ ਪੁਰਖ਼ਾ ! ਹਰੀ ਨਾਮ ਦਾ ਤੋਸਾ=ਖਰਚਾ ਬੁੱਧੀ ਰੂਪ ਪੱਲੇ ਵਿਚ ਬੰਨ੍ਹ ਲੈਣਾ ਕਰ, ਤਾਂ ਤੇਰੀ ਕੁਲ ਨੂੰ ਕੋਈ ਗਾਲਿ=ਕਲੰਕ ਨਹੀਂ ਲਗੇਗਾ ॥ ੧ ॥

ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥

ਜੋ ਮਨੁੱਖ ਸਾਂਈਐ=ਸਾਂਈ ਪ੍ਰਮਾਤਮਾ ਨੂੰ ਸਿਮਰਨਾ ਕਰਦੇ ਹਨ, ਉਹ ਨਰਕਾਂ ਵਿਚ ਨਹੀਂ ਪਾਏ ਜਾਂਦੇ।

ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥ ੨ ॥

ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਆ ਕੇ ਵਸਿਆ ਹੈ ਉਨ੍ਹਾਂ ਨੂੰ ਪ੍ਰਸੂਤ ਪੌਣ ਵਾ:-ਨਰਕ ਰੂਪੀ ਤੱਤੀ ਹਵਾ ਨਹੀਂ ਲਗਦੀ॥ ੨ ॥

ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥

ਜਿਨ੍ਹਾਂ ਨੇ ਸਤਿਸੰਗਤ ਵਿਚ ਬੈਠਣਾ ਕੀਤਾ ਹੈ, ਉਹ ਸੋਹਣਿਆਂ ਤੋਂ ਭੀ ਸੋਹਣੇ ਹਨ।

ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ ॥ ੩ ॥

ਜਿਨ੍ਹਾਂ ਨੇ ਹਰੀ ਨਾਮ ਧਨ ਸੰਜਿਆ=ਇਕੱਠਾ ਕੀਤਾ ਹੈ, ਉਹ ਜੀਵ ਅਪਾਰ ਗੰਭੀਰਤਾ ਵਾਲੇ ਹਨ॥ ੩ ॥

ਹਰਿ ਅਮਿਉ ਰਸਾਇਣੁ ਪੀਵੀਐ ॥ ਮੁਹਿ ਡਿਠੈ ਜਨ ਕੈ ਜੀਵੀਐ ॥

ਰਸਾਇਣੁ=ਰਸਾਂ ਦਾ ਘਰ ਜੋ ਹਰੀ ਹੈ ਜੋ ਮਨੁੱਖ ਉਸ ਦੇ ਨਾਮ ਅੰਮ੍ਰਿਤ ਨੂੰ ਪੀਂਦੇ ਹਨ ਉਨ੍ਹਾਂ ਜਨਾਂ ਦੇ ਮੂੰਹ ਨੂੰ ਵੇਖਕੇ ਅਰਥਾਤ ਦਰਸ਼ਨ ਕਰਕੇ ਅਸੀਂ ਜਿਉਂਦੇ ਹਾਂ।

ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ ॥ ੪ ॥

ਹੇ ਜੀਵ ! ਤੂੰ ਨਿਤਾਪ੍ਰਤੀ ਗੁਰਾਂ ਦੇ ਪਾਵ=ਚਰਨਾਂ ਦੀ ਪੂਜਾ ਕਰਕੇ ਆਪਣੇ ਸਾਰਿਆਂ ਕੰਮਾਂ ਨੂੰ ਸਵਾਰ ਲੈ॥ ੪ ॥

ਜੋ ਹਰਿ ਕੀਤਾ ਆਪਣਾ ॥ ਤਿਨਹਿ ਗੁਸਾਈ ਜਾਪਣਾ ॥

ਜਿਸ ਨੂੰ ਹਰੀ ਨੇ ਆਪਣਾ ਦਾਸ ਕੀਤਾ ਹੈ, ਤਿਸ ਨੇ ਗੁਸਾਈ=ਪ੍ਰਮਾਤਮਾ ਨੂੰ ਜਪਣਾ ਕੀਤਾ ਹੈ।

ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ ॥ ੫ ॥

ਉਹ ਸੂਰਮਾ ਹੈ, ਓਹੋ ਸਾਰਿਆਂ ਤੋਂ ਮੁਖੀ ਹੈ, ਜਿਸ ਦੇ ਮੱਥੇ ਤੇ ਭਾਗਾਂ ਦਾ ਲੇਖ ਲਿਖਿਆ ਹੋਇਆ ਹੈ॥ ੫ ॥

ਮਨ ਮੰਧੇ ਪ੍ਰਭੁ ਅਵਗਾਹੀਆ ॥ ਏਹਿ ਰਸ ਭੋਗਣ ਪਾਤਿਸਾਹੀਆ ॥

ਮਨ ਦੇ ਮੰਧੇ=ਵਿਚ ਜਿਹੜਾ ਪ੍ਰਭੂ ਦਾ ਅਵਗਾਹੀਆ=ਵਿਚਾਰਨਾ ਹੈ, ਏਹੋ ਪਾਤਸ਼ਾਹੀਆਂ ਦੇ ਰਸਾਂ ਦਾ ਭੋਗਣਾ ਹੈ।

ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥ ੬ ॥

ਉਨ੍ਹਾਂ ਦੇ ਮਨ ਵਿਚ ਮੰਦਾ ਸੰਕਲਪ ਕਦੇ ਉਤਪਤ ਨਹੀ ਹੋਇਆ, ਵਾ:-ਉਨ੍ਹਾਂ ਦਾ ਕਦੇ ਭੀ ਮੰਦਾ=ਬੁਰਾ ਨਹੀਂ ਹੋਇਆ, ਉਹ ਸੱਚੀ ਭਗਤੀ ਰੂਪੀ ਕਾਰ ਵਿਚ ਲਗ ਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ॥ ੬ ॥

ਕਰਤਾ ਮੰਨਿ ਵਸਾਇਆ ॥ ਜਨਮੈ ਕਾ ਫਲੁ ਪਾਇਆ ॥

ਜਿਨ੍ਹਾਂ ਨੇ ਕਰਤੇ ਪੁਰਖ ਨੂੰ ਮਨ ਵਿਚ ਵਸਾਣਾ ਕੀਤਾ ਹੈ, ਉਨ੍ਹਾਂ ਨੇ ਮਨੁੱਖ ਜਨਮ ਦੀ ਪ੍ਰਾਪਤੀ ਦਾ ਫਲ ਪਾਇਆ ਹੈ।

ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥ ੭ ॥

ਹੇ ਜੀਵ ! ਜਦ ਤੂੰ ਹਰੀ ਪਤੀ ਦੇ ਮਨ ਵਿਚ ਭਾ ਜਾਵੇਂਗਾ ਤਾਂ ਤੇਰਾ ਸੋਹਾਗੁ=ਆਨੰਦ ਥਿਰ ਹੋਵੇਗਾ ॥ ੭ ॥

ਅਟਲ ਪਦਾਰਥੁ ਪਾਇਆ ॥ ਭੈ ਭੰਜਨ ਕੀ ਸਰਣਾਇਆ ॥

ਅਸਾਂ ਨੇ ਗੁਰਾਂ ਪਾਸੋਂ ਨਾਮ ਰੂਪ ਅਟਲ ਪਦਾਰਥ ਨੂੰ ਪਾਇਆ ਹੈ, ਅਤੇ ਭੈ ਦੇ ਨਾਸ ਕਰਨ ਵਾਲੇ ਪ੍ਰਭੂ ਦੀ ਸ਼ਰਨ ਵਿਚ ਆਉਣਾ ਕੀਤਾ ਹੈ।

ਲਾਇ ਅੰਚਲਿ ਨਾਨਕ ਤਾਰਿਅਨੁ
ਜਿਤਾ ਜਨਮੁ ਅਪਾਰ ਜੀਉ ॥ ੮ ॥ ੪ ॥ ੩੮ ॥

ਗੁਰੂ ਜੀ ਕਥਨ ਕਰਦੇ ਹਨ-ਸ੍ਰੀ ਗੁਰੂ ਰਾਮਦਾਸ ਜੀ ਨੇ ਅਸਾਨੂੰ ਨਾਮ ਰੂਪ ਪੱਲੇ ਨਾਲ਼ ਲਗਾ ਕੇ ਤਾਰ ਦਿੱਤਾ ਹੈ, ਅਸਾਂ ਨੇ ਅਪਾਰ=ਅਮੋਲਕ ਮਨੁੱਖਾ ਜਨਮ ਨੂੰ ਜਿੱਤ ਲਿਆ ਹੈ ॥ ੮ ॥ ੪ ॥ ੩੮ ॥

ੴ ਸਤਿਗੁਰ ਪ੍ਰਸਾਦਿ ॥ ਮਾਝ ਮਾਲਾ ੫ ਘਰੁ ੩ ॥
ਹਰਿ ਜਪਿ ਜਪੇ ਮਨੁ ਧੀਰੇ ॥ ੧ ॥ ਰਹਾਉ ॥
ਸਿਮਰਿ ਸਿਮਰਿ ਗੁਰਦੇਉ ਮਿਟਿ ਗਏ ਭੈ ਦੂਰੇ ॥ ੧ ॥

ਹਰੀ ਨਾਮ ਜਪ ਨੂੰ ਜਪ ਕੇ ਚੰਚਲ ਮਨ ਧੀਰਜ ਨੂੰ ਪ੍ਰਾਪਤ ਹੋਇਆ ਹੈ। ਗੁਰਦੇਵਾਂ ਦੁਆਰੇ ਉਸ ਦੇ ਸਿਮਰਨ ਨੂੰ ਸਿਮਰਿਆਂ ਤਾਂ ਜਨਮ ਮਰਨ ਦੇ ਸਾਰੇ ਭੈ ਦੂਰ ਹੋ ਗਏ ॥ ੧ ॥

*ਅਥਵਾ:-*ਕਲੇਸ਼ ਮਿਟ ਗਏ ਤੇ ਭੈ ਵੀ ਦੂਰ ਹੋ ਗਏ। ਵਾ:-ਪ੍ਰਮਾਤਮਾ ਤੋਂ ਦੂਰ ਕਰਨ ਵਾਲੇ ਜੋ ਭੈ ਸਨ ਉਹ ਮਿੱਟ ਗਏ।

[ਪੰਨਾ ੧੩੩]

ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ ॥ ੨ ॥

ਜਾਂ ਪਾਰਬ੍ਰਹਮ ਦੀ ਸ਼ਰਨ ਵਿਚ ਆ ਜਾਵੇ ਤਾਂ ਫਿਰ ਕਿਸ ਵਾਸਤੇ ਝੂਰੇ=ਝੁਰਨਾ ਹੈ ॥ ੨ ॥

ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ ॥ ੩ ॥

ਸੰਤਾਂ ਸਾਧਾਂ ਦੇ, ਵਾ-ਸੰਤ=ਸ਼ਾਂਤ ਆਤਮਾ ਸਾਧਾਂ ਦੇ ਚਰਨਾਂ ਦੀ ਸੇਵਾ ਕਰਨ ਨਾਲ ਮਨ ਦੇ ਸਾਰੇ ਸੰਕਲਪ ਪੂਰੇ ਹੋ ਜਾਂਦੇ ਹਨ ॥ ੩ ॥

ਘਟਿ ਘਟਿ ਏਕੁ ਵਰਤਦਾ ਜਲਿ ਥਲਿ ਮਹੀਅਲਿ ਪੂਰੇ ॥ ੪ ॥

ਜੋ ਸਾਰਿਆਂ ਘਟਾਂ ਘਟਾਂ ਵਿਚ ਇੱਕ ਵਰਤ ਰਿਹਾ ਹੈ, ਅਤੇ ਜਲਾਂ ਥਲਾਂ ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਪੂਰਨ ਹੈ ॥ ੪ ॥

ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥ ੫ ॥

ਪਵਿੱਤ੍ਰ ਸੰਤਾਂ ਦੀ ਚਰਨ ਧੂੜੀ ਨਾਲ ਮਨ ਨੂੰ ਪਵਿੱਤ੍ਰ ਕਰਕੇ ਉਸ ਪਾਪਾਂ ਦੇ ਨਾਸ ਕਰਨ ਵਾਲੇ ਪ੍ਰਭੂ ਨੂੰ

ਸੇਵਨਾ ਕੀਤਾ ਹੈ॥ ੫॥

ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ॥ ੬॥

ਜੋ ਦੁਨੀਆਂ ਹਰੀ ਨਾਮ ਨੂੰ ਜਪ ਕੇ ਠਰੂਰੇ=ਠੰਢੀ (ਸੀਤਲਤਾਈ) ਨੂੰ ਪਰਾਪਤ ਹੋਈ ਹੈ ਉਹ ਸਾਰੀ ਦੁਨੀਆਂ ਖਸਮਿ=ਪ੍ਰਮਾਤਮਾ ਨੇ ਆਪ ਦੁਖਾਂ ਕਲੇਸ਼ਾਂ ਤੋਂ ਛੁਡਾਵਣਾ ਕੀਤੀ ਹੈ॥ ੬॥

ਕਰਤੈ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ॥ ੭॥

ਕਰਤੇ ਪੁਰਖ ਨੇ ਇਹ ਵੱਡਾ ਭਾਰੀ ਤਪਾਵਸੋ=ਨਿਆਂ (ਇਨਸਾਫ) ਕੀਤਾ ਹੈ, ਜੋ ਮਨਮੁਖ ਦੁਸਟ ਮੂਰੇ=ਅੰਨ੍ਹੇ ਗੁੰਗੇ ਹੋ ਕੇ ਮਰ ਗਏ ਹਨ। ਵਾ:-ਅੰਗ ਪਤੰਗ ਝੜ ਕੇ ਦੁਸ਼ਟ ਮਰ ਗਏ। ਵਾ:-ਮੂਰੇ=ਮੂਰਛਾ ਹੋ ਕੇ ਮਰ ਗਏ। ਵਾ:-ਮੂਰੇ=ਮੂਲ ਰੂਪ ਪਰਮਾਤਮਾ ਵੱਲੋਂ ਦੁਸ਼ਟ ਪੁਰਸ਼ ਮਰੇ ਹੋਏ ਹਨ। ਵਾ:-ਦੁਸ਼ਟ ਪੁਰਸ਼ ਮੂਰੇ=ਬੁੱਟ (ਜ਼ਬਾਨ ਬੰਦ) ਹੋ ਕੇ ਮਰ ਗਏ।

ਅਥਵਾ:-ਦੁਸ਼ਟ ਪੁਰਸ਼ ਮਰੇ ਹੋਏ ਮੂਰੇ ਵਾਂਗੂੰ ਹਨ, ਮੂਰਾ ਉਸ ਨੂੰ ਕਹਿੰਦੇ ਹਨ, ਜਿਵੇਂ ਕਿਸੀ ਭੈਂਸ ਦਾ ਕੱਟਾ ਮਰ ਜਾਵੇ ਤਾਂ ਭੈਂਸ ਦੁੱਧ ਨਹੀਂ ਦੇਂਦੀ, ਤਾਂ ਗੁੱਜਰ ਕੱਟੇ ਦੀ ਖੱਲ ਲੁਹਾ ਕੇ ਉਸ ਵਿਚ ਤੂੜੀ ਭਰ ਕੇ ਸੀਂਅ ਕੇ ਮੱਝ ਅੱਗੇ ਖੜਾ ਕਰ ਦੇਂਦੇ ਹਨ ਤਾਂ ਉਹ ਦੁੱਧ ਦੇਣ ਲਗ ਜਾਂਦੀ ਹੈ। ਜਿਸ ਖੋਲ ਵਿਚ ਤੂੜੀ ਭਰ ਕੇ ਮੱਝ ਅੱਗੇ ਖੜਾ ਕਰਦੇ ਹਨ ਉਸੇ ਨੂੰ ਮੂਰਾ ਆਖਦੇ ਹਨ।

ਨਾਨਕ ਰਤਾ ਸਚਿ ਨਾਇ
ਹਰਿ ਵੇਖੈ ਸਦਾ ਹਜੂਰੇ॥ ੮॥ ੫॥ ੩੯॥ ੧॥ ੩੨॥ ੧॥ ੫॥ ੩੯॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦਾ ਮਨ ਸੱਚ ਨਾਮ ਵਿਚ ਰੱਤਾ ਹੈ, ਉਹ ਹਰੀ ਨੂੰ ਸਦਾ ਹਾਜ਼ਰਾ ਹਜੂਰ ਵੇਖਦੇ ਹਨ॥ ੮॥ ੫॥[3]੩੯॥ ੧॥ ੩੨॥ ੧॥ ੫॥ ੩੯॥

ਇਨ੍ਹਾਂ ਅੰਕਾਂ ਦੀ ਗਿਣਤੀ ਦਾ ਹਿਸਾਬ ਇਸ ਤਰ੍ਹਾਂ ਹੈ, ਇਸ ਅਸਟਪਦੀ ਦੀਆਂ ਅੱਠ ਤੁਕਾਂ ਪੂਰੀਆਂ ਹੋਣ ਤੇ ੮ ਅੰਕ ਲਗਾਇਆ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਪੰਜ ਅਸਟਪਦੀਆਂ ਉਚਾਰੀਆਂ ਹਨ ਇਸ ਤੇ ੫ ਅੰਕ ਲਗਾਇਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਚਮ ਪਾਤਸ਼ਾਹ ਤੱਕ ਕੁੱਲ ਅਸਟਪਦੀਆਂ ੩੯ ਹਨ ਇਸ ਤੇ ੩੯ ਅੰਕ ਲਗਾਇਆ ਹੈ। ਹੁਣ ਵੇਰਵਾ ਸੁਣੋ।

---

੧ ਅਸਟਪਦੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ।
੩੨ ਅਸਟਪਦੀਆਂ ਸ੍ਰੀ ਗੁਰੂ ਅਮਰ ਦਾਸ ਜੀ ਦੀਆਂ ਹਨ।
੧ ਅਸਟਪਦੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਹੈ।
੫ ਅਸਟਪਦੀਆਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀਆਂ ਹਨ।
੩੯ ਜੋੜ ਇਸ ਤਰੀਕੇ ਨਾਲ ਸਾਰੀਆਂ ਅਸਟਪਦੀਆਂ ਦਾ ਹੈ।

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਇੱਕ ਦਿਨ ਸਿੱਖਾਂ ਨੇ ਪੰਚਮ ਪਾਤਸ਼ਾਹ ਅੱਗੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ ਜਦ ਵੀ ਸੰਕ੍ਰਾਂਤੀ ਦਾ ਦਿਨ ਆਉਂਦਾ ਹੈ ਤਾਂ-ਅਨਮੱਤਾਂ ਵਾਲਿਆਂ ਪਾਸ ਜਾ ਕੇ ਮਹੀਨੇ ਦਾ ਨਾਮ ਸੁਣਦੇ ਹਾਂ, ਕਿਉਂਕਿ ਹਿੰਦੂ ਲੋਕ ਕਿਹਾ ਕਰਦੇ ਹਨ, ਕਿ ਮਹੀਨਾ ਕਿਸੇ ਭਲੇ ਦੇ ਮੂੰਹੋਂ ਸੁਨਣਾ ਚਾਹੀਦਾ ਹੈ, ਆਪ ਅਜਿਹੀ ਬਾਣੀ ਰਚੋ ਜਿਸ ਵਿਚ ਬਾਰਾਂ ਮਹੀਨਿਆਂ ਦਾ ਨਾਮ ਆ ਜਾਵੇ ਤੇ ਜਿਸ ਦੇ ਪੜ੍ਹਨ ਸੁਨਣ ਨਾਲ ਮਹੀਨਾ ਭਰ ਸ਼ਾਂਤੀ ਸੁਖ ਰਵੇ। ਇਹ ਗੱਲ ਸੁਣ ਕੇ ਹਜ਼ੂਰ ਨੇ ਕਿਹਾ, ਅਸਾਡੇ ਵੱਡੇ ਸਤਿਗੁਰਾਂ ਨੇ ਤੁਖਾਰੀ ਰਾਗ ਵਿਚ ਬਾਰਹਮਾਂਹ ਕਥਨ ਕੀਤੇ ਹਨ ਉਨਾਂ ਵਿਚੋਂ ਮਹੀਨੇ ਦਾ ਨਾਮ ਸੁਣ ਲਿਆ ਕਰੋ। ਸਿੱਖਾਂ ਨੇ ਕਿਹਾ ਉਹ ਬਹੁਤ ਕਠਨ ਹਨ, ਆਪ ਕਿਰਪਾ ਕਰਕੇ ਸੁਖੈਨ ਬਾਣੀ ਵਿਚ ਰਚੋ ਜਿਸ ਦਾ ਪਾਠ ਕੀਤਿਆਂ ਅਰਥ ਦੀ ਸਮਝ ਆ ਜਾਵੇ। ਇੰਝ ਸੰਗਤ ਦੀ ਬੇਨਤੀ ਸੁਣਕੇ ਗਰੀਬ ਨਿਵਾਜ਼ ਨੇ ਮਾਝ ਰਾਗ ਵਿਚ ਬਾਰਹਮਾਂਹ ਉਚਾਰਨਾ ਕੀਤੇ, ਤੁਖਾਰੀ ਰਾਗ ਦੇ ਬਾਰਹਮਾਂਹ ਮੂਲ ਰੂਪ ਹਨ ਇਹ ਮਾਝ ਰਾਗ ਦੇ ਬਾਰਹਮਾਂਹ ਟੀਕਾ ਰੂਪ ਹਨ, ਪਹਿਲੀ ਪਉੜੀ ਮੰਗਲ ਰੂਪ ਕਥਨ ਜੀਤੀ ਹੈ:-ਜੀਵਾਂ ਦੀ ਬਿਵਸਥਾ ਵੇਖਕੇ ਪ੍ਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ।

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥

ਹੇ ਰਾਮ ! ਕਿਰਤਿ=ਕੀਤੇ ਹੋਏ ਕਰਮਾਂ ਦੇ ਅਨੁਸਾਰ ਇਹ ਜੀਵ ਆਪ ਤੋਂ ਵਿੱਛੁੜੇ ਹੋਏ ਹਨ, ਵਾ:-ਅਸੀਂ ਕੀਤੇ ਹੋਏ ਕਰਮਾਂ ਦੇ ਅਨੁਸਾਰ ਆਪ ਤੋਂ ਵਿੱਛੁੜ ਗਏ ਹਾਂ, ਆਪ ਕਿਰਪਾ ਕਰਕੇ ਅਸਾਨੂੰ ਆਪਣੇ ਨਾਲ ਮੇਲ ਲਓ। *ਅਥਵਾ:*-ਗੁਰਾਂ ਅੱਗੇ ਬੇਨਤੀ ਕਰਦੇ ਹਨ, ਪੂਰਬਲੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਅਸੀਂ ਪ੍ਰਮਾਤਮਾ ਤੋਂ ਵਿੱਛੁੜੇ ਹੋਏ ਹਾਂ, ਹੇ ਸਤਿਗੁਰੋ ! ਆਪ ਕਿਰਪਾ ਕਰਕੇ ਸਾਰਿਆਂ ਵਿਚ ਰਮੇ ਹੋਏ ਰਾਮ ਨਾਲ ਮੇਲਣਾ ਕਰੋ।

ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥

ਚਾਰ ਕੁੰਟ ਰੂਪ ਜੋ ਦਸ ਦਿਸਾਂ ਹਨ,

ਅਥਵਾ:-ਚਾਰਿ ਕੁੰਟ=ਚਾਰ ਖਾਣੀਆਂ ਤੇ ਦਸ ਦਿਸਾਂ ਵਿਚ ਭਰਮ ਕੇ, ਅਤੇ ਥੱਕ ਕੇ ਪ੍ਰਭੂ ਦੀ ਸ਼ਰਨ ਵਿਚ ਆਏ ਹਾਂ। ਨੋਟ:-ਪੂਰਬ, ਪੱਛਮ, ਉੱਤਰ, ਦੱਖਣ, ਅਗਨਿ ਕੋਣ, ਵੈਵ ਕੋਣ, ਈਸਾਨ ਕੋਣ, ਨੈਰਤ ਕੋਣ, ਧਰਤੀ ਤੇ ਅਕਾਸ਼ ਇਹ ਦਸ ਦਿਸਾਂ ਹਨ।*

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥

ਜਿਵੇ ਧੇਨੁ=ਗਉ ਦੁੱਧ ਤੋਂ ਬਾਹਰੀ=ਬਿਨਾਂ ਕਿਸੇ ਕੰਮ ਨਹੀਂ ਆਉਂਦੀ।

ਤਿਵੇਂ ਬੁੱਧੀ ਰੂਪ ਗਊ ਨਿਸ਼ਕਾਮ ਕਰਮਾਂ ਰੂਪ ਦੁੱਧ ਤੋਂ ਬਿਨਾਂ ਕਿਸੇ ਕੰਮ ਨਹੀਂ ਆਉਂਦੀ ।

ਯਥਾ:- ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥
ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥ *(ਪੰਨਾ ੩੫੪)*

**ਯਥਾ:-ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥*
ਸੁਖ ਦੁਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥ *(ਪੰਨਾ ੨੫੩)*

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥

ਜਿਵੇਂ ਜਲ ਤੋਂ ਬਿਨਾਂ ਸਾਖ=ਖੇਤੀ ਕੁਮਲਾ ਜਾਂਦੀ ਹੈ, ਖੇਤੀ ਦੇ ਕੁਮਲਾ ਜਾਣੇ ਤੇ ਦਾਮ=ਦਮੜੇ (ਰੁਪਏ) ਉਤਪੰਨ ਨਹੀਂ ਹੁੰਦੇ ਕਿਉਂਕਿ ਕੁਮਲਾਈ ਹੋਈ ਖੇਤੀ ਵਿਕਦੀ ਨਹੀਂ। ਤਿਵੇਂ ਨਾਮ ਰੂਪ ਜਲ ਤੋਂ ਬਿਨਾਂ ਸ਼ੁਭ ਗੁਣਾਂ ਰੂਪ ਖੇਤੀ ਕੁਮਲਾ ਜਾਂਦੀ ਹੈ, ਤੇ ਸਰੂਪ ਦੀ ਪਰਾਪਤੀ ਰੂਪ ਦਮੜੇ ਉਤਪੰਨ ਨਹੀਂ ਹੁੰਦੇ।

ਹਰਿ ਨਾਹਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥

ਹਰੀ ਸੱਜਣ ਦੇ ਨਾ ਮਿਲਣ ਕਰਕੇ ਇਹ ਜੀਵ ਕਤ=ਕਿਸ ਤਰ੍ਹਾਂ ਬਿਸਰਾਮ=ਇਸਥਿਤੀ ਨੂੰ ਪਾ ਸਕਦਾ ਹੈ। ਪਾਠ 'ਨਾਹਨ' ਇਕੱਠਾ ਹੀ ਹੈ।

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥

ਜਿਸ ਪ੍ਰਤੱਖ ਘਰ ਵਿਚ ਹਰੀ ਪਤੀ ਪ੍ਰਗਟ ਨਹੀਂ ਹੁੰਦਾ, ਉਹ ਨਗਰ ਤੇ ਗ੍ਰਾਮ=ਪਿੰਡ ਭੱਠ ਸਰੀਖੇ ਹਨ। ਨਗਰ ਵੱਡੇ, ਗ੍ਰਾਮ ਛੋਟੇ ਹੁੰਦੇ ਹਨ।

ਅਥਵਾ:-ਜਿਸ ਅੰਤਹਕਰਨ ਰੂਪ ਘਰ ਵਿਚ ਹਰੀ ਪਤੀ ਪਰਗਟ ਨਹੀਂ ਹੁੰਦਾ, ਉਹ ਨਗਰਾਂ ਵਾਂਗੂੰ ਵੱਡੇ ਸਰੀਰ, ਗ੍ਰਾਮ ਵਾਂਗੂੰ ਛੋਟੇ ਸਰੀਰ ਭੱਠ ਸਰੀਖੇ ਤਪਦੇ ਰਹਿੰਦੇ ਹਨ।

ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥

ਜਿਵੇਂ ਪ੍ਰਤੱਖ ਪਤੀ ਤੋਂ ਬਿਨਾਂ ਇਸਤ੍ਰੀ ਦੇ ਸਾਰੇ ਸ਼ਿੰਗਾਰ, ਤੰਬੋਲ=ਪਾਨਾਂ ਦੇ ਬੀੜੇ ਆਦਿਕ ਸਾਰੇ ਰਸ ਲੈਣੇ, ਇਹ ਦੇਹ ਦੇ ਸਣੁ=ਸਹਿਤ ਹੀ ਸਾਰੇ ਖਾਮ=ਕੱਚੇ ਹਨ।

ਤਿਵੇਂ ਪ੍ਰਮੇਸ਼ਰ ਪਤੀ ਤੋਂ ਬਿਨਾਂ ਜਗਿਆਸੂ ਰੂਪ ਇਸਤ੍ਰੀ ਦੇ ਸ੍ਰਬ ਸੀਗਾਰ=ਸਾਰੇ ਜਪ ਤਪ ਕਰਨੇ, ਤੰਬੋਲ= ਮਹਾਂਵਾਕ, ਰਸ=ਪ੍ਰੇਮ ਦੀਆਂ ਗੱਲਾਂ ਕਰਨੀਆਂ, ਇਤਿਆਦਿਕ ਸਾਰੇ ਸਾਧਨ ਕਰਕੇ ਮਨੁੱਖਾ ਦੇਹ ਦੇ ਸਹਿਤ ਕੱਚੇ ਭਾਵ ਨਿਸਫਲ ਹਨ।

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥

ਪ੍ਰਭੂ ਸੁਆਮੀ ਪਤੀ ਦੇ ਮਿਲੇ ਤੋਂ ਵਿਹੂਣੀਆ=ਬਿਨਾਂ ਇਹ ਸਾਰੇ ਮਿੱਤਰ ਸੱਜਣ ਜਮ ਰੂਪ ਹੋ ਕੇ ਦਿਖਾਈ ਦੇਂਦੇ ਹਨ, ਅਰਥਾਤ ਜਮ ਵਾਂਗੂੰ ਦੁਖ ਦੇਂਦੇ ਹਨ।

ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਦੀ ਏਹੋ ਬੇਨਤੀ ਹੈ ਕਿਰਪਾ ਕਰਕੇ ਮੈਨੂੰ ਨਾਮ ਦਾਨ ਦੇਣਾ ਕਰੋ।

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥ ੧ ॥

ਹਰੀ ਪ੍ਰਭੂ ਸੁਆਮੀ ਦੇ ਨਾਲ ਮੇਲਣਾ ਕਰੋ ਜਿਸ ਦਾ ਸਰੂਪ ਰੂਪੀ ਧਾਮ=ਘਰ ਨਿਸਚਲ ਹੈ॥ ੧ ॥

ਚੇਤਰ ਦਾ ਮਹੀਨਾ- ਹੁਣ ਗੁਰਦੇਵ ਜੀ ਜਗਿਆਸੂ ਨੂੰ ਇਹ ਗੱਲ ਸਮਝਾਂਦੇ ਹਨ ਕਿ ਜਿਸ ਤਰ੍ਹਾਂ ਚੇਤਰ ਮਹੀਨੇ ਵਿਚ ਬਸੰਤ ਰੁੱਤ ਦੇ ਆਇਆਂ ਹਰ ਇੱਕ ਜੜ੍ਹ ਜੰਗਮ ਆਦਿ ਬਨਾਸਪਤੀ ਖੇੜੇ ਵਿਚ ਆ ਜਾਂਦੀ ਹੈ, ਤਿਸੀ ਤਰ੍ਹਾਂ ਹੇ ਪੁਰਸ਼ਾ! ਜੇ ਤੂੰ ਭੀ ਪ੍ਰਭੂ ਨੂੰ ਅਰਾਧੇਂਗਾ ਤਾਂ ਤੈਨੂੰ ਭੀ ਖੁਸ਼ੀ ਦੀ ਪ੍ਰਾਪਤੀ ਹੋਵੇਗੀ।

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥

ਚੇਤਰ ਮਹੀਨੇ ਦੁਆਰਾ ਕਥਨ ਕਰਦੇ ਹਨ-ਗੋ+ਵਿੰਦੁ=ਵੇਦਾਂ ਦੁਆਰੇ ਜਾਨਣੇ ਯੋਗ ਪ੍ਰਭੂ ਨੂੰ ਅਰਾਧਣਾ ਕਰੀਏ ਤਾਂ ਘਣਾ=ਬੜਾ ਅਨੰਦ ਪਰਾਪਤ ਹੁੰਦਾ ਹੈ।

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥

ਸੰਤ ਜਨਾਂ ਨਾਲ ਮਿਲਕੇ ਰਸਨਾਂ ਨਾਲ ਪ੍ਰਭੂ ਦਾ ਨਾਮ ਭਣਾ=ਉਚਾਰਨ ਕਰਨਾ ਪਾਈਦਾ ਹੈ।

ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥

ਸੰਤਾਂ ਦੇ ਉਪਦੇਸ਼ ਦੁਆਰਾ ਜਿਨ੍ਹਾਂ ਨੇ ਆਪਣੇ ਪ੍ਰਭੂ ਨੂੰ ਪਾਇਆ ਹੈ, ਉਨ੍ਹਾਂ ਦਾ ਸੰਸਾਰ ਵਿਚ ਆਇਆ ਸਫਲ ਗਿਣਿਆ ਜਾਂਦਾ ਹੈ।

ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥

ਉਸ ਹਰੀ ਨਾਮ ਤੋਂ ਬਿਨਾਂ ਜਿਹੜਾ ਇੱਕ ਖਿਨ ਭਰ ਭੀ ਜਿਊਣਾ ਹੈ, ਉਸ ਜਣਾ=ਮਨੁੱਖ ਦਾ ਜਨਮ ਵਿਅੱਰਥ ਜਣਾ=ਜਾਨਣਾ ਕਰੋ।

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥

ਜੋ ਪ੍ਰਭੂ ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਪੂਰਨ ਹੈ, ਅਤੇ ਵਣਾ=ਦਰੱਖਤਾਂ ਜੰਗਲਾਂ ਵਿਚ ਭੀ ਵਿਆਪਕ ਹੈ।

ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥

ਉਹ ਪ੍ਰਭੂ ਜਿਸ ਨੂੰ ਚੇਤੇ ਨਹੀਂ ਆਉਂਦਾ ਉਸ ਨੂੰ ਜਿਹੜਾ ਦੁਖ ਮਿਲਣਾ ਹੈ ਉਹ ਕਿੰਨਾਂ ਕੁ ਗਿਨਣਾ ਕਰੀਏ? ਅਰਥਾਤ ਬੇਅੰਤ ਦੁਖ ਪਰਾਪਤ ਹੁੰਦਾ ਹੈ।

ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥

ਜਿਨ੍ਹਾਂ ਨੇ ਉਸ ਪ੍ਰਭੂ ਨੂੰ ਰਾਵਿਆ=ਸਿਮਰਿਆ ਹੈ,

ਅਥਵਾ:-ਜਿਨ੍ਹਾਂ ਨੇ ਨਾਮ ਜਪਕੇ ਉਸ ਪ੍ਰਭੂ ਦੇ ਆਨੰਦ ਨੂੰ ਰਾਵਿਆ=ਭੋਗਿਆ ਹੈ ਉਨ੍ਹਾਂ ਦੇ ਭਾਗ ਮਣਾਂ ਮੂੰਹੀ ਸਮਝਣਾ ਕਰੋ। *ਅਥਵਾ:*-ਉਨ੍ਹਾਂ ਦੇ ਮਣਾ=ਸ਼੍ਰੋਮਣੀ ਭਾਗ ਮਣਾ=ਮੰਨਣਾ ਕਰੋ।

ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥

ਗੁਰੂ ਜੀ ਕਥਨ ਕਰਦੇ ਹਨ-ਉਸ ਹਰੀ ਦੇ ਦਰਸ਼ਨਾਂ ਨੂੰ ਮੇਰਾ ਮਨ ਲੋਚਦਾ=ਚਾਹੁੰਦਾ ਹੈ, ਕਿਉਂਕਿ ਉਸ ਦੇ ਦਰਸ਼ਨਾਂ ਦੀ ਪਿਆਸ ਮੇਰੇ ਮਨ ਵਿਚ ਮਣਾਂ-ਮੂੰਹੀ ਲਗ ਰਹੀ ਹੈ।

ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ॥ ੨॥ *(ਪੰਨਾ ੩੦੬)*

ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ॥ ੨॥ *(ਪੰਨਾ ੭੦੨)*

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥ ੨॥

ਚੇਤਰ ਮਹੀਨੇ ਦੁਆਰਾ ਕਥਨ ਕਰਦੇ ਹਨ-ਉਸ ਪ੍ਰਭੂ ਨਾਲ ਜਿਹੜਾ ਮਿਲਾਂਵਦਾ ਹੈ, ਮੈਂ ਤਿਸ ਦੇ

ਪਾਇ=ਚਰਨਾਂ ਨਾਲ ਲਗਦਾ ਹਾਂ॥ ੨॥

ਵੈਸਾਖ ਦਾ ਮਹੀਨਾ-ਹੁਣ ਵੈਸਾਖ ਮਹੀਨੇ ਵਿਚ ਗੁਰਦੇਵ ਜੀ ਇਸ ਗੱਲ ਦੀ ਸੂਚਨਾ ਕਰਾਉਂਦੇ ਹਨ ਕਿ ਜਗਿਆਸੂ ਨੂੰ ਪ੍ਰਭੂ ਦੇ ਪ੍ਰੇਮ ਤੋਂ ਬਿਨਾਂ ਕਦੇ ਧੀਰਜ ਦੀ ਪਰਾਪਤੀ ਨਹੀਂ ਹੋ ਸਕਦੀ।

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥

ਵੈਸਾਖ ਦੁਆਰਾ ਕਥਨ ਕਰਦੇ ਹਨ-ਉਨ੍ਹਾਂ ਵਾਢੀਆ=ਵਿਛੜੀਆਂ ਹੋਈਆਂ ਨੂੰ ਕਿਵੇਂ ਧੀਰਜ ਹੋ ਸਕਦਾ ਹੈ, ਜਿਨ੍ਹਾਂ ਨੂੰ ਵਾਹਿਗੁਰੂ ਦੇ ਪ੍ਰੇਮ ਦਾ ਬਿਛੋਹੁ=ਵਿਛੋੜਾ ਹੋ ਰਿਹਾ ਹੈ।

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥

ਅਤੇ ਹਰੀ ਸੱਜਣ ਪੁਰਖ ਨੂੰ ਭੁਲਾ ਕੇ ਧੋਹੁ=ਛਲ ਰੂਪ ਮਾਇਆ ਵਿਚ ਲੱਗੀ ਹੋਈ ਹੈ।

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਉਹ॥

ਪੁੱਤਰ, ਕਲਤ੍ਰ=ਇਸਤ੍ਰੀ ਆਦਿਕ ਕਿਸੇ ਸਬੰਧੀ ਤੇ ਧਨ ਨੇ ਜੀਵ ਦੇ ਨਾਲ ਪਰਲੋਕ ਵਿਚ ਨਹੀਂ ਜਾਣਾ, ਉਸ ਅਬਨਾਸ਼ੀ ਹਰੀ ਨੇ ਨਾਲ ਜਾ ਕੇ ਜੀਵ ਦੀ ਸਹਾਇਤਾ ਕਰਨੀ ਹੈ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥

ਸਾਰੀ ਸ੍ਰਿਸ਼ਟੀ ਮੋਹ ਕਰਕੇ ਝੂਠੇ ਸਨਬੰਧੀ ਅਤੇ ਝੂਠੇ ਧੰਦਿਆਂ ਵਿਚ ਪਲਚਿ ਪਲਚਿ=ਫਸ ਫਸ ਕੇ, ਵਾ:-ਪਰਚ ਪਰਚ ਕੇ ਮਰ ਰਹੀ ਹੈ।

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥

ਇਕ ਹਰੀ ਦੇ ਨਾਮ ਤੋਂ ਬਿਨਾਂ ਹੋਰ ਸਾਰੇ ਕਰਮ ਧਰਮ ਅਗੈ=ਪਰਲੋਕ ਵਿਚ ਜਮ ਇਸ ਜੀਵ ਪਾਸੋਂ ਖੋਹ ਲੈਂਦੇ ਹਨ।

ਯਥਾ:- ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ ੧॥ *(ਪੰਨਾ ੭੪੭)*

ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥

ਦਯੁ=ਪ੍ਰੇਰਕ ਪ੍ਰਮਾਤਮਾ ਨੂੰ ਜਿਸ ਨੇ ਵਿਸਾਰਿਆ ਹੈ ਉਹ ਵਿਗੁਚਣਾ=ਖਰਾਬ ਹੁੰਦਾ ਹੈ, ਪ੍ਰਭੂ ਤੋਂ ਬਿਨਾਂ ਜੀਵ ਦੀ ਸਹਾਇਤਾ ਹੋਰ ਕੋਈ ਨਹੀਂ ਕਰ ਸਕਦਾ।

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥

ਪ੍ਰੀਤਮ=ਗੁਰਾਂ ਦੀ, ਵਾ:-ਪ੍ਰਮਾਤਮਾ ਦੀ ਚਰਨੀਂ ਜੋ ਮਨੁੱਖ ਲਗੇ ਹਨ, ਉਨ੍ਹਾਂ ਦੀ ਨਿਰਮਲ ਸੋਇ=ਸੋਭਾ ਹੁੰਦੀ ਹੈ।

[ਪੰਨਾ ੧੩੪]

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਦਾਸ ਦੀ ਬੇਨਤੀ ਹੈ, ਕਿ ਹੇ ਪ੍ਰਭੂ ! ਆਪ ਮੈਨੂੰ ਮਿਲਣਾ ਕਰੋ

ਤਾਂ ਕਿ ਮੈਂ ਪਰਾ+ਪਤਿ=ਪਤ ਅਪਤ ਤੋਂ ਪਰੇ ਹੋ ਜਾਵਾਂ।

ਅਥਵਾ:-ਆਪ ਅੰਤਹਕਰਨ ਵਿਚ ਪ੍ਰਾਪਤ ਤਾਂ ਹੋ, ਪਰ ਮੈਨੂੰ ਸਖਿਆਤ (ਪ੍ਰਗਟ) ਮਿਲਣਾ ਕਰੋ।

ਅਥਵਾ:-ਹੇ ਪ੍ਰਭੂ ! ਆਪ ਮੈਨੂੰ ਮਿਲਣਾ ਕਰੋ, ਜਿਸ ਤੇ ਮੇਰੀ ਪਰਾ+ਪਤਿ=ਬੜੀ ਪਤ ਅਬਰੋ ਹੋਵੇ।

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥ ੩ ॥

ਵੈਸਾਖ ਦਾ ਮਹੀਨਾ ਤਾਂ ਹੀ ਸੋਭਨੀਕ ਲਗਦਾ ਹੈ ਜਾਂ ਉਸ ਹਰੀ ਦੇ ਨਾਮ ਰਸੀਏ ਪੂਰਨ ਸੰਤ ਮਿਲ ਜਾਣ ॥ ੩ ॥

ਯਥਾ:- ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥ *(ਪੰਨਾ ੩੧੯)*

ਜੇਠ ਦਾ ਮਹੀਨਾ-(ਜੇਠ ਮਹੀਨੇ ਵਿਚ ਗੁਰੂ ਜੀ ਜਗਿਆਸੂ ਨੂੰ ਸਮਝਾਂਦੇ ਹਨ ਕਿ ਜਿਸ ਪ੍ਰਭੂ ਅਗੇ ਰਾਜੇ ਮਹਾਰਾਜੇ ਗਰੀਬ ਅਮੀਰ ਸਾਰੇ ਝੁਕਦੇ ਹਨ ਅਤੇ ਜਿਸ ਦੇ ਪੱਲੇ ਫੜਨ ਨਾਲ ਜਮਾਂ ਤੋਂ ਛੁਟ ਜਾਈਦਾ ਹੈ ਉਸ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ)

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥

ਜੇਠ ਦੁਆਰਾ ਕਥਨ ਕਰਦੇ ਹਨ-ਹਰੀ ਨਾਲ ਜੁੜਨਾ ਲੋੜੀਐ=ਚਾਹੀਦਾ ਹੈ, ਜਿਸ ਹਰੀ ਦੇ ਅਗੇ ਸਾਰੇ ਮਨੁੱਖ ਦੇਵਤਾ ਦੈਂਤ ਆਦਿਕ ਨਿਵੰਨਿ=ਨੀਉਂਦੇ (ਝੁਕਦੇ) ਹਨ।

ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥

ਹਰੀ ਸੱਜਣ ਦੇ ਨਾਮ ਰੂਪ ਦਾਵਣਿ=ਪੱਲੇ ਨਾਲ ਜੋ ਲੱਗਾ ਹੈ, ਉਸ ਨੂੰ ਫਿਰ ਕਿਸੇ ਪਰਕਾਰ ਦਾ ਬੰਨਿ=ਬੰਧਨ ਨਹੀਂ ਦੇਂਦਾ।

ਅਥਵਾ-ਉਸ ਨੂੰ ਬੰਨ੍ਹ ਕੇ ਹੋਰ ਕਿਸੇ ਦੇ ਹਵਾਲੇ ਨਹੀਂ ਕਰ ਦੇਂਦਾ, ਅਰਥਾਤ ਜਮਾਂ ਦੇ ਹਵਾਲੇ ਨਹੀਂ ਕਰਦਾ।

ਸਾਖੀ-ਛੇਵੇਂ ਪਾਤਸ਼ਾਹ ਜੀ ਦੀ

ਚੰਦੂ ਦੀ ਸ਼ਰਾਰਤ ਕਰਕੇ ਜਹਾਂਗੀਰ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਦ ਗੁਆਲੀਅਰ ਕਿਲ੍ਹੇ ਵਿਚ ਨਜ਼ਰਬੰਦ ਕਰ ਦਿਤਾ। ਤੇ ਰਾਤ ਨੂੰ ਜਹਾਂਗੀਰ ਬਾਦਸ਼ਾਹ ਨੂੰ ਸ਼ੇਰਾਂ ਨੇ ਡਰਾਇਆ ਤਬ ਬਾਦਸ਼ਾਹ ਨੇ ਦੂਜੇ ਦਿਨ ਵਜ਼ੀਰ ਖਾਂ ਨੂੰ ਭੇਜਿਆ ਕਿ ਜਾ ਕੇ ਗੁਰੂ ਸਾਹਿਬ ਜੀ ਨੂੰ ਬੁਲਾ ਲਿਆ, ਜਦ ਉਹ ਬੁਲਾਉਣ ਆਇਆ ਤਾਂ ਬੇਨਤੀ ਕੀਤੀ ਕਿ ਪਹਿਲੇ ਭੀ ਉਮਰਾਵ ਆਪ ਜੀ ਪਾਸ ਆਇਆ ਸੀ ਆਪ ਨੇ ਖਾਲੀ ਭੇਜ ਦਿਤਾ ਹੈ ਹੁਣ ਆਪ ਬਾਹਰ ਚਲੀਏ। ਉਸ ਵੇਲੇ-

ਸ੍ਰੀ ਹਰ ਗੋਬਿੰਦ ਸੁਨਤ ਬਖਾਨਾ ॥ ਅਟਕ ਪਰੀ ਇਕ ਕਠਨ ਮਹਾਨਾ ॥
ਜਬ ਹਮ ਪ੍ਰਵਿਸ਼ੇ ਦੁਰਗ ਮਝਾਰੀ ॥ ਭਯੋ ਕੈਦੀਅਨ ਕੋ ਸੁਖ ਭਾਰੀ ॥
ਖਾਨ ਪਾਨ ਤੇ ਭਏ ਸੁਖਾਰੇ ॥ ਛੁਟਨ ਭਰੋਸਾ ਮਨ ਮਹਿ ਧਾਰੇ ॥
ਅਬ ਸੁਨ ਲੀਨੋ-ਸ਼ਾਹੁ ਹਕਾਰੇ ॥ ਪਰੇ ਸ਼ਰਨ ਬਹੁ ਬਿਨੈ ਉਚਾਰੇ ॥
ਰਾਵਰ ਬਿਨਾ ਨਾ ਹਮ ਗਤਿ ਕਾਈ ॥ ਕੈ ਮਾਰਹੁ ਕੈ ਦੇਹੁ ਜਿਵਾਈ ॥

ਹਮਰੇ ਸਦਾ ਪ੍ਰਤੱਗਯਾ ਏਹੀ। ਸਰਨ ਪਰੇ ਕਹੁ ਤਿਆਗਤ ਨਾਹੀਂ॥
ਜੋ ਨਰ ਆਰਤ ਕਹਿ ਇਕ ਬੇਰਾ॥ ਸ੍ਰੀ ਹਰਿ ਗੋਬਿੰਦ ਮੈ ਅਬ ਤੇਰਾ॥ ੧੩॥
ਕਯਾ ਗਿਨਤੀ ਹੈ ਇਹਾਂ ਬਚਾਵਨ॥ ਨਿਕਟ ਨ ਦੇਉ ਦੂਤ ਜਮ ਆਵਨ॥

ਇਹ ਰਾਜੇ ਉਮਰ ਭਰ ਕੈਦ ਹਨ-ਇਨ੍ਹਾਂ ਦੇ ਹਿਰਦੇ ਵਿਚ ਛੁਟਨੇ ਦੀ ਕੋਈ ਉਮੈਦ ਨਹੀਂ। ਜੇਕਰ ਬਾਦਸ਼ਾਹ ਇਨ੍ਹਾਂ ਨੂੰ ਛੱਡਨਾ ਮੰਨੇ ਤਾਂ ਅਸੀਂ ਬਾਹਰ ਆਉਂਦੇ ਹਾਂ। ਨਹੀਂ ਤਾਂ ਅਸੀਂ ਇੱਥੇ ਹੀ ਬੈਠੇ ਹਾਂ। ਇਹ ਗੱਲ ਸੁਣ ਕੇ ਵਜੀਰ ਖਾਂ ਨੇ ਜਹਾਂਗੀਰ ਬਾਦਸ਼ਾਹ ਨੂੰ ਆ ਕੇ ਕਿਹਾ, ਹੇ ਬਾਦਸ਼ਾਹ ! ਹੁਣ ਤਾਂ ਬੜਾ ਹੀ ਔਖਾ ਕੰਮ ਆ ਪਿਆ ਹੈ ਉਹ ਤੇਰੇ ਕਰੇ ਬਿਨਾਂ ਨਹੀਂ ਹੋ ਸਕਦਾ। ਜਿਸ ਵੇਲੇ ਮੈਂ ਗੁਰੂ ਜੀ ਪਾਸ ਜਾ ਕੇ ਬੇਨਤੀ ਕੀਤੀ ਤਾਂ ਸਭ ਰਾਜੇ ਉਨ੍ਹਾਂ ਦੇ ਚਰਨੀਂ ਪੈ ਗਏ।

ਯਥਾ:- ਮਹਿ ਪਾਲਕ ਕੈਦੀ ਸਮਦਾਇ। ਪਰੇ ਸ਼ਰਨ ਸਤਿਗੁੰਰ ਕੀ ਧਾਇ॥
ਅਪਨੋ ਬਿਰਦ ਬਿਚਾਰਨ ਕੀਨ। ਨਹੀ ਦੁਰਗ ਪਗ ਬਾਹਰ ਦੀਨ॥
ਜੇਕਰ ਇਹ ਸਗਰੇ ਛੁਟ ਜਾਇ। ਤੌ ਹਮਰੋ ਚਲਬੋ ਬਨਿਆਇ॥
ਨਾਹਿ ਤਾ ਬੈਠੇ ਹਮ ਇਸਥਾਨ। ਸਿਮਰਹਿ ਸ੍ਰੀ ਨਾਨਕ ਭਗਵਾਨ॥ ੨੮॥

ਇਹ ਗੱਲ ਸੁਣਕੇ ਬਾਦਸ਼ਾਹ ਨੇ ਵਿਚਾਰਿਆ ਕਿ ਇਨ੍ਹਾਂ ਨੂੰ ਜੋ ਕਰਨ ਲਗਿਆਂ ਮੇਰਾ ਬੜਾ ਧਨ ਲੱਗਾ ਹੈ, ਕਈ ਕ੍ਰੋੜਾਂ ਸੂਰਮੇ ਮਰੇ ਹਨ, ਮੈਂ ਇਨ੍ਹਾਂ ਨੂੰ ਕਿਵੇਂ ਛੁਡ ਸਕਦਾ ਹਾਂ। ਜੇ ਛੱਡ ਦਿੱਤਾ ਤਾਂ ਇਹ ਆਕੀ ਹੋ ਕੇ ਫੇਰ ਫਤੂਰ ਮਚਾਨਗੇ। ਇਹ ਗੱਲ ਸੁਣ ਕੇ ਵਜੀਰ ਖਾਂ ਨੇ ਕਿਹਾ-ਹੇ ਬਾਦਸ਼ਾਹ ! ਤੇਰੇ ਬਲ ਸਾਹਮਣੇ ਇਹ ਕੀ ਕਰ ਸਕਦੇ ਹਨ, ਤੂੰ ਗੁਰੂ ਜੀ ਦਾ ਹੁਕਮ ਮੰਨਕੇ ਆਪਣੇ ਸਰੀਰ ਦੀ ਕੁਸ਼ਲਤਾ ਵਿਚਾਰ। ਵਜੀਰ ਖਾਂ ਦੇ ਕਹਿਣੇ ਨੂੰ ਮੰਨਕੇ ਬਾਦਸ਼ਾਹ ਨੇ ਹੁਕਮ ਦੇ ਦਿੱਤਾ। ਵਜੀਰ ਖਾਂ ਨੇ ਫਿਰ ਗੁਰੂ ਜੀ ਨੂੰ ਆ ਕੇ ਕਿਹਾ-ਤਾਂ ਹਜ਼ੂਰ ਨੇ ਇੱਕ ਪਚਾਸ ਕਲੀਆਂ ਵਾਲਾ ਚੋਲਾ ਸਿਵਾਇਆ ਸਭ ਨੇ ਇਕ ਇਕ ਕਲੀ ਫੜ ਲਈ, ਜਦ ਰਾਜਿਆਂ ਨੂੰ ਨਾਲ ਲੈ ਕੇ ਛੇਵੇਂ ਸਤਿਗੁਰੂ ਜੀ ਬਾਹਰ ਆਏ ਤਾਂ ਉਸ ਸਮੇਂ ਦੀ ਸੋਭਾ ਨੂੰ ਕਵੀ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਬਿਆਨ ਕੀਤਾ ਹੈ:-

*ਯਥਾ:-*ਸੰਕਟ ਨਰਕ ਕੋ ਬਿਕਟ ਜੇ ਬ੍ਰਿਲਾਪ ਜੈਸੇ, ਨਿਕਸੇ ਨਿਸੰਗ ਸੰਗ ਜਨਕ ਨਰਿੰਦ ਕੇ॥
ਕੈਧੋ ਉਡ ਬ੍ਰਿੰਦ ਕਰ ਓਜ ਕੋ ਬਿਲੰਦ ਰਾਹੁ ਰੋਕੇ ਛੁਟ ਚਲੇ ਸਾਥ ਪੂਰਨ ਸੁ ਚੰਦ ਕੇ॥
ਕੈਧੋ ਘੋਰ ਆਨੀ ਨਾਰਿ ਸੁੰਦਰ ਮਹਾਨੀ-ਦੈਤ ਹਾਨੀ ਕਰ ਲੀਨ ਪਾਛੋ ਗਮਨੀ ਗੁਬਿੰਦ ਕੇ॥
ਤਿਨਕੇ ਮਨਿੰਦ ਆਜ ਸ਼ੋਭਤ ਮੁਕੰਦ ਮਹਾਂ ਨਿਕਸੇ ਨਰਿੰਦ ਸੰਗ ਸ੍ਰੀ ਹਰਿ ਗੁਬਿੰਦ ਕੇ॥ ੩੧॥

ਗੁਰ ਪ੍ਰਤਾਪ ਸੂਰਜ ਰਾਸ ੪ ਅੰਸੂ ੬੬ (ਸਫਾ ੨੫੦੦)

ਮਾਣਕ ਮੋਤੀ ਨਾਮੁ ਪ੍ਰਭ ਉਨ ਲਰੈ ਨਾਹੀ ਸੰਨਿ॥

ਜਿਸ ਪੁਰਸ਼ ਨੇ ਮਾਣਕ ਤੇ ਮੋਤੀਆਂ ਦੀ ਨਿਆਈਂ ਅਮੋਲਕ ਪ੍ਰਭ ਦੇ ਨਾਮ ਨੂੰ ਲੀਤਾ ਹੈ,

*ਅਥਵਾ:-*ਜਿਸ ਨੇ ਮਾਣਕ=ਸ੍ਰਵਨ, ਮਨਨ, ਨਿਧਿਆਸਣ, ਮੋਤੀ=ਸੁਧਤਾ, ਹੀਰਾ=ਪ੍ਰਭੂ ਦਾ ਨਾਮ ਇਤਆਦਿਕ ਸ਼ੁਭ ਗੁਣਾਂ ਨੂੰ ਲੀਤਾ ਹੈ ਉਸ ਨੂੰ ਫਿਰ ਸੰਨ੍ਹ ਨਹੀਂ ਲਗਦੀ, ਅਰਥਾਤ ਕਾਮ ਆਦਿਕ ਚੋਰ, ਵਾ- ਜਮਦੂਤਾਂ ਰੂਪੀ ਚੋਰ ਲੁੱਟ ਨਹੀਂ ਸਕਦੇ।

ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥

ਜਿਤਨੇ ਕੁ ਮਨ ਵਿਚ ਭਾਉਂਦੇ ਹਨ ਇਹ ਸਭ ਨਰਾਇਣੀ ਰੰਗ ਹਨ, ਅਰਥਾਤ ਪ੍ਰਮੇਸ਼ਰ ਦੇ ਹਨ।

ਅਥਵਾ:-ਨਰਾਇਣ ਦੇ ਸਿਮਰਨ ਵਿਚ ਹੀ ਸਾਰੇ ਰੰਗ=ਆਨੰਦ ਹਨ ਜਿੰਨੇ ਭੀ ਮਨ ਵਿਚ ਭਾਉਂਦੇ ਹਨ।

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥

ਹਰੀ ਜੋ ਜੋ ਭੀ ਕਰੰਨਿ=ਕਰਾਉਂਦਾ ਲੋੜੇ=ਚਾਹੁੰਦਾ ਹੈ ਸਾਰੇ ਜੀਵ ਓਹੀ ਓਹੀ ਕਰਤੱਬ ਕਰਦੇ ਹਨ।

ਅਥਵਾ:-ਹਰੀ ਜੋ ਲੋੜੇ=ਚਾਹੁੰਦਾ ਹੈ ਵਰਤਮਾਨ ਸਮੇਂ ਵਿਚ ਜੀਵ ਉਸੇ ਅਨੁਸਾਰ ਕਰਦੇ ਹਨ; ਅਤੇ ਭੂਤ ਕਾਲ ਵਿਚ ਭੀ ਸਾਰੇ ਜੀਵ ਉਸੇ ਅਨੁਸਾਰ ਕਰੰਨਿ=ਕਰਦੇ ਸਨ।

ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥

ਜੋ ਮਨੁੱਖ ਪ੍ਰਭੂ ਨੇ ਆਪਣੀ ਤਰਫ਼ ਕੀਤੇ ਹਨ,

ਅਥਵਾ:-ਆਪਣੇ ਦਾਸ ਬਣਾ ਲਏ ਹਨ, ਉਹ ਧੰਨਤਾ ਯੋਗ ਕਥਨ ਕੀਤੇ ਜਾਂਦੇ ਹਨ।

ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥

ਗੁਰਾਂ ਦੇ ਉਪਦੇਸ਼ ਤੋਂ ਬਿਨਾਂ, ਆਪਣੇ ਉੱਦਮ ਨਾਲ ਆਪਣਾ ਲੀਤਾ ਹੋਇਆ ਜੇਕਰ ਪ੍ਰਮੇਸ਼ਰ ਮਿਲ ਸਕਦਾ ਹੈਵੇ, ਤਾਂ ਵਿੱਛੜੇ ਹੋਏ ਜੀਵ ਵਾ:-ਉਸ ਤੋਂ ਵਿੱਛੜ ਕੇ ਕਿਉਂ ਰੋਵਨ।

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥

ਗੁਰੂ ਜੀ ਕਥਨ ਕਰਦੇ ਹਨ-ਜੋ ਸਾਧੂਆਂ ਦੀ ਸੰਗਤ ਵਿਚ ਪ੍ਰਾਪਤ ਹੋਏ ਹਨ,

ਅਥਵਾ:-ਸਾਧੂਆਂ ਦੇ ਸੰਗ ਕਰਕੇ ਜਿਨ੍ਹਾਂ ਨੂੰ ਪ੍ਰਭੂ ਪਰਾਪਤ ਹੋਇਆ ਹੈ ਉਹ ਮਨੁੱਖ ਹਰੀ ਦੇ ਰੰਗ ਮਾਣੰਨਿ=ਅਨੰਦ ਨੂੰ ਭੋਗਦੇ ਹਨ।

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥ ੪॥

ਜੇਠ ਦੁਆਰਾ ਕਥਨ ਕਰਦੇ ਹਨ-ਧਣੀ=ਮਾਲਕ ਹਰੀ ਦਾ ਰੰਗੀਲਾ=ਅਨੰਦ ਉਸ ਨੂੰ ਪਰਾਪਤ ਹੁੰਦਾ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹਨ॥ ੪॥

ਹਾੜ ਦਾ ਮਹੀਨਾ-ਹਾੜ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ, ਜਿਸ ਤਰ੍ਹਾਂ ਹਾੜ ਮਹੀਨੇ ਦੇ ਆਇਆਂ ਪਤੀ ਦੇ ਵਿਛੋੜੇ ਕਾਰਨ ਇਸਤ੍ਰੀ ਦਾ ਦਿਲ ਤਪਦਾ ਰਹਿੰਦਾ ਹੈ ਏਸੇ ਤਰ੍ਹਾਂ ਪ੍ਰਮੇਸ਼ਰ ਪਤੀ ਤੋਂ ਬਿਨਾਂ ਮਨੁੱਖ ਦਾ ਹਿਰਦਾ ਹਰ ਵੇਲੇ ਦੁਖੀ ਰਹਿੰਦਾ ਹੈ।

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥

ਆਸਾੜੁ=ਹਾੜ ਦੁਆਰਾ ਕਥਨ ਕਰਦੇ ਹਨ-ਉਸ ਨੂੰ ਹਾੜ ਦਾ ਮਹੀਨਾ ਤਪੰਦਾ=ਦੁਖਦਾਈ ਲਗਦਾ ਹੈ, ਜਿਨ੍ਹਾਂ ਪਾਸ ਹਰੀ ਨਾਹੁ=ਪਤੀ ਨਹੀਂ ਹੈ।

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥

ਇਹ ਭੁੱਲਾ ਹੋਇਆ ਜੀਵ ਜਗਜੀਵਨ ਪੁਰਖ ਪ੍ਰਮਾਤਮਾ ਨੂੰ ਤਿਆਗ ਕੇ ਮਨੁੱਖ ਸੰਦੀ=ਦੀ ਆਸਾ ਰਖਦਾ

ਹੈ। ਗੁਰੂ ਜੀ ਦਾ ਹੁਕਮ ਹੈ-

ਮਾਨੁਖ ਦੀ ਟੇਕ ਬ੍ਰਿਥੀ ਸਭ ਜਾਨੁ॥ ਦੁਇਵਨ ਕਉ ਏਕੈ ਭਗਵਾਨੁ॥
ਜਿਸ ਕੈ ਦੀਐ ਰਹੈ ਅਘਾਇ॥ ਬਹੁਰਿ ਨ ਤ੍ਰਿਸਨਾ ਲਾਗੈ ਆਇ॥ (ਪੰਨਾ ੨੮੧)

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥

ਦਵੈਤ ਭਾ ਵਿਚ ਲਗ ਕੇ ਵਿਗੁਚੀਐ=ਖਰਾਬ ਹੁੰਦਾ ਹੈ, ਅੰਤ ਨੂੰ ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪਵੇਗੀ।

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥

ਜੇਹੋ ਜੇਹਾ ਬੀਜ ਬੀਜਦਾ ਹੈ, ਵੈਸਾ ਫਲ ਕੱਟਦਾ ਹੈ। ਅਰਥਾਤ ਜੈਸਾ ਕਰਮ ਕਰਦਾ ਹੈ ਤੈਸਾ ਫਲ ਭੋਗਦਾ ਹੈ, ਮੱਥੇ ਤੇ ਜੋ ਲੇਖ ਲਿਖਿਆ ਗਿਆ ਹੈ ਉਸ ਅਨੁਸਾਰ ਦੁਖ ਸੁਖ ਭੋਗਦਾ ਹੈ।

ਯਥਾ:-ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ ੨੦॥

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥

ਜਿਸ ਦੀ ਅਵਸਥਾ ਰੂਪੀ ਰੈਣਿ=ਰਾਤ ਵਿਹਾਣੀ=ਬੀਤ ਗਈ ਹੈ, ਉਹ ਪਛੁਤਾਂਦੀ ਹੋਈ ਇਥੋਂ ਉੱਠਕੇ ਨਿਰਾਸ ਚਲੀ ਗਈ ਹੈ।

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥

ਜਿਨ੍ਹਾਂ ਨੂੰ ਪੂਰਨ ਸੰਤ ਮਿਲੇ ਹਨ, ਉਹ ਪ੍ਰਲੋਕ ਦਰਗਾਹ ਵਿਚ ਬੰਧਨਾਂ ਤੋਂ ਖਲਾਸੁ=ਛੁਟ ਗਏ ਹਨ।

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ॥
ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ॥ ੧॥ (ਪੰਨਾ ੭੦੨)

ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥

ਇੰਞ ਬੇਨਤੀ ਕਰੇ ! ਹੇ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰ ਜਿਸਤੇ ਤੇਰੇ ਦਰਸ਼ਨਾਂ ਦੀ ਪਿਆਸ=ਚਾਹ ਹੋਇ=ਲਗੀ ਰਵ੍ਹੇ।

ਅਥਵਾ:- ਹੇ ਪ੍ਰਭੂ ਆਪਣੀ ਅਜਿਹੀ ਕਿਰਪਾ ਕਰ ਜੋ ਮੈਂ ਪਿਆਸੇ ਨੂੰ ਆਪ ਜੀ ਦਾ ਦਰਸ਼ਨ ਹੋਵੇ।

ਦਰਸਨ ਪ੍ਰਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥
ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥ ੧॥ (ਪੰਨਾ ੭੦੩)

ਪ੍ਰਭ ਤ੍ਰੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥

ਮੈਂ ਨਾਨਕ ਦੀ ਆਪ ਜੀ ਅਗੇ ਏਹੋ ਅਰਦਾਸਿ=ਬੇਨਤੀ ਹੈ, ਕਿ ਮੈਨੂੰ ਆਪਣਾ ਦਰਸ਼ਨ ਦਿਓ, ਕਿਉਂਕਿ ਹੇ ਪ੍ਰਭੂ ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਦੂਜਾ ਨਹੀਂ ਭਾਉਂਦਾ।

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥ ੫॥

ਆਸਾੜੁ=ਹਾੜ ਦਾ ਮਹੀਨਾ ਉਸ ਨੂੰ ਸੁਹੰਦਾ=ਸੋਭਨੀਕ (ਸੁਹਾਵੰਣਾ) ਲਗਦਾ ਹੈ, ਜਿਸ ਦੇ ਮਨ ਵਿਚ

ਹਰੀ ਦੇ ਚਰਨਾਂ ਦਾ ਨਿਵਾਸ ਹੈ॥ ੫॥

ਸਾਵਣ ਦਾ ਮਹੀਨਾ-ਸਾਵਣ ਦੇ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ, ਜਿਸ ਤਰ੍ਹਾਂ ਸਾਵਣ ਦੇ ਮਹੀਨੇ ਵਿਚ ਵਰਖਾ ਦੇ ਕਾਰਨ ਸਾਰੀ ਬਨਾਸਪਤੀ ਹਰੀ ਭਰੀ ਹੋ ਜਾਂਦੀ ਹੈ ਏਸੇ ਤਰ੍ਹਾਂ ਪ੍ਰਭੂ ਦੇ ਚਰਨਾਂ ਨਾਲ ਪ੍ਰੇਮ ਕਰਨ ਨਾਲ ਜੀਵ ਦਾ ਹਿਰਦਾ ਭੀ ਟਹਿਕ ਪੈਂਦਾ ਹੈ।

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥

ਸਾਵਣ ਮਹੀਨੇ ਦੁਆਰਾ ਕਥਨ ਕਰਦੇ ਹਨ-ਉਸ ਕਾਮਣੀ=ਇਸਤ੍ਰੀ ਨੂੰ ਸਰਸੀ=ਅਧਿਕ ਅਨੰਦ ਪਰਾਪਤ ਹੋਇਆ ਹੈ, ਜਿਸ ਦਾ ਪਤੀ ਪ੍ਰਮਾਤਮਾ ਦੇ ਵਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਕਵਲਾਂ ਨਾਲ ਪਿਆਰ ਹੈ। ਤੇ ਜਿਸ ਦਾ-

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥

ਮਨ ਤਨ ਸੱਚੇ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹੈ, ਅਤੇ ਇਕ ਨਾਮ ਦਾ ਅਧਾਰੁ=ਆਸਰਾ ਲਿਆ ਹੈ।

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥

ਉਸ ਨੂੰ ਬਿਖਿਆ ਰੰਗ=ਮਾਇਆ ਦੇ ਅਨੰਦ ਸਾਰੇ ਕੂੜਾਵਿਆ=ਝੂਠੇ ਤੇ ਛਾਰੁ=ਸੁਆਹ ਰੂਪ ਦਿਸਦੇ ਹਨ।

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥

ਹਰੀ ਨਾਮ ਅੰਮ੍ਰਿਤ ਦੀ ਸੋਹਣੀ ਬੂੰਦ ਸੰਤਾਂ ਨਾਲ ਮਿਲਕੇ ਪੀਣੇ ਵਾਲਾ ਹੋਇਆ ਹੈ।

ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥

ਉਹ ਪ੍ਰਭੂ ਪ੍ਰਤੱਖ ਵਣਾ ਤ੍ਰਿਣਾਂ ਨਾਲ।

ਅਥਵਾ:-ਵਣੁ=ਸਰੀਰ ਤਿਣੁ=ਇੰਦ੍ਰੀਆਂ ਨਾਲ ਮਉਲਿਆ=ਮਿਲ ਰਿਹਾ ਹੈ।

ਅਥਵਾ:-ਜਿਸ ਪ੍ਰਭੂ ਦੀ ਸੱਤਾ ਨਾਲ ਮਿਲ ਕੇ ਵਣ ਤੇ ਤ੍ਰਿਣ ਮਉਲਿਆ=ਪਰਫੁਲਤ ਹੋ ਰਹੇ ਹਨ ਉਹ ਅਕਾਲ ਪੁਰਖ ਸਰਬ ਕਲਾ ਸਮਰੱਥ ਤੇ ਅਪਾਰੁ=ਬੇਅੰਤ ਗੁਣਾਂ ਵਾਲਾ ਹੈ।

ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥

ਉਸ ਹਰੀ ਨੂੰ ਮਿਲਣ ਵਾਸਤੇ ਜਗਿਆਸੂਆਂ ਦਾ ਮਨ ਲੋਚਦਾ=ਚਾਹੁੰਦਾ ਹੈ, ਪਰ ਪੂਰਬਲੇ ਕਰਮ ਹੀ ਉਸ ਨਾਲ ਮਿਲਾਵਣ ਵਾਲੇ ਹਨ।

ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥

ਜਿਨ੍ਹਾਂ ਮਹਾਤਮਾਂ ਰੂਪ ਸਖੀਆਂ ਨੇ ਪ੍ਰਭੂ ਨੂੰ ਪਾਇਆ ਹੈ, ਹਉ=ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰਿ ਜੀਉ ! ਤੂੰ ਆਪ ਹੀ ਮਇਆ ਕਰ=ਕਿਰਪਾ ਦ੍ਰਿਸ਼ਟੀ ਕਰਕੇ ਗੁਰ

ਉਪਦੇਸ ਦੁਆਰਾ ਜਗਿਆਸੂਆਂ ਦੇ ਅੰਤਹ-ਕਰਨ ਨੂੰ ਸਵਾਰਨ ਵਾਲਾ ਹੈਂ, ਇਸ ਲਈ ਤੂੰ ਅਸਾਡੇ ਉੱਤੇ ਵੀ ਮਇਆ ਕਰ=ਕਿਰਪਾ ਦ੍ਰਿਸ਼ਟੀ ਕਰ।

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥ ੬॥

ਸਾਵਣ ਦੁਆਰਾ ਕਥਨ ਕਰਦੇ ਹਨ-ਉਨ੍ਹਾਂ ਸੁਹਾਗਣਾਂ ਨੂੰ ਸਾਵਣੁ=ਅਨੰਦ ਪਰਾਪਤ ਹੋਇਆ ਹੈ ਜਿਨ੍ਹਾਂ ਨੇ ਗਲ ਵਿਚ ਰਾਮ ਨਾਮ ਰੂਪੀ ਸੋਨੇ ਦਾ ਹਾਰ ਪਹਿਰਿਆ ਹੈ॥ ੬॥

ਭਾਦਰੋਂ ਦਾ ਮਹੀਨਾ-(ਇਸ ਭਾਦਰੋਂ ਦੇ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਦ੍ਵੈਤ ਭਾ ਵਿਚ ਪ੍ਰੇਮ ਕਰਨ ਨਾਲ ਇਸ ਜੀਵ ਨੂੰ ਜਮਦੂਤ ਫੜ ਕੇ ਲੈ ਜਾਂਦੇ ਹਨ)।

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥

ਭਾਦਰੋਂ ਦੁਆਰਾ ਕਥਨ ਕਰਦੇ ਹਨ-ਉਹ ਜੀਵ ਰੂਪ ਇਸਤ੍ਰੀਆਂ ਭਰਮ ਵਿਚ ਭੁੱਲੀਆਂ ਫਿਰਦੀਆਂ ਹਨ, ਜਿਨ੍ਹਾਂ ਦਾ ਦ੍ਵੈਤ ਭਾ ਵਿਚ ਹੇਤੁ=ਪ੍ਰੇਮ ਲੱਗਾ ਹੈ।

ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥

ਭਾਵੇਂ ਉਨ੍ਹਾਂ ਨੇ ਲੱਖਾਂ ਸਾਧਨਾਂ ਰੂਪੀ ਸ਼ਿੰਗਾਰ ਨੂੰ ਬਣਾਇਆ ਹੈ, ਪਰ ਉਹ ਸ਼ਿੰਗਾਰ ਕੇਤੁ=ਕਿਸੇ ਕੰਮ ਨਹੀਂ ਹਨ।

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥

ਜਿਸ ਦਿਨ ਇਹ ਦੇਹ ਨਾਸ ਹੋਵੇਗੀ ਭਾਵ ਪ੍ਰਾਨ ਅੰਤ ਹੋਣਗੇ, ਉਸ ਵੇਲੇ ਸਾਰੇ ਸਬੰਧੀ ਇਸ ਨੂੰ ਪ੍ਰੇਤੁ ਪ੍ਰੇਤ ਕਹਿਣਗੇ।

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥ ੨॥ *(ਪੰਨਾ ੬੩੪)*

ਤਥਾ:- ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ ਭੂਤੁ ਭੂਤੁ ਕਰਿ ਭਾਗੀ॥ ੩॥ *(ਪੰਨਾ ੭੯੪)*

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥

ਜਿਸ ਵੇਲੇ ਜਮਦੂਤ ਇਸ ਨੂੰ ਫੜ ਕੇ ਪਰਲੋਕ ਰਸਤੇ ਉੱਪਰ ਚਲਾਣਗੇ ਤਾਂ ਕਿਸੇ ਨੂੰ ਭੇਤ ਭੀ ਨਹੀਂ ਦੇਣਗੇ।

ਯਥਾ:- ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ॥
ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ॥ *(ਪੰਨਾ ੭੫)*

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥

ਜਿਨ੍ਹਾਂ ਸਬੰਧੀਆਂ ਨਾਲ ਇਸ ਦਾ ਹੇਤੁ=ਮੋਹ ਲੱਗਾ ਹੋਇਆ ਸੀ, ਉਹ ਸਾਰੇ ਸਬੰਧੀ ਇੱਕ ਖਿਣ ਵਿਚ ਇਸ ਨੂੰ ਛੱਡ ਕੇ ਪਾਸੇ ਹੋ ਖਲੋਂਦੇ ਹਨ।

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥

ਜਿਸੁ ਵੇਲੇ ਜਮਦੂਤ ਸਥੂਲ ਦੇਹ ਨਾਲੋਂ ਤਨੁ ਕਪੇ=ਸੂਖਮ ਸਰੀਰ ਨੂੰ ਕੱਟਦੇ ਹਨ; ਤਾਂ ਇਹ ਹੱਥਾਂ ਪੈਰਾਂ ਨੂੰ ਮਰੋੜ ਦੇ ਹਨ ਤੇ ਤਨ ਕਪੇ=ਸਥੂਲ ਸਰੀਰ ਕੰਬਦਾ ਹੈ ਜਿਸ ਵੇਲੇ ਜੀਵ ਨੂੰ ਬਾਹਰ ਕੱਢਦੇ ਹਨ ਤਾਂ ਸਰੀਰ ਦਾ ਰੰਗ ਕਾਲਾ ਸਿਆਹ ਹੁੰਦਾ ਹੈ, ਫਿਰ ਸੇਤੁ=ਚਿੱਟਾ ਹੋ ਜਾਂਦਾ ਹੈ।

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਜੇਹੋ ਜੇਹੇ ਕਰਮਾਂ ਰੂਪ ਬੀਜ ਨੂੰ ਬੀਜਦਾ ਹੈ ਵੈਸੇ ਹੀ ਫਲ ਨੂੰ ਲੁਣੈ=ਕੱਟਦਾ ਹੈ, ਕਿਉਂਕਿ ਇਹ ਸਰੀਰ ਕਰਮਾਂ ਸੰਦੜਾ=ਕਰਮਾਂ ਦਾ ਖੇਤ ਹੈ।

ਯਥਾ:- ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥ *(ਪੰਨਾ ੭੮)*

ਤਥਾ:- ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥ *(ਪੰਨਾ ੩੦੮)*

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਪ੍ਰਭੂ ਦੀ ਸ਼ਰਨ ਵਿਚ ਆਗਤੀ=ਆਉਂਦਾ ਹੈ, ਪ੍ਰਭੂ ਉਸ ਨੂੰ ਆਪਣੇ ਚਰਨਾਂ ਦੇ ਧਿਆਨ ਕਰਨੇ ਰੂਪ ਜਹਾਜ਼ ਤੇ ਚੜ੍ਹਾ ਕੇ ਸੰਸਾਰ ਸਮੁੰਦਰ ਤੋਂ ਪਾਰ ਕਰ ਦੇਂਦਾ ਹੈ।

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥ ੭ ॥

ਭਾਂਦਰੋਂ ਦੁਆਰਾ ਕਥਨ ਕਰਦੇ ਹਨ-ਉਹ ਮਨੁੱਖ ਨਰਕਾਂ ਵਿਚ ਨਹੀਂ ਪੈਣਗੇ, ਜਿਨ੍ਹਾਂ ਨੂੰ ਹੇਤੁ=ਪ੍ਰੇਮ ਸਹਿਤ ਆਪ ਗੁਰੂ ਰੱਖਣ ਵਾਲਾ ਹੈ ॥ ੭ ॥

ਅੱਸੂ ਦਾ ਮਹੀਨਾ-ਹੁਣ ਇਸ ਅੱਸੂ ਦੇ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ, ਕਿ ਪ੍ਰਭੂ ਦੇ ਪ੍ਰੇਮ ਤੋਂ ਬਿਨਾਂ ਜੀਵ ਨੂੰ ਸੁਖ ਦੀ ਪਰਾਪਤੀ ਨਹੀਂ ਹੁੰਦੀ। ਸੁਖ ਦੀ ਪਰਾਪਤੀ ਲਈ ਸੰਤਾਂ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ।

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥

ਅਸੁਨਿ=ਅੱਸੂ ਦੁਆਰਾ ਕਥਨ ਕਰਦੇ ਹਨ-ਪ੍ਰਭੂ ਦੇ ਪ੍ਰੇਮ ਦਾ ਉਮਾਹੜਾ=ਉਤਸ਼ਾਹ ਲਗ ਰਿਹਾ ਹੈ, ਮੈਂ ਕਿਵੇਂ ਹਰੀ ਨੂੰ ਜਾ ਕੇ ਮਿਲਣਾ ਕਰਾਂ।

[ਪੰਨਾ ੧੩੫]

ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥

ਮੇਰੇ ਮਨ ਤਨ ਵਿਚ ਪ੍ਰਭੂ ਦੇ ਦਰਸ਼ਨ ਦੀ ਘਣੀ=ਬਹੁਤ ਪਿਆਸ ਲਗ ਰਹੀ ਹੈ, ਮਾਇ=ਹੇ ਭਾਈ ਅਜੇਹਾ ਕੋਈ ਸੰਤ ਜਨ ਹੈ ਜੋ ਉਸ ਨੂੰ ਆਣਿ ਮਿਲਾਵੈ=ਲਿਆ ਮਿਲਾਵੇ? *ਉੱਤਰ:-*

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥

ਪ੍ਰਭੂ ਦੇ ਪ੍ਰੇਮ ਵਿਚ ਸੰਤ ਹੀ ਸਹਾਇਤਾ ਕਰਨ ਵਾਲੇ ਹਨ, ਇਸ ਲਈ ਮੈਂ ਉਨ੍ਹਾਂ ਦੇ ਪਾਇ=ਚਰਨੀਂ ਲਗਦਾ ਹਾਂ।

ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥

ਪ੍ਰਭੂ ਪ੍ਰਮਾਤਮਾ ਤੋਂ ਬਿਨਾਂ ਸੁਖ ਕਿਵੇਂ ਪਾਣਾ ਕਰੀਏ, ਦੂਜੀ ਹੋਰ ਕੋਈ ਸੁਖ ਦੀ ਥਾਂ ਨਹੀਂ ਹੈ।

ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥

ਜਿਨ੍ਹਾਂ ਨੇ ਵਾਹਿਗੁਰੂ ਦੇ ਪ੍ਰੇਮ ਰਸ ਨੂੰ ਚੱਖਿਆ ਹੈ, ਉਹ ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋਂ ਤ੍ਰਿਪਤ ਹੋ ਕੇ ਆਘਾਇ=ਰੱਜ ਰਹੇ ਹਨ।

ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥

ਆਪ ਭਾ ਹੰਕਾਰ ਨੂੰ ਤਿਆਗ ਕੇ ਇੰਵ ਬੇਨਤੀ ਕਰੇ, ਕਿ ਹੇ ਪ੍ਰਭੂ ਮੈਨੂੰ ਆਪਣੇ ਲੜਿ=ਪੱਲੇ ਨਾਲ ਲਗਾ ਲਓ।

ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥

ਜਿਨ੍ਹਾਂ ਇਸਤ੍ਰੀਆਂ ਨੂੰ ਹਰੀ ਪਤੀ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ ਉਸ ਨਾਲੋਂ ਵਿੱਛੁੜਕੇ ਕਿਸੇ ਹੋਰ ਤਰਫ ਨਹੀਂ ਜਾਂਦੀਆਂ।

ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਤੋਂ ਬਿਨਾਂ ਹੋਰ ਦੂਜਾ ਕੋਈ ਸਹਾਇਕ ਨਹੀਂ, ਇਸ ਲਈ ਅਸੀਂ ਹਰੀ ਦੀ ਸ਼ਰਨ ਵਿਚ ਆਏ ਹਾਂ।

ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥ ੮॥

ਅੱਸੂ ਦੁਆਰਾ ਕਥਨ ਕਰਦੇ ਹਨ-ਉਹ ਇਸਤ੍ਰੀਆਂ ਅੱਸੂ ਦੇ ਮਹੀਨੇ ਵਿਚ ਸੁਖ ਸਹਿਤ ਵਸਦੀਆਂ ਹਨ, ਜਿਨ੍ਹਾਂ ਉੱਤੇ ਹਰੀ ਰਾਜੇ ਦੀ ਮਇਆ=ਕਿਰਪਾ ਦ੍ਰਿਸ਼ਟੀ ਹੈ॥ ੮॥

ਕੱਤਕ ਦਾ ਮਹੀਨਾ-(ਅਗਲੇ ਕੱਤਕ ਦੇ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ, ਕਿ ਮਨੁੱਖ ਦੇ ਆਪਣੇ ਕੀਤੇ ਹੋਇ ਕਰਮ ਹੀ ਸੁਖ ਦੁਖ ਦੀ ਪਰਾਪਤੀ ਦਾ ਕਾਰਨ ਹਨ, ਸਰੀਰ ਪਰ ਦੁਖ ਦੇ ਆਇਆਂ ਕਿਸੇ ਹੋਰ ਦੂਜੇ ਮਨੁੱਖ ਨੂੰ ਦੋਸ਼ ਦੇਣਾ ਠੀਕ ਨਹੀਂ ਹੈ)।

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥

ਕੱਤਕ ਦੁਆਰਾ ਕਥਨ ਕਰਦੇ ਹਨ-ਜੀਵ ਜਿਵੇਂ ਕਰਮ ਕਮਾਂਦੇ ਹਨ ਤਿਵੇਂ ਫਲ ਭੋਗਦੇ ਹਨ ਕਿਸੇ ਦੂਜੇ ਨੂੰ ਦੋਸ਼ ਦੇਣਾ ਯੋਗ ਨਹੀਂ।

ਯਥਾ:-ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ ੨੧॥ *(ਪੰਨਾ ੪੩੩)*

ਤਥਾ:-ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ॥ *(ਪੰਨਾ ੧੩੬)*

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

ਪ੍ਰਮੇਸ਼ਰ ਤੋਂ ਭੁੱਲਣ ਕਰਕੇ ਇਸ ਜੀਵ ਨੂੰ ਸਾਰੇ ਰੋਗ ਆ ਕੇ ਵਿਆਪਦੇ ਹਨ।

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥

ਜੋ ਪੁਰਸ਼ ਰਾਮ ਤੋਂ ਬੇਮੁਖ ਹੋਏ ਹਨ, ਉਨ੍ਹਾਂ ਨੂੰ ਜਨਮ ਮਰਨ ਦੇ ਵਿਜੋਗ=ਦੁਖ ਲੱਗੇ ਰਹਿੰਦੇ ਹਨ।

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥

ਜਿਤਨੇ ਕੁ ਮਾਇਆ ਦੇ ਭੋਗੁ-ਪਦਾਰਥ ਮਿੱਠੇ ਲਗ ਰਹੇ ਸਨ, ਉਹ ਸਾਰੇ ਦੇ ਸਾਰੇ ਇੱਕ ਖਿਨ ਵਿਚ ਕਉੜੇ=ਦੁਖਦਾਈ ਹੋ ਗਏ।

ਯਥਾ:-ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥ ੧੦॥ *(ਪੰਨਾ ੧੩੭੮)*

ਤਥਾ:- ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥ *(ਪੰਨਾ ੫੦)*

ਤਥਾ:- ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ॥
ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ॥ *(ਪੰਨਾ ੬੪੧)*

ਤਥਾ:- ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ॥
ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ॥ *(ਪੰਨਾ ੭੮੫)*

ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥

ਇਸ ਜੀਵ ਦੀ ਵਿਚੁ=ਵਿਚੋਲਗੀ (ਵਕੀਲੀ) ਜਾਂ ਸਿਫਾਰਸ਼ ਕੋਈ ਨਹੀਂ ਕਰ ਸਕਦਾ, ਕਿਸ ਦੇ ਅੱਗੇ ਜਾ ਕੇ ਰੋਜ਼ ਰੋਣਾ ਕਰੇ।

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥

ਜੀਵ ਦਾ ਆਪਣਾ ਕੀਤਾ ਕੁਝ ਨਹੀਂ ਹੁੰਦਾ, ਇਸ ਦਾ ਸੰਜੋਗ ਵਿਜੋਗ ਧੁਰ ਤੋਂ ਹੀ ਲਿਖਿਆ ਗਿਆ ਹੈ। ਵਾ:-ਇਾਥ ਦੇ ਕਰਮਾਂ ਦਾ ਸੰਜੋਗ ਧੁਰ ਤੋਂ ਹੀ ਲਿਖਿਆ ਗਿਆ ਹੈ।

ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉੱਤਰਹਿ ਸਭਿ ਬਿਓਗ॥

ਜਦ ਵਡਿਆਂ ਭਾਗਾਂ ਸੇ ਮੇਰਾ ਪ੍ਰਭੂ ਮਿਲ ਜਾਵੇ, ਤਾਂ ਸਾਰੇ ਬਿਓਗ=ਦੁਖ ਉੱਤਰ ਜਾਂਦੇ ਹਨ।

ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥

ਗੁਰੂ ਜੀ ਕਥਨ ਕਰਦੇ ਹਨ-ਇੰਝ ਬੇਨਤੀ ਕਰੋ, ਹੇ ਮੇਰੇ ਸਾਹਿਬ ਬੰਦੀਖਾਨੇ ਤੋਂ ਮੋਚ=ਛੁਡਾਣ ਵਾਲੇ ਪ੍ਰਭੂ=ਰੱਖਕ ਆਪ ਮੈਨੂੰ ਰੱਖ ਲੈਣਾ ਕਰੋ।

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥ ੯॥

ਕੱਤਕ ਦੁਆਰਾ ਕਥਨ ਕਰਦੇ ਹਨ-ਜਦ ਪੂਰਨ ਸੰਤਾਂ ਦਾ ਸਤਸੰਗ ਪਰਾਪਤ ਹੋਵੇ, ਤਾਂ ਸਾਰੇ ਸੋਚ=ਫਿਕਰ ਨਾਸ ਹੋ ਜਾਂਦੇ ਹਨ॥ ੯॥

ਯਥਾ:- ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥ *(ਪੰਨਾ ੭੬੪)*

ਮੱਘਰ ਦਾ ਮਹੀਨਾ-ਹੁਣ ਮੱਘਰ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ ਕਿ ਜਿਹੜੇ ਜੀਵ ਸਤਸੰਗ ਵਿਚ ਬੈਠਕੇ ਵਾਹਿਗੁਰੂ ਦਾ ਸਿਮਰਨ ਕਰਦੇ ਹਨ ਉਹ ਸੁਖੀ ਰਹਿੰਦੇ ਹੋਏ ਸੋਭਾ ਪਾਂਦੇ ਹਨ, ਤੇ ਜਿਹੜੇ ਸਿਮਰਨ ਨਹੀਂ ਕਰਦੇ ਉਹ ਸੰਸਾਰ ਵਿਚ ਦੁਖੀ ਰਹਿੰਦੇ ਹਨ।

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥

ਮੰਘਿਰਿ=ਮੱਘਰ ਮਹੀਨੇ ਦੁਆਰਾ ਕਥਨ ਕਰਦੇ ਹਨ, ਉਹ ਇਸਤ੍ਰੀਆਂ ਸੰਸਾਰ ਵਿਚ ਸੁਹੰਦੀਆ=ਸੋਭਨੀਕ ਹਨ, ਜੋ ਹਰੀ ਰੂਪ ਪਤੀ ਦੇ ਨਾਲ ਬੈਠੀਆਂ ਹਨ, ਅਰਥਾਤ ਭਜਨ ਸਿਮਰਨ ਵਿਚ ਜੁੜੀਆਂ ਰਹਿੰਦੀਆਂ ਹਨ।

ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥

ਮੈਂ ਉਨ੍ਹਾਂ ਦੀ ਕੀ ਸੋਭਾ ਗਿਨਣਾਂ ਕਰਾਂ, ਜਿਨ੍ਹਾਂ ਨੂੰ ਸਾਹਿਬ ਨੇ ਆਪਣੇ ਨਾਲ ਮੇਲ ਲਿਆ ਹੈ।

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥

ਜੋ ਸੰਤਾਂ ਰੂਪ ਸਹੇਲੀਆਂ ਨਾਲ ਮਿਲੀਆਂ ਹਨ, ਰਾਮ ਨਾਲ ਮਿਲ ਕੇ ਉਨ੍ਹਾਂ ਦਾ ਤਨ ਮਨ ਮਉਲਿਆ=ਪ੍ਰਫੁਲਤ ਹੋ ਗਿਆ ਹੈ।

ਅਥਵਾ:-ਉਨ੍ਹਾਂ ਦਾ ਤਨ ਮਨ ਰਾਮ ਨਾਲ ਮਉਲਿਆ=ਮਿਲ ਗਿਆ ਹੈ।

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥

ਜੋ ਸੰਤ ਜਨਾਂ ਦੇ ਸਤਸੰਗ ਤੋਂ ਬਾਹਰ ਰਹਿੰਦੀਆਂ ਹਨ, ਉਹ ਇਕੱਲੀਆਂ ਰਹਿੰਦੀਆਂ ਹਨ ਅਰਥਾਤ ਉਨ੍ਹਾਂ ਦਾ ਹਰੀ ਪਤੀ ਨਾਲ ਮਿਲਾਪ ਨਹੀਂ ਹੁੰਦਾ।

ਤਿਨ ਦੁਖੁ ਨ ਕਬਹੂ ਉੱਤਰੈ ਸੇ ਜਮਿ ਕੈ ਵਸਿ ਪੜੀਆਹ॥

ਉਨ੍ਹਾਂ ਦਾ ਦੁਖ ਕਦੇ ਉੱਤਰਦਾ (ਲਹਿੰਦਾ) ਨਹੀਂ, ਉਹ ਅੰਤ ਨੂੰ ਜਮਾਂ ਦੇ ਵਸ ਵਿਚ ਪੈਣਗੀਆਂ।

ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥

ਜਿਨ੍ਹਾਂ ਸਖੀਆਂ ਨੇ ਆਪਣੇ ਪ੍ਰਭੂ ਦੇ ਅਨੰਦ ਨੂੰ ਰਾਵਿਆ=ਭੋਗਿਆ ਹੈ, ਉਹ ਨਿਤ=ਹਮੇਸ਼ਾਂ ਹੀ ਪ੍ਰਭੂ ਦੇ ਦਰਬਾਰ ਵਿਚ ਖੜੀਆਂ (ਸਾਵਧਾਨ) ਦਿਸਦੀਆਂ ਹਨ।

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥

ਰਤਨ=ਵੈਰਾਗ, ਜਵੇਹਰ=ਗਿਆਨ, ਲਾਲ=ਪ੍ਰੇਮ, ਮੋਤੀ=ਸ਼ੁੱਧਤਾ, ਮਣੀ=ਭਗਤੀ ਇਤਿਆਦਿਕ ਸ਼ੁਭ ਗੁਣ ਹਰੀ ਨੇ ਉਨ੍ਹਾਂ ਦੇ ਕੰਠਿ=ਗਲ ਵਿਚ ਜੜ ਦਿੱਤੇ ਹਨ।

ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਤੂੰ ਉਨ੍ਹਾਂ ਦੀ ਚਰਨ ਧੂੜੀ ਨੂੰ ਬਾਂਛੈ=ਚਾਹੁਣਾ ਕਰ, ਜੋ ਪ੍ਰਭੂ ਦੇ ਦਰਵਾਜ਼ੇ ਦੀ ਸ਼ਰਨ ਵਿਚ ਪਈਆਂ ਹਨ।

ਅਥਵਾ:-ਸਤਸੰਗ ਦਰਵਾਜ਼ੇ ਅੰਦਰ ਆ ਕੇ ਜੋ ਪ੍ਰਭੂ ਦੀ ਸ਼ਰਨ ਵਿਚ ਪਈਆਂ ਹਨ।

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥ ੬੬॥ (ਪੰਨਾ ੧੩੬੭)

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥ ੧੦॥

ਮੱਘਰ ਦੁਆਰਾ ਕਥਨ ਕਰਦੇ ਹਨ-ਜੋ ਪ੍ਰਭੂ ਨੂੰ ਅਰਾਧਣਾ ਕਰਦੀਆਂ ਹਨ, ਉਹ ਬਹੁੜਿ=ਮੁੜ ਕੇ ਜੰਮਦੀਆਂ ਮਰਦੀਆਂ ਨਹੀਂ ਹਨ॥ ੧੦॥

ਪੋਹ ਦਾ ਮਹੀਨਾ-(ਹੁਣ ਪੋਹ ਦੇ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ, ਕਿ ਜਿਸ ਦਾ ਮਨ ਤਨ ਪ੍ਰਭੂ ਦੇ ਸਿਮਰਨ ਵਿਚ ਜੁੜ ਗਿਆ ਹੈ ਉਸ ਨੂੰ ਪੋਹ ਮਹੀਨੇ ਦੀ ਠੰਡਕ ਦੁਖ ਨਹੀਂ ਦੇ ਸਕਦੀ)।

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥

ਪੋਖਿ=ਪੋਹ ਦੁਆਰਾ ਕਥਨ ਕਰਦੇ ਹਨ, ਉਸ ਨੂੰ ਜੜ੍ਹਤਾ ਰੂਪ ਤੁਖਾਰੁ=ਬਰਫ ਨਹੀਂ ਵਿਆਪਦੀ, ਜਿਨ੍ਹਾਂ ਦੇ ਗਲ ਨਾਲ ਹਰੀ ਨਾਹੁ=ਪਤੀ ਮਿਲਿਆ ਹੈ।

ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥

ਜਿਨ੍ਹਾਂ ਦਾ ਮਨ ਗੁਰਾਂ ਦੇ ਚਰਨਾਰਬਿੰਦ=ਚਰਨ ਕਵਲਾਂ ਨਾਲ ਬੇਧਿਆ=ਵਿੰਨਿਆ ਗਿਆ ਹੈ ਭਾਵ ਤਦਾਕਾਰ ਹੋਇਆ ਹੈ, ਉਨ੍ਹਾਂ ਨੂੰ ਸਾਹੁ=ਪ੍ਰਮਾਤਮਾ ਦਾ ਦਰਸ਼ਨ ਲਗੜਾ=ਪਰਾਪਤ ਹੋਇਆ ਹੈ।

ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥

ਜਿਨ੍ਹਾਂ ਨੇ ਗੋਬਿੰਦ ਗੋਪਾਲ ਰਾਜੇ ਦੀ ਓਟ ਲੈ ਕੇ ਸੁਆਮੀ ਦੀ ਸੇਵਾ ਕੀਤੀ ਹੈ ਉਨ੍ਹਾਂ ਨੇ ਆਪਣੇ ਜਨਮ ਦਾ ਲਾਹੁ=ਲਾਭ ਖੱਟ ਲਿਆ ਹੈ।

ਅਥਵਾ:-ਜਿਨ੍ਹਾਂ ਨੇ ਗੋਬਿੰਦ ਗੋਪਾਲ ਰਾਜੇ ਦੀ ਓਟ ਫੜੀ ਹੈ, ਉਨ੍ਹਾਂ ਨੂੰ ਸੁਆਮੀ ਦੀ ਸੇਵਾ ਦਾ ਲਾਹੁ=ਲਾਭ ਪ੍ਰਾਪਤ ਹੋਇਆ ਹੈ।

ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥

ਜੋ ਸੰਤਾਂ ਨਾਲ ਮਿਲ ਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਹੁ=ਗਾਇਣ ਕਰਦਾ ਹੈ, ਵਾ:-ਗੁਣਾਂ ਦਾ ਗਾਹੁ=ਵਿਚਾਰ ਕਰਦਾ ਹੈ ਉਸ ਨੂੰ ਬਿਖਿਆ=ਮਾਇਆ ਨਹੀਂ ਪੋਹ ਸਕਦੀ।

ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥

ਜਿਸ ਦੇ ਅੰਦਰ ਸੱਚੀ ਪ੍ਰੀਤੀ ਦਾ ਸਮਾਹੁ=ਸਮਾੜ੍ਹਾ (ਅਨੰਦ) ਪਰਾਪਤ ਹੋਇਆ ਹੈ, ਉਹ ਜੀਵ ਰੂਪ ਇਸਤ੍ਰੀ ਜਿਸ ਬ੍ਰਹਮ ਤੋਂ ਪੈਦਾ ਹੋਈ ਸੀ ਮੁੜ ਉਸੇ ਬ੍ਰਹਮ ਵਿਚ ਜਾ ਮਿਲੀ।

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥

ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥

ਜਿਸ ਦੇ ਮਨ ਰੂਪ ਕਰੁ=ਹੱਥ ਨੂੰ ਪਾਰਬ੍ਰਹਮ ਨੇ ਫੜ ਲਿਆ ਹੈ, ਜਾਂ ਪਾਰਬ੍ਰਹਮ ਨੇ ਜਿਹੜੀ ਜੀਵ ਰੂਪ

ਇਸਤ੍ਰੀ ਮਨ ਰੂਪ ਹੱਥ ਤੋਂ ਫੜ ਲੀਤੀ ਹੈ, ਉਹ ਮੁੜ ਕੇ ਉਸ ਨਾਲੋਂ ਵਿੱਛੁੜਦੀ ਨਹੀਂ ਹੈ।

ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥

ਜੋ ਹਰੀ ਸੱਜਣ ਅਗਮ=ਖੌਫ ਤੋਂ ਰਹਤਿ, ਤੇ ਅਗਾਹੁ=ਅਗਾਧ, ਵਾ:-ਅਪਕੜ ਹੈ, ਉਸ ਤੋਂ ਮੈਂ ਲੱਖਾਂ ਵਾਰੀ ਬਲਿਹਾਰ ਜਾਂਦਾ ਹਾਂ।

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥

.ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪ੍ਰਭੂ ਦੇ ਦਰਵਾਜ਼ੇ ਤੇ ਪੈ ਗਏ (ਡਿਗ ਪਏ) ਤਾਂ ਨਰਾਇਣ ਨੂੰ ਸਰਮ (ਲੱਜਾ) ਪੈ ਗਈ ਕਿ ਇਹ ਮੇਰੇ ਦਰ ਤੇ ਡਿਗ ਪਿਆ ਹੈ ਇਸ ਦੀ ਹੁਣ ਜ਼ਰੂਰ ਸਹਾਇਤਾ ਕਰਨੀ ਹੈ। ਏਸੇ ਗੱਲ ਨੂੰ ਮੁਖ ਰੱਖ ਕੇ ਕਬੀਰ ਜੀ ਨੇ ਕਿਹਾ ਹੈ:-

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤਾਂ ਹਰਿ ਕੈ ਦੁਆਰ ॥
ਮਤ ਹਰਿ ਪੂਛੇ ਕਉਨੁ ਹੈ ਪਰਾ ਹਮਾਰੈ ਬਾਰ ॥ ੬੧ ॥ *(ਪੰਨਾ ੧੩੬੭)*

ਪੋਖੁ ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥ ੧੧ ॥

ਪੋਖੁ=ਪੋਹ ਮਹੀਨੇ ਦੁਆਰਾ ਕਥਨ ਕਰਦੇ ਹਨ, ਉਸ ਨੂੰ ਸਾਰੇ ਸੁਖ ਸੋਹੰਦਾ=ਸੋਭਦੇ ਹਨ, ਜਿਸ ਨੂੰ ਬੇਪਰਵਾਹ ਪ੍ਰਮਾਤਮਾ ਬਖਸ਼ਦਾ ਹੈ ॥੧੧ ॥

ਮਾਘ ਦਾ ਮਹੀਨਾ-ਅਗਲੇ ਮਾਘ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ ਕਿ ਦੁਨੀਆਂ ਦੇ ਲੋਕ ਤਾਂ ਮਾਘ ਮਹੀਨੇ ਵਿਚ ਪਰਾਗਰਾਜ ਆਦਿਕ ਤੀਰਥਾਂ ਉੱਪਰ ਜਾ ਕੇ ਇਸ਼ਨਾਨ ਤੇ ਦਾਨ ਪੁੰਨ ਆਦਿਕ ਕਰਦੇ ਹਨ। ਪਰ ਤੈਨੂੰ ਚਾਹੀਦਾ ਹੈ ਸਤਸੰਗ ਵਿਚ ਜਾ ਕੇ ਸੰਤਾਂ ਦੀ ਚਰਨ ਧੂੜੀ ਪਰਾਪਤ ਕਰਕੇ ਪ੍ਰਭੂ ਦੇ ਨਾਮ ਨੂੰ ਸੁਣਕੇ ਧਿਆਉਣਾ ਕਰ, ਜਿਸ ਤੇ ਤੇਰੀ ਜਨਮਾਂ ਜਨਮਾਂਤਰਾਂ ਦੀ ਮੈਲ ਉੱਤਰ ਜਾਏਗੀ।

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥

ਮਾਘ ਦੁਆਰਾ ਕਥਨ ਕਰਦੇ ਹਨ-ਜਿਵੇਂ ਮਾਘ ਦੇ ਮਹੀਨੇ ਲੋਕ ਪਰਾਗਰਾਜ ਜਾ ਕੇ ਤ੍ਰਿਬੇਣੀ ਵਿਚ ਇਸ਼ਨਾਨ ਦਾ ਅਧਿਕ ਮਹਾਤਮ ਸਮਝਦੇ ਹਨ, ਤਿਵੇਂ ਸਾਧੂਆਂ ਦੇ ਨਾਲ ਮਿਲ ਕੇ ਜੋ ਪੁਰਸ਼ ਉਨ੍ਹਾਂ ਦੀ ਚਰਨ ਧੂੜੀ ਵਿਚ ਇਸ਼ਨਾਨ ਕਰਦਾ ਹੈ ਉਸ ਨੂੰ ਘਰ ਬੈਠਿਆਂ ਹੀ ਮਜਨੁ=ਪੁਰਬਾਂ ਦੇ ਇਸ਼ਨਾਨ ਦਾ ਫਲ ਪਰਾਪਤ ਹੋ ਜਾਂਦਾ ਹੈ।

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥

ਹੇ ਭਾਈ ! ਸਾਧੂਆਂ ਦੀ ਸੰਗਤ ਵਿਚ ਬੈਠ ਕੇ ਹਰੀ ਨਾਮ ਦਾ ਧਿਆਉਣਾ ਕਰ, ਹਰੀ ਨਾਮ ਨੂੰ ਕੰਨਾਂ ਦੁਆਰੇ ਸੁਣਨਾ ਕਰ, ਅਤੇ ਸਾਰਿਆਂ ਨੂੰ ਯਥਾ ਸ਼ਕਤਿ ਦਾਨ ਦੇਣਾ ਕਰ।

ਜਨਮ ਕਰਮ ਮਲੁ ਉੱਤਰੈ ਮਨ ਤੇ ਜਾਇ ਗੁਮਾਨੁ ॥

ਤਾਂ ਜਨਮਾਂ ਜਨਮਾਂਤਰਾਂ ਦੀ ਕਰਮਾਂ ਰੂਪੀ ਮੈਲ ਉੱਤਰ ਜਾਂਦੀ ਹੈ, *ਅਥਵਾ:*-ਜਨਮ ਦੇਣ ਵਾਲੇ ਸੰਚਤ ਕਰਮਾਂ ਦੀ ਮੈਲ ਉੱਤਰ ਜਾਂਦੀ ਹੈ, ਅਤੇ ਮਨ ਵਿਚੋਂ ਜ਼ਾਤੀ, ਵਿੱਦਿਆ, ਧਨ ਆਦਿਕਾਂ ਦਾ ਗੁਮਾਨੁ=ਹੰਕਾਰ ਚਲਿਆ ਜਾਂਦਾ ਹੈ।

[ਪੰਨਾ ੧੩੬]

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥

ਕਾਮ ਕ੍ਰੋਧ ਅਤੇ ਮੋਹੀਐ=ਮੋਹ ਭੀ ਨਹੀਂ ਰਹਿੰਦਾ, ਵਾ:-ਕਾਮ ਕ੍ਰੋਧ ਆਦਿਕ ਕੋਈ ਸ਼ੱਤਰੂ ਭੀ ਨਹੀਂ ਮੋਂਹਦਾ ਅਤੇ ਲੋਭ ਰੂਪੀ ਸੁਆਨੁ=ਕੁੱਤਾ ਭੀ ਬਿਨਸੈ=ਬਿਨਸ ਜਾਂਦਾ (ਮਰ ਜਾਂਦਾ) ਹੈ।

ਯਥਾ:- ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥ *(ਪੰਨਾ ੧੫)*

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥

ਪ੍ਰਭੂ ਦੇ ਨਾਮ ਭਗਤੀ, ਵਾ:-ਪ੍ਰੇਮ ਰੂਪ ਸੱਚੇ ਰਸਤੇ ਉੱਪਰ ਚਲਣ ਵਾਲਿਆਂ ਦੀ ਸਾਰਾ ਜਗਤ ਉਸਤਤੀ ਕਰਦਾ ਹੈ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥

ਸਾਰਿਆਂ ਜੀਵਾਂ ਉੱਪਰ, ਅਤੇ ਆਪਣੇ ਜੀਅ ਉੱਤੇ ਜਿਹੜੀ ਦਇਆ ਕਰਨੀ ਹੈ, ਇਹ ਅਠਾਹਠ ਤੀਰਥਾਂ ਦੇ ਇਸ਼ਨਾਨ ਤੇ ਸਾਰੇ ਪੁੰਨਾਂ ਦੇ ਪਰਵਾਨੁ=ਸਦੱਰਸ ਹੈ।

*ਅਥਵਾ:-*ਜਿਸ ਨੇ ਨਾਮ ਜਪਿਆ ਹੈ ਉਸ ਦੇ ਅਠਾਹਠ ਤੀਰਥਾਂ ਦਾ ਇਸ਼ਨਾਨ, ਤੇ ਸਾਰੇ ਪੁੰਨ, ਜੀਵਾਂ ਉੱਪਰ ਦਇਆ ਕਰਨੀ ਇਤ ਆਦਿਕ ਸਾਰੇ ਕਰਮ ਪਰਵਾਨ ਹੋ ਗਏ ਹਨ।

ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥

ਜਿਸ ਮਨੁੱਖ ਨੂੰ ਪ੍ਰਮਾਤਮਾ ਦਇਆ ਕਰਕੇ ਨਾਮ ਸਿਮਰਨ ਦੇਂਦਾ ਹੈ ਓਹੀ ਸੁਜਾਨੁ=ਚਤੁਰ ਮਨੁੱਖ ਹੈ।

ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥

ਜਿਨ੍ਹਾਂ ਗੁਰਮੁਖਾਂ ਨੂੰ ਆਪਣਾ ਪ੍ਰਭੂ ਪ੍ਰਮਾਤਮਾ ਮਿਲਿਆ ਹੈ ਗੁਰੂ ਜੀ ਕਥਨ ਕਰਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ॥

ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥ ੧੨॥

ਮਾਘ ਦੁਆਰਾ ਕਥਨ ਕਰਦੇ ਹਨ, ਉਹ ਮਨੁੱਖ ਸੁਚੇ=ਪਵਿੱਤ੍ਰ ਕਹੇ ਜਾਂਦੇ ਹਨ, ਜਿਨ੍ਹਾਂ ਉੱਤੇ ਪੂਰਾ ਗੁਰੂ ਮਿਹਰਵਾਨ=ਕਿਰਪਾਲੂ ਹੋਇਆ ਹੈ॥ ੧੨॥

ਫੱਗਣ ਦਾ ਮਹੀਨਾ-ਹੁਣ ਇਸ ਫੱਗਣ ਦੇ ਮਹੀਨੇ ਵਿਚ ਗੁਰਦੇਵ ਜੀ ਜਗਿਆਸੂ ਨੂੰ ਸਮਝਾਂਦੇ ਹਨ, ਕਿ ਜਿਨ੍ਹਾਂ ਗੁਰਮੁਖ ਇਸਤ੍ਰੀਆਂ ਨੇ ਸਤਸੰਗ ਵਿਚ ਜਾ ਕੇ ਮਹਾਤਮਾਂ ਨਾਲ ਮਿਲਕੇ ਵਾਹਿਗੁਰੂ ਦੇ ਮੰਗਲਦਾਇਕ ਗੀਤ ਗਾਏ ਹਨ, ਉਨ੍ਹਾਂ ਨੂੰ ਪ੍ਰਭ ਦੀ ਪਰਾਪਤੀ ਕਰਕੇ ਆਨੰਦ ਹੋਇਆ ਹੈ।

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥

ਫਲਗੁਣਿ=ਫੱਗਣ ਦੁਆਰਾ ਕਥਨ ਕਰਦੇ ਹਨ, ਉਨ੍ਹਾਂ ਪੁਰਸ਼ਾਂ ਨੂੰ ਅਨੰਦ ਉਪਾਰਜਨਾ=ਪੈਦਾ ਹੁੰਦਾ ਹੈ, ਜਿਨ੍ਹਾਂ ਨੂੰ ਹਰੀ ਸੱਜਣ ਆ ਕੇ ਪਰਗਟ ਹੁੰਦਾ ਹੈ।

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥

ਰਾਮ ਦੇ ਨਾਲ ਮਿਲਾਣ ਲਈ ਸੰਤ ਹੀ ਸਹਾਇਕ ਹਨ।

ਅਥਵਾ:-ਰਾਮ ਦੇ ਸੰਤ ਸਹਾਇਕ ਹਨ, ਅਥਵਾ:-ਰਾਮ ਦੇ ਨਾਮ ਦਾ ਸਿਮਰਨ ਕਰਨ ਵਾਲੇ ਸੰਤ ਹੀ ਸਹਾਇਕ ਹਨ, ਜਿਨ੍ਹਾਂ ਨੇ ਕਿਰਪਾ ਕਰਕੇ ਰਾਮ ਨਾਲ ਮਿਲਾ ਦਿੱਤਾ ਹੈ।

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥

ਰਾਮ ਨਾਲ ਮਿਲਣ ਕਰਕੇ, ਅੰਤਹਕਰਨ ਰੂਪ ਸੇਜਾ ਸੋਭਨੀਕ ਹੋਈ ਹੈ ਤੇ ਸਾਰੇ ਸੁਖ ਪਰਾਪਤ ਹੋਏ, ਜਿਸ ਤੇ ਹੁਣ ਦੁਖਾਂ ਨੂੰ ਕੋਈ ਜਾਇ=ਜਗ੍ਹਾ ਨਹੀਂ ਰਹੀ।

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥

ਜਿਸ ਨੇ ਹਰੀ ਰਾਇ ਰੂਪ ਵਰੁ=ਪਤੀ ਨੂੰ ਪਾਇਆ ਹੈ, ਉਸ ਵਡਭਾਗਣੀ ਦੀ ਇੱਛਾ ਪੁਨੀ=ਪੂਰੀ ਹੋਈ ਹੈ। ਅਤੇ ਉਸਦੀਆਂ-

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥

ਇੰਦ੍ਰੀਆਂ ਰੂਪ ਸਖੀਆਂ ਮਿਲ ਕੇ ਪ੍ਰਭੂ ਦੇ ਮੰਗਲਾਂ ਨੂੰ ਗਾਂਵਦੀਆਂ ਹਨ, ਅਤੇ ਗੋਬਿੰਦ ਦੇ ਗੀਤ=ਜਸ ਨੂੰ ਕਥਨ ਕਰਦੀਆਂ ਹਨ।

ਅਥਵਾ:-ਜਿਸ ਜਗ੍ਹਾ ਮਹਾਤਮਾਂ ਰੂਪ ਸਖੀਆਂ ਮਿਲ ਕੇ ਪ੍ਰਮੇਸ਼ਰ ਦੇ ਮੰਗਲਾਂ ਨੂੰ ਗਾਇਣ ਕਰਦੀਆਂ ਹਨ, ਉਨ੍ਹਾਂ ਨਾਲ ਮਿਲ ਕੇ ਹੇ ਪੁਰਸ਼ਾ ! ਤੂੰ ਭੀ ਗੋਬਿੰਦ ਦੇ ਗੀਤ=ਜਸ ਨੂੰ ਉਚਾਰਨਾ ਕਰ।

ਅਥਵਾ:-ਜੈਦੇਵ ਭਗਤ ਦਾ ਬਨਾਇਆ ਹੋਇਆ ਗੀਤ ਗੋਵਿੰਦ, ਗ੍ਰੰਥ ਵੀ ਪ੍ਰਮੇਸ਼ਰ ਦੇ ਜਸ ਨੂੰ ਕਥਨ ਕਰਦਾ ਹੈ।

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥

ਹਰੀ ਵਰਗਾ ਹੋਰ ਕੋਈ ਨਹੀਂ ਦਿਸਦਾ ਉਸ ਦੇ ਲਵੈ=ਸਦੱਰਸ (ਬਰਾਬਰ) ਦੂਜਾ ਕੋਈ ਨਹੀਂ ਲਗਦਾ।

ਹਲਤੁ ਪਲਤੁ ਸਵਾਰਿਓਨੁ ਨਿਹਚਲੁ ਦਿਤੀਅਨੁ ਜਾਇ॥

ਉਸ ਪ੍ਰਭੂ ਨੇ ਹਲਤੁ ਪਲਤੁ=ਲੋਕ ਪ੍ਰਲੋਕ ਸਵਾਰ ਦਿੱਤਾ ਹੈ, ਅਤੇ ਰਹਿਣ ਲਈ ਨਿਸਚਲ ਜਾਇ=ਜਗ੍ਹਾ ਬਖਸ਼ ਦਿੱਤੀ ਹੈ।

ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥

ਸੰਸਾਰ ਸਮੁੰਦਰ ਤੋਂ ਬਚਾ ਰੱਖਿਆ ਹੈ, ਮੁੜ ਕੇ ਜਨਮ ਮਰਨ ਵਿਚ ਧਾਇ=ਦੌੜਦਾ ਨਹੀਂ ਹੈ।

ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਮਾਤਮਾ ਦੇ ਗੁਣ ਅਨੇਕਾਂ ਹਨ ਅਤੇ ਅਸਾਡੀ ਜਿਹਵਾ=ਜੀਭ ਇੱਕ ਹੈ ਅਸੀਂ ਉਸ ਦੇ ਗੁਣ ਕਥਨ ਨਹੀਂ ਕਰ ਸਕਦੇ, ਜੋ ਪੁਰਸ਼ ਉਸ ਦੀ ਚਰਨੀਂ ਪਏ ਹਨ ਉਹ ਸੰਸਾਰ ਸਮੁੰਦਰ ਤੋਂ ਤਰ ਗਏ ਹਨ।

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥ ੧੩॥

ਫਲਗੁਣਿ=ਫੱਗਣ ਦੁਆਰਾ ਕਥਨ ਕਰਦੇ ਹਨ; ਉਸ ਪ੍ਰਮਾਤਮਾ ਨੂੰ ਹਮੇਸ਼ਾਂ ਸਲਾਹੁਣਾ ਕਰੋ, ਜਿਸ ਨੂੰ ਤਿਲ ਜਿੰਨਾ ਭੀ ਤਮਾਇ=ਤਮੋਗੁਣ ਨਹੀਂ।

ਅਥਵਾ:-ਤਿਲ ਮਾਤ੍ਰ ਵੀ ਜਿਸ ਨੂੰ ਕੋਈ ਤਮਾਇ=ਤਮਾ (ਖ੍ਵਾਹਸ਼) ਨਹੀਂ ਹੈ॥ ੧੩॥

-ਨਾਮੁ ਸਿਮਰਨ ਦਾ ਮਹਾਤਮ-

ਗੁਰਦੇਵ ਜੀ ਬਾਰ੍ਹਾਂ ਮਹੀਨਿਆਂ ਦੀ ਸਮਾਪਤੀ ਕਰਕੇ ਇਸ ਬਾਣੀ ਦੇ ਪੜ੍ਹਨ ਦਾ ਫਲ, ਅਤੇ ਨਾਮ ਸਿਮਰਨ ਦਾ ਮਹਾਤਮ ਜਗਿਆਸੂ ਨੂੰ ਸ੍ਰਵਨ ਕਰਾਉਂਦੇ ਹਨ।

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥

ਜਿਨ੍ਹਾਂ ਜਿਨ੍ਹਾਂ ਨੇ ਵਾਹਿਗੁਰੂ ਨਾਮ ਧਿਆਉਣਾ ਕੀਤਾ ਹੈ, ਉਨ੍ਹਾਂ ਉਨ੍ਹਾਂ ਦੇ ਸਾਰੇ ਕੰਮ ਸਰੇ=ਪੂਰੇ ਹੋ ਗਏ ਹਨ।

ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥

ਜਿਨ੍ਹਾਂ ਨੇ ਪੂਰੇ ਗੁਰਾਂ ਦੁਆਰੇ ਹਰੀ ਨਾਮ ਨੂੰ ਅਰਾਧਿਆ ਹੈ ਉਹ ਸੱਚੀ ਦਰਗਾਹ ਵਿਚ ਖਰੇ=ਚੰਗੇ ਸਚਿਆਰ ਹੋਏ ਹਨ।

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥

ਸਾਰਿਆਂ ਸੁਖਾਂ ਦੇ ਨਿਧਿ=ਖਜ਼ਾਨੇ ਜੋ ਹਰੀ ਦੇ ਚਰਨ ਹਨ ਉਨ੍ਹਾਂ ਚਰਨਾਂ ਦਾ ਧਿਆਨ ਧਾਰ ਕੇ ਗੁਰਮੁਖ ਬਿਖਮੁ=ਕਠਨ ਸੰਸਾਰ ਸਮੁੰਦਰ ਤੋਂ ਸੁਖੈਣ ਤਰ ਗਏ ਹਨ।

ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥

ਤਿਨ੍ਹਾਂ ਨੇ ਪ੍ਰੇਮਾ ਭਗਤੀ ਨੂੰ ਪਾਣਾ ਕੀਤਾ ਹੈ, ਇਸ ਲਈ ਉਹ ਵਿਸ਼ਿਆਂ ਰੂਪ ਅਗਨੀ ਵਿਚ

ਅਥਵਾ:-ਬਿਖਿਆ=ਮਾਇਆ ਦੀ ਤ੍ਰਿਸ਼ਨਾਂ ਰੂਪ ਅਗਨੀ ਵਿਚ ਜਰੇ=ਸੜਦੇ ਨਹੀਂ ਹਨ।

ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥

ਉਨ੍ਹਾਂ ਦੇ ਅੰਦਰੋਂ ਝੂਠ ਆਦਿਕ ਵਿਕਾਰ ਚਲੇ ਗਏ ਹਨ, ਵਾ:-ਝੂਠੇ ਸੰਕਲਪ ਮਿਟ ਗਏ ਹਨ ਤੇ ਦ੍ਵੈਤ ਭੀ ਨੱਸ ਗਈ ਹੈ, ਸ਼ੁਭ ਗੁਣਾਂ ਨਾਲ ਪੂਰਨ ਹੋ ਕੇ ਸੱਚ ਨਾਮ ਰੂਪ ਅੰਮ੍ਰਿਤ ਨਾਲ ਮਨ ਆਦਿਕ ਇੰਦ੍ਰੇ ਭਰ ਲੀਤੇ ਹਨ॥

ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥

ਹਰ ਵੇਲੇ ਪਾਰਬ੍ਰਹਮ ਪ੍ਰਭੂ ਨੂੰ ਸੇਂਵਦੇ ਰਹਿੰਦੇ ਹਨ, ਅਤੇ ਮਨ ਅੰਦਰ ਇੱਕ ਨੂੰ ਧਾਰੀ ਰੱਖਦੇ ਹਨ।

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥

ਉਸ ਦੇ ਸਾਰੇ ਮਹੀਨੇ, ਦਿਨ ਤੇ ਮੂਰਤ=ਦੋ ਘੜੀਆਂ ਦੇ ਸਮੇਂ ਸਾਰੇ ਭਲੇ=ਚੰਗੇ ਹਨ, ਜਿਸ ਨੂੰ ਵਾਹਿਗੁਰੂ

ਕਿਰਪਾ ਦ੍ਰਿਸ਼ਟੀ ਨਾਲ ਵੇਖਣਾ ਕਰਦਾ ਹੈ।

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥ ੧੪॥ ੧॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ਮੈਂ ਦਰਸ਼ਨ ਦਾ ਦਾਨ ਮੰਗਦਾ ਹਾਂ, ਆਪ ਕਿਰਪਾ ਕਰਕੇ ਦਰਸ਼ਨ ਬਖਸ਼ਣਾ ਕਰੋ॥ ੧੪॥ ੧॥

ਇੱਥੋਂ ਤਕ ਬਾਰਹ ਮਾਹਾ ਉਚਾਰਨ ਕਰਕੇ ਗੁਰੂ ਜੀ ਨੇ ਕਿਹਾ, ਹਰ ਸੰਗ੍ਰਾਂਦ ਵਾਲੇ ਦਿਨ ਯਥਾਸ਼ਕਤ ਭੇਟਾ ਲਿਜਾ ਕੇ ਗੁਰਦੁਆਰੇ ਜਾਂ ਧਰਮਸਾਲਾ ਜਾ ਕੇ ਮਹੀਨੇ ਦਾ ਨਾਮ ਸੁਨਣਾ ਜਾਂ ਪੜ੍ਹਨਾ ਤਾਂ ਵਾਹਿਗੁਰੂ ਤੁਹਾਡੇ ਮਨ ਦੇ ਸ਼ੁਭ ਸੰਕਲਪ ਪੂਰੇ ਕਰੇਗਾ।

[ਬਾਰਹ ਮਾਹਾ ਸਮਾਪਤ]



ਮਾਝ ਮਹਲਾ ੫ ਦਿਨ ਰੈਣਿ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ ਦਿਨ ਰਾਤ ਕਿਵੇਂ ਸਫਲ ਹੁੰਦੇ ਹਨ? ਇਸ ਲਈ ਗੁਰੂ ਸਾਹਿਬਾਂ ਨੇ ਇਸ ਦਾ ਨਾਮ ਹੀ 'ਦਿਨ ਰੈਣਿ' ਰੱਖ ਦਿੱਤਾ ਹੈ। ਦਿਨ ਰੈਣਿ ਛੰਦ ਦੀ ਚਾਲ ਹੈ। ਤੀਜਾ ਭਾਵ ਇਹ ਹੈ ਕਿ ਰਾਤ ਦਿਨ ਉਸ ਦਾ ਸਿਮਰਨ ਕਰੋ। ਦਿਨ ਰੈਣਿ ਨੂੰ ਅਗਲੀ ਤੁਕ ਵਿਚ ਸਮਿਲਤ ਕਰਕੇ ਅਰਥ ਕਰਨਾ।

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ॥

ਹੇ ਭਾਈ ! ਆਪਣੇ ਸਤਿਗੁਰਾਂ ਨੂੰ ਸੇਵਣਾ ਕਰ, ਅਤੇ ਸਾਰਾ ਦਿਨ ਸਾਰੀ ਰਾਤ ਹਰੀ ਦਾ ਸਿਮਰਨ ਕਰ।

ਅਥਵਾ:-ਦਿਨ ਰੈਣਿ=ਇੱਕਰਸ ਸਭ ਸਮਿਆਂ ਵਿਚ ਹਰੀ ਦਾ ਸਿਮਰਨ ਕਰ, ਤਾਂ ਅਵਿੱਦਿਆ ਰੂਪੀ ਰੈਣ=ਰਾਤ ਤੋਂ ਗਿਆਨ ਰੂਪ ਦਿਨ ਉਦੇ ਹੋਵੇਗਾ॥

ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ॥

ਆਪਾ ਭਾ ਹੰਕਾਰ ਨੂੰ ਤਿਆਗ ਕੇ ਗੁਰ ਸ਼ਰਨ ਵਿਚ ਪੈਣਾ ਕਰ, ਅਤੇ ਮੂੰਹੋਂ ਮਿੱਠੇ ਵੈਣ=ਬਚਨ ਬੋਲਣਾ ਕਰ। ਤੇ ਇੰਝ ਬੇਨਤੀ ਕਰ:-

ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ॥

ਮੈਂ ਜਨਮਾਂ ਜਨਮਾਂਤਰਾਂ ਦਾ ਵਿੱਛੁੜਿਆ ਹੋਇਆ ਹਾਂ, ਹੇ ਹਰੀ ਸੱਜਣ ਇਸ ਲੋਕ ਦੇ ਸੈਣ=ਸਾਥੀ ਪ੍ਰਲੋਕ ਦੇ ਮੈਨੂੰ ਆਪਣੇ ਸੈਣ=ਸਾਥ (ਨਾਮ) ਮੇਲਣਾ ਕਰੋ।

ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ॥

ਜੋ ਜੀਵ ਹਰੀ ਤੋਂ ਵਿੱਛੁੜੇ ਹੋਏ ਹਨ, ਹੇ ਭੈਣੇ ! ਉਹ ਸੁਖੀ ਨਹੀਂ ਵਸਦੇ, ਵਾ:-ਚਾਹੇ ਉਹ *ਭੈਣੀ ਪਿੰਡ ਵਿਚ ਵਸਣ ਤੋਂਭੀ ਸੁਖੀ ਨਹੀਂ ਹੁੰਦੇ।

ਅਥਵਾ:-ਚਾਹੇਂ ਉਹ ਸਰੀਰ ਰੂਪ ਭੈਣੀ ਪਿੰਡ ਵਿਚ ਵਸਣ ਤੋਂਭੀ ਸੁਖੀ ਨਹੀਂ ਵਸਦੇ।

ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ॥

ਹਰੀ ਪਤੀ ਤੋਂ ਬਿਨਾਂ ਹੋਰ ਕਿਧਰੋਂ ਚੈਨੁ=ਅਨੰਦ ਨਹੀਂ ਪ੍ਰਾਪਤ ਹੁੰਦਾ, ਸਾਰੇ ਗੈਣ=ਅਕਾਸ਼,

ਵਾ-ਗੈਣ=ਗੈਲ ਅਰਥਾਤ ਰਸਤੇ ਢੂੰਡ ਵੇਖੇ ਹਨ।

ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ॥

ਆਪਣੇ ਕਰਮਾਂ ਦੇ ਕਮਾਏ ਅਨੁਸਾਰ ਇਹ ਪ੍ਰਭੂ ਤੋਂ ਵਿੱਛੁੜੀ ਹੋਈ ਹੈ, ਇਸ ਲਈ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ।

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ॥

ਹੇ ਪ੍ਰਭੂ ! ਕਿਰਪਾ ਕਰਕੇ ਮੈਨੂੰ ਰੱਖ ਲਵੋ; ਆਪ ਜੀ ਤੋਂ ਬਿਨਾਂ ਹੋਰ ਕੋਈ ਕਰਨ ਕਰਾਉਣ ਵਾਲਾ ਨਹੀਂ ਹੈ।

**ਭੈਣੀ ਪਿੰਡ ਜ਼ਿਲ੍ਹਾ ਲੁਧਿਆਣੇ ਵਿਚ ਹੈ।*

ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ॥

ਹੇ ਹਰੀ ! ਆਪ ਜੀ ਤੋਂ ਬਿਨਾਂ ਖਾਕ ਵਿਚ ਰੁਲਣਾ ਹੁੰਦਾ ਹੈ, ਆਪ ਜੀ ਤੋਂ ਬਿਨਾਂ ਹੋਰ ਕਿਥੈ=ਕਿਸ ਦੇ ਪਾਸ ਜਾ ਕੇ ਆਪਣਾ ਵੈਣ=ਬਚਨ ਅਰਥਾਤ ਹਾਲ ਕਹੀਏ।

ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ॥ ੧॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਦੀ ਏਹੋ ਬੇਨਤੀ ਹੈ ਕਿ ਸੁਰਜਨ ਹਰੀ ਨੂੰ ਅੱਖਾਂ ਨਾਲ ਹਰ ਥਾਂ ਤੇ ਦੇਖਣਾ ਕਰਾਂ॥ ੧॥

ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ॥

ਜੀਆਂ ਦੀ ਬਿਰਥਾ=ਗੱਲ ਬਾਤ, ਵਾ ਦੁਖਾਂ ਦੀ ਪੁਕਾਰ ਨੂੰ ਓਹੀ ਸੁਣਦਾ ਹੈ, ਜੋ ਹਰੀ ਪੁਰਖ ਅਪਾਰੁ=ਬੇਅੰਤ ਸਮਰੱਥਾ ਵਾਲਾ ਹੈ।

[ਪੰਨਾ ੧੩੭]

ਮਰਣਿ ਜੀਵਣਿ ਆਰਾਧਣਾ ਸਭਨਾ ਕਾ ਆਧਾਰੁ॥

ਜੀਵਣ ਤੋਂ ਲੈ ਕੇ ਮਰਣ ਪ੍ਰਯੰਤ ਪ੍ਰਮਾਤਮਾ ਨੂੰ ਅਰਾਧਣਾ ਕਰ, ਵਾ:-ਜੀਵਤ ਭਾ ਤੋਂ ਮਰ ਕੇ ਪ੍ਰਮੇਸ਼ਰ ਨੂੰ ਅਰਾਧਣਾ ਕਰ ਜੋ ਸਾਰਿਆਂ ਦਾ ਆਧਾਰੁ=ਆਸਰਾ ਰੂਪ ਹੈ।

ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ॥

ਸਸੁਰੈ=ਪ੍ਰਲੋਕ ਵਿਚ, ਪੇਈਐ=ਇਸ ਲੋਕ ਵਿਚ ਉਸ ਪਤੀ ਪ੍ਰਮਾਤਮਾ ਦੀ ਦਾਸੀ ਹੋ ਰਹਿਣਾ ਕਰ, ਜਿਸ ਪ੍ਰਮਾਤਮਾ ਦਾ ਇਹ ਸੰਸਾਰ ਹੀ ਵੱਡਾ ਪਰਵਾਰ ਹੈ। ਪੁਨਾ-

ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨ ਪਾਰਾਵਾਰੁ॥

ਜੋ ਪ੍ਰਮਾਤਮਾ ਸਾਰਿਆਂ ਤੋਂ ਊਚਾ ਹੈ, ਅਗਮ=ਪੈਂਡਾ ਤੇ ਰਹਿਤ ਹੈ, ਜਿਸ ਦਾ ਬੋਧ=ਗਿਆਨ ਭੀ ਅਗਾਧਿ=ਡੂੰਘਾ ਹੈ, ਜਿਸ ਦੇ ਪਾਰ ਉਰਵਾਰ ਦਾ ਕੁਝ ਅੰਤ ਨਹੀਂ ਆਉਂਦਾ।

ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ॥

ਸੇਵਾ ਕੀਤੀ ਹੋਈ ਓਹੀ ਸਫਲ ਹੈ ਜਿਹੜੀ ਤਿਸ ਪ੍ਰਮੇਸ਼ਰ ਨੂੰ ਭਾ ਜਾਵੇ, *ਅਥਵਾ:*-ਜਿਹੜੀ ਸ਼ਾਂਤੀ ਸੁਭਾਵ ਨਾਲ ਕੀਤੀ ਜਾਵੇ। ਅਤੇ ਸੰਤਾਂ ਦੀ ਚਰਨ ਧੂੜੀ ਦੇ ਗ੍ਰਹਿਣ ਕਰਨ ਵਾਲਾ ਹੋਵੇ।

ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ॥

ਉਹ ਪ੍ਰਮੇਸ਼ਰ ਦੀਨਾ ਨਾਥ=ਗਰੀਬਾਂ ਦਾ ਸੁਆਮੀ ਹੈ, ਦਿਆਲੂ ਦੇਵਤਾ ਹੈ,

ਵਾ:-ਦਿਆਲੂ ਸੁਭਾਅ ਵਾਲਾ ਹੈ ਤੇ ਦੇਵ=ਪ੍ਰਕਾਸ਼ ਰੂਪ ਹੈ, ਪਤਿਤ=ਪਾਪੀਆਂ ਦੇ ਉਧਾਰਨ ਹਾਰੁ=ਤਾਰਨ ਵਾਲਾ ਹੈ।

ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ॥

ਜਿਸ ਕਰਤਾਰ ਦਾ ਨਾਮ ਸੱਚਾ ਹੈ ਉਹ ਆਦਿ ਜੁਗਾਦੀ=ਸਦਾ ਸਦਾ ਰੱਖਦਾ ਆਇਆ ਹੈ।

ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ॥

ਉਸ ਦੀ ਕੀਮਤ ਨੂੰ ਕੋਈ ਜਾਣਦਾ ਨਹੀਂ ਹੈ, ਅਤੇ ਨਾਹੀ ਕੋਈ ਉਸ ਦੇ ਤੋਲਣ ਵਾਲਾ ਹੈ।

ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ॥

ਗੁਰੂ ਜੀ ਕਥਨ ਕਰਦੇ ਹਨ, ਉਹ ਪ੍ਰਭੂ ਮਨ ਤਨ ਦੇ ਅੰਦਰ ਵਸ ਰਿਹਾ ਹੈ
ਜਿਸ ਦੇ ਗੁਣਾਂ ਦੀ ਸੁਮਾਰੁ=ਗਿਣਤੀ ਨਹੀਂ ਆਉਂਦੀ।

ਦਿਨੁ ਰੈਣਿ ਜਿ ਪ੍ਰਭੁ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ॥ ੨॥

ਜਿਹੜੇ ਦਿਨ ਰਾਤ ਪ੍ਰਭੂ ਨੂੰ ਸੇਵਦੇ=ਜਪਦੇ ਹਨ, ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੨॥

ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ॥

ਜੋ ਪ੍ਰਭੂ ਸਾਰਿਆਂ ਦਾ ਬਖਸ਼ਿੰਦਾ ਹੈ, ਸੰਤ ਉਸ ਨੂੰ ਸਦਾ ਸਦਾ ਅਰਾਧਦੇ ਹਨ।

ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ॥

ਜਿਸ ਪ੍ਰਭੂ ਨੇ ਜੀਵ ਤੇ ਪਿੰਡੁ=ਸਰੀਰ ਨੂੰ ਬਣਾਇਆ ਹੈ, ਅਤੇ ਕਿਰਪਾ ਕਰਕੇ ਜਿਸ ਨੇ ਜਿੰਦੁ=ਜੀਵਣ ਕਲਾ (ਜ਼ਿੰਦਗੀ) ਵਾ=ਬੁੱਧੀ ਦੇਣਾ ਕੀਤੀ ਹੈ।

ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ॥

ਗੁਰ ਸ਼ਬਦ ਦੁਆਰਾ ਉਸ ਨੂੰ ਅਰਾਧਣਾ ਕਰੀਏ, ਅਤੇ ਉਸ ਦੇ ਨਿਰਮਲ ਮੰਤ੍ਰ ਨੂੰ ਜਪਣਾ ਕਰੀਏ।

ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ॥

ਉਸ ਦੀ ਕੀਮਤ ਕਹੀ ਨਹੀਂ ਜਾਂਦੀ, ਕਿਉਂਕਿ ਉਹ ਪ੍ਰਮੇਸ਼ਰ ਬੇਅੰਤ ਹੈ।

ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ॥

ਜਿਸ ਦੇ ਮਨ ਵਿਚ ਨਰਾਇਣ ਵਸਦਾ ਹੈ, ਉਹ ਪੁਰਸ਼ ਭਗਵੰਤ ਦਾ ਸਰੂਪ, ਵਾ-ਭਗਵੰਤੁ=ਭਾਗਾਂ ਵਾਲਾ ਕਿਹਾ ਜਾਂਦਾ ਹੈ।

ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ॥

ਜਿਸ ਨੂੰ ਸੁਆਮੀ ਪਤੀ ਪ੍ਰਮੇਸ਼ਰ ਮਿਲਿਆ ਹੈ ਉਸ ਦੇ ਮਨ ਦੀ ਲੋਚਾ ਪੂਰੀਐ=ਇੱਛਾ ਪੂਰਨ ਹੁੰਦੀ ਹੈ।

ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ॥

ਗੁਰੂ ਜੀ ਕਥਨ ਕਰਦੇ ਹਨ, ਜੋ ਹਰੀ ਨੂੰ ਜਪਕੇ ਜਿਉਂਦਾ ਹੈ ਉਸ ਦੇ ਸਾਰੇ ਦੋਸ਼ ਹੰਤੁ=ਨਾਸ ਹੋ ਗਏ ਹਨ।

ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ॥ ੩॥

ਜਿਸ ਨੂੰ ਦਿਨ ਰਾਤ ਵਾਹਿਗੁਰੂ ਨਾਮ ਭੁੱਲਦਾ ਨਹੀਂ ਹੈ, ਉਹ ਜੰਤ ਸ਼ੁਭ ਗੁਣਾਂ ਕਰਕੇ ਹਰਿਆ ਹੁੰਦਾ ਹੈ।

ਸਰਬ ਕਲਾ ਪ੍ਰਭ ਪੂਰਣੋ ਮੰਞੁ ਨਿਮਾਣੀ ਥਾਉ॥

ਜੋ ਪ੍ਰਭੂ ਸਾਰੀਆਂ ਕਲਾ=ਸ਼ਕਤੀਆਂ ਕਰਕੇ ਪੂਰਨ ਹੈ, ਮੈਂ ਨਿਮਾਣੀ ਦਾ ਓਹੀ ਥਾਂ ਹੈ।

ਹਰਿ ਓਟ ਗਹੀ ਮਨ ਅੰਦਰੇ ਜਪਿ ਜਪਿ ਜੀਵਾਂ ਨਾਉ ॥

ਓਸੇ ਹਰੀ ਦੀ ਓਟ ਮਨ ਵਿਚ ਫੜੀ ਹੈ, ਅਤੇ ਓਸੇ ਹਰੀ ਦੇ ਨਾਮ ਜਪ ਨੂੰ ਜਪਕੇ ਜਿਉਂਦਾ ਹਾਂ।

ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ ਸਮਾਉ ॥

ਹੇ ਪ੍ਰਭੂ ਮੇਰੇ ਉੱਪਰ ਆਪਣੀ ਕਿਰਪਾ ਦ੍ਰਿਸ਼ਟੀ ਕਰ, ਜੋ ਤੇਰੇ ਦਾਸਾਂ ਦੀ ਚਰਨ ਧੂੜੀ ਨਾਲ ਮੈਂ ਸਮਾਉ=ਮਿਲਿਆ ਰਹਾਂ।

ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ ॥

ਜਿਵੇਂ ਤੂੰ ਰੱਖਦਾ ਹੈਂ, ਤਿਵੇਂ ਮੈਂ ਰਹਿੰਦਾ ਹਾਂ, ਆਪ ਜੀ ਦਾ ਦਿੱਤਾ ਹੋਇਆ ਹੀ ਬਸਤਰ ਪਹਿਣਦਾ ਹਾਂ ਤੇ ਪਦਾਰਥ ਖਾਂਦਾ ਹਾਂ।

ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥

ਹੇ ਪ੍ਰਭੂ ! ਮੇਰੇ ਪਾਸੋਂ ਉਹ ਉੱਦਮ ਕਰਾਵੋ ਜੋ ਸੰਤਾਂ ਨਾਲ ਮਿਲ ਕੇ ਮੈਂ ਆਪ ਜੀ ਦੇ ਗੁਣ ਗਾਉਂਦਾ ਰਹਾਂ।

ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥

ਮੈਨੂੰ ਹੋਰ ਕੋਈ ਦੂਜੀ ਜਗ੍ਹਾ ਨਹੀਂ ਸੁੱਝਦੀ, ਆਪ ਜੀ ਤੋਂ ਬਿਨਾਂ ਮੈਂ ਹੋਰ ਕਿਸ ਦੇ ਪਾਸ ਜਾ ਕੇ ਕੂਕਣ=ਪੁਕਾਰ ਕਰਾਂ।

ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥

ਹੇ ਪ੍ਰਭੂ ਅਗਿਆਨ ਦੇ ਨਾਸ ਕਰਨ ਨੂੰ ਆਪ ਤਮ ਹਰਣ=ਸੂਰਜ ਰੂਪ ਹੋ।

*ਅਥਵਾ-*ਅਗਿਆਨ ਰੂਪ ਤਮ=ਹਨੇਰਾ ਜੋ ਨਾਸ ਕਰਨ ਯੋਗ ਹੈ, ਆਪ ਉਸ ਦੇ ਹਰਣ=ਅਭਾਵ ਕਰਨ ਵਾਲੇ ਹੋ।

*ਅਥਵਾ-*ਦਾਸਾਂ ਦੇ ਹਿਰਦੇ 'ਚੋਂ ਅਗਿਆਨ ਦੇ ਨਾਸ ਕਰਨ ਵਾਲੇ ਹੋ, ਅਤੇ ਤਮ=ਤਮੋਗੁਣ ਦੇ ਭੀ ਹਰਣ=ਨਾਸ ਕਰਨ ਵਾਲੇ ਹੋ।

*ਅਥਵਾ-*ਅਗਿਆਨ=ਅਵਰਨ ਸ਼ਕਤੀ ਦੇ ਨਾਸ ਕਰਨ ਵਾਲੇ ਹੋ ਤੇ ਤਮ ਹਰਣ=ਵਿਖੇਪ ਸ਼ਕਤੀ ਦੇ ਭੀ ਨਾਸ ਕਰਨ ਵਾਲੇ ਹੋ। ਸਾਰਿਆਂ ਤੋਂ ਊਚੇ ਹੋ, ਅਗਮ=ਪੌਂਹ ਤੋਂ ਰਹਿਤ ਹੋ, ਅਮਾਉ=ਮਾਪੇ ਤੋਂ ਰਹਿਤ ਹੋ।

ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ਮਨੁ=ਮੈਂ ਆਪ ਜੀ ਨਾਲੋਂ ਵਿੱਛੁੜਿਆ ਹੋਇਆ ਹਾਂ ਮੈਨੂੰ ਆਪਣੇ ਨਾਲ ਮੇਲ ਲਓ, ਮੇਰਾ ਤਾਂ ਏਹੋ ਸੁਆਉ=ਪਰਯੋਜਨ ਹੈ।

ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥ ੪ ॥ ੧ ॥

ਹੇ ਹਰੀ ! ਸਾਰੀਆਂ ਮੁਕਤੀਆਂ ਮੈਨੂੰ ਉਸ ਦਿਨ ਮਿਲਣਗੀਆਂ ਜਦ ਮੈਂ ਹਰੀ ਸਰੂਪ ਗੁਰਾਂ ਦੇ ਚਰਨਾਂ ਨੂੰ ਪਰਸਾਂਗਾ ॥ ੪ ॥ ੧ ॥

(ਦਿਨ ਰੈਣਿ ਦੀ ਸਮਾਪਤੀ ਹੈ)

ਵਾਰ ਮਾਝ ਕੀ ਤਥਾ ਸਲੋਕ ਮਹਲਾ ੧

ਮਾਝ ਰਾਗ ਦੀ ਵਾਰ ਵਿਚ ਵਾਰ=ਪੌੜੀਆਂ ਸਭ ਪਹਿਲੇ ਪਾਤਿਸ਼ਾਹ ਜੀ ਦੀਆਂ ਹਨ। ਤਥਾ=ਅਤੇ ਸਲੋਕ ਤੇ ਮਹੱਲੇ ਭੀ ਬਹੁਤ ਸਾਰੇ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ। ਕੁਝ ਕੁ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਲੋਕ ਤੇ ਮਹੱਲੇ ਆਉਣਗੇ। ਤੀਜੇ ਪਾਤਿਸ਼ਾਹ ਜੀ ਦਾ ਇੱਕ, ਅਤੇ ਚੌਥੇ ਪਾਤਿਸ਼ਾਹ ਜੀ ਦੇ ਦੋ ਮਹੱਲੇ ਆਉਣਗੇ।

ਜਿਸ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਛੇਵੇਂ ਪਾਤਿਸ਼ਾਹ ਜੀ ਨੂੰ ਗੁਰਤਾ ਗੱਦੀ ਦਾ ਤਿਲਕ ਬਖਸ਼ਿਆ ਹੈ ਤਾਂ ਅੱਗੋਂ ਹੱਥ ਜੋੜ ਕੇ ਬੇਨਤੀ ਕੀਤੀ ਅਸਾਨੂੰ ਬਾਣੀ ਰਚਣ ਦੀ ਕੀ ਆਗਿਆ ਹੈ? ਤਾਂ ਪੰਚਮ ਪਿਤਾ ਜੀ ਨੇ ਕਿਹਾ ਤੁਸਾਂ ਨੇ ਜੰਗ ਅਖਾੜੇ ਕਰਕੇ ਦੁਸ਼ਟਾਂ ਦਾ ਨਾਸ ਕਰਨਾ ਹੈ, ਆਪ ਜੀ ਨੂੰ ਬਾਣੀ ਰਚਨ ਦਾ ਸਮਾਂ ਨਹੀਂ ਮਿਲਣਾ, ਤੁਸਾਂ ਨੇ ਕੇਵਲ ਸੂਰਮਿਆਂ ਦੀਆਂ ਵਾਰਾਂ ਢਾਢੀਆਂ ਤੋਂ ਸੁਣਕੇ ਜਿਸ ਵਾਰ ਦੇ ਆਰੰਭ ਵਿਚ ਯੋਗ ਸਮਝੋ ਉਸ ਵਾਰ ਦੇ ਆਰੰਭ ਵਿਚ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਲੈਣੀਆਂ।

ਉਸ ਆਗਿਆ ਦੇ ਅਨੁਸਾਰ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਇਹ ਪਹਿਲੀ ਧੁਨ ਲਿਖਵਾਈ ਹੈ।

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥

ਇੱਕ ਮਲਕ ਜਾਤੀ ਦਾ 'ਮੁਰੀਦ ਖਾਂ' ਸੂਰਮਾ, ਦੂਜਾ ਸੋਹੀਆਂ ਜਾਤੀ ਦਾ 'ਚੰਦ੍ਰਹੜਾ' ਨਾਮੇ ਸੂਰਮਾ ਸੀ, ਇਹ ਦੋਵੇਂ ਅਕਬਰ ਬਾਦਸ਼ਾਹ ਦੇ ਫੌਜੀ ਸੈਨਾਪਤੀ ਸੂਰਮੇ ਸਨ। ਇਨ੍ਹਾਂ ਦੋਹਾਂ ਦਾ ਆਪਸ ਵਿਚ ਬਾਹਰੋਂ ਬੜਾ ਪਿਆਰ ਸੀ, ਪਰ ਅੰਦਰੂਨੀ ਵਿਰੋਧ ਰੱਖਦੇ ਸਨ, ਇੱਕ ਸਮੇਂ ਸਰਹੱਦੀ ਇਲਾਕਾ ਕਾਬਲ ਦਾ ਆਕੀ ਹੋਣ ਕਰਕੇ ਬਗਾਵਤ ਦਾ ਖਤਰਾ ਪੈਦਾ ਹੋ ਗਿਆ।

ਉਸ ਵੇਲੇ ਅਕਬਰ ਬਾਦਸ਼ਾਹ ਨੇ ਤਲਵਾਰ ਤੇ ਪਾਨਾ ਦਾ ਬੀੜਾ ਸਭਾ ਵਿਚ ਰੱਖ ਕੇ ਕਿਹਾ-ਜਿਹੜਾ ਸਿਰ ਕੱਢਵਾਂ ਸੂਰਮਾ ਹੈ ਉਹ ਤਲਵਾਰ ਤੇ ਪਾਨਾ ਦੇ ਬੀੜੇ ਨੂੰ ਚੁੱਕ ਲਵੇ, ਮਨ ਮਰਜ਼ੀ ਦੀਆਂ ਫੌਜਾਂ ਲਿਜਾ ਕੇ ਕਾਬਲ ਨੂੰ ਫਤਹਿ ਕਰਕੇ ਆਵੇ। ਇਹ ਗੱਲ ਸੁਣਕੇ 'ਮਲਕ ਮੁਰੀਦ' ਨੇ ਤਲਵਾਰ ਤੇ ਪਾਨਾਂ ਦਾ ਬੀੜਾ ਚੁੱਕ ਕੇ ਕਿਹਾ, ਮੈਨੂੰ ਹੁਕਮ ਦਿਓ ਮੈਂ ਕਾਬਲ ਨੂੰ ਫਤਹਿ ਕਰ ਆਵਾਂਗਾ, ਉਸ ਵੇਲੇ ਅਕਬਰ ਬਾਦਸ਼ਾਹ ਨੇ ਮੂੰਹ ਮੰਗੀ ਫੌਜ ਦੇ ਕੇ ਤੋਰ ਦਿੱਤਾ।

ਸਰਹੱਦੀ ਇਲਾਕੇ ਉੱਪਰ ਪਹੁੰਚ ਕੇ ਮਲਕ ਮੁਰੀਦ ਨੇ ਆਪਣੀ ਸਿਆਣਪ ਤੇ ਬਹਾਦਰੀ ਨਾਲ ਸਰਹੱਦੀ ਇਲਾਕੇ ਨੂੰ ਕਾਬੂ ਕਰ ਲਿਆ। ਅਤੇ ਜੋ ਸ਼ਾਹੀ ਮਾਮਲਾ ਰੁਕਿਆ ਹੋਇਆ ਸੀ ਉਹ ਸਾਰਾ ਵਸੂਲ ਕਰਕੇ ਦਿੱਲੀ ਬਾਦਸ਼ਾਹ ਨੂੰ ਭੇਜ ਦਿੱਤਾ।

ਇੱਕ ਦਿਨ ਦਿਲ ਵਿਚ ਵਿਚਾਰ ਆਈ ਜੇਕਰ ਮੈਂ ਵਾਪਸ ਚਲਾ ਗਿਆ ਤਾਂ ਇਹ ਸਰਹੱਦੀ ਇਲਾਕਾ ਫਿਰ ਆਕੀ ਹੋ ਜਾਵੇਗਾ, ਇਸ ਲਈ ਅਮਨ ਕਾਇਮ ਕਰਨ ਲਈ ਕੁਝ ਚਿਰ ਇੱਥੇ ਰਹਿਣਾ ਚਾਹੀਦਾ ਹੈ। ਇਸ ਵਿਚਾਰ ਨੂੰ ਮੁਖ ਰੱਖਕੇ ਜਦ 'ਮਲਕ ਮੁਰੀਦ' ਕਾਬਲ ਵਿਚ ਰਹਿਣ ਲਗ ਪਿਆ।

ਤਾਂ ਪਿੱਛੋਂ ਚੰਦ੍ਰਹੜਾ ਸੋਹੀਆ ਨੇ ਚਲਾਕੀ ਨਾਲ ਬਾਦਸ਼ਾਹ ਨੂੰ ਇਹ ਜਿਤਲਾ ਦਿੱਤਾ ਕਿ 'ਮਲਕ-ਮੁਰੀਦ' ਮੁਲਕ ਉੱਪਰ ਕਾਬਜ਼ ਹੋ ਕੇ ਬਾਗੀ ਹੋ ਗਿਆ ਹੈ। ਜਿਸ ਵੇਲੇ ਬਾਦਸ਼ਾਹ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਤਾਂ ਉਸੀ ਵੇਲੇ ਚੰਦ੍ਰਹੜਾ ਨੂੰ ਸੈਨਾ ਦੇ ਕੇ 'ਮਲਕ-ਮੁਰੀਦ' ਨੂੰ ਫੜਨ ਵਾਸਤੇ ਭੇਜ ਦਿੱਤਾ।

ਜਿਸ ਵੇਲੇ ਚੰਦ੍ਰਹੜਾ 'ਮਲਕ-ਮੁਰੀਦ' ਦੇ ਪਾਸ ਪੁੱਜਕੇ ਪੁਰਾਣੀ ਮਿਤ੍ਰਤਾ ਵਾਲੇ ਢੰਗ ਨਾਲ ਮਿਲ ਕੇ ਧੋਖਾ ਦੇਣ ਲੱਗਾ, ਤਾਂ ਇਹ ਝੱਟ ਸਮਝ ਗਿਆ ਨਾਲੇ ਖੁਫੀਆ ਤੌਰ ਤੇ ਇਸ ਨੂੰ ਪਹਿਲੇ ਪਤਾ ਭੀ ਲਗ ਚੁੱਕਾ ਹੋਇਆ ਸੀ ਕਿ ਬਾਦਸ਼ਾਹ ਪਾਸ ਚੁਗਲੀ ਕਰਕੇ ਮੇਰੇ ਉੱਪਰ ਚੜ੍ਹਾਈ ਕਰਕੇ ਮੈਨੂੰ ਮਾਰਨ ਆ ਰਿਹਾ ਹੈ, ਇਸ ਕਰਕੇ ਚੰਦ੍ਰਹੜਾ ਦਾ ਕੋਈ ਦਾਅ ਨਾ ਚਲ ਸਕਿਆ, ਉਸ ਵੇਲੇ ਦੋਹਾਂ ਵੱਲੋਂ ਬੜਾ ਭਾਰੀ ਜੰਗ ਸ਼ੁਰੂ ਹੋ ਗਿਆ, ਕਾਫੀ ਸੈਨਾ ਮਰ ਗਈ। ਆਖਰ ਮਲਕ ਮੁਰੀਦ ਨੇ 'ਚੰਦ੍ਰਹੜਾ' ਵੱਲ ਸੁਨੇਹਾ ਭੇਜਿਆ ਇਹ ਕੋਈ ਬਹਾਦਰਾਂ ਦਾ ਕੰਮ ਨਹੀਂ, ਤੂੰ ਬਾਦਸ਼ਾਹੀ ਸੈਨਾ ਨੂੰ ਬੇ-ਗੁਨਾਹ ਕਿਉਂ ਮਰਵਾ ਰਿਹਾ ਹੈਂ ਵੈਰ ਮੇਰਾ ਤੇਰਾ ਆਪਸ ਵਿਚ ਹੈ ਤੂੰ ਸਾਹਮਣੇ ਆ ਕੇ ਜੰਗ ਕਰ। ਇਸ ਸੁਨੇਹੇ ਦੇ ਮਿਲਣ ਨਾਲ ਚੰਦ੍ਰਹੜਾ ਦਾ ਖ਼ੂਨ ਡੌਲਿਆਂ ਵਿਚ ਟਪਕ ਪਿਆ, ਕ੍ਰੋਧ ਦੀ ਅੱਗ ਭੜਕਨ ਨਾਲ ਦੋਵੇਂ ਸੂਰਮੇ ਜੰਗ ਮੈਦਾਨ ਵਿਚ ਆ ਨਿਕਲੇ, ਆਪਸ ਵਿਚ ਦੋਹਾਂ ਦਾ ਚੰਗਾ ਭੇੜ ਹੋਇਆ ਆਖਰ ਵਿਚ ਇੱਕ ਦੂਜੇ ਦੇ ਸ਼ਸਤ੍ਰ ਆਪੋ ਵਿਚ ਲਗ ਕੇ ਕੱਟਕੇ ਮਰ ਗਏ। ਇਨ੍ਹਾਂ ਸੂਰਮਿਆਂ ਦੀ ਜਾਣ ਤੋੜਵੀਂ ਬਹਾਦਰੀ ਵੇਖ ਕੇ ਢਾਢੀਆਂ ਨੇ ਵਾਰ ਬਨਾਈ-

ਕਾਬਲ ਵਿਚ ਮੁਰੀਦ ਖਾਂ ਫੜਿਆ ਬਡ ਜ਼ੋਰ, ਚੰਦ੍ਰਹੜਾ ਲੈ ਫੌਜ ਕੋ ਚੜਿਆ ਬਡ ਤੌਰ।
ਦੁਹਾਂ ਕੰਧਾਰਾਂ ਮੁਹ ਜੁੜੇ ਦਮਾਮੇ ਦੌਰ, ਸ਼ਸਤ੍ਰ ਪਜੂਤੇ ਸੂਰਮਿਆਂ ਸਿਰ ਬਧੇ ਟੌਰ।
ਹੋਲੀ ਖੇਲੇ ਚੰਦ੍ਰਹੜਾ ਰੰਗ ਲਗੇ ਸੋਰ, ਦੋਵੇਂ ਤਰਫਾਂ ਜੁਟੀਆਂ ਸਰ ਵਗਨ ਕੌਰ।
ਮੈਂ ਭੀ ਰਾਇ ਸਦਾਇਸਾਂ ਵੜਿਆ ਲਾਹੌਰ, ਦੋਵੇਂ ਸੂਰੇ ਸਾਹਮਣੇ ਜੂਝੇ ਉਸ ਠੌਰ।

ਛੇਵੇਂ ਪਾਤਸ਼ਾਹ ਜੀ ਨੇ ਇਹ ਧੁਨ ਢਾਢੀਆਂ ਤੋਂ ਸੁਣਕੇ ਭਾਈ ਗੁਰਦਾਸ ਜੀ ਪਾਸੋਂ ਲਿਖਾ ਕੇ ਰਾਗੀਆਂ ਨੂੰ ਹੁਕਮ ਦਿੱਤਾ ਹੈ-ਜਿਵੇਂ ਇਨ੍ਹਾਂ ਸੂਰਮਿਆਂ ਦੀ ਪੌੜੀ ਗਾਈ ਜਾਂਦੀ ਹੈ, ਤਿਵੇਂ ਮਾਝ ਰਾਗ ਦੀ ਵਾਰ ਦੀਆਂ ਪੌੜੀਆਂ ਗਾਇਣ ਕਰਨੀਆਂ।

੧ਓ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਗੁਰੂ ਜੀ ਨੇ ਇਹ ਸੋਲ੍ਹਾਂ ਅੱਖਰਾਂ ਵਾਲਾ ਮੰਤ੍ਰ ਕਥਨ ਕੀਤਾ ਹੈ। ਕਿਸੇ ਸਿੱਖ ਨੇ ਬੇਨਤੀ ਕੀਤੀ ਆਪ ਜੀ ਦੇ ਗੁਰੂ ਕੈਸੇ ਹਨ? *ਉੱਤਰ:-*

ਸਲੋਕੁ ਮਃ ੧॥
ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥

ਅਸਾਡੇ ਗੁਰੂ ਸਾਰੇ ਸੰਸਾਰ ਦੇ ਦਾਤੇ ਹਨ, ਹਿਵੈ ਨਾਮ ਬਰਫ ਦਾ ਹੈ ਬਰਫ ਵਾਂਙੂ ਚੋਂ ਸ਼ਾਂਤੀ ਲੈਣੀ, ਅਸਾਡੇ ਗੁਰੂ ਹਿਵੈ=ਸ਼ਾਂਤੀ ਦਾ ਘਰ ਹਨ, ਫਿਰ ਅਸਾਡੇ ਗੁਰੂ ਦੀਪਕ ਵਾਂਗੂ ਤਿੰਨਾਂ ਲੋਕਾਂ ਵਿਚ ਪ੍ਰਕਾਸ਼ ਕਰਨ ਵਾਲੇ ਹਨ।

ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥੧॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੇ ਮਨਿ=ਮੰਤ੍ਰ, ਮਾਨਿਐ=ਮਨਣ ਕਰਨ ਨਾਲ ਅਮਰ ਪਦਾਰਥੁ= ਗਿਆਨ ਵਾ ਮੋਖ ਦੀ ਪਰਾਪਤੀ ਹੁੰਦੀ ਹੈ।

*ਪ੍ਰਸ਼ਨ:-*ਮੋਖ ਦਾ ਸਰੂਪ ਕੀ ਹੈ?

*ਉੱਤਰ:-*ਸੁਖੁ ਹੋਇ=ਸੁਖ ਸਰੂਪ ਪਰਮਾਨੰਦ ਦੀ ਜਿਹੜੀ ਪਰਾਪਤੀ ਹੋਣੀ ਹੈ ਏਹੀ ਮੋਖ ਦਾ ਸਰੂਪ ਹੈ।

ਮੋਖ ਦੀਆਂ ਦੋ ਅੰਸਾਂ ਹਨ:-ਪਰਮਾਨੰਦ ਦੀ ਪਰਾਪਤੀ ਤੇ ਸੰਸਾਰ ਅਨੱਰਥ ਦੁਖ ਦੀ ਨਵਿਰਤੀ, ਸੁਖ ਹੋਇ :- ਇਤਨਾ ਕਹਿਣ ਨਾਲ ਸੰਸਾਰ ਅਨੱਰਥ ਦੁਖ ਦੀ ਨਵਿਰਤੀ ਭੀ ਨਾਲ ਹੋ ਜਾਂਦੀ ਹੈ॥ ੧॥

ਪ੍ਰਸ਼ਨ :-ਜੀਵ ਦੀ ਕੀ ਕੀ ਬਿਵੱਸਥਾ ਹੁੰਦੀ ਹੈ? *ਉੱਤਰ*:-

ਮਃ ੧॥

ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥

ਜੀਵ ਦੀ ਪਹਿਲੀ ਬਿਵਸਥਾ ਇਹ ਹੁੰਦੀ ਹੈ, ਜਦ ਮਾਂ ਦੇ ਪੇਟ ਤੋਂ ਬਾਹਰ ਜੰਮਦਾ ਹੈ ਤਾਂ ਮਾਂ ਦੇ ਅਸਥਨਾਂ ਦੇ ਦੁੱਧ ਨਾਲ ਪਿਆਰ ਲਗਦਾ ਹੈ।

ਦੂਜੀ ਬਿਵਸਥਾ ਇਹ ਹੁੰਦੀ ਹੈ, ਕਿ ਮਾਂ ਪਿਉ ਦੀ ਸੁਧਿ=ਖਬਰ ਹੋ ਜਾਂਦੀ ਹੈ, ਇਹ ਮੇਰੀ ਮਾਂ ਹੈ, ਇਹ ਮੇਰਾ ਪਿਉ ਹੈ।

ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥

ਤੀਜੀ ਇਹ ਬਿਵਸਥਾ ਹੁੰਦੀ ਹੈ, ਇਹ ਮੇਰਾ ਭਯਾ=ਭਰਾ ਹੈ, ਇਹ ਮੇਰੀ ਭਾਭੀ=ਭਰਜਾਈ ਹੈ, ਇਹ ਮੇਰੀ ਬੇਬ=ਭੈਣ ਹੈ।

ਚੌਥੀ ਇਹ ਬਿਵਸਥਾ ਹੁੰਦੀ ਹੈ, ਕਿ ਪਿਆਰੀਆਂ ਪਿਆਰੀਆਂ ਖੇਡਾਂ ਨੂੰ ਉਤਪੰਨ ਕਰਦਾ ਹੈ, ਵਾ:-ਖੇਡਾਂ ਵਿਚ ਪਿਆਰ ਉਤਪੰਨ ਕਰਦਾ ਹੈ।

ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥

ਪੰਜਵੀਂ ਇਹ ਬਿਵਸਥਾ ਹੁੰਦੀ ਹੈ, ਪਦਾਰਥਾਂ ਦੇ ਖਾਣ ਪੀਣ ਦੀ ਤਰਫ ਧਾਤੁ=ਦੌੜਦਾ ਹੈ। ਇਥੋਂ ਤੱਕ ਪੰਜ ਬਿਵਸਥਾ ਬਾਲਕ ਅਵਸਥਾ ਦੀਆਂ ਗਿਣੀਆਂ ਹਨ।

ਅੱਗੋਂ ਜੋਬਨ ਅਵਸਥਾ ਚਲੀ।

ਛੇਵੀਂ ਇਹ ਬਿਵਸਥਾ ਹੁੰਦੀ ਹੈ, ਜੁਆਨੀ ਦੇ ਆਉਣ ਨਾਲ ਕਾਮਦੇਵ ਦਾ ਇਤਨਾ ਜ਼ੋਰ ਵਧਦਾ ਹੈ ਜੋ ਪੁਛਿਆ ਹੀ ਨਹੀਂ ਜਾਂਦਾ।

ਅਥਵਾ:-ਕਾਮਦੇਵ ਵਿਚ ਇਤਨਾ ਬਿਹਬਲ ਹੋ ਜਾਂਦਾ ਹੈ ਜੋ ਕਿ ਇਸਤ੍ਰੀ ਦੀ ਜਾਤੀ ਅਜਾਤੀ ਨੂੰ ਭੀ ਨਹੀਂ ਪੁੱਛਦਾ।

ਅਥਵਾ:-ਜਿਸ ਵੇਲੇ ਇਹ ਜੁਆਨ ਵਿਆਹੁਣੇ ਯੋਗ ਹੁੰਦਾ ਹੈ ਤਿਸ ਵੇਲੇ ਮਾਂ ਪਿਉ ਕਾਮੁ ਨ ਪੁਛੈ ਜਾਤਿ=ਲੜਕੀ ਦੀ ਜਾਤੀ ਪੁੱਛਦੇ ਫਿਰਦੇ ਹਨ, ਅਰਥਾਤ ਲੜਕੀ ਦੀ ਭਾਲ ਕਰਦੇ ਹਨ।

ਸਤਵੈ ਸੰਜਿ ਕੀਆ ਘਰ ਵਾਸੁ॥ ਅਠਵੈ ਕ੍ਰੋਧੁ ਹੋਆ ਤਨ ਨਾਸੁ॥

ਸੱਤਵੀਂ ਇਹ ਬਿਵਸਥਾ ਹੁੰਦੀ ਹੈ, ਜਦ ਅਧਖੜ ਅਵਸਥਾ ਹੁੰਦੀ ਹੈ ਤਾਂ ਧਨ ਨੂੰ ਸੰਜਿ=ਇਕੱਠਾ ਕਰਕੇ ਘਰ ਵਿਚ ਵਸਦਾ ਹੈ।

ਅਥਵਾ:-ਘਰ ਵਾਸੁ=ਗ੍ਰਿਹਸਤੀ ਹੋ ਕੇ ਧਨ ਨੂੰ ਇਕੱਠਾ ਕਰਦਾ ਹੈ।

ਅੱਠਵੀਂ ਇਹ ਬਿਵਸਥਾ ਹੁੰਦੀ ਹੈ, ਬੁਢੇਪੇ ਵਿਚ ਇਤਨਾ ਕ੍ਰੋਧ ਹੋ ਜਾਂਦਾ ਹੈ ਜਿਸ ਤੇ ਸਰੀਰ ਨਾਸ ਹੋਇਆ

ਚਾਹੁੰਦਾ ਹੈ।

ਅਥਵਾ:-ਇਤਨਾ ਕ੍ਰੋਧ ਹੁੰਦਾ ਹੈ ਜੋ ਪਹਿਲੇ ਆਪਣੇ ਤਨ=ਅੰਤਹਕਰਨ ਨੂੰ ਨਾਸ ਕਰਦਾ ਹੈ ਫੇਰ ਦੂਜਿਆਂ ਦੇ ਅੰਤਹਕਰਨ ਨੂੰ ਨਾਸ ਕਰਦਾ ਹੈ।

ਅਥਵਾ:-ਬੁਢੇਪੇ ਵਿਚ ਕ੍ਰੋਧ ਬਹੁਤ ਹੁੰਦਾ ਹੈ ਅਤੇ ਤਨ ਦਾ ਬਲ ਭੀ ਨਾਸ ਹੋ ਜਾਂਦਾ ਹੈ।

ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥

ਨਾਵੈ=ਨੌਵੀਂ ਇਹ ਬਿਵਸਥਾ ਹੁੰਦੀ ਹੈ, ਬੁਢੇਪੇ ਵਿਚ ਧਉਲੇ=ਚਿੱਟੇ ਕੇਸ ਹੋ ਜਾਂਦੇ ਹਨ, ਤੇ ਉਭੇ ਸਾਹ=ਲੰਬੇ ਸ੍ਵਾਸ ਲੈਂਦਾ ਹੈ।

ਦਸਵੈ=ਦਸਵੀਂ ਇਹ ਬਿਵਸਥਾ ਹੁੰਦੀ ਹੈ, ਕਿ ਮਰ ਜਾਂਦਾ ਹੈ ਤੇ ਮਸਾਣਾਂ ਵਿਚ ਪਰਤੱਖ ਅੱਗ ਵਿਚ ਦਧਾ=ਸੜ ਕੇ ਸੁਆਹ ਹੋ ਜਾਂਦਾ ਹੈ।

ਗਏ ਸਿਗੀਤ ਪੁਕਾਰੀ ਧਾਹ॥ ਉਡਿਆ ਹੰਸੁ ਦਸਾਏ ਰਾਹ॥

ਪਹਿਲਾ ਅਰਥ:-ਜਿਹੜੇ ਸਿਗੀਤ=ਸੰਗੀ ਮਸਾਣਾਂ ਵਿਚ ਸਾੜਨ ਵਾਸਤੇ ਨਾਲ ਗਏ ਉਹ ਧਾਹ ਮਾਰ ਕੇ ਪੁਕਾਰਦੇ ਹਨ।

ਦੂਜਾ ਅਰਥ:-ਸਿਗੀਤ=ਸੰਗੀਤ ਸ਼ਾਸਤ੍ਰ ਅਨੁਸਾਰ ਜੋੜੀ ਵਾਜਾਂ ਵਜਾਉਣ ਵਾਲੇ ਜਿਹੜੇ ਨਾਲ ਰਬਾਬੀ ਗਏ ਸਨ, ਉਹ ਓਥੇ ਅਲਾਹਣੀਆਂ ਪੜ੍ਹਦੇ, ਤੇ ਜੋੜੀ ਦੀ ਧਾਹ ਪੁਕਾਰਦੇ ਹਨ।

ਤੀਜਾ ਅਰਥ:-ਸਿ+ਗੀਤ=ਉਹ ਵਿਆਹ ਵਾਲੇ ਗੀਤ ਤਾਂ ਚਲੇ ਗਏ, ਹੁਣ ਧਾਹਾਂ ਮਾਰ ਕੇ ਪੁਕਾਰਦੇ ਹਨ।

ਚੌਥਾ ਅਰਥ:-ਬੁੱਢੇ ਆਦਮੀ ਦੇ ਮਰਨ ਵੇਲੇ ਜਿਹੜੇ ਨਾਲ ਕੁੜਮ ਗਏ ਉਹ ਤਾਂ ਗੀਤ ਗਾਂਵਦੇ ਹਨ, ਤੇ ਪੁੱਤਰ ਧਾਹਾਂ ਮਾਰ ਕੇ ਪੁਕਾਰਦੇ ਹਨ।

ਜਿਸ ਵੇਲੇ ਸਰੀਰ 'ਚੋਂ ਹੰਸੁ=ਜੀਵਾਤਮਾਂ ਉਡਿਆ ਤਾਂ ਜਮਾਂ ਪਾਸੋਂ ਰਸਤਾ ਦਸਾਏ=ਪੁੱਛਦਾ ਹੈ ਕਿ ਕਿਸ ਰਸਤੇ ਮੈਂਨੇ ਚਲਣਾ ਹੈ, ਕਿਉਂਕਿ ਪਾਪੀਆਂ ਦਾ ਰਸਤਾ ਹੋਰ ਹੈ। ਪੁੰਨੀਆਂ ਦਾ ਰਸਤਾ ਹੋਰ ਹੈ, ਗਿਆਨ ਵਾਲਾ ਰਾਹ ਹੋਰ ਹੈ।

ਅਥਵਾ:-ਜਦ ਸਰੀਰ 'ਚੋਂ ਜੀਵਾਤਮਾਂ ਉਡਿਆ ਤਾਂ ਇਸ ਨੂੰ ਆਪਣਾ ਰਸਤਾ ਆਪ ਹੀ ਦਸਾਏ=ਦਿਸ ਆਉਂਦਾ ਹੈ।

[ਪੰਨਾ ੧੩੮]

ਆਇਆ ਗਇਆ ਮੁਇਆ ਨਾਉ॥ ਪਿਛੈ ਪਤਲਿ ਸਦਿਹੁ ਕਾਵ॥

ਸੰਸਾਰ ਵਿਖੇ ਆਇਆ ਤੇ ਚਲਾ ਗਿਆ, ਮੁਇਆ ਨਾਉ=ਮਰਦਾ ਨਹੀਂ ਹੈ।

ਯਥਾ - ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥
ਮੂਈ ਸੁਰਤਿ ਬਾਦੁ ਅੰਹਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥ ੨॥

(ਗਉੜੀ ਮ: ੧, ਪੰਨਾ ੧੫੨)

ਨਾ ਸ਼ਾਸਤ੍ਰ ਮੱਤ ਅਨੁਸਾਰ ਮਰਦਾ ਹੈ, ਨਾ ਹੀ ਵਿਹਾਰਕ ਮੱਤ ਅਨੁਸਾਰ ਮਰਦਾ ਹੈ। ਜੇਕਰ ਸੰਸਾਰੀ ਲੋਕ

ਭੀ ਇਸ ਨੂੰ ਮਰਿਆ ਸਮਝਣ ਤਾਂ ਪਿੱਛੋਂ ਪਾਠ ਵਗੈਰਾ ਕੋਈ ਨਾ ਕਰਾਵੇ, ਮੰਜਾ ਬਿਸਤ੍ਰਾ ਕੱਪੜੇ ਵਗੈਰਾ ਕੋਈ ਨ ਦੇਵੇ। ਜੇਕਰ ਕਰਾਉਦੇ ਹਨ ਤਾਂ ਸੰਸਾਰੀ ਲੋਕਾਂ ਦੇ ਮੱਤ ਅਨੁਸਾਰ ਭੀ ਇਹ ਨਹੀਂ ਮਰਦਾ।

*ਅਥਵਾ :-*ਆਇਆ ਤੇ ਚਲਾ ਗਿਆ, ਮੁਇਆ ਨਾਉ=ਨਾਮ ਮਾਤਰ ਭਾਵ ਕਹਿਣੇ ਮਾਤ੍ਰ ਹੀ ਮੁਇਆ।

*ਅਥਵਾ:-*ਸੰਸਾਰ ਵਿਖੇ ਆਇਆ ਤੇ ਚਲਾ ਗਿਆ, ਕਿਉਂਕਿ ਮੁਇਆ ਨਾਉ=ਨਾਮ ਜਪਨੇ ਵੱਲੋਂ ਜੋ ਮਰ ਗਿਆ, ਵਾਹਿਗੁਰੂ ਦਾ ਭਜਨ ਸਿਮਰਨ ਨ ਕੀਤਾ।

*ਅਥਵਾ:-*ਨੰਗਾ ਹੀ ਆਇਆ, ਤੇ ਨੰਗਾ ਹੀ ਚਲਾ ਗਿਆ, ਮੁਇਆ ਨਾਉ=ਕੇਵਲ ਇਸ ਦਾ ਨਾਮ ਹੀ ਮਰ ਗਿਆ।

ਪ੍ਰਾਣੀ ਦੇ ਚਲੇ ਜਾਣ ਪਿੱਛੋਂ, ਸਨਬੰਧੀ ਪੱਤਲਾਂ ਨੂੰ ਮਨਸਾ ਕੇ ਕਾਵਾਂ ਨੂੰ ਸੱਦਦੇ ਹਨ।

ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥ ੨॥

ਗੁਰੂ ਜੀ ਆਖਦੇ ਹਨ, ਮਨਮੁਖਾਂ ਦਾ ਅੰਧ-ਭਾਈਆਂ ਵਿਚ ਪਿਆਰ ਹੋ ਰਿਹਾ ਹੈ। ਗੁਰ ਉਪਦੇਸ਼ ਗ੍ਰਹਿਣ ਕੀਤੇ ਤੋਂ ਬਿਨਾਂ ਸਾਰਾ ਸੰਸਾਰ ਡੁੱਬ ਰਿਹਾ ਹੈ॥ ੨॥

ਯਥਾ:- ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥

ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥ *(ਪੰਨਾ ੧੩੯੯)*

ਹੁਣ ਜੀਵ ਦੀਆਂ ਅਵਸਥਾ ਕਥਨ ਕਰਦੇ ਹਨ।

ਮਃ ੧॥ ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥

ਦਸ ਵਰ੍ਹਿਆਂ ਤੱਕ ਬਾਲਕ ਅਵਸਥਾ ਹੁੰਦੀ ਹੈ, ਵੀਹ ਵਰ੍ਹਿਆਂ ਤੱਕ ਰਵਣਿ=ਕਿਸ਼ੋਰ ਅਵਸਥਾ ਹੁੰਦੀ ਹੈ। ਤੀਹਾਂ ਵਰ੍ਹਿਆਂ ਤੱਕ ਬੜਾ ਸੁੰਦਰ ਕਹਾਉਂਦਾ ਹੈ।

ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥

ਚਾਲੀਆਂ ਵਰ੍ਹਿਆਂ ਦਾ ਪੂਰਾ ਜੁਆਨ ਹੁੰਦਾ ਹੈ, ਪਚਾਸੀ=ਪੰਜਾਹਾਂ ਵਰ੍ਹਿਆਂ ਦਾ ਹੋਵੇ ਤਾਂ ਜੁਆਨੀ ਤੋਂ ਪੈਰ ਖਿਸਕ ਜਾਂਦਾ ਹੈ। ਸੱਠ ਸਾਲਾਂ ਦਾ ਹੋ ਜਾਵੇ ਤਾਂ ਬੁਢੇਪਾ ਆ ਜਾਂਦਾ ਹੈ।

ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥

ਸੱਤਰਾਂ ਸਾਲਾਂ ਦਾ ਹੋ ਜਾਵੇ ਤਾਂ ਸ਼ੁਭ ਮਤੀ ਤੋਂ ਹੀਣ ਹੋ ਜਾਂਦਾ ਹੈ।

ਅੱਸੀਆਂ ਸਾਲਾਂ ਦਾ ਹੋ ਜਾਵੇ ਤਾਂ ਕੁਝ ਕਾਰ ਵਿਹਾਰ ਕਰਨਾ ਨਹੀਂ ਪਾਉਂਦਾ।

ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥

ਨੱਬਿਆਂ ਸਾਲਾਂ ਦਾ ਹੋ ਜਾਵੇ-ਤਾਂ ਸਿਹਜਾ ਦੇ ਸਣੀ=ਸਹਤ ਹੋ ਜਾਂਦਾ ਹੈ। ਵਾ ਸਿਹਜਾ ਹੀ ਆਸਣ ਹੋ ਜਾਂਦਾ ਹੈ, ਫਿਰ ਤਾਂ ਸਿਹਜਾ ਤੋਂ ਉੱਠ ਨਹੀਂ ਸਕਦਾ। ਸਾਰਿਆਂ ਦਾ ਮੂਲਿ=ਅਧਿਸਠਾਨ ਰੂਪ ਜੋ ਪ੍ਰਮਾਤਮਾ ਹੈ ਆਪਣਾ ਬਲ ਰੂਪ ਉਸ ਨੂੰ ਫਿਰ ਵੀ ਜਾਣਦਾ ਨਹੀਂ।

*ਅਥਵਾ:-*ਜੀਵ ਦਾ ਆਪਣਾ ਬਲ ਜੋ ਸੱਤ ਚੇਤਨ ਆਨੰਦ ਰੂਪ ਉਸ ਨੂੰ ਮੂਲਿ=ਕਦਾਚਿਤ ਨਹੀਂ ਜਾਣਦਾ।

*ਅਥਵਾ-*ਬੁਢੇਪੇ ਦੇ ਆਉਣ ਕਰਕੇ ਆਪਣਾ ਜੋ ਜੁਆਨੀ ਦਾ ਬਲ ਹੈ ਉਸ ਨੂੰ ਕਦਾਚਿਤ ਨਹੀਂ ਜਾਣਦਾ॥

ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥ ੩॥

ਮੈਂਨੇ ਢੰਢੋਲਿਮੁ ਢੂਢਿਮੁ=ਢੂੰਡ ਢਾਂਡ ਕੇ ਵੇਖਿਆ ਹੈ ਕਿ ਇਹ ਸਾਰਾ ਜਗਤ ਧੂੰਏਂ ਦੇ ਧਵਲਹਰੁ=ਮੰਦਰ ਵਾਂਗੂੰ ਝੂਠਾ ਹੈ, ਜਿਵੇਂ ਧੂੰਏਂ ਦਾ ਮੰਦਰ ਪਰਤੀਤ ਹੁੰਦਾ ਹੈ, ਪਰ ਵਾਸਤਵ ਵਿਚ ਨਹੀਂ ਹੁੰਦਾ, ਤਿਵੇਂ ਇਹ ਸੰਸਾਰ ਖਿਨ ਭੰਗਰ ਹੈ।

ਅਥਵਾ:-ਢੰਢੋਲਿਆ ਹੈ ਵੇਦਾਂ ਸ਼ਾਸਤ੍ਰਾਂ ਦੁਆਰੇ, ਢੂੰਡਿਆ ਹੈ ਗੁਰਾਂ ਦੁਆਰੇ, ਡਿਠ=ਦੇਖਿਆ ਹੈ ਆਪਣੇ ਅਨੁਭਵ ਦੁਆਰੇ। ਇਹ ਜਗਤ ਧੂੰਏਂ ਦੇ ਮੰਦਰ ਵਾਂਗੂੰ ਹੈ।

ਅਥਵਾ:-ਢੂੰਡਨੇ ਵਾਲਾ ਹੋ ਕੇ ਢੂੰਡਕੇ ਮੈਂਨੇ ਦੇਖਿਆ ਹੈ-ਇਹ ਸੰਪੂਰਨ ਜਗਤ ਧੂੰਏਂ ਦੇ ਧਵਲਹਰੁ=ਮੰਦਰ ਵਾਂਗੂੰ ਹੈ॥ ੩॥

ਯਥਾ:- ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਵਿਚਾਰਿ॥ ੧॥ *(ਪੰਨਾ ੧੧੮੬)*

ਪਉੜੀ॥ ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥

ਹੇ ਕਰਤੇ ਪੁਰਖ ! ਤੂੰ ਅਗੰਮੁ=ਥੌਹ ਤੋਂ ਰਹਿਤ ਹੈਂ, ਤੈਂਨੇ ਆਪਣੀ ਇੱਛਾ ਅਨੁਸਾਰ ਆਪ ਹੀ ਸਾਰੀ ਦੁਨੀਆਂ ਉਤਪੰਨ ਕੀਤੀ ਹੈ।

ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥

ਅੰਨਵੇਂ-ਬਹੁ ਬਿਧਿ=ਬਹੁਤ ਪ੍ਰਕਾਰ ਦੇ ਰੰਗ, ਅਤੇ ਬਹੁ ਭਾਤੀ=ਬਹੁਤ ਪ੍ਰਕਾਰ ਦੇ, ਪਰੰਗ=ਮਿਸਰਤ ਰੰਗ ਉਪਾਰਜਨਾ=ਉਤਪਤ ਕੀਤੇ ਹਨ।

ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥

ਜੋ ਆਪ ਜੀ ਨੇ ਸ੍ਰਿਸਟੀ ਪੈਦਾ ਕੀਤੀ ਹੈ, ਇਸ ਨੂੰ ਤੂੰ ਆਪ ਹੀ ਖਾਣ ਪਾਣ ਦੇਣਾ ਜਾਣਦਾ ਹੈਂ, ਇਹ ਸਾਰਾ ਖੇਲ ਤੁਮਾਤੀ=ਆਪ ਜੀ ਦਾ ਹੈ।

ਅਥਵਾ:-ਇਹ ਸਾਰਾ ਖੇਲ ਤੁਮਾ+ਤੀ=ਤੁਹਾਡੀ ਇਸਤ੍ਰੀ ਮਾਇਆ ਦਾ ਹੈ।

ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ॥

ਇੱਕ ਸੰਸਾਰ ਵਿਚ ਆਉਂਦੇ ਹਨ, ਇੱਕ ਉੱਠ ਕੇ ਚਲੇ ਜਾਂਦੇ ਹਨ, ਨਾਮ ਤੋਂ ਬਿਨਾਂ ਨਿਸਫਲ ਮਰ ਜਾਣਾ ਕਰਦੇ ਹਨ।

ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ॥

ਗੁਰਮੁਖਾਂ ਨੂੰ ਗਿਆਨ ਦਾ ਚਲੂਲਿਆ=ਗਾਹੜਾ ਰੰਗ ਚੜ੍ਹਿਆ ਹੈ, ਅਤੇ ਉਨ੍ਹਾਂ ਦੀ ਬੁੱਧੀ ਰੰਗਾਂ ਵਿਚੋਂ ਹਰੀ ਦੇ ਨਾਮ ਰੰਗ ਵਿਚ ਰੱਤੀ ਗਈ ਹੈ।

ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ॥

ਉਸ ਸੱਚੇ ਨਿਰੰਜਨ ਨੂੰ ਸੇਵਨਾ ਕਰੋ, ਜੋ ਹਰੀ ਪੁਰਖ ਬਿਧਾਤੀ=ਫਲ ਬਰ ਦਾਤਾ ਹੈ। ਤੇ ਇੰਝ ਬੇਨਤੀ ਕਰੋ-

ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ॥

ਹੇ ਹਰੀ ! ਤੂੰ ਆਪੇ ਆਪ ਸੁਜਾਣੁ=ਚਤੁਰ ਹੈਂ, ਤੇ ਆਪ ਹੀ ਤੂੰ ਵਡਿਆਂ ਤੋਂ ਵੱਡਾ ਪੁਰਖ ਹੈਂ।

ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ
ਬਲਿ ਬਲਿ ਹਉ ਤਿਨ ਜਾਤੀ॥ ੧॥

ਹੇ ਮੇਰੇ ਸੱਚੇ ਵਾਹਿਗੁਰੂ ! ਜੋ ਮਨ ਚਿੱਤ ਵਿਚ ਤੈਨੂੰ ਧਿਆਉਂਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਸਲੋਕ ਮਃ ੧॥ ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ॥

ਜਿਸ ਪ੍ਰਮਾਤਮਾ ਨੇ ਤਨੁ=ਸਰੀਰ ਨੂੰ ਸਾਜ ਕੇ ਵਿਚ ਜੀਵ ਨੂੰ ਪਾਇਆ ਹੈ, ਅਤੇ ਅੰਗਾਂ ਦੀ ਬਨਾਵਟ ਨੂੰ ਬਣਾ ਰੱਖਿਆ ਹੈ।

ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ॥

ਅੱਖਾਂ ਵੇਖਦੀਆਂ ਹਨ, ਜੀਭ ਬੋਲਦੀ ਹੈ, ਅਤੇ ਕੰਨਾਂ ਵਿਚ ਸੁਨਣ ਦੀ ਸੁਰਤ ਸਮਾ ਰਹੀ ਹੈ।

ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ॥

ਪੈਰਾਂ ਨਾਲ ਤੁਰਦਾ ਹੈ, ਹੱਥਾਂ ਨਾਲ ਕੰਮ ਕਰਦਾ ਹੈ, ਅਤੇ ਜਿਸ ਦਾ ਦਿੱਤਾ ਹੋਇਆ ਪਹਿਰਦਾ ਤੇ ਖਾਂਦਾ ਹੈ।

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ॥

ਜਿਸ ਪ੍ਰਮਾਤਮਾ ਨੇ ਪੰਜਾਂ ਤੱਤਾਂ ਨੂੰ ਰਚਕੇ ਸਰੀਰ ਨੂੰ ਰਚਿਆ ਹੈ ਤਿਸ ਨੂੰ ਜਾਣਦਾ ਨਹੀਂ, ਅੰਧਾ ਅਗ੍ਯਾਨੀ ਅੰਨਿਆਂ ਕਰਮਾਂ ਨੂੰ ਕਮਾਂਦਾ ਹੈ॥

ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ॥

ਜਾਂ ਸਰੀਰ ਰੂਪ ਘੜਾ ਭੱਜ ਕੇ ਠੀਕਰੀਆਂ ਹੋ ਜਾਂਦਾ ਹੈ ਤਾਂ ਫਿਰ ਇਸ ਦੀ ਘਾੜਤ ਕਿਸੇ ਪਾਸੋਂ ਭੀ ਨਹੀਂ ਘੜੀ ਜਾਂਦੀ।

ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਤੋਂ ਬਿਨਾਂ ਪਤੀ ਪ੍ਰਮਾਤਮਾ ਦੀ ਪਰਾਪਤੀ ਨਹੀਂ ਹੁੰਦੀ, ਪਤੀ ਤੋਂ ਬਿਨਾਂ ਸੰਸਾਰ ਸਾਗਰ ਤੋਂ ਪਾਰ ਹੋਣਾ ਨਹੀਂ ਪਾਂਵਦਾ॥੧॥

ਪ੍ਰਸ਼ਨ-ਮਨਮੁਖ ਦੇ ਲੱਛਣ ਕੀ ਹਨ? ਗੁਰ ਉੱਤਰ-

ਮਃ ੨॥ ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥

ਦੇਂਦਾ ਜੋ ਪ੍ਰਮੇਸ਼ਰ ਹੈ ਉਸ ਥਾਵਹੁ=ਨਾਲੋਂ ਦਿੱਤਾ ਹੋਇਆ ਪਦਾਰਥ ਚੰਗਾ ਲੱਗ ਰਿਹਾ ਹੈ, ਇਨ੍ਹਾਂ ਲੱਛਣਾਂ ਵਾਲਾ ਪੁਰਸ਼ ਮਨਮੁਖ ਜਾਣਿਆ ਜਾਂਦਾ ਹੈ।

ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ॥

ਸੁਰਤਿ=ਗਿਆਤ, ਵਾ:-ਸ੍ਰੇਸ਼ਟ ਪ੍ਰੀਤੀ, ਮਤਿ=ਬੁੱਧੀ, ਚਤੁਰਾਈ ਵਾਕਾਂ ਦੀ ਤਿਸ ਦੀ ਕੀ ਆਖ ਕੇ ਕਥਨ ਕਰੀਏ।

ਅਥਵਾ:-ਸੁਰਤਿ=ਵੇਦਾਂ ਦੇ ਮਤਿ=ਸਿਧਾਂਤ ਦੀ ਚਤੁਰਾਈ ਤਿਸ ਦੀ ਕੀ ਆਖਿ=ਮੂੰਹ ਸੇ ਕਥਨ ਕਰੀਏ।

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਉਹ ਕੁੰਡੀ ਜਾਣੀਐ॥

ਜੋ ਕੋਈ ਅੰਦਰ ਬੈਠਕੇ ਭੀ ਕਰਮ ਕਮਾਉਂਦਾ ਹੈ, ਉਹ ਕਰਮ ਚਾਰੇ ਕੁੰਟਾਂ ਵਿਚ ਪਰਗਟ ਜਾਣਿਆ ਜਾਂਦਾ ਹੈ।

ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥

ਜੋ ਧਰਮ ਕਮਾਂਦਾ ਹੈ ਉਸ ਦਾ ਨਾਮ ਧਰਮੀ ਹੋ ਜਾਂਦਾ ਹੈ, ਅਤੇ ਜੋ ਪਾਪ ਕਰਮ ਕਰਦਾ ਹੈ, ਉਸ ਦਾ ਨਾਮ ਪਾਪੀ ਜਾਣਿਆ ਜਾਂਦਾ ਹੈ।

ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ॥

ਹੇ ਕਰਤੇ ! ਤੂੰ ਆਪ ਹੀ ਸਾਰਿਆਂ ਖੇਲਾਂ ਨੂੰ ਕਰਦਾ ਹੈਂ, ਤੇਰੇ ਵਰਗਾ ਹੋਰ ਦੂਜਾ ਕਿਹੜਾ ਆਖ ਕੇ ਕਥਨ ਕਰੀਏ।

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ
ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥

ਹੇ ਜੋਤੀ ! ਜਿੰਨਾ ਚਿਰ ਦੇਹ ਵਿਚ ਤੇਰੀ ਜੋਤਿ=ਸੱਤਾ ਹੈ, ਤਿਚਰੁ=ਉਨਾਂ ਚਿਰ ਇਸ ਵਿਚ ਤੂੰਹੀਂ ਬੋਲਦਾ ਹੈਂ, ਹੇ ਜੋਤੀ ! ਤੇਰੇ ਤੋਂ ਬਿਨਾਂ ਕੋਈ ਕੁਝ ਕਰਕੇ ਵਿਖਾਵੇ ਤਾਂ ਅਸੀਂ ਉਸ ਨੂੰ ਤੇਰੇ ਵਰਗਾ ਸਿਆਣੀਐ= ਪਛਾਨਣਾ ਕਰੀਏ।

ਅਥਵਾ:-ਹੇ ਪੁਰਸ਼ਾ ! ਜਿੰਨਾ ਚਿਰ ਤੇਰੇ ਵਿਚ ਜੋਤੀ ਦੀ ਜੋਤਿ=ਸੱਤਾ ਹੈ ਉਨਾਂ ਚਿਰ ਤੂੰ ਇਸ ਸਰੀਰ ਵਿਚ ਬੋਲ ਰਿਹਾ ਹੈਂ, ਜੋਤੀ ਦੀ ਜੋਤ ਤੋਂ ਬਿਨਾਂ ਕੋਈ ਸਿਆਣਾ ਆਦਮੀ ਕੁਝ ਕਰਕੇ ਵਿਖਾਵੇ ਖਾਂ।

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਹ ਇੱਕ ਹਰੀ ਗੁਰਮੁਖਾਂ ਨੂੰ ਨਿਗਾਹ ਆਇਆ ਹੈ, ਜੋ ਸੁਘੜੁ-ਸ੍ਰੇਸ਼ਟ ਘਾੜਤ ਤੇ ਘੜਨ ਵਾਲਾ ਤੇ ਸੁਜਾਣੀਐ=ਚਤੁਰ ਹੈ॥ ੨॥

ਪਉੜੀ॥ ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥

ਹੇ ਵਾਹਿਗੁਰੂ ! ਤੁਸਾਂ ਨੇ ਆਪ ਹੀ ਜਗਤ ਨੂੰ ਉਤਪਤ ਕੀਤਾ ਹੈ, ਫਿਰ ਤੁਸਾਂ ਨੇ ਆਪ ਹੀ ਧੰਦਿਆਂ ਵਿਚ ਲਗਾਇਆ ਹੈ।

ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ॥

ਤੁਸਾਂ ਨੇ ਆਪ ਹੀ ਮੋਹ ਰੂਪ ਠਗ ਬੂਟੀ ਪਾ ਕੇ ਜਗਤ ਨੂੰ ਆਪਣੇ ਵੱਲੋਂ ਖੁਆਇਆ=ਭੁਲਾ ਛੱਡਿਆ ਹੈ।

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥

ਜੀਵ ਦੇ ਅੰਦਰ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਹੈ ਇਸ ਕਰਕੇ ਜੀਵ ਤਿਪਤੈ=ਰੱਜਦਾ ਨਹੀਂ ਹੈ, ਸਦਾ ਹੀ ਭੁੱਖਾ ਪਿਆਸਾ ਰਹਿੰਦਾ ਹੈ।

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥

ਸੰਸਾ ਜਿਹੜਾ ਹੈ ਏਹੋ ਸੰਸਾਰ ਦਾ ਕਾਰਨ ਹੈ, ਸੰਸੇ ਕਰਕੇ ਹੀ ਜੀਵ ਜਨਮ ਮਰਨ ਵਿਚ ਆਉਂਦਾ ਜਾਂਦਾ ਹੈ।

ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥

ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ ਮੋਹ ਨਹੀਂ ਟੁੱਟਦਾ, ਸਾਰੇ ਜੀਵ ਕਰਮਾਂ ਨੂੰ ਕਮਾ ਕੇ ਥੱਕ ਗਏ ਹਨ ਪਰ ਮੋਹ ਦੂਰ ਨਹੀਂ ਹੁੰਦਾ।

ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥

ਜਾਂ ਗੁਰ ਸਿੱਖਿਆ ਦੁਆਰੇ ਨਾਮ ਨੂੰ ਧਿਆਈਏ ਤਾਂ ਤਿਸ ਪ੍ਰਮਾਤਮਾ ਨੂੰ ਭਾਂਵਦਾ ਹੈ, ਜਾਂ ਭਾਇਆ ਤਾਂ ਸੁਖ ਨਾਲ ਰੱਜ ਜਾਂਦਾ ਹੈ।

[ਪੰਨਾ ੧੩੯]

ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥

ਉਹ ਆਪਣੀ ਕੁਲ ਨੂੰ ਤਾਰ ਲੈਂਦਾ ਹੈ, ਉਸ ਦੇ ਜੰਮਣ ਵਾਲੀ ਮਾਂ ਭੀ ਧੰਨ ਹੈ।

ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥ ੨ ॥

ਜਿਸ ਨੇ ਹਰੀ ਨਾਲ ਚਿੱਤ ਬਿਰਤੀ ਨੂੰ ਲਗਾਇਆ ਹੈ, ਉਸ ਦੀ ਸੋਭਾ ਤੇ ਸੁਰਤਿ ਸੁਹਾਵਣੀ=ਸੋਭਨੀਕ ਹੈ॥ ੨ ॥

ਸਲੋਕੁ ਮਃ ੨ ॥

ਉਥਾਨਕਾ:-ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੱਗੇ ਸਿੱਖਾਂ ਨੇ ਬੇਨਤੀ ਕੀਤੀ ਇਸ ਜੀਵ ਦਾ ਸੰਸਾਰ ਸਮੁੰਦਰ ਤੋਂ ਕਿਸ ਤਰ੍ਹਾਂ ਤਰਨਾ ਹੁੰਦਾ ਹੈ? *ਗੁਰ ਉੱਤਰ-*

ਪਹਿਲਾ ਅਰਥ-

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥

ਇਨ੍ਹਾਂ ਅੱਖਾਂ ਸੇ ਵੇਖਣ ਤੋਂ ਬਿਨਾਂ ਹੋ ਜਾਵੇ, ਕੰਨਾਂ ਸੇ ਸੁਨਣੇ ਤੋਂ ਬਿਨਾਂ ਹੋ ਜਾਵੇ।

ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥

ਪ੍ਰਤੱਖ ਪੈਰਾਂ ਸੇ ਚਲਣੇ ਤੋਂ ਬਿਨਾਂ ਹੋ ਜਾਵੇ, ਹੱਥਾਂ ਸੇ ਕਰਤਬ ਕਰਨੇ ਤੋਂ ਬਿਨਾਂ ਹੋ ਜਾਵੇ।

ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥

ਜਿਹਵਾ ਸੇ ਪ੍ਰਤੱਖ ਬਚਨਾਂ ਦੇ ਬੋਲਣ ਤੋਂ ਬਿਨਾਂ ਹੋ ਜਾਵੇ,

ਸਿੱਖਾ ਨੇ ਬੇਨਤੀ ਕੀਤੀ ਕੀ ਅੰਨ੍ਹਾ ਬੋਲਾ ਲੂਲਾ ਲੰਗੜਾ ਗੂੰਗਾ ਹੋ ਜਾਵੇ। ਗੁਰੂ ਜੀ ਨੇ ਕਿਹਾ ਅਸਾਡਾ ਇਹ ਮਤਲਬ ਨਹੀਂ ਕਿ ਅੰਨ੍ਹਾ ਬੋਲਾ ਲੂਲਾ ਲੰਗੜਾ ਹੋ ਜਾਵੇ, ਅਸਾਡਾ ਅਸਲ ਉਪਦੇਸ਼ ਇਹ ਹੈ:-

ਅਖੀ ਬਾਝਹੁ ਵੇਖਣਾ:- ਅੱਖਾਂ ਸੇ ਖੋਟੀ ਦ੍ਰਿਸ਼ਟੀ ਵੇਖਣ ਤੋਂ ਬਿਨਾਂ ਹੋ ਜਾਵੇ, ਅਰਥਾਤ ਇਨ੍ਹਾਂ ਅੱਖਾਂ ਨਾਲ ਪਰਾਈ ਔਰਤਾਂ ਨੂੰ ਖੋਟੀ ਭਾਵਨਾਂ ਨਾਲ ਨਾ ਵੇਖੇ।

ਵਿਣੁ ਕੰਨਾ ਸੁਨਣਾ- ਕੰਨਾਂ ਸੇ ਗੁਰੂ ਅਤੇ ਪ੍ਰਭੂ ਦੀ ਨਿੰਦਿਆ ਸੁਣਨ ਤੋਂ ਬਿਨਾਂ ਹੋ ਜਾਵੇ।

ਪੈਰਾ ਬਾਝਹੁ ਚਲਣਾ- ਪੈਰਾਂ ਸੇ ਕੁਸੰਗੀਆਂ ਦੇ ਖੋਟੇ ਰਸਤੇ ਵੱਲ ਚੱਲਣ ਤੋਂ ਬਿਨਾਂ ਹੋ ਜਾਵੇ।

ਵਿਣੁ ਹਥਾ ਕਰਣਾ- ਹੱਥਾਂ ਸੇ ਚੋਰੀ ਆਦਿਕ ਖੋਟੇ ਕਰਤਬ ਕਰਨ ਤੋਂ ਬਿਨਾਂ ਹੋ ਜਾਵੇ।

ਜੀਭੈ ਬਾਝਹੁ ਬੋਲਣਾ- ਜੀਭ ਨਾਲ ਫਿੱਕੇ, ਕੌੜੇ ਬਚਨਾਂ ਦੇ ਬੋਲਣ ਤੋਂ ਬਿਨਾਂ ਹੋ ਜਾਵੇ।

ਇਉ ਜੀਵਤ ਮਰਣਾ- ਇਸ ਪਰਕਾਰ ਜੀਵਤ ਭਾ ਸੇ ਮਰਨਾ ਕਰੇ।

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਦੇ ਹੁਕਮ ਨੂੰ ਪਛਾਨਣਾ ਕਰੇ, ਤਾਂ ਹੀ ਖਸਮ ਨਾਲ ਮਿਲਣਾ ਹੁੰਦਾ ਹੈ॥ ੧ ॥

ਏਸੇ ਆਸ਼ੇ ਅਨੁਸਾਰ ਇੱਕ ਪ੍ਰਸੰਗ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਤੀਜੀ ਹਕਾਯਤ ਵਿਚ ਔਰੰਗਜ਼ੇਬ ਨੂੰ ਸੁਣਾਇਆ ਹੈ।

ਚੀਨ ਦੇਸ਼ ਵਿਚ ਇੱਕ ਬਾਦਸ਼ਾਹ ਹੋਇਆ ਹੈ ਜੋ ਗਰੀਬਾਂ ਉੱਪਰ ਰਹਿਮਦਿਲੀ, ਤੇ ਹੰਕਾਰੀਆਂ ਦੇ ਗਾਲਨ੍ਹ ਵਾਲਾ, ਤੇ ਵਿੱਦਿਆ ਦਾ ਸੋਮਾ ਬੜੀ ਅਕਲ ਵਾਲਾ ਸੀ, ਜਿਸ ਵਰਗਾ ਦੁਨੀਆਂ ਵਿਚ ਹੋਰ ਕੋਈ ਦੂਜਾ ਸੂਰਬੀਰ ਨਹੀਂ ਹੋਇਆ, ਉਮਰਾ ਪੂਰੀ ਹੋਣ ਤੇ ਜਦ ਉਹ ਮਰਨ ਨੂੰ ਤਿਆਰ ਹੋਇਆ, ਤਾਂ ਉਸ ਦੇ ਵਜ਼ੀਰਾਂ ਨੇ ਉਸ ਪਾਸੋਂ ਪੁੱਛਿਆ ਆਪ ਜੀ ਦੇ ਮਗਰੋਂ ਆਪ ਜੀ ਦੀ ਗੱਦੀ ਉੱਪਰ ਕਿਸ ਨੂੰ ਬੈਠਾਈਏ? ਤਾਂ ਬਾਦਸ਼ਾਹ ਨੇ ਕਿਹਾ-

ਬ ਹੋਸ਼ ਅੰਦਰ ਆਮਦ ਕੁਸ਼ਾਦੋ ਦੁ ਚਸ਼ਮ ॥ ਬਗੁਫਤਾ ਸੁਖਨ ਸ਼ਾਹਿ ਪੇਸ਼ੀਨ ਰਸਮ ॥ ੧੨ ॥

ਨਾ ਪਾਓ ਨ ਦਸਤੋ ਨ ਚਸ਼ਮੋ ਜ਼ੁਬਾਂ ॥ ਨਾ ਹੋਸ਼ੋ ਨ ਹਿੰਮਤ ਨ ਹੈਬਤ ਕਸਾਂ ॥ ੧੩ ॥

ਨ ਹਉਲੋ ਨ ਹਿੰਮਤ ਨ ਹੀਲਹ ਨ ਹੋਸ਼ ॥ ਨ ਬੀਨੀ ਨ ਬੀਨਾਯਗੀ ਹਰ ਦੁ ਗੋਸ਼ ॥ ੧੪ ॥

ਹਰਾਂ ਕਸ ਕਿ ਹਸਤ ਅਜ਼ਮਾਯਸ਼ ਬਵਦ ॥ ਵਜ਼ਾਂ ਦਉਰ ਦੀ ਬਾਦਸ਼ਾਹ ਸ਼ਬਵੱਦ ॥ ੧੫ ॥

ਇਹ ਗੱਲ ਸੁਣ ਕੇ ਵਜ਼ੀਰ ਬੜੇ ਹੈਰਾਨ ਹੋਏ, ਤੇ ਵਿਚਾਰਿਆ ਇਨ੍ਹਾਂ ਗੱਲਾਂ ਵਾਲਾ ਮਨੁੱਖ ਤਾਂ ਬਾਦਸ਼ਾਹੀ ਦੇ ਲਾਇਕ ਨਹੀਂ ਹੁੰਦਾ, ਫਿਰ ਵਜ਼ੀਰਾਂ ਨੇ ਕਿਹਾ, ਬਾਦਸ਼ਾਹ ਸਲਾਮਤ ਆਪ ਨੇ ਦੁਨੀਆਂ ਵਿਚ ਅਜੇਹਾ ਰਾਜ ਕੀਤਾ ਹੈ, ਜੋ ਆਪ ਜੀ ਦੇ ਸਾਹਮਣੇ ਕੋਈ ਨਹੀਂ ਠਹਿਰਿਆ, ਨਾ ਹੀ ਆਪ ਜੀ ਨੇ ਜੰਗ ਵਿਚ ਪਿੱਠ ਦਿੱਤੀ ਹੈ, ਨਾ ਹੀ ਦੁਸ਼ਮਣ ਨੂੰ ਗਾਲ ਦਿੱਤੀ ਹੈ, ਨਾ ਹੀ ਆਪਣੇ ਲਿਖੇ ਹੋਏ ਹਰਫਾਂ (ਅੱਖਰਾਂ) ਉੱਤੇ ਦੁਸ਼ਮਣਾਂ ਨੂੰ ਅੰਗੂਠਾ ਰੱਖਣ ਦਿੱਤਾ ਹੈ। ਪਰ ਇਹ ਦੱਸੋ ਆਖਰੀ ਵਕਤ ਆਪ ਜੀ ਨੇ ਉਲਟ ਬਚਨ ਕਿਉਂ ਕਹੇ ਹਨ ਕਿ ਮੇਰੀ ਗੱਦੀ ਉੱਪਰ ਉਸ ਨੂੰ ਬੈਠਾਣਾ ਜਿਸ ਦੇ ਨਾ ਪੈਰ ਹੋਵਣ, ਨਾ ਹੱਥ ਹੋਣ, ਨਾ ਨੇਤ੍ਰ ਹੋਣ, ਨਾ ਜ਼ਬਾਨ ਹੋਵੇ, ਨਾ ਹੁਸ਼ਿਆਰੀ ਹੋਵੇ, ਨਾ ਉੱਦਮ ਹੋਵੇ, ਨਾ ਕਿਸੀ ਦਾ ਡਰ ਹੋਵੇ। ਰਾਜਨੀਤਕ ਅਨੁਸਾਰ ਤਾਂ ਐਹੋ ਜੇਹਾ ਅੰਗਾਂ ਤੋਂ ਹੀਣ ਪੁਰਸ਼ ਰਾਜ-ਗੱਦੀ ਦਾ ਅਧਿਕਾਰੀ ਨਹੀਂ ਬਣ ਸਕਦਾ। ਵਜ਼ੀਰਾਂ ਤੋਂ ਇਹ ਗੱਲ ਸੁਣ ਕੇ ਬਾਦਸ਼ਾਹ ਨੇ ਕਿਹਾ, ਮੈਂਨੇ ਪ੍ਰਤੱਖ ਅੰਗਾਂ ਤੋਂ ਹੀਣ ਨਹੀਂ ਕਿਹਾ, ਮੈਂਨੇ ਤਾਂ ਅੰਤ੍ਰੀਵ ਭਾਵ ਸੇ ਕਿਹਾ, ਕਿ ਜਿਹੜਾ ਪੈਰਾਂ ਸੇ

ਖੋਟੇ ਰਸਤੇ ਚਲਣੇ ਵਾਲਾ ਨਾ ਹੋਵੇ।

ਹਥਾਂ ਸੇ ਚੋਰੀ ਕਰਨ ਵਾਲਾ ਨਾ ਹੋਵੇ।

ਨੇਤ੍ਰਾਂ ਨਾਲ ਖੋਟੀ ਦ੍ਰਿਸ਼ਟੀ ਵੇਖਣ ਵਾਲਾ ਨਾ ਹੋਵੇ।

ਜ਼ਬਾਨ ਨਾਲ ਖੋਟਾ ਬਚਨ ਉਚਾਰਨ ਵਾਲਾ ਨਾ ਹੋਵੇ।

ਇਤਿਆਦਿਕ ਅੱਠ ਗੁਣ ਜਿਸ ਵਿਚ ਹੋਵਣ ਉਸ ਨੂੰ ਮੇਰੀ ਰਾਜ ਗੱਦੀ ਉੱਪਰ ਬਿਠਾਣਾ-

ਯਥਾ:-ਨ ਬੀਨਦ ਦਿਗਰ ਜ਼ਨ ਬਚਸਮੋ ਖ਼ੁਦਸ਼ ॥ ਨ ਬਦ ਕਾਰ ਕਸ ਕਰੰਦ ਨਜ਼ਰੇ ਬਦਸ਼ ॥ ੨੭ ॥

ਨਜ਼ਰ ਕਰਦ ਕਸ ਬਰ ਨ ਹਰਫ਼ੇ ਹਰਾਮ ॥ ਨਿਗਾਹ ਦਾਸਤ ਬਰਸ਼ੁਕਰ ਯਜ਼ਦਾਂ ਮੁਦਾਮ ॥ ੨੮ ॥

ਨਜ਼ਰ ਰਾ ਬਬਦਕਾਰ ਦੀਗਰ ਬਬਸਤ ॥ ਸ਼ਨਾਸੀ ਤੁ ਤਹਿਨੀਕ ਓ ਕੋਰ ਹਸਤ ॥ ੨੯ ॥

ਕਦਨ ਰਾ ਨ ਦਾਰਦ ਬਬਦਕਾਰ ਕਾਰ ॥ ਨ ਦਰ ਜੰਗ ਪਸਪਾਉ ਪੁਸ਼ਤੇ ਬਰਾਰ ॥ ੩੦ ॥

ਬ ਬਦਕਾਰ ਕਸ ਦਰ ਨ ਦਾਦੰਦ ਪਾਇ ॥ ਕਿ ਓ ਪਾਇ ਲੰਗਅਸਤ ਗੋਈ ਬਜਾਇ ॥ ੩੩ ॥

ਬ ਦੁਜ਼ਦੀ ਮਤਾਰਾ ਨ ਆਲੂਦਤ ਦਸਤ ॥ ਬ ਖੁਰਸ਼ੇ ਹਰਾਮੋ ਕੁਸ਼ਾਯਦ ਨ ਦਸਤ ॥ ੩੪ ॥

ਨ ਗੋਬਦ ਕਸੇ ਬਦ ਸੁਖ਼ਨ ਜ਼ੀਂ ਜ਼ੁਬਾਨ ॥ ਕਿ ਓ ਬੇ ਜ਼ੁਬਾਨਸਤ ਜ਼ਾਹਰ ਜਹਾਨ ॥ ੪੧ ॥

ਸ਼ੁਨੀਦਨ ਨ ਬਦ ਸੁਖ਼ਨ ਕਸਰਾ ਬਗੋਸ਼ ॥ ਕਿ ਓ ਹਸਤ ਬੇਗੋਸ਼ ਗੋਈ ਬਹੋਸ਼ ॥ ੪੨ ॥

ਇਹ ਗੱਲ ਸੁਣਕੇ ਵਜ਼ੀਰ ਬਹੁਤ ਪ੍ਰਸੰਨ ਹੋਏ ਤੇ ਬਾਦਸ਼ਾਹ ਦੇ ਹੁਕਮ ਅਨੁਸਾਰ ਉਨ੍ਹਾਂ ਨੇ ਸਾਰੀ ਅਗਲੀ ਕਾਰਵਾਰੀ ਪੂਰੀ ਨਿਬਾਹੀ।

ਦੂਜਾ ਅਰਥ:-ਜੀਵਤ ਭਾ ਤੋਂ ਮਰਨ ਦੀ ਤੇ ਹੁਕਮ ਦੇ ਪਛਾਨਣ ਦੀ ਕੋਈ ਲੋੜ ਨਹੀਂ ਉਹ ਪ੍ਰਮਾਤਮਾ ਆਪੇ ਮਿਲ ਜਾਂਦਾ ਹੈ? *ਗੁਰ ਉੱਤਰ*-ਜਿਵੇਂ ਨਿਯਮ ਹੈ,

ਅਖੀ ਬਾਝਹੁ ਵੇਖਣਾ- ਅਖਾਂ ਤੋਂ ਬਿਨਾਂ ਵੇਖਿਆ ਨਹੀਂ ਜਾਂਦਾ।

ਵਿਣੁ ਕੰਨਾ ਸੁਨਣਾ- ਕੰਨਾਂ ਤੋਂ ਬਿਨਾਂ ਸੁਣਿਆ ਨਹੀਂ ਜਾਂਦਾ।

ਪੈਰਾ ਬਾਝਹੁ ਚਲਣਾ- ਪੈਰਾਂ ਤੋਂ ਬਿਨਾਂ ਚਲਿਆ ਨਹੀਂ ਜਾਂਦਾ।

ਵਿਣੁ ਹਥਾ ਕਰਣਾ- ਹੱਥਾਂ ਤੋਂ ਬਿਨਾਂ ਕਰਤੱਬ ਨਹੀਂ ਹੁੰਦਾ।

ਜੀਭੈ ਬਾਝਹੁ ਬੋਲਣਾ- ਜੀਭ ਤੋਂ ਬਿਨਾਂ ਬੋਲਿਆ ਨਹੀਂ ਜਾਂਦਾ।

ਤਿਵੇਂ ਜੀਵਤ ਭਾ ਤੋਂ ਮਰੇ ਬਿਨਾਂ, ਹੁਕਮ ਪਛਾਣੇ ਬਿਨਾਂ ਖਸਮ ਨਾਲ ਮਿਲਾਪ ਨਹੀਂ ਹੁੰਦਾ, ਜੀਵਤ ਭਾ ਤੋਂ ਮਰਨਾ ਕਰੇ ਹੁਕਮ ਨੂੰ ਪਛਾਣੇ ਤਾਂ ਹੀ ਖਸਮ ਨਾਲ ਮਿਲਾਪ ਹੁੰਦਾ ਹੈ।

ਤੀਜਾ ਅਰਥ:- *ਪ੍ਰਸ਼ਨ*- ਜਿਸ ਖਸਮ ਨਾਲ ਮਿਲਣਾ ਕਿਹਾ ਹੈ ਉਹ ਖਸਮ ਕੈਸਾ ਹੈ? *ਗੁਰ ਉੱਤਰ:*-

ਅਖੀ ਬਾਝਹੁ ਵੇਖਣਾ- ਉਹ ਨਿਰਗੁਣ ਬ੍ਰਹਮ ਅੱਖਾਂ ਤੋਂ ਬਿਨਾਂ ਹੈ ਤੇ ਵੇਖਣਾ ਕਰਦਾ ਹੈ ਆਪਣੀ ਸੱਤਾ ਸੁਫਰਤੀ ਨਾਲ।

ਵਿਣੁ ਕੰਨਾ ਸੁਨਣਾ- ਉਹ ਨਿਰਗੁਣ ਬ੍ਰਹਮ ਕੰਨਾਂ ਤੋਂ ਬਿਨਾਂ ਹੈ ਤੇ ਸੁਨਣਾ ਕਰਦਾ ਹੈ।

ਪੈਰਾ ਬਾਝਹੁ ਚਲਣਾ- ਉਹ ਨਿਰਗੁਣ ਬ੍ਰਹਮ ਪੈਰਾਂ ਤੋਂ ਬਿਨਾਂ ਹੈ ਤੇ ਚਲਣਾ ਕਰਦਾ ਹੈ।

ਵਿਣੁ ਹਥਾ ਕਰਣਾ- ਹੱਥਾਂ ਤੋਂ ਬਿਨਾਂ ਹੈ ਤੇ ਕਰਤੱਬ ਕਰ ਰਿਹਾ ਹੈ।

ਜੀਭੈ ਬਾਝਹੁ ਬੋਲਣਾ- ਉਹ ਨਿਰਗੁਣ ਬ੍ਰਹਮ ਜੀਭ ਤੋਂ ਬਿਨਾਂ ਹੈ ਤੇ ਬੋਲਣਾ ਕਰਦਾ ਹੈ।

ਇਸ ਤਰ੍ਹਾਂ ਦੇ ਖਸਮ ਨਾਲ ਤਾਂ ਮਿਲਾਪ ਹੁੰਦਾ ਹੈ ਜੇਕਰ ਜੀਵਤ ਭਾ ਤੋਂ ਮਰ ਕੇ ਹੁਕਮ ਪਛਾਨਣਾ ਕਰੇ।

ਚੌਥਾ ਅਰਥ:- ਅੰਤਹਕਰਨ ਵਿਚ ਜਿਸ ਦਾ ਨਿਵਾਸ ਹੈ ਉਹ ਕੁਟੱਸਥ ਕੈਸਾ ਹੈ?

ਗੁਰ ਉੱਤਰ-

ਅਖੀ ਬਾਝਹੁ ਵੇਖਣਾ- ਉਹ ਕੁਟੱਸਥ ਅੱਖਾਂ ਤੋਂ ਬਿਨਾਂ ਹੈ ਤੇ ਵੇਖਣਾ ਕਰਦਾ ਹੈ।

ਵਿਣੁ ਕੰਨਾ ਸੁਨਣਾ- ਉਹ ਕੁਟੱਸਥ ਕੰਨਾਂ ਤੋਂ ਬਿਨਾਂ ਹੈ ਤੇ ਸੁਨਣਾ ਕਰਦਾ ਹੈ।

ਪੈਰਾ ਬਾਝਹੁ ਚਲਣਾ- ਉਹ ਕੁਟੱਸਥ ਪੈਰਾਂ ਤੋਂ ਬਿਨਾਂ ਹੈ ਤੇ ਚਲਣਾ ਕਰਦਾ ਹੈ।

ਵਿਣੁ ਹਥਾ ਕਰਣਾ- ਉਹ ਕੁਟੱਸਥ ਹੱਥਾਂ ਤੋਂ ਬਿਨਾਂ ਹੈ ਤੇ ਕਰਤੱਬ ਕਰਦਾ ਹੈ।

ਜੀਭੈ ਬਾਝਹੁ ਬੋਲਣਾ- ਉਹ ਕੁਟੱਸਥ ਜੀਭ ਤੋਂ ਬਿਨਾਂ ਹੈ ਤੇ ਬੋਲਣਾ ਕਰਦਾ ਹੈ।

ਜੀਵਤੁ ਭਾ ਤੋਂ ਮਰ ਕੇ ਪ੍ਰਭੂ ਦੇ ਹੁਕਮ ਨੂੰ ਪਛਾਣੇ ਤਾਂ ਇਸ ਵਜ੍ਹਾ ਨਾਲ ਖਸਮੈ=ਆਪਣੇ ਮਾਲਕ ਕੁਟੱਸਥ ਨਾਲ ਮਿਲਾਪ ਹੁੰਦਾ ਹੈ। ਅਰਥਾਤ ਅੰਤਹਕਰਨ ਵਿਚ ਸਖਿਅਤ (ਪਰਗਟ) ਹੋ ਜਾਂਦਾ ਹੈ।

ਨੋਟ:-ਜਿਵੇਂ ਅਕਾਸ਼ ਇੱਕੋ ਹੀ ਹੈ, ਪਰ ਘਟ ਉਪਾਧੀ ਕਰਕੇ ਘਟਾਕਾਸ ਵੱਖਰਾ ਕਹਿਣਾ ਪੈਂਦਾ ਹੈ। ਤਿਵੇਂ ਬ੍ਰਹਮ ਇੱਕੋ ਹੀ ਹੈ, ਪਰ ਅੰਤਹਕਰਨ ਉਪਾਧੀ ਕਰਕੇ ਕੁਟੱਸਥ ਆਖਣਾ ਪੈਂਦਾ ਹੈ। ਵਾਸਤਵ ਵਿਚ ਨਿਰਗੁਣ ਬ੍ਰਹਮ ਤੇ ਕੁਟੱਸਥ ਇੱਕੋ ਹਨ।

ਪੰਜਵਾਂ ਅਰਥ:- ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ ਇਸ ਤੁਕ ਦੇ ਅਨੁਸਾਰ ਪੰਜਵਾਂ ਅਰਥ ਕਰਨਾ-

ਅਖੀ ਬਾਝਹੁ ਵੇਖਣਾ- ਨਿਰਗੁਣ ਬ੍ਰਹਮ ਕਰਕੇ ਅੱਖਾਂ ਤੋਂ ਬਿਨਾਂ ਹੈ, ਸਰਗੁਣ ਮੂਰਤੀ ਕਰਕੇ ਅੱਖਾਂ ਨਾਲ ਵੇਖ ਰਿਹਾ ਹੈ, ਕਿਉਂਕਿ ਵੈਰਾਟ ਰੂਪ ਹੋਣ ਕਰਕੇ ਜਗਤ ਦੀਆਂ ਸਾਰੀਆਂ ਅੱਖਾਂ ਉਸ ਸਰਗੁਣ ਬ੍ਰਹਮ ਦੀਆਂ ਅੱਖਾਂ ਹਨ।

ਵਿਣੁ ਕੰਨਾ ਸੁਨਣਾ- ਨਿਰਗੁਣ ਬ੍ਰਹਮ ਹੋਣ ਕਰਕੇ ਕੰਨਾਂ ਤੋਂ ਬਿਨਾਂ ਹੈ, ਸਰਗੁਣ ਮੂਰਤੀ ਕਰਕੇ ਸੁਣਦਾ ਹੈ।

ਪੈਰਾ ਬਾਝਹੁ ਚਲਣਾ- ਨਿਰਗੁਣ ਬ੍ਰਹਮ ਹੋਣ ਕਰਕੇ ਪੈਰਾਂ ਤੋਂ ਬਿਨਾਂ ਹੈ, ਸਰਗੁਣ ਮੂਰਤੀ ਕਰਕੇ ਚਲਣਾ ਕਰਦਾ ਹੈ।

ਵਿਣੁ ਹਥਾ ਕਰਣਾ- ਨਿਰਗੁਣ ਬ੍ਰਹਮ ਹੋਣ ਕਰਕੇ ਹੱਥਾਂ ਤੋਂ ਬਿਨਾਂ ਹੈ, ਸਰਗੁਣ ਮੂਰਤੀ ਕਰਕੇ ਕਰਣਾ=ਕਰਤੱਬ ਕਰਦਾ ਹੈ।

ਜੀਭੈ ਬਾਝਹੁ ਬੋਲਣਾ- ਨਿਰਗੁਣ ਬ੍ਰਹਮ ਹੋਣ ਕਰਕੇ ਜੀਭ ਤੋਂ ਬਿਨਾਂ ਹੈ, ਸਰਗੁਣ ਮੂਰਤੀ ਕਰਕੇ ਬੋਲਣਾ ਕਰਦਾ ਹੈ।

ਜੀਵਤ ਭਾ ਤੋਂ ਮਰ ਕੇ ਹੁਕਮ ਨੂੰ ਪਛਾਣੇ ਤਾਂ ਨਿਰਗੁਣ ਸਰਗੁਣ ਰੂਪ ਜੋ ਖਸਮ ਹੈ ਉਸ ਨਾਲ ਮਿਲਾਪ ਹੁੰਦਾ ਹੈ।

ਯਥਾ:- ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥

ਛੇਵਾਂ ਅਰਥ:- ਜੀਵਤ ਭਾ ਤੋਂ ਕਿਵੇਂ ਮਰੇ? *ਉੱਤਰ*-ਮਨ ਦਾ ਜਿਹੜਾ ਮਾਰਨਾ ਹੈ ਏਹੀ ਜੀਵਤ ਭਾ ਤੋਂ ਮਰਨਾ ਹੈ। *ਪ੍ਰਸ਼ਨ*- ਮਨ ਕੈਸਾ ਹੈ ? *ਉੱਤਰ*-

ਅਖੀ ਬਾਝਹੁ ਵੇਖਣਾ-- ਇਹ ਮਨ ਅੱਖੀਆਂ ਤੋਂ ਬਿਨਾਂ ਹੈ ਤੇ ਵੇਖਣਾ ਕਰ ਰਿਹਾ ਹੈ।

ਵਿਣੁ ਕੰਨਾ ਸੁਨਣਾ- ਇਹ ਮਨ ਕੰਨਾਂ ਤੋਂ ਬਿਨਾਂ ਹੈ ਤੇ ਸੁਨਣਾ ਕਰ ਰਿਹਾ ਹੈ।

ਪੈਰਾ ਬਾਝਹੁ ਚਲਣਾ- ਇਹ ਮਨ ਪੈਰਾਂ ਤੋਂ ਬਿਨਾਂ ਹੈ ਤੇ ਚਲਣਾ ਕਰ ਰਿਹਾ ਹੈ।

ਵਿਣੁ ਹਥਾ ਕਰਣਾ- ਇਹ ਮਨ ਹੱਥਾਂ ਤੋਂ ਬਿਨਾਂ ਹੈ ਤੇ ਕਰਤੱਬ ਕਰ ਰਿਹਾ ਹੈ।

ਜੀਭੈ ਬਾਝਹੁ ਬੋਲਣਾ- ਇਹ ਮਨ ਜੀਭ ਤੋਂ ਬਿਨਾਂ ਹੈ ਤੇ ਬੋਲਣਾ ਕਰ ਰਿਹਾ ਹੈ।

ਯਥਾ:- ਪਗਾਬਿਨ ਹੁਰੀਆ ਮਾਰਤਾ। ਬਦਨੈ ਬਿਨ ਖਿਰ ਖਿਰ ਹਾਸਤਾ॥

ਇਹ ਮਨ ਜੀਵਤ ਭਾ ਤੋਂ ਮਾਰਕੇ ਹੁਕਮ ਨੂੰ ਪਛਾਣੇ ਤਾਂ ਖਸਮ ਨਾਲ ਮਿਲਣਾ ਹੁੰਦਾ ਹੈ।

ਸੱਤਵਾਂ ਅਰਥ:- *ਪ੍ਰਸ਼ਨ:-* ਉਸ ਦੀ ਪਰਾਪਤੀ ਜੀਵਤ ਭਾ ਤੋਂ ਮਰਨ ਨਾਲ ਹੁੰਦੀ ਹੈ ਜਾਂ ਕਿਸੇ ਹੋਰ ਸਾਧਨ ਨਾਲ ਭੀ ਹੁੰਦੀ ਹੈ? *ਉੱਤਰ:*-ਉਸ ਦੀ ਪਰਾਪਤੀ ਭਗਤੀ ਕਰਨ ਨਾਲ ਭੀ ਹੋ ਜਾਂਦੀ ਹੈ, ਪਰ ਮਾਨਸਕ ਭਗਤੀ ਕਰੇ, ਕਿਉਂਕਿ ਮਾਨਸਕ ਭਗਤੀ ਸਭ ਤੋਂ ਸ੍ਰੇਸ਼ਟ ਹੈ।

ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਮਾਨਸਕ ਭਗਤੀ ਕੀਤੀ ਹੈ। ਜਿਸ ਵੇਲੇ ਗੋਇੰਦਵਾਲ ਬਾਵਲੀ ਸਾਹਿਬ ਰਚਨ ਕਰਕੇ ਸੰਗਤਾਂ ਦੀ ਆਵਾਜਾਈ ਬਹੁਤ ਵਧ ਗਈ ਤੇ ਗੁਰੂ ਸਾਹਿਬ ਜੀ ਦਾ ਸਵਾਏ ਤੋਂ ਸਵਾਇਆ ਪਰਤਾਪ ਵਧ ਗਿਆ ਤਾਂ ਪੰਡਿਤ ਲੋਕ ਬਰਦਾਸ਼ਤ ਨਾ ਕਰ ਸਕੇ, ਈਰਖਾ ਦੀ ਅੱਗ ਵਿਚ ਝੁਲਸ ਕੇ ਲਾਹੌਰ ਅਕਬਰ ਬਾਦਸ਼ਾਹ ਅੱਗੇ ਜਾ ਪੁਕਾਰ ਕੀਤੀ, ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਨਵੀਆਂ ਬਾਣੀਆਂ ਨਵੇਂ ਹੀ ਤੀਰਥ ਰਚ ਕੇ ਪੁਰਾਤਨ ਤੀਰਥਾਂ ਦੀ ਮਾਨਤਾ ਘਟਾ ਦਿੱਤੀ ਹੈ, ਇਹ ਗੱਲ ਠੀਕ ਨਹੀਂ ਕੀਤੀ ਉਨ੍ਹਾਂ ਨੂੰ ਸਮਝਾਣਾ ਚਾਹੀਦਾ ਹੈ। ਪੰਡਿਤਾਂ ਤੋਂ ਇਹ ਗੱਲ ਸੁਣਕੇ ਬਾਦਸ਼ਾਹ ਨੇ ਆਪਣਾ ਅਹਿਲਕਾਰ ਭੇਜ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਬੁਲਵਾ ਭੇਜਿਆ, ਜਦ ਪਿਆਦੇ ਨੇ ਆ ਕੇ ਗੁਰੂ ਜੀ ਨੂੰ ਕਿਹਾ ਆਪ ਜੀ ਨੂੰ ਅਕਬਰ ਬਾਦਸ਼ਾਹ ਲਾਹੌਰ ਬੁਲਾ ਰਿਹਾ ਹੈ। ਉਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਆਪਣੇ ਪਾਸ ਬੁਲਾ ਕੇ ਕਿਹਾ, ਇਸ ਦੇ ਨਾਲ ਤੁਸੀਂ ਲਾਹੌਰ ਜਾ ਕੇ ਅਕਬਰ ਬਾਦਸ਼ਾਹ ਦੀ ਤਸੱਲੀ ਕਰਾ ਆਵੋ। ਗੁਰੂ ਰਾਮਦਾਸ ਜੀ ਨੇ ਕਿਹਾ, ਗਰੀਬ ਨਿਵਾਜ਼ ਜੀਓ ਮੈਂ ਤਾਂ ਜਾਣਦਾ ਕੁਝ ਨਹੀਂ ਹਾਂ ਓਥੇ ਜਾ ਕੇ ਉਨ੍ਹਾਂ ਦੇ ਕੀਤੇ ਹੋਏ ਸੁਆਲਾਂ ਦਾ ਕਿਵੇਂ ਜਵਾਬ ਦਿਆਂਗਾ?

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਕਿਹਾ-ਪੁਰਖਾ ਤੂੰ ਉਸ ਵੇਲੇ ਅਸਾਨੂੰ ਯਾਦ ਕਰਕੇ ਸੱਜੀ ਬਾਂਹ ਵੱਲ ਤੱਕ ਲਵੀਂ ਤੈਨੂੰ ਸਭ ਕੁਝ ਕੰਠਾਗਰ ਹੋ ਜਾਵੇਗਾ। ਇਹ ਬਚਨ ਸੁਣ ਕੇ ਮੱਥਾ ਟੇਕ ਕੇ ਆਗਿਆ ਅਨੁਸਾਰ ਲਾਹੌਰ ਵੱਲ ਚਲ ਪਏ। ਜਦ ਬਾਦਸ਼ਾਹ ਦੀ ਕਚਿਹਰੀ ਪਹੁੰਚੇ ਤਾਂ ਉਸ ਨੇ ਬੜੇ ਸਨਮਾਨ ਨਾਲ ਬਿਠਾਇਆ ਤੇ ਬ੍ਰਾਹਮਣਾਂ ਨੂੰ ਬੁਲਵਾ ਭੇਜਿਆ। ਜਦ ਬ੍ਰਾਹਮਣ ਕਚਿਹਰੀ ਵਿਚ ਆ ਪਹੁੰਚੇ ਤਾਂ ਬਾਦਸ਼ਾਹ ਨੇ ਕਿਹਾ ਜੋ ਕੁਝ

ਪੁੱਛਣਾ ਹੈ ਪੁੱਛ ਲਵੋ।

ਬ੍ਰਾਹਮਣਾਂ ਨੇ ਕਿਹਾ ਪੁੱਛੀਏ ਕੀ ਇਹ ਤਾਂ ਗੀਤਾ ਦਾ ਪਾਠ ਕਰਨਾ ਵੀ ਨਹੀਂ ਜਾਣਦੇ, ਉਸੇ ਵੇਲੇ ਹਜ਼ੂਰ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਧਿਆਨ ਧਾਰ ਕੇ ਸੱਜੀ ਭੁਜਾ ਵੱਲ ਤੱਕਿਆ ਤਾਂ ਸਭ ਸ਼ਾਸਤ੍ਰਾਂ ਦੀ ਵਿੱਦਿਆ ਕੰਠ ਹੋ ਗਈ, ਸਭ ਤੋਂ ਪਹਿਲਾਂ ਅਰਥਾਂ ਸਮੇਤ ਗੀਤਾ ਦਾ ਪਾਠ ਸੁਣਾਇਆ, ਫੇਰ ਜੋ ਜੋ ਭੀ ਬ੍ਰਾਹਮਣਾਂ ਨੇ ਪ੍ਰਸ਼ਨ ਕੀਤੇ ਉਨ੍ਹਾਂ ਦਾ ਉੱਤਰ ਦੇ ਕੇ ਸਾਰਿਆਂ ਨੂੰ ਨਿਰੁੱਤਰ ਕਰ ਦਿੱਤਾ। ਬ੍ਰਾਹਮਣ ਤਾਂ ਸ਼ਰਮਿੰਦੇ ਹੋ ਕੇ ਵਾਪਸ ਘਰਾਂ ਨੂੰ ਚਲੇ ਗਏ ਤੇ ਅਕਬਰ ਬਾਦਸ਼ਾਹ ਨੇ ਗੁਰੂ ਜੀ ਨੂੰ ਬੜੇ ਸਨਮਾਨ ਨਾਲ ਟੋਰਿਆ।

ਰਾਹ ਵਿਚ ਆਉਂਦਿਆਂ ਇੱਕ ਦੁਕਾਨ ਤੇ ਬੜੇ ਸੋਹਣੇ ਕੱਪੜੇ ਵੇਖ ਕੇ ਓਥੇ ਖਲੋ ਗਏ ਤੇ ਮਨ ਵਿਚ ਆਖਦੇ ਹਨ ਇਹ ਕੱਪੜੇ ਮੇਰੇ ਸਤਿਗੁਰਾਂ ਦੇ ਪਹਿਰਣ ਯੋਗ ਹਨ, ਪਰ ਕੋਲ ਰੁਪੈ ਨਾ ਹੋਣ ਕਰਕੇ ਖਰੀਦ ਨ ਸਕੇ ਤੇ ਮਨ ਦੀ ਭਾਵਨਾ ਨਾਲ ਮਾਨਸਕ ਭਗਤੀ ਦੁਆਰੇ ਓਥੇ ਖਲੋਤੇ ਹੀ ਆਪਣੇ ਗੁਰਦੇਵਾਂ ਨੂੰ ਕੱਪੜੇ ਪਹਿਰਾ ਦਿੱਤੇ।

ਪੁਨਾ ਅੱਗੇ ਤੁਰੇ ਤਾਂ ਫਲਾਂ ਵਾਲੀ ਦੁਕਾਨ ਤੇ ਸੋਹਣਾ ਅੰਬ ਪਿਆ ਵੇਖ ਕੇ ਆਖਦੇ ਹਨ, ਇਹ ਅੰਬ ਤਾਂ ਗੁਰੂ ਸਾਹਿਬਾਂ ਦੇ ਚੁਪਾਨੇ ਯੋਗ ਹੈ, ਦੁਕਾਨਦਾਰ ਤੋਂ ਪੁੱਛਿਆ ਇਹ ਅੰਬ ਕਿਤਨੇ ਦਾ ਹੈ ਉਸ ਨੇ ਕਿਹਾ ਇੱਕ ਰੁਪਏ ਦਾ ਹੈ, ਖੀਸੇ ਚੋਂ ਰੁਪਿਆ ਕੱਢ ਕੇ ਦੇ ਦਿੱਤਾ ਤੇ ਅੰਬ ਲੈ ਕੇ ਤੁਰ ਪਏ। ਤਰਨ ਤਾਰਨ ਤੋਂ ਅੱਗੇ ਲੰਘ ਗਏ ਤੇ ਰਾਹ ਵਿਚ ਅੰਬ ਫਿਸ ਪਿਆ, ਉਸ ਵੇਲੇ ਬੈਠ ਗਏ ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਧਿਆਨ ਧਰ ਕੇ ਅੰਬ ਚੂਪ ਲਿਆ, ਪਰ ਮਾਨਸਕ ਭਗਤੀ ਦੇ ਤੇ ਪ੍ਰਤਾਪ ਕਰਕੇ ਇਹ ਅੰਬ ਸ੍ਰੀ ਗੁਰੂ ਅਮਰਦਾਸ ਜੀ ਨੂੰ ਪਹੁੰਚ ਗਿਆ, ਅੰਬ ਚੂਪ ਕੇ ਗੁਰੂ ਜੀ ਨੇ ਸਿੱਖਾਂ ਤੋਂ ਪਾਣੀ ਮੰਗਵਾ ਕੇ ਹੱਥ ਮੂੰਹ ਧੋਤਾ ਤੇ ਦੰਦਾਂ 'ਚੋਂ ਸੂਫ ਕੱਢਿਆ ਤਾਂ ਸਿੱਖਾਂ ਨੇ ਕਿਹਾ ਮਹਾਰਾਜ ਆਪ ਜੀ ਨੇ ਅੰਬ ਤਾਂ ਚੂਪਿਆ ਨਹੀਂ ਤੇ ਇਹ ਅੰਬਾਂ ਦਾ ਸੂਫ ਦੰਦਾਂ 'ਚੋਂ ਕਿਉਂ ਨਿਕਲ ਰਿਹਾ ਹੈ, ਹਜ਼ੂਰ ਨੇ ਕਿਹਾ ਅਸਾਨੂੰ ਭਾਈ ਜੇਠੇ ਨੇ ਅੰਬ ਚੁਪਾਇਆ ਹੈ ਇਸ ਕਰਕੇ ਦੰਦਾਂ 'ਚੋਂ ਸੂਫ ਨਿਕਲ ਰਿਹਾ ਹੈ ਇਹ ਗਿਟਕ ਵੀ ਸਾਂਭ ਰੱਖੋ ਭਾਈ ਜੇਠਾ ਆਵੇਗਾ ਤਾਂ ਉਸ ਨੂੰ ਵਿਖਾ ਦੇਣੀ।

ਸਾਧ ਸੰਗਤ ਜੀ ਇੱਸ ਤਰ੍ਹਾਂ ਦੀ ਮਾਨਸਕ ਪੂਜਾ ਸਭ ਤੋਂ ਸ੍ਰੇਸ਼ਟ ਕਹੀ ਹੈ।

ਅਖੀ ਬਾਝਹੁ ਵੇਖਣਾ– ਇਨ੍ਹਾਂ ਤੋਂ ਬਿਨਾਂ ਮਾਨਸਕ ਅੱਖਾਂ ਨਾਲ ਵੇਖਣਾ ਕਰੇ।

ਵਿਣੁ ਕੰਨਾ ਸੁਨਣਾ– ਇਨ੍ਹਾਂ ਕੰਨਾਂ ਤੋਂ ਬਿਨਾਂ ਮਾਨਸਕ ਕੰਨਾਂ ਨਾਲ ਸੁਨਣਾ ਕਰੇ।

ਪੈਰਾ ਬਾਝਹੁ ਚਲਣਾ– ਇਨ੍ਹਾਂ ਪੈਰਾਂ ਤੋਂ ਬਿਨਾਂ ਮਾਨਸੀ ਪੈਰਾਂ ਨਾਲ ਚਲਣਾ ਕਰੇ।

ਵਿਣੁ ਹਥਾ ਕਰਣਾ– ਇਨ੍ਹਾਂ ਹੱਥਾਂ ਤੋਂ ਬਿਨਾਂ ਮਾਨਸੀ ਹੱਥਾਂ ਨਾਲ ਕਰਤੱਬ ਕਰੇ।

ਜੀਭੈ ਬਾਝਹੁ ਬੋਲਣਾ– ਇਸ ਜੀਭਾ ਤੋਂ ਬਿਨਾਂ ਮਾਨਸੀ ਜੀਭਾ ਨਾਲ ਈਸ਼ਵਰ ਜਸ ਬੋਲਣਾ ਕਰੇ। ਜੀਵਤ ਭਾ ਤੋਂ ਮਰ ਕੇ ਹੁਕਮ ਨੂੰ ਪਛਾਣੇ ਤਾਂ ਖਸਮ ਨਾਲ ਮਿਲਣਾ ਹੁੰਦਾ ਹੈ।

ਅੱਠਵਾਂ ਅਰਥ:–ਜੀਵਤ ਭਾ ਦੇ ਮਰਨ ਨਾਲ ਜਦ ਬ੍ਰਹਮ ਗਿਆਨ ਹੁੰਦਾ ਹੈ, ਤਾਂ ਬ੍ਰਹਮ ਗਿਆਨੀ ਨੂੰ ਕਰਮਾਂ ਦਾ ਫਲ ਮਿਲਦਾ ਹੈ ਕਿ ਨਹੀਂ?

ਉੱਤਰ:-ਬ੍ਰਹਮ ਗਿਆਨੀ ਨੂੰ ਕਰਮਾਂ ਦਾ ਫਲ ਨਹੀਂ ਮਿਲਦਾ ਕਿਉਂਕਿ ਉਹ ਭੋਗਦਾ ਹੀ ਅਭੋਗਤਾ ਹਨ, ਜਿਵੇਂ ਕ੍ਰਿਸ਼ਨ ਜੀ ਤੇ ਦੁਰਬਾਸ਼ਾਂ ਰਿਖੀ ਜੀ ਭੋਗਤਾ ਹੀ ਅਭੋਗਤਾ ਸਨ। ਇੱਕ ਦਿਨ ਗੋਪੀਆਂ ਨੇ ਕ੍ਰਿਸ਼ਨ ਜੀ

ਨੂੰ ਕਿਹਾ, ਅਸਾਨੂੰ ਆਪਣੇ ਉਪਦੇਸ਼ਟਾ ਗੁਰੂ ਜੀ ਦਾ ਦਰਸ਼ਨ ਕਰਾਓ, ਤਾਂ ਕ੍ਰਿਸ਼ਨ ਜੀ ਨੇ ਕਿਹਾ ਅਸਾਡੇ ਗੁਰੂ ਜਮਨਾ ਤੋਂ ਪਾਰ ਫਲਾਣੀ ਝਾੜੀ ਹੇਠ ਬੈਠੇ ਤਪ ਕਰ ਰਹੇ ਹਨ। ਖਾਲੀ ਹੱਥੀਂ ਨਾ ਜਾਣਾ ਕੋਈ ਨ ਕੋਈ ਪਦਾਰਥ ਲੈ ਕੇ ਜਾਣਾ। ਕ੍ਰਿਸ਼ਨ ਜੀ ਦੇ ਹੁਕਮ ਅਨੁਸਾਰ ਕਿਸੇ ਨੇ ਲੱਡੂਆਂ ਦਾ, ਕਿਸੇ ਨੇ ਮੇਸੂ ਦਾ, ਕਿਸੇ ਨੇ ਮੱਠੀਆਂ ਦਾ, ਕਿਸੇ ਨੇ ਜਲੇਬੀਆਂ ਦਾ ਥਾਲ ਲੀਤਾ ਜਿਤਨੀਆ ਭੀ ਗੋਪੀਆਂ ਤਿਆਰ ਹੋਈਆਂ ਸਭਨਾਂ ਨੇ ਆਪੋ ਆਪਣਾ ਥਾਲ ਚੁੱਕ ਲਿਆ, ਤੇ ਕ੍ਰਿਸ਼ਨ ਜੀ ਤੋਂ ਪੁੱਛਿਆ ਰਾਹ ਵਿਚ ਜਮਨਾ ਹੈ ਉਸ ਤੋਂ ਕਿਵੇਂ ਪਾਰ ਹੋਵਾਂਗੀਆਂ, ਕ੍ਰਿਸ਼ਨ ਜੀ ਨੇ ਕਿਹਾ ਨਦੀ ਦੇ ਕੰਢੇ ਖਲੋ ਕੇ ਜਮਨਾ ਨੂੰ ਕਹਿਣਾ ਜੇਕਰ ਕ੍ਰਿਸ਼ਨ ਜੀ ਬਾਲ ਜਤੀ ਹਨ ਤਾਂ ਰਸਤਾ ਦੇ ਦੇਹ। ਗੋਪੀਆਂ ਨੇ ਨਦੀ ਦੇ ਕਿਨਾਰੇ ਜਾ ਕੇ ਓਸੇ ਤਰ੍ਹਾਂ ਕਿਹਾ ਹੇ ਜਮਨਾ ਜੇਕਰ ਕ੍ਰਿਸ਼ਨ ਜੀ ਬਾਲ ਜਤੀ ਹਨ ਤਾਂ ਅਸਾਨੂੰ ਰਸਤਾ ਦੇ ਦੇਹ, ਜਮਨਾ ਦਾ ਜਲ ਓਸੇ ਵੇਲੇ ਹਾਥ ਹੋ ਗਿਆ ਤੇ ਗੋਪੀਆਂ ਸਾਰੀਆਂ ਪਾਰ ਲੰਘ ਕੇ ਦੁਰਬਾਸ਼ਾ ਰਿਖੀ ਜੀ ਪਾਸ ਜਾ ਪਹੁੰਚੀਆਂ। ਮਠਿਆਈਆਂ ਦੇ ਥਾਲ ਅੱਗੇ ਰੱਖ ਕੇ ਮੱਥਾ ਟੇਕ ਕੇ ਬੈਠ ਗਈਆਂ ਤੇ ਬੇਨਤੀ ਕੀਤੀ ਸੁਆਮੀ ਜੀ ਕਿਰਪਾ ਕਰਕੇ ਆਪ ਭੋਗ ਲਗਾਓ, ਦੁਰਬਾਸ਼ਾ ਰਿਖੀ ਜੀ ਨੇ ਕਈ ਦਿਨਾਂ ਤੋਂ ਪ੍ਰਸ਼ਾਦ ਨਹੀਂ ਛਕਿਆ ਹੋਇਆ ਸੀ, ਹੌਲੇ ਹੌਲੇ ਖਾਂਦੇ ਖਾਂਦੇ ਸਭ ਕੁਝ ਖਾ ਗਏ, ਗੋਪੀਆਂ ਬਹੁਤ ਪ੍ਰਸੰਨ ਹੋਈਆਂ ਮਨ ਵਿਚ ਆਖਦੀਆਂ ਹਨ ਅੱਜ ਅਸਾਡੀ ਸੇਵਾ ਕੀਤੀ ਸਫਲ ਹੋਈ ਹੈ, ਫਿਰ ਆਵਣ ਲਗਿਆਂ ਗੋਪੀਆਂ ਨੇ ਪੁੱਛਿਆ ਗੁਰਦੇਵ ਜੀ ਰਾਹ ਵਿਚ ਜਮਨਾ ਹੈ ਉਸ ਤੋਂ ਕਿਵੇਂ ਪਾਰ ਹੋਵਾਂਗੀਆਂ, ਦੁਰਬਾਸ਼ਾ ਰਿਖੀ ਜੀ ਨੇ ਪੁੱਛਿਆ ਤੁਸੀਂ ਆਈਆਂ ਕਿਵੇਂ ਹੋ, ਤਾਂ ਗੋਪੀਆਂ ਨੇ ਕਿਹਾ ਕ੍ਰਿਸ਼ਨ ਜੀ ਨੇ ਕਿਹਾ ਸੀ ਤੁਸੀਂ ਮੇਰੇ ਵੱਲੋਂ ਸੰਦੇਸ਼ਾ ਦੇਣਾ ਕਿ ਜੇ ਕ੍ਰਿਸ਼ਨ ਜੀ ਬਾਲ ਜਤੀ ਹਨ ਤਾਂ ਤੂੰ ਰਸਤਾ ਦੇ ਦੇਹ, ਇਹ ਗੱਲ ਸੁਣ ਕੇ ਦੁਰਬਾਸ਼ਾ ਰਿਖੀ ਜੀ ਨੇ ਕਿਹਾ ਹੁਣ ਤੁਸੀਂ ਕਹਿਣਾ ਜੇਕਰ ਦੁਰਬਾਸ਼ਾ ਰਿਖੀ ਜੀ ਨੇ ਖਾਇਆ ਪੀਆ ਕੁਝ ਨਹੀਂ ਤਾਂ ਤੂੰ ਰਸਤਾ ਦੇ ਦੇਹ, ਗੋਪੀਆਂ ਨੇ ਜਮਨਾ ਦੇ ਕਿਨਾਰੇ ਓਸੇ ਤਰ੍ਹਾਂ ਆ ਕੇ ਕਿਹਾ, ਤਾਂ ਜਮਨਾ ਹਾਥ ਹੋ ਗਈ, ਗੋਪੀਆਂ ਆਪਣੇ ਘਰ ਆ ਪਹੁੰਚੀਆਂ, ਇਸ ਵਜ੍ਹਾ ਸੇ ਗਿਆਨਵਾਨ ਭੋਗਤਾ ਹੀ ਅਭੋਗਤਾ ਹਨ।

ਅਖੀ ਬਾਝਹੁ ਵੇਖਣਾ- ਅੱਖਾਂ ਨਾਲ ਦੇਖਦੇ ਹੋਏ ਭੀ ਅੱਖਾਂ ਸੇ ਦੇਖਣੇ ਤੋਂ ਬਿਨਾਂ ਹਨ।

ਵਿਣੁ ਕੰਨਾ ਸੁਨਣਾ- ਕੰਨਾਂ ਨਾਲ ਸੁਣਦੇ ਹੋਏ ਭੀ ਕੰਨਾਂ ਸੇ ਸੁਨਣ ਤੋਂ ਬਿਨਾਂ ਹਨ।

ਪੈਰਾ ਬਾਝਹੁ ਚਲਣਾ- ਪੈਰਾਂ ਨਾਲ ਚਲਦੇ ਹੋਏ ਭੀ ਪੈਰਾਂ ਸੇ ਚਲਣੇ ਤੋਂ ਬਿਨਾਂ ਹਨ।

ਵਿਣੁ ਹਥਾ ਕਰਣਾ- ਹੱਥਾਂ ਨਾਲ ਕਰਤੱਬ ਕਰਦੇ ਹੋਏ ਭੀ ਹੱਥਾਂ ਸੇ ਕਰਤੱਬ ਕਰਨ ਤੋਂ ਬਿਨਾਂ ਹਨ।

ਜੀਭੈ ਬਾਝਹੁ ਬੋਲਣਾ- ਜੀਭ ਨਾਲ ਬੋਲਦੇ ਹੋਏ ਭੀ ਜੀਭ ਸੇ ਬੋਲਣ ਤੋਂ ਬਿਨਾਂ ਹਨ।

ਯਥਾ:- ਹਨੇ ਕੋਟ ਬਿਪਰੰ ਨਹੀਂ ਪਾਪ ਤਾਕਉ। ਕਰੇ ਯਗ ਕੋਟੰ ਨਹੀਂ ਪੁੰਨ ਤਾਕੋ।

ਇਸ ਵਜ੍ਹਾ ਸੇ ਜੀਵਤ ਤੋਂ ਮਰ ਕੇ ਹੁਕਮ ਨੂੰ ਪਛਾਣੇ ਤਾਂ ਖਸਮ ਨਾਲ ਮਿਲਾਪ ਹੁੰਦਾ ਹੈ।

ਨੌਵਾਂ ਅਰਥ:- *ਪ੍ਰਸ਼ਨ:-* ਕਿਸ ਨੂੰ ਵੇਖਣਾ ਸੁਨਣਾ ਕਰੀਏ ? *ਉੱਤਰ:-*

ਅਖੀ ਬਾਝਹੁ ਵੇਖਣਾ- ਜੋ ਪ੍ਰਮੇਸ਼ਵਰ ਅੱਖਾਂ ਤੋਂ ਬਿਨਾਂ ਹੈ ਉਸਨੂੰ ਵੇਖਣਾ ਕਰੇ।

ਵਿਣੁ ਕੰਨਾ ਸੁਨਣਾ- ਜੋ ਪ੍ਰਮੇਸ਼ਰ ਕੰਨਾਂ ਤੋਂ ਬਿਨਾਂ ਹੈ ਉਸ ਦੇ ਜਸ ਨੂੰ ਸੁਨਣਾ ਕਰੇ।

ਪੈਰਾ ਬਾਝਹੁ ਚਲਣਾ- ਜੋ ਪ੍ਰਮੇਸ਼ਰ ਪੈਰਾਂ ਤੋਂ ਬਿਨਾਂ ਹੈ ਉਸ ਵੱਲ ਚਲਣਾ ਕਰੇ।

ਵਿਣੁ ਹਥਾ ਕਰਣਾ- ਜੋ ਪ੍ਰਮੇਸ਼ਰ ਹੱਥਾਂ ਤੋਂ ਬਿਨਾਂ ਹੈ ਉਸ ਦੀ ਪਰਾਪਤੀ ਦੇ ਕਰਤੱਬ ਕਰੇ।

ਜੀਭੈ ਬਾਝਹੁ ਬੋਲਣਾ- ਜੋ ਪ੍ਰਮੇਸ਼ਰ ਜੀਭ ਤੋਂ ਬਿਨਾਂ ਹੈ ਉਸ ਦੇ ਜਸ ਨੂੰ ਬੋਲਣਾ ਕਰੇ।

ਜੀਵਤ ਭਾ ਤੋਂ ਮਰਕੇ ਹੁਕਮ ਨੂੰ ਪਛਾਣੇ ਤਾਂ ਅਜੇਹੇ ਖਸਮ ਨਾਲ ਮਿਲਣਾ ਹੁੰਦਾ ਹੈ।

ਦਸਵਾਂ ਅਰਥ:- ਜੀਵ ਕੈਸਾ ਹੈ ? *ਉੱਤਰ:-*

ਅਖੀ ਬਾਝਹੁ ਵੇਖਣਾ- ਇਨ੍ਹਾਂ ਅੱਖਾਂ ਤੋਂ ਬਿਨਾਂ ਸੁਪਨਾਵੀ ਅੱਖਾਂ ਨਾਲ ਵੇਖਣਾ ਕਰਦਾ ਹੈ।

ਵਿਣੁ ਕੰਨਾ ਸੁਨਣਾ- ਇਨ੍ਹਾਂ ਕੰਨਾਂ ਤੋਂ ਬਿਨਾਂ ਸੁਪਨਾਵੀ ਕੰਨਾਂ ਨਾਲ ਸੁਨਣਾ ਕਰਦਾ ਹੈ।

ਪੈਰਾ ਬਾਝਹੁ ਚਲਣਾ- ਇਨ੍ਹਾਂ ਪੈਰਾਂ ਤੋਂ ਬਿਨਾਂ ਸੁਪਨਾਵੀ ਪੈਰਾਂ ਨਾਲ ਚਲਣਾ ਕਰਦਾ ਹੈ।

ਵਿਣੁ ਹਥਾ ਕਰਣਾ- ਇਨ੍ਹਾਂ ਹੱਥਾਂ ਤੋਂ ਬਿਨਾਂ ਸੁਪਨਾਵੀ ਹੱਥਾਂ ਨਾਲ ਕਰਤੱਬ ਕਰਦਾ ਹੈ।

ਜੀਭੈ ਬਾਝਹੁ ਬੋਲਣਾ- ਇਸ ਜੀਭ ਤੋਂ ਬਿਨਾਂ ਸੁਪਨਾਵੀ ਜੀਭ ਨਾਲ ਬੋਲਣਾ ਕਰਦਾ ਹੈ।

ਅਜੇਹਾ ਜੀਵ ਜੀਵਤ ਭਾ ਤੋਂ ਮਰ ਕੇ ਹੁਕਮ ਨੂੰ ਪਛਾਣੇ ਤਾਂ ਖਸਮ ਪ੍ਰਮਾਤਮਾਂ ਨਾਲ ਮਿਲਦਾ ਹੈ।

ਯਾਰ੍ਹਵਾਂ ਅਰਥ:- *ਪ੍ਰਸ਼ਨ:-*ਗੁਰਮੁਖਾਂ ਤੇ ਮਨਮੁਖਾਂ ਦੇ ਕੀ ਲੱਛਣ ਹਨ?

ਉੱਤਰ:-

ਅਖੀ ਬਾਝਹੁ ਵੇਖਣਾ- ਗੁਰਮੁਖ ਮੰਦ ਅੱਖਾਂ ਤੋਂ ਬਿਨਾਂ ਹਨ, ਮਨਮੁਖ ਮੰਦ ਅੱਖਾਂ ਨਾਲ ਵੇਖਣਾ ਕਰਦਾ ਹੈ।

ਵਿਣੁ ਕੰਨਾ ਸੁਨਣਾ- ਗੁਰਮੁਖ ਮੰਦ ਕੰਨਾਂ ਤੋਂ ਬਿਨਾਂ ਹਨ, ਮਨਮੁਖ ਮੰਦ ਕੰਨਾਂ ਨਾਲ ਗੁਰਾਂ ਦੀ ਨਿੰਦਾ ਸੁਨਣਾ ਕਰਦਾ ਹੈ।

ਪੈਰਾ ਬਾਝਹੁ ਚਲਣਾ- ਗੁਰਮੁਖ ਮੰਦ ਪੈਰਾਂ ਤੋਂ ਬਿਨਾਂ ਹਨ, ਮਨਮੁਖ ਮੰਦ ਪੈਰਾਂ ਨਾਲ ਕੁਸੰਗ ਵੱਲ ਚਲਣਾ ਕਰਦਾ ਹੈ।

ਵਿਣੁ ਹਥਾ ਕਰਣਾ- ਗੁਰਮੁਖ ਮੰਦ ਹੱਥਾਂ ਤੋਂ ਬਿਨਾਂ ਹਨ, ਮਨਮੁਖ ਮੰਦ ਹੱਥਾਂ ਨਾਲ ਚੋਰੀ ਆਦਿ ਕਰਤੱਬ ਕਰਦਾ ਹੈ।

ਜੀਭੈ ਬਾਝਹੁ ਬੋਲਣਾ- ਗੁਰਮੁਖ ਮੰਦ ਜੀਭ ਤੋਂ ਬਿਨਾਂ ਹਨ, ਮਨਮੁਖ ਮੰਦ ਜੀਭ ਨਾਲ ਈਸ਼ੂਰ ਦੀ ਨਿੰਦਾ ਬੋਲਣਾ ਕਰਦਾ ਹੈ।

ਬਾਰ੍ਹਵਾਂ ਅਰਥ:-ਉਸੇ ਗੁਰਮੁਖ ਤੇ ਮਨਮੁਖ ਦੇ ਲੱਛਣ ਫੇਰ ਦੱਸਦੇ ਹਨ:-

ਅਖੀ ਬਾਝਹੁ ਵੇਖਣਾ- ਮਨਮੁਖ ਸ੍ਰੇਸ਼ਟ ਅੱਖਾਂ ਤੋਂ ਬਿਨਾਂ ਹਨ, ਗੁਰਮੁਖ ਸ੍ਰੇਸ਼ਟ ਅੱਖਾਂ ਨਾਲ ਵੇਖਣਾ ਕਰਦਾ ਹੈ।

ਵਿਣੁ ਕੰਨਾ ਸੁਨਣਾ- ਮਨਮੁਖ ਸ੍ਰੇਸ਼ਟ ਕੰਨਾਂ ਤੋਂ ਬਿਨਾਂ ਹਨ, ਗੁਰਮੁਖ ਸ੍ਰੇਸ਼ਟ ਕੰਨਾਂ ਨਾਲ ਹਰੀ ਜਸ ਸੁਨਣਾ ਕਰਦਾ ਹੈ।

ਪੈਰਾ ਬਾਝਹੁ ਚਲਣਾ- ਮਨਮੁਖ ਸ੍ਰੇਸ਼ਟ ਪੈਰਾਂ ਤੋਂ ਬਿਨਾਂ ਹਨ, ਗੁਰਮੁਖ ਸ੍ਰੇਸ਼ਟ ਪੈਰਾਂ ਨਾਲ ਪ੍ਰਭੂ ਵਲ ਚਲਦੇ ਹਨ।

ਵਿਣੁ ਹਥਾ ਕਰਣਾ- ਮਨਮੁਖ ਸ੍ਰੇਸ਼ਟ ਹੱਥਾਂ ਤੋਂ ਬਿਨਾਂ ਹਨ, ਗੁਰਮੁਖ ਸ੍ਰੇਸ਼ਟ ਹੱਥਾਂ ਨਾਲ ਸੇਵਾ ਆਦਿ ਕਰਤੱਬ ਕਰਦੇ ਹਨ।

ਜੀਭੈ ਬਾਝਹੁ ਬੋਲਣਾ- ਮਨਮੁਖ ਸ੍ਰੇਸ਼ਟ ਜੀਭ ਤੋਂ ਬਿਨਾਂ ਹਨ, ਗੁਰਮੁਖ ਸ੍ਰੇਸ਼ਟ ਜੀਭ ਨਾਲ ਹਰੀ ਜਸ

ਬੋਲਣਾ ਕਰਦੇ ਹਨ।

ਗੁਰਮੁਖਾਂ ਵਾਂਗੂੰ ਜੀਵਤ ਭਾ ਤੋਂ ਮਰ ਕੇ ਹੁਕਮ ਨੂੰ ਪਛਾਣੇ ਤਾਂ ਖਸਮ ਨਾਲ ਮਿਲਾਪ ਹੁੰਦਾ ਹੈ।

ਤੇਰ੍ਹਵਾਂ ਅਰਥ:- *ਪ੍ਰਸ਼ਨ:-* ਪ੍ਰਮੇਸ਼ਰ ਦੀ ਲੀਲ੍ਹਾ ਦੱਸੋ ? *ਉੱਤਰ:-*

ਅਖੀ ਬਾਝਹੁ ਵੇਖਣਾ- ਕਈ ਅੱਖਾਂ ਤੋਂ ਬਿਨਾਂ ਅਰਥਾਤ ਅੰਨ੍ਹੇ ਹਨ, ਕਈ ਅੱਖਾਂ ਨਾਲ ਵੇਖਦੇ ਹਨ।

ਵਿਣੁ ਕੰਨਾ ਸੁਨਣਾ- ਕਈ ਕੰਨਾਂ ਬਿਨਾਂ ਅਰਥਾਤ ਬੋਲੇ ਹਨ, ਕਈ ਕੰਨਾਂ ਨਾਲ ਸੁਣਦੇ ਹਨ।

ਪੈਰਾ ਬਾਝਹੁ ਚਲਣਾ- ਕਈ ਪੈਰਾਂ ਤੋਂ ਬਿਨਾਂ ਅਰਥਾਤ ਲੂਲ੍ਹੇ ਹਨ, ਕਈ ਪੈਰਾਂ ਨਾਲ ਚਲਦੇ ਹਨ।

ਵਿਣੁ ਹਥਾ ਕਰਣਾ- ਕਈ ਹੱਥਾਂ ਤੋਂ ਬਿਨਾਂ ਅਰਥਾਤ ਟੁੰਡੇ ਹਨ, ਕਈ ਹੱਥਾਂ ਨਾਲ ਕਰਤੱਬ ਕਰਦੇ ਹਨ।

ਜੀਭੈ ਬਾਝਹੁ ਬੋਲਣਾ- ਕਈ ਜੀਭ ਤੋਂ ਬਿਨਾਂ ਅਰਥਾਤ ਗੂੰਗੇ ਹਨ, ਕਈ ਜੀਭ ਨਾਲ ਬੋਲਦੇ ਹਨ,

ਇਨ੍ਹਾਂ ਵਿਚ ਪ੍ਰਭੂ ਨਾਲ ਕਿਸ ਦਾ ਮਿਲਾਪ ਹੁੰਦਾ ਹੈ ? *ਉੱਤਰ-*

ਜਿਸ ਨੇ ਜੀਵਤ ਭਾ ਤੋਂ ਮਰ ਕੇ ਹੁਕਮ ਨੂੰ ਪਛਾਣਿਆ ਹੈ ਉਸ ਦਾ ਖਸਮ ਨਾਲ ਮਿਲਾਪ ਹੁੰਦਾ ਹੈ।

ਚੌਧਵਾਂ ਅਰਥ:-

*ਪ੍ਰਸ਼ਨ:-*ਜਗਤ ਕੈਸਾ ਹੈ ? *ਉੱਤਰ:-*

ਅਖੀ ਬਾਝਹੁ ਵੇਖਣਾ- ਜਿਵੇਂ ਕੋਈ ਕਹੇ ਅੱਖੀਆਂ ਤੋਂ ਬਿਨਾਂ ਹੈ ਤੇ ਵੇਖਣਾ ਕਰਦਾ ਹੈ।

ਵਿਣੁ ਕੰਨਾ ਸੁਨਣਾ- ਕੰਨਾਂ ਤੋਂ ਬਿਨਾਂ ਹੈ ਤੇ ਸੁਨਣਾ ਕਰਦਾ ਹੈ।

ਪੈਰਾ ਬਾਝਹੁ ਚਲਣਾ- ਪੈਰਾਂ ਤੋਂ ਬਿਨਾਂ ਹੈ ਤੇ ਚਲਣਾ ਕਰਦਾ ਹੈ।

ਵਿਣੁ ਹਥਾ ਕਰਣਾ- ਹੱਥਾਂ ਤੋਂ ਬਿਨਾਂ ਹੈ ਤੇ ਕਰਤੱਬ ਕਰਦਾ ਹੈ।

ਜੀਭੈ ਬਾਝਹੁ ਬੋਲਣਾ- ਜੀਭ ਤੋਂ ਬਿਨਾਂ ਹੈ ਤੇ ਬੋਲਣਾ ਕਰਦਾ ਹੈ।

ਜਿਵੇਂ ਇਹ ਅਤੀਅੰਤਾ ਭਾਵ ਵਾਲੀ ਗੱਲ ਤਿੰਨ ਕਾਲ ਨਹੀਂ ਹੋ ਸਕਦੀ ਤਿਵੇਂ ਇਹ ਜਗਤ ਭੀ ਤਿੰਨ ਕਾਲ ਨਹੀਂ ਹੈ। ਜਗਤ ਨੂੰ ਮਿਥਿਆ ਜਾਣ ਕੇ ਜੀਵਤ ਭਾ ਤੋਂ ਮਰ ਕੇ ਪ੍ਰਭੂ ਦੇ ਹੁਕਮ ਨੂੰ ਪਛਾਣੇ ਤਾਂ ਖਸਮ ਨਾਲ ਮਿਲਣਾ ਹੁੰਦਾ ਹੈ।

ਪੰਦ੍ਰਵਾਂ ਅਰਥ:-ਇੱਕ ਮਾਈ ਦੇ ਘਰ ਬੱਚਾ ਪੈਦਾ ਨਹੀਂ ਸੀ ਹੁੰਦਾ, ਜਦ ਬਹੁਤ ਜਤਨਾਂ ਦੇ ਕਰਨ ਪਿਛੋਂ ਲੜਕਾ ਪੈਦਾ ਹੋਇਆ ਤਾਂ ਬੜੀਆਂ ਖੁਸ਼ੀਆਂ ਮਨਾਈਆਂ, ਫਿਰ ਸਮੇਂ ਅਨੁਸਾਰ ਜਦ ਸੀਤਲਾ ਨਿਕਲੀ ਤਾਂ ਪਹਿਲੇ ਅੱਖਾਂ ਤੋਂ ਹੀਣ ਹੋ ਗਿਆ, ਫਿਰ ਬੋਲਾ ਹੋ ਗਿਆ, ਗੂੰਗਾ ਹੋ ਗਿਆ, ਪੁਨਾ ਲੂਲ੍ਹਾ ਤੇ ਟੁੰਡਾ ਹੋ ਗਿਆ ਅੰਤ ਨੂੰ ਮਰ ਭੀ ਗਿਆ। ਮਾਂ ਬੜਾ ਰੋਵੇ, ਲੋਕ ਬਹੁਤੇਰਾ ਧੀਰਜ ਦੇਣ ਪਰ ਉਸ ਨੂੰ ਧੀਰਜ ਨਾ ਆਵੇ, ਆਖਰਕਾਰ ਉਸ ਮਾਈ ਦੇ ਸਬੰਧੀ ਉਸ ਨੂੰ ਮਹਾਤਮਾਂ ਪਾਸ ਲੈ ਕੇ ਆਏ ਤੇ ਕਿਹਾ ਮਹਾਰਾਜ ਜੀ ਇਸ ਮਾਈ ਦਾ ਲੜਕਾ ਮਰ ਗਿਆ ਹੈ ਅਸੀਂ ਤਾਂ ਬਹੁਤੇਰਾ ਸਮਝਾਇਆ ਹੈ ਪਰ ਇਹ ਵਿਰਲਾਪ ਕਰਨ ਤੋਂ ਹਟਦੀ ਨਹੀਂ ਆਪ ਕਿਰਪਾ ਕਰਕੇ ਇਸਨੂੰ ਸਮਝਾਓ। ਤਾਂ ਮਹਾਤਮਾਂ ਨੇ ਆਪਣੇ ਉਪਦੇਸ਼ ਦੁਆਰਾ ਬਹੁਤੇਰਾ ਸਮਝਾਇਆ ਮਾਈ ਫਿਰ ਵੀ ਨਾ ਸਮਝੀ ਸਗੋਂ ਆਖਦੀ ਹੈ ਕਿ ਮੇਰਾ ਪੁੱਤਰ ਉਸ ਨੇ ਅੰਨ੍ਹਾ ਬੋਲਾ ਲੂਲ੍ਹਾ ਟੁੰਡਾ ਗੂੰਗਾ ਕਰਕੇ ਮਾਰਿਆ ਹੈ ਜੇਕਰ-

ਅਖੀ ਬਾਝਹੁ ਵੇਖਣਾ- ਮੈਂ ਉਸ ਨੂੰ ਕਿਧਰੇ ਵੇਖਣਾ ਕਰਾਂ, ਤਾਂ ਗਰਮ ਸਲਾਈਆਂ ਪਾ ਕੇ ਮੈਂ ਉਸਨੂੰ

ਅੱਖਾਂ ਤੋਂ ਬਿਨਾਂ ਕਰ ਦੇਵਾਂ।

ਵਿਣੁ ਕੰਨਾ ਸੁਨਣਾ- ਜੇਕਰ ਮੈਂ ਸੁਣਾ ਤਾਂ ਗਰਮ ਗਰਮ ਸਿੱਕਾ ਪਾ ਕੇ ਉਸਨੂੰ ਕੰਨਾਂ ਤੋਂ ਬਿਨਾਂ ਕਰ ਦੇਵਾਂ।

ਪੈਰਾ ਬਾਝਹੁ ਚਲਣਾ- ਜੇਕਰ ਮੈਂ ਚਲਦਾ ਵੇਖਾਂ ਤਾਂ ਉਸ ਨੂੰ ਡਾਂਗ ਮਾਰ ਕੇ ਪੈਰਾਂ ਤੋਂ ਬਿਨਾਂ ਕਰ ਦੇਵਾਂ।

ਵਿਣੁ ਹਥਾ ਕਰਣਾ- ਜੇਕਰ ਮੈਂ ਕੋਈ ਕੰਮ ਕਰਦਾ ਵੇਖਾਂ ਤਾਂ ਉਸ ਨੂੰ ਤਲਵਾਰ ਮਾਰ ਕੇ ਹੱਥਾਂ ਤੋਂ ਬਿਨਾਂ ਕਰ ਦੇਵਾਂ।

ਜੀਭੈ ਬਾਝਹੁ ਬੋਲਣਾ- ਜੇਕਰ ਮੈਂ ਉਸ ਨੂੰ ਬੋਲਦਾ ਵੇਖਾਂ ਤਾਂ ਉਸ ਨੂੰ ਜੀਭ ਤੋਂ ਬਿਨਾਂ ਕਰ ਦੇਵਾਂ।

ਇਹ ਗੱਲ ਸੁਣਕੇ ਸੰਤਾਂ ਨੇ ਕਿਹਾ ਹੇ ਮਾਈ ਤੂੰ ਉਸ ਨੂੰ ਕੀ ਅੰਨ੍ਹਾ ਬੋਲਾ ਲੂਲ੍ਹਾ ਟੁੰਡਾ ਗੂੰਗਾ ਕਰਨਾ ਹੈ ਉਹ ਪ੍ਰਭੂ ਤਾਂ ਪਹਿਲੇ ਹੀ--

ਅਖੀ ਬਾਝਹੁ ਵੇਖਣਾ- ਅੱਖੀਆਂ ਤੋਂ ਬਿਨਾਂ ਹੈ ਤੇ ਵੇਖਣਾ ਕਰਦਾ ਹੈ।

ਵਿਣੁ ਕੰਨਾ ਸੁਨਣਾ- ਕੰਨਾਂ ਤੋਂ ਬਿਨਾਂ ਹੈ ਤੇ ਸੁਨਣਾ ਕਰਦਾ ਹੈ।

ਪੈਰਾ ਬਾਝਹੁ ਚਲਣਾ- ਪੈਰਾਂ ਤੋਂ ਬਿਨਾਂ ਹੈ ਤੇ ਚਲਣਾ ਕਰਦਾ ਹੈ।

ਵਿਣੁ ਹਥਾ ਕਰਣਾ- ਹੱਥਾਂ ਤੋਂ ਬਿਨਾਂ ਹੈ ਤੇ ਕਰਤੱਬ ਕਰਦਾ ਹੈ।

ਜੀਭੈ ਬਾਝਹੁ ਬੋਲਣਾ- ਜੀਭਾ ਤੋਂ ਬਿਨਾਂ ਹੈ ਤੇ ਬੋਲਣਾ ਕਰਦਾ ਹੈ।

ਇਹ ਗੱਲ ਸੁਣਕੇ ਮਾਈ ਨੇ ਕਿਹਾ ਉਸ ਗੋਲ ਮੋਲ ਨੇ ਤਾਂ ਮੈਨੂੰ ਪੱਟ ਸੁੱਟਿਆ ਹੈ, ਮੈਂਨੇ ਬਹੁਤੇਰਾ ਵੇਖਿਆ ਹੈ ਉਹ ਕਿਧਰੇ ਵੀ ਨਿਗਾਹ ਨਹੀਂ ਆਇਆ।

ਪਾਸ ਇੱਕ ਜਗਿਆਸੂ ਬੈਠਾ ਸੀ ਉਸ ਨੇ ਕਿਹਾ ਉਸ ਪ੍ਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਤਾਂ ਉਸ ਮਹਾਤਮਾ ਨੇ ਕਿਹਾ-

ਜੀਵਤ ਭਾ ਤੋਂ ਮਰ ਕੇ ਉਸ ਦੇ ਹੁਕਮ ਨੂੰ ਪਛਾਣੇ ਤਾਂ ਖਸਮੈ=ਪ੍ਰਮਾਤਮਾ ਨਾਲ ਮਿਲਣਾ ਹੁੰਦਾ ਹੈ

ਸੋਲ੍ਹਵਾਂ ਅਰਥ:-

ਅਖੀ ਬਾਝਹੁ ਵੇਖਣਾ- ਇਨ੍ਹਾਂ ਅੱਖਾਂ ਤੋਂ ਬਿਨਾਂ ਅੰਤ੍ਰੀਵ ਸੁਰਤੀ ਸਿੰਮ੍ਰਤੀ, ਵਾ:-ਗਿਆਨ ਵੈਰਾਗ ਰੂਪੀ ਅੱਖਾਂ ਨਾਲ ਵੇਖਣਾ ਕਰੇ।

ਯਥਾ:- ਨਾਨਕ ਸੇ ਅਖੜੀਆਂ ਬਿਅਨਿ ਜਿਨੀ ਡਿਸੰਦੋ ਮਾ ਪਿਰੀ॥ *(ਪੰਨਾ ੫੭੭)*

ਵਿਣੁ ਕੰਨਾ ਸੁਨਣਾ- ਇਨ੍ਹਾਂ ਕੰਨਾਂ ਤੋਂ ਬਿਨਾਂ ਅੰਤ੍ਰੀਵ ਨਿਸਚਾ ਵਿਚਾਰ ਰੂਪੀ ਕੰਨਾਂ ਨਾਲ ਸੁਨਣਾ ਕਰੇ।

ਪੈਰਾ ਬਾਝਹੁ ਚਲਣਾ- ਇਨ੍ਹਾਂ ਪੈਰਾਂ ਤੋਂ ਬਿਨਾਂ ਅੰਤ੍ਰੀਵ ਸਾਧਨਾਂ ਰੂਪੀ, ਵਾ:-ਭੈ ਰੂਪੀ ਪੈਰਾਂ ਨਾਲ ਚਲਣਾ ਕਰੇ।

ਵਿਣੁ ਹਥਾ ਕਰਣਾ- ਇਨ੍ਹਾਂ ਪ੍ਰਤੱਖ ਹੱਥਾਂ ਤੋਂ ਬਿਨਾਂ ਅੰਤ੍ਰੀਵ ਪ੍ਰੇਮ ਰੂਪੀ ਹੱਥਾਂ ਸੇ ਕਰਤੱਬ ਕਰੇ।

ਯਥਾ:- ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥ *(ਮਾਝ ਵਾ: ਪੰਨਾ ੧੩੯)*

ਜੀਭੈ ਬਾਝਹੁ ਬੋਲਣਾ- ਇਸ ਪ੍ਰਤੱਖ ਜੀਭ ਤੋਂ ਬਿਨਾਂ ਅੰਤ੍ਰੀਵ ਪ੍ਰੀਤੀ ਰੂਪ, ਵਾ:-ਸ਼ਰਧਾ ਰੂਪ ਜੀਭ ਨਾਲ ਪ੍ਰਮੇਸ਼ਰ ਜਸੁ ਨੂੰ ਬੋਲਣਾ ਕਰੇ

ਇਸ ਤਰ੍ਹਾਂ ਜੀਵਤ ਭਾ ਤੋਂ ਮਰ ਕੇ ਹੁਕਮ ਨੂੰ ਪਛਾਣੇ ਤਾਂ ਖਸਮੈ=ਪ੍ਰਮਾਤਮਾ ਨਾਲ ਮਿਲਣਾ ਹੁੰਦਾ ਹੈ।

ਮਹਾਂ ਪੁਰਸ਼ਾਂ ਤੋਂ ਸੋਲ੍ਹਾਂ ਅਰਥ ਸੁਣੇ ਹਨ, ਸੋਲ੍ਹਾਂ ਹੀ ਸਾਧਸੰਗਤ ਦੀ ਦ੍ਰਿਸ਼ਟੀ ਗੋਚਰ ਕਰ ਦਿੱਤੇ ਹਨ ਪਰ ਸੋਲ੍ਹਾਂ ਅਰਥਾਂ 'ਚੋਂ ਸੰਪ੍ਰਦਾਈ ਅਰਥ ਤਿੰਨ ਹੀ ਹਨ।

ਇੱਕ ਨਿਰਗੁਣ ਬ੍ਰਹਮ ਵਾਲਾ, ਦੂਜਾ ਸੁਪਨਾਵੀ ਜੀਵ ਵਾਲਾ, ਤੀਜਾ ਆਖਰੀ ਅੰਤ੍ਰੀਵ ਭਾਵ ਵਾਲਾ।

ਮਃ ੨ ॥

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥

ਪਹਿਲਾ ਅਰਥ:-ਜੋ ਪ੍ਰਮਾਤਮਾ ਸੁਰਤੀਆਂ ਸਿੰਮ੍ਰਤੀਆਂ ਦੁਆਰੇ ਦਿਸਦਾ ਹੈ, ਗੁਰਾਂ ਦੁਆਰੇ ਸੁਣੀਂਦਾ ਹੈ, ਆਪਣੇ ਅਨੁਭਵ ਦੁਆਰੇ ਜਾਣਿਆ ਜਾਂਦਾ ਹੈ, ਉਸ ਦਾ ਸਾਉ=ਆਨੰਦ ਜੀਵ ਪਾਸੋਂ ਨਹੀਂ ਪਾਇਆ ਜਾਂਦਾ।

ਦੂਜਾ ਅਰਥ:-ਜੋ ਪ੍ਰਮਾਤਮਾ ਆਪਣੇ ਆਪ ਨਾ ਅੱਖਾਂ ਨਾਲ ਦਿਸਦਾ ਹੈ, ਨਾ ਕੰਨਾਂ ਦੁਆਰੇ ਸੁਣਿਆ ਜਾਂਦਾ ਹੈ, ਨਾ ਮਨ ਕਰਕੇ ਜਾਣਿਆ ਜਾਂਦਾ ਹੈ, ਉਸ ਦਾ ਅਨੰਦ ਜੀਵ ਪਾਸੋਂ ਨਹੀਂ ਪਾਇਆ ਜਾਂਦਾ।

ਤੀਜਾ ਅਰਥ:-ਜਿਸ ਪ੍ਰਮੇਸ਼ਰ ਦੀ ਸੱਤਾ ਪਾ ਕੇ ਇਹ ਜੀਵ ਅੱਖਾਂ ਨਾਲ ਵੇਖ ਰਿਹਾ ਹੈ, ਕੰਨਾਂ ਨਾਲ ਸੁਣ ਰਿਹਾ ਹੈ, ਮਨ ਕਰਕੇ ਜਾਣਦਾ ਹੈ ਉਸ ਦਾ ਅਨੰਦ ਜੀਵ ਪਾਸੋਂ ਨਹੀਂ ਪਾਇਆ ਜਾਂਦਾ।

ਚੌਥਾ ਅਰਥ:-ਜੋ ਪ੍ਰਮੇਸ਼ਰ ਸਾਰਿਆਂ ਨੂੰ ਵੇਖ ਰਿਹਾ ਹੈ, ਸਭ ਦੀਆਂ ਗੱਲਾਂ ਸੁਣ ਰਿਹਾ ਹੈ, ਅਤੇ ਸਾਰਿਆਂ ਦੀ ਮਨ ਦੀ ਜਾਣਦਾ ਹੈ ਉਸ ਦਾ ਅਨੰਦ ਜੀਵ ਪਾਸੋਂ ਨਹੀਂ ਪਾਇਆ ਜਾਂਦਾ।

ਪੰਜਵਾਂ ਅਰਥ:-ਇਹ ਜੀਵ ਦਿਸੈ-ਵੇਖਦਾ ਹੈ ਕਿ ਸਾਰੇ ਮਰਦੇ ਜਾਂਦੇ ਹਨ, ਤੇ ਸੁਣਦਾ ਹੈ ਮੇਰੇ ਦਾਦਾ ਪੜਦਾਦਾ ਮਰ ਗਏ ਹਨ, ਅਤੇ ਜਾਣਦਾ ਹੈ ਕਿ ਮੈਂ ਭੀ ਮਰ ਜਾਣਾ ਹੈ ਫਿਰ ਭੀ ਪ੍ਰਭੂ ਦਾ ਸਾਉ=ਅਨੰਦ ਨਹੀਂ ਪਾਇਆ ਜਾਂਦਾ।

ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥

ਜਿਵੇਂ ਕੋਈ ਪੁਰਸ਼ ਰੁਹਲਾ=ਲੂਲ੍ਹਾ ਅਰਥਾਤ ਪੈਰਾਂ ਤੋਂ ਬਿਨਾਂ ਹੈ, ਟੁੰਡਾ=ਹੱਥਾਂ ਤੋਂ ਬਿਨਾਂ ਹੈ, ਅੰਧੁਲਾ=ਅੰਨ੍ਹਾ ਅਰਥਾਤ ਅੱਖਾਂ ਤੋਂ ਬਿਨਾਂ ਹੈ, ਉਹ ਕਿਵੇਂ ਧਾਇ=ਦੌੜ ਕੇ ਕਿਸੇ ਦੇ ਗਲ ਨਾਲ ਲਗ ਸਕਦਾ ਹੈ। ਤਿਵੇਂ ਇਹ ਜੀਵ ਭੀ ਲੂਲ੍ਹਾ ਟੁੰਡਾ ਤੇ ਅੰਨ੍ਹਾ ਹੈ ਇਹ ਕਿਵੇਂ ਦੌੜ ਕੇ ਪ੍ਰਭੂ ਦੇ ਗੱਲ ਨਾਲ ਲੱਗ ਸਕਦਾ ਹੈ। ਜਗਿਆਸੂ ਨੇ ਕਿਹਾ ਆਪ ਕੋਈ ਜੁਗਤੀ ਦੱਸੋ ? *ਉੱਤਰ-*

ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥

ਭੈ ਦੇ ਚਰਨ ਬਨਾਵੇ, ਅਰਥਾਤ ਗੁਰਾਂ ਦਾ ਤੇ ਪ੍ਰਭੂ ਦਾ ਜੋ ਖੌਫ ਧਾਰਨਾ ਹੈ ਏਹੀ ਦੋ ਚਰਨ ਬਨਾਵੇ, ਕਰ ਭਾਵ ਕੇ=ਪ੍ਰੇਮ ਦੇ ਹੱਥ ਬਣਾਏ, ਸੁਰਤਿ=ਸੁਰਤੀ ਸਿੰਮ੍ਰਤੀਆਂ ਰੂਪ ਦੋ ਅੱਖਾਂ ਕਰੇ।

ਅਥਵਾ:-ਸੁਰਤਿ ਨਾਮ ਗਿਆਤ ਦਾ ਹੈ ਗਿਆਤ ਵਿਚੋਂ ਗਿਆਨ ਲੈਣਾ ਗਿਆਨ ਵੈਰਾਗ ਰੂਪ ਦੋ ਅੱਖਾਂ ਕਰੋ।

ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸਿਆਣੀਏ ! ਇਸ ਵਜ੍ਹਾ ਨਾਲ ਤੇਰਾ ਕੰਤ=ਪਤੀ ਨਾਲ ਜ਼ਰੂਰ ਮਿਲਾਪ ਹੋ ਜਾਵੇਗਾ ॥ ੨ ॥

ਪਉੜੀ ॥ ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥

ਹੇ ਸਚਾ=ਨਿੱਤ ਰੂਪ ਪ੍ਰਮਾਤਮਾ ! ਇਕ ਤੂੰਹੀਂ ਸਦਾ ਸਦਾ ਰਹਿਣ ਵਾਲਾ ਹੈਂ ਤੈਨੇ ਆਪ ਹੀ ਦੂਜਾ=ਦ੍ਵੈਤ ਭਾ ਵਿਚ ਇਹ ਸੰਸਾਰ ਦਾ ਸਾਰਾ ਖੇਡ ਰਚਾਇਆ=ਬਣਾਇਆ ਹੈ।

ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥

ਅੰਨਵੇਂ:-ਜੰਤਾ ਉਪਾਇ ਕੈ=ਸਾਰਿਆਂ ਜੀਵਾਂ ਨੂੰ ਪੈਦਾ ਕਰਕੇ ਇਨ੍ਹਾਂ ਦੇ ਅੰਦਰ ਹਉਮੈ=ਰੰਗਤਾ ਮਮਤਾ ਗਰਬੁ=ਹੰਕਾਰ ਅਤੇ ਲੋਕ ਆਦਿਕ ਵਿਕਾਰਾਂ ਨੂੰ ਪਾਇਆ ਹੈ।

ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥

ਇੰਝ ਬੇਨਤੀ ਕਰ, ਹੇ ਵਾਹਿਗੁਰੂ ! ਜਿਵੇਂ ਆਪ ਜੀ ਨੂੰ ਭਾਂਵਦਾ ਹੈ ਤਿਵੇਂ ਆਪ ਰੱਖਣਾ ਕਰੋ, ਕਿਉਂਕਿ ਸਾਰੇ ਜੀਵ ਤੇਰਾ ਕਰਾਇਆ ਹੋਇਆ ਹੀ ਕਰਮ ਕਰਦੇ ਹਨ।

ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ ॥

ਇਕਨਾਂ ਦੇ ਔਗੁਣਾਂ ਨੂੰ ਬਖਸ਼ ਕੇ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ, ਜਿਨ੍ਹਾਂ ਨੂੰ ਤੈਨੇ ਗੁਰ ਸਿੱਖਿਆ ਵਿਚ ਲਗਾਣਾ ਕੀਤਾ ਹੈ।

ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥

ਇਕ ਖੜੇ ਹੋ ਕੇ ਆਪ ਜੀ ਦੀ ਨੌਕਰੀ ਕਰਦੇ ਹਨ, ਉਨ੍ਹਾਂ ਨੂੰ ਆਪ ਜੀ ਦੇ ਨਾਮ ਤੋਂ ਬਿਨਾਂ ਹੋਰ ਕੋਈ ਪਦਾਰਥ ਚੰਗਾ ਨਹੀਂ ਲਗਦਾ।

ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥

ਜਿਨ੍ਹਾਂ ਇਕਨਾਂ ਨੂੰ ਸੱਚੀ ਭਗਤੀ ਰੂਪ ਕਾਰ ਵਿਚ ਲਗਾਵਣਾ ਕੀਤਾ ਹੈ, ਉਨ੍ਹਾਂ ਦੇ ਭਾਣੇ ਹੋਰ ਸਭ ਕਾਰ ਵਿਕਾਰ ਰੂਪ ਹੈ।

ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥

ਜੋ ਗੁਰਮੁਖ ਆਪ ਜੀ ਨੂੰ ਭਾਏ ਹਨ ਪੁੱਤਰ ਕਲਤੁ=ਇਸਤ੍ਰੀ ਆਦਿਕ ਜੋ ਭੀ ਕੁਟੰਬ ਹੈ ਉਸ ਤੋਂ ਉਹ ਇਕ ਗੁਰਮੁਖ ਅਲਿਪਤੁ ਰਹੇ=ਅਸੰਗ ਹੋ ਕੇ ਰਹਿੰਦੇ ਹਨ।

ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥ ੩ ॥

ਜੋ ਸੱਚੇ ਨਾਮ ਸਿਮਰਨ ਵਿਚ ਸਮਾਏ ਹਨ, ਉਹ ਗੁਰਮੁਖ ਅੰਦਰੋਂ ਬਾਹਰੋਂ ਨਿਰਮਲੇ=ਸ਼ੁੱਧ ਹਨ ॥ ੩ ॥

ਸਲੋਕੁ ਮਃ ੧ ॥

ਉਥਾਨਕਾ:-ਇਹ ਸਲੋਕ ਸਿੱਧਾਂ ਦੇ ਪ੍ਰਤੀ ਉਚਾਰਨ ਕਰਕੇ ਆਪਣੇ ਮੁੱਖ ਸਿਧਾਂਤ ਨੂੰ ਸਮਝਾਂਦੇ ਹਨ।

ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥

ਸੋਨੇ ਦੇ ਪਰਬਤ ਭਾਵ ਸੁਮੇਰ ਪਰਬਤ ਵਿਚ ਚਾਹੇ ਗੁਫਾ ਬਣਾ ਕੇ ਰਹਿਣਾ ਕਰੇ। ਚਾਹੇ ਪਾਣੀ ਵਿਚ ਖੜਾ ਰਵ੍ਹੇ ਕੈ=ਅਥਵਾ ਪਤਾਲ ਵਿਚ ਰਵ੍ਹੇ।

ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ ॥

ਅਥਵਾ:- ਧਰਤੀ ਵਿਚ ਰਹਿਣਾ ਕਰੋ। ਅਥਵਾ ਅਕਾਸ਼ ਵਿਚ ਰਹਿਣਾ ਕਰੇ। ਚਾਹੇ ਸਿਰ ਪਰਨੇ ਉਰਧਿ=ਉਲਟਾ ਹੋ ਕੇ ਰਹਿਣਾ ਕਰੇ।

ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ ॥

ਪੂਰਨ ਕਰਕੇ ਭਾਵ ਬਹੁਤ ਸਾਰੇ ਕਾਇਆਂ ਉੱਤੇ ਕੱਪੜੇ ਪਹਿਰਣਾ ਕਰੇ। ਫਿਰ ਉਨ੍ਹਾਂ ਕੱਪੜਿਆਂ ਦੇ ਧੋਣ ਦੀ ਸਦਾ ਕਾਰ ਲੱਗੀ ਰਹੇ।

ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ ॥

ਬਗਾ = ਚਿੱਟੀ ਪੁਸ਼ਾਕ ਪਾ ਕੇ, ਬਗਾ=ਹੰਸ ਅਵਤਾਰ ਦੀ ਉਪਾਸ਼ਨਾ ਸਹਿਤ ਹੋ ਕੇ ਚਾਹੇ ਸ਼ਾਮ-ਬੇਦ ਨੂੰ ਪੁਕਾਰਨਾ ਕਰੇ।

ਰਤਾ = ਲਾਲ ਪੁਸ਼ਾਕ ਪਾ ਕੇ, ਰਤਾ=ਸ੍ਰੀ ਰਾਮ ਚੰਦ੍ਰ ਦੀ ਉਪਾਸ਼ਨਾ ਸਹਿਤ ਹੋ ਕੇ ਚਾਹੇ ਰਿਗ ਬੇਦ ਨੂੰ ਪੁਕਾਰਨਾ ਕਰੇ।

ਪੀਅਲਾ = ਪੀਲੀ ਪੁਸ਼ਾਕ ਪਾ ਕੇ, ਪੀਅਲਾ=ਕ੍ਰਿਸ਼ਨ ਜੀ ਦੀ ਉਪਾਸ਼ਨਾ ਸਹਿਤ ਹੋ ਕੇ ਚਾਹੇ ਜੁਜਰ ਬੇਦ ਨੂੰ ਪੁਕਾਰਨਾ ਕਰੇ।

ਕਾਲਾ = ਕਾਲੀ ਪੁਸ਼ਾਕ ਪਾ ਕੇ, ਕਾਲਾ=ਨਿਹਕਲੰਕ ਦੀ ਉਪਾਸ਼ਨਾ ਸਹਿਤ ਹੋ ਕੇ ਚਾਹੇ ਅਥਰਬਣ ਬੇਦ ਨੂੰ ਪੁਕਾਰਨਾ ਕਰੇ।

ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥

ਦੰਦਾਂ ਉੱਪਰ ਮੈਲ ਨੂੰ ਧਾਰਕੇ ਚਾਹੇ ਕੁਚੀਲੁ=ਸ੍ਵੇਵੜਾ ਹੋ ਰਹਿਣਾ ਕਰੇ। ਪਰ-ਮਤੀ ਵਿਖੇ ਦੁਰ+ਮਤਿ= ਖੋਟੀ ਸਿੱਖਿਆ ਪ੍ਰਾਪਤ ਹੋਣ ਕਰਕੇ ਉਪਰਲੇ ਸਾਰੇ ਸਾਧਨ ਕੀਤੇ ਹੋਏ ਵਿਕਾਰ ਰੂਪ ਹੈਂ।

ਸਿੱਧਾਂ ਨੇ ਕਿਹਾ-ਆਪ ਜੀ ਕੁਝ ਤਾਂ ਬਨੇ ਹੋਵੋਗੇ ਅਰਥਾਤ ਕੋਈ ਨ ਕੋਈ ਭੇਖ ਤਾਂ ਧਾਰਨ ਕੀਤਾ ਹੀ ਹੋਵੇਗਾ?

ਗੁਰ ਉੱਤਰ:- **ਨਾ ਹਉ** ਪਿੱਛੇ ਵੀ ਮੈਂ ਕੁਝ ਨਹੀਂ ਸੀ, **ਨਾ ਮੈ** ਹੁਣ ਵੀ ਮੈਂ ਕੁਝ ਨਹੀਂ ਹਾਂ, **ਨਾ ਹਉ ਹੋਵਾ** ਨਾਹੀ ਮੈਂ ਅੱਗੇ ਕੁਝ ਹੋਵਾਂਗਾ, **ਨਾਨਕ ਸਬਦੁ ਵੀਚਾਰਿ ॥ ੧ ॥**

ਗੁਰੂ ਜੀ ਕਥਨ ਕਰਦੇ ਹਨ-ਮੈਂ ਤਾਂ ਕੇਵਲ ਗੁਰ ਸ਼ਬਦ ਦੁਆਰੇ ਸਬਦੁ=ਬ੍ਰਹਮ ਦੀ ਵੀਚਾਰ ਕਰਦਾ ਹਾਂ ॥ ੧ ॥

ਮਃ ੧ ॥ ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥

ਇਹ ਜੀਵ ! ਕੱਪੜਿਆਂ ਨੂੰ ਧੋਂਦਾ ਹੈ ਅਤੇ ਕਾਇਆ=ਸਰੀਰ ਨੂੰ ਸਾਬਣ ਲਗਾ ਕੇ ਪਖਾਲੇ=ਧੋਂਦਾ ਹੈ। ਆਪ ਹੀ ਸੰਜਮੀ ਹੋ ਕੇ ਬੈਠਦਾ ਹੈ।

ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥

ਅੰਤਰਿ=ਅੰਤਹਕਰਨ ਵਿਚ ਰਾਗ ਦ੍ਵੈਖ ਰੂਪੀ ਮੈਲ ਲੱਗੀ ਹੋਈ ਨੂੰ ਨਵਿਰਤ ਕਰਨਾ ਜਾਣਦਾ ਨਹੀਂ, ਤੇ ਬਾਹਰੋਂ ਸਰੀਰ ਨੂੰ ਵਾ ਕੱਪੜਿਆਂ ਨੂੰ ਮਲ ਮਲ ਕੇ ਧੋਂਦਾ ਹੈ।

ਅੰਧਾ ਭੂਲਿ ਪਇਆ ਜਮ ਜਾਲੇ ॥

ਅੰਨ੍ਹਾ ਅਗਿਆਨੀ ਪੁਰਸ਼ ਇਸ ਤਰ੍ਹਾਂ ਦੇ ਕਰਮਾਂ ਵਿਚ ਭੁੱਲ ਕੇ ਜਮਾਂ ਦੇ ਜਾਲ ਵਿਚ ਜਾ ਪੈਂਦਾ ਹੈ।

ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥

ਦੇਹ ਰੂਪ ਪਰਾਈ=ਬਗਾਨੀ ਵਸਤੂ ਨੂੰ ਆਪਣੀ ਕਰਕੇ ਜਾਣਦਾ ਹੈ, ਹੰਗਤਾ ਮਮਤਾ ਵਿਚ ਲਗ ਕੇ ਦੁਖਾਂ ਨੂੰ ਘਾਲੇ=ਪਾਂਵਦਾ ਹੈ।

ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥

ਗੁਰੂ ਜੀ ਕਥਨ ਕਰਦੇ ਹਨ-ਜਾਂ ਗੁਰਮੁਖ ਬਣ ਕੇ ਗੁਰਾਂ ਦੁਆਰੇ ਹਰਿ ਹਰਿ ਨਾਮ ਨੂੰ ਧਿਆਵੇ ਤਾਂ ਇਸ ਦੇ ਅੰਦਰੋਂ ਹੰਗਤਾ ਮਮਤਾ ਟੁੱਟਦੀ ਹੈ।

ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥ ੨ ॥

ਬਾਣੀ ਦੁਆਰਾ ਨਾਮ ਨੂੰ ਜਪੇ, ਅਤੇ ਮਨ ਕਰਕੇ ਨਾਮ ਨੂੰ ਅਰਾਧਣਾ ਕਰੇ, ਤਾਂ ਫਿਰ ਨਾਮ ਕਰਕੇ ਹੀ ਸੁਖਾਂ ਵਿਚ ਸਮਾਂਵਦਾ ਹੈ॥ ੨ ॥

ਪਵੜੀ ॥ ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥

ਕਰਮਾਂ ਦੇ ਸੰਜੋਗ ਨਾਲ ਕਾਇਆ ਤੇ ਹੰਸਿ=ਜੀਵ ਦਾ ਮੇਲ ਈਸ਼੍ਵਰ ਨੇ ਮਿਲਾਇਆ ਹੈ।

ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥

ਓਸੇ ਨੇ ਹੀ ਇਨ੍ਹਾਂ ਦਾ ਵਿਜੋਗੁ=ਵਿਛੋੜਾ ਕੀਤਾ ਹੈ ਜਿਸ ਪ੍ਰਭੂ ਨੇ ਪੈਦਾ ਕੀਤਾ ਹੈ।

ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥

ਮੂਰਖ ਐਹੋ ਜਹੇ ਭੋਗਾਂ ਨੂੰ ਭੋਗਦਾ ਹੈ, ਜਿਸ ਤੋਂ ਬਹੁਤ ਸਾਰੇ ਦੁਖ ਪ੍ਰਾਪਤ ਹੁੰਦੇ ਹਨ।

ਸੁਖਹੁ ਉਠੇ ਰੋਗ ਪਾਪ ਕਮਾਇਆ ॥

ਜਿਨ੍ਹਾਂ ਸੁਖਾਂ ਲਈ ਪਾਪ ਕਰਮ ਕਮਾਉਂਦਾ ਹੈ ਉਨ੍ਹਾਂ ਸੁਖਾਂ ਤੋਂ ਹੀ ਰੋਗ ਉੱਠਦੇ ਹਨ।

ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥

ਪਦਾਰਥਾਂ ਦੇ ਸੰਜੋਗ ਕਰਕੇ ਹਰਖਹੁ=ਪ੍ਰਸੰਨਤਾ ਨੂੰ ਉਤਪੰਨ ਕਰਦਾ ਹੈ ਅਤੇ ਪਦਾਰਥਾਂ ਦੇ ਵਿਜੋਗ=ਸੋਗ

ਕਰਕੇ ਖਪਾਇਆ=ਖਪਦਾ ਰਹਿੰਦਾ ਹੈ।

ਮੂਰਖ ਗਣਤ ਗਣਾਇ ਝਗੜਾ ਪਾਇਆ॥

ਮੂਰਖ ਨੇ ਗਿਣਤੀਆਂ ਗਣਾ ਕੇ ਆਪਣੇ ਗਲ ਚੁਰਾਸੀ ਲੱਖ ਜੂਨ ਦਾ ਝਗੜਾ ਪਾ ਲਿਆ ਹੈ।

ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ॥

ਜਿਸ ਦਾ ਨਿਬੇੜੁ=ਫੈਸਲਾ ਸਤਿਗੁਰਾਂ ਦੇ ਹੱਥ ਵਿਚ ਆਇਆ ਹੈ ਗੁਰਾਂ ਨੇ ਕਿਰਪਾ ਕਰਕੇ ਉਸ ਦਾ ਜੂਨੀਆਂ ਦਾ ਝਗੜਾ ਚੁਕਾ ਦਿੱਤਾ ਹੈ।

ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ॥ ੪॥

ਕਰਤਾ ਪੁਰਖ ਜੋ ਕਰਦਾ ਹੈ ਓਹੋ ਕੁਝ ਹੁੰਦਾ ਹੈ, ਕਿਸੇ ਦਾ ਚਲਾਇਆ=ਹਟਾਇਆ ਹੋਇਆ ਹਟਦਾ ਨਹੀਂ ਹੈ। ਕਿਉਂਕਿ ਈਸ਼ੂਰ ਦਾ ਸੰਕਲਪ ਸੱਤ ਹੈ ਜੋ ਉਸ ਨੇ ਕਰ ਦਿੱਤਾ ਹੈ ਉਹ ਜ਼ਰੂਰ ਹੋ ਕੇ ਰਹਿੰਦਾ ਹੈ॥ ੪॥

ਸਲੋਕੁ ਮਃ ੧॥

ਉਥਾਨਕਾ:-ਜਿਸ ਵੇਲੇ ਸਚਖੰਡ 'ਚੋਂ 'ਮੂਲ ਮੰਤ੍ਰ', ਦਾ ਉਪਦੇਸ਼ ਲੈ ਕੇ ਵੇਈਂ ਨਦੀ ਤੋਂ ਬਾਹਰ ਆ ਕੇ ਦਾਸ ਪਾਸੋਂ ਕੱਪੜੇ ਪਾਏ ਹਨ, ਤਾਂ ਹਜ਼ੂਰ ਨੇ ਕਿਹਾ, ਭਾਈ ਨਿਹਾਲ ਹੋ, ਇਤਨੇ ਵਿਚ ਹੀ ਉਸ ਦੇ ਪੰਜਾਂ ਕੋਸਾਂ ਦੇ ਤਖਤੇ ਖੁਲ੍ਹ ਗਏ। ਆਪ ਫਿਰ ਦੁਕਾਨ ਤੇ ਆਏ ਅੱਗੋਂ ਜੰਦਰੇ ਵੱਜੇ ਦੇਖ ਕੇ ਪੁੱਛਿਆ ਇਹ ਜੰਦਰੇ ਕਿਸ ਮਾਰੇ ਹਨ, ਲੋਕਾਂ ਨੇ ਕਿਹਾ ਦੌਲਤ ਖਾਂ ਨਵਾਬ ਨੇ ਆਪ ਮਰਵਾਏ ਹਨ। ਹਜ਼ੂਰ ਨੇ ਉਸੀ ਵੇਲੇ ਜੰਦਰੇ ਖੋਲ੍ਹ ਕੇ ਹੁਕਮ ਕਰ ਦਿੱਤਾ ਜਿਸ ਪੁਰਸ਼ ਨੂੰ ਜਿਸ ਜਿਸ ਵਸਤੂ ਦੀ ਲੋੜ ਹੈ ਉਹ ਲੁੱਟ ਲਵੇ।

ਯਥਾ:- ਅੰਨ ਘਨੋ, ਮਿਸਟਾਨ ਤੇ ਲੋਨ-ਮਿਰਚ ਦੋਊ ਹਰਦੀ ਮਨ ਭਾਈ॥
ਲੇਹਿ ਵਰਾਟਕਾ ਪੈਸੇ ਕੌਊ ਪੁਨ ਕਾਗਖਿਕੰ ਕੇਊ ਲੇਤ ਹੈ ਧਾਈ॥
ਅੰਬਰ ਭਾਂਤਿ ਅਨੇਕਨ ਕੇ ਧਰੇ ਆਪਨਿ ਮੈਂ ਸਭ ਦੀਨ ਲੁਟਾਈ॥
ਤੋਟਿ ਨ ਆਇ-ਅਤੋਟ ਭਈ, ਸੁਰ ਧੇਨ ਕਿਧੌ ਮਨਚਿੰਤ ਸੁਹਾਈ॥ ੧੯॥

(ਨਾਨਕ ਪ੍ਰਕਾਸ਼ ਧਿਆ ੨੯)

ਓਧਰ ਕਿਸੀ ਨੇ ਦੌਲਤ ਖਾਂ ਨਵਾਬ ਨੂੰ ਜਾ ਕੇ ਕਿਹਾ, ਤੇਰਾ ਮੋਦੀ ਨਦੀ 'ਚੋਂ ਨਿਕਲ ਆਇਆ ਹੈ ਪਰ ਆਉਂਦਿਆਂ ਸਾਰ ਉਸ ਨੇ ਜੰਦਰੇ ਖੋਲ੍ਹ ਕੇ ਸਭਨਾਂ ਨੂੰ ਕਿਹਾ ਹੈ ਜੋ ਕੁਝ ਲੁੱਟਣਾ ਹੈ ਲੁੱਟ ਲਓ। ਹੁਣ ਸਾਰੇ ਲੋਕ ਵਸਤੂਆਂ ਕੱਢ ਕੇ ਲੁੱਟੀ ਜਾ ਰਹੇ ਹਨ। ਇਹ ਗੱਲ ਦੌਲਤ ਖਾਂ ਨੇ ਸੁਣਕੇ ਆਪਣੇ ਆਦਮੀ ਭੇਜ ਦਿੱਤੇ ਉਨ੍ਹਾਂ ਨੇ ਉਸੀ ਵੇਲੇ ਤਾੜ ਕੇ ਲੋਕਾਂ ਨੂੰ ਹਟਾ ਦਿੱਤਾ ਤੇ ਗਰੀਬ ਨਿਵਾਜ਼ ਗੁਰੂ ਜੀ ਆਪ ਮਸਾਣਾਂ ਵਿਚ ਜਾ ਬੈਠੇ। ਪਿੱਛੋਂ ਚੁਗਲਾਂ ਨੇ ਨਵਾਬ ਪਾਸ ਕਿਹਾ, ਹੁਣ ਦੁਕਾਨ ਵਿਚ ਘਾਟਾ ਬਹੁਤ ਹੋ ਗਿਆ ਹੈ। ਜੈਰਾਮ ਨੂੰ ਸੱਦ ਕੇ ਉਸ ਪਾਸੋਂ ਹਰਜਾਨਾ ਭਰੋ। ਨਵਾਬ ਨੇ ਉਸੀ ਵੇਲੇ ਆਦਮੀ ਭੇਜ ਕੇ ਜੈਰਾਮ ਨੂੰ ਆਪਣੇ ਪਾਸ ਬੁਲਾ ਕੇ ਕਿਹਾ-ਇੱਕ ਸਾਲ ਦਾ ਹਿਸਾਬ ਹੈ ਹੁਣ ਤੂੰ ਪੂਰਾ ਕਰਕੇ ਦੇ। ਜੈਰਾਮ ਨੇ ਗੁਰੂ ਜੀ ਦਾ ਆਸਰਾ ਤੱਕ ਕੇ ਕਿਹਾ ਇੱਕ ਵਾਰ ਮੈਂ ਉਨ੍ਹਾਂ ਪਾਸੋਂ ਹੋ ਆਵਾਂ ਫਿਰ ਮੈਂ ਆ ਕੇ ਦੇਂਦਾ ਹਾਂ। ਜਦ ਜੈਰਾਮ ਨੇ ਗੁਰੂ ਜੀ ਪਾਸ ਆ ਕੇ ਹਿਸਾਬ ਦਾ ਜ਼ਿਕਰ ਕੀਤਾ । ਤਾਂ ਗੁਰੂ ਜੀ ਨੇ ਜੈਰਾਮ ਦੇ ਨਾਲ ਆ ਕੇ ਨਵਾਬ ਨੂੰ ਕਿਹਾ-ਨਵਾਬ ਜੀ ! ਆਪਣੇ ਨਵੀਸਿੰਦ ਨੂੰ ਬੁਲਾ ਕੇ ਬੇਸ਼ੱਕ ਲੇਖਾ ਕਰ ਲਵੋ। ਜਦ ਲੇਖਾ ਕਰ ਚੁੱਕੇ ਤਾਂ ੭੬੦ ਰੁਪਿਆ ਬਾਕੀ ਲੈਣਾ

ਨਿਕਲਿਆ, ਉਸ ਵੇਲੇ ਜੈਰਾਮ ਬੜਾ ਪ੍ਰਸੰਨ ਹੋਇਆ। ਨਵਾਬ ਨੇ ਕਿਹਾ ਇਹ ਰੁਪਿਆ ਲੈ ਕੇ ਅੱਗੋਂ ਫੇਰ ਕੰਮ ਕਾਰ ਕਰ ਲਵੋ। ਤਾਂ ਗੁਰੂ ਜੀ ਨੇ ਕਿਹਾ-

ਬਾਬੇ ਤਬ ਕਹੀ ਧਨ ਲੇਵੋਂ ਅਬ ਨਹੀਂ,
ਜੋਊ ਬਾਕੀ ਸਭ ਰਹੀ-ਤਾਕੀ ਯੌਂ ਸੁਨੀਜੀਏ।
ਰਖੀਏ ਈਮਾਨ ਥਾਇ ਅਪਨੋ ਨਿਬਾਥ ਰਾਇ,
ਪੈਸੇ ਹੈਂ ਖੁਦਾਇਕੇ-ਫਕੀਰਨ ਕੋ ਦੀਜੀਏ।

ਇਤਨੀ ਗੱਲ ਕਹਿ ਕੇ ਆਪ ਮਸਾਣਾਂ ਵਿਚ ਜਾ ਬਠੇ। ਇਹ ਖਬਰ ਜਦ ਮੂਲ ਚੰਦ ਨੇ ਸੁਣੀ ਤਾਂ ਆਪਣੀ ਪੁੱਤਰੀ ਪਾਸ ਬੜੀ ਕਾਹਲੀ ਨਾਲ ਆ ਕੇ ਸਾਰਾ ਹਾਲ ਵੇਹਾਲ ਲਿੱਤਾ ਦਿੱਤਾ। ਜਿਸ ਵੇਲੇ ਇਹ ਸੁਣਿਆ ਕਿ ੭੬੦ ਰੁਪੈ ਇਸ ਵੇਲੇ ਨਵਾਬ ਦੇ ਪਾਸ ਹਨ, ਉਸੀ ਵੇਲੇ ਨਵਾਬ ਪਾਸ ਆ ਕੇ ਕਹਿੰਦਾ:-

ਨਯਾਇ ਮੋਰ ਕੀਜੀਏ-ਸਵਾਬ ਜਾਨ ਆਪਨੋ॥
ਕੁਨੀਤ ਭੂਪ ਕ੍ਰਿਤ-ਮਤਜੰਤ ਭੂਰ ਪਾਪ ਨੋ॥

ਇਹ ਗੱਲ ਸੁਣਕੇ ਨਵਾਬ ਨੇ ਪੁੱਛਿਆ-ਤੂੰ ਕੌਣ ਹੈਂ ? ਮੂਲ ਚੰਦ ਨੇ ਕਿਹਾ-ਤੇਰੇ ਮੋਦੀ ਨਾਨਕ ਦਾ ਮੈਂ 'ਸਹੁਰਾ' ਹਾਂ-ਇਹ ਗੱਲ ਸੁਣਦਿਆਂ ਸਾਰ ਨਵਾਬ ਨੇ ਝੱਟ ਆਪਣੇ ਪਾਸ ਬੁਲਾ ਕੇ ਕਿਹਾ ਤੂੰ ਕੀ ਚਾਹੁੰਦਾ ਹੈਂ। ਮੂਲ ਚੰਦ ਨੇ ਕਿਹਾ:-ਮੇਰੇ ਜਵਾਈ ਦਾ ਜੋ ੭੬੦ ਰੁਪਿਆ ਤੇਰੇ ਪਾਸ ਜਮ੍ਹਾਂ ਹੈ ਉਹ ਤੂੰ ਉਸ ਦੇ ਪੁੱਤਰਾਂ ਨੂੰ ਦੇ ਦੇ। ਇਹ ਗੱਲ ਸੁਣਕੇ ਨਵਾਬ ਨੇ ਕਿਹਾ, ਹੇ ਮੂਲ ਚੰਦ ਉਹ ਰੁਪਏ ਤਾਂ ਫਕੀਰਾਂ ਨੂੰ ਖੁਆਉਣ ਵਾਸਤੇ ਮੇਰੇ ਪਾਸ ਅਮਾਨਤ ਹਨ। ਤੈਨੂੰ ਮੈਂ ਕਿਸ ਤਰ੍ਹਾਂ ਦੇਵਾਂ। ਅੱਗੋਂ ਮੂਲ ਚੰਦ ਨੇ ਕਿਹਾ ਨਵਾਬ ਜੀ ਉਹ ਤਾਂ ਹੁਣ ਬਾਵਰਾ ਹੋ ਕੇ ਸੰਸਾਰ ਤੋਂ ਉਦਾਸ ਹੋ ਕੇ ਮਸਾਣਾਂ ਵਿਚ ਜਾ ਬੈਠਾ ਹੈ ਉਹ ਤਾਂ ਆਪਣੇ ਪ੍ਰਵਾਰ ਦਾ ਕੁਝ ਵੀ ਨਹੀਂ ਬਣਾ ਗਿਆ। ਇਹ ਗੱਲਾਂ ਸੁਣਕੇ ਨਵਾਬ ਚਿੰਤਾਵਾਨ ਹੋ ਕੇ ਸੋਚਦਾ ਹੈ।

ਯਥਾ:- ਨਿਵਾਬ ਬੈਨ ਤਾਂ ਸੁਨੇ-ਸਚਿੰਤ ਚੀਤ ਹ੍ਵੈ ਰਹਯੋ॥
ਗਹੀ ਫਨੀ ਚਚੁੰਧਰੰ ਤਜੀ ਨ ਖਾਹਿ ਯੌਂ ਭਯੋ॥
ਫਕੀਰ ਕੋ ਨ ਦੇਉ, ਹੋਤ ਭੈ ਹਮੈ ਸੁ ਤਾਂਹਿ ਕੋ॥
ਨਾ ਦੇਉਂ ਤੌਹਿ ਹੋਤ ਹੈ ਕੁਨੀਤ-ਨੀਤ ਨਾਹਿ ਕੋ॥ ੧੦॥

ਨਵਾਬ ਦੇ ਪਾਸ-ਇੱਕ 'ਯਾਰ ਖਾਂ' ਬੈਠਾ ਸੀ ਉਸ ਪਾਸੋਂ ਸਲਾਹ ਪੁੱਛੀ ਹੁਣ ਕੀ ਕਰਨਾ ਚਾਹੀਦਾ ਹੈ ਤਾਂ ਉਸ ਨੇ ਕਿਹਾ, ਜੇਕਰ ਨਾਨਕ ਠੀਕ ਬਾਵਰਾ ਹੋ ਗਿਆ ਹੈ ਜਾਂ ਉਸ ਨੂੰ ਭੂਤਨਾ ਚਮੜਿਆ ਹੋਇਆ ਹੈ ਤਾਂ ਇਸ ਗੱਲ ਦੇ ਨਿਸਚੇ ਹੋ ਜਾਣ ਤੋਂ ਬਾਅਦ ਉਸ ਦੇ ਪ੍ਰਵਾਰ ਨੂੰ ਧਨ ਦੇ ਦੇਣਾ ਚਾਹੀਦਾ ਹੈ। ਜੇਕਰ ਉਹ ਬੁੱਧੀ ਦੇ ਸਾਹਿਤ ਹੈ ਤਾਂ ਉਸ ਨੂੰ ਪੁੱਛ ਲੈਣਾ ਚਾਹੀਦਾ ਹੈ। ਇਹ ਗੱਲ ਸੁਣਕੇ ਨਵਾਬ ਨੇ ਕਿਹਾ ਠੀਕ ਹੈ। ਉਸੀ ਵੇਲੇ ਇੱਕ ਮੁੱਲਾਂ ਨੂੰ ਬੁਲਾ ਕੇ ਨਾਨਕ ਵੱਲ ਭੇਜਿਆ ਉਸ ਨੇ ਆ ਕੇ ਮੰਤਰ ਪੜ੍ਹ ਕੇ ਵੱਟੀ ਵੱਟ ਕੇ ਅੱਗ ਲਗਾ ਕੇ ਧੂੰਆਂ ਚਾੜ੍ਹਿਆ। ਤਬ ਗੁਰੂ ਜੀ ਦੀ ਸਮਾਧੀ ਡੋਲ ਗਈ ਤੇ ਬਚਨ ਬੋਲਕੇ ਸ਼ੁਭ ਸਿੱਖਿਆ ਦਿੱਤੀ--

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥

.....

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ (ਪੰਨਾ ੯੯੧)

ਇਹ ਸ਼ਬਦ ਸੁਣਦਿਆਂ ਸਾਰ ਮੁੱਲਾਂ ਨੂੰ ਬੜੀ ਸ਼ਰਧਾ ਆ ਗਈ। ਤੇ ਉਸਤਤੀ ਕਰਦਾ ਹੋਇਆ ਚਰਨਾਂ ਤੇ ਮੱਥਾ ਟੇਕ ਕੇ ਨਵਾਬ ਨੂੰ ਜਾ ਕੇ ਕਹਿੰਦਾ ਹੈ। ਨਾਨਕ ਪੀਰਨ ਪੀਰ ਧੀਰ ਮਤਿ ਬਿਕਟ ਸੋ॥ ਇਹ ਬਚਨ ਸੁਣਕੇ ਚਿੱਤ ਵਿਚ ਨਵਾਬ ਵਿਚਾਰਦਾ ਹੈ ਹੁਣ ਮੈਂ ਕੀ ਕਰਾਂ। ਗੁਰੂ ਨਾਨਕ ਦਾ ਕਹਿਣਾ ਮੰਨਾਂ ਜਾਂ ਮੂਲ ਚੰਦ ਦਾ। ਪਾਸ ਬੈਠੇ ਕਿਸੀ ਮਨੁੱਖ ਨੇ ਕਿਹਾ, ਜੈਰਾਮ ਨੂੰ ਪਾਸ ਸੱਦ ਕੇ ਪੁੱਛ ਉਸ ਦੀ ਕੀ ਸਲਾਹ ਹੈ। ਉਸੀ ਵੇਲੇ ਜੈਰਾਮ ਨੂੰ ਸੱਦ ਕੇ ਪੁੱਛਿਆ ਹੁਣ ਕੀ ਕਰੀਏ ਧਨ ਕਿੱਥੇ ਵੰਡੀਏ। ਜੈਰਾਮ ਨੇ ਕਿਹਾ ਤੇਰਾ ਮੋਦੀ ਅਜੇ ਇੱਥੇ ਹੀ ਹੈ। ਉਸ ਨੂੰ ਸੱਦ ਕੇ ਪੁੱਛ ਲਵੋ। ਉਸੀ ਵੇਲੇ ਆਦਮੀ ਭੇਜਕੇ ਗੁਰੂ ਨਾਨਕ ਨੂੰ ਸੱਦ ਭੇਜਿਆ। ਪਰ ਗੁਰੂ ਜੀ ਨਾ ਆਏ। ਦੁਬਾਰਾ ਫਿਰ ਭੇਜਿਆ ਕਿ ਜੇਕਰ ਕਹਿਣੇ ਸੇ ਨਾ ਆਓਣ ਤਾਂ ਫੜ ਕੇ ਬਦੋਬਦੀ ਲੈ ਆਓ।

ਜਦ ਦੁਬਾਰਾ ਬਦੋਬਦੀ ਫੜਨ ਆਏ ਤਾਂ ਗੁਰੂ ਜੀ ਆਪੇ ਉੱਠ ਕੇ ਚਲ ਆਏ ਪਰ ਆ ਕੇ ਨਵਾਬ ਨੂੰ ਸਲਾਮ ਨ ਕੀਤੀ। ਨਵਾਬ ਨੇ ਗੁੱਸੇ ਵਿਚ ਆ ਕੇ ਕਿਹਾ-ਹੇ ਮੋਦੀ ਕੀ ਵਜ੍ਹਾ ਹੈ ਪਹਿਲੀ ਵਾਰ ਬੁਲਾਉਣ ਤੇ ਤੂੰ ਕਿਉਂ ਨਹੀਂ ਆਇਆ? ਹਜ਼ੂਰ ਨੇ ਕਿਹਾ:-

ਚਾਕਰ ਜਬੈ ਤੁਮਾਰ, ਆਵਤੇ ਤੁਮ ਕਹੇ॥
ਤਜੀ ਕ੍ਰਿਤ ਅਬ ਸਭੈ ਨਿਆਰੇ ਹੋ ਰਹੇ॥
ਚਾਕਰ ਭਏ ਖੁਦਾਇ ਹੁਕਮ ਤਹਿ ਮਾਨਈ॥
ਹੋ ਨਿਰੰਕਾਰ ਕਰਤਾਰ ਜਗਤ ਜਿਹ ਜਾਨਈ॥

ਇੰਹ ਗੱਲ ਸੁਣਦਿਆਂ ਸਾਰ ਨਵਾਬ ਕ੍ਰੋਧ ਵਿਚ ਆ ਕੇ ਕਹਿੰਦਾ ਹੈ ਅੱਜ ਜੁਮੇ ਦਾ ਰੋਜ਼ ਹੈ ਚਲ ਅਸਾਡੇ ਨਾਲ ਮਸੀਤ ਵਿਚ ਨਿਵਾਜ ਪੜ੍ਹਨਾ ਕਰ। ਗੁਰੂ ਜੀ ਝੱਟ ਉੱਠ ਕੇ ਨਾਲ ਤੁਰ ਪਏ ਲੋਕ ਤਾਂ ਬੜੇ ਘਬਰਾਏ। ਪਰ ਮੂੰਹੋਂ ਕਹਿ ਕੁਝ ਨਹੀਂ ਸ਼ਕਦੇ।

ਯਥਾ:- ਹਿੰਦੂ ਕੋਈ ਨਾ ਕਹਿ ਸਕੇ ਤੁਰਕਨ ਤੇਜ ਬਿਸਾਲ॥
ਪਰਮੇਸਰ ਪਤਿ ਰਾਖਈ ਸਿਮਰਹਿ ਦੀਨ ਦਯਾਲ॥

ਉਸੇ ਵੇਲੇ ਨਵਾਬ ਤੇ ਕਾਜ਼ੀ ਨੇ ਹੱਥ ਪੈਰ ਧੋ ਕੇ ਚੰਗੀ ਤਰ੍ਹਾਂ ਨਿਵਾਜ ਪੜ੍ਹੀ। ਪਰ ਗੁਰੂ ਜੀ ਅਡੋਲ ਹੋ ਕੇ ਖੜੇ ਰਹੇ। ਨਿਵਾਜ ਪੂਰੀ ਕਰਕੇ ਨਵਾਬ ਨੇ ਕਿਹਾ, ਆਪ ਖੜੇ ਕਿਉਂ ਰਹੇ ਹੋ, ਨਿਵਾਜ ਕਿਉਂ ਨਹੀਂ ਪੜ੍ਹੀ। ਹਜ਼ੂਰ ਨੇ ਫੁਰਮਾਇਆ ਤੇਰਾ ਮਨ ਤਾਂ ਸਿਜਦੇ ਸਮੇਂ ਕੰਧਾਰ ਵਿਚ ਘੋੜਿਆਂ ਦੇ ਖ੍ਰੀਦਣ ਗਿਆ ਹੋਇਆ ਸੀ ਅਸੀਂ ਨਿਵਾਜ ਕਿਸ ਨਾਲ ਪੜ੍ਹਦੇ। ਉਸੀ ਵੇਲੇ ਕਾਜ਼ੀ ਨੇ ਕਿਹਾ, ਮੇਰਾ ਮਨ ਤਾਂ ਵਿਚ ਸੀ ਮੇਰੇ ਨਾਲ ਨਿਵਾਜ ਪੜ੍ਹ ਲੈਂਦੇ-ਦੇਖੋ ਮੂਰਖ ਕਾਜ਼ੀ ਆਪਣਾ ਪੜਦਾ ਭੀ ਖੁਲ੍ਹਵਾਇਆ ਚਾਹੁੰਦਾ ਹੈ। ਹਜ਼ੂਰ ਨੇ ਕਿਹਾ ਤੇਰੇ ਨਾਲ ਕਿਵੇਂ ਪੜ੍ਹਦੇ ਤੇਰਾ ਮਨ ਤਾਂ ਘਰ ਵਿਚ ਵਛੇਰੇ ਦੇ ਧਿਆਨ ਵਿਚ ਸੀ ਕਿ ਟੋਇ ਵਿਚ ਨ ਡਿਗ ਪਵੇ।

ਯਥਾ:- ਬੋਲੇ ਨਾਨਕ ਬੈਨ ਐਨ ਸੁਖ ਗੁਨ ਦਯਾ॥
ਕਾਜੀ ਕਰੀ ਨਿਵਾਜ ਸਦਨ ਮੈ ਮਨ ਗਯਾ॥
ਬੜਵਾ ਜਯੋ ਵਛੇਰ ਗਰਭ ਤਹਿ ਪਾਸ ਹੈ॥
ਹੋ ਤਿਹ ਮਹਿ ਨਹਿ ਗਿਰ ਪਰੈ ਬਹੁਤ ਵਿਸਵਾਸ ਹੈ॥

ਉਸੀ ਵੇਲੇ ਗੁਰੂ ਸਹਿਬ ਜੀ ਨੇ ਇਹ ਚਾਰ ਸਲੋਕ ਕਾਜ਼ੀ ਪ੍ਰਤੀ ਉਚਾਰਨ ਕੀਤੇ, ਹੇ ਕਾਜੀ ! ਤੂੰ

ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥

ਕੂੜੁ=ਝੂਠ ਬੋਲਣੇ ਰੂਪੀ ਮੁਰਦਾਰ ਨੂੰ ਖਾ ਰਿਹਾ ਹੈਂ।

ਅਥਵਾ:-ਝੂਠ ਬੋਲ ਕੇ ਪਰਾਏ ਹੱਕ ਰੂਪੀ ਮੁਰਦਾਰੁ=ਮੁਰਦੇ ਨੂੰ ਖਾ ਰਿਹਾ ਹੈਂ। ਅਤੇ ਹੋਰਨਾਂ ਨੂੰ ਸਮਝਾਵਣ ਜਾਂਦਾ ਹੈਂ-ਕਿ ਝੂਠ ਬੋਲਣਾ ਤੇ ਬਗਾਨਾ ਹੱਕ ਖਾਣਾ ਬਹੁਤ ਪਾਪ ਹੈ।

[ਪੰਨਾ ੧੪੦]

ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥ ੧ ॥

ਤੂੰ ਆਪ ਭੀ ਠਗਿਆ ਗਿਆ ਹੈਂ ਅਤੇ ਆਪਣੇ ਸਾਥ ਨੂੰ ਭੀ ਮੁਹਾਏ=ਠਗਾਉਂਦਾ ਹੈਂ।

ਗੁਰੂ ਜੀ ਕਥਨ ਕਰਦੇ ਹਨ-ਤੂੰ ਇਸ ਤਰ੍ਹਾਂ ਦਾ ਖੋਟਾ ਆਗੂ ਜਾਪੈ=ਜਾਣਿਆ ਜਾਂਦਾ ਹੈਂ॥ ੧ ॥

ਮਹਲਾ ੪ ॥

ਹੁਣ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ-

ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥

ਜਿਸ ਮਨੁੱਖ ਦੇ ਹਿਰਦੇ ਵਿਚ ਸੱਚ ਹੈ ਉਹ ਸਚੁ=ਨਿਸਚੇ ਕਰਕੇ ਆਪਣੇ ਮੂੰਹੋਂ ਸੱਚ ਨਾਮ ਨੂੰ ਹੀ ਅਲਾਏ=ਕਥਨ ਕਰਦਾ ਹੈ।

ਉਹ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥

ਉਹ ਹਰੀ ਦੇ ਰਸਤੇ ਉੱਪਰ ਆਪ ਚਲਦਾ ਹੈ ਅਤੇ ਹੋਰਨਾਂ ਨੂੰ ਭੀ ਹਰੀ ਦੇ ਰਸਤੇ ਉੱਤੇ ਪਾਉਂਦਾ ਹੈ।

ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥

ਜੇਕਰ ਮਨੁੱਖ ਦੇ ਅੱਗੇ ਤੀਰਥ ਪ੍ਰਾਪਤ ਹੋਵੇ ਤਾਂ ਉਸ ਵਿਚ ਇਸ਼ਨਾਨ ਕੀਤਿਆਂ ਮੈਲ ਲਹਿ ਜਾਂਦੀ ਹੈ ਪਰ ਛੱਪੜ ਵਿਚ ਨ੍ਹਾਤਿਆਂ ਸਗਵੀ=ਉਲਟੀ ਮੈਲ ਲੱਗ ਜਾਂਦੀ ਹੈ।

ਇਸੀ ਪ੍ਰਕਾਰ ਤੀਰਥ ਰੂਪ ਪੂਰੇ ਗੁਰੂ ਸਾਹਿਬ ਜੀ ਅੱਗੋਂ ਪ੍ਰਾਪਤ ਹੋਣ ਤਾਂ ਰਾਗ ਦ੍ਵੈਸ਼ ਰੂਪੀ ਮੈਲ ਲਹਿ ਜਾਂਦੀ ਹੈ। ਕੁਸੰਗ ਰੂਪ ਛੱਪੜੀ ਵਿਚ ਨ੍ਹਾਤਿਆਂ ਸਗਵੀ=ਉਲਟੀ ਰਾਗ ਦ੍ਵੈਸ਼ ਰੂਪੀ ਮੈਲ ਲੱਗ ਜਾਂਦੀ ਹੈ।

ਅਥਵਾ:-ਜੇਕਰ ਅਗੈ=ਅਗਵਾਨੀ ਪੁਰਸ਼ ਦਾ ਅੰਤਹਕਰਨ ਤੀਰਥ ਵਾਂਗੂੰ ਪਵਿਤ੍ਰ ਰੂਪ ਹੋਵੇ ਤਾਂ ਉਸ ਕੇ ਉਪਦੇਸ਼ ਨਾਲ ਪਾਪਾਂ ਰੂਪੀ ਮੈਲ ਲਹਿ ਜਾਂਦੀ ਹੈ। ਜੇਕਰ ਅਗਵਾਨੀ ਪੁਰਸ਼ ਦਾ ਅੰਤਹਕਰਨ ਛੱਪੜ ਵਾਂਗੂੰ ਕਾਲਾ ਅਤੇ ਮੋਹ ਰੂਪ ਚਿੱਕੜ ਦੇ ਸਹਿਤ ਹੈ ਤਾਂ ਉਸ ਵਿਚ ਨ੍ਹਾਤਿਆਂ ਭਾਵ ਉਸ ਦੇ ਉਪਦੇਸ਼ ਗ੍ਰਹਿਣ ਕਰਨ ਨਾਲ ਉਲਟੀ ਪਾਪਾਂ ਰੂਪੀ ਮੈਲ ਲਗਦੀ ਹੈ।

ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥

ਪੂਰੇ ਸਤਿਗੁਰੂ ਹੀ ਤੀਰਥ ਰੂਪ ਹਨ ਜੋ ਗੁਰੂ ਰਾਤ ਦਿਨੇ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ।

ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥

ਉਹ ਗੁਰੂ ਆਪ ਸਾਰੇ ਪਰਵਾਰ ਸਹਿਤ ਜਨਮ ਮਰਨ ਤੋਂ ਛੁੱਟ ਚੁਕਾ ਹੋਇਆ ਹੈ, ਅਤੇ ਹਰਿ ਹਰਿ ਨਾਮ ਦਾ ਉਪਦੇਸ਼ ਦੇ ਕੇ ਸਾਰੇ ਜਗਤ ਨੂੰ ਜਮਾਂ ਦੇ ਫਾਹੇ ਤੋਂ ਛੁਡਾਂਵਦਾ ਹੈ।

ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜੋ ਆਪ ਨਾਮ ਜਪਦਾ ਹੈ ਅਤੇ ਹੋਰਨਾਂ ਪਾਸੋਂ ਹਰੀ ਨਾਮ ਜਪਾਉਂਦਾ ਹੈ॥ ੨॥

ਪਉੜੀ॥ ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥

ਇੱਕ ਮਨੁੱਖ ਬਨ ਦੇ ਕਿਸੇ ਖੰਡਿ=ਹਿੱਸੇ ਵਿਚ ਵਾਸਾ=ਨਿਵਾਸ ਕਰਕੇ ਕੰਦਮੂਲੁ=ਜ਼ਿਮੀਂਕੰਦ ਨੂੰ ਚੁਣਕੇ ਖਾਂਦੇ ਹਨ।

ਅਥਵਾ:-ਕੰਦ ਮੂਲ ਨੂੰ ਚੁਣਕੇ ਖਾਂਦੇ ਹਨ। ਜੋ ਬ੍ਰਿਛਾਂ ਨਾਲ ਫਲ ਲਗਦੇ ਹਨ ਉਸ ਨੂੰ ਕੰਦ ਆਖਦੇ ਹਨ, ਅਤੇ ਜੋ ਜ਼ਮੀਨ ਵਿਚ ਪੈਦਾ ਹੁੰਦੇ ਹਨ ਉਸਨੂੰ ਮੂਲ ਕਹਿੰਦੇ ਹਨ।

ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥

ਇੱਕ ਮਨੁੱਖ ਭਗਵਾ ਲਿਬਾਸ ਕਰਕੇ ਜੋਗੀ ਤੇ ਸੰਨਿਆਸੀ ਹੋ ਕੇ ਸੰਸਾਰ ਵਿਚ ਫਿਰਦੇ ਹਨ।

ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥

ਪਰ ਉਨ੍ਹਾਂ ਦੇ ਅੰਦਰ ਛਾਦਨ=ਕੱਪੜਿਆਂ ਦੀ ਤ੍ਰਿਸ਼ਨਾ ਬਹੁਤ ਹੈ, ਅਤੇ ਭੋਜਨਾਂ ਦੇ ਖਾਣੇ ਦੀ ਆਸਾ ਵੀ ਬਹੁਤ ਹੈ।

ਅਥਵਾ:-ਉਨ੍ਹਾਂ ਦੇ ਹਿਰਦੇ ਅੰਦਰ ਮਾਇਆ ਦੀ ਤ੍ਰਿਸ਼ਨਾ ਤਾਂ ਬਹੁਤ ਹੈ ਪਰ ਬਾਹਰੋਂ ਲੋਕਾਂ ਨੂੰ ਇੰਝ ਕਹਿੰਦੇ ਹਨ ਕਿ ਅਸਾਨੂੰ ਤਾਂ ਕੇਵਲ ਤਨ ਢਕਣ ਲਈ ਇੱਕ ਕੱਪੜੇ ਦੀ ਅਤੇ ਪੇਟ ਭਰਨ ਲਈ ਭੋਜਨ ਦੀ ਆਸਾ ਹੈ।

ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥

ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਨਿਸਫਲ ਗਵਾ ਲਿਆ ਹੈ, ਨਾ ਉਹ ਪੂਰੇ ਗ੍ਰਿਹਸਤੀ ਬਣੇ, ਨਾ ਹੀ ਪੂਰੇ ਉਦਾਸਾ=ਮਹਾਤਮਾ ਬਣੇ।

ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ॥

ਰਾਜਸੀ, ਸਾਤਕੀ, ਤਾਮਸੀ ਰੂਪ ਤਿੰਨ ਪ੍ਰਕਾਰ ਦੀ ਮਨਸਾ=ਵਾਸ਼ਨਾ ਹੋਣ ਕਰਕੇ ਉਨ੍ਹਾਂ ਦੇ ਸਿਰ ਤੋਂ ਜਮ+ਕਾਲੁ=ਜੰਮਨਾ ਮਰਨਾ ਉੱਤਰਦਾ ਨਹੀਂ ਅਰਥਾਤ ਮਿਟਦਾ ਨਹੀਂ।

ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ॥

ਗੁਰਾਂ ਦੀ ਸਿੱਖਿਆ ਦੁਆਰੇ ਜਾਂ ਇਹ ਦਾਸਾਂ ਦਾ ਦਾਸ ਹੋਵੇ ਤਾਂ ਇਸ ਦੇ ਨੇੜੇ ਕਾਲ ਨਹੀਂ ਆਉਂਦਾ।

ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਮਨ ਵਿਚ ਸੱਚ ਨੂੰ ਮਨਣ ਕਰੇ ਤਾਂ ਉਹ ਘਰ ਦੇ ਵਿਚ ਵੀ ਰਹਿੰਦਾ ਉਦਾਸੀਨ ਹੁੰਦਾ ਹੈ।

ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਜੋ ਮਨੁੱਖ ਆਪਣੇ ਸਤਿਗੁਰਾਂ ਨੂੰ ਸੇਂਵਦੇ ਹਨ ਉਹ ਪਦਾਰਥੀਂ ਦੀ ਆਸਾ ਤੋਂ ਵਾ ਆਸਾ ਰੂਪ ਪ੍ਰਪੰਚ ਤੋਂ ਨਿਰਾਸ ਰਹਿੰਦੇ ਹਨ॥ ੫॥

ਸਲੋਕੁ ਮਃ ੧ ॥

ਇੱਕ ਕਾਜ਼ੀ ਬੱਕਰੇ ਵੱਢ ਕੇ ਖਾਂਦਾ ਸੀ ਅਤੇ ਲੋਕਾਂ ਤੋਂ ਰਿਸ਼ਵਤਾਂ ਵੀ ਖਾਂਦਾ ਸੀ ਇਨ੍ਹਾਂ ਦੋਹਾਂ ਗੱਲਾਂ ਤੋਂ ਹਟਾਉਣ ਲਈ ਉਸ ਨੂੰ ਇਸ ਸਲੋਕ ਦੁਆਰਾ ਉਪਦੇਸ਼ ਦੇਂਦੇ ਹਨ।

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥

ਜੇਕਰ ਕੱਪੜੇ ਨੂੰ ਰਤੁ=ਲਹੂ ਲਗ ਜਾਵੇ ਤਾਂ ਉਹ ਜਾਮਾ=ਕੱਪੜਾ ਪਲੀਤੁ=ਅਪਵਿੱਤ੍ਰ ਹੋ ਜਾਂਦਾ ਹੈ।

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

ਅਤੇ ਜੋ ਮਨੁੱਖ ਬੱਕਰਿਆਂ ਨੂੰ ਵੱਢ ਕੇ ਰਤੁ=ਲਹੂ ਪੀਂਦੇ ਹਨ ਮਾਸ ਖਾਂਦੇ ਹਨ ਹੱਡੀਆਂ ਚੂਸਦੇ ਹਨ ਉਨ੍ਹਾਂ ਦੇ ਚਿੱਤ ਕਿਵੇਂ ਨਿਰਮਲ ਹੋ ਸਕਦੇ ਹਨ।

ਅਥਵਾ:-ਜੋ ਮਨੁੱਖਾਂ ਦਾ ਲਹੂ ਪੀਂਦੇ ਹਨ ਭਾਵ ਜ਼ਬਰਦਸਤੀ ਦੂਜਿਆਂ ਪਾਸੋਂ ਰਿਸ਼ਵਤਾਂ ਦੀ ਮਾਇਆ ਖਾਂਦੇ ਹਨ ਤਿਨ੍ਹਾਂ ਦੇ ਚਿੱਤ ਕਿਵੇਂ ਨਿਰਮਲ ਹੋ ਸਕਦੇ ਹਨ।

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥

ਗੁਰੂ ਜੀ ਕਥਨ ਕਰਦੇ ਹਨ-ਹੇ ਕਾਜ਼ੀ ਹਛੈ=ਸ਼ੁਧ ਦਿਲ ਨਾਲ ਖੁਦਾ ਦਾ ਨਾਮ ਮੁੰਹੋਂ ਲੈਣਾ ਕਰੋ। ਕਿਉਂਕਿ-

ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥ ੧ ॥

ਹੋਰ ਦੁਨੀਆ ਦੇ ਦਿਵਾਜੇ=ਵਿਖਾਵੇ ਵਾ ਦਾਹਵੇ ਅਤੇ ਅਮਲ=ਹੁਕਮ ਕਰਨੇ ਸਭ ਝੂਠੇ ਹਨ॥ ੧॥

ਮਃ ੧ ॥ ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥

ਜਦ ਮੈਂ ਪਿੱਛੇ ਵੀ ਕੁਝ ਨਹੀਂ ਸੀ ਤਾਂ ਮੈਂ ਕੀ ਆਖਾਂ। ਹੁਣ ਵਰਤਮਾਨ ਵਿਚ ਭੀ ਮੈਂ ਕੁਝ ਨਹੀਂ ਹਾਂ। ਅੱਗੇ ਭਵਿੱਖਤ ਸਮੇਂ ਵਿਚ ਵੀ ਮੈਂ ਕੀ ਹੋਵਾਂਗਾ, ਭਾਵ ਕੁਝ ਨਹੀਂ ਹੋਵਾਂਗਾ।

ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥

ਜਿਸ ਪ੍ਰਮੇਸ਼ਰ ਨੇ ਇਹ ਕਰਣਾ=ਪ੍ਰਪੰਚ ਕੀਤਾ ਹੈ, ਅਤੇ ਜਿਸ ਦਾ ਜਸ ਵੇਦਾਂ ਸ਼ਾਸਤ੍ਰਾਂ ਨੇ ਕਿਹਾ ਹੈ ਓਸੇ ਪ੍ਰਮੇਸ਼ਰ ਦਾ ਜਸ ਮੈਂ ਕਥਨ ਕਰਦਾ ਹਾਂ। ਜਿਨ੍ਹਾਂ ਸਿੱਖਾਂ ਦਾ ਅੰਤਹਕਰਨ ਪਾਪਾਂ ਨਾਲ ਭਰਿਆ ਹੋਇਆ ਹੈ ਉਸ ਅੰਤਹਕਰਨ ਨੂੰ ਨਾਮ ਰੂਪੀ ਜਲ ਭਰ ਭਰ ਕੇ ਧੋਣਾ ਕਰਦਾ ਹਾਂ।

ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥

ਆਪਾ ਭਾ ਹੰਕਾਰ ਨੂੰ ਮੈਂ ਨਹੀਂ ਬੁੱਝਦਾ, ਅਤੇ ਲੋਕਾਂ ਨੂੰ ਵੀ ਏਹੋ ਸਿੱਖਿਆ ਬੁਝਾਈ=ਸਮਝਾਂਦਾ ਹਾਂ ਕਿ ਹੰਕਾਰ ਨ ਕਰੋ। ਮੈਂ ਇਸ ਤਰ੍ਹਾਂ ਦਾ ਆਗੂ ਹੋ ਰਿਹਾ ਹਾਂ।

ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਮਨੁੱਖ ਅੰਧਾ ਅਗਿਆਨੀ ਹੋ ਕੇ ਹੋਰਨਾਂ ਨੂੰ ਰਾਹ ਦੱਸਦਾ ਹੈ, ਉਹ ਆਪਣੇ ਸਾਰੇ ਸਾਥ ਨੂੰ ਮੁਹਾਏ=ਲੁਟਾਉਂਦਾ ਹੈ। ਜਿਵੇਂ ਇੱਕ ਅੰਨਾ ਘਰੋਂ ਸਨਿਗਧ ਭੋਜਨ ਪਕਵਾ ਕੇ ਤੁਰਿਆ ਹੈ ਅੱਗੋਂ ਤੁਰਦਿਆਂ ਤੁਰਦਿਆਂ ਰਾਹ ਭੁਲ ਗਿਆ ਹੈ ਤੇ ਉੱਚੀ ਉੱਚੀ ਆਖਦਾ ਹੈ ਮੈਨੂੰ ਕੋਈ ਫੜ ਕੇ ਫਲਾਣੀ ਜਗ੍ਹਾ ਅਪੜਾ ਦੇਵੇ ਤਾਂ ਮੈਂ ਉਸ ਨੂੰ ਸਨਿਗਧ ਭੋਜਨ ਖੁਆਵਾਂਗਾ, ਇਹ ਬਚਨ ਸੁਣਦਿਆਂ ਸਾਰ ਦੂਜੇ ਖੜੇ ਅੰਨ੍ਹੇ ਦਾ ਮਨ ਲਲਚਾ ਗਿਆ ਤੇ ਪਾਸ ਆ ਕੇ ਆਖਦਾ ਹੈ ਪਹਿਲੇ ਮੈਨੂੰ ਸਨਿਗਧ ਭੋਜਨ ਖੁਆ ਫਿਰ ਤੈਨੂੰ ਲੈ ਚਲਾਂਗਾ-ਤਾਂ ਪਹਿਲੇ ਅੰਨ੍ਹੇ ਨੇ ਗੱਠੜੀ ਖੋਲ੍ਹ ਕੇ ਉਸ ਨੂੰ ਸਨਿਗਧ ਭੋਜਨ ਖੁਆ ਦਿੱਤਾ, ਭੋਜਨ ਖਾ ਕੇ ਉਸ ਦੀ ਉਂਗਲ ਫੜ ਕੇ ਉਹ ਅੰਨ੍ਹਾ ਤੁਰ ਪਿਆ, ਤੁਰਦਿਆਂ ਤੁਰਦਿਆਂ ਅੱਗੇ ਖੱਡ ਆ ਗਈ ਉਸ ਵਿਚ ਦੋਵੇਂ ਡਿਗ ਪਏ ਤਾਂ ਪਹਿਲੇ ਅੰਨ੍ਹੇ ਨੇ ਕਿਹਾ ਭਾਈ ਇਹ ਕੀ ਗੱਲ ਹੈ ਮੈਨੂੰ ਟੋਇ ਵਿਚ ਕਿਉਂ ਸੁਟਿਆ ਹੈ ਤਾਂ ਦੂਜੇ ਨੇ ਕਿਹਾ-ਮੈਂ ਭੀ ਤਾਂ ਤੇਰੇ ਨਾਲ ਹੀ ਡਿੱਗਾ ਹਾਂ। ਸੋ ਇਸ ਤਰ੍ਹਾਂ ਜਿਹੜਾ ਆਪ ਹੀ ਅੰਨ੍ਹਾਂ ਹੈ ਉਸ ਨੇ ਦੂਜੇ ਨੂੰ ਕੀ ਰਸਤੇ ਪਾਣਾ ਹੈ।

ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥ ੨ ॥

ਜਾਪੈ=ਜਾਣਿਆ ਜਾਂਦਾ ਹੈ ਇਸ ਤਰ੍ਹਾਂ ਦਾ ਖੋਟਾ ਆਗੂ ਜਦ ਅਗੈ=ਪ੍ਰਲੋਕ ਵਿਚ ਗਿਆ ਤਾਂ ਜਮਦੂਤ ਉਸ ਦੇ ਮੂੰਹੋਂ ਹੀ ਮੂੰਹ ਉੱਤੇ ਡੰਡਿਆਂ ਦੀ ਮਾਰ ਪਾਉਂਦੇ ਹਨ॥ ੨ ॥

ਪਉੜੀ ॥ ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥

ਬਾਰਾਂ ਮਹੀਨਿਆਂ, ਛੇ ਰੁੱਤਾਂ. ਇੱਕ ਘੜੀ ਅਤੇ ਮੂਰਤ=ਦੋ ਘੜੀਆਂ ਇਤ ਆਦਿਕ ਸਾਰਿਆਂ ਸਮਿਆਂ ਵਿਚ ਹੇ ਅਲਖ ਪ੍ਰਮਾਤਮਾ ! ਇੱਕ ਤੈਨੂੰ ਹੀ ਵਿਚਾਰਨਾ ਕੀਤਾ ਹੈ।

ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥

ਹੇ ਸੱਚੇ ਪ੍ਰਭੂ ਅਲਖ=ਜਾਨਣੇ ਤੋਂ ਰਹਿਤ, ਅਪਾਰਾ=ਪਾਰਾਵਾਰ ਤੋਂ ਰਹਿਤ ਤੈਨੂੰ ਗਿਣਤੀ ਕਰਨ ਨਾਲ ਕਿਸੇ ਭੀ ਨਹੀਂ ਪਾਇਆ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅੰਹਕਾਰਾ ॥

ਉਹ ਪੜ੍ਹਿਆ ਹੋਇਆ ਮੂਰਖ ਆਖੀਦਾ ਹੈ ਜਿਸ ਦੇ ਅੰਦਰ ਲਬ ਪਦਾਰਥਾਂ ਦੇ ਖਾਣ ਦਾ ਲੋਭ ਪਦਾਰਥਾਂ ਦਾ ਇਕੱਠਿਆਂ ਕਰਨ ਦਾ ਹੈ ਅਤੇ ਅਹੰਕਾਰ ਜਾਤੀ ਦਾ ਹੈ।

ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥

ਗੁਰਮਤੀਆਂ ਦੇ ਨਾਮ ਦਾ ਪੜ੍ਹਨਾ ਅਤੇ ਨਾਮ ਦਾ ਹੀ ਬੁੱਝਣਾ ਵਿਚਾਰਨਾ ਕੀਤਾ ਹੈ।

ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥

ਗੁਰਮਤੀਆਂ ਨੇ ਨਾਮ ਧਨ ਹੀ ਖੱਟਿਆ ਹੈ, ਅਤੇ ਉਨ੍ਹਾਂ ਦਾ ਅੰਤਹਕਰਨ ਰੂਪ ਭੰਡਾਰਾ ਭਗਤੀ ਨਾਲ ਹੀ ਭਰਿਆ ਹੋਇਆ ਹੈ।

ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥

ਗੁਰਮਤੀਆਂ ਨੇ ਨਿਰਮਲ ਨਾਮ ਨੂੰ ਮੰਨਿਆ ਹੈ ਇਸ ਲਈ ਉਹ ਸੱਚੇ ਦਰਬਾਰ ਵਿਚ ਸਚਿਆਰ ਹੋਏ ਹਨ।

ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥

ਜਿਸ ਪ੍ਰਮਾਤਮਾ ਦਾ ਇਸ ਜੀਵ ਨੂੰ ਪ੍ਰਾਣ ਆਦਿਕ ਸਭ ਕੁਝ ਦਿੱਤਾ ਹੋਇਆ ਹੈ, ਉਹ ਅਪਾਰ ਜੋਤੀ ਹਿਰਦੇ ਅੰਦਰ ਹੀ ਵੱਸ ਰਿਹਾ ਹੈ।

ਅਥਵਾ:-ਸਰੀਰ ਅੰਦਰ ਓਸੇ ਦੀ ਅਪਾਰ ਜੋਤ ਹੈ।

ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥ ੬ ॥

ਹੇ ਅਕਾਲ ਪੁਰਖ ! ਸੱਚਾ ਸ਼ਾਹ ਇੱਕ ਤੂੰ ਹੀ ਹੈਂ, ਹੋਰ ਸਾਰਾ ਜਗਤ ਤੇਰਾ ਵਣਜਾਰਾ ਭਾਵ ਗੁਮਾਸ਼ਤਾ ਹੈ॥ ੬ ॥

ਸਲੋਕੁ ਮ: ੧ ॥

ਉਥਾਨਕਾ:-ਕਾਜ਼ੀ ਨੇ ਕਿਹਾ ਮੈਂ ਤਾਂ ਆਪਣੇ ਬਜ਼ੁਰਗਾਂ ਦੇ ਦੱਸੇ ਹੋਏ ਰਸਤੇ ਪਰ ਚਲਦਾ ਹਾਂ। ਮਸੀਤੇ ਜਾਂਦਾ ਹਾਂ, ਮੁਸੱਲਾ ਵਿਛਾ ਕੇ ਕੁਰਾਣ ਸ਼ਰੀਫ ਪੜ੍ਹਦਾ ਹਾਂ, ਰੋਜ਼ੇ ਰੱਖਦਾ ਹਾਂ, ਤਸਬੀ ਫੇਰਦਾ ਹਾਂ, ਸਮੇਂ ਸਿਰ ਨਿਵਾਜ਼ ਪੜ੍ਹਦਾ ਹਾਂ, ਇਹ ਗੱਲਾਂ ਸੁਣ ਕੇ ਗੁਰੂ ਜੀ ਨੇ ਕਿਹਾ-ਅੰਤ੍ਰੀਵ ਗੁਣ ਹੋਣ ਕਰਕੇ ਬਾਹਰਲੇ ਕਰਤੱਬ ਸਫਲ ਹੁੰਦੇ ਹਨ ਇਸ ਲਈ ਤੂੰ ਅੰਤ੍ਰੀਵ ਗੁਣ ਵੀ ਧਾਰਨਾ ਕਰ।

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥

ਜਿਹੜੀ ਜੀਵਾਂ ਤੇ ਮਿਹਰ ਕਰਨੀ ਹੈ ਏਹੀ ਅਸਲ ਮਸੀਤ ਹੈ। ਵਾਹਿਗੁਰੂ ਦੇ ਭਾਣੇ ਉੱਤੇ ਸਿਦਕੁ=ਭਰੋਸਾ ਰੱਖਣਾ ਇਹ ਹੇਠਾਂ ਮੁਸੱਲਾ ਵਿਛਾਣਾ ਕਰ। ਹਕ ਹਲਾਲ ਦੀ ਕਮਾਈ ਕਰਨੀ ਏਹੋ ਕੁਰਾਣ ਦਾ ਪੜ੍ਹਨਾ ਕਰ।

ਅਥਵਾ:-ਹਕੁ=ਸੱਚ ਬੋਲਣਾ ਇਹ ਹਲਾਲ ਦਾ ਖਾਣਾ ਕਰ, ਅਤੇ ਜਿਹੜਾ ਸੱਚ ਨਾਮ ਜਪਣਾ ਹੈ ਇਹ ਕੁਰਾਣ ਦਾ ਪੜ੍ਹਨਾ ਕਰ।

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥

ਖੋਟਿਆਂ ਕਰਮਾਂ ਵੱਲੋਂ ਯਾਨੇ ਵਿਕਾਰਾਂ ਵੱਲੋਂ ਸ਼ਰਮ ਕਰਨੀ ਏਹੀ ਸੁੰਨਤ ਕਰ। ਸੀਲ ਸੁਭਾਅ ਧਾਰਨਾ ਏਹ ਰੋਜ਼ੇ ਰੱਖਣਾ ਕਰ। ਇਨ੍ਹਾਂ ਗੁਣਾਂ ਨੂੰ ਧਾਰਨ ਕਰਕੇ ਮੁਸਲਮਾਨ ਹੋਣਾ ਕਰ।

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥

ਨਿਸ਼ਕਾਮ ਕਰਮਾਂ ਦੀ ਕਰਨੀ ਇਹ ਕਾਬਾ ਕਰ। ਸੱਚੇ ਪ੍ਰਮਾਤਮਾਂ ਨੂੰ ਆਪਣਾ ਪੀਰ ਸਮਝਣਾ ਕਰ। ਸ੍ਰੇਸ਼ਟ ਕਰਮ ਕਰਨੇ ਇਹ ਕਲਮਾ ਪੜ੍ਹਨਾ ਕਰ, ਅਤੇ ਨਿਮ੍ਰਤਾ ਰੂਪ ਨਿਵਾਜ਼ ਪੜ੍ਹਨਾ ਕਰ।

ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ ੧॥

ਤਸਬੀ=ਮਾਲਾ ਓਹੀ ਸ੍ਰੇਸ਼ਟ ਹੈ ਜਿਹੜਾ ਓਸ ਪ੍ਰਮਾਤਮਾ ਨੂੰ ਭਾ ਜਾਣਾ ਹੈ।

*ਅਥਵਾ :-*ਸਾਤਿ ਸੁਭਾਵਸੀ=ਜਿਹੜਾ ਸ਼ਾਂਤੀ ਸੁਭਾਵ ਹੋਣਾ ਹੈ ਏਹੀ ਤਸਬੀ=ਮਾਲਾ ਫੇਰਨਾ ਕਰ ਏਹੋ ਜਹੇ ਗੁਣਾਂ ਵਾਲਾ ਜੋ ਮੁਸਲਮਾਨ ਹੈ।

ਗੁਰੂ ਜੀ ਕਥਨ ਕਰਦੇ ਹਨ-ਓ ਨ ਦੀ ਲੱਜਾ ਪ੍ਰਮਾਤਮਾ ਆਪ ਹੱਥ ਦੇ ਕੇ ਰੱਖਦਾ ਹੈ॥ ੧॥

[ਪੰਨਾ ੧੪੧]

ਮਃ ੧॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਹੇ ਕਾਜ਼ੀ ! ਪਰਾਇਆ ਹੱਕ ਜਿਹੜਾ ਖਾਣਾ ਹੈ, ਉਸ ਮੁਸਲਮਾਣ ਲਈ ਤਾਂ ਸੂਰ ਵਾਂਗੂੰ ਹੈ ਅਤੇ ਉਸ ਹਿੰਦੂ ਵਾਸਤੇ ਗਾਇ=ਗਊ ਵਾਂਗੂੰ ਹੈ।

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

ਹਿੰਦੂਆਂ ਦੇ ਗੁਰੂ ਹਿੰਦੂ ਦੀ ਜਾਮਨੀ ਤਾਂ ਭਰਨਗੇ, ਜੇਕਰ ਹਿੰਦੂ ਬਗਾਨੇ ਹੱਕ ਰੂਪੀ ਮੁਰਦਾਰੁ=ਮੁਰਦੇ (ਮੋਏ) ਹੋਏ ਪਸੂ ਦਾ ਖਾਣਾ ਨਾ ਕਰੇ।

*ਯਥਾ:-*ਏਕ ਸਮੇਂ ਲਾਹੌਰਾ ਸਿੰਘ ਨੇ ਮਾਲਾ ਸਿੰਘ ਪਾਸੋਂ ੧੦੦ ਰੁਪਿਆ ਕਰਜ਼ਾ ਲੀਤਾ, ਕਿ ਮੈਨੂੰ ਇਸ ਵੇਲੇ ਬੜੀ ਲੋੜ ਹੈ, ਇਕ ਸਾਲ ਤੋਂ ਬਾਅਦ ਤੈਨੂੰ ਦੇ ਦਿਆਂਗਾ। ਮਾਲਾ ਸਿੰਘ ਨੇ ਲਾਹੌਰਾ ਸਿੰਘ ਨੂੰ ਗੁਰੂ ਦਾ ਸਿੱਖ ਸਮਝ ਕੇ ੧੦੦ ਰੁਪਿਆ ਹੁਦਾਰਾ ਦੇ ਦਿੱਤਾ। ਸਾਲ ਬੀਤਨ ਤੋਂ ਬਾਅਦ ਜਦ ਮਾਲਾ ਸਿੰਘ ਨੇ ਰੁਪਿਆ ਮੰਗਿਆ ਤਾਂ ਲਾਹੌਰਾ ਸਿੰਘ ਨੇ ਇਕਰਾਰਾਂ ਦੇ ਵਿਚ ਹੀ ਦੂਜਾ ਸਾਲ ਲੰਘਾ ਦਿੱਤਾ। ਆਖਿਰਕਾਰ ਲਾਹੌਰਾ ਸਿੰਘ ਮੁੱਕਰ ਗਿਆ: ਇੱਕ ਮੋਕੇ ਇਹ ਦੋਨੋਂ ਅਨੰਦਪੁਰ ਸਾਹਿਬ ਹੋਲੇ ਮਹੱਲੇ ਦੇ ਦਿਨਾਂ ਵਿਚ ਗੁਰੂ ਸਾਹਿਬ ਜੀ ਦੇ ਪਾਸ ਇੱਕਠੇ ਹੋ ਗਏ, ਤਾਂ ਮਾਲਾ ਸਿੰਘ ਨੇ ਫੇਰ ਯਾਦ ਕਰਾਇਆ ਪਰ ਲਾਹੌਰਾ ਸਿੰਘ ਨੇ ਨਾ ਦਿੱਤੇ, ਆਖਰਕਾਰ ਮਾਲਾ ਸਿੰਘ ਨੇ ਕਿਹਾ ਤੈਨੂੰ ਹਿਸਾਬ ਦੇਣਾ ਪਏਗਾ, ਅੱਗੋਂ ਲਾਹੌਰਾ ਸਿੰਘ ਨੇ ਕਿਹਾ-

ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥

ਏਹ ਗੱਲ ਸੁਣਕੇ ਕਲਗੀਧਰ ਜੀ ਨੇ ਕਿਹਾ ਓਏ ਲਾਹੌਰਾ ਸਿੰਘ ਏਹ ਤੈਨੇ ਕੀ ਕਿਹਾ, ਝੂਠ ਦੀ ਜਗ੍ਹਾ ਅਸਾਨੂੰ ਰੱਖਦਾ ਹੈਂ ਤੈਨੂੰ ਸ਼ਰਮ ਨਹੀਂ ਆਉਂਦੀ ਰੁਪਿਆ ਲੈ ਕੇ ਮੁੱਕਰਦਾ ਹੈਂ ਭਲੇ ਮਾਨਸੀ ਨਾਲ ਰੁਪਿਆ ਦੇਹ, ਜੇ ਨਾ ਦੇਵੇਂਗਾ ਤਾਂ ਕਿਸੇ ਗੁਰੂ ਪੀਰ ਨੇ ਤੇਰੀ ਸਹਾਇਤਾ ਨਹੀਂ ਕਰਨੀ ਅਸਾਡੇ ਪੂਜਯ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ, ਕਿ-

ਹਕੁ ਪਰਾਇਆ ਨਾਨਕਾ ਉਸੁ ਸੂਆਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ *(ਪੰਨਾ ੧੪੧)*

ਮੁਸਲਮਾਨਾਂ ਦੇ ਪੀਰ ਮੁਸਲਮਾਨ ਦੀ ਹਾਮਾ=ਓਗਾਹੀ ਤਾਂ ਭਰਨਗੇ, ਜੇਕਰ ਮੁਸਲਮਾਨ ਪਰਾਏ ਹੱਕ ਰੂਪੀ ਮੁਰਦਾਰ ਨੂੰ ਖਾਣਾ ਨਾ ਕਰੇ।

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥

ਗੱਲਾਂ ਨਾਲ ਭਿਸਤਿ=ਸਵਰਗ ਵਿਚ ਨਹੀਂ ਜਾਈਦਾ, ਸੱਚੀ ਕਮਾਈ ਕਰੀਏ ਵਾ ਸੱਚ ਨਾਮ ਨੂੰ ਕਮਾਈਏ ਤਾਂ ਜਮਦੂਤਾਂ ਤੋਂ ਛੁਟਕਾਰਾ ਹੁੰਦਾ ਹੈ। ਪੁਨਾ ਕਾਜ਼ੀ ਨੇ ਕਿਹਾ ਜੇਕਰ ਕਿਸੇ ਪਾਸੋਂ ਹਜ਼ਾਰ ਰੁਪਇਆ ਲੈ ਕੇ ਵਿਚੋਂ ਸੌ ਕੁ ਰੁਪਇਆ ਦਾਨ ਪੁੰਨ ਕਰ ਦੇਈਏ ਤਾਂ ਹੱਕ ਹਲਾਲ ਦੀ ਕਮਾਈ ਹੋ ਜਾਵੇਗੀ? *ਗੁਰ ਉੱਤਰ :-*

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥

ਹੇ ਕਾਜ਼ੀ ! ਜਿਵੇਂ ਹਰਾਮ ਦੇ ਖਾਣੇ ਵਿਚ ਚਾਹੇ ਕਿਤਨੇ ਹੀ ਮਾਰਣ=ਮਸਾਲੇ ਪਾਈਏ, ਪਰ ਉਹ ਹਲਾਲ ਨਹੀਂ ਹੋ ਜਾਂਦਾ। ਤਿਵੇਂ ਬਗਾਨੇ ਮਾਲ ਧਨ ਨੂੰ ਲਿਆਕੇ ਉਸ ਵਿਚੋਂ ਚਾਹੇ ਕੁਝ ਖਰਾਇਤ (ਦਾਨ ਪੁੰਨ) ਭੀ ਕਰ ਦੇਵੇ ਤੋਭੀ ਉਹ ਹੱਕ ਹਲਾਲ ਦੀ ਕਮਾਈ ਨਹੀਂ ਹੋ ਸਕਦੀ।

ਯਥਾ- ਅਹਿਰਣ ਕੀ ਚੋਰੀ ਕਰੇ, ਸੂਈ ਕੀਚੈ ਦਾਨ॥ ਊਚੇ ਚੜ੍ਹਕੇ ਦੇਖਿਐ ਕਬ ਆਵਹਿ ਬਿਬਾਨ॥

ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਕਾਜ਼ੀ! ਏਹ ਸਭ ਗੱਲਾਂ ਝੂਠੀਆਂ ਹਨ, ਵਾ:-ਕੂੜੀਆਂ ਗੱਲਾਂ ਕਰਨ ਨਾਲ ਕੂੜੋ=ਝੂਠ ਹੀ ਬੁੱਧੀ ਰੂਪ ਪੱਲੇ ਵਿਚ ਪੈਂਦਾ ਹੈ॥ ੨॥

ਮਃ ੧॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥

ਕਾਜ਼ੀ ਨੇ ਕਿਹਾ, ਮੈਂ ਪੰਜ ਵੇਲੇ ਪੰਜ ਨਿਵਾਜ਼ਾਂ ਪੜ੍ਹਦਾ ਹਾਂ, ਇਸ ਕਰਕੇ ਮੈਂ ਸਭ ਤੋਂ ਸ੍ਰੇਸ਼ਟ ਮੁਸਲਮਾਨ ਹਾਂ। ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ, ਠੀਕ ਹੈ, ਤੂੰ ਪੰਜੇ ਵੇਲੇ ਪੰਜ ਨਿਵਾਜ਼ਾਂ ਪੜ੍ਹਦਾ ਹੈਂ, ਅਤੇ ਪੰਜ ਨਿਵਾਜ਼ਾਂ ਦੇ ਤੇ ਪੰਜ ਵੇਲਿਆਂ ਦੇ ਨਾਮ ਭੀ ਵੱਖੋ ਵੱਖਰੇ ਪੰਜ ਹਨ। ਲੇਕਨ ਜਿੰਨਾ ਚਿਰ ਅੰਤ੍ਰੀਵ ਨਿਵਾਜ਼ਾਂ ਨਾ ਪੜ੍ਹੀਆਂ ਜਾਣ, ਉਨਾਂ ਚਿਰ ਬਾਹਰਲੀਆਂ ਨਿਵਾਜ਼ਾਂ ਪੜ੍ਹਨ ਦਾ ਕੋਈ ਫਾਇਦਾ ਨਹੀਂ। ਹੁਣ ਤੂੰ ਪੰਜ ਅੰਤ੍ਰੀਵ ਨਿਵਾਜਾਂ ਸੁਣ।

ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥

ਪਹਿਲੀ ਨਿਵਾਜ਼ ਦਾ ਪੜ੍ਹਨਾ ਕਿਹੜਾ ਹੈ, ਕਿ ਸੱਚ ਬੋਲਣਾ, ਦੂਜੀ ਨਿਵਾਜ਼ ਦਾ ਪੜ੍ਹਨਾ ਕਿਹੜਾ ਹੈ, ਕਿ ਹੱਕ ਹਲਾਲ ਦੀ ਕਮਾਈ ਦਾ ਖਾਣਾ। ਤੀਜੀ ਨਿਵਾਜ਼ ਦਾ ਪੜ੍ਹਨਾ ਕਿਹੜਾ ਹੈ, ਕਿ ਖੁਦਾ ਪਾਸੋਂ ਸਾਰਿਆਂ ਦੀ ਖੈਰ=ਸੁਖ ਮੰਗਣੀ। ਯਥਾ:- ਤੇਰੇ ਭਾਣੇ ਸਰਬੱਤ ਦਾ ਭਲਾ।

ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥

ਚੌਥੀ ਨਿਵਾਜ਼ ਦਾ ਪੜ੍ਹਨਾ ਕਿਹੜਾ ਹੈ, ਕਿ ਮਨ ਦੀ ਨੀਅਤ ਰਾਸਿ=ਸਾਫ ਰੱਖਣੀ, ਵਾ ਮਨ ਤੇ (ਨੀਅਤਿ) ਬੁੱਧੀ ਸਾਫ ਰੱਖਣੀ। ਪੰਜਵੀਂ ਨਿਵਾਜ਼ ਦਾ ਪੜ੍ਹਨਾ ਕਿਹੜਾ ਹੈ, ਕਿ ਜਿਹੜੀ ਵਾਹਿਗੁਰੂ ਦੀ ਸਿਫਤ ਸਨਾਇ=ਪਛਾਨਣੀ ਹੈ।

ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥

ਸਭ ਤੋਂ ਪਹਿਲੇ ਨਿਸ਼ਕਾਮ ਕਰਮਾਂ ਦੀ ਕਰਨੀ ਰੂਪੀ ਕਲਮੇ ਨੂੰ ਆਖਣਾ ਕਰੇ, ਤਾਂ ਫਿਰ ਆਪਣੇ ਆਪ

ਨੂੰ ਮੁਸਲਮਾਨ ਸਦਵਾਵੇ (ਅਖਵਾਵੇ)।

ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹੋਰ ਜਿਤਨੇ ਵੀ ਕੂੜਿਆਰ=ਝੂਠੇ ਪੁਰਸ਼ ਹਨ, ਉਨ੍ਹਾਂ ਝੂਠਿਆਂ ਦੀ ਝੂਠੀ ਹੀ ਪਾਇ=ਪਤਿ ਆਬਰੋ ਹੈ॥ ੩ ॥

ਪਉੜੀ ॥ ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥
ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥

ਇੱਕ ਮਨੁੱਖ ਪ੍ਰਤੱਖ ਰਤਨ ਪਦਾਰਥਾਂ ਨੂੰ ਪਰੀਦਦੇ ਹਨ, ਵਾ-ਇੱਕ ਗੁਰਮੁਖ ਪੁਰਸ਼ ਰਤਨ=ਵੈਰਾਗ ਆਦਿਕ ਸ਼ੁਭ ਗੁਣਾਂ ਰੂਪੀ ਪਦਾਰਥਾਂ ਨੂੰ ਖਰੀਦਦੇ ਹਨ, ਇੱਕ ਆਦਮੀ ਪ੍ਰਤੱਖ ਕੱਚ ਦੇ ਵਾਪਾਰ ਨੂੰ, ਵਾ ਕਚੇ=ਪਦਾਰਥਾਂ ਦੇ ਵਾਪਾਰ ਨੂੰ ਕਰਦੇ ਹਨ, ਸਤਿਗੁਰਾਂ ਦੇ ਤੁਠੈ=ਪ੍ਰਸੰਨ ਹੋਣ ਨਾਲ ਹੀ ਅੰਦਰਿ=ਅੰਤਹਕਰਨ ਦੇ ਵਿਚੋਂ ਰਤਨ=ਵੈਰਾਗ ਆਦਿ ਸ਼ੁਭ ਗੁਣਾਂ ਦਾ ਭੰਡਾਰਾ ਪਾਈਅਨਿ=ਪਾਇਆ ਜਾਂਦਾ ਹੈ।

ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥
ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥

ਪੂਰਨ ਗੁਰਾਂ ਤੋਂ ਬਿਨਾਂ ਉਹ ਭੰਡਾਰਾ ਕਿਸੇ ਨੂੰ ਭੀ ਲਭਿਆ ਨਹੀਂ, ਅੰਨ੍ਹੇ ਅਗਿਆਨੀ ਜੀਵ ਕੂੜੇ ਪਦਾਰਥਾਂ ਵਿਚ ਹੀ ਭੌਂਕ ਭੌਂਕ ਕੇ ਮਰ ਗਏ ਹਨ। ਮਨਮੁਖ ਪੁਰਸ਼ ਦ੍ਵੈਤ ਭਾ ਵਿਚ ਪਚਿ=ਖਰਾਬ ਹੋ ਕੇ ਮਰ ਗਏ, ਪ੍ਰਮੇਸ਼ਰ ਦੇ ਵਿਚਾਰ ਨੂੰ ਨਹੀਂ ਬੁੱਝਦੇ।

ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥
ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥

ਇਕ ਪ੍ਰਮਾਤਮਾ ਤੋਂ ਬਿਨਾਂ ਦੂਜਾ ਹੋਰ ਕੋਈ ਸੁਖ ਦਾ ਥਾਂ ਨਹੀਂ ਹੈ, ਤਾਂਤੇ ਇਹ ਜੀਵ ਕਿਸ ਦੇ ਅਗੇ ਜਾ ਕੇ ਪੁਕਾਰ ਕਰਨ। ਇਕ ਨਿਰਧਨ=ਕੰਗਾਲ ਪੁਰਸ਼ ਮਾਇਆ ਵਾਸਤੇ ਸਦਾ ਭੌਂਕਦੇ ਫਿਰਦੇ ਹੈਂ, ਤੇ ਇਕਨਾਂ ਸ਼ਾਹੂਕਾਰਾਂ ਦੇ ਤੁਜਾਰਾ=ਸੰਦੂਕ ਵਾ:-ਖਜ਼ਾਨੇ ਭਰੇ ਹੋਏ ਹਨ।

ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥ ੭ ॥

ਪ੍ਰਮੇਸ਼ਰ ਨਾਮ ਤੋਂ ਬਿਨਾਂ ਹੋਰ ਦੁਨਿਆਵੀਂ ਧਨ ਇਸ ਦੇ ਨਾਲ ਨਹੀਂ ਜਾਂਦਾ। ਹੋਰ ਬਿਖਿਆ=ਮਾਇਆ ਰੂਪੀ ਧਨ ਸਭ ਛਾਰਾ=ਸੁਆਹ ਰੂਪ ਹੈ। ਗੁਰੂ ਜੀ ਕਥਨ ਕਰਦੇ ਹਨ, ਉਹ ਪ੍ਰਮੇਸ਼ੁਰ ਆਪ ਹੀ ਉਤਪੰਨ ਕਰਦਾ ਹੈ ਆਪ ਹੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ, ਫੇਰ ਆਪ ਹੀ ਹੁਕਮ ਮੰਨਵਾ ਕੇ ਗੁਰਮੁਖਾਂ ਦੇ ਸਵਾਰਨ ਵਾਲਾ ਹੈ॥ ੭ ॥

ਸਲੋਕੁ ਮਃ ੧ ॥

ਉਥਾਨਕਾ:-ਇਹ ਸਲੋਕ ਭੀ ਓਸੇ ਕਾਜ਼ੀ ਪ੍ਰਤੀ ਹੈ ਜਦ ਉਸ ਨੇ ਆਪਣੇ ਮੁਸਲਮਾਨੀ ਮਜ਼ਹਬ ਦਾ ਬੜਾ

ਹੰਕਾਰ ਕੀਤਾ, ਤਾਂ ਗੁਰੂ ਜੀ ਨੇ ਕਿਹਾ-

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥

ਹੇ ਕਾਜ਼ੀ ! ਮੁਸਲਮਾਨ ਕਹਾਉਣਾ ਬਹੁਤ ਹੀ ਮੁਸਕਲੁ=ਕਠਨ ਹੈ, ਜਾਂ ਹੇਠ ਲਿਖੇ ਗੁਣਾਂ ਵਿਚ ਪੂਰਾ ਹੋਵੇ ਤਾਂ ਆਪਣੇ ਆਪ ਨੂੰ ਮੁਸਲਮਾਨ ਕਹਾਵੇ।

ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥

ਅਵਲਿ=ਪਹਿਲੇ ਅਉਲਿ=ਪੈਗੰਬਰਾਂ ਦੇ ਚਲਾਏ ਹੋਏ ਦੀਨੁ=ਧਰਮ ਨੂੰ ਮਿੱਠਾ ਕਰਕੇ ਸਮਝੇ। ਜਿਨ੍ਹਾਂ ਫਕੀਰਾਂ ਨੇ ਮਾਨਾ=ਹੰਕਾਰ ਨੂੰ ਮਸਕਲ=ਮਾਂਜਿਆ ਹੈ ਉਨ੍ਹਾਂ ਦੇ ਨਮਿੱਤ ਮਾਲ ਨੂੰ ਮੁਸਾਵੈ=ਲੁਟਾਵੇ। ਵਾ:- ਆਪਣੇ ਚਿੱਤ ਵਿਚੋਂ ਮਾਨਾ=ਹੰਕਾਰ ਨੂੰ ਮਸਕਲ=ਮਾਂਜਨਾ ਕਰੇ, ਅਤੇ ਗਰੀਬਾਂ ਨੂੰ ਮਾਲ ਲੁਟਾਵੇ ਭਾਵ ਦਾਨੀ ਹੋਵੇ। ਤਾਂ ਆਪਣੇ ਆਪ ਨੂੰ ਮੁਸਲਮਾਨ ਕਹਾਵੇ। ਏਹ ਤੁਕ ਸਭ ਨਾਲ ਲਗਾਈ ਜਾਣੀ।

ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥

ਜੋ ਰੱਬ ਦੇ ਫਕੀਰ ਦੀਨ ਮੁਹਾਣੈ=ਧਰਮ ਦੇ ਮਲਾਹ ਹਨ, ਉਨ੍ਹਾਂ ਦੇ ਵਿਚ ਮੁਸਲਿਮੁ=ਇਸਥਿੱਤ ਹੋਵੇ ਵਾ-ਉਨ੍ਹਾਂ ਦੇ ਮੁਸਲਿਮ=ਸਨਮੁਖ ਹੋਵੇ, ਅਤੇ ਮਰਣ ਜੀਵਨ ਦਾ ਭਰਮ ਚੁਕਾ ਦੇਵੇ, ਐਸੇ ਨਿਸਚੇ ਕਰੇ—ਕਿ ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥

ਪ੍ਰਮਾਤਮਾ ਦੀ ਆਗਿਆ ਨੂੰ ਸਿਰ ਉੱਤੇ ਮੰਨਣਾ ਕਰੇ, ਅਤੇ ਕਰਤਾ ਪੁਰਖ ਨੂੰ ਮੰਨਣਾ ਕਰੇ ਆਪਾ ਭਾ ਹੰਕਾਰ ਨੂੰ ਗਵਾ ਕੇ। ਵਾ ਆਪਣੇ ਆਪ ਨੂੰ ਜੋ ਕਰਤਾ ਭੋਗਤਾ ਮੰਨੀ ਬੈਠਾ ਹੈ ਇਸ ਆਪਾ ਭਾ ਨੂੰ ਗੁਆਣਾ ਕਰੇ।

ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਸਾਰਿਆਂ ਜੀਵਾਂ ਉੱਤੇ ਅਮਿਤ ਮਿਹਰ ਕਰਨ ਵਾਲਾ ਹੋਵੇ ਤਉ+ਤ=ਤਬੀ ਤਾਂ ਆਪਣੇ ਆਪ ਨੂੰ ਮੁਸਲਮਾਨ ਕਹਾਵੇ॥ ੧॥

ਮਹਲਾ ੪॥

ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨਾਂ ਦੇ ਲਖਛਣ ਤਾਂ ਕਥਨ ਕੀਤੇ ਹਨ, ਪਰ ਹਿੰਦੂਆਂ ਦੇ ਨਹੀਂ ਦਿੱਸੇ ਆਪ ਕਿਰਪਾ ਕਰਕੇ ਹਿੰਦੂਆਂ ਦੇ ਲਖਛਣ ਭੀ ਦੱਸੋ ਤਾਂ ਪੰਚਮ ਪਾਤਸ਼ਾਹ ਜੀ ਨੇ ਕਿਹਾ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਹਿੰਦੂਆਂ ਦੇ ਲਖਛਣ ਕਹੇ ਹਨ।

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥

ਕਾਮ, ਕ੍ਰੋਧ, ਝੂਠ, ਨਿੰਦਿਆ ਇਨ੍ਹਾਂ ਨੂੰ ਪਰਹਰਿ=ਤਿਆਗ ਕੇ, ਅਤੇ ਮਾਇਆ ਨੂੰ ਤਜ ਕੇ ਉਸ ਦੇ ਹੰਕਾਰ ਨੂੰ ਭੀ ਚੁਕਾਵੈ=ਦੂਰ ਕਰ ਦੇਵੇ ਤਾਂ ਆਪਣੇ ਆਪ ਨੂੰ ਹਿੰਦੂ ਕਹਾਵੇ।

ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ॥

ਕਾਮਦੇਵ ਨੂੰ ਤਿਆਗ ਕੇ ਕਾਮਿਨੀ=ਔਰਤ ਦੇ ਮੋਹ ਨੂੰ ਤਜੈ=ਛੱਡ ਦੇਵੇ, ਤਾਂ ਅੰਜਨ=ਮਾਇਆ ਦੇ ਵਿਚ ਰਹਿੰਦਾ ਹੋਇਆ ਨਿਰੰਜਨੁ=ਪ੍ਰਮਾਤਮਾਂ ਨੂੰ ਪਾਂਵਦਾ ਹੈ।

ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ
ਤਜਿ ਪਿਆਸ ਆਸ ਰਾਮ ਲਿਵ ਲਾਵੈ॥

ਮਾਨੁ ਅਭਿਮਾਨੁ=ਮਾਨ ਅਪਮਾਨ ਅਤੇ ਪੁੱਤਰ ਤੇ ਦਾਰਾ=ਇਸਤ੍ਰੀ ਦੀ ਪ੍ਰੀਤੀ ਤਿਆਵਣਾ ਕਰੇ, ਪਦਾਰਥਾਂ ਦੇ ਖਾਣ ਪੀਣ ਦੀ ਪਿਆਸਾ ਤੇ ਧਨ ਦੇ ਇਕੱਠਾ ਕਰਨ ਦੀ ਆਸਾ ਤਿਆਗ ਕੇ ਰਾਮ ਨਾਲ ਲਿਵ=ਬਿਰਤੀ ਨੂੰ ਲਗਾਵੇ, ਤਾਂ ਆਪਣੇ ਆਪ ਨੂੰ ਹਿੰਦੂ ਕਹਾਵੇ।

ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥ ੨॥

ਗੁਰੂ ਜੀ ਕਥਨ ਕਰਦੇ ਹਨ-ਜੇ ਸੱਚਾ ਨਾਮ ਮਨ ਵਿਚ ਵਸ ਜਾਵੇ, ਤਾਂ ਸੱਚੇ ਗੁਰ ਉਪਦੇਸ਼ ਦੁਆਰਾ ਹਰੀ ਨਾਮੀ ਵਿਚ ਸਮਾਂਵਦਾ ਹੈ॥ ੨॥

ਪਉੜੀ॥ ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥

ਬੜੇ ਬੜੇ ਰਾਜੇ, ਰਯਤਿ=ਪਰਜਾ, ਸਿਕਦਾਰ=ਥਾਨੇਦਾਰ, ਚੌਧਰੀ, ਨੰਬਰਦਾਰ ਇਨ੍ਹਾਂ ਵਿਚੋਂ ਕਿਸੀ ਨੇ ਭੀ ਨਹੀਂ ਰਹਿਣਾ। ਬੜੇ ਬੜੇ ਹਟ, ਪਟਣ=ਸ਼ਹਿਰ ਬਜ਼ਾਰ ਇਹ ਸਭ ਹੁਕਮੀ ਦੇ ਹੁਕਮ ਨਾਲ ਢਹਿ ਜਾਣੇ ਹਨ।

ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥

ਬੜੇ ਪੱਕੇ ਬੰਕ=ਸੁੰਦਰ ਦਰਵਾਜ਼ਿਆਂ ਨੂੰ ਮੂਰਖ ਪੁਰਸ਼ ਆਪਣੇ ਕਰਕੇ ਜਾਣਦਾ ਹੈ। ਜੋ ਭੰਡਾਰੇ (ਖਜ਼ਾਨੇ) ਧਨ ਨਾਲ ਭਰੇ ਹੋਏ ਹਨ, ਉਹ ਇੱਕ ਛਿਨ ਵਿਚ ਰੀਤੇ=ਖਾਲੀ ਹੋ ਜਾਣਗੇ।

ਤਾਜੀ ਰਥ ਤੁਖਾਰ ਹਾਥੀ ਪਾਖਰੇ॥
ਬਾਗ ਮਿਲਖ ਘਰ ਬਾਰ ਕਿਥੇ ਸਿ ਆਪਣੇ॥

ਤਾਜੀ=ਘੋੜੇ, ਪਾਖਰੇ=ਕਾਠੀਆਂ ਵਾਲੇ, ਰਥ, ਤੇ ਤੁਖਾਰ=ਊਂਠ, ਪਾਖਰੇ=ਪਲਾਣਾ ਵਾਲੇ, ਹਾਥੀ ਪਾਖਰੇ =ਅੰਬਾਰੀਆਂ ਵਾਲੇ। ਸੋਹਣੇ ਸੋਹਣੇ ਬਾਗ ਮਿਲਖ=ਜਗੀਰਾਂ, ਚੰਗੇ ਚੰਗੇ ਘਰ ਤੇ ਕਲਬੂਤੀ ਬਾਰ=ਦਰਵਾਜ਼ੇ ਏਹ ਅੰਤ ਨੂੰ ਕਿੱਥੇ ਸਿਆਪਣੇ=ਸਿਆਣੇ ਜਾਣਗੇ, ਵਾ:-

ਸਿ=ਉਹ ਸਮੂਹ ਪਦਾਰਥ ਆਪਣੇ=ਆਪਣੇ ਕਿੱਥੇ ਹੋਣਗੇ।

ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥ ੮॥

ਤੰਬੂ, ਨਿਵਾਰੀ ਪਲੰਘ, ਅਤੇ ਲਾਲਤੀ=ਅਤਲਸਾਂ ਦੀਆਂ ਕਨਾਤਾਂ, ਵਾ ਲਾਲਤੀ =ਸੁੰਦਰ ਕਨਾਤਾਂ। ਇਹ ਭੀ ਏਥੇ ਹੀ ਰਹਿ ਜਾਣਗੀਆਂ।

ਗੁਰੂ ਜੀ ਕਥਨ ਕਰਦੇ ਹਨ, ਸਾਰਿਆਂ ਦਾ ਦਾਤਾ ਜੋ ਸੱਚਾ ਵਾਹਿਗੁਰੂ ਹੈ ਉਹ ਕੁਦਰਤਿ ਦੁਆਰਾ ਸਿਨਾਖਤੁ=ਪਛਾਣਿਆ ਜਾਂਦਾ ਹੈ॥ ੮॥

ਯਥਾ:- ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ॥ *(ਪੰਨਾ ੪੬੪)*

ਸਲੋਕੁ ਮਃ ੧ ॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਅਚਲ ਵਟਾਲੇ ਗਏ ਤਾਂ ਸਿੱਧਾਂ ਨੇ ਮਿਲ ਕੇ ਕਿਹਾ ਜੇਕਰ ਆਪ ਅਸਾਡੇ ਜੋਗ ਭੇਖ ਨੂੰ ਧਾਰਨ ਕਰੋ ਤਾਂ ਤੁਹਾਨੂੰ ਕਿਸੇ ਪਦਾਰਥ ਦਾ ਘਾਟਾ ਨਹੀਂ ਰਹੇਗਾ। ਇਹ ਗੱਲ ਸੁਣਕੇ ਗੁਰੂ ਸਾਹਿਬ ਜੀ ਕਥਨ ਕਰਦੇ ਹਨ।

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ॥
ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ॥

ਹੇ ਸਿੱਧੋ ! ਚਾਹੇ ਸਾਰੀਆਂ ਨਦੀਆਂ ਧੇਣਵਾ=ਗਊਆਂ ਹੋ ਜਾਣ, ਵਾ ਸਾਰੀਆਂ ਨਦੀਆਂ ਧੇਣ=ਗਊਆਂ, ਵਾ=ਜਾਂ ਭੈਂਸਾਂ ਹੋ ਜਾਣ, ਦੁੱਧ ਪਿਲਾਵਣ ਨੂੰ। ਅਤੇ ਪਹਾੜਾਂ ਵਿਚ ਜੋ ਸੋਮੇ ਚਲਦੇ ਹਨ ਉਹ ਘਿਉ ਦੇ ਹੋ ਜਾਣ। ਸਾਰੀ ਪ੍ਰਿਥਵੀ ਸ਼ੱਕਰ ਹੋ ਜਾਵੇ, ਇਸ ਤਰ੍ਹਾਂ ਦੇ ਅਨਮੁੱਲੇ ਪਦਾਰਥ ਖਾ ਕੇ ਜੀਅ ਨਿਤਾਪ੍ਰਤੀ ਖੁਸ਼ੀਆਂ ਨੂੰ ਧਾਰਨ ਕਰੇ।

[ਪੰਨਾ ੧੪੨]

ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥ ੧॥

ਚਾਹੇ ਸਾਰੇ ਪਹਾੜ ਸੋਨੇ ਚਾਂਦੀ ਦੇ ਹੋ ਜਾਣ, ਉੱਪਰ ਜੋ ਵੱਟੇ ਖਿਲਰੇ ਹੋਏ ਹਨ ਏਹੀ ਉਨ੍ਹਾਂ ਸੋਨੇ ਦੇ ਪਹਾੜਾਂ ਉਤੇ ਹੀਰੇ ਲਾਲ ਆਦਿਕ ਜੜੇ ਹੋਣ।

ਇਨ੍ਹਾਂ ਪਦਾਰਥਾਂ ਦੇ ਹੁੰਦਿਆਂ ਭੀ=ਬਹੁੜੇ ਹੇ ਵਾਹਿਗੁਰੂ ਤੂੰ ਹੀ ਸਲਾਹੁਣੇ ਜੋਗ ਹੈਂ, ਇਹ ਕਿਰਪਾ ਕਰੋ ਆਪ ਜੀ ਦੇ ਨਾਮ ਆਖਣ ਦਾ ਉਤਸ਼ਾਹ ਲਹੈ ਨ=ਦੂਰ ਨਾ ਹੋਵੇ॥ ੧॥

ਮਃ ੧॥ ਭਾਰ ਅਠਾਰਹ ਮੇਵਾ ਹੋਵੈ ਗੁੜਾ ਹੋਇ ਸੁਆਉ॥
ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ॥

ਚਾਹੇ ਅਠਾਰਾਂ ਭਾਰ* ਬਨਾਸਪਤੀ ਮੇਵਾ ਹੋ ਜਾਵੇ, ਤੇ ਜੋ ਚੀਜ਼ ਭੀ ਖਾਈਏ ਉਸ ਵਿਚੋਂ ਗੁੜ** ਚੌਲਾਂ

**੩੨੬੦ ਤੋਲੇ ਦਾ ਇਕ ਭਾਰ ਹੁੰਦਾ ਹੈ। ਪਰ ਹਰ ਇਕ ਬ੍ਰਿੱਛ ਦਾ ਇਕ ਪੱਤਾ ਨਹੀਂ ਲੈਣਾ ਇਕ ਜਾਤ ਦੇ ਬ੍ਰਿੱਛ ਦਾ ਇਕ ਪੱਤਾ ਲੈਣਾ ਜੈਸਾ ਕਿ ਅੰਬ ਦੇ ਬ੍ਰਿੱਛਾਂ 'ਚੋਂ ਇਕ ਅੰਬ ਦਾ ਪੱਤਾ।*

***ਗੁੜ੍ਹੇ ਜਾਤੀ ਦੇ ਚਾਵਲ ਸਭ ਤੋਂ ਉੱਤਮ ਹਨ ਇਕ ਘਰ ਵਿਚ ਚੜਨ ਤਾਂ ਸਾਰੇ ਪਿੰਡ ਵਿਚ ਖੁਸ਼ਬੋ ਫੈਲ ਜਾਂਦੀ ਹੈ।*

ਦਾ ਸੁਆਦ ਪ੍ਰਾਪਤ ਹੋਵੇ। ਵਾ ਗੁਰੂ ਚੋਲਾਂ ਦਾ ਸੁਆਦ ਭੀ ਲੈਂਦੇ ਰਹੀਏ। ਚੰਦ੍ਰਮਾਂ ਤੇ ਸੂਰਜ ਇਨ੍ਹਾਂ ਦੋਹਾਂ ਫਿਰਦਿਆਂ ਹੋਇਆਂ ਨੂੰ ਰੋਕ ਰੱਖੀਏ, ਜਿਸ ਅਸਥਾਨ ਉਪਰ ਬੈਠੀਏ ਉਹ ਥਾਂ ਨਿਸਚਲ ਹੋਵੇ।

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੨ ॥

ਇਤਨੀ ਤਾਕਤ ਦੇ ਹੁੰਦਿਆਂ ਭੀ ਹੇ ਵਾਹਿਗੁਰੂ ! ਤੂੰਹੀਂ ਸਲਾਹੁਣੇ ਜੋਗ ਹੈਂ, ਇਹ ਕਿਰਪਾ ਕਰੋ ਆਪ ਜੀ ਦੇ ਨਾਮ ਆਖਣ ਦਾ ਉਤਸ਼ਾਹ ਦੂਰ ਨਾ ਹੋਵੇ॥ ੨ ॥

ਮਃ ੧ ॥ ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ ॥
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੩ ॥

ਜੇਕਰ ਕਿਸੇ ਦੀ ਦੇਹੈ=ਦੇਹ (ਸਰੀਰ) ਨੂੰ ਦੁਖ ਲਾਇਆ ਚਾਹੀਏ, ਤਾਂ ਪਾਪ ਰੂਪ ਦੋਵੇਂ ਗ੍ਰਹ ਰਾਹੁ=ਰਾਹੂ ਕੇਤੂ ਲਗਾ ਦੇਈਏ। ਲੋਕਾਂ ਦਾ ਰਤੁ=ਲਹੂ ਪੀਣ ਵਾਲੇ ਅਰਥਾਤ ਵੱਢੀਆਂ ਖਾਣ ਵਾਲੇ ਰਾਜਿਆਂ ਦੇ ਹੱਥ ਵਿਚ ਚੌਰ ਛਤ੍ਰ ਫੜਾ ਕੇ ਆਪਣੇ ਸਿਰ ਉੱਪਰ ਖੜਾ ਰੱਖੀਏ। ਵਾ.ਰਾਜਿਆਂ ਦੇ ਸਿਰ ਉੱਤੇ ਆਪਣਾ ਹੁਕਮ ਰੱਖੀਏ, ਏਵੈ=ਇਸ ਪ੍ਰਕਾਰ ਦਾ ਚਾਹੇ ਭਾਉ ਜਾਪੈ=ਪ੍ਰਤਾਪ ਜਾਣਿਆ ਜਾਵੇ। ਤਾਂ ਭੀ ਹੇ ਪ੍ਰਮਾਤਮਾ ਤੂੰ ਸਲਾਹੁਣੇ ਯੋਗ ਹੈਂ, ਇਹ ਕ੍ਰਿਪਾ ਕਰੋ ਆਪ ਜੀ ਦੇ ਨਾਮ ਆਖਣ ਦਾ ਉਤਸ਼ਾਹ ਦੂਰ ਨਾ ਹੋਵੇ॥ ੩ ॥

ਮਃ ੧ ॥ ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥
ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ ॥
ਭੀ ਤੂਹੈ ਸਾਲਾਹਣਾ ਆਖਣ ਲਹੈ ਨ ਚਾਉ ॥ ੪ ॥

ਅੱਗ ਵਾਲੀ ਮੌਸਮ ਭਾਵ ਜੇਠ ਹਾੜ ਦੇ ਦਿਨਾਂ ਵਿਚ ਚਾਹੇ ਅੱਗ ਵਾਲੇ ਕੱਪੜੇ ਭਾਵ ਪੰਜ ਧੂਨੀਆਂ ਤਪਨਾ ਕਰੀਏ, ਪਾਲੇ ਵਾਲੀ ਮੌਸਮ ਭਾਵ ਪੋਹ ਮਾਘ ਦੇ ਦਿਨਾਂ ਵਿਚ ਚਾਹੇ ਪਾਲੇ ਵਾਲੇ ਕੱਪੜੇ ਭਾਵ ਜਲਧਾਰਾ ਭੀ ਸਹਾਰਨਾ ਕਰੀਏ, ਵਾ:-ਅੱਗ ਵਾਲੀ ਤੱਤੀ ਮੌਸਮ ਵਿਚ ਤਾਂ ਪਾਲੇ ਵਾਲੇ ਕੱਪੜੇ ਹੋਵਣ, ਬਰੀਕ ਮਲਮਲ ਦੇ ਕੁੜਤੇ, ਪਾਣੀ ਦੇ ਛਿੜਕਾ, ਪੱਖੇ ਝੂਲੀਂਦੇ ਹੋਵਣ, ਤੇ ਪਾਲੇ ਵਾਲੀ ਮੌਸਮ ਮੇਂ ਅੱਗ ਵਾਲੇ ਕੱਪੜੇ ਹੋਵਣ, ਭਾਵ ਗਰਮ ਕੱਪੜੇ, ਤੇ ਅੱਗ ਦੇ ਅੰਗੀਠੇ ਬਲਦੇ ਹੋਣ, ਅਤੇ ਵਾਉ=ਹਵਾ ਦਾ, ਵਾ:-ਪਦਾਰਥਾਂ ਦਾ ਖਾਣਾ ਹੋਵੇ। ਸ੍ਵਰਗ ਦੇ ਵਿਚ ਰਹਿਣ ਵਾਲੀਆਂ ਮਨਮੋਹਣੀਆਂ ਇਸਤ੍ਰੀਆਂ ਚਾਹੇ ਘਰ ਵਿਚ ਹੋਵਣ, ਪਰ ਇਹ ਸਾਰੇ ਪਦਾਰਥ ਚਲੇ ਜਾਣ ਵਾਲੇ ਹਨ। ਇਸ ਕਰਕੇ ਭੀ=ਬਹੁੜੋ ਹੇ ਵਾਹਿਗੁਰੂ ਤੂੰਹੀਂ ਇੱਕ ਸਲਾਹੁਣੇ ਜੋਗ ਹੈਂ, ਇਹ ਕਿਰਪਾ ਕਰੋ ਆਪ ਦੇ ਨਾਮ ਆਖਣ ਦਾ ਉਤਸ਼ਾਹ ਦਿਲ 'ਚੋਂ ਦੂਰ ਨਾ ਹੋਵੇ॥ ੪ ॥

ਪਵੜੀ ॥ ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥

ਬਦਫੈਲੀ=ਭੈੜੇ ਕਰਮਾਂ ਦੇ ਕਰਨ ਵਾਲਾ ਜੀਵ ਗੈਬਾਨਾ=ਭੂਤਨਾਂ ਹੋ ਰਿਹਾ ਹੈ, ਜੋ ਖਸਮੁ=ਪ੍ਰਮਾਤਮਾ ਨੂੰ ਨਹੀਂ ਜਾਣਦਾ।

ਸੋ ਕਹੀਐ ਦੇਵਾਨਾ ਆਪੁ ਨ ਪਛਾਣਈ॥

ਉਹ ਪੁਰਸ਼ ਦੇਵਾਨਾ=ਬਾਵਰਾ (ਝੱਲਾ) ਕਹੀਂਦਾ ਹੈ ਜੋ ਆਪਣੇ ਆਪ ਨੂੰ ਪਛਾਣਦਾ ਨਹੀਂ।

ਕਲਹਿ ਬੁਰੀ ਸੰਸਾਰਿ ਵਾਦੇ ਖਪੀਐ॥

ਸੰਸਾਰ ਦੇ ਵਿਚ ਕਲਹਿ=ਲੜਾਈ ਕਰਨੀ ਬਹੁਤ ਬੁਰੀ ਹੈ, ਕਿਉਂਕਿ ਵਾਦੇ=ਝਗੜਿਆਂ ਵਿਚ ਹੀ ਖਪੀਂਦਾ ਹੈ।

ਵਿਣੁ ਨਾਵੈ ਵੇਕਾਰਿ ਭਰਮੇ ਪਚੀਐ॥

ਪ੍ਰਮੇਸ਼ੁਰ ਨਾਮ ਤੋਂ ਬਿਨਾਂ ਭਰਮ ਕਰਕੇ ਵਿਸ਼ੇ ਵਿਕਾਰਾਂ ਵਿਚ ਪਚੀਐ=ਖਰਾਬ ਹੁੰਦਾ ਹੈ।

ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ॥

ਸਾਧੂ ਗ੍ਰਿਹਸਤੀ, ਗੁਰਮੁਖ ਮਨਮੁਖ, ਦੇਵਤਾ ਦੈਤ, ਹਿੰਦੂ ਮੁਸਲਮਾਨ ਇਨ੍ਹਾਂ ਦੋ ਰਸਤਿਆਂ ਵਿਚ ਜੋ ਇੱਕ ਪ੍ਰਮਾਤਮਾ ਨੂੰ ਜਾਣਦਾ ਹੈ ਓਹੀ ਪੁਰਸ਼ ਸਿਝਸੀ=ਕਲਿਆਣ (ਮੁਕਤ) ਰੂਪ ਹੁੰਦਾ ਹੈ।

ਕੁਫਰ ਗੋਅ ਕੁਫਰਾਣੈ ਪਇਆ ਦਝਸੀ॥

ਕੁਫਰ ਗੋਅ=ਝੂਠ ਬੋਲਣ ਵਾਲਾ ਪੁਰਸ਼ (ਕੁਫਰਾਣੈ) ਨਰਕਾਂ ਵਿਚ ਪਿਆ ਹੋਇਆ ਦਝਸੀ=ਸੜਦਾ ਹੈ।

ਸਭ ਦੁਨੀਆ ਸੁਬਹਾਨੁ ਸਚਿ ਸਮਾਈਐ॥

ਸਾਰੀ ਦੁਨੀਆਂ ਨੂੰ ਸੁਬਹਾਨੁ=ਅਸਚਰਜ ਅਰਥਾਤ ਮਿਥਿਆ ਰੂਪ ਜਾਣੇ ਤਾਂ ਸੱਚ ਸਰੂਪ ਵਿਚ ਸਮਾਂਵਦਾ ਹੈ।

ਸਿਝੈ ਦਰਿ ਦੀਵਾਨਿ ਆਪੁ ਗਵਾਈਐ॥ ੯॥

ਆਪਾ ਭਾ ਹੰਕਾਰ ਨੂੰ ਦੂਰ ਕਰੀਏ ਤਾਂ ਪ੍ਰਮੇਸ਼ੁਰ ਦੇ ਦੀਵਾਨਿ=ਦਰਬਾਰ ਅੰਦਰ ਸਿਝੈ=ਮੁਕਤ ਹੋਈਦਾ ਹੈ॥ ੯॥

ਮਃ ੧ ਸਲੋਕੁ॥

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥

ਉਹ ਪੁਰਸ਼ ਸੰਸਾਰ ਵਿਚ ਜਿਉਂਦਾ ਹੈ, ਜਿਸ ਦੇ ਮਨ ਵਿਚ ਉਹ ਵਾਹਿਗੁਰੂ ਵਸਿਆ ਹੈ।

ਗੁਰੂ ਜੀ ਕਹਿੰਦੇ ਹਨ-ਹੋਰ ਕੋਈ ਜਿਉਂਦਾ ਹੀ ਨਹੀਂ ਹੈ। ਜੇਕਰ ਨਾਮ ਤੋਂ ਬਿਨਾਂ ਜਿਉਂਦਾ ਹੈ ਤਾਂ ਉਸ ਦੀ ਪਤ ਅਬਰੋ ਲੱਥੀ ਜਾਂਦੀ ਹੈ। ਉਹ ਜਿਤਨਾ ਕੁਝ ਖਾਂਦਾ ਹੈ, ਸਭ ਹਰਾਮ ਦਾ ਖਾਣਾ ਖਾਂਦਾ ਹੈ।

ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥
ਨਾਨਕ ਠਗਿਆ ਮੁਠਾ ਜਾਇ॥ ਵਿਣੁ ਨਾਵੈ ਪਤਿ ਗਇਆ ਗਵਾਇ॥ ੧॥

ਰਾਜ ਦੇ ਰੰਗ=ਅਨੰਦ ਨੂੰ ਤੇ ਮਾਲ ਦੇ ਰੰਗੁ=ਅਨੰਦ ਨੂੰ ਪਾ ਕੇ ਇਤਿਆਦੀ ਰੰਗਿ=ਅਨੰਦਾਂ ਵਿਚ ਰੱਤਾ

ਹੋਇਆ ਨੰਗੁ=ਘੰਡ+ਮੂਰਖ ਅਥਵਾ-ਬੇਸ਼ਰਮ ਨੱਚ ਰਿਹਾ ਹੈ।

ਗੁਰੂ ਜੀ ਕਥਨ ਕਰਦੇ ਹਨ, ਠਗਿਆ ਮੁਠਾ=ਲੁੱਟਿਆ ਪੁੱਟਿਆ ਜਾ ਰਿਹਾ ਹੈ।

ਅਥਵਾ:-ਕਾਮ ਆਦੀ ਠਗਾਂ ਕਰਕੇ ਮੁਠਾ ਜਾਇ=ਲੁੱਟਿਆ ਜਾ ਰਿਹਾ ਹੈ।

ਪ੍ਰਮੇਸ਼ਰ ਨਾਮ ਤੋਂ ਬਿਨਾਂ ਇੱਜ਼ਤ ਗਵਾ ਕੇ ਗਿਆ ਹੈ॥੧॥

ਮਃ ੧ ॥ ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥

ਚੰਗੇ ਪਦਾਰਥਾਂ ਦੇ ਖਾਣੇ ਸੇ ਕੀ ਸੁਖ ਹੋਣਾ ਹੈ ਅਤੇ ਸੋਹਣੇ ਸੋਹਣੇ ਕੱਪੜਿਆਂ ਦੇ ਪਹਿਨਣ ਨਾਲ ਕੀ ਸੁਖ ਹੋਣਾ ਹੈ। ਜਾਂ ਮਨ ਵਿਚ ਉਸ ਸੱਚੇ ਦਾ ਨਾਮ ਨਹੀਂ ਹੈ।

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥

ਮੇਵਾ ਖਾ ਲਿਆ ਤਾਂ ਕੀ ਹੋਇਆ, ਘਿਉ ਗੁੜ ਮਿੱਠਾ ਆਦਿਕ ਪਦਾਰਥ ਖਾ ਲਏ ਤਾਂ ਕੀ ਹੋਇਆ, ਮੈਦਾ=ਬਰੀਕ ਆਟੇ ਦੇ ਸਮੋਸੇ ਆਦਿਕ ਖਾ ਲਏ ਤਾਂ ਕੀਹ, ਅਤੇ ਮਾਸ ਖਾ ਲਿਆ ਤਾਂ ਕੀ ਹੋਇਆ।

ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥

ਚੰਗੇ ਕੱਪੜੇ ਪਾ ਲਏ ਤਾਂ ਕੀ, ਸੁਖਾਲੀ ਸਿਹਜਾ ਉੱਤੇ ਸੌਂ ਲਿਆ ਤਾਂ ਕੀ, ਅਨੇਕ ਪ੍ਰਕਾਰ ਦੇ ਭੋਗ ਬਿਲਾਸ ਕਰ ਲਏ ਤਾਂ ਕੀ।

ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥

ਲਸਕਰ=ਫੌਜ ਰੱਖ ਲਈ ਤਾਂ ਕੀ, ਨੇਬ=ਚੋਬਦਾਰ ਖਵਾਸੀ=ਚੌਰੀ ਬਰਦਾਰ ਰੱਖ ਲਏ ਤਾਂ ਕੀ, ਸੋਹਣੇ ਸੋਹਣੇ ਪੱਕੇ ਮਹਲੀ=ਮੰਦਰਾਂ ਵਿਚ ਨਿਵਾਸ ਆ ਗਿਆ ਤਾਂ ਕੀ।

ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਸੱਚੇ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਾਰੇ ਟੋਲ=ਪਦਾਰਥ ਵਿਣਾਸੁ=ਨਾਸਵੰਤ ਹਨ॥ ੨ ॥

ਪ੍ਰਸ਼ਨ-ਉੱਚੀ ਜਾਤੀ ਕਰਕੇ ਤਾਂ ਛੁਟਕਾਰਾ ਹੋ ਜਾਂਦਾ ਹੋਵੇਗਾ?

ਪਵੜੀ ॥ ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ ਮਹੁਰਾ ਹੋਵੈ ਹਥਿ ਮਰੀਐ ਚਖੀਐ ॥

ਉੱਤਰ-ਉੱਚੀ ਜਾਤੀ ਦੇ ਹੱਥ ਵਿਚ ਭਲਾ ਕੀ ਹੈ, ਉੱਚੀ ਜਾਤੀ ਜਮਾਂ ਤੋਂ ਨਹੀਂ ਛੁਡਾ ਸਕਦੀ, ਅੱਗੇ ਤਾਂ ਸੱਚ ਨੂੰ ਪਰਖਦੇ ਹਨ। ਜੇਕਰ ਜ਼ਹਿਰ ਹੱਥ ਵਿਚ ਫੜੀ ਹੋਵੇ ਤਾਂ ਮਰਦਾ ਨਹੀਂ, ਪਰ ਜੇ ਉਸ ਮਹੁਰੇ ਨੂੰ ਚਖੀਐ=ਖਾ ਲਵੇ ਤਾਂ ਮਰਨਾ ਹੁੰਦਾ ਹੈ।

ਇਸੀ ਪ੍ਰਕਾਰ ਜਾਤੀ ਭਾਵੇਂ ਕੋਈ ਹੋਵੇ ਉਹ ਇਸ ਦਾ ਵਿਗਾੜ ਨਹੀਂ ਕਰ ਸਕਦੀ। ਪਰ ਜੇਕਰ ਜਾਤੀ ਦਾ ਹੰਕਾਰ ਕਰੇ ਤਾਂ ਹੰਕਾਰ ਇਸ ਦੇ ਸਭ ਜਪ ਤਪ ਪੁੰਨ ਤੀਰਥ ਯਾਤਰਾ ਆਦਿਕ ਸਾਧਨਾਂ ਨੂੰ ਨਿਸਫਲ ਕਰਕੇ ਇਸ ਨੂੰ ਜੀਵਣ ਮੁਕਤ ਨਹੀਂ ਹੋਣ ਦੇਂਦਾ।

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥
ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥

ਸੱਚੇ ਪ੍ਰਮਾਤਮਾ ਦੀ ਹੁਕਮ ਰੂਪੀ ਕਾਰ ਜੀਵਾਂ ਦੇ ਸਿਰ ਉੱਪਰ ਜੁਗਾਂ ਜੁਗਾਂ ਵਿਚ ਜਾਣੀ ਜਾਂਦੀ ਹੈ। ਅਥਵਾ, ਜੁਗਾਂ ਜੁਗਾਂ ਵਿਚ ਇਹ ਸਾਰਾ ਜਗਤ ਸੱਚੇ ਦੀ ਸਿਰਕਾਰ=ਰੱਖਤਿ ਜਾਨਣਾ ਕਰੀਏ। ਸਾਰਿਆਂ ਦਾ ਸਰਦਾਰ ਜੋ ਪ੍ਰਮਾਤਮਾ ਹੈ ਉਸ ਦੇ ਹੁਕਮ ਨੂੰ ਜੋ ਮੰਨਦਾ ਹੈ ਉਹ ਦੀਬਾਣੀਐ=ਸਭਾ ਦੇ ਅੰਦਰ ਸੋਭਾ ਪਾਂਦਾ ਹੈ।

ਫੁਰਮਾਨੀ ਹੈ ਕਾਰ ਖਸਮਿ ਪਠਾਇਆ॥
ਤਬਲਬਾਜ ਬੀਚਾਰ ਸਬਦਿ ਸੁਣਾਇਆ॥
ਇਕਿ ਹੋਏ ਅਸਵਾਰ ਇਕਨਾ ਸਾਖਤੀ॥
ਇਕਨੀ ਬਧੇ ਭਾਰ ਇਕਨਾ ਤਾਖਤੀ॥ ੧੦॥

ਦ੍ਰਿਸ਼ਟਾਂਤ-ਜਦ ਕਿਸੀ ਖਸਮਿ=ਰਾਜਾ ਨੇ ਕਾਰ ਫੁਰਮਾਨੀ=ਹੁਕਮ ਫੁਰਮਾ ਕੇ ਇੱਕ ਹੈ ਪਠਾਇਆ=ਘੋੜ ਚੜ੍ਹਿਆ ਸੂਰਮਾ ਭੇਜਿਆ, ਨਗਾਰਚੀ ਦੇ ਪਾਸ। ਤਦ ਤਬਲਬਾਜ=ਧੌਂਸੇ ਦੇ ਵਜਾਣ ਵਾਲੇ ਨੇ ਵਿਚਾਰ ਕੇ ਧੌਂਸਾ ਵਜਾ ਕੇ ਸ਼ਬਦ ਸੁਣਾਇਆ। ਉਸੀ ਵੇਲੇ ਇੱਕ ਸੂਰਮੇ ਤਾਂ ਘੋੜਿਆਂ ਉੱਤੇ ਅਸਵਾਰ ਹੋ ਗਏ, ਅਤੇ ਇਕਨਾਂ ਨੇ ਸਾਖਤੀ=ਤਿਆਰੀ ਕੀਤੀ। ਇਕਨਾਂ ਨੇ ਰਸਦ ਪਾਣੀ ਦੇ ਭਾਰ ਬੰਨਣ ਕੀਤੇ, ਜਿਹੜੇ ਬਿਲਕੁਲ ਤਿਆਰ ਬਰ ਤਿਆਰ ਸਨ ਉਹ ਇੱਕ ਜੰਗ ਭੂਮੀ ਵਿਚ ਤਾਖਤੀ=ਪਹੁੰਚ ਗਏ।

ਅਥਵਾ-ਜਿਨ੍ਹਾਂ ਇਕਨਾਂ ਨੇ ਭਾਰ ਬੱਧੇ, ਉਨ੍ਹਾਂ ਇਕਨਾਂ ਨੇ ਸਾਖਤੀ=ਤਿਆਰੀ ਕੀਤੀ।

ਅਤੇ ਇੱਕ ਜਿਹੜੇ ਅਸਵਾਰ ਸਨ, ਉਹ ਇੱਕ ਤਾਖਤੀ=ਪਹੁੰਚ ਗਏ।

ਇਸੀ ਪ੍ਰਕਾਰ ! ਖਸਮਿ=ਪ੍ਰਮਾਤਮਾ ਨੇ ਜੋ ਵੇਦਾਂ ਵਿਚ ਕਾਰ=ਹੁਕਮ ਫੁਰਮਾਇਆ ਹੈ ਏਹੀ ਇੱਕ ਹੈ=ਘੋੜਾ ਭੇਜਿਆ ਹੈ। ਤਿਸ ਹੁਕਮ ਰੂਪ ਘੋੜੇ ਉੱਤੇ ਅਸਵਾਰ ਹੋ ਕੇ ਅਰਥਾਤ ਹੁਕਮ ਮੰਨਕੇ ਧੌਂਸੇ ਦੇ ਵਜਾਣ ਵਾਲੇ ਗੁਰਾਂ ਨੇ ਵਿਚਾਰ ਕੇ ਸਬਦਿ ਸੁਣਾਇਆ=ਉਪਦੇਸ਼ ਸੁਨਾਣਾ ਕੀਤਾ। ਤਾਂ ਇੱਕ ਨਿਧਿਆਸਣ ਉੱਪਰ ਅਸਵਾਰ ਹੋ ਗਏ, ਤੇ ਇਕਨਾਂ ਨੇ ਮਨਣ ਦੀ ਸਾਖਤੀ=ਤਿਆਰੀ ਕੀਤੀ। ਇਕਨਾਂ ਨੇ ਭਾਰ ਬੱਧੇ ਅਰਥਾਤ ਸਰਵਨ ਕੀਤਾ। ਜਿਨ੍ਹਾਂ ਇਕਨਾਂ ਨੇ ਸਰਵਨ, ਮਨਣ, ਨਿਧਿਆਸਣ ਕੀਤਾ ਹੋਇਆ ਸੀ ਉਹ ਇੱਕ ਪ੍ਰਮਾਤਮਾ ਨੂੰ ਤਾਖਤੀ=ਪਹੁੰਚ ਗਏ॥ ੧੦॥

ਅਥਵਾ:- ਜਿਨ੍ਹਾਂ ਇਕਨਾਂ ਨੇ 'ਨਿਸ਼ਕਾਮ ਕਰਮ, ਉਪਾਸ਼ਨਾ, ਰੂਪੀ ਭਾਰ ਬੰਨ੍ਹ ਕੇ ਅੰਤਹਕਰਨ ਵਿਚੋਂ ਮਲ੍ਹ ਵਿਖੇਪ, ਨੂੰ ਦੂਰ ਕੀਤਾ ਹੈ।

ਉਨ੍ਹਾਂ ਇਕਨਾਂ ਨੇ ਸਾਖਤੀ=ਤਿਆਰੀ ਕੀਤੀ ਹੈ ਚਤੁਸ਼ਟੇ ਸਾਧਨਾਂ ਦੀ। ਤਾਂ ਉਹ ਫਿਰ ਇਕ ਸ੍ਰਵਨ ਮਣਨ ਨਿਧਿਆਸਣ ਉੱਤੇ ਅਸਵਾਰ ਹੋਏ। ਜੋ ਸ੍ਰਵਨ ਮਨਣ ਨਿਧਿਆਸਣ ਉੱਤੇ ਅਸਵਾਰ ਹੋਏ ਹਨ ਉਹ ਇੱਕ ਪ੍ਰਮਾਤਮਾ ਨੂੰ ਤਾਖਤੀ=ਪਹੁੰਚ ਗਏ ਹਨ॥ ੧੦॥

ਸਲੋਕੁ ਮਃ ੧ ॥

ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ ॥

ਦ੍ਰਿਸ਼ਟਾਂਤ-ਜਿਸ ਵੇਲੇ ਖੇਤ ਪੱਕਦਾ ਹੈ, ਤਾਂ ਕੱਟਿਆ ਜਾਂਦਾ ਹੈ, ਪਿੱਛੋਂ ਵਾੜ ਪਲਰਿ=ਖਾਲੀ ਰਹਿ ਜਾਂਦੀ ਹੈ।

ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ ॥

ਕਣਕ ਆਦਿਕ ਸਿੱਟਿਆਂ ਦੇ ਉੱਤੇ ਜੋ ਤਿਖੇ ਤਿਖੇ ਲੰਬੇ ਲੰਬੇ ਵਾਲ ਹੁੰਦੇ ਹਨ ਉਨ੍ਹਾਂ ਨੂੰ ਕਿਸਾਰ ਕਹਿੰਦੇ ਹਨ। ਉਨ੍ਹਾਂ ਕਿਸਾਰਾਂ ਦੇ ਸਣੁ=ਸਹਿਤ ਹੀ ਅਨਾਜ ਚਿੱਥਿਆ ਜਾਂਦਾ ਹੈ, ਉਸ ਸਿੱਟੇ ਦੇ ਤਨੁ=ਨਾਲੋਂ ਕਣੁ=ਕਣਕ ਨੂੰ ਝਾੜ ਲੈਂਦੇ ਹਨ।

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥

ਚੱਕੀ ਦੇ ਦੋ ਪੁੜ ਜੋੜ ਕੇ ਦਾਣਿਆਂ ਦੇ ਪੀਹਣ ਨੂੰ ਪਾਸ ਆ ਕੇ ਬੈਠਦੇ ਹਨ।

ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ ੧ ॥

ਜੋ ਦਾਣੇ ਦਰਮਿਆਨ ਅਰਥਾਤ ਕਿਲੀ ਦੇ ਨਾਲ ਰਹਿੰਦੇ ਹਨ ਉਹ ਬਚ ਗਏ। ਗੁਰੂ ਜੀ ਕਥਨ ਕਰਦੇ ਹਨ, ਇਹ ਇਕ ਅਸਚਰਜ ਕੌਤਕ ਦੇਖਣਾ ਕਰੋ ॥ ੧ ॥

ਇਸੀ ਪ੍ਰਕਾਰ :-

ਦੂਜਾ ਅਰਥ-ਜਿਸ ਵੇਲੇ ਸਰੀਰ ਰੂਪੀ ਖੇਤ ਪੱਕਿਆ ਯਾਨੇ ਬ੍ਰਿੱਧ ਅਵਸਥਾ ਹੋ ਗਈ। ਤਾਂ ਸੂਖਮ ਸਰੀਰ ਨੂੰ ਕੱਟ ਲਿਆ। ਤਿਸ ਵੇਲੇ ਸਨਬੰਧੀਆਂ ਰੂਪੀ ਵਾੜ ਪਲਰਿ=ਖਾਲੀ ਰਹਿ ਗਈ। ਜਿਸ ਵੇਲੇ ਜਮਦੂਤ ਜੀਵ ਨੂੰ ਆ ਕੇ ਫੜਦੇ ਹਨ ਤਾਂ ਪਹਿਲੇ ਪਾਨ ਅਪਾਨ ਦੀ ਗੰਢ ਵਿਚ ਰੱਖ ਕੇ ਦੁਖ ਦੇਂਦੇ ਹਨ, ਫਿਰ-

ਸਣੁ ਕੀਸਾਰਾ ਚਿਥਿਆ:- ਕੀਸਾਰਾ=ਇੰਦ੍ਰੀਆਂ ਦੇ ਸਹਿਤ ਜੀਵ ਨੂੰ ਚਿੱਥਦੇ ਹਨ।

ਕਣੁ ਲਇਆ ਤਨੁ ਝਾੜਿ:-ਅਸਥੂਲ ਤਨ ਨਾਲੋਂ ਕਣੁ=ਸੂਖਮ ਸਰੀਰ ਨੂੰ ਝਾੜ ਲੈਂਦੇ ਹਨ।

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥

ਪ੍ਰਲੋਕ ਵਿਚ ਪ੍ਰਤੱਖ ਚੱਕੀ ਦੇ ਦੋ ਪੁੜ ਜੋੜ ਕੇ ਪੀਸਣ ਵਾਲੇ ਜਮਦੂਤ ਪਾਸ ਆ ਕੇ ਬੈਠਦੇ ਹਨ।

ਅਥਵਾ:-ਪਾਨ ਅਪਾਨ ਦੀ ਗੰਢ ਰੂਪੀ ਚੱਕੀ ਦੇ ਦੋ ਪੁੜ ਜੋੜ ਕੇ।

ਅਥਵਾ-ਧਰਤੀ ਅਕਾਸ਼ ਰੂਪ ਚੱਕੀ ਦੇ ਦੋ ਪੁੜ ਜੁੜੇ ਹੋਇ ਹਨ, ਪੀਸਣ ਵਾਲੇ ਜਮਦੂਤ ਜੀਵ ਦੇ ਪਾਸ ਆ ਕੇ ਬੈਠਦੇ ਹਨ। ਪਰ-

ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ ੧ ॥

ਜਿਹੜੇ ਜੀਵਾਂ ਰੂਪ ਦਾਣੇ ਸਤਿਸੰਗਤਿ ਰੂਪ ਕਿਲੀ ਦੇ ਦਰਮਿਆਨ ਰਹੇ ਹਨ-ਉਹ ਜਮਾਂ ਤੋਂ ਵਾ ਪੀਸਨੇ ਤੋਂ ਬਚ ਗਏ ਹਨ ਇਹ ਇੱਕ ਅਜਬੁ=ਅਸਚਰਜ ਕੌਤਕ ਵੇਖਿਆ ਹੈ ॥ ੧ ॥

[ਪੰਨਾ ੧੪੩]

ਮਃ ੧ ॥ ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ ॥

ਪਹਿਲਾ ਅਰਥ-ਵੇਖਣਾ ਕਰੋ ਮਿੱਠਾ ਜੋ ਗੰਨਾ ਹੈ ਉਹ ਪਹਿਲੇ ਜ਼ਮੀਨ 'ਚੋਂ ਕੱਟਿਆ ਜਾਂਦਾ ਹੈ। ਫਿਰ ਉਸ ਦੇ ਪਾਂਦ ਕੱਟਦੇ ਹਨ ਤੇ ਜੜਾਂ ਤੋਂ ਕੱਟਦੇ ਹਨ, ਅਤੇ ਬੰਨ ਪਾਉਂਦੇ ਹਨ।

ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ ॥

ਫਿਰ ਗੰਨਿਆਂ ਨੂੰ ਖੁੰਢਾ=ਵੇਲਨੇ ਅੰਦਰ ਰੱਖ ਕੇ ਮਲ=ਜ਼ਿਮੀਂਦਾਰ ਲੋਕ ਬੜੀ ਭਾਰੀ ਸਜ਼ਾ ਦੇਂਦੇ ਹਨ।

ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ ॥

ਕਸੁ=ਕਸੀਸ ਦੇ ਕੇ ਕੱਢਿਆ ਹੋਇਆ ਜੋ ਗੰਨੇ ਦਾ ਰਸੁ=ਰਹੁ ਹੈ ਉਸ ਨੂੰ ਤਪਾਨ ਵਾਸਤੇ ਟਟਰਿ=ਕੜਾਹੇ ਵਿਚ ਪਾਂਵਦੇ ਹਨ, ਅਗਨੀ ਦੇ ਸੇਕ ਕਰਕੇ ਉਹ ਰਸ ਤਪਦਾ ਹੋਇਆ ਵਿਰਲਾਪ ਭਾਵ ਸ਼ੂੰ ਸ਼ੂੰ ਕਰਦਾ ਹੈ।

ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ ॥

ਭੀ=ਪੁਨਾ ਉਸ ਗੰਨੇ ਦੇ ਫੋਗੁ=ਪੱਛੀਆਂ ਨੂੰ ਸੰਭਾਲ ਕੇ ਰੱਖਦੇ ਹਨ, ਸੁਕਾ ਕੇ ਉਸ ਨੂੰ ਫਿਰ ਅੱਗ ਵਿਚ ਜਲਾਇ=ਸਾੜ ਦੇਂਦੇ ਹਨ।

ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮਿੱਠਾ ਜੋ ਗੰਨਾ ਪਤਰੀਐ=ਪਤਰਾਂ ਵਾਲਾ ਹੈ, ਹੇ ਲੋਕੋ ਆ ਕੇ ਵੇਖਣਾ ਕਰੋ ਜੋ ਉਸ 'ਦਾ ਹਾਲ ਹੁੰਦਾ ਹੈ॥ ੨ ॥

ਇਸੀ ਪਰਕਾਰ **ਦੂਜਾ ਅਰਥ**-ਵੇਖੁ ਜਿ ਮਿਠਾ ਕਟਿਆ:-ਵੇਖਣਾ ਕਰੋ ਜਿਹੜਾ ਸਨਬੰਧੀਆਂ ਦਾ ਬਹੁਤਾ ਮਿਠਾ=ਪਿਆਰਾ ਹੈ ਉਸ ਨੂੰ ਜਮ ਆ ਕੇ ਕੱਟਦੇ ਹਨ। ਫੇਰ, ਕਟਿ ਕੁਟਿ ਬਧਾ ਪਾਇ॥ ਚੰਗੀ ਤਰ੍ਹਾਂ ਕੁੱਟ ਕੁੱਟ ਕੇ ਬੰਨ੍ਹ ਪਾਂਵਦੇ ਹਨ।

ਅਥਵਾ:-ਜਿਹੜਾ ਸਬੰਧੀਆਂ ਦਾ ਮਿੱਠਾ ਵੇਖੀਂਦਾ ਹੈ ਪਹਿਲੇ ਉਸ ਦਾ ਕੋਈ ਅੰਗ ਪਤੰਗ ਕੁੱਟਿਆ ਜਾਂਦਾ ਹੈ, ਫੇਰ ਅੰਤ ਨੂੰ ਜਮਦੂਤ ਸਥੂਲ ਸਰੀਰ ਨਾਲੋਂ ਸੂਖਮ ਸਰੀਰ ਨੂੰ ਕੱਟਦੇ ਹਨ, ਪੁਨਾ ਮਾਰ ਕੁੱਟ ਕੇ ਸੰਗਲਾਂ ਨਾਲ ਬੰਨ੍ਹ ਪਾਂਵਦੇ ਹਨ।

ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ ॥

ਪਾਨ ਅਪਾਨ ਦੀ ਗੰਢ ਰੂਪੀ ਵੇਲਨੇ ਅੰਦਰ; ਵਾ ਪ੍ਰਲੋਕ ਵਿਖੇ ਪ੍ਰਤੱਖ ਵੇਲਨੇ ਅੰਦਰ ਰੱਖ ਕੇ ਇਸ ਜ਼ੀਵ ਨੂੰ ਜਮਦੂਤਾਂ ਰੂਪੀ ਮਲ ਬੜੀ ਭਾਰੀ ਸਜ਼ਾ ਦੇਂਦੇ ਹਨ।

ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ ॥

ਕਸੁ=ਕਸੀਸ ਭਾਵ ਤਾੜਨਾ ਦੇ ਕੇ ਜੋ ਸੂਖਮ ਸਰੀਰ ਰੂਪੀ ਰਸ ਕੱਢਿਆ ਹੈ, ਉਸਨੂੰ ਨਰਕਾਂ ਰੂਪੀ ਟਟਰਿ=ਕੜਾਹੇ ਵਿਚ ਪਾਂਵਦੇ ਹਨ। ਨਰਕਾਂ ਵਿਚ ਪਿਆ ਹੋਇਆ ਤਪਦਾ ਤੇ ਵਿਰਲਾਪ ਕਰਦਾ ਹੈ।

ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ ॥

ਭੀ=ਪੁਨਾ ਉਸ ਦੇ ਅਸਥੂਲ ਸਰੀਰ ਰੂਪੀ ਫੋਗ ਨੂੰ ਸਨਬੰਧੀ ਸੰਭਾਲਦੇ ਹਨ, ਅਰਥਾਤ ਨਵ੍ਹਾ ਧੁਆ ਕੇ, ਨਵੇਂ ਕੱਪੜੇ ਪਾ ਕੇ, ਸੋਹਣਾ ਬਿਮਾਨ ਸਜਾ ਕੇ, ਫੱਟੇ ਤੇ ਪਾ ਕੇ ਆਪਣੇ ਮੋਢਿਆਂ ਉੱਪਰ ਚੁੱਕ ਕੇ ਮਸਾਨ ਭੂਮਿਕਾ ਵਿਚ ਲੈ ਜਾਂਦੇ ਹਨ। ਓਥੇ ਫਿਰ ਚਿਖਾ ਉੱਪਰ ਰੱਖ ਕੇ ਅਗਨੀ ਵਿਚ ਜਾਲਾਇ=ਸਾੜ ਦੇਂਦੇ ਹਨ।

ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ॥ ੨॥

ਗੁਰੂ ਜੀ ਕਥਨ ਕਰਦੇ ਹਨ, ਜੋ ਸਨਬੰਧੀਆਂ ਦਾ ਬਹੁਤਾ ਮਿਠੈ=ਪਿਆਰਾ ਹੈ, ਪਤਰੀਐ=ਪੁੱਤਰਾਂ ਵਾਲਾ। ਹੇ ਦੁਨੀਆਂ ਦੇ ਲੋਕੋ ਤੁਸੀਂ ਆ ਕੇ ਦੇਖਣਾ ਕਰੋ ਜੋ ਉਸ ਦਾ ਹਾਲ ਹੁੰਦਾ ਹੈ। ਵਾ ਉਸ ਦਾ ਪਤਰੀਐ= ਪਤੀਆਵਾ ਦੇਖੋ ਜੋ ਕੀ ਉਸ ਦੀ ਪਤ ਅਬਰੋ ਰਹਿ ਆਈ ਹੈ। ਭਾਵ ਕਿਤਨੀ ਕੁ ਉਸ ਦੀ ਬੇਪਤੀ ਹੋਈ ਹੈ॥ ੨॥

ਪਵੜੀ॥ ਇਕਨਾ ਮਰਣੁ ਨ ਚਿਤਿ ਆਸ ਘਣੇਰਿਆ॥

ਘਣੇਰਿਆ=ਬਹੁਤਿਆਂ ਪਦਾਰਥਾਂ ਦੀ ਆਸਾ ਹੋਣ ਕਰਕੇ ਇਕਨਾਂ ਨੂੰ ਮਰਨਾ ਚਿੱਤ ਚੇਤੇ ਹੀ ਨਹੀਂ।

ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ॥

ਜੋ ਕਿਸੇ ਗੁਰੂ ਪੀਰ ਦੇ ਨਹੀਂ ਬਣੇ ਹਨ, ਉਹ ਜੀਵ ਨਿਤਾਪ੍ਰਤੀ ਮਰ ਮਰ ਕੇ ਜੰਮਦੇ ਹਨ।

ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ॥

ਉਹ ਜੀਵ ਆਪਣੇ ਮਨ ਤੇ ਚਿੱਤ ਵਿਚ ਆਪਣੇ ਆਪ ਨੂੰ ਚੰਗਾ ਕਹਿੰਦੇ ਹਨ।

ਜਮਰਾਜੈ ਨਿਤ ਨਿਤ ਮਨਮੁਖ ਹੇਰਿਆ॥

ਉਨ੍ਹਾਂ ਮਨਮੁਖਾਂ ਨੂੰ ਜਮ ਰਾਜੇ ਨੇ ਨਿਤਾਪ੍ਰਤੀ ਮਾਰਨ ਲਈ ਹੇਰਿਆ=ਦੇਖਿਆ ਹੈ।

ਮਨਮੁਖ ਲੂਣ ਹਰਾਮ ਕਿਆ ਨ ਜਾਣਿਆ॥

ਪ੍ਰਮੇਸ਼ੁਰ ਦੇ ਦਿੱਤੇ ਹੋਏ ਮਕਾਨਾਂ ਵਿਚ ਰਹਿੰਦੇ ਹਨ, ਪ੍ਰਮੇਸ਼ੁਰ ਦੇ ਦਿੱਤੇ ਹੋਏ ਕੱਪੜਿਆਂ ਨੂੰ ਪਹਿਨਦੇ ਹਨ, ਪ੍ਰਮੇਸ਼ੁਰ ਦੇ ਦਿੱਤੇ ਹੋਏ ਭੋਜਨ ਨੂੰ ਖਾਂਦੇ ਹਨ, ਪਰ ਮਨਮੁਖ ਪੁਰਸ਼ ਲੂਣ ਖਾ ਕੇ ਹਰਾਮਖੋਰ ਹੋ ਰਹੇ ਹਨ, ਪ੍ਰਮੇਸ਼ਰ ਦੇ ਕੀਤੇ ਹੋਏ ਉਪਕਾਰ ਨੂੰ ਨਹੀਂ ਜਾਣਦੇ।

ਬਧੇ ਕਰਨਿ ਸਲਾਮ ਖਸਮ ਨ ਭਾਣਿਆ॥

ਦੁੱਖਾਂ ਵਿਚ ਬੱਧੇ ਹੋਇ ਨਮਸ਼ਕਾਰਾਂ ਕਰਦੇ ਹਨ, ਇਸ ਕਰਕੇ ਖਸਮ ਨੂੰ ਭਾਉਂਦੇ ਨਹੀਂ ਹਨ। ਹਾਂ-

ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ॥

ਜਿਸ ਦੇ ਮੂੰਹ ਵਿਚ ਸੱਚਾ ਨਾਮ ਮਿਲਿਆ ਹੋਇਆ ਹੈ, ਓਹੀ ਸਾਹਿਬ=ਪ੍ਰਮਾਤਮਾ ਨੂੰ ਭਾਵਸੀ=ਭਾਂਵਦਾ ਅਰਥਾਤ ਚੰਗਾ ਲਗਦਾ ਹੈ।

ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ॥ ੧੧॥

ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਸਰੂਪ ਤਖਤ ਨੂੰ ਪਾਵਣਾ ਕਰੇ ਤਾਂ ਇਸਨੂੰ ਸਾਰੇ ਸਲਾਮੁ=ਨਮਸ਼ਕਾਰਾਂ ਕਰਦੇ ਹਨ॥ ੧੧॥

ਮਃ ੧ ਸਲੋਕੁ ॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸਾਂ ਦੇਸਾਂਤ੍ਰਾਂ ਵਿਚ ਰਟਨ ਕਰਦੇ ਹੋਏ 'ਕਾਰੂ ਦੇਸ' ਮੇਂ ਗਏ ਹਨ ਤਾਂ ਕੀ ਵੇਖਿਆ ਓਥੋਂ ਦੇ ਸਾਰੇ ਲੋਕ ਰਾਜੇ ਸਮੇਤ ਸਰੇਵੜੇ ਦੀ ਉਪਾਸ਼ਨਾ ਕਰਦੇ ਸਨ, ਜਦ ਵੀ ਵਰਖਾ ਦੀ ਲੋੜ ਪਵੇ ਤਾਂ ਲੋਕ ਸਰੇਵੜੇ ਅੱਗੇ ਜਾ ਕੇ ਬੇਨਤੀਆਂ ਕਰਦੇ ਸਨ, ਲੋਕਾਂ ਦੀ ਬੇਨਤੀ ਸੁਣ ਕੇ ਉਹ ਫਿਰ ਜੰਤ੍ਰ ਮੰਤ੍ਰ ਕਰਨ ਬੈਠ ਜਾਂਦਾ ਸੀ, ਜੰਤਰਾਂ ਦੇ ਬਲ ਨਾਲ ਵਰਖਾ ਪਾ ਕੇ ਲੋਕਾਂ ਨੂੰ ਪ੍ਰਸੰਨ ਕਰ ਲੈਂਦਾ ਸ਼ੀ। ਪਰ ਜਦੋਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਏ ਉਸ ਦਿਨ ਤੋਂ ਵਰਖਾ ਹੋਣੀ ਬੰਦ ਹੋ ਗਈ, ਭਾਵੇਂ ਉਹ ਜੰਤ੍ਰ ਮੰਤ੍ਰ ਬਹੁਤੇਰੇ ਪੜ੍ਹਦਾ ਰਿਹਾ, ਪਰ ਵਰਖਾ ਨਾ ਹੋਈ। ਜਲ ਤੋਂ ਬਿਨਾਂ ਖੇਤੀਆਂ ਸੁੱਕਣ ਲਗ ਪਈਆਂ, ਛੇ ਸੱਤ ਦਿਨ ਗੁਜਰ ਗਏ ਪਰ ਵਰਖਾ ਨਾ ਹੋਈ। ਜਿਸ ਖੇਤ ਦੇ ਪਾਸ ਗੁਰੂ ਜੀ ਬੈਠੇ ਸਨ ਉਸ ਖੇਤ ਦੇ ਮਾਲਕ ਜਦ ਚਿੰਤਾਵਾਨ ਹੋਇਆ ਹੋਇਆ ਗੁਰੂ ਜੀ ਪਾਸ ਆ ਕੇ ਝੁਰਿਆ ਕਿ ਵਰਖਾ ਤੋਂ ਬਗੈਰ ਬਹੁਤ ਦੁਖੀ ਹਾਂ, ਜੇਕਰ ਆਪ ਕਿਰਪਾ ਕਰ ਸਕਦੇ ਹੋ ਤਾਂ ਮੀਂਹ ਪਾ ਦਿਓ, ਤਾਂ-ਕਿ ਸਾਰੇ ਲੋਕ ਸੁਖੀ ਹੋ ਜਾਣ, ਤਾਂ ਗੁਰੂ ਜੀ ਨੇ ਕਿਹਾ-ਤੁਸੀਂ ਕਰਤਾਰ ਦਾ ਸਿਮਰਨ ਕੀਤਾ ਕਰੋ, ਮੀਂਹ ਆਪੇ ਪੈ ਜਾਏਗਾ, ਇਹ ਗੱਲ ਸੁਣ ਕੇ ਉਸ ਜ਼ਿਮੀਂਦਾਰ ਨੇ ਕਿਹਾ, ਅਸੀਂ ਤਾਂ ਕਰਤਾਰ ਨੂੰ ਜਾਣਦੇ ਨਹੀਂ ਹਾਂ ਉਹ ਕਿੱਥੇ ਰਹਿੰਦਾ ਹੈ, ਆਪ ਦੱਸੋ ਉਹ ਕਿਵੇਂ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਕਿਹਾ, ਉਹ ਕਰਤਾਰ ਕੁਦਰਤ ਦੁਆਰੇ ਜਾਣਿਆ ਜਾਂਦਾ ਹੈ, ਜ਼ਿਮੀਂਦਾਰ ਨੇ ਕਿਹਾ-ਅਸਾਂ ਨੂੰ ਕੁਦਰਤ ਦਾ ਭੀ ਪਤਾ ਨਹੀਂ ਕੁਦਰਤ ਕੀ ਚੀਜ਼ ਹੈ, ਤਾਂ ਗੁਰੂ ਜੀ ਨੇ ਕਿਹਾ, ਜੇਕਰ ਕੁਦਰਤ ਵੇਖਣੀ ਹੈ ਤਾਂ ਕੁਝ ਕੁ ਕਣਕ ਦੇ ਦਾਣੇ ਲਿਆ ਕੇ ਬੀਜੋ, ਗੁਰੂ ਜੀ ਦੇ ਹੁਕਮ ਅਨੁਸਾਰ ਉਸ ਨੇ ਕਈ ਘਰਾਂ ਵਿਚ ਜਾ ਕੇ ਕੁਝ ਕੁ ਦਾਣੇ ਇਕੱਠੇ ਕਰ ਲਿਆਂਦੇ ਗੁਰੂ ਜੀ ਦੇ ਪਾਸ ਆ ਕੇ ਹਲ ਵਾਹ ਕੇ ਦਾਣੇ ਬੀਜ ਦਿੱਤੇ, ਗੁਰੂ ਜੀ ਨੇ ਕਿਹਾ, ਹੁਣ ਆਪਣੇ ਘਰ ਚਲਾ ਜਾ, ਕੱਲ੍ਹ ਆ ਕੇ ਵੇਖੀਂ, ਦੂਜੇ ਦਿਨ ਆ ਕੇ ਕੀ ਵੇਖਦਾ ਹੈ ਕਿ ਨੌ ਬਹਾਰ ਦੇ ਬੂਟੇ ਲਹਿ ਲਹਿ ਕਰ ਰਹੇ ਹਨ, ਫਿਰ ਹਜ਼ੂਰ ਨੇ ਕਿਹਾ ਇਨ੍ਹਾਂ ਬੂਟਿਆਂ ਨੂੰ ਪੁੱਟ, ਜਦ ਪੁੱਟਿਆਂ ਤਾਂ ਕੀ ਵੇਖਿਆ ਉਨ੍ਹਾਂ ਬੂਟਿਆਂ ਦੇ ਹੇਠ ਅੱਗ ਦੇ ਅੰਗਾਰੇ ਭਖ ਰਹੇ ਹਨ ਤਾਂ ਬਹੁਤ ਹੀ ਅਸਚਰਜ ਹੋ ਕੇ ਆਖਦਾ ਹੈ ਇਹ ਕੀ ? ਗੁਰੂ ਜੀ ਨੇ ਕਿਹਾ, ਏਹੋ ਕੁਦਰਤ ਹੈ, ਏਸੇ ਕਰਕੇ ਕਰਤਾਰ ਜਾਣਿਆ ਜਾਂਦਾ ਹੈ, ਉਸ ਦਾ ਸਿਮਰਨ ਕਰੋਗੇ ਤਾਂ ਤੁਹਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ। ਇਸ ਤਰ੍ਹਾਂ ਦਾ ਉਪਦੇਸ਼ ਗ੍ਰਹਿਣ ਕਰਕੇ ਜ਼ਿਮੀਂਦਾਰ ਨੇ ਸਾਰੇ ਪਿੰਡ ਵਿਚ ਆ ਕੇ ਰੋਲਾ ਪਾ ਦਿੱਤਾ ਕਿ ਬਾਹਰ ਪੂਰਨ ਫਕੀਰ ਆਏ ਹੋਏ ਹਨ, ਉਨ੍ਹਾਂ ਨੇ ਕਰਤਾਰ ਦੀ ਕੁਦਰਤ ਦੁਆਰਾ ਮੇਰਾ ਖੇਤ ਲਹਿ ਲਹਿ ਕਰ ਦਿੱਤਾ ਹੈ। ਉਸ ਤੋਂ ਸੁਣਦਿਆਂ ਸਾਰ ਗੁਰੂ ਸਾਹਿਬ ਜੀ ਪਾਸ ਸਾਰਿਆਂ ਲੋਕਾਂ ਦੀ ਆਵਾਜਾਈ ਸ਼ੁਰੂ ਹੋ ਗਈ-ਸਰੇਵੜੇ ਦਾ ਪਰਤਾਪ ਘਟ ਗਿਆ ਤੇ ਗੁਰੂ ਸਾਹਿਬਾਂ ਦਾ ਪਰਤਾਪ ਦਿਨੋ ਦਿਨ ਸਵਾਏ ਤੋਂ ਸਵਾਇਆ ਵਧ ਗਿਆ। ਸਰੇਵੜੇ ਦੇ ਮਨ ਵਿਚ ਬੜਾ ਦੁਖ ਪਰਾਪਤ ਹੋਇਆ, ਤੇ ਆਖਦਾ ਹੈ ਅਜਿਹਾ ਕੌਣ ਮਨੁੱਖ ਆਇਆ ਹੈ ਜਿਸ ਨੇ ਮੇਰਾ ਪਰਤਾਪ ਘਟਾ ਦਿੱਤਾ ਹੈ, ਉਸੀ ਵੇਲੇ ਆਪਣੇ ਆਸਣ ਤੋਂ ਉੱਠ ਕੇ ਗੁਰੂ ਸਾਹਿਬਾਂ ਪਾਸ ਆ ਕੇ ਚਰਚਾ ਕਰਨੀ ਸ਼ੁਰੂ ਕਰ ਦਿੱਤੀ-ਕਾਫੀ ਚਰਚਾ ਹੋਈ ਪਰ ਗੁਰੂ ਸਾਹਿਬਾਂ ਨੂੰ ਜਿੱਤ ਨਾ ਸਕਿਆ ਅਤੇ ਨਾ ਹੀ ਉਸ ਨੇ ਗੁਰੂ ਸਾਹਿਬਾਂ ਦਾ ਉਪਦੇਸ਼ ਗ੍ਰਹਿਣ ਕੀਤਾ। ਐਵੇਂ ਉੱਠ ਕੇ ਵਾਪਸ ਚਲਾ ਗਿਆ-ਪਿੱਛੋਂ ਸਿੱਖਾਂ ਨੇ ਬੇਨਤੀ ਕਰਕੇ ਪੁੱਛਿਆ ਜਾਂ ਭਾਈ ਮਰਦਾਨੇ ਨੇ ਪੁੱਛਿਆ ਗਰੀਬ ਨਿਵਾਜ਼ ਜੀਉ! ਆਪ ਜੀ ਨਾਲ ਸਰੇਵੜੇ ਨੇ ਬਹੁਤ ਚਰਚਾ ਕੀਤੀ ਹੈ ਉਹ ਆਪ ਜੀ ਨੂੰ ਜਿੱਤ ਸਕਿਆ ਹੈ ਕਿ ਨਹੀਂ ? ਅਤੇ ਉਸ ਨੇ ਆਪ ਜੀ ਦੇ ਉਪਦੇਸ਼ ਨੂੰ ਗ੍ਰਹਿਣ ਕੀਤਾ ਹੈ ਕਿ ਨਹੀਂ ?

ਇਨ੍ਹਾਂ ਦੋਹਾਂ ਸਵਾਲਾਂ ਦਾ ਜਵਾਬ ਹੁਣ ਗੁਰੂ ਜੀ ਦੇਂਦੇ ਹਨ:-

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ॥

ਜਲ ਵਿਖੇ ਰਹਿਣ ਵਾਲੀ ਮਛੀ ਤਾਰੂ=ਡੂੰਘੇ ਜਲ ਦਾ ਕੀ ਕਰ ਸਕਦੀ ਹੈ, ਭਾਵ ਅੰਤ ਲੈ ਸਕਦੀ ਹੈ? ਅਰਥਾਤ ਨਹੀਂ ਲੈ ਸਕਦੀ।

ਪੰਛੀ ਅਕਾਸ਼ ਦਾ ਕੀ ਕਰ ਸਕਦਾ ਹੈ, ਭਾਵ ਅੰਤ ਲੈ ਸਕਦਾ ਹੈ? ਅਰਥਾਤ ਨਹੀਂ ਲੈ ਸਕਦਾ। ਏਸੇ ਤਰ੍ਹਾਂ ਉਹ ਸਰੇਵੜਾ ਅਸਾਡਾ ਅੰਤ ਨਹੀਂ ਲੈ ਸਕਿਆ।

ਪੁਨਾ ਆਪਣੇ ਕਰੜੇ ਸੁਭਾਵ ਹੋਣ ਕਰਕੇ ਅਸਾਡਾ ਉਪਦੇਸ਼ ਉਸ ਨੇ ਅੰਗੀਕਾਰ ਨਹੀਂ ਕੀਤਾ। ਇਸ ਉੱਪਰ ੭ ਦ੍ਰਿਸ਼ਟਾਂਤ ਸੁਣੋ-

ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ॥

ਪੱਥਰ ਨੂੰ ਪਾਲਾ ਕੀ ਕਰ ਸਕਦਾ ਹੈ। ਏਸੇ ਤਰ੍ਹਾਂ ਪੱਥਰ ਦੀ ਨਿਆਈਂ ਕਠੋਰ ਹਿਰਦੇ ਵਾਲੇ ਸਰੇਵੜੇ ਨੂੰ ਅਸਾਡਾ ਉਪਦੇਸ਼ ਕੀ ਅਸਰ ਕਰ ਸਕਦਾ ਹੈ।

ਅਤੇ ਖੁਸਰੇ ਨੇ ਘਰ ਵਿਚ ਵਸ ਕੇ ਘਰ ਵਾਸੁ=ਗ੍ਰਹਿਸਤੀ ਹੋ ਕੇ ਕੀ ਕਰ ਲੈਣਾ ਹੈ, ਕੋਈ ਧੀਆਂ ਪੁੱਤਰ ਪੈਦਾ ਕਰ ਲੈਣੇ ਹਨ ਅਰਥਾਤ ਨਹੀਂ।

ਏਸੇ ਤਰ੍ਹਾਂ ਸ਼ਰਧਾ ਰੂਪੀ ਬੀਰਜ ਤੋਂ ਰਹਿਤ ਜੋ ਸਰੇਵੜਾ ਹੈ, ਉਸ ਨੇ ਸਤਸੰਗ ਰੂਪੀ ਘਰ ਵਿਚ ਵਸ ਕੇ ਬ੍ਰਹਮ ਵਿੱਦਿਆ ਰੂਪ ਲੜਕੀ ਤੋਂ ਗਿਆਨ ਰੂਪੀ ਪੁੱਤਰ ਪੈਦਾ ਕਰ ਲੈਣਾ ਹੈ ਅਰਥਾਤ ਨਹੀਂ।

ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ॥

ਚਾਹੇ ਕੁੱਤੇ ਨੂੰ ਚੰਦਨ ਵੀ ਰਗੜ ਕੇ ਲਗਾਈਏ ਤੋ ਭੀ ਉਸ ਨੇ ਕੁੱਤੀਆਂ ਮਗਰ ਹੀ ਧਾਤੁ=ਦੌੜਨਾ ਹੈ ਕਿਉਂਕਿ ਕੁੱਤੀ ਦੀ ਧਾਤ ਜੋ ਹੋਇਆ। ਏਸੇ ਤਰ੍ਹਾਂ ਕੁੱਤੇ ਵਾਂਗ ਜੋ ਸਰੇਵੜਾ ਹੈ ਉਸ ਨੂੰ ਚੰਦਨ ਵਤ ਸੀਤਲ ਕਰਨ ਵਾਲਾ ਨਾਮ ਭੀ ਸੁਨਾਈਏ ਤੋ ਭੀ ਉਸ ਨੇ ਕੁਤੀ ਧਾਤੁ=ਇਸਤ੍ਰੀਆਂ ਵੱਲ ਹੀ ਦੌੜਨਾ ਹੈ। ਕਿਉਂਕਿ ਭੈੜੀ ਖਸਲਤ ਵਾਲਾ ਜੋ ਹੋਇਆ।

ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ॥

ਜੇਕਰ ਬੋਲੇ ਨੂੰ ਸਿੰਮ੍ਰਤੀਆਂ ਦਾ ਪਾਠ ਪੜ੍ਹ ਕੇ ਸਮਝਾਵਨਾ ਕਰੀਏ ਤਾਂ ਉਸ ਨੇ ਕੀ ਸਮਝਣਾ ਹੈ। ਐਸੇ ਨਿਸਚਾ ਵਿਚਾਰ ਰੂਪ ਕੰਨਾਂ ਤੋਂ ਰਹਿਤ ਜੋ ਬੋਲਾ ਸਰੇਵੜਾ ਹੈ ਉਸ ਨੂੰ ਜੇ ਸਿਮਰਨੇ ਜੋਗ ਪ੍ਰਮਾਤਮਾ ਦੇ ਪਾਠ ਨੂੰ ਪੜ੍ਹ ਕੇ ਸਮਝਾਉਣਾ ਕਰੀਏ ਤਾਂ ਉਹ ਕਿਵੇਂ ਸਮਝ ਸਕਦਾ ਹੈ।

ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥

ਇੱਕ ਦੋ ਨਹੀਂ ਭਾਵੇਂ ਪੰਜਾਹ ਦੀਵੇ ਬਾਲ ਕੇ ਅੰਨ੍ਹੇ ਪੁਰਸ਼ ਅੱਗੇ ਚਾਨਣ ਕਰ ਰੱਖੀਏ ਤੋ ਭੀ ਉਸ ਨੂੰ ਕੁਝ ਨਿਗਾਹ ਨਹੀਂ ਆਉਂਦਾ, ਏਸੇ ਤਰ੍ਹਾਂ ਗਿਆਨ ਵੈਰਾਗ ਰੂਪ ਨੇਤਰਾਂ ਤੋਂ ਹੀਣ ਅੰਨ੍ਹੇ ਸਰੇਵੜੇ ਅੱਗੇ ਚਾਹੇ ਪੰਜਾਹ ਸਾਸਤ੍ਰਾਂ ਰੂਪ ਦੀਵੇ ਬਾਲ ਕੇ ਸਿਧਾਂਤ ਰੂਪ ਚਾਨਣ ਕਰ ਰੱਖੀਏ ਤੋ ਭੀ ਉਸ ਨੂੰ ਕੁਝ ਨਿਗਾਹ ਨਹੀਂ ਆਉਣਾ।

ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥

ਗਊਆਂ ਦੇ ਚਉਣੇ=ਵੱਗ ਅੱਗੇ ਚਾਹੇ ਘਾਸ ਵਿਚ ਰਲਾ ਕੇ ਸੋਨਾ ਪਾ ਦੇਈਏ, ਤਾਂ ਪਸ਼ੂਆਂ ਨੇ ਘਾਹ ਹੀ

ਚੁਣਿ ਚੁਣਿ ਕੇ ਅਰਥਾਤ ਚੁਗ ਚੁਗ ਕੇ ਖਾਣਾ ਹੈ। ਏਸੇ ਤਰ੍ਹਾਂ ਜੇਕਰ ਸਰੇਵੜੇ ਨੂੰ ਸੋਨਾ ਆਤਮਾ ਦਾ ਉਪਦੇਸ਼ ਵੀ ਦੇਈਏ ਤੋਂ ਭੀ ਪਸੂ ਸਰੇਵੜੇ ਨੇ ਅਨਾਤਮਾਂ ਰੂਪੀ ਘਾਹ ਹੀ ਚੁਗ ਚੁਗ ਕੇ ਖਾਣਾ ਹੈ। ਅਰਥਾਤ ਅਨਾਤਮ ਪਦਾਰਥਾਂ ਦਾ ਹੀ ਗ੍ਰਹਿਣ ਕਰਨਾ ਹੈ।

ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ॥

ਲੋਹੇ ਵਿਚ ਚਾਹੇ ਕਿਤਨੇ ਹੀ ਮਾਰਣਿ=ਮਸਾਲੇ ਪਾਈਏ ਜਾਂ ਉਸ ਨੂੰ ਹਥੌੜੇ ਮਾਰਨਾ ਪਾਈਏ ਤਾਂ ਉਸ ਨੇ ਢਹੈ=ਢਲ ਕੇ ਕਪਾਹ ਵਾਂਗੂੰ ਨਰਮ ਨਹੀਂ ਹੋਣਾ। ਏਸੇ ਤਰ੍ਹਾਂ ਲੋਹੇ ਵਾਂਗ ਕਾਲੇ ਮਨ ਵਾਲਾ ਜੋ ਸਰੇਵੜਾ ਹੈ ਉਸ ਨੂੰ ਚਾਹੇ ਕਿਤਨੇ ਹੀ ਭਤਿੱਖਿਆ ਦੇ ਬਚਨ ਸੁਨਾਣਾ ਪਾਈਏ ਪਰ ਉਸ ਨੇ ਢਹਿ ਕੇ ਭਾਵ ਦੇਹ ਅਭਿਮਾਨ ਛੱਡ ਕੇ ਕਪਾਹ ਵਾਂਗੂੰ ਨਰਮ ਅਰਥਾਤ ਨਿੰਮ੍ਰਤਾਵਾਨ ਨਹੀਂ ਹੋਣਾ।

ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ॥ ੧॥

ਗੁਰੂ ਜੀ ਕਥਨ ਕਰਦੇ ਹਨ-ਮੂਰਖ ਸਰੇਵੜੇ ਵਿਚ ਇਹ ਸਾਰੇ ਗੁਣ=ਔਗੁਣ ਹਨ-ਜੋ ਸਦਾ ਹੀ ਵਿਣਾਸੁ=ਨਾਸ ਕਰਨ ਵਾਲੇ ਬਚਨਾਂ ਨੂੰ ਬੋਲਣਾ ਹੈ॥ ੧॥

ਮਃ ੧॥

ਪ੍ਰਸ਼ਨ:-ਸ੍ਵੈ ਸਰੂਪ ਨਾਲ ਜੀਵ ਦੀ ਮਿਲੌਣੀ ਕਿਵੇਂ ਹੁੰਦੀ ਹੈ? ਗੁਰੂ ਜੀ ਆਖਦੇ ਹਨ, ਪਹਿਲੇ ਯਾਰਾਂ ਦ੍ਰਿਸ਼ਟਾਂਤ ਸੁਣੋ ਫਿਰ ਅਖੀਰ ਤੇ ਇਸ ਦਾ ਉੱਤਰ ਦੇਵਾਂਗੇ-

ਕੈਹਾ ਕੰਚਨੁ ਤੁਟੈ ਸਾਰੁ॥ ਅਗਨੀ ਗੰਢੁ ਪਾਏ ਲੋਹਾਰੁ॥

ਕੈਂਹ ਦਾ ਭਾਂਡਾ ਟੁੱਟ ਜਾਵੇ ਤਾਂ ਠਠਿਆਰ ਅੱਗ ਦਾ ਸੇਕ ਦੇ ਕੇ ਗੰਢੁ=ਜੋੜ ਪਾਉਂਦਾ ਹੈ। ਕੰਚਨੁ=ਸੋਨੇ ਦਾ ਗਹਿਣਾ ਟੁੱਟ ਜਾਵੇ ਤਾਂ ਸੁਨਿਆਰਾ ਅਗਨੀ ਦਾ ਤਾਅ ਦੇ ਕੇ ਗੰਢ ਪਾਉਂਦਾ ਹੈ। ਸਾਰੁ=ਲੋਹਾ ਟੁੱਟ ਜਾਵੇ ਤਾਂ ਲੁਹਾਰ ਅੱਗ ਦਾ ਸੇਕ ਦੇ ਕੇ ਉਸ ਦੀ ਗੰਢ ਪਾਉਂਦਾ ਹੈ, ਭਾਵ ਜੋੜ ਦੇਂਦਾ ਹੈ।

ਗੋਰੀ ਸੇਤੀ ਤੁਟੈ ਭਤਾਰੁ॥ ਪੁਤੀਂ ਗੰਢੁ ਪਵੈ ਸੰਸਾਰਿ॥

ਗੋਰੀ=ਇਸਤ੍ਰੀ ਨਾਲੋਂ ਭਤਾਰੁ=ਪਤੀ ਦੀ ਪ੍ਰੀਤੀ ਟੁੱਟ ਜਾਵੇ। ਤਾਂ ਸੰਸਾਰਕ ਸੰਬੰਧ ਵਿਚ ਪੁੱਤਰ ਦੇ ਹੋਣ ਨਾਲ ਉਨ੍ਹਾਂ ਦੀ ਆਪਸ ਵਿਚ ਗੰਢੁ=ਪ੍ਰੀਤੀ ਪੈ ਜਾਂਦੀ ਹੈ।

ਰਾਜਾ ਮੰਗੈ ਦਿਤੈ ਗੰਢੁ ਪਾਇ॥ ਭੁਖਿਆ ਗੰਢੁ ਪਵੈ ਜਾ ਖਾਇ॥

ਜਦ ਰਾਜਾ ਕੋਈ ਪਦਾਰਥ ਮੰਗੇ ਤਾਂ ਉਸ ਨੂੰ ਦਿੱਤਿਆਂ ਹੀ ਉਸ ਨਾਲ ਗੰਢ ਪੈਂਦੀ ਹੈ। ਜਾਂ ਰੋਟੀ ਆਦਿ ਕੋਈ ਪਦਾਰਥ ਖਾ ਲਵੇ ਤਾਂ ਭੁੱਖੇ ਪੁਰਸ਼ ਦੀ ਪ੍ਰਾਣਾਂ ਨਾਲ ਗੰਢ ਪੈਂਦੀ ਹੈ।

ਕਾਲਾ ਗੰਢੁ ਨਦੀਆ ਮੀਹ ਝੋਲ॥ ਗੰਢੁ ਪਰੀਤੀ ਮਿਠੇ ਬੋਲ॥

ਦੁਕਾਲ ਦੀ ਸੁਕਾਲ ਨਾਲ ਤਾਂ ਗੰਢ ਪੈਂਦੀ ਹੈ ਜੇਕਰ ਇਤਨਾ ਮੀਂਹ ਵਸੇ ਜੋ ਨਦੀਆਂ ਝੋਲ=ਉੱਛਲ ਕੇ ਵਗਣ।

ਜੇਕਰ ਮਿੱਠੇ ਬਚਨ ਬੋਲਣਾ ਕਰੇ ਤਾਂ ਇਸ ਦੀ ਪ੍ਰੀਤੀ ਨਾਲ ਗੰਢ ਪੈਂਦੀ ਹੈ।

ਬੇਦਾ ਗੰਢੁ ਬੋਲੇ ਸਚੁ ਕੋਇ॥ ਮੁਇਆ ਗੰਢੁ ਨੇਕੀ ਸਤੁ ਹੋਇ॥

ਜੇ ਕੋਈ ਸੱਚ ਨੂੰ ਬੋਲਣਾ ਕਰੇ ਤਾਂ ਉਸ ਦੀ ਵੇਦਾਂ ਦੇ ਸਿਧਾਂਤ ਨਾਲ ਗੰਢ ਪੈਂਦੀ ਹੈ।

ਸੱਚੀ ਨੇਕੀ ਕੀਤੀ ਹੋਈ ਹੋਣ ਕਰਕੇ ਮੋਇਆਂ ਪੁਰਸ਼ਾਂ ਦੀ ਪਿੱਛੇ ਸੰਸਾਰ ਨਾਲ ਗੰਢ ਹੁੰਦੀ ਹੈ ਭਾਵ ਉਸ ਦਾ ਨਾਮ ਰੌਸ਼ਨ ਰਹਿੰਦਾ ਹੈ, ਕਿਉਂਕਿ ਮਰਣ ਮਗਰੋਂ ਉਸ ਦੀ ਯਾਦਗਾਰ ਬਣੀ ਰਹਿੰਦੀ ਹੈ।

ਏਤੁ ਗੰਢਿ ਵਰਤੈ ਸੰਸਾਰੁ॥ ਮੂਰਖ ਗੰਢੁ ਪਵੈ ਮੁਹਿ ਮਾਰ॥

ਇਨ੍ਹਾਂ ਗੰਢਾਂ ਵਿਚ ਸਾਰਾ ਸੰਸਾਰ ਵਰਤ ਰਿਹਾ ਹੈ। ਮੂਰਖ ਪੁਰਸ਼ ਨਾਲ ਤਾਂ ਗੰਢ ਪੈਂਦੀ ਹੈ। ਜਾਂ ਉਸ ਵਲੋਂ ਅਪਣਾ ਮੂੰਹ ਮਾਰ ਲਵੇ ਅਰਥਾਤ ਉਸ ਵਲ ਅਪਣਾ ਮੂੰਹ ਕਦਾਚਿਤ ਨਾ ਕਰੇ।

ਅਥਵਾ:-ਮੂਰਖ ਨਾਲ ਤਾਂ ਗੰਢ ਪੈਂਦੀ ਹੈ ਜਾਂ ਉਸ ਦੇ ਮੂੰਹ ਵਿਚ ਕੁਝ ਨਾ ਕੁਝ ਪਦਾਰਥ ਮਾਰ= ਪਾਂਦਾ ਰਵ੍ਹੇ।

ਅਥਵਾ:-ਮੂਰਖ ਨਾਲ ਤਾਂ ਗੰਢ ਪੈਂਦੀ ਹੈ ਜਾਂ ਉਸ ਦੇ ਮੂੰਹ ਉੱਪਰ ਡੰਡਾ ਮਾਰਦਾ ਰਵ੍ਹੇ ਭਾਵ ਆਪਣੇ ਅਧੀਨ ਰਖੇ।

ਨਾਨਕੁ ਆਖੈ ਏਹੁ ਬੀਚਾਰੁ॥

ਗੁਰੂ ਜੀ ਕਥਨ ਕਰਦੇ ਹਨ-ਇਹ ਯਾਰਾਂ ਦ੍ਰਿਸ਼ਟਾਂਤ ਅਸਾਂ ਨੇ ਵਿਚਾਰ ਕੇ ਆਖੇ ਹਨ। ਅਗੋਂ ਤੁਸੀਂ ਆਪਣੇ ਕੀਤੇ ਹੋਇ ਪ੍ਰਸ਼ਨ ਦਾ ਉੱਤਰ ਸੁਣੋ:-ਇਸੀ ਪਰਕਾਰ-

ਸਿਫਤੀ ਗੰਢੁ ਪਵੈ ਦਰਬਾਰਿ॥ ੨॥

ਸਿਫਤੀ=ਪ੍ਰਮਾਤਮਾ ਦੇ ਦਰਬਾਰਿ=ਸਰੂਪ ਨਾਲ ਜੀਵ ਦੀ ਗੰਢ=ਮਿਲੌਣੀ ਤਾਂ ਪੈਂਦੀ ਹੈ। ਜੇਕਰ ਉਸ ਦੀ ਸਿਫਤ ਕਰੇ॥ ੨॥

ਪਉੜੀ॥ ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥

ਆਪਣੀ ਕੁਦਰਤ ਦੁਆਰਾ ਜਗਤ ਨੂੰ ਬਣਾ ਕੇ ਆਪ ਹੀ ਜੀਵਾਂ ਨੂੰ ਖਾਣ ਪਾਣ ਦੇਣ ਦਾ ਵਿਚਾਰ ਕਰਦਾ ਹੈ।

ਅਥਵਾ:-ਆਪ ਹੀ ਜੀਵਾਂ ਦੇ ਕੀਤੇ ਹੋਏ ਕਰਮਾਂ ਦਾ ਵਿਚਾਰ ਕਰਦਾ ਹੈ।

ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥

ਇਕ ਖੋਟੇ ਤੇ ਇਕ ਖਰੇ=ਚੰਗੇ ਬਣਾਏ ਹਨ ਅਤੇ ਆਪ ਹੀ ਉਨ੍ਹਾਂ ਖੋਟਿਆਂ ਖਰਿਆਂ ਦੇ ਪਰਖਣ ਵਾਲਾ ਹੈ।

ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥

ਚੰਗਿਆਂ ਗੁਰਮੁਖਾਂ ਨੂੰ ਸਰੂਪ ਰੂਪੀ ਖਜ਼ਾਨੇ ਵਿਚ ਪਾਉਂਦਾ ਹੈ। ਅਤੇ ਖੋਟਿਆਂ ਮਨਮੁਖਾਂ ਨੂੰ ਆਪਣੇ ਦਰਵਾਜ਼ੇ ਤੋਂ ਬਾਹਰਵਾਰ ਸੁਟਦਾ ਹੈ ਭਾਵ ਚੁਰਾਸੀ ਦੇ ਗੇੜ ਵਿਚ ਪਾਉਂਦਾ ਹੈ।

ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰੁ॥

ਜਦ ਖੋਟੇ ਮਨਮੁਖ ਸੱਚੀ ਦਰਗਾਹ 'ਚੋਂ ਸੁਟੇ ਗਏ ਤਾਂ ਉਹ ਫਿਰ ਕਿਸ ਦੇ ਅੱਗੇ ਆਪਣੀ ਪੁਕਾਰ ਕਰਨਗੇ?

ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥

ਜੇਹੜਾ ਪੂਰਨ ਸਤਿਗੁਰਾਂ ਦੇ ਪਿੱਛੇ ਭੱਜ ਕੇ ਪੈ ਜਾਣਾ ਹੈ ਉਨ੍ਹਾਂ ਲਈ ਏਹੋ ਹੀ ਕਰਨੀ ਸਾਰੁ=ਸ੍ਰੇਸ਼ਟ ਹੈ। ਕਿਉਂਕਿ-

ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥

ਸਤਿਗੁਰ ਦੇਵ ਜੀ ਖੋਟਿਆਂ ਤੋਂ ਖਰੇ ਕਰ ਦਿੰਦੇ ਹਨ, ਕਿਉਂਕਿ ਗੁਰਾਂ ਦਾ ਸਬਦਿ=ਉਪਦੇਸ਼ ਹੀ ਅੰਤਹਕਰਨ ਦੇ ਸਵਾਰਨ ਵਾਲਾ ਹੈ।

ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥

ਜੋ ਪਿਆਰਿਆਂ ਗੁਰਾਂ ਨਾਲ ਪ੍ਰੇਮ ਕਰਦੇ ਹਨ, ਉਹ ਸੱਚੀ ਦਰਗਾਹ ਵਿਚ ਮੰਨੇ ਜਾਂਦੇ ਹਨ।

ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥ ੧੨ ॥

ਉਨ੍ਹਾਂ ਗੁਰਮੁਖਾਂ ਦੀ ਗਿਣਤੀ ਕੋਈ ਕੀ ਕਰ ਸਕਦਾ ਹੈ, ਜਿਨ੍ਹਾਂ ਨੂੰ ਕਰਤਾਰ ਨੇ ਆਪ ਬਖਸ਼ ਲਿਆ ਹੈ॥ ੧੨ ॥

ਸਲੋਕ ਮਃ ੧ ॥

ਉਥਾਨਕਾ:-ਕਿਸੇ ਕਾਜ਼ੀ ਨੇ ਆ ਕੇ ਪ੍ਰਸ਼ਨ ਕੀਤਾ-ਕਿ ਦੁਨੀਆਂ ਵਿਚ ਕੋਈ ਇਸਥਿਤ ਹੈ ਜਾਂ ਨਹੀਂ? *ਉੱਤਰ-*

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥
ਮੇਰਵਦਿ ਬਾਦਿਸਾਹਾ ਅਫਜੂ ਖੁਦਾਇਆ ॥ ਏਕ ਤੂਹੀ ਏਕ ਤੁਹੀ ॥ ੧ ॥

ਅੰਨਵੇਂ ਅੱਖਰਾਂ ਵਲ ਖਿਆਲ ਰੱਖਣਾ:-

ਦੁਨੀਆਂ ਵਿਚ ਜਿਤਨੇ ਕੁ ਪੀਰ ਮਸਾਇਕਾ=ਮਿਹਨਤਾਂ ਕਰਨ ਵਾਲੇ ਰਾਇਆ=ਰਾਜੇ, ਵਾ ਰਜਪੂਤ, ਵਾ ਟਿੱਕੇ ਹਨ ਅਤੇ ਬਾਦਸ਼ਾਹ ਲੋਕ ਹਨ ਇਤਿਆਦਿਕ ਹਮ=ਤਮਾਮ ਜੀਵਾਂ ਨੇ ਜਿਮੀ ਜੇਰ=ਜ਼ਮੀਨ ਨੇ ਥੱਲੇ ਮੇਰਵਦਿ=ਰਵਾਨਾ ਕਰ ਜਾਣਾ ਹੈ। ਅਫਜੂ=ਬਾਕੀ ਇਕ ਖੁਦਾ ਨੇ ਹੀ ਇਸਥਿਤ ਰਹਿਣਾ ਹੈ। ਹੇ ਪ੍ਰਭੂ ! ਪਿਛੇ ਵੀ ਇਕ ਤੂੰਹੀਂ ਸੀ, ਹੁਣ ਵੀ ਇੱਕ ਤੂੰਹੀਂ ਹੈਂ, ਅੱਗੇ ਵੀ ਇੱਕ ਤੂੰਹੀਂ ਰਹੇਂਗਾ॥ ੧ ॥

ਪਾਠਾਂਤ੍ਰ-ਖੁਦਾਇ ਭੀ ਹੈ।

ਮਃ ੧ ॥ ਨ ਦੇਵ ਦਾਨਵਾ ਨਰਾ ॥ ਨ ਸਿਧ ਸਾਧਿਕਾ ਧਰਾ ॥

ਦੇਵਤਿਆਂ; ਦੈਂਤਾਂ, ਅਤੇ ਮਨੁੱਖਾਂ ਨੇ ਭੀ ਨਹੀਂ ਰਹਿਣਾ। ਚੌਰਾਸੀ ਸਿੱਧਾਂ ਸਾਧਕਾ=ਜਗਿਆਸੂਆਂ ਨੇ, ਅਤੇ ਧਰਾ=ਧਰਤੀ ਨੇ ਭੀ ਨਹੀਂ ਰਹਿਣਾ।

[ਪੰਨਾ ੧੪੪]

ਅਸਤਿ ਏਕ ਦਿਗਰਿ ਕੁਈ ॥ ਏਕ ਤੁਹੀ ਏਕ ਤੁਈ ॥ ੨ ॥

ਇਕ ਪ੍ਰਮੇਸ਼ਰ ਹੀ ਇਸਥਿਤ ਅਸਤਿ=ਹੈ। ਦਿਗਰਿ ਕੁਈ=ਦੂਜਾ ਕੌਣ ਹੈ ਭਾਵ ਕੋਈ ਨਹੀਂ। ਵਾ

ਕੁਈ=ਕਹੁ ਥਾਂ ਦੂਜਾ ਕੌਣ ਸਥਿਤ ਹੈ ਭਾਵ ਕੋਈ ਨਹੀਂ।

ਪਿੱਛੇ ਵੀ ਇੱਕ ਤੂੰ ਹੀ ਸੀ, ਅੱਗੇ ਵੀ ਇੱਕ ਤੂੰਹੀਂ ਇਸਥਿਤ ਹੋਵੇਂਗਾ॥ ੨॥

ਮਃ ੧॥ ਨ ਦਾਦੇ ਦਿਹੰਦ ਆਦਮੀ॥ ਨ ਸਪਤ ਜੇਰ ਜਿਮੀ॥

ਦਾਦੇ=ਇਮਦਾਦ ਦੇ ਦੇਣ ਵਾਲਾ, ਅਥਵਾ:-ਦਾਦੇ=ਨਿਆਂ ਦੇ ਦੇਣ ਵਾਲਾ ਪ੍ਰਮੇਸਰ ਤੋਂ ਬਿਨਾਂ ਦੂਜਾ ਹੋਰ ਕੋਈ ਆਦਮੀ ਨਹੀਂ ਹੈ।

ਜਮੀਨ ਦੇ ਜੇਰ=ਥੱਲੇ ਸਪਤ=ਸੱਤਾਂ ਪਤਾਲਾਂ ਵਿਖੇ ਭੀ ਕੋਈ ਨਹੀਂ ਹੈ।

ਅਥਵਾ:-ਜੇਰ ਥੱਲੇ ਜੋ ਸੱਤ ਪਤਾਲ ਹੈਂ ਉਨ੍ਹਾਂ ਨੇ ਭੀ ਨਹੀਂ ਰਹਿਣਾ, ਤੇ ਜ਼ਮੀਨ ਨੇ ਭੀ ਨਹੀਂ ਰਹਿਣਾ। ਸੱਤ ਪਤਾਲ ਮੁਸਲਮਾਨੀ ਮੱਤ ਅਨੁਸਾਰ ਹਨ।

ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥ ੩॥

ਇੱਕ ਪ੍ਰਮਾਤਮਾ ਹੀ ਇਸਥਿਤ ਅਸਤਿ=ਹੈ, ਕੁਈ=ਕਹੁ ਥਾਂ ਦਿਗਰਿ=ਦੂਜਾ ਕੌਣ ਕੋਈ ਇਸਥਿਤ ਹੈ ਭਾਵ ਕੋਈ ਨਹੀਂ।

ਪਿੱਛੇ ਵੀ ਇੱਕ ਤੂੰ-ਹੀਂ ਸੀ ਹੁਣ ਵੀ ਇੱਕ ਤੂੰਹੀਂ ਹੈਂ, ਅੱਗੇ ਵੀ ਇੱਕ ਤੂੰਹੀਂ ਇਸਥਿਤ ਹੋਵੇਂਗਾ॥ ੩॥

ਮਃ ੧॥ ਨ ਸੂਰ ਸਸਿ ਮੰਡਲੋ॥ ਨ ਸਪਤ ਦੀਪ ਨਹ ਜਲੋ॥

ਨਾ ਸੂਰਜ ਨੇ, ਨਾ ਚੰਦ੍ਰਮਾਂ ਨੇ, ਅਤੇ ਨਾ ਹੀ ਤਾਰਾ ਮੰਡਲ ਨੇ ਰਹਿਣਾ ਹੈ।

ਅਥਵਾ:-ਨਾ ਸੂਰਜ ਮੰਡਲ ਨੇ ਰਹਿਣਾ ਹੈ, ਨਾ ਹੀ ਚੰਦ੍ਰਮਾਂ ਮੰਡਲ ਨੇ ਰਹਿਣਾ ਹੈ। ਇਸ ਅਰਥ ਮੇਂ ਮੰਡਲ ਨਾਮ ਅਸਥਾਨ ਦਾ ਹੈ।

ਨਾ ਸੱਤਾਂ ਦੀਪਾਂ ਨੇ ਇਸਥਿਤ ਰਹਿਣਾ ਹੈ, ਨਾ ਹੀ ਜਲ ਤੱਤ ਨੇ ਰਹਿਣਾ ਹੈ।

ਅੰਨ ਪਉਣ ਥਿਰੁ ਨ ਕੁਈ॥ ਏਕੁ ਤੁਈ ਏਕੁ ਤੁਈ॥ ੪॥

ਅੰਨ ਪੌਣ ਆਦਿਕਾਂ 'ਚੋਂ ਭੀ ਕਿਸੀ ਨੇ ਅਚੱਲ ਨਹੀਂ ਰਹਿਣਾ।

ਪਿੱਛੇ ਵੀ ਇੱਕ ਤੂੰਹੀਂ ਸੀ, ਹੁਣ ਵੀ ਇੱਕ ਤੂੰਹੀਂ ਹੈਂ, ਅੱਗੇ ਵੀ ਇੱਕ ਤੂੰਹੀਂ ਹੋਵੇਂਗਾ॥ ੪॥

ਮਃ ੧॥ ਨ ਰਿਜਕੁ ਦਸਤ ਆ ਕਸੇ॥ ਹਮਰਾ ਏਕੁ ਆਸ ਵਸੇ॥

ਪ੍ਰਮੇਸ਼ਰ ਤੋਂ ਬਿਨਾਂ ਆ+ਕਸੇ=ਹੋਰ ਕਿਸੀ ਦੇ ਦਸਤ=ਹੱਥਾਂ ਵਿਚ ਰਿਜ਼ਕ ਨਹੀਂ ਹੈ। ਭਾਵ ਪ੍ਰਮੇਸਰ ਤੋਂ ਬਿਨਾਂ ਹੋਰ ਕੋਈ ਅੰਨ ਪਾਣੀ ਨਹੀਂ ਦੇ ਸਕਦਾ।

ਹਮਾਰਾ=ਅਸਾਨੂੰ-ਵਾ ਤਮਾਮ ਤਾਂਈਂ ਇੱਕ ਪ੍ਰਭੂ ਦੀ ਆਸਾ ਹੈ ਵਸੇ=ਬਹੁਤ ਕਰਕੇ।

ਅਸਤਿ ਏਕੁ ਦਿਗਰ ਕੁਈ॥ ਏਕ ਤੁਈ ਏਕੁ ਤੁਈ॥ ੫॥

ਇਕ ਪ੍ਰਮੇਸਰ ਹੀ ਇਸਥਿਤ ਅਸਤਿ=ਹੈ ਦਿਗਰ ਕੁਈ=ਦੂਜਾ ਕੌਣ ਹੈ ? ਪਿੱਛੇ ਵੀ ਇੱਕ ਤੂੰਹੀਂ ਸੀ, ਹੁਣ ਭੀ ਇੱਕ ਤੂੰਹੀਂ ਹੈਂ, ਅੱਗੇ ਵੀ ਇੱਕ ਤੂੰਹੀਂ ਸਥਿਤ ਹੋਵੇਂਗਾ॥ ੫॥

ਮਃ ੧॥ ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥

ਮਨੁੱਖ ਨਾਲੋਂ ਪੰਛੀ ਚੰਗੇ ਹਨ, ਕਿਉਂਕਿ ਪਰੰਦਹੇ=ਪੰਛੀ ਗਿਰਾਹ=ਗੰਠ (ਪੱਲੇ) ਜਰ=ਧਨ ਨਹੀਂ ਬੰਨ੍ਹਦੇ, ਉਹ ਕੇਵਲ ਬ੍ਰਿੱਛ ਉੱਤੇ ਬੈਠਣ ਦੀ, ਤੇ ਆਬ=ਪਾਣੀ ਪੀਣ ਦੀ ਆਸਾ ਕਰਦੇ ਹਨ। ਵਾ:-ਦਰਖਤ=ਬ੍ਰਿੱਛ ਕੇਵਲ ਜਲ ਦੀ ਆਸਾ ਕਰਦੇ ਹਨ।

ਦਿਹੰਦ ਸੁਈ॥ ਏਕ ਤੁਈ ਏਕ ਤੁਈ॥ ੬॥

ਖਾਨ ਪਾਣ ਦੇ ਦਿਹੰਦ=ਦੇਣ ਵਾਲਾ ਇੱਕ ਓਹੀ ਪ੍ਰਮਾਤਮਾ ਹੈ, ਪਿੱਛੇ ਵੀ ਇੱਕ ਤੂੰਹੀਂ ਸੀ, ਹੁਣ ਭੀ ਇੱਕ ਤੂੰਹੀਂ ਹੈਂ, ਅੱਗੇ ਵੀ ਇਕ ਤੂੰਹੀਂ ਹੋਵੇਂਗਾ॥ ੬॥

ਮਃ ੧॥ ਨਾਨਕ ਲਿਲਾਰਿ ਲਿਖਿਆ ਸੋਇ॥ ਮੇਟਿ ਨ ਸਾਕੈ ਕੋਇ॥

ਗੁਰੂ ਜੀ ਕਥਨ ਕਰਦੇ ਹਨ, ਲਿਲਾਰਿ=ਮੱਥੇ ਉੱਪਰ ਜੋ ਲੇਖ ਲਿਖਿਆ ਗਿਆ ਹੈ, ਸੋਇ=ਉਸ ਲੇਖ ਨੂੰ ਕੋਈ ਭੀ ਨਹੀਂ ਮੇਟ ਸਕਦਾ।

ਕਲਾ ਧਰੈ ਹਿਰੈ ਸੁਈ॥ ਏਕੁ ਤੁਈ ਏਕੁ ਤੁਈ॥ ੭॥

ਪ੍ਰਾਣ ਕਲਾ ਦੇ ਧਾਰਨ ਵਾਲਾ ਤੇ ਹਿਰੈ=ਨਾਸ ਕਰਨ ਵਾਲਾ ਉਹ ਪ੍ਰਮਾਤਮਾ ਹੀ ਹੈ। ਪਿੱਛੇ ਵੀ ਇੱਕ ਤੂੰਹੀਂ ਸੀ, ਹੁਣ ਭੀ ਇੱਕ ਤੂੰਹੀਂ ਹੈਂ, ਅੱਗੇ ਵੀ ਇਕ ਤੂੰਹੀਂ ਹੋਵੇਂਗਾ॥ ੭॥

ਪਉੜੀ॥ ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ॥

ਗੁਰਮੁਖਾਂ ਨੇ ਤੇਰਾ ਹੁਕਮ ਸੱਚਾ ਕਰਕੇ ਜਾਣਿਆ ਹੈ, ਗੁਰਾਂ ਦੀ ਸਿੱਖਿਆ ਦੁਆਰੇ ਆਪਾ ਭਾ ਹੰਕਾਰ ਨੂੰ ਗੁਆ ਕੇ ਉਨ੍ਹਾਂ ਨੇ ਸੱਚ ਨੂੰ ਪਛਾਣ ਲਿਆ ਹੈ।

ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥
ਸਚਾ ਸਬਦੁ ਵੀਚਾਰਿ ਸਚਿ ਸਮਾਣਿਆ॥

ਹੇ ਪ੍ਰਭੂ ! ਆਪ ਜੀ ਦਾ ਸੱਚਾ ਦਰਬਾਰ=ਸਰੂਪ ਗੁਰਾਂ ਦੇ ਸ਼ਬਦ ਕਰਕੇ ਨੀਸਾਣਿਆ=ਪਰਗਟ ਹੋਇਆ ਹੈ. ਸੱਚੇ ਸ਼ਬਦ ਨੂੰ ਵਿਚਾਰ ਕੇ ਗੁਰਮੁਖ ਸੱਚ ਵਿਚ ਸਮਾਏ ਹਨ।

ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥
ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥

ਮਨਮੁਖ ਸਦਾ ਹੀ ਝੂਠੇ ਹਨ ਤੇ ਭਰਮ ਵਿਚ ਭੁੱਲੇ ਰਹਿੰਦੇ ਹਨ, ਉਨ੍ਹਾਂ ਦਾ ਵਿਸ਼ਿਆਂ ਰੂਪੀ ਗੰਦਗੀ ਵਿਚ ਵਾਸਾ ਹੁੰਦਾ ਹੈ, ਕਿਉਂਕਿ ਉਨ੍ਹਾਂ ਨੇ ਸੱਚ ਦੇ ਸੁਆਦ ਨੂੰ ਨਹੀਂ ਜਾਣਿਆ।

ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ॥
ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥ ੧੩॥

ਪ੍ਰਮੇਸ਼ਰ ਨਾਮ ਤੋਂ ਬਿਨਾਂ ਉਹ ਦੁਖ ਪਾਂਦੇ ਹਨ, ਤੇ ਜੰਮਦੇ ਮਰਦੇ ਰਹਿੰਦੇ ਹਨ।

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਆਪ ਪਾਰਖੂ ਹੈ ਜਿਸ ਨੇ ਖੋਟੇ ਖਰੇ ਪੁਰਸ਼ ਨੂੰ ਪਛਾਣ ਲਿਆ ਹੈ॥ ੧੩॥

ਸਲੋਕੁ ਮਃ ੧ ॥

ਸਿੱਖਾਂ ਨੇ ਕਿਹਾ ਉਹ ਪ੍ਰਮੇਸ਼ਰ ਕੀ ਕੰਮ ਕਰਦਾ ਹੈ ? *ਗੁਰ ਉੱਤਰ:-*

ਪਹਿਲਾ ਅਰਥ-

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥

ਸੀਹਾ=ਸ਼ੇਰ, ਬਾਜ ਚਰਗ ਤੇ ਕੁਹੀਆਂ ਏਹ ਬਾਜਾਂ ਦੀਆਂ ਕਿਸਮਾਂ ਹਨ, ਇਨ੍ਹਾਂ ਮਾਸ ਖਾਣ ਵਾਲਿਆਂ ਨੂੰ ਘਾਹ ਖੁਆ ਸਕਦਾ ਹੈ।

ਜਿਵੇਂ ਕਲਗੀਧਰ ਦਸਮੇਸ਼ ਪਿਤਾ ਜੀ ਹਜੂਰ ਸਾਹਿਬ ਜਾਂਦੇ ਹੋਏ ਰਾਹ ਵਿਚ ਦਾਦੂ ਜੀ ਦੇ ਅਸਥਾਨ ਉੱਪਰ ਠਹਿਰੇ ਹਨ ਤਾਂ ਮਹੰਤ ਜੈਤ ਰਾਮ ਸੰਤਾਂ ਨੇ ਬੇਨਤੀ ਕੀਤੀ, ਗਰੀਬ ਨਿਵਾਜ ਜੀਉ! ਅੱਜ ਇਥੇ ਹੀ ਅੰਨ ਛਕੋ ਤਾਂ ਗੁਰੂ ਜੀ ਨੇ ਕਿਹਾ ਜੇਕਰ ਅਸਾਂ ਨੇ ਅੰਨ ਛਕ ਲਿਆ ਤੇ ਅਸਾਡੇ ਬਾਜਾਂ ਨੇ ਨ ਛਕਿਆ ਤਾਂ ਠੀਕ ਨਹੀਂ ਕਿਉਂਕਿ ਇਹ ਮਾਸ ਅਹਾਰੀ ਹਨ, ਤੇ ਤੁਸਾਂ ਨੇ ਮਾਸ ਨੂੰ ਹੱਥ ਨਹੀਂ ਲਗਾਣਾ-ਤਾਂ ਦਾਦੂ ਜੀ ਨੇ ਕਿਹਾ ਆਪ ਅੰਨ ਛਕਣਾ ਮੰਨ ਲਵੋ, ਇਨ੍ਹਾਂ ਬਾਜਾਂ ਨੂੰ ਭੀ ਮੈਂ ਮੰਨਵਾ ਲਵਾਂਗਾ, ਜਦ ਗੁਰੂ ਜੀ ਮੰਨ ਗਏ ਤਾਂ ਸੰਤਾਂ ਨੇ ਬਾਜਾਂ ਨੂੰ ਜਾ ਕੇ ਕਿਹਾ-ਹੇ ਗੁਰੂ ਦੇ ਬਾਜੋ ਜਿਵੇਂ ਗੁਰੂ ਸਾਹਿਬਾਂ ਨੇ ਅੰਨ ਛਕਣਾ ਮੰਨ ਲਿਆ ਹੈ ਤਿਵੇਂ ਤੁਸੀਂ ਭੀ ਗੁਰੂ ਦੇ ਸਦਕੇ ਦਾਸ ਦੀ ਬੇਨਤੀ ਮੰਨਕੇ ਅੰਨ ਛਕਣਾ ਪ੍ਰਵਾਨ ਕਰ ਲਵੋ, ਇਹ ਗੱਲ ਕਹਿ ਕੇ ਜਦ ਜੁਆਰ ਪਾਈ ਤਾਂ ਬਾਜਾਂ ਨੇ ਜੁਆਰ ਖਾ ਲਈ, ਏਹੋ ਗਲ ਇਸ ਪੰਗਤੀ ਵਿਚ ਸਪੱਸ਼ਟ ਕੀਤੀ ਹੈ ਕਿ ਪ੍ਰਭੂ ਮਾਸ ਖਾਣ ਵਾਲਿਆਂ ਨੂੰ ਘਾਹ ਖੁਆ ਸਕਦਾ ਹੈ।

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥

ਜੋ ਬਲਦ ਆਦਿ ਘਾਹ ਖਾਣ ਵਾਲੇ ਹਨ ਉਨ੍ਹਾਂ ਨੂੰ ਮਾਸ ਖੁਆ ਸਕਦਾ ਹੈ, ਇਸ ਤਰ੍ਹਾਂ ਦੇ ਰਾਹ ਚਲਾ ਸਕਦਾ ਹੈ। ਜਿਵੇਂ ਸ਼ਿਵਾਂ ਨੇ ਆਪਣੇ ਮੋਦੀ ਨਾਮੇ ਸੇਵਕ ਦੇ ਘਰ ਜਾ ਕੇ ਉਸ ਦੇ ਲੜਕੇ ਦਾ ਮਾਸ ਆਪਣੇ ਬਲਦ ਨੂੰ ਖੁਆਇਆ ਸੀ।

ਯਥਾ:- ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥ ੨ ॥ *(ਪੰਨਾ ੯੭੫)*

ਦੂਜਾ ਅਰਥ:-ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ ਸ਼ੇਰ=ਰਾਜੇ ਲੋਕ, ਬਾਜ=ਡਿਪਟੀ ਕਮਿਸ਼ਨਰ, ਚਰਗ=ਤਸੀਲਦਾਰ, ਕੁਹੀਆ=ਥਾਣੇਦਾਰ ਇਨ੍ਹਾਂ ਮਾਸ ਖਾਣ ਵਾਲਿਆਂ ਨੂੰ ਘਾਹ ਖੁਆ ਸਕਦਾ ਹੈ। ਜਿਵੇਂ ਔਰੰਗਜ਼ੇਬ ਦੇ ਭਰਾ ਦਾਰਾ ਸ਼ਕੋਹ ਨੂੰ ਛੋਲਿਆਂ ਦੇ ਖੇਤ 'ਚੋਂ ਘਾਹ ਖੁਆਇਆ ਸੀ।

ਯਥਾ:- ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥ ੧੬ ॥ *(ਪੰਨਾ ੪੭੨)*

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥

ਘਾਹ ਦੇ ਖਾਣ ਵਾਲੇ ਜੋ ਗਰੀਬ ਹਨ ਉਨ੍ਹਾਂ ਨੂੰ ਮਾਸ ਖਵਾਲੇ ਰਜੋਗੁਣੀ ਪਦਾਰਥ ਖੁਆਉਂਦਾ ਹੈ, ਇਸ ਤਰ੍ਹਾਂ ਦੇ ਰਾਹ ਚਲਾ ਸਕਦਾ ਹੈ।

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥

ਪਰਤੱਖ ਨਦੀਆਂ ਵਿਚ ਟਿੱਬੇ ਕਰਕੇ ਵਿਖਾ ਦੇਂਦਾ ਹੈ, ਅਤੇ ਮਾਰੂਥਲ ਵਿਚ ਅਸਗਾਹ ਪਾਣੀ ਕਰ

ਦੇਂਦਾ ਹੈ।

ਅਥਵਾ:-ਜਿੱਥੇ ਪ੍ਰੇਮ ਰੂਪੀ ਨਦੀਆਂ ਦੇ ਪ੍ਰਵਾਹ ਚਲ ਰਹੇ ਹਨ ਤਿੱਥੇ ਰੇਤ ਦੇ ਟਿੱਬਿਆਂ ਵਾਂਗੂੰ ਖੁਸ਼ਕ ਅੰਤਹਕਰਨ ਕਰ ਦੇਂਦਾ ਹੈ, ਅਤੇ ਥਲੀ=ਖੁਸ਼ਕ ਅੰਤਹ-ਕਰਨ ਵਿਚ ਅਥਾਹ ਪ੍ਰੇਮ ਦੇ ਪ੍ਰਵਾਹ ਚਲਾ ਦੇਂਦਾ ਹੈ।

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥

ਕੀੜੇ ਵਰਗੇ ਕੰਗਲੇ ਮਾਮੂਲੀ ਜੀਵਾਂ ਨੂੰ ਪਾਤਸ਼ਾਹੀ ਉੱਪਰ ਥਾਪ ਦੇਂਦਾ ਹੈ, ਤੇ ਫੌਜਾਂ ਨੂੰ ਸੁਆਹ ਕਰ ਦੇਂਦਾ ਹੈ। ਜਿਵੇਂ ਕਾਲੇ ਦੇ ਭਤੀਜਿਆਂ ਨੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅੱਗੇ ਖਲੋ ਕੇ ਪੇਟ ਤੇ ਹੱਥ ਮਾਰਿਆ ਸੀ ਤਾਂ ਮਹਾਰਾਜ ਜੀ ਨੇ ਕਿਰਪਾ ਕਰਕੇ ਇੱਕ ਪਟਿਆਲੇ ਦਾ ਤੇ ਦੂਜਾ ਨਾਭੇ ਦਾ ਰਾਜਾ ਬਨਣ ਦਾ ਵਰ ਦੇ ਦਿੱਤਾ ਸੀ।

ਅਥਵਾ:-ਕੀੜੇ ਵੱਤ ਤੁੱਛ ਜੀਵ ਨੂੰ ਸਰੂਪ ਰੂਪੀ ਪਾਤਸ਼ਾਹੀ ਉੱਪਰ ਥਾਪ ਦੇਂਦਾ ਹੈ, ਤੇ ਉਹ ਲਸਕਰ ਰੂਪ ਸਾਰੇ ਸੰਸਾਰ ਨੂੰ ਸੁਆਹ=ਮਿੱਥਿਆ ਰੂਪ ਨਿਸਚੇ ਕਰਦੀ ਹੈ।

ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥

ਜਿਤਨੇ ਕੁ ਜੀਵ ਸੰਸਾਰ ਵਿਚ ਜਿਉਂਦੇ ਹਨ ਸਾਰੇ ਸ੍ਵਾਸਾਂ ਨੂੰ ਲੈ ਕੇ ਜਿਉਂਦੇ ਹਨ, ਜੇਕਰ ਉਹ ਪ੍ਰਮੇਸ਼੍ਵਰ ਅਸਾਹ=ਸ੍ਵਾਸਾਂ ਤੋਂ ਬਿਨਾਂ ਜਿਵਾਲਿਆ ਚਾਹੇ ਤਾਂ ਉਸ ਅੱਗੇ ਕੀ ਮੁਸ਼ਕਲ ਹੈ।

ਦੁਆਪੁਰ ਜੁਗ ਵਿਚ ਜਿਸ ਵੇਲੇ ਮਹਾਂ ਭਾਰਤ ਦਾ ਜੰਗ ਵੇਖਣ ਵਾਸਤੇ ਸੁਰਾਂਕ ਰਾਜਾ ਆਇਆ ਹੈ; ਤਾਂ ਕ੍ਰਿਸ਼ਨ ਜੀ ਨੇ ਪੁਛਿਆ ਤੁਸੀਂ ਕਿਸ ਵੱਲ ਹੋਵੋਗੇ ਤਾਂ ਸੁਰਾਂਕ ਰਾਜੇ ਨੇ ਕਿਹਾ ਜਿਸ ਦੀ ਹਾਰ ਹੁੰਦੀ ਵੇਖਾਂਗਾ ਓਸੇ ਵੱਲ ਹੋਵਾਂਗਾ, ਕ੍ਰਿਸ਼ਨ ਜੀ ਨੇ ਪੁੱਛਿਆ ਤੁਹਾਡੇ ਵਿਚ ਕਿੰਨਾ ਕੁ ਬਲ ਹੈ, ਸੁਰਾਂਕ ਰਾਜੇ ਨੇ ਕਿਹਾ-ਇੱਕ ਨੂੰ ਬਾਣ ਮਾਰਾਂਗਾ ਤਾਂ ਉਸ ਜਾਤੀ ਦੇ ਸਾਰੇ ਮਨੁੱਖ ਮਰ ਜਾਣਗੇ। ਕ੍ਰਿਸ਼ਨ ਜੀ ਨੇ ਕਿਹਾ ਇਹ ਭਲਾ ਕਿਵੇਂ ਹੋ ਸਕਦਾ ਹੈ, ਤਾਂ ਰਾਜੇ ਨੇ ਕਿਹਾ ਜੇਕਰ ਨਹੀਂ ਨਿਸਚਾ ਤਾਂ ਪ੍ਰਤੱਖ ਦੇਖ ਲੈ।

ਇੱਕ ਪਿੱਪਲ ਦਾ ਬ੍ਰਿੱਛ ਖੜਾ ਵੇਖ ਕੇ ਰਾਜਾ ਨੇ ਕਿਹਾ, ਇਸ ਦੇ ਪੱਤਿਆਂ ਨੂੰ ਬੇਸ਼ੱਕ ਲੁਕਾ ਕੇ ਰੱਖ ਲਵੋ ਜਦ ਕ੍ਰਿਸ਼ਨ ਜੀ ਨੇ ਉਸ ਪਿੱਪਲ ਦੇ ਪੱਤੇ ਤੁੜਾ ਕੇ ਕੁਝ ਤਾਂ ਜ਼ਮੀਨ ਵਿਚ ਦਬਵਾ ਦਿੱਤੇ, ਕੁਝ ਮਕਾਨ ਅੰਦਰ ਰਖਵਾ ਦਿੱਤੇ, ਕੁਝ ਆਪਣੇ ਪੈਰਾਂ ਹੇਠ ਦਬਾ ਲਏ, ਤਦ ਰਾਜੇ ਸੁਰਾਂਕ ਨੇ ਉਸ ਪਿੱਪਲ ਨੂੰ ਬਾਨ ਮਾਰਿਆ, ਇੱਕ ਪੱਤੇ ਨੂੰ ਬਾਣ ਵਜਣ ਨਾਲ ਸਾਰੇ ਪੱਤੇ ਵਿੰਨ੍ਹੇ ਗਏ। ਜਦ ਜ਼ਮੀਨ 'ਚੋਂ ਕੱਢ ਕੇ ਤੇ ਪੈਰਾਂ ਹੇਠੋਂ ਕੱਢ ਕੇ ਵੇਖੇ ਤਾਂ ਸਾਰੇ ਵਿੰਨ੍ਹੇ ਹੋਏ ਵੇਖੇ, ਤਾਂ ਕ੍ਰਿਸ਼ਨ ਜੀ ਨੇ ਵਿਚਾਰਿਆ ਅਸਾਂ ਨੇ ਕੌਰਵਾਂ ਦੀ ਹਾਰ ਕਰਨੀ ਹੈ ਜੇਕਰ ਇਹ ਕੌਰਵਾਂ ਵਲ ਹੋ ਗਿਆ ਤਾਂ ਇਸ ਨੇ ਸਾਰਿਆਂ ਪਾਂਡਵਾਂ ਨੂੰ ਮਾਰ ਦੇਣਾ ਹੈ, ਪਾਂਡਵਾਂ ਦੇ ਬਚਾਉ ਵਾਸਤੇ ਕ੍ਰਿਸ਼ਨ ਜੀ ਨੇ ਪੁੱਛਿਆ ਹੇ ਰਾਜਨ ਆਪ ਦਾਨੀ ਕਿਤਨੇ ਹੋ, ਰਾਜਾ ਨੇ ਕਿਹਾ ਜੇ ਕੋਈ ਸਿਰ ਮੰਗੇ ਤਾਂ ਸਿਰ ਦੇਣ ਨੂੰ ਭੀ ਤਿਆਰ ਹਾਂ, ਤਾਂ ਕ੍ਰਿਸ਼ਨ ਜੀ ਨੇ ਕਿਹਾ, ਸਿਰ ਮੈਨੂੰ ਦੇ ਦੇਵੋ, ਤਾਂ ਰਾਜੇ ਨੇ ਕਿਹਾ ਸਿਰ ਦੇਣ ਨੂੰ ਤਾਂ ਤਿਆਰ ਹਾਂ ਪਰ ਮੈਂ ਇਸ ਜੰਗ ਦੇ ਦੇਖਣ ਵਾਸਤੇ ਆਇਆ ਹਾਂ, ਜੇ ਜੰਗ ਨਾ ਵੇਖਿਆ ਤਾਂ ਮੇਰਾ ਸੰਕਲਪ ਕਿਵੇਂ ਪੂਰਾ ਹੋਵੇਗਾ, ਕ੍ਰਿਸ਼ਨ ਜੀ ਨੇ ਕਿਹਾ ਤੂੰ ਆਪਣਾ ਸਿਰ ਦਾਨ ਕਰ ਦੇ, ਪਰ ਆਖਰੀ ਤੱਕ ਤੂੰ ਜੰਗ ਵੇਖਦਾ ਰਹੇਂਗਾ, ਇੰਝ ਕ੍ਰਿਸ਼ਨ ਜੀ ਦੇ ਕਹਿਣ ਉੱਪਰ ਉਸ ਨੇ ਆਪਣਾ ਸਿਰ ਦਾਨ ਦੇ ਦਿੱਤਾ ਤੇ ਕ੍ਰਿਸ਼ਨ ਜੀ ਨੇ ਸਿਰ ਕੱਟ ਕੇ ਪਹਾੜ ਦੀ ਚੋਟੀ ਉੱਪਰ ਰੱਖ ਦਿੱਤਾ ਜਿੰਨਾ ਚਿਰ ਜੰਗ ਦੀ ਸਮਾਪਤੀ ਨਹੀਂ ਹੋਈ ਓਨਾਂ ਚਿਰ ਸੁਰਾਂਕ ਰਾਜੇ ਦਾ ਸਿਰ ਜੰਗ ਨੂੰ ਵੇਖਦਾ ਰਿਹਾ ਹੈ। ਇਸ ਵਜ੍ਹਾ ਨਾਲ ਪ੍ਰਮੇਸ਼ਰ ਅਸਾਹ ਜਿਵਾਲਦਾ ਹੈ।

ਯਥਾ- ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥ (ਪੰਨਾ ੨੭੭)

ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਵੇਂ ਜਿਵੇਂ ਸੱਚੇ ਪ੍ਰਭੂ ਨੂੰ ਭਾਂਵਦਾ ਹੈ ਤਿਵੇਂ ਤਿਵੇਂ ਉਹ ਗਿਰਾਹ-ਭੋਜਨ ਦੇਂਦਾ ਹੈ।

ਮਃ ੧॥

ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ॥
ਇਕਨਾ ਛਤੀਹ ਅੰਮ੍ਰਿਤ ਪਾਹਿ॥

ਇਕ ਮਾਸ ਅਹਾਰੀ ਹੋ ਕੇ ਮਾਸ ਖਾਂਦੇ ਹਨ, ਇਕ ਤ੍ਰਿਣ=ਘਾਹ ਖਾਂਦੇ ਹਨ, ਇਕਨਾਂ ਨੂੰ ਛੱਤੀ ਪ੍ਰਕਾਰ ਦੇ ਅੰਮ੍ਰਿਤ ਸਮਾਨ ਸ੍ਵਾਦੀਕ ਪਦਾਰਥ ਪਰਾਪਤ ਹਨ।

ਇਕਿ ਮਿਟੀਆ ਮਹਿ ਮਿਟੀਆ ਖਾਹਿ॥
ਇਕਿ ਪਉਣ ਸੁਮਾਰੀ ਪਉਣ ਸੁਮਾਰਿ॥

ਇੱਕ ਸੱਪ ਆਦਿਕ ਮਿੱਟੀ ਵਿਚ ਰਹਿੰਦੇ ਹੋਏ ਮਿੱਟੀ ਹੀ ਖਾਂਦੇ ਹਨ, ਇੱਕ ਜੋਗੀ ਪੌਣ ਭੱਖੀ ਹੋ ਕੇ ਪੌਣ ਹੀ ਭੱਖਦੇ ਹਨ।

ਅਥਵਾ-ਇੱਕ ਜੋਗੀ ਪਉਣ=ਪਰਾਨਾਂ ਦੀ ਸੁਮਾਰੀ=ਗਿਣਤੀ ਕਰਨ ਵਾਲੇ ਪਰਾਨ ਚਾੜ੍ਹਨ ਸਮੇਂ ਪਰਾਨਾਂ ਦੀ ਗਿਣਤੀ ਕਰਦੇ ਰਹਿੰਦੇ ਹਨ।

ਇਕਿ ਨਿਰੰਕਾਰੀ ਨਾਮ ਆਧਾਰਿ॥ ਜੀਵੈ ਦਾਤਾ ਮਰੈ ਨ ਕੋਇ॥
ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ॥ ੨॥

ਇਕਨਾਂ ਨੂੰ ਨਿਰੰਕਾਰ ਦੇ ਨਾਮ ਦਾ ਆਧਾਰਿ=ਆਸਰਾ ਹੈ। ਸਾਰਿਆਂ ਨੂੰ ਰਿਜ਼ਕ ਦੇਣ ਵਾਲਾ ਦਾਤਾ ਪ੍ਰਮੇਸ਼ਰ ਸਦਾ ਜਿਉਂਦਾ ਹੈ, ਇਸ ਲਈ ਕੋਈ ਭੁੱਖਾ ਨਹੀਂ ਮਰਦਾ। ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਦੇ ਮਨ ਵਿਚ ਉਹ ਦਾਤਾ ਨਹੀਂ ਵਸਦਾ ਉਹ ਕਾਮ ਆਦਿਕਾਂ ਕਰਕੇ ਮੁਠੇ ਜਾਹਿ=ਠਗੇ ਜਾਂਦੇ ਹਨ॥ ੨॥

ਪਉੜੀ॥ ਪੂਰੇ ਗੁਰ ਕੀ ਕਾਰ ਕਰਮਿ ਕਮਾਈਐ॥
ਗੁਰਮਤੀ ਆਪੁ ਗਵਾਇ ਨਾਮੁ ਧਿਆਈਐ॥

ਪੂਰਿਆਂ ਗੁਰਾਂ ਦੀ ਸੇਵਾ ਰੂਪੀ ਕਾਰ ਪੂਰਬਲੇ ਕਰਮਾਂ ਕਰਕੇ ਕਮਾਈ ਜਾਂਦੀ ਹੈ, ਗੁਰ ਸਿੱਖਿਆ ਦੁਆਰੇ ਆਪਾ ਭਾ ਹੰਕਾਰ ਗੁਆ ਕੇ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰੀਏ।

ਦੂਜੀ ਕਾਰੈ ਲਗਿ ਜਨਮੁ ਗਵਾਈਐ॥
ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ॥

ਨਾਮ ਤੋਂ ਬਿਨਾਂ ਹੋਰ ਦੂਜਿਆਂ ਕੰਮਾਂ ਵਿਚ ਲਗਣ ਕਰਕੇ ਮਨੁੱਖਾ ਜਨਮ ਨਿਸਫਲ ਗਵਾਈਦਾ ਹੈ। ਨਾਮ

ਤੋਂ ਬਿਨਾਂ ਜਿਤਨਾ ਭੀ ਖਾਣਾ ਤੇ ਪਹਿਰਣਾ ਹੈ। ਇਹ ਸਾਰਾ ਵਿਸੁ=ਜ਼ਹਿਰ ਰੂਪ ਹੈ।

ਸਚਾ ਸਬਦੁ ਸਾਲਾਹਿ ਸਚਿ ਸਮਾਈਐ॥
ਵਿਣੁ ਸਤਿਗੁਰੁ ਸੇਵੈ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ॥

ਸੱਚ ਗੁਰਾਂ ਦੇ ਉਪਦੇਸ਼ ਸਲਾਹੁਣ ਕਰਕੇ ਸੱਚ ਵਿਚ ਸਮਾਈ ਹੁੰਦੀ ਹੈ, ਸਤਿਗੁਰਾਂ ਦੀ ਸੇਵਾ ਤੋਂ ਬਿਨਾਂ ਸੁਖਾਂ ਵਿਚ ਨਿਵਾਸ ਨਹੀਂ ਹੁੰਦਾ, ਫਿਰਿ ਫਿਰਿ=ਮੁੜ ਮੁੜ ਕੇ ਆਉਣਾ ਜਾਣਾ ਹੁੰਦਾ ਹੈ।

ਦੁਨੀਆ ਖੋਟੀ ਰਾਸਿ ਕੂੜੁ ਕਮਾਈਐ॥
ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ॥ ੧੪॥

ਦੁਨੀਆਂ ਪਾਸ ਅਸ਼ਰਧਾ ਰੂਪ ਖੋਟੀ ਪੂੰਜੀ ਹੈ ਇਸ ਲਈ ਝੂਠ ਨੂੰ ਕਮਾਂਵਦੇ ਹਨ।

ਗੁਰੂ ਜੀ ਆਖਦੇ ਹਨ-ਸੱਚ ਨਾਮ ਨੂੰ ਖਰਾ ਸਾਲਾਹਿ=ਚੰਗੀ ਤਰ੍ਹਾਂ ਸਲਾਹੁਣਾ ਕਰੇ, ਤਾਂ ਪਤ ਅਬਰੋ ਨਾਲ ਜਾਂਦਾ ਹੈ॥ ੧੪॥

ਸਲੋਕੁ ਮਃ ੧॥
ਤੁਧੁ ਭਾਵੈ ਤਾ ਵਾਵਹਿ ਗਾਵਹਿ ਤੁਧੁ ਭਾਵੈ ਜਲਿ ਨਾਵਹਿ॥

ਹੇ ਪ੍ਰਭੂ ! ਆਪ ਜੀ ਨੂੰ ਭਾ ਜਾਵੇ ਤਾਂ ਵਾਜਿਆਂ ਦਾ ਵਜਾਣਾ ਤੇ ਗਾਵਣਾ ਸਫਲ ਹੈ, ਆਪ ਜੀ ਨੂੰ ਭਾ ਜਾਵੇ ਤਾਂ ਜਲ ਵਿਚ ਇਸ਼ਨਾਨ ਕਰਨਾ ਸਫਲ ਹੈ॥

[ਪੰਨਾ ੧੪੫]

ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ ਸਿੰਙੀ ਨਾਦੁ ਵਜਾਵਹਿ॥

ਹੇ ਪ੍ਰਭੂ ! ਜਾਂ ਆਪ ਜੀ ਨੂੰ ਭਾ ਜਾਵੇ ਤਾਂ ਪਿੰਡੇ ਤੇ ਬਿਭੂਤਾ=ਸੁਆਹ ਦਾ ਲੇਪ ਕਰਨਾ ਸਫਲ ਹੈ, ਅਤੇ ਸਿੰਙੀ ਤੇ ਨਾਦ ਦਾ ਵਜਾਣਾ ਭੀ ਤਾਂ ਹੀ ਸਫਲ ਹੈ।

ਜਾ ਤੁਧੁ ਭਾਵੈ ਤਾ ਪੜਹਿ ਕਤੇਬਾ ਮੁਲਾ ਸੇਖ ਕਹਾਵਹਿ॥

ਹੇ ਪ੍ਰਭੂ ! ਜਾਂ ਆਪ ਜੀ ਨੂੰ ਭਾ ਜਾਵੇ ਤਾਂ ਮੁਸਲਮਾਨੀ ਕਤੇਬਾਂ ਦਾ ਪੜ੍ਹਨਾ ਸਫਲ ਹੈ, ਅਤੇ ਮੁੱਲਾਂ ਸ਼ੇਖ ਕਹਾਵਣਾ ਭੀ ਤਾਂ ਹੀ ਸਫਲ ਹੈ।

ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ॥

ਹੇ ਪ੍ਰਭੂ ! ਜਾਂ ਆਪ ਜੀ ਨੂੰ ਭਾ ਜਾਵੇ ਤਾਂ ਹੀ ਰਾਜਾ ਹੋ ਕੇ ਬਹੁਤੇ ਰਸਾਂ ਕਸਾਂ ਦਾ ਕਮਾਵਣਾ ਸਫਲ ਹੈ।

ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ॥

ਹੇ ਪ੍ਰਭੂ ! ਜਾਂ ਆਪ ਜੀ ਨੂੰ ਭਾ ਜਾਵੇ ਤਾਂ ਹੀ ਤੇਗ ਵਗਾਵਹਿ=ਤਲਵਾਰ ਚਲਾ ਕੇ ਮੁੰਡੀ=ਗਰਦਨ ਨਾਲੋਂ ਸਿਰ ਦਾ ਕਟ ਜਾਣਾ ਸਫਲ ਹੈ।

ਅਥਵਾ:-ਬੁੱਧੀ ਰੂਪ ਗਰਦਨ ਨਾਲੋਂ ਸਿਰ=ਹੰਕਾਰ ਰੂਪ ਸਿਰ ਦਾ ਕਟ ਜਾਣਾ ਤਾਂ ਹੀ ਸਫਲਾ ਹੈ ਜੇਕਰ ਆਪ ਜੀ ਨੂੰ ਭਾ ਜਾਵੇ।

ਜਾ ਤੁਧੁ ਭਾਵੈ ਜਾਹਿ ਦਿਸੰਤਰਿ ਸੁਣਿ ਗਲਾ ਘਰਿ ਆਵਹਿ॥

ਹੇ ਪ੍ਰਭੂ ! ਜਾਂ ਆਪ ਜੀ ਨੂੰ ਭਾ ਜਾਵੇ ਤਾਂ ਹੀ ਦਿਸੰਤਰਿ=ਪ੍ਰਦੇਸਾਂ ਵਿਚ ਜਾ ਕੇ ਓਥੋਂ ਦੀਆਂ ਗੱਲਾਂ ਸੁਣ ਕੇ ਘਰ ਵਿਚ ਆਉਣਾ ਸਫਲ ਹੈ।

ਅਥਵਾ:-ਸਾਧ ਸੰਗਤ ਰੂਪ ਦੇਸ਼ ਅੰਦਰ ਜਾ ਕੇ ਭਜਨ ਸਿਮਰਨ ਰੂਪੀ ਗੱਲਾਂ ਦਾ ਸੁਣ ਕੇ ਘਰ ਵਿਚ ਆਉਣਾ ਤਾਂ ਹੀ ਸਫਲਾ ਹੈ ਜੇਕਰ ਆਪ ਜੀ ਨੂੰ ਭਾ ਜਾਵੇ।

ਜਾ ਤੁਧੁ ਭਾਵੈ ਨਾਇ ਰਚਾਵਹਿ ਤੁਧੁ ਭਾਣੇ ਤੂੰ ਭਾਵਹਿ॥

ਹੇ ਪ੍ਰਭੂ ! ਜਾਂ ਆਪ ਜੀ ਨੂੰ ਭਾ ਜਾਵੇ ਤਾਂ ਨਾਮ ਵਿਚ ਤਦਾਕਾਰ ਹੋਣਾ ਸਫਲ ਹੈ, ਆਪ ਜੀ ਦੇ ਭਾਣੇ ਵਿਚ ਤੁਰਨ ਵਾਲਾ ਹੀ ਆਪ ਜੀ ਨੂੰ ਭਾਉਂਦਾ ਹੈ।

ਨਾਨਕੁ ਏਕ ਕਹੈ ਬੇਨੰਤੀ ਹੋਰਿ ਸਗਲੇ ਕੂੜੁ ਕਮਾਵਹਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਮੈਂ ਇੱਕ ਏਹੋ ਬੇਨਤੀ ਕਹਿੰਦਾ ਹਾਂ, ਕਿ ਮੈਨੂੰ ਆਪਣੇ ਭਾਣੇ ਵਿਚ ਤੁਰਨਾ ਦਿਓ, ਕਿਉਂਕਿ ਹੋਰ ਸਾਰੇ ਕਰਮ ਕਮਾਣੇ ਕੂੜ=ਝੂਠੇ ਹਨ॥ ੧॥

ਮਃ ੧॥ ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ॥

ਹੇ ਪ੍ਰਭੂ ! ਜਾਂ ਤੂੰ ਵੱਡਾ ਹੈਂ ਤਾਂ ਸਾਰੀਆਂ ਵਡਿਆਈਆਂ ਆਪ ਜੀ ਵਿਚ ਹਨ, ਹੇ ਚੰਗੇ ! ਆਪ ਜੀ ਪਾਸੋਂ ਜੋ ਭੀ ਹੁੰਦਾ ਹੈ ਉਹ ਚੰਗਾ ਹੀ ਹੁੰਦਾ ਹੈ।

ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ॥

ਹੇ ਪ੍ਰਭੂ ! ਜਾਂ ਤੂੰ ਸੱਚਾ ਹੈਂ ਤਾਂ ਸਭ ਕੋਈ ਸੱਚਾ ਹੈ, ਜੇ ਕੋਈ ਢੂੰਡੀਏ ਤਾਂ ਕੂੜਾ=ਝੂਠਾ ਕੋਈ ਭੀ ਨਹੀਂ।

ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ॥

ਆਖਣੁ=ਮੂੰਹ ਸੇ ਬੋਲਣਾ, ਅੱਖਾਂ ਨਾਲ ਵੇਖਣਾ, ਪੈਰਾਂ ਨਾਲ ਤੁਰਨਾ, ਜਿਉਣਾ ਤੇ ਮਰਨਾ ਇਹ ਸਭ ਕੁਝ ਧਾਤੁ=ਮਾਇਆ ਰੂਪ ਹੈ।

ਹੁਕਮਿ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ ੨॥

ਗੁਰੂ ਜੀ ਕਥਨ ਕਰਦੇ ਹਨ-ਸੱਚਾ ਵਾਹਿਗੁਰੂ ਆਪ ਹੀ ਆਪਣੇ ਹੁਕਮ ਵਿਚ ਸਾਜਦਾ ਹੈ ਅਤੇ ਆਪਣੇ ਹੁਕਮ ਵਿਚ ਹੀ ਰੱਖਦਾ ਹੈ॥ ੨॥

ਪਉੜੀ॥ ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ॥

ਹੇ ਪੁਰਸ਼ਾ ! ਨਿਸੰਗ ਹੋ ਕੇ ਸਤਿਗੁਰਾਂ ਦੀ ਸੇਵਾ ਕਰ, ਅਤੇ ਭਰਮ ਨੂੰ ਚੁਕਾਈਏ=ਦੂਰ ਕਰ।

ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥

ਜੋ ਕੰਮ ਸਤਿਗੁਰ ਦੇਵ ਜੀ ਆਖਣ ਓਹੀ ਕਾਰ=ਕੰਮ ਕਮਾਉਣਾ ਕਰੀਏ।

ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ॥

ਸਤਿਗੁਰ ਦੇਵ ਜੀ ਦਿਆਲੁ ਹੋਵਣ ਤਾਂ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰੀਏ।

ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ॥

ਪ੍ਰਭੂ ਦੀ ਭਗਤੀ ਦੇ ਸੁ ਸਾਰੁ=ਸ੍ਰੇਸ਼ਟ ਲਾਭ ਨੂੰ ਗੁਰਾਂ ਦੁਆਰੇ ਪਾਣਾ ਕਰੀਏ।

ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ॥

ਮਨਮੁਖ ਪੁਰਸ਼ ਝੂਠ ਰੂਪ ਗੁਬਾਰੁ=ਹਨੇਰੇ ਵਿਚ ਫਸ ਕੇ ਕੂੜ ਨੂੰ ਹੀ ਕਮਾਂਵਦੇ ਹਨ।

ਸਚੇ ਦੈ ਦਰਿ ਜਾਇ ਸਚੁ ਚਵਾਂਈਐ॥

ਸੱਚੇ ਪ੍ਰਮਾਤਮਾ ਦੇ ਸਤਸੰਗਤ ਰੂਪ ਦਰਵਾਜ਼ੇ ਉੱਪਰ ਜਾ ਕੇ ਸੱਚ ਨਾਮ ਨੂੰ ਚਵਾਈਐ=ਉਚਾਰਨਾ ਕਰੀਏ। ਕਿਉਂਕਿ :-ਹੇ ਸਿੱਧੋ !

ਸਚੈ ਅੰਦਰਿ ਮਹਲਿ ਸਚਿ ਬੁਲਾਈਐ॥

ਸੱਚੇ ਨਾਮ ਜਪਣ ਵਾਲੇ ਨੂੰ ਸੱਚਾ ਪ੍ਰਮੇਸ਼ੁਰ ਆਪਣੇ ਮਹਲਿ=ਸਰੂਪ ਅੰਦਰ ਬੁਲਾ ਲੈਂਦਾ ਹੈ।

ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ॥ ੧੫॥

ਗੁਰੂ ਜੀ ਕਥਨ ਕਰਦੇ ਹਨ-ਸੱਚ ਨਾਮ ਜਪਣ ਵਾਲਾ ਮਨੁੱਖ ਸਦਾ ਸਚਿਆਰ ਹੋ ਕੇ ਸੱਚ ਸਰੂਪ ਵਿਚ ਸਮਾ ਜਾਂਦਾ ਹੈ॥ ੧੫॥

ਸਲੋਕੁ ਮਃ ੧॥

ਉਥਾਨਕਾ:-ਇਕ ਵਾਰ ਸਿੱਧਾਂ ਨੇ ਗੁਰੂ ਜੀ ਪਾਸੋਂ ਪੁੱਛਿਆ ਸੰਸਾਰ ਵਿਚ ਕਿਸ ਤਰ੍ਹਾਂ ਦਾ ਵਰਤਾਰਾ ਵਰਤ ਰਿਹਾ ਹੈ ? ਗੁਰੂ ਜੀ ਨੇ ਕਿਹਾ-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਰਾਜਿਆਂ ਰੂਪ ਕਸਾਈਆਂ ਦੇ ਹੱਥ ਵਿਚ ਕਲਜੁਗ ਦੀ ਕਿਰਿਆ ਰੂਪ ਕਾਤੀ=ਛੁਰੀ ਫੜੀ ਹੋਈ ਹੈ, ਅਰਥਾਤ ਕਲਜੁਗ ਵਿਚ ਰਾਜੇ ਕਸਾਈ ਰੂਪ ਹੋ ਕੇ ਅਨਿਆਇ ਦੀ ਛੁਰੀ ਨਾਲ ਪਰਜਾ ਨੂੰ ਕੋਹ ਰਹੇ ਹਨ। ਅਤੇ ਧਰਮ ਖੰਭ ਲਾ ਕੇ ਉੱਡ ਗਿਆ ਹੈ।

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਕੁਸੰਗ ਰੂਪ ਮੱਸਿਆ ਦੀ ਰਾਤ ਵਿਚ ਕੂੜ=ਝੂਠ ਰੂਪ ਹਨੇਰਾ ਫੈਲ ਗਿਆ ਹੈ, ਇਸ ਵਿਚ ਸੱਚ ਰੂਪ ਚੰਦ੍ਰਮਾਂ ਕਿਤੇ ਭੀ ਚੜ੍ਹਿਆ ਹੋਇਆ ਦਿਸਦਾ ਨਹੀਂ।

ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

ਹਉ=ਮੈਂ ਭਾਲਦੀ ਭਾਲਦੀ, *ਅਥਵਾ :*-ਮੇਰੀ ਬੁੱਧੀ ਭਾਲਦੀ ਹੋਈ ਵਿਆਕੁਲ ਹੋ ਗਈ ਹੈ, ਹਨੇਰੇ ਦੇ ਹੋਣ ਕਰਕੇ ਕੋਈ ਰਸਤਾ ਨਹੀਂ ਮਿਲਦਾ, *ਅਥਵਾ:*-ਇਸ ਹਨੇਰੇ ਵਿਚ ਰਾਹ ਦੱਸਣ ਵਾਲਾ ਕੋਈ ਭੀ ਨਹੀਂ ਹੈ।

ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ੧॥

ਗੁਰੂ ਜੀ ਕਥਨ ਕਰਦੇ ਹਨ-ਸਾਰੀ ਸ੍ਰਿਸ਼ਟੀ ਹਉਮੈ ਵਿਚ ਲਗ ਕਰਕੇ ਦੁਖਾਂ ਨੂੰ ਪਾ ਕੇ ਰੋ ਰਹੀ ਹੈ, ਇਹ ਗੱਲ ਸੁਣ ਕੇ ਸਿੱਧਾਂ ਨੇ ਕਿਹਾ ਇਸ ਦੀ ਗਤਿ=ਮੁਕਤੀ ਕਿਨਿ ਬਿਧਿ=ਕਿਸ ਤਰ੍ਹਾਂ ਹੋਵੇਗੀ?

ਗੁਰ ਉੱਤਰ-

ਹਉ ਭਾਲਿ ਵਿਕੁੰਨੀ ਹੋਈ:-ਜਿਸ ਵੇਲੇ ਆਪਣੇ ਸਰੂਪ ਨੂੰ ਭਾਲਿਆ ਤਾਂ ਹਉ=ਹੰਗਤਾ ਵਿਕੁੰਨੀ=ਵਿਆਕੁਲ ਹੋ ਗਈ।

ਆਧੇਰੈ ਰਾਹੁ ਨ ਕੋਈ:-ਤੇ ਅਗਿਆਨ ਰੂਪ ਹਨੇਰੇ ਨੂੰ ਬਾਹਰ ਨਿਕਲਣ ਦਾ ਕੋਈ ਰਸਤਾ ਨਾ ਮਿਲਿਆ ਉਹ ਬ੍ਰਹਮ ਦੇ ਵਿਚ ਹੀ ਲੀਣ ਹੋ ਗਿਆ।

ਵਿਚਿ ਹਉਮੈ ਕਰਿ ਦੁਖੁ ਰੋਈ:-ਹੰਗਤਾ ਭੀ ਦੁਖਾਂ ਵਿਚ ਰੁਦਨ ਕਰਦੀ ਹੋਈ ਕਿ ਮੇਰਾ ਭੀ ਅਭਾਵ ਨ ਕਰ ਦੇਵੇ।

ਕਹੁ ਨਾਨਕ ਕਿਨਿ ਬਿਧਿ ਗਤਿ ਹੋਈ:-ਗੁਰੂ ਜੀ ਕਥਨ ਕਰਦੇ ਹਨ, ਹੇ ਸਿੱਧੋ ਇਸ ਵਜ੍ਹਾ ਨਾਲ ਸ੍ਰਿਸ਼ਟੀ ਦੀ ਗਤਿ=ਮੁਕਤੀ ਹੋ ਸਕਦੀ ਹੈ॥ ੧॥

ਦੂਜਾ ਅਰਥ:-

ਜਿਸ ਵੇਲੇ ਧਰਤੀ ਤੇ ਹਰ ਪਾਸੇ ਪਾਪ ਹੀ ਫੈਲ ਗਏ ਤਾਂ ਧਰਤੀ ਨੇ ਗਊ ਦਾ ਰੂਪ ਧਾਰ ਕੇ ਭਗਵਾਨ ਪਾਸ ਆ ਕੇ ਪੁਕਾਰ ਕੀਤੀ, ਹੇ ਪ੍ਰਭੂ-

ਕਲਿ ਕਾਤੀ ਰਾਜੇ ਕਾਸਾਈ:-ਰਾਜਿਆਂ ਰੂਪ ਕਸਾਈਆਂ ਦੇ ਹੱਥ ਵਿਚ ਕਲਜੁਗ ਦੀ ਕਿਰਿਆ ਰੂਪ ਕਾਤੀ=ਛੁਰੀ ਫੜੀ ਹੋਈ ਹੈ। ਉਸ ਨੂੰ ਵੇਖ. ਕੇ-

ਧਰਮੁ ਪੰਖ ਕਰਿ ਉਡਰਿਆ:-ਧਰਮ, ਸਤ, ਯਗ, ਤਪ ਅਤੇ ਦਾਨ ਰੂਪ ਖੰਭਾਂ ਨੂੰ ਲਗਾ ਕੇ ਉਡ ਗਿਆ ਹੈ।

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਝੂਠ ਰੂਪ ਅਮਾਵਸ ਦੀ ਰਾਤ ਵਿਚ ਸੱਚ ਰੂਪ ਚੰਦ੍ਰਮਾਂ ਦਿਸਦਾ ਨਹੀਂ ਜੋ ਕਿੱਥੇ ਚੜ੍ਹਿਆ ਹੋਇਆ ਹੈ।

ਹਉ ਭਾਲਿ ਵਿਕੁੰਨੀ ਹੋਈ:-ਹੇ ਪ੍ਰਭੂ ਮੈਂ ਸੱਚ ਰੂਪ ਚੰਦ੍ਰਮਾਂ ਨੂੰ ਭਾਲਦੀ ਹੋਈ ਵਿਆਕੁਲ ਹੋ ਗਈ ਹਾਂ।

ਆਧੇਰੈ ਰਾਹੁ ਨ ਕੋਈ:-ਹਰ ਪਾਸੇ ਹਨੇਰੇ ਦੇ ਫੈਲਣ ਕਰਕੇ ਕੋਈ ਰਸਤਾ ਨਹੀਂ ਮਿਲਦਾ।

ਵਿਚਿ ਹਉਮੈ ਕਰਿ ਦੁਖੁ ਰੋਈ:-ਸਾਰੀ ਦੁਨੀਆਂ ਹਉਮੈ ਵਿਚ ਲਗ ਰਹੀ ਹੈ, ਇੰਵ ਕਹਿ ਕੇ ਧਰਤੀ ਦੁਖਾਂ ਵਿਚ ਭਰਕੇ ਭਗਵਾਨ ਪਾਸ ਰੋਈ, ਤੇ ਪੁੱਛਿਆ-

ਕਹੁ ਨਾਨਕ ਕਿਨਿ ਬਿਧਿ ਗਤਿ ਹੋਈ:-ਮੇਰੀ ਕਿਸ ਪਰਕਾਰ ਨਾਲ ਗਤੀ ਹੋਵੇਗੀ ?

ਤਾਂ ਭਗਵਾਨ ਨੇ ਕਿਹਾ ਤੇਰਿਆਂ ਦੁਖਾਂ ਦੀ ਨਵਿਰਤੀ ਵਾਸਤੇ ਭੇਜੇ ਤਾਂ ਬਹੁਤ ਹਨ ਪਰ ਕਿਸੇ ਨੇ ਭੀ ਨਾਮ ਸਿਮਰਨ ਨਹੀਂ ਕਰਾਇਆ। ਹੁਣ ਮੈਂ ਆਪ ਹੀ ਦਸ ਅਵਤਾਰ ਧਾਰ ਕੇ ਨਾਮ ਸਿਮਰਨ ਕਰਵਾ ਕੇ ਤੇਰਿਆਂ ਦੁਖਾਂ ਦੀ ਨਵਿਰਤੀ ਕਰਾਂਗਾ।

ਮਃ ੩ ॥

ਉਥਾਨਕਾ:-ਜਿਸ ਵੇਲੇ ਇਹ ਪ੍ਰਸੰਗ ਸਿੱਖਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸੁਣਾਇਆ ਤਾਂ ਸਿੱਖਾਂ ਨੇ ਸੁਣ ਕੇ ਪ੍ਰਸ਼ਨ ਕੀਤਾ ਕਿ ਅਗਿਆਨ ਰੂਪ ਅੰਧੇਰੇ ਦੀ ਨਵਿਰਤੀ ਦਾ ਸਾਧਨ ਕਿਹੜਾ ਹੈ ? ਤਾਂ ਇਹ ਸੁਣ ਕੇ ਪੰਚਮ ਸਤਿਗੁਰਾਂ ਨੇ ਸਿੱਖਾਂ ਪ੍ਰਤੀ ਕਿਹਾ, ਕਿ ਹੇ ਗੁਰਸਿੱਖੋ ! ਇਸ ਤੁਹਾਡੇ ਪ੍ਰਸ਼ਨ ਦਾ ਉੱਤਰ ਅਸਾਡੇ ਵੱਡੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ-ਨੇ ਦੇਣਾ ਕੀਤਾ ਹੈ ਕਿ:-

ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥

ਕਲਜੁਗ ਦੇ ਸਮੇਂ ਵਿਚ ਜਿਹੜੀ ਪ੍ਰਭੂ ਦੀ ਕੀਰਤੀ ਕਰਨੀ ਹੈ ਇਹ ਸੰਸਾਰ ਵਿਖੇ ਗਿਆਨ ਦਾ ਚਾਨਣਾ ਪ੍ਰਗਟ ਕਰਨ ਵਾਲੀ ਹੈ।

ਗੁਰਮੁਖਿ ਕੋਈ ਉਤਰੈ ਪਾਰਿ॥

ਕੋਈ ਵਿਰਲਾ ਹੀ ਗੁਰਮੁਖ ਪ੍ਰਭੂ ਦੀ ਕੀਰਤੀ ਨੂੰ ਕਰਕੇ ਸੰਸਾਰ ਸਾਗਰ ਤੋਂ ਪਾਰ ਉੱਤਰਨਾ ਕਰਦਾ ਹੈ।

ਜਿਸ ਨੋ ਨਦਰਿ ਕਰੇ ਤਿਸੁ ਦੇਵੈ॥

ਜਿਸ ਉੱਪਰ ਉਹ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਤਿਸ ਨੂੰ ਆਪਣੀ ਕੀਰਤੀ ਕਰਨੀ ਦੇਂਦਾ ਹੈ।

ਨਾਨਕ ਗੁਰਮੁਖਿ ਰਤਨੁ ਸੋ ਲੇਵੈ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਜਿਸ ਨੂੰ ਪ੍ਰਭੂ ਦੇਂਦਾ ਹੈ ਉਹ ਗੁਰਮੁਖ ਗੁਰਾਂ ਦੁਆਰੇ ਰਤਨ ਰੂਪ ਪ੍ਰਭੂ ਦੀ ਕੀਰਤੀ ਨੂੰ ਲੈਂਦਾ ਹੈ॥ ੨॥

ਪਉੜੀ॥ ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥

ਵਾਹਿਗੁਰੂ ਦੇ ਪਿਆਰੇ ਭਗਤਾਂ ਦਾ, ਅਤੇ ਸੰਸਾਰੀ ਪੁਰਸ਼ਾਂ ਦਾ ਆਪਸ ਵਿਚ ਜੋੜ ਮਿਲਾਪ ਕਦੇ ਭੀ ਨਹੀਂ ਹੋ ਆਂਵਦਾ।

ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥

ਕਰਤਾ ਪੁਰਖ ਆਪ ਅਭੁੱਲ ਹੈ, ਇਸ ਲਈ ਉਹ ਕਿਸੇ ਦਾ ਭੁਲਾਇਆ ਹੋਇਆ ਭੁਲਦਾ ਨਹੀਂ।

ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ॥

ਉਨ੍ਹਾਂ ਭਗਤਾਂ ਨੂੰ ਪ੍ਰਭੂ ਨੇ ਆਪਣੇ ਨਾਲ ਮੇਲਿਆ ਹੈ, ਜਿਨ੍ਹਾਂ ਨੇ ਸਚੁ=ਨਿਸਚੇ ਨਾਲ ਸੱਚੇ ਦੇ ਸੱਚ ਨਾਮ ਨੂੰ ਕਮਾਇਆ ਹੈ।

ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥

ਉਨ੍ਹਾਂ ਸੰਸਾਰੀ ਪੁਰਸ਼ਾਂ ਨੂੰ ਵਾਹਿਗੁਰੂ ਨੇ ਆਪਣੇ ਵਲੋਂ ਖੁਆਇਨੁ=ਭੁਲਾ ਦਿੱਤਾ ਹੈ, ਜਿਨ੍ਹਾਂ ਨੇ ਕੂੜੁ=ਝੂਠ ਬੋਲ ਬੋਲ ਕੇ ਬਿਖੁ=ਮਾਇਆ ਰੂਪ ਜ਼ਹਿਰ ਨੂੰ, ਵਾ:-ਵਿਸ਼ਿਆਂ ਰੂਪੀ ਜ਼ਹਿਰ ਨੂੰ ਖਾਧਾ ਹੈ। ਅਤੇ-

ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ॥

ਉਨ੍ਹਾਂ ਨੇ ਸੰਸਾਰ ਤੋਂ ਚਲੇ ਜਾਣ ਦੀ ਭਾਵ ਮਰਨ ਦੀ ਸਾਰੁ=ਖਬਰ ਨਹੀਂ ਜਾਣੀ, ਇਸ ਲਈ ਉਨ੍ਹਾਂ ਨੇ ਕਾਮ ਕ੍ਰੋਧ ਰੂਪੀ ਵਿਸੁ=ਜ਼ਹਿਰ ਵਲ ਆਪਣੇ ਮਨ ਨੂੰ ਵਧਾਇਆ ਹੋਇਆ ਹੈ।

ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ॥

ਉਹ ਭਗਤ ਹਰੀ ਦੀ ਨੌਕਰੀ ਕਰਦੇ ਹਨ, ਜਿਨ੍ਹਾਂ ਨੇ ਰਾਤ ਦਿਨ ਵਾਹਿਗੁਰੂ ਨਾਮ ਨੂੰ ਧਿਆਉਣਾ ਕੀਤਾ ਹੈ।

ਦਾਸਨਿ ਦਾਸ ਹੋਇ ਕੈ ਜਿਨੀ ਵਿਉਹ ਆਪੁ ਗਵਾਇਆ ॥

ਜਿਨ੍ਹਾਂ ਨੇ ਹਰੀ ਦੇ ਦਾਸਾਂ ਦਾ ਦਾਸ ਹੋ ਕੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆ ਦਿੱਤਾ ਹੈ।

ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥ ੧੬ ॥

ਉਨ੍ਹਾਂ ਦੇ ਮੂੰਹ ਖਸਮ ਪ੍ਰਮਾਤਮਾ ਦੇ ਦਰਬਾਰ ਵਿਚ ਉਜਲੇ ਹਨ, ਅਤੇ ਉਹ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸ਼ੋਭਨੀਕ ਹੋਏ ਹਨ॥ ੧੬ ॥

ਸਲੋਕੁ ਮਃ ੧ ॥

ਸਿੱਖਾਂ ਨੇ ਬੇਨਤੀ ਕੀਤੀ ਪੂਰੇ ਸ਼ਾਹ ਪ੍ਰਮੇਸ਼ਰ ਦਾ ਸਰੂਪ ਕੌਣ ਹਨ ? ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਚਾਰ ਪਹਿਰਿਆਂ ਵਿਚ ਜੀਵ ਦੀ ਬਿਵਸਥਾ ਦੱਸਦੇ ਹੋਏ ਪ੍ਰਸ਼ਨ ਦਾ ਉੱਤਰ ਦੇਂਦੇ ਹਨ।

ਪਹਿਲਾ ਅਰਥ-

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥

ਸਬਾਹੀ=ਸਵੇਰੇ (ਅੰਮ੍ਰਿਤ ਵੇਲੇ) ਉੱਠ ਕੇ ਸਾਲਾਹੁਣ ਵਾਲਾ ਹੋ ਕੇ ਜਿਨ੍ਹਾਂ ਨੇ ਇਕ ਮਨਿ=ਇਕਾਗਰ ਮਨ ਹੋ ਕੇ ਪ੍ਰਮੇਸ਼ਵਰ ਦੇ ਨਾਮ ਨੂੰ ਧਿਆਇਆ ਹੈ।

ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥

ਸੇਈ=ਉਹ ਪੁਰਸ਼ ਪੂਰੇ ਸ਼ਾਹ=ਪ੍ਰਮੇਸ਼ਰ ਦਾ ਸਰੂਪ ਹਨ, ਉਸ ਵੇਲੇ ਵਖਤ ਸੀ ਨੀਂਦ ਤੇ ਆਲਸ ਦਾ ਉਸ ਵੱਲੋਂ ਉਪਰਿ=ਉਪਰਾਮ ਹੋ ਕੇ ਅਤੇ ਲੜ ਕਰਕੇ ਨੀਂਦ ਨੂੰ ਮਾਰ ਦਿੱਤਾ ਹੈ।

ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥

ਜਿਸ ਵੇਲੇ ਦਿਨ ਦਾ ਦੂਜਾ ਪਹਿਰ ਆਇਆ ਤਾਂ ਬਹੁਤ ਰਸਤੇ ਦਿੱਸਣ ਲਗ ਪੈਂਦੇ ਹਨ, ਅਤੇ ਮਨ ਦੀਆਂ ਮੱਤਾਂ ਖਿੰਡ ਜਾਂਦੀਆਂ ਹਨ। ਬਹੁਤ ਪੁਰਸ਼ ਧੰਧਿਆਂ ਰੂਪੀ ਅਸਗਾਹ ਸਮੁੰਦਰ ਵਿਚ ਪੈਂਦੇ ਹਨ, ਧੰਧਿਆਂ ਦੇ ਵਿਚ ਹੀ ਗੋਤੇ ਖਾਂਦੇ ਹੋਏ ਬਾਹਰ ਨਹੀਂ ਨਿਕਲਦੇ।

[ਪੰਨਾ ੧੪੬]

ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥

ਦਿਨ ਦੇ ਤੀਜੇ ਪਹਿਰ ਆਉਂਦਿਆਂ ਹੀ ਜਦ ਭੁੱਖ ਤੇ ਤ੍ਰੇਹ ਦੋਨੋਂ ਭਉਕੀਆ=ਭੜਕੀਆਂ ਤਾਂ ਮੂੰਹ ਵਿਚ ਗਿਰਾਹ=ਭੋਜਨ (ਗ੍ਰਾਹੀਆਂ) ਪਾਂਦਾ ਹੈ।

ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥

ਜਿਸ ਵੇਲੇ ਉਹ ਖਾਧਾ ਹੋਇਆ ਭੋਜਨ ਸਵਾਹ ਹੋ ਜਾਂਦਾ ਹੈ, ਤਾਂ ਸੰਧਿਆਂ ਵੇਲੇ ਫਿਰ ਖਾਣ ਨਾਲ ਦੋਸਤੀ ਗੰਢਦਾ ਅਰਥਾਤ ਪਿਆਰ ਪਾਂਦਾ ਹੈ।

ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥

ਦਿਨ ਦੇ ਚੌਥੇ ਪਹਿਰ ਵਿਚ ਫੇਰ ਅਜਿਹੀ ਊਂਘ=ਨੀਂਦ ਆਉਂਦੀ ਹੈ, ਮਾਨੋਂ ਅੱਖੀਆਂ ਮੀਟਦਾ ਹੀ ਪਵਾਰਿ ਗਇਆ=ਮਰ ਗਿਆ ਹੈ।

ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ॥

ਭੀ=ਫਿਰ ਨੀਂਦ ਤੋਂ ਉੱਠਦਾ ਹੀ ਵਾਦ=ਝਗੜਿਆਂ ਨੂੰ ਰਚਦਾ ਹੈ। ਸੈਂਕੜੇ ਵਰ੍ਹਿਆਂ ਦੀ ਪਿੜ=ਬਾਜੀ ਇਸ ਨੇ ਬੰਨ੍ਹ ਲਈ।

ਦੂਜਾ ਅਰਥ-

ਹੁਣ ਗੁਰੂ ਸਾਹਿਬ ਜੀ ਅਵਸਥਾ ਰੂਪੀ ਰਾਤ ਦੇ ਚਾਰ ਪਹਿਰੇ ਕਥਨ ਕਰਦੇ ਹਨ:-

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥ ਬਾਲਕ ਅਵਸਥਾ ਰੂਪੀ ਸਾਬਾਹੀ ਅੰਮ੍ਰਿਤ ਵੇਲੇ ਸਲਾਹੁਣ ਜੋਗ ਪ੍ਰਮਾਤਮਾ ਨੂੰ ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਧ੍ਰੂਅ ਪ੍ਰਹਿਲਾਦ ਅਤੇ ਤਾਰੂ ਪੋਪਟ ਵਾਂਗੂੰ ਧਿਆਇਆ ਹੈ।

ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ=ਉਹ ਪੂਰੇ ਸ਼ਾਹ ਪ੍ਰਮਾਤਮਾ ਦਾ ਸਰੂਪ ਹੋਏ ਹਨ, ਖੇਡ ਦੇ ਵਕਤ ਤੋਂ ਉਪਰਾਮ ਹੋ ਕੇ, ਲੜ ਕੇ ਖੇਡ ਨੂੰ ਮਾਰ ਦਿੱਤਾ ਹੈ।

ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ=ਜੋਬਨ ਅਵਸਥਾ ਰੂਪੀ ਦੂਜੇ ਪਹਿਰ ਵਿਚ ਬਹੁਤੇ ਕਾਰ ਵਿਹਾਰ ਰੂਪੀ ਰਸਤੇ ਦਿੱਸਣ ਲਗ ਪਏ, ਇਸ ਤੇ ਮਨ ਦੀਆਂ ਬਿਰਤੀਆਂ ਖਿੰਡ ਗਈਆਂ।

ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ=ਬਹੁਤ ਪੁਰਸ਼ ਵਿਸ਼ਿਆਂ ਰੂਪੀ ਅਸਗਾਹ ਸਮੁੰਦਰ ਵਿਚ ਪੈ ਗਏ, ਵਿਸ਼ਿਆਂ ਵਿਚ ਹੀ ਗੋਤੇ ਖਾਂਦੇ ਹਨ, ਵਿਸ਼ਿਆਂ ਤੋਂ ਬਾਹਰ ਨਹੀਂ ਨਿਕਲਦੇ।

ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ=ਅਧਖੜ ਅਵਸਥਾ ਰੂਪੀ ਤੀਜੇ ਪਹਿਰ ਵਿਚ ਪਦਾਰਥਾਂ ਦੇ ਖਾਣ ਦੀ ਭੁੱਖ ਤੇ ਤ੍ਰੇਹ ਭੌਂਕਦੀ ਹੈ ਤੇ ਮੂੰਹ ਵਿਚ ਚੰਗੇ ਚੰਗੇ ਪਦਾਰਥ ਬਣਾ ਕੇ ਗਰਾਸ ਪਾਂਦਾ ਹੈ। ਤੇ ਕੁਸ਼ਤੇ ਮਾਰ ਕੇ ਖਾਂਦਾ ਹੈ।

ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ=ਜਿਸ ਵੇਲੇ ਉਹ ਪਦਾਰਥ ਖਾਧਾ ਹੋਇਆ ਸੁਆਹ ਹੋ ਜਾਂਦਾ ਹੈ, ਤਾਂ ਫਿਰ ਤਾਕਤ ਵਾਲੇ ਪਦਾਰਥਾਂ ਦੇ ਖਾਣ ਨਾਲ ਦੋਸਤੀ ਕਰਦਾ ਹੈ।

ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ=ਬ੍ਰਿਧ ਅਵਸਥਾ ਰੂਪੀ ਚੌਥੇ ਪਹਿਰ ਵਿਚ ਜਦ ਮੌਤ ਰੂਪੀ ਨਿੰਦ੍ਰਾ ਆਈ ਤਾਂ ਅੱਖੀਆਂ ਮੀਟ ਕੇ ਪਵਾਰਿ ਗਇਆ=ਮਿਰਤੂ ਹੀ ਹੋ ਗਿਆ।

ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ=ਫਿਰ ਹੋਰ ਜੂਨ ਵਿਚ ਉੱਠ ਕੇ ਭਾਵ ਜਨਮ ਲੈ ਕੇ ਝਗੜਿਆਂ ਨੂੰ ਰਚਦਾ ਹੈ, ਉਸ ਜੂਨ ਵਿਚ ਭੀ ਇਸ ਨੇ ਸੈਂਕੜੇ ਵਰ੍ਹੇ ਜਿਉਣ ਦੀ ਬਾਜੀ ਬੰਨ੍ਹਣਾ ਕੀਤੀ। ਕਿਉਂਕਿ ਚਾਹੇ ਕਿਸੇ ਜੂਨ ਵਿਚ ਜੀਵ ਚਲਿਆ ਜਾਵੇ ਓਹੋ ਜੂਨ ਉਸ ਨੂੰ ਪਿਆਰੀ ਲਗ ਜਾਂਦੀ ਹੈ।

ਯਥਾ:- ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ॥

ਤੀਜਾ ਅਰਥ-

ਹੁਣ ਗੁਰੂ ਸਾਹਿਬ ਜੀ ਚਾਰ ਪਰਕਾਰ ਦੇ ਪੁਰਸ਼ ਕਥਨ ਕਰਦੇ ਹਨ।

੧. ਉੱਤਮ, ੨. ਜਗਿਆਸੂ, ੩. ਵਿਸ਼ਈ, ੪. ਪਾਮਰ।

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥ ਸਬਾਹੀ=ਅੰਮ੍ਰਿਤ ਵੇਲੇ ਵਾਂਗੂੰ ਜੋ ਉੱਤਮ ਪੁਰਸ਼ ਹਨ ਜਿਨ੍ਹਾਂ ਨੇ ਸਲਾਹੁਣੇ ਜੋਗ ਪ੍ਰਮੇਸਰ ਨੂੰ ਇਕਾਗਰ ਮਨ ਹੋ ਕੇ ਧਿਆਇਆ ਹੈ।

ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥ ਉਹ ਪੂਰੇ ਸ਼ਾਹ ਪ੍ਰਮੇਸ਼ਰ ਦਾ ਸਰੂਪ ਹਨ, ਉਨ੍ਹਾਂ ਨੇ ਲੜ ਕੇ ਕਾਮ ਆਦਿਕਾਂ ਨੂੰ ਮਾਰ ਦਿੱਤਾ ਹੈ, ਇਸ ਤੇ ਉਹ ਦੁਖਾਂ ਰੂਪੀ ਵਖਤ ਤੋਂ ਉਪਰਿ=ਉਪਰਾਮ ਹੋਏ ਹਨ।

ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥ ਦੂਜੇ ਜਗਿਆਸੂ ਬਹੁਤ ਰਸਤਿਆਂ ਵਿਚ ਪੈ ਰਹੇ ਹਨ, ਜਿਸ ਜਿਸ ਤਰ੍ਹਾਂ ਦੀ ਸੰਗਤ ਮਿਲਦੀ ਹੈ ਉਸੇ ਉਸੇ ਰਸਤੇ ਪੈ ਗਏ। ਜਗਿਆਸੂ ਦੇ ਮਨ ਦੀਆਂ ਬਿਰਤੀਆਂ ਖਿੰਡੀਆਂ ਰਹਿੰਦੀਆਂ ਹਨ।

ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥ ਸੰਸਿਆਂ ਰੂਪੀ ਬਹੁਤੇ ਅਸਗਾਹ ਸਮੁੰਦਰ ਵਿਚ ਪਏ ਹੋਏ ਗੋਤੇ ਖਾ ਰਹੇ ਹਨ, ਨਿਕਲਦੇ ਨਹੀਂ।

ਅਥਵਾ:-ਨਾ ਹੀ ਗੋਤੇ ਖਾਂਦੇ ਹਨ, ਨਾ ਹੀ ਨਿਕਲਦੇ ਹਨ। ਗੋਤੇ ਇਸ ਵਾਸਤੇ ਨਹੀਂ ਖਾਂਦੇ ਜੋ ਕਿ ਉਨ੍ਹਾਂ ਨੂੰ ਪ੍ਰਮੇਸ਼ਵਰ ਦੀ ਚਾਹ ਬਣੀ ਰਹਿੰਦੀ ਹੈ, ਨਿਕਲਦੇ ਇਸ ਵਾਸਤੇ ਨਹੀਂ ਜੋ ਕਿ ਉਨ੍ਹਾਂ ਨੂੰ ਗਿਆਨ ਦੀ ਪਰਾਪਤੀ ਨਹੀਂ ਹੁੰਦੀ।

ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥ ਤੀਜੇ ਵਿਸ਼ਈ ਪੁਰਸ਼ ਸ਼ਾਸਤਰ ਦੇ ਅਨੁਸਾਰ ਮੂੰਹ ਵਿਚ ਗਿਰਾਹ=ਗਰਾਸ ਅਰਥਾਤ ਪਦਾਰਥ ਖਾਂਦੇ ਹਨ, ਅਰਥਾਤ ਜੋ ਪਦਾਰਥ ਸ਼ਾਸਤਰ ਵਿਹਤ ਹੈ ਉਸ ਨੂੰ ਖਾਂਦੇ ਹਨ। ਭੁੱਖ ਪਦਾਰਥਾਂ ਦੇ ਖਾਣ ਦੀ, ਤ੍ਰੇਹ ਪਦਾਰਥਾਂ ਦੇ ਪੀਣ ਦੀ ਇਹ ਦੋਨੋਂ ਭੌਂਕਦੀਆਂ ਰਹਿੰਦੀਆਂ ਹਨ।

ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥ ਪੂਰਬਲੇ ਪੁੰਨ ਕਰਮਾਂ ਦਾ ਫਲ ਜੋ ਪਦਾਰਥ ਮਿਲੇ ਹਨ ਉਹ ਪਦਾਰਥ ਤਾਂ ਇਸ ਲੋਕ ਵਿਚ ਖਾਣ ਨਾਲ ਸੁਆਹ ਹੋ ਗਏ, ਤਾਂ ਫਿਰ ਖਾਣ ਦੇ ਨਾਲ ਦੋਸਤੀ ਕਰਦਾ ਹੈ। ਅਰਥਾਤ ਪਰਲੋਕ, ਵਾ ਦੂਜੇ ਜਨਮ ਵਿਚ ਸੁਖ ਪਰਾਪਤੀ ਵਾਸਤੇ ਪੁੰਨ ਕਰਮਾਂ ਨੂੰ ਕਰਦਾ ਹੈ।

ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥ ਚੌਥੇ ਜੋ ਪਾਮਰ ਪੁਰਸ਼ ਹਨ ਉਨ੍ਹਾਂ ਨੂੰ ਅਵਿੱਦਿਆ, (ਜੜ੍ਹਤਾ) ਰੂਪ ਊਂਘ=ਨੀਂਦ ਆ ਰਹੀ ਹੈ। ਉਸ ਨੇ ਪ੍ਰਮੇਸ਼ਵਰ ਵੱਲੋਂ ਐਸੀਆਂ ਅੱਖੀਆਂ ਮੀਟੀਆਂ ਹਨ, ਮਾਨੋ ਮਿਰਤੂ ਹੀ ਹੋ ਗਿਆ ਹੈ।

ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ॥ ਉੱਠ ਜਾਣ ਵਾਲਾ ਜੋ ਵਾਦ ਹੈ ਉਸ ਦੇ ਵਿਚ ਫਿਰ ਉਸ ਨੇ ਸੈਂਕੜਿਆਂ ਵਰ੍ਹਿਆਂ ਦੀ ਪਿੜ=ਬਾਜੀ ਬੰਨ੍ਹਣਾ ਕੀਤੀ।

ਚੌਥਾ ਅਰਥ-

ਸਬਾਹੀ ਸਾਲਾਹ=(ਸ+ਬਾਹੀ) ਉਹ ਜੋ ਪ੍ਰੇਰਕ ਪ੍ਰਮਾਤਮਾ ਹੈ ਸਲਾਹੁਣੇ ਯੋਗ ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਉਸ ਨੂੰ ਧਿਆਇਆ ਹੈ।

ਸੇਈ ਪੂਰੇ ਸਾਹ=ਉਹ ਪੂਰੇ ਸ਼ਾਹ ਦਾ ਰੂਪ ਹੋਏ ਹਨ ਉਨ੍ਹਾਂ ਨੇ ਲੜ ਕੇ ਜਮਦੂਤਾਂ ਨੂੰ ਮਾਰਿਆ ਹੈ ਇਸ ਤੇ ਉਹ ਜਨਮ ਮਰਨ ਰੂਪੀ ਵਖਤ ਤੋਂ ਉੱਪਰ ਹੋ ਗਏ ਹਨ।

ਦੂਜੈ ਬਹੁਤੇ ਰਾਹ=(ਦੂ+ਜੈ) ਦੋ ਜੋ ਰਾਗ ਦਵੈਸ਼ ਹਨ ਬਹੁਤ ਰਸਤਿਆਂ ਵਿਚ ਚਲਾਣ ਵਾਲੇ ਉਨ੍ਹਾਂ ਨੂੰ ਜੋ ਕੀਤਾ ਹੈ. ਮਨਮੱਤਾਂ ਨੂੰ ਖੰਡ ਦਿੱਤਾ, ਵਾ ਖਿਲਾਰ ਦਿੱਤਾ ਹੈ। ਗੁਰਮੱਤ ਨੂੰ ਧਾਰ ਲੀਤਾ ਹੈ।

ਬਹੁਤੁ ਪਏ ਅਸਗਾਹ=ਸਤਸੰਗ ਰੂਪੀ ਜੋ ਅਸਗਾਹ ਸਮੁੰਦਰ ਹੈ ਬਹੁਤੇ ਨਾਮ ਜਲ ਕਰਕੇ ਪੂਰਤ ਵਾ ਬ੍ਰਹਮਾ ਨੰਦ ਰੂਪੀ ਅਸਗਾਹ ਸਮੁੰਦਰ ਵਿਚ ਬਹੁਤ ਸਮਾਂ ਪਏ ਹੋਏ ਗੋਤੇ ਖਾਂਦੇ ਹਨ, ਨ ਨਿਕਲਹਿ=ਬ੍ਰਹਮ 'ਚੋਂ ਬਾਹਰ ਨਹੀਂ ਨਿਕਲਦੇ ਭਾਵ ਵੱਖਰੇ ਨਹੀਂ ਹੁੰਦੇ।

ਤੀਜੈ ਮੁਹੀ ਗਿਰਾਹ=(ਤੀ+ਜੈ) ਮਾਇਆ ਰੂਪੀ ਇਸਤ੍ਰੀ ਜੋ ਸਾਰੇ ਸੰਸਾਰ ਨੂੰ ਜੈ ਕਰਨ ਵਾਲੀ ਹੈ ਉਸ ਨੂੰ ਐਸੇ ਅਭਾਵ ਕੀਤਾ ਹੈ ਜਿਵੇਂ ਮੂੰਹ ਵਿਚ ਗਰਾਸ ਪਾ ਕੇ ਉਸ ਦਾ ਅਭਾਵ ਕਰ ਦੇਈਦਾ ਹੈ।

ਮਾਇਆ ਦੀਆਂ ਦੋ ਲੜਕੀਆਂ ਹਨ, ਭੁੱਖ ਤੇ ਤ੍ਰੇਹ ਇਨ੍ਹਾਂ ਦੋਹਾਂ ਨੇ ਭੀ (ਭਉ) ਖੋਫ ਕੀਤਾ ਕਿ ਅਸਾਡੀ ਮਾਂ ਨੂੰ ਇਸ ਨੇ ਮਾਰ ਦਿੱਤਾ ਹੈ ਤੇ ਅਸਾਨੂੰ ਭਲਾ ਕਦ ਛੱਡੇਗਾ ਇਸ ਤੇ ਉਹ ਆਪ ਹੀ ਲਾਂਭੇ ਹੋ ਗਈਆਂ।

ਖਾਧਾ ਹੋਇ ਸੁਆਹ=ਜੋ ਪਿਛੇ ਸੰਕਲਪ ਵਿਕਲਪ ਖਾਧਾ=ਧਾਰਿਆ ਹੋਇਆ ਸੀ ਉਹ ਤਾਂ ਸੁਆਹ ਹੋ ਗਿਆ। ਅਤੇ ਜੋ ਹੋਰ ਨਵੇਂ ਸੰਕਲਪ ਉੱਠਦੇ ਹਨ ਉਨ੍ਹਾਂ ਦੇ ਖਾਣੇ ਨਾਲ ਅਰਥਾਤ ਅਭਾਵ ਨਾਲ ਦੋਸਤੀ ਕਰਦਾ ਹੈ।

ਚਉਥੈ ਆਈ ਉਂਘ=ਜਿਸ ਵੇਲੇ ਚੌਥੀ ਭੂਮਿਕਾ ਭਾਵ ਤੁਰੀਆ ਪਦ ਰੂਪੀ ਉਂਘ=ਨੀਂਦ ਆਈ ਤਾਂ ਸੰਸਾਰ ਵੱਲੋਂ ਐਸੀਆਂ ਅੱਖੀਆਂ ਮੀਟੀਆਂ ਕਿ ਮਾਨੋਂ ਮਰ ਹੀ ਗਿਆ ਹੈ।

ਭੀ ਉਠਿ ਰਚਿਓਨੁ ਵਾਦੁ=ਭੀ=ਬਹੁੜੋਂ ਜਿਹੜਾ ਵਾਦ ਰਚਿਆ ਹੋਇਆ ਸੀ ਉਹ ਉੱਠ ਗਿਆ, ਸੈਂਕੜੇ ਵਰ੍ਹਿਆਂ ਦੀ ਪਿੜ=ਬਾਜੀ ਬ੍ਰਹਮਾਨੰਦ ਵਿਚ ਬੰਨ੍ਹ ਲੀਤੀ।

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥
ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥ ੧॥

ਸਾਰੇ ਵੇਲੇ ਦਿਨ ਦੇ ਸਾਰੇ ਵਖਤ ਰਾਤ ਦੇ ਤਦ ਸਫਲੇ ਹਨ, ਜੇਕਰ ਅੱਠੇ ਪਹਿਰ ਵਾਹਿਗੁਰੂ ਦਾ ਡਰ ਹੋਵੇ। ਗੁਰੂ ਜੀ ਕਥਨ ਕਰਦੇ ਹਨ ਜੇਕਰ ਸਾਹਿਬ ਪ੍ਰਮੇਸ਼ਵਰ ਦੇ ਨਾਮ ਨੂੰ ਮਨ ਵਿਚ ਵਸਾਵੇ ਤਦ ਇਸ ਦਾ ਇਸ਼ਨਾਨ ਵਗੈਰਾ ਕੀਤਾ ਸਚਾ=ਸਫਲਾ ਹੈ॥ ੧॥

ਮਃ ੨॥ ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥

ਓਹੀ ਪੂਰੇ ਸ਼ਾਹ ਹਨ, ਜਿਨ੍ਹਾਂ ਨੇ ਪੂਰਾ ਨਾਮ ਗਿਆਨ ਪਾਇਆ ਹੈ। ਅਤੇ ਅੱਠੇ ਪਹਿਰ ਇਕ ਬੇਪ੍ਰਵਾਹ ਪ੍ਰਮੇਸ਼ਵਰ ਦੇ ਰੰਗਿ=ਪ੍ਰੇਮ ਵਿਚ ਰਹਿੰਦੇ ਹਨ।

ਅਥਵਾ:-ਇਕ ਪ੍ਰਭੂ ਦੇ ਰੰਗਿ=ਪ੍ਰੇਮ ਕਰਕੇ ਅੱਠੇ ਪਹਿਰ ਬੇਪਰਵਾਹ ਰਹਿੰਦੇ ਹਨ।

ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥
ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ॥ ੨॥

ਅਥਾਹ ਰੂਪ ਪ੍ਰਮਾਤਮਾ ਦਾ ਦਰਸ਼ਨ ਕੋਈ ਵਿਰਲੇ ਗੁਰਮੁਖ ਹੀ ਪਾਂਦੇ ਹਨ। ਪੂਰਬਲੇ ਕਰਮ ਸ੍ਰੇਸ਼ਟ ਹੋਣ ਤਾਂ ਪੂਰਾ ਗੁਰੂ ਮਿਲਦਾ ਹੈ, ਪ੍ਰਸ਼ਨ-ਪੂਰਾ ਗੁਰੂ ਕੌਣ ਹੈ ?

ਉੱਤਰ:-ਪੂਰਾ ਜਾ ਕਾ ਬੋਲੁ=ਜਿਨ੍ਹਾਂ ਦਾ ਬਚਨ ਬੋਲਿਆ ਹੋਇਆ ਪੂਰਾ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਜੇਕਰ ਪੂਰਾ ਗੁਰੂ ਸਿੱਖ ਨੂੰ ਉਪਦੇਸ਼ ਦੇਣਾ ਕਰੇ ਤਾਂ ਇਸ ਦਾ ਤੋਲ ਘਟਦਾ ਨਹੀਂ ਅਰਥਾਤ ਜਿਵੇਂ ਪ੍ਰਮੇਸ਼ਵਰ ਸਤਿ ਚਿੱਤ ਆਨੰਦ ਸਰੂਪ ਹੈ,

ਤਿਵੇਂ ਜਗਿਆਸੂ ਆਪਣੇ ਸਰੂਪ ਨੂੰ ਸਤਿ ਚਿੱਤ ਆਨੰਦ ਸਰੂਪ ਨਿਸਚੇ ਕਰਦਾ ਹੈ।

ਅਥਵਾ:-ਉਸ ਦਾ ਤੋਲ=ਵਿਚਾਰ ਘਟਦਾ ਨਹੀਂ ਹੈ॥ ੨॥

ਪਉੜੀ॥ ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ॥
ਮੁਠੀ ਧੰਧੈ ਚੋਰਿ ਮਹਲੁ ਨ ਪਾਈਐ॥

ਹੇ ਪ੍ਰਮੇਸ਼ਰ ! ਜਾਂ ਤੂੰ ਪ੍ਰਾਪਤ ਹੋਇਆ ਤਾਂ ਜੀਵ ਨੂੰ ਹੋਰ ਕੀ ਚਾਹੀਦਾ ਹੈ, ਇਸ ਤੇ ਮੈਨੂੰ ਭੀ ਆਪਣਾ ਸੱਚਾ ਨਾਮ ਸੁਨਾਉਣਾ ਕਰੋ। ਵਾ ਮੈਂਨੇ ਇਹ ਸੱਚਾ ਬਚਨ ਸੁਣਾਇਆ ਹੈ ਕਿ ਜਾਂ ਤੂੰ ਪਰਾਪਤ ਹੋਇਆ ਤਾਂ ਹੋਰ ਕੀ ਬਾਕੀ ਰਹਿ ਗਿਆ। ਜਿਸ ਦੀ ਬੁੱਧੀ ਧੰਧਿਆਂ ਰੂਪੀ ਚੋਰਾਂ ਕਰਕੇ ਮੁਠੀ=ਲੁੱਟੀ ਗਈ ਹੈ, ਉਹ ਮਹਲੁ=ਸਰੂਪ ਨੂੰ ਨਹੀਂ ਪਾਂਦਾ।

ਏਨੈ ਚਿਤਿ ਕਠੋਰਿ ਸੇਵ ਗਵਾਈਐ॥
ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ॥

ਇਨ੍ਹਾਂ ਕਠੋਰ=ਸਖਤ ਚਿੱਤ ਵਾਲੇ ਪੁਰਸ਼ਾਂ ਨੇ ਸੇਵਾ ਕੀਤੀ ਹੋਈ ਗੁਆ ਲੀਤੀ ਹੈ। ਜਿਸ ਦੇ ਅੰਤਹਕਰਨ ਵਿਚ ਸੱਚ ਨਾਮ ਨਹੀਂ ਪਿਆ, ਉਹ ਭੰਨਿ-ਘੜਾਈਐ=ਭੱਜਦਾ ਤੇ ਘੜੀਂਦਾ ਭਾਵ ਜੰਮਦਾ ਤੇ ਮਰਦਾ ਹੈ।

ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ॥
ਕੋਇ ਨ ਆਖੈ ਘਟਿ ਹਉਮੈ ਜਾਈਐ॥

ਕਿਸ ਪਰਕਾਰ ਕਰਕੇ ਪੂਰੇ ਵਿਚਾਰ ਰੂਪੀ ਵੱਟੇ ਦੇ ਤੋਲ ਨਾਲ ਤੋਲਿਆ ਜਾਵੇਗਾ। ਭਾਵ ਨਹੀਂ ਤੋਲਿਆ ਜਾਂਦਾ। ਪਰ ਜੇਕਰ ਚਿੱਤ ਵਿਚੋਂ ਹੰਗਤਾ ਮਮਤਾ ਚਲੀ ਜਾਵੇ, ਤਾਂ ਫਿਰ ਇਸ ਨੂੰ ਕੋਈ ਭੀ ਘੱਟ ਨਹੀਂ ਆਖਦਾ।

ਲਈਅਨਿ ਖਰੇ ਪਰਖਿ ਦਰਿ ਬੀਨਾਈਐ॥
ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ॥ ੧੭॥

ਖੋਟਿਆਂ ਵਿਚੋਂ ਖਰੇ ਆਦਮੀ ਪਰਖ ਲਈਏ ਹਨ, ਕਿਉਂਕਿ ਸਾਰੇ ਪੁਰਸ਼ ਉਸੇ ਵਾਹਿਗੁਰੂ ਦੀ ਬੀਨਾਈਐ=ਨਜ਼ਰ (ਨਿਗਾਹ) ਦੇ ਅੰਦਰ ਹਨ। ਵਾ ਖਰੇ ਪੁਰਸ਼ ਪਰਖ ਕੇ ਪ੍ਰਮੇਸ਼ਵਰ ਦੇ ਦਰ ਵਿਚ

ਬੀਨਾਈਐ=ਚੁਣੇ ਜਾਂਦੇ ਹਨ।

ਅਥਵਾ:-ਜਿਨ੍ਹਾਂ ਦੇ ਪਾਸ ਦਰਬੀ+ਨਾਈਐ=ਨਾਮ ਰੂਪੀ ਧਨ ਹੈ, ਵਾ:-ਦਰਬੀ=ਕੜਛੀ ਦੀ ਨਿਆਈਂ ਜੋ ਅਸੰਗ ਹਨ ਉਹ ਖਰੇ ਪਰਖ ਲਈਦੇ ਹਨ। ਨਾਮ ਗਿਆਨ ਰੂਪੀ ਸੋਦਾ ਇੱਕ ਸਤਸੰਗ ਰੂਪੀ ਹੱਟੀ ਉੱਤੇ ਹੈ, ਪਰ ਪੂਰੇ ਗੁਰਾਂ ਦੁਆਰੇ ਪਾਇਆ ਜਾਂਦਾ ਹੈ॥ ੧੭॥

ਸਲੋਕੁ ਮਃ ੨

ਉਥਾਨਕਾ :-ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ, ਨੌਂ ਖੰਡ ਕਿਹੜੇ ਹਨ? *ਗੁਰ ਉੱਤਰ:-.*

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥

ਦਿਨ ਰਾਤ ਦੇ ਜੋ ਅੱਠ ਪਹਿਰ ਹਨ, ਏਹੋ ਅੱਠ ਖੰਡ ਹਨ। ਨੌਵਾਂ ਖੰਡ ਇਹ ਮਨੁੱਖਾ ਸਰੀਰ ਹੈ।

ਅਥਵਾ:-ਅੱਠਾਂ ਪਹਿਰਾਂ ਵਿਚ ਅੱਠ-ਪੰਜ ਕਾਮ ਆਦਿਕ ਤੇ ਤਿੰਨ ਗੁਣ ਰਜੋ, ਸਤੋ, ਤਮੋ, ਇਨ੍ਹਾਂ ਨੂੰ ਖੰਡਨ ਕਰੇ। ਅਤੇ ਨਾਵਾਂ ਸਰੀਰ=ਦੇਹ ਅਧਿਆਸ ਨੂੰ ਖੰਡਨ ਕਰੇ।

ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥

ਤਿਸ ਮਨੁੱਖ ਸਰੀਰ ਦੇ ਵਿਚ ਨੌਂ ਨਿਧੀਆਂ ਦਾ ਦਾਤਾ ਜੋ ਇੱਕ ਨਾਮ ਹੈ ਉਸ ਨੂੰ ਭਾਲੇ ਤਾਂ ਗੁਣਾਂ ਦਾ ਗਹੀਰੁ=ਸਮੁੰਦਰ ਹੋ ਜਾਂਦਾ ਹੈ। *ਅਥਵਾ:*-ਤਿਸ ਸਰੀਰ ਦੇ ਵਿਚ ਨੌਂ ਨਿਧੀਆਂ ਦਾ ਦਾਤਾ ਜੋ ਇੱਕ ਨਾਮੀ ਹੈ ਗੁਣਾਂ ਦਾ ਗਹੀਰੁ=ਸਮੁੰਦਰ ਉਸ ਇੱਕ ਨੂੰ ਆਪਣਾ ਸਰੂਪ ਕਰਕੇ ਭਾਲੇ ਅਰਥਾਤ ਵੇਖੇ।

ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥

ਸ੍ਰੇਸ਼ਟ ਕਰਮਾਂ ਵਾਲਿਆਂ ਨੇ, *ਅਥਵਾ:*- ਗੁਰਾਂ ਦੀ ਕਿਰਪਾ ਵਾਲਿਆਂ ਨੇ ਪੀਰੁ=ਪੂਜਨੀਕ ਗੁਰਾਂ ਨੂੰ ਧਾਰਨ ਕਰਕੇ, ਵਾ ਹਿੰਦੂਆਂ ਨੇ ਗੁਰੂ ਅਤੇ ਮੁਸਲਮਾਨਾਂ ਨੇ ਪੀਰ ਧਾਰ ਕੇ ਉਸ ਪ੍ਰਭੂ ਨੂੰ ਸਲਾਹਿਆ ਹੈ।

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥

ਰਾਤ ਦੇ ਚਉਥੈ ਪਹਿਰ ਸਬਾਹ=ਅੰਮ੍ਰਿਤ ਵੇਲੇ ਸੁਰਤਿਆ=ਗਿਆਤ ਗੋਹ ਵਾਲਿਆਂ ਜਗਿਆਸੂਆਂ ਨੂੰ ਚਾਉ=ਉਤਸ਼ਾਹ ਉਤਪੰਨ ਹੁੰਦਾ ਹੈ।

ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

ਪਹਿਲੇ ਉਨ੍ਹਾਂ ਦੀ ਪ੍ਰਤੱਖ ਜਲ ਅਸਥਾਨੀ ਖੂਹ ਤਲਾਵ ਨਹਿਰ ਜਾਂ ਦਰਿਆਵਾਂ ਦੇ ਨਾਲ ਦੋਸਤੀ ਹੁੰਦੀ ਹੈ, ਮਨ ਅਤੇ ਮੁਖ ਕਰਕੇ ਸੱਚਾ ਨਾਮ ਜਪਦੇ ਹਨ, *ਅਥਵਾ:*- ਚਾਹੇ ਕੋਈ ਮਨਮੁਖ ਭੀ ਹੈ ਇਸ਼ਨਾਨ ਵੇਲੇ ਉਸ ਦੇ ਮੂੰਹੋਂ ਭੀ ਸੱਚਾ ਨਾਮ ਨਿਕਲਦਾ ਹੈ।

ਅਥਵਾ:-ਤਿਨ੍ਹਾਂ ਗੁਰਮੁਖਾਂ ਦੀ ਸਤਸੰਗ ਦਰਿਆ ਨਾਲ ਦੋਸਤੀ ਹੁੰਦੀ ਹੈ, ਮਨ ਅਤੇ ਮੁਖ ਕਰਕੇ ਸੱਚਾ ਨਾਮ ਜਪਦੇ ਹਨ।

ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥

ਓਥੇ=ਉਸ ਸਤਸੰਗ ਵਿਚ ਨਾਮ ਅੰਮ੍ਰਿਤ ਵੰਡੀਦਾ ਹੈ, ਪਰ ਕਰਮੀ=ਭਾਗਾਂ ਦੁਆਰੇ ਇਹ ਪਸਾਉ=ਦਾਤ

ਪ੍ਰਾਪਤ ਹੁੰਦੀ ਹੈ।

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥

ਕੰਚਨ=ਸੋਨੇ ਵਾਂਗੂੰ ਸਰੀਰ ਨੂੰ ਜਪ ਤਪ ਰੂਪੀ ਕਸੌਟੀ ਉੱਤੇ ਕਸੀਏ ਤਾਂ ਚਤੁਰਥ ਭੂਮਿਕਾ ਰੂਪੀ ਵੰਨੀ=ਰੰਗ ਦਾ ਚੜ੍ਹਾਉ ਚੜ੍ਹਦਾ ਹੈ।

ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥

ਜੇਕਰ ਗੁਰੂ ਸਾਹਿਬ ਰੂਪੀ ਸਰਾਫ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਫਿਰ ਚੁਰਾਸੀ ਲੱਖ ਜੂਨ ਰੂਪੀ ਤਾਉ ਵਿਚ ਨਹੀਂ ਪੈਂਦਾ।

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥

ਰਾਤ ਦਿਨ ਦੇ ਸੱਤਾਂ ਪਹਿਰਾਂ ਵਿਚ ਸੱਚ ਬੋਲਣਾ ਹੀ ਭਲਾ ਹੈ, ਅਤੇ ਅੱਠਵਾਂ ਪਹਿਰ ਪੜ੍ਹਿਆਂ ਹੋਇਆਂ ਦੇ ਪਾਸ ਬਹਿਣਾ ਚਾਹੀਦਾ ਹੈ। ਭਾਵ:-ਬ੍ਰਹਮ ਬੇਤਿਆਂ ਦੀ ਸੰਗਤ ਕਰੀਏ।

ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥

ਕਿਉਂਕਿ ਓਥੈ=ਉਨ੍ਹਾਂ ਪੜ੍ਹਿਆਂ ਹੋਇਆਂ ਦੇ ਪਾਸ ਪਾਪਾਂ ਪੁੰਨਾਂ ਦੀ ਵੀਚਾਰ ਹੁੰਦੀ ਹੈ, ਅਤੇ ਝੂਠ ਦੀ ਰਾਸਿ=ਮੂੜੀ ਘਟ ਜਾਂਦੀ ਹੈ। ਜਿਵੇਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਪਾਸ ਸਾਰੇ ਸਿੱਖ ਆਪੋ ਆਪਣੇ ਪੁੰਨ ਆਖਦੇ ਹੁੰਦੇ ਸਨ ਜਿਸ ਦੇ ਬਹੁਤੇ ਪਾਸ ਹੋਣੇ ਉਸ ਨੂੰ ਸ਼ਰਮ ਆਉਣੀ ਤੇ ਅੱਗੋਂ ਵਾਸਤੇ ਉਸ ਨੇ ਪਾਪ ਕਰਮ ਛੱਡੀ ਜਾਣੇ ਇਸ ਵਜ੍ਹਾ ਨਾਲ ਝੂਠ ਦੀ ਰਾਸ ਘਟਦੀ ਹੈ।

ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥

ਓਥੈ=ਉਸ ਪ੍ਰਮੇਸ਼ਰ ਦੀ ਦਰਗਾਹ ਵਿਚੋਂ ਖੋਟੇ ਪੁਰਸ਼ ਪਰੇ ਸੁਟੇ ਜਾਂਦੇ ਹਨ, ਅਤੇ ਭਜਨ ਸਿਮਰਨ ਕਰਨ ਵਾਲੇ ਪੁੰਨਾਂਤਮਾ ਪੁਰਸ਼ ਜੋ ਖਰੇ ਹਨ ਉਹ ਧੰਨਤਾ ਜੋਗ ਕੀਤੇ ਜਾਂਦੇ ਹਨ।

ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥ ੧॥

ਗੁਰੂ ਜੀ ਕਥਨ ਕਰਦੇ ਹਨ ਇਹ ਜੀਵ ਐਸੇ ਕਹਿੰਦਾ ਹੈ ਕਿ ਖਸਮ ਨੇ ਮੈਨੂੰ ਦੁਖ ਕਿਉਂ ਦਿੱਤਾ ਹੈ? ਮੇਰੇ ਪਾਸ ਤਾਂ ਸੁਖ ਹੋਣੇ ਚਾਹੀਦੇ ਸਨ ਇਹ ਬੋਲਣਾ ਫਾਦਲੁ=ਫ਼ਜ਼ੂਲ ਬੇਅਰਥ ਹੈ।

ਅਥਵਾ:-ਜੀਵ ਦਾ ਬੋਲਣਾ ਫਾਦਲੁ=ਫਜ਼ੂਲ ਹੈ, ਕਿਉਂਕਿ ਅਸਾਡੇ ਕਰਮਾਂ ਅਨੁਸਾਰ ਦੁਖ ਤੇ ਸੁਖ ਖਸਮ ਪ੍ਰਮਾਤਮਾ ਦੇ ਪਾਸੋਂ ਹੀ ਅਸਾਨੂੰ ਮਿਲਣਾ ਹੈ॥ ੧॥

ਮਃ ੨॥

ਉਥਾਨਕਾ:-ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਸਿੱਧਾਂ ਨੇ ਆ ਕੇ ਬੇਨਤੀ ਕੀਤੀ ਆਪ ਜੀ ਦੇ ਗੁਰੂ ਕੈਸੇ ਹਨ? *ਉੱਤਰ:-*

ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਹੇ ਸਿੱਧੋ ! ਅਸਾਡੇ ਗੁਰੂ ਪੌਣ ਵਾਂਗੂੰ ਸਮ-ਦ੍ਰਿਸ਼ਟੀ ਹਨ, ਪਾਣੀ ਵਾਂਗੂੰ ਸੀਤਲ ਸੁਭਾਅ ਵਾਲੇ ਹਨ, ਪਿਤਾ ਵਾਂਗੂੰ ਆਪਣੇ ਬੱਚਿਆਂ ਨੂੰ ਨਿਆਮਤ ਸੁਗਾਤਾਂ ਲਿਆ ਕੇ ਦੇਣ ਵਾਲੇ ਹਨ। ਮਾਂ ਵਾਂਗੂੰ ਰੱਖਯਕ ਹਨ। ਧਰਤੀ

ਵਾਂਗੂੰ ਖਿਮਾ ਕਰਨ ਵਾਲੇ ਹਨ, ਤੇ ਮਹਤੁ=ਵੱਡੇ ਪ੍ਰਤਾਪੀ ਹਨ।

ਅਥਵਾ:-ਧਰਤੀ ਵਾਂਗੂੰ ਮਹਤੁ=ਬੜੇ ਧੀਰਜਵਾਨ ਹਨ।

ਦਿਨਸੁ ਰਾਤਿ ਦੁਹਿ ਦਾਈ ਦਾਇਆ ਖੇਲੈ ਸਗਲ ਜਗਤੁ ॥

ਜਗਿਆਸੂ ਰੂਪ ਲੜਕੇ ਨੂੰ ਗਿਆਨ ਰੂਪੀ ਦਿਨ ਵਿਚ ਖਿਡਾਂਦੇ ਹਨ ਇਸ ਤੇ ਦਾਏ ਵਾਂਗੂੰ ਹਨ, ਅਤੇ ਅਵਸਥਾ ਰੂਪੀ ਰਾਤ ਮੇਂ ਸ਼ਾਂਤੀ ਰੂਪੀ ਨਿੰਦ੍ਰਾ ਵਿਚ ਸੁਆ ਦੇਂਦੇ ਹਨ, ਇਸ ਤੇ ਦਾਈ ਵਾਂਗੂੰ ਹਨ, ਪੁਨਾ ਅਜਿਹਾ ਉਪਦੇਸ਼ ਦੇਂਦੇ ਹਨ ਕਿ ਇਹ ਦਿਸ਼ਟਮਾਨ ਸਾਰਾ ਜਗਤ ਖੇਲ ਜਾਣ ਵਾਲਾ ਹੈ, *ਅਥਵਾ:*-ਖੇ+ਲੈ=ਚਿਦਾ ਕਾਸ ਵਿਚ ਲੈ ਹੋ ਜਾਣ ਵਾਲਾ ਹੈ।

ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ ॥

ਜਗਿਆਸੂ ਦੇ ਚੰਗੇ ਕਰਮ ਅਤੇ ਬੁਰੇ ਕਰਮ ਧਰਮ ਰੂਪ ਸਤਿਗੁਰਾਂ ਦੇ ਕੋਲ ਵਾਚੇ ਜਾਂਦੇ ਹਨ।

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਉਸ ਵੇਲੇ ਆਪੋ ਆਪਣੇ ਕਰਮਾਂ ਅਨੁਸਾਰ ਕਈ ਸਤਿਗੁਰਾਂ ਦੇ ਨਜ਼ੀਕ, ਤੇ ਕਈ ਸਤਿਗੁਰਾਂ ਤੋਂ ਦੂਰ ਹਨ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥

ਜਿਨ੍ਹਾਂ ਨੇ ਵਾਹਿਗੁਰੂ ਨਾਮ ਨੂੰ ਸਿਮਰਿਆ ਹੈ, ਉਹ ਜਪ ਤਪ ਰੂਪੀ ਪੂਰੀ ਮਸਕਤਿ-ਘਾਲਿ=ਮਿਹਨਤ ਕਰਕੇ ਪ੍ਰਮਾਤਮਾ ਦੀ ਤਰਫ ਗਏ ਹਨ।

ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਉਨ੍ਹਾਂ ਦੇ ਮੂੰਹ ਉੱਜਲੇ ਹਨ, ਉਨ੍ਹਾਂ ਦੇ ਨਾਲ ਮਿਲ ਕੇ ਹੋਰ ਭੀ ਕਿੰਨੀ ਦੁਨੀਆਂ ਜਮਾਂ ਦੇ ਦੁਖ ਤੋਂ ਛੁਟ ਗਈ ਹੈ॥ ੨ ॥

ਨੋਟ:-ਜਪੁਜੀ ਸਾਹਿਬ ਦੀ ਸਮਾਪਤੀ ਵਾਲਾ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਨਾ ਕੀਤਾ ਹੈ।

ਇਹ ਮਾਝ ਦੀ ਵਾਰ ਵਿਚ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਚਾਰਨਾ ਕੀਤਾ ਹੈ। ਦੋਹਾਂ ਸਲੋਕਾਂ ਦੇ ਪਦਾਂ ਵਿਚ ਕੁਝ ਕੁ ਫਰਕ ਹੈ।

ਜੁਪਜੀ ਸਾਹਿਬ ਵਾਲਾ	ਮਾਝ ਰਾਗ ਵਾਲਾ
ਪਵਣੁ ਗੁਰੂ	ਪਉਣੁ ਗੁਰੂ
ਦਿਵਸੁ ਰਾਤਿ	ਦਿਨਸੁ ਰਾਤਿ
ਵਾਚੈ ਧਰਮੁ	ਵਾਚੇ ਧਰਮੁ
ਕੇਤੀ ਛੁਟੀ ਨਾਲਿ	ਹੋਰ ਕੇਤੀ ਛੁਟੀ ਨਾਲਿ

ਪਉੜੀ ॥ ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥
ਸਚੇ ਹੀ ਪਤੀਆਇ ਸਚਿ ਵਿਗਸਿਆ ॥

ਸਚਾ ਭਾਉ=ਗਿਆਨ ਰੂਪੀ ਭੋਜਨ ਸਤਿਗੁਰਾਂ ਨੇ ਦੱਸਿਆ ਹੈ। ਜੋ ਸੱਚੇ ਉੱਪਰ ਪਤੀਆਇ=ਭਰੋਸਾ ਕਰਦਾ ਹੈ ਉਹ ਸੱਚਨਾਮ ਨੂੰ ਜਪ ਕੇ ਵਿਗਸਿਆ=ਖਿੜਦਾ ਹੈ।

ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥
ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥

ਉਸ ਦੇ ਪ੍ਰਤੱਖ ਕੋਟ ਤੇ ਗਿਰਾਂਹ ਸਭ ਸਫਲ ਹਨ, ਵਾ:-ਕੋਟ=ਦਸਮ ਦੁਆਰ ਗਿਰਾਂਇ=ਸਰੀਰ ਵਾ ਅੰਤਹਕਰਨ ਸਭ ਸਚੈ=ਸਫਲੇ ਹਨ ਜੋ ਸਰੂਪ ਰੂਪੀ ਨਿਜ ਘਰ ਵਿਚ ਵਸਿਆ ਹੈ।

ਸਤਿਗਰਾਂ ਦੇ ਤੁਠੈ=ਪ੍ਰਸੰਨ ਹੋਣ ਤੇ ਨਾਮ ਦਾ ਪ੍ਰੇਮੀ ਰਹਸਿਆ=ਅਨੰਦ ਹੁੰਦਾ ਹੈ।

ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥

ਸੱਚੇ ਪ੍ਰਮਾਤਮਾ ਦੀ ਦੀਬਾਣੁ=ਸਭਾ ਸਤਸੰਗ ਵਾ ਸਰੂਪ ਵਿਚ ਕੂੜਾ ਪੁਰਸ਼ ਝੂਠ ਬੋਲਣ ਕਰਕੇ ਨਹੀਂ ਜਾ ਸਕਦਾ। ਜੋ ਝੂਠਾ ਪੁਰਸ਼ ਝੂਠ ਨੂੰ ਕਥਨ ਕਰਦਾ ਹੈ ਉਹ ਮਹਲੁ=ਸਰੂਪ ਵੱਲੋਂ ਖੁਆਈਐ=ਭੁਲਾਇਆ ਜਾਂਦਾ ਹੈ।

[ਪੰਨਾ ੧੪੭]

ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥ ੧੮ ॥

ਸੱਚਾ ਗੁਰ ਉਪਦੇਸ਼ ਜਿਨ੍ਹਾਂ ਨੂੰ ਨੀਸਾਣੁ=ਪ੍ਰਗਟ ਹੋਇਆ ਹੈ, ਵਾ ਸੱਚੁ ਉਪਦੇਸ਼ ਰੂਪੀ ਨੀਸਾਣਿ=ਪ੍ਰਵਾਨੇ ਵਾਲੇ ਨੂੰ ਠਾਕ=ਰੋਕ ਨਹੀ ਪੈਂਦੀ। ਜੋ ਗੁਰਾਂ ਤੋਂ ਬੁੱਝਕੇ ਸੱਚ ਨਾਮ ਨੂੰ ਸੁਣਕੇ ਵਖਾਣਿ=ਕਥਨ ਕਰਦਾ ਹੈ ਉਹ ਮਹਲਿ=ਸਰੂਪ ਵਿਚ ਬੁਲਾਇਆ ਜਾਂਦਾ ਹੈ॥ ੧੮ ॥

ਉਥਾਨਕਾ:-ਅਚਲ ਵਟਾਲੇ ਵਿਚ ਸਿੱਧਾਂ ਨੂੰ ਰਿੱਧੀਆਂ ਸਿੱਧੀਆਂ ਲਗਾਂਦਿਆਂ ਵੇਖ ਕੇ ਉਨ੍ਹਾਂ ਦੇ ਹੰਕਾਰ ਦੂਰ ਕਰਨ ਵਾਸਤੇ ਗੁਰੂ ਜੀ ਕਥਨ ਕਰਦੇ ਹਨ।

ਸਲੋਕੁ ਮਃ ੧ ॥
ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥

ਹੇ ਸਿੱਧੋ ! ਚਾਹੇ ਅੱਗ ਦੇ ਕੱਪੜਿਆਂ ਨੂੰ ਪਹਿਰਣਾ ਕਰੀਏ ਅਰਥਾਤ ਕੱਪੜਿਆਂ ਵਾਂਗੂੰ ਅੱਗ ਨੂੰ ਪਹਿਰਨਾ ਕਰੀਏ, ਹਿਵੈ=ਬਰਫ ਦਾ ਘਰ ਵਾ ਬਰਫ ਦੇ ਵਿਚ ਘਰ ਬਣਾ ਲਈਏ, ਸਰੁ=ਲੋਹੇ ਦਾ. ਭੋਜਨ ਆਪ ਕਰੀਏ ਹੋਰਨਾਂ ਪਾਸੋਂ ਕਰਵਾ ਲਈਏ। ਸਾਰਿਆਂ ਦੁਖਾਂ ਨੂੰ ਪਾਣੀ ਕਰਕੇ ਪੀ ਲਈਏ, ਧਰਤੀ ਨੂੰ ਹੱਕ ਕੇ ਟੋਰ ਲਈਏ।

ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥

ਚਾਹੇ ਤਰਾਜੂ=ਤਕੜੀ ਵਿਚ (ਧਰਿ) ਰੱਖਕੇ ਅੰਬਰੁ=ਅਕਾਸ਼ ਨੂੰ ਤੋਲ ਲਈਏ ਪਿੱਛੇ ਟੰਕ ਕਹੀਏ ਚਾਰ ਮਾਸੇ

ਵਾ ਸ਼ਾਢੇ ਤਿੰਨ ਮਾਸੇ ਦਾ ਵੱਟਾ ਚੜ੍ਹਾ ਕੇ।

ਫੇਰ ਏਡਾ ਵੱਡਾ ਵਧ ਜਾਵਾਂ ਜੋ ਕਿਧਰੇ ਭੀ ਮਾਵਾ ਨਾਹੀਂ=ਸਮਾਵਾਂ ਨਾ, ਅਤੇ ਸਾਰਿਆਂ ਨੂੰ ਆਪਣੇ ਹੁਕਮ ਰੂਪੀ ਨਥੇਲ ਵਿਚ ਨੱਥ ਕੇ ਚਲਾਣਾ ਕਰਾਂ।

ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥

ਜਿੰਨਾ ਕੁ ਉੱਪਰ ਕਥਨ ਕੀਤਾ ਹੈ, ਚਾਹੇ ਇਤਨਾ (ਤਾਣੁ) ਬਲ ਮਨ ਦੇ ਅੰਦਰ ਹੋਵੇ, ਇਤਨੇ ਬਲ ਵਾਲੇ ਕਰਮ ਆਪ ਕਰੀਏ ਅਤੇ ਦੂਜਿਆਂ ਪਾਸੋਂ ਭੀ ਆਖ ਕੇ ਕਰਵਾ ਲਈਏ। ਜੇਡਾ ਵੱਡਾ ਉਹ ਵਾਹਿਗੁਰੂ ਆਪ ਮਾਲਕ ਹੈ, ਓਡੀਆਂ ਵੱਡੀਆਂ ਉਸ ਦੀਆਂ ਦਾਤਾਂ ਹਨ, ਉਹ ਸਾਰਿਆਂ ਨੂੰ ਦਾਤਾਂ ਦੇ ਦੇ ਕੇ ਰਜਾਈ=ਤ੍ਰਿਪਤ ਕਰਦਾ ਹੈ।

ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥ ੧॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਨੂੰ ਸੱਚ ਨਾਮ ਦੀ ਵਡਿਆਈ ਮਿਲਦੀ ਹੈ॥ ੧॥

ਮਃ ੨॥ ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥
ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥

ਆਖਣੁ=ਮੂੰਹ ਗੱਲਾਂ ਨੂੰ ਆਖਦਾ ਹੋਇਆ ਰੱਜਦਾ ਨਹੀਂ, ਕੰਨ ਗੱਲਾਂ ਨੂੰ ਸੁਣਦੇ ਸੁਣਦੇ ਰੱਜਦੇ ਨਹੀਂ। ਅੱਖਾਂ ਵੇਖਦੀਆਂ ਵੇਖਦੀਆਂ ਰੱਜਦੀਆਂ ਨਹੀਂ, ਸਾਰੇ ਗੁਣ=ਕਹੀਏ ਇੰਦ੍ਰ ਇੱਕ ਇੱਕ ਵੰਨ=ਰੰਗ ਅਰਥਾਤ ਵਿਸ਼ੇ ਦੇ ਗਾਹਕ ਹਨ।

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ ੨॥

ਭੁਖਿਆ=ਤ੍ਰਿਸ਼ਨਾਲੂ ਪੁਰਸ਼ ਦੀ ਭੁੱਖ ਕਦੇ ਉੱਤਰਦੀ ਨਹੀਂ, ਕਿਉਂਕਿ ਸੰਤੋਖ ਧਾਰੇ ਤੋਂ ਬਿਨਾਂ ਸੰਤੋਖ ਦੀਆਂ ਗੱਲਾਂ ਕਰਨ ਨਾਲ ਭੁੱਖ ਨਹੀਂ ਜਾਂਦੀ। ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਭੁਖਾ ਪੁਰਸ਼ ਤਾਂ ਰੱਜਦਾ ਹੈ, ਜਾਂ ਗੁਣਾਂ ਨੂੰ ਕਹਿ ਕੇ ਗੁਣੀ=ਪ੍ਰਮਾਤਮਾ ਵਿਚ ਸਮਾ ਜਾਵੇ॥ ੨॥

ਪਉੜੀ॥ ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ॥
ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ॥

ਸੱਚ ਨਾਮ ਜਪੇ ਤੋਂ ਬਿਨਾਂ ਸਭ ਕੂੜ=ਝੂਠੇ ਹਨ, ਅਤੇ ਝੂਠ ਨੂੰ ਹੀ ਕਮਾਂਦੇ ਹਨ। ਸੱਚ ਨਾਮ ਤੋਂ ਬਿਨਾਂ ਕੂੜਿਆਰ=ਝੂਠਿਆਂ ਨੂੰ ਬੰਨ੍ਹ ਕੇ ਪਰਲੋਕ ਰਸਤੇ ਵਿਚ ਟੋਰੀਦਾ ਹੈ।

ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ॥
ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ॥

ਸੱਚ ਨਾਮ ਜਪੇ ਤੋਂ ਬਿਨਾਂ ਛਾਰ ਆਦੀ ਪੰਜ ਤੱਤਾਂ ਦਾ ਰਚਿਆ ਹੋਇਆ ਸਰੀਰ ਛਾਰੁ=ਖੇਹ ਵਿਚ ਰੁਲਾਈਦਾ ਹੈ। ਸੱਚ ਨਾਮ ਜਪੇ ਤੋਂ ਬਿਨਾਂ ਜਿਹੜਾ ਪਹਿਨਣਾ ਅਤੇ ਖਾਣਾ ਹੈ ਇਹ ਸਭ ਕੁੱਖ ਵਾਂਗੂੰ ਦੁਖਦਾਈ ਹੈ।

ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ॥
ਕੂੜੈ ਲਾਲਚਿ ਲਗਿ ਮਹਲੁ ਖੁਆਈਐ॥

ਸੱਚ ਨਾਮ ਜਪੇ ਤੋਂ ਬਿਨਾਂ ਕੂੜੇ ਪੁਰਸ਼ ਸਤਿਸੰਗ ਵਾ ਸਰੂਪ ਰੂਪੀ ਦਰਬਾਰ ਨੂੰ ਨਹੀਂ ਪਾਉਂਦੇ। ਕੂੜੈ=ਝੂਠੇ ਪਦਾਰਥਾਂ ਦੇ ਲਾਲਚ ਵਿਚ ਲਗਕੇ ਮਹਲੁ ਖੁਆਈਐ=ਸਰੂਪ ਵੱਲੋਂ ਭੁੱਲ ਗਏ ਹਨ।

ਸਭੁ ਜਗੁ ਠਗਿਓ ਠਗਿ ਆਈਐ ਜਾਈਐ॥
ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ॥ ੧੯॥

ਕਾਮ ਕ੍ਰੋਧ ਆਦੀ ਠਗਾਂ ਦਾ ਠਗਿਆ ਹੋਇਆ ਹੋਣ ਕਰਕੇ ਸਾਰਾ ਸੰਸਾਰ ਜੰਮਣ ਮਰਨ ਵਿਚ ਆਉਂਦਾ ਜਾਂਦਾ ਹੈ। ਸਰੀਰ ਵਿਚ ਜੋ ਤ੍ਰਿਸ਼ਨਾ ਰੂਪੀ ਅੱਗ ਹੈ ਉਹ ਗੁਰਾਂ ਦੇ ਉਪਦੇਸ਼ ਦੁਆਰਾ ਬੁਝਾਈ ਜਾਂਦੀ ਹੈ॥ ੧੯॥

ਸਲੋਕ ਮਃ ੧॥

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥

ਸਤਿਗੁਰ ਦੇਵ ਜੀ ਆਖਦੇ ਹਨ, ਗੁਰੂ ਸਾਹਿਬ ਜੀ ਸੰਤੋਖ ਮਈ ਬ੍ਰਿੱਛ ਹਨ, ਉਸ ਬ੍ਰਿੱਛ ਨਾਲ ਧਰਮ ਰੂਪ ਫੁੱਲ ਅਤੇ ਗਿਆਨ ਰੂਪੀ ਫਲ ਲਗੇ ਹੋਏ ਹਨ। ਉਹ ਗਿਆਨ ਰੂਪੀ ਫਲ ਆਤਮ ਰਸ ਨਾਲ ਰਸਿਆ ਹੋਇਆ ਏ, ਅਤੇ ਸ਼ੁਭ ਗੁਣਾਂ ਕਰਕੇ ਸਦਾ ਹਰਿਆ ਹੈ, ਧਿਆਨ ਰੂਪੀ ਕਰਮ ਗਿਆਨ ਨਾਲ ਉਹ ਗਿਆਨ ਰੂਪੀ ਫਲ ਪੱਕਦਾ ਹੈ।

ਪ੍ਰਸ਼ਨ:-ਇਹ ਫਲ ਪ੍ਰਾਪਤ ਕਿਵੇਂ ਹੁੰਦਾ ਹੈ। *ਉੱਤਰ :*-ਗੁਰਾਂ ਦੇ ਚਰਨਾਂ ਦਾ ਧਿਆਨ ਕਰਨੇ ਰੂਪੀ ਕਰਮ ਦੇ ਕਰਨੇ ਨਾਲ ਇਹ ਫਲ ਪਕੈ=ਪ੍ਰਾਪਤ ਹੁੰਦਾ ਹੈ।

ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥ ੧॥

ਉਹ ਪੁਰਸ਼ ਪਤੀ ਪ੍ਰਮਾਤਮਾ ਦੇ ਸੁਆਦ ਨੂੰ ਖਾ ਲੈਂਦਾ ਹੈ ਜੋ ਦਾਨਾਂ ਵਿਚੋਂ ਸਿਰ ਦਾਨ ਦੇਂਦਾ ਹੈ।

ਅਥਵਾ:-ਗਿਆਨ ਰੂਪੀ ਫਲ ਦੁਆਰਾ ਜੋ ਪਤੀ ਪ੍ਰਮੇਸ਼ਵਰ ਦੇ ਸਾਦ ਖਾਦਾ=ਅਨੰਦ ਨੂੰ ਖਾਂਦਾ ਹੈ, ਉਹ ਪੁਰਸ਼ ਦਾਨੀਆਂ ਵਿਚੋਂ ਸਿਰਿ ਦਾਨੁ=ਸ਼੍ਰੋਮਣੀ ਦਾਨੀ ਜੋ ਪ੍ਰਮੇਸ਼ੁਰ ਹੈ ਉਸ ਨੂੰ ਲਹੈ=ਪ੍ਰਾਪਤ ਕਰ ਲੈਂਦਾ ਹੈ॥ ੧॥ ਹੁਣ ਉਪਰੋਕਤ ਕਹੇ ਨੂੰ ਫੇਰ ਸਪੱਸ਼ਟ ਕਰਦੇ ਹਨ।

ਮਃ ੧॥ ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ॥
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ॥

ਗੁਰੂ ਸਾਹਿਬ ਜੀ ਇਕ ਸ਼ੁੱਧਤਾ ਰੂਪੀ ਸੋਨੇ ਦਾ ਬ੍ਰਿੱਛ ਹਨ, ਪਤਿਸਟਾ ਰੂਪੀ ਪੱਤੇ ਅਤੇ ਵਾਲਾ=ਦੁੱਖਾਂ ਕੋਲੋਂ

ਪਰੇ ਹੋਣਾ ਇਹ ਮੂੰਗੇ ਲਗੇ ਹੋਏ ਹਨ, ਵਾ (ਪਤ ਪਰ+ਵਾਲਾ) ਵਾਲਾ ਕਹੀਏ ਦੁਖਾਂ ਤੋਂ ਪਰੇ ਹੋਣਾ ਇਹ ਪੱਤੇ ਲਗੇ ਹੋਏ ਹਨ।

ਤਿਤੁ=ਤਿਸ ਬ੍ਰਿਛ ਨੂੰ ਲਾਲ=ਪ੍ਰੇਮ, ਰਤਨ=ਵੈਰਾਗ, ਇਹ ਫੁੱਲ ਲੱਗੇ ਹਨ, ਜਵੇਹਰ=ਗਿਆਨ ਇਹ ਫਲ ਲੱਗਾ ਹੈ, ਐਸੇ ਗੁਰਾਂ ਦੁਆਰੇ ਜੋ ਪੁਰਸ਼ ਨਾਮ ਨੂੰ ਮੁਖ ਸੇ ਭਾਖਤਿ=ਕਥਨ ਕਰਦਾ ਹੈ, ਅਤੇ ਹਿਰਦੇ ਵਿਚ ਧਾਰਦਾ ਹੈ ਉਹ ਹਿਰਦੇ ਵਿਚ ਹੀ ਪ੍ਰਮਾਤਮਾ ਨੂੰ ਨਿਹਾਲੁ=ਦੇਖ ਕੇ ਦੁਖਾਂ ਤੋਂ ਰਹਿਤ ਹੁੰਦਾ ਹੈ।

ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਪਿਛਲੇ ਵੀ ਚੰਗੇ ਕਰਮ ਹੋਵਣ, ਹੁਣ ਵੀ ਮਸਤਕ ਉੱਪਰ ਮੁਖੀ ਲੇਖ ਲਿਖਿਆ ਹੋਵੇ। ਵਾ ਇਕੱਠੇ ਅੱਖਰ ਕਰ ਦੇਣੇ-ਮਸਤਕ ਉਪਰ ਮੁਖੀ ਕਰਮਾਂ ਦਾ ਲੇਖ ਲਿਖਿਆ ਹੋਇਆ ਹੋਵੇ, ਤਾਂ ਗੁਰਾਂ ਦੀ ਪ੍ਰਾਪਤੀ ਹੁੰਦੀ ਹੈ।

ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥

ਗੁਰਾਂ ਦੇ ਚਰਨਾਂ ਦੀ ਜਿਹੜੀ ਪੂਜਾ ਕਰਨੀ ਹੈ, ਇਹ ੬੮ ਤੀਰਥਾਂ ਦੇ ਇਸ਼ਨਾਨ ਤੋਂ ਭੀ ਸਦਾ ਵਿਸ਼ੇਸ਼ ਹੈ।

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥ ੨ ॥

ਹੰਸ=ਹਿੰਸਿਆ, ਰਾਜੇ ਸ਼ਿਵਨਾਭ ਨੂੰ ਉਪਦੇਸ਼ ਦੇਂਦਿਆਂ ਹੋਇਆ ਹਿੰਸਾ ਤਿੰਨ ਪ੍ਰਕਾਰ ਦੀ ਚੁੱਸੀ ਹੈ:-

ਯਥਾ:- ਏਕ ਅਹਿੰਸਾ ਜਾਨੀਏ-ਮਨ ਬਚ ਕਾਯਾਂ ਤੀਨ ॥
ਪਰ ਕੋ ਬੁਰਾ ਜਿ ਚਿਤਵਨਾ ਮਨ ਕੀ ਹਿੰਸਾ ਚੀਨ ॥ ੨੮ ॥
ਫਿਕਾ ਬੋਲ ਦੁਖਾਇ ਹਨਾਵੈ। ਹਿੰਸਾ ਬਚਨਨ ਕੀ ਕਹਿਲਾਵੈ ॥
ਤੀਜੀ ਮਾਰਨ ਜੀਵਨ ਕੇਰੀ। ਤਯਾਗੈ ਇਨਕੋ ਹ੍ਵੈ ਬਿਨ ਦੇਰੀ ॥ ੨੯ ॥

(ਨਾਨਕ ਪ੍ਰਕਾਸ਼ ਧਿਆ ੪੮ ਸਫਾ ੫੩੧)

ਹੇਤ=ਮੋਹ, ਲੋਭ, ਕੋਪ=ਕ੍ਰੋਧ, ਇਹ ਚਾਰੇ ਅੱਗ ਦੀਆਂ ਨਦੀਆਂ ਹਨ। ਜੋ ਪੁਰਸ਼ ਇਨ੍ਹਾਂ ਵਿਚ ਪੈਂਦਾ ਹੈ, ਉਹ ਦਝਹਿ=ਸੜਦਾ ਹੈ, ਕਿਉਂਕਿ ਲੋਭੀ ਪੁਰਸ਼ ਨੂੰ ਭੀ ਸ਼ਾਂਤੀ ਨਹੀਂ ਹੁੰਦੀ ਹਰ ਦਮ ਭਟਕਨੇ ਕਰਕੇ।

ਯਥਾ- ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ ੨ ॥ *(ਪੰਨਾ ੮੭੬)*

ਸ੍ਰੇਸ਼ਟ ਕਰਮ ਹੋਵਣ ਜਾਂ ਗੁਰਾਂ ਦਾ ਅਨੁਗ੍ਰਹੁ ਹੋਵੇ ਤਾਂ ਗੁਰਾਂ ਦੇ ਚਰਨਾਂ ਵਿਚ ਲੱਗ ਕੇ ਤਰਨਾ ਹੁੰਦਾ ਹੈ ॥ ੧ ॥

ਪਉੜੀ ॥ ਜੀਵਦਿਆ ਮਰੁ ਮਾਰਿ ਨ ਪਛੋਤਾਈਐ ॥
ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ ॥

ਹੇ ਭਾਈ ਜਿਉਂਦਿਆਂ ਹੀ ਮਰੁ=ਮੌਤ ਨੂੰ ਮਾਰ ਦੇ, ਅਰਥਾਤ ਨਾਮ ਜਪ ਕੇ ਗਿਆਨ ਦੁਆਰਾ ਕਾਲ ਦਾ ਅਭਾਵ ਕਰ ਦੇ, ਯਥਾ-ਗਿਆਨੀ ਕਾਲ ਕੋ ਬੰਚਨ ਕਰੇ।

ਤਾਂ ਤੂੰ ਪਸਚਾਤਾਪ ਨਹੀਂ ਕਰੇਂਗਾ। ਇਹ ਸੰਸਾਰ ਸਾਰਾ ਝੂਠਾ ਹੈ ਕਿਸ ਨੂੰ ਸਮਝਾਣਾ ਕਰੀਏ ਕਿਉਂਕਿ ਸਮਝਦਾ ਕੋਈ ਨਹੀਂ। ਵਾ ਕਿਸੇ ਕਿਸੇ ਨੂੰ ਸਮਝ ਆਈ ਹੈ।

ਸਚਿ ਨ ਧਰੇ ਪਿਆਰੁ ਧੰਧੈ ਧਾਈਐ॥
ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ॥

ਇਹ ਜੀਵ ਸੱਚ ਨਾਮ ਵਿਚ ਪ੍ਰੇਮ ਨਹੀਂ ਧਾਰਦਾ, ਤੇ ਸੰਸਾਰਕ ਧੰਧਿਆਂ ਵਿਚ ਦੌੜਦਾ ਹੈ। ਕਾਲ ਬੁਰਾ ਹੈ ਜੋ (ਖੈ+ਕਾਲੁ) ਨਾਸ ਦੇ ਕਰਨ ਵਾਲਾ ਹੈ। ਵਾ-ਜਨਮ ਕਾਲ ਤੇ ਖੈ ਕਾਲੁ=ਮਰਨ ਕਾਲ ਇਹ ਦੋਨੋਂ ਬੁਰੇ ਹਨ ਜੋ ਕਾਲ ਦੁਨੀਆਂ ਦੇ ਸਿਰ ਉੱਤੇ ਆ ਰਿਹਾ ਹੈ।

ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ॥
ਆਪੇ ਦੇਇ ਪਿਆਰੁ ਮੰਨਿ ਵਸਾਈਐ॥

ਹੁਕਮੀ ਪ੍ਰਮਾਤਮਾ ਦੇ ਹੁਕਮ ਨਾਲ ਜਮ ਦੇ ਜੰਦਾਰ ਕਹੀਏ ਦੂਤ ਜੰਦਾਰੁ=ਡੰਡਾ ਲੈ ਕੇ ਦਾਹਵਾ ਬੰਨ੍ਹ ਕੇ ਇਸ ਦੇ ਸਿਰ ਤੇ ਮਾਰਦੇ ਹਨ। ਜਮਾਂ ਤੋਂ ਜਿਸ ਨੂੰ ਬਚਾਣਾ ਚਾਹੁੰਦਾ ਹੈ ਉਸ ਦੇ ਅੰਦਰ ਆਪ ਹੀ ਪਿਆਰ ਦੀ ਕਣੀ ਪਾਂਦਾ ਹੈ, ਅਤੇ ਉਹ ਮਨ ਵਿਚ ਪਿਆਰ ਨੂੰ ਵਸਾਂਦਾ ਹੈ।

ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ॥
ਗੁਰ ਪਰਸਾਦੀ ਬੁਝਿ ਸਚਿ ਸਮਾਈਐ॥ ੨੦॥

ਜਦ ਪਾਈ ਦਾਣਿਆਂ ਨਾਲ ਭਰੀ ਜਾਵੇ ਤਾਂ ਅੱਧੀ ਘੜੀ ਤੇ ਚਸਾ ਭਰ ਵੀ ਵਿਲੰਮੁ=ਦੇਰ ਨਹੀਂ ਲਗਦੀ ਝੱਟ ਉਲਟਾਈ ਜਾਂਦੀ ਹੈ। ਐਸੇ ਸਰੀਰ ਰੂਪੀ ਪਾਈ ਜਦ ਸਵਾਸਾਂ ਰੂਪੀ ਦਾਣਿਆਂ ਨਾਲ ਭਰੀ ਗਈ, ਭਾਵ ਸ੍ਵਾਸ ਪੂਰੇ ਹੋ ਗਏ ਤਾਂ ਮੁਹਤ=ਅੱਧੀ ਘੜੀ ਤੇ ਚਸਾ ਭਰ ਦੇਰੀ ਨਹੀਂ ਲਗਦੀ। ਤਾਂਤੇ ਗੁਰਾਂ ਦੀ ਕਿਰਪਾ ਦੁਆਰਾ ਨਾਮ ਨੂੰ ਬੁੱਝ ਕੇ ਸੱਚ ਵਿਚ ਸਮਾਉਣਾ ਕਰ॥ ੨੦॥

ਯਥਾ:- ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥
ਕੋ ਰਹੈ ਨ ਭਰੀਐ ਪਾਈਐ॥ *(ਆਸਾ ਦੀ ਵਾਰ, ਪੰਨਾ ੪੬੫)*

ਚਾਰ ਟੋਪਿਆਂ ਦੀ ਇਕ ਪਾਈ ਹੁੰਦੀ ਹੈ, ਟੋਪਾ ਦੋ ਸੇਰ ਦਾਣਿਆਂ ਦਾ ਹੁੰਦਾ ਹੈ। ਪਾਈ ਵਿਚ ਅੱਠ ਸੇਰ ਦਾਣੇ ਹੁੰਦੇ ਹਨ। ਚਾਰ ਪੜੋਪੀਆਂ ਦਾ ਇਕ ਟੋਪਾ ਹੁੰਦਾ ਹੈ। ਪੜੋਪੀ ਵਿਚ ਅੱਧ ਸੇਰ ਦਾਣੇ ਹੁੰਦੇ ਹਨ।

ਸਲੋਕੁ ਮ: ੧॥

ਉਥਾਨਕਾ:-ਇੱਕ ਸਿੱਖ ਨੇ ਬੇਨਤੀ ਕੀਤੀ : ਹੇ ਪ੍ਰਭੂ ਨਾਮਹੀਣ ਮਨਮੁਖ ਪੁਰਸ਼ ਦੀ ਕੀ ਹਾਲਤ ਹੁੰਦੀ ਹੈ ? *ਉੱਤਰ:-*

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥
ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ॥

ਤੁਮੀ ਤੁਮਾ=ਤੂੰਬੀ ਤੂੰਬਾ, ਵਾ ਕੌੜਤੁਮੀ ਕੌੜਤੁਮਾ, ਵਿਸੁ=ਵਿਹੁ, ਅੱਕ ਧਤੂਰਾ ਅਤੇ ਨਿੰਮ ਦਾ ਫਲ।

ਇਤਆਦੀ ਸਭ ਕੋੜੱਤਨਾਂ ਤਿਸ ਮਨਮੁਖ ਪੁਰਸ਼ ਵਿਚ ਵੱਸਦੀਆਂ ਹਨ। ਜਿਸ ਨੂੰ ਤੂੰ ਯਾਦ ਨਹੀਂ ਆਉਂਦਾ। ਵਾ-ਤੁਮੀ=ਹਿੰਸਿਆ, ਤੁਮਾ=ਕ੍ਰੋਧ, ਵਿਸ਼=ਵਿਸ਼ੇ ਵਿਕਾਰ, ਅਕੁ=ਕਾਮ, ਧਤੂਰਾ=ਲੋਭ, ਨਿੰਮੁ ਫਲੁ=ਤ੍ਰਿਸ਼ਨਾ। ਇਹ ਸਾਰੇ ਤਿਸ ਮਨਮੁਖ ਪੁਰਸ਼ ਦੇ ਹਿਰਦੇ ਵਿਚ ਵੱਸਦੇ ਹਨ ਜਿਸ ਨੂੰ ਤੂੰ ਯਾਦ ਨਹੀਂ ਆਉਂਦਾ।

ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਮਨਮੁਖ ਪੁਰਸ਼ ਦੇ ਔਗੁਣ ਕਿਸ ਨੂੰ ਜਾ ਕੇ ਕਹੀਏ ? ਕਿਉਂਕਿ ਕਹੀਏ ਤਾਂ, ਜੇਕਰ ਉਨ੍ਹਾਂ ਨੇ ਸ਼ਰਮ ਦੇ ਮਾਰਿਆਂ ਹਟ ਜਾਣਾ ਹੋਵੇ, ਮਨਮੁਖ ਪੁਰਸ਼ ਤਾਂ ਸ਼ੁਭ ਕਰਮਾਂ ਤੋਂ ਬਾਹਰ ਹੋ ਕੇ ਹੰਢਨਿ=ਫਿਰਦੇ ਹਨ॥ ੧ ॥

[ਪੰਨਾ ੧੪੮]

ਮਃ ੧ ॥ ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ॥
ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ॥
ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ॥ ੨ ॥

ਮਤੀ ਵਸਿਸਟ ਜੀਵ ਰੂਪੀ ਪੰਛੀ ਕਿਰਤੁ ਸਾਥਿ=ਕਰਮਾਂ ਦੇ ਨਾਲ ਕਦੇ ਉੱਤਮ ਜਾਤੀ ਕਦੇ ਨੀਚ ਜਾਤੀ ਵਿਚ ਜਨਮ ਧਾਰਦਾ ਹੈ, ਕਦੇ ਚੰਦਨਿ=ਸੁਰਗਾਂ ਵਿਚ ਜਾਂਦਾ ਹੈ, ਕਦੇ ਅਕਿ ਡਾਲਿ=ਨਰਕਾਂ ਵਿਚ ਜਾਂਦਾ ਹੈ।

ਅਥਵਾ:-ਕਦੇ ਸਤਿਸੰਗ ਰੂਪ ਚੰਦਨਿ ਉੱਤੇ, ਕਦੇ ਕੁਸੰਗ ਰੂਪ ਅੱਕ ਦੀ ਡਾਲੀ ਉੱਤੇ ਜਾ ਬੈਠਦਾ ਹੈ। ਕਦੇ ਉਚੀ=ਪ੍ਰਮਾਤਮਾ ਦੀ ਪ੍ਰੀਤੀ ਨਾਲ ਲਗਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੁਕਮੀ ਪ੍ਰਮਾਤਮਾ ਆਪਣੇ ਹੁਕਮ ਅੰਦਰ ਸਭਨਾਂ ਨੂੰ ਚਲਾਉਂਦਾ ਹੈ ਇਹ ਵਾਹਿਗੁਰੂ ਮਾਲਕ ਦੀ ਮੁੱਢ ਤੋਂ ਰੀਤੀ ਲੱਗੀ ਆਈ ਹੈ॥ ੨ ॥

ਪਉੜੀ॥ ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥
ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥

ਕਿਤਨੇ ਹੀ ਵਖਿਆਣਾਂ ਨੂੰ ਕਹਿੰਦੇ ਹਨ, ਫੇਰ ਕਹਿ ਕਹਿ ਕੇ ਚਲੇ ਜਾਣਾ ਕਰਦੇ ਹਨ। ਵੇਦਾਂ ਦੀ ਵਖਿਆਣ=ਕਥਾ ਕਹਿਣ ਵਾਲਿਆਂ ਨੇ ਭੀ ਵਾਹਿਗੁਰੂ ਦਾ ਅੰਤ ਨਹੀਂ ਪਾਣਾ ਕੀਤਾ।

ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥
ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥

ਪੜ੍ਹਨੇ ਸੇ ਭੀ ਪ੍ਰਮੇਸ਼ਵਰ ਦਾ ਭੇਦ ਪ੍ਰਾਪਤ ਨਹੀਂ ਹੁੰਦਾ,

ਪ੍ਰਸ਼ਨ :-ਉਸ ਦਾ ਭੇਦ ਕਿਵੇਂ ਪ੍ਰਾਪਤ ਹੁੰਦਾ ਹੈ ?

ਗੁਰ ਉੱਤਰ:-ਬੁਝਿਐ ਪਾਵਣਾ=ਸਿਧਾਂਤ ਦੇ ਬੁੱਝਣੇ ਸੇ,

ਅਥਵਾ:-ਗੁਰਾਂ ਤੋਂ ਬੁੱਝਨੇ ਸੇ ਭੇਦ ਪ੍ਰਾਪਤ ਹੁੰਦਾ ਹੈ। ਛੇ ਦਰਸ਼ਨਾਂ ਦੇ ਭੇਖੀਆਂ ਵਿਚੋਂ ਕਿਸੇ ਵਿਰਲੇ ਨੇ ਹੀ ਸੱਚ ਵਿਚ ਸਮਾਣਾ ਕੀਤਾ ਹੈ।

ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ॥
ਮੰਨੇ ਨਾਉ ਬਿਸੰਖ ਦਰਗਹ ਪਾਵਣਾ॥

ਆਪਣੇ ਆਪ ਜਾਨਣ ਤੋਂ ਅਲਖ ਜੋ ਸੱਚਾ ਪੁਰਖ ਹੈ ਉਹ ਗੁਰਾਂ ਦੇ ਸੁਹਾਵਣੇ ਸ਼ਬਦ ਕਰਕੇ ਪ੍ਰਾਪਤ ਹੁੰਦਾ ਹੈ। ਬਿਸੰਖ=ਗਿਣਤੀ ਤੋਂ ਰਹਿਤ ਪ੍ਰਮਾਤਮਾ ਦੇ ਨਾਮ ਨੂੰ ਮੰਨਣ ਕਰੇ ਤਾਂ ਦਰਗਾਹ ਵਿਚ ਜਸ ਪਾਂਦਾ ਹੈ। ਵਾ:-ਅੰਤਹਕਰਨ ਰੂਪੀ ਗਹ=ਜਗਾ ਦੇ ਦਰ=ਅੰਦਰ ਪ੍ਰਮਾਤਮਾ ਨੂੰ ਪਾਣਾ ਕਰਦਾ ਹੈ।

ਖਾਲਕ ਕਉ ਆਦੇਸੁ ਢਾਢੀ ਗਾਵਣਾ॥
ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥ ੨੧॥

ਖਲਕਤ ਦੇ ਕਰਨ ਵਾਲਾ ਜੋ ਖਾਲਕ ਪ੍ਰਮੇਸ਼ਵਰ ਹੈ ਉਸ ਨੂੰ ਮੈਂ ਜਸ ਦੇ ਗਾਉਣ ਵਾਲਾ ਢਾਢੀ ਆਦੇਸ=ਨਮਸ਼ਕਾਰ ਕਰਦਾ ਹਾਂ। ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਭਾਈ ! ਜੁਗਾਂ ਜੁਗਾਂ ਵਿਚ ਜੋ ਇੱਕ ਵਾਹਿਗੁਰੂ ਹੈ ਉਸ ਨੂੰ ਮਨ ਵਿਚ ਵਸਾਉਣਾ ਕਰ॥ ੨੧॥

ਸਲੋਕੁ ਮਹਲਾ ੨॥

ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਚਾ ਸ੍ਵੇਵੜੇ ਨਾਲ ਹੋਈ ਸੀ ਉਸ ਨੇ ਕੁਝ ਹਾਨੀ ਤਾਂ ਨਹੀਂ ਪਹੁੰਚਾਈ ਇਹ ਗੱਲ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ-

ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ॥
ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥

ਜਿਸ ਤਰ੍ਹਾਂ ਕੋਈ ਅਠੂਹਿਆਂ=ਬਿੱਛੂਆਂ ਦਾ ਮਾਂਦਰੀ ਹੋਵੇ ਤੇ ਨਾਗੀ=ਸੱਪਾਂ ਨੂੰ ਜਾ ਕੇ ਫੜਨ ਲਗ ਪਵੇ ਤਾਂ ਉਹ ਕਿਵੇਂ ਫੜ ਸਕਦਾ ਹੈ ਉਲਟਾ ਸਗੋਂ ਦੁਖ ਹੀ ਭੋਗਦਾ ਹੈ। ਏਸੇ ਤਰ੍ਹਾਂ ਤੁੱਛ ਕਲਾ ਸਪੰਨ ਸ੍ਵੇਵੜਾ, ਅਨੰਤ ਕਲਾ ਸਪੰਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਦੇ ਨਾਲ ਚਰਚਾ ਕਰਕੇ ਕਿਵੇਂ ਜਿੱਤ ਸਕਦਾ ਹੈ।

ਸ੍ਵੇਵੜੇ ਨੇ ਆਪਣੇ ਹੱਥਾਂ ਦੇ ਨਾਲ ਆਪਣੇ ਸਰੀਰ ਨੂੰ ਆਪੇ ਹੀ ਅੱਗ ਦਾ ਕੂਚਾ=ਚੁਆਤਾ ਲਗਾ ਲੀਤਾ ਹੈ। ਭਾਵ-ਆਪ ਹੀ ਈਰਖਾ ਦੀ ਅਗਨੀ ਨਾਲ ਆਪਣੇ ਆਪ ਨੂੰ ਸਾੜਦਾ ਹੋਇਆ ਉੱਠ ਕੇ ਚਲਾ ਗਿਆ ਹੈ।

ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ॥
ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ॥

ਖਸਮ=ਮਾਲਕ ਵਾਹਿਗੁਰੂ ਦਾ ਇਹ ਮੁੱਢ ਤੋਂ ਹੁਕਮ ਹੋ ਚੁਕਾ ਹੈ, ਕਿ ਜੋ 'ਅਤ' ਕਰਨ ਵਾਲਾ ਮਨੁੱਖ ਹੈ ਉਹ ਜ਼ਰੂਰ ਧੱਕਾ ਖਾਂਦਾ ਹੈ।

ਯਥਾ:- ਸੰਤ ਕਾ ਨਿੰਦਕੁ ਮਹਾ ਅਤਤਾਈ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥

(ਗਉੜੀ ਸੁਖਮਨੀ. ਪੰਨਾ ੨੮੦)

ਜੋ ਮਨਮੁਖ, ਗੁਰਮੁਖ ਨਾਲ ਅੜਦਾ ਹੈ ਉਹ ਡੁੱਬ ਜਾਂਦਾ ਹੈ ਇਹ ਹਕਿ=ਸੱਚਾ ਨਿਆਂ ਹੈ।

ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ॥
ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ॥ ੧॥

ਗੁਰਮੁਖ ਤੇ ਮਨਮੁਖ, ਰੂਪ ਦੋਹਾਂ ਪਾਸਿਆਂ ਦਾ ਉਹ ਵਾਹਿਗੁਰੂ ਆਪ ਮਾਲਕ ਹੈ, ਅਤੇ ਆਪ ਹੀ ਵਿਉਪਾਇ=ਨਿਰਣਾ ਕਰਕੇ ਵੇਖਦਾ ਹੈ। ਗੁਰੂ ਜੀ ਕਥਨ ਕਰਦੇ ਹਨ ਏਵੈ=ਇਸ ਪਰਕਾਰ ਜਾਨਣਾ ਕਰੋ ਜੋ ਭੀ ਕੁਝ ਹੋ ਰਿਹਾ ਹੈ ਸਭ ਕਿਛ ਉਸ ਦੀ ਰਜਾਇ=ਆਗਿਆ ਵਿਚ ਹੋ ਰਿਹਾ ਹੈ॥ ੧॥

ਮਹਲਾ ੨॥ ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥

ਗੁਰੂ ਜੀ ਕਥਨ ਕਰਦੇ ਹਨ-ਜੋ ਪਹਿਲੇ ਆਪਣੇ ਸਰੂਪ ਨੂੰ ਪਰਖਣਾ ਕਰੇ, ਤਾਂ ਉਸ ਨੂੰ ਪਰਖਉਆ ਜਾਨਣਾ ਕਰੋ। ਜਿਵੇਂ ਰੋਗ ਅਤੇ ਦਾਰੂ ਇਨ੍ਹਾਂ ਦੋਹਾਂ ਗੱਲਾਂ ਨੂੰ ਸਮਝਣਾ ਕਰੇ ਤਾਂ ਉਹ ਸੁਜਾਣੁ=ਚਤੁਰ ਵੈਦ ਹੈ। ਤਿਵੇਂ ਜਗਿਆਸੂ ਦੇ ਅੰਤਹਕਰਨ ਵਿਚ ਤਿੰਨ ਰੋਗ ਹਨ-੧ ਮਲ. ੨. ਵਿਖੇਪ. ੩.ਅਵਰਨ. ਇਨ੍ਹਾਂ ਰੋਗਾਂ ਦੀ ਨਵਿਰਤੀ ਦੇ ਤਿੰਨ ਹੀ ਦਾਰੂ ਹਨ। ੧.ਨਿਸ਼ਕਾਮ ਕਰਮ, ੨. ਉਪਾਸਨਾ, ੩. ਗਿਆਨ। ਇਨ੍ਹਾਂ ਰੋਗਾਂ ਵਿਚੋਂ ਪਹਿਲੇ ਇਹ ਨਿਸਚੇ ਕਰੋ ਕਿ ਇਸ ਜਗਿਆਸੂ ਦੇ ਅੰਤਹਕਰਨ ਵਿਚ ਕਿਹੜਾ ਰੋਗ ਹੈ, ਅਤੇ ਉਸ ਦੀ ਨਵਿਰਤੀ ਦਾ ਸਾਧਨ ਕੌਣਸਾ ਹੈ ਤਾਂ ਗੁਰੂ ਰੂਪੀ ਵੈਦ ਸੁਜਾਣੁ=ਚਤੁਰ ਹੈ।

ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ॥
ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ॥

ਪ੍ਰਮੇਸ਼ਰ ਪ੍ਰਾਪਤੀ ਦੇ ਵਾਟ=ਰਸਤੇ ਵਿਚ ਚੱਲੇ ਤਾਂ ਮਾਮਲਿਆਂ ਨੂੰ ਅਰਥਾਤ ਪ੍ਰਵਿਰਤੀ ਨੂੰ ਨਾ ਕਰ ਬੈਠੇ, ਅਤੇ ਆਪਣੇ ਆਪ ਨੂੰ ਮਿਹਮਾਣੁ=ਪ੍ਰਾਹੁਣਾ ਸਮਝੇ। ਮੂਲੁ=ਅਧਿਸਠਾਨ ਰੂਪ ਪ੍ਰਮਾਤਮਾ ਦੇ ਜਾਨਣ ਦੀਆਂ ਗੱਲਾਂ ਕਰੇ, ਹਾਣੀ, ਲਗਾਣ ਵਾਲੇ ਕਾਮ ਆਦਿਕਾਂ ਨੂੰ ਹਾਣੁ=ਨਾਸ ਕਰੇ ।

ਵਾ-ਹਾਣਿ ਲਾਏ ਹਾਣੁ=ਚੇਤਨ ਨਾਲ ਚੇਤਨ ਨੂੰ ਮਿਲਾਵੇ।

ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ॥
ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ॥

ਜੋ ਪਦਾਰਥਾਂ ਦੇ ਲੱਬ ਮੇਂ ਨਹੀਂ ਚਲਦਾ ਅਤੇ ਸਚਿ ਨਾਮ ਵਿਚ ਰਹਿਣਾ ਕਰਦਾ ਹੈ, ਉਹ ਵਿਸਟੁ=ਵਕੀਲ ਮਹਾਤਮਾ ਪ੍ਰਮਾਨੀਕ ਹੈ। ਜੇ ਕੋਈ ਸਰੁ=ਬਾਨ ਸੰਧੇ=ਖਿੱਚ ਕੇ ਅਕਾਸ਼ ਨੂੰ ਮਾਰੇ ਤਾਂ ਉਹ ਬਾਨ ਅਕਾਸ਼ ਤੱਕ ਕਿਵੇਂ ਪਹੁੰਚੇਗਾ। ਕਿਉਂਕਿ :-

ਅਗੈ ਉਹ ਅਗੰਮੁ ਹੈ ਵਾਹੇਦੜੁ ਜਾਣੁ॥ ੨॥

ਉਹ ਅਕਾਸ਼ ਤਾਂ ਅੱਗੇ ਹੀ ਅਗੰਮ ਹੈ, ਇਉਂ ਜਾਣੋ ਕਿ ਉਹ ਬਾਣ ਵਾਹੇਦੜੁ=ਚਲਾਣ ਵਾਲੇ ਦੇ ਉੱਤੇ ਹੀ ਆ ਕੇ ਵੱਜਦਾ ਹੈ। ਐਸੇ ਚਿਦਾਕਾਸ ਮੇਂ ਵਿਚਰਨ ਵਾਲੇ ਜੋ ਗੁਰੂ ਹਨ ਉਨ੍ਹਾਂ ਨੂੰ ਕੋਈ ਬਾਨ ਮਾਰੇ ਭਾਵ ਈਰਖਾ ਬਖੀਲੀ ਕਰੇ ਤਾਂ ਉਸ ਦੀ ਈਰਖਾ ਬਖੀਲੀ ਕੀਤੀ ਹੋਈ ਕਿਵੇਂ ਪਹੁੰਚ ਸਕਦੀ ਹੈ, ਉਹ ਤਾਂ ਅਗੇ ਹੀ ਅਗੰਮ ਰੂਪ ਹਨ। ਜੇਹੜਾ ਕੋਈ ਈਰਖਾ ਕਰਦਾ ਹੈ ਉਲਟਾ ਸਗੋ ਉਸੇ ਨੂੰ ਦੁਖ ਹੁੰਦਾ ਹੈ॥ ੨॥

ਪਉੜੀ॥ ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥
ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ॥

ਜਗਿਆਸੂ ਰੂਪੀ ਇਸਤ੍ਰੀ ਦਾ ਅਕਾਲ ਪੁਰਖ ਵਾਹਿਗੁਰੂ ਨਾਲ ਪਿਆਰ ਹੈ, ਉਹ ਪ੍ਰੇਮ ਕਰਕੇ ਜਪ ਤਪ ਰੂਪੀ ਸ਼ਿੰਗਾਰ ਨਾਲ ਸ਼ਿੰਗਾਰੀ ਗਈ ਹੈ। ਉਹ ਦਿਨ ਰਾਤ ਭਗਤੀ ਕਰਦੀ ਹੈ, ਕਿਸੇ ਦੀ ਵਾਰੀਆ=ਵਰਜੀ (ਰੋਕੀ) ਹੋਈ ਰਹਿੰਦੀ ਨਹੀਂ ਭਾਵ ਰੁਕਦੀ ਨਹੀਂ ।

ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥
ਸਚੁ ਕਹਨਿ ਅਰਦਾਸਿ ਸੇ ਵੇਚਾਰੀਆ॥

ਉਸ ਦਾ ਮਹਲਾ=ਸਰੂਪ ਦੇ ਵਿਚ ਨਿਵਾਸ ਹੁੰਦਾ ਹੈ, ਜਿਸ ਨੇ ਗੁਰ ਸ਼ਬਦ ਦੁਆਰਾ ਅੰਤਹਕਰਨ ਸਹਿਤ ਸਭ ਇੰਦ੍ਰੀਆਂ ਸਵਾਰੀਆਂ ਹਨ। ਉਹ ਵਿਚਾਰੀ ਸ਼ੁਭ ਵਿਚਾਰ ਦੇ ਨਾਲ ਸੱਚੀ ਅਰਦਾਸ ਕਹਿੰਦੀ ਹੈ।

ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ॥
ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ॥

ਉਹ ਇਸਤ੍ਰੀਆਂ ਖਸਮ ਪ੍ਰਮਾਤਮਾ ਦੇ ਪਾਸ ਸੋਭਦੀਆਂ ਹਨ, ਜੋ ਵਾਹਿਗੁਰੂ ਦੇ ਹੁਕਮ ਵਿਚ ਸਿਧਾਰੀਆ=ਚਲਦੀਆਂ ਹਨ। ਜੋ ਵਾਹਿਗੁਰੂ ਦੀਆਂ ਪਿਆਰੀਆਂ ਹਨ। ਉਹ ਸਖੀਆਂ ਮਨ ਕਰਕੇ ਅਰਦਾਸਿ= ਬੇਨਤੀ ਕਹਿੰਦੀਆਂ ਹਨ।

ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ॥
ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ॥ ੨੨॥

ਪ੍ਰਮੇਸ਼ਰ ਨਾਮ ਤੋਂ ਬਿਨਾਂ ਸੰਸਾਰ ਵਿਚ ਵੱਸਣੇ ਨੂੰ ਧ੍ਰਿਕਾਰ ਹੈ, ਅਤੇ ਜੀਉਣ ਨੂੰ ਭੀ ਫਿੱਟੇ ਮੂੰਹ ਹੈ। ਜਿਨ੍ਹਾਂ ਨੇ ਗੁਰ ਸਬਦ ਦੁਆਰਾ ਬੁੱਧੀ ਸਵਾਰੀ ਹੈ, ਉਨ੍ਹਾਂ ਨੇ ਆਸੁ=ਮੁਖ ਦੁਆਰਾ (ਮੂੰਹ ਨਾਲ) ਨਾਮ ਅੰਮ੍ਰਿਤ ਪੀਤਾ ਹੈ॥ ੨੨॥

ਸਲੋਕੁ ਮਃ ੧॥

ਉਥਾਨਕਾ:-ਸਿੱਧਾਂ ਨੇ ਆ ਕੇ ਬੇਨਤੀ ਕੀਤੀ ਆਪ ਜੀ ਨੂੰ ਪ੍ਰਮੇਸ਼ਰ ਨਾਮ ਦੀ ਕਿਤਨੀ ਕੁ ਇੱਛਾ ਵਾ ਭੁੱਖ ਲੱਗ ਰਹੀ ਹੈ? *ਗੁਰ ਉੱਤਰ:-*

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥
ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥ ੧॥

ਹੇ ਸਿੱਧੋ ! ਜਿਵੇਂ ਮਾਰੂਥਲ ਅਰਥਾਤ ਰੇਤ ਦੇ ਟਿੱਬੇ ਮੀਂਹ ਕਰਕੇ ਤ੍ਰਿਪਤ ਨਹੀਂ ਹੁੰਦੇ। ਅਤੇ ਬਹੁਤੀਆਂ ਲੱਕੜਾਂ ਪਾਣ ਨਾਲ ਭੀ ਅੱਗ ਦੀ ਭੁੱਖ ਨਹੀਂ ਲਹਿੰਦੀ। ਜਿਵੇਂ ਰਾਜ ਕਰਦਾ ਹੋਇਆ ਰਾਜਾ ਤ੍ਰਿਪਤ ਨਹੀਂ ਹੁੰਦਾ, ਹੋਰ ਹੋਰ ਇੱਛਾ ਵਧਦੀ ਜਾਂਦੀ ਹੈ। ਅਤੇ ਸਾਇਰ=ਸਮੁੰਦਰ ਕਿਸੁਕ=ਕਿਸੇ ਦੇ ਪਾਸੋਂ ਭਰੇ ਜਾਂਦੇ ਹਨ।

ਅਥਵਾ:-ਸਮੁੰਦਰ ਸੁੱਕ ਜਾਵਣ ਤਾਂ ਉਨ੍ਹਾਂ ਨੂੰ ਭਲਾ ਕੌਣ ਭਰ ਸਕਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਤਿਵੇਂ ਅਸਾਡੇ ਮਨ ਵਿਚ ਸੱਚੇ ਨਾਮ ਦੀ ਭੁੱਖ ਲਗ ਰਹੀ ਹੈ ਸੱਚ ਨਾਮ ਦੀ ਕਿੰਨੀ ਕੁ ਪੁੱਛ ਪੁੱਛਦੇ ਹੋ, ਭਾਵ ਬਿਅੰਤ ਚਾਹ ਲੱਗ ਰਹੀ ਹੈ॥ ੧॥

ਮਹਲਾ ੨॥ ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ॥
ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ॥

ਜਾਵਤੁ=ਜਿਤਨਾ ਚਿਰੁ ਬ੍ਰਹਮ ਨੂੰ ਨ ਬਿੰਦਤੇ=ਨਹੀਂ ਜਾਣਦਾ, ਤਦ ਤੱਕ ਤਸਿ ਜਨਮਸਿ ਨਿਹਫਲੰ= ਤਿਸ ਪੁਰਸ਼ ਦਾ ਮਨੁੱਖਾ ਜਨਮ ਨਿਸਫਲ ਹੈ। ਸਾਗਰੰ ਸੰਸਾਰਸਿ=ਸੰਸਾਰ ਸਮੁੰਦ੍ਰ ਨੂੰ ਗੁਰਾਂ ਦੀ ਕਿਰਪਾ ਵਾਲੇ ਪੁਰਸ਼ ਤਰਦੇ ਹਨ।

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥ ੨॥

ਗੁਰੂ ਜੀ ਆਖਦੇ ਹਨ-ਅਸੀਂ ਵੀਚਾਰ ਕੇ ਕਹਿੰਦੇ ਹਾਂ ਕਿ ਉਹ ਪ੍ਰਮਾਤਮਾ ਸਭ ਕਾਰਜਾਂ ਦੇ ਕਰਨ ਕਰਾਉਣ ਨੂੰ ਸਮਰੱਥ ਹੈ। ਸਾਰੇ ਕਾਰਜ ਕਰਤੇ ਵਾਹਿਗੁਰੂ ਦੇ ਵਸਿ=ਅਧੀਨ ਹਨ, ਜਿਸ ਨੇ ਸਾਰਿਆਂ ਵਿਚ ਆਪਣੀ ਕਲ=ਸ਼ਕਤੀ ਧਾਰ ਰੱਖੀ ਹੈ॥ ੨॥

ਪਉੜੀ॥ ਖਸਮੈ ਕੈ ਦਰਬਾਰਿ ਢਾਢੀ ਵਸਿਆ॥
ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥

ਮੈਂ ਢਾਢੀ ਵਾਰ ਦੇ ਕਰਨ ਵਾਲਾ ਖਸਮ ਪ੍ਰਮਾਤਮਾ ਦੇ ਸਤਸੰਗ ਦਰਬਾਰ ਵਿਚ ਵੱਸਿਆ ਹਾਂ। ਖਸਮੁ= ਪ੍ਰਮਾਤਮਾ ਦਾ ਸੱਚਾ ਕਲਾਣਿ=ਜਸ ਕਰਦਿਆਂ ਹੋਇਆ ਹਿਰਦਾ ਕਵਲ ਵਿਗਸਿਆ=ਖਿੜ ਆਇਆ ਹੈ।

ਖਸਮਹੁ ਪੂਰਾ ਪਾਇ ਮਨਹੁ ਰਹਸਿਆ॥
ਦੁਸਮਨ ਕਢੇ ਮਾਰਿ ਸਜਣ ਸਰਸਿਆ॥

ਖਸਮਹੁ=ਗੁਰਾਂ ਪਾਸੋਂ, ਖਸਮਹੁ=ਪ੍ਰਮਾਤਮਾ ਦਾ ਪੂਰਾ ਨਾਮ ਗਿਆਨ ਪਾਣ ਕਰਕੇ ਮਨ ਵਿਚ ਰਹਸਿਆ=ਆਨੰਦ ਹੋਇਆ ਹੈ। ਕਾਮ ਕ੍ਰੋਧ ਆਦੀ ਦੁਸ਼ਮਨਾਂ ਨੂੰ ਮਾਰ ਕੇ ਕੱਢ ਦਿੱਤਾ ਹੈ, ਸਜਣ=ਸ਼ੁਭ ਗੁਣ ਸਰਸਿਆ=ਅਧਿਕ ਹੋਏ ਹਨ।

ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ॥

ਸੱਚੇ ਸਤਿਗੁਰਾਂ ਦੀ ਸੇਵਾ ਕਰਦਿਆਂ ਹੋਇਆ ਗੁਰਾਂ ਨੇ ਹੀ ਸੱਚਾ ਗਿਆਨ ਭਗਤੀ ਰੂਪੀ ਮਾਰਗੁ=ਰਸਤਾ ਦੱਸਿਆ ਹੈ।

[ਪੰਨਾ ੧੪੯]

ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥

ਗੁਰਾਂ ਦੇ ਸੱਚੇ ਉਪਦੇਸ਼ ਨੂੰ ਵਿਚਾਰ ਕੇ ਕਾਲ ਨੂੰ ਵਿਧਉਸਿਆ=ਵਿਸ਼ੇਸ਼ ਕਰਕੇ ਧ੍ਵੰਸ ਅਰਥਾਤ ਨਾਸ ਕੀਤਾ ਹੈ।

ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥
ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥ ੨੩ ॥

ਮੈਂ ਢਾਢੀ ਗੁਰ ਸ਼ਬਦ ਦਾ ਸਵਾਰਿਆ ਹੋਇਆ ਅਕਥੁ=ਕਥਨ ਤੋਂ ਰਹਿਤ ਵਾਹਿਗੁਰੂ ਦੇ ਜਸ ਨੂੰ ਕਥਨ ਕਰਦਾ ਹਾਂ। ਗੁਰੂ ਜੀ ਕਥਨ ਕਰਦੇ ਹਨ-ਸ਼ੁਭ ਗੁਣਾਂ ਰੂਪੀ ਰਾਸਿ=ਪੂੰਜੀ ਗ੍ਰਹਿਣ ਕਰਨ ਨਾਲ ਮੈਨੂੰ ਪਿਆਰੇ ਹਰਿਜੀ ਮਿਲੇ ਹਨ॥ ੨੩॥

ਸਲੋਕੁ ਮਃ ੧

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ ਇਸ ਜੀਵ ਦੀ ਮੰਦ ਹਾਲਤ ਕਿਉਂ ਹੁੰਦੀ ਹੈ? *ਉੱਤਰ-*

ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥
ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥

ਹੇ ਭਾਈ ! ਇਹ ਜੀਵ ਖਤਿਅਹੁ=ਗੁਨਾਹਾਂ ਕਰਕੇ ਜੰਮਦੇ ਹਨ, ਫੇਰ ਵੱਡੇ ਹੋ ਕੇ ਗੁਨਾਹ ਹੀ ਕਮਾਉਂਦੇ ਹਨ। ਇਤਨੇ ਗੁਨਾਹ ਕਰਦੇ ਹਲ ਜੋ ਨਿਤਾਪ੍ਰਤੀ ਖਤਿਆ=ਗੁਨਾਹਾਂ ਵਿਚ ਹੀ ਪਏ ਰਹਿੰਦੇ ਹਨ। ਗੁਰ ਉਪਦੇਸ਼ ਤੋਂ ਬਿਨਾਂ ਉਹ ਗੁਨਾਹ ਧੋਤਿਆਂ ਕਦਾਚਿਤ ਉੱਤਰਦੇ ਨਹੀਂ, ਚਾਹੇ ਜੇਕਰ ਆਪਣੇ ਆਪ ਸਉ=ਸੈਂਕੜੇ ਵਾਰੀ ਧੋਣਾ ਪਾਵੇ।

ਨਾਨਕ ਬਖਸ਼ੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜੇਕਰ ਵਾਹਿਗੁਰੂ ਆਪ ਬਖਸ਼ੇ ਤਾਂ ਬਖਸ਼ੇ ਜਾਂਦੇ ਹਨ, ਨਹੀਂ ਤਾਂ ਉਨ੍ਹਾਂ ਨੂੰ ਜਮਾਂ ਦੀਆਂ ਚੋਟਾਂ ਪੈਂਦੀਆਂ ਹੀ ਪੈਂਦੀਆਂ ਹਨ।

ਅਥਵਾ:-ਨਹੀਂ ਤਾਂ ਉਨ੍ਹਾਂ ਨੂੰ ਪਾਹੀ=ਜੁੱਤੀਆਂ ਦੀ ਮਾਰ ਪੈਂਦੀ ਹੈ॥ ੧॥

ਮਃ ੧ ॥ ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗਿਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥

ਗੁਰੂ ਜੀ ਕਥਨ ਕਰਦੇ ਹਨ, ਇਹ ਝਖਾਂ-ਗੱਪਾਂ ਦਾ ਬੋਲਣਾ ਹੈ, ਜੇਹੜਾ ਦੁਖਾਂ ਨੂੰ ਛੱਡਕੇ ਸੁਖਾਂ ਦਾ ਮੰਗਣਾ ਹੈ। ਕਿਉਂਕਿ ਸੁਖ ਅਤੇ ਦੁਖ ਇਹ ਦੋਨੋਂ ਪ੍ਰਮੇਸ਼ਰ ਦੀ ਦਰਗਾਹ ਦੇ ਕੱਪੜੇ ਹਨ, ਇਨ੍ਹਾਂ ਕੱਪੜਿਆਂ ਨੂੰ ਕਰਮਾਂ ਅਨੁਸਾਰ ਜੀਵ ਜਾਇ=ਉਤਪੰਨ ਹੋ ਕੇ ਪਹਿਣਦਾ ਹੈ।

ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥ ੨ ॥

ਜਿਸ ਜਗ੍ਹਾ ਬੋਲਣ ਤੇ ਹਾਰ ਹੋਵੇ, ਤਿਸ ਜਗ੍ਹਾ ਚੁੱਪ ਰੱਖਣੀ ਹੀ ਚੰਗੀ ਹੈ॥ ੨॥

ਪਉੜੀ ॥ ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥
ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥

ਚਾਰੇ ਕੁੰਡਾ=ਚਾਰੇ ਦਿਸ਼ਾ ਚਾਰੋਂ ਤਰਫ ਦੇਖਿਆ ਤਾਂ ਵਾਹਿਗੁਰੂ ਕਿਧਰੇ ਨਾ ਮਿਲਿਆ, ਜਦ ਗੁਰਾਂ ਦੁਆਰੇ ਅੰਤਹਕਰਨ ਦੇ ਅੰਦਰੋਂ ਢੂੰਢਿਆ, ਤਾਂ ਸਿਰਜਨਹਾਰ ਸੱਚੇ ਅਲੱਖ ਪੁਰਖ ਨੂੰ ਨਿਹਾਲਿਆ=ਦੇਖ ਲਿਆ।

ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥
ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥

ਸੰਸਾਰ ਉਜਾੜ ਵਿਚ ਭੁੱਲੇ ਜਾਂਦੇ ਜੀਵ ਨੂੰ ਗੁਰਾਂ ਨੇ ਹੀ ਰਸਤਾ ਦਿਖਾਇਆ ਹੈ। ਇਸ ਤੇ ਸੱਚੇ ਸਤਿਗੁਰੂ ਧੰਨਯ ਹੈਂ ਜਿਨਾਂ ਦੀ ਕ੍ਰਿਪਾ ਨਾਲ ਸੱਚ ਨਾਮ ਨੂੰ ਸਮਾਲਿਆ=ਸਿਮਰਿਆ ਹੈ।

ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥
ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥

ਰਤਨੁ=ਵੈਰਾਗ ਅਤੇ ਪ੍ਰੇਮ ਰੂਪੀ ਘਰਾਹੁ=ਘਿਓ ਪਾਇਆ ਤਾਂ ਗਿਆਨ ਰੂਪੀ ਦੀਪਕ ਬਲਿਆ। ਜਾਂ ਗਿਆਨ ਰੂਪੀ ਦੀਵਾ ਬਲਿਆ ਤਾਂ ਅੰਤਹਕਰਨ ਰੂਪੀ ਘਰਾਹੁ=ਘਰ ਦੇ ਵਿਚੋਂ ਹੀ ਰਤਨ ਰੂਪ ਪ੍ਰਮਾਤਮਾ ਨੂੰ ਪਾਇਆ। ਜੋ ਸੱਚੇ ਸ਼ਬਦ ਨੂੰ ਸਲਾਹੁੰਦੇ ਹਨ ਉਹ ਸੱਚ ਨਾਮ ਜਪਣ ਵਾਲੇ ਪੁਰਸ਼ ਸੁਖੀ ਹਨ।

ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥
ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥ ੨੪ ॥

ਜੋ ਵਾਹਿਗੁਰੂ ਦੇ ਡਰ ਤੋਂ ਨਿ=ਰਹਿਤ ਹਨ, ਉਨ੍ਹਾਂ ਨੂੰ ਜਮ ਦਾ ਡਰ ਲਗਦਾ ਹੈ, ਸਿ=ਉਹ ਪੁਰਸ਼ ਮਾਤਾ ਦੇ ਗਰਭ ਵਿਚ ਗਲਦੇ ਹਨ। ਵਾਹਿਗੁਰੂ ਨਾਮ ਤੋ ਭੁੱਲਾ ਹੋਇਆ ਜਗੁ=ਜੀਵ ਬੇਤਾਲਿਆ=ਭੂਤਨਿਆਂ ਵਾਂਗੂੰ ਸੰਸਾਰ ਵਿਚ ਫਿਰਦਾ ਹੈ॥ ੨੪॥

ਸਲੋਕੁ ਮਃ ੩ ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ ਸੰਸਾਰ ਵਿਚ ਆਉਣਾ ਕਿਸ ਦਾ ਸਫਲ ਹੈ ?

ਉੱਤਰ:-

ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ ॥
ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥ ੧ ॥

ਇਹ ਜੀਵ ਵਾਹਿਗੁਰੂ ਦੇ ਡਰ ਵਿਚ ਜੰਮਦਾ ਹੈ, ਵਾਹਿਗੁਰੂ ਦੇ ਡਰ ਵਿਚ ਹੀ ਮਰਦਾ ਹੈ, ਪ੍ਰੰਤੂ ਜੇਕਰ ਮਧ-ਕਾਲ ਵਿਚ ਭੀ ਜੀਵ ਦੇ ਮਨ ਵਿਚ ਵਾਹਿਗੁਰੂ ਦਾ ਡਰ ਹੋ ਜਾਵੇ। ਗੁਰੂ ਜੀ ਕਥਨ ਕਰਦੇ ਹਨ-ਜੇਕਰ ਵਾਹਿਗੁਰੂ ਦੇ ਡਰ ਵਿਚ ਹੀ ਜੀਵਤ ਭਾ ਤੋਂ ਮਰ ਜਾਵੇ, ਤਾਂ ਉਸ ਦਾ ਸੰਸਾਰ ਵਿਚ ਆਇਆ ਸਹਿਤ ਲਾਭ ਦੇ

ਅਥਵਾ:-ਸਹਿਲਾ=ਸਫਲ ਹੈ॥ ੧ ॥

ਮਃ ੩ ॥ ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ ॥
ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥ ੨ ॥

ਜੋ ਪੁਰਸ਼ ਵਾਹਿਗੁਰੂ ਦੇ ਡਰ ਤੋਂ ਬਿਨਾਂ ਬਹੁਤ ਸੇ.ਬਹੁਤ ਜੀਉਂਦਾ ਹੈ, ਅਤੇ ਖੁਸ਼ੀਆਂ ਦਰ ਖੁਸ਼ੀਆਂ ਕਮਾਂਦਾ ਹੈ। ਅਤੇ ਅਜੇਹਾ ਪੁਰਸ਼ ਵਾਹਿਗੁਰੂ ਦੇ ਡਰ ਤੋਂ ਬਿਨਾਂ ਹੋ ਕੇ ਮਰਦਾ ਹੈ, ਉਹ ਕਾਲੇ ਮੂੰਹ ਵਾਲੇ ਜਮਦੂਤਾਂ ਦੇ ਨਾਲ ਉੱਠ ਕੇ ਜਾਂਦਾ ਹੈ॥ ੨ ॥

ਪਉੜੀ॥ ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗ ਮਾਣੀਐ॥

ਸਤਿਗੁਰੂ ਦਿਆਲੂ ਹੋਣ ਤਾਂ ਸ਼ਰਧਾ ਧਾਰੀ ਹੋਈ ਪੂਰਨ ਹੁੰਦੀ ਹੈ। ਸਤਿਗੁਰੂ ਦਿਆਲੂ ਹੋਣ ਤਾਂ ਕਦੇ ਭੀ ਝੁਰਦਾ ਨਹੀਂ। ਸਤਿਗੁਰੂ ਦਿਆਲੂ ਹੋਣ ਤਾ ਦੁਖਾਂ ਨੂੰ ਜਾਣਦਾ ਨਹੀਂ। ਸਤਿਗੁਰੂ ਦਿਆਲੂ ਹੋਣ ਤਾਂ ਹਰੀ ਦੇ ਰੰਗ=ਅਨੰਦ ਨੂੰ ਮਾਣੀਐ=ਭੋਗਦਾ ਹੈ।

ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥
ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥
ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ॥ ੨੫॥

ਸਤਿਗੁਰੂ ਦਿਆਲੂ ਹੋਣ ਤਾਂ ਜਮਾਂ ਦਾ ਕਾਹਦਾ ਡਰ ਹੈ ਭਾਵ ਜਮਾਂ ਦਾ ਡਰ ਨਹੀਂ ਹੁੰਦਾ।

ਸਤਿਗੁਰੂ ਦਿਆਲੂ ਹੋਣ ਤਾਂ ਦੇਹ ਨੂੰ ਹਮੇਸ਼ਾਂ ਸੁਖ ਪ੍ਰਾਪਤ ਹੁੰਦਾ ਹੈ।

ਸਤਿਗੁਰੂ ਦਿਆਲੂ ਹੋਣ ਤਾਂ ਨੌ ਨਿਧਾਂ ਪ੍ਰਾਪਤ ਹੁੰਦੀਆਂ ਹਨ।

ਸਤਿਗੁਰੂ ਦਿਆਲੂ ਹੋਣ ਤਾਂ ਸੱਚ ਸਰੂਪ ਵਿਚ ਸਮਾ ਜਾਂਦਾ ਹੈ॥ ੨੫॥

ਸਲੋਕੁ ਮਃ ੧॥

ਇਸ ਸ਼ਬਦ ਦੁਆਰਾ ਸ੍ਰੇਵੜਿਆਂ ਦੀ ਪ੍ਰਕਿਰਿਆ ਦਸਦੇ ਹਨ। ਜਿਸ ਵੇਲੇ ਸ੍ਰੇਵੜੇ ਕਿਸੇ ਨੂੰ ਆਪਣਾ ਚੇਲਾ ਬਣਾਂਦੇ ਹਨ, ਤਾਂ

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥

ਪਹਿਲਾਂ ਸਿਰ ਵਿਚ ਸੁਆਹ ਪਾ ਕੇ ਸਿਰ ਦੇ ਵਾਲ ਖੋਹਾਇ=ਖੋਂਹਦੇ ਭਾਵ ਪੁੱਟਦੇ ਹਨ, ਜੋ ਮਲ ਵਾਲਾ ਪਾਣੀ ਹੁੰਦਾ ਹੈ ਭਾਂਡਿਆਂ ਦਾ ਧੋਣ-ਧਾ ਉਸ ਨੂੰ ਪੀਂਦੇ ਹਨ, ਅਤੇ ਜੂਠੇ ਟੁਟੜੇ ਮੰਗ ਮੰਗ ਕੇ ਖਾਂਦੇ ਹਨ, ਅਰਥਾਤ ਰਸੋਈ 'ਚੋਂ ਜਦ ਕੋਈ ਪਹਿਲੇ ਛਕ ਜਾਵੇ ਤਾਂ ਪਿੱਛੋਂ ਫੁਲਕਾ ਲੈ ਕੇ ਖਾਂਦੇ ਹਨ। ਕਿਉਂਕਿ ਤਿਆਰ ਹੋਈ ਰਸੋਈ ਵਿਚੋਂ ਪਹਿਲੇ ਕੋਈ ਛਕ ਜਾਵੇ ਤੇ ਪਿਛਲੇ ਭੋਜਨ ਨੂੰ ਉਹ ਜੂਠਾ ਗਿਣਦੇ ਹਨ।

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥

ਹੱਥ ਵਿਚ ਲੱਕੜੀ ਲੈ ਕੇ ਫਦੀਹਤਿ=ਵਿਸ਼ਟਾ ਨੂੰ ਫੋਲ ਕੇ ਤਿਸ ਦੀ ਭੜਾਸ ਯਾਨੇ ਹਵਾੜ ਮੂੰਹ ਉੱਪਰ ਲੈਂਦੇ ਹਨ, ਅਤੇ ਪਾਣੀ ਨੂੰ ਦੇਖ ਕੇ ਸੰਗਦੇ ਭਾਵ (ਸੰਕੋਚ) ਕਰਦੇ ਹਨ।

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥

ਜਿਸ ਤਰ੍ਹਾਂ ਭੇਡਾਂ ਦੀ ਉੱਨ ਨੂੰ ਖੋਂਹਦੇ ਹਨ, ਤਿਸ ਦੀ ਨਿਆਂਈ ਸਿਰ ਵਿਚ ਸੁਆਹ ਪਾ ਕੇ ਸ਼ਿਸ਼ ਦੇ ਸਿਰ ਨੂੰ ਖੋਂਹਦੇ ਹਨ, ਇਸ ਕਰਕੇ ਗੁਰਾਂ ਦੇ ਹੱਥ ਸੁਆਹ ਨਾਲ ਭਰੇ ਰਹਿੰਦੇ ਹਨ।

ਗੁਰੂ ਬੋਲਦੇ ਹਨ:-ਪ੍ਰੇਮ ਚਟਾਕਾ। ਅੱਗੋ ਸ਼ਿਸ਼ ਆਖਦਾ ਹੈ:- ਅਬ ਸੁਖ ਜਾਤਾ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥

ਉਨ੍ਹਾਂ ਨੇ ਮਾਂ ਪਿਉ ਵਾਲੀ ਕਿਰਤ ਇਸ਼ਨਾਨ ਕਰਨ ਦੀ ਗਵਾ ਦਿੱਤੀ, ਅਤੇ ਇਸਤ੍ਰੀ ਪੁਤ੍ਰ ਆਦਿਕ ਟੱਬਰ ਧਾਹਾਂ ਮਾਰ ਕੇ ਰੋਂਦੇ ਹਨ।

ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥

ਉਨ੍ਹਾਂ ਸ੍ਰੇਵੜਿਆਂ ਦੇ ਮੱਤ ਵਿਚ ਨਾ ਕੋਈ ਪਿੰਡ ਭਰਾਂਦਾ ਹੈ ਨਾ ਹੀ ਬ੍ਰਾਹਮਣਾਂ ਨੂੰ ਸੱਦ ਕੇ ਪੱਤਲਾਂ ਦੇਂਦੇ ਹਨ ਨਾਹੀ ਕਿਰਿਆ ਵਗੈਰਾ ਕਰਦੇ ਹਨ, ਨਾਹੀ ਦੀਵਾ ਜਗਾਂਦੇ ਹਨ ਅਤੇ ਇਹ ਵੀ ਪਤਾ ਨਹੀਂ ਕਿ ਮਰ ਕੇ ਕਿਥਾਊ=ਕਿੱਥੇ ਪੈਂਦੇ ਹਨ।

ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥

ਅਠਾਠ ਤ੍ਰੀਰਥ ਉਸ ਨੂੰ ਢੋਈ=ਜਗ੍ਹਾ ਨਹੀਂ ਦੇਂਦੇ, ਅਤੇ ਬ੍ਰਾਹਮਣਾਂ ਦਾ ਦਿੱਤਾ ਹੋਇਆ ਅੰਨ ਉਹ ਸ੍ਰੇਵੜੇ ਨਹੀਂ ਖਾਂਦੇ। *ਅਥਵਾ:*-ਉਨ੍ਹਾਂ ਦੀ ਮਲੀਣ ਬੁੱਧੀ ਉਨ੍ਹਾਂ ਨੂੰ ਅਠਾਠ ਤੀਰਥਾਂ ਉੱਪਰ ਢੁੱਕਣ ਨਹੀਂ ਦੇਂਦੀ, ਉਨ੍ਹਾਂ ਦਾ ਅੰਨ ਬ੍ਰਾਹਮਣ ਲੋਕ ਨਹੀਂ ਖਾਂਦੇ। ਕਿਉਂਕਿ:-

ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥

ਉਹ ਦਿਨੇ ਰਾਤੀ ਹਮੇਸ਼ਾ ਕੁਚੀਲ=ਅਪਵਿੱਤਰ ਰਹਿੰਦੇ ਹਨ, ਮੱਥੇ ਉੱਪਰ ਟਿੱਕੇ ਭੀ ਨਹੀਂ ਲਗਾਂਵਦੇ।

ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥

ਨਿਤਾਪ੍ਰਤੀ ਅਰਥਾਤ ਹਮੇਸ਼ਾਂ ਹੀ ਝੁੰਡੀ=ਗੋਡਿਆਂ ਵਿਚ ਨੀਵੀਂ ਗਿੱਚੀ ਪਾ ਕੇ ਬੈਠਦੇ ਹਨ,

ਅਥਵਾ:-ਸਿਰ ਤੇ ਕੱਪੜਾ ਪਾ ਕੇ ਨਿਤਾਪ੍ਰਤੀ ਬੈਠਦੇ ਹਨ, ਜਿਵੇਂ ਕਿਸੀ ਦੇ ਮਰਨ ਕਰਕੇ ਉਸ ਦੇ ਸਨਬੰਧੀ ਨਿੰਮੋਝੂਣੇ ਹੋ ਕੇ ਬੈਠਦੇ ਹਨ। ਅੰਦਰ ਹੀ ਦੜੇ ਰਹਿੰਦੇ ਹਨ, ਸਤਸੰਗ ਰੂਪੀ ਦੀਬਾਣਿ=ਸਭਾ ਵਿਚ ਨਹੀਂ ਜਾਂਦੇ।

ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥

ਲੱਕ ਨਾਲ ਕਾਸੇ=ਕਾਠ ਦੇ ਬਰਤਨ ਬੱਧੇ ਹੋਏ ਹਨ, ਜਿਸ ਵਿਚ ਮੰਗ ਕੇ ਖਾਂਦੇ ਹਨ। ਹੱਥ ਵਿਚ ਫੁੰਮਣ (ਚੌਰ) ਫੜੇ ਹੋਏ ਹਨ, ਜੋ ਰਾਹ ਨੂੰ ਸਾਫ ਕਰਦੇ ਚਲਦੇ ਹਨ। ਅਤੇ ਇੱਕ ਦੂਜੇ ਦੇ ਅੱਗੋ ਪਿੱਛੋਂ ਹੋ ਕੇ ਜਾਂਦੇ ਹਨ। ਜਿੱਥੇ ਵੱਡਾ ਗੁਰੂ ਪਹਿਲੇ ਪੈਰ ਰੱਖੇ ਉਸੀ ਜਗ੍ਹਾ ਉੱਪਰ ਚੇਲੇ ਪੈਰ ਰੱਖਦੇ ਹਨ ਕਿਉਂਕਿ ਪੈਰਾਂ ਹੇਠ ਆ ਕੇ ਕੀੜਿਆਂ ਦੇ ਮਰਨ ਦਾ ਪਾਪ ਗੁਰੂ ਦੇ ਸਿਰ ਤੇ ਹੋਵੇ।

ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥

ਨਾ ਉਹ ਜੋਗੀ ਬਣੇ, ਨਾਹੀ ਉਹ ਜੰਗਮ ਬਣੇ, ਅਤੇ ਨਾਹੀ ਉਹ ਕਾਜ਼ੀ ਮੁੱਲਾਂ ਹੋਏ। ਕਿਉਂਕਿ ਇਸ਼ਨਾਨ ਆਦਿਕ ਸ਼ੁਭ ਕਿਰਿਆ ਦੇ ਨਾ ਕਰਨ ਨਾਲ ਇਨ੍ਹਾਂ ਸਾਰਿਆਂ ਨਾਲੋਂ ਸ੍ਰੇਵੜੇ ਨਿਉਣ ਹਨ।

ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥

ਦਯਿ=ਪ੍ਰੇਰਕ ਜੋ ਵਾਹਿਗੁਰੂ ਹੈ ਉਸ ਦੇ ਵਿਗੋਏ=ਖ਼ਰਾਬ ਕੀਤੇ ਹੋਏ, ਫਿਰਹਿ ਵਿਗੁਤੇ=ਖ਼ਰਾਬ ਹੋਏ ਫਿਰਦੇ ਹਨ, ਸਾਰਾ ਗਲਾ=ਸਮੁਦਾਇ ਹੀ ਫਿੱਟਿਆ ਫਿਰਦਾ ਹੈ, ਵਾ-ਗਲੀਆਂ ਵਿਚ ਫਿੱਟਿਆ ਫਿਰਦਾ ਹੈ। ਵਾ-ਦਯਿ=ਪ੍ਰੇਰਕ ਪ੍ਰਮੇਸ਼ਰ ਵੱਲੋਂ ਵਿਗੜ ਕੇ ਇਸ ਤਰ੍ਹਾਂ ਖ਼ਰਾਬ ਹੋਏ ਫਿਰਦੇ ਹਨ, ਜਿਸ ਤਰ੍ਹਾਂ ਊਠਾਂ ਦਾ ਗਲਾ ਫਿੱਟਿਆ ਵਤੈ=ਫਿਰਦਾ ਹੈ।

ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥

ਜੀਆਂ ਨੂੰ ਮਾਰਨ ਤੇ ਜੀਵਾਲਣ ਵਾਲਾ ਉਹ ਆਪ ਹੀ ਪ੍ਰਮੇਸ਼ਰ ਹੈ; ਉਸ ਤੋਂ ਬਿਨਾਂ ਹੋਰ ਕੋਈ ਰੱਖ ਨਹੀਂ ਸਕਦਾ।

ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥

ਦਾਨ ਦੇਣ ਵਲੋਂ ਅਤੇ ਇਸ਼ਨਾਨ ਕਰਨ ਵੱਲੋਂ ਉਹ ਵੰਜੇ=ਗਏ ਗੁਜਰੇ ਹਨ, ਜਿਸ ਪਾਣੀ ਦੀ ਉਹ ਨਿੰਦਿਆ ਕਰਦੇ ਹਨ, ਉਨ੍ਹਾਂ ਸਿਰਿ ਖੁਥੈ=ਸ੍ਵੇਵੜਿਆਂ ਦੇ ਸਿਰ ਉਤੇ ਸੁਆਹ ਹੀ ਪੈਂਦੀ ਹੈ।

ਪਾਣੀ ਵਿਉਹ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥

ਉਸ ਪਾਣੀ ਵਿਚੋਂ ਚੌਦਾਂ ਰਤਨ ਉਤਪੰਨ ਹੋਏ ਹਨ, ਜਿਸ ਵੇਲੇ ਮੇਰੁ=ਸੁਮੇਰ ਪ੍ਰਬਤ ਨੂੰ ਮਧਾਣਾ ਕੀਤਾ ਸੀ।

ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥

ਅਠਸਠਿ=ਅਠਾਹਠ (੬੮) ਤੀਰਥ ਦੇਵਤਿਆਂ ਨੇ ਅਸਥਾਪਨ ਕੀਤੇ ਹਨ, ਪੁਰਬ ਲਗਣ ਵੇਲੇ ਬਹੁਤ ਲੋਕ ਇਸ਼ਨਾਨ ਕਰਦੇ ਹਨ, ਕੌਣ ਕਹਿੰਦਾ ਹੈ ?. ਬੇਦ ਬਾਣੀ ਇਸ ਗੱਲ ਨੂੰ ਕਥਨ ਕਰਦੀ ਹੈ।

ਅਥਵਾ:-ਉਸ ਵੇਲੇ ਲੋਕ ਬਾਣੀਆਂ ਦੇ ਪਾਠ ਕਰਦੇ ਹਨ।

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥

ਇਸ਼ਨਾਨ ਕਰਕੇ ਹੀ ਨਿਵਾਜ਼ਾਂ ਦਾ ਪੜ੍ਹਨਾ, ਅਤੇ ਇਸ਼ਨਾਨ ਕਰਕੇ ਹੀ ਪੂਜਾ ਕੀਤੀ ਜਾਂਦੀ ਹੈ, ਇਸ ਕਰਕੇ ਸੁਜਾਣੀ=ਚਤੁਰ ਪੁਰਸ਼ ਤਾਂ ਸਦਾ=ਨਿਤ ਹੀ ਇਸ਼ਨਾਨ ਕਰਦੇ ਹਨ।

ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥

ਮਰਨ ਕਾਲ ਅਤੇ ਜੀਵਨ ਕਾਲ ਵਿਚ ਜੇ ਸਿਰ ਉਤੇ ਪਾਣੀ ਪਾਈਏ ਤਾਂ ਹੀ ਪਵਿੱਤ੍ਰਤਾ ਦੀ ਗਤਿ=ਪ੍ਰਾਪਤੀ ਹੁੰਦੀ ਹੈ। ਏਸੇ ਕਰਕੇ ਮੁਰਦੇ ਨੂੰ ਭੀ ਇਸ਼ਨਾਨ ਕਰਾਉਂਦੇ ਹਨ ਅਤੇ ਜੰਮਦੇ ਬੱਚੇ ਨੂੰ ਭੀ ਨੁਹਾਉਂਦੇ ਹਨ।

ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥

ਗੁਰੂ ਜੀ ਕਥਨ ਕਰਦੇ ਹਨ-ਜੇਹੜੇ ਸਿਰ ਖੁਥੇ=ਸਿਰ ਖੋਹਣ ਵਾਲੇ ਸ਼ੈਤਾਨ ਸ੍ਵੇਵੜੇ ਹਨ, ਇਨ੍ਹਾਂ ਨੂੰ ਇਹ ਇਸ਼ਨਾਨ ਕਰਨ ਵਾਲੀ ਗੱਲ ਭਾਉਂਦੀ ਨਹੀਂ ਹੈ। ਹੋਰ ਵੇਖੋ:-

ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥

ਜਲ ਦੇ ਵਰਸਦੇ ਹੋਇਆਂ ਹੀ ਬਿਲਾਵਲੁ=ਆਨੰਦ ਹੁੰਦਾ ਹੈ, ਅਤੇ ਜੀਵਾਂ ਦੇ ਜੀਊਣ ਦੀ ਜੁਗਤੀ ਭੀ ਜਲ ਦੇ ਵਿਚ ਹੀ ਸਮਾ ਰਹੀ ਹੈ। ਕਿਉਂਕਿ ਪਾਣੀ ਤੋਂ ਬਿਨਾਂ ਕੋਈ ਨਹੀ ਜਿਊ ਸਕਦਾ।

ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥

ਜਲ ਦੇ ਵਰਸਣ ਤੇ ਹੀ ਅੰਨ ਕਮਾਦੁ=ਗੰਨਾ ਅਤੇ ਕਪਾਹ ਹੁੰਦੀ ਹੈ, ਜਿਸ ਕਪਾਹ ਕਰਕੇ ਸਾਰਿਆਂ ਉੱਤੇ ਪੜਦਾ ਹੁੰਦਾ ਹੈ।

ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ॥

ਜਲ ਦੇ ਵਰਸਣ ਤੇ ਹੀ ਘਾਹ ਪੈਦਾ ਹੁੰਦਾ ਹੈ ਜਿਸ ਘਾਹ ਨੂੰ ਨਿਤਾਪ੍ਰਤੀ ਸੁਰਹੀ=ਗਊਆਂ ਚਰਦੀਆਂ ਹਨ, ਉਨ੍ਹਾਂ ਗਊਆਂ ਤੋਂ ਜੋ ਦੁੱਧ ਪੈਦਾ ਹੋਇਆ ਹੈ ਉਸ ਦੀ ਦਹੀਂ ਜਮਾ ਕੇ ਇਸਤ੍ਰੀਆਂ ਵਿਲੋਵੈ= ਮਥਦੀਆਂ ਹਨ।

ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥

ਉਸ ਤੋਂ ਮੱਖਣ ਨਿਕਲਦਾ ਹੈ, ਫਿਰ ਉਸ ਮੱਖਣ ਦਾ ਘਿਉ ਬਣਿਆ, ਤਿਤੁ ਘਿਇ=ਉਸ ਘਿਉ ਕਰਕੇ ਹੋਮ=ਹਮਨ, ਯੱਗ, ਪੂਜਾ ਵਗੈਰਾ ਸ਼ੁਭ ਕਰਮ ਹੁੰਦੇ ਹਨ, ਘਿਉ ਦੇ ਪੈਣ ਨਾਲ ਸਾਰੇ ਸੋਭਨੀਕ ਕਾਰਜ ਹੁੰਦੇ ਹਨ। ਵਾ-ਪਇਐ=ਦੁੱਧ ਦੇ ਹੋਣ ਤੇ, *ਅਥਵਾ:*-ਜਲ ਦੇ ਪੈਣ ਨਾਲ ਸਾਰੇ ਸੋਭਨੀਕ ਕਾਰਜ ਹੁੰਦੇ ਹਨ।

ਗੁਰੁ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥

ਜਿਤਨਾ ਗੁਰ ਸੇਵਾ ਦਾ ਫਲ ਹੈ ਉਤਨਾ ਸਮੁੰਦਰ ਦੇ ਇਸ਼ਨਾਨ ਦਾ ਫਲ ਹੈ, ਜਿਤਨਾ ਕੁ ਸਿੱਖੀ ਦੇ ਧਾਰਨੇ ਦਾ ਵਾ ਸਿੱਖਾਂ ਦੀ ਸੇਵਾ ਦਾ ਫਲ ਹੈ, ਉਤਨਾ ਹੀ ਨਦੀ ਦੇ ਵਿਚ ਇਸ਼ਨਾਨ ਦਾ ਫੱਲ ਹੈ। ਜਿਸ ਨ੍ਹਾਵਣ ਨਾਲ ਵਡਿਆਈ ਦੀ ਪ੍ਰਾਪਤੀ ਹੁੰਦੀ ਹੈ।

ਅਥਵਾ:-ਸਮੁੰਦਰ ਗੁਰੂ ਰੂਪ ਹੈ, ਉਸ ਦੀ ਸਿੱਖੀ ਸਾਰੀਆਂ ਨਦੀਆਂ ਹਨ, ਜਿਨ੍ਹਾਂ ਵਿਚ ਨ੍ਹਾਉਣ ਕਰਕੇ ਵਡਿਆਈ ਮਿਲਦੀ ਹੈ।

ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਜਿਹੜੇ ਸਿਰ ਖੁਥੇ=ਸ੍ਰੇਵੜੇ ਇਸ਼ਨਾਨ ਨਹੀਂ.ਕਰਦੇ ਤਾਂ ਉਨ੍ਹਾਂ ਦੇ ਸਿਰ ਵਿਚ ਸੱਤ ਨਾਨਕਿਆਂ ਦੀਆਂ ਸੱਤ ਦਾਦਕਿਆਂ ਦੀਆਂ ਚੁਟਕੀਆਂ ਸੁਆਹ ਦੀਆਂ ਪਾ ਦਿਓ, ਵਾ-ਚੱਟਾ ਉਸ ਨੂੰ ਕਹਿੰਦੇ ਹਨ ਜਿਸ ਨਾਲ ਮਲਾਹ ਬੇੜੀ ਵਿਚ ਪਾਣੀ ਪੈ ਜਾਣ ਤੇ ਕੱਢਦੇ ਹਨ, ਐਸਾ ਸਤ=ਸੌ ਚੱਟਾ ਭਰ ਕੇ ਵਾ ਸੌ ਕਲਾਵਾ ਭਰ ਕੇ ਸੁਆਹ ਦਾ ਉਸ ਦੇ ਸਿਰ ਉੱਪਰ ਪਾਵੇ ਜੋ ਵਿਚੇ ਹੀ ਦੱਬਿਆ ਜਾਵੇ॥ ੧॥

ਮਃ ੨॥

ਉਥਾਨਕਾ-ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ੍ਰੇਵੜੇ ਨਾਲ ਜੋ ਚਰਚਾ ਹੋਈ ਸੀ ਉਸ ਨੇ ਆਪਣਾ ਪ੍ਰਭਾਵ ਗੁਰੂ ਨਾਨਕ ਦੇਵ ਜੀ ਉੱਤੇ ਪਾ ਲਿਆ ਹੋਵੇਗਾ ? *ਉੱਤਰ:-*

ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ॥

ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ॥

ਅੱਗ ਨੂੰ ਪਾਲਾ ਕੀ ਕਰ ਸਕਦਾ ਹੈ, ਅਤੇ ਸੂਰਜ ਨੂੰ ਰਾਤ ਕੀ ਕਰ ਸਕਦੀ ਹੈ। ਚੰਦ੍ਰਮਾ ਦਾ ਹਨੇਰਾ ਕੀ ਵਿਗਾੜ ਸਕਦਾ ਹੈ,ਅਤੇ ਪੌਣ ਪਾਣੀ ਦਾ ਜਾਤੀ ਅਜਾਤੀ ਕੀ ਵਿਗਾੜ ਕਰ ਸਕਦੀ ਹੈ ਅਰਥਾਤ ਨੀਚ ਉੱਚ ਜਾਤੀ ਕਰਕੇ ਪੌਣ ਪਾਣੀ ਚੰਗੇ ਮੰਦੇ ਨਹੀਂ ਹੁੰਦੇ।

ਧਰਤੀ ਚੀਜਾਂ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ॥
ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ॥ ੨॥

ਧਰਤੀ ਨੂੰ ਚੀਜ਼ਾਂ ਕੀ ਕਰ ਸਕਦੀਆਂ ਹਨ, ਅਰਥਾਤ ਕੀ ਦਬਾ ਸਕਦੀਆਂ ਹਨ, ਜਿਸ ਧਰਤੀ ਵਿਚ ਸਭ ਕੁਝ ਪੈਦਾ ਹੋ ਰਿਹਾ ਹੈ, ਅਰਥਾਤ ਜਿਵੇਂ ਚੀਜ਼ਾਂ ਧਰਤੀ ਨੂੰ ਨਹੀਂ ਦਬਾ ਸਕਦੀਆਂ, ਤਿਵੇਂ ਸ੍ਰੇਵੜਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਹੀਂ ਦਬਾ ਸਕਿਆ। ਗੁਰੂ ਜੀ ਕਥਨ ਕਰਦੇ ਹਨ-ਇਸ ਦੀ ਪੱਤ ਅਬਰੋ ਤਾਂ ਹੀ ਜਾਣੀ ਜਾਂਦੀ ਹੈ ਜਾਂ ਉਹ ਪ੍ਰਭੂ ਆਪ ਇਸ ਦੀ ਇੱਜ਼ਤ ਰੱਖਣਾ ਕਰੇ॥ ੨॥

ਪਉੜੀ॥ ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ॥
ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ॥

ਹੇ ਸੁਬਹਾਨੁ=ਅਸਚਰਜ ਰੂਪ ਸੱਚੇ ! ਮੈਂ ਸਦਾ ਹੀ ਤੇਰਾ ਕਲਾਣਿਆ=ਜਸ ਉਚਾਰਦਾ ਹਾਂ। ਤੂੰ ਹੀ ਮੇਰਾ ਸੱਚਾ ਦੀਬਾਣੁ=ਆਸਰਾ ਹੈਂ, ਕਿਉਂਕਿ ਤੈਥੋਂ ਬਿਨਾਂ ਹੋਰ ਸਭ ਆਉਣ ਜਾਣ ਵਾਲੇ ਹਨ।

ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ॥
ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ॥

ਜਿਹੜਾ ਸੱਚ ਨਾਮ ਦਾ ਦਾਨ ਮੰਗਦਾ ਹੈ ਉਹ ਤੇਰੇ ਵਰਗਾ ਹੀ ਹੈ। ਕਿਉਂਕਿ ਤੇਰਾ ਸੱਚਾ ਹੁਕਮ ਗੁਰਾਂ ਦੇ ਸ਼ਬਦ ਕਰਕੇ ਸੋਭਦਾ ਹੈ।

ਅਥਵਾ:-ਸੋਭਨੀਕ ਗੁਰਾਂ ਦੇ ਸ਼ਬਦ ਕਰਕੇ ਤੇਰਾ ਸੱਚਾ ਹੁਕਮ ਮੰਨਿਆ ਜਾਂਦਾ ਹੈ।

ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ॥
ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ॥

ਗਿਆਨ ਧਿਆਨ ਦਾ ਮੰਨਣ ਕਰਨਾ ਗੁਰਮੁਖਾਂ ਨੇ ਤੇਰੇ ਪਾਸੋਂ ਹੀ ਪਾਇਆ ਹੈ। ਤੇਰੀ ਕਿਰਪਾ ਦੀ ਨਿਸ਼ਾਨੀ ਪੈ ਜਾਵੇ, ਤਾਂ ਕਿਸੇ ਦਾ ਨ ਚਲੈ ਚਲਾਇਆ=ਹਟਾਇਆ ਹੋਇਆ ਗਿਆਨ ਧਿਆਨ ਹਟ ਨਹੀਂ ਸਕਦਾ।

ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ॥
ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ॥ ੨੬॥

ਹੇ ਵਾਹਿਗੁਰੂ ! ਤੂੰ ਸੱਚਾ ਦਾਤਾ ਹੈਂ, ਜਿਸ ਨੂੰ ਨਾਮ ਦੀ ਦਾਤ ਦੇਂਦਾ ਹੈਂ ਉਸ ਦਾ ਜਸ ਨਿਤਾਪ੍ਰਤੀ ਸਵਾਏ ਤੋਂ ਸਵਾਇਆ ਚੜ੍ਹਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਹੇ ਵਾਹਿਗੁਰੂ ! ਮੈਂ ਆਪ ਜੀ ਪਾਸੋਂ ਇਕ ਦਾਨ ਮੰਗਦਾ ਹਾਂ, ਜੋ ਆਪ ਜੀ ਨੂੰ ਭਾਂਦਾ ਹੈ ਉਹ ਦਾਨ ਦੇਣਾ ਕਰੋ॥ ੨੬॥

ਸਲੋਕ ਮਃ ੨ ॥

ਉਥਾਨਕਾ:-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਸਿੱਧਾਂ ਨੇ ਵਿਚਾਰਿਆ ਕਿ ਗੁਰੂ ਨਾਨਕ ਦੇਵ ਜੀ ਤਾਂ ਅਸਾਡੇ ਸ਼ਿਸ਼ ਨਹੀਂ ਬਣੇ ਹੁਣ ਉਨ੍ਹਾਂ ਦੇ ਚੇਲੇ ਨੂੰ ਆਪਣਾ ਸ਼ਿਸ਼ ਬਣਾ ਲਈਏ । ਇਹ ਮਤਾ ਪਾਸ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਆ ਕੇ ਕਿਹਾ-ਤੁਸੀਂ ਅਸਾਡਾ ਉਪਦੇਸ਼ ਅੰਗੀਕਾਰ ਕਰੋ ਤਾਂ ਜੋ ਚਾਹੋਗੇ ਪ੍ਰਾਪਤ ਹੋਵੇਗਾ ਅਤੇ ਰਿੱਧੀਆਂ ਸਿੱਧੀਆਂ ਮਿਲਣਗੀਆਂ। ਇਹ ਗੱਲ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ:-ਅਸਾਨੂੰ-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ-

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥ ੧ ॥

ਦੀਖਿਆ=ਸਿੱਖਿਆ ਨੂੰ ਆਖ ਕੇ ਸਮਝਾਇਆ ਹੈ। ਜੋ ਸ੍ਰੀ ਗੁਰੂ ਨਾਨਕ ਦੇਵ ਜੀ ਸਚਿ=ਨਿਸਚੇ ਕਰਕੇ ਸੱਚੇ ਸਿਫਤੀ=ਪ੍ਰਮੇਸ਼ਰ ਵਿਚ ਸਮਾਏ ਹੋਏ ਹਨ। ਤਿਨ ਕਉ=ਤਿਸ ਹਮਾਰੇ ਕੋ ਕੀ ਉਪਦੇਸ਼ ਦੇਂਦੇ ਹੋ। ਜਿਸਦੇ ਅਰਥਾਤ ਮੇਰੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹਨ॥ ੧ ॥ ਇਹ ਗ਼ੱਲ ਸੁਣ ਕੇ ਸਿੱਧਾਂ ਨੇ ਵਿਚਾਰਿਆ ਇਹ ਤਾਂ ਓਹੀ ਸਰੂਪ ਹਨ, ਇਨ੍ਹਾਂ ਨੇ ਅਸਾਡਾ ਉਪਦੇਸ਼ ਕਿਵੇਂ ਗ੍ਰਹਿਣ ਕਰਨਾ ਹੈ। ਇਹ ਗੱਲ ਵਿਚਾਰ ਕੇ ਵਾਪਸ ਚਲੇ ਗਏ॥ ੧ ॥

ਅਥਵਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ ਤਾਂ ਭਾਈ ਬਾਲਾ ਪਾਸ ਨਹੀ ਸੀ ਕਿਉਂਕਿ ਜਿਸ ਵੇਲੇ ਸਾਰੀ ਦੁਨੀਆਂ ਦਾ ਚੱਕਰ ਲਗਾ ਕੇ ਗੁਰੂ ਸਾਹਿਬ ਜੀ ਕਰਤਾਰਪੁਰ ਆ ਕੇ ਬਿਰਾਜੇ ਹਨ, ਤਦ ਤੋਂ ਭਾਈ ਬਾਲਾ ਤਲਵੰਡੀ ਜਾ ਟਿਕਿਆ ਸੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਜਦ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸੰਗਤਾਂ ਦੀਆਂ ਇੱਛਾਂ ਪੂਰੀਆਂ ਕਰਦੇ ਰਹੇ ਤਾਂ ਭਾਈ ਬਾਲੇ ਨੇ ਇਨ੍ਹਾਂ ਦੀ ਭਾਰੀ ਸਿਫਤ ਸੁਣ ਕੇ ਦਰਸ਼ਨ ਕਰਨ ਦੀ ਇੱਛਾ ਕੀਤੀ, ਜਦ ਟੁਰ ਕੇ ਖਡੂਰ ਸਾਹਿਬ ਆ ਪਹੁੰਚੇ ਤਾਂ ਹਜ਼ੂਰ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ ਕਿ ਅਸਾਨੂੰ ਵੀ ਕੁਝ ਉਪਦੇਸ਼ ਦੇਣਾ ਕਰੋ, ਇਹ ਗੱਲ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ:-

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧ ॥

ਹੇ ਭਾਈ ਬਾਲੇ ! ਸੱਚੇ ਸਿਫਤੀ=ਪ੍ਰਮਾਤਮਾ ਵਿਚ ਸਮਾਏ ਹੋਏ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਨੇ ਆਪ ਆਪਣੇ ਮੁਖ ਦੁਆਰਾ ਸਿੱਖਿਆ ਨੂੰ ਆਖ ਕੇ ਤੁਹਾਨੂੰ ਸਮਝਾਇਆ ਹੈ। ਤਿਨ ਕਉ=ਤਿਸ ਤੇਰੇ ਕੋ ਅਸੀਂ ਕੀ ਉਪਦੇਸ਼ ਦੇਣਾ ਕਰੀਏ, ਜਿਸ ਤੇਰੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹਨ॥ ੧ ॥

ਮਃ ੧ ॥ ਆਪਿ ਬੁਝਾਏ ਸੋਈ ਬੂਝੈ ॥
ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥
ਕਹਿ ਕਹਿ ਕਥਨਾ ਮਾਇਆ ਲੂਝੈ ॥

ਜਿਸ ਨੂੰ ਵਾਹਿਗੁਰੂ ਆਪ ਸਮਝਾਂਦਾ ਹੈ, ਓਹੀ ਪੁਰਸ਼ ਚੰਗੇ ਮੰਦੇ ਖਿਆਲਾਂ ਨੂੰ ਬੁੱਝਦਾ ਹੈ। ਜਿਸ ਨੂੰ ਵਾਹਿਗੁਰੂ ਆਪ ਸੂਝ ਕਰਾਉਂਦਾ ਹੈ, ਉਸ ਨੂੰ ਧਰਮ, ਅਧਰਮ (ਸੱਤ, ਅਸੱਤ) ਸਭ ਕੁਝ ਸੁੱਝਦਾ ਹੈ। ਉਸ ਦੀ ਮਿਹਰ ਤੋਂ ਬਿਨਾਂ ਕਥਾ ਨੂੰ ਕਹਿ ਕਹਿ ਕੇ ਮਾਇਆ ਵਾਸਤੇ ਲੂਝੈ=ਲੜਨਾ,

ਅਥਵਾ:-ਝਗੜਣਾ ਕਰਦਾ ਹੈ।

ਹੁਕਮੀ ਸਗਲ ਕਰੇ ਆਕਾਰ॥ ਆਪੇ ਜਾਣੈ ਸਰਬ ਵੀਚਾਰ॥

ਹੁਕਮੀ=ਪ੍ਰਮਾਤਮਾ ਨੇ ਆਪ ਹੀ ਸਾਰੇ ਆਕਾਰ=ਸਰੀਰ ਪੈਦਾ ਕੀਤੇ ਹਨ। ਅਤੇ ਆਪ ਹੀ ਸਾਰਿਆਂ ਦੇ ਵਿਚਾਰ ਨੂੰ ਜਾਣਦਾ ਹੈ।

ਅਖਰ ਨਾਨਕ ਅਖਿਓ ਆਪਿ॥
ਲਹੈ ਭਰਾਤਿ ਹੋਵੈ ਜਿਸੁ ਦਾਤਿ॥ ੨॥

ਗੁਰੂ ਜੀ ਕਥਨ ਕਰਦੇ ਹਨ-ਨਾਮ ਰੂਪ ਅੱਖਰ ਨੂੰ ਉਸ ਨੇ ਆਪ ਹੀ ਅਖਿਓ=ਆਖਿਆ (ਕਥਨ) ਕੀਤਾ ਹੈ। ਜਿਸ ਨੂੰ ਗੁਰਾਂ ਦੁਆਰੇ ਨਾਮ ਰੂਪ ਅੱਖਰ ਦੀ ਦਾਤ ਪ੍ਰਾਪਤ ਹੋਈ ਹੈ ਉਸ ਦੀ ਭ੍ਰਾਂਤੀ ਲਹਿ ਜਾਂਦੀ ਹੈ॥ ੨॥

ਪਉੜੀ॥ ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥

ਮੈਂ ਢਾਢੀ ਵਾਰ ਦੇ ਕਰਨ ਵਾਲਾ ਪਹਿਲੇ ਵੇਹਲਾ ਹੋਣ ਕਰਕੇ ਬੇਕਾਰ ਸੀ, ਪ੍ਰੰਤੂ ਗੁਰਾਂ ਨੇ ਕਿਰਪਾ ਕਰਕੇ ਮੈਨੂੰ ਭਗਤੀ ਰੂਪੀ ਕਾਰ ਵਿਚ ਲਗਾ ਦਿੱਤਾ ਹੈ। ਮੈਨੂੰ ਮੁੱਢ ਤੋਂ ਇਹ ਹੁਕਮ ਫੁਰਮਾ ਦਿੱਤਾ ਹੈ ਕਿ ਹੇ ਢਾਢੀ ! ਹੁਣ ਨੂੰ ਰਾਤ ਦਿਨੇ ਮੇਰਾ ਵਾਰੁ=ਜਸ ਉਚਾਰਨ ਕੀਤੀ ਜਾ।

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥

ਖਸਮਿ=ਮਾਲਕ ਪ੍ਰਮਾਤਮਾ ਨੇ ਮੈਂ ਢਾਢੀ ਨੂੰ ਸੱਚੇ ਮਹਲਿ=ਸਰੂਪ ਵਿਚ ਬੁਲਾ ਲਿਆ ਹੈ। ਸੱਚੀ ਸਿਫਤ ਦਾ ਸਲਾਹੁਣਾ ਰੂਪੀ ਕੱਪੜਾ ਅਰਥਾਤ ਸਿਰੋਪਾ ਮੈਂ ਨੇ ਪਾਇਆ ਹੈ।

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥

ਸੱਚਾ ਨਾਮ ਰੂਪੀ ਅੰਮ੍ਰਿਤ ਭੋਜਨ ਮੇਰੇ ਖਾਣ ਲਈ ਆਇਆ ਹੈ। ਜਿਸ ਗੁਰਮਤੀਏ ਨੇ ਗੁਰਸਿੱਖਿਆ ਦੁਆਰੇ ਇਸ ਨਾਮ ਅੰਮ੍ਰਿਤ ਭੋਜਨ ਨੂੰ ਰੱਜ ਕੇ ਖਾਧਾ ਹੈ, ਓਸੇ ਨੇ ਸੁਖ ਪਾਇਆ ਹੈ।

ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥ ੨੭॥

ਜਿਸ ਵੇਲੇ ਮੈਂ ਢਾਢੀ ਉਤੇ ਪਸਾਉ=ਕ੍ਰਿਪਾ ਦ੍ਰਿਸ਼ਟੀ ਕੀਤੀ, ਤਾਂ ਪ੍ਰਤੱਖ ਸ਼ਬਦ ਨੂੰ, ਅਥਵਾ:-ਸਬਦੁ=ਬ੍ਰਹਮ ਨੂੰ ਉਚਾਰਨਾ ਕੀਤਾ। ਗੁਰੂ ਜੀ ਕਥਨ ਕਰਦੇ ਹਨ-ਸੱਚ ਨਾਮ ਨੂੰ ਸਲਾਹ ਕੇ ਮੈਂ ਨੇ ਪੂਰਾ ਗਿਆਨ ਪਾਇਆ ਹੈ॥ ੨੭॥

ਸੁਧੁ=ਏਹ ਵਾਰ ਬਿਲਕੁਲ ਸ਼ੁਧ ਹੈ ਆਪਣੇ ਆਪ ਕੋਈ ਅੱਖਰ ਅੱਗੇ ਪਿੱਛੇ ਨਹੀਂ ਕਰਨਾ॥

ਸਿਰੀਰਾਗੁ ਵਿਚ ਆਈ ਬਾਣੀ ਦਾ ਵੇਰਵਾ ਤੇ ਗਿਣਤੀ

ਸ਼ਬਦਾਂ ਦੀ ਗਿਣਤੀ

ਮਹਲਾ ੧ ਦੇ ਸ਼ਬਦ	੩੩
ਮਹਲਾ ੩ ਦੇ ਸ਼ਬਦ	੩੧
ਮਹਲਾ ੪ ਦੇ ਸ਼ਬਦ	੬
ਮਹਲਾ ੫ ਦੇ ਸ਼ਬਦ	੩੦
ਮਹਲਾ ੧ ਦੀਆਂ ਅਸਟਪਦੀਆਂ	੧੭
ਮਹਲਾ ੩ ਦੀਆਂ ਅਸਟਪਦੀਆਂ	੮
ਮਹਲਾ ੫ ਦੀਆਂ ਅਸਟਪਦੀਆਂ	੨
ਮਹਲਾ ੧ ਦੀ ਛਿੰਝ	੧
ਮਹਲਾ ੫ ਦੀ ਛਿੰਝ	੧
ਮਹਲਾ ੧ ਦੇ ਪਹਿਰੇ	੨
ਮਹਲਾ ੪ ਦਾ ਪਹਿਰਾ	੧
ਮਹਲਾ ੫ ਦਾ ਪਹਿਰਾ	੧
ਮਹਲਾ ੪ ਦਾ ਛੰਤ	੧
ਮਹਲਾ ੫ ਦੇ ਛੰਤ	੬
ਮਹਲਾ ੪ ਦਾ ਵਣਜਾਰਾ	੧
(ਸਿਰੀਰਾਗੁ ਦੀ) ਵਾਰ ਦੇ ਸਲੋਕ	੨੧
ਵਾਰ ਦੇ ਮਹਲੇ	੨੨
ਵਾਰ ਦੀਆਂ ਪਉੜੀਆਂ	੨੧
(ਭਗਤ ਬਾਣੀ) ਕਬੀਰ ਜੀ ਦੇ ਸ਼ਬਦ	੨
ਤ੍ਰਿਲੋਜਨ ਜੀ ਦਾ ਸ਼ਬਦ	੧
ਬੇਣੀ ਜੀ ਦਾ ਸ਼ਬਦ	੧
ਰਵਿਦਾਸ ਜੀ ਦਾ ਸ਼ਬਦ	੧
ਜੋੜ:- ੨੧੦	

ਮਾਝ ਰਾਗੁ ਵਿਚ ਆਈ ਬਾਣੀ ਦਾ ਵੇਰਵਾ ਤੇ ਗਿਣਤੀ

ਸ਼ਬਦਾਂ ਦੀ ਗਿਣਤੀ

ਮਹਲਾ ੪ ਦੇ ਸ਼ਬਦ	੭
ਮਹਲਾ ੫ ਦੇ ਸ਼ਬਦ	੪੩
ਮਹਲਾ ੧ ਦੀ ਅਸਟਪਦੀ	੧
ਮਹਲਾ ੩ ਦੀਆਂ ਅਸਟਪਦੀਆਂ	੩੨
ਮਹਲਾ ੪ ਦੀ ਅਸਟਪਦੀ	੧
ਮਹਲਾ ੫ ਦੀਆਂ ਅਸਟਪਦੀਆਂ	੫
ਬਾਰਹ ਮਾਂਹ ਦੀਆਂ ਪੌੜੀਆਂ	੧੪
ਮਹਲਾ ੪ ਦੇ ਦਿਨ ਰੈਣਿ	੧
ਮਾਝ ਦੀ ਵਾਰ ਦੇ ਸਲੋਕ	੨੭
ਵਾਰ ਦੇ ਮਹਲੇ	੩੬
ਵਾਰ ਦੀਆਂ ਪੌੜੀਆਂ	੨੭
ਜੋੜ:- ੧੬੪	

ਇਸ ਰਾਗ ਵਿਚ ਭਗਤਾਂ ਦੀ ਬਾਣੀ ਨਹੀਂ ਹੈ।

ਅੰਤਮ ਪ੍ਰਾਰਥਨਾ-

ਗੁਰਬਾਣੀ ਦੇ ਗਿਆਤਾ ਮਹਾਨ ਵਿੱਦਿਵਾਨਾਂ ਮਹਾਂ ਪੁਰਸ਼ਾਂ ਗੁਣੀ ਜਨਾਂ ਦੇ ਅੱਗੇ ਦਾਸ ਦੀ ਦੋ ਹੱਥ ਜੋੜ ਕੇ ਬੜੀ ਨਿੰਮ੍ਰਤਾ ਸਹਿਤ ਬੇਨਤੀ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਦਾ ਸਦਕਾ ਅਤੇ ਸੰਗਤਾਂ ਦੀ ਪ੍ਰੇਰਨਾਂ ਨਾਲ ਦਾਸ ਨੇ ਇਸ ਸਿਰੀਰਾਗੁ ਤੇ ਮਾਝ ਰਾਗੁ ਦੇ ਟੀਕੇ ਲਿਖਣ ਤੇ ਛਪਵਾਉਣ ਦੀ ਤੁੱਛ ਜਿਹੀ ਸੇਵਾ ਕੀਤੀ ਹੈ। ਇਸ ਵਿਚ ਪਾਠਕ ਜਨ ਜਿੱਥੇ ਕਿਸੀ ਜਗ੍ਹਾ ਉਪਰ ਤ੍ਰੁਟੀ ਜਾਂ ਗਲਤੀ ਦੇਖਣ, ਦੇਖ ਕੇ ਖਿਮਾਂ ਕਰਦੇ ਹੋਏ ਦਾਸ ਦੇ ਤਾਈਂ ਸੂਚਨਾ ਦੇਣ ਕੀ ਕ੍ਰਿਪਾਲਤਾ ਕਰਨ ਤਾਂ ਜੋ ਅਗੋਂ ਵਾਸਤੇ ਗਲਤੀ ਠੀਕ ਹੋ ਜਾਵੇ।

ਗੁਰੂ ਪੰਥ ਦਾ ਦਾਸ-ਗਿਆਨੀ ਕਿਰਪਾਲ ਸਿੰਘ

ਬਜ਼ਾਰ ਸਤੋ ਵਾਲਾ, ਨਿਮਕ ਮੰਡੀ, ਅੰਮ੍ਰਿਤਸਰ।

ਗੁਰਬਾਣੀ ਸੰਪ੍ਰਦਾਈ ਸ਼੍ਰੋਮਣੀ ਟਕਸਾਲ ਦੇ ਮੁਕਟਿ ਮਣਿ ਮਹਾਨ ਵਿਦਿਵਾਨ

ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ

ਦੀ ਸੋਲ੍ਹਵੀ ਬਰਸੀ ਤੇ ੧੬-੧੦-੨੦ ਸ਼ਨੀਵਾਰ ਕੱਤਕ ੧ ਸੰਮਤ ੨੦੨੭ ਨੂੰ ਡੇਰੇ ਵਿਖੇ ਇਹ ਕਵਿਤਾ ਪੜ੍ਹੀ ਗਈ ਸੀ।

ਦਿਲ ਵਿਚ ਦਰਦ, ਹਿੰਮਤ, ਸੇਵਾ, ਤਿਆਗ ਪਾ ਕੇ, ਘੜਿਆ ਰੱਬ ਪੁਤਲਾ ਪਰਉਪਕਾਰ ਦਾ ਸੀ।
ਸਦਾ ਸਿਮਰਨ ਦੇ ਵਿਚ ਮਖਮੂਰ ਰਹਿੰਦਾ, ਮੂੰਹੋਂ ਸਤਿ ਕਰਤਾਰ ਉਚਾਰਦਾ ਸੀ।
ਲਾਉਂਦਾ ਤਾਰੀਆਂ ਸਿਦਕ ਦੀ ਗੰਗ ਅੰਦਰ, ਸੱਚਾ ਪਿਆਰ ਦਿਲ 'ਚੋਂ ਠਾਠਾਂ ਮਾਰਦਾ ਸੀ।
ਤੁਕਿਆ ਰਹਿੰਦਾ ਸੀ ਮਾਹੀ ਦੇ ਦਰ ਉੱਤੇ, ਭੁੱਖਾ ਭੌਰ ਇਕ ਓਹਦੇ ਦੀਦਾਰ ਦਾ ਸੀ।
ਮਾਨ ਉਸ ਦਾ ਸਦਾ ਨਿਰਮਾਨ ਹੋ ਕੇ, ਨਾਨਕ ਗੁਰੂ ਦੇ ਚਰਨਾਂ 'ਚ ਵੱਸਦਾ ਸੀ।
ਫਸੇ ਭਰਮਾਂ ਦੇ ਜਾਲ ਵਿਚ ਬੰਦਿਆਂ ਨੂੰ, ਰਸਤਾ ਸਤਿਗੁਰ ਦੇ ਮਿਲਣ ਦਾ ਦੱਸਦਾ ਸੀ।
ਉਹ ਸੀ ਸੂਰਜ ਗਿਆਨ ਦਾ ਜੱਗ ਅੰਦਰ, ਕਿਰਨਾਂ ਜਿਨ੍ਹੇ ਚੁਫੇਰੇ ਖਿਲਾਰ ਦਿੱਤੀਆਂ।
ਉਹ ਇਕ ਚੰਦਨ ਦਾ ਬੂਟਾ ਸੀ ਮਹਿਕ ਭਰਿਆ, ਜਿੰਨੇ ਮਹਿਕ ਦੇ ਆਤਮਾਂ ਠਾਰ ਦਿੱਤੀਆਂ।
ਉਹ ਇਕ ਪਾਰਸ ਸੀ, ਜਿਸ ਦੀ ਪਿਆਰ ਛੋਹ ਨੇ, ਲੱਖਾਂ ਡੁਬਦੀਆਂ ਕਿਸਮਤਾਂ ਤਾਰ ਦਿੱਤੀਆਂ ।
ਉਹ ਇਕ ਸੋਮਾਂ ਸੀ ਪਿਆਰ ਦਾ ਜਿਸ ਰੂਹਾਂ, ਸੇਵਾ ਸਿਮਰਨ ਦੇ ਨਾਲ ਸ਼ਿੰਗਾਰ ਦਿੱਤੀਆਂ।
ਅੱਠੇ ਪਹਿਰ ਕਰਤਾਰ ਨੂੰ ਯਾਦ ਕਰਨਾ, ਇਹੋ ਕੰਮ ਉਸ ਸੱਚੇ ਵਪਾਰੀ ਦਾ ਸੀ।
ਦਾਤਾਂ ਜੱਗ ਨੂੰ ਅਮੁੱਲੀਆਂ ਬਖਸ਼ਦਾ ਸੀ, ਬਣ ਕੇ ਮੋਦੀ ਉਹ ਨਾਨਕ ਨਿਰੰਕਾਰੀ ਦਾ ਸੀ।
ਸਦਾ ਗੁਰਮੱਤ ਦਾ ਓਸ ਪਰਚਾਰ ਕੀਤਾ, ਅਰਥ ਬਾਣੀ ਦੇ ਠੀਕ ਸਮਝਾਏ ਉਸ ਨੇ।
ਚਮਕ ਰਹੇ ਨੇ ਤਾਰਿਆਂ ਵਾਂਗ ਜੱਗ ਤੇ, ਜੋ ਵਿਦਿਵਾਨ ਮਹਾਨ ਬਣਾਏ ਉਸ ਨੇ।
ਹੋਇਆ ਦੂਰ ਹਨੇਰ ਅਗਿਆਨਤਾ ਦਾ, ਜਿਥੇ ਗਿਆਨ ਦੇ ਦੀਵੇ ਜਗਾਏ ਉਸ ਨੇ।
ਆਦਿ ਗੁਰੂ ਗਰੰਥ ਦੇ ਸੱਠ ਵਾਰੀ, ਭੋਗ ਅਰਥਾਂ ਸਮੇਤ ਸੀ ਪਾਏ ਉਸ ਨੇ।
ਧੁਰੋਂ ਰੱਬ ਨੇ ਆਖ ਕੇ ਘਲਿਆ ਸੀ, ਤਾਰੋ ਜੱਗ ਨੂੰ, ਗਿਆਨੀ ਅਮੀਰ ਸਿੰਘ ਜੀ।
ਸੜਦਾ ਪਿਆ ਜੇ ਹਉਮੈ ਦੀ ਅੱਗ ਅੰਦਰ, ਠਾਰੋ ਜੱਗ ਨੂੰ, ਗਿਆਨੀ ਅਮੀਰ ਸਿੰਘ ਜੀ।
ਦੇਵਾਂ ਕਿਸ ਦੇ ਨਾਲ ਤਸ਼ਬੀਹ ਉਸ ਨੂੰ, ਉਸ ਨੂੰ ਚੰਦ ਆਖਾਂ, ਜਾਂ ਕਿ ਭਾਨ ਆਖਾਂ।
ਕੀਤੀ ਕਿਰਪਾ ਹੈ ਜਿਸ ਕਿਰਪਾਲ ਸਿੰਘ ਤੇ, ਸਿੱਖ ਪੰਥ ਦੀ ਓਸ ਨੂੰ ਸ਼ਾਨ ਆਖਾਂ।
ਫੁੱਲਾਂ ਵਾਂਗ ਜੋ ਵੰਡਦਾ ਰਿਹਾ ਮਹਿਕਾਂ, ਓਹਨੂੰ ਫੁੱਲ ਆਖਾਂ ਕਿ ਮੁਸਕਾਨ ਆਖਾਂ।
ਪਰਉਪਕਾਰੀ ਆਖਾਂ, ਜਾਂ ਹਿਤਕਾਰੀ ਆਖਾਂ, ਗਿਆਨ-ਦਾਤਾ ਆਖਾਂ, ਕਿ ਵਿਦਿਵਾਨ ਆਖਾਂ।
ਉਹ ਸਮਾ ਗਿਆ ਸੰਗਤ ਦੇ ਦਿਲਾਂ ਅੰਦਰ, ਐਵੇਂ ਕਹਿਣ ਲੋਕੀ ਉਹ ਸਮਾ ਗਿਆ ਏ।
ਚੰਦ ਵਾਂਗਰਾਂ ਸਾਰੇ ਸੰਸਾਰ ਉਤੇ, ਏਸ ਡੇਰੇ ਦਾ ਨਾਂ ਚਮਕਾ ਗਿਆ ਏ।
ਪਾਠੰ, ਪਾਠ ਦਾ ਓਸ ਪੜ੍ਹਾਇਆ ਸਾਨੂੰ, ਭੁਲੇ ਕਿਸ ਤਰ੍ਹਾਂ ਭਲਾ ਅਹਿਸਾਨ ਓਹਦਾ।
ਸੇਵਾ ਸਿਮਰਨ ਤੇ ਸੱਤ ਸੰਤੋਖ ਵਾਲਾ, ਝੁਲਦਾ ਅਜੇ ਤਕ ਪਿਆ ਨਿਸ਼ਾਨ ਓਹਦਾ।
ਡਲ੍ਹਕਾਂ ਮਾਰਦਾ ਤਾਰੇ ਧਰੂ ਵਾਂਗੂੰ, ਦਿੱਤਾ ਜੀਵਾਂ ਨੂੰ ਆਤਮ-ਗਿਆਨ ਓਹਦਾ।
ਚੜ੍ਹਦਾ ਗਿਆਨ ਦਾ ਰੰਗ ਹੈ ਆਤਮਾਂ ਨੂੰ, ਲੈਂਦੀ ਨਾਂ ਹੈ ਜਦੋਂ ਜ਼ਬਾਨ ਓਹਦਾ।
ਓਹਦਾ ਰੂਪ ਬਣ ਸੰਤ ਕਿਰਪਾਲ ਸਿੰਘ ਜੀ, ਓਦਾਂ ਵਿਦਿਆ ਦਾ ਕਰ ਪਰਚਾਰ ਰਹੇ ਨੇ।
'ਤੇਗ' ਨਾਮ ਬਾਣੀ ਵਾਲੇ ਮਾਰ ਛੱਟੇ, ਲੱਖਾਂ ਜੀਵਾਂ ਦੀ ਆਤਮਾਂ ਠਾਰ ਰਹੇ ਨੇ।

(ਬਲਵੰਤ ਸਿੰਘ 'ਤੇਗ' ਅੰਮ੍ਰਿਤਸਰ)

ੴ ਸਤਿਗੁਰ ਪ੍ਰਸਾਦਿ ॥

ਆਦਿ


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਭਾਗ ਤੀਜਾ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੰਵਕੁ ਕਢੈ ਖੋਤਿ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਤੀਸਰੀ

ਸੰਪੂਰਣ ਗਉੜੀ ਰਾਗੁ

ਜਿਸ ਵਿਚ-ਬਾਵਨ ਅਖਰੀ, ਸ੍ਰੀ ਸੁਖਮਨੀ ਸਾਹਿਬ ਜੀ ਦੀਆਂ ਸਾਖੀਆਂ,
ਉਥਾਨਕਾਂ, ਪ੍ਰਮਾਣਾਂ ਸਹਿਤ ਦਰਜ ਹਨ।

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ਸ੍ਰੀ ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਖੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਸ਼, ਸ਼੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-128-2
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
(1200) ਪਹਿਲੀ ਵਾਰ 1972
(1000) ਗਿਆਰ੍ਹਵੀਂ ਵਾਰ : ਫਰਵਰੀ 2009
(1000) ਬਾਰ੍ਹਵੀਂ ਐਡੀਸ਼ਨ ਸਤੰਬਰ 2011

ਕੁੱਲ :- ੪੦੦/-

ਪ੍ਰਕਾਸ਼ਕ :-
ਭਾ. ਜਤਿੰਦਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਬਾਰ੍ਹਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ ॥

ਗਉੜੀ ਰਾਗੁ ਦਾ ਸੰਖੇਪ ਤਤਕਰਾ

ਰਾਗੁ ਗਉੜੀ ਗੁਆਰੇਰੀ ਮਹਲਾ ੧
ਚਉਪਦੇ ਦੁਪਦੇ ੫
ਸਾਖੀ-ਪ੍ਰਮੇਸ਼ਰ ਤੇ ਭਰੋਸਾ ਰਖਣ ਵਾਲੇ
ਬੱਚੇ ਦੀ ੧੦
ਰਾਗੁ ਗਉੜੀ ਗੁਆਰੇਰੀ ਮਹਲਾ ੩ ਚਉਪਦੇ ੪੫
ਗਉੜੀ ਗੁਆਰੇਰੀ ਮਹਲਾ ੪
ਚਉਥਾ ਚਉਪਦੇ ੭੦
ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ ੧੧੭
ਗਉੜੀ ਬੈਰਾਗਣਿ
ਰਹੋਏ ਕੇ ਛੰਤ ਕੇ ਘਰਿ ਮਃ ੫ ੨੩੪
ਰਾਗੁ ਗਉੜੀ ਮਹਲਾ ੯ ੨੬੨
ਰਾਗੁ ਗਉੜੀ ਅਸਟਪਦੀਆ
ਮਹਲਾ ੧ ਗਉੜੀ ਗੁਆਰੇਰੀ ੨੬੯
ਰਾਗੁ ਗਉੜੀ ਗੁਆਰੇਰੀ
ਮਹਲਾ ੩ ਅਸਟਪਦੀਆ ੩੩੬
ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ ੩੫੩
ਰਾਗੁ ਗਉੜੀ ਗੁਆਰੇਰੀ ਮਹਲਾ ੫
ਅਸਟਪਦੀਆ ੩੫੮
ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ੩੮੪
ਰਾਗੁ ਗਉੜੀ ਪੂਰਬੀ ਛੰਤ ਮਹਲਾ ੩ ੩੯੦
ਰਾਗੁ ਗਉੜੀ ਛੰਤ ਮਹਲਾ ੫ ੪੦੩
ਗਉੜੀ ਬਾਵਨ ਅਖਰੀ ਮਹਲਾ ੫ ॥
ਸਲੋਕੁ ॥ ੪੧੯
ਸਾਖੀ-ਸੰਤਾਂ ਨੇ ਚੇਲੇ ਨੂੰ ਭਗਤੀ ਦੀ ਲਗਨ
ਲਾ ਕੇ ਪੂਰਨ ਮਨੁੱਖ ਬਣਾ ਦਿੱਤਾ ੪੨੭
ਸਾਖੀ-ਲੇਖੈ ਕਤਹਿ ਨ ਛੂਟੀਐ ੪੬੭
ਗਉੜੀ ਸੁਖਮਨੀ ਮਃ ੫ ॥ ਸਲੋਕੁ ॥ ੪੭੬
ਸਾਖੀ-ਜੈਤ ਨਾਮੇ ਸੇਠ ਦੀ ੪੮੧
ਸਾਖੀ-ਸਾਧੂ ਬਣਨ ਵਾਲੇ ਦੀ ੪੮੮
ਸਾਖੀ-ਮੂਰਖ ਰਾਜੇ ਦੀ ੪੯੧
ਸਾਖੀ-ਬਾਣੀਏ ਦੇ ਪੁੱਤਰ ਦੀ ੫੦੨
ਸਾਖੀ-ਖਜੂਰਾਂ ਖਾਣ ਵਾਲੇ ਦੀ ੫੧੩
ਸਾਖੀ-ਮਹਾਤਮਾ ਤੇ ਸੇਵਕ ਦੀ ੫੧੯
ਸਾਖੀ-ਰਾਜੇ ਬਿਕ੍ਰਮ ਦੀ ੫੨੫
ਸਾਖੀ-ਰਾਜੇ ਜਨਕ ਦੀ ੫੩੨
ਸਾਖੀ-ਰਾਜੇ ਹਰੀ ਚੰਦ ਦੀ ੫੩੩
ਸਾਖੀ-ਇਕ ਰਾਜੇ ਦੀ ੫੩੫
ਸਾਖੀ-ਮੁਦਾਦ ਸ਼ਿਲਾ ਦੀ ੫੩੭
ਸਾਖੀ-ਸੰਤ ਕਰਮ ਸਿੰਘ ਜੀ ਦੀ ੫੪੦
ਸਾਖੀ-ਚੋਰ ਦੇ ਪਾਪ ਨਵਿਰਤ ਹੋਣ ਦੀ ੫੪੭
ਸਾਖੀ-ਜੜ ਭਰਥ ਮਹਾਤਮਾ ਦੀ ੫੫੧
ਸਾਖੀ-ਸ਼ਾਹੂਕਾਰ ਦੀ ੫੬੦
ਸਾਖੀ-ਸੁਖੀ ਬਸੈ ਮਸਕੀਨੀਆ ੫੬੭
ਸਾਖੀ-ਰੰਕੇ ਬੰਕੇ ਦੀ ੫੭੧
ਸਾਖੀ-ਸਿਕੰਦਰ ਬਾਦਸ਼ਾਹ ਦੀ ੫੭੪
ਸਾਖੀ-ਲੋਭੀ ਪੁਰਸ਼ ਦੀ ੫੭੫

ਸਾਖੀ ਸੰਤਾਂ ਦੀ ਕ੍ਰਿਪਾ ਨਾਲ ਨਿੰਦਕਾਂ ਦਾ ਉਧਾਰ ੫੮੪
ਸਾਖੀ-ਚੇਤੋ ਦੇ ਝੂਠ ਬੋਲਣ ਦੀ ੫੮੭
ਸਾਖੀ-ਇਕ ਗਊ ਤੇ ਸ਼ੇਰ ਦੀ ੫੯੧
ਸਾਖੀ-ਪਿੰਗਲੇ ਲੜਕੇ ਦੀ ੫੯੭
ਸਾਖੀ-ਇਕ ਮਾਈ ਦੀ ਵਿਸ਼ਨੂੰ ਅਰਪਣ ੬੦੦
ਸਾਖੀ-ਨਾਮ ਮਹਾਤਮ ਦੀ ੬੦੩
ਸਾਖੀ-ਮ੍ਰਿਤਕ ਬੱਚੇ ਨੂੰ ਜ਼ਿੰਦਾ ਕਰਨ ਦੀ ੬੦੫
ਸਾਖੀ-ਸੁਖਮਨੀ ਸਾਹਿਬ ਜੀ ਦੀ ਮਹਿਮਾ ੬੦੬
ਸਾਖੀ-ਸੰਤਾਂ ਦੇ ਬਚਨ ਮੰਨਣ ਦੀ ੬੧੨
ਸਾਖੀ-ਰਾਜੇ ਬਿਕ੍ਰਮ ਦੀ ੬੧੯
ਸਾਖੀ-ਪੂਰਨ ਫਕੀਰ ਦੀ ੬੨੩
ਸਾਖੀ-ਦੁਖ ਨਵਿਰਤੀ ਦੀ ੬੩੦
ਸਾਖੀ-ਰਾਧਕਾ ਦੀ ੬੩੩
ਸਾਖੀ-ਮੋਹਿਨਾ ਸੋਹਿਨਾ ਦੀ ੬੩੪
ਸਾਖੀ-ਸ੍ਵਾਸ ਸ੍ਵਾਸ ਸਿਮਰਨ ਦੀ ਮਹਿਮਾ ੬੪੪
ਚਾਰ ਪ੍ਰਕਾਰ ਦੀ ਪਰਲੋ ੬੪੯
ਸਾਖੀ-ਹਰਨੀ ਦੀ ੬੫੬
ਸਾਖੀ-ਰਾਜੇ ਪ੍ਰੀਛਤ ਦੀ ੬੫੭
ਸਾਖੀ-ਚਰਨ ਧੂੜੀ ਦੀ ੬੬੯
ਸਾਖੀ-ਗੋਪਾਲ ਨਾਮੇ ਵੈਰਾਗੀ ਦੀ ੬੭੪
ਸਾਖੀ-ਸਿੱਖ ਦੇ ਸਚ ਖੰਡ ਜਾਣ ਦੀ ੬੭੬
ਸਾਖੀ-ਵਜ਼ੀਰ ਖਾਂ ਦੀ ੬੭੭
ਸਾਖੀ-ਸ੍ਰੀ ਸੁਖਮਨੀ ਸਾਹਿਬ ਜੀ ਦਾ ਮਹਾਤਮ ੬੭੯
ਪ੍ਰਜਾ ਬਾਬਾ ਉੱਤਮ ਸਿੰਘ ਜੀ ਦੇ
ਅਮੋਲਕ ਬਚਨ ੬੮੧
ਥਿਤੀ ਗਉੜੀ ਮਹਲਾ ੫ ॥ ਸਲੋਕੁ ॥ ੬੮੨
ਗਉੜੀ ਕੀ ਵਾਰ ਮਹਲਾ ੪ ੬੯੮
ਸਾਖੀ-ਕਵੀ ਕਾਲੀ ਦਾਸ ਦੀ ੭੧੨
ਗਉੜੀ ਕੀ ਵਾਰ ਮਹਲਾ ੫ ੭੬੯
ਰਾਗੁ ਗਉੜੀ ਭਗਤਾਂ ਕੀ ਬਾਣੀ ੭੯੩
ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ੭੯੩
ਸਾਖੀ-ਗਣੇਸ਼ ਜੀ ਦੀ ੮੨੪
ਸਾਖੀ-ਰਾਜੇ ਜਸਵੰਤ ਸਿੰਘ ਦੀ ੮੩੪
ਰਾਗੁ ਗਉੜੀ ਗੁਆਰੇਰੀ ਅਸਟਪਦੀ
ਕਬੀਰ ਜੀ ਕੀ ੮੫੭
ਗਉੜੀ ਭੀ ਸੋਰਠਿ ਭੀ ॥ ੮੬੨
ਰਾਗੁ ਗਉੜੀ ਚੇਤੀ ੮੭੫
ਰਾਗੁ ਗਉੜੀ ਪੂਰਬੀ ਕਬੀਰ ਜੀ ੮੯੬
ਰਾਗੁ ਗਉੜੀ ਪੂਰਬੀ ਬਾਵਨ ਅਖਰੀ
ਕਬੀਰ ਜੀਉ ਕੀ ੯੪੦
ਰਾਗੁ ਗਉੜੀ ਥਿੰਤੀ ਕਬੀਰ ਜੀ ਕੀ ੯੬੦
ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭ ॥ ੯੬੬
ਰਾਗੁ ਗਉੜੀ ਚੇਤੀ
ਬਾਣੀ ਨਾਮਦੇਉ ਜੀਉ ਕੀ ੯੭੦
ਰਾਗੁ ਗਉੜੀ ਰਵਿਦਾਸ ਜੀ
ਕੇ ਪਦੇ ਗਉੜੀ ਗੁਆਰੇਰੀ ੯੭੩

[ਪੰਨਾ ੧੫੧]

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਗਉੜੀ ਗੁਆਰੇਰੀ ਇਸ ਵਾਸਤੇ ਲਿਖਿਆ ਹੈ, ਕਿਉਂਕਿ ਗਉੜੀ ਨੌਂ ਪ੍ਰਕਾਰ ਦੀ ਹੈ:-

੧. ਗਉੜੀ ਗੁਆਰੇਰੀ,	੨. ਗਉੜੀ ਦੱਖਣੀ,	੩. ਗਉੜੀ ਚੇਤੀ,
੪. ਗਉੜੀ ਪੂਰਬੀ,	੫. ਗਉੜੀ ਮਾਝ,	੬. ਗਉੜੀ ਮਾਲਵਾ,
੭. ਗਉੜੀ ਬੈਰਾਗਣਿ,	੮. ਗਉੜੀ ਦੀਪਕੀ,	੯. ਗਉੜੀ ਮਾਲਾ*।

ਪਹਿਲੇ ਦੋ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੌਡੇ ਰਾਖਸ਼ ਪ੍ਰਤੀ ਉਚਾਰੇ ਹਨ।

ਉਥਾਨਕਾ:-ਜਿਸ ਵੇਲੇ ਗੁਰੂ ਸਾਹਿਬ ਜੀ ਪਰੇਮ ਦੀ ਖਿੱਚ ਦੇ ਖਿੱਚੇ ਹੋਏ ਰਾਜੇ ਸ਼ਿਵਨਾਭ ਨੂੰ ਉਪਦੇਸ਼ ਦੇ ਕੇ ''ਸੰਗਲਾ ਦੀਪ'' ਤੋਂ ਤੁਰ ਕੇ ਤ੍ਰਿਯਾ ਰਾਜ ਤੋਂ ਲੰਘਦੇ ਹੋਇ, ਅੱਗੇ ਤੁਰੇ ਜਾ ਰਹੇ ਸਨ, ਉਸ ਵੇਲੇ ਰਾਹ ਵਿਚ ਭਾਈ ਮਰਦਾਨੇ ਨੇ ਕਿਹਾ, ''ਮੇਰਾ ਮਨ ਬੜਾ ਉਦਾਸ ਹੈ, ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਆਪਣੇ ਘਰ ਚਲਿਆ ਜਾਵਾਂ'', ਗੁਰੂ ਜੀ ਨੇ ਕਿਹਾ, ''ਰਾਹ ਵਿਚ ਬੜੀ ਭਾਰੀ ਬਲਾਅ ਹੈ, ਕਿਧਰੇ ਤੈਨੂੰ ਖਾ ਲਾ ਜਾਵੇ, ਇਸ ਕਰਕੇ ਤੂੰ ਇਥੇ ਹੀ ਰਹੁ।''

ਯਥਾ- ਦੋਹਰਾ॥ ਸ੍ਰੀ ਗੁਰੂ ਕਹੈਂ ਨ ਜਾਹੁ ਅਬ, ਗੈਲ ਵਿਖੇ ਜਿ ਬਲਾਇ॥
ਕੋ ਭੱਛਨ ਤੁਝ ਕੋ ਕਰੈ ਰਹਹੁ ਸੰਗ/ਸੁਖ ਪਾਇ॥ ੩੫॥

---

*(੧) ਸੰਗੀਤ ਰਤਨਾਕਰ ਵਿਚ-

(੧) ਸੁਧਾ ਗੀਤ, (੨) ਭਿੰਨਾ ਗੀਤ, (੩) ਗਉੜੀ ਗੀਤ, (੪) ਬੈਸਰਾ ਗੀਤ, (੫) ਸਾਧਾਰਣੀ ਗੀਤ, ਇਨ੍ਹਾਂ ਪੰਜਾਂ ਗੀਤਾਂ ਵਿਚੋਂ ਤੀਜਾ ਗਉੜੀ ਗੀਤ ਹੈ।

ਗਉੜੀ ਗੀਤ ਦਾ ਰੂਪ ਇਉਂ ਲਿਖਿਆ ਹੈ। ਜਿਥੇ ਰਾਗੁ ਦੇ ਸੁਰ ਇਕੋ ਜਿਹੇ ਉਚਾਰਨ ਹੋਣ ਤੇ ਮਨ ਨੂੰ ਬੜੇ ਪਿਆਰੇ ਲੱਗਦੇ ਹੋਣ ਅਤੇ ਗੌਂਡਵ ਦੇਸ਼ ਵਿਚ ਪ੍ਰਸਿੱਧ ਭੀ ਹੋਵਣ ਉਸਨੂੰ ਗਉੜੀ ਗੀਤ ਕਹਿੰਦੇ ਹਨ।

(੨) ਨਾਦ ਬਿਨੋਦ ਗ੍ਰੰਥ ਵਿਚ ਲਿਖਿਆ ਹੈ, ਗਉੜੀ ਸਿਰੀਰਾਗੁ ਦੀ ਰਾਗਣੀ ਹੈ ਜਿਵੇਂ ਕਿ ਰਾਗ ਮਾਲਾ ਵਿਚ ਲਿਖਿਆ ਹੈ- ਬੈਰਾਰੀ ਕਰਨਾਟੀ ਧਰੀ॥

''ਗਵਰੀ'' ਗਾਵਹਿ ਆਸਾਵਰੀ॥ (ਪੰਨਾ ੧੪੩੦)

ਇਹ ਦਿਨ ਦੇ ਤੀਜੇ ਪਹਿਰ ਵਿਚ ਗਾਈ ਜਾਂਦੀ ਹੈ। ਪ੍ਰਭੂ ਦੇ ਸਿਮਰਨ ਨਾਲ ਇਸਦੇ ਗਾਵਣ ਦੀ ਸਫਲਤਾ ਹੈ।

ਯਥਾ- **ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥** (ਗਉੜੀ ਵਾਰ, ਪੰਨਾ ੩੧੧)

ਫਿਰ ਗੁਰੂ ਜੀ ਨੇ ਕਿਹਾ, "ਤੇਰਾ ਮਨ ਕਿਉਂ ਉਦਾਸ ਹੋਇਆ ਹੈ? ਸਾਡੇ ਨਾਲ ਰਹਿਣ ਕਰਕੇ ਤੈਨੂੰ ਕੀ ਦੁੱਖ ਹੈ? ਦੇਖ ਤੈਨੂੰ ਸਾਰੀ ਧਰਤੀ ਦੀ ਸੈਲ ਕਰਵਾ ਰਹੇ ਹਾਂ, "ਇਸ ਤਰ੍ਹਾਂ ਨਾਲ ਬਹੁਤ ਧੀਰਜਤਾ ਦੇ ਬਚਨ ਕਹਿਣੇ ਪਰ ਭੀ ਜਦ ਮਰਦਾਨਾ ਨਾ ਮੰਨਿਆ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਤੂੰ ਇਸ ਨੂੰ ਸਮਝਾ, ਜੇ ਤੇਰੇ ਆਖੇ ਲੱਗ ਜਾਵੇ," ਉਸ ਵੇਲੇ ਭਾਈ ਬਾਲੇ ਨੇ ਬੜਾ ਸਮਝਾਇਆ ਕਿ ਭਾਗਾਂ ਨਾਲ ਤੈਨੂੰ ਪਰਮੇਸ਼ਰ ਦਾ ਸੰਗ ਮਿਲਿਆ ਹੈ, ਇਸ ਪਾਰਸ ਰੂਪ ਸੰਗ ਨੂੰ ਤਿਆਗ ਕੇ ਤੂੰ ਕੱਚ ਦੇ ਖਰੀਦਣ ਵਿਚ ਕਿਉਂ ਪਰੇਮ ਕਰ ਰਿਹਾ ਹੈਂ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਗ ਅੰਮ੍ਰਿਤ ਵਾਂਗੂੰ ਸੁਖਦਾਈ ਹੈ, ਤੇ ਘਰ ਦੇ ਸਬੰਧੀਆਂ ਦਾ ਸੰਗ ਵਿਹੁ ਵਾਂਗੂੰ ਦੁਖਦਾਈ ਹੈ। ਇਤਨੀਆਂ ਗੱਲਾਂ ਸੁਣ ਕੇ ਭੀ ਮਰਦਾਨੇ ਨੇ ਇਕ ਨਾ ਮੰਨੀ, ਗੁਰੂ ਜੀ ਨੂੰ ਛੱਡ ਕੇ ਮਰਦਾਨਾ ਇਕੱਲਾ ਹੀ ਉੱਠ ਕੇ ਘਰ ਵੱਲ ਤੁਰ ਪਿਆ। ਚਲਦਿਆਂ ਚਲਦਿਆਂ ੧੧ ਕੋਹ ਤੇ ਪਹੁੰਚਿਆ, ਤਾਂ ਕੌੜੇ ਰਾਖਸ਼ ਨੇ ਫੜ ਕੇ ਆਪਣੇ ਪਾਸ ਬਿਠਾ ਲਿਆ ਤੇ ਤੇਲ ਦਾ ਕੜਾਹਿਆ ਤਪਾਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਮਰਦਾਨੇ ਦਾ ਮੂੰਹ ਪੀਲਾ ਹੋ ਗਿਆ ਹੋਠ ਤੇ ਲਬਾਂ ਸੁਕ ਗਈਆਂ। ਥਰ ਥਰ ਕੰਬਣ ਲੱਗ ਪਿਆ ਤੇ ਮਨ ਵਿਚ ਵਿਚਾਰਦਾ ਹੈ। ਗੁਰੂ ਜੀ ਦਾ ਹੁਕਮ ਨਹੀਂ ਮੰਨਿਆ, ਇਸ ਕਰਕੇ ਮੇਰਾ ਇਹ ਹਾਲ ਹੋਇਆ ਹੈ।

ਹੱਛਾ ਜੇਕਰ ਮੇਰੇ ਪਾਸੋਂ ਇਹ ਅਪਰਾਧ ਹੋ ਭੀ ਗਿਆ ਹੈ, ਤਾਂ ਭੀ ਗੁਰੂ ਜੀ ਦਾ ਬਿਰਦ (ਧਰਮ) ਕਿਰਪਾਲੂ ਹੈ ਉਹ ਮੇਰੀ ਸਹਾਇਤਾ ਕਰਨਗੇ। *ਯਥਾ:-*

ਯੱਦਜਪਿ ਕੀਨੋ ਮੈਂ ਅਪਰਾਧਾ ॥ ਅਹੈ ਯਥਾਰਥ ਮੋਕੋ ਬਾਧਾ ॥
ਤਦਪਿ ਕ੍ਰਿਪਾਲ ਬਿਰਦ ਤਿਨਕੇਰਾ ॥ ਭੈ ਕਾਟਹਿੰਗੇ ਸ੍ਰੀ ਪ੍ਰਭੁ ਮੇਰਾ ॥ ੪੭ ॥
ਅਸ ਵਿਚਾਰ ਕਰਿ ਧਰਿ ਉਰ ਧਜਾਨਾ ॥ ਇਸ ਰਾਖਸ਼ ਤੇ ਕਰਹੁ ਮੁਚਾਨਾ ॥
ਬਹੁਰ ਨ ਹੌਰੋਂ ਬਚਨ ਤੁਮਾਰਾ ॥ ਦੀਨ ਬੰਧੁ ਪ੍ਰਭੁ ਅਭੈ ਦਤਾਰਾ ॥ ੪੮ ॥

ਜਿਸ ਵੇਲੇ ਮਰਦਾਨੇ ਨੇ ਧਿਆਨ ਧਾਰ ਕੇ ਬੇਨਤੀਆਂ ਕੀਤੀਆਂ, ਉਸੀ ਵੇਲੇ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਮਰਦਾਨੇ ਨੂੰ ਤਾਂ ਰਾਖਸ਼ ਨੇ ਫੜ ਲਿਆ ਹੈ, ਹੁਣ ਉਹ ਤੇਲ ਦਾ ਕੜਾਹਿਆ ਤਪਾ ਕੇ ਉਸ ਵਿਚ ਉਸ ਨੂੰ ਤਲ ਕੇ ਖਾ ਜਾਏਗਾ।" ਭਾਈ ਬਾਲੇ ਨੇ ਕਿਹਾ, "ਗੁਰੂ ਜੀ ਆਪ ਜੀ ਦਾ ਬਚਨ ਕਿਵੇਂ ਨਿਸਫਲ ਹੋ ਸਕਦਾ ਹੈ। ਆਪ ਉਸ ਨੂੰ ਥਥੇਰਾ ਹਟਕ ਰਹੇ ਸੀ ਪਰ ਉਹ ਮੁੜਿਆ ਨਹੀਂ, ਉਸ ਨਾਲ ਏਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ।"

ਯਥਾ:- ਅਫਲ ਬਚਨ ਕਿਉਂ ਹੋਇ ਤੁਮਾਰਾ। ਜਿਹ ਕੇ ਤੀਨ ਲੋਗ ਅਨੁਸਾਰਾ।
ਰਹੇ ਹਟਾਇ ਨ ਮਾਨਹਿ ਮੂਢਾ। ਨਿਜ ਕੁਟੰਬ ਕੇ ਮੋਹ ਅਰੂਢਾ ॥ ੫੧ ॥

ਗੁਰੂ ਜੀ ਨੇ ਕਿਹਾ, "ਭਾਈ ਬਾਲਿਆ ! ਨਾਲ ਲਏ ਦੀ ਲੱਜਿਆ ਹੈ ਉਸ ਨਾਲ ਸਾਡਾ ਕੰਮ ਭੀ ਹੈ ਚਲ ਉਸ ਨੂੰ ਛੁਡਾ ਲਿਆਈਏ।" ਬਾਲੇ ਨੇ ਪੁੱਛਿਆ, "ਉਹ ਕਿੰਨੀ ਕੁ ਦੂਰ ਹੈ?" ਗੁਰੂ ਜੀ ਨੇ ਕਿਹਾ, "ਏਥੋਂ ਯਾਰਾਂ ਕੋਹ ਹੈ" ਇਸ ਤਰ੍ਹਾਂ ਕਹਿ ਕੇ ਆਪਣੇ ਹੱਥ ਵਿਚ ਉਸ ਦਾ ਹੱਥ ਫੜ ਕੇ ਮਿੰਟਾਂ ਵਿਚ ਓਥੇ ਆ ਪਹੁੰਚੇ। ਆ ਕੇ ਮਰਦਾਨੇ ਨੂੰ ਕਿਹਾ-

"ਕਿਉਂ ਬੈਠੇ ਘਰ ਜਾਤਿ ਨਾਹਿੰ ? ਸੁਧ ਨਿਜ ਦੇਹੁ ਬਤਾਇ" ॥ ੫੬ ॥

ਇਹ ਗੱਲ ਸੁਣ ਕੇ ਸ਼ਰਮਸਾਰ ਹੋ ਕੇ ਮੂੰਹ ਨੀਵਾਂ ਪਾ ਲਿਆ। ਪਰ ਅੰਦਰੋਂ ਬੜਾ ਖੁਸ਼ ਹੋ ਗਿਆ ਤੇ

ਆਖਦਾ ਹੈ, ''ਹੁਣ ਮੈਨੂੰ ਬਚਾ ਲੈਣਗੇ।'' ਜਿਸ ਵੇਲੇ ਤੇਲ ਅੱਗ ਵਾਂਗੂੰ ਤਪ ਗਿਆ ਤਾਂ ਉਸ ਵਿਚ ਪਾਣ ਵਾਸਤੇ ਕੌਡੇ ਨੇ ਮਰਦਾਨੇ ਨੂੰ ਚੁੱਕਿਆ ਤਾਂ ਮਰਦਾਨਾ ਘਿਘਿਆ ਕੇ ਬੋਲਿਆ, ''ਧੰਨ ਗੁਰੂ ਨਾਨਕ ਦੇਵ ਜੀ ਬਚਾ ਲਓ, ਬਚਾ ਲਓ, ਬਚਾ ਲਓ।''

ਗਰੀਬ ਨਿਵਾਜ਼ ਨੇ ਆਪਣਾ ਬਿਰਦ ਸੰਭਾਲ ਕੇ ਅਜੇਹੀ ਦ੍ਰਿਸ਼ਟੀ ਪਾਈ ਜੋ ਤੱਤਾ ਕੜਾਹਿਆ ਬਰਫ ਵਾਂਗੂੰ ਸੀਤਲ (ਠੰਢਾ) ਹੋ ਗਿਆ।

ਯਥਾ:- ਤਪਜੋ ਸਤੇਲ ਜਬ ਅਗਨਿ ਸਮਾਨਾ॥ ਖਲ[੧] ਨੇ ਗਹਿ ਲੀਨੋ ਮਰਦਾਨਾ॥

ਬਲ ਕੇ ਸੰਗ ਤੇਲ ਮਹਿੰ ਡਾਰਾ॥ ਘਿਘਕੈ[੨] ਸ੍ਰੀ ਗੁਰੁ ਨਾਮ ਉਚਾਰਾ॥ ੬੨॥

ਤ੍ਰਾਹਿ ਤ੍ਰਾਹਿ[੩] ਨਿਜ ਬਿਰਦ ਸੰਭਾਰਹੁ॥ ਪਾਹਿ ਪਾਹਿ[੪] ਮੁਝ ਜਰਤਿ[੫] ਉਬਾਰਹੁ॥

ਗੁਨਹਿ ਗੁਨਨ[੬] ਕੋ ਅਬ ਨਹਿੰ ਕਾਲਾ॥ ਰੱਛਾ ਕੋ ਇਹ ਸਮਹਿੰ ਕ੍ਰਿਪਾਲਾ॥

ਦੋਹਰਾ-ਤੇਲ ਭਯੋ ਸੀਤਲ ਤਬਹਿ, ਦੇਹ ਪਰਸ ਕਰ ਸੋਇ॥

ਪਾਵਕ ਤੇਜ ਨ ਛੁਹਿ ਸਕਾ ਜਿਉਂ ਹਿਮਰੁਤ ਕੋ ਤੋਇ[੭]॥

ਜਿਸ ਵੇਲੇ ਕੜਾਹਿਆ ਸੀਤਲ ਹੋ ਗਿਆ ਤਾਂ ਕੌਡਾ ਹੈਰਾਨ ਹੋ ਕੇ ਇਧਰ ਉਧਰ ਵੇਖਦਾ ਹੈ ਜਦ ਪਿੱਛੇ ਗੁਰੂ ਜੀ ਨੂੰ ਖਲੋਤਾ ਵੇਖਿਆ ਤਾਂ ਕਹਿੰਦਾ ਹੈ:-

''ਕੌ ਹੈਂ ਤੂੰ ਕਿਹ ਤੇ ਚਲ ਆਯੋ?। ਤਪਤ ਕਰਾਹਾ ਜਿਨ ਸਿਤਲਾਯੋ॥ ੬੫॥

(ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੫੦)

ਗੁਰੂ ਜੀ ਨੇ ਕਿਹਾ ਕੌਡਿਆ ਇਸ ਦੇ ਖਾਣ ਵਿਚ ਤੂੰ ਕਿਉਂ ਦੇਰ ਲਗਾਈ ਹੈ। ਕੌਡੇ ਨੇ ਕਿਹਾ ਮੈਨੂੰ ਪਰਮੇਸ਼ਰ ਦਾ ਡਰ ਹੈ ਨਹੀਂ ਤਾਂ ਤੁਹਾਨੂੰ ਭੀ ਖਾ ਜਾਣਾ ਸੀ। ਇਹ ਗੱਲ ਸੁਣ ਕੇ ਗੁਰੂ ਜੀ ਨੇ ਸ਼ਬਦ ਉਚਾਰਿਆ:-

ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥

ਪਰਮਾਤਮਾ ਦਾ ਭੈ ਧਾਰਨਾ ਮੁਚੁ=ਬਹੁਤ ਭਾਰੀ ਹੈ, ਅਤੇ ਉਸ ਦਾ ਤੋਲੁ=ਵਿਚਾਰ ਕਰਨਾ ਵੀ ਬਹੁਤ ਵੱਡਾ ਹੈ। ਜੀਵ ਦੇ ਮਨ ਦੀ ਮਤੀ ਹਉਲੀ=ਤੁੱਛ ਹੈ, ਅਤੇ ਤੁੱਛ ਹੀ ਬੋਲੁ=ਬੋਲਾਂ ਨੂੰ ਬੋਲਦਾ ਹੈ।

*ਪ੍ਰਸ਼ਨ:-*ਇਹ ਜੀਵ ਪਰਮੇਸ਼ਰ ਦਾ ਭੈ, ਫਿਰ ਕਿਵੇਂ ਧਾਰ ਸਕਦਾ ਹੈ? *ਗੁਰ ਉੱਤਰ:-*

ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥ ੧॥

ਪਹਿਲੇ ਕਰਮੀ=ਜੀਵ ਦੇ ਆਪਣੇ ਕਰਮ ਚੰਗੇ ਹੋਣ, ਤਾਂ ਨਦਰੀ=ਪਰਮੇਸ਼ਰ ਦੀ ਕਰਮੀ=ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਹੋਣ ਕਰਕੇ ਗੁਰਾਂ ਦੀ ਪਰਾਪਤੀ ਹੁੰਦੀ ਹੈ। ਜਦ ਨਦਰੀ=ਗੁਰਾਂ ਦੀ ਕਰਮੀ=ਕਿਰਪਾ ਦ੍ਰਿਸ਼ਟੀ ਹੋਈ, ਤਾਂ ਸੱਤ ਅਸੱਤ ਦਾ ਵਿਚਾਰ ਪਰਾਪਤ ਹੁੰਦਾ ਹੈ, ਜਦ ਵੀਚਾਰ ਪਰਾਪਤ ਹੋਇਆ ਤਾਂ ਇਹ ਜੀਵ ਆਪਣੇ ਸਿਰ ਉੱਤੇ ਪਰਮੇਸ਼ਰ ਦੇ ਖੌਫ ਰੂਪੀ ਭਾਰ ਨੂੰ ਧਾਰਕੇ ਸਹਾਰ ਚਲਦਾ ਹੈ॥ ੧॥

---

(੧) ਮੂਰਖ ਕੌਡੇ ਰਾਖਸ਼ ਨੇ। (੨) ਭਾਈ ਮਰਦਾਨੇ ਨੇ ਦੀਨਤਾ ਨਾਲ। (੩) ਰੱਖਿਆ ਕਰੋ, ਰੱਖਿਆ ਕਰੋ। (੪) ਬਚਾਓ, ਬਚਾਓ। (੫) ਮੈਨੂੰ ਸੜਦੇ ਹੋਏ ਨੂੰ ਬਚਾ ਲਓ। (੬) ਗੁਨਾਹਾਂ ਨੂੰ ਵਿਚਾਰਨ ਦਾ। (੭) ਜਲ।

ਭੈ ਬਿਨੁ ਕੋਇ ਨ ਲੰਘਸਿ ਪਾਰਿ॥
ਭੈ ਭਉ ਰਾਖਿਆ ਭਾਇ ਸਵਾਰਿ॥ ੧॥ ਰਹਾਉ॥

ਪਰਮੇਸ਼ਰ ਦੇ ਖੌਫ ਤੋਂ ਬਿਨਾਂ ਕੋਈ ਭੀ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ। ਜਿਨ੍ਹਾਂ ਨੂੰ ਪਰਮੇਸ਼ਰ ਦਾ ਭੈ ਭਉ=ਹੋਇਆ ਹੈ, ਉਨ੍ਹਾਂ ਨੇ ਭਾਇ=ਪਰੇਮ ਨੂੰ ਸਵਾਰ ਰੱਖਿਆ ਹੈ। *ਅਥਵਾ:-* ਪ੍ਰੇਮ ਪੂਰਬਕ ਅੰਤਹਕਰਣ ਨੂੰ ਸਵਾਰ ਰੱਖਿਆ ਹੈ॥ ੧॥ ਰਹਾਉ॥

ਭੈ ਤਨਿ ਅਗਨਿ ਭਖੈ ਭੈ ਨਾਲਿ॥ ਭੈ ਭਉ ਘੜੀਐ ਸਬਦਿ ਸਵਾਰਿ॥

ਅਸਥੂਲ ਤਨਿ=ਸਰੀਰ ਕਰਕੇ ਜੇਹੜਾ ਭੈ ਧਾਰਨਾ ਹੈ ਏਹ ਇਕ ਅਗਨੀ ਹੈ, ਮਨ ਦੇ ਨਾਲ ਜੋ ਭੈ ਧਾਰਨਾ ਇਹ ਇਕ ਨਾਲ ਹੈ, ਇਸ ਕਰਕੇ ਸਰੀਰ ਵਿਚ ਜੋ ਭੈ ਰੂਪੀ ਅਗਨੀ ਹੈ, ਉਹ ਭਖੈ=ਪ੍ਰਜੁਲਤ ਹੁੰਦੀ ਹੈ, ਕਿਉਂਕਿ ਮਨ ਵਿਚ ਭੈ ਹੋਵੇ, ਤਾਂ ਹੀ ਸਰੀਰ ਵਿਚ ਡਰ ਰਹਿੰਦਾ ਹੈ। ਪਰਮੇਸ਼ਰ ਦੇ ਭੈ ਭਉ=ਹੋਣ ਕਰਕੇ ਹੀ ਸਬਦਿ=ਬਾਣੀ ਦਾ ਸਵਾਰਨਾ ਘੜਿਆ ਜਾਂਦਾ ਹੈ। ਭਾਵ ਬਾਣੀ ਸਫਾ ਹੋ ਜਾਂਦੀ ਹੈ,

*ਅਥਵਾ:-*ਸਬਦਿ=ਬ੍ਰਹਮ ਦਾ ਸਵਰਨਾ ਘੜਿਆ ਜਾਂਦਾ ਹੈ, ਅਰਥਾਤ ਉਸ ਬ੍ਰਹਮ ਦੀ ਪਰਾਪਤੀ ਹੁੰਦੀ ਹੈ।

ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟ॥ ੨॥

ਪਰਮੇਸ਼ਰ ਦੇ ਭੈ ਤੋਂ ਬਿਨਾਂ ਜੋ ਭੀ ਸੰਸਾਰਕ ਘਾੜਤ, ਵਾ:-ਸ਼ੁਭ ਗੁਣਾਂ ਰੂਪੀ ਘਾੜਤ ਹੈ, ਉਹ ਨਿ=ਵਿਸ਼ੇਸ਼ ਕਰਕੇ ਕੱਚਿਆਂ ਤੋਂ ਕਚੀ ਹੈ।

ਜਿਸ ਦਾ ਅੰਤਹਕਰਣ ਰੂਪੀ ਸੱਚਾ ਅੰਧਾ ਹੈ, ਉਸਨੂੰ ਗੁਰਾਂ ਦੀ ਸਿੱਖਿਆ ਰੂਪੀ ਸੱਟ ਭੀ ਅੰਧੀ ਵੱਜਦੀ ਹੈ ਕਿਉਂਕਿ-

ਕਬੀਰ ਸਾਚਾ ਸਤਿਗੁਰੂ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥ ੧੫੮॥ *(ਪੰਨਾ ੧੩੭੨)*

ਵਾ:-ਜਿਸ ਗੁਰੂ ਦਾ ਆਪਣਾ ਅੰਤਹਕਰਨ ਰੂਪੀ ਸੱਚਾ ਅੰਧਾ ਹੈ, ਉਸ ਦੀ ਸਿੱਖਿਆ ਰੂਪੀ ਸੱਟ ਵੀ ਅੰਧੀ ਹੈ॥ ੨॥

ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥

ਜਿਸ ਪੁਰਸ਼ ਦੀ ਬੁੱਧੀ ਵਿਚ ਸੰਸਾਰ ਬਾਜੀ ਦਾ ਚਾਉ=ਉਤਸ਼ਾਹ ਉਪਜੈ=ਉਤਪੰਨ (ਪੈਦਾ) ਹੋ ਰਿਹਾ ਹੈ। ਉਸ ਦੇ ਵਾਸਤੇ ਚਾਹੇ ਲੱਖਾਂ ਹਜ਼ਾਰਾਂ ਸਿਆਣਪਾਂ ਭੀ ਕਰੀਏ, ਤਾਂ ਭੀ ਉਹ ਸਾਧਨਾਂ ਰੂਪੀ ਤਾਉ ਵਿਚ ਨਹੀਂ ਪੈਂਦਾ। *ਪ੍ਰਸ਼ਨ:*-ਇਸ ਜੀਵ ਦਾ ਤਰਨਾ ਕਿਸ ਪ੍ਰਕਾਰ ਹੁੰਦਾ ਹੈ? *ਗੁਰ ਉੱਤਰ:*-ਪ੍ਰੇਮ ਦੇ ਕਰਨ ਨਾਲ ਤਰਨਾ ਹੁੰਦਾ ਹੈ। *ਪ੍ਰਸ਼ਨ:*-ਪ੍ਰੇਮ ਨੂੰ ਬਹੁਤ ਪੁਰਸ਼ ਧਾਰਦੇ ਹੋਣਗੇ? *ਗੁਰ ਉੱਤਰ:*-ਬੁਧੀ ਬਾਜੀ ਉਪਜੈ ਚਾਉ॥

ਬਾਜੀ=ਬਾਜੇ ਬਾਜੇ ਪੁਰਸ਼ ਦੀ ਬੁੱਧੀ ਵਿਚ ਚਾਉ=ਪ੍ਰੇਮ ਪੈਦਾ ਹੁੰਦਾ ਹੈ, ਹਰ ਇਕ ਦੇ ਨਹੀਂ ਹੁੰਦਾ।

ਅਥਵਾ:-ਪ੍ਰੇਮ ਦੁਆਰਾ ਜਿਸ ਦੀ ਬੁੱਧੀ ਵਿਚ ਚਾਉ=ਗਿਆਨ ਉਤਪੰਨ ਹੋਇਆ ਹੈ ਉਸ ਨੇ ਬਾਜੀਗਰ ਦੀ ਬਾਜੀ ਵਾਂਗੂੰ ਸੰਸਾਰ ਨੂੰ ਮਿਥਿਆ ਰੂਪ ਨਿਸਚੇ ਕੀਤਾ ਹੈ।

ਸਹਸ ਸਿਆਣਪ ਪਵੈ ਨ ਤਾਉ॥

ਉਸ ਦੇ ਵਾਸਤੇ ਚਾਹੇ ਮਨਮੁੱਖ ਪੁਰਸ਼ ਲੱਖਾਂ ਹਜ਼ਾਰਾਂ ਸਿਆਣਪਾਂ ਭੀ ਕਰੇ, ਤਾਂ ਭੀ ਉਹ ਵਿਸ਼ਿਆਂ ਰੂਪੀ, ਅਥਵਾ:-ਚੁਰਾਸੀ ਲੱਖ ਜੂਨ ਭੋਗਣੇ ਰੂਪੀ ਤਾਉ ਵਿਚ ਨਹੀਂ ਪੈਂਦਾ।

ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥ ੩॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਨਾਮ ਤੋਂ ਬਿਨਾਂ ਮਨਮੁਖਾਂ ਦਾ ਬੋਲਣਾ ਵਾਉ=ਵਿਅਰਥ ਹੈ। ਅੰਧੇ ਅਗਿਆਨੀ ਪੁਰਸ਼ ਦਾ ਅਖਰੁ=ਉਪਦੇਸ਼, ਵਾਉ=ਵਰ, ਦੁਆਉ=ਬਦ ਅਸੀਸ ਦੇਣੀ, ਇਹ ਸਾਰੇ ਨਿਸਫਲ ਹਨ। ਵਾ:-ਜਿਸ ਦਾ ਉਪਦੇਸ਼ ਰੂਪੀ ਅੱਖਰ ਅੰਧਾ-ਅੰਨ੍ਹਾਂ ਹੈ ਉਸ ਦੀ ਦੁਆ ਤੇ ਬਦ ਅਸੀਸ ਵਾਉ=ਵਿਅਰਥ ਹੈ॥ ੩॥ ੧॥

ਬ੍ਰਹਮ ਖੰਡਨ ਨਿਆ ਸੇ ਫਿਰ ਦੂਜਾ ਸ਼ਬਦ ਉਚਾਰ ਕੇ ਕੋਡੇ ਰਾਖਸ਼ ਨੂੰ ਉਪਦੇਸ਼ ਦੇਂਦੇ ਹਨ।

ਗਉੜੀ ਮਹਲਾ ੧॥ ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥

ਪਰਮੇਸ਼ਰ ਦੇ ਡਰ ਵਿਚ ਘਰੁ=ਸਰੀਰ ਨੂੰ ਰੱਖ, ਅਤੇ ਘਰਿ=ਸਰੀਰ ਵਿਚ ਪਰਮੇਸਰ ਦੇ ਡਰ ਨੂੰ ਰੱਖ, ਤਾਂ ਡਰਿ+ਡਰੁ+ਜਾਇ=ਜਮਾਂ ਦਾ ਡਰ, ਡਰ ਜਾਂਦਾ ਹੈ। ਉਹ ਡਰ ਕਾਹਦਾ ਧਾਰਨਾ ਹੈ, ਜਿਸ ਡਰ ਕਰਕੇ ਫੇਰ ਜਮਾਂ ਤੋਂ ਡਰ ਪੈਣਾ ਹੋਵੇ। *ਅਥਵਾ:*-ਏਹ ਤੁਕ ਪ੍ਰਸ਼ਨ ਵਿਚ ਰੱਖਣੀ "ਉਹ ਕਿਹੜਾ ਡਰ ਹੈ, ਜਿਸ ਡਰ ਦੇ ਧਾਰਨ ਨਾਲ ਜਮਾਂ ਦਾ ਡਰ ਦੂਰ ਹੋ ਜਾਵੇ?"

ਗੁਰ ਉੱਤਰ:-ਉਹ ਪਰਮੇਸ਼ਰ ਦਾ ਡਰ ਹੈ ਜਿਸ ਡਰ ਦੇ ਧਾਰਨ ਨਾਲ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ।

ਤੁਧੁ ਬਿਨੁ ਦੂਜੀ ਨਾਹੀ ਜਾਇ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ॥ ੧॥

ਹੇ ਪਰਮੇਸ਼ਰ! ਤੈਥੋਂ (ਆਪ) ਤੋਂ ਬਿਨਾਂ ਹੋਰ ਕੋਈ ਦੂਜੀ ਜਗ੍ਹਾ ਨਹੀਂ। ਜੋ ਕੁਝ ਭੀ ਵਰਤ ਰਿਹਾ ਹੈ ਸਭ ਤੇਰੀ=ਆਪ ਦੀ ਰਜਾਇ=ਆਗਿਆ ਵਿਚ ਹੈ॥ ੧॥

ਡਰੀਐ ਜੇ ਡਰੁ ਹੋਵੈ ਹੋਰੁ॥ ਡਰਿ ਡਰਿ ਡਰਣਾ ਮਨ ਕਾ ਸੋਰੁ॥ ੧॥ ਰਹਾਉ॥

ਅਸੀਂ ਜਮਾਂ ਤੋਂ ਤਾਂ ਡਰੀਏ, ਜੇਕਰ ਤੇਰੇ ਬਿਨਾਂ ਕਿਸੇ ਹੋਰ ਦਾ ਡਰ ਸਾਨੂੰ ਹੋਵੇ। ਹੋਰਨਾਂ ਦੇ ਡਰਿ=ਡਰ ਦਾ ਡਰਿ=ਡਰਾਇਆ ਹੋਇਆ ਜੇਹੜਾ ਡਰਨਾ ਹੈ, ਇਹ ਸਭ ਮਨ ਦਾ ਹੀ ਸੋਰੁ=ਸ਼ੋਰ ਸ਼ਰਾਬਾ ਹੈ॥ ੧॥ ਰਹਾਉ॥

ਨਾ ਜੀਉ ਮਰੈ ਨ ਡੂਬੈ ਤਰੈ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ॥

ਆਪਣੇ ਆਪ ਨਾ ਇਹ ਜੀਵ ਡੁੱਬਦਾ ਹੈ, ਨਾ ਹੀ ਮਰਦਾ ਹੈ, ਅਤੇ ਨਾ ਹੀ ਤਰ ਸਕਦਾ ਹੈ। ਜਿਸ ਪਰਮੇਸ਼ਰ ਨੇ ਪਿੱਛੇ ਕੁਝ ਕੀਤਾ ਸੀ, ਓਹੀ ਪ੍ਰਮੇਸ਼ਰ ਹੁਣ ਕੁਝ ਕਰ ਰਿਹਾ ਹੈ। *ਅਥਵਾ:*-ਜਿਸ ਨੇ ਪਿੱਛੇ ਕੁਝ ਜਪ ਤਪ ਕੀਤਾ ਸੀ, ਓਹੀ ਪੁਰਸ਼ ਹੁਣ ਕੁਝ ਜਪ, ਤਪ, ਕਰ੍ਦਾ ਹੈ, ਉਹ ਨਾ=ਪੁਰਸ਼ ਜੀਉ=ਜੀਵਤ ਭਾ ਤੋਂ ਮਰਦਾ ਹੈ, ਨ+ਡੂਬੈ=ਸੰਸਾਰ ਸਮੁੰਦਰ ਵਿਚ ਡੁੱਬਦਾ ਨਹੀਂ, ਸੰਸਾਰ ਤੋਂ ਤਰੈ=ਤਰ ਜਾਂਦਾ ਹੈ।

ਹੁਕਮੇ ਆਵੈ ਹੁਕਮੇ ਜਾਇ॥ ਆਗੈ ਪਾਛੈ ਹੁਕਮਿ ਸਮਾਇ॥ ੨॥

ਪਰਮੇਸ਼ਰ ਦੇ ਹੁਕਮ ਵਿਚ ਇਹ ਜੰਮ ਕੇ ਆਉਂਦਾ ਹੈ, ਪਰਮੇਸ਼ਰ ਦੇ ਹੁਕਮ ਵਿਚ ਹੀ ਮਰ ਕੇ ਜਾਂਦਾ ਹੈ। ਆਗੈ+ਪਾਛੈ=ਲੋਕ ਪਰਲੋਕ ਵਿਚ ਭੀ ਉਸ ਹੁਕਮੀ ਦੇ ਹੁਕਮ ਵਿਚ ਸਮਾਉਂਦਾ ਹੈ।

ਅਥਵਾ:-ਆਗੈ+ਪਾਛੈ=ਮੱਧ ਕਾਲ ਵਿਚ ਜੇਕਰ ਉਸ ਵਾਹਿਗੁਰੂ ਦੇ ਹੁਕਮ ਮੰਨਣ ਵਿਚ ਸਮਾ ਜਾਵੇ, ਤਾਂ ਮੁਕਤੀ ਨੂੰ ਪਰਾਪਤ ਹੋ ਜਾਵੇ॥ ੨॥

ਹੰਸੁ ਹੇਤੁ ਆਸਾ ਅਸਮਾਨੁ॥ ਤਿਸੁ ਵਿਚਿ ਭੂਖ ਬਹੁਤੁ ਨੈਸਾਨੁ॥

ਪਦ ਅਰਥ-ਹੰਸੁ=ਹਿੰਸਿਆ। ਹੇਤੁ=ਮੋਹੁ। ਅਸਮਾਨੁ=ਆਕਾਸ਼,

ਵਾ:-ਅਸ+ਮਾਨੁ=ਮਾਨ (ਵਡਿਆਈ) ਅਸ=ਹੈ। ਭੂਖ=ਤ੍ਰਿਸ਼ਨਾਂ। ਨੈਸਾਨੁ=ਪਰਗਟ,

ਵਾ:-ਨੈ=ਨਦੀ, ਸਾਨੁ=ਸਦਰਸ਼, ਵਾ:-ਨੈ+ਸਾਨੁ=ਆਕਾਸ਼ ਦੇ ਸਦਰਸ਼।

ਅਰਥ:-ਜਿਸ ਦੇ ਹਿਰਦੇ ਵਿਚ ਹਿੰਸਿਆ, ਮੋਹ ਅਤੇ ਪਦਾਰਥਾਂ ਦੀ ਆਸਾ, ਆਕਾਸ਼ ਵਾਂਗੂੰ ਬਿਅੰਤ ਲੱਗ ਰਹੀ ਹੈ। ਤੇ ਮਾਨੁ=ਵਡਿਆਈ ਭੀ ਹੈ। ਤਿਸ ਦੇ ਅੰਤਹਕਰਣ ਵਿਚ ਤ੍ਰਿਸ਼ਨਾਂ ਬਹੁਤ ਲੱਗ ਰਹੀ ਹੈ ਨੈਸਾਨੁ=ਪਰਗਟ, ਵਾ:-ਨਦੀ ਦੇ ਸਦਰਸ਼।

ਅਥਵਾ:-ਆਕਾਸ਼ ਦੇ ਸਦਰਸ਼।

ਭਉ ਖਾਣਾ ਪੀਣਾ ਆਧਾਰੁ॥ ਵਿਣੁ ਖਾਧੇ ਮਰਿ ਹੋਹਿ ਗਵਾਰ॥ ੩॥

ਆਧਾਰੁ=ਆਸਰਾ ਰੂਪ ਪਰਮਾਤਮਾ ਦੇ ਭੈ ਨੂੰ ਧਾਰ ਕੇ ਖਾਣਾ ਪੀਣਾ ਕਰੇ, ਕਿਉਂਕਿ ਪਰਮੇਸ਼ਰ ਦਾ ਭੈ ਹੋਣ ਕਰਕੇ ਮਾਸ ਸ਼ਰਾਬ ਵਗੈਰਾ ਨਹੀਂ ਖਾਵੇ ਪੀਵੇਗਾ। *ਅਥਵਾ:*- ਆਸਰਾ ਰੂਪ ਪਰਮਾਤਮਾ ਦੇ ਭਉ=ਡਰ ਨੂੰ ਖਾਣਾ ਪੀਣਾ ਕਰੇ। ਵਿਣੁ+ਖਾਧੇ=ਪਰਮੇਸ਼ਰ ਦੇ ਖੌਫ ਧਾਰੇ ਬਿਨਾਂ ਇਸ ਗਵਾਰ=ਮੂਰਖ ਪੁਰਸ਼ ਦਾ ਨਿਸਫਲ ਮਰਨਾ ਹੁੰਦਾ ਹੈ॥ ੩॥

ਜਿਸ ਕਾ ਕੋਇ ਕੋਈ ਕੋਇ ਕੋਇ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ॥

ਜਿਸ ਕਿਸੀ ਦਾ ਪਰਮੇਸ਼ਰ ਤੋਂ ਬਿਨਾਂ, ਚਾਰੇ ਜੁਗਾਂ ਵਿਚ ਕੋਈ ਨਹੀਂ ਹੈ।

ਸਾਖੀ-ਪਰਮੇਸ਼ਰ ਤੇ ਭਰੋਸਾ ਰੱਖਣ ਵਾਲੇ ਬੱਚੇ ਦੀ

ਇਕ ਬ੍ਰਾਹਮਣ ਦੇ ਪੰਜ ਪੁੱਤਰ ਸਨ, ਸਾਰਿਆਂ ਤੋਂ ਛੋਟਾ ਲੜਕਾ ਪਰਮੇਸ਼ਰ ਦਾ ਭਗਤ ਹੋਣ ਕਰਕੇ ਰੋਜ਼ ਸਤਸੰਗਤ ਵਿਚ ਜਾਂਦਾ ਤੇ ਘਰ ਦਾ ਕੋਈ ਕੰਮ ਨਹੀਂ ਸੀ ਕਰਦਾ।

ਉਸ ਨਗਰੀ ਦੇ ਰਾਜਾ ਦੇ ਘਰ ਕੋਈ ਸੰਤਾਨ ਨਹੀਂ ਸੀ, ਸੰਤਾਨ ਦੀ ਉਤਪਤੀ ਵਾਸਤੇ ਉਸ ਨੇ ਕਈ ਵਿਆਹ ਕੀਤੇ, ਅਤੇ ਜਤਨ ਵੀ ਬਹੁਤ ਕੀਤੇ, ਪਰ ਸਾਰੇ ਨਿਸਫਲ ਚਲੇ ਗਏ। ਫਿਰ ਉਸ ਨੇ ਜੋਤਸ਼ੀਆਂ ਪਾਸੋਂ ਪੁੱਛਣਾ ਸ਼ੁਰੂ ਕਰ ਦਿੱਤਾ। ਤਦ ਇਕ ਜੋਤਸ਼ੀ ਨੇ ਕਿਹਾ-ਹੇ ਰਾਜਨ ! ਜੇ ਆਪ ਕੋਈ ਲੜਕਾ ਦੇਵੀ ਦੀ ਬਲੀਦਾਨ ਕਰ ਦੇਵੋ, ਤਦ ਅਵੱਸ਼ ਤੁਹਾਡੇ ਘਰ ਲੜਕਾ ਪੈਦਾ ਹੋਵੇਗਾ, ਲੇਕਿਨ ਜ਼ੁਲਮ ਨਾਲ ਕਿਸੇ ਦਾ ਲੜਕਾ ਬਲੀਦਾਨ ਨਹੀਂ ਕਰਨਾ। ਜੇ ਕਿਸੇ ਦੀ ਖੁਸ਼ੀ ਨਾਲ ਯਾਂ ਕਿਸੀ ਮੁੱਲ ਨਾਲ ਤੈਨੂੰ ਮਿਲ ਜਾਵੇ, ਤਾਂ ਉਹ ਬਲੀਦਾਨ ਕਰਨਾ।

ਇਹ ਗੱਲ ਸੁਣ ਕੇ ਰਾਜਾ ਨੇ ਡੋਂਡੀ ਫਿਰਾ ਦਿੱਤੀ, ਕਿ ਜੋ ਕੋਈ ਆਪਣਾ ਲੜਕਾ, ਦੇਵੀ ਨੂੰ ਬਲੀਦਾਨ

ਦੇਣ ਵਾਸਤੇ ਰਾਜਾ ਦੇ ਸਪੁਰਦ ਕਰੇਗਾ, ਉਸ ਨੂੰ ਮੂੰਹ ਮੰਗੀ ਮੁਰਾਦ ਪ੍ਰਾਪਤ ਹੋਵੇਗੀ। ਜਿਸ ਵੇਲੇ ਇਹ ਡੌਂਡੀ ਉਸ ਬ੍ਰਾਹਮਣ ਨੇ ਸੁਣੀ, ਤਾਂ ਮਾਇਆ ਦੇ ਲਾਲਚ ਵਿਚ ਆ ਕੇ, ਉਸ ਨੇ ਆਪਣਾ ਛੋਟਾ ਲੜਕਾ ਜੋ ਭਜਨੀਕ ਤੇ ਸਤਸੰਗੀ ਸੀ, ਘਰ ਦਾ ਕੋਈ ਕੰਮ ਨਹੀਂ ਸੀ ਕਰਦਾ, ਉਸ ਨੂੰ ਮੁੱਲ ਦੇ ਦਿੱਤਾ। ਰਾਜਾ ਨੇ ਉਸ ਲੜਕੇ ਨੂੰ ਆਪਣੇ ਪਾਸ ਖੜਾ ਕਰਕੇ ਕਿਹਾ-ਕਿ ਤੈਨੂੰ ਕਲ੍ਹ ਦੇਵੀ ਦੀ ਭੇਟਾ ਕਰ ਦੇਣਾ ਹੈ, ਅੱਜ ਤੂੰ ਜੋ ਕੁਝ ਖਾਣਾ ਹੈ ਉਹ ਖਾ ਲੈ, ਅਤੇ ਉਸ ਦੇ ਇਰਦ ਗਿਰਦ ਪਹਿਰੇਦਾਰ ਖੜੇ ਕਰ ਦਿੱਤੇ। ਉਸ ਵੇਲੇ ਲੜਕੇ ਨੇ ਚਾਰ ਢੇਰੀਆਂ ਬਣਾਈਆਂ।

(੧) ਇਕ ਢੇਰੀ ਮਾਤਾ ਪਿਤਾ ਦੀ। (੨) ਦੂਜੀ ਢੇਰੀ ਰਾਜਾ ਦੀ।

(੩) ਤੀਜੀ ਢੇਰੀ ਦੇਵੀ ਦੇਵਤਿਆਂ ਦੀ। (੪) ਚੌਥੀ ਢੇਰੀ ਗੁਰੂ ਪਰਮੇਸ਼ਰ ਦੀ।

(੧) ਪਹਿਲੇ ਉਹ ਮਾਤਾ ਪਿਤਾ ਵਾਲੀ ਢੇਰੀ ਦੇ ਆਲੇ ਦੁਆਲੇ ਫਿਰਦਾ ਰਿਹਾ, "ਕਿਉਂਕਿ-ਮਾਤਾ ਪਿਤਾ ਬੱਚੇ ਦੇ ਰੱਖਜਕ ਹੁੰਦੇ ਹਨ, ਫਿਰ ਉਸ ਨੇ ਸੋਚਿਆ ਮਾਤਾ ਪਿਤਾ ਮੇਰੇ ਰੱਖਜਕ ਕਿਸ ਤਰ੍ਹਾਂ ਹੋ ਸਕਦੇ ਹਨ, ਉਨ੍ਹਾਂ ਨੇ ਤਾਂ ਮਾਇਆ ਦੇ ਲਾਲਚ ਵਿਚ ਆ ਕੇ, ਮੈਨੂੰ ਵੇਚ ਦਿੱਤਾ ਹੈ ਇਹ ਗੱਲ ਸੋਚ ਕੇ" ਉਸ ਨੇ ਮਾਤਾ ਪਿਤਾ ਵਾਲੀ ਢੇਰੀ ਢਾਹ ਦਿੱਤੀ।

(੨) ਫੇਰ ਦੂਜੀ ਰਾਜੇ ਵਾਲੀ ਢੇਰੀ ਦੇ ਆਲੇ ਦੁਆਲੇ ਫਿਰਨਾ ਸ਼ੁਰੂ ਕਰ ਦਿੱਤਾ, "ਕਿਉਂਕਿ ਰਾਜਾ ਲੋਕ ਪਰਜਾ ਦੇ ਰੱਖਜਕ ਹੁੰਦੇ ਹਨ। ਪੁਨਾ-ਉਸ ਨੇ ਸੋਚਿਆ, ਕਿ-ਰਾਜਾ ਨੇ ਮੇਰੀ ਰੱਖਿਆ ਕੀ ਕਰਨੀ ਹੈ, ਉਸ ਨੇ ਤਾਂ ਬਲੀਦਾਨ ਵਾਸਤੇ, ਮੈਨੂੰ ਮੁੱਲ ਲੈ ਲਿਆ ਹੈ ਇਹ ਗੱਲ ਵਿਚਾਰ ਕੇ ਉਸ ਨੇ" ਦੂਜੀ ਰਾਜੇ ਵਾਲੀ ਢੇਰੀ ਵੀ ਢਾਹ ਦਿੱਤੀ।

(੩) ਫੇਰ ਉਸ ਨੇ ਤੀਜੀ ਢੇਰੀ (ਦੇਵੀ ਦੇਵਤਿਆਂ ਵਾਲੀ) ਦੇ ਆਲੇ ਦੁਆਲੇ ਪਰਕਰਮਾ ਕਰਨੀ ਸ਼ੁਰੂ ਕਰ ਦਿੱਤੀ, ਕਿਉਂਕਿ-ਦੇਵੀ ਦੇਵਤੇ ਵੀ ਪੁਰਸ਼ ਦੇ ਰੱਖਜਕ ਹੁੰਦੇ ਹਨ, "ਪੁਨਾ-ਉਸ ਨੇ ਸੋਚਿਆ-ਕਿ ਦੇਵੀ ਦੇਵਤੇ ਮੇਰੇ ਕਾਹਦੇ ਰੱਖਜਕ ਹਨ, ਦੇਵੀ ਨੇ ਤਾਂ ਮੈਨੂੰ ਸਵੇਰੇ ਬਲੀਦਾਨ ਲੈ ਲੈਣਾ ਹੈ, ਇਹ ਗੱਲ ਵਿਚਾਰ ਕੇ ਉਸਨੇ" ਤੀਜੀ ਢੇਰੀ ਵੀ ਢਾਹ ਦਿੱਤੀ।

(੪) ਫਿਰ ਚੌਥੀ ਜੋ ਗੁਰੂ ਪਰਮੇਸ਼ਰ ਵਾਲੀ ਢੇਰੀ ਸੀ ਉਸ ਨੂੰ ਮੱਥਾ ਟੇਕ ਕੇ ਪਰਕਰਮਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਤੇ ਆਖਦਾ ਹੈ:-

ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩ ॥ (ਪੰਨਾ ੬੨੪)

ਇਤਿਆਦਿਕ ਬਹੁਤ ਸਾਰੀਆਂ ਬੇਨਤੀਆਂ ਕਰਨ ਨਾਲ ਜਦ ਭਗਵਾਨ ਜੀ ਪ੍ਰਸੰਨ ਹੋਏ, ਤਾਂ ਗਰੁੜ ਭੇਜ ਕੇ ਲੜਕੇ ਨੂੰ ਆਪਣੇ ਪਾਸ ਸੱਦ ਲਿਆ ਚੌਂਕੀਦਾਰ ਮੂੰਹ ਚੁੱਕ ਕੇ ਦੇਖਦੇ ਹੀ ਰਹਿ ਗਏ।

ਇਸ ਸਾਖੀ ਅਨੁਸਾਰ ਹੁਣ ਅੱਖਰ ਲਗਾਓ:-

ਨਾ ਕੋਈ ਮਾਂ ਪਿਉ ਰੱਖਜਕ ਹੈ, ਨਾ ਕੋਈ ਰਾਜਾ ਰੱਖਜਕ ਹੈ, ਨਾ ਕੋਈ ਦੇਵੀ ਦੇਵਤਾ ਰੱਖਜਕ ਹੈ, ਫਿਰ ਕੋਇ=ਕੌਣ ਰੱਖਜਕ ਹੈ? ਕਿ--ਇਕ ਗੁਰੂ ਪਰਮੇਸ਼ਰ ਹੀ ਰੱਖਜਕ ਹੈ।

ਅਥਵਾ:-ਅੱਵਲ ਤਾਂ ਕੋਈ ਕਿਸੀ ਦਾ ਰੱਖਜਕ ਨਹੀਂ ਹੈ, ਜੇ ਕਿਸੀ ਦਾ ਕੋਈ ਹੈ, ਤਾਂ ਕਹੋ ਕੌਣ ਕੋਈ ਹੈ, ਕਿੰਤੂ ਕੋਈ ਨਹੀਂ। ਹੇ ਪਰਮੇਸ਼ਰ ਸਭ ਕੋਈ ਤੇਰਾ ਦਾਸ ਹੈ, ਤੇ ਤੂੰ ਸਾਰਿਆਂ ਦਾ ਮਾਲਕ ਹੈ।

ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥ ੪ ॥ ੨ ॥

ਜਿਸ ਪਰਮਾਤਮਾ ਦੇ ਸੂਖਮ ਅਸਥੂਲ ਜੀਅ ਜੰਤ, ਧੰਨਤਾ ਜੋਗ ਮਾਲ ਹੈ। ਵਾ:-ਸਾਰਿਆਂ ਜੀਆਂ ਜੰਤਾਂ ਨੂੰ ਜਿਸ ਪਰਮੇਸ਼ਰ ਦਾ ਧਨ ਮਾਲ ਦਿੱਤਾ ਹੋਇਆ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਉਸ ਵਾਹਿਗੁਰੂ ਦੇ ਆਖਣ ਦਾ ਵੀਚਾਰ ਬਹੁਤ ਬਿਖਮੁ=ਕਠਨ ਹੈ॥ ੪॥ ੨॥

ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਅਤੇ ਆਪਣਾ ਨਾਂ "ਕੌਡਾ" ਸੁਣ ਕੇ ਬੜਾ ਹੈਰਾਨ ਹੋ ਕੇ ਵਿਚਾਰਦਾ ਹੈ—ਅਗੇ ਇਨ੍ਹਾਂ ਦਾ ਤੇ ਮੇਰਾ ਆਪਸ ਵਿਚ ਕਦੇ ਮਿਲਾਪ ਨਹੀਂ ਹੋਇਆ ਇਹ ਮੇਰਾ ਨਾਂ ਕਿਵੇਂ ਜਾਣਦੇ ਹਨ, ਇਸ ਤਰ੍ਹਾਂ ਵਿਚਾਰਦਿਆਂ ਕੌਡੇ ਨੂੰ ਪਿਛਲਾ ਗਿਆਨ ਹੋ ਗਿਆ ਤੇ ਸ਼ੀਸ਼ਾ ਲਿਆ ਕੇ ਗੁਰੂ ਜੀ ਅੱਗੇ ਰੱਖ ਕੇ ਨਿਸਚੇ ਕਰ ਲਿਆ ਕਿ ਇਹ ਤਾਂ ਈਸ਼ੁਰ ਅਵਤਾਰ ਹਨ, ਗੁਰੂ ਜੀ ਦੀ ਪ੍ਰਸੰਨਤਾ ਲੈਣ ਵਾਸਤੇ ਉਸੀ ਵੇਲੇ ਕੌਡੇ ਨੇ ਬੜੇ ਸੁੰਦਰ ਸੁਾਂਦੀਕ ਮਿੱਠੇ ਮਿੱਠੇ ਫਲ ਲਿਆ ਕੇ ਗੁਰੂ ਜੀ ਅੱਗੇ ਰਖੇ। ਗੁਰੂ ਜੀ ਨੇ ਕਿਹਾ ਤੇਰਾ ਗੁਰੂ ਮਰਦਾਨਾ ਹੈ ਤੂੰ ਇਸ ਦੇ ਅੱਗੇ ਫਲ ਰਖ ਕੇ ਮੱਥਾ ਟੇਕਨਾ ਕਰ। ਇਸ ਦੀ ਪੂਜਾ ਕਰਨ ਨਾਲ ਹੀ ਤੇਰਾ ਉਧਾਰ ਹੋਵੇਗਾ।

ਕੌਡੇ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਚਰਨਾਂ ਪਰ ਮੱਥਾ ਟੇਕ ਕੇ ਮਰਦਾਨੇ ਨੂੰ ਆਪਣਾ ਗੁਰੂ ਥਾਪ ਲਿਆ। ਫਿਰ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਬਾਲਾ ਜੀ ਨੇ ਸਭ ਤੋਂ ਚੰਗੇ ਫਲ ਗੁਰੂ ਜੀ ਅੱਗੇ ਰਖ ਕੇ ਕੁਝ ਮਰਦਾਨੇ ਨੂੰ ਦੇ ਕੇ ਤੇ ਕੁਝ ਆਪ ਲੈ ਲੀਤੇ।

ਗੁਰੂ ਜੀ ਨੇ ਆਪਣੇ ਅਗੋਂ ਫਲ ਚੁੱਕ ਕੇ ਕੌਡੇ ਨੂੰ ਦੇ ਦਿੱਤੇ, ਉਨ੍ਹਾਂ ਫਲਾਂ ਦੇ ਖਾਂਦਿਆਂ ਸਾਰ ਹੀ ਕੌਡੇ ਦੀ ਰਾਖਸ਼ ਦੇਹ ਪਲਟ ਗਈ ਤੇ ਦਿਬਜ ਸਰੂਪ ਹੋ ਕੇ ਗੁਰੂ ਜੀ ਦੀ ਉਸਤਤੀ ਕਰਦਾ ਹੋਇਆ। ਫਿਰ ਗੁਰੂ ਜੀ ਨੇ ਕਿਹਾ ਤੈਨੇ ਇਹ ਰਾਖਸ਼ ਜੂਨ ਕਿਵੇਂ ਪਾਈ ਹੈ? ਕੌਡੇ ਨੇ ਕਿਹਾ ਆਪ ਤਾਂ ਅੰਤਰਜਾਮੀ ਹੋ ਪਰ ਆਪ ਜੀ ਦੇ ਹੁਕਮ ਅਨੁਸਾਰ ਮੈਂ ਆਪਣੀ ਗੱਲ ਸੁਣਾਂਦਾ ਹਾਂ।

ਪਹਿਲਾ ਜਨਮ ਮੇਰਾ ਬ੍ਰਾਹਮਣ ਦਾ ਸੀ, ਵਿਦਿਆ ਦੇ ਪੜ੍ਹਨ ਕਰ ਕੇ ਮੈਨੂੰ ਬੜਾ ਹੰਕਾਰ ਹੋ ਗਿਆ। ਇਕ ਦਿਨ ਮੇਰੇ ਵਿਦਿਆ ਗੁਰੂ ਮੇਰੇ ਘਰ ਆ ਗਏ ਮੈਨੇ ਅੱਗੋਂ ਉੱਠ ਕੇ ਉਨ੍ਹਾਂ ਦਾ ਸਤਿਕਾਰ ਨ ਕੀਤਾ, ਆਪਣੀ ਗਰੂਰੀ ਵਿਚ ਮਸਤ ਰਿਹਾ, ਤਾਂ ਉਨ੍ਹਾਂ ਨੇ ਗੁੱਸੇ ਵਿਚ ਆ ਕੇ ਸਰਾਪ ਦੇ ਦਿੱਤਾ ਕਿ ਤੈਨੇ ਜਗਤ ਮਰਯਾਦਾ ਤੋਂ ਉਲਟ ਗੱਲ ਕੀਤੀ ਹੈ ਇਸ ਤੇ ਤੂੰ ਰਾਖਸ਼ ਦੇਹੀ ਨੂੰ ਪਾਣਾ ਕਰ।

ਯਥਾ:- ਅਸ ਵਿੱਪ੍ਰੀਤਿ ਜੁ ਤੈਂ ਮਨ ਠਾਨੀ॥ ਕਛੂ ਨ ਬਿਗਰਹਿ ਮੁਝ-ਹੇ ਮਾਨੀ॥
ਯਾਂਕੋ ਫਲ ਜੇ ਤੂੰ ਨਹਿੰ ਪਾਵੈਂ॥ ਤੋ ਸ਼ੁਭ ਰੀਤਿ ਜਗਤ ਮਿਟ ਜਾਵੈ॥ ੬੬॥
ਤਾਂਤੇ ਤੂੰ ਰਾਖਸ਼ ਤਨ ਪਾਈ॥ ਕਰਹੁ ਕੁਕਰਮ ਧਰਮ ਬਿਸਰਾਈ॥
ਅਸ ਪ੍ਰਕਾਰ ਸੁਨਿ ਗੁਰੁ ਕੋ ਸ੍ਰਾਪਾ॥ ਮੈਂ ਭੈ ਭੀਤਿ ਭਯੋ ਬਹੁ ਕਾਂਪਾ॥ ੬੭॥

ਦੋ ਹੱਥ ਜੋੜ ਕੇ ਬੜੀ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਮੈਂਨੇ ਆਪਣੇ ਕੀਤੇ ਅਪ੍ਰਾਧ ਅਨੁਸਾਰ ਰਾਖਸ਼ ਦੇਹੀ ਜਾਂ ਪਾ ਲਈ ਹੈ ਪਰ ਏਹ ਨਵਿਰਤ ਕਿਵੇਂ ਹੋਵੇਗੀ?

ਤਾਂ ਗੁੰਰੂ ਜੀ ਨੇ ਕਿਹਾ-ਏਕੰਕਾਰ ਧਰੈ ਅਵਤਾਰਾ॥ ਤਿਨਕੇ ਮਿਲੇ ਹੋਇ ਨਿਸਤਾਰਾ॥ ੬੯॥

ਫਿਰ ਪੁੱਛਿਆ ਮੈਂ ਉਨ੍ਹਾਂ ਨੂੰ ਕਿਵੇਂ ਪਛਾਣਾਗਾ। ਤਾਂ ਉਨ੍ਹਾਂ ਨੇ ਇਕ ਸ਼ੀਸ਼ਾ ਦੇ ਕੇ ਕਿਹਾ ਇਸ ਨੂੰ ਅੱਗੇ ਰੱਖ ਕੇ ਪਛਾਣ ਲਵੀਂ ਇਸ ਸ਼ੀਸ਼ੇ ਵਿਚ ਉਨ੍ਹਾਂ ਦਾ ਪ੍ਰਤਿਬਿੰਬ ਮਨੁੱਖ ਜੈਸਾ ਨਿਗਾਹ ਆਵੇਗਾ ਤੇ ਬਾਕੀਆਂ ਦਾ ਮੂੰਹ ਮਨੁੱਖ ਵਰਗਾ ਨਹੀਂ ਦਿਸੇਗਾ।

ਯਥਾ:- ਜਾਮੈ ਪਰ ਪ੍ਰਤਿਬਿੰਬ ਸੁ ਜਾਕੋ। ਪੁਨ ਮਾਨੁਖ ਮੁਖ ਦੀਸਹਿ ਤਾਂਕੋ।
ਸੋ ਜਾਨਹੁ ਇਹੁ ਹੈ ਅਵਤਾਰਾ। ਤਿਸਤੇ ਤੇਰੋ ਹੋਇ ਉਧਾਰਾ॥ ੯੧॥
ਅਨਿਕ ਜਨਮ ਜਿਹ ਨਰ ਜਗ ਪਾਏ। ਨਾਨਾ ਜੋਨਿ ਵਿਖੈ ਜੋ ਆਏ।
ਤਿਨਕੇ ਮੁਖ ਇਸ ਦਰਪਨ ਮਾਂਹੀ। ਮਾਨੁਖ ਕੇ ਦੀਸਹਿ ਕਬਿ ਨਾਹੀ॥ ੯੨॥
ਗੁਰ ਤੇ ਲੇਕਰ ਮੁਕਰ ਸੁ ਆਵਾ। ਤਬਕੋ ਮੈਂ ਇਹ ਥਾਨ ਰਹਾਵਾ।
ਗਹਿ ਕਰਿ ਆਨੇ ਮਨੁਜ ਘਨੇਰੇ। ਮੁਕਰ ਵਿਖੇ ਪ੍ਰਤਿਬਿੰਬ ਸੁ ਹੇਰੇ॥ ੯੩॥
ਸ਼ੂਕਰ ਕੂਕਰ ਖਰ ਖਗ ਸ਼ੇਰਾ। ਇਤਜਾਦਿਕ ਸਭਿ ਕੋ ਮੁਖ ਹੇਰਾ।
ਤੁਮਰਾ ਮਾਨੁਖ ਬਦਨ ਦਿਸਾਨਾ। ਜਿਨ ਕੇ ਪਰਸੇ ਸ੍ਰਾਪ ਮਿਟਾਨਾ॥੯੪॥

(ਨਾਨਕ ਪ੍ਰਕਾਸ਼ ਪੂਰਬਾਰਧ ਧਿਆ ੫੦)

ਉਨ੍ਹਾਂ ਬਚਨਾਂ ਅਨੁਸਾਰ ਆਪ ਜੀ ਦਾ ਮਨੁੱਖੀ ਸਰੂਪ ਵੇਖ ਕੇ ਮੈਨੂੰ ਆਪ ਜੀ ਉੱਤੇ ਭਰੋਸਾ ਆ ਗਿਆ ਹੈ ਹੁਣ ਆਗਿਆਂ ਦਿਓ ਮੈਂ ਸੁਰਲੋਕ ਵਿਖੇ ਜਾਵਾਂ, ਹਜ਼ੂਰ ਦੇ ਕਹੇ ਅਨੁਸਾਰ ਕੌਡਾ ਰਾਖਸ਼ ਮੁਕਤ ਹੋ ਕੇ ਸੁਰਲੋਕ ਵਿਚ ਚਲਾ ਗਿਆ।

ਗਉੜੀ ਮਹਲਾ ੧॥

ਉਥਾਨਕਾ:- ਇਹ ਸ਼ਬਦ ਸਤਿਗੁਰੂ ਜੀ ਨੇ ਆਪਣੇ ਸੱਸ ਸਹੁਰੇ ਪ੍ਰਤੀ ਉਚਾਰਿਆ ਹੈ।

ਸਤਿਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਦਾ ਚੱਕਰ ਲਾਉਂਦੇ ਹੋਏ ਜਿਸ ਵੇਲੇ ''ਪੱਖੋ ਕੇ ਰੰਧਾਵੇ'' ਪਹੁੰਚੇ ਹਨ, ਉਸ ਵੇਲੇ ਗੁਰੂ ਸਾਹਿਬ ਜੀ ਦੇ ਸਰੀਰ ਪਰ ਸਾਧੂਆਂ ਵਾਲਾ ਬਾਣਾ ਸ਼ਸ਼ੋਭਤ ਹੋ ਰਿਹਾ ਸੀ। ਜਿਸ ਵੇਲੇ ਆਪ ਜੀ ਦੀ ਸੱਸ **ਚੰਦੋ ਰਾਣੀ** ਨੇ ਆਪ ਜੀ ਦੇ ਸਰੀਰ ਪਰ ਭਗਵੇਂ ਕਪੜੇ ਪਾਏ ਦੇਖੇ, ਤਾਂ ਬਹੁਤ ਗੁਸਾ ਚੜ੍ਹ ਗਿਆ ਤੇ ਵੱਧ ਘੱਟ ਸ਼ਬਦ ਬੋਲਣ ਲੱਗ ਪਈ। *ਯਥਾ:-*ਚੰਦੋ ਰਾਣੀ ਕੜਕੀ ਫੇਰ॥ ਤੇ ਕਹਿਣ ਲੱਗੀ ਆਪ ਜੀ ਨੇ ਤਾਂ ਸਾਡੀ ਕੁਲ ਹੀ ਡੋਬ ਦਿੱਤੀ ਹੈ, ਨਾ ਆਪ ਜੀ ਨੇ ਮਾਤਾ ਪਿਤਾ ਦੀ ਸ਼ਰਮ ਰੱਖੀ ਹੈ, ਨਾ ਹੀ ਸਾਡੀ, ਉਸ ਵੇਲੇ ਸਤਿਗੁਰੂ ਜੀ ਨੇ ਕਿਹਾ-ਅਸੀਂ ਹੋਰ ਹੀ ਮਾਤਾ ਪਿਤਾ ਤੇ ਸੱਸ ਸਹੁਰਾ ਬਣਾ ਲਏ ਹਨ। ਤਾਂ ਆਪ ਜੀ ਦੀ ਸੱਸ ਨੇ ਕਿਹਾ-ਕਿ-ਦੱਸੋ ਤਾਂ ਸਹੀ ਕੇਹੜੇ ਮਾਤਾ ਪਿਤਾ ਤੇ ਸੱਸ ਸਹੁਰਾ ਬਣਾਏ ਹਨ, ਤਾਂ ਗੁਰੂ ਜੀ ਨੇ ਅੰਤਰੀਵ ਭਾਵ ਨਾਲ ਕਿਹਾ-

ਮਾਤਾ ਮਤਿ ਪਿਤਾ ਸੰਤੋਖੁ॥ ਸਤੁ ਭਾਈ ਕਰਿ ਏਹੁ ਵਿਸੇਖੁ॥ ੧॥

ਆਤਮ ਵਿਛੈਣੀ ਬੁੱਧੀ ਇਹ ਸਾਡੀ ਮਾਂ ਹੈ, ਸੰਤੋਖ ਸਾਡਾ ਪਿਉ ਹੈ। ਸੱਚ ਦਾ ਬੋਲਣਾ ਇਹ ਪਿਤਾ ਜੀ ਦਾ ਭਾਈ=ਭਰਾ ਵਿਸ਼ੇਸ਼ ਕਰਕੇ ਚਾਚਾ ''ਲਾਲੂ ਜੀ'' ਹਨ। ਕਿਉਂਕਿ ਗੁਰੂ ਸਾਹਿਬ ਜੀ ਦਾ ਆਪਣਾ ਭਰਾ ਕੋਈ ਨਹੀਂ ਸੀ॥ ੧॥

[ਪੰਨਾ ੧੫੨]

ਕਹਣਾ ਹੈ ਕਿਛੁ ਕਹਣੁ ਨ ਜਾਇ॥
ਤਉ ਕੁਦਰਤਿ ਕੀਮਤਿ ਨਹੀ ਪਾਇ॥ ੧॥ ਰਹਾਉ॥

ਤੁਹਾਨੂੰ ਕੁੱਝ ਯੋਗ ਅਯੋਗ ਕਹਿਣਾ ਸੀ, ਪਰ ਕਿਹਾ ਨਹੀਂ ਜਾਂਦਾ, "ਕਿਉਂਕਿ ਤੁਸੀਂ ਮਾਤਾ ਪਿਤਾ ਦੇ ਤੁੱਲ ਹੋ"। *ਅਥਵਾ:-* ਹੇ ਪਰਮੇਸ਼ਰ.! ਆਪ ਜੀ ਦਾ ਜਸ ਕਹਿੰਦੇ ਤਾਂ ਹਾਂ, ਪਰ ਸਾਥੋਂ ਕੁਝ ਕਿਹਾ ਨਹੀਂ ਜਾਂਦਾ। ਸਾਡੇ ਪਾਸੋਂ ਤਾਂ ਤਉ=ਤੁਹਾਡੀ ਸ਼ਕਤੀ ਦੀ ਕੀਮਤ ਭੀ ਨਹੀਂ ਪਾਈ ਜਾਂਦੀ॥ ੧॥ ਰਹਾਉ॥

ਸਰਮ ਸੁਰਤਿ ਦੁਇ ਸਸੁਰ ਭਏ॥ ਕਰਣੀ ਕਾਮਣਿ ਕਰਿ ਮਨ ਲਏ॥ ੨॥

ਸਰਮ=ਵੈਰਾਗ, ਸੁਰਤਿ=ਗਿਆਤ, ਵਾ:-ਸੁ+ਰਤਿ=ਸ੍ਰੇਸ਼ਟ ਪ੍ਰੀਤੀ, ਇਹ ਦੋਵੇਂ ਸਾਡੇ ਸੱਸ ਸਹੁਰਾ ਹੋਏ ਹਨ। ਮਨ=ਸ਼ਰੋਮਣ ਨਿਸ਼ਕਾਮ ਕਰਮਾਂ ਦੀ ਕਰਨੀ ਰੂਪੀ ਕਾਮਣਿ=ਇਸਤਰੀ ਅਸਾਂ ਨੇ ਕਰ ਲਈ ਹੈ।

ਵਾ:-ਅਸਾਡੇ ਮਨ ਨੇ ਨਿਸ਼ਕਾਮ ਦੀ ਕਰਨੀ ਰੂਪੀ ਇਸਤਰੀ ਕਰ ਲਈ ਹੈ॥ ੨॥

ਸਾਹਾ ਸੰਜੋਗੁ ਵੀਆਹੁ ਵਿਜੋਗੁ॥ ਸਚੁ ਸੰਤਤਿ ਕਹੁ ਨਾਨਕ ਜੋਗੁ॥ ੩॥ ੩॥

ਜੇਹੜਾ ਗੁਰਾਂ ਦਾ ਸੰਜੋਗ ਹੋਇਆ ਹੈ ਇਹ ਸਾਹਾ ਸੁਧਾਇਆ ਹੈ, ਅਤੇ ਜੇਹੜਾ ਪਦਾਰਥਾਂ ਦਾ ਵਿਜੋਗ ਹੋਇਆ ਹੈ ਇਹ ਵਿਆਹ ਕੀਤਾ ਹੈ। ਵਾ:-ਅੰਨਵੇਂ ਕਰਨਾ- ਪਦਾਰਥਾਂ ਦਾ ਜੇਹੜਾ ਵਿਜੋਗ ਹੋਇਆ ਹੈ, ਇਹ ਸਾਹਾ ਸੁਧਾਇਆ ਹੈ, ਅਤੇ ਜੇਹੜਾ ਗੁਰਾਂ ਦਾ ਸੰਜੋਗ ਹੋਇਆ ਹੈ, ਇਹ ਵਿਆਹ ਕੀਤਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ--ਸੱਚ ਸਰੂਪ ਦੀ ਪ੍ਰਾਪਤੀ ਕਰਨ ਵਾਲਾ ਜੋ ਬ੍ਰਹਮ ਗਿਆਨ ਹੈ, ਏਹੀ ਸੰਤਤਿ=ਸੰਤਾਨ ਅਰਥਾਤ ਪੁੱਤਰ ਪੈਦਾ ਹੋਇਆ ਹੈ, ਜੋ ਹਰ ਤਰ੍ਹਾਂ ਕਰਕੇ ਜੋਗੁ=ਲਾਇਕ॥ ੩॥ ੩॥

ਗਉੜੀ ਮਹਲਾ ੧॥

ਉਥਾਨਕਾ:-ਇਕ ਪੰਡਿਤ ਗੁਰੂ ਸਾਹਿਬ ਜੀ ਦੇ ਪਾਸ ਗਿਆਨ ਦੀਆਂ ਗੱਲਾਂ ਬਹੁਤ ਕਰਦਾ ਹੁੰਦਾ ਸੀ, ਅਤੇ ਆਪਣੇ ਆਪ ਨੂੰ ਗਿਆਨੀ ਸਦਾਉਂਦਾ ਸੀ। ਸਮੇਂ ਦੇ ਚੱਕਰ ਅਨੁਸਾਰ ਇਕ ਦਿਨ ਉਸ ਦਾ ਪੁੱਤਰ ਮਰ ਗਿਆ, ਮੋਹ ਵਿਚ ਗਲਤਾਨ ਹੋਣ ਕਰਕੇ ਰੋਂਦਾ ਰੋਂਦਾ ਬੱਸ ਨਾ ਕਰੇ, ਉਸ ਦੇ ਮੋਹ ਨੂੰ ਦੂਰ ਕਰਨ ਵਾਸਤੇ ਗੁਰੂ ਸਾਹਿਬ ਜੀ ਉਪਦੇਸ਼ ਕਥਨ ਕਰਦੇ ਹਨ—

ਬੁਝੁ ਰੇ ਗਿਆਨੀ ਮੂਆ ਹੈ ਕਉਣੁ॥ ਹੇ ਗਿਆਨੀ ! ਤੂੰ ਬੁੱਝਣਾ ਕਰ, ਇਨ੍ਹਾਂ ਵਿਚੋਂ ਕੌਣ ਮਰਿਆ ਹੈ? ਜੇ ਤੂੰ ਕਵ੍ਹੇਂ ਜੀਵ ਆਤਮਾ ਮਰਿਆ ਹੈ, ਤਾਂ ਉਹ ਕਦੇ ਮਰਦਾ ਨਹੀਂ-ਕਿਉਂਕਿ---

ਮਰਣਹਾਰੁ ਇਹੁ ਜੀਅਰਾ ਨਾਹੀਂ॥ ੩॥ *(ਗਉੜੀ ਮਹਲਾ ੫, ਪੰਨਾ ੧੮੮)*

ਜੇ ਕਵ੍ਹੇਂ ਸਰੀਰ ਮਰਿਆ ਹੈ, ਤਾਂ ਇਹ ਸਰੀਰ—

ਪਉਣੈ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕ ਖੇਲੁ॥

ਪੌਣ ਪਾਣੀ ਅਗਨੀ ਦਾ ਮਿਲਾਪ ਰੂਪ ਹੈ, ਭਾਵ-ਇਨ੍ਹਾਂ ਤਿੰਨ ਤੱਤਾਂ ਤੋਂ ਸਰੀਰ ਬਣਿਆ ਹੈ, "ਕਿਉਂਕਿ ਕਈ ਲੋਕ ਤਿੰਨ ਤੱਤ ਵੀ ਮੰਨਦੇ ਹਨ (ਉਪਨਿਸ਼ਦ ਵਿਚ ਵੀ ਤਿੰਨ ਤੱਤ ਕਹੇ ਹਨ।

ਵਾ:-ਪੌਣ, ਪਾਣੀ, ਅਗਨੀ ਆਦਿਕ ਪੰਜ ਤੱਤਾਂ ਦਾ ਇਹ ਮਿਲਾਪ ਰੂਪ ਸਰੀਰ ਹੈ, ਅਰਥਾਤ ਇਨ੍ਹਾਂ ਪੰਜਾਂ ਤੱਤਾਂ ਕਰਕੇ ਸਰੀਰ ਰਚਿਆ ਹੋਇਆ ਹੈ। ਚੰਚਲ ਜੋ ਸੰਸਾਰ ਹੈ, ਇਹ ਚਪਲ=ਚੰਚਲ ਬੁੱਧੀ ਦਾ ਹੀ ਖੇਲ ਹੈ, ਅਰਥਾਤ ਮਨ ਦਾ ਰਚਿਆ ਹੋਇਆ ਹੈ।

ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥ ੧ ॥

ਇਸ ਸਰੀਰ ਦੇ ਗੋਲਕਾਂ ਰੂਪ ਨੌਂ ਦਰਵਾਜ਼ੇ ਖੁਲ੍ਹੇ ਰੱਖੇ ਹਨ, ਅਤੇ ਦਸਵਾਂ ਦਰਵਾਜ਼ਾ ਗੁਪਤ ਅਰਥਾਤ ਬੰਦ ਰਖਿਆ ਹੈ। ਗਿਆਨੀ ਦੇ ਨਾਲ ਮਿਲਕੇ, ਹੇ ਗਿਆਨੀ ! ਇਸ ਵਿਚਾਰ ਨੂੰ ਤੂੰ ਬੁਝ=ਸਮਝਣਾ ਕਰ ॥ ੧ ॥

ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥ ੧ ॥ ਰਹਾਉ ॥

ਉਹ ਪਰਮੇਸ਼ਰ ਆਪ ਹੀ ਬਕਤਾ ਹੋ ਕੇ ਕਥਤਾ=ਕਥਨ ਕਰਦਾ ਹੈ, ਅਤੇ ਉਹ ਪਰਮੇਸ਼ਰ ਆਪ ਹੀ ਸਰੋਤਾ ਹੋ ਕੇ ਸੁਨਤਾ=ਸੁਣਦਾ ਹੈ। ਜੋ ਆਪਣੇ ਸਰੂਪ ਦਾ ਵੀਚਾਰ ਕਰਦਾ ਹੈ ਉਹ ਅਸਲ ਗਿਆਨੀ ਹੁੰਦਾ ਹੈ ॥ ੧ ॥ ਰਹਾਉ ॥

ਜੇਕਰ ਪੰਡਿਤ ਆਖੇ ਕਿ—ਦੇਹ ਮਰੀ ਹੈ, ਤਾਂ ਗੁਰੂ ਜੀ ਆਖਦੇ ਹਨ।

ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥

ਹੇ ਪੰਡਿਤ ਜੀ! ਦੇਹ ਤਾਂ ਅੱਗੇ ਮਿੱਟੀ ਦਾ ਕਾਰਜ ਹੋਣ ਕਰਕੇ ਜੜ੍ਹ ਹੈ, ਇਸ ਵਿਚ ਪਉਣ ਸੰਬੰਧੀ ਜੀਵ ਬੋਲ ਰਿਹਾ ਹੈ। *ਅਥਵਾ:-* ਪਉਣੁ=ਵਾਕ ਇੰਦ੍ਰੀਆਂ ਬੋਲ ਰਿਹਾ ਹੈ। ਹੇ ਗਿਆਨੀ ਤੂੰ ਬੁੱਝਣਾ ਕਰ ਮੂਆ= ਮਰਿਆ ਕੌਣ ਹੈ? ਗਿਆਨੀ ਨੇ ਕਿਹਾ-ਕਿ-ਆਪ ਹੀ ਕਿਰਪਾ ਕਰਕੇ ਦੱਸੋ, ਕੌਣ ਮਰਿਆ ਹੈ।

ਗੁਰ ਉੱਤਰ:-

ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥ ੨ ॥

ਜਿਸ ਸੁਰਤ ਦਾ ਬਾਦੁ=ਵਿਅਰਥ ਹੰਕਾਰ ਕਰਦਾ ਸੀ, ਉਹ ਮਰ ਗਈ।

ਵਾ:-ਬਾਦ=ਝਗੜੇ ਅਤੇ ਅਹੰਕਾਰ ਦੇ ਸਹਿਤ ਸੁਰਤ ਮਰ ਗਈ।

ਜੋ ਚੇਤਨ ਦੇਖਣ ਵਾਲਾ ਹੈ, ਉਹ ਨਹੀਂ ਮਰਦਾ ॥ ੨ ॥

ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥

ਜਿਸ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ, ਇਹ ਜੀਵ ਤੀਰਥਾਂ ਦੇ ਤਟਿ=ਕਿਨਾਰਿਆਂ ਪਰ ਜਾ ਕੇ ਬੈਠਦਾ ਹੈ। ਉਹ ਰਤਨ ਪਦਾਰਥ ਰੂਪ ਪਰਮਾਤਮਾ ਘਟ=ਹਿਰਦੇ ਵਿਚ ਹੀ ਹੈ।

ਫਿਰ ਪੰਡਿਤ ਨੇ ਕਿਹਾ-ਸ਼ਾਸ਼ਤਰ ਵੇਤਾ ਪੰਡਿਤ ਲੋਕ ਉਸ ਰਤਨ ਪਦਾਰਥ ਰੂਪ ਪਰਮਾਤਮਾ ਨੂੰ ਕਿਉਂ ਨਹੀਂ ਜਾਣਦੇ? *ਗੁਰ ਉੱਤਰ:-*

ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥ ੩ ॥

ਪੰਡਿਤ ਲੋਕ ਪੜ੍ਹ ਪੜ੍ਹਾ ਕੇ *ਅਥਵਾ:-*ਪੜਿ+ਪੜਿ=ਪੜ੍ਹ ਕੇ ਬਾਦੁ=ਝਗੜਿਆਂ ਨੂੰ ਹੀ ਕਥਨ ਕਰਦੇ ਹਨ। ਅੰਤਹਕਰਨ ਵਿਚ, ਜੋ ਆਤਮ ਵਸਤੂ ਹੁੰਦੀ ਹੈ, ਉਸ ਨੂੰ ਜਾਣਦੇ ਨਹੀਂ ॥ ੩ ॥

ਫਿਰ ਪੰਡਿਤ ਨੇ ਕਿਹਾ-ਆਪ ਭੀ ਤਾਂ ਮਿਰਤੂ ਹੋਵੋਗੇ? ਇਸ ਪਰ ਗੁਰੂ ਸਾਹਿਬ ਜੀ ਕਹਿੰਦੇ ਹਨ:-

ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥

ਹਉ=ਅਸਾਂ ਨੇ ਨਹੀਂ ਮਰਨਾ, ਕਿਉਂਕਿ ਮੇਰੀ ਅਵਿੱਦਿਆ ਰੂਪ ਬਲਾ ਜੋ ਮਰ ਗਈ ਹੈ। ਉਹ ਪਰਮਾਤਮਾ ਕਦੇ ਨਹੀਂ ਮਰਦਾ, ਜੋ ਸਾਰਿਆਂ ਵਿਚ ਸਮਾ ਰਿਹਾ ਹੈ।

ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਧੰਨ ਗੁਰੂ ਸਾਹਿਬ ਜੀ ਹਨ, ਜਿਨ੍ਹਾਂ ਨੇ ਬ੍ਰਹਮ ਨੂੰ ਆਪਣਾ ਸਰੂਪ ਕਰ ਕੇ ਵਿਖਾਇਆ ਹੈ। ਜਿਨ੍ਹਾਂ ਨੂੰ ਆਪਣਾ ਸਰੂਪ ਕਰਕੇ ਵਿਖਾਇਆ ਹੈ, ਉਨ੍ਹਾਂ ਨੂੰ ਮਰਦਾ ਜਾਂਦਾ ਕੁਝ ਨਿਗਾਹ ਨਹੀਂ ਆਇਆ ॥ ੪ ॥ ੪ ॥

ਯਥਾ:- ਨਹ ਕਿਛੁ ਜਨਮੈ ਨਹ ਕਿਛੁ ਮਰੈ ॥
ਆਪਨ ਚਲਿਤੁ ਆਪ ਹੀ ਕਰੈ ॥ *(ਗਉੜੀ ਸੁਖਮਨੀ ਮ: ੫, ਪੰਨਾ ੨੮੧)*

ਗਉੜੀ ਮਹਲਾ ੧ ਦਖਣੀ ॥

(ਦੱਖਣੀ, ਗਉੜੀ ਦੀ ਇਕ ਜ਼ਾਤੀ ਹੈ, ਕਿਉਂਕਿ ਗਉੜੀ ਨੌਂ ਪ੍ਰਕਾਰ ਦੀ ਕਹੀ ਹੈ)।

ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥

ਜੋ ਮਨੁੱਖ ਗੁਰਾਂ ਤੋਂ ਬੂਝੈ=ਪੁੱਛਕੇ ਸੁਣਿ=ਕੰਨਾਂ ਦੁਆਰੇ ਸੁਣਿ=ਸੁਣਕੇ (ਸ੍ਰਵਣ ਕਰਕੇ) ਨਾਮ ਨੂੰ ਮੰਨਣ ਕਰਦਾ ਹੈ। ਮੈਂ ਤਿਨ੍ਹਾਂ ਉਪਰੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥ ੧ ॥

ਹੇ ਪਰਮੇਸ਼ਰ ! ਜਿਸ ਨੂੰ ਤੂੰ ਆਪ ਭੁਲਾਉਂਦਾ ਹੈ, ਉਸ ਨੂੰ ਠਹਿਰਨ ਵਾਸਤੇ ਠਾਉ=ਜਗ੍ਹਾ ਨਹੀਂ। ਗੁਰਾ ਦੇ ਮੇਲ ਨਾਲ ਮਿਲਾ ਕੇ ਜਿਸ ਨੂੰ ਤੂੰ ਸਮਝਾਵਹਿ=ਸਮਝਾਉਂਦਾ ਹੈਂ, ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੧ ॥

ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥ ੧ ॥ ਰਹਾਉ ॥

ਹੇ ਪਰਮੇਸ਼ਰ! ਮੈਨੂੰ ਆਪ ਜੀ ਦਾ ਨਾਮ ਮਿਲੇ, ਜੋ ਅੰਤ ਨੂੰ ਮੇਰੇ ਨਾਲ ਚਲਣਾ ਕਰੇ। ਕਿਉਂਕਿ ਨਾਮ ਤੋਂ ਬਿਨਾਂ ਸਾਰੀ ਸ੍ਰਿਸ਼ਟੀ ਕਾਲਿ=ਜਮਕਾਲ ਨੇ ਬਾਧੀ=ਬੱਧੀ (ਬੰਨ੍ਹੀ) ਹੋਈ ਹੈ॥ ੧ ॥ ਰਹਾਉ ॥

ਪ੍ਰਸ਼ਨ:- ਜੀਵ ਤਰਦਾ ਕਿਉਂ ਨਹੀ? *ਗੁਰ ਉੱਤਰ:-*

ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥

ਨਾਵੈ=ਨਾਮ ਰੂਪ ਪਰਪੰਚ ਦੀ ਓਟ ਲੈ ਕੇ, ਖੇਤੀਆਂ ਅਤੇ ਵਣਜ ਵਾਪਾਰ ਕਰ ਰਿਹਾ ਹੈ। ਜਨਮ ਮਰਨ ਰੂਪੀ ਅੰਗੂਰ ਦੀ ਉਤਪਤੀ ਕਰਨ ਵਾਲਾ ਜੋ ਪਾਪਾਂ ਪੁੰਨਾਂ ਰੂਪ ਬੀਜ ਹੈ, ਉਸ ਦੀ ਅੰਤਸ਼ਕਰਨ ਰੂਪੀ ਕੱਪੜੇ ਵਿਚ ਪੋਟ=ਪੰਡ ਬੱਧੀ ਹੋਈ ਹੈ।

ਕਾਮੁ ਕ੍ਰੋਧੁ ਜੀਅ ਮਹਿ ਚੋਟ॥ ਨਾਮੁ ਵਿਸਾਰਿ ਚਲੇ ਮਨਿ ਖੋਟ॥ ੨॥

ਕਾਮ ਕਰੋਧ ਆਦਿ ਸ਼ੱਤ੍ਰੂ ਜੀਅ ਵਿਚ ਸੱਟਾਂ ਮਾਰ ਰਹੇ ਹਨ, *ਅਰਥਾਤ-*ਵਿਸ਼ਿਆਂ ਦੀ ਤਰਫ ਲਗਾ ਕੇ, ਦੁੱਖ ਦੇ ਰਹੇ ਹਨ। ਇਸ ਵਾਸਤੇ ਵਾਹਿਗੁਰੂ ਨਾਮ ਨੂੰ ਭੁਲਾ ਕੇ ਮਨ ਦੀਆਂ ਖੋਟਤਾਈਆਂ ਵਿਚ ਚਲ ਰਹੇ ਹਨ॥ ੨॥ *ਪੁਨਾ-ਪ੍ਰਸ਼ਨ:-*ਇਹ ਜੀਵ ਤਰ ਕਿਵੇਂ ਸਕਦਾ ਹੈ? *ਗੁਰ ਉੱਤਰ:-* ਖੇਤੀ ਵਣਜੁ ਨਾਵੈ ਕੀ ਓਟ॥:- ਸੱਚੇ ਸਤਿਗੁਰਾਂ ਦੀ ਓਟ ਲੈ ਕੇ ਨਾਮ ਰੂਪੀ=ਵਣਜੁ ਅਤੇ ਸ਼ੁਭ ਗੁਣਾਂ ਰੂਪੀ ਖੇਤੀ ਕਰੇ। ਜਿਸ ਨੇ ਇਹ ਖੇਤੀ ਕੀਤੀ ਹੈ। ਉਸ ਨੇ ਜਨਮ ਮਰਨ ਰੂਪੀ ਅੰਗੂਰ ਦੇ ਪੈਦਾ ਕਰਨ ਵਾਲੇ।

ਪਾਪੁ ਪੁੰਨੁ ਬੀਜ ਕੀ ਪੋਟ। :-

ਪਾਪਾਂ ਪੁੰਨਾਂ ਰੂਪੀ ਬੀਜ ਦੀ ਗਿਆਨ ਰੂਪੀ ਕਪੜੇ ਵਿਚ ਪੋਟ=ਪੰਡ ਬੰਨ੍ਹ ਦਿੱਤੀ ਹੈ।

ਕਿਉਂਕਿ--ਪੰਡ ਵਿਚ ਬੱਧਾ ਹੋਇਆ ਦਾਣਾ ਵਿਰ ਉਦੇ ਨਹੀਂ ਹੁੰਦਾ।

ਕਾਮੁ ਕ੍ਰੋਧੁ ਜੀਅ ਮਹਿ ਚੋਟ॥

ਜੀਅ ਦੇ ਵਿਚ ਜੋ ਕਾਮ ਕ੍ਰੋਧ ਆਦਿਕ ਸ਼ਤ੍ਰੂ ਸਨ, ਉਨ੍ਹਾਂ ਨੂੰ ਚੋਟ=ਸੱਟਾਂ ਮਾਰ ਕੇ ਬਾਹਰ ਕੱਢ ਦਿੱਤਾ ਹੈ।

ਨਾਮੁ ਵਿਸਾਰਿ ਚਲੇ ਮਨਿ ਖੋਟ॥ ੨॥

ਮਨ ਦੀਆਂ ਖੋਟਤਾਈਆਂ ਨੂੰ ਵਿਸਾਰਿ=ਭੁਲਾ ਕੇ ਨਾਮੀ ਪਰਮੇਸ਼ਰ ਦੀ ਤਰਫ,

ਵਾ:-ਨਾਮ ਦੀ ਤਰਫ ਚੱਲੇ ਹਨ, ਭਾਵ ਸ੍ਵਾਸ ਸ੍ਵਾਸ ਉਸ ਅਕਾਲ ਪੁਰਖ ਦਾ ਸਿਮਰਨ ਕਰਨ ਲੱਗ ਪਏ ਹਨ॥ ੨॥

ਸਾਚੇ ਗੁਰ ਕੀ ਸਾਚੀ ਸੀਖ॥ ਤਨੁ ਮਨੁ ਸੀਤਲੁ ਸਾਚੁ ਪਰੀਖ॥

ਸੱਚੇ ਗੁਰਾਂ ਦੀ ਸੱਚੀ ਸਿੱਖਿਆ ਦੁਆਰੇ, ਸਚ ਨਾਮ ਨੂੰ ਅੰਤਸ਼ਕਰਨ ਵਿਚ ਪਰੀਖ=ਪਰੋਸੇ,

ਵਾ:-ਆਪਣੇ ਸਰੂਪ ਨੂੰ ਸਾਚੁ=ਸੱਤ ਚਿੱਤ ਆਨੰਦ ਸਰੂਪ ਪਰੀਖ=ਪਰਖਨਾ ਕਰੇ ਤਾਂ ਤਨ ਮਨ ਸੀਤਲੁ=ਠੰਢਾ ਹੁੰਦਾ ਹੈ।

ਜਲ ਪੁਰਾਇਨਿ ਰਸ ਕਮਲ ਪਰੀਖ॥ ਸਬਦਿ ਰਤੇ ਮੀਠੇ ਰਸ ਈਖ॥ ੩॥

ਜਿਵੇਂ ਜਲ ਵਿਚ ਪੁਰਾਇਨਿ=ਚੌਪੱਤੀ ਨਿਰਲੇਪ, ਅਤੇ ਰਸ=ਜਲ ਵਿਚ ਕਮਲ ਫੁੱਲ ਦੀ ਪ੍ਰੀਖਿਆ ਹੁੰਦੀ ਹੈ, ਏਸੇ ਤਰ੍ਹਾਂ ਗੁਰਮੁਖ ਪਦਾਰਥ ਰੂਪੀ ਜਲ ਤੋਂ ਅਸੰਗ ਰਹਿੰਦੇ ਹਨ ਜੋ ਈਖ=ਗੰਨੇ ਦੇ ਰਸ ਵਾਂਗੂੰ ਮਿੱਠੇ ਗੁਰਸ਼ਬਦ ਵਿਚ ਰਤੇ=ਤਦਾਕਾਰ ਹੋਏ ਹਨ।

ਵਾ:-ਜੋ ਗੁਰ ਸ਼ਬਦ ਰੂਪੀ ਮਿੱਠੇ ਰਸ ਵਿਚ ਤਦਾਕਾਰ ਹੋ ਕੇ (ਸੁਤ, ਵਿਤ, ਲੋਕ ਈਖਨਾ ਤ੍ਰੀਨੀ) ਇਸ ਪ੍ਰਕਾਰ ਦੀਆਂ ਤਿੰਨ ਈਖ=ਇੱਛਾ ਤੋਂ ਰਹਿਤ ਹੋਏ ਹਨ॥ ੩॥

*ਪ੍ਰਸ਼ਨ:-*ਜੀਵ ਇਸ ਸਰੀਰ ਦਾ ਸੰਜੋਗੀ ਕਿਵੇਂ ਹੋ ਰਿਹਾ ਹੈ? *ਗੁਰ ਉੱਤਰ:-*

ਹੁਕਮਿ ਸੰਜੋਗੀ ਗੜਿ ਦਸ ਦੁਆਰ॥ ਪੰਚ ਵਸਹਿ ਮਿਲਿ ਜੋਤਿ ਅਪਾਰ॥

(੧) ਦਸਾਂ ਦੁਆਰਿਆਂ ਵਾਲਾ ਜੋ ਸਰੀਰ ਰੂਪੀ ਗੜਿ=ਕਿਲ੍ਹਾ ਹੈ, ਸ੍ਰੇਸ਼ਟ ਕਰਮਾਂ ਅਤੇ ਪਰਮੇਸ਼ਰ ਦੇ ਹੁਕਮ ਨਾਲ ਇਹ ਜੀਵ ਉਸ ਦਾ ਸੰਜੋਗੀ ਹੋ ਰਿਹਾ ਹੈ।

ਅਪਾਰ ਰੂਪ ਪਰਮਾਤਮਾ ਦੀ ਜੋਤਿ=ਸੱਤਾ ਨਾਲ ਮਿਲ ਕੇ ਪੰਜ ਤੱਤ ਇਸ ਦੇ ਵਿਚ ਵਸ ਰਹੇ ਹਨ।

ਅਥਵਾ:-ਇਹ ਸਰੀਰ ਸਫਲਾ ਕਿਵੇਂ ਹੋਵੇ? *ਗੁਰ ਉੱਤਰ:*-ਸਤਿਸੰਗ ਦੁਆਰੇ ਇਹ ਸਰੀਰ ਸਫਲਾ ਹੁੰਦਾ ਹੈ। ਪ੍ਰਸ਼ਨ:-ਸਤਿਸੰਗ ਕੈਸਾ ਹੈ? *ਗੁਰ ਉੱਤਰ:*-

(੨) ਹੁਕਮਿ ਸੰਜੋਗੀ ਗੜਿ ਦਸ ਦੁਆਰ॥ ਪੰਚ ਵਸਹਿ ਮਿਲਿ ਜੋਤਿ ਅਪਾਰ॥

ਜੋ ਸਤਿਸੰਗ ਰੂਪੀ ਗੜਿ=ਕਿਲ੍ਹਾ ਦਸਾਂ ਦੀ ਪ੍ਰਾਪਤੀ* ਅਤੇ ਦਸਾਂ ਦੀ ਨਵਿਰਤੀ** ਦਾ ਦੁਆਰ=ਦਰਵਾਜ਼ਾ ਹੈ। ਤਿਸ ਸਤਿਸੰਗ ਵਿਚ ਅਪਾਰ=ਪਰਮਾਤਮਾ ਦੀ ਜੋਤਿ=ਗਿਆਤ ਨਾਲ ਮਿਲ ਕੇ ਪੰਚ=ਸ੍ਰੇਸ਼ਟ ਮਹਾਤਮਾ ਵਸਦੇ ਹਨ। ਪੁਨਾ—ਉਹ ਮਹਾਤਮਾ ਕੈਸੇ ਹਨ?

ਗੁਰ ਉੱਤਰ:- ਹੁਕਮਿ ਸੰਜੋਗੀ=ਪਰਮੇਸ਼ਰ ਦੇ ਹੁਕਮ ਦੇ ਸੰਜੋਗੀ ਹਨ।

ਅਥਵਾ:- *ਪ੍ਰਸ਼ਨ*—ਜੀਵ ਨੂੰ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ? *ਗੁਰ ਉੱਤਰ:*-

(੩) ਹੁਕਮਿ ਸੰਜੋਗੀ=ਮਹਾਤਮਾ ਦੇ ਹੁਕਮ ਦਾ ਸੰਜੋਗੀ ਹੋ ਕੇ ਨੌਂ ਗੋਲਕਾਂ ਰੂਪ ਦੁਆਰਿਆਂ ਵਿਚ, ਦਸਾਂ ਇੰਦ੍ਰੀਆਂ ਨੂੰ ਗੜਿ=ਦਮਨ ਕਰੇ ਤਾਂ ਹੀ ਪੰਜ ਕਾਮ ਕ੍ਰੋਧ ਆਦਿਕ ਵਸੀਕਾਰ ਹੁੰਦੇ ਹਨ।

ਵਾ:-ਪੰਜਾਂ ਵਿਸ਼ਿਆਂ ਦੀ ਨਵਿਰਤੀ ਵਸਦੀ ਹੈ। ਵਾ:-ਪੰਜ-ਸੱਤ ਸੰਤੋਖ ਆਦਿਕ ਸ਼ੁਭ ਗੁਣ। *ਅਥਵਾ:*-ਪੰਜਾਂ ਤੱਤਾਂ ਦੀ ਰਹਿਣੀ ਆ ਕੇ ਵਸਦੀ ਹੈ, ਤਾਂ ਫਿਰ ਅਪਾਰ ਰੂਪ ਪਰਮੇਸ਼ਰ ਦੀ ਜੋਤ ਨਾਲ ਮਿਲਾਪ ਹੁੰਦਾ ਹੈ। *ਪ੍ਰਸ਼ਨ*-ਜਿਸ ਦਾ ਅਪਾਰ ਰੂਪ ਪਰਮੇਸ਼ਰ ਦੀ ਗਿਆਤ ਨਾਲ ਮਿਲਾਪ ਹੋਇਆ ਹੈ ਉਹ ਫਿਰ ਨਿਸਚੇ ਕੀ ਕਰਦਾ ਹੈ? *ਗੁਰ ਉੱਤਰ:*-

ਚੌਥਾ ਅਰਥ:-

(੪) ਹੁਕਮਿ ਸੰਜੋਗੀ ਗੜਿ ਦਸ ਦੁਆਰ:-ਹੁਕਮ ਦੇ ਕਰਨ ਵਾਲਾ ਜੋ ਪਰਮੇਸ਼ਰ ਹੈ ਦਸਾਂ ਦੁਆਰਿਆਂ ਵਿਚ ਪੂਰਨ, ਉਸ ਨੂੰ ਸੰਸਾਰ ਰੂਪੀ ਗੜਿ=ਕਿਲੇ ਦਾ ਸੰਜੋਗੀ ਨਿਸਚੇ ਕਰਦਾ ਹੈ।

ਯਥਾ:-ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ॥ *(ਬਿਲਾਵਲ ਵਾਰ, ਪੰਨਾ ੮੫੧)*

ਆਪਿ ਤੁਲੈ ਆਪੇ ਵਣਜਾਰ॥ ਨਾ੮ਕ ਨਾਮਿ ਸਵਾਰਣਹਾਰ ॥ ੪ ॥ ੫ ॥

ਫਿਰ ਐਸੇ ਨਿਸਚੇ ਕਰਦਾ ਹੈ-ਕਿ-ਉਹ-ਪਰਮੇਸ਼ਰ ਆਪ ਹੀ ਤੁਲੈ=ਤੋਲਣ ਵਾਲਾ ਗੁਰੂ ਰੂਪ ਹੈ, ਅਤੇ ਆਪ ਹੀ ਜਗਿਆਸੂ ਰੂਪ ਵਣਜਾਰਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਆਪ ਹੀ ਉਹ ਨਾਮੀ ਪਰਮਾਤਮਾ ਸਾਰਿਆਂ ਦੇ ਸਵਾਰਣ ਵਾਲਾ ਹੈ॥ ੪॥ ੫॥

ਗਉੜੀ ਮਹਲਾ ੧॥

ਸਤਿਗੁਰੂ ਜੀ ਦੇ ਪਾਸ ਇਕ ਜਗਿਆਸੂ ਚਲਕੇ ਆਇਆ, ਉਸ ਨੇ ਆ ਕੇ ਸੱਤ ਪ੍ਰਸ਼ਨ ਕੀਤੇ-ਪਹਿਲੀਆਂ ਚਾਰ ਪੰਗਤੀਆਂ ਵਿਚ ਸੱਤ ਪ੍ਰਸ਼ਨ ਹਨ। ਫਿਰ ਦੋ ਪੰਗਤੀਆਂ ਵਿਚ ਸੱਤਾਂ ਪ੍ਰਸ਼ਨਾਂ ਦਾ ਸਮੁੱਚਾ ਹੀ ਉੱਤਰ ਹੈ, ਪਰ ਜਗਿਆਸੂ ਦੇ ਕਹਿਣ ਤੇ ਸਤਿਗੁਰੂ ਜੀ ਨੇ ਵੱਖਰੇ ਵੱਖਰੇ ਭੀ ਉੱਤਰ ਦਿੱਤੇ। ਹੁਣ ਪਹਿਲੇ ਜਗਿਆਸੂ ਪ੍ਰਸ਼ਨ

---

*ਪੰਜ-ਸਤ, ਸੰਤੋਖ, ਧੀਰਜ, ਧਰਮ, ਵੀਚਾਰ। ਅਤੇ ਪੰਜਾਂ ਤੱਤਾਂ ਦੀ ਰਹਿਣੀ-ਅਸੰਗਤਾ, ਸਮਤਾ, ਪ੍ਰਕਾਸ਼ਤਾ, ਸੀਤਲਤਾ, ਖਿਮਾਂ, ਇਹਨਾਂ ਦਸਾਂ ਦੀ ਪ੍ਰਾਪਤੀ।

** ਪੰਜ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਅਤੇ ਪੰਜ ਵਿਸ਼ੇ-ਸ਼ਬਦ, ਸਪਰਸ, ਰੂਪ, ਰਸ ਗੰਧ। ਇਹਨਾਂ ਦਸਾਂ ਦੀ ਨਵਿਰਤੀ।

ਕਰਦਾ ਹੈ:-ਕਿ ਹੇ ਸਤਿਗੁਰੋ-

ਜਾਤੋ ਜਾਇ ਕਹਾ ਤੇ ਆਵੈ॥ ਕਹ ਉਪਜੈ ਕਹ ਜਾਇ ਸਮਾਵੈ॥

(੧) ਜਾਣਿਆ ਜਾਵੇ ਇਹ ਜੀਵ ਕਿਸ ਪ੍ਰਕਾਰ ਆਉਂਦਾ ਹੈ?

(੨) ਅਤੇ ਕਿਸ ਪ੍ਰਕਾਰ ਜਾਂਦਾ ਹੈ?

(੩) ਇਹ ਜਗਤ ਕਹ ਉਪਜੈ=ਕਿਥੋਂ ਉਤਪੰਨ ਹੁੰਦਾ ਹੈ?

(੪) ਅਤੇ ਕਿਸ ਵਿਚ ਜਾ ਕੇ ਸਮਾਉਂਦਾ ਹੈ?

ਕਿਉ ਬਾਧਿਓ ਕਿਉ ਮੁਕਤੀ ਪਾਵੈ॥ ਕਿਉ ਅਬਿਨਾਸੀ ਸਹਜਿ ਸਮਾਵੈ॥੧॥

(੫) ਇਹ ਜੀਵ ਕਿਸ ਵਜ੍ਹਾ ਨਾਲ ਬਾਧਿਓ=ਬੰਨਿਆ ਜਾਂਦਾ ਹੈ?

(੬) ਕਿਸ ਵਜਾ ਨਾਲ ਮੁਕਤੀ ਪਾਉਂਦਾ ਹੈ?

(੭) ਕਿਸ ਵਜ੍ਹਾ ਨਾਲ ਸਹਜੇ, ਅਬਿਨਾਸੀ ਪਦ ਵਿਚ ਸਮਾਉਂਦਾ ਹੈ? ਵਾ:-ਨਾਸ਼ ਤੋਂ ਰਹਿਤ ਸਹਜ ਪਦ ਵਿਚ ਕਿਸ ਵਜ੍ਹਾ ਨਾਲ ਸਮਾਉਂਦਾ ਹੈ?॥ ੧॥

ਪਹਿਲੇ ਗੁਰੂ ਸਾਹਿਬ ਜੀ ਸੱਤਾਂ ਪ੍ਰਸ਼ਨਾਂ ਦਾ ਸਮੁੱਚਾ ਹੀ ਉੱਤਰ ਦੇਂਦੇ ਹਨ-ਕਿ-ਹੇ ਪੁਰਖਾ-

ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ॥
ਨਰਹਰ ਨਾਮੁ ਨਰਹਰ ਨਿਹਕਾਮੁ॥ ੧॥ ਰਹਾਉ॥

ਹਿਰਦੇ ਵਿਚ ਨਾਮ ਅੰਮ੍ਰਿਤ ਨੂੰ ਧਾਰਨ ਕਰ, ਅਤੇ ਮੂੰਹ ਤੋਂ ਵੀ ਨਾਮ ਅੰਮ੍ਰਿਤ ਨੂੰ ਉਚਾਰਨਾ ਕਰ। ਕਿਉਂਕਿ-ਨਰਹਰ=ਪਰਮਾਤਮਾ ਦਾ ਨਾਮ ਹਰ ਏਕ ਨਰ=ਪੁਰਸ਼ ਨੂੰ ਨਿਹਕਾਮੁ=ਨਿਸ਼ਕਾਮ (ਕਾਮਨਾ ਤੋਂ ਰਹਿਤ) ਕਰਨ ਵਾਲਾ ਹੈ॥ ੧॥ ਰਹਾਉ॥

ਜਾਗਿਆਸੂ ਦੇ ਕਹਿਣ ਮੁਤਾਬਕ ਭਿੰਨ ਭਿੰਨ ਉੱਤਰ ਦੇਂਦੇ ਹਨ-

ਸਹਜੇ ਆਵੈ ਸਹਜੇ ਜਾਇ॥ ਮਨ ਤੇ ਉਪਜੈ ਮਨ ਮਾਹਿ ਸਮਾਇ॥

(੧) ਇਹ ਜੀਵ ਸੁਤੇ ਹੀ ਕਰਮਾਂ ਅਨੁਸਾਰ ਆਉਂਦਾ ਹੈ,

(੨) ਅਤੇ ਸੁਤੇ ਹੀ ਕਰਮਾਂ ਅਨੁਸਾਰ ਜਾਂਦਾ ਹੈ।

(੩) ਮਨ=ਸ਼ਰੋਮਣੀ ਪਰਮਾਤਮਾ ਤੋਂ ਇਹ ਜਗਤ ਉਤਪੰਨ ਹੁੰਦਾ ਹੈ,

(੪) ਅਤੇ ਮਨ+ਮਾਹਿ=ਸ਼ਰੋਮਣੀ ਪਰਮਾਤਮਾ ਦੇ ਵਿਚ ਹੀ ਸਮਾਇ=ਲੀਣ ਹੁੰਦਾ ਹੈ।

ਯਥਾ:- ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥

*ਅਥਵਾ:-*ਮਨ ਦੇ ਸੰਕਲਪ ਤੋਂ ਉਤਪੰਨ ਹੁੰਦਾ ਹੈ, ਮਨ ਦੇ ਸੰਕਲਪ ਨਾਸ ਹੋਣ ਕਰਕੇ ਸਮਾਇ=ਅਭਾਵ ਹੋ ਜਾਂਦਾ ਹੈ।

ਗੁਰਮੁਖਿ ਮੁਕਤੋ ਬੰਧੁ ਨ ਪਾਇ॥ ਸਬਦੁ ਬੀਚਾਰਿ ਛੁਟੈ ਹਰਿ ਨਾਇ॥ ੨॥

ਗੁਰਮੁਖ, ਗੁਰਮੁਖਤਾ ਕਰਕੇ ਮੁਕਤੀ ਪਾਉਂਦਾ ਹੈ, ਮਨਮੁਖ, ਮਨਮੁਖਤਾ ਕਰਕੇ ਬੰਧਨਾਂ ਨੂੰ ਪਾਉਂਦਾ ਹੈ। ਸਬਦੁ+ਬੀਚਾਰਿ=ਗੁਰਉਪਦੇਸ਼ ਨੂੰ ਵਿਚਾਰ ਕੇ ਹਰੀ ਨਾਮ ਨੂੰ ਜਪੇ, ਤਾਂ ਸੰਸਾਰਕ ਬੰਧਨਾਂ ਤੋਂ ਛੁੱਟ ਕੇ, ਅਬਿਨਾਸੀ ਸਹਜਪਦ ਵਿਚ ਸਮਾਉਂਦਾ ਹੈ॥ ੨॥

ਤਰਵਰ ਪੰਖੀ ਬਹੁ ਨਿਸਿ ਬਾਸੁ॥ ਸੁਖ ਦੁਖੀਆ ਮਨਿ ਮੋਹ ਵਿਣਾਸੁ॥

ਜਿਵੇਂ ਬਹੁਤ ਹੀ ਪੰਛੀ, ਰਾਤ ਨੂੰ ਤਰਵਰ=ਬ੍ਰਿੱਛ ਉੱਪਰ ਆ ਕੇ ਵਾਸਾ ਕਰਦੇ ਹਨ। ਮਨ ਦੇ ਮੋਹ ਕਰਕੇ ਕੋਈ ਪੰਛੀ ਸੁਖ ਵਿਚ, ਕੋਈ ਦੁਖ ਵਿਚ ਨਾਸ ਹੁੰਦਾ ਹੈ।

ਅਥਵਾ:-ਮਨ ਦੇ ਮੋਹ ਕਰਕੇ ਕੋਈ ਪੰਛੀ ਸੁਖ ਵਿਚ, ਕੋਈ ਪੰਛੀ ਦੁੱਖ ਵਿਚ ਰਾਤ ਨੂੰ ਵਿਣਾਸੁ=ਬਤੀਤ ਕਰਦਾ ਹੈ।

ਸਾਝ ਬਿਹਾਗ ਤਕਹਿ ਆਗਾਸੁ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ॥ ੩॥

ਦ੍ਰਿਸ਼ਟਾਂਤ—ਸਾਝ+ਬਿਹਾਗ=ਰਾਤ ਬੀਤਨੇ ਪਰ ਜਦ ਬਿਹਾਗ=ਦਿਨ ਚੜ੍ਹਦਾ ਹੈ, ਤਦ ਉਹ ਪੰਛੀ ਆਕਾਸ਼ ਵਲ ਤੱਕਦੇ ਹਨ। ਤੇ ਲਿਖਿਆਸੁ=ਕਰਮਾਂ ਦੇ ਲਿਖੇ ਅਨੁਸਾਰ ਦਸੋ ਦਿਸਾਂ ਵੱਲ ਦੌੜਦੇ ਹਨ।

ਹੁਣ ਦਾ ਦ੍ਰਿਸ਼ਟਾਂਤ ਸੁਣੋ। ਏਸੇ ਤਰ੍ਹਾਂ:-

ਤਰਵਰ ਪੰਖੀ ਬਹੁ ਨਿਸਿ ਬਾਸੁ॥ ਸੁਖ ਦੁਖੀਆ ਮਨਿ ਮੋਹ ਵਿਣਾਸੁ॥

ਅਵਸਥਾ ਰੂਪੀ ਰਾਤ ਵਿਚ ਸੰਸਾਰ ਰੂਪ ਬ੍ਰਿੱਛ ਪਰ ਆ ਕੇ ਬਹੁਤ ਜੀਵਾਂ ਰੂਪ ਪੰਛੀ ਵਾਸਾ ਕਰਦੇ ਹਨ। ਅਤੇ ਮਨ ਦੇ ਮੋਹ ਕਰਕੇ ਕੋਈ ਸੁੱਖ, ਕੋਈ ਦੁੱਖ ਵਿਚ ਅਵਸਥਾ ਰੂਪੀ ਰਾਤ ਨੂੰ ਬਤੀਤ ਕਰਦੇ ਹਨ।

ਸਾਝ ਬਿਹਾਗ ਤਕਹਿ ਆਗਾਸੁ॥ ਦਹ ਦਿਸਿ ਧਾਵਹਿ ਕਰਮਿ ਲਿਖਿਆਸੁ॥ ੩॥

ਜਿਸ ਵੇਲੇ ਅਵਸਥਾ ਰੂਪੀ ਸਾਝ=ਰਾਤ ਬਤੀਤ ਹੁੰਦੀ ਹੈ, ਅਤੇ ਕਾਲ ਰੂਪ ਬਿਹਾਗ=ਦਿਨ ਚੜ੍ਹਦਾ ਹੈ, ਤਾਂ ਜੀਵਾਂ ਰੂਪੀ ਪੰਛੀ ਨਰਕ ਸੁਰਗ ਰੂਪ ਅਕਾਸ਼ ਨੂੰ ਤੱਕਦੇ ਹਨ, ਅਰਥਾਤ-ਪੁੰਨੀ ਲੋਕ ਸੁਰਗ ਨੂੰ, ਅਤੇ ਪਾਪੀ ਲੋਕ ਨਰਕਾਂ ਨੂੰ ਤੱਕਦੇ ਹਨ। ਆਪੋ ਆਪਣੇ ਕਰਮਾਂ ਦੇ ਲਿਖੇ ਅਨੁਸਾਰ ਦਸੋ ਦਿਸਾਂ ਵਲ ਧਾਵਹਿ=ਦੌੜਦੇ ਹਨ॥ ੩॥

[ਪੰਨਾ ੧੫੩]

ਪ੍ਰਸ਼ਨ:-ਜੀਵ ਤਰਦਾ ਕਿਉਂ ਨਹੀਂ? *ਗੁਰ ਉੱਤਰ:*-

ਨਾਮ ਸੰਜੋਗੀ ਗੋਇਲਿ ਥਾਟੁ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ॥

ਜੋ ਪ੍ਰਪੰਚ ਗੋਇਲਿ ਥਾਟੁ=ਅਸਥਾਨ ਵਾਂਗੂੰ ਮਿਥਿਆ ਹੈ, ਉਸ ਨਾਮ ਰੂਪ ਪਰਪੰਚ ਦਾ ਸੰਜੋਗੀ ਹੋ ਰਿਹਾ ਹੈ। ਕਾਮ ਕਰੋਧ ਆਦਿਕ ਵਿਸ਼ਿਆਂ ਵਿਚ ਲੱਗ ਕੇ ਸਰੀਰ ਰੂਪੀ ਮੱਟਾ ਫੁੱਟ ਰਿਹਾ ਹੈ।

ਬਿਨੁ ਵਖਰ ਸੁਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥ ੪ ॥

ਨਾਮ ਰੂਪ ਵਖਰ=ਸੌਦੇ ਤੋਂ ਬਿਨਾਂ ਹੋਣ ਕਰਕੇ ਘਰੁ=ਸਰੀਰ, ਵਾ:-ਹਿਰਦਾ ਹਾਟੁ=ਇੰਦ੍ਰੀਏ, ਸੁਨੋ=ਖਾਲੀ ਹਨ, ਇਸ ਕਰਕੇ ਜੀਵ ਤਰਦਾ ਨਹੀਂ ਹੈ। ਪੁਨਾ-ਸਿੱਖ ਨੇ ਕਿਹਾ "ਇਹ ਜੀਵ ਕਿਵੇਂ ਤਰ ਸਕਦਾ ਹੈ?" *ਗੁਰ ਉੱਤਰ:-* "ਜੋ ਪਰਮੇਸ਼ਰ ਨਾਮ ਦਾ ਸੰਜੋਗੀ ਹੋਇਆ ਹੈ, ਉਸ ਨੇ ਸੰਸਾਰ ਨੂੰ ਗੋਇਲ ਅਸਥਾਨ ਵਾਂਗੂੰ ਮਿਥਿਆ ਰੂਪ ਨਿਸਚੇ ਕੀਤਾ ਹੈ। ਉਸ ਦੇ ਕਾਮ ਕ੍ਰੋਧ ਆਦਿਕ ਮੱਟੇ ਜੋ ਵਿਸ਼ਿਆਂ ਰੂਪੀ ਜਲ ਨਾਲ ਭਰੇ ਹੋਏ ਸਨ ਉਹ ਫੁੱਟ ਗਏ ਪਦਾਰਥਾਂ ਰੂਪ ਵਖਰ ਤੋਂ ਬਿਨਾਂ ਹੋਣ ਕਰਕੇ ਘਰੁ= ਹਿਰਦਾ, ਹਾਟੁ=ਇੰਦ੍ਰੀਏ ਸੁਨੋ=ਖਾਲੀ ਹੋ ਗਏ। ਪੂਰਨ ਗੁਰਾਂ ਨਾਲ ਮਿਲ ਕੇ ਬੱਜਰ ਵਾਂਗੂੰ ਪੰਜਾਂ ਕੋਸ਼ਾਂ ਰੂਪੀ ਕਪਾਟ=ਤਖਤੇ ਖੋਲ੍ਹ ਦਿੱਤੇ। ਉਹ ਜੀਵ ਤਰਦੇ ਹਨ।

ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥

ਪੂਰਬਲੇ ਸ਼ੁਭ ਕਰਮਾਂ ਦੇ ਸੰਜੋਗ ਕਰਕੇ ਪੂਰਨ ਸੰਤ ਮਿਲਦੇ ਹਨ। ਜੋ ਹਰੀ ਦੇ ਪੂਰਨ ਮਹਾਤਮਾਂ ਲੋਕ ਸਚ ਨਾਮ ਨੂੰ ਜਪ ਕੇ ਹਰ ਵੇਲੇ ਰਹਸੇ=ਅਨੰਦ ਰਹਿੰਦੇ ਹਨ।

ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥ ੫ ॥ ੬ ॥

ਜਿਨ੍ਹਾਂ ਨੇ ਐਸੇ ਗੁਰਾਂ ਨੂੰ ਤਨ ਮਨ ਦਿੱਤਾ ਹੈ, ਉਨ੍ਹਾਂ ਨੇ ਸੁਭਾਵਕ ਹੀ ਸ਼ਾਂਤੀ ਸੁਭਾਅ ਪਾ ਲੀਤਾ ਹੈ। ਗੁਰੂ ਜੀ ਕਥਨ ਕਰਦੇ ਹਨ "ਅਸੀਂ ਉਨ੍ਹਾਂ ਦੇ ਪਾਇ=ਚਰਨੀਂ ਲੱਗਦੇ ਹਾਂ" ॥ ੫ ॥ ੬ ॥

ਗਉੜੀ ਮਹਲਾ ੧ ॥

ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥

ਇਸ ਮਨੁੱਖ ਦਾ ਕਾਮ ਕ੍ਰੋਧ ਤੇ ਮਾਇਆ ਵਿਚ ਚਿੱਤ ਲਗ ਰਿਹਾ ਹੈ। ਚਿੱਤ ਦੇ ਹਿਤ=ਪ੍ਰੇਮ ਕਰਕੇ ਝੂਠਿਆਂ ਵਿਕਾਰਾਂ ਵਿਚ ਜਾਗ ਰਿਹਾ ਹੈ। *ਅਥਵਾ:-*ਵਿਕਾਰੀ ਪੁਰਸ਼ ਦਾ ਚਿੱਤ ਝੂਠ ਦੇ ਹਿਤ ਵਿਚ ਜਾਗ ਰਿਹਾ ਹੈ।

ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥ ੧ ॥

ਪਾਪ ਤੇ ਲੋਭ ਦੀ ਪੂੰਜੀ ਇਕੱਠੀ ਕੀਤੀ ਹੋਈ ਹੈ, *ਅਥਵਾ:-*ਪਾਪ ਦਾ ਬਾਪ ਜੋ ਲੋਭ ਹੈ, ਉਹ ਲੋਭ ਰੂਪੀ ਪੂੰਜੀ ਇਕੱਠੀ ਕੀਤੀ ਹੋਈ ਹੈ। ਹੇ ਭਾਈ ਸੁ+ਚੀਤੁ=ਸ੍ਰੇਸ਼ਟ ਚਿੱਤ ਵਿਚ ਨਾਮ ਮੰਨਣ ਕਰਨੇ ਰੂਪ ਤਾਰੀ=ਨੌਕਾ ਲੈ ਕੇ ਆਸਾ ਤ੍ਰਿਸ਼ਨਾਂ ਰੂਪ ਨਦੀ ਤੋਂ ਤਰਨਾ ਕਰ ॥ ੧ ॥

ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥ ੧ ॥ ਰਹਾਉ ॥

ਹੇ ਸਚੇ ਤੂੰ ਵਾਹੁ+ਵਾਹੁ=ਧੰਨ ਹੈਂ ਧੰਨ, ਮੈਨੂੰ ਇਕ ਤੇਰੀ ਓਟ ਹੈ। ਮੈਂ ਪਾਪੀ ਹਾਂ, ਤੂੰ ਹੀ ਇਕ ਆਪ ਨਿਰਮਲ ਹੈਂ, ਤੇ ਸੇਵਕਾਂ ਨੂੰ ਪਵਿੱਤਰ ਕਰਨ ਵਾਲਾ ਹੈਂ ॥ ੧ ॥

ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥

ਅੱਗ ਪਾਣੀ ਆਦਿਕ ਪੰਜ ਤੱਤਾਂ ਰਚਿਤ ਜੋ ਸਰੀਰ ਹੈ, ਇਸ ਵਿਚ ਜੀਵ ਭੜਵਾਉ=ਭੜ ਭੜ ਕਰਕੇ ਬੋਲ ਰਿਹਾ ਹੈ। *ਅਥਵਾ:-*ਵਾਉ=ਵਾਕ ਇੰਦ੍ਰੀਆਂ ਭੜ ਭੜ ਕਰਕੇ ਬੋਲ ਰਿਹਾ ਹੈ।

*ਅਥਵਾ:-*ਅੱਗ, ਪਾਣੀ, ਵਾਉ=ਹਵਾ ਆਦਿਕ ਸਾਰੇ ਤੱਤ ਸਰੀਰ ਵਿਚ ਬੋਲ ਰਹੇ ਹਨ, ਤੇ ਭੱਠ ਦੇ ਸਮਾਨ

ਤਪ ਰਹੇ ਹਨ। ਜੀਵ ਆਦਿ ਇੰਦ੍ਰੀਆਂ ਆਪੋ ਆਪਣੇ ਇਕ ਇਕ ਵਿਸ਼ੇ ਦੇ ਸੁਆਦ ਨੂੰ ਲੈ ਰਹੀਆਂ ਹਨ.

ਅਥਵਾ:-ਇਹ ਜੀਵ ਜੀਭ ਤੇ ਇੰਦ੍ਰੀਏ ਦੁਆਰਾ ਇਕ ਵਿਸ਼ੇ ਦੇ ਸੁਆਦ ਨੂੰ ਲੈ ਰਿਹਾ ਹੈ।

ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥ ੨ ॥

ਵਿਕਾਰਾਂ ਵਲ ਨਿਗਾਹ ਹੋਣ ਕਰਕੇ, *ਅਥਵਾ:*-ਵਿਕਾਰਾਂ ਵਾਲੀ ਦ੍ਰਿਸ਼ਟੀ ਹੋਣ ਕਰਕੇ ਪਰਮੇਸ਼ਰ ਦਾ ਭਉ=ਡਰ ਤੇ ਭਾਉ=ਪ੍ਰੇਮ ਨਹੀਂ ਹੁੰਦਾ। *ਅਥਵਾ:*-ਪਰਮੇਸ਼ਰ ਦਾ ਡਰ ਤੇ ਪ੍ਰੇਮ ਹੋਣ ਕਰਕੇ ਵਿਕਾਰਾਂ ਵਲ ਨਿਗਾਹ ਨਹੀਂ ਹੁੰਦੀ। ਅਤੇ ਜੀਭ ਇੰਦ੍ਰੀਏ ਦੁਆਰਾ ਇਕ ਨਾਮ ਦੇ ਸੁਆਦ ਨੂੰ ਲੈਂਦਾ ਹੈ। ਆਪਾ ਭਾ ਹੰਕਾਰ ਨੂੰ ਮਾਰੇ ਤਾਂ ਪ੍ਰਮੇਸ਼ਰ ਦੇ ਨਾਮ ਨੂੰ ਪਾਂਵਦਾ ਹੈ॥੨ ॥

ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥

ਗੁਰ ਉਪਦੇਸ਼ ਦੁਆਰਾ ਜੀਵਤਭਾ ਤੋਂ ਮਰੇ ਤਾਂ ਮੁੜ ਕੇ ਮਰਨਾ ਨਹੀਂ ਹੁੰਦਾ।

ਜੀਵਤ ਭਾ ਦੇ ਮੋਏ ਤੋਂ ਬਿਨਾਂ ਪੂਰਾ ਗਿਆਨ ਕਿਵੇਂ ਪਰਾਪਤ ਹੋ ਸਕਦਾ ਹੈ।

ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥ ੩ ॥

ਜਿੰਨਾ ਚਿਰ ਜੀਵ ਦਾ ਮਨ ਪਰਪੰਚਿ=ਸੰਸਾਰ, ਵਾ--ਵਲ ਛਲ ਵਿਚ ਵਿਆਪ ਰਿਹਾ ਹੈ ਓਨਾ ਚਿਰ ਦੋ ਜਨਮ ਮਰਨ ਬਣੇ ਰਹਿੰਦੇ ਹਨ। ਇਸਥਿਤ ਰੂਪ ਪਰਮਾਤਮਾ ਜੋ ਭੀ ਕਰਦਾ ਹੈ ਓਹੀ ਗੱਲ ਹੁੰਦੀ ਹੈ॥ ੩ ॥

ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ ॥

ਹੇ ਭਾਈ ! ਜਦ ਮਨੁੱਖਾ ਦੇਹ ਰੂਪੀ ਵਾਰੁ=ਸਮਾਂ ਹੱਥ ਆਵੇ ਤਾਂ ਨਾਮ ਗਿਆਨ ਰੂਪੀ ਜਹਾਜ਼ ਉੱਤੇ ਜ਼ਰੂਰ ਚੜ੍ਹ ਜਾਵੋ। ਜੇ ਇਸ ਜਹਾਜ਼ ਉੱਤੇ ਚੜ੍ਹਨ ਤੋਂ ਠਾਕੇ=ਰੁਕੇ ਰਹੋਗੇ ਤਾਂ ਪ੍ਰਲੋਕ ਦਰਗਾਹ ਵਿਚ ਮਾਰ ਪਵੇਗੀ।

ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ ਦਰਿ ਘਰਿ ਏਕੰਕਾਰੁ ॥ ੪ ॥ ੭ ॥

ਉਹ ਧੰਨ ਹਨ, ਜੋ ਗੁਰਾਂ ਦੁਆਰੇ ਸਚ ਨੂੰ ਸਲਾਹੁੰਦੇ ਹਨ, ਉਨ੍ਹਾਂ ਨੇ ਹਿਰਦੇ ਰੂਪ ਘਰ ਅੰਦਰ ਇਕ ਓਅੰਕਾਰ ਨੂੰ ਪਾ ਲਿਆ ਹੈ। *ਅਥਵਾ:*-ਗੁਰਾਂ ਦੁਆਰੇ ਧੰਨਤਾ ਜੋਗ ਸੱਚੇ ਨੂੰ ਸਲਾਹੇ। ਗੁਰੂ ਜੀ ਕਥਨ ਕਰਦੇ ਹਨ ਸਾਰਿਆਂ ਘਰਾਂ ਦੇ ਅੰਦਰ ਏਕੰਕਾਰ ਪ੍ਰਭੂ ਨੂੰ ਨਿਸਚੇ ਕਰੇ॥ ੪ ॥ ੭ ॥

ਗਉੜੀ ਮਹਲਾ ੧ ॥

ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥

ਜਿਸ ਵੇਲੇ ਬ੍ਰਹਮ ਦੀ ਪਰਾਪਤੀ ਵਾਸਤੇ ਪ੍ਰਾਣਾਂ ਦੇ ਚਾੜ੍ਹਨ, ਠਹਿਰਾਵਣ ਤੇ ਉਤਾਰਨ ਦਾ ਵਿਚਾਰ ਕੀਤਾ ਤੇ ਹਿਰਦਾ ਕੋਲ ਉਲਟਿਆ ਤਾਂ ਗਗਨ ਜੋ ਦਸਮ ਦੁਆਰ ਹੈ, ਉਸ ਵਿਚੋਂ ਜੋਗਾਨੰਦ ਰੂਪੀ ਅੰਮ੍ਰਿਤਧਾਰਾ ਚੋ ਆਈ। *ਅਥਵਾ:*-ਬ੍ਰਹਮ ਦੀ ਵਿਚਾਰ ਪਰਾਪਤ ਹੋਣ ਨਾਲ ਜਿਸ ਵੇਲੇ ਸੰਸਾਰ ਵੱਲੋਂ ਹਿਰਦਾ ਕਵਲ ਉਲਟਿਆ, ਤਿਸ ਵੇਲੇ ਦਸਾਂ ਦੁਆਰਿਆਂ ਵਿਚ ਪੂਰਨ ਜੋ ਗਗਨਿ=ਚੇਤਨ ਦੇਵ ਹੈ, ਤਿਸ ਦੀ ਬ੍ਰਹਮਾਨੰਦ ਰੂਪੀ ਅੰਮ੍ਰਿਤਧਾਰਾ ਚੋ ਆਈ। ਤਾਂ ਇਹ ਨਿਸਚੇ ਹੋ ਗਿਆ ਕਿ-

ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥ ੧ ॥

ਆਪ ਮੁਰਾਰੀ=ਪਰਮਾਤਮਾ ਤਿੰਨਾਂ ਲੋਕਾਂ ਵਿਚ ਬੇਧਿਆ=ਤਦਾਕਾਰ ਭਾਵ ਮਿਲ ਰਿਹਾ ਹੈ॥ ੧॥

ਰੇ ਮਨ ਮੇਰੇ ਭਰਮੁ ਨ ਕੀਜੈ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ॥ ੧॥ ਰਹਾਉ॥

ਹੇ ਮੇਰੇ ਪਿਆਰੇ, ਤੂੰ ਚਿੱਤ ਵਿਚ ਕੋਈ ਭਰਮ ਨ ਕਰ ਗੁਰਾਂ ਦੇ ਮਨਿ=ਮੰਤਰ ਨੂੰ ਮੰਨ ਕੇ ਨਾਮ ਰੂਪੀ ਅੰਮ੍ਰਿਤ ਰਸ ਨੂੰ ਪੀਜੈ=ਪੀਣਾ ਕਰ॥ ੧॥

ਜਨਮੁ ਜੀਤਿ ਮਰਣਿ ਮਨੁ ਮਾਨਿਆ॥ਆਪਿ ਮੂਆ ਮਨੁ ਮਨ ਤੇ ਜਾਨਿਆ॥

ਜਿਸ ਨੇ ਗੁਰਾਂ ਦੇ ਮਨੁ=ਮੰਤ੍ਰ ਨੂੰ ਮਨ ਵਿਚ ਜਾਣਿਆ ਹੈ ਤੇ ਆਪਾ ਭਾ ਹੰਕਾਰ ਤੋਂ ਮਰ ਗਿਆ ਹੈ, ਅਤੇ ਜੀਵਤਭਾ ਦੇ ਮਰਨ ਉੱਪਰ ਮਨ ਮੰਨਿਆਂ ਗਿਆ ਹੈ ਉਸ ਨੇ ਮਨੁੱਖਾ ਜਨਮ ਨੂੰ ਜਿੱਤ ਲਿਆ ਹੈ।

ਨਜਰਿ ਭਈ ਘਰੁ ਘਰ ਤੇ ਜਾਨਿਆ ॥ ੨॥

ਗੁਰਾਂ ਦੀ ਨਜਰਿ=ਕਿਰਪਾ ਦ੍ਰਿਸ਼ਟੀ ਹੋਈ ਤਾਂ ਘਰੁ=ਹਿਰਦੇ ਵਿਚ ਘਰ=ਸਰੂਪ ਨੂੰ ਜਾਨਣਾ ਕੀਤਾ॥ ੨॥

ਜਤੁ ਸਤੁ ਤੀਰਥੁ ਮਜਨੁ ਨਾਮਿ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ॥

ਜਤ, ਸਤ ਆਦਿਕ ਸਾਧਨ ਅਤੇ ਤੀਰਥਾਂ ਦੇ ਮਜਨੁ=ਇਸ਼ਨਾਨ ਨਾਮ ਜਪਣ ਕਰਕੇ ਸਾਰੇ ਸਫਲ ਹੁੰਦੇ ਹਨ। ਨਾਮ ਤੋਂ ਬਿਨਾਂ ਅਧਿਕ=ਬਹੁਤੇ ਕਰਮਾਂ ਦਾ ਵਿਸਥਾਰ ਕਰਨਾ ਕਿਸ ਕੰਮ ਹੈ,

ਨਰ ਨਾਰਾਇਣ ਅੰਤਰਜਾਮਿ॥ ੩॥

ਉਹ ਨਰਾਇਣ ਪਰਮਾਤਮਾ ਸਾਰਿਆਂ ਨਰ=ਮਨੁੱਖਾਂ ਦੇ ਹਿਰਦੇ ਦੀ ਜਾਨਣੇ ਨੂੰ ਅੰਤਰਜਾਮੀ ਹੈ॥ ੩॥

ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ॥

ਉਸ ਪਰਮੇਸ਼ਰ ਤੋਂ ਬਿਨਾਂ ਜੇ ਆਨ=ਹੋਰ ਕਿਸੇ ਨੂੰ ਮੰਨਦੇ ਹੋਂ, ਤਾਂ ਬੇਸ਼ਕ ਪਰ+ਘਰ=ਦੂਜੇ ਘਰ ਵਿਚ ਜਾਓ। ਜਦ ਉਸ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ, ਤਾਂ ਉਸ ਨੂੰ ਛੱਡ ਕੇ ਕਿਸ ਪਾਸੋਂ ਜਾਚਉ=ਮੰਗਦੇ ਹੋ? ਅਥਵਾ:-ਗੁਰੂ ਸਾਹਿਬ ਜੀ ਆਪਣੇ ਵਲੋਂ ਆਖਦੇ ਹਨ:-ਜੇ ਅਸੀਂ ਹੋਰ ਕਿਸੇ ਨੂੰ ਮੰਨਦੇ ਹੋਈਏ ਤਾਂ ਪਰਾਏ ਘਰਾਂ ਵਿਚ ਜਾਈਏ। ਉਸ ਨੂੰ ਛਡ ਕੇ ਅਸੀਂ ਕਿਸ ਪਾਸੋਂ ਮੰਗੀਏ ਉਸ ਤੋਂ ਬਿਨਾਂ ਸਾਡਾ ਹੋਰ ਕੋਈ ਥਾਂ ਨਹੀਂ ਹੈ।

ਨਾਨਕ ਗੁਰਮਤਿ ਸਹਜਿ ਸਮਾਉ॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ ਗੁਰ ਸਿੱਖਿਆ ਦੁਆਰੇ ਨਾਮ ਦੀ ਕਮਾਈ ਕਰਕੇ ਸਹਜ ਪਦ ਵਿਚ ਸਮਾਣਾ ਕਰੋ॥ ੪॥ ੮॥

ਗਉੜੀ ਮਹਲਾ ੧॥ ਸਤਿਗੁਰੁ ਮਿਲੈ ਸੁ ਮਰਣੁ ਦਿਖਾਏ॥
ਮਰਣ ਰਹਣ ਰਸੁ ਅੰਤਰਿ ਭਾਏ॥ ਗਰਬੁ ਨਿਵਾਰਿ ਗਗਨ ਪੁਰੁ ਪਾਏ॥ ੧॥

ਅੰਨਵੇਂ ਅੱਖਰਾਂ ਵਲ ਧਿਆਨ ਰਖਣਾ:-ਜੇਹੜੇ ਗੁਰੂ ਆਪ ਸੰਸਾਰ ਵਲੋਂ ਮਰੇ ਰਹਿੰਦੇ ਹਨ, ਅਤੇ ਜਿਨ੍ਹਾਂ ਗੁਰਾਂ ਦੇ ਹਿਰਦੇ ਅੰਦਰ ਪਰਮੇਸ਼ਰ ਦਾ ਰਸੁ=ਪ੍ਰੇਮ ਭਾਂਵਦਾ ਹੈ। ਅਜੇਹੇ ਸਤਿਗੁਰੂ ਮਿਲਣ ਤਾਂ ਸਿੱਖ ਨੂੰ ਜੀਵਤਭਾ ਤੋਂ ਮਰਨਾ

ਵਿਖਾਂਦੇ ਹਨ, ਜਿਸ ਨੂੰ ਜੀਵਤਭਾ ਤੋਂ ਮਰਣਾ ਵਿਖਾਂਦੇ ਹਨ, ਉਹ ਸਿੱਖ ਗਰਬੁ=ਹੰਕਾਰ ਨੂੰ ਨਵਿਰਤ ਕਰਕੇ ਪੁਰੁ=ਪੂਰਨ ਗਗਨ=ਚੇਤਨਦੇਵ ਨੂੰ ਪਾਂਵਦਾ ਹੈ॥ ੧॥

ਮਰਣੁ ਲਿਖਾਇ ਆਏ ਨਹੀ ਰਹਣਾ॥
ਹਰਿ ਜਪਿ ਜਾਪਿ ਰਹਣੁ ਹਰਿ ਸਰਣਾ॥ ੧॥ ਰਹਾਉ॥

ਸਰੀਰ ਕਰਕੇ ਤਾਂ ਸਾਰੇ ਮਨੁੱਖ ਮਰਨਾ ਲਿਖਾ ਕੇ ਆਏ ਹਨ। ਕਿਸੇ ਦਾ ਭੀ ਸਰੀਰ ਥਿਰ ਨਹੀਂ ਰਹਿਣਾ। ਇਸ ਗੱਲ ਦਾ ਨਿਸਚਾ ਉਨ੍ਹਾਂ ਨੂੰ ਹੋਇਆ ਹੈ, ਜਿਨ੍ਹਾਂ ਨੇ ਹਰੀ ਸਰੂਪ ਗੁਰਾਂ ਦੀ ਸ਼ਰਣ ਵਿਚ ਰਹਿ ਕੇ ਹਰੀ ਨਾਮ ਜਪ ਨੂੰ ਜਾਪਿਆ ਹੈ॥ ੧॥

ਸਤਿਗੁਰੁ ਮਿਲੈ ਤ ਦੁਬਿਧਾ ਭਾਗੈ॥
ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ॥

ਸਚੇ ਸਤਿਗੁਰੂ ਮਿਲਣ ਤਾਂ ਦਵੈਤ ਨਾਸ ਹੋ ਜਾਂਦੀ ਹੈ ਤੇ ਮਨ ਹਰੀ ਪ੍ਰਭੂ ਦੀ ਪਰਾਪਤੀ ਦੇ ਸਾਧਨ ਵਿਚ ਲਗ ਜਾਂਦਾ ਹੈ, ਜਿਸ ਤੇ ਹਿਰਦਾ ਕੌਲ ਬਿਗਾਸਿ=ਖਿੜ ਜਾਂਦਾ ਹੈ।

ਜੀਵਤੁ ਮਰੈ ਮਹਾ ਰਸੁ ਆਗੈ॥ ੨॥

ਜੀਵਤਭਾ ਤੋਂ ਮਰੇ, ਤਾਂ ਮੰਹਾ+ਰਸੁ=ਆਤਮ ਰਸ ਅੱਗੇ ਆ ਕੇ ਪਰਾਪਤ ਹੁੰਦਾ ਹੈ ।
ਅਥਵਾ:-ਮਹਾ+ਰਸੁ=ਬੜਾ ਅਨੰਦ ਰੂਪ ਪਰਮਾਤਮਾ ਆਗੈ=ਅਗ੍ਰ ਭਾਗ ਅਰਥਾਤ ਸਨਮੁਖ ਆ ਕੇ ਪਰਾਪਤ ਹੁੰਦਾ ਹੈ॥ ੨॥

ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ॥ ਗੁਰ ਕੀ ਪਉੜੀ ਊਚੋ ਊਚਾ॥

ਸਚੇ ਸਤਿਗੁਰਾਂ ਨਾਲ ਮਿਲ ਕੇ ਸਚ+ਸੰਜਮਿ=ਨਿਸ਼ਕਪਟ ਇੰਦ੍ਰੀਆਂ ਦਾ ਦਮਨ ਕਰੇ ਤਾਂ ਮਨ ਸੂਚਾ=ਪਵਿੱਤਰ ਹੁੰਦਾ ਹੈ। ਗੁਰਾਂ ਦੀ ਬਖਸ਼ੀ ਹੋਈ ਭਗਤੀ ਰੂਪ ਪੌੜੀ ਉੱਤੇ ਚੜ੍ਹਨ ਨਾਲ ਉੱਚੇ ਜੋ ਬ੍ਰਹਮਾਂ ਆਦਿਕ ਹਨ, ਉਨ੍ਹਾਂ ਤੋਂ ਭੀ ਉੱਚਾ ਹੋ ਜਾਂਦਾ ਹੈ।

ਕਰਮਿ ਮਿਲੈ ਜਮ ਕਾ ਭਉ ਮੂਚਾ ॥ ੩॥

ਗੁਰਾਂ ਦਾ, ਤੇ ਪਰਮੇਸ਼ਰ ਦਾ ਕਰਮਿ=ਅਨੁਗ੍ਰਹ ਮਿਲੇ ਤਾਂ ਜਮਾਂ ਦਾ ਡਰ ਮੂਚਾ=ਕੱਟਿਆ ਜਾਂਦਾ ਹੈ॥ ੩॥

ਗੁਰਿ ਮਿਲਿਐ ਮਿਲਿ ਅੰਕਿ ਸਮਾਇਆ॥
ਕਰਿ ਕਿਰਪਾ ਘਰੁ ਮਹਲੁ ਦਿਖਾਇਆ॥

ਗੁਰ ਉਪਦੇਸ਼ ਨਾਲ ਮਿਲ ਕੇ ਜੋ ਨਾਮ ਸਿਮਰਣ ਵਿਚ ਮਿਲਿਆ ਹੈ, ਉਹ ਅੰਕਿ=ਸਰੂਪ ਵਿਚ ਸਮਾਇਆ ਹੈ। ਗੁਰਾਂ ਨੇ ਕਿਰਪਾ ਕਰਕੇ ਉਸ ਨੂੰ ਸਰੀਰ ਘਰ ਦੇ ਵਿਚ ਹੀ ਮਹਲੁ=ਸਰੂਪ ਵਿਖਾ ਦਿੱਤਾ ਹੈ।

ਨਾਨਕ ਹਉਮੈ ਮਾਰਿ ਮਿਲਾਇਆ॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ ਜਿਸ ਨੇ ਹਉਮੈ ਨੂੰ ਮਾਰਿਆ ਹੈ ਉਸ ਨੂੰ ਵਾਹਿਗੁਰੂ ਨੇ ਆਪਣੇ ਨਾਲ ਮਿਲਾਇਆ ਹੈ॥ ੪॥ ੯॥

[ਪੰਨਾ ੧੫੪]

ਗਉੜੀ ਮਹਲਾ ੧ ॥

ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥

ਕੀਤੇ ਹੋਏ ਕਰਮਾਂ ਦਾ ਜੋ ਲੇਖ ਮੱਥੇ ਤੇ ਪਿਆ ਹੈ, ਉਸ ਨੂੰ ਭੋਗੇ ਤੋਂ ਬਗੈਰ ਕੋਈ ਮੇਟ ਨਹੀਂ ਸਕਦਾ। ਕੀ ਜਾਣੀਏਂ, ਅੱਗੇ ਗਿਆਂ ਕੀ ਹਾਲ ਹੋਵੇਗਾ!

ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥ ੧ ॥

ਜੋ ਉਸ ਪਰਮਾਤਮਾ ਦਾ ਹੁਕਮ ਹੈ, ਓਹੀ ਕੁਝ ਹੁੰਦਾ ਹੈ। ਉਸ ਤੋਂ ਬਿਨਾਂ ਹੋਰ ਕੋਈ ਦੂਜਾ ਕੁਝ ਕਰਨ ਵਾਲਾ ਨਹੀਂ ਹੈ॥ ੧ ॥

ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥
ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥ ੧ ॥ ਰਹਾਉ ॥

ਮੈਂ ਨਹੀਂ ਜਾਣਦਾ, ਆਪ ਦਾ ਕਰਮੁ=ਅਨੁਗ੍ਰਹੁ ਕੇਡਾ ਕੁ ਹੈ, ਅਤੇ ਤੇਰੀ ਦਾਤ ਕੇਡੀ ਕੁ ਹੈ। ਕਰਮ ਵੀ, ਧਰਮ ਵੀ, ਅਤੇ ਜ਼ਾਤੀ ਭੀ, ਮੈਂਨੇ ਸਭ ਕੁਝ ਤੇਰੇ ਨਾਮ ਦੀ ਪ੍ਰੀਤੀ ਨੂੰ ਜਾਣਿਆ ਹੈ॥ ੧ ॥ ਰਹਾਉ ॥

ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥

ਹੇ ਦੇਵਣਹਾਰੁ ਪ੍ਰਭੂ, ਤੂੰ ਏਡਾ ਵੱਡਾ ਦਾਤਾ ਹੈਂ, ਜੋ ਮੈਂ ਬਿਆਨ, ਨਹੀਂ ਕਰ ਸਕਦਾ।
ਤੇਰੀ ਭਗਤੀ ਦੇਂ ਭੰਡਾਰਿਆਂ ਦਾ ਕੁਝ ਘਾਟਾ ਨਹੀਂ ਆਉਂਦਾ।

ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥ ੨ ॥

ਮਨੁੱਖ ਦਾ ਹੰਕਾਰ ਕੀਤਾ ਹੋਇਆ ਤੇਰੇ ਨਾਲ ਰਾਸਿ=ਸੂਤ ਨਹੀਂ ਆਉਂਦਾ।
ਮੇਰਾ ਤਾਂ ਜੀਅ ਪਿੰਡ ਧਨ ਆਦਿਕ ਸਭ ਕੁਝ ਆਪ ਜੀ ਦੇ ਪਾਸ ਅਰਪਨ ਹੈ॥ ੨ ॥

ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥
ਜਿਉ ਭਾਵੀ ਤਿਉ ਨਾਮੁ ਜਪਾਇ ॥

ਤੂੰਹੀਂ ਮਾਰਦਾ ਹੈਂ, ਤੂੰਹੀਂ ਜੀਵਾਉਂਦਾ ਹੈਂ, ਤੂੰਹੀਂ ਬਖਸ਼ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈਂ।
ਜਿਵੇਂ ਭਾਂਵਦਾ ਹੈ ਤਿਵੇਂ ਮੇਰੇ ਪਾਸੋਂ ਆਪਣਾ ਨਾਮ ਜਪਵਾ ਲੈ।

ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥ ੩ ॥

ਤੂੰਹੀਂ ਦਾਨਾ=ਦਨਾਅ ਹੈਂ, ਤੇ ਬੀਨਾ=ਦ੍ਰਿਸ਼ਟਾ ਹੈਂ, ਅਤੇ ਮੇਰੇ ਸਿਰ ਤੇ ਸੱਚਾ ਸਾਹਿਬ ਹੈਂ। ਮੈਨੂੰ ਗੁਰ ਸਿਖਿਆ ਦਿਓ, ਮੈਂ ਤਾਂ ਆਪ ਜੀ ਦੇ ਹੀ ਭਰੋਸੇ ਜਿਉਂਦਾ ਹਾਂ॥ ੩ ॥

ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥

ਆਪ ਜੀ ਦੇ ਪ੍ਰੇਮ ਵਿਚ ਮਨ ਦੇ ਤਦਾਕਾਰ ਹੋਣ ਕਰਕੇ, ਤਨ ਵਿਚ ਪਾਪਾਂ ਰੂਪੀ ਮੈਲ ਨਹੀਂ ਹੈ। ਗੁਰਾਂ

ਦੇ ਬਚਨਾਂ ਦੁਆਰੇ ਸਬਦਿ=ਸੰਸਾਰ ਵਿਚ ਹੈ ਸਚੇ ਬ੍ਰਹਮ, ਆਪ ਜੀ ਨੂੰ ਹੀ ਪਛਾਣਿਆ ਹੈ।

ਤੇਰਾ ਤਾਣੁ ਨਾਮ ਕੀ ਵਡਿਆਈ॥
ਨਾਨਕ ਰਹਣਾ ਭਗਤਿ ਸਰਣਾਈ॥ ੪ ॥ ੧੦ ॥

ਸਾਨੂੰ ਤੇਰਾ ਤਾਣੁ=ਬਲ ਹੈ, ਅਤੇ ਆਪ ਜੀ ਦੇ ਨਾਮ ਦੀ ਵਡਿਆਈ ਪਰਾਪਤ ਹੈ। ਗੁਰੂ ਜੀ ਕਥਨ ਕਰਦੇ ਹਨ ਅਸੀਂ ਤੁਹਾਡੀ ਭਗਤੀ ਦੀ, ਵਾ:-ਭਗਤਾਂ ਦੀ ਸ਼ਰਨ ਵਿਚ ਰਹਿਣਾ ਕਰਦੇ ਹਾਂ।

ਅਥਵਾ:-ਜਿਨ੍ਹਾਂ ਨੂੰ ਤੇਰਾ ਬਲ ਅਤੇ ਨਾਮ ਦੀ ਵਡਿਆਈ ਪਰਾਪਤ ਹੈ, ਉਨ੍ਹਾਂ ਨੇ ਗੁਰਸ਼ਰਣ ਵਿਚ ਆ ਕੇ ਭਗਤੀ ਵਿਚ ਰਹਿਣਾ ਕੀਤਾ ਹੈ॥ ੪॥ ੧੦॥

ਗਉੜੀ ਮਹਲਾ ੧ ॥
ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥
ਅਨ ਭੈ ਵਿਸਰੇ ਨਾਮਿ ਸਮਾਇਆ॥ ੧ ॥

ਜਿਸ ਨੇ ਅਕੱਥ ਰੂਪ ਪਰਮੇਸ਼ਰ ਦੇ ਜਸ ਨੂੰ ਆਪ ਕਿਹਾ ਹੈ, ਤੇ ਹੋਰਨਾਂ ਪਾਸੋਂ ਕਹਾਇਆ ਹੈ, ਆਪ ਨਾਮ ਅੰਮ੍ਰਿਤ ਪੀਤਾ ਹੈ ਤੇ ਹੋਰਨਾਂ ਨੂੰ ਪਿਲਾਇਆ ਹੈ। ਉਸ ਦੇ ਅਨ=ਹੋਰ ਸਾਰੇ ਭੈ=ਡਰ ਵਿਸਰ ਗਏ ਹਨ, ਅਤੇ ਉਹ ਨਾਮੀ ਪਰਮਾਤਮਾ ਵਿਚ ਅਭੇਦ ਹੋਇਆ ਹੈ।

ਕਿਆ ਡਰੀਐ ਡਰੁ ਡਰਹਿ ਸਮਾਨਾ ॥
ਪੂਰੇ ਗੁਰ ਕੈ ਸਬਦਿ ਪਛਾਨਾ॥ ੧ ॥ ਰਹਾਉ ॥

ਹੁਣ ਕਿਸੇ ਤੋਂ ਕੀ ਡਰਨਾ ਹੈ, ਜਦ ਕਿ ਪਰਮੇਸ਼ਰ ਦੇ ਡਰ ਕਰਕੇ ਜਮਾਂ ਦਾ ਡਰ ਸਮਾਨਾ=ਨਾਸ ਹੋ ਗਿਆ ਹੈ। ਕਿਉਂਕਿ ਪੂਰਿਆਂ ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਬ੍ਰਹਮ ਨੂੰ ਪਛਾਣ ਲਿਆ ਹੈ॥ ੧ ॥ ਰਹਾਉ ॥

ਜਿਸੁ ਨਰ ਰਾਮੁ ਰਿਦੈ ਹਰਿ ਰਾਸਿ॥ ਸਹਜਿ ਸੁਭਾਇ ਮਿਲੇ ਸਾਬਾਸਿ ॥ ੨ ॥

ਜਿਸ ਮਨੁੱਖ ਦੇ ਹਿਰਦੇ ਵਿਚ ਹਰੀ ਰਾਮ ਰਾਸਿ=ਸੱਚਾ ਹੈ, *ਅਥਵਾ:*-ਜਿਸ ਮਨੁੱਖ ਦੇ ਹਿਰਦੇ ਵਿਚ ਰਾਮੁ=ਵਿਆਪਕ ਹਰੀ ਦੀ ਸ਼ਰਧਾ ਰੂਪ ਰਾਸਿ=ਪੂੰਜੀ ਹੈ।

ਉਸਨੂੰ ਸਹਜਿ ਸੁਭਾਇ=ਸੁਤੇ ਸਿੱਧ ਦਰਗਾਹ ਵਿਚ ਸਾਬਾਸਿ=ਧੰਨਤਾ ਮਿਲਦੀ ਹੈ॥੨ ॥

ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥ ੩ ॥

ਜਿਨ੍ਹਾਂ ਨੂੰ ਸਾਝ+ਬਿਆਲ=ਰਾਤ ਦਿਨ, *ਅਥਵਾ:*-ਰਾਤ ਤੋਂ ਲੈ ਕੇ ਦਿਨ ਚੜ੍ਹਦੇ ਤਕ ਪ੍ਰਤੱਖ ਨੀਂਦ ਵਿਚ *ਅਥਵਾ:*-ਅਵਿੱਦਿਆ ਰੂਪ ਨੀਂਦ ਵਿਚ ਸੁਆ ਛੱਡਿਆ ਹੈ ਉਹ ਮਨਮੁਖ ਕਾਲ ਦੇ ਬੱਧੇ ਹੋਏ ਇਤ+ਉਤ=ਲੋਕ ਪ੍ਰਲੋਕ ਵਿਚ ਧੱਕੇ ਖਾਂਦੇ ਹਨ॥ ੩ ॥

ਅਥਵਾ:-ਅਵਿੱਦਿਆ ਰੂਪ ਰਾਤ ਦੀ ਨਵਿਰਤੀ ਲਈ ਗਿਆਨ ਰੂਪ ਬਿਆਲ=ਦਿਨ ਚੜ੍ਹਾ ਕੇ ਜਿਨ੍ਹਾਂ ਦੇ ਅੰਤਹਕਰਨ ਨੂੰ ਸਵਾਰਦਾ ਹੈ ਉਹ ਗੁਰਮੁਖ ਇਤ=ਇਸ ਮਨ ਕਰਕੇ, ਉਤ=ਉਸ ਮੂੰਹ ਕਰਕੇ ਕਾਲ ਨੂੰ ਬਾਧੇ=ਨਾਸ ਕਰਦਾ ਹੈ॥ ੩ ॥

ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥ ੪॥ ੧੧॥

ਪੂਰੇ ਭਰੋਸੇ ਨਾਲ ਜੋ ਦਿਨ ਰਾਤ ਹਿਰਦੇ ਵਿਚ ਰਾਮ ਨਾਮ ਜਪਦੇ ਹਨ, ਉਹ ਸ਼ੁਭ ਗੁਣਾਂ ਕਰਕੇ ਪੂਰਨ ਹਨ।

ਗੁਰੂ ਜੀ ਕਥਨ ਕਰਦੇ ਹਨ- *''ਭਰਮ ਦੇ ਦੂਰ ਹੋਣ ਕਰਕੇ, ਉਹ ਰਾਮ ਨਾਮ ਨਾਲ ਮਿਲ ਜਾਂਦੇ ਹਨ''॥ ੪॥ ੧੧॥*

ਗਉੜੀ ਮਹਲਾ ੧॥

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ॥ ਚਾਰੇ ਬੇਦ ਕਥਹਿ ਆਕਾਰੁ॥

ਜੋ ਤ੍ਰਿਗੁਣ ਆਤਮਕ ਮਾਇਆ, ਵਾ:-ਸੰਸਾਰ ਨਾਲ ਪਰੇਮ ਕਰਦਾ ਹੈ, ਉਹ ਜੰਮਦਾ ਮਰਦਾ ਹੈ। ਭਾਵੇਂ ਉਹ ਸੋਹਣਾ ਅਕਾਰ ਬਣਾ ਕੇ ਚਾਰੇ ਬੇਦਾਂ ਨੂੰ ਕਥਨ ਕਰ ਲਵੇ।

ਅਥਵਾ :- ਚਾਰੇ ਬੇਦ ਭੀ ਏਹੋ ਆਖਦੇ ਹਨ ਕਿ ਤ੍ਰਿਗੁਣ ਆਤਮਕ ਮਾਇਆ ਨਾਲ ਪਰੇਮ ਕਰਨ ਵਾਲਾ ਮਨੁੱਖ ਆਕਾਰੁ=ਸਰੀਰਾਂ ਨੂੰ ਧਾਰਦਾ ਹੈ।

ਤੀਨਿ ਅਵਸਥਾ ਕਹਹਿ ਵਖਿਆਨੁ॥
ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥ ੧॥

ਜਾਗ੍ਰਤ, ਸੁਪਨ, ਸਖੋਪਤ, ਰੂਪ ਤਿੰਨ ਅਵੱਸਥਾ ਦਾ ਵਖਿਆਨ=ਪ੍ਰਸੰਗ ਬੇਦ ਕਥਨ ਕਰਦੇ ਹਨ। ਪਰ ਹਰੀ ਦੇ ਗਿਆਨ ਸਰੂਪ ਤੁਰੀਆ ਅਵਸਥਾ, ਚੌਥੀ ਭੂਮਿਕਾ ਸਤਿਗੁਰਾਂ ਤੋਂ ਜਾਣੀ ਜਾਂਦੀ ਹੈ॥ ੧॥

ਰਾਮ ਭਗਤਿ ਗੁਰ ਸੇਵਾ ਤਰਣਾ॥
ਬਾਹੁੜਿ ਜਨਮੁ ਨ ਹੋਇ ਹੈ ਮਰਣਾ॥ ੧॥ ਰਹਾਉ॥

ਗੁਰ ਸੇਵਾ ਦੁਆਰੇ ਰਾਮ ਦੀ ਭਗਤੀ ਕਰਕੇ, ਜੋ ਸੰਸਾਰ ਸਮੁੰਦਰ ਤੋਂ ਤਰਨਾ ਕਰਦਾ ਹੈ, ਮੁੜ ਕੇ ਉਸ ਦਾ ਜਨਮ ਮਰਨ ਨਹੀਂ ਹੁੰਦਾ॥ ੧॥ ਰਹਾਉ॥

ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥

ਸਭ ਕੋਈ ਕਹਿੰਦਾ ਹੈ, ਮੈਨੂੰ ਧਰਮ ਅਰਥ ਕਾਮ ਮੋਖ ਰੂਪ ਚਾਰੇ ਪਦਾਰਥ ਮਿਲ ਜਾਣ। ਸਭਾਈ ਸਿੰਮ੍ਰਿਤੀਆਂ ਛੇ ਸਾਸ਼ਤ੍ਰਾਂ ਦੇ ਪੜ੍ਹਨ ਵਾਲੇ, ਜੋ ਪੰਡਿਤ ਹਨ, ਉਹ ਭੀ ਮੂੰਹੋਂ ਕਹਿੰਦੇ ਹਨ, ''ਸਾਨੂੰ ਚਾਰ ਪਦਰਥ ਮਿਲਣ''। ਪਰ:-

ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥
ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥ ੨॥

ਪੂਰਨ ਗੁਰਾਂ ਤੋਂ ਬਿਨਾਂ ਅਰਥੁ=ਸਿਧਾਂਤ ਦਾ ਵਿਚਾਰ ਕਿਸੇ ਨੇ ਨਹੀਂ ਪਾਇਆ।

ਗੁਰਮੁਖਾਂ ਨੇ ਹਰੀ ਦੀ ਭਗਤੀ ਕਰਕੇ ਮੁਕਤ ਰੂਪ ਪਦਾਰਥ ਨੂੰ ਪਾਇਆ ਹੈ॥ ੨॥

ਜਾ ਕੈ ਹਿਰਦੈ ਵਸਿਆ ਹਰਿ ਸੋਈ॥ ਗੁਰਮੁਖਿ ਭਗਤਿ ਪਰਾਪਤਿ ਹੋਈ॥

ਅੰਨਵੇਂ ਅੱਖਰ:- ਗੁਰਮੁਖ=ਗੁਰਾਂ ਦੁਆਰੇ ਜਿਸ ਦੇ ਹਿਰਦੇ ਵਿਚ ਭਗਤੀ ਪਰਾਪਤ ਹੋਈ ਹੈ। ਓਸੇ ਦੇ

ਹਿਰਦੇ ਵਿਚ ਹਰੀ ਵਸਿਆ=ਸਾਖਿਆਤਕਾਰ ਹੋਇਆ ਹੈ।

ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥ ੩ ॥

ਹਰੀ ਦੀ ਭਗਤੀ ਕਰਕੇ ਹੀ ਮੁਕਤੀ ਅਨੰਦ ਮਿਲਦਾ ਹੈ।

ਗੁਰ ਸਿੱਖਿਆ ਵਾਲੇ ਨੇ ਪਰਮ ਅਨੰਦ ਸਰੂਪ ਪਰਮੇਸ਼ਰ ਨੂੰ ਪਾਇਆ ਹੈ॥ ੩ ॥

ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥
ਆਸਾ ਮਾਹਿ ਨਿਰਾਸੁ ਬੁਝਾਇਆ ॥

ਜਿਨ੍ਹਾਂ ਗੁਰਾਂ ਨੇ ਆਪ ਪਰਮੇਸ਼ਰ ਨੂੰ ਪਾਇਆ ਹੈ, ਉਨ੍ਹਾਂ ਨੇ ਦੇਖਿ=ਗਿਆਨ ਦ੍ਰਿਸ਼ਟੀ ਨੂੰ ਵਿਖਾਇਆ ਹੈ। ਅਥਵਾ:-ਜਿਸ ਨੇ ਵੀ ਪਾਇਆ ਹੈ, ਉਸ ਨੂੰ ਗੁਰਾਂ ਨੇ ਵਿਖਾਇਆ ਹੈ ਤਾਂਹੀ ਉਸ ਨੇ ਵੇਖਿਆ ਹੈ। ਕਿਉਂਕਿ-ਗੁਰਾਂ ਨੇ ਆਸਾ ਰੂਪ ਸੰਸਾਰ ਵਿਚ, ਵਾ:-ਪਦਾਰਥਾਂ ਦੀ ਆਸਾ ਦੇ ਵਿਚ ਹੀ ਨਿਰਾਸਤਾਈ ਨੂੰ ਸਮਝਾ ਦਿੱਤਾ ਹੈ।

ਦੀਨਾ ਨਾਥੁ ਸਰਬ ਸੁਖਦਾਤਾ ॥ ਨਾਨਕ ਹਰਿ ਚਰਣੀ ਮਨੁ ਰਾਤਾ ॥ ੪ ॥ ੧੨ ॥

ਜੋ ਗਰੀਬਾਂ ਦਾ ਸੁਆਮੀ ਹੈ ਤੇ ਸਾਰਿਆਂ ਸੁਖਾਂ ਦਾ ਦਾਤਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਹਰੀ ਦੇ ਚਰਨਾਂ ਨਾਲ ਉਸ ਮਨੁੱਖ ਦਾ ਮਨ ਰਾਤਾ=ਰੰਗਿਆ ਗਿਆ ਹੈ॥ ੪॥ ੧੨ ॥

ਗਉੜੀ ਚੇਤੀ ਮਹਲਾ ੧ ॥

ਇਸ ਸ਼ਬਦ ਵਿਚ ਜੀਵ ਤੇ ਦੇਹ ਦਾ ਸੰਬਾਦ ਗੁਰੂ ਸਾਹਿਬ ਜੀ ਆਪ ਤਟੱਸਥੀ ਰੂਪ ਹੋ ਕੇ ਵਰਣਨ ਕਰਦੇ ਹਨ। ਜੀਵ ਨੇ ਕਿਹਾ—

ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥

ਹੇ ਕਾਇਆ=ਦੇਹ! ਤੂੰ ਆਪਣੇ ਆਪ ਨੂੰ ਅੰਮ੍ਰਿਤ=ਅੱਮਿਰਤ ਜਾਣ ਕੇ ਸੁਖਾਂ ਵਿਚ ਬੈਠੀ ਰਹਿੰਦੀ ਹੈਂ, ਪਰ ਇਹ ਸੰਸਾਰ ਤਾਂ ਬਾਜੀਗਰ ਦੀ ਬਾਜ਼ੀ ਅਰਥਾਤ ਮਦਾਰੀ ਦੀ ਖੇਡ ਵਾਂਗੂੰ ਮਿਥਿਆ ਹੈ।

ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥

ਦੇਹ ਆਖਦੀ ਹੈ:- ਹੇ ਜੀਵ! ਤੂੰ ਪਦਾਰਥਾਂ ਦੇ ਖਾਣ ਦਾ ਲਬ ਤੇ ਪਦਾਰਥਾਂ ਦੇ ਇਕੱਠਿਆਂ ਕਰਨ ਦਾ ਲੋਭ ਅਤੇ ਮੁਚੁ=ਬਹੁਤੇ ਝੂਠ ਨੂੰ ਕਮਾਉਂਦਾ ਹੈਂ ਇਸ ਕਰਕੇ ਤੂੰ ਬਹੁਤ ਹੀ ਪਾਪਾਂ ਦਾ ਭਾਰ ਉਠਾ ਰਿਹਾ ਹੈਂ।

ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥ ੧ ॥

ਜੀਵ ਆਖਦਾ ਹੈ:-ਹੇ ਕਾਇਆਂ ਤੂੰ ਕਿਹੜੀ ਗੱਲ ਦਾ ਮਾਣ ਕਰਦੀ ਹੈਂ, ਮੈਂ ਤੈਨੂੰ ਇਸ ਤਰ੍ਹਾਂ ਰੁਲਦਿਆਂ ਵੇਖਿਆ ਹੈ, ਜਿਵੇਂ ਧਰਤੀ ਉੱਤੇ ਛਾਰੋ=ਖੇਹ ਰੁਲਦੀ ਹੈ॥ ੧ ॥

ਸੁਣਿ ਸੁਣਿ ਸਿਖ ਹਮਾਰੀ ॥
ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥ ੧ ॥ ਰਹਾਉ ॥

ਦੇਹ ਆਖਦੀ ਹੈ:-ਹੇ ਜੀਵ! ਤੂੰ ਸੁਣਿ=ਕੰਨ ਦੇ ਕੇ ਮੇਰੀ ਸਿੱਖਿਆ ਸੁਣ ਲੈ, ਹੇ ਮੇਰੇ ਪਿਆਰੇ ਜੀਵ !

ਸੁਕ੍ਰਿਤ=ਪੁੰਨ ਕਰਮ ਕੀਤਾ ਹੋਇਆ ਹੀ ਤੇਰੇ ਨਾਲ ਰਹੇਗਾ, ਇਹ ਯਾਦ ਰੱਖ ਲੈ ਮਨੁੱਖਾ ਜਨਮ ਦੇ ਮਿਲਣ ਦੀ ਵਾਰੀ ਫਿਰ ਨਹੀਂ ਆਵੇਗੀ॥ ੧॥ ਰਹਾਉ॥

[ਪੰਨਾ ੧੫੫]

ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ॥

ਜੀਵ ਆਖਦਾ ਹੈ:-ਹੇ ਮੇਰੀ ਕਾਇਆਂ, ਮੈਂ ਤੈਨੂੰ ਆਖਦਾ ਹਾਂ, ਤੂੰ ਮੇਰੀ ਸਿੱਖਿਆ ਸੁਣ ਲੈ।

ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ॥

ਤੂੰ ਜੋ ਪਰਾਈ ਨਿੰਦਿਆ ਤੇ ਚਿੰਦਾ=ਉਸਤਤੀ ਕਰਦੀ ਹੈਂ, ਅਤੇ ਝੂਠੀ ਤਬਾਰੀ=ਚੁਗਲੀ ਲਗਾਂਦੀ ਹੈਂ ਇਹ ਤੂੰ ਛੱਡ ਦੇ, ਇਸ ਦਾ ਫਲ ਤੈਨੂੰ ਦੁੱਖ ਭੋਗਣਾ ਪਏਗਾ।

ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ॥

ਦੇਹ ਆਖਦੀ ਹੈ:-ਹੇ ਜੀਵ! "ਤੂੰ ਕਿਹੜਾ ਭਲਾਮਾਨਸ ਹੈਂ! ਤੂੰ ਤਾਂ ਪਰਾਈਆਂ ਵੇਲਿ=ਇਸਤ੍ਰੀਆਂ ਵਲ ਖੋਟੀ ਨਿਗਾਹ ਕਰਕੇ ਵੇਖਦਾ ਹੈਂ, ਅਤੇ ਚੋਰੀ ਆਦਿਕ ਬੁਰਿਆਈਆਂ ਕਰਦਾ ਹੈਂ।"

ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ॥ ੨॥

ਜੀਵ ਆਖਦਾ ਹੈ:- "ਹੇ ਕਾਇਆਂ, ਜਿਸ ਵੇਲੇ ਮੈਂ ਹੰਸੁ=ਜੀਵ ਚਲਿਆ ਗਿਆ, ਤਾਂ ਤੂੰ ਪਿੱਛੇ ਇਸ ਤਰ੍ਹਾਂ ਰਹੇਂਗੀ, ਜਿਵੇਂ ਛੁੱਟੜ ਇਸਤ੍ਰੀ ਹੁੰਦੀ ਹੈ"॥ ੨॥

ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ॥

ਹੇ ਕਾਇਆਂ! ਤੂੰ ਤਾਂ ਸੰਸਾਰ-ਸੁਪਨੇ ਅੰਦਰ ਇਸਥਿਤ ਹੋ ਰਹੀ ਹੈਂ,

ਦੇਹ ਨੇ ਕਿਹਾ:- "ਹੇ ਜੀਵ ਤੂੰ ਕਿਹੜਾ ਚੰਗਾ ਕਰਮ ਕਮਾਇਆ ਹੈ?"

ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ॥

ਜੀਵ ਆਖਦਾ ਹੈ:- "ਹੇ ਕਾਇਆਂ, ਜਦ ਮੈਂ ਚੋਰੀ ਕਰਕੇ ਤੇਰੇ ਖਾਣ ਪੀਣ ਵਾਸਤੇ ਕੁਝ ਲਿਆਂਦਾ "ਤਾਂਹੀ ਤੇਰੇ ਮਨ ਵਿਚ ਮੈਂ ਚੰਗਾ ਲੱਗਾ।" ਅੱਗੋਂ ਗੁਰੂ ਜੀ ਆਖਦੇ ਹਨ-ਜਿਸ ਘਰ ਵਿਚ ਇਸ ਤਰ੍ਹਾਂ ਇਸਤਰੀ ਪਤੀ ਦਾ ਝਗੜਾ ਹੁੰਦਾ ਰਹਿੰਦਾ ਹੈ:-

ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ॥ ੩॥

ਉਨ੍ਹਾਂ ਦੀ ਇਸ ਹਲਤਿ=ਲੋਕ ਵਿਚ ਸੋਭਾ ਨਹੀਂ ਹੁੰਦੀ, ਅਤੇ ਪਲਤਿ=ਪ੍ਰਲੋਕ ਵਿਚ ਭੀ ਢੋਈ=ਜਗ੍ਹਾ ਨਹੀਂ ਮਿਲਦੀ, ਉਨ੍ਹਾਂ ਨੇ ਸੁੰਦਰ ਮਨੁੱਖਾ ਜਨਮ ਅਹਿਲਾ=ਨਿਸਫਲ ਗੁਆ ਦਿੱਤਾ ਹੈ॥ ੩॥

ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ॥੧॥ਰਹਾਉ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਦੇਹ ਆਖਦੀ ਹੈ "ਹੇ ਜੀਵ ਤੇਰੇ ਬਿਨਾਂ ਮੈ ਚੰਗੀ ਦੁਹੇਲੀ=ਦੁਖੀ ਹੋ ਰਹੀ ਹਾਂ, ਹੁਣ ਤਾਂ ਮੇਰੀ ਕੋਈ ਗੱਲ ਭੀ ਨਹੀਂ ਪੁੱਛਦਾ॥ ੧॥ ਰਹਾਉ॥

ਹੁਣ ਗੁਰੂ ਜੀ ਆਪਣੇ ਵਲੋਂ ਸ਼ੁਭ ਸਿੱਖਿਆ ਦੇਂਦੇ ਹਨ-

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥

ਤੁਰਕਾਨ ਦੇਸ ਦੇ ਤਾਜੀ=ਘੋੜੇ, ਸੁਇਨਾ=ਸੋਨਾ, ਰੁਪਾ=ਚਾਂਦੀ ਅਤੇ ਕਪੜਿਆਂ ਦੇ ਭਾਰ।

ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥

ਇਤਆਦਿਕ ਸਾਰੇ ਪਦਾਰਥ ਅੱਜ ਤੱਕ ਕਿਸੇ ਦੇ ਨਾਲ ਨਹੀਂ ਚੱਲੇ, ਗੁਰੂ ਜੀ ਕਥਨ ਕਰਦੇ ਹਨ-ਮੂਰਖ ਪੁਰਸ਼ ਐਵੇਂ ਹੀ ਇਨ੍ਹਾਂ ਪਰ ਝੜਿ+ਝੜਿ ਡਿਗ ਡਿਗ ਪੈਂਦੇ ਹਨ।

ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥ ੪ ॥

ਮਿਸ਼ਰੀ ਦੇ ਕੂਜਾ=ਕੁੱਜੇ *ਅਥਵਾ:*-ਕੂ+ਜਾ=ਪ੍ਰਿਥਵੀ ਦੇ ਜਾਏ ਹੋਏ ਅਰਥਾਤ ਪੈਦਾ ਕੀਤੇ ਹੋਏ ਫਲ ਵਗੈਰਾ, ਮੇਵਾ=ਸੌਗੀ ਪਿਸਤੇ. ਬਦਾਮ, ਖਰੋਟ, ਵਗੈਰਾ ਮੈਂ ਸਭ ਕੁਝ ਚਾਖਿਆ=ਖਾਧਾ ਹੈ, ਪਰ ਇਨ੍ਹਾਂ ਸਾਰਿਆਂ ਨਾਲੋਂ ਇਕ ਆਪ ਜੀ ਦਾ ਨਾਮ ਅੰਮ੍ਰਿਤ ਹੀ ਮਿੱਠਾ ਲੱਗਾ ਹੈ॥ ੪॥

ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ ॥

ਜੋ ਨੀਂਹਾਂ ਦੇ ਦੇ ਕੇ ਦਿਵਾਲ=ਕੰਧ ਉਸਾਰੀ ਹੈ, ਉਹ ਮੰਦਰ ਭਸ=ਸਵਾਹ ਦੀ ਢੇਰੀ ਹੈ। ਏਸੇ ਤਰ੍ਹਾਂ ਮਨ ਲਗਾ ਕੇ ਚੰਗੇ ਪਦਾਰਥ ਖੁਆ ਕੇ, ਜੋ ਸਰੀਰ ਦੀ ਪਾਲਣਾ ਕੀਤੀ ਹੈ, ਇਸ ਸਰੀਰ ਮੰਦਰ ਨੇ ਸਵਾਹ ਦੀ ਢੇਰੀ ਹੋ ਜਾਣਾ ਹੈ।

ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ ॥

ਸੰਚਿ=ਪਦਾਰਥਾਂ ਨੂੰ ਸੰਚੇ=ਇਕੱਠਾ ਕਰੀ ਜਾਂਦਾ ਹੈ, *ਅਥਵਾ:*-ਪਦਾਰਥ ਇਕੱਠੇ ਹੀ ਇਕੱਠੇ ਕਰੀ ਜਾਂਦਾ ਹੈ, ਕਿਸੇ ਨੂੰ ਦੇਂਦਾ ਨਹੀਂ ਕਿਉਂਕਿ ਇਹ ਅੰਨ੍ਹਾਂ ਜਾਣਦਾ ਹੈ। "ਇਹ ਸਾਰੀ ਦੌਲਤ ਮੇਰੀ ਹੈ"।

ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥ ੫ ॥

ਜਿਸ ਰਾਵਨ ਦੀ ਲੰਕਾ ਸੋਨੇ ਦੀ ਸੀ, ਮਾੜੀ=ਅਟਾਰੀ ਭੀ ਸੋਨੇ ਦੀ ਸੀ, ਜੇਕਰ ਉਹ ਰਾਵਨ ਆਪਣੇ ਨਾਲ ਕੁਝ ਨਹੀਂ ਲੈ ਗਿਆ ਤਾਂ ਹੋਰ ਕੌਣ ਲਿਜਾ ਸਕਦਾ ਹੈ। ਨਿਯਮ ਸਮਝ ਲਓ ਇਹ ਸੰਪਦਾ ਕਿਸੇ ਦੀ ਭੀ ਨਹੀਂ ॥ ੫ ॥

ਸੁਣਿ ਮੂਰਖ ਮੰਨ ਅਜਾਣਾ ॥ ਹੋਗੁ ਤਿਸੈ ਕਾ ਭਾਣਾ ॥ ੧ ॥ ਰਹਾਉ ॥

ਹੇ ਅਜਾਣਾ=ਬੇਸਮਝ ਮੂਰਖ ਮਨ ਸੁਣ! ਉਸ ਪਰਮੇਸ਼ਰ ਦੇ ਭਾਣੇ ਅਨੁਸਾਰ ਹੀ ਸਭ ਕੁਝ ਹੁੰਦਾ ਹੈ॥ ੧ ॥ ਰਹਾਉ ॥

ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ ॥

ਉਹ ਸਾਡਾ ਮਾਲਕ ਵੱਡਾ ਸ਼ਾਹ ਹੈ, ਅਤੇ ਅਸੀਂ ਸਾਰੇ ਉਸ ਦੇ ਵਣਜਾਰੇ ਹਾਂ।

ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥ ੬ ॥ ੧ ॥ ੧੩ ॥

ਸਾਡਾ ਜੀਅ ਪਿੰਡੁ=ਸਰੀਰ ਆਦਿਕ ਸਾਰੀ ਮੂੜੀ ਉਸੇ ਦੀ ਦਿੱਤੀ ਹੋਈ ਹੈ, ਉਹ ਆਪ ਹੀ ਮਾਰਦਾ ਤੇ ਜਿਵਾਉਂਦਾ ਹੈ॥ ੬ ॥ ੧ ॥ ੧੩ ॥

ਗਉੜੀ ਚੇਤੀ ਮਹਲਾ ੧ ॥

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥

ਹੇ ਮਨਾ=ਪਿਆਰੇ ਅਵਰਿ=ਹੋਰ ਕਾਮ ਆਦਿਕ ਪੰਜ ਵੈਰੀ ਹਨ, ''ਹਮ ਏਕ ਜਨਾ''=ਮੈਂ ਇਕੱਲਾ ਮਨੁੱਖ ਹਾਂ ਉਨ੍ਹਾਂ ਪੰਜਾਂ ਵੈਰੀਆਂ ਤੋਂ ਮੈਂ ਆਪਣੇ ਘਰ=ਸਰੀਰ ਤੇ ਬਾਰੁ=ਇੰਦ੍ਰੀਆਂ ਨੂੰ ਕਿਵੇਂ ਸਾਂਭ ਕੇ ਰੱਖਾਂ ?

ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥ ੧ ॥

ਇਹ ਨਿੱਤ ਹੀ ਮਾਰਦੇ ਹਨ ਅਰਥਾਤ ਬਦੋਬਦੀ ਵਿਸ਼ਿਆਂ ਵਲ ਲਗਾਂਦੇ ਹਨ।

ਅਥਵਾ:-ਇਨ੍ਹਾਂ ਦਾ ਮਾਰਨਾ ਏਹੋ ਹੈ, ਜਿਹੜਾ ਜਨਮ ਮਰਨ ਦੇਂਦੇ ਰਹਿੰਦੇ ਹਨ, ਅਤੇ ਨਿੱਤ ਹੀ ਸ਼ੁਭ ਗੁਣਾਂ ਰੂਪੀ ਧਨ ਨੂੰ ਲੁਟਦੇ ਹਨ। ਮੈਂ ਕਿਸ ਪੁਰਸ਼ ਦੇ ਅੱਗੇ ਜਾ ਕੇ ਪੁਕਾਰ ਕਰਾਂ ? ॥ ੧ ॥

ਗੁਰ ਉੱਤਰ:-

ਸ੍ਰੀ ਰਾਮ ਨਾਮਾ ਉਚਰੁ ਮਨਾ ॥

ਆਗੈ ਜਮ ਦਲੁ ਬਿਖਮੁ ਘਨਾ ॥ ੧ ॥ ਰਹਾਉ ॥

ਹੇ ਪਿਆਰੇ ! ਤੂੰ ਸ੍ਰੀ ਰਾਮ ਨਾਮ ਨੂੰ ਉਚਾਰਨਾ ਕਰ ਤਾਂ ਤੇਰਾ ਬਚਾਉ ਹੋਵੇਗਾ।

ਕਿਉਂਕਿ ਅੱਗੇ ਪ੍ਰਲੋਕ ਰਸਤੇ ਵਿਚ ਵੀ ਜਮਾਂ ਦਾ ਬੜਾ ਕਠਨ ਦਲ ਹੈ।

ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ ॥

ਪਰਮੇਸ਼ਰ ਨੇ ਦੇਹ ਰੂਪੀ ਮੜੋਲੀ=ਕੋਠੀ ਉਸਾਰ ਕੇ ਨੌਂ ਗੋਲਕਾਂ ਰੂਪੀ ਨੌਂ ਦਰਵਾਜ਼ੇ ਰੱਖੇ ਹਨ, ਜਿਸ ਦੇਹ ਰੂਪੀ ਕੋਠੀ ਵਿਚ ਜੀਵ ਰੂਪੀ ਸਾਧਨਾ=ਇਸਤ੍ਰੀ ਬੈਠੀ ਹੈ।

ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥ ੨ ॥

ਇਹ ਜੀਵ ਰੂਪੀ ਇਸਤ੍ਰੀ, ਆਪ ਨੂੰ ਅੰਮ੍ਰਿਤ=ਅਮਰ ਜਾਣ ਕੇ ਨਿਤਾਪ੍ਰਤੀ ਕੇਲ=ਖੁਸ਼ੀਆਂ ਕਰਦੀ ਹੈ। ਅਵਰਿ=ਹੋਰ ਜੇਹੜੇ ਪੰਜ ਪੁਰਸ਼ ਪੰਜ ਕਾਮ ਆਦਿਕ ਹਨ, ਉਹ ਗਿਆਨ ਇੰਦ੍ਰੀਆਂ ਨਾਲ ਮਿਲ ਕੇ ਇਸ ਜਨਾ=ਇਸਤ੍ਰੀ ਨੂੰ ਲੁੱਟੀ ਜਾਂਦੇ ਹਨ॥ ੨ ॥

ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ ॥

ਜਿਸ ਵੇਲੇ ਜਮਾਂ ਨੇ ਅਸਥੂਲ ਦੇਹ ਰੂਪੀ ਮੜੋਲੀ=ਕੋਠੀ ਢਾਹ ਕੇ

ਦੇਹੁਰਾ=ਸੂਖਮ ਸਰੀਰ ਲੁੱਟ ਲਿਆ ਤਿਸ ਵੇਲੇ ਜਨਾ=ਜਮਦੂਤਾਂ ਨੇ ਇਕ ਜੀਵ ਰੂਪੀ ਸਾਧਨ=ਇਸਤ੍ਰੀ ਨੂੰ ਫੜ ਲਿਆ।

ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥ ੩ ॥

ਜਿਸ ਵੇਲੇ ਜਮਾਂ ਦਾ ਡੰਡਾ ਸਿਰ ਤੇ ਵਜਾ ਤੇ ਗਲ ਵਿਚ ਸੰਗਲ ਪੈ ਗਿਆ, ਉਸ ਵੇਲੇ ਉਹ ਪੰਚ ਜਨਾ= ਪੰਜ ਕਾਮ ਆਦਿਕ ਭੱਜ ਜਾਂਦੇ ਹਨ॥ ੧ ॥

ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥

ਕਾਮਣਿ=ਇਸਤ੍ਰੀ ਤਾਂ ਪੁਰਸ਼ ਪਾਸੋਂ ਸੋਨੇ ਦੇ ਗਹਿਣਿਆਂ ਨੂੰ ਤੇ ਰੁਪਾ=ਚਾਂਦੀ ਦੇ ਭਾਂਡਿਆਂ ਨੂੰ ਲੋੜੈ=ਚਾਹੁੰਦੀ ਹੈ, ਅਤੇ ਮਿੱਤਰ-ਪੁਰਸ਼ ਇਸ ਦੇ ਪਾਸੋਂ ਚੰਗੇ ਚੰਗੇ ਪਦਾਰਥ ਖਾਣਾ ਚਾਹੁੰਦੇ ਹਨ।

ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪ ॥੨ ॥੧੪ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਦੇ ਵਾਸਤੇ ਇਹ ਜੀਵ ਪਾਪ ਕਰਮਾਂ ਨੂੰ ਕਰਦਾ ਹੈ, ਇਸ ਲਈ ਅੰਤ ਨੂੰ ਜਮਾਂ ਦਾ ਬੱਧਾ ਹੋਇਆ ਜਮਪੁਰੀ ਵਿਚ ਜਾਂਦਾ ਹੈ॥ ੪॥ ੨॥ ੧੪॥

ਗਉੜੀ ਚੇਤੀ ਮਹਲਾ ੧ ॥

ਨੌਂ ਪ੍ਰਕਾਰ ਦੀ ਗਉੜੀ ਵਿਚੋਂ "ਚੇਤੀ" ਭੀ ਇਕ ਗਉੜੀ ਦੀ ਜ਼ਾਤੀ ਹੈ।

ਉਥਾਨਕਾ:-ਇਕ ਜੋਗੀ ਨੇ ਆ ਕੇ ਕਿਹਾ, "ਮੈਨੂੰ ਜੋਗ ਵਿਚੋਂ ਬੜਾ ਅਨੰਦ ਪ੍ਰਾਪਤ ਹੋਇਆ ਹੈ ਆਪ ਭੀ ਜੋਗ ਭੇਖ ਨੂੰ ਧਾਰਨ ਕਰੋ" ਗੁਰੂ ਜੀ ਨੇ ਕਿਹਾ, "ਅਸਾਂ ਨੇ ਅੱਗੇ ਹੀ ਅੰਤ੍ਰੀਵ ਜੋਗ ਭੇਖ ਧਾਰਿਆ ਹੋਇਆ ਹੈ ਤੂੰ ਭੀ ਇਸ ਤਰ੍ਹਾਂ ਦਾ ਜੋਗ ਭੇਖ ਧਾਰਨਾ ਕਰ।" ਉਸਨੇ ਕਿਹਾ "ਆਪ ਸੁਣਾਓ ਜਿਹੜਾ ਭੇਖ ਤੁਸਾਂ ਨੇ ਧਾਰਿਆ ਹੋਇਆ ਹੈ?" *ਗੁਰ ਉੱਤਰ:-*

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥

ਜੋਗੀ ਤਾਂ ਪ੍ਰਤੱਖ ਮੁੰਦਰਾਂ ਪਾਉਂਦੇ ਹਨ, ਸਾਡੀਆਂ ਉਹ ਮੁੰਦਰਾਂ ਹਨ, ਜੋ ਘਟ ਨੂੰ ਭੀਤਰ ਸੇ ਮੰਦ ਵਾਸ਼ਨਾਂ ਵੱਲੋਂ ਮੁੰਦ੍ਰਾ=ਬੰਦ ਕੀਤਾ ਹੈ। ਅਤੇ ਕਾਇਆਂ ਨੂੰ ਜਿਹੜਾ ਵਿਸ਼ਿਆਂ ਤੋਂ ਰਹਿਤ ਕੀਤਾ ਹੈ,

ਅਥਵਾ:-ਕਾਇਆ=ਬੁੱਧੀ ਨੂੰ ਜਿਹੜਾ ਪਰਮੇਸ਼ਰ ਪ੍ਰਾਇਣ ਕੀਤਾ ਹੈ ਇਹ ਅਸਾਂ ਨੇ ਖਿੰਥਾ ਪਹਿਰੀ ਹੈ।

ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥ ੧ ॥

ਹੇ ਰਾਵਲ=ਜੋਗੀ ਜੀ ! ਪੰਜ ਗਿਆਨ ਇੰਦ੍ਰੀਆਂ ਨੂੰ ਵਾ:-ਪੰਜ ਕਾਮ ਆਦਿਕਾਂ ਨੂੰ ਜਿਹੜਾ ਵਸੀਕਾਰ ਕੀਤਾ ਹੈ, ਇਹ ਸਾਡੇ ਪੰਜ ਚੇਲੇ ਹਨ। ਇਸ ਮਨ ਨੂੰ ਜਿਹੜਾ ਪਰਮੇਸ਼ਰ ਪ੍ਰਾਇਣ ਕ੍ਰੀਤਾ ਹੈ,

ਅਥਵਾ:-ਇਸ ਮਨ ਨੂੰ ਜਿਹੜਾ ਤੀਰ ਵਾਂਗੂੰ ਸਿੱਧਾ ਕੀਤਾ ਹੈ ਏਹੋ ਅਸਾਂ ਨੇ ਡੰਡਾ ਫੜਿਆ ਹੈ॥ ੧॥

ਜੋਗ ਜੁਗਤਿ ਇਵ ਪਾਵਸਿਤਾ ॥

ਇਸ ਪ੍ਰਕਾਰ ਦੇ ਜੋਗ ਵਿਚ ਅਸਾਂ ਨੇ ਜੁਗਤਿ=ਜੁੜਨਾ ਪਾਉਣਾ ਕੀਤਾ ਹੈ।

ਅਥਵਾ:-ਹੇ ਜੋਗੀ ! ਇਸ ਪ੍ਰਕਾਰ ਜੋਗ ਦੀ ਜੁਗਤੀ ਪਾਈ ਜਾਂਦੀ ਹੈ।

ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧ ॥ਰਹਾਉ ॥

ਇਕ ਸਬਦੁ=ਬ੍ਰਹਮ ਹੀ ਇਸਥਿਤ ਹੈ, ਹੋਰ ਦੂਜਾ ਸੰਸਾਰ ਨਾਸਤਿ=ਨਾਸ ਰੂਪ ਹੈ, ਇਸ ਤਰ੍ਹਾਂ ਦਾ ਜੋ ਦ੍ਰਿੜ੍ਹ ਨਿਸਚਾ ਹੈ, ਏਹੀ ਕੰਦ ਮੂਲ ਦੇ ਖਾਣੇ ਵਿਚ ਮਨ ਨੂੰ ਲਗਾਉਣਾ ਕੀਤਾ ਹੈ।

ਅਥਵਾ:- ਇਕ ਬ੍ਰਹਮ ਨੂੰ ਸਚਾ ਨਿਸਚੇ ਕਰਨਾ, ਇਹ ਕੰਦ ਦੇ ਖਾਣ ਵਿਚ ਮਨ ਨੂੰ ਲਗਾਇਆ ਹੈ, ਹੋਰ ਦੂਜਾ ਸੰਸਾਰ ਨੂੰ ਨਾਸ ਰੂਪ ਨਿਸਚੇ ਕਰਨਾ; ਇਹ ਮੂਲ ਦੇ ਖਾਣ ਵਿਚ ਮਨ ਨੂੰ ਲਗਾਇਆ ਹੈ,

ਨੋਟ:-ਜੋ ਬ੍ਰਿੱਛਾਂ ਨਾਲ ਫਲ ਲਗਦਾ ਹੈ ਉਸ ਨੂੰ ਕੰਦ ਆਖਦੇ ਹਨ, ਜੋ ਜ਼ਮੀਨ ਦੇ ਵਿਚ ਹੁੰਦਾ ਹੈ ਉਸ ਨੂੰ ਮੂਲ ਆਖਦੇ ਹਨ।

ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥

ਜੇ ਮੂੰਡਿ+ਮੁੰਡਾਇਐ=ਸਿਰ ਦੇ ਮੁੰਨਾਇਆਂ ਹੀ ਗੁਰੂ, ਵਾ:-ਚੇਤਨ ਪਰਮੇਸ਼ਰ ਪਾ ਲਿਆ ਜਾਵੇ ਤਦ ਤਾਂ ਹਮ=ਸਭਨਾਂ ਨੇ ਗੰਗਾ ਨੂੰ ਗੁਰੂ ਕੀਤਾ ਹੈ, ਕਿਉਂਕਿ ਸਾਰੇ ਲੋਕੀ ਗੰਗਾ ਤੇ ਜਾ ਕੇ ਸਿਰ ਮੂੰਹ ਮੁਨਾਉਂਦੇ ਹਨ, ਪਰ ਇਸ ਤਰ੍ਹਾਂ ਕਰਨ ਨਾਲ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਨਾਹੀ ਚੇਲਾ ਪੁਣਾ ਸਿੱਧ ਹੋ ਸਕਦਾ ਹੈ।

ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥ ੨ ॥

ਜੋ ਸੁਆਮੀ ਤਿੰਨਾਂ ਲੋਕਾਂ ਨੂੰ ਤਾਰਨ ਵਾਲਾ ਹੈ, ਉਸ ਇਕ ਨੂੰ ਇਹ ਅੰਨ੍ਹਾਂ ਮਨੁੱਖ ਚੇਤੇ ਹੀ ਨਹੀਂ ਕਰਦਾ।

ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥

ਪਟੰਬੁ=ਪਖੰਡ, ਵਾ:-ਠੱਗੀ ਕਰਕੇ ਗੱਲਾਂ ਵਿਚ ਹੀ ਮਨ ਨੂੰ ਲਾਉਂਦਾ ਹੈ, ਇਸ ਤਰ੍ਹਾਂ ਕਰਨ ਨਾਲ ਮੂਲਿ=ਕਦੇ ਭੀ ਸੰਸਾ ਨਹੀਂ ਜਾਵੇਗਾ।

[ਪੰਨਾ ੧੫੬]

ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥ ੩ ॥

ਜੇਕਰ ਇਕ ਵਾਹਿਗੁਰੂ ਦੇ ਚਰਨਾਂ ਵਿਚ ਚਿਤ ਬਿਰਤੀ ਨੂੰ ਲਗਾਣਾ ਕਰੇ, ਤਾਂ ਪਦਾਰਥਾਂ ਦੇ ਖਾਣ ਦੇ ਲਬ ਵਿਚ, ਅਤੇ ਪਦਾਰਥਾਂ ਦੇ ਇਕੱਤ੍ਰ ਕਰਨ ਦੇ ਲੋਭ ਵਿਚ ਕੀ ਦੌੜਦਾ ਹੈ ਅਰਥਾਤ ਨਹੀਂ ਦੌੜਦਾ ॥ ੩ ॥

ਜਪਸਿ ਨਿਰੰਜਨੁ ਰਚਸਿ ਮਨਾ ॥
ਕਾਹੇ ਬੋਲਹਿ ਜੋਗੀ ਕਪਟੁ ਘਨਾ ॥ ੧ ॥ ਰਹਾਉ ॥

ਹੇ ਜੋਗੀ ! ਜੋ ਤੂੰ ਆਖਦਾ ਹੈਂ ਕਿ ਆਪਣੇ ਮਨ ਨੂੰ ਰਚਸਿ=ਜੋੜਕੇ ਨਿਰੰਜਨ ਨੂੰ ਜਪਿਆ ਹੈ, ਇਸ ਤਰ੍ਹਾਂ ਦੀਆਂ ਘਨਾ=ਬਹੁਤ ਕਪਟ ਵਾਲੀਆਂ ਗੱਲਾਂ ਤੂੰ ਕੀ ਬੋਲਦਾ ਹੈਂ ॥ ੧ ॥

ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥

ਕਾਇਆ=ਦੇਹ ਕਮਲੀ=ਸ਼ੁਦੈਣ ਅਰਥਾਤ ਜੜ੍ਹ ਹੈ, ਅਤੇ ਹੰਸੁ=ਜੀਵ ਇਆਣਾ=ਅਗਿਆਤ (ਬੇਸਮਝ) ਹੈ, ਦੋਵੇਂ ਇਕੋ ਜਿਹੇ ਮਿਲ ਗਏ ਹਨ, ਇਸ ਕਰਕੇ ਮੇਰੀ ਭੂਮੀ, ਮੇਰੀ ਮਾਇਆ, ਇਸ ਤਰ੍ਹਾਂ ਕਰਦਿਆਂ ਹੋਇਆਂ ਸਾਰੀ ਉਮਰਾ ਬਿਹਾਣੀਤਾ=ਬੀਤ ਜਾਂਦੀ ਹੈ।

ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥ ੪ ॥ ੩ ॥ ੧੫ ॥

ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ-ਜਿਸ ਵੇਲੇ ਦੇਹ ਨਾਗੀ+ਦਾਝੈ=ਨੰਗੀ ਸੜੇਗੀ,

ਅਥਵਾ:-ਪ੍ਰਲੋਕ ਵਿਚ ਜਾ ਕੇ ਨਾਗੀ=ਸੱਪਾਂ ਕਰਕੇ ਸੜੇਗੀ ਤਾਂ ਫਿਰ ਪਿੱਛੋਂ ਜੀਵ ਭੀ ਪਸਚਾਤਾਪ ਕਰੇਗਾ, ਕਿ ਇਸ ਦੇ ਨਾਲ ਮਿਲ ਕੇ ਮੈਂ ਆਪਣਾ ਆਪ ਕਿਉਂ ਨ ਸਵਾਰਿਆ ॥ ੪ ॥ ੩ ॥ ੧੫ ॥

ਗਉੜੀ ਚੇਤੀ ਮਹਲਾ ੧ ॥

ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਕੀਜੈ ਰੇ ॥

ਪ੍ਰਤੱਖ ਰੋਗ, ਵਾ:-ਅਗਿਆਨ ਰੂਪੀ ਰੋਗ ਦੇ ਦੂਰ ਕਰਨ ਨੂੰ ਇਕ ਪਰਮੇਸ਼ਰ ਦਾ ਨਾਮ ਅਉਖਧ=ਦਵਾਈ ਰੂਪ ਹੈ।

ਪ੍ਰਤੱਖ ਸੱਪਾਂ ਦੀ ਵਿਹੁ, ਵਾ:-ਕਾਮ ਆਦਿਕ ਸੱਪਾਂ ਦੀ ਵਿਸ਼ਿਆਂ ਰੂਪੀ ਵਿਹੁ ਦੇ ਦੂਰ ਕਰਨ ਨੂੰ ਇਕ ਪਰਮੇਸ਼ਰ ਦਾ ਨਾਮ ਮੰਤ੍ਰ ਰੂਪ ਹੈ।

ਪ੍ਰਤੱਖ ਫੋੜੇ ਫਿੰਨਸੀਆਂ ਦੇ, ਵਾ:-ਰਾਂਗ ਦ੍ਵੈਸ਼, ਹਰਖ ਸੋਗ, ਆਸਾ ਤ੍ਰਿਸ਼ਨਾ, ਈਰਖਾ ਬਖ਼ੀਲੀ ਰੂਪ ਫੋੜੇ ਫਿੰਨਸੀਆਂ ਦੇ ਦੂਰ ਕਰਨ ਨੂੰ ਇਕ ਪਰਮੇਸ਼ਰ ਦਾ ਨਾਮ ਮੂਲ=ਜੜੀ ਬੂਟੀ ਵਾਂਗ ਹੈ, ਪਰ ਇਹ ਨਾਮ ਤਾਂ ਪਰਾਪਤ ਹੁੰਦਾ ਹੈ, ਜੇਕਰ ਤੂੰ ਆਪਣੇ ਚਿਤ ਨੂੰ ਦ੍ਰਿੜ=ਪੱਕਾ ਕਰ ਲਵੇਂ। ਅਰਥਾਤ ਜੇਕਰ ਚਿਤ ਨੂੰ ਟਿਕਾ ਲਵੇਂ।

ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥ ੧ ॥

ਜਨਮਾਂ ਜਨਮਾਂਤਰਾਂ ਦੇ ਜੋ ਪਾਪ ਕਰਮ ਹਨ, ਉਨ੍ਹਾਂ ਪਾਪਾਂ ਦੇ ਕਟਣ ਵਾਲਾ ਜੋ ਨਾਮ ਹੈ, ਉਸ ਨੂੰ ਲੈਣਾ ਕਰ ॥ ੧ ॥

ਮਨ ਏਕੋ ਸਾਹਿਬੁ ਭਾਈ ਰੇ ॥

ਹੇ ਭਾਈ ! ਤੂੰ ਇਕ ਸਾਹਿਬ ਪਰਮੇਸ਼ਰ ਨੂੰ ਮੰਨਣ ਕਰ, *ਅਥਵਾ:*-ਹੇ ਭਾਈ ! ਉਹ ਇਕ ਸਾਹਿਬ ਤੇਰੇ ਮਨ ਵਿਚ ਹੀ ਹੈ। ਪਰ ਤੈਨੂੰ ਮਿਲਦਾ ਇਸ ਕਰਕੇ ਨਹੀਂ:-

ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ
ਅਲਖੁ ਨ ਲਖਣਾ ਜਾਈ ਰੇ ॥ ੧ ॥ ਰਹਾਉ ॥

ਤੇਰੇ ਮਨ, ਬਾਣੀ, ਸਰੀਰ ਤ੍ਰਿਗੁਣ ਸੰਸਾਰ ਵਿਚ ਸਮਾ ਰਹੇ ਹਨ, ਇਸ ਕਰਕੇ ਅਲਖੁ=ਪਰਮਾਤਮਾ ਜਾਣਿਆਂ ਨਹੀਂ ਜਾਂਦਾ। *ਅਥਵਾ:*-ਹੇ ਪਰਮੇਸ਼ਰ ! ਤੇਰੇ ਤਿੰਨੇ ਗੁਣ ਰਜੋ ਸਤੋ ਤਮੋ ਸੰਸਾਰ ਵਿਚ ਸਮਾ ਰਹੇ ਹਨ, ਇਸ ਕਰਕੇ ਹੇ ਅਲਖ ਪ੍ਰਭੂ, ਤੂੰ ਜਾਣਿਆਂ ਨਹੀਂ ਜਾਂਦਾ ॥ ੧ ॥

ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ ॥

ਸ਼ੱਕਰ ਤੇ ਖੰਡ ਤਨਿ=ਨਾਲੋਂ ਭੀ ਤਨ ਵਿਚ ਮਾਇਆ ਮਿੱਠੀ ਲੱਗ ਰਹੀ ਹੈ, ਇਸ ਕਰ ਕੇ ਹਮ ਤਉ=ਤਮਾਮ ਜੀਵਾਂ ਨੇ ਸਿਰ ਪਰ ਮਾਇਆ ਰੂਪੀ ਪੰਡ ਚੁੱਕੀ ਹੋਈ ਹੈ।

ਅਥਵਾ:-ਹਮ ਤਉ=ਮੈਂ ਤੂੰ ਦੀ ਪੰਡ ਸਿਰ ਤੇ ਚੁੱਕੀ ਹੋਈ ਹੈ।

ਰਾਤਿ ਅਨੇਰੀ ਸੁਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ ॥ ੨ ॥

ਉਮਰ ਰੂਪੀ ਰਾਤ ਪਾਪਾਂ ਕਰ ਕੇ ਹਨੇਰੀ ਹੈ, ਇਸ ਕਰਕੇ ਜੀਵ ਨੂੰ ਭਲਾ ਬੁਰਾ ਕੁਝ ਸੁਝਦਾ ਨਹੀਂ ਹੈ। *ਅਥਵਾ:*-ਅਵਿੱਦਿਆ ਰੂਪ ਹਨੇਰੀ ਰਾਤ ਵਿਚ ਇਸ ਜੀਵ ਨੂੰ ਕੁਝ ਸੁਝਦਾ ਨਹੀਂ ਹੈ। ਅਤੇ ਹੇ ਭਾਈ ! ਉਮਰ ਰੂਪੀ ਲੱਜ ਨੂੰ ਰਾਤ ਦਿਨ ਰੂਪੀ ਚੂਹੀ ਚੂਹਾ ਟੁਕੀ ਜਾ ਰਹੇ ਹਨ, ਅਰਥਾਤ ਰਾਤ ਦਿਨ ਦੇ ਚਵੀ ਚਜ਼ਾਰ ਸ੍ਵਾਸ ਨਿਕਲਦੇ ਜਾ ਰਹੇ ਹਨ।

ਮਨਮੁਖਿ ਕਰਹਿ ਤੇਤਾ ਦੁਖੁ ਲਾਗੈ ਗੁਰਮੁਖਿ ਮਿਲੈ ਵਡਾਈ ਰੇ॥

ਮਨਮੁਖ ਪੁਰਸ਼ ਜਿੰਨੇ ਬਹੁਤੇ ਕਰਮ ਕਰਦਾ ਹੈ ਉਤਨਾ ਹੀ ਬਹੁਤਾ ਦੁਖ ਲਗਦਾ ਹੈ, ਨਾਮ ਜਪਣ ਵਾਲੇ ਗੁਰਮੁਖਾਂ ਨੂੰ ਹਮੇਸ਼ਾਂ ਵਡਿਆਈ ਮਿਲਦੀ ਹੈ।

ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ॥ ੩ ॥

ਉਨ੍ਹਾਂ ਮਨਮੁਖ ਜੀਵਾਂ ਨੇ ਜੋ ਪਿਛੇ ਕਰਮ ਕੀਤਾ ਸੀ, ਓਸੇ ਦਾ ਫਲ ਹੁਣ ਆ ਕੇ ਪ੍ਰਾਪਤ ਹੋਇਆ ਹੈ, ਕਿਉਂਕਿ ਕੀਤਾ ਹੋਇਆ ਕਰਮ ਫਲ ਭੋਗੇ ਤੋਂ ਬਿਨਾਂ ਮੇਟਿਆ ਨਹੀਂ ਜਾਂਦਾ॥੩॥

ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ॥

ਜੋ ਗੁਰਮੁਖ ਰੰਗੁ=ਪ੍ਰੇਮ ਲਗਾ ਕੇ ਸਿਮਰਨ ਵਿਚ ਰਾਤੇ=ਮਸਤ ਹੋਏ ਹਨ, ਉਹ ਇਸ ਤਰ੍ਹਾਂ ਸ਼ੁਭ ਗੁਣਾਂ ਨਾਲ ਸੁਭਰ=ਨਕੋ-ਨੱਕ ਭਰੇ ਹੋਏ ਹਨ, ਜੋ ਕਦੇ ਭੀ ਊਣੇ=ਖਾਲੀ ਨਹੀਂ ਹੁੰਦੇ।

ਤਿਨ ਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ॥੪॥੪॥੧੬॥

ਗੁਰੂ ਜੀ ਕਥਨ ਕਰਦੇ ਹਨ ਜੇਕਰ ਉਨ੍ਹਾਂ ਗੁਰਮੁਖਾਂ ਦੇ ਚਰਨਾਂ ਦੀ ਪੰਕ=ਧੂੜੀ ਪਰਾਪਤ ਹੋ ਜਾਵੇ। ਤਦ ਇਹ ਮੂਰਖ ਜੀਵ ਭੀ ਕੁਝ ਨਾ ਕੁਝ ਭਗਤੀ ਗਿਆਨ ਆਦਿਕਾਂ ਨੂੰ ਪਾ ਲਵੇਗਾ॥੪॥੪॥ ੧੬॥

ਗਉੜੀ ਚੇਤੀ ਮਹਲਾ ੧॥

ਇਸ ਸ਼ਬਦ ਦੁਆਰਾ ਵੈਰਾਗ ਮਈ ਉਪਦੇਸ਼ ਦੇਂਦੇ ਹਨ, ਕਿ ਹੇ ਭਾਈ ! ਵਿਚਾਰ ਕੇ ਵੇਖੋ:-

ਕਤ ਕੀ ਮਾਈ ਬਾਪੁ ਕਤ ਕੇਰਾ ਕਿਵ ਥਾਵਹੁ ਹਮ ਆਏ॥

ਮਾਂ ਕਿਸ ਦੀ ਹੈ ? ਪਿਉ ਕਿਸ ਦਾ ਹੈ ? ਅਤੇ ਅਸੀਂ ਸਾਰੇ ਜੀਵ ਕਿਸ ਜਗ੍ਹਾ ਤੋਂ ਆਏ ਹਾਂ ?

ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥ ੧॥

ਅੱਗ ਤੇ ਜਲ ਆਦਿਕ ਪੰਜਾਂ ਤੱਤਾਂ ਦੇ ਵਿਚ ਸਾਰੇ ਜੀਵ ਬਿੰਬ=ਬੁਲਬੁਲੇ ਰੂਪ ਨਿਪਜ=ਪੈਦਾ ਹੋਏ ਹਨ। *ਅਥਵਾ:*-ਮਾਂ ਦੀ ਜਠਰ ਅਗਨੀ ਦੇ ਭੀਤਰਿ=ਵਿਚ ਮਾਤਾ ਪਿਤਾ ਦੇ ਰਕਤ ਬਿੰਦ ਰੂਪ ਜਲ ਦੇ ਬਿੰਬ=ਬੁਲਬੁਲੇ ਤੋਂ ਸਾਰੇ ਪੈਦਾ ਹੋਏ ਹਨ, ਪਰਮੇਸ਼ਰ ਨੇ ਕਿਸ ਕੰਮ ਵਾਸਤੇ ਪੈਦਾ ਕੀਤੇ ਸਨ ਤੇ ਇਨ੍ਹਾ ਜੀਵਾਂ ਨੇ ਪੈਦਾ ਹੋ ਕੇ ਕੀ ਕੰਮ ਕੀਤੇ ਹਨ? ਅਰਥਾਤ ਉਲਟ ਕੰਮ ਹੀ ਕੀਤੇ ਹਨ॥ ੧॥

ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥
ਕਹੇ ਨ ਜਾਨੀ ਅਉਗਣ ਮੇਰੇ॥ ੧॥ ਰਹਾਉ॥

ਹੇ ਮੇਰੇ ਮਾਲਕਾ ! ਤੇਰੇ ਗੁਣਾਂ ਨੂੰ ਕੌਣ ਜਾਣ ਸਕਦਾ ਹੈ ? ਅਤੇ ਮੇਰੇ ਔਗੁਣ ਭੀ ਨਹੀਂ ਕਹੇ ਜਾਂਦੇ। ਅਰਥਾਤ ਜਿਵੇਂ ਆਪ ਜੀ ਦੇ ਗੁਣ ਅਨੇਕਾਂ ਹਨ, ਏਸੇ ਤਰ੍ਹਾਂ ਮੇਰੇ ਔਗੁਣ ਬੇਅੰਤ ਹਨ॥ ੧॥

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥

ਕਿਤਨੇ ਜਨਮਾਂ ਵਿਚ ਅਸਾਂ ਨੇ ਆਪਣੇ ਆਪ ਨੂੰ ਜੰਗਲੀ ਰੁੱਖਾਂ ਵਿਚ ਤੇ ਬਾਗਾਂ ਦੇ ਬ੍ਰਿੱਛਾਂ ਵਿਚ ਪੈਦਾ ਹੋਣਾ ਜਾਣਿਆ ਹੈ ਅਤੇ ਕਿਤਨੇ ਵਾਰੀ ਪਸ਼ੂ ਜੂਨ ਵਿਚ ਪੈਦਾ ਕੀਤੇ ਗਏ ਸਾਂ।

ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ੨ ॥

ਕਿਤਨੇ ਵਾਂਰੀ ਨਾਗ=ਸੱਪਾਂ ਦੀ ਕੁਲ ਵਿਚ ਜਨਮ ਪਾ ਕੇ ਆਏ ਸੀ ਤੇ ਕਿਤਨੇ ਜਨਮ ਖੰਭਾਂ ਨਾਲ ਅਸਾਂ ਨੇ ਆਪਣੇ ਆਪ ਨੂੰ ਉਡਾਇਆ ॥ ੨ ॥

ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥

ਇਹ ਮਨੁੱਖ ਚੋਰੀ ਕਰਨੋਂ ਵੀ ਹਾਲਾ ਹੋ ਕੇ:-ਪਟਣ=ਸ਼ਹਿਰ ਵਿਚ ਜਾ ਕੇ ਹੱਟਾਂ ਨੂੰ ਤੇ ਬਿਜ=ਪੱਕੇ ਮੰਦਰਾਂ ਨੂੰ ਭੰਨਦਾ ਹੈ, ਅਰਥਾਤ ਸੰਨ੍ਹ ਲਾਉਂਦਾ ਹੈ, ਫਿਰ ਉਨ੍ਹਾਂ ਵਿਚੋਂ ਪਦਾਰਥ ਚੋਰੀ ਕਰਕੇ ਆਪਣੇ ਘਰ ਆਉਂਦਾ ਹੈ।

ਅਗਹੁ ਦੇਖੈ ਪਿਛਹੁ ਦੇਖੈ ਚੁਭ ਤੇ ਕਹਾ ਛਪਾਵੈ ॥ ੩ ॥

ਕਦੇ ਅੱਗੇ ਨੂੰ ਵੇਖਦਾ ਹੈ, ਕਦੇ ਪਿੱਛੇ ਨੂੰ ਵੇਖਦਾ ਹੈ ਕਿ ਮੈਨੂੰ ਕੋਈ ਤੱਕਦਾ ਤਾਂ ਨਹੀਂ ਪਿਆ। ਪਰ ਹੇ ਪ੍ਰਭੂ ! ਤੇਰੈ ਪਾਸੋਂ ਕਿਥੇ ਲੁਕਾਵੇਗਾ ॥ ੩ ॥

ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥

ਤੀਰਥਾਂ ਦੇ ਤਟ=ਕਿਨਾਰੇ, ਅਤੇ ਨੌਂ ਖੰਡ ਅਸਾਂ ਨੇ ਵੇਖੇ ਹਨ, ਅਤੇ ਹੱਟਾਂ ਨੂੰ ਪਟਣ=ਸ਼ਹਿਰਾਂ ਨੂੰ ਤੇ ਬਜ਼ਾਰਾਂ ਨੂੰ ਭੀ ਵੇਖਿਆ ਹੈ।

ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥ ੪ ॥

ਜਿਸ ਵੇਲੇ ਇਹ ਜੀਵ ਹੱਥ ਵਿਚ ਤੱਕੜੀ ਵੱਟਾ ਲੈ ਕੇ ਸੋਦਾ ਤੋਲਣ ਲਗਦਾ ਹੈ ਤਾਂ ਇਹ ਵਣਜਾਰਾ=ਜੀਵ ਘਟ ਹੀ ਤੋਲਦਾ ਹੈ। ਏਸੇ ਕਰਕੇ ਇਹ ਜੀਵ ਘਾਟੇ ਵਿਚ ਹੀ ਰਹਿੰਦਾ ਹੈ, ਵਧਦਾ ਫੁਲਦਾ ਨਹੀਂ। *ਅਥਵਾ:*-ਜਿਸ ਵੇਲੇ ਬੁਧੀ ਰੂਪ ਤੱਕੜੀ ਤੇ ਵਿਚਾਰ ਰੂਪ ਵੱਟਾ ਲੈ ਕੇ ਪ੍ਰਭੂ ਦਾ ਤੋਲਣਿ=ਵਿਚਾਰ ਕਰਨ ਲਗਾ ਤਾਂ ਇਸ ਵਣਜਾਰੇ ਜੀਵ ਨੇ ਘਟ=ਅੰਤਹਕਰਨ ਦੇ ਵਿਚ ਹੀ ਪਰਮਾਤਮਾ ਨੂੰ ਨਿਸਚੇ ਕਰ ਲਿਆ। ਜੀਵ ਨੂੰ ਚਾਹੀਦਾ ਹੈ ਪਰਮੇਸ਼ਰ ਅੱਗੇ ਇੰਸ ਤਰ੍ਹਾਂ ਬੇਨਤੀਆਂ ਕਰੈ:-

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥

ਸਮੁੰਦੁ ਤੇ ਸਾਗਰੁ ਦੋ ਸ਼ਬਦ ਵਿਚ ਹਨ, ਪੰਜ ਉਪਰੋਂ ਹੋਰ ਲੈ ਕੇ ਸਤ ਬਣਾਓ:- ਸੱਤਾਂ ਸਮੁੰਦਰਾਂ ਵਿਚ ਜਿੰਨਾ ਕੁ ਜਲ ਭਰਿਆ ਹੋਇਆ ਹੈ, ਓਨੇ ਹੀ ਔਗੁਣ ਸਾਡੇ ਵਿਚ ਹਨ।

ਅਥਵਾ:-ਸਾ+ਗਰੁ=ਸਹਿਤ ਗਰਲਤਾ ਦੇ ਜੋ ਸਮੁੰਦ੍ਰ ਹੈ, ਉਹ ਜਿੰਨਾ ਕੁ ਜਲ ਨਾਲ ਭਰਿਆ ਹੋਇਆ ਹੈ। *ਅਥਵਾ:*- ਈਸ਼ਰ ਰਚਿਤ ਜੋ ਸਮੁੰਦ੍ਰ ਹੈ, ਅਤੇ ਸਗਰ ਰਾਜੇ ਦੇ ਪੁੱਤ੍ਰਾਂ ਦਾ ਰਚਿਆ ਹੋਇਆ, ਜੋ ਸੌ ਜੋਜਨ ਦਾ ਸਾਗਰ ਹੈ, ਉਹ ਜਿੰਨਾ ਕੁ ਜਲ ਨਾਲ ਭਰਿਆ ਹੋਇਆ ਹੈ, ਓਨੇ ਹੀ ਔਗੁਣ ਸਾਡੇ ਵਿਚ ਹਨ।

ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥ ੫ ॥

ਹੇ ਦਇਆ ਦੇ ਕਰਨ ਵਾਲੇ ਪ੍ਰਭੂ ! ਤੁਸਾਂ ਨੇ ਕਈ ਵਾਰੀ ਡੁਬਦੇ ਪੱਥਰ ਤਾਰੇ ਹਨ, ਵਾ:-ਬੜੇ ਬੜੇ ਪਾਪੀ ਤਾਰੇ ਹਨ, ਹੁਣ ਵੀ ਆਪਣੇ ਮਨ ਵਿਚ ਕੁਝ ਮਿਹਰ ਦੀ ਦ੍ਰਿਸ਼ਟੀ ਪੈਦਾ ਕਰਕੇ, ਅਸੀਂ ਜੋ ਪੱਥਰਾਂ ਵਾਂਗ ਡੁਬ ਰਹੇ ਹਾਂ ਸਾਨੂੰ ਭੀ ਤਾਰਨਾ ਕਰੋ ॥ ੫ ॥

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥

ਇਹ ਜੀਵ ਅੱਗ ਵਾਂਗ ਤਪ ਰਿਹਾ ਹੈ ਅਤੇ ਇਸ ਦੇ ਹਿਰਦੇ ਵਿਚ ਈਰਖਾ ਰੂਪੀ ਕਾਤੀ=ਛੁਰੀ ਵਗੈ=ਚਲ ਰਹੀ ਹੈ।

ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥ ੬ ॥ ੫ ॥ ੧੭ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਆਪ ਐਸੀ ਕਿਰਪਾ ਕਰੋ ਕਿ ਜੀਵ ਤੁਹਾਡੇ ਹੁਕਮ ਨੂੰ ਪਛਾਣ ਲਵੇ, ਜਿਸ ਕਰਕੇ ਇਸ ਨੂੰ ਦਿਨ ਰਾਤ ਸੁਖ ਪਰਾਪਤ ਹੋਵੇ॥ ੬॥ ੫॥ ੧੭॥

ਗਉੜੀ ਬੈਰਾਗਣਿ ਮਹਲਾ ੧ ॥

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥

ਹੇ ਪੁਰਸ਼ਾ, ਤੂੰ ਸਾਰੀ ਰਾਤ ਸੌਂ ਕੇ ਗੁਆ ਦਿੱਤੀ ਹੈ ਅਤੇ ਦਿਨ ਖਾਣ ਪੀਣ ਵਿਚ ਗੁਆ ਦਿੱਤਾ ਹੈ।

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ ੧ ॥

ਹੀਰੇ ਵਰਗਾ ਇਹ ਮਨੁੱਖਾ ਜਨਮ ਅਮੋਲਕ ਹੈ। ਕਉਡੀ=ਮਾਇਆ,

ਵਾ:-ਵਿਸ਼ੇ ਵਿਕਾਰਾਂ ਦੇ ਬਦਲੇ=ਵੱਟੇ ਨਿਸਫਲ ਜਾ ਰਿਹਾ ਹੈ॥ ੧॥

ਨਾਮੁ ਨ ਜਾਨਿਆ ਰਾਮ ਕਾ॥ਮੂੜੇ ਫਿਰਿ ਪਾਛੈ ਪਛੁਤਾਹਿ ਰੇ॥੧ ॥ਰਹਾਉ ॥

ਤੂੰ ਰਾਮ ਨਾਮ ਦਾ ਸਿਮਰਨ ਕਰਨਾ ਨਹੀਂ ਜਾਣਿਆ। ਹੇ ਮੂਰਖਾ! ਫਿਰ ਮਗਰੋਂ ਪਛਤਾਉਂਦਾ ਰਹੇਂਗਾ॥ ੧॥

ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ॥

ਪਹਿਲਾ ਅਰਥ- ਅਨਤਾ=ਬੇਅੰਤ ਧਨ ਧਰਤੀ ਵਿਚ ਧਰਿਆ ਭਾਵ ਦਬਿਆ ਹੋਇਆ ਹੈ, ਫਿਰ ਭੀ ਅਨਤ=ਹੋਰ ਬਿਅੰਤ ਧਨ ਦੀ ਇੱਛਾ ਦਿਲ ਵਿਚੋਂ ਜਾਂਦੀ ਨਹੀਂ।

ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ॥ ੨ ॥

ਹੋਰ ਬੇਅੰਤ ਧਨ ਨੂੰ ਚਾਹਨ ਵਾਸਤੇ ਜੋ ਪ੍ਰਦੇਸ਼ਾਂ ਵਿਚ ਗਏ ਹਨ, ਜਾਂ ਸਮੁੰਦਰ ਦੇ ਕਿਨਾਰੇ ਜਾ ਕੇ ਸਮੁੰਦ੍ ਵਿਚ ਟੁਭੀਆਂ ਮਰਵਾਈਆਂ ਹਨ, ਉਹ ਸਗੋਂ ਆਪਣਾ ਬੇਅੰਤ ਧਨ ਗੁਆਕੇ ਆਏ ਹਨ। ਕਿਉਕਿ ਰੁਪਏ ਦੇ ਕੇ ਟੁਭੀਆਂ ਮਰਵਾਈਆਂ ਸਨ, ਪਰ ਮੋਤੀ ਨ ਨਿਕਲੇ ਘੋਗੇ ਹੀ ਨਿਕਲੇ।

ਦੂਜਾ ਅਰਥ-

ਅਨਤਾ ਧਨੁ ਧਰਣੀ ਧਰੇ:- ਬੇਅੰਤ ਪਰਮਾਤਮਾ ਰੂਪੀ ਧਨ ਬੁੱਧੀ ਰੂਪ ਧਰਤੀ ਵਿਚ ਧਰਿਆ ਹੋਇਆ ਹੈ।

ਅਨਤ ਨ ਚਾਹਿਆ ਜਾਇ:- ਉਸ ਬੇਅੰਤ ਪਰਮਾਤਮਾ ਰੂਪੀ ਧਨ ਦੀ ਚਾਹਿਆ=ਇੱਛਾ ਪੈਦਾ ਹੀ ਨਹੀਂ ਹੁੰਦੀ ।

ਅਨਤ ਕਉ ਚਾਹਨ ਜੋ ਗਏ:- ਜੋ ਪੁਰਸ਼ ਬੇਅੰਤ ਪਰਮਾਤਮਾ ਰੂਪੀ ਧਨ ਨੂੰ ਪਰਗਟ ਕਰਨ ਵਾਸਤੇ ਬਾਹਰ ਜੰਗਲਾਂ ਵਿਚ, ਜਾਂ ਤੀਰਥਾਂ ਪਰ ਗਏ।

ਸੇ ਆਏ ਅਨਤ ਗਵਾਇ:- ਉਹ ਸਗੋਂ ਅਨਤ=ਬੇਅੰਤ ਪਰਮਾਤਮਾ ਰੂਪੀ ਧਨ ਨੂੰ ਗੁਆ ਕੇ ਆਏ ਹਨ ਕਿਉਂਕਿ ਆਪਣੇ ਅਸਥਾਨ ਪਰ ਬੈਠਿਆਂ ਜਿਹੜੀ ਬਿਰਤੀ (ਸਮਾਧੀ)

ਵਿਚ ਜੁੜਦੀ ਸੀ ਬਾਹਰ ਭਟਕਣ ਕਰਕੇ ਉਹ ਇਕਾਗਰਤਾ ਵਾਲੀ ਬਿਰਤੀ ਫਿਰ ਨਹੀਂ ਰਹਿੰਦੀ।

ਤੀਜਾ ਅਰਥ-

ਅਨਤਾ ਧਨੁ ਧਰਣੀ ਧਰੇ:- ਪ੍ਰਤੱਖ ਬੇਅੰਤ ਧਨ ਧਰਤੀ ਵਿਚ ਧਰਿਆ ਭਾਵ ਦਬਿਆ ਹੋਇਆ ਹੈ।
ਅਨਤ ਨ ਚਾਹਿਆ ਜਾਇ:- ਇਸ ਕਰਕੇ ਬੇਅੰਤ ਪਰਮਾਤਮਾ ਰੂਪ ਧਨ ਦੀ ਇੱਛਾ ਪੈਦਾ ਨਹੀਂ ਹੁੰਦੀ।
ਅਨਤ ਕਉ ਚਾਹਨ ਜੋ ਗਏ:- ਜੋ ਪ੍ਰਤੱਖ ਬੇਅੰਤ, ਧਨ ਨੂੰ ਚਾਹੁਣ ਵਾਸਤੇ ਬਾਹਰ ਪ੍ਰਦੇਸਾਂ 'ਚ ਗਏ।
ਸੇ ਆਏ ਅਨਤ ਗਵਾਇ॥ ੨॥ ਉਹ ਸਗੋਂ ਬੇਅੰਤ ਪਰਮਾਤਮਾ ਰੂਪੀ ਧਨ ਨੂੰ ਗੁਆ ਕੇ ਆਏ ਹਨ।

ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥

ਜੇ ਆਪਣੇ ਲਿਆਂ ਪ੍ਰਤਖ ਧਨ ਮਿਲ ਸਕਦਾ ਹੋਵੇ ਤਾਂ ਸਭ ਕੋਈ ਭਾਗਠੁ=ਦੌਲਤਮੰਦ ਹੋ ਜਾਵੇ। *ਅਥਵਾ-*ਗੁਰਾਂ ਤੋਂ ਬਗੈਰ ਅੰਤ੍ਰੀਵ ਆਤਮਾਂ ਰੂਪੀ ਧਨ ਜੇਕਰ ਅਪਣਾ ਲਿਆਂ ਮਿਲ ਸਕਦਾ ਹੋਵੇ ਤਾਂ ਸਭ ਕੋਈ ਭਾਗਠੁ=ਭਾਗਾਂ ਵਾਲਾ ਵਾ:-ਧਨਾਢ ਹੋ ਜਾਵੇ।

[ਪੰਨਾ ੧੫੭]

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ ੩॥

ਕਰਮਾਂ ਉੱਤੇ ਨਿਬੜੈ=ਫੈਸਲਾ ਹੁੰਦਾ ਹੈ, ਜੇ ਕੋਈ ਲੋਚੇ=ਚਾਹਵੇ ਕਿ ਮੈਨੂੰ ਸਭ ਕੁਝ ਮਿਲ ਜਾਵੇ ਤਾਂ ਕਰਮਾਂ ਤੋਂ ਬਗੈਰ ਕਿਵੇਂ ਮਿਲ ਸਕਦਾ ਹੈ॥ ੩॥

ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਪਰਮੇਸ਼ਰ ਨੇ ਕਰਣਾ=ਪ੍ਰਪੰਚ ਪੈਦਾ ਕੀਤਾ ਹੈ, ਓਹੀ ਸਾਰਿਆਂ ਨੂੰ ਖਾਣ ਪਾਣ ਦੇਣ ਦੀ ਸਾਰ=ਸੰਭਾਲ ਕਰਦਾ ਹੈ।

ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥ ੪॥ ੧॥ ੧੮॥

ਮਾਲਕ ਦਾ ਹੁਕਮ ਨਹੀਂ ਜਾਣਿਆ ਜਾਂਦਾ, ਇਹ ਭੀ ਪਤਾ ਨਹੀਂ ਪਰਮਾਤਮਾ ਕਿਸ ਨੂੰ ਵਡਿਆਈ ਦੇਂਦਾ ਹੈ। ਅਥਵਾ:-ਇਹ ਜੀਵ ਮਾਲਕ ਦਾ ਹੁਕਮ ਮੰਨਣਾ ਨਹੀਂ ਜਾਣਦਾ, ਇਸ ਲਈ ਉਹ ਪਰਮਾਤਮਾ ਇਸ ਨੂੰ ਕਿਸ ਤਰ੍ਹਾਂ ਵਡਿਆਈ ਦੇਵੇਗਾ॥ ੪॥ ੧॥ ੧੮॥

ਗਉੜੀ ਬੈਰਾਗਣਿ ਮਹਲਾ ੧॥

ਉਥਾਨਕਾ:-ਸਿੱਖ ਨੇ ਬੇਨਤੀ ਕੀਤੀ, ਹੇ ਗੁਰੂ ! ਸੰਸਾਰ ਤੋਂ ਤਰਨਾ ਕਿਵੇਂ ਹੁੰਦਾ ਹੈ? *ਉੱਤਰ:*-ਉਸ ਪ੍ਰਭੂ ਅੱਗੇ ਬੇਨਤੀਆਂ ਕਰ। **ਪਹਿਲਾ ਅਰਥ:-**

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥

ਹੇ ਵਾਹਿਗੁਰੂ ! ਇਹ ਕਿਰਪਾ ਕਰ ਸੰਸਾਰਕ ਧੰਦਿਆਂ ਨੂੰ ਛਡ ਕੇ ਮੈਂ ਹਰਣੀ ਹੋਵਾ=ਬਾਨ ਪ੍ਰਸਤੀ ਹੋ ਕੇ ਜੰਗਲ ਵਿਚ ਵੱਸਾਂ, ਅਤੇ (ਕੰਦ ਮੂਲ) ਫਲ ਫੁਲ ਚੁਣ ਕੇ ਖਾਵਾਂ, ਅਰਥਾਤ ਦੁਨੀਆਂ ਦੇ ਚਟਕੀਲੇ ਪਦਾਰਥਾਂ

ਦੇ ਖਾਣ ਦੀ ਇੱਛਾ ਨਾ ਕਰਾ।

ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥ ੧॥

ਗੁਰਾਂ ਦੀ ਕਿਰਪਾ ਨਾਲ ਮੇਰਾ ਜੋ (ਸਹੁ) ਕੁਟੱਸਥ (ਮਾਲਕ) ਹੈ, ਉਹ ਮੈਨੂੰ ਮਿਲੇ, ਅਰਥਾਤ ਪਹਿਲੇ ਸਰੂਪ ਗਿਆਨ ਹੋਵੇ, ਮੈਂ ਆਪ ਜੀ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦੀ ਹਾਂ॥ ੧॥

ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥ ੧॥ ਰਹਾਉ॥

ਹੇ ਰਾਮ ! ਮੈਂ ਆਪ ਜੀ ਦੀ ਵਣਜਾਰਨ ਹਾਂ, ਹੇ ਮਹਾਰਾਜ ਜੀ, ਆਪ ਜੀ ਦਾ ਜੋ ਨਾਮ (ਵਖਰੁ) ਸੌਦਾ ਹੈ, ਉਸ ਦਾ ਮੈਂ ਵਾਪਾਰ ਕਰਦੀ ਹਾਂ॥ ੧॥ ਫਿਰ ਅਜਿਹੀ ਕਿਰਪਾ ਕਰੋ-

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥

ਕੋਇਲ ਵਾਂਗ ਮਿੱਠੇ ਬਚਨਾਂ ਦੇ ਉਚਾਰਨ ਵਾਲੀ ਹੋ ਕੇ ਸੰਤਾਂ ਰੂਪੀ ਅੰਬਾਂ ਦੇ ਬਾਗ ਵਿਚ ਵਸਣਾ ਕਰਾਂ, ਅਤੇ ਸੁਤੇ ਸਿਧ ਗੁਰ ਸ਼ਬਦ ਦੀ ਵਿਚਾਰ ਕਰਾਂ।

ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥ ੨॥

ਸਹਜਿ ਸੁਭਾਇ=ਸੁੱਤੇ ਸਿਧ ਮੇਰਾ ਸਹੁ ਪਤੀ (ਕੁਟੱਸਥ) ਮੈਨੂੰ ਮਿਲ ਜਾਵੇ, ਭਾਵ ਸਰੂਪ ਦਾ ਗਿਆਨ ਹੋ ਜਾਵੇ, ਅਤੇ ਹੇ ਅਪਾਰ ਰੂਪ ਪਰਮਾਤਮਾ ! ਆਪ ਜੀ ਦਾ ਦਰਸ਼ਨ ਹੋ ਜਾਵੇ।

ਅਥਵਾ-ਜਿਨ੍ਹਾਂ ਸੰਤਾਂ ਨੂੰ ਹੇ ਅਪਾਰ ਰੂਪ ਪਰਮਾਤਮਾ ! ਆਪ ਜੀ ਦਾ ਦਰਸ਼ਨ ਹੋਇਆ ਹੈ, ਉਨ੍ਹਾਂ ਸੰਤਾਂ ਦੁਆਰੇ ਮੇਰਾ ਪਤੀ-ਕੁਟੱਸਥ ਮੈਨੂੰ ਸੁੱਤੇ ਸਿਧ ਮਿਲ ਜਾਵੇ॥ ੨॥

ਅਤੇ ਇਹ ਭੀ ਕਿਰਪਾ ਕਰਨੀ-

ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥ ੩॥

ਮਛੀ ਵਾਂਗ ਪ੍ਰੇਮਣ ਹੋ ਕੇ ਨਾਮ-ਜਲ ਵਿਚ ਵਸਾਂ ਤੇ ਉਰਵਾਰਿ ਪਾਰਿ=ਲੋਕ ਪ੍ਰਲੋਕ ਵਿਚ ਵਸਣ ਵਾਲੇ ਜੋ ਜੀਆ ਜੰਤ ਹਨ, ਉਨ੍ਹਾਂ ਸਾਰਿਆਂ ਦੀ (ਸਾਰਿ) ਸੰਭਾਲ ਕਰਨ ਵਾਲੇ ਹੇ ਪ੍ਰਭੂ ! ਮੇਰਾ ਸਹੁ ਵਸੈ=ਮੇਰਾ ਪਤੀ ਵਸਦਾ ਤਾਂ ਅੰਤਹਕਰਨ ਦੇ ਵਿਚ ਹੈ, ਪਰ ਜਿਸ ਵੇਲੇ ਆਪ ਜੀ ਦੀ ਕਿਰਪਾ ਹੋ ਗਈ ਤਾਂ ਹੰਉ ਮਿਲਉਗੀ ਬਾਹ ਪਸਾਰਿ=ਮੈਂ ਬਿਧੀ ਰੂਪ ਬਾਂਹ ਨੂੰ (ਪਸਾਰਿ) ਫੈਲਾ ਕੇ ਭਾਵ ਬੁਧੀ ਉਸ ਵਿਚ ਜੋੜਕੇ ਉਸ ਪਤੀ ਨਾਲ ਮਿਲ ਜਾਵਾਂਗੀ।

ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥ ੪॥ ੨॥ ੧੯॥

ਨਾਗਨਿ=ਸਮਾਧਨ ਭਾਵ ਸਮਾਧੀ ਲਗਾਉਣ ਵਾਲੀ ਹੋ ਕੇ ਮੈਂ ਧਰਤੀ ਤੇ ਵਸਾਂ। ਕੇਵਲ ਧਰਤੀ ਪਰ ਹੀ ਨ ਨਿਵਾਸ ਰਖ਼ਾਂ, ਅੰਦਰ ਗੁਰੂ ਦਾ ਸ਼ਬਦ ਭੀ ਵਸੇ ਜਿਸ ਕਰਕੇ ਜਮਾਂ ਦਾ ਭਉ ਜਾਇ=ਡਰ ਦੂਰ ਹੋ ਜਾਵੇ। ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰਕੇ ਪਤੀ ਦੀ ਪ੍ਰਾਪਤੀ ਕਰੇ, ਜਿਨ੍ਹਾਂ ਨੇ ਜੋਤੀ ਪ੍ਰਭੂ ਨਾਲ ਆਪਣੀ ਜੋਤ ਮਿਲਾਈ ਹੈ, ਉਹ ਇਸਤ੍ਰੀਆਂ ਸਦਾ ਲਈ ਸੁਹਾਗਣਾਂ ਹਨ॥ ੪॥

ਜਗਿਆਸੂ ਦਾ ਅਥਾਹ ਪ੍ਰੇਮ ਵਿਖਾਂਦੇ ਹੋਇ ਦੂਜਾ ਅਰਥ ਕਰਦੇ ਹਨ-

ਜਗਿਆਸੂ ਪਰਮਾਤਮਾ ਅੱਗੇ ਬੇਨਤੀ ਕਰਦਾ ਹੈ ਕਿ ਕਰਮਾਂ ਅਨੁਸਾਰ ਚਾਹੇ ਮੈਂ ਕਿਸੇ ਜੂਨ ਵਿਚ ਚਲਿਆ ਜਾਵਾਂ ਪਰ ਆਪ ਜੀ ਦਾ ਨਾਮ ਨਾ ਭੁਲੇ।

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥

ਹੇ ਪਰਮੇਸ਼ਰ ਕਰਮਾਂ ਅਨੁਸਾਰ ਚਾਹੇ ਮੈਂ ਹਰਣੀ ਹੋ ਕੇ ਜੰਗਲ ਵਿਚ ਵਸ ਕੇ (ਕੰਦ ਮੂਲ) ਫਲ ਫੁੱਲ ਆਦਿਕਾ ਨੂੰ ਚੁਣ ਚੁਣ ਕੇ ਖਾਵਾਂ।

ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥ ੧ ॥

ਪਰ ਉਸ ਜੂਨ ਵਿਚ ਭੀ ਗੁਰਾਂ ਦੀ ਕਿਰਪਾ ਨਾਲ ਮੇਰਾ ਪਤੀ ਮੈਨੂੰ ਮਿਲਿਆ ਰਹੇ ਮੈਂ ਵਾਰ ਵਾਰ ਆਪ ਜੀ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦੀ ਹਾਂ।

ਜਿਵੇਂ ਕਾਗ ਭਸੁੰਡ ਨੂੰ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਯਾਦ ਰਿਹਾ ਸੀ, ਤੇ ਰੋਜ਼ਾਨਾ ਸਾਰਿਆਂ ਪੰਛੀਆਂ ਨੂੰ ਕਥਾ ਦੁਆਰੇ ਹਰੀ ਜਸ ਸੁਣਾਉਂਦਾ ਰਹਿੰਦਾ ਸੀ।

ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥ ੧ ॥ ਰਹਾਉ ॥

ਹੇ ਰਾਮ! ਮੈਂ ਆਪ ਦੀ ਵਪਾਰਨ ਹਾਂ, ਹੇ ਮਹਾਰਾਜ ਜੀ ! ਆਪ ਜੀ ਦੇ ਨਾਮ ਰੂਪੀ ਵਖਰੁ=ਸੌਦੇ ਦਾ ਮੈਂ ਵਾਪਰ ਕਰਦੀ ਹਾਂ।

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥

ਚਾਹੇ ਕਰਮਾਂ ਅਨੁਸਾਰ ਮੈਂ ਕੋਕਿਲ ਹੋ ਕੇ ਅੰਬਾਂ ਦੇ ਬਾਗ ਵਿਚ ਵਸਾਂ। ਪਰ ਇਹ ਕਿਰਪਾ ਕਰਨੀ ਕਿ ਓਸੇ ਜੂਨ ਵਿਚ ਮੈਂ ਸਹਜੇ ਸ਼ਬਦ ਦੀ ਵਿਚਾਰ ਕਰਦੀ ਰਹਾਂ।

ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥ ੨ ॥

ਅਤੇ ਹੇ ਅਪਾਰ ਰੂਪ ਮੇਰੇ ਸਹੁ=ਪਤੀ ਆਪ ਜੀ ਦਾ ਸੁਤੇ ਸਿਧ ਦਰਸ਼ਨ ਮਿਲਦਾ ਰਹੇ ॥੨ ॥

ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥

ਹੇ ਸਭ ਜੀਆ ਜੰਤਾਂ ਦੀ ਸੰਭਾਲ ਵਾਲੇ ਪ੍ਰਮਾਤਮਾ ! ਚਾਹੇ ਮੈਂ ਕਰਮਾਂ ਅਨੁਸਾਰ ਮੱਛੀ ਹੋ ਕੇ ਜਲ ਵਿਚ ਵਸਾਂ।

ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥ ੩ ॥

ਪਰ ਮੇਰਾ ਨਿਸਚਾ ਇਤਨਾ ਹੈ ਕਿ ਮੇਰੇ ਪਤੀ ਲੋਕ ਪ੍ਰਲੋਕ ਵਿਚ ਵਸਣ ਵਾਲੇ, ਮੈਂ ਉਸੇ ਜੂਨ ਵਿਚ ਆਪ ਜੀ ਨੂੰ ਬੁੱਧੀ ਰੂਪ ਫੈਲਾ ਕੇ ਮਿਲਾਂ ॥ ੩ ॥

ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥ ੪ ॥ ੨ ॥ ੧੯ ॥

ਚਾਹੇ ਕਰਮਾਂ ਅਨੁਸਾਰ ਮੈਂ ਨਾਗਨਿ=ਸੱਪਣੀ ਹੋ ਕੇ ਧਰਤੀ ਵਿਚ ਵਸਣਾ ਕਰਾਂ, ਪਰ ਇਹ ਕਿਰਪਾ ਕਰਨੀ ਕਿ ਮੇਰੇ ਅੰਦਰ ਗੁਰੂ ਦਾ ਸ਼ਬਦ ਵਸਦਾ ਰਹੇ, ਜਿਸ ਕਰਕੇ ਜਮਾਂ ਦਾ ਡਰ ਦੂਰ ਹੋ ਜਾਵੇ। ਹੇ ਜੋਤੀ ਪਰਮਾਤਮਾ ! ਜਿਨ੍ਹਾਂ ਦੀ ਜੋਤ ਤੂੰ ਆਪਣੇ ਨਾਲ ਸਮਾਇ=ਮੇਲੀ ਹੈ, ਉਹ ਸਦਾ ਸੁਹਾਗਣਾਂ ਹਨ॥ ੪॥

ਤੀਜਾ ਅਰਥ:-

ਸਿੱਖ ਨੇ ਬੇਨਤੀ ਕੀਤੀ-ਕਿਸ ਆਸ਼ਰਮ ਵਿਚ ਰਹਿਣ ਕਰਕੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ?

ਉੱਤਰ:- ***ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥:-***

ਬਾਨ ਪ੍ਰਸਤੀ ਹੋ ਕੇ ਚਾਹੇ ਜੰਗਲ ਵਿਚ ਵੀ ਵਸੇ, ਚਾਹੇ ਕੰਦ ਮੂਲ=ਫਲ ਫੁੱਲ ਨੂੰ ਚੁਣ ਚੁਣ ਕੇ ਖਾਵੇ। ਇਸ ਤਰ੍ਹਾਂ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

ਜਿਵੇ:- ***ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥***

ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥ ੧॥ *(ਬਿਲਾਵਲੁ ਕਬੀਰ, ਪੰਨਾ ੮੫੫)*

ਪ੍ਰਸ਼ਨ:-ਉਸ ਦੀ ਪ੍ਰਾਪਤੀ ਕਿਵੇਂ ਹੋਵੇ?

ਉੱਤਰ:-***ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥ ੧॥***

ਗੁਰੂ ਦੀ ਕਿਰਪਾ ਨਾਲ ਮੇਰਾ ਪਤੀ ਪ੍ਰਮਾਤਮਾ ਮਿਲਦਾ ਹੈ। ਇਸੀ ਤੇ ਮੈਂ ਆਪਣੇ ਗੁਰੂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ। ਜਿਵੇਂ-***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਰਹਾਉ॥*** *(ਪੰਨਾ ੪੬੨)*

ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥ ੧॥

ਹੇ ਰਾਮ ! ਮੈਂ ਆਪ ਜੀ ਦੀ ਵਪਾਰਨ ਹਾਂ, ਤੇ ਆਪ ਜੀ ਦੇ ਨਾਮ ਰੂਪ ਸੌਦੇ ਦਾ ਵਾਪਰ ਕਰਦੀ ਹਾਂ।

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥

ਚਾਹੇ ਬ੍ਰਹਮਚਾਰੀ ਹੋ ਕੇ ਅੰਬਾਂ ਦੇ ਬਾਗ ਵਿਚ ਵਸੇ ਤਾਂ ਭੀ ਉਸ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਸ਼ਨ:-ਉਸ ਦੀ ਪ੍ਰਾਪਤੀ ਕਿਵੇਂ ਹੋਵੇ? ਗੁਰ ਉੱਤਰ:-

ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥ ੨॥ ਅਰਥਾਤ-ਸਹਜੇ ਹੀ ਗੁਰ ਸ਼ਬਦ ਦੀ ਵਿਚਾਰ ਕਰੇ ਤਾਂ ਉਸ ਦੀ ਪ੍ਰਾਪਤੀ ਹੁੰਦੀ ਹੈ।

ਗੁਰ ਸ਼ਬਦ ਦੀ ਵਿਚਾਰ ਕਰਨ ਨਾਲ ਮੇਰਾ ਪਤੀ ਸੁਤੇ ਸਿਧ ਮਿਲਦਾ ਹੈ, ਅਤੇ ਅਪਾਰ ਰੂਪ ਪਰਮੇਸ਼ਰ ਦਾ ਸਾਖਿਆਤ ਦਰਸ਼ਨ ਹੁੰਦਾ ਹੈ। ***ਮਛੁਲੀ ਹੋਵਾ ਜਲਿ ਬਸਾ,***

ਗ੍ਰਿਹਸਤੀ ਹੋ ਕੇ ਚਾਹੇ ਪਦਾਰਥਾਂ ਰੂਪ ਜਲ ਵਿਚ ਵਸਣਾਂ ਕਰੇ।

ਜੀਅ ਜੰਤ ਸਭਿ ਸਾਰਿ॥

ਅਤੇ ਸਾਰਿਆਂ ਜੀਆਂ ਜੰਤਾਂ ਦੀ ਸੰਭਾਲ ਵੀ ਕਰੇ, ਭਾਵ ਲੋੜਵੰਦਾਂ ਨੂੰ ਲੋੜ ਅਨੁਸਾਰ ਦਾਨ ਪੁੰਨ ਦੇ ਕੇ ਤ੍ਰਿਪਤ ਭੀ ਕਰੇ। ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਨਾਮ ਨਹੀਂ ਜਪਦਾ।

ਪ੍ਰਸ਼ਨ:-ਉਸ ਦੀ ਪ੍ਰਾਪਤੀ ਕਿਵੇਂ ਹੋਵੇ ?

ਗੁਰ ਉੱਤਰ:- ***ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥ ੩॥***

ਬਾਹਵਾਂ ਫੈਲਾ ਕੇ ਗੁਰਾਂ ਪਾਸ ਪੁਕਾਰ ਕਰੇ। ਜਿਵੇਂ:-

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥

(ਸੂਹੀ ਕਬੀਰ, ਪੰਨਾ ੭੯੩)

ਤਾਂ ਹਉ ਗੀ=ਹੰਗਤਾ ਚਲੀ ਗਈ ਜਾਂ ਹੰਗਤਾ ਗਈ ਤਾਂ ਮੇਰਾ ਪਤੀ ਜੋ ਲੋਕ ਪ੍ਰਲੋਕ ਵਿਚ ਵਸਦਾ ਹੈ ਉਹ ਮਿਲ ਜਾਂਦਾ ਹੈ॥ ੩॥

ਨਾਗਨਿ ਹੋਵਾ ਧਰ ਵਸਾ

ਚਾਹੇ ਸੰਨਿਆਸਣ ਹੋ ਕੇ ਧਰਤੀ ਵਿਚ ਵਸਨਾ ਕਰੇ ਤਾਂ ਭੀ ਉਸ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਭੇਖਾਂ ਦੇ ਧਾਰਨ ਨਾਲ ਉਸ ਦੀ ਪ੍ਰਾਪਤੀ ਨਹੀਂ ਹੈ। ਜਿਵੇਂ ਗੁਰ ਕਲਗੀਧਰ ਜੀ ਨੇ ਕਿਹਾ ਹੈ-

ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ॥
ਅੰਤ ਕਾਲਿ ਕਾਤੀ ਕਟਜੋ ਬਾਸੁ ਨਰਕ ਮੋ ਲੀਨ॥ ੫੬॥

(ਦਸਮ ਗ੍ਰੰਥ, ਪੰਨਾ ੫੮)

ਪ੍ਰਸ਼ਨ:-ਉਸ ਦੀ ਪ੍ਰਾਪਤੀ ਕਿਵੇਂ ਹੋਵੇ?

ਉੱਤਰ:-ਸਬਦੁ ਵਸੈ ਭਉ ਜਾਇ॥

ਗੁਰ ਉਪਦੇਸ਼ ਅੰਦਰ ਵਸ ਜਾਵੇ ਤਾਂ ਉਸ ਦੀ ਪ੍ਰਾਪਤੀ ਹੁੰਦੀ ਹੈ, ਉਸ ਦੀ ਪ੍ਰਾਪਤੀ ਹੋਣ ਕਰ ਕੇ ਹੀ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ।

ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥੪॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਨੇ ਜਿਨ੍ਹਾਂ ਦੀ ਜੋਤ ਆਪਣੇ ਨਾਲ ਮੇਲੀ ਹੈ, ਉਹ ਸਦਾ ਸੁਹਾਗਣ ਹੈ॥ ੪॥

ਗਉੜੀ ਪੂਰਬੀ ਦੀਪਕੀ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥

ਹੇ ਪੁਰਖਾ ! ਜੈ ਘਰਿ=ਜਿਸ ਸਤਿਸੰਗ ਘਰ ਵਿਚ ਪਰਮੇਸ਼ਰ ਦੀ ਕੀਰਤੀ ਆਖੀਦੀ ਹੈ ਅਤੇ ਕਰਤੇ ਅਕਾਲ ਪੁਰਖ ਦੀ ਪ੍ਰਾਪਤੀ ਦਾ, ਵਾ:-ਸਤ ਅਸਤ ਦੇ ਨਿਰਣੇ ਦਾ ਵਿਚਾਰ ਹੁੰਦਾ ਹੈ।

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥ ੧॥

ਬਾਣੀ ਦੁਆਰਾ ਉਸ ਸਤਿਸੰਗ ਘਰ ਵਿਚ ਤੁਸੀਂ ਪ੍ਰਭੂ ਦਾ ਸੋਹਿਲਾ=ਜਸ ਗਾਵਣਾ ਕਰੋ ਅਤੇ ਮਨ ਕਰਕੇ ਸਿਰਜਣਹਾਰ ਦਾ ਸਿਵਰਹੁ=ਸਿਮਰਨ ਕਰੋ॥ ੧॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥

ਹੇ ਭਾਈ ! ਤੁਸੀਂ ਮੇਰੇ ਨਿਰਭਉ=ਪਰਮਾਤਮਾ ਦਾ ਸੋਹਿਲਾ=ਜਸ ਗਾਉਣਾ ਕਰੋ।

ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ॥ ੧॥ ਰਹਾਉ॥

ਅਸੀਂ ਸਦਕੇ ਜਾਂਦੇ ਹਾਂ, ਜਿਸ ਸੋਹਿਲੇ ਸਾਹਿਬ ਦੇ ਪੜ੍ਹਨ ਕਰਕੇ, ਵਾ:-ਜਸ ਦੇ ਗਾਉਣ ਕਰਕੇ ਸਦਾ= ਹਰ ਸਮੇਂ ਜੀਵ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਪੁਨਾ ਬੇਨਤੀ ਕੀਤੀ-ਜੇ ਅਸੀਂ ਹਰ ਵੇਲੇ ਨਾਮ ਜਪਣ ਵਿਚ ਲੱਗ ਜਾਈਏ ਤਾਂ ਅਸਾਡੇ ਪ੍ਰਵਾਰ ਸਦੀ

ਪਾਲਣਾ ਕਿਵੇਂ ਹੋਵੇਗੀ? ਗੁਰ ਉੱਤਰ-

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥

ਜੋ ਪਰਮਾਤਮਾ ਨਿਤਾਪ੍ਰਤੀ ਸਾਰਿਆਂ ਜੀਵਾਂ ਦੀ ਸਾਰ ਸੰਭਾਲ ਕਰਦਾ ਹੈ, ਉਹ ਦੇਵਣਹਾਰੁ ਪਰਮਾਤਮਾ ਤੇਰੀ ਤਰਫ ਵੀ ਵੇਖੇਗਾ, ਤੂੰ ਚਿੰਤਾ ਨਾ ਕਰ।

ਪੁਨਾ ਬੇਨਤੀ ਕੀਤੀ-ਉਸ ਦੇ ਸਿਮਰਨ ਕਰਨ ਨਾਲ ਕੀ ਫਲ ਹੁੰਦਾ ਹੈ? ਗੁਰ ਉੱਤਰ:- ਹੇ ਜੀਵ ! ਜੇ ਤੂੰ ਨਿਤਾਪ੍ਰਤੀ ਉਸ ਨੂੰ ਸੰਭਾਲੇਂਗਾ ਭਾਵ ਉਸ ਦਾ ਭਜਨ ਸਿਮਰਨ ਕਰੇਂਗਾ ਤਾਂ (ਦੇਵਣਹਾਰੁ) ਪਰਮਾਤਮਾ ਨੂੰ ਤੂੰ ਆਪਣਾ ਸਰੂਪ ਕਰਕੇ ਵੇਖ ਲਵੇਂਗਾ।

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥ ੨॥

ਹੇ ਪੁਰਖ਼ਾ ! ਤੇਰੇ ਪਾਸੋਂ ਉਸ ਦੇ ਦਾਨੈ=ਖਜ਼ਾਨਿਆਂ ਦੀ, ਵਾ=ਦਾਤਾਂ ਦੀ ਕੀਮਤ ਨਹੀਂ ਪੈ ਸਕਦੀ। ਅਥਵਾ:-ਉਸ ਦੇ ਦਾਨੈ=ਮਸਤਾਨੇ ਜੋ ਮਹਾਤਮਾ ਹਨ, ਉਨ੍ਹਾਂ ਦੀ ਕੀਮਤ ਨਹੀਂ ਪੈ ਸਕਦੀ। ਅਥਵਾ:-ਉਸ ਦੀ ਦਾਨੈ=ਦਨਾਈ ਦੀ ਕੀਮਤ ਨਹੀਂ ਪੈ ਸਕਦੀ ਤੇ ਉਸ ਦਾਤੇ ਦੀ ਸੁਮਾਰੁ=ਗਿਣਤੀ ਭਲਾ ਕੌਣ ਕਰ ਸਕਦਾ ਹੈ? ਭਾਵ ਕੋਈ ਨਹੀਂ ਕਰ ਸਕਦਾ॥ ੨॥

ਇਸ ਜੀਵ ਰੂਪ ਲੜਕੀ ਦੇ ਦੋ ਲਾੜੇ ਹਨ- ਇਕ ਪਰਮੇਸ਼ਰ, ਦੂਜਾ ਕਾਲ,

ਜੇਕਰ ਅੰਮ੍ਰਿਤ ਵੇਲੇ ਉੱਠ ਕੇ ਉਸ ਦਾ ਭਜਨ ਸਿਮਰਨ ਕਰੇਗੀ ਤਾਂ ਇਸ ਦਾ ਪਰਮੇਸ਼ਰ-ਪਤੀ ਨਾਲ ਵਿਆਹ ਹੋਵੇਗਾ। ਜੇ ਪਰਮੇਸ਼ਰ ਤੋਂ ਬੇਮੁਖ ਰਹੇਗੀ, ਫਿਰ ਕਾਲ ਰੂਪੀ ਲਾੜਾ ਇਸ ਨੂੰ ਜ਼ਰੂਰ ਵਿਆਹ ਕੇ ਲੈ ਜਾਏਗਾ। ਜਿਵੇਂ:-

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥ *(ਸਲੋਕ ਸ਼ੇਖ ਫ਼ਰੀਦ, ਪੰਨਾ ੧੩੭੭)*

ਜਿਸ ਤਰ੍ਹਾਂ ਰੁਕਮਣੀ ਦੇ ਪਿਤਾ ਅਤੇ ਭਰਾ ਰੁਕਮਣੀ ਦਾ ਵਿਆਹ ਚੰਬੇਲੀ ਦੇ ਰਾਜੇ ਸਿਸਪਾਲ ਨਾਲ ਕਰਣ ਲੱਗੇ ਸਨ, ਉਸ ਵੇਲੇ ਰੁਕਮਣੀ ਨੇ ਆਪਣੀ ਪ੍ਰੇਮ ਭਰੀ ਚਿੱਠੀ ਲਿਖ ਕੇ ਕ੍ਰਿਸ਼ਨ ਜੀ ਵੱਲ ਭੇਜੀ ਕਿ ਆਪ ਛੇਤੀ ਆ ਕੇ ਮੈਨੂੰ ਵਿਆਹ ਕੇ ਲੈ ਜਾਓ, ਨਹੀਂ ਤਾਂ ਮੇਰਾ ਵਿਆਹ ਹੋਰ ਥਾਂ ਕਰਨ ਲੱਗੇ ਹਨ।

ਕੁਝ ਕੁ ਦਿਨਾਂ ਨੂੰ ਰਾਜਾ ਸਿਸਪਾਲ ਲਾੜਾ ਬਣ ਕੇ ਜਨੇਤ ਸਮੇਤ ਆ ਭੀ ਗਿਆ, ਵਿਆਹ ਦਾ ਸਾਰਾ ਸਾਜੋ ਸਮਾਨ ਤਿਆਰ ਹੋ ਗਿਆ, ਪਰ ਰੁਕਮਣੀ ਅੰਦਰੋਂ ਬਹੁਤ ਘਬਰਾਈ ਜਾਵੇ। ਉਨ੍ਹਾਂ ਦੀ ਕੁਲ ਵਿਚ ਇਕ ਰਿਵਾਜ਼ ਹੈ, ਜੋ ਲਾਵਾਂ ਲੈਣ ਤੋਂ ਪਹਿਲਾਂ ਦੇਵੀ ਮੰਦਰ ਲਿਜਾ ਕੇ ਲੜਕੀ ਨੂੰ ਮੱਥਾ ਟਿਕਾਉਂਦੇ ਹਨ।

ਜਿਸ ਵੇਲੇ ਰੁਕਮਣੀ ਨੂੰ ਦੇਵੀ ਮੰਦਰ ਵਿਚ ਮੱਥਾ ਟਿਕਾਣ ਲੈ ਗਏ ਅਤੇ ਮੱਥਾ ਟੇਕ ਕੇ ਵਾਪਸ ਆ ਰਹੇ ਸਨ, ਇਤਨੇ ਨੂੰ ਕ੍ਰਿਸ਼ਨ ਜੀ ਜਾ ਪਹੁੰਚੇ, ਰਾਹ ਵਿਚੋਂ ਹੀ ਸਭ ਦੇ ਵੇਖਦਿਆਂ ਵੇਖਦਿਆਂ ਰੁਕਮਣੀ ਨੂੰ ਲੈ ਕੇ ਆਪਣੇ ਘਰ ਆ ਗਏ।

ਏਸੇ ਤਰ੍ਹਾਂ ਜੀਵ-ਲੜਕੀ ਜੇਕਰ ਪ੍ਰੇਮ ਰੂਪ ਚਿੱਠੀ ਲਿਖ ਕੇ ਪਰਮੇਸ਼ਰ ਵੱਲ ਭੇਜੇ ਤਾਂ ਪਰਮੇਸ਼ਰ-ਪਤੀ ਆਪ ਆ ਕੇ ਇਸ ਨੂੰ ਵਿਆਹ ਕੇ ਲੈ ਜਾਏਗਾ, ਨਹੀਂ ਤਾਂ ਕਾਲ ਰੂਪ ਲਾੜੇ ਨੇ ਵਿਆਹ ਕੇ ਲੈ ਜਾਣਾ ਹੈ, ਇਸ ਪਰ ਦ੍ਰਿਸ਼ਟਾਂਤ ਸੁਣੋ-

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥

ਜਿਸ ਤਰ੍ਹਾਂ ਲੜਕੀ ਦੇ ਵਿਆਹ ਵਾਸਤੇ ਸੰਬਤਿ=ਬਰਸਾਂ ਅਨੁਸਾਰ ਸਾਹਾ ਲਿਖਿਆ ਜਾਂਦਾ ਹੈ ਕਿ ਫਲਾਣੇ ਮਹੀਨੇ ਫਲਾਣੇ ਦਿਨ ਵਿਆਹ ਹੋਵੇਗਾ। ਜਿਸ ਵੇਲੇ ਸਾਹਾ ਲਿਖ ਕੇ ਆਦਮੀ ਘਰ ਜਾਂਦੇ ਹਨ ਤਾਂ ਸੁਹਾਗਣ ਔਰਤਾਂ ਮਿਲ ਕੇ ਘਰ ਦੀ ਦਲੀਜ਼ ਉੱਪਰ ਤੇਲ ਚੁਆਂਵਦੀਆਂ ਹਨ।

ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥

ਫਿਰ ਉਹ ਲੜਕੀ ਨਾਲ ਦੀਆਂ ਪਿਆਰ ਵਾਲੀਆਂ ਸਖੀਆਂ ਨੂੰ ਆਖਦੀ ਹੈ ਹੇ ਸਜਣੀਓ ! ਤੁਸੀਂ ਮੈਨੂੰ ਅਸੀਸਾਂ ਦਿਓ, ਜਿਸ ਤਰ੍ਹਾਂ ਮੇਰਾ ਚੰਗੇ ਤਰੀਕੇ ਨਾਲ ਸਾਹਿਬ=ਪਤੀ ਨਾਲ ਮਿਲਾਪ ਹੋ ਜਾਵੇ।

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥

ਫਿਰ ਹਰੇਕ ਘਰ ਵਿਚ ਇਹ ਗੱਲ ਪਹੁੰਚ ਜਾਂਦੀ ਹੈ, ਕਿ ਫਲਾਣੇ ਆਦਮੀ ਦੀ ਲੜਕੀ ਦਾ ਵਿਆਹ ਹੈ। *ਅਥਵਾ:*-ਘਰਾਂ ਘਰਾਂ ਵਿਚ ਮੱਠੀਆਂ, ਵਾ:-ਕੁੱਜੇ ਪਹੁੰਚ ਜਾਂਦੇ ਹਨ। *ਅਥਵਾ:*-ਹਰੇਕ ਘਰ ਵਿਚ ਇਹੋ ਗੱਲ ਹੁੰਦੀ ਹੈ ਕਿ ਵਿਆਹ ਵਾਲੇ ਘਰ ਪਹੁੰਚੀਏ ਕਿਉਂਕਿ ਚਿੱਠੀਆਂ ਭੇਜ ਕੇ ਨਿਤਾਪ੍ਰਤੀ ਸੱਦੇ ਪੈ ਜਾਂਦੇ ਹਨ।

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥ ੪ ॥ ੧ ॥ ੨੦ ॥

ਸੱਦਣ ਵਾਲਾ ਜੋ ਲੜਕਾ ਹੈ, ਉਸ ਨੂੰ ਸਿਮਰੀਐ=ਯਾਦ ਕਰਦਿਆਂ ਕਰਦਿਆਂ ਉਹ ਵਿਆਹ ਵਾਲੇ ਦਿਨ ਆ ਜਾਂਦੇ ਹਨ। **ਦੂਜਾ ਅਰਥ-**

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥

ਜੀਵ ਰੂਪ ਇਸਤ੍ਰੀ ਦਾ ਕਾਲ ਰੂਪ ਲਾੜੇ ਨਾਲ ਸੰਬਤਿ=ਬਰਸਾਂ ਅਨੁਸਾਰ ਸਾਹਾ ਲਿਖਿਆ ਗਿਆ ਹੈ ਕਿ ਇਤਨੇ ਸਾਲ, ਇਤਨੇ ਮਹੀਨੇ, ਇਤਨੇ ਦਿਨ, ਇਸ ਨੇ ਜੀਊਣਾ ਹੈ, ਫਿਰ ਅੰਤ ਨੂੰ ਕਾਲ ਨੇ ਮਾਰ ਕੇ ਲੈ ਜਾਣਾ ਹੈ।

ਇਸ ਵਾਸਤੇ ਜੀਵ ਰੂਪ ਲੜਕੀ ਨੂੰ ਚਾਹੀਦਾ ਹੈ-ਮਹਾਤਮਾ ਰੂਪ ਸਹੇਲੀਆਂ ਨਾਲ ਮਿਲ ਕੇ ਪ੍ਰੇਮ ਰੂਪੀ ਤੇਲ ਪਾਵੇ। ਅਤੇ ਮਹਾਤਮਾ ਅੱਗੇ ਇਸ ਤਰ੍ਹਾਂ ਬੇਨਤੀਆਂ ਕਰੇ :-

ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥

ਹੇ ਮਹਾਤਮਾ ਰੂਪ ਸਹੇਲੀਓ ! ਤੁਸੀਂ ਮੈਨੂੰ ਅਜੇਹੀਆਂ ਅਸੀਸਾਂ ਦਿਓ ਜਿਸ ਕਰਕੇ ਮੇਰਾ ਸਾਹਿਬ=ਧਰਮ ਰਾਜ ਨਾਲ ਸੁੱਖੀ ਸਾਂਦੀ ਮੇਲ ਹੋ ਜਾਵੇ।

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥

ਜਿਸ ਵੇਲੇ ਕੋਈ ਮਰ ਜਾਂਦਾ ਹੈ ਤਾਂ ਹਰ ਘਰ ਵਿਚ ਇਹ ਗੱਲ ਪਹੁੰਚ ਜਾਂਦੀ ਹੈ ਕਿ ਫਲਾਣਾ ਮਰ ਗਿਆ ਹੈ, ਓਥੇ ਤੁਸੀਂ ਪਹੁੰਚੋ, ਨਿਤਾਪ੍ਰਤੀ ਨੈਣਾਂ ਤੇ ਨਾਈਆਂ ਦੇ ਅਤੇ ਸੰਤਾਂ ਵਿਚ ਕੁਟਵਾਲਾਂ ਦੇ ਸੱਦੇ ਪੈਂਦੇ ਹਨ।

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥ ੪ ॥ ੧ ॥ ੨੦ ॥

ਸਦਣ ਵਾਲਾ ਜੋ ਕਾਲ ਹੈ, ਉਸ ਨੂੰ ਸਿਮਰਦਿਆਂ ਸਿਮਰਦਿਆਂ ਗੁਰੂ ਜੀ ਕਥਨ ਕਰਦੇ ਹਨ ਉਹ ਕਾਲ

ਵਾਲੇ ਅਰਥਾਤ ਮੌਤ ਵਾਲੇ ਦਿਨ ਆ ਜਾਂਦੇ ਹਨ॥ ੪॥ ੧॥ ੨੦॥

ਤੀਜਾ ਅਰਥ-

ਜੀਵ ਰੂਪ ਲੜਕੀ ਦਾ ਪਰਮੇਸ਼ਰ-ਪਤੀ ਨਾਲ ਵਿਆਹ ਕਿਸ ਜੁਗਤੀ ਨਾਲ ਹੁੰਦਾ ਹੈ?

ਗੁਰ ਉੱਤਰ:- ***ਸੰਬਤਿ .ਸਾਹਾ ਲਿਖਿਆ***

ਵੇਦਾਂ ਸ਼ਾਸਤ੍ਰਾਂ ਵਿਚ ਇਹ ਲਿਖਿਆ ਹੋਇਆ ਹੈ ਕਿ ਸਾਹਾ=ਪਾਤਿਸ਼ਾਹ ਪਰਮੇਸ਼ਰ ਨਾਲ ਵਿਆਹ ਸੰਬਤਿ=ਬ੍ਰਹਮ ਗਿਆਨ ਕਰਕੇ ਹੁੰਦਾ ਹੈ।

ਪ੍ਰਸ਼ਨ:-ਬ੍ਰਹਮ ਗਿਆਨ ਦੀ ਪਰਾਪਤੀ ਕਿਸ ਤਰ੍ਹਾਂ ਹੁੰਦੀ ਹੈ?

ਗੁਰ ਉੱਤਰ:- ***ਮਿਲਿ ਕਰਿ ਪ੍ਰਾਵਹੁ ਤੇਲੁ॥***

ਮਹਾਤਮਾਂ ਰੂਪ ਸਹੇਲੀਆਂ ਨਾਲ ਮਿਲ ਕੇ ਵੈਰਾਗ ਰੂਪੀ ਤੇਲ ਨੂੰ ਪਾਵੋ। ਤਾਂ ਬ੍ਰਹਮ ਗਿਆਨ ਦੀ ਪਰਾਪਤੀ ਹੁੰਦੀ ਹੈ।

ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥ ੩॥

ਹੇ ਮਹਾਤਮਾਂ ਰੂਪ ਸਜਣੀਓ ! ਮੈਨੂੰ ਇਸ ਤਰ੍ਹਾਂ ਦੀਆਂ ਅਸੀਸਾਂ ਦਿਓ। ਜਿਸ ਕਰਕੇ ਮੇਰਾ ਸਾਹਿਬ=ਅਕਾਲ ਪੁਰਖ ਨਾਲ ਮਿਲਾਪ ਹੋ ਜਾਵੇ।

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥

ਘਰਿ ਘਰਿ=ਹਰੇਕ ਸ਼ਾਸਤ੍ਰ ਇਹ ਗੱਲ ਆਖਦਾ ਹੈ, ਅਮੋਲਕ ਮਨੁੱਖਾ ਜਨਮ ਨੂੰ ਪਾ ਕੇ ਪਰਮੇਸ਼ਰ ਪਾਸ ਪਹੁੰਚੋ। ਅਤੇ ਗੁਰਾਂ ਦੇ ਸਦੜੇ=ਉਪਦੇਸ਼ ਵੀ ਨਿਤਾਪ੍ਰਤੀ ਪੈ ਰਹੇ ਹਨ, ਕਿ-ਅੰਮ੍ਰਿਤ ਵੇਲੇ ਉੱਠ ਕੇ ਭਜਨ-ਸਿਮਰਨ ਕਰਕੇ ਜ਼ਿੰਦਗੀ ਦਾ ਲਾਭ ਲਵੋ।

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥ ੪॥ ੧॥ ੨੦॥

ਵੇਦਾਂ ਸ਼ਾਸਤਰਾਂ ਦੁਆਰੇ ਸਦਣ ਵਾਲਾ ਜੋ ਪਰਮੇਸ਼ਰ ਹੈ, ਉਸ ਨੂੰ ਹਮੇਸ਼ਾਂ ਯਾਦ ਕਰੀਏ।

ਤਾਂਹੀ ਉਹ ਗਿਆਨਵਾਨਾਂ ਵਾਲੇ ਦਿਹ=ਦਿਨ ਆ ਕੇ ਪ੍ਰਾਪਤ ਹੁੰਦੇ ਹਨ॥ ੪॥ ੧॥

ਰਾਗੁ ਗਉੜੀ ਗੁਆਰੇਰੀ॥ ਮਹਲਾ ੩ ਚਉਪਦੇ॥ ੧ਓ ਸਤਿਗੁਰ ਪ੍ਰਸਾਦਿ॥

ਗੁਰਿ ਮਿਲਿਐ ਹਰਿ ਮੇਲਾ ਹੋਈ॥ ਆਪੇ ਮੇਲਿ ਮਿਲਾਵੈ ਸੋਈ॥

ਗੁਰੂ ਦੇ ਮਿਲਿਆਂ ਹੀ ਹਰੀ ਨਾਲ ਮਿਲਾਪ ਹੁੰਦਾ ਹੈ। ਪਰ ਜਿਸ ਨੂੰ ਪਰਮੇਸ਼ਰ ਆਪ ਗੁਰੂ ਨਾਲ ਮਿਲਾਉਂਦਾ ਹੈ, ਓਹੀ ਗੁਰੂ ਨਾਲ ਮਿਲਦਾ ਹੈ।

ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ॥ ਹੁਕਮੇ ਮੇਲੇ ਸਬਦਿ ਪਛਾਣੈ॥ ੧॥

ਮੇਰਾ ਪ੍ਰਭੂ ਪਰਮਾਤਮਾ ਸਾਰੀਆਂ ਵਿਧੀਆਂ ਨੂੰ ਆਪ ਹੀ ਜਾਣਦਾ ਹੈ। ਆਪਣੇ ਹੁਕਮ ਕਰਕੇ ਜਿਸ ਨੂੰ ਗੁਰੂ ਨਾਲ ਮੇਲਦਾ ਹੈ, ਓਹੀ ਗੁਰੂ ਉਪਦੇਸ਼ ਨੂੰ ਪਛਾਣਦਾ ਹੈ॥ ੧॥

ਸਤਿਗੁਰ ਕੈ ਭਇ ਭ੍ਰਮੁ ਭਉ ਜਾਇ॥
ਭੈ ਰਾਚੈ ਸਚ ਰੰਗਿ ਸਮਾਇ॥ ੧॥ ਰਹਾਉ॥

ਸਤਿਗੁਰਾਂ ਦੇ ਭਇ=ਡਰ ਵਿਚ ਰਹਿਣ ਕਰਕੇ ਭਰਮ ਤੇ ਜਮਾਂ ਦਾ ਡਰ ਮਿਟ ਜਾਂਦਾ ਹੈ। ਗੁਰਾਂ ਦੇ ਡਰ ਵਿਚ ਰਾਚੈ=ਰਚਣ ਨਾਲ ਸਚੇ ਰੰਗਿ=ਅਨੰਦ ਵਿਚ ਸਮਾਉਂਦਾ ਹੈ॥ ੧॥

ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ॥
ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ॥

ਗੁਰੂ ਦੇ ਮਿਲਣ ਕਰਕੇ ਸੁਭਾਵਕ ਹੀ ਹਰੀ ਮਨ ਵਿਚ ਵਸ ਜਾਂਦਾ ਹੈ। ਮੇਰਾ ਪ੍ਰਭੂ ਸਾਰਿਆਂ ਤੋਂ ਭਾਰਾ=ਵੱਡਾ ਹੈ, ਉਸ ਦੇ ਗੁਣਾਂ ਦੀ ਕੀਮਤ ਨਹੀਂ ਪਾਈ ਜਾਂਦੀ।

ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ॥
ਮੇਰਾ ਪ੍ਰਭੁ ਬਖਸੇ ਬਖਸਣਹਾਰੁ॥ ੨॥

ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ, ਜੋ ਉਸ ਨੂੰ ਗੁਰੂ ਦੇ ਉਪਦੇਸ਼ ਦੁਆਰਾ ਸਲਾਹੁੰਦਾ ਹੈ, ਮੇਰਾ (ਬਖਸਣਹਾਰੁ) ਪ੍ਰਭੂ ਉਸ ਨੂੰ ਬਖਸ਼ ਲੈਂਦਾ ਹੈ॥ ੨॥

[ਪੰਨਾ ੧੫੮]

ਗੁਰਿ ਮਿਲਿਐ ਸਭ ਮਤਿ ਬੁਧਿ ਹੋਇ॥ ਮਨਿ ਨਿਰਮਲਿ ਵਸੈ ਸਚੁ ਸੋਇ॥

ਗੁਰਾਂ ਦੇ ਮਿਲਣ ਕਰਕੇ ਬੁਧੀ ਵਿਚ ਸਾਰੀ ਸ਼ੁਭ ਸਿਖਿਆ ਪਰਾਪਤ ਹੁੰਦੀਂ ਹੈ।

ਅਥਵਾ:-ਗੁਰਾਂ ਦੇ ਮਿਲਣ ਕਰਕੇ ਮਨ, ਬੁਧ, ਚਿਤ, ਹੰਕਾਰ ਰੂਪ ਚਾਰੇ ਅੰਤਹਕਰਨ ਸ਼ੁੱਧ ਹੋ ਜਾਂਦੇ ਹਨ। ਅਤੇ ਮਨ ਦੇ ਨਿਰਮਲ ਹੁੰਦਿਆਂ ਹੀ ਉਹ ਸੱਚਾ ਪ੍ਰਭੂ ਮਨ ਵਿਚ ਆ ਵਸਦਾ ਹੈ।

ਸਾਚਿ ਵਸਿਐ ਸਾਚੀ ਸਭ ਕਾਰ॥ ਊਤਮ ਕਰਣੀ ਸਬਦ ਬੀਚਾਰ॥ ੩॥

ਹਿਰਦੇ ਵਿਚ ਸਚ ਦੇ ਵਸਦਿਆਂ ਹੀ ਸਾਰੀ ਕਾਰ ਸੱਚੀ ਹੋ ਜਾਂਦੀ ਹੈ। ਗੁਰੂ ਉਪਦੇਸ਼ ਦੀ ਵਿਚਾਰ ਹੀ ਸਭ ਤੋਂ ਉੱਤਮ ਕਰਨੀ ਹੈ। ਅਥਵਾ:-ਗੁਰੂ ਉਪਦੇਸ਼ ਦੇ ਵਿਚਾਰਨ ਤੇ ਭਗਤੀ ਰੂਪ ਉੱਤਮ ਕਰਨੀ ਪਰਾਪਤ ਹੁੰਦੀ ਹੈ॥ ੩॥

ਗੁਰ ਤੇ ਸਾਚੀ ਸੇਵਾ ਹੋਇ॥ ਗੁਰਮੁਖਿ ਨਾਮੁ ਪਛਾਣੈ ਕੋਇ॥

ਗੁਰ ਪ੍ਰਸੰਨਤਾ ਤੇ ਸੇਵਾ ਕੀਤੀ ਹੋਈ ਸਾਚੀ=ਸਫਲ ਹੁੰਦੀ ਹੈ।

ਪਰ ਗੁਰਾਂ ਦੁਆਰੇ ਕੋਈ ਵਿਰਲਾ ਹੀ ਨਾਮ ਨੂੰ ਪਛਾਣਦਾ ਹੈ।

ਜੀਵੈ ਦਾਤਾ ਦੇਵਣਹਾਰੁ॥ ਨਾਨਕ ਹਰਿ ਨਾਮੇ ਲਗੈ ਪਿਆਰੁ॥੪॥੧॥੨੧॥

ਸਾਰਿਆਂ ਨੂੰ ਖਾਣ ਪਾਣ ਦੇਣ ਵਾਲਾ ਦਾਤਾ ਪਰਮੇਸ਼ਰ ਸਦਾ ਜੀਊਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਸ ਦੀ ਕਿਰਪਾ ਹੋਣ ਕਰਕੇ ਹਰੀ ਨਾਮ ਜਪਣ ਵਿਚ ਪਿਆਰ ਲਗਦਾ

ਹੈ॥ ੪॥ ੧॥ ੨੧॥

ਗਉੜੀ ਗੁਆਰੇਰੀ ਮਹਲਾ ੩॥

ਗੁਰ ਤੇ ਗਿਆਨੁ ਪਾਏ ਜਨੁ ਕੋਇ॥ ਗੁਰ ਤੇ ਬੂਝੈ ਸੀਝੈ ਸੋਇ॥

ਕੋਈ ਵਿਰਲਾ ਪੁਰਸ਼ ਹੀ ਗੁਰੂ ਪਾਸੋਂ ਗਿਆਨ ਪਾਉਂਦਾ ਹੈ। ਜੋ ਗੁਰੂ ਪਾਸੋਂ ਬੁਝਦਾ ਹੈ, ਉਹ ਸੀਝੈ=ਮੁਕਤ ਹੁੰਦਾ ਹੈ।

ਗੁਰ ਤੇ ਸਹਜੁ ਸਾਚੁ ਬੀਚਾਰੁ॥ ਗੁਰ ਤੇ ਪਾਏ ਮੁਕਤਿ ਦੁਆਰੁ॥ ੧॥

ਗੁਰੂ ਪਾਸੋਂ ਸਹਜੁ=ਗਿਆਨ ਪ੍ਰਾਪਤੀ ਦਾ ਸੱਚਾ ਵਿਚਾਰ ਮਿਲਦਾ ਹੈ।

ਗੁਰੂ ਪਾਸੋਂ ਹੀ ਮੁਕਤੀ ਦਾ ਦਰਵਾਜ਼ਾ ਗਿਆਨ ਪਾਂਵਦਾ ਹੈ॥ ੧॥

ਪੂਰੈ ਭਾਗਿ ਮਿਲੈ ਗੁਰੁ ਆਇ॥ ਸਾਚੈ ਸਹਜਿ ਸਾਚਿ ਸਮਾਇ॥ ੧॥ ਰਹਾਉ॥

ਜਿਸ ਦੇ ਪੂਰੇ ਭਾਗ ਹੁੰਦੇ ਹਨ, ਓਹੀ ਗੁਰਾਂ ਨੂੰ ਆ ਮਿਲਦਾ ਹੈ।

ਉਹ ਸਚੇ ਸਹਜਿ=ਗਿਆਨ ਕਰਕੇ ਸੱਚ ਵਿਚ ਸਮਾ ਜਾਂਦਾ ਹੈ॥ ੧॥

ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ॥ ਗੁਰ ਤੇ ਸਾਂਤਿ ਵਸੈ ਮਨਿ ਆਏ॥

ਗੁਰੂ ਦੇ ਮਿਲਿਆਂ ਹੀ ਤ੍ਰਿਸ਼ਨਾਂ ਰੂਪ ਅੱਗ ਬੁਝ ਜਾਂਦੀ ਹੈ। ਅਤੇ ਗੁਰੂ ਪਾਸੋਂ ਹੀ ਮਨ ਵਿਚ ਸ਼ਾਂਤੀ ਆ ਕੇ ਵਸਦੀ ਹੈ।

ਗੁਰ ਤੇ ਪਵਿਤ ਪਾਵਨ ਸੁਚਿ ਹੋਇ॥ ਗੁਰ ਤੇ ਸਬਦਿ ਮਿਲਾਵਾ ਹੋਇ॥ ੨॥

ਗੁਰੂ ਦੇ ਉਪਦੇਸ਼ ਨਾਲ ਮਨ ਪਵਿੱਤ੍ਰ, ਬਾਣੀ ਪਾਵਨ=ਸ਼ੁੱਧ ਤੇ ਤਨ ਵੀ ਸੁਚਿ=ਸਵੱਛ ਹੁੰਦਾ ਹੈ।

ਅਥਵਾ:-ਗੁਰੂ ਦੇ ਪਵਿੱਤ੍ਰ ਉਪਦੇਸ਼ ਪਾਉਣ ਨਾਲ ਮਨ ਸੁਚਿ=ਪਵਿੱਤ੍ਰ ਹੁੰਦਾ ਹੈ। ਗੁਰੂ ਦੇ ਉਪਦੇਸ਼ ਕਰਕੇ ਸਬਦਿ=ਬ੍ਰਹਮ ਨਾਲ ਮਿਲਾਪ ਹੁੰਦਾ ਹੈ॥ ੨॥

ਬਾਝੁ ਗੁਰੂ ਸਭ ਭਰਮਿ ਭੁਲਾਈ॥ ਬਿਨੁ ਨਾਵੈ ਬਹੁਤਾ ਦੁਖੁ ਪਾਈ॥

ਗੁਰੂ ਤੋਂ ਬਿਨਾਂ ਸਾਰੀ ਦੁਨੀਆਂ ਭਰਮ ਵਿਚ ਭੁੱਲੀ ਹੋਈ ਹੈ। ਵਾਹਿਗੁਰੂ ਨਾਮ ਤੋਂ ਬਿਨਾਂ ਇਹ ਦੁਨੀਆਂ ਬਹੁਤ ਸਾਰਾ ਦੁੱਖ ਪਾਉਂਦੀ ਹੈ।

ਗੁਰਮੁਖਿ ਹੋਵੈ ਸੁ ਨਾਮੁ ਧਿਆਈ॥ ਦਰਸਨਿ ਸਚੈ ਸਚੀ ਪਤਿ ਹੋਈ॥ ੩॥

ਜੋ ਗੁਰਮੁਖ ਹੋ ਕੇ ਗੁਰਾਂ ਦੇ ਸਨਮੁਖ ਹੁੰਦਾ ਹੈ ਉਹ ਨਾਮ ਨੂੰ ਧਿਆਉਂਦਾ ਹੈ।

ਸਚੇ ਪ੍ਰਭੂ ਦੇ ਦਰਸ਼ਨ ਹੋਣ ਕਰਕੇ ਉਸ ਦੀ ਸਚੀ ਇੱਜ਼ਤ ਹੁੰਦੀ ਹੈ॥ ੩॥

ਕਿਸ ਨੋ ਕਹੀਐ ਦਾਤਾ ਇਕੁ ਸੋਈ॥ ਕਿਰਪਾ ਕਰੇ ਸਬਦਿ ਮਿਲਾਵਾ ਹੋਈ॥

ਹੋਰ ਕਿਸ ਨੂੰ ਜਾ ਕੇ ਕਹੀਏ; ਦਾਤਾ ਤਾਂ ਇਕ ਓਹੀ ਹੈ। ਜਿਸ ਉੱਤੇ ਕਿਰਪਾ ਕਰਦਾ ਹੈ, ਉਸ ਦਾ ਗੁਰ ਉਪਦੇਸ਼ ਨਾਲ ਮਿਲਾਪ ਹੁੰਦਾ ਹੈ।

ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ਨਾਨਕ ਸਾਚੇ ਸਾਚਿ ਸਮਾਵਾ ॥੪ ॥੨ ॥੨੨ ॥

ਗੁਰੂ ਨਾਲ ਮਿਲਕੇ ਸਚੇ (ਪ੍ਰੀਤਮ) ਪਰਮਾਤਮਾ ਦੇ ਗੁਣਾਂ ਨੂੰ ਗਾਉਣਾ ਕਰੇ। ਗੁਰੂ ਜੀ ਕਥਨ ਕਰਦੇ ਹਨ- ਤਾਂ ਸਚੇ ਨਾਮ ਕਰਕੇ ਸਚ ਸਰੂਪ ਵਿਚ ਸਮਾ ਜਾਂਦਾ ਹੈ॥ ੪॥ ੨॥ ੨੨॥

ਗਉੜੀ ਗੁਆਰੇਰੀ ਮਹਲਾ ੩ ॥

ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥

ਸੁ ਥਾਉ=ਸ੍ਰੇਸ਼ਟ ਅਸਥਾਨ ਸਤਸੰਗ ਵਿਚ ਸਚੁ=ਨਿਸਚਾ ਕਰੇ ਤਾਂ ਮਨ ਸ਼ੁੱਧ ਹੁੰਦਾ ਹੈ। ਸਚ ਨਾਮ ਜਪਣ ਵਾਲਾ ਮਨੁੱਖ ਉਸ ਸਚੇ ਪ੍ਰਭੂ ਵਿਚ ਨਿਵਾਸ ਕਰਦਾ ਹੈ।

ਸਚੀ ਬਾਣੀ ਜੁਗ ਚਾਰੇ ਜਾਪੈ ॥ ਸਭੁ ਕਿਛੁ ਸਾਚਾ ਆਪੇ ਆਪੈ ॥ ੧ ॥

ਸਚੀ ਨਾਮ ਬਾਣੀ ਕਰਕੇ ਚਾਰਿਆਂ ਜੁਗਾਂ ਵਿਚ ਪਰਗਟ ਜਾਪੈ=ਜਾਣਿਆਂ ਜਾਂਦਾ ਹੈ। ਭਾਵ ਵਾਹਿਗੁਰੂ ਦੀ ਯਾਦ ਵਿਚ ਜੁੜਨ ਕਰਕੇ ਮਨੁੱਖ ਦੀ ਚਾਰੇ ਜੁੱਗਾਂ ਵਿਚ ਮਸ਼ਹੂਰੀ ਹੋ ਜਾਂਦੀ ਹੈ। ਅਤੇ ਉਹ ਇਹ ਨਿਸਚੇ ਕਰਦਾ ਹੈ ਕਿ ਸਚਾ ਪ੍ਰਭੂ ਆਪੇ ਆਪ ਸਭ ਕੁਝ ਹੋ ਰਿਹਾ ਹੈ॥ ੧॥

ਕਰਮੁ ਹੋਵੈ ਸਤਸੰਗਿ ਮਿਲਾਏ ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥ ੧ ॥ ਰਹਾਉ ॥

ਜਿਸ ਦਾ ਕਰਮ ਚੰਗਾ ਹੁੰਦਾ ਹੈ, ਉਸਨੂੰ ਸਤਸੰਗਤ ਵਿਚ ਮਿਲਾਂਦਾ ਹੈ। ਓਹੀ ਗੁਰਮੁਖ ਸ੍ਰੇਸ਼ਟ ਅਸਥਾਨ ਸਤਸੰਗ ਵਿਚ ਬੈਠਕੇ ਹਰੀ ਗੁਣਾਂ ਨੂੰ ਗਾਉਂਦਾ ਹੈ॥ ੧॥

ਜਲਉ ਇਹ ਜਿਹਵਾ ਦੂਜੈ ਭਾਇ ॥ ਹਰਿ ਰਸੁ ਨ ਚਾਖੈ ਫੀਕਾ ਆਲਾਇ ॥

ਇਹ ਜੀਭ ਸੜ ਜਾਵੇ, ਜੋ ਦ੍ਵੈਤ ਭਾ ਵਿਚ ਲਗਕੇ, ਹਰੀ ਨਾਮ-ਰਸ ਨੂੰ ਨਹੀਂ ਚਖਦੀ ਤੇ ਫੀਕਾ ਆਲਾਇ=ਬੋਲਦੀ ਹੈ।

ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥ ੨ ॥

ਬੂਝੈ=ਸਮਝੇ ਅਰਥਾਤ ਵਿਚਾਰੇ ਤੋਂ ਬਿਨਾਂ ਇਸ ਦਾ ਤਨ ਮਨ ਫਿਕਾ ਹੋ ਰਿਹਾ ਹੈ। ਨਾਮ ਤੋਂ ਬਿਨਾਂ ਹੋਣ ਕਰਕੇ ਇਹ ਜੀਵ ਦੁਖੀ ਹੋ ਕੇ ਰੋਂਦਾ ਚਲਿਆ ਜਾਂਦਾ ਹੈ॥ ੨॥

ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥ਗੁਰ ਕਿਰਪਾ ਤੇ ਸਚਿ ਸਮਾਇ ॥

ਗੁਰਾਂ ਦੀ ਕਿਰਪਾ ਹੋਣ ਤੇ ਜਿਨ੍ਹਾਂ ਨੇ ਰਸਨਾਂ ਨਾਲ ਹਰੀ ਨਾਮ ਨੂੰ ਚਖਿਆ ਹੈ ਉਹ ਸਹਜਿ ਸੁਭਾਹਿ=ਸੁਤੇ ਸਿਧ ਸਚ ਸਰੂਪ ਵਿਚ ਸਮਾ ਗਏ ਹਨ।

ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥ ੩ ॥

ਜੋ ਜੀਭਾ ਸਚੇ ਗੁਰਾਂ ਦੇ ਸ਼ਬਦ ਵਿਚਾਰਨ ਵਿਚ ਰਤੀ ਹੋਈ ਹੈ, ਉਹ ਜੀਭਾ ਨਾਮ ਅੰਮ੍ਰਿਤ ਦੀ ਨਿਰਮਲ ਧਾਰਾ ਨੂੰ ਪੀਂਦੀ ਹੈ॥ ੩॥

ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥

ਜੋ ਅੰਤਹਕਰਨ ਰੂਪੀ ਭਾਂਡਾ ਸਿਧਾ ਹੁੰਦਾ ਹੈ ਉਸ ਵਿਚ ਨਾਮੀ ਪ੍ਰਭੂ ਆ ਕੇ ਸਮਾਂਵਦਾ ਹੈ।

ਜੋ ਮਨਰੂਪੀ ਭਾਂਡਾ ਊਂਧੇ=ਮੂਧਾ ਹੈ, ਉਸ ਵਿਚ ਕੋਈ ਸ਼ੁਭ ਗੁਣ ਨਹੀਂ ਟਿਕਦਾ।

ਗੁਰ ਸਬਦੀ ਮਨਿ ਨਾਮਿ ਨਿਵਾਸੁ ॥

ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥ ੪ ॥ ੩ ॥ ੨੩ ॥

ਗੁਰ ਸ਼ਬਦੀਆਂ ਦੇ ਮਨ ਵਿਚ ਨਾਮੀ ਪਰਮਾਤਮਾ ਦਾ ਨਿਵਾਸ ਹੈ। ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਗੁਰ ਸ਼ਬਦ ਦੀ ਪਿਆਸ=ਤਰੇਹ ਹੈ, ਓਹੀ ਮਨ ਰੂਪੀ ਭਾਂਡਾ ਸੱਚਾ ਹੈ॥ ੪॥ ੩॥ ੨੩॥

ਗਉੜੀ ਗੁਆਰੇਰੀ ਮਹਲਾ ੩ ॥

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥

ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥

ਇਕ ਰਾਗੀ ਰਾਗ ਵਿਚ ਗਾਉਂਦੇ ਤਾਂ ਰਹਿੰਦੇ ਹਨ, ਪਰ ਮਨ ਵਿਚ ਉਸ ਦਾ ਸੁਆਦ ਨਹੀਂ ਪਾਉਂਦੇ। ਕਿਉਂਕਿ ਹਉਮੈ ਵਿਚ ਹੋ ਕੇ ਗਾਉਂਦੇ ਹਨ। ਇਸ ਲਈ ਉਨ੍ਹਾਂ ਦਾ ਗਾਉਣਾ ਬਿਰਥਾ=ਨਿਸਫਲ ਜਾਂਦਾ ਹੈ।

ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥ ੧ ॥

ਉਨ੍ਹਾਂ ਗਾਉਣ ਵਾਲਿਆਂ ਦਾ ਗਾਉਣਾ ਸਫਲ ਹੈ, ਜਿਨ੍ਹਾਂ ਦਾ ਨਾਮ ਵਿਚ ਪ੍ਰੇਮ ਹੈ। ਅਤੇ ਜੋ ਸੱਚੀ ਉਪਦੇਸ਼ ਬਾਣੀ ਦਾ ਵਿਚਾਰ ਕਰਦੇ ਹਨ॥ ੧॥

ਗਾਵਤ ਰਹੈ ਜੇ ਸਤਿਗੁਰ ਭਾਵੈ ॥ ਮਨੁ ਤਨੁ ਰਾਤਾ ਨਾਮਿ ਸੁਹਾਵੈ ॥ ੧ ॥ ਰਹਾਉ ॥

ਉਹ ਹਮੇਸ਼ਾਂ ਗਾਉਂਦੇ ਰਹਿੰਦੇ ਹਨ, ਜੇਹੜੇ ਸਤਿਗੁਰਾਂ ਨੂੰ ਭਾਉਂਦੇ ਹਨ। ਨਾਮੀ ਵਿਚ ਰਾਤਾ=ਤਦਾਕਾਰ ਹੋਣ ਕਰਕੇ ਮਨ ਤਨ ਸੁਹਾਵੈ=ਸੋਭਾ ਵਾਲਾ ਹੁੰਦਾ ਹੈ॥ ੧॥

ਇਕਿ ਗਾਵਹਿ ਇਕਿ ਭਗਤਿ ਕਰੇਹਿ ॥ ਨਾਮੁ ਨ ਪਾਵਹਿ ਬਿਨੁ ਅਸਨੇਹ ॥

ਇਕ ਪੁਰਸ਼ ਰਾਗ ਨੂੰ ਗਾਉਂਦੇ ਹਨ, ਇਕ ਮਨੁੱਖ ਭਗਤੀ ਕਰਦੇ ਹਨ।

ਪਰ ਅਸਨੇਹ=ਪ੍ਰੇਮ ਤੋਂ ਬਿਨਾਂ ਹੋਣ ਕਰਕੇ ਨਾਮ ਨੂੰ ਨਹੀਂ ਪਾ ਸਕਦੇ।

ਸਚੀ ਭਗਤਿ ਗੁਰ ਸਬਦ ਪਿਆਰਿ ॥

ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥ ੨ ॥

ਉਨ੍ਹਾਂ ਗੁਰਮੁਖਾਂ ਦੀ ਭਗਤੀ ਸੱਚੀ ਹੈ, ਜਿਨ੍ਹਾਂ ਨੇ ਗੁਰ ਉਪਦੇਸ਼ ਵਿਚ ਪਿਆਰ ਕਰਕੇ ਆਪਣੇ ਪਿਰੁ=ਪਤੀ-ਪਰਮਾਤਮਾ ਨੂੰ ਸਦਾ ਹੀ ਆਪਣੇ ਹਿਰਦੇ ਵਿਚ ਧਾਰ ਰਖਿਆ ਹੈ॥ ੨॥

[ਪੰਨਾ ੧੫੯]

ਭਗਤਿ ਕਰਹਿ ਮੂਰਖ ਆਪੁ ਜਣਾਵਹਿ॥
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ॥

ਜੋ ਮੂਰਖ ਭਗਤੀ ਕਰਦੇ ਹੋਏ ਆਪਣਾ ਆਪ ਜਣਾਉਂਦੇ ਹਨ ਅਤੇ ਵਾਰੰ ਵਾਰ ਨੱਚਦੇ ਟੱਪਦੇ ਹਨ, ਉਹ ਨੱਚਣ ਵਾਲੇ ਇਸ ਲੋਕ ਵਿਚ ਬਹੁਤ ਹੀ ਦੁੱਖ ਪਾਉਂਦੇ ਹਨ ਅਤੇ ਅੱਗੇ ਪ੍ਰਲੋਕ ਵਿਚ ਜਾ ਕੇ ਭੀ ਦੁੱਖ ਪਾਉਣਗੇ।

ਨਚਿਐ ਟਪਿਐ ਭਗਤਿ ਨ ਹੋਇ॥ਸਬਦਿ ਮਰੈ ਭਗਤਿ ਪਾਏ ਜਨੁ ਸੋਇ॥੩॥

ਕਿਉਂਕਿ ਨੱਚਿਆਂ ਟੱਪਿਆਂ ਪ੍ਰਭੂ ਦੀ ਭਗਤੀ ਨਹੀਂ ਹੁੰਦੀ। ਜੋ ਗੁਰ ਸ਼ਬਦ ਕਰਕੇ ਜੀਵਤ ਭਾਵ ਤੋਂ ਮਰਦਾ ਹੈ, ਉਹ ਪੁਰਸ਼ ਭਗਤੀ ਪਾਉਂਦਾ ਹੈ॥ ੩॥

ਭਗਤਿ ਵਛਲੁ ਭਗਤਿ ਕਰਾਏ ਸੋਇ॥ ਸਚੀ ਭਗਤਿ ਵਿਚਹੁ ਆਪੁ ਖੋਇ॥

ਭਗਤਾਂ ਦਾ ਪਿਆਰਾ ਪ੍ਰਭੂ ਜਿਸ ਦੇ ਪਾਸੋਂ ਭਗਤੀ ਕਰਾਉਂਦਾ ਹੈ, ਓਹੀ ਪੁਰਸ਼ ਸਚੀ ਭਗਤੀ ਕਰਕੇ ਹਿਰਦੇ ਵਿਚੋਂ (ਆਪੁ) ਹੰਕਾਰ ਨੂੰ ਖੋਇ=ਨਾਸ ਕਰਦਾ ਹੈ।

ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ॥
ਨਾਨਕ ਬਖਸੇ ਨਾਮੁ ਪਛਾਣੈ॥੪॥੪॥੨੪॥

ਮੇਰਾ ਸੱਚਾ ਪ੍ਰਭੂ ਸਾਰੀਆਂ ਵਿਧੀਆਂ ਨੂੰ ਆਪ ਜਾਣਦਾ ਹੈ। ਗੁਰੂ ਜੀ ਕਥਨ ਕਰਦੇ ਹਨ-
ਜਿਸ ਨੂੰ ਪਰਮਾਤਮਾ ਬਖਸ਼ਦਾ ਹੈ, ਓਹੀ ਨਾਮ ਨੂੰ ਪਛਾਣਦਾ ਹੈ॥ ੪॥ ੪॥ ੨੪॥

ਗਉੜੀ ਗੁਆਰੇਰੀ ਮਹਲਾ ੩॥
ਮਨੁ ਮਾਰੇ ਧਾਤੁ ਮਰਿ ਜਾਇ॥ ਬਿਨੁ ਮੂਏ ਕੈਸੇ ਹਰਿ ਪਾਇ॥

ਇਹ ਜੀਵ ਮਨ ਦੇ ਸੰਕਲਪਾਂ ਕਰਕੇ ਹੀ ਦੌੜਿਆ ਫਿਰਦਾ ਹੈ:-ਜੇਕਰ ਮਨ ਨੂੰ ਮਾਰ ਲਵੇ ਤਾਂ ਪ੍ਰਤੱਖ ਦੌੜਨਾ, ਵਾ:-ਚੁਰਾਸੀ ਲੱਖ ਜੂਨਾਂ 'ਚ ਦੌੜਨਾ ਮਰ ਜਾਂਦਾ ਹੈ।

ਵਾ:-ਮਨ ਦੇ ਮਾਰਨ ਕਰਕੇ ਧਾਤੁ=ਮਾਇਆ ਦੀ ਇੱਛਾ ਮਰ ਜਾਂਦੀ ਹੈ।

ਮਨ ਦੇ ਮਰੇ ਤੋਂ ਬਿਨਾਂ ਹਰੀ ਨੂੰ ਕਿਵੇਂ ਪਾ ਸਕਦਾ ਹੈ।

ਮਨੁ ਮਰੈ ਦਾਰੂ ਜਾਣੈ ਕੋਇ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ॥੧॥

ਜਿਸ ਨਾਲ ਮਨ ਮਰਦਾ ਹੈ, ਉਸ ਦਾਰੂ ਨੂੰ ਕੋਈ ਵਿਰਲਾ ਹੀ ਜਾਣਦਾ ਹੈ। ਜਿਸ ਨੇ ਮਨ ਨੂੰ ਗੁਰ ਉਪਦੇਸ਼ ਦੁਆਰਾ ਮਾਰ ਲਿਆ ਹੈ, ਉਹ ਪੁਰਸ਼ ਹਰੀ ਨੂੰ ਬੁਝ ਲੈਂਦਾ ਹੈ॥ ੧॥

ਜਿਸ ਨੋ ਬਖਸੇ ਦੇ ਵਡਿਆਈ॥
ਗੁਰ ਪਰਸਾਦਿ ਹਰਿ ਵਸੈ ਮਨਿ ਆਈ॥੧॥ਰਹਾਉ॥

ਜਿਸ ਨੂੰ ਨਾਮ ਦੀ ਵਡਿਆਈ ਬਖਸ਼ ਦੇਂਦਾ ਹੈ। ਗੁਰੂ ਦੀ ਕਿਰਪਾ ਨਾਲ ਉਸ ਦੇ ਮਨ ਵਿੱਚ ਹਰੀ ਆ ਵਸਦਾ ਹੈ॥ ੧॥ ਰਹਾਉ॥

ਗੁਰਮੁਖਿ ਕਰਣੀ ਕਾਰ ਕਮਾਵੈ॥ ਤਾ ਇਸੁ ਮਨ ਕੀ ਸੋਝੀ ਪਾਵੈ॥

ਗੁਰੂ ਦੁਆਰੇ ਨਿਸ਼ਕਾਮ ਕਰਮਾਂ ਦੀ ਕਰਣੀ ਰੂਪੀ (ਕਾਰ) ਟਹਿਲ ਕਮਾਵੇ, ਤਾਂ ਹੀ ਇਸ ਮਨ ਦੇ ਮਾਰਨ ਦੀ ਸੋਝੀ=ਗਿਆਤ ਪਾਉਂਦਾ ਹੈ।

ਮਨੁ ਮੈ ਮਤੁ ਮੈਗਲ ਮਿਕਦਾਰਾ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ॥ ੨॥

ਹੰਗਤਾ ਮਮਤਾ ਰੂਪੀ ਮੈ=ਸ਼ਰਾਬ ਨਾਲ ਮੈਗਲ ਮਿਕਦਾਰਾ=ਹਾਥੀ ਵਾਂਗ ਇਹ ਮਨ ਮਤੁ=ਮਸਤ ਹੋ ਰਿਹਾ ਹੈ। ਗੁਰੂ ਰੂਪ ਮਹਾਵਤ ਗਿਆਨ ਰੂਪ ਅੰਕਸੁ=ਕੁੰਡਾ ਮਾਰ ਕੇ ਪਰਮੇਸ਼ਰ ਵਲ ਜਿਵਾਉਣ ਵਾਲੇ ਹਨ, ਭਾਵ ਪਰਮੇਸ਼ਰ ਦੀ ਸੁਰਤ ਵਿਚ ਲਿਆਉਣ ਵਾਲੇ ਹਨ॥ ੨॥

ਮਨੁ ਅਸਾਧੁ ਸਾਧੈ ਜਨੁ ਕੋਇ॥ ਅਚਰੁ ਚਰੈ ਤਾ ਨਿਰਮਲੁ ਹੋਇ॥

ਇਹ ਮਨ ਆਸਾਧ ਹੈ, ਸੁਧਰਨ ਵਾਲਾ ਨਹੀਂ ਹੈ, ਪਰ ਕੋਈ ਵਿਰਲਾ ਪੁਰਸ਼ ਹੀ ਇਸ ਨੂੰ ਸੁਧਾਰਦਾ ਹੈ। ਅਚਰੁ=ਨਾ ਕਾਬੂ ਆਉਣ ਵਾਲੇ ਕਾਮ ਆਦਿਕਾਂ ਨੂੰ ਚਰੈ=ਕਾਬੂ ਕਰੇ ਤਾਂ ਹੀ ਮਨ ਸ਼ੁੱਧ ਹੁੰਦਾ ਹੈ।

ਗੁਰਮੁਖਿ ਇਹੁ ਮਨੁ ਲਇਆ ਸਵਾਰਿ॥ ਹਉਮੈ ਵਿਚਹੁ ਤਜੇ ਵਿਕਾਰ॥ ੩॥

ਗੁਰਮੁਖਾਂ ਨੇ ਇਸ ਮਨ ਨੂੰ ਸਵਾਰ ਲਿਆ ਹੈ। ਅਤੇ ਹਿਰਦੇ ਵਿਚੋਂ ਹੰਗਤਾ ਮਮਤਾ ਆਦਿਕ ਵਿਕਾਰ ਤਜੇ=ਤਿਆਗ ਦਿਤੇ ਹਨ॥ ੩॥

ਜੋ ਧੁਰਿ ਰਾਖਿਅਨੁ ਮੇਲਿ ਮਿਲਾਇ॥ ਕਦੇ ਨ ਵਿਛੁੜਹਿ ਸਬਦਿ ਸਮਾਇ॥

ਜੋ ਪੁਰਸ਼ ਪਰਮੇਸ਼ਰ ਨੇ ਸ਼ੁਰੂ ਤੋਂ ਹੀ ਸਤਿਸੰਗ ਦੇ ਮੇਲ ਵਿਚ ਮਿਲਾ ਰਖੇ ਹਨ। ਉਹ ਫਿਰ ਕਦੇ ਨਹੀਂ ਵਿਛੜਦੇ ਸਬਦਿ ਸਮਾਇ=ਬ੍ਰਹਮ ਦੇ ਵਿਚ ਹੀ ਸਮਾ ਜਾਂਦੇ ਹਨ।

ਆਪਣੀ ਕਲਾ ਆਪੇ ਹੀ ਜਾਣੈ॥
ਨਾਨਕ ਗੁਰਮੁਖਿ ਨਾਮੁ ਪਛਾਣੈ॥ ੪॥ ੫॥ ੨੫॥

ਜੋ ਆਪਣੀ ਕਲਾ=ਸ਼ਕਤੀ ਅਰਥਾਤ ਭਾਕਤ ਨੂੰ ਆਪ ਹੀ ਪਛਾਣਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਉਸ ਦੇ ਨਾਮ ਨੂੰ ਪਛਾਣਦੇ ਹਨ॥ ੪॥ ੫॥ ੨੫॥

ਗਉੜੀ ਗੁਆਰੇਰੀ ਮਹਲਾ ੩॥

ਹਉਮੈ ਵਿਚਿ ਸਭੁ ਜਗੁ ਬਉਰਾਨਾ॥ ਦੂਜੈ ਭਾਇ ਭਰਮਿ ਭੁਲਾਨਾ॥

ਹੰਗਤਾ ਮਮਤਾ ਵਿਚ ਫਸ ਕੇ ਸਾਰਾ ਸੰਸਾਰ ਬਉਰਾਨਾ=ਝੱਲਾ ਹੋ ਰਿਹਾ ਹੈ।

ਅਤੇ ਅਵੈਤ ਭਾ ਕਰ ਕੇ ਭਰਮ ਵਿਚ ਭੁਲਿਆ ਫਿਰਦਾ ਹੈ।

ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ॥ ਧੰਧਾ ਕਰਤਿਆ ਅਨਦਿਨੁ ਵਿਹਾਨਾ॥ ੧॥

ਬਹੁਤੀ ਚਿੰਤਾ ਸੋਚਦਾ ਰਹਿੰਦਾ ਹੈ ਅਤੇ ਆਪਣੇ ਸਰੂਪ ਨੂੰ ਨਹੀਂ ਪਛਾਣਦਾ।

ਧੰਦੇ ਕਰਦਿਆਂ ਹੀ ਅਨਦਿਨੁ=ਰਾਤ ਦਿਨ ਵਿਹਾਨਾ=ਬਤੀਤ ਹੁੰਦਾ ਜਾ ਰਿਹਾ ਹੈ॥ ੧॥

ਹਿਰਦੈ ਰਾਮੁ ਰਮਹੁ ਮੇਰੇ ਭਾਈ॥
ਗੁਰਮੁਖਿ ਰਸਨਾ ਹਰਿ ਰਸਨ ਰਸਾਈ॥ ੧॥ ਰਹਾਉ॥

ਹੇ ਮੇਰੇ ਭਾਈ! ਉਨ੍ਹਾਂ ਗੁਰਮੁਖਾਂ ਦੁਆਰੇ ਹਿਰਦੇ ਵਿਚ ਰਾਮ ਨਾਮ ਨੂੰ ਰਮਹੁ=ਉਚਾਰਨਾ ਕਰੋ।

ਜਿਨ੍ਹਾਂ ਗੁਰਮੁਖਾਂ ਨੇ ਆਪਣੀ ਰਸਨਾਂ ਨੂੰ ਹਰੀ ਨਾਮ-ਰਸ ਵਿਚ ਰਸਾਣਾ ਕੀਤਾ ਹੈ।

ਅਥਵਾ:-ਜਿਨ੍ਹਾਂ ਗੁਰਮੁਖਾਂ ਨੇ ਰਸਨਾਂ ਹਰਿ=ਤਮਾਮ ਰਸਾਂ ਵਿਚ ਰਸਨ ਨਹੀਂ ਰਸਾਈ॥ ੧॥

ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ॥
ਜਗਜੀਵਨੁ ਸੇਵਿ ਜੁਗ ਚਾਰੇ ਜਾਤਾ॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਹਿਰਦੇ ਵਿਚ ਰਾਮ ਨੂੰ ਪਛਾਣਿਆ ਹੈ। ਅਤੇ ਜਗਜੀਵਨੁ=ਪਰਮਾਤਮਾ ਨੂੰ ਸੇਵਿਆ ਹੈ. ਉਹ ਚੌਹਾਂ ਜੁਗਾਂ ਵਿਚ ਪ੍ਰਗਟ ਜਾਣਿਆ ਜਾਂਦਾ ਹੈ।

ਹਉਮੈ ਮਾਰਿ ਗੁਰ ਸਬਦਿ ਪਛਾਤਾ॥
ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ॥ ੨॥

ਉਸ ਨੇ ਗੁਰ ਉਪਦੇਸ਼ ਦੁਆਰਾ ਹਉਮੈ ਨੂੰ ਮਾਰਨਾ ਪਛਾਣਿਆ ਹੈ। ਜਿਸ ਉੱਤੇ ਕਰਮ ਬਿਧਾਤਾ=ਫਲ ਬਰ ਦਾਤਾ ਪ੍ਰਭੂ ਕਿਰਪਾ ਕਰਦਾ ਹੈ॥ ੨॥

ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ॥ ਧਾਵਤ ਵਰਜੇ ਠਾਕਿ ਰਹਾਏ॥

ਉਹ ਪੁਰਸ਼ ਸਚੇ ਹਨ, ਜੋ ਗੁਰੂ ਨੇ ਆਪਣੇ ਉਪਦੇਸ਼ ਵਿਚ ਮਿਲਾ ਲਏ ਹਨ।

ਉਨ੍ਹਾਂ ਨੇ ਵਿਕਾਰਾਂ ਵਲ ਧਾਵਤ=ਦੌੜਦੇ ਹੋਏ ਗਿਆਨ ਇੰਦ੍ਰੀਏ ਵਰਜੇ=ਰੋਕੇ ਹਨ, ਅਤੇ ਸੰਕਲਪਾਂ ਵੱਲ ਜਾਂਦੇ ਹੋਏ ਮਨ ਨੂੰ ਭੀ ਠਾਕਿ ਰਹਾਏ=ਰੋਕ ਰਖਿਆ ਹੈ।

ਨਾਮੁ ਨਵ ਨਿਧਿ ਗੁਰ ਤੇ ਪਾਏ॥ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ॥ ੩॥

ਨਾਮ ਰੂਪ ਨੌਂ ਨਿਧੀ ਗੁਰਾਂ ਤੋਂ ਪਾਈ ਜਾਂਦੀ ਹੈ। ਅਤੇ ਹਰੀ ਦੀ ਕਿਰਪਾ ਨਾਲ ਹਰੀ ਨਾਮ ਮਨ ਵਿਚ ਆ ਕੇ ਵਸਦਾ ਹੈ।

ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ॥
ਅੰਤਰਿ ਵਸੈ ਨ ਲਾਗੈ ਜਮ ਪੀਰ॥

ਰਾਮ ਰਾਮ ਉਚਾਰਨ ਕਰਦਿਆਂ ਸਰੀਰ ਨੂੰ ਸੁਖ ਤੇ ਸ਼ਾਂਤੀ ਹੁੰਦੀ ਹੈ। ਹਿਰਦੇ ਅੰਦਰ ਨਾਮ ਦੇ ਵਸਣ ਕਰਕੇ ਜਮਾਂ ਦਾ ਪੀਰ=ਦੁਖ ਨਹੀਂ ਲਗਦਾ।

ਆਪੇ ਸਾਹਿਬੁ ਆਪਿ ਵਜੀਰ॥
ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ॥ ੪॥ ੬॥ ੨੬॥

ਉਹ ਪਰਮੇਸ਼ਰ ਆਪ ਹੀ ਸਾਹਿਬ ਰੂਪ ਹੈ ਆਪ ਹੀ ਵਜ਼ੀਰ ਰੂਪ ਹੈ। *ਅਥਵਾ:*-ਆਪ ਹੀ ਗੁਰੂ ਰੂਪ ਸਾਹਿਬ ਹੈ ਆਪ ਹੀ ਮਹਾਤਮਾ ਰੂਪ ਵਜ਼ੀਰ ਹੈ। ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਸ਼ੁਭ ਗੁਣਾਂ ਦਾ ਗਹੀਰ=ਸਮੁੰਦ੍ ਹੈ, ਉਸ ਹਰੀ ਦੀ ਤੂੰ ਸਦਾ ਸੇਵਾ ਕਰ॥ ੪॥ ੬॥ ੨੬॥

ਗਉੜੀ ਗੁਆਰੇਰੀ ਮਹਲਾ ੩॥

ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ॥ਸੋ ਕਿਉ ਵਿਸਰੈ ਸਭ ਮਾਹਿ ਸਮਾਨਾ॥

ਉਹ ਪਰਮੇਸ਼ਰ ਮੈਨੂੰ ਕਿਵੇਂ ਭੁੱਲ ਸਕਦਾ ਹੈ, ਜਿਸ ਦੇ ਜੀਅ ਨੂੰ ਪ੍ਰਾਣ ਆਦਿਕ ਦਿੱਤੇ ਹੋਏ ਹਨ। ਉਹ ਪਰਮੇਸ਼ਰ ਮੈਨੂੰ ਕਿਵੇਂ ਭੁੱਲ ਸਕਦਾ ਹੈ, ਜੋ ਸਾਰਿਆਂ ਵਿਚ ਸਮਾਇਆ ਹੋਇਆ ਹੈ।

ਜਿਤੁ ਸੇਵਿਐ ਦਰਗਹ ਪਤਿ ਪਰਵਾਨਾ॥ ੧॥

ਜਿਸ ਪ੍ਰਭੂ ਦੀ ਸੇਵਾ ਕੀਤਿਆਂ ਪ੍ਰਲੋਕ ਦਰਗਾਹ ਵਿਚ ਇੱਜ਼ਤ ਪ੍ਰਵਾਨ ਹੁੰਦੀ ਹੈ॥ ੧॥

ਹਰਿ ਕੇ ਨਾਮ ਵਿਟਹੁ ਬਲਿ ਜਾਉ॥
ਤੂੰ ਵਿਸਰਹਿ ਤਦਿ ਹੀ ਮਰਿ ਜਾਉ॥ ੧॥ ਰਹਾਉ॥

ਹੇ ਹਰੀ ! ਮੈਂ ਆਪ ਜੀ ਦੇ ਨਾਮ ਤੋਂ ਬਲਿਹਾਰ ਜਾਂਦਾ ਹਾਂ, ਜਿਸ ਵੇਲੇ ਤੂੰ ਵਿਸਰ੍ਹਿ=ਭੁੱਲੇਂਗਾ, ਮੈਂ ਤਾਂ ਉਸੀ ਵੇਲੇ ਮਰ ਜਾਵਾਂਗਾ॥ ੧॥ ਰਹਾਉ॥

[ਪੰਨਾ ੧੬੦]

ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ॥
ਤਿਨ ਤੂੰ ਵਿਸਰਹਿ ਜਿ ਦੂਜੈ ਭਾਏ॥

ਉਨ੍ਹਾਂ ਨੂੰ ਤੂੰ ਭੁਲਿਆ ਹੋਇਆ ਹੈਂ, ਜਿਨ੍ਹਾਂ ਨੂੰ ਤੁਸੀਂ ਆਪਣੇ ਵਲੋਂ ਭੁਲਾਇਆ ਹੈ।
ਉਨ੍ਹਾਂ ਨੂੰ ਤੂੰ ਭੁਲਿਆ ਹੋਇਆ ਹੈਂ, ਜਿਹੜੇ ਦਵੈਤ ਭਾਵ ਵਿਚ ਲਗੇ ਹੋਏ ਹਨ।

ਮਨਮੁਖ ਅਗਿਆਨੀ ਜੋਨੀ ਪਾਏ॥ ੨॥

ਮਨਮੁਖ, ਜੋ ਅਗਿਆਨੀ ਹਨ, ਉਹ ਤੂੰ ਮੁੜ ਮੁੜ ਕੇ ਜੂਨੀਆਂ ਵਿਚ ਪਾਏ ਹਨ॥ ੨॥

ਜਿਨ ਇਕ ਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ॥

ਇਕ ਮਨਿ=ਇਕ ਸ਼ਰੋਮਣੀ ਪਰਮੇਸ਼ਰ ਜਿਨ੍ਹਾਂ ਉੱਤੇ ਤੁਠਾ=ਪ੍ਰਸੰਨ ਹੋਇਆ ਹੈ, ਉਨ੍ਹਾਂ ਨੂੰ ਸਤਿਗੁਰਾਂ ਦੀ ਸੇਵਾ ਵਿਚ ਲਗਾਇਆ ਹੈ।

ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ॥
ਗੁਰਮਤੀ ਹਰਿ ਨਾਮਿ ਸਮਾਏ॥ ੩॥

ਇਕ ਮਨਿ=ਇਕ ਸ਼ਰੋਮਣੀ ਪਰਮੇਸ਼ਰ ਜਿਨ੍ਹਾਂ ਉੱਤੇ ਤੁਠਾ=ਪ੍ਰਸੰਨ ਹੋਇਆ ਹੈ, ਉਨ੍ਹਾਂ ਨੇ ਮਨ ਵਿਚ ਹਰੀ ਨੂੰ ਵਸਾਇਆ ਹੈ।

ਗੁਰਮਤੀਏ ਗੁਰ ਸਿਖਿਆ ਕਰਕੇ ਹਰਿ ਹਰਿ ਨਾਮੀ ਵਿਚ ਸਮਾਏ ਹਨ॥ ੩॥

ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ॥ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ॥

ਜਿਨ੍ਹਾਂ ਦੇ ਪੋਤੈ=ਪੱਲੇ ਵਿਚ, ਵਾ:-ਅੰਤਹਕਰਨ ਰੂਪੀ ਪੋਤੈ=ਖਜ਼ਾਨੇ ਵਿਚ ਪੁੰਨ ਕਰਮ ਹਨ, ਉਹ ਸਰੂਪ ਗਿਆਨ ਦਾ ਵਿਚਾਰ ਕਰਦੇ ਹਨ। ਜਿਨ੍ਹਾਂ ਦੇ ਅੰਤਹਕਰਨ ਰੂਪੀ ਪੋਤੈ=ਖਜ਼ਾਨੇ ਵਿਚ ਪੁੰਨ ਹਨ ਉਨ੍ਹਾਂ ਨੇ ਹੰਗਤਾ ਮਮਤਾ ਮਾਰ ਦਿੱਤੀ ਹੈ।

ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ॥ ੪॥ ੭॥ ੨੭॥

ਗੁਰੂ ਜੀ ਕਥਨ ਕਰਦੇ ਹਨ-ਜੋ (ਨਾਮਿ) ਨਾਮ ਵਿਚ ਲੀਨ ਹੋਏ ਹਨ, ਅਸੀਂ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਾਂ॥ ੪॥ ੭॥ ੨੭॥

ਗਉੜੀ ਗੁਆਰੇਰੀ ਮਹਲਾ ੩॥

ਤੂੰ ਅਕਥੁ ਕਿਉ ਕਥਿਆ ਜਾਹਿ॥ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ॥

ਹੇ ਪ੍ਰਭੂ ! ਤੂੰ ਅਕਥ ਹੈਂ, ਕਿਵੇਂ ਕਥਿਆ ਜਾ ਸਕਦਾ ਹੈਂ। ਜਿਸ ਨੇ ਗੁਰ ਉਪਦੇਸ਼ ਦੁਆਰਾ ਮਨ ਨੂੰ ਮਾਰਨਾ ਕੀਤਾ ਹੈ, ਉਹ ਤੇਰੇ ਵਿਚ ਸਮਾਏ ਹਨ।

ਅਥਵਾ:-ਗੁਰ ਉਪਦੇਸ਼ ਰੂਪੀ ਮਾਰਣੁ=ਮਸਾਲਾ ਜਿਸ ਨੂੰ ਪ੍ਰਾਪਤ ਹੋਇਆ ਹੈ, ਉਸ ਦੇ ਮਨ ਵਿਚ ਸਮਾਹਿ=ਸਮਾਹੜਾ (ਅਨੰਦ) ਪਰਾਪਤ ਹੋਇਆ ਹੈ।

ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ॥ ੧॥

ਆਪ ਜੀ ਦੇ ਅਨੇਕਾਂ ਗੁਣ ਹਨ, ਸਾਥੋਂ ਉਨ੍ਹਾਂ ਗੁਣਾਂ ਦੀ ਕੀਮਤਿ ਨਹੀਂ ਪਾਈ ਜਾਂਦੀ॥ ੧॥

ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ॥
ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ॥ ੧॥ ਰਹਾਉ॥

ਜਿਸ ਆਪ ਦੀ ਇਹ ਬਾਣੀ=ਬਨਾਵਟ ਹੈ, ਅੰਤ ਨੂੰ ਤਿਸ ਆਪ ਜੀ ਦੇ ਵਿਚ ਹੀ ਸਮਾ ਜਾਂਦੀ ਹੈ।
ਹੇ ਪ੍ਰਭੂ ! ਆਪ ਜੀ ਦੀ ਕਥਾ ਅਕੱਥ ਹੈ, ਪਰ ਗੁਰੂ ਦੇ ਉਪਦੇਸ਼ ਦੁਆਰਾ ਆਖੀ ਜਾ ਸਕਦੀ ਹੈ॥ ੧॥

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥

ਜਿਥੇ ਸਤਿਗੁਰੂ ਹਨ, ਉਥੇ ਹੀ ਉਨ੍ਹਾਂ ਨੇ ਸਤਸੰਗਤ ਬਣਾਈ ਹੈ। ਜਿਥੇ ਸਤਿਗੁਰੂ ਹਨ ਓਥੇ ਸੁਭਾਵਕ ਹੀ ਹਰੀ ਦੇ ਗੁਣ ਗਾਏ ਜਾਂਦੇ ਹਨ।

ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ॥ ੨॥

ਜਿਥੇ ਸਤਿਗੁਰੂ ਹਨ, ਉਥੇ ਜਾ ਕੇ ਉਨ੍ਹਾਂ ਦੇ ਉਪਦੇਸ਼ ਦੁਆਰਾ ਹੰਗਤਾ ਮਮਤਾ ਜਲਾਈ=ਸਾੜੀ ਜਾਂਦੀ ਹੈ॥ ੨॥

ਗੁਰਮੁਖਿ ਸੇਵਾ ਮਹਲੀ ਥਾਉ ਪਾਏ॥
ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ॥

ਗੁਰਮੁਖ ਮਹਲੀ=ਜਗਿਆਸੂ ਮੁੱਖ ਗੁਰਾਂ ਦੀ ਸੇਵਾ ਕਰਕੇ ਸਰੂਪ ਥਾਂ ਨੂੰ ਪਾਉਂਦੇ ਹਨ।
ਗੁਰਮੁਖ ਜਗਿਆਸੂ ਗੁਰਾਂ ਦੁਆਰੇ ਹਿਰਦੇ ਅੰਦਰ ਹਰੀ ਨਾਮ ਨੂੰ ਵਸਾਉਂਦੇ ਹਨ।

ਗੁਰਮੁਖਿ ਭਗਤਿ ਹਰਿ ਨਾਮਿ ਸਮਾਏ॥ ੩॥

ਗੁਰਮੁਖ ਜਗਿਆਸੂ ਮੁੱਖ ਗੁਰਾਂ ਦੀ ਸੇਵਾ ਰੂਪੀ ਭਗਤੀ ਕਰਕੇ ਹਰੀ ਨਾਮੀ ਵਿਚ ਸਮਾਏ ਹਨ॥ ੩॥

ਆਪਿ ਦਾਤਿ ਕਰੇ ਦਾਤਾਰੁ॥ ਪੂਰੇ ਸਤਿਗੁਰ ਸਿਉ ਲਗੈ ਪਿਆਰੁ॥

(ਦਾਤਾਰੁ) ਪ੍ਰਭੂ ਜਿਸ ਵੇਲੇ ਆਪ ਕਿਰਪਾ ਦੀ ਦਾਤ ਕਰਦਾ ਹੈ, ਤਾਂ ਹੀ ਪੂਰਿਆਂ ਸਤਿਗੁਰਾਂ ਨਾਲ ਇਸ ਜਗਿਆਸੂ ਦਾ ਪਿਆਰ ਲਗਦਾ ਹੈ।

ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥ ੪॥ ੮॥ ੨੮॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾਮੀ ਦੇ ਨਾਮ ਵਿਚ ਰਚੇ ਹਨ, ਅਸੀਂ ਉਨ੍ਹਾਂ ਨੂੰ ਜੈਕਾਰੁ=ਨਮਸ਼ਕਾਰ ਕਰਦੇ ਹਾਂ॥ ੪॥ ੮॥ ੨੮॥

ਗਉੜੀ ਗੁਆਰੇਰੀ ਮਹਲਾ ੩॥

ਏਕਸੁ ਤੇ ਸਭਿ ਰੂਪ ਹਹਿ ਰੰਗਾ॥ ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ॥

ਇਹ ਸਾਰੇ ਰੂਪ ਰੰਗ ਇਕ ਪ੍ਰਭੂ ਤੋਂ ਹੀ ਬਣੇ ਹਨ। ਹਵਾ, ਪਾਣੀ ਤੇ ਬੈਸੰਤਰੁ=ਅੱਗ ਇਨ੍ਹਾਂ ਸਾਰਿਆਂ ਦੇ ਸਹ=ਨਾਲ ਲੰਗਾ=ਲੱਗ ਰਿਹਾ ਹੈ। *ਅਥਵਾ:*-ਇਨ੍ਹਾਂ ਸਾਰਿਆਂ ਨੂੰ ਸਹਲੰਗਾ=ਇੱਕਠਾ ਕਰ ਕੇ ਸੰਸਾਰ ਬਨਾਉਣਾ ਕੀਤਾ ਹੈ।

ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ॥ ੧॥

ਭਿੰਨ ਭਿੰਨ ਰੰਗਾ=ਵੱਖੋ ਵਖ ਰੰਗਾਂ ਵਾਲੀ ਦੁਨੀਆਂ ਨੂੰ ਹਰੀ ਪ੍ਰਭੂ ਆਪ ਹੀ ਵੇਖੈ=ਵੇਖਦਾ ਹੈ॥ ੧॥

ਏਕੁ ਅਚਰਜੁ ਏਕੋ ਹੈ ਸੋਈ॥ ਗੁਰਮੁਖਿ ਵੀਚਾਰੇ ਵਿਰਲਾ ਕੋਈ॥ ੧॥ ਰਹਾਉ॥

ਇਕ ਅਸਚਰਜ ਗੱਲ ਤਾਂ ਇਹ ਹੈ, ਕਿ ਉਹ ਪਰਮਾਤਮਾ ਹੀ ਸਾਰਿਆਂ ਵਿਚ ਵਿਆਪਕ ਹੈ। ਕੋਈ ਵਿਰਲਾ ਗੁਰਮੁਖ ਹੀ ਉਸ ਪਰਮਾਤਮਾ ਨੂੰ ਵਿਚਾਰਦਾ ਹੈ॥ ੧॥

ਸਹਜਿ ਭਵੈ ਪ੍ਰਭੁ ਸਭਨੀ ਥਾਈ॥ ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥

ਉਹ ਪ੍ਰਭੂ ਸਹਜਿ=ਸੁਭਾਵਕ ਹੀ ਸਾਰੀਆਂ ਜਗ੍ਹਾਂ ਪਰ ਭਵੈ=ਫਿਰ ਆਉਂਦਾ ਹੈ। ਕਿਤੇ ਗੁਪਤ ਰੂਪ ਹੈ ਕਿਤੇ ਪ੍ਰਗਟ ਰੂਪ ਹੈ, ਪ੍ਰਭੂ ਨੇ ਆਪਣੀ ਬਣਤ ਇਸ ਤਰ੍ਹਾਂ ਦੀ ਬਣਾਈ ਹੋਈ ਹੈ।

ਅਥਵਾ:-ਜਿਸ ਪ੍ਰਭੂ ਨੇ ਸੰਸਾਰ ਦੀ ਬਣਤ=ਬਨਾਵਟ ਬਣਾਈ ਹੈ, ਉਹ ਪ੍ਰਭੂ ਕਿਸੀ ਜਗ੍ਹਾ ਮਨਮੁਖਾਂ ਨੂੰ ਗੁਪਤ ਰੂਪ ਹੈ, ਅਤੇ ਕਿਸੀ ਜਗ੍ਹਾ ਗੁਰਮੁਖਾਂ ਨੂੰ ਪ੍ਰਗਟ ਰੂਪ ਹੈ।

ਆਪੇ ਸੁਤਿਆ ਦੇਇ ਜਗਾਈ॥ ੨ ॥

ਆਪ ਹੀ ਕਿਰਪਾ ਕਰਕੇ ਅਵਿੱਦਿਆ ਦੀ ਨੀਂਦ ਵਿਚ ਸੁੱਤਿਆਂ ਹੋਇਆਂ ਨੂੰ ਆਪਣਾ ਗਿਆਨ ਦੇ ਕੇ ਜਗਾ ਦੇਂਦਾ ਹੈ॥ ੨ ॥

ਤਿਸ ਕੀ ਕੀਮਤਿ ਕਿਨੈ ਨ ਹੋਈ॥ ਕਹਿ ਕਹਿ ਕਥਨੁ ਕਹੈ ਸਭੁ ਕੋਈ॥

(ਅਸਲ ਸੋਚਿਆ ਜਾਵੇ ਤਾਂ) ਉਸ ਦੀ ਕੀਮਤ ਕਿਸੇ ਪਾਸੋਂ ਨਹੀਂ ਹੋ ਸਕੀ। ਉਂਜ ਤਾਂ ਸਭ ਕੋਈ ਕਹਿਣੇ ਵਾਲਾ ਹੋ ਕੇ ਕਹਿ ਕਹਿ ਕੇ ਗੁਣਾਂ ਨੂੰ ਆਖਦਾ ਹੈ।

ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ॥ ੩ ॥

ਜਿਹੜਾ ਗੁਰ ਉਪਦੇਸ਼ ਵਿਚ ਸਮਾਉਂਦਾ ਹੈ, ਉਹ ਹਰੀ ਨੂੰ ਬੁੱਝ ਲੈਂਦਾ ਹੈ॥ ੩ ॥

ਸੁਣਿ ਸੁਣਿ ਵੇਧੈ ਸਬਦਿ ਮਿਲਾਏ॥ ਵਡੀ ਵਡਿਆਈ ਗੁਰ ਸੇਵਾ ਤੇ ਪਾਏ॥

ਆਪਣੇ ਆਪ ਨੂੰ ਗੁਰੂ ਨਾਲ ਮਿਲਾਕੇ ਗੁਰ ਉਪਦੇਸ਼ ਨੂੰ ਸੁਣਿ ਸੁਣਿ=ਕੰਨਾਂ ਨਾਲ ਸੁਣੇ ਤਾਂ ਸਾਰੇ ਸਬਦਿ=ਸੰਸਾਰ ਵਿਚ ਪਰਮੇਸ਼ਰ ਨੂੰ ਵਿਆਪਕ ਵੇਖਦਾ ਹੈ। ਅਤੇ ਗੁਰੂ ਦੀ ਸੇਵਾ ਕਰਕੇ ਵਡੀ ਵਡਿਆਈ ਨੂੰ ਪਾਉਂਦਾ ਹੈ।

ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ॥ ੪ ॥ ੯ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ--ਜੋ ਨਾਮ ਸਿਮਰਨ ਵਿਚ ਰਤੇ=ਜੁੜੇ ਹਨ, ਉਹ (ਨਾਮਿ) ਹਰੀ ਵਿਚ ਸਮਾਏ=ਅਭੇਦ ਹੋਏ ਹਨ॥ ੪ ॥ ੯ ॥ ੨੯ ॥

ਗਉੜੀ ਗੁਆਰੇਰੀ ਮਹਲਾ ੩ ॥

ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥

ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥

ਮਨਮੁਖ ਪੁਰਸ਼ ਮਾਇਆ ਦੇ ਮੋਹ ਵਿਚ ਪਿਆਰ ਪਾ ਕੇ ਅਵਿੱਦਿਆ ਦੀ ਨੀਂਦ ਵਿਚ ਸੁੱਤਾ ਪਿਆ ਹੈ।

ਅਥਵਾ:-ਮਨਮੁਖ ਮਾਇਆ ਨਾਲ ਪਿਆਰ ਪਾ ਕੇ ਮੋਹ ਦੀ ਨੀਂਦ ਵਿਚ ਸੁੱਤਾ ਪਿਆ ਹੈ। ਗੁਰਮੁਖ ਗਿਆਨ ਆਦਿਕ ਗੁਣਾਂ ਦੇ ਵਿਚਾਰਨ ਵਿਚ ਜਾਗ ਰਹੇ ਹਨ।

ਅਥਵਾ:-ਗੁਰਮੁਖ ਸ਼ੁਭ ਗੁਣਾਂ ਨੂੰ ਵਿਚਾਰ ਕੇ ਗਿਆਨ ਜਾਗ੍ਰਤ ਵਿਚ ਜਾਗ ਰਹੇ ਹਨ।

ਸੇ ਜਨ ਜਾਗੇ ਜਿਨ ਨਾਮ ਪਿਆਰਿ॥ ੧ ॥

ਜਿਨ੍ਹਾਂ ਨੇ ਨਾਮ ਨਾਲ ਪਿਆਰ ਕੀਤਾ ਹੈ ਉਹ ਪੁਰਸ਼ ਮੋਹ ਦੀ ਨੀਂਦ ਵਲੋਂ ਜਾਗੇ ਹਨ॥ ੧ ॥

ਸਹਜੇ ਜਾਗੈ ਸਵੈ ਨ ਕੋਇ॥ ਪੂਰੇ ਗੁਰ ਤੇ ਬੂਝੈ ਜਨੁ ਕੋਇ॥ ੧ ॥ ਰਹਾਉ॥

ਜਿਹੜਾ ਕੋਈ ਸਹਜੇ=ਗਿਆਨ ਜਾਗ੍ਰਤ ਵਿਚ ਜਾਗਦਾ ਹੈ ਉਹ ਕੋਈ ਮੋਹ ਵਾ:- ਅਵਿੱਦਿਆ ਦੀ ਨੀਂਦ ਵਿਚ ਨਹੀਂ ਸੋਂਦਾ। ਪਰ ਪੂਰਿਆਂ ਗੁਰਾਂ ਦੁਆਰੇ ਇਸ ਭੇਦ ਨੂੰ ਕੋਈ ਵਿਰਲਾ ਪੁਰਸ਼ ਸਮਝਦਾ ਹੈ॥ ੧ ॥ ਰਹਾਉ॥

ਅਸੰਤੁ ਅਨਾੜੀ ਕਦੇ ਨ ਬੂਝੈ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ॥

ਨਾਮ ਦੇ ਨ ਜਪਣ ਵਾਲਾ ਜੋ ਅਸੰਤੁ, ਅਨਾੜੀ=ਮੂਰਖ ਹੈ, ਜਾਂ ਅਨਾੜੀ=ਹਠੀਆ (ਜਿਦੀਆ) ਹੈ ਉਹ ਇਸ ਭੇਦ ਨੂੰ ਕਦੇ ਨਹੀਂ ਸਮਝਦਾ। ਉਹ ਵਿਖਾਵੇ ਦੀਆਂ ਕਥਨੀਆਂ ਕਥਨ ਕਰਦਾ ਹੈ, ਅਤੇ ਮਾਇਆ ਲੈਣ ਵਾਸਤੇ ਜੀਵਾਂ ਨਾਲ ਲੂਝੈ-ਝਗੜਦਾ ਹੈ।

ਅੰਧੁ ਅਗਿਆਨੀ ਕਦੇ ਨ ਸੀਝੈ॥ ੨॥

ਉਹ ਅੰਨ੍ਹਾ ਅਗਿਆਨੀ ਕਦੇ ਭੀ ਸੀਝੈ=ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ॥ ੨॥

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ॥
ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ॥

ਇਸ ਕਲਜੁਗ ਵਿਚ ਤਾਂ ਰਾਮ ਨਾਮ ਜਪਣ ਕਰਕੇ ਹੀ ਨਿਸਤਾਰਾ=ਤਰਨਾ ਹੁੰਦਾ ਹੈ। ਕੋਈ ਵਿਰਲਾ ਗੁਰਮੁਖ ਹੀ ਗੁਰ ਉਪਦੇਸ਼ ਨੂੰ ਵਿਚਾਰਕੇ ਨਾਮ ਸਿਮਰਨ ਨੂੰ ਪਾਂਦਾ ਹੈ।

ਆਪਿ ਤਰੈ ਸਗਲੇ ਕੁਲ ਉਧਾਰਾ॥ ੩॥

ਉਹ ਆਪ ਤਰਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਦੇਂਦਾ ਹੈ॥੩॥

[ਪੰਨਾ ੧੬੧]

ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥

ਇਸ ਕਲਜੁਗ ਵਿਚ ਜੀਵਾਂ ਪਾਸੋਂ ਕੋਈ ਸ੍ਰੇਸ਼ਟ ਕਰਮ ਧਰਮ ਨਹੀਂ ਹੋ ਸਕਦਾ ਕਿਉਂਕਿ:-ਕਲਜੁਗ ਦਾ ਜਨਮ ਸ਼ੂਦਰ ਦੇ ਘਰ ਵਿਚ ਹੋਣਾ ਸੀ, ਪਰ ਚੰਡਾਲ ਦੇ ਘਰ ਵਿਚ ਹੋ ਗਿਆ ਹੈ। ਏਸੇ ਕਾਰਨ ਕਰਕੇ ਭਰਿਸ਼ਟਾਚਾਰ ਵਧ ਗਿਆ ਹੈ ਸ਼ੁਭ ਕਰਮ ਕੋਈ ਨਹੀਂ ਕਰਦਾ। ਸਤਜੁਗ ਦਾ ਜਨਮ ਬ੍ਰਾਹਮਣ ਦੇ ਘਰ ਦਾ ਸੀ, ਤਰੇਤੇ ਜੁਗ ਦਾ ਜਨਮ ਖਤਰੀ ਦੇ ਘਰ ਦਾ ਸੀ।

ਦੁਆਪਰ ਜੁਗ ਦਾ ਜਨਮ ਵੈਸ਼ ਦੇ ਘਰ ਦਾ ਸੀ, ਇਸ ਹਿਸਾਬ ਅਨੁਸਾਰ ਕਲਜੁਗ ਦਾ ਜਨਮ ਸ਼ੂਦਰ ਦੇ ਘਰ ਹੋਣਾ ਸੀ ਪਰ ਨ ਹੋਣ ਕਰਕੇ ਚੰਡਾਲ ਦੇ ਘਰ ਹੋ ਗਿਆ ਹੈ।

ਅਥਵਾ:-ਕਲਜੁਗੀ ਜੀਵਾਂ ਦਾ ਜਨਮ ਚੰਡਾਲ=ਕਰੋਧ ਦੇ ਘਰ ਵਿਚ ਹੋ ਰਿਹਾ ਹੈ।

ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ॥ ੪॥ ੧੦॥ ੩੦॥

ਗੁਰੂ ਜੀ ਕਥਨ ਕਰਦੇ ਹਨ, ਕਲਜੁਗ ਵਿਚ ਨਾਮ ਜਪੇ ਤੋਂ ਬਿਨਾਂ ਕੋਈ ਭੀ ਮੁਕਤ ਨਹੀਂ ਹੋਵੇਗਾ॥ ੪॥ ੧੦॥ ੩੦॥

ਗਉੜੀ ਮਹਲਾ ੩ ਗੁਆਰੇਰੀ॥

ਸਚਾ ਅਮਰੁ ਸਚਾ ਪਾਤਿਸਾਹੁ॥ ਮਨਿ ਸਾਚੈ ਰਾਤੇ ਹਰਿ ਵੇਪਰਵਾਹੁ॥

ਉਹ ਪਾਤਸ਼ਾਹ ਪਰਮੇਸ਼ਰ ਆਪ ਸੱਚਾ ਹੈ, ਉਸ ਦਾ ਅਮਰੁ=ਹੁਕਮ ਭੀ ਸੱਚਾ ਹੈ।

ਜੋ ਮਨ ਕਰਕੇ ਸਚੇ ਹਰੀ ਵਿਚ ਰਤੇ ਹਨ ਉਹ ਬੇ-ਪਰਵਾਹ ਹਨ।

ਸਚੈ ਮਹਲਿ ਸਚਿ ਨਾਮਿ ਸਮਾਹੁ ॥ ੧ ॥

ਸਚੇ ਮਹਲਿ=ਸਰੂਪ ਦੇ ਪ੍ਰਾਪਤ ਹੋਣ ਕਰਕੇ ਜਗਿਆਸੂ ਨੂੰ ਸਚੇ ਨਾਮੀ ਦਾ ਸਮਾਹੁ=ਸਮਾਹੜਾ ਅਰਥਾਤ ਅਨੰਦ ਪਰਾਪਤ ਹੁੰਦਾ ਹੈ॥ ੧ ॥

ਸੁਣਿ ਮਨ ਮੇਰੇ ਸਬਦੁ ਵੀਚਾਰਿ ॥
ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥ ੧ ॥ ਰਹਾਉ ॥

ਹੇ ਮੇਰੇ ਮਨ ! ਗੁਰ ਉਪਦੇਸ਼ ਨੂੰ ਸੁਣਕੇ ਉਸ ਦੀ ਵਿਚਾਰ ਕਰ। ਇਹ ਨਿਯਮ ਹੈ:- ਰਾਮ ਨਾਮ ਨੂੰ ਜਪੋਗੇ ਤਾਂ ਭਵਜਲੁ=ਸੰਸਾਰ ਸਮੁੰਦਰ ਤੋਂ ਪਾਰ ਉੱਤਰ ਜਾਓਗੇ॥ ੧ ॥ ਰਹਾਉ ॥

ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥

ਇਹ ਜੀਵ ਭਰਮ ਕਰਕੇ ਆਉਂਦਾ ਹੈ, ਭਰਮ ਕਰਕੇ ਹੀ ਜਾਂਦਾ ਹੈ। ਦਵੈਤ ਭਾ ਕਰਕੇ ਹੀ ਇਹ ਸਾਰਾ ਜਗਤ ਜੰਮਿਆ ਹੈ।

ਮਨਮੁਖਿ ਨ ਚੇਤੈ ਆਵੈ ਜਾਇ ॥ ੨ ॥

ਮਨਮੁਖ ਪੁਰਸ਼ ਨਾਮ ਨਹੀਂ ਜਪਦਾ ਇਸ ਕਰਕੇ ਆਵੈ ਜਾਇ=ਜੰਮਦਾ ਮਰਦਾ ਹੈ॥ ੨ ॥

ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥
ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥

ਪ੍ਰਸ਼ਨ:-ਸਿਮਰਨ ਵਲੋਂ ਜੀਵ ਆਪੇ ਭੁੱਲਾ ਹੈ, ਕਿ ਪ੍ਰਭੂ ਨੇ ਆਪ ਇਸ ਨੂੰ ਭੁਲਾ ਦਿੱਤਾ ਹੈ?

ਉੱਤਰ:-ਉਪਰੋਂ ਦੇਣਾ। ਜੇ ਆਪ ਭੁਲਾ ਹੈ ਤੋਂ ਭੀ ਕਰਮਾਂ ਅਨੁਸਾਰ,

ਜੇਕਰ ਪ੍ਰਭੂ ਨੇ ਭੁਲਾਇਆ ਹੈ ਤੋ ਭੀ ਕਰਮਾਂ ਅਨੁਸਾਰ।

ਜੇ ਉੱਤਰ ਉਪਰੋਂ ਨ ਦੇਣਾ ਹੋਵੇ ਤਾਂ ਅਗਲੀ ਪੰਕਤੀ ਉੱਤਰ ਦੀ ਹੈ:-

ਇਸ ਜੀਵ ਨੇ ਆਪਣੇ ਮਾਲਕ ਪਰਮਾਤਮਾ ਨੂੰ ਛਡਕੇ ਵਿਡਾਣੀ=ਪਰਾਈ ਅਰਥਾਤ ਹੋਰਨਾਂ ਦੀ ਚਾਕਰੀ=ਸੇਵਾ ਵਿਚ ਆਪਣਾ ਮਨ ਲਗਾਇਆ ਹੋਇਆ ਹੈ।

ਇਸ ਲਈ ਭੁਲਿਆ ਫਿਰਦਾ ਹੈ--ਅਤੇ ਏਸੇ ਕਾਰਨ ਕਰਕੇ ਹੀ--

ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥ ੩ ॥

ਬੜੇ ਭਾਰੀ ਦੁਖਾਂ ਨੂੰ ਖਟੇ=ਪਰਾਪਤ ਕਰਦਾ ਹੈ, ਅਤੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗੁਆ ਲਿਆ ਹੈ॥ ੨ ॥

ਕਿਰਪਾ ਕਰਿ ਸਤਿਗੁਰੂ ਮਿਲਾਏ ॥
ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥

ਜੇਕਰ ਜੀਵ ! ਆਪਣੇ ਉੱਤੇ ਆਪਣੀ ਕਿਰਪਾ ਕਰਕੇ ਸਤਿਗੁਰਾਂ ਨਾਲ ਮਿਲਾ ਲਵੇ, ਅਤੇ ਹਿਰਦੇ ਵਿਚੋਂ

ਭਰਮ ਨੂੰ ਚੁਕਾਏ=ਦੂਰ ਕਰਕੇ ਇਕ ਨਾਮ ਦਾ ਚਿੰਤਨ ਕਰੇ।

ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ॥ ੪ ॥ ੧੧ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ— ਇਸ ਤਰ੍ਹਾਂ ਨਾਮ ਜਪਣ ਕਰਕੇ ਨੌਂ ਨਿਧੀਆਂ ਦੇ ਦੇਣ ਵਾਲੇ ਨਾਮੀ ਪਰਮਾਤਮਾ ਨੂੰ ਪਾ ਲੈਂਦਾ ਹੈ॥ ੪॥ ੧੧॥ ੩੧॥

ਗਉੜੀ ਗੁਆਰੇਰੀ ਮਹਲਾ ੩ ॥

ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ॥

ਗੁਰ ਸੇਵਾ ਤੇ ਮਨੁ ਪਤੀਆਇ॥

ਜਿਨ੍ਹਾਂ ਗੁਰਮੁਖਾਂ ਨੇ ਨਾਮ ਧਿਆਉਣਾ ਕੀਤਾ ਹੈ ਉਨ੍ਹਾਂ ਪਾਸ ਜਾ ਕੇ ਸਿਮਰਨ ਦਾ ਅਨੰਦ ਪੁਛਣਾ ਕਰੋ, ਅਤੇ ਗੁਰਾਂ ਦੀ ਸੇਵਾ ਕਰਨ ਨਾਲ ਮਨ ਪਤੀਆਇ=ਭਰੋਸੇ ਵਾਲਾ ਹੁੰਦਾ ਹੈ।

ਸੇ ਧਨਵੰਤ ਹਰਿ ਨਾਮੁ ਕਮਾਇ॥ ਪੂਰੇ ਗੁਰ ਤੇ ਸੋਝੀ ਪਾਇ॥ ੧ ॥

ਉਹ ਅਸਲ ਧਨ ਵਾਲੇ ਸ਼ਾਹੂਕਾਰ ਹਨ, ਜੋ ਹਰੀ ਨਾਮ ਦੀ ਕਮਾਈ ਕਰਦੇ ਹਨ।

ਪਰ ਪੂਰਿਆਂ ਗੁਰਾਂ ਪਾਸੋਂ ਹੀ ਹਰੀ ਨਾਮ ਦੀ ਗਿਆਤ ਪਰਾਪਤ ਹੁੰਦੀ ਹੈ॥ ੧॥

ਹਰਿ ਹਰਿ ਨਾਮੁ ਜਪਹੁ ਮੇਰੇ ਭਾਈ॥

ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ॥ ੧ ॥ ਰਹਾਉ॥

ਹੇ ਮੇਰੇ ਭਾਈ ! ਹਰਿ ਹਰਿ ਨਾਮ ਨੂੰ ਜਪਣਾ ਕਰੋ। ਅਤੇ ਮੁੱਖ ਗੁਰਾਂ ਦੀ ਸੇਵਾ ਕਰੋ, ਕਿਉਂਕਿ ਹਰੀ ਇਸ ਘਾਲ=ਕਮਾਈ ਨੂੰ ਥਾਂ ਪਾਂਦਾ ਭਾਵ ਸਫਲ ਕਰਦਾ ਹੈ।

ਅਥਵਾ:-ਗੁਰਮੁਖਾਂ ਦੀ ਸੇਵਾ ਘਾਲ=ਕੀਤੀ ਹੋਈ ਹਰੀ ਥਾਂ ਪਾਂਦਾ ਹੈ॥ ੧॥ ਰਹਾਉ॥

ਆਪੁ ਪਛਾਣੈ ਮਨੁ ਨਿਰਮਲੁ ਹੋਇ॥ ਜੀਵਨ ਮੁਕਤਿ ਹਰਿ ਪਾਵੈ ਸੋਇ॥

ਨਿਰਮਲ ਮਨ ਹੋਣ ਨਾਲ ਜੋ ਆਪਣੇ ਸਰੂਪ ਨੂੰ ਪਛਾਣਦਾ ਹੈ, ਉਹ ਜੀਵਨ ਮੁਕਤ ਅਵਸਥਾ ਵਾਲਾ ਮਨੁੱਖ ਹਰੀ ਨੂੰ ਪਾਉਂਦਾ ਹੈ।

ਹਰਿ ਗੁਣ ਗਾਵੈ ਮਤਿ ਊਤਮ ਹੋਇ॥ ਸਹਜੇ ਸਹਜਿ ਸਮਾਵੈ ਸੋਇ॥ ੨ ॥

ਜੋ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ, ਉਸ ਦੀ ਬੁੱਧੀ ਉੱਤਮ ਹੁੰਦੀ ਹੈ। ਉਹ ਸੁਭਾਵਕ ਹੀ ਗਿਆਨ ਦੁਆਰਾ ਸਹਜ ਪਦ ਵਿਚ ਸਮਾਵੈ=ਅਭੇਦ ਹੁੰਦਾ ਹੈ॥ ੨॥

ਦੂਜੈ ਭਾਇ ਨ ਸੇਵਿਆ ਜਾਇ॥ ਹਉਮੈ ਮਾਇਆ ਮਹਾ ਬਿਖੁ ਖਾਇ॥

ਦ੍ਵੈਤ ਭਾ ਕਰਕੇ ਹਰੀ ਸੇਵਿਆ ਨਹੀਂ ਜਾਂਦਾ। ਮਾਇਆ ਦੀ ਹੰਗਤਾ ਮਮਤਾ ਕਰਕੇ ਮਹਾ=ਬੜੀ ਵਿਸ਼ਿਆਂ ਰੂਪੀ ਵਿਹੁ ਨੂੰ ਖਾ ਰਿਹਾ ਹੈ।

ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥ ੩ ॥

ਪੁਤਰ, ਕੁਟੰਬਿ=ਇਸਤ੍ਰੀ, ਗ੍ਰਿਹਿ=ਘਰ ਅਤੇ ਮਾਇਆ ਦੇ ਜੰਜਾਲਾਂ ਵਿਚ ਮੋਹਿਆ ਗਿਆ ਹੈ। ਇਸ ਕਰਕੇ ਅੰਨ੍ਹਾਂ ਮਨਮੁਖ ਆਵੈ ਜਾਇ=ਜੰਮਦਾ ਮਰਦਾ ਹੈ॥ ੩ ॥

ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥

ਉਹ ਗੁਰੂ ਸਾਹਿਬ ਜੀ ਜਿਸ ਪੁਰਸ਼ ਨੂੰ ਹਰਿ ਹਰਿ ਨਾਮ ਦੇਂਦੇ ਹਨ।

ਉਸ ਗੁਰ ਸ਼ਬਦੀਏ ਪਾਸੋਂ ਰਾਤ ਦਿਨ ਪਰਮੇਸ਼ਰ ਦੀ ਭਗਤੀ ਹੁੰਦੀ ਹੈ।

ਗੁਰਮਤਿ ਵਿਰਲਾ ਬੂਝੈ ਕੋਇ ॥ ਨਾਨਕ ਨਾਮਿ ਸਮਾਵੈ ਸੋਇ ॥ ੪ ॥ ੧੨ ॥ ੩੨ ॥

ਜਿਹੜਾ ਕੋਈ ਵਿਰਲਾ ਗੁਰ ਸਿਖਿਆ ਨੂੰ ਸਮਝਦਾ ਹੈ। ਗੁਰੂ ਜੀ ਕਥਨ ਕਰਦੇ ਹਨ ਉਹ ਨਾਮਿ=ਨਾਮੀ ਪਰਮਾਤਮਾ ਵਿਚ ਸਮਾਂਵਦਾ ਹੈ॥ ੪ ॥ ੧੨ ॥ ੩੨ ॥

ਗਉੜੀ ਗੁਆਰੇਰੀ ਮਹਲਾ ੩ ॥

ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥

ਚੌਹਾਂ ਜੁਗਾਂ ਵਿਚ ਗੁਰ ਸੇਵਾ ਹੋ ਰਹੀ ਹੈ। ਪਰ ਕੋਈ ਪੂਰਾ ਪੁਰਸ਼ ਹੀ ਗੁਰਾਂ ਦੀ ਸੇਵਾ ਰੂਪੀ ਕਾਰ ਨੂੰ ਕਮਾਉਂਦਾ ਹੈ।

ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥ ੧ ॥

ਹਰੀ ਨਾਮ ਧਨ ਅਖੁੱਟ ਹੈ ਜਿਸ ਦੀ ਕਦੇ ਤੋਟ ਨਹੀਂ ਹੋਈ। ਜਿਸਨੂੰ ਨਾਮ ਧਨ ਪ੍ਰਾਪਤ ਹੋਇਆ ਹੈ, ਉਸਨੂੰ ਐਥੈ=ਇਸ ਲੋਕ ਵਿਚ ਸਦਾ ਸੁਖ ਹੁੰਦਾ ਹੈ, ਅਤੇ ਪ੍ਰਲੋਕ ਦਰਬਾਰ ਵਿਚ ਵੀ ਸੋਭਾ ਹੁੰਦੀ ਹੈ॥ ੧ ॥

ਏ ਮਨ ਮੇਰੇ ਭਰਮੁ ਨ ਕੀਜੈ ॥

ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥

ਹੇ ਮੇਰੇ ਮਨ ! ਚਿਤ ਵਿਚ ਭਰਮ ਨ ਕਰ, ਮੁਖ ਗੁਰਾਂ ਦੀ ਸੇਵਾ ਕਰਨੇ ਰੂਪ ਅੰਮ੍ਰਿਤ ਰਸ ਨੂੰ ਪੀਣਾ ਕਰ ੧ ॥ ਰਹਾਉ ॥

ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ ॥

ਆਪਿ ਉਧਰੇ ਕੁਲ ਸਗਲ ਨਿਸਤਾਰੇ ॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ, ਉਹ ਸੰਸਾਰ ਵਿਚ ਬੜੇ ਮਹਾਂਪੁਰਖ ਭਾਵ ਉਤਮ ਪੁਰਖ ਹਨ। ਉਹ ਸੇਵਾ ਦੇ ਪ੍ਰਤਾਪ ਕਰਕੇ ਆਪ ਤਰ ਜਾਂਦੇ ਹਨ, ਤੇ ਸਾਰੀਆਂ ਕੁਲਾਂ ਨੂੰ ਨਿਸਤਾਰੇ=ਤਾਰ ਦੇਂਦੇ ਹਨ।

ਹਰਿ ਕਾ ਨਾਮੁ ਰਖਹਿ ਉਰ ਧਾਰੇ ॥ ਨਾਮਿ ਰਤੇ ਭਉਜਲ ਉਤਰਹਿ ਪਾਰੇ ॥ ੨ ॥

ਉਹ ਹਮੇਸ਼ਾਂ ਹਿਰਦੇ ਵਿਚ ਹਰੀ ਨਾਮ ਨੂੰ ਧਾਰੀ ਰਖਦੇ ਹਨ।

ਉਹ ਨਾਮੀ ਪ੍ਰਮਾਤਮਾ ਵਿਚ ਰਤੇ ਹੋਏ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਏ ਹਨ॥ ੨ ॥

ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥

ਜੋ ਮਨ ਵਿਚ ਦਾਸਾ ਭਾਵ ਧਾਰਕੇ, ਅਤੇ ਹੰਗਤਾ ਮਮਤਾ ਨੂੰ ਮਾਰ ਕੇ ਸਦਾ ਹੀ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਨ੍ਹਾਂ ਦਾ ਹਿਰਦਾ ਕਮਲ ਪਰਗਾਸਾ=ਖਿੜ ਪੈਂਦਾ ਹੈ।

ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥ ੩ ॥

ਅਨਹਦੁ ਵਾਜੈ=ਇਕ ਰਸ ਨਾਮਾਂ ਰੂਪੀ ਵਾਜਿਆਂ ਦੇ ਵੱਜਣ ਕਰਕੇ ਉਨ੍ਹਾਂ ਦਾ ਸਰੂਪ ਰੂਪੀ ਘਰ ਵਿਚ ਨਿਵਾਸ ਹੋਇਆ ਹੈ। ਨਾਮਿ+ਰਤੇ=ਨਾਮੀ ਪਰਮਾਤਮਾ ਨਾਲ ਮਿਲਣ ਕਰਕੇ ਘਰ ਵਿਚ ਰਹਿੰਦੇ ਹੋਏ ਭੀ ਵਿਰੱਕਤ ਮਹਾਤਮਾਂ ਵਾਂਗ ਉਦਾਸ ਰਹਿੰਦੇ ਹਨ॥ ੩ ॥

ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥

ਜੇ ਸ਼ਰਧਾ ਭਾਵ ਨਾਲ ਪੂਰਿਆਂ ਸਤਿਗੁਰਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੀ ਬਾਣੀ ਸਚੀ ਹੈ। ਉਨ੍ਹਾਂ ਦੀ ਬਾਣੀ ਜੁਗਾਂ ਜੁਗਾਂ ਵਿਚ ਭਗਤਾਂ ਨੇ ਆਖਕੇ ਵਖਾਣੀ=ਕਥਨ ਕੀਤੀ ਹੈ।

[ਪੰਨਾ ੧੬੨]

ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥
ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥ ੪ ॥ ੧੩ ॥ ੩੩ ॥

ਜਿਸ ਦੇ ਪਾਣੀ=ਹੱਥ ਵਿਚ ਸਾਰੰਗ ਨਾਮਾ ਧਨੁਖ ਫੜਿਆ ਹੋਇਆ ਹੈ ਉਸ ਹਰੀ ਨੂੰ ਜੋ ਰਾਤ ਦਿਨ ਇਸ ਤਰ੍ਹਾਂ ਜਪਦੇ ਹਨ ਜਿਵੇਂ ਸਾਰੰਗ=ਪਪੀਹਾ ਸ੍ਵਾਂਤੀ ਬੂੰਦ ਲਈ ਰਟ ਲਗਾਂਦਾ ਅਰਥਾਤ ਪੁਕਾਰ ਕਰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਉਹ ਨਾਮੀ ਵਿਚ ਰਤੇ ਹੋਏ ਨਿਹਕੇਵਲ=ਸ਼ੁੱਧ ਤੇ ਨਿਰਬਾਣੀ=ਨਿਰਬੰਧ ਭਾਵ ਬੰਧਨਾਂ ਤੋਂ ਰਹਿਤ ਹੋਏ ਹਨ॥ ੪॥ ੧੩॥ ੩੩॥

ਗਉੜੀ ਗੁਆਰੇਰੀ ਮਹਲਾ ੩ ॥

ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥ ੧ ॥

ਜਿਸ ਵਡਭਾਗੀ ਨੂੰ ਭਾਗਾਂ ਦੇ ਸੰਜੋਗ ਕਰਕੇ ਸਤਿਗੁਰੂ ਮਿਲੇ ਹਨ।
ਉਹ ਹਿਰਦੇ ਵਿਚ ਨਿਤਾਪ੍ਰਤੀ ਹਰੀ ਨਾਮ ਰਸ ਨੂੰ ਭੋਗਦਾ ਹੈ॥ ੧ ॥

ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥
ਜਨਮੁ ਜੀਤਿ ਲਾਹਾ ਨਾਮੁ ਪਾਇ ॥ ੧ ॥ ਰਹਾਉ ॥

ਹੇ ਪ੍ਰਾਣੀ ! ਤੂੰ ਗੁਰਮੁਖਿ=ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਣਾ ਕਰ।
ਨਾਮ ਦੇ ਲਾਭ ਨੂੰ ਪਾ ਕੇ ਮਨੁੱਖਾ ਜਨਮ ਨੂੰ ਜਿਤ ਲੈਣਾ ਕਰ॥ ੧ ॥ ਰਹਾਉ॥

ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥ ੨ ॥

ਜਿਸਨੂੰ ਗੁਰਾਂ ਦਾ ਉਪਦੇਸ਼ ਮੀਠਾ=ਪਿਆਰਾ ਲਗਾ ਹੈ ਉਸ ਨੂੰ ਗਿਆਨ ਧਿਆਨ ਦੀ ਪ੍ਰਾਪਤੀ ਹੋਈ ਹੈ, ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਗਿਆਨ ਧਿਆਨ ਦਾ ਰਸ ਚੱਖ ਵੇਖਿਆ ਹੈ॥ ੨॥

ਕਰਮ ਕਾਂਡ ਬਹੁ ਕਰਹਿ ਅਚਾਰ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥ ੩॥

ਨਾਮ ਤੋਂ ਬਿਨਾਂ ਹੋ ਕੇ ਜੋ ਪੁਰਸ਼ ਕਰਮ ਕਾਂਡ ਦੇ ਬਹੁਤੇ ਅਚਾਰ=ਕਰਤੱਬਾਂ ਨੂੰ ਕਰਦੇ ਹਨ, ਉਨ੍ਹਾਂ ਕਰਮਾਂ ਨੂੰ ਧ੍ਰਿਗਾਕਾਰ ਹੈ ਅਤੇ ਕਰਮਾਂ ਦੇ ਹੰਕਾਰ ਨੂੰ ਭੀ ਧ੍ਰਿਗਾਕਾਰ ਹੈ॥ ੩॥

ਬੰਧਨਿ ਬਾਧਿਓ ਮਾਇਆ ਫਾਸ॥

ਜਨ ਨਾਨਕ ਛੂਟੈ ਗੁਰ ਪਰਗਾਸ॥ ੪॥ ੧੪॥ ੩੪॥

ਸੰਸਾਰਕ ਬੰਧਨਾਂ ਵਿਚ ਬੱਧਾ ਹੋਇਆ ਮਾਇਆ ਦੀ ਫਾਹੀ ਵਿਚ ਫਸ ਰਿਹਾ ਹੈ।

ਅਥਵਾ:-ਮਾਇਆ ਰੂਪ ਫਾਹੀ ਦੇ ਬੰਧਨਾਂ ਵਿਚ ਬੱਧਾ ਹੋਇਆ ਹੈ।

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੁਆਰੇ ਜਿਸਨੂੰ ਪਰਗਾਸ=ਗਿਆਨ ਹੁੰਦਾ ਹੈ ਉਹ ਪੁਰਸ਼ ਬੰਧਨਾਂ ਤੋਂ ਛੁਟ ਜਾਂਦਾ ਹੈ॥ ੪॥ ੧੪॥ ੩੪॥

ਮਹਲਾ ੩ ਗਉੜੀ ਬੈਰਾਗਣਿ॥

ਅਕਬਰ ਬਾਦਸ਼ਾਹ ਦੀ ਬੇਨਤੀ ਕਰਨ ਪਰ, ਅਤੇ ਸ੍ਰੇਸ਼ਟਾਚਾਰ ਲਈ ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਤੀਰਥ ਯਾਤਰਾ ਕਰਦੇ ਹੋਏ ਹਰਿਦੁਆਰ ਪਹੁੰਚੇ ਤਾਂ ਪੰਡਿਤਾਂ ਨੇ ਪਾਸ ਆ ਕੇ ਕਿਹਾ— ਜਦ ਕਿ ਅਗੇ ਸੰਸਕ੍ਰਿਤ ਬਾਣੀ ਵਿਚ ਬੇਦ ਸ਼ਾਸਤ੍ਰ ਆਦਿ ਗਰੰਥ ਰਚੇ ਹੋਏ ਸਨ ਤਾਂ ਆਪ ਜੀ ਦੇ ਬਜ਼ੁਰਗਾਂ ਨੇ ਗੁਰਮੁਖੀ ਅੱਖਰ ਬਣਾਕੇ ਬਾਣੀ ਕਿਉਂ ਉਚਾਰੀ ਹੈ?

ਕੀ ਇਹ ਸੰਸਕ੍ਰਿਤ ਬਾਣੀ ਮੋਖ ਨਹੀਂ ਕਰ ਸਕਦੀ ? ਇਹ ਗੱਲ ਸੁਣ ਕੇ ਗੁਰੂ ਜੀ ਆਖਦੇ ਹਨ,

ਬਾਬਾ ਤੂੰ ਐਸੇ ਭਰਮੁ ਚੁਕਾਹੀ॥

ਅਸਾਡੇ ਬਾਬੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਦੀ ਉਚਾਰੀ ਹੋਈ ਬਾਣੀ ਵਿਚ ਇਸ ਤਰ੍ਹਾਂ ਜਾਣਕੇ ਤੁਸੀਂ ਭਰਮ ਨੂੰ ਦੂਰ ਕਰ ਦਿਓ।

ਜੈਸੀ ਧਰਤੀ ਊਪਰ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ॥

ਜੈਸੀ ਇਹ ਰੀਤੀ ਹੈ, ਜਿਸ ਵੇਲੇ ਧਰਤੀ ਉੱਤੇ ਬੱਦਲ ਵਸਦਾ ਹੈ ਤਾਂ ਸਾਰੇ ਲੋਕ ਅਨੰਦ ਹੁੰਦੇ ਹਨ, ਅਸੀਂ ਤੁਹਾਡੇ ਪਾਸੋਂ ਪੁਛਦੇ ਹਾਂ ਕੀ ਧਰਤੀ ਵਿਚ ਪਾਣੀ ਨਹੀਂ ਹੈ?

ਭਾਵ ਪ੍ਰਿਥਵੀ ਵਿਚ ਪਾਣੀ ਹੈ ਸਹੀ ਪਰ ਉਹ ਪੂਰੀ ਹਰੀਆਵਲਤਾ ਨਹੀਂ ਦੇਂਦਾ।

ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ॥ ੧॥

ਜਿਸ ਤਰ੍ਹਾਂ ਧਰਤੀ ਵਿਚ ਪਾਣੀ ਹੈ ਤਾਂ ਪਰਗਟ, ਪਰ ਉਹ ਪਾਣੀ ਪੈਰਾਂ ਤੋਂ ਬਿਨਾਂ ਹੈ ਕਿਉਂ ਕਿ ਧਰਤੀ ਵਿਚੋਂ ਆਪਣੇ ਆਪ ਨਹੀਂ ਨਿਕਲ ਸਕਦਾ ਉਸ ਪਾਣੀ ਵਾਸਤੇ ਬੜੇ ਜਤਨ ਕਰਨੇ ਪੈਂਦੇ ਹਨ। ਪਹਿਲੇ ਖੂਹਾ ਖੋਦਣਾ ਪੈਂਦਾ ਹੈ, ਫੇਰ ਹਰਟ ਦਾ ਸਾਰਾ ਸਮਾਨ ਤਿਆਰ ਕਰਕੇ ਜੋੜਨਾ ਪੈਂਦਾ ਹੈ ਅਤੇ ਗਾਧੀ ਪਰ ਬੈਠਕੇ ਬਲਦਾਂ ਨੂੰ ਹੱਕਣਾ ਪੈਂਦਾ ਹੈ ਤਾਂ ਉਹ ਪਾਣੀ ਨਿਕਲਦਾ ਹੈ, ਫਿਰ ਉਸ ਜਲ ਨਾਲ਼ ਇਤਨੀ ਹਰੀਆਵਲਤਾ

ਨਹੀਂ ਹੁੰਦੀ ਜਿੰਨੀ ਕੁ ਬੱਦਲਾਂ ਦੇ ਪਾਣੀ ਨਾਲ ਹੁੰਦੀ ਹੈ, ਅਤੇ ਬੱਦਲ ਸਾਰੀਆਂ ਜਗ੍ਹਾਂ ਪਰ ਜਲ ਵਰਸਾਂਦੇ ਫਿਰਦੇ ਹਨ।

ਏਸੇ ਤਰ੍ਹਾਂ ਜੋ ਸੰਸਕ੍ਰਿਤ ਬਾਣੀ ਹੈ, ਉਹ ਧਰਤੀ ਦੇ ਜਲ ਵਾਂਗੂੰ ਪਰਾਪਤ ਕਰਨੀ ਬੜੀ ਮੁਸ਼ਕਲ ਹੈ ਕਿਉਂਕਿ ਪਹਿਲੇ ੧੨ ਸਾਲ ਵਿਆਕਰਨ ਆਦਿਕ ਗ੍ਰੰਥਾਂ ਨੂੰ ਪੜ੍ਹੇ ਤਾਂ ਸੰਸਕ੍ਰਿਤ ਬਾਣੀ ਜੋ ਬੇਦ ਹੈ ਉਸ ਤੋਂ ਲਾਭ ਪਰਾਪਤ ਕਰ ਸਕਦਾ ਹੈ। ਇਸ ਲਈ ਸੰਸਕ੍ਰਿਤ ਬਾਣੀ ਨੂੰ ਪੈਰਾਂ ਤੋਂ ਬਿਨਾਂ ਕਿਹਾ ਹੈ।

ਅਸਾਡੇ ਬਾਬਿਆਂ ਨੇ ਗੁਰਮੁਖੀ ਅੱਖਰ ਰਚ ਕੇ ਜੋ ਬਾਣੀ ਉਚਾਰੀ ਹੈ ਉਹ ਬੱਦਲਾਂ ਦੇ ਜਲ ਵਾਂਗੂੰ ਸੁਖੈਣ ਹੈ, ਜਿਥੇ ਕੋਈ ਬੈਠਾ ਹੈ, ਓਥੇ ਹੀ ਇਸ ਬਾਣੀ ਨੂੰ ਪੜ੍ਹ ਕੇ ਅਨੰਦਦਾਇਕ ਲਾਭ ਪ੍ਰਾਪਤ ਕਰ ਸਕਦਾ ਹੈ। ਅਤੇ ਬੱਦਲਾਂ ਦੇ ਜਲ ਵਾਂਗੂੰ ਸ਼ੁਭ ਗੁਣਾਂ ਰੂਪੀ ਹਰੀਆਵਲਤਾ ਦੇ ਦੇਣ ਵਾਲੀ ਹੈ।

ਯਥਾ:- ਸੰਸਕ੍ਰਿਤ ਕੋ ਪਢ ਨਹਿ ਜਾਨਹਿ॥ ਕਿਹ ਬਿਧ ਮਹਿਮਾ ਨਾਮ ਪਛਾਨਹਿ॥

ਤਾਂਤੇ ਸਤਿਗੁਰ ਸ੍ਰੀ ਮੁਖ ਬਾਣੀ॥ ਰਚ ਦੀਨੀ ਲੋਕਨ ਗਤਿ ਦਾਨੀ॥

ਬਾਬਾ ਤੂੰ ਐਸੇ ਭਰਮੁ ਚੁਕਾਹੀ॥

ਹੇ ਪੰਡਿਤ ਜੀ ! ਸਾਡੇ ਬਾਬੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਦੀ ਬਾਣੀ ਨੂੰ ਇਸ ਤਰ੍ਹਾਂ ਨਿਸਚੇ ਕਰਕੇ ਭਾਵ ਬੱਦਲਾਂ ਦੇ ਜਲ ਵਾਂਗੂੰ ਸੁਖੈਣ ਸਮਝਕੇ ਭਰਮ ਨੂੰ ਦੂਰ ਕਰ ਦਿਓ।

ਫਿਰ ਪੰਡਿਤ ਨੇ ਕਿਹਾ:-ਬੇਦ ਬਾਣੀ ਈਸ਼ੂਰ ਰਚਿਤ ਹੈ,

ਇਹ ਗੁਰਮੁਖੀ ਬਾਣੀ ਮਨੁੱਖ ਰਚਿਤ ਹੈ। *ਗੁਰ ਉੱਤਰ:-*

ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ॥ ੧॥ ਰਹਾਉ॥

ਜਿਸ ਪਰਮੇਸ਼ਰ ਨੇ ਕੁਝ ਬੇਦ ਬਾਣੀ ਨੂੰ ਰਚਨਾ ਕੀਤਾ ਹੈ, ਸੋਈ ਕੋਈ ਹੈ ਰੇ=ਉਹ ਕੋਈ ਪਰਮੇਸ਼ਰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ ਹੈ, ਪਰਮੇਸ਼ਰ ਨੇ ਹੀ ਗੁਰੂ ਨਾਨਕ ਅਵਤਾਰ ਹੋ ਕੇ ਇਹ ਗੁਰਮੁਖੀ ਬਾਣੀ ਉਚਾਰੀ ਹੈ।

ਜਿਸ ਬੇਦ ਬਾਣੀ ਉਚਾਰਨ ਕਰਕੇ ਪਰਮੇਸ਼ਰ ਵਿਚ ਜਾ ਸਮਾਉਂਦਾ ਹੈ,

ਤਿਵੇਂ ਗੁਰਮੁਖੀ ਬਾਣੀ ਦੇ ਪੜ੍ਹਨ ਕਰਕੇ ਪਰਮੇਸ਼ਰ ਵਿਚ ਜਾ ਸਮਾਉਂਦਾ ਹੈ॥ ੧॥

ਫਿਰ ਪੰਡਿਤ ਨੇ ਕਿਹਾ-ਜਦ ਕਿ ਪਰਮੇਸ਼ਰ ਸਾਰੇ ਪਰੀਪੂਰਨ ਹੈ

ਤਾਂ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਕਿਉਂ ਹੋਇਆ ਹੈ?

ਗੁਰ ਉੱਤਰ:- ਬਾਬਾ ਤੂੰ ਐਸੇ ਭਰਮੁ ਚੁਕਾਹੀ॥

ਅਸਾਡੇ ਬਾਬੇ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਦੇ ਅਵਤਾਰ ਹੋਣ ਵਿਚ ਇਸ ਤਰ੍ਹਾਂ ਜਾਣਕੇ ਤੁਸੀਂ ਭਰਮ ਨੂੰ ਚੁਕਾਹੀ=ਦੂਰ ਕਰ ਦਿਓ।

ਜੈਸੀ ਧਰਤੀ ਊਪਰ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ॥

ਜੈਸੇ ਇਹ ਗੱਲ ਹੈ-ਕਿ ਧਰਤੀ ਉੱਤੇ ਮੇਘੁਲਾ=ਬੱਦਲ ਵਰਖਾ ਕਰਦਾ ਫਿਰਦਾ ਹੈ,

ਕੀ ਧਰਤੀ ਵਿਚ ਪਾਣੀ ਨਹੀਂ ਹੈ? ਅਰਥਾਤ ਧਰਤੀ ਵਿਚ ਪਾਣੀ ਤਾਂ ਹੈ ਪਰ ਜਿੰਨੀ ਕੁ ਹਰੀਆਵਲਤਾ ਬੱਦਲਾਂ ਦਾ ਪਾਣੀ ਦੇਂਦਾ ਹੈ ਉਤਨੀ ਹਰਿਆਵਲਤਾ ਧਰਤੀ ਦਾ ਪਾਣੀ ਨਹੀਂ ਦੇਂਦਾ।

ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ॥ ੧॥

ਜਿਵੇਂ ਧਰਤੀ ਵਿਚ ਪਾਣੀ ਪਰਗਟ ਹੈ ਪਰ ਉਹ ਪਾਣੀ ਪੈਰਾਂ ਤੋਂ ਬਿਨਾਂ ਹੈ। ਤੇ ਬੱਦਲ ਭਾਵੇਂ ਪੈਰਾਂ ਤੋਂ ਬਿਨਾਂ ਹਨ ਫਿਰ ਵੀ ਸਾਰੇ ਵਰਖਾ ਕਰਦੇ ਫਿਰਦੇ ਹਨ। ਏਸੇ ਤਰ੍ਹਾਂ ਪਰਮੇਸ਼ਰ ਭਾਵੇਂ ਸਾਰੇ ਵਿਆਪਕ ਹੈ, ਪਰ ਉਹ ਪਰਗਟ ਹੋ ਕੇ ਅਨੰਦ ਨਹੀਂ ਦੇਂਦਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਪਰਗਟ ਹੋ ਕੇ ਉਪਦੇਸ਼ ਜਲ ਦੀ ਵਰਖਾ ਹਰ ਜਗ੍ਹਾ ਕਰਦੇ ਫਿਰਦੇ ਹਨ ਅਰਥਾਤ ਹਰ ਇਕ ਜਗ੍ਹਾ ਆਪ ਜਾ ਕੇ ਆਪਣੇ ਉਪਦੇਸ਼ ਦੁਆਰਾ ਸਾਰਿਆਂ ਨੂੰ ਨਿਹਾਲ ਕਰਦੇ ਹਨ।

ਇਸ ਕਾਰਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਣਾ ਸਫਲ ਹੈ।

ਪੰਡਿਤ ਨੇ ਕਿਹਾ:- ਸ੍ਰੀ ਗੁਰੂ ਨਾਨਕ ਦੇਵ ਜੀ ਦੇਵੀ ਦੇਵਤੇ ਦਾ ਅਵਤਾਰ ਹਨ ਯਾਂ ਕਿ ਕਿਸੇ ਹੋਰ ਦਾ?

ਗੁਰ ਉੱਤਰ:-

ਜੋ ਕਿਛ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ॥ ੧॥ ਰਹਾਉ॥

ਜੋ ਪਰਮੇਸ਼ਰ ਕੁਝ ਸੰਸਾਰ ਨੂੰ ਪੈਦਾ ਕਰਦਾ ਹੈ, ਓਹੀ ਕੋਈ ਪਰਮੇਸ਼ਰ ਸ੍ਰੀ ਗੁਰੂ ਨਾਨਕ ਦੇਵ ਰੂਪ ਹੋਇਆ ਹੈ। ਜਿਵੇਂ ਪਰਮੇਸ਼ਰ ਦੀ ਉਪਾਸ਼ਨਾਂ ਕਰਨ ਨਾਲ ਜੀਵ ਉਸ ਵਿਚ ਅਭੇਦ ਹੁੰਦਾ ਹੈ, ਤਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ, ਦੀ ਉਪਾਸ਼ਨਾਂ ਕਰਨ ਨਾਲ ਇਹ ਜੀਵ ਪਰਮੇਸ਼ਰ ਵਿਚ ਸਮਾ ਜਾਂਦਾ ਹੈ॥ ੧॥

ਅਗੋਂ ਪ੍ਰਸੰਗ ਪਹਿਲੇ ਅਰਥ ਦੇ ਅਨੁਸਾਰ ਚਲੇਗਾ, *ਪ੍ਰਸ਼ਨ:*-ਬਾਣੀ ਵਿਚ ਕੀ ਕਥਨ ਕੀਤਾ ਹੈ?

ਗੁਰ ਉੱਤਰ:- ਇਸ ਬਾਣੀ ਵਿਚ ਪਰਮੇਸ਼ਰ ਦੀ ਸਮਰੱਥਾ ਕਥਨ ਕੀਤੀ ਹੈ:-

ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ॥

ਇਸਤ੍ਰੀ ਪੁਰਸ਼ ਆਪਸ ਵਿਚ ਇਕੱਠੇ ਹੋ ਕੇ ਕੀ ਉਹ ਬੱਚੇ ਬੱਚੀਆਂ ਦੇ ਪੈਦਾ ਕਰਨੇ ਰੂਪ ਕਰਮ ਕਮਾ ਸਕਦੇ ਹਨ? ਕਿਤੂੰ ਨਹੀਂ। ਇਹ ਪਰਮੇਸ਼ਰ ਦੀ ਆਪਣੀ ਹੀ ਤਾਕਤ ਹੈ ਜੋ ਰਕਤ ਬਿੰਦ ਦੇ ਮਿਲਾਪ ਤੋਂ ਬੱਚੇ ਬੱਚੀਆਂ ਦੇ ਸੁੰਦਰ ਸਰੀਰ ਬਣਾ ਦੇਂਦਾ ਹੈ।

ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ॥ ੨॥

ਹੇ ਪਰਮੇਸ਼ਰ, ਸੰਸਾਰ ਵਿਚ ਨਾਨਾ ਪ੍ਰਕਾਰ ਦੇ ਰੂਪ ਸਦਾ ਤੇਰੇ ਹੀ ਰਚੇ ਹੋਏ ਹਨ, ਫਿਰ ਅੰਤ ਨੂੰ ਮਹਾਂ ਪਰਲੋ ਵੇਲੇ ਤੇਰੇ ਵਿਚ ਹੀ ਸਮਾ ਜਾਂਦੇ ਹਨ॥ ੨॥

ਇਤਿਆਦਿਕ ਬਚਨ ਸੁਣਦਿਆਂ ਸਾਰ ਪੰਡਿਤਾਂ ਨੂੰ ਸ਼ਰਧਾ ਆ ਗਈ, ਤੇ ਹੱਥ ਜੋੜ ਕੇ ਆਖਦੇ ਹਨ--

ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ॥

ਇਤਨੇ ਜਨਮ ਅਰਥਾਤ ਕਿਤਨੇ ਹੀ ਜਨਮ ਤਾਂ ਅਸੀਂ ਭੁਲ ਵਿਚ ਹੀ ਪਏ ਹੋਏ ਸਾਂ ਜੋ ਬਾਬਿਆਂ ਦੀ ਬਾਣੀ ਵਿਚ ਨਿਸਫਲਤਾ ਆਦਿਕ ਦੋਸ਼ ਅਰੋਪਦੇ ਰਹੇ।

ਜਾਂ ਆਪ ਜੀ ਪਾਸੋਂ ਸ਼ੁਭ ਬਚਨ ਸੁਨਣਾ ਪਾਇਆ, ਤਾਂ ਇਹ ਭੇਦ ਪਾ ਲਿਆ,

ਜਾਂ ਆਪ ਜੀ ਦਾ ਦਰਸ਼ਨ ਪਾਇਆ, ਤਾਂ ਹੁਣ ਅਸੀਂ ਨਹੀਂ ਭੁੱਲਾਂਗੇ।

ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ॥ ੩॥

ਜਿਸ ਪਰਮੇਸ਼ਰ ਦਾ ਰਚਿਆ ਹੋਇਆ ਇਹ ਕਾਰਜ ਰੂਪ ਸੰਸਾਰ ਹੈ, ਉਸ ਪਰਮੇਸ਼ਰ ਨੂੰ ਪਰ=ਭਲੀ ਪ੍ਰਕਾਰ

ਤਾਂ ਹੀ ਜਾਣਦਾ ਹੈ, ਜੇ ਗੁਰਾਂ ਦੇ ਉਪਦੇਸ਼ ਵਿਚ ਸਮਾ ਜਾਵੇ॥ ੩॥

ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾ ਹੀ॥

ਹੇ ਪਰਮੇਸ਼ਰ, ਇਹ ਸਬਦੁ=ਸੰਸਾਰ ਤੇਰਾ ਬਣਾਇਆ ਹੋਇਆ ਹੈ, ਅਤੇ ਤੂੰ ਆਪੇ ਹੀ ਸੰਸਾਰ ਰੂਪ ਹੈ,

ਅਥਵਾ:-ਤੂੰ ਆਪੇ ਇਸ ਵਿਚ ਇਸਥਿਤ ਹੋ ਰਿਹਾ ਹੈਂ ਇਸ ਵਿਚ ਕਾਹਦਾ ਭਰਮ ਹੈ, ਅਰਥਾਤ ਕੋਈ ਭਰਮ ਨਹੀਂ।

ਨਾਨਕ ਤਤੁ ਤਤ ਸਿਉ ਮਿਲਿਆ
ਪੁਨਰਪਿ ਜਨਮਿ ਨ ਆਹੀ॥ ੪॥ ੧॥ ੧੫॥ ੩੫॥

ਗੁਰੂ ਜੀ ਕਥਨ ਕਰਦੇ ਹਨ ਜੋ ਤਤੁ=ਲਖ ਸਰੂਪ ਹੋ ਕੇ ਤਤੁ+ਸਿਉ=ਸਿਧਾਂਤ ਰੂਪ ਪਰਮੇਸ਼ਰ ਨਾਲ ਮਿਲਿਆ ਹੈ, ਉਹ ਪੁਨਰਪਿ=ਮੁੜ ਕੇ ਫੇਰ ਜਨਮ ਮਰਨ ਵਿਚ ਨਹੀਂ ਆਉਂਦਾ॥ ੪॥ ੧॥ ੧੫॥੩੫॥

ਇਹ ਸ਼ਬਦ ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੪੬ ਵਿਚ ਭੀ ਲਿਖਿਆ ਹੋਇਆ ਹੈ।

ਗਉੜੀ ਬੈਰਾਗਣਿ ਮਹਲਾ ੩॥
ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ॥

ਸਾਰਾ ਜਗਤ ਦ੍ਵੈਤ ਭਾ ਵਿਚ ਬੱਧਾ ਹੋਇਆ ਨਾਮ ਨਹੀਂ ਜਪਦਾ ਇਸ ਲਈ ਕਾਲ ਦੇ ਵੱਸ ਵਿਚ ਹੈ।

ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ॥ ੧॥

ਜੋ ਹੰਗਤਾ ਮਮਤਾ ਵਿਚ ਲਗ ਕੇ ਸ਼ਕਾਮ ਕਰਮਾਂ ਨੂੰ ਕਰਦੇ ਹਨ, ਉਨ੍ਹਾਂ ਮਨਮੁਖਾਂ ਨੂੰ ਬੜੀ ਭਾਰੀ ਸਜ਼ਾ ਮਿਲਦੀ॥ ੧॥

ਮੇਰੇ ਮਨ ਗੁਰ ਚਰਣੀ ਚਿਤੁ ਲਾਇ॥

ਹੇ ਮੇਰੇ ਪਿਆਰੇ ! ਤੂੰ ਗੁਰਾਂ ਦੇ ਚਰਣਾਂ ਨਾਲ ਚਿਤ ਬਿਰਤੀ ਨੂੰ ਲਗਾਣਾ ਕਰ।

ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ॥ ੧॥ ਰਹਾਉ॥

ਗੁਰਾਂ ਪਾਸੋਂ ਨਾਮ ਰੂਪੀ ਨਿਧਾਨੁ=ਖਜ਼ਾਨਾ ਲੈਣਾ ਕਰ, ਉਹ ਤੈਨੂੰ ਪ੍ਰਲੋਕ ਦਰਗਾਹ ਵਿਚ ਜਮਾਂ ਤੋਂ ਛੁਡਾ ਲਵੇਗਾ॥ ੧॥

ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ॥

ਮਨ ਦੇ ਹਠੀਏ ਮਨਮੁਖ ਪੁਰਸ਼ ਚੁਰਾਸੀ ਲੱਖ ਜੂਨਾਂ ਵਿਚ ਭੌਂਦੇ ਹੋਏ ਜੰਮਦੇ ਮਰਦੇ ਹਨ।

ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ॥ ੨॥

ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਨੂੰ ਨ ਚੀਨਿਓ=ਨਹੀਂ ਜਾਣਿਆ, ਉਹ ਮੁੜ ਮੁੜ ਕੇ ਜੂਨਾਂ ਵਿਚ ਪਾਏ ਜਾਂਦੇ ਹਨ॥ ੨॥

ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ॥

ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਗੁਰਾਂ ਦੁਆਰੇ ਹਰੀ ਨਾਮ ਆ ਵਸਿਆ ਹੈ, ਉਨ੍ਹਾਂ ਨੇ ਆਪਣੇ ਸਰੂਪ ਨੂੰ ਪਛਾਣ ਲਿਆ ਹੈ।

ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥ ੩ ॥

ਜੋ ਰਾਤ ਦਿਨ ਭਗਤੀ ਵਿਚ ਰਤੇ ਰਹਿੰਦੇ ਹਨ, ਉਹ ਹਰੀ ਨਾਮ ਜਪ ਕੇ ਆਤਮ ਸੁਖ ਵਿਚ ਸਮਾਂਦੇ ਹਨ, *ਅਥਵਾ:*-ਸੁਖ ਸਰੂਪ ਹਰੀ ਨਾਮੀ ਵਿਚ ਸਮਾਏ=ਅਭੇਦ ਹੁੰਦੇ ਹਨ॥ ੩ ॥

ਮਨੁ ਸਬਦਿ ਮਰੈ ਪਰਤੀਤਿ ਹੋਇ, ਹਉਮੈ ਤਜੇ ਵਿਕਾਰ ॥

ਗੁਰ ਉਪਦੇਸ਼ ਵਿਚ ਪਰਤੀਤਿ ਹੋਇ=ਭਰੋਸਾ ਹੋਣ ਨਾਲ ਮਨ ਜੀਵਤ ਭਾ ਤੋਂ ਮਰ ਜਾਵੇ, ਤਾਂ ਹਉਮੈ ਆਦਿਕ ਵਿਕਾਰਾਂ ਨੂੰ ਤਜੇ=ਤਿਆਗ ਦੇਂਦਾ ਹੈ।

ਜਨ ਨਾਨਕ ਕਰਮੀ ਪਾਈਅਨਿ
ਹਰਿ ਨਾਮਾ ਭਗਤਿ ਭੰਡਾਰ ॥ ੪ ॥ ੨ ॥ ੧੬ ॥ ੩੬ ॥

ਗੁਰੂ ਜੀ ਕਥਨ ਕਰਦੇ ਹਨ-ਪੂਰਬਲੇ ਸ੍ਰੇਸ਼ਟ ਕਰਮਾਂ ਅਨੁਸਾਰ,

ਅਥਵਾ:- ਪ੍ਰਭੂ ਦੀ ਕਰਮੀ=ਕਿਰਪਾ ਨਾਲ ਇਹ ਜੀਵ ਗੁਰਾਂ ਪਾਸੋਂ ਹਰੀ ਨਾਮ ਭਗਤੀ ਦੇ ਭੰਡਾਰੇ ਨੂੰ ਪਾ ਲੈਂਦਾ ਹੈ॥ ੪ ॥੨ ॥ ੧੬ ॥ ੩੬ ॥

ਗਉੜੀ ਬੈਰਾਗਣਿ ਮਹਲਾ ੩ ॥
ਪੇਈਅੜੈ ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ ॥

ਹਰ ਇਕ ਦੇ ਮੱਥੇ ਪਰ ਹਰੀ ਨੇ ਇਹ ਲੇਖ ਲਿਖ ਪਾਇਆ ਹੈ।

ਅਥਵਾ:-ਹਰੀ ਨੇ ਹਰਿ=ਬ੍ਰਹਮਾਂ ਦੁਆਰੇ ਇਹ ਲੇਖ ਲਿਖ ਪਾਇਆ ਹੈ, ਕਿ—ਮਾਤਲੋਕ ਰੂਪੀ ਪੇਕੇ ਘਰ ਵਿਚ ਜੀਵ ਰੂਪ ਲੜਕੀ ਦਾ ਚਾਰ ਦਿਨ ਰਹਿਣਾ ਹੈ।

ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ ॥

ਉਹ ਇਸਤ੍ਰੀ ਸੋਭਾ ਵਾਲੀ ਹੈ, ਜਿਸ ਨੇ ਗੁਰਾਂ ਦੁਆਰੇ ਹਰੀ ਦੇ ਗੁਣਾਂ ਨੂੰ ਗਾਇਆ ਹੈ।

ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ ॥

ਜੋ ਜੀਵ ਰੂਪ ਲੜਕੀ ਮਾਤਲੋਕ ਰੂਪੀ ਪੇਕੇ ਘਰ ਵਿਚ ਹਰੀ ਦੇ ਗੁਣਾਂ ਨੂੰ ਸੰਭਾਲਦੀ ਹੈ,
ਉਸ ਨੇ ਪ੍ਰਲੋਕ ਰੂਪੀ ਸਹੁਰੇ ਘਰ ਵਿਚ ਸੁਖ ਦਾ ਵਾਸਾ ਪਾਇਆ ਹੈ।

ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ ॥ ੧ ॥

ਉਹ ਗੁਰਮੁਖ ਇਸਤ੍ਰੀਆਂ ਸਹਜਪਦ ਵਿਚ ਸਮਾਈਆਂ ਹਨ, ਜਿਨ੍ਹਾਂ ਦੇ ਮਨ ਵਿਚ ਹਰਿ ਹਰਿ ਨਾਮ ਭਾਇਆ=ਚੰਗਾ ਲਗਾ ਹੈ॥ ੧ ॥

ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁ ਬਿਧਿ ਪਾਈਐ ॥

ਸਸੁਰੈ=ਪ੍ਰਲੋਕ, ਵਿਚ ਤੇ ਪੇਈਐ=ਇਸ ਲੋਕ ਵਿਚ ਜੋ ਪਤੀ ਪਰਮੇਸ਼ਰ ਵਸ ਰਿਹਾ ਹੈ ਕਹੋ ਖਾਂ ਉਸ ਨੂੰ ਕਿਸ ਵਿਧੀ ਨਾਲ ਪਾਵਣਾ ਕਰੀਏ? *ਗੁਰ ਉੱਤਰ:-*

[ਪੰਨਾ ੧੬੩]

ਆਪਿ ਨਿਰੰਜਨੁ ਅਲਖੁ ਹੈ ਆਪੇ ਮੇਲਾਈਐ॥ ੧ ॥ ਰਹਾਉ ॥

ਉਹ ਪਰਮਾਤਮਾ ਆਪ ਨਿਰੰਜਨੁ=ਮਾਇਆ ਮਲ ਤੋਂ ਰਹਿਤ ਹੈ, ਤੇ ਅਲਖ ਸਰੂਪ ਹੈ, ਜੇਕ਼ਰ ਉਹ ਆਪੇ ਮਿਲਾਵੇ ਤਾਂ ਉਸ ਨੂੰ ਮਿਲ ਸਕੀਦਾ ਹੈ॥ ੧ ॥

ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ॥

ਪ੍ਰਭੂ ਆਪ ਹੀ ਸੁਮੱਤੀ ਦੇਵੇ ਤਾਂ ਹਰੀ ਨਾਮ ਦਾ ਧਿਆਉਣਾ ਹੁੰਦਾ ਹੈ।

ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ॥

ਵਡਿਆਂ ਭਾਗਾਂ ਨਾਲ ਸਤਿਗੁਰੂ ਮਿਲ ਜਾਣ ਤਾਂ ਮੂੰਹ ਵਿਚ ਨਾਮ ਅੰਮ੍ਰਿਤ ਪਾਈਦਾ ਹੈ।

ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ॥

ਹੰਗਤਾ ਮਮਤਾ ਤੇ ਦੁਬਿਧਾ ਆਦਿਕ ਵਿਕਾਰ ਬਿਨਸ ਜਾਵਣ, ਤਾਂ ਸਹਿਜੇ ਹੀ ਸੁਖ ਸਰੂਪ ਪਰਮਾਤਮਾ ਵਿਚ ਸਮਾਈ ਹੁੰਦੀ ਹੈ।

ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ॥ ੨ ॥

ਸ਼ਾਰਿਆਂ ਵਿਚ ਪ੍ਰਭੂ ਆਪੇ ਆਪ ਵਰਤ ਰਿਹਾ ਹੈ, ਅਤੇ ਆਪ ਹੀ ਸੇਵਕਾਂ ਨੂੰ ਨਾਮ ਸਿਮਰਨ ਵਿਚ ਲਗਾਂਦਾ ਹੈ॥ ੨ ॥

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥

ਹੰਕਾਰੀ ਮਨਮੁਖਾਂ ਨੇ ਹੰਕਾਰ ਦੇ ਵਸ ਹੋ ਕੇ ਨਾਮ ਨੂੰ ਨਹੀਂ ਪਾਇਆ, ਕਿਉਂਕਿ ਉਹ ਅਗਿਆਨ ਕਰਕੇ ਇਆਣੇ=ਅਗਿਆਤ ਭਾਵ ਬੇਸਮਝ ਹਨ।

ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥

ਹੁਣ ਤਾਂ ਉਹ ਸਤਿਗੁਰਾਂ ਦੀ ਸੇਵਾ ਨਹੀਂ ਕਰਦੇ, ਪਰ ਮੁੜ ਕੇ ਫਿਰ ਪਸ਼ਚਾਤਾਪ ਕਰਨਗੇ।

ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ॥

ਉਹ ਮਾਂ ਦੀ ਗਰਭ ਜੂਨੀ ਵਿਚ ਨਿਵਾਸ ਪਾਂਦੇ ਹਨ, ਅਤੇ ਮਾਂ ਦੇ ਗਰਭ ਵਿਚ ਹੀ ਗਲ ਜਾਣਗੇ।

ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ॥ ੩ ॥

ਮੇਰੇ ਕਰਤੇ ਪੁਰਖ ਪਰਮਾਤਮਾ ਨੂੰ ਏਹੋ ਭਾਉਂਦਾ ਹੈ, ਕਿ ਮਨਮੁਖ ਪੁਰਸ਼ ਜੂਨਾਂ ਵਿਚ ਹੀ ਭੁਆਏ ਜਾਣ॥ ੩ ॥

ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ॥

ਜਿਨ੍ਹਾਂ ਦੇ ਮੱਥੇ ਪਰ ਧੁਰ ਤੋਂ ਹੀ ਮੇਰੇ ਹਰੀ ਪ੍ਰਭੂ ਨੇ ਬ੍ਰਹਮਾਂ ਪਾਸੋਂ ਪੂਰਾ ਲੇਖ ਲਿਖਾਇਆ ਹੈ।

ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ॥

ਉਨ੍ਹਾਂ ਨੂੰ ਸੂਰਬੀਰ ਪੂਰਾ ਗੁਰੂ ਭੇਟਿਆ=ਮਿਲਿਆ ਹੈ, ਅਤੇ ਉਨ੍ਹਾਂ ਨੇ ਹੀ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ।

ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ ॥

ਹਰੀ ਨਾਮ ਹੀ ਮੇਰਾ ਮਾਂ ਪਿਉ ਹੈ, ਅਤੇ ਹਰੀ ਨਾਮ ਹੀ ਮੇਰਾ ਸਬੰਧੀ ਤੇ ਬੀਰਾ=ਭਰਾ ਹੈ।

ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ ॥੪ ॥੩ ॥੧੭ ॥੩੭ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਆਪ ਜੀ ਦਾ ਕੀਰਾ=ਕੀਟ (ਦਾਸ) ਹਾਂ,
ਮੈਨੂੰ ਹਰਿ ਹਰਿ ਨਾਮ ਬਖਸ਼ ਕੇ ਆਪਣੇ ਨਾਲ ਮਿਲਾ ਲਓ॥ ੪॥ ੩॥ ੧੭॥ ੩੭॥

ਗਉੜੀ ਬੈਰਾਗਣਿ ਮਹਲਾ ੩ ॥

ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥

ਸਤਿਗੁਰਾਂ ਪਾਸੋਂ ਗਿਆਨ ਪਾਇਆ ਤਾਂ ਤਤੁ=ਸਿਧਾਂਤ ਰੂਪ ਹਰੀ ਨੂੰ ਵਿਚਾਰਨਾ ਕੀਤਾ।

ਅਥਵਾ:-ਸਤਿਗੁਰਾਂ ਪਾਸੋਂ ਤਤੁ="ਤਤੁ-ਤ੍ਵੰ" ਦਾ ਸ਼ੁਭ ਵਿਚਾਰ ਪਾਇਆ, ਤਾਂ ਹਰੀ ਦਾ ਗਿਆਨ ਹੋਇਆ।

ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥

ਮੁਰਾਰੀ ਦਾ ਨਾਮ ਜਪਿਆ, ਤਾਂ ਮਲੀਣ ਮਤੀ ਦੂਰ ਹੋਣ ਤੇ ਸ਼ੁਭਮਤੀ ਪਰਗਟ ਹੋ ਗਈ।

ਅਥਵਾ:-ਜਿਸ ਵੇਲੇ ਮਤੀ ਦੀ ਮਲੀਣਤਾ ਪ੍ਰਗਟ ਹੋ ਗਈ ਤਾਂ ਮਲੀਣਤਾ ਨੂੰ ਦੂਰ ਕਰਨ ਲਈ ਮੁਰਾਰੀ ਦਾ ਨਾਮ ਜਪਿਆ।

ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥

ਸ਼ਿਵ ਅਤੇ ਸਕਤਿ=ਪਾਰਬਤੀ ਆਦਿਕ ਦੇਵੀ ਦੇਵਤਿਆਂ ਦੀ ਉਪਾਸ਼ਨਾਂ ਦੂਰ ਕਰ ਦਿਤੀ,

ਅਥਵਾ:- ਸਿਵਿ=ਕਲਿਆਣ ਸਰੂਪ ਦੇ ਸਿਮਰਨ ਨੇ ਜਾਂ ਵਿਖੇਪ ਸ਼ਕਤੀ ਰੂਪ ਮਲੀਣਤਾ ਦੂਰ ਕੀਤੀ ਤਾਂ ਅਗਿਆਨ ਰੂਪ ਹਨੇਰਾ ਚੂਕਾ=ਦੂਰ ਹੋ ਗਿਆ।

ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥

ਧੁਰ ਤੋਂ ਮੱਥੇ ਪਰ ਲਿਖੇ ਹੋਏ ਲੇਖ ਦਾ ਫਲ ਜਿਸ ਨੂੰ ਪਰਾਪਤ ਹੋਇਆ ਹੈ, ਉਸ ਨੂੰ ਹਰੀ ਨਾਮ ਪਿਆਰਾ ਲੱਗਾ ਹੈ॥ ੧॥

ਹਰਿ ਕਿਤੁ ਬਿਧਿ ਪਾਈਐ ਸੰਤ ਜਨਹੁ ਜਿਸੁ ਦੇਖਿ ਹਉ ਜੀਵਾ ॥

ਹੇ ਸੰਤ ਜਨੋ ! ਉਹ ਹਰੀ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ ? ਜਿਸਨੂੰ ਵੇਖ ਕੇ ਮੈਂ ਜਿਉਂਦੀ ਰਹਾਂ।

ਹਰਿ ਬਿਨੁ ਚਸਾ ਨ ਜੀਵਤੀ ਗੁਰ ਮੇਲਿਹੁ ਹਰਿ ਰਸੁ ਪੀਵਾ ॥੧॥ ਰਹਾਉ ॥

ਮੈਂ ਹਰੀ ਤੋਂ ਬਿਨਾਂ ਅਰਥਾਤ ਵਾਹਿਗੁਰੂ ਤੋਂ ਵਿਛੁੜ ਕੇ ਇਕ ਚਸਾ ਭਰ ਵੀ ਜਿਉਂਦੀ ਨਹੀਂ ਹਾਂ,
ਹੇ ਗੁਰੋ ! ਮੈਨੂੰ ਹਰੀ ਨਾਲ ਮੇਲੋ. ਤਾਂ ਕਿ ਉਸ ਦਾ ਆਤਮ ਰਸ ਪੀਣਾ ਕਰਾਂ॥ ੧॥

ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ ਹਰਿ ਹਰਿ ਗਤਿ ਕੀਨੀ ॥

ਅੰਨਵੇਂ ਅੱਖਰਾਂ ਵਲ ਧਿਆਨ ਰਖਣਾ :-ਹਰੀ ਨੇ ਹਰੀ ਨਾਮ ਜਪਣ ਵਾਲਿਆਂ ਦੀ ਮੁਕਤੀ ਕੀਤੀ ਹੈ,

ਇਸ ਲਈ ਮੈਂ ਹਰੀ ਦੇ ਗੁਣ ਗਾਉਂਦਾ ਹਾਂ, ਨਿਤਾਪ੍ਰਤੀ ਹਰੀ ਜਸ ਨੂੰ ਸੁਣਦਾ ਹਾਂ।

ਹਰਿ ਰਸੁ ਗੁਰ ਤੇ ਪਾਇਆ ਮੇਰਾ ਮਨੁ ਤਨੁ ਲੀਨੀ॥

ਇਹ ਹਰੀ ਨਾਮ ਰਸ, ਮੈਂ ਗੁਰਾਂ ਪਾਸੋਂ ਪਾਇਆ ਹੈ, ਹੁਣ ਤਾਂ ਮੇਰਾ ਮਨ ਤਨ ਹਰੀ ਸਿਮਰਨ ਵਿਚ ਲੀਣ ਹੋ ਰਿਹਾ ਹੈ।

ਧਨੁ ਧਨੁ ਗੁਰੁ ਸਤ ਪੁਰਖੁ ਹੈ ਜਿਨਿ ਭਗਤਿ ਹਰਿ ਦੀਨੀ॥

ਸਚਾ ਪੁਰਖ, ਜੋ ਪਰਮੇਸ਼ਰ ਹੈ, ਉਸ ਦੇ ਸਰੂਪ ਗੁਰੂ ਸਾਹਿਬ ਜੀ ਧਨੁ ਧਨੁ=ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਮੈਨੂੰ ਹਰੀ ਦੀ ਭਗਤੀ ਦਿੱਤੀ ਹੈ।

ਜਿਸੁ ਗੁਰ ਤੇ ਹਰਿ ਪਾਇਆ ਸੋ ਗੁਰੁ ਹਮ ਕੀਨੀ॥ ੨॥

ਜਿਸ ਗੁਰੂ ਪਾਸੋਂ ਗੁਰਮੁਖਾਂ ਨੇ ਹਰੀ ਨੂੰ ਪਾਇਆ ਹੈ, ਉਸੇ ਗੁਰੂ ਉੱਤੇ ਅਸਾਂ ਨੇ ਸ਼ਰਧਾ ਕੀਤੀ ਹੈ।

ਅਥਵਾ:-ਜਿਸ ਗੁਰੂ ਪਾਸੋਂ ਹਰੀ ਨਾਮ ਪਾਇਆ ਹੈ ਉਸੇ ਗੁਰੂ ਦੀ ਸੇਵਾ ਅਸਾਂ ਨੇ ਕੀਤੀ ਹੈ॥ ੨॥

ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ॥

ਹਰੀ ਰਾਜਾ ਸ਼ੁਭ ਗੁਣਾਂ ਦਾ ਦਾਤਾ ਹੈ, ਅਰਥਾਤ ਸ਼ੁਭ ਗੁਣਾਂ ਦੇ ਬਖਸ਼ਣੇ ਵਾਲਾ ਹੈ, ਅਤੇ ਅਸੀਂ ਔਗੁਣਾਂ ਵਾਲੇ ਅਰਥਾਤ ਔਗੁਣਾਂ ਦੇ ਆਰੇ=ਘਰ ਹਾਂ।

ਪਾਪੀ ਪਾਥਰ ਡੁਬਦੇ ਗੁਰਮਤਿ ਹਰਿ ਤਾਰੇ॥

ਅਸੀਂ ਪਾਪੀ ਪੱਥਰਾਂ ਵਾਂਗੂੰ ਸੰਸਾਰ ਸਮੁੰਦਰ ਵਿਚ ਡੁੱਬਦੇ ਜਾਂਦੇ ਸਾਂ, ਹਰੀ ਨੇ ਸਾਨੂੰ ਗੁਰਮਤਿ=ਗੁਰਸਿਖਿਆ ਦੇ ਕੇ ਤਾਰ ਲਿਆ ਹੈ।

ਤੂੰ ਗੁਣਦਾਤਾ ਨਿਰਮਲਾ ਹਮ ਅਵਗਣਿਆਰੇ॥

ਹੇ ਸ਼ੁਭ ਗੁਣਾਂ ਦੇ ਦਾਤੇ ਪ੍ਰਭੂ! ਆਪ ਪਵਿੱਤਰ ਰੂਪ ਹੋ, ਤੇ ਅਸੀਂ ਔਗੁਣਾਂ ਵਾਲੇ ਹੋਣ ਕਰਕੇ ਬੜੇ ਮਲੀਣ ਹਾਂ।

ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ॥ ੩॥

ਹੇ ਹਰੀ ! ਆਪ ਜੀ ਦੀ ਸ਼ਰਨ ਵਿਚ ਆਏ ਹਾਂ ਆਪ ਸਾਨੂੰ ਰਖ ਲਓ,

ਕਿਉਂਕਿ ਤੁਸਾਂ ਨੇ ਸਾਡੇ ਵਰਗੇ ਕਿੰਨੇ ਹੀ ਮੂੜ+ਮੁਗਧ=ਬੜੇ ਮੂਰਖ ਜੜ੍ਹ ਤਾਰੇ ਹਨ॥ ੩॥

ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ॥

ਜਿਸਨੇ ਗੁਰ ਸਿਖਿਆ ਲੈ ਕੇ ਮਨ ਵਿਚ ਹਰਿ ਹਰਿ ਨਾਮ ਧਿਆਇਆ ਹੈ ਉਸ ਨੂੰ ਸਦਾ ਹੀ ਸਹਜੁ+ਅਨੰਦੁ=ਗਿਆਨਾ ਨੰਦ ਪ੍ਰਾਪਤ ਹੋਇਆ ਹੈ।

ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ॥

ਜਿਸ ਨੇ ਸਤਸੰਗ ਘਰ ਵਿਚ ਬੈਠ ਕੇ ਹਰੀ ਦਾ ਸੋਹਿਲਾ=ਜਸ ਗਾਇਆ ਹੈ, ਉਸ ਨੇ ਸਜਣੁ ਪ੍ਰਭੂ ਨੂੰ ਪਾਇਆ ਹੈ।

ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥

ਹੇ ਪ੍ਰਭੂ ! ਮੇਰੀ ਏਹੋ ਬੇਨਤੀ ਹੈ, ਦਾਸ ਉੱਤੇ ਹਰ ਤਰ੍ਹਾਂ ਦਇਆ ਧਾਰ ਕੇ ਮੇਰੇ ਪਾਸੋਂ ਹਰਿ ਹਰਿ ਨਾਮ ਦਾ ਚੇਤਾਇਆ=ਚਿੰਤਨ ਕਰਾਓ।

ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥੪ ॥੪ ॥੧੮ ॥੩੮ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਨ੍ਹਾਂ ਗੁਰਮੁਖਾਂ ਦੀ ਚਰਨ ਧੂੜੀ ਮੰਗਦੇ ਹਾਂ, ਜਿਨ੍ਹਾਂ ਨੇ ਸਤਿਗੁਰਾਂ ਦਾ ਦਰਸ਼ਨ ਪਾਇਆ ਹੈ, *ਅਥਵਾ:*-ਜਿਨ੍ਹਾਂ ਨੇ ਸਤਿਗੁਰਾਂ ਪਾਸੋਂ ਨਾਮ ਧਨ ਪਾਇਆ ਹੈ॥ ੪ ॥ ੪ ॥ ੧੮ ॥ ੩੮ ॥

ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ

੧ੴ ਸਤਿਗੁਰ ਪ੍ਰਸਾਦਿ ॥

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ ਗੋਰਖੁ ਕਰਿਆ ॥

ਹੇ ਪ੍ਰਭੂ ! ਪੰਡਿਤ ਲੋਕਾਂ ਨੇ ਛੇ ਸ਼ਾਸਤ੍ਰ ਤੇ ਸਤਾਈ ਸਿੰਮ੍ਰਿਤੀਆਂ ਆਦਿਕ ਗ੍ਰੰਥਾਂ ਨੂੰ ਪੜ੍ਹਨਾ ਕੀਤਾ ਹੈ, ਤੇ ਜੋਗੀ ਨੇ ਗੋਰਖ ਗੋਰਖ ਸ਼ਬਦ ਹੀ ਉਚਾਰਨ ਕੀਤਾ ਹੈ।

ਮੈ ਮੂਰਖ ਹਰਿ ਹਰਿ ਜਪੁ ਪੜਿਆ ॥ ੧ ॥

ਪਰ ਮੈਂ ਮੂਰਖ ਨੇ ਮੂੰਹ ਆਦਿਕ ਇੰਦ੍ਰੀਆਂ ਨੂੰ ਰਖ=ਰੋਕ ਕੇ ਹਰਿ ਹਰਿ ਦੇ ਜਪ ਨੂੰ ਪੜ੍ਹਿਆ ਹੈਂ॥ ੧ ॥

ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥

ਮੈਂ ਨਹੀਂ ਜਾਣਦਾ, ਜੋ ਹੇ ਰਾਮ ਮੇਰੀ ਕੀ ਗਤੀ ਹੋਵੇਗੀ।

ਆਪਣੇ ਮਨ ਨੂੰ ਮੈਂ ਇਸ ਤਰ੍ਹਾਂ ਸਮਝਾਂਦਾ ਹਾਂ, ਕਿ

ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥ ੧ ॥ ਰਹਾਉ ॥

ਹੇ ਮੇਰੇ ਮਨ ! ਤੂੰ ਹਰੀ ਦਾ ਸਿਮਰਨ ਕਰ, ਅਤੇ ਭਗਤੀ ਰੂਪ ਤਾਰੀ=ਨੌਕਾ ਲੈ ਕੇ ਤੂੰ ਸੰਸਾਰ ਸਮੁੰਦਰ ਤੋਂ ਤਰਨਾ ਕਰ॥ ੧ ॥ ਰਹਾਉ॥

[ਪੰਨਾ ੧੬੪]

ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥

ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥

ਸੰਨਿਆਸ ਮੱਤ ਵਾਲੇ ਸੰਨਿਆਸੀ ਦੇਹ ਉੱਤੇ ਚੰਗੀ ਤਰ੍ਹਾਂ ਸਵਾਰਕੇ ਬਿਭੂਤੀ ਮਲਦੇ ਹਨ। ਅਤੇ ਬ੍ਰਹਮਚਾਰੀ ਨੇ ਪਰ ਇਸਤ੍ਰੀ ਤਿਆਗ ਕੇ ਬ੍ਰਹਮਚਰਜ ਨੂੰ ਅਰਥਾਤ ਜਤ ਸਤ ਨੂੰ ਧਾਰਨਾ ਕੀਤਾ ਹੈ।

ਮੈ ਮੂਰਖ ਹਰਿ ਆਸ ਤੁਮਾਰੀ ॥ ੨ ॥

ਹੇ ਹਰੀ ! ਮੈਂ ਮੂਰਖ ਨੂੰ ਕੇਵਲ ਆਪ ਜੀ ਦੀ ਆਸਾ ਹੈ।

ਅਥਵਾ-ਮੈਨੇ ਮੂੰਹ ਆਦਿਕ ਇੰਦ੍ਰੀਆਂ ਨੂੰ ਰੋਕਕੇ ਹੇ ਹਰੀ ! ਆਪ ਜੀ ਦੀ ਆਸਾ ਧਾਰੀ ਹੈ॥ ੨॥

ਖਤ੍ਰੀ ਕਰਮ ਕਰੇ ਸੂਰਤਣੁ ਪਾਵੈ॥ ਸੂਦੁ ਵੈਸੁ ਪਰ ਕਿਰਤਿ ਕਮਾਵੈ॥

ਖਤਰੀ ਸੂਰਬੀਰ ਤਾਈ ਦੇ ਪਾਵਣ ਵਾਲੇ ਕਰਮਾਂ ਨੂੰ ਕਰਦਾ ਹੈ। ਸ਼ੂਦਰ ਆਪਣੇ ਵਰਨ ਅਨੁਸਾਰ ਪਰਾਈ ਕਿਰਤ ਨੂੰ ਕਮਾਂਵਦਾ ਹੈ, ਅਤੇ ਵੈਸ਼ ਖੇਤੀ ਬਾੜੀ ਦੇ ਕਰਮਾਂ ਨੂੰ ਕਰਦਾ ਹੈ।

ਮੈ ਮੂਰਖ ਹਰਿ ਨਾਮੁ ਛਡਾਵੈ॥ ੩॥

ਮੈਂ ਮੂਰਖ ਨੇ ਏਹੋ ਨਿਸਚੇ ਕੀਤਾ ਹੈ ਕਿ ਹਰੀ ਨਾਮ ਹੀ ਬੰਧਨਾਂ ਤੋਂ ਛੁਡਾਣ ਵਾਲਾ ਹੈ॥ ੩॥

ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ॥
ਗੁਰਮੁਖਿ ਨਾਨਕ ਦੇ ਵਡਿਆਈ॥

ਹੇ ਪ੍ਰਭੂ ! ਇਹ ਸਾਰੀ ਸ੍ਰਿਸ਼ਟੀ ਤੇਰੀ ਹੈ, ਤੂੰ ਆਪ ਹੀ ਸਾਰਿਆਂ ਵਿਚ ਸਮਾਈ ਕਰ ਰਿਹਾ ਹੈਂ।
ਗੁਰੂ ਜੀ ਕਥਨ ਕਰਦੇ ਹਨ ਤੂੰ ਆਪ ਹੀ ਗੁਰਮੁਖਾਂ ਨੂੰ ਵਡਿਆਈ ਦੇਂਦਾ ਹੈਂ।

ਮੈ ਅੰਧੁਲੇ ਹਰਿ ਟੇਕ ਟਿਕਾਈ॥ ੪॥ ੧॥ ੩੯॥

ਮੈਂ ਅੰਨ੍ਹੇ ਮੂਰਖ ਨੇ ਹੇ ਹਰੀ ! ਆਪ ਜੀ ਦੀ ਓਟ ਟਿਕਾਈ=ਗ੍ਰਹਿਣ ਕਰ ਰਖੀ ਹੈ॥ ੪॥ ੧॥ ੩੯॥

ਗਉੜੀ ਗੁਆਰੇਰੀ ਮਹਲਾ ੪॥

ਨਿਰਗੁਣ ਕਥਾ ਕਥਾ ਹੈ ਹਰਿ ਕੀ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ॥

ਨਿਰ+ਗੁਣ=ਹੇ ਸ਼ੁਭ ਗੁਣਾਂ ਤੋਂ ਰਹਿਤ ਮਨਮੁਖ ਪੁਰਸ਼ਾ ! ਤਮਾਮ ਕਥਾ ਵਿਚੋਂ ਹਰੀ ਦੀ ਕਥਾ ਸ੍ਰੇਸ਼ਟ ਹੈ। ਅਥਵਾ:-ਹਰੀ ਦੀ ਕਥਾ ਵਿਚੋਂ ਨਿਰਗੁਣ ਬ੍ਰਹਮ ਦੀ ਕਥਾ ਸ੍ਰੇਸ਼ਟ ਹੈ। ਸਾਧੂਆਂ ਜਨਾਂ ਦੀ ਸਤਸੰਗਤ ਵਿਚ ਮਿਲਕੇ ਉਸ ਕਥਾ ਨੂੰ ਭਜੁ=ਸੁਨਣਾ ਕਰ।

ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ॥ ੧॥

ਅਕਥ ਹਰੀ ਦੀ ਕਥਾ ਨੂੰ ਸੁਣ, ਤਾਂ ਸੰਸਾਰ ਸਮੁੰਦਰ ਤੈਂ ਤਰ ਜਾਏਂਗਾ॥ ੧॥

ਗੋਬਿੰਦ ਸਤਸੰਗਤਿ ਮੇਲਾਇ॥
ਹਰਿ ਰਸੁ ਰਸਨਾ ਰਾਮ ਗੁਨ ਗਾਇ॥ ੧॥ ਰਹਾਉ॥

ਗੋਬਿੰਦ ਦੀ ਸਤਸੰਗਤ ਵਿਚ ਆਪਣੇ ਆਪ ਨੂੰ ਮਿਲਾ ਕੇ, ਹਰੀ ਰਾਮ ਦੇ ਗੁਣ ਗਾਵਨੇ ਵਿਚ ਰਸਨਾ=ਜੀਭ ਨੂੰ ਰਸੁ=ਰਸਾਵਨਾ ਕਰ॥ ੧॥ ਰਹਾਉ॥

ਤੇ ਵਾਹਿਗੁਰੂ ਅੱਗੇ ਬੇਨਤੀ ਕਰ :-

ਜੋ ਜਨ ਧਿਆਵਹਿ ਹਰਿ ਹਰਿ ਨਾਮਾ॥ਤਿਨ ਦਾਸਨਿ ਦਾਸ ਕਰਹੁ ਹਮ ਰਾਮਾ॥

ਜੋ ਗੁਰਮੁਖ ਜਨ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ, ਹੇ ਰਾਮ ! ਮੈਨੂੰ ਉਨ੍ਹਾਂ ਦੇ ਦਾਸਾਂ ਦਾ ਦਾਸ ਕਰ ਦੇਹੁ॥ ਕਿਉਂਕਿ-

ਜਨ ਕੀ ਸੇਵਾ ਊਤਮ ਕਾਮਾ ॥ ੨ ॥

ਗੁਰਮੁਖ ਜਨਾਂ ਦੀ ਜਿਹੜੀ ਸੇਵਾ ਕਰਨੀ ਹੈ ਇਹ ਸਭ ਤੋਂ ਉੱਤਮ ਕੰਮ ਹੈ॥ ੨ ॥

ਜੋ ਹਰਿ ਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥

ਜੋ ਗੁਰਮੁਖ ਜਨ ਹਰਿ ਹਰਿ ਦੀ ਕਥਾ ਸੁਣਾਂਦਾ ਹੈ।

ਉਹ ਗੁਰਮੁਖ ਜਨ ਮੇਰੇ ਮਨ ਚਿਤ ਵਿਚ ਭਾਵੈ=ਚੰਗਾ ਲਗਦਾ ਹੈ।

ਜਨ ਪਗ ਰੇਣੁ ਵਡਭਾਗੀ ਪਾਵੈ ॥ ੩ ॥

ਗੁਰਮੁਖ ਪੁਰਸ਼ ਦੇ ਚਰਨਾਂ ਦੀ ਧੂੜ ਕੋਈ ਵਡਭਾਗੀ ਪੁਰਸ਼ ਹੀ ਪਾਉਂਦਾ ਹੈ॥ ੩ ॥

ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥
ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥

ਗੁਰਮੁਖ ਸੰਤ ਜਨਾਂ ਨਾਲ ਉਨ੍ਹਾਂ ਦੀ ਪ੍ਰੀਤੀ ਬਣਿਆਈ ਹੈ।

ਜਿਨ੍ਹਾਂ ਦੇ ਮੱਥੇ ਪਰ ਧੁਰੋਂ ਪ੍ਰਭੂ ਨੇ ਸ਼ੁਭ ਕਰਮਾਂ ਦਾ ਲੇਖ ਲਿਖ ਪਾਇਆ ਹੈ।

ਤੇ ਜਨ ਨਾਨਕ ਨਾਮਿ ਸਮਾਈ ॥ ੪ ॥ ੨ ॥ ੪੦ ॥

ਗੁਰੂ ਜੀ ਕਥਨ ਕਰਦੇ ਹਨ- ਉਹ ਗੁਰਮੁਖ ਜਨ ਨਾਮਿ=ਪਰਮੇਸ਼ਰ ਵਿਚ ਸਮਾਈ=ਅਭੇਦ ਹੁੰਦੇ ਹਨ॥ ੪ ॥ ੨ ॥ ੪੦ ॥

ਗਉੜੀ ਗੁਆਰੇਰੀ ਮਹਲਾ ੪ ॥

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥

ਜਿਵੇਂ ਮਾਂ ਪੁੱਤਰ ਦੇ ਖੁਆਣ ਵਿਚ ਪ੍ਰੀਤੀ ਕਰਦੀ ਹੈ। ਅਤੇ ਜਲ ਵਿਚ ਇਸ਼ਨਾਨ ਕਰਨ ਨਾਲ ਮੀਨੇ=ਮਛੀ ਦੀ ਪ੍ਰੀਤੀ ਹੋ ਰਹੀ ਹੈ।

ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥ ੧ ॥

ਤਿਵੇਂ ਸਤਿਗੁਰਾਂ ਦੀ ਗੁਰਸਿਖਾਂ ਦੇ ਮੂੰਹ ਵਿਚ ਪਦਾਰਥ ਪਾਣ ਦੀ ਪ੍ਰੀਤੀ ਹੈ॥ ੧ ॥

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਆਪ ਤਾਂ ਅਲੂਣਾ ਘੋਘਾ ਖਾਂਦੇ ਸਨ ਅਤੇ ਗੁਰਮੁਖਾਂ ਨੂੰ ਰੋਜ਼ਾਨਾ ਖੀਰ ਤੇ ਕੜਾਹ ਆਦਿਕ ਚੰਗੇ ਚੰਗੇ ਪਦਾਰਥ ਖੁਆਂਦੇ ਸਨ।

ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥
ਜਿਨ ਮਿਲਿਆ ਦੁਖ ਜਾਹਿ ਹਮਾਰੇ ॥ ੧ ॥ ਰਹਾਉ ॥

ਹੇ ਹਰੀ ! ਮੈਨੂੰ ਉਨ੍ਹਾਂ ਪਿਆਰੇ ਹਰੀ ਜਨਾਂ ਨਾਲ ਮੇਲੋ, ਜਿਨ੍ਹਾਂ ਨਾਲ ਮਿਲਿਆਂ ਸਾਡੇ ਸਾਰੇ ਦੁਖ ਮਿਟ ਜਾਵਣ॥ ੧ ॥ ਰਹਾਉ ॥

ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥

ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥

ਜਿਸ ਤਰ੍ਹਾਂ ਵੱਛੇ ਨਾਲ ਮਿਲਕੇ ਗਊ ਪ੍ਰੀਤੀ ਲਗਾਂਵਦੀ ਹੈ,
ਜਾਂ ਪ੍ਰਦੇਸ਼ ਗਿਆ ਹੋਇਆ ਪਤੀ ਘਰ ਆ ਪਹੁੰਚੇ ਤਾਂ ਇਸਤ੍ਰੀ ਉਸ ਨਾਲ ਪ੍ਰੀਤੀ ਕਰਦੀ ਹੈ।

ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥ ੨॥

ਤਿਵੇਂ ਹਰੀਜਨਾਂ ਦੀ ਪ੍ਰੀਤੀ ਹਰੀ ਨਾਲ ਹੈ, ਜਾਂ ਹਰੀ ਦਾ ਜਸ ਗਾਵਣ ਤਾਂ ਹੀ ਉਹ ਪ੍ਰਸੰਨ ਹੁੰਦੇ ਹਨ॥ ੨॥

ਸਾਰਿੰਗ ਪ੍ਰੀਤਿ ਬਸੈ ਜਲ ਧਾਰਾ॥
ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ॥

ਜਿਵੇਂ ਜਲ ਧਾਰਾ=ਸ੍ਵਾਂਤੀ ਬੂੰਦ ਦੇ ਵਸਣ ਨਾਲ ਸਾਰਿੰਗ=ਪਪੀਹੇ ਦੀ ਪ੍ਰੀਤੀ ਹੈ।
ਜਿਵੇਂ ਮਇਆਵਕੀ ਪਸਾਰਿਆਂ ਦੇ ਦੇਖਣ ਵਿਚ ਨਰਪਤਿ=ਰਾਜੇ ਦੀ ਪ੍ਰੀਤੀ ਹੁੰਦੀ ਹੈ।

ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ॥ ੩॥

ਤਿਵੇਂ ਨਿਰੰਕਾਰ ਦੇ ਜਪਣ ਵਿਚ ਹਰੀ ਦੇ ਸੰਤ ਜਨਾਂ ਦੀ ਪ੍ਰੀਤੀ ਹੈ॥ ੩॥

ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥

ਜਿਸ ਤਰਾਂ ਪ੍ਰਾਣਧਾਰੀ ਪੁਰਸ਼ਾਂ ਦੀ ਮਾਇਆ=ਛਲ ਰੂਪ ਧਨ ਦੇ ਖੱਟਣ ਵਿਚ ਪ੍ਰੀਤੀ ਹੈ,
ਅਥਵਾ:-ਜਿਵੇਂ ਪੁਰਸ਼ਾਂ ਦੀ ਪ੍ਰਾਣੀ=ਪ੍ਰਾਣਾਂ ਤਕ ਧਨ ਮਾਲ ਦੇ ਖੱਟਣ ਵਿਚ ਪ੍ਰੀਤੀ ਹੈ।
ਏਸੇ ਤਰ੍ਹਾਂ ਗੁਰੂ ਨੂੰ ਗੁਰਸਿਖਾਂ ਦੇ ਗਲਾਟੇ=ਗਲ ਨਾਲ ਮਿਲਣ ਦੀ ਪ੍ਰੀਤੀ ਹੈ।
ਅਥਵਾ:-ਗੁਰਸਿਖਾਂ ਦੀ ਪ੍ਰੀਤੀ ਹੈ ਕਿ ਗੁਰਾਂ ਦਾ ਉਪਦੇਸ਼ ਸਾਡੇ ਗਲ ਵਿਚ ਮਿਲ ਜਾਵੇ।

ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥ ੪॥ ੩॥ ੪੧॥

ਗੁਰੂ ਜੀ ਕਥਨ ਕਰਦੇ ਹਨ- ਸੰਤਾਂ ਦੇ ਚਰਨ ਚੱਟਣ ਨਾਲ ਮੈਂ ਜਨ ਦੀ ਪ੍ਰੀਤੀ ਹੈ॥ ੪॥ ੩॥ ੪੧॥

ਗਉੜੀ ਗੁਆਰੇਰੀ ਮਹਲਾ ੪॥
ਭੀਖਕ ਪ੍ਰੀਤਿ ਭੀਖ ਪ੍ਰਭ ਪਾਇ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ॥

ਜੇਕਰ ਪ੍ਰਭੂ-ਘਰ ਦਾ ਮਾਲਕ ਭਿਖਿਆ ਪਾਵੇ ਤਾਂ ਭੀਖਕ=ਮੰਗਤੇ ਦੀ ਉਸ ਨਾਲ ਪ੍ਰੀਤੀ ਹੁੰਦੀ ਹੈ।
ਜਿਵੇਂ ਭੁਖੇ ਪੁਰਸ਼ ਦੀ ਅੰਨ ਖਾਣ ਵਿਚ ਪ੍ਰੀਤੀ ਹੁੰਦੀ ਹੈ।

ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ॥ ੧॥

ਤਿਵੇਂ ਗੁਰਸਿਖ ਦੀ ਪ੍ਰੀਤੀ ਹੈ ਗੁਰੂ ਨਾਲ ਮਿਲਣ ਦੀ, ਕਿਉਂਕਿ ਗੁਰੂ ਨਾਲ ਮਿਲਣ ਕਰਕੇ ਗੁਰਸਿਖ ਦਾ ਮਨ ਆਘਾਇ=ਰਜ ਜਾਂਦਾ ਹੈ॥ ੧॥

ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ॥
ਕਰਿ ਕਿਰਪਾ ਲੋਚ ਪੂਰਿ ਹਮਾਰੀ॥ ੧ ॥ ਰਹਾਉ॥

ਹੇ ਹਰੀ ! ਆਪਣਾ ਦਰਸ਼ਨ ਦਿਓ, ਸਾਨੂੰ ਹੇ ਹਰੀ ! ਹਰ ਵੇਲੇ ਤੁਹਾਡੀ ਆਸਾ ਲਗ ਰਹੀ ਹੈ, ਆਪ ਕਿਰਪਾ ਕਰਕੇ ਅਸਾਡੀ ਲੋਚ=ਇੱਛਾ ਨੂੰ ਪੂਰਨ ਕਰੋ॥ ੧ ॥ ਰਹਾਉ॥

ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥ ਮਿਲੈ ਪਿਆਰੇ ਸਭ ਦੁਖ ਤਿਆਗੈ॥

ਜਿਵੇਂ ਸੂਰਜ ਦੇ ਮੂੰਹ ਲਗਣ ਨਾਲ ਚਕਵੀ ਦੀ ਪ੍ਰੀਤੀ ਹੈ। ਕਿਉਂਕਿ ਜਿਸ ਵੇਲੇ ਸੂਰਜ ਚੜ੍ਹਦਾ ਹੈ ਤਾਂ ਉਹ ਚਕਵੀ ਆਪਣੇ ਪਿਆਰੇ ਚਕਵੇ ਨਾਲ ਮਿਲਕੇ ਸਾਰਿਆਂ ਦੁਖਾਂ ਨੂੰ ਤਿਆਗੈ=ਦੂਰ ਕਰ ਲੈਂਦੀ ਹੈ।

ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ॥ ੨ ॥

ਏਸੇ ਤਰ੍ਹਾਂ ਗੁਰਸਿਖ ਦੀ ਪ੍ਰੀਤੀ ਹੈ ਗੁਰਾਂ ਦੇ ਮੂੰਹ ਲਗਣ ਨਾਲ, ਅਰਥਾਤ ਗੁਰੂ ਦਾ ਦਰਸ਼ਨ ਕਰਕੇ ਗੁਰੂ ਦਾ ਸਿੱਖ ਪ੍ਰਸੰਨ ਹੁੰਦਾ ਹੈ॥ ੨ ॥

ਬਛਰੇ ਪ੍ਰੀਤਿ ਖੀਰੁ ਮੁਖਿ ਖਾਇ॥ ਹਿਰਦੈ ਬਿਗਸੈ ਦੇਖੈ ਮਾਇ॥

ਜਿਵੇਂ ਮੂੰਹ ਵਿਚ ਖੀਰ ਦੇ ਖਾਣ ਨਾਲ ਅਰਥਾਤ ਥਣ ਦਾ ਦੁੱਧ ਚੁੰਘਣ ਨਾਲ ਵੱਛੇ ਦੀ ਪ੍ਰੀਤੀ ਹੈ, ਅਤੇ ਆਪਣੀ ਮਾਇ=ਮਾਂ ਗਊ ਨੂੰ ਵੇਖ ਕੇ ਹਿਰਦੇ ਵਿਚ ਬਿਗਸੈ=ਪ੍ਰਸੰਨ ਹੁੰਦਾ ਹੈ।

ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ॥ ੩ ॥

ਏਸੇ ਤਰ੍ਹਾਂ ਗੁਰਸਿਖ ਦੀ ਗੁਰਾਂ ਨਾਲ ਪ੍ਰੀਤੀ ਹੈ ਕਿ ਗੁਰੂ ਆਪਣੇ ਮੂੰਹ ਨਾਲ ਲਾਵਣ, ਅਰਥਾਤ ਮੇਰੇ ਨਾਲ ਗੁਰੂ ਗੱਲਬਾਤ ਕਰਨ॥ ੩ ॥

ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ॥ ਬਿਨਸਿ ਜਾਇ ਕੂਰਾ ਕਚੁ ਪਾਚਾ॥

ਮਾਇਆ ਦੇ ਮੋਹ ਹੋਣ ਕਰਕੇ ਹੋਰ ਸਾਰੀਆਂ ਪ੍ਰੀਤੀਆਂ ਦਾ ਸਾਜੋ ਸਮਾਜ ਕੱਚਾ ਹੈ। ਕਿਉਂਕਿ ਸੰਸਾਰ ਦੇ ਕੂੜੇ ਪਦਾਰਥਾਂ ਦਾ ਕੱਚਾ ਪਾਜ ਸਾਰਾ ਨਾਸ ਹੋ ਜਾਣ ਵਾਲਾ ਹੈ।

ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ॥ ੪ ॥ ੪ ॥ ੪੨ ॥

ਗੁਰੂ ਜੀ ਕਥਨ ਕਰਦੇ ਹਨ--ਸਿੱਖ ਦੇ ਮਨ ਨੂੰ ਸੰਸਾਰਕ ਪਦਾਰਥਾਂ ਵਲੋਂ ਤ੍ਰਿਪਤ ਕਰਨ ਵਾਲੇ ਜੋ ਸੱਚੇ ਗੁਰੂ ਹਨ ਗੁਰਮੁਖ ਜਨਾਂ ਦੀ ਉਨ੍ਹਾਂ ਨਾਲ ਪਰੀਤੀ ਹੈ॥ ੪ ॥ ੪ ॥ ੪੨ ॥

[ਪੰਨਾ ੧੬੫]

ਗਉੜੀ ਗੁਆਰੇਰੀ ਮਹਲਾ ੪ ॥
ਸਤਿਗੁਰ ਸੇਵਾ ਸਫਲ ਹੈ ਬਣੀ॥
ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ॥

ਸਾਰੀਆਂ ਸੇਵਾ ਨਾਲੋਂ ਸਤਿਗੁਰਾਂ ਦੀ ਸੇਵਾ ਸਫਲ=ਸਹਿਤ ਫਲਾਂ ਦੇ ਬਣ ਰਹੀ ਹੈ। ਜਿਸ ਗੁਰ ਸੇਵਾ

ਦੇ ਮਿਲਦਿਆਂ ਸਾਰ ਗੁਰਮੁਖਾਂ ਨੇ ਹਰੀ ਮਾਲਕ ਦੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ।

ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ ॥੧॥

ਜਿਸ ਨੇ ਹਰੀ ਨਾਮ ਜਪਿਆ ਹੈ, ਉਸ ਦੇ ਮਗਰ ਤੁਰਨ ਵਾਲੀ ਘਣੀ=ਬਹੁਤੀ ਦੁਨੀਆਂ ਬੰਧਨਾ ਤੋਂ ਛੁੱਟ ਗਈ ਹੈ॥ ੧॥

ਗੁਰਸਿਖ ਹਰਿ ਬੋਲਹੁ ਮੇਰੇ ਭਾਈ॥
ਹਰਿ ਬੋਲਤ ਸਭ ਪਾਪ ਲਹਿ ਜਾਈ ॥੧॥ ਰਹਾਉ॥

ਹੇ ਮੇਰੇ ਭਾਈ ਗੁਰਸਿਖੋ ! ਗੁਰਸਿਖਿਆ ਲੈ ਕੇ ਹਰੀ ਨਾਮ ਨੂੰ ਜਪੋ, ਹਰੀ ਨਾਮ ਜਪਦਿਆਂ ਸਾਰੇ ਪਾਪ ਲਹਿ ਜਾਈ=ਦੂਰ ਹੋ ਜਾਂਦੇ ਹਨ॥ ੧॥ ਰਹਾਉ॥

ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ॥
ਧਾਵਤ ਪੰਚ ਰਹੇ ਹਰਿ ਧਿਆਇਆ॥

ਜਦ ਤੋਂ ਪੂਰਨ ਗੁਰੂ ਮਿਲਿਆ ਤੇ ਹਰੀ ਨਾਮ ਨੂੰ ਧਿਆਉਣਾ ਕੀਤਾ, ਤਦ ਤੋਂ ਇਹ ਚੰਚਲ ਮਨ ਵਸ ਵਿਚ ਆ ਗਿਆ ਹੈ, ਅਤੇ ਪੰਜ ਗਿਆਨ ਇੰਦ੍ਰੀਏ ਵੀ ਵਿਸ਼ਿਆਂ ਵਲ ਦੌੜਨ ਤੋਂ ਰਹਿ ਗਏ ਹਨ।

ਅਨਦਿਨੁ ਨਗਰੀ ਹਰਿ ਗੁਣ ਗਾਇਆ॥੨॥

ਰਾਤ ਦਿਨ ਸਰੀਰ ਵਾ:-ਸਤਸੰਗ ਰੂਪ ਨਗਰੀ ਵਿਚ ਹਰੀ ਗੁਣਾਂ ਨੂੰ ਗਾਵਣਾ ਕੀਤਾ ॥੨॥

ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ॥
ਤਿਨ ਕੂੜ ਤਿਆਗੇ ਹਰਿ ਲਿਵ ਲਾਈ॥

ਜਿਨ੍ਹਾਂ ਗੁਰਸਿਖਾਂ ਨੇ ਆਪਣੇ ਮੂੰਹ ਨਾਲ ਸਤਿਗੁਰਾਂ ਦੇ ਚਰਨਾਂ ਦੀ ਧੂੜ ਲਗਾਈ ਹੈ, ਉਨ੍ਹਾਂ ਨੇ ਕੂੜ=ਝੂਠੇ ਸੰਕਲਪ ਤਿਆਗ ਕੇ ਹਰੀ ਨਾਮ ਜਪਣ ਵਿਚ ਬਿਰਤੀ ਲਗਾਈ ਹੈ।

ਤੇ ਹਰਿ ਦਰਗਹ ਮੁਖ ਊਜਲ ਭਾਈ॥ ੩॥

ਹੇ ਭਾਈ! ਹਰੀ ਦੀ ਦਰਗਾਹ ਵਿਚ ਉਨ੍ਹਾਂ ਦੇ ਮੂੰਹ ਉਜਲੇ ਹਨ॥ ੩॥

ਗੁਰ ਸੇਵਾ ਆਪਿ ਹਰਿ ਭਾਵੈ॥ ਕ੍ਰਿਸਨੁ ਬਲਭਦ੍ਰ ਗੁਰ ਪਗ ਲਗਿ ਧਿਆਵੈ॥

ਗੁਰਾਂ ਦੀ ਸੇਵਾ ਕਰਨੀ ਹਰੀ ਨੂੰ ਆਪ ਭਾਵੈ=ਚੰਗੀ ਲਗਦੀ ਹੈ। ਏਸੇ ਕਰਕੇ ਕ੍ਰਿਸ਼ਨ ਜੀ ਅਤੇ ਬਲਭੱਦ੍ਰ ਦੋਵੇਂ ਜਣੇ ਆਪਣੇ ਗੁਰੂ "ਦੁਰਬਾਸ਼ਾ" ਰਿਖੀ ਜੀ ਦੇ ਚਰਨੀਂ ਲਗ ਕੇ ਸੇਵਾ ਕਰਕੇ ਹਰੀ ਨਾਮ ਨੂੰ ਧਿਆਉਂਦੇ ਰਹੇ।

ਨਾਨਕ ਗੁਰਮੁਖਿ ਹਰਿ ਆਪਿ ਤਰਾਵੈ॥ ੪॥ ੫॥ ੪੩॥

ਗੁਰੂ ਜੀ ਕਥਨ ਕਰਦੇ ਹਨ-ਜੋ ਗੁਰਮੁਖ ਹੋ ਕੇ ਗੁਰਾਂ ਦੀ ਸੇਵਾ ਕਰਦੇ ਹਨ ਉਨ੍ਹਾਂ ਨੂੰ ਹਰੀ ਆਪ ਤਾਰ ਲੈਂਦਾ ਹੈ॥ ੪॥ ੫॥ ੪੩॥

ਗਉੜੀ ਗੁਆਰੇਰੀ ਮਹਲਾ ੪ ॥

ਹਰਿ ਆਪੇ ਜੋਗੀ ਡੰਡਾਧਾਰੀ ॥ ਹਰਿ ਆਪੇ ਰਵਿ ਰਹਿਆ ਬਨਵਾਰੀ ॥

ਹਰੀ ਆਪ ਹੀ ਜੋਗੀ ਰੂਪ ਹੋ ਰਿਹਾ ਹੈ, ਹਰੀ ਆਪ ਹੀ ਡੰਡਾ+ਧਾਰੀ=ਤ੍ਰਿਦੰਡ ਦੇ ਧਾਰਨ ਵਾਲਾ ਸੰਨਿਆਸੀ ਰੂਪ ਹੋ ਰਿਹਾ ਹੈ। ਬਨਵਾਰੀ=ਸੰਸਾਰ ਬਨ ਦਾ ਮਾਲਕ ਹਰੀ ਆਪ ਹੀ ਸਾਰੇ ਰਵਿ+ਰਹਿਆ =ਵਿਆਪਕ ਹੋ ਰਿਹਾ ਹੈ।

ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥ ੧ ॥

ਹਰੀ ਆਪ ਹੀ ਤਾਰੀ=ਸਮਾਧੀ ਲਾ ਕੇ ਤਪ ਨੂੰ ਤਾਪੈ=ਤਪ ਰਿਹਾ ਭਾਵ ਕਰ ਰਿਹਾ ਹੈ ॥ ੧ ॥

ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥
ਨਿਕਟਿ ਵਸੈ ਨਾਹੀ ਹਰਿ ਦੂਰਿ ॥ ੧ ॥ ਰਹਾਉ ॥

ਮੇਰਾ ਰਾਮ ਇਸ ਤਰ੍ਹਾਂ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ।

ਸਾਰਿਆਂ ਦੇ ਨੇੜੇ ਵਸ ਰਿਹਾ ਹੈ, ਹਰੀ ਕਿਸੇ ਤੋਂ ਭੀ ਦੂਰ ਨਹੀਂ ਹੈ ॥ ੧ ॥ ਰਹਾਉ ॥

ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥ ਹਰਿ ਆਪੇ ਵੇਖੈ ਵਿਗਸੈ ਆਪੇ ॥

ਹਰੀ ਆਪ ਹੀ ਸਬਦੁ=ਉਪਦੇਸ਼ ਰੂਪ ਹੈ, ਆਪ ਹੀ ਸੁਰਤਿ=ਗਿਆਤ,

ਵਾ:-ਸ੍ਰੇਸ਼ਟ ਪ੍ਰੀਤੀ ਰੂਪ ਹੈ, ਆਪ ਹੀ ਸ਼ਬਦ ਦੇ ਧੁਨਿ=ਉਚਾਰਨ ਵਾਲਾ ਹੈ।

ਅਥਵਾ:-ਹਰੀ ਆਪ ਹੀ ਸਬਦੁ=ਬ੍ਰਹਮ ਰੂਪ ਹੈ, ਆਪ ਹੀ ਸੁਰਤਿ=ਬੇਦ ਰੂਪ ਹੈ, ਆਪ ਹੀ ਬੇਦ ਦੇ ਧੁਨਿ=ਉਚਾਰਨ ਵਾਲਾ ਹੈ।

ਹਰੀ ਆਪ ਹੀ ਆਪਣੀ ਰਚਨਾ ਨੂੰ ਵੇਖਦਾ ਹੈ, ਅਤੇ ਆਪ ਹੀ ਵਿਗਸੈ=ਪ੍ਰਸੰਨ ਹੁੰਦਾ ਹੈ।

ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥ ੨ ॥

ਹਰੀ ਆਪ ਹੀ ਗੁਰੂ ਰੂਪ ਹੋ ਕੇ ਨਾਮ ਜਪਾਉਂਦਾ ਹੈ, ਅਤੇ ਹਰੀ ਆਪ ਹੀ ਜਗਿਆਸੂ ਰੂਪ ਹੋ ਕੇ ਨਾਮ ਜਪਦਾ ਹੈ ॥ ੨ ॥

ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥ ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥

ਹਰੀ ਆਪ ਹੀ ਜਗਿਆਸੂ ਰੂਪ ਸਾਰਿੰਗ=ਪਪੀਹਾ ਹੈ, ਹਰੀ ਆਪ ਹੀ ਨਾਮ ਰੂਪ ਅੰਮ੍ਰਿਤਧਾਰਾ=ਸ੍ਵਾਂਤੀ ਬੂੰਦ ਹੈ। ਹਰੀ ਆਪ ਹੀ ਨਾਮ ਰੂਪ ਅੰਮ੍ਰਿਤੁ=ਸ੍ਵਾਂਤੀ ਬੂੰਦ ਨੂੰ ਪੀਆਣ ਵਾਲਾ ਗੁਰੂ ਰੂਪ ਬੱਦਲ ਹੈ।

ਹਰਿ ਆਪਿ ਕਰੇ ਆਪੇ ਨਿਸਤਾਰਾ ॥ ੩ ॥

ਹਰੀ ਆਪ ਹੀ ਬੰਧਨਾਂ ਨੂੰ ਪਾਂਦਾ ਹੈ, ਅਤੇ ਆਪ ਹੀ ਬੰਧਨਾਂ ਤੋਂ ਨਿਸਤਾਰਾ=ਛੁਡਾਂਦਾ ਹੈ, ਭਾਵ ਮੁਕਤ ਕਰਦਾ ਹੈ ॥ ੩ ॥

ਹਰਿ ਆਪੇ ਬੇੜੀ ਤੁਲਹਾ ਤਾਰਾ ॥ ਹਰਿ ਆਪੇ ਗੁਰਮਤੀ ਨਿਸਤਾਰਾ ॥

ਹਰੀ ਆਪ ਹੀ ਆਸਾ ਤ੍ਰਿਸ਼ਨਾਂ ਰੂਪੀ ਨਦੀ ਤੋਂ ਪਾਰ ਕਰਨ ਨੂੰ ਭਗਤੀ ਰੂਪ ਬੇੜੀ ਹੈ,

ਹਰੀ ਆਪ ਹੀ ਸੰਕਲਪਾਂ ਵਿਕਲਪਾਂ ਰੂਪੀ ਨਾਲਿਆਂ ਤੋਂ ਪਾਰ ਲੰਘਾਣ ਵਾਸਤੇ ਪ੍ਰੇਮ,

ਵਾ:-ਅਦ੍ਵੈਤ ਨਿਸਚਾ ਰੂਪ ਭੁਲਹਾ ਹੈ।

ਹਰੀ ਆਪ ਹੀ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਕਰਨ ਨੂੰ ਨਾਮ ਗਿਆਨ ਰੂਪੀ ਤਾਰਾ=ਜਹਾਜ਼ ਹੈ ਹਰੀ ਆਪ ਹੀ ਗੁਰਮਤੀਆਂ ਨੂੰ ਗੁਰ ਸਿਖਿਆ ਦੁਆਰੇ ਤਾਰ ਦੇਂਦਾ ਹੈ।

ਹਰਿ ਆਪੇ ਨਾਨਕ ਪਾਵੈ ਪਾਰਾ ॥ ੪ ॥ ੬ ॥ ੪੪ ॥

ਗੁਰੂ ਜੀ ਕਥਨ ਕਰਦੇ ਹਨ--ਹਰੀ ਆਪ ਹੀ ਜਗਿਆਸੂ ਰੂਪ ਹੋ ਕੇ ਸੰਸਾਰ ਸਮੁੰਦ੍ ਤੋਂ ਪਾਰ ਹੋਣਾ ਪਾਂਦਾ ਹੈ।

ਅਥਵਾ:-ਹਰੀ ਆਪ ਹੀ ਜਗਿਆਸੂ ਰੂਪ ਹੋ ਕੇ ਪਾਰਲਾ ਕੰਢਾ ਜੋ ਸਰੂਪ ਹੈ ਉਸ ਨੂੰ ਪਾਂਦਾ ਹੈ॥ ੪ ॥ ੬ ॥ ੪੪ ॥

ਗਉੜੀ ਬੈਰਾਗਣਿ ਮਹਲਾ ੪ ॥

ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥

ਹੇ ਧਣੀ=ਮਾਲਕ ਵਾਹਿਗੁਰੂ ! ਤੂੰ ਸਾਡਾ ਸ਼ਾਹ ਹੈਂ, ਜਿਸ ਤਰ੍ਹਾਂ ਦੀ ਤੂੰ ਰਾਸਿ=ਪੂੰਜੀ (ਮੂੜੀ) ਦੇਂਦਾ ਹੈਂ, ਅਸੀਂ ਉਸੇ ਤਰ੍ਹਾਂ ਦੀ ਲੈਂਦੇ ਹਾਂ।

ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥ ੧ ॥

ਹੇ ਹਰੀ ! ਜੇ ਤੂੰ ਆਪ ਦਿਆਲੂ ਹੋ ਕੇ ਦੇਵੇਂ ਤਾਂ ਰੰਗ+ਸਿਉ=ਪ੍ਰੇਮ ਦੀ ਕੀਮਤ ਨਾਲ ਅਸੀਂ ਨਾਮ ਰੂਪੀ ਸੌਦੇ ਨੂੰ ਵਣੰਜਹ=ਖਰੀਦ ਲਵਾਂਗੇ॥ ੧ ॥

ਹਮ ਵਣਜਾਰੇ ਰਾਮ ਕੇ ॥ ਹਰਿ ਵਣਜੁ ਕਰਾਵੈ ਦੇ ਰਾਸਿ ਰੇ ॥ ੧ ॥ ਰਹਾਉ ॥

ਹੇ ਭਾਈ ! ਅਸੀਂ ਰਾਮ ਦੇ ਵਣਜਾਰੇ=ਗੁਮਾਸਤੇ ਜਾਂ ਖ਼ਰੀਦਦਾਰ ਹਾਂ। ਹਰੀ ਸਾਨੂੰ ਸ੍ਵਾਸਾਂ ਰੂਪੀ ਰਾਸਿ=ਪੂੰਜੀ ਦੇ ਕੇ ਸਾਰੇ ਵਿਹਾਰਾਂ ਰੂਪੀ ਵਣਜੁ=ਸੌਦੇ ਕਰਾਉਂਦਾ ਹੈ॥ ੧ ॥ ਰਹਾਉ ॥

ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ ॥

ਜਿਸ ਨੇ ਹਰੀ ਦੀ ਭਗਤੀ ਧਨ ਦਾ ਲਾਹਾ=ਲਾਭ ਅਰਥਾਤ ਨਫਾ ਖੱਟਿਆ ਹੈ,

ਉਹ ਵਪਾਰੀ ਸੱਚੇ ਸ਼ਾਹ ਹਰੀ ਦੇ ਮਨ ਨੂੰ ਭਾਇਆ=ਚੰਗਾ ਲੱਗਾ ਹੈ।

ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ ॥ ੨ ॥

ਜਿਸ ਨੇ ਹਰਿ ਹਰਿ ਦੇ ਜਪਿ=ਸਿਮਰਨ ਰੂਪੀ ਵਖਰੁ=ਸੌਦੇ ਨੂੰ ਲੱਦਿਆ ਹੈ,

ਜਮ ਜੋ ਜਾਗਾਤੀ=ਮਸੂਲੀਆ ਹੈ ਉਹ ਉਸ ਦੇ ਨੇੜੇ ਨਹੀਂ ਆਉਂਦਾ ॥ ੨ ॥

ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥

ਹੋਰ ਜਿਹੜੇ ਮਨਮੁਖ ਵਾਪਾਰੀ ਅਨੇਕ ਤਰੰਗਾਂ ਵਾਲੀ ਮਾਇਆ ਦਾ ਵਣਜ ਕਰਦੇ ਹਨ ਉਹ ਪ੍ਰਲੋਕ ਵਿਚ ਦੁੱਖ ਪਾਂਦੇ ਹਨ।

ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥ ੩ ॥

ਉਨ੍ਹਾਂ ਨੂੰ ਜਿਸ ਤਰ੍ਹਾਂ ਦੇ ਵਣਜ ਵਿਚ ਹਰੀ ਨੇ ਲਗਾਇਆ ਹੈ, ਉਨ੍ਹਾਂ ਨੇ ਉਸੇ ਤਰ੍ਹਾਂ ਦਾ ਹੀ ਫਲ ਪਾਇਆ ਹੈ॥ ੩ ॥

ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥

ਹਰਿ ਹਰਿ ਦੇ ਨਾਮ ਜਪਣੇ ਰੂਪੀ ਵਣਜ ਨੂੰ ਉਹ ਪੁਰਸ਼ ਕਰਦਾ ਹੈ, ਜਿਸ ਨੂੰ ਪ੍ਰਭੂ ਕਿਰਪਾਲੂ ਹੋ ਕੇ ਦੇਂਦਾ ਹੈ।

ਜਨ ਨਾਨਕ ਸਾਹੁ ਹਰਿ ਸੇਵਿਆ
ਫਿਰਿ ਲੇਖਾ ਮੂਲਿ ਨ ਲੇਈ॥ ੪ ॥ ੧ ॥ ੭ ॥ ੪੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਨੇ ਹਰੀ ਰੂਪੀ ਸ਼ਾਹ ਨੂੰ ਸਿਮਰਿਆ ਹੈ ਉਸ ਪਾਸੋਂ ਧਰਮਰਾਜਾ ਫਿਰ ਮੂਲਿ=ਕਦੇ ਭੀ ਹਿਸਾਬ ਨਹੀਂ ਲੈਂਦਾ॥ ੪॥ ੧॥ ੭॥ ੪੫॥

ਗਉੜੀ ਬੈਰਾਗਣਿ ਮਹਲਾ ੪ ॥
ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥

ਜਿਸ ਤਰ੍ਹਾਂ ਜਨਨੀ=ਮਾਂ ਪੁਤ੍ਰ ਦੀ ਆਸਾ ਕਰਕੇ ਗਰਭ ਨੂੰ ਪਾਲਦੀ ਹੈ।

ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥

ਅਤੇ ਮਨ ਵਿਚ ਵਿਚਾਰਦੀ ਹੈ ਕਿ ਪੁਤ੍ਰ ਵੱਡਾ ਹੋ ਕੇ ਧਨ ਖਟ ਕੇ ਸਾਨੂੰ ਦੇਵੇਗਾ, ਜਿਸ ਧਨ ਨਾਲ ਅਸੀਂ ਭੋਗ ਬਿਲਾਸ ਕਰਾਂਗੇ।

ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ ॥ ੧ ॥

ਤਿਵੇਂ ਹਰੀ ਦਾ ਸੇਵਕ ਜਨ ਹਰੀ ਵਿਚ ਪ੍ਰੀਤੀ ਕਰਕੇ ਆਸ ਰਖਦਾ ਹੈ ਕਿ ਹਰੀ ਆਪਣਾ ਹਥਾਸਾ=ਹੱਥ ਦੇ ਕੇ ਦੁੱਖਾਂ ਤੋਂ ਜ਼ਰੂਰ ਬਚਾ ਰੱਖੇਗਾ।

ਅਥਵਾ:-ਜਿਸ ਪੁਰਸ਼ ਦੀ ਹਰਿ ਹਰਿ ਨਾਲ ਪ੍ਰੀਤੀ ਹੈ, ਉਸ ਪੁਰਸ਼ ਨੂੰ ਤਿਉ=ਤਦ ਵਾਂਗੂੰ ਗੁਰੂ ਆਪ ਕਿਰਪਾ ਰੂਪੀ ਹੱਥ ਦੇ ਕੇ ਰਖਦਾ ਹੈ॥ ੧॥

[ਪੰਨਾ ੧੬੬]

ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ ॥
ਜਨ ਕੀ ਉਪਮਾ ਤੁਝਹਿ ਵਡਈਆ ॥ ੧ ॥ ਰਹਾਉ ॥

ਹੇ ਮੇਰੇ ਰਾਮ, ਹੇ ਮੇਰੇ ਹਰੀ, ਹੇ ਮੇਰੇ ਗੁਸਾਂਈਂ ਮੈਂ ਮੂਰਖ ਨੂੰ ਰਖਣਾ ਕਰੋ।

ਅਥਵਾ:- ਹੇ ਮੇਰੇ ਰਾਮ ਮੈਂ ਮੂਰਖ ਹਾਂ, ਹੇ ਹਰੀ ਤੂੰ ਮੈਨੂੰ ਰਖ ਲੈ, ਕਿਉਂਕਿ ਆਪ ਮੇਰੇ ਗੁਸਈਆ=ਮਾਲਕ ਹੋ।

ਹੇ ਹਰੀ ! ਤੇਰੇ ਸੇਵਕ ਜਨ ਦੀ ਜਿਹੜੀ ਉਪਮਾ ਹੋਣੀ ਹੈ ਇਹ ਤੇਰੀ ਹੀ ਵਡਈਆ=ਵਡਿਆਈ ਹੈ॥ ੧॥ ਰਹਾਉ॥

ਮੰਦਰਿ ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ॥

ਉਸ ਸਰੀਰ ਘਰ ਦੇ ਮੰਦਰਿ=ਅੰਦਰ ਹਰੀ ਦਾ ਅਨੰਦ ਮੰਗਲਾਚਾਰ ਹੈ,
ਜਿਸ ਦੇ ਮਨ ਵਿਚ ਹਰੀ ਦਾ ਜਸ ਕਰਨਾ ਭਾਵੈ=ਚੰਗਾ ਲਗਦਾ ਹੈ।

ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ ਗਾਵੈ॥

ਉਸ ਵੇਲੇ ਸਾਰੇ ਮਿੱਠੇ ਰਸ ਮਖਿ+ਲਗਹਿ=ਪਰਾਪਤ ਹੁੰਦੇ ਹਨ, ਜਿਸ ਵੇਲੇ ਹਰੀ ਦੇ ਗੁਣਾਂ ਨੂੰ ਗਾਂਵਦਾ ਹੈ।

ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ॥ ੨॥

ਹਰੀ ਦਾ ਸੇਵਕ ਜਨ ਆਪਣੇ ਪ੍ਰਤੱਖ ਪ੍ਰਵਾਰ ਨੂੰ ਸੁਧਾਰ ਲੈਂਦਾ ਹੈ, ਅਤੇ ਸਾਰੇ ਜਗਤ ਵਿਚੋਂ ਸਤ ਨਾਨਕੇ, ਸਤ ਦਾਦਕੇ, ਸਤ ਸਾਹੁਰੇ ਇਨ੍ਹਾਂ ਇੱਕੀ ਕੁਲਾਂ ਨੂੰ ਦੁੱਖਾਂ ਤੋਂ ਛੁਡਾ ਲੈਂਦਾ ਹੈ।

ਅਥਵਾ:-ਹਰੀ ਦਾ ਸੇਵਕ ਜਨ ਆਪਣੇ ਪ੍ਰਵਾਰ ਨੂੰ ਸੁਧਾਰ ਲੈਂਦਾ ਹੈ, ਅਤੇ ਉਹ ਇਕੀਹ=ਇਕ ਆਪ ਹੀ ਸਾਰੇ ਜਗਤ ਦੇ ਕੁਲੀ=ਕੁਲ ਜੀਵਾਂ ਨੂੰ ਦੁੱਖਾਂ ਤੋਂ ਛੁਡਾ ਦੇਂਦਾ ਹੈ।

ਅਥਵਾ:-ਇਕੀਹ=ਇੱਕੀ ਵਿਸਵੇ ਜੋ ਸਤਸੰਗ ਹੈ ਉਸ ਵਿਚ ਕੁਲ ਦੇ ਜਿਤਨੇ ਕੁ ਜੀਵ ਆ ਕੇ ਹਰੀ ਦਾ ਸਿਮਰਨ ਕਰਦੇ ਹਨ ਉਨ੍ਹਾਂ ਸਾਰਿਆਂ ਜੀਵਾਂ ਨੂੰ ਉਹ ਛੁਡਾ ਦੇਂਦਾ ਹੈ॥ ੨॥

ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ ਵਡਿਆਈ॥

ਜੋ ਕੁਝ ਕੀਤਾ ਹੈ ਉਹ ਹਰੀ ਨੇ ਹੀ ਕੀਤਾ ਹੈ, ਹਰੀ ਦੀ ਵਡਿਆਈ=ਇਛਾ ਅਨੁਸਾਰ ਹੀ ਸਭ ਕੁਝ ਹੁੰਦਾ ਹੈ।

ਹਰਿ ਜੀਅ ਤੇਰੇ ਤੂੰ ਵਰਤਦਾ ਹਰਿ ਪੂਜ ਕਰਾਈ॥

ਹੇ ਹਰੀ ! ਸਾਰੇ ਜੀਵ ਤੇਰੇ ਹਨ ਤੂੰ ਹੀ ਇਨ੍ਹਾਂ ਵਿਚ ਵਰਤ ਰਿਹਾ ਹੈਂ,
ਹੇ ਹਰੀ ! ਤੂੰ ਆਪ ਹੀ ਇਨ੍ਹਾਂ ਨੂੰ ਪ੍ਰੇਰ ਕੇ ਆਪਣੀ ਪੂਜਾ ਕਰਵਾਂਦਾ ਹੈ।

ਹਰਿ ਭਗਤਿ ਭੰਡਾਰ ਲਹਾਇਦਾ ਆਪੇ ਵਰਤਾਈ॥ ੩॥

ਹੇ ਹਰੀ ! ਤੂੰ ਆਪ ਹੀ ਭਗਤੀ ਰੂਪ ਭੰਡਾਰਾ ਲਹਾਇਦਾ=ਲਭਵਾਂਦਾ ਹੈਂ
ਅਤੇ ਆਪ ਹੀ ਗੁਰੂ ਰੂਪ ਹੋ ਕੇ ਭੰਡਾਰੇ ਨੂੰ ਵਰਤਾਂਦਾ ਹੈਂ॥ ੩॥

ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ॥

ਹੇ ਹਰੀ ! ਮੈਂ ਲਾਲਾ=ਦਾਸ ਆਪ ਜੀ ਦੀ ਸਤਸੰਗਤ ਰੂਪ ਹੱਟੀ ਦਾ ਵਿਹਾਝਿਆ= ਖਰੀਦਿਆ ਹੋਇਆ ਹਾਂ, ਉਸ ਵਿਚ ਮੇਰੀ ਕੀ ਚਤੁਰਾਈ ਹੈ।

ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ॥

ਹੇ ਹਰੀ ! ਜੇਕਰ ਪ੍ਰਤੱਖ ਰਾਜ ਸਿੰਘਾਸਣ ਤੇ ਬਹਾ ਦੇਵੇਂ ਤਾਂ ਭੀ ਮੈਂ ਆਪ ਜੀ ਦਾ ਗੁਲਾਮੁ=ਦਾਸ ਹਾਂ। ਜੇਕਰ ਘਾਹ ਖੋਦਣ ਨੂੰ ਲਗਾ ਦਿਉ ਤਾਂ ਭੀ ਮੈਂ ਹੇ ਹਰੀ ਆਪ ਜੀ ਦਾ ਨਾਮ ਉਚਾਰਾਂਗਾ।

ਅਥਵਾ:-ਜੇਕਰ ਸਰੂਪ ਰੂਪੀ ਰਾਜ ਸਿੰਘਾਸਣ ਤੇ ਬਿਠਾ ਦਿਓ ਤਾਂ ਭੀ ਮੈਂ ਆਪ ਜੀ ਦਾ ਦਾਸ ਹਾਂ, ਜੇਕਰ ਘਾਸੀ=ਚੁਰਾਸੀ ਲੱਖ ਜੂਨ ਵਿਚ ਫੇਰੋਗੇ ਤਾਂ ਭੀ ਮੈਂ ਆਪ ਜੀ ਦਾ ਨਾਮ ਕਢਾਈ=ਉਚਾਰਾਂਗਾ।

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ॥ ੪॥ ੨॥ ੮॥ ੪੬॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਜਨ ਆਪ ਜੀ ਦਾ ਦਾਸ ਹਾਂ, ਇਸ ਕਰਕੇ ਹੇ ਹਰੀ ਮੈਂ ਆਪ ਜੀ ਦੀ ਵਡਿਆਈ ਕਰਦਾ ਹੈ॥ ੪॥ ੨॥ ੮॥ ੪੬॥

ਗਉੜੀ ਗੁਆਰੇਰੀ ਮਹਲਾ ੪ ॥

ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥

ਜਿਵੇਂ ਕਿਰਸਾਣੁ=ਜ਼ਿਮੀਂਦਾਰ ਜੀਉ+ਲਾਇ=ਦਿਲ ਲਗਾ ਕੇ ਕਿਰਸਾਣੀ=ਖੇਤੀ ਕਰਦਾ ਹੈ ਅਤੇ ਮਨ ਵਿਚ ਉਸ ਦਾ ਫਲ ਲੋਚੈ=ਚਾਹੁੰਦਾ ਹੈ।

ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥

ਪਹਿਲੇ ਹਲ ਵਾਹੁੰਦਾ ਹੈ ਫਿਰ ਖੂਹ ਜੋਂਦਾ ਹੈ, ਅਤੇ ਰਾਖੀ ਆਦਿਕ ਕਈ ਤਰ੍ਹਾਂ ਦੇ ਉੱਦਮ ਕਰਦਾ ਹੈ, ਅਤੇ ਇੱਛਾ ਰਖਦਾ ਹੈ ਕਿ ਜੋ ਅੰਨ ਪੈਦਾ ਹੋਵੇਗਾ ਉਸ ਨੂੰ ਮੇਰਾ ਧੀ-ਪੁੱਤਰ ਖਾਵੇਗਾ।

ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥ ੧ ॥

ਤਿਵੇਂ ਹਰੀ ਦਾ ਸੇਵਕ ਜਨ ਹਰਿ ਹਰਿ ਦਾ ਸਿਮਰਨ ਕਰਦਾ ਹੈ, ਤੇ ਮਨ ਵਿਚ ਆਸ ਰਖਦਾ ਹੈ ਕਿ ਹਰੀ ਅੰਤਮ ਸਮੇਂ ਮੈਨੂੰ ਜਮਾਂ ਤੋਂ ਛੁਡਾ ਲਵੇਗਾ ॥ ੧ ॥

ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥

ਹੇ ਮੇਰੇ ਰਾਮ ! ਮੈਂ ਮੂਰਖ ਦੀ ਗਤਿ=ਮੁਕਤੀ ਕਰੋ।

ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥ ੧ ॥ ਰਹਾਉ ॥

ਹੇ ਹਰੀ ! ਗੁਰ=ਪੂਜਨੀਕ ਸਤਿਗੁਰਾਂ ਦੀ ਸੇਵਾ ਰੂਪ ਕੰਮ ਵਿਚ ਸਾਨੂੰ ਲਗਾਣਾ ਕਰ ॥ ੧ ॥ ਰਹਾਉ ॥

ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ ॥

ਜਿਵੇਂ ਸੌਦਾਗਰ ਤੁਰੇ=ਘੋੜੇ ਲੈ ਕੇ ਸੌਦਾਗਰੀ ਕਰਨ ਵਾਸਤੇ ਧਾਵੈ=ਦੌੜਦਾ ਹੈ।

ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ ॥

ਧਨ ਦੇ ਖੱਟਣ ਦੀ ਆਸਾ ਕਰਦਾ ਹੈ, ਅਤੇ ਮਨ ਵਿਚ ਮਾਇਆ ਦੇ ਮੋਹ ਨੂੰ ਵਧਾਂਦਾ ਹੈ।

ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ ॥ ੨ ॥

ਤਿਵੇਂ ਹਰੀ ਦਾ ਸੇਵਕ ਜਨ ਹਰਿ ਹਰਿ ਨਾਮ ਨੂੰ ਉਚਾਰਦਾ ਹੈ, ਅਤੇ ਹਰੀ ਨਾਮ ਨੂੰ ਜਪ ਕੇ ਸੁਖ ਪਾਂਦਾ ਹੈ॥ ੨ ॥

ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥

ਜਿਵੇਂ ਹਟਵਾਣੀਆ=ਹੱਟੀ ਵਾਲਾ (ਦੁਕਾਨਦਾਰ) ਹੱਟੀ ਉੱਤੇ ਬਹਿ ਕੇ ਕਮਾਇ=ਕਮਾਈ ਕਰਦਾ ਹੈ ਅਤੇ ਬਿਖੁ+ਸੰਚੈ=ਮਾਇਆ ਇਕੱਠੀ ਕਰਦਾ ਹੈ।

ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥

ਮੋਹ, ਵਾ:-ਅਗਿਆਨ ਝੂਠਾ ਹੈ, ਪਸਾਰਾ ਵੀ ਝੂਠਾ ਹੈ ਉਸ ਵਿਚ ਝੂਠੇ ਪੁਰਸ਼ ਹੀ ਲੰਪਟ ਹੋ ਰਹੇ ਹਨ।
ਅਥਵਾ:- ਝੂਠੇ ਪਸਾਰੇ ਦਾ ਝੂਠਾ ਮੋਹ ਕਰਕੇ ਝੂਠੇ ਧੰਧਿਆਂ ਵਿਚ ਫਸਿਆ ਹੋਇਆ ਹੈ।

ਤਿਉ ਹਰਿ ਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ ॥ ੩ ॥

ਤਿਵੇਂ ਹਰੀ ਦੇ ਸੇਵਕ ਜਨਾਂ ਨੇ ਹਰੀ ਨਾਮ ਧਨ ਨੂੰ ਸੰਚਿਆ=ਇਕੱਠਾ ਕੀਤਾ ਹੈ,

ਅਤੇ ਹਰੀ ਸਿਮਰਨ ਰੂਪ ਖਰਚ ਨੂੰ ਲੈ ਕੇ ਪ੍ਰਲੋਕ ਵਿਚ ਜਾਂਦੇ ਹਨ॥ ੩॥

ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੈ ਫਾਸ॥

ਮਾਇਆ ਅਤੇ ਕੁਟੰਬ ਦਾ ਜੋ ਮੋਹ ਹੈ ਏਹੋ ਦ੍ਵੈਤ ਭਾਵ ਦੀ ਫਾਹੀ ਹੈ।

ਅਥਵਾ:-ਮਾਇਆ ਦੇ ਮੋਹ ਵਾਲੇ ਜੋ ਜੀਵ ਹੈਂ ਇਹ ਦ੍ਵੈਤ ਭਾ ਕਰਕੇ ਕੁਟੰਬ ਵਿਚ ਫਸ ਰਹੇ ਹਨ।

ਗੁਰਮਤੀ ਸੋ ਜਨੁ ਤਰੈ ਜੋ ਦਾਸਨਿ ਦਾਸ॥

ਗੁਰਾਂ ਦੀ ਸਿਖਿਆ ਲੈ ਕੇ ਜੋ ਦਾਸਾਂ ਦਾ ਦਾਸ ਹੁੰਦਾ ਹੈ ਉਹ ਪੁਰਸ਼ ਤਰ ਜਾਂਦਾ ਹੈ।

ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ॥੪॥੩॥੯॥੪੭॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੇ ਨਾਮ ਨੂੰ ਧਿਆਇਆ ਹੈ ਉਨ੍ਹਾਂ ਗੁਰਮੁਖਾਂ ਨੂੰ ਪਰਮੇਸ਼ਰ ਦਾ ਪਰਗਾਸ=ਗਿਆਨ ਹੋਇਆ ਹੈ॥ ੪॥ ੩॥ ੯॥ ੪੭॥

ਗਉੜੀ ਬੈਰਾਗਣਿ ਮਹਲਾ ੪॥

ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ॥

ਇਹ ਜੀਵ ਨਿਤ=ਹਮੇਸ਼ਾ ਦਿਨ ਰਾਤ ਖਾਣ ਪੀਣ ਦਾ ਲਾਲਚ ਕਰਦਾ ਹੈ, ਤੇ ਮਾਇਆ ਦਾ ਭਰਮਾਇਆ ਹੋਇਆ ਭਰਮ ਰਿਹਾ ਹੈ।

ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ॥

ਇਹ ਜੀਵ ਵੇਗਾਰੀਆਂ ਦੀ ਨਿਆਂਈਂ ਵੇਗਾਰ ਵਾਲੇ ਕੰਮ ਕਰਦਾ ਫਿਰਦਾ ਹੈ। ਅਤੇ ਸਿਰ ਉੱਤੇ ਪਾਪਾਂ ਦੇ ਭਾਰ ਨੂੰ ਚੁੱਕੀ ਜਾਂਦਾ ਹੈ।

ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ॥੧॥

ਪਰ ਜੋ ਪੁਰਸ਼ ਗੁਰਾਂ ਦੀ ਸੇਵਾ ਕਰਦਾ ਹੈ, ਉਸ ਨੂੰ ਹਰੀ ਨੇ ਸਰੂਪ ਰੂਪੀ ਘਰ ਦੀ ਪ੍ਰਾਪਤੀ ਦੇ ਕੰਮ ਵਿਚ ਲਗਾਇਆ ਹੋਇਆ ਹੈ॥ ੧॥

ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ॥

ਹੇ ਮੇਰੇ ਰਾਮ ! ਮੇਰੇ ਗਲ ਚੋਂ ਮਾਇਆ ਦੇ ਬੰਧਨ ਤੋੜਕੇ ਮੈਨੂੰ ਭੀ ਸਰੂਪ ਰੂਪੀ ਘਰ ਦੇ ਕੰਮ ਵਿਚ ਲਗਾਓ।

ਨਿਤ ਹਰਿ ਗੁਣ ਗਾਵਹ ਹਰਿ ਨਾਮਿ ਸਮਾਇ॥੧॥ਰਹਾਉ॥

ਜੋ ਨਿਤਾਪ੍ਰਤੀ ਹਰੀ ਗੁਣਾਂ ਨੂੰ ਗਾਉਂਦੇ ਹਨ ਉਹ ਹਰੀ ਨਾਮੀ ਵਿਚ ਸਮਾਇ=ਅਭੇਦ ਹੁੰਦੇ ਹਨ॥ ੧॥ ਰਹਾਉ॥

ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ ਅਰਥਿ ਸਭ ਮਾਇਆ॥

ਇਹ ਪ੍ਰਾਣਧਾਰੀ ਮਨੁੱਖ ਨਰਪਤਿ=ਨਰਾਂ ਦੇ ਪਤੀ ਜੋ ਰਾਜੇ ਹਨ ਮਾਇਆ ਦੀ ਪਰਾਪਤੀ ਅਰਥਿ=ਵਾਸਤੇ ਉਨ੍ਹਾਂ ਦੀ ਸਭ ਤਰ੍ਹਾਂ ਕਰਕੇ ਚਾਕਰੀ ਕਰਦਾ ਹੈ।

ਅਥਵਾ:-ਇਹ ਪੁਰਸ਼ ਆਪਣੇ ਅਰਥਿ=ਮਤਲਬ ਵਾਸਤੇ ਪ੍ਰਾਣਾਂ ਤਕ ਨਰਾਂ ਦੇ ਪਤੀ ਰਾਜਿਆਂ ਦੀ ਚਾਕਰੀ

ਕਰਦਾ ਹੈ, ਪਰ ਉਹ ਸਾਰੀ ਮਾਇਆ ਰਾਜੇ ਦੇ ਕੋਲ ਹੀ ਰਹਿੰਦੀ ਹੈ। ਕਿਉਂਕਿ:-

ਕੈ ਬੰਧੈ ਕੈ ਡਾਨਿ ਲੇਇ ਕੈ ਨਰਪਤਿ ਮਹਿ ਜਾਇਆ ॥

ਕੈ=ਜਾਂ ਤਾਂ ਰਾਜਾ ਕਿਸੇ ਗੁਨਾਹ ਕਰਕੇ ਬੰਧੈ=ਬੰਨ੍ਹ ਲੈਂਦਾ ਭਾਵ ਕੈਦ ਕਰ ਲੈਂਦਾ ਹੈ,
ਕੈ=ਜਾਂ ਰਾਜਾ ਕਿਸੇ ਤਰ੍ਹਾਂ ਦਾ ਡੰਨ ਲਾ ਕੇ ਨੌਕਰ ਪਾਸੋਂ ਧਨ ਖੋਹ ਲੈਂਦਾ ਹੈ,
ਕੈ=ਜਾਂ ਰਾਜਾ ਮਰ ਜਾਂਦਾ ਹੈ, ਤੇ ਤਨਖਾਹ ਮਿਲਦੀ ਹੀ ਨਹੀਂ।

ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ
ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖੁ ਪਾਇਆ ॥ ੨ ॥

ਧੰਨੁ ਧਨੁ=ਧੰਨਤਾ ਜੋਗ ਸਤਿਗੁਰਾਂ ਦੀ ਸੇਵਾ ਸਫਲ ਹੈ, ਜਿਤੁ=ਜਿਸ ਸੇਵਾ ਕਰਕੇ ਗੁਰਮੁਖਾਂ ਨੇ ਹਰਿ ਹਰਿ ਨਾਮ ਨੂੰ ਜਪਕੇ ਹਰ ਤਰ੍ਹਾਂ ਦਾ ਸੁਖ ਪਾਇਆ ਹੈ॥ ੨ ॥

ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ ॥

ਇਹ ਜੀਵ ਮਾਇਆ ਦੀ ਪਰਾਪਤੀ ਦੇ ਤਾਈ=ਵਾਸਤੇ ਨਿਤ=ਹਮੇਸ਼ਾਂ ਬਹੁ+ਭਾਤਿ ਕਰਿ=ਬਹੁਤ ਤਰ੍ਹਾਂ ਦਾ ਸੌਦਾ ਕਰਦਾ ਹੈ, ਅਤੇ ਵਿਆਜੀ ਰੁਪੈ ਦੇ ਕੇ ਨਿਤ ਹੀ ਸੂਦੁ=ਵਿਆਜ ਇਕੱਠਾ ਕਰਦਾ ਹੈ।

ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ ॥

ਜੇਕਰ ਉਹ ਸੌਦਾ ਲਾਹਾ=ਲਾਭ ਅਰਥਾਤ ਨਫਾ ਦੇਵੇ ਤਦ ਤਾਂ ਸੁਖ ਮੰਨਦਾ ਹੈ, ਜੇ ਤੋਟੈ=ਘਾਟਾ ਪੈ ਜਾਵੇ ਤਾਂ ਮਰ ਹੀ ਜਾਂਦਾ ਹੈ।

ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ ॥ ੩ ॥

ਪਰ ਜੋ ਪੁਰਸ਼ ਸ਼ੁਭ ਗੁਣਾਂ ਦੀ ਸਾਂਝੀ=ਭਾਈਵਾਲੀ ਗੁਰਾਂ ਨਾਲ ਕਰਦਾ ਹੈ ਉਹ ਨਿਤਾਪ੍ਰਤੀ=ਹਮੇਸ਼ਾਂ ਹੀ ਸੁਖ ਪਾਂਦਾ ਹੈ॥ ੩ ॥

[ਪੰਨਾ ੧੬੭]

ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥

ਜਿਤਨੀ=ਜਿੰਨੀ ਕੁ ਹੋਰ ਰਸਾਂ ਦੇ ਸੁਆਦ ਦੀ ਇਸ ਨੂੰ ਭੂਖ=ਚਾਹ ਲਗ ਰਹੀ ਹੈ,
ਉਨ੍ਹਾਂ ਦੇ ਸੁਆਦ ਲੈਣ ਮਗਰੋਂ ਭੀ ਓਨੀ ਭੁੱਖ ਫਿਰ ਲਗ ਜਾਂਦੀ ਹੈ।
ਕਿਉਂਕਿ ਸੰਤੋਖ ਤੋਂ ਬਿਨਾਂ ਇਹ ਨੂੰ ਰੱਜ ਨਹੀਂ ਆਉਂਦਾ ।

ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ ॥

ਪਰ ਜਿਸ ਉੱਤੇ ਹਰੀ ਆਪਣੀ ਕਿਰਪਾ ਕਰਦਾ ਹੈ, ਉਹ ਪੁਰਸ਼ ਗੁਰਾਂ ਅੱਗੇ ਆਪਣਾ ਸਿਰ ਵੇਚ ਦੇਂਦਾ ਹੈ। ਅਰਥਾਤ ਸੇਵਾ ਕਰਦਾ ਹੋਇਆ ਹੰਕਾਰ ਨਹੀਂ ਕਰਦਾ।

ਜਨ ਨਾਨਕ ਹਰਿ ਰਸਿ ਤ੍ਰਿਪਤਿਆ
ਫਿਰਿ ਭੂਖ ਨ ਲਾਗੈ ॥ ੪ ॥ ੪ ॥ ੧੦ ॥ ੪੮ ॥

ਗੁਰੂ ਜੀ ਕਥਨ ਕਰਦੇ ਹਨ— ਉਹ ਗੁਰਮੁਖ ਜਨ ਹਰੀ ਨਾਮ ਰਸ ਕਰਕੇ ਤ੍ਰਿਪਤ ਹੋਇਆ ਹੈ ਉਸ ਨੂੰ ਮੁੜ ਕੇ ਕਦੇ ਭੀ ਭੁਖ ਨਹੀਂ ਲਗਦੀ॥ ੪॥ ੪॥ ੧੦॥ ੪੮॥

ਗਉੜੀ ਬੈਰਾਗਣਿ ਮਹਲਾ ੪॥

ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰ੍ਸੁ ਤੁਮਾਰਾ॥

ਹੇ ਹਰੀ ! ਸਾਡੇ ਮਨ ਤੇ ਚਿਤ ਵਿਚ ਹਰ ਵੇਲੇ ਨਿਤ ਹੀ ਇਹ ਆਸਾ ਲੱਗੀ ਰਹਿੰਦੀ ਹੈ, ਕਿ ਹੇ ਹਰੀ ! ਮੈਂ ਆਪ ਜੀ ਦਾ ਕਿਵੇਂ ਦਰਸ਼ਨ ਵੇਖਣਾ ਕਰਾਂ?

ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ॥

ਜਿਸ ਨੇ ਪ੍ਰੀਤੀ ਲਗਾਈ ਹੈ ਓਹੀ ਇਸ ਦੁੱਖ ਨੂੰ ਜਾਣਦਾ ਹੈ, ਹੇ ਹਰੀ ! ਸਾਡੇ ਮਨ ਚਿਤ ਵਿਚ ਤੂੰ ਬਹੁਤ ਹੀ ਪਿਆਰਾ ਲਗ ਰਿਹਾ ਹੈਂ।

ਹਉ ਕੁਰਬਾਨੀ ਗੁਰ ਆਪਣੇ
ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ॥ ੧॥

ਮੈਂ ਆਪਣੇ ਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਸ ਗੁਰੂ ਨੇ ਵਿਛੜਿਆ ਹੋਇਆ ਮੇਰਾ ਸਿਰਜਨਹਾਰ ਪ੍ਰਭੂ ਮੇਲਿਆ ਹੈ॥ ੧॥

ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ॥

ਹੇ ਮੇਰੇ ਰਾਮ ਹਰੀ ! ਅਸੀਂ ਪਾਪੀ ਹਰ ਵੇਲੇ ਆਪ ਜੀ ਦੇ ਸਤਸੰਗ ਦੁਆਰੇ ਦੀ ਸ਼ਰਨ ਵਿਚ ਡਿੱਗੇ ਪਏ ਹਾਂ। ਤੇ ਆਸ ਰਖਦੇ ਹਾਂ—

ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ॥ ੧॥ ਰਹਾਉ॥

ਮਤਾਂ ਆਪਣੀ ਕਿਰਪਾ ਦ੍ਰਿਸ਼ਟੀ ਧਾਰ ਕੇ ਅਸਾਂ ਗੁਣ ਹੀਣਿਆਂ ਨੂੰ ਕਿਸੇ ਵੇਲੇ ਆਪਣੇ ਨਾਲ ਮੇਲ ਲਵੇ॥ ੧॥ ਰਹਾਉ॥

ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ॥

ਹੇ ਹਰੀ ! ਸਾਡੇ ਵਿਚ ਬਹੁਤ ਵਾਰੀ ਮੁੜ ਮੁੜ ਕੇ ਕੀਤੇ ਹੋਏ ਔਗੁਣ ਬਹੁਤ ਤੋਂ ਬਹੁਤ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਆ ਸਕਦੀ।

ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ॥

ਹੇ ਹਰੀ ! ਤੂੰ ਸ਼ੁਭ ਗੁਣਾਂ ਵਾਲਾ ਹੈਂ, ਹੇ ਹਰੀ ! ਤੂੰ ਦਿਆਲੂ ਸੁਭਾਅ ਵਾਲਾ ਹੈਂ, ਪਰ ਜਿਨ੍ਹਾਂ ਨੂੰ ਹਰੀ ਹਰਿ ਦਾ ਸਿਮਰਨ ਭਾਂਵਦਾ ਹੈ ਹੇ ਹਰੀ ! ਉਨ੍ਹਾਂ ਨੂੰ ਤੂੰ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈਂ।

ਹਮ ਅਪਰਾਧੀ ਰਾਖੇ ਗੁਰ ਸੰਗਤੀ
ਉਪਦੇਸੁ ਦੀਓ ਹਰਿ ਨਾਮੁ ਛਡਾਵੈ॥ ੨॥

ਅਸਾਂ ਅਪਰਾਧੀ=ਪਾਪੀਆਂ ਨੂੰ ਗੁਰਾਂ ਦੀ ਸੰਗਤ ਵਿਚ ਮਿਲਾ ਕੇ ਤੁਸਾਂ ਨੇ ਰੱਖ ਲਿਆ ਹੈ, ਅਤੇ ਜਮਾਂ

ਤੋਂ ਛੁਡਾਣ ਵਾਲਾ ਜੋ ਹਰੀ ਨਾਮ ਹੈ ਉਸ ਹਰੀ ਨਾਮ ਦਾ ਉਪਦੇਸ਼ ਗੁਰਾਂ ਨੇ ਮੈਨੂੰ ਦਿੱਤਾ ਹੈ॥ ੨॥

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ
ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ॥

ਹੇ ਮੇਰੇ ਸਤਿਗੁਰੋ ਮੈਂ ਤੁਹਾਡੇ ਕੇਹੜੇ ਕੇਹੜੇ ਗੁਣ=ਉਪਕਾਰ ਕਹਾਂ, ਜਿਸ ਵੇਲੇ ਆਪ ਬੁਲਾਂਦੇ ਹੋ ਉਸ ਵੇਲੇ ਮੇਰਾ ਮਨ ਗੁਰ=ਵੱਡਾ, ਬਿਸਮੁ=ਅਸਚਰਜ, ਅਰਥਾਤ ਹੈਰਾਨ ਹੋ ਜਾਂਦਾ ਹੈ।

ਕਿ ਮੇਰੇ ਵਰਗੇ ਨੀਚ ਉੱਤੇ ਆਪ ਜੀ ਦੀ ਏਡੀ ਕਿਰਪਾ ਹੈ।

ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ
ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ॥

ਅਸਾਂ ਵਰਗਿਆਂ ਪਾਪੀਆਂ ਨੂੰ ਹੋਰ ਭੀ ਕੋਈ ਰਖ ਸਕਦਾ ਹੈ ?

ਜਿਸ ਤਰ੍ਹਾਂ ਮੈਨੂੰ ਸਤਿਗੁਰਾਂ ਨੇ ਆਪਣੀ ਸ਼ਰਨ ਵਿਚ ਰਖ ਕੇ ਦੁਖਾਂ ਤੋਂ ਛੁਡਾ ਲੀਤਾ ਹੈ।

ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥ ੩॥

ਹੇ ਗੁਰੂ ! ਤੂੰ ਮੇਰਾ ਪਿਉ ਹੈਂ, ਹੇ ਗੁਰੂ ! ਤੂੰਹੀਂ ਮੇਰੀ ਮਾਂ ਹੈਂ, ਹੇ ਗੁਰੂ ! ਤੂੰਹੀਂ ਮੇਰਾ ਬੰਧਪੁ=ਸਨਬੰਧੀ ਹੈਂ, ਹੇ ਗੁਰੂ ! ਤੂੰਹੀਂ ਸਖਾਇ=ਸਹਾਇਤਾ ਕਰਨ ਵਾਲਾ ਮੇਰਾ ਸਖਾ=ਮਿਤਰ ਹੈਂ॥ ੩॥

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥

ਹੇ ਮੇਰੇ ਸਤਿਗੁਰੋ ! ਜੋ ਸਾਡੀ ਬਿਧਿ=ਹਾਲਤ ਹੁੰਦੀ ਸੀ, ਸਾ+ਬਿਧਿ=ਉਸ ਹਾਲਤ ਨੂੰ ਆਪ ਹਰ ਤਰ੍ਹਾਂ ਕਰਕੇ ਜਾਣਦੇ ਹੋ।

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਅਸੀਂ ਰੁਲਦੇ ਫਿਰਦੇ ਸਾਂ ਸਾਡੀ ਗੱਲ ਕੋਈ ਭੀ ਪੁਛਦਾ ਨਹੀਂ ਸੀ, ਗੁਰ=ਪੂਜਨੀਕ ਸਤਿਗੁਰਾਂ ਨੇ ਆਪਣੇ ਨਾਲ ਮਿਲਾ ਕੇ ਮੈਂ ਕੀਰੇ=ਕੀੜੇ (ਦਾਸ) ਨੂੰ ਗੁਰ+ਥਾਪੇ=ਵੱਡਾ ਬਣਾ ਦਿਤਾ ਹੈ।

ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥ ੪॥ ੫॥ ੧੧॥ ੪੯॥

ਜਨ+ਕੇਰਾ=ਮੈਂ ਦਾਸ ਦਾ ਗੁਰੂ ਨਾਨਕ ਧਨਤਾ ਦੇ ਜੋਗ ਹੈ,

ਜਿਸ ਨੂੰ ਮਿਲਦਿਆਂ ਹੀ ਸਾਰੇ ਸੋਗ ਸੰਤਾਪ ਚੂਕੇ=ਦੂਰ ਹੋ ਗਏ ਹਨ॥ ੪॥ ੫॥ ੧੧॥ ੪੯॥

ਗਉੜੀ ਬੈਰਾਗਣਿ ਮਹਲਾ ੪॥

ਪਰਮੇਸ਼ਰ ਅਗੇ ਇਸ ਤਰ੍ਹਾਂ ਬੇਨਤੀਆਂ ਕਰੋ:-

ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ॥

ਸਾਡਾ ਜੀਅ ਕੰਚਨ=ਸੋਨੇ ਦੇ ਗਹਿਣਿਆਂ ਤੇ ਇਸਤ੍ਰੀ ਵਿਚ ਲੁਭਾਏਮਾਨ ਹੋ ਰਿਹਾ ਹੈ, ਅਤੇ ਮਾਇਆ

ਦਾ ਮੋਹ ਮਿੱਠਾ ਲਗ ਰਿਹਾ ਹੈ।

ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ ॥

ਫਿਰ ਘਰ, ਮੰਦਰ, ਘੋੜੇ ਅਤੇ ਅਨਰਸਿ=ਹੋਰਨਾਂ ਰਸਾਂ ਦੀ ਖੁਸ਼ੀ ਵਿਚ ਆਪਣੇ ਮਨ ਨੂੰ ਲਗਾਇਆ ਹੋਇਆ ਹੈ।

ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ॥ ੧ ॥

ਹੇ ਹਰੀ ਪ੍ਰਭੂ ! ਤੂੰ ਚਿਤ ਵਿਚ ਚੇਤੇ ਆਉਂਦਾ ਨਹੀਂ ਹੈਂ, ਹੇ ਮੇਰੇ ਹਰੀ ਰਾਜੇ ਮੈਂ ਸੰਸਾਰ ਤੋਂ ਕਿਵੇਂ ਛੁਟਾਂਗਾ? ॥ ੧ ॥

ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥

ਹੇ ਮੇਰੇ ਹਰੀ ਰਾਮ ! ਹਰ ਤਰ੍ਹਾਂ ਦੇ ਜੋ ਨੀਚ ਕਰਮ ਹਨ ਇਹ ਮੇਰੇ ਵਿਚ ਹੀ ਹਨ।

ਗੁਣਵੰਤਾ ਹਰਿ ਹਰਿ ਦਇਆਲੁ
ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥ ੧ ॥ ਰਹਾਉ ॥

ਹੇ ਹਰੀ ! ਤੂੰ ਸ਼ੁਭ ਗੁਣਾਂ ਵਾਲਾ ਹੈਂ, ਪੁਨਾ ਹੇ ਹਰੀ ਤੂੰ ਦਿਆਲੁ ਕਿਰਪਾਲੂ ਹੈਂ,
ਤੂੰਹੀਂ ਕਿਰਪਾ ਕਰਕੇ ਮੇਰੇ ਸਾਰੇ ਔਗੁਣਾਂ ਨੂੰ ਬਖਸ਼ ਦੇ ॥ ੧ ॥ ਰਹਾਉ ॥

ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥

ਮੇਰਾ ਕੁਝ ਰੂਪ ਭੀ ਸੋਹਣਾ ਨਹੀਂ ਹੈ, ਕੁਝ ਜਾਤੀ ਭੀ ਉੱਚੀ ਨਹੀਂ ਹੈ, ਨਾਹੀ ਕੁਝ ਮੇਰਾ ਚੰਗਾ ਚੱਜ ਆਚਾਰ ਹੈ।

ਅਥਵਾ:-ਕੁਝ ਸਫਾਈ ਰੂਪੀ ਸੁੰਦਰ ਰੂਪ ਨਹੀਂ ਹੈ, ਨਾਹੀ ਕੁਝ ਸ੍ਰੇਸ਼ਟ ਜਾਤੀ ਹੈ, ਨਾਹੀ ਕੁਝ ਮੇਰਾ ਜਪ ਤਪ ਕਰਨ ਦਾ ਢੰਗੁ=ਸਬੱਬ (ਤਰੀਕਾ) ਹੈ।

ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥

ਸ਼ੁਭ ਗੁਣਾਂ ਤੋਂ ਹੀਣੀ ਹਾਂ, ਤੇਰਾ ਨਾਮ ਭੀ ਨਹੀਂ ਜਪਿਆ, ਫਿਰ ਮੈਂ ਕਿਹੜਾ ਮੂੰਹ ਲੈ ਕੇ ਤੇਰੇ ਸਾਹਮਣੇ ਬੋਲਾਂ, ਅਰਥਾਤ ਤੇਰੇ ਨਾਲ ਗੱਲ ਬਾਤ ਕਰਾਂ।

ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥ ੨ ॥

ਅਸੀਂ ਪਾਪੀ ਗੁਰਾਂ ਨਾਲ ਮਿਲਕੇ ਤਰ ਗਏ ਹਾਂ, ਇਹ ਸਾਰਾ ਸਤਿਗੁਰਾਂ ਦਾ ਹੀ ਪੁੰਨ ਪਰਤਾਪ ਹੈ ॥ ੨ ॥

ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ ॥

ਸਾਰਿਆਂ ਜੀਵਾਂ ਨੂੰ ਪਿੰਡੁ=ਸਰੀਰ ਤੇ ਨੱਕ, ਮੂੰਹ ਦਿੱਤਾ ਹੈ ਅਤੇ ਵਰਤਣ ਵਾਸਤੇ ਪਾਣੀ ਭੀ ਦਿੱਤਾ ਹੈ।

ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ ॥

ਖਾਣ ਵਾਸਤੇ ਅੰਨ, ਪੈਨ੍ਹਣ ਵਾਸਤੇ ਕਪੜੇ, ਅਤੇ ਅਨਿ=ਹੋਰ ਚੰਗੇ ਚੰਗੇ ਰਸ ਭੀ ਭੋਗਣ ਵਾਸਤੇ ਦਿੱਤੇ ਹਨ।

ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ ॥ ੩ ॥

ਜਿਸ ਪ੍ਰਭੂ ਨੇ ਇਹ ਪਦਾਰਥ ਦਿਤੇ ਹਨ ਉਹ ਤਾਂ ਚੇਤੇ ਹੀ ਨਹੀਂ ਆਉਂਦਾ ਇਹ ਪਸੂ=ਅਗਿਆਤ ਜੀਵ ਉਨ੍ਹਾਂ ਪਦਾਰਥਾਂ ਨੂੰ "ਹਉ ਕਰਿ ਜਾਣੀ"=ਆਪਣੇ ਕਰਕੇ ਜਾਣਦਾ ਹੈ॥ ੩ ॥

ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ ॥

ਹੇ ਪ੍ਰਭੂ ਤੇਰਾ ਕੀਤਾ ਹੋਇਆ ਸਭ ਕੁਝ ਵਰਤ ਰਿਹਾ ਹੈ, ਤੂੰਹੀਂ ਅੰਤਰਜਾਮੀ ਹੈਂ ਅਰਥਾਤ ਸਾਰਿਆਂ ਦੇ ਦਿਲਾਂ ਦੀ ਜਾਨਣ ਵਾਲਾ ਹੈਂ।

ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥

ਅਸੀਂ ਵਿਚਾਰੇ ਜੀਵ ਕੀ ਕਰ ਸਕਦੇ ਹਾਂ, ਹੇ ਸੁਆਮੀ ਇਹ ਸਾਰਾ ਤੇਰਾ ਆਪਣਾ ਹੀ ਖੇਲ ਹੈ।

ਜਨ ਨਾਨਕੁ ਹਾਟਿ ਵਿਹਾਝਿਆ
ਹਰਿ ਗੁਲਮ ਗੁਲਾਮੀ ॥ ੪ ॥ ੬ ॥ ੧੨ ॥ ੫੦ ॥

ਗੁਰੂ ਜੀ ਕਥਨ ਕਰਦੇ ਹਨ ਮੈਂ ਜਨ ਆਪ ਜੀ ਦੀ ਸਤਿਸੰਗ ਰੂਪੀ ਹੱਟੀ ਦਾ ਵਿਹਾਝਿਆ=ਖਰੀਦਿਆ ਹੋਇਆ ਹਾਂ, ਹੇ ਹਰੀ ਮੈਂ ਆਪ ਜੀ ਦੇ ਗੁਲਮ+ਗੁਲਾਮੀ=ਦਾਸਾਂ ਦਾ ਦਾਸ ਹਾਂ॥ ੪ ॥ ੬ ॥ ੧੨ ॥ ੫੦ ॥

[ਪੰਨਾ ੧੬੮]

ਗਉੜੀ ਬੈਰਾਗਣਿ ਮਹਲਾ ੪ ॥

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥

ਜਿਵੇਂ ਜਨਨੀ=ਮਾਂ ਪੁਤ੍ਰ ਨੂੰ ਜਣਿ=ਜੰਮਕੇ ਫਿਰ ਉਸਨੂੰ ਪਾਲਦੀ ਹੈ, ਅਤੇ ਹਰ ਵੇਲੇ ਆਪਣੀ ਨਦਰਿ+ਮਝਾਰਿ=ਨਿਗਾਹ ਵਿਚ ਭਾਵ ਅੱਖਾਂ ਦੇ ਸਾਹਮਣੇ ਰਖਦੀ ਹੈ।

ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥

ਘਰ ਦੇ ਅੰਦਰ ਬਾਹਰ ਜਾਂਦੀ ਹੋਈ ਉਸ ਦੇ ਮੂੰਹ ਵਿਚ ਗ੍ਰਾਸ ਦੇਂਦੀ ਹੈ, ਭਾਵ ਆਪਣੇ ਥਣਾਂ ਦਾ ਦੁੱਧ ਪਿਲਾਂਦੀ ਹੈ, ਅਤੇ ਖਿਨ ਖਿਨ ਕਾਲ ਵਿਚ ਉਸਨੂੰ ਪੋਚਾਰਿ=ਲੜਾਂਦੀ ਹੈ।

ਯਥਾ:- ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥ ੪ ॥ ੧ ॥

(ਨਾਮਦੇਉ, ਪੰਨਾ ੯੭੨)

ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥

ਜਿਸ ਗੁਰਸਿਖ ਦੀ ਪਿਆਰੇ ਹਰੀ ਨਾਲ ਪ੍ਰੀਤੀ ਹੈ ਤਿਸ ਗੁਰਸਿਖ ਨੂੰ ਤਦ ਵਤ ਸਤਿਗੁਰਦੇਵ ਜੀ ਰਖਦੇ ਹਨ।

*ਅਥਵਾ:-*ਜਿਸ ਗੁਰਸਿਖ ਦੀ ਪਿਆਰੇ ਸਤਿਗੁਰਾਂ ਨਾਲ ਪ੍ਰੀਤੀ ਹੈ ਉਸ ਨੂੰ ਹਰੀ ਤਿਸ ਵਾਂਗੂੰ ਭਾਵ ਮਾਂ ਵਾਂਗੂੰ ਰਖਦਾ ਹੈ।

*ਅਥਵਾ:-*ਤਿਵੇਂ ਸਤਿਗੁਰਦੇਵ ਜੀ ਗੁਰ=ਬੜੇ ਪਿਆਰ ਨਾਲ ਸਿਖ ਨੂੰ ਰਖਦੇ ਹਨ, ਅਤੇ ਹਰੀ ਦੀ ਪ੍ਰੀਤੀ ਰੂਪ ਭੋਜਨ ਖਾਣ ਨੂੰ ਦੇਂਦੇ ਹਨ॥ ੧ ॥

ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥

ਹੇ ਮੇਰੇ ਰਾਮ=ਭਾਈ ! ਅਸੀਂ ਹਰੀ ਪ੍ਰਭੂ ਦੇ ਇਆਣੇ ਬਾਲਕੇ ਹਾਂ।

ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ
ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥ ੧॥ ਰਹਾਉ॥

ਗੁ+ਰੂ=ਅਗਿਆਨ ਰੂਪ ਹਨੇਰੇ ਵਿਚ ਪ੍ਰਕਾਸ਼ ਕਰਨ ਵਾਲੇ ਗੁਰੂ=ਪੂਜਨੀਕ ਸਤਿਗੁਰਦੇਵ ਜੀ ਧੰਨਤਾ ਦੇ ਜੋਗ ਹਨ, *ਅਥਵਾ:*-ਸਾਰਿਆਂ ਤੋਂ ਗੁਰ=ਵੱਡੇ, ਗੁਰੂ=ਚੇਤਨ ਦਾ ਸਰੂਪ ਸਤਿਗੁਰਦੇਵ ਜੀ ਜੋ ਪਾਧਾ =ਪੱਧਤੀ (ਰਾਹ) ਦੇ ਦੱਸਣ ਵਾਲੇ ਹਨ ਉਹ ਧੰਨੁ ਧੰਨੁ=ਧੰਨਤਾ ਦੇ ਜੋਗ ਹਨ, ਜਿਨ੍ਹਾਂ ਗੁਰਾਂ ਨੇ ਹਰੀ ਦੀ ਪ੍ਰਾਪਤੀ ਦਾ ਉਪਦੇਸ਼ ਦੇ ਕੇ ਸਾਨੂੰ ਸਿਆਣਾ ਕਰ ਦਿੱਤਾ ਹੈ।

ਅਥਵਾ:-ਗੁਰੂ ਨਾਨਕ ਦੇਵ ਜੀ ਧੰਨ ਹਨ, ਗੁਰੂ ਅੰਗਦ ਦੇਵ ਜੀ ਧੰਨ ਹਨ,

ਮੇਰਾ ਮਾਧਾ=ਮੈਨੂੰ ਉਪਦੇਸ਼ ਦੇਣ ਵਾਲਾ ਗੁਰੂ ਅਮਰਦਾਸ ਭੀ ਧੰਨ ਹੈ, ਜਿਨ੍ਹਾਂ ਨੇ ਹਰੀ ਨਾਮ ਦਾ ਉਪਦੇਸ਼ ਦੇ ਕੇ ਮੈਨੂੰ ਸਿਆਣਾ ਕਰ ਦਿੱਤਾ ਹੈ॥ ੧ ॥ਰਹਾਉ॥

ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥

ਜਿਸ ਤਰ੍ਹਾਂ ਬਾਗੇ=ਚਿੱਟੇ ਕਪੜਿਆਂ (ਖੰਭਾਂ) ਵਾਲੀ ਕੂੰਜ ਗਗਨਿ=ਅਕਾਸ਼ ਵਿਚ-ਉੱਡਦੀ ਫਿਰਦੀ ਹੋਈ ਭੀ-

ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥

ਉਹ ਚਿਤ ਨੂੰ ਪਿੱਛੇ ਬੱਚਿਆਂ ਵਿਚ ਰਖਦੀ ਹੈ, ਤੇ ਨਿਤ ਹੀ ਆਪਣੇ ਹਿਰਦੇ ਵਿਚ ਬੱਚਿਆਂ ਦੀ ਸਾਰ ਸੰਭਾਲ ਰਖਦੀ ਹੈ।

ਅਰਥਾਤ ਬੱਚਿਆਂ ਦੀ ਸਾਰਿ=ਯਾਦ ਨੂੰ ਸੰਭਾਲਦੀ ਰਹਿੰਦੀ ਹੈ।

ਯਥਾ:- ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥

ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥ ੩॥

(ਗੂਜਰੀ ਮਹਲਾ ੫, ਪੰਨਾ ੪੯੫)

ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ॥੨॥

ਜਿਸ ਗੁਰਸਿਖ ਦੀ ਹਰਿ ਹਰਿ ਦੇ ਨਾਲ ਪ੍ਰੀਤੀ ਹੈ, ਉਸ ਸਿਖ ਨੂੰ ਸਤਿਗੁਰ ਦੇਵ ਜੀ ਤਿਉ=ਉਸ ਕੂੰਜ ਦੀ ਨਿਆਈਂ ਆਪਣੇ ਜੀਅ ਦੇ ਨਾਲ ਯਾਦ ਰਖਦੇ ਹਨ॥ ੨॥

ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ॥

ਜਿਵੇਂ ਦੰਦਾਂ ਦੀ ਕਾਤੀ=ਕੈਂਚੀ ਕਿਸੇ ਦੀ ਤੀਹਾਂ ਦੀ ਤੇ ਕਿਸੇ ਦੀ ਬੱਤੀਹਾਂ ਦੀ ਹੈ, ਪਰ ਉਸ ਕੈਂਚੀ ਦੇ ਵਿਚ ਮਾਸ ਤੇ ਰਤੁ+ਕੇਰੀ=ਲਹੂ ਦੀ ਜੀਭ ਨੂੰ ਪਰਮੇਸ਼ਰ ਨੇ ਆਪ ਰਖਿਆ ਹੋਇਆ ਹੈ।

ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ॥

ਕੋਈ ਵਿਚਾਰ ਕੇ ਜਾਨਣਾ ਕਰੋ :- ਮਾਸ ਦੀ ਜੋ ਜੀਭ ਹੈ ਉਸ ਦੇ ਵੱਸ ਵਿਚ ਕੁਝ ਹੈ? ਜੋ ਆਖੇ ਮੈਂ ਆਪਣੇ

ਬਲ ਕਰਕੇ ਦੰਦਾਂ ਦੀ ਕੈਂਚੀ ਤੋਂ ਬਚ ਰਹੀ ਹਾਂ,

ਜਾਂ ਦੰਦਾਂ ਦੀ ਕੈਂਚੀ ਦੇ ਹੱਥ ਕੁਝ ਹੈ, ਜੇ ਉਹ ਆਖੇ ਕਿ ਮੈਂ ਦਇਆ ਕਰਕੇ ਜੀਭ ਨੂੰ ਨਹੀਂ ਕਟਦੀ, ਪਰ ਇਹ ਸਾਰੀ ਗੱਲ ਤਾਂ ਹਰੀ ਦੇ ਹੀ ਵਸਗਤਿ=ਵਸ ਵਿਚ ਹੈ।

ਅਥਵਾ:-ਸਾਰੇ ਇੰਦ੍ਰੀਏ ਹਰੀ ਦੇ ਵਸ ਵਿਚ ਹਨ ਜਿਵੇਂ ਉਹ ਰੱਖਦਾ ਹੈ ਤਿਵੇਂ ਰਹਿੰਦੇ ਹਨ ਇਨ੍ਹਾਂ ਇੰਦ੍ਰੀਆਂ ਦੇ ਆਪਣੇ ਅਧੀਨ ਕੁਝ ਨਹੀਂ।

ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ ਹਰਿ ਰਾਖੈ ਪੈਜ ਜਨ ਕੇਰੀ ॥ ੩ ॥

ਤਿਵੇਂ ਜੇ ਕੋਈ ਪੁਰਸ਼ ਸੰਤ ਜਨਾਂ ਦੀ ਨਿੰਦਿਆ ਕਰੋ, ਤਾਂ ਹਰੀ ਆਪਣਿਆਂ ਸੇਵਕ ਜਨਾਂ ਦੀ ਪਤਆਬਰੋ (ਇੱਜ਼ਤ) ਆਪ ਹੀ ਰਖਦਾ ਹੈ॥ ੩ ॥

ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥

ਹੇ ਭਾਈ ! ਇਹ ਮਤਾਂ ਕੋਈ ਸਮਝਣਾ ਕਰੋ, ਜੋ ਕਿਸੇ ਦੇ ਹੱਥ ਵਿਚ ਕੁਝ ਹੈ,

ਕਿਉਂਕਿ ਸਾਰੇ ਜੀਵ ਤਾਂ ਪਰਮੇਸ਼ਰ ਦਾ ਕਰਾਇਆ ਹੀ ਕਰਦੇ ਹਨ।

ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ
ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥

ਜਰਾ=ਬੁਢੇਪਾ, ਮਰਾ=ਮਰਨਾ (ਮੌਤ) ਤਾਪੁ=ਬੁਖਾਰ,

ਅਥਵਾ:-ਆਧ ਬਿਆਧ ਉਪਾਧ ਰੂਪ ਤਿੰਨੇ ਤਾਪ,

ਸਿਰਤਿ=ਸਿਰ ਦਰਦ, ਵਾ:-ਛਿਲਤਰ ਚੁਭਣੀ,

ਸਾਪੁ=ਸਰਾਪ ਮਿਲਣਾ, ਵਾ:-ਸਪ ਲੜ ਜਾਣਾ ਇਤਿਆਦਿਕ ਸਾਰੇ ਦੁਖ ਹਰੀ ਦੇ ਵੱਸ ਵਿਚ ਹਨ,

ਹਰੀ ਦੇ ਲਾਏ ਤੋਂ ਬਿਨਾਂ ਆਪਣੇ ਆਪ ਕੋਈ ਨਹੀਂ ਲਗ ਸਕਦਾ।

ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ
ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ ॥ ੪ ॥ ੭ ॥ ੧੩ ॥ ੫੧ ॥

ਗੁਰੂ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਦਾ ਜੋ ਹਰੀ ਹੈ ਉਸ ਦੇ ਨਾਮ ਨੂੰ ਮਨ ਚਿਤ ਵਿਚ ਸਦਾ ਧਿਆਉਣਾ ਕਰੋ, ਜੋ ਅੰਤ ਦੇ ਅਉਸਰਿ=ਸਮੇਂ ਜਮਾਂ ਤੋਂ ਛੁਡਾ ਲੈਂਦਾ ਹੈ॥ ੪ ॥ ੭ ॥ ੧੩ ॥ ੫੧ ॥

ਗਉੜੀ ਬੈਰਾਗਣਿ ਮਹਲਾ ੪ ॥

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥

ਜਿਸ ਨਾਲ ਮਿਲਣ ਕਰਕੇ ਮਨ ਵਿਚ ਅਨੰਦ ਹੋਵੇ ਓਹੀ ਅਸਲ ਸਤਿਗੁਰੂ ਕਹੀਂਦੇ ਹਨ।

ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥ ੧ ॥

ਮਨ ਦੀ ਦ੍ਵੈਤ ਭਾਵਨਾ ਨਾਸ ਹੋ ਜਾਵੇ, ਤਾਂ ਹੀ ਪਰਮਪਦ ਰੂਪ ਹਰੀ ਲਈਦਾ ਹੈ॥ ੧ ॥

ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ॥

ਮੇਰਾ ਪਿਆਰਾ ਸਤਿਗੁਰੂ ਕਿਤੁ ਬਿਧਿ=ਕਿਸ ਤਰ੍ਹਾਂ ਮਿਲੇਗਾ ?

ਹਉ ਖਿਨੁ ਖਿਨੁ ਕਰੀ ਨਮਸਕਾਰੁ ਮੇਰਾ ਗੁਰੁ ਪੂਰਾ ਕਿਉ ਮਿਲੈ॥੧॥ਰਹਾਉ॥

ਹਉ=ਮੈਂ ਖਿਨ ਖਿਨ ਕਾਲ ਨਮਸ਼ਕਾਰ ਕਰਦਾ ਹਾਂ, ਕਿ ਮੇਰਾ ਪੂਰਾ ਗੁਰੂ ਕਿਸੇ ਤਰੀਕੇ ਨਾਲ ਮੈਨੂੰ ਮਿਲ ਪਵੇ॥ ੧॥ ਰਹਾਉ॥

ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰੁ ਪੂਰਾ॥

ਹਰੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੇਰਾ ਪੂਰਾ ਸਤਿਗੁਰੂ ਮੈਨੂੰ ਮੇਲ ਦਿੱਤਾ ਹੈ।

ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ॥੨॥

ਸਤਿਗੁਰਾਂ ਦੀ ਚਰਨ ਧੂੜੀ ਲੈਂਦਿਆਂ ਹੀ ਦਾਸ ਦੀਆਂ ਇੱਛਾ ਪੁੰਨੀ=ਪੂਰੀਆਂ ਹੋ ਗਈਆਂ ਹਨ॥ ੨॥

ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ॥

ਜੋ ਹਰੀ ਦੀ ਭਗਤੀ ਦਾ ਉਪਦੇਸ਼ ਦ੍ਰਿੜਾਂਵਦੇ ਹਨ, ਤੇ ਹਰੀ ਭਗਤੀ ਸਬੰਧੀ ਬਚਨ ਸੁਣਦੇ ਹਨ, ਉਸ ਸਤਿਗੁਰੂ ਨੂੰ ਮਿਲਣਾ ਚਾਹੀਦਾ ਹੈ।

ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ॥੩॥

ਲਾਭਦਾਇਕ ਹਰੀ ਨਾਮ ਨੂੰ ਨਿਤਾਪ੍ਰਤੀ ਦ੍ਰਿੜ੍ਹ ਕਰੀਏ, ਤਾਂ ਮੂਲਿ=ਕਦਾਚਿਤ ਤੋਟਾ=ਘਾਟਾ ਨਹੀਂ ਆਉਂਦਾ॥ ੩॥

ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ॥

ਜਿਸ ਗੁਰੂ ਨੂੰ ਹਿਰਦੇ ਵਿਚ ਪ੍ਰਭੂ ਦਾ ਵਿਗਾਸੁ=ਪ੍ਰਕਾਸ਼ ਭਾਵ ਗਿਆਨ ਹੈ,

ਅਥਵਾ:-ਵਿਗਾਸੁ=ਅਨੰਦ ਹੈ, ਅਤੇ ਭਾਉ+ਦੂਜਾ ਦ੍ਵੈਤ ਭਾ ਨਹੀਂ ਹੈ।

ਨਾਨਕ ਤਿਸੁ ਗੁਰ ਮਿਲਿ ਉਧਰੈ

ਹਰਿ ਗੁਣ ਗਾਵਾਹੀ॥੪॥੮॥੧੪॥੫੨॥

ਗੁਰੂ ਜੀ ਕਥਨ ਕਰਦੇ ਹਨ-ਉਸ ਗੁਰੂ ਨਾਲ ਮਿਲ ਕੇ ਹਰੀ ਗੁਣਾਂ ਨੂੰ ਗਾਵਾਹੀ=ਗਾਇਣ ਕਰੇ ਤਾਂ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ॥ ੪॥ ੮॥ ੧੪॥ ੫੨॥

ਮਹਲਾ ੪ ਗਉੜੀ ਪੂਰਬੀ॥

ਹਰਿ ਦਇਆਲਿ ਦਇਆ ਪ੍ਰਭਿ ਕੀਨੀ ਮੇਰੈ ਮਨਿ ਤਨਿ ਮੁਖਿ ਹਰਿ ਬੋਲੀ॥

ਹਰੀ ਪ੍ਰਭੂ ਦਿਆਲੂ ਨੇ ਦਇਆ ਕੀਤੀ ਤਾਂ ਮੇਰੇ ਮਨ ਵਿਚ, ਤਨ ਵਿਚ, ਮੂੰਹ ਵਿਚ ਹਰੀ ਦੀ ਬੋਲੀ ਪ੍ਰਵੇਸ਼ ਹੋ ਗਈ। ਭਾਵ ਹਰਿ ਹਰਿ ਦਾ ਉਚਾਰਨ ਹੋ ਗਿਆ।

ਅਥਵਾ:-ਜਿਸ ਵੇਲੇ ਦਿਆਲੂ ਹਰੀ ਨੇ ਦਇਆ ਕੀਤੀ ਤਾਂ ਮੇਰੇ ਮਨ ਵਿਚ ਪ੍ਰਭੂ ਦਾ ਗਿਆਨ, ਤਨ ਵਿਚ ਪ੍ਰਭੂ ਦੀ ਭਗਤੀ ਅਤੇ ਮੂੰਹ ਵਿਚੋਂ ਹਰਿ+ਬੋਲੀ=ਹਰੀ ਨਾਮ ਦਾ ਉਚਾਰਨ ਸ਼ੁਰੂ ਹੋ ਗਿਆ।

ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ॥ ੧॥

ਗੁਰਮੁਖਿ=ਗੁਰਾਂ ਦੁਆਰੇ ਅਤਿ=ਬੜਾ ਗੂੜਾ ਰੰਗ ਪਰਾਪਤ ਹੋਇਆ, ਅਤੇ ਉਸ ਹਰੀ ਰੰਗ ਵਿਚ ਮੇਰੀ ਬੁੱਧੀ ਰੂਪੀ ਚੋਲੀ ਭੀਨੀ=ਭਿਜ ਗਈ ਭਾਵ ਰੰਗੀ ਗਈ ਹੈ॥ ੧॥

ਅਪੁਨੇ ਹਰਿ ਪ੍ਰਭ ਕੀ ਹਉ ਗੋਲੀ॥

ਹਉ=ਮੈਂ ਆਪਣੇ ਹਰੀ ਪ੍ਰਭੂ ਦੀ ਗੋਲੀ=ਦਾਸੀ ਹਾਂ।

ਜਬ ਹਮ ਹਰਿ ਸੇਤੀ ਮਨੁ ਮਾਨਿਆ
ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ॥ ੧॥ ਰਹਾਉ॥

ਜਿਸ ਵੇਲੇ ਮੇਰਾ ਮਨ ਹਰੀ ਨਾਲ ਮੰਨਿਆ ਗਿਆ ਤਾਂ ਹਰੀ ਨੇ ਸਾਰਾ ਜਗਤ ਹੀ ਮੇਰਾ ਅਮੋਲੀ=ਅਨਮੁੱਲਾ ਗੋਲ=ਗੋਲਾ ਅਰਥਾਤ ਦਾਸ ਕਰ ਦਿੱਤਾ॥ ੧॥ ਰਹਾਉ॥

ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ॥

ਹੇ ਭਾਈ ! ਸੰਤ ਜਨਾਂ ਨਾਲ ਮਿਲ ਕੇ ਬਿਬੇਕੁ=ਵਿਚਾਰ ਕਰੋ, ਅਤੇ ਜਿਸ ਪ੍ਰਮਾਤਮਾ ਨੂੰ ਬਾਹਰ ਜੰਗਲਾਂ, ਤੀਰਥਾਂ, ਪਹਾੜਾਂ ਦੀਆਂ ਗੁਫਾਂ ਆਦਿਕਾਂ ਵਿਚ ਖੋਜਦੇ ਹੋ ਉਸ ਨੂੰ ਹਿਰਦੇ ਵਿਚ ਹੀ ਢੂੰਡ ਕੇ ਵੇਖੋ।

ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ॥ ੨॥

ਸਾਰੇ ਰੂਪ ਹਰੀ ਦੇ ਹਨ, ਕਿਉਂਕਿ ਸਾਰਿਆਂ ਵਿਚ ਹਰੀ ਦੀ ਜੋਤ ਆ ਰਹੀ ਹੈ,

ਹਰਿ ਹਰਿ "ਨਿਕਟਿ ਕੋਲੀ"=ਨੇੜੇ ਤੋਂ ਨੇੜੇ ਵਸ ਰਿਹਾ ਹੈ।

ਅਥਵਾ:-ਜਿਸ ਹਰੀ ਨੇ ਕੋਲੀ=ਬਰਾਹ (ਸੂਰ) ਅਵਤਾਰ ਧਾਰਿਆ ਹੈ ਉਹ ਹਰੀ ਨਿਕਟ ਹੀ ਵਸ ਰਿਹਾ ਹੈ।

ਅਥਵਾ:-ਉਹ ਹਰੀ ਨਿਕਟਿ=ਨੇੜੇ ਵਸ ਰਿਹਾ ਹੈ, *ਪ੍ਰਸ਼ਨ:*-ਕਿੰਨੇ ਕੁ ਨੇੜੇ ਵਸ ਰਿਹਾ ਹੈ?

ਉੱਤਰ:-ਸਾਡੇ ਕੋਲ ਹੀ ਵਸ ਰਿਹਾ ਹੈ॥ ੨॥

[ਪੰਨਾ ੧੬੯]

ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ॥

ਉਹ ਹਰਿ ਹਰਿ ਸਾਰੇ ਜਗਤ ਦੇ ਨੇੜੇ ਵਸ ਰਿਹਾ ਹੈ, ਪੁਨਾ ਉਹ ਅਕਾਲ ਪੁਰਖ ਅਪਰੰਪਰ=ਸੰਸਾਰ ਤੋਂ ਪਰਾ ਰੂਪ ਹੈ, ਅਤੇ ਅਤੋਲੀ=ਤੋਲਣੇ ਤੋਂ ਰਹਿਤ ਹੈ,

ਅਥਵਾ:-ਵਿਚਾਰ ਤੋਂ ਰਹਿਤ ਹੈ।

ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ॥ ੩॥

ਜਿਸ ਵੇਲੇ ਗੁਰਾਂ ਪਾਸ ਸਿਰ ਨੂੰ ਮੁਲ ਵੇਚ ਦਿੱਤਾ, ਤਾਂ ਪੂਰਿਆਂ ਗੁਰਾਂ ਨੇ ਹਰਿ ਹਰਿ ਨੂੰ ਪਰਗਟ ਕਰਕੇ ਵਿਖਾ ਦਿੱਤਾ ॥ ੩॥

ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ॥

ਹੇ ਹਰਿ ਜੀ ! ਆਪ ਅੰਦਰ ਬਾਹਰ ਸਾਰੇ ਪੂਰਨ ਹੋ, ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਆਪ ਵੱਡਿਆਂ

ਤੋਂ ਵੱਡੇ ਪੁਰਖ ਹੋ।

ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ
ਮਿਲਿ ਸਤਿਗੁਰ ਗੁਰ ਵੇਚੋਲੀ॥ ੪ ॥ ੧ ॥ ੧੫ ॥ ੫੩ ॥

ਗੁਰੂ ਜੀ ਕਕਨ ਕਰਦੇ ਹਨ-ਵਿਚੋਲੇ ਜੋ ਗੁਰੂ ਹਨ ਉਨ੍ਹਾਂ ਸਤਿਗੁਰਾਂ ਨਾਲ ਮਿਲ ਕੇ ਮੈਂ ਰਾਤ ਦਿਨ ਹਰੀ ਦੇ ਗੁਣ ਗਾਉਂਦਾ ਹਾਂ॥ ੪॥ ੧॥ ੧੫॥ ੫੩॥

ਗਉੜੀ ਪੂਰਬੀ ਮਹਲਾ ੪ ॥
ਜਗਜੀਵਨ ਅਪਰੰਪਰ ਸੁਆਮੀ ਜਗਦੀਸੁਰ ਪੁਰਖ ਬਿਧਾਤੇ॥

ਹੇ ਜਗਤ ਨੂੰ ਜੀਵਨ ਪਦਵੀ ਦੇਣ ਵਾਲੇ ਅਪਰੰਪਰ=ਸੰਸਾਰ ਤੋਂ ਪਰਾ ਰੂਪ ਸੁਆਮੀ, ਸਾਰੇ ਜਗਤ ਦੇ ਮਾਲਕ, ਆਪ ਪੁਰਖ ਬਿਧਾਤੇ=ਫਲ ਬਰਦਾਤੇ ਪੁਰਖ ਹੋ।

ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ॥ ੧ ॥

ਹੇ ਸੁਆਮੀ ! ਜਿਸ ਰਸਤੇ ਤੁਰਨ ਵਾਸਤੇ ਤੁਸੀਂ ਪ੍ਰੇਰਦੇ ਹੋ ਉਸੇ ਰਸਤੇ ਪਰ ਅਸੀਂ ਜਾਂਦੇ ਹਾਂ।

ਰਾਮ ਮੇਰਾ ਮਨੁ ਹਰਿ ਸੇਤੀ ਰਾਤੇ॥

ਹੇ ਰਾਮ ! ਮੇਰਾ ਮਨ ਹਰੀ ਨਾਮ ਨਾਲ ਰਾਤੇ=ਤਦਾਕਾਰ ਹੈ।

ਸਤਸੰਗਤਿ ਮਿਲਿ ਰਾਮ ਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ॥ ੧ ॥ ਰਹਾਉ॥

ਸਤਸੰਗਤ ਨਾਲ ਮਿਲ ਕੇ ਮੈਨੇ ਰਾਮ ਰਸ ਨੂੰ ਪਾਇਆ ਹੈ, ਇਸ ਕਰਕੇ ਹਰੀ ਰਾਮ ਦੇ ਨਾਮ ਵਿਚ ਸਮਾ ਗਏ ਹਾਂ॥ ੧॥ ਰਹਾਉ॥

ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ॥

(੧) ਪਿੱਛੇ ਵੀ ਹਰਿ ਹਰਿ ਦਾ ਨਾਮ ਜਗਤ ਵਿਚ ਔਸ਼ਧੀ ਰੂਪ ਸੀ, ਹੁਣ ਵੀ ਹਰਿ ਹਰਿ ਦਾ ਨਾਮ ਜਗਤ ਵਿਚ ਔਸ਼ਧੀ ਰੂਪ ਹੈ, ਅੱਗੇ ਵੀ ਸਤਿਸਰੂਪ ਹਰੀ ਦਾ ਹਰਿ ਹਰਿ ਨਾਮ ਔਸ਼ਧੀ ਰੂਪ ਹੋਵੇਗਾ। ਔਸ਼ਧੀ ਦਾ ਅਰਥ ਦਵਾਈ ਹੈ।

(੨) *ਅਥਵਾ:*-ਜਗਤ ਵਿਚ ਜੋ ਹਰਿ=ਤਮਾਮ ਜੀਵਾਂ ਨੂੰ ਜੋ ਹਰ ਇਕ ਤਰ੍ਹਾਂ ਦੇ ਰੋਗ ਹਨ। ਉਨ੍ਹਾਂ ਰਗਾਂ ਨੂੰ ਹਰਿ=ਨਾਸ ਕਰਕੇ ਹਰਿਆਂ ਕਰਨ ਵਾਲਾ ਜੋ ਹਰੀ ਹੈ ਉਸ ਹਰਿ ਹਰਿ ਦਾ ਜੋ ਸਤਿਨਾਮੁ ਮੰਤ੍ਰ ਹੈ ਇਹ ਔਸ਼ਧੀ=ਦਵਾਈ ਰੂਪ ਹੈ।

(੩) *ਅਥਵਾ:*-ਹਰਿ=ਤੰਦੂਏ ਨੇ ਹਰਿ=ਹਾਥੀ ਨੂੰ ਹੇਠਾਂ ਜਲ ਵਿਚ ਹਰਿਆ ਤੇ ਹਾਥੀ ਨੇ ਹਰਿ=ਕੌਲ ਫੁੱਲ ਦੀ ਭੇਟਾ ਦਿੱਤੀ ਤਾਂ ਜਿਸ ਹਰੀ ਨੇ ਆਪਣੇ ਸੁਦਰਸ਼ਨ ਚੱਕ੍ਰ ਨਾਲ ਤੰਦੂਏ ਦੀਆਂ ਤਾਰਾਂ ਕੱਟ ਕੇ ਹਾਥੀ ਦੇ ਦੁੱਖਾਂ ਨੂੰ ਹਰਿਆ ਹੈ ਉਸ ਹਰਿ ਹਰਿ ਦਾ ਸਤਿਨਾਮੁ ਸਾਤੇ=ਨਿਸਚੇ ਕਰਕੇ ਜਗਤ ਵਿਚ ਔਸ਼ਧੀ=ਦਾਰੂ ਰੂਪ ਹੈ।

ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ॥ ੨ ॥

ਉਨ੍ਹਾਂ ਦੇ ਦੁੱਖ ਪਾਪ ਸਾਰੇ ਨਾਸ ਹੋ ਗਏ ਹਨ, ਜੋ ਗੁਰ ਉਪਦੇਸ਼ ਨੂੰ ਲੈ ਕੇ ਰਾਮ ਰਸ ਨੂੰ ਖਾਤੇ=ਛਕਦੇ (ਖਾਂਦੇ) ਹਨ॥ ੨॥

ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ॥

ਜਿਨ੍ਹਾਂ ਦੇ ਮੱਥੇ ਪਰ ਧੁਰ ਤੋਂ ਸ਼ੁਭ ਲੇਖਾਂ ਦਾ ਲੇਖ ਲਿਖਿਆ ਹੋਇਆ ਹੈ, ਉਹ ਪੁਰਸ਼ ਸੰਤੋਖ ਆਦਿਕ ਸ਼ੁਭ ਗੁਣਾ ਦਾ ਸਰੋਵਰ ਜੋ ਗੁਰੂ ਹਨ ਉਨ੍ਹਾਂ ਵਿਚ ਨਾਤੇ=ਇਸ਼ਨਾਨ ਕਰਦੇ ਹਨ।

ਦੁਰਮਤਿ ਮੈਲੁ ਗਈ ਸਭ ਤਿਨਕੀ ਜੋ ਰਾਮ ਨਾਮ ਰੰਗਿ ਰਾਤੇ॥ ੩॥

ਜੋ ਰਾਮ ਨਾਮ ਦੇ ਰੰਗਿ=ਅਨੰਦ ਵਿਚ ਰਤੇ ਹਨ ਉਨ੍ਹਾਂ ਦੇ ਅੰਦਰੋਂ ਦੁਰ+ਮਤਿ=ਖੋਟੀ ਸਿਖਿਆ ਰੂਪੀ ਮੈਲ ਸਾਰੀ ਨਿਕਲ ਗਈ ਹੈ॥ ੩॥

ਰਾਮ ਤੁਮ ਆਪੇ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ॥

ਹੇ ਰਾਮ ਪ੍ਰਭੂ ! ਤੁਸੀਂ ਪਿੱਛੇ ਵੀ ਆਪ ਠਾਕੁਰ ਸੀ, ਹੁਣ ਵੀ ਆਪ ਠਾਕੁਰ ਹੋ, ਅੱਗੇ ਵੀ ਆਪ ਸਾਰਿਆਂ ਦੇ ਠਾਕੁਰ=ਸੁਆਮੀ ਹੋਵੋਗੇ, ਤੁਹਾਡੇ ਜੇਡਾ ਵੱਡਾ ਹੋਰ ਕੋਈ ਦਾਤਾ ਨਹੀਂ ਹੈ।

ਜਨੁ ਨਾਨਕੁ ਨਾਮੁ ਲਏ ਤਾਂ ਜੀਵੈ
ਹਰਿ ਜਪੀਐ ਹਰਿ ਕਿਰਪਾ ਤੇ॥ ੪॥ ੨॥ ੧੬॥ ੫੪॥

ਗੁਰੂ ਜੀ ਕਥਨ ਕਰਦੇ ਹਨ-ਸੇਵਕ ਜਨ ਨਾਮ ਲਵੇ ਤਾਂ ਹੀ ਜਿਉਂਦਾ ਹੈ, ਹੇ ਹਰੀ ! ਆਪ ਜੀ ਦੀ ਕਿਰਪਾ ਨਾਲ ਹੀ ਹਰੀ ਨਾਮ ਜਪਿਆ ਜਾਂਦਾ ਹੈ॥ ੪॥ ੨॥ ੧੬॥ ੫੪॥

ਗਉੜੀ ਪੂਰਬੀ ਮਹਲਾ ੪॥
ਕਰਹੁ ਕ੍ਰਿਪਾ ਜਗਜੀਵਨ ਦਾਤੇ ਮੇਰਾ ਮਨੁ ਹਰਿ ਸੇਤੀ ਰਾਚੇ॥

ਹੇ ਜਗ ਜੀਵਨ ਦਾਤੇ ਪ੍ਰਭੂ ਆਪ ਕਿਰਪਾ ਦ੍ਰਿਸ਼ਟੀ ਕਰੋ ਜੋ ਮੇਰਾ ਮਨ ਹਰੀ ਨਾਮ ਨਾਲ ਰਚ ਮਿਚ ਜਾਵੇ।

ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ ਜਪਿ ਹਰਿ ਹਰਿ ਹਰਿ ਮਨੁ ਮਾਚੇ॥੧॥

ਜਦ ਕਾਲ ਤੋਂ ਸਤਿਗੁਰਾ ਨੇ ਅਤਿ+ਨਿਰਮਲੁ=ਵੱਡਾ ਪਵਿਤਰ ਬਚਨੁ=ਉਪਦੇਸ਼ ਦਿੱਤਾ ਹੈ, ਤਦ ਕਾਲ ਤੋਂ ਹੀ ਹਰੀ ਜੋ ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ, ਉਸ ਦੇ ਸਿਮਰਨ ਵਿਚ ਮੇਰਾ ਮਨ ਮਾਚੇ=ਤਦਾਕਾਰ ਹੋਇਆ ਹੈ॥ ੧॥

ਰਾਮ ਮੇਰਾ ਮਨੁ ਤਨੁ ਬੇਧਿ ਲੀਓ ਹਰਿ ਸਾਚੇ॥

ਹੇ ਸਚੇ ਰਾਮ ! ਤੇਰੇ ਹਰੀ ਨਾਮ ਨੇ ਮੇਰੇ ਮਨ ਤਨ ਨੂੰ ਆਪਣੇ ਵਿਚ ਬੇਧਿ=ਵਿੰਨ ਲਿਆ ਹੈ।

ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ॥ ੧॥ ਰਹਾਉ॥

ਜਿਸ ਕਾਲ ਦੇ ਮੂੰਹ ਵਿਚ ਸਾਰਾ ਜਗਤ ਗ੍ਰਸਿਆ ਹੋਇਆ ਹੈ, ਗੁਰ=ਪੂਜਨੀਕ ਸਤਿਗੁਰਾਂ ਦੇ ਬਚਨਿ=ਉਪਦੇਸ਼ ਦੁਆਰਾ ਹਰੀ ਨਾਮ ਨੂੰ ਜਪ ਕੇ ਅਸੀਂ ਉਸ ਕਾਲ ਤੋਂ ਹਰ ਤਰ੍ਹਾਂ ਕਰਕੇ ਬਚ ਗਏ ਹਾਂ॥ ੧॥ ਰਹਾਉ॥

ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ॥

ਜਿਨ੍ਹਾਂ ਨੂੰ ਹਰੀ ਨਾਲ ਪ੍ਰੀਤੀ ਨਹੀਂ ਹੈ ਉਹ ਸਾਕਤ ਮੂਰਖ ਕੱਚੇ ਪੁਰਸ਼ ਹਨ।

ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ ॥੨ ॥

ਉਨ੍ਹਾਂ ਨੂੰ ਜਨਮ ਮਰਨ ਦਾ ਅਤਿ=ਵੱਡਾ ਭਾਰੀ ਦੁਖ ਲੱਗਾ ਹੋਇਆ ਹੈ. ਉਹ ਮਰ ਮਰ ਕੇ ਗੰਦਗੀ ਵਿਚ ਪਾਚੇ=ਖਰਾਬ ਹੁੰਦੇ ਹਨ. ਅਥਵਾ:-ਸੜਦੇ ਹਨ॥ ੨ ॥

ਤੁਮ ਦਇਆਲ ਸਰਣਿ ਪ੍ਰਤਿਪਾਲਕ ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ ॥

ਹੇ ਹਰੀ ! ਆਪ ਦਿਆਲੂ ਸੁਭਾਅ ਵਾਲੇ ਹੋ, ਸ਼ਰਨ ਆਇਆਂ ਦੀ ਪਾਲਣਾ ਕਰਨ ਵਾਲੇ ਹੋ,

ਹੇ ਹਰੀ ! ਅਸੀਂ ਆਪ ਜੀ ਤੋਂ ਦਾਨ ਜਾਚੇ=ਮੰਗਦੇ ਹਾਂ ਆਪ ਸਾਨੂੰ ਦੇਣਾ ਕਰੋ।

ਹਰਿ ਕੇ ਦਾਸ ਦਾਸ ਹਮ ਕੀਜੈ ਮਨੁ ਨਿਰਤਿ ਕਰੇ ਕਰਿ ਨਾਚੇ ॥ ੩ ॥

ਹੇ ਹਰੀ ! ਸਾਨੂੰ ਆਪਣੇ ਦਾਸਾਂ ਦਾ ਦਾਸ ਕਰ ਲਵੋ. ਮਨ ਕਰਕੇ ਜੋ ਸੱਤ ਅਸੱਤ ਦਾ ਨਿਰਣਾ ਕਰਨਾ ਹੈ ਏਹੀ ਨਾਚੈ=ਨਚਣਾ ਕਰੀਏ॥ ੩ ॥

ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾ ਚੇ ॥

ਹੇ ਪ੍ਰਭੂ ਸੁਆਮੀ ! ਤੁਸੀਂ ਆਪ ਹੀ ਸਾਰਿਆਂ ਤੋਂ ਵੱਡੇ ਸ਼ਾਹ ਹੋ, ਅਸੀਂ ਤਾਚੇ=ਆਪ ਜੀ ਦੇ ਵਣਜਾਰੇ ਹਾਂ।

ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ
ਜਨ ਨਾਨਕ ਕੇ ਸਾਹ ਪ੍ਰਭ ਸਾਚੇ ॥ ੪ ॥ ੩ ॥ ੧੭ ॥ ੫੫ ॥

ਹੇ ਪ੍ਰਭੂ ! ਮੇਰਾ ਮਨ, ਤਨ ਤੇ ਜੀਉ ਆਦਿਕ ਸਾਰੀ ਰਾਸਿ=ਮੂੜੀ ਆਪ ਜੀ ਦੀ ਦਿੱਤੀ ਹੋਈ ਹੈ,

ਗੁਰੂ ਜੀ ਕਥਨ ਕਰਦੇ ਹਨ ਹੇ ਪ੍ਰਭੂ ਮੈਂ ਸੇਵਕ ਜਨ ਦੇ ਆਪ ਸੱਚ ਸ਼ਾਹ ਹੋ॥ ੪ ॥ ੩ ॥ ੧੭ ॥ ੫੫ ॥

ਗਉੜੀ ਪੂਰਬੀ ਮਹਲਾ ੪ ॥

ਤੁਮ ਦਇਆਲ ਸਰਬ ਦੁਖ ਭੰਜਨ ਇਕ ਬਿਨਉ ਸੁਨਹੁ ਦੇ ਕਾਨੇ ॥

ਹੇ ਸਾਰਿਆਂ ਦੁਖਾਂ ਦੇ ਨਾਸ ਕਰਨ ਵਾਲੇ ਦਿਆਲੂ ਜੀ ਮੇਰੀ ਇਕ ਬੇਨਤੀ ਤੁਸੀਂ ਕਾਨੇ=ਕੰਨ ਦੇ ਕੇ ਸੁਣੋ।

ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥ ੧ ॥

ਹੇ ਹਰੀ ਸ੍ਵਾਮੀ ! ਜਿਸ ਗੁਰੂ ਦੀ ਰਾਹੀਂ ਆਪ ਜਾਣੇ ਜਾਂਦੇ ਹੋ, ਉਹ ਸਤਿਗੁਰੂ ਹੀ ਮੇਰੇ ਪ੍ਰਾਣ ਰੂਪ ਹਨ ਮੈਨੂੰ ਉਨ੍ਹਾਂ ਨਾਲ ਮਿਲਾ ਦਿਉ॥ ੧ ॥

ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥

ਹੇ ਰਾਮ ! ਅਸਾਂ ਨੇ ਸਤਿਗੁਰਾਂ ਨੂੰ ਪਾਰਬ੍ਰਹਮ ਰੂਪ ਕਰਕੇ ਮੰਨਿਆਂ ਹੈ।

ਹਮ ਮੂੜ ਮੁਗਧ ਅਸੁਧ ਮਤਿ ਹੋਤੇ
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥ ੧ ॥ ਰਹਾਉ ॥

ਅਸੀਂ ਮੂਰਖਾਂ ਤੋਂ ਮੂਰਖ ਅਸੁਧ+ਮਤਿ=ਅਪਵਿਤ੍ਰ ਯਾਨੇ ਮੰਦ ਅਕਲ ਵਾਲੇ ਹੁੰਦੇ ਸਾਂ, ਪਰ ਗੁਰ= ਪੂਜਨੀਕ ਸਤਿਗੁਰਾਂ ਦੇ ਉਪਦੇਸ਼ ਦੁਆਰਾ ਅਸਾਂ ਨੇ ਹਰੀ ਨੂੰ ਜਾਣ ਲਿਆ ਹੈ॥ ੧ ॥

ਜਿਤਨੇ ਰਸ ਅਨ ਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ ॥

ਜਿੰਨੇ ਕੁ ਅਸਲ ਰਸ ਤੇ ਅਨ ਰਸ=ਮਿਸ੍ਰਤ ਰਸ ਅਸਾਂ ਨੇ ਵੇਖੇ ਹਨ, ਉਤਨੇ ਸਾਰੇ ਹੀ ਫੀਕ+ਫੀਕਾਨੇ=ਫਿਕਿਆਂ ਤੋਂ ਫਿੱਕੇ ਹਨ।

ਅਥਵਾ:-ਰਸ ਵੀ ਫਿੱਕੇ ਹਨ ਤੇ ਅਨਰਸ=ਮਿਸ੍ਰਤ ਰਸ ਵੀ ਫਿੱਕੇ ਹਨ।

ਅਥਵਾ:-ਅਸਾਂ ਨੇ ਫਿੱਕੇ ਜਾਣ ਕੇ ਫੀਕਾਨੇ=ਫੈਂਕ ਦਿੱਤੇ ਹਨ।

[ਪੰਨਾ ੧੭੦]

ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ ॥੨ ॥

ਸਤਿਗੁਰਾਂ ਨਾਲ ਮਿਲ ਕੇ ਜੋ ਅਸਾਂ ਨੇ ਹਰੀ ਦਾ ਨਾਮ ਅੰਮ੍ਰਿਤ ਰਸ ਚਖਿਆ ਹੈ, ਉਹ ਗਾਨੇ=ਗੰਨੇ ਦੇ ਰਸ ਨਾਲੋਂ ਭੀ ਮਿੱਠਾ ਹੈ।

ਅਥਵਾ:-ਉਸ ਮਿੱਠੇ ਰਸ ਨੂੰ ਅਸਾਂ ਨੇ ਸਤਿਗੁਰਾਂ ਨਾਲ ਮਿਲ ਕੇ ਗਾਨੇ=ਗਾਇਣ ਕੀਤਾ ਹੈ॥ ੨॥

ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥

ਜਿਨ੍ਹਾਂ ਨੂੰ ਗੁਰੁ=ਪੂਜਨੀਕ ਸਤਿਗੁਰੂ ਨਹੀਂ ਮਿਲਿਆ ਉਹ ਸਾਕਤ ਮੂਰਖ ਦਿਵਾਨੇ=ਝਲੇ ਹਨ।

ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥ ੩ ॥

ਉਨ੍ਹਾਂ ਦੇ ਕਰਮ ਧੁਰ ਤੋਂ ਹੀ ਹੀਨ=ਨਿਊਣ ਪਾਏ ਹਨ, ਇਸ ਲਈ ਉਹ ਕੁਟੰਬ ਰੂਪ ਦੀਵੇ ਨੂੰ ਵੇਖ ਕੇ ਮੋਹ ਦੀ ਲਾਟ ਪਰ ਪਤੰਗੇ ਵਾਂਗੂੰ ਪਚਾਨੇ=ਸੜ ਰਹੇ ਹਨ॥ ੩॥

ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥

ਹੇ ਹਰੀ ਜਿਨ੍ਹਾਂ ਨੂੰ ਆਪ ਦਇਆ ਦ੍ਰਿਸ਼ਟੀ ਕਰਕੇ ਗੁਰਾਂ ਨਾਲ ਮੇਲਦੇ ਹੋ, ਉਹ ਹਰਿ ਹਰਿ ਦੀ ਸੇਵਾ ਵਿਚ ਲਗ ਜਾਂਦੇ ਹਨ।

ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ
ਮਤਿ ਗੁਰਮਤਿ ਨਾਮਿ ਸਮਾਨੇ ॥ ੪ ॥ ੪ ॥ ੧੮ ॥ ੫੬ ॥

ਗੁਰੂ ਜੀ ਕਥਨ ਕਰਦੇ ਹਨ! ਜੋ ਮਤੀ ਵਿਚ ਗੁਰ ਸਿਖਿਆ ਲੈ ਕੇ ਨਾਮ ਜਪਣ ਵਿਚ ਸਮਾਏ ਹਨ ਉਨ੍ਹਾਂ ਸੇਵਕ ਜਨਾਂ ਨੂੰ ਹਰੀ ਜੋ ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਹੈ ਉਹ ਪ੍ਰਗਟ ਹੋਇਆ ਹੈ।

ਅਥਵਾ:-ਜਿਸ ਹਰਿ ਹਰਿ ਨਾਮ ਨੂੰ ਜਪ ਕੇ ਭਗਤ ਜਨ ਸੰਸਾਰ ਵਿਚ ਪ੍ਰਗਟ ਹੋਏ ਹਨ, ਉਸ ਹਰੀ ਨਾਮ ਵਿਚ ਮੇਰੀ ਬੁੱਧੀ ਗੁਰਾਂ ਦੀ ਸਿਖਿਆ ਦੁਆਰੇ ਸਮਾ ਗਈ ਹੈ।

ਗਉੜੀ ਪੂਰਬੀ ਮਹਲਾ ੪ ॥

ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ ॥

ਹੇ ਮੇਰੇ ਮਨ ! ਉਹ ਪ੍ਰਭੂ ਸੁਆਮੀ ਸਦਾ ਹੀ ਨਾਲ ਰਹਿੰਦਾ ਹੈ, ਕਹੋ ਖਾਂ ਉਸ ਹਰੀ ਦੇ ਪਹੁ=ਪਾਸੋਂ ਨਸ ਕੇ ਕਿੱਥੇ ਜਾਈਏ।

ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ ਹਰਿ ਆਪਿ ਛਡਾਏ ਛੁਟੀਐ॥ ੧ ॥

ਹਰੀ ਪ੍ਰਭੂ ਸੱਚਾ ਆਪੇ ਬਖ਼ਸ਼ਸ਼ ਲਵੇ, ਤਾਂ ਬਖ਼ਸ਼ੇ ਜਾ ਸਕਦੇ ਹਾਂ, ਅਤੇ ਹਰੀ ਆਪ ਜਮਾਂ ਤੋਂ ਛੁਡਾਵੇ ਤਾਂ ਛੁਟ ਸਕੀਦਾ ਹੈ॥ ੧ ॥

ਮੇਰੇ ਮਨ ਜਪਿ ਹਰਿ ਹਰਿ ਹਰਿ ਮਨਿ ਜਪੀਐ॥

ਹੇ ਮੇਰੇ ਮਨ=ਪਿਆਰੇ ! ਜੋ ਹਰੀ ਹਰੇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ ਉਸ ਦੇ ਜਪ ਨੂੰ ਮਨ ਵਿਚ ਜਪੀਏ।

ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ
ਗੁਰ ਸਤਿਗੁਰ ਪੀਛੈ ਛੁਟੀਐ॥ ੧ ॥ ਰਹਾਉ ॥

ਹੇ ਮੇਰੇ ਪਿਆਰੇ ! ਦੌੜ ਕੇ ਸਤਿਗੁਰਾਂ ਦੀ ਸ਼ਰਨ ਵਿਚ ਜਾ ਪਉ, ਕਿਉਂਕਿ ਗੁਰ=ਪੂਜਨੀਕ ਸਤਿਗੁਰਾਂ ਦੇ ਪਿੱਛੇ ਲੱਗਿਆਂ ਹੀ ਛੁਟਕਾਰਾ ਹੁੰਦਾ ਹੈ॥ ੧ ॥ ਰਹਾਉ ॥

ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ ਜਿਤੁ ਸੇਵਿਐ ਨਿਜ ਘਰਿ ਵਸੀਐ॥

ਹੇ ਮੇਰੇ ਪਿਆਰੇ ! ਉਸ ਸਰਬ ਸੁਖਦਾਤੇ ਪ੍ਰਭੂ ਨੂੰ ਸੇਵਨਾ ਕਰ, ਜਿਸ ਦੀ ਸੇਵਾ ਕਰਨ ਕਰਕੇ ਆਪਣੇ ਸਰੂਪ ਰੂਪੀ ਘਰ ਵਿਚ ਵਸੀਦਾ ਹੈ।

ਗੁਰਮੁਖਿ ਜਾਇ ਲਹਹੁ ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ॥ ੨ ॥

ਗੁਰਮੁਖਿ+ਜਾਇ=ਮੁਖ ਗੁਰਾਂ ਪਾਸ ਜਾਕੇ ਹਰੀ ਜਸ ਦੇ ਘਸੀਐ=ਉਚਾਰਨੇ ਰੂਪੀ ਚੰਦਨ ਨੂੰ ਘਸਾਉ ਤਾਂ ਆਪਣੇ ਸਰੂਪ ਰੂਪੀ ਘਰ ਦੀ ਜਾਇ=ਜਗ੍ਹਾ ਨੂੰ ਪਾ ਲਵੋਗੇ॥ ੨ ॥

ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ
ਲੈ ਲਾਹਾ ਹਰਿ ਮਨਿ ਹਸੀਐ॥

ਹੇ ਮੇਰੇ ਮਨ=ਪਿਆਰੇ ! ਜੋ ਹਰੀ ਹਰੇਕ ਪਾਪਾਂ ਨੂੰ ਹਰਿ=ਨਾਸ ਕਰਕੇ ਸ਼ੁਭ ਗੁਣਾਂ ਨਾਲ ਹਰਿਆ ਕਰਨ ਵਾਲਾ ਹੈ, ਉਸ ਹਰਿ ਹਰਿ ਦਾ ਜਸ ਕਰਨੇ ਰੂਪੀ ਉੱਤਮ ਲਾਭ ਲੈ ਕੇ ਮਨ ਵਿਚ ਹਸੀਐ=ਪ੍ਰਸੰਨ ਹੋਈਏ।

ਅਥਵਾ:-ਹੇ ਮੇਰੇ ਮਨ ! ਮਨ ਕਰਕੇ ਹਰਿ ਹਰਿ ਦੇ ਜਸ ਕਰਨੇ ਰੂਪੀ ਉੱਤਮ ਲਾਭ ਨੂੰ ਲੈ ਕੇ ਪ੍ਰਸੰਨ ਹੋਈਏ, ਬਾਣੀ ਦੁਆਰਾ ਭੀ ਹਰਿ ਹਰਿ ਦੇ ਉੱਤਮ ਜਸ ਕਰਨੇ ਰੂਪੀ ਲਾਭ ਨੂੰ ਲੈ ਕੇ ਪ੍ਰਸੰਨ ਹੋਈਏ, ਤਨ ਕਰਕੇ ਭੀ ਹਰਿ ਹਰਿ ਦੇ ਜਸ ਕਰਨੇ ਰੂਪੀ ਉੱਤਮ ਲਾਭ ਨੂੰ ਲੈ ਕੇ ਹਸੀਐ=ਪ੍ਰਸੰਨ ਹੋਈਏ।

ਹਰਿ ਹਰਿ ਆਪਿ ਦਇਆ ਕਰਿ ਦੇਵੈ ਤਾ ਅੰਮ੍ਰਿਤੁ ਹਰਿ ਰਸੁ ਚਖੀਐ॥ ੩ ॥

ਆਪ ਹਰਿ ਹਰਿ ਦਇਆ ਦ੍ਰਿਸ਼ਟੀ ਕਰਕੇ ਦੇਵੇ ਤਾਂ ਹੀ ਹਰੀ ਨਾਮ ਅੰਮ੍ਰਿਤ ਰਸ ਚੱਖ ਸਕੀਦਾ ਹੈ

ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ॥

ਹੇ ਮੇਰੇ ਮਨ ! ਜੋ ਪੁਰਸ਼ ਨਾਮ ਤੋਂ ਬਿਨਾਂ ਦੂਜੇ ਕੰਮਾਂ ਵਿਚ ਲੱਗੇ ਹੋਏ ਹਨ ਉਨ੍ਹਾਂ ਸਾਕਤ ਪੁਰਸ਼ਾਂ ਨੂੰ ਜਮਾਂ ਨੇ ਚੰਗੀ ਤਰ੍ਹਾਂ ਘੁਟੀਐ=ਨਪੀੜਣਾ ਹੈ।

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥੪ ॥

ਜਿਨ੍ਹਾਂ ਸਾਕਤਾਂ ਨੇ ਹਰੀ ਨਾਮ ਭੁਲਾ ਦਿੱਤਾ ਹੈ ਉਹ ਚੋਰ ਹਨ, ਹੇ ਮਨ ਉਨ੍ਹਾਂ ਦੇ ਨੇੜੇ ਛੋਹਣਾ ਨ ਕਰੀਏ॥ ੪ ॥

ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ ਜਿਤੁ ਸੇਵਿਐ ਲੇਖਾ ਛੁਟੀਐ ॥

ਹੇ ਮੇਰੇ ਮਨ ! ਅਲਖ ਨਿਰੰਜਨ ਨਰਹਰਿ ਨੂੰ ਸੇਵਨਾ ਕਰੋ, ਜਿਸ ਦੀ ਸੇਵਾ ਭਾਵ ਜਿਸ ਦਾ ਸਿਮਰਨ ਕੀਤਿਆਂ ਜਮਾਂ ਦਾ ਲੇਖਾ=ਹਿਸਾਬ ਛੁੱਟ ਜਾਂਦਾ ਹੈ।

ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ
ਖਿਨੁ ਮਾਸਾ ਤੋਲੁ ਨ ਘਟੀਐ ॥ ੫ ॥ ੫ ॥ ੧੯ ॥ ੫੭ ॥

ਗੁਰੂ ਜੀ ਕਥਨ ਕਰਦੇ ਹਨ ਜਿਸ ਪੁਰਸ਼ ਨੂੰ ਹਰੀ ਪ੍ਰਭੂ ਨੇ ਪੂਰੇ ਵਿਚਾਰ ਵਾਲਾ ਕੀਤਾ ਹੈ ਮਾਸੇ ਦਾ ਖਿਨ ਭਰ ਵੀ ਉਸ ਦਾ ਤੋਲੁ=ਵਿਚਾਰ ਘਟਦਾ ਨਹੀਂ ਹੈ॥ ੫॥ ੫॥ ੧੯॥ ੫੭॥

ਗਉੜੀ ਪੂਰਬੀ ਮਹਲਾ ੪ ॥

ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ ॥

ਹੇ ਪ੍ਰਭੂ ! ਅਸਾਡੇ ਪ੍ਰਾਨ ਆਪ ਜੀ ਦੇ ਵਸਗਤਿ=ਵਸ ਵਿਚ ਹਨ, ਅਤੇ ਮੇਰਾ ਜੀਅ ਤੇ ਪਿੰਡੁ=ਸਰੀਰ ਆਦਿਕ ਸਾਰੀ ਰਾਸ ਤੇਰੀ ਹੀ ਦਿੱਤੀ ਹੋਈ ਹੈ।

ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਣੇਰੀ ॥ ੧ ॥

ਹੇ ਹਰੀ ! ਦਇਆ ਦ੍ਰਿਸ਼ਟੀ ਕਰਕੇ ਮੈਨੂੰ ਆਪਣਾ ਦਰਸ਼ਨ ਵਿਖਾਓ, ਮੇਰੇ ਮਨ ਤਨ ਵਿਚ ਤੁਹਾਡੇ ਦਰਸ਼ਨਾਂ ਦੀ ਬਹੁਤ ਸਾਰੀ ਲੋਚ=ਚਾਹ (ਸਿੱਕ) ਲਗ ਰਹੀ ਹੈ॥ ੧ ॥

ਰਾਮ ਮੇਰੈ ਮਨਿ ਤਨਿ ਲੋਚ ਮਿਲਣ ਹਰਿ ਕੇਰੀ ॥

ਹੇ ਰਾਮ ! ਮੇਰੇ ਮਨ ਤਨ ਵਿਚ ਹਰੀ ਦੇ ਮਿਲਣ ਦੀ ਲੋਚ=ਚਾਹ (ਸਿੱਕ) ਲਗ ਰਹੀ ਹੈ।

ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ
ਹਰਿ ਮਿਲਿਆ ਆਇ ਪ੍ਰਭੁ ਮੇਰੀ ॥ ੧ ॥ ਰਹਾਉ ॥

ਗੁਰ=ਪੂਜਨੀਕ ਕ੍ਰਿਪਾਲੂ ਗੁਰਾਂ ਨੇ ਜਦ ਕਿੰਚਤ=ਥੋੜ੍ਹੀ ਜਿੰਨੀ ਭੀ ਕਿਰਪਾ ਕਰ ਦਿੱਤੀ , ਤਾਂ ਮੇਰੀ ਸ਼ਰਧਾ ਵੇਖਕੇ ਹਰੀ ਪ੍ਰਭੂ ਮੈਨੂੰ ਆਕੇ ਮਿਲ ਪਿਆ॥ ੧ ॥ ਰਹਾਉ ॥

ਜੋ ਹਮਰੈ ਮਨ ਚਿਤਿ ਹੈ ਸੁਆਮੀ ਸਾ ਬਿਧਿ ਤੁਮ ਹਰਿ ਜਾਨਹੁ ਮੇਰੀ ॥

ਹੇ ਸੁਆਮੀ ! ਸਾਡੇ ਮਨ ਚਿਤ ਵਿਚ ਜੋ ਭੀ ਗੱਲ ਬਾਤ ਹੈ, ਹੇ ਹਰੀ ਮੇਰੀ ਉਸ ਵਿਧੀ ਨੂੰ ਆਪ ਹੀ ਜਾਣਦੇ ਹੋ।

ਅਨਦਿਨੁ ਨਾਮੁ ਜਪੀ ਸੁਖੁ ਪਾਈ ਨਿਤ ਜੀਵਾ ਆਸ ਹਰਿ ਤੇਰੀ ॥ ੨ ॥

ਰਾਤ ਦਿਨ ਹਰੀ ਨਾਮ ਨੂੰ ਜਪਦਾ ਰਹਾਂ ਤਾਂਹੀ ਸੁਖ ਪਾਂਵਦਾ ਹਾਂ, ਹੇ ਹਰੀ ਤੇਰੀ ਆਸ ਉੱਤੇ ਹੀ ਸਦਾ ਜਿਉਂਦਾ ਹਾਂ॥ ੨ ॥

ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ॥

ਗੁਰਿ=ਪੂਜਨੀਕ ਨਾਮ ਦਾਤੇ ਸਤਿਗੁਰਾਂ ਨੇ ਮੈਨੂੰ ਪ੍ਰਭੂ ਦੀ ਪਰਾਪਤੀ ਦਾ ਗਿਆਨ ਭਗਤੀ ਰੂਪੀ ਪੰਥੁ+ਬਤਾਇਆ=ਰਸਤਾ ਦਸਿਆ ਹੈ, ਉਸ ਰਸਤੇ ਪਰ ਤੁਰਨ ਕਰਕੇ ਮੇਰੀ=ਮੇਲੀ ਹਰੀ ਪ੍ਰਭੂ ਮੈਨੂੰ ਆ ਕੇ ਮਿਲਿਆ ਹੈ।

ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ ਪੁਜੀ ਜਨ ਕੇਰੀ॥ ੩॥

ਹੁਣ ਮੈਂ ਵਡਭਾਗੀ ਨੂੰ ਰਾਤ ਦਿਨ ਅਨੰਦ ਪ੍ਰਾਪਤ ਹੋਇਆ ਹੈ, ਕਿਉਂਕਿ ਮੈਂ ਸੇਵਕ ਜਨ ਦੀ ਸਭ ਆਸਾ ਪੁਜੀ=ਪੂਰਨ ਹੋ ਗਈ ਹੈ॥ ੩॥

ਜਗੰਨਾਥ ਜਗਦੀਸੁਰ ਕਰਤੇ ਸਭ ਵਸਗਤਿ ਹੈ ਹਰਿ ਕੇਰੀ॥

ਹੇ ਜਗਤ ਦੇ ਮਾਲਕ, ਹੇ ਜਗਤ ਦੇ ਈਸ਼ਰ, ਹੇ ਕਰਤੇ ਪੁਰਖ ਹਰੀ ਸਾਰਿਆਂ ਦੀ ਗਤੀ ਆਪ ਜੀ ਦੇ ਵਸ ਵਿਚ ਹੈ।

ਜਨ ਨਾਨਕ ਸਰਣਾਗਤਿ ਆਏ
ਹਰਿ ਰਾਖਹੁ ਪੈਜ ਜਨ ਕੇਰੀ॥ ੪॥ ੬॥ ੨੦॥ ੫੮॥

ਗੁਰੂ ਜੀ ਕਥਨ ਕਰਦੇ ਹਨ ! ਮੈਂ ਜਨ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਹੇ ਹਰੀ ! ਮੈਂ ਸੇਵਕ ਜਨ ਦੀ ਪਤ ਆਬਰੋ=ਇੱਜ਼ਤ ਆਪ ਰਖਣਾ ਕਰੋ॥ ੪॥ ੬॥ ੨੦॥ ੫੮॥

[ਪੰਨਾ ੧੭੧]

ਗਉੜੀ ਪੂਰਬੀ ਮਹਲਾ ੪॥

ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢ॥

ਇਹ ਬਹੁਰੰਗੀ ਮਨ ਇਕ ਖਿਨ ਮਾਤ੍ਰ ਵੀ ਟਿਕਦਾ ਨਹੀਂ ਹੈ, ਤ੍ਰਿਸ਼ਨਾਂ ਰੂਪੀ ਅਗਨੀ ਦਾ ਦਹ=ਦਗਧ ਕੀਤਾ ਹੋਇਆ, ਚਲਿ=ਭੰਬੀਰੀ ਵਾਂਗੂੰ ਚੰਚਲ ਹੋ ਕੇ ਦਹ ਦਿਸਿ+ਹਾਢੇ=ਦਸੋ ਦਿਸਾ ਵਿਚ ਫਿਰਦਾ ਹੈ।

ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ॥ ੧॥

ਜਦ ਵਡਿਆਂ ਭਾਗਾਂ ਨਾਲ ਪੂਰਾ ਗੁਰੂ ਪਾਇਆ, ਤੇ ਉਨ੍ਹਾਂ ਨੇ ਹਰੀ ਨਾਮ ਮੰਤ੍ਰ ਦਿੱਤਾ ਤਾਂ ਇਹ ਚੰਚਲ ਮਨ ਠਾਢੇ=ਟਿਕ ਗਿਆ॥ ੧॥

ਰਾਮ ਹਮ ਸਤਿਗੁਰ ਲਾਲੇ ਕਾਂਢੇ॥ ੧॥ ਰਹਾਉ॥

ਰਾਮ=ਹੇ ਭਾਈ ! ਅਸੀਂ ਸਤਿਗੁਰਾਂ ਦੇ ਲਾਲੇ+ਕਾਂਢੇ=ਦਾਸ ਕਹਾਉਂਦੇ ਹਾਂ॥ ੧॥ ਰਹਾਉ॥

ਹਮਰੈ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ॥

ਸਾਡੇ ਮੱਥੇ ਪਰ ਪ੍ਰੇਮ ਰੂਪੀ ਦਾਗੁ=ਨਿਸ਼ਾਨ ਦਗਾਨਾ=ਲਗਾ ਹੋਇਆ ਹੈ, ਕਿਉਂਕਿ ਅਸਾਂ ਨੇ ਗੁਰਾਂ ਦਾ ਕਰਜਾ ਬਹੁਤ ਹੀ ਸਾਢੇ=ਭਰਨਾ, ਅਰਥਾਤ ਦੇਣਾ ਹੈ।

ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਢੇ॥ ੨॥

ਗੁਰਾਂ ਨੇ ਸਾਡੇ ਉੱਤੇ ਬਹੁਤ ਹੀ ਪਰਉਪਕਾਰ ਰੂਪੀ ਪੁੰਨ ਕੀਤਾ ਹੈ, ਜਿਹੜਾ ਭੈ-ਦਾਇਕ ਦੁਤਰੁ=ਕਠਨ ਸੰਸਾਰ ਸਮੁੰਦਰ ਤੋਂ ਤਾਰਕੇ ਪਰਾਢੇ=ਪਾਰ ਕਰ ਦਿੱਤਾ ਹੈ॥ ੨॥

ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ॥

ਜਿਨ੍ਹਾਂ ਨੂੰ ਹਿਰਦੇ ਵਿਚ ਹਰੀ ਦੀ ਪ੍ਰੀਤੀ ਪ੍ਰਾਪਤ ਨਹੀਂ ਹੋਈ, ਉਨ੍ਹਾਂ ਨੇ ਝੂਠੇ ਹੀ ਗਾਢਨ ਗਾਢੇ=ਜੋੜ ਜੋੜੇ ਹਨ।

ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ॥ ੩॥

ਜਿਵੇਂ ਪਾਣੀ ਵਿਚ ਪੈ ਕੇ ਕਾਗਦ ਨਾਸ ਹੋ ਜਾਂਦਾ ਹੈ ਭਾਵ ਗਲ ਜਾਂਦਾ ਹੈ।

ਤਿਵੇਂ ਮਨਮੁਖ ਪੁਰਸ਼ ਮਾਂ ਦੇ ਗਰਭ ਵਿਚ ਗਲਾਢੇ=ਗਲ ਜਾਂਦੇ ਹਨ॥ ੩॥

ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੇ॥

ਨਾ ਹੀ ਅਸਾਂ ਨੇ ਪਿਛੇ ਕੁਝ ਜਾਣਿਆ ਸੀ, ਨਾ ਹੀ ਕੁਝ ਅਗੇ ਜਾਣ ਸਕਾਂਗੇ,

ਜਿਵੇਂ ਹਰੀ ਰਖਦਾ ਹੈ ਤਿਵੇਂ ਠਾਢੇ=ਖੜੇ ਰਹਿੰਦੇ ਹਾਂ।,

ਹਮ ਭੂਲ ਚੂਕ ਗੁਰ ਕਿਰਪਾ ਧਾਰਹੁ
ਜਨ ਨਾਨਕ ਕੁਤਰੇ ਕਾਢੇ॥ ੪॥ ੭॥ ੨੧॥ ੫੯॥

ਗੁਰੂ ਜੀ ਕਥਨ ਕਰਦੇ ਹਨ, ਹੇ ਗੁਰੋ ! ਅਸੀਂ ਭੁਲਣੇ ਚੁਕਣੇ ਵਾਲੇ ਹਾਂ, ਆਪ ਸਾਡੇ ਪਰ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ, ਅਸੀਂ ਆਪ ਜੀ ਦੇ ਦਰ ਦੇ ਕੁਤਰੇ=ਕਤੂਰੇ ਭਾਵ ਕੂਕਰ ਕਾਢੇ=ਕਹਾਉਂਦੇ ਹਾਂ।

ਅਥਵਾ:-ਆਪ ਜੀ ਵਿਖੇ ਕੁਤਰੇ=ਕੁਤੱਰਕਾਂ ਕਰਨ ਵਾਲੇ ਕਥਨ ਕਰੀਂਦੇ ਹਾਂ।

ਅਥਵਾ:-ਕੁਤਰੇ=ਕੁਤਾਰੂ ਹਾਂ ਆਪ ਕਿਰਪਾ ਕਰਕੇ ਕੱਢ ਲਵੋ।

ਅਥਵਾ:-ਕੁ+ਤਰੇ=ਪ੍ਰਿਥਵੀ ਦੇ ਤਲੇ ਭਾਵ ਨਰਕਾਂ ਵਿਚ ਜਾਂਦੇ ਹਾਂ ਆਪ ਕਢ ਲੈਣਾ ਕਰੋ।

ਅਥਵਾ:-ਜਿਵੇਂ ਮੋਠਾਂ ਨੂੰ ਕੁਤਰਾ ਲਗ ਜਾਂਦਾ ਹੈ, ਤੇ ਉਹ ਦਾਣਾ ਵਿਚੋਂ ਪੋਲਾ ਹੋ ਜਾਂਦਾ ਹੈ।

ਤਿਵੇਂ ਕਾਮ ਆਦਿਕਾਂ ਰੂਪੀ ਕੁਤਰਾ ਲਗ ਰਿਹਾ ਹੈ ਜਿਸ ਤੇ ਅਸੀਂ ਪੋਲੇ ਹੁੰਦੇ ਜਾਂਦੇ ਹਾਂ ਸਾਡੇ ਸਰੀਰ ਵਿਚੋਂ ਇਨ੍ਹਾਂ ਕਾਮ ਆਦਿਕਾਂ ਰੂਪੀ ਕੁਤਰੇ ਨੂੰ ਕੱਢ ਦਿਓ॥ ੪॥ ੭॥ ੨੧॥ ੫੯॥

ਉਥਾਨਕਾ:-ਪਹਿਲੀ ਪੋਥੀ ਕੀਰਤਨ ਸੋਹਿਲੇ ਚੋਂ ਪੜ੍ਹ ਵੇਖੋ।

ਗਉੜੀ ਪੂਰਬੀ ਮਹਲਾ ੪॥

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ॥

ਸਰੀਰ ਰੂਪੀ ਨਗਰ ਕਾਮ ਕ੍ਰੋਧ ਆਦਿਕਾਂ ਕਰਕੇ ਬਹੁਤ ਭਰਿਆ ਹੋਇਆ ਹੈ, ਹੇ ਭਾਈ ! ਸਾਧੂਆਂ ਨਾਲ ਮਿਲਕੇ ਇਨ੍ਹਾਂ ਕਾਮ ਆਦਿਕਾਂ ਨੂੰ ਖੰਡਲ ਖੰਡਾ=ਟੁਕੜੇ ਟੁਕੜੇ ਕਰ ਦੇਹ।

ਵਾ:-ਗਿਆਨ ਰੂਪੀ ਖੰਡਾ ਲੈ ਕੇ ਇਨ੍ਹਾਂ ਨੂੰ ਖੰਡਲ=ਨਾਸ ਕਰ ਦੇਹ।

ਵਾ:-ਖੰਡਲ=ਸਮੂਹ ਕਾਮ ਆਦਿਕਾਂ ਨੂੰ ਖੰਡਾ=ਨਾਸ ਕਰ ਦੇਹ।

ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧ ॥

ਜਿਸਨੇ ਭੀ ਗੁਰਾਂ ਨੂੰ ਪਾਇਆ ਹੈ ਉਸ ਨੇ ਪੂਰਬਲੇ ਕਰਮਾਂ ਦੀ ਲਿਖਤ ਦੇ ਲਿਖੇ ਅਨੁਸਾਰ ਪਾਇਆ ਹੈ, ਗੁਰਮੁਖਾਂ ਨੇ ਆਪਣੇ ਮਨ ਰੂਪੀ ਬਸਤ੍ਰ (ਕਪੜੇ) ਨੂੰ ਹਰੀ ਦੀ ਲਿਵ ਰੂਪੀ ਮੰਡਲ=ਮੱਟੀ ਵਿਚ ਮੰਡਾ ਹੇ=ਰੰਗਣਾ ਕੀਤਾ ਹੈ॥ ੧ ॥

ਅਥਵਾ:-ਸਤਿਸੰਗ ਰੂਪ ਮੱਟੀ ਵਿਚ ਨਾਮ ਜਲ ਤੇ ਭਗਤੀ ਰੂਪ ਰੰਗ ਪਾ ਕੇ ਕਾਮ ਆਦਿਕ ਲੱਕੜਾਂ ਨੂੰ ਜਪ ਤਪ ਰੂਪ ਅੱਗ ਨਾਲ ਸਾੜਕੇ ਭਾਵ ਜਪ ਤਪ ਰੂਪ ਅੱਗ ਦਾ ਸੇਕ ਦੇ ਕੇ ਗੁਰੂ ਰੂਪ ਲਿਲਾਰੀ ਦੁਆਰੇ ਮਨ ਰੂਪ ਬਸਤ੍ਰ ਨੂੰ ਰੰਗਣਾ ਕੀਤਾ ਹੈ।

ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥ਕਰਿ ਡੰਡਉਤ ਪੁਨੁ ਵਡਾ ਹੇ ॥੧ ॥ ਰਹਾਉ ॥

ਸਾਧੂਆਂ ਅੱਗੇ ਅੰਜੁਲੀ=ਹੱਥ ਜੋੜਨ ਕਰਕੇ ਵੱਡੇ ਪੁੰਨ ਦੀ ਪ੍ਰਾਪਤੀ ਹੁੰਦੀ ਹੈ।

ਅਤੇ ਡੰਡਉਤ=ਡੰਡੇ ਵਾਂਗੂੰ ਸਿੱਧਾ ਲੰਮਾ ਪੈ ਕੇ ਨਮਸ਼ਕਾਰ ਕਰਨ ਨਾਲ ਉਸ ਤੋਂ ਭੀ ਵੱਡੇ ਪੁੰਨ ਦੀ ਪਰਾਪਤੀ ਹੁੰਦੀ ਹੈ॥ ੧ ॥ ਰਹਾਉ ॥

ਸਾਕਤ ਹਰਿ ਰਸ ਸਾਦੁ ਨ ਜਾਨਿਆ ਤਿਨ ਅੰਤਰਿ ਹਉਮੈ ਕੰਡਾ ਹੇ ॥

ਸ਼ਕਤੀ ਦੇ ਉਪਾਸ਼ਕ ਜੋ ਸਾਕਤ ਪੁਰਸ਼ ਹਨ ਉਨ੍ਹਾਂ ਨੇ ਹਰੀ ਨਾਮ ਰਸ ਦੇ ਸੁਆਦ ਨੂੰ ਨਹੀਂ ਜਾਣਿਆ, ਕਿਉਂਕਿ ਉਨ੍ਹਾਂ ਦੇ ਮਨ ਰੂਪੀ ਪੈਰ ਵਿਚ ਹਉਮੈ ਰੂਪੀ ਕੰਡਾ ਚੁਭਿਆ ਹੋਇਆ ਹੈ।

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥ ੨ ॥

ਜਿਉਂ ਜਿਉਂ ਕਾਰ ਵਿਹਾਰ ਦੇ ਕਰਨ ਵਲ ਚਲਦੇ ਹਨ ਤਿਉਂ ਤਿਉਂ ਹਉਮੈ ਰੂਪੀ ਕੰਡਾ ਚੁਭਦਾ ਹੈ ਤੇ ਦੁਖ ਪਾਂਦੇ ਹਨ।

ਅਥਵਾ:-ਜਿਉਂ ਜਿਉਂ ਗੁਰਮੁਖਾਂ ਦਾ ਤੇਜ ਪ੍ਰਤਾਪ ਚਲਹਿ-ਵਧਦਾ ਹੈ ਤਿਉਂ ਤਿਉਂ ਈਰਖਾ ਰੂਪੀ ਕੰਡਾ ਚੁਭਦਾ ਹੈ ਤੇ ਦੁਖ ਪਾਂਦੇ ਹਨ। ਅੰਤ ਨੂੰ ਉਹ ਆਪਣੇ ਸਿਰ ਉੱਤੇ ਜਮ ਕਾਲ ਦੇ ਡੰਡੇ ਨੂੰ ਸਹਾਰਦੇ ਹਨ॥ ੨ ॥

ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥

ਹਰੀ ਦੇ ਸੇਵਕ ਜਨ ਹਰਿ ਹਰਿ ਦੇ ਨਾਮ ਜਪਣ ਵਿਚ ਸਮਾਏ ਰਹਿੰਦੇ ਹਨ, ਉਨ੍ਹਾਂ ਨੇ ਭਵ=ਸੰਸਾਰ ਵਿਚ ਜਨਮ ਮਰਨ ਦੇ ਦੁਖ ਨੂੰ ਖੰਡ ਦਿੱਤਾ ਹੈ।

ਵਾ:-ਜਨਮ ਮਰਨ ਦੇ ਦੁਖ ਨੂੰ ਖੰਡਕੇ ਭਵ=ਕਲਿਆਣ ਸਰੂਪ ਹੋਏ ਹਨ।

ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥ ੩ ॥

ਉਨ੍ਹਾਂ ਨੇ ਅਬਿਨਾਸੀ ਪੁਰਖ ਜੋ ਪਰਮਾਤ੍ਮਾ ਹੈ ਉਸਨੂੰ ਪਾ ਲਿਆ ਹੈ,

ਇਸ ਕਰਕੇ ਖੰਡਾਂ ਬ੍ਰਹਿਮੰਡਾਂ ਵਿਚ ਉਨ੍ਹਾਂ ਦੀ ਬਹੁਤ ਸੋਭਾ ਹੁੰਦੀ ਹੈ॥ ੩ ॥

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੈ ॥

ਹੇ ਪ੍ਰਭੂ ! ਅਸੀਂ ਤੇਰੇ ਗਰੀਬ ਤੋਂ ਗਰੀਬ ਦਾਸ ਹਾਂ,

ਵਾ:-ਅਸੀਂ ਭਾਵੇਂ ਗਰੀਬ ਤੇ ਮਸਕੀਨ=ਕੰਗਾਲ ਹਾਂ ਪਰ ਤੇਰੇ ਹੀ ਹਾਂ।

ਹੇ ਵੱਡਿਆਂ ਤੋਂ ਵੱਡੇ ਹਰੀ ਤੂੰ ਸਾਨੂੰ ਰੱਖ ਲੈ ਰੱਖ ਲੈ।

ਵਾ:-ਜਿਨ੍ਹਾਂ ਨੂੰ ਤੂੰ ਰਖਿਆ ਹੈ ਉਨ੍ਹਾਂ ਦੇ ਸਦਕੇ ਸਾਨੂੰ ਭੀ ਰੱਖ ਲੈ।

ਵਾ:-ਸਤਿਨਾਮੁ ਰੂਪੀ ਰਖਿਆ ਦੇ ਕੇ ਰੱਖ ਲੈ।

ਅਥਵਾ:-ਰਾਖ ਰੂਪ ਕਰਨ ਵਾਲੇ ਜੋ ਵਿਸ਼ੇ ਹਨ ਇਨ੍ਹਾਂ ਵਲੋਂ ਰੱਖ ਲੈ।

ਅਥਵਾ:-ਚਰਨਾਂ ਦੀ ਰਾਖੁ=ਧੂੜੀ ਦੇ ਕੇ ਸਾਨੂੰ ਰੱਖ ਲੈ।

ਅਥਵਾ:-ਰਾਖੁ ਆਦਿਕ ਪੰਜਾਂ ਤੱਤਾਂ ਕਰਕੇ ਰਚਿਆ ਹੋਇਆ ਜੋ ਸਰੀਰ ਹੈ ਇਸ ਦੇ ਅਧਿਆਸ ਵਲੋਂ ਰੱਖ ਲੈ।

ਜਨ ਨਾਨਕ ਨਾਮੁ ਅਧਾਰੁ ਟੇਕ ਹੈ
ਹਰਿ ਨਾਮੇ ਹੀ ਸੁਖੁ ਮੰਡਾ ਹੇ॥ ੪ ॥ ੮ ॥ ੨੨ ॥ ੬੦ ॥

ਗੁਰ ਜੀ ਕਥਨ ਕਰਦੇ ਹਨ-ਹੇ ਅਧਾਰੁ=ਆਸਰਾ ਰੂਪ ਪ੍ਰਭੂ ਮੈਂ ਜਨ ਨੂੰ ਤੇਰੇ ਨਾਮ ਦੀ ਟੇਕ=ਓਟ ਹੈ, ਅਤੇ ਸੁਖ ਸਰੂਪ ਹਰੀ ਨਾਮ ਸਿਮਰਨ ਵਿਚ ਹੀ ਮੈਂਨੇ ਆਪਣੇ ਮਨ ਨੂੰ ਮੰਡਾ=ਤਦਾਕਾਰ ਕੀਤਾ ਹੋਇਆ ਹੈ॥ ੪ ॥ ੮ ॥ ੨੨ ॥ ੬੦ ॥

(ਇਸ ਸ਼ਬਦ ਦੀ ਉਥਾਨਕਾ ਅਮੀਰ ਭੰਡਾਰ ਦੇ ੪੯੩ ਪੰਨੇ ਪਰ ਵੇਖਣੀ)

ਗਉੜੀ ਪੂਰਬੀ ਮਹਲਾ ੪ ॥
ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ ॥

ਇਸ ਸਰੀਰ ਰੂਪੀ ਗੜ=ਕਿਲ੍ਹੇ ਵਿਚ ਹਰੀ ਰਾਮ ਰਾਜਾ ਹੈ, ਪਰ ਧੀਠਾ=ਕਠੋਰ ਪੁਰਸ਼ ਉਸ ਦਾ ਕੁਝ ਸਾਦੁ=ਅਨੰਦ ਨਹੀਂ ਪਾ ਸਕਦਾ॥

ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ ਹਰਿ ਗੁਰ ਸਬਦੀ ਚਖਿ ਡੀਠਾ ॥੧ ॥

ਜਿਸ ਵੇਲੇ ਦੀਨ ਦਿਆਲ ਪ੍ਰਮਾਤਮਾ ਨੇ ਕਿਰਪਾ ਦਾ ਹੱਥ ਰਖਣਾ ਕੀਤਾ, ਤਾਂ ਗੁਰ ਉਪਦੇਸ਼ ਦੁਆਰਾ ਹਰੀ ਰਸ ਨੂੰ ਚੱਖ ਵੇਖਿਆ॥ ੧ ॥

ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥ ੧ ॥ ਰਹਾਉ ॥

ਰਾਮ=ਹੇ ਭਾਈ ! ਗੁਰ ਚਰਨਾਂ ਵਿਚ ਲਿਵ ਲਗਾਣ ਕਰਕੇ ਹਰੀ ਦਾ ਕੀਰਤਨ ਮਿੱਠਾ ਲੱਗਾ ਹੈ।

ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ ਮਿਲਿ ਸਤਿਗੁਰ ਲਾਗਿ ਬਸੀਠਾ ॥

ਬਸੀਠਾ=ਵਕੀਲ ਅਰਥਾਤ ਵਿਚੋਲਾ ਪਣ ਕਰਨ ਵਾਲੇ ਸਤਿਗੁਰਾਂ ਦੇ ਚਰਣੀ ਲਗੇ ਤਾਂ ਅਗਮ ਅਗੋਚਰ ਪਾਰਬ੍ਰਹਮ ਹਰੀ ਮਿਲ ਪਿਆ।

ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ ॥ ੨ ॥

ਜਿਨ੍ਹਾਂ ਦੇ ਹਿਰਦੇ ਵਿਚ ਗੁਰਾਂ ਦੇ ਬਚਨ ਸੁਖਾਨੇ=ਸੁਖਾਏ ਭਾਵ ਚੰਗੇ ਲੱਗੇ ਹਨ ਉਨ੍ਹਾਂ ਦੇ ਅੱਗੇ ਗੁਰਾਂ ਨੇ ਗਿਆਨ ਰੂਪੀ ਭੋਜਨ ਲਿਆ ਕੇ ਪਰੀਠਾ=ਪਰੋਸਿਆ ਹੈ॥ ੨ ॥

ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ ॥

ਮਨਮੁਖ ਪੁਰਸ਼ਾਂ ਦਾ ਹਿਰਦਾ ਅਤਿ+ਕਠੋਰੁ=ਬੜਾ ਕਰੜਾ ਹੈ, ਅਤੇ ਉਨ੍ਹਾਂ ਦਾ ਅੰਤਰਿ=ਅੰਤਹਕਰਣ ਵੀ ਕਾਰ+ਕਰੀਠਾ=ਕਾਲਾ ਕਿੱਟ ਹੈ।

ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ ॥ ੩ ॥

ਜੇਕਰ ਬਿਸੀਅਰ=ਸੱਪ ਨੂੰ ਬਹੁਤ ਦੁਧ ਵੀ ਪਿਆਈਏ, ਤੇ ਉਸ ਦੀ ਫੋਲ ਨੂੰ ਫੋਲੀਏ ਤਾਂ ਵਿਹੁ ਹੀ ਨਿਕਲਦੀ ਹੈ। *ਯਥਾ:*-ਸਪੈ ਦੁਧ ਪਿਲਾਈਐ ਅੰਦਰ ਵਿਸ ਨਿਕੋਰ ॥

ਏਸੇ ਤਰ੍ਹਾਂ ਮਨਮੁਖ ਰੂਪੀ ਸੱਪ ਨੂੰ ਨਿਸ਼ਕਾਮ ਕਰਮਾਂ ਰੂਪੀ ਦੁਧ ਵੀ ਪਿਲਾਈਏ ਤੇ ਉਸ ਦੀ ਫੋਲ ਨੂੰ ਫੋਲੀਏ ਭਾਵ ਗੱਲ ਬਾਤ ਕਰੀਏ ਤਾਂ ਵਿਹੁ ਹੀ ਨਿਕਲਦੀ ਹੈ ਭਾਵ ਦੁਖ-ਦਾਇਕ ਬਚਨ ਆਖਦਾ ਹੈ ॥ ੩ ॥

ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜ ਸਬਦੁ ਮੁਖਿ ਲੀਠਾ ॥

ਹੇ ਹਰੀ ਪ੍ਰਭੂ ! ਸਾਧੂ=ਸ੍ਰੇਸ਼ਟ ਗੁਰੂ ਲਿਆ ਕੇ ਮਿਲਾਓ, ਤਾਂ ਕਿ ਉਨ੍ਹਾਂ ਪਾਸੋਂ ਗਾਰੜੂ ਮੰਤ੍ਰ ਪ੍ਰਾਪਤ ਹੋਵੇ। ਮੂੰਹ ਤੋਂ ਜੇਹੜਾ ਸ਼ਬਦ ਲੀਠਾ=ਲੈਣਾ ਹੈ ਏਹੀ ਗਾਰੜੂ ਮੰਤ੍ਰ ਦਾ ਘਸਿ=ਉਚਾਰਨਾ ਹੈ, ਇਸ ਕਰਕੇ ਕਾਮ ਆਦਿਕ ਸੱਪਾਂ ਦੀ ਵਿਸ਼ਿਆਂ ਰੂਪੀ ਵਿਹੁ ਨਵਿਰਤ ਹੋ ਜਾਂਦੀ ਹੈ।

ਜਨ ਨਾਨਕ ਗੁਰ ਕੇ ਲਾਲੇ ਗੋਲੇ
ਲਗਿ ਸੰਗਤਿ ਕਰੂਆ ਮੀਠਾ ॥ ੪ ॥ ੯ ॥ ੨੩ ॥ ੬੧ ॥

ਗੁਰੂ ਜੀ ਕਥਨ ਕਰਦੇ ਹਨ--ਗੁਰਾਂ ਦੇ ਜੋ ਦਾਸਾਂ ਦੇ ਦਾਸ ਹਨ ਉਨ੍ਹਾਂ ਦੀ ਸੰਗਤ ਨਾਲ ਲਗ ਕੇ ਮੈਂ ਭੀ ਕੌੜੇ ਤੋਂ ਮਿੱਠਾ ਹੋ ਗਿਆ ਹਾਂ। *ਅਥਵਾ:*-ਮੈਂ ਜਨ ਗੁਰਾਂ ਦੇ ਦਾਸਾਂ ਦਾ ਦਾਸ ਹਾਂ, ਉਨ੍ਹਾਂ ਦੀ ਸਤਸੰਗਤਿ ਨਾਲ ਲਗਿ=ਮਿਲਣ ਕਰਕੇ ਜੋ ਸਤ ਸੰਤੋਖ ਆਦਿਕ ਸ਼ੁਭ ਗੁਣ ਕੌੜੇ ਲਗਦੇ ਸਨ, ਉਹ ਤਾਂ ਮਿੱਠੇ ਲਗਣ ਲਗ ਪਏ, ਅਤੇ ਜੋ ਕਾਮ ਕ੍ਰੋਧ ਆਦਿਕ ਮਿੱਠੇ ਲਗ ਰਹੇ ਸਨ ਉਹ ਕੌੜੇ ਸਮਝਕੇ ਤਿਆਗ ਦਿੱਤੇ ॥ ੪ ॥ ੯ ॥ ੨੩ ॥ ੬੧ ॥

ਗਉੜੀ ਪੂਰਬੀ ਮਹਲਾ ੪ ॥

ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥

ਹਰਿ ਹਰਿ ਪ੍ਰਭੂ ਦੀ ਪ੍ਰਾਪਤੀ ਦੇ ਅਰਥਿ=ਵਾਸਤੇ ਪੂਰਿਆ ਗੁਰਾਂ ਦੇ ਅੱਗੇ ਅਸਾਂ ਨੇ ਸਰੀਰ ਵੇਚ ਦਿੱਤਾ ਹੈ।

ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥ ੧ ॥

ਸੁਖ ਦਾਤੇ ਸਤਿਗੁਰਾਂ ਨੇ ਸਾਨੂੰ ਨਾਮ ਦ੍ਰਿੜਾਇਆ ਹੈ, ਮੱਥੇ ਦੇ ਮੁਖੀ ਭਾਗਾਂ ਕਰਕੇ ਹੁਣ ਅਸੀਂ ਸਭਾਗੇ ਹੋ ਗਏ ਹਾਂ ॥ ੧ ॥

[ਪੰਨਾ ੧੭੨]

ਰਾਮ ਗੁਰਮਤਿ ਹਰਿ ਲਿਵ ਲਾਗੇ ॥ ੧ ॥ ਰਹਾਉ ॥

ਗੁਰਾਂ ਦੀ ਸਿਖਿਆ ਦੁਆਰੇ ਹਰੀ ਰਾਮ ਦੀ ਲਿਵ ਵਿਚ ਲਗ ਗਏ ਹਾਂ ॥ ੧ ॥ ਰਹਾਉ ॥

ਘਟਿ ਘਟਿ ਰਮਈਆ ਰਮਤ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥

ਜੋ ਰਮਈਆ ਰਾਮ ਰਾਜਾ ਸਾਰਿਆਂ ਘਟਾਂ ਘਟਾਂ ਵਿਚ ਰਮਤ=ਵਿਆਪਕ ਹੈ,

ਗੁਰ=ਪੂਜਨੀਕ ਗੁਰਾਂ ਦੇ ਉਪਦੇਸ਼ ਦੁਆਰਾ ਉਸ ਦੀ ਲਿਵ ਵਿਚ ਲਗ ਗਏ ਹਾਂ।

ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥ ੨ ॥

ਹਉ=ਮੈਂ ਆਪਣਾ ਮਨ ਤਨ ਗੁਰਾਂ ਨੂੰ ਕੱਟ ਕੇ ਦੇਂਦਾ ਹਾਂ, ਤਾਂਕਿ ਗੁਰ ਉਪਦੇਸ਼ ਦੁਆਰਾ ਮੇਰਾ ਭਰਮ ਤੇ ਡਰ ਭਾਗੇ=ਭਜ ਜਾਵੇ॥ ੨ ॥

ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥

ਗੁਰਾਂ ਨੇ ਮੇਰੇ ਅਗਿਆਨ ਦੇ ਹਨੇਰੇ ਵਾਲੇ ਹਿਰਦੇ ਵਿਚ "ਗੁਰ ਗਿਆਨਿ"=ਅਧ੍ਯਾਤਮ ਗਿਆਨ ਰੂਪੀ ਦੀਵੇ ਨੂੰ "ਆਨਿ+ਜਲਾਏ"=ਲਿਆ ਕੇ ਜਗਾਇਆ ਹੈ, ਜਿਸ ਕਰਕੇ ਗੁਰੂ=ਚੇਤਨ ਪ੍ਰਭੂ ਵਿਚ ਬਿਰਤੀ ਲਗ ਗਈ ਹੈ।

ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥ ੩ ॥

ਅਗਿਆਨ ਰੂਪੀ ਹਨੇਰਾ ਬਿਨਸਿ=ਸ਼ੀਘਰ ਹੀ ਨਾਸ ਹੋ ਗਿਆ ਹੈ, ਅਤੇ ਮਨ ਨੇ ਗਿਆਨ ਜਾਗ੍ਰਤ ਵਿਚ ਜਾਗ ਕੇ ਘਰ ਵਿਚੋਂ ਆਤਮ ਵਸਤੂ ਲਭ ਲਈ ਹੈ॥ ੩ ॥

ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥

ਮਾਇਆਧਾਰੀ ਸਾਕਤ ਪੁਰਸ਼ ਬਧਿਕ=ਹਿੰਸਕ ਹੋ ਰਹੇ ਹਨ, ਇਸ ਵਾਸਤੇ ਜਮ ਉਨ੍ਹਾਂ ਦੇ ਜੋਹਨਿ=ਵੇਖਣ ਵਿਚ ਲਗਾ ਹੋਇਆ ਹੈ ਕਿ ਇਨ੍ਹਾਂ ਦੇ ਸ੍ਵਾਸ ਪੂਰੇ ਹੋਣ ਤਾਂਹੀ ਨਰਕਾਂ ਵਿਚ ਲੈ ਜਾਵਾਂ।

ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥ ੪ ॥

ਉਨ੍ਹਾਂ ਮਾਇਆ ਧਾਰੀਆਂ ਨੇ ਪੂਰਨ ਸਤਿਗੁਰਾਂ ਅੱਗੇ ਸਿਰ ਨੂੰ ਭੇਟਾ ਨਹੀਂ ਕੀਤਾ, ਇਸ ਕਰਕੇ ਉਹ ਅਭਾਗੇ=ਖੋਟਿਆਂ ਭਾਗਾਂ ਵਾਲੇ ਆਵਹਿ+ਜਾਹਿ=ਜੰਮਦੇ ਮਰਦੇ ਰਹਿਣਗੇ॥ ੪ ॥

ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥

ਹੇ ਪ੍ਰਭੂ ਠਾਕੁਰ ! ਸਾਡਾ ਬੇਨਤੀ ਦਾ ਸ਼ਬਦ ਸੁਣੋ, ਹੇ ਹਰੀ ਪ੍ਰਭੂ ! ਅਸੀਂ ਆਪ ਜੀ ਦੀ ਸ਼ਰਨ ਵਿਚ ਰਹਿਣਾ ਮੰਗਦੇ ਹਾਂ।

ਜਨ ਨਾਨਕ ਕੀ ਲਜ ਪਾਤਿ ਗੁਰੂ ਹੈ
ਸਿਰੁ ਬੇਚਿਓ ਸਤਿਗੁਰ ਆਗੇ ॥ ੫ ॥ ੧੦ ॥ ੨੪ ॥ ੬੨ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਜਨ ਦੀ ਲਜ+ਪਾਤਿ=ਸ਼ਰਮ ਤੇ ਇੱਜ਼ਤ ਰਖਣ ਵਾਲਾ ਇਕੋ ਗੁਰੂ ਹੈ, ਇਸ ਲਈ ਅਸਾਂ ਨੇ ਆਪਣਾ ਸਿਰ ਸਤਿਗੁਰਾਂ ਦੇ ਅੱਗੇ ਵੇਚਣਾ ਕੀਤਾ ਹੈ॥ ੫ ॥ ੧੦ ॥ ੨੪ ॥ ੬੨ ॥

ਗਉੜੀ ਪੂਰਬੀ ਮਹਲਾ ੪ ॥

ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ ਗੁਰਿ ਮਿਲਿਐ ਆਪੁ ਗਵਾਇਆ ॥

ਅਸੀਂ ਹੰਕਾਰ ਤੇ ਅਗਿਆਨ ਮਤੀ ਕਰ ਕੇ ਹੰਕਾਰੀ ਸਾਂ, ਪਰ ਜਦ ਤੋਂ ਗੁਰਾਂ ਨਾਲ ਮਿਲੇ ਹਾਂ, ਉਨ੍ਹਾਂ ਨੇ ਸਾਡੇ ਅੰਦਰੋਂ ਆਪਾ ਭਾ ਹੰਕਾਰ ਗੁਆ ਦਿੱਤਾ ਹੈ।

ਹਉਮੈ ਰੋਗੁ ਗਇਆ ਸੁਖੁ ਪਾਇਆ ਧਨੁ ਧੰਨੁ ਗੁਰੂ ਹਰਿ ਰਾਇਆ ॥ ੧ ॥

ਜਿਸ ਵੇਲੇ ਹੰਗਤਾ ਮਮਤਾ ਰੂਪੀ ਰੋਗ਼ ਨਵਿਰਤ ਹੋ ਗਿਆ ਤਾਂ ਆਤਮ ਸੁਖ ਨੂੰ ਪਾ ਲਿਆ, ਇਸ ਕਰਕੇ ਹਰੀ ਰਾਜੇ ਦੇ ਸਰੂਪ ਗੁਰੂ ਧੰਨਤਾ ਦੇ ਯੋਗ ਹਨ॥ ੧ ॥

ਰਾਮ ਗੁਰ ਕੈ ਬਚਨਿ ਹਰਿ ਪਾਇਆ ॥ ੧ ॥ ਰਹਾਉ ॥

ਰਾਮ=ਹੇ ਭਾਈ ! ਗੁਰਾਂ ਦੇ ਬਚਨਾਂ ਦੁਆਰੇ ਹਰੀ ਪਾਇਆ ਜਾਂਦਾ ਹੈ॥ ੧ ॥ ਰਹਾਉ॥

ਮੇਰੈ ਹੀਅਰੈ ਪ੍ਰੀਤਿ ਰਾਮ ਰਾਇ ਕੀ ਗੁਰਿ ਮਾਰਗੁ ਪੰਥੁ ਬਤਾਇਆ ॥

ਮੇਰੇ ਹਿਰਦੇ ਵਿਚ ਰਾਮ ਰਾਜੇ ਦੀ ਪ੍ਰੀਤੀ ਸੀ, ਇਸ ਕਰਕੇ ਮੈਨੂੰ ਗੁਰੂ ਜੀ ਨੇ ਪਰਮੇਸ਼ਰ ਦੀ ਪ੍ਰਾਪਤੀ ਦਾ ਗਿਆਨ ਭਗਤੀ ਰੂਪੀ ਮਾਰਗੁ+ਪੰਥੁ=ਖੁਲ੍ਹਾ ਰਾਹ ਦੱਸ ਦਿੱਤਾ ਹੈ।

ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ
ਜਿਨਿ ਵਿਛੁੜਿਆ ਹਰਿ ਗਲਿ ਆਇਆ ॥ ੨ ॥

ਮੇਰਾ ਜੀਅ, ਪਿੰਡੁ=ਸਰੀਰ ਤੇ ਸਾਰਾ ਧਨ ਵੀ ਸਤਿਗੁਰਾਂ ਦੇ ਅੱਗੇ ਭੇਟਾ ਹੈ,
ਜਿਨ੍ਹਾਂ ਗੁਰਾਂ ਨੇ ਮੈਥੋਂ ਵਿਛੁੜਿਆ ਹੋਇਆ ਹਰੀ ਮੇਰੇ ਗਲ ਨਾਲ ਲਗਾ ਦਿੱਤਾ ਹੈ॥ ੨ ॥

ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ
ਗੁਰਿ ਹਿਰਦੇ ਨਾਲਿ ਦਿਖਾਇਆ ॥

ਮੇਰੇ ਹਿਰਦੇ ਅੰਦਰ ਹਰੀ ਦੇ ਵੇਖਣ ਨੂੰ ਪ੍ਰੀਤੀ ਲੱਗੀ ਹੋਈ ਸੀ, ਇਸ ਕਰਕੇ ਗੁਰੂ ਜੀ ਨੇ ਹਿਰਦੇ ਦੇ ਨਾਲ ਹੀ ਪਰਮੇਸ਼ਰ ਵਿਖਾ ਦਿੱਤਾ ਹੈ।

ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ ॥ ੩ ॥

ਜਿਸ ਵੇਲੇ ਗੁਰਾਂ ਅਗੇ ਆਪਣੇ ਆਪ ਨੂੰ ਵੇਚ ਦਿੱਤਾ, ਤਾਂ ਮੇਰੇ ਮਨ ਵਿਚ ਸਹਜ=ਆਤਮਕ ਅਨੰਦ ਪ੍ਰਾਪਤ ਹੋ ਗਿਆ॥ ੩ ॥

ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ ॥

ਅਸਾਂ ਨੇ ਬਹੁਤ ਸਾਰੇ ਅਪਰਾਧ ਤੇ ਪਾਪ ਕਰਮ ਕੀਤੇ ਹਨ, ਅਤੇ ਦੁਸ਼ਟ ਪੁਣੇ ਭੀ ਕੀਤੇ ਹਨ, ਫਿਰ ਚੋਰ ਹੋ ਕੇ ਦੂਜੇ ਦੀਆਂ ਚੀਜ਼ਾਂ ਨੂੰ ਚੁਰਾਣਾ ਕੀਤਾ ਹੈ।

ਅਥਵਾ:-ਚੋਰ ਹੋ ਕੇ ਨਾਮ ਨੂੰ ਚੁਰਾਇਆ ਭਾਵ ਨਾਮ ਨਹੀਂ ਜਪਿਆ।

ਅਬ ਨਾਨਕ ਸਰਣਾਗਤਿ ਆਏ
ਹਰਿ ਰਾਖਹੁ ਲਾਜ ਹਰਿ ਭਾਇਆ ॥ ੪ ॥ ੧੧ ॥ ੨੫ ॥ ੬੩ ॥

ਗੁਰੂ ਜੀ ਕਥਨ ਕਰਦੇ ਹਨ ਹੇ ਹਰੀ ! ਹੁਣ ਆਪ ਜੀ ਦੀ ਸ਼ਰਨ ਵਿਚ ਆ ਗਏ ਹਾਂ, ਹੇ ਹਰੀ ! ਜਿਵੇਂ

ਆਪ ਜੀ ਨੂੰ ਭਾਇਆ=ਚੰਗਾ ਲਗੇ ਮੇਰੀ ਲਜਾ ਰਖ ਲੋ॥ ੪॥ ੧੧॥ ੨੫॥ ੬੩॥

ਗਉੜੀ ਪੂਰਬੀ ਮਹਲਾ ੪॥

ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ॥

ਗੁਰਮਤੀਆਂ ਦਾ ਮਨ ਪਰਮੇਸ਼ਰ ਦੇ ਗੁਣਾਂ ਨੂੰ ਗਾਉਂਦਾ ਹੈ, ਇਸ ਕਰਕੇ ਗੁਰਮਤੀਆਂ ਨੂੰ ਅਨਾਹਦ=ਹਦ ਤੋਂ ਰਹਿਤ ''ਸਬਦੁ ਬਾਜੈ''=ਬ੍ਰਹਮ ਪਰਗਟ ਹੋਇਆ ਹੈ।

ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧੰਨੁ ਗੁਰੂ ਲਿਵ ਲਾਵੈ॥ ੧॥

ਵਡਭਾਗੀ ਪੁਰਸ਼ਾਂ ਨੇ ਗੁਰਾਂ ਦਾ ਦਰਸ਼ਨ ਪਾਇਆ ਹੈ, ਜੋ ਗੁਰ ਚਰਨਾਂ ਵਿਚ ਬਿਰਤੀ ਨੂੰ ਲਗਾਂਦਾ ਹੈ, ਉਹ ਧਨੁ+ਧੰਨੁ=ਧੰਨਤਾ ਦੇ ਯੋਗ ਹੈ॥ ੧॥

ਗੁਰਮੁਖਿ ਹਰਿ ਲਿਵ ਲਾਵੈ॥ ੧॥ ਰਹਾਉ॥

ਗੁਰਮੁਖ ਹਮੇਸ਼ਾ ਹੀ ਹਰੀ ਵਿਚ ਬਿਰਤੀ ਜੋੜਦੇ ਹਨ॥ ੧॥ ਰਹਾਉ॥

ਹਮਰਾ ਠਾਕੁਰੁ ਸਤਿਗੁਰੁ ਪੂਰਾ ਮਨੁ ਗੁਰ ਕੀ ਕਾਰ ਕਮਾਵੈ॥

ਪੂਰਾ ਸਤਿਗੁਰੂ ਹੀ ਸਾਡਾ ਸੁਆਮੀ ਹੈ, ਮੇਰਾ ਮਨ ਗੁਰਾਂ ਦੀ ਦਸੀ ਹੋਈ ਭਗਤੀ,
ਵਾ:-ਸੇਵਾ ਰੂਪੀ ਕਾਰ ਨੂੰ ਕਮਾਉਂਦਾ ਹੈ।

ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ॥ ੨॥

ਜੋ ਗੁਰੂ ਹਰਿ ਹਰਿ ਦੀ ਕਥਾ ਨੂੰ ਸੁਣਾਉਂਦੇ ਹਨ, ਮੈਂ ਉਸ ਗੁਰੂ ਦੇ ਚਰਨਾਂ ਨੂੰ ਮਲਮਲ ਕੇ ਧੋਂਦਾ ਹਾਂ।

ਹਿਰਦੈ ਗੁਰਮਤਿ ਰਾਮ ਰਸਾਇਣੁ ਜਿਹਵਾ ਹਰਿ ਗੁਣ ਗਾਵੈ॥

ਗੁਰਾਂ ਦੀ ਸਿਖਿਆ ਦੁਆਰੇ ਹਿਰਦੇ ਵਿਚ ਰਾਮ ਰਸਾਂ ਦਾ ਆਇਣੁ=ਘਰ ਵਸ ਰਿਹਾ ਹੈ, ਅਤੇ ਜੀਭ ਹਰੀ ਦੇ ਗੁਣਾਂ ਨੂੰ ਗਾਉਂਦੀ ਹੈ।

ਮਨ ਰਸਕਿ ਰਸਕਿ ਹਰਿ ਰਸਿ ਆਘਾਨੇ ਫਿਰਿ ਬਹੁਰਿ ਨ ਭੂਖ ਲਗਾਵੈ॥ ੩॥

ਸਾਰਿਆਂ ਰਸਾਂ ਵਿਚ ਰਸਕਿ=ਰਸਿਆ ਹੋਇਆ ਜੋ ਹਰੀ ਹੈ ਉਸ ਵਿਚ ਮਨ ਰਸਕਿ=ਤਦਾਕਾਰ ਹੋ ਕੇ ਹਰੀ ਰਸ ਨੂੰ ਪੀ ਕੇ ਆਘਾਨੇ=ਰਜ ਗਿਆ ਹੈ, ਇਸ ਕਰ ਕੇ ਫਿਰਿ ਬਹੁਰਿ=ਵਾਰੰਵਾਰ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਲੱਗਦੀ ਨਹੀਂ॥ ੩॥

ਕੋਈ ਕਰੈ ਉਪਾਵ ਅਨੇਕ ਬਹੁਤੇਰੇ ਬਿਨੁ ਕਿਰਪਾ ਨਾਮੁ ਨ ਪਾਵੈ॥

ਬਹੁਤਿਆਂ ਨਾਲ ਮਿਲ ਕੇ ਭਾਵੇਂ ਕੋਈ ਅਨੇਕਾਂ ਜਤਨ ਕਰ ਲਵੇ, ਪਰ ਗੁਰ ਕਿਰਪਾ ਤੋਂ ਬਿਨਾਂ ਨਾਮ ਕਦੇ ਵੀ ਨਹੀਂ ਪਾਂਵਦਾ।

ਜਨ ਨਾਨਕ ਕਉ ਹਰਿ ਕਿਰਪਾ ਧਾਰੀ ਮਤਿ ਗੁਰਮਤਿ ਨਾਮੁ ਦ੍ਰਿੜਾਵੈ॥ ੪॥ ੧੨॥ ੨੬॥ ੬੪॥

ਗੁਰੂ ਜੀ ਕਥਨ ਕਰਦੇ ਹਨ ਜਿਸ ਪੁਰਸ਼ ਉੱਤੇ ਹਰੀ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ, ਉਸ ਦੀ ਮਤਿ=ਬੁਧੀ

ਗੁਰ ਸਿਖਿਆ ਲੈ ਕੇ ਨਾਮ ਨੂੰ ਦ੍ਰਿੜ੍ਹ ਕਰਦੀ ਹੈ॥ ੪॥ ੧੨॥ ੨੬॥ ੬੪॥

ਰਾਗੁ ਗਉੜੀ ਮਾਝ ਮਹਲਾ ੪॥

ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ॥

ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ॥

ਜਿੰਦੂ=ਹੇ ਭਾਈ ! ਗੁਰਾਂ ਦੁਆਰੇ ਨਾਮ ਜਪਨੇ ਰੂਪ ਕਰਮ ਨੂੰ ਕਰ।

ਮਤਿ=ਬੁਧੀ ਵਿਚ ਗੁਰਾਂ ਦੀ ਸਿਖਿਆ ਲੈ ਕੇ ਜਿਹੜਾ ਮੂੰਹ ਨਾਲ ਰਾਮ ਜੀ ਦਾ ਨਾਮ ਜਪਣਾ ਹੈ ਇਹੋ ਮਾਤਾ ਕਰ।

[ਪੰਨਾ ੧੭੩]

ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ॥ ਵਡਭਾਗੀ ਮਿਲੁ ਰਾਮਾ॥ ੧॥

ਗੁਰੂ ਜੋ ਅਜਨਮਾ ਪੁਰਖ ਹੈ, ਉਨ੍ਹਾਂ ਦੁਆਰੇ ਸੰਤੋਖ ਨੂੰ ਪਿਤਾ ਕਰ।

ਅਥਵਾ:-ਸੰਤੋਖ ਧਾਰਨਾ ਏਹੋ ਪਿਤਾ ਕਰ, ਅਜਨਮਾ=ਜਨਮ ਮਰਨ ਤੋਂ ਰਹਿਤ ਜੋ ਅਕਾਲ ਪੁਰਖ ਹੈ ਉਸ ਨੂੰ ਗੁਰੂ ਕਰ। ਹੇ ਵਡਭਾਗੀ ਇਸ ਤਰ੍ਹਾਂ ਰਾਮ ਨੂੰ ਮਿਲਣਾ ਕਰ॥ ੧॥

ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ॥

ਜਿਸ ਨੂੰ ਜੋਗੀ ਪੁਰਖ ਰੂਪ ਗੁਰੂ ਮਿਲਿਆ ਹੈ ਉਸ ਨੇ ਰੰਗੁ+ਮਾਣੀ=ਅਨੰਦ ਨੂੰ ਭੋਗਿਆ ਹੈ।

ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ ਜੀਉ॥

ਸੱਚਾ ਗਰੂ ਹਮੇਸ਼ਾ ਹੀ ਨਿਰਬਾਣੀ=ਨਿਰਬੰਧ (ਬੰਧਨਾਂ ਤੋਂ ਰਹਿਤ) ਹਰੀ ਦੇ ਰੰਗਿ=ਪ੍ਰੇਮ,

ਵਾ:-ਅਨੰਦ ਵਿਚ ਰੱਤਾ ਰਹਿੰਦਾ ਹੈ।

ਵਡਭਾਗੀ ਮਿਲੁ ਸੁਘੜ ਸੁਜਾਣੀ ਜੀਉ॥

ਵਡਿਆਂ ਭਾਗਾਂ ਕਰਕੇ ਸੁ+ਘੜ=ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਸੁਜਾਣੀ=ਚਤੁਰ ਗੁਰੂ ਮੈਨੂੰ ਮਿਲਿਆ ਹੈ। ਇਸ ਕਰਕੇ—

ਮੇਰਾ ਮਨੁ ਤਨੁ ਹਰਿ ਰੰਗਿ ਭਿੰਨਾ॥ ੨॥

ਮੇਰਾ ਮਨ ਤਨ ਹਰੀ ਰੰਗ ਵਿਚ ਭਿੰਨਾ=ਭਿਜ ਗਿਆ ਹੈ॥ ੨॥

ਆਵਹੁ ਸੰਤਹੁ ਮਿਲਿ ਨਾਮੁ ਜਪਾਹਾ॥

ਹੇ ਸੰਤੋ ! ਤੁਸੀਂ ਆਵੋ ਅਸੀਂ ਰਲ ਮਿਲ ਕੇ ਨਾਮ ਜਪਣਾ ਕਰੀਏ। ਅਤੇ—

ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ॥

ਸਤਸੰਗਤ ਵਿਚ ਜਾ ਕੇ ਹਮੇਸ਼ਾਂ ਨਾਮ ਦੇ ਲਾਭ ਨੂੰ ਲੈਣਾ ਕਰੀਏ।

ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ॥

ਸੰਗਤ ਵਿਚ ਜਾ ਕੇ ਸੰਤਾਂ ਦੀ ਸੇਵਾ ਕਰ ਉਹ ਤੇਰੇ ਮੂੰਹ ਵਿਚ ਨਾਮ ਅੰਮ੍ਰਿਤ ਪਾਣਗੇ।

ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥ ੩ ॥

ਧੁਰ ਤੋਂ ਹੀ ਪੂਰਬਲੇ ਚੰਗੇ ਕਰਮਾਂ ਦੇ ਲਿਖੇ ਅਨੁਸਾਰ ਸੰਤ ਜਨ ਮਿਲਦੇ ਹਨ॥ ੩ ॥

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥
ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ॥

ਜਿਸ ਵੇਲੇ ਮਨੁੱਖਾ ਦੇਹ ਰੂਪੀ ਸਾਵਣ ਦੇ ਮਹੀਨੇ ਵਿਚ, *ਅਥਵਾ:*-ਪ੍ਰੇਮ ਰੂਪੀ ਸਾਵਣ ਦੇ ਮਹੀਨੇ ਵਿਚ ਗੁਰੂ ਰੂਪ ਬੱਦਲ ਨੇ ਉਪਦੇਸ਼ ਰੂਪ ਜਲ ਵਰਸਿਆ ਤਾਂ ਸਾਰੇ ਜਗਤ ਵਿਚ ਅੰਮ੍ਰਿਤ ਰੂਪ ਪਰਮੇਸ਼ਰ ਨੂੰ ਛਾਇਆ ਹੋਇਆ ਨਿਸਚੇ ਕੀਤਾ। ਜਿਸ ਵੇਲੇ ਗੁਰਾਂ ਨੇ ਮੂੰਹ ਵਿਚ ਸ਼ਬਦ ਪਾਇਆ ਤਿਸ ਵੇਲੇ ਮਨ ਰੂਪੀ ਮੋਰ ਅਨੰਦ ਸਹਿਤ ਹੋ ਕੇ ਕੁਹੁਕਿਅੜਾ=ਬੋਲਣ ਲਗ ਪਿਆ।

ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥
ਜਨ ਨਾਨਕ ਪ੍ਰੇਮਿ ਰਤੰਨਾ ॥ ੪ ॥ ੧ ॥ ੨੭ ॥ ੬੫ ॥

ਜਿਸ ਵੇਲੇ ਹਰੀ ਨਾਮ ਅੰਮ੍ਰਿਤ ਵਸਿਆ, ਤਾਂ ਹਰੀ ਰਾਜਾ ਮਿਲ ਪਿਆ। ਗੁਰੂ ਜੀ ਕਥਨ ਕਰਦੇ ਹਨ ਗੁਰਮੁਖ ਜਨਾਂ ਦਾ ਮਨ ਪ੍ਰੇਮ ਵਿਚ ਹੀ ਰਤੰਨਾ=ਤਦਾਕਾਰ ਰਹਿੰਦਾ ਹੈ॥ ੪ ॥ ੧ ॥ ੨੭ ॥ ੬੫ ॥

ਗਉੜੀ ਮਾਝ ਮਹਲਾ ੪ ॥

ਜਿਸ ਤਰ੍ਹਾਂ ਪ੍ਰਤੱਖ ਇਸਤ੍ਰੀਆਂ ਆਪਣੇ ਪਤੀ ਨੂੰ ਵਸੀਕਾਰ ਕਰਨ ਵਾਸਤੇ ਟੂਣਾ ਕਰਦੀਆਂ ਹਨ, ਜਾਂ ਗਲ ਵਿਚ ਮਣਕਾ ਪਹਿਰਦੀਆਂ ਹਨ। ਏਸੇ ਤਰ੍ਹਾਂ ਪਰਮੇਸ਼ਰ ਪਤੀ ਨੂੰ ਵਸੀਕਾਰ ਕਰਨ ਵਾਸਤੇ ਆਖਦੇ ਹਨ:-

ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥

ਹੇ ਮਹਾਤਮਾਂ ਰੂਪ ਸਖੀਓ ਆਓ ਅਸੀਂ ਰਲਕੇ ਸ਼ੁਭ ਗੁਣਾਂ ਰੂਪੀ ਕਾਮਣ=ਟੂਣਾ ਕਰੀਏ।

ਅਥਵਾ:-ਸ਼ੁਭ ਗੁਣਾਂ ਰੂਪੀ ਮਣਕਾ ਗਲ ਵਿਚ ਪਾਣਾ ਕਰੀਏ।

ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥

ਸੰਤ ਜਨਾਂ ਨਾਲ ਮਿਲਕੇ ਰੰਗੁ=ਪਰੇਮ ਸਹਿਤ ਰਲੀਆਂ=ਖੁਸ਼ੀਆਂ ਨੂੰ ਮਾਨਣਾ ਕਰੀਏ।

ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜਾਉ ॥

ਗੁਰਾਂ ਦੁਆਰੇ ਜਿਨ੍ਹਾਂ ਦੇ ਮਨ ਰੂਪ ਮੰਦਰ ਵਿਚ ਗਿਆਨ ਰੂਪ ਦੀਵਾ ਸਦਾ ਬਲਦਾ ਰਹਿੰਦਾ ਹੈ।

ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥ ੧ ॥

ਉਨ੍ਹਾਂ ਨੂੰ ਹਰੀ ਤੁਠੈ=ਪ੍ਰਸੰਨਤਾ ਨਾਲ ਡੁਲ੍ਹ ਡੁਲ੍ਹ ਕੇ ਮਿਲਿਆ ਹੈ। *ਅਥਵਾ:*-ਤੂੰ ਢੁਲਿ ਢੁਲਿ=ਉੱਛਲ ਉੱਛਲ ਕੇ, ਵਾ:-ਸੰਸਾਰ ਵਲੋਂ ਹਟ ਹਟਕੇ ਪ੍ਰਸੰਨਤਾ ਨਾਲ ਹਰੀ ਨੂੰ ਮਿਲਣਾ ਕਰ॥ ੧ ॥

ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ ॥

ਮੇਰੇ ਮਨ ਤਨ ਦੇ ਵਿਚ ਢੋਲੇ=ਪਿਆਰੇ ਹਰੀ ਦਾ ਪ੍ਰੇਮ ਲਗ ਰਿਹਾ ਹੈ।

ਮੈ ਮੇਲੇ ਮਿਤ੍ਰ ਸਤਿਗੁਰੁ ਵੇਚੋਲੇ ਜੀਉ ॥

ਹੇ ਵਿਚੋਲੇਪਣ ਦੇ ਕਰਨ ਵਾਲੇ ਸਤਿਗੁਰੋ ਮੈਨੂੰ ਹਰੀ ਮਿਤ੍ਰ ਨਾਲ ਮੇਲਣਾ ਕਰੋ।

ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ ॥

ਉਨ੍ਹਾਂ ਸੰਤਾਂ ਨੂੰ ਮੈਂ ਆਪਣਾ ਮਨ ਦੇਵਾਂਗਾ ਜੋ ਮੇਰਾ ਪ੍ਰਭੂ ਮੈਨੂੰ ਮੇਲੇਗਾ।

ਹਰਿ ਵਿਟੜਿਅਹੁ ਸਦਾ ਘੋਲੇ ਜੀਉ ॥ ੨ ॥

ਮੈਂ ਹਰੀ ਦੇ ਵਿਟੜਿਅਹੁ=ਉਤੋਂ ਸਦਾ ਬਲਿਹਾਰ ਕੁਰਬਾਣ ਜਾਂਦਾ ਹਾਂ॥ ੨॥

ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ
ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥

(੧) ਹੇ ਮੇਰੇ ਪਿਆਰੇ ਹਰੀ ਤਨ ਵਿਚ ਵਸਣਾ ਕਰ, ਹੇ ਮੇਰੇ ਗੋਬਿੰਦ ਬਾਣੀ ਵਿਚ ਵੀ ਵਸਣਾ ਕਰ, ਹੇ ਹਰੀ ਕਿਰਪਾ ਕਰਕੇ ਮੇਰੇ ਮਨ ਵਿਚ ਵੀ ਵਸਣਾ ਕਰ।

(੨) *ਅਥਵਾ:*-ਹੇ ਮੇਰੇ ਪਿਆਰੇ ਹਰੀ ਗੋਬਿੰਦ ਵਸੂਆਂ ਮੇਂ ਵਸੁ* ਰੂਪ, ਮੇਰ ਮੇਂ ਮੇਰ ਰੂਪ, ਤੂੰ ਕਿਰਪਾ ਕਰਕੇ ਮੇਰੇ ਮਨ ਵਿਚ ਵਸਣਾ ਕਰ।

(੩) *ਅਥਵਾ:*-ਹੇ ਹਰੀ ਗੋਬਿੰਦ ਵਸੋਂ ਮੇਂ ਵਸੋਂ ਰੂਪ, ਉਜਾੜ ਮੇਂ ਉਜਾੜ ਰੂਪ, ਮੇਰੇ=ਮੇਲ ਮੇਂ ਮੇਲ ਰੂਪ, ਪਿਆਰਿਆਂ ਮੇਂ ਪਿਆਰਾ ਰੂਪ ਕਿਰਪਾ ਕਰਕੇ ਤੂੰ ਮੇਰੇ ਮਨ ਵਿਚ ਵਸਣਾ ਕਰ।

ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ
ਗੁਰੁ ਪੂਰਾ ਵੇਖਿ ਵਿਗਸੁ ਜੀਉ ॥

ਹੇ ਮੇਰੇ ਗੋਵਿੰਦਾ=ਭਾਈ ਉਸ ਨੇ ਮਨ ਦੀ ਇੱਛਾ ਅਨੁਸਾਰ ਫਲ ਪਾ ਲਿਆ ਹੈ, ਜੋ ਪੂਰਿਆਂ ਗੁਰਾਂ ਦਾ ਦਰਸ਼ਨ ਵੇਖਕੇ ਵਿਗਸੁ=ਅਨੰਦ ਹੋਇਆ ਹੈ।

ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ
ਮਨਿ ਅਨਦਿਨੁ ਅਨਦੁ ਰਹਸੁ ਜੀਉ ॥

ਹੇ ਮੇਰੇ ਭਾਈ ! ਜਿਨ੍ਹਾਂ ਸੋਹਾਗਣੀਆਂ ਨੂੰ ਹਰੀ ਨਾਮ ਮਿਲਿਆ ਹੈ, ਉਨ੍ਹਾਂ ਦੇ ਮਨ ਵਿਚ ਰਾਤ ਦਿਨ ਰਹਸੁ=ਗੁੱਝਾ ਅਨੰਦ ਅਰਥਾਤ ਬ੍ਰਹਮਾਨੰਦ ਪ੍ਰਗਟ ਹੁੰਦਾ ਹੈ।

ਅਥਵਾ:-ਉਨ੍ਹਾਂ ਦਾ ਮਨ ਰਾਤ ਦਿਨ ਅਨੰਦ ਵਿਚ ਰਹਸੁ=ਰਹਿੰਦਾ ਹੈ।

ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ
ਨਿਤ ਲੈ ਲਾਹਾ ਮਨਿ ਹਸੁ ਜੀਉ ॥ ੩ ॥

---

*ਨੋਟ:-ਅਠ ਵਸੂ ਹਨ:-(੧) ਦਰੋਣ, (੨) ਪ੍ਰਾਣ, (੩) ਧ੍ਰੁਵ, (੪) ਵਸੁ, (੫) ਦੋਖ, (੬) ਵਿਭਾਗ, (੭) ਅਰਕ (੮) ਅਗਨਿ (ਦੂਜੀ ਐਡੀਸ਼ਨ ਮਹਾਨ ਕੋਸ਼ ਪੰਨਾ ੮੦੭)

ਹੇ ਮੇਰੇ ਭਾਈ ! ਜਿਸ ਵਡਭਾਗੀ ਨੇ ਹਰੀ ਨਾਮ ਪਾਇਆ ਹੈ ਉਹ ਨਿਤਾਪ੍ਰਤੀ ਮਨੁੱਖਾ ਜਨਮ ਦਾ ਲਾਭ ਲੈ ਕੇ ਮਨ ਵਿਚ ਹਸੁ=ਖੁਸ਼ ਰਹਿੰਦਾ ਹੈ॥ ੩॥

ਹਰਿ ਆਪਿ ਉਪਾਏ ਹਰਿ ਆਪੇ ਵੇਖੈ
ਹਰਿ ਆਪੇ ਕਾਰੈ ਲਾਇਆ ਜੀਉ॥

ਹਰੀ ਆਪੇ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਹਰੀ ਆਪ ਹੀ ਸਾਰਿਆਂ ਦੀ ਵੇਖੈ=ਪਾਲਣਾ ਕਰਦਾ ਹੈ, *ਅਥਵਾ:*-ਹਰੀ ਆਪ ਹੀ ਸਾਰਿਆਂ ਦੇ ਕਰਮਾਂ ਨੂੰ ਵੇਖਦਾ ਹੈ, ਅਤੇ ਹਰੀ ਆਪ ਹੀ ਸਾਰਿਆਂ ਨੂੰ ਕਾਰੈ=ਕੰਮਾਂ ਵਿਚ ਲਾਉਂਦਾ ਹੈ।

ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ॥

ਜਿਨ੍ਹਾਂ ਇਕਨਾਂ ਨੂੰ ਪਰਮੇਸ਼ਰ ਬਖਸ਼ਦਾ ਹੈ, ਉਹ ਰਜ ਕੇ ਪਦਾਰਥ ਖਾਂਦੇ ਹਨ ਉਨ੍ਹਾਂ ਦੇ ਘਰ ਕਿਸੇ ਚੀਜ਼ ਦਾ (ਤੋਟਿ) ਘਾਟਾ ਨਹੀਂ ਆਉਂਦਾ, ਅਤੇ ਇਕਨਾਂ ਨੂੰ ਫੱਕਾ ਮਾਤ੍ਰ ਭਾਵ ਥੋੜ੍ਹਾ ਪਦਾਰਥ ਤੇ ਥੋੜ੍ਹਾ ਸੁਖ ਦਿੱਤਾ ਹੈ। *ਅਥਵਾ:*-ਇਕਨਾਂ ਨੂੰ ਇਤਨੀ ਦਾਤ ਦਿੱਤੀ ਹੈ ਜੋ ਆਪ ਨਾਨਾ ਤਰ੍ਹਾਂ ਦੇ ਪਦਾਰਥ ਖਾਂਦੇ ਹਨ, ਤੇ ਹੋਰਨਾਂ ਨੂੰ ਬਖਸ਼ਦੇ ਹਨ, ਫਿਰ ਵੀ ਉਨ੍ਹਾਂ ਦੇ ਘਰ ਤੋਟਿ=ਘਾਟਾ ਨਹੀਂ ਆਉਂਦਾ, ਅਤੇ ਇਕਨਾਂ ਨੂੰ ਸਾਰਾ ਦਿਨ ਮੇਹਨਤ (ਮਜੂਰੀ) ਕਰਨ ਮਗਰੋਂ ਭੀ ਫੱਕਾ ਭਰ ਦਾਣੇ ਮਿਲਦੇ ਹਨ,

ਅਥਵਾ:-ਇਕਨਾਂ ਨੂੰ ਫਾਕਾ ਕਟਣਾ ਪੈਂਦਾ ਹੈ।

ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ॥

ਇਕ ਰਾਜੇ ਹੋ ਕੇ ਰਾਜ ਤਖਤ ਉੱਤੇ ਬੈਠ ਕੇ ਸੁਖ ਭੋਗਦੇ ਹੋਏ ਨਿਤਾਪ੍ਰਤੀ ਸੁਖੀ ਹਨ, ਅਤੇ ਇਕਨਾਂ ਪਾਸੋਂ ਭਿਖਿਆ ਮੰਗਵਾ ਰਿਹਾ ਹੈ।

ਅਥਵਾ:-ਇਕ ਗੁਰਮੁਖ ਰਾਜੇ=ਗਿਆਨਵਾਨ ਹੋ ਕੇ ਸਰੂਪ ਤਖਤ ਪਰ ਬੈਠ ਕੇ ਨਿਤਾਪ੍ਰਤੀ ਸੁਖੀ ਹਨ ਅਤੇ ਇਕਨਾਂ ਨੂੰ ਕਰਮਾਂ ਅਨੁਸਾਰ ਭਿਖ+ਮੰਗਾਇਆ=ਚੁਰਾਸੀ ਲੱਖ ਜੂਨੀਆਂ ਦਾ ਦੁਖ ਭੁਗਤਾਂਦਾ ਹੈ।

ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ
ਜਨ ਨਾਨਕ ਨਾਮੁ ਧਿਆਇਆ ਜੀਉ॥ ੪॥ ੨॥ ੨੮॥ ੬੬॥

ਹੇ ਮੇਰੇ ਗੋਵਿਦਾ=ਭਾਈ ਇਕ ਸਬਦੁ=ਬ੍ਰਹਮ ਹੀ ਸਾਰੇ ਵਰਤ ਰਿਹਾ ਹੈ,

ਅਥਵਾ:-ਸਾਰੇ ਇਕ ਦਾ ਹੀ ਸਬਦੁ=ਹੁਕਮ ਵਰਤ ਰਿਹਾ ਹੈ, ਗੁਰਮੁਖ ਜਨਾਂ ਨੇ ਉਸ ਪ੍ਰਭੂ ਦੇ ਨਾਮ ਨੂੰ ਧਿਆਉਣਾਂ ਕੀਤਾ ਹੈ॥ ੪॥ ੨॥ ੨੮॥ ੬੬॥

ਗਉੜੀ ਮਾਝ ਮਹਲਾ ੪ ॥

ਇਕ ਸਿਖ ਨੇ ਆ ਕੇ ਬੇਨਤੀ ਕੀਤੀ ਜਿਸ ਪਰਮੇਸ਼ਰ ਦਾ ਸਿਮਰਨ ਕਰਨਾ ਆਪ ਦਸਦੇ ਹੋ ਉਹ ਪਰਮੇਸ਼ਰ ਕਿਥੇ ਰਹਿੰਦਾ ਹੈ? *ਗੁਰ ਉੱਤਰ:-*

ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ॥

ਪਹਿਲਾ ਅਰਥ:-ਹੇ ਮੇਰੇ ਗੋਵਿੰਦਾ=ਭਾਈ ! ਉਹ ਰੰਗ ਰਤਾ ਹਰੀ ਪਿਛੇ ਵੀ ਮਨ ਦੇ ਵਿਚ ਸੀ, ਹੁਣ ਵੀ ਮਨ

ਮਾਹੀ=ਮਨ ਦੇ ਵਿਚ ਹੈ, ਅਗੇ ਵੀ ਮਨ ਮਾਹੀ=ਮਨ ਦੇ ਵਿਚ ਹੋਵੇਗਾ।

ਦੂਜਾ ਅਰਥ:-ਹੇ ਮੇਰੇ ਭਾਈ ! ਜੋ ਮਨ ਮੇਂ ਮਨ ਰੂਪ ਹੈ, ਵਾ:-ਸ਼ਰੋਮਣੀਆਂ ਵਿਚੋਂ ਸ਼ਰੋਮਣੀ ਹੈ, ਮਨ+ਮਾਹੀ =ਪਿਆਰਿਆਂ ਮੇਂ ਪਿਆਰਾ ਰੂਪ ਹੈ, ਵਾ:-ਚੰਦ੍ਰਮਾਂ ਮੇਂ ਚੰਦ੍ਰਮਾਂ ਰੂਪ ਹੈ. ਉਹ ਰੰਗ ਰਤਾ ਹਰੀ ਮਨ ਮਾਹੀ=ਮਨ ਦੇ ਵਿਚ ਹੈ।

ਤੀਜਾ ਅਰਥ:-ਹੇ ਮੇਰੇ ਗੋਵਿੰਦਾ=ਭਾਈ ! ਤਨ ਮਾਹੀ ਜੋ ਮਨ ਹੈ ਉਸ ਦੇ ਮਾਹੀ=ਵਿਚ ਜਾਂ ਗੁਰਾਂ ਦੇ ਮਨ=ਮੰਤ੍ਰ ਨੂੰ ਧਾਰਿਆ, ਤਾਂ ਰੰਗ ਰਤਾ ਹਰੀ ਨੂੰ ਮਨ ਮਾਹੀ=ਮਨ ਦੇ ਵਿਚ ਨਿਸਚੇ ਕੀਤਾ।

ਚੌਥਾ ਅਰਥ:-ਹੇ ਮੇਰੇ ਭਾਈ ! ਉਹ ਰੰਗ ਰਤਾ ਹਰੀ ਮਨ ਮਾਹੀ=ਅੰਨਮਯ ਕੋਸ਼ ਦੇ ਵਿਚ ਹੈ, ਮਨ+ਮਾਹੀ=ਮਨੋ ਮਯ ਕੋਸ਼ ਤੇ ਵਿਗਿਆਨਮਯ ਕੋਸ਼ ਵਿਚ ਹੈ, ਅਤੇ ਮਨ+ਮਾਹੀ=ਪ੍ਰਾਣਮਯ ਕੋਸ਼ ਤੇ ਆਨੰਦਮਯ ਕੋਸ਼ ਦੇ ਵਿਚ ਹੈ। ਅਰਥਾਤ ਪੰਜਾਂ ਹੀ ਕੋਸ਼ਾਂ ਵਿਚ ਵਿਆਪਕ ਹੈ।

ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ ॥

ਹੇ ਮੇਰੇ ਗੋਵਿਦਾ=ਭਾਈ ! ਰੰਗੁ=ਅਨੰਦ ਸਰੂਪ ਹਰੀ ਨਾਲ ਹੀ ਵਸਦਾ ਹੈ, ਪਰ ਆਪਣੇ ਆਪ "ਨ ਲਖੀਐ"=ਜਾਣਿਆਂ ਨਹੀਂ ਜਾਂਦਾ, ਪੂਰੇ ਗੁਰੂ ਹੀ ਉਸ ਅਲੱਖ ਸਰੂਪ ਪਰਮਾਤਮਾ ਨੂੰ ਲਖਾਹੀ= ਜਣਾਉਂਦੇ ਹਨ।

ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ
ਸਭ ਦਾਲਦ ਦੁਖ ਲਹਿ ਜਾਹੀ ਜੀਉ ॥

ਹੇ ਮੇਰੇ ਭਾਈ ! ਹਰਿ ਹਰਿ ਨਾਮ ਦੇ ਪਰਗਾਸਿਆ=ਉਚਾਰਨ ਨਾਲ ਸਾਰੇ ਦਲਿਦ੍ਰ ਤੇ ਦੁਖ "ਲਹਿ ਜਾਹੀ"=ਦੂਰ ਹੋ ਜਾਂਦੇ ਹਨ।

ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ
ਵਡਭਾਗੀ ਨਾਮਿ ਸਮਾਹੀ ਜੀਉ ॥ ੧ ॥

ਹੇ ਮੇਰੇ ਗੋਵਿੰਦਾ=ਭਾਈ ! ਜਿਨ੍ਹਾਂ ਨੇ ਗੁਰਾਂ ਪਾਸੋਂ ਹਰੀ ਨਾਮ ਰੂਪ ਉੱਤਮ ਪਦ ਨੂੰ ਪਾਇਆ ਹੈ ਉਹ ਵਡਭਾਗੀ ਪੁਰਸ਼ ਨਾਮੀ ਪ੍ਰਮਾਤਮਾ ਵਿਚ ਸਮਾ ਜਾਂਦੇ ਹਨ॥ ੧ ॥

ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ
ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥

ਪਹਿਲਾ ਅਰਥ:-ਹੇ ਮੇਰੇ ਗੋਵਿਦਾ=ਭਾਈ ! ਮੇਰਾ ਪਿਆਰਾ ਪ੍ਰਮੇਸ਼ਰ ਪਿਛੇ ਵੀ ਨੈਣੀ=ਨਿਯੰਤਾ ਸੀ ਹੁਣ ਵੀ ਮੇਰਾ ਪਿਆਰਾ ਪਰਮੇਸ਼ਰ ਨੈਣੀ=ਨਿਯੰਤਾ ਹੈ, ਅੱਗੇ ਵੀ ਨੈਣੀ=ਨਿਯੰਤਾ ਹੋਵੇਗਾ, ਉਸ ਹਰੀ ਪ੍ਰਭੂ ਨੂੰ ਕਿਸੀ ਨੇ ਨੇਤ੍ਰਾਂ=ਅੱਖਾਂ ਨਾਲ ਵੇਖਿਆ ਹੈ?

ਦੂਜਾ ਅਰਥ:-ਹੇ ਮੇਰੇ ਭਾਈ ! ਜੋ "ਨੈਣੀ ਨੈਣੀ"=ਨੇਤ੍ਰਾਂ ਮੇਂ ਨੇਤ੍ਰ ਰੂਪ ਹੈ,

ਵਾ:-ਮੱਖਣ ਮੇਂ ਮੱਖਣ ਰੂਪ ਹੈ, ਮੇਰ ਮੇਂ ਮੇਰ ਰੂਪ ਹੈ, ਪਿਆਰਿਆਂ ਮੇਂ ਪਿਆਰਾ ਰੂਪ ਹੈ, ਉਸ ਹਰੀ

ਪ੍ਰਭੂ ਨੂੰ ਕਿਸੇ ਨੇ ਅੱਖਾਂ ਨਾਲ ਵੇਖਿਆ ਹੈ?

ਤੀਜਾ ਅਰਥ:-ਹੇ ਮੇਰੇ ਭਾਈ ! ਮੇਰੇ ਪਿਆਰੇ ਗੋਵਿੰਦ ਦਾ ਸਰੂਪ ਜੋ ਗੁਰੂ ਸਾਹਿਬ ਜੀ ਹਨ ਗਿਆਨ ਵੈਰਾਗ ਰੂਪੀ ਨੈਣੀ=ਅੱਖਾਂ ਵਾਲੇ, ਉਨ੍ਹਾਂ ਦੁਆਰੇ ਮੇਰੇ ਨੈਣੀ=ਨਿਯੰਤੇ ਹਰੀ ਪ੍ਰਭੂ ਨੂੰ ਕਿਸੀ ਨੇ ਗਿਆਨ ਵੈਰਾਗ,

ਵਾ:-ਸ਼ੁਧ ਬੁੱਧੀ ਰੂਪੀ ਨੈਣੀ=ਅੱਖਾਂ ਨਾਲ ਵੇਖਿਆ ਹੈ?

[ਪੰਨਾ ੧੭੪]

ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ
ਹਰਿ ਬਾਝਹੁ ਧਨ ਕੁਮਲੈਣੀ ਜੀਉ ॥

ਹੇ ਮੇਰੇ ਗੋਵਿੰਦਾ=ਭਾਈ ! ਮੇਰੇ ਮਨ ਤਨ ਨੂੰ ਬਹੁਤ ਹੀ ਵੈਰਾਗ ਹੋ ਰਿਹਾ ਹੈ, ਹਰੀ ਪਤੀ ਦੇ ਮਿਲੇ ਤੋਂ ਬਿਨਾਂ ਮੈਂ ਧਨ=ਇਸਤ੍ਰੀ ਕੁਮਲੈਣੀ=ਕੁਮਲਾ ਰਹੀ ਹਾਂ ਅਰਥਾਤ ਨਿਮੋਝੂਣੀ ਹੋ ਰਹੀ ਹਾਂ।

ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥

ਹੇ ਮੇਰੇ ਗੋਵਿਦਾ=ਭਾਈ ! ਜੋ ਸੰਤ ਜਨਾਂ ਨਾਲ ਮਿਲਿਆ ਹੈ, ਉਸ ਨੇ ਮੇਰਾ ਹਰੀ ਪ੍ਰਭੂ ਪਾਇਆ ਹੈ ਜੋ ਪ੍ਰਭੂ ਇਸ ਲੋਕ ਦਾ ਸਜਣ ਹੈ, ਅਤੇ ਪ੍ਰਲੋਕ ਦਾ ਸੈਣੀ=ਸਾਥੀ ਹੈ।

ਹਰਿ ਆਇ ਮਿਲਿਆ ਜਗਜੀਵਨੁ ਮੇਰੇ ਗੋਵਿੰਦਾ
ਮੈ ਸੁਖਿ ਵਿਹਾਣੀ ਰੈਣੀ ਜੀਉ ॥ ੨ ॥

ਹੇ ਮੇਰੇ ਗੋਵਿੰਦਾ=ਭਾਈ ! ਜਗ+ਜੀਵਨੁ=ਜਗਤ ਦਾ ਜੀਵਨ ਰੂਪ ਹਰੀ ਮੈਨੂੰ ਆ ਕੇ ਮਿਲਿਆ ਹੈ, ਹੁਣ ਮੇਰੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਵਿਹਾਣੀ=ਬੀਤਦੀ ਹੈ॥ ੨ ॥

ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ
ਮੈ ਮਨਿ ਤਨਿ ਭੁਖ ਲਗਾਈਆ ਜੀਉ ॥

ਹੇ ਸੰਤੋ ! ਮੇਰਾ ਸਜਣ ਜੋ ਹਰੀ ਪ੍ਰਭੂ ਹੈ ਉਸ ਨਾਲ ਮੈਨੂੰ ਮੇਲੋ, ਕਿਉਂਕਿ ਮੇਰੇ ਮਨ ਤਨ ਅੰਦਰ ਉਸ ਦੇ ਮਿਲਣ ਦੀ ਭੁਖ=ਚਾਹ ਲਗ ਰਹੀ ਹੈ।

ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ
ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ ॥

ਹੇ ਮੇਰੇ ਪ੍ਰੀਤਮ=ਭਾਈ ! ਮੇਰਾ ਪ੍ਰੀਤਮ ਜੋ ਪਰਮੇਸ਼ਰ ਹੈ ਉਸ ਦੇ ਵੇਖੇ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ। ਕਿਉਂਕਿ ਮੇਰੇ ਹਿਰਦੇ ਅੰਦਰ ਹਰੀ ਨੇ ਬਿਰਹੁ=ਪ੍ਰੇਮ ਰੂਪੀ ਬਾਣ ਲਗਾਇਆ ਹੋਇਆ ਹੈ।

ਹਰਿ ਰਾਇਆ ਮੇਰਾ ਸਜਣੁ ਪਿਆਰਾ ਗੁਰੁ ਮੇਲੇ
ਮੇਰਾ ਮਨੁ ਜੀਵਾਈਆ ਜੀਉ ॥

ਮੇਰਾ ਪਿਆਰਾ ਸਜਣ ਹਰੀ ਰਾਜਾ ਹੈ ਗੁਰਾਂ ਨੇ ਉਸ ਨਾਲ ਮੇਲ ਕੇ ਮੇਰਾ ਮਨ ਜਿਵਾ ਦਿੱਤਾ ਹੈ।

ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ
ਹਰਿ ਮਿਲਿਆ ਮਨਿ ਵਾਧਾਈਆ ਜੀਉ ॥ ੩ ॥

ਹੇ ਮੇਰੇ ਗੋਵਿੰਦਾ=ਭਾਈ ! ਮੇਰੇ ਮਨ ਤੇ ਤਨ ਦੀਆਂ ਸਭ ਆਸਾਂ ਪੂਰਨ ਹੋ ਗਈਆਂ ਹਨ, ਅਤੇ ਹਰੀ ਦੇ ਮਿਲਿਆਂ ਮਨ ਵਿਚ ਅਨੰਦ ਦੀਆਂ ਵਧਾਈਆਂ ਪਰਗਟ ਹੋਈਆਂ ਹਨ॥ ੩ ॥

ਵਾਰੀ ਮੇਰੇ ਗੋਵਿੰਦਾ ਵਾਰੀ ਮੇਰੇ ਪ੍ਰਿਆਰਿਆ
ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ ॥

ਪਹਿਲਾ ਅਰਥ:-ਹੇ ਮੇਰੇ ਗੋਬਿੰਦ ! ਮੈਂ ਤਨ ਕਰਕੇ ਤੇਰੇ ਤੋਂ ਵਾਰੀ ਜਾਂਦਾ ਹਾਂ, ਹੇ ਮੇਰੇ ਪਿਆਰਿਆ ! ਮੈਂ ਬਾਣੀ ਕਰਕੇ ਵੀ ਤੇਰੇ ਤੋਂ ਵਾਰੀ ਜਾਦਾ ਹਾਂ, ਅਤੇ ਮਨ ਕਰਕੇ ਵੀ ਮੈਂ ਤੁਧੁ+ਵਿਟੜਿਅਹੁ=ਤੇਰੇ ਉਪਰੋਂ ਸਦਾ ਵਾਰਨੇ ਜਾਂਦਾ ਹਾਂ।

ਦੂਜਾ ਅਰਥ:-ਹੇ ਪਿਆਰੇ ਗੋਬਿੰਦ ! ਵਾਰੀ ਮੇਂ ਵਾਰੀ ਰੂਪ, ਵਾ:-ਸਤਾਂ ਵਾਰਾਂ ਮੇਂ ਸਤ ਵਾਰ ਰੂਪ, ਵਾ:-ਵਾਰੀ=ਦਰਵਾਜ਼ਿਆਂ ਮੇਂ ਦਰਵਾਜ਼ਾ ਰੂਪ, ਵਾ:-ਵਾਰੀ=ਜਲ ਮੇਂ ਜਲ ਰੂਪ, ਮੇਰ ਮੇਂ ਮੇਰ ਰੂਪ, ਮੈਂ ਆਪ ਜੀ ਉਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਤੀਜਾ ਅਰਥ:-ਹੇ ਸਾਰਿਆਂ ਵਿਚ ਮੇਰੇ=ਮਿਲੇ ਹੋਏ ਮੇਰੇ ਪਿਆਰੇ ਗੋਬਿੰਦ ਪਦਾਰਥਾਂ ਰੂਪੀ ਵਾਰੀ=ਜਲ ਨੂੰ ਵਾਰੀ=ਵਾਰਨੇ ਫੇਰਨੇ ਕਰਕੇ।

ਅਥਵਾ:- ਹੰਗਤਾ ਮਮਤਾ ਰੂਪੀ ਵਾਰੀ=ਵਾੜ ਨੂੰ ਵਾਰੀ=ਬਾਲ ਕੇ ਯਾਨੇ ਸਾੜ ਫੂਕ ਕੇ।

ਅਥਵਾ:- ਸਤਸੰਗਤਿ ਰੂਪੀ ਵਾਰੀ=ਦਰਵਾਜ਼ੇ ਅੰਦਰ ਆਪਣੇ ਆਪ ਨੂੰ ਵਾਰੀ=ਵਾੜਕੇ ਮੈਂ ਤੇਰੇ ਉੱਪਰੋਂ ਸਦਾ ਬਲਿਹਾਰ ਕੁਰਬਾਣ ਜਾਂਦਾ ਹਾਂ।

ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਮੇਰੇ ਗੋਵਿਦਾ ਹਰਿ ਪੂੰਜੀ ਰਾਖੁ ਹਮਾਰੀ ਜੀਉ ॥

ਹੇ ਮੇਰੇ ਗੋਵਿੰਦਾ--ਭਾਈ ! ਮੇਰੇ ਮਨ ਵਿਚ ਤੇ ਤਨ ਵਿਚ ਵੀ ਪਿਆਰੇ ਪਿਰੀ ਦਾ ਪ੍ਰੇਮ ਲਗ ਰਿਹਾ ਹੈ, ਹੇ ਹਰੀ ! ਮੇਰੀ ਸ਼ਰਧਾ ਰੂਪ ਪੂੰਜੀ ਨੂੰ ਸਾਬਤ ਰਖਣਾ ਕਰ !

*ਅਥਵਾ:-*ਮੇਰੀ ਸ੍ਵਾਸਾਂ ਰੂਪ ਪੂੰਜੀ ਨੂੰ ਸਾਬਤ ਰਖਣਾ ਕਰ, ਭਾਵ ਸਾਰੇ ਸ੍ਵਾਸ ਸਫਲ ਕਰ ਦਿਓ।

ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ ॥

ਹੇ ਮੇਰੇ ਗੋਬਿੰਦ ! ਵਿਸਟੁ=ਵਕੀਲ ਸਤਿਗੁਰਾਂ ਨਾਲ ਮੈਨੂੰ ਮੇਲਣਾ ਕਰ, ਜੋ ਰੈਬਾਰੀ=ਵਕੀਲੀ ਅਰਥਾਤ ਵਿਚੋਲਾਪਣ ਕਰਕੇ ਹੇ ਹਰੀ ! ਮੈਨੂੰ ਆਪ ਜੀ ਨਾਲ ਮੇਲ ਦੇਣਾ ਕਰਨ।

ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ
ਜਨ ਨਾਨਕੁ ਸਰਣਿ ਤੁਮਾਰੀ ਜੀਉ ॥ ੪ ॥ ੩ ॥ ੨੯ ॥ ੬੭ ॥

ਹੇ ਮੇਰੇ ਗੋਬਿੰਦ ! ਆਪ ਜੀ ਦੀ ਦਇਆ ਕਰ ਕੇ ਹੀ ਗੁਰਾਂ ਪਾਸੋਂ ਹਰੀ ਨਾਮ ਪਾਇਆ ਜਾਂਦਾ ਹੈ, ਇਸ

ਵਾਸਤੇ ਮੈਂ ਜਨ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥ ੩॥ ੨੯॥ ੬੭॥

ਗਉੜੀ ਮਾਝ ਮਹਲਾ ੪॥

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ॥

ਪਹਿਲਾ ਅਰਥ:-ਮੇਰਾ ਗੋਬਿੰਦ ਪਿਛੇ ਵੀ ਚੋਜੀ=ਕੌਤਕੀ ਸੀ, ਮੇਰਾ ਪਿਆਰਾ ਪ੍ਰਭੂ ਹੁਣ ਭੀ ਚੋਜੀ=ਕੌਤਕੀ ਹੈ, ਮੇਰਾ ਹਰੀ ਪ੍ਰਭੂ ਅੱਗੇ ਵੀ ਚੋਜੀ=ਕੌਤਕੀ ਹੋਵੇਗਾ।

ਦੂਜਾ ਅਰਥ:- ਜੋ ਮੇਰ ਮੇਂ ਮੇਰ ਰੂਪ ਹੈ ਪਿਆਰਿਆਂ ਚੋਂ ਪਿਆਰਾ ਹੈ, ਉਹ ਮੇਰਾ ਹਰੀ ਪ੍ਰਭੂ ਗੋਬਿੰਦ ਚੋਜਾਂ ਵਿਚੋਂ ਚੋਜੀ=ਅਸਚਰਜ ਚੋਜੀ=ਕੌਤਕਾਂ ਦੇ ਕਰਨ ਵਾਲਾ ਹੈ।

ਅਗਲੀਆਂ ਤੁਕਾਂ ਵਿਚ ਕੌਤਕਾਂ ਦਾ ਵਰਨਣ ਕਰਦੇ ਹਨ:-

ਹਰਿ ਆਪੇ ਕਾਨ੍ਹ ਉਪਾਇਦਾ ਮੇਰੇ ਗੋਵਿਦਾ ਹਰਿ ਆਪੇ ਗੋਪੀ ਖੋਜੀ ਜੀਉ॥

ਹੇ ਮੇਰੇ ਗੋਵਿੰਦਾ=ਭਾਈ ! ਹਰੀ ਨੇ ਆਪ ਹੀ ਆਪਣੇ ਆਪ ਨੂੰ ਕ੍ਰਿਸ਼ਨ ਰੂਪ ਪੈਦਾ ਕੀਤਾ ਹੈ, ਹਰੀ ਨੇ ਆਪ ਹੀ ਗੋਪੀ=ਰਾਧਕਾਂ ਨੂੰ ਖੋਜਣਾ ਕੀਤਾ ਹੈ, ਕਿਉਂਕਿ ਰਾਧਕਾ ਲੁਕ ਗਈ ਸੀ।

ਅਥਵਾ:-ਹਰੀ ਨੇ ਆਪ ਹੀ ਕ੍ਰਿਸ਼ਨ ਨੂੰ ਪੈਦਾ ਕੀਤਾ ਹੈ, ਇਕ ਵਾਰ ਕ੍ਰਿਸ਼ਨ ਜੀ ਲੁਕ ਗਏ ਸਨ ਤੇ ਹਰੀ ਨੇ ਆਪ ਹੀ ਗੋਪੀ=ਰਾਧਕਾਂ ਰੂਪ ਹੋ ਕੇ ਕ੍ਰਿਸ਼ਨ ਜੀ ਨੂੰ ਖੋਜ ਲਿਆ।

ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ॥

ਹੇ ਮੇਰੇ ਭਾਈ ! ਹਰੀ ਆਪ ਹੀ ਸਾਰਿਆਂ ਘਟਾਂ ਵਿਚ ਬੈਠ ਕੇ ਅਨੰਦ ਭੋਗਦਾ ਹੈ। ਆਪ ਹੀ ਰਸੀਆ ਹੋ ਕੇ ਰਸਾਂ ਨੂੰ ਭੋਗਦਾ ਹੈ,

ਅਥਵਾ:-ਆਪ ਹੀ ਰਸੀਆ=ਰਸ ਦੇ ਲੈਣ ਵਾਲਾ ਹੈ, ਆਪ ਹੀ ਭੋਗੀ=ਪਦਾਰਥ ਰੂਪ ਹੈ।

ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ ਜੀਉ॥ ੧॥

ਹੇ ਮੇਰੇ ਗੋਵਿੰਦਾ=ਭਾਈ ! ਹਰੀ ਵੱਡਾ ਸੁਜਾਣ ਹੈ ਉਹ ਕਦੇ ਭੁਲਦਾ ਨਹੀਂ ਹੈ, ਉਹ ਹਰੀ ਆਪ ਹੀ ਸਤਿਗੁਰੂ ਰੂਪ ਹੈ ਆਪ ਹੀ ਜੋਗੀ ਰੂਪ ਹੈ, ਵਾ:- ਆਪ ਹੀ ਸਤਿਗੁਰੂ ਰੂਪ ਹੋ ਕੇ ਸਿਮਰਨ ਵਿਚ ਜੋਗੀ=ਜੁੜ ਰਿਹਾ ਹੈ॥ ੧॥

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪਿ ਖੇਲੈ ਬਹੁ ਰੰਗੀ ਜੀਉ॥

ਹੇ ਮੇਰੇ ਗੋਵਿਦਾ=ਭਾਈ ! ਹਰੀ ਆਪ ਹੀ ਜਗਤ ਨੂੰ ਪੈਦਾ ਕਰਦਾ ਹੈ, ਹਰੀ ਆਪ ਹੀ ਬਹੁਤਿਆਂ ਰੰਗਾਂ ਵਿਚ ਖੇਡਦਾ ਹੈ।

ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ
ਇਕਿ ਨਗਨ ਫਿਰਹਿ ਨੰਗ ਨੰਗੀ ਜੀਉ॥

ਹੇ ਮੇਰੇ ਗੋਵਿੰਦਾ=ਭਾਈ ! ਹਰੀ ਇਕਨਾਂ ਨੂੰ ਨਾਨਾ ਤਰ੍ਹਾਂ ਦੇ "ਭੋਗ ਭੋਗਾਇਦਾ"= ਪਦਾਰਥ ਛਕਾਂਵਦਾ ਹੈ, ਇਕ ਨੰਗੇ ਫਿਰਦੇ ਹਨ ਨੰਗ+ਨੰਗੀ=ਨੰਗਿਆਂ ਤੋਂ ਭੀ ਨੰਗੇ ਭਾਵ ਅਲਫ ਨੰਗੇ ਫਿਰਦੇ ਹਨ ਲੱਕ ਬੰਨ੍ਹਣ

ਵਾਸਤੇ ਲੰਗੋਟੀ ਭੀ ਨਹੀਂ ਹੈ।

ਅਥਵਾ:-ਇਕ ਨੰਗ+ਨੰਗੀ=ਪ੍ਰਬਤਾਂ ਪ੍ਰਬਤਾਂ ਵਿਚ ਨੰਗੇ ਫਿਰਦੇ ਹਨ।

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥

ਹੇ ਮੇਰੇ ਗੋਵਿਦਾ=ਭਾਈ ! ਹਰੀ ਆਪ ਹੀ ਜਗਤ ਨੂੰ ਪੈਦਾ ਕਰਦਾ ਹੈ, ਹਰੀ ਆਪ ਹੀ ਸਭਨਾਂ ਨੂੰ ਮੂੰਹ ਮੰਗੀ ਦਾਤ ਦੇਣਾ ਕਰਦਾ ਹੈ।

ਭਗਤਾ ਨਾਮੁ ਆਧਾਰੁ ਹੈ ਮੇਰੇ ਗੋਵਿੰਦਾ
ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥ ੨ ॥

ਹੇ ਮੇਰੇ ਗੋਵਿੰਦਾ=ਭਾਈ ! ਭਗਤਾਂ ਨੂੰ ਉਸ ਪ੍ਰਭੂ ਦੇ ਨਾਮ ਦਾ ਅਧਾਰੁ=ਆਸਰਾ ਹੈ, ਭਗਤ ਹਮੇਸ਼ਾ ਹਰਿ ਹਰਿ ਦੀ ਚੰਗੀ ਕਥਾ ਕਰਨੀ ਮੰਗਦੇ ਹਨ॥ ੨ ॥

ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ
ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥

ਹੇ ਮੇਰੇ ਗੋਵਿੰਦਾ=ਭਾਈ ! ਹਰੀ ਆਪ ਹੀ ਭਗਤੀ ਕਰਾਉਂਦਾ ਹੈ, ਅਤੇ ਹਰੀ ਆਪ ਹੀ ਭਗਤਾਂ ਦੇ ਮਨ ਦੀ ਲੋਚ=ਇੱਛਾ ਪੂਰੀ ਕਰਦਾ ਹੈ।

ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ ਦੂਰੀ ਜੀਉ ॥

ਹੇ ਮੇਰੇ ਗੋਵਿਦਾ=ਭਾਈ ! ਹਰੀ ਆਪ ਹੀ ਜਲਾਂ ਥਲਾਂ ਵਿਚ ਵਰਤ ਰਿਹਾ ਹੈ, ਅਤੇ ਸਭਨਾਂ ਵਿਚ ਰਵਿ ਰਹਿਆ=ਮਿਲ ਰਿਹਾ ਹੈ ਕਿਸੇ ਤੋਂ ਭੀ ਦੂਰ ਨਹੀਂ ਹੈ।

ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ
ਹਰਿ ਆਪਿ ਰਹਿਆ ਭਰਪੂਰੀ ਜੀਉ ॥

ਹੇ ਮੇਰੇ ਗੋਵਿਦਾ=ਭਾਈ ! ਸਰੀਰ ਦੇ ਅੰਦਰ ਬਾਹਰ, ਵਾ:-ਬ੍ਰਹਿਮਾਂਡ ਦੇ ਅੰਦਰ ਬਾਹਰ ਹਰੀ ਆਪ ਹੀ ਵਸ ਰਿਹਾ ਹੈ, ਹਰੀ ਆਪ ਹੀ ਸਾਰਿਆਂ ਵਿਚ ਭਰਪੂਰੀ=ਪੂਰਨ ਹੋ ਰਿਹਾ ਹੈ।

ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ
ਹਰਿ ਵੇਖੈ ਆਪਿ ਹਦੂਰੀ ਜੀਉ ॥ ੩ ॥

ਹੇ ਮੇਰੇ ਗੋਵਿੰਦਾ=ਭਾਈ ! ਹਰੀ ਰਾਮ ਨੇ ਆਤਮ=ਆਪਣਾ ਆਪ ਹੀ ਸਾਰੇ ਪਸਾਰਿਆ ਹੋਇਆ ਹੈ

ਅਥਵਾ:-ਹਰੀ ਰਾਮ ਨੇ ਆਤਮ=ਆਪਣੇ ਤੋਂ ਹੀ ਸਾਰਾ ਜਗਤ ਪਸਾਰਿਆ ਹੈ, ਅਤੇ ਹਰੀ ਆਪ ਹੀ ਹਦੂਰੀ=ਨੇੜੇ ਹੋ ਕੇ ਸਾਰਿਆਂ ਦੇ ਕਰਮਾਂ ਨੂੰ ਵੇਖਦਾ ਹੈ॥ ੩ ॥

ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ
ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥

ਹੇ ਮੇਰੇ ਗੋਵਿੰਦਾ=ਭਾਈ ! ਸਾਰਿਆਂ ਦੇ ਅੰਦਰ ਹਰੀ ਆਪ ਹੀ ਪਉਣੁ=ਪ੍ਰਾਣਾਂ ਰੂਪੀ ਵਾਜਾ ਹੋ ਰਿਹਾ

ਹੈ, ਜਿਵੇਂ ਹਰੀ ਆਪ ਵਜਾਉਂਦਾ ਹੈ ਤਿਵੇਂ ਪ੍ਰਾਣਾਂ ਰੂਪੀ ਵਾਜਾ ਵਜਦਾ ਹੈ। ਕਿਉਂਕਿ ਪ੍ਰਾਣ ਆਪ ਜੜ੍ਹ ਹਨ ਇਨ੍ਹਾਂ ਪ੍ਰਾਣਾਂ ਵਿਚ ਪ੍ਰਭੂ ਦੀ ਕਲਾ ਹੈ।

ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ
ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥

ਹੇ ਮੇਰੇ ਗੋਵਿੰਦਾ=ਭਾਈ ! ਜਿਸ ਪ੍ਰਭੂ ਦਾ ਨਾਮ ਨਿਧੀਆਂ ਦਾ ਖਜ਼ਾਨਾ ਹੈ ਉਹ ਹਿਰਦੇ ਅੰਦਰ ਵਸਦਾ ਹੈ, ਅਤੇ ਗੁਰ ਸ਼ਬਦੀਆਂ ਨੂੰ ਗੁਰ ਉਪਦੇਸ਼ ਕਰਕੇ ਉਹ ਹਰੀ ਪ੍ਰਭੂ ਗਾਜੈ=ਪਰਗਟ ਹੁੰਦਾ ਹੈ।

ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥

ਹੇ ਮੇਰੇ ਗੋਵਿੰਦਾ=ਭਾਈ ! ਹਰੀ ਆਪ ਹੀ ਜਗਿਆਸੂ ਨੂੰ ਸਤਿਗੁਰਾਂ ਦੀ ਸ਼ਰਨ ਵਿਚ ਪਵਾਂਦਾ ਹੈ, ਅਤੇ ਹਰੀ ਆਪ ਹੀ ਭਗਤ ਜਨਾਂ ਦੀ ਲਜਿਆ ਰਖਦਾ ਹੈ।

[ਪੰਨਾ ੧੭੫]

ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ
ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥ ੪ ॥ ੪ ॥ ੩੦ ॥ ੬੮ ॥

ਹੇ ਮੇਰੇ ਗੋਵਿੰਦਾ=ਭਾਈ ! ਵਡਭਾਗੀ ਸੰਤਾਂ ਦੀ ਸਤਸੰਗਤਿ ਵਿਚ ਮਿਲਕੇ ਨਾਮ ਜਪ, ਗੁਰੂ ਜੀ ਕਥਨ ਕਰਦੇ ਹਨ—ਨਾਮ ਜਪਣ ਕਰਕੇ ਸੇਵਕ ਜਨ ਦੇ ਸਾਰੇ ਕਾਰਜ ਸਿਧਿ=ਪੂਰੇ ਹੋ ਜਾਂਦੇ ਹਨ॥ ੪॥ ੪॥ ੩੦॥ ੬੮॥

ਗਉੜੀ ਮਾਝ ਮਹਲਾ ੪ ॥
ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ ॥

ਮੈਨੂੰ ਹਰੀ ਨਾਮ ਜਪਣ ਦੀ ਬਿਰਹੁ=ਪ੍ਰੀਤੀ ਹਰੀ ਨੇ ਲਗਾਈ ਹੈ।

ਮੇਰਾ ਹਰਿ ਪ੍ਰਭੁ ਮਿਤੁ ਮਿਲੈ ਸੁਖੁ ਪਾਈ ਜੀਉ ॥

ਜੇਕਰ ਮੇਰਾ ਮਿਤਰ ਹਰੀ ਪ੍ਰਭੂ ਮਿਲ ਜਾਵੇ ਤਾਂ ਹੀ ਜੀਅ ਵਿਚ ਸੁਖ ਪ੍ਰਾਪਤ ਹੁੰਦਾ ਹੈ।

ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥

ਹੇ ਮੇਰੇ ਮਾਈ=ਭਾਈ ! ਮੈਂ ਹਰੀ ਪ੍ਰਭੂ ਜੀ ਨੂੰ ਵੇਖ ਕੇ ਹੀ ਜਿਉਂਦਾ ਹਾਂ।

ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥ ੧ ॥

ਹਰੀ ਦਾ ਨਾਮ ਹੀ ਮੇਰਾ ਸਖਾ=ਮਿਤਰ ਤੇ ਭਾਈ=ਭਰਾ ਹੈ॥ ੧ ॥

ਗੁਣ ਗਾਵਹੁ ਸੰਤ ਜੀਉ ਮੇਰੇ ਹਰਿ ਪ੍ਰਭ ਕੇਰੇ ਜੀਉ ॥

ਹੇ ਸੰਤ ਜੀਉ ! ਮੇਰੇ ਹਰੀ ਪ੍ਰਭੂ ਜੀ ਕੇਰੇ=ਦੇ ਗੁਣ ਗਾਵਣਾ ਕਰੋ।

ਜਪਿ ਗੁਰਮੁਖਿ ਨਾਮੁ ਜੀਉ ਭਾਗ ਵਡੇਰੇ ਜੀਉ ॥

ਜਿਸ ਜੀਉ=ਜੀਵ ਦੇ ਸਾਰਿਆਂ ਤੋਂ ਵੱਡੇ ਉੱਤਮ ਭਾਗ ਹਨ, ਉਹ ਗੁਰਮੁਖ ਗੁਰਾਂ ਦੁਆਰੇ ਜੀਉ=ਦਿਲ

ਲਗਾ ਕੇ ਨਾਮ ਨੂੰ ਜਪਦੇ ਹਨ।

ਹਰਿ ਹਰਿ ਨਾਮੁ ਜੀਉ ਪ੍ਰਾਨ ਹਰਿ ਮੇਰੇ ਜੀਉ ॥

ਹਰਿ ਹਰਿ ਨਾਮ ਹੀ ਮੇਰਾ ਜੀਉ=ਜੀਵਾਤਮਾ ਹੈ, ਅਤੇ ਹਰੀ ਦਾ ਨਾਮ ਹੀ ਮੇਰੇ ਪ੍ਰਾਨਾਂ ਦੇ ਜੀਉ= ਜਿਵਾਣ ਵਾਲਾ ਹੈ।

ਫਿਰਿ ਬਹੁੜਿ ਨ ਭਵਜਲ ਫੇਰੇ ਜੀਉ ॥ ੨ ॥

ਨਾਮ ਜਪਣ ਵਾਲੇ ਮਨੁੱਖ ਦਾ ਬਹੁੜਿ=ਮੁੜ ਕੇ "ਭਵਜਲ ਫੇਰੇ"=ਸੰਸਾਰ ਦੇ ਫੇਰੇ ਵਿਚ ਫਿਰਿ=ਫਿਰਨਾ ਨਹੀਂ ਹੁੰਦਾ॥ ੨ ॥

ਕਿਉ ਹਰਿ ਪ੍ਰਭ ਵੇਖਾ ਮੇਰੈ ਮਨਿ ਤਨਿ ਚਾਉ ਜੀਉ ॥

ਮੇਰੇ ਮਨ ਤਨ ਵਿਚ ਏਹੋ ਚਾਉ=ਉਤਸ਼ਾਹ ਹੈ, ਮੈਂ ਹਰੀ ਪ੍ਰਭੂ ਨੂੰ ਕਿਸ ਤਰ੍ਹਾਂ ਵੇਖਾਂਗਾ?

ਹਰਿ ਮੇਲਹੁ ਸੰਤ ਜੀਉ ਮਨਿ ਲਗਾ ਭਾਉ ਜੀਉ ॥

ਹੇ ਸੰਤ ਜੀਉ ! ਮੇਰੇ ਮਨ ਵਿਚ ਭਾਉ=ਪ੍ਰੇਮ ਲਗ ਰਿਹਾ ਹੈ ਮੈਨੂੰ ਹਰੀ ਨਾਲ ਮੇਲ ਦਿਓ।

ਗੁਰਸਬਦੀ ਪਾਈਐ ਹਰਿ ਪ੍ਰੀਤਮ ਰਾਉ ਜਾਉ ॥
ਵਡਭਾਗੀ ਜਪਿ ਨਾਉ ਜੀਉ ॥ ੩ ॥

ਗੁਰਾਂ ਦੇ ਉਪਦੇਸ਼ ਕਰਕੇ ਹੀ ਹਰੀ ਪ੍ਰੀਤਮ ਰਾਜਾ ਪ੍ਰਾਪਤ ਹੁੰਦਾ ਹੈ,

ਹੇ ਵਡਭਾਗੀ ਪੁਰਸ਼ਾ ! ਤੂੰ ਗੁਰ ਉਪਦੇਸ਼ ਦੁਆਰਾ ਨਾਮ ਨੂੰ ਜਪਣਾ ਕਰ॥ ੩ ॥

ਮੇਰੈ ਮਨਿ ਤਨਿ ਵਡੜੀ ਗੋਵਿੰਦ ਪ੍ਰਭ ਆਸਾ ਜੀਉ ॥

ਗੋਬਿੰਦ ਪ੍ਰਭੂ ਦੇ ਮਿਲਣ ਦੀ ਮੇਰੇ ਮਨ ਤਨ ਵਿਚ ਵੱਡੀ ਆਸਾ ਲਗ ਰਹੀ ਹੈ।

ਹਰਿ ਮੇਲਹੁ ਸੰਤ ਜੀਉ ਗੋਵਿਦ ਪ੍ਰਭ ਪਾਸਾ ਜੀਉ ॥

ਹੇ ਹਰੀ ਦੇ ਸੰਤ ਜੀਉ ! ਮੈਨੂੰ ਗੋਬਿੰਦ ਪ੍ਰਭੂ ਜੀ ਦੇ ਪਾਸਾ=ਨਾਲ ਮੇਲ ਦਿਓ।

ਸਤਿਗੁਰ ਮਤਿ ਨਾਮੁ ਸਦਾ ਪਰਗਾਸਾ ਜੀਉ ॥

ਜਿਸ ਵੇਲੇ ਸਤਿਗੁਰਾਂ ਦੀ ਮਤਿ=ਸਿਖਿਆ ਨੇ ਸਦਾ ਹੀ ਜੀਉ=ਮਨ ਵਿਚ ਨਾਮ ਦਾ ਪ੍ਰਕਾਸ਼ ਕੀਤਾ।

ਅਥਵਾ:-ਸਤਿਗੁਰਾਂ ਦੀ ਸਿਖਿਆ ਦੁਆਰੇ ਨਾਮ ਜਪਣ ਕਰਕੇ ਸਦਾ ਗਿਆਨ ਦਾ ਪ੍ਰਕਾਸ਼ ਹੋਇਆ।

ਜਨ ਨਾਨਕ ਪੂਰਿਅੜੀ ਮਨਿ ਆਸਾ ਜੀਉ ॥ ੪ ॥ ੫ ॥ ੩੧ ॥ ੬੯ ॥

ਗੁਰੂ ਜੀ ਕਥਨ ਕਰਦੇ ਹਨ ਉਸ ਵੇਲੇ ਸੇਵਕ ਜਨ ਦੇ ਮਨ ਦੀ ਆਸਾ ਪੂਰਨ ਹੋ ਗਈ॥ ੪ ॥

ਗਉੜੀ ਮਾਝ ਮਹਲਾ ੪ ॥ ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥

ਜੀਉ=ਹੇ ਭਾਈ ! ਮੇਰਾ ਮਨ ਨਾਮ ਦਾ ਬਿਰਹੀ=ਪ੍ਰੇਮੀ ਹੋ ਰਿਹਾ ਹੈ,

ਅਥਵਾ:-ਮੇਰਾ ਬਿਰਹੀ=ਪਿਆਰਾ ਨਾਮ ਮੈਨੂੰ ਮਿਲੇ ਤਾਂ ਹੀ ਮੈਂ ਜੀਵਾਂਗਾ।

ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥

ਉਹ ਨਾਮ ਅੰਮ੍ਰਿਤ ਮੇਰੇ ਮਨ ਦੇ ਅੰਦਰ ਹੀ ਵਸਦਾ ਹੈ, ਪਰ ਗੁਰਾਂ ਦੀ ਸਿਖਿਆ ਦੁਆਰੇ ਹਰੀ ਨਾਮ ਅੰਮ੍ਰਿਤ ਨੂੰ ਲੀਵਾ=ਲਵਾਂਗਾ।

ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥

ਜਿਸ ਨੇ ਆਪਣੇ ਮਨ ਨੂੰ ਹਰੀ ਰੰਗ ਵਿਚ ਰਤੜਾ=ਰੰਗ ਲਿਆ ਹੈ ਉਹ ਜੀਅ ਕਰਕੇ ਸਦਾ ਹੀ ਹਰੀ ਰਸ ਨੂੰ ਪੀਂਦਾ ਹੈ।

ਹਰਿ ਪਾਇਅੜਾ ਮਨਿ ਜੀਵਾ ਜੀਉ ॥ ੧ ॥

ਉਸ ਨੇ ਮਨ ਵਿਚੋਂ ਹਰੀ ਨੂੰ ਪਾ ਲਿਆ ਹੈ ਇਸ ਕਰਕੇ ਉਹ ਜੀਵ ਸਦਾ ਹੀ ਜਿਉਂਦਾ ਹੈ॥ ੧ ॥

ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥

ਮੇਰੇ ਮਨ ਤਨ ਦੇ ਵਿਚ ਹਰੀ ਦਾ ਪ੍ਰੇਮ ਰੂਪੀ ਬਾਣ ਲਗਾ=ਵੱਜਾ ਹੈ।

ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥

ਜੋ ਹਰੀ ਸੁਜਾਣੁ=ਚਤੁਰ ਪੁਰਖ ਹੈ ਓਹੀ ਮੇਰਾ ਪ੍ਰੀਤਮੁ=ਪਿਆਰਾ ਮਿਤ੍ਰ ਹੈ।

ਅਥਵਾ:-ਇਸ ਲੋਕ ਦਾ ਪ੍ਰੀਤਮ ਹੈ ਅਤੇ ਪ੍ਰਲੋਕ ਦਾ ਵੀ ਮਿਤ੍ਰ ਹੈ।

ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥

ਉਸ ਸੁਘੜ ਸੁਜਾਣ ਹਰੀ ਮਿਤ੍ਰ ਨਾਲ ਸੰਤ=ਸ਼ਾਂਤ ਆਤਮਾ ਗੁਰੂ ਹੀ ਮੇਲਦੇ ਹਨ,

ਅਥਵਾ:-ਗੁਰੂ ਤੇ ਸੰਤ ਦੋਨੋਂ ਮੇਲਦੇ ਹਨ।

ਹਉ ਨਾਮ ਵਿਟਹੁ ਕੁਰਬਾਣੁ ਜੀਉ ॥ ੨ ॥

ਇਸ ਕਰਕੇ ਹਉ=ਮੈਂ ਨਾਮ ਦਾਤੇ ਗੁਰਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ।

ਅਥਵਾ:-ਮੈਂ ਵਾਹਿਗੁਰੂ ਨਾਮ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ॥ ੨ ॥

ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ ॥

ਜੋ ਹਰਿ ਹਰਿ ਇਸ ਲੋਕ ਦਾ ਸਜਣ ਹੈ, ਅਤੇ ਜੋ ਹਰੀ ਪ੍ਰਲੋਕ ਦਾ ਮਿਤ੍ਰ ਹੈ।

ਉਸ ਹਰੀ ਮਿਤ੍ਰ ਨੂੰ ਹਉ+ਦਸਾਈ=ਮੈਂ ਪੁਛਦੀ ਹਾਂ।

ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ ॥

ਹੇ ਸੰਤ ਜੀਉ ! ਹਰੀ ਦਾ ਪਤਾ ਦਸਣਾ ਕਰੋ, ਹਰੀ ਦੀ ਖੋਜ ਵਿਚ ਮੈਨੂੰ ਪਾਣਾ ਕਰੋ।

ਅਥਵਾ:-ਮੈਂ ਹਰੀ ਦੀ ਖੋਜ ਵਿਚ ਪਿਆ ਹੋਇਆ ਹਾਂ, ਮੈਨੂੰ ਹਰੀ ਦੀ ਪ੍ਰਾਪਤੀ ਦਾ ਰਸਤਾ ਦਸੋ।

ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥

ਜੇਕਰ ਸਤਿਗੁਰੂ ਤੁਠੜਾ=ਪ੍ਰਸੰਨ ਹੋ ਕੇ ਦਸਣ ਤਾਂ ਹੀ ਇਹ ਜੀਵ ਹਰੀ ਨੂੰ ਪਾਂਦਾ ਹੈ।

ਹਰਿ ਨਾਮੇ ਨਾਮਿ ਸਮਾਈ ਜੀਉ ॥ ੩ ॥

ਹਰੀ ਨਾਮ ਜਪਣ ਕਰਕੇ ਹੀ ਨਾਮਿ=ਨਾਮੀ ਪਰਮੇਸ਼ਰ ਵਿਚ ਅਭੇਦਤਾ ਹੁੰਦੀ ਹੈ॥੩॥

ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ॥

ਹਰੀ ਦੇ ਬਿਰਹੁ=ਵਿਛੋੜੇ ਨੇ ਮੈਨੂੰ ਪ੍ਰੇਮ ਦੀ ਵੇਦਨ=ਪੀੜਾ ਲਾਈ ਹੈ।

ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ॥

ਮੇਰੀ ਪੂਰਨ ਸ਼ਰਧਾ ਵੇਖਕੇ ਗੁਰਾਂ ਨੇ ਮੇਰੇ ਮੂੰਹ ਵਿਚ ਨਾਮ ਅੰਮ੍ਰਿਤ ਦੀ ਬੂੰਦ ਪਾਈ ਹੈ।

ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ॥

ਹੇ ਹਰੀ ਸਰੂਪ ਗੁਰੋ ! ਆਪ ਦਿਆਲੂ ਹੋਵੋ ਜਿਸ ਤੇ ਮੈਂ ਹਰੀ ਨਾਮ ਨੂੰ ਧਿਆਵਾਂ।

ਜਨ ਨਾਨਕ ਹਰਿ ਰਸੁ ਪਾਈ ਜੀਉ॥੪॥੬॥੨੦॥੧੮॥੩੨॥੭੦॥

ਗੁਰੂ ਜੀ ਕਥਨ ਕਰਦੇ ਹਨ—ਜਗਿਆਸੂ ਆਖਦਾ ਹੈ ਅਜੇਹੀ ਕਿਰਪਾ ਕਰੋ ਜਿਸ ਤੇ ਮੈਂ ਹਰੀ ਰਸ ਨੂੰ ਪਾਣਾ ਕਰਾਂ॥ ੪॥ ੬॥ ੨੦॥ ੧੮॥ ੩੨॥ ੭੦॥

ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ

ੴ ਸਤਿਗੁਰ ਪ੍ਰਸਾਦਿ॥ ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ॥

ਜਗਿਆਸੂ ਨੇ ਕਿਹਾ-ਹੇ ਸਤਿਗੁਰੋ ! ਮੈਨੂੰ ਇਹ ਗੱਲ ਪੁੱਛਣੀ ਭਾਈ ਹੈ, ਕਿ ਕਿਸ ਪ੍ਰਕਾਰ ਕੁਸਲੁ=ਸੁਖ ਪ੍ਰਾਪਤ ਹੁੰਦਾ ਹੈ।

ਕਿਉ ਪਾਈਐ ਹਰਿ ਰਾਮ ਸਹਾਈ॥੧॥ ਰਹਾਉ॥

ਅਤੇ ਸਹਾਈ=ਸਹਾਇਤਾ ਕਰਨ ਵਾਲੇ ਰਾਮ ਨੂੰ ਕਿਸ ਵਜ੍ਹਾ ਨਾਲ ਪਾਣਾ ਕਰੀਏ॥ ੧॥

ਇਨ੍ਹਾਂ ਦੋ ਪ੍ਰਸ਼ਨਾਂ ਦਾ ਉੱਤਰ ਅਖੀਰ ਤੇ ਦੇਣਗੇ, ਪਹਿਲੇ ਜਗਿਆਸੂ ਨੂੰ ਸਮਝਾਂਦੇ ਹਨ।

ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ॥ ਊਚੇ ਮੰਦਰ ਸੁੰਦਰ ਛਾਇਆ॥

ਇਹ ਮੇਰਾ ਘਰ ਹੈ, ਇਹ ਸਾਰੀ ਮਾਇਆ ਮੇਰੀ ਹੈ, ਇਹ ਮੇਰੇ ਆਪਣੇ ਹੀ ਉਚੇ ਮੰਦਰ ਬੜੇ ਸੁੰਦਰ ਛਾਇਆ=ਬਣਾਏ ਹੋਏ ਹਨ। *ਅਥਵਾ:*-ਘਰ ਵਿਚ ਸਾਰੀ ਮਾਇਆ ਮੇਰੀ ਆਪਣੀ ਹੈ, ਇਹ ਉਚੇ ਮੰਦਰ ਮੇਰੇ ਆਪਣੇ ਹਨ, ਅਤੇ ਸੁੰਦਰ ਛਾਂ ਵਾਲੇ ਬਗੀਚੇ ਵੀ ਮੇਰੇ ਆਪਣੇ ਹਨ, ਇਸ ਤਰ੍ਹਾਂ ਕਹਿਣ ਨਾਲ ਕੁਸਲੁ+ਨ=ਸੁਖ ਪ੍ਰਾਪਤ ਨਹੀਂ ਹੁੰਦਾ।

ਝੂਠੇ ਲਾਲਚਿ ਜਨਮੁ ਗਵਾਇਆ॥੧॥

ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਲਗਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ॥ ੧॥

[ਪੰਨਾ ੧੭੬]

ਹਸਤੀ ਘੋੜੇ ਦੇਖਿ ਵਿਗਾਸਾ॥ ਲਸਕਰ ਜੋੜੇ ਨੇਬ ਖਵਾਸਾ॥

ਜੋ ਪੁਰਸ਼ ਹਸਤੀ=ਹਾਥੀ, ਘੋੜੇ, ਲਸਕਰ=ਫੌਜਾਂ, ਜੋੜੇ=ਪੁਸ਼ਾਕੇ, ਨੇਬ=ਚੋਬਦਾਰ, ਖਵਾਸਾ=ਚੌਰ ਬਰਦਾਰ

ਇਤਆਦਿਕ ਸਾਰਿਆਂ ਨੂੰ ਵੇਖਕੇ ਵਿਗਾਸਾ=ਖੁਸ਼ ਹੁੰਦਾ ਹੈ।

ਗਲਿ ਜੇਵੜੀ ਹਉਮੈ ਕੇ ਫਾਸਾ ॥ ੨ ॥

ਇਸ ਲੋਕ ਵਿਚ ਤਾਂ ਉਸ ਦੇ ਗਲ ਵਿਚ ਹਉਮੈ ਦਾ ਫਾਹ ਹੈ, ਅਤੇ ਪ੍ਰਲੋਕ ਵਿਚ ਜਮਾਂ ਦੀ ਜੇਵੜੀ=ਫਾਹੀ ਪੈਂਦੀ ਹੈ।

ਅਥਵਾ:-ਗਲ ਵਿਚ ਹੰਗਤਾ ਮਮਤਾ ਰੂਪੀ ਜੇਵੜੀ ਦੇ ਹੋਣ ਕਰਕੇ ਅੰਤ ਨੂੰ ਜਮਾਂ ਦੇ ਫਾਹ ਵਿਚ ਫਸਦਾ ਹੈ।

ਅਥਵਾ:-ਗਲ ਵਿਚ ਮੋਹ ਰੂਪ ਜੇਵੜੀ ਕਰਕੇ ਹਉਮੈ ਦੇ ਫਾਹ ਵਿਚ ਫਸ ਰਿਹਾ ਹੈ॥ ੨॥

ਰਾਜੁ ਕਮਾਵੈ ਦਹ ਦਿਸ ਸਾਰੀ॥ ਮਾਣੈ ਰੰਗ ਭੋਗ ਬਹੁ ਨਾਰੀ॥

ਭਾਵੇਂ ਦਸੋ ਦਿਸ਼ਾਂ ਵਿਚ ਸਾਰੀ ਧਰਤੀ ਦਾ ਰਾਜ ਭਾਗ ਕਮਾਂਵਦਾ ਹੈ,

ਅਤੇ-ਬਹੁਤ ਇਸਤ੍ਰੀਆਂ ਨਾਲ ਭੋਗ ਬਿਲਾਸ ਕਰਦਾ ਹੋਇਆ ਸਭ ਤਰ੍ਹਾਂ ਦੇ ਰੰਗ+ਮਾਣੈ=ਅਨੰਦ ਭੋਗਦਾ ਹੈ। ਪਰ ਇਹ ਸਾਰੇ ਸੁਖ ਇਸ ਤਰ੍ਹਾਂ ਅਨਿੱਸਥਿਰ ਹਨ:-

ਜਿਉ ਨਰਪਤਿ ਸੁਪਨੈ ਭੇਖਾਰੀ॥ ੩ ॥

ਜਿਵੇਂ ਕੋਈ ਭੇਖਾਰੀ=ਮੰਗਤਾ (ਕੰਗਾਲ) ਸੁਪਨੇ ਵਿਚ ਨਰਪਤਿ=ਰਾਜਾ ਹੋ ਜਾਵੇ, ਤਾਂ ਉਸ ਦੇ ਸੁਪਨੇ ਵਿਚ ਰਾਜ ਭਾਗ ਦੇ ਸਾਰੇ ਸੁਖ ਕੁਝ ਸਮੇਂ ਲਈ ਭਰਮ ਮਾਤਰ ਹਨ॥ ੩॥

ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ॥

ਕੁਸਲੁ=ਸੁਖ ਦਾ ਇਕ ਸਾਧਨ ਮੈਨੂੰ ਸਤਿਗੁਰਾਂ ਨੇ ਬਤਾਇਆ=ਦੱਸਿਆ ਹੈ। ਕਿ—

ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ॥

ਹਰੀ ਜੋ ਕੁਝ ਭੀ ਕਰਦਾ ਹੈ ਉਹ ਹਰਿ+ਕਿਆ=ਪਰਮੇਸ਼ਰ ਦਿਆਂ ਭਗਤਾਂ ਨੂੰ ਭਾਇਆ=ਚੰਗਾ ਲਗਾ ਹੈ। ਇਸ ਕਰਕੇ ਭਗਤਾਂ ਨੂੰ ਹਮੇਸ਼ਾ ਸੁਖ ਰਹਿੰਦਾ ਹੈ, ਇਹ ਪਹਿਲੇ ਪ੍ਰਸ਼ਨ ਦਾ ਉੱਤਰ ਆਇਆ ਹੈ।

ਜਨ ਨਾਨਕ ਹਉਮੈ ਮਾਰਿ ਸਮਾਇਆ॥ ੪ ॥

ਇਨਿ ਬਿਧਿ ਕੁਸਲ ਹੋਤ ਮੇਰੇ ਭਾਈ॥

ਅੰਨਵੇਂ ਤੁਕਾਂ ਵਲ ਖਿਆਲ ਰਖਣਾ, ਪਹਿਲਾ *ਪ੍ਰਸ਼ਨ ਸੀ:-ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ॥*

ਹੇ ਭਾਈ ! ਸੁਖ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ? *ਉੱਤਰ:-ਇਨਿ ਬਿਧਿ ਕੁਸਲ ਹੋਤ ਮੇਰੇ ਭਾਈ॥*

ਹੇ ਭਾਈ ! ਇਸ ਪ੍ਰਕਾਰ ਦੀ ਵਿਧੀ ਸੇ ਅਰਥਾਤ ਭਾਣੇ ਦੇ ਮੰਨਣ ਨਾਲ ਸੁਖ ਪ੍ਰਾਪਤ ਹੁੰਦਾ ਹੈ।

ਦੂਜਾ ਪ੍ਰਸ਼ਨ ਸੀ:-ਕਿਉ ਪਾਈਐ ਹਰਿ ਰਾਮ ਸਹਾਈ?

ਉੱਤਰ:- ਜਨ ਨਾਨਕ ਹਉਮੈ ਮਾਰਿ ਸਮਾਇਆ॥ ੪॥

ਗੁਰਮੁਖ ਜਨ ਹਉਮੈਂ ਦੇ ਮਾਰਨ ਵਿਚ ਸਮਾਇਆ ਰਹਿੰਦਾ ਹੈ।

ਅਥਵਾ:-ਹਉਮੈ ਨੂੰ ਮਾਰ ਕੇ ਪਰਮੇਸ਼ਰ ਵਿਚ ਸਮਾਇਆ ਹੈ॥ ੪॥

ਇਉ ਪਾਈਐ ਹਰਿ ਰਾਮ ਸਹਾਈ॥ ੧ ॥ ਰਹਾਉ ਦੂਜਾ ॥

ਨੋਟ-ਇਸ ਸ਼ਬਦ ਦੀ ਸਮਾਪਤੀ ਪਰ ੭੧ ਅੰਕ ਹੋਣਾ ਚਾਹੀਦਾ ਹੈ ਏਹ ੨੦੦ ਪੰਨੇ ਤਕ ਅੰਕ ਗਲਤ

ਛਪਦਾ ਗਿਆ ਹੈ ੧੭੪ ਦੀ ਜਗ੍ਹਾ ੧੭੫ ਚਾਹੀਦਾ ਹੈ।

ਇਉ=ਇਸ ਤਰ੍ਹਾਂ ਅਰਥਾਤ ਹਉਮੈ ਦੇ ਮਾਰਨ ਨਾਲ ਸਹਾਇਤਾ ਕਰਨ ਵਾਲਾ ਹਰੀ ਭ੍ਰਮ ਪਾਈਦਾ ਹੈ॥ ੧॥ ਰਹਾਉ ਦੂਜਾ॥ ਇਹ ਦੋ ਤੁਕਾਂ ਪਉੜੀ ਦੀ ਗਿਣਤੀ ਵਿਚ ਨਹੀਂ, ਸਗੋਂ ਪ੍ਰਸ਼ਨਾਂ ਦੇ ਉੱਤਰ ਵਿਚ ਦੋ ਪੰਕਤੀਆਂ ਲਿਖੀਆਂ ਹਨ ਇਸ ਕਰਕੇ "ਰਹਾਉ ਦੂਜਾ" ਲਿਖਿਆ ਹੈ।

ਗਉੜੀ ਗੁਆਰੇਰੀ ਮਹਲਾ ੫॥
ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ॥
ਜਾ ਜਲਿ ਥਲਿ ਮਹੀਅਲਿ ਰਵਿਆ ਸੋਈ॥

ਜਾਂ ਉਹ ਪਰਮੇਸ਼ਰ ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਵੀ, ਅਲਿ=ਅਕਾਸ਼ਾਂ ਵਿਚ ਰਵ ਰਿਹਾ ਹੈ ਤਾਂ ਕਿਸ ਵਾਸਤੇ ਭ੍ਰਮਣਾ ਹੈ ਅਤੇ ਭਰਮ ਕਿਸ ਵਸਤੂ ਦਾ ਹੁੰਦਾ ਹੈ; ਅਰਥ੍ਹਾਤ ਕੋਈ ਨਹੀਂ ਹੁੰਦਾ।

ਗੁਰਮੁਖਿ ਉਬਰੇ ਮਨਮੁਖ ਪਤਿ ਖੋਈ॥ ੧॥

ਇਸ ਭੇਦ ਨੂੰ ਸਮਝਕੇ ਗੁਰਮੁਖ ਜਮਾਂ ਦੇ ਦੁਖਾਂ ਤੋਂ ਉਬਰੇ=ਬਚ ਗਏ ਹਨ, ਅਤੇ ਮਨਮੁਖਾਂ ਨੇ ਇਸ ਭੇਦ ਨੂੰ ਨ ਸਮਝਦਿਆਂ ਹੋਇਆਂ ਆਪਣੀ ਪਤਿ=ਇੱਜ਼ਤ ਗੁਆ ਲਈ ਹੈ॥ ੧॥

ਜਿਸੁ ਰਾਖੈ ਆਪਿ ਰਾਮੁ ਦਇਆਰਾ॥
ਤਿਸੁ ਨਹੀ ਦੂਜਾ ਕੋ ਪਹੁਚਨਹਾਰਾ॥ ੧॥ ਰਹਾਉ।

ਜਿਸ ਨੂੰ ਦਿਆਲੂ ਸੁਭਾਅ ਵਾਲਾ ਰਾਮ ਆਪ ਹੱਥ ਦੇ ਕੇ ਰਖਦਾ ਹੈ।

ਉਸ ਦੇ ਬਰਾਬਰ ਪਹੁੰਚਣ ਵਾਲਾ ਦੂਜਾ ਹੋਰ ਕੋਈ ਨਹੀਂ ਹੈ॥ ੧॥

ਸਭ ਮਹਿ ਵਰਤੈ ਏਕੁ ਅਨੰਤਾ॥ ਤਾ ਤੂੰ ਸੁਖਿ ਸੋਉ ਹੋਇ ਅਚਿੰਤਾ॥

ਜਦ ਕਿ ਸਾਰਿਆਂ ਵਿਚ ਇਕ ਬਿਅੰਤ ਪ੍ਰਭੂ ਵਰਤ ਰਿਹਾ ਹੈ। ਤਾਂ ਤੂੰ ਅਚਿੰਤਾ=ਬੇਫਿਕਰ ਹੋ ਕੇ ਸੁਖ ਦੀ ਨੀਂਦ ਵਿਚ ਸੌਂ ਜਾ।

ਓਹੁ ਸਭੁ ਕਿਛੁ ਜਾਣੈ ਜੋ ਵਰਤੰਤਾ॥ ੨॥ ਮਨਮੁਖ ਮੁਏ ਜਿਨ ਦੂਜੀ ਪਿਆਸਾ॥

ਕਿਉਂਕਿ- ਜੋ ਕੁਝ ਵਰਤ ਰਿਹਾ ਹੈ ਉਹ ਆਪ ਸਭ ਕੁਝ ਜਾਣਦਾ ਹੈ॥ ੨॥

ਜਿਨ੍ਹਾਂ ਮਨਮੁਖਾਂ ਨੂੰ ਦੂਜੀ=ਮਾਇਆ ਦੀ ਪਿਆਸਾ=ਤਰੇਹ ਭਾਵ ਤ੍ਰਿਸ਼ਨਾਂ ਲਗ ਰਹੀ ਹੈ ਉਹ ਨਿਸਫਲ ਹੀ ਮਰਦੇ ਹਨ।

ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ॥
ਜੈਸਾ ਬੀਜਹਿ ਤੈਸਾ ਖਾਸਾ॥ ੩॥

ਕਿਰਤਿ=ਕੀਤੇ ਹੋਏ ਕਰਮਾਂ ਦਾ ਫਲ ਭੋਗਣਾ ਧੁਰ ਤੋਂ ਲਿਖਿਆ ਹੋਇਆ ਹੈ ਇਸ ਕਰਕੇ ਉਹ ਮਨਮੁਖ ਬਹੁਤੀਆਂ ਜੂਨੀਆਂ ਵਿਚ ਭਵਹਿ=ਭੌਂਦੇ ਹਨ।

ਇਹ ਨਿਯਮ ਹੈ ਜੈਸਾ ਬੀਜੇਗਾ ਤੈਸਾ ਫਲ ਖਾਸਾ=ਪਾਵੇਗਾ॥ ੩॥

ਦੇਖਿ ਦਰਸੁ ਮਨਿ ਭਇਆ ਵਿਗਾਸਾ॥
ਸਭੁ ਨਦਰੀ ਆਇਆ ਬ੍ਰਹਮੁ ਪਰਗਾਸਾ॥

ਗੁਰਾਂ ਦਾ ਦਰਸ਼ਨ ਦੇਖਦਿਆਂ ਹੀ ਮਨ ਵਿਚ ਵਿਗਾਸਾ=ਅਨੰਦ ਹੋ ਗਿਆ ਹੈ।

ਗੁਰਾਂ ਦੀ ਕਿਰਪਾ ਨਾਲ ਸਾਰਿਆਂ ਵਿਚ ਬ੍ਰਹਮ ਦਾ ਹੀ ਪ੍ਰਕਾਸ਼ ਨਦਰੀ=ਨਿਗਾਹ ਆਇਆ ਹੈ।

ਜਨ ਨਾਨਕ ਕੀ ਹਰਿ ਪੂਰਨ ਆਸਾ॥ ੪॥ ੨॥ ੭੧॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਜਨ ਦੀ ਹਰੀ ਨੇ ਹਰ ਇਕ ਆਸਾ ਪੂਰਨ ਕਰ ਦਿਤੀ ਹੈ।

ਗਉੜੀ ਗੁਆਰੇਰੀ ਮਹਲਾ ੫॥
ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥

ਪਰਮੇਸ਼ਰ ਤੋਂ ਭੁਲਣ ਕਰਕੇ ਕਈ ਜਨਮ ਕੀੜਿਆਂ ਦੇ ਅਤੇ ਪਤੰਗਿਆ ਦੇ ਹੋਏ ਹਨ। ਕਈ ਜਨਮ ਗਜ=ਹਾਥੀਆਂ ਦੇ ਹੋਏ, ਕਈ ਜਨਮ ਮੀਨ=ਮਛੀਆਂ ਦੇ ਹੋਏ, ਕਈ ਜਨਮ ਕੁਰੰਗਾ=ਹਰਨ ਦੇ ਹੋਏ।

ਕਈ ਜਨਮ ਪੰਖੀ ਸਰਪ ਹੋਇਓ॥
ਕਈ ਜਨਮ ਹੈਵਰ ਬ੍ਰਿਖ ਜੋਇਓ॥ ੧॥

ਕਈ ਜਨਮ ਪੰਛੀਆਂ ਦੇ ਹੋਏ, ਅਤੇ ਕਈ ਜਨਮ ਸੱਪ ਦੇ ਹੋਏ। ਕਈ ਜਨਮ ਹੈ+ਵਰ=ਸ੍ਰੇਸ਼ਟ ਘੋੜਿਆਂ ਦੇ ਹੋਏ, ਅਤੇ ਕਈ ਜਨਮਾਂ ਵਿਚ ਬ੍ਰਿਖ=ਬਲਦ ਹੋ ਕੇ ਰਥਾਂ ਅੱਗੇ, ਯਾਂ ਗੱਡਿਆਂ ਅੱਗੇ ਜੋਇਓ=ਜੋੜੇ ਗਏ॥ ੧॥

ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥ ੧॥ ਰਹਾਉ॥

ਹੇ ਭਾਈ ! ਹੁਣ ਤਾਂ ਜਗਤ ਦੇ ਮਾਲਕ ਪਰਮੇਸ਼ਰ ਨਾਲੇ ਮਿਲ, ਕਿਉਂਕਿ ਉਸ ਪਰਮੇਸ਼ਰ ਨਾਲ ਮਿਲਣ ਦੀ ਏਹੋ ਮਨੁੱਖਾ ਦੇਹ ਵਾਰੀ ਹੈ। ਚਿਰੰਕਾਲ=ਬਹੁਤ ਚਿਰ ਪਿਛੋਂ ਤੈਨੂੰ ਇਹ ਮਨੁੱਖਾ ਦੇਹ ਸੰਜਰੀਆ=ਪ੍ਰਾਪਤ ਹੋਈ ਹੈ॥ ੧॥ ਰਹਾਉ॥

ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥

ਕਈ ਜਨਮ ਤੂੰ ਗਿਰਿ=ਪ੍ਰਬਤਾਂ ਦੀ ਸੈਲ ਕਰਦਾ ਰਿਹਾ ਹੈਂ

ਅਥਵਾ:-ਸੈਲ=ਭਾਰੀ ਪਰਬਤ ਤੈਨੂੰ ਬਨਾਣਾ ਕੀਤਾ ਹੈ,

ਅਥਵਾ:-ਕਈ ਜਨਮ ਤੈਨੂੰ ਸੈਲ=ਖੁਸ਼ਕ ਪਥਰ ਕੀਤਾ, ਅਤੇ

ਕਈ ਜਨਮ ਤੈਨੂੰ ਗਿਰਿ+ਕਰਿਆ=ਝਰਨਿਆਂ ਵਾਲੇ ਅਰਥਾਤ ਪਾਣੀ ਨਿਕਲਣ ਵਾਲਾ ਪੱਥਰ ਕੀਤਾ ਹੈ। ਫਿਰ ਕਈ ਜਨਮ ਤੂੰ ਮਾਂ ਦੇ ਗਰਭ ਚੋਂ ਹਿਰਿ+ਖਰਿਆ=ਛਣਦਾ ਰਿਹਾ ਹੈਂ।

ਅਥਵਾ:-ਕਈ ਜਨਮ ਤੂੰ ਮਾਂ ਦੇ ਗਰਭ ਚੋਂ ਛੇ ਸਤ ਮਹੀਨਿਆਂ ਦਾ ਹੋ ਕੇ ਹਿਰਿ=ਡਿਗਦਾ ਰਿਹਾ ਹੈਂ ਅਤੇ— ਕਈ ਵਾਰ ਤੂੰ ਮਾਂ ਦੇ ਗਰਭ 'ਚੋਂ ਦੋ ਜਾਂ ਤਿੰਨ ਮਹੀਨਿਆਂ ਦਾ ਹੋ ਕੇ ਖਰਿਆ=ਨਿਕਲਦਾ ਹੈਂ।

ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥

ਕਈ ਜਨਮ ਸਾਖ=ਖੇਤੀ ਰੂਪ ਕਰਕੇ ਪੈਦਾ ਕੀਤਾ ਗਿਆ ਸੈਂ। ਇਤਿਆਦਿਕ ਚੁਰਾਸੀ ਲਖ ਜੂਨੀਆਂ ਵਿਚ ਭੁਆਇਆ ਗਿਆ ਹੈਂ। *ਅਥਵਾ:*-ਚੁਰਾਸੀ ਲਖ ਜੂਨੀਆਂ ਵਿਚ ਭਰਮ ਕਰਕੇ ਹੁਣ ਤੂੰ ਮਨੁੱਖਾ ਜਨਮ ਵਿਚ ਆਇਆ ਹੈ॥ ੨ ॥

ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥

ਹੁਣ ਮਨੁੱਖ ਜਨਮ ਪ੍ਰਾਪਤ ਹੋਇਆ ਹੈ, ਇਸ ਕਰਕੇ ਤੂੰ ਸਤਸੰਗਤਿ ਕਰ। ਸੰਤਾਂ ਦੀ ਸੇਵਾ ਕਰਕੇ ਗੁਰਸਿਖਿਆ ਲੈ ਕੇ ਹਰਿ ਹਰਿ ਨਾਮ ਭਜਨਾ ਕਰ।

ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥ ੩ ॥

ਵਿਦਿਆ ਦੇ ਮਾਨੁ=ਹੰਕਾਰ ਨੂੰ, ਝੂਠ ਨੂੰ, ਅਤੇ ਜਾਤੀ ਦੇ ਅਭਿਮਾਨੁ=ਹੰਕਾਰ ਨੂੰ ਤਿਆਗ ਦੇ,
ਜੇ ਤੂੰ ਜੀਵਤ ਭਾ ਤੋਂ ਮਰੇਂਗਾ ਤਾਂ ਹੀ ਪ੍ਰਲੋਕ ਦਰਗਾਹ ਵਿਚ ਪ੍ਰਮਾਣਿਕ ਹੋਵੇਂਗਾ॥ ੩ ॥

ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥

ਹੇ ਪਰਮੇਸ਼ਰ ! ਜੋ ਕੁਝ ਹੋ ਰਿਹਾ ਹੈ ਉਹ ਤੇਰੇ ਹੁਕਮ ਨਾਲ ਹੋ ਰਿਹਾ ਹੈ। ਤੇਰੇ ਬਿਨਾਂ ਹੋਰ ਕੋਈ ਦੂਜਾ ਕਰਨੇ ਦੇ ਜੋਗੁ=ਲਾਇਕ ਨਹੀਂ।

ਅਥਵਾ:-ਹੇ ਪੁਰਸ਼ਾ ! ਜੋ ਕੁਝ ਵੀ ਵਿਗਾੜ ਹੋਇਆ ਹੈ ਉਹ ਤੇਰੇ ਪਾਸੋਂ ਹੀ ਹੋਇਆ ਹੈ। ਕਿਉਂਕਿ ਤੇਰਾ ਵਿਗਾੜ ਹੋਰ ਕੋਈ ਦੂਜਾ ਕਰਨੇ ਜੋਗ ਨਹੀਂ ਹੈ।

ਤਾ ਮਿਲੀਐ ਜਾ ਲੈਹਿ ਮਿਲਾਇ ॥
ਕਹੁ ਨਾਨਕ ਹਰਿ ਹਰਿ ਗੁਣ ਗਾਇ ॥ ੪ ॥ ੩ ॥ ੭੨ ॥

ਜਾਂ ਪ੍ਰਭੂ ਕਿਰਪਾ ਕਰਕੇ ਮਿਲਾ ਲਵੇ ਤਾਂ ਹੀ ਉਸ ਨਾਲ ਮਿਲਾਪ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਹਰਿ ਹਰਿ ਦੇ ਗੁਣ ਗਾਣਾ ਕਰ, ਤਾਂ ਉਹ ਪ੍ਰਭੂ ਆਪਣੇ ਨਾਲ ਮਿਲਾਂਦਾ ਹੈ॥ ੪॥ ੩॥ ੭੨॥

ਗਉੜੀ ਗੁਆਰੇਰੀ ਮਹਲਾ ੫ ॥

ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥

ਹੇ ਭਾਈ ! ਇਸ ਕਰਮ ਭੂਮਿ=ਭਾਰਥ ਖੰਡ ਦੀ ਭੂਮੀ ਵਿਚ ਰਹਿ ਕੇ,

ਅਥਵਾ:- ਮਨੁੱਖਾ ਦੇਹ ਰੂਪੀ ਕਰਮ ਭੂਮੀ ਵਿਚ ਨਾਮ ਰੂਪੀ ਬੀਜ ਨੂੰ ਬੀਜਣਾ ਕਰ, ਅਰਥਾਤ ਸਤਿਨਾਮੁ ਦਾ ਚਿੰਤਨ ਕਰ। ਤਾਂ ਤੁਹਾਡਾ ਕੰਮ ਪੂਰਾ ਹੋਵੇਗਾ।

ਫਲ ਪਾਵਹਿ ਮਿਟੈ ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥ ੧ ॥

ਜੇ ਤੂੰ ਨਿਤਾਪ੍ਰਤੀ ਜਾਸ=ਜਸਦਾਇਕ ਹਰਿ ਹਰਿ ਦੇ ਗੁਣਾਂ ਨੂੰ ਗਾਵੇਂਗਾ। ਤਾਂ ਗਿਆਨ ਫਲ ਨੂੰ ਪਾਵੇਂਗਾ, ਅਤੇ ਤੇਰੇ ਸਿਰ ਤੋਂ ਜਮਾਂ ਦਾ ਤ੍ਰਾਸ=ਡਰ ਮਿਟ ਜਾਵੇਗਾ॥ ੧ ॥

ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ॥
ਸੀਘਰ ਕਾਰਜੁ ਲੇਹੁ ਸਵਾਰਿ॥ ੧॥ ਰਹਾਉ॥

ਹਿਰਦੇ ਅੰਦਰ ਹਰਿ ਹਰਿ ਨਾਮ ਨੂੰ ਧਾਰ ਕੇ ਤੂੰ ਆਪਣੇ ਕਾਰਜ ਨੂੰ ਸੀਘਰ=ਜਲਦੀ ਸਵਾਰ ਲੈ।

ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ॥ ਤਾ ਤੂੰ ਦਰਗਹ ਪਾਵਹਿ ਮਾਨੁ॥

ਸਾਵਧਾਨ=ਤਕੜਾ ਹੋ ਕੇ ਆਪਣੇ ਮਾਲਕ ਪ੍ਰਭੂ ਨਾਲ ਪ੍ਰੀਤੀ ਕਰ,
ਤਾਂ ਹੀ ਤੂੰ ਪ੍ਰਲੋਕ ਦਰਗਾਹ ਵਿਚ ਮਾਨੁ=ਆਦਰ ਪਾਵੇਂਗਾ।

[ਪੰਨਾ ੧੭੭]

ਉਕਤਿ ਸਿਆਣਪ ਸਗਲੀ ਤਿਆਗੁ॥ ਸੰਤ ਜਨਾ ਕੀ ਚਰਣੀ ਲਾਗੁ॥ ੨॥

ਬਾਣੀ ਦੀ ਉਕਤਿ=ਜੁਗਤੀ, ਤੇ ਬੁਧੀ ਦੀ ਸਿਆਣਪ ਸਾਰੀ ਛੱਡ ਕੇ,
ਸੰਤ ਜਨਾ=ਪੂਰਨ ਮਹਾਂ ਪੁਰਸ਼ਾਂ ਦੀ ਚਰਣੀ ਲਗਣਾ ਗਰ ॥ ੨॥

ਸਰਬ ਜੀਅ ਹਹਿ ਜਾ ਕੈ ਹਾਥਿ॥ ਕਦੇ ਨ ਵਿਛੁੜੈ ਸਭ ਕੈ ਸਾਥਿ॥

ਸਾਰੇ ਜੀਵ ਜਿਸ ਪ੍ਰਭੂ ਦੇ ਹੱਥ ਵਿਚ ਭਾਵ ਅਧੀਨਤਾ ਵਿਚ ਹਨ, ਅਤੇ ਜੋ ਸਾਰਿਆਂ ਦੇ ਨਾਲ ਰਹਿੰਦਾ ਹੋਇਆ ਕਦੇ ਵੀ ਵਿਛੜਦਾ ਨਹੀਂ।

ਉਪਾਵ ਛੋਡਿ ਗਹੁ ਤਿਸ ਕੀ ਓਟ॥ ਨਿਮਖ ਮਾਹਿ ਹੋਵੈ ਤੇਰੀ ਛੋਟਿ॥ ੩॥

ਹੋਰ ਸਾਰੇ ਉਪਾਵ ਛਡ ਕੇ ਉਸ ਦੀ ਓਟ ਗਹੁ=ਗ੍ਰਹਿਣ ਕਰ, ਤਾਂ ਇਕ ਨਿਮਖ ਦੇ ਵਿਚ ਭਾਵ ਅੱਖ ਦੇ ਪਲਕਾਰੇ ਵਿਚ ਤੇਰਾ ਛੁਟਕਾਰਾ ਹੋ ਜਾਵੇਗਾ॥ ੩॥

ਸਦਾ ਨਿਕਟਿ ਕਰਿ ਤਿਸ ਨੋ ਜਾਣੁ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ॥

ਉਸ ਪ੍ਰਮਾਤਮਾ ਨੂੰ ਸਦਾ ਨੇੜੇ ਕਰਕੇ ਜਾਨਣਾ ਕਰ, ਅਤੇ ਪਰਮੇਸ਼ਰ ਦੀ ਆਗਿਆ ਨੂੰ ਸਚ ਕਰਕੇ ਮੰਨਣਾ ਕਰ।

ਗੁਰ ਕੈ ਬਚਨਿ ਮਿਟਾਵਹੁ ਆਪੁ॥
ਹਰਿ ਹਰਿ ਨਾਮੁ ਨਾਨਕ ਜਪਿ ਜਾਪੁ॥ ੪॥ ੪॥ ੭੩॥

ਗੁਰਾਂ ਦੇ ਬਚਨਿ=ਉਪਦੇਸ਼ ਦੁਆਰਾ ਆਪੁ=ਆਪਾ ਭਾ ਹੰਕਾਰ ਨੂੰ ਮਿਟਾਣਾ ਕਰ, ਗੁਰੂ ਜੀ ਕਥਨ ਕਰਦੇ ਹਨ-ਹਰਿੰ ਹਰਿ ਨਾਮ ਜਪ ਨੂੰ ਜਪਣਾ ਕਰ॥ ੪॥ ੪॥ ੭੩॥

ਗਉੜੀ ਗੁਆਰੇਰੀ ਮਹਲਾ ੫॥

ਗੁਰ ਕਾ ਬਚਨੁ ਸਦਾ ਅਬਿਨਾਸੀ॥ ਗੁਰ ਕੈ ਬਚਨਿ ਕਟੀ ਜਮ ਫਾਸੀ॥

ਗੁਰਾਂ ਦਾ ਉਚਾਰਿਆ ਹੋਇਆ ਬਚਨ ਸਦਾ ਅਬਿਨਾਸੀ=ਨਾਸ ਤੋਂ ਬਹਿਤ ਹੈ,
ਅਥਵਾ:-ਅਬਿਨਾਸੀ ਪ੍ਰਭੂ ਦੀ ਪ੍ਰਾਪਤੀ ਕਰਨ ਵਾਲਾ ਹੈ।

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

ਗੁਰ ਕਾ ਬਚਨੁ ਜੀਅ ਕੈ ਸੰਗਿ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ॥ ੧॥

ਗੁਰਾਂ ਦਾ ਉਪਦੇਸ਼ ਹੀ ਜੀਵ ਦੇ ਅੰਗ ਸੰਗ ਹੋ ਕੇ ਸਹਾਇਤਾ ਕਰਦਾ ਹੈ।

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਜੀਵ ਰਾਮ ਦੇ ਰੰਗਿ=ਪ੍ਰੇਮ ਵਿਚ ਰਚ ਜਾਂਦਾ ਹੈ॥ ੧॥

ਜੋ ਗੁਰਿ ਦੀਆ ਸੁ ਮਨ ਕੈ ਕਾਮਿ॥
ਸੰਤ ਕਾ ਕੀਆ ਸਤਿ ਕਰਿ ਮਾਨਿ॥ ੧॥ ਰਹਾਉ॥

ਗੁਰਾਂ ਨੇ ਜੋ ਉਪਦੇਸ਼ ਦੇਣਾ ਕੀਤਾ ਹੈ ਉਹ ਮਨ ਦੇ ਕੰਮ ਆਉਣ ਵਾਲਾ ਹੈ,

ਸੰਤ=ਸ਼ਾਂਤ ਆਤਮਾ ਗੁਰਾਂ ਦਾ ਉਚਾਰਨ ਕੀਤਾ ਹੋਇਆ ਉਪਦੇਸ਼ ਸਤਿ=ਸਚਾ ਕਰਕੇ ਮੰਨ ਲੈ।

ਗੁਰ ਕਾ ਬਚਨੁ ਅਟਲ ਅਛੇਦ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ॥

ਗੁਰਾਂ ਦਾ ਬਚਨੁ=ਉਪਦੇਸ਼ ਅਟੱਲ ਹੈ ਤੇ ਅਛੇਦ=ਕਟਨੇ ਤੋਂ ਰਹਿਤ ਹੈ।

ਅਥਵਾ:-ਗੁਰਾਂ ਦਾ ਉਪਦੇਸ਼ ਅਟੱਲ-ਅਛੇਦ ਪ੍ਰਮਾਤਮਾ ਦੀ ਪ੍ਰਾਪਤੀ ਦੇ ਕਰਨ ਵਾਲਾ ਹੈ, ਗੁਰਾਂ ਦੇ ਬਚਨਿ=ਉਪਦੇਸ਼ ਕਰਕੇ *ਭੇਦ ਭਰਮ, ਕਰਤੱਤ ਭਰਮ, ਪੁਨ ਸੰਗ ਭਰਮ ਵਿਕਾਰ।*
ਬ੍ਰਹਮ ਇਤਰ ਜਗ ਸਤ ਹੈ ਪਾਂਚੋ ਭਰਮ ਸੰਸਾਰ।

ਇਤਿਆਦਿਕ ਸਾਰੇ ਭਰਮ ਨਵਿਰਤ ਹੋ ਜਾਂਦੇ ਹਨ।

ਗੁਰ ਕਾ ਬਚਨੁ ਕਤਹੁ ਨ ਜਾਇ॥
ਗੁਰ ਕੈ ਬਚਨਿ ਹਰਿ ਕੇ ਗੁਣ ਗਾਇ॥ ੨॥

ਗੁਰਾਂ ਦਾ ਬਚਨੁ=ਉਪਦੇਸ਼ ਕਿਸੇ ਤਰਫ ਨਿਸਫਲ ਨਹੀਂ ਜਾਂਦਾ, ਹਰ ਵੇਲੇ ਜੀਵ ਦੇ ਅੰਗ ਸੰਗ ਰਹਿੰਦਾ ਹੈ॥ ੨॥

ਅਥਵਾ:-ਗੁਰ ਉਪਦੇਸ਼ ਦੇ ਮਨਨ ਕਰਨ ਵਾਲਾ ਪੁਰਸ਼ ਕਿਸੇ ਜੂਨ ਵਿਚ ਨਹੀਂ ਜਾਂਦਾ।

ਗੁਰਾਂ ਦੇ ਉਪਦੇਸ਼ ਕਰਕੇ ਹੀ ਹਰੀ ਦੇ ਗੁਣ ਗਾਏ ਜਾਂਦੇ ਹਨ।

ਗੁਰ ਕਾ ਬਚਨੁ ਜੀਅ ਕੈ ਸਾਥ॥ ਗੁਰ ਕਾ ਬਚਨੁ ਅਨਾਥ ਕੋ ਨਾਥ॥

ਗੁਰਾਂ ਦਾ ਬਚਨੁ=ਉਪਦੇਸ਼ ਜੀਵ ਦੇ ਨਾਲ ਜਾਂਦਾ ਹੈ।

ਗੁਰਾਂ ਦਾ ਉਪਦੇਸ਼ ਹੀ ਅਨਾਥ=ਗਰੀਬਾਂ ਦਾ ਨਾਥ=ਸੁਆਮੀ ਹੈ।

ਗੁਰ ਕੈ ਬਚਨਿ ਨਰਕਿ ਨ ਪਵੈ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ॥ ੩॥

ਗੁਰਾਂ ਦੇ ਉਪਦੇਸ਼ ਪ੍ਰਾਪਤ ਹੋਣ ਕਰਕੇ ਨਰਕਾਂ ਵਿਚ ਨਹੀਂ ਪੈਂਦਾ।

ਗੁਰਾਂ ਦੇ ਉਪਦੇਸ਼ ਕਰਕੇ ਰਸਨਾ=ਜੀਭ ਨਾਲ ਨਾਮ ਅੰਮ੍ਰਿਤ ਨੂੰ ਰਵੈ=ਉਚਾਰਦਾ ਹੈ॥੩॥

ਗੁਰ ਕਾ ਬਚਨੁ ਪਰਗਟੁ ਸੰਸਾਰਿ॥ ਗੁਰ ਕੈ ਬਚਨਿ ਨ ਆਵੈ ਹਾਰਿ॥

ਗੁਰਾਂ ਦਾ ਉਪਦੇਸ਼ ਪ੍ਰਾਪਤ ਹੋਣ ਕਰਕੇ ਸਾਰੇ ਸੰਸਾਰ ਵਿਚ ਜੀਵ ਪਰਗਟ ਹੋ ਜਾਂਦਾ ਹੈ।

ਗੁਰਾਂ ਦਾ ਉਪਦੇਸ਼ ਹੋਣ ਕਰਕੇ ਕਦੇ ਹਾਰ ਨਹੀਂ ਆਉਂਦੀ।

ਜਿਸੁ ਜਨ ਹੋਏ ਆਪਿ ਕ੍ਰਿਪਾਲ॥
ਨਾਨਕ ਸਤਿਗੁਰ ਸਦਾ ਦਇਆਲ॥ ੪॥ ੫॥ ੭੪॥

ਜਿਸ ਪੁਰਸ ਉੱਤੇ ਪ੍ਰਭੂ ਆਪ ਕਿਰਪਾਲੂ ਹੁੰਦਾ ਹੈ, ਗੁਰੂ ਜੀ ਕਥਨ ਕਰਦੇ ਹਨ-ਉਸ ਉੱਤੇ ਸਤਿਗੁਰ ਦੇਵ ਜੀ ਸਦਾ ਦਿਆਲੂ ਹੁੰਦੇ ਹਨ॥ ੪॥ ੫॥ ੭੪॥

ਗਉੜੀ ਗੁਆਰੇਰੀ ਮਹਲਾ ੫॥

ਜਿਨਿ ਕੀਤਾ ਮਾਟੀ ਤੇ ਰਤਨੁ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ॥

ਜਿਸ ਪਰਮੇਸ਼ਰ ਨੇ ਪੰਜਾਂ ਤੱਤਾਂ ਰੂਪੀ ਮਿੱਟੀ ਤੋਂ ਅਮੋਲਕ ਰਤਨ ਰੂਪ ਮਨੁੱਖਾ ਜਨਮ ਪੈਦਾ ਕੀਤਾ ਹੈ। ਪੁਨਾ ਜਿਸ ਪਰਮੇਸ਼ਰ ਨੇ ਆਪਣੇ ਜਤਨ ਕਰਕੇ ਜੀਵ ਨੂੰ ਮਾਂ ਦੇ ਗਰਭ ਵਿਚ ਰਖਣਾ ਕੀਤਾ ਹੈ।

ਅਥਵਾ:-ਜਿਸ ਪਰਮੇਸ਼ਰ ਨੇ ਮਾਂ ਦੇ ਗਰਭ ਵਿਚ ਹੱਥ ਦੇ ਕੇ ਰਖਿਆ ਹੈ,

ਹੇ ਪੁਰਸ਼ਾ ! ਤੂੰ ਉਸ ਦੀ ਪ੍ਰਾਪਤੀ ਦਾ ਜਤਨ ਕਰ।

ਜਿਨਿ ਦੀਨੀ ਸੋਭਾ ਵਡਿਆਈ॥ ਤਿਸੁ ਪ੍ਰਭ ਕਉ ਆਠ ਪਹਰ ਧਿਆਈ॥੧॥

ਜਿਸ ਪਰਮੇਸ਼ਰ ਨੇ ਸੋਭਾ ਤੇ ਵਡਿਆਈ ਦਿੱਤੀ ਹੈ। ਉਸੇ ਪ੍ਰਭੂ ਨੂੰ ਅੱਠੇ ਪਹਿਰ ਭਾਵ ਰਾਤ ਦਿਨ ਧਿਆਉਣਾ ਕਰ॥ ੧॥

ਰਮਈਆ ਰੇਨੁ ਸਾਧ ਜਨ ਪਾਵਉ॥
ਗੁਰ ਮਿਲਿ ਅਪੁਨਾ ਖਸਮੁ ਧਿਆਵਉ॥ ੧॥ ਰਹਾਉ॥

ਪਰਮੇਸ਼ਰ ਦੇ ਪਿਆਰੇ ਸੰਤ ਜਨਾਂ ਦੀ ਚਰਨ ਧੂੜ ਪਾਣਾ ਕਰੋ। ਅਤੇ ਗੁਰਾਂ ਨਾਲ ਮਿਲ ਕੇ ਆਪਣੇ ਮਾਲਕ ਪਰਮੇਸ਼ਰ ਨੂੰ ਧਿਆਉਣਾ ਕਰੋ॥ ੧॥

ਜਿਨਿ ਕੀਤਾ ਮੂੜ ਤੇ ਬਕਤਾ॥ ਜਿਨਿ ਕੀਤਾ ਬੇਸੁਰਤ ਤੇ ਸੁਰਤਾ॥

ਜਿਸ ਪਰਮੇਸ਼ਰ ਨੇ ਮੂੜ=ਮੂਰਖ ਤੋਂ ਬਕਤਾ=ਵਕਤਾ ਭਾਵ ਪੰਡਿਤ ਕਰ ਦਿੱਤਾ ਹੈ।

ਜਿਸ ਪਰਮੇਸ਼ਰ ਨੇ ਬੇਸੁਰਤ=ਅਗਿਆਤ ਤੋਂ ਸੁਰਤਾ=ਗਿਆਤ ਗੋਯ ਕਰ ਦਿੱਤਾ ਹੈ।

ਅਰਥਾਤ ਬੇਸਮਝ ਤੋਂ ਸਮਝ ਵਾਲਾ ਕਰ ਦਿੱਤਾ ਹੈ।

ਜਿਸੁ ਪਰਸਾਦਿ ਨਵੈ ਨਿਧਿ ਪਾਈ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ॥ ੨॥

ਜਿਸ ਪਰਮੇਸ਼ਰ ਦੀ ਪਰਸਾਦਿ=ਕਿਰਪਾ ਨਾਲ ਨੌਂ ਨਿਧਿ ਪਾਈਦੀ ਹੈ।

ਉਹ ਪ੍ਰਭੂ ਸਾਡੇ ਮਨ ਤੋਂ ਬਿਸਰਤ+ਨਾਹੀ=ਭੁਲਦਾ ਨਹੀਂ ਹੈ॥ ੨॥

ਜਿਨਿ ਦੀਆ ਨਿਥਾਵੇ ਕਉ ਥਾਨੁ॥ ਜਿਨਿ ਦੀਆ ਨਿਮਾਨੇ ਕਉ ਮਾਨੁ॥

ਜਿਸ ਪਰਮੇਸ਼ਰ ਨੇ ਨਿਥਾਵੇ ਨੂੰ ਪ੍ਰਤੱਖ ਥਾਂ, ਵਾ:-ਸਰੂਪ ਥਾਂ ਦਿੱਤਾ ਹੈ।

ਜਿਸ ਪਰਮੇਸ਼ਰ ਨੇ ਨਿਮਾਣੇ ਨੂੰ ਮਾਣ ਦੇਣਾ ਕੀਤਾ ਹੈ।

ਜਿਨਿ ਕੀਨੀ ਸਭ ਪੂਰਨ ਆਸਾ ॥ ਸਿਮਰਉ ਦਿਨੁ ਰੈਨਿ ਸਾਸ ਗਿਰਾਸਾ ॥ ੩ ॥

ਜਿਸ ਪ੍ਰਭੂ ਨੇ ਸਾਰਿਆਂ ਦੀ ਆਸਾ ਪੂਰਨ ਕੀਤੀ ਹੈ,

ਅਥਵਾ:-ਜਿਸ ਪ੍ਰਭੂ ਨੇ ਸਾਰੀਆਂ ਆਸਾਂ ਪੂਰਨ ਕੀਤੀਆਂ ਹਨ। ਉਸ ਪ੍ਰਭੂ ਨੂੰ ਰਾਤ ਦਿਨ ਸਵਾਸ ਲੈਂਦਿਆਂ ਗਿਰਾਸਾ=ਭੋਜਨ ਖਾਂਦਿਆਂ,

ਅਥਵਾ:-ਅੰਦਰ ਬਾਹਰ ਸਵਾਸ ਆਉਂਦਿਆਂ ਜਾਂਦਿਆਂ ਸਿਮਰਨਾ ਕਰੋ॥ ੩ ॥

ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥ ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥

ਜਿਸ ਪ੍ਰਭੂ ਦੀ ਪ੍ਰਸਾਦਿ=ਕਿਰਪਾ ਨਾਲ ਮਾਇਆ ਦੀ ਸਿਲਕ=ਫਾਹੀ ਕੱਟੀ ਜਾਂਦੀ ਹੈ।

ਅਤੇ ਗੁਰਾਂ ਦੀ ਪ੍ਰਸਾਦਿ=ਕਿਰਪਾ ਨਾਲ ਅੰਮ੍ਰਿਤ ਰੂਪ ਸੁਖ, ਬਿਖੁ=ਵਿਹੁ ਰੂਪ ਦੁਖ ਇਕ ਬਰਾਬਰ ਖਾਟੀ=ਪ੍ਰਾਪਤ ਹੁੰਦੇ ਹਨ, ਭਾਵ ਸੁਖ ਦੁਖ ਨੂੰ ਇਕ ਰੂਪ ਨਿਸਚੇ ਕਰਦਾ ਹੈ।

ਅਥਵਾ:-ਗੁਰਾਂ ਦੀ ਕ੍ਰਿਪਾ ਨਾਲ ਬਿਖ ਰੂਪ ਸੰਸਾਰ ਵਿਚ ਅੰਮ੍ਰਿਤ ਰੂਪ ਨਾਮ ਖਾਟੀ=ਪ੍ਰਾਪਤ ਹੁੰਦਾ ਹੈ।

ਕਹੁ ਨਾਨਕ ਇਸ ਤੇ ਕਿਛੁ ਨਾਹੀ ॥
ਰਾਖਨਹਾਰੇ ਕਉ ਸਾਲਾਹੀ ॥ ੪ ॥ ੬ ॥ ੭੫ ॥

ਗੁਰੂ ਜੀ ਕਥਨ ਕਰਦੇ ਹਨ-ਇਸ ਜੀਵ ਤੋਂ ਕੁਝ ਨਹੀਂ ਹੁੰਦਾ।

ਅਸੀਂ ਤਾਂ ਰਖਣ ਵਾਲੇ ਪਰਮੇਸ਼ਰ ਨੂੰ ਸਲਾਹੁੰਦੇ ਹਾਂ, ਤੁਸੀਂ ਵੀ ਸਲਾਹੁਣਾ ਕਰੋ॥ ੪ ॥ ੬ ॥ ੭੫ ॥

ਗਉੜੀ ਗੁਆਰੇਰੀ ਮਹਾਲਾ ੫ ॥

ਤਿਸ ਕੀ ਸਰਣਿ ਨਾਹੀ ਭਉ ਸੋਗੁ ॥ ਉਸ ਤੇ ਬਾਹਰਿ ਕਛੂ ਨ ਹੋਗੁ ॥

ਉਸ ਪਰਮੇਸ਼ਰ ਦੀ ਸ਼ਰਨੀ ਪਿਆਂ ਕੋਈ ਡਰ ਤੇ ਸੋਗ ਨਹੀਂ ਹੁੰਦਾ।

ਉਸ ਪਰਮੇਸ਼ਰ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੁੰਦਾ। ਇਹ ਗੱਲ ਜਾਣ ਕੇ-

ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥ ੧ ॥

ਆਪਣੀ ਸਿਆਣਪ, ਬਲ, ਬੁੱਧੀ ਤੇ ਵਿਕਾਰਾਂ ਦੀ ਭਾਵਨਾ ਤਿਆਗ ਦਿੱਤੀ ਹੈ,

ਅਥਵਾ:-ਵਿਕਾਰਾਂ ਦੇ ਬਲ ਵਾਲੀ ਬੁੱਧੀ ਦੀ ਸਿਆਣਪ ਛੱਡ ਦਿੱਤੀ ਹੈ।

ਅਤੇ ਇਹ ਨਿਸਚੇ ਕੀਤਾ ਹੈ ਕਿ ਆਪਣੇ ਦਾਸਾਂ ਦੀ ਇੱਜ਼ਤ ਆਪ ਹੀ ਪ੍ਰਭੂ ਰਖਣ ਵਾਲਾ ਹੈ॥ ੧ ॥

ਜਪਿ ਮਨ ਮੇਰੇ ਰਾਮ ਰਾਮ ਰੰਗਿ ॥
ਘਰਿ ਬਾਹਰਿ ਤੇਰੈ ਸਦ ਸੰਗਿ ॥ ੧ ॥ ਰਹਾਉ ॥

ਹੇ ਮੇਰੇ ਮਨ ! ਰੰਗਿ=ਪ੍ਰੇਮ ਨਾਲ ਰਾਮ ਰਾਮ ਜਪਣਾ ਕਰ।

ਉਹ ਪ੍ਰਭੂ ਘਰ ਤੇ ਬਾਹਰ ਸਦਾ ਹੀ ਤੇਰੇ ਨਾਲ ਰਹਿੰਦਾ ਹੈ॥ ੧ ॥ ਰਹਾਉ ॥

ਤਿਸ ਕੀ ਟੇਕ ਮਨੈ ਮਹਿ ਰਾਖੁ ॥ ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥

ਉਸ ਪ੍ਰਭੂ ਦੀ ਟੇਕ ਮਨ ਵਿਚ ਰਖਣਾ ਕਰ, ਅਤੇ ਗੁਰਾਂ ਦਾ ਉਪਦੇਸ਼ ਲੈ ਕੇ ਨਾਮ ਅੰਮ੍ਰਿਤ ਰਸ ਨੂੰ ਚੱਖਣਾ ਕਰ।

[ਪੰਨਾ ੧੭੮]

ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥ ੨ ॥

ਦਸ ਖਾਂ ! ਨਾਮ ਤੋਂ ਬਿਨਾਂ ਹੋਰ ਜਤਨ ਕਰਨੇ ਤੇਰੇ ਕਿਸ ਕੰਮ ਆਉਣੇ ਹਨ। ਉਹ ਪਰਮੇਸ਼ਰ ਕ੍ਰਿਪਾ ਕਰਕੇ ਆਪ ਹੀ ਤੇਰੀ ਲੱਜਾ ਰਖੇਗਾ ॥ ੨ ॥

ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥

ਕਹੁ ਖਾਂ ! ਮਨੁੱਖ ਕੀ ਚੀਜ਼ ਹੈ, ਅਤੇ ਇਸ ਦਾ ਜੋਰੁ=ਬਲ ਕੀ ਹੈ?

ਮਾਇਆ ਦਾ ਸ਼ੋਰ ਸ਼ਰਾਬਾ ਅਰਥਾਤ ਰੌਲਾ ਸਾਰਾ ਹੀ ਝੂਠਾ ਹੈ।

ਕਰਣ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ੩ ॥

ਉਹ ਸੁਆਮੀ ਪਰਮਾਤਮਾ ਸਭ ਕੁਝ ਕਰਨੇ ਕਰਾਉਣੇ ਵਾਲਾ ਹੈ।

ਸਾਰਿਆਂ ਸਰੀਰਾਂ ਦੇ ਦੁਖ ਸੁਖ ਦੀ ਜਾਨਣ ਵਾਲਾ ਪ੍ਰਭੂ ਅੰਤਰਜਾਮੀ ਹੈ ॥ ੩ ॥

ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥

ਸਾਰਿਆਂ ਸੁਖਾਂ ਵਿਚੋਂ ਇਹ ਸਚਾ ਸੁਖ ਹੈ, ਜਿਹੜਾ ਮਨ ਵਿਚ ਗੁਰਾਂ ਦੇ ਉਪਦੇਸ਼ ਨੂੰ ਲੈਣਾ ਹੈ:

ਜਾ ਕਉ ਰਾਮ ਨਾਮ ਲਿਵ ਲਾਗੀ ॥
ਕਹੁ ਨਾਨਕ ਸੋ ਧੰਨੁ ਵਡਭਾਗੀ ॥ ੪ ॥ ੭ ॥ ੭੬ ॥

ਜਿਸ ਦੀ ਲਿਵ ਰਾਮ ਨਾਮ ਦੇ ਸਿਮਰਨ ਵਿਚ ਲਗ ਗਈ ਹੈ। ਗੁਰੂ ਜੀ ਕਥਨ ਕਰਦੇ ਹਨ—ਉਹ ਵਡਭਾਗੀ ਪੁਰਸ਼ ਧੰਨਤਾ ਦੇ ਜੋਗ ਹੈ ॥੪ ॥੭ ॥੭੬ ॥

ਗਉੜੀ ਗੁਆਰੇਰੀ ਮਹਲਾ ੫ ॥
ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥

ਜਿਨ੍ਹਾਂ ਨੇ ਹਰੀ ਦੀ ਕਥਾ ਸੁਣੀ ਹੈ ਉਨ੍ਹਾਂ ਨੇ ਦਿਲ ਦੀ ਮੈਲ ਉਤਾਰ ਲਈ ਹੈ। ਉਹ ਮਹਾ+ਪੁਨੀਤ ਭਏ=ਬੜੇ ਪਵਿੱਤ੍ਰ ਹੋ ਕੇ ਸੁਖਾਂ ਵਿਚ ਸੈਲ ਕਰਦੇ ਹਨ, *ਅਥਵਾ:*-ਸੈਲੁ=ਭਾਰੀ ਸੁਖ ਦੇ ਸਹਿਤ ਹੋਏ ਹਨ।

ਵਾ:-ਸੈਲੁ=ਕੁਟੱਸਥ ਸੁਖ ਦੇ ਸਹਿਤ ਹੋਏ ਹਨ।

ਵਡੈ ਭਾਗਿ ਪਾਇਆ ਸਾਧਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥ ੧ ॥

ਜਿਨ੍ਹਾਂ ਨੇ ਵਡਿਆਂ ਭਾਗਾਂ ਨਾਲ ਸਤਿਸੰਗ ਪਾਇਆ ਹੈ ਉਨ੍ਹਾਂ ਦਾ ਪਾਰਬ੍ਰਹਮ ਦੇ ਨਾਲ ਰੰਗੁ=ਪ੍ਰੇਮ ਲਗਾ ਹੈ ॥ ੧ ॥

ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥

ਜੋ ਪੁਰਸ਼ ਹਰਿ ਹਰਿ ਨਾਮ ਨੂੰ ਜਪਦਾ ਹੈ ਉਸ ਪੁਰਸ਼ ਨੂੰ ਗੁਰਾਂ ਨੇ ਤਾਰ ਦਿੱਤਾ ਹੈ।

ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥ ੧ ॥ ਰਹਾਉ ॥

ਤ੍ਰਿਸ਼ਨਾਂ ਅਗਨੀ ਦਾ ਸਮੁੰਦ੍ਰ ਜੋ ਸੰਸਾਰ ਹੈ ਇਸ ਤੋਂ ਗੁਰਾਂ ਨੇ ਪਾਰ ਉਤਾਰ ਦੇਣਾ ਕੀਤਾ ਹੈ ॥ ੧ ॥

ਕਰਿ ਕੀਰਤਨੁ ਮਨ ਸੀਤਲ ਭਏ ॥ ਜਨਮ ਜਨਮ ਕੇ ਕਿਲਵਿਖ ਗਏ ॥

ਪ੍ਰਭੂ ਦਾ ਕੀਰਤਨ ਕਰਨ ਨਾਲ ਮਨ ਆਦਿਕ ਚਤੁਸ਼ਟੇ ਅੰਤਹਕਰਨ ਸੀਤਲ=ਸ਼ਾਂਤ ਹੋ ਗਏ। ਅਤੇ ਜਨਮਾਂ ਜਨਮਾਂ ਦੇ ਕਿਲਬਿਖ=ਪਾਪ ਨਵਿਰਤ ਹੋ ਗਏ ਹਨ।

ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥ ੨ ॥

ਸਾਰੇ ਖ਼ਜ਼ਾਨੇ ਮਨ ਵਿਚ ਵੇਖਣਾ ਕੀਤੇ ਹਨ, ਅਥਵਾ:-ਸਰਬ ਖਜ਼ਾਨਿਆਂ ਦੇ ਮਾਲਕ ਪਰਮੇਸ਼ਰ ਨੂੰ ਮਨ ਵਿਚੋਂ ਹੀ ਵੇਖ ਲਿਆ ਹੈ। ਹੁਣ ਲਭਣ ਵਾਸਤੇ ਹੋਰ ਕਿਤੇ ਕਿਸ ਲਈ ਜਾਣਾ ਹੈ॥ ੨ ॥

ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥

ਜਿਸ ਵੇਲੇ ਆਪਣੇ ਪ੍ਰਭੂ ਸੇਵਕ ਉਤੇ ਦਿਆਲੂ ਹੋਏ, ਤਾਂ ਸੇਵਕ ਦੀ ਘਾਲ=ਕਮਾਈ ਕੀਤੀ ਹੋਈ ''ਪੂਰਨ ਹੋਈ''=ਸਫਲ ਹੋ ਗਈ।

ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ ॥ ੩ ॥

ਅੰਨਵੇ:-ਗੁਣ ਤਾਸ=ਸ਼ੁਭ ਗੁਣਾਂ ਦੇ ਖਜ਼ਾਨੇ ਪਰਮੇਸ਼ਰ ਦਾ ਸਿਮਰਨ ਜੋ ਸਿਮਰਨੇ ਜੋਗ ਹੈ ਉਸ ਨੂੰ ਜਦ ਸਿਮਰਿਆ, *ਅਥਵਾ:*-ਮਨ ਕਰਕੇ ਸਿਮਰਿਆ, ਬਾਣੀ ਕਰਕੇ ਸਿਮਰਿਆ, ਤਨ ਕਰਕੇ ਸਿਮਰਿਆ, ਤਾਂ ਸਾਰੇ ਬੰਧਨ ਕਟਕੇ ਪ੍ਰਭੂ ਨੇ ਆਪਣਾ ਦਾਸ ਕਰ ਲਿਆ ॥ ੩ ॥

ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥

ਮਨ ਵਿਚ ਭੀ ਇਕ ਪ੍ਰਭੂ ਹੈ, ਸਾਰੀਆਂ ਠਾਇ=ਜਗ੍ਹਾਂ ਵਿਚ ਭੀ ਇਕ ਪ੍ਰਭੂ ਹੈ। ਉਹ ਪੂਰਨ ਪ੍ਰਭੂ ਸਾਰੀਆਂ ਜਾਇ=ਜਗ੍ਹਾਂ ਵਿਚ ਪੂਰਨ ਹੋ ਰਿਹਾ ਹੈ।

ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥

ਪੂਰਿਆਂ ਗੁਰਾਂ ਨੇ ਸਾਰਾ ਭਰਮ ਚੁਕਾਇਆ=ਦੂਰ ਕਰ ਦਿੱਤਾ ਹੈ।

ਹਰਿ ਸਿਮਰਤ ਨਾਨਕ ਸੁਖੁ ਪਾਇਆ ॥ ੪ ॥ ੮ ॥ ੭੭ ॥

ਗੁਰੂ ਜੀ ਕਥਨ ਕਰਦੇ ਹਨ-ਉਸ ਹਰੀ ਨੂੰ ਸਿਮਰਦਿਆਂ ਹੋਇਆਂ ਆਤਮ ਸੁਖ ਪਾਇਆ ਹੈ॥ ੪ ॥ ੮ ॥ ੭੭ ॥

ਗਉੜੀ ਗੁਆਰੇਰੀ ਮਹਲਾ ੫ ॥

ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥

ਜੋ ਪਿਤਾ ਪਿਤਾਮਾ ਆਦਿਕ ਅਗਲੇ=ਪਹਿਲੇ ਮਰੇ ਹੋਏ ਸਨ ਉਹ ਤਾਂ ਪਿਛੇ ਪੈ ਗਏ ਹਨ,

ਅਰਥਾਤ ਪਿਉ ਦਾਦੇ ਦਾ ਮਰਨਾ ਸਭ ਨੇ ਭੁਲਾ ਦਿੱਤਾ ਹੈ। ਜਿਹੜੇ ਮਨੁੱਖ ਮਰਨ ਤੋਂ ਹੁਣ ਉਬਰੇ=ਬਚੇ ਹੋਏ ਹਨ ਉਹ ਆਪਣਾ ਲੱਕ ਬੰਨ੍ਹ ਕੇ ਕੰਮਾਂ ਵਿਚ ਖਰੇ=ਖੜੇ ਹੋ ਗਏ ਹਨ।

ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ ॥ ੧ ॥

ਜਿਨ੍ਹਾਂ ਧੰਧਿਆਂ ਵਿਚ ਉਹ ਲਪਟਾਏ=ਫਸੇ ਹੋਏ ਸਨ, ਉਨ੍ਹਾਂ ਮਰਨ ਵਾਲਿਆਂ ਨਾਲੋਂ ਉਨ੍ਹਾਂ ਜੀਉਂਦਿਆਂ ਨੇ ਦੁਗੁਣ=ਦੂਣੀ ਮਾਇਆ ਦਿੜੀ=ਦ੍ਰਿੜ ਕੀਤੀ ਹੈ॥ ੧ ॥

ਓਹ ਬੇਲਾ ਕਛੁ ਚੀਤਿ ਨ ਆਵੈ॥
ਬਿਨਸਿ ਜਾਇ ਤਾਹੂ ਲਪਟਾਵੈ॥ ੧॥ ਰਹਾਉ॥

ਉਹ ਮਰਨ ਦਾ ਵੇਲਾ ਇਨ੍ਹਾਂ ਨੂੰ ਕੁਝ ਚੇਤੇ ਨਹੀਂ ਆਉਂਦਾ। ਜੋ ਪਦਾਰਥ ਨਾਸ ਹੋ ਜਾਂਦੇ ਹਨ, "ਤਾਹੂ ਲਪਟਾਵੈ"=ਉਨ੍ਹਾਂ ਹੀ ਪਦਾਰਥਾਂ ਵਿਚ ਫਸ ਰਹੇ ਹਨ॥ ੧॥ ਰਹਾਉ॥

ਆਸਾ ਬੰਧੀ ਮੂਰਖ ਦੇਹ॥ ਕਾਮ ਕ੍ਰੋਧ ਲਪਟਿਓ ਅਸਨੇਹ॥

ਮੂਰਖ ਪੁਰਸ਼ ਦੀ ਦੇਹ ਆਸਾ ਕਰਕੇ ਬੱਧੀ ਹੋਈ ਹੈ,

ਵਾ:-ਮੂਰਖ ਪੁਰਸ਼ ਦੀ ਦੇਹ ਵਿਚ ਆਸਾ ਬੰਧੀ=ਵਧ ਰਹੀ ਹੈ।

ਅਥਵਾ:-ਮੂਰਖ ਪੁਰਸ਼ ਨੇ ਦੇਹ ਵਿਚ ਆਸਾ ਦੀ ਪੰਡ ਬੰਨ੍ਹ ਰਖੀ ਹੈ।

ਅਤੇ ਅਸਨੇਹ=ਪ੍ਰੇਮ ਕਰਕੇ ਕਾਮ ਕ੍ਰੋਧ ਆਦਿਕਾਂ ਵਿਚ ਲੰਪਟ ਹੋ ਰਿਹਾ ਹੈ।

ਸਿਰ ਊਪਰਿ ਠਾਢੋ ਧਰਮ ਰਾਇ॥ ਮੀਠੀ ਕਰਿ ਕਰਿ ਬਿਖਿਆ ਖਾਇ॥ ੨॥

ਧਰਮਰਾਜਾ ਇਸ ਦੇ ਸਿਰ ਉਤੇ ਠਾਢੋ=ਖੜਾ ਹੋ ਕੇ ਵੇਖ ਰਿਹਾ ਹੈ, ਪਰ ਇਸ ਨੂੰ ਪਤਾ ਕੁਝ ਨਹੀਂ ਹੈ ਇਹ ਸਗੋਂ ਬਿਖਿਆ=ਜ਼ਹਿਰ ਰੂਪ ਮਾਇਆ ਨੂੰ ਮਿੱਠੀ ਜਾਣ ਕਰਕੇ ਖਾਣਾ ਕਰ ਰਿਹਾ ਹੈ॥ ੨॥

ਹਉ ਬੰਧਉ ਹਉ ਸਾਧਉ ਬੈਰੁ॥ ਹਮਰੀ ਭੂਮਿ ਕਉਣੁ ਘਾਲੈ ਪੈਰੁ॥

ਅਤੇ ਇਸ ਤਰ੍ਹਾਂ ਕਹਿੰਦਾ ਹੈ:-ਹਉ+ਬੰਧਉ=ਮੈਂ ਫਲਾਣੇ ਨੂੰ ਬੰਨ੍ਹਾਂਗਾ, ਹਉ ਸਾਧਉ+ਬੈਰੁ=ਮੈਂ ਉਸ ਤੋਂ ਆਪਣਾ ਵੈਰ ਭਾਵ ਬਦਲਾ ਲਵਾਂਗਾ।

ਹਮਰੀ ਭੂਮਿ=ਮੇਰੀ ਜ਼ਮੀਨ ਵਿਚ ਕੌਣ ਪੈਰ ਘਾਲੈ=ਪਾ ਸਕਦਾ ਹੈ।

ਹਉ ਪੰਡਿਤੁ ਹਉ ਚਤੁਰੁ ਸਿਆਣਾ॥ ਕਰਣੈਹਾਰੁ ਨ ਬੁਝੈ ਬਿਗਾਨਾ॥ ੩॥

ਹਉ=ਮੈਂ ਪੰਡਿਤ ਹਾਂ, ਮੈਂ ਵਾਕਾਂ ਕਰਕੇ ਚਤੁਰ ਹਾਂ, ਤੇ ਬੁੱਧੀ ਕਰਕੇ ਸਿਆਣਾ ਹਾਂ। ਏਡਾ ਹੰਕਾਰੀ ਹੋ ਕੇ ਇਹ ਬਿਗਾਨਾ=ਬੇਸਮਝ ਪੁਰਸ਼ ਕਰਣੈਹਾਰੁ=ਪ੍ਰਮਾਤਮਾ ਨੂੰ ਸਮਝਦਾ ਨਹੀਂ ਹੈ॥ ੩॥

ਅਪੁਨੀ ਗਤਿ ਮਿਤਿ ਆਪੇ ਜਾਨੈ॥ ਕਿਆ ਕੋ ਕਹੈ ਕਿਆ ਆਖਿ ਵਖਾਨੈ॥

ਉਹ ਪਰਮੇਸ਼ਰ ਆਪਣੀ ਗਤ ਦੀ ਮਿਤਿ=ਮਰਯਾਦਾ ਨੂੰ ਆਪ ਹੀ ਜਾਣਦਾ ਹੈ। ਹੋਰ ਕੋਈ ਕੀ ਕਹਿ ਸਕਦਾ ਹੈ, ਅਤੇ ਕੀ ਕੁਝ "ਆਖਿ ਵਖਾਨੈ"=ਮੂੰਹੋਂ ਕਹਿ ਕੇ ਸੁਣਾ ਸਕਦਾ ਹੈ।

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ॥
ਅਪਨਾ ਭਲਾ ਸਭ ਕਾਹੂ ਮੰਗਨਾ॥ ੪॥

ਜਿਸ ਜਿਸ ਤਰਫ ਕਿਸੇ ਨੂੰ ਲਗਾਂਦਾ ਹੈ, ਤਿਸ ਤਿਸ ਤਰਫ ਸਭ ਕੋਈ ਲਗਣਾ ਕਰਦਾ ਹੈ ਉਸ ਦੇ ਪਾਸੋਂ ਸਭ ਕਿਸੇ ਨੇ ਆਪਣਾ ਹੀ ਭਲਾ ਮੰਗਣਾ ਹੈ॥ ੪॥

ਸਭ ਕਿਛੁ ਤੇਰਾ ਤੂੰ ਕਰਣੈਹਾਰੁ॥ ਅੰਤੁ ਨਾਹੀ ਕਿਛੁ ਪਾਰਾਵਾਰੁ॥

ਹੇ ਪ੍ਰਭੂ ! ਸਭ ਕੁਝ ਤੇਰਾ ਹੈ ਤੂੰ ਆਪ ਹੀ ਸਭਨਾਂ ਦੇ ਕਰਨ ਵਾਲਾ ਹੈਂ।

ਅਪ ਜੀ ਦੇ ਪਾਰ ਉਰਵਾਰ ਦਾ ਕੁਝ ਅੰਤ ਨਹੀਂ ਆਉਂਦਾ।

ਦਾਸ ਅਪਨੇ ਕਉ ਦੀਜੈ ਦਾਨੁ॥
ਕਬਹੂ ਨ ਵਿਸਰੈ ਨਾਨਕ ਨਾਮੁ॥ ੫॥ ੯॥ ੭੮॥

ਆਪਣੇ ਦਾਸ ਨੂੰ ਇਹ ਦਾਨ ਦੇਣਾ ਕਰ। ਗੁਰੂ ਜੀ ਕਥਨ ਕਰਦੇ ਹਨ-ਆਪ ਜੀ ਦਾ,ਨਾਮ ਮੈਨੂੰ ਕਦੇ ਭੀ ਨ ਭੁਲੇ॥ ੫॥ ੯॥ ੭੮॥

ਗਉੜੀ ਗੁਆਰੇਰੀ ਮਹਲਾ ੫॥
ਅਨਿਕ ਜਤਨ ਨਹੀ ਹੋਤ ਛੁਟਾਰਾ॥ ਬਹੁਤੁ ਸਿਆਣਪ ਆਗਲ ਭਾਰਾ॥

ਨਾਮ ਸਿਮਰਨ ਤੋਂ ਬਿਨਾਂ ਅਨੇਕ ਤਰ੍ਹਾਂ ਦੇ ਜਤਨ ਕੀਤਿਆਂ ਭੀ ਛੁਟਕਾਰਾ ਨਹੀਂ ਹੁੰਦਾ, ਬਹੁਤੀਆਂ ਸਿਆਣਪਾਂ ਕਰਨ ਨਾਲ ਭੀ ਆਗਲ=ਬਹੁਤਾ ਪਾਪਾਂ ਦਾ ਭਾਰ ਹੁੰਦਾ ਹੈ।

ਹਰਿ ਕੀ ਸੇਵਾ ਨਿਰਮਲ ਹੇਤ॥ ਪ੍ਰਭ ਕੀ ਦਰਗਹ ਸੋਭਾ ਸੇਤ॥ ੧॥

ਹਰੀ ਦੀ ਸੇਵਾ ਹੀ ਮਨ ਨੂੰ ਨਿਰਮਲ ਕਰਨ ਦਾ ਹੇਤ=ਕਾਰਨ ਹੈ।
ਸੇਵਾ ਕਰਨ ਨਾਲ ਪ੍ਰਭੂ ਦੀ ਦਰਗਾਹ ਵਿਚ "ਸੋਭਾ ਸੇਤ"=ਇੱਜ਼ਤ ਨਾਲ ਜਾਂਦਾ ਹੈ
ਅਥਵਾ:-ਪ੍ਰਭੂ ਦੀ ਦਰਗਾਹ ਵਿਚ ਸੇਤ=ਉਜਲ ਸ਼ੋਭਾ ਹੁੰਦੀ ਹੈ।
ਅਥਵਾ:-ਪ੍ਰਭੂ ਦੀ ਸ਼ੋਭਾ ਕਰਨੇ ਰੂਪੀ ਸੇਤ=ਪੁਲ ਉੱਤੇ ਚੜ੍ਹਕੇ ਦਰਗਾਹ ਵਿਚ ਜਾਂਦਾ ਹੈ॥ ੧॥

[ਪੰਨਾ ੧੭੯]

ਮਨ ਮੇਰੇ ਗਹੁ ਹਰਿ ਨਾਮ ਕਾ ਓਲਾ॥
ਤੁਝੈ ਨ ਲਾਗੈ ਤਾਤਾ ਝੋਲਾ॥ ੧॥ ਰਹਾਉ॥

ਹੇ ਮੇਰੇ ਮਨ ! ਤੂੰ ਹਰੀ ਨਾਮ ਦਾ ਓਲਾ=ਆਸਰਾ ਗਹੁ=ਫੜ, ਫਿਰ ਤੈਨੂੰ "ਤਾਤਾ ਝੋਲਾ"=ਦੁਖਾਂ ਦਾ ਬੁੱਲਾ ਨਹੀਂ ਲਗੇਗਾ।

ਅਥਵਾ:-ਨਰਕਾਂ ਰੂਪੀ, ਵਾ:-ਪ੍ਰਸੂਤਾ ਪੌਣ ਰੂਪੀ ਤੱਤਾ ਬੁੱਲਾ ਨਹੀਂ ਲਗੇਗਾ॥ ੧॥

ਜਿਉ ਬੋਹਿਥੁ ਭੈ ਸਾਗਰ ਮਾਹਿ॥ ਅੰਧਕਾਰ ਦੀਪਕ ਦੀਪਾਹਿ॥

ਜਿਸ ਤਰ੍ਹਾਂ ਭੈਦਾਇਕ ਭਾਵ ਡਰੌਣੇ ਸਮੁੰਦਰ ਵਿਚ ਬੋਹਿਥੁ=ਜਹਾਜ਼ ਸੁਖਦਾਈ ਹੁੰਦਾ ਹੈ।
ਜਿਸ ਤਰ੍ਹਾਂ ਹਨੇਰੇ ਵਿਚ ਦੀਵੇ ਦਾ ਦੀਪਾਹਿ=ਪ੍ਰਕਾਸ਼ ਸੁਖਦਾਇਕ ਹੁੰਦਾ ਹੈ।

ਅਗਨਿ ਸੀਤ ਕਾ ਲਾਹਸਿ ਦੂਖ॥ ਨਾਮੁ ਜਪਤ ਮਨਿ ਹੋਵਤ ਸੂਖ॥ ੨॥

ਜਿਵੇਂ ਸੀਤ=ਠੰਢ ਦਾ ਦੁਖ ਅੱਗ ਦੂਰ ਕਰ ਦੇਂਦੀ ਹੈ, ਤਿਵੇਂ ਨਾਮ ਦੇ ਜਪਣ ਨਾਲ ਮਨ ਵਿਚ ਸੁਖ ਹੁੰਦਾ ਹੈ॥ ੨॥

ਉਤਰਿ ਜਾਇ ਤੇਰੇ ਮਨ ਕੀ ਪਿਆਸ॥ ਪੂਰਨ ਹੋਵੈ ਸਗਲੀ ਆਸ॥

ਨਾਮ ਦੇ ਪ੍ਰਤਾਪ ਕਰਕੇ ਹੇ ਪੁਰਖ਼ਾ ! ਤੇਰੇ ਮਨ ਦੀ ਪਿਆਸ=ਤ੍ਰਿਸ਼ਨਾਂ ਦੂਰ ਹੋ ਜਾਵੇਗੀ.

ਅਤੇ ਮਨ ਦੀ ਸਾਰੀ ਆਸਾ ਪੂਰਨ ਹੋ ਜਾਵੇਗੀ।

ਡੋਲੈ ਨਾਹੀ ਤੁਮਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥ ੩ ॥

ਫਿਰ ਤੇਰਾ ਚਿਤ ਕਦੇ ਡੋਲੇਗਾ ਨਹੀਂ, ਹੇ ਮਿਤਰਾ!! ਤੂੰ ਗੁਰਮੁਖਿ=ਗੁਰਾਂ ਦੁਆਰੇ ਨਾਮ ਅੰਮ੍ਰਿਤ ਨੂੰ ਜਪ ਲੈਣਾ ਕਰ ॥ ੩ ॥

ਨਾਮੁ ਅਉਖਧੁ ਸੋਈ ਜਨੁ ਪਾਵੈ ॥ ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥

ਪ੍ਰਭੂ ਕਿਰਪਾ ਕਰਕੇ ਆਪ ਹੀ ਜਿਸ ਨੂੰ ਗੁਰਾਂ ਪਾਸੋਂ ਦਿਵਾਂਦਾ ਹੈ,
ਉਹੀ ਪੁਰਸ਼ ਨਾਮ ਰੂਪ ਔਸ਼ਧੀ (ਦਵਾਈ) ਨੂੰ ਪਾਂਦਾ ਹੈ।

ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ ॥
ਦੂਖੁ ਦਰਦੁ ਤਿਹ ਨਾਨਕ ਨਸੈ ॥ ੪ ॥ ੧੦ ॥ ੭੯ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਮਨੁੱਖ ਦੇ ਹਿਰਦੇ ਵਿਚ ਹਰਿ ਹਰਿ ਨਾਮ ਵਸਦਾ ਹੈ, ਉਸ ਦੇ ਦੁਖ ਜਨ ਦਰਦ ਸਾਰੇ ਨਸ ਜਾਂਦੇ ਹਨ॥ ੪ ॥ ੧੦ ॥ ੭੯ ॥

ਗਉੜੀ ਗੁਆਰੇਰੀ ਮਹਲਾ ੫ ॥

ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥ ਅਨਿਕ ਰੂਪ ਦੇਖਿ ਨਹ ਪਤੀਆਨਾ ॥

ਬਹੁਤਾ ਦਰਬੁ=ਧਨ ਇਕੱਠਾ ਕਰ ਕੇ ਭੀ ਮਨ ਨਹੀਂ ਅਘਾਨਾ=ਰਜਿਆ। ਅਨੇਕ ਤਰ੍ਹਾਂ ਦੇ ਸੁੰਦਰ ਰੂਪ ਵੇਖਕੇ ਭੀ ਮਨ ਨਹੀਂ ਪਤੀਜਿਆ।

ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥ ਓਹ ਬਿਨਸੈ ਓਇ ਭਸਮੈ ਢੇਰੀ ॥ ੧ ॥

ਪੁਤ੍ਰ ਕਲਤ੍ਰ=ਇਸਤ੍ਰੀ ਤੇ ਦੌਲਤ ਨੂੰ ਮੇਰੀ ਜਾਣ ਕੇ ਭਾਵ ਆਪਣੀ ਸਮਝ ਕੇ ਇਨ੍ਹਾਂ ਵਿਚ ਹੀ ਉਰਝਿਓ=ਫਸ ਰਿਹਾ ਹੈ। *ਅਥਵਾ:*-ਪੁਤ੍ਰ ਤੇ ਕਲਤ੍ਰ=ਇਸਤ੍ਰੀ ਆਦਿਕਾਂ ਵਿਚ ਫਸ ਕੇ ਆਖਦਾ ਹੈ ਕਿ ਇਹ ਤਾਂ ਮੇਰੀ ਜਿੰਦ ਜਾਨ ਹਨ। ਪਰ ਇਹ ਨਹੀਂ ਸਮਝਦਾ ਕਿ-ਉਹ ਪਦਾਰਥ ਨਾਸ ਹੋ ਜਾਣੇ ਹਨ, ਅਤੇ ਉਹ ਪੁਤ੍ਰ ਇਸਤ੍ਰੀ ਆਦਿਕ ਸਨਬੰਧੀ ਵੀ "ਭਸਮੈ ਢੇਰੀ"=ਸੁਆਹ ਦੀ ਢੇਰੀ ਹੋ ਜਾਣੇ ਹਨ॥ ੧ ॥

ਬਿਨੁ ਹਰਿ ਭਜਨ ਦੇਖਉ ਬਿਲਲਾਤੇ ॥

ਵਿਚਾਰ ਕੇ ਦੇਖੋ ਹਰੀ ਦੇ ਭਜਨ ਤੋਂ ਬਿਨਾਂ ਸਾਰੇ ਵਿਰਲਾਪ ਕਰਦੇ ਫਿਰਦੇ ਹਨ।

ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥ ੧ ॥ ਰਹਾਉ ॥

ਸਰੀਰ ਨੂੰ ਧ੍ਰਿਕਾਰ ਹੈ, ਧਨ ਨੂੰ ਧ੍ਰਿਕਾਰ ਹੈ, ਅਤੇ ਜੋ ਮਾਇਆ ਨਾਲ ਰਤੇ ਹੋਏ ਹਨ ਉਨ੍ਹਾਂ ਨੂੰ ਭੀ ਧ੍ਰਿਕਾਰ ਹੈ॥ ੧ ॥ ਰਹਾਉ ॥

ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥
ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥

ਜਿਸ ਤਰ੍ਹਾਂ ਵਿਗਾਰੀ ਪੁਰਸ਼ ਦੇ ਸਿਰ ਉਤੇ ਦਾਮ=ਦਮੜਿਆਂ ਭਾਵ ਰੁਪਈਆਂ ਦੀ ਪੰਡ ਚੁਕਾ ਦੇਈਏ,

ਤਾਂ ਉਸ ਪੰਡ ਨੇ ਤਾਂ ਮਾਲਕ ਦੇ ਘਰ ਚਲਿਆ ਜਾਣਾ ਹੈ, ਤੇ ਉਸ ਵਿਗਾਰੀ ਨੇ ਨਿਰਾ ਦੁਖ ਹੀ ਸਹਾਮ= ਸਹਾਰਨਾ ਹੈ। ਕਿਉਂਕਿ ਵਿਗਾਰੀ ਨੂੰ ਮਜ਼ੂਰੀ ਭੀ ਨਹੀਂ ਮਿਲਦੀ।

ਏਸੇ ਤਰ੍ਹਾਂ ਇਹ ਜੀਵ ਵਿਗਾਰੀ ਹੈ ਇਸ ਦੇ ਸਿਰ ਪਰ ਸਨਬੰਧੀਆਂ ਦੇ ਪਾਲਣ ਦੀ ਵਿਗਾਰ ਪਈ ਹੋਈ ਹੈ। ਕੁਲ ਪਦਾਰਥ ਤਾਂ ਖਸਮੈ=ਪੁੰਨੀ ਪੁਰਸ਼ ਦੇ ਘਰ ਚਲੇ ਜਾਂਦੇ ਹਨ, ਇਹ ਵਿਗਾਰੀ ਜੀਵ ਕੇਵਲ ਦੁਖ ਹੀ ਸਹਾਮ=ਸਹਾਰਦਾ ਹੈ।

ਜਿਉ ਸੁਪਨੈ ਹੋਇ ਬੈਸਤ ਰਾਜਾ ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥ ੨ ॥

ਜਿਸ ਤਰ੍ਹਾਂ ਸੁਪਨੇ ਵਿਚ ਕੰਗਾਲ ਪੁਰਸ਼ ਰਾਜਾ ਹੋ ਕੇ ਬੈਠਦਾ ਹੈ, ਪਰ ਜਿਸ ਵੇਲੇ "ਨੇਤ੍ਰ ਪਸਾਰੈ"=ਅੱਖਾਂ ਖੋਲ੍ਹਦਾ ਹੈ, ਤਾਂ ਰਾਜਾ ਹੋਣੇ ਰੂਪ ਕਾਰਜ ਨਿਰਾਰਥ=ਨਿਸਫਲ ਹੀ ਦਿਖਾਈ ਦੇਂਦਾ ਹੈ।

ਏਸੇ ਤਰ੍ਹਾਂ ਸੰਸਾਰ ਦੇ ਸਾਰੇ ਕਾਰਜ ਨਿਸਫਲ ਹਨ॥ ੨ ॥

ਜਿਉ ਰਾਖਾ ਖੇਤ ਊਪਰਿ ਪਰਾਏ ॥ ਖੇਤੁ ਖਸਮ ਕਾ ਰਾਖਾ ਉਠਿ ਜਾਏ ॥

ਜਿਸ ਤਰ੍ਹਾਂ ਪਰਾਏ ਖੇਤ ਉੱਤੇ ਬੈਠਾ ਹੋਇਆ ਰਾਖਾ ਹਉਮੈ ਕਰਦਾ ਹੈ, ਕਿ ਇਹ ਖੇਤ ਮੇਰਾ ਹੈ, ਪਰ ਹੁੰਦਾ ਨਹੀਂ ਕਿਉਂਕਿ ਖੇਤ ਦਾ ਜੋ ਮਾਲਕ ਹੈ ਸਮੇਂ ਨਾਲ ਉਹ ਆਪਣੇ ਖੇਤ ਨੂੰ ਸਾਂਭ ਲੈਂਦਾ ਹੈ ਤੇ ਹਉਮੈ ਕਰਨ ਵਾਲਾ ਰਾਖਾ ਖਾਲੀ ਹੀ ਉੱਠ ਕੇ ਚਲਾ ਜਾਂਦਾ ਹੈ।

ਉਸੁ ਖੇਤ ਕਾਰਣਿ ਰਾਖਾ ਕੜੈ ॥ ਤਿਸ ਕੈ ਪਾਲੈ ਕਛੂ ਨ ਪੜੈ ॥ ੩ ॥

ਉਸ ਖੇਤ ਦੇ ਕਾਰਣਿ=ਵਾਸਤੇ ਰਾਖਾ ਕੜੈ=ਝੁਰਦਾ ਬਹੁਤ ਹੈ, ਸਾਰਾ ਸਾਰਾ ਦਿਨ ਰਾਖੀ ਕਰਦਾ ਰਹਿੰਦਾ ਹੈ, ਪਰ ਉਸ ਖੇਤ ਦੇ ਵਿਚੋਂ ਉਸ ਰਾਖੇ ਦੇ ਪੱਲੇ ਕੁਝ ਨਹੀਂ ਪੈਂਦਾ।

ਏਸੇ ਤਰ੍ਹਾਂ ਇਸ ਸੰਸਾਰ ਖੇਤ ਦਾ ਮਾਲਕ ਪਰਮੇਸ਼ਰ ਹੈ, ਜੀਵ ਤਾਂ ਰਾਖਾ ਹੈ ਪਰ ਇਸ ਦੇ ਪੱਲੇ ਕੁਝ ਨਹੀਂ ਪੈਂਦਾ॥ ੩ ॥

ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥
ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥

ਜਿਸ ਤਰ੍ਹਾਂ ਦਿਨ ਵਿਚ ਜਿਸ ਪਦਾਰਥ ਦਾ ਰਾਜੁ=ਸੰਕਲਪ ਹੁੰਦਾ ਹੈ, ਅਰਥਾਂਤ ਜਿਸ ਚੀਜ਼ ਦੀ ਬਹੁੱਲਤਾ ਹੁੰਦੀ ਹੈ, ਰਾਤ ਨੂੰ ਸੁਪਨਾ ਵੀ ਓਸੇ ਦਾ ਆਉਂਦਾ ਹੈ। ਜਿਵੇਂ ਇਕ ਮਨੁੱਖ ਦਿਨੇ ਫਿਰ ਕੇ ਬਜ਼ਾਜ਼ੀ ਵੇਚਦਾ ਹੁੰਦਾ ਸੀ। ਰਾਤ ਨੂੰ ਉਸ ਨੇ ਓਸੇ ਸੰਕਲਪ ਵਿਚ ਕਿਸੇ ਗਾਹਕ ਨੂੰ ਆਪਣੀ ਧੋਤੀ ਹੀ ਪਾੜ ਦਿਤੀ ਸੀ।

ਅਥਵਾ:-ਜਿਸ ਪਰਮੇਸ਼ਰ ਦਾ ਸਾਰੇ ਰਾਜੁ=ਹੁਕਮ ਚਲ ਰਿਹਾ ਹੈ ਓਸੇ ਦਾ ਇਹ ਸੰਸਾਰ ਸੁਪਨਾ ਰਚਿਆ ਹੋਇਆ ਹੈ।

ਅਥਵਾ:-ਜਿਸ ਨੂੰ ਪਰਮੇਸ਼ਰ ਦਾ ਰਾਜੁ=ਗਿਆਨ ਹੋਇਆ ਹੈ, ਉਸ ਨੇ ਸੰਸਾਰ ਨੂੰ ਸੁਪਨੇ ਵਾਂਗੂੰ ਮਿਥਿਆ ਨਿਸਚੇ ਕੀਤਾ ਹੈ ਜਿਸ ਪ੍ਰਭੂ ਨੇ ਜੀਵ ਨੂੰ ਮਾਇਆ ਦਿੱਤੀ ਹੈ ਓਸੇ ਨੇ ਜੀਵ ਨੂੰ ਤ੍ਰਿਸ਼ਨਾਂ ਲਗਾ ਦਿੱਤੀ ਹੈ।

ਆਪਿ ਬਿਨਾਹੇ ਆਪਿ ਕਰੇ ਰਾਸਿ॥
ਨਾਨਕ ਪ੍ਰਭ ਆਗੈ ਅਰਦਾਸਿ॥ ੪॥ ੧੧॥ ੮੦॥

ਜੋ ਪਰਮੇਸ਼ਰ ਆਪ ਬਿਨਾਹੇ=ਨਾਸ ਕਰਦਾ ਹੈ, ਆਪ ਹੀ ਸਾਰਿਆਂ ਕੰਮਾਂ ਨੂੰ ਰਾਸਿ=ਠੀਕ ਕਰਦਾ ਹੈ। ਵਾ:-ਆਪ ਹੀ ਰਾਸਿ=ਸਚਤਾਈ ਵਿਚ ਲਿਆਉਣਾ ਕਰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਅਸੀਂ ਤਾ ਓਸੇ ਪ੍ਰਭੂ ਅਗੇ ਅਰਦਾਸ ਕਰਦੇ ਹਾਂ॥ ੪॥ ੧੧॥ ੮੦॥

ਗਉੜੀ ਗੁਆਰੇਰੀ ਮਹਲਾ ੫॥

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥ ਕਲਮ ਕਾਗਦ ਸਿਆਨਪ ਲੇਖੀ॥

ਬਹੁਰੰਗੀ ਜੋ ਮਾਇਆ ਹੈ ਉਹ ਬਹੁਤ ਤਰ੍ਹਾਂ ਦੀ ਵੇਖੀ ਜਾਂਦੀ ਹੈ। ਕਿਸੇ ਨੂੰ ਕਲਮ ਰੂਪ, ਕਿਸੇ ਨੂੰ ਕਾਗਦ ਰੂਪ, ਕਿਸੇ ਨੂੰ ਸਿਆਣਪ ਰੂਪ, ਕਿਸੇ ਨੂੰ ਲੇਖੀ=ਲਿਖਣਾ ਰੂਪ ਹੋਈ ਮਾਇਆ ਵਿਆਪ ਰਹੀ ਹੈ।

ਮਹਰ ਮਲੂਕ ਹੋਇ ਦੇਖਿਆ ਖਾਨ॥ ਤਾ ਤੇ ਨਾਹੀ ਮਨੁ ਤ੍ਰਿਪਤਾਨ॥ ੧॥

ਅਸਾਂ ਨੇ ਵੇਖਿਆ ਹੈ ਕਿਸੇ ਨੂੰ ਮਹਰ* ਰੂਪ ਹੋਈ, ਕਿਸੇ ਨੂੰ ਮਲੂਕ ਰੂਪ ਹੋਈ, ਕਿਸੇ ਨੂੰ ਖਾਨ ਰੂਪ ਹੋ ਕੇ ਵਿਆਪ ਰਹੀ ਹੈ।

ਤਾਤੇ=ਤਿਸ ਮਾਇਆ ਕਰਕੇ ਕਿਸੇ ਦਾ ਮਨ ਤ੍ਰਿਪਤ ਨਹੀਂ ਹੁੰਦਾ ॥ ੧॥

ਸੋ ਸੁਖੁ ਮੋ ਕਉ ਸੰਤ ਬਤਾਵਹੁ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ॥੧॥ ਰਹਾਉ॥

ਹੇ ਸੰਤੋ ! ਮੈਨੂੰ ਉਹ ਸੁਖ ਦਾ ਸਾਧਨ ਬਤਾਵਹੁ=ਦਸੋ। ਜਿਸ ਕਰਕੇ ਪਦਾਰਥਾ ਦੀ ਤ੍ਰਿਸ਼ਨਾ ਬੁਝ ਜਾਵੇ ਅਤੇ ਮਨ ਤ੍ਰਿਪਤ ਹੋ ਜਾਵੇ॥ ੧॥ ਰਹਾਉ॥

ਅਸੁ ਪਵਨ ਹਸਤਿ ਅਸਵਾਰੀ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ॥

ਕਿਸੇ ਨੂੰ ਪਵਨ=ਹਵਾ ਵਾਂਗੂੰ ਤੇਜ਼ ਦੌੜਨ ਵਾਲੇ ਅਸੁ=ਘੋੜਿਆਂ ਉੱਤੇ ਚੜ੍ਹ ਕੇ ਸੈਲ ਕਰਨੇ ਰੂਪ, ਕਿਸੇ ਨੂੰ ਹਸਤਿ+ਅਸਵਾਰੀ=ਹਾਥੀਆਂ ਪਰ ਅਸਵਾਰੀ ਕਰਨੇ ਰੂਪ, ਕਿਸੇ ਨੂੰ ਚੰਦਨ ਆਦਿਕਾਂ ਦਾ ਚੁਆ ਕੇ ਸਰੀਰ ਤੇ ਮਲਣਾ ਰੂਪ, ਕਿਸੇ ਨੂੰ ਸੁੰਦਰ ਸੇਜਾ ਪਰ ਸੁੰਦਰ ਇਸਤ੍ਰੀਆਂ ਦਾ ਸੁਖ ਮਾਨਣਾ ਰੂਪ ਮਾਇਆ ਵਿਆਪ ਰਹੀ ਹੈ।

ਨਟ ਨਾਟਿਕ ਆਖਾਰੇ ਗਾਇਆ॥ ਤਾ ਮਹਿ ਮਨਿ ਸੰਤੋਖੁ ਨ ਪਾਇਆ॥ ੨॥

ਕਿਸੇ ਨੂੰ ਨਟਾਂ ਦੇ ਨਾਟਿਕ=ਤਮਾਸ਼ੇ ਵੇਖਣੇ ਰੂਪ, ਕਿਸੇ ਨੂੰ ਅਖਾੜੇ ਵਿਚ ਜਾ ਕੇ ਗਵੱਈਆਂ ਪਾਸੋਂ ਗਾਣਾ ਸੁਨਣਾ ਰੂਪ ਮਾਇਆ ਵਿਆਪ ਰਹੀ ਹੈ। ਇਨ੍ਹਾਂ ਪਦਾਰਥਾਂ ਵਿਚ ਲਗੇ ਹੋਏ ਮਨ ਨੇ ਕਦੇ ਭੀ ਸੰਤੋਖ ਨਹੀਂ ਪਾਇਆ॥ ੨॥

ਤਖਤੁ ਸਭਾ ਮੰਡਨ ਦੋਲੀਚੇ॥ ਸਗਲ ਮੇਵੇ ਸੁੰਦਰ ਬਾਗੀਚੇ॥

ਕਿਸੇ ਨੂੰ ਸਭਾ ਵਿਚ ਤਖਤ ਪਰ ਬੈਠਣਾ ਰੂਪ, ਕਿਸੇ ਨੂੰ ਦੋਲੀਚੇ=ਗਲੀਚਿਆਂ ਦਾ ਮੰਡਨ=ਵਿਛਾਣਾ ਰੂਪ

---

*ਨੋਟ:-ਮਹਰ-ਅਰਾਈਆਂ ਚੋਂ ਹੁੰਦੇ ਹਨ, ਮਲੂਕ-ਬਿਲੋਚਾਂ ਚੋਂ ਹੁੰਦੇ ਹਨ, ਖਾਨ-ਪੰਜ ਹਜਾਰੀ,ਦਸ ਹਜ਼ਾਰੀ ਹੁੰਦੇ ਹਨ।

ਹੋ ਕੇ ਮਾਇਆ ਵਿਆਪ ਰਹੀ ਹੈ।

ਅਥਵਾ:-ਕਿਸੇ ਨੂੰ ਰਾਜ ਤਖਤ ਰੂਪ ਹੋਈ, ਕਿਸੇ ਨੂੰ ਸਭਾ ਦਾ ਮੰਡਨ=ਲਗਾਣਾ ਰੂਪ ਹੋਈ, ਕਿਸੇ ਨੂੰ ਗਲੀਚੇ ਰੂਪ ਹੋਈ ਮਾਇਆ ਵਿਆਪ ਰਹੀ ਹੈ।

ਕਿਸੇ ਨੂੰ ਸਾਰੇ ਮੇਵੇ ਖਾਣੇ ਰੂਪ ਹੋਈ, ਕਿਸੇ ਨੂੰ ਸੁੰਦਰ ਬਗੀਚੇ ਲਗਾਣੇ ਰੂਪ ਹੋਈ ਮਾਇਆ ਵਿਆਪ ਰਹੀ ਹੈ।

ਅਥਵਾ:-ਕਿਸੇ ਨੂੰ ਸੁੰਦਰ ਬਗੀਚਿਆਂ ਵਿਚ ਸਾਰੇ ਮੇਵੇ ਲਗਾਣੇ ਰੂਪ ਹੋਈ ਮਾਇਆ ਵਿਆਪ ਰਹੀ ਹੈ।

ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥ ੩ ॥

ਕਿਸੇ ਨੂੰ ਰਾਜਿਆਂ ਦੀ ਲੀਲਾ ਜੋ ਆਖੇੜ+ਬਿਰਤਿ=ਸ਼ਿਕਾਰ ਬਿਰਤੀ ਹੈ ਉਹ ਸ਼ਿਕਾਰ ਬਿਰਤੀ ਰੂਪੀ ਹੋਈ ਮਾਇਆ ਵਿਆਪ ਰਹੀ ਹੈ। ਇਸ ਪ੍ਰਪੰਚ ਦੇ ਹੀਲਾ=ਉੱਦਮ ਵਿਚ ਮਨ ਕਦੇ ਸੁਖੀ ਨਹੀਂ ਹੁੰਦਾ।

ਵਾ:-ਇਹ ਪ੍ਰਪੰਚ ਹੀਲਾ=ਬਹਾਨਾ ਰੂਪ ਹੈ, ਵਾ:-ਦੁਖ ਰੂਪ ਹੈ,

ਵਾ:-ਹਿਲ ਜਾਣੇ ਵਾਲਾ ਹੈ ਇਸ ਲਈ ਇਸ ਵਿਚ ਮਨ ਨੂੰ ਕਦੇ ਸੁਹੇਲਾ=ਸੁਖ ਨਹੀਂ ਹੁੰਦਾ॥ ੩ ॥

ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥

ਜਿਸ ਵੇਲੇ ਸੰਤਾਂ ਨੇ ਕਿਰਪਾ ਕਰਕੇ ਸਚ ਨਾਮ ਕਿਹਾ। ਤਾਂ ਇਸ ਅਨੰਦ ਰੂਪ ਪਰਮੇਸ਼ਰ ਦੇ ਨਾਮ ਸਿਮਰਨ ਦੁਆਰਾ ਹੀ ਸਾਰਿਆਂ ਸੁਖਾਂ ਨੂੰ ਲੈਣਾ ਕੀਤਾ।

ਸਾਧਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਸਤਸੰਗਤਿ ਵਿਚ ਹਰੀ ਦਾ ਕੀਰਤਨ ਗਾਇਣ ਕਰਨਾ ਵਡਿਆਂ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ॥ ੪ ॥

ਜਾ ਕੈ ਹਰਿ ਧਨੁ ਸੋਈ ਸੁਹੇਲਾ ॥
ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥ ੧ ॥ ਰਹਾਉ ਦੂਜਾ ॥ ੧੨ ॥ ੮੧ ॥

ਜਿਸ ਦੇ ਪਾਸ ਹਰੀ ਨਾਮ ਧਨ ਹੈ ਓਹੀ ਪੁਰਸ਼ ਸੁਹੇਲਾ=ਸੁਖੀ ਹੈ। ਪਰ ਉਹ ਨਾਮ ਧਨ ਪਰਮੇਸ਼ਰ ਦੀ ਕਿਰਪਾ ਨਾਲ ਸਤਸੰਗਤਿ ਵਿਚੋਂ ਮਿਲਦਾ ਹੈ॥ ੧ ॥ ੧੨ ॥ ੮੧ ॥

[ਪੰਨਾ ੧੮੦]

ਗਉੜੀ ਗੁਆਰੇਰੀ ਮਹਲਾ ੫ ॥

ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥ ਬਹੁਰਿ ਬਹੁਰਿ ਉਆਹੂ ਲਪਟੇਰਾ ॥

ਪੁਰਸ਼ ਜਾਣਦਾ ਹੈ ਇਹ ਸਰੀਰ ਮੇਰਾ ਹੈ, ਇਸ ਲਈ ''ਬਹੁਰਿ ਬਹੁਰਿ''=ਮੁੜ ਮੁੜ ਕੇ ਉਸ ਸਰੀਰ ਦੇ ਪਾਲਣ ਵਿਚ ਲੰਪਟ ਹੋ ਰਿਹਾ ਹੈ।

ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥ ਹੋਨੁ ਨ ਪਾਈਐ ਰਾਮ ਕੇ ਦਾਸਾ ॥ ੧ ॥

ਪੁਤ੍ਰ ਤੇ ਕਲਤ੍ਰ=ਇਸਤ੍ਰੀ ਆਦਿਕ ਗ੍ਰਹਿਸਤ ਦਾ ਫਾਸਾ=ਫਾਹ ਪੈਣ ਕਰਕੇ, ਰਾਮ ਦਾ ਸੇਵਕ ਹੋਣਾ ਨਹੀਂ ਪਾ ਸਕਦਾ॥ ੧ ॥

ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ॥
ਕਵਨ ਸੁ ਮਤਿ ਜਿਤੁ ਤਰੈ ਇਹ ਮਾਇ॥ ੧॥ ਰਹਾਉ॥

ਉਹ ਕਿਹੜੀ ਵਿਧੀ ਹੈ ਅਰਥਾਤ ਉਹ ਕਿਹੜਾ ਢੰਗ ਹੈ ਜਿਸ ਕਰਕੇ ਰਾਮ ਦੇ ਗੁਣ ਗਾਵੇ? ਉਹ ਕਿਹੜੀ ਸੁ ਮਤਿ=ਸ੍ਰੇਸ਼ਟ ਮਤੀ ਹੈ ਜਿਸ ਕਰਕੇ ਇਸ ਮਾਇਆ ਤੋਂ ਤਰ ਜਾਵੇ? ॥ ੧॥ ਰਹਾਉ॥ ਕਿਉਂਕਿ:-

ਜੋ ਭਲਾਈ ਸੋ ਬੁਰਾ ਜਾਨੈ॥ ਸਾਚੁ ਕਹੈ ਸੋ ਬਿਖੈ ਸਮਾਨੈ॥

ਜੋ ਮਨੁੱਖ ਇਸ ਦੀ ਭਲਿਆਈ ਵਾਲੀ ਗੱਲ ਕਰਦਾ ਹੈ। ਉਸ ਨੂੰ ਇਹ ਬੁਰਾ ਜਾਣਦਾ ਹੈ। ਜੋ ਇਸ ਨੂੰ ਸਚ ਆਖਦਾ ਹੈ ਉਹ ਇਸ ਨੂੰ ਜ਼ੈਹਰ ਵਰਗਾ ਲਗਦਾ ਹੈ।

ਜਾਣੈ ਨਾਹੀ ਜੀਤ ਅਰੁ ਹਾਰ॥ ਇਹੁ ਵਲੇਵਾ ਸਾਕਤ ਸੰਸਾਰ॥ ੨॥

ਆਪਣੀ ਜਿੱਤ ਅਤੇ ਹਾਰ ਨੂੰ ਜਾਣਦਾ ਨਹੀਂ ਹੈ, ਕਿ-ਕਿਹੜੇ ਕਰਮਾਂ ਦੇ ਕਰਨ ਨਾਲ ਜਿੱਤ ਹੁੰਦੀ ਹੈ, ਕਿਹੜੇ ਕਰਮਾਂ ਦੇ ਕਰਨ ਨਾਲ ਹਾਰ ਹੁੰਦੀ ਹੈ। ਸੰਸਾਰ ਵਿਚ ਸਾਕਤ ਪੁਰਸ਼ ਦਾ "ਇਹੁ ਵਲੇਵਾ"=ਇਸ ਤਰ੍ਹਾਂ ਦਾ ਵਰਤਾਰਾ ਹੈ॥ ੨॥

ਜੋ ਹਲਾਹਲ ਸੋ ਪੀਵੈ ਬਉਰਾ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥

ਜੋ ਵਿਸ਼ੇ ਵਿਕਾਰ ਹਲਾਹਲ=ਜ਼ੈਹਰ ਵਾਂਗੂੰ ਦੁਖਦਾਈ ਹਨ, ਝੱਲਾ ਪੁਰਸ਼ ਉਨ੍ਹਾਂ ਨੂੰ ਹੱਸ ਕੇ ਪੀਂਦਾ ਹੈ। ਅਤੇ ਅੰਮ੍ਰਿਤ ਰੂਪ ਨਾਮ ਨੂੰ ਕਉਰਾ=ਕੌੜਾ ਕਰਕੇ ਜਾਣਦਾ ਹੈ।

ਸਾਧਸੰਗ ਕੈ ਨਾਹੀ ਨੇਰਿ॥ ਲਖ ਚਉਰਾਸੀਹ ਭ੍ਰਮਤਾ ਫੇਰਿ॥ ੩॥

ਸਤਸੰਗਤ ਦੇ ਨਜ਼ੀਕ ਜਾਂਦਾ ਹੀ ਨਹੀਂ। ਇਸ ਲਈ ਚੁਰਾਸੀ ਲੱਖ ਜੂਨੀਆਂ ਵਿਚ "ਭ੍ਰਮਤਾ ਫੇਰਿ"=ਭੌਂਦਾ ਫਿਰਦਾ ਹੈ॥ ੩॥

ਏਕੈ ਜਾਲਿ ਫਹਾਏ ਪੰਖੀ॥ ਰਸਿ ਰਸਿ ਭੋਗ ਕਰਹਿ ਬਹੁ ਰੰਗੀ॥

ਪਰਮੇਸ਼ਰ ਨੇ ਇਕ ਮਾਇਆ ਰੂਪੀ ਜਲ ਵਿਚ ਸਾਰੇ ਜੀਵਾਂ ਰੂਪੀ ਪੰਛੀ ਫਸਾਏ ਹੋਏ ਹਨ।

ਅਥਵਾ:-ਮਾਇਆ ਨੇ ਮੋਹ ਰੂਪੀ ਜਾਲ ਵਿਚ ਸਾਰੇ ਜੀਵਾਂ ਰੂਪੀ ਪੰਛੀ ਫਹਾਏ=ਫਸਾਏ ਹੋਏ ਹਨ। ਇਸ ਲਈ ਇਹ ਜੀਵ ਬਹੁ ਰੰਗੀ=ਮਾਇਆ ਵਿਚ ਰਸਿ=ਫਸਕੇ ਰਸਿ=ਵਿਸ਼ੇ ਰਸਾਂ ਨੂੰ ਭੋਗਣਾ ਕਰਦੇ ਹਨ।

ਕਹੁ ਨਾਨਕ ਜਿਸੁ ਭਏ ਕ੍ਰਿਪਾਲ॥
ਗੁਰਿ ਪੂਰੈ ਤਾ ਕੇ ਕਾਟੇ ਜਾਲ॥ ੪॥ ੧੩॥ ੮੨॥

ਗੁਰੂ ਜੀ ਕਥਨ ਕਰਦੇ ਹਨ ਜਿਸ ਉੱਤੇ ਪ੍ਰਭੂ ਕਿਰਪਾਲੂ ਹੋਏ ਹਨ। ਪੂਰਿਆਂ ਗੁਰਾਂ ਨੇ ਉਸ ਦੇ ਗਲ ਚੋਂ ਸਾਰੇ ਮੋਹ ਦੇ ਜਾਲ=ਬੰਧਨ ਕੱਟ ਦਿਤੇ ਹਨ॥ ੪॥ ੧੩॥ ੮੨॥

ਗਉੜੀ ਗੁਆਰੇਰੀ ਮਹਲਾ ੫॥
ਤਉ ਕਿਰਪਾ ਤੇ ਮਾਰਗੁ ਪਾਈਐ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ॥

ਹੇ ਪ੍ਰਭੂ ! ਤੇਰੀ ਕਿਰਪਾ ਨਾਲ ਗਿਆਨ ਭਗਤੀ ਰੂਪ ਮਾਰਗ ਪਾਈਦਾ ਹੈ।

ਹੇ ਪ੍ਰਭੂ ! ਤੇਰੀ ਕਿਰਪਾ ਨਾਲ ਹੀ ਨਾਮ ਧਿਆ ਸਕੀਦਾ ਹੈ।

ਪ੍ਰਭ ਕਿਰਪਾ ਤੇ ਬੰਧਨ ਛੁਟੈ॥ ਤਉ ਕਿਰਪਾ ਤੇ ਹਉਮੈ ਤੁਟੈ॥ ੧ ॥

ਹੇ ਪ੍ਰਭੂ ! ਤੇਰੀ ਕਿਰਪਾ ਨਾਲ ਹੀ ਬੰਧਨ ਖੁਲ੍ਹਦੇ ਹਨ।

ਹੇ ਪ੍ਰਭੂ ! ਤੇਰੀ ਕਿਰਪਾ ਨਾਲ ਹੀ ਹੰਗਤਾ ਮਮਤਾ ਟੁੱਟਦੀ ਹੈ॥ ੧॥

ਤੁਮ ਲਾਵਹੁ ਤਉ ਲਾਗਹ ਸੇਵ॥ ਹਮ ਤੇ ਕਛੁ ਨ ਹੋਵੈ ਦੇਵ॥ ੧ ॥ ਰਹਾਉ॥

ਹੇ ਦੇਵ=ਪ੍ਰਕਾਸ਼ ਰੂਪ ਪਰਮਾਤਮਾ ਤੁਸੀਂ ਲਗਾਓਗੇ ਤਾਂਹੀ ਅਸੀਂ ਤੁਹਾਡੀ ਸੇਵਾ ਵਿਚ ਲਗਾਂਗੇ, ਤੁਹਾਡੀ ਕਿਰਪਾ ਤੋਂ ਬਿਨਾਂ ਸਾਡੇ ਪਾਸੋਂ ਕੁਝ ਭੀ ਨਹੀਂ ਹੋ ਸਕਦਾ॥ ੧॥ ਰਹਾਉ॥

ਤੁਧੁ ਭਾਵੈ ਤਾ ਗਾਵਾ ਬਾਣੀ॥ ਤੁਧੁ ਭਾਵੈ ਤਾ ਸਚੁ ਵਖਾਣੀ॥

ਆਪ ਜੀ ਨੂੰ ਭਾਵੇ ਤਾਂਹੀ ਮੈਂ ਗੁਰਬਾਣੀ ਪੜ੍ਹਾਂਗਾ। ਆਪ ਜੀ ਨੂੰ ਭਾਵੇ ਤਾਂਹੀ ਮੈਂ ਸਚ ਨੂੰ, ਵਾ:-ਸਚ ਨਾਮ ਨੂੰ ਵਖਾਣੀ=ਕਥਨ ਕਰਾਂਗਾ।

ਤੁਧੁ ਭਾਵੈ ਤਾ ਸਤਿਗੁਰ ਮਇਆ॥ ਸਰਬ ਸੁਖਾ ਪ੍ਰਭ ਤੇਰੀ ਦਇਆ॥ ੨ ॥

ਆਪ ਜੀ ਨੂੰ ਭਾਵੇ ਤਾਂਹੀ ਸਤਿਗੁਰਾਂ ਦੀ ਮਇਆ=ਕਿਰਪਾ ਹੋਵੇਗੀ।

ਹੇ ਪ੍ਰਭੂ ! ਤੇਰੀ ਕਿਰਪਾ ਦ੍ਰਿਸ਼ਟੀ ਵਿਚ ਹੀ ਸਾਰੇ ਸੁਖ ਹਨ॥ ੨॥

ਜੋ ਤੁਧੁ ਭਾਵੈ ਸੋ ਨਿਰਮਲ ਕਰਮਾ॥ ਜੋ ਤੁਧੁ ਭਾਵੈ ਸੋ ਸਚੁ ਧਰਮਾ॥

ਜੋ ਆਪ ਜੀ ਨੂੰ ਭਾਂਵਦਾ ਹੈ ਓਹੀ ਕਰਮ ਨਿਰਮਲ=ਪਵਿੱਤ੍ਰ ਹੈ।

ਜੋ ਆਪ ਜੀ ਨੂੰ ਭਾਂਵਦਾ ਹੈ ਓਹੀ ਸੱਚਾ ਧਰਮ ਹੈ।

ਸਰਬ ਨਿਧਾਨ ਗੁਣ ਤੁਮ ਹੀ ਪਾਸਿ॥ ਤੂੰ ਸਾਹਿਬੁ ਸੇਵਕ ਅਰਦਾਸਿ॥ ੩ ॥

ਸਾਰੇ ਨਿਧਾਨ=ਖਜ਼ਾਨੇ ਅਤੇ ਸ਼ੁਭ ਗੁਣ ਆਪ ਜੀ ਦੇ ਪਾਸ ਹਨ। ਤੂੰ ਸਾਹਿਬ ਹੈਂ, ਤੇ ਮੈਂ ਅਰਦਾਸਿ=ਬੇਨਤੀ ਕਰਨ ਵਾਲਾ ਆਪ ਜੀ ਦਾ ਸੇਵਕ ਹਾਂ॥ ੩॥

ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ॥ ਸਰਬ ਸੁਖਾ ਪਾਵਉ ਸਤਸੰਗਿ॥

ਹੇ ਹਰੀ ! ਆਪ ਜੀ ਦੇ ਰੰਗਿ=ਪ੍ਰੇਮ ਕਰਕੇ ਹੀ ਮਨ ਤਨ ਨਿਰਮਲੁ=ਸ਼ੁਧ ਹੁੰਦਾ ਹੈ। ਆਪਣਾ ਸਤਿਸੰਗ ਕਰਨਾ ਬਖਸ਼ੋ ਜਿਸ ਸਤਿਸੰਗ ਦੇ ਪਰਤਾਪ ਕਰਕੇ ਮੈਂ ਸਾਰਿਆਂ ਸੁਖਾਂ ਨੂੰ ਪਾਵਾਂ।

ਨਾਮਿ ਤੇਰੈ ਰਹੈ ਮਨੁ ਰਾਤਾ॥

ਇਹੁ ਕਲਿਆਣੁ ਨਾਨਕ ਕਰਿ ਜਾਤਾ॥ ੪॥ ੧੪॥ ੮੩॥

ਹੇ ਨਾਮੀ ਪ੍ਰਭੂ ਤੇਰੇ ਨਾਮ ਸਿਮਰਨ ਵਿਚ ਹੀ ਮੇਰਾ ਮਨ ਰਾਤਾ=ਰੰਗਿਆ ਰਹੇ। ਗੁਰੂ ਜੀ ਕਥਨ ਕਰਦੇ ਹਨ— ਇਹੁ=ਏਸੇ ਨਾਮ ਨੂੰ ਹੀ ਮੈਨੇ ਕਲਿਆਣੁ=ਸੁਖ ਸਰੂਪ ਕਰਕੇ ਜਾਣਿਆ ਹੈ॥ ੪॥ ੧੪॥ ੮੩॥

ਗਉੜੀ ਗੁਆਰੇਰੀ ਮਹਲਾ ੫ ॥

ਆਨ ਰਸਾ ਜੇਤੇ ਤੈ ਚਾਖੇ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ॥

ਹੇ ਜੀਭ ! ਹੋਰ ਜਿੰਨੇ ਭੀ ਦੁਨਿਆਵੀ ਰਸ ਤੈਨੇ ਚੱਖੇ ਹਨ। ਉਨ੍ਹਾਂ ਰਸਾਂ ਨਾਲ ਤੇਰੀ ਇਕ ਨਿਮਖ ਭਰ

ਵੀ ਤ੍ਰਿਸ਼ਨਾਂ ਨਹੀਂ ਲੱਥੀ।

ਹਰਿ ਰਸ ਕਾ ਤੂੰ ਚਾਖਹਿ ਸਾਦੁ॥ ਚਾਖਤ ਹੋਇ ਰਹਹਿ ਬਿਸਮਾਦੁ ॥ ੧ ॥

ਹੇ ਜੀਭ ! ਜੇਕਰ ਤੂੰ ਹਰੀ ਨਾਮ ਰਸ ਦਾ ਸੁਆਦ ਚੱਖ ਲਵੇਂ। ਤਾਂ ਚਖਦਿਆਂ ਨਾਲ ਹੀ ਬਿਸਮਾਦੁ= ਅਸਚਰਜ ਹੋ ਰਹੇਂਗੀ॥ ੧ ॥

ਅੰਮ੍ਰਿਤੁ ਰਸਨਾ ਪੀਉ ਪਿਆਰੀ॥
ਇਹ ਰਸ ਰਾਤੀ ਹੋਇ ਤ੍ਰਿਪਤਾਰੀ॥ ੧ ॥ ਰਹਾਉ ॥

ਹੇ ਪਿਆਰੀ ਰਸਨਾ ! ਤੂੰ ਨਾਮ ਅੰਮ੍ਰਿਤ ਰਸ ਨੂੰ ਪੀਣਾ ਕਰ। ਇਸ ਨਾਮ ਰਸ ਵਿਚ ਰਤੀ ਹੋਈ ਤੂੰ ਸੰਸਾਰਕ ਪਦਾਰਥਾਂ ਵਲੋਂ ਤ੍ਰਿਪਤ ਹੋ ਜਾਏਂਗੀ॥ ੧ ॥ ਰਹਾਉ॥

ਹੇ ਜਿਹਵੇ ਤੂੰ ਰਾਮ ਗੁਣ ਗਾਉ॥ ਨਿਮਖ ਨਿਮਖ ਹਰਿ ਹਰਿ ਹਰਿ ਧਿਆਉ॥

ਹੇ ਜੀਭ ! ਤੂੰ ਰਾਮ ਦੇ ਗੁਣ ਗਾਉਣਾ ਕਰ। ਨਿਮਖ ਨਿਮਖ ਕਾਲ ਵਿਚ ਹਰੀ ਦੇ ਹਰਿ ਹਰਿ ਨਾਮ ਨੂੰ ਧਿਆਵਨਾ ਕਰ। ਵਾ:-ਮਨ ਕਰਕੇ ਹਰੀ ਨਾਮ ਨੂੰ ਬਾਣੀ ਦੁਆਰਾ ਹਰੀ ਨਾਮ ਨੂੰ ਸਰੀਰ ਕਰਕੇ ਹਰੀ ਨਾਮ ਨੂੰ ਧਿਆਣਾ ਕਰ।

ਆਨ ਨ ਸੁਨੀਐ ਕਤਹੁੰ ਜਾਈਐ॥ ਸਾਧਸੰਗਤਿ ਵਡਭਾਗੀ ਪਾਈਐ॥ ੨ ॥

ਆਨ+ਕਤਹੁੰ=ਹੋਰ ਕਿਧਰੋਂ ਹਰੀ ਨਾਮ ਸੁਣਿਆ ਨਹੀਂ ਜਾਂਦਾ। ਵਡਿਆਂ ਭਾਗਾਂ ਨਾਲ ਸਤਸੰਗਤਿ ਵਿਚੋਂ ਨਾਮ ਪਾਈਦਾ ਹੈ। *ਅਥਵਾ:*-ਸਤਸੰਗਤਿ ਤੋਂ ਬਿਨਾਂ ਨਾ ਕਿਸੇ ਹੋਰ ਅਸਥਾਨ ਤੇ ਜਾਈਏ ਨਾਹੀਂ ਵਾਹਿਗੁਰੂ ਨਾਮ ਤੋਂ ਬਿਨਾਂ ਹੋਰ ਗੱਲ ਸੁਣੀਏ।

ਅਥਵਾ:-ਕਰਮਾਂ ਅਨੁਸਾਰ ਜੇ ਕਤਹੁੰ+ਜਾਈਐ=ਕਿਧਰੇ ਚਲੇ ਵੀ ਜਾਈਏ ਤਾਂ ਓਥੇ ਹੋਰ ਕੋਈ ਗੱਲ ਨਾ ਸੁਣੀਏ। ਵਡਿਆਂ ਭਾਗਾਂ ਨਾਲ ਸਤਸੰਗਤਿ ਕਰਨੀ ਜ਼ਰੂਰ ਪਾਈਏ॥ ੨ ॥

ਆਠ ਪਹਰ ਜਿਹਵੇ ਆਰਾਧਿ॥ ਪਾਰਬ੍ਰਹਮ ਠਾਕੁਰ ਆਗਾਧਿ॥

ਹੇ ਜਿਹਵੇ=ਜੀਭ ! ਤੂੰ ਅਠੇ ਪਹਿਰ ਦਿਨ ਰਾਤ ਉਸ ਨੂੰ ਅਰਾਧਣਾ ਕਰ। ਜੋ ਪਾਰਬ੍ਰਹਮ ਸਾਰਿਆਂ ਦਾ ਠਾਕੁਰ ਸੁਆਮੀ ਹੈ ਤੇ ਆਗਾਧਿ=ਡੂੰਘਾ ਹੈ।

ਈਹਾ ਊਹਾ ਸਦਾ ਸੁਹੇਲੀ॥ ਹਰਿ ਗੁਣ ਗਾਵਤ ਰਸਨ ਅਮੋਲੀ ॥ ੩ ॥

"ਈਹਾ ਊਹਾ"=ਲੋਕ ਪ੍ਰਲੋਕ ਵਿਚ ਤੂੰ ਹਮੇਸ਼ਾਂ ਸੁਹੇਲੀ=ਸੁਖੀ ਹੋਵੇਂਗੀ।

ਹੇ ਰਸਨਾ ! ਹਰੀ ਦੇ ਗੁਣ ਗਾਉਂਦਿਆਂ ਤੂੰ ਅਮੋਲਕ ਹੋਵੇਂਗੀ॥ ੩ ॥

ਬਨਸਪਤਿ ਮਉਲੀ ਫਲ ਫੁਲ ਪੇਡੇ॥ ਇਹ ਰਸ ਰਾਤੀ ਬਹੁਰਿ ਨ ਛੋਡੇ॥

ਜਿਸ ਪਰਮੇਸ਼ਰ ਦੀ ਕਿਰਪਾ ਨਾਲ ਸਾਰੀ ਬਨਾਸਪਤੀ ਮਉਲੀ=ਪ੍ਰਫੁਲਤ ਹੋ ਰਹੀ ਹੈ, ਅਤੇ ਪੇਡੇ=ਬ੍ਰਿੱਛਾਂ ਨੂੰ ਫੁਲ ਫਲ ਲਗ ਰਹੇ ਹਨ।

ਏਸੇ ਤਰ੍ਹਾਂ ਜਿਸ ਪਰਮੇਸ਼ਰ ਦੀ ਸੱਤਾ ਨਾਲ ਸਤਸੰਗਤਿ ਰੂਪ ਬਨਾਸਪਤੀ ਖਿੜ ਰਹੀ ਯਾਨੇ ਪ੍ਰਫੁਲਤ ਹੋ

ਰਹੀ ਹੈ। ਅਤੇ ਜਗਿਆਸੂ ਰੂਪ ਪੇਡੇ=ਬ੍ਰਿੱਛਾਂ ਨੂੰ ਧਰਮ ਫੁਲ ਤੇ ਗਿਆਨ ਰੂਪੀ ਫਲ ਲਗ ਰਹੇ ਹਨ।

ਹੇ ਜਿਹਵੇ ! ਜੇ ਤੂੰ ਇਕ ਵਾਰ ਵੀ ਇਸ ਨਾਮ ਰਸ ਵਿਚ ਤਦਾਕਾਰ ਹੋ ਜਾਵੇਂ ਤਾਂ ਫਿਰ ਕਦੇ ਭੀ ਉਸ ਨਾਮ ਰਸ ਨੂੰ ਛਡੇਂਗੀ ਨਹੀਂ।

ਆਨ ਨ ਰਸ ਕਸ ਲਵੈ ਨ ਲਾਈ॥
ਕਹੁ ਨਾਨਕ ਗੁਰ ਭਏ ਹੈ ਸਹਾਈ॥ ੪ ॥ ੧੫ ॥ ੮੪ ॥

ਇਸ ਨਾਮ ਰਸ ਦੇ ਲਵੈ=ਸਦ੍ਰਸ ਆਨਨ=ਹੋਰ ਰਸ ਕਸ ਨਹੀਂ ਲਗ ਸਕਦੇ। ਗੁਰੂ ਜੀ ਕਥਨ ਕਰਦੇ ਹਨ— ਇਹ ਨਾਮ ਰਸ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਦੇ ਸਹਾਇਕ ਗੁਰੂ ਹੋਏ ਹਨ॥ ੪ ॥ ੧੫ ॥ ੮੪ ॥

[ਪੰਨਾ.੧੮੧]

ਗਉੜੀ ਗੁਆਰੇਰੀ ਮਹਲਾ ੫ ॥
ਮਨੁ ਮੰਦਰੁ ਤਨੁ ਸਾਜੀ ਬਾਰਿ॥ ਇਸ ਹੀ ਮਧੇ ਬਸਤੁ ਅਪਾਰ॥

ਪਹਿਲਾ ਅਰਥ—

ਮਨ ਰੂਪੀ ਮੰਦਰ ਹੈ ਇਸ ਦੇ ਆਲੇ ਦੁਆਲੇ ਤਨੁ=ਅਸਥੂਲ ਦੇਹ ਰੂਪੀ ਬਾਰਿ=ਵਾੜ ਬਣਾਈ ਹੋਈ ਹੈ। ਏਸੇ ਮਨ ਰੂਪ ਮੰਦਰ ਦੇ ਵਿਚ ਹੀ ਬਿਅੰਤ ਵਸਤੂਆਂ ਹਨ।

ਯਥਾ:- ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ *(ਧਨਾਸਰੀ ਪੀਪਾ, ਪੰਨਾ ੬੯੫)*

ਇਸ ਹੀ ਭੀਤਰਿ ਸੁਨੀਅਤ ਸਾਹੁ॥
ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ॥ ੧ ॥

ਏਸੇ ਮਨ ਰੂਪ ਮੰਦਰ ਦੇ ਵਿਚ ਹੀ ਸਾਹੁ=ਪਰਮਾਤਮਾ ਸੁਣਿਆ ਜਾਂਦਾ ਹੈ।

ਪ੍ਰਸ਼ਨ- ਉਹ ਕਿਹੜਾ ਵਪਾਰੀ ਹੈ ਜਿਸ ਦਾ ਉਸ ਸ਼ਾਹ=ਪਰਮੇਸ਼ਰ ਉੱਤੇ ਵਿਸਾਹੁ=ਭਰੋਸਾ ਬੱਝਾ ਹੋਇਆ ਹੈ?

*ਉੱਤਰ:-*ਜਿਸ ਉੱਤੇ ਗੁਰਾਂ ਦੀ ਕਿਰਪਾ ਹੋਈ ਹੈ ਓਹੀ ਵਪਾਰੀ ਹੈ।

ਨਾਮ ਰਤਨ ਕੋ ਕੋ ਬਿਉਹਾਰੀ॥ ਅੰਮ੍ਰਿਤ ਭੋਜਨੁ ਕਰੇ ਆਹਾਰੀ॥ ੧ ॥ ਰਹਾਉ ॥

*ਪ੍ਰਸ਼ਨ:-*ਪਰਮੇਸ਼ਰ ਦੇ ਨਾਮ ਰੂਪ ਰਤਨ ਦਾ ਕਿਹੜਾ ਕਿਹੜਾ ਵਾਪਾਰੀ ਹੈ?

*ਉੱਤਰ:-*ਜਿਸ ਉੱਤੇ ਗੁਰਾਂ ਦੀ ਕਿਰਪਾ ਹੋਈ ਹੈ ਓਹੀ ਨਾਮ ਰੂਪ ਰਤਨ ਦਾ ਵਾਪਾਰੀ ਹੈ।

*ਪ੍ਰਸ਼ਨ:-*ਨਾਮ ਅੰਮ੍ਰਿਤ ਰੂਪ ਭੋਜਨ ਦਾ ਅਹਾਰ ਕੌਣ ਕਰਦਾ ਹੈ?

*ਉੱਤਰ:-*ਜਿਸ ਉੱਤੇ ਗੁਰਾਂ ਦੀ ਕਿਰਪਾ ਹੋਈ ਹੈ ਓਹੀ ਨਾਮ ਭੋਜਨ ਨੂੰ ਛਕਣਾ ਕਰਦਾ ਹੈ।

ਮਨੁ ਤਨੁ ਅਰਪੀ ਸੇਵ ਕਰੀਜੈ॥ ਕਵਨ ਸੁ ਜੁਗਤਿ ਜਿਤੁ ਕਰਿ ਭੀਜੈ॥

*ਪ੍ਰਸ਼ਨ-*ਮਨ ਤਨ ਦੇ ਅਰਪਣੇ ਰੂਪੀ ਸੇਵਾ ਨੂੰ ਕੌਣ ਕਰਦਾ ਹੈ?

*ਉੱਤਰ:-*ਜਿਸ ਉੱਤੇ ਗੁਰਾਂ ਦੀ ਕਿਰਪਾ ਹੋਈ ਹੈ ਓਹੀ ਮਨ ਤਨ ਦੇ ਅਰਪਣੇ ਰੂਪੀ ਸੇਵਾ ਕਰ਼ਦਾ ਹੈ।

ਪ੍ਰਸ਼ਨ:-ਉਹ ਕਿਹੜੀ ਸ੍ਰੇਸ਼ਟ ਜੁਗਤੀ ਹੈ ਜਿਸ ਕਰਕੇ ਪਰਮੇਸ਼ਰ ਵਿਚ ਭੀਜੈ=ਤਦਾਕਾਰ ਹੋਵੇ?

ਉੱਤਰ:-ਗੁਰਾਂ ਦੀ ਜਿਹੜੀ ਕਿਰਪਾ ਹੋਣੀ ਹੈ ਏਹੋ ਸ੍ਰੇਸ਼ਟ ਜੁਗਤੀ ਹੈ।

ਪਾਇ ਲਗਉ ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ ਜੋ ਸਉਦਾ ਜੋਰੈ ॥ ੨ ॥

ਪ੍ਰਸ਼ਨ:-ਕਿਵੇਂ ਮੇਰ ਤੇਰ ਨੂੰ ਤਿਆਗ ਕੇ ਪਾਇ=ਚਰਨਾਂ ਨਾਲ ਲਗਣਾ ਕਰੇ?

ਉੱਤਰ:-ਕਿਰਪਾ ਹੋਵੇ ਤਾਂਹੀਂ ਮੇਰ ਤੇਰ ਨੂੰ ਤਿਆਗ ਕੇ ਚਰਨਾਂ ਨਾਲ ਲਗਦਾ ਹੈ।

ਪ੍ਰਸ਼ਨ:-ਉਹ ਕਿਹੜਾ ਸ੍ਰੇਸ਼ਟ ਜਨ ਹੈ ਜੋ ਪਰਮੇਸ਼ਰ ਦੀ ਪ੍ਰਾਪਤੀ ਰੂਪ ਸੌਦੇ ਨਾਲ ਜੋੜਦਾ ਹੈ?

ਉੱਤਰ:-ਜਿਸ ਉਤੇ ਗੁਰਾਂ ਦੀ ਕਿਰਪਾ ਹੈ ਓਹੀ ਸ੍ਰੇਸ਼ਟ ਜਨ ਹੈ।

ਮਹਲੁ ਸਾਹ ਕਾ ਕਿਨ ਬਿਧਿ ਪਾਵੈ ॥ ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥

ਪ੍ਰਸ਼ਨ:-ਸਾਹ=ਪਰਮੇਸ਼ਰ ਦਾ ਮਹਲੁ=ਸਰੂਪ ਕਿਸ ਵਿਧੀ ਨਾਲ ਪਾਵੇ?

ਉੱਤਰ:-ਕਿਰਪਾ ਹੀ ਵਿਧੀ ਹੈ ਗੁਰਾਂ ਦੀ ਕਿਰਪਾ ਨਾਲ ਪਰਮੇਸ਼ਰ ਦੇ ਸਰੂਪ ਨੂੰ ਪਾ ਸਕਦਾ ਹੈ।

ਪ੍ਰਸ਼ਨ:-ਉਹ ਕਿਹੜੀ ਸ੍ਰੇਸ਼ਟ ਵਿਧੀ ਹੈ ਜਿਸ ਕਰਕੇ ਪਰਮੇਸ਼ਰ ਆਪਣੇ ਅੰਦਰ ਬੁਲਾ ਲਵੇ?

ਉੱਤਰ:-ਕਿਰਪਾ ਹੀ ਵਿਧੀ ਹੈ ਗੁਰ ਕ੍ਰਿਪਾ ਹੋਣ ਤੇ ਪਰਮੇਸ਼ਰ ਆਪਣੇ ਅੰਦਰ ਬੁਲਾ ਲੈਂਦਾ ਹੈ।

ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ ॥ ਕਵਨੁ ਸੁ ਦਾਤਾ ਲੇ ਸੰਚਾਰੇ ॥ ੩ ॥

ਹੇ ਪਰਮੇਸ਼ਰ ਤੂੰ ਸਾਰਿਆਂ ਨਾਲੋਂ ਵੱਡਾ ਸ਼ਾਹ ਹੈਂ ਜਿਸ ਆਪ ਦੇ ਕ੍ਰੋੜਾਂ ਹੀ ਮਹਾਤਮਾਂ ਰੂਪ ਵਣਜਾਰੇ ਹਨ। ਆਪ ਦੀ ਪ੍ਰਾਪਤੀ ਗੁਰ ਕਿਰਪਾ ਨਾਲ ਹੁੰਦੀ ਹੈ।

ਪ੍ਰਸ਼ਨ:-ਉਹ ਕਿਹੜਾ ਦਾਤਾ ਹੈ ਜੋ ਸਾਨੂੰ ਲੈ ਕੇ ਪਰਮੇਸ਼ਰ ਨਾਲ ਸੰਚਾਰੇ=ਮੇਲਣਾ ਕਰੇ?

ਉੱਤਰ:-ਗੁਰੂ ਹੀ ਸ੍ਰੇਸ਼ਟ ਦਾਤੇ ਹਨ ਜੋ ਕਿਰਪਾ ਕਰਕੇ ਪਰਮੇਸ਼ਰ ਨਾਲ ਮੇਲਦੇ ਹਨ॥ ੩ ॥

ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥

ਜਿਸ ਵੇਲੇ ਖੋਜਤ+ਖੋਜਤ=ਢੂੰਢਦਿਆਂ ਢੂੰਢਦਿਆਂ ਆਪਣੇ ਸਤਿਸੰਗ ਘਰ ਨੂੰ ਪਾਇਆ। ਤਾਂ ਗੁਰਾਂ ਨੇ ਕਿਰਪਾ ਕਰਕੇ ਅਮੋਲਕ ਰਤਨ ਵਾਂਗੂੰ ਸਚਾ ਪਰਮੇਸ਼ਰ ਵਿਖਾ ਦਿੱਤਾ।

ਕਰਿ ਕਿਰਪਾ ਜਬ ਮੇਲੇ ਸਾਹਿ ॥
ਕਹੁ ਨਾਨਕ ਗੁਰ ਕੈ ਵੇਸਾਹਿ ॥ ੪ ॥ ੧੬ ॥ ੮੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪਰਮੇਸ਼ਰ ਨੇ ਕਿਰਪਾ ਕਰਕੇ ਗੁਰਾਂ ਨਾਲ ਮੇਲਿਆ, ਤੇ ਗੁਰਾਂ ਉੱਤੇ ਵੇਸਾਹਿ=ਭਰੋਸਾ ਕੀਤਾ ਤਾਂ ਗੁਰਾਂ ਨੇ ਕਿਰਪਾ ਕਰਕੇ ਸਾਹਿ=ਪਾਤਸ਼ਾਹ ਪਰਮੇਸ਼ਰ ਨਾਲ ਮੇਲ ਦਿੱਤਾ॥ ੪ ॥ ੧੬ ॥ ੮੫ ॥

ਇਸ ਪਹਿਲੇ ਅਰਥ ਵਿਚ ਪ੍ਰਭੂ ਦੀ ਪ੍ਰਾਪਤੀ ਵਿਚ ਗੁਰ ਕਿਰਪਾ ਨੂੰ ਹੀ ਮੁਖ ਰਖਿਆ ਹੈ।

ਦੂਜਾ ਅਰਥ:- ਜਗਿਆਸੂ ਨੈ ਬੇਨਤੀ ਕੀਤੀ ਸਮਾਨ ਕਰਕੇ ਤਾਂ ਪਰਮੇਸ਼ਰ ਸਾਰੇ ਪਰੀਪੂਰਨ ਹੈ ਪਰ ਉਸਦੇ ਰਹਿਣ ਦਾ ਵਿਸ਼ੇਸ਼ ਅਸਥਾਨ ਕਿਹੜਾ ਹੈ? *ਗੁਰ ਉੱਤਰ:-*

ਮਨੁ ਮੰਦਰੁ:- ਵਿਸ਼ੇਸ਼ ਕਰਕੇ ਉਹ ਪਰਮੇਸ਼ਰ ਮਨ ਰੂਪੀ ਮੰਦਰ ਵਿਚ ਰਹਿੰਦਾ ਹੈ।

ਪ੍ਰਸ਼ਨ:-ਜੇਕਰ ਮਨ ਰੂਪ ਮੰਦਰ ਵਿਚ ਰਹਿੰਦਾ ਹੈ ਤਾਂ ਮਿਲਦਾ ਕਿਉਂ ਨਹੀਂ? *ਉੱਤਰ:*-

ਤਨੁ ਸਾਜੀ ਬਾਰਿ॥ ਇਸ ਮੰਦਰ ਦੇ ਆਲੇ ਦੁਆਲੇ ਤਨੁ=ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼ ਇਤ ਆਦਿਕ ਪੰਜਾਂ ਕੋਸ਼ਾਂ ਰੂਪੀ ਵਾੜ ਬਣਾਈ ਹੋਈ ਹੈ ਇਸ ਕਰਕੇ ਉਹ ਪਰਮੇਸ਼ਰ ਮਿਲਦਾ ਨਹੀਂ ਹੈ।

ਇਸ ਹੀ ਮਧੇ ਬਸਤੁ ਅਪਾਰ॥ ਏਸੇ ਮਨ ਰੂਪੀ ਮੰਦਰ ਵਿਚ ਅਪਾਰ ਵਸਤੂਆਂ ਦਾ ਮਾਲਕ ਪਰਮੇਸ਼ਰ ਵਸ ਰਿਹਾ ਹੈ।

ਇਸ ਹੀ ਭੀਤਰਿ ਸੁਨੀਅਤ ਸਾਹੁ ॥ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧ ॥

ਪ੍ਰਸ਼ਨ-ਪਰਮੇਸ਼ਰ ਦੀ ਪ੍ਰਾਪਤੀ ਦਾ ਕਵਨੁ+ਬਾਪਾਰੀ=ਵਾਪਾਰ ਕਰਾਣੇ ਵਾਲਾ ਕੌਣ ਹੈ?

ਉੱਤਰ:- ਜਾਕਾ ਊਹਾ ਵਿਸਾਹੁ=ਜਿਸ ਦਾ ਉਸ ਪਰਮੇਸ਼ਰ ਉਤੇ ਭਰੋਸਾ ਹੈ, ਓਹੀ ਵਾਪਰ ਦੇ ਕਰਾਣੇ ਵਾਲਾ ਹੈ, ਉਸੇ ਮਹਾਤਮਾਂ ਦੁਆਰੇ ਹੀ:-

ਇਸਹੀ ਭੀਤਰਿ ਸੁਨੀਅਤ ਸਾਹੁ=ਏਸੇ ਮਨ ਰੂਪੀ ਮੰਦਰ ਦੇ ਵਿਚ ਹੀ ਪਾਤਸ਼ਾਹ ਪਰਮੇਸ਼ਰ ਸੁਣਿਆ ਜਾਂਦਾ ਹੈ॥ ੧॥

ਪ੍ਰਸ਼ਨ:-ਪਰਮੇਸ਼ਰ ਦੀ ਪ੍ਰਾਪਤੀ ਦਾ ਮੁਖ ਸਾਧਨ ਕਿਹੜਾ ਹੈ? *ਗੁਰ ਉੱਤਰ:*-

ਨਾਮ ਰਤਨ:- ਨਾਮ ਰੂਪ ਰਤਨ ਹੀ ਉਸ ਦੀ ਪ੍ਰਾਪਤੀ ਦਾ ਮੁਖ ਸਾਧਨ ਹੈ।

ਪ੍ਰਸ਼ਨ-ਨਾਮ ਰੂਪ ਰਤਨ ਦੇ ਬਹੁਤੇ ਵਪਾਰੀ ਹੋਣਗੇ? *ਗੁਰ ਉੱਤਰ:*-

ਕੋ ਕੋ ਬਿਉਹਾਰੀ=ਨਾਮ ਰੂਪ ਰਤਨ ਦਾ ਕੋਈ ਕੋਈ ਵਪਾਰੀ ਹੈ ਬਹੁਤੇ ਨਹੀਂ ਹਨ।

*ਯਥਾ:- **ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰ॥***

ਪ੍ਰਸ਼ਨ-ਉਹ ਕਿਹੜਾ ਭੋਜਨ ਖਾਂਦਾ ਹੈ? *ਗੁਰ ਉੱਤਰ:*-

ਅੰਮ੍ਰਿਤ ਭੋਜਨੁ ਕਰੇ ਆਹਾਰੀ=ਉਹ ਬ੍ਰਹਮਾਨੰਦ ਰੂਪੀ ਅੰਮ੍ਰਿਤ ਭੋਜਨ ਦਾ ਅਹਾਰ ਕਰਦਾ ਹੈ

ਮਨੁ ਤਨੁ ਅਰਪੀ ਸੇਵ ਕਰੀਜੈ॥ ਕਵਨ ਸੁ ਜੁਗਤਿ ਜਿਤੁ ਕਰਿ ਭੀਜੈ॥

ਪ੍ਰਸ਼ਨ:-ਉਹ ਕਿਹੜੀ ਜੁਗਤੀ ਹੈ ਜਿਸ ਜੁਗਤੀ ਕਰਕੇ ਪਰਮੇਸ਼ਰ ਭੀਜੈ=ਪ੍ਰਸੰਨ ਹੁੰਦਾ ਹੈ?

ਉੱਤਰ:-ਇਕ ਤਾਂ ਮਨ ਤਨ ਦੇ ਅਰਪਨੇ ਰੂਪੀ ਸੇਵਾ ਕਰੇ, ਅਤੇ

ਪਾਇ ਲਗਉ ਤਜਿ ਮੇਰਾ ਤੇਰੈ॥

ਮੇਰ ਤੇਰ ਨੂੰ ਤਿਆਗ ਕੇ ਚਰਨਾਂ ਨਾਲ ਲਗਣਾ ਕਰੇ।

ਅਗਲੀਆਂ ਤੁਕਾਂ ਪ੍ਰਸ਼ਨਾਂ ਦੇ ਅਨੁਸਾਰ ਅੰਨਵੇਂ ਲਗਾਈਆਂ ਹਨ।

ਮਹਲੁ ਸਾਹ ਕਾ ਕਿਨ ਬਿਧਿ ਪਾਵੈ॥

ਜਗਿਆਸੂ ਨੇ ਕਿਹਾ-ਸਾਹ=ਪਰਮੇਸ਼ਰ ਦਾ ਸਰੂਪ ਕਿਸ ਬਿਧੀ ਨਾਲ ਪਾਵੇ ?

ਅਗੋਂ ਗੁਰਾਂ ਨੇ ਕਿਹਾ ਕਿਸੇ ਹੋਰ ਪਾਸੋਂ ਜਾ ਕੇ ਪੁਛ ਲੈ, ਤਾਂ ਜਗਿਆਸੂ ਨੇ ਕਿਹਾ-

ਕਵਨੁ ਸੁ ਜਨੁ ਜੋ ਸਉਦਾ ਜੋਰੈ॥

ਮੈਂ ਸੇਵਕ ਜਨ ਦਾ ਆਪ ਜੀ ਤੋਂ ਬਿਨਾਂ ਹੋਰ ਕੌਣ ਹੈ। ਜੋ ਪਰਮੇਸ਼ਰ ਦੀ ਪ੍ਰਾਪਤੀ ਰੂਪ ਸੌਦੇ ਨਾਲ ਜੋੜਨਾ ਕਰੇ। ਜਗਿਆਸੂ ਤੋਂ ਇਹ ਗੱਲ ਸੁਣਕੇ ਗੁਰਾਂ ਨੇ ਕਿਹਾ-

ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ॥ ਕਵਨੁ ਸੁ ਦਾਤਾ ਲੇ ਸੰਚਾਰੇ॥

ਹੇ ਜਗਿਆਸੂ ਈਸ਼ਵਰ ਅੰਸ ਹੋਣ ਕਰਕੇ ਤੂੰ ਆਪ ਹੀ ਵੱਡਾ ਸ਼ਾਹ ਹੈਂ ਜਿਸ ਤੇਰੇ ਆਪਣੇ ਕ੍ਰੋੜਾਂ ਹੀ ਬੇਦ ਸ਼ਾਸਤ੍ਰ, ਵਾ:-ਮਹਾਤਮਾਂ ਰੂਪ ਵਣਜਾਰੇ ਹਨ।

ਤੈਥੋਂ ਬਿਨਾਂ ਹੋਰ ਕੌਣ ਦਾਤਾ ਹੈ ਜਿਸ ਨੂੰ ਲੈ ਕੇ ਪਰਮੇਸ਼ਰ ਨਾਲ ਮੇਲੀਏ, ਅਸਲ ਵਿਚ ਤੂੰ ਕੋਈ ਪਰਮੇਸ਼ਰ ਤੋਂ ਵਖਰਾ ਨਹੀਂ, ਤੂੰ ਆਪ ਹੀ ਪਰਮੇਸ਼ਰ ਰੂਪ ਹੈਂ।

ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ॥

ਪੁਨਾ ਜਗਿਆਸੂ ਨੇ ਕਿਹਾ ਉਹ ਕਿਹੜੀ ਵਿਧੀ ਹੈ ਜਿਸ ਵਿਧੀ ਕਰਕੇ ਪਰਮੇਸ਼ਰ ਆਪਣੇ ਵਿਚ ਬੁਲਾਵੇ ? ਉੱਤਰ:-

ਖੋਜਤ ਖੋਜਤ ਨਿਜ ਘਰੁ ਪਾਇਆ॥ ਅਮੋਲ ਰਤਨੁ ਸਾਚੁ ਦਿਖਲਾਇਆ॥
ਕਰਿ ਕਿਰਪਾ ਜਬ ਮੇਲੇ ਸਾਹਿ॥ ਕਹੁ ਨਾਨਕ ਗੁਰ ਕੈ ਵੇਸਾਹਿ॥੪॥੧੬॥੮੫॥

ਗੁਰੂ ਜੀ ਕਥਨ ਕਰਦੇ ਹਨ -ਸੱਚੇ ਅਮੋਲਕ ਰਤਨ ਦੇ ਵਿਖਾਣ ਵਾਲੇ ਜੋ ਗੁਰੂ ਹਨ, ਜਿਸ ਵੇਲੇ ਪ੍ਰਮੇਸ਼ਰ ਨੇ ਕਿਰਪਾ ਕਰਕੇ ਉਨ੍ਹਾਂ ਸਾਹਿ=ਪਾਤਸ਼ਾਹ ਗੁਰਾਂ ਨਾਲ ਮੇਲਿਆ ਤੇ ਜਗਿਆਸੂ ਨੇ ਗੁਰ ਕੈ ਵੇਸਾਹਿ=ਗੁਰਾਂ ਉਤੇ ਭਰੋਸਾ ਕੀਤਾ, ਤਾਂ ਖੋਜਦਿਆਂ ਖੋਜਦਿਆਂ ਕਿ ਨਾ ਮੈਂ ਅਨਿਮਯ ਕੋਸ਼ ਹਾਂ, ਨਾ ਮੈਂ ਪ੍ਰਾਣਮਯ ਕੋਸ਼ ਹਾਂ, ਨਾ ਮੈਂ ਮਨੋਮਯ ਕੋਸ਼ ਹਾਂ, ਨਾ ਮੈ ਵਿਗਿਆਨਮਯ ਕੋਸ਼ ਹਾਂ, ਨਾ ਮੈਂ ਅਨੰਦਮਯ ਕੋਸ਼ ਹਾਂ ਇਸ ਤਰ੍ਹਾਂ ਪੰਜਾਂ ਕੋਸ਼ਾਂ ਦੀ ਨਵਿਰਤੀ ਕਰਨ ਨਾਲ ਜਗਿਆਸੂ ਨੇ ਸਰੂਪ ਰੂਪੀ ਨਿਜ ਘਰ ਨੂੰ ਪਾ ਲੈਣਾ ਕੀਤਾ।

ਤੀਜਾ ਅਰਥ-

(ਸਾਰੀਆਂ ਪੰਗਤੀਆਂ ਅੰਨਵੇਂ ਲਗਾਣੀਆਂ)

ਪ੍ਰਸ਼ਨ:-ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ? ॥ ੧ ॥

ਉੱਤਰ:-ਕਹੁ ਨਾਨਕ ਗੁਰ ਕੇ ਵੇਸਾਹਿ॥ ਅਮੋਲ ਰਤਨੁ ਸਾਚੁ ਦਿਖਲਾਇਆ॥

ਪ੍ਰਸ਼ਨ:-ਨਾਮ ਰਤਨ ਕੋ ਕੋ ਬਿਉਹਾਰੀ? ॥

ਉੱਤਰ:-ਅੰਮ੍ਰਿਤ ਭੋਜਨੁ ਕਰੇ ਆਹਾਰੀ॥ ੧॥ ਰਹਾਉ॥

ਪ੍ਰਸ਼ਨ:-ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ? ॥

ਉੱਤਰ:-ਮਨੁ ਸਤਨੁ ਅਰਪੀ ਸੇਵ ਕਰੀਜੈ॥

ਪ੍ਰਸ਼ਨ:-ਕਵਨੁ ਸੁ ਜਨੁ ਜੋ ਸਉਦਾ ਜੋਰੈ॥ ੨ ॥

ਉੱਤਰ:-ਪਾਇ ਲਗਉ ਤਜਿ ਮੇਰਾ ਤੇਰੈ॥

ਪ੍ਰਸ਼ਨ:-ਮਹਲੁ ਸਾਹ ਕਾ ਕਿਨ ਬਿਧਿ ਪਾਵੈ ? ॥ "ਕਿਹੜਾ ਸ਼ਾਹ" ॥

ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ? ॥

ਉੱਤਰ:-ਖੋਜਤ ਖੋਜਤ ਨਿਜ ਘਰੁ ਪਾਇਆ ॥

ਪ੍ਰਸ਼ਨ:-ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ? ॥

ਉੱਤਰ:-ਮਨੁ ਮੰਦਰੁ ਤਨੁ ਸਾਜੀ ਬਾਰਿ ॥ ਇਸ ਹੀ ਮਧੇ ਬਸਤੁ ਅਪਾਰ ॥

ਇਸ ਹੀ ਭੀਤਰਿ ਸੁਨੀਅਤ ਸਾਹੁ ॥

ਪ੍ਰਸ਼ਨ:-ਕਵਨੁ ਸੁ ਦਾਤਾ ਲੇ ਸੰਚਾਰੇ ? ॥੩ ॥

ਉੱਤਰ:-ਕਰਿ ਕਿਰਪਾ ਜਬ ਮੇਲੇ ਸਾਹਿ ॥

ਗਉੜੀ ਮਹਲਾ ੫ ਗੁਆਰੇਰੀ ॥

ਚੌਥੀ ਪਉੜੀ ਵਿਚੋਂ ਇਸ ਤੁਕ ਦਾ ਅਰਥ ਪਹਿਲੇ ਕਰਨਾ-

ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥

ਮੈਂ ਕੌਣ ਹਾਂ ! ਜੋ ਸੰਤਾਂ ਦੀ ਸਮੱਗਰ ਮਹਿਮਾ ਕਥਨ ਕਰ ਸਕਾਂ।

ਉਨ੍ਹਾਂ ਦਾ ਬੋਧਿ=ਜਾਣਨਾ ਅਗਾਧਿ=ਬਿਅੰਤ ਹੈ ਇਸ ਲਈ ਮੈਂ ਸੰਤਾਂ ਦੀ ਕੁਝ ਮਰਯਾਦਾ ਨਹੀਂ ਜਾਣਦਾ। ਕਿਉਂਕਿ-

ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥

ਉਹ ਸੰਤ ਰੈਣਿ+ਦਿਨਸੁ=ਰਾਤ ਦਿਨ ਇਕ ਪ੍ਰਭੂ ਦੇ ਰੰਗਾ=ਆਨੰਦ ਵਿਚ ਟਿਕੇ ਰਹਿੰਦੇ ਹਨ। ਅਤੇ ਪ੍ਰਭੂ ਨੂੰ ਸਦਾ ਹੀ ਆਪਣੇ ਨਾਲ ਜਾਣਦੇ ਹਨ।

ਠਾਕੁਰ ਨਾਮੁ ਕੀਓ ਉਨਿ ਵਰਤਨਿ ॥ ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥ ੧ ॥

ਉਨ੍ਹਾਂ ਸੰਤਾਂ ਨੇ ਠਾਕੁਰ ਦੇ ਨਾਮ ਨੂੰ ਹੀ ਆਪਣੀ ਵਰਤਣ ਕੀਤੀ ਹੋਈ ਹੈ। ਅਤੇ ਹਰੀ ਦੇ ਦਰਸ਼ਨ ਕਰਕੇ ਤ੍ਰਿਪਤ ਹੋ ਕੇ ਅਘਾਵਨੁ=ਰਜੇ ਰਹਿੰਦੇ ਹਨ। ਅਥਵਾ:-ਇਸ ਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ ਅਤੇ ਸੁਰਗ ਦੇ ਪਦਾਰਥਾਂ ਵਲੋਂ ਵੀ ਰੱਜੇ ਰਹਿੰਦੇ ਹਨ॥ ੧ ॥

ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥ ੧ ॥ ਰਹਾਉ ॥

ਹਰੀ ਨਾਲ ਤਦਾਕਾਰ ਰਹਿਣ ਕਰਕੇ ਉਨ੍ਹਾਂ ਦੇ ਮਨ ਤਨ ਸ਼ੁਭ ਗੁਣਾਂ ਨਾਲ ਹਰੇ ਰਹਿੰਦੇ ਹਨ। ਅਤੇ ਪੂਰਿਆਂ ਗੁਰਾਂ ਦੀ ਸ਼ਰਨ ਵਿਚ ਪਏ ਰਹਿੰਦੇ ਹਨ॥ ੧ ॥ ਰਹਾਉ ॥

ਚਰਣ ਕਮਲ ਆਤਮ ਆਧਾਰ ॥ ਏਕੁ ਨਿਹਾਰਹਿ ਆਗਿਆਕਾਰ ॥

ਗੁਰਾਂ ਦੇ ਚਰਨ ਕਮਲ ਹੀ ਉਨ੍ਹਾਂ ਦੇ ਆਤਮ+ਆਧਾਰ=ਮਨ ਦਾ ਆਸਰਾ ਹਨ।

ਆਗਿਆਕਾਰ=ਹੁਕਮ ਦੇ ਕਰਨ ਵਾਲੇ ਇਕ ਪਰਮੇਸ਼ਰ ਨੂੰ ਹੀ ਸਭਨਾਂ ਵਿਚ ਨਿਹਾਰਹਿ-ਵੇਖਦੇ ਰਹਿੰਦੇ ਹਨ।

ਏਕੋ ਬਨਜੁ ਏਕੋ ਬਿਉਹਾਰੀ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ॥ ੨॥

ਇਕ ਨਾਮ ਦਾ ਵਣਜ, ਅਤੇ ਇਕ ਨਾਮ ਦਾ ਹੀ ਵਿਚਾਰ ਕਰਦੇ ਹਨ।

ਇਕ ਨਿਰੰਕਾਰ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦੇ ਹੀ ਨਹੀਂ ਹਨ॥ ੨॥

ਹਰਖ ਸੋਗ ਦੁਹਹੂੰ ਤੇ ਮੁਕਤੇ॥ ਸਦਾ ਅਲਿਪਤੁ ਜੋਗ ਅਰੁ ਜੁਗਤੇ॥

ਪਦਾਰਥਾਂ ਦੀ ਪ੍ਰਾਪਤੀ ਕਰਕੇ ਹਰਖ ਹੁੰਦਾ ਹੈ, ਪਦਾਰਥਾਂ ਦੇ ਚਲੇ ਜਾਣ ਕਰਕੇ ਸੋਗ ਹੁੰਦਾ ਹੈ ਪਰ ਉਹ ਇਨ੍ਹਾਂ ਦੋਹਾਂ ਤੋਂ ਮੁਕਤੇ=ਛੁਟੇ ਰਹਿੰਦੇ ਹਨ। ਮਾਇਆ ਵਲੋਂ ਹਮੇਸ਼ਾਂ ਅਲਿਪਤ=ਅਸੰਗ ਰਹਿੰਦੇ ਹਨ ਅਤੇ ਭਗਤੀ ਜੋਗ ਵਿਚ ਜੁਗਤੇ=ਜੁੜੇ ਰਹਿੰਦੇ ਹਨ।

ਦੀਸਹਿ ਸਭ ਮਹਿ ਸਭ ਤੇ ਰਹਤੇ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥ ੩॥

ਤਨ ਕਰਕੇ ਸਾਰਿਆਂ ਵਿਚ ਬੈਠੇ ਨਿਗਾਹ ਆਉਂਦੇ ਹਨ, ਪਰ ਮਨ ਕਰਕੇ ਸਾਰਿਆਂ ਤੋਂ ਨਿਰਲੇਪ ਰਹਿੰਦੇ ਹਨ। ਅਤੇ ਉਹ ਸੰਤ ਅੱਠੇ ਪਹਿਰ ਪਾਰਬ੍ਰਹਮ ਦਾ ਧਿਆਨ ਧਾਰੀ ਰਖਦੇ ਹਨ॥ ੩॥

ਸੰਤਨ ਕੀ ਮਹਿਮਾ ਕਵਨ ਵਖਾਨਉ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ॥

ਐਹੋ ਜਹੇ ਕਰਣੀ ਵਾਲੇ ਸੰਤਾਂ ਦੀ ਮੈਂ ਕੇਹੜੀ ਕੇਹੜੀ ਮਹਿਮਾ ਕਥਨ ਕਰਾਂ।

ਉਨ੍ਹਾਂ ਨੂੰ ਅਗਾਧ ਪ੍ਰਭੂ ਦਾ ਬੋਧਿ=ਗਿਆਨ ਪ੍ਰਾਪਤ ਹੈ ਇਸ ਕਰਕੇ ਮੈਂ ਉਨ੍ਹਾਂ ਦੀ ਕੁਝ ਮਰਯਾਦਾ ਨਹੀਂ ਜਾਣਦਾ ।

ਪਾਰਬ੍ਰਹਮ ਮੋਹਿ ਕਿਰਪਾ ਕੀਜੈ॥
ਧੂਰਿ ਸੰਤਨ ਕੀ ਨਾਨਕ ਦੀਜੈ॥ ੪॥ ੧੭॥ ੮੬॥

ਗੁਰੂ ਜੀ ਕਥਨ ਕਰਦੇ ਹਨ-ਹੇ ਪਾਰਬ੍ਰਹਮ ਮੇਰੇ ਤੇ ਕਿਰਪਾ ਕਰ, ਇਸ ਤਰ੍ਹਾਂ ਦੇ ਸੰਤਾਂ ਦੀ ਚਰਨ ਧੂੜੀ ਮੈਨੂੰ ਦੇਣਾ ਕਰੋ॥ ੪॥ ੧੭॥ ੮੬॥

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥ (ਪੰਨਾ ੧੩)

ਗਉੜੀ ਗੁਆਰੇਰੀ ਮਹਲਾ ੫ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥

ਹੇ ਪਰਮੇਸ਼ਰ ! ਮੇਰਾ ਇਸ ਲੋਕ ਦਾ ਸਖਾ ਤੂੰਹੀਂ ਹੈਂ, ਮੇਰਾ ਪ੍ਰਲੋਕ ਦਾ ਮਿੱਤਰ ਭੀ ਤੂੰਹੀਂ ਹੈਂ। ਅੰਤਮ ਸਮੇਂ ਦਾ ਮੇਰਾ ਪ੍ਰੀਤਮ ਭੀ ਤੂੰਹੀਂ ਹੈਂ, ਤੇਰੇ ਨਾਲ ਹੀ ਮੇਰਾ ਹੀਤੁ=ਹਿਤ (ਪਿਆਰ) ਹੈ।

ਤੂੰ ਮੇਰੀ ਪਤਿ ਤੂੰਹੈ ਮੇਰਾ ਗਹਣਾ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ॥ ੧॥

ਮੇਰੀ ਇੱਜ਼ਤ ਭੀ ਤੂੰਹੀਂ ਹੈਂ, ਮੇਰਾ ਗਹਣਾ=ਸ਼ਿੰਗਾਰ, ਵਾ:-ਆਸਰਾ ਭੀ ਤੂੰਹੀਂ ਹੈਂ।

ਆਪ ਜੀ ਤੋਂ ਬਿਨਾਂ ਮੇਰੇ ਪਾਸੋਂ ਇਕ ਨਿਮਖ ਮਾਤ੍ਰ ਵੀ ਨਹੀਂ ਰਿਹਾ ਜਾਂਦਾ ॥ ੧ ॥

ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥ ੧ ॥ ਰਹਾਉ ॥

ਮੇਰੇ ਲਾਲਨ=ਪਿਆਰੇ ਭੀ ਆਪ ਹੋ, ਮੇਰੇ ਪ੍ਰਾਨ ਰੂਪ ਭੀ ਆਪ ਹੋ।

ਤੁਸੀਂ ਮੇਰੇ ਸਾਹਿਬ ਹੋ, ਤੁਸੀਂ ਮੇਰੇ ਖਾਨ=ਸਰਦਾਰ ਹੋ,

ਵਾ:-ਮੇਰੇ ਕੋ ਖਾਨ ਪਾਣ ਆਪ ਹੀ ਦੇਣ ਵਾਲੇ ਹੋ॥ ੧ ॥ ਰਹਾਉ ॥

ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥

ਜਿਸ ਤਰ੍ਹਾਂ ਆਪ ਰਖਦੇ ਹੋ, ਉਸੇ ਤਰ੍ਹਾਂ ਮੈਂ ਰਹਿੰਦਾ ਹਾਂ।

ਜੋ ਆਪ ਕਹਿੰਦੇ ਹੋ ਓਹੀ ਗੱਲ ਮੈਂ ਕਰਦਾ ਹਾਂ।

ਜਹ ਪੇਖਉ ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥ ੨ ॥

ਜਿਥੇਂ ਮੈਂ ਵੇਖਦਾ ਹਾਂ ਉਥੇ ਹੀ ਆਪ ਵਸਦੇ ਹੋ।

ਹੇ ਨਿਰਭਉ ਪ੍ਰਭੂ ! ਮੈਂ ਤਾਂ ਜੀਭ ਨਾਲ ਤੇਰਾ ਹੀ ਨਾਮ ਜਪਦਾ ਹਾਂ॥ ੨ ॥

ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥

ਮੇਰੀ ਨੌਂ ਨਿਧੀ ਰੂਪ ਭੀ ਤੂੰਹੀਂ ਹੈਂ ਮੇਰਾ ਭੰਡਾਰਾ ਵੀ ਤੂੰਹੀਂ ਹੈਂ।

ਹੇ ਸਾਰਿਆਂ ਰੰਗਾਂ ਵਿਚ ਰਸੇ ਹੋਏ ਪ੍ਰਭੂ ਤੂੰਹੀ ਮੇਰੇ ਮਨ ਦਾ ਆਧਾਰੁ=ਆਸਰਾ ਰੂਪ ਹੈਂ।

ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰਹੈ ਮੇਰਾ ਤਕੀਆ ॥ ੩ ॥

ਮੇਰੀ ਸੋਭਾ ਭੀ ਤੂੰਹੀਂ ਹੈਂ, ਮੇਰਾ ਮਨ ਆਪ ਜੀ ਨਾਲ ਰਚ ਮਿਚ ਗਿਆ ਹੈ।

ਮੇਰੇ ਮਨ ਦੀ ਓਟ ਭੀ ਤੂੰਹੀਂ ਹੈਂ ਮੇਰੇ ਤਨ ਦਾ ਤਕੀਆ=ਆਸਰਾ ਭੀ ਤੂੰਹੀਂ ਹੈਂ॥ ੩ ॥

ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥

ਮੈਂਨੇ ਆਪਣੇ ਮਨ ਤਨ ਦੇ ਅੰਦਰ ਆਪ ਜੀ ਨੂੰ ਹੀ ਧਿਆਉਣਾ ਕੀਤਾ ਹੈ।

ਆਪ ਜੀ ਦੀ ਪ੍ਰਾਪਤੀ ਦਾ ਮਰਮੁ=ਭੇਦ ਮੈਂਨੇ ਗੁਰਾਂ ਪਾਸੋਂ ਪਾ ਲਿਆ ਹੈ।

ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥

ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥ ੪ ॥ ੧੮ ॥ ੮੭ ॥

ਸਤਿਗੁਰਾਂ ਦੇ ਉਪਦੇਸ਼ ਨਾਲ ਮੈਂਨੇ ਇਕੋ ਇਕ ਆਪ ਜੀ ਨੂੰ ਸਾਰੇ ਦ੍ਰਿੜ ਕਰ ਲਿਆ ਹੈ।

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੇ ਹੇ ਹਰੀ ! ਆਪ ਜੀ ਦੇ ਹਰਿ ਹਰਿ ਨਾਮ ਦੀ ਟੇਕ ਗ੍ਰਹਿਣ ਕੀਤੀ ਹੈ॥ ੪ ॥ ੧੮ ॥ ੮੭ ॥

ਗਉੜੀ ਗੁਆਰੇਰੀ ਮਹਲਾ ੫ ॥

ਜਗਿਆਸੂ ਨੇ ਬੇਨਤੀ ਕੀਤੀ ਮਾਇਆ ਕੈਸੀ ਹੈ ? ਗੁਰੂ ਜੀ ਨੇ ਕਿਹਾ-

ਮਾਇਆ ਬਿਆਪਤ ਬਹੁ ਪਰਕਾਰੀ॥

ਬਹੁਤ ਹੀ ਪਰਕਾਰ ਸੇ ਮਾਇਆ ਸਾਰੇ ਵਿਆਪ ਰਹੀ ਹੈ।

[ਪੰਨਾ ੧੮੨]

ਬਿਆਪਤ ਹਰਖ ਸੋਗ ਬਿਸਥਾਰ॥ ਬਿਆਪਤ ਸੁਰਗ ਨਰਕ ਅਵਤਾਰ॥

ਕਿਸੇ ਨੂੰ ਹਰਖ ਰੂਪ ਹੋ ਕੇ, ਕਿਸੇ ਨੂੰ ਸੋਗ=ਚਿੰਤਾ ਰੂਪ ਹੋ ਕੇ, ਕਿਸ਼ੇ ਨੂੰ ਬਹੁਤਾ ਵਿਸਤਾਰ ਕਰਨਾ ਰੂਪ ਹੋ ਕੇ ਵਿਆਪ ਰਹੀ ਹੈ।

ਕਿਸੇ ਨੂੰ ਸੁਰਗਾ ਵਿਚ ਉਤਰਨਾ, ਕਿਸੇ ਨੂੰ ਨਰਕਾਂ ਵਿਚ ਉਤਰਨਾ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ।

ਬਿਆਪਤ ਧਨ ਨਿਰਧਨ ਪੇਖਿ ਸੋਭਾ॥ ਮੂਲੁ ਬਿਆਧੀ ਬਿਆਪਸਿ ਲੋਭਾ॥੧॥

ਕਿਸੇ ਨੂੰ ਧਨ ਰੂਪ ਹੋ ਕੇ, ਕਿਸੇ ਨੂੰ ਨਿਰਧਨ=ਕੰਗਾਲੀ ਰੂਪ ਹੋ ਕੇ, ਕਿਸੇ ਨੂੰ ਵੇਖਣਾ ਰੂਪ ਹੋ ਕੇ, ਕਿਸੇ ਨੂੰ ਸੋਭਾ ਰੂਪ ਹੋ ਮਾਇਆ ਵਿਆਪ ਰਹੀ ਹੈ।

ਕਿਸੇ ਨੂੰ ਸਾਰਿਆਂ ਬਿਆਧੀ=ਰੋਗਾਂ ਦਾ ਮੂਲ=ਕਾਰਨ ਲੋਭ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ॥ ੧॥

ਮਾਇਆ ਬਿਆਪਤ ਬਹੁ ਪਰਕਾਰੀ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ॥੧॥ਰਹਾਉ॥

ਭਾਵੇਂ ਮਾਇਆ ਅਨੇਕ ਪ੍ਰਕਾਰ ਨਾਲ ਸਾਰਿਆਂ ਜੀਵਾਂ ਨੂੰ ਵਿਆਪ ਰਹੀ ਹੈ। ਪਰ ਸੰਤ ਹੇ ਪ੍ਰਭੂ ਤੇਰੀ ਓਟ ਕਰਕੇ ਸੰਸਾਰ ਵਿਚ ਜਿਉਂਦੇ ਹਨ। ਇਸ ਕਰਕੇ ਸੰਤ ਮਾਇਆ ਤੋਂ ਬਚੇ ਹੋਏ ਹਨ।

ਬਿਆਪਤ ਅਹੰਬੁਧਿ ਕਾ ਮਾਤਾ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥

ਕਿਸੇ ਨੂੰ ਹੰਗਤਾ ਵਾਲੀ ਬੁੱਧੀ ਦਾ ਮਾਤਾ=ਮਸਤੇਵਾ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ। ਕਿਸੇ ਨੂੰ ਪੁਤ੍ਰ ਤੇ ਕਲਤ੍ਰ=ਇਸਤਰੀ ਨਾਲ ਤਦਾਕਾਰ ਹੋਣੇ ਰੂਪ ਮਾਇਆ ਵਿਆਪ ਰਹੀ ਹੈ।

ਬਿਆਪਤ ਹਸਤਿ ਘੋੜੇ ਅਰੁ ਬਸਤਾ॥
ਬਿਆਪਤ ਰੂਪ ਜੋਬਨ ਮਦ ਮਸਤਾ॥੨॥

ਕਿਸੇ ਨੂੰ ਹਸਤਿ=ਹਾਥੀ, ਘੋੜੇ ਅਤੇ ਕਈ ਬਸਤਾ=ਵਸਤੂਆਂ ਰੂਪ,

ਵਾ:-ਬਸਤਾ=ਬਸਤ੍ਰ ਯਾਨੇ ਕਪੜੇ ਰੂਪ, ਵਾ:-ਬਸਤੇ ਬੰਨਣ ਰੂਪ ਮਾਇਆ ਵਿਆਪ ਰਹੀ ਹੈ। ਕਿਸੇ ਨੂੰ ਸੁੰਦਰ ਰੂਪ ਦਾ ਮਦਰੂਪ ਹੋ ਕੇ, ਕਿਸੇ ਨੂੰ ਜੋਬਨ ਵਿਚ ਮਸਤ ਹੋਣਾ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ। ਵਾ:-ਕਿਸੇ ਨੂੰ ਮਦ=ਸ਼ਰਾਬ ਵਿਚ ਮਸਤ ਹੋਣਾ ਰੂਪ ਹੋ ਕੇ ਵਿਆਪ ਰਹੀ ਹੈ।

ਬਿਆਪਤ ਭੂਮਿ ਰੰਕ ਅਰੁ ਰੰਗਾ॥ ਬਿਆਪਤ ਗੀਤ ਨਾਦ ਸੁਣਿ ਸੰਗਾ॥

ਕਿਸੇ ਨੂੰ ਭੂਮਿ=ਪ੍ਰਿਥਵੀ ਰੂਪ ਹੋ ਕੇ, ਕਿਸੇ ਨੂੰ ਰੰਕ=ਗਰੀਬੀ ਰੂਪ ਹੋ ਕੇ, ਅਤੇ ਕਿਸੇ ਨੂੰ ਕਈ ਤਰ੍ਹਾਂ ਦੇ ਰੰਗ ਰੂਪ ਹੋ ਕੇ, ਵਾ:-ਰੰਗਾ=ਅਨੰਦ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ। ਕਿਸੇ ਨੂੰ ਗੀਤ ਪੜ੍ਹਨੇ ਰੂਪ, ਕਿਸੇ ਨੂੰ ਨਾਦ=ਵਾਜੇ ਵਜਾਣਾ ਰੂਪ, ਕਿਸੇ ਨੂੰ ਸੁਣਿ=ਕੰਨਾਂ ਨਾਲ ਸੁਨਣੇ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ।

ਬਿਆਪਤ ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ ਅੰਧਿਆਰ॥ ੩॥

ਕਿਸੇ ਨੂੰ ਸੇਜਾ ਰੂਪ, ਕਿਸੇ ਨੂੰ ਮਹਲ=ਮੰਦਰ ਰੂਪ, ਵਾ:-ਕਿਸੇ ਨੂੰ ਇਸਤਰੀ ਰੂਪ, ਤੇ ਕਿਸੇ ਨੂੰ ਸ਼ਿੰਗਾਰ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ।

ਕਿਸੇ ਨੂੰ ਪੰਚ+ਦੂਤ=ਪੰਜ ਕਾਮ ਆਦਿਕ ਰੂਪ ਹੋ ਕੇ, ਅਤੇ ਕਿਸੇ ਨੂੰ ਅੰਧਿਆਰ=ਅਗਿਆਨ ਰੂਪ ਹੋ ਕੇ ਵਿਆਪ ਰਹੀ ਹੈ॥ ੩॥

ਬਿਆਪਤ ਕਰਮ ਕਰੈ ਹਉ ਫਾਸਾ॥
ਬਿਆਪਤਿ ਗਿਰਸਤ ਬਿਆਪਤ ਉਦਾਸ॥

ਕਿਸੇ ਨੂੰ ਕਰਮ ਕਰਨੇ ਰੂਪ, ਅਤੇ ਕਿਸੇ ਨੂੰ ਹੰਗਤਾ ਦੀ ਫਾਹੀ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ। ਕਿਸੇ ਨੂੰ ਗ੍ਰਿਹਸਤ ਰੂਪ ਹੋ ਕੇ, ਕਿਸੇ ਨੂੰ ਉਦਾਸਾ=ਸਾਧੂ ਪੁਣਾ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ।

ਆਚਾਰ ਬਿਉਹਾਰ ਬਿਆਪਤ ਇਹ ਜਾਤਿ॥

ਕਿਸੇ ਨੂੰ ਆਚਾਰ=ਕਰਤਬ ਰੂਪ ਹੋ ਕੇ, ਕਿਸੇ ਨੂੰ ਵਿਹਾਰ ਕਰਨਾ ਰੂਪ ਹੋ ਕੇ, ਕਿਸੇ ਨੂੰ ਜਾਤੀ ਅਭਿਮਾਨ ਰੂਪ ਹੋ ਕੇ ਮਾਇਆ ਵਿਆਪ ਰਹੀ ਹੈ।

ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ॥ ੪॥

ਹਰੀ ਦੇ ਰੰਗ=ਪ੍ਰੇਮ ਵਿਚ ਰਤੇ ਤੋਂ ਬਿਨਾਂ ਸਭ ਕਿਸੇ ਨੂੰ ਸਭ ਕੁਝ ਰੂਪ ਹੋਈ ਮਾਇਆ ਵਿਆਪ ਰਹੀ ਹੈ॥ ੪॥

ਸੰਤਨ ਕੇ ਬੰਧਨ ਕਾਟੇ ਹਰਿ ਰਾਇ॥ ਤਾ ਕਉ ਕਹਾ ਬਿਆਪੈ ਮਾਇ॥

ਜਿਨ੍ਹਾਂ ਸੰਤਾਂ ਦੇ ਬੰਧਨ ਹਰੀ ਰਾਜਾ ਨੇ ਕਟ ਦਿਤੇ ਹਨ। ਉਨ੍ਹਾਂ ਨੂੰ ਭਲਾ ਮਾਇਆ ਕਦ ਵਿਆਪ ਸਕਦੀ ਹੈ, ਅਰਥਾਤ ਉਨ੍ਹਾਂ ਉੱਤੇ ਮਾਇਆ ਦਾ ਜ਼ੋਰ ਨਹੀਂ ਚਲ ਸਕਦਾ।

ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥
ਤਾ ਕੈ ਨਿਕਟਿ ਨ ਆਵੈ ਮਾਈ॥ ੫॥ ੧੯॥ ੬੬॥

ਗੁਰੂ ਜੀ ਕਥਨ ਕਰਦੇ ਹਨ ! ਜਿਨ੍ਹਾਂ ਨੇ ਸੰਤਾਂ ਦੀ ਚਰਨ ਧੂੜੀ ਪਾਈ ਹੈ।
ਉਨ੍ਹਾਂ ਦੇ ਨੇੜੇ ਫਿਰ ਮਾਇਆ ਨਹੀਂ ਆਉਂਦੀ॥ ੫॥ ੧੯॥ ੬੬॥

ਗਉੜੀ ਗੁਆਰੇਰੀ ਮਹਲਾ ੫॥

ਰਹਾਉ ਦੀਆਂ ਤੁਕਾਂ ਦਾ ਅਰਥ ਪਹਿਲੇ ਕਰਨਾ,

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥ ੧॥ ਰਹਾਉ॥

ਇਸ ਮਨੁੱਖ ਸਰੀਰ ਵਿਚ ਜੇਹੜਾ ਕੋਈ ਜਾਗਦਾ ਰਹਿੰਦਾ ਹੈ, ਉਹ ਆਪਣੀ ਸਾਬਤ ਵਸਤੂ ਲੈ ਸਕਦਾ ਹੈ। ਪਰ ਸਾਰੇ ਇੰਦ੍ਰੀਏ ਆਪੇ ਆਪਣੀ ਨੀਂਦ ਵਿਚ ਸੁੱਤੇ ਹੋਏ ਹਨ।

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥

ਜੇਹੜੀ ਪਰ ਇਸਤ੍ਰੀ ਵਲ ਵਿਕਾਰਾਂ ਵਾਲੀ ਦ੍ਰਿਸ਼ਟੀ ਕਰਨੀ ਹੈ ਏਹੋ ਅੱਖਾਂ ਵਿਚ ਨੀਂਦ ਹੈ।

ਜੋ ਨਿੰਦਿਆ ਦਾ ਵਿਚਾਰ ਸੁਣਦੇ ਹਨ ਉਹ ਸ੍ਰਵਣ=ਕੰਨ ਸੁੱਤੇ ਹੋਏ ਹਨ।

ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥

ਜੋ ਮਿਠੇ ਪਦਾਰਥਾਂ ਦੇ ਸੁਆਦਾਂ ਦੇ ਲੋਭ ਵਿਚ ਲਗ ਰਹੀ ਹੈ ਉਹ ਜੀਭ ਸੁੱਤੀ ਹੋਈ ਹੈ। ਬਿਸਮਾਦਿ= ਅਸਚਰਜ ਅਰਥਾਤ ਮਿਥਿਆ ਰੂਪ ਮਾਇਆ ਵਿਚ ਮਨ ਸੁੱਤਾ ਹੋਇਆ ਹੈ॥ ੧ ॥

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥

ਜਿਹੜਾ ਕੋਈ ਮਨੁੱਖ ਇਸ ਸਰੀਰ ਘਰ ਵਿਚ ਗਿਆਨ ਜਾਗ੍ਰਤ ਵਿਚ ਜਾਗਦਾ ਰਹਿੰਦਾ ਹੈ। ਉਹ ਆਪਣੀ ਸ੍ਵਾਸਾਂ ਰੂਪ ਵਸਤੂ ਨੂੰ ਸਾਬਤ ਰੱਖ ਲੈਂਦਾ ਹੈ। ਅਰਥਾਤ ਆਪਣੇ ਸਾਰਿਆਂ ਸ੍ਵਾਸਾਂ ਨੂੰ ਸਫਲ ਕਰਦਾ ਹੈ॥ ੧ ॥

ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥

ਸਾਰੀਆਂ ਸਹੇਲੀ=ਇੰਦ੍ਰੀਆਂ ਆਪੋ ਆਪਣੇ ਰਸ ਵਿਚ ਮਾਤੀ=ਮਸਤ ਭਾਵ ਤਦਾਕਾਰ ਹੋ ਰਹੀਆਂ ਹਨ। ਕਿਸੇ ਨੇ ਭੀ ਆਪਣੇ ਗ੍ਰਿਹ=ਘਰ ਅੰਤਹਕਰਨ ਦੀ ਖਬਰ ਨਹੀਂ ਜਾਣੀ ਕਿ ਅੰਤਹਕਰਨ ਵਿਚੋਂ ਸ਼ੁਭ ਗੁਣਾਂ ਰੂਪੀ ਧਨ ਲੁਟਿਆ ਜਾ ਰਿਹਾ ਹੈ।

ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥ ੨ ॥

ਮੁਸਨਹਾਰ=ਲੁੱਟਣ ਵਾਲੇ ਪੰਜ ਬਟਵਾਰੇ=ਠੱਗ ਕਾਮ ਆਦਿਕ ਹਨ। ਇਹ ਠੱਗਣ ਵਾਲੇ ਕਾਮ ਆਦਿਕ ਠੱਗ ਸੂਨੇ=ਸੁੰਞੇ ਨਗਰ ਵਿਚ ਆ ਕੇ ਪੈਂਦੇ ਹਨ। ਅਰਥਾਤ ਜਿਸ ਸਰੀਰ ਵਿਚ ਨਾਮ ਸਿਮਰਨ ਸੇਵਾ ਭਗਤੀ ਸਤ ਸੰਤੋਖ ਵੈਰਾਗ ਵਿਵੇਕ ਪ੍ਰੇਮ ਆਦਿਕ ਸਾਧਨ ਨਹੀਂ ਹਨ ਉਸ ਸਰੀਰ ਵਿਚ ਆ ਕੇ ਇਹ ਨਿਵਾਸ ਕਰਦੇ ਹਨ।

ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥

ਉਨ੍ਹਾਂ ਕਾਮ ਆਦਿਕਾਂ ਤੋਂ ਮਾਂ ਪਿਉ ਨਹੀਂ ਰਖ ਸਕਦੇ, ਭਾਵ ਉਨ੍ਹਾਂ ਤੋਂ ਬਚਾ ਨਹੀਂ ਸਕਦੇ।

ਅਥਵਾ:-ਮਾਂ=ਬੁੱਧੀ ਪਿਉ=ਮਨ ਵੀ ਉਨ੍ਹਾਂ ਤੋਂ ਰੱਖ ਨਹੀਂ ਸਕਦਾ।

ਹੋਰ ਭਰਾ ਮਿਤ੍ਰ ਵੀ ਉਨ੍ਹਾਂ ਕਾਮ ਆਦਿਕਾਂ ਤੋਂ ਰੱਖ ਨਹੀਂ ਸਕਦੇ।

ਦਰਬਿ ਸਿਆਣਪ ਨਾ ਓਇ ਰਹਤੇ ॥
ਸਾਧਸੰਗਿ ਓਇ ਦੁਸਟ ਵਸਿ ਹੋਤੇ ॥ ੩ ॥

ਦਰਬਿ=ਧਨ ਅਤੇ ਸਿਆਣਪ ਨੂੰ ਵੇਖ ਕੇ ਭੀ ਉਹ ਨਹੀਂ ਰੁਕ ਸਕਦੇ।

ਸਤਸੰਗਤ ਕਰਨ ਨਾਲ ਹੀ ਉਹ ਦੁਸ਼ਟ=ਕਾਮ ਆਦਿਕ ਵਸੀਕਾਰ ਹੁੰਦੇ ਹਨ॥ ੩ ॥

ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥

ਹੇ ਪਾਣਿ=ਹੱਥਾਂ ਵਿਚ ਸਾਰਿੰਗ ਨਾਮੇ ਧਨੁਖ ਦੇ ਧਾਰਨ ਵਾਲੇ ਪ੍ਰਭੂ ਕਿਰਪਾ ਕਰਕੇ ਮੈਨੂੰ ਸਰਬ ਨਿਧਾਨ=ਖਜ਼ਾਨਿਆਂ ਦੇ ਦੇਣ ਵਾਲੀ ਸੰਤ ਚਰਨ ਧੂੜੀ ਦੇਣਾ ਕਰੋ।

ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਨਾਲ ਮਿਲ ਕੇ ਜੋ ਪਾਰਬ੍ਰਹਮ ਦੇ ਰੰਗਿ=ਪ੍ਰੇਮ ਵਿਚ ਜਾਗਦਾ ਹੈ ਉਸ ਦੀ ਸ੍ਵਾਸਾਂ ਰੂਪੀ ਪੂੰਜੀ ਸਾਬਤ ਰਹੀ ਹੈ, ਅਰਥਾਤ ਉਸ ਦੇ ਸਾਰੇ ਸ੍ਵਾਸ ਸਫਲ ਹੋਏ ਹਨ॥ ੪॥

ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥

ਜਿਸ ਉੱਤੇ ਪ੍ਰਭੂ ਕਿਰਪਾਲੂ ਹੁੰਦਾ ਹੈ ਉਹ ਭਜਨ ਸਿਮਰਨ ਵਿਚ ਜਾਗਦਾ ਰਹਿੰਦਾ ਹੈ।

ਇਹ ਪੂੰਜੀ ਸਾਬਤੁ ਧਨੁ ਮਾਲੁ ॥ ੧ ॥ ਰਹਾਉ ਦੂਜਾ ॥ ੨੦ ॥ ੮੯ ॥

ਉਸ ਪੁਰਸ਼ ਦੀ ਏਹ ਸ੍ਵਾਸਾਂ ਰੂਪ ਪੂੰਜੀ, ਤੇ ਸ਼ੁਭ ਗੁਣਾਂ ਰੂਪੀ ਧਨ, ਤੇ ਦੈਵੀ ਸੰਪਤਾ ਰੂਪੀ ਮਾਲ ਸਾਬਤ ਰਿਹਾ ਹੈ। ਭਾਵਾਰਥ-ਉਸ ਦੇ ਸ਼ੁਭ ਗੁਣਾਂ ਨੂੰ ਕਾਮਾਦਿਕ ਲੁਟ ਨਹੀਂ ਸਕਦੇ॥ ੨੦॥ ੮੯॥

ਗਉੜੀ ਗੁਆਰੇਰੀ ਮਹਲਾ ੫ ॥

ਜਾ ਕੈ ਵਸਿ ਖਾਨ ਸੁਲਤਾਨ ॥ ਜਾ ਕੈ ਵਸਿ ਹੈ ਸਗਲ ਜਹਾਨ ॥

ਬੜੇ ਬੜੇ ਸੁਲਤਾਨ=ਬਾਦਸ਼ਾਹ ਤੇ ਖਾਨ=ਪੰਜ ਹਜ਼ਾਰੀ, ਦਸ ਹਜ਼ਾਰੀ ਮਨੁੱਖ ਜਿਸ ਦੇ ਵਸ ਵਿਚ ਹਨ। ਬਲਕਿ ਸਾਰਾ ਜਹਾਨ=ਸੰਸਾਰ ਹੀ ਜਿਸ ਦੇ ਵਸ ਵਿਚ ਹੈ।

ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਤੇ ਬਾਹਰਿ ਨਾਹੀ ਕੋਇ ॥ ੧ ॥

ਜਿਸ ਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ।
ਉਸ ਪ੍ਰਭੂ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੁੰਦਾ।

ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ ॥
ਕਾਜ ਤੁਮਾਰੇ ਦੇਇ ਨਿਬਾਹਿ ॥ ੧ ॥ ਰਹਾਉ ॥

ਤੂੰ ਆਪਣੇ ਸਤਿਗੁਰਾਂ ਪਾਸ ਬੇਨਤੀ ਉਚਾਰਨ ਕਰ।
ਉਹ ਗੁਰੂ ਤੇਰੇ ਸਾਰੇ ਕੰਮ ਨਿਬਾਹਿ=ਪੂਰੇ ਕਰ ਦੇਣਗੇ॥ ੧॥ ਰਹਾਉ॥

ਸਭ ਤੇ ਊਚ ਜਾ ਕਾ ਦਰਬਾਰੁ ॥ ਸਗਲ ਭਗਤ ਜਾ ਕਾ ਨਾਮੁ ਅਧਾਰੁ ॥

ਜਿਸ ਪ੍ਰਭੂ ਦਾ ਸਚਖੰਡ,
ਵਾ:-ਸਤਸੰਗ ਦਰਬਾਰ ਸਭ ਤੋਂ ਉੱਚਾ ਹੈ।
ਜਿਸ ਪ੍ਰਭੂ ਦਾ ਨਾਮ ਸਾਰਿਆਂ ਭਗਤਾਂ ਦਾ ਅਧਾਰੁ=ਆਸਰਾ ਰੂਪ ਹੈ।

ਸਰਬ ਬਿਆਪਿਤ ਪੂਰਨ ਧਨੀ ॥ ਜਾ ਕੀ ਸੋਭਾ ਘਟਿ ਘਟਿ ਬਨੀ ॥ ੨ ॥

ਉਹ ਪੂਰਨ ਸਾਰਿਆਂ ਦਾ ਧਨੀ=ਸੁਆਮੀ ਸਭਨਾਂ ਵਿਚ ਵਿਆਪਕ ਹੈ।
ਜਿਸ ਦੀ ਸੋਭਾ ਸਾਰਿਆਂ ਘਟਾਂ ਘਟਾਂ ਵਿਚ ਬਣੀ ਹੋਈ ਹੈ॥ ੨॥

ਜਿਸੁ ਸਿਮਰਤ ਦੁਖ ਡੇਰਾ ਢਹੈ ॥ ਜਿਸੁ ਸਿਮਰਤ ਜਮੁ ਕਿਛੁ ਨ ਕਹੈ ॥

ਜਿਸ ਦਾ ਸਿਮਰਨ ਕੀਤਿਆਂ ਦੁਖਾਂ ਦਾ ਡੇਰਾ=ਅਗਿਆਨ ਮਿਟ ਜਾਂਦਾ ਹੈ।

ਜਿਸ ਦਾ ਸਿਮਰਨ ਕੀਤਿਆਂ ਇਸ ਨੂੰ ਜਮ ਕੁਝ ਭੀ ਨਹੀਂ ਕਹਿੰਦਾ।

[ਪੰਨਾ ੧੮੩]

ਜਿਸੁ ਸਿਮਰਤ ਹੋਤ ਸੂਕੇ ਹਰੇ॥ ਜਿਸੁ ਸਿਮਰਤ ਡੂਬਤ ਪਾਹਨ ਤਰੇ॥ ੩॥

ਜਿਸ ਪ੍ਰਭੂ ਦੇ ਸਿਮਰਨ ਕਰਨ ਨਾਲ ਸੁਕੇ ਅੰਤਹਕ੍ਰਨ ਸ਼ੁਭ ਗੁਣਾਂ ਨਾਲ ਹਰੇ ਹੋ ਜਾਂਦੇ ਹਨ।

ਜਿਸ ਪ੍ਰਭੂ ਦੇ ਸਿਮਰਨ ਕਰਨ ਨਾਲ, ਪਾਹਨ=ਪੱਥਰਾਂ ਵਾਂਗੂੰ ਕਠੋਰ ਹਿਰਦੇ ਵਾਲੇ,

ਵਾ:-ਵੱਡੇ ਪਾਪੀ ਨਰਕਾਂ ਵਿਚ ਡੁੱਬਦੇ ਹੋਏ ਤਰ ਜਾਂਦੇ ਹਨ॥ ੩॥

ਸੰਤ ਸਭਾ ਕਉ ਸਦਾ ਜੈਕਾਰੁ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ॥

ਉਨ੍ਹਾਂ ਸੰਤਾ ਦੀ ਸਭਾ ਨੂੰ ਮੈਂ ਸਦਾ ਜੈਕਾਰੁ=ਨਮਸ਼ਕਾਰ ਕਰਦਾ ਹਾਂ। ਜਿਨ੍ਹਾਂ ਸੰਤ ਜਨਾਂ ਦੇ ਪ੍ਰਾਣਾਂ ਦਾ ਆਧਾਰੁ=ਆਸਰਾ ਹਰਿ ਹਰਿ ਨਾਮ ਹੈ।

ਕਹੁ ਨਾਨਕ ਮੇਰੀ ਸੁਣੀ ਅਰਦਾਸਿ॥
ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ॥ ੪॥ ੨੧॥ ੯੦॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਸੰਤਾਂ ਨੇ ਮੇਰੀ ਅਰਦਾਸਿ=ਬੇਨਤੀ ਸੁਣ ਲਈ।

ਤਾਂ ਸੰਤਾਂ ਦੀ ਕਿਰਪਾ ਨਾਲ ਮੈਨੂੰ ਨਾਮ ਦਾ ਨਿਵਾਸ ਮਿਲਿਆ॥ ੪॥ ੨੧॥ ੯੦॥

ਗਉੜੀ ਗੁਆਰੇਰੀ ਮਹਲਾ ੫ ॥

ਸਤਿਗੁਰ ਦਰਸਨਿ ਅਗਨਿ ਨਿਵਾਰੀ॥ ਸਤਿਗੁਰ ਭੇਟਤ ਹਉਮੈ ਮਾਰੀ॥

ਸਤਿਗੁਰਾਂ ਦੇ ਦਰਸ਼ਨ ਨੇ ਪ੍ਰਤਖ ਅਗਨੀ,

ਵਾ:-ਮਾਇਆ ਦੀ ਤ੍ਰਿਸ਼ਨਾਂ ਰੂਪ ਅਗਨੀ ਬੁਝਾ ਦਿੱਤੀ ਹੈ। ਸਤਿਗੁਰਾਂ ਦੇ ਭੇਟਤ=ਮਿਲਾਪ ਨੇ ਹੰਗਤਾ ਮਮਤਾ ਮਾਰ ਦਿੱਤੀ ਹੈ।

ਸਤਿਗੁਰ ਸੰਗਿ ਨਾਹੀ ਮਨੁ ਡੋਲੈ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ॥ ੧॥

ਸਤਿਗੁਰਾਂ ਦੀ ਸੰਗਤ ਕਰਕੇ ਮਨ ਡੋਲਦਾ ਨਹੀਂ ਹੈ।

ਅਤੇ ਏਹੋ ਮਨ ਗੁਰਮੁਖ ਬਣ ਕੇ ਮੁਖ ਗੁਰਾਂ ਦੀ ਅੰਮ੍ਰਿਤ ਰੂਪ ਬਾਣੀ ਨੂੰ ਬੋਲਦਾ ਅਰਥਾਤ ਪੜ੍ਹਦਾ ਹੈ॥ ੧॥

ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ॥
ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ॥ ੧॥ ਰਹਾਉ॥

ਗੁਰ ਕਿਰਪਾ ਨਾਲ ਜਾਂ ਆਪ ਸਚ ਵਿਚ ਤਦਾਕਾਰ ਹੋ ਗਏ, ਤਾਂ ਸਾਰਾ ਜਗਤ ਸੱਚਾ ਪ੍ਰਤੀਤ ਹੋਣ ਲੱਗ ਪਿਆ।

ਜਦ ਗੁਰਾਂ ਦੇ ਉਪਦੇਸ਼ ਨਾਲ ਪ੍ਰਭੂ ਨੂੰ ਜਾਤੇ=ਜਾਣ ਲਿਆ, ਤਾਂ ਸੀਤਲ ਕਰਨ ਵਾਲੀ ਸ਼ਾਂਤੀ ਪ੍ਰਾਪਤ ਹੋ ਗਈ॥ ੧॥ ਰਹਾਉ॥

ਸੰਤ ਪ੍ਰਸਾਦਿ ਜਪੈ ਹਰਿ ਨਾਉ॥ ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ॥

ਅਸੀਂ ਤਾਂ ਸੰਤਾਂ ਦੀ ਕਿਰਪਾ ਨਾਲ ਹਰੀ ਨਾਮ ਜਪਦੇ ਹਾਂ। ਅਤੇ ਸੰਤਾਂ ਦੀ ਕਿਰਪਾ ਨਾਲ ਹੀ ਹਰੀ ਦੇ

ਕੀਰਤਨ ਨੂੰ, ਵਾ:-ਜਸ ਨੂੰ ਗਾਉਂਦੇ ਹਾਂ।

ਸੰਤ ਪ੍ਰਸਾਦਿ ਸਗਲ ਦੁਖ ਮਿਟੇ॥ ਸੰਤ ਪ੍ਰਸਾਦਿ ਬੰਧਨ ਤੇ ਛੁਟੇ॥ ੨॥

ਸੰਤਾਂ ਦੀ ਕਿਰਪਾ ਨਾਲ ਮੇਰੇ ਸਾਰੇ ਦੁਖ ਮਿਟ ਗਏ ਹਨ।

ਸੰਤਾਂ ਦੀ ਕਿਰਪਾ ਨਾਲ ਸਾਰੇ ਬੰਧਨਾਂ ਤੋਂ ਛੁਟ ਗਏ ਹਾਂ॥ ੨॥

ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ॥ ਸਾਧ ਰੇਣ ਮਜਨ ਸਭਿ ਧਰਮ॥

ਸੰਤਾਂ ਦੀ ਕਿਰਪਾ ਨਾਲ ਮੋਹ ਅਤੇ ਭਰਮ ਆਦਿਕ ਵਿਕਾਰ ਮਿਟ ਗਏ ਹਨ।

ਸੰਤਾਂ ਦੀ ਚਰਨ ਧੂੜੀ ਵਿਚ ਜੋ ਇਸ਼ਨਾਨ ਕਰਨਾ ਹੈ ਏਸੇ ਵਿਚ ਸਾਰੇ ਧਰਮਾਂ ਦੇ ਫਲ ਦੀ ਪ੍ਰਾਪਤੀ ਹੈ।

ਅਥਵਾ:- ਸਾਰਿਆਂ ਧਰਮਾਂ ਦੇ ਚਲਾਣ ਵਾਲੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

ਸਾਧ ਕ੍ਰਿਪਾਲ ਦਇਆਲ ਗੋਵਿੰਦੁ॥ ਸਾਧਾ ਮਹਿ ਇਹ ਹਮਰੀ ਜਿੰਦੁ॥ ੩॥

ਸੰਤਾਂ ਦੀ ਕਿਰਪਾਲਤਾ ਨਾਲ ਹੀ ਗੋਵਿੰਦ ਪ੍ਰਭੂ ਦਿਆਲੂ ਹੁੰਦਾ ਹੈ।

ਏਸੇ ਕਰਕੇ ਇਹ ਸਾਡੀ ਜਿੰਦੁ=ਬੁੱਧੀ ਸੰਤਾਂ ਵਿਚ ਲਗ ਰਹੀ ਹੈ।

ਅਥਵਾ:-ਇਹ ਸਾਡੀ ਜਿੰਦੁ=ਜ਼ਿੰਦਗੀ ਦਾ ਸਮਾਂ ਸੰਤਾਂ ਦੀ ਸੰਗਤ ਵਿਚ ਬੀਤ ਰਿਹਾ ਹੈ।

ਕਿਰਪਾ ਨਿਧਿ ਕਿਰਪਾਲ ਧਿਆਵਉ॥ ਸਾਧਸੰਗਿ ਤਾ ਬੈਠਣੁ ਪਾਵਉ॥

ਕਿਰਪਾ ਦੇ ਨਿਧਿ=ਖਜ਼ਾਨੇ ਕਿਰਪਾਲੂ ਪਰਮਾਤਮਾ ਨੂੰ ਧਿਆਉਣਾ ਕਰੋ, ਤਾਂ ਹੀ ਸਤਸੰਗਤ ਵਿਚ ਬੈਠਣ ਦਾ ਫਲ ਪਾਵੋਗੇ।

ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ॥
ਸਾਧਸੰਗਿ ਨਾਨਕ ਨਾਮੁ ਲਇਆ॥ ੪॥ ੨੨॥ ੯੧॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਿਰਗੁਣ ਨੂੰ ਪ੍ਰਭੂ ਨੇ ਦਇਆ ਕਰਕੇ ਬਖਸ਼ ਲਿਆ ਹੈ।
ਤਦੇ ਤਾਂ ਸਤਸੰਗਤ ਵਿਚ ਬੈਠ ਕੇ ਮੈਨੇ ਨਾਮ ਨੂੰ ਜਪ ਲਿਆ ਹੈ॥ ੪॥ ੨੨॥ ੯੧॥

ਗਉੜੀ ਗੁਆਰੇਰੀ ਮਹਲਾ ੫॥

ਸਾਧਸੰਗਿ ਜਪਿਓ ਭਗਵੰਤੁ॥ ਕੇਵਲ ਨਾਮੁ ਦੀਓ ਗੁਰਿ ਮੰਤੁ॥

ਜਿਸ ਵੇਲੇ ਗੁਰਾਂ ਨੇ ਕੇਵਲ=ਨਿਰੋਲ ਨਾਮ ਮੰਤ੍ਰ ਦਿਤਾ, ਤਾਂ ਸਤਸੰਗਤ ਨਾਲ ਮਿਲ ਕੇ ਭਗਵੰਤ ਦੇ ਨਾਮ ਨੂੰ ਜਪਣਾ ਕੀਤਾ।

ਤਜਿ ਅਭਿਮਾਨ ਭਏ ਨਿਰਵੈਰ॥ ਆਠ ਪਹਰ ਪੂਜਹੁ ਗੁਰ ਪੈਰ॥ ੧॥

ਅਭਿਮਾਨ=ਹੰਕਾਰ ਨੂੰ ਤਿਆਗ ਕੇ ਨਿਰਵੈਰ ਹੋ ਗਏ ਹਾਂ, ਅਤੇ ਅਠੇ ਪਹਿਰ ਗੁਰਾਂ ਦੇ ਪਵਿਤ੍ਰ ਚਰਨਾਂ ਨੂੰ ਪੂਜਦੇ ਹਾਂ॥ ੧॥

ਅਬ ਮਤਿ ਬਿਨਸੀ ਦੁਸਟ ਬਿਗਾਨੀ॥
ਜਬ ਤੇ ਸੁਣਿਆ ਹਰਿ ਜਸੁ ਕਾਨੀ॥ ੧॥ ਰਹਾਉ॥

ਦੁਸ਼ਟ ਮਤੀ ਜੋ ਬਿਗਾਨੀ=ਬੇਗਿਆਤ ਕਰਨ ਵਾਲੀ ਸੀ,

ਵਾ:-ਜਮਾਂ ਦੇ ਹਵਾਲੇ ਕਰਨ ਵਾਲੀ ਸੀ,

ਅਥਵਾ:-ਬਿ=ਦ੍ਵੈਤ ਦੇ ਗਾਨੀ=ਗਾਇਣ ਕਰਨ ਵਾਲੀ ਸੀ, ਉਹ ਹੁਣ ਬਿਨਸ ਗਈ ਹੈ।

ਪਰ ਜਿਸ ਵੇਲੇ ਤੋਂ ਗੁਰਾਂ ਪਾਸੋਂ ਹਰੀ ਦਾ ਜਸ ਕਾਨੀ=ਕੰਨਾਂ ਵਿਚ ਸੁਣਿਆ ਹੈ॥ ੧॥

ਸਹਜ ਸੂਖ ਆਨੰਦ ਨਿਧਾਨ॥ ਰਾਖਨਹਾਰ ਰਖਿ ਲੇਇ ਨਿਦਾਨ॥

ਸਹਜ=ਅਚੁੱਤ ਸੁਖ ਦੇ ਅਨੰਦ ਦਾ ਨਿਧਾਨ=ਖਜ਼ਾਨਾ ਹੋ ਗਏ ਹਾਂ। ਇਸ ਕਰਕੇ ਰਖਿਆ ਕਰਨ ਵਾਲਾ ਪ੍ਰਭੂ ਨਿਦਾਨ=ਅੰਤ ਸਮੇਂ ਦੁਖਾਂ ਤੋਂ ਰਖ ਲਵੇਗਾ।

ਦੂਖ ਦਰਦ ਬਿਨਸੇ ਭੈ ਭਰਮ॥ ਆਵਣ ਜਾਣ ਰਖੇ ਕਰਿ ਕਰਮ॥ ੨॥

ਦੁਖ ਜਨਮ ਮਰਨ ਦਾ, ਦਰਦ ਈਰਖਾ ਦਾ, ਭੈ ਜਮਾਂ ਦਾ, ਤੇ ਪੰਜ ਪ੍ਰਕਾਰ ਦਾ ਭਰਮ ਇਤਆਦਿਕ ਸਾਰੇ ਨਾਸ ਹੋ ਗਏ ਹਨ। ਪ੍ਰਭੂ ਨੇ ਕਰਮ=ਕਿਰਪਾ ਕਰਕੇ ਆਣੇ ਜਾਣੇ ਭਾਵ ਜਨਮ ਮਰਨ ਵਲੋਂ ਰੱਖ ਲਿਆ ਹੈ॥ ੨॥

ਪੇਖੈ ਬੋਲੈ ਸੁਣੈ ਸਭੁ ਆਪਿ॥ ਸਦਾ ਸੰਗਿ ਤਾ ਕਉ ਮਨ ਜਾਪਿ॥

ਜੋ ਪ੍ਰਭੂ ਆਪ ਹੀ ਸਾਰਿਆਂ ਨੂੰ ਵੇਖਦਾ ਹੈ, ਆਪ ਹੀ ਬੋਲਦਾ ਹੈ, ਆਪ ਹੀ ਸਭ ਦੀਆਂ ਗੱਲਾਂ ਸੁਣਦਾ ਹੈ, ਅਤੇ ਜੋ ਸਦਾ ਤੇਰਾ ਸੰਗੀ ਹੈ ਉਸ ਪ੍ਰਭੂ ਨੂੰ ਮਨ ਵਿਚ ਜਪਣਾ ਕਰ।

ਸੰਤ ਪ੍ਰਸਾਦਿ ਭਇਓ ਪਰਗਾਸੁ॥ ਪੂਰਿ ਰਹੇ ਏਕੈ ਗੁਣਤਾਸੁ॥ ੩॥

ਸੰਤਾਂ ਦੀ ਪ੍ਰਸਾਦਿ=ਕਿਰਪਾ ਨਾਲ ਇਹ ਪਰਗਾਸੁ=ਚਾਨਣ, ਭਾਵ ਗਿਆਨ ਹੋਇਆ ਹੈ। ਕਿ-ਗੁਣਤਾਸੁ=ਸ਼ੁਭ ਗੁਣਾਂ ਦਾ ਖਜ਼ਾਨਾ ਇਕ ਪ੍ਰਭੂ ਆਪ ਹੀ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ॥ ੩॥

ਕਹਤ ਪਵਿਤ੍ਰ ਸੁਣਤ ਪੁਨੀਤ॥ ਗੁਣ ਗੋਵਿੰਦ ਗਾਵਹਿ ਨਿਤ ਨੀਤ॥

ਜਿਸ ਦੇ ਜਸ ਨੂੰ ਕਹਿਣ ਵਾਲੇ ਪਵਿੱਤ੍ਰ ਹਨ, ਤੇ ਸੁਣਨ ਵਾਲੇ ਭੀ ਪੁਨੀਤ=ਪਵਿੱਤ੍ਰ ਹੁੰਦੇ ਹਨ। ਉਸ ਗੋਬਿੰਦ ਦੇ ਗੁਣਾਂ ਨੂੰ ਅਸੀਂ ਨਿਤ ਨੀਤ=ਨਿਤਾਪ੍ਰਤੀ ਗਾਉਂਦੇ ਹਾਂ।

ਕਹੁ ਨਾਨਕ ਜਾ ਕਉ ਹੋਹੁ ਕ੍ਰਿਪਾਲ॥
ਤਿਸੁ ਜਨ ਕੀ ਸਭ ਪੂਰਨ ਘਾਲ ॥ ੪॥ ੨੩॥ ੯੨॥

ਗੁਰੂ ਜੀ ਕਥਨ ਕਰਦੇ ਹਨ ਜਿਸ ਉੱਤੇ ਉਹ ਪ੍ਰਭੂ ਕਿਰਪਾਲੂ ਹੁੰਦਾ ਹੈ। ਉਸ ਪੁਰਸ਼ ਦੀ ਸਾਰੀ ਘਾਲ=ਕਮਾਈ ਕੀਤੀ ਹੋਈ ਪੂਰਨ ਭਾਵ ਸਫਲ ਹੁੰਦੀ ਹੈ॥ ੪॥ ੨੩॥ ੯੨॥

ਗਉੜੀ ਗੁਆਰੇਰੀ ਮਹਲਾ ੫ ॥

ਬੰਧਨ ਤੋੜਿ ਬੋਲਾਵੈ ਰਾਮੁ॥ ਮਨ ਮਹਿ ਲਾਗੈ ਸਾਚੁ ਧਿਆਨੁ॥

ਧੰਨ ਗੁਰੂ ਸਾਹਿਬ ਜੀ ਹਨ ਜੋ ਰਾਮ ਨਾਮ ਬੁਲਵਾ ਕੇ ਪ੍ਰਤੱਖ ਬੰਧਨਾਂ ਨੂੰ,

ਵਾ:-ਮੋਹ ਦੇ ਬੰਧਨਾਂ ਨੂੰ ਤੋੜ ਦੇਂਦੇ ਹੋਨ। ਗੁਰੂ ਦੀ ਕਿਰਪਾ ਨਾਲ ਹੀ ਮਨ ਵਿਚ ਸੱਚਾ ਧਿਆਨ ਲਗ ਜਾਂਦਾ ਹੈ। ਅਤੇ-

ਮਿਟਹਿ ਕਲੇਸ ਸੁਖੀ ਹੋਇ ਰਹੀਐ ॥ ਐਸਾ ਦਾਤਾ ਸਤਿਗੁਰੁ ਕਹੀਐ ॥ ੧ ॥

ਸਾਰੇ ਕਲੇਸ਼ ਮਿਟ ਜਾਂਦੇ ਹਨ ਤੇ ਸੁਖੀ ਹੋ ਕੇ ਰਹਿੰਦੇ ਹਾਂ।

ਸਤਿਗੁਰੂ ਇਸ ਤਰ੍ਹਾਂ ਦੇ ਦਾਤੇ ਕਹੇ ਜਾਂਦੇ ਹਨ॥ ੧ ॥

ਸੋ ਸੁਖਦਾਤਾ ਜਿ ਨਾਮੁ ਜਪਾਵੈ ॥
ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥ ੧ ॥ ਰਹਾਉ ॥

ਉਹ ਸੁਖਾਂ ਦੇ ਦੇਣ ਵਾਲਾ ਪ੍ਰਭੂ ਜੇਕਰ ਨਾਮ ਜਪਵਾਣਾ ਚਾਹੇ,

ਤਾਂ ਕਿਰਪਾ ਕਰਕੇ ਉਸ ਪੂਰਨ ਗੁਰੂ ਦੇ ਨਾਲ ਮਿਲਾ ਦੇਂਦਾ ਹੈ।

ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥ ਸਰਬ ਨਿਧਾਨ ਗੁਰੂ ਤੇ ਪਾਵੈ ॥

ਜਿਸ ਪੁਰਸ਼ ਉੱਤੇ ਪ੍ਰਭੂ ਦਿਆਲੂ ਹੁੰਦਾ ਹੈ ਉਸ ਨੂੰ ਆਪ ਹੀ ਗੁਰਾਂ ਨਾਲ ਮਿਲਾਉਂਦਾ ਹੈ।

ਫਿਰ ਉਹ ਸਾਰੇ ਨਿਧਾਨ=ਖਜ਼ਾਨੇ ਗੁਰੂ ਪਾਸੋਂ ਪਾ ਲੈਂਦਾ ਹੈ।

ਅਥਵਾ:-ਸਾਰੇ ਖਜ਼ਾਨਿਆਂ ਦੇ ਮਾਲਕ ਪਰਮੇਸ਼ਰ ਨੂੰ ਗੁਰੂ ਪਾਸੋਂ ਪਾ ਲੈਂਦਾ ਹੈ।

ਆਪੁ ਤਿਆਗਿ ਮਿਟੈ ਆਵਣ ਜਾਣਾ ॥
ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥ ੨ ॥

ਅੰਨਵੇਂ:- ਜਿਸ ਨੇ ਸੰਤਾਂ ਦੇ ਸਤਸੰਗ ਵਿਚ ਮਿਲਕੇ "ਆਪੁ ਤਿਆਗਿ" =ਆਪਾ ਭਾ ਹੰਕਾਰ ਨੂੰ ਤਿਆਗਕੇ ਪਾਰਬ੍ਰਹਮ ਨੂੰ ਪਛਾਣ ਲਿਆ ਹੈ, ਉਸ ਦਾ "ਆਵਣ ਜਾਣਾ" =ਜੰਮਣਾ ਮਰਣਾ ਮਿਟ ਗਿਆ ਹੈ॥ ੨ ॥

ਜਨ ਊਪਰਿ ਪ੍ਰਭ ਭਏ ਦਇਆਲ ॥ ਜਨ ਕੀ ਟੇਕ ਏਕ ਗੋਪਾਲ ॥

ਜਿਸ ਪੁਰਸ਼ ਉੱਤੇ ਪ੍ਰਭੂ ਦਿਆਲੂ ਹੋਏ ਹਨ।

ਉਸ ਪੁਰਸ਼ ਨੇ ਇਕ ਗੋਪਾਲ ਦੀ ਟੇਕ=ਓਟ ਫੜੀ ਹੈ।

[ਪੰਨਾ ੧੮੪]

ਏਕਾ ਲਿਵ ਏਕੋ ਮਨਿ ਭਾਉ ॥ ਸਰਬ ਨਿਧਾਨ ਜਨ ਕੈ ਹਰਿ ਨਾਉ ॥ ੩ ॥

ਉਸਦੀ ਇਕ ਵਿਚ ਬਿਰਤੀ ਲਗੀ ਹੈ, ਅਤੇ ਮਨ ਵਿਚ ਇਕ ਦਾ ਹੀ ਭਾਉ=ਪ੍ਰੇਮ,

ਵਾ:-ਗਿਆਨ ਹੈ। ਗੁਰਮੁਖ ਜਨਾਂ ਦੇ ਕੋਲ ਹਰੀ ਦਾ ਨਾਮ ਹੀ ਸਾਰੇ ਨਿਧਾਨ=ਖਜ਼ਾਨੇ ਹਨ॥ ੩ ॥

ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥

ਜਿਸ ਦੀ ਪਾਰਬ੍ਰਹਮ ਨਾਲ ਪ੍ਰੀਤੀ ਲਗੀ ਹੈ। ਉਸ ਦੀ ਸਾਰੀ ਕਰਣੀ=ਕਿਰਿਆ ਪਵਿੱਤ੍ਰ ਹੈ, ਅਤੇ ਰੀਤਿ=ਮਰਯਾਦਾ ਵੀ ਸੱਚੀ ਹੈ।

ਅਥਵਾ:-ਨਿਰਮਲ ਕਰਨੀ ਕਰਨ ਨਾਲ ਉਸ ਦੀ ਸਾਰੀ ਰੀਤ ਸੱਚੀ ਹੈ।

ਗੁਰਿ ਪੂਰੈ ਮੇਟਿਆ ਅੰਧਿਆਰਾ ॥
ਨਾਨਕ ਕਾ ਪ੍ਰਭੁ ਅਪਰ ਅਪਾਰਾ ॥ ੪ ॥ ੨੪ ॥ ੯੩ ॥

ਜਿਨ੍ਹਾਂ ਦਾ ਅਗਿਆਨ ਰੂਪ ਹਨੇਰਾ ਪੂਰਿਆਂ ਗੁਰਾਂ ਨੇ ਮੇਟ ਦਿਤਾ ਹੈ।

ਗੁਰੂ ਜੀ ਕਥਨ ਕਰਦੇ ਹਨ ਉਸਨੇ ਨਿਸਚੇ ਕਰ ਲਿਆ ਹੈ ਕਿ ਮੈਂ ਸੇਵਕ ਦਾ ਪ੍ਰਭੂ ਅਪਰ+ਅਪਾਰਾ=ਬੇਅੰਤ ਤੋਂ ਬੇਅੰਤ ਹੈ।

ਵਾ:-ਅਪਰ=ਬ੍ਰਹਮਾ ਆਦਿਕਾਂ ਕਰਕੇ ਭੀ ਅਪਾਰਾ=ਬੇਅੰਤ ਹੈ॥ ੪॥ ੨੪॥ ੯੩॥

ਗਉੜੀ ਗੁਆਰੇਰੀ ਮਹਲਾ ੫ ॥

ਜਿਸੁ ਮਨਿ ਵਸੈ ਤਰੈ ਜਨੁ ਸੋਇ॥ ਜਾ ਕੈ ਕਰਮਿ ਪਰਾਪਤਿ ਹੋਇ॥

ਜਿਸ ਪੁਰਸ਼ ਦੇ ਮਨ ਵਿਚ ਨਾਮ ਵਸਦਾ ਹੈ ਉਹ ਜਨ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਪਰ ਜਿਸ ਦੇ ਕਰਮਾਂ ਵਿਚ ਲਿਖਿਆ ਹੋਇਆ ਹੈ ਓਸੇ ਨੂੰ ਨਾਮ ਪ੍ਰਾਪਤ ਹੁੰਦਾ ਹੈ।

ਦੂਖੁ ਰੋਗੁ ਕਛੁ ਭਉ ਨ ਬਿਆਪੈ॥ ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ॥ ੧॥

ਅੰਨਵੇ:- ਜੋ ਪੁਰਸ਼ ਹਿਰਦੇ ਵਿਚ ਹਰੀ ਨਾਮ ਅੰਮ੍ਰਿਤ ਨੂੰ ਜਪਦਾ ਹੈ।

ਉਸਨੂੰ ਦੁਖ, ਰੋਗ, ਭਉ=ਡਰ ਜਮਾਂ ਦਾ ਇਤਆਦਿਕ ਕੁਝ ਵਿਆਪਦਾ ਨਹੀਂ ਹੈ॥ ੧॥

ਪਾਰਬ੍ਰਹਮੁ ਪਰਮੇਸੁਰੁ ਧਿਆਈਐ॥

ਗੁਰ ਪੂਰੇ ਤੇ ਇਹ ਮਤਿ ਪਾਈਐ॥ ੧॥ ਰਹਾਉ॥

ਇਸ ਲਈ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਣਾ ਚਾਹੀਦਾ ਹੈ।

ਪਰ ਇਹ ਸ਼ੁਭ ਮਤਿ=ਸਿਖਿਆ ਪੂਰਿਆਂ ਗੁਰਾਂ ਪਾਸੋਂ ਪਾਈ ਜਾਂਦੀ ਹੈ॥ ੧॥

ਕਰਣ ਕਰਾਵਨਹਾਰ ਦਇਆਲ॥ ਜੀਅ ਜੰਤ ਸਗਲੇ ਪ੍ਰਤਿਪਾਲ॥

ਉਹ ਦਿਆਲੂ ਸਾਰਿਆਂ ਕਾਰਜਾਂ ਦੇ ਕਰਨੇ ਕਰਾਉਣੇ ਵਾਲਾ ਹੈ।

ਅਤੇ ਸਾਰਿਆਂ ਸੂਖਮ ਅਸਥੂਲ ਜੀਆਂ ਜੰਤਾਂ ਦੀ ਪਾਲਣਾ ਕਰਦਾ ਹੈ।

ਅਗਮ ਅਗੋਚਰ ਸਦਾ ਬੇਅੰਤਾ॥ ਸਿਮਰਿ ਮਨਾ ਪੂਰੇ ਗੁਰ ਮੰਤਾ॥ ੨॥

ਜੋ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਅਤੇ ਸਦਾ ਬੇਅੰਤ ਹੈ।

ਹੇ ਮਨ ! ਪੂਰਿਆਂ ਗੁਰਾਂ ਦੇ ਮੰਤ੍ਰ ਦੁਆਰਾ ਉਸਨੂੰ ਸਿਮਰਨਾ ਕਰ॥੨॥

ਜਾ ਕੀ ਸੇਵਾ ਸਰਬ ਨਿਧਾਨੁ॥ ਪ੍ਰਭ ਕੀ ਪੂਜਾ ਪਾਈਐ ਮਾਨੁ॥

ਜਿਸ ਪ੍ਰਭੂ ਦੀ ਸੇਵਾ ਵਿਚ ਸਾਰੇ ਨਿਧਾਨ=ਖਜ਼ਾਨੇ ਹਨ।

ਉਸ ਪ੍ਰਭੂ ਦੀ ਪੂਜਾ ਕਰਕੇ ਹੀ ਮਾਨ=ਸਨਮਾਨ ਯਾਨੇ ਆਦਰ ਪਾਈਦਾ ਹੈ।

ਜਾ ਕੀ ਟਹਲ ਨ ਬਿਰਥੀ ਜਾਇ॥ ਸਦਾ ਸਦਾ ਹਰਿ ਕੇ ਗੁਣ ਗਾਇ॥ ੩॥

ਜਿਸ ਹਰੀ ਦੀ ਸੇਵਾ ਟਹਲ ਕੀਤੀ ਹੋਈ ਬਿਰਥੀ=ਨਿਸਫਲ ਨਹੀਂ ਜਾਂਦੀ।

ਹੇ ਮਨ ! ਤੂੰ ਹਮੇਸ਼ਾਂ ਹੀ ਉਸ ਹਰੀ ਦੇ ਗੁਣ ਗਾਉਣਾ ਕਰ॥ ੩॥

ਕਰਿ ਕਿਰਪਾ ਪ੍ਰਭ ਅੰਤਰਜਾਮੀ॥ ਸੁਖ ਨਿਧਾਨ ਹਰਿ ਅਲਖ ਸੁਆਮੀ॥

ਹੇ ਪ੍ਰਭੂ ! ਤੂੰ ਅੰਤਰਜਾਮੀ ਹੈਂ, ਸੁਖ ਨਿਧਾਨ=ਸੁਖਾਂ ਦਾ ਨਿਧਾਨ=ਖਜ਼ਾਨਾ ਹੈਂ,

ਪੁਨਾ ਹੇ ਹਰੀ ਸੁਆਮੀ ! ਤੂੰ ਅਲੱਖ ਹੈਂ ਤੂੰਹੀਂ ਮੇਰੇ ਪਰ ਕਿਰਪਾ ਦ੍ਰਿਸ਼ਟੀ ਕਰ।

ਜੀਅ ਜੰਤ ਤੇਰੀ ਸਰਣਾਈ॥

ਨਾਨਕ ਨਾਮੁ ਮਿਲੈ ਵਡਿਆਈ॥ ੪ ॥ ੨੫ ॥ ੯੪ ॥

ਗੁਰੂ ਜੀ ਕਥਨ ਕਰਦੇ ਹਨ-ਸਾਰੇ ਜੀਅ ਜੰਤ ਤੇਰੀ ਸ਼ਰਨ ਵਿਚ ਆ ਰਹੇ ਹਨ,

ਮੈਂ ਭੀ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਇਸ ਕਰਕੇ ਮੈਨੂੰ ਆਪ ਨਾਮ ਦੀ ਵਡਿਆਈ ਬਖਸ਼ਣਾ ਕਰੋ॥ ੪ ॥ ੨੫ ॥ ੯੪ ॥

ਗਉੜੀ ਗੁਆਰੇਰੀ ਮਹਲਾ ੫ ॥

ਜੀਅ ਜੁਗਤਿ ਜਾ ਕੈ ਹੈ ਹਾਥ॥ ਸੋ ਸਿਮਰਹੁ ਅਨਾਥ ਕੋ ਨਾਥੁ॥

ਸਾਰਿਆਂ ਜੀਵਾਂ ਦੀ ਜੁਗਤੀ ਜਿਸ ਪ੍ਰਭੂ ਦੇ ਹੱਥ ਵਿਚ ਹੈ।

ਉਸ ਅਨਾਥਾਂ ਦੇ ਨਾਥ ਨੂੰ ਸਿਮਰਨਾ ਕਰੋ।

ਪ੍ਰਭ ਚਿਤਿ ਆਏ ਸਭੁ ਦੁਖੁ ਜਾਇ॥ ਭੈ ਸਭ ਬਿਨਸਹਿ ਹਰਿ ਕੈ ਨਾਇ॥ ੧ ॥

ਪ੍ਰਭੂ ਚੇਤੇ ਆਵੇ ਤਾਂ ਸਾਰੇ ਦੁਖ ਮਿਟ ਜਾਂਦੇ ਹਨ।

ਹਰੀ ਦੇ ਨਾਮ ਜਪਣ ਕਰਕੇ ਸਾਰੇ ਭੈ=ਡਰ ਵੀ ਬਿਨਸ ਜਾਂਦੇ ਹਨ॥ ੧ ॥

ਬਿਨੁ ਹਰਿ ਭਉ ਕਾਹੇ ਕਾ ਮਾਨਹਿ॥

ਹਰਿ ਬਿਸਰਤ ਕਾਹੇ ਸੁਖੁ ਜਾਨਹਿ॥ ੧ ॥ ਰਹਾਉ॥

ਹਰੀ ਤੋਂ ਬਿਨਾਂ ਤੂੰ ਹੋਰ ਕਿਸਦਾ ਭਉ=ਡਰ ਮੰਨਦਾ ਹੈਂ?

ਅਤੇ ਹਰੀ ਨੂੰ ਬਿਸਰਤ=ਭੁਲਾ ਕੇ ਕਿਸ ਗੱਲ ਵਿਚ ਸੁਖ ਜਾਣਦਾ ਹੈਂ?॥ ੧ ॥ ਰਹਾਉ॥

ਜਿਨਿ ਧਾਰੇ ਬਹੁ ਧਰਣਿ ਅਗਾਸ॥ ਜਾ ਕੀ ਜੋਤਿ ਜੀਅ ਪਰਗਾਸ॥

ਜਿਸ ਪ੍ਰਭੂ ਨੇ ਬਹੁਤ ਹੀ ਧਰਤੀ ਤੇ ਅਕਾਸ਼ ਆਦਿਕ ਤਤ ਧਾਰੇ=ਬਣਾਏ ਹਨ।

ਜਿਸ ਪ੍ਰਭੂ ਦੀ ਜੋਤਿ=ਸੱਤਾ ਸਾਰਿਆਂ ਜੀਵਾਂ ਵਿਚ ਪ੍ਰਕਾਸ਼ ਰਹੀ ਹੈ।

ਜਾ ਕੀ ਬਖਸ ਨ ਮੇਟੈ ਕੋਇ॥ ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ॥ ੨ ॥

ਜਿਸ ਦੀ ਬਖਸ਼ਸ਼=ਦਾਤ ਨੂੰ ਕੋਈ ਮੇਟ ਨਹੀਂ ਸਕਦਾ।

ਉਸ ਪ੍ਰਭੂ ਦੇ ਸਿਮਰਨ ਨੂੰ ਸਿਮਰਨਾ ਕਰ ਤਾਂ ਤੂੰ ਨਿਰਭਉ ਹੋਵੇਂਗਾ॥ ੨ ॥

ਆਠ ਪਹਰ ਸਿਮਰਹੁ ਪ੍ਰਭ ਨਾਮੁ॥ ਅਨਿਕ ਤੀਰਥ ਮਜਨੁ ਇਸਨਾਨੁ॥

ਉਸ ਪ੍ਰਭੂ ਦੇ ਨਾਮ ਨੂੰ ਅੱਠੇ ਪਹਿਰ ਸਿਮਰਨਾ ਕਰੋ। ਜਿਸ ਨਾਮ ਵਿਚ ਅਨੇਕ ਤੀਰਥਾਂ ਦੇ ਮਜਨੁ=ਪਰਬਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ।

ਪਾਰਬ੍ਰਹਮ ਕੀ ਸਰਣੀ ਪਾਹਿ ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥ ੩ ॥

ਹੇ ਪੁਰਸ਼ਾ ! ਪਾਰਬ੍ਰਹਮ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਣਾ ਕਰ।

ਤਾਂ ਇਕ ਛਿਨ ਦੇ ਵਿਚ ਕ੍ਰੋੜਾਂ ਕਲੰਕ ਮਿਟ ਜਾਣਗੇ॥ ੩ ॥

ਬੇਮੁਹਤਾਜੁ ਪੂਰਾ ਪਾਤਿਸਾਹੁ ॥ ਪ੍ਰਭ ਸੇਵਕ ਸਾਚਾ ਵੇਸਾਹੁ ॥

ਜੋ ਪ੍ਰਭੂ ਬੇ-ਮੁਹਤਾਜ ਹੈ ਅਤੇ ਪੂਰਾ ਪਾਤਸ਼ਾਹ ਹੈ।

ਉਸ ਪ੍ਰਭੂ ਦੇ ਸੇਵਕ ਨੂੰ ਸੱਚਾ ਵੇਸਾਹੁ=ਭਰੋਸਾ ਹੈ।

ਗੁਰਿ ਪੂਰੈ ਰਾਖੇ ਦੇ ਹਾਥ ॥ ਨਾਨਕ ਪਾਰਬ੍ਰਹਮ ਸਮਰਾਥ ॥ ੪ ॥ ੨੬ ॥ ੯੫ ॥

ਗੁਰੂ ਜੀ ਕਥਨ ਕਰਦੇ ਹਨ-ਸਰਬ ਕਲਾ ਸਮਰਥ ਪਾਰਬ੍ਰਹਮ ਦੇ ਸਰੂਪ ਪੂਰਿਆਂ ਗੁਰਾਂ ਨੇ ਕਿਰਪਾ ਰੂਪੀ ਹੱਥ ਦੇ ਕੇ ਸਾਨੂੰ

ਵਾ:-ਸੇਵਕਾਂ ਨੂੰ ਰੱਖ ਲਿਆ ਹੈ॥ ੪ ॥ ੨੬॥ ੯੫ ॥

ਗਉੜੀ ਗੁਆਰੇਰੀ ਮਹਲਾ ੫ ॥

ਗੁਰ ਪਰਸਾਦਿ ਨਾਮਿ ਮਨੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥

ਗੁਰਾਂ ਦੀ ਕਿਰਪਾ ਨਾਲ ਨਾਮ ਜਪਣ ਵਿਚ ਮਨ ਲੱਗ ਗਿਆ ਹੈ ਤੇ ਜਨਮਾਂ ਜਨਮਾਂਤਰਾਂ ਦਾ ਮੋਹ,

ਵਾ:-ਅਵਿਦਿਆ ਨੀਂਦ ਵਿਚ ਸੁੱਤਾ ਹੋਇਆ ਮਨ ਜਾਗ ਪਿਆ ਹੈ।

ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥ ਪੂਰੇ ਗੁਰ ਕੀ ਸੁਮਤਿ ਪਰਾਣੀ ॥ ੧ ॥

ਬਾਣੀ ਦੁਆਰੇ ਪ੍ਰਭੂ ਦੇ ਅੰਮ੍ਰਿਤ ਰੂਪ ਗੁਣਾਂ ਨੂੰ ਉਚਾਰਦੇ ਹਾਂ।

ਪੂਰਿਆਂ ਗੁਰਾਂ ਦੀ ਕਿਰਪਾ ਨਾਲ ਹੀ ਇਹ ਸ਼ੁਭਮਤੀ ਪਰਾਣੀ=ਪਛਾਣੀ ਹੈ॥ ੧ ॥

ਪ੍ਰਭ ਸਿਮਰਤ ਕੁਸਲ ਸਭਿ ਪਾਏ ॥
ਘਰਿ ਬਾਹਰਿ ਸੁਖ ਸਹਜ ਸਬਾਏ ॥ ੧ ॥ ਰਹਾਉ ॥

ਪ੍ਰਭੂ ਨੂੰ ਸਿਮਰਕੇ ਸਾਰੇ ਕੁਸਲ=ਸੁਖ ਅਨੰਦ ਪਾਏ ਹਨ।

ਨਾਮ ਦੇ ਪ੍ਰਤਾਪ ਕਰਕੇ ਭਾਵੇਂ ਘਰ ਵਿਚ ਰਹੀਏ, ਭਾਵੇਂ ਬਾਹਰ ਜਾਈਏ ਸੁਭਾਵਕ ਹੀ ਸਾਰੇ ਸੁਖ ਪਰਾਪਤ ਹੋਏ ਹਨ॥ ੧ ॥ ਰਹਾਉ ॥

ਸੋਈ ਪਛਾਤਾ ਜਿਨਹਿ ਉਪਾਇਆ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥

ਜਿਸ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ ਉਸ ਨੂੰ ਪਛਾਣ ਲਿਆ ਹੈ। ਪਰ—

ਪ੍ਰਭੂ ਨੇ ਕਿਰਪਾ ਕਰਕੇ ਆਪ ਹੀ ਆਪਣੇ ਨਾਲ ਮਿਲਾ ਲਿਆ ਹੈ।

ਬਾਹ ਪਕਰਿ ਲੀਨੋ ਕਰਿ ਅਪਨਾ ॥ ਹਰਿ ਹਰਿ ਕਥਾ ਸ਼ਬਦਾ ਜਪੁ ਜਪਨਾ ॥ ੨ ॥

ਬੁੱਧੀ ਰੂਪੀ ਬਾਂਹ ਤੋਂ ਫੜ ਕੇ ਪ੍ਰਭੂ ਨੇ ਮੈਨੂੰ ਆਪਣਾ ਕਰ ਲਿਆ ਹੈ।

ਇਸ ਕਰਕੇ ਮੈਂ ਸਦਾ ਹਰੀ ਦੀ ਕਥਾ ਸੁਣਦਾ ਹਾਂ, ਤੇ ਹਰੀ ਨਾਮ ਜਪ ਨੂੰ ਜਪਦਾ ਹਾਂ॥ ੨॥

ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ॥ ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ॥

ਮੇਰਾ ਮੰਤ੍ਰ ਵੀ ਤੰਤ੍ਰ ਵੀ ਅਉਖਧੁ=ਦਵਾਈ, ਅਤੇ ਪੁਨਹਚਾਰੁ=ਪ੍ਰਾਸਚਿਤ ਸਭ ਕੁਝ ਨਾਮ ਹੀ ਹੈ। ਕਿਉਂਕਿ ਹਰਿ ਹਰਿ ਦਾ ਨਾਮ ਹੀ ਮੇਰੇ ਜੀਅ ਅਤੇ ਪ੍ਰਾਣਾਂ ਦਾ ਅਧਾਰੁ=ਆਸਰਾ ਹੈ।

[ਪੰਨਾ ੧੮੫]

ਸਾਚਾ ਧਨੁ ਪਾਇਓ ਹਰਿ ਰੰਗਿ॥ ਦੁਤਰੁ ਤਰੇ ਸਾਧ ਕੈ ਸੰਗਿ॥ ੩॥

ਹਰੀ ਸਰੂਪ ਗੁਰਾਂ ਵਿਚ ਰੰਗਿ=ਪ੍ਰੇਮ ਕਰਕੇ ਸਚਾ ਨਾਮ ਧਨ ਪਾਇਆ ਹੈ।

ਸੰਤਾਂ ਦੇ ਸਤਿਸੰਗ ਕਰਕੇ ਦੁਤਰੁ=ਕਠਨ ਸੰਸਾਰ ਸਮੁੰਦਰ ਤੋਂ ਤਰ ਗਏ ਹਾਂ॥ ੩॥

ਸੁਖਿ ਬੈਸਹੁ ਸੰਤ ਸਜਨ ਪਰਵਾਰੁ॥ ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ॥

ਹੇ ਪ੍ਰਵਾਰ ਦੇ ਸੱਜਣੋ ! ਤੁਸੀਂ ਹੁਣ ਸੁਖੀ ਬੈਠੋ, ਕਿਉਂਕਿ ਸੰਤਾਂ ਨਾਲ ਮਿਲ ਕੇ ਮੈਂ ਉਹ ਹਰੀ ਨਾਮ ਧਨ ਖੱਟਿਆ ਹੈ ਜਿਸ ਦਾ ਸੁਮਾਰੁ=ਅੰਤ ਨਹੀਂ ਆਉਂਦਾ।

*ਅਥਵਾ:-*ਸਜਣ ਸੰਤਾਂ ਨਾਲ ਮਿਲ ਕੇ ਆਪਣੇ ਪਰਵਾਰ ਵਿਚ ਸੁਖ ਸਹਿਤ ਬੈਠਣਾ ਕਰੋ। ਸੰਤਾਂ ਨੇ ਇਤਨਾ ਹਰੀ ਨਾਮ ਧਨ ਖੱਟਿਆ ਹੈ ਜਿਸ ਦਾ ਅੰਤ ਹੀ ਨਹੀਂ ਆਉਂਦਾ।

ਜਿਸਹਿ ਪਰਾਪਤਿ ਤਿਸੁ ਗੁਰੁ ਦੇਇ॥
ਨਾਨਕ ਬਿਰਥਾ ਕੋਇ ਨ ਹੋਇ॥ ੪॥ ੨੭॥ ੯੬॥

ਜਿਸ ਨੂੰ ਪ੍ਰਾਪਤ ਹੋਣੇ ਦਾ ਲੇਖ ਲਿਖਿਆ ਹੋਇਆ ਹੈ ਉਸ ਨੂੰ ਗੁਰੂ ਸਾਹਿਬ ਜੀ ਨਾਮ ਧਨ ਦੇਂਦੇ ਹਨ। *ਅਥਵਾ:-*ਜਿਸਹਿ ਗੁਰੁ ਦੇਇ=ਜਿਸ ਨੂੰ ਗੁਰੂ ਸਾਹਿਬ ਜੀ ਨਾਮ ਧਨ ਦੇਂਦੇ ਹਨ, ਉਸੇ ਨੂੰ ਨਾਮ ਧਨ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਦਰ ਤੋਂ ਕੋਈ ਭੀ ਬਿਰਥਾ=ਖਾਲੀ ਨਹੀਂ ਹੁੰਦਾ। ਅਰਥਾਤ ਗੁਰਾਂ ਦੇ ਦਰ ਤੇ ਜੋ ਭੀ ਆਉਂਦਾ ਹੈ ਉਹ ਕੁਝ ਨਾ ਕੁਝ ਜ਼ਰੂਰ ਲੈ ਕੇ ਜਾਂਦਾ ਹੈ॥ ੪॥ ੨੭॥ ੯੬॥

ਗਉੜੀ ਗੁਆਰੇਰੀ ਮਹਲਾ ੫ ॥

ਇਸ ਸ਼ਬਦ ਦੁਆਰਾ ਨਾਮ ਦੀ ਮਹਿਮਾ ਕਥਨ ਕਰਦੇ ਹਨ।

ਹਸਤ ਪੁਨੀਤ ਹੋਹਿ ਤਤਕਾਲ॥ ਬਿਨਸਿ ਜਾਹਿ ਮਾਇਆ ਜੰਜਾਲ॥

ਨਾਮ ਸਬੰਧੀ ਗ੍ਰੰਥ ਲਿਖਣ ਕਰਕੇ ਹਸਤ=ਹੱਥ ਤਤਕਾਲ=ਸ਼ੀਘਰ ਹੀ ਪੁਨੀਤ=ਪਵਿੱਤ੍ਰ ਹੁੰਦੇ ਹਨ। ਅਤੇ ਮਾਇਆ ਦੇ ਸਾਰੇ ਜੰਜਾਲ=ਧੰਧੇ (ਝਮੇਲੇ) ਮਿਟ ਜਾਂਦੇ ਹਨ।

ਰਸਨਾ ਰਮਹੁ ਰਾਮ ਗੁਣ ਨੀਤ॥ ਸੁਖੁ ਪਾਵਹੁ ਮੇਰੇ ਭਾਈ ਮੀਤ॥ ੧॥

ਹੇ ਮੇਰੇ ਭਾਈ ਮਿਤਰੋ ! ਨਿਤਾਪ੍ਰਤੀ ਰਸਨਾ ਦੁਆਰੇ ਰਾਮ ਦੇ ਗੁਣਾਂ ਨੂੰ ਰਮਹੁ=ਉਚਾਰੋ ਤਾਂਹੀਂ ਸੁਖ ਪਾਵੋਗੇ॥ ੧॥

ਲਿਖੁ ਲੇਖਣਿ ਕਾਗਦਿ ਮਸਵਾਣੀ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ॥ ੧॥ ਰਹਾਉ॥

ਹੇ ਭਾਈ ! ਲੇਖਣਿ+ਮਸਵਾਣੀ=ਕਲਮ ਦਵਾਤ ਲੈ ਕੇ ਕਾਗਜ਼ ਉੱਤੇ ਹਰੀ ਦੇ ਰਾਮ ਨਾਮ ਰੂਪ ਅੰਮ੍ਰਿਤ

ਬਾਣੀ ਨੂੰ ਲਿਖਣਾ ਕਰ॥ ੧॥ ਰਹਾਉ॥

ਇਹ ਕਾਰਜਿ ਤੇਰੇ ਜਾਹਿ ਬਿਕਾਰ॥ ਸਿਮਰਤ ਰਾਮ ਨਾਹੀ ਜਮ ਮਾਰ॥

ਇਸ ਕੰਮ ਦੇ ਕਰਨ ਨਾਲ ਤੇਰੇ ਸਾਰੇ ਵਿਕਾਰ ਨਵਿਰਤ ਹੋ ਜਾਣਗੇ ਅਤੇ ਰਾਮ ਨਾਮ ਦੇ ਸਿਮਰਨ ਕਰਨ ਨਾਲ ਜਮ ਤੈਨੂੰ ਨਹੀਂ ਮਾਰੇਗਾ।

ਧਰਮ ਰਾਇ ਕੇ ਦੂਤ ਨ ਜੋਹੈ॥ ਮਾਇਆ ਮਗਨ ਨ ਕਛੂਐ ਮੋਹੈ॥ ੨॥

ਧਰਮ ਰਾਜਾ ਦੇ ਦੂਤ ਭੀ ਨਹੀਂ ਜੋਹੈ=ਵੇਖ ਸਕਣਗੇ, ਅਤੇ ਮਾਇਆ ਦੀ ਮਗਨ=ਮਸਤੀ ਦਾ ਭੀ ਕੁਝ ਮੋਹ ਨਹੀਂ ਹੋਵੇਗਾ॥ ੨॥

ਉਧਰਹਿ ਆਪਿ ਤਰੈ ਸੰਸਾਰੁ॥ ਰਾਮ ਨਾਮ ਜਪਿ ਏਕੰਕਾਰੁ॥

ਇਕ ਨਿਰੰਕਾਰ ਦੇ ਰਾਮ ਨਾਮ ਨੂੰ ਜਪਣਾ ਕਰ। ਤਾਂ ਤੂੰ ਆਪ ਤਰ ਜਾਵੇਂਗਾ, ਅਤੇ ਪ੍ਰਵਾਰ ਨੂੰ ਸੰਸਾਰ ਤੋਂ ਤਾਰ ਲਵੇਂਗਾ।

ਆਪਿ ਕਮਾਉ ਅਵਰਾ ਉਪਦੇਸ॥ ਰਾਮ ਨਾਮ ਹਿਰਦੈ ਪਰਵੇਸ॥ ੩॥

ਅੰਨਵੇਂ ! ਆਪਣੇ ਹਿਰਦੇ ਵਿਚ ਰਾਮ ਨਾਮ ਨੂੰ ਪਰਵੇਸ=ਵਸਾ ਕੇ ਆਪ ਉਸ ਦੀ ਕਮਾਈ ਕਰੋ ਅਤੇ ਹੋਰਨਾਂ ਨੂੰ ਰਾਮ ਨਾਮ ਦਾ ਉਪਦੇਸ਼ ਦੇਣਾ ਕਰੋ॥ ੩॥

ਜਾ ਕੈ ਮਾਥੈ ਏਹੁ ਨਿਧਾਨੁ॥ ਸੋਈ ਪੁਰਖੁ ਜਪੈ ਭਗਵਾਨੁ॥

ਜਿਸ ਦੇ ਮਥੇ ਪਰ ਇਹ ਨਿਧਾਨੁ=ਖਜ਼ਾਨਾ ਪ੍ਰਾਪਤ ਹੋਣਾ ਲਿਖਿਆ ਹੈ, ਓਹੀ ਭਾਗਵਾਨ ਪੁਰਸ਼ ਭਗਵਾਨ ਦੇ ਨਾਮ ਨੂੰ ਜਪਦਾ ਹੈ।

ਆਠ ਪਹਰ ਹਰਿ ਹਰਿ ਗੁਣ ਗਾਉ॥
ਕਹੁ ਨਾਨਕ ਹਉ ਤਿਸੁ ਬਲਿ ਜਾਉ॥ ੪॥ ੨੮॥ ੯੭॥

ਜੋ ਅੱਠੇ ਪਹਿਰ ਹਰਿ ਹਰਿ ਦੇ ਗੁਣਾਂ ਨੂੰ ਗਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-
ਹਉ=ਮੈਂ ਉਸ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੪॥ ੨੮॥ ੯੭॥

ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ

ੴ ਸਤਿਗੁਰ ਪ੍ਰਸਾਦਿ॥

ਜੋ ਪਰਾਇਓ ਸੋਈ ਅਪਨਾ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ॥ ੧॥

ਜੋ ਸਰੀਰ ਪਰਾਇਓ=ਜਮਾਂ ਦਾ ਹੈ ਉਸਨੂੰ ਜੀਵ ਨੇ ਆਪਣਾ ਮੰਨਿਆ ਹੋਇਆ ਹੈ। ਜੋ ਧਨ, ਵਾ:-ਪ੍ਰਵਾਰ ਨੂੰ ਤਜਿ+ਛੋਡਨ=ਤਿਆਗ ਛਡਣਾ ਹੈ, ਉਸੇ ਕੁਟੰਬ ਦੇ ਨਾਲ ਮਨੁ ਰਚਨਾ=ਤਦਾਕਾਰ ਹੋ ਰਿਹਾ ਹੈ॥ ੧॥

ਕਹਹੁ ਗੁਸਾਈ ਮਿਲੀਐ ਕੇਹ॥
ਜੋ ਬਿਬਰਜਤ ਤਿਸ ਸਿਉ ਨੇਹ॥ ੧॥ ਰਹਾਉ॥

ਹੇ ਭਾਈ ਕਹੋ ਖਾਂ ! ਇਨ੍ਹਾਂ ਗੱਲਾਂ ਕਰਕੇ ਗੁਸਾਈ=ਪਰਮਾਤਮਾ ਨਾਲ ਕਿਸ ਤਰ੍ਹਾਂ ਮਿਲਣਾ ਹੋਵੇਗਾ। ਵੇਦ

ਸ਼ਾਸਤ੍ਰ ਅਤੇ ਮਹਾਤਮਾਂ ਜਿਸ ਕੰਮ ਵਲੋਂ ਤੈਨੂੰ ਬਿਬਰਜਤ=ਰੋਕਦੇ ਹਨ ਅਰਥਾਤ ਮਨ੍ਹਾਂ ਕਰਦੇ ਹਨ ਉਸੇ ਨਾਲ ਤੇਰਾ ਨੇਹ=ਪ੍ਰੇਮ ਲਗ ਰਿਹਾ ਹੈ॥ ੧॥ ਰਹਾਉ॥

ਝੂਠੁ ਬਾਤ ਸਾ ਸਚੁ ਕਰਿ ਜਾਤੀ॥ ਸਤਿ ਹੋਵਨੁ ਮਨਿ ਲਗੈ ਨ ਰਾਤੀ॥ ੨॥

ਜੋ ਜਿਉਣੇ ਦੀ ਗੱਲ ਝੂਠੀ ਹੈ ਉਸ ਨੂੰ ਸਚ ਕਰਕੇ ਜਾਣਿਆ ਹੈ। ਅਤੇ ਜਿਸ ਮੌਤ ਨੇ ਸਚਮੁਚ ਹੋ ਕੇ ਰਹਿਣਾ ਹੈ ਉਹ ਮਨ ਨੂੰ ਰਤਾ ਭਰ ਵੀ ਨਹੀਂ ਲੱਗਦੀ॥ ੨॥

ਬਾਵੈ ਮਾਰਗੁ ਟੇਢਾ ਚਲਨਾ॥ ਸੀਧਾ ਛੋਡਿ ਅਪੂਠਾ ਬੁਨਨਾ॥ ੩॥

ਇਹ ਟੇਢਾ ਜੀਵ ਵਾਮ ਮਾਰਗੀਆਂ ਦੇ ਮੱਤ ਅਨੁਸਾਰ ਟੇਢੇ ਰਸਤੇ ਪਰ ਚਲਣਾ ਕਰਦਾ ਹੈ।

ਅਥਵਾ:-ਪ੍ਰਮੇਸ਼ਰ ਦੇ ਭਜਨ ਸਿਮਰਨ ਰੂਪ ਰਸਤੇ ਤੋਂ ਬਿਨਾਂ ਜੋ ਭੀ ਰਸਤਾ ਹੈ ਉਹ "ਬਾਵੈ ਮਾਰਗੁ"=ਟੇਢਾ ਰਸਤਾ ਹੈ ਉਸ ਸੰਸਾਰਕ ਸਰਤੇ ਵਿਚ ਇਹ ਜੀਵ ਟੇਢਾ ਹੋ ਕੇ ਚਲਦਾ ਹੈ।

ਨਿਸ਼ਕਾਮ ਕਰਮਾਂ ਦੇ ਕਰਨੇ ਰੂਪੀ ਸਿਧੇ ਰਸਤੇ ਨੂੰ ਛਡ ਕੇ ਅਪੂਠਾ+ਬੁਨਨਾ=ਸ਼ਕਾਮ ਕਰਮ ਕਰਦਾ ਹੈ। *ਅਥਵਾ:*-ਸਿੱਧਾ ਵਿਹਾਰ ਛਡ ਕੇ ਪੁਠਾ ਤਾਣਾ ਤਣਦਾ ਹੈ।

ਅਰਥਾਤ-ਭਜਨ ਸਿਮਰਨ ਸੇਵਾ ਟਹਲ ਸਤਿਸੰਗ ਨੂੰ ਛਡ ਕੇ ਦੁਸ਼ਟਾਂ ਨਾਲ ਮਿਲਕੇ ਮਾਸ ਸ਼ਰਾਬ ਆਦਿਕਾਂ ਵਲ ਦੌੜ ਕੇ ਜਾਂਦਾ ਹੈ।

ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ॥
ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ॥ ੪॥ ੨੯॥ ੯੮॥

ਗੁਰਮੁਖ-ਮਨਮੁਖ, ਨਿਸ਼ਕਾਮੀ-ਸਕਾਮੀ, ਲੋਕ-ਪਰਲੋਕ, ਇਤ ਆਦਿਕ ਦੋਹਾਂ ਸਿਰਿਆਂ ਦਾ ਉਹ ਪ੍ਰਭੂ ਆਪ ਹੀ ਮਾਲਕ ਹੈ। ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਆਪਣੇ ਨਾਲ ਮੇਲਦਾ ਹੈ ਉਹ ਮੁਕਤ ਰੂਪ ਹੁੰਦਾ ਹੈ॥ ੪॥ ੨੯॥ ੯੮॥

ਗਉੜੀ ਗੁਆਰੇਰੀ ਮਹਲਾ ੫ ॥

ਇਕ ਸਿਖ ਨੇ ਗੁਰੂ ਸਾਹਿਬਾਂ ਅਗੇ ਮੱਥਾ ਟੇਕ ਕੇ ਕਿਹਾ, ਕਿ ਮਹਾਰਾਜ ਜੀ ਅਜ ਫਲਾਣੀ ਇਸਤ੍ਰੀ ਆਪਣੇ ਪਤੀ ਦੇ ਨਾਲ ਸਤੀ ਹੋ ਗਈ ਹੈ, ਇਹ ਗੱਲ ਸੁਣ ਕੇ ਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ।

ਕਲਿਜੁਗ ਮਹਿ ਮਿਲਿ ਆਏ ਸੰਜੋਗ॥
ਜਿਚਰੁ ਆਗਿਆ ਤਿਚਰੁ ਭੋਗਹਿ ਭੋਗ॥ ੧॥

ਇਸ ਕਲਜੁਗ ਦੇ ਵਿਚ, ਵਾ :-ਕਲਾ ਰੂਪ ਪ੍ਰਪੰਚ ਵਿਚ ਸਾਰੇ ਜੀਵ ਕਰਮਾਂ ਦੇ ਸੰਜੋਗ ਕਰਕੇ ਆਕੇ ਮਿਲੇ ਹਨ। ਜਿਚਰੁ=ਜਿੰਨਾ ਚਿਰ ਪਰਮੇਸ਼ਰ ਦੀ ਆਗਿਆ ਹੁੰਦੀ ਹੈ ਓਨਾ ਚਿਰ ਇਹ ਜੀਵ ਭੋਗਾਂ ਨੂੰ ਭੋਗਦੇ ਹਨ॥ ੧॥

ਜਲੈ ਨ ਪਾਈਐ ਰਾਮ ਸਨੇਹੀ॥
ਕਿਰਤਿ ਸੰਜੋਗਿ ਸਤੀ ਉਠਿ ਹੋਈ॥ ੧॥ ਰਹਾਉ॥

ਸਨੇਹੀ+ਰਾਮ=ਪਿਆਰਾ ਜੋ ਪਤੀ ਹੈ, ਉਹ ਚਿੱਖਾ ਪਰ ਸੜਨ ਕਰਕੇ ਨਹੀਂ ਪਾਇਆ ਜਾਂਦਾ।

ਕਿਰਤਿ=ਕੀਤੇ ਹੋਏ ਕਰਮਾਂ ਦੇ ਸੰਜੋਗ ਕਰ ਕੇ ਇਹ ਇਸਤ੍ਰੀ ਉੱਠ ਕੇ ਸਤੀ ਹੋ ਗਈ ਹੈ। ਇਸ ਨੇ ਪਿਛਲੇ ਜਨਮ ਵਿਚ ਕਿਸੇ ਨੂੰ ਸਾੜਿਆ ਹੋਣਾ ਹੈ ਜਿਸ ਤੇ ਹੁਣ ਇਹ ਆਪ ਸਤੀ ਹੋ ਗਈ ਹੈ।

ਅਥਵਾ:-ਜਲੈ=ਪੰਜ ਧੂਣੀਆਂ ਤਪਨ ਨਾਲ ਪਿਆਰਾ ਰਾਮ ਪਰਮੇਸ਼ਰ ਨਹੀਂ ਮਿਲਦਾ।

ਕਿਰਤਿ=ਕਰਮਾਂ ਦੇ ਸੰਜੋਗ ਕਰਕੇ ਇਹ ਜੀਵ ਉੱਠਕੇ ਸਤੀ=ਸਤਵਾਦੀ ਹੋ ਗਿਆ ਹੈ॥ ੧॥

ਦੇਖਾ ਦੇਖੀ ਮਨਹਠਿ ਜਲਿ ਜਾਈਐ॥
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ॥ ੨॥

ਜੋ ਇਸਤ੍ਰੀਆਂ ਦੇਖਾ+ਦੇਖੀ=ਰੀਸੋ ਰੀਸੀ ਮਨ ਦੇ ਹਠ ਕਰਕੇ ਮੁਰਦੇ ਨਾਲ ਜਲਿ=ਸੜ ਜਾਂਦੀਆਂ ਹਨ। ਉਹ ਹਠ ਵਾਲੀਆਂ ਇਸਤ੍ਰੀਆਂ-

ਪਤੀ ਦੇ ਸੰਗੁ=ਮੇਲ ਮਿਲਾਪ ਨੂੰ ਨਹੀਂ ਪਾਂਵਦੀਆਂ, ਸਗੋਂ ਬਹੁਤੀਆਂ ਜੂਨਾਂ ਵਿਚ ਭੁਆਈਆਂ ਜਾਂਦੀਆਂ ਹਨ ਏਸੇ ਤਰ੍ਹਾਂ ਜੋ ਮਨੁੱਖ ਇਕ ਦੂਜੇ ਨੂੰ ਵੇਖਾ ਵੇਖੀ ਨਾਲ ਮਨ ਦੇ ਹਠ ਕਰ ਕੇ ਜਲਿ+ਜਾਈਐ=ਪੰਜ ਧੂਣੀਆਂ ਤਪਦੇ ਹਨ। ਉਹ ਪਤੀ ਪਰਮਾਤਮਾ ਦੇ ਸੰਗ ਨੂੰ ਨਹੀਂ ਪਾਂਵਦੇ, ਸਗੋਂ ਬਹੁਤੀਆਂ ਜੂਨਾਂ ਵਿਚ ਫੇਰੇ ਜਾਂਦੇ ਹਨ॥ ੨॥

ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ॥ ੩॥

ਜੋ ਇਸਤ੍ਰੀ ਸੀਲ ਸੁਭਾਅ, ਅਤੇ ਸੰਜਮਿ=ਇੰਦਰੈਜਿਤ ਹੋ ਕੇ ਅਰਥਾਤ ਪਰ ਪੁਰਸ਼ਾਂ ਵਲੋਂ/ਹਟ ਕੇ ਆਪਣੇ ਪਤੀ ਦੀ ਆਗਿਆ ਨੂੰ ਮੰਨਦੀ ਹੈ। ਉਸ ਇਸਤ੍ਰੀ ਨੂੰ ਜ਼ਮਾਨੇ ਦਾ ਅਰਥਾਤ ਭਿਆਨਕ ਸਮੇਂ ਦਾ ਦੁਖ ਨਹੀਂ ਹੁੰਦਾ।

ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥
ਧੰਨੁ ਸਤੀ ਦਰਗਹ ਪਰਵਾਨਿਆ॥ ੪॥ ੩੦॥ ੯੯॥

ਗੁਰੂ ਜੀ ਕਥਨ ਕਰਦੇ ਹਨ-ਜਿਸ ਇਸਤ੍ਰੀ ਨੇ ਪਤੀ ਨੂੰ ਪਰਮੇਸ਼ਰ ਰੂਪ ਕਰਕੇ ਜਾਣਿਆ ਹੈ, ਉਹ ਸਤੀ=ਪਤੀਬ੍ਰਤ ਧਰਮ ਵਾਲੀ ਇਸਤ੍ਰੀ ਧੰਨ ਹੈ, ਅਤੇ ਉਹ ਦਰਗਾਹ ਵਿਚ ਭੀ ਪ੍ਰਮਾਣੀਕ ਹੋਈ ਹੈ।

ਅਥਵਾ:-ਏਸੇ ਤਰ੍ਹਾਂ ਸੀਲ ਸੁਭਾਅ ਤੇ ਸੰਜਮਿ=ਇੰਦ੍ਰੀਆਂ ਦੇ ਦਮਨ ਸਹਿਤ ਹੋ ਕੇ ਜੋ ਪਤੀ ਪਰਮੇਸ਼ਰ ਦੀ ਆਗਿਆ ਨੂੰ ਮੰਨਦੀ ਹੈ। ਤਿਸ ਮਹਾਤਮਾਂ ਰੂਪ ਇਸਤ੍ਰੀ ਨੂੰ ਜਮਾਨੈ=ਜਮਾਂ ਦਾ ਦੁਖ ਨਹੀਂ ਹੁੰਦਾ। *ਅਥਵਾ:*-ਜਨਮ ਮਰਨ ਦਾ ਦੁਖ ਨਹੀਂ ਹੁੰਦਾ। ਵਾ:-ਜਮਾਨੈ=ਜਮਾਂ ਤੋਂ ਹੀ ਦੁਖ ਨਹੀਂ ਹੁੰਦਾ। ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਪਰਮੇਸ਼ਰ ਨੂੰ ਆਪਣਾ ਪਤੀ ਸਮਝਣਾ ਕੀਤਾ ਹੈ। ਉਹ ਸਤਵਾਦੀ ਮਹਾਤਮਾ ਧੰਨਤਾ ਜੋਗ ਹੋਇਆ ਦਰਗਾਹ ਵਿਚ ਪ੍ਰਮਾਣੀਕ ਹੁੰਦਾ ਹੈ॥ ੪॥ ੩੦॥ ੯੯॥

ਗਉੜੀ ਗੁਆਰੇਰੀ ਮਹਲਾ ੫ ॥

ਜਿਸ ਵੇਲੇ ਹਰਿਮੰਦਰ ਸਾਹਿਬ ਜੀ ਦੀ ਸੰਪੂਰਣ ਤਿਆਰੀ ਕਰਨ ਤੋਂ ਬਾਅਦ ਆਪ ਗੋਇੰਦਵਾਲ ਜਾ ਕੇ ਗਲੀ ਵਿਚ ਬੈਠ ਕੇ, *ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥*

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ॥ ਵਾਲਾ ਸ਼ਬਦ ਗਉੜੀ ਰਾਗ ਵਿਚ ਉਚਾਰ ਕੇ, ਬਾਬਾ ਮੋਹਨ ਜੀ ਪਾਸੋਂ ਪੋਥੀਆਂ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਦੁਖਭੰਜਨੀ ਬੇਰੀ ਦੇ ਨਾਲ ਮੰਜੀ ਸਾਹਿਬ ਪਰ ਬੈਠ ਕੇ ਉਨ੍ਹਾਂ ਪੋਥੀਆਂ ਨੂੰ ਖੋਲ੍ਹ ਕੇ ਦਰਸ਼ਨ ਕੀਤਾ ਉਸ ਵੇਲੇ ਪ੍ਰਸੰਨਤਾ ਵਿਚ ਆ ਕੇ ਸੰਗਤਾਂ ਨੂੰ ਇਹ ਸ਼ਬਦ ਸੁਣਾਇਆ।

ਹਮ ਧਨਵੰਤ ਭਾਗਠ ਸਚ ਨਾਇ॥
ਹਰਿ ਗੁਣ ਗਾਵਹ ਸਹਜਿ ਸੁਭਾਇ॥ ੧॥ ਰਹਾਉ॥

ਅਜ ਅਸੀਂ ਅਸਲ ਧਨ ਵਾਲੇ ਹੋਏ ਹਾਂ, ਅਸਲ ਧਨ ਕਿਹੜਾ ਹੈ? ਸਚ ਨਾਮ ਰੂਪੀ ਅਸਲ ਧਨ ਕਰ ਕੇ ਭਾਗਠ=ਧਨਾਢ ਹੋਏ ਹਾਂ। *ਅਥਵਾ:-* ਸਚ ਨਾਮ ਰੂਪੀ ਧਨ ਕਰਕੇ ਅਸੀਂ ਧਨਵੰਤ=ਧਨਾਢ ਹੋਏ ਹਾਂ ਅਤੇ ਭਾਗਠ=ਭਾਗਾਂ ਵਾਲੇ ਹੋਏ ਹਾਂ। ਸਹਜਿ+ਸੁਭਾਇ=ਸੁਤੇ ਸਿਧ ਹਰੀ ਦੇ ਗੁਣ ਗਾਉਂਦੇ ਹਾਂ॥ ੧॥ ਰਹਾਉ॥

[ਪੰਨਾ ੧੮੬]

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥ ੧॥

ਪੀਊ=ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਦਾਦੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ, ਪੜਦਾਦੇ ਸ੍ਰੀ ਗੁਰੂ ਅੰਗਦ ਦੇਵ ਜੀ, ਸ਼ਕਰ ਦਾਦੇ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਵੇਲੇ ਇਨ੍ਹਾਂ ਚੌਹਾਂ ਪਾਤਸ਼ਾਹਾਂ ਜੀ ਦਾ ਬਾਣੀ ਰੂਪ ਖਜ਼ਾਨਾ ਖੋਲ੍ਹ ਕੇ ਵੇਖਿਆ, ਭਾਵ ਸ਼ਬਦਾਂ ਦਾ ਪਾਠ ਕੀਤਾ, ਤਾਂਹੀਂ ਮੇਰੇ ਮਨ ਵਿਚ ਆਤਮਕ ਅਨੰਦ ਰੂਪੀ ਨਿਧਾਨਾ=ਖਜ਼ਾਨਾ ਪ੍ਰਾਪਤ ਹੋਇਆ

*ਅਥਵਾ:-*ਤਾਂਹੀਂ ਮੇਰੇ ਮਨ ਵਿਚ ਨਿਧੀਆਂ ਦਾ ਖਜ਼ਾਨਾ ਪ੍ਰਾਪਤ ਹੋਇਆ॥ ੧॥

ਇਸ ਬਾਣੀ ਰੂਪ ਖਜ਼ਾਨੇ ਵਿਚ-

ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥ ੨॥

ਰਤਨ=ਵੈਰਾਗ ਸਬੰਧੀ ਬਚਨ ਰਤਨ ਹਨ, ਪ੍ਰੇਮ ਸਬੰਧੀ ਬਚਨ ਲਾਲ ਹਨ,
ਭਗਤੀ ਸਬੰਧੀ ਬਚਨ ਮਣੀਆਂ ਹਨ, ਨਾਮ ਸਬੰਧੀ ਬਚਨ ਹੀਰੇ ਹਨ,
ਸ਼ੁਧਤਾ ਸਬੰਧੀ ਬਚਨ ਮੋਤੀ ਹਨ, ਗਿਆਨ ਸਬੰਧੀ ਬਚਨ ਜਵਾਹਰ ਹਨ।
ਜਿਨ੍ਹਾਂ ਦਾ ਕੁਝ ਮੁਲ ਨਹੀਂ ਪੈ ਸਕਦਾ। ਇਤਿਆਦਿਕ ਸ਼ੁਭ ਗੁਣਾਂ ਨਾਲ ਅਖੂਟ=ਨ ਮੁਕਣ ਵਾਲੇ ਭੰਡਾਰੇ ਭਰੇ ਪਏ ਹਨ ਪੁਨਾ ਇਹ ਅਤੋਲ=ਤੋਲਣ ਤੋਂ ਰਹਿਤ ਹਨ॥ ੨॥

ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ੩॥

ਹੇ ਭਾਈ ! ਇਸ ਧਨ ਨੂੰ ਅਸੀਂ ਸੰਤਾਂ ਨਾਲ ਮਿਲ ਕੇ ਖਾਂਦੇ ਖਰਚਦੇ ਹਾਂ ਅਰਥਾਤ ਨਾਮ ਜਪਦੇ ਜਪਾਂਦੇ ਹਾਂ। ਪਰ ਇਸ ਖਜ਼ਾਨੇ ਦਾ ਤੋਟਾ ਨਹੀਂ ਆਉਂਦਾ, ਸਗੋਂ ਵਧਦਾ ਹੀ ਜਾਂਦਾ ਹੈ॥ ੩॥

ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥
ਸੁ ਏਤੁ ਖਜਾਨੈ ਲਇਆ ਰਲਾਇ॥ ੪॥ ੩੧॥ ੧੦੦॥

ਗੁਰੂ ਜੀ ਆਖਦੇ ਹਨ-ਜਿਸ ਦੇ ਮੱਥੇ ਪਰ ਲੇਖ ਲਿਖਿਆ ਹੋਇਆ ਫਲ ਦੇਣ ਨੂੰ ਆ ਕੇ ਪ੍ਰਾਪਤ ਹੋਇਆ ਹੈ। ਉਸ ਗੁਰਮੁਖ ਨੂੰ ਇਸ ਖਜ਼ਾਨੇ ਵਿਚ ਮਿਲਾ ਲਿਆ ਹੈ॥ ੪॥ ੩੧॥ ੧੦੦॥

ਗਉੜੀ ਮਹਲਾ ੫ ॥

ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥
ਡਰੁ ਚੂਕਾ ਦੇਖਿਆ ਭਰਪੂਰਿ॥ ੧ ॥

ਜਦੋਂ ਪਰਮੇਸ਼ਰ ਨੂੰ, ਵਾ:-ਕਾਲ ਨੂੰ ਦੂਰ ਜਾਣਿਆ ਸੀ, ਤਦ ਕਾਲ ਤੋਂ ਡਰ ਡਰ ਕੇ ਮਰਦੇ ਸਾਂ।
ਜਦ ਪਰਮੇਸ਼ਰ ਨੂੰ ਸਾਰੇ ਪਰੀਪੂਰਨ ਵੇਖਿਆ ਤਾਂ ਜਮਾਂ ਦਾ ਡਰ ਚੂਕਾ=ਨਵਿਰਤ ਹੋ ਗਿਆ॥ ੧॥

ਸਤਿਗੁਰ ਅਪਨੇ ਕਉ ਬਲਿਹਾਰੈ॥
ਛੋਡਿ ਨ ਜਾਈ ਸਰਪਰ ਤਾਰੈ॥ ੧॥ ਰਹਾਉ॥

ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ। ਕਿਉਂਕਿ ਉਹ ਆਪਣੇ ਬਿਰਦ ਅਨੁਸਾਰ ਛੱਡ ਨਹੀਂ ਜਾਂਦੇ, ਬਾਂਹ ਫੜ ਕੇ ਸਰਪਰ=ਜ਼ਰੂਰ ਹੀ ਤਾਰ ਦੇਂਦੇ ਹਨ॥ ੧॥ ਰਹਾਉ॥

ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ॥ਸਦਾ ਅਨੰਦੁ ਜਾ ਹਰਿ ਗੁਣ ਗਾਮੁ॥੨ ॥

ਜਦ ਪਰਮੇਸ਼ਰ ਦਾ ਨਾਮ ਭੁਲ ਜਾਵੇ ਤਾਂ ਦੁਖ ਵੀ ਰੋਗ ਵੀ ਸੋਗ ਵੀ ਸਾਰੇ ਆ ਕੇ ਵਿਆਪਦੇ ਹਨ, ਜਾਂ ਹਰੀ ਦੇ ਗੁਣਾਂ ਨੂੰ ਗਾਮੁ=ਗਾਇਣ ਕਰੇ ਤਾਂ ਸਦਾ ਹੀ ਅਨੰਦ ਹੁੰਦਾ ਹੈ॥ ੨॥

ਬੁਰਾ ਭਲਾ ਕੋਈ ਨ ਕਹੀਜੈ॥ ਛੋਡਿ ਮਾਨੁ ਹਰਿ ਚਰਨ ਗਹੀਜੈ॥ ੩ ॥

ਕਿਸੇ ਨੂੰ ਵੀ ਬੁਰਾ ਭਲਾ ਸ਼ਬਦ ਨ ਕਹੁ, ਮਾਨ ਨੂੰ ਛੱਡ ਕੇ ਹਰੀ ਦੇ ਚਰਨ ਗਹੀਜੈ=ਫੜੋ॥ ੩॥

ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ॥
ਸੁਖੁ ਪਾਵਹਿ ਸਾਚੈ ਦਰਬਾਰਿ॥ ੪॥ ੩੨॥ ੧੦੧॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਗੁਰਮੰਤ੍ਰ ਨੂੰ ਹਰ ਵੇਲੇ ਚਿਤਾਰਿ=ਯਾਦ ਰੱਖ।
ਤਾਂ ਤੂੰ ਸੱਚੇ ਦਰਬਾਰ ਵਿਚ ਸੁਖ ਪਾਵੇਂਗਾ॥ ੪॥ ੩੨॥ ੧੦੧॥

ਗਉੜੀ ਮਹਲਾ ੫॥

ਜਾ ਕਾ ਮੀਤੁ ਸਾਜਨੁ ਹੈ ਸਮੀਆ॥
ਤਿਸੁ ਜਨ ਕਉ ਕਹੁ ਕਾ ਕੀ ਕਮੀਆ॥ ੧॥

ਸਮੀਆ=ਸਾਰੇ ਵਿਆਪਕ, *ਅਥਵਾ:*-ਸਮਦ੍ਰਿਸ਼ਟੀ ਵਾਲਾ ਪਰਮੇਸ਼ਰ ਜਿਸ ਦਾ ਸਜਣ ਮਿੱਤ੍ਰ ਹੈ, ਕਹੁ ਖਾਂ ਉਸ ਪੁਰਸ਼ ਨੂੰ ਕਾ ਕੀ+ਕਮੀਆ=ਕਿਸ ਪਦਾਰਥ ਦੀ ਕਮੀ ਹੈ ?

ਅਰਥਾਤ ਕਿਸੇ ਪਦਾਰਥ ਦੀ ਕਮੀ ਨਹੀਂ ਹੈ ਉਸ ਦੇ ਪਾਸ ਬੇਅੰਤ ਪਦਾਰਥ ਹਨ॥ ੧॥

ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ॥

ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥ ੧ ॥ ਰਹਾਉ ॥

ਜਿਸ ਦੀ ਗੋਬਿੰਦ ਦੇ ਨਾਲ ਪ੍ਰੀਤੀ ਲਗੀ ਹੈ। ਉਸ ਦਾ ਦੁਖ ਜਨ ਦਰਦ ਅਤੇ ਭਰਮ ਭਾਗੀ=ਦੌੜ ਗਿਆ ਹੈ॥ ੧ ॥ ਰਹਾਉ ॥

ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨ ਰਸ ਨਾਹੀ ਲਪਟਾਇਓ ॥ ੨ ॥

ਜਿਸਨੂੰ ਹਰੀ ਨਾਮ ਰਸ ਦਾ ਰਸੁ=ਸੁਆਦ ਆਇਆ ਹੈ।

ਵਾ:-ਤਮਾਮ ਰਸਾਂ ਵਿਚੋਂ ਹਰੀ ਨਾਮ ਰਸ ਦਾ ਅਨੰਦ ਆਇਆ ਹੈ।

ਉਹ ਗੁਰਮੁਖ ਅਨ+ਰਸ=ਹੋਰਨਾਂ ਰਸਾਂ ਵਿਚ ਨਹੀਂ ਉਲਝਦਾ॥ ੨ ॥

ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਨੈ ਆਵੈ ਤਲੈ ॥ ੩ ॥

ਜਾ ਕਾ=ਜਿਸ ਨਾਮ ਰਸੀਏ ਗੁਰਮੁਖ ਦਾ ਕਿਹਾ ਹੋਇਆ ਬਚਨ ਭਾਵ ਹੁਕਮ ਦਰਗ਼ਾਹ ਵਿਚ ਚਲਦਾ ਹੈ। ਉਹ ਗੁਰਮੁਖ ਆਪਣੀ ਨਜ਼ਰ ਹੇਠਾਂ ਕਿਸ+ਕਉ=ਕਿਸਨੂੰ ਲਿਆਉਂਦਾ ਹੈ ?

ਅਰਥਾਤ ਕਿਸੇ ਨੂੰ ਨਹੀਂ ਲਿਆਉਂਦਾ ਕਿਉਂਕਿ ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦਾ।

ਉਹ ਤਾਂ ਤੇਤੀ ਕ੍ਰੋੜ ਦੇਵਤਿਆਂ ਦੇ ਰਾਜੇ ਇੰਦਰ ਨੂੰ ਭੀ ਕੰਗਾਲ ਸਮਝਦਾ ਹੈ।

ਯਥਾ:- ਸਾਤ ਗਾਠ ਕੋਪੀਨ ਕੀ ਸਾਧ ਨ ਆਣੇ ਸ਼ੰਕ।
ਰਾਮ ਅਮਲ ਮਾਤਾ ਫਿਰੈ ਗਿਨੈ ਇੰਦਰ ਕੋ ਰੰਕ।

(ਵਸਿਸ਼ਟ-ਨਿਰਬਾਣ ਪ੍ਰਕਰਨ-ਸਰਗ ੧੪੩)

ਜਾ ਕਾ ਸਭੁ ਕਿਛੁ ਤਾ ਕਾ ਹੋਇ ॥
ਨਾਨਕ ਤਾ ਕਉ ਸਦਾ ਸੁਖੁ ਹੋਇ ॥ ੪ ॥ ੩੩ ॥ ੧੦੨ ॥

ਜਿਸ ਪ੍ਰਭੂ ਦਾ ਸਭ ਕੁਝ ਹੈ ਜੋ ਉਸ ਦਾ ਦਾਸ ਹੁੰਦਾ ਹੈ, ਗੁਰੂ ਜੀ ਕਥਨ ਕਰਦੇ ਹਨ ਉਸਨੂੰ ਸਦਾ+ਸੁਖੁ= ਨਿਤ ਸੁਖ ਅਰਥਾਤ ਆਤਮ ਸੁਖ ਪ੍ਰਾਪਤ ਹੁੰਦਾ ਹੈ॥ ੪ ॥ ੩੩ ॥ ੧੦੨ ॥

ਗਉੜੀ ਮਹਲਾ ੫ ॥

ਜਾ ਕੈ ਦੁਖੁ ਸੁਖੁ ਸਮ ਕਰਿ ਜਾਪੈ ॥ ਤਾ ਕਉ ਕਾੜਾ ਕਹਾ ਬਿਆਪੈ ॥ ੧ ॥

ਜਿਸ ਪੁਰਸ਼ ਦੇ ਮਨ ਨੇ ਦੁਖ ਸੁਖ ਨੂੰ ਇਕ ਸਮਾਨ ਕਰਕੇ ਜਾਪੈ=ਜਾਣਿਆ ਹੈ।

ਉਸ ਨੂੰ ਫਿਰ ਕਾੜਾ=ਝੋਰਾ ਕਹਾਂ ਵਿਆਪਦਾ ਹੈ ਭਾਵ ਨਹੀਂ ਵਿਆਪਦਾ॥ ੧ ॥

ਸਹਜ ਅਨੰਦ ਹਰਿ ਸਾਧੂ ਮਾਹਿ ॥
ਆਗਿਆਕਾਰੀ ਹਰਿ ਹਰਿ ਰਾਇ ॥ ੧ ॥ ਰਹਾਉ ॥

ਜੋ ਸੰਤ ਹਰਿ ਹਰਿ ਰਾਜੇ ਦਾ ਅਗਿਆਕਾਰੀ ਹੈ, ਅਰਥਾਤ ਹਰ ਵੇਲੇ ਹਰੀ ਦੇ ਹੁਕਮ ਵਿਚ ਰਹਿੰਦਾ ਹੈ. ਉਸ ਹਰੀ ਦੇ ਸੰਤ ਦੇ ਹਿਰਦੇ ਵਿਚ ਸਹਜ=ਆਤਮਕ ਅਨੰਦ ਹੈ।

*ਅਥਵਾ:-*ਹਰੀ ਸੰਤ ਦੇ ਮਨ ਵਿਚ ਸਹਜ=ਸੁਭਾਵਕ ਹੀ ਅਨੰਦ ਬਣਿਆਂ ਰਹਿੰਦਾ ਹੈ। ਕਿਉਂਕਿ ਹਰਿ ਹਰਿ ਰਾਜਾ ਆਪ ਉਨ੍ਹਾਂ ਸੰਤਾਂ ਦਾ ਆਗਿਆਕਾਰੀ=ਹੁਕਮ ਮੰਨਣ ਵਾਲਾ ਹੁੰਦਾ ਹੈ।

ਸੰਤ ਆਪਣੇ ਮੁੰਹੋਂ ਜੋ ਆਖਦੇ ਹਨ ਪਰਮੇਸ਼ਰ ਓਹੀ ਗੱਲ ਪੂਰੀ ਕਰਦਾ ਹੈ॥ ੧॥ ਰਹਾਉ॥

ਜਾ ਕੈ ਅਚਿੰਤੁ ਵਸੈ ਮਨਿ ਆਇ॥ ਤਾ ਕਉ ਚਿੰਤਾ ਕਤਹੂੰ ਨਾਹਿ॥ ੨॥

ਜਿਸ ਦੇ ਮਨ ਵਿਚ ਅਚਿੰਤੁ=ਪਰਮਾਤਮਾ ਆ ਕੇ ਵਸਦਾ ਹੈ।

ਉਸ ਨੂੰ ਕਦੇ ਭੀ ਚਿੰਤਾ ਨਹੀਂ ਹੁੰਦੀ॥ ੨॥

ਜਾ ਕੈ ਬਿਨਸਿਓ ਮਨ ਤੇ ਭਰਮਾ॥ ਤਾ ਕੈ ਕਛੂ ਨਾਹੀ ਡਰੁ ਜਮਾ॥ ੩॥

ਜਿਸ ਦੇ ਮਨ ਵਿਚੋਂ ਭਰਮ ਨਾਸ ਹੋ ਗਿਆ ਹੈ। ਉਸ ਨੂੰ ਕਛੂ=ਰੰਚਕ ਮਾਤਰ ਵੀ ਜਮਾਂ ਦਾ ਡਰ ਨਹੀਂ ਹੁੰਦਾ॥ ੩॥

ਜਾ ਕੈ ਹਿਰਦੈ ਦੀਓ ਗੁਰਿ ਨਾਮਾ॥
ਕਹੁ ਨਾਨਕ ਤਾ ਕੈ ਸਗਲ ਨਿਧਾਨਾ॥ ੪॥ ੩੪॥ ੧੦੩॥

ਜਿਸਦੇ ਹਿਰਦੇ ਵਿਚ ਗੁਰਾਂ ਨੇ ਸਤਿਨਾਮੁ ਮੰਤ੍ਰ ਵਸਾ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ ਉਸ ਨੂੰ ਸਾਰੇ ਨਿਧਾਨਾ=ਨਿਧੀਆਂ ਦੇ ਖਜ਼ਾਨੇ ਪਰਾਪਤ ਹੁੰਦੇ ਹਨ॥ ੪॥ ੩੪॥ ੧੦੩॥

ਗਉੜੀ ਮਹਲਾ ੫॥

ਇਕ ਸਿਖ ਨੇ ਆ ਕੇ ਪੁਛਿਆ ਪਰਮੇਸ਼ਰ ਕਿਥੇ ਰਹਿੰਦਾ ਹੈ, ਉਸ ਦੇ ਰਹਿਣ ਦਾ ਵਿਸ਼ੇਸ਼ ਅਸਥਾਨ ਕੇਹੜਾ ਹੈ ? *ਉੱਤਰ:-*

ਅਗਮ ਰੂਪ ਕਾ ਮਨ ਮਹਿ ਥਾਨਾ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ॥ ੧॥

ਅਗਮ ਸਰੂਪ ਪ੍ਰਮਾਤਮਾ ਦਾ ਮਨ ਦੇ ਵਿਚ ਹੀ ਥਾਨਾ=ਅਸਥਾਨ ਭਾਵ ਟਿਕਾਣਾ ਹੈ।

ਪਰ ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਉਸਨੂੰ ਜਾਂਣਿਆਂ ਹੈ॥ ੧॥

ਸਹਜ ਕਥਾ ਕੇ ਅੰਮ੍ਰਿਤ ਕੁੰਟਾ॥
ਜਿਸਹਿ ਪਰਾਪਤਿ ਤਿਸੁ ਲੈ ਭੁੰਚਾ॥ ੧॥ ਰਹਾਉ॥

ਸਹਜ+ਕਥਾ=ਗਿਆਨ ਕਥਾ ਰੂਪ ਅੰਮ੍ਰਿਤ ਦੇ, *ਵਾ:-*ਸ਼ਾਂਤੀ ਸਰੂਪ ਅੰਮ੍ਰਿਤ ਕਥਾ ਦੇ ਕੁੰਟਾ=ਤਲਾਉ ਸੰਤ ਜਨ ਹਨ। ਜਿਸਨੂੰ ਸੰਤ ਜਨ ਪ੍ਰਾਪਤ ਹੋਏ ਹਨ ਉਸ ਨੇ ਸੰਤਾਂ ਪਾਸੋਂ ਉਪਦੇਸ਼ ਲੈ ਕੇ ਉਸ ਸ਼ਾਂਤ ਸਰੂਪ ਕਥਾ ਦੇ ਅਨੰਦ ਨੂੰ ਭੁੰਚਾ=ਭੋਗਿਆ ਹੈ।

*ਅਥਵਾ:-*ਜਿਸ ਦੇ ਮੱਥੇ ਪੱਰ ਉਸ ਕਥਾ ਦੇ ਪਰਾਪਤ ਹੋਣ ਦਾ ਲੇਖ ਲਿਖਿਆ ਹੋਇਆ ਹੈ ਤਿਸਨੇ ਸੰਤਾਂ ਪਾਸੋਂ ਲੈ ਕੇ ਕਥਾ ਦਾ ਅਨੰਦ ਭੋਗਿਆ ਹੈ॥ ੧॥

ਅਨਹਤ ਬਾਣੀ ਥਾਨੁ ਨਿਰਾਲਾ॥ ਤਾ ਕੀ ਧੁਨਿ ਮੋਹੇ ਗੋਪਾਲਾ॥ ੨॥

ਸਾਰੇ ਜਗਤ ਵਿਚੋਂ ਨਿਰਾਲਾ ਅਸਥਾਨ ਜੋ ਸਤਿਸੰਗ ਹੈ ਓਥੇ ਅਨਹਤ=ਇਕ ਰਸ ਨਾਮ ਬਾਣੀ ਦਾ ਉਚਾਰਨ ਹੁੰਦਾ ਹੈ। ਉਸ ਨਾਮ ਬਾਣੀ ਦੀ ਧੁਨ ਸੁਣਕੇ ਗੋਪਾਲ ਵੀ ਮੋਹਿਆ ਜਾਂਦਾ ਹੈ।

*ਅਥਵਾ:-*ਇਕ ਰਸ ਨਾਮ ਬਾਣੀ, ਸਰੂਪ ਰੂਪੀ ਨਿਰਾਲੇ ਅਸਥਾਨ ਦੀ ਪ੍ਰਾਪਤੀ ਕਰਨ ਵਾਲੀ ਹੈ।

ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥ ੩ ॥

ਤਿਸ ਸਤਿਸੰਗ ਵਿਚ ਸੁਤੇ ਸਿਧ ਅਖਾਰੇ=ਜੋੜ ਮੇਲ ਹੁੰਦੇ ਹਨ, ਅਤੇ ਅਨੇਕ ਮਹਾਤਮਾਂ ਅਨੰਤ ਰੂਪ ਪਰਮੇਸ਼ਰ ਦੇ ਜਸ ਨੂੰ ਉਚਾਰਦੇ ਹਨ। *ਅਥਵਾ:*-ਤਿਸ ਸਤਿਸੰਗ ਵਿਚ ਅਨੰਤਾ=ਬੇਅੰਤ ਪਰਮਾਤਮਾ ਦੀ ਯਾਦ ਵਾਸਤੇ ਸੁਭਾਵਕ ਹੀ ਅਨੇਕਾਂ ਜੋੜ ਮੇਲ ਹੁੰਦੇ ਹਨ। ਉਹ ਸੰਤ ਹਮੇਸ਼ਾਂ ਹੀ ਪਾਰਬ੍ਰਹਮ ਦੇ ਸੰਗੀ ਹਨ।

ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥ ੪ ॥ ੩੫ ॥ ੧੦੪ ॥

ਜਿਥੇ ਬੇਅੰਤ ਅਨੰਦ ਹੈ ਅਤੇ ਕਿਸੇ ਕਿਸਮ ਦਾ ਸੋਗ=ਫਿਕਰ ਬੀਆ=ਉਤਪੰਨ ਨਹੀਂ ਹੋਇਆ।
ਗੁਰੂ ਜੀ ਕਥਨ ਕਰਦੇ ਹਨ-ਉਹ ਸਤਸੰਗ ਰੂਪੀ ਘਰ ਗੁਰਾਂ ਨੇ ਮੈਨੂੰ ਦੇਣਾ ਕੀਤਾ ਹੈ॥ ੪ ॥ ੩੫ ॥ ੧੦੪ ॥

ਗਉੜੀ ਮਃ ੫ ॥

ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥ ੧ ॥

ਪ੍ਰਸ਼ਨ:-ਹੇ ਪ੍ਰਭੂ ਮੈਂ ਤੇਰਾ ਕਿਹੜਾ ਰੂਪ ਅਰਾਧਨਾਂ ਕਰਾਂ ?
ਉੱਤਰ:-ਸਤ ਚਿਤ ਅਨੰਦ ਸਰੂਪ ਨੂੰ ਅਰਾਧਨਾ ਕਰ।
ਪ੍ਰਸ਼ਨ:-ਕਿਹੜਾ ਜੋਗ ਲੈ ਕੇ ਮੈਂ ਕਾਇਆ=ਸਰੀਰ ਨੂੰ ਸਾਧਨਾ ਕਰਾਂ ?
ਉੱਤਰ:-ਚਿਤ ਬਿਰਤੀ ਦਾ ਨਿਰੋਧ ਕਰਨਾ ਹੀ ਅਸਲ ਜੋਗ ਹੈ ਇਸ ਦੁਆਰੇ ਸਰੀਰ ਨੂੰ ਸਾਧਨਾ ਕਰ।
ਅਥਵਾ:-ਭਗਤੀ ਜੋਗ ਦੁਆਰਾ ਸਰੀਰ ਨੂੰ ਸਾਧਨਾ ਕਰ।

[ਪੰਨਾ ੧੮੭]

ਕਵਨ ਗੁਨੁ ਜੋ ਤੁਝੁ ਲੈ ਗਾਵਉ ॥
ਕਵਨ ਬੋਲ ਪਾਰਬ੍ਰਹਮ ਰੀਝਾਵਉ ॥ ੧ ॥ ਰਹਾਉ ॥

ਪ੍ਰਸ਼ਨ:-ਉਹ ਕਿਹੜੇ ਗੁਣ ਹਨ ਜਿਨ੍ਹਾਂ ਨੂੰ ਲੈ ਕੇ ਆਪ ਜੀ ਦੇ ਜਸ ਨੂੰ ਗਾਵਣਾ ਕਰਾਂ?
ਉੱਤਰ:-ਸਤ ਸੰਤੋਖ ਧੀਰਜ ਧਰਮ ਵਿਚਾਰ ਆਦਿਕ ਗੁਣਾਂ ਨੂੰ ਲੈ ਕੇ ਜਸ ਗਾਵਣਾ ਕਰ।
ਪ੍ਰਸ਼ਨ:-ਉਹ ਕਿਹੜੇ ਬੋਲ ਹਨ ਜਿਨ੍ਹਾਂ ਨਾਲ ਹੇ ਪਾਰਬ੍ਰਹਮ ਤੈਨੂੰ ਰੀਝਾਵਉ=ਪ੍ਰਸੰਨ ਕਰਾਂ?
ਉੱਤਰ:-ਮਿੱਠੇ ਬੋਲ ਹਨ, ਕਿਉਂਕਿ ਮਿੱਠੇ ਬੋਲਾਂ ਕਰਕੇ ਹੀ ਪਾਰਬ੍ਰਹਮ ਪ੍ਰਸੰਨ ਹੁੰਦਾ ਹੈ।

ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥ ੨ ॥

ਪ੍ਰਸ਼ਨ:-ਮੈਂ ਆਪ ਜੀ ਦੀ ਕਿਹੜੀ ਪੂਜਾ ਕਰਾਂ? *ਉੱਤਰ:*-ਮਾਨਸੀ ਪੂਜਾ ਕਰ।
ਪ੍ਰਸ਼ਨ:-ਉਹ ਕਿਹੜੀ ਵਿਧੀ ਹੈ ਜਿਸ ਕਰਕੇ ਮੈਂ ਸੰਸਾਰ ਸਮੁੰਦਰ ਤੋਂ ਤਰਨਾ ਕਰਾ?
ਉੱਤਰ:-ਸ਼ਰਧਾ ਹੀ ਵਿਧੀ ਹੈ।

ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥ ੩ ॥

ਪ੍ਰਸ਼ਨ:-ਉਹ ਕਿਹੜਾ ਤਪ ਹੈ ਜਿਸ ਕਰਕੇ ਮੈਂ ਤਪੀਆ ਹੋਵਾਂ ?

ਉੱਤਰ:-ਗੁਰ ਸੇਵਾ ਹੀ ਅਸਲ ਤਪ ਹੈ।

ਯਥਾ:-ਗੁਰ ਸੇਵਾ ਤਪਾ ਸਿਰ ਤਪ ਸਾਰ।

ਪ੍ਰਸ਼ਨ:-ਉਹ ਕਿਹੜਾ ਨਾਮ ਹੈ ਜਿਸ ਨੂੰ ਜਪਕੇ ਹਉਮੈ ਰੂਪੀ ਮੈਲ ਨੂੰ ਦੂਰ ਕਰਾਂ? ॥ ੩ ॥

ਉੱਤਰ:-ਸਤਿਨਾਮੁ ਮੰਤ੍ਰ ਕਾ ਜਪਨਾ ਹੀ ਅਸਲ ਨਾਮ ਹੈ।

ਯਥਾ:-ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥

(ਮਾਰੂ ਮਹਲਾ ੫, ਪੰਨਾ ੧੦੮੩)

ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥ ੪ ॥

(ਅੰਨਵੇਂ ਅੱਖਰ ਲਗਾਣੇ) ਜਿਸਨੂੰ ਦਿਆਲੂ ਸਤਿਗੁਰਦੇਵ ਜੀ ਕਿਰਪਾ ਦ੍ਰਿਸ਼ਟੀ ਕਰਕੇ ਮਿਲੇ ਹਨ, ਉਸਨੂੰ ਸ਼ੁਭ ਗੁਣ, ਪੂਜਾ, ਗਿਆਨ, ਧਿਆਨ ਆਦਿਕ ਸਾਰੇ ਸਾਧਨ ਪ੍ਰਾਪਤ ਹੋਏ ਹਨ, ਅਤੇ ਗੁਰੂ ਜੀ ਕਥਨ ਕਰਦੇ ਹਨ ਉਸ ਦੀ ਸਾਰੀ ਘਾਲ=ਕਮਾਈ ਕੀਤੀ ਹੋਈ ਸਫਲ ਹੋਈ ਹੈ॥ ੪ ॥

ਨੋਟ:-ਜੇਕਰ ਪਿਛਲੀਆਂ ਤੁਕਾਂ ਵਿਚ ਕੀਤੇ ਹੋਏ ਪ੍ਰਸ਼ਨਾਂ ਦਾ ਉੱਤਰ ਉਪਰੋਂ ਨ ਦੇਣਾ ਹੋਵੇ ਤਾਂ ਇਨ੍ਹਾਂ ਦੋ ਪੰਗਤੀਆਂ ਵਿਚ ਉਨ੍ਹਾਂ ਅੱਠਾਂ ਪ੍ਰਸ਼ਨਾਂ ਦਾ ਸਮੁਚੇ ਉੱਤਰ ਸਮਝ ਲੈਣਾ।

ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ॥

ਉਸੇ ਦੇ ਹੀ ਗੁਣ ਧਾਰਨ ਕੀਤੇ ਹੋਏ ਸਫਲ ਹਨ, ਅਤੇ ਉਸੇ ਨੇ ਹੀ ਪ੍ਰਭੂ ਨੂੰ ਜਾਣ ਲਿਆ ਹੈ।

ਜਿਸ ਕੀ ਮਾਨਿ ਲੇਇ ਸੁਖਦਾਤਾ॥ ੧ ॥ ਰਹਾਉ ਦੂਜਾ॥ ੩੬ ॥ ੧੦੫ ॥

ਜਿਸ ਦੀ ਕੀਤੀ ਹੋਈ ਸੇਵਾ ਨੂੰ ਸੁਖਦਾਤਾ=ਸੁਖਾਂ ਦੇ ਦੇਣ ਵਾਲਾ ਪ੍ਰਭੂ ਮਨਜ਼ੂਰ ਕਰ ਲੈਂਦਾ ਹੈ।

ਗਉੜੀ ਮਹਲਾ ੫ ॥

ਆਪਨ ਤਨੁ ਨਹੀ ਜਾ ਕੋ ਗਰਬਾ॥ ਰਾਜ ਮਿਲਖ ਨਹੀ ਆਪਨ ਦਰਬਾ॥ ੧ ॥

ਹੇ ਪੁਰਸ਼ਾ ! ਇਹ ਸਰੀਰ ਤੇਰਾ ਆਪਣਾ ਨਹੀਂ ਹੈ, ਜਿਸ ਦਾ ਤੂੰ ਗਰਬਾ=ਹੰਕਾਰ ਕਰਦਾ ਹੈਂ।

ਰਾਜ ਭਾਗ, ਮਿਲਖ=ਜ਼ਗੀਰਾਂ ਅਤੇ ਧਨ ਵੀ ਆਪਣਾ ਨਹੀਂ ਹੈ॥ ੧ ॥

ਆਪਨ ਨਹੀ ਕਾ ਕਉ ਲਪਟਾਇਓ॥
ਆਪਨ ਨਾਮੁ ਸਤਿਗੁਰ ਤੇ ਪਾਇਓ॥ ੧ ॥ ਰਹਾਉ ॥

ਜਦ ਤੇਰਾ ਆਪਣਾ ਕੁਝ ਨਹੀਂ ਹੈ, ਤਾਂ ਕਿਸ ਵਾਸਤੇ ਇਨ੍ਹਾਂ ਨਾਲ ਲਪਟਾਇਓ=ਉਲਝ ਰਿਹਾ ਹੈਂ। ਆਪਣਾ ਤਾਂ ਇਕ ਨਾਮ ਹੈ ਉਹ ਅਸਾਂ ਨੇ ਸਤਿਗੁਰਾਂ ਪਾਸੋਂ ਪਾਇਆ ਹੈ ਤੇ ਤੂੰ ਸਤਿਗੁਰਾਂ ਕੋਲੋਂ ਪਾਵਣ ਕਰ॥ ੧ ॥ ਰਹਾਉ ॥

ਸੁਤ ਬਨਿਤਾ ਆਪਨ ਨਹੀ ਭਾਈ॥ ਇਸਟ ਮੀਤ ਆਪ ਬਾਪੁ ਨ ਮਾਈ॥ ੨ ॥

ਸੁਤ=ਪੁਤ੍ਰ, ਬਨਿਤਾ=ਇਸਤ੍ਰੀ, ਭਾਈ=ਭਰਾ ਇਹ ਭੀ ਆਪਣੇ ਨਹੀਂ ਹਨ।

ਇਸਟ=ਪਿਆਰੇ ਮਿਤ੍ਰ, ਪਿਉ ਅਤੇ ਮਾਂ ਇਹ ਭੀ ਤੇਰੇ ਆਪਣੇ ਨਹੀਂ ਹਨ॥ ੨॥

ਸੁਇਨਾ ਰੂਪਾ ਫੁਨਿ ਨਹੀ ਦਾਮ॥ ਹੈਵਰ ਗੈਵਰ ਆਪਨ ਨਹੀ ਕਾਮ॥ ੩॥

ਸੁਇਨਾ=ਸੋਨਾ, ਰੂਪ=ਚਾਂਦੀ ਫੁਨਿ+ਦਾਮ=ਅਤੇ ਦਮੜੇ ਯਾਨੇ ਰੁਪਏ ਇਹ ਭੀ ਤੇਰੇ ਨਹੀਂ ਹਨ। ਹੈ+ਵਰ=ਸ੍ਰੇਸ਼ਟ ਘੋੜੇ, ਗੈ+ਵਰ=ਸ੍ਰੇਸ਼ਟ ਹਾਥੀ, ਤੇਰੇ ਆਪਣੇ ਕੰਮ ਨਹੀਂ ਆਉਣੇ॥ ੩॥

ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ॥

ਗੁਰੂ ਜੀ ਕਥਨ ਕਰਦੇ ਹਨ ਜਿਸਨੂੰ ਗੁਰਦੇਵਾਂ ਨੇ ਬਖਸ਼ਕੇ ਵਾਹਿਗੁਰੂ ਨਾਲ ਮਿਲਾ ਦਿਤਾ ਹੈ।

ਤਿਸ ਕਾ ਸਭੁ ਕਿਛੁ ਜਿਸ ਕਾ ਹਰਿ ਰਾਇਆ॥ ੪॥ ੩੭॥ ੧੦੬॥

ਉਸ ਦਾ ਸਭ ਕੁਝ ਸਫਲਾ ਹੈ ਜਿਸ ਪੁਰਸ਼ ਦਾ ਹਰੀ ਰਾਜਾ ਸੁਆਮੀ ਹੋਇਆ ਹੈ॥ ੪॥ ੩੭॥ ੧੦੬॥

ਗਉੜੀ ਮਹਲਾ ੫ ॥

ਗੁਰ ਕੇ ਚਰਣ ਊਪਰਿ ਮੇਰੇ ਮਾਥੇ॥ ਤਾ ਤੇ ਦੁਖ ਮੇਰੇ ਸਗਲੇ ਲਾਥੇ॥ ੧॥

ਜਦ ਮੇਰੇ ਮੱਥੇ ਪਰ ਜਾਂ ਮਾਥੇ=ਸਿਰ ਪਰ ਗੁਰਾਂ ਦੇ ਚਰਨ ਛੋਹੇ।

ਅਥਵਾ:-ਗੁਰਾਂ ਦੇ ਚਰਨਾਂ ਪਰ ਜਦ ਮੇਰੇ ਮੱਥੇ ਨੇ ਝੁਕਣਾ ਕੀਤਾ ਭਾਵ ਮੱਥਾ ਟੇਕਿਆ ਉਸ ਕਰਕੇ ਮੇਰੇ ਸਾਰੇ ਦੁਖ ਲਾਥੇ=ਦੂਰ ਹੋ ਗਏ ਹਨ॥ ੧॥

ਸਤਿਗੁਰ ਅਪੁਨੇ ਕਉ ਕੁਰਬਾਨੀ॥
ਆਤਮ ਚੀਨਿ ਪਰਮ ਰੰਗ ਮਾਨੀ॥ ੧॥ ਰਹਾਉ॥

ਮੈਂ ਆਪਣੇ ਸਤਿਗੁਰਾਂ ਤੋਂ ਕੁਰਬਾਣ ਜਾਂਦਾ ਹਾਂ। ਜਿਨ੍ਹਾਂ ਦੀ ਕਿਰਪਾ ਨਾਲ ਆਤਮ+ਚੀਨਿ=ਆਪਣੇ ਸਰੂਪ ਨੂੰ ਜਾਣਕੇ ''ਪਰਮ ਰੰਗ ਮਾਨੀ''=ਬੜੇ ਆਨੰਦ ਨੂੰ ਭੋਗਿਆ ਹੈ॥ ੧॥ ਰਹਾਉ॥

ਚਰਣ ਰੇਣੁ ਗੁਰ ਕੀ ਮੁਖਿ ਲਾਗੀ॥ ਅਹੰਬੁਧਿ ਤਿਨਿ ਸਗਲ ਤਿਆਗੀ॥ ੨॥

ਗੁਰਾਂ ਦੇ ਚਰਨਾਂ ਦੀ ਰੇਣੁ=ਧੂੜ ਜਿਸ ਦੇ ਮੂੰਹ ਉੱਤੇ ਲੱਗੀ ਹੈ। ਉਸ ਨੇ ਹੰਗਤਾ ਵਾਲੀ ਸਾਰੀ ਬੁੱਧੀ ਤਿਆਗ ਦਿੱਤੀ ਹੈ॥੨॥

ਗੁਰ ਕਾ ਸਬਦੁ ਲਗੋ ਮਨਿ ਮੀਠਾ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ॥ ੩॥

ਗੁਰਾਂ ਦਾ ਉਪਦੇਸ਼ ਮੇਰੇ ਮਨ ਵਿਚ ਮੀਠਾ=ਪਿਆਰਾ ਲੱਗਾ ਹੈ।

ਤਾ ਤੇ=ਉਸੇ ਕਰਕੇ ਮੈਨੇ ਪਾਰਬ੍ਰਹਮ ਨੂੰ ਸਾਰੇ ਪਰੀਪੂਰਨ ਡੀਠਾ=ਵੇਖਿਆ ਹੈ॥ ੩॥

ਗੁਰੁ ਸੁਖਦਾਤਾ ਗੁਰੁ ਕਰਤਾਰੁ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ॥੪॥੩੮॥੧੦੭॥

ਗੁਰੂ ਸੁਖ ਦਾਤਾ ਹਨ, ਗੁਰੂ ਹੀ ਕਰਤਾਰ ਪਰਮੇਸ਼ਰ ਦਾ ਸਰੂਪ ਹਨ। ਗੁਰੂ ਜੀ ਕਥਨ ਕਰਦੇ ਹਨ ਗੁਰੂ ਹੀ ਮੇਰੇ ਜੀਅ ਅਤੇ ਪ੍ਰਾਣਾਂ ਦਾ ਆਧਾਰੁ=ਆਸਰਾ ਰੂਪ ਹਨ॥ ੪॥ ੩੮॥ ੧੦੭॥

ਗਉੜੀ ਮਹਲਾ ੫ ॥

ਰੇ ਮਨ ਮੇਰੇ ਤੂੰ ਤਾ ਕਉ ਆਹਿ ॥ ਜਾ ਕੈ ਊਣਾ ਕਛਹੂ ਨਾਹਿ ॥ ੧ ॥

ਹੇ ਮੇਰੇ ਮਨ ! ਤੂੰ ਉਸ ਪਰਮਾਤਮੋ ਨੂੰ ਆਹਿ=ਚਾਹੁਣਾ ਕਰ। ਜਿਸ ਦੇ ਪਾਸ ਕਿਸੇ ਪਦਾਰਥ ਦੀ ਊਣਤਾ ਨਹੀਂ ਹੈ ਭਾਵ ਕਿਸੇ ਪਦਾਰਥ ਦੀ ਕਮੀ ਨਹੀਂ ਹੈ॥ ੧ ॥

ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥ ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥੧ ॥ ਰਹਾਉ ॥

ਹੇ ਮਿਤ੍ਰ ਮਨ ! ਸਾ=ਉਸ ਹਰੀ ਨੂੰ ਤੂੰ ਆਪਣਾ ਪ੍ਰੀਤਮ ਬਣਾ ਲੈਣਾ ਕਰ।

ਜੋ ਪ੍ਰਾਣਾਂ ਦਾ ਅਧਾਰੁ=ਆਸਰਾ ਹੈ ਉਸ ਨੂੰ ਚਿਤ ਵਿਚ ਸਦਾ ਚੇਤੇ ਰਖ॥ ੧ ॥ ਰਹਾਉ ॥

ਰੇ ਮਨ ਮੇਰੇ ਤੂੰ ਤਾ ਕਉ ਸੇਵਿ ॥ ਆਦਿ ਪੁਰਖ ਅਪਰੰਪਰ ਦੇਵ ॥ ੨ ॥

ਹੇ ਮੇਰੇ ਮਨ ! ਤੂੰ ਉਸ ਦੀ ਸੇਵਾ ਕਰ, ਜੋ ਦੇਵ=ਪ੍ਰਕਾਸ਼ ਰੂਪ ਪਰਮਾਤਮਾ ਸਭ ਪੁਰਖਾਂ ਦਾ ਆਦਿ ਰੂਪ ਹੈ ਅਤੇ ਅਪਰੰਪਰ=ਬ੍ਰਹਮਾਂ ਆਦਿਕ ਦੇਵਤਿਆਂ ਤੋਂ ਭੀ ਪਰੇ ਹੈ॥ ੨ ॥

ਤਿਸੁ ਊਪਰਿ ਮਨ ਕਰਿ ਤੂੰ ਆਸਾ ॥ ਆਦਿ ਜੁਗਾਦਿ ਜਾ ਕਾ ਭਰਵਾਸਾ ॥ ੩ ॥

ਹੇ ਮਨ ! ਤੂੰ ਉਸ ਵਾਹਿਗੁਰੂ ਉੱਪਰ ਆਸਾ ਰਖ। ਜਿਸ ਦਾ ''ਆਦਿ ਜੁਗਾਦਿ''=ਸਦਾ ਸਦਾ ਸਾਰਿਆਂ ਨੂੰ ਭਰਵਾਸਾ=ਭਰੋਸਾ ਹੈ॥ ੩ ॥

ਜਾ ਕੀ ਪ੍ਰੀਤਿ ਸਦਾ ਸੁਖੁ ਹੋਇ ॥
ਨਾਨਕੁ ਗਾਵੈ ਗੁਰ ਮਿਲਿ ਸੋਇ ॥ ੪ ॥ ੩੯ ॥ ੧੦੮ ॥

ਜਿਸ ਪਰਮਾਤਮਾ ਦੀ ਪ੍ਰੀਤੀ ਕਰਕੇ ਜੀਵ ਨੂੰ ਹਮੇਸ਼ਾਂ ਸੁਖ ਪ੍ਰਾਪਤ ਹੁੰਦਾ ਹੈ।

ਗੁਰੂ ਜੀ ਕਥਨ ਕਰਦੇ ਹਨ ਗੁਰਾਂ ਨਾਲ ਮਿਲ ਕੇ ਅਸੀਂ ਉਸ ਨੂੰ ਗਾਉਂਦੇ ਹਾਂ।

ਤੁਸੀਂ ਗੁਰਾਂ ਨਾਲ ਮਿਲ ਕੇ ਉਸ ਨੂੰ ਗਾਵਣਾ ਕਰੋ॥ ੪ ॥ ੩੯ ॥ ੧੦੮ ॥

ਗਉੜੀ ਮਹਲਾ ੫ ॥

ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥ ੧ ॥

ਅਸਾਡਾ ਮਿਤ੍ਰ ਪ੍ਰਭੂ ਜੋ ਭੀ ਹੁਕਮ ਕਰਦਾ ਹੈ ਉਸ ਨੂੰ ਅਸੀਂ ਮੰਨਦੇ ਹਾਂ, ਮਿਤਰ ਪਰਮਾਤਮਾ ਦੇ ਜੋ ਭੀ ਕਰਤੱਬ ਹਨ ਉਹ ਸਾਰੇ ਹੀ ਸਾਨੂੰ ''ਕੁਸਲ ਸਮਾਨਾ''=ਸੁਖ ਅਨੰਦ ਵਰਗੇ ਹਨ॥ ੧ ॥

ਏਕ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥੧ ॥ ਰਹਾਉ ॥

ਮੇਰੇ ਮਨ ਚਿਤ ਵਿਚ ਇਕ ਵਾਹਿਗੁਰੂ ਦੀ ਟੇਕ=ਓਟ ਹੈ। ਜਿਸ ਪਰਮਾਤਮਾ ਨੇ ਜੋ ਕੁਝ ਕੀਤਾ ਹੈ ਉਹ ਕਰਨ ਵਾਲਾ ਪ੍ਰਭੂ ਸਾਡਾ ਮਿਤ੍ਰ ਹੈ॥ ੧ ॥ ਰਹਾਉ ॥

ਮੀਤੁ ਹਮਾਰਾ ਵੇਪਰਵਾਹਾ ॥ ਗੁਰ ਕਿਰਪਾ ਤੇ ਮੋਹਿ ਅਸਨਾਹਾ ॥ ੨ ॥

ਸਾਡਾ ਮਿਤ੍ਰ ਪਰਮਾਤਮਾ ਬੇਪਰਵਾਹ ਹੈ। ਗੁਰਾਂ ਦੀ ਕਿਰਪਾ ਨਾਲ ਮੈਂਨੇ ਉਸਨੂੰ ਅਸਨਾਹਾ=ਪਛਾਣਿਆ

ਹੈ। ਵਾ:-ਗੁਰਾਂ ਦੀ ਕਿਰਪਾ ਨਾਲ ਉਹ ਮੇਰਾ ਅਸਨਾਹਾ=ਵਾਕਫ ਹੋ ਗਿਆ ਹੈ।

ਮੀਤੁ ਹਮਾਰਾ ਅੰਤਰਜਾਮੀ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ॥ ੩ ॥

ਸਾਡਾ ਮਿਤਰ ਪਰਮਾਤਮਾ ਅੰਦਰ ਦੀ ਗੱਲ ਜਾਣਦਾ ਹੈ।

ਉਹ ਪਾਰਬ੍ਰਹਮ ਸੁਆਮੀ ਸਰਬ ਕਲਾ ਸਮਰਥ ਪੁਰਖ ਹੈ॥ ੩ ॥

[ਪੰਨਾ ੧੮੮]

ਹਮ ਦਾਸੇ ਤੁਮ ਠਾਕੁਰ ਮੇਰੇ॥

ਮਾਨੁ ਮਹਤੁ ਨਾਨਕ ਪ੍ਰਭੁ ਤੇਰੇ॥ ੪॥ ੪੦॥ ੧੦੯॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਅਸੀਂ ਆਪ ਜੀ ਦੇ ਦਾਸ ਹਾਂ, ਤੁਸੀਂ ਮੇਰੇ ਠਾਕੁਰ=ਸੁਆਮੀ ਹੋ। ਤੇਰੇ ਆਸਰੇ ਕਰਕੇ ਹੀ,

ਵਾ:-ਤੇਰੇ ਨਾਮ ਜਪਣ ਕਰਕੇ ਹੀ ਸਾਰੀ ਦੁਨੀਆਂ ਵਿਚ ਸਾਡਾ ਮਾਨ ਹੋ ਰਿਹਾ ਹੈ ਅਤੇ ਮਹਤੁ=ਮਰਾਤਬਾ ਪ੍ਰਾਪਤ ਹੋ ਰਿਹਾ ਹੈ॥ ੪॥ ੪੦॥ ੧੦੯॥

ਗਉੜੀ ਮਹਲਾ ੫ ॥

ਜਾ ਕਉ ਤੁਮ ਭਏ ਸਮਰਥ ਅੰਗਾ॥ ਤਾ ਕਉ ਕਛੁ ਨਾਹੀ ਕਾਲੰਗਾ॥ ੧॥

ਹੇ ਸਮਰਥ ਪ੍ਰਭੂ ! ਜਿਸ ਦੇ ਅੰਗਾ=ਪੱਖ ਵਿਚ ਆਪ ਖੜੇ ਹੋਏ ਹੋ। ਉਸਨੂੰ ਕੁਝ ਵੀ ਕਾਲੰਗਾ=ਕਲੰਕ ਨਹੀਂ ਰਿਹਾ॥ ੧॥

ਮਾਧਉ ਜਾ ਕਉ ਹੈ ਆਸ ਤੁਮਾਰੀ॥ਤਾ ਕਉ ਕਛੁ ਨਾਹੀ ਸੰਸਾਰੀ ॥੧ ॥ਰਹਾਉ

ਹੇ ਮਾ+ਧਉ=ਮਾਇਆ ਪਤੀ ਪਰਮਾਤਮਾ ! ਜਿਸ ਨੂੰ ਤੁਹਾਡੀ ਆਸ ਹੈ।

ਉਸਨੂੰ ਸੰਸਾਰੀ ਕਿਰਿਆ ਕੁਝ ਵੀ ਦੁਖ ਨਹੀਂ ਦੇਦੀ॥ ੧॥ ਰਹਾਉ॥

ਜਾ ਕੈ ਹਿਰਦੈ ਠਾਕੁਰੁ ਹੋਇ॥ ਤਾ ਕਉ ਸਹਸਾ ਨਾਹੀ ਕੋਇ॥ ੨॥

ਹੇ ਠਾਕੁਰ ! ਜਿਸ ਦੇ ਹਿਰਦੇ ਵਿਚ ਤੂੰ ਪ੍ਰਗਟ ਹੁੰਦਾ ਹੈਂ। ਉਸਨੂੰ ਕੋਈ ਸੰਸਾ ਨਹੀਂ ਰਹਿੰਦਾ॥ ੨॥

ਜਾ ਕਉ ਤੁਮ ਦੀਨੀ ਪ੍ਰਭ ਧੀਰ॥ ਤਾ ਕੈ ਨਿਕਟਿ ਨ ਆਵੈ ਪੀਰ ॥ ੩॥

ਹੇ ਪ੍ਰਭੂ ! ਜਿਸਨੂੰ ਤੁਸਾਂ ਨੇ ਧੀਰ=ਧੀਰਜਤਾ ਦਿੱਤੀ ਹੈ। ਉਸ ਦੇ ਨੇੜੇ ਜਨਮ ਮਰਨ ਦੀ ਪੀਰ=ਪੀੜਾ ਨਹੀਂ ਆਉਂਦੀ॥ ੩॥

ਕਹੁ ਨਾਨਕ ਮੈ ਸੋ ਗੁਰੁ ਪਾਇਆ॥ਪਾਰਬ੍ਰਹਮ ਪੂਰਨ ਦੇਖਾਇਆ॥੪॥੪੧॥੧੧੦॥

ਗੁਰੂ ਜੀ ਕਥਨ ਕਰਦੇ ਹਨ ਉਹ ਪੂਰਾ ਗੁਰੂ ਮੈਂ ਪਾਇਆ ਹੈ।

ਜਿਸ ਗੁਰੂ ਨੇ ਪਾਰਬ੍ਰਹਮ ਨੂੰ ਸਾਰੇ ਪਰੀਪੂਰਨ ਵਿਖਾ ਦਿੱਤਾ ਹੈ॥ ੪॥ ੪੧॥ ੧੧੦॥

ਗਉੜੀ ਮਹਲਾ ੫ ॥

ਦੁਲਭ ਦੇਹ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥ ੧॥

ਮਨੁੱਖਾ ਦੇਹ ਪ੍ਰਾਪਤ ਹੋਣੀ ਬਹੁਤ ਦੁਰਲੱਭ ਹੈ, ਜੋ ਵਡਿਆਂ ਭਾਗਾਂ ਨਾਲ ਪਾਈ ਜਾਂਦੀ ਹੈ, ਇਸ ਮਨੁੱਖਾ ਦੇਹ ਨੂੰ ਪਾ ਕੇ ਜੋ ਵਾਹਿਗੁਰੂ ਨਾਮ ਨੂੰ ਨਹੀਂ ਜਪਦੇ ਉਹ ਆਤਮਘਾਤੀ ਪੁਰਸ਼ ਹਨ॥ ੧॥

ਨੋਟ:-ਜੋ ਆਪਣੇ ਆਪ ਡੁਬਕੇ ਜਾਂ ਗੱਡੀ ਹੇਠ ਸਿਰ ਦੇ ਕੇ ਜਾਂ ਗਲ ਵਿਚ ਫਾਹ ਲੈ ਕੇ ਮਰ ਜਾਂਦੇ ਹਨ ਉਸਨੂੰ ਆਤਮਘਾਤੀ ਕਹਿੰਦੇ ਹਨ।

ਮਰਿ ਨ ਜਾਹੀ ਜਿਨਾ ਬਿਸਰਤ ਰਾਮ॥
ਨਾਮ ਬਿਹੂਨ ਜੀਵਨ ਕਉਨ ਕਾਮ॥ ੧॥ ਰਹਾਉ॥

ਜਿਨ੍ਹਾਂ ਨੇ ਰਾਮ ਨੂੰ ਬਿਸਰਤ=ਭੁਲਾ ਦਿੱਤਾ ਹੈ ਉਹ ਮਰ ਕਿਉਂ ਨਹੀਂ ਜਾਂਦੇ, ਉਹ ਮਰ ਜਾਣ ਤਾਂ ਚੰਗਾ ਹੈ। ਨਾਮ ਜਪੇ ਤੋਂ ਬਿਨਾਂ ਜਿਉਣਾ ਕਿਸ ਕੰਮ ਹੈ॥ ੧॥ ਰਹਾਉ॥

ਖਾਤ ਪੀਤ ਖੇਲਤ ਹਸਤ ਬਿਸਥਾਰ॥ ਕਵਨ ਅਰਥ ਮਿਰਤਕ ਸੀਗਾਰ॥ ੨॥

ਭਾਵੇਂ ਉਹ ਮਨੁੱਖ ਵਿਸਤਾਰ ਪੂਰਬਕ ਖਾਂਦਾ, ਪੀਂਦਾ, ਹਸਦਾ ਖੇਡਦਾ ਆਦਿਕ ਕਈ ਕੰਮ ਕਰਦਾ ਹੈ ਪਰ ਉਸ ਦੇ ਸਾਰੇ ਕੰਮ ਇਸ ਤਰ੍ਹਾਂ ਨਿਸਫਲ ਹਨ।

ਜਿਸ ਤਰ੍ਹਾਂ ਮੁਰਦੇ ਉੱਤੇ ਸ਼ਿੰਗਾਰ ਕੀਤੇ ਹੋਇ ਕਵਨ ਅਰਥ=ਕਿਸ ਕੰਮ ਹਨ॥ ੨॥

ਜੋ ਨ ਸੁਨਹਿ ਜਸੁ ਪਰਮਾਨੰਦਾ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥ ੩॥

ਜੋ ਪੁਰਸ਼ ਪਰਮ ਅਨੰਦ ਸਰੂਪ ਪਰਮੇਸ਼ਰ ਦੇ ਜਸ ਨੂੰ ਨਹੀਂ ਸੁਣਦਾ। ਉਹ ਪਸ਼ੂ ਪੰਛੀ ਤੇ ਤ੍ਰਿਗਦ=ਟੇਢੀਆਂ ਸੱਪ ਆਦਿਕ ਜੂਨਾਂ ਨਾਲੋਂ ਭੀ ਮੰਦਾ=ਬੁਰਾ (ਭੈੜਾ) ਹੈ॥ ੩॥

ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥
ਕੇਵਲ ਨਾਮੁ ਰਿਦ ਮਾਹਿ ਸਮਾਇਆ॥ ੪॥ ੪੨॥ ੧੧੧॥

ਗੁਰੂ ਜੀ ਕਥਨ ਕਰਦੇ ਹਨ ਜਿਨ੍ਹਾਂ ਨੂੰ ਗੁਰਾਂ ਨੇ ਆਪਣਾ ਮੰਤ੍ਰ ਦ੍ਰਿੜ੍ਹ ਕਰਵਾਇਆ ਹੈ।

ਉਨ੍ਹਾਂ ਦੇ ਸ਼ੁਧ ਹਿਰਦੇ ਵਿਚ ਕੇਵਲ=ਨਿਰੋਲ ਨਾਮ ਹੀ ਸਮਾਇਆ ਹੈ॥ ੪॥ ੪੨॥ ੧੧੧॥

ਗਉੜੀ ਮਹਲਾ ੫ ॥

ਕਿਸੇ ਸ਼ਾਹੂਕਾਰ ਦਾ ਪਿਉ ਮਰ ਗਿਆ ਉਸਨੂੰ ਰੋਂਦਿਆਂ ਪਿਟਦਿਆਂ ਵੇਖਕੇ ਇਸ ਸ਼ਬਦ ਦੁਆਰਾ ਉਸਨੂੰ ਉਪਦੇਸ਼ ਦੇਂਦੇ ਹਨ।

ਕਾ ਕੀ ਮਾਂਈ ਕਾ ਕੋ ਬਾਪ॥ ਨਾਮ ਧਾਰੀਕ ਝੂਠੇ ਸਭਿ ਸਾਕ॥ ੧॥

ਮਾਂ ਕਿਸਦੀ ਹੈ, ਪਿਉ ਕਿਸਦਾ ਹੈ, ਇਹ ਸਾਰੇ ਝੂਠੇ ਸਾਕ ਨਾਮ ਧਾਰੀਕ=ਨਾਮ ਮਾਤ੍ਰ ਭਾਵ ਕਹਿਣ ਮਾਤ੍ਰ ਹਨ॥ ੧॥

ਕਾਹੇ ਕਉ ਮੂਰਖ ਭਖਲਾਇਆ॥
ਮਿਲਿ ਸੰਜੋਗਿ ਹੁਕਮਿ ਤੂੰ ਆਇਆ॥ ੧॥ ਰਹਾਉ॥

ਓਇ ਮੂਰਖਾ ! ਤੂੰ ਕਿਸ ਵਾਸਤੇ ਮੇਰਾ ਪਿਉ ਮੇਰਾ ਪਿਉ ਕਰਕੇ ਭਖਲਾਇਆ=ਬਰੜਾਉਂਦਾ ਹੈਂ

ਹੁਕਮਿ=ਹੁਕਮੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਸੰਜੋਗਾਂ ਦੇ ਮੇਲ ਕਰਕੇ ਤੂੰ ਇਥੇ ਆਇਆ ਹੈਂ।

ਏਕਾ ਮਾਟੀ ਏਕਾ ਜੋਤਿ॥ ਏਕੋ ਪਵਨੁ ਕਹਾ ਕਉਨੁ ਰੋਤਿ॥ ੨॥

ਸਾਰਿਆਂ ਦੀ ਉਤਪਤੀ ਇਕ ਪੰਜਾਂ ਤਤਾਂ ਰੂਪੀ ਮਿੱਟੀ ਤੋਂ ਹੋਈ ਹੈ, ਅਤੇ ਉਨ੍ਹਾਂ ਵਿਚ ਇਕ ਹੀ ਜੋਤਿ=ਚੇਤਨ ਸੱਤਾ ਹੈ। ਸ਼ਾਰਿਆਂ ਵਿਚ ਪਵਨੁ=ਪ੍ਰਾਣ ਭੀ ਇਕ ਹਨ, ਇਹ ਗੱਲ ਵਿਚਾਰ ਕੇ ਦਸ, ਮਰਿਆ ਕੌਣ ਹੈ ? ਤੇ ਕਿਸ ਵਾਸਤੇ ਕੋਈ ਰੋਂਦਾ ਹੈ ?॥ ੨॥

ਮੇਰਾ ਮੇਰਾ ਕਰਿ ਬਿਲਲਾਹੀ॥ ਮਰਣਹਾਰੁ ਇਹੁ ਜੀਅਰਾ ਨਾਹੀ॥ ੩॥

ਵਿਚਾਰ-ਹੀਣ ਪੁਰਸ਼ ਮੇਰਾ ਮੇਰਾ ਕਰਕੇ ਵਿਰਲਾਪ ਕਰਦਾ ਅਰਥਾਤ ਰੋਂਦਾ ਹੈ। ਪਰ ਇਹ ਜੀਵਾਤਮਾ ਮਰਨ ਵਾਲਾ ਨਹੀਂ ਹੈ॥ ੩॥

ਕਹੁ ਨਾਨਕ ਗੁਰਿ ਖੋਲੇ ਕਪਾਟ॥
ਮੁਕਤੁ ਭਏ ਬਿਨਸੇ ਭ੍ਰਮ ਥਾਟ॥ ੪॥ ੪੩॥ ੧੧੨॥

ਗੁਰੂ ਜੀ ਕਥਨ ਕਰਦੇ ਹਨ ਜਿਸ ਵੇਲੇ ਗੁਰਾਂ ਨੇ ਪੰਜ ਕੋਸ਼ਾਂ ਰੂਪੀ ਕਪਾਟ=ਤਖਤੇ ਖੋਲ੍ਹੇ।
ਤਾਂ ਭਰਮ ਦੇ ਥਾਟ=ਬਨਾਉ ਬਿਨਸ ਜਾਣ ਤੇ ਮੁਕਤ ਰੂਪ ਹੋ ਗਏ॥ ੪॥ ੪੩॥ ੧੧੨॥

ਗਉੜੀ ਮਹਲਾ ੫ ॥

ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥ ੧॥

ਦੁਨੀਆਂ ਵਿਚ ਜੋ ਵੱਡੇ ਵੱਡੇ ਪੁਰਸ਼ ਦਿਸ ਰਹੇ ਹਨ। ਉਨ੍ਹਾਂ ਨੂੰ ਚਿੰਤਾ ਰੂਪੀ ਰੋਗ ਲੱਗਾ ਹੋਇਆ ਹੈ॥ ੧॥

ਕਉਨ ਵਡਾ ਮਾਇਆ ਵਡਿਆਈ॥
ਸੋ ਵਡਾ ਜਿਨਿ ਰਾਮ ਲਿਵ ਲਾਈ॥ ੧॥ ਰਹਾਉ॥

ਮਾਇਆ ਦੀ ਵਡਿਆਈ ਨੂੰ ਪਾ ਕੇ ਕੌਣ ਵੱਡਾ ਹੈ, ਅਰਥਾਤ ਕੋਈ ਵੱਡਾ ਨਹੀਂ।
ਉਹ ਪੁਰਸ਼ ਵੱਡਾ ਹੈ ਜਿਸ ਨੇ ਰਾਮ ਵਿਖੇ ਬਿਰਤੀ ਲਗਾਈ ਹੈ॥ ੧॥

ਭੂਮੀਆ ਭੂਮਿ ਊਪਰਿ ਨਿਤ ਲੂਝੈ॥ ਛੋਡਿ ਚਲੈ ਤ੍ਰਿਸਨਾ ਨਹੀ ਬੂਝੈ॥ ੨॥

ਭੂਮੀਆ=ਜ਼ਿਮੀਂਦਾਰ ਲੋਕ ਜਿਸ ਭੂਮੀ ਉਪਰੋਂ ਭਾਵ ਜਿਸ ਜ਼ਮੀਨ ਵਾਸਤੇ ਹਮੇਸ਼ਾਂ ਆਪਸ ਵਿਚ ਲੂਝੈ=ਲੜਦੇ ਹਨ। ਅੰਤ ਨੂੰ ਉਹ ਭੂਮੀ ਛੱਡ ਕੇ ਚਲੇ ਜਾਂਦੇ ਹਨ, ਪਰ ਤ੍ਰਿਸ਼ਨਾ ਨਹੀਂ ਬੁਝਦੀ॥ ੨॥

ਕਹੁ ਨਾਨਕ ਇਹੁ ਤਤੁ ਬੀਚਾਰਾ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ॥ ੩॥ ੪੪॥ ੧੧੩॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਇਹ ਤਤੁ=ਸਿਧਾਂਤ ਵਿਚਾਰਿਆ ਹੈ ਕਿ-ਹਰੀ ਦੇ ਭਜਨ ਕੀਤੇ ਤੋਂ ਬਿਨਾਂ ਜਨਮ ਮਰਨ ਵਲੋਂ ਛੁਟਕਾਰਾ ਨਹੀਂ ਹੁੰਦਾ॥ ੩॥ ੪੪॥ ੧੧੩॥

ਗਉੜੀ ਮਹਲਾ ੫ ॥

ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥ ੧ ॥

ਉਸ ਦਾ ਮਾਰਗੁ=ਪੰਥ ਵੀ ਪੂਰਾ ਹੈ, ਇਸ਼ਨਾਨ ਵੀ ਪੂਰਾ ਹੈ। ਹੋਰ ਜਿਤਨਾ ਕੁ ਉਸ ਨੇ ਜਪ ਤਪ ਕੀਤਾ ਹੈ ਉਹ ਭੀ ਉਸ ਦਾ ਸਭ ਕੁਝ ਪੂਰਾ ਹੈ ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਹੈ॥ ੧ ॥

ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥ ੧ ॥ ਰਹਾਉ ॥

ਜਾਂ ਪੂਰਿਆਂ ਗੁਰਾਂ ਨੇ ਰਖੀ ਤਾਂਹੀਂ ਇਸ ਦੀ ਪੂਰੀ ਇੱਜ਼ਤ ਰਹੀ ਹੈ।

ਗੁਰਮੁਖ ਜਨਾਂ ਨੇ ਇਕ ਪਾਰਬ੍ਰਹਮ ਦੀ ਸ਼ਰਨ ਤੱਕੀ ਹੈ॥ ੧ ॥

ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥ ੨ ॥

ਉਸ ਨੂੰ ਸੁਖ ਭੀ ਪੂਰਾ ਮਿਲ ਗਿਆ ਹੈ, ਸੰਤੋਖ ਵੀ ਪੂਰਾ ਪ੍ਰਾਪਤ ਹੋ ਗਿਆ ਹੈ। ਤਪ ਵੀ ਪੂਰਾ ਹੋ ਗਿਆ ਹੈ, ਉਸ ਦਾ ਰਾਜੁ ਜੋਗੁ=ਗਿਆਨ ਜੋਗ, ਭਗਤੀ ਜੋਗ ਵੀ ਪੂਰਨ ਹੋ ਗਿਆ ਹੈ॥ ੨ ॥

ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥ ੩ ॥

ਜੋ ਹਰੀ ਦੇ ਰਸਤੇ ਤੁਰਦਾ ਹੈ ਉਹ ਪਤਿਤ=ਪਾਪੀ ਭੀ ਪੁਨੀਤ=ਪਵਿੱਤ੍ਰ ਹੋ ਜਾਂਦਾ ਹੈ। ਉਸ ਦੀ ਜਗਤ ਵਿਚ ਪੂਰੀ ਸੋਭਾ ਹੋਈ ਹੈ, ਅਤੇ ਉਹ ਲੋਕੀਕ=ਲੋਕਾਂ ਵਿਚ ਵੀ ਪੂਰਾ ਉਤਰਿਆ ਹੈ।

ਵਾ:-ਉਸ ਦਾ ਲੌਕਿਕ ਵਿਹਾਰ ਵੀ ਪੂਰਾ ਹੈ॥ ੩ ॥

ਕਰਣਹਾਰੁ ਸਦ ਵਸੈ ਹਦੂਰਾ ॥
ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥ ੪ ॥ ੪੫ ॥ ੧੧੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਮੇਰਾ ਪੂਰਾ ਸਤਿਗੁਰੂ ਮੈਨੂੰ ਮਿਲਿਆ, ਤਾਂ ਕਰਣਹਾਰੁ=ਪ੍ਰਮਾਤਮਾ ਨੂੰ ਸਦਾ ਹਾਜ਼ਰਾ ਹਜ਼ੂਰ ਵਸਿਆ ਨਿਸਚੇ ਕੀਤਾ॥ ੪ ॥ ੪੫ ॥ ੧੧੪ ॥

[ਪੰਨਾ ੧੮੯]

ਗਉੜੀ ਮਹਲਾ ੫ ॥

ਸੰਤ ਕੀ ਧੂਰਿ ਮਿਟੇ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥ ੧ ॥

ਸੰਤਾਂ ਦੀ ਚਰਨ ਧੂੜੀ ਨਾਲ ਕੋਟ=ਕ੍ਰੋੜਾਂ ਅਘ=ਪਾਪ ਮਿਟ ਜਾਂਦੇ ਹਨ।

ਸੰਤਾਂ ਦੀ ਪ੍ਰਸਾਦਿ=ਕਿਰਪਾ ਨਾਲ ਜਨਮ ਮਰਨ ਵਲੋਂ ਛੋਟ=ਛੁਟਕਾਰਾ ਹੋ ਜਾਂਦਾ ਹੈ॥ ੧ ॥

ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ ॥ ੧ ॥ ਰਹਾਉ ॥

ਸੰਤਾਂ ਦਾ ਦਰਸ਼ਨ ਕਰਨਾ ਹੀ ਪੂਰਨ=ਸਾਰੇ ਤੀਰਥਾਂ ਦਾ ਇਸ਼ਨਾਨ ਹੈ॥

ਅਰਥਾਤ ਵਿਧੀ ਲਾਲ ਤੀਰਥਾਂ ਪਰ ਇਸ਼ਨਾਨ ਕਰਨ ਦਾ ਜੋ ਮਹਾਤਮ ਹੈ ਉਹ ਕੇਵਲ ਸੰਤਾਂ ਦੇ ਦਰਸ਼ਨ ਕਰਨ ਵਿਚ ਹੀ ਪ੍ਰਾਪਤ ਹੋ ਜਾਂਦਾ ਹੈ।

ਕਿਉਂਕਿ ਸੰਤਾਂ ਦੀ ਕਿਰਪਾ ਨਾਲ ਹੀ ਨਾਮ ਜਪ ਸਕੀਦਾ ਹੈ॥ ੧॥ ਰਹਾਉ॥

ਸੰਤ ਕੈ ਸੰਗਿ ਮਿਟਿਆ ਅਹੰਕਾਰੁ॥ ਦ੍ਰਿਸਟਿ ਆਵੈ ਸਭੁ ਏਕੰਕਾਰੁ॥ ੨॥

ਸੰਤਾਂ ਦੇ ਸੰਗ ਕਰਕੇ ਜਿਸ ਦਾ ਹੰਕਾਰ ਮਿਟ ਗਿਆ ਹੈ।

ਉਸਨੂੰ ਇਕ ਨਿਰੰਕਾਰ ਪਰਮਾਤਮਾ ਹੀ ਸਾਰੇ ਦ੍ਰਿਸਟਿ ਆਵੈ=ਨਿਗਾਹ ਆਉਂਦਾ ਹੈ॥ ੨॥

ਸੰਤ ਸੁਪ੍ਰਸੰਨ ਆਏ ਵਸਿ ਪੰਚਾ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ॥ ੩॥

ਜਿਸ ਉੱਤੇ ਸੰਤ ਪ੍ਰਸੰਨ ਹੋਏ ਹਨ ਪੰਜੇ ਕਾਮ ਆਦਿਕ ਦੂਤ ਉਸ ਦੇ ਵਸ ਵਿਚ ਆ ਗਏ ਹਨ। ਅਤੇ ਉਸਨੇ ਸੰਤਾਂ ਪਾਸੋਂ ਲੈ ਕੇ ਹਿਰਦੇ ਵਿਚ ਨਾਮ ਅੰਮ੍ਰਿਤ ਸੰਚਾ=ਇਕੱਠਾ ਕਰ ਲਿਆ ਹੈ॥ ੩॥

ਕਹੁ ਨਾਨਕ ਜਾ ਕਾ ਪੂਰਾ ਕਰਮ॥ ਤਿਸੁ ਭੇਟੇ ਸਾਧੂ ਕੇ ਚਰਨ॥ ੪॥ ੪੬॥ ੧੧੫॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਕਰਮ=ਭਾਗ ਪੂਰਾ ਹੈ। ਤਿਸਨੂੰ ਸੰਤਾਂ ਦੇ ਚਰਨ ਭੇਟੇ=ਮਿਲੇ ਹਨ। ਭਾਵ ਉਸ ਨੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ ਹੈ॥ ੪॥ ੪੬॥ ੧੧੫॥

ਗਉੜੀ ਮਹਲਾ ੫॥

ਹਰਿ ਗੁਣ ਜਪਤ ਕਮਲੁ ਪਰਗਾਸੈ॥ ਹਰਿ ਸਿਮਰਤ ਤ੍ਰਾਸ ਸਭ ਨਾਸੈ॥ ੧॥

ਹਰੀ ਗੁਣਾਂ ਦੇ ਜਪਤ=ਉਚਾਰਨ ਕਰਕੇ ਹਿਰਦਾ ਕੌਲ ਪਰਗਾਸੈ=ਖਿੜ ਜਾਂਦਾ ਹੈ।

ਹਰੀ ਦਾ ਸਿਮਰਨ ਕਰਦਿਆਂ ਸਾਰਾ ਤ੍ਰਾਸ=ਡਰ ਨੱਸ ਜਾਂਦਾ ਹੈ॥ ੧॥

ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ॥
ਵਡੈ ਭਾਗਿ ਸਾਧੂ ਸੰਗੁ ਪਾਵੈ॥ ੧॥ ਰਹਾਉ॥

ਸਾ ਮਤਿ=ਉਹ ਸਿਖਿਆ ਪੂਰੀ ਹੈ ਜਿਸ ਸਿਖਿਆ ਦੁਆਰੇ ਹਰੀ ਗੁਣਾਂ ਨੂੰ ਗਾਂਵਦਾ ਹੈ।

ਵੱਡਿਆਂ ਭਾਗਾਂ ਵਾਲਾ ਕੋਈ ਵਡਭਾਗੀ ਪੁਰਸ਼ ਹੀ ਸੰਤਾਂ ਦੇ ਸੰਗ ਨੂੰ ਪਾਂਦਾ ਹੈ॥ ੧॥ ਰਹਾਉ॥

ਸਾਧਸੰਗਿ ਪਾਈਐ ਨਿਧਿ ਨਾਮਾ॥ ਸਾਧਸੰਗਿ ਪੂਰਨ ਸਭਿ ਕਾਮਾ॥ ੨॥

ਸੰਤਾਂ ਦੀ ਸੰਗਤ ਵਿਚੋਂ ਹੀ ਨਾਮਾਂ ਦੀ ਨਿਧੀ=ਭਗਤੀ ਪ੍ਰਾਪਤ ਹੁੰਦੀ ਹੈ।

ਵਾ:-ਨਾਮ ਰੂਪ ਨਿਧਿ=ਖਜ਼ਾਨਾ ਪਾਈਦਾ ਹੈ।

ਸੰਤਾਂ ਦਾ ਸਤਸੰਗ ਕਰਨ ਨਾਲ ਸਾਰੇ ਕੰਮ ਪੂਰੇ ਹੋ ਜਾਂਦੇ ਹਨ॥ ੨॥

ਹਰਿ ਕੀ ਭਗਤਿ ਜਨਮੁ ਪਰਵਾਣੁ॥ ਗੁਰ ਕਿਰਪਾ ਤੇ ਨਾਮੁ ਵਖਾਣੁ॥ ੩॥

ਹਰੀ ਦੀ ਭਗਤੀ ਕਰਨ ਨਾਲ ਇਹ ਮਨੁੱਖਾ ਜਨਮ ਪਰਵਾਣੁ=ਸਫਲ ਹੁੰਦਾ ਹੈ। ਗੁਰਾਂ ਦੀ ਕਿਰਪਾ ਹੋਣ ਨਾਲ ਹੀ ਪ੍ਰਭੂ ਦਾ ਨਾਮ ਵਖਾਂਣੁ=ਕਥਨ ਕੀਤਾ ਜਾਂਦਾ ਹੈ॥ ੩॥

ਕਹੁ ਨਾਨਕ ਸੋ ਜਨੁ ਪਰਵਾਨੁ॥ ਜਾ ਕੈ ਰਿਦੈ ਵਸੈ ਭਗਵਾਨੁ॥ ੪॥ ੪੭॥ ੧੧੬॥

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਦਰਗਾਹ ਵਿਚ ਪ੍ਰਵਾਣ ਹੁੰਦਾ ਹੈ। ਜਿਸ ਦੇ ਹਿਰਦੇ ਵਿਚ

ਭਗਵਾਨੁ=ਖਟ ਭਾਗਾਂ ਸਪੰਨ ਪਰਮੇਸ਼ਰ ਆਪ ਵਸਦਾ ਹੈ॥ ੪॥ ੪੭॥ ੧੧੬॥

ਗਉੜੀ ਮਹਲਾ ੫ ॥

ਏਕਸੁ ਸਿਉ ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ ॥ ੧ ॥

ਜਿਸ ਪੁਰਸ਼ ਦਾ ਮਨ ਇਕ ਵਾਹਿਗੁਰੂ ਦੇ ਸਿਮਰਨ ਨਾਲ ਤਦਾਕਾਰ ਹੋਇਆ ਹੈ। ਉਸ ਦੇ ਮਨ ਵਿਚੋਂ ਪਰਾਈ ਤਾਤਾ=ਖ੍ਵਾਹਸ਼ ਅਰਥਾਤ ਦੂਜਿਆਂ ਨੂੰ ਦੁਖ ਦੇਣ ਦੀ ਇੱਛਾ ਭੁਲ ਗਈ ਹੈ॥ ੧॥

ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥ ੧ ॥ ਰਹਾਉ ॥

ਉਨ੍ਹਾਂ ਨੂੰ ਗੋਬਿੰਦ ਤੋਂ ਬਿਨਾਂ ਕੋਈ ਦਿਸਦਾ ਨਹੀਂ। ਉਹ ਇਸ ਤਰ੍ਹਾਂ ਨਿਸਚੇ ਕਰਦੇ ਹਨ, ਕਿ ਉਹ ਕਰਤਾ ਪੁਰਖ ਹੀ ਸਭ ਗੱਲਾਂ ਦੇ ਕਰਨੇ ਕਰਾਉਣੇ ਵਾਲਾ ਹੈ॥ ੧॥

ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥ ੨ ॥

ਜੋ ਆਪਣੇ ਮਨ ਵਿਚ ਕਮਾਂਵਦਾ ਅਰਥਾਤ ਧਾਰਨਾ ਕਰਦਾ ਹੈ ਅਤੇ ਮੂੰਹੋਂ ਭੀ ਹਰਿ ਹਰਿ ਨਾਮ ਬੋਲਦਾ ਹੈ। ਉਹ ਪੁਰਸ਼ ਇਧਰ ਉਧਰ ਕਦੇ ਡੋਲੈ=ਭਟਕਦਾ ਨਹੀਂ ਹੈ॥ ੨॥

ਜਾ ਕੈ ਹਰਿ ਧਨੁ ਸੋ ਸਚ ਸਾਹੁ ॥ ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥ ੩ ॥

ਜਿਸ ਦੇ ਪਾਸ ਹਰੀ ਨਾਮ ਰੂਪ ਧਨ ਹੈ ਓਹੀ ਸਚਾ ਸ਼ਾਹ ਹੈ। ਪਰ ਪੂਰਿਆਂ ਗੁਰਾਂ ਨੇ ਨਾਮ ਦੇ ਉੱਪਰ ਸਿਖ ਦਾ ਵਿਸਾਹੁ=ਭਰੋਸਾ ਦ੍ਰਿੜ੍ਹ ਕਰਵਾ ਦਿੱਤਾ ਹੈ॥ ੩॥

ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥
ਕਹੁ ਨਾਨਕ ਪਰਮ ਪਦੁ ਪਾਇਆ ॥ ੪ ॥ ੪੮ ॥ ੧੧੭ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਨੂੰ ਜੀਵਨ ਪੁਰਖ ਜੋ ਹਰੀ ਰਾਜਾ ਹੈ ਉਹ ਮਿਲ ਪਿਆ ਹੈ। ਇਸ ਲਈ ਉਹਨਾਂ ਨੇ ਪਰਮ ਪਦੁ=ਆਤਮ ਪਦ ਨੂੰ ਪਾ ਲਿਆ ਹੈ॥ ੪॥ ੪੮॥ ੧੧੭॥

ਗਉੜੀ ਮਹਲਾ ੫ ॥

ਨਾਮੁ ਭਗਤ ਕੈ ਪ੍ਰਾਨ ਅਧਾਰੁ ॥ ਨਾਮੋ ਧਨੁ ਨਾਮੋ ਬਿਉਹਾਰੁ ॥ ੧ ॥

ਪਰਮੇਸ਼ਰ ਦਾ ਨਾਮ ਹੀ ਭਗਤਾਂ ਦੇ ਪ੍ਰਾਣਾਂ ਦਾ ਅਧਾਰੁ=ਆਸਰਾ ਹੈ।

ਪ੍ਰਭੂ ਦਾ ਨਾਮ ਹੀ ਭਗਤਾਂ ਦਾ ਧਨ ਹੈ, ਅਤੇ ਨਾਮ ਦਾ ਹੀ ਵਿਹਾਰ ਕਰਦੇ ਹਨ॥ ੧॥

ਨਾਮ ਵਡਾਈ ਜਨੁ ਸੋਭਾ ਪਾਏ ॥ ਕਰਿ ਕਿਰਪਾ ਜਿਸੁ ਆਪਿ ਦਿਵਾਏ ॥ ੧ ॥ ਰਹਾਉ ॥

ਨਾਮ ਦੀ ਵਡਿਆਈ ਕਰ ਕੇ ਹੀ ਭਗਤ ਜਨ ਸੋਭਾ ਪਾਂਦੇ ਹਨ।

ਪ੍ਰਭੂ ਆਪ ਕਿਰਪਾ ਕਰਕੇ ਜਿਸ ਨੂੰ ਗੁਰਾਂ ਪਾਸੋਂ ਨਾਮ ਦਿਵਾਂਦਾ ਹੈ ਉਸੇ ਨੂੰ ਨਾਮ ਪ੍ਰਾਪਤ ਹੁੰਦਾ ਹੈ॥ ੧॥

ਨਾਮੁ ਭਗਤ ਕੈ ਸੁਖ ਅਸਥਾਨੁ ॥ ਨਾਮ ਰਤੁ ਸੋ ਭਗਤੁ ਪਰਵਾਨੁ ॥ ੨ ॥

ਭਗਤਾਂ ਦੇ ਸੁਖ ਦਾ ਅਸਥਾਨ ਪਰਮੇਸ਼ਰ ਦਾ ਨਾਮ ਹੀ ਹੈ।

ਜੋ ਨਾਮ ਵਿਚ ਰੱਤੁ=ਪ੍ਰੇਮ ਕਰਦੇ ਹਨ ਓਹੀ ਭਗਤ ਪ੍ਰਮਾਣੀਕ ਹਨ॥ ੨॥

ਹਰਿ ਕਾ ਨਾਮੁ ਜਨ ਕਉ ਧਾਰੈ ॥ ਸਾਸਿ ਸਾਸਿ ਜਨੁ ਨਾਮੁ ਸਮਾਰੈ ॥ ੩ ॥

ਹਰੀ ਦਾ ਜੋ ਨਾਮ ਹੈ ਓਸੇ ਨੇ ਰਾਜੇ ਜਨਕ ਨੂੰ ਸੰਸਾਰ ਤੋਂ ਤਾਰਨਾ ਕੀਤਾ ਹੈ।

ਅਥਵਾ:-ਹਰੀ ਨਾਮ ਦਾ ਮਹਾਤਮ ਦੇ ਕੇ ਰਾਜੇ ਜਨਕ ਨੇ ਨਰਕਾਂ ਚੋਂ ਪਾਪੀ ਜੀਵ ਤਾਰੇ ਸਨ।

ਅਥਵਾ:-ਰਾਜੇ ਜਨਕ ਨੇ ਹਰੀ ਨਾਮ ਦਾ ਉਪਦੇਸ਼ ਦੇ ਕੇ ਸੁਖਦੇਵ ਰਿਖੀ ਨੂੰ ਤਾਰਿਆ ਸੀ। ਇਹ ਗੱਲ ਨਿਸਚੇ ਕਰਕੇ ਭਗਤ ਜਨ ਸ੍ਵਾਸ ਸ੍ਵਾਸ ਹਰੀ ਨਾਮ ਨੂੰ ਸਮਾਰੈ=ਸੰਭਾਲਦੇ ਅਰਥਾਤ ਸਿਮਰਦੇ ਹਨ॥ ੩ ॥

ਕਹੁ ਨਾਨਕ ਜਿਸੁ ਪੂਰਾ ਭਾਗੁ ॥ ਨਾਮ ਸੰਗਿ ਤਾ ਕਾ ਮਨੁ ਲਾਗੁ ॥ ੪ ॥ ੪੯ ॥ ੧੧੮ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਦਾ ਪੂਰਨ ਭਾਗ ਹੈ।

ਉਸ ਦਾ ਮਨ ਵਾਹਿਗੁਰੂ ਨਾਮ ਨਾਲ ਲਗਦਾ ਭਾਵ ਜੁੜਦਾ ਹੈ॥ ੪ ॥ ੪੯ ॥ ੧੧੮ ॥

ਗਉੜੀ ਮਹਲਾ ੫ ॥

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥ ਤਬ ਤੇ ਧਾਵਤੁ ਮਨੁ ਤ੍ਰਿਪਤਾਇਆ ॥ ੧ ॥

ਜਦ ਤੋਂ ਸੰਤਾਂ ਦੀ ਪ੍ਰਸਾਦਿ=ਕਿਰਪਾ ਨਾਲ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ ਤਦ ਤੋਂ ਇਹ ਚੰਚਲ ਮਨ ਪਦਾਰਥਾਂ ਵਲ ਧਾਵਤੁ=ਦੌੜਣ ਵਲੋਂ ਰਜ ਗਿਆ ਹੈ॥ ੧ ॥

ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥
ਸ੍ਰਮੁ ਮਿਟਿਆ ਮੇਰੀ ਹਤੀ ਬਲਾਇ ॥ ੧ ॥ ਰਹਾਉ ॥

ਵਾਹਿਗੁਰੂ ਦੇ ਗੁਣ ਗਾ ਕੇ ਸੁਖਾਂ ਵਿਚ ਬਿਸ੍ਰਾਮੁ=ਇਸਥਿਤ ਹੋਣਾ ਪਾਇਆ ਹੈ।

ਚੁਰਾਸੀ ਲੱਖ ਜੂਨਾਂ ਵਿਚ ਫਿਰਨ ਦਾ ਜੋ ਸ੍ਰਮੁ=ਥਕੇਵਾਂ ਸੀ ਉਹ ਮਿਟ ਗਿਆ ਹੈ, ਅਤੇ ਮੇਰੀ ਅਵਿੱਦਿਆ ਰੂਪੀ ਬਲਾ ਭੀ ਹਤੀ=ਮਰ ਗਈ ਹੈ॥ ੧ ॥ ਰਹਾਉ ॥

ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥ ੨ ॥

ਭਗਵੰਤ ਦੇ ਪਵਿੱਤ੍ਰ ਚਰਨ ਕਵਲਾਂ ਦੇ ਆਰਾਧਣੇ ਕਰਕੇ, ਤੇ ਹਰੀ ਦੇ ਸਿਮਰਨ ਕਰਨ ਨਾਲ ਮੇਰੀ ਚਿੰਤਾ ਮਿਟ ਗਈ ਹੈ॥ ੨ ॥

ਸਭ ਤਜਿ ਅਨਾਥੁ ਏਕ ਸਰਣਿ ਆਇਓ ॥
ਊਚ ਅਸਥਾਨੁ ਤਬ ਸਹਜੇ ਪਾਇਓ ॥ ੩ ॥

ਜਿਸ ਵੇਲੇ ਮੈਂ ਅਨਾਥ ਸਾਰਿਆਂ ਨੂੰ ਤਿਆਗ ਕੇ ਇਕ ਗੁਰਾਂ ਦੀ ਸ਼ਰਨ ਵਿਚ ਆਇਆ। ਤਿਸ ਵੇਲੇ ਮੈਨੇ ਸੁਭਾਵਕ ਹੀ ਸਰੂਪ ਰੂਪੀ ਉੱਚੇ ਅਸੱਥਾਨ ਨੂੰ ਪਾ ਲੀਤਾ॥ ੩ ॥

ਦੂਖੁ ਦਰਦੁ ਭਰਮੁ ਭਉ ਨਸਿਆ ॥
ਕਰਣਹਾਰੁ ਨਾਨਕ ਮਨਿ ਬਸਿਆ ॥ ੪ ॥ ੫੦ ॥ ੧੧੯ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਕਰਣਹਾਰ ਪ੍ਰਭੂ ਮਨ ਵਿਚ ਵਸ ਗਿਆ। ਤਾਂ ਜਨਮ ਮਰਣ ਦਾ ਦੁਖ, ਈਰਖਾ ਦਾ ਦਰਦ, ਪੰਜ ਪਰਕਾਰ ਦਾ ਭਰਮ ਤੇ ਜਮਾਂ ਦਾ ਭਉ=ਡਰ ਨਸ ਗਿਆ॥ ੪ ॥ ੫੦ ॥ ੧੧੯ ॥

ਗਉੜੀ ਮਹਲਾ ੫ ॥

ਕਰ ਕਰਿ ਟਹਲ ਰਸਨਾ ਗੁਣ ਗਾਵਉ ॥ਚਰਨ ਠਾਕੁਰ ਕੈ ਮਾਰਗਿ ਧਾਵਉ ॥ ੧ ॥

ਕਰ=ਹੱਥਾਂ ਕਰਕੇ ਸੇਵਾ ਟਹਲ ਕਰੋ, ਰਸਨਾਂ ਨਾਲ ਗੁਣ ਗਾਇਣ ਕਰੋ।

ਅਤੇ ਪੈਰਾਂ ਕਰਕੇ ਠਾਕੁਰ=ਪਰਮਾਤਮਾ ਦੇ ਰਸਤੇ ਪਰ ਧਾਵਉ=ਦੌੜਣਾ ਕਰੋ॥ ੧ ॥

[ਪੰਨਾ ੧੯੦]

ਭਲੋ ਸਮੋ ਸਿਮਰਨ ਕੀ ਬਰੀਆ ॥
ਸਿਮਰਤ ਨਾਮੁ ਭੈ ਪਾਰਿ ਉਤਰੀਆ ॥ ੧ ॥ ਰਹਾਉ ॥

ਏਹੋ ਕਲਜੁਗ ਦਾ ਸਮਾਂ ਭਲਾ ਹੈ, ਹੇ ਭਾਈ ਇਹ ਮਨੁੱਖਾ ਦੇਹ ਸਿਮਰਨ ਕਰਨ ਦੀ ਵਾਰੀ ਹੈ। ਨਾਮ ਦੇ ਸਿਮਰਨ ਕਰਨ ਨਾਲ ਹੀ ਭੈਦਾਇਕ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋਵੇਗਾ॥ ੧ ॥

ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥ ਪ੍ਰਭ ਅਵਿਨਾਸੀ ਮਨ ਮਹਿ ਲੇਖੁ ॥ ੨ ॥

ਅੱਖਾਂ ਨਾਲ ਸੰਤਾਂ ਦਾ ਦਰਸ਼ਨ ਵੇਖਣਾ ਕਰ। ਅਤੇ ਅਬਨਾਸੀ ਪ੍ਰਭੂ ਨੂੰ ਆਪਣੇ ਮਨ ਵਿਚ ਲੇਖੁ=ਲਖਣਾ, ਅਰਥਾਤ ਜਾਨਣਾ ਕਰ॥ ੨ ॥

ਸੁਣਿ ਕੀਰਤਨੁ ਸਾਧ ਪਹਿ ਜਾਇ ॥ ਜਨਮ ਮਰਣ ਕੀ ਤ੍ਰਾਸ ਮਿਟਾਇ ॥ ੩ ॥

ਸੰਤਾਂ ਪਾਸ ਜਾ ਕੇ ਪ੍ਰਭੂ ਦਾ ਕੀਰਤਨ ਸੁਨਣਾ ਕਰ। ਕੀਰਤਨ ਸੁਣਕੇ ਜਨਮ ਮਰਨ ਦੀ ਤ੍ਰਾਸ=ਘੋਫਤਾਈ ਮਿਟਾਣਾ ਕਰ॥ ੩ ॥

ਚਰਣ ਕਮਲ ਠਾਕੁਰ ਉਰਿ ਧਾਰਿ ॥
ਦੁਲਭ ਦੇਹ ਨਾਨਕ ਨਿਸਤਾਰਿ ॥ ੪ ॥ ੫੧ ॥ ੧੨੦ ॥

ਠਾਕੁਰ ਦੇ ਚਰਨ ਕਵਲਾਂ ਦਾ ਧਿਆਨ ਹਿਰਦੇ ਵਿਚ ਧਾਰਨਾ ਕਰ।

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਨਾਲ ਆਪਣੀ ਦੁਰਲੱਭ ਮਨੁਖਾ ਦੇਹ ਨੂੰ ਨਿਸਤਾਰਿ=ਤਾਰ ਲੈ॥ ੪॥ ੫੧॥ ੧੨੦॥

ਗਉੜੀ ਮਹਲਾ ੫ ॥

ਜਾ ਕਉ ਅਪਨੀ ਕਿਰਪਾ ਧਾਰੈ ॥ ਸੋ ਜਨੁ ਰਸਨਾ ਨਾਮੁ ਉਚਾਰੈ ॥ ੧ ॥

ਜਿਸ ਉੱਤੇ ਪਰਮੇਸ਼ਰ ਆਪਣੀ ਕਿਰਪਾ ਦ੍ਰਿਸ਼ਟੀ ਧਾਰਦਾ ਹੈ।

ਓਹੀ ਗਰਮੁਖ ਜਨ ਰਸਨਾਂ ਨਾਲ ਸਤਿਨਾਮੁ ਮੰਤ੍ਰ ਨੂੰ ਉਚਾਰਦਾ ਹੈ।

ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥

ਹਰੀ ਦੇ ਬਿਸਰਤ=ਭੁਲਣ ਕਰਕੇ, ਵਾ:-ਹਰ ਪਰਕਾਰ ਦੇ ਬਿਸ+ਰਸ=ਵਿਸ਼ਿਆਂ ਵਿਚ ਪ੍ਰੀਤੀ ਕਰਨ ਨਾਲ ਦੁਖਦਾਈ ਸੰਸਾ ਵਿਆਪਦਾ ਹੈ।

ਸਿਮਰਤ ਨਾਮੁ ਭਰਮੁ ਭਉ ਭਾਗੈ ॥ ੧ ॥ ਰਹਾਉ ॥

ਨਾਮ ਦਾ ਸਿਮਰਨ ਕਰਕੇ ਭਰਮ ਅਤੇ ਡਰ ਭਾਗੈ=ਦੌੜ ਜਾਂਦਾ ਹੈ॥ ੧ ॥ ਰਹਾਉ ॥

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥ ੨ ॥

ਜੋ ਪੁਰਸ਼ ਹਰੀ ਦੇ ਕੀਰਤਨ ਨੂੰ ਸੁਣਦਾ ਹੈ, ਅਤੇ ਹਰੀ ਦੇ ਕੀਰਤਨ ਨੂੰ ਗਾਉਂਦਾ ਹੈ।
ਉਸ ਗੁਰਮੁਖ ਜਨ ਦੇ ਨਿਕਟਿ=ਨੇੜੇ ਕੋਈ ਦੁਖ ਨਹੀਂ ਆਉਂਦਾ॥ ੨ ॥

ਹਰਿ ਕੀ ਟਹਲ ਕਰਤ ਜਨੁ ਸੋਹੈ ॥ ਤਾ ਕਉ ਮਾਇਆ ਅਗਨਿ ਨ ਪੋਹੈ ॥ ੩ ॥

ਜੋ ਪੁਰਸ਼ ਹਰੀ ਦੀ ਸੇਵਾ ਕਰਨ ਵਿਚ ਸੋਹੈ=ਸੋਭ ਰਿਹਾ ਹੈ।
ਉਸ ਨੂੰ ਮਾਇਆ ਰੂਪ ਅਗਨੀ ਨ ਪੋਹੈ=ਛੋਂਹਦੀ ਨਹੀਂ ਹੈ॥ ੩ ॥

ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥
ਨਾਨਕ ਤਜੀਅਲੇ ਅਵਰਿ ਜੰਜਾਲ ॥ ੪ ॥ ੫੨ ॥ ੧੨੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਮਨ ਬਾਣੀ ਸਰੀਰ ਕਰਕੇ ਹਰੀ ਦਿਆਲੂ ਦਾ ਨਾਮ ਸਿਮਰਦਾ ਹੈ ਉਸ ਨੇ ਦੁਨੀਆਂ ਦੇ ਅਵਰਿ=ਹੋਰ ਸਾਰੇ ਜੰਜਾਲ ਤਿਆਗ ਦਿਤੇ ਹਨ॥ ੪ ॥ ੫੨ ॥ ੧੨੧ ॥

ਗਉੜੀ ਮਹਲਾ ੫ ॥

ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥ ੧ ॥

ਬਹੁਤੀ ਸਿਆਣਪ ਬੁੱਧੀ ਦੀ, ਤੇ ਵਾਕਾਂ ਦੀ ਚਤੁਰਾਈ ਛਡਕੇ,
ਪੂਰਿਆਂ ਗੁਰਾਂ ਦੀ "ਟੇਕ ਟਿਕਾਈ"=ਓਟ ਗ੍ਰਹਿਣ ਕੀਤੀ ਹੈ॥ ੧ ॥

ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥
ਗੁਰੁ ਪੂਰਾ ਭੇਟਿਆ ਲਿਵ ਲਾਇ ॥ ੧ ॥ ਰਹਾਉ ॥

ਸੁਖ ਸਰੂਪ ਹਰੀ ਦੇ ਗੁਣ ਗਾਇਣ ਕਰਨ ਨਾਲ ਦੁਖ ਬਿਨਸ ਗਏ ਹਨ।
ਪੂਰੇ ਗੁਰੁ ਦੇ ਮਿਲਿਆਂ ਹੀ ਨਾਮ ਵਿਚ ਲਿਵ=ਬਿਰਤੀ ਲਗੀ ਹੈ॥ ੧ ॥ ਰਹਾਉ ॥

ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥ ੨ ॥

ਜਿਸ ਵੇਲੇ ਗੁਰਾਂ ਨੇ ਹਰੀ ਨਾਮ ਦਾ ਮੰਤ੍ਰ=ਉਪਦੇਸ਼ ਦਿੱਤਾ, ਤਾਂ ਵਿਸੂਰੇ=ਝੋਰੇ ਮਿਟ ਗਏ ਅਤੇ ਚਿੰਤਾ ਭੀ ਉਤਰ ਗਈ॥ ੨ ॥

ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥ ੩ ॥

ਕਿਰਪਾਲੂ ਗੁਰਾਂ ਦੇ ਮਿਲਦਿਆਂ ਹੀ ਅਨੰਦ ਹੋ ਗਏ ਹਾਂ।
ਕਿਉਂਕਿ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਜਮਾਂ ਦੇ ਫਾਹੇ ਕਟ ਦਿੱਤੇ ਹਨ॥ ੩ ॥

ਕਹੁ ਨਾਨਕ ਗੁਰੁ ਪੂਰਾ ਪਾਇਆ ॥
ਤਾ ਤੇ ਬਹੁਰਿ ਨ ਬਿਆਪੈ ਮਾਇਆ ॥ ੪ ॥ ੫੩ ॥ ੧੨੨ ॥

ਗੁਰੂ ਜੀ ਕਥਨ ਕਰਦੇ ਹਨ, ਮੈਨੇ ਪੂਰਾ ਗੁਰੂ ਪਾਇਆ ਹੈ, ਏਸੇ ਕਰਕੇ ਫਿਰ ਸਾਡੇ ਉੱਤੇ ਮਾਇਆ ਦਾ ਜ਼ੋਰ ਨ ਵਿਆਪਦਾ ਹੋਇਆ ॥ ੪ ॥ ੫੩ ॥ ੧੨੨ ॥

ਗਉੜੀ ਮਹਲਾ ੫ ॥
ਰਾਖਿ ਲੀਆ ਗੁਰਿ ਪੂਰੈ ਆਪਿ ॥ ਮਨਮੁਖ ਕਉ ਲਾਗੋ ਸੰਤਾਪੁ ॥ ੧ ॥

ਪੂਰਿਆਂ ਗੁਰਾਂ ਨੇ ਆਪ ਹੱਥ ਦੇ ਕੇ ਸਾਨੂੰ ਵਾ:-ਸੇਵਕਾਂ ਨੂੰ ਰੱਖ ਲਿਆ ਹੈ।

ਅਥਵਾ:-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰੱਖ ਲਿਆ ਹੈ। ਅਤੇ ਈਰਖਾ ਕਰਨ ਵਾਲੇ ਮਨਮੁਖ ਪ੍ਰਿਥੀ ਚੰਦ, ਤੇ ਖਿਡਾਵੇ ਬ੍ਰਾਹਮਣ ਨੂੰ ਵੱਡਾ ਭਾਰਾ ਦੁਖ ਲਗਾ ਹੈ॥ ੧ ॥

ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥ ੧ ॥ ਰਹਾਉ ॥

ਹੇ ਮੇਰੇ ਮਿਤ੍ਰ ! ਤੂੰ ਧੰਨ ਗੁਰੂ ਧੰਨ ਗੁਰੂ ਕਰਕੇ ਜਪ। *ਅਥਵਾ:*-ਤੂੰ ਗੁਰੂ ਗੁਰੂ=ਵਾਹਿਗੁਰੂ ਵਾਹਿਗੁਰੂ ਜਪ। ਤਦ ਸਚੇ ਦਰਬਾਰ ਵਿਚ ਤੇਰਾ ਮੂੰਹ ਉਜਲਾ ਹੋਵੇਗਾ॥ ੧ ॥ ਰਹਾਉ ॥

ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥ ੨ ॥

ਗੁਰਾਂ ਦੇ ਚਰਨਾਂ ਦਾ ਧਿਆਨ ਹਿਰਦੇ ਵਿਚ ਵਸਾ ਲੈ। ਤਾਂ ਦੁਖ ਦੇਣ ਵਾਲੇ ਦੁਸ਼ਮਣ ਅਤੇ ਤੇਰੀ ਪ੍ਰਤੱਖ ਬਲਾ, ਵਾ:-ਅਵਿੱਦਿਆ ਰੂਪੀ ਬਲਾ ਹਤੈ=ਨਾਸ ਹੋ ਜਾਏਗੀ॥ ੨ ॥

ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ ਜੀਅ ਭਾਈ ॥ ੩ ॥

ਗੁਰਾਂ ਦਾ ਉਪਦੇਸ਼ ਹੀ ਤੇਰੇ ਅੰਗ ਸੰਗ ਹੋ ਕੇ ਸਹਾਇਤਾ ਕਰਨ ਵਾਲਾ ਹੈ। ਓਸੇ ਗੁਰ ਉਪਦੇਸ਼ ਕਰਕੇ ਹੀ ਹੇ ਭਾਈ ! ਤੇਰੇ ਪਰ ਸਾਰੇ ਜੀਅ ਦਿਆਲੂ ਹੋਏ ਹਨ॥ ੩ ॥

ਗੁਰਿ ਪੂਰੈ ਜਬ ਕਿਰਪਾ ਕਰੀ ॥
ਭਨਤਿ ਨਾਨਕ ਮੇਰੀ ਪੂਰੀ ਪਰੀ ॥ ੪ ॥ ੫੪ ॥ ੧੨੩ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪੂਰਿਆਂ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ।
ਤਾਂ ਮੇਰੀ ਪੂਰੀ ਪਤਆਬਰੋ ਪੈ ਗਈ॥ ੪ ॥ ੫੪ ॥ ੧੨੩ ॥

ਗਉੜੀ ਮਹਲਾ ੫ ॥
ਅਨਿਕ ਰਸਾ ਖਾਏ ਜੈਸੇ ਢੋਰ ॥ ਮੋਹ ਕੀ ਜੇਵਰੀ ਬਾਧਿਓ ਚੋਰ ॥ ੧ ॥

ਨਾਮ ਹੀਣ ਪੁਰਸ਼ ਦਾ ਅਨੇਕ ਪਰਕਾਰ ਦੇ ਰਸਾਂ ਦਾ ਖਾਣਾ ਇਸ ਤਰ੍ਹਾਂ ਹੈ, ਜਿਵੇਂ ਢੋਰ=ਪਸ਼ੂ ਦਾ ਖਾਣਾ ਹੁੰਦਾ ਹੈ। ਜਿਵੇਂ ਪਸ਼ੂ ਰੱਸੇ ਨਾਲ ਬੰਨ੍ਹਿਆ ਜਾਂਦਾ ਹੈ, ਤਿਵੇਂ ਇਹ ਚੋਰ=ਨਾਮ ਤੋਂ ਹੀਣਾ ਜੀਵ ਮੋਹ ਦੀ ਜੇਵਰੀ=ਰਸੀ ਨਾਲ ਬੱਧਾ ਹੋਇਆ ਹੈ॥ ੧ ॥

ਮਿਰਤਕ ਦੇਹ ਸਾਧਸੰਗ ਬਿਹੂਨਾ ॥
ਆਵਤ ਜਾਤ ਜੋਨੀ ਦੁਖ ਖੀਨਾ ॥ ੧ ॥ ਰਹਾਉ ॥

ਸਤਸੰਗਤਿ ਤੋਂ ਬਿਨਾਂ ਇਹ ਦੇਹ ਮੁਰਦੇ ਤੁਲ ਹੈ। ਜੂਨੀਆਂ ਦੇ ਦੁਖਾਂ ਵਿਚ ਆਉਂਦਾ ਜਾਂਦਾ ਹੋਇਆ ਖੀਨਾ=ਨਾਸ ਵਾ:-ਕ੍ਰਿਸ ਹੋ ਰਿਹਾ ਹੈ॥ ੧ ॥ ਰਹਾਉ ॥

ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥
ਜਿਉ ਡਰਨਾ ਖੇਤ ਮਾਹਿ ਡਰਾਇਆ ॥ ੨ ॥

ਉਸ ਦੇ ਅਨੇਕ ਤਰ੍ਹਾਂ ਦੇ ਸੁੰਦਰ ਲਪੜਿਆਂ ਦਾ ਪਹਿਰਣਾ ਇੰਜ ਨਿਸਫਲ ਹੈ, ਜਿਸ ਤਰ੍ਹਾਂ ਖੇਤ ਦੇ ਵਿਚ ਜਾਨਵਰਾਂ ਨੂੰ ਡਰਾਉਣ ਵਾਸਤੇ ਡਰਨਾ=ਠੂਠ ਖੜਾ ਕੀਤਾ ਹੁੰਦਾ ਹੈ॥ ੨ ॥

ਸਗਲ ਸਰੀਰ ਆਵਤ ਸਭ ਕਾਮ ॥ ਨਿਹਫਲ ਮਾਨੁਖੁ ਜਪੈ ਨਹੀ ਨਾਮ ॥ ੩ ॥

ਇਕ ਮਨੁੱਖ ਸਰੀਰ ਤੋਂ ਬਿਨਾਂ ਹੋਰ ਸਾਰੇ ਸਰੀਰਾਂ ਦਾ ਸਭ ਕੁਝ ਕੰਮ ਆ ਜਾਂਦਾ ਹੈ।
ਜੇਕਰ ਇਹ ਮਨੁੱਖ ਵਾਹਿਗੁਰੂ ਨਾਮ ਨਹੀਂ ਜਪਦਾ ਤਾਂ ਇਹ ਸਭ ਤਰ੍ਹਾਂ ਕਰਕੇ ਨਿਸਫਲ ਹੈ॥ ੩ ॥

ਕਹੁ ਨਾਨਕ ਜਾ ਕਉ ਭਏ ਦਇਆਲਾ ॥
ਸਾਧਸੰਗਿ ਮਿਲਿ ਭਜਹਿ ਗੋਪਾਲਾ ॥ ੪ ॥ ੫੫ ॥ ੧੨੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪਰਮੇਸ਼ਰ ਦਿਆਲੂ ਹੋਇਆ ਹੈ।
ਉਹ ਸਤਸੰਗਤ ਨਾਲ ਮਿਲਕੇ ਗੋਪਾਲ ਨਾਮ ਦਾ ਸਿਮਰਨ ਕਰਦਾ ਹੈ॥ ੪ ॥ ੫੫ ॥ ੧੨੪ ॥

[ਪੰਨਾ ੧੯੧]

ਗਉੜੀ ਮਹਲਾ ੫ ॥

ਕਲਿ ਕਲੇਸ ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ ਸੁਖ ਸਾਰੇ ॥ ੧ ॥

ਗੁਰ ਉਪਦੇਸ਼ ਨੇ ਕਲਪਨਾ ਤੇ ਕਲੇਸ਼,
ਵਾ:-ਕਲ੍ਹਾ ਰੂਪ ਕਲੇਸ਼ ਸਾਰੇ ਨਵਿਰਤ ਕਰ ਦਿੱਤੇ ਹਨ।
ਆਉਣ ਜਾਣ ਦੇ ਚੱਕਰ ਰਹਿ ਗਏ ਹਨ ਅਤੇ ਸਾਰੇ ਸੁਖ ਪ੍ਰਾਪਤ ਹੋ ਗਏ ਹਨ॥ ੧ ॥

ਭੈ ਬਿਨਸੇ ਨਿਰਭਉ ਹਰਿ ਧਿਆਇਆ ॥
ਸਾਧਸੰਗਿ ਹਰਿ ਕੇ ਗੁਣ ਗਾਇਆ ॥ ੧ ॥ ਰਹਾਉ ॥

ਨਿਰਭਉ ਹਰੀ ਦੇ ਨਾਮ ਨੂੰ ਧਿਆਵਣ ਕਰਕੇ ਸਾਰੇ ਭੈ=ਡਰ ਬਿਨਸ ਗਏ ਹਨ।
ਸਤਸੰਗਤਿ ਵਿਚ ਬੈਠ ਕੇ ਅਸਾਂ ਨੇ ਹਰੀ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ॥ ੧ ॥ ਰਹਾਉ ॥

ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥ ੨ ॥

ਜਦ ਹਿਰਦੇ ਅੰਦਰ ਗੁਰਾਂ ਦੇ ਚਰਨ ਕਵਲਾਂ ਦਾ ਧਿਆਨ ਧਾਰਨਾ ਕੀਤਾ।

ਤਾਂ ਗੁਰਾਂ ਨੇ ਸਾਨੂੰ ਅਗਨੀ ਦੇ ਸਮੁੰਦਰ ਸੰਸਾਰ ਤੋਂ ਪਾਰ ਉਤਾਰ ਦੇਣਾ ਕੀਤਾ॥ ੨॥

ਬੂਡਤ ਜਾਤ ਪੂਰੈ ਗੁਰਿ ਕਾਢੇ॥ ਜਨਮ ਜਨਮ ਕੇ ਟੂਟੇ ਗਾਢੇ॥ ੩॥

ਨਰਕਾਂ ਵਿਚ, ਵਾ:-ਸੰਸਾਰ ਸਮੁੰਦਰ ਵਿਚ ਡੁਬਦੇ ਜਾਂਦੇ ਸਾਂ, ਪੂਰਿਆਂ ਗੁਰਾਂ ਨੇ ਕੱਢ ਲਿਆ ਹੈ।

ਜਨਮਾਂ ਜਨਮਾਂਤਰਾਂ ਦੇ ਵਾਹਿਗੁਰੂ ਦੇ ਮਿਲਾਪ ਤੋਂ ਟੂਟੇ=ਵਿਛੁੜੇ ਹੋਏ ਸਾਂ ਪਰ ਗੁਰਾਂ ਨੇ ਵਾਹਿਗੁਰੂ ਨਾਲ ਗੰਢ ਦਿੱਤਾ ਅਰਥਾਤ ਜੋੜ ਦਿਤਾ ਹੈ॥ ੩॥

ਕਹੁ ਨਾਨਕ ਤਿਸੁ ਗੁਰ ਬਲਿਹਾਰੀ॥
ਜਿਸੁ ਭੇਟਤ ਗਤਿ ਭਈ ਹਮਾਰੀ॥ ੪॥ ੫੬॥ ੧੨੫॥

ਗੁਰੂ ਜੀ ਕਥਨ ਕਰਦੇ ਹਨ-ਉਸ ਗੁਰੂ ਤੋਂ ਅਸੀਂ ਬਲਿਹਾਰ ਜਾਂਦੇ ਹਾਂ।

ਜਿਸ ਗੁਰੂ ਨਾਲ ਭੇਟਤ=ਮਿਲਦਿਆਂ ਹੀ ਮੇਰੀ ਗਤਿ+ਭਈ=ਮੁਕਤੀ ਹੋਈ ਹੈ॥ ੪॥ ੫੬॥ ੧੨੫॥

ਗਉੜੀ ਮਹਲਾ ੫॥

ਸਾਧਸੰਗਿ ਤਾ ਕੀ ਸਰਨੀ ਪਰਹੁ॥ ਮਨੁ ਤਨੁ ਅਪਨਾ ਆਗੈ ਧਰਹੁ॥ ੧॥

ਪ੍ਰਭੂ ਦੇ ਸੰਤਾਂ ਦਾ ਜੋ ਸੰਗ ਹੈ ਉਸ ਦੀ ਸ਼ਰਨ ਵਿਚ ਪੈਣਾ ਕਰੋ।

ਅਤੇ ਆਪਣਾ ਮਨ ਤਨ ਉਨ੍ਹਾਂ ਦੇ ਅੱਗੇ ਧਰ ਦਿਓ ਅੰਰਥਾਤ ਭੇਟਾ ਕਰ ਦਿਓ॥ ੧॥

ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ॥
ਸਿਮਰਿ ਸਿਮਰਿ ਸਭ ਤਪਤਿ ਬੁਝਾਈ॥ ੧॥ ਰਹਾਉ॥

ਹੇ ਮੇਰੇ ਭਾਈ ! ਉਨ੍ਹਾਂ ਸੰਤਾਂ ਨਾਲ ਮਿਲ ਕੇ ਨਾਮ ਅੰਮ੍ਰਿਤ ਪੀਣਾ ਕਰੋ।

ਨਾਮ ਨੂੰ ਸਿਮਰਦਿਆਂ ਸਿਮਰਦਿਆਂ ਸਾਰੀ ਤਪਸ਼ ਬੁਝ ਜਾਏਗੀ॥ ੧॥ ਰਹਾਉ॥

ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ॥
ਹਰਿ ਕੇ ਦਾਸ ਕੇ ਚਰਣ ਨਮਸਕਾਰਹੁ॥ ੨॥

ਜੋਬਨ ਦੇ ਹੰਕਾਰ ਨੂੰ ਤਿਆਗ ਕੇ ਆਪਣਾ ਜਨਮ ਮਰਨ ਨਵਿਰਤ ਕਰ ਲਵੋ।

ਹਰੀ ਦੇ ਜੋ ਦਾਸ ਹਨ, ਉਨ੍ਹਾਂ ਦੇ ਚਰਨ ਕਮਲਾਂ ਪਰ ਨਮਸ਼ਕਾਰ ਕਰੋ॥ ੨॥

ਸਾਸਿ ਸਾਸਿ ਪ੍ਰਭੁ ਮਨਹਿ ਸਮਾਲੇ॥ ਸੋ ਧਨੁ ਸੰਚਹੁ ਜੋ ਚਾਲੈ ਨਾਲੇ॥ ੩॥

ਆਪਣੇ ਮਨ ਵਿਚ ਸਵਾਸ ਪ੍ਰਭੂ ਦੇ ਨਾਮਾਂ ਨੂੰ ਸਮਾਲਣਾ ਕਰੋ।

ਉਹ ਨਾਮ ਧਨ ਸੰਚਹੁ=ਇਕੱਠਾ ਕਰੋ ਜੋ ਤੁਹਾਡੇ ਨਾਲ ਪ੍ਰਲੋਕ ਵਿਚ ਚਲਣ ਵਾਲਾ ਹੈ॥ ੩॥

ਤਿਸਹਿ ਪਰਾਪਤਿ ਜਿਸੁ ਮਸਤਕਿ ਭਾਗੁ॥
ਕਹੁ ਨਾਨਕ ਤਾ ਕੀ ਚਰਣੀ ਲਾਗੁ॥ ੪॥ ੫੭॥ ੧੨੬॥

ਜਿਸ ਦੇ ਮੱਥੇ ਦੇ ਭਾਗ ਉੱਤਮ ਹਨ ਤਿਸਨੂੰ ਨਾਮ ਧਨ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ

ਉਸ ਨਾਮ ਜਪਣ ਵਾਲੇ ਗੁਰਮੁਖ ਦੀ ਚਰਣੀ ਲਗਣਾ ਕਰ॥ ੪॥ ੫੭॥ ੧੨੬॥,

ਗਉੜੀ ਮਹਲਾ ੫॥

ਇਸ ਸ਼ਬਦ ਦੁਆਰਾ ਗੁਰਾਂ ਦੀ ਮਹਿਮਾ ਕਥਨ ਕਰਦੇ ਹਨ।

ਸੂਕੇ ਹਰੇ ਕੀਏ ਖਿਨ ਮਾਹੇ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥ ੧॥

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਸੰਗਲਾਦੀਪ ਜਾ ਕੇ ਰਾਜੇ ਸ਼ਿਵਨਾਭ ਦੇ ਬਾਗ ਵਿਚ ਚਰਨ ਪਾ ਕੇ ਸਾਰੇ ਸੁਕੇ ਬ੍ਰਿੱਛ ਇਕ ਖਿਨ ਵਿਚ ਹਰੇ ਭਰੇ ਕਰ ਦਿੱਤੇ ਹਨ।

ਅਥਵਾ:-ਸੁਕੀ ਸੂਲੀ ਇਕ ਖਿਨ ਵਿਚ ਹਰੀ ਕਰ ਦਿੱਤੀ ਹੈ।

ਯਥਾ:- ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥

(ਪੰਨਾ ੧੦)

ਅਥਵਾ:-ਸੁਕੇ ਹੋਏ ਬੱਚੇ ਇਕ ਖਿਨ ਵਿਚ ਹਰੇ ਭਰੇ ਕੀਤੇ ਹਨ।

ਅਥਵਾ:-ਸੁਕੇ ਅੰਤਹਕਰਨ ਇਕ ਖਿਨ ਵਿਚ ਸ਼ੁਭ ਗੁਣਾਂ ਨਾਲ ਹਰੇ ਕਰ ਦਿੱਤੇ ਹਨ।

ਅਤੇ "ਅੰਮ੍ਰਿਤ ਦ੍ਰਿਸਟਿ"=ਕਿਰਪਾ ਦ੍ਰਿਸ਼ਟੀ ਸੰਚਿ=ਕਰਕੇ ਗੁਰਮੁਖਾਂ ਨੂੰ ਜਿਵਾਣਾ ਕੀਤਾ ਹੈ।

ਅਥਵਾ:-ਕਿਰਪਾ ਦ੍ਰਿਸ਼ਟੀ ਨਾਲ ਅੰਮ੍ਰਿਤ ਦਾ ਸੰਚਿ=ਛੱਟਾ ਮਾਰ ਕੇ ਮੁਰਦੇ ਦਿਲਾਂ ਨੂੰ ਜਿਵਾ ਦਿੱਤਾ ਹੈ॥ ੧॥

ਕਾਟੇ ਕਸਟ ਪੂਰੇ ਗੁਰਦੇਵ॥ ਸੇਵਕ ਕਉ ਦੀਨੀ ਅਪੁਨੀ ਸੇਵ॥ ੧॥ ਰਹਾਉ॥

ਪੂਰਿਆਂ ਗੁਰਦੇਵਾਂ ਨੇ ਸਾਰੇ ਕਸਟ=ਦੁੱਖ ਕੱਟ ਦਿੱਤੇ ਹਨ।

ਅਤੇ ਸੇਵਕ ਨੂੰ ਆਪਣੀ ਸੇਵਾ ਬਖਸ਼ ਦਿੱਤੀ ਹੈ॥ ੧॥ ਰਹਾਉ॥

ਮਿਟਿ ਗਈ ਚਿੰਤ ਪੁਨੀ ਮਨ ਆਸਾ॥ ਕਰੀ ਦਇਆ ਸਤਿਗੁਰਿ ਗੁਣਤਾਸਾ॥ ੨॥

ਗੁਣਤਾਸਾਂ=ਸ਼ੁਭ ਗੁਣਾਂ ਦੇ ਖਜ਼ਾਨੇ ਸਤਿਗੁਰਾਂ ਨੇ ਜਿਸ ਵੇਲੇ ਕ੍ਰਿਪਾ ਦ੍ਰਿਸ਼ਟੀ ਕੀਤੀ ਤਾਂ ਸਾਰੀ ਚਿੰਤਾ ਮਿਟ ਗਈ ਅਤੇ ਮਨ ਦੀ ਆਸਾ ਪੁਨੀ=ਪੂਰੀ ਹੋ ਗਈ ਹੈ॥ ੨॥

ਦੁਖ ਨਾਠੇ ਸੁਖ ਆਇ ਸਮਾਏ॥ ਢੀਲ ਨ ਪਰੀ ਜਾ ਗੁਰਿ ਫੁਰਮਾਏ॥ ੩॥

ਜਾਂ ਗੁਰਾਂ ਨੇ ਹੁਕਮ ਫੁਰਮਾ ਦਿੱਤਾ, ਤਾਂ ਦੁਖਾਂ ਦੇ ਨਾਠੇ=ਨਸਦਿਆਂ ਹੋਇਆਂ ਕੋਈ "ਢੀਲ ਨ ਪਰੀ" ਦੇਰ ਨ ਪਈ, ਤੇ ਹਿਰਦੇ ਵਿਚ ਸਾਰੇ ਸੁਖ ਆ ਕੇ ਸਮਾ ਗਏ॥ ੩॥

ਇਛ ਪੁਨੀ ਪੂਰੇ ਗੁਰ ਮਿਲੇ॥
ਨਾਨਕ ਤੇ ਜਨ ਸੁਫਲ ਫਲੇ॥ ੪॥ ੫੮॥ ੧੨੭॥

ਜਿਸ ਨੂੰ ਪੂਰੇ ਗੁਰੂ ਮਿਲੇ ਹਨ ਉਸ ਦੀ ਇਛਾ ਪੁਨੀ=ਪੂਰੀ ਹੋਈ ਹੈ।

ਗੁਰੂ ਜੀ ਕਥਨ ਕਰਦੇ ਹਨ—ਉਹ ਗੁਰਮੁਖ ਸ੍ਰੇਸ਼ਟ ਫਲਾਂ ਕਰਕੇ ਫਲੀਭੂਤ ਹੋਏ ਹਨ॥ ੪॥ ੫੮॥ ੧੨੭॥

ਗਉੜੀ ਮਹਲਾ ੫ ॥

ਤਾਪ ਗਏ ਪਾਈ ਪ੍ਰਭਿ ਸਾਂਤਿ ॥ ਸੀਤਲ ਭਏ ਕੀਨੀ ਪ੍ਰਭ ਦਾਤਿ ॥ ੧ ॥

ਜਿਸ ਵੇਲੇ ਪ੍ਰਭੂ ਨੇ ਸ਼ਾਂਤੀ ਪਾਈ, ਆਧਿ ਬਿਆਧ, ਉਪਾਧਿ ਰੂਪ ਤਿੰਨੇ ਤਾਪ ਨਵਿਰਤ ਹੋ ਗਏ।

ਪ੍ਰਭੂ ਨੇ ਨਾਮ ਦੀ ਦਾਤ ਦਿੱਤੀ ਤਾਂ ਅੰਤਹਕਰਨ ਸੀਤਲ ਹੋ ਗਏ॥ ੧॥

ਪ੍ਰਭ ਕਿਰਪਾ ਤੇ ਭਏ ਸੁਹੇਲੇ ॥ ਜਨਮ ਜਨਮ ਕੇ ਬਿਛੁਰੇ ਮੇਲੇ ॥ ੧ ॥ ਰਹਾਉ ॥

ਪ੍ਰਭੂ ਦੀ ਕਿਰਪਾ ਨਾਲ ਸੁਹੇਲੇ=ਸੁਖੀ ਹੋ ਗਏ ਹਾਂ।

ਜਨਮਾਂ ਜਨਮਾਂ ਦੇ ਵਿਛੁੜੇ ਹੋਇ ਸਾਂ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ॥ ੧॥ ਰਹਾਉ॥

ਸਿਮਰਤ ਸਿਮਰਤ ਪ੍ਰਭ ਕਾ ਨਾਉ ॥ ਸਗਲ ਰੋਗ ਕਾ ਬਿਨਸਿਆ ਥਾਉ ॥ ੨ ॥

ਪ੍ਰਭੂ ਦਾ ਨਾਮ ਸਿਮਰਦਿਆਂ ਸਿਮਰਦਿਆਂ।

ਸਗਲ=ਸਾਰਿਆਂ ਰੋਗਾਂ ਦਾ ਥਾਉ=ਅਸਥਾਨ ਅਗਿਆਨ ਬਿਨਸ ਗਿਆ ਹੈ॥ ੨॥

ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥ ੩ ॥

ਅਸੀਂ ਸਹਜਿ+ਸੁਭਾਇ=ਸੁਤੇ ਸਿਧ ਹਰੀ ਨਾਮ ਬਾਣੀ ਨੂੰ ਬੋਲਦੇ ਹਾਂ।

ਹੇ ਪ੍ਰਾਣੀਓ ! ਤੁਸੀਂ ਭੀ ਅੱਠੇ ਪਹਿਰ ਪ੍ਰਭੂ ਦੇ ਨਾਮ ਨੂੰ ਸਿਮਰਨਾ ਕਰੋ॥ ੩॥

ਦੂਖੁ ਦਰਦੁ ਜਮੁ ਨੇੜਿ ਨ ਆਵੈ ॥
ਕਹੁ ਨਾਨਕ ਜੋ ਹਰਿ ਗੁਨ ਗਾਵੈ ॥ ੪ ॥ ੫੯ ॥ ੧੨੮ ॥

ਗੁਰੂ ਜੀ ਕਥਨ ਕਰਦੇ ਹਨ-ਜੋ ਮਨੁੱਖ ਹਰੀ ਗੁਣਾਂ ਨੂੰ ਗਾਉਂਦਾ ਹੈ।

ਦੁੱਖ ਜਨ ਦਰਦ ਅਤੇ ਜਮ ਉਸ ਦੇ ਨੇੜੇ ਨਹੀਂ ਆਉਂਦਾ॥ ੪॥ ੫੯॥ ੧੨੮॥

ਗਉੜੀ ਮਹਲਾ ੫ ॥

ਭਲੇ ਦਿਨਸ ਭਲੇ ਸੰਜੋਗ ॥ ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥ ੧ ॥

ਉਹ ਦਿਨ ਵੀ ਭਲੇ ਹਨ, ਉਹ ਸੰਜੋਗ ਵੀ ਭਲੇ ਹਨ।

ਜਿਸ ਵੇਲੇ ਨਿਰਜੋਗ=ਨਿਰਬੰਧ (ਬੰਧਨਾਂ ਤੋਂ ਰਹਿਤ) ਪਾਰਬ੍ਰਹਮ ਆ ਕੇ ਭੇਟੇ=ਮਿਲੇ ਹਨ॥ ੧॥

ਓਹ ਬੇਲਾ ਕਉ ਹਉ ਬਲਿ ਜਾਉ ॥
ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥ ੧ ॥ ਰਹਾਉ ॥

ਉਸ ਵੇਲੇ ਤੋਂ ਹਉ=ਮੈਂ ਬਲਿਹਾਰ ਜਾਂਦਾ ਹਾਂ।

ਜਿਸ ਵੇਲੇ ਤੋਂ ਮੇਰਾ ਮਨ ਹਰੀ ਨਾਮ ਜਪਣ ਵਿਚ ਲਗਾ ਹੈ॥ ੧॥ ਰਹਾਉ॥

ਸਫਲ ਮੂਰਤੁ ਸਫਲ ਓਹ ਘਰੀ ॥ ਜਿਤੁ ਰਸਨਾ ਉਚਰੈ ਹਰਿ ਹਰੀ ॥ ੨ ॥

ਉਹ ਮੂਰਤੁ=ਦੋ ਘੜੀਆਂ ਦਾ ਵੇਲਾ ਭੀ ਸਫਲ ਹੈ, ਉਹ ਇਕ ਘੜੀ ਦਾ ਵੇਲਾ ਵੀ ਸਫਲ ਹੈ।

ਜਿਸ ਵੇਲੇ ਮੇਰੀ ਜੀਭ ਹਰਿ ਹਰਿ ਨਾਮ ਨੂੰ ਉਚਾਰਦੀ ਹੈ॥ ੨॥

ਸਫਲੁ ਓਹੁ ਮਾਥਾ ਸੰਤ ਨਮਸਕਾਰਸਿ॥
ਚਰਣ ਪੁਨੀਤ ਚਲਹਿ ਹਰਿ ਮਾਰਗਿ॥ ੩॥

ਉਹ ਮੱਥਾ ਸਫਲ ਹੈ ਜੋ ਸੰਤਾਂ ਨੂੰ ਨਮਸ਼ਕਾਰ ਕਰਦਾ ਹੈ। ਉਹ ਪੈਰ ਪੁਨੀਤ=ਪਵਿੱਤ੍ਰ ਹਨ ਜੋ ਹਰੀ ਦੇ ਭਗਤੀ ਰੂਪ ਮਾਰਗਿ=ਰਸਤੇ ਪਰ ਚਲਦੇ ਹਨ॥ ੩॥

ਕਹੁ ਨਾਨਕ ਭਲਾ ਮੇਰਾ ਕਰਮ॥
ਜਿਤੁ ਭੇਟੇ ਸਾਧੂ ਕੇ ਚਰਨ॥ ੪॥ ੬੦॥ ੧੨੯॥

ਗੁਰੂ ਜੀ ਕਥਨ ਕਰਦੇ ਹਨ-ਮੇਰਾ ਪੂਰਬਲਾ ਕਰਮ ਭਲਾ=ਚੰਗਾ ਹੈ।

ਜਿਸ ਚੰਗੇ ਕਰਮ ਕਰਕੇ ਮੈਨੂੰ ਸੰਤਾਂ ਦੇ ਚਰਨ ਸਪਰਸ਼ ਕਰਨੇ ਨੂੰ ਭੇਟੇ=ਮਿਲੇ ਹਨ॥ ੪॥ ੬੦॥ ੧੨੯॥

[ਪੰਨਾ ੧੯੨]

ਗਉੜੀ ਮਹਲਾ ੫ ॥

ਗੁਰ ਕਾ ਸਬਦੁ ਰਾਖੁ ਮਨ ਮਾਹਿ॥ ਨਾਮੁ ਸਿਮਰਿ ਚਿੰਤਾ ਸਭ ਜਾਹਿ॥ ੧॥

ਹੇ ਭਾਈ ! ਤੂੰ ਆਪਣੇ ਮਨ ਵਿਚ ਗੁਰਾਂ ਦਾ ਉਪਦੇਸ਼ ਯਾਦ ਰਖ, ਅਤੇ ਵਾਹਿਗੁਰੂ ਨਾਮ ਸਿਮਰਨਾ ਕਰ ਤਾਂ ਤੇਰੀ ਸਾਰੀ ਚਿੰਤਾ ਨਵਿਰੰਤ ਹੋ ਜਾਏਗੀ॥ ੧॥

ਬਿਨੁ ਭਗਵੰਤ ਨਾਹੀ ਅਨ ਕੋਇ॥ ਮਾਰੈ ਰਾਖੈ ਏਕੋ ਸੋਇ॥ ੧॥ ਰਹਾਉ॥

ਭਗਵੰਤ=ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਜਾ ਸਹਾਇਕ ਨਹੀਂ ਹੈ। ਉਹ ਇਕ ਪ੍ਰਭੂ ਹੀ ਮਾਰਨ ਤੇ ਰੱਖਣ ਵਾਲਾ ਹੈ॥ ੧॥ ਰਹਾਉ॥

ਗੁਰ ਕੇ ਚਰਣ ਰਿਦੈ ਉਰਿ ਧਾਰਿ॥ ਅਗਨਿ ਸਾਗਰੁ ਜਪਿ ਉਤਰਹਿ ਪਾਰਿ॥ ੨॥

ਗੁਰਾਂ ਦੇ ਪਵਿੱਤ੍ਰ ਚਰਨਾਂ ਨੂੰ ਹਿਰਦੇ ਦੇ ਉਰਿ=ਵਿਚ ਧਾਰਨਾ ਕਰ।

ਅਤੇ ਨਾਮ ਜਪਣਾ ਕਰ ਤਾਂ ਅਗਨੀ ਦੇ ਸਮੁੰਦਰ ਸੰਸਾਰ ਤੋਂ ਪਾਰ ਲੰਘ ਜਾਏਂਗਾ॥ ੨॥

ਗੁਰ ਮੂਰਤਿ ਸਿਉ ਲਾਇ ਧਿਆਨੁ॥ ਈਹਾ ਊਹਾ ਪਾਵਹਿ ਮਾਨੁ॥ ੩॥

ਗੁਰਾਂ ਦੀ ਮੂਰਤੀ ਨਾਲ ਧਿਆਨ ਲਗਾਣਾ ਕਰ। ਅਥਵਾ:-ਗੁਰ+ਮੂਰਤਿ=ਗੁਰੂ ਸਰੂਪ ਗੁਰਬਾਣੀ ਨਾਲ ਧਿਆਨ ਲਗਾਣਾ ਕਰ। ਤਾਂ ਈਹਾ+ਊਹਾ=ਲੋਕ ਪ੍ਰਲੋਕ ਵਿਚ ਮਾਨੁ=ਆਦਰ ਪਾਏਂਗਾ॥ ੩॥

ਯਥਾ:- ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨੁ॥ (ਪੰਨਾ ੮੬੪

ਸਗਲ ਤਿਆਗਿ ਗੁਰ ਸਰਣੀ ਆਇਆ॥
ਮਿਟੇ ਅੰਦੇਸੇ ਨਾਨਕ ਸੁਖੁ ਪਾਇਆ॥ ੪॥ ੬੧॥ ੧੩੦॥

ਜੋ ਸਾਰਿਆਂ ਨੂੰ ਤਿਆਗ ਕੇ ਗੁਰਾਂ ਦੀ ਸ਼ਰਨ ਵਿਚ ਆਇਆ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਦੇ

ਸਾਰੇ ਅੰਦੇਸੇ=ਸੰਸੇ ਮਿਟ ਗਏ ਹਨ, ਅਤੇ ਉਸ ਨੇ ਆਤਮ ਸੁਖ ਪਾਇਆ ਹੈ॥ ੪॥ ੯੧॥ ੧੩੦॥

ਗਉੜੀ ਮਹਲਾ ੫॥

ਜਿਸੁ ਸਿਮਰਤ ਦੂਖੁ ਸਭੁ ਜਾਇ॥ ਨਾਮੁ ਰਤਨੁ ਵਸੈ ਮਨਿ ਆਇ॥ ੧॥

ਜਿਸ ਪ੍ਰਭੂ ਦੇ ਸਿਮਰਨ ਕੀਤਿਆਂ ਸਾਰੇ ਦੁਖ ਮਿਟ ਜਾਂਦੇ ਹਨ।

ਉਹ ਨਾਮ ਰਤਨ ਗਰਮੁਖਾਂ ਦੇ ਮਨ ਵਿਚ ਆ ਕੇ ਵਸਦਾ ਹੈ॥ ੧॥

ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥ ਸਾਧੂ ਜਨ ਰਾਮੁ ਰਸਨ ਵਖਾਣੀ॥੧॥ ਰਹਾਉ॥

ਹੇ ਮੇਰੇ ਮਨ ! ਤੂੰ ਗੋਬਿੰਦ ਦੀ ਨਾਮ ਬਾਣੀ ਨੂੰ ਜਪਣਾ ਕਰ। ਸਾਧੂ ਜਨ ਰਸਨਾਂ ਨਾਲ ਜਿਸ ਰਾਮ ਨੂੰ ਕਥਨ ਕਰਦੇ ਹਨ ਤੂੰ ਭੀ ਉਸ ਦਾ ਸਿਮਰਨ ਕਰ॥ ੧॥ *ਕਿਉਂਕਿ-*

ਇਕਸੁ ਬਿਨੁ ਨਾਹੀ ਦੂਜਾ ਕੋਇ॥ ਜਾ ਕੀ ਦ੍ਰਿਸਟਿ ਸਦਾ ਸੁਖੁ ਹੋਇ॥ ੨॥

ਇਕ ਪ੍ਰਭੂ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਹੈ।

ਜਿਸ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਸਦਾ ਆਤਮ ਸੁਖ ਪ੍ਰਾਪਤ ਹੁੰਦਾ ਹੈ॥ ੨॥

ਸਾਜਨੁ ਮੀਤੁ ਸਖਾ ਕਰਿ ਏਕੁ॥ ਹਰਿ ਹਰਿ ਅਖਰ ਮਨ ਮਹਿ ਲੇਖੁ॥ ੩॥

ਇਕ ਹਰੀ ਨੂੰ ਆਪਣਾ ਸਜਣ ਇਸ ਲੋਕ ਦਾ, ਮਿਤ੍ਰ ਪ੍ਰਲੋਕ ਦਾ, ਸਖਾ ਪ੍ਰਾਣਾਂ ਦੇ ਅੰਤਮ ਸਮੇਂ ਦਾ ਬਣਾ ਲੈਣਾ ਕਰ। ਅਤੇ ਹਰਿ ਹਰਿ ਦੇ ਨਾਮ ਰੂਪ ਅੱਖਰ ਨੂੰ ਮਨ ਵਿਚ ਲਿਖ ਲੈ॥ ੩॥

*ਅਥਵਾ:-*ਮਨ ਬਾਣੀ ਸਰੀਰ ਕਰਕੇ ਇਕ ਹਰੀ ਨੂੰ ਹੀ ਆਪਣਾ ਸਜਣ, ਮਿਤ੍ਰ ਤੇ ਸਖਾ ਬਣਾ ਲੈ।

ਅਤੇ ਅ+ਖਰ=ਖਿਰਨੇ ਤੋਂ ਰਹਿਤ ਜੋ ਹਰੀ ਹੈ ਉਸ ਹਰੀ ਨੂੰ ਮਨ ਵਿਚ ਲੇਖੁ=ਲਖਣਾ ਕਰ॥ ੩॥

ਯਥਾ:- ਹਰਿ ਮਾਲਾ ਉਰ ਅੰਤਰਿ ਧਾਰੈ॥ ਜਨਮ ਮਰਣ ਕਾ ਦੂਖੁ ਨਿਵਾਰੈ॥ ੨॥

ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥ ਸੋ ਜਨੁ ਇਤ ਉਤ ਕਤਹਿ ਨ ਡੋਲੈ॥੩॥

(ਪੰਨਾ ੩੮੮)

ਰਵਿ ਰਹਿਆ ਸਰਬਤ ਸੁਆਮੀ॥

ਗੁਣ ਗਾਵੈ ਨਾਨਕੁ ਅੰਤਰਜਾਮੀ॥ ੪॥ ੯੨॥ ੧੩੧॥

ਜੋ ਸੁਆਮੀ ਸਾਰਿਆਂ ਵਿਚ ਰਵਿ ਰਹਿਆ=ਵਿਆਪਕ ਹੋ ਰਿਹਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਸ ਅੰਤਰਜਾਮੀ ਦੇ ਗੁਣ ਗਾਉਣਾ ਕਰ॥ ੪॥ ੯੨॥ ੧੩੧॥

ਗਉੜੀ ਮਹਲਾ ੫॥

ਭੈ ਮਹਿ ਰਚਿਓ ਸਭੁ ਸੰਸਾਰਾ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ॥ ੧॥

ਸਾਰਾ ਸੰਸਾਰ ਹੀ ਡਰ ਵਿਚ ਰਚਨਾ ਕੀਤਾ ਹੈ।

ਪਰ ਜਿਸ ਨੂੰ ਨਾਮ ਦਾ ਅਧਾਰਾ=ਆਸਰਾ ਹੈ ਉਸ ਨੂੰ ਕੋਈ ਡਰ ਨਹੀਂ ਹੈ॥ ੧॥

ਭਉ ਨ ਵਿਆਪੈ ਤੇਰੀ ਸਰਣਾ॥ ਜੋ ਤੁਧੁ ਭਾਵੈ ਸੋਈ ਕਰਣਾ॥ ੧॥ ਰਹਾਉ॥

ਹੇ ਪ੍ਰਭੂ ! ਜੋ ਤੇਰੀ ਸ਼ਰਨ ਵਿਚ ਪਿਆ ਹੈ ਉਸ ਨੂੰ ਕੋਈ ਡਰ ਨਹੀਂ ਵਿਆਪਦਾ।

ਜੋ ਆਪ ਜੀ ਨੂੰ ਭਾਉਂਦਾ ਹੈ ਉਹ ਗੁਰਮੁਖ ਓਹੀ ਕਰਣਾ=ਕਰਤੱਬ ਕਰਦਾ ਹੈ॥ ੧॥

ਸੋਗ ਹਰਖ ਮਹਿ ਆਵਣ ਜਾਣਾ ॥ ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥੨ ॥

ਜੋ ਹਰਖ ਸ਼ੋਕ ਵਿਚ ਹੈ ਉਹ ਜੰਮਦਾ ਮਰਦਾ ਰਹਿੰਦਾ ਹੈ। ਅਤੇ ਜੋ ਪ੍ਰਭੂ ਦਾ ਭਾਣਾ ਮੰਨਦਾ ਹੈ, ਵਾਂ:-ਜੋ ਪ੍ਰਭੂ ਨੂੰ ਭਾ ਗਿਆ ਹੈ ਉਸ ਨੇ ਸੁਖ ਪਾਇਆ ਹੈ॥ ੨॥

ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥
ਸੇ ਸੀਤਲ ਜਿਨ ਸਤਿਗੁਰੁ ਪਾਇਆ ॥ ੩ ॥

ਤ੍ਰਿਸ਼ਨਾਂ ਅਗਨੀ ਦਾ ਸਮੁੰਦਰ ਜੋ ਸੰਸਾਰ ਹੈ ਇਸ ਵਿਚ ਜੀਵਾਂ ਨੂੰ ਮਾਇਆ ਮਹਾ=ਬੜੀ ਵਿਆਪ ਰਹੀ ਹੈ। ਪਰ ਜਿਨ੍ਹਾਂ ਨੇ ਸਤਿਗੁਰਾਂ ਦਾ ਉਪਦੇਸ਼ ਪਾਇਆ ਹੈ ਉਹ ਸੀਤਲ ਹੋਏ ਹਨ॥ ੩॥

ਰਾਖਿ ਲੇਇ ਪ੍ਰਭੁ ਰਾਖਨਹਾਰਾ ॥
ਕਹੁ ਨਾਨਕ ਕਿਆ ਜੰਤ ਵਿਚਾਰਾ ॥ ੪ ॥ ੬੩ ॥ ੧੩੨ ॥

ਰਖਣ ਵਾਲਾ ਪ੍ਰਭੂ ਆਪ ਹੀ ਰਖ ਲੈਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਤੋਂ ਬਿਨਾਂ ਇਹ ਜੀਵ ਵਿਚਾਰਾ ਕੀ ਕਰ ਸਕਦਾ ਹੈ॥ ੪॥ ੬੩॥ ੧੩੨॥

ਗਉੜੀ ਮਹਲਾ ੫ ॥

ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥ ੧ ॥

ਹੇ ਪ੍ਰਭੂ ! ਆਪ ਜੀ ਦੀ ਕਿਰਪਾ ਨਾਲ ਹੀ ਨਾਮ ਜਪਿਆ ਜਾਂਦਾ ਹੈ।

ਆਪ ਜੀ ਦੀ ਕਿਰਪਾ ਨਾਲ ਹੀ ਪ੍ਰਲੋਕ ਦਰਗਾਹ ਵਿਚ ਥਾਂ ਮਿਲਦੀ ਹੈ॥ ੧॥

ਤੁਝ ਬਿਨੁ ਪਾਰਬ੍ਰਹਮ ਨਹੀ ਕੋਇ ॥
ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥ ੧ ॥ ਰਹਾਉ ॥

ਹੇ ਪਾਰਬ੍ਰਹਮ ! ਆਪ ਜੀ ਤੋਂ ਬਿਨਾਂ ਹੋਰ ਕੋਈ ਕੁਝ ਕਰਨ ਜੋਗਾ ਨਹੀਂ ਹੈ।

ਆਪ ਜੀ ਦੀ ਕਿਰਪਾ ਨਾਲ ਹੀ ਹਮੇਸ਼ਾਂ ਸੁਖ ਪ੍ਰਾਪਤ ਹੁੰਦਾ ਹੈ॥ ੧॥

ਤੁਮ ਮਨਿ ਵਸੇ ਤਉ ਦੂਖੁ ਨ ਲਾਗੈ ॥ਤੁਮਰੀ ਕ੍ਰਿਪਾ ਤੇ ਭ੍ਰਮੁ ਭਉ ਭਾਗੈ ॥ ੨ ॥

ਤੁਸੀਂ ਮਨ ਵਿਚ ਵਸ ਜਾਓ ਤਾਂ ਫਿਰ ਕੋਈ ਦੁਖ ਨਹੀਂ ਲਗਦਾ।

ਆਪ ਜੀ ਦੀ ਕਿਰਪਾ ਨਾਲ ਹੀ ਭਰਮ ਅਤੇ ਜਮਾਂ ਦਾ ਭਉ+ਭਾਗੈ=ਡਰ ਦੌੜ ਜਾਂਦਾ ਹੈ॥ ੨॥

ਪਾਰਬ੍ਰਹਮ ਅਪਰੰਪਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ੩ ॥

ਹੇ ਪਾਰਬ੍ਰਹਮ ! ਆਪ ਅਪਰੰਪਰ=ਸੰਸਾਰ ਤੋਂ ਪਰਾ ਰੂਪ ਹੋ, ਤੇ ਸਭ ਦੇ ਸੁਆਮੀ ਹੋ।

ਫਿਰ ਆਪ ਸਾਰਿਆਂ ਸ਼ਰੀਰਾਂ ਦੇ ਅੰਦਰ ਦੀ ਗੱਲ ਜਾਨਣ ਵਾਲੇ ਹੋ॥ ੩॥

ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ॥
ਨਾਨਕ ਨਾਮੁ ਮਿਲੈ ਸਚੁ ਰਾਸਿ॥ ੪॥ ੬੪॥ ੧੩੩॥

ਗੁਰੂ ਜੀ ਕਥਨ ਕਰਦੇ ਹਨ-ਮੈਂ ਆਪਣੇ ਸਤਗੁਰਾਂ ਪਾਸ ਬੇਨਤੀ ਕਰਦਾ ਹਾਂ।
ਤੁਸੀਂ ਭੀ ਕਰੋ ਕਿ ਹੇ ਗੁਰੋ ਮੈਨੂੰ ਨਾਮ ਰੂਪੀ ਸਚੀ ਰਾਸਿ=ਪੂੰਜੀ ਮਿਲੇ॥ ੪॥ ੬੪॥ ੧੩੩॥

ਗਉੜੀ ਮਹਲਾ ੫॥

ਕਣ ਬਿਨਾ ਜੈਸੇ ਥੋਥਰ ਤੁਖਾ॥ ਨਾਮ ਬਿਹੂਨ ਸੂਨੇ ਸੇ ਮੁਖਾ॥ ੧॥

ਜਿਵੇਂ ਕਣ=ਅੰਨ ਤੋਂ ਬਿਨਾਂ ਤੁਖਾ=ਤੋਹ (ਛਿਲੜ) ਥੋਥਰ=ਖਾਲੀ ਹੁੰਦੇ ਹਨ। ਏਸੇ ਤਰ੍ਹਾਂ ਜੋ ਪੁਰਸ਼ ਨਾਮ ਸਿਮਰਨ ਤੋਂ ਬਿਨਾਂ ਹਨ ਉਨ੍ਹਾਂ ਦੇ ਮੂੰਹ ਸੂਨੇ=ਸੁੰਞੇ ਭਾਵ ਖਾਲੀ ਹਨ॥ ੧॥

ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ॥
ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ॥ ੧॥ ਰਹਾਉ॥

ਹੇ ਪ੍ਰਾਣੀ ! ਨਿਤਾਪ੍ਰਤੀ ਹਰਿ ਹਰਿ ਨਾਮ ਨੂੰ ਜਪਣਾ ਕਰੋ।
ਨਾਮ ਸਿਮਰਨ ਤੋਂ ਬਿਨਾਂ ਬਿ+ਗਾਨੀ=ਦਵੈਤ ਦੇ ਗਾਇਣ ਕਰਨ ਵਾਲੀ ਦੇਹ ਨੂੰ ਧ੍ਰਿਕਾਰ ਹੈ।
ਵਾ:-ਬਿਗਾਨੀ=ਬੇਗਿਆਤ ਅਰਥਾਤ ਅਗਿਆਨੀ ਪੁਰਸ਼ ਦੀ ਦੇਹ ਨੂੰ ਧ੍ਰਿਕਾਰ ਹੈ॥ ੧॥ ਰਹਾਉ॥

ਨਾਮ ਬਿਨਾ ਨਾਹੀ ਮੁਖਿ ਭਾਗੁ॥ ਭਰਤ ਬਿਹੂਨ ਕਹਾ ਸੋਹਾਗੁ॥ ੨॥

ਨਾਮ ਸਿਮਰਨ ਤੋਂ ਬਿਨਾਂ ਮੂੰਹ ਸ੍ਰੇਸ਼ਟ ਭਾਗਾਂ ਵਾਲਾ ਨਹੀਂ ਹੋ ਸਕਦਾ।
ਵਾ:-ਇਹ ਜੀਵ ਮੁਖ ਭਾਗਾਂ ਵਾਲਾ ਨਹੀਂ ਹੋ ਸਕਦਾ।
ਜੈਸੇ ਭਰਤ=ਪਤੀ ਤੋਂ ਬਿਨਾਂ ਇਸਤ੍ਰੀ ਨੂੰ ਸੁਹਾਗ ਕਿਵੇਂ ਪ੍ਰਾਪਤ ਹੋ ਸਕਦਾ ਹੈ? ॥ ੨॥

ਨਾਮੁ ਬਿਸਾਰਿ ਲਗੈ ਅਨ ਸੁਆਇ॥ ਤਾ ਕੀ ਆਸ ਨ ਪੂਜੈ ਕਾਇ॥ ੩॥

ਜੋ ਪੁਰਸ਼ ਨਾਮ ਨੂੰ ਭੁਲਾ ਕੇ ਅਨ+ਸੁਆਇ=ਹੋਰਨਾਂ ਸੁਆਦਾਂ ਵਿਚ ਲਗੇ ਹਨ,
ਵਾ:-ਹੋਰਨਾਂ ਪ੍ਰਯੋਜਨਾਂ ਵਿਚ ਲਗੇ ਹਨ। ਉਨ੍ਹਾਂ ਦੀ ਕੋਈ ਭੀ ਆਸਾ ਪੂਰਨ ਨਹੀਂ ਹੁੰਦੀ॥ ੩॥

ਕਰਿ ਕਿਰਪਾ ਪ੍ਰਭ ਅਪਨੀ ਦਾਤਿ॥ ਨਾਨਕ ਨਾਮੁ ਜਪੈ ਦਿਨ ਰਾਤਿ॥ ੪॥ ੬੫॥ ੧੩੪॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਆਪਣੀ ਕਿਰਪਾ ਕਰਕੇ ਇਹ ਦਾਤ ਦੇਣੀ ਕਰੋ।
ਕਿ ਦਿਨ ਰਾਤੀ ਆਪ ਜੀ ਦਾ ਨਾਮ ਜਪਦਾ ਰਹਾਂ॥ ੪॥ ੬੫॥ ੧੩੪॥

[ਪੰਨਾ ੧੯੩]

ਗਉੜੀ ਮਹਲਾ ੫॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਤੂੰ ਸਮਰਥੁ ਤੂੰਹੈ ਮੇਰਾ ਸੁਆਮੀ॥ ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ॥ ੧॥

ਹੇ ਪ੍ਰਭੂ ! ਤੂੰ ਸਰਬ ਕਲਾ ਸਮਰਥ ਹੈਂ, ਤੂੰਹੀਂ ਮੇਰਾ ਸੁਆਮੀ ਹੈਂ। ਸਭ ਕੁਝ ਆਪ ਜੀ ਤੋਂ ਹੋਇਆ ਹੈ, ਅਤੇ ਤੂੰਹੀਂ ਸਭ ਦੇ ਅੰਦਰ ਦੀ ਜਾਨਣੇ ਨੂੰ ਅੰਤਰਜਾਮੀ ਹੈਂ॥ ੧॥

ਪਾਰਬ੍ਰਹਮ ਪੂਰਨ ਜਨ ਓਟ॥ ਤੇਰੀ ਸਰਣਿ ਉਧਰਹਿ ਜਨ ਕੋਟਿ॥ ੧॥ ਰਹਾਉ॥

ਹੇ ਪੂਰਨ ਪਾਰਬ੍ਰਹਮ ! ਤੂੰਹੀਂ ਸੇਵਕ ਜਨਾਂ ਦੀ ਓਟ=ਆਸਰਾ ਰੂਪ ਹੈਂ।

ਵਾ:-ਹੇ ਪਾਰਬ੍ਰਹਮ ਤੂੰਹੀਂ ਸੇਵਕ ਜਨਾਂ ਦੀ ਪੂਰਨ ਓਟ ਹੈਂ।

ਆਪ ਜੀ ਦੀ ਸ਼ਰਨ ਵਿਚ ਪੈ ਕੇ ਕਰੋੜਾਂ ਜਨ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ॥ ੧॥

ਜੇਤੇ ਜੀਅ ਤੇਤੇ ਸਭਿ ਤੇਰੇ॥ ਤੁਮਰੀ ਕ੍ਰਿਪਾ ਤੇ ਸੁਖ ਘਨੇਰੇ॥ ੨॥

ਜਿੰਨੇ ਭੀ ਜੀਵ ਹਨ, ਉਤਨੇ ਸਾਰੇ ਆਪ ਜੀ ਦੇ ਹੀ ਸਾਜੇ ਹੋਏ ਹਨ।

ਤੁਹਾਡੀ ਕਿਰਪਾ ਨਾਲ ਘਨੇਰੇ=ਬਹੁਤੇ ਸੁਖ ਪ੍ਰਾਪਤ ਹੁੰਦੇ ਹਨ॥ ੨॥

ਜੋ ਕਿਛੁ ਵਰਤੈ ਸਭ ਤੇਰਾ ਭਾਣਾ॥ ਹੁਕਮੁ ਬੂਝੈ ਸੋ ਸਚਿ ਸਮਾਣਾ॥ ੩॥

ਸੰਸਾਰ ਵਿਚ ਜੋ ਕੁਝ ਭੀ ਵਰਤ ਰਿਹਾ ਹੈ ਉਹ ਸਭ ਕੁਝ ਆਪ ਜੀ ਦੇ ਭਾਣੇ ਅੰਦਰ ਹੀ ਹੈ।

ਜੋ ਆਪ ਜੀ ਦੇ ਹੁਕਮ ਨੂੰ ਬੁਝਦਾ ਹੈ ਉਹ ਆਪ ਜੀ ਦੇ ਸਚ ਸਰੂਪ ਵਿਚ ਸਮਾਂ ਜਾਂਦਾ ਹੈ॥ ੩॥

ਕਰਿ ਕਿਰਪਾ ਦੀਜੈ ਪ੍ਰਭ ਦਾਨੁ॥
ਨਾਨਕ ਸਿਮਰੈ ਨਾਮੁ ਨਿਧਾਨ॥ ੪॥ ੬੬॥ ੧੩੫॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਕਿਰਪਾ ਕਰਕੇ ਮੈਨੂੰ ਇਹ ਦਾਨ ਦੇਣਾ ਕਰੋ।

ਕਿ ਸੁਖਾਂ ਦਾ ਨਿਧਾਨੁ=ਖਜ਼ਾਨਾ,

ਵਾ:-ਨਿਧੀਆਂ ਦਾ ਖਜ਼ਾਨਾ ਜੋ ਨਾਮ ਹੈ ਉਸੇ ਨੂੰ ਮੈਂ ਸਿਮਰਦਾ ਰਹਾਂ॥ ੪॥ ੬੬॥ ੧੩੫॥

ਗਉੜੀ ਮਹਲਾ ੫॥

ਇਸ ਸ਼ਬਦ ਦੁਆਰਾ ਸੰਤਾਂ ਦੀ ਮਹਿਮਾ ਕਥਨ ਕਰਦੇ ਹਨ-

ਤਾ ਕਾ ਦਰਸੁ ਪਾਈਐ ਵਡਭਾਗੀ॥ ਜਾ ਕੀ ਰਾਮ ਨਾਮਿ ਲਿਵ ਲਾਗੀ॥ ੧॥

ਜਿਸ ਦੀ ਰਾਮ ਨਾਮ ਸਿਮਰਨ ਵਿਚ ਲਿਵ ਲਗੀ ਹੋਈ ਹੈ।

ਉਸ ਗੁਰਮੁਖ ਦਾ ਦਰਸ਼ਨ ਵੱਡਿਆਂ ਭਾਗਾਂ ਨਾਲ ਪਾਈਦਾ ਹੈ।

ਜਾ ਕੈ ਹਰਿ ਵਸਿਆ ਮਨ ਮਾਹੀ॥ ਤਾ ਕਉ ਦੁਖੁ ਸੁਪਨੈ ਭੀ ਨਾਹੀ॥ ੧॥ ਰਹਾਉ॥

ਜਿਸ ਦੇ ਮਨ ਵਿਚ ਹਰੀ ਆਪ ਜਾ ਕੇ ਵਸਿਆ ਹੈ। ਉਸ ਨੂੰ ਸੰਸਾਰ ਸੁਪਨੇ ਵਿਚ, ਵਾ:-ਸੁਪਨੈ=ਕਦਾਚਿਤ ਵੀ, ਵਾ:-ਰਾਤ ਨੂੰ ਸੁਤਿਆਂ ਸੁਪਨੇ ਵਿਚ ਭੀ ਦੁਖ ਨਹੀਂ ਹੁੰਦਾ॥ ੧॥ ਰਹਾਉ॥

ਸਰਬ ਨਿਧਾਨ ਰਾਖੇ ਜਨ ਮਾਹਿ॥ ਤਾ ਕੈ ਸੰਗਿ ਕਿਲਵਿਖ ਦੁਖ ਜਾਹਿ॥ ੨॥

ਸਰਬ+ਨਿਧਾਨ=ਸਾਰੇ ਖਜ਼ਾਨੇ ਪਰਮੇਸ਼ਰ ਨੇ ਆਪਣੇ ਸੇਵਕ ਵਿਚ ਰਖੇ ਹੋਏ ਹਨ।

ਉਸਦੇ ਨਾਲ ਮਿਲਿਆਂ ਹੀ ਕਿਲਵਿਖ=ਪਾਪ ਤੇ ਦੁਖ ਨਵਿਰਤ ਹੋ ਜਾਂਦੇ ਹਨ॥ ੨॥

ਜਨ ਕੀ ਮਹਿਮਾ ਕਥੀ ਨ ਜਾਇ॥ ਪਾਰਬ੍ਰਹਮੁ ਜਨੁ ਰਹਿਆ ਸਮਾਇ॥ ੩॥

ਸੰਤਾਂ ਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ। ਕਿਉਂਕਿ ਪਾਰਬ੍ਰਹਮ ਸੰਤਾਂ ਦੇ ਵਿਚ ਹੀ ਸਮਾ ਰਿਹਾ ਹੈ॥ ੩॥

ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ॥
ਦਾਸ ਕੀ ਧੂਰਿ ਨਾਨਕ ਕਉ ਦੀਜੈ॥ ੪॥ ੬੭॥ ੧੩੬॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੇਰੀ ਬੇਨਤੀ ਸੁਣੋ ਆਪ ਕਿਰਪਾ ਕਰਕੇ ਆਪਣੇ ਦਾਸ ਦੀ ਭਾਵ ਸੰਤ ਦੀ ਚਰਨ ਧੂੜੀ ਮੈਂ ਸੇਵਕ ਨੂੰ ਦੇਣਾ ਕਰੋ॥ ੪॥ ੬੭॥ ੧੩੬॥

ਗਉੜੀ ਮਹਲਾ ੫ ॥
ਹਰਿ ਸਿਮਰਤ ਤੇਰੀ ਜਾਇ ਬਲਾਇ॥
ਸਰਬ ਕਲਿਆਣ ਵਸੈ ਮਨਿ ਆਇ॥ ੧॥

ਹੇ ਭਾਈ ! ਹਰੀ ਦਾ ਸਿਮਰਨ ਕਰਦਿਆਂ ਤੇਰੀ ਅਵਿੱਦਿਆ ਰੂਪ ਬਲਾ ਦੂਰ ਹੋ ਜਾਏਗੀ।

ਅਤੇ ਸਰਬ+ਕਲਿਆਣ=ਸਾਰੇ ਸੁਖ ਤੇਰੇ ਮਨ ਵਿਚ ਆ ਵਸਣਗੇ॥ ੧॥

ਭਜੁ ਮਨ ਮੇਰੇ ਏਕੋ ਨਾਮ॥ ਜੀਅ ਤੇਰੇ ਕੈ ਆਵੈ ਕਾਮ॥ ੧॥ ਰਹਾਉ॥

ਹੇ ਮੇਰੇ ਮਨ ! ਤੂੰ ਇਕ ਨਾਮ ਨੂੰ ਜਪਣਾ ਕਰ। ਏਹੋ ਤੇਰੇ ਜੀਅ ਦੇ ਕੰਮ ਆਵੇਗਾ॥ ੧॥ ਰਹਾਉ॥

ਰੈਣਿ ਦਿਨਸੁ ਗੁਣ ਗਾਉ ਅਨੰਤਾ॥ ਗੁਰ ਪੂਰੇ ਕਾ ਨਿਰਮਲ ਮੰਤਾ॥ ੨॥

ਪੂਰਿਆਂ ਗੁਰਾਂ ਦਾ ਨਿਰਮਲ ਮੰਤ੍ਰ ਲੈ ਕੇ ਰਾਤ ਦਿਨ ਉਸ ਬਿਅੰਤ ਵਾਹਿਗੁਰੂ ਦੇ ਗੁਣ ਗਾਉਣਾ ਕਰ।

ਛੋਡਿ ਉਪਾਵ ਏਕ ਟੇਕ ਰਾਖੁ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ॥ ੩॥

ਹੋਰ ਸਾਰੇ ਉਪਾਵ ਛਡਕੇ ਇਕ ਪ੍ਰਭੂ ਭੀ ਓਟ ਰਖਣਾ ਕਰ। ਅਤੇ ਦੁਨਿਆਵੀ ਪਦਾਰਥਾਂ ਵਿਚੋਂ ਮਹਾਂ ਪਦਾਰਥ ਜੋ ਨਾਮ ਅੰਮ੍ਰਿਤ ਰਸ ਹੈ ਉਸਨੂੰ ਰੱਖਣਾ ਕਰ॥ ੩॥

ਬਿਖਮ ਸਾਗਰੁ ਤੇਈ ਜਨ ਤਰੇ॥
ਨਾਨਕ ਜਾ ਕਉ ਨਦਰਿ ਕਰੇ॥ ੪॥ ੬੮॥ ੧੩੭॥

ਗੁਰੂ ਜੀ ਕਥਨ ਕਰਦੇ ਹਨ, ਉਹ ਪੁਰਸ਼ ਇਸ ਬਿਖਮ=ਕਠਨ ਸੰਸਾਰ ਸਮੁੰਦਰ ਤੋਂ ਤਰੇ ਹਨ। ਜਿਨ੍ਹਾਂ ਉੱਤੇ ਪਰਮੇਸ਼ਰ ਮੇਹਰ ਦੀ ਨਜ਼ਰ ਕਰਦਾ ਹੈ॥ ੪॥ ੬੮॥ ੧੩੭॥

ਗਉੜੀ ਮਹਲਾ ੫॥
ਹਿਰਦੈ ਚਰਨ ਕਮਲ ਪ੍ਰਭ ਧਾਰੇ॥ ਪੂਰੇ ਸਤਿਗੁਰ ਮਿਲਿ ਨਿਸਤਾਰੇ॥ ੧॥

ਜਿਸ ਨੇ ਪੂਰਿਆਂ ਸਤਿਗੁਰਾਂ ਨਾਲ ਮਿਲਕੇ, ਹਿਰਦੇ ਵਿਚ ਪ੍ਰਭੂ ਦੇ ਚਰਨ ਕਵਲ ਧਾਰੇ ਹਨ ਉਸਨੂੰ ਗੁਰਾਂ

ਨੇ ਸੰਸਾਰ ਸਮੁੰਦਰ ਤੋਂ ਨਿਸਤਾਰੇ=ਤਾਰ ਦਿੱਤਾ ਹੈ॥ ੧॥

ਗੋਵਿੰਦ ਗੁਣ ਗਾਵਹੁ ਮੇਰੇ ਭਾਈ॥
ਮਿਲਿ ਸਾਧੂ ਹਰਿ ਨਾਮੁ ਧਿਆਈ॥ ੧॥ ਰਹਾਉ॥

ਹੇ ਮੇਰੇ ਭਾਈ ! ਗੋਬਿੰਦ ਦੇ ਗੁਣ ਗਾਵਣਾ ਕਰੋ।

ਅਤੇ ਸੰਤਾਂ ਨਾਲ ਮਿਲਕੇ ਹਰੀ ਨਾਮ ਨੂੰ ਧਿਆਉਣਾ ਕਰੋ॥ ੧॥ ਰਹਾਉ॥

ਦੁਲਭ ਦੇਹ ਹੋਈ ਪਰਵਾਨੁ॥ ਸਤਿਗੁਰ ਤੇ ਪਾਇਆ ਨਾਮ ਨੀਸਾਨੁ॥ ੨॥

ਉਸ ਦੀ ਦੁਰਲਭ ਮਨੁੱਖਾ ਦੇਹ ਪ੍ਰਮਾਣੀਕ ਭਾਵ ਸਫਲ ਹੋਈ ਹੈ।

ਜਿਸਨੇ ਸਤਿਗੁਰਾਂ ਪਾਸੋਂ ਨਾਮ ਰੂਪੀ ਨੀਸਾਨੁ=ਪਰਵਾਨਾ ਪਾਇਆ ਹੈ॥੨॥

ਹਰਿ ਸਿਮਰਤ ਪੂਰਨ ਪਦੁ ਪਾਇਆ॥ ਸਾਧਸੰਗਿ ਭੈ ਭਰਮ ਮਿਟਾਇਆ॥੩॥

ਹਰੀ ਦਾ ਸਿਮਰਨ ਕਰਦਿਆਂ ਹੀ ਪੂਰਨ ਪਦ ਪਾ ਲਿਆ ਹੈ।

ਅਤੇ ਸੰਤਾਂ ਦੀ ਸਤਸੰਗਤਿ ਵਿਚ ਬੈਠਕੇ ਭੈ=ਡਰ ਤੇ ਭਰਮ ਮਿਟਾ ਦਿੱਤਾ ਹੈ॥ ੩॥

ਜਤ ਕਤ ਦੇਖਉ ਤਤ ਰਹਿਆ ਸਮਾਇ॥
ਨਾਨਕ ਦਾਸ ਹਰਿ ਕੀ ਸਰਣਾਇ॥ ੪॥ ੬੯॥ ੧੩੮॥

ਜਤ ਕਤ=ਜਿਥੇ ਜਿਥੇ ਵੇਖਦੇ ਹਾਂ ਓਥੇ ਹੀ ਹਰੀ ਸਮਾ ਰਿਹਾ ਹੈ।

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੇ ਹਰੀ ਦੀ ਸ਼ਰਨ ਵਿਚ ਆਉਣਾ ਕੀਤਾ ਹੈ॥ ੪॥ ੬੯॥ ੧੩੮॥

ਗਉੜੀ ਮਹਲਾ ੫॥

ਗੁਰ ਜੀ ਕੇ ਦਰਸਨ ਕਉ ਬਲਿ ਜਾਉ॥ ਜਪਿ ਜਪਿ ਜੀਵਾ ਸਤਿਗੁਰ ਨਾਉ॥ ੧॥

ਮੈਂ ਗੁਰੂ ਜੀ ਦੇ ਦਰਸ਼ਨਾਂ ਤੋਂ ਬਲਿਹਾਰ ਜਾਂਦਾ ਹਾਂ।

ਅਤੇ ਸਤਿਗੁਰਾਂ ਦਾ ਦਿੱਤਾ ਹੋਇਆ ਨਾਮ ਜਪ ਜਪਕੇ ਜਿਉਂਦਾ ਹਾਂ॥ ੧॥

ਪਾਰਬ੍ਰਹਮ ਪੂਰਨ ਗੁਰਦੇਵ॥ ਕਰਿ ਕਿਰਪਾ ਲਾਗਉ ਤੇਰੀ ਸੇਵ॥੧॥ ਰਹਾਉ॥

ਹੇ ਪੂਰਨ ਪਾਰਬ੍ਰਹਮ ਸਾਰਿਆਂ ਤੋਂ ਗੁਰ=ਵੱਡੇ ਦੇਵ=ਪ੍ਰਕਾਸ਼ ਰੂਪ।

ਮੇਰੇ ਤੇ ਕਿਰਪਾ ਕਰੋ ਤਾਂਕਿ ਮੈਂ ਆਪ ਜੀ ਦੀ ਸੇਵਾ ਵਿਚ ਭਾਵ ਭਗਤੀ ਵਿਚ ਲੱਗਾ ਰਹਾਂ॥ ੧॥ ਰਹਾਉ॥

ਚਰਨ ਕਮਲ ਹਿਰਦੈ ਉਰ ਧਾਰੀ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ॥ ੨॥

ਗੁਰਾਂ ਦੇ ਚਰਨ ਕਵਲਾਂ ਨੂੰ ਹਿਰਦੇ ਦੇ ਉਰ=ਵਿਚ ਧਾਰੀ ਰਖਾਂ।

ਕਿਉਂਕਿ ਮੇਰੇ ਮਨ, ਤਨ, ਧਨ ਅਤੇ ਪ੍ਰਾਣਾਂ ਦਾ ਅਧਾਰੀ=ਆਸਰਾ ਗੁਰੂ ਹੀ ਹਨ॥ ੨॥

ਸਫਲ ਜਨਮੁ ਹੋਵੈ ਪਰਵਾਣੁ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥ ੩॥

ਅੰਨਵੇਂ ਤੁਕਾਂ ਵਲ ਖਿਆਲ ਰਖਣਾ:-ਜੋ ਪੁਰਸ਼ ਪਾਰਬ੍ਰਹਮ ਰੂਪ ਗੁਰਾਂ ਨੂੰ ਆਪਣੇ ਨੇੜੇ ਕਰਕੇ ਜਾਣਦਾ

ਹੈ। ਉਸ ਦਾ ਪ੍ਰਮਾਣੀਕ ਮਨੁੱਖਾ ਜਨਮ ਸਫਲ ਹੁੰਦਾ ਹੈ।

ਅਥਵਾ:-ਜੋ ਪੁਰਸ਼ ਗੁਰਾਂ ਦੁਆਰੇ ਪਾਰਬ੍ਰਹਮ ਨੂੰ ਆਪਣੇ ਨੇੜੇ ਕਰਕੇ ਜਾਣਦਾ ਹੈ, ਉਸ ਦਾ ਮਨੁੱਖਾ ਜਨਮ ਪਰਵਾਣੁ=ਨਿਸਚੇ ਕਰਕੇ ਸਫਲ ਹੁੰਦਾ ਹੈ॥ ੩॥

ਸੰਤ ਧੂਰਿ ਪਾਈਐ ਵਡਭਾਗੀ॥
ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ॥ ੪॥ ੭੦॥ ੧੩੯॥

ਸੰਤਾਂ ਦੀ ਚਰਨ ਧੂੜੀ ਵਡਿਆਂ ਭਾਗਾਂ ਨਾਲ ਪਰਾਪਤ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ ਜਿਸਨੂੰ ਗੁਰੂ ਮਿਲੇ ਹਨ ਉਨ੍ਹਾਂ ਦੀ ਹਰੀ ਨਾਲ ਲਿਵ ਲੱਗ ਗਈ ਹੈ॥ ੪॥ ੭੦॥ ੧੩੯॥

[ਪੰਨਾ ੧੯੪]

ਗਉੜੀ ਮਹਲਾ ੫॥
ਕਰੈ ਦੁਹਕਰਮ ਦਿਖਾਵੈ ਹੋਰੁ॥ ਰਾਮ ਕੀ ਦਰਗਹ ਬਾਧਾ ਚੋਰੁ॥ ੧॥

ਜੋ ਪੁਰਸ਼ ਲੁਕ ਕੇ ਦੁਹ+ਕਰਮ=ਖੋਟੇ ਕਰਮ ਭਾਵ ਬੁਰੇ ਕਰਮ ਕਰਦਾ ਹੈ, ਤੇ ਬਾਹਰ ਲੋਕ ਦਿਖਾਵੇ ਨੂੰ ਹੋਰ ਕਰਮ ਭਾਵ ਸ਼ੁਭ ਕਰਮ ਕਰਦਾ ਹੈ। ਉਹ ਪੁਰਸ਼ ਰਾਮ ਦੀ ਦਰਗਾਹ ਵਿਚ ਚੋਰ ਵਾਂਗੂੰ ਬੱਧਾ ਜਾਂਦਾ ਹੈ॥ ੧॥

ਰਾਮੁ ਰਮੈ ਸੋਈ ਰਾਮਾਣਾ॥
ਜਲਿ ਥਲਿ ਮਹੀਅਲਿ ਏਕੁ ਸਮਾਣਾ॥ ੧॥ ਰਹਾਉ॥

ਜੋ ਪੁਰਸ਼ ਰਾਮ ਨੂੰ ਰਮੈ=ਉਚਾਰਦਾ ਹੈ, ਵਾ:-ਰਾਮ ਨੂੰ ਸਾਰੇ ਰਮਿਆ ਜਾਣਦਾ ਹੈ, ਸੋਈ ਰਾਮਾਣਾ=ਓਹੀ ਰਾਮ ਦਾ ਭਗਤ ਹੈ। ਕਿਉਂਕਿ ਉਸ ਦੇ ਨਿਸਚੇ ਵਿਚ ਇਹ ਆ ਚੁਕਾ ਹੈ। ਕਿ-ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ ਅਲਿ=ਅਕਾਸ਼ ਵਿਚ ਇਕ ਪ੍ਰਭੂ ਹੀ ਸਮਾ ਰਿਹਾ ਹੈ।

ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥ ਜਮ ਪੁਰਿ ਬਾਧਾ ਚੋਟਾ ਖਾਵੈ॥ ੨॥

ਜਿਸ ਦੇ ਅੰਦਰ ਵਿਸ਼ਿਆਂ ਰੂਪ ਜ਼ਹਿਰ ਹੈ, ਅਤੇ ਮੂੰਹੋਂ ਅੰਮ੍ਰਿਤ ਰੂਪ ਮਿਠੇ ਬਚਨ ਸੁਣਾਉਂਦਾ ਹੈ, ਉਹ ਜਮ ਪੁਰੀ ਵਿਚ ਬੱਧਾ ਹੋਇਆ ਚੋਟਾ ਖਾਵੈ=ਸੱਟਾਂ ਨੂੰ ਖਾਂਦਾ ਹੈ॥ ੨॥

ਅਨਿਕ ਪੜਦੇ ਮਹਿ ਕਮਾਵੈ ਵਿਕਾਰ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ॥ ੩॥

ਜੋ ਅਨੇਕਾਂ ਪੜਦਿਆਂ ਵਿਚ ਲੁਕ ਕੇ ਵਿਸ਼ੇ ਵਿਕਾਰਾਂ ਨੂੰ ਭੋਗਦਾ ਹੈ,

ਵਾ:-ਕਮਾਵੈ ਵਿਕਾਰ=ਬੁਰੇ ਕਰਮ ਕਮਾਉਂਦਾ ਹੈ।

ਉਸ ਦੇ ਪਾਪ ਇਕ ਖਿਨ ਵਿਚ ਸੰਸਾਰ ਅੰਦਰ ਪਰਗਟ ਹੋ ਜਾਂਦੇ ਹਨ॥ ੩॥

ਅੰਤਰਿ ਸਾਚਿ ਨਾਮਿ ਰਸਿ ਰਾਤਾ॥
ਨਾਨਕ ਤਿਸੁ ਕਿਰਪਾਲੁ ਬਿਧਾਤਾ॥ ੪॥ ੭੧॥ ੧੪੦॥

ਜਿਸ ਦੇ ਅੰਦਰ ਸਚ ਹੈ, ਅਤੇ ਨਾਮ ਰਸ ਵਿਚ ਰਤਾ ਰਹਿੰਦਾ ਹੈ।

ਵਾ:-ਜਿਸ ਦਾ ਅੰਤਰਿ=ਅੰਤਹਕਰਨ ਸਚੇ ਨਾਮੀ ਦੇ ਨਾਮ ਰਸ ਵਿਚ ਰਤਾ ਰਹਿੰਦਾ ਹੈ।

ਗੁਰੂ ਜੀ ਕਹਿੰਦੇ ਹਨ ਉਸ ਉਤੇ ਬਿਧਾਤਾ=ਫਲ ਬਰਦਾਤਾ ਪ੍ਰਮੇਸ਼ਰ ਕ੍ਰਿਪਾਲੂ ਹੁੰਦਾ ਹੈ॥ ੪॥

ਗਉੜੀ ਮਹਲਾ ੫ ॥

ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥ ੧ ॥

ਅੰਨਵੇਂ ਅੱਖਰਾਂ ਵਲ ਖਿਆਲ ਰਖਣਾ:-ਜਿਸਨੂੰ ਪੂਰੇ ਗੁਰੂ ਸਾਹਿਬ ਜੀ ਸਮਝਾ ਦੇਂਦੇ ਹਨ, ਉਸ ਦੇ ਮਨ ਤੋਂ ਰਾਮ ਦਾ ਰੰਗ ਕਦੇ ਭੀ ਉਤਰ ਨਹੀਂ ਜਾਂਦਾ॥ ੧॥

ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥
ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥ ੧ ॥ ਰਹਾਉ ॥

ਜੋ ਹਰੀ ਨਾਮ ਦੇ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹੈ ਉਸ ਪੁਰਸ਼ ਦਾ ਮਨ ਸੱਚਾ ਹੈ। ਅਤੇ-ਬਿਧਾਤਾ=ਫਲ ਬਰਦਾਤੇ ਪੂਰਨ ਪੁਰਖ ਦਾ ਉਸਨੂੰ ਬ੍ਰਹਮ ਗਿਆਨ ਰੂਪੀ ਲਾਲ ਰੰਗ ਚੜ੍ਹਿਆ ਹੈ।

ਸੰਤਹ ਸੰਗਿ ਬੈਸਿ ਗੁਨ ਗਾਇ ॥ ਤਾ ਕਾ ਰੰਗੁ ਨ ਉਤਰੈ ਜਾਇ ॥ ੨ ॥

ਜੋ ਸੰਤਾਂ ਦੀ ਸੰਗਤ ਵਿਚ ਬੈਠਕੇ ਹਰੀ ਗੁਣਾਂ ਨੂੰ ਗਾਉਂਦਾ ਹੈ।

ਉਸ ਦਾ ਰੰਗ ਕਦੇ ਭੀ ਉਤਰ ਨਹੀਂ ਜਾਂਦਾ॥ ੨॥

ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥
ਆਨ ਰੰਗ ਫੀਕੇ ਸਭ ਮਾਇਆ ॥ ੩ ॥

ਹਰੀ ਸਿਮਰਨ ਤੋਂ ਬਿਨਾਂ ਕਿਸੇ ਨੇ ਭੀ ਸੁਖ ਨਹੀਂ ਪਾਇਆ।

ਕਿਉਂਕਿ ਆਨ=ਹੋਰ ਜਿੰਨੇ ਭੀ ਮਾਇਆ ਦੇ ਰੰਗ=ਆਨੰਦ ਹਨ ਉਹ ਸਾਰੇ ਫਿੱਕੇ ਹਨ।

ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਆਲ ॥ ੪ ॥ ੭੨ ॥ ੧੪੧ ॥

ਜਿਨ੍ਹਾਂ ਨੂੰ ਗੁਰੂ ਨੇ ਰੰਗਿਆ ਹੈ ਉਹ ਨਿਹਾਲ=ਦੁਖਾਂ ਤੋਂ ਰਹਿਤ ਹੋਏ ਹਨ। ਗੁਰੂ ਜੀ ਕਥਨ ਕਰਦੇ ਹਨ ਗੁਰਮੁਖਾਂ ਦੀ ਸੇਵਾ ਨੂੰ ਵੇਖਕੇ ਗੁਰੂ ਸਾਹਿਬ ਜੀ ਦਿਆਲੂ ਹੋਏ ਹਨ॥ ੪॥ ੭੨॥ ੧੪੧॥

ਗਉੜੀ ਮਹਲਾ ੫ ॥

ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਆਨੰਦ ਨਿਵਾਸੇ ॥ ੧ ॥

ਸੁਆਮੀ ਦੇ ਸਿਮਰਦਿਆਂ ਹੋਇਆਂ ਸਾਰੇ ਕਿਲਵਿਖ=ਪਾਪ ਨਾਸ ਹੋ ਗਏ ਹਨ। ਅਤੇ

ਸਿਮਰਨ ਦੀ ਕਲਾ ਕਰਕੇ ਸਹਜ ਸੁੱਖ=ਅਚੁਤ ਸੁਖ ਦੇ ਆਨੰਦ ਵਿਚ ਨਿਵਾਸ ਹੋਇਆ ਹੈ।

ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥ ੧ ॥ ਰਹਾਉ ॥

ਰਾਮ ਦੇ ਸੇਵਕ ਜਨਾਂ ਨੂੰ ਰਾਮ ਦਾ ਹੀ ਭਰੋਸਾ ਹੈ। ਨਾਮ ਨੂੰ ਜਪਦਿਆਂ ਹੀ ਉਨ੍ਹਾਂ ਦਾ ਸਾਰਾ ਅੰਦੇਸਾ=ਸੰਸਾ ਮਿਟ ਗਿਆ ਹੈ॥ ੧॥ ਰਹਾਉ॥

ਸਾਧਸੰਗਿ ਕਛੁ ਭਉ ਨ ਭਰਾਤੀ॥
ਗੁਣ ਗੋਪਾਲ ਗਾਈਅਹਿ ਦਿਨੁ ਰਾਤੀ॥ ੨॥

ਅੰਨਵੇਂ ਅਖਰਾਂ ਵਲ ਖਿਆਲ ਰਖਣਾ:-ਸਤਸੰਗਤ ਵਿਚ ਬੈਠ ਕੇ ਦਿਨ ਰਾਤ ਗੋਪਾਲ ਦੇ ਗੁਣ ਗਾਉਣ ਕਰਕੇ ਕੁਝ ਭਉ=ਡਰ ਅਤੇ ਭਰਾਂਤੀ ਨਹੀਂ ਰਹਿੰਦੀ॥ ੨॥

ਕਰਿ ਕਿਰਪਾ ਪ੍ਰਭ ਬੰਧਨ ਛੋਟ॥ ਚਰਣ ਕਮਲ ਕੀ ਦੀਨੀ ਓਟ॥ ੩॥

ਪ੍ਰਭੂ ਨੇ ਕਿਰਪਾ ਕਰਕੇ ਬੰਧਨਾਂ ਤੋ ਛੁਡਾ ਲਿਆ ਹੈ। ਅਤੇ ਆਪਣੇ ਚਰਣ ਕਮਲਾਂ ਦੀ ਓਟ ਦਿੱਤੀ ਹੈ॥ ੩॥

ਅਥਵਾ:-ਪ੍ਰਭੂ ਨੇ ਕਿਰਪਾ ਕਰਕੇ ਜਿਨ੍ਹਾਂ ਨੂੰ ਆਪਣੇ ਚਰਨ ਕਮਲਾਂ ਦੀ ਓਟ ਦਿੱਤੀ ਹੈ ਉਨ੍ਹਾਂ ਨੂੰ ਬੰਧਨਾਂ ਤੋਂ ਛੁਡਾ ਲਿਆ ਹੈ॥ ੩॥

ਕਹੁ ਨਾਨਕ ਮਨਿ ਭਈ ਪਰਤੀਤਿ॥
ਨਿਰਮਲ ਜਸੁ ਪੀਵਹਿ ਜਨ ਨੀਤਿ॥ ੪॥ ੭੩॥ ੧੪੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਮਨ ਵਿਚ ਪ੍ਰਤੀਤੀ ਹੋਈ ਹੈ। ਉਹ ਗੁਰਮੁਖ ਜਨ ਨਿਤਾਪ੍ਰਤੀ ਨਿਰ+ਮਲ=ਮੈਲ ਤੋਂ ਰਹਿਤ ਪਵਿੱਤ੍ਰ ਜਸ ਰੂਪੀ ਅੰਮ੍ਰਿਤ ਨੂੰ ਪੀਂਦੇ ਹਨ॥ ੪॥ ੭੩॥ ੧੪੨॥

ਗਉੜੀ ਮਹਲਾ ੫ ॥

ਹਰਿ ਚਰਣੀ ਜਾ ਕਾ ਮਨੁ ਲਾਗਾ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ॥ ੧॥

ਜਾਕਾ=ਜਿਸ ਦਾ ਮਨ ਹਰੀ ਦੇ ਚਰਨਾਂ ਨਾਲ ਲੱਗਾ ਹੈ। ਉਸ ਦਾ ਦੁਖ ਜਨ ਦਰਦ ਅਤੇ ਭਰਮ ਭਾਗਾ =ਭਜ ਗਿਆ ਹੈ॥ ੧॥

ਹਰਿ ਧਨ ਕੋ ਵਾਪਾਰੀ ਪੂਰਾ॥
ਜਿਸਹਿ ਨਿਵਾਜੇ ਸੋ ਜਨੁ ਸੂਰਾ॥ ੧॥ ਰਹਾਉ॥

ਜੋ ਹਰੀ ਨਾਮ ਧਨ ਦਾ ਵਾਪਾਰੀ ਹੈ, ਉਹ ਸ਼ੁਭ ਗੁਣਾਂ ਕਰਕੇ ਪੂਰਾ ਹੈ। ਜਿਸ ਨੂੰ ਆਪ ਨਿਵਾਜੇ=ਵਡਿਆਉਂਦਾ ਹੈ ਉਹ ਕਾਮ ਆਦਿਕਾਂ ਨੂੰ ਜਿੱਤ ਕੇ ਸੂਰਾ=ਸੂਰਬੀਰ ਹੋ ਜਾਂਦਾ ਹੈ॥ ੧॥

ਜਾ ਕਉ ਭਏ ਕ੍ਰਿਪਾਲ ਗੁਸਾਈ॥ ਸੇ ਜਨ ਲਾਗੇ ਗੁਰ ਕੀ ਪਾਈ॥ ੨॥

ਜਿਸ ਉੱਤੇ ਪਰਮੇਸ਼ਰ ਕ੍ਰਿਪਾਲੂ ਹੋਇਆ ਹੈ। ਉਹ ਪੁਰਸ਼ ਗੁਰੂ ਦੀ ਪਾਈ=ਚਰਣੀ ਲੱਗਾ ਹੈ॥ ੨॥

ਸੂਖ ਸਹਜ ਸਾਂਤਿ ਆਨੰਦਾ॥ ਜਪਿ ਜਪਿ ਜੀਵੇ ਪਰਮਾਨੰਦਾ॥ ੩॥

ਉਸ ਨੂੰ ਅਚੁਤ ਸੁਖ ਦੇ ਸਹਿਤ ਸ਼ਾਂਤੀ ਆਨੰਦ ਪ੍ਰਾਪਤ ਹੋਇਆ ਹੈ।
ਜੋ ਪਰਮ ਅਨੰਦ ਸਰੂਪ ਪਰਮੇਸ਼ਰ ਨੂੰ ਜਪ ਜਪਕੇ ਜਿਉਂਦਾ ਹੈ॥ ੩॥

ਨਾਮ ਰਾਸਿ ਸਾਧ ਸੰਗਿ ਖਾਟੀ॥
ਕਹੁ ਨਾਨਕ ਪ੍ਰਭਿ ਅਪਦਾ ਕਾਟੀ॥ ੪॥ ੭੪॥ ੧੪੩॥

ਜਿਸ ਨੇ ਸਤਿਸੰਗ ਵਿਚੋਂ ਨਾਮ ਰੂਪੀ ਰਾਸਿ=ਪੂੰਜੀ ਖੱਟੀ ਹੈ।

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਨੇ ਉਸ ਦੀ ਸਾਰੀ ਬਿਪਤਾ ਕੱਟ ਦਿੱਤੀ ਹੈ॥ ੪॥ ੭੪॥ ੧੪੩॥

ਗਉੜੀ ਮਹਲਾ ੫ ॥

ਹਰਿ ਸਿਮਰਤ ਸਭਿ ਮਿਟਹਿ ਕਲੇਸ ॥ਚਰਣ ਕਮਲ ਮਨ ਮਹਿ ਪਰਵੇਸ ॥੧ ॥

ਹਰੀ ਨਾਮ ਸਿਮਰਦਿਆਂ ਸਾਰੇ ਕਲੇਸ਼ ਮਿਟ ਜਾਂਦੇ ਹਨ।

ਅਤੇ ਪ੍ਰਭੂ ਦੇ ਚਰਨ ਕਵਲ ਮਨ ਵਿਚ ਆ ਕੇ ਪ੍ਰਵੇਸ਼ ਕਰ ਜਾਂਦੇ ਹਨ॥ ੧॥

ਉਚਰਹੁ ਰਾਮ ਨਾਮੁ ਲਖ ਬਾਰੀ॥

ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ॥ ੧॥ ਰਹਾਉ॥

ਲੱਖਾਂ ਵੇਰੀਂ ਰਾਮ ਨਾਮ ਨੂੰ ਉਚਾਰਨਾ ਕਰੋ।

ਪ੍ਰਭੂ ਦੀ ਪਿਆਰੀ ਭਗਤੀ ਦੇ ਅੰਮ੍ਰਿਤ ਰਸ ਨੂੰ ਪੀਣਾ ਕਰੋ।

ਵਾ:- ਪ੍ਰਭੂ ਦੇ ਨਾਮ ਅੰਮਿਤ ਰਸ ਨੂੰ ਆਪ ਪੀਵੋ, ਤੇ ਹੋਰਨਾਂ ਨੂੰ ਪਿਆਰੀ=ਪਿਆਉਣਾ ਕਰੋ॥ ੧॥

ਸੂਖ ਸਹਜ ਰਸ ਮਹਾ ਅਨੰਦਾ॥ ਜਪਿ ਜਪਿ ਜੀਵੇ ਪਰਮਾਨੰਦਾ॥ ੨॥

ਅੰਨਵੇ:-ਜੋ ਪੁਰਸ਼ ਰਸ=ਪ੍ਰੇਮ ਨਾਲ ਪਰਮ ਅਨੰਦ ਸਰੂਪ ਵਾਹਿਗੁਰੂ ਦੇ ਜਪ ਨੂੰ ਜਪ ਕੇ ਜਿਉਂਦਾ ਹੈ ਉਸ ਨੂੰ ਅਚੁਤ ਸੁਖ ਦਾ ਮਹਾਂ ਅਨੰਦ ਪ੍ਰਾਪਤ ਹੋਇਆ ਹੈ॥ ੨॥

ਕਾਮ ਕ੍ਰੋਧ ਲੋਭ ਮਦ ਖੋਏ॥ ਸਾਧ ਕੈ ਸੰਗਿ ਕਿਲਬਿਖ ਸਭ ਧੋਏ॥ ੩॥

ਉਸ ਨੇ ਕਾਮ, ਕ੍ਰੋਧ ਲੋਭ ਤੇ ਮਦ=ਹੰਕਾਰ ਨੂੰ ਖੋਏ=ਨਾਸ ਕਰ ਦਿੱਤਾ ਹੈ,

ਅਤੇ ਸੰਤਾਂ ਦੇ ਨਾਲ ਮਿਲ ਕੇ ਸਾਰੇ ਕਿਲਬਿਖ=ਪਾਪ ਭੀ ਧੋ ਲਏ ਹਨ॥ ੩॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ॥

ਨਾਨਕ ਦੀਜੈ ਸਾਧ ਰਵਾਲਾ॥ ੪॥ ੭੫॥ ੧੪੪॥

ਗੁਰੂ ਜੀ ਕਥਨ ਕਰਦੇ ਹਨ-ਹੇ ਦੀਨ ਦਿਆਲ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਕੇ, ਮੈਨੂੰ ਭੀ ਸਾਧ ਰਵਾਲਾ=ਸੰਤਾਂ ਦੀ ਚਰਨ ਧੂੜੀ ਦਾ ਦਾਨ ਦੇਣਾ ਕਰੋ॥ ੪॥ ੭੫॥ ੧੪੪॥

[ਪੰਨਾ ੧੯੫]

ਗਉੜੀ ਮਹਲਾ ੫॥

ਜਿਸ ਕਾ ਦੀਆ ਪੈਨੈ ਖਾਇ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ॥ ੧॥

ਜਿਸ ਪ੍ਰਭੂ ਦਾ ਦਿੱਤਾ ਹੋਇਆ ਤੂੰ ਪਹਿਨਦਾ ਤੇ ਖਾਂਦਾ ਹੈਂ, ਮਾਇ=ਹੇ ਭਾਈ !

ਉਸ ਨਾਲ ਆਲਸ ਕਰਨਾ ਕਿਵੇਂ ਬਣ ਸਕਦਾ ਹੈ ?॥ ੧॥

ਖਸਮੁ ਬਿਸਾਰਿ ਆਨ ਕੰਮਿ ਲਾਗਹਿ॥

ਕਉਡੀ ਬਦਲੇ ਰਤਨੁ ਤਿਆਗਹਿ॥ ੧॥ ਰਹਾਉ॥

ਹੇ ਭਾਈ ! ਤੂੰ ਆਪਣੇ ਮਾਲਕ ਪ੍ਰਭੂ ਨੂੰ ਬਿਸਾਰਿ=ਭੁਲਾ ਕੇ ਹੋਰਨਾਂ ਕੰਮਾਂ ਵਿਚ ਲੱਗਾ ਹੋਇਆ ਹੈਂ।

ਕਉਡੀ=ਮਾਇਆ ਦੇ ਬਦਲੇ ਰਤਨ ਰੂਪ ਪਰਮੇਸ਼ਰ ਨੂੰ ਤਿਆਗ ਦਿੱਤਾ ਹੈ॥ ੧॥

ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ ਦਾਸਿ ਸਲਾਮੁ ਕਰਤ ਕਤ ਸੋਭਾ ॥ ੨ ॥

ਪ੍ਰਭੂ ਨੂੰ ਤਿਆਗ ਕੇ ਜੋ ਹੋਰਨਾਂ ਪਦਾਰਥਾਂ ਦੇ ਲੋਭ ਵਿਚ ਲਗ ਰਿਹਾ ਹੈਂ।

'ਭਲਾ ਏਹ ਦੱਸ' ਦਾਸਿ=ਦਾਸੀ ਮਾਇਆ ਨੂੰ ਸਲਾਮ ਕੀਤਿਆਂ ਕਤ=ਕਿਸ ਦੀ,

ਵਾ:-ਕੀ ਸੋਭਾ ਹੋਣੀ ਹੈ ?॥ ੨॥

ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥
ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥ ੩ ॥

ਅੰਮ੍ਰਿਤ ਵਾਂਗੂੰ ਮਿੱਠੇ ਤੇ ਚੰਗੇ ਚੰਗੇ ਰਸਦਾਇਕ ਪਦਾਰਥਾਂ ਨੂੰ ਖਾਂਦਾ ਹੈਂ,

ਜਿਸ ਪ੍ਰਭੂ ਨੇ ਇਹ ਖਾਣ ਪਾਣ ਆਦਿਕ ਪਦਾਰਥ ਦਿੱਤੇ ਹਨ, ਤੇ ਕੁਤਿਆ ! ਉਸ ਨੂੰ ਤੂੰ ਜਾਣਦਾ ਹੀ ਨਹੀਂ। ਅਥਵਾ-ਅੰਮ੍ਰਿਤ ਵਾਂਗੂੰ ਮਿੱਠੇ ਤੇ ਸ੍ਵਾਦੀਕ ਰਸੁ=ਪਦਾਰਥਾਂ ਨੂੰ ਖਾਵਹਿ+ਪਾਨ=ਖਾਂਦਾ ਪੀਂਦਾ ਹੈਂ, ਅਤੇ ਸੋਹਣੇ ਖਾਨ=ਮੰਦਰਾਂ ਵਿਚ ਨਿਵਾਸ ਕਰਦਾ ਹੈਂ। ਪਰ ਜਿਸ ਪ੍ਰਭੂ ਨੇ ਪਦਾਰਥ ਦਿੱਤੇ ਹਨ, ਹੇ ਕੁੱਤਿਆ ! ਉਸ ਨੂੰ ਤੂੰ ਜਾਣਦਾ ਹੀ ਨਹੀਂ ਹੈਂ॥ ੩॥

ਕਹੁ ਨਾਨਕ ਹਮ ਲੂਣ ਹਰਾਮੀ ॥
ਬਖਸਿ ਲੇਹੁ ਪ੍ਰਭ ਅੰਤਰਜਾਮੀ ॥ ੪ ॥ ੭੬ ॥ ੧੪੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਇਸ ਤਰ੍ਹਾਂ ਬੇਨਤੀ ਕਰ ਕਿ ਹੇ ਪ੍ਰਭੂ ਅਸੀਂ ਲੂਣ ਹਰਾਮੀ ਹਾਂ, ਜੋ ਆਪ ਜੀ ਦੇ ਕੀਤੇ ਹੋਏ ਉਪਕਾਰਾਂ ਨੂੰ ਨਹੀਂ ਜਾਣਦੇ,

ਹੇ ਅੰਤਰਜਾਮੀ ਪ੍ਰਭੂ ! ਆਪ ਸਾਨੂੰ ਬਖਸ਼ ਲੈਣਾ ਕਰੋ॥ ੪॥ ੭੬॥ ੧੪੫॥

ਗਉੜੀ ਮਹਲਾ ੫ ॥

ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥ ੧ ॥

ਪ੍ਰਭੂ ਦੇ ਚਰਨਾਂ ਦਾ ਮਨ ਵਿਚ ਧਿਆਨ ਕਰਨ ਨਾਲ ਹੀ,

ਸਾਰੇ ਤੀਰਥਾਂ ਦੇ ਮਜਨ=ਪਰਬਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ॥ ੧॥

ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥
ਕੋਟਿ ਜਨਮ ਕੀ ਮਲੁ ਲਹਿ ਜਾਈ ॥ ੧ ॥ ਰਹਾਉ ॥

ਹੇ ਮੇਰੇ ਭਾਈ ! ਹਰਿ ਦਿਨੁ=ਹਰ ਰੋਜ਼ ਹਰੀ ਦਾ ਸਿਮਰਨ ਕਰ।

ਸਿਮਰਨ ਕਰਨ ਨਾਲ ਤੇਰੇ ਕ੍ਰੋੜਾਂ ਜਨਮਾਂ ਦੀ ਪਾਪਾਂ ਰੂਪੀ ਮੈਲ ਲਹਿ ਜਾਵੇਗੀ॥ ੧॥ ਰਹਾਉ॥

ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥ ੨ ॥

ਜਿਸਨੇ ਹਿਰਦੇ ਵਿਚ ਹਰੀ ਦੀ ਕਥਾ ਵਸਾਵਣਾ ਕੀਤੀ ਹੈ।

ਉਸਨੇ ਮਨ ਬਾਂਛਤ=ਮਨ ਇੱਛਤ ਸਾਰਿਆਂ ਫਲਾਂ ਦੀ ਪ੍ਰਾਪਤੀ ਪਾਈ ਹੈ॥ ੨॥

ਜੀਵਨ ਮਰਣੁ ਜਨਮੁ ਪਰਵਾਨੁ॥ ਜਾ ਕੈ ਰਿਦੈ ਵਸੈ ਭਗਵਾਨੁ॥ ੩॥

ਉਸ ਦਾ ਜਿਉਣਾ, ਮਰਨਾ, ਤੇ ਮਨੁੱਖਾ ਜਨਮ ਪ੍ਰਮਾਣੀਕ ਹੈ। ਜਿਸ ਦੇ ਹਿਰਦੇ ਵਿਚ ਭਗਵਾਨ=ਖਟ ਭਗਾਂ ਸਪੰਨ ਪਰਮਾਤਮਾ ਆਪ ਵੱਸਦਾ ਹੈ॥ ੩॥

ਕਹੁ ਨਾਨਕ ਸੇਈ ਜਨ ਪੂਰੇ॥ਜਿਨਾ ਪਰਾਪਤਿ ਸਾਧੂ ਧੂਰੇ॥੪॥੭੭॥੧੪੬॥

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਸ਼ੁਭ ਗੁਣਾਂ ਕਰਕੇ ਪੂਰੇ ਹਨ,
ਜਿਨ੍ਹਾਂ ਨੂੰ ਸੰਤਾਂ ਦੀ ਚਰਣ ਧੂੜੀ ਪਰਾਪਤ ਹੋਈ ਹੈ॥ ੪॥ ੭੭॥ ੧੪੬॥

ਗਉੜੀ ਮਹਲਾ ੫॥

ਖਾਦਾ ਪੈਨਦਾ ਮੂਕਰਿ ਪਾਇ॥ ਤਿਸ ਨੋ ਜੋਹਹਿ ਦੂਤ ਧਰਮਰਾਇ॥ ੧॥

ਜੋ ਪੁਰਸ਼ ਚੰਗੇ ਪਦਾਰਥ ਖਾਂਦਾ, ਤੇ ਸੋਹਣੇ ਕਪੜੇ ਪਹਿਨਦਾ ਹੋਇਆ ਭੀ ਵਾਹਿਗੁਰੂ ਤੋਂ ਮੁੱਕਰ ਪੈਂਦਾ ਹੈ। ਉਸ ਨੂੰ ਧਰਮਰਾਜਾ ਦੇ ਦੂਤ ਜੋਹਹਿ=ਦੇਖਦੇ ਹਨ॥ ੧॥

ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ॥

ਜਿਸ ਪਰਮੇਸ਼ਰ ਨੇ ਜੀਅ ਤੇ ਪਿੰਡੁ=ਸਰੀਰ ਦਿੱਤਾ ਹੈ, ਉਸ ਤੋਂ ਜੋ ਬੇਮੁਖ ਪੁਰਸ਼ ਹੈ।

ਕੋਟਿ ਜਨਮ ਭਰਮਹਿ ਬਹੁ ਜੂਨਾ॥ ੧॥ ਰਹਾਉ॥

ਉਹ ਪੁਰਸ਼ ਕ੍ਰੋੜਾਂ ਹੀ ਜਨਮ ਬਹੁਤ ਜੂਨੀਆਂ ਵਿਚ ਭਰਮਹਿ=ਭਟਕਦਾ ਫਿਰਦਾ ਹੈ॥ ੧॥ ਰਹਾਉ॥

ਸਾਕਤ ਕੀ ਐਸੀ ਹੈ ਰੀਤਿ॥ ਜੋ ਕਿਛੁ ਕਰੈ ਸਗਲ ਬਿਪਰੀਤਿ॥ ੨॥

ਸਾਕਤ=ਦੁਸ਼ਟ ਪੁਰਸ਼ ਦੀ ਅਜੇਹੀ ਰੀਤੀ ਹੈ, ਜੋ ਕੁਝ ਭੀ ਕਰਦਾ ਹੈ ਸਾਰਾ ਬਿਪਰੀਤਿ=ਉਲਟਾ ਭਾਵ ਪੁੱਠਾ ਕੰਮ ਹੀ ਕਰਦਾ ਹੈ॥ ੨॥

ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ॥ ਸੋਈ ਠਾਕੁਰੁ ਮਨਹੁ ਬਿਸਾਰਿਆ॥ ੩॥

ਜਿਸ ਪਰਮੇਸ਼ਰ ਨੇ ਜੀਅ, ਪ੍ਰਾਣ ਅਤੇ ਮਨ ਤਨ ਨੂੰ ਮਰਯਾਦਾ ਵਿਚ ਰਖਿਆ ਹੋਇਆ ਹੈ।
ਉਸ ਸੁਆਮੀ ਨੂੰ ਇਸ ਨੇ ਮਨ ਵਿਚੋਂ ਬਿਸਾਰਿਆ=ਭੁਲਾ ਦਿੱਤਾ ਹੈ॥ ੩॥

ਬਧੇ ਬਿਕਾਰ ਲਿਖੇ ਬਹੁ ਕਾਗਰ॥
ਨਾਨਕ ਉਧਰੁ ਕ੍ਰਿਪਾ ਸੁਖ ਸਾਗਰ॥ ੪॥

ਮਨਮੁਖਾਂ ਨੇ ਇਤਨੇ ਵਿਕਾਰ ਕੀਤੇ ਹਨ, ਜੋ ਬਹੁਤ ਸਾਰੇ ਕਾਗਜ਼ ਲੈ ਕੇ ਚਿੱਤਰ ਗੁਪਤਾਂ ਨੇ ਲਿਖਣਾ ਕੀਤੇ ਹਨ ਫਿਰ ਵੀ ਵਿਕਾਰ ਵਧ ਗਏ ਹਨ।

ਗੁਰੂ ਜੀ ਕਥਨ ਕਰਦੇ ਹਨ-ਹੇ ਸੁਖਾਂ ਦੇ ਸਮੁੰਦਰ ਪ੍ਰਭੂ! ਤੂੰਹੀਂ ਕਿਰਪਾ ਕਰਕੇ ਇਨ੍ਹਾਂ ਜੀਵਾਂ ਨੂੰ ਤਾਰ ਲੈ॥ ੪॥

ਪਾਰਬ੍ਰਹਮ ਤੇਰੀ ਸਰਣਾਇ ॥
ਬੰਧਨ ਕਾਟਿ ਤਰੈ ਹਰਿ ਨਾਇ ॥ ੧ ॥ ਰਹਾਉ ਦੂਜਾ ॥ ੭੮ ॥ ੧੪੭ ॥

ਹੇ ਪਾਰਬ੍ਰਹਮ ! ਜੋ ਪੁਰਸ਼ ਆਪ ਜੀ ਦੀ ਸ਼ਰਨ ਵਿੱਚ ਆਏ ਹਨ।
ਉਹ ਹਰੀ ਨਾਮ ਨੂੰ ਜਪਕੇ ਬੰਧਨਾਂ ਨੂੰ ਕੱਟਕੇ ਸੰਸਾਰ ਸਮੁੰਦ੍ਰ ਤੋਂ ਤਰ ਗਏ ਹਨ॥ ੭੮ ॥ ੧੪੭ ॥

ਗਉੜੀ ਮਹਲਾ ੫ ॥
ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥ ੧ ॥

ਜੇ ਕਿਸੇ ਨੇ ਆਪਣੇ ਲੋਭ ਕਰਕੇ ਵੀ ਗੁਰੂ ਸਾਹਿਬਾਂ ਨੂੰ, ਵਾ:-ਪਰਮੇਸ਼ਰ ਨੂੰ ਮਿਤ੍ਰ ਬਨਾਣਾ ਕੀਤਾ ਹੈ। ਤਾਂ ਗੁਰੂ ਸਾਹਿਬਾਂ ਨੇ, ਵਾ:-ਪਰਮੇਸ਼ਰ ਨੇ ਉਸ ਦੇ ਸਾਰੇ ਮਨੋਰਥ ਪੂਰੇ ਕਰਕੇ ਅੰਤ ਨੂੰ ਮੁਕਤੀ ਪਦ ਝੁੰਗੇ ਵਿੱਚ ਦੇ ਦਿੱਤਾ ਹੈ॥ ੧ ॥

ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥ ੧ ॥ ਰਹਾਉ ॥

ਹੇ ਭਾਈ ! ਅਜੇਹਾ ਮਿਤ੍ਰ ਸਭ ਕੋਈ ਬਣਾਓ। ਜਿਸ ਦੇ ਪਾਸੋਂ ਬਿਰਥਾ=ਖਾਲੀ ਕੋਈ ਭੀ ਨਹੀਂ ਹੁੰਦਾ ॥ ੧ ॥ ਰਹਾਉ ॥

ਅਪੁਨੈ ਸੁਆਇ ਰਿਦੈ ਲੈ ਧਾਰਿਆ ॥
ਦੂਖ ਦਰਦ ਰੋਗ ਸਗਲ ਬਿਦਾਰਿਆ ॥ ੨ ॥

ਜਿਸਨੇ ਆਪਣੇ ਸੁਆਇ=ਸ੍ਵਾਰਥ (ਪ੍ਰਯੋਜਨ) ਨੂੰ ਪੂਰਾ ਕਰਨ ਵਾਸਤੇ ਭੀ ਪ੍ਰਭੂ ਨੂੰ ਹਿਰਦੇ ਵਿਚ ਧਾਰ ਲਿਆ ਹੈ। ਪ੍ਰਭੂ ਨੇ ਉਸ ਦੇ ਸਾਰੇ ਦੁੱਖਾਂ, ਦਰਦਾਂ, ਤੇ ਰੋਗਾਂ ਨੂੰ ਬਿਦਾਰਿਆ=ਨਾਸ ਕਰ ਦਿੱਤਾ ਹੈ॥ ੨ ॥

ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥ ੩ ॥

ਜਿਸ ਦੀ ਰਸਨਾ=ਜੀਭ ਰਾਮ ਨਾਮ ਦੇ ਬੋਲਣ ਵਿਚ ਗੀਧੀ=ਤਦਾਕਾਰ ਹੋਈ ਹੈ।
ਉਸਦੇ ਸਾਰੇ ਕੰਮ ਪੂਰੇ ਹੋ ਗਏ ਹਨ॥ ੩ ॥

ਅਨਿਕ ਬਾਰ ਨਾਨਕ ਬਲਿਹਾਰਾ ॥
ਸਫਲ ਦਰਸਨੁ ਗੋਬਿੰਦੁ ਹਮਾਰਾ ॥ ੪ ॥ ੭੯ ॥ ੧੪੮ ॥

ਗੁਰੂ ਜੀ ਕਥਨ ਕਰਦੇ ਹਨ ਮੈਂ ਅਨੇਕਾਂ ਵਾਰੀ ਉਸ ਤੋਂ ਬਲਿਹਾਰ ਜਾਂਦਾ ਹਾਂ।
ਜਿਸ ਅਸਾਡੇ ਗੋਬਿੰਦ ਦਾ ਦਰਸ਼ਨ ਸਫਲ=ਸਹਿਤ ਫਲਾਂ ਦੇ ਹੈ।
ਵਾ:-ਜਿਸ ਗੋਬਿੰਦ ਦੇ ਦਰਸ਼ਨ ਕਰਦਿਆਂ ਹੀ ਸਾਡਾ ਜਨਮ ਸਫਲ ਹੋਇਆ ਹੈ॥ ੪ ॥ ੭੯ ॥ ੧੪੮ ॥

ਗਉੜੀ ਮਹਲਾ ੫ ॥
ਕੋਟਿ ਬਿਘਨ ਹਿਰੇ ਖਿਨ ਮਾਹਿ ॥ ਹਰਿ ਹਰਿ ਕਥਾ ਸਾਧਸੰਗਿ ਸੁਨਾਹਿ ॥ ੧ ॥

ਉਸ ਪੁਰਸ਼ ਦੇ ਕ੍ਰੋੜਾਂ ਵਿਘਨ ਇੱਕ ਖਿਨ ਵਿੱਚ ਹਿਰੇ=ਨਾਸ ਹੋ ਜਾਂਦੇ ਹਨ।

ਜੋ ਸਤਸੰਗਤ ਵਿਚ ਬੈਠਕੇ ਹਰਿ ਹਰਿ ਦੀ ਕਥਾ ਨੂੰ ਸੁਣਾਂਦਾ ਹੈ। ਵਾ: ਸੁਣਦਾ ਹੈ॥ ੧॥

ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ॥
ਜਪਿ ਹਰਿ ਚਰਣ ਮਿਟੀ ਖੁਧਿ ਤਾਸੁ॥ ੧॥ ਰਹਾਉ॥

ਜਾਸੁ=ਜਿਸ ਪ੍ਰਭੂ ਦੇ ਗੁਣ ਅੰਮ੍ਰਿਤ ਰੂਪ ਹਨ ਉਸ ਰਾਮ ਦੇ ਨਾਮ ਰਸ ,ਨੂੰ ਜੋ ਪੀਂਦਾ ਹੈ।

ਵਾ:-ਜੋ ਪੁਰਸ਼ ਰਾਮ ਦੇ ਗੁਣਾਂ ਦਾ ਜਸ ਰੂਪ ਅੰਮ੍ਰਿਤ ਰਸ ਪੀਂਦਾ ਹੈ। ਅਤੇ ਹਰੀ ਦੇ ਚਰਨਾਂ ਦਾ ਧਿਆਨ ਧਾਰਕੇ ਹਰੀ ਨਾਮ ਜਪਦਾ ਹੈ ਤਾਸੁ=ਤਿਸ ਦੀ ਖੁਧਿ=ਖੁਧਿਆ ਭਾਵ ਤ੍ਰਿਸ਼ਨਾਂ ਮਿਟ ਗਈ ਹੈ॥ ੧॥ ਰਹਾਉ॥

ਸਰਬ ਕਲਿਆਣ ਸੁਖ ਸਹਜ ਨਿਧਾਨ॥ ਜਾ ਕੈ ਰਿਦੈ ਵਸਹਿ ਭਗਵਾਨ॥੨॥

ਸਾਰੀਆਂ ਮੁਕਤੀਆਂ ਤੇ ਅਚੁਤ ਸੁਖ ਦਾ ਨਿਧਾਨ=ਖਜ਼ਾਨਾ ਉਸਨੂੰ ਪ੍ਰਾਪਤ ਹੁੰਦਾ ਹੈ।

ਜਿਸ ਦੇ ਹਿਰਦੇ ਵਿਚ ਭਗਵਾਨ ਵੱਸਦਾ ਹੈ॥ ੨॥

[ਪੰਨਾ ੧੯੬]

ਅਉਖਧ ਮੰਤ੍ਰ ਤੰਤ ਸਭਿ ਛਾਰੁ॥ ਕਰਣੈਹਾਰੁ ਰਿਦੇ ਮਹਿ ਧਾਰੁ॥ ੩॥

ਹੇ ਪੁਰਸ਼ਾ ! ਅਉਖਧ=ਦਵਾਈ, ਮੰਤ੍ਰ ਤੇ ਤੰਤ੍ਰ ਇਨ੍ਹਾਂ ਸਾਰਿਆਂ ਨੂੰ ਛਾਰੁ=ਸੁਆਹ ਰੂਪ ਜਾਣਕੇ ਕਰਣੈਹਾਰੁ=ਪਰਮੇਸ਼ਰ ਨੂੰ ਹਿਰਦੇ ਵਿਚ ਧਾਰ ਲੈ॥ ੩॥

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ॥
ਕਹੁ ਨਾਨਕ ਅਟਲ ਇਹੁ ਧਰਮੁ॥ ੪॥ ੮੦॥ ੧੪੯॥

ਸਾਰਿਆਂ ਭਰਮਾਂ ਨੂੰ ਤਜਿ=ਤਿਆਗਕੇ ਪਾਰਬ੍ਰਹਮ ਦਾ ਭਜਨ ਕਰ।

ਗੁਰੂ ਜੀ ਕਥਨ ਕਰਦੇ ਹਨ ਅਟਲ ਰਹਿਣ ਵਾਲਾ ਏਹੋ ਧਰਮ ਹੈ॥ ੪॥ ੮੦॥ ੧੪੯॥

ਗਉੜੀ ਮਹਲਾ ੫॥

ਕਰਿ ਕਿਰਪਾ ਭੇਟੇ ਗੁਰ ਸੋਈ॥ ਤਿਤੁ ਬਲਿ ਰੋਗੁ ਨ ਬਿਆਪੈ ਕੋਈ॥ ੧॥

ਪ੍ਰਭੂ ਦੀ ਕਿਰਪਾ ਕਰਕੇ ਜੋ ਬ੍ਰਹਮ ਨੇਸ਼ਟੀ, ਬ੍ਰਹਮ ਸ਼ਰੋਤਰੀ ਗੁਰੂ ਹਨ ਉਹ ਆ ਕੇ ਮਿਲੇ ਹਨ

ਵਾ:-ਸੋਭਨੀਕ ਗੁਰੂ ਆਪ ਕਿਰਪਾ ਕਰਕੇ ਮਿਲੇ ਹਨ ਉਨ੍ਹਾਂ ਗੁਰਾਂ ਦੇ ਬਲਿ ਕਰਕੇ ਅਰਥਾਤ ਪ੍ਰਤਾਪ ਕਰਕੇ ਸਾਨੂੰ ਕੋਈ ਹੰਕਾਰ ਆਦਿਕ ਰੋਗ ਵਿਆਪਦਾ ਨਹੀਂ ਹੈ॥ ੧॥

ਰਾਮ ਰਮਣ ਤਰਣ ਭੈ ਸਾਗਰ॥ ਸਰਣਿ ਸੂਰ ਫਾਰੇ ਜਮ ਕਾਗਰ॥੧॥ਰਹਾਉ॥

ਜੋ ਪੁਰਸ਼ ਰਾਮ ਨਾਮ ਨੂੰ ਰਮਣ=ਉਚਾਰਦੇ ਹਨ ਉਹ ਭੈਦਾਇਕ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ। ਵਾ:-ਰਾਮ ਨਾਮ ਦਾ ਜੋ ਰਮਣ=ਸਿਮਰਨ ਹੈ ਏਹੋ ਭੈਦਾਇਕ ਸੰਸਾਰ ਸਮੁੰਦਰ ਤੋਂ ਪਾਰ ਲੰਘਾਣ ਵਾਲਾ ਤਰਣ=ਜਹਾਜ਼ ਹੈ। ਸ਼ਰਨ ਆਇਆਂ ਦੀ ਰਖਿਆ ਕਰਨ ਵਾਲੇ ਜੋ ਸੂਰਬੀਰ ਗੁਰੂ ਹਨ ਉਨ੍ਹਾਂ ਨੇ ਲੇਖੇ ਵਾਲੇ ਜਮਾਂ ਦੇ ਕਾਗਜ਼ ਪਾੜ ਦਿੱਤੇ ਹਨ॥ ੧॥ ਰਹਾਉ॥

ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ ਇਹ ਆਸਰ ਪੂਰਨ ਭਏ ਕਾਮ ॥ ੨ ॥

ਸਤਿਗੁਰਾਂ ਨੇ ਹਰੀ ਨਾਮ ਦਾ ਉਪਦੇਸ਼ ਦਿੱਤਾ ਹੈ

ਇਸ ਆਸਰੇ ਕਰਕੇ ਸਾਡੇ ਸਾਰੇ ਕੰਮ ਪੂਰੇ ਹੋ ਗਏ ਹਨ॥ ੨॥

ਜਪ ਤਪ ਸੰਜਮ ਪੂਰੀ ਵਡਿਆਈ ॥ ਗੁਰ ਕ੍ਰਿਪਾਲ ਹਰਿ ਭਏ ਸਹਾਈ ॥ ੩ ॥

ਜਪ, ਤਪ ਆਦਿਕ ਸਾਧਨ, ਸੰਜਮ=ਇੰਦ੍ਰੀਆਂ ਦਾ ਦਮਨ ਕਰਨਾ, ਅਤੇ ਪੂਰਨ ਵਡਿਆਈ ਦੀ ਪ੍ਰਾਪਤੀ ਹੋ ਗਈ ਹੈ। ਗੁਰੂ ਦੀ ਕ੍ਰਿਪਾਲਤਾ ਕਰਕੇ ਹਰੀ ਸਹਾਇਤਾ ਕਰਨ ਵਾਲੇ ਹੋਏ ਹਨ॥ ੩॥

ਮਾਨ ਮੋਹ ਖੋਏ ਗੁਰਿ ਭਰਮ ॥
ਪੇਖੁ ਨਾਨਕ ਪਸਰੇ ਪਾਰਬ੍ਰਹਮ ॥ ੪ ॥ ੬੧ ॥ ੧੫੦ ॥

ਜਿਸ ਵੇਲੇ ਮਾਨ, ਮੋਹ ਭਰਮ ਆਦਿਕ ਵਿਕਾਰ ਗੁਰਾਂ ਨੇ ਖੋਏ=ਨਾਸ ਕਰ ਦਿਤੇ, ਤਾਂ ਗੁਰੂ ਜੀ ਕਥਨ ਕਰਦੇ ਹਨ-ਪਾਰਬ੍ਰਹਮ ਨੂੰ ਸਾਰੇ ਪਸਰੇ=ਵਿਆਪਕ ਪੇਖੁ=ਵੇਖਣਾ ਕੀਤਾ॥ ੪॥ ੬੧॥ ੧੫੦॥

ਗਉੜੀ ਮਹਲਾ ੫ ॥
ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥ ੧ ॥

ਬਿਖੈ ਰਾਜ=ਵਿਸ਼ੱਈ ਰਾਜੇ ਨਾਲੋਂ ਭਾਵੇਂ ਕੋਈ ਨੇਤ੍ਰਾਂ ਤੋਂ ਰਹਿਤ ਪੁਰਸ਼ ਹੈ ਤੋ ਭੀ ਉਹ ਭਾਰੀ=ਬਹੁਤ ਚੰਗਾ ਹੈ। ਕਿਉਂਕਿ ਅੰਨ੍ਹੇ ਪੁਰਸ਼ ਨੂੰ ਜਿਸ ਵੇਲੇ ਕੋਈ ਦੁੱਖ ਆ ਕੇ ਲਗਦਾ ਹੈ, ਤਾਂ ਉਹ ਰਾਮ ਨਾਮ ਨੂੰ ਚਿਤਾਰਦਾ ਹੈ। ਪਰ ਵਿਸ਼ੱਈ ਰਾਜੇ ਪਾਸ ਬੈਠਕੇ ਕੋਈ ਰਾਮ ਨਾਮ ਦੀ ਧੁਨ ਉਚਾਰਨਾ ਕਰੇ ਤਾਂ ਉਸਨੂੰ ਸਗੋਂ ਦੁੱਖ ਲਗਦਾ ਹੈ ਤੇ ਆਖਦਾ ਹੈ ਇਸ ਨੇ ਮੇਰੇ ਕੰਨ ਖਾ ਲਏ ਹਨ ਸਾਰੀ ਰਾਤ ਸੋਣ ਨਹੀਂ ਦਿਤਾ। ਅਥਵਾ:-ਬਿਖੈ=ਵਿਸ਼ਿਆਂ ਦੀ ਰਾਜ=ਬਹੁਲਤਾ ਕਰਕੇ ਇਹ ਜੀਵ ਭਾਰੀ ਅੰਨ੍ਹਾ ਹੋ ਰਿਹਾ ਹੈ। ਜੇਕਰ ਇਹ ਪਰੇਮ ਭਾਵਨਾ ਨਾਲ ਰਾਮ ਨਾਮ ਨੂੰ ਚਿਤਾਰਨਾ ਕਰੇ ਤਾਂ ਇਸ ਦੇ ਸਾਰੇ ਦੁਖ ਲਾਗੈ=ਲਾਂਭੈ ਹੋ ਜਾਣਗੇ॥ ੧॥

ਤੇਰੇ ਦਾਸ ਕਉ ਤੁਹੀ ਵਡਿਆਈ ॥
ਮਾਇਆ ਮਗਨੁ ਨਰਕਿ ਲੈ ਜਾਈ ॥ ੧ ॥ ਰਹਾਉ ॥

ਹੇ ਹਰੀ ! ਜੋ ਤੇਰੇ ਦਾਸ ਹਨ ਉਨ੍ਹਾਂ ਨੂੰ ਤੂੰ ਆਪ ਹੀ ਵਡਿਆਈ ਦੇਂਦਾ ਹੈਂ। ਅਤੇ ਜੋ ਪੁਰਸ਼ ਮਾਇਆ ਵਿਚ ਮਗਨੁ=ਮਸਤ ਹਨ, ਉਨ੍ਹਾਂ ਨੂੰ ਮਾਇਆ ਨਰਕਾਂ ਵਿਚ ਲੈ ਜਾਂਦੀ ਹੈ॥ ੧॥ ਰਹਾਉ॥

ਰੋਗ ਗਿਰਸਤ ਚਿਤਾਰੇ ਨਾਉ ॥ ਬਿਖੁ ਮਾਤੇ ਕਾ ਠਉਰ ਨ ਠਾਉ ॥ ੨ ॥

ਭਾਵੇਂ ਕਰਮ ਭੋਗ ਕਰਕੇ ਰੋਗਾਂ ਕਰਕੇ ਗ੍ਰਸਿਆ ਹੋਇਆ ਭੀ ਹੈ ਜੇਕਰ ਨਾਮ ਨੂੰ ਚਿਤਾਰਨਾ ਕਰੇ ਤਾਂ ਉਸ ਦੇ ਸਾਰੇ ਰੋਗ ਸੂਲੀ ਦਾ ਕੰਡਾ ਹੋ ਕੇ ਨਵਿਰਤ ਹੋ ਜਾਂਦੇ ਹਨ।

ਪਰ ਜੋ ਵਿਸ਼ੇ ਵਿਕਾਰਾਂ ਵਿਚ ਮਸਤ ਹੈ ਉਸ ਦਾ ਨਾ ਇਸ ਲੋਕ ਵਿਚ ਠਉਰ=ਅਸਥਾਨ ਹੈ, ਤੇ ਨਾ ਹੀ ਪ੍ਰਲੋਕ ਵਿਚ ਕੋਈ ਠਾਉ=ਜਗ੍ਹਾ ਹੈ॥ ੨॥

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥ ੩ ॥

ਜਿਸਦੀ ਆਪ ਜੀ ਦੇ ਚਰਨ ਕਵਲਾਂ ਨਾਲ ਪ੍ਰੀਤੀ ਲਗੀ ਹੈ।

ਉਸਨੂੰ ਹੋਰ ਸੁਖ ਚੇਤੇ ਹੀ ਨਹੀਂ ਆਉਂਦੇ॥ ੩॥

ਸਦਾ ਸਦਾ ਸਿਮਰਉ ਪ੍ਰਭ ਸੁਆਮੀ॥
ਮਿਲੁ ਨਾਨਕ ਹਰਿ ਅੰਤਰਜਾਮੀ॥ ੪॥ ੮੨॥ ੧੫੧॥

ਹੇ ਪ੍ਰਭੂ ਸੁਆਮੀ ! ਮੈਂ ਤਾਂ ਸਦਾ ਸਦਾ ਆਪ ਜੀ ਨੂੰ ਸਿਮਰਦਾ ਹਾਂ।

ਗੁਰੂ ਜੀ ਕਥਨ ਕਰਦੇ ਹਨ ਹੇ ਅੰਤਰਜਾਮੀ ਹਰੀ ਤੂੰ ਸਾਨੂੰ ਆ ਕੇ ਮਿਲ॥ ੪॥ ੮੨॥ ੧੫੧॥

ਗਉੜੀ ਮਹਲਾ ੫॥

ਆਠ ਪਹਰ ਸੰਗੀ ਬਟਵਾਰੇ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ॥ ੧॥

ਜੋ ਕਾਮ ਆਦਿਕ ਬਟਵਾਰੇ=ਧਾੜਵੀ (ਡਾਕੂ) ਅੱਠੇ ਪਹਿਰ ਨਾਲ ਰਹਿੰਦੇ ਸਨ।

ਪ੍ਰਭੂ ਨੇ ਆਪਣੀ ਕਿਰਪਾ ਕਰਕੇ ਉਹ ਕਾਮ ਆਦਿਕ ਨਵਿਰਤ ਕਰ ਦਿੱਤੇ ਹਨ॥ ੧॥

ਐਸਾ ਹਰਿ ਰਸੁ ਰਮਹੁ ਸਭੁ ਕੋਇ॥ ਸਰਬ ਕਲਾ ਪੂਰਨ ਪ੍ਰਭੁ ਸੋਇ॥੧॥ ਰਹਾਉ॥

ਅਜੇਹਾ ਬਲਵਾਨ ਜੋ ਹਰੀ ਹੈ ਉਸਨੂੰ ਸਭ ਕੋਈ ਰਸੁ=ਪ੍ਰੇਮ ਨਾਲ ਰਮਹੁ=ਉਚਾਰਣਾ ਭਾਵ ਜਪਣਾ ਕਰੋ। ਉਹ ਪ੍ਰਭੂ ਸਾਰੀਆਂ ਕਲਾ=ਸ਼ਕਤੀਆਂ ਕਰਕੇ ਪੂਰਨ ਹੈ॥ ੧॥ ਰਹਾਉ॥

ਮਹਾ ਤਪਤਿ ਸਾਗਰ ਸੰਸਾਰ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ॥ ੨॥

ਇਹ ਜੋ ਸੰਸਾਰ ਸਮੁੰਦਰ ਮਹਾਂ ਤਪਸ਼ਤਾ ਦੇ ਸਹਿਤ ਹੈ।

ਇਸ ਤੋਂ ਪ੍ਰਭੂ ਇਕ ਛਿਨ ਵਿਚ ਪਾਰ ਲੰਘਾ ਦੇਣ ਵਾਲਾ ਹੈ॥ ੨॥

ਅਨਿਕ ਬੰਧਨ ਤੋਰੇ ਨਹੀ ਜਾਹਿ॥ ਸਿਮਰਤ ਨਾਮ ਮੁਕਤਿ ਫਲ ਪਾਹਿ॥ ੩॥

ਅਨੇਕ ਤਰ੍ਹਾਂ ਦੇ ਬੰਧਨ ਜੋ ਬਹੁਤ ਤਰ੍ਹਾਂ ਦੇ ਕਰਮਾਂ ਨਾਲ ਭੀ ਤੋੜੇ ਨਹੀਂ ਜਾ ਸਕਦੇ।

ਨਾਮ ਦੇ ਸਿਮਰਦਿਆਂ ਹੀ ਉਨ੍ਹਾਂ ਬੰਧਨਾਂ ਨੂੰ ਤੋੜਕੇ ਜੀਵ ਮੁਕਤੀ ਫਲ ਨੂੰ ਪਾ ਲੈਂਦਾ ਹੈ॥ ੩॥

ਉਕਤਿ ਸਿਆਨਪ ਇਸ ਤੇ ਕਛੁ ਨਾਹਿ॥
ਕਰਿ ਕਿਰਪਾ ਨਾਨਕ ਗੁਣ ਗਾਹਿ॥ ੪॥ ੮੩॥ ੧੫੨॥

ਉਕਤਿ=ਬਾਣੀ ਦੀ ਜੁਗਤ ਕਰਕੇ, ਤੇ ਬੁੱਧੀ ਦੀ ਸਿਆਣਪ ਕਰਕੇ ਇਸ ਜੀਵ ਦੇ ਪਾਸੋਂ ਕੁਝ ਭੀ ਨਹੀਂ ਹੋ ਸਕਦਾ।

ਗੁਰੂ ਜੀ ਕਥਨ ਕਰਦੇ ਹਨ ਪ੍ਰਭੂ ਕਿਰਪਾ ਕਰੇ ਤਾਂ ਹੀ ਇਹ ਜੀਵ ਗੁਣਾਂ ਨੂੰ ਗਾ ਸਕਦਾ ਹੈ॥ ੪॥ ੮੩॥ ੧੫੨॥

ਗਉੜੀ ਮਹਲਾ ੫॥

ਥਾਤੀ ਪਾਈ ਹਰਿ ਕੋ ਨਾਮ॥ ਬਿਚਰੁ ਸੰਸਾਰ ਪੂਰਨ ਸਭਿ ਕਾਮ॥ ੧॥

ਜਿਸਨੇ ਗੁਰਾਂ ਪਾਸੋਂ ਹਰੀ ਨਾਮ ਰੂਪੀ ਧਨ ਦੀ ਥਾਤੀ=ਥੈਲੀ ਪਾਈ ਹੈ।

ਉਹ ਸੰਸਾਰ ਵਿਚ ਸੁਤੰਤਰ ਬਿਚਰੁ=ਫਿਰਦਾ ਹੈ, ਅਤੇ ਉਸ ਦੇ ਸਾਰੇ ਕੰਮ ਪੂਰਨ ਹੋ ਗਏ ਹਨ॥ ੧॥

ਵਡਭਾਗੀ ਹਰਿ ਕੀਰਤਨੁ ਗਾਈਐ ॥
ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥ ੧ ॥ ਰਹਾਉ ॥

ਹਰੀ ਦਾ ਕੀਰਤਨ ਗਾਉਣਾ ਵੱਡਿਆਂ ਭਾਗਾਂ ਨਾਲ ਪਰਾਪਤ ਹੁੰਦਾ ਹੈ।

ਇਸ ਲਈ ਬੇਨਤੀ ਕਰ-ਹੇ ਪਾਰਬ੍ਰਹਮ ! ਜੇਕਰ ਤੂੰ ਆਪ ਕ੍ਰਿਪਾ ਕਰਕੇ ਦੇਵੇਂ ਤਾਂ ਹੀ ਕੀਰਤਨ ਦਾ ਗਾਇਣ ਕਰਨਾ ਪਾਈਦਾ ਹੈ॥ ੧ ॥ ਰਹਾਉ ॥

ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥ ਭਵ ਸਾਗਰੁ ਚੜਿ ਉਤਰਹਿ ਪਾਰਿ ॥ ੨ ॥

ਹੇ ਭਾਈ ! ਤੂੰ ਹਰੀ ਦੇ ਚਰਨਾਂ ਦਾ ਧਿਆਨ ਹਿਰਦੇ ਦੇ ਉਰਿ=ਵਿਚ ਧਾਰ ਲੈ।

ਏਸੇ ਜਹਾਜ਼ ਉੱਤੇ ਚੜ੍ਹਕੇ ਹੀ ਸੰਸਾਰ ਸਮੁੰਦਰ ਤੋਂ ਪਾਰ ਉਤਰੇਂਗਾ।

ਅਥਵਾ:-ਨਾਮ ਗਿਆਨ ਰੂਪੀ ਜਹਾਜ਼ ਉੱਤੇ ਚੜ੍ਹਕੇ ਸੰਸਾਰ ਸਮੁੰਦਰ ਤੋਂ ਪਾਰ ਉੱਤਰ ਜਾਏਂਗਾ॥ ੨ ॥

ਸਾਧੂ ਸੰਗੁ ਕਰਹੁ ਸਭੁ ਕੋਇ ॥ ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ ੩ ॥

ਹੇ ਭਾਈ ! ਸਭ ਕੋਈ ਸੰਤਾਂ ਦਾ ਸਤਸੰਗ ਕਰੋ।

ਤਾਂ ਤੁਹਾਨੂੰ ਸਦਾ ਕਲਿਆਣ=ਨਿੱਤ ਸੁਖ ਹੋਵੇਗਾ, ਫਿਰ ਕਦੇ ਭੀ ਦੁੱਖ ਨਹੀਂ ਹੋਵੇਗਾ॥ ੩ ॥

ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥
ਨਾਨਕ ਦਰਗਹ ਪਾਈਐ ਮਾਨੁ ॥ ੪ ॥ ੮੪ ॥ ੧੫੩ ॥

ਪ੍ਰੇਮਾ ਭਗਤੀ ਕਰਕੇ ਸ਼ੁਭ-ਗੁਣਾਂ ਦੇ ਨਿਧਾਨੁ=ਖਜ਼ਾਨੇ ਪਰਮੇਸ਼ਰ ਨੂੰ ਭਜਨਾ ਕਰੋ।

ਗੁਰੂ ਜੀ ਕਥਨ ਕਰਦੇ ਹਨ-ਤਾਂ ਹੀ ਪ੍ਰਲੋਕ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ॥ ੪ ॥ ੮੪ ॥ ੧੫੩ ॥

ਗਉੜੀ ਮਹਲਾ ੫ ॥

ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥ ਭ੍ਰਮ ਬਿਨਸੇ ਗਾਏ ਗੁਣ ਨੀਤ ॥ ੧ ॥

ਸਾਡਾ ਮਿਤ੍ਰ ਹਰੀ ਜਲਾਂ ਵਿੱਚ, ਥਲਾਂ ਵਿੱਚ, ਮਹੀ=ਪ੍ਰਿਥਵੀ ਤੇ ਅਲਿ=ਅਕਾਸ਼ ਵਿੱਚ ਪੂਰਨ ਹੈ।

ਉਸਦੇ ਜਸ ਰੂਪ ਗੁਣਾਂ ਨੂੰ ਨਿਤਾਪ੍ਰਤੀ ਗਾਂਵਦੇ ਹਾਂ ਇਸ ਕਰਕੇ ਭਰਮ ਬਿਨਸ ਗਏ ਹਨ॥ ੧ ॥

ਊਠਤ ਸੋਵਤ ਹਰਿ ਸੰਗਿ ਪਹਰੂਆ ॥
ਜਾ ਕੈ ਸਿਮਰਣਿ ਜਮ ਨਹੀ ਡਰੂਆ ॥ ੧ ॥ ਰਹਾਉ ॥

ਉੱਠਦਿਆਂ, ਬਹਿੰਦਿਆਂ, ਸੁਤਿਆਂ ਜਾਗਦਿਆਂ ਹਰੀ ਹੀ ਸਾਡੇ ਨਾਲ ਪਹਿਰੇਦਾਰ ਹੋ ਕੇ ਪਹਰੂਆ= ਰਖਿਆ ਕਰਦਾ ਹੈ। ਜਿਸ ਦੇ ਸਿਮਰਨ ਕਰਕੇ ਜਮਾਂ ਦਾ ਡਰ ਨਹੀਂ ਰਹਿੰਦਾ।

ਵਾ:-ਜਿਸ ਦੇ ਸਿਮਰਨ ਕਰਨ ਵਾਲੇ ਨੂੰ ਜਮਾਂ ਦਾ ਡਰ ਨਹੀਂ ਰਹਿੰਦਾ॥ ੧ ॥ ਰਹਾਉ ॥

[ਪੰਨਾ ੧੯੭]

ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸੁ ॥ ੨ ॥

ਪ੍ਰਭੂ ਦੇ ਚਰਣ ਕਮਲਾਂ ਦਾ ਹਿਰਦੇ ਵਿਚ ਨਿਵਾਸ ਹੋਣ ਕਰਕੇ, ਸੰਪੂਰਣ ਦੁਖਾਂ ਦਾ ਨਾਸ ਹੋ ਗਿਆ ਹੈ॥੨ ॥

ਆਸਾ ਮਾਣੁ ਤਾਣੁ ਧਨੁ ਏਕ ॥ ਸਾਚੇ ਸਾਹ ਕੀ ਮਨ ਮਹਿ ਟੇਕ ॥ ੩ ॥

ਸਾਨੂੰ ਇਕ ਪ੍ਰਭੂ ਦੀ ਆਸਾ ਹੈ, ਮਨ ਦਾ ਮਾਣ, ਤਨ ਦਾ ਤਾਣ ਵੀ ਇਕ ਪ੍ਰਭੂ ਹੈ, ਅਤੇ ਸਾਡਾ ਧਨ ਵੀ ਇਕ ਪ੍ਰਭੂ ਹੀ ਹੈ। ਓਸੇ ਸੱਚੇ ਪਾਤਿਸ਼ਾਹ ਦੀ ਮਨ ਵਿਚ ਟੇਕ=ਓਟ ਹੈ॥ ੩ ॥

ਮਹਾ ਗਰੀਬ ਜਨ ਸਾਧ ਅਨਾਥ ॥
ਨਾਨਕ ਪ੍ਰਭਿ ਰਾਖੇ ਦੇ ਹਾਥ ॥ ੪ ॥ ੮੫ ॥ ੧੫੪ ॥

ਜੋ ਸੰਤ ਜਨ ਮਹਾ=ਬੜੇ ਗਰੀਬ ਤੇ ਅਨਾਥ ਹਨ। ਗੁਰੂ ਜੀ ਕਥੰਨ ਕਰਦੇ ਹੁਨ-ਉਨ੍ਹਾਂ ਨੂੰ ਪ੍ਰਭੂ ਨੇ ਆਪਣਾ ਕਿਰਪਾ ਰੂਪੀ ਹੱਥ ਦੇ ਕੇ ਰਖ ਲਿਆ ਹੈ॥ ੪ ॥ ੮੫ ॥ ੧੫੪ ॥

ਗਉੜੀ ਮਹਲਾ ੫ ॥
ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥
ਕੋਟਿ ਗ੍ਰਹਣ ਪੁੰਨ ਫਲ ਮੂਚੇ ॥ ੧ ॥ ਰਹਾਉ ॥

ਜੋ ਹਰਿ ਹਰਿ ਨਾਮ ਰੂਪ ਜਲ ਵਿਚ ਸਿਮਰਨ ਰੂਪ ਮਜਨੁ=ਇਸ਼ਨਾਨ ਕਰਕੇ ਸੂਚੇ=ਪਵਿੱਤ੍ਰ ਹੋਏ ਹਨ। ਉਨ੍ਹਾਂ ਨੂੰ ਸੂਰਜ ਚੰਦ੍ਰਮਾਂ ਦੇ ਕ੍ਰੋੜਾਂ ਗ੍ਰੈਹਣਾਂ ਦੇ ਪੁੰਨ ਨਾਲੋਂ ਭੀ ਮੂਚੇ=ਅਧਿਕ (ਬਹੁਤ ਸਾਰਾ) ਫਲ ਪਰਾਪਤ ਹੁੰਦਾ ਹੈ॥ ੧ ॥ ਰਹਾਉ ॥

ਹਰਿ ਕੇ ਚਰਣ ਰਿਦੇ ਮਹਿ ਬਸੇ ॥ ਜਨਮ ਜਨਮ ਕੇ ਕਿਲਵਿਖ ਨਸੇ ॥ ੧ ॥

ਜਿਸ ਦੇ ਹਿਰਦੇ ਵਿਚ ਹਰੀ ਦੇ ਚਰਣ ਕਮਲ ਵਸੇ ਹਨ। ਉਸ ਦੇ ਜਨਮਾਂ ਜਨਮਾਂਤਰਾਂ ਦੇ ਸਾਰੇ ਕਿਲਵਿਖ=ਪਾਪ ਨੱਸ ਗਏ ਹਨ॥ ੧ ॥

ਸਾਧਸੰਗਿ ਕੀਰਤਨ ਫਲੁ ਪਾਇਆ ॥
ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥ ੨ ॥

ਜਿਸ ਨੇ ਸਤਸੰਗਤ ਵਿਚ ਜਾ ਕੇ ਪ੍ਰਭੂ ਦਾ ਕੀਰਤਨ ਸੁਣਿਆ ਹੈ ਉਸ ਨੇ ਇਹ ਫਲ ਪਾਇਆ ਹੈ ਕਿ ਉਸ ਨੂੰ ਜਮਾਂ ਦਾ ਮਾਰਗੁ=ਰਸਤਾ ਨਜ਼ਰ ਹੀ ਨਹੀ ਆਇਆ॥ ੨ ॥

ਮਨ ਬਚ ਕ੍ਰਮ ਗੋਵਿੰਦ ਅਧਾਰੁ ॥ ਤਾ ਤੇ ਛੁਟਿਓ ਬਿਖੁ ਸੰਸਾਰੁ ॥ ੩ ॥

ਜਿਸ ਨੇ 'ਮਨ ਬਚ ਕ੍ਰਮ'=ਮਨ ਬਾਣੀ ਸਰੀਰ ਕਰਕੇ ਗਬਿੰਦ ਦਾ ਅਧਾਰੁ=ਆਸਰਾ ਫੜਿਆ ਹੈ। ਤਿਸ ਕਰਕੇ ਉਸ ਦਾ ਜ਼ਹਿਰ ਰੂਪ ਸੰਸਾਰ ਦਾ ਦੁੱਖ ਛੁੱਟ ਗਿਆ ਹੈ॥ ੩ ॥

ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥

ਨਾਨਕ ਜਾਪੁ ਜਪੇ ਹਰਿ ਜਪਨਾ ॥ ੪ ॥ ੮੬ ॥ ੧੫੫ ॥

ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰ ਕੇ ਜਿਸ ਨੂੰ ਆਪਣਾ ਦਾਸ ਕਰ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ ਉਸ ਨੇ ਜਪਣੇ ਜੋਗ ਹਰੀ ਦੇ ਜਪ ਨੂੰ ਜਪਣਾ ਕੀਤਾ ਹੈ॥ ੪॥ ੮੬॥ ੧੫੫॥

ਗਉੜੀ ਮਹਲਾ ੫ ॥

ਪਉ ਸਰਣਾਈ ਜਿਨਿ ਹਰਿ ਜਾਤੇ ॥
ਮਨੁ ਤਨੁ ਸੀਤਲੁ ਚਰਣ ਹਰਿ ਰਾਤੇ ॥ ੧ ॥

ਜਿਨ੍ਹਾਂ ਨੇ ਹਰੀ ਨੂੰ ਜਾਤੇ=ਜਾਣਿਆ ਹੈ ਉਨ੍ਹਾਂ ਦੀ ਸ਼ਰਨ ਵਿਚ ਪੈਣਾ ਕਰ।
ਉਨ੍ਹਾਂ ਦਾ ਮਨ ਤਨ ਸੀਤਲ ਹੋਇਆ ਹੈ ਜੋ ਹਰੀ ਦੇ ਚਰਨਾਂ ਨਾਲ ਰਾਤੇ=ਮਿਲੇ ਹਨ॥ ੧ ॥

ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥

ਜੋ ਪੁਰਸ਼ ਡਰ ਦੇ ਭੰਜਨ=ਨਾਸ ਕਰਨ ਵਾਲੇ ਪ੍ਰਭੂ ਨੂੰ ਮਨ ਵਿਚ ਨਹੀਂ ਵਸਾਂਦੇ।

ਡਰਪਤ ਡਰਪਤ ਜਨਮ ਬਹੁਤੁ ਜਾਹੀ ॥ ੧ ॥ ਰਹਾਉ ॥

ਡਰਦਿਆਂ ਡਰਦਿਆਂ ਹੀ ਉਨ੍ਹਾਂ ਦੇ ਬਹੁਤੇ ਜਨਮ ਬਤੀਤ ਹੋ ਜਾਂਦੇ ਹਨ॥ ੧ ॥ ਰਹਾਉ ॥

ਜਾ ਕੈ ਰਿਦੈ ਬਸਿਓ ਹਰਿ ਨਾਮ ॥ ਸਗਲ ਮਨੋਰਥ ਤਾ ਕੇ ਪੂਰਨ ਕਾਮ ॥ ੨ ॥

ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਨਾਮ ਵਸਿਆ ਹੈ। ਉਨ੍ਹਾਂ ਦੇ ਸਾਰੇ ਮਨੋਰਥਾਂ ਦੇ ਕੰਮ ਪੂਰੇ ਹੁੰਦੇ ਹਨ। ਵਾ:-ਉਨ੍ਹਾਂ ਦੇ ਮਨ ਦੇ ਮਨੋਰਥ=ਸੰਕਲਪ, ਅਤੇ ਸਾਰੇ ਕੰਮ ਪੂਰੇ ਹੁੰਦੇ ਹਨ॥ ੨ ॥

ਜਨਮੁ ਜਰਾ ਮਿਰਤੁ ਜਿਸੁ ਵਾਸਿ ॥ ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥ ੩ ॥

ਜਨਮੁ ਮਿਰਤੁ=ਜੰਮਣਾ ਮਰਣਾ, ਜਰਾ=ਬੁਢੇਪਾ, ਵਾ:-ਜਰਾ ਮਰਾ ਰੋਗ ਇਤਿਆਦਿਕ ਸਾਰੇ ਜਿਸ ਪਰਮੇਸ਼ਰ ਦੇ ਵਾਸਿ=ਵਸੀਕਾਰ ਭਾਵ ਅਧੀਨ ਹਨ। ਉਸ ਸਮਰਥ ਹਰੀ ਨੂੰ ਸ੍ਵਾਸ ਲੈਂਦਿਆਂ ਤੇ ਗਿਰਾਸਿ=ਭੋਜਨ ਖਾਂਦਿਆਂ ਸਿਮਰਨਾ ਕਰ॥ ੨ ॥

ਮੀਤੁ ਸਾਜਨੁ ਸਖਾ ਪ੍ਰਭੁ ਏਕ ॥
ਨਾਮੁ ਸੁਆਮੀ ਕਾ ਨਾਨਕ ਟੇਕ ॥ ੪ ॥ ੮੭ ॥ ੧੫੬ ॥

ਮਿਤ੍ਰ ਇਸ ਲੋਕ ਦਾ, ਸਜਣ ਪ੍ਰਲੋਕ ਦਾ, ਸਖਾ ਪ੍ਰਾਣਾਂ ਦੇ ਵਿਜੋਗ ਕਾਲ ਦਾ ਉਹ ਇਕ ਪ੍ਰਭੂ ਹੀ ਹੈ। ਉਸ ਸੁਆਮੀ ਦਾ ਨਾਮ ਹੀ ਮੈਂ ਨਾਨਕ ਦੀ ਟੇਕ=ਓਟ ਰੂਪ ਹੈ॥ ੪॥ ੮੭॥ ੧੫੬॥

ਗਉੜੀ ਮਹਲਾ ੫ ॥

ਜਿਸ ਵੇਲੇ ਬਾਬਾ ਬੁੱਢਾ ਜੀ ਦੇ ਸਰਾਪ ਨੂੰ ਪੂਰਿਆਂ ਕਰਨ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਡਾਲੀ ਸਾਹਿਬ ਵਿਚ ਜਾ ਕੇ ਰਹੇ, ਉਸ ਵੇਲੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ੧੬੫੨ ਹਾੜ ੨੧, ਹਾੜ ਵਦੀ ਏਕਮ ਨੂੰ ਓਥੇ ਹੀ ਹੋਇਆ, ਫਿਰ ਜਿਸ ਵੇਲੇ ਅੰਮ੍ਰਿਤਸਰ ਵਾਪਸ ਆਏ ਤਾਂ ਇਹ ਸ਼ਬਦ ਉਚਾਰਿਆ।

ਬਾਹਰਿ ਰਾਖਿਓ ਰਿਦੈ ਸਮਾਲਿ ॥ ਘਰਿ ਆਏ ਗੋਵਿੰਦੁ ਲੈ ਨਾਲਿ ॥ ੧ ॥

ਸ੍ਰੀ ਅੰਮ੍ਰਿਤਸਰ ਤੋਂ ਬਾਹਰ ਵਡਾਲੀ ਸਾਹਿਬ ਵਿਚ ਰਹੇ ਤਾਂ ਭੀ ਹਿਰਦੇ ਵਿਚ ਪ੍ਰਮੇਸ਼ਰ ਨੂੰ ਸੰਭਾਲ ਰਖਿਆ, ਜਿਸ ਵੇਲੇ ਸ੍ਰੀ ਅੰਮ੍ਰਿਤਸਰ ਰੂਪ ਆਪਣੇ ਘਰ ਵਿਚ ਆਏ ਤਾਂ ਭੀ ਗੋਬਿੰਦ ਨੂੰ ਨਾਲ ਲੈ ਕੇ ਆਏ ॥ ੧ ॥

ਅਥਵਾ:-ਜਦ ਕਿਸੀ ਕਾਰਜ ਵਾਸਤੇ ਸੰਤ ਬਾਹਰ ਜਾਂਦੇ ਹਨ ਤਦ ਵੀ ਹਿਰਦੇ ਵਿਚ ਉਸ ਪਰਮੇਸ਼ਰ ਨੂੰ ਯਾਦ ਰਖਦੇ ਹਨ। ਜਿਸ ਵੇਲੇ ਸੰਤ ਆਪਣੇ ਘਰ ਆਉਂਦੇ ਹਨ ਤਾਂ ਭੀ ਗੋਬਿੰਦ ਦੀ ਯਾਦ ਨੂੰ ਨਾਲ ਲੈ ਕੇ ਆਉਂਦੇ ਹਨ ॥ ੧ ॥

ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥
ਮਨੁ ਤਨੁ ਰਾਤਾ ਰਾਮ ਕੈ ਰੰਗਿ ॥ ੧ ॥ ਰਹਾਉ ॥

ਹਰਿ ਹਰਿ ਦਾ ਨਾਮ ਹਰ ਵੇਲੇ ਸੰਤਾਂ ਦੇ ਨਾਲ ਰਹਿੰਦਾ ਹੈ।

ਕਿਉਂਕਿ-ਉਨ੍ਹਾਂ ਦਾ ਮਨ ਤਨ ਰਾਮ ਦੇ ਸੰਗ ਵਿਚ ਰੱਤਾ ਹੋਇਆ ਹੈ ॥ ੧ ॥ ਰਹਾਉ ॥

ਗੁਰ ਪਰਸਾਦੀ ਸਾਗਰੁ ਤਰਿਆ ॥
ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥ ੨ ॥

ਉਨ੍ਹਾਂ ਨੇ ਗੁਰਾਂ ਦੀ ਕਿਰਪਾ ਨਾਲ ਸੰਸਾਰ ਸਮੁੰਦ੍ ਨੂੰ ਤਰਨਾ ਕੀਤਾ ਹੈ। ਅਤੇ

ਜਨਮਾਂ ਜਨਮਾਂ ਦੇ ਸਾਰੇ ਕਿਲਵਿਖ=ਪਾਪਾਂ ਨੂੰ ਹਿਰਿਆ=ਨਾਸ ਕੀਤਾ ਹੈ ॥ ੨ ॥

ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥ ੩ ॥

ਪੂਰਿਆਂ ਗੁਰਾਂ ਦਾ ਨਿਰਮਲ ਉਪਦੇਸ਼ ਮਨ ਵਿਚ ਵਸਾਣ ਕਰਕੇ ਉਨ੍ਹਾਂ ਦੀ ਸੁਰਤੀ ਭਗਵੰਤ ਦੀ ਸੋਭਾ ਕਰਨ ਤੇ ਨਾਮ ਸਿਮਰਨ ਵਿਚ ਟਿਕੀ ਰਹਿੰਦੀ ਹੈ।

ਅਥਵਾ:- ਹੇ ਪੁਰਸ਼ਾ ! ਪੂਰਿਆਂ ਗੁਰਾਂ ਦਾ ਨਿਰਮਲ ਮੰਤਰ ਲੈ ਕੇ ਭਗਵੰਤ ਦੇ ਨਾਮ ਸਿਮਰਨ ਵਿਚ ਆਪਣੀ ਸੁਰਤ ਜੋੜਨਾ ਕਰ ਤਾ ਤੇਰੀ ਸੋਭਾ ਹੋਵੇਗੀ।

ਚਰਣ ਕਮਲ ਹਿਰਦੇ ਮਹਿ ਜਾਪੁ ॥
ਨਾਨਕੁ ਪੇਖਿ ਜੀਵੈ ਪਰਤਾਪੁ ॥ ੪ ॥ ੬੮ ॥ ੧੫੭ ॥

ਜੋ ਸੰਤ ਹਿਰਦੇ ਵਿਚ ਪ੍ਰਭੂ ਦੇ ਚਰਨ ਕਵਲਾਂ ਦਾ ਜਾਪ ਕਰਦੇ ਹਨ। ਗੁਰੂ ਜੀ ਕਥਨ ਕਰਦੇ ਹਨ-ਅਜੇਹੇ ਸੰਤਾਂ ਦੇ ਪਰਤਾਪ ਨੂੰ ਵੇਖ ਕੇ ਮੈਂ ਜਿਉਂਦਾ ਹਾਂ ॥ ੪ ॥ ੬੮ ॥ ੧੫੭ ॥

ਗਉੜੀ ਮਹਲਾ ੫ ॥
ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥
ਕੁਸਲ ਖੇਮ ਪ੍ਰਭਿ ਆਪਿ ਬਸਾਏ ॥ ੧ ॥ ਰਹਾਉ ॥

ਇਹ ਥਾਂ ਸ੍ਰੀ ਹਰਿਮੰਦਰ ਸਾਹਿਬ, ਵਾ:-ਸਤਸੰਗ ਧੰਨਤਾ ਦੇ ਜੋਗ ਹੈ ਜਿਥੇ ਗੋਵਿੰਦ ਦੇ ਗੁਣ ਗਾਏ ਜਾਂਦੇ ਹਨ। ਪ੍ਰਭੂ ਨੇ ਆਪ ਹੀ ਇਥੇ ਸਾਰੇ ਸੁਖ ਅਨੰਦ ਵਸਾ ਦਿੱਤੇ ਹਨ।

ਵਾ:-ਪ੍ਰਭੂ ਨੇ ਆਪ ਹੀ ਸੁਖ ਅਨੰਦ ਦੇ ਸਹਿਤ ਸਾਰੇ ਸੰਤ ਇਥੇ ਵਸਾ ਦਿੱਤੇ ਹਨ॥ ੧॥ ਰਹਾਉ॥

ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥
ਕੋਟਿ ਅਨੰਦ ਜਹ ਹਰਿ ਗੁਨ ਗਾਹੀ॥ ੧॥

ਜਿਥੇ ਹਰੀ ਦਾ ਸਿਮਰਨ ਨਹੀਂ ਹੁੰਦਾ ਉਥੇ ਬਿਪਤਾ ਦਾ ਵਾਸਾ ਹੈ।

ਜਿਥੇ ਹਰੀ ਦੇ ਗੁਣ ਗਾਏ ਜਾਂਦੇ ਹਨ ਉਥੇ ਕ੍ਰੋੜਾਂ ਆਨੰਦ ਵਸਦੇ ਹਨ॥ ੧॥

ਹਰਿ ਬਿਸਰਿਐ ਦੁਖ ਰੋਗ ਘਨੇਰੇ॥ ਪ੍ਰਭ ਸੇਵਾ ਜਮੁ ਲਗੈ ਨ ਨੇਰੇ॥ ੨॥

ਹਰੀ ਦੇ ਭੁਲਣ ਕਰਕੇ ਘਨੇਰੇ=ਬਹੁਤੇ ਦੁਖ ਤੇ ਰੋਗ ਆ ਕੇ ਲੱਗਦੇ ਹਨ।

ਪ੍ਰਭੂ ਦੀ ਸੇਵਾ=ਸਿਮਰਨ ਭਗਤੀ ਕਰਨ ਵਾਲਿਆਂ ਦੇ ਜਮ ਭੀ ਨੇੜੇ ਨਹੀਂ ਲਗਦਾ॥ ੨॥

ਸੋ ਵਡਭਾਗੀ ਨਿਹਚਲ ਥਾਨੁ॥ ਜਹ ਜਪੀਐ ਪ੍ਰਭ ਕੇਵਲ ਨਾਮੁ॥ ੩॥

ਉਹ ਵੱਡਿਆਂ ਭਾਗਾਂ ਵਾਲਾ ਨਿਸਚਲ ਅਸਥਾਨ ਹੈ। ਜਿਸ ਸਤਸੰਗ ਅਸਥਾਨ ਤੇ ਕੇਵਲ=ਸ਼ੁਧ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ॥ ੩॥

ਜਹ ਜਾਈਐ ਤਹ ਨਾਲਿ ਮੇਰਾ ਸੁਆਮੀ॥
ਨਾਨਕ ਕਉ ਮਿਲਿਆ ਅੰਤਰਜਾਮੀ॥ ੪॥ ੮੯॥ ੧੫੮॥

ਜਿਥੇ ਅਸੀਂ ਜਾਂਦੇ ਹਾਂ, ਉਥੇ ਹੀ ਮੇਰਾ ਸੁਆਮੀ ਮੇਰੇ ਨਾਲ ਹੈ। ਗੁਰੂ ਜੀ ਕਥਨ ਕਰਦੇ ਹਨ-ਉਹ ਅੰਤਰਜਾਮੀ ਪ੍ਰਭੂ ਮੇਰੀ ਸ਼ਰਧਾ ਵੇਖਕੇ ਮੈਨੂੰ ਮਿਲਿਆ ਹੈ॥ ੪॥ ੮੯॥ ੧੫੮॥

ਗਉੜੀ ਮਹਲਾ ੫ ॥

ਕਿਸੀ ਸਿਖ ਨੇ ਪੁਛਿਆ ਪੜ੍ਹਿਆ ਹੋਇਆ ਮੁਕਤੀ ਨੂੰ ਪਾਂਵਦਾ ਹੈ, ਜਾਂ ਕਿ ਅਨਪੜ੍ਹਿਆ ਪੁਰਸ਼ ਮੁਕਤੀ ਨੂੰ ਪਾਂਦਾ ਹੈ ? *ਗੁਰ ਉੱਤਰ:-*

ਜੋ ਪ੍ਰਾਣੀ ਗੋਵਿੰਦੁ ਧਿਆਵੈ॥ ਪੜਿਆ ਅਣਪੜਿਆ ਪਰਮ ਗਤਿ ਪਾਵੈ॥ ੧॥

ਜੋ ਪ੍ਰਾਣੀ=ਮਨੁੱਖ ਗੋਬਿੰਦ ਨੂੰ ਧਿਆਉਂਦਾ ਹੈ। ਭਾਵੇਂ ਉਹ ਪੜ੍ਹਿਆ ਹੋਇਆ ਹੈ,

ਭਾਵੇਂ ਅਣਪੜ੍ਹ ਹੈ, ਉਹ ਜ਼ਰੂਰ ਮੁਕਤੀ ਨੂੰ ਪਾਂਦਾ ਹੈ॥ ੧॥

ਓਥੇ ਪੜ੍ਹਿਆਂ ਹੋਇਆਂ ਦਾ ਕੋਈ ਲਿਹਾਜ਼ ਨਹੀਂ, ਜਿਸ ਤਰ੍ਹਾਂ ਦਾ ਕੋਈ ਕਰਮ ਕਰਦਾ ਹੈ ਉਸੇ ਤਰ੍ਹਾਂ ਦਾ ਫਲ ਪਾਂਦਾ ਹੈ।

ਯਥਾ:- ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥ *(ਆਸਾ ਦੀ ਵਾਰ ਪੰਨਾ ੪੬੯)*

ਬਹੁਤੇ ਪੜ੍ਹਨ ਨਾਲ ਕੋਈ ਪਰਮਾਰਥ ਦੀ ਪ੍ਰਾਪਤੀ ਨਹੀਂ ਹੁੰਦੀ, ਜਿਵੇਂ ਕਬੀਰ ਜੀ ਨੇ ਕਿਹਾ ਹੈ-

ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥
ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥ ੪੫॥

ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨੁ ਨਾਵੈ ਝੂਠਾ ਧਨੁ ਮਾਲੁ ॥ ੧ ॥ ਰਹਾਉ ॥

ਇਸ ਲਈ ਸੰਤਾਂ ਨਾਲ ਮਿਲਕੇ ਪਰਮੇਸ਼ਰ ਨੂੰ ਸਿਮਰਨਾ ਕਰ। ਕਿਉਂਕਿ-

ਨਾਮ ਤੋਂ ਬਿਨਾਂ ਸਾਰਾ ਧਨ ਮਾਲ ਝੂਠਾ ਹੈ॥ ੧॥ ਰਹਾਉ॥

[ਪੰਨਾ ੧੯੮]

ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥ ੨ ॥

ਓਹੀ ਪੁਰਸ਼ ਸੁੰਦਰ ਰੂਪ ਵਾਲਾ ਹੈ, ਬੁਧੀ ਕਰਕੇ ਚਤੁਰ ਹੈ, ਵਾਕਾਂ ਕਰਕੇ ਸਿਆਣਾ ਹੈ।

ਜਿਸ ਪੁਰਸ਼ ਨੇ ਪ੍ਰਭੂ ਦਾ ਭਾਣਾ ਸਚ ਕਰਕੇ ਮੰਨਿਆ ਹੈ॥ ੨॥

ਜਗ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਣਾ ਸੁਆਮੀ ਜਾਣੁ ॥ ੩ ॥

ਉਹ ਪੁਰਸ਼ ਜਗਤ ਵਿਚ ਆਇਆ ਹੋਇਆ ਪ੍ਰਮਾਣੀਕ ਹੈ,

ਵਾ:-ਜਗਤ ਵਿੱਚ ਉਸ ਦਾ ਆਇਆ ਸਫਲ ਹੈ।

ਜੋ ਸਾਰਿਆਂ ਘਟਾਂ ਘਟਾਂ ਵਿਚ ਆਪਣੇ ਸੁਆਮੀ ਪਰਮਾਤਮਾ ਨੂੰ ਜਾਣਦਾ ਹੈ॥ ੩॥

ਕਹੁ ਨਾਨਕ ਜਾ ਕੇ ਪੂਰਨ ਭਾਗ ॥
ਹਰਿ ਚਰਣੀ ਤਾ ਕਾ ਮਨੁ ਲਾਗ ॥ ੪ ॥ ੯੦ ॥ ੧੫੯ ॥

ਗੁਰੂ ਜੀ ਕਥਨ ਕਰਦੇ ਹਨ ਜਿਸ ਦੇ ਪੂਰਨ ਭਾਗ ਹਨ,

ਹਰੀ ਦੇ ਚਰਨਾਂ ਨਾਲ ਉਸ ਦਾ ਮਨ ਲਗਦਾ ਹੈ॥ ੪॥ ੯੦॥ ੧੫੯॥

ਗਉੜੀ ਮਹਲਾ ੫ ॥

ਪ੍ਰਸ਼ਨ:-ਸਿਮਰਨ ਕਰਨ ਵਾਲੇ ਹਰੀ ਦੇ ਦਾਸਾਂ ਦਾ, ਤੇ ਸੰਸਾਰੀ ਪੁਰਸ਼ਾਂ ਦਾ ਆਪਸ ਵਿੱਚ ਕੋਈ ਸਬੰਧ ਹੈ ਯਾਂ ਨਹੀਂ? *ਗੁਰ ਉੱਤਰ:-*

ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥

ਭਜਨ ਸਿਮਰਨ ਕਰਨ ਵਾਲੇ ਹਰੀ ਦੇ ਦਾਸ ਨਾਲ ਸਾਕਤ ਪੁਰਸ਼ ਦਾ ਕੋਈ ਸੰਗੁ=ਸਬੰਧ ਨਹੀਂ ਹੈ।

ਯਥਾ:- ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ *(ਪੰਨਾ ੧੪੫)*

ਓਹੁ ਬਿਖਈ ਓਸੁ ਰਾਮ ਕੋ ਰੰਗੁ ॥ ੧ ॥ ਰਹਾਉ ॥

ਕਿਉਂਕਿ ਉਹ ਵਿਸ਼ੱਈ ਸਾਕਤ ਪੁਰਸ਼ ਵਿਸ਼ੇ ਰਸਾਂ ਦਾ ਪਿਆਰਾ ਹੈ, ਅਤੇ ਉਸ ਦਾਸ ਨੂੰ ਰਾਮ ਦਾ ਰੰਗੁ=ਪ੍ਰੇਮ, ਵਾ:-ਆਨੰਦ ਹੈ॥ ੧॥ ਰਹਾਉ॥

ਪ੍ਰਭੂ ਦੇ ਦਾਸਾਂ ਦਾ ਤੇ ਸਾਕਤਾਂ ਦਾ ਆਪਸ ਵਿੱਚ ਕੋਈ ਸਬੰਧ ਨਹੀਂ ਇਸ ਗੱਲ ਦੇ ਨਿਸਚੇ ਕਰਾਉਣ ਲਈ ਛੇ ਦ੍ਰਿਸ਼ਟਾਂਤ ਦੇਂਦੇ ਹਨ।

ਮਨ ਅਸਵਾਰ ਜੈਸੇ ਤੁਰੀ ਸੀਗਾਰੀ॥ ਜਿਉ ਕਾਪੁਰਖੁ ਪੁਚਾਰੈ ਨਾਰੀ॥ ੧॥

ਜਿਸ ਤਰ੍ਹਾਂ ਇਕ ਪੁਰਸ਼ ਮਨ+ਅਸਵਾਰ=ਅਨ ਸਵਾਰ ਹੈ ਕਦੇ ਭੀ ਘੋੜੀ ਉੱਤੇ ਚੜ੍ਹਿਆ ਨਹੀਂ, ਤੇ ਦੂਜੇ ਪੁਰਸ਼ ਨੇ ਖੂਬ ਤੁਰੀ=ਘੋੜੀ ਸ਼ਿੰਗਰੀ ਹੋਈ ਹੈ, ਅਰਥਾਤ ਘੋੜੀ ਉੱਤੇ ਚੜ੍ਹਕੇ ਥੋੜ੍ਹੇ ਸਮੇਂ ਵਿੱਚ ਕਈ ਮੀਲ ਪੈਂਡਾ ਕਰ ਆਉਂਦਾ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ ?

ਜਿਸ ਤਰ੍ਹਾਂ ਇਕ ਪੁਰਸ਼ ਕਾਪੁਰਖੁ=ਹੀਜੜਾ ਹੈ, ਅਤੇ ਦੂਜਾ ਪੁਰਸ਼ ਨਾਰੀ=ਇਸਤ੍ਰੀ ਨੂੰ ਪੁਚਾਰਦਾ, ਭਾਵ ਇਸਤ੍ਰੀ ਨਾਲ ਪਿਆਰ ਕਰਕੇ ਮਨ ਭਾਉਂਦੀਆਂ ਗੱਲਾਂ ਕਰਦਾ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ? ॥ ੧ ॥

ਬੈਲ ਕਉ ਨੇੜਾ ਪਾਇ ਦੁਹਾਵੈ॥ ਗਊ ਚਰਿ ਸਿੰਘ ਪਾਛੈ ਪਾਵੈ॥ ੨ ॥

ਜਿਵੇਂ ਇਕ ਪੁਰਸ਼ ਬੈਲਾਂ ਨੂੰ ਚਰਾਂਵਦਾ ਹੈ, ਅਤੇ ਦੂਜਾ ਪੁਰਸ਼ ਗਊ ਦੀਆਂ ਲੱਤਾਂ ਵਿੱਚ ਨੇੜਾ=ਨਿਆਣਾ ਪਾ ਕੇ ਦੁਧ ਨੂੰ ਦੁਹਾਵੈ=ਚੋਂਦਾ ਹੈ, ਇਨ੍ਹਾਂ ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ ?

ਜਿਵੇਂ ਇਕ ਪੁਰਸ਼ ਗਊ+ਚਰਿ=ਗਊਆਂ ਨੂੰ ਚਰਾਂਵਦਾ ਹੈ, ਅਤੇ ਦੂਜਾ ਪੁਰਸ਼ ਸਿੰਘ=ਸ਼ੇਰ ਦੇ ਪਿਛੇ ਪੈਂਦਾ, ਭਾਵ ਸ਼ੇਰ ਦਾ ਸ਼ਿਕਾਰ ਖੇਡਦਾ ਹੈ।

ਇਨ੍ਹਾਂ ਦੋਹਾਂ ਦਾ ਆਪਸ ਵਿੱਚ ਕੀ ਸਬੰਧ ਹੈ? ॥ ੨ ॥

ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥ ੩ ॥

ਜਿਵੇਂ ਇਕ ਪੁਰਸ਼ ਗਾਡਰ=ਭੇਡਾਂ ਨੂੰ ਲੈ ਕੇ ਚਰਾਉਂਦਾ ਹੈ, ਅਤੇ ਦੂਜਾ ਪੁਰਸ਼ ਕਾਮਧੇਨ ਗਊ ਦੀ ਪੂਜੀ=ਪੂਜਾ ਕਰਦਾ ਹੈ, ਇਨ੍ਹਾਂ ਦੋਹਾਂ ਦਾ ਆਪਸ ਵਿੱਚ ਕੀ ਸਬੰਧ ਹੈ ?

ਜਿਵੇਂ ਇਕ ਪੁਰਸ਼ ਪੂੰਜੀ ਲੈ ਕੇ ਸੌਦੇ ਖਰੀਦਨ ਨੂੰ ਧਾਵੈ=ਦੌੜਦਾ ਹੈ, ਅਤੇ ਦੂਜਾ ਪੁਰਸ਼ ਪੂੰਜੀ ਤੋਂ ਬਿਨਾਂ ਹੈ, ਇਨ੍ਹਾਂ ਦੋਹਾਂ ਦਾ ਆਪਸ ਵਿੱਚ ਕੀ ਸਬੰਧ ਹੈ? ॥ ੩ ॥

ਅਰਥਾਤ ਜਿਵੇਂ ਇਨ੍ਹਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ ਤਿਵੇਂ ਹਰੀ ਦੇ ਦਾਸਾਂ ਦਾ ਤੇ ਸਾਕਤਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ ਹੈ।

ਦੂਜਾ ਅਰਥ:-ਇਸ ਅਰਥ ਵਿਚ ਇੱਕ ਮਨੁੱਖ ਦੀ ਹੀ ਸੰਭਾਵਨਾ ਰਖਣੀ।

ਮਨ ਅਸਵਾਰ ਜੈਸੇ ਤੁਰੀ ਸੀਗਾਰੀ॥ ਜਿਉ ਕਾਪੁਰਖੁ ਪੁਚਾਰੈ ਨਾਰੀ॥ ੧॥

ਜਿਵੇਂ ਮਨ+ਅਸਵਾਰ=ਅਨ ਸਵਾਰ ਅਰਥਾਤ ਸਵਾਰੀ ਨਾ ਕਰ ਸਕਣ ਵਾਲੇ ਪੁਰਸ਼ ਦਾ ਸ਼ਿੰਗਾਰੀ ਹੋਈ ਤੁਰੀ=ਘੋੜੀ ਉਤੇ ਚੜ੍ਹਣ ਦਾ ਕੀ ਸਬੰਧ ਹੈ। ਅਤੇ ਜਿਵੇਂ ਕਾਪੁਰਖੁ=ਹੀਜੜੇ ਦਾ ਇਸਤ੍ਰੀ ਦੇ ਪਚਾਰੈ=ਪੁਚਾਰਨ ਨਾਲ ਕੀ ਸਬੰਧ ਹੈ ਭਾਵ ਕੋਈ ਸਬੰਧ ਨਹੀਂ।

ਬੈਲ ਕਉ ਨੇੜਾ ਪਾਇ ਦੁਹਾਵੈ॥ ਗਊ ਚਰਿ ਸਿੰਘ ਪਾਛੈ ਪਾਵੈ॥ ੨॥

ਜਿਵੇਂ ਬੈਲ ਨੂੰ ਨੇੜਾ=ਨਿਆਣਾ ਪਾ ਕੇ ਕੋਈ ਦੁਹਾਵੈ=ਚੋਵੇ ਤਾਂ ਉਸ ਦਾ ਦੁੱਧ ਨਾਲ ਕੀ ਸਬੰਧ ਹੈ ਭਾਵ ਕੋਈ ਸਬੰਧ ਨਹੀਂ, ਪਿਸ਼ਾਬ ਨਾਲ ਭਾਵੇਂ ਸਬੰਧ ਹੋ ਜਾਵੇ।

ਜਿਵੇਂ ਕੋਈ ਗਊਆਂ ਦੇ ਚਰਾਣ ਵਾਲਾ ਵਾਗੀ ਪੁਰਸ਼ ਗਊ ਉੱਤੇ ਚੜ੍ਹਕੇ ਸਿੰਘ=ਸ਼ੇਰ ਦੇ ਮਾਰਨ ਪਿੱਛੇ ਪਵੇ ਤਾਂ ਉਸ ਦਾ ਸ਼ੇਰ ਦੇ ਮਾਰਨ ਨਾਲ ਕਿਵੇਂ ਸਬੰਧ ਹੋਵੇਗਾ, ਭਾਵ ਨਹੀਂ ਹੋਵੇਗਾ ਕਿਉਂਕਿ ਜਿਸ ਵੇਲੇ ਸ਼ੇਰ

ਨੇ ਭਬਕ ਮਾਰਨੀ ਹੈ ਓਸੇ ਵੇਲੇ ਗਊ ਨੇ ਦੌੜ ਜਾਣਾ ਹੈ॥ ੨॥

ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥ ੩॥

ਜਿਵੇਂ ਗਾਡਰ=ਭੇਡਾਂ ਦੇ ਲੈਣ ਵਾਲੇ ਦਾ ਭਾਵ ਭੇਡਾਂ ਦੇ ਖਰੀਦਣ ਵਾਲੇ ਦਾ ਕਾਮਧੇਨ ਗਊ ਦੀ ਪੂਜਾ ਕਰਨ ਨਾਲ ਕੀ ਸਬੰਧ ਹੈ ਭਾਵ ਕੋਈ ਸਬੰਧ ਨਹੀਂ।

ਜਿਵੇਂ ਕੋਈ ਪੂੰਜੀ=ਰੁਪਇਆਂ ਤੋਂ ਬਿਨਾਂ ਸੌਦੇ ਖਰੀਦਣ ਨੂੰ ਦੌੜੇ ਤਾਂ ਉਸ ਦਾ ਸੌਦੇ ਖਰੀਦਣ ਨਾਲ ਕੀ ਸਬੰਧ ਹੈ ਭਾਵ ਕੋਈ ਨਹੀ॥ ੩॥

ਏਸੇ ਤਰ੍ਹਾਂ ਹਰੀ ਦੇ ਦਾਸਾਂ ਨਾਲ ਸਾਕਤਾਂ ਦਾ ਕੋਈ ਸਬੰਧ ਨਹੀਂ ਹੈ। ਕਿਉਂਕਿ ਸਾਕਤਾਂ ਦੇ ਕਹਿਣ ਨਾਲ ਕੁਝ ਨਹੀਂ ਹੁੰਦਾ, ਤੇ ਹਰੀ ਦੇ ਦਾਸ ਜੋ ਭੀ ਮੂੰਹੋਂ ਆਖਦੇ ਹਨ ਉਹ ਪਰਮੇਸ਼ਰ ਪੂਰਾ ਕਰੀ ਜਾਂਦਾ ਹੈ

ਯਥਾ:-***ਜੋ ਜੋ ਚਿਤਵੈ ਦਾਸੁ ਹਰਿ ਮਾਈ॥ ਸੋ ਸੋ ਕਰਤਾ ਆਪਿ ਕਰਾਈ॥ ੧॥***

(ਗਉੜੀ ਮਹਲਾ ੫, ਪੰਨਾ ੨੦)

ਤੀਜਾ ਅਰਥ:-ਪਹਿਲੇ ਦ੍ਰਿਸ਼ਟਾਂਤ ਦੇ ਅਨੁਸਾਰ ਹੁਣ ਦਾ ਦ੍ਰਿਸ਼ਟਾਂਤ ਕਥਨ ਕਰਦੇ ਹਨ।

ਮਨ ਅਸਵਾਰ ਜੈਸੇ ਤੁਰੀ ਸੀਗਾਰੀ॥ ਜਿਉ ਕਾਪੁਰਖੁ ਪੁਚਾਰੈ ਨਾਰੀ॥ ੧॥

ਜਿਵੇਂ ਇਕ ਪੁਰਸ਼ ਤਾਂ ਅਨ ਸਵਾਰ ਹੈ ਭਾਵ ਜਪ ਤਪ ਆਦਿਕ ਸਾਧਨਾਂ ਤੋਂ ਰਹਿਤ ਹੈ। ਅਤੇ ਦੂਜੇ ਨੇ ਜਪ ਤਪ ਆਦਿਕ ਸ਼ਿੰਗਰ ਕਰਕੇ ਤੁਰੀਆ ਪਦ ਰੂਪੀ ਘੋੜੀ ਸ਼ਿੰਗਾਰੀ ਹੋਈ ਹੈ ਭਾਵ ਚੌਥੀ ਭੂਮਿਕਾ ਵਿਚ ਇਸਥਿਤ ਹੈ ਇਨ੍ਹਾਂ ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ।

ਜਿਵੇਂ ਇਕ ਪੁਰਸ਼ ਤਾਂ ਕਾਪੁਰਖੁ=ਹੀਜੜਾ ਹੈ ਭਾਵ ਸ਼ਰਧਾ ਰੂਪ ਬੀਰਜ ਤੋਂ ਰਹਿਤ ਹੈ। ਅਤੇ ਦੂਜੇ ਨੇ ਮਾਇਆ ਰੂਪੀ ਨਾਰੀ ਨੂੰ ਪੁਚਾਰੈ=ਪਚੀ ਭਾਵ ਮਿਥਿਆ ਰੂਪ ਨਿਸਚੇ ਕੀਤਾ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ॥ ੧॥

ਬੈਲ ਕਉ ਨੇੜਾ ਪਾਇ ਦੁਹਾਵੈ॥ ਗਊ ਚਰਿ ਸਿੰਘ ਪਾਛੈ ਪਾਵੈ॥ ੨॥

ਜਿਵੇਂ ਇਕ ਪੁਰਸ਼ ਤਾਂ ਬੈਲ=ਅਧਰਮੀ, ਵਾ:- ਆਲਸੀ ਹੈ।

ਅਤੇ ਦੂਜੇ ਪੁਰਸ਼ ਨੇ ਉਪਨਿਸ਼ਦਾਂ ਰੂਪੀ ਗਊਆਂ ਨੂੰ ਨਿਸਚਾ ਰੂਪੀ ਨੇੜ੍ਹਾ=ਨਿਆਣਾ ਪਾ ਕੇ ਹਰੀ ਜਸ ਕਰਨੇ ਰੂਪੀ ਦੁਧ ਚੋਣਾ ਕੀਤਾ ਹੈ ਇਨ੍ਹਾਂ ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ।

ਇਕ ਪੁਰਸ਼ ਤਾਂ ਇੰਦ੍ਰੀਆਂ ਰੂਪੀ ਗਊਆਂ ਨੂੰ ਵਿਸ਼ਿਆਂ ਰੂਪੀ ਘਾਹ ਚਰਾਉਂਦਾ ਹੈ, ਅਤੇ ਦੂਜਾ ਪੁਰਸ਼ ਮਲਣ ਹੰਕਾਰ ਰੂਪੀ ਸ਼ੇਰ ਦੇ ਪਿਛੇ ਪੈਂਦਾ ਹੈ, ਭਾਵ ਮਲਣ ਹੰਕਾਰ ਨੂੰ ਦੂਰ ਕਰਦਾ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ।

ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥ ੩॥

ਇਕ ਪੁਰਸ਼ ਤਾਂ ਗਾਡਰ ਲੇ=ਅਭਗਤੀ ਦੀ ਪੂਜਾ ਕਰਦਾ ਹੈ, ਅਤੇ ਦੂਜਾ ਪੁਰਸ਼ ਕਾਮਧੇਨੁ=ਭਗਤੀ ਦੀ ਪੂਜਾ ਕਰਦਾ ਹੈ। ਇਨ੍ਹਾਂ ਦੋਹਾਂ ਦਾ ਆਪਸ ਵਿੱਚ ਕੀ ਸਬੰਧ ਹੈ, ਭਾਵ ਕੋਈ ਸਬੰਧ ਨਹੀਂ। ਜਿਵੇਂ ਇਕ ਪੁਰਸ਼ ਤਾਂ ਪ੍ਰੀਤੀ ਰੂਪੀ ਪੂੰਜੀ ਲੈ ਕੇ ਨਾਮ ਰੂਪੀ ਸੌਦੇ ਦੇ ਖਰੀਦਣ ਨੂੰ ਦੌੜਦਾ ਹੈ ਅਤੇ ਦੂਜਾ ਪੁਰਸ਼ ਪ੍ਰੀਤੀ ਰੂਪੀ ਪੂੰਜੀ ਤੋਂ ਬਿਨਾਂ ਹੈ ਜਿਵੇਂ ਇਨ੍ਹਾਂ ਦਾ ਆਪਸ ਵਿੱਚ ਕੋਈ ਸਬੰਧ ਨਹੀਂ ਹੈ। ਤਿਵੇਂ ਹਰੀ ਦੇ ਦਾਸਾਂ ਨਾਲ ਸਾਕਤਾਂ ਦਾ ਕੋਈ ਸਬੰਧ ਨਹੀਂ ਹੈ॥ ੩॥

ਚੌਥਾ ਅਰਥ:-ਦੂਜੇ ਦ੍ਰਿਸ਼ਟਾਂਤ ਦੇ ਅਨੁਸਾਰ ਦਾ ਦ੍ਰਿਸ਼ਟਾਂਤ ਕਥਨ ਕਰਦੇ ਹਨ-

ਮਨ ਅਸਵਾਰ ਜੈਸੇ ਤੁਰੀ ਸੀਗਾਰੀ॥ ਜਿਉ ਕਾਪੁਰਖੁ ਪੁਚਾਰੈ ਨਾਰੀ॥ ੧॥

ਜਿਵੇਂ ਅਨ ਸਵਾਰ ਭਾਵ ਸਾਧਨ ਸੰਪਤੀ ਤੋਂ ਰਹਿਤ ਪੁਰਸ਼ (ਦਾ ਜਪ ਤਪ ਰੂਪੀ ਸ਼ਿੰਗਾਰ ਦੇ ਸਹਿਤ ਹੋ ਕੇ ਤੁਰੀਆ ਪਦ ਵਿਚ ਇਸਥਿਤ ਹੋਣ ਦਾ ਸਬੰਧ) ਕਿਵੇਂ ਹੋ ਸਕਦਾ ਹੈ।

ਜਿਵੇਂ ਸ਼ਰਧਾ ਰੂਪੀ ਬੀਰਜ ਤੋਂ ਰਹਿਤ ਹੀਜੜੇ ਪੁਰਸ਼ ਦਾ ਨਾਰੀ=ਮਾਇਆ ਦੇ ਪੁਚਾਰੈ=ਪਚੀ ਭਾਵ ਮਿਥਿਆ ਰੂਪ ਨਿਸਚੇ ਕਰਨ ਨਾਲ ਕਿਵੇਂ ਸਬੰਧ ਹੋ ਸਕਦਾ ਹੈ॥ ੧॥

ਬੈਲ ਕਉ ਨੇੜਾ ਪਾਇ ਦੁਹਾਵੈ॥ ਗਊ ਚਰਿ ਸਿੰਘ ਪਾਛੈ ਪਾਵੈ॥ ੨॥

ਜਿਵੇਂ ਬੈਲ=ਅਧਰਮੀ, ਵਾ:-ਆਲਸੀ ਪੁਰਸ਼ ਦਾ ਉਪਨਿਸ਼ਦਾਂ ਰੂਪੀ ਗਊਆਂ ਨੂੰ ਨਿਸਚਾ ਰੂਪ ਨਿਆਣਾ ਪਾ ਕੇ ਹਰੀ ਜਸ ਕਰਨੇ ਰੂਪ ਦੁਧ ਦੇ ਚੋਣ ਨਾਲ ਕਿਵੇਂ ਸਬੰਧ ਹੋ ਸਕਦਾ ਹੈ। ਜਿਵੇਂ ਇੰਦ੍ਰੀਆਂ ਰੂਪੀ ਗਊਆਂ ਨੂੰ ਵਿਸ਼ਿਆਂ ਰੂਪ ਘਾਹ ਚਾਰਨ ਵਾਲੇ ਦਾ ਮਲਨ ਹੰਕਾਰ ਰੂਪੀ ਸ਼ੇਰ ਨੂੰ ਪਿਛੇ ਪਾਵਣ ਨਾਲ ਕਿਵੇਂ ਸਬੰਧ ਹੋ ਸਕਦਾ ਹੈ॥ ੨॥

ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥ ੩॥

ਜਿਵੇਂ ਗਾਡਰ=ਅਭਗਤੀ ਦੀ ਪੂਜਾ ਕਰਨ ਵਾਲੇ ਪੁਰਸ਼ ਦਾ ਕਾਮਧੇਨੁ=ਭਗਤੀ ਦੀ ਪੂਜਾ ਕਰਨ ਨਾਲ ਕਿਵੇਂ ਸਬੰਧ ਹੋ ਸਕਦਾ ਹੈ।

ਜਿਵੇਂ ਪ੍ਰੀਤੀ ਰੂਪੀ ਪੂੰਜੀ ਤੋਂ ਬਿਨਾਂ ਨਾਮ ਰੂਪ ਸੌਦੇ ਦੇ ਖਰੀਦਣ ਨੂੰ ਦੌੜਦਾ ਹੈ ਉਸ ਦਾ ਨਾਮ ਰੂਪ ਸੌਦੇ ਨਾਲ ਕਿਵੇਂ ਸਬੰਧ ਹੋ ਸਕਦਾ ਹੈ। ਅਰਥਾਤ ਜਿਵੇਂ ਉਸ ਦਾ ਨਾਮ ਰੂਪੀ ਸੌਦੇ ਦੇ ਖਰੀਦਣ ਨਾਲ ਸਬੰਧ ਨਹੀਂ ਹੋ ਸਕਦਾ, ਤਿਵੇਂ ਹਰੀ ਦੇ ਦਾਸਾਂ ਨਾਲ ਸਾਕਤਾਂ ਦਾ ਸਬੰਧ ਨਹੀਂ ਹੋ ਸਕਦਾ ਹੈ॥ ੩॥

ਪੰਜਵਾਂ ਅਰਥ:-ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ॥ ਓਹੁ ਬਿਖਈ ਓਸੁ ਰਾਮ ਕੋ ਰੰਗੁ॥

ਹਰੀ ਦੇ ਦਾਸਾਂ ਦਾ ਸਾਕਤਾਂ ਨਾਲ ਕੋਈ ਸਬੰਧ ਨਹੀਂ ਹੈ ਕਿਉਂਕਿ ਉਹ ਹਰੀ ਦੇ ਦਾਸ ਉਸ ਰਾਮ ਦੇ ਨਾਮ ਰੂਪ ਬਿਖਈ=ਵਿਸ਼ੇ ਨਾਲ ਰੰਗੁ=ਪ੍ਰੇਮ ਕਰਦੇ ਹਨ।

ਮਨ ਅਸਵਾਰ ਜੈਸੇ ਤੁਰੀ ਸੀਗਾਰੀ॥ ਜਿਉ ਕਾਪੁਰਖੁ ਪੁਚਾਰੈ ਨਾਰੀ॥ ੧॥

ਜਿਵੇਂ ਇਹ ਗਲ ਸੱਚੀ ਹੈ, ਕਿ ਉਹ ਹਰੀ ਦਾ ਦਾਸ ਜਪ ਤਪ ਰੂਪ ਸ਼ਿੰਗਾਰ ਕਰਕੇ ਅਤੇ ਮਨ ਉੱਤੇ ਅਸਵਾਰ ਭਾਵ ਮਨ ਨੂੰ ਜਿੱਤ ਕੇ ਤੁਰੀਆ ਪਦ ਵਿਚ ਇਸਥਿਤ ਹੋਇਆ ਹੈ।

ਤੇ ਉਸ ਪੁਰਸ਼ ਨੂੰ ਅਕਾਲ ਪੁਰਖ ਦਾ "ਕਾ"=ਸੁਖ ਪ੍ਰਾਪਤ ਹੋਇਆ ਹੈ ਅਤੇ ਉਸ ਨੇ ਮਾਇਆ ਰੂਪੀ ਨਾਰੀ ਨੂੰ "ਪੁਚਾਰੈ"=ਮਿਥਿਆ ਰੂਪ ਨਿਸ਼ਚੇ ਕੀਤਾ ਹੈ॥ ੧॥

ਬੈਲ ਕਉ ਨੇੜਾ ਪਾਇ ਦੁਹਾਵੈ॥ ਗਊ ਚਰਿ ਸਿੰਘ ਪਾਛੈ ਪਾਵੈ॥ ੨॥

ਬੈਲ=ਬ੍ਰਹਮ ਗਿਆਨ ਵਿਚ ਨੇੜਾ=ਨਿਸਚਾ ਪਾ ਕੇ ਦੁ+ਹਾਵੈ=ਦੋ ਰਾਗ ਦ੍ਵੈਸ਼, ਹਰਖ ਸੋਗ, ਪਾਪ ਪੁੰਨ, ਜਨਮ ਮਰਨ ਇਹਨਾਂ ਸਾਰਿਆਂ ਨੂੰ ਹਾਵੈ=ਹਤ (ਨਾਸ) ਕੀਤਾ ਹੈ। ਆਸਾ ਰਾਗ ਵਿਚ ਬੈਲ ਨੂੰ ਬ੍ਰਹਮ ਗਿਆਨ ਕਥਨ ਕੀਤਾ ਹੈ।

ਯਥਾ:- ***ਬਾਹਰਿ ਬੈਲੁ ਗੋਨਿ ਘਰਿ ਆਈ॥*** (ਆਸਾ ਪੰਨਾ ੪੮੧)

ਗਉ+ਚਰਿ=ਇੰਦ੍ਰੀਆਂ ਦੇ ਚਰਾਣ ਵਾਲਾ ਜੋ ਸਿੰਘ=ਚੇਤਨ ਹੈ ਉਸ ਦੇ ਪਿਛੇ ਆਪਣੇ ਆਪ ਨੂੰ ਪਾਵੇ॥ ੨॥

ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥ ੩॥

ਪਹਿਲੇ ਅਗਿਆਨ ਕਾਲ ਵਿਚ ਜੋ ਜਮਾਂ ਦਾ ਡਰ ਲੇ=ਲੀਤਾ ਹੋਇਆ ਭਾਵ ਧਾਰਿਆ ਹੋਇਆ ਸੀ ਉਹ ਹੁਣ "ਗਾ"=ਚਲਾ ਗਿਆ ਹੈ ਤੇ ਮੋਖ-ਰੂਪ ਕਾਮ ਧੇਨ ਨੂੰ ਪੂਜ ਗਿਆ ਹੈ।

ਕਰਮਾਂ ਰੂਪੀ, ਵਾ:-ਅਵਿੱਦਿਆ ਰੂਪੀ ਪੂੰਜੀ ਤੋਂ ਬਿਨਾਂ ਹੋਣ ਕਰਕੇ ਸੰਸਾਰਕ ਸੌਦੇ ਕਰਨੇ ਸਭ ਉਸ ਦੇ ਧਾਵੈ=ਧਾ ਗਏ ਅਰਥਾਤ ਨਵਿਰਤ ਹੋ ਗਏ ਹਨ॥ ੩॥

ਨਾਨਕ ਰਾਮ ਨਾਮੁ ਜਪਿ ਚੀਤ॥
ਸਿਮਰਿ ਸੁਆਮੀ ਹਰਿ ਸਾ ਮੀਤ॥ ੪॥ ੯੧॥ ੧੬੦॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਚਿਤ ਵਿਖੇ ਰਾਮ ਨਾਮ ਜਪਣਾ ਕਰ, ਸਾ=ਉਹ ਜੋ ਹਰੀ ਮਿਤਰ ਹੈ ਉਸ ਸੁਆਮੀ ਨੂੰ ਸਿਮਰਨਾ ਕਰ॥ ੪॥ ੯੧॥ ੧੬੦॥

ਗਉੜੀ ਮਹਲਾ ੫॥

ਸਾ ਮਤਿ ਨਿਰਮਲ ਕਹੀਅਤ ਧੀਰ॥ ਰਾਮ ਰਸਾਇਣੁ ਪੀਵਤ ਬੀਰ॥ ੧॥

ਬੀਰ=ਹੇ ਭਾਈ ! ਉਹ ਬੁੱਧੀ ਨਿਰਮਲ, ਅਤੇ ਧੀਰਜਵਾਨ ਕਹੀ ਜਾਂਦੀ ਹੈ।

ਜੋ ਰਸਾਇਣੁ=ਰਸਾਂ ਦਾ ਘਰ ਜੋ ਰਾਮ ਹੈ ਉਸ ਦੇ ਨਾਮ ਅੰਮ੍ਰਿਤ ਨੂੰ ਪੀਂਦੀ ਹੈ॥ ੧॥

ਹਰਿ ਕੇ ਚਰਣ ਹਿਰਦੈ ਕਰਿ ਓਟ॥
ਜਨਮ ਮਰਣ ਤੇ ਹੋਵਤ ਛੋਟ॥ ੧॥ ਰਹਾਉ॥

ਹੇ ਪੁਰਸ਼ਾ ! ਹਿਰਦੇ ਵਿਚ ਹਰੀ ਦੇ ਚਰਨਾਂ ਦੀ ਓਟ ਨੂੰ ਧਾਰਨਾ ਕਰ।

ਤਾਂ ਜਨਮ ਮਰਨ ਵਲੋਂ ਤੇਰਾ ਛੁਟਕਾਰਾ ਹੋ ਜਾਏਗਾ॥ ੧॥ ਰਹਾਉ॥

ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ॥
ਰਾਮ ਰੰਗਿ ਨਿਰਮਲ ਪਰਤਾਪੁ॥ ੨॥

ਉਹ ਸਰੀਰ ਨਿਰਮਲੁ=ਪਵਿਤ੍ਰ ਹੈ ਜਿਸ ਵਿਚ ਕੋਈ ਪਾਪ ਉਤਪੰਨ ਨਹੀਂ ਹੁੰਦਾ।

ਰਾਮ ਨਾਮ ਵਿਚ ਪ੍ਰੇਮ ਸਕਰਨ ਨਾਲ ਸੰਸਾਰ ਵਿਚ ਨਿਰਮਲ ਪਰਤਾਪੁ=ਪਵਿਤ੍ਰ ਜਸ ਹੁੰਦਾ ਹੈ॥ ੨॥

ਸਾਧਸੰਗਿ ਮਿਟਿ ਜਾਤ ਬਿਕਾਰ॥ ਸਭ ਤੇ ਊਚ ਏਹੋ ਉਪਕਾਰ॥ ੩॥

ਸਤਸੰਗਤ ਦੇ ਕਰਨ ਨਾਲ ਜਿਹੜਾ ਸਮੂਹ ਵਿਕਾਰਾਂ ਦਾ ਮਿਟ ਜਾਣਾ ਹੈ।

ਏਹੋ ਸਾਰਿਆਂ ਤੋਂ ਉੱਚਾ ਸਾਧਨ, ਅਤੇ ਸਭ ਤੋਂ ਸ੍ਰੇਸ਼ਟ ਉਪਕਾਰ ਹੈ॥ ੩॥

ਪ੍ਰੇਮ ਭਗਤਿ ਰਾਤੇ ਗੋਪਾਲ ॥
ਨਾਨਕ ਜਾਚੈ ਸਾਧ ਰਵਾਲ ॥ ੪ ॥ ੯੨ ॥ ੧੬੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਗੋਪਾਲ ਦੀ ਪ੍ਰੇਮਾ ਭਗਤੀ ਵਿਚ ਰੱਤੇ ਹੋਏ ਹਨ।
ਉਨ੍ਹਾਂ ਸੰਤਾਂ ਦੇ ਚਰਨਾਂ ਦੀ ਰਵਾਲ=ਧੂੜੀ ਮੰਗਣਾ ਕਰ॥ ੪॥ ੯੨॥ ੧੬੧॥

ਗਉੜੀ ਮਹਲਾ ੫ ॥
ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥
ਮੇਲਿ ਲਏ ਪੂਰਨ ਵਡਭਾਗੀ ॥ ੧ ॥ ਰਹਾਉ ॥

ਜੈਸੀ ਪ੍ਰੀਤੀ ਪੂਰਬ ਕਹੀ ਹੈ, ਐਸੀ ਪ੍ਰੀਤੀ ਗੋਵਿੰਦ ਨਾਲ ਜਿਨ੍ਹਾਂ ਦੀ ਲੱਗੀ ਹੈ।
ਉਨ੍ਹਾਂ ਵਡਭਾਗੀਆਂ ਨੂੰ ਪੂਰਨ=ਪਰਮਾਤਮਾ ਨੇ ਆਪਣੇ ਨਾਲ ਮੇਲ ਲਿਆ ਹੈ॥ ੧ ॥ ਰਹਾਉ ॥

ਭਰਤਾ ਪੇਖਿ ਬਿਗਸੈ ਜਿਉ ਨਾਰੀ ॥ ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥੧ ॥

ਜਿਵੇਂ ਇਸਤ੍ਰੀ ਆਪਣੇ ਭਰਤਾ=ਪਤੀ ਨੂੰ ਵੇਖ ਕੇ ਬਿਗਸੈ=ਹਸਦੀ ਹੈ।
ਤਿਵੇਂ ਹਰੀ ਦੇ ਸੇਵਕ ਜਨ ਨਾਮ ਨੂੰ ਚਿਤਾਰ ਕੇ ਜਿਉਂਦੇ ਹਨ॥ ੧ ॥

ਪੂਤ ਪੇਖਿ ਜਿਉ ਜੀਵਤ ਮਾਤਾ ॥ ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥ ੨ ॥

ਜਿਵੇਂ ਮਾਤਾ ਪੁੱਤਰ ਨੂੰ ਤੇ ਪੁੱਤਰ ਮਾਤਾ ਨੂੰ ਵੇਖ ਕੇ ਜਿਉਂਦੇ ਹਨ।
ਤਿਵੇਂ ਹਰੀ ਦੇ ਸੇਵਕ ਜਨ ਹਰੀ ਨਾਲ ਤਾਣੇ ਪੇਟੇ ਵਾਂਗ ਤਦਾਕਾਰ ਹਨ॥ ੨ ॥

ਲੋਭੀ ਅਨਦੁ ਕਰੈ ਪੇਖਿ ਧਨਾ ॥ ਜਨ ਚਰਨ ਕਮਲ ਸਿਉ ਲਾਗੋ ਮਨਾ ॥ ੩ ॥

ਜਿਵੇਂ ਲੋਭੀ ਪੁਰਸ਼ ਧਨ ਨੂੰ ਆਪਣੇ ਪਾਸ ਵੇਖ ਕੇ ਅਨੰਦ ਭੋਗਣਾ ਕਰਦਾ ਹੈ।
ਤਿਵੇਂ ਹਰੀ ਦੇ ਸੇਵਕ ਜਨ ਦਾ ਮਨ ਵਾਹਿਗੁਰੂ ਦੇ ਚਰਨ ਕਵਲਾਂ ਨਾਲ ਲੱਗ ਰਿਹਾ ਹੈ॥ ੩ ॥

ਬਿਸਰੁ ਨਹੀ ਇਕੁ ਤਿਲੁ ਦਾਤਾਰ ॥
ਨਾਨਕ ਕੇ ਪ੍ਰਭ ਪ੍ਰਾਨ ਅਧਾਰ ॥ ੪ ॥ ੯੩ ॥ ੧੬੨ ॥

ਹੇ ਦਾਤਾਰ ! ਇਕ ਤਿਲ ਮਾਤ੍ਰ ਸਮਾਂ ਭੀ ਆਪ ਮੈਨੂੰ ਭੁਲੋ ਨਾ।
ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਆਪ ਮੇਰੇ ਪ੍ਰਾਣਾਂ ਦਾ ਆਸਰਾ ਹੋ॥ ੪॥ ੯੩॥ ੧੬੨॥

ਗਉੜੀ ਮਹਲਾ ੫ ॥
ਰਾਮ ਰਸਾਇਣਿ ਜੋ ਜਨ ਗੀਧੇ ॥
ਚਰਨ ਕਮਲ ਪ੍ਰੇਮ ਭਗਤੀ ਬੀਧੇ ॥ ੧ ॥ ਰਹਾਉ ॥

ਰਾਮ ਜੋ ਰਸਾਂ ਦਾ ਘਰ ਹੈ ਉਸ ਵਿਚ ਜਿਹੜੇ ਪੁਰਸ਼ ਗੀਧੇ=ਤਦਾਕਾਰ ਹੋਏ ਹਨ।

ਉਹ ਵਾਹਿਗੁਰੂ ਦੇ ਚਰਨ ਕਵਲਾਂ ਦੀ ਪ੍ਰੇਮਾ ਭਗਤੀ ਵਿਚ ਬੀਧੇ=ਵਿੰਨ੍ਹੇ ਗਏ ਹਨ॥ ੧॥ ਰਹਾਉ॥

ਆਨ ਰਸਾ ਦੀਸਹਿ ਸਭਿ ਛਾਰੁ॥ ਨਾਮ ਬਿਨਾ ਨਿਹਫਲ ਸੰਸਾਰ॥ ੧॥

ਨਾਮ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਦੁਨੀਆਂ ਦੇ ਸਾਰੇ ਰਸ ਛਾਰੁ=ਸੁਆਹ ਰੂਪ ਨਿਗਾਹ ਆਉਂਦੇ ਹਨ। ਨਾਮ ਤੋਂ ਬਿਨਾਂ ਸਾਰਾ ਸੰਸਾਰ ਹੀ ਨਿਸਫਲ ਹੈ॥ ੧॥

ਅੰਧ ਕੂਪ ਤੇ ਕਾਢੇ ਆਪਿ॥ ਗੁਣ ਗੋਵਿੰਦ ਅਚਰੰਜ ਪਰਤਾਪ॥ ੨॥

ਉਨ੍ਹਾਂ ਨੂੰ ਅੰਨ੍ਹੇ ਖੂਹ ਸੰਸਾਰ ਚੋਂ ਆਪ ਹੀ ਪਰਮਾਤਮਾ ਨੇ ਬਾਹਰ ਕੱਢ ਲਿਆ ਹੈ।
ਜਿਸ ਗੋਬਿੰਦ ਦੇ ਗੁਣਾਂ ਦਾ ਅਸਚਰਜ ਪ੍ਰਤਾਪ ਹੈ॥ ੨॥

ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ॥
ਬ੍ਰਹਮ ਪਸਾਰੁ ਜੀਅ ਸੰਗਿ ਦਇਆਲ॥ ੩॥

ਵਣਿ=ਬ੍ਰਿੱਛ, ਤ੍ਰਿਣਿ=ਘਾਹ, ਤ੍ਰਿਭਵਣਿ=ਤਿੰਨੇ ਲੋਕ,

ਅਥਵਾ:-ਵਣਿ=ਅੰਤਹਕਰਨ, ਤ੍ਰਿਣਿ=ਇੰਦ੍ਰੀਏ, ਤ੍ਰਿਭਵਣਿ=ਤਿੰਨੇ ਸਰੀਰ=ਸੂਖਮ, ਸਥੂਲ, ਕਾਰਨ ਇਨ੍ਹਾਂ ਸਾਰਿਆਂ ਵਿੱਚ ਗੋਪਾਲ ਪੂਰਨ ਹੈ। ਜਿਸ ਬ੍ਰਹਮ ਦਾ ਇਹ ਸਾਰਾ ਸੰਸਾਰ ਪਸਾਰਾ ਹੈ, ਉਹ ਦਿਆਲੂ ਪਰਮਾਤਮਾ ਜੀਅ ਦੇ ਅੰਗ ਸੰਗ ਹੈ॥ ੩॥

ਕਹੁ ਨਾਨਕ ਸਾ ਕਥਨੀ ਸਾਰੁ॥
ਮਾਨਿ ਲੇਤੁ ਜਿਸੁ ਸਿਰਜਨਹਾਰੁ॥ ੪॥ ੯੪॥ ੧੯੩॥

ਗੁਰੂ ਜੀ ਕਥਨ ਕਰਦੇ ਹਨ-ਉਹ ਕਥਨੀ ਸਾਰੁ=ਸ੍ਰੇਸ਼ਟ ਹੈ। ਜਿਸ ਕਥਨੀ ਨੂੰ ਸਿਰਜਣਹਾਰ ਪਰਮਾਤਮਾ ਮੰਨ ਲੈਂਦਾ ਭਾਵ ਮਨਜ਼ੂਰ ਕਰ ਲੈਂਦਾ ਹੈ॥ ੪॥ ੯੪॥ ੧੯੩॥

ਗਉੜੀ ਮਹਲਾ ੫ ॥

ਉਥਾਨਕਾ:-ਜਿਸ ਵੇਲੇ ਗਰੀਬ ਨਿਵਾਜ਼ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਤੋਂ ਪੋਥੀਆਂ ਲੈ ਕੇ ਖਾਸੇ ਉੱਪਰ ਟਿਕਾਕੇ ਨੰਗੀਂ ਪੈਰੀਂ ਸ੍ਰੀ ਅੰਮ੍ਰਿਤਸਰ ਨੂੰ ਆ ਰਹੇ ਸਨ, ਉਸ ਵੇਲੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਦਿਕ ਸਿੱਖਾਂ ਨੇ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਨਾਲ ਲੈ ਕੇ ਅੱਗੇ ਆ ਕੇ ਮੱਥਾ ਟੇਕਿਆ, ਪ੍ਰਸ਼ਾਦ ਰਖ ਕੇ ਧੂਪ ਧੁਖਾਇਆ, ਤੇ ਸੰਖ ਵਗੈਰਾ ਵਜਾਏ।

ਯਥਾ:-ਪੁਸ਼ਪ ਪ੍ਰਸ਼ਾਦ ਸਿਖ ਗਨ ਲਿਆਏ। ਕਹਿ ਪੁਸਤਕ ਪਰ ਸੋ ਚਢਵਾਏ॥
ਧੂਪ ਧੁਖਾਵਤ ਸੰਖ ਬਜਾਏ। ਜੈ ਜੈ ਮੰਗਲ ਸ਼ਬਦ ਉਠਾਏ॥
ਕਿਰਤਨ ਕਰਤਿ ਸਿਖ ਅਗਵਾਈ। ਸਮੁਖ ਸੁਧਾਸਰ ਗਮਨੇ ਜਾਈ॥
ਚੌਰ ਢੁਰਤਿ ਉਤਸ਼ਾਹ ਬਧਾਵਤ। ਸੰਗਤ ਸੰਗ ਗੁਰੂ ਛਬਿ ਪਾਵਤ॥
ਸੁਧਾ ਸਰੋਵਰ ਪੂਰਬ ਪਾਸੇ। ਥੜਾ ਨਾਮ ਅਬਿ ਲਗਹੁ ਪ੍ਰਕਾਸ਼ੇ॥।
ਤਹਾਂ ਸਥਾਪਤ ਕਰ ਪੋਥੀਨ। ਟਿਕੇ ਨਿਕਟ ਗੁਰ ਆਨੰਦ ਭੀਨ॥

ਉਸ ਵੇਲੇ ਖੁਸ਼ੀਆਂ ਵਿਖੇ ਨਾ ਸਮਾਂਵਦੇ ਹੋਇ ਇਹ ਸ਼ਬਦ ਉਚਾਰਿਆ-

ਹਮ ਧਨਵੰਤ ਭਾਗਠ ਸਚਨਾਇ॥ ਹਰਿਗੁਣ ਗਾਵਹਿ ਸਹਜਿ ਸੁਭਾਇ॥ ੧॥ ਰਹਾਉ॥

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥ ੧॥

ਬਾਅਦ ਵਿਚ ਪ੍ਰਸ਼ਾਦ ਵਰਤਾ ਕੇ ਸੰਧਿਆ ਕਰਕੇ-ਭਾਈ ਬੁੱਢੇ ਜੀ ਨੂੰ ਕਿਹਾ ਆਪ ਏਥੇ ਹੀ ਪੋਥੀਆਂ ਪਾਸ ਬੈਠੋ ਅਤੇ "ਜਾਗ੍ਰਨ ਕਰੋ ਸਿਮਰ ਸਤਿਨਾਮੁ॥ ਕਿਰਤਨ ਹੋਇ ਸੁ ਚਾਰਹੁ ਜਾਮ॥"

ਇਤਨੀ ਗੱਲ ਕਹਿ ਕੇ ਦਰਸ਼ਨੀ ਡਿਉਢੀ ਆ ਕੇ ਸੀਸ ਨਿਵਾਇਆ।

ਅੰਦਰ ਵੜ ਹਰਿਮੰਦਰ ਗਏ। ਚਤੁਰ ਪ੍ਰਦਛਨਾ ਫਿਰ ਤਹਿ ਦਏ॥

ਖਰੇ ਹੋਇ ਕਰ ਸ੍ਰੀ ਦਰਬਾਰ। ਹਾਥ ਜੋੜ ਕਰ ਬਿਨੈ ਉਚਾਰ॥

ਮਸਤਕ ਟੇਕ ਕੇ ਫਿਰ ਮਹਿਲਾਂ ਵਿਚ ਆ ਕੇ ਰਾਤ ਨਿਵਾਸ ਕੀਤਾ, ਅੰਮ੍ਰਿਤ ਵੇਲੇ ਉੱਠਕੇ ਦੁਖ ਭੰਜਨੀ ਬੇਰੀ ਇਸ਼ਨਾਨ ਕਰਕੇ ਥੜ੍ਹੇ ਸਾਹਿਬ ਆ ਬੈਠੇ। ਜਿਸ ਵੇਲੇ ਦਿਨ ਚੜ੍ਹਿਆ ਤਾਂ ਭਾਈ ਗੁਰਦਾਸ ਜੀ ਨੂੰ ਕਿਹਾ ਕੋਈ ਇਕਾਂਤ ਅਸਥਾਨ ਦੇਖੋ ਜਿਥੇ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰੀਏ। ਭਾਈ ਗੁਰਦਾਸ ਜੀ ਨੇ ਹੱਥ ਜੋੜ ਕੇ ਕਿਹਾ ਜੋ ਆਪ ਜੀ ਨੂੰ ਭਾਵੇ ਓਹੀ ਅਸਥਾਨ ਚੰਗਾ ਹੈ। ਉਸ ਵੇਲੇ ਰਮਣੀਕ ਅਸਥਾਨ ਦੇਖਣ ਲਈ ਤੁਰ ਪਏ, ਜਿਥੇ ਹੁਣ ਰਾਮਸਰ ਤੀਰਥ ਹੈ ਇਸ ਅਸਥਾਨ ਤੇ ਪਿਪਲ, ਬੇਰੀ, ਜੰਡ, ਕਰੀਰ, ਆਦਕਾਂ ਦੇ ਬ੍ਰਿੱਛ ਦੇਖਕੇ ਕਿਹਾ-ਇਹ ਅਸਥਾਨ ਪੰਚ ਬਟੀ ਦੇ ਸਮਾਨ ਹੈ।

ਯਥਾ:- ਸ੍ਰੀ ਗੁਰੁ ਦੇਖ ਕਹ੍ਯੋ ਗੁਰਦਾਸ ਕੋ ਪੰਚਬਟੀ ਸਮ ਥਾਨ ਨਿਹਾਰਾ॥

ਬੀਚ ਧਰਾ ਇਕ ਸਾਰ ਜਹਾਂ, ਤਹਿ ਬੈਠਨ ਚਾਹਤ ਚਿਤ ਹਮਾਰਾ॥

ਤੰਬੂ ਕਿਨਾਤ ਇਹਾਂ ਲਗਵਾਵਹੁ ਭਾਖ ਮੰਗਾਵਹੁ ਦਾਸ ਹਕਾਰਾ॥

ਹੈ ਸੁਖਵੰਤ ਇਕੰਤ ਮਹਾਂ ਚਹੁੰ ਓਰ ਖਰੇ ਤਰੁ ਚਾਰੁ ਹਜਾਰਾ॥

ਇਹ ਬਚਨ ਸੁਣਕੇ ਭਾਈ ਗੁਰਦਾਸ ਜੀ ਨੇ ਤੰਬੂ ਮੰਗਵਾ ਕੇ ਲਗਵਾ ਦਿਤੇ। ਥਲਿਓਂ ਫਰਸ਼ ਵੀ ਲੇਪਨ ਪੁਆਕੇ ਸੁਥਰਾ ਕਰ ਦਿੱਤਾ।

ਪੁਨਾ:- ਜਾਇ ਕੀਨ ਅਰਦਾਸ ਅਗਾਰੀ। ਸ੍ਰੀ ਗੁਰ ਭਯੋ ਸਥਾਨ ਤਯਾਰੀ॥

ਚਹੁ ਦਿਸ ਤੇ ਰਮਣੀਕ ਬਨਾਵਾ॥ ਬ੍ਰਿੰਦ ਤਰੋਵਰ ਜਹਿ ਦ੍ਰਿਸ਼ਟਾਵਾ॥

ਸੁਨ ਸ੍ਰੀ ਅਰਜਨ ਸਭ ਪੋਥੀਨ॥ ਲੈ ਗਮਨੇ ਉਤਸ਼ਾਹ ਸੁ ਕੀਨ॥

ਖਾਸੇ ਕੋ ਉਚਵਾਇ ਚਲੇ ਹੈਂ। ਦੁਹਿਦਿਸ ਸੁੰਦਰ ਚਮਰ ਢੁਲੇ ਹੈਂ।

ਸਿਖ ਸੰਗਤ ਲੈ ਫੂਲਨ ਮਾਲ॥ ਲਰਕਾਈ ਚਹੁ ਦਿਸਨ ਬਿਸਾਲ॥

ਧੂਪ ਧੁਕਾਵਤ ਜਾਤਿ ਅਗਾਰੀ॥ ਧੁਨ ਮਿਲ ਜੈ ਜੈਕਾਰ ਉਚਾਰੀ॥

ਹੋਤ ਭਯੋ ਸੰਘਨ ਕੋ ਸ਼ੋਰਾ॥ ਕਰਹਿ ਕੀਰਤਨ ਮਿਲਿ ਮਿਲ ਜੋਰਾ॥ ੧੪॥

ਤੰਬੂ ਦੇ ਅੰਦਰ ਖਾਸਾ ਟਿਕਾਕੇ ਪੁਨਾ ਗੁਰੂ ਜੀ ਨੇ ਸਿਖਾਂ ਦੀ ਕਲਿਆਣ ਵਾਸਤੇ ਹੁਕਮ ਦਿੱਤਾ ਕਿ ਛੋਟਾ ਜੇਹਾ ਸਰੋਵਰ ਭੀ ਰਚਨਾ ਕਰੋ। ਸਭਨਾਂ ਨੂੰ ਉੱਦਮ ਦੇਣ ਵਾਸਤੇ ਕਿਹਾ:-

ਜਿਤਕ ਨਿਕਾਸਹਿ ਕਾਰ ਇਹਾਂ ਕੀ। ਤਿਤਕ ਮਲਿਨਤਾ ਨਾਸਹਿ ਤੀਕੀ॥
ਸੇਵਾ ਕਰਹਿ ਤੀਰਥਨ ਕੇਰੀ। ਦੁਹਿ ਲੋਕਨ ਲਹਿ ਸ੍ਰੇਯ ਘਨੇਰੀ॥
ਸ੍ਰੀ ਅਰਜਨ ਕੋ ਸੁਨ ਫੁਰਮਾਵਨ। ਸੰਗਤਿ ਉੱਠੀ ਕਾਰ ਨਿਕਸਾਵਨਿ॥
ਏਕ ਜਾਮ ਲੌ ਕਰੀ ਨਿਕਾਸਨ॥

ਜਦ ਇਕ ਪਹਿਰ ਸੇਵਾ ਕੀਤੀ ਤਾਂ ਗੁਰੂ ਜੀ ਨੇ ਸੰਧਿਆ ਪਈ ਵੇਖਕੇ ਸਾਰਿਆਂ ਨੂੰ ਹਟਾ ਦਿੱਤਾ। ਉਸ ਵੇਲੇ ਸੰਗਤ ਨੇ ਹੱਥ ਜੋੜਕੇ ਬੇਨਤੀ ਕੀਤੀ ਹੇ ਪ੍ਰਭੂ ! ਹੁਣ ਇਸ ਸਰੋਵਰ ਦਾ ਨਾਂ ਰਖੋ। ਤਾਂ ਹਜ਼ੂਰ ਨੇ ਭਾਈ ਬੁੱਢਾ ਜੀ ਪਾਸੋਂ ਪੁੱਛਿਆ, ਕੌਨ ਨਾਮ ਇਸ ਕਰਹਿ ਬਖਾਵਨ॥

ਜਿਸ ਕਰਕੇ ਪਾਪਾਂ ਦੀ ਨਵਿਰਤੀ ਹੋਵੇ, ਤਾ ਭਾਈ ਬੁੱਢਾ ਜੀ ਨੇ ਕਿਹਾ ਆਪ ਜੀ ਦੇ ਹੁੰਦਿਆਂ ਹੋਰ ਕਿਸ ਵਿਚ ਸਮੱਰਥਾ ਹੈ ? ਆਪ ਜਾਣੀਜਾਣ ਹੋ ਆਪ ਹੀ ਕਿਰਪਾ ਕਰਕੇ ਇਸ ਸਰੋਵਰ ਦਾ ਨਾਮ ਰਖਣਾ ਕਰੋ।

ਸ੍ਰੀ ਅਰਜਨ ਸਭ ਸੁਨਤ ਉਚਾਰਾ॥ ਪੰਚ ਬਟੀ ਥਿਤ ਰਾਮ ਉਦਾਰਾ॥

ਸਭ ਦੇ ਸੁਣਦਿਆਂ ਗੁਰੂ ਜੀ ਨੇ ਕਿਹਾ ਇਹ ਅਸਥਾਨ ਪੰਚਬਟੀ ਦੇ ਸਮਾਨ ਹੈ। ਜੈਸੇ ਤਰੇਤੇ ਜੁਗ ਵਿਚ ਨਾਸਕ ਵਿਖੇ ਗੁਦਾਵਰੀ ਦੇ ਕਿਨਾਰੇ ਪੰਚਬਟੀ ਦਾ ਇਕਾਂਤ ਅਸਥਾਨ ਵੇਖਕੇ ਸ੍ਰੀ ਰਾਮ ਚੰਦ੍ਰ ਜੀ ਨੇ ਨਿਵਾਸ ਕੀ ਸੀ, ਤੈਸੇ ਏਥੇ ਅਸੀਂ ਨਿਵਾਸ ਕਰਨ ਲਗੇ ਹਾਂ,

ਕਿਉਂਕਿ-ਇਹਾ ਰਾਮ ਕੋ ਨਾਮੁ ਸੁ ਬਾਸਾ॥ ਰਚੰਹਿ ਗ੍ਰੰਥ ਸਾਹਿਬ ਸੁਖ ਰਾਸਾ॥
ਨਾਮ ਸੁ ਨਾਮੀ ਭੇਦ ਨ ਕੋਈ॥ ਏਕ ਰੂਪ ਜਾਨਤ ਸਭ ਲੋਈ॥
ਰਾਮ ਨਾਮ ਕੀ ਮਹਿਮਾ ਮਹਾਂ॥

ਯਥਾ:- *ਰਾਮ ਰਾਮ ਸੰਗਿ ਕਰਿ ਬਿਉਹਾਰ॥ ਰਾਮ ਰਾਮ ਰਾਮ ਪ੍ਰਾਨ ਅਧਾਰ॥*

....

ਰਮਤ ਰਾਮੁ ਸਭ ਰਹਿਓ ਸਮਾਇ॥

....

ਰਾਮ ਰਾਮ ਵੀਸਰਿ ਨਹੀ ਜਾਇ॥ (ਪੰਨਾ ੮੬੫)

ਤਥਾ:- ਰਚਹਿ ਗ੍ਰੰਥ ਸਾਹਿਬ ਜੀ ਇਹਾਂ॥ ਯਾਂਤੇ ਨਾਮ "ਰਾਮਸਰ" ਹੋਵਾ॥
ਪਾਤਕ ਘਾਤਕ ਮਜਤ ਜੋਵਾ॥ ਸੁਨ ਸੰਗਤ ਸਗਰੀ ਹਰਖਾਈ॥
ਹਾਥ ਜੋਰ ਕਰ ਗ੍ਰੀਵ ਨਿਵਾਈ॥ ਤਿਸ ਪ੍ਰਥਾਇ ਸਬਦ ਗੁਰ ਕੀਨਾ॥
ਨਾਮ ਮਹਾਤਮ ਕੋ ਧਰ ਦੀਨਾ॥ (ਸੂਰਜ ਪ੍ਰਤਾਪ ਰਾਸ ੩ ਅੰਸੂ ੪੦)

ਇਸ ਪ੍ਰਕਾਰ ਸਰੋਵਰ ਦਾ ਮਹਾਤਮ ਸੁਣਾ ਕੇ ਏਹ ਸ਼ਬਦ ਉਚਾਰਨਾ ਕੀਤਾ:-

ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ॥
ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ॥ ੧॥ ਰਹਾਉ॥

ਨਿਤਾਪ੍ਰਤਿ (ਹਰ ਰੋਜ਼) ਰਾਮਸਰ ਸਰੋਵਰ ਵਿਚ ਨ੍ਹਾਵਣਾ ਕਰੋ। ਤੇ ਹਰਿ=ਹਰ ਪ੍ਰਕਾਰ ਸੇ ਬੁਰਨੂੰ ਝੋਲਿ=ਹਟਾਕੇ ਮਹਾਂ ਰਸਦਾਇਕ ਅੰਮ੍ਰਿਤ ਪੀਣਾ ਕਰੋ। ਅਥਵਾ:-ਸਤਿਸੰਗ ਰੂਪੀ ਰਾਮਸਰ ਸਰੋਵਰ ਜੋ ਨਾਮ ਜਲ ਨਾਲ ਭਰਿਆ ਹੋਇਆ ਹੈ ਉਸ ਵਿਚ ਨਿਤਾਪ੍ਰਤੀ ਇਸ਼ਨਾਨ ਕਰੋ। ਕਾਮ ਕ੍ਰੋਧ ਆਦਿਕ,

ਵਾ:-ਹੰਗਤਾ ਮਮਤਾ ਰੂਪੀ,

ਵਾ: ਪੰਜਾਂ ਕੋਸਾਂ ਰੂਪੀ ਬੂਰਨੂੰ ਹਟਾਕੇ ਮਹਾਂ ਰਸਦਾਇਕ ਹਰੀ ਰੂਪੀ ਅੰਮ੍ਰਿਤ ਪੀਣਾ ਕਰੋ।

ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥ ੧ ॥

ਰਾਮਸਰ ਸਰੋਵਰ ਵਿਚ ਪ੍ਰਤੱਖ ਨਿਰਮਲ ਉਦਕੁ=ਜਲ ਹੈ, ਅਤੇ ਸਤਿਸੰਗ ਸਰੋਵਰ ਵਿਚ ਗੋਬਿੰਦ ਦਾ ਨਾਮ ਨਿਰਮਲ ਜਲ ਹੈ।

ਦੋਹਾਂ ਸਰੋਵਰਾਂ ਵਿਚ ਮਜਨੁ=ਇਸ਼ਨਾਨ ਕਰਨ ਨਾਲ ਸਾਰੇ ਕੰਮ ਪੂਰਨ ਹੁੰਦੇ ਹਨ॥ ੧॥

[ਪੰਨਾ ੧੯੯]

ਸੰਤਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥ ੨ ॥

ਤਿਥੇ ਸੰਤਾਂ ਦੇ ਸਤਸੰਗ ਵਿਚ ਪ੍ਰਭੂ ਦੀ ਗੋਸਟਿ=ਚਰਚਾ ਹੋ ਰਹੀ ਹੈ। ਜੋ ਚਰਚਾ ਕਰੋੜਾਂ ਜਨਮਾਂ ਦੇ ਪਾਪਾ ਨੂੰ ਖੋਇ=ਨਾਸ ਕਰਦੀ ਹੈ॥੨ ॥

ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥ ੩ ॥

ਸਾਧੂ ਉਸ ਅਨੰਦ ਸਰੂਪ ਪਰਮਾਤਮਾ ਦਾ ਸਿਮਰਨ ਕਰਦੇ ਹਨ। ਅਤੇ ਮਨ ਤਨ ਵਿਚ ਪਰਮ ਅਨੰਦ ਸਰੂਪ ਪ੍ਰਮਾਤਮਾ ਨੂੰ ਰਵਿਆ=ਮਿਲਿਆ ਹੋਇਆ ਨਿਸਚੇ ਕਰਦੇ ਹਨ॥ ੩ ॥

ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥
ਨਾਨਕ ਦਾਸ ਤਿਸਹਿ ਕੁਰਬਾਨ ॥ ੪ ॥ ੯੫ ॥ ੧੬੪ ॥

ਸਾਰਿਆਂ ਸੁਖਾਂ ਦਾ ਨਿਧਾਨ=ਖਜ਼ਾਨਾ ਜੋ ਹਰੀ ਹੈ ਉਸ ਦੇ ਚਰਨਾਂ ਦਾ ਧਿਆਨ ਕਰਨਾ ਜਿਸਨੂੰ ਪ੍ਰਾਪਤ ਹੋਇਆ ਹੈ। ਗੁਰੂ ਜੀ ਆਖਦੇ ਹਨ ਮੈਂ ਦਾਸ ਤਿਸ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੪॥ ੯੫ ॥ ੧੬੪ ॥

ਗਉੜੀ ਮਹਲਾ ੫ ॥

ਪ੍ਰਸ਼ਨ:-ਵੈਸ਼ਨਵ ਦੇ ਲਖਣ ਕੀ ਹਨ? *ਉੱਤਰ:*-

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥ ੧ ॥ ਰਹਾਉ ॥

ਹੇ ਭਾਈ ! ਉਹ ਕੁਝ ਜਤਨ ਕਰ ਭਾਵ ਨਿਸ਼ਕਾਮ ਕਰਮ ਕਰ ਜਿਨ੍ਹਾਂ ਨਿਸ਼ਕਾਮ ਕਰਮਾਂ ਦੇ ਕਰਨ ਨਾਲ ਮਨ ਨੂੰ ਪਾਪਾਂ ਰੂਪੀ ਮੈਲ ਨਾ ਲਗੇ।

ਪ੍ਰਸ਼ਨ:-ਨਿਸ਼ਕਾਮ ਕਰਮਾਂ ਦੇ ਕਰਨ ਦਾ ਫਲ ਕੀ ਹੈ ?

ਉੱਤਰ:-ਹਰੀ ਦੇ ਕੀਰਤਨ ਕਰਨ ਵਿੱਚ ਇਹ ਮਨ ਜਾਗ ਪਵੇਗਾ॥ ੧ ॥ ਰਹਾਉ ॥

ਏਕੋ ਸਿਮਰਿ ਨ ਦੂਜਾ ਭਾਉ ॥ ਸੰਤਸੰਗਿ ਜਪਿ ਕੇਵਲ ਨਾਉ ॥ ੧ ॥

ਇਕ ਪਰਮਾਤਮਾ ਨੂੰ ਸਿਮਰਨਾ ਕਰ, ਦ੍ਵੈਤ ਭਾ ਵਿਚ ਮਨ ਨਾ ਲਗਾ।

ਸੰਤਾਂ ਨਾਲ ਮਿਲਕੇ ਕੇਵਲ=ਫਕਤ ਨਾਮ ਦਾ ਸਿਮਰਨ ਕਰ॥ ੧॥

ਕਰਮ ਧਰਮ ਨੇਮ ਬ੍ਰਤ ਪੂਜਾ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥ ੨॥

ਯੱਗ ਆਦਿਕ ਕਰਮ, ਆਪੋ ਆਪਣੇ ਵਰਨ ਆਸ਼੍ਰਮਾਂ ਕਾ ਧਰਮ, ਚਤਰ ਮਾਸ ਮੇਂ ਨਿਮਕ ਆਦਿਕਾਂ ਦੇ ਖਾਣੇ ਦਾ ਤਿਆਗ ਰੂਪ ਨੇਮ, ਇਕਾਦਸੀ, ਜਨਮ ਅਸ਼ਟਮੀ, ਰਾਮ ਨੌਮੀ ਆਦਿਕਾਂ ਦੇ ਵਰਤ, ਸਾਲਗਿਰਾਮ ਦੀ ਮੂਰਤੀ ਨੂੰ ਇਸ਼ਨਾਨ ਅਤੇ ਪੁਸ਼ਪ ਆਦਿਕ ਚਾੜ੍ਹਨੇ ਦੀ ਪੂਜਾ ਇਤਆਦਿ ਕਰਮ ਤਾਂ ਸਫਲੇ ਹਨ।

ਜੇਕਰ ਪਾਰਬ੍ਰਹਮ ਤੋਂ ਬਿਨਾਂ ਹੋਰ ਦੂਜੇ ਨੂੰ ਨ ਜਾਨਣਾ ਕਰੇ॥ ੨॥

ਤਾ ਕੀ ਪੂਰਨ ਹੋਈ ਘਾਲ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ॥ ੩॥

ਉਸ ਦੀ ਘਾਲ=ਕਮਾਈ ਕੀਤੀ ਹੋਈ ਪੂਰਨ=ਸਫਲ ਹੁੰਦੀ ਹੈ।

ਜਿਸ ਦੀ ਪ੍ਰੀਤੀ ਆਪਣੇ ਪ੍ਰਭੂ ਦੇ ਨਾਲ ਹੈ॥ ੩॥

ਸੋ ਬੈਸਨੋ ਹੈ ਅਪਰ ਅਪਾਰੁ॥
ਕਹੁ ਨਾਨਕ ਜਿਨਿ ਤਜੇ ਬਿਕਾਰ॥ ੪॥ ੯੬॥ ੧੬੫॥

ਉਹ ਵੈਸ਼ਨਵ ਅਪਰ+ਅਪਾਰੁ=ਸ੍ਰੇਸ਼ਟ ਤੋਂ ਸ੍ਰੇਸ਼ਟ ਹੈ। ਗੁਰੂ ਜੀ ਕਥਨ ਕਰਦੇ ਹਨ ਜਿਸਨੇ ਵਿਸ਼ੇ ਵਿਕਾਰਾਂ ਨੂੰ ਤਜੇ=ਤਿਆਗਿਆ ਹੈ॥ ੪॥ ੯੬॥ ੧੬੫॥

ਗਉੜੀ ਮਹਲਾ ੫॥

ਜੀਵਤ ਛਾਡਿ ਜਾਹਿ ਦੇਵਾਨੇ॥ ਮੁਇਆ ਉਨ ਤੇ ਕੋ ਵਰਸਾਂਨੇ॥ ੧॥

ਹੇ ਝੱਲਿਆ ! ਜੋ ਸਨਬੰਧੀ ਅਪਦਾ ਕਾਲ ਵਿਚ ਜਿਉਂਦਿਆਂ ਜਿਉਂਦਿਆਂ ਛੱਡ ਜਾਣ ਵਾਲੇ ਹਨ। ਮਰ ਜਾਣ ਮਗਰੋਂ ਉਨ੍ਹਾਂ ਪਾਸੋਂ ਭਲਾ ਕੌਣ ਵਰਸਾਂਦਾ ਭਾਵ ਸੁਖ ਪਾਂਦਾ ਹੈ॥ ੧॥

ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥
ਕਾਹੂ ਕਾਜ ਨ ਆਵਤ ਬਿਖਿਆ॥ ੧॥ ਰਹਾਉ॥

ਵੇਦਾਂ ਵਿਚ ਇਹ ਧੁਰ ਰੂਪ ਪਰਮਾਤਮਾ ਨੇ ਲਿਖਿਆ ਹੈ ਕਿ ਮਨੋਂ ਤਨੋਂ ਹੋ ਕੇ ਗੋਵਿੰਦ ਨੂੰ ਸਿਮਰਨਾ ਕਰ। ਜਿਸ ਮਾਇਆ ਵਿਚ ਤੂੰ ਲੱਗ ਰਿਹਾ ਹੈਂ ਇਹ ਬਿਖਿਆ=ਮਾਇਆ ਕਿਸੇ ਕੰਮ ਨਹੀਂ ਆਉਣੀ॥ ੧॥ ਰਹਾਉ॥

ਬਿਖੈ ਠਗਉਰੀ ਜਿਨਿ ਜਿਨਿ ਖਾਈ॥ ਤਾ ਕੀ ਤ੍ਰਿਸਨਾ ਕਬਹੂੰ ਨ ਜਾਈ॥ ੨॥

ਜਿਨ੍ਹਾਂ ਜਿਨ੍ਹਾਂ ਨੇ ਵਿਸ਼ਿਆਂ ਰੂਪੀ ਠੱਗ ਬੂਟੀ ਖਾਧੀ ਹੈ। ਉਨ੍ਹਾਂ ਦੀ ਤ੍ਰਿਸ਼ਨਾਂ ਕਦੇ ਨਹੀਂ ਜਾਂਦੀ॥ ੨॥

ਦਾਰਨ ਦੁਖ ਦੁਤਰ ਸੰਸਾਰੁ॥ ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ॥ ੩॥

ਸੰਸਾਰ ਵਿਚ ਦਾਰਨ=ਭਿਆਨਕ ਦੁੱਖ ਹਨ, ਅਤੇ ਸੰਸਾਰ ਤਰਨਾ ਵੀ ਬੜਾ ਦੁਤਰ=ਔਖਾ ਹੈ। ਰਾਮ ਨਾਮ ਜਪੇ ਤੋਂ ਬਿਨਾਂ ਤੂੰ ਕਿਵੇਂ ਪਾਰ ਉਤਰੇਂਗਾ॥ ੩॥

ਸਾਧਸੰਗਿ ਮਿਲਿ ਦੁਇ ਕੁਲ ਸਾਧਿ॥
ਰਾਮ ਨਾਮ ਨਾਨਕ ਆਰਾਧਿ॥ ੪॥ ੯੭॥ ੧੬੬॥

ਗੁਰੂ ਜੀ ਕਥਨ ਕਰਦੇ ਹਨ ਸਾਧਸੰਗਤ ਵਿਖੇ ਮਿਲਕੇ ਰਾਮ ਨਾਮ ਨੂੰ ਅਰਾਧ ਕੇ ਨਾਨਕੇ ਦਾਦਕੇ ਰੂਪੀ ਦੋ ਕੁਲਾਂ ਨੂੰ ਸਾਧਨਾ ਕਰ ਅਰਥਾਤ ਤਾਰਨਾ ਕਰ॥ ੪॥ ੯੭॥ ੧੬੬॥

ਗਉੜੀ ਮਹਲਾ ੫॥

ਉਥਾਨਕਾ:–ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਬਖਸ਼ ਕੇ ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜੋਤੀ ਜੋਤ ਸਮਾ ਗਏ ਤਾਂ ਬਾਅਦ ਵਿੱਚ ਪ੍ਰਿਥੀ ਚੰਦ ਨੇ ਦਿਲੀ ਜਾ ਕੇ ਜਹਾਂਗੀਰ ਬਾਦਸ਼ਾਹ ਅੱਗੇ ਪੁਕਾਰ ਕੀਤੀ, ਵੱਡਾ ਪੁੱਤਰ ਹੋਣ ਕਰਕੇ ਗੱਦੀ ਪਰ ਬੈਠਣ ਦਾ ਮੇਰਾ ਹੱਕ ਸੀ, ਪਰ ਛੋਟੇ ਨੇ ਗੱਦੀ ਸੰਭਾਲ ਕੇ ਮੈਨੂੰ ਸ਼ਹਿਰ 'ਚੋਂ ਬਾਹਰ ਕੱਢ ਦਿੱਤਾ ਹੈ। ਗੁਰੂ ਬਣ ਕੇ ਆਪਣੇ ਚਰਨਾਂ ਨੂੰ ਪੁਜਾ ਰਿਹਾ ਹੈ। ਸਿਖਾਂ ਪਾਸੋਂ ਬੇਅੰਤ ਧਨ ਆਉਂਦਾ ਹੈ। ਮੈਨੂੰ ਬਿਲਕੁਲ ਨਹੀਂ ਦੇਂਦਾ, ਮੈਂ ਕੇਵਲ ਆਪ ਦਾ ਡਰ ਧਾਰ ਕੇ ਉਸ ਨੂੰ ਕੁਝ ਨਹੀਂ ਕਿਹਾ। ਤੇ ਉਹ ਨਿਡਰ ਹੋ ਕੇ ਬੈਠਾ ਹੈ।

ਯਥਾ:- ਮੈਂ ਬਡ ਨੰਦਨ[1] ਹੋਂ ਫਰਿਆਦੀ॥ ਉਚਿਤ[2] ਮੁਹਿ ਕਉ ਬੈਠਿਬ ਗਾਦੀ॥
ਸਰਬ ਸਮਾਜ ਅਲਪ[3] ਨੇ ਲੀਨਸ॥ ਪੁਰ ਤੇ ਮੁਝ ਨਿਕਾਰ[4] ਕਰ ਦੀਨਸ॥
ਗੁਰੂ ਬਨਜੋ ਨਿਜ ਚਰਨ ਪੁਜਾਇਸ॥ ਅਨਗਨ[5] ਧਨ ਸਿਖਜਨ ਤੇ ਪਾਇਸ॥
ਮੋਹਿ ਨ ਦੇਤ ਆਪ ਹੀ ਰਾਖੈ॥ ਅਪਰ ਕਵਨ ਹੈ-ਗਰਬਤ ਭਾਖੈ॥
ਮੈ ਧਰਿ ਤ੍ਰਾਸ[6] ਆਪ ਕੋ ਭਾਰੀ॥ ਠਾਨੀ ਤਿਸਕੇ ਸਾਥ ਨ ਰਾਰੀ[7]॥ ੩੫॥
ਸੋ ਨਿਰਭੈ ਨਾਂਹਿ ਜਾਨਹਿ ਕਾਹੂੰ॥ ਬੈਠਯੋ ਸਦਨ ਗਰਬ ਮਨਮਾਹੂ॥
ਚਿਤ ਤੇ ਤੁਮਰੋ ਤ੍ਰਾਸ ਬਿਸਾਰਯੋ॥ ਕਹਯੋ ਨ ਮਾਨਹਿ, ਮੈਂ ਕਹਿ ਹਾਰਯੋ॥ ੩੬॥
ਮੈਂ ਰਾਵਰ[8] ਕੀ ਦਿਸ ਚਲ ਆਯੋ॥ ਤਉ ਨ ਸ਼ੰਕਤ ਕੁਛ ਡਰ ਪਾਯੋ॥
ਕੀਜਹਿ ਹਮਰੋ ਨਯਾਂਇ ਨਿਬੇਰਾ॥ ਤੁਮ ਕੋ ਕੀਨ ਖੁਦਾਇ ਬਡੇਰਾ॥ ੩੭॥

(ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੨੬)

ਇਹ ਗੱਲ ਸੁਣ ਕੇ ਬਾਦਸ਼ਾਹ ਬੜਾ ਅਸਚਰਜ ਹੋਇਆ ਕਿ ਗੁਰੂ ਜੀ ਦੀ ਗੱਦੀ ਤਾਂ ਸ਼ਾਂਤਮਈ ਸੀ ਉਨ੍ਹਾਂ ਵਿਖੇ ਝਗੜਾ ਕਿਉਂ ਪੈ ਗਿਆ ਹੈ। ਪੁਨਾ ਵਿਚਾਰਿਆ ਕਿ ਇਹ ਝਗੜਾ ਕੇਵਲ ਮਾਇਆ ਵਿਚ ਹੀ ਹੈ ਜੋ ਸਾਰਿਆਂ ਦੇ ਚਿਤ ਨੂੰ ਭਰਮਾ ਦੇਂਦੀ ਹੈ। ਕੁਝ ਚਿਰ ਚੁਪ ਰਹਿ ਕੇ ਫਿਰ ਬਾਦਸ਼ਾਹ ਨੇ ਪੁੱਛਿਆ ਕਿ ਛੋਟਾ ਭਰਾ ਗੱਦੀ ਪਰ ਆਪਣੇ ਆਪ ਬੈਠਾ ਹੈ ਯਾਂ ਕਿ ਗੁਰੂ ਜੀ ਬਿਠਾ ਗਏ ਹਨ। ਪ੍ਰਿਥੀ ਚੰਦ ਚੁੱਪ ਰਿਹਾ, ਇਸ ਦੇ ਚੁਪ ਰਹਿਣ ਨਾਲ ਬਾਦਸ਼ਾਹ ਸਮਝ ਗਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਆਪ ਹੀ ਛੋਟੇ ਪੁੱਤ੍ਰ ਨੂੰ ਲਾਇਕ ਸਮਝਕੇ ਗੁਰਤਾ ਗੱਦੀ ਪਰ ਬਿਠਾ ਗਏ ਹਨ, ਉਸ ਵੇਲੇ ਬਾਦਸ਼ਾਹ ਨੇ ਪ੍ਰਿਥੀ ਚੰਦ ਨੂੰ ਕਿਹਾ ਜੇਕਰ ਤੈਨੂੰ ਗੁਰਿਆਈ ਗੱਦੀ ਦੇ ਲਾਇਕ ਵੇਖਦੇ, ਤਾਂ ਉਨ੍ਹਾਂ ਨੇ ਤੈਨੂੰ ਹੀ ਦੇਣੀ ਸੀ।

---

(੧) ਵੱਡਾ ਪੁਤ੍ਰ। (੨) ਲਾਇਕ। (੩) ਛੋਟੇ ਪੁਤ੍ਰ ਗੁਰੂ ਅਰਜਨ ਨੇ। (੪) ਕੱਢ। (੫) ਬੇਅੰਤ। (੬) ਡਰ। (੭) ਲੜਾਈ। (੮) ਆਪ ਜੀ ਦੀ।

ਹੁਣ ਉਨ੍ਹਾਂ ਦੀ ਕੀਤੀ ਹੋਈ ਨੂੰ ਮੈਂ ਨਹੀਂ ਬਦਲ ਸਕਦਾ। ਇਹ ਗੱਲ ਸੁਣਕੇ ਪ੍ਰਿਥੀ ਚੰਦ ਨਿਰਾਸ ਹੋ ਕੇ ਚਲ ਪਿਆ, ਜਿਥੇ ਸੁਲਹੀ ਤੇ ਸੁਲੱਬੀ ਦੋਵੇਂ ਉਮਰਾਵ ਬੈਠੇ ਸਨ ਉਨ੍ਹਾਂ ਨੂੰ ਆ ਮਿਲਿਆ, ਜਦ ਆਪਣਾ ਦੁਖਦਾਇਕ ਹਾਲ ਸੁਣਾਇਆ ਤਾਂ ਸੁਲਹੀ ਨੇ "ਦਾਹੜੀ" ਉੱਤੇ ਹੱਥ ਮਾਰ ਕੇ ਕਿਹਾ ਮੈਂ ਆਪਣਾ ਨਾਮ ਸੁਲਹੀ ਤਾਂ ਕਹਾਵਾਂਗਾ ਜੇਕਰ ਤੈਨੂੰ ਗੱਦੀ ਲੈ ਕੇ ਦੇਵਾਂਗਾ। ਅਤੇ ਗੁਰੂ ਅਰਜਨ ਨੂੰ ਦੇਸ ਨਿਕਾਲਾ ਦਿਆਂਗਾ। ਹੁਣ ਤੂੰ ਆਪਣੇ ਕੋਠੇ ਗ੍ਰਾਮ ਵਿਖੇ ਜਾ ਕੇ ਰਹਿਣਾ ਕਰ ਮੈਂ ਕਿਸੀ ਬਹਾਨੇ ਬਾਦਸ਼ਾਹ ਤੋਂ ਛੁਟੀ ਲੈ ਕੇ ਤੇਰੇ ਪਾਸ ਜ਼ਰੂਰ ਪਹੁੰਚਾਂਗਾ। ਉਸੀ ਵੇਲੇ ਪ੍ਰਿਥੀ ਚੰਦ ਨੇ ਪਿੰਡ ਵਿਖੇ ਆ ਕੇ ਇੱਟਾਂ ਪਕਾਣ ਵਾਸਤੇ ਆਵੇ ਚਾੜ੍ਹ ਦਿੱਤੇ ਕਿ ਗੁਰੂ ਜੀ ਦੇ ਸਦਰਸ ਮੈਂ ਭੀ ਹਰਿਮੰਦਰ ਬਨਾਵਾਂ, ਓਧਰੋਂ ਦਿੱਲੀ ਨਿਵਾਸੀ ਪ੍ਰੇਮੀ ਸਿਖਾਂ ਨੇ ਸੁਲਹੀ ਦੀ ਸਾਰੀ ਗੱਲ ਸੁਣ ਕੇ ਗਰੂ ਜੀ ਨੂੰ ਇਕ ਚਿੱਠੀ ਵਿਚ ਸਾਰਾ ਹਾਲ ਲਿਖ ਕੇ ਅੰਮ੍ਰਿਤਸਰ ਭੇਜ ਦਿਤਾ, ਕਿ ਆਪ ਨੇ ਤੱਕੜੇ ਹੋ ਕੇ ਰਹਿਣਾ ਆਪ ਜੀ ਉੱਤੇ ਸੁਲਹੀ ਨੇ ਚੜ੍ਹਾਈ ਕਰਕੇ ਆਉਣਾ ਹੈ।

ਜਿਸ ਵੇਲੇ ਸੁਲਹੀ ਚੜ੍ਹਾਈ ਕਰਕੇ ਆਇਆ ਤਾਂ ਪਹਿਲੇ ਕੋਠੇ ਗ੍ਰਾਮ ਵਿਖੇ ਪ੍ਰਿਥੀ ਚੰਦ ਨੂੰ ਜਾ ਕੇ ਮਿਲਿਆ। ਅੱਗੋਂ ਪ੍ਰਿਥੀ ਚੰਦ ਨੇ ਬੜਾ ਸੁਆਗਤ ਕੀਤਾ। ਫਿਰ ਆਪਣੀ ਕਿਰਤ ਵਿਖਾਣ ਵਾਸਤੇ ਕਿਹਾ ਮੈਂ ਇੱਟਾਂ ਪਕਾਣ ਵਾਸਤੇ ਆਵੇ ਚੜ੍ਹਾਏ ਹਨ ਆਪ ਜਾ ਕੇ ਵੇਖੋ, ਇਤਨੀ ਗੱਲ ਆਖ ਕੇ ਦੋਵੇਂ ਚਲ ਪਏ, ਰਾਹ ਵਿਚ ਪ੍ਰਿਥੀ ਚੰਦ ਆਪ ਪਿਸ਼ਾਬ ਕਰਨ ਬੈਠ ਗਿਆ, ਸੁਲਹੀ ਘੋੜੇ ਤੇ ਚੜ੍ਹਿਆ ਹੋਇਆ ਆਵਿਆਂ ਪਰ ਪਹੁੰਚ ਗਿਆ। ਜਾਂਦਿਆਂ ਸਾਰ ਜਿਉਂ ਘੋੜੇ ਦਾ ਪੈਰ ਖਿੜਕਿਆ ਸੁਲਹੀ ਡਿੱਗ ਕੇ ਅੱਗ ਵਿਚ ਝੁਲਸ ਗਿਆ, ਆਖਿਰਕਾਰ ਮਰ ਗਿਆ ਜਦ ਉਸ ਦੇ ਮਰਨ ਦੀ ਖ਼ਬਰ ਅੰਮ੍ਰਿਤਸਰ ਪਹੁੰਚੀ ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ:-

ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥ ੧ ॥

ਜਿਹੜੀ ਦਾੜ੍ਹੀ ਅਸਾਂ ਗਰੀਬਾਂ ਉੱਪਰ ਖਿੱਝਦੀ ਭਾਵ ਨਰਾਜ਼ ਹੁੰਦੀ ਸੀ। ਅਜ ਓਹੀ ਦਾੜ੍ਹੀ ਪਾਰਬ੍ਰਹਮ ਨੇ ਅੱਗ ਵਿਚ ਸਾੜ ਦਿੱਤੀ ਹੈ॥ ੧॥

ਅਥਵਾ:-ਜਿਹੜੀ ਦਾੜ੍ਹੀ ਉੱਤੇ ਹੱਥ ਮਾਰ ਕੇ ਅਸਾਂ ਗਰੀਬਾਂ ਉੱਤੇ ਖਿੱਝਦਾ ਸੀ, ਓਹੀ ਦਾੜ੍ਹੀ ਪਾਰਬ੍ਰਹਮ ਨੇ ਅੱਗ ਵਿਚ ਸਾੜ ਦਿੱਤੀ ਹੈ॥ ੧॥

ਪੂਰਾ ਨਿਆਉ ਕਰੇ ਕਰਤਾਰੁ ॥ਅਪੁਨੇ ਦਾਸ ਕਉ ਰਾਖਨਹਾਰੁ ॥੧ ॥ਰਹਾਉ ॥

ਕਰਤਾਰੁ=ਪਰਮਾਤਮਾ ਪੂਰਾ ਨਿਆਂ ਕਰਦਾ ਹੈ। ਆਪਣੇ ਦਾਸ ਨੂੰ ਉਹ ਆਪ ਹੀ ਹੱਥ ਦੇ ਕੇ ਰਖਣ ਵਾਲਾ ਹੈ॥ ੧ ॥ ਰਹਾਉ ॥

ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥ ੨ ॥

ਆਦਿ+ਜੁਗਾਦਿ=ਸਦਾ ਸਦਾ, ਵਾ:-ਆਦਿ ਜੁਗਾਦਿ ਤੋਂ ਹੀ ਕਰਤਾਰ ਦਾ ਪ੍ਰਤਾਪ ਸਾਰੇ ਪ੍ਰਗਟ ਹੈ। ਗੁਰੂ ਘਰ ਦਾ ਨਿੰਦਕ ਸੁਲਹੀ "ਉਪਜਿ+ਵਡ ਤਾਪੁ"=ਵੱਡਾ ਦੁੱਖ ਉੱਠਾ ਕੇ ਮਰਿਆ ਹੈ॥ ੨ ॥

ਤਿਨਿ ਮਾਰਿਆ ਜਿ ਰਖੈ ਨ ਕੋਇ ॥ ਆਗੈ ਪਾਛੈ ਮੰਦੀ ਸੋਇ ॥ ੩ ॥

ਉਸ ਪ੍ਰਭੂ ਨੇ ਆਪੇ ਮਾਰਿਆ ਹੈ, ਜਿਸ ਤੋਂ ਕੋਈ ਰੱਖ ਨਹੀਂ ਸਕਦਾ ਭਾਵ ਛੁਡਾ ਨਹੀਂ ਸਕਦਾ। ਆਗੈ+ਪਾਛੈ=ਲੋਕ ਪ੍ਰਲੋਕ ਵਿਚ ਨਿੰਦਕ ਦੀ "ਮੰਦੀ+ਸੋਇ"=ਭੈੜੀ ਸੋਭਾ ਭਾਵ ਬਦਨਾਮੀ ਹੋਈ ਹੈ॥ ੩ ॥

ਅਪੁਨੇ ਦਾਸ ਰਾਖੈ ਕੰਠਿ ਲਾਇ॥
ਸਰਣਿ ਨਾਨਕ ਹਰਿ ਨਾਮੁ ਧਿਆਇ॥ ੪॥ ੯੮॥ ੧੬੭॥

ਜੋ ਪ੍ਰਭੂ ਆਪਣੇ ਦਾਸਾਂ ਨੂੰ ਆਪਣੇ ਗਲ ਨਾਲ ਲਗਾ ਕੇ ਰੱਖਦਾ ਹੈ, ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਹਰੀ ਦੀ ਸ਼ਰਣੀ ਪੈ ਕੇ ਉਸੇ ਦਾ ਨਾਮ ਧਿਆਉਂਦੇ ਹਾਂ॥ ੪॥ ੯੮॥ ੧੬੭॥

ਗਉੜੀ ਮਹਲਾ ੫॥

ਉਥਾਨਕਾ:-ਮਰਵਾਹਿਆਂ ਵਿਚੋਂ ਇਕ ਗੋਂਦਾ ਨਾਂ ਕਰਕੇ ਖੱਤ੍ਰੀ ਸੀ ਉਸ ਨੂੰ ਸਰਕਾਰ ਵਲੋਂ ਜ਼ਮੀਨ ਮਿਲੀ ਹੋਈ ਸੀ, ਜਿਸ ਵੇਲੇ ਉਹ ਆਪਣੀ ਜ਼ਮੀਨ ਵਿਖੇ ਪਿੰਡ ਬਨਾਣ ਲੱਗਾ, ਤਾਂ ਉਹ ਦਿਨੇ ਕੰਧਾਂ ਖੜੀਆਂ ਕਰਵਾ ਕੇ ਜਾਵੇ ਤੇ ਰਾਤ ਨੂੰ ਭੂਤ ਢਾਹ ਜਾਣ, ਦੂਜੇ ਦਿਨ ਫਿਰ ਖੜੀਆਂ ਕਰਵਾਵੇ ਰਾਤ ਨੂੰ ਫਿਰ ਭੂਤ ਢਾਹ ਜਾਣ ਆਖਰ ਨਿਰਾਸ ਹੋ ਕੇ ਬੈਠ ਗਿਆ।

ਕਿਸੀ ਨੇ ਆਖਿਆ ਆਪ ਨਿਰਾਸ ਨ ਹੋਵੇ, ਨਿਰਾਸਿਆਂ ਦੀ ਆਸ ਪੂਰਨ ਕਰਨ ਵਾਲੇ ਖਡੂਰ ਸਾਹਿਬ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਹਨ ਉਨ੍ਹਾਂ ਪਾਸ ਜਾ ਕੇ ਬੇਨਤੀ ਕਰੋ। ਉਸੇ ਵੇਲੇ ਗੋਂਦੇ ਨੇ ਖਡੂਰ ਸਾਹਿਬ ਜਾ ਕੇ ਗੁਰਾਂ ਅਗੇ ਦੋ ਹੱਥ ਜੋੜ ਕੇ ਬੇਨਤੀ ਕੀਤੀ। ਅੱਗੋਂ ਗੁਰੂ ਜੀ ਨੇ ਆਪਣੇ ਹੱਥਾਂ ਦੀ ਸੋਟੀ ਦੇ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਭੇਜ ਦਿੱਤਾ ਕਿ ਜਿਸ ਵੇਲੇ ਇਹ ਸੋਟੀ ਵਿਖਾਓਗੇ ਕੋਈ ਭੂਤ ਨਹੀਂ ਰਹੇਗਾ, ਪਰ ਹਿਲਾਣੀ ਨ ਜੇ ਹਿਲਾਓਗੇ ਤਾਂ ਸਾਰੇ ਸਡ ਜਾਣਗੇ। ਗੁਰੂ ਅਮਰਦਾਸ ਜੀ ਨੇ ਉਸੇ ਤਰ੍ਹਾਂ ਆ ਕੇ ਕੀਤਾ ਸੋਟੀ ਵਿਖਾਣ ਨਾਲ ਸਾਰੇ ਭੂਤ ਚਲੇ ਗਏ, ਫਿਰ ਗੁਰੂ ਅੰਗਦ ਦੇਵ ਜੀ ਦੀ ਆਗਿਆ ਨਾਲ ਗੁਰੂ ਅਮਰਦਾਸ ਜੀ ਓਥੇ ਰਹਿਣ ਲੱਗ ਪਏ, ਬਾਉਲੀ ਸਾਹਿਬ ਤੀਰਥ ਬਣਾਉਣਾ ਸ਼ੁਰੂ ਕਰ ਦਿਤਾ ਤੇ ਲੰਗਰ ਭੀ ਦੋਂਵੇਂ ਵੇਲੇ ਚਲ ਪਿਆ ਸੰਗਤਾਂ ਦੀ ਆਵਾਜਾਈ ਬਿਅੰਤ ਹੋ ਗਈ। ਜਿੰਨਾ ਚਿਰ ਗੋਂਦਾ ਖੱਤ੍ਰੀ ਜਿਉਂਦਾ ਰਿਹਾ ਓਨਾ ਚਿਰ ਉਹ ਗੁਰੂ ਜੀ ਦੇ ਚਰਨਾਂ ਵਿਚ ਸ਼ਰਧਾ ਰਖਦਾ ਰਿਹਾ, ਉਸ ਦੇ ਮਰ ਜਾਣ ਤੋਂ ਬਾਅਦ ਉਸ ਦੇ ਪੁਤ੍ਰ ਨੇ ਗੁਰੂ ਜੀ ਨੂੰ ਕਿਹਾ ਤੁਸੀਂ ਸਾਡੀ ਜ਼ਮੀਨ ਵਿਚ ਬੈਠੇ ਹੋ ਜਿੰਨੀ ਭੇਟਾ ਆਉਂਦੀ ਹੈ ਇਸ ਵਿਚੋਂ ਅੱਧੀ ਸਾਨੂੰ ਦਿੱਤਾ ਕਰੋ। ਗੁਰੂ ਜੀ ਨੇ ਕਿਹਾ ਭੇਟਾ ਤਾਂ ਨਹੀਂ ਦੇ ਸਕਦੇ ਜੇ ਕੋਈ ਭੁੱਖ ਨੰਗ ਹੈ ਤਾਂ ਲੰਗਰ ਦੇ ਵਿਚੋਂ ਅੰਨ ਪਾਣੀ ਛਕ ਜਾਇਆ ਕਰੋ, ਉਸ ਨੇ ਕਿਹਾ ਅਸੀਂ ਤਾਂ ਭੇਟਾ ਹੀ ਲੈਣੀ ਹੈ, ਗੁਰੂ ਜੀ ਨੇ ਕਿਹਾ ਅਸੀਂ ਭੇਟਾ ਨਹੀਂ ਦੇਣੀ। ਤਾਂ ਫਿਰ ਉਸ ਨਿੰਦਕ ਨੇ ਮਹਜਰਨਾਮਾ ਲਿਖਵਾ ਕੇ ਉਸ ਉੱਤੇ ਮੁਖੀ ਮੁਖੀ ਆਦਮੀਆਂ ਦੇ ਦਸਖਤ ਕਰਵਾ ਕੇ ਆਪ ਭੈੜਾ ਜਿਹਾ ਰੂਪ ਧਾਰ ਕੇ ਦਿੱਲੀ ਵਿਚ ਅਕਬਰ ਬਾਦਸ਼ਾਹ ਦੀ ਕਚਹਿਰੀ ਵਿਚ ਪਹੁੰਚ ਕੇ ਪੁਕਾਰ ਕੀਤੀ।

ਬਾਦਸ਼ਾਹ ਨੇ ਪੁੱਛਿਆ ਇਹ ਕਿਸ ਉੱਤੇ ਪੁਕਾਰ ਆਇਆ ਹੈ, ਇਕ ਗੁਰੂ ਜੀ ਦਾ ਸ਼ਰਧਾਲੂ ਉਮਰਾਵ ਪਾਸ ਬੈਠਾ ਸੀ ਉਸ ਨੇ ਕਿਹਾ ਜਿਨ੍ਹਾਂ ਦੀ ਕਿਰਪਾ ਨਾਲ ਆਪ ਜੀ ਨੇ ਚਤੌੜਗੜ੍ਹ ਕਿਲ੍ਹੇ ਨੂੰ ਫਤਹ ਕੀਤਾ ਹੈ ਤੇ ਨੰਗੀ ਪੈਰੀਂ, ਜਿਨ੍ਹਾਂ ਦਾ ਦਰਸ਼ਨ ਕਰਨ ਆਪ ਗਏ ਸੀ ਉਨ੍ਹਾਂ ਦੇ ਉੱਪਰ ਇਹ ਪੁਕਾਰ ਕਰਨ ਆਇਆ ਹੈ। ਇਹ ਗੱਲ ਸੁਣ ਕੇ ਬਾਦਸ਼ਾਹ ਨੇ ਉਸੀ ਵੇਲੇ ਉਹ ਮਹਜਰਨਾਮਾ ਪਾੜ ਦਿੱਤਾ ਤੇ ਆਪਣੀ ਕਚਹਿਰੀ ਵਿਚੋਂ ਧੱਕੇ ਦੇ ਕੇ ਬਾਹਰ ਕਢਵਾ ਦਿੱਤਾ। ਇਸ ਵਜ੍ਹਾ ਨਾਲ:-

ਮਹਜਰੁ ਝੂਠਾ ਕੀਤੋਨੁ ਆਪਿ॥ ਪਾਪੀ ਕਉ ਲਾਗਾ ਸੰਤਾਪੁ॥ ੧॥

ਪਰਮੇਸ਼ਰ ਨੇ ਆਪ ਹੀ ਬਾਦਸ਼ਾਹ ਦੀ ਰਸਨਾਂ ਪਰ ਬੈਠ ਕੇ ਮਰਵਾਹਿਆਂ ਦਾ ਲਿਖਿਆ ਹੋਇਆ ਮਹਜਰ

ਨਾਮਾ ਝੂਠਾ ਕੀਤਾ ਹੈ। ਜਿਸ ਵੇਲੇ ਧੱਕੇ ਦੇ ਕੇ ਬਾਹਰ ਕਢਵਾਇਆ ਤਾਂ ਪਾਪੀ ਨਿੰਦਕ ਨੂੰ ਬੜਾ ਭਾਰੀ ਸੰਤਾਪੁ=ਦੁੱਖ ਲੱਗਾ॥ ੧॥

ਜਿਸਹਿ ਸਹਾਈ ਗੋਬਿਦੁ ਮੇਰਾ॥
ਤਿਸੁ ਕਉ ਜਮੁ ਨਹੀ ਆਵੈ ਨੇਰਾ॥ ੧॥ ਰਹਾਉ॥

ਮੇਰਾ ਗੋਬਿੰਦ ਜਿਸ ਦੀ ਸਹਾਇਤਾ ਕਰਦਾ ਹੈ। ਉਸਨੂੰ ਜਮ ਨੇੜੇ ਆ ਕੇ ਦੁੱਖ ਨਹੀਂ ਦੇਂਦਾ॥ ੧॥ ਰਹਾਉ॥

ਸਾਚੀ ਦਰਗਹ ਬੋਲੈ ਕੂੜੁ॥ ਸਿਰੁ ਹਾਥ ਪਛੋੜੈ ਅੰਧਾ ਮੂੜੁ॥ ੨॥

ਸੱਚੀ ਗੱਲ ਛੱਡਕੇ, ਜਿਸ ਨੇ ਬਾਦਸ਼ਾਹ ਦੀ ਕਚਹਿਰੀ ਵਿਚ ਜਾ ਕੇ ਝੂਠ ਬੋਲਿਆ ਸੀ। ਉਹ ਅੰਨ੍ਹਾਂ ਮੂਰਖ ਅਕਬਰ ਬਾਦਸ਼ਾਹ ਦੀ ਕਚਹਿਰੀਓਂ ਨਿਕਲਕੇ ਸਿਰ ਉੱਤੇ ਹੱਥ ਮਾਰ ਕੇ ਪਛੋੜੈ=ਪਿੱਟਦਾ ਹੋਇਆ॥ ੨॥

ਰੋਗ ਬਿਆਪੇ ਕਰਦੇ ਪਾਪ॥ ਅਦਲੀ ਹੋਇ ਬੈਠਾ ਪ੍ਰਭੁ ਆਪਿ॥ ੩॥

ਗੁਰੂ ਜੀ ਦੀ ਬਿਅਦਬੀ ਰੂਪ ਪਾਪ ਕਰਨੇ ਕਰਕੇ ਉਸ ਨੂੰ ਕਈ ਰੋਗ ਆ ਕੇ ਬਿਆਪਦੇ ਹੋਏ।
ਪ੍ਰਭੂ ਆਪ ਹੀ ਅਦਲੀ=ਨਿਆਂਕਾਰੀ ਭਾਵ ਅਦਾਲਤੀ ਹੋ ਕੇ ਬੈਠਦਾ ਹੋਇਆ॥ ੩॥

ਅਪਨ ਕਮਾਇਐ ਆਪੇ ਬਾਧੇ॥
ਦਰਬੁ ਗਇਆ ਸਭੁ ਜੀਅ ਕੈ ਸਾਥੇ*॥ ੪॥

ਆਪਣੇ ਕਮਾਏ ਹੋਏ ਕਰਮਾਂ ਅਨੁਸਾਰ ਆਪ ਹੀ ਬੱਧੇ ਗਏ। ਉਨ੍ਹਾਂ ਦਾ ਸਾਰਾ ਧਨ ਉਨ੍ਹਾਂ ਦੀ ਜਾਨ ਦੇ ਨਾਲ ਹੀ ਚਲਾ ਗਿਆ॥ ੪॥

ਨਾਨਕ ਸਰਨਿ ਪਰੇ ਦਰਬਾਰਿ॥
ਰਾਖੀ ਪੈਜ ਮੇਰੈ ਕਰਤਾਰਿ॥ ੫॥ ੯੯॥ ੧੬੮॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸਚੇ ਦਰਬਾਰ ਦੀ ਸ਼ਰਣੀ ਪਏ ਹਨ।
ਮੇਰੇ ਕਰਤਾਰ ਨੇ ਉਨ੍ਹਾਂ ਦੀ ਪਤ ਆਬਰੋ ਰੱਖੀ ਹੈ॥ ੫॥ ੯੯॥ ੧੬੮॥

ਗਉੜੀ ਮਹਲਾ ੫॥
ਜਨ ਕੀ ਧੂਰਿ ਮਨ ਮੀਠ ਖਟਾਨੀ॥
ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ॥ ੧॥ ਰਹਾਉ॥

ਸੰਤ ਜਨਾਂ ਦੇ ਚਰਣਾਂ ਦੀ ਧੂੜ ਉਸ ਦੇ ਮਨ ਨੂੰ ਮੀਠ+ਖਟਾਨੀ=ਪਿਆਰੀ ਲੱਗੀ ਹੈ।
ਜਿਸ ਪ੍ਰਾਣੀ ਦੇ ਮੱਥੇ ਤੇ ਧੁਰ ਤੋਂ ਹੀ ਕੋਈ ਪੂਰਬਿ=ਪਿਛਲੇ ਜਨਮ ਦਾ ਚੰਗਾ ਕਰਮ ਲਿਖਿਆ ਹੋਇਆ ਹੈ॥ ੧॥ ਰਹਾਉ॥

---

*ਕਰਤਾਰ ਪੁਰ ਵਾਲੀ ਬੀੜ ਵਿਚ "ਸਾਥੈ" ਪਾਠ ਹੈ।

[ਪੰਨਾ ੨੦੦]

ਅਹੰਬੁਧਿ ਮਨ ਪੂਰਿ ਥਿਧਾਈ* ॥ ਸਾਧ ਧੂਰਿ ਕਰਿ ਸੁਧ ਮੰਜਾਈ ॥ ੧ ॥

ਬੁੱਧੀ ਵਿਚ ਜੋ ਹੰਗਤਾ ਹੈ ਏਹੀ ਮਨ ਨੂੰ ਪੂਰਨ ਥੰਧਿਆਈ (ਚਿਕਣਾਈ) ਲੱਗੀ ਹੋਈ ਹੈ।
ਸੰਤਾਂ ਦੀ ਚਰਣ ਧੂੜੀ ਨਾਲ ਮੰਜਾਈ=ਮਾਂਜ ਕੇ ਇਸ ਮਨ ਨੂੰ ਸ਼ੁਧ ਕੀਤਾ ਹੈ॥ ੧ ॥

ਅਨਿਕ ਜਲਾ ਜੇ ਧੋਵੈ ਦੇਹੀ ॥ ਮੈਲੁ ਨ ਉਤਰੈ ਸੁਧੁ ਨ ਤੇਹੀ ॥ ੨ ॥

ਪ੍ਰਤੱਖ ਜਲ, ਵਾ:-ਤੀਰਥਾਂ ਦੇ ਜਲ ਨਾਲ ਜੇਕਰ ਅਨੇਕ ਵਾਰੀ ਸਥੂਲ ਦੇਹ ਨੂੰ ਧੋਣਾ ਕਰੇ।
ਤਾਂ ਭੀ ਉਹ ਹੰਗਤਾ ਰੂਪੀ ਮੈਲ ਨਹੀਂ ਉਤਰਦੀ, ਨਾ ਹੀ ਉਹ ਦੇਹ ਸ਼ੁੱਧ ਹੁੰਦੀ ਹੈ॥ ੨ ॥

ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥
ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥ ੩ ॥

ਸਦਾ ਕ੍ਰਿਪਾਲੂ ਜੋ ਸਤਿਗੁਰੂ ਹਨ ਉਨ੍ਹਾਂ ਦਾ ਦਰਸ਼ਨ ਜਿਸ ਨੂੰ ਮਿਲਿਆ ਹੈ। ਉਸ ਨੇ ਹਰੀ ਦੇ ਸਿਮਰਨ ਨੂੰ ਸਿਮਰ ਕੇ ਕਾਲ ਦਾ ਡਰ ਕੱਟ ਲਿਆ ਹੈ॥ ੩ ॥

ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥
ਪ੍ਰੇਮ ਭਗਤਿ ਨਾਨਕ ਗੁਣ ਗਾਉ ॥ ੪ ॥ ੧੦੦ ॥ ੧੬੯ ॥

ਮੁਕਤੀ ਦੀ ਜੁਗਤੀ, ਭੁਗਤੀ ਦੀ ਜੁਗਤੀ ਹਰੀ ਨਾਮ ਜਪਨ ਨਾਲ ਪ੍ਰਾਪਤ ਹੁੰਦੀ ਹੈ। ਜੇ ਭੋਗ ਮੋਖ ਚਾਹੁੰਦੇ ਹੋ ਤਾਂ ਪ੍ਰੇਮਾ ਭਗਤੀ ਸਹਿਤ ਗੁਣਾਂ ਨੂੰ ਗਾਵਣਾ ਕਰੋ॥ ੪ ॥ ੧੦੦ ॥ ੧੬੯ ॥

ਗਉੜੀ ਮਹਲਾ ੫ ॥

ਜੀਵਨ ਪਦਵੀ ਹਰਿ ਕੇ ਦਾਸ ॥ ਜਿਨ ਮਿਲਿਆ ਆਤਮ ਪਰਗਾਸੁ ॥ ੧ ॥

ਉਹ ਹਰੀ ਦੇ ਦਾਸ ਜੀਵਨ ਪਦਵੀ ਦੇਣ ਵਾਲੇ ਹਨ। ਜਿਨ੍ਹਾਂ ਨਾਲ ਮਿਲਣ ਕਰਕੇ ਆਤਮਾ ਦਾ ਪ੍ਰਕਾਸ਼ ਹੁੰਦਾ ਹੈ, ਵਾ:-ਆਤਮ=ਮਨ ਵਿੱਚ ਪਰਗਾਸੁ=ਗਿਆਨ ਹੁੰਦਾ ਹੈ॥ ੧ ॥

ਹਰਿ ਕਾ ਸਿਮਰਨੁ ਸੁਨਿ ਮਨ ਕਾਨੀ ॥
ਸੁਖੁ ਪਾਵਹਿ ਹਰਿ ਦੁਆਰ ਪਰਾਨੀ ॥ ੧ ॥ ਰਹਾਉ ॥

ਹਰੀ ਦੇ ਸਿਮਰਨ ਨੂੰ ਮਨ ਦੇ ਕੇ ਕੰਨੀਂ ਸੁਣ। ਵਾ:-ਹਰੀ ਦਾ ਸਿਮਰਨ ਕਾਨੀ=ਕੰਨਾਂ ਦੁਆਰੇ ਸੁਣ ਕੇ ਮਨਨ ਕਰ। ਵਾ:-ਸੰਸਾਰ ਤੋਂ ਕਾਨੀ=ਕਿਨਾਰੇ ਕਰਨ ਵਾਲਾ ਜੋ ਹਰੀ ਦਾ ਸਿਮਰਨ ਹੈ ਉਸ ਨੂੰ ਗੁਰਾਂ ਪਾਸੋਂ ਸੁਣ ਕੇ ਮਨਨ ਕਰ। ਤਦ ਹੇ ਪ੍ਰਾਣੀ ਤੂੰ ਹਰੀ ਦੇ ਦੁਆਰ=ਦਰਬਾਰ ਵਿਚ ਸੁਖ ਪਾਵੇਂਗਾ॥ ੧ ॥ ਰਹਾਉ ॥

---

*ਕਈ ਬੀੜਾਂ ਵਿਚ ਬਿਧਾਈ ਪਾਠ ਹੁੰਦਾ ਹੈ, ਉਸ ਦਾ ਅਰਥ ਇਸ ਤਰ੍ਹਾਂ ਕਰਨਾ-

ਹੰਗਤਾ ਵਾਲੀ ਬੁਧੀ ਵਿਚ ਜੋ ਮਨ ਪੂਰੀ ਤਰ੍ਹਾਂ ਬਿਧਾਈ=ਵਿੰਨ੍ਹਿਆ ਹੋਇਆ ਹੈ, ਉਸ ਮਨ ਨੂੰ ਸੰਤਾਂ ਦੀ ਚਰਣ ਧੂੜੀ ਨਾਲ ਮਾਂਜ ਕੇ ਸ਼ੁਧ ਕੀਤਾ ਹੈ।

ਆਠ ਪਹਰ ਧਿਆਈਐ ਗੋਪਾਲੁ ॥
ਨਾਨਕ ਦਰਸਨੁ ਦੇਖਿ ਨਿਹਾਲੁ ॥ ੨ ॥ ੧੦੧ ॥ ੧੭੦ ॥

ਗੁਰੂ ਜੀ ਕਥਨ ਕਰਦੇ ਹਨ-ਅਠੇ ਪਹਿਰ ਅਰਥਾਤ ਰਾਤ ਦਿਨੇ ਉਸ ਗੁਪਾਲ ਨੂੰ ਧਿਆਉਣਾ ਕਰ ਜਿਸ ਦਾ ਦਰਸ਼ਨ ਦੇਖ ਕੇ ਨਿਹਾਲ ਹੋਈਦਾ ਹੈ॥ ੨ ॥ ੧੦੧ ॥ ੧੭੦ ॥

ਗਉੜੀ ਮਹਲਾ ੫ ॥

ਸਾਂਤਿ ਭਈ ਗੁਰ ਗੋਬਿਦਿ ਪਾਈ ॥
ਤਾਪ ਪਾਪ ਬਿਨਸੇ ਮੇਰੇ ਭਾਈ ॥ ੧ ॥ ਰਹਾਉ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਅਤੇ ਗੋਵਿੰਦ ਦੀ ਪਾਈ ਹੋਈ ਸਾਨੂੰ ਸ਼ਾਂਤੀ ਪ੍ਰਾਪਤ ਹੋਈ ਹੈ। ਹੇ ਮੇਰੇ ਭਾਈ ! ਤਾਪ ਅਤੇ ਪਾਪ ਸਭ ਬਿਨਸ ਗਏ ਹਨ॥ ੧ ॥ ਰਹਾਉ ॥

ਰਾਮ ਨਾਮੁ ਨਿਤ ਰਸਨ ਬਖਾਨ ॥ ਬਿਨਸੇ ਰੋਗ ਭਏ ਕਲਿਆਨ ॥ ੧ ॥

ਨਿਤਾਪ੍ਰਤੀ ਰਸਨਾਂ ਨਾਲ ਰਾਮ ਨਾਮ ਕਥਨ ਕਰਦੇ ਹਾਂ। ਜਿਸ ਕਰਕੇ ਸਾਰੇ ਰੋਗ ਬਿਨਸ ਗਏ ਹਨ, ਅਤੇ ਕਲਿਆਨ=ਸੁਖ ਪ੍ਰਾਪਤ ਹੋਏ ਹਨ॥ ੧ ॥

ਪਾਰਬ੍ਰਹਮ ਗੁਣ ਅਗਮ ਬੀਚਾਰ ॥ ਸਾਧੂ ਸੰਗਮਿ ਹੈ ਨਿਸਤਾਰ ॥ ੨ ॥

ਹੇ ਪੁਰਖ਼ਾ ! ਅਗਮ ਰੂਪ ਪਾਰਬ੍ਰਹਮ ਦੇ ਗੁਣਾਂ ਨੂੰ ਵਿਚਾਰਨਾ ਕਰ। ਅਤੇ ਸਾਧੂਆਂ ਦੀ ਸਤਸੰਗਤ ਕਰ, ਤਦ ਤੇਰਾ ਤਰਨਾ ਹੋਵੇਗਾ॥ ੨ ॥

ਨਿਰਮਲ ਗੁਣ ਗਾਵਹੁ ਨਿਤ ਨੀਤ ॥ ਗਈ ਬਿਆਧਿ ਉਬਰੇ ਜਨ ਮੀਤ ॥ ੩ ॥

ਹੇ ਮਿੱਤਰ ! ਨਿਤਾਪ੍ਰਤੀ ਨਿਰਮਲ ਪਰਮਾਤਮਾ ਦੇ ਗੁਣ ਗਾਵਣਾ ਕਰ। ਜਿਨ੍ਹਾਂ ਨੇ ਗੁਣ ਗਾਏ ਹਨ, ਉਨ੍ਹਾਂ ਦੀ ਬਿਆਧਿ=ਪੀੜਾ ਚਲੀ ਗਈ ਹੈ ਅਤੇ ਉਹ ਗੁਰਮੁਖ ਜਨ ਜਮਾਂ ਦੇ ਜਾਲ ਤੋਂ ਭੀ ਉਬਰੇ=ਬਚ ਗਏ ਹਨ॥ ੩ ॥

ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥
ਨਾਨਕ ਦਾਸ ਤੇਰੀ ਸਰਣਾਈ ॥ ੪ ॥ ੧੦੨ ॥ ੧੭੧ ॥

ਹੇ ਪ੍ਰਭੂ ! ਮਨ ਬਾਣੀ ਸਰੀਰ ਕਰਕੇ ਮੈਂ ਆਪ ਜੀ ਦਾ ਨਾਮ ਧਿਆਂਵਦਾ ਹਾਂ। ਅਤੇ ਮੈਂ ਦਾਸ ਨੇ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ॥ ੪ ॥ ੧੦੨ ॥ ੧੭੧ ॥

ਉਥਾਨਕਾ:-ਕੁਦਰਤ ਦੇ ਨਿਯਮ ਅਨੁਸਾਰ ਆਮ ਬੱਚਿਆਂ ਦੀ ਨਿਆਈਂ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਛੋਟੀ ਉਮਰਾ ਵਿਚ ਸੀਤਲਾ ਨਿਕਲੀ ਸੀ ਤਾਂ ਅੱਖਾਂ ਬੰਦ ਹੋ ਗਈਆਂ ਸਨ ਦੇਖਕੇ ਸਿਖਾਂ ਦੇ ਮਨ ਭਰਮ ਗਏ ਕਿ ਪਤਾ ਨਹੀਂ ਹੁਣ ਅੱਖਾਂ ਖੁਲ੍ਹਣਗੀਆਂ ਕਿ ਨਹੀਂ। ਇਸ ਘਬਰਾਹਟ ਵਿਚ ਪੈ ਕੇ ਪੰਚਮ ਪਿਤਾ ਜੀ ਪਾਸ ਆ ਕੇ ਬੇਨਤੀ ਕੀਤੀ:-ਕਿ ਛੇਵੇਂ ਪਾਤਸ਼ਾਹ ਜੀ ਉੱਤੇ ਸੀਤਲਾ ਦਾ ਬੜਾ ਜ਼ੋਰ ਹੈ ਹੁਣ ਕੀ ਕਰੀਏ ? ਹਜ਼ੂਰ ਨੇ ਫੁਰਮਾਇਆ, ਪ੍ਰਸ਼ਾਦ ਲਿਆ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅੱਗੇ ਅਰਦਾਸ ਕਰੋ ਤੇ ਅੰਦਰ ਝਾੜੂ ਦਿਓ ਮਹਾਰਾਜ ਜੀ ਕਿਰਪਾ ਕਰਨਗੇ। ਉਸੀ ਵੇਲੇ ਸੰਗਤਾਂ ਨੇ ਅਤੇ ਪ੍ਰਵਾਰ ਨੇ ਪ੍ਰਸ਼ਾਦ ਅੱਗੇ ਰਖ

ਕੇ ਬੜੀਆਂ ਬੇਨਤੀਆਂ ਕੀਤੀਆਂ ਅੰਦਰ ਝਾੜੂ ਦੀ ਸੇਵਾ ਭੀ ਕੀਤੀ ਇਸ ਤਰ੍ਹਾਂ ਕਰਨ ਨਾਲ ਦੂਜੇ ਦਿਨ ਨੇਤ੍ਰ ਖੁਲ੍ਹ ਗਏ। ਉਸ ਵੇਲੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਸ਼ਬਦ ਉਚਾਰਿਆ।

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥
ਭਰਮ ਗਏ ਪੂਰਨ ਭਈ ਸੇਵ ॥ ੧ ॥ ਰਹਾਉ ॥

ਗੁਰਦੇਵ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਧੰਨ ਹਨ, ਜਿਨ੍ਹਾਂ ਨੇ ਛੇਵੇਂ ਪਾਤਸ਼ਾਹ ਜੀ ਦੇ ਨੇਤ੍ਰਾਂ ਵਿਚ ਪ੍ਰਕਾਸ਼ ਕਰ ਦਿੱਤਾ ਹੈ। ਸਿੱਖਾਂ ਦੇ ਮਨ ਵਿਚ ਜੋ ਭਰਮ ਸੀ ਕਿ ਨੇਤ੍ਰ ਖੁਲ੍ਹਣਗੇ ਯਾਂ ਨਹੀਂ, ਇਤ ਆਦਿਕ ਸਭ ਭਰਮ ਚਲੇ ਗਏ ਹਨ, ਸ੍ਰੀ ਗੁਰੂ ਰਾਮਦਾਰ ਸਾਹਿਬ ਜੀ ਦੀ ਸੇਵਾ ਕੀਤੀ ਹੋਈ ਪੂਰਨ ਭਾਵ ਸਫਲ ਹੋ ਗਈ ਹੈ॥ ੧ ॥ ਰਹਾਉ ॥

ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥

ਬਿਹਾਰੀ=ਅਨੰਦ ਸਰੂਪ ਪਰਮਾਤਮਾ ਨੇ ਬਿਹਾਰੀ=ਲੜਕੇ ਛੇਵੇਂ ਪਾਤਸ਼ਾਹ ਜੀ ਨੂੰ ਸੀਤਲਾ ਤੋਂ ਰਖ ਲੀਤਾ ਹੈ। ਪਾਰਬ੍ਰਹਮ ਪ੍ਰਭੂ ਨੇ ਸਾਡੇ ਉੱਤੇ ਕਿਰਪਾ ਦ੍ਰਿਸ਼ਟ ਧਾਰੀ ਹੈ॥ ੧ ॥

ਅਥਵਾ:-ਸਤਿਗੁਰ ਦੇਵਾਂ ਨੇ ਜਗਿਆਸੂ ਦੇ ਮਨ ਬੁੱਧੀ ਰੂਪੀ ਨੇਤ੍ਰਾਂ ਵਿਚ ਗਿਆਨ ਦਾ ਪ੍ਰਕਾਸ਼ ਕੀਤਾ ਹੈ। ਜਿਸ ਵੇਲੇ ਜਗਿਆਸੂ ਦੀ ਸੇਵਾ ਕੀਤੀ ਹੋਈ ਪੂਰਨ ਹੋਈ, ਤਾਂ ਸਭ ਪ੍ਰਕਾਰ ਦੇ ਭਰਮ ਚਲੇ ਗਏ।

ਬਿਹਾਰੀ=ਪਰਮੇਸ਼ਰ ਸਰੂਪ ਗੁਰਾਂ ਨੇ ਸੀਤਲਾ=ਜੜ੍ਹਤਾ ਭਾਵ ਅਵਿੱਦਿਆ ਤੋਂ ਰੱਖ ਲੀਤਾ ਹੈ। ਜਿਸ ਵੇਲੇ ਪਾਰਬ੍ਰਹਮ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰਨਾ ਕੀਤੀ॥ ੧ ॥

ਨਾਨਕ ਨਾਮੁ ਜਪੈ ਸੋ ਜੀਵੈ ॥
ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥ ੨ ॥ ੧੦੩ ॥ ੧੭੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਨਾਮ ਨੂੰ ਜਪਦਾ ਹੈ, ਅਤੇ ਸਾਧਸੰਗਤ ਵਿਚ ਹਰੀ ਨਾਮ ਅੰਮ੍ਰਿਤ ਨੂੰ ਪੀਂਦਾ ਹੈ ਓਹੀ ਸੰਸਾਰ ਵਿਚ ਜਿਉਂਦਾ ਹੈ॥ ੨ ॥ ੧੦੩ ॥ ੧੭੨ ॥

ਗਉੜੀ ਮਹਲਾ ੫ ॥
ਧਨੁ ਓਹੁ ਮਸਤਕੁ ਧਨੁ ਤੇਰੇ ਨੇਤ ॥
ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ ॥ ੧ ॥

ਉਹ ਮਸਤਕ ਧਨੁ ਧਨੁ=ਧੰਨਤਾ ਦੇ ਜੋਗ ਹੈ ਜੋ ਤੇਰੇ ਅੱਗੇ ਨੇਤ=ਨਿਉਂਦਾ ਹੈ।

ਵਾ:-ਉਹ ਮਸਤਕ ਧੰਨ ਹੈ ਜੋ ਤੇਰੇ ਅੱਗੇ ਝੁਕਦਾ ਹੈ, ਉਹ ਨੇਤ=ਨੇਤ੍ਰ ਭੀ ਧੰਨ ਹਨ ਜੋ ਤੇਰੇ ਦਰਸ਼ਨ ਨੂੰ ਵੇਖਦੇ ਹਨ। ਉਹ ਭਗਤ ਭੀ ਧੰਨ ਹਨ-ਜਿਨ੍ਹਾਂ ਦਾ ਆਪ ਜੀ ਨਾਲ ਹੇਤ=ਪ੍ਰੇਮ ਹੈ॥ ੧ ॥

ਨਾਮ ਬਿਨਾ ਕੈਸੇ ਸੁਖੁ ਲਹੀਐ ॥
ਰਸਨਾ ਰਾਮ ਨਾਮ ਜਸੁ ਕਹੀਐ ॥ ੧ ॥ ਰਹਾਉ ॥

ਵਾਹਿਗੁਰੂ ਨਾਮ ਤੋਂ ਬਿਨਾਂ ਕਿਸ ਪ੍ਰਕਾਰ ਸੁਖ ਲੈਣਾ ਕਰੀਏ ਅਰਥਾਤ ਨਹੀਂ ਲਈਦਾ।

ਤਾਂ ਰਸਨਾਂ ਨਾਲ ਰਾਮ ਹੈ ਨਾਮ ਜਿਸ ਦਾ ਉਸ ਦਾ ਜਸ ਕਥਨ ਕਰੀਏ।

ਵਾ:-ਰਸਨਾਂ ਨਾਲ ਰਾਮ ਦੇ ਨਾਮ ਅਤੇ ਜਸ ਨੂੰ ਕਥਨ ਕਰੀਏ॥ ੧॥ ਰਹਾਉ॥

ਤਿਨ ਊਪਰਿ ਜਾਈਐ ਕੁਰਬਾਣੁ॥
ਨਾਨਕ ਜਿਨਿ ਜਪਿਆ ਨਿਰਬਾਣੁ॥ ੨॥ ੧੦੪॥ ੧੭੩॥

ਤਿਨ੍ਹਾਂ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਈਏ। ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਨਿਰਬਾਣੁ= ਨਿਰਬੰਧ ਪਰਮਾਤਮਾ ਨੂੰ ਜਪਿਆ ਹੈ॥ ੨॥ ੧੦੪॥ ੧੭੩॥

ਗਉੜੀ ਮਹਲਾ ੫ ॥
ਤੂੰਹੈ ਮਸਲਤਿ ਤੂੰਹੈ ਨਾਲਿ॥ ਤੂਹੈ ਰਾਖਹਿ ਸਾਰਿ ਸਮਾਲਿ॥ ੧॥

ਹੇ ਵਾਹਿਗੁਰੂ ! ਦਾਸਾਂ ਨੂੰ ਤੂੰਹੀਂ ਮਸਲਤਿ=ਸਲਾਹ ਦੇਣ ਵਾਲਾ ਹੈਂ ਤੂੰਹੀਂ ਦਾਸਾਂ ਦੇ ਨਾਲ ਅੰਗ ਸੰਗ ਹੈਂ। ਤੂੰਹੀਂ ਦਾਸਾਂ ਨੂੰ ਸਾਰਿ=ਸੰਭਾਲ ਕੇ ਰਖਦਾ ਹੈਂ॥ ੧॥

ਐਸਾ ਰਾਮੁ ਦੀਨ ਦੁਨੀ ਸਹਾਈ॥ ਦਾਸ ਕੀ ਪੈਜ ਰਖੈ ਮੇਰੇ ਭਾਈ॥੧॥ ਰਹਾਉ॥

ਹੇ ਰਾਮ ! ਤੂੰ ਐਸਾ ਹੈਂ ਕਿ ਦੀਨ+ਦੁਨੀ=ਲੋਕ ਪ੍ਰਲੋਕ ਦਾ ਸਹਾਈ ਹੈਂ। ਹੇ ਮੇਰੇ ਭਾਈ=ਭਾਵਨੇ ਯੋਗ ਰਾਮ ਤੂੰਹੀਂ ਦਾਸਾਂ ਦੀ ਪੈਜ ਰਖਾਣ ਵਾਲਾ ਹੈਂ॥ ੧॥ ਰਹਾਉ॥

ਆਗੈ ਆਪਿ ਇਹੁ ਥਾਨੁ ਵਸਿ ਜਾ ਕੈ॥ ਆਠ ਪਹਰ ਮਨੁ ਹਰਿ ਕਉ ਜਾਪੈ॥ ੨॥

ਆਗੈ=ਪ੍ਰਲੋਕ ਵਿਚ ਭੀ ਤੂੰ ਆਪ ਹੈਂ, ਇਹ ਥਾਨੁ=ਇਹ ਲੋਕ ਭੀ ਜਿਸ ਤੇਰੇ ਵਸੀਕਾਰ ਹੈ।

ਹੇ ਹਰੀ ! ਇਹ ਕਿਰਪਾ ਕਰ ਜੋ ਅਠੇ ਪਹਿਰ ਮੇਰਾ ਮਨ ਤੇਰੇ ਨਾਮ ਨੂੰ ਜਪਣਾ ਕਰੇ॥ ੨॥

ਪਤਿ ਪਰਵਾਣੁ ਸਚੁ ਨੀਸਾਣੁ॥ ਜਾ ਕਉ ਆਪਿ ਕਰਹਿ ਫੁਰਮਾਨੁ॥ ੩॥

ਜਿਸ ਉੱਤੇ ਤੂੰ ਆਪ ਹੁਕਮ ਕਰਦਾ ਹੈਂ ਉਸ ਨੂੰ ਸਚ ਨਾਮ ਰੂਪੀ ਨੀਸਾਣੁ=ਪ੍ਰਵਾਨਾ ਮਿਲਦਾ ਹੈ ਓਸੇ ਦੀ ਪ੍ਰਮਾਣੀਕ ਪਤ ਅਬਰੋ ਹੁੰਦੀ ਹੈ॥ ੩॥

ਆਪੇ ਦਾਤਾ ਆਪਿ ਪ੍ਰਤਿਪਾਲਿ॥
ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ॥ ੪॥ ੧੦੫॥ ੧੭੪॥

ਤੂੰ ਆਪੇ ਆਪ ਦਾਤਾ ਹੋ ਕੇ ਸਭ ਦੀ ਪ੍ਰਤਿਪਾਲਾ ਕਰਦਾ ਹੈਂ। ਹੇ ਰਾਮ ਮੈਂ ਨਿਤਾਪ੍ਰਤੀ ਤੇਰੇ ਨਾਮ ਨੂੰ ਸਮਾਲਿ=ਯਾਦ ਕਰਦਾ ਹਾਂ॥ ੪॥ ੧੦੫॥ ੧੭੪॥

ਗਉੜੀ ਮਹਲਾ ੫ ॥
ਸਤਿਗੁਰੁ ਪੂਰਾ ਭਇਆ ਕ੍ਰਿਪਾਲੁ॥ ਹਿਰਦੈ ਵਸਿਆ ਸਦਾ ਗੁਪਾਲੁ॥ ੧॥

ਜਿਸ ਉੱਤੇ ਪੂਰਾ ਸਤਿਗੁਰੂ ਕ੍ਰਿਪਾਲੂ ਹੋਇਆ ਹੈ, ਉਸ ਦੇ ਹਿਰਦੇ ਵਿਚ ਸਦੀਵ ਕਾਲ ਗੁਪਾਲ ਵਸਿਆ ਹੈ॥ ੧॥

[ਪੰਨਾ ੨੦੧]

ਰਾਮੁ ਰਵਤ ਸਦ ਹੀ ਸੁਖੁ ਪਾਇਆ ॥
ਮਇਆ ਕਰੀ ਪੂਰਨ ਹਰਿ ਰਾਇਆ ॥ ੧ ॥ ਰਹਾਉ ॥

ਉਸ ਪੁਰਸ਼ ਨੇ ਰਾਮ ਨੂੰ ਉਚਾਰਿਆ ਹੈ, ਅਤੇ ਨਿਤ ਸੁਖ ਨੂੰ ਪਾਇਆ ਹੈ। ਜਿਸ ਉੱਤੇ ਪੂਰਨ ਹਰੀ ਰਾਜਾ ਨੇ ਮਇਆ=ਕਿਰਪਾ ਕੀਤੀ ਹੈ॥ ੧ ॥ ਰਹਾਉ ॥

ਕਹੁ ਨਾਨਕ ਜਾ ਕੇ ਪੂਰੇ ਭਾਗ ॥
ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥ ੨ ॥ ੧੦੬ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਦੇ ਪੂਰਨ ਭਾਗ ਹਨ। ਹਰਿ ਹਰਿ ਨਾਮ ਜਪਾਣ ਨਾਲ ਉਸ ਨੂੰ ਇਸਥਿਤ ਰੂਪ ਸੋਹਾਗੁ=ਪਤੀ ਮਿਲਿਆ ਹੈ॥ ੨ ॥ ੧੦੬ ॥

ਗਉੜੀ ਮਹਲਾ ੫ ॥

ਉਥਾਨਕਾ:-ਜਿਵੇਂ ਗੌਂਡ ਅਤੇ ਪੁਸ਼ਕਰਨੇ ਜਾਤੀ ਦੇ ਬ੍ਰਾਹਮਣ ਹਨ ਤਿਵੇਂ ਕਦਰੂ ਸੰਗਿਆ ਦਾ ਇਕ ਬ੍ਰਾਹਮਣ ਸੀ ਉਸ ਦਾ ਇਹ ਨੇਮ ਸੀ, ਜਿਥੇ ਭੀ ਵਿਆਹ ਸੁਣੇ ਚਾਹੇ ਲੜਕੀ ਦਾ ਹੋਵੇ ਚਾਹੇ ਲੜਕੇ ਦਾ ਹੋਵੇ। ਓਥੇ ਪਹੁੰਚ ਕੇ ਕਪੜੇ ਲਾਹ ਕੇ ਨੱਚਦਾ ਟੱਪਦਾ ਸੀ ਅਤੇ ਆਪਣੇ ਮਨ ਦੇ ਕਹੇ ਅਨੁਸਾਰ ਜ਼ਬਰਨ ਦਾਨ ਲੈਂਦਾ ਸੀ।

ਜੇ ਕੋਈ ਨਾ ਦੇਵੇ ਤਾਂ ਛੁਰੀ ਕੱਢ ਕੇ ਡਰਾਉਂਦਾ ਸੀ ਕਿ ਜੇ ਆਪ ਮੈਨੂੰ ਦਾਨ ਨਾ ਦਿਓਗੇ ਤਾਂ ਛੁਰੀ ਮਾਰ ਕੇ ਮਰ ਜਾਵਾਂਗਾ ਤੁਹਾਡੇ ਉੱਤੇ ਬ੍ਰਹਮ ਹੱਤਿਆ ਦਾ ਦੋਸ਼ ਚਾੜ੍ਹ ਦਿਆਂਗਾ, ਜਿਸ ਕਰਕੇ ਤੁਹਾਡੇ ਵਿਆਹ ਵਿਚ ਭੰਗ ਪੈ ਜਾਏਗਾ। ਲੋਕਾਂ ਨੇ ਡਰਦਿਆਂ ਮਾਰਿਆਂ ਦਾਨ ਦੇ ਦੇਣਾ। ਅਗੇ ਤਾਂ ਇਸ ਬ੍ਰਾਹਮਣ ਦੀ ਕਰਤਬਤਾ ਬਾਰੇ ਸੁਣਦੇ ਸਨ। ਹੁਣ ਜਿਸ ਵੇਲੇ ਪੰਚਮ ਪਿਤਾ ਜੀ ਨੇ ਆਪਣੇ ਸਾਹਿਬਜ਼ਾਦੇ ਛੇਵੇਂ ਪਾਤਸ਼ਾਹ ਜੀ ਦਾ ਵਿਆਹ ਰਚਿਆ ਤਾਂ ਓਹੀ ਬ੍ਰਾਹਮਣ ਸੁਣ ਕੇ ਪਾਸ ਆ ਪਹੁੰਚਾ ਤਾਂ ਸਿਖਾਂ ਨੇ ਕਿਹਾ ਗਰੀਬ ਨਿਵਾਜ਼ ਇਹ ਓਹੀ ਕਦਰੂ ਬ੍ਰਾਹਮਣ ਹੈ ਜੋ ਜ਼ਬਰਨ ਲੋਕਾਂ ਪਾਸੋਂ ਦਾਨ ਲੈਂਦਾ ਹੈ। ਇਹ ਗੱਲ ਸੁਣ ਕੇ ਗੁਰੂ ਜੀ ਉਸ ਨੂੰ ਸ਼ੁਭ ਸਿਖਿਆ ਦੇਂਦੇ ਹਨ।

ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟਿ ॥ ੧ ॥

ਹੇ ਕਦਰੂ ਧੋਤੀ ਨੂੰ ਖੋਲ੍ਹ ਕੇ ਹੇਠਾਂ ਵਿਛਾਉਂਦਾ ਹੈਂ। ਅਤੇ ਗਧੇ ਵਾਂਗੂੰ ਪੇਟ ਵਿੱਚ ਭੋਜਨ ਲਾਹੀ ਜਾਂਦਾ ਹੈਂ। (ਪੇਟ ਵਿਚ ਭੋਜਨ ਬਹੁਤਾ ਪਉਣ ਵਾਸਤੇ ਧੋਤੀ ਖੋਲ੍ਹ ਲੈਂਦੇ ਹਨ) ਕਿਉਂਕਿ ਜੇ ਲੱਕ ਵਿੱਚ ਧੋਤੀ ਕੱਸੀ ਹੋਈ ਹੋਵੇ ਤਾਂ ਭੋਜਨ ਥੋੜਾ ਖਾਧਾ ਜਾਂਦਾ ਹੈ॥ ੧ ॥

ਬਿਨੁ ਕਰਤੂਤੀ ਮੁਕਤਿ ਨ ਪਾਈਐ ॥
ਮੁਕਤਿ ਪਦਾਰਥੁ ਨਾਮੁ ਧਿਆਈਐ ॥ ੧ ॥ ਰਹਾਉ ॥

ਭਗਤੀ ਆਦਿ ਸ੍ਰੇਸ਼ਟ ਕਰਤੱਬਤਾ ਤੋਂ ਬਿਨਾਂ ਮੁਕਤੀ ਨਹੀਂ ਪ੍ਰਾਪਤ ਹੁੰਦੀ। ਨਾਮ ਦੇ ਧਿਆਉਣ ਕਰਕੇ ਹੀ ਮੁਕਤੀ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ॥ ੧ ॥ ਰਹਾਉ ॥

ਪੂਜਾ ਤਿਲਕ ਕਰਤ ਇਸਨਾਨਾਂ॥ ਛੁਰੀ ਕਾਢਿ ਲੇਵੈ ਹਥਿ ਦਾਨਾ॥ ੨॥

ਲੋਕਾਂ ਨੂੰ ਦਿਖਾਣ ਵਾਸਤੇ:-ਠਾਕੁਰ ਪੂਜਾ ਕਰਦਾ ਹੈਂ, ਮੱਥੇ ਤੇ ਤਿਲਕ ਲਗਾਂਦਾ ਹੈਂ, ਅਤੇ ਇਸ਼ਨਾਨ ਭੀ ਕਰਦਾ ਹੈਂ। ਪੁਨਾ ਹੱਥ ਵਿਚ ਛੁਰੀ ਕੱਢ ਕੇ ਲੋਕਾਂ ਨੂੰ ਡਰਾ ਕੇ ਦਾਨ ਲੈਂਦਾ ਹੈਂ॥ ੨॥

ਬੇਦੁ ਪੜੈ ਮੁਖਿ ਮੀਠੀ ਬਾਣੀ॥ ਜੀਆਂ ਕੁਹਤ ਨ ਸੰਗੈ ਪਰਾਣੀ॥ ੩॥

ਮੁਖ ਤੋਂ ਮਿੱਠੀ ਬਾਣੀ ਦੁਆਰਾ ਵੇਦਾਂ ਨੂੰ ਪੜ੍ਹਦਾ ਹੈਂ। ਪਰ ਹੇ ਪ੍ਰਾਣੀ ! ਤੂੰ ਜੀਆਂ ਨੂੰ ਕੋਂਹਦਾ ਹੋਇਆ ਸੰਗੈ=ਸ਼ਰਮ ਨਹੀਂ ਕਰਦਾ। ਜਿਹੜਾ ਜੀਆਂ ਨੂੰ ਦੁਖ ਦੇ ਕੇ ਜ਼ਬਰਨ ਦਾਨ ਲੈਣਾ ਹੈ ਏਹੀ ਜੀਆਂ ਦਾ ਕੋਹਣਾ ਹੈ। ਅਥਵਾ:-ਹੇ ਪ੍ਰਾਣੀ ਤੂੰ ਪ੍ਰਤੱਖ ਜੀਆਂ ਨੂੰ ਕੋਂਹਦਾ ਹੋਇਆ ਸ਼ਰਮ ਨਹੀਂ ਕਰਦਾ। ਜੋ ਮੱਛੀ ਦਾ ਮਾਸ ਖਾ ਕੇ ਕਹਿੰਦਾ ਹੈ ਮੈਂ ਜਲ ਤੋਰੀ ਖਾਧੀ ਹੈ॥ ੩॥

ਕਹੁ ਨਾਨਕ ਜਿਸੁ ਕਿਰਪਾ ਧਾਰੈ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ॥ ੪॥ ੧੦੭॥

ਗੁਰੂ ਜੀ ਕਥਨ ਕਰਦੇ ਹਨ-ਉਹ ਵਾਹਿਗੁਰੂ ਜਿਸ ਉੱਤੇ ਕਿਰਪਾ ਧਾਰਦਾ ਹੈ ਉਸ ਦਾ ਹਿਰਦਾ ਸ਼ੁਧ ਹੁੰਦਾ ਹੈ ਅਤੇ ਓਹੀ ਬ੍ਰਹਮ ਨੂੰ ਵਿਚਾਰਦਾ ਹੈ। ਇਸ ਤਰ੍ਹਾਂ ਉਪਦੇਸ਼ ਨੂੰ ਸੁਣ ਕੇ ਉਸ ਨੇ ਜ਼ਬਰਨ ਦਾਨ ਲੈਣਾ ਛੱਡ ਦਿੱਤਾ ਤੇ ਸ਼ਾਂਤ ਮਨ ਵਾਲਾ ਹੋ ਗਿਆ॥ ੪॥ ੧੦੭॥

ਗਉੜੀ ਮਹਲਾ ੫॥

ਉਥਾਨਕਾ:-ਬਿਕ੍ਰਮੀ ਸੰਮਤ ੧੬੫੧ ਵਿਚ ਭਾਗਾਂ ਭਰੀ ਵੈਸਾਖੀ ਦੇ ਪੁਰਬ ਤੇ ਦੂਰ ਦੂਰ ਦੀਆਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ, ਦਾਸਵੰਧ ਦੀ ਮਾਇਆ ਅਰਪ ਕੇ ਗੁਰ ਚਰਨਾਂ ਉੱਪਰ ਸਿਰ ਝੁਕਾਇਆ, ਦਰਸ਼ਨ ਕਰ ਕੇ ਉਪਦੇਸ਼ ਲੈ ਕੇ ਆਪਣਾ ਜਨਮ ਸਫਲਾ ਕੀਤਾ। ਇਸ ਵਾਰ ਕਾਬਲ ਵਿਚੋਂ ਆਈ ਸੰਗਤ ਨਾਲ ਇਕ ਪ੍ਰੇਮੀ ਸਿੱਖ ਨੇ ਹਜ਼ੂਰ ਦੇ ਚਰਨਾਂ ਵਿਚ ਅਮੋਲਕ ਭੇਟਾ ਅਰਪੀ, ਜਿਸ ਵਿਚ ਹੋਰ ਵਸਤੂਆਂ ਤੋਂ ਇਲਾਵਾ ਤਿੰਨ ਜ਼ਨਾਨੇ ਬਸਤ੍ਰ ਸਨ। ਸਿੱਖ ਨੇ ਹੱਥ ਜੋੜ ਕੇ ਬੇਨਤੀ ਕੀਤੀ ਇਹ ਬਸਤ੍ਰ ਮੈਂ ਬੜੇ ਸਿਦਕ ਨਾਲ ਮਾਤਾ ਗੰਗਾ ਜੀ ਵਾਸਤੇ ਤਿਆਰ ਕਰਵਾ ਕੇ ਲਿਆਂਦੇ ਹਨ, ਇਹ ਕਪੜੇ ਗੁਰੂ ਦੇ ਮਹਿਲਾਂ ਵਿਚ ਭੇਜ ਦਿਓ, ਹਜ਼ੂਰ ਨੇ ਉਸ ਦੀ ਭਾਵਨਾ ਦੇਖ ਕੇ ਦੋਹਾਂ ਲੋਕਾਂ ਦੇ ਸੁਖ ਬਖਸ਼ ਕੇ ਉਸ ਨੂੰ ਵਾਪਸ ਟੋਰ ਦਿੱਤਾ, ਉਹ ਤਾਂ ਗੁਰੂ ਜਸ ਕਰਦਾ ਹੋਇਆ ਸੰਗਤ ਨਾਲ ਆਪਣੇ ਦੇਸ ਨੂੰ ਵਾਪਸ ਚਲਾ ਗਿਆ ਤੇ ਗੁਰੂ ਜੀ ਨੇ ਸਿਖ ਦੀ ਸ਼ਰਧਾ ਅਨੁਸਾਰ ਉਹ ਕਪੜੇ ਮਹਿਲਾਂ ਵਿਚ ਭੇਜ ਦਿੱਤੇ, ਮਾਤਾ ਗੰਗਾ ਜੀ ਗੁਰਗੱਦੀ ਦੀ ਮਹਿਮਾ, ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਜਾਣ ਕੇ ਬੜੇ ਪ੍ਰਸੰਨ ਹੋਏ, ਫਿਰ ਉਹ ਕੀਮਤੀ ਬਸਤ੍ਰ ਦਾਸੀ ਤੋਂ ਸੰਭਾਲ ਕੇ ਰਖਵਾ ਦਿਤੇ। ਵੈਸਾਖ ਦਾ ਮਹੀਨਾ ਬੀਤ ਗਿਆ, ਜੇਠ ਤੇ ਹਾੜ ਵੀ ਲੰਘ ਗਿਆ, ਸਾਵਣ ਤੇ ਭਾਦਰੋਂ ਦੀਆਂ ਝੜੀਆਂ ਵੀ ਆਪਣੇ ਸਮੇਂ ਅਨੁਸਾਰ ਤੁਰ ਪਈਆਂ, ਉਪ੍ਰੰਤ ਚੜ੍ਹੇ ਅੱਸੂ ਦੇ ਮਹੀਨੇ ਵਿਚ ਮਾਤਾ ਗੰਗਾ ਜੀ ਨੇ ਦਾਸੀ ਨੂੰ ਕਹਿ ਕੇ ਉਨ੍ਹਾਂ ਕਪੜਿਆਂ ਨੂੰ ਧੁਪ ਲਵਾਉਣ ਵਾਸਤੇ ਕੋਠੇ ਤੇ ਮੰਜਿਆਂ ਪਰ ਖਿੰਡਾ ਦਿੱਤਾ।

ਪ੍ਰਿਥੀ ਚੰਦ ਦਾ ਘਰ ਨਾਲ ਹੀ ਸੀ, ਜਦ ਪ੍ਰਿਥੀ ਚੰਦ ਦੀ ਦਾਸੀ ਕੋਠੇ ਤੇ ਕਿਸੇ ਕੰਮ ਲਈ ਗਈ ਤਾਂ ਉਨ੍ਹਾਂ ਕਪੜਿਆਂ ਨੂੰ ਵੇਖ ਕੇ ਸੜ ਬਲ ਗਈ ਤੇ ਹੇਠਾਂ ਆ ਕੇ ਪ੍ਰਿਥੀ ਚੰਦ ਦੇ ਘਰ ਵਾਲੀ ''ਕਰਮੋ'' ਨੂੰ ਆਖਦੀ ਹੈ ਉੱਪਰ ਚੜ੍ਹ ਕੇ ਦੇਖੋ ਤੁਹਾਡੀ ਦਿਰਾਣੀ ਦੇ ਘਰ ਐਹੋ ਜੇਹੇ ਸੁੰਦਰ ਕਪੜੇ ਹਨ ਜੋ ਕਿਸੇ ਬਾਦਸ਼ਾਹ ਦੇ ਘਰ ਭੀ ਨਾ ਹੋਣਗੇ। ਜਦ ਕਰਮੋ ਨੇ ਉੱਪਰ ਜਾ ਕੇ ਉਨ੍ਹਾਂ ਕਪੜਿਆਂ ਨੂੰ ਸੂਰਜ ਦੀਆਂ ਕਿਰਨਾਂ ਸਮਾਨ ਝਲਮਲ

ਕਰਦਿਆਂ ਵੇਖਿਆ ਤਾਂ ਗਸ਼ ਖਾ ਕੇ ਡਿੱਗ ਪਈ, ਕੁਝ ਚਿਰ ਬਾਅਦ ਆਪਣੀ ਦਾਸੀ ਦੀ ਸਹਾਇਤਾ ਨਾਲ ਹੇਠਾਂ ਉਤਰੀ, ਜਦ ਸ਼ਾਮ ਨੂੰ ਪ੍ਰਿਥੀ ਚੰਦ ਘਰ ਆਇਆ ਤਾਂ ਉਸ ਨੂੰ ਸਾਰੀ ਗੱਲ ਸੁਣਾਉਂਦਿਆਂ ਹੋਇਆਂ ਕਿਹਾ, ਜੇਕਰ ਆਪ ਆਪਣੇ ਗੁਰੂ ਪਿਤਾ ਜੀ ਦੀ ਸੇਵਾ ਕਰਦੇ ਤਾਂ ਗੁਰਤਾ ਗੱਦੀ ਸਾਡੇ ਘਰ ਆ ਜਾਣੀ ਸੀ ਤੇ ਸੰਗਤਾਂ ਵਲੋਂ ਅਮੋਲਕ ਪਦਾਰਥ ਆਉਣੇ ਸਨ, ਹੁਣ ਤਾਂ ਸ਼ਰੀਕਾਂ ਦੇ ਘਰ ਅਜੇਹੇ ਪਦਾਰਥ ਤੇ ਕਪੜੇ ਆ ਰਹੇ ਹਨ ਜਿਨ੍ਹਾਂ ਨੂੰ ਵੇਖ ਕੇ ਮੇਰਾ ਸੀਨਾ ਸੜ ਬਲ ਗਿਆ ਹੈ।

ਇਹ ਗੱਲ ਸੁਣ ਕੇ ਪ੍ਰਿਥੀ ਚੰਦ ਨੇ ਕਿਹਾ ਘਬਰਾ ਨਾ, ਜ਼ਰਾ ਠਹਿਰ ਜਾ, ਇਨ੍ਹਾਂ ਦੇ ਘਰ ਕਿਹੜਾ ਪੁਤ੍ਰ ਹੈ ਇਨ੍ਹਾਂ ਦੀ ਸਾਰੀ ਜਾਇਦਾਦ ਦਾ ਮਾਲਕ ਅਸਾਂ ਨੇ ਹੀ ਬਨਣਾ ਹੈ।

ਪਾਸ ਬੈਠੀ ਦਾਸੀ ਵੀ ਇਹ ਗੱਲਾਂ ਸੁਣ ਰਹੀ ਸੀ ਉਸ ਨੇ ਇਕ ਦਿਨ ਕੋਠੇ ਤੇ ਬੈਠਿਆਂ ਮਾਤਾ ਗੰਗਾ ਜੀ ਦੀ ਦਾਸੀ ਨੂੰ ਕਹਿ ਦਿੱਤਾ, ਮਾਤਾ ਗੰਗਾ ਜੀ ਦੇ ਘਰ ਪੁਤ੍ਰ ਨਾ ਹੋਣ ਕਰਕੇ ਆਖ਼ਿਰ ਇਨ੍ਹਾਂ ਕਪੜਿਆਂ ਦੇ ਮਾਲਕ ਅਸਾਂ ਨੇ ਹੀ ਬਨਣਾ ਹੈ। ਇਹ ਗੱਲ ਸੁਣ ਕੇ ਦਾਸੀ ਨੇ ਹੇਠਾਂ ਆ ਕੇ ਮਾਤਾ ਗੰਗਾ ਜੀ ਨੂੰ ਕਿਹਾ ਕਰਮੋਂ ਦੀ ਦਾਸੀ ਇਸ ਤਰ੍ਹਾਂ ਆਖਦੀ ਹੈ, ਇਹ ਗੱਲ ਸੁਣ ਕੇ ਮਾਤਾ ਗੰਗਾ ਜੀ ਦਾ ਮਨ ਭਰ ਆਇਆ, ਪਰ ਬੋਲੇ ਨਾ।

ਦੂਜੇ ਦਿਨ ਜਦ ਸਰੋਵਰ ਵਿਚੋਂ ਇਸ਼ਨਾਨ ਕਰਕੇ ਪੌਣੇ ਤੋਂ ਬਾਹਰ ਆਏ, ਤਾਂ ਏਧਰੋਂ ਕਰਮੋਂ ਇਸ਼ਨਾਨ ਕਰਨ ਵਾਸਤੇ ਜਾ ਰਹੀ ਸੀ, ਦੋ ਚਾਰ ਅੰਮ੍ਰਿਤ ਦੀਆਂ ਬੂੰਦਾਂ ਉਸ ਦੇ ਕਪੜੇ ਪਰ ਪੈ ਜਾਣ ਤੇ ਉਸ ਨੇ ਬੜੇ ਗੁਸੇ ਨਾਲ ਆਖਿਆ ਗੁਰਤਾ ਗੱਦੀ ਪਾ ਕੇ ਕਿਉਂ ਹੰਕਾਰੇ ਗਏ ਹੋ, ਕਿਸੇ ਵੱਡੇ ਛੋਟੇ ਦੇ ਸਤਿਕਾਰ ਦਾ ਕੋਈ ਪਤਾ ਨਹੀਂ, ਦੇਖ ! ਮੇਰੇ ਸਾਰੇ ਕਪੜੇ ਭਿਉਂ ਦਿੱਤੇ ਹਨ, ਤਾਂ ਹੀ ਹੁਣ ਤਕ ਔਂਤਰੀ ਨਖੱਤ੍ਰੀ ਫਿਰਦੀ ਹੈਂ।

ਗੰਗਾ ਜਲ ਭਾਵੇਂ ਸੀਤਲ ਹੈ ਪਰ ਅੱਗ ਉੱਤੇ ਰਖਿਆਂ ਉਹ ਭੀ ਖੌਲਣ ਲੱਗ ਜਾਂਦਾ ਹੈ। ਏਸੇ ਤਰ੍ਹਾਂ ਮਾਤਾ ਗੰਗਾ ਜੀ ਦਾ ਹਿਰਦਾ ਬੜਾ ਸੀਤਲ ਸੀ ਪਰ ਅਜ ਜਿਠਾਣੀ ਦੀ ਬੋਲੀ ਨੇ ਹਿਰਦਾ ਤਪਾ ਦਿੱਤਾ।

ਉਸੀ ਵੇਲੇ ਜਗਤ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਜਾ ਕੇ ਝੋਲੀ ਅੱਡ ਕੇ ਬੇਨਤੀ ਕੀਤੀ ਗਰੀਬ ਨਿਵਾਜ਼ ਜੀਓ! ਹਜ਼ਾਰਾਂ ਮੀਲਾਂ ਤੇ ਬੈਠੇ ਸਿੱਖ ਆਪ ਜੀ ਤੋਂ ਮਨ ਇੱਛਤ ਫਲ ਪਾਉਂਦੇ ਹਨ ਕੀ ਦਾਸੀ ਦੀ ਝੋਲੀ ਸੱਖਣੀ ਰਹੇਗੀ ? ਬਖਸ਼ਿਸ਼ ਦੇ ਘਰ ਵਿਚ ਆ ਕੇ ਮਿੱਠੀ ਦਾਤ ਦੇ ਕੇ ਝੋਲੀ ਹਰੀ ਭਰੀ ਕਰੋ, ਹਜ਼ੂਰ ਨੇ ਕਿਹਾ-ਗੰਗਾ ! ਮੇਰੇ ਪਾਸ ਜਿਤਨਾ ਵੀ ਪਦਾਰਥ ਹੈ ਇਹ ਸਾਰੀ ਸਿਖਾਂ ਦੀ ਅਮਾਨਤ ਹੈ, ਏਸ ਵਿੱਚੋ ਮੈਂ ਆਪਣੇ ਵਾਸਤੇ ਨਹੀਂ ਵਰਤ ਸਕਦਾ।

ਜੇ ਤੁਸਾਂ ਨੇ ਕੁਝ ਲੈਣਾ ਹੈ ਤਾਂ ਪੂਰਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਜੋ ਬੀੜ ਸਾਹਿਬ ਵਿੱਚ ਗੁਰੂ ਘਰ ਦੀ ਸੇਵਾ ਲਈ ਖੇਤੀਆਂ ਕਰਵਾ ਰਹੇ ਹਨ, ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਤੋਂ ਵਰ ਪ੍ਰਾਪਤ ਕਰੋ। ਹਜ਼ੂਰ ਤੋਂ ਇਹ ਗੱਲ ਸੁਣ ਕੇ ਮਾਤਾ ਗੰਗਾ ਜੀ ਰਥ ਗੱਡੀਆਂ, ਦਾਸ ਦਾਸੀਆਂ ਸਮੇਤ ਬਹੁਤ ਸਾਰਾ ਪਰਵਾਰ ਲੈ ਕੇ ਵਾਜੇ ਵਜਾਉਂਦੇ ਹੋਏ ਬੀੜ ਸਾਹਿਬ ਪਹੁੰਚੇ, ਉਸ ਵੇਲੇ ਤਾਂ ਬਾਬਾ ਜੀ ਹਲ ਵਾਹ ਰਹੇ ਸਨ ਵਾਜਿਆਂ ਦੇ ਰੌਲੇ ਨੂੰ ਸੁਣ ਕੇ ਹਲ ਵਾਂਹਦਿਆਂ ਦੇ ਬੈਲ ਡਰ ਗਏ ਤਾਂ ਬਾਬਾ ਜੀ ਨੇ ਪੁਛਿਆ, ਕੀ ਗੱਲ ਹੈ ਕੌਣ ਆ ਰਿਹਾ ਹੈ ਤਾਂ ਨਿਕਟਵਰਤੀ ਸੇਵਕ ਨੇ ਕਿਹਾ, ਗੁਰੂ ਦੇ ਮਹਿਲ ਆ ਰਹੇ ਹਨ, ਤਾਂ ਬਾਬਾ ਜੀ ਦੇ ਮੁਖੋਂ ਸੁਭਾਵਕ ਬਚਨ ਨਿਕਲਿਆ- ਰਾਮਦਾਸ ਪੁਰ ਭਾਜੜ ਕਿੰਨ ਪਾਈ-ਗੁਰੂ ਕਿਆਂ ਨੂੰ ਕੀ ਭਾਜੜ ਪੈ ਗਈ ਜੋ ਏਸ ਤਰ੍ਹਾਂ ਠਾਠ ਬਾਠ ਨਾਲ ਸ਼ਹਿਰ ਛੱਡ ਕੇ ਇਥੇ ਆ ਰਹੇ ਹਨ ਸੇਵਾਦਾਰ ਤਾਂ ਡਰ ਗਿਆ, ਫੇਰ ਦਾਸੀ ਨੇ ਪਾਸ ਜਾ ਕੇ ਬੇਨਤੀ ਕੀਤੀ ਕਿ ਮਾਤਾ ਜੀ ਪੁਤ੍ਰ ਦੀ ਦਾਤ ਲੈਣ ਵਾਸਤੇ ਆਏ ਹਨ। ਆਪ ਕਿਰਪਾ ਕਰੋ, ਪਰ ਬਾਬਾ ਜੀ ਨੇ ਕੋਈ

ਉੱਤਰ ਨਾ ਦਿੱਤਾ। ਫਿਰ ਬੜੀ ਹੈਰਾਨਗੀ ਸਹਿਤ ਸਾਰੇ ਵਾਪਸ ਮੁੜ ਆਏ। ਆ ਕੇ ਗੁਰੂ ਜੀ ਨੂੰ ਕਿਹਾ, ਗਏ ਤਾਂ ਪੁਤ੍ਰ ਵਾਸਤੇ ਸੀ ਸਗੋਂ ਸਰਾਪ ਮਿਲ ਗਿਆ ਹੈ।

ਉਸ ਵੇਲੇ ਗੁਰੂ ਜੀ ਨੇ ਸਮਝਾਇਆ ਤੁਹਾਨੂੰ ਮੰਗਣ ਦੀ ਜਾਚ ਨਹੀਂ ਆਈ, ਤੁਸੀਂ ਗੁਰਤਾ ਦੇ ਅਭਿਮਾਨ ਸਹਿਤ ਗਏ ਹੋ, ਤੁਹਾਨੂੰ ਨਿੰਮ੍ਰਤਾ ਨਾਲ ਜਾਣਾ ਚਾਹੀਦਾ ਸੀ, ਸਾਡਾ ਕਿਹਾ ਮੰਨ ਕੇ ਚੱਕੀ ਵਿਚ ਆਪ ਦਾਣੇ ਪੀਹ ਕੇ ਆਟਾ ਤਿਆਰ ਕਰੋ, ਆਪ ਗੰਢੇ ਚੀਰੋ, ਆਪ ਹੀ ਪਕਾਵੋ, ਧੋਲਾ ਵੀ ਆਪ ਰਿੜਕੋ ਸਾਰਾ ਕੰਮ ਆਪ ਤਿਆਰ ਕਰਕੇ ਸਿਰ ਤੇ ਲੱਸੀ ਦੀ ਚਟੂਰੀ ਚੁੱਕ ਕੇ ਤੇ ਮਿਸੇ ਪ੍ਰਸ਼ਾਦੇ ਨਾਲ ਗੰਢੇ ਲੈ ਕੇ ਆਪ ਇਕੱਲੇ ਨੰਗੀ ਪੈਰੀਂ ਜਾਓ। ਤਦ ਮਹਾਂ ਪੁਰਸ਼ਾਂ ਦੀ ਅਸੀਸ ਨਾਲ ਮਨੋ-ਕਾਮਨਾ ਪੂਰੀ ਹੋਵੇਗੀ। ਇਹ ਗੱਲ ਸੁਣ ਕੇ ਮਾਤਾ ਜੀ ਨੇ ਸਭ ਕੁਝ ਆਪਣੇ ਹੱਥੀ ਤਿਆਰ ਕੀਤਾ, ਚਾਟੀ ਵਿੱਚ ਲੱਸੀ ਤੇ ਮਖਣ ਪਾ ਕੇ ਸਿਰ ਤੇ ਚੁੱਕ ਲਈ, ਕਪੜੇ ਵਿੱਚ ਮਿਸੇ ਪ੍ਰਸ਼ਾਦੇ ਤੇ ਗੰਢੇ ਵਗੈਰਾ ਰਖਕੇ ਹਥ ਵਿੱਚ ਫੜ ਕੇ ਅੱਸੂ ੨੧ ਨੂੰ ਤੁਰ ਪਏ, ਜਿਸ ਵੇਲੇ ਬੀੜ ਸਾਹਿਬ ਜਾ ਕੇ ਪਹੁੰਚੇ ਤਾਂ ਬਾਬਾ ਜੀ ਹਲ ਵਾਹ ਕੇ ਅਜੇ ਹਟੇ ਹੀ ਸਨ ਤਾਂ ਮਾਤਾ ਜੀ ਨੇ ਚਟੂਰੀ ਤੇ ਪ੍ਰਸ਼ਾਦੇ ਅੱਗੇ ਰਖ ਕੇ ਮੱਥਾ ਟੇਕਿਆ।

ਭੁਖ ਡਾਢੀ ਲੱਗੀ ਹੋਈ ਸੀ, ਪਿਆਸ ਨੇ ਵੀ ਜ਼ੋਰ ਪਾਇਆ ਹੋਇਆ ਸੀ, ਬਾਬਾ ਜੀ ਨੇ ਕਿਹਾ-ਮਾਵਾਂ ਤੋਂ ਬਿਨਾਂ ਭੁਖੇ ਪੁੱਤਰਾਂ ਦੀ ਕੌਣ ਸਾਰ ਲੈ ਸਕਦਾ ਹੈ, ਪ੍ਰਸ਼ਾਦਾ ਲੀਤਾ, ਮੁੱਕੀ ਮਾਰ ਕੇ ਗੰਢਾ ਭੰਨਿਆ ਮੂੰਹ ਵਿਚ ਗ੍ਰਾਹੀ ਪਾਈ ਲੱਸੀ ਪੀਤੀ, ਅਕਾਸ਼ ਵਿਚ ਬੱਦਲ ਗਰਜਦੇ ਤੇ ਬਿਜਲੀ ਲਿਸ਼ਕਦੀ ਵੇਖੀ ਤਾਂ ਬਾਬਾ ਜੀ ਨੇ ਕਿਹਾ ਮਾਤਾ ਜੀ ! ਜਿਵੇਂ ਮੈਂ ਗੰਢਾ (ਪਿਆਜ) ਭੰਨਿਆ ਹੈ ਏਸੇ ਤਰ੍ਹਾਂ ਵੈਰੀਆਂ ਦੇ ਸਿਰ ਭੰਨਣ ਵਾਲਾ ਬਲਵਾਨ ਜੋਧਾ ਤੇਰੇ ਘਰ ਪੁੱਤਰ ਹੋਵੇਗਾ, ਜਿਵੇਂ ਅਕਾਸ਼ ਵਿੱਚ ਬੱਦਲ ਗੱਜਦਾ ਪਿਆ ਹੈ ਏਸੇ ਤਰ੍ਹਾਂ ਜ਼ਾਲਮਾਂ ਦੀ ਸੈਨਾ ਵਿੱਚ ਤਲਵਾਰ ਲਿਸ਼ਕਾਏਗਾ। ਇਸ ਤਰ੍ਹਾਂ ਬਹੁਤ ਸਾਰੇ ਵਰ ਦਿੱਤੇ, ਮਾਤਾ ਜੀ ਬੜੇ ਪ੍ਰਸੰਨ ਹੋ ਕੇ ਸ਼ਾਮ ਨੂੰ ਵਾਪਸ ਘਰ ਆਏ। ਤੇ ਗੁਰੂ ਸਾਹਿਬਾਂ ਨੂੰ ਸਾਰਾ ਹਾਲ ਸੁਣਾਇਆ। ਇਹ ਸੁਣਕੇ ਗੁਰੂ ਜੀ ਵੀ ਬਹੁਤ ਪ੍ਰਸੰਨ ਹੋਏ।

ਸਮੇਂ ਅਨੁਸਾਰ ਬਾਬਾ ਬੁੱਢਾ ਜੀ ਦਾ ਬਚਨ ਪੂਰਾ ਕਰਨ ਵਾਸਤੇ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਵਡਾਲੀ ਸਾਹਿਬ ਚਲੇ ਗਏ ਓਥੇ ਕਾਫੀ ਸਮਾਂ ਰਹੇ, ਓਸੇ ਅਸਥਾਨ ਤੇ ੧੬੫੨ ਬਿਕ੍ਰਮੀ ੨੧ ਹਾੜ, ਹਾੜ ਵਦੀ ਏਕਮ ਨੂੰ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋਇਆ।*

ਯਥਾ:-ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕੀਸਵੀ ਕੋ ਦਿਨ ਸੋਊ॥
ਜਾਮਨੀ ਆਧਿ ਬਿਤੀਤ ਭਈ ਜਬਿ, ਪੁਖਜ ਨਿਛੱਤ੍ਰ ਸਮੋ ਤਬਿ ਹੋਊ॥

(ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੪)

ਆਪ ਤਿੰਨ ਸਾਲ ਵਡਾਲੀ ਵਿਚ ਹੀ ਰਹੇ। ਫੇਰ ਆਪਣੇ ਪਾਸ ਗੁਰੂ ਸਾਹਿਬਾਂ ਨੇ ਅੰਮ੍ਰਿਤਸਰ ਸਦਵਾ ਲਿਆ ਤੇ ਇਹ ਸ਼ਬਦ ਉਚਾਰਿਆ।

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥
ਸਤਿਗੁਰਿ ਤੁਮਰੇ ਕਾਜ ਸਵਾਰੇ॥ ੧॥ ਰਹਾਉ॥

ਜਨਾਂ ਨੂੰ ਹਰੀ ਦੇ ਜਨਾਣ ਵਾਲੇ ਹੇ ਪਿਆਰੇ ਹਰਿ ਗੋਵਿੰਦ ! ਹੁਣ ਥਿਰੁ=ਅੱਚਲ ਹੋ ਕੇ ਆਪਣੇ ਘਰ

---

*ਪਹਿਲੇ ਇਹ ਗੁਰਦੁਆਰਾ ਛੋਟਾ ਤੇ ਕਚਾ ਸੀ ਹੁਣ ਇਸ ਦੀ ਸੇਵਾ ਸੇਵਾ ਪੰਥੀ ਭੇਖ ਦੇ ਅਨਮੁਲੇ ਹੀਰੇ ਬਾਬਾ ਖੜਕ ਸਿੰਘ ਜੀ ਨੇ ਕਰਵਾਈ ਹੈ। ਆਸ ਪਾਸ ਦੇ ਮਕਾਨ ਖਰੀਦ ਕੇ ਬੜਾ ਖੁਲ੍ਹਾ ਗੁਰਦੁਆਰਾ ਬਣਾਇਆ ਹੈ।

ਗੁਰੂ ਕੇ ਮਹਿਲਾਂ ਵਿੱਚ ਬੈਠਣਾ ਕਰੋ। ਕਿਉਂਕਿ ਸਤਿਗੁਰਾਂ ਨੇ ਤੁਹਾਡੇ ਸਾਰੇ ਕੰਮ ਸਵਾਰ ਦਿਤੇ ਹਨ॥ ੧ ॥ ਰਹਾਉ॥

ਦੁਸਟ ਦੂਤ ਪਰਮੇਸਰਿ ਮਾਰੇ॥ ਜਨ ਕੀ ਪੈਜ ਰਖੀ ਕਰਤਾਰੇ॥ ੧ ॥

ਜਿਤਨੇ ਕੁ ਦੁਸ਼ਟ ਦੂਤ ਸਨ ਉਹ ਪਰਮੇਸ਼ਰ ਨੇ ਸਾਰੇ ਮਾਰ ਦਿੱਤੇ ਹਨ।
ਕਰਤਾਰ ਨੇ ਅਸਾਂ ਸੇਵਕ ਜਨਾਂ ਦੀ ਪੈਜ=ਇੱਜ਼ਤ ਰਖ ਲਈ ਹੈ॥ ੧॥

ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ॥ ਅੰਮ੍ਰਿਤ ਨਾਮ ਮਹਾਰਸ ਪੀਨੇ॥ ੨ ॥

ਬਾਦਸ਼ਾਹ ਤੇ ਸਾਰੇ ਸਾਹ=ਸ਼ਾਹੂਕਾਰ ਸਾਡੇ ਵੱਸ ਵਿੱਚ ਕਰ ਦਿੱਤੇ ਹਨ।
ਮਹਾਂ ਰਸ ਦਾਇਕ ਜੋ ਨਾਮ ਅੰਮ੍ਰਿਤ ਹੈ ਉਸ ਨੂੰ ਅਸੀਂ ਪੀਣਾ ਕਰਦੇ ਹਾਂ॥ ੨॥

ਨਿਰਭਉ ਹੋਇ ਭਜਹੁ ਭਗਵਾਨ॥ ਸਾਧਸੰਗਤਿ ਮਿਲਿ ਕੀਨੋ ਦਾਨੁ॥ ੩ ॥

ਤੁਸੀਂ ਵੀ ਨਿਰਭਉ=ਡਰ ਤੋਂ ਰਹਿਤ ਹੋ ਕੇ ਭਗਵਾਨ ਨੂੰ ਭਜਣਾ ਕਰੋ। ਅਤੇ
ਸਤਸੰਗਤ ਨਾਲ ਮਿਲ ਕੇ ਜੋ ਕੁਝ ਸਰੇ ਬਣੇ ਦਾਨ ਕੀਤਾ ਕਰੋ।
ਵਾ:-ਸੇਵਕਾਂ ਨੂੰ ਨਾਮ ਦਾਨ ਦੇਣਾ ਕਰੋ, ਵਾ:-ਪਰਮੇਸ਼ਰ ਨੂੰ ਦਾਨੁ=ਜਨਾਵਣਾ ਕਰੋ॥ ੩॥

ਸਰਣਿ ਪਰੇ ਪ੍ਰਭ ਅੰਤਰਜਾਮੀ॥
ਨਾਨਕ ਓਟ ਪਕਰੀ ਪ੍ਰਭ ਸੁਆਮੀ॥ ੪॥ ੧੦੮॥

ਅੰਤਰਜਾਮੀ ਪ੍ਰਭੂ ਦੀ ਸ਼ਰਨ ਵਿਚ ਪਏ ਰਹੋ। ਅਤੇ
ਗੁਰੂ ਜੀ ਕਥਨ ਕਰਦੇ ਹਨ ਪ੍ਰਭੂ ਸੁਆਮੀ ਦੀ ਓਟ ਪਕਰੀ=ਫੜੀ ਰਖੋ॥ ੪॥ ੧੦੮॥

ਗਉੜੀ ਮਹਲਾ ੫॥

ਨਾਮ ਦੀ ਮਹਿਮਾ ਕਥਨ ਕਰਦੇ ਹਨ:-

ਹਰਿ ਸੰਗਿ ਰਾਤੇ ਭਾਹਿ ਨ ਜਲੈ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ॥

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ ਪ੍ਰਤੱਖ ਅੱਗ,
ਵਾ:-ਤ੍ਰਿਸ਼ਨਾ ਰੂਪੀ ਭਾਹਿ=ਅੱਗ ਵਿੱਚ ਨਹੀਂ ਸੜਦਾ।
ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ ਮਾਇਆ ਇਸ ਨੂੰ ਛਲਦੀ ਨਹੀਂ।

ਹਰਿ ਸੰਗਿ ਰਾਤੇ ਨਹੀ ਡੂਬੈ ਜਲਾ॥ ਹਰਿ ਸੰਗਿ ਰਾਤੇ ਸੁਫਲ ਫਲਾ॥ ੧ ॥

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ ਪ੍ਰਤੱਖ ਜਲ, ਵਾ:-ਪਦਾਰਥਾਂ ਰੂਪੀ ਜਲ ਵਿੱਚ ਡੁਬਦਾ ਨਹੀਂ।
ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ ਪ੍ਰਤੱਖ ਪੁੜ ਆਦਿਕ ਸ੍ਰੇਸ਼ਟ ਫਲਾਂ ਨਾਲ ਫਲਦਾ ਹੈ।
ਵਾ:-ਦੈਵੀ ਸੰਪਦਾ ਆਦਿਕ ਸ਼ੁਭ ਗੁਣਾਂ ਦੀ ਪ੍ਰਾਪਤੀ ਰੂਪ ਸ੍ਰੇਸ਼ਟ ਫਲਾਂ ਨਾਲ ਫਲਦਾ ਹੈ॥ ੧॥

ਸਭ ਭੈ ਮਿਟਹਿ ਤੁਮਾਰੈ ਨਾਇ॥
ਭੇਟਤ ਸੰਗਿ ਹਰਿ ਹਰਿ ਗੁਨ ਗਾਇ॥ ਰਹਾਉ॥

ਹੇ ਭਾਈ ! ਸਤਿਨਾਮੁ ਜਪਣ ਨਾਲ-ਤੁਹਾਡੇ ਸਾਰੇ ਡਰ ਮਿਟ ਜਾਣਗੇ।

ਸਤਸੰਗਤ ਨਾਲ ਮਿਲਕੇ ਤੂੰ ਹਰਿ ਹਰਿ ਦੇ ਗੁਣ ਗਾਵਣਾ ਕਰ॥ ੧॥ ਰਹਾਉ॥

ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ ਸਾਰੀਆਂ ਚਿੰਤਾਂ ਮਿਟ ਜਾਂਦੀਆਂ ਹਨ।

ਪਰ ਹਰੀ ਨਾਮ ਨਾਲ ਉਹ ਪੁਰਸ਼ ਰਚਦਾ ਹੈ, ਜਿਸ ਨੂੰ ਸੰਤਾਂ ਦਾ ਮੰਤਰ ਮਿਲਿਆ ਹੈ।

ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤੇ ਪੂਰਨ ਆਸ ॥ ੨ ॥

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ, ਜਮਾਂ ਦੀ ਖੌਫਤਾਈ ਨਹੀਂ ਰਹਿੰਦੀ।

ਹਰੀ ਨਾਲ ਤਦਾਕਾਰ ਹੋਣ ਕਰਕੇ, ਸਭ ਆਸਾਂ ਪੂਰਨ ਹੁੰਦੀਆਂ ਹਨ॥ ੨॥

ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ ਇਸਨੂੰ ਕੋਈ ਦੁੱਖ ਨਹੀਂ ਲਗਦਾ।

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ ਰਾਤ ਦਿਨੇ ਸਮਾਧੀ ਵਿਚ,

ਵਾ:-ਗਿਆਨ ਜਾਗਰਤ ਵਿਚ ਜਾਗਦਾ ਹੈ।

ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥ ੩ ॥

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ, ਸਹਜ=ਸ਼ਾਂਤੀ ਘਰ ਵਿੱਚ ਵਸਦਾ ਹੈ।

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ, ਭਰਮ ਤੇ ਡਰ ਸਭ ਨਸ ਜਾਂਦੇ ਹਨ॥ ੩॥

ਹਰਿ ਸੰਗਿ ਰਾਤੇ ਮਹਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ, ਉੱਜਲ ਬੁੱਧੀ ਪ੍ਰਾਪਤ ਹੁੰਦੀ ਹੈ।

ਹਰੀ ਨਾਮ ਨਾਲ ਤਦਾਕਾਰ ਹੋਣ ਕਰਕੇ, ਨਿਰਮਲ ਸੋਇ=ਸੋਭਾ ਹੁੰਦੀ ਹੈ।

ਕਹੁ ਨਾਨਕ ਤਿਨ ਕਉ ਬਲਿ ਜਾਈ ॥
ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥ ੪ ॥ ੧੦੯ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।

ਜਿਸਨੂੰ ਮੇਰਾ ਪ੍ਰਭੂ ਵਿਸਰਦਾ ਨਹੀਂ॥ ੪॥ ੧੦੯॥

ਗਉੜੀ ਮਹਲਾ ੫ ॥

ਇਸ ਸ਼ਬਦਂ ਦੁਆਰਾ ਸਤਸੰਗਿ ਦਾ ਮਹਾਤਮ ਦਸਦੇ ਹਨ:-

ਉਦਮੁ ਕਰਤ ਸੀਤਲ ਮਨ ਭਏ ॥ ਮਾਰਗਿ ਚਲਤ ਸਗਲ ਦੁਖ ਗਏ ॥

ਸਤਸੰਗਤ ਦੀ ਤਰਫ ਉੱਦਮ ਕਰਨ ਨਾਲ ਮਨ ਆਦਿਕ ਚਤੁਸ਼ਟੇ ਅੰਤਹਕਰਨ ਸਭ ਸੀਤਲ ਹੋ ਗਏ ਹਨ ਅਤੇ ਸਤਸੰਗਤ ਦੇ ਰਸਤੇ ਚਲਣ ਕਰ ਕੇ ਸਾਰੇ ਦੁਖ ਨਵਿਰਤ ਹੋ ਗਏ ਹਨ।

ਨਾਮੁ ਜਪਤ ਮਨਿ ਭਏ ਅਨੰਦ ॥ ਰਸਿ ਗਾਏ ਗੁਨ ਪਰਮਾਨੰਦ ॥ ੧ ॥

ਵਾਹਿਗੁਰੂ ਨਾਮ ਜਪਣ ਨਾਲ ਮਨ ਵਿਚ ਬਹਤ ਅਨੰਦ ਹੋਏ ਹਨ।

ਰਸਿ=ਪ੍ਰੇਮ ਨਾਲ ਗੁਣ ਗਾਉਣ ਕਰਕੇ ਪਰਮ+ਅਨੰਦ=ਬੜਾ ਅਨੰਦ ਹੋਇਆ ਹੈ॥ ੧॥

ਖੇਮ ਭਇਆ ਕੁਸਲ ਘਰਿ ਆਏ ॥ ਭੇਟਤ ਸਾਧਸੰਗਿ ਗਈ ਬਲਾਏ ॥ ਰਹਾਉ ॥

ਸਾਡਾ ਮਨ ਖੇਮ ਭਇਆ=ਰਖਿਆ ਦੇ ਸਹਿਤ ਹੋਇਆ ਹੈ, ਅਤੇ ਘਰ ਵਿੱਚ ਕੁਸਲ=ਸੁਖ ਆ ਕੇ ਪ੍ਰਾਪਤ ਹੋਏ ਹਨ। ਸਾਧ ਸੰਗਤਿ ਨਾਲ ਮਿਲਣ ਕਰਕੇ ਅਵਿੱਦਿਆ ਰੂਪ ਬਲਾ ਚਲੀ ਗਈ ਹੈ॥ ਰਹਾਉ॥

ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ ॥

ਸਾਧਸੰਗਤ ਦਾ ਦਰਸ਼ਨ ਵੇਖਣ ਨਾਲ ਹੀ ਨੇਤ੍ਰ ਪਵਿੱਤ੍ਰ ਹੁੰਦੇ ਹਨ।

ਅਤੇ ਚਰਨ ਕਵਲਾਂ ਦੇ ਸਪਰਸ਼ ਕਰਨ ਨਾਲ ਹੀ ਮੱਥਾ ਧੰਨਤਾ ਦੇ ਜੋਗ ਹੁੰਦਾ ਹੈ।

[ਪੰਨਾ ੨੦੨]

ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥
ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥ ੨ ॥

ਗੋਬਿੰਦ ਦੀ ਭਗਤੀ ਰੂਪੀ ਟਹਲ ਕਰਨ ਨਾਲ ਇਹ ਕਾਂਇਆ=ਅਸਥੂਲ ਸਰੀਰ ਸਫਲ ਹੁੰਦਾ ਹੈ। ਸੰਤਾਂ ਦੀ ਕਿਰਪਾ ਕਰਕੇ ਅਸਾਂ ਨੇ ਪਰਮ+ਪਦੁ=ਆਤਮ ਪਦ ਪਾਇਆ ਹੈ॥ ੨॥

ਜਨ ਕੀ ਕੀਨੀ ਆਪਿ ਸਹਾਇ ॥ ਸੁਖੁ ਪਾਇਆ ਲਗਿ ਦਾਸਹ ਪਾਇ ॥

ਆਪ ਵਾਹਿਗੁਰੂ ਨੇ ਸੇਵਕ ਜਨਾਂ ਦੀ ਸਹਾਇਤਾ ਕੀਤੀ ਹੈ।

ਵਾਹਿਗੁਰੂ ਦੇ ਪਾਇ=ਚਰਨਾਂ ਵਿੱਚ ਲਗ ਕੇ ਦਾਸਾਂ ਨੇ ਸੁਖ ਪਾਇਆ ਹੈ।

ਆਪੁ ਗਇਆ ਤਾ ਆਪਹਿ ਭਏ ॥ ਕ੍ਰਿਪਾ ਨਿਧਾਨ ਕੀ ਸਰਨੀ ਪਏ ॥ ੩ ॥

ਆਪਾ ਭਾ ਹੰਕਾਰ ਗਿਆ, ਤਾਂ ਆਪ ਪਰਮੇਸ਼ਰ ਰੂਪ ਹੋ ਗਏ। ਕਦੋਂ?

ਜਿਸ ਵੇਲੇ ਕਿਰਪਾ ਦੇ ਖਜ਼ਾਨੇ ਸਤਿਗੁਰਾਂ ਦੀ, ਵਾ:-ਪਰਮਾਤਮਾ ਦੀ ਸ਼ਰਨ ਵਿਚ ਪਏ॥ ੩॥

ਜੋ ਚਾਹਤ ਸੋਈ ਜਬ ਪਾਇਆ ॥ ਤਬ ਢੂੰਢਨ ਕਹਾ ਕੋ ਜਾਇਆ ॥

ਜਿਸ ਪਰਮੇਸ਼ਰ ਨੂੰ ਚਾਹੁੰਦੇ ਸਾਂ, ਜਦ ਉਸ ਨੂੰ ਪਾ ਲਿਆ। ਤਦ ਢੂੰਢਣ ਨੂੰ "ਕਹਾ ਕੋ ਜਾਇਆ"=ਕਿਸ ਵਾਸਤੇ ਕਿਧਰੇ ਜਾਣਾ ਹੈ ?

ਅਸਥਿਰ ਭਏ ਬਸੇ ਸੁਖ ਆਸਨ ॥
ਗੁਰ ਪ੍ਰਸਾਦਿ ਨਾਨਕ ਸੁਖ ਬਾਸਨ ॥ ੪ ॥ ੧੧੦ ॥

ਅੰਨਵੇਂ ਅੱਖਰਾਂ ਵਲ ਧਿਆਨ ਰਖਣਾ, ਗੁਰਾਂ ਦੀ ਕਿਰਪਾ ਕਰਕੇ ਜਿਸ ਵੇਲੇ ਸੁਖ ਆਸਨ=ਪਰਮਾਤਮਾ ਵਿੱਚ ਵੱਸੇ, ਤਾਂ ਇਸਥਿਤ ਹੋਏ ਜਾਂ ਇਸਥਿਤ ਹੋਏ ਤਾਂ ਸੁਖ+ਬਾਸਨ=ਸੁਖਾਂ ਦੇ ਪਾਤਰ ਹੋਏ॥ ੪॥ ੧੧੦॥

ਇਸ ਸ਼ਬਦ ਦੁਆਰਾ ਨਾਮ ਦੀ ਵਿਸ਼ੇਸ਼ਤਾ ਕਥਨ ਕਰਦੇ ਹਨ। ਜੈਸਾ ਕਿ ਸਿਰੀ ਰਾਗੁ ਵਿੱਚ ਲਿਖਿਆ ਹੈ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥

ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥ ੧॥

(ਸਿਰੀਰਾਗੁ ਮਹਲਾ ੫, ਪੰਨਾ ੭੦)

ਗਉੜੀ ਮਹਲਾ ੫॥
ਕੋਟਿ ਮਜਨ ਕੀਨੋ ਇਸਨਾਨ॥ ਲਾਖ ਅਰਬ ਖਰਬ ਦੀਨੋ ਦਾਨੁ॥
ਜਾ ਮਨਿ ਵਸਿਓ ਹਰਿ ਕੋ ਨਾਮੁ॥ ੧॥

ਜਾਂ ਮਨ ਵਿੱਚ ਹਰੀ ਦਾ ਨਾਮ ਵਸਿਆ। ਤਾਂ ਕਰੋੜਾ ਮਜਨ=ਪਰਬਾਂ ਦੇ ਇਸ਼ਨਾਨ ਕਰਨ ਦਾ ਫਲ ਘਰ ਬੈਠਿਆਂ ਪ੍ਰਾਪਤ ਹੋ ਗਿਆ। ਅਤੇ ਅਰਬ ਖਰਬ=ਗਿਣਤੀ ਤੋਂ ਅਨਗਿਣਤ ਲਖਾਂ ਰੁਪਿਆਂ ਦਾ ਦਾਨ ਦਿੱਤਾ ਹੈ।*

ਸਗਲ ਪਵਿਤ ਗੁਨ ਗਾਇ ਗੁਪਾਲ॥
ਪਾਪ ਮਿਟਹਿ ਸਾਧੂ ਸਰਨਿ ਦਇਆਲ॥ ਰਹਾਉ॥

ਗੁਪਾਲ ਦੇ ਗੁਣ ਗਾਇਣ ਕਰਨ ਨਾਲ ਸਾਰੀਆਂ ਪਵਿਤ੍ਰਤਾਂ ਪ੍ਰਾਪਤ ਹੁੰਦੀਆਂ ਹਨ।

ਵਾ:-ਸਾਰੇ ਪਵਿੱਤ੍ਰ ਹੋ ਜਾਂਦੇ ਹਨ। ਦਿਆਲੂ ਪਰਮਾਤਮਾ ਦੇ ਸੰਤਾਂ ਦੀ ਸ਼ਰਨ ਪੈਣ ਨਾਲ ਸਾਰੇ ਪਾਪ ਮਿਟ ਜਾਂਦੇ ਹਨ॥ ਰਹਾਉ॥

ਬਹੁਤੁ ਉਰਧ ਤਪ ਸਾਧਨ ਸਾਧੇ॥ ਅਨਿਕ ਲਾਭ ਮਨੋਰਥ ਲਾਧੇ॥
ਹਰਿ ਹਰਿ ਨਾਮ ਰਸਨ ਆਰਾਧੇ॥ ੨॥

ਉਸਨੇ ਬਹੁਤੇ ਬਰਸਾਂ ਭਕ ਉਰਧ=ਉਤਕ੍ਰਿਸ਼ਟ, ਵਾ:-ਉਲਟੇ ਹੋ ਕੇ ਤਪ ਵਗੈਰਾ ਵੀ ਕਰ ਲਏ ਹਨ, ਅਤੇ ਬਹੁਤ ਸਾਰੇ ਸਾਧਨ ਵੀ ਸਾਧੇ=ਕਰ ਲਏ ਹਨ। ਅਨੇਕਾਂ ਲਾਭ ਵੀ ਪ੍ਰਾਪਤ ਕਰ ਲਏ ਹਨ ਅਤੇ ਮਨ ਦੇ ਮਨੋਰਥ ਵੀ ਲੱਭ ਲਏ ਹਨ। ਜਿਸਨੇ ਰਸਨਾਂ ਦੁਆਰੇ ਹਰਿ ਹਰਿ ਨਾਮ ਅਰਾਧੇ ਹਨ॥ ੨॥

ਸਿੰਮ੍ਰਿਤਿ ਸਾਸਤ ਬੇਦ ਬਖਾਨੇ॥ ਜੋਗ ਗਿਆਨ ਸਿਧ ਸੁਖ ਜਾਨੇ॥
ਨਾਮੁ ਜਪਤ ਪ੍ਰਭ ਸਿਉ ਮਨ ਮਾਨੇ॥ ੩॥

ਉਸਨੇ ਸਿੰਮ੍ਰਿਤੀਆਂ ਸ਼ਾਸਤ੍ਰ ਅਤੇ ਬੇਦ ਵੀ ਕਥਨ ਕਰ ਲਏ ਹਨ। ਜੋਗ ਦਾ ਸੁਖ, ਗਿਆਨ ਦਾ ਸੁਖ, ਸਿਧੀਆਂ ਦਾ ਸੁਖ ਵੀ ਜਾਨ ਲਿਆ ਹੈ। ਸਭ ਤੋਂ ਵੱਡਾ ਫਲ ਉਸ ਨੂੰ ਇਹ ਹੋਇਆ ਹੈ ਕਿ-ਨਾਮ ਜਪਨ ਕਰਕੇ ਜਿਹੜਾ ਪ੍ਰਭੂ ਦੇ ਨਾਲ ਮਨ ਮੰਨਿਆਂ ਗਿਆ ਹੈ॥ ੩॥

ਅਗਾਧਿ ਬੋਧਿ ਹਰਿ ਅਗਮ ਅਪਾਰੇ॥ ਨਾਮੁ ਜਪਤ ਨਾਮੁ ਰਿਦੇ ਬੀਚਾਰੇ॥
ਨਾਨਕ ਕਉ ਪ੍ਰਭ ਕਿਰਪਾ ਧਾਰੇ॥ ੪॥ ੧੧੧॥

ਅਗਮ ਅਪਾਰ ਹਰੀ ਦਾ ਬੋਧਿ=ਜਾਨਣਾ ਬਹੁਤ ਹੀ ਅਗਾਧ ਹੈ। ਇਸ ਲਈ ਨਾਮ ਨੂੰ ਜਪੇ ਅਤੇ ਨਾਮ

ਹਿਸਾਬ ਦੀ ਗਿਣਤੀ ਅਨੁਸਾਰ:-ਸੌ ਹਜ਼ਾਰ ਦਾ ਲੱਖ, ਸੌ ਲਖ ਦਾ ਕਰੋੜ, ਸੌ ਕਰੋੜ ਦਾ ਅਰਬ ਹੁੰਦਾ ਹੈ ਅਤੇ ਸੌ ਅਰਬ ਦਾ ਖਰਬ ਹੁੰਦਾ ਹੈ।

ਨੂੰ ਹੀ ਹਿਰਦੇ ਵਿਚ ਵਿਚਾਰੇ। ਤਾਂ ਫਿਰ ਪ੍ਰਭੂ ਕਿਰਪਾ "ਕਉ"=ਨੂੰ ਧਾਰਦਾ ਹੈ॥ ੪॥ ੧੧੧॥

ਗਉੜੀ ਮਃ ੫॥

ਇਸ ਸ਼ਬਦ ਦੁਆਰਾ ਅਭੇਦ ਰੂਪ ਗੁਰੂ ਪਰਮੇਸ਼ਰ ਦੀ ਮਹਿਮਾ ਕਥਨ ਕਰਦੇ ਹਨ।

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ॥
ਚਰਨ ਕਮਲ ਗੁਰ ਰਿਦੈ ਬਸਾਇਆ॥ ੧॥

ਮਨ ਬਾਣੀ ਸਰੀਰ ਦੁਆਰਾ ਸਿਮਰ ਸਿਮਰ ਕੇ ਸੁਖ ਨੂੰ ਪਾਇਆ ਹੈ। ਅਤੇ ਹਿਰਦੇ ਵਿਚ ਗੁਰਾਂ ਦੇ ਚਰਨ ਕਵਲਾਂ ਨੂੰ ਵਸਾਇਆ ਹੈ। ਅਥਵਾ:-ਜਿਸ ਵੇਲੇ ਗੁਰਾਂ ਦੇ ਚਰਣ ਕਵਲਾਂ ਦਾ ਧਿਆਨ ਹਿਰਦੇ ਵਿਚ ਵਸਾਇਆ, ਤਾਂ ਸਿਮਰਨ ਯੋਗ ਦੇ ਸਿਮਰਨ ਨੂੰ ਸਿਮਰ ਕੇ ਆਤਮ ਸੁਖ ਪਾ ਲਿਆ॥ ੧॥

ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ॥ਤਿਸਹਿ ਅਰਾਧਿ ਮੇਰਾ ਮਨੁ ਧੀਰਾ॥ ਰਹਾਉ॥

ਸਾਰਿਆਂ ਤੋਂ ਗੁਰ=ਵੱਡਾ ਜੋ ਗੋਬਿੰਦ ਗੋ=ਵੇਦਾਂ ਕ਼ਰਕੇ ਜਾਨਣੇ ਜੋਗ ਪੂਰਾ=ਪੂਰਨ ਪਾਰਬ੍ਰਹਮ ਹੈ। ਉਸ ਨੂੰ ਅਰਾਧ ਕੇ ਮੇਰਾ ਮਨ ਧੀਰਜ ਨੂੰ ਪ੍ਰਾਪਤ ਹੋਇਆ ਹੈ॥ ਰਹਾਉ॥

ਅਥਵਾ:-ਗੁਰੂ ਗੋਬਿੰਦ ਰੂਪ ਹਨ, ਤੇ ਪਾਰਬ੍ਰਹਮ ਪੂਰੇ ਗੁਰੂ ਰੂਪ ਹੈ।

ਤਿਸਹਿ=ਤਿਨ੍ਹਾਂ ਦੋਹਾਂ ਨੂੰ ਅਰਾਧ ਕੇ ਮੇਰਾ ਮਨ ਧੀਰਜਵਾਨ ਹੋਇਆ ਹੈ॥ ਰਹਾਉ॥

ਅਨਦਿਨੁ ਜਪਉ ਗੁਰੂ ਗੁਰ ਨਾਮ॥ਤਾ ਤੇ ਸਿਧਿ ਭਏ ਸਗਲ ਕਾਂਮ॥ ੨॥

ਮੈਂ ਰਾਤ ਦਿਨੇ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਰਕੇ ਨਾਮ ਜਪਦਾ ਹਾਂ। ਤਾ ਤੇ=ਤਿਸ ਨਾਮ ਜਪਣ ਕਰਕੇ ਸਾਰੇ ਕੰਮ ਸਿਧਿ=ਪੂਰਨ ਹੋ ਗਏ ਹਨ॥ ੨॥

ਦਰਸਨ ਦੇਖਿ ਸੀਤਲ ਮਨ ਭਏ॥ਜਨਮ ਜਨਮ ਕੇ ਕਿਲਬਿਖ ਗਏ॥ ੩॥

ਗੁਰਾਂ ਦੇ ਦਰਸ਼ਨ ਨੂੰ ਦੇਖ ਕੇ ਮਨ ਆਦਿਕ ਚਤੁਸ਼ਟੇ ਅੰਤਹਕਰਨ ਸੀਤਲ ਹੋਏ ਹਨ,

ਅਤੇ ਜਨਮਾਂ ਜਨਮਾਂਤਰਾਂ ਦੇ ਸਾਰੇ ਪਾਪ ਚਲੇ ਗਏ ਹਨ॥ ੩॥

ਕਹੁ ਨਾਨਕ ਕਹਾ ਭੈ ਭਾਈ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ॥ ੪॥੧੧੨॥

ਸਤਿਗੁਰਦੇਵ ਜੀ ਕਥਨ ਕਰਦੇ ਹਨ ਹੇ ਭਾਈ! ਹੁਣ ਕਿਸੇ ਦਾ ਕੀ ਡਰ ਹੈ ?

ਅਰਥਾਤ ਕੋਈ ਡਰ ਨਹੀਂ। ਪ੍ਰਮਾਤਮਾ ਨੇ ਆਪਣੇ ਦਾਸ ਦੀ ਆਪ ਹੀ ਪੈਜ ਰਖੀ ਹੈ॥ ੪॥ ੧੧੨॥

ਗਉੜੀ ਮਹਲਾ ੫॥

ਅਪਨੇ ਸੇਵਕ ਕਉ ਆਪਿ ਸਹਾਈ॥ਨਿਭ ਪ੍ਰਤਿਪਾਰੈ ਬਾਪ ਜੈਸੇ ਮਾਈ॥੧॥

ਉਹ ਪਰਮਾਤਮਾ ! ਆਪਣੇ ਸੇਵਕ ਨੂੰ ਆਪ ਸਹਾਰਾ ਦੇਣ ਵਾਲਾ ਹੈ।

ਅਤੇ ਮਾਂ ਪਿਉ ਵਾਂਗੂੰ ਨਿਤਾਪ੍ਰਤੀ ਪਾਲਣਾ ਕਰਦਾ ਹੈ॥ ੧॥

ਪ੍ਰਭ ਕੀ ਸਰਨਿ ਉਬਰੈ ਸਭ ਕੋਇ॥
ਕਰਨ ਕਰਾਵਨ ਪੂਰਨ ਸਚੁ ਸੋਇ॥ ਰਹਾਉ॥

ਪ੍ਰਭੂ ਦੀ ਸ਼ਰਨ ਗ੍ਰਹਿਣ ਕਰਨ ਨਾਲ ਸਭ ਕੋਈ ਤਰਦਾ ਹੈ।

ਕਿਉਂਕਿ ਸਭ ਵਾਰਤਾ ਕਰਨ ਕਰਾਉਣ ਨੂੰ ਉਹ ਸੱਚਾ ਪੂਰਨ ਸਮਰੱਥ ਹੈ॥ ਰਹਾਉ॥

ਅਬ ਮਨਿ ਬਸਿਆ ਕਰਨੈਹਾਰਾ॥ ਭੈ ਬਿਨਸੇ* ਆਤਮ ਸੁਖ ਸਾਰਾ॥ ੨॥

ਹੁਣ ਮੇਰੇ ਮਨ ਵਿਚ ਕਰਨਹਾਰ ਪ੍ਰਮਾਤਮਾ ਵਸ ਗਿਆ ਹੈ। ਇਸ ਲਈ ਡਰ ਬਿਨਸ ਗਏ ਹਨ, ਅਤੇ ਸਾਰਾ=ਸ੍ਰੇਸ਼ਟ ਆਤਮ ਸੁਖ ਪ੍ਰਾਪਤ ਹੋਇਆ ਹੈ॥ ੨॥

ਕਰਿ ਕਿਰਪਾ ਅਪਨੇ ਜਨ ਰਾਖੇ॥ ਜਨਮ ਜਨਮ ਕੇ ਕਿਲਬਿਖ ਲਾਥੇ॥ ੩॥

ਪ੍ਰਭੂ ਨੇ ਕਿਰਪਾ ਕਰਕੇ ਆਪਣੇ ਸੇਵਕ ਜਨ ਨੂੰ ਰਖ ਲਿਆ ਹੈ, ਇਸ ਲਈ ਜਨਮਾਂ ਜਨਮਾਂਤਰਾਂ ਦੇ ਸਾਰੇ ਪਾਪ ਲਹਿ ਗਏ ਹਨ॥ ੩॥

ਕਹਨੁ ਨ ਜਾਇ ਪ੍ਰਭ ਕੀ ਵਡਿਆਈ॥
ਨਾਨਕ ਦਾਸ ਸਦਾ ਸਰਨਾਈ॥ ੪॥ ੧੧੩॥

ਉਸ ਪ੍ਰਭੂ ਦੀ ਵਡਿਆਈ ਮੈਥੋਂ ਕਥਨ ਨਹੀਂ ਕੀਤੀ ਜਾਂਦੀ।

ਦਾਸ ਨੇ ਸਦਾ ਉਸ ਪ੍ਰਭੂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥ ੧੧੩॥

ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ

੧ੴ ਸਤਿਗੁਰ ਪ੍ਰਸਾਦਿ॥

ਰਾਮ ਕੋ ਬਲੁ ਪੂਰਨ ਭਾਈ॥ ਤਾ ਤੇ ਬ੍ਰਿਥਾ ਨ ਬਿਆਪੈ ਕਾਈ॥੧॥ ਰਹਾਉ॥

ਹੇ ਭਾਈ ! ਰਾਮ ਦਾ ਬਲ ਪੂਰਨ ਹੈ, ਵਾ:-ਬਲਰਾਮ ਦਾ ਭਾਈ ਜੋ ਕ੍ਰਿਸ਼ਨ ਹੈ ਉਸ ਦਾ ਬਲ ਪੂਰਨ ਹੈ, ਵਾ:-ਰਾਮ ਦੇ ਦਾਸਾਂ ਦਾ ਜਪ ਤਪ ਰੂਪੀ ਬਲ ਪੂਰਨ ਹੈ।

ਵਾ:-ਦਾਸਾਂ ਨੂੰ ਰਾਮ ਦਾ ਪੂਰਨ ਬਲ ਪ੍ਰਾਪਤ ਹੈ ਜੋ ਆਖਦੇ ਹਨ ਉਹ ਪੂਰਾ ਹੋ ਜਾਂਦਾ ਹੈ। ਤਾ ਤੇ=ਤਿਸ ਰਾਮ ਦੇ ਬਲ ਕਰਕੇ ਕੋਈ ਆਧ ਬਿਆਧ ਉਪਾਧ ਰੂਪ ਬ੍ਰਿਥਾ=ਪੀੜਾ ਨਹੀਂ ਵਿਆਪਦੀ॥ ੧॥ ਰਹਾਉ॥

ਜੋ ਜੋ ਚਿਤਵੈ ਦਾਸੁ ਹਰਿ ਮਾਈ॥ ਸੋ ਸੋ ਕਰਤਾ ਆਪਿ ਕਰਾਈ॥ ੧॥

ਮਾਈ=ਹੇ ਭਾਈ ! ਹਰੀ ਦਾ ਦਾਸ ਜੋ ਜੋ ਸੰਕਲਪ ਚਿਤਵਦਾ ਹੈ। ਓਹੀ ਓਹੀ ਸੰਕਲਪ ਕਰਤਾ ਪੁਰਖ ਆਪ ਪੂਰਨ ਕਰਾਉਂਦਾ ਹੈ॥ ੧॥

ਨਿੰਦਕ ਕੀ ਪ੍ਰਭਿ ਪਤਿ ਗਵਾਈ॥
ਨਾਨਕ ਹਰਿ ਗੁਣ ਨਿਰਭਉ ਗਾਈ॥ ੨॥ ੧੧੪॥

ਪ੍ਰਭੂ ਨੇ ਨਿੰਦਕ ਪੁਰਸ਼ਾਂ ਦੀ ਪਤ ਆਬਰੋ ਗੁਆ ਦਿੱਤੀ ਹੈ। ਹਰੀ ਦੇ ਦਾਸ ਨਿਰਖੌਫ ਹੋ ਕੇ ਹਰੀ ਦੇ ਗੁਣ ਗਾਉਂਦੇ ਹਨ॥ ੨॥ ੧੧੪॥

---

*ਕਰਤਾਰ ਪੁਰ ਵਾਲੀ ਬੀੜ ਵਿਚ "ਬਿਨਸੇ" ਪਾਠ ਹੈ।

[ਪੰਨਾ ੨੦੩]

ਗਉੜੀ ਮਹਲਾ ੫ ॥

ਉਥਾਨਕਾ:-ਸਿੱਖ ਨੇ ਬੇਨਤੀ ਕੀਤੀ ਗਰੀਬ ਨਿਵਾਜ ਜੀਉ! ਬਹੁਤਿਆਂ ਪਾਸੋਂ ਪਰਮੇਸ਼ਰ ਪ੍ਰਾਪਤੀ ਦਾ ਰਸਤਾ ਪੁਛਿਆ ਹੈ ਕੋਈ ਕਹਿੰਦਾ ਹੈ ਜਲਧਾਰਾ ਸਹਾਰਨ ਨਾਲ ਪ੍ਰਾਪਤੀ ਹੁੰਦੀ ਹੈ ਕੋਈ ਕਹਿੰਦਾ ਹੈ ਪੰਜ ਧੂਣੀਆਂ ਤਪਣ ਨਾਲ ਹੁੰਦੀ ਹੈ। ਕੋਈ ਆਖਦਾ ਹੈ ਵਰਤ ਰਖਨ ਨਾਲ ਹੁੰਦੀ ਹੈ। ਕੋਈ ਆਖਦਾ ਹੈ ਪੁੱਠਿਆਂ ਲਮਕਣ ਨਾਲ ਹੁੰਦੀ ਹੈ ਪਰ ਇਤਿਆਦਕ ਸਾਧਨ ਸਾਡੇ ਪਾਸੋਂ ਹੋ ਨਹੀਂ ਸਕਦੇ ਆਪ ਕਿਰਪਾ ਕਰਕੇ ਉਸ ਦੀ ਪ੍ਰਾਪਤੀ ਦਾ ਕੋਈ ਸੌਖਾ ਰਾਹ ਦਸੋ ਜਿਸਨੂੰ ਅਸੀਂ ਕਰ ਸਕੀਏ।

ਤਾਂ ਹਜ਼ੂਰ ਨੇ ਕਿਹਾ ! ਓਸ ਵਾਹਿਗੁਰੂ ਅਗੇ ਇਸ ਤਰ੍ਹਾਂ ਬੇਨਤੀਆਂ ਕਰੋ।

ਭੁਜ ਬਲ ਬੀਰ ਬ੍ਰਹਮ ਸੁਖ ਸਾਗਰ
ਗਰਤ ਪਰਤ ਗਹਿ ਲੇਹੁ ਅੰਗੁਰੀਆ ॥ ੧ ॥ ਰਹਾਉ ॥

ਅੰਨਵੇਂ ! ਹੇ ਬ੍ਰਹਮ ! ਹੇ ਸੁਖਾਂ ਦੇ ਸਮੁੰਦਰ ! ਹੇ ਬਲੀਆਂ ਵਿੱਚੋਂ ਸੂਰਬੀਰ, ਵਾ:-ਹੇ ਬਲਭੱਦ੍ਰ ਦੇ ਬੀਰ=ਭਾਈ ਕ੍ਰਿਸ਼ਨ ਜੀ ! ਮੈਂ ਸੰਸਾਰ, ਵਾ:-ਮੋਹ ਰੂਪੀ ਗਰਤ+ਪਰਤ=ਟੋਏ ਵਿੱਚ ਪੈ ਰਿਹਾ ਹਾਂ, ਭਾਵ ਡਿੱਗ ਰਿਹਾ ਹਾਂ ਆਪ ਆਪਣੀਆਂ ਕਿਰਪਾ ਰੂਪੀ ਭੁਜਾਂ ਦੇ ਬਲ ਕਰਕੇ ਮੇਰੀ ਬੁੱਧੀ ਰੂਪੀ ਉਂਗਲੀ ਨੂੰ ਗਹਿ ਲੇਹੁ=ਫੜ ਲਓ॥ ੧ ॥ ਰਹਾਉ ॥

ਅਗੋਂ ਉੱਤਰ ਮਿਲਿਆ ਕਿ ਤੂੰ ਨਿਕਲ ਜਾ। ਤਾਂ ਜਗਿਆਸੂ ਕਹਿੰਦਾ ਹੈ ਮੈਂ ਤਾਂ ਅੰਨ੍ਹਾਂ ਬੋਲਾ, ਲੂਲ੍ਹਾ ਅਤੇ ਪਿੰਗਲਾ ਹਾਂ। ਇਸ ਲਈ ਆਪਣੇ ਆਪ ਕਿਵੇਂ ਨਿਕਲ ਸਕਦਾ ਹਾਂ, ਕਿਉਂਕਿ:-

ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ ॥੧ ॥

ਨਾ ਮੇਰੇ ਨਿਸਚਾ ਵਿਚਾਰ ਰੂਪੀ ਸ੍ਰਵਨਿਨ=ਕੰਨ ਹਨ, ਨਾ ਹੀ ਸੁਰਤੀ ਸਿੰਮ੍ਰਤੀ ਰੂਪ ਸੁੰਦਰ ਨੇਤ੍ਰ ਹਨ। ਨਾ ਹੀ ਪ੍ਰੇਮ ਰੂਪੀ ਹੱਥ ਹਨ, ਅਤੇ ਸਾਧਨ ਸੰਪਤੀ ਰੂਪ ਪੈਰਾਂ ਤੋਂ ਬਿਨਾਂ ਹੋਣ ਕਰਕੇ ਪਿੰਗਲਾ ਹਾਂ, ਇਸੀ ਕਰਕੇ ਆਰਤ=ਦੁਖੀ ਹੋਇਆ ਹੋਇਆ ਆਪ ਜੀ ਦੇ ਸਤਸੰਗ ਰੂਪ ਦੁਆਰੇ ਪਰ ਰਟਤ=ਉਚਾਰਦਾ, ਅਰਥਾਤ ਬੇਨਤੀ ਕਰਦਾ ਹਾਂ ਕਿ ਆਪ ਹੀ ਕਿਰਪਾ ਕਰਕੇ ਮੈਨੂੰ ਇਸ ਟੋਏ ਚੋਂ ਕੱਢ ਲਓ॥ ੧ ॥

ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥

ਹੇ ਗਰੀਬਾਂ ਦੇ ਸੁਆਮੀ, ਕਰੁਣਾ+ਮੈ=ਕਿਰਪਾ ਸਰੂਪ ! ਮੈਂ ਅਨਾਥ ਜਨ ਦੇ-ਸਜਣ ਇਸ ਲੋਕ ਦੇ, ਮਿੱਤਰ ਪ੍ਰਲੋਕ ਦੇ ਅਤੇ ਪਿਤਾ ਮਾਤਾ ਰੂਪ ਆਪ ਹੀ ਹੋ। *ਅਥਵਾ:*-ਹੇ ਗਰੀਬਾਂ ਦੇ ਸੁਆਮੀ, ਆਪ ਅਨਾਥ ਹੋ ਯਾਨੇ ਆਪ ਦਾ ਸੁਆਮੀ ਕੋਈ ਨਹੀਂ, ਕਰੁਣਾ ਮੈ=ਕਿਰਪਾ ਸਰੂਪ, ਸਜਣ ਇਸ ਲੋਕ ਦੇ, ਮਿਤਰ ਪ੍ਰਲੋਕ ਦੇ ਆਪ ਹੀ ਮੇਰੇ ਮਾਤਾ ਪਿਤਾ ਰੂਪ ਹੋ।

ਚਰਨ ਕਵਲ ਹਿਰਦੈ ਗਹਿ ਨਾਨਕ
ਭੈ ਸਾਗਰ ਸੰਤ ਪਾਰਿ ਉਤਰੀਆ ॥ ੨ ॥ ੨ ॥ ੧੧੫ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਜਿਨ੍ਹਾਂ ਸੰਤਾਂ ਨੇ ਹਿਰਦੇ ਵਿੱਚ ਆਪ ਜੀ ਦੇ ਚਰਨ ਕਵਲ

ਫੜੇ ਹਨ, ਉਨ੍ਹਾਂ ਸੰਤਾਂ ਨੂੰ ਭੈਦਾਇਕ ਸੰਸਾਰ ਤੋਂ ਪਾਰ ਉਤਾਰਿਆ ਹੈ॥ ੨॥ ੨॥ ੧੧੫॥

ਰਾਗ ਗਉੜੀ ਬੈਰਾਗਣਿ ਮਹਲਾ ੫

੧ਓ ਸਤਿਗੁਰ ਪ੍ਰਸਾਦਿ॥

ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ॥ ੧॥ ਰਹਾਉ॥

ਹੇ ਦਯ=ਪ੍ਰੇਰਕ ਗੁਸਾਈ=ਪ੍ਰਿਥਵੀ ਦੇ ਮਾਲਕ ਮੀਤੁਲਾ=ਮਿੱਤਰ ! ਤੂੰ ਸਦਾ ਹੀ ਮੇਰੇ ਨਾਲ ਵੱਸਣਾ ਕਰ ਭਾਵ ਸਖਿਆਤਕਾਰ ਹੋ॥ ੧॥ ਰਹਾਉ॥

ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਿਣਾ ਸੰਸਾਰਿ॥

ਆਪ ਜੀ ਤੋਂ ਬਿਨਾਂ ਸਾਡਾ ਇੱਕ ਘੜੀ ਭਰ ਵੀ ਜਿਉਣਾ ਨਹੀਂ ਹੈ, ਆਪ ਜੀ ਤੋਂ ਬਿਨਾਂ ਸੰਸਾਰ ਵਿੱਚ ਰਹਿਣੇ ਨੂੰ ਧ੍ਰਿਗਾਕਾਰ ਹੈ। *ਕਈ ਥੀੜਾਂ ਵਿੱਚ ਪਾਠ:-ਰਹਣਾ ਹੈ।*

ਜੀਅ ਪ੍ਰਾਣ ਸੁਖਦਾਤਿਆ ਨਿਮਖ ਨਿਮਖ ਬਲਿਹਾਰਿ ਜੀ॥ ੧॥

ਹੇ ਜੀਵਾਂ ਨੂੰ ਪ੍ਰਾਣ ਤੇ ਸੁਖ ਦੇਣ ਵਾਲਿਆ ! ਮੈਂ ਨਿਮਖ ਨਿਮਖ ਕਾਲ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ॥ ੧॥

ਹਸਤ ਅਲੰਬਨੁ ਦੇਹੁ ਪ੍ਰਭ ਗਰਤਹੁ ਉਧਰੁ ਗੋਪਾਲ॥

ਹੇ ਪ੍ਰਭੂ ! ਕਿਰਪਾ ਰੂਪੀ ਹੱਥ ਦਾ ਅਲੰਬਨੁ=ਆਸਰਾ ਦੇਹੁ ਅਤੇ ਹੇ ਗੋਪਾਲ ਮੈਨੂੰ ਸੰਸਾਰ, ਵਾ:-ਮੋਹ ਰੂਪੀ ਗਰਤਹੁ=ਟੋਏ ਚੋਂ ਉਧਾਰ ਲਓ ਭਾਵ ਬਾਹਰ ਕੱਢ ਲਓ।

ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ॥ ੨॥

ਮੈਂ ਨਿਰਗੁਣ ਦੀ ਮਤੀ ਥੋਰੀਆ=ਥੋੜ੍ਹੀ ਭਾਵ ਤੁਛ ਹੈ, ਅਤੇ ਤੂੰ ਸਦਾ ਹੀ ਦੀਨਾਂ ਉੱਪਰ ਦਿਆਲੂ ਹੈਂ॥ ੨॥

ਕਿਆ ਸੁਖ ਤੇਰੇ ਸੰਮਲਾ ਕਵਨ ਬਿਧੀ ਬੀਚਾਰ॥

ਆਪ ਜੀ ਦੇ ਦਿੱਤੇ ਹੋਏ ਸੁਖ ਬਿਅੰਤ ਹਨ, ਮੈਂ ਕਿਹੜੇ ਕਿਹੜੇ ਯਾਦ ਕਰਾਂ, ਅਤੇ ਕਿਸ ਵਿਧੀ ਨਾਲ ਉਨ੍ਹਾਂ ਦਾ ਵਿਚਾਰ ਕਰਾਂ।

ਸਰਣਿ ਸਮਾਈ ਦਾਸ ਹਿਤ ਊਚੇ ਅਗਮ ਅਪਾਰ॥ ੩॥

ਸ਼ਰਨ ਵਿੱਚ ਆਇਆਂ ਹੋਇਆਂ ਦੀ ਆਪਣੇ ਵਿਚ ਸਮਾਈ=ਅਭੇਦਤਾ ਕਰਨ ਵਾਲੇ ਹੋ, ਦਾਸਾਂ ਵਿੱਚ ਆਪ ਜੀ ਦਾ ਹਿਤ=ਪ੍ਰੇਮ ਹੈ, ਅਤੇ ਸਾਰਿਆਂ ਤੋਂ ਉੱਚੇ ਹੋ, ਅਗਮ=ਥੋਹ ਰਹਿਤ ਹੋ, ਅਪਾਰ=ਬਿਅੰਤ ਗੁਣਾਂ ਵਾਲੇ ਹੋ॥ ੩॥

ਸਗਲ ਪਦਾਰਥ ਅਸਟ ਸਿਧਿ ਨਾਮ ਮਹਾ ਰਸ ਮਾਹਿ॥

ਰਸਾਂ ਵਿੱਚੋਂ ਮਹਾਰਸ ਜੋ ਨਾਮ ਹੈ ਉਸ ਵਿੱਚ ਤਦਾਕਾਰ ਹੋਣ ਕਰਕੇ-ਸਾਰੇ ਪਦਾਰਥ ਤੇ ਅੱਠ ਸਿਧੀਆਂ ਪ੍ਰਾਪਤ ਹੁੰਦੀਆਂ ਹਨ।

ਸੁਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ॥ ੪॥

ਜਿਨ੍ਹਾਂ ਉੱਤੇ ਉਹ ਕੇਸਵਾ=ਪ੍ਰਮਾਤਮਾ ਆਪ ਪ੍ਰਸੰਨ ਹੋਇਆ ਹੈ, ਓਹੀ ਪੁਰਸ਼ ਹਰੀ ਦੇ ਗੁਣ ਗਾਇਣ ਕਰਦੇ ਹਨ॥ ੪॥

ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ॥

ਮਾਤਾ ਪਿਤਾ ਸੁਤ=ਪੁਤ੍ਰ ਬੰਧਪੋ=ਸਬੰਧੀ ਸਭ ਕੁਝ ਮੇਰਾ ਤੂੰ ਹੀ ਹੈਂ।

ਯਥਾ:-ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ॥

ਅਤੇ ਤੂੰਹੀਂ ਮੇਰੇ ਪ੍ਰਾਣਾਂ ਦਾ ਅਧਾਰ=ਆਸਰਾ ਹੈਂ।

ਸਾਧਸੰਗਿ ਨਾਨਕੁ ਭਜੈ ਬਿਖੁ ਤਰਿਆ ਸੰਸਾਰੁ॥ ੫॥ ੧॥ ੧੧੬॥

ਗਰੂ ਜੀ ਕਥਨ ਕਰਦੇ ਹਨ ਜੋ ਪੁਰਸ਼ ਸਤਸੰਗਤ ਦੁਆਰਾ ਸਤਿਨਾਮੁ ਨੂੰ ਭਜਦਾ ਹੈ, ਉਹ ਵਿਖ ਰੂਪ ਸੰਸਾਰ ਤੋਂ ਤਰ ਜਾਂਦਾ ਹੈ॥ ੫॥ ੧॥ ੧੧੬॥

ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫

੧ੴ ਸਤਿਗੁਰ ਪ੍ਰਸਾਦਿ॥

''ਰਹੋਏ ਕੇ'' ਇਹ ਛੰਤਾਂ ਦੀ ਇਕ ਜਾਤੀ ਹੈ।

ਵਾ:-ਪਰਮੇਸ਼ਰ ਦੇ ਛੰਤ=ਜਸ ਕਰਣ ਵਿੱਚ ਰਹੋਏ=ਰਹਿਣਾ ਕਰ।

ਹੈ ਕੋਈ ਰਾਮ ਪਿਆਰੋ ਗਾਵੈ॥ ਸਰਬ ਕਲਿਆਣ ਸੂਖ ਸਚੁ ਪਾਵੈ॥ ੧॥ ਰਹਾਉ॥

ਕੋਈ ਰਾਮ ਦਾ ਪਿਆਰਾ ਹੈ ਜੋ ਰਾਮ ਦੇ ਜਸ ਨੂੰ ਗਾਵਣਾ ਕਰੇ।

ਪ੍ਰਸ਼ਨ-ਉਸ ਦੇ ਜਸ ਗਾਉਣ ਦਾ ਫਲ ਕੀ ਹੈ? *ਉੱਤਰ:*-

ਸਚੁ=ਨਿਸਚੇ ਕਰਕੇ ਸਾਰੀਆਂ ਮੁਕਤੀਆਂ ਦੇ ਸੁਖ ਨੂੰ ਪਾਉਂਦਾ ਹੈ॥ ੧॥ ਰਹਾਉ॥

ਬਨੁ ਬਨੁ ਖੋਜਤ ਫਿਰਤ ਬੈਰਾਗੀ॥ ਬਿਰਲੇ ਕਾਹੂ ਏਕ ਲਿਵ ਲਾਗੀ॥

ਬਹੁਤ ਲੋਕ ਵੈਰਾਗੀ ਹੋ ਕੇ ਬਨੁ ਬਨੁ=ਜੰਗਲ ਜੰਗਲ ਵਿੱਚ ਉਸ ਨੂੰ ਖੋਜਦੇ ਫਿਰਦੇ ਹਨ।

ਵਾ:-ਬਨੁ ਬਨੁ=ਜਲ ਜਲ ਭਾਵ ਤੀਰਥ ਤੀਰਥ ਤੇ ਖੋਜਦੇ ਫਿਰਦੇ ਹਨ। ਵਾ:- ਭੇਖਾਂ ਨੂੰ ਬਣਾ ਬਣਾ ਕੇ ਢੂੰਡਦੇ ਫਿਰਦੇ ਹਨ, ਪਰ ਕਿਸੇ ਵਿਰਲੇ ਦੀ ਇਕ ਪਰਮਾਤਮਾ ਵਿੱਚ ਲਿਵ ਲੱਗੀ ਹੈ।

ਜਿਨਿ ਹਰਿ ਪਾਇਆ ਸੇ ਵਡਭਾਗੀ॥ ੧॥

ਜਿਸ ਨੇ ਹਰੀ ਨੂੰ ਪਾਇਆ ਹੈ ਉਹ ਵਡਿਆ ਭਾਗਾਂ ਵਾਲਾ ਹੈ॥ ੧॥

ਬ੍ਰਹਮਾਦਿਕ ਸਨਕਾਦਿਕ ਚਾਹੈ॥ ਜੋਗੀ ਜਤੀ ਸਿਧ ਹਰਿ ਆਹੈ॥
ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ॥ ੨॥

ਬ੍ਰਹਮਾ ਤੋਂ ਆਦਿ ਸਾਰੇ ਦੇਵਤੇ, ਸਨਕ ਤੋਂ ਆਦਿਕ ਚਾਰੇ ਭਾਈ ਉਸ ਹਰੀ ਨੂੰ ਚਾਹੁੰਦੇ ਹਨ। ਜੋਗੀ, ਜਤੀ

ਤੇ ਸਿਧ ਵਗੈਰਾ ਭੀ ਹਰੀ ਦੀ ਪ੍ਰਾਪਤੀ ਨੂੰ ਆਹੈ=ਚਾਹੁੰਦੇ ਹਨ। ਪਰ ਜਿਸ ਨੂੰ ਪੂਰਨ ਗੁਰੂ ਪ੍ਰਾਪਤ ਹੋਏ ਹਨ, ਓਹੀ ਹਰੀ ਦੇ ਗੁਣਾਂ ਨੂੰ ਗਾਇਣ ਕਰਦਾ ਹੈ॥ ੨॥

ਤਾ ਕੀ ਸਰਣਿ ਜਿਨ ਬਿਸਰਤ ਨਾਹੀ॥ ਵਡਭਾਗੀ ਹਰਿ ਸੰਤ ਮਿਲਾਹੀ॥
ਜਨਮ ਮਰਣ ਤਿਹ ਮੂਲੇ ਨਾਹੀ॥ ੩॥

ਤਾ ਕੀ=ਉਨ੍ਹਾਂ ਦੀ ਸ਼ਰਣ ਵਿੱਚ ਰਹਿਣਾ ਕਰ, ਜਿਨ੍ਹਾਂ ਸੰਤਾਂ ਨੂੰ ਹਰੀ ਵਿਸਰਦਾ ਨਹੀਂ। ਵਡਿਆਂ ਭਾਗਾਂ ਕਰਕੇ ਹਰੀ ਦੇ ਸੰਤਾਂ ਨਾਲ ਮਿਲਾਪ ਹੁੰਦਾ ਹੈ। ਜੋ ਸੰਤਾਂ ਨਾਲ ਮਿਲਦਾ ਹੈ:-

ਉਸ ਨੂੰ ਮੂਲੇ=ਕਦਾਚਿਤ ਜਨਮ ਮਰਨ ਨਹੀਂ ਹੁੰਦਾ॥ ੩॥

ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ॥ ਬਿਨਉ ਸੁਨਹੁ ਪ੍ਰਭ ਊਚ ਅਪਾਰੇ॥
ਨਾਨਕੁ ਮਾਂਗਤੁ ਨਾਮੁ ਅਧਾਰੇ॥ ੪॥ ੧॥ ੧੧੭॥

ਹੇ ਪਿਆਰੇ ਪ੍ਰੀਤਮ ! ਕਿਰਪਾ ਕਰਕੇ ਮੈਨੂੰ ਮਿਲੋ। ਹੇ ਅਪਾਰ ਗੁਣਾਂ ਵਾਲੇ ਸਾਰਿਆਂ ਤੋਂ ਉੱਚੇ ਪ੍ਰਭੂ ਮੇਰੀ ਬੇਨਤੀ ਸੁਣੋ। ਮੈਂ ਇਕ ਆਪ ਜੀ ਦੇ ਨਾਮ ਦਾ ਅਧਾਰੇ=ਆਸਰਾ ਮੰਗਦਾ ਹਾਂ ਆਪ ਕਿਰਪਾ ਕਰਕੇ ਦੇਣਾ ਕਰੋ॥ ੪॥ ੧॥ ੧੧੭॥

[ਪੰਨਾ ੨੦੪]

ਰਾਗੁ ਗਉੜੀ ਪੂਰਬੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥
ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ ੧॥ ਰਹਾਉ॥

ਹੇ ਮੇਰੇ ਮਾਈ=ਸੰਤੋ ! ਪ੍ਰਾਣਾਂ ਦੇ ਪਤੀ ਪਰਮਾਤਮਾ ਨੂੰ ਮੈਂ ਕਿਸ ਗੁਣ ਕਰਕੇ ਮਿਲਣਾ ਕਰਾਂ॥ ੧॥ ਰਹਾਉ॥

ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥ ੧॥

ਸੁੰਦਰ ਰੂਪ ਤੋਂ ਮੈਂ ਰਹਿਤ ਹਾਂ ਬੁੱਧੀ ਦੇ ਬਲ ਤੋਂ ਭੀ ਰਹਿਤ ਹਾਂ,
ਮੈਂ ਪ੍ਰਦੇਸਨ ਬੜੀ ਦੂਰ ਤੋਂ ਚਲ ਕੇ ਆਪ ਜੀ ਪਾਸ ਆਈ ਹਾਂ।

*ਅਥਵਾ:-*ਸਫਾਈ ਰੂਪੀ ਰੂਪ ਤੋਂ ਰਹਿਤ ਹਾਂ, ਆਤਮ ਵਸ਼ੈਣੀ ਬੁੱਧੀ ਦੇ ਬਲ ਤੋਂ ਭੀ ਰਹਿਤ ਹਾਂ,

ਮੈਂ ਪਰਦੇਸਨਿ=ਸਰੂਪ ਦੇਸ ਤੋਂ ਪਰੇ, ਦੂਰ=ਚੌਰਾਸੀ ਲੱਖ ਜੂਨੀਆਂ ਚੋਂ ਭਟਕਦੀ ਹੋਈ ਹੁਣ ਮਨੁੱਖਾ ਦੇਹ ਵਿਖੇ ਆਈ ਹਾਂ॥ ੧॥

ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ॥ ੨॥

ਨਾ ਹੀ ਮੇਰੇ ਪਾਸ ਸ਼ੁਭ ਗੁਣਾਂ ਰੂਪੀ ਧਨ ਹੈ ਜੋ ਮੇਰੇ ਤੇ ਪ੍ਰਸੰਨ ਹੋ ਜਾਵੇ।
ਨਾ ਹੀ ਮੈਂ ਸੋਕ ਅਵਸਥਾ ਰੂਪੀ ਜੋਬਨ ਵਿਖੇ ਮਸਤ ਹਾਂ।
ਮੈਂ ਅਨਾਥਨੀ ਦੀ ਪਰਮਾਤਮਾ ਨਾਲ ਸਮਾਈ=ਮਿਲੌਣੀ ਕਰੋ॥ ੨॥

ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥ ੩॥

ਖੋਜਦੀ ਖੋਜਦੀ ਮੈਂ ਬੜੀ ਵੈਰਾਗਣ ਹੋ ਗਈ ਹਾਂ। ਪ੍ਰਭ ਦੇ ਦਰਸ਼ਨ ਕਰਨੇ ਨੂੰ ਮੈਂ ਤਰਸਦੀ ਫਿਰਦੀ ਹਾਂ।

ਵਾ:-ਪ੍ਰਭੂ ਦੇ ਦਰਸ਼ਨ ਕਰਨੇ ਨੂੰ ਮੈਂ ਤਿਹਾਈ ਫਿਰਦੀ ਹਾਂ॥ ੩॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ
ਸਾਧਸੰਗਿ ਮੇਰੀ ਜਲਨਿ ਬੁਝਾਈ॥ ੪ ॥ ੧ ॥ ੧੧੮ ॥

ਜਦ ਇਸ ਤਰ੍ਹਾਂ ਦੀਨ ਮਨ ਹੋ ਕੇ ਸਾਧ ਸੰਗਤਿ ਅੱਗੇ ਬੇਨਤੀ ਕੀਤੀ। ਤਦ ਦਿਆਲੂ ਸੰਤਾਂ ਨੇ ਕਿਰਪਾਲੂ ਪ੍ਰਭੂ ਨਾਲ ਮਿਲਾ ਕੇ ਮੇਰੀ ਵਿਛੋੜੇ ਰੂਪੀ, ਵਾ:-ਤ੍ਰਿਸ਼ਨਾਂ ਰੂਪੀ ਅਗਨੀ ਦੀ ਜਲਨਤਾ ਬੁਝਾ ਦਿਤੀ॥ ੪॥ ੧॥ ੧੧੮॥

ਗਉੜੀ ਮਹਲਾ ੫ ॥

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥ ਪਾਇ ਲਗਉ ਮੋਹਿ ਕਰਉ ਬੇਨਤੀ
ਕੋਊ ਸੰਤੁ ਮਿਲੈ ਬਡਭਾਗੀ॥ ੧ ॥ ਰਹਾਉ ॥

ਜਗਿਆਸੀ ਬੇਨਤੀ ਕਰਦੀ ਹੈ। ਪ੍ਰਭੂ ਦੇ ਮਿਲਣੇ ਨੂੰ-ਮੇਰੇ ਮਨ ਵਿੱਚ ਪ੍ਰੀਤੀ ਲੱਗ ਰਹੀ ਹੈ। ਪਾਇ+ਲਗਉ=ਚਰਨੀ ਲਗ ਕੇ-ਮੈਂ ਬੇਨਤੀ ਕਰਦੀ ਹਾਂ।

ਕੋਈ ਵਡਿਆਂ ਭਾਗਾਂ ਵਾਲਾ ਸੰਤ ਮੈਨੂੰ ਮਿਲੇ॥ ੧ ॥ ਰਹਾਉ॥

ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥

ਮਨ ਅਰਪਨ ਕਰਾਂਗੀ, ਧਨ ਭੀ ਅੱਗੇ ਰਖਾਂਗੀ, ਮਨ ਦੀ ਮਤੀ ਮੈਂ ਸਾਰੀ ਤਿਆਗ ਦਿੱਤੀ ਹੈ।

ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥੧ ॥

ਜੋ ਕੋਈ ਹਰੀ ਪ੍ਰਭੂ ਦੀ ਕਥਾ ਸੁਣਾਵੇਗਾ, ਤਿਸ ਦੇ ਪਿਛੇ ਮੈਂ ਰਾਤ ਦਿਨੇ ਵੈਰਾਗਵਾਨ ਹੋ ਕੇ ਫਿਰਾਂਗੀ॥ ੧॥

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥

ਜਦ ਪੂਰਬ=ਪਿਛਲੇ ਕਰਮਾਂ ਦਾ ਸ਼ੁਭ ਅੰਗੂਰ ਪ੍ਰਗਟਿਆ, ਤਦ ਪਰਮੇਸ਼ਰ ਨਾਮ ਦੇ ਰਸਿਕ=ਰਸ ਲੈਣ ਵਾਲੇ ਵੈਰਾਗੀ ਪੁਰਖ ਗੁਰੂ ਸਾਹਿਬ ਜੀ ਮਿਲੇ।

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ॥ ੨ ॥ ੨ ॥ ੧੧੯ ॥

ਤਦ ਜਨਮਾਂ ਜਨਮਾਂਤਰਾਂ ਦੀ ਅਵਿੱਦਿਆ ਨੀਂਦ ਵਿੱਚ ਸੁਤੀ ਹੋਈ ਗਿਆਨ ਜਾਗ੍ਰਤ ਵਿੱਚ ਜਾਗੀ ਤਾਂ ਅਗਿਆਨ ਰੂਪ ਹਨੇਰਾ ਮਿਟ ਗਿਆ, ਜਾਂ ਅਗਿਆਨ ਰੂਪ ਹਨੇਰਾ ਮਿਟਿਆ ਤਾਂ ਹਰੀ ਨਾਲ ਮਿਲਾਪ ਹੋਇਆ॥ ੨॥ ੨॥ ੧੧੯॥

ਗਉੜੀ ਮਹਲਾ ੫ ॥

ਹੁਣ ਸਤਿਗੁਰ ਦੇਵ ਜੀ ਜੀਵ ਰੂਪ ਪੰਛੀ ਨੂੰ ਚਿਕੜ ਵਿੱਚ ਫਸਿਆ ਵੇਖਕੇ ਉਪਦੇਸ਼ ਦੇਂਦੇ ਹਨ।

ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ॥
ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ॥੧ ॥ ਰਹਾਉ ॥

ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਣ ਮੋਹ ਕੀ ਫਾਸ॥

ਸੁਖ ਰੂਪ ਨਾਮ ਨੂੰ ਦੁਖ ਰੂਪ ਸਮਝਣਾ, ਦੁਖ ਰੂਪ ਸੰਸਾਰ ਨੂੰ ਸੁਖ ਰੂਪ ਸਮਝਣਾ ਇਸ ਪ੍ਰਕਾਰ ਦੇ ਭਰਮ ਰੂਪ ਕੂਈ=ਛਪੜੀ ਵਿੱਚ-ਰਸਾਂ ਦੀ ਜੋ ਤ੍ਰਿਸ਼ਨਾਂ ਹੈ ਏਹੀ ਇਕ ਪੰਕ=ਚਿਕੜ ਜ=ਉਤਪੰਨ ਹੋ ਰਿਹਾ ਹੈ। ਨਿਕਸੁ ਰੇ ਪੰਖੀ:-

ਇਸ ਚਿਕੜ ਚੋਂ ਹੇ ਜੀਵ ਰੂਪ ਪੰਛੀ ਤੂੰ ਨਿਕਲਣਾ ਕਰ। ਜੀਵ ਨੇ ਕਿਹਾ ਮੇਰੇ ਖੰਭ ਨਹੀਂ ਹਨ ਕਿਵੇਂ ਨਿਕਲਣਾ ਕਰਾਂ ?

ਉੱਤਰ:-ਸਿਮਰਿ ਹਰਿ ਪਾਂਖ॥ ਹਰੀ ਦਾ ਜੋ ਸਿਮਰਨ ਕਰਨਾ ਹੈ ਏਹੀ ਖੰਭ ਲਗਾ ਕੇ ਨਿਕਲ ਜਾ।

ਪ੍ਰਸ਼ਨ:-ਦੋ ਖੰਭਾਂ ਤੋਂ ਬਗੈਰ ਇੱਕ ਖੰਭ ਨਾਲ ਨਹੀਂ ਨਿਕਲਿਆ ਜਾ ਸਕਦਾ ?

ਗੁਰ ਉੱਤਰ:-ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ॥ ੧॥ ਰਹਾਉ॥

ਸਾਧੂਆਂ ਦੀ ਸ਼ਰਨ ਵਿਚ ਮਿਲਕੇ ਰਤਨ ਵਤ ਅਮੋਲਕ ਪੂਰਨ ਰਾਮ ਨੂੰ ਗ੍ਰਹਿਣ ਕਰਕੇ ਜੋ ਹਿਰਦੇ ਨਾਲ ਧਾਰ ਰਖਣਾ ਹੈ ਏਹੀ ਦੂਜਾ ਖੰਭ ਹੈ ਇਨ੍ਹਾਂ ਖੰਭਾਂ ਨਾਲ ਉੱਡਕੇ ਤੂੰ ਚਿਕੜ ਚੋਂ ਨਿਕਲ ਜਾ। ਜਦ ਪੰਛੀ ਚਿਕੜ ਚੋਂ ਨਿਕਲ ਕੇ ਉੱਡਦਾ ਹੈ ਤਾਂ ਅਗੇ ਫੰਧਕਾਂ ਨੇ ਫਾਹੀ ਤਾਣੀ ਹੁੰਦੀ ਹੈ ਉਸ ਵਿਚ ਪੰਛੀ ਫਸ ਜਾਂਦਾ ਹੈ। ਏਧਰ ਅਤਿਅੰਤ ਤਿੱਖੀ ਮੋਹ ਦੀ ਫਾਹੀ ਹੈ। ਇਸ ਮੋਹ ਵਿਖੇ ਜੀਵ ਪੰਛੀ ਫਸ ਜਾਂਦਾ ਹੈ। ਜਿਸ ਵੇਲੇ ਵਿਵੇਕ ਤੇ ਅਵਿਵੇਕ ਦਾ ਜੰਗ ਹੋਇਆ ਹੈ ਤਿਸ ਵੇਲੇ ਹੋਰ ਤਾਂ ਸਭ ਮਰ ਗਏ ਹਨ ਪਰ ਮੋਹ ਨਹੀਂ ਮਰਿਆ ਇਸ ਕਰਕੇ ਮੋਹ ਦਾ ਨਵਿਰਤ ਹੋਣਾ ਬਹੁਤ ਔਖਾ ਹੈ।

ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ॥੧॥

ਜਗਤ ਵਿਚ ਮੋਹ ਰੂਪ ਫਾਹੀ ਦੇ ਕੱਟਣ ਵਾਲੇ ਇੱਕ ਗੋਬਿੰਦ ਰੂਪ ਗੁਰੂ ਹੀ ਹਨ।

ਇਸ ਕਰਕੇ ਉਨ੍ਹਾਂ ਗੁਰਾਂ ਦੇ ਚਰਨ ਕਵਲਾਂ ਵਿਚ ਨਿਵਾਸ ਕਰੋ॥ ੧॥

ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ॥
ਕਰੁ ਗਹਿ ਲੇਹੁ ਨਾਨਕ ਕੇ ਸੁਆਮੀ
ਜੀਉ ਪਿੰਡੁ ਸਭੁ ਤੁਮਰੀ ਰਾਸਿ॥੨॥੩॥੧੨੦॥

ਹੇ ਪ੍ਰਭੂ ਪ੍ਰੀਤਮ ਗੋ=ਵੇਦਾਂ ਕਰਕੇ ਬਿੰਦ=ਜਾਨਣੇ ਜੋਗ ! ਆਪ ਕਿਰਪਾ ਕਰੋ, ਹੇ ਦੀਨਾਂ ਦੇ ਨਾਥ ਮੇਰੀ ਅਰਦਾਸ ਸੁਣੋ। ਹੇ ਦਾਸ ਦੇ ਸੁਆਮੀ ! ਆਪ ਮੇਰੇ ਮਨ ਰੂਪ ਹੱਥ ਨੂੰ ਫੜ ਲੈਣਾ ਕਰੋ, ਜੀਅ ਪਿੰਡ ਆਦਿਕ ਸਾਰੀ ਰਾਸ ਆਪ ਜੀ ਦੀ ਦਿੱਤੀ ਹੋਈ ਹੈ॥ ੨॥ ੩॥ ੧੨੦॥

ਗਉੜੀ ਮਹਲਾ ੫ ॥
ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥

ਹਰੀ ਦੇ ਵੇਖਣ ਨੂੰ ਮੇਰਾ ਮਨ ਨਾਮ ਨੂੰ ਸਿਮਰਨਾ ਕਰਦਾ ਹੈ।

ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ॥੧॥ ਰਹਾਉ॥

ਆਸਾ ਦੀ ਪਿਆਸੀ ਹੋਈ ਰਾਤ ਦਿਨੇ ਚਿਤਵਨਾ ਕਰਦੀ ਹਾਂ, ਐਸਾ ਕੋਈ ਸੰਤ ਹੈ ਜੋ ਮੈਨੂੰ ਪਰਮੇਸ਼ਰ

ਦੇ ਨਜ਼ਦੀਕ ਮਿਲਾਵੇ॥ ੧॥ ਰਹਾਉ॥

ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥

ਦਾਸਾਂ ਭਾਵ ਦੇ ਨਾਲ ਉਨ੍ਹਾਂ ਦੇ ਦਾਸਾਂ ਦੀ ਮੈਂ ਸੇਵਾ ਕਰਾਂਗੀ, ਅਤੇ ਤਿਸ ਦੇ ਅੱਗੇ ਅਨੇਕ ਤਰ੍ਹਾਂ ਨਾਲ ਨਿਹੋਰਾ=ਬੇਨਤੀਆਂ ਕਰਾਂਗੀ, ਵਾ:-ਨਿਹੋਰਾ=ਅਹਿਸਾਨ ਮੰਦ ਹੋਵਾਂਗੀ।

ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ॥ ੧॥

ਬੁੱਧੀ ਰੂਪੀ ਤੁਲਾ=ਤਕੜੀ ਵਿੱਚ ਰੱਖ ਕੇ ਵਿਚਾਰ ਰੂਪ ਵੱਟੇ ਨਾਲ ਦੁਨੀਆਂ ਦੇ ਸਾਰੇ ਸੁਖ ਤੋਲੇ ਹਨ, ਪਰ ਹਰੀ ਦੇ ਦਰਸ਼ਨ ਤੋਂ ਬਿਨਾਂ ਸਾਰੇ ਸੁਖ ਥੋਰਾ=ਤੁਛ ਹਨ॥ ੧॥

ਯਥਾ:- ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ ੨੭॥

ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ॥

ਸੰਤਾਂ ਦੀ ਕਿਰਪਾ ਦੁਆਰੇ ਸ਼ੁਭ ਗੁਣਾਂ ਦੇ ਸਮੁੰਦਰ ਰੂਪ ਪਰਮਾਤਮਾ ਦੇ ਗੁਣ ਗਾਏ, ਤਾਂ ਜਨਮਾਂ ਜਨਮਾਂਤਰਾਂ ਦਾ ਜੋ ਮਨ ਸੰਸਾਰ ਵਲ ਜਾਂਦਾ ਸੀ ਉਸ ਨੂੰ ਬਹੋਰਾ=ਮੋੜ ਲਿਆ।

ਆਨਦ ਸੂਖ ਭੇਟਤ ਹਰਿ ਨਾਨਕ
ਜਨਮੁ ਕ੍ਰਿਤਾਰਥੁ ਸਫਲੁ ਸਵੇਰਾ॥ ੨॥ ੪॥ ੧੨੧॥

ਗੁਰੂ ਜੀ ਕਥਨ ਕਰਦੇ ਹਨ ਹਰੀ ਦੇ ਮਿਲਣ ਕਰਕੇ-ਸੁਖ ਅਨੰਦ ਪ੍ਰਾਪਤ ਹੋਇਆ, ਅਤੇ ਮਨੁੱਖਾ ਜਨਮ ਵੀ ਕ੍ਰਿਤਾਰਥੁ=ਸਫਲਾ ਹੋ ਗਿਆ, ਇਸ ਦੇ ਸਫਲ ਹੋਣੇ ਦਾ ਸ+ਵੇਰਾ=ਏਹੀ ਵੇਲਾ ਸੀ।

ਰਾਗ ਗਉੜੀ ਪੂਰਬੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥
ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ॥੧॥ਰਹਾਉ॥

ਹੇ ਸੰਤੋ ! ਰਾਮ ਰਾਜਾ ਗੁਸਾਈਂ ਮੈਨੂੰ ਕਿਸ ਵਿਧੀ ਨਾਲ ਮਿਲੇ ?
ਐਸਾ ਕੋਈ ਸੰਤ ਹੈ ਜੋ ਆਤਮ ਸੁਖ ਦੇ ਦੇਣ ਵਾਲਾ ਹੋਵੇ,
ਅਤੇ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਮਾਰਗੁ=ਰਸਤਾ ਦਸ ਦੇਵੇ॥ ੧॥ ਰਹਾਉ॥

[ਪੰਨਾ ੨੦੫]

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥

ਅਲਖ ਰੂਪ ਪਰਮਾਤਮਾ ਹਿਰਦੇ ਅੰਦਰ ਹੈ, ਆਪਣੇ ਆਪ ਜਾਣਿਆਂ ਨਹੀਂ ਜਾਂਦਾ, ਕਿਉਂਕਿ ਹਿਰਦੇ ਵਿਚ ਹਉਮੈ ਰੂਪੀ ਪੜਦਾ ਪਿਆ ਹੋਇਆ ਹੈ।

ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥ ੧॥

ਜਗਿਆਸੂ ਨੇ ਕਿਹਾ-ਮਾਇਆ ਦੇ ਮੋਹ ਵਿੱਚ ਸਾਰਾ ਜਗਤ ਸੁੱਤਾ ਹੋਇਆ ਹੈ, ਇਹ ਭਰਮ ਰੂਪ ਮਾਇਆ ਦਾ ਪੜਦਾ ਕਹੁ ਖਾਂ ਕਿਸ ਵਜ੍ਹਾ ਨਾਲ ਜਾਵੇ ? ॥ ੧ ॥ *ਉੱਤਰ:-*

ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥

ਇਸ ਜੀਵ ਨੂੰ ਇਕ ਚੇਤਨ ਦੀ ਸੰਗਤ ਹੈ, ਇਕ ਹੀ ਅੰਤਹਕਰਨ ਰੂਪੀ ਘਰ ਵਿਚ ਵਸਦੇ ਹਨ, ਉਹ ਚੇਤਨ ਅੰਤਹਕਰਨ ਉਪਹਿਤ ਹੈ, ਇਹ ਜੀਵ ਅੰਤਹਕਰਨ ਵਸ਼ਿਸ਼ਟ ਹੈ ਪਰ ਆਪਸ ਵਿਚ ਮਿਲਣ ਦੀ ਕੋਈ ਗੱਲ ਨਹੀਂ ਕਰਦੇ।

ਅਥਵਾ:-ਗਿਆਨ ਇੰਦ੍ਰੀਆਂ ਨੂੰ ਇਕ ਚੇਤਨ ਦੀ ਸੰਗਤ ਹੈ ਕਿਉਂਕਿ ਉਸ ਦੀ ਸੱਤਾ ਤੋਂ ਬਿਨਾਂ ਜੜ ਹਨ, ਅਤੇ ਇਕ ਹੀ ਸਰੀਰ ਰੂਪ ਘਰ ਵਿੱਚ ਵਸਦੇ ਹਨ, ਪਰ ਉਸ ਚੇਤਨ ਨਾਲ ਮਿਲਣ ਦੀ ਗਲਬਾਤ ਨਹੀਂ ਕਰਦੇ। ਸਗੋਂ ਆਪੋ ਆਪਣੇ ਵਿਸ਼ਿਆਂ ਵਲ ਦੌੜਦੇ ਹਨ।

ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥ ੨ ॥

ਇਕ ਆਤਮ ਵਸਤੂ ਤੋਂ ਬਿਨਾਂ-ਪੰਜੇ ਹੀ ਗਿਆਨ ਇੰਦ੍ਰੀਏ ਦੁਹੇਲੇ=ਦੁਖੀ ਹੁੰਦੇ ਹਨ। ਉਹ ਅਗੋਚਰ ਵਸਤੂ ਇੱਕ ਅੰਤਹਕਰਨ ਰੂਪੀ ਠਾਈ=ਜਗ੍ਹਾ ਵਿਚ ਹੈ॥ ੨ ॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥ ੩ ॥

ਜਿਸ ਪਰਮਾਤਮਾ ਦਾ ਇਹ ਸਰੀਰ ਘਰ ਹੈ, ਉਸੇ ਨੇ ਅਗਿਆਨ ਰੂਪ ਤਾਲਾ=ਜੰਦਰਾ ਮਾਰ ਦਿੱਤਾ ਹੈ, ਅਤੇ ਉਸ ਦੀ ਬ੍ਰਹਮ ਵਿੱਦਿਆ ਰੂਪੀ ਕੁੰਜੀ ਗੁਰਾਂ ਨੂੰ ਸਉਪਾਈ=ਸੌਂਪ ਦਿੱਤੀ ਹੈ। ਸਤਿਗੁਰਾਂ ਦੀ ਸ਼ਰਨ ਤੋਂ ਬਿਨਾਂ-ਆਪਣੇ ਆਪ ਅਨੇਕ ਜਤਨਾਂ ਦੇ ਕਰਨ ਨਾਲ ਉਸ ਕੁੰਜੀ ਨੂੰ ਨਹੀਂ ਪਾ ਸਕਦਾ॥ ੩ ॥

ਯਥਾ:-ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭ ॥

(ਪੰਨਾ ੧੨੪)

ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥ ੪ ॥

ਸਤਿਗੁਰਾਂ ਨੇ-ਜਿਨ੍ਹਾਂ ਦੇ ਸੰਸਾਰਕ ਬੰਧਨ ਕੱਟੇ ਹਨ-ਉਨ੍ਹਾਂ ਨੇ ਸਤਸੰਗਤ ਦੁਆਰੇ ਪਰਮੇਸ਼ਰ ਵਿਖੇ ਲਿਵ ਲਗਾਈ ਹੈ। ਪੰਚ ਜਨਾ=ਸ੍ਰੇਸ਼ਟ ਸੰਤ ਜਨਾਂ ਨਾਲ ਮਿਲ ਕੇ ਜਿਸ ਨੇ ਪਰਮੇਸ਼ਰ ਦੇ ਮੰਗਲਾਂ ਨੂੰ ਗਾਇਆ ਹੈ, ਹੇ ਭਾਈ ! ਉਸ ਦਾ ਤੇ ਹਰੀ ਦਾ ਕੋਈ ਭੇਦ ਨਹੀਂ ਹੈ॥ ੪ ॥

ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥ ੧ ॥
ਰਹਾਉ ਦੂਜਾ ॥ ੧ ॥ ੧੨੨ ॥

ਹੁਣ ਉੱਤਰ ਦਿੰਦੇ ਹਨ, ਮੇਰੇ ਰਾਮ ਰਾਇ ਗੁਸਾਈਂ ਨਾਲ ਇਸ ਵਿਧੀ ਨਾਲ ਮਿਲਾਪ ਹੁੰਦਾ ਹੈ। ਜਦ ਸਹਜੁ=ਗਿਆਨ ਪ੍ਰਾਪਤ ਹੋਇਆ, ਤਾਂ ਇਕ ਖਿਨ ਵਿਖੇ ਭਰਮ ਨੱਸ ਗਿਆ, ਅਤੇ ਜੋਤੀ ਨਾਲ ਜੋਤ ਮਿਲ ਕੇ

ਸਮਾਈ=ਅਭੇਦ ਹੋ ਗਈ। ਇਹ ਦੋ ਤੁਕਾਂ ਉੱਤਰ ਵਿਖੇ ਆਈਆਂ ਹਨ ਇਸ ਕਰਕੇ ਰਹਾਉ ਦੂਜਾ ਲਿਖਿਆ ਹੈ॥ ੧॥ ੧੨੨॥

ਗਉੜੀ ਮਹਲਾ ੫॥ ਐਸੋ ਪਰਚਉ ਪਾਇਓ॥
ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ॥੧॥ਰਹਾਉ॥

ਅੰਨਵੇਂ ਅੱਖਰ ਲਗਨੇ ਹਨ:-ਜਿਸ ਵੇਲੇ ਦਿਆਲੂ ਬੀਠਲ ਨੇ ਕਿਰਪਾ ਕੀਤੀ, ਤਾਂ ਸਤਿਗੁਰਾਂ ਦੀ ਪ੍ਰਾਪਤੀ ਹੋਈ ਜਦ ਗੁਰਾਂ ਨੇ ਕਿਰਪਾ ਕਰਕੇ ਮੈਨੂੰ ਉਪਦੇਸ਼ ਬਤਾਇਓ=ਦਿੱਤਾ ਤਾਂ ਐਸਾ ਪਰਚਾ ਪਾਇਆ। ਕੈਸਾ ?॥ ੧॥ ਰਹਾਉ॥ *ਉੱਤਰ:-*

ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ॥

ਜਿਥੇ ਕਿਥੇ ਵੇਖਦਾ ਹਾਂ, ਤਤ ਤਤ=ਤਿਧਰ ਤਿਧਰ ਆਪ ਹੀ ਹੋ, ਇਸ ਤਰ੍ਹਾਂ ਦਾ ਬਿਸੁਆਸੁ=ਭਰੋਸਾ ਮੈਨੂੰ ਹੋ ਆਇਆ ਹੈ।

ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ॥੧॥

ਹੁਣ ਅਰਦਾਸੀਆ ਹੋ ਕੇ ਕਿਸ ਪਾਸ ਬੇਨਤੀ ਕਰਾਂ, ਜੇਕਰ ਰਘੁਰਾਇਓ=ਪ੍ਰਮਾਤਮਾ ਕਹੇ ਤੋਂ ਬਿਨਾਂ ਆਪ ਹੀ ਹਰ ਇਕ ਗੱਲ ਨੂੰ ਸੁਣ ਰਿਹਾ ਹੈ॥ ੧॥ ਪਰ ਇਹ ਉੱਤਰ ਜਗਿਆਸੂ ਦਾ ਕਹਿਣਾ ਹੈ।

ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ॥੨॥

ਜਦ ਗੁਰਾਂ ਨੇ ਮੋਹ ਦੇ ਬੰਧਨ ਤੋੜੇ, ਤੇ ਸੰਸਾ ਦੂਰ ਹੋਇਆ, ਤਾਂ ਸੰਹਿਜੇ ਹੀ ਨਿਤ ਸੁਖ ਨੂੰ ਪਾਇਆ। ਜੋ ਕੁਝ ਹੋਣਾ ਸੀ, ਓਹੀ ਹੋਇਆ ਹੈ ਅਤੇ ਹੋਵੇਗਾ ਤਾਂ ਫਿਰ ਕਿਸੀ ਨੂੰ ਆਪਣਾ ਸੁਖ ਦੁਖ ਕੀ ਵਿਖਾਣਾ ਹੈ। ਅਥਵਾ:-ਫਿਰ ਦੁਖ ਸੁਖ ਨੇ ਆਪਣਾ ਰੂਪ ਕੀ ਵਿਖਾਉਣਾ ਹੈ, ਅਰਥਾਤ ਜਦ ਭਾਣਾ ਹੀ ਮੰਨ ਲਿਆ ਤਾਂ ਦੁਖ ਸੁਖ ਕਿਵੇਂ ਹੋਵੇਗਾ॥ ੨॥

ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ॥

ਨੌਂ ਖੰਡਾਂ ਤੇ ਬ੍ਰਹਿਮੰਡਾਂ ਦਾ ਠਾਣਾ=ਆਸਰਾ ਇਕ ਪਰਮੇਸ਼ਰ ਹੀ ਹੈ, ਧੰਨ ਗੁਰੂ ਹਨ ਜਿਨ੍ਹਾਂ ਨੇ ਹਉਮੈ ਦਾ ਪੜਦਾ ਖੋਲ੍ਹ ਕੇ ਉਸ ਦਾ ਦਰਸ਼ਨ ਵਿਖਾ ਦਿੱਤਾ ਹੈ।

ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ॥੩॥

ਜਦ ਨੌਂ ਨਿਧੀਆਂ ਦਾ ਨਿਧਾਨੁ=ਖਜ਼ਾਨਾ ਇਕ ਨਾਮ ਆਪਣੇ ਅੰਤਹਕਰਣ ਰੂਪੀ ਠਾਈ=ਜਗ੍ਹਾ ਵਿਚ ਹੈ ਤਾਂ ਬਾਹਰ ਢੂੰਢਣ ਵਾਸਤੇ ਕੈਠੈ ਜਾਇਓ=ਕਿਸ ਜਗ੍ਹਾ ਜਾਣਾ ਹੈ॥ ੩॥

ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ॥੪॥੨॥੧੨੩॥

ਜਿਵੇਂ ਕਨਿਕ=ਸੋਨਾ ਇਕ ਹੈ, ਤੇ ਉਸ ਦੇ ਗਹਿਣੇ ਅਨੇਕ ਤਰ੍ਹਾਂ ਨਾਲ ਸਾਜੇ ਜਾਂਦੇ ਹਨ, ਤੈਸੇ ਇਕ

ਪ੍ਰਮੇਸ਼ਰ ਨੇ ਬਹੁਤ ਹੀ ਪ੍ਰਕਾਰ ਨਾਲ ਪ੍ਰਪੰਚ ਨੂੰ ਰਚਿਆ ਹੈ। ਪਰ ਉਹ ਗਹਿਣੇ ਇਕ ਸੋਨੇ ਦਾ ਰੂਪ ਹੀ ਹੁੰਦੇ ਹਨ। ਤੈਸੇ ਇਹ ਪ੍ਰਪੰਚ ਭੀ ਇਕ ਪਰਮੇਸ਼ਰ ਦਾ ਰੂਪ ਹੀ ਹੈ। ਗਰੂ ਜੀ ਕਥਨ ਕਰਦੇ ਹਨ-ਜਦ ਇਸ ਪਰਕਾਰ ਸੋਨੇ ਦਾ ਤੇ ਗਹਿਣਿਆਂ ਦਾ ਦ੍ਰਿਸ਼ਟਾਂਤ ਦੇ ਕੇ ਗੁਰਾਂ ਨੇ ਭਰਮ ਦੂਰ ਕੀਤਾ, ਤਾਂ ਤੱਤ ਰੂਪ ਹੋ ਕੇ ਤੱਤ ਵਸਤੂ ਨਾਲ ਮਿਲ ਗਏ॥ ੪॥ ੨॥ ੧੨੩॥

ਗਉੜੀ ਮਹਲਾ ੫॥

ਅਉਧ ਘਟੈ ਦਿਨਸੁ ਰੈਨਾਰੇ॥ਮਨ ਗੁਰ ਮਿਲਿ ਕਾਜ ਸਵਾਰੇ॥੧॥ਰਹਾਉ॥

ਰਾਤ ਦਿਨ ਦੀ ਸੰਗਿਆ ਕਰਕੇ ਅਉਧ+ਘਟੈ=ਉਮਰਾ ਘਟਦੀ ਜਾਂਦੀ ਹੈ।

ਹੇ ਮਨ ! ਤੂੰ ਗੁਰਾਂ ਨਾਲ ਮਿਲ ਕੇ ਆਪਣੇ ਸਰੂਪ ਪ੍ਰਾਪਤੀ ਦੇ ਕਾਰਜ ਨੂੰ ਸਵਾਰ ਲੈ॥ ੧॥ ਰਹਾਉ॥

ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥੧॥

ਮੈਂ ਬੇਨਤੀ ਕਰਦਾ ਹਾਂ, ਹੇ ਮੇਰੇ ਮਿਤਰੋ ਤੁਸੀਂ ਸੁਣੋ ! ਇਹ ਮਨੁੱਖਾ ਜਨਮ ਹੀ ਸੰਤਾਂ ਦੀ ਸੇਵਾ ਟਹਿਲ ਕਰਨ ਦਾ ਵੇਲਾ ਹੈ। ਵਾ:-ਹੇ ਮੇਰੇ ਮਿਤਰੋ ! ਵਾਹਿਗੁਰੂ ਅਗੇ ਬੇਨਤੀ ਕਰੋ, ਕੰਨਾਂ ਨਾਲ ਹਰੀ ਜਸ ਸੁਣੋ ਅਤੇ ਤਨ ਕਰਕੇ ਸੰਤਾਂ ਦੀ ਸੇਵਾ ਟਹਿਲ ਕਰਕੇ ਤਰਨ ਦਾ ਇਹੋ ਹੀ ਵੇਲਾ ਹੈ।

ਜੇ ਇਸ ਲੋਕ ਵਿਚੋਂ ਹਰੀ ਨਾਮ ਜਪਣ ਦਾ ਲਾਭ ਖੱਟ ਕੇ ਚਲੋਗੇ ਤਾਂ ਆਗੈ=ਪ੍ਰਲੋਕ ਵਿਚ ਸੁਖ ਪੂਰਬਕ ਵੱਸਣਾ ਹੋਵੇਗਾ॥ ੧॥

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ॥
ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ॥੨॥

ਵਿਕਾਰ ਅਤੇ ਸੰਸੇ ਰੂਪ ਜੋ ਸੰਸਾਰ ਹੈ ਇਸ ਵਿਚੋਂ, *ਅਥਵਾ*:-ਇਸ ਸੰਸਾਰ ਦੇ ਵਿਕਾਰਾਂ ਤੇ ਸੰਸਿਆਂ ਵਿਚੋਂ ਕੋਈ ਵਿਰਲਾ ਬ੍ਰਹਮ ਗਿਆਨੀ ਹੀ ਤਰਿਆ ਹੈ।

ਜਿਸ ਨੂੰ ਗੁਰੂ ਸਾਹਿਬ ਜੀ ਅਵਿੱਦਿਆ ਦੀ ਨੀਂਦ ਤੋਂ ਜਗਾ ਕੇ ਹਰੀ ਨਾਮ ਰਸ ਪਿਆਂਦੇ ਹਨ, ਉਸ ਨੇ ਅਕੱਥ ਰੂਪ ਪ੍ਰਮਾਤਮਾ ਦੀ ਕਥਾ ਜਾਣੀ ਹੈ॥ ੨॥

ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥

ਹੇ ਭਾਈਓ ! ਜਿਸ ਸੌਦੇ ਲਈ ਆਏ ਹੋ, ਉਸੇ ਸੌਦੇ ਨੂੰ ਵਿਹਾਝਹੁ=ਖਰੀਦੋ, ਗੁਰਾਂ ਦੀ ਕਿਰਪਾ ਕਰਕੇ ਮਨ ਵਿਚ ਹਰੀ ਨਾਮ ਦਾ ਵਾਸਾ ਹੁੰਦਾ ਹੈ।

ਆਪਣੇ ਅੰਤਹਕਰਨ ਰੂਪੀ ਘਰ ਵਿਖੇ ਸਰੂਪ ਨੂੰ ਪਾਵੋ ਤਾਂ ਸੁਤੇ ਸਿਧ ਸੁਖ ਹੋਵੇਗਾ, ਮੁੜ ਕੇ ਚੋਰਾਸੀ ਲੱਖ ਜੂਨੀਆਂ ਵਿਚ ਫੇਰਾ ਨਹੀਂ ਹੋਵੇਗਾ॥ ੩॥ ਇਸ ਤਰ੍ਹਾਂ ਬੇਨਤੀ ਕਰੋ-

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥

ਨਾਨਕੁ ਦਾਸੁ ਇਹੀ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ ੪ ॥ ੩ ॥ ੧੨੪ ॥

ਹੇ ਅੰਤ੍ਰਜਾਮੀ, ਜੀਵਾਂ ਨੂੰ ਕਰਮਾਂ ਅਨੁਸਾਰ ਫਲ ਦੇਣ ਵਾਲੇ ਅਕਾਲ ਪੁਰਖ ! ਤੂੰ ਸਾਡੇ ਮਨ ਦੀ ਸਰਧਾ=ਇੱਛਾ ਪੂਰੀ ਕਰ। ਮੈਂ ਦਾਸ ਏਹੀ ਸੁਖਣਾ ਮੰਗਦਾ ਹਾਂ ਕਿ ਮੈਨੂੰ ਸੰਤਾਂ ਦੀ ਚਰਨ ਧੂੜੀ ਬਖਸ਼ਣੀ ਕਰ।

ਯਥਾ:- ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ॥ (ਪੰਨਾ ੨੦੭)

ਗਉੜੀ ਮਹਲਾ ੫ ॥
ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥ ੧ ॥ ਰਹਾਉ ॥

ਹੇ ਮੇਰੇ ਪਿਤਾ ਰੂਪ ਪ੍ਰਭੂ ! ਆਪ ਮੈਨੂੰ ਰੱਖ ਲਓ। ਮੈਂ ਨਿਰਗੁਨ=ਗੁਣ ਹੀਣ ਹਾਂ, ਭਾਵ ਮੇਰੇ ਵਿਚ ਸਾਰੇ ਔਗੁਣ ਹਨ, ਤੇ ਤੇਰੇ ਵਿਚ ਸਾਰੇ ਸ਼ੁਭ ਗੁਣ ਹਨ॥ ੧ ॥ ਰਹਾਉ ॥

ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥ ੧ ॥

ਵਿਸ਼ਿਆਂ ਦੇ ਅਦਨ ਕਰਨ ਵਾਲੇ, ਵਾ:-ਦੁੱਖ ਦੇਣ ਵਾਲੇ ਕਾਮ ਆਦਿਕ ਪੰਜ ਹਨ, ਤੇ ਮੈਂ ਗਰੀਬ ਇਕੱਲਾ ਹਾਂ, ਹੇ ਦਰੋਪਤਾਂ ਆਦਿਕ ਭਗਤਾਂ ਦੀ ਰਖਿਆ ਕਰਨ ਵਾਲੇ ਪ੍ਰਭੂ ਜੀ ਆਪ ਮੈਨੂੰ ਰਖ ਲਓ। ਇਹ ਕਾਮ ਆਦਿਕ ਖੇਦੁ=ਦੁਖ ਦੇਣਾ ਕਰਦੇ ਹਨ ਅਤੇ ਬਹੁਤ ਸਾਰਾ ਸਤਾਉਂਦੇ ਹਨ-ਮੈਂ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ॥ ੧ ॥

[ਪੰਨਾ ੨੦੬]

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥

ਅਨੇਕ ਪ੍ਰਕਾਰ ਦੇ ਜਤਨ ਮੈਂ ਬਹੁਤ ਪ੍ਰਕਾਰ ਨਾਲ ਕਰ ਕਰ ਕੇ ਹਾਰ ਗਿਆ ਭਾਵ ਥੱਕ ਗਿਆ ਹਾਂ, ਪਰ ਇਹ ਕਾਮ ਆਦਿਕ ਕਿਸੀ ਤਰ੍ਹਾਂ ਭੀ ਛਡਦੇ ਨਹੀਂ ਹਨ।

ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥ ੨ ॥

ਇਕ ਗੱਲ ਮੈਂ ਸੁਣੀ ਹੈ-ਕਿ ਸਾਧਸੰਗਤ ਦੇ ਕਰਨ ਨਾਲ ਇਹ ਮਿਟ ਜਾਂਦੇ ਹਨ। ਇਸ ਕਰਕੇ ਮੈਂ ਸਾਧ-ਸੰਗਤ ਦੀ ਓਟ ਤੱਕਣਾ ਕੀਤੀ ਹੈ॥ ੨ ॥

ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥

ਹੇ ਪ੍ਰਭੂ ! ਆਪ ਜੀ ਦੀ ਕਿਰਪਾ ਕਰਕੇ ਜਿਸ ਵੇਲੇ ਪੂਰਨ ਸੰਤ ਮੈਨੂੰ ਮਿਲੇ ਤਾਂ ਉਨ੍ਹਾਂ ਤੋਂ ਮੈਂ ਧੀਰਜ ਪਾਇਆ।

ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥ ੩ ॥

ਜਿਸ ਵੇਲੇ ਸੰਤਾਂ ਨੇ ਮੈਨੂੰ ਮੰਤ੍ਰ, ਦਿਤਾ, ਤੇ ਗੁਰਾਂ ਦਾ ਉਪਦੇਸ਼ ਕਮਾਇਆ ਤਾਂ ਉਨ੍ਹਾਂ ਕਾਮ ਆਦਿਕਾਂ ਦੇ ਡਰ ਤੋਂ ਰਹਿਤ ਹੋ ਗਿਆ ਹਾਂ॥ ੩ ॥

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥

ਸਹਜੇ ਹੀ ਸੁਹੇਲੀ=ਸੁਖਦਾਇਕ ਗੁਰਾਂ ਦੀ ਉਪਦੇਸ਼ ਬਾਣੀ ਨਾਲ ਮਹਾ=ਬੜੇ ਪ੍ਰਬਲ ਜੋ ਕਾਮ ਆਦਿਕ ਵਿਸ਼ਿਆਂ ਦੇ ਅਦਨ ਕਰਨ ਵਾਲੇ ਹਨ ਉਨ੍ਹਾਂ ਨੂੰ ਜਿਤ ਲਿਆ ਹੈ।

ਕਹੁ ਨਾਨਕ ਮਨਿ ਭਇਆ ਪਰਗਾਸਾ
ਪਾਇਆ ਪਦੁ ਨਿਰਬਾਣੀ॥ ੪॥ ੪॥ ੧੨੫॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਮਨ ਵਿਚ ਗਿਆਨ ਹੋਇਆ, ਤਾਂ ਨਿਰਬੰਧ ਪਦ ਨੂੰ ਪਾ ਲਿਆ॥ ੪॥ ੪॥ ੧੨੫॥

ਗਉੜੀ ਮਹਲਾ ੫॥ ਓਹੁ ਅਬਿਨਾਸੀ ਰਾਇਆ॥
ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ॥੧॥ ਰਹਾਉ॥

ਹੇ ਅਬਿਨਾਸੀ ਰਾਇਆ ਨਿਰਭਉ ਪਰਮਾਤਮਾ ! ਆਪ ਜੀ ਦੇ ਨਾਲ ਰਹਿਣ ਕਰਕੇ ਇਹੁ=ਇਸ ਜੀਵ ਨੂੰ "ਇਹੁ+ਡਰਨੁ"=ਉਹ ਜਮਾਂ ਦਾ ਡਰ ਕਹਾ=ਕਿਥੇ ਆਂਵਦਾ ਹੈ ਭਾਵ ਨਹੀਂ ਆਉਂਦਾ ॥ ੧॥ ਰਹਾਉ॥

ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ॥

ਇਕ ਮਹਲਿ=ਸਰੀਰ ਵਿਚ ਤੂੰ ਅਫਾਰੋ=ਅਮੋੜ ਹੋ ਰਿਹਾ ਹੈਂ-
ਅਤੇ ਇਕ ਸਰੀਰ ਵਿਚ ਤੂੰ ਨਿਮਾਣਾ ਹੋ ਰਿਹਾ ਹੈਂ।

ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ॥ ੧॥

ਇਕ ਮਹਲਿ=ਸਰੀਰ ਵਿਚ ਤੂੰ ਆਪੇ ਆਪੇ=ਹੰਕਾਰੀ ਹੋ ਰਿਹਾ ਹੈਂ।
ਅਤੇ ਇਕ ਮਹਲਿ=ਸਰੀਰ ਵਿਚ ਤੂੰ ਗਰੀਬਾਨੋ=ਗਰੀਬ ਹੋ ਰਿਹਾ ਹੈਂ॥ ੧॥

ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ॥

ਇਕ ਸਰੀਰ ਵਿਚ ਤੂੰ ਪੰਡਿਤ ਹੋ ਕੇ ਸ਼ਾਸਤ੍ਰਾਂ ਨੂੰ ਬਕਤਾ=ਕਥਨ ਕਰਦਾ ਹੈਂ।
ਅਤੇ ਇਕ ਸਰੀਰ ਵਿਚ ਤੂੰ ਖਲੁ+ਹੋਤਾ=ਮੂਰਖ ਹੋ ਰਿਹਾ ਹੈਂ।
ਯਥਾ:-ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਯੋ, ਕਤਹੂੰ ਅਚੇਤ ਹੋਇ ਕੈ ਸੋਵਤ ਅਚੇਤ ਹੈ।

ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ॥ ੨॥

ਇਕ ਮਹਲਿ=ਸਰੀਰ ਵਿਚ ਤੂੰ ਸਭ ਕੁਝ ਗ੍ਰਹਿਣ ਕੀਤੀ ਜਾਂਦਾ ਹੈਂ। ਅਤੇ ਇਕ ਸਰੀਰ ਵਿਚ ਕੁਝ ਪਦਾਰਥ ਭੀ ਲੈਂਦਾ ਨਹੀਂ ਹੈਂ ਭਾਵ ਇਕ ਪਾਸੇ ਪੂਰਾ ਗ੍ਰਹਿਸਤੀ ਅਤੇ ਇਕ ਪਾਸੇ ਪੂਰਾ ਤ੍ਰਿਆਗੀ ਹੋ ਕੇ ਵਿਰੱਕਤ ਹੋ ਰਿਹਾ ਹੈਂ॥ ੨॥

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥

ਕਾਠ ਦੀ ਪੁਤਲੀ ਆਪਣੇ ਆਪ ਭਲਾ ਕੀ ਕਰ ਸਕਦੀ ਹੈ ? ਭਾਵ ਕੁਝ ਨਹੀਂ ਕਰ ਸਕਦੀ ਉਸ ਨੂੰ ਖਿਡਾਨ ਵਾਲਾ ਨਟ ਹੀ ਜਾਣਦਾ ਹੈ।

ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥ ੩॥

ਬਾਜੀਗਰੁ=ਨਟ ਜਿਵੇਂ ਉਸ ਦਾ ਭੇਖੁ=ਸ੍ਵਾਂਗ ਕਰਾਉਂਦਾ ਹੈ-ਉਹ ਪੁਤਲੀ ਉਸ ਤਰ੍ਹਾਂ ਦਾ ਹੀ ਸਾਜ ਕਰ ਆਉਂਦੀ ਹੈ। ਏਸੇ ਤਰ੍ਹਾਂ ਇਹ ਸਭ ਦੇਹਾਂ ਕਾਠ ਦੀਆਂ ਪੁਤਲੀਆਂ ਵਾਂਗੂੰ ਪਤੰਤ੍ਰ ਅਤੇ ਨਿਰਬਲ ਹਨ, ਬਾਜ਼ੀਗਰ ਪ੍ਰਮਾਤਮਾ ਜਿਵੇਂ ਇਨ੍ਹਾਂ ਦੇਹਾਂ ਦਾ ਸਾਂਗ ਬਣਾਂਦਾ ਹੈ ਤਿਵੇਂ ਇਹ ਵੇਖਣ ਵਿਚ ਆਉਂਦੀਆਂ ਹਨ॥ ੩॥

ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ॥

ਸਰੀਰਾਂ ਰੂਪ ਅਨੇਕ ਕੋਠੀਆਂ ਅੰਡਜ ਜੇਰਜ ਸੇਤਜ ਆਦਿ ਭੇਦ ਨਾਲ ਬਹੁਤ ਪ੍ਰਕਾਰ ਨਾਲ ਪੈਦਾ ਕੀਤੀਆਂ ਹਨ, ਫੇਰ ਇਨ੍ਹਾਂ ਦਾ ਰਖਵਾਲਾ ਪ੍ਰਮੇਸ਼ਰ ਆਪ ਹੀ ਹੋ ਰਿਹਾ ਹੈ।

ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ॥ ੪॥

ਜਿਸ ਤਰ੍ਹਾਂ ਦੇ ਮਹਲਿ=ਸਰੀਰ ਵਿਚ ਜਿਵੇਂ ਰਖਦਾ ਹੈਂ, ਤੈਸੇ ਜੀਵ ਦਾ ਰਹਿਣਾ ਹੁੰਦਾ ਹੈ। ਆਪਣੇ ਆਪ ਇਹ ਵਿਚਾਰਾ ਜੀਵ ਕੀ ਕਰ ਸਕਦਾ ਹੈ॥ ੪॥

ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ॥

ਜਿਸ ਪਰਮੇਸ਼ਰ ਨੇ ਹੁਣ ਕੀਤਾ ਹੈ ਓਹੀ ਅੱਗੇ ਨੂੰ ਜਾਣੇਗਾ। ਜਿਸ ਪਰਮੇਸ਼ਰ ਨੇ ਇਹ ਜਗਤ ਦੀ ਸਾਰੀ ਵਿਧੀ ਪਿੱਛੇ ਸਾਜੀ ਸੀ। ਵਾ:-ਜਿਸ ਗੁਰਮੁਖ ਨੇ ਕੁਝ ਜਪ ਤਪ ਸਿਮਰਨ ਕੀਤਾ ਹੈ ਓਹੀ ਪਰਮੇਸ਼ਰ ਨੂੰ ਜਾਣਦਾ ਹੈ। ਜਿਸ ਪਰਮੇਸ਼ਰ ਨੇ ਇਹ ਸੰਸਾਰ ਦੀ ਸਭ ਵਿਧੀ ਸਾਜੀ ਹੈ।

ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ॥ ੫॥ ੫॥ ੧੨੬॥

ਗੁਰੂ ਜੀ ਕਥਨ ਕਰਦੇ ਹਨ-ਉਹ ਸੁਆਮੀ ਅਪਰ=ਸੰਸਾਰ ਤੋਂ ਪਰਾ ਰੂਪ ਹੈ।
ਆਪਣੇ ਕਾਰਜਾਂ ਦੀ ਕੀਮਤ ਨੂੰ ਆਪ ਹੀ ਜਾਣਦਾ ਹੈ॥ ੫॥ ੫॥ ੧੨੬॥

ਗਉੜੀ ਮਹਲਾ ੫॥

ਗਉੜੀ ਹੇਠ ਤਿੰਨ ਲਿਖਣ ਦਾ ਇਹ ਭਾਵ ਹੈ ਕਿ ਗਉੜੀ ਪੂਰਬੀ ਤੀਜੇ ਪ੍ਰਕਾਰ ਦੀ ਹੈ।
ਵਾ ਇਸ ਦਾ ਤਿੰਨ ਲੱਖ ਪਾਠ ਕਰੇ ਤਾਂ ਸਫਲਤਾ ਹੁੰਦੀ ਹੈ। ਵਾ ਤੀਜੇ ਘਰ ਵਿਚ ਇਸ ਨੂੰ ਗਾਵਨਾ।

ਛੋਡਿ ਛੋਡਿ ਰੇ ਬਿਖਿਆ ਕੇ ਰਸੂਆ॥
ਉਰਝਿ ਰਹਿਓ ਰੇ ਬਾਵਰ ਗਾਵਰ
ਜਿਉ ਕਿਰਖੈ ਹਰਿਆਇਓ ਪਸੂਆ॥ ੧॥ ਰਹਾਉ॥
ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ॥

ਹੇ ਭਾਈ ! ਵਿਸ਼ਿਆਂ ਦੇ ਰਸਾਂ ਨੂੰ ਛੱਡ ਦੇ ਛੱਡ ਦੇ। ਜੇ ਤੂੰ ਨਾ ਛੱਡੇਂਗਾ ਤਾਂ ਇਹ ਤੈਨੂੰ ਛੱਡ ਜਾਣਗੇ।

ਯਥਾ:-ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ॥
ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ॥ *(ਪੰਨਾ ੨੫੩)*

ਹੇ ਬਾਵਰ=ਝੱਲੇ ਗਵਾਰ=ਮੂਰਖ ਤੂੰ ਇਨ੍ਹਾਂ ਵਿਸ਼ਿਆਂ ਵਿਚ ਐਸੇ ਉਰਝ ਰਿਹਾ ਹੈਂ ਜਿਵੇਂ ਹਰਿਆਲ ਪਸੂ ਸਭ ਪਸੂਆਂ ਤੋਂ ਅੱਗੇ ਹੋ ਕੇ ਖੇਤੀ ਖਾਂਦਾ ਹੈ।

ਜੋ ਘਰ ਦੇ ਪਦਾਰਥ ਤੂੰ ਜਾਣਦਾ ਹੈਂ ਕਿ ਆਪਣੇ ਕੰਮ ਆਉਣਗੇ।

ਉਹ ਪਦਾਰਥ ਤੇਰੇ ਨਾਲ ਤਸੂ* ਭਰ ਭੀ ਨਹੀਂ ਚਲਣਗੇ।

ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥ ੧ ॥

ਤੂੰ ਨੰਗਾ ਆਇਆ ਹੈਂ, ਅਤੇ ਨੰਗਾ ਹੀਂ ਚਲਿਆ ਜਾਏਂਗਾ, ਅਤੇ ਕਾਲ ਦਾ ਗਰੱਸਿਆ ਹੋਇਆ ਤੂੰ ਚੌਰਾਸੀ ਲੱਖ ਜੂਨੀਆਂ ਦੇ ਫੇਰੇ ਵਿਖੇ ਫਿਰੇਂਗਾ ॥ ੧ ॥

ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਓ ਹਸੂਆ ॥

ਹੇ ਭਾਈ ! ਸਾਡੀ ਵਲ ਦੇਖ, ਅਸੀਂ ਤੈਨੂੰ ਕੀ ਕਹਿ ਰਹੇ ਹਾਂ,-ਜਿਨ੍ਹਾਂ ਪਦਾਰਥਾਂ ਨੂੰ ਤੂੰ ਦੇਖ ਰਿਹਾ ਹੈਂ ਇਹ ਕੁਸੰਭੇ ਰੰਗ ਦੀ ਲੀਲ੍ਹਾ ਵਾਂਗੂੰ ਨਾਸਵੰਤ ਹਨ, ਤੂੰ ਉਨ੍ਹਾਂ ਹੀ ਪਦਾਰਥਾਂ ਵਿਚ ਰਾਚਿ+ਮਾਚਿ=ਤਦਾਕਾਰ ਹੋ ਕੇ ਅੰਤ ਤੱਕ ਹੱਸਦਾ ਹੈਂ।

ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥ ੨ ॥

ਦਿਨ ਅਤੇ ਰਾਤ ਦੀ ਸੰਗਿਆ ਕਰਕੇ ਅਵੱਸਥਾ ਰੂਪੀ ਡੋਰੀ ਛਿਜਦੀ ਜਾ ਰਹੀ ਹੈ,

ਪਰ ਤੂੰ ਆਪਣੇ ਜੀਅ ਦਾ ਕੁਝ ਚੰਗਾ ਕੰਮ ਨਹੀਂ ਕੀਤਾ, ਭਾਵ ਭਜਨ ਸਿਮਰਨ ਨਹੀਂ ਕੀਤਾ ॥ ੨ ॥

ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥

ਦੁਨੀਆਂ ਦੇ ਵਿਉਹਾਰ ਕਰਦਿਆਂ ਕਰਦਿਆਂ ਐਵੇਂ ਹੀ ਬਿਰਧਾਨੋ=ਬੁੱਢਾ ਹੋ ਗਿਆ,

ਉਕਤੇ=ਬਾਣੀ ਦਾ ਬਲ ਹਾਰ ਗਿਆ ਹੈ ਅਤੇ ਤਨ ਦਾ ਬਲ ਭੀ ਖੀਨ ਹੋ ਕੇ ਨਸ ਗਿਆ ਹੈ।

ਅਥਵਾ:-ਤਨ ਖੀਨ ਹੋ ਗਿਆ ਤੇ ਅੱਖਾਂ ਚੋਂ ਆਂਸੂ ਆਉਣ ਲੱਗ ਪਏ ਹਨ।

ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥ ੩ ॥

ਬਾਲਕ ਅਵੱਸਥਾ ਤੋਂ ਜਿਉਂ ਉਸ ਮੋਹਣ ਵਾਲੀ ਬਾਲਾ=ਇਸਤ੍ਰੀ ਮਾਇਆ ਨੇ ਮੋਹਿਆ ਹੈ, ਉਸ ਮਾਇਆ ਵਲੋਂ ਰੁਚੀ ਚਸਾ ਭਰ ਵੀ ਘੱਟ ਨਹੀਂ ਹੋਈ ॥ ੩ ॥

ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥

ਜਿਸ ਵੇਲੇ ਗੁਰਾਂ ਨੇ ਮੈਨੂੰ ਇਸ ਤਰ੍ਹਾਂ ਦਾ ਜਗਤ ਵਿਖਾਇਆ, ਤਾਂ ਮੈਂ ਗਰਬਸੂਆ=ਹੰਕਾਰ ਨੂੰ,

ਵਾ:-ਗਰਬ+ਅਸੂਆ=ਹੰਕਾਰ ਤੇ ਈਰਖਾ ਨੂੰ ਤਿਆਗ ਕੇ ਗੁਰਾਂ ਦੀ ਸ਼ਰਨ ਵਿਚ ਪੈ ਗਿਆ ਹਾਂ।

ਮਾਰਗੁ ਪ੍ਰਭ ਕੋ ਸੰਤਿ ਬਤਾਇਓ
ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥ ੪ ॥ ੬ ॥ ੧੨੭ ॥

---

*ਨੋਟ:-ਗਜ ਦੇ ਚੌਵੀਵੇਂ ਹਿੱਸੇ ਦਾ ਨਾਮ ਤਸੂ ਹੈ। ਅਤੇ ਮੂੰਹ ਤਾਣੇ ਪਸ਼ੂ ਨੂੰ ਹਰਿਆਲ ਪਸ਼ੂ ਕਹਿੰਦੇ ਹਨ, ਜੋ ਹਰੀ ਖੇਤੀ ਨੂੰ ਵੇਖਕੇ ਬਦੋ ਬਦੀ ਜਾ ਪੈਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ ਸੰਤਿ=ਸ਼ਾਂਤ ਆਤਮਾ ਗੁਰਾਂ ਨੇ ਕਿਰਪਾ ਕਰਕੇ ਪ੍ਰਭੂ ਦੀ ਪ੍ਰਾਪਤੀ ਦਾ ਰਾਹ ਦਸ ਦਿੱਤਾ ਹੈ, ਇਸ ਲਈ ਦਾਸ ਨੇ ਹੁਣ ਭਗਤੀ ਤੇ ਹਰੀ ਦਾ ਜਸੂਆ=ਜਸ ਕਰਨਾ ਹੀ ਦ੍ਰਿੜ੍ਹ ਕਰ ਲਿਆ ਹੈ॥ ੪॥ ੬॥ ੧੨੭॥

ਗਉੜੀ ਮਹਲਾ ੫ ॥

ਤੁਝ ਬਿਨੁ ਕਵਨੁ ਹਮਾਰਾ ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ੧ ॥ ਰਹਾਉ ॥

ਹੇ ਮੇਰੇ ਪ੍ਰਾਣਾਂ ਦੇ ਅਧਾਰਾ=ਆਸਰੇ ਪ੍ਰੀਤਮ ਵਾਹਿਗੁਰੂ ! ਆਪ ਜੀ ਤੋਂ ਬਿਨਾਂ ਸਾਡਾ ਹੋਰ ਕੌਣ ਹੈ ?

ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ ॥

ਮੇਰੇ ਅੰਦਰ ਦੀ ਭਾਵ ਹਿਰਦੇ ਹੀ ਬਿਧਿ=ਦਸ਼ਾ ਤੁਸਾਂ ਨੇ ਜਾਣ ਲਈ ਹੈ,

ਮੇਰੇ ਸੁਹੇਲੇ=ਸੁਖਦਾਈ ਸੱਜਣ ਆਪ ਹੀ ਹੋ।

ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ ॥ ੧ ॥

ਹੇ ਅਗਹ=ਨਾ ਫੜੇ ਜਾਣ ਵਾਲੇ ਮੇਰੇ ਅਤੋਲ ਠਾਕੁਰ ! ਮੈਂਨੇ ਸਾਰੇ ਸੁਖ ਆਪ ਜੀ ਤੋਂ ਪਾਏ ਹਨ॥ ੧ ॥

[ਪੰਨਾ ੨੦੭]

ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥

ਹੇ ਸ਼ੁਭ ਗੁਣਾਂ ਦੇ ਖਜ਼ਾਨੇ ! ਹੇ ਸੁਖਦਾਤੇ ਪ੍ਰਭੂ ! ਮੈਂ ਆਪ ਜੀ ਦੇ ਰੰਗਾਂ ਨੂੰ ਵਰਣਨ ਨਹੀਂ ਕਰ ਸਕਦਾ।

ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥ ੨ ॥

ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ਅਬਿ+ਨਾਸੀ=ਨਾਸ ਤੋਂ ਰਹਿਤ ! ਆਪ ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਜਾਤੇ=ਜਾਣੇ ਜਾਂਦੇ ਹੋ॥ ੨ ॥

ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥

ਜਦ ਕਾਲ ਤੋਂ ਮੈਂਨੇ ਹਉਮੈ ਮਾਰੀ ਹੈ ਤਦ ਕਾਲ ਤੋਂ ਗੁਰਾਂ ਨੇ ਭਰਮ ਤੇ ਜਮਾਂ, ਦਾ ਭਉ=ਡਰ ਕੱਟ ਕੇ ਮੈਨੂੰ ਨਿਹਕੇਵਲ=ਸ਼ੁਧ ਸਰੂਪ ਕਰ ਦਿੱਤਾ ਹੈ।

ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥ ੩ ॥

ਸਾਧਸੰਗਤ ਦਾ ਦਰਸ਼ਨ ਕਰਦਿਆਂ ਹੀ ਜਨਮ ਮਰਨ ਦਾ ਸਹਸਾ=ਸੰਸਾ ਚੂਕੋ=ਮਿਟ ਗਿਆ ਹੈ॥ ੩ ॥

ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥

ਗੁਰਾਂ ਦੇ ਚਰਣ ਪਖਾਰਿ=ਧੋਣੇ ਰੂਪ ਸੇਵਾ ਕਰਦਾ ਹਾਂ, ਵਾ:-ਗੁਰਾਂ ਦੇ ਚਰਨਾਂ ਨੂੰ ਮਲ ਮਲ ਕੇ ਧੋਂਦਾ ਹਾਂ, ਮੁੱਠੀ ਚਾਪੀ ਦੀ ਸੇਵਾ ਕਰਦਾ ਹਾਂ ਅਤੇ ਲੱਖਾਂ ਵਾਰੀ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ
ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥ ੪ ॥ ੭ ॥ ੧੨੮ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਗੁਰਾਂ ਦੀ ਕਿਰਪਾ ਨਾਲ ਇਸ ਸੰਸਾਰ ਸਮੁੰਦਰ ਤੋਂ ਤਰਿਆ ਹਾਂ, ਉਨ੍ਹਾਂ ਗੁਰਾਂ ਦੀ ਬਖਸ਼ਿਸ਼ ਕਰਕੇ ਹੀ ਮੈਂ ਜਨ ਪ੍ਰਿਅ=ਪਿਆਰੇ ਵਾਹਿਗੁਰੂ ਨਾਲ ਮਿਲ ਗਿਆ ਹਾਂ।

ਗਉੜੀ ਮਹਲਾ ੫ ॥

ਤੁਝ ਬਿਨੁ ਕਵਨੁ ਰੀਝਾਵੈ ਤੋਹੀ ॥ ਤੇਰੋ ਰੂਪੁ ਸਗਲ ਦੇਖਿ ਮੋਹੀ ॥੧ ॥ਰਹਾਉ ॥

ਆਪ ਜੀ ਤੋਂ ਬਿਨਾਂ ਤੋਹੀ ਕਵਨੁ ਰੀਝਾਵੈ=ਆਪ ਜੀ ਨੂੰ ਕੋਣ ਪ੍ਰਸੰਨ ਕਰ ਸਕਦਾ ਹੈ ? ਅਰਥਾਤ ਕੋਈ ਨਹੀਂ ਕਰ ਸਕਦਾ, ਕਿਉਂਕਿ ਤੇਰੀ ਪ੍ਰਸੰਨਤਾ ਤੇਰੇ ਆਪਣੇ ਹੀ ਹੱਥ ਵਿਚ ਹੈ, ਕਿਸੇ ਕਰਮ ਧਰਮ ਨੂੰ ਵੇਖਕੇ ਤੂੰ ਖੁਸ਼ ਨਹੀਂ ਹੁੰਦਾ।

ਤੇਰੇ ਸੁੰਦਰ ਰੂਪ ਵੇਖ ਕੇ ਸਾਰੀ ਦੁਨੀਆਂ ਮੋਹੀ ਗਈ ਹੈ॥ ੧ ॥ ਰਹਾਉ ॥

ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ ॥

ਸੁਰਗ ਲੋਕ, ਪਇਆਲ=ਪਤਾਲ ਲੋਕ, ਮਿਰਤ=ਜਮ ਲੋਕ, ਭੂਅ ਮੰਡਲ=ਪ੍ਰਿਥਵੀ ਮੰਡਲ ਇਨ੍ਹਾਂ ਸਾਰਿਆਂ ਵਿਚ ਇਕ ਤੂੰਹੀਂ ਸਮਾ ਰਿਹਾ ਹੈ।

ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ ॥੧ ॥

ਹੇ ਸਿਵ=ਕਲਿਆਣ ਸਰੂਪ ! ਹੇ ਕਲਿਆਣ ਸਰੂਪ ! ਐਸੇ ਨਾਮਾਂ ਨੂੰ ਉਚਾਰਨ ਕਰਦੇ ਹੋਏ ਸਭ ਆਪ ਜੀ ਦੇ ਅੱਗੇ ਕਰ+ਜੋਰਹਿ=ਹੱਥ ਜੋੜਦੇ ਹਨ, ਹੇ ਕਿਰਪਾ ਕਰਨ ਵਾਲੇ ਠਾਕੁਰ ! ਸਭਨਾਂ ਪਰ ਤੇਰੀ ਦੋਹੀ=ਆਗਿਆ ਫਿਰ ਰਹੀ ਹੈ॥ ੧ ॥

ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥

ਹੇ ਠਾਕੁਰ ! ਤੇਰਾ ਨਾਮ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ, ਫਿਰ ਆਪ ਜੀ ਦਾ ਨਿਰਮਲ ਨਾਮ ਸੁਖਾਂ ਦੇ ਦੇਣ ਵਾਲਾ ਹੈ, ਤੇ ਮਨ ਨੂੰ ਸੀਤਲ ਕਰਨ ਵਾਲਾ ਹੈ।

ਗਿਆਨ ਧਿਆਨ ਨਾਨਕ ਵਡਿਆਈ
ਸੰਤ ਤੇਰੇ ਸਿਉ ਗਾਲ ਗਲੋਹੀ ॥ ੨ ॥ ੮ ॥ ੧੨੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਠਾਕੁਰ ਤੇਰੇ ਸੰਤ ਨਾਲ ਜੋ ਗਾਲ, ਗਲੋਹੀ=ਉਚਾਰਨੀ ਭਾਵ ਕਰਨੀ ਹੈ,ਏਸੇ ਵਿਚ ਹੀ ਗਿਆਨ ਧਿਆਨ ਤੇ ਵਡਿਆਈ ਦੀ ਪ੍ਰਾਪਤੀ ਹੈ॥ ੨ ॥ ੮ ॥ ੧੨੯ ॥

ਗਉੜੀ ਮਹਲਾ ੫ ॥

ਮਿਲਹੁ ਪਿਆਰੇ ਜੀਆ ॥ ਪ੍ਰਭ ਕੀਆ ਤੁਮਾਰਾ ਥੀਆ ॥ ੧ ॥ ਰਹਾਉ ॥

ਹੇ ਜੀਅ ਦੇ ਪਿਆਰੇ ਪ੍ਰਭੂ ਆਪ ਮਿਲਣਾ ਕਰੋ।

ਹੇ ਪ੍ਰਭੂ ! ਆਪ ਜੀ ਦਾ ਕੀਤਾ ਹੋਇਆ ਹੀ ਸਭ ਕੁਝ ਹੋ ਰਿਹਾ ਹੈ॥ ੧ ॥ ਰਹਾਉ ॥

ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥

ਅਨੇਕਾਂ ਜਨਮਾਂ ਤੇ ਬਹੁਤੀਆਂ ਜੂਨੀਆਂ ਵਿਚ ਬਹੁਰਿ+ਬਹੁਰਿ=ਮੁੜ ਮੁੜ ਕੇ ਭੌਂਦਿਆਂ ਵੱਡਾ ਦੁੱਖ

ਪਾਇਆ ਹੈ।

ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥ ੧ ॥

ਆਪ ਜੀ ਦੀ ਕਿਰਪਾ ਨਾਲ ਹੀ ਇਹ ਅਮੋਲਕ ਮਨੁੱਖਾ ਦੇਹ ਪਾਈ ਹੈ,

ਹੇ ਹਰੀ ਰਾਜੇ ਹੁਣ ਆਪਣਾ ਦਰਸ਼ਨ ਦੇਹੁ ਤਾਂ ਕਿ ਮਨੁੱਖਾ ਦੇਹ ਸਫਲੀ ਹੋ ਜਾਵੇ॥ ੧॥

ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ ॥

ਜੋ ਤਿਸੁ+ਭਾਣਾ=ਆਪ ਜੀ ਦਾ ਹੁਕਮ ਸੀ, ਸੋਈ+ਹੋਆ=ਓਹੀ ਹੋਇਆ ਹੈ,

ਹੋਰ ਕਿਸੇ ਨੇ ਕੁਝ ਨਹੀਂ ਕੀਤਾ।

ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥ ੨ ॥

ਤੁਹਾਡੇ ਹੁਕਮ ਵਿਚ ਹੀ ਭਰਮ ਤੇ ਮੋਹ ਦਾ ਮੋਹਿਆ ਹੋਇਆ ਜੀਵ ਅਜੇਹਾ ਅਵਿੱਦਿਆ ਰੂਪੀ ਨੀਂਦ ਵਿਚ ਸੁੱਤਾ ਹੈ ਜੋ ਕਦੇ ਜਾਗਦਾ ਹੀ ਨਹੀਂ ਹੈ॥ ੨॥

ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ ਕਿਰਪਾ ਨਿਧਿ ਦਇਆਲਾ ॥

ਹੇ ਪਿਆਰੇ ਪ੍ਰਾਣ ਪਤੀ, ਕਿਰਪਾ+ਨਿਧਿ=ਕਿਰਪਾ ਦੇ ਖਜ਼ਾਨੇ ਦਿਆਲੂ ਸੁਭਾਅ ਵਾਲੇ ਵਾਹਿਗੁਰੂ ਜੀ! ਤੁਸੀਂ ਮੇਰੀ ਬੇਨਤੀ ਸੁਣੋ।

ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ ॥ ੩ ॥

ਹੇ ਮੇਰੇ ਪ੍ਰਭੂ ਪਿਤਾ ! ਆਪ ਮੈਨੂੰ ਜਨਮ ਮਰਣ ਤੋਂ ਰੱਖ ਲਵੋ, ਅਤੇ ਅਨਾਥਾਂ ਦੀ ਪਾਲਣਾ ਕਰੋ॥ ੩॥

ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧਸੰਗਤਿ ਕੈ ਪਾਛੈ ॥

ਜਿਸ ਨੂੰ ਭੀ ਤੁਸਾਂ ਨੇ ਆਪਣਾ ਦਰਸ਼ਨ ਵਿਖਾਇਆ ਹੈ, ਸਾਧ ਸੰਗਤਿ ਦੇ ਪਿੱਛੇ ਪਾ ਕੇ ਭਾਵ ਸਤਸੰਗਤ ਦੀ ਚਰਨੀ ਲਗਾ ਕੇ ਹੀ ਵਿਖਾਇਆ ਹੈ।

ਕਰਿ ਕਿਰਪਾ ਧੂਹਿ ਦੇਹੁ ਸੰਤਨ ਕੀ
ਸੁਖੁ ਨਾਨਕੁ ਇਹੁ ਬਾਛੈ ॥ ੪ ॥ ੯ ॥ ੧੩੦ ॥

ਇਸ ਕਰਕੇ ਮੈਨੂੰ ਭੀ ਕਿਰਪਾ ਕਰਕੇ ਸੰਤਾਂ ਦੀ ਚਰਨ ਧੂੜੀ ਦੇਣਾ ਕਰੋ, ਗੁਰੂ ਜੀ ਕਥਨ ਕਰਦੇ ਹਨ, ਮੈਂ ਏਹੋ ਸੁਖ ਆਪ ਜੀ ਪਾਸੋਂ ਬਾਛੈ=ਚਾਹੁੰਦਾ ਭਾਵ ਮੰਗਦਾ ਹਾਂ॥ ੪॥ ੯॥ ੧੩੦॥

ਗਉੜੀ ਮਹਲਾ ੫ ॥

ਹਉ ਤਾ ਕੈ ਬਲਿਹਾਰੀ ॥ ਜਾ ਕੈ ਕੇਵਲ ਨਾਮੁ ਅਧਾਰੀ ॥ ੧ ॥ ਰਹਾਉ ॥

ਹਉ=ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੂੰ ਕੇਵਲ ਨਾਮ ਦਾ ਹੀ ਅਧਾਰੀ=ਆਸਰਾ ਹੈ ॥ ੧॥ ਰਹਾਉ॥

ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ ॥

ਜੋ ਜਨ ਪਾਰਬ੍ਰਹਮ ਦੇ ਰੰਗ ਵਿਚ ਰੱਤੇ ਹੋਏ ਹਨ, ਉਨ੍ਹਾਂ ਦੀ ਮਹਿਮਾ ਕਿੰਨੀ ਕੁ ਗਿਣੀ ਜਾਏ,

ਅਰਥਾਤ ਉਨ੍ਹਾਂ ਦੀ ਮਹਿਮਾ ਕਹੀ ਨਹੀਂ ਹੈ ਜਾਂਦੀ।

ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰ ਨ ਦਾਤੇ ॥ ੧ ॥

ਉਨ੍ਹਾਂ ਦੇ ਸੰਗ ਕਰਕੇ ਸਹਜ ਸੂਖ=ਅਚੁਤ ਸੁਖ ਦਾ ਅਨੰਦ ਪ੍ਰਾਪਤ ਹੁੰਦਾ ਹੈ।

ਉਨ੍ਹਾਂ ਵਰਗਾ ਹੋਰ ਕੋਈ ਦਾਤਾ ਨਹੀਂ ਹੈ॥ ੧॥

ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥

ਜੋ ਪੁਰਸ਼ ਪ੍ਰਭੂ ਦੇ ਦਰਸ਼ਨ ਦੇ ਪਿਆਸੇ ਹਨ, ਉਹ ਜਗਤ ਨੂੰ ਤਾਰਣ ਲਈ ਆਏ ਹਨ।

ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ ॥ ੨ ॥

ਉਨ੍ਹਾਂ ਦੀ ਸ਼ਰਨੀ ਜੋ ਪਿਆ ਹੈ ਉਹ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ,

ਜੋ ਸੰਤਾਂ ਦਾ ਸੰਗੀ ਹੋਇਆ ਹੈ ਉਸ ਦੀ ਆਸਾ ਪੂਰਨ ਹੋਈ ਹੈ॥ ੨ ॥

ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ ॥

ਉਨ੍ਹਾਂ ਦੇ ਚਰਨੀ ਪਵਾਂ ਤਾਂ ਸੁਖ ਪੂਰਬਕ ਜੀਵਾਂਗਾ, ਕਿਉਂਕਿ ਸੰਤ ਜਨਾਂ ਦੇ ਸੰਗ ਕਰਕੇ ਹੀ ਨਿਹਾਲਾ=ਦੁੱਖਾਂ ਤੋਂ ਰਹਿਤ ਹੋਈਦਾ ਹੈ।

ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ ॥ ੩ ॥

ਹੇ ਪ੍ਰਭੂ ! ਆਪ ਮੇਰੇ ਉੱਤੇ ਕ੍ਰਿਪਾਲੂ ਹੋਵੋ ਤਾਂਕਿ ਤੁਹਾਡੇ ਭਗਤਾਂ ਦੀ ਚਰਣ ਧੂੜੀ ਮੇਰਾ ਮਨ ਹੋ ਜਾਵੇ।

ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ ॥

ਰਾਜ ਭਾਗ, ਜੋਬਨੁ=ਜੁਆਨੀ, ਤੇ ਅਵਧ=ਉਮਰਾ ਇਤਆਦਿਕ ਜੋ ਕੁਝ ਭੀ ਦਿਸ ਰਿਹਾ ਹੈ, ਇਸ ਜੁਗ ਵਿਚ ਸਭ ਕੁਝ ਘਟ ਜਾਣ ਵਾਲਾ ਹੈ।

ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ
ਇਹੁ ਨਾਨਕ ਹਰਿ ਧਨੁ ਖਾਟਿਆ ॥ ੪ ॥ ੧੦ ॥ ੧੩੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਰੂਪ ਨਿਧਾਨੁ=ਖਜ਼ਾਨਾ ਸਦਾ ਹੀ ਨਵਤਨੁ=ਨਵੀਨ (ਇਕਸਾਰ) ਰਹਿਣ ਵਾਲਾ ਤੇ ਨਿਰਮਲੁ=ਪਵਿੱਤ੍ਰ ਹੈ, ਇਸ ਹਰੀ ਨਾਮ ਧਨ ਨੂੰ ਅਸਾਂ ਨੇ ਖਟਣਾ ਕੀਤਾ ਹੈ।

[ਪੰਨਾ ੨੦੮]

ਗਉੜੀ ਮਹਲਾ ੫ ॥

ਉਥਾਨਕਾ:-ਇਕ ਜੋਗੀ ਨੇ ਆ ਕੇ ਕਿਹਾ ਆਪ ਜੋਗ ਭੇਖ ਧਾਰਣ ਕਰੋ ਤਾਂ ਸੰਸਾਰਕ ਸਾਰੇ ਬੰਧਨ ਟੁੱਟ ਜਾਣਗੇ, ਇਹ ਸੁਣ ਕੇ ਗੁਰੂ ਜੀ ਨੇ ਕਿਹਾ-ਅਸਾਂ ਜੋਗ ਭੇਖ ਅੱਗੇ ਹੀ ਧਾਰਣ ਕੀਤਾ ਹੋਇਆ ਹੈ, ਜੋਗੀ ਨੇ ਕਿਹਾ ਜੋਗੀਆਂ ਵਾਲੇ ਚਿੰਨ੍ਹ ਤਾਂ ਕੋਈ ਨਿਗਾਹ ਨਹੀਂ ਆ ਰਹੇ ਅਸੀਂ ਕਿਵੇਂ ਨਿਸਚੇ ਕਰੀਏ ਕਿ ਆਪ ਜੀ ਨੇ ਜੋਗ ਭੇਖ ਧਾਰਿਆ ਹੋਇਆ ਹੈ।

(੧) ਜੋਗੀ ਆਪਣੇ ਗੁਰੂ ਗੋਰਖ ਨੂੰ ਨਮਸ਼ਕਾਰਾਂ ਕਰਦੇ ਹਨ,

(੨) ਜੋਗੀ ਕੰਨਾਂ ਵਿਚ ਮੁੰਦਰਾਂ ਪਹਿਨਦੇ ਹਨ,

(੩) ਜੋਗੀਆਂ ਦੇ ਚੇਲੇ ਹੁੰਦੇ ਹਨ,

(੪) ਜੋਗੀ ਬਿਭੂਤੀ ਮਲਦੇ ਹਨ,

(੫) ਬਾਰਾਂ ਪੰਥਾਂ ਵਿਚੋਂ ਜੋਗੀਆਂ ਦਾ ਇਕ ਆਈ ਪੰਥ ਹੈ,

(੬) ਜੋਗੀ ਭੁਗਤ ਖਾਂਦੇ ਹਨ,

(੭) ਜੋਗੀ ਛਾਂਦੇ ਵੰਡਦੇ ਹਨ,

(੮) ਆਸਣ ਤੇ ਬੈਠਦੇ ਹਨ,

(੯) ਸਿੰਙੀ ਵਜਾਂਦੇ ਹਨ,

(੧੦) ਹੱਥ ਵਿਚ ਡੰਡਾ ਰਖਦੇ ਹਨ।

ਇਹ ਗੱਲਾਂ ਸੁਣ ਕੇ ਹੁਣ ਗੁਰੂ ਜੀ ਆਪਣਾ ਭੇਖ ਦਸਦੇ ਹਨ-

ਜੋਗ ਜੁਗਤਿ ਸੁਨਿ ਆਇਓ ਗੁਰ ਤੇ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਾਸੋਂ ਮੈਂ ਜੋਗ ਦੀ ਜੁਗਤੀ ਸੁਣ ਕੇ ਆਇਆ ਹਾਂ।

ਮੋ ਕਉ ਸਤਿਗੁਰ ਸਬਦਿ ਬੁਝਾਇਓ॥ ੧॥ ਰਹਾਉ॥

ਮੈਨੂੰ ਸਤਿਗੁਰਾਂ ਨੇ ਆਪਣੇ ਉਪਦੇਸ਼ ਦੁਆਰਾ ਸਭ ਕੁਝ ਸਮਝਾ ਦਿੱਤਾ ਹੈ॥ ੧॥ ਰਹਾਉ॥

ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ॥

ਨੌਂ ਖੰਡਾਂ ਵਾਲੀ ਧਰਤੀ, ਤੇ ਇਸ ਸਰੀਰ ਵਿਚ ਜੋ ਪਰਮੇਸ਼ਰ ਰਵਿਆ ਹੋਇਆ ਹੈ,

ਵਾ:-ਨੌਂ ਖੰਡਾਂ ਵਾਲੀ ਪ੍ਰਿਥਵੀ ਦਾ ਮਾਲਕ ਜੋ ਪਰਮੇਸ਼ਰ ਇਸ ਸਰੀਰ ਵਿਚ ਰਵਿਆ ਹੋਇਆ ਹੈ ਮੈਂ ਉਸ ਨੂੰ ਨਿਮਖ ਨਿਮਖ ਕਾਲ ਨਮਸ਼ਕਾਰ ਕਰਦਾ ਹਾਂ।

ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ॥ ੧॥

ਗੁਰਾਂ ਦੀ ਦੀਖਿਆ=ਸਿਖਿਆ ਦੁਆਰੇ ਜੋ ਇਕ ਨਿਰੰਕਾਰ ਦੇ ਨਾਮ ਨੂੰ ਦ੍ਰਿੜ੍ਹ ਕੀਤਾ ਹੈ ਇਹ ਕੰਨਾਂ ਵਿਚ ਮੁੰਦ੍ਰਾ ਪਾਈ ਹੈ। ਜੋਗੀ ਨੇ ਕਿਹਾ, ਦੋਹਾਂ ਕੰਨਾਂ ਵਿਚ ਦੋ ਮੁੰਦ੍ਰਾਂ ਹੁੰਦੀਆਂ ਹਨ ਆਪ ਜੀ ਨੇ ਇਕ ਮੁੰਦ੍ਰਾ ਕਹੀ ਹੈ, ਤਾਂ ਗੁਰੂ ਜੀ ਨੇ ਕਿਹਾ, ਜੋ ਗੁਰਾਂ ਦੀ ਸਿਖਿਆ ਪ੍ਰਾਪਤ ਹੋਈ ਹੈ ਇਕ ਤਾਂ ਇਹ ਮੁੰਦ੍ਰਾ ਹੈ, ਅਤੇ ਜੋ ਇਕ ਨਿਰੰਕਾਰ ਦੇ ਨਾਮ ਨੂੰ ਦ੍ਰਿੜ੍ਹ ਕੀਤਾ ਹੈ ਇਹ ਦੂਜੀ ਮੁੰਦ੍ਰਾ ਹੈ॥ ੧॥

ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ॥

ਏਕਸੁ=ਇਕ ਮਨ ਦੇ ਵਸੀਕਾਰ ਕਰਨ ਨਾਲ ਜੋ ਪੰਜ ਕਾਮ ਆਦਿਕ ਮਿਲ ਕੇ ਇਕੱਤਰ ਹੋ ਗਏ ਹਨ ਅਰਥਾਤ ਅੰਤਰਮੁਖ ਹੋਏ ਹਨ ਇਹ ਅਸਾਂ ਨੇ ਚੇਲੇ ਬਨਾਣਾ ਕੀਤੇ ਹਨ।

ਅਥਵਾ - ਜੋ ਪੰਜ ਕਾਮ ਆਦਿਕਾਂ ਨਾਲ ਮਿਲਣ ਵਾਲੇ ਇੰਦ੍ਰੀਏ 'ਭਏ ਇਕਤ੍ਰਾ' =ਵੱਸ ਵਿਚ ਕਰਕੇ ਇਕ ਨਿਰੰਕਾਰ ਦੇ ਵੱਸ ਕਰ ਦਿੱਤੇ ਹਨ ਏਹੋ ਮੇਰੇ ਚੇਲੇ ਹਨ।

ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥ ੨ ॥

ਜਦ ਦਸੇ ਬੈਰਾਗਨਿ=ਇੰਦ੍ਰੀਆਂ ਸਾਡੇ ਗਿਆਨਕਾਰੀ ਹੋ ਗਈਆਂ ਭਾਵ ਆਪਣੇ ਅਧੀਨ ਹੋ ਗਈਆਂ ਹਨ ਤਦ ਅਸੀਂ ਨਿਰਮਲ ਜੋਗੀ ਥੀਏ=ਹੋ ਗਏ ਹਾਂ॥ ੨ ॥

ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥

ਜੋ ਪੰਜ ਪ੍ਰਕਾਰ ਦੇ ਭਰਮ ਨੂੰ ਜਰਾਇ=ਸਾੜਿਆ ਹੈ ਏਹੋ ਬਿਭੂਤੀ ਚਰਾਈ=ਚੜ੍ਹਾਈ (ਰਮਾਈ) ਹੈ, ਸਾਰਿਆਂ ਵਿਚ ਜੋ ਇਕ ਪਰਮੇਸਰ ਨੂੰ ਪਰੀਪੂਰਨ ਵੇਖਿਆ ਹੈ ਬਾਰਾਂ ਪੰਥਾਂ ਵਿਚੋਂ ਇਹੋ ਸਾਡਾ ਆਈ ਪੰਥ ਹੈ।

ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥ ੩ ॥

ਜੋ ਸਹਜ+ਸੂਖ=ਅਦੁਤ ਸੁਖ ਦੀ ਪ੍ਰਾਪਤੀ ਹੋਈ ਹੈ ਉਹ ਅਸਾਂ ਨੇ ਭੁਗਤ ਛਕਣਾ ਕੀਤੀ ਹੈ।

ਜੋ ਠਾਕੁਰ ਨੇ ਮੱਥੇ ਤੇ ਲੇਖ ਲਿਖ ਦਿਤਾ ਹੈ ਉਹ ਸਾਨੂੰ ਭਾਗ (ਛਾਂਦਾ) ਮਿਲ ਰਿਹਾ ਹੈ॥ ੩ ॥

ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥

ਜਿੱਥੇ ਡਰ ਨਹੀਂ ਹੈ, ਭਾਵ ਜਿਸ ਪਰਮਾਤਮਾ ਵਿਚ ਡਰ ਨਹੀਂ ਹੈ ਓਥੇ ਅਸਾਂ ਨੇ ਆਸਣ ਬੱਧਾ ਹੈ, ਅਤੇ ਜੋ ਅਨਹਤ=ਇਕ ਰਸ ਨਾਮ ਬਾਣੀ ਉਚਾਰਦੇ ਹਾਂ ਏਹੋ ਸਿੰਙੀ ਵਜਾਈ ਹੈ।

ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥ ੪ ॥

ਤੱਤ ਅਤੱਤ ਅਰਥਾਤ ਸੱਤ ਅਸੱਤ ਵਸਤੂ ਦਾ ਜੋ ਵਿਚਾਰ ਕੀਤਾ ਹੈ ਏਹੋ ਡੰਡਾ ਅਸਾਂ ਨੇ ਮਨ ਰੂਪ ਹੱਥ ਵਿਚ ਫੜ ਰਖਿਆ ਹੈ, ਅਤੇ ਜੋ ਨਾਮ ਜਪਣ ਦੀ ਜੁਗਤੀ ਮਨ ਵਿਚ ਭਾਈ ਹੈ ਏਹੋ ਰਿਧੀਆਂ ਸਿਧੀਆਂ ਹਨ॥੪ ॥

ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥

ਅਜੇਹਾ ਜੋਗ ਦੱਸਣ ਵਾਲਾ ਜੋਗੀ ਸਤਿਗੁਰੂ ਵੱਡਿਆਂ ਭਾਗਾਂ ਨਾਲ ਮਿਲਦਾ ਹੈ,

ਜਿਸ ਨੂੰ ਮਿਲਿਆ ਹੈ ਉਸ ਦੇ ਗਲੋਂ ਮਾਇਆ ਦੇ ਬੰਧਨ ਕੱਟ ਦੇਂਦਾ ਹੈ।

ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫ ॥੧੧ ॥੧੩੨ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਮੂਰਤਿ=ਜੋਗੀ (ਗੁਰੂ) ਦੀ ਸੇਵਾ ਤੇ ਪੂਜਾ ਕਰਦਾ ਹਾਂ* ਤੁਸੀਂ ਵੀ ਕਰੋ, ਅਤੇ ਉਸ ਦੇ ਚਰਣ ਚਾਟੈ=ਚੱਟਦਾ ਹਾਂ, ਵਾ:-ਚਰਣਾਂ ਨਾਲ ਸਪ੍ਰਸ਼ ਕਰਨ ਦੀ ਚਾਟੈ=ਚਾਹ ਕਰਦਾ ਹਾਂ, ਤੁਸੀਂ ਵੀ ਕਰੋ, ਵਾ:-ਉਸ ਗੁਰੂ ਦੇ ਚਰਣਾਂ ਦਾ ਚਾਟੈ=ਚਾਟੜਾ (ਦਾਸ) ਹਾਂ।

---

*ਸਾਧੂ ਲੋਕ ਆਪਣੇ ਆਪ ਨੂੰ ਮੂਰਤਿ ਸ਼ਬਦ ਨਾਲ ਵਰਨਣ ਕਰਦੇ ਹਨ ਜਿਹਾ ਕਿ ਪੰਜ ਮੂਰਤੀਆਂ ਅਜ ਹੋਰ ਆ ਗਈਆਂ ਹਨ ਭਾਵ ਪੰਜ ਸਾਧੂ ਹੋਰ ਆ ਗਏ ਹਨ, ਇਸੇ ਭਾਵ ਨੂੰ ਲੈ ਕੇ ਇਥੇ ਮੂਰਤਿ ਪਦ ਸਾਧੂ (ਜੋਗੀ) ਲਈ ਵਰਤਿਆ ਹੈ, ਅਥਵਾ:- "ਮੂਰਤਿ" ਦਾ ਅਰਥ ਸਰੂਪ ਭੀ ਹੈ ਯਥਾ-ਅਕਾਲ ਮੂਰਤਿ।

ਤਥਾ:- ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥ (ਪੰਨਾ ੨੧੯)

ਤਥਾ:- ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ॥ ੧॥ (ਪੰਨਾ ੨੨੦)

ਗਉੜੀ ਮਹਲਾ ੫ ॥

ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇਲੇ ਮੀਤਾ ॥

ਉਪਮਾਂ ਤੋਂ ਰਹਿਤ ਜੋ ਨਾਮ ਪਦਾਰਥ ਹੈ, ਉਸ ਨੂੰ ਸੁਣਨਾ ਕਰੋ, ਅਤੇ ਹੇ ਮਿੱਤਰੋ ਸਾਰੇ ਇਕੱਠੇ ਹੋ ਕੇ ਨਾਮ ਨੂੰ ਧਿਆਉਣਾ ਕਰੋ।

ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ ॥੧ ॥ਰਹਾਉ ॥

ਜਿਸ ਨੂੰ ਗੁਰਾਂ ਨੇ ਹਰੀ ਨਾਮ ਰੂਪ ਅਉਖਧੁ=ਦਾਰੂ ਦਿੱਤਾ ਹੈ ਉਸ ਦੇ ਚਿੱਤ ਆਦਿਕ ਚਤੁਸ਼ਟੇ ਅੰਤਹਕਰਨ ਨਿਰਮਲ=ਸ਼ੁਧ ਹੋਏ ਹਨ॥ ੧॥ ਰਹਾਉ॥

ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥

ਉਸ ਦੇ ਸੂਖਮ ਸਰੀਰ ਅੰਤਹਕਰਨ ਵਿਚੋਂ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ, ਜਿਸ ਦੇ ਅੰਤਹਕਰਨ ਵਿਚ ਗੁਰਾਂ ਨੇ ਉਪਦੇਸ਼ ਦੁਆਰਾ ਗਿਆਨ ਰੂਪ ਦੀਵਾ ਜਗਾਇਆ ਹੈ।

ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥ ੧ ॥

ਉਸ ਦੀ ਭਰਮ ਦੀ ਜਾਲੀ=ਫਾਹੀ ਕੱਟੀ ਗਈ ਹੈ, ਜਿਸ ਦਾ ਸਤਸੰਗਤ ਵਿਚ ਬਿਸ੍ਵਾਸਾ=ਭਰੋਸਾ ਭਾਵ ਨਿਸਚਾ ਬੱਝ ਗਿਆ ਹੈ॥ ੧॥ ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ॥

ਸੰਤਾਂ ਦੇ ਸਤਿਸੰਗ ਰੂਪੀ ਬੋਹਿਥ=ਜਹਾਜ਼ ਨੇ, ਵਾ:-ਸਾਧੂਆਂ ਦੇ ਸੰਗਾ=ਸਮੁਦਾਇ ਨੇ ਨਾਮ ਗਿਆਨ ਰੂਪੀ ਜਹਾਜ਼ ਦੇ ਕੇ ਬਿਖੜਾ=ਕਠਨ ਤੇ ਤਾਰੂ=ਡੁੱਬੇ ਸੰਸਾਰ ਸਮੁੰਦਰ ਤੋਂ ਤਾਰ ਦਿੱਤਾ ਹੈ।

ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰੰਗਾ ॥ ੨ ॥

ਜਿਸ ਵੇਲੇ ਹਰੀ ਦਾ ਰੰਗਾ=ਅਨੰਦ ਲੈਣ ਵਾਲਾ ਆਤਮ ਅਨੰਦੀ ਗੁਰੂ ਮਿਲਿਆ ਤਾਂ ਮਨ ਦੀ ਸਾਰੀ ਆਸਾ ਪੂਰਨ ਹੋ ਗਈ॥ ੨॥

ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥

ਭਗਤਾਂ ਨੇ ਨਾਮ ਰੂਪ ਖਜ਼ਾਨਾ ਪਾਇਆ ਹੈ, ਇਸ ਕਰਕੇ ਭਗਤਾਂ ਦਾ ਮਨ ਪਦਾਰਥਾਂ ਵਲੋਂ ਤ੍ਰਿਪਤ ਹੋ ਗਿਆ ਹੈ ਅਤੇ ਤਨ ਵੀ ਪਦਾਰਥਾਂ ਵਲੋਂ ਅਘਾਏ=ਰਜ ਗਿਆ ਹੈ।

ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩ ॥੧੨ ॥੧੩੩ ॥

ਗੁਰੂ ਜੀ ਕਥਨ ਕਰਦੇ ਹਨ, ਹਰਿ ਜੀ ਉਸਨੂੰ ਨਾਮ ਰੂਪ ਖਜ਼ਾਨਾ ਦੇਂਦਾ ਹੈ, ਜਿਸ ਪਾਸੋਂ ਪਹਿਲੇ ਆਪਣਾ ਹੁਕਮ ਮਨਾਉਂਦਾ ਹੈ॥ ੩ ॥ ੧੨ ॥ ੧੩੩ ॥

ਗਉੜੀ ਮਹਲਾ ੫ ॥

ਦਇਆ ਮਇਆ ਕਰਿ ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥

ਹੇ ਦਇਆ ਸਰੂਪ ਮੇਰੇ ਪ੍ਰਾਣ ਪਤੀ ਪ੍ਰਭੂ ! ਮੈਂ ਅਨਾਥ ਤੇਰੀ ਸ਼ਰਣ ਵਿਚ ਪਿਆ ਹਾਂ, ਆਪ ਮੇਰੇ ਤੇ ਮਇਆ+ਕਰਿ=ਕਿਰਪਾ ਕਰੋ।

ਅੰਧ ਕੂਪ ਮਹਿ ਹਾਥ ਦੇ ਰਾਖਹੁ ਕਛੂ ਸਿਆਨਪ ਉਕਤਿ ਨ ਮੋਰੀ ॥੧ ॥ਰਹਾਉ ॥

ਸੰਸਾਰ ਰੂਪ ਅੰਨ੍ਹੇ ਖੂਹ ਵਿਚ ਡਿੱਗਦੇ ਨੂੰ ਆਪਣਾ ਹੱਥ ਦੇ ਕੇ ਰੱਖ ਲਓ, ਇਥੇ ਮੇਰੀ ਕੋਈ ਸਿਆਣਪ ਬੁੱਧੀ ਦੀ, ਉਕਤਿ=ਜੁਗਤੀ ਬਾਣੀ ਦੀ ਨਹੀਂ ਚਲ ਸਕਦੀ॥ ੧॥ ਰਹਾਉ॥

ਕਰਨ ਕਰਾਵਨ ਸਭ ਕਿਛੁ ਤੁਮ ਹੀ ਤੁਮ ਸਮਰਥ ਨਾਹੀ ਅਨ ਹੋਰੀ॥

ਸਭ ਕੁਝ ਕਰਨ ਕਰਾਣ ਨੂੰ ਤੁਸੀਂ ਹੀ ਸਮਰਥ ਹੋ, ਅਨ ਅਸਥਾਨ ਤੇ ਤੁਹਾਡੇ ਸਮਾਨ ਹੋਰ ਕੋਈ ਦੂਜਾ ਸਮਰਥ ਨਹੀਂ ਹੈ।

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ॥ ੧ ॥

ਜੋ ਆਪ ਜੀ ਦੀ ਗਤਿ ਦੀ ਮਿਤਿ=ਮਰਯਾਦਾ ਹੈ ਉਹ ਤੁਸੀਂ ਹੀ ਜਾਣਦੇ ਹੋ,
ਜਿਸ ਦੇ ਮੱਥੇ ਦੇ ਚੰਗੇ ਭਾਗ ਹਨ ਓਹੀ ਆਪ ਜੀ ਦਾ ਸੇਵਕ ਹੈ॥ ੧॥

ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ॥

ਹੇ ਪ੍ਰਭੂ ! ਤੁਸੀਂ ਆਪਣੇ ਸੇਵਕ ਨਾਲ ਓਤਿ+ਪੋਤਿ=ਤਾਣੇ ਪੇਟੇ ਵਾਂਗੂੰ ਰਾਤੇ=ਮਿਲੇ ਹੋਏ ਹੋ।
ਅਤੇ ਭਗਤਾਂ ਨਾਲ ਵੀ ਤੁਸਾਂ ਨੇ ਪ੍ਰੀਤੀ ਜੋੜੀ ਹੋਈ ਹੈ।

ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ॥੨ ॥

ਜਿਵੇਂ ਪਪੀਹਾ ਪਿਰੀ ਪਿਰੀ ਰਟਦਾ ਹੈ, ਤਿਵੇਂ ਆਪ ਜੀ ਦਾ ਸੇਵਕ ਆਪ ਜੀ ਦੇ ਪਿਰੀ ਪਿਰੀ ਨਾਮਾਂ ਨੂੰ ਉਚਾਰਦਾ ਹੈ। ਅਤੇ ਆਪ ਜੀ ਦਾ ਦਰਸ਼ਨ ਇਉਂ ਚਾਹੁੰਦਾ ਹੈ, ਜਿਵੇਂ ਚਕੋਰਨੀ ਉਸ ਚੰਦ੍ਰਮਾਂ ਨੂੰ ਦ੍ਰਿਸਟਿ=ਦੇਖਦੀ ਰਹਿੰਦੀ ਹੈ॥ ੨॥

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ॥

ਉਸ ਸੰਤ ਤੇ ਰਾਮ ਵਿਚ ਕੁਝ ਭੇਦ ਨਹੀਂ ਹੈ,
ਕਈ ਲੱਖਾਂ ਕ੍ਰੋੜਾਂ ਵਿਚੋਂ ਅਜੇਹਾ ਇਕ ਹੀ ਜਨੁ=ਪੁਰਸ਼ ਹੈ।

ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ॥ ੩ ॥

ਜਿਸ ਦੇ ਹਿਰਦੇ ਵਿਚ ਪ੍ਰਭੂ ਪਰਗਟ ਹੋਇਆ ਹੈ, ਅਤੇ ਜੋ ਰਾਤ ਦਿਨੇ ਰਸਨਾਂ ਨਾਲ ਹਰੀ ਦੇ ਕੀਰਤਨ ਨੂੰ ਰਮੋਰੀ=ਉਚਾਰਦਾ ਹੈ॥ ੩॥

ਤੁਮ ਸਮਰਥ ਅਪਾਰ ਅਤਿ ਊਚੇ ਸੁਖਦਾਤੇ ਪ੍ਰਭ ਪ੍ਰਾਨ ਅਧੋਰੀ॥

ਹੇ ਪ੍ਰਭੂ ! ਆਪ ਸਰਬ ਕਲਾ ਸਮਰਥ ਹੋ, ਅਪਾਰ=ਪਾਰਾਵਾਰ ਤੋਂ ਰਹਿਤ ਹੋ, ਅਤਿ=ਬੜੇ ਉੱਚੇ ਹੋ, ਸੁਖ ਦਾਤੇ=ਸੁਖ ਦੇਣ ਵਾਲੇ ਤੇ ਪ੍ਰਾਣਾਂ ਦਾ ਅਧੋਰੀ=ਆਸਰਾ ਹੋ।

ਨਾਨਕ ਕਉ ਪ੍ਰਭ ਕੀਜੈ ਕਿਰਪਾ
ਉਨ ਸੰਤਨ ਕੈ ਸੰਗਿ ਸੰਗੋਰੀ॥ ੪ ॥ ੧੩ ॥ ੧੩੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਕਿਰਪਾ ਕਰਕੇ ਮੈਂ ਸੇਵਕ ਨੂੰ ਉਨ੍ਹਾਂ ਸੰਤਾਂ ਦੇ ਸੰਗ ਦਾ ਸੰਗੋਰੀ=ਸੰਗੀ ਕਰ ਦੇਹ॥ ੪॥ ੧੩॥ ੧੩੪॥

[ਪੰਨਾ ੨੦੯]

ਗਉੜੀ ਮਹਲਾ ੫॥

ਤੁਮ ਹਰਿ ਸੇਤੀ ਰਾਤੇ ਸੰਤਹੁ॥

ਹੇ ਸੰਤੋ ! ਤੁਸੀਂ ਹਰੀ ਨਾਲ ਰਾਤੇ=ਮਿਲੇ ਹੋਏ ਹੋ।

ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ॥੧॥ ਰਹਾਉ॥

ਮੈਨੂੰ ਭੀ ਆਪਣੇ ਨਾਲ ਨਿਬਾਹਿ=ਰਲਾ ਕੇ ਲੈ ਚੱਲੋ, ਸਾਰਿਆਂ ਦਾ ਦਾਤਾ ਜੋ ਪੁਰਖ ਬਿਧਾਤਾ ਫਲਬਰ ਦਾਤਾ ਵਾਹਿਗੁਰੂ ਹੈ ਉਸ ਦੇ ਓੜਿ=ਪਾਸ (ਭਾਵ ਨੇੜੇ) ਪਹੁੰਚਾ ਦਿਓ॥ ੧॥ ਰਹਾਉ॥

ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ॥

ਤੁਹਾਡਾ ਮਰਮੁ=ਭੇਦ ਤੁਸਾਂ ਨੇ ਹੀ ਜਾਣਿਆ ਹੈ ਤੁਸੀ ਪੂਰਣ ਬਿਧਾਤੇ ਪੁਰਖ ਦਾ ਸਰੂਪ ਹੋ।

ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ॥ ੧॥

ਮੈਂ ਅਨਾਥ ਦੀਨ ਨੂੰ ਆਪਣੀ ਸ਼ਰਣ ਵਿਚ ਰੱਖੋ, ਅਤੇ ਮੇਰੀ ਗਾਤੇ=ਗਤੀ ਭਾਵ ਮੁਕਤੀ ਕਰੋ॥ ੧॥

ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ॥

ਸੰਸਾਰ ਸਮੁੰਦਰ ਤੋਂ ਤਰਨ ਲਈ ਤੁਹਾਡੇ ਚਰਣ ਹੀ ਬੋਹਿਥ=ਜਹਾਜ਼ ਰੂਪ ਹਨ,

ਅਪੁਨੀ ਭਾਤੇ=ਆਪਣੀ ਮਰਯਾਦਾ ਨੂੰ, ਵਾ:- ਆਪਣੇ ਭੇਤਾਂ ਨੂੰ ਤੁਸੀਂ ਆਪ ਹੀ ਜਾਣਦੇ ਹੋ।

ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇਤੇ ਪਾਰਿ ਪਰਾਤੇ॥ ੨॥

ਕਿਰਪਾ ਦ੍ਰਿਸ਼ਟੀ ਕਰਕੇ ਜਿਸ ਜਿਸ ਨੂੰ ਆਪਣੀ ਨਾਲ ਰੱਖਦੇ ਹੋ, ਤੇਤੇ=ਤਿਤਨੇ ਹੀ ਭਾਵ ਉਹ ਸਾਰੇ ਹੀ ਸੰਸਾਰ ਸਮੁੰਦਰ ਤੋਂ ਪਾਰ ਪਰਾਤੇ=ਲੰਘ ਗਏ ਹਨ॥ ੨॥

ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ॥

ਹੇ ਪ੍ਰਭੂ ! ਈਤ+ਊਤ=ਲੋਕ ਪ੍ਰਲੋਕ ਵਿਚ ਤੁਸੀਂ ਹੀ ਸਮਰੱਥ ਹੋ,

ਅਤੇ ਸਭ ਕੁਝ ਤੁਹਾਡੇ ਹੀ ਹੱਥ ਵਿਚ ਹੈ।

ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ॥ ੩॥

ਹੇ ਹਰੀ ਦੇ ਸੰਤ ਜਨੋਂ ! ਮੈਨੂੰ ਅਜੇਹਾ ਹਰੀ ਨਾਮ ਰੂਪ ਨਿਧਾਨੁ=ਖਜ਼ਾਨਾ ਦੇਹੁ ਜੋ ਸਾਡੇ ਨਾਲ ਚਲਣਾ ਕਰੇ॥ ੩॥

ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ॥

ਮੈਂ ਔਗੁਣਾਂ ਵਾਲੇ ਨੂੰ ਇਸ ਗੁਣ ਵਾਲਾ ਕਰ ਦਿਓ, ਜੋ ਕਿ ਮੇਰਾ ਮਨ ਹਰੀ ਨਾਮ ਨੂੰ ਜਪਦਾ ਰਹੇ।

ਸੰਤ ਪ੍ਰਸਾਦਿ ਨਾਨਕ ਹਰਿ ਭੇਟੇ
ਮਨ ਤਨ ਸੀਤਲ ਧ੍ਰਾਪੇ॥ ੪ ॥ ੧੪ ॥ ੧੩੫ ॥

ਗੁਰ ਜੀ ਕਥਨ ਕਰਦੇ ਹਨ, ਸੰਤਾਂ ਦੀ ਕਿਰਪਾ ਨਾਲ ਹਰੀ ਨੂੰ ਮਿਲੇ ਹਾਂ, ਹੁਣ-ਮਨ ਸੀਤਲ ਤੇ ਤਨ ਪਦਾਰਥਾਂ ਵਲੋਂ ਧ੍ਰਾਪੇ=ਤ੍ਰਿਪਤ ਹੋ ਗਿਆ ਹੈ॥ ੪॥ ੧੪॥ ੧੩੫॥

ਗਉੜੀ ਮਹਲਾ ੫ ॥
ਸਹਜਿ ਸਮਾਇਓ ਦੇਵ॥
ਮੋ ਕਉ ਸਤਿਗੁਰ ਭਏ ਦਇਆਲ ਦੇਵ॥ ੧ ॥ ਰਹਾਉ ॥

ਜਿਸ ਵੇਲੇ ਸਤਿਗੁਰ ਦੇਵ ਜੀ ਮੇਰੇ ਉੱਪਰ ਦਿਆਲੂ ਹੋਏ, ਤਾਂ ਮਨ ਸਹਜੇ ਹੀ ਦੇਵ=ਪ੍ਰਕਾਸ਼ ਰੂਪ ਪਰਮੇਸ਼ਰ ਵਿਚ ਸਮਾ ਗਿਆ॥ ੧ ॥ ਰਹਾਉ॥

ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ॥

ਹੰਗਤਾ ਮਮਤਾ ਰੂਪੀ, ਵਾ:-ਵਾਸ਼ਨਾਂ ਰੂਪੀ ਜੇਵਰੀ=ਫਾਹੀ ਕੱਟਕੇ ਆਪਣਾ ਦਾਸ ਬਣਾ ਲਿਆ ਹੈ ਅਤੇ ਸੰਤਾਂ ਦੀ ਸੇਵਾ ਟਹਿਲ ਵਿਚ ਲਗਾ ਦਿੱਤਾ ਹੈ।

ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ॥ ੧ ॥

ਜਦ ਮੈਂ ਇਕ ਨਾਮ ਦਾ ਪੁਜਾਰੀ ਹੋ ਗਿਆ ਭਾਵ ਇਕ ਨਾਮ ਨੂੰ ਪੂਜਣ ਵਾਲਾ ਹੋ ਗਿਆ, ਤਾਂ ਗੁਰਾਂ ਨੇ ਮੈਨੂੰ ਇਕ ਅਸਚਰਜ ਰੂਪ ਪਰਮਾਤਮਾ ਵਿਖਾ ਦਿੱਤਾ॥ ੧ ॥

ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥

ਜਿਸ ਵੇਲੇ ਗੁਰਾਂ ਨੇ ਮਨ ਵਿਚ ਗਿਆਨ ਪ੍ਰਗਟ ਕਰ ਦਿੱਤਾ, ਤਾਂ ਜਿਸ ਬ੍ਰਹਮ ਦਾ ਸਾਰੇ ਉਜੀਆਰਾ=ਪ੍ਰਕਾਸ਼ ਹੋ ਰਿਹਾ ਹੈ ਉਸ ਦਾ ਸਾਖਿਆਤ ਪ੍ਰਕਾਸ਼ ਹੋ ਗਿਆ।

ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥ ੨ ॥

ਜਿਸ ਵੇਲੇ ਨਾਮ ਅੰਮ੍ਰਿਤ ਨੂੰ ਪੀਤਾ, ਤਾਂ ਮਨ ਤ੍ਰਿਪਤ ਹੋ ਕੇ ਅਨਭਉ ਸਰੂਪ ਵਿਚ ਜਾ ਟਿਕਿਆ॥ ੨ ॥

ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ॥

ਆਗਿਆ ਮੰਨ ਕੇ ਅਰਥਾਤ ਭਾਣਾ ਮੰਨ ਕੇ ਸਾਰੇ ਸੁਖ ਪਾਏ ਹਨ,
ਦੁੱਖਾਂ ਦਾ ਅਸਥਾਨ ਜੋ ਅਗਿਆਨ ਹੈ ਉਸ ਨੂੰ ਨਾਸ ਕਰ ਲਿਆ ਹੈ।

ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ॥ ੩ ॥

ਜਦ ਪ੍ਰਭੂ ਸੁਆਮੀ ਆਪ ਪ੍ਰਸੰਨ ਹੋਏ ਤਾਂ ਸਭਨਾਂ ਨੂੰ ਅਨੰਦ ਰੂਪ ਕਰਕੇ ਦੇਖਣਾ ਕੀਤਾ। ਅਤੇ ਇਹ ਨਿਸਚੇ ਹੋ ਗਿਆ, ਕਿ-

ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥

ਨਾ ਕੁਝ ਆਉਂਦਾ ਹੈ, ਨਾ ਹੀ ਕੁਝ ਜਾਂਦਾ ਹੈ,

ਇਹ ਤਾਂ ਸਾਰਾ ਖੇਲ ਹਰੀ ਰਾਜੇ ਨੇ ਬਨਾਉਣਾ ਕੀਤਾ ਹੈ।

ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥ (ਪੰਨਾ ੨੮੧)

ਕਹੁ ਨਾਨਕ ਅਗਮ ਅਗਮ ਹੈ
ਠਾਕੁਰ ਭਗਤ ਟੇਕ ਹਰਿ ਨਾਇਓ॥ ੪॥ ੧੫॥ ੧੩੬॥

ਗੁਰੂ ਜੀ ਕਥਨ ਕਰਦੇ ਹਨ, ਉਹ ਠਾਕੁਰ ਬੇਅੰਤ ਤੋਂ ਬੇਅੰਤ ਹੈ,

ਭਗਤਾਂ ਨੂੰ ਉਸ ਹਰੀ ਦੇ ਨਾਮ ਦਾ ਟੇਕ=ਆਸਰਾ ਹੈ॥ ੪॥ ੧੫॥ ੧੩੬॥

ਗਉੜੀ ਮਹਲਾ ੫॥
ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ॥

ਜੋ ਪਰਾ ਰੂਪ ਬ੍ਰਹਮ=ਵਿਆਪਕ ਪਰਮੇਸ਼ਰ ਸਾਰੇ ਪਰੀਪੂਰਣ ਹੈ ਹੇ ਮਨ ਤੂੰ ਉਸ ਦੀ ਓਟ ਗਹੀਜੈ=ਫੜਨਾ ਕਰ।

ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ॥ ੧॥ ਰਹਾਉ॥

ਜਿਸ ਹਰੀ ਨੇ ਨੌਂ ਖੰਡ ਤੇ ਸਾਰੇ ਬ੍ਰਹਮੰਡ ਧਾਰੇ=ਬਣਾਏ ਹਨ, ਉਸੇ ਦੇ ਨਾਮ ਨੂੰ ਜਪਣਾ ਕਰ॥ ੧॥ ਰਹਾਉ

ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ॥

ਹਰੀ ਜਨਾਂ ਨਾਲ ਮਿਲ ਕੇ ਆਪਣੇ ਮਨ ਦੀ ਮੱਤ ਨੂੰ ਤਿਆਗ ਦਿਓ,

ਹੁਕਮੁ ਬੂਝਿ=ਭਾਣਾ ਮੰਨੋ ਤਾਂ ਸੁਖ ਪਾਓਗੇ।

ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ॥ ੧॥

ਜੋ ਪ੍ਰਭੂ ਕਰਦਾ ਹੈ ਉਸਨੂੰ ਭਲਾ ਕਰਕੇ ਮੰਨੋ, ਅਤੇ ਸੁਖ ਦੁਖ ਵਿਚ ਓਸੇ ਨੂੰ ਧਿਆਉਣਾ ਕਰੋ॥ ੧॥

ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ॥

ਉਸ ਪ੍ਰਭੂ ਨੇ ਕ੍ਰੋੜਾਂ ਪਤਿਤ=ਪਾਪੀ ਇਕ ਖਿਨ ਵਿਚ ਸੰਸਾਰ ਤੋਂ ਤਾਰ ਦਿੱਤੇ ਹਨ,

ਕਰਤੇ ਪੁਰਖ ਨੂੰ ਪਾਰ ਕਰਤੇ=ਕਰਦਿਆਂ ਕੋਈ ਬਾਰ=ਦੇਰ ਨਹੀਂ ਲੱਗਦੀ।

ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ॥ ੨॥

ਉਹ ਸੁਆਮੀ ਪਰਮੇਸ਼ਰ ਦੀਨ=ਗਰੀਬਾਂ ਦੇ ਦੁੱਖ ਜਨ ਦਰਦ ਦੇ ਭੰਜਨ=ਨਾਸ ਕਰਨ ਵਾਲਾ ਹੈ, ਜਿਸ ਨੂੰ ਭਾਵੈ-ਚਾਹੁੰਦਾ ਹੈ ਉਸੇ ਨੂੰ ਨਿਵਾਜੈ=ਵਡਿਆਈ ਦੇਂਦਾ ਹੈ॥ ੨॥

ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥

ਉਹ ਸੁਖਾਂ ਦਾ ਸਾਗਰੁ=ਸਮੁੰਦਰ ਪ੍ਰਮਾਤਮਾ ਸਭ ਜੀਵਾਂ ਨੂੰ ਪ੍ਰਾਣ ਕਲਾ ਦੇਂਦਾ ਹੈ,

ਅਤੇ ਮਾਂ ਪਿਉ ਵਾਂਗੂੰ ਸਭਨਾਂ ਨੂੰ ਪਾਲਣਾ ਕਰਦਾ ਹੈ।

ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ॥ ੩॥

ਉਸ ਕਰਤੇ ਪੁਰਖ ਨੂੰ ਪਦਾਰਥ ਦੇਂਦਿਆਂ ਕਿਸੇ ਚੀਜ਼ ਦੀ ਤੋਟ ਨਹੀਂ ਆਉਂਦੀ, ਕਿਉਂਕਿ ਉਹ ਰਤਨਾਂ

ਦੀ ਖਾਨ ਪ੍ਰਭੂ ਸਾਰਿਆਂ ਪਦਾਰਥਾਂ ਨਾਲ ਪੂਰਿ ਰਹਿਓ=ਭਰਪੂਰ ਹੋ ਰਿਹਾ ਹੈ॥ ੩॥

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ॥

ਮੈਂ ਜਾਚਿਕੁ=ਮੰਗਤਾ ਉਸ ਸੁਆਮੀ ਦੇ ਨਾਮ ਨੂੰ ਜਾਚੈ=ਮੰਗਦਾ ਹਾਂ,

ਉਹ ਸੁਆਮੀ ਸਾਰਿਆਂ ਘਟਾਂ ਘਟਾਂ ਅੰਦਰ ਪੂਰਨ ਹੈ।

ਨਾਨਕੁ ਦਾਸੁ ਤਾ ਕੀ ਸਰਣਾਈ
ਜਾ ਤੇ ਬ੍ਰਿਥਾ ਨ ਕੋਈ ਰੇ॥ ੪॥ ੧੬॥ ੧੩੭॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਉਸ ਦੀ ਸ਼ਰਣ ਪਿਆ ਹਾਂ,

ਜਾਤੇ=ਜਿਸ ਤੋਂ ਕੋਈ ਭੀ ਬ੍ਰਿਥਾ=ਖਾਲੀ ਨਹੀਂ ਹੈ॥ ੪॥ ੧੬॥ ੧੩੭॥

[ਪੰਨਾ ੨੧੦]

ਰਾਗੁ ਗਉੜੀ ਪੂਰਬੀ ਮਹਲਾ ੫॥

ੴ ਸਤਿਗੁਰ ਪ੍ਰਸਾਦਿ॥ ਹਰਿ ਹਰਿ ਕਬਹੂ ਨ ਮਨਹੁ ਬਿਸਾਰੇ॥

ਹੇ ਭਾਈ ! ਹਰਿ ਹਰਿ ਨਾਮ ਨੂੰ ਕਦੇ ਭੀ ਮਨ 'ਚੋਂ ਨਾ ਭੁਲਾਓ।

ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ॥ ੧॥ ਰਹਾਉ॥

ਉਹ ਈਹਾ ਊਹਾ=ਲੋਕ ਪ੍ਰਲੋਕ ਦੇ ਸਾਰਿਆਂ ਸੁਖਾਂ ਦਾ ਦਾਤਾ ਹੈ,

ਅਤੇ ਸਾਰਿਆਂ ਸਰੀਰਾਂ ਦੀ ਪਾਲਣਾ ਕਰਦਾ ਹੈ॥ ੧॥ ਰਹਾਉ॥

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ॥

ਜੋ ਰਸਨਾਂ ਨਾਲ ਪ੍ਰਭੂ ਨੂੰ ਚਿਤਾਰਦਾ ਹੈ ਉਸ ਦੇ ਮਹਾਂ ਕਸਟ=ਵੱਡੇ ਵੱਡੇ ਦੁਖ ਪ੍ਰਭੂ ਇਕ ਖਿਨ ਵਿਚ ਕੱਟ ਦੇਂਦਾ ਹੈ।

ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ॥ ੧॥

ਹਰੀ ਦੀ ਸ਼ਰਣ ਗ੍ਰਹਿਣ ਕਰਨ ਨਾਲ ਮਨ ਨੂੰ ਸੀਤਲ ਕਰਨ ਵਾਲਾ ਸ਼ਾਂਤੀ ਸੁਖ ਹੁੰਦਾ ਹੈ, ਅਤੇ ਉਹ ਪ੍ਰਭੂ ਜਲਤੀ=ਪ੍ਰਜੁਲਤ (ਬਲਦੀ ਹੋਈ) ਤ੍ਰਿਸ਼ਨਾਂ ਅਗਨੀ ਨੂੰ ਨਵਿਰਤ ਕਰਦਾ ਹੈ॥ ੧॥

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ॥

ਅੱਗ ਦਾ ਕੁੰਡ=ਤਲਾਉ ਜੋ ਮਾਤਾ ਦਾ ਗਰਭ ਹੈ ਉਸ ਤੋਂ ਤੇ ਨਰਕਾਂ ਤੋਂ ਰੱਖ ਲੈਂਦਾ ਹੈ, ਅਤੇ ਸੰਸਾਰ ਸਮੁੰਦਰ ਤੋਂ ਪਾਰ ਉਤਾਰਦਾ ਹੈ।

ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ॥ ੨॥

ਜੋ ਪੁਰਸ਼ ਮਨ ਵਿਚ ਉਸ ਦੇ ਚਰਨ ਕਮਲਾਂ ਨੂੰ ਅਰਾਧਦੇ ਹਨ, ਉਨ੍ਹਾਂ ਦੇ ਮਨ ਵਿਚੋਂ ਜਮਾਂ ਦੀ ਤ੍ਰਾਸ=ਖੌਫਤਾਈ ਬਿਦਾਰੇ=ਨਾਸ ਕਰਦਾ ਹੈ॥ ੨॥

ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ॥

ਉਹ ਪਾਰਬ੍ਰਹਮ ਪਰਮੇਸ਼ਰ ਸਭਨਾਂ ਵਿਚ ਪੂਰਨ ਹੈ, ਸਭ ਤੋਂ ਉੱਚਾ ਹੈ, ਅਗਮ=ਮਨ ਦੀ ਪਹੁੰਚ ਤੋਂ ਪਰੇ ਹੈ, ਅਪਾਰੇ=ਪਾਰਾਵਾਰ ਤੋਂ ਰਹਿਤ ਹੈ।

ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ॥ ੩॥

ਜਿਹੜਾ ਕੋਈ ਪੁਰਸ਼ ਉਸ ਸੁਖਾਂ ਦੇ ਸਮੁੰਦਰ ਪਰਮੇਸ਼ਰ ਦੇ ਗੁਣ ਗਾਉਂਦਾ ਹੈ ਅਤੇ ਉਸ ਦੇ ਨਾਮਾਂ ਨੂੰ ਧਿਆਉਂਦਾ ਹੈ ਉਹ ਪੁਰਸ਼ ਇਸ ਜੂਏ=ਛਲ ਰੂਪ ਸੰਸਾਰ ਵਿਚ ਆਪਣੇ ਮਨੁੱਖ ਜਨਮ ਰੂਪੀ ਬਾਜੀ ਨੂੰ ਹਾਰਦਾ ਨਹੀਂ ਹੈ॥ ੩॥

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ॥

ਹੇ ਨਿਰਗੁਣ=ਗੁਣਾਂ ਤੋਂ ਹੀਣਿਆਂ ਦੇ ਦਾਤੇ ਪ੍ਰਭੂ ! ਕਾਮ, ਕ੍ਰੋਧ, ਲੋਭ, ਮੋਹ ਆਦਿਕਾਂ ਵਿਚ ਮੇਰਾ ਮਨ ਲੀਨ ਹੋ ਰਿਹਾ ਹੈ।

ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ॥੪॥੧॥੧੩੮॥

ਗੁਰੂ ਜੀ ਕਥਨ ਕਰਦੇ ਹਨ ਹੇ ਪ੍ਰਭੂ ! ਕਿਰਪਾ ਕਰਕੇ ਮੈਨੂੰ ਆਪਣਾ ਨਾਮ ਦਾਨ ਦੇਣਾ ਕਰੋ, ਮੈਂ ਆਪ ਜੀ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੪॥ ੧॥ ੧੩੮॥

ਰਾਗੁ ਗਉੜੀ ਚੇਤੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥ ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥

ਰੇ=ਹੇ ਭਾਈ ! ਹਰੀ ਦੀ ਭਗਤੀ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ।

ਜੀਤਿ ਜਨਮੁ ਇਹੁ ਰਤਨੁ ਅਮੋਲਕੁ
ਸਾਧਸੰਗਤਿ ਜਪਿ ਇਕ ਖਿਨਾ॥ ੧॥ ਰਹਾਉ॥

ਸਤਸੰਗਤ ਨਾਲ ਮਿਲਕੇ ਇਕ ਇਕ ਛਿਨ ਨਾਮ ਨੂੰ ਜਪਕੇ, ਇਹ ਰਤਨ ਵਾਂਗੂੰ ਅਮੋਲਕ ਮਨੁੱਖਾ ਜਨਮ ਨੂੰ ਜਿਤ ਲੈ ਭਾਵ ਸਫਲਾ ਕਰ ਲੈ॥ ੧॥ ਰਹਾਉ॥

ਸੁਤ ਸੰਪਤਿ ਬਨਿਤਾ ਬਿਨੋਦ॥ ਛੋਡਿ ਗਏ ਬਹੁ ਲੋਗ ਭੋਗ॥ ੧॥

ਸੁਤ=ਪੁਤ੍ਰ, ਹਾਥੀ, ਊਠ, ਘੋੜਾ ਆਦਿ ਸੰਪਦਾ, "ਬਨਿਤਾ ਬਿਨੋਦ"=ਇਸਤਰੀ ਦੇ ਕੌਤਕ ਇਤਿਆਦੀ ਭੋਗਾਂ ਨੂੰ ਬਹੁਤ ਲੋਕ ਛੱਡ ਗਏ ਹਨ॥ ੧॥

ਹੈਵਰ ਗੈਵਰ ਰਾਜ ਰੰਗ॥ ਤਿਆਗਿ ਚਲਿਓ ਹੈ ਮੂੜ ਨੰਗ॥ ੨॥

ਹੈ+ਵਰ=ਸ੍ਰੇਸ਼ਟ ਘੋੜਿਆਂ ਦੇ, ਗੈ+ਵਰ=ਸ੍ਰੇਸ਼ਟ ਹਾਥੀਆਂ ਦੇ, ਰਾਜ ਰੰਗ=ਰਾਜ ਅਨੰਦ ਭੋਗਦਾ ਸੀ, ਪਰ ਮੂਰਖ ਇਨ੍ਹਾਂ ਨੂੰ ਛੱਡ ਕੇ ਨੰਗਾ ਚਲਾ ਗਿਆ ਹੈ।

ਵਾ:-ਨੰਗ=ਘੰਡ ਭਾਵ ਮੂਰਖ ਮੂੜਤਾ ਕਰਕੇ ਇਨ੍ਹਾਂ ਨੂੰ ਤਿਆਗ ਚਲਿਆ ਹੈ॥ ੨॥

ਚੋਆ ਚੰਦਨ ਦੇਹ ਫੁਲਿਆ ॥ ਸੋ ਤਨੁ ਧਰ ਸੰਗਿ ਰੁਲਿਆ ॥ ੩ ॥

ਚੰਦਨ ਨੂੰ ਚੁਆਕੇ ਭਾਵ ਖੁਸ਼ਬੂ ਕੱਢਕੇ ਜਿਸ ਦੇਹ ਤੇ ਮਲ ਕੇ ਫੁਲਿਆ=ਪ੍ਰਫੁਲਤ ਭਾਵ ਖੁਸ਼ ਹੁੰਦਾ ਸੀ, ਓਹੀ ਤਨ ਧਰ ਸੰਗਿ=ਧਰਤੀ ਨਾਲ ਭਾਵ ਮਿੱਟੀ ਨਾਲ ਮਿਲ ਗਿਆ ਹੈ॥ ੩ ॥

ਮੋਹਿ ਮੋਹਿਆ ਜਾਨੈ ਦੂਰਿ ਹੈ ॥,
ਕਹੁ ਨਾਨਕ ਸਦਾ ਹਦੂਰਿ ਹੈ ॥ ੪ ॥ ੧ ॥ ੧੩੯ ॥

ਮੋਹ ਵਿਚ ਮੋਹਿਆ ਹੋਇਆ ਪਰਮੇਸ਼ਰ ਨੂੰ ਦੂਰ ਜਾਣਦਾ ਹੈ, ਪਰ ਸਤਿਗੁਰ ਦੇਵ ਜੀ ਕਥਨ ਕਰਦੇ ਹਨ ਉਹ ਪਰਮਾਤਮਾ ਸਦਾ ਹਾਜਰਾ ਹਜ਼ੂਰ ਹੈ, ਭਾਵ ਨੇੜੇ ਹੈ॥ ੪॥ ੧ ॥ ੧੩੯ ॥

ਗਉੜੀ ਮਹਲਾ ੫ ॥ ਮਨ ਧਰ ਤਰਬੇ ਹਰਿ ਨਾਮ ਨੋ ॥

ਹੇ ਪਿਆਰੇ ! ਇਸ ਸੰਸਾਰ ਸਮੁੰਦਰ ਤੋਂ ਤਰਬੇ=ਤਰਣ ਵਾਸਤੇ ਹਰੀ ਨਾਮ ਨੂੰ ਹਿਰਦੇ ਵਿਚ ਧਾਰ ਲੈ।

ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥ ੧ ॥ ਰਹਾਉ ॥

ਸੰਸਾਰ ਸਮੁੰਦਰ ਵਿਚ ਸੰਸਿਆਂ ਰੂਪੀ ਲਹਿਰਾਂ ਉੱਠ ਰਹੀਆਂ ਹਨ, ਗੁਰੂ ਹੀ ਨਾਮ ਗਿਆਨ ਰੂਪੀ ਜਹਾਜ਼ ਉੱਤੇ ਚੜ੍ਹਾਕੇ ਸੰਸਾਰ ਗਰਾਮ ਤੋਂ ਪਾਰ ਕਰਦੇ ਹਨ।

ਅਥਵਾ:-ਜੋ ਪੁਰਸ਼ ਗੁਰੂ ਰੂਪੀ ਬੋਹਿਥੁ=ਜਹਾਜ਼ ਉੱਪਰ ਚੜ੍ਹਿਆ ਹੈ ਉਹ ਸੰਸਾਰ ਸਮੁੰਦਰ ਦੀਆਂ ਸੰਸੇ ਰੂਪੀ ਲਹਿਰਾਂ ਤੋਂ ਪਾਰ ਗਰਾਮਨੋ=ਪਾਰ ਲੰਘ ਗਿਆ ਹੈ॥ ੧ ॥ ਰਹਾਉ ॥

(ਇਹ ਸੰਸਕ੍ਰਿਤ ਸ਼ਬਦ ਹੈ, ਸੰਸਕ੍ਰਿਤ ਵਿਚ ਪਾਰ ਗਾਮਿਨੀ=ਪਾਰ ਲੰਘ ਚੁੱਕਾ ਹੋਇਆ ਹੈ)

ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥ ੧ ॥

ਕਲਜੁਗ ਦੀ ਕਿਰਿਆ ਰੂਪ ਕਾਲਖ ਕਰਕੇ ਇਹ ਜੀਵ ਰੂਪੀ ਇਸਤ੍ਰੀ ਅਗਿਆਨ ਰੂਪੀ ਹਨੇਰੇ ਦੇ ਸਹਿਤ ਹੋ ਰਹੀ ਹੈ, ਉਸ ਦੇ ਦੂਰ ਕਰਨੇ ਨੂੰ ਗੁਰਾਂ ਨੇ ਗਿਆਨ ਰੂਪੀ ਦੀਵੇ ਦਾ ਉਜਿਆਰੀਆ=ਪ੍ਰਕਾਸ਼ ਕੀਤਾ ਹੈ।

ਅਥਵਾ:-ਕਲਜੁਗ ਵਿਚ ਕਾਲਖ+ਅੰਧਿਆਰੀਆ=ਪਾਪਾਂ ਰੂਪੀ ਵੱਡਾ ਹਨੇਰਾ ਹੈ। ਇਸ ਵਿਚ ਗੁਰਾਂ ਦਾ ਗਿਆਨ ਰੂਪੀ ਦੀਵਾ ਹੀ ਉਜਿਆਰੀਆ=ਪ੍ਰਕਾਸ਼ ਕਰਨ ਵਾਲਾ ਹੈ॥ ੧ ॥

ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥ ੨ ॥

ਇਸ ਕਲਜੁਗ ਵਿਚ ਵਿਸ਼ੇ ਵਾਸ਼ਨਾਂ ਰੂਪੀ ਬਿਖੁ=ਜ਼ਹਿਰ ਭੀ ਬਹੁਤ ਸਾਰੀ ਖਿੱਲਰੀ ਹੋਈ ਹੈ ਗੁਨੀ=ਗੁਣਵਾਨ ਪੁਰਸ਼ ਹੀ ਹਰੀ ਜਪ ਨੂੰ ਜਪ ਕੇ ਇਸ ਤੋਂ ਉਬਰੇ=ਬਚੇ ਹਨ॥ ੨ ॥

ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥ ੩ ॥

ਇਹ ਜੀਵ ਮਾਇਆ ਵਿਚ ਸੁੱਤਾ ਹੋਇਆ ਮਤਵਾਰੋ=ਝੱਲਾ ਹੋ ਰਿਹਾ ਸੀ ਜਿਸ ਵੇਲੇ ਪੂਰੇ ਗੁਰੂ ਭੇਟਤ=ਮਿਲੇ ਤਾਂ ਉਨ੍ਹਾਂ ਨੇ ਭਰਮ ਤੇ ਜਮਾਂ ਦਾ ਡਰ ਖੋਇਆ=ਦੂਰ ਕਰ ਦਿੱਤਾ॥ ੩ ॥

ਕਹੁ ਨਾਨਕ ਏਕੁ ਧਿਆਇਆ ॥
ਘਟਿ ਘਟਿ ਨਦਰੀ ਆਇਆ ॥ ੪ ॥ ੨ ॥ ੧੪੦ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਇਕ ਪ੍ਰਭੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ, ਉਸ ਨੂੰ ਸਭ ਘਟਾਂ ਘਟਾਂ ਵਿਚ ਪਰਮੇਸ਼ਰ ਨਦਰੀ=ਨਿਗਾਹ ਆਇਆ ਹੈ॥ ੪॥ ੨॥ ੧੪੦॥

ਗਉੜੀ ਮਹਲਾ ੫ ॥

ਦੀਬਾਨੁ ਹਮਾਰੋ ਤੁਹੀ ਏਕ॥ ਸੇਵਾ ਥਾਰੀ ਗੁਰਹਿ ਟੇਕ॥ ੧॥ ਰਹਾਉ॥

ਹੇ ਵਾਹਿਗੁਰੂ ! ਇਕ ਤੂੰਹੀਂ ਸਾਡਾ ਦੀਬਾਨੁ=ਆਸਰਾ ਹੈਂ, ਮੈਂ ਗੁਰਾਂ ਦੀ ਟੇਕ=ਓਟ ਲੈ ਕੇ ਥਾਰੀ=ਆਪ ਜੀ ਦੀ ਸੇਵਾ ਕਰਦਾ ਹਾਂ॥ ੧॥ ਰਹਾਉ॥

ਅਨਿਕ ਜੁਗਤਿ ਨਹੀ ਪਾਇਆ॥ ਗੁਰਿ ਚਾਕਰ ਲੈ ਲਾਇਆ॥ ੧॥

ਆਪਣੇ ਆਪ ਅਨੇਕ ਤਰ੍ਹਾਂ ਦੀਆਂ ਜੁਗਤੀਆਂ ਕਰਨ ਨਾਲ ਭੀ ਤੇਰਾ ਦਰ ਨਹੀਂ ਪਾਇਆ ਸੀ,
ਪਰ ਧੰਨ ਗੁਰੂ ਹਨ ਜਿਨ੍ਹਾਂ ਨੇ ਮੈਂ ਚਾਕਰ=ਸੇਵਕ ਨੂੰ ਆਪ ਜੀ ਦੀ ਸੇਵਾ ਵਿਚ ਲਾ ਲਿਆ ਹੈ॥ ੧॥

ਮਾਰੇ ਪੰਚ ਬਿਖਾਦੀਆ॥ ਗੁਰ ਕਿਰਪਾ ਤੇ ਦਲੁ ਸਾਧਿਆ॥ ੨॥

ਬਿਖਾਦੀਆ=ਵਿਸ਼ਿਆਂ ਦੇ ਅਦਨ ਕਰਨ ਵਾਲੇ ਕਾਮ ਆਦਿਕ ਪੰਜੇ ਵੈਰੀ ਮਾਰ ਲਏ ਹਨ, ਅਤੇ ਗੁਰਾਂ ਦੀ ਕਿਰਪਾ ਨਾਲ ਹੀ ਆਸੁਰੀ ਸੰਪਦਾ ਦਾ ਦਲ ਸਾਧ ਲਿਆ ਹੈ॥ ੨॥

ਬਖਸੀਸ ਵਜਹੁ ਮਿਲਿ ਏਕੁ ਨਾਮ॥ ਸੂਖ ਸਹਜ ਆਨੰਦ ਬਿਸ੍ਰਾਮ ॥ ੩॥

ਆਪ ਜੀ ਦਾ ਇਕ ਨਾਮ ਹੀ ਮੈਨੂੰ ਬਖਸੀਸ=ਬਖਸ਼ਸ਼ (ਇਨਾਮ) ਤੇ ਵਜਹੁ=ਦੁਮਾਹਾ ਭਾਵ ਤਨਖਾਹ ਮਿਲੀ ਹੈ। ਜਿਸ ਕਰਕੇ ਸਹਜ+ਸੂਖ=ਅਚੁਤ ਸੁਖ ਦੇ ਅਨੰਦ ਵਿਚ ਬਿਸਰਾਮ ਕਰਦਾ ਹਾਂ॥ ੩॥

[ਪੰਨਾ ੨੧੧]

ਪ੍ਰਭ ਕੇ ਚਾਕਰ ਸੇ ਭਲੇ॥ ਨਾਨਕ ਤਿਨ ਮੁਖ ਉਜਲੇ ॥ ੪॥ ੩॥ ੧੪੧॥

ਹੇ ਪ੍ਰਭੂ ! ਜੋ ਗੁਰਮੁਖ ਪੁਰਸ਼ ਆਪ ਜੀ ਦੇ ਚਾਕਰ=ਨੌਕਰ ਹਨ, ਉਹ ਸਭ ਤੋਂ ਚੰਗੇ ਹਨ।
ਗੁਰੂ ਜੀ ਕਥਨ ਕਰਦੇ ਹਨ-ਲੋਕ ਪਰਲੋਕ ਵਿਚ ਉਨ੍ਹਾਂ ਦੇ ਮੂੰਹ ਉਜਲੇ ਹਨ॥ ੪॥ ੩॥ ੧੪੧॥

ਗਉੜੀ ਮਹਲਾ ੫॥ ਜੀਅਰੇ ਓਲ੍ਹਾ ਨਾਮ ਕਾ॥

ਹੇ ਜੀਵ ! ਤੂੰ ਪ੍ਰਭੂ ਦੇ ਨਾਮ ਦਾ ਓਲ੍ਹਾ=ਆਸਰਾ ਫੜ।

ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ॥ ੧॥ ਰਹਾਉ॥

ਨਾਮ ਤੋਂ ਬਿਨਾਂ, ਅਵਰੁ=ਹੋਰ ਜਿੰਨਾ ਕੁਝ ਵੀ ਕਰਮਾਂ ਦਾ ਕਰਨਾ ਕਰਾਉਣਾ ਹੈ ਉਨ੍ਹਾਂ ਵਿਚ ਜਮਾਂ ਦਾ ਹੀ ਡਰ ਹੈ॥ ੧॥ ਰਹਾਉ॥

ਅਵਰ ਜਤਨਿ ਨਹੀ ਪਾਈਐ॥ ਵਡੈ ਭਾਗਿ ਹਰਿ ਧਿਆਈਐ॥ ੧॥

ਨਾਮ ਤੋਂ ਬਿਨਾਂ, ਅਵਰ=ਹੋਰ ਕਿਸੇ ਜਤਨ ਨਾਲ ਭੀ ਨਹੀਂ ਪਾਇਆ ਜਾਂਦਾ।
ਵਡਿਆਂ ਭਾਗਾਂ ਕਰਕੇ ਹਰੀ ਨਾਮ ਦਾ ਧਿਆਉਣਾ ਹੁੰਦਾ ਹੈ॥ ੧॥

ਲਾਖ ਹਿਕਮਤੀ ਜਾਨੀਐ॥ ਆਗੈ ਤਿਲੁ ਨਹੀ ਮਾਨੀਐ॥ ੨॥

ਨਾਮ ਤੋਂ ਬਿਨਾਂ, ਭਾਵੇਂ ਲੱਖਾਂ ਹਿਕਮਤੀ=ਸਿਆਣਪਾਂ ਜਾਣੀਏਂ, ਪਰ ਆਗੈ=ਪ੍ਰਲੋਕ ਦਰਗਾਹ ਵਿਚ ਇਕ ਤਿਲ ਦੇ ਦਾਣੇ ਜਿਤਨੀ ਭੀ ਨਹੀਂ ਮੰਨੀ ਜਾਂਦੀ।

ਵਾ:-ਤਿਲ ਜਿੰਨਾ ਭੀ ਮਾਣ ਨਹੀਂ ਹੁੰਦਾ॥ ੨॥

ਅਹੰਬੁਧਿ ਕਰਮ ਕਮਾਵਨੇ॥ ਗ੍ਰਿਹ ਬਾਲੂ ਨੀਰਿ ਬਹਾਵਨੇ॥ ੩॥

ਹੰਗਤਾ ਵਾਲੀ ਬੁੱਧੀ ਦੇ ਸਹਿਤ ਜਿਹੜੇ ਕਰਮ ਕਰਨੇ ਹਨ, ਇਹ ਇਸ ਤਰ੍ਹਾਂ ਨਾਸਵੰਤ ਹਨ-

ਜਿਵੇਂ ਬਾਲੂ ਗ੍ਰਿਹ=ਰੇਤੇ ਦੇ ਘਰ ਨੂੰ ਨੀਰਿ ਬਹਾਵਨੇ=ਪਾਣੀ ਰੋੜ੍ਹ ਕੇ ਲੈ ਜਾਂਦਾ ਹੈ।

ਅਥਵਾ:-ਜੋ ਹੰਗਤਾ ਵਾਲੀ ਬੁੱਧੀ ਸਹਿਤ ਕਰਮ ਕਰਨੇ ਹਨ ਇਹ ਬਾਲੂ=ਰੇਤ ਦਾ ਘਰ ਹੈ, ਇਸ ਨੂੰ ਜਮਾਂ ਰੂਪੀ ਪਾਣੀ ਨੇ ਰੋੜ੍ਹ ਲਿਜਾਣਾ ਹੈ॥ ੩॥

ਪ੍ਰਸ਼ਨ:-ਵਾਹਿਗੁਰੂ ਨਾਮ ਕਿਵੇਂ ਮਿਲਦਾ ਹੈ ? *ਗੁਰ ਉੱਤਰ:*-

ਪ੍ਰਭੁ ਕ੍ਰਿਪਾਲੁ ਕਿਰਪਾ ਕਰੈ॥
ਨਾਮੁ ਨਾਨਕ ਸਾਧੂ ਸੰਗਿ ਮਿਲੈ॥ ੪॥ ੪॥ ੧੪੨॥

ਗੁਰੂ ਜੀ ਕਥਨ, ਕਰਦੇ ਹਨ ਕਿਰਪਾਲੂ ਪ੍ਰਭੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ,

ਤਾਂ ਸਾਧ ਸੰਗਤ ਵਿਚੋਂ ਨਾਮ ਮਿਲਦਾ ਹੈ॥ ੪॥ ੪॥ ੧੪੨॥

ਗਉੜੀ ਮਹਲਾ ੫॥ ਬਾਰਨੈ ਬਲਿਹਾਰਨੈ ਲਖ ਬਰੀਆ॥

ਹੇ ਮਾਲਕ ਵਾਹਿਗੁਰੂ ! ਮੈਂ ਆਪ ਜੀ ਉੱਤੋਂ ਲਖ ਬਰੀਆ=ਲੱਖਾਂ ਵਾਰੀ ਬਾਰਨੈ+ਬਲਿਹਾਰਨੈ=ਬਲਿਹਾਰ ਕੁਰਬਾਣ ਜਾਂਦਾ ਹਾਂ।

ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ॥ ੧॥ ਰਹਾਉ॥

ਹੇ ਸਾਹਿਬ=ਹੇ ਮਾਲਕ ਵਾਹਿਗੁਰੂ ! ਨਾਮਾਂ ਵਿਚੋਂ ਆਪ ਜੀ ਦਾ ਨਾਮ ਮੇਰੇ ਪ੍ਰਾਣਾਂ ਦਾ ਅਧਰੀਆ= ਆਸਰਾ ਰੂਪ ਹੈ॥ ੧॥ ਰਹਾਉ॥

ਕਰਨ ਕਰਾਵਨ ਤੁਹੀ ਏਕ॥ ਜੀਅ ਜੰਤ ਕੀ ਤੁਹੀ ਟੇਕ॥ ੧॥

ਇਕ ਤੂੰਹੀਂ ਸਭ ਕੁਝ ਕਰਨੇ ਤੇ ਕਰਾਣੇ ਵਾਲਾ ਹੈਂ, ਸਾਰੇ ਸੂਖਮ ਸਥੂਲ ਜੀਆਂ ਜੰਤਾਂ ਦੀ ਤੂੰਹੀਂ ਟੇਕ=ਓਟ ਹੈਂ॥ ੧॥

ਰਾਜ ਜੋਬਨ ਪ੍ਰਭ ਤੂੰ ਧਨੀ॥ ਤੂੰ ਨਿਰਗੁਨ ਤੂੰ ਸਰਗੁਨੀ॥ ੨॥

ਹੇ ਪ੍ਰਭੂ ! ਰਾਜ ਭਾਗ ਤੇ ਜੁਆਨੀ ਦਾ ਭੀ ਤੂੰ ਧਨੀ=ਮਾਲਕ ਹੈਂ।

ਤੂੰ ਹੀ ਨਿਰਗੁਣ ਬ੍ਰਹਮ ਤੇ ਤੂੰ ਹੀ ਸਰਗੁਣ ਸਰੂਪ ਹੈਂ॥ ੨॥

ਈਹਾ ਊਹਾ ਤੁਮ ਰਖੇ॥ ਗੁਰ ਕਿਰਪਾ ਤੇ ਕੋ ਲਖੇ॥ ੩॥

ਈਹਾ ਊਹਾ=ਇਥੇ ਭਾਵ ਲੋਕ ਪ੍ਰਲੋਕ ਵਿਚ ਆਪ ਹੀ ਰਖਣ ਵਾਲੇ ਹੋ,

ਪਰ ਗੁਰਾਂ ਦੀ ਕਿਰਪਾ ਨਾਲ ਆਪ ਜੀ ਨੂੰ ਕੋਈ ਵਿਰਲਾ ਹੀ ਲਖੇ=ਜਾਣਦਾ ਹੈ॥ ੩॥

ਅੰਤਰਜਾਮੀ ਪ੍ਰਭ ਸੁਜਾਨੁ॥
ਨਾਨਕ ਤਕੀਆ ਤੁਹੀ ਤਾਣੁ॥ ੪॥ ੫॥ ੧੪੩॥

ਹੇ ਪ੍ਰਭੂ ! ਤੂੰ ਅੰਤਰ+ਜਾਮੀ=ਅੰਦਰ ਦੀ ਜਾਣਨ ਵਾਲਾ ਹੈਂ, ਤੇ ਵੱਡਾ ਸੁਜਾਨੁ=ਚਤੁਰ ਹੈਂ।
ਗੁਰੂ ਜੀ ਕਥਨ ਕਰਦੇ ਹਨ, ਮੇਰਾ ਤਕੀਆ=ਆਸਰਾ ਤੇ ਤਾਣੁ=ਬਲ ਤੂੰ ਹੀ ਹੈਂ,
ਵਾ:-ਮੈਨੇ ਆਪ ਜੀ ਦਾ ਹੀ ਤਾਣੁ=ਬਲ ਤਕਿਆ ਹੈ॥ ੪॥ ੫॥ ੧੪੩॥

ਗਉੜੀ ਮਹਲਾ ੫॥ ਹਰਿ ਹਰਿ ਹਰਿ ਆਰਾਧੀਐ॥

ਮਨ ਕਰਕੇ ਹਰੀ ਨਾਮ ਨੂੰ, ਬਾਣੀ ਦੁਆਰਾ ਹਰੀ ਨਾਮ ਨੂੰ, ਸਰੀਰ ਕਰਕੇ ਹਰੀ ਨਾਮ ਨੂੰ ਆਰਾਧਣਾ ਕਰੀਏ।
ਵਾ:-ਹਰੀ ਦੇ ਹਰਿ ਹਰਿ ਨਾਮ ਨੂੰ ਆਰਾਧਣਾ ਕਰੀਏ।

ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ॥ ੧॥ ਰਹਾਉ॥

ਸੰਤਾਂ ਦੇ ਸਤਿਸੰਗ ਵਿਚੋਂ ਹਰੀ ਨਾਮ ਮਨ ਵਿਚ ਵਸ ਜਾਵੇ, ਤਾਂ ਭਰਮ, ਮੋਹ ਤੇ ਜਮਾਂ ਦੇ ਡਰ ਨੂੰ ਸਾਧੀਐ=ਨਾਸ ਕਰ ਸਕੀਦਾ ਹੈ॥ ੧॥ ਰਹਾਉ॥

ਬੇਦ ਪੁਰਾਣ ਸਿੰਮ੍ਰਿਤਿ ਭਨੇ॥ ਸਭ ਊਚ ਬਿਰਾਜਿਤ ਜਨ ਸੁਨੇ॥ ੧॥

ਚਾਰ ਬੇਦ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ ਦੇ ਭਨੇ=ਕਥਨ ਕਰਨ ਵਾਲਿਆਂ ਤੋਂ ਸੁਣਿਆ ਹੈ ਕਿ ਪ੍ਰਭੂ ਦੇ ਭਗਤ ਸਭ ਤੋਂ ਉੱਚੇ ਬਿਰਾਜਦੇ ਹਨ। ਵਾ:-ਚਾਰ ਬੇਦ,
ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ ਇਤਿ ਆਦਿਕ ਸਾਰੇ ਧਾਰਮਿਕ ਪੁਸਤਕ ਏਹੋ
ਭਨੇ ਸੁਨੇ=ਕਹਿੰਦੇ ਸੁਣੇ ਹਨ-ਕਿ ਸੰਤ ਜਨ ਸਭ ਤੋਂ ਉੱਚੇ ਅਸਥਾਨ ਪਰ ਬਿਰਾਜਦੇ ਹਨ॥ ੧॥

ਸਗਲ ਅਸਥਾਨ ਭੈ ਭੀਤ ਚੀਨ॥ ਰਾਮ ਸੇਵਕ ਭੈ ਰਹਤ ਕੀਨ॥ ੨॥

ਹੋਰ ਸਾਰੇ ਅਥਾਨ ਭੈ ਦੇ ਵਿਚ ਭੀਤ+ਚੀਨ=ਭੀਤਤ ਹੋਏ ਜਾਣੇ ਜਾਂਦੇ ਹਨ, ਭਾਵ ਜਮਾਂ ਦੇ ਡਰ ਨਾਲ ਡਰੇ ਹੋਏ ਜਾਣੇ ਜਾਂਦੇ ਹਨ, ਕੇਵਲ ਰਾਮ ਨੇ ਆਪਣੇ ਸੇਵਕ ਜਮਾਂ ਦੇ ਡਰ ਤੋਂ ਰਹਿਤ ਕੀਤੇ ਹਨ॥ ੨॥

ਲਖ ਚਉਰਾਸੀਹ ਜੋਨਿ ਫਿਰਹਿ॥ ਗੋਬਿੰਦ ਲੋਕ ਨਹੀ ਜਨਮਿ ਮਰਹਿ॥ ੩॥

ਹੋਰ ਤਾਂ ਸਾਰੇ ਜੀਵ ਚੌਰਾਸੀ ਲੱਖ ਜੂਨੀਆਂ ਵਿਚ ਫਿਰਦੇ ਹਨ,
ਪਰ ਗੋਬਿੰਦ ਲੋਕ-ਸੰਤ ਜਨ ਜੰਮਦੇ ਮਰਦੇ ਨਹੀਂ ਹਨ॥ ੩॥

ਬਲ ਬੁਧਿ ਸਿਆਨਪ ਹਉਮੈ ਰਹੀ॥
ਹਰਿ ਸਾਧ ਸਰਣਿ ਨਾਨਕ ਗਹੀ॥ ੪॥ ੬॥ ੧੪੪॥

ਸਰੀਰ ਦਾ ਬਲ, ਬੁੱਧੀ ਦਾ ਸਿਆਣਪ, ਅਤੇ ਸਾਰੀ ਹਉਮੈ ਸਾਡੀ ਰਹਿ ਚੁੱਕੀ ਹੈ। ਕਿਉਂਕਿ-
ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਹਰੀ ਦੇ ਸੰਤਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥ ੬॥ ੧੪੪॥

ਗਉੜੀ ਮਹਲਾ ੫ ॥ ਮਨ ਰਾਮ ਨਾਮ ਗੁਨ ਗਾਈਐ ॥

ਹੇ ਭਾਈ ! ਰਾਮ ਨਾਮ ਨੂੰ ਮਨਨ ਕਰ, ਤੇ ਵਾਹਿਗੁਰੂ ਦੇ ਗੁਣ ਗਾਉਣਾ ਕਰ।

ਅਥਵਾ:-ਮਨ=ਹੇ ਪਿਆਰੇ! ਰਾਮ ਜਿਸ ਦਾ ਨਾਮ ਹੈ ਉਸ ਦੇ ਗੁਣ ਗਾਉਣਾ ਕਰ।

ਨੀਤ ਨੀਤ ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ ॥ ੧ ॥ ਰਹਾਉ ॥

ਨਿਤ ਰੂਪ ਹਰੀ ਨੂੰ ਨਿਤਾਪ੍ਰਤੀ ਸੇਵਣਾ ਕਰ, ਅਤੇ ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਹਰੀ ਨਾਮ ਨੂੰ ਧਿਆਉਣਾ ਕਰ॥ ੧ ॥ ਰਹਾਉ ॥

ਸੰਤਸੰਗਿ ਹਰਿ ਮਨਿ ਵਸੈ ॥ ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥ ੧ ॥

ਸੰਤਾਂ ਦੀ ਸਤਸੰਗਤ ਕਰਨ ਨਾਲ ਮਨ ਵਿਚ ਹਰੀ ਨਾਮ ਵੱਸਦਾ ਹੈ। ਅਤੇ ਜਨਮ ਮਰਨ ਰੂਪ ਦੁੱਖ ਦਰਦ, ਈਰਖਾ ਦਾ, ਅਗਿਆਨ ਰੂਪ ਹਨੇਰਾ ਤੇ ਭਰਮ ਨਾਸ ਹੋ ਜਾਂਦਾ ਹੈ॥ ੧ ॥

ਸੰਤ ਪ੍ਰਸਾਦਿ ਹਰਿ ਜਾਪੀਐ ॥ ਸੋ ਜਨੁ ਦੂਖਿ ਨ ਵਿਆਪੀਐ ॥ ੨ ॥

ਜਿਹੜਾ ਕੋਈ ਸੰਤਾਂ ਦੀ ਪ੍ਰਸਾਦਿ=ਕਿਰਪਾ ਨਾਲ ਹਰੀ ਨਾਮ ਨੂੰ ਜਪਦਾ ਹੈ,

ਉਸ ਪੁਰਸ਼ ਨੂੰ ਕਿਸੇ ਤਰ੍ਹਾਂ ਦਾ ਭੀ ਦੁੱਖ ਨਹੀਂ ਵਿਆਪਦਾ॥ ੨ ॥

ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥ ੩ ॥

ਜਿਸ ਨੂੰ ਗੁਰਾਂ ਨੇ ਹਰੀ ਨਾਮ ਮੰਤ੍ਰ ਦਿੱਤਾ ਹੈ,

ਉਹ ਪੁਰਸ਼ ਮਾਇਆ ਦੀ ਤ੍ਰਿਸ਼ਨਾਂ ਰੂਪ ਅੱਗ ਤੋਂ ਉਬਰਿਆ=ਬਚ ਗਿਆ ਹੈ॥ ੩ ॥

ਨਾਨਕ ਕਉ ਪ੍ਰਭ ਮਇਆ ਕਰਿ ॥
ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥ ੪ ॥ ੭ ॥ ੧੪੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਮੇਰੇ ਉੱਤੇ ਇਹ ਮਇਆ=ਕ੍ਰਿਪਾ ਕਰ,

ਜੋ ਮੇਰੇ ਮਨ ਤਨ ਵਿਚ ਤੇਰਾ ਹਰੀ ਨਾਮ ਵਸ ਜਾਵੇ॥ ੪ ॥ ੭ ॥ ੧੪੫ ॥

ਗਉੜੀ ਮਹਲਾ ੫ ॥ ਰਸਨਾ ਜਪੀਐ ਏਕੁ ਨਾਮ ॥

ਹੇ ਭਾਈ ! ਰਸਨਾਂ ਨਾਲ ਇਕ ਨਾਮ ਨੂੰ ਜਪਣਾ ਕਰ।

ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥ ੧ ॥ ਰਹਾਉ ॥

ਜਿਸ ਨਾਮ ਕਰਕੇ ਈਹਾ=ਇਸ ਲੋਕ ਵਿਚ ਘਨਾ=ਬਹੁਤ ਸੁਖ ਆਨੰਦ ਹੋਵੇਗਾ, ਅਤੇ ਆਗੈ=ਪ੍ਰਲੋਕ ਵਿਚ ਜੀਵ ਦੇ ਕੰਮ ਆਉਣ ਵਾਲਾ ਇਸ ਦਾ ਸੰਗਿ=ਸਾਥੀ ਹੋਵੇਗਾ॥ ੧ ॥ ਰਹਾਉ ॥

ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥ ੧ ॥

ਨਾਮ ਦੇ ਪ੍ਰਤਾਪ ਕਰਕੇ ਤੇਰਾ ਹੰਕਾਰ ਰੂਪੀ ਰੋਗ ਕਟਿਆ ਜਾਵੇਗਾ,

ਅਤੇ ਤੂੰ ਗੁਰਾਂ ਦੀ ਕਿਰਪਾ ਕਰਕੇ ਰਾਜ-ਜੋਗੁ=ਭਗਤੀ ਜੋਗ, ਗਿਆਨ ਜੋਗ ਨੂੰ ਪ੍ਰਾਪਤ ਕਰੇਂਗਾ॥ ੧ ॥

ਹਰਿ ਰਸੁ ਜਿਨਿ ਜਨ ਚਾਖਿਆ ॥ ਤਾ ਕੀ ਤ੍ਰਿਸਨਾਂ ਲਾਥੀਆ ॥ ੨ ॥

ਜਿਸ ਪੁਰਸ਼ ਨੇ ਹਰੀ ਨਾਮ ਰਸ ਨੂੰ ਚੱਖਿਆ ਹੈ, ਉਸ ਦੀ ਤ੍ਰਿਸ਼ਨਾ ਲਾਥੀਆ=ਮਿਟ ਗਈ ਹੈ॥ ੨ ॥

ਹਰਿ ਬਿਸ੍ਰਾਮ ਨਿਧਿ ਪਾਇਆ ॥ ਸੋ ਬਹੁਰਿ ਨ ਕਤ ਹੀ ਧਾਇਆ ॥ ੩ ॥

ਜਿਸ ਪੁਰਸ਼ ਨੇ ਬਿਸ੍ਰਾਮ+ਨਿਧਿ=ਸੁਖਾਂ ਦੇ ਖਜ਼ਾਨੇ ਹਰੀ ਨੂੰ ਪਾਇਆ ਹੈ,

ਉਹ ਮੁੜ ਕੇ ਕਿਸੇ ਸੁਖ ਦੇ ਮਗਰ ਕਦੇ ਵੀ ਧਾਇਆ=ਦੌੜਿਆ ਨਹੀਂ ਹੈ॥ ੩ ॥

ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥
ਨਾਨਕ ਤਾ ਕਾ ਭਉ ਗਇਆ ॥ ੪ ॥ ੮ ॥ ੧੪੬ ॥

ਜਿਸ ਨੂੰ ਗੁਰਾਂ ਨੇ ਹਰਿ ਹਰਿ ਨਾਮ ਦਿੱਤਾ ਹੈ,

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਭਉ+ਗਇਆ=ਡਰ ਮਿਟ ਗਿਆ ਹੈ॥ ੪ ॥ ੮ ॥ ੧੪੬ ॥

[ਪੰਨਾ ੨੧੨]

ਗਉੜੀ ਮਹਲਾ ੫ ॥

ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥

ਜਿਸ ਨੂੰ ਰਾਮ ਨਾਮ ਭੁਲ ਜਾਂਦਾ ਹੈ, ਉਸ ਨੂੰ ਜਨਮ ਮਰਣ ਦੀ ਪੀਰ=ਪੀੜਾ ਹੁੰਦੀ ਹੈ।

ਸਾਧਸੰਗਤਿ ਮਿਲਿ ਹਰਿ ਰਵਹਿ ਸੇ ਗੁਣੀ ਗਹੀਰ ॥ ੧ ॥ ਰਹਾਉ ॥

ਜੋ ਸਤਸੰਗਤ ਨਾਲ ਮਿਲਕੇ ਹਰੀ ਨਾਮ ਨੂੰ ਰਵਹਿ=ਉਚਾਰਦੇ ਹਨ;

ਉਹ ਸ਼ੁਭ ਗੁਣਾਂ ਦਾ ਗਹੀਰ=ਸਮੁੰਦ੍ਰ ਹੁੰਦੇ ਹਨ॥ ੧ ॥ ਰਹਾਉ ॥

ਜਾ ਕਉ ਗਰਮੁਖਿ ਰਿਦੈ ਬੁਧਿ ॥ ਤਾ ਕੈ ਕਰ ਤਲ ਨਵ ਨਿਧਿ ਸਿਧਿ ॥ ੧ ॥

ਜਿਸ ਗੁਰਮੁਖ ਦੇ ਹਿਰਦੇ ਵਿਚ ਮੁਖ ਗੁਰਾਂ ਨੇ ਸਿਮਰਣ ਦੀ ਬੁੱਧੀ ਬਖਸ਼ੀ ਹੈ।

ਉਸ ਦੀ ਹੱਥ ਦੀ ਤਲੀ ਤੇ ਨੌਂ ਨਿਧਾਂ ਤੇ ਸਾਰੀਆਂ ਸਿਧੀਆਂ ਪ੍ਰਾਪਤ ਹਨ॥ ੧ ॥

ਜੋ ਜਾਨਹਿ ਹਰਿ ਪ੍ਰਭ ਧਨੀ ॥ ਕਿਛੁ ਨਾਹੀ ਤਾ ਕੈ ਕਮੀ ॥ ੨ ॥

ਜੋ ਪੁਰਸ਼ ਹਰੀ ਪ੍ਰਭੂ ਮਾਲਕ ਨੂੰ ਜਾਣਦੇ ਹਨ,

ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕਮੀ ਨਹੀਂ ਹੈ ਭਾਵ ਕਿਸੇ ਵਸਤੂ ਦਾ ਘਾਟਾ ਨਹੀਂ ਹੈ॥ ੨ ॥

ਕਰਣੈਹਾਰੁ ਪਛਾਨਿਆ ॥ ਸਰਬ ਸੂਖ ਰੰਗ ਮਾਣਿਆ ॥ ੩ ॥

ਜਿਸ ਪੁਰਸ਼ ਨੇ ਕਰਣੈਹਾਰੁ=ਪਰਮੇਸ਼ਰ ਨੂੰ ਪਛਾਣਿਆ ਹੈ,

ਉਸ ਨੇ ਸਾਰੇ ਸੁਖਾਂ ਦਾ ਰੰਗ ਮਾਣਿਆ=ਅਨੰਦ ਭੋਗਿਆ ਹੈ॥ ੩ ॥

ਹਰਿ ਧਨੁ ਜਾ ਕੈ ਗ੍ਰਿਹਿ ਵਸੈ ॥

ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥ ੪ ॥ ੯ ॥ ੧੪੭ ॥

ਜਿਸ ਦੇ ਗ੍ਰਿਹਿ=ਘਰ ਭਾਵ ਹਿਰਦੇ ਵਿਚ ਹਰੀ ਨਾਮ ਧਨ ਵੱਸਦਾ ਹੈ, ਵਾ:-ਧੰਨਤਾ ਯੋਗ ਹਰੀ ਵਸਦਾ ਹੈ। ਗੁਰੂ ਜੀ ਕਥਨ ਕਰਦੇ ਹਨ ਤਿਸ ਦੀ ਸੰਗਤ ਕੀਤਿਆਂ ਜਨਮ ਮਰਣ ਦਾ ਦੁੱਖ ਨਸ ਜਾਂਦਾ ਹੈ॥ ੪ ॥ ੯ ॥ ੧੪੭ ॥

ਗਉੜੀ ਮਹਲਾ ੫ ॥

ਗਰਬੁ ਬਡੋ ਮੂਲੁ ਇਤਨੋ ॥ ਰਹਨੁ ਨਹੀ ਗਹੁ ਕਿਤਨੋ ॥ ੧ ॥ ਰਹਾਉ ॥

ਇਸ ਸਰੀਰ ਦਾ ਮੂਲ ਤਾਂ ਇਤਨਾ ਹੈ, ਭਾਵ ਗੰਦਾ ਪਾਣੀ ਹੈ।

ਯਥਾ:- ਪਾਣੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥ *(ਪੰਨਾ ੩੩੬)*

ਤੇ ਸਰੀਰ ਦਾ ਹੰਕਾਰ ਸਭ ਤੋਂ ਵੱਡਾ ਕਰਦਾ ਹੈ। ਇਸ ਸਰੀਰ ਨੇ ਰਹਿਣਾ ਨਹੀਂ ਹੈ, ਚਾਹੇ ਕਿਤਨਾ ਇਸ ਨੂੰ ਗਹੁ=ਫੜ ਰਖੋ।

*ਅਥਵਾ:-*ਚਾਹੇ ਕਿਤਨਾ ਗਹੁ=ਮੋਹ ਕਰੋ। ਇਸ ਨੇ ਰਹਿਣਾ ਨਹੀਂ ਹੈ॥ ੧ ॥ ਰਹਾਉ ॥

ਬੇਬਰਜਤ ਬੇਦ ਸੰਤਨਾ ॥ ਉਆਹੂ ਸਿਉ ਰੇ ਹਿਤਨੋ ॥

ਬੇਦ ਤੇ ਸੰਤ ਮਹਾਤਮਾਂ ਜਿਨ੍ਹਾਂ ਗੱਲਾਂ ਤੋਂ ਬੇਬਰਜਤ=ਰੋਕਦੇ ਹਨ ਅਰਥਾਤ ਤੈਨੂੰ ਮਨ੍ਹਾਂ ਕਰ ਰਹੇ ਹਨ। ਹੇ ਮੂਰਖਾ ! ਤੂੰ ਉਨ੍ਹਾਂ ਨਾਲ ਹੀ ਹਿਤਨੋ=ਹਿਤ ਭਾਵ ਪ੍ਰੇਮ ਕਰਦਾ ਹੈਂ।

ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥ ੧ ॥

ਜਿਵੇਂ ਜੁਆਰੀਆ ਜੂਆ ਖੇਡਦਾ ਹਾਰ ਜਾਂਦਾ ਹੈ, ਉਸ ਬਿਧੇ=ਵਾਂਗੂੰ ਤੈਨੇ ਵੀ ਮਨੁੱਖਾ ਜਨਮ ਹਾਰ ਦਿੱਤਾ ਹੈ, ਇੰਦ੍ਰੀਆਂ ਨੇ ਆਪਣੇ ਵਸ ਵਿਚ ਲੈ ਕੇ ਤੈਨੂੰ ਜਿੱਤ ਲਿਆ ਹੈ॥ ੧ ॥

ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ ॥

ਜੋ ਪ੍ਰਭੂ ਸੰਪੂਰਨਾ=ਸਾਰਿਆਂ ਦੇ ਹਰਨ ਭਰਨ=ਮਾਰਨ ਤੇ ਪਾਲਣ ਵਾਲਾ ਹੈ,
ਉਸ ਦੇ ਚਰਨ ਕਮਲਾਂ ਦੇ ਰੰਗਿ ਰਿਤਨੋ=ਪ੍ਰੇਮ ਵਲੋਂ ਤੂੰ ਖਾਲੀ ਹੋ ਰਿਹਾ ਹੈਂ।

ਨਾਨਕ ਉਧਰੇ ਸਾਧਸੰਗਿ ਕਿਰਪਾ ਨਿਧਿ ਮੈ ਦਿਤਨੋ ॥ ੨ ॥ ੧੦ ॥ ੧੪੮ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਸਤਸੰਗਤ ਕਰਕੇ ਸੰਸਾਰ ਸਮੁੰਦਰ ਤੋਂ ਉਧਰੇ ਹਾਂ, ਕਿਰਪਾ ਨਿਧਿ=ਦਇਆ ਦੇ ਖਜ਼ਾਨੇ ਪਰਮੇਸ਼ਰ ਨੇ ਆਪ ਹੀ ਕਿਰਪਾ ਕਰਕੇ ਮੈਨੂੰ ਸਤਿਸੰਗ ਦਾ ਦਾਨ ਦਿਤਨੋ=ਦਿੱਤਾ ਹੈ॥ ੨ ॥ ੧੦ ॥ ੧੪੮ ॥

ਗਉੜੀ ਮਹਲਾ ੫ ॥

ਮੋਹਿ ਦਾਸਰੋ ਠਾਕੁਰ ਕੋ ॥ ਧਾਨੁ ਪ੍ਰਭ ਕਾ ਖਾਨਾ ॥ ੧ ॥ ਰਹਾਉ ॥

ਮੋਹਿ=ਮੈਂ ਆਪਣੇ ਠਾਕੁਰ=ਸੁਆਮੀ ਪਰਮਾਤਮਾ ਦਾ ਦਾਸ ਹਾਂ,ਅਤੇ-
ਪ੍ਰਭੂ ਦਾ ਦਿੱਤਾ ਹੋਇਆ ਹੀ ਧਾਨੁ=ਅੰਨ ਖਾਂਦਾ ਹਾਂ॥ ੧ ॥ ਰਹਾਉ ॥

ਐਸੋ ਹੈ ਰੇ ਖਸਮੁ ਹਮਾਰਾ ॥ ਖਿਨ ਮਹਿ ਸਾਜਿ ਸਵਾਰਣਹਾਰਾ ॥ ੧ ॥

ਰੇ=ਹੇ ਭਾਈ ' ਸਾਡਾ ਖਸਮੁ=ਮਾਲਕ ਪ੍ਰਭੂ ਐਸਾ ਹੈ, ਜੋ ਇਕ ਛਿਣ ਦੇ ਵਿਚ ਹੀ ਜਗਤ ਨੂੰ ਸਾਜ ਕੇ ਸਵਾਰਣਹਾਰਾ=ਪਾਲਣ ਵਾਲਾ ਹੈ॥ ੧ ॥

ਕਾਮੁ ਕਰੀ ਜੇ ਠਾਕੁਰ ਭਾਵਾ ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥ ੨ ॥

ਮੈਂ ਉਹ ਕੰਮ ਕਰਦਾ ਹਾਂ, ਜਿਹੜਾ ਮਾਲਕ ਪ੍ਰਭੂ ਨੂੰ ਭਾਉਂਦਾ ਹੈ। ਪ੍ਰਭੂ ਦੇ ਚਰਿਤ੍ਰਾਂ ਨੂੰ ਗੀਤਾਂ ਰਾਹੀਂ ਗਾਉਂਦਾ ਹਾਂ, ਅਤੇ ਪ੍ਰਭੂ ਦੇ ਗੁਣਾਂ ਨੂੰ ਭੀ ਗਾਉਂਦਾ ਹਾਂ॥ ੨ ॥

ਸਰਣਿ ਪਰਿਓ ਠਾਕੁਰ ਵਜੀਰਾ ॥ ਤਿਨਾ ਦੇਖਿ ਮੇਰਾ ਮਨੁ ਧੀਰਾ ॥ ੩ ॥

ਠਾਕੁਰ=ਸੁਆਮੀ (ਪਰਮਾਤਮਾ) ਦੇ ਵਜ਼ੀਰ ਜੋ ਮਹਾਤਮਾ ਹਨ ਉਨ੍ਹਾਂ ਦੀ ਸ਼ਰਣੀ ਪਿਆ ਹਾਂ, ਤੇ ਉਨ੍ਹਾਂ ਦਾ ਦਰਸ਼ਨ ਦੇਖ ਕੇ ਮੇਰਾ ਮਨ ਧੀਰਜ ਨੂੰ ਪ੍ਰਾਪਤ ਹੋਇਆ ਹੈ॥ ੩ ॥

ਏਕ ਟੇਕ ਏਕੋ ਆਧਾਰਾ ॥

ਜਨ ਨਾਨਕ ਹਰਿ ਕੀ ਲਾਗਾ ਕਾਰਾ ॥ ੪ ॥ ੧੧ ॥ ੧੪੯ ॥

ਮਨ ਕਰਕੇ ਇਕ ਦੀ ਓਟ ਹੈ, ਤਨ ਕਰਕੇ ਵੀ ਇਕ ਦਾ ਆਧਾਰਾ=ਆਸਰਾ ਹੈ। ਗੁਰੂ ਜੀ ਕਥਨ ਕਰਦੇ ਹਨ-ਮੈਂ ਤਾਂ ਹਰੀ ਦੀ ਭਗਤੀ ਰੂਪੀ ਕਾਰ ਵਿਚ ਲੱਗਾ ਹੋਇਆ ਹਾਂ॥ ੪ ॥ ੧੧ ॥ ੧੪੯ ॥

ਗਉੜੀ ਮਹਲਾ ੫ ॥

ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥ ੧ ॥ ਰਹਾਉ ॥

ਕੋਈ ਅਜਿਹਾ ਹੈ ? ਜਿਹੜਾ ਹਉਮੈਂ ਨੂੰ ਤੋੜ ਦੇਵੇ, ਅਤੇ ਇਸ ਮੀਠੀ=ਮਾਇਆ ਵਲੋਂ ਇਸ ਮਨ ਨੂੰ ਹੋਰੈ=ਮੋੜ ਦੇਵੇ॥ ੧ ॥ ਰਹਾਉ ॥

ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥

ਇਹ ਮਨੁੱਖ ਅਜੇਹਾ ਅਗਿਆਨੀ ਹੋ ਰਿਹਾ ਹੈ, ਜੋ ਪਦਾਰਥ ਥਿਰ ਰਹਿਣ ਵਾਲੇ ਨਹੀਂ ਹਨ, ਸੋ+ਲੋਰੈ=ਉਨ੍ਹਾਂ ਪਦਾਰਥਾਂ ਨੂੰ ਚਾਹੁੰਦਾ ਹੈ।

ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥ ੧ ॥

ਅੰਧਾਰੀ+ਰੈਣਿ=ਹਨੇਰੀ ਰਾਤ ਵਾਂਗੂੰ ਬੁੱਧੀ ਕਾਰੀਆ=ਕਾਲੀ ਹੋ ਰਹੀ ਹੈ। ਉਹ ਕਿਹੜੀ ਜੁਗਤੀ ਹੈ ਜਿਸ ਕਰਕੇ ਗਿਆਨ ਰੂਪੀ ਭੋਰੈ=ਦਿਨ ਉਦੇ ਹੋਵੇ ?॥ ੧ ॥

ਵਾ:-ਅਵਸਥਾ ਰੂਪੀ ਰਾਤ ਮੱਸਿਆ ਦੀ ਕਾਲੀ ਰਾਤ ਵਾਂਗੂੰ ਪਾਪਾਂ ਨਾਲ ਕਾਲੀ ਹੋ ਰਹੀ ਹੈ।

ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ ॥

ਫਿਰਦਾ ਫਿਰਦਾ ਹਾਰ ਗਿਆ ਹਾਂ, ਅਨੇਕ ਤਰ੍ਹਾਂ ਨਾਲ ਟੋਲਣਾ ਕੀਤਾ ਹੈ ਤੋ ਭੀ ਨਹੀਂ ਲੱਭਾ।

ਕਹੁ ਨਾਨਕ ਕਿਰਪਾ ਭਈ ਸਾਧਸੰਗਤਿ ਨਿਧਿ ਮੋਰੈ ॥ ੨ ॥ ੧੨ ॥ ੧੫੦ ॥

ਗੁਰੂ ਜੀ ਕਥਨ ਕਰਦੇ ਹਨ=ਜਿਸ ਵੇਲੇ ਸਤਸੰਗਤ ਦੀ ਕਿਰਪਾ ਹੋਈ, ਤਾਂ ਸਤਸੰਗਤ ਵਿਚੋਂ ਹੀ ਨਿਧੀ

ਰੂਪ ਪਰਮਾਤਮਾ ਮੈਨੂੰ ਮਿਲ ਪਿਆ॥ ੨॥ ੧੨॥ ੧੫੦॥

ਗਉੜੀ ਮਹਲਾ ੫॥ ਚਿੰਤਾਮਣਿ ਕਰੁਣਾ ਮਏ॥ ੧॥ ਰਹਾਉ॥

ਕਰੁਣਾ ਮਏ=ਕਿਰਪਾ ਸਰੂਪ ਪਰਮਾਤਮਾ ਚਿੰਤਾਮਣੀ ਵਾਂਗੂੰ ਸਾਰੇ ਫਲ ਦੇਣ ਵਾਲਾ ਹੈ॥ ੧॥ ਰਹਾਉ॥

ਦੀਨ ਦਇਆਲਾ ਪਾਰਬ੍ਰਹਮ॥ ਜਾ ਕੈ ਸਿਮਰਣਿ ਸੁਖ ਭਏ॥ ੧॥

ਪਾਰਬ੍ਰਹਮ ਪਰਮੇਸ਼ਰ ਅਜਿਹਾ ਦੀਨ ਦਿਆਲ ਹੈ,

ਜਿਸ ਦੇ ਸਿਮਰਣ ਕਰਕੇ ਸਾਨੂੰ ਸਾਰੇ ਸੁਖ ਪ੍ਰਾਪਤ ਹੋਏ ਹਨ॥ ੧॥

ਅਕਾਲ ਪੁਰਖ ਅਗਾਧਿ ਬੋਧ॥ ਸੁਨਤ ਜਸੋ ਕੋਟਿ ਅਘ ਖਏ॥ ੨॥

ਅਕਾਲ ਪੁਰਖ ਦਾ ਬੋਧ=ਗਿਆਨ ਬੜਾ ਅਗਾਧ ਹੈ,

ਉਸ ਦੇ ਜਸੋ=ਜਸ ਨੂੰ ਸੁਣਦਿਆਂ ਹੀ ਕੋਟਿ+ਅਘ+ਖਏ=ਕ੍ਰੋੜਾਂ ਪਾਪ ਨਾਸ ਹੋ ਗਏ ਹਨ॥ ੨॥

ਕਿਰਪਾ ਨਿਧਿ ਪ੍ਰਭ ਮਇਆ ਧਾਰਿ॥
ਨਾਨਕ ਹਰਿ ਹਰਿ ਨਾਮ ਲਏ॥ ੩॥ ੧੩॥ ੧੫੧॥

ਗੁਰੂ ਜੀ ਕਥਨ ਕਰਦੇ ਹਨ-ਹੇ ਕਿਰਪਾ ਨਿਧੀ ਪ੍ਰਭੂ ! ਤੂੰ ਅਜੇਹੀ ਮਇਆ=ਕਿਰਪਾ ਧਾਰ, ਜੋ ਹਰ ਵੇਲੇ ਅਸੀਂ ਤੇਰੇ ਹਰਿ ਹਰਿ ਨਾਮ ਨੂੰ ਲਏ=ਜਪਦੇ ਰਹੀਏ॥ ੩॥ ੧੩॥ ੧੫੧॥

ਗਉੜੀ ਪੂਰਬੀ ਮਹਲਾ ੫॥ ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ॥

ਹੇ ਮੇਰੇ ਪਿਆਰੇ ! ਪ੍ਰਭੂ ਦੀ ਸ਼ਰਣ ਵਿਚੋਂ ਹੀ ਸੁਖ ਪਾਏ ਜਾਂਦੇ ਹਨ।

ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ ਸੋ ਦਿਨੁ ਜਾਤ ਅਜਾਏ॥ ੧॥ ਰਹਾਉ॥

ਜਿਸ ਦਿਨ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਪ੍ਰਭੂ ਬਿਸਰੈ=ਭੁਲਦਾ ਹੈ,

ਉਹ ਦਿਨ ਐਵੇਂ ਅਜਾਏ=ਨਿਸਫਲ ਹੀ ਜਾਤ=ਬਤੀਤ ਹੋ ਜਾਂਦਾ ਹੈ॥ ੧॥ ਰਹਾਉ॥

ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ॥

ਹੇ ਭਾਈ ! ਤੁਸੀਂ ਇਕ ਰੈਣਿ=ਰਾਤ ਦੇ ਲਈ ਪਰਾਹੁਣੇ ਹੋ ਕੇ ਆਏ ਹੋ,

ਤੇ ਬਹੁਤੇ ਜੁਗਾਂ ਦੀ ਆਸਾ ਬੰਨ੍ਹ ਬੈਠੇ ਹੋ।

ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ॥ ੧॥

ਗ੍ਰਿਹ=ਘਰ ਕੱਚੇ, ਮੰਦਰ ਪੱਕੇ ਅਤੇ ਸੰਪਦਾ ਜੋ ਕੁਝ ਭੀ ਦਿਸ ਰਿਹਾ ਹੈ ਇਹ ਸਭ ਕੁਝ ਬ੍ਰਿੱਛ ਦੀ ਛਾਂ ਵਾਂਗੂੰ ਥੋੜ੍ਹੇ ਚਿਰ ਮਗਰੋਂ ਨਾਸ ਹੋ ਜਾਣ ਵਾਲੇ ਹਨ॥ ੧॥

ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ॥

ਤੂੰ ਆਖਦਾ ਹੈਂ, ਕਿ ਇਹ ਸਰੀਰ ਮੇਰਾ ਹੈ, ਇਹ ਸਾਰੀ ਸੰਪਦਾ ਮੇਰੀ ਹੈ, ਹਰੇ ਭਰੇ ਬਾਗ ਵੀ ਮੇਰੇ ਹਨ, ਮਿਲਖ=ਜਾਗੀਰਾਂ ਵੀ ਮੇਰੀਆਂ ਹਨ, ਤੇ ਸਾਰੀ ਜ਼ਮੀਨ ਭੀ ਮੇਰੀ ਹੈ।

ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ ॥ ੨ ॥

ਇਨ੍ਹਾਂ ਦੇ ਦੇਣ ਵਾਲਾ ਠਾਕੁਰ=ਮਾਲਕ ਪਰਮੇਸ਼ਰ ਤੈਨੂੰ ਭੁਲ ਗਿਆ ਹੈ,
ਪਰ ਯਾਦ ਰਖ ਇਹ ਸਾਰੇ ਪਦਾਰਥ ਇਕ ਖਿਨ ਵਿਚ ਪਰਾਏ ਹੋ ਜਾਣੇ ਹਨ॥੨॥

[ਪੰਨਾ ੨੧੩]

ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ ॥

ਇਸ਼ਨਾਨ ਕਰਕੇ ਸੋਹਣੇ ਸੋਹਣੇ ਬਾਗਾ=ਪੁਸ਼ਾਕੇ ਪਹਿਨਦਾ ਹੈਂ,
ਅਤੇ ਚੰਦਨ ਆਦਿਕਾਂ ਨੂੰ ਚੁਆ ਕੇ ਸਰੀਰ ਉੱਪਰ ਲਾਉਂਦਾ ਹੈਂ।

ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ ॥ ੩ ॥

ਨਿਰਭਉ ਨਿਰੰਕਾਰ ਦੇ ਨਾ ਜਾਨਣੇ ਕਰਕੇ ਤੇਰੇ ਕੀਤੇ ਕਰਮ ਇਸ ਤਰ੍ਹਾਂ ਨਿਸਫਲ ਹਨ; ਹਸਤੀ=ਹਾਥੀ ਦਾ ਨਾਵਾਏ=ਨ੍ਹਾਉਣਾ ਵਿਅਰਥ ਹੈ॥ ੩ ॥

ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥

ਜਾਂ ਪ੍ਰਭੂ ਕ੍ਰਿਪਾਲੂ ਹੋਵੇ ਤਾਂ ਸਤਿਗੁਰਾਂ ਨਾਲ ਮੇਲਦਾ ਹੈ, ਜਾਂ ਗੁਰੂ ਕ੍ਰਿਪਾਲੂ ਹੋਵਣ ਤਾਂ ਉਸ ਹਰੀ ਨਾਮ ਦੀ ਦਾਤ ਦੇਂਦੇ ਹਨ, ਜਿਸ ਹਰੀ ਨਾਮ ਦੇ ਵਿਚ ਸਾਰੇ ਸੁਖ ਹਨ।

ਮੁਕਤੁ ਭਇਆ ਬੰਧਨ ਗੁਰਿ ਖੋਲੇ
ਜਨ ਨਾਨਕ ਹਰਿ ਗੁਣ ਗਾਏ ॥ ੪ ॥ ੧੪ ॥ ੧੫੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਸੇਵਕ ਜਨ ਨੇ ਗੁਰ ਉਪਦੇਸ਼ ਦੁਆਰਾ ਹਰੀ ਦੇ ਗੁਣ ਗਾਏ ਹਨ ਉਸ ਦੇ ਬੰਧਨ ਗੁਰਾਂ ਨੇ ਖੋਹਲ ਦਿਤੇ ਹਨ, ਜਿਸ ਦੇ ਬੰਧਨ ਖੋਲ੍ਹੇ ਹਨ ਓਹੀ ਮੁਕਤ ਰੂਪ ਹੋਇਆ ਹੈ॥ ੪॥ ੧੪॥ ੧੫੨॥

ਗਉੜੀ ਪੂਰਬੀ ਮਹਲਾ ੫ ॥ ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥

ਹੇ ਮੇਰੇ ਮਨ ! ਤੂੰ ਸਦਾ ਹੀ ਧੰਨ ਗੁਰੂ, ਧੰਨ ਗੁਰੂ, ਧੰਨ ਗੁਰੂ ਉਚਾਰਨਾ ਕਰ।

ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ ॥੧ ॥ ਰਹਾਉ ॥

ਰਤਨ ਵਾਂਗੂੰ ਅਮੋਲਕ ਮਨੁੱਖਾ ਜਨਮ ਗੁਰਾਂ ਨੇ ਸਫਲ ਕਰ ਦਿੱਤਾ ਹੈ,
ਇਸ ਲਈ ਮੈਂ ਗੁਰਾਂ ਦੇ ਦਰਸ਼ਨ ਤੋਂ ਬਲਿਹਾਰ ਜਾਂਦਾ ਹਾਂ॥ ੧॥ ਰਹਾਉ॥

ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥

ਹੇ ਮਨ ! ਤੂੰ ਜਿਤਨੇ ਸਾਸ+ਗ੍ਰਾਸ=ਬਾਹਰਲੇ ਸ੍ਵਾਸ ਤੇ ਅੰਦ੍ਰਲੇ ਸ੍ਵਾਸ ਲੈਂਦਾ ਹੈਂ,
ਤੂੰ ਉਤਨੇ ਹੀ ਪ੍ਰਭੂ ਦੇ ਗੁਣ ਗਾਉਣਾ ਕਰ।

ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥੧ ॥

ਜਦ ਆਪਣੇ ਸਤਿਗੁਰ ਦੇਵ ਜੀ ਦਿਆਲੂ ਹੋਵਣ

ਤਾਂ ਹੀ ਇਹ ਮਤਿ=ਸਿਖਿਆ ਬੁੱਧੀ ਵਿਚ ਪ੍ਰਾਪਤ ਹੁੰਦੀ ਹੈ॥ ੧॥

ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ॥

ਹੇ ਮੇਰੇ ਮਨ ! ਨਾਮੀ ਦੇ ਨਾਮ ਲੈਣ ਕਰਕੇ ਜਮ ਦੇ ਬੰਧਨਾਂ ਤੋਂ ਛੂਟ ਜਾਈਦਾ ਹੈ,
ਅਤੇ ਸਾਰਿਆਂ ਸੁਖਾਂ ਦਾ ਮੂਲ ਆਤਮ ਸੁਖ ਪਾਈਦਾ ਹੈ।

ਸੇਵਿ ਸੁਆਮੀ ਸਤਿਗੁਰੁ ਦਾਤਾ ਮਨ ਬੰਛਤ ਫਲ ਆਈਐ॥ ੨॥

ਸਭ ਪਦਾਰਥਾਂ ਦੇ ਦਾਤੇ ਜੋ ਸਤਿਗੁਰੂ ਹਨ, ਸੁਆਮੀ ਜਾਣ ਕੇ ਉਨ੍ਹਾਂ ਦੀ ਸੇਵਾ ਕਰ,
ਤਾਂ ਮਨ+ਬੰਛਤ=ਮਨ ਭਾਉਂਦੇ ਫਲ ਤੈਨੂੰ ਆ ਕੇ ਪ੍ਰਾਪਤ ਹੋਣਗੇ॥ ੨॥

ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ॥

ਸਭ ਦਾ ਕਰਤਾ ਜੋ ਪ੍ਰਭੂ ਹੈ ਉਸ ਦੇ ਨਾਮ ਨੂੰ ਇਸਟੁ+ਮੀਤ=ਪਿਆਰਾ ਮਿਤ੍ਰ ਤੇ ਪੁੱਤਰ ਸਮਝਣਾ ਕਰ, ਹੇ ਮਨ ! ਪ੍ਰਭੂ ਦਾ ਨਾਮ ਹੀ ਪ੍ਰਲੋਕ ਵਿਚ ਤੇਰੇ ਨਾਲ ਚਲੇਗਾ।

ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ॥ ੩॥

ਆਪਣੇ ਸਤਿਗੁਰਾਂ ਦੀ ਸੇਵਾ ਕਰ,
ਕਿਉਂਕਿ ਗੁਰਾਂ ਪਾਸੋਂ ਹੀ ਬੁੱਧੀ ਰੂਪੀ ਪੱਲੇ ਵਿਚ ਨਾਮ ਪੈਂਦਾ ਹੈ॥ ੩॥

ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ॥

ਜਦ ਗੁਰੂ ਕ੍ਰਿਪਾਲੂ ਹੋਏ, ਤਾਂ ਪ੍ਰਭੂ ਨੇ ਭੀ ਕ੍ਰਿਪਾ ਕੀਤੀ,
ਜਿਸ ਕਰਕੇ ਸਾਰੇ ਅੰਦੇਸਾ=ਸੰਸੇ ਨਾਸ਼ ਹੋ ਗਏ।

ਨਾਨਕ ਸੁਖੁ ਪਾਇਆ ਹਰਿ ਕੀਰਤਨਿ
ਮਿਟਿਓ ਸਗਲ ਕਲੇਸਾ॥ ੪॥ ੧੫॥ ੧੫੩॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਹਰੀ ਦਾ ਕੀਰਤਨ ਕਰਕੇ ਸੁਖ ਪਾਇਆ ਹੈ, ਅਤੇ ਸਾਰਿਆਂ ਕਲੇਸ਼ਾਂ ਦਾ ਸਮੁਦਾਇ ਮਿਟ ਗਿਆ ਹੈ॥ ੪॥ ੧੫॥ ੧੫੩॥

ਰਾਗੁ ਗਉੜੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥
ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥ ੧॥ ਰਹਾਉ॥

ਜਗਤ ਵਿਚ ਕਿਸੇ ਵਿਰਲੇ ਪੁਰਸ਼ ਦੀ ਹੀ ਤ੍ਰਿਸ਼ਨਾਂ ਰੂਪੀ ਅੱਗ ਬੁਝੀ ਹੈ।

ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥ ੧॥

ਪਹਿਲੇ ਲੱਖਾਂ ਰੁਪੈ ਜੋੜੇ, ਫੇਰ ਕ੍ਰੋੜਪਤੀ ਹੋਣ ਦੀ ਇੱਛਾ ਕਰਕੇ ਕ੍ਰੋੜਾਂ ਰੁਪੈ ਜੋੜੇ,

ਵਾ:-ਕੋਟਿ=ਕਿਲ੍ਹੇ ਬਨਾਏ, ਵਾ:-ਵਧੀਆ ਵਧੀਆ ਕੋਟ ਬਨਵਾਕੇ ਪਹਿਰੇ, ਪਰ ਮਨ ਨਹੀਂ ਹੋਰੇ=ਰੁਕਦਾ, ਪਰੇ ਤੋਂ ਪਰੇ ਹੀ ਮਾਇਆ ਨੂੰ ਲੁਝੀ=ਚਾਹੁੰਦਾ ਹੈ। ਅਰਥਾਤ ਹਜ਼ਾਰਪਤੀ ਹੋਵੇ ਤਾਂ ਲੱਖਪਤੀ ਹੋਣ ਦੀ ਇੱਛਾ ਕਰਦਾ ਹੈ, ਲੱਖਪਤੀ ਹੋ ਜਾਵੇ ਤਾਂ ਕ੍ਰੋੜਪਤੀ ਹੋਣ ਦੀ ਇੱਛਾ ਕਰਦਾ ਹੈ, ਕ੍ਰੋੜਪਤੀ ਹੋ ਜਾਵੇ ਤਾਂ ਅਰਬਪਤੀ

ਹੋਣ ਦੀ ਇੱਛਾ ਕਰਦਾ ਹੈ॥ ੧॥

ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ॥
ਬੁਰਾ ਭਲਾ ਨਹੀ ਸੁਝੀ ਹੇ॥ ੨॥

ਆਪਣੇ ਘਰ ਵਿਚ ਸੁੰਦਰ ਇਸਤ੍ਰੀ ਦੇ ਹੁੰਦਿਆਂ ਭੀ ਅਨੇਕ ਤਰ੍ਹਾਂ ਦੇ ਦਾਉ ਘਾਉ ਭਾਵ ਚਰਿਤ੍ਰ ਕਰਕੇ ਪਰ ਗ੍ਰਿਹ+ਬਿਕਾਰੀ=ਪਰਾਈਆਂ ਇਸਤ੍ਰੀਆਂ ਨਾਲ ਵਿਸ਼ੇ ਭੋਗ ਕਰਦਾ ਹੈ। ਇਸ ਬਿਕਾਰੀ ਜੀਵ ਨੂੰ ਬੁਰਾ ਭਲਾ ਸੁਝਦਾ ਨਹੀਂ ਹੈ॥ ੨॥

ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ॥

ਬੰਧਨ ਰੂਪ ਜੋ ਮਾਇਆ ਹੈ ਉਸ ਦਾ ਭਰਮਾਇਆ ਹੋਇਆ ਅਨੇਕ ਪਾਸੇ ਭਰਮਤੁ=ਭੱਜਾ ਫਿਰਦਾ ਹੈ, ਸ਼ੁਭ ਗੁਣਾਂ ਦੀ ਨਿਧੀ ਜੋ ਪਰਮਾਤਮਾ ਹੈ ਉਸ ਦਾ ਜਸ ਇਸ ਨੇ ਨਹੀਂ ਗਾਇਆ।

ਮਨ ਬਿਖੈ ਹੀ ਮਹਿ ਲੁਝੀ ਹੇ॥ ੩॥

ਇਸ ਦਾ ਮਨ ਵਿਸ਼ਿਆਂ ਵਿਚ ਹੀ ਲੁੱਝ ਰਿਹਾ ਭਾਵ ਫਸ ਰਿਹਾ ਹੈ॥ ੩॥

ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ॥

ਰੇ=ਹੇ ਭਾਈ! ਜਿਸ ਉੱਤੇ ਵਾਹਿਗੁਰੂ ਕਿਰਪਾ ਕਰਦਾ ਹੈ, ਉਹੀ ਜੀਵਤ ਭਾ ਤੋਂ ਮਰਦਾ ਹੈ, ਅਤੇ ਸਤਸੰਗਤ ਕਰਕੇ ਮਾਇਆ ਤੋਂ ਤਰ ਜਾਂਦਾ ਹੈ।

ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ॥ ੪॥ ੧॥ ੧੫੪॥

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਹਰੀ ਦੇ ਦਰਬਾਰ ਵਿਚ ਸਿਝੀ=ਮੁਕਤੀ ਨੂੰ ਪ੍ਰਾਪਤ ਹੁੰਦਾ ਹੈ॥ ੪॥ ੧॥ ੧੫੪॥

ਗਉੜੀ ਮਹਲਾ ੫॥ ਸਭਹੂ ਕੋ ਰਸੁ ਹਰਿ ਹੋ॥ ੧॥ ਰਹਾਉ॥

ਹੋ=ਹੇ ਭਾਈ! ਹਰੀ ਆਪ ਹੀ ਸਰਬ ਰਸ ਰੂਪ ਹੋ ਰਿਹਾ ਹੈ॥ ੧॥ ਰਹਾਉ॥

ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ॥
ਕਾਹੂ ਹੋ ਡੰਡ ਧਰਿ ਹੋ॥ ੧॥

ਕਿਸੇ ਥਾਂ ਤੇ ਜੋਗ ਰੂਪ, ਕਿਸੇ ਥਾਂ ਤੇ ਭੋਗ ਰੂਪ, ਕਿਸੇ ਥਾਂ ਤੇ ਗਿਆਨ ਰੂਪ, ਕਾਹੂ=ਕਿਸੇ ਥਾਂ ਤੇ ਧਿਆਨ ਰੂਪ, ਅਤੇ ਕਿਸੇ ਥਾਂ ਤੇ ਤ੍ਰਿਦੰਡ ਧਾਰਨ ਵਾਲਾ ਸੰਨਿਆਸ ਰੂਪ ਹੋ ਕੇ ਸੋਭ ਰਿਹਾ ਹੈ॥ ੧॥

ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ॥
ਕਾਹੂ ਹੋ ਗਉਨੁ ਕਰਿ ਹੋ॥ ੨॥

ਕਿਸੇ ਥਾਂ ਤੇ ਜਾਪ ਰੂਪ ਹੋ ਕੇ, ਕਿਸੇ ਥਾਂ ਤੇ ਤਪ ਰੂਪ ਹੋ ਕੇ, ਕਿਸੇ ਥਾਂ ਤੇ ਪੂਜਾ ਰੂਪ ਹੋ ਕੇ ਕਿਸੇ ਥਾਂ ਤੇ ਹੋਮ=ਹਵਨ ਕਰਨਾ, ਕਿਸੇ ਥਾਂ ਤੇ ਨੇਮ ਨਿਭਾਣਾ ਰੂਪ ਹੋ ਕੇ, ਹੋ=ਹੇ ਭਾਈ ਕਿਸੇ ਥਾਂ ਤੇ ਗਉਨ+ਕਰਿਹੋ=ਗਵਨ ਕਰਨਾ ਅਰਥਾਤ ਤੀਰਥ ਯਾਤ੍ਰਾ ਰੂਪ ਹੋ ਕੇ ਸੋਭ ਰਿਹਾ ਹੈ॥ ੨॥

ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ॥
ਨਾਨਕਾ ਭਗਤਿ ਪ੍ਰਿਅ ਹੋ॥ ੩॥ ੨॥ ੧੫੫॥

ਕਿਸੇ ਥਾਂ ਤੇ ਤੀਰਥ ਦਾ ਤੀਰ=ਕਿਨਾਰਾ (ਕੰਢਾ) ਰੂਪ ਹੋ ਕੇ, ਕਿਸੇ ਥਾਂ ਤੇ ਨੀਰ=ਜਲ ਰੂਪ ਹੋ ਕੇ, ਕਿਸੇ ਥਾਂ ਤੇ ਵੇਦਾਂ ਦਾ ਵਿਚਾਰ ਕਰਨਾ ਰੂਪ ਹੋ ਕੇ ਸੋਭਾ ਪਾ ਰਿਹਾ ਹੈ।

ਦੂਜਾ ਭਾਵ ਇਸ ਤਰ੍ਹਾਂ ਭੀ ਹੈ:-

ਕਿਸੇ ਨੂੰ ਜੋਗ ਚੰਗਾ ਲਗਦਾ ਹੈ, ਕਿਸੇ ਨੂੰ ਭੋਗ ਚੰਗਾ ਲਗਦਾ ਹੈ, ਕਿਸੇ ਨੂੰ ਸ਼ਾਸਤ੍ਰ ਗਿਆਨ ਚੰਗਾ ਲਗਦਾ ਹੈ, ਕਿਸੇ ਨੂੰ ਧਿਆਨ ਕਰਨਾ ਚੰਗਾ ਲਗਦਾ ਹੈ। ਹੋ=ਹੇ ਭਾਈ ! ਕਿਸੇ ਨੂੰ ਡੰਡਾ ਧਾਰਨਾ ਚੰਗਾ ਲੱਗਦਾ ਹੈ।

ਕਿਸੇ ਨੂੰ ਜਪ ਚੰਗਾ ਲਗਦਾ ਹੈ, ਕਿਸੇ ਨੂੰ ਤਪ ਕਰਨਾ ਚੰਗਾ ਲਗਦਾ ਹੈ, ਕਿਸੇ ਨੂੰ ਠਾਕੁਰ ਪੂਜਾ ਕਰਨੀ ਚੰਗੀ ਲਗਦੀ ਹੈ, ਕਿਸੇ ਨੂੰ ਹਮਨ ਕਰਨਾ, ਕਿਸੇ ਨੂੰ ਨੇਮ ਨਿਭਾਉਣਾ ਚੰਗਾ ਲਗਦਾ ਹੈ। ਹੋ=ਹੇ ਭਾਈ ! ਕਿਸੇ ਨੂੰ ਗਉਨੁ+ਕਰਿਹੋ=ਗਵਨ ਕਰਨਾ ਚੰਗਾ ਲਗਦਾ ਹੈ॥ ੨॥

ਕਿਸੇ ਨੂੰ ਤੀਰਥਾਂ ਦੇ ਕਿਨਾਰੇ ਰਹਿਣਾ ਚੰਗਾ ਲਗਦਾ ਹੈ, ਕਿਸੇ ਨੂੰ ਤੀਰਥਾਂ ਦਾ ਜਲ ਚੰਗਾ ਲਗਦਾ ਹੈ, ਕਿਸੇ ਨੂੰ ਵੇਦਾਂ ਦਾ ਵਿਚਾਰ ਕਰਨਾ ਚੰਗਾ ਲਗਦਾ ਹੈ।

ਪਰ ਮੈਂ ਨਾਨਕ ਨੂੰ ਪ੍ਰਭੂ ਦੀ ਭਗਤੀ ਪ੍ਰਿਅ ਹੋ=ਪਿਆਰੀ ਲੱਗ ਰਹੀ ਹੈ॥ ੩॥ ੨॥ ੧੫੫॥

ਗਉੜੀ ਮਹਲਾ ੫॥ ਗੁਨ ਕੀਰਤਿ ਨਿਧਿ ਮੋਰੀ॥ ੧॥ ਰਹਾਉ॥

ਹੇ ਪ੍ਰਭੂ ! ਆਪ ਜੀ ਦੇ ਗੁਣਾਂ ਦੀ ਜੋ ਕੀਰਤੀ ਕਰਨੀ ਹੈ

ਇਹੋ ਮੇਰੀ ਨਿਧੀ ਰੂਪ ਭਾਵ ਖਜ਼ਾਨਾ ਰੂਪ ਹੈ॥ ੧॥ ਰਹਾਉ॥

ਤੂੰਹੀ ਰਸ ਤੂੰਹੀ ਜਸ ਤੂੰਹੀ ਰੂਪ ਤੂਹੀ ਰੰਗ॥ ਆਸ ਓਟ ਪ੍ਰਭ ਤੋਰੀ॥ ੧॥

ਤੂੰਹੀਂ ਸਾਰੇ ਰਸ ਰੂਪ ਹੈਂ, ਤੂੰਹੀਂ ਜਸ ਰੂਪ ਹੈਂ ਤੂੰਹੀਂ ਅਨੇਕਾਂ ਰੂਪ ਹੈਂ ਅਤੇ ਤੂੰਹੀਂ ਨਾਨ੍ਹਾ ਤਰ੍ਹਾਂ ਦੇ ਰੰਗ ਹੈਂ, ਹੇ ਪ੍ਰਭੂ ਮੈਨੂੰ ਤਾਂ ਤੇਰੀ ਹੀ ਆਸ ਤੇ ਓਟ ਹੈ॥ ੧॥

ਤੂਹੀ ਮਾਨ ਤੂੰਹੀ ਧਾਨ ਤੂਹੀ ਪਤਿ ਤੂਹੀ ਪ੍ਰਾਨ॥ ਗੁਰਿ ਤੂਟੀ ਲੈ ਜੋਰੀ॥ ੨॥

ਤੂੰਹੀਂ ਮਾਨ=ਮਨਨ ਕਰਣੇ ਜੋਗ ਹੈਂ, ਤੂੰਹੀਂ ਧਾਨ=ਧਿਆਉਣੇ ਜੋਗ ਹੈਂ, ਤੂੰਹੀਂ ਸਾਰਿਆਂ ਦਾ ਪਤੀ ਹੈਂ, ਤੂੰਹੀਂ ਸਭਨਾਂ ਨੂੰ ਪ੍ਰਾਣ ਦੇ ਰਿਹਾ ਹੈਂ।

ਅਥਵਾ:-ਤੂੰਹੀਂ ਮੇਰਾ ਮਾਣ ਰੂਪ ਹੈਂ, ਤੂੰਹੀਂ ਮੇਰਾ ਧਾਨ=ਅੰਨ ਦਾਤਾ ਹੈਂ, ਤੂੰਹੀਂ ਮੇਰੀ ਪਤਿ=ਪਤਆਬਰੋ (ਇੱਜ਼ਤ) ਰੂਪ ਹੈਂ, ਤੂੰਹੀਂ ਮੇਰੇ ਪ੍ਰਾਣ ਹੈਂ। ਧੰਨ ਗੁਰੂ ਹਨ ਜਿਨ੍ਹਾਂ ਨੇ ਟੁੱਟੀ ਹੋਈ ਬਿਰਤੀ ਲੈ ਕੇ ਜੋੜ ਦਿੱਤੀ ਹੈ।

ਵਾ:-ਮੇਰੀ ਟੁੱਟੀ ਹੋਈ ਲੈ=ਲਿਵ ਤੇਰੇ ਨਾਲ ਜੋੜ ਦਿੱਤੀ ਹੈ॥ ੨॥

[ਪੰਨਾ ੨੧੪]

ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ॥
ਹੈ ਨਾਨਕ ਨੇਰ ਨੇਰੀ॥ ੩॥ ੩॥ ੧੫੬॥

ਤੂੰਹੀਂ ਗ੍ਰਿਹਿ=ਘਰ ਰੂਪ ਹੈਂ, ਤੂੰਹੀਂ ਬਨ ਰੂਪ ਹੈਂ, ਤੂੰਹੀਂ ਗਾਉ=ਪਿੰਡ ਰੂਪ ਹੈਂ, ਤੂੰਹੀਂ ਸੁਨਿ=ਉਜਾੜ ਰੂਪ

ਹੈਂ। ਵਾ:-ਤੂੰਹੀਂ ਗ੍ਰਿਹਿ=ਘਰ ਸਤਸੰਗ ਰੂਪ ਹੈਂ, ਤੂੰਹੀਂ ਸੰਸਾਰ ਉਜਾੜ ਰੂਪ ਹੈਂ, ਤੂੰਹੀਂ ਗਾਉ=ਗਾਇਣ ਕਰਨ ਵਾਲਾ ਹੈਂ, ਤੂੰਹੀਂ ਸੁਨਿ=ਸੁਣਦਾ ਹੈਂ।

ਗੁਰੂ ਜੀ ਕਥਨ ਕਰਦੇ ਹਨ - ਹੇ ਪ੍ਰਭੂ ਤੂੰ ਨੇੜੇ ਹੈਂ॥ ੩॥ ੩॥ ੭੫੬॥

ਗਉੜੀ ਮਹਲਾ ੫॥ ਮਾਤੋ ਹਰਿ ਰੰਗਿ ਮਾਤੋ॥ ੧॥ ਰਹਾਉ॥

ਹਰੀ ਰੰਗ ਵਿਚ ਮਾਤੋ=ਮਸਤ ਹੋ ਗਿਆ ਹਾਂ, ਮਾਤੋਂ=ਮਸਤ ਹੋ ਗਿਆ ਹਾਂ,

ਵਾ:-ਤਮਾਮ ਮਸਤੀਆਂ ਵਿਚੋਂ ਹਰੀ ਰੰਗ ਵਿਚ ਮਸਤ ਹੋ ਗਿਆ ਹਾਂ,

ਵਾ:-ਹਰੀ ਰੰਗ ਰੂਪੀ ਜੋ ਮਾਤੋ=ਮਦਰਾ (ਸ਼ਰਾਬ) ਹੈ ਉਸ ਵਿਚ ਮਾਤੋਂ=ਮਸਤ ਹੋ ਗਿਆ ਹਾਂ।

ਵਾ:-ਮੈਂ ਹਰੀ ਰੰਗ ਵਿਚ ਮਾਤੋ=ਮਸਤ ਹੋ ਗਿਆ ਹਾਂ, ਤੁਸੀਂ ਵੀ ਮਾਤੋ=ਮਸਤ ਹੋਣਾ ਕਰੋ॥ ੧॥ ਰਹਾਉ॥

ਉਹੀ ਪੀਓ ਉਹੀ ਖੀਓ ਗੁਰਹਿ ਦੀਓ ਦਾਨੁ ਕੀਓ॥
ਉਆਹੂ ਸਿਉ ਮਨੁ ਰਾਤੋ॥ ੧॥

ਓਸੇ ਹਰੀ ਰੰਗ ਰੂਪ ਮਦਰੇ ਨੂੰ ਪੀਂਦੇ ਹਾਂ, ਓਸੇ ਹਰੀ ਰੰਗ ਦੀ ਖੀਓ=ਮਸਤੀ ਚੜ੍ਹ ਰਹੀ ਹੈ, ਇਹ ਹਰੀ ਰੰਗ ਰੂਪੀ ਮਦਰਾ ਗੁਰਾਂ ਨੇ ਮੈਨੂੰ ਦਿੱਤੀ ਹੈ, ਪਰ ਮੈਂ ਮੁਲ ਨਹੀਂ ਲਿਆ, ਗੁਰਾਂ ਨੇ ਮੈਨੂੰ ਦਾਨ ਹੀ ਕਰ ਦਿੱਤਾ ਹੈ। ਓਸੇ ਨਾਲ ਮੇਰਾ ਮਨ ਰਾਤੋ=ਤਦਾਕਾਰ ਹੋ ਗਿਆ ਹੈ॥ ੧॥

ਉਹੀ ਭਾਠੀ ਉਹੀ ਪੋਚਾ ਉਹੀ ਪਿਆਰੋ ਉਹੀ ਰੂਚਾ॥
ਮਨਿ ਓਹੋ ਸੁਖੁ ਜਾਤੋ॥ ੨॥

ਉਹ ਪਰਮੇਸ਼ਰ ਆਪ ਹੀ ਭੱਠੀ ਰੂਪ ਹੈ, ਉਹ ਆਪ ਹੀ ਪੋਚਾ ਰੂਪ ਹੈ, ਅਤੇ ਓਹੀ ਪਿਆਰੋ=ਪਿਆਲਾ ਰੂਪ ਹੈ, ਓਹੀ ਰੂਚਾ=ਖਾਹਸ਼ ਰੂਪ ਹੈ, ਅਤੇ ਮਨ ਵਿਚ ਸੁਖ ਨੂੰ ਜਾਨਣ ਵਾਲਾ ਭੀ ਉਹ ਆਪ ਹੀ ਹੈ।

ਅਥਵਾ:-ਉਹ ਆਪ ਹੀ ਦਸਮ ਦੁਆਰ, ਵਾ:-ਚੇਤਨ ਦੇਵ ਰੂਪੀ ਭੱਠੀ ਹੈ, ਓਹੀ ਪ੍ਰੇਮ ਰੂਪ ਪੋਚਾ ਹੈ, ਓਹੀ ਵਿਚਾਰ ਰੂਪੀ ਪਿਆਰੋ=ਪਿਆਲਾ ਹੈ ਓਹੀ ਮਨ ਨੂੰ ਰੂਚਾ=ਚੰਗਾ ਲਗ ਰਿਹਾ ਹੈ। ਮਨ ਵਿਚ ਓਸ ਨੂੰ ਸੁਖ ਸਰੂਪ ਕਰਕੇ ਜਾਤੋ=ਜਾਣਿਆ ਹੈ॥ ੨॥

ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ॥
ਨਾਨਕ ਗੁਰ ਸਬਦਿ ਪਰਾਤੋ॥ ੩॥ ੪॥ ੧੫੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਗੁਰਾਂ ਦੇ ਉਪਦੇਸ਼ ਨੂੰ ਪਰਾਤੋ=ਪਛਾਣਿਆ, ਵਾ:-ਪਰਾਤੋ=ਭਲੀ ਪਕਾਰ ਤਦਾਕਾਰ ਹੋਇਆ, ਤਾਂ ਸਹਜੇ ਅਨੰਦ-ਦਾਇਕ ਕੇਲਾਂ ਦੇ ਖੇਲਣ ਵਾਲਾ ਜੋ ਪਰਮੇਸ਼ਰ ਹੈ ਉਸ ਨਾਲ ਭਏ+ਮੇਲ=ਮਿਲਾਪ ਹੋ ਗਿਆ, ਜਾਂ ਮਿਲਾਪ ਹੋਇਆ ਤਾਂ ਰਹੇ+ਫੇਰ=ਚੌਰਾਸੀ ਲੱਖ ਜੂਨੀਆਂ ਦੇ ਫੇਰੇ ਰਹਿ ਗਏ॥ ੩॥ ੪॥ ੧੫੭॥

ਰਾਗੁ ਗੌੜੀ* ਮਾਲਵਾ ਮਹਲਾ ੫

੧ੴ ਸਤਿਗੁਰ ਪ੍ਰਸਾਦਿ॥

ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਅਨ॥ ੧॥ ਰਹਾਉ॥

ਹੇ ਮਿੱਤਰੋ ! ਹਰੀ ਨਾਮ ਨੂੰ ਲੈਣਾ ਕਰੋ, ਹਰੀ ਨਾਮ ਨੂੰ ਲੇਹੁ=ਲੈਣਾ ਕਰੋ ਭਾਵ ਜਪਣਾ ਕਰੋ।

ਵਾ:-ਹੇ ਮਿੱਤਰੋ ਲੇਹੁ=ਲੈਣਾ ਕਰੋ, ਪ੍ਰਸ਼ਨ-ਕੀ ਲੈਣਾ ਕਰੀਏ? ਉੱਤਰ:-ਹਰੀ ਨਾਮ ਨੂੰ ਲੈਣਾ ਕਰੋ।

ਵਾ:-ਜਿਨ੍ਹਾਂ ਨੇ ਹਰੀ ਨਾਮ ਨੂੰ ਲੈਣਾਂ ਕੀਤਾ ਹੈ ਉਨ੍ਹਾਂ ਦੁਆਰੇ ਹੇ ਮਿੱਤਰ ! ਤੁਸੀਂ ਭੀ ਹਰੀ ਨਾਮ ਨੂੰ ਲੈਣਾ ਕਰੋ। ਕਿਉਂਕਿ ਆਗੈ=ਪ੍ਰਲੋਕ ਦਾ ਕਠਨ ਰਸਤਾ ਬੜਾ ਭਿਆਨਕ ਹੈ॥ ੧॥ ਰਹਾਉ॥

ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ॥

ਮਨ ਕਰਕੇ ਸੇਵਨਾ ਕਰ, ਬਾਣੀ ਕਰਕੇ ਸੇਵਨਾ ਕਰ, ਸਰੀਰ ਕਰਕੇ ਸਦਾ ਸੇਵਨਾ ਕਰ,

ਵਾ:-ਸੇਵਨੇ ਵਾਲਾ ਹੋ ਕੇ ਸੇਵਨੇ ਯੋਗ ਨੂੰ ਤੂੰ ਸਦਾ ਸੇਵਨਾ ਕਰ,

ਕਿਉਂਕਿ-ਕਾਲ ਸਦਾ ਹੀ ਤੇਰੇ ਨਾਲ ਵੱਸਦਾ ਹੈ।

ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ॥ ੧॥

ਹੋ=ਹੇ ਭਾਈ ! ਤੂੰ ਸੰਤਾਂ ਦੀ ਸੇਵਾ ਕਰ, ਤਦ ਜ.ਾਂ ਦਾ ਜਾਲੁ=ਫਾਹ ਕੱਟਿਆ ਜਾਵੇਗਾ॥ ੧॥

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥

ਭਾਵੇਂ ਤੂੰ ਹੋਮ=ਹਮਨ, ਯੱਗ ਤੇ ਤੀਰਥਾਂ ਪਰ ਇਸ਼ਨਾਨ ਭੀ ਕੀਤੇ ਹਨ, ਪਰ ਇਨ੍ਹਾਂ ਦੇ ਕਰਨ ਵਿਚ ਹਉਮੈ ਆਦਿਕ ਵਿਕਾਰ ਵਧ ਜਾਂਦੇ ਹਨ।

ਫਿਰ ਇਨ੍ਹਾਂ ਦੇ ਫਲ ਅਨੁਸਾਰ :-

ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥ ੨॥

ਦੁਇ=ਦੋ ਜੋ ਨਰਕ ਸੁਰਗ ਹਨ ਇਨ੍ਹਾਂ ਦਾ ਦੁਖ ਸੁਖ ਭੋਗਣਾ ਪੈਂਦਾ ਹੈ, ਅਤੇ ਬਹੁਰਿ+ਬਹੁਰਿ=ਮੁੜ ਮੁੜ ਕੇ ਸੰਸਾਰ ਵਿੱਚ ਅਵਤਾਰ+ਹੋਇ=ਜਨਮ ਹੁੰਦਾ ਹੈ॥ ੨॥

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥

ਸ਼ਿਵਪੁਰੀ, ਬ੍ਰਹਮਪੁਰੀ, ਵਿਸ਼ਨਪੁਰੀ ਆਦਿਕ ਕੋਈ ਅਸਥਾਨ ਭੀ ਅੱਚਲ ਨਹੀਂ ਹੈ। ਆਪੋ ਆਪਣੇ ਸਮੇਂ ਅਨੁਸਾਰ ਸਭ ਨਾਸ ਹੋ ਜਾਂਦੇ ਹਨ।

ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥ ੩॥

ਹਰੀ ਦੀ ਸੇਵਾ ਕੀਤੇ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ, ਹੇ ਸਾਕਤ ! ਸੇਵਾ ਤੋਂ ਬਗੈਰ ਤੂੰ ਸੰਸਾਰ ਵਿੱਚ ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਰਹੇਂਗਾ॥ ੩॥

---

*ਪਾਠਾਂਤ੍ਰ:-ਗਉੜੀ।

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥

ਜਿਸ ਤਰ੍ਹਾਂ ਦਾ ਗੁਰਾਂ ਨੇ ਉਪਦੇਸ਼ ਦਿੱਤਾ ਹੈ, ਮੈਂ ਉਸੇ ਤਰ੍ਹਾਂ ਪੁਕਾਰ ਕੇ ਕਹਿ ਦਿੱਤਾ ਹੈ।

ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥੪॥੧॥੧੫੮॥

ਗੁਰੂ ਜੀ ਕਥਨ ਕਰਦੇ ਹਨ ਹੇ ਮਨਾ ! ਇਸ ਉਪਦੇਸ਼ ਨੂੰ ਸੁਣ ਕੇ ਤੂੰ ਪ੍ਰਭੂ ਦਾ ਕੀਰਤਨ ਕਰ, ਤਦ ਤੇਰਾ ਉਧਾਰ ਹੋਵੇਗਾ॥ ੪॥ ੧॥ ੧੫੮॥

ਰਾਗੁ ਗਉੜੀ ਮਾਲਾ ਮਹਲਾ ੫

ੴ ਸਤਿਗੁਰ ਪ੍ਰਸਾਦਿ॥ ਪਾਇਓ ਬਾਲ ਬੁਧਿ ਸੁਖੁ ਰੇ॥

ਰੇ=ਹੇ ਭਾਈ ! ਬਾਲ=ਬਾਲਕ ਬੁੱਧੀ ਕਰਕੇ ਭਾਵ ਸਾਦੇ ਸੁਭਾਵ ਕਰਕੇ ਸੁਖ ਪਾਇਆ ਹੈ,

ਅਥਵਾ:-ਬਾਲ=ਬਾਲਾਨ ਬਾਲ (ਵੱਡੀ ਆਤਮ ਵਛੈਣੀ) ਬੁੱਧੀ ਕਰਕੇ ਸੁਖ ਪਾਇਆ ਹੈ।

ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ॥੧॥ਰਹਾਉ॥

ਜਿਸ ਵੇਲੇ ਪੂਰੇ ਗੁਰੂ ਮਿਲੇ ਤਾਂ ਹਰਖ ਸ਼ੋਕ, ਨਫਾ ਨੁਕਸਾਨ, ਮਰਣਾ ਜਿਉਣਾ, ਦੁਖ ਸੁਖ ਇਤਿਆਦਕ ਦੁੰਦ ਰੂਪ ਪਦਾਰਥ-ਚਿਤ ਵਿੱਚ ਸਮਸਰਿ=ਇਕ ਸਮਾਨ ਹੋ ਗਏ॥ ੧॥ ਰਹਾਉ॥

ਅਥਵਾ:-ਜਿਸ ਵੇਲੇ ਪੂਰਿਆਂ ਗੁਰਾਂ ਦੇ ਮਿਲਣ ਕਰਕੇ ਚਿਤ ਵਿੱਚ ਦੁਖ ਸੁਖ ਇਕ ਸਮਾਨ ਹੋ ਗਏ, ਤਿਸ ਵੇਲੇ ਹਰਖ ਸੋਗ ਜਨਮ ਮਰਨ ਆਦਿਕ ਸਭ ਹਾਨਿ=ਨਾਸ ਹੋ ਗਏ॥ ੧॥ ਰਹਾਉ॥

ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ॥

ਜਉ+ਲਉ=ਜਿੰਨਾ ਚਿਰ ਮੈਂ ਕੁਝ ਸੋਚਾਂ ਸੋਚਦਾ ਸੀ, ਉਨਾ ਚਿਰ ਮੈਂ ਦੁਖਾਂ ਨੂੰ ਭਰੇ=ਭੋਗਦਾ ਸੀ।

ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ॥੧॥

ਜਿਸ ਵੇਲੇ ਕ੍ਰਿਪਾਲੂ ਸੁਭਾਅ ਵਾਲਾ ਪੂਰਾ ਗੁਰੂ ਭੇਟਿਆ=ਮਿਲਿਆ, ਤਾਂ ਸਹਜੇ ਆਨੰਦ ਹੋ ਗਏ॥ ੧॥

ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥

ਜਿੰਨੀ ਕੁ ਸਿਆਣਪ ਦੇ ਕਰਮ ਮੈਂ ਕੀਤੇ ਹਨ, ਉਤਨੇ ਹੀ ਬੰਧਨ ਪਏ ਹਨ।

ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥੨॥

ਜਿਸ ਵੇਲੇ ਸੰਤਾਂ ਨੇ ਮਸਤਕਿ=ਸਿਰ ਉੱਤੇ ਕਿਰਪਾ ਦਾ ਕਰੁ+ਧਰਿਓ=ਹੱਥ ਰਖਿਆ ਤਦ ਅਸੀਂ ਮੁਕਤ ਰੂਪ ਹੋ ਗਏ॥ ੨॥

ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ॥

ਜਿੰਨਾ ਚਿਰ ਮੇਰੀ ਮੇਰੀ ਕਰਦੇ ਸਾਂ, ਤਉ+ਲਉ=ਉਤਨਾ ਚਿਰ ਬਿਖੁ=ਮਾਇਆ ਦੇ ਘੇਰੇ ਵਿੱਚ ਫਸੇ ਹੋਏ ਸਾਂ।

ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ॥੩॥

ਜਿਸ ਵੇਲੇ ਮਨ, ਤਨ ਤੇ ਬੁੱਧੀ ਆਪਣੇ ਠਾਕੁਰ=ਸੁਆਮੀ ਨੂੰ ਅਰਪਨ ਕਰ ਦਿੱਤੀ, ਤਿਸ ਵੇਲੇ ਅਸੀਂ

ਸਹਜਿ+ਸੋਏ=ਸ਼ਾਂਤੀ ਰੂਪ ਨੀਂਦ ਵਿਚ ਸੌਂ ਗਏ॥ ੩॥

ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ॥

ਜਉ+ਲਉ=ਜਿੰਨਾ ਚਿਰ ਹੰਗਤਾ ਰੂਪੀ ਪੋਟ=ਪੰਡ ਨੂੰ ਉਠਾਈ+ਚਲਿਅਉ=ਚੁੱਕੀ ਚਲ੍ਹਦੇ ਸਾਂ, ਤਉ+ਲਉ=ਉਤਨਾ ਚਿਰ ਧਰਮ ਰਾਜਾ ਦਾ ਡਾਨ+ਭਰੈ=ਡੰਨ ਭਰਦੇ ਸਾਂ।

ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ॥੪॥੧॥੧੫੯॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪੂਰਾ ਗੁਰੂ ਬ੍ਰਹਮ ਨੇਸ਼ਟੀ ਬ੍ਰਹਮ ਸ੍ਰੋਤਰੀ ਮਿਲਿਆ ਤੇ ਉਨ੍ਹਾਂ ਦੀ ਸਹਾਇਤਾ ਨਾਲ ਹੰਗਤਾ ਰੂਪੀ ਪੰਡ ਨੂੰ ਸੁਟ ਦਿੱਤਾ, ਤਾਂ ਜਮਾਂ ਦੇ ਡਰ ਤੋਂ ਰਹਿਤ ਹੋ ਗਏ।

ਗਉੜੀ ਮਾਲਾ ਮਹਲਾ ੫ ॥

ਭਾਵਨੁ ਤਿਆਗਿਓ ਰੀ ਤਿਆਗਿਓ॥

ਤਿਆਗਿਓ ਮੈ ਗੁਰ ਮਿਲਿ ਤਿਆਗਿਓ॥

ਪਹਿਲਾ ਅਰਥ:-ਰੀ=ਹੇ ਸਖੀ ! ਦ੍ਵੈਤ ਭਾਵਨਾ ਜੋ ਤਿਆਗਨੇ ਯੋਗ ਸੀ ਉਸ ਨੂੰ ਮੈਂ ਗੁਰਾਂ ਨਾਲ ਮਿਲ ਕੇ ਤਿਆਗ ਦਿੱਤਾ ਹੈ, ਫਿਰ ਉਸ ਦੇ ਤਿਆਗ ਨੂੰ ਭੀ ਤਿਆਗ ਦਿੱਤਾ ਹੈ।

ਦੂਜਾ ਅਰਥ:-(ਤਿਆਗ ਪਦ ਚਾਰ ਹਨ, ਇਸ ਕਰਕੇ ਚਾਰੇ ਜੁਗਾਂ ਨਾਲ ਇਸ ਦਾ ਸਬੰਧ ਜੋੜੇ) ਸਤਜੁਗ ਵਿਖੇ ਗੁਰਮੁਖਾਂ ਨੇ ਗੁਰਾਂ ਨਾਲ ਮਿਲ ਕੇ ਦੁਬਿਧਾ ਦੀ ਭਾਵਨਾ ਨੂੰ ਤਿਆਗਿਆ ਹੈ।

ਤ੍ਰੇਤੇ ਜੁਗ ਵਿਚ ਵੀ ਗੁਰਮੁਖਾਂ ਨੇ ਗੁਰਾਂ ਨਾਲ ਮਿਲਕੇ ਦੁਬਿਧਾ ਦੀ ਭਾਵਨਾ ਨੂੰ ਤਿਆਗਿਆ ਹੈ।

ਦੁਆਪੁਰ ਜੁਗ ਵਿਚ ਭੀ ਗੁਰਮੁਖ ਜਗਿਆਸੂਆਂ ਨੇ ਗੁਰਾਂ ਨਾਲ ਮਿਲ ਕੇ ਦੁਬਿਧਾ ਦੀ ਭਾਵਨਾ ਨੂੰ ਤਿਆਗਿਆ ਹੈ।

ਹੁਣ ਕਲਜੁਗ ਵਿਚ ਭੀ ਮੈਂਨੇ ਗੁਰਾਂ ਨਾਲ ਮਿਲ ਕੇ ਦੁਬਿਧਾ ਦੀ ਭਾਵਨਾ ਨੂੰ ਤਿਆਗਿਆ ਹੈ।

ਤੀਜਾ ਅਰਥ:-ਹੇ ਸਖੀ! ਜਿਨ੍ਹਾਂ ਗੁਰਾਂ ਨੇ ਤਿਆਗਣੇ ਯੋਗ ਦ੍ਵੈਤ ਭਾਵਨਾ ਨੂੰ ਤਿਆਗਿਆ ਹੈ, ਉਨ੍ਹਾਂ ਗੁਰਾਂ ਨਾਲ ਮਿਲ ਕੇ ਮੈਂਨੇ ਭੀ ਤਿਆਗਨੇ ਯੋਗ ਦ੍ਵੈਤ ਭਾਵਨਾਂ ਨੂੰ ਤਿਆਗ ਦਿੱਤਾ ਹੈ।

ਵਾ:-ਚਤੁਸ਼ਟੇ ਅੰਤਹਕਰਨ ਕਰਕੇ ਮੈਂਨੇ ਦੁਬਿਧਾ ਦੀ ਭਾਵਨਾ ਨੂੰ ਤਿਆਗਿਆ ਹੈ।

ਸਰਬ ਸੂਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ॥੧॥ਰਹਾਉ॥

ਹੁਣ ਮੈਂ ਗੋਬਿੰਦ ਦੀ ਆਗਿਆ ਨੂੰ ਮੰਨਿਆ ਹੈ, ਕਿਉਂਕਿ ਗੋਬਿੰਦ ਦੀ ਅਗਿਆ ਵਿੱਚ ਹੀ ਸਾਰੇ ਸੁਖ, ਆਨੰਦ, ਮੰਗਲ ਤੇ ਰਸ ਹਨ॥ ੧॥ ਰਹਾਉ॥

[ਪੰਨਾ ੨੧੫]

ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ॥

ਗੁਰਾਂ ਦੇ ਪਾਗਿਓ=ਚਰਨਾਂ ਪਰ ਮਸਤਕੁ+ਡਾਰਿ=ਸਿਰ ਰਖ ਕੇ ਮਾਨ ਤੇ ਅਭਿਮਾਨੁ=ਅਪਮਾਨ ਦੋਹਾਂ ਨੂੰ ਇਕ ਸਮਾਨ ਨਿਸਚੇ ਕੀਤਾ ਹੈ।

ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥ ੧ ॥

ਠਾਕੁਰ ਦਾ ਅਜਿਹਾ ਰੰਗੁ=ਪ੍ਰੇਮ ਲਗਾ ਹੈ, ਜਿਸ ਕਰਕੇ ਸੰਪਦਾ ਦੀ ਪ੍ਰਾਪਤੀ ਵਿੱਚ ਹਰਖ, ਤੇ ਆਪਤ=ਬਿਪਤਾ ਕਾਲ ਵਿੱਚ ਦੁਖ ਨਹੀਂ ਹੁੰਦਾ॥ ੧॥

ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥

ਬਾਸ=ਮੰਦਰਾਂ ਵਿੱਚ ਅਤੇ ਬਾਸਰੀ=ਮੰਦਰਾਂ ਵਿੱਚ ਰਹਿਣ ਵਾਲੇ ਮਨੁੱਖਾਂ ਵਿਚ ਇਕ ਸੁਆਮੀ ਪਰਮੇਸ਼ਰ ਹੈ, ਅਤੇ ਉਦਿਆਨ=ਉਜਾੜਾਂ (ਜੰਗਲਾਂ) ਵਿੱਚ ਭੀ ਓਹੀ ਨਜ਼ਰ ਆਉਂਦਾ ਹੈ।

ਵਾ:-ਜਿਸ ਵੇਲੇ ਇਕ ਸੁਆਮੀ ਦੀ ਪ੍ਰਾਪਤੀ ਦੀ ਭਗਤੀ ਰੂਪੀ ਬਾਸ=ਵਾਸ਼ਨਾਂ ਰਿਦੇ ਵਿਚ ਬਾਸਰੀ=ਵਸੀ ਤਾਂ ਸੰਸਾਰ ਉਜਾੜ ਵਿੱਚ ਸਾਰੇ ਓਹੀ ਨਜ਼ਰ ਆਇਆ।

ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥ ੨ ॥

ਸੰਤਾਂ ਨੇ ਉਪਦੇਸ਼ ਦੇ ਕੇ ਭਰਮ ਦੂਰ ਕਰ ਦਿੱਤਾ ਹੈ, ਤੇ ਸਭਨਾਂ ਵਿਚ ਉਹ ਪ੍ਰਭੂ ਪੂਰਨ ਦਿੱਸ ਪਿਆ ਹੈ ਇਸ ਲਈ ਅਸੀਂ ਨਿਰ+ਭਉ ਤੋਂ ਰਹਿਤ ਹੋ ਗਏ ਹਾਂ॥ ੨॥

ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ ॥

ਕਰਤੇ ਪੁਰਖ ਨੇ ਜੋ ਕੁਝ ਭੀ ਕਾਰਣੁ=ਕਾਰਜ ਕੀਤਾ ਹੈ, ਉਹ ਹੁਣ ਮਨ ਵਿੱਚ ਬੁਰਾ ਨਹੀਂ ਲੱਗਦਾ।

ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥ ੩ ॥

ਸਤਸੰਗਤ ਵਿੱਚ ਜਾਣ ਕਰਕੇ ਸੰਤਾਂ ਦੀ ਪਰਸਾਦਿ=ਕਿਰਪਾ ਨਾਲ ਮੇਰਾ ਸੁੱਤਾ ਹੋਇਆ ਮਨ ਭਜਨ ਸਿਮਰਨ ਵਿੱਚ, ਵਾ:-ਗਿਆਨ ਜਾਗ੍ਰਤ ਵਿੱਚ ਜਾਗ ਪਿਆ ਹੈ॥ ੩॥

ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ ਆਪ ਜੀ ਦੀ ਸ਼ਰਣ ਵਿੱਚ ਆ ਕੇ ਆਪ ਜੀ ਦੀ ਓੜਿ=ਓਟ ਵਿੱਚ ਪਿਆ ਹੋਇਆ ਹਾਂ। ਵਾ:-ਜੋ ਜਨ ਆਪ ਜੀ ਦੀ ਓੜਿ=ਸ਼ਰਣ ਵਿੱਚ ਪਿਆ ਹੈ ਮੈਂ ਉਸ ਦੀ ਸ਼ਰਣ ਵਿੱਚ ਆਇਆ ਹਾਂ।

ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥ ੪ ॥ ੨ ॥ ੧੬੦ ॥

ਨਾਮ ਦੇ ਰੰਗ=ਪ੍ਰੇਮ ਕਰਕੇ ਸਹਜ+ਰਸ+ਮਾਣੇ=ਆਤਮ ਰਸ ਨੂੰ ਭੋਗਿਆ ਹੈ ਇਸ ਲਈ ਮੁੜ ਕੇ ਦੁੱਖ ਨਹੀਂ ਲਗਦਾ॥ ੪॥ ੨॥ ੧੬੦॥

ਗਉੜੀ ਮਾਲਾ ਮਹਲਾ ੫ ॥

ਪਾਇਆ ਲਾਲੁ ਰਤਨੁ ਮਨਿ ਪਾਇਆ ॥

ਮਨ ਵਿਚ ਲਾਲੁ=ਪ੍ਰੇਮ ਨੂੰ ਪਾਇਆ ਹੈ, ਤੇ ਰਤਨੁ=ਵੈਰਾਗ ਨੂੰ ਵੀ ਪਾਇਆ ਹੈ,

ਵਾ:-ਜਿਨ੍ਹਾਂ ਨੇ ਮਨ ਵਿੱਚ ਰਤਨੁ=ਵੈਰਾਗ ਪਾਇਆ ਹੈ, ਉਨ੍ਹਾਂ ਵਿੱਚ ਅਸਾਂ ਨੇ ਲਾਲੁ=ਪ੍ਰੇਮ ਕਰਨਾ ਪਾਇਆ ਹੈ।

ਵਾ:-ਲਾਲ ਤੇ ਰਤਨ ਵਾਂਗੂੰ ਅਮੋਲਕ ਪ੍ਰਭੂ ਨੂੰ ਜਿਸ ਨੇ ਪਾਇਆ ਹੈ ਉਸ ਦੁਆਰੇ ਅਸਾਂ ਨੇ ਵੀ ਮਨ ਵਿਚ ਪ੍ਰਭੂ ਨੂੰ ਪਾਇਆ ਹੈ।

ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥ ੧ ॥ ਰਹਾਉ ॥

ਸਤਿਗੁਰਾਂ ਦੇ ਸਬਦਿ=ਉਪਦੇਸ਼ ਵਿਚ ਸਮਾਣ ਕਰਕੇ ਤਨ ਵੀ ਸੀਤਲ, ਮਨ ਵੀ ਸੀਤਲ ਥੀਆ=ਹੋ ਗਿਆ ਹੈ॥ ੧ ॥ ਰਹਾਉ॥

ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ॥

ਪਦਾਰਥਾਂ ਦੇ ਖਾਣ ਦੀ ਭੁਖ ਲਾਥੀ=ਲਹਿ ਗਈ ਹੈ, ਪਦਾਰਥਾਂ ਦੇ ਇਕੱਤ੍ਰ ਕਰਨ ਦੀ ਤ੍ਰਿਸ਼ਨਾਂ ਵੀ ਮਿਟ ਗਈ ਹੈ, ਅਤੇ ਸਾਰੀ ਚਿੰਤਾ ਵੀ ਵਿਸਾਰ ਦਿੱਤੀ ਹੈ।

ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ॥ ੧ ॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਮੱਥੇ ਪਰ ਕਿਰਪਾ ਰੂਪੀ ਕਰੁ+ਧਰਿਓ=ਹੱਥ ਰੱਖਿਆ, ਤਾਂ ਮਨ ਨੂੰ ਜਿੱਤ ਲਿਆ ਜਾਂ ਮਨ ਨੂੰ ਜਿਤਿਆ ਤਾਂ ਸਮਝੋ ਸਾਰੇ ਜਗਤ ਨੂੰ ਜਿੱਤ ਲਿਆ॥ ੧ ॥

''ਜੀਤੋ'' ਸ਼ਬਦ ਦੇਹਲੀ-ਦੀਪਕ ਹੈ, ਜੋ ਆਦਿ ਤੇ ਅੰਤ ਅਰਥਾਤ ਪਹਿਲੇ ਤੇ ਪਿਛਲੇ ਦੋਹਾਂ ਪਦਾਂ ਨਾਲ ਸਬੰਧ ਰੱਖਦਾ ਹੈ। ਵਾ:-ਜਗੁ=ਜੀਵ ਰੂਪੀ ਸਾਰੀ=ਨਰਦ ਪੁਗ ਗਈ।

ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ॥

ਹਿਰਦੇ ਅੰਦਰ ਤ੍ਰਿਪਤਿ=ਸੰਤੋਖ ਨੂੰ ਪਾ ਕੇ ਅਘਾਇ=ਰਜ ਰਹੇ ਹਾਂ, ਵਾ:-ਇਸ ਲੋਕ ਦੇ ਪਦਾਰਥਾਂ ਵਲੋਂ ਤ੍ਰਿਪਤਿ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਵੀ ਅਘਾਇ=ਰਜ ਰਹੇ ਹਾਂ, ਹੁਣ ਦਰ ਬ-ਦਰ ਡੋਲਨ=ਭਟਕਣ ਤੋਂ ਰਹਿਤ ਹੋ ਗਏ ਹਾਂ।

ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ॥ ੨ ॥

ਰੇ=ਹੇ ਭਾਈ ! ਸਤਿਗੁਰਾਂ ਨੇ ਸਾਨੂੰ ਅਖੁਟੁ=ਨਾ ਮੁਕਣ ਵਾਲਾ ਉਹ ਖਜ਼ਾਨਾ ਦਿੱਤਾ ਹੈ, ਜਿਸ ਵਿੱਚ ਕਿਸੇ ਵਸਤੂ ਦਾ ਤੋਟਾ=ਘਾਟਾ ਨਹੀਂ ਆਉਂਦਾ, ਕਿਉਂਕਿ ਮੂਕੇ=ਮੁਕਦਾ ਜੋ ਨਹੀ।

ਵਾ:-ਮੂਕੇ=ਮੂਲ ਤੋਂ ਹੀ ਤੋਟਾ=ਘਾਟਾ ਨਹੀਂ ਆਉਂਦਾ ॥ ੨ ॥ ''ਨਹੀਂ'' ਸ਼ਬਦ ਵੀ ਦੇਹਲੀ-ਦੀਪਕ ਹੈ ਜੋ ''ਤੋਟਿ'' ਤੇ ''ਮੂਕੇ'' ਇਨ੍ਹਾਂ ਦੋਹਾਂ ਨਾਲ ਸਬੰਧ ਰੱਖਦਾ ਹੈ।

ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥

ਹੇ ਭਾਈ ! ਇਕ ਅਸਚਰਜ ਦੀ ਗੱਲ ਸੁਣੋ, ਗੁਰਾਂ ਨੇ ਅਜੇਹੀ ਬੂਝ=ਸਮਝ (ਗਿਆਤ) ਸਮਝਾ ਦਿੱਤੀ ਹੈ।

ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥ ੩ ॥

ਜਿਸ ਵੇਲੇ ਪੰਜਾਂ ਕੋਸ਼ਾਂ ਰੂਪੀ, ਵਾ:-ਭਰਮ ਰੂਪ ਪੜਦਾ ਲਾਹ ਕੇ ਗੁਰਾਂ ਨੇ ਠਾਕੁਰ ਨਾਲ ਮੇਲ ਦਿੱਤਾ, ਤਦ ਪਰਾਈ ਤਾਤਿ=ਖ੍ਵਾਹਿਸ਼ (ਇੱਛਾ) ਬਿਸਰੀ=ਭੁਲ ਗਈ॥ ੩ ॥

ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥

ਇਹ ਅਚੰਭਉ=ਅਸਚਰਜ ਰਸ (ਅਨੰਦ) ਕਿਹਾ ਨਹੀਂ ਜਾਂਦਾ,

ਜਿਸ ਨੇ ਚੱਖਿਆ ਹੈ ਇਸ ਨੂੰ ਓਹੀ ਪੁਰਸ਼ ਜਾਣਦਾ ਹੈ।

ਕਹੁ ਨਾਨਕ ਸਚ ਭਏ ਬਿਗਾਸਾ
ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥ ੪ ॥ ੩ ॥ ੧੬੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪੂਰਿਆਂ ਗੁਰਾਂ ਪਾਸੋਂ ਨਾਮ ਰੂਪ ਨਿਧਾਨੁ=ਖਜ਼ਾਨਾ ਲੈ ਕੇ ਹਿਰਦੇ ਵਿੱਚ ਰੱਖਿਆ, ਤਾਂ ਸਚ ਨੂੰ ਪਾ ਕੇ ਬਿਗਾਸਾ=ਅਨੰਦ ਹੋ ਗਏ।

ਵਾ:-ਸਚ ਭਏ ਬਿਗਾਸਾ=ਸਚੇ ਆਨੰਦ ਵਾਲੇ ਹੋ ਗਏ॥ ੪॥ ੩॥ ੧੬੧॥

ਗਉੜੀ ਮਾਲਾ ਮਹਲਾ ੫ ॥ ਉਬਰਤ ਰਾਜਾ ਰਾਮ ਕੀ ਸਰਣੀ ॥

ਹੇ ਭਾਈ ! ਰਾਜਾ ਰਾਮ ਪਰਮਾਤਮਾ ਦੀ ਸ਼ਰਣ ਪਿਆਂ ਹੀ ਜੀਵ ਦਾ ਸੰਸਾਰ ਸਮੁੰਦਰ ਤੋਂ ਉਬਰਤ=ਤਰਨਾ ਹੁੰਦਾ ਹੈ।

ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ ॥ ੧ ॥ ਰਹਾਉ ॥

ਸਰਬ+ਲੋਕ=ਸਾਰੇ ਮਨੁੱਖ, ਵਾ:-ਇੰਦਰਪੁਰੀ, ਬ੍ਰਹਮਪੁਰੀ, ਸ਼ਿਵਪੁਰੀ ਆਦਿਕ ਸਾਰੇ ਲੋਕ ਮਾਇਆ ਦੇ ਮੰਡਲ=ਘੇਰੇ ਵਿਚ ਹਨ, ਵਾ:-ਮਾਇਆ ਦੇ ਬਣਾਏ ਹੋਏ ਹਨ, ਵਾ:-ਸਾਰੇ ਲੋਕ ਅਤੇ ਮੰਡਲ=ਚਾਰ ਸੌ ਕੋਹਾਂ ਦਾ, ਇਹ ਸਭ ਮਾਇਆ ਮਾਤ੍ਰ ਹਨ ਭਾਵ ਮਿਥਿਆ ਹਨ ਏਸੇ ਕਰਕੇ ਇਹ ਸਾਰੇ ਹੀ ਧਰਣੀ=ਧਰਤੀ ਉੱਪਰ ਡਿੱਗ ਡਿੱਗ ਪੈਂਦੇ ਹਨ॥ ੧॥ ਰਹਾਉ॥

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ ॥

ਬੜੇ ਬੜੇ ਤੱਤਵੇਤਾ ਮਹਾਂ ਪੁਰਸ਼ਾਂ ਨੇ ਸ਼ਾਸ਼ਤ੍ਰਾਂ, ਸਿੰਮ੍ਰਿਤੀਆਂ ਤੇ ਵੇਦਾਂ ਨੂੰ ਵਿਚਾਰ ਕੇ ਇਸ ਤਰ੍ਹਾਂ ਕਿਹਾ ਹੈ, *ਅਥਵਾ:*-ਅਸਾਂ ਨੇ ਛੇ ਸ਼ਾਸਤ੍ਰ ਸਤਾਈ ਸਿੰਮ੍ਰਿਤੀਆਂ, ਤੇ ਚਾਰੇ ਵੇਦਾਂ ਨੂੰ ਵਿਚਾਰ ਕੇ ਨਿਸਚੇ ਕਰ ਲਿਆ ਹੈ, ਤੇ ਉਨ੍ਹਾਂ ਸ਼ਾਸਤ੍ਰਾਂ ਸਿੰਮ੍ਰਿਤੀਆਂ ਦੇ ਬਨਾਣ ਵਾਲੇ ਮਹਾਂ ਪੁਰਸ਼ਾਂ ਨੇ ਉਨ੍ਹਾਂ ਵਿਚ ਭੀ ਇਸ ਤਰ੍ਹਾਂ ਕਿਹਾ ਹੈ। ਕਿ-

ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੁਖੁ ਨ ਕਿਨਹੂੰ ਲਹਿਆ ॥ ੧ ॥

ਹਰੀ ਭਜਨ ਤੋਂ ਬਿਨਾਂ ਸੰਸਾਰ ਸਮੁੰਦਰ ਤੋਂ ਨਿਸਤਾਰਾ=ਤਰਨਾ ਨਹੀਂ ਹੁੰਦਾ, ਅਤੇ ਅਜ ਤਕ ਭਜਨ ਸਿਮਰਨ ਤੋਂ ਬਿਨਾਂ ਕਿਸੇ ਨੇ ਸੁਖ ਨਹੀਂ ਲਿਆ॥ ੧॥

ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ ॥

ਭਾਵੇ ਤੀਨਿ+ਭਵਨ=ਤਿੰਨਾਂ ਲੋਕਾਂ ਦੀ ਮਾਇਆ ਇਕੱਠੀ ਕਰ ਲਈ ਜਾਵੇ,

ਤੋਭੀ ਮਾਇਆ ਦੀ ਲਹਰੇ=ਤ੍ਰਿਸ਼ਨਾਂ ਮਿਟਦੀ ਨਹੀਂ ਹੈ।

ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ ॥ ੨ ॥

ਹਰੀ ਦੀ ਭਗਤੀ ਤੋਂ ਬਿਨਾਂ ਕਿਸ ਤਰ੍ਹਾਂ ਇਸਥਿਤੀ ਪਾ ਸਕਦਾ ਹੈ, ਪਹਰੇ+ਪਹਰੇ=ਹਾਲ ਪਹਿਰਿਆ, ਹਾਲ ਪਹਿਰਿਆ ਭਾਵ ਡੰਡ ਰੋਲਾ ਪਾਉਂਦਾ ਫਿਰਦਾ ਹੈ।

(੨) *ਅਥਵਾ:*-ਮਾਇਆ ਲਈ ਪਹੇ ਪਹੇ ਤੇ ਫਿਰਦਾ ਹੈ, ਅਰਥਾਤ ਮਾਇਆ ਪ੍ਰਾਪਤੀ ਦੇ ਜਿੰਨੇ ਕੁ ਸਾਧਨ ਹਨ ਉਨ੍ਹਾਂ ਨੂੰ ਕਰਦਾ ਫਿਰਦਾ ਹੈ।

(੩) ਅਥਵਾ:-ਕਈ ਤਰ੍ਹਾਂ ਦੇ ਭੇਖ ਪਹਿਰ ਪਹਿਰ ਕੇ ਫਿਰਦਾ ਹੈ!

(੪) ਅਥਵਾ:-ਪਹਰ ਪਹਰ ਵਿਚ ਅਰਥਾਤ ਦਿਨ ਦੇ ਚਾਰੇ ਪਹਰ ਫਿਰਦਾ ਰਹਿੰਦਾ ਹੈ।

(੫) ਅਥਵਾ:-ਸਭ ਤੋਂ ਪਹਰੇ+ਪਹਰੇ=ਪਹਿਲੇ ਪਹਿਲੇ ਜਾ ਕੇ ਫਿਰਦਾ ਹੈ ਜਿਥੋਂ ਮਾਇਆ ਮਿਲਣੀ ਹੋਵੇ॥ ੨॥

ਅਨਿਕ ਬਿਲਾਸ ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ॥

ਮਨ ਦੇ ਮੋਹਣ ਵਾਲੀ ਜੋ ਮਾਇਆ ਹੈ ਉਸ ਨੂੰ ਪਾ ਕੇ ਅਨੇਕਾਂ ਬਿਲਾਸ ਕਰਦਾ ਹੈ,
ਪਰ ਕਾਮਨਾ ਫੇਰ ਭੀ ਪੂਰੀ ਨਹੀਂ ਹੁੰਦੀ।

ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ॥ ੩॥

ਮਾਇਆ ਦੀ ਤ੍ਰਿਸ਼ਨਾਂ ਰੂਪੀ ਅੱਗ ਵਿਚ ਜਲਤੋ+ਜਲਤੋ=ਸੜਦਾ ਬਲਦਾ ਰਹਿੰਦਾ ਹੈ, ਵਾ:-ਤ੍ਰਿਸ਼ਨਾਂ ਰੂਪੀ ਜਲਤੋ=ਅਗਨੀ ਨਾਲ ਸੜਦਾ ਰਹਿੰਦਾ ਹੈ ਉਹ ਤ੍ਰਿਸ਼ਨਾਂ ਰੂਪੀ ਅੱਗ ਕਦੇ ਭੀ ਨਹੀਂ ਬੁਝਦੀ, ਸੁਖ ਦੀ ਪ੍ਰਾਪਤੀ ਲਈ ਜੀਵ ਨੇ ਜਤਨ ਤਾਂ ਬਹੁਤ ਕੀਤੇ ਸਨ ਪਰ ਵਾਹਿਗੁਰੂ ਨਾਮ ਤੋਂ ਬਿਨਾਂ ਸਾਰੇ ਵਿਅਰਥ ਜਾਂਦੇ ਹਨ॥ ੩॥

ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰ ਸੁਖੁ ਪੂਰਾ॥

ਹੇ ਮੇਰੇ ਮਿਤਰੋ ! ਹਰੀ ਦਾ ਨਾਮ ਜਪਣਾ ਕਰੋ, ਏਹੋ ਸਾਰੇ ਸੁਖ ਦੇਣ ਵਾਲਾ ਪੂਰਾ ਸਾਧਨ ਹੈ।

ਸਾਧਸੰਗਤਿ ਜਨਮ ਮਰਣੁ ਨਿਵਾਰੈ
ਨਾਨਕ ਜਨ ਕੀ ਧੂਰਾ॥ ੪॥ ੪॥ ੧੬੨॥

ਗਰੂ ਜੀ ਕਥਨ ਕਰਦੇ ਹਨ-ਸਤਸੰਗਤ ਵਿਚ ਪ੍ਰਭੂ ਦਾ ਅਨੰਦ ਮਾਨਣ ਵਾਲੇ ਗੁਰਮੁਖ ਜਨਾਂ ਦੀ ਚਰਨ ਧੂੜੀ ਹੀ ਜਨਮ ਮਰਣ ਦੇ ਨਵਿਰਤ ਕਰਨ ਵਾਲੀ ਹੈ॥ ੪॥ ੪॥ ੧੬੨॥

ਗਉੜੀ ਮਾਲਾ ਮਹਲਾ ੫॥

ਮੋ ਕਉ ਇਹ ਬਿਧਿ ਕੋ ਸਮਝਾਵੈ॥ ਕਰਤਾ ਹੋਇ ਜਨਾਵੈ॥ ੧॥ ਰਹਾਉ॥

ਮੈਨੂੰ ਇਹ ਬਿਧੀ ਕੌਣ ਸਮਝਾਵੇਗਾ? ਪਰ ਜਿਹੜਾ ਆਪਣੇ ਮਨ ਨੂੰ ਵਸੀਕਾਰ ਕਰਨ ਵਾਲਾ ਹੋਵੇਗਾ ਓਹੀ ਇਸ ਭੇਦ ਨੂੰ ਜਣਾਵੇਗਾ॥ ੧॥ ਰਹਾਉ॥

ਪ੍ਰਸ਼ਨ:-ਇਹ ਜੀਵ ਕਵਨ ਕਰਮ ਕਰਿ ਬਾਧਾ:-ਕਿਸ ਕਰਮ ਕਰਕੇ ਸੰਸਾਰਕ ਬੰਧਨਾਂ ਵਿਚ ਬਾਧਾ=ਬੱਧਾ ਗਿਆ ਹੈ ?

ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ॥

ਇਸ ਨੇ ਅਨਜਾਣ ਪੁਣੇ (ਬੇਸਮਝੀ) ਵਿਚ ਕੁਝ ਕਰਮ ਕਮਾਏ ਹਨ, ਜਿਸ ਕਰਕੇ ਬੱਧਾ ਗਿਆ ਹੈ ਜਾਂ ਕੁਝ ਜਪ ਤਪ ਨਹੀਂ ਕੀਤਾ, ਤਾਂ ਇਹ ਬੱਧਾ (ਬੰਨ੍ਹਿਆ) ਗਿਆ ਹੈ।

ਦਹ ਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ॥ ੧॥

ਜਾਂ ਇਸ ਨੇ ਦਸੋ ਦਿਸਾਂ ਵਿਚ ਮਨ ਨੂੰ ਲੈ ਕੇ ਦੌੜਾਇਆ ਹੈ, ਤਾਂ ਬੱਧਾ ਗਿਆ ਹੈ ਆਪ ਨਿਰਣੇ ਕਰਕੇ

ਦਸੋ ਇਨ੍ਹਾਂ ਵਿਚੋਂ ਕਵਨ+ਕਰਮ=ਕਿਹੜੇ ਕਰਮ ਕਰਕੇ ਇਹ ਜਨਮ ਮਰਣ ਵਿਚ ਬਾਧਾ=ਬੱਝ ਗਿਆ ਹੈ ? ॥ ੧ ॥ *ਗੁਰ ਉੱਤਰ:-*

ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥

ਇਹ ਜੀਵ ਮਨ, ਤਨ ਧਨ ਤੇ ਭੂਮਿ ਕਾ=ਪ੍ਰਿਥਵੀ ਦਾ ਠਾਕੁਰ=ਮਾਲਕ ਆਪਣੇ ਆਪ ਨੂੰ ਮੰਨ ਕੇ ਇਸ ਤਰ੍ਹਾਂ ਆਖਦਾ ਹੈ ਕਿ ਹਉ+ਇਸਕਾ=ਮੈਂ ਇਸਦਾ ਮਾਲਕ ਹਾਂ,

ਅਤੇ ਇਹ+ਮੇਰਾ=ਇਹ ਸਭ ਕੁਝ ਮੇਰਾ ਹੈ।

[ਪੰਨਾ ੨੧੬]

ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥ ੨ ॥

ਭਰਮ ਅਤੇ ਮੋਹ ਕਰਕੇ ਇਸ ਜੀਵ ਨੂੰ ਸੁਝਦਾ ਕੁਝ ਭੀ ਨਹੀਂ ਹੈ, ਏਸ ਕਰਕੇ ਏਹੋ ਪੈਖੜ* ਇਸ ਜੀਵ ਦੇ ਪੈਰਾਂ ਵਿਚ ਪੈ ਗਏ ਹਨ। ਅਰਥਾਤ ਹੰਗਤਾ ਮਮਤਾ ਕਰਕੇ ਇਹ ਜੀਵ ਬੱਝ ਗਿਆ ਹੈ॥ ੨ ॥

ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥

ਜਿਸ ਵੇਲੇ ਇਹ ਕੁਝ ਵੀ ਤਾਕਤ ਵਾਲਾ ਨਹੀਂ ਹੁੰਦਾ ਸੀ, ਆਪਣੇ ਆਪ ਖਲੋ ਵੀ ਨਹੀਂ ਸਕਦਾ ਸੀ, ਉਸ ਵੇਲੇ ਇਹ ਜੀਵ ਕਿਸ ਕਮਾਈ ਦੇ ਕਮਾਉਣ ਵਿੱਚ ਪੈ ਰਿਹਾ ਸੀ।

ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥ ੩ ॥

ਜਿਸ ਵੇਲੇ ਨਿਰੰਜਨ=ਮਾਇਆ ਮਲ ਤੋਂ ਰਹਿਤ ਇਕ ਨਿਰੰਕਾਰ ਪ੍ਰਭੂ ਆਪ ਹੀ ਸਭ ਕੁਝ ਕਰਦਾ ਸੀ, ਅਰਥਾਤ ਮਾਂ ਦੇ ਥਣਾਂ ਵਿੱਚ ਦੁੱਧ ਪੈਦਾ ਕਰਕੇ ਇਸ ਦੀ ਪਾਲਣਾ ਕਰਦਾ ਸੀ॥ ੩ ॥

ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥

ਉਹ ਆਪਣੇ ਕਰਤੱਬਾਂ ਨੂੰ ਆਪ ਹੀ ਜਾਣਦਾ ਹੈ,

ਜਿਸ ਵਾਹਿਗੁਰੂ ਨੇ ਇਸ ਸੰਸਾਰ ਰਚਨਾ ਨੂੰ ਰਚਾਵਨਾ ਕੀਤਾ ਹੈ।

ਕਹੁ ਨਾਨਕ ਕਰਣਹਾਰੁ ਹੈ ਆਪੇ
ਸਤਿਗੁਰਿ ਭਰਮੁ ਚੁਕਾਇਆ ॥ ੪ ॥ ੫ ॥ ੧੬੩ ॥

ਗੁਰੂ ਜੀ ਕਥਨ ਕਰਦੇ ਹਨ ਉਹ ਆਪ ਹੀ ਸਭ ਕੁਝ ਕਰਨ ਵਾਲਾ ਹੈ,

ਸਤਿਗੁਰਾਂ ਨੇ ਇਹ ਸਮਝਾ ਕੇ ਮੇਰਾ ਭਰਮ ਦੂਰ ਕਰ ਦਿੱਤਾ ਹੈ॥ ੪ ॥ ੫ ॥ ੧੬੩ ॥

ਗਉੜੀ ਮਾਲਾ ਮਹਲਾ ੫ ॥ ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥

ਹਰੀ ਨਾਮ ਤੋਂ ਬਿਨਾਂ ਜੋ ਅਵਰ=ਹੋਰ ਕਿਰਿਆ ਕਰਨੀ ਹੈ ਉਹ ਸਭ ਵਿਅੱਰਥ ਹੈ। ਕਿਉਂਕਿ:-

ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥ ੧ ॥ ਰਹਾਉ ॥

ਜੋ ਭੀ ਜਪ, ਤਪ, ਸੰਜਮ ਆਦਿਕ ਕਰਮ ਕੀਤੇ ਜਾਂਦੇ ਹਨ, ਇਹ ਸਾਰੇ ਜਮਪੁਰੀ ਤੋਂ ਉਰੇ ਹੀ ਮੂਸੇ=ਲੁਟੇ

---

*ਜੋ ਪੈਰਾਂ ਵਿੱਚ ਰੱਸਾ ਪਾ ਕੇ ਪਸੂ ਨੂੰ ਬੰਨ੍ਹੀਦਾ ਹੈ ਉਸਨੂੰ ਪੈਖੜ ਆਖਦੇ ਹਨ।

ਜਾਂਦੇ ਹਨ। ਗਰੁੜ ਪੁਰਾਣ ਵਿਚ ਲਿਖਿਆ ਹੈ ਜਿਸ ਵੇਲੇ ਜਮ ਮਾਰਗ ਵਿਚ ਚਲਦਿਆਂ ਚਲਦਿਆਂ ਜੀਵ ਨੂੰ ਪਿਆਸ ਲੱਗਦੀ ਹੈ, ਤੇ ਪਾਣੀ ਮੰਗਦਾ ਹੈ ਉਸ ਵੇਲੇ ਜਮਦੂਤ ਇਸ ਦੇ ਪਾਸੋਂ ਕਰਮ ਧਰਮ ਕੀਤੇ ਹੋਏ ਲੈ ਕੇ ਇਸ ਨੂੰ ਪਾਣੀ ਦੇਂਦੇ ਹਨ ਇਸ ਕਰਕੇ ਇਹ ਕਰਮ ਧਰਮ ਉਰੇ ਹੀ ਲੁਟੇ ਜਾਂਦੇ ਹਨ॥ ੧ ॥ ਰਹਾਉ ॥

ਯਥਾ:-ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ (ਪੰਨਾ ੭੪੭)

ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥

ਜਿਨ੍ਹਾਂ ਵਰਤ, ਨੇਮ, ਸੰਜਮ, ਆਦਿਕ ਸਾਧਨਾਂ ਵਿੱਚ ਨਿਤ ਰਹਿੰਦਾ ਸੀ, ਉਨ੍ਹਾਂ ਸਾਧਨਾਂ ਦਾ ਉੱਥੇ ਜਮ ਮਾਰਗ ਵਿੱਚ ਇਕ ਆਢੁ=ਕੌਡੀ ਮੁਲ ਭੀ ਨਾ ਪਾਇਆ।

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥

ਬਿਨੁ ਹਰਿ ਭੋਜਨ ਨਾਹੀ ਨਿਸਤਾਰਾ ਸੁਖੁ ਨ ਕਿਨਹੂੰ ਲਹਿਆ॥ (ਪੰਨਾ ੨੧੫)

ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥ ੧ ॥

ਹੇ ਭਾਈ ! ਆਗੈ=ਪ੍ਰਲੋਕ ਦਰਗਾਹ ਵਿਚ ਨਾਮ ਸਿਮਰਨ ਆਦਿਕ ਹੋਰ ਸਾਧਨਾਂ ਦਾ ਚਲਣ ਹੈ, ਜੇਕਰ ਜੀਵ ਦੇ ਪਾਸ ਨਾਮ ਸਿਮਰਨ ਹੋਵੇ ਤਾਂ ਇਸ ਨੂੰ ਜਮਦੂਤ ਕੁਝ ਨਹੀਂ ਕਹਿ ਸਕਦੇ, ਜਪ ਤਪ ਤੇ ਸੰਜਮ ਆਦਿਕ ਕਰਮ ਊਂਹਾ=ਉਸ ਪ੍ਰਲੋਕ ਦਰਗਾਹ ਵਿੱਚ ਕਿਸੇ ਕੰਮ ਨਹੀਂ ਆਉਂਦੇ। ਜਿਵੇਂ ਅਜ ਕਲ ਦੇ ਸਮੇਂ ਮੁਤਾਬਕ ਹਿੰਦੁਸਤਾਨ ਦਾ ਰੁਪਿਆ ਪਾਕਿਸਤਾਨ ਵਿੱਚ ਨਹੀਂ ਚਲਦਾ॥ ੧ ॥

ਤੀਰਥਿ ਨਾਇ ਅਰੁ ਧਰਨੀ ਕ੍ਰਮਤਾ ਆਗੈ ਠਉਰੁ ਨ ਪਾਵੈ॥

ਜੋ ਪੁਰਸ਼ ਤੀਰਥਾਂ ਪਰ ਇਸ਼ਨਾਨ ਕਰਦਾ ਹੈ ਅਤੇ ਜੋ ਧਰਤੀ ਉੱਪਰ ਫਿਰਦਾ ਹੈ,
ਉਹ ਪੁਰਸ਼ ਭੀ ਆਗੈ=ਪ੍ਰਲੋਕ ਦਰਗਾਹ ਵਿੱਚ ਠਹਿਰਨ ਵਾਸਤੇ ਕੋਈ ਜਗ੍ਹਾ ਨਹੀਂ ਪਾਂਦਾ।
ਕਿਉਂਕਿ-ਤੀਰਥਾਂ ਪਰ ਇਸ਼ਨਾਨ ਕਰਨਾ ਤੇ ਧਰਤੀ ਉੱਪਰ ਫਿਰਦਿਆਂ ਰਹਿਣਾ:-

ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥ ੨ ॥

ਇਹ ਦੋਵੇਂ ਬਿਧੀਆਂ ਓਥੇ ਕਿਸੇ ਕੰਮ ਨਹੀਂ ਆਂਦੀਆਂ, ਕਿਉਂਕਿ ਓਥੋਂ ਦੇ ਰਹਿਣ ਵਾਲੇ ਉਹ ਲੋਕ ਇਨ੍ਹਾਂ ਗੱਲਾਂ ਉੱਪਰ ਪਤੀਆਵੈ=ਭਰੋਸਾ ਨਹੀਂ ਕਰਦੇ॥ ੨ ॥

ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥

ਜੋ ਪੁਰਸ਼ ਮੁਖ+ਬਚਨੀ=ਮੂੰਹ ਜ਼ਬਾਨੀ ਚਾਰੇ ਬੇਦਾਂ ਨੂੰ ਉਚਾਰਦਾ ਹੈ ਉਹ ਭੀ ਅੱਗੇ ਜਾ ਕੇ ਮਹਲੁ=ਸਰੂਪ ਨੂੰ ਨਹੀਂ ਪਾਉਂਦਾ। ਕਿਉਂਕਿ:-

ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥ ੩ ॥

ਸੁਧ+ਅਖਰੁ=ਸ਼ੁਧ ਅਤੇ ਖਿਰਨੇ ਤੋਂ ਰਹਿਤ ਜੋ ਇਕ ਪ੍ਰਭੂ ਹੈ ਉਸ ਨੂੰ ਜਾਣਦਾ ਨਹੀਂ ਹੈ,
ਉਹ ਮਨੁੱਖ ਸਾਰੀ ਉਮਰਾ ਐਵੇਂ ਝਾਖ+ਝਖਾਈਐ=ਗੱਪਾਂ ਹੀ ਮਾਰਦਾ ਰਹਿੰਦਾ ਹੈ॥ ੩ ॥

ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ॥

ਗੁਰੂ ਜੀ ਕਥਨ ਕਰਦੇ ਹਨ, ਇਸ ਉੱਤਮ ਵਿਚਾਰ ਨੂੰ ਜਿਹੜਾ ਕਮਾਵੇਗਾ, ਉਹ ਸੰਸਾਰ ਗ੍ਰਾਮ ਤੋਂ ਪਾਰ

ਹੋ ਜਾਵੇਗਾ।

ਗੁਰੁ ਸੇਵਹੁ ਅਰੁ ਨਾਮੁ ਧਿਆਵਹੁ
ਤਿਆਗਹੁ ਮਨਹੁ ਗੁਮਾਨੀ॥ ੪ ॥ ੬ ॥ ੧੬੪ ॥

ਆਪਣਿਆਂ ਗੁਰਾਂ ਦੀ ਸੇਵਾ ਕਰੋ, ਪ੍ਰਭੂ ਦੇ ਨਾਮ ਨੂੰ ਧਿਆਵੋ, ਅਤੇ ਮਨ ਵਿਚੋਂ ਹੰਕਾਰ ਨੂੰ ਤਿਆਗ ਦਿਓ। ਕਿਉਂਕਿ ਇਹ ਤਿੰਨੇ ਹੀ ਮੁਕਤੀ ਦੇ ਸਾਧਨ ਹਨ॥ ੪ ॥ ੬ ॥ ੧੬੪ ॥

ਗਉੜੀ ਮਾਲਾ ੫ ॥ ਮਾਧਉ ਹਰਿ ਹਰਿ ਹਰਿ ਮੁਖਿ ਕਹੀਐ॥

ਵਾਹਿਗੁਰੂ ਅੱਗੇ ਬੇਨਤੀ ਕਰਦੇ ਹਨ, ਹੇ ਮਾਧਉ=ਮਾਇਆ ਪਤੀ ਪਰਮਾਤਮਾ ਇਹ ਕ੍ਰਿਪਾ ਕਰ, ਜੋ ਮਨ ਬਾਣੀ ਸਰੀਰ ਕਰਕੇ ਹਰਿ ਹਰਿ ਹਰਿ ਨਾਮ ਨੂੰ ਕਹਿੰਦੇ ਰਹੀਏ।

ਵਾ:-ਮੇਰਾ ਮੂੰਹ ਹਰ ਵੇਲੇ ਹਰਿ ਹਰਿ ਨਾਮ ਹੀ ਕਹਿੰਦਾ ਰਹੇ।

ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ॥ ੧ ॥ ਰਹਾਉ ॥

ਹੇ ਸੁਆਮੀ ! ਆਪ ਜੀ ਦੀ ਕ੍ਰਿਪਾ ਤੋਂ ਬਿਨਾਂ ਸਾਥੋਂ ਕੁਝ ਨਹੀਂ ਹੁੰਦਾ,
ਜਿਵੇਂ ਤੁਸੀਂ ਰੱਖਦੇ ਹੋ ਤਿਵੇਂ ਅਸੀਂ ਰਹਿੰਦੇ ਹਾਂ॥ ੧ ॥ ਰਹਾਉ॥

ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ॥

ਇਹ ਜੀਵ "ਕਿਆ ਕਿਛੁ ਕਰੈ"=ਕੀ ਕੁਝ ਕਰੇਗਾ, ਇਹ ਕੀ ਕਰਨ ਜੋਗਾ ਹੈ,
ਅਤੇ ਇਸ ਵਿਚਾਰੇ ਦੇ ਹੱਥ ਵਿੱਚ ਹੀ ਕੀ ਹੈ?

ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ॥ ੧ ॥

ਜਿਧਰ ਆਪ ਲਗਾਉਂਦੇ ਹੋ ਉਧਰ ਹੀ ਮੈਂ ਲੱਗਦਾ ਹਾਂ,
ਆਪ ਹੀ ਅਸਾਡੇ ਪੂਰਨ ਖਸਮ=ਸੁਆਮੀ ਹੋ॥ ੧ ॥

ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ॥

ਹੇ ਸਰਬ ਜੀਵਾਂ ਦੇ ਦਾਤੇ ਪ੍ਰਭੂ ! ਕ੍ਰਿਪਾ ਕਰਕੇ ਮੇਰੀ ਲਿਵ ਇਕ ਆਪਣੇ ਰੂਪ=ਸਰੂਪ ਵਿਖੇ ਲਗਾਵੋ।

ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ॥ ੨ ॥ ੭ ॥ ੧੬੫ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ ਦੀ ਹੇ ਹਰੀ ! ਆਪ ਜੀ ਪਾਸ ਬੇਨਤੀ ਹੈ
ਆਪ ਮੇਰੇ ਪਾਸੋਂ ਆਪਣਾ ਨਾਮ ਜਪਵਾਓ॥ ੨ ॥ ੭ ॥ ੧੬੫ ॥

ਰਾਗੁ ਗਉੜੀ ਮਾਝ ਮਹਲਾ ੫

ੴ ਸਤਿਗੁਰ ਪ੍ਰਸਾਦਿ॥ ਦੀਨ ਦਇਆਲ ਦਮੋਦਰ ਰਾਇਆ ਜੀਉ॥
ਕੋਟਿ ਜਨਾ ਕਰਿ ਸੇਵ ਲਗਾਇਆ ਜੀਉ॥

ਹੇ ਦਮੋਦਰ ਪ੍ਰਭੂ ! ਤੂੰ ਦੀਨ ਦਿਆਲ ਤੇ ਸਭਨਾਂ ਦਾ ਰਾਇਆ=ਰਾਜਾ, ਵਾ:-ਪ੍ਰਕਾਸ਼ ਰੂਪ ਹੈਂ।

ਤੁਸਾਂ ਨੇ ਕੋ੍ੜਾਂ ਹੀ ਪੁਰਸ਼ਾਂ ਨੂੰ ਆਪਣੀ ਸੇਵਾ ਵਿੱਚ ਲਾਇਆ ਹੋਇਆ ਹੈ।

ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ ॥
ਪੂਰਨ ਸਭਨੀ ਜਾਈ ਜਾਉ ॥ ੧ ॥

ਆਪ ਜੀ ਦਾ ਬਿਰਦੁ=ਧਰਮ ਭਗਤ ਵਛਲ ਹੈ, ਇਹ ਤੁਸਾਂ ਨੇ ਆਪਣਾ ਨਾਂ ਆਪ ਹੀ ਰਖਾਇਆ ਹੋਇਆ ਹੈ। ਫਿਰ ਆਪ ਸਭ ਜਗ੍ਹਾ ਪਰ ਪੂਰਨ ਹੋ॥ ੧ ॥

ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ ॥ ਸੰਤਾ ਦਾਸੀ ਸੇਵਾ ਚਰਣੀ ਜੀਉ ॥

ਹੇ ਪ੍ਰੀਤਮ ਪ੍ਰਭੂ ! ਮੈਂ ਆਪ ਜੀ ਦਾ ਦਰਸ਼ਨ ਕਿਵੇਂ ਵੇਖਣਾ ਕਰਾਂ,
ਉਹ ਸ੍ਰੇਸ਼ਟ ਕਰਣੀ ਕਿਹੜੀ ਹੈ ਜਿਸ ਨੂੰ ਵੇਖ ਕੇ ਤੂੰ ਪ੍ਰਸੰਨ ਹੁੰਦਾ ਹੈਂ
ਉੱਤਰ:-ਸੰਤਾਂ ਦੀ ਦਾਸੀ ਹੋ ਕੇ ਉਨ੍ਹਾਂ ਦੇ ਚਰਣਾਂ ਦੀ ਸੇਵਾ ਕਰੇ।

ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ ॥
ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ ॥ ੨ ॥

ਇਸ ਆਪਣੇ ਜੀਅ ਨੂੰ ਉਨ੍ਹਾਂ ਤੋਂ ਵਤਾਂਈ-ਵਾਰਨੇ ਕਰ, ਤੇ ਬਲਿਹਾਰ ਕੁਰਬਾਣ ਜਾਣਾ ਕਰ। ਅਤੇ ਨਿਉਂ ਨਿਉਂ ਕੇ ਤਿਸੁ+ਪਾਈ=ਉਨ੍ਹਾਂ ਦੇ ਚਰਣੀ ਲਗਣਾ ਕਰ॥ ੨ ॥

ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥ ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥

ਕੋਈ ਪੰਡਿਤ ਹੋ ਕੇ ਪੋਥੀਆਂ ਤੇ ਵੇਦਾਂ ਨੂੰ ਖੋਜਦਾ ਭਾਵ ਵਿਚਾਰਦਾ ਹੈ,
ਅਤੇ ਕੋਈ ਵੈਰਾਗਵਾਨ ਹੋ ਕੇ ਤੀਰਥਾਂ ਪਰ ਨਾਵੰਤਾ=ਇਸ਼ਨਾਨ ਕਰਦਾ ਹੈ।

ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥
ਹਰਿ ਨਿਰਭਉ ਨਾਮੁ ਧਿਆਈ ਜੀਉ ॥ ੩ ॥

ਕੋਈ ਗੀਤ ਪੜ੍ਹਦਾ ਹੈ, ਵਾ:-ਗੀਤ=ਬਿਸ਼ਨਪਦੇ ਗਾਉਂਦਾ ਹੈ, ਤੇ
ਕੋਈ ਨਾਦ=ਵਾਜਿਆਂ ਨੂੰ ਵਜਾ ਕੇ ਕੀਰਤਨ ਕਰਦਾ ਹੈ। ਪਰ
ਹੇ ਨਿਰਭਉ ਹਰੀ ! ਮੈਂ ਕੇਵਲ ਆਪ ਜੀ ਦੇ ਨਾਮ ਨੂੰ ਧਿਆਉਂਦਾ ਹਾਂ॥ ੩ ॥

ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥
ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥

ਹੇ ਸੁਆਮੀ ਜੀ ! ਜਿਸ ਵੇਲੇ ਆਪ ਮੇਰੇ ਕ੍ਰਿਪਾਲੂ ਹੋਏ। ਤਿਸ ਵੇਲੇ ਗੁਰੂ ਜੀ ਦੇ ਪੈਰੇ=ਚਰਨੀ ਲਗ ਕੇ ਪਤਿਤ+ਪਵਿਤ=ਪਾਪੀਆਂ ਤੋਂ ਪਵਿੱਤ੍ਰ ਹੋ ਗਏ ਹਾਂ।

[ਪੰਨਾ ੨੧੭]

ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥

ਗੁਰ ਮਨ ਕੀ ਆਸ ਪੂਰਾਈ ਜੀਉ ॥ ੪ ॥

ਗੁਰੂ ਜੀ ਨੇ ਭਰਮ ਤੇ ਡਰ ਨੂੰ ਕੱਟ ਕੇ ਨਿਰਵੈਰ ਕਰ ਦਿੱਤਾ ਹੈ,

ਗੁਰਾਂ ਨੇ ਮੇਰੇ ਮਨ ਦੀ ਆਸਾ ਪੂਰਾਈ=ਪੂਰਨ ਕਰ ਦਿੱਤੀ ਹੈ॥ ੪॥

ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥

ਜਿਸਨੇ ਗੁਰਾਂ ਪਾਸੋਂ ਨਾਮ ਪਾਇਆ ਹੈ ਉਹ ਪ੍ਰਤੱਖ ਧਨ ਨੂੰ ਪਾ ਕੇ,

ਵਾ:-ਆਤਮ ਧਨ ਨੂੰ ਪਾ ਕੇ ਧਨਵੰਤਾ=ਧਨਾਢ ਹੋਇਆ ਹੈ।

ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥

ਜਿਸ ਨੇ ਪ੍ਰਭੂ ਨੂੰ ਧਿਆਇਆ ਹੈ ਉਹ ਸੋਭਾ ਵਾਲਾ ਹੋਇਆ ਹੈ।

ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ ॥

ਜਿਸ ਨੂੰ ਸੰਤਾਂ ਦੀ ਸਤਸੰਗਤ ਪ੍ਰਾਪਤ ਹੋਈ ਹੈ ਉਸ ਦੀ ਸਾਰੀ ਕਰਣੀ ਸ੍ਰੇਸ਼ਟ ਹੈ।

ਜਨ ਨਾਨਕ ਸਹਜਿ ਸਮਾਈ ਜੀਉ ॥ ੫ ॥ ੧ ॥ ੧੬੬ ॥

ਗਰੂ ਜੀ ਕਥਨ ਕਰਦੇ ਹਨ-ਉਸ ਜਨ ਦੀ ਸਹਜ ਪਦ ਵਿਚ ਸਮਾਈ ਹੋਈ ਹੈ॥ ੫ ॥ ੧ ॥ ੧੬੬ ॥

ਗਉੜੀ ਮਹਲ਼ਾ ੫ ਮਾਝ ॥

ਇਸ ਸ਼ਬਦ ਦੁਆਰੇ ਸੰਤਾਂ ਦੇ ਸਨਮੁਖ ਬੇਨਤੀ ਰੂਪ ਉਸਤਤੀ ਕਰਦੇ ਹਨ।

ਆਉ ਹਮਾਰੈ ਰਾਮ ਪਿਆਰੇ ਜੀਉ ॥ ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥

ਹੇ ਰਾਮ ਦੇ ਪਿਆਰੇ ਸੰਤ ਜੀਉ ! ਤੁਸੀਂ ਸਾਡੇ ਪਾਸ ਆਉਣਾ ਕਰੋ।

ਅਸੀਂ ਤੁਹਾਡੇ ਨਾਲ ਮਿਲ ਕੇ ਰਾਤ ਦਿਨ ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਨਾਮ ਨੂੰ ਚਿਤਾਰਨਾ ਕਰੀਏ।

ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ ॥
ਤੁਧੁ ਬਿਨੁ ਕਿਤੁ ਬਿਧਿ ਤਰੀਐ ਜੀਉ ॥ ੧ ॥

ਹੇ ਸੰਤੋ ! ਮੈਂ ਤੁਹਾਡੇ ਚਰਨਾਂ ਵਿਚ ਪੈ ਰਿਹਾ ਹਾਂ, ਆਪ ਮੈਨੂੰ ਪ੍ਰਭੂ ਦੀ ਪ੍ਰਾਪਤੀ ਦਾ ਸੰਦੇਸਾ= ਸਨੇਹਾ ਦੇਣਾ ਕਰੋ। ਤੁਹਾਡੇ ਬਿਨਾਂ ਮੈਂ ਕਿਸ ਪ੍ਰਕਾਰ ਤਰਨਾ ਕਰਾਂ॥ ੧॥

ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥

ਤੁਹਾਡੇ ਸੰਗ ਕਰਕੇ ਮੈਂ ਬਹੁਤ ਹੀ ਆਨੰਦ ਲੈਣਾ ਕੀਤੇ ਹਨ। ਅਤੇ-

ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥

ਪ੍ਰਤੱਖ ਵਣਾਂ, ਤ੍ਰਿਣਾਂ ਤੇ ਤਿੰਨਾਂ ਭਵਨਾਂ ਵਿਚ, ਵਾ:-ਵਣਿ=ਅੰਤਹਕਰਣ, ਤਿਣਿ=ਇੰਦ੍ਰੀਏ ਤ੍ਰਿਭਵਣਿ= ਸਥੂਲ, ਸੂਖਮ, ਕਾਰਨ ਰੂਪ ਤਿੰਨਾਂ ਸਰੀਰਾਂ ਵਿੱਚ ਸੁਖ ਸਰੂਪ ਪਰਮਾਨੰਦ ਨੂੰ ਨਿਸਚੇ ਕੀਤਾ ਹੈ। ਪਾਠਾਂਤ੍ਰ ਪਾਠ:-

ਵਣਿ ਤਿਣਿ।

ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ ॥

ਸ਼ਰਧਾ ਵਸਿਸ਼ਟ ਅੰਤਹਕਰਣ ਰੂਪੀ ਸੇਜਾ ਸੋਭਨੀਕ ਹੋਣ ਕਰਕੇ ਇਹ ਮਨ ਅਨੰਦ ਹੋਇਆ ਹੈ।

ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ ॥ ੨ ॥

ਹੇ ਸੰਤ ਜੀ ! ਆਪ ਜੀ ਦੇ ਪਵਿੱਤ੍ਰ ਦਰਸ਼ਨ ਨੂੰ ਵੇਖ ਕੇ ਇਹ ਆਤਮ ਸੁਖ ਲੈਣਾ ਕੀਤਾ ਹੈ॥ ੨ ॥

ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥
ਪੂਜਾ ਅਰਚਾ ਬੰਦਨ ਦੇਵਾ ਜੀਉ ॥

ਚਰਨਾਂ ਦੇ ਪਖਾਰਿ=ਧੋਣ ਰੂਪ ਸੇਵਾ ਨੂੰ ਮੈਂ ਨਿਤਾਪ੍ਰਤੀ ਕਰਦਾ ਹਾਂ, ਦੇਵਾ=ਪ੍ਰਕਾਸ਼ ਰੂਪ ਪਰਮਾਤਮਾ ਨੂੰ ਜੋ ਬੰਦਨ=ਨਮਸ਼ਕਾਰ ਕਰਦਾ ਹਾਂ ਏਹੀ ਅਰਚਾ=ਮੂਰਤੀ ਦਾ ਪੂਜਨ ਕਰਦਾ ਹਾਂ, ਵਾ:-ਏਹੀ ਪੂਜਾ ਕਰਦਾ ਹਾਂ, ਏਹੀ ਅਰਚਾ=ਚੰਦਨ ਦਾ ਛਿਣਕਣਾ ਕਰਦਾ ਹਾਂ।

ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥
ਬਿਨਉ ਠਾਕੁਰ ਪਹਿ ਕਹੀਐ ਜੀਉ ॥ ੩ ॥

ਦਾਸਾਂ ਦਾ ਦਾਸ ਹੋ ਕੇ ਮੈਂ ਨਾਮ ਨੂੰ ਜਪ ਲੈਣਾ ਕਰਾਂ,
ਮੇਰੀ ਤਰਫੋਂ ਠਾਕੁਰ ਦੇ ਪਾਸ ਜ਼ਰੂਰੀ ਬੇਨਤੀ ਦੇ ਸ਼ਬਦ ਕਹੀਐ=ਕਹੋ॥ ੩ ॥

ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥

ਹੇ ਸੰਤ ਜੀ ! ਆਪ ਜੀ ਦੀ ਕਿਰਪਾ ਕਰਕੇ ਮੇਰੀ ਇੱਛਾ ਪੂਰਨ ਹੋਈ ਹੈ, ਅਤੇ
ਮਨ ਤਨ ਸ਼ੁਭ ਗੁਣਾਂ ਕਰਕੇ ਹਰਿਆ ਹੋਇਆ ਹੈ।

ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥

ਆਪ ਜੀ ਦੇ ਦਰਸ਼ਨ ਨੂੰ ਵੇਖ ਕੇ ਸਾਰਿਆਂ ਦੁਖਾਂ ਨੂੰ ਪਰਹਰਿਆ=ਦੂਰ ਕੀਤਾ ਹੈ।

ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥

ਹਰਿ ਹਰਿ ਨਾਮ ਜਪ ਨੂੰ ਜਪ ਕੇ ਸੰਸਾਰ ਸਾਗਰ ਤੋਂ ਤਰ ਗਿਆ ਹਾਂ।

ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ ॥ ੪ ॥ ੨ ॥ ੧੬੭ ॥

ਗਰੂ ਜੀ ਕਥਨ ਕਰਦੇ ਹਨ-ਇਹ ਅਜਰੁ=ਨਾ ਜਰੇ ਜਾਣ ਵਾਲਾ ਆਤਮ ਸੁਖ ਸਹੀਐ=ਸਹਾਰਨਾ ਕੀਤਾ ਹੈ॥ ੪ ॥ ੨ ॥ ੧੬੭ ॥

ਗਉੜੀ ਮਾਝ ਮਹਲਾ ੫ ॥

ਇਸ ਸ਼ਬਦ ਦੁਆਰਾ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ।

ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ ॥

ਹੇ ਮੇਰੇ ਮਨ ਦੇ ਪਿਆਰੇ ! ਮਿਤ੍ਰ ਇਸ ਲੋਕ ਦੇ, ਅਤੇ ਪ੍ਰਲੋਕ ਦੇ ਸੱਜਣ ਮੇਰੀ ਬੇਨਤੀ ਸੁਨਣਾ ਹੀ ਸੁਨਣਾ ਕਰੋ। *ਅਥਵਾ:*-ਹੇ ਪਿਆਰੇ ਸਜਣ ਤੇ ਮਨ+ਮਿਤ=ਸ਼ਰੋਮਣੀ ਮਿਤ੍ਰ ਪ੍ਰਭੂ ਸੁਣਿ=ਕੰਨ ਦੇ ਕੇ ਮੇਰੀ ਬੇਨਤੀ ਸੁਣੋ।

ਮਨੁ ਤਨੁ ਤੇਰਾ ਇਹੁ ਜੀਉ ਭਿ ਵਾਰੇ ਜੀਉ ॥

ਅਸਾਂ ਨੇ ਆਪਣਾ ਮਨ ਤਨ ਤੇਰਾ ਦਿੱਤਾ ਹੈ, ਅਤੇ ਇਹ ਜੀਵ ਭੀ ਆਪ ਜੀ ਉੱਤੋਂ ਭਿਵਾਰੇ=ਵਾਰਨੇ ਕਰ ਦਿੱਤਾ ਹੈ।

ਵਿਸਰੁ ਨਾਹੀ ਪ੍ਰਭ ਪ੍ਰਾਣ ਅਧਾਰੇ ਜੀਉ ॥ ਸਦਾ ਤੇਰੀ ਸਰਣਾਈ ਜੀਉ ॥ ੧ ॥

ਹੇ ਪ੍ਰਾਣਾਂ ਦੇ ਆਸਰੇ ਪ੍ਰਭੂ ! ਮੈਨੂੰ ਆਪ ਨਾ ਭੁਲੋ, ਮੈਂ ਸਦੀਵ ਕਾਲ ਆਪ ਜੀ ਦੀ ਸ਼ਰਨ ਹਾਂ॥ ੧ ॥

ਜਿਸੁ ਮਿਲਿਐ ਮਨੁ ਜੀਵੈ ਭਾਈ ਜੀਉ ॥
ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥

ਹੇ ਭਾਈ ! ਜਿਸ ਦੇ ਮਿਲਿਆਂ ਮਨੁ=ਮੇਰਾ ਮਨ ਜੀਉਂਦਾ ਹੈ। ਗੁਰਾਂ ਦੀ ਪਰਸਾਦੀ=ਕਿਰਪਾ ਦੁਆਰੇ ਉਸ ਹਰਿ ਹਰਿ ਨਾਮ ਦੀ ਦਾਤ ਮੈਨੇ ਪਾਈ ਹੈ।

ਸਭ ਕਿਛੁ ਪ੍ਰਭ ਕਾ ਪ੍ਰਭ ਕੀਆ ਜਾਈ ਜੀਉ ॥
ਪ੍ਰਭ ਕਉ ਸਦ ਬਲਿ ਜਾਈ ਜੀਉ ॥ ੨ ॥

ਸਭ ਕੁਝ ਪ੍ਰਭੂ ਦਾ ਹੈ, ਪ੍ਰਭੂ ਦੀਆਂ ਹੀ ਸਭ ਜਾਈ=ਜਗ੍ਹਾਂ ਹਨ,
ਮੈਂ ਉਸ ਪ੍ਰਭੂ ਤੋਂ ਸਦਾ ਬਲਿਹਾਰ ਕੁਰਬਾਣ ਜਾਂਦਾ ਹਾਂ॥ ੨ ॥

ਏਹੁ ਨਿਧਾਨੁ ਜਪੈ ਵਡਭਾਗੀ ਜੀਉ ॥ ਨਾਮ ਨਿਰੰਜਨ ਏਕ ਲਿਵ ਲਾਗੀ ਜੀਉ ॥

ਇਹ ਨਾਮ ਹੀ ਨਿਧੀਆਂ ਦਾ ਖਜ਼ਾਨਾ ਹੈ, ਕੋਈ ਵਡਭਾਗੀ ਪੁਰਸ਼ ਇਸ ਨਾਮ ਨੂੰ ਜਪਦਾ ਹੈ।
ਮੇਰੀ ਲਿਵ ਇਕਸਾਰ ਨਿਰੰਜਨ ਦੇ ਨਾਮ ਵਿੱਚ ਲੱਗ ਰਹੀ ਹੈ।

ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥

ਪੂਰਿਆਂ ਗੁਰਾਂ ਪਾਸੋਂ ਇਹ ਨਾਮ ਪਾਇਆ ਹੈ ਜਿਸ ਨੇ ਮੇਰੇ ਸਾਰੇ ਦੁੱਖਾਂ ਨੂੰ ਮਿਟਾ ਦਿੱਤਾ ਹੈ।

ਆਠ ਪਹਰ ਗੁਣ ਗਾਇਆ ਜੀਉ ॥ ੩ ॥

ਹੁਣ ਮੈਂ ਅੱਠੇ ਪਹਿਰ ਪ੍ਰਭੂ ਦੇ ਗੁਣਾਂ ਨੂੰ ਗਾਵਣਾ ਕੀਤਾ ਹੈ।
ਅਥਵਾ:-ਜਿਸ ਨੇ ਪੂਰਿਆਂ ਗੁਰਾਂ ਨੂੰ ਪਾਇਆ ਹੈ,
ਤੇ ਅੱਠੇ ਪਹਿਰ ਗੁਣਾਂ ਨੂੰ ਗਾਇਆ ਹੈ ਉਸ ਨੇ ਸਾਰਿਆਂ ਦੁੱਖਾਂ ਨੂੰ ਮਿਟਾਇਆ ਹੈ॥ ੩ ॥

ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥

ਹੇ ਹਰੀ ! ਆਪ ਜੀ ਦਾ ਨਾਮ ਪਦਾਰਥ ਰਤਨ ਵਾਂਗੂੰ ਅਮੋਲਕ ਹੈ।

ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥

ਇਸ ਦੇ ਵੇਚਣ ਵਾਲਾ ਤੂੰ ਸੱਚਾ ਸ਼ਾਹ ਹੈਂ, ਅਤੇ ਸ਼ਰਧਾ ਰੂਪ ਮੁਲ ਦੇ ਦੇਣ ਵਾਲਾ ਭਗਤ ਇਸ ਨਾਮ ਦਾ ਵਣਜਾਰਾ ਭਾਵ ਖਰੀਦਣ ਵਾਲਾ ਹੈ।

ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥
ਜਨ ਨਾਨਕ ਸਦ ਬਲਿਹਾਰਾ ਜੀਉ ॥ ੪ ॥ ੩ ॥ ੧੬੮ ॥

ਜੋ ਪੁਰਸ਼ ਸ਼ਰਧਾ ਰੂਪੀ ਰਾਸਿ=ਪੂੰਜੀ ਕਰਕੇ ਹਰੀ ਨਾਮ ਧਨ ਦਾ ਸਚਾ ਵਾਪਾਰ ਕਰਦਾ ਹੈ।
ਗੁਰੂ ਜੀ ਕਥਨ ਕਰਦੇ ਹਨ ਮੈਂ ਜਨ ਉਸ ਪੁਰਸ਼ ਤੋਂ ਸਦਾ ਬਲਿਹਾਰ ਕੁਰਬਾਣ ਜਾਂਦਾ ਹਾਂ ॥ ੪ ॥ ੩ ॥ ੧੬੮ ॥

ਰਾਗੁ ਗਉੜੀ ਮਾਝ੍ਹ ਮਹਲਾ ੫
੧ਓ ਸਤਿਗੁਰ ਪ੍ਰਸਾਦਿ ॥

ਮਾਝ ਦੇ ਹੇਠਾਂ ਜੋ ਦੂਣੀ ਹੈ ਉਸ ਦਾ ਭਾਵ ਇਹ ਹੈ ਕਿ ਇਹ ਮਾਝ ਦੂਜੇ ਪ੍ਰਕਾਰ ਦਾ ਹੈ।
ਵਾ:-ਇਸ ਦਾ ਦੋ ਲੱਖ ਪਾਠ ਕਰੇ ਤਾਂ ਫਲ ਦੀ ਪ੍ਰਾਪਤੀ ਹੁੰਦੀ ਹੈ।

ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥

ਹੇ ਕਰਤੇ ਪੁਰਖ ਵਾਹਿਗੁਰੂ ! ਤੂੰ ਹੀ ਮੈਨੂੰ ਇਸ ਲੋਕ ਵਿੱਚ ਬਹੁਤ ਮਾਣ ਸਤਿਕਾਰ ਦੇਣ ਵਾਲਾ ਹੈਂ, ਤੂੰ ਹੀ ਮੈਨੂੰ ਪ੍ਰਲੋਕ ਵਿੱਚ ਬਹੁਤਾ ਮਾਣ ਸਤਿਕਾਰ ਦੇਣ ਵਾਲਾ ਹੈਂ।
ਵਾ:-ਪਿਛੇ ਵੀ ਤੂੰ ਮੈਨੂੰ ਬਹੁਤਾ ਮਾਣ ਦੇਂਦਾ ਸੀ, ਹੁਣ ਵੀ ਤੂੰ ਮੈਨੂੰ ਬਹੁਤਾ ਮਾਣ ਦੇਂਦਾ ਹੈਂ।

ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥ ੧ ॥ ਰਹਾਉ ॥

ਤੁਹਾਡੇ ਜੋਰਿ=ਬਲ ਕਰਕੇ, ਵਾ:-ਜੋਰਿ=ਗਿਆਨ ਕਰਕੇ ਮੈਂ ਸੁਖ ਸਹਿਤ ਵਸਦਾ ਹਾਂ।
ਸਚੇ ਗੁਰਾਂ ਦੇ ਸ਼ਬਦ ਕਰਕੇ ਤੂੰ ਨੀਸਾਣੁ=ਪ੍ਰਗਟ ਹੁੰਦਾ ਹੈਂ।
ਵਾ:-ਹੇ ਸਚੇ ਸਬਦੁ=ਬ੍ਰਹਮ ਤੂੰ ਸਾਰੇ ਨੀਸਾਣੁ=ਪ੍ਰਗਟ ਹੈਂ ॥ ੧ ॥ ਰਹਾਉ ॥

ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥

ਇਸ ਜੀਵ ਨੇ ਭਲੇ ਬੁਰੇ ਦੀਆਂ ਸਾਰੀਆਂ ਗੱਲਾਂ ਜਾਣ ਲਈਆਂ ਹਨ, ਪਰ ਫਿਰ ਸੁਣ ਕੇ ਚੁੱਪ ਕੀਤਾ ਹੋਇਆ ਹੈ। ਵਾ:-ਜੀਵ ਨੇ ਸਾਰੀਆਂ ਗੱਲਾਂ ਜਾਣੀਆਂ ਭੀ ਹਨ ਕਿ ਸੁਖ ਦੁਖ ਕਰਮਾਂ ਅਨੁਸਾਰ ਮਿਲਦੇ ਹਨ, ਵੇਦਾਂ ਸ਼ਾਸ਼ਤ੍ਰਾਂ ਦੁਆਰੇ ਸੁਣਕੇ ਭੀ ਇਹ ਚੁੱਪ ਕੀਤਾ ਹੋਇਆ ਹੈ, ਭਾਵ ਭਜਨ ਸਿਮਰਨ ਨਹੀਂ ਕਰਦਾ।

ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥ ੧ ॥

ਮਾਇਆ ਵਿਚ ਅਜੇਹਾ ਮੋਹਿਆ ਹੋਇਆ ਹੈ ਜੋ ਕਦੇ ਭੀ ਸੁਰਤ ਨਹੀਂ ਫੜਦਾ।
ਵਾ:-ਕਦੇ ਵੀ ਸੁਰਤਿ=ਗਿਆਤ, ਵਾ:-ਸ੍ਰੇਸ਼ਟ ਪ੍ਰੀਤੀ ਨੂੰ ਨਹੀਂ ਲੱਭਦਾ ॥ ੧ ॥

[ਪੰਨਾ ੨੧੮]

ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥

ਸਾਰੇ ਵੇਦ ਸ਼ਾਸਤ੍ਰ ਬੁਝਾਰਤਾਂ (ਰਮਜ਼ਾਂ) ਦੇਂਦੇ ਹਨ, ਤੇ ਮਹਾਤਮਾਂ ਭੀ ਸਾਰਤਾ=ਇਸ਼ਾਰੇ ਦੇਂਦੇ ਹਨ ਕਿ

ਸਭ ਨੇ ਮਰ ਜਾਣਾ ਹੈ, ਓਹੀ ਗੱਲ ਜੀਵ ਆਪਣੀਆਂ ਅੱਖਾਂ ਨਾਲ ਵੀ ਵੇਖਦਾ ਹੈ ਕਿ ਸਾਰੇ ਮਰਦੇ ਜਾਂਦੇ ਹਨ।

ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥ ੨ ॥

ਪਰ ਜੇਹੜਾ ਕੋਈ ਮੂਰਖਾ ਲੋਭੀ ਹੈ ਉਹ ਉਨ੍ਹਾਂ ਮਹਾਤਮਾਂ ਦਾ ਕਿਹਾ ਹੋਇਆ ਬਚਨ ਮੂਲਿ ਨ ਣੁਣੀ=ਕਦਾਚਿਤ ਨਹੀਂ ਸੁਣਦਾ ॥ ੨ ॥

ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥

ਇਕ ਦੋ ਚਾਰ ਦੀ ਕੀ ਗਿਣਤੀ ਗਿਣਨੀ ਹੈ ਬਲਕਿ ਸਾਰੀ ਦੁਨੀਆਂ ਇਕ ਮਾਇਆ ਦੇ ਸੁਆਦ ਵਿਚ ਹੀ ਮੁਠੀ=ਲੁੱਟੀ ਪੁੱਟੀ ਅਰਥਾਤ ਠੱਗੀ ਹੈ।

ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥ ੩ ॥

ਕੋਈ ਇਕ ਅੱਧਾ ਭਾਵ ਦੁਰਲੱਭ ਹੀ ਨਾਮ ਦਾ ਰਸੀਆ ਹੈ, ਵਾ:-ਇਕ ਗਿਆਨਵਾਨ ਤੇ ਅਧਾ ਜਗਿਆਸੂ ਨਾਮ ਦਾ ਰਸੀਅੜਾ=ਪ੍ਰੇਮੀ ਹੈ, ਇਸ ਲਈ ਕੋਈ ਵਿਰਲੀ ਹੀ ਜਾਇ=ਜਗ੍ਹਾ ਸ਼ੁਭ ਗੁਣਾਂ ਨਾਲ ਵੁਠੀ=ਵਸੀ ਹੈ ॥ ੩ ॥

ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥

ਭਗਤ ਹੀ ਸਚੇ ਦਰਬਾਰ ਵਿੱਚ ਸੋਭਾ ਪਾਂਦੇ ਹਨ, ਅਤੇ ਦਿਨ ਰਾਤ ਪ੍ਰਭੂ ਦਾ ਅਨੰਦ ਮਾਨਣਾ ਕਰਦੇ ਹਨ।

ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥ ੪ ॥ ੧ ॥ ੧੬੯ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਪਰਮੇਸ਼ਰ ਦੇ ਰੰਗ ਵਿੱਚ ਰੱਤੇ ਹੋਏ ਹਨ ਅਸੀਂ ਉਨ੍ਹਾਂ ਤੋਂ ਬਲਿਹਾਰ ਕੁਰਬਾਣ ਜਾਂਦੇ ਹਾਂ ॥ ੪ ॥ ੧ ॥ ੧੬੯ ॥

ਗਉੜੀ ਮਹਲਾ ੫ ਮਾਝ ॥

ਉਥਾਨਕਾ:-ਪੱਟੀ ਵਾਲੇ ਰਾਜੇ ਦੀਆਂ ਸੱਤ ਲੜਕੀਆਂ ਸਨ। ਇਕ ਦਿਨ ਉਹ ਇਕੱਠੀਆਂ ਬੈਠੀਆਂ ਗੱਲਾਂ ਕਰ ਰਹੀਆਂ ਸਨ ਕਿ ਸਾਡੇ ਪਿਤਾ ਜੀ ਕਿੰਨੇ ਚੰਗੇ ਹਨ ਕਿ ਸਾਨੂੰ ਚੰਗੇ ਪਦਾਰਥ ਖਾਣ ਵਾਸਤੇ ਅਤੇ ਸੋਹਣੇ ਸੋਹਣੇ ਕਪੜੇ ਪਹਿਰਣ ਵਾਸਤੇ ਦੇਂਦੇ ਹਨ। ਇਉਂ ਆਪਣੇ ਪਿਤਾ ਜੀ ਦੀ ਉਸਤਤੀ ਕਰ ਰਹੀਆਂ ਸਨ। ਸਾਰੀਆਂ ਤੋਂ ਛੋਟੀ ਰਜਨੀ ਨੇ ਸੁਣ ਕੇ ਆਖਿਆ ਉਸਤਤੀ ਕਰਨ ਦੇ ਜੋਗ ਇਕ ਪਰਮਾਤਮਾ ਹੀ ਹੈ ਜਿਸ ਨੇ ਸਾਡੇ ਪਿਤਾ ਜੀ ਨੂੰ ਰਾਜ ਭਾਗ ਆਦਿਕ ਸਭ ਕੁਝ ਦਿੱਤਾ ਹੋਇਆ ਹੈ। ਪਰ ਪਹਿਲੀਆਂ ਭੈਣਾਂ ਇਹੋ ਆਖਣ ਕਿ ਅਸੀਂ ਤਾਂ ਪਿਤਾ ਜੀ ਦਾ ਦਿੱਤਾ ਹੋਇਆ ਖਾਂਦੀਆਂ ਤੇ ਪਹਿਰਦੀਆਂ ਹਾਂ। ਇਤਨੇ ਨੂੰ ਰਾਜਾ ਵੀ ਉਨ੍ਹਾਂ ਕੋਲ ਆ ਗਿਆ ਤੇ ਸਭਨਾਂ ਦੀ ਗੱਲ ਬਾਤ ਸੁਣ ਕੇ ਰਾਜੇ ਨੇ ਆਪਣੀ ਛੋਟੀ ਲੜਕੀ ਨੂੰ ਬਹੁਤ ਸਮਝਾਇਆ ਕਿ ਤੁਹਾਡੀ ਪਾਲਣਾ ਮੈਂ ਹੀ ਕਰਦਾ ਹਾਂ ਪਰ ਉਹ ਨਾ ਸਮਝੀ ਤੇ ਕਹਿਣ ਲੱਗੀ ਪਿਤਾ ਜੀ ਮੈਂ ਤਾਂ ਕਰਮਾਂ ਅਨੁਸਾਰ ਪਰਮਾਤਮਾ ਦਾ ਦਿੱਤਾ ਹੋਇਆ ਖਾਂਦੀ ਹਾਂ। ਇਹ ਸੁਣ ਕੇ ਰਾਜੇ ਨੂੰ ਬੜਾ ਗੁੱਸਾ ਆਇਆ ਤੇ ਉਸ ਨੂੰ ਕਿਹਾ ਕਿ ਮੈਂ ਤੇਰਾ ਕੋਹੜੀ ਨਾਲ ਵਿਆਹ ਕਰਾਂਗਾ। ਫਿਰ ਵੇਖਾਂਗਾ ਉਹ ਪਰਮੇਸ਼ਰ ਤੇਰੀ ਕਿਵੇਂ ਸਹਾਇਤਾ ਕਰੇਗਾ। ਪਰ ਦ੍ਰਿੜ੍ਹ ਵਿਸ਼ਵਾਸ ਰਖਦਿਆਂ ਹੋਇਆਂ ਲੜਕੀ ਨੇ ਕਿਹਾ ਜੋ ਤੁਸੀਂ ਕਰੋ ਮੈਨੂੰ ਮਨਜ਼ੂਰ ਹੈ। ਰਾਜੇ ਨੇ ਕੁਝ ਦਿਨਾਂ ਪਿਛੋਂ ਕੋਹੜੀ ਨਾਲ ਹੀ ਉਸ ਲੜਕੀ ਦਾ ਵਿਆਹ ਕਰ ਦਿੱਤਾ। ਰਾਜੇ ਦੇ ਹੁਕਮ ਅਨੁਸਾਰ ਉਹ ਆਪਣੇ, ਕੋਹੜੀ ਪਤੀ ਨੂੰ ਖਾਰੇ ਵਿੱਚ ਪਾ ਕੇ ਸ਼ਹਿਰੋਂ ਬਾਹਰ ਨਿਕਲ ਤੁਰੀ। ਮੰਗ ਕੇ ਰੋਟੀ ਲਿਆਇਆ

ਕਰੇ ਤੇ ਪਤੀ ਨੂੰ ਖੁਆ ਕੇ ਫਿਰ ਆਪ ਖਾਇਆ ਕਰੇ। ਚਲਦਿਆਂ ਚਲਦਿਆਂ ਕੁਝ ਦਿਨਾਂ ਤਕ ਉਹ "ਦੁਖ ਭੰਜਨੀ ਬੇਰੀ" ਕੋਲ ਆ ਪਹੁੰਚੇ। ਉਹ ਆਪਣੇ ਪਤੀ ਦੇ ਖਾਰੇ ਨੂੰ ਹੇਠਾਂ ਰੱਖ ਕੇ "ਤੁੰਗ" ਨਾਮੇ ਪਿੰਡ ਵੱਲ ਰੋਟੀ ਮੰਗਣ ਨੂੰ ਚਲੀ ਗਈ। ਜਿਥੇ ਉਹ ਕੋਹੜੀ ਦੇ ਖਾਰੇ ਨੂੰ ਰੱਖ ਕੇ ਗਈ ਸੀ ਉਸ ਦੇ ਨਾਲ ਹੀ ਇਕ ਛੱਪੜੀ ਸੀ। ਕੋਹੜੀ ਦੇ ਵੇਖਦਿਆਂ ੨ ਇਕ ਕਾਂ ਤੇ ਕਾਂਉਣੀ ਨੇ ਉਸ ਛੱਪੜੀ ਵਿਚ ਪਰਵੇਸ਼ ਕੀਤਾ, ਜਿਸ ਤੇ ਉਹ "ਹੰਸ ਹੰਸਣੀ" ਬਣ ਗਏ। ਉਨ੍ਹਾਂ ਨੂੰ ਵੇਖ ਕੇ ਉਸ ਕੋਹੜੀ ਨੇ ਵਿਚਾਰਿਆ ਕਿ ਜੇ ਮੈਂ ਇਸ ਵਿੱਚ ਇਸ਼ਨਾਨ ਕਰਾਂ ਤਾਂ ਮੈਂ ਭੀ ਸੁੰਦਰ ਸਰੂਪ ਵਾਲਾ ਹੋ ਜਾਵਾਂਗਾ। ਇਹ ਵਿਚਾਰ ਕੇ ਉਹ ਖਾਰੇ ਵਿਚੋਂ ਨਿਕਲ ਕੇ ਰਿੜ੍ਹਦਾ ਰਿੜ੍ਹਦਾ ਛੱਪੜੀ ਵਿੱਚ ਆ ਵੜਿਆ। ਆਪਣੀ ਔਰਤ ਨੂੰ ਨਿਸਚੇ ਕਰਾਉਣ ਲਈ ਇਕ ਉਂਗਲ ਤੋਂ ਬਗੈਰ ਬਾਕੀ ਸਾਰਾ ਸਰੀਰ ਸੁੰਦਰ ਸਰੂਪ ਵਾਲਾ ਹੋ ਗਿਆ। ਖਾਰੇ ਨੂੰ ਮੂਧਾ ਮਾਰ ਕੇ ਉੱਪਰ ਬੈਠ ਗਿਆ। ਜਦੋਂ ਉਸ ਦੀ ਇਸਤ੍ਰੀ ਰੋਟੀ ਮੰਗ ਕੇ ਲਿਆਈ ਤਾਂ ਉਸ ਨੇ ਸੁੰਦਰ ਨੌਜਵਾਨ ਨੂੰ ਖਾਰੇ ਉੱਪਰ ਬੈਠਿਆਂ ਵੇਖ ਕੇ ਕਿਹਾ ਕਿ ਐ ਦੁਸ਼ਟਾ ! ਤੂੰ ਮੇਰੇ ਸੁੰਦਰ ਸਰੂਪ ਉੱਤੇ ਮੋਹਿਤ ਹੋ ਕੇ ਮੇਰੇ ਪਤੀ ਨੂੰ ਮਾਰ ਦਿੱਤਾ ਹੈ? ਉਸ ਵੇਲੇ ਕੋਹੜੀ ਨੇ ਕਾਂ ਤੇ ਕਾਂਉਣੀ ਦਾ ਹੰਸ ਤੇ ਹੰਸਣੀ ਬਣਨ ਤੇ ਆਪਣਾ ਸੁੰਦਰ ਸਰੂਪ ਹੋਣ ਦਾ ਸਾਰਾ ਹਾਲ ਕਹਿ ਸੁਣਾਇਆ ਪਰ ਉਸ ਨੇ ਨਾ ਮੰਨਿਆ। ਇਹ ਦੋਵੇਂ ਝਗੜ ਹੀ ਰਹੇ ਸਨ, ਕਿ ਇਕ ਗੁਰਸਿੱਖ ਆ ਗਿਆ ਤੇ ਉਸ ਨੇ ਇਹਨਾਂ ਨੂੰ ਆਖਿਆ ਕਿ ਤੁਸੀਂ ਆਪਸ ਵਿੱਚ ਕਿਉਂ ਲੜਦੇ ਹੋ? ਇਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਸੰਤੋਖਸਰ ਦੀ ਸੇਵਾ ਕਰਵਾ ਰਹੇ ਹਨ ਉਹ ਤੁਹਾਡਾ ਝਗੜਾ ਨਿਬੇੜ ਦੇਣਗੇ। ਉਸ ਵੇਲੇ ਉਹਨਾਂ ਨੇ ਸੰਤੋਖਸਰ ਵਾਲੀ ਜਗ੍ਹਾ ਪਰ ਆ ਕੇ ਗੁਰੂ ਸਾਹਿਬਾਂ ਨੂੰ ਆਪੋ ਆਪਣੀਆਂ ਗੱਲਾਂ ਸੁਣਾਈਆਂ। ਉਸੀ ਵੇਲੇ ਗੁਰੂ ਸਾਹਿਬਾਂ ਨੇ ਉਨ੍ਹਾਂ ਨਾਲ ਉਸ ਬੇਰੀ ਹੇਠ ਆ ਕੇ ਉਸ ਮਨੁੱਖ ਨੂੰ ਆਖਿਆ ਕਿ ਤੂੰ ਆਪਣੀ ਉਂਗਲ ਇਸ ਅੰਮ੍ਰਿਤ ਵਿਚ ਡੁਬੋ। ਗੁਰੂ ਜੀ ਦਾ ਹੁਕਮ ਮੰਨ ਕੇ ਜਿਸ ਵੇਲੇ ਉਸ ਨੇ ਆਪਣੀ ਉਂਗਲ ਉਸ ਅੰਮ੍ਰਿਤ ਵਿੱਚ ਡੁਬੋਈ ਤਾਂ ਕੰਚਨ ਵਰਗੀ ਸੁੰਦਰ ਹੋ ਗਈ। ਇਹ ਗੱਲ ਵੇਖ ਕੇ ਨਿਸਚੇ ਕਰਾ ਦਿੱਤਾ ਕਿ ਇਹੋ ਤੇਰਾ ਪਤੀ ਹੈ। ਉਸ ਵੇਲੇ ਉਸ ਅਸਥਾਨ ਦੀ ਮਹੱਤਤਾ ਦਸਦਿਆਂ ਹੋਇਆ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ:-

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥

ਪਿਛੇ ਵੀ ਤੇਰਾ ਨਾਂ ਦੁਖ ਭੰਜਨੀ ਸਾਹਿਬ ਸੀ, ਹੁਣ ਵੀ ਤੇਰਾ ਨਾਂ ਦੁਖ ਭੰਜਨੀ ਸਾਹਿਬ ਹੈ, ਅਗੇ ਵੀ ਤੇਰਾ ਨਾਂ ਦੁਖ ਭੰਜਨੀ ਸਾਹਿਬ ਹੋਵੇਗਾ।

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥ ੧ ॥ ਰਹਾਉ ॥

ਅੱਠੇ ਪਹਿਰ ਇਸ ਅਸਥਾਨ ਦੀ ਅਰਾਧਣਾ ਕਰੀਏ, ਤਾਂ ਸਤਿਗੁਰਾਂ ਦੀ ਕਿਰਪਾ ਨਾਲ ਪੂਰਨ ਗਿਆਨ ਹੁੰਦਾ ਹੈ॥ ੧ ॥ ਰਹਾਉ ॥

ਅਥਵਾ:-ਹੇ ਵਾਹਿਗੁਰੂ ਪਿਛੇ ਵੀ ਤੇਰਾ ਨਾਮ ਦੁਖਾਂ ਦੇ ਭੰਜਨੇ ਵਾਲਾ ਸੀ, ਹੁਣ ਭੀ ਤੇਰਾ ਨਾਮ ਦੁਖਾਂ ਦੇ ਭੰਜਨੇ ਵਾਲਾ ਹੈ, ਅਗੇ ਵੀ ਤੇਰਾ ਨਾਮ ਦੁਖਾਂ ਦੇ ਨਾਸ ਕਰਨ ਵਾਲਾ ਹੋਵਗਾ।

ਪੂਰਨ ਸਤਿਗੁਰਾਂ ਦੇ ਉਪਦੇਸ਼ ਦੁਆਰਾ ਅੱਠੇ ਪਹਿਰ ਨਾਮ ਨੂੰ ਅਰਾਧਣਾ ਕਰੀਏ ਤਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ॥ ੧ ॥ ਰਹਾਉ ॥

ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥

ਜਿਸ ਹਿਰਦੇ ਵਿੱਚ ਪਾਰਬ੍ਰਹਮ ਵਸਦਾ ਹੈ ਓਹੀ ਹਿਰਦਾ ਰੂਪ ਅਸਥਾਨ ਸੋਭਨੀਕ ਹੁੰਦਾ ਹੈ।

ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥ ੧ ॥

ਹੇ ਭਾਈ ! ਰਸਨਾਂ ਨਾਲ ਹਰੀ ਗੁਣਾਂ ਨੂੰ ਗਾਵਣਾ ਕਰ, ਭਾਂ ਜਮਦੂਤ ਤੇਰੇ ਨੇੜੇ ਨਹੀਂ ਆਵੇਗਾ ॥ ੧ ॥

ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥

ਸੁਰਤ ਪੂਰਬਕ ਮੈਂ ਸੇਵਾ ਕਰਨੀ ਨਹੀਂ ਜਾਣੀ, ਵਾ:-ਸੇਵਾ ਕਰਨ ਦੀ ਸਮਝ ਮੈਂ ਨਹੀਂ ਜਾਣੀ, ਨਾ ਹੀ ਤੇਰੇ ਨਾਮ ਦਾ ਅਰਾਧਣ ਕਰਨਾ ਜਾਣਿਆ ਹੈ।

ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥ ੨ ॥

ਹੇ ਜਗਤ ਦੇ ਜੀਵਨ ਰੂਪ ਪ੍ਰਭੂ ! ਮੈਨੂੰ ਤਾਂ ਤੇਰੀ ਹੀ ਓਟ ਹੈ,

ਹੇ ਮੇਰੇ ਠਾਕੁਰ ! ਆਪ ਅਗਮ=ਬੇਅੰਤ ਤੇ ਅਗਾਧਿ=ਡੂੰਘੇ ਹੋ ॥ ੨ ॥

ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥

ਹੇ ਗੁਸਾਈਂ ! ਜਿਸ ਉੱਤੇ ਆਪ ਕ੍ਰਿਪਾਲੂ ਹੋਏ ਹੋ, ਉਸ ਦੇ ਪਾਸੋਂ ਸੰਗ=ਚਿੰਤਾ ਤੇ ਸੰਤਾਪ ਆਦਿਕ ਨਠੇ=ਦੌੜ ਗਏ ਹਨ।

ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥ ੩ ॥

ਜਿਨ੍ਹਾਂ ਦੇ ਰਾਖੇ ਆਪ ਸਤਿਗੁਰੂ ਹਨ, ਉਨ੍ਹਾਂ ਨੂੰ ਪ੍ਰਤੱਖ ਤੱਤੀ ਹਵਾ,

ਵਾ:-ਪ੍ਰਸੂਤ ਪੌਣ ਰੂਪੀ ਤੱਤੀ ਹਵਾ ਨਹੀਂ ਲਗਦੀ ॥ ੩ ॥

ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥

ਗੁਰੂ ਨਰਾਇਣ ਰੂਪ ਹੈ, ਤੇ ਦਯੁ=ਪਰੇਰਕ ਪਰਮੇਸ਼ਰ ਗੁਰੂ ਰੂਪ ਹੈ,

ਸਚਾ ਗੁਰੂ ਸ਼ੁਭ ਗੁਣਾਂ ਦੇ ਸਿਰਜਣੇ ਵਾਲਾ ਹੈ।

ਗੁਰਿ ਤੁਠੈ ਸਭ ਕਿਛੁ ਪਾਇਆ

ਜਨ ਨਾਨਕ ਸਦ ਬਲਿਹਾਰ ॥ ੪ ॥ ੨ ॥ ੧੭੦ ॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਦੇ ਪ੍ਰਸੰਨ ਹੋਇਆਂ ਹੀ ਮੈਨੇ ਸਭ ਕੁਝ ਪਾਇਆ ਹੈ, ਇਸ ਲਈ ਮੈਂ ਸੇਵਕ ਜਨ ਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹੈ ॥ ੪ ॥ ੨ ॥ ੧੭੦ ॥

ਗਉੜੀ ਮਾਝ ਮਹਲਾ ੫ ॥

ਹਰਿ ਰਾਮ ਰਾਮ ਰਾਮ ਰਾਮਾ ॥ ਜਪਿ ਪੂਰਨ ਹੋਏ ਕਾਮਾ ॥ ੧ ॥ ਰਹਾਉ ॥

ਰਾਮਾ=ਹੇ ਭਾਈ ਹਰੀ ਰਾਮ ਜੋ ਸਾਰੇ ਰਮਿਆ ਹੋਇਆ ਹੈ

ਰਾਮ=ਰਮਣ ਕਰਣੇ ਯੋਗ, ਉਸ ਦੇ ਜਪਣ ਨਾਲ ਸਾਰੇ ਕੰਮ ਪੂਰਨ ਹੋ ਜਾਂਦੇ ਹਨ ॥ ੧ ॥ ਰਹਾਉ ॥

ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ ॥

ਰਾਮ ਅਤੇ ਗੋਬਿੰਦ ਆਦਿਕ ਨਾਮਾਂ ਨੂੰ ਜਪਦਿਆਂ ਹੋਇਆਂ ਮੂੰਹ ਪਵਿੱਤ੍ਰ ਹੁੰਦਾ ਹੈ।

ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰੁ ॥ ੧ ॥

ਜਿਸ ਪਾਸੋਂ ਹਰੀ ਦਾ ਜਸ ਸੁਣਿਆਂ ਜਾਂਦਾ ਹੈ, ਉਹੀ ਭਰਾ ਤੇ ਅਸਲੀ ਮਿਤ੍ਰ ਹੈ॥ ੧ ॥

ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥

ਸਾਰੇ ਪਦਾਰਥ, ਸਾਰੇ ਫਲ, ਅਤੇ ਸਾਰੇ ਗੁਣ ਜਿਸ ਪਰਮਾਤਮਾ ਦੇ ਵਿੱਚ ਹਨ। ,

ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥ ੨ ॥

ਉਸ ਗੋਬਿੰਦ ਨੂੰ ਮਨ ਵਿੱਚੋਂ ਕਿਉਂ ਭੁਲਾਣਾ ਹੈ, ਜਿਸ ਦੇ ਸਿਮਰਣ ਕਰਨ ਨਾਲ ਦੁੱਖ ਮਿਟ ਜਾਂਦੇ ਹਨ॥ ੨ ॥

ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ ॥

ਜਿਸ ਦੇ ਨਾਮ ਰੂਪ ਲੜਿ=ਪੱਲੇ ਨਾਲ ਲਗਣ ਕਰਕੇ ਸਫਲ ਜੀਉਣਾ ਹੁੰਦਾ ਹੈ, ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ।

ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥ ੩ ॥

ਸਾਧੂਆਂ ਨਾਲ ਮਿਲ ਕੇ ਉਸ ਪ੍ਰਭੂ ਨੂੰ ਸਿਮਰੀਏ ਤਾਂ ਉਧਾਰ ਹੁੰਦਾ ਹੈ, ਅਤੇ ਦਰਬਾਰ ਵਿੱਚ ਮੂੰਹ ਉਜਲਾ ਹੁੰਦਾ ਹੈ॥ ੩ ॥

ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥

ਸਾਰੇ ਸੰਸਾਰ ਦਾ ਜੀਵਨ ਰੂਪ ਜੋ ਗੋਪਾਲ ਹੈ ਉਸ ਦਾ ਜਸ ਹੀ ਸੰਤ ਜਨਾਂ ਦੀ ਰਾਸਿ=ਪੂੰਜੀ ਹੈ।

ਅਥਵਾ:-ਗੋਪਾਲ ਦਾ ਜਸ ਹੀ ਸੰਤਾਂ ਦਾ ਜੀਵਨ=ਪ੍ਰਾਣ ਰੂਪ ਹੈ, ਅਤੇ ਸੰਤ ਜਨਾਂ ਦੀ ਰਾਸਿ=ਪੂੰਜੀ ਰੂਪ ਹੈ।

ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥ ੪ ॥ ੩ ॥ ੧੭੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾਮ ਨੂੰ ਜਪ ਕੇ ਤਰੇ ਹਨ, ਉਨ੍ਹਾਂ ਨੂੰ ਸਚੇ ਦਰਬਾਰ ਵਿੱਚ ਸਾਬਾਸਿ= ਧੰਨਤਾ ਯੋਗ ਦੀ ਪ੍ਰਾਪਤੀ ਹੁੰਦੀ ਹੈ॥ ੪ ॥ ੩ ॥ ੧੭੧ ॥

ਗਉੜੀ ਮਾਝ ਮਹਲਾ ੫ ॥

ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥

ਜਿੰਦੂ=ਹੇ ਭਾਈ ਤੂੰ ਹਰੀ ਦੇ ਮਿੱਠੇ ਗੁਣ ਗਾਵਣਾ ਕਰ, ਤੂੰ ਹਰੀ ਦੇ ਮਿੱਠੇ ਗੁਣ ਗਾਵਣਾ ਕਰ।

ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥ ੧ ॥ ਰਹਾਉ ॥

ਸਚੇ ਨਾਮ ਨਾਲ ਤਦਾਕਾਰ ਹੋਣ ਕਰਕੇ ਨਿਥਾਵੇਂ ਜੀਵਾਂ ਨੂੰ ਭੀ ਦਰਗਾਹ ਵਿਚ ਥਾਂ ਮਿਲਦੀ ਹੈ;

ਵਾ:-ਸ਼ਰੂਪ ਥਾਂ ਮਿਲਦੀ ਹੈ॥ ੧ ॥ ਰਹਾਉ ॥

ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ ॥

ਨਾਮ ਤੋਂ ਬਿਨਾਂ ਹੋਰ ਸਾਰੇ ਸੁਆਦ ਫਿਕੇ ਹਨ,

ਇਨ੍ਹਾਂ ਦੇ ਸੇਵਨ (ਭੋਗਣ) ਨਾਲ ਤਨ ਮਨ ਵੀ ਫਿਕਾ ਹੋ ਜਾਂਦਾ ਹੈ।

ਵਿਣੁ ਪਰਮੇਸ਼ਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥ ੧ ॥

ਪਰਮੇਸ਼ਰ ਤੋਂ ਬਿਨਾਂ ਜੋ ਹੋਰਨਾਂ ਨਾਲ ਪ੍ਰੀਤੀ ਕਰਦਾ ਹੈ ਉਸ ਪੁਰਸ਼ ਦੇ ਉਸ ਜੀਵਣ ਨੂੰ ਫਿਟੇ ਮੂੰਹ ਹੈ, ਵਾ:-ਉਸ ਜੀਵਨ ਨੂੰ ਤੇ ਉਸ ਜਿਉਣ ਵਾਲੇ ਨੂੰ ਭੀ ਫਿਟੇ ਮੂੰਹ ਹੈ॥ ੧ ॥

ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥

ਸੰਤਾਂ ਦਾ ਉਪਦੇਸ਼ ਰੂਪ ਅੰਚਲੁ=ਪਲਾ ਫੜਕੇ ਇਸ ਸੰਸਾਰ ਤੋਂ ਤਰਨਾਂ ਕਰ।

ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ ॥ ੨ ॥

ਪਾਰਬ੍ਰਹਮ ਦੇ ਆਰਾਧਣ ਕਰਕੇ ਸਾਰਾ ਪ੍ਰਵਾਰ ਤਰ ਜਾਂਦਾ ਹੈ॥੨ ॥

ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥

ਮੇਰਾ ਸਜਨ ਭੀ ਓਹੀ ਹੈ, ਸਨਬੰਧੀ, ਵਾ:-ਭਗਾ ਭੀ ਓਹੀ ਹੈ, ਸੁ=ਸ੍ਰੇਸ਼ਟ ਮਿਤ੍ਰ ਭੀ ਓਹੀ ਹੈ ਜੋ ਹਿਰਦੇ ਵਿਚ ਹਰੀ ਨਾਮ ਵਸਾ ਦੇਂਦਾ ਹੈ। ਅਤੇ-

ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥ ੩ ॥

ਸਾਰੇ ਔਗੁਣਾਂ ਨੂੰ ਮਿਟਾਕੇ ਮੇਰੇ ਉੱਤੇ ਪਰਉਪਕਾਰ ਕਰਦਾ ਹੈ॥ ੩ ॥

ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ ॥

ਹਰੀ ਦੇ ਚਰਨਾ ਦਾ ਜਿਹੜਾ ਧਿਆਨ ਕਰਨਾ ਹੈ ਮੇਰਾ ਮੇਲ ਵੀ, ਖਜਾਨਾ ਵੀ, ਥੇਹੁ= ਪਿੰਡ ਭੀ, ਘਰ ਵੀ, ਅਤੇ ਨਿਧਾਨ=ਨਿਧੀਆਂ ਦਾ ਖਜਾਨਾ ਭੀ ਏਹੋ ਹੈ। *ਅਥਵਾ:*-ਹਰੀ ਦੇ ਚਰਨਾਂ ਦਾ ਧਿਆਨ ਕਰਨ ਨਾਲ ਮਾਲੁ=ਹਾਥੀ ਘੋੜਾ ਆਦਿਕ, ਪ੍ਰਤੱਖ ਖਜਾਨਾ, ਥੇਹੁ=ਪਿੰਡ, ਰਹਿਣ ਲਈ ਘਰ ਤੇ ਨਿਧੀਆਂ ਦੇ ਖਜਾਨੇ ਇਤਆਦਿਕ ਸਭ ਕੁਝ ਪ੍ਰਾਪਤ ਹੁੰਦਾ ਹੈ।

ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ ॥ ੪ ॥ ੪ ॥ ੧੭੨ ॥

ਗੁਰੂ ਜੀ ਕਥਨ ਕਰਦੇ ਹਨ ਹੇ ਪ੍ਰਭੂ! ਮੈਂ ਤੇਰੇ ਦਰਵਾਜ਼ੇ ਦਾ ਜਾਚਕੁ=ਮੰਗਤਾ ਹਾਂ, ਅਤੇ ਤੇਰੇ ਪਾਸੋਂ ਹੀ ਦਾਨ ਮੰਗਦਾ ਹਾਂ।

ਵਾ:-ਤੈਨੂੰ ਦਾਨ ਮੰਗਦਾ ਹਾਂ ਇਸ ਲਈ ਤੂੰ ਸਾਨੂੰ ਪ੍ਰਾਪਤ ਹੋ ॥ ੪ ॥ ੪ ॥ ੧੭੨ ॥

[ਪੰਨਾ ੨੧੯]

ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਮਹਲਾ ੯ ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਤ ਮੰਡਲੀ ਨੂੰ ਵੈਰਾਗ ਮਈ ਸ਼ਬਦਾਂ ਦੁਆਰੇ ਪ੍ਰਭੂ ਦੀ ਪ੍ਰਾਪਤੀ ਦਾ ਉਪਦੇਸ਼ ਦੇਂਦੇ ਹਨ।

ਸਾਧੋ ਮਨ ਕਾ ਮਾਨੁ ਤਿਆਗਉ ॥

ਹੇ ਸੰਤੋ ! ਮਨ ਦਾ ਮਾਨੁ=ਹੰਕਾਰ ਤਿਆਗ ਦਿਓ। ਅਤੇ-

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥

ਕਾਮ ਕ੍ਰੋਧ ਆਦਿਕ ਜੋ ਵਿਸ਼ੇ ਹਨ ਤੇ ਦੁਰਜਨ=ਖੋਟੇ ਪੁਰਸ਼ਾਂ ਦੀ ਸੰਗਤ ਹੈ ਉਸ ਤੋਂ ਦਿਨ ਰਾਤ ਦੂਰ ਭਜ ਜਾਓ॥ ੧ ॥ ਰਹਾਉ ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥

ਜੋ ਪੁਰਸ਼ ਸੁਖ ਦੁਖ ਨੂੰ ਅਤੇ ਮਾਨ ਅਪਮਾਨ ਇਨ੍ਹਾਂ ਦੋਹਾਂ ਨੂੰ ਇਕ ਸਮਾਨ ਕਰਕੇ ਜਾਣਦਾ ਹੈ,

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥ ੧ ॥

ਅਤੇ ਹਰਖ ਸੋਗ ਤੋਂ ਭੀ ਅਤੀਤਾ=ਅਸੰਗ (ਅਲੱਗ) ਰਹਿੰਦਾ ਹੈ, ਓਸੇ ਨੇ ਜਗਤ ਵਿੱਚ ਤਤੁ=ਸਿਧਾਂਤ ਰੂਪ ਪਰਮਾਤਮਾਂ ਨੂੰ ਪਛਾਣ ਲਿਆ ਹੈ॥ ੧ ॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥

ਉਸਤਤੀ ਤੇ ਨਿੰਦਿਆ ਇਨ੍ਹਾਂ ਦੋਹਾਂ ਨੂੰ ਤਿਆਗਕੇ ਨਿਰਬਾਨਾ=ਬੰਧਨਾਂ ਤੋਂ ਰਹਿਤ ਜੋ ਆਤਮਪਦ ਹੈ ਉਸਨੂੰ ਖੋਜਨਾ ਕਰੇ।

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥ ੨ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਜਿਹੜਾ ਸੁਖ ਦੁਖ, ਮਾਨ-ਅਪਮਾਨ, ਤੇ ਹਰਖ-ਸੋਗ ਨੂੰ ਸਮ ਕਰਕੇ ਮੰਨਣਾ ਹੈ ਇਹ ਖੇਲ ਬਹੁਤ ਕਠਨ ਹੈ, ਪਰ ਕਿਸੇ ਵਿਰਲੇ ਗੁਰਮੁਖ ਨੇ ਜਾਨਣਾ ਕੀਤਾ ਹੈ? ॥ ੨ ॥ ੧ ॥

ਗਉੜੀ ਮਹਲਾ ੯ ॥ ਸਾਧੋ ਰਚਨਾ ਰਾਮ ਬਨਾਈ ॥

ਹੇ ਸੰਤੋ ! ਇਹ ਸੰਸਾਰ ਰਚਨਾ ਰਾਮ ਨੇ ਬਣਾਈ ਹੈ।

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧ ॥ਰਹਾਉ ॥

ਇਸ ਵਿੱਚ ਇਕ ਬਿਨਸੈ=ਮਰਦਾ ਹੈ, ਅਤੇ ਇਕ ਉਹ ਪੁਰਸ਼ ਹੈ ਜੋ ਆਪਣੇ ਹਥੀਂ ਮਰੇ ਹੋਏ ਨੂੰ ਸਾੜਦਾ ਯਾਂ ਦਬਦਾ ਹੈ,* ਪਰ ਉਹ ਆਪਣੇ ਆਪ ਨੂੰ ਅਸਥਿਰੁ=ਅਚੱਲ ਮੰਨਦਾ ਹੈ, ਏਹੋ ਗੱਲ ਅਸਚਰਜ ਹੈ ਇਸਦਾ ਭੇਦ ਕੁਝ ਜਾਣਿਆ ਨਹੀਂ ਜਾਂਦਾ॥ ੧ ॥ ਰਹਾਉ ॥

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥

ਕਾਮ, ਕਰੋਧ, ਲੋਭ, ਮੋਹ ਆਦਿਕ ਵਿਕਾਰਾਂ ਦੇ ਵਸੀਕਾਰ ਹੋ ਕੇ ਇਸ ਪ੍ਰਾਣੀ ਨੇ ਹਰੀ ਦੇ ਮੂਰਤਿ=ਸਰੂਪ ਨੂੰ ਭੁਲਾ ਦਿੱਤਾ ਹੈ। ''ਅਕਾਲ ਮੂਰਤਿ ਦਾ ਅਰਥ ਭੀ ਅਕਾਲ ਸਰੂਪ ਹੈ।''

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥ ੧ ॥

ਜਿਵੇਂ ਰੈਨਾਈ=ਰਾਤ ਨੂੰ ਸੁਪਨਾ ਆਉਂਦਾ ਹੈ ਤੇ ਉਹ ਝੂਠਾ ਹੁੰਦਾ ਹੈ ਤਿਵੇਂ ਇਹ ਸਰੀਰ ਝੂਠਾ ਸੀ ਪਰ

---

*ਜਿਵੇਂ ਨੁਸ਼ਹਿਰੇ ਵਾਲੇ ਸੰਤ ਹਰਨਾਮ ਸਿੰਘ ਜੀ ੨੬ ਅਸੂ ਸੰਮਤ ੨੦੩੭ ਅਸੂ ਸੁਦੀ ਦੂਜ ੧੧-੧੦-੮੦ ਸ਼ਨੀਵਾਰ ਰਾਤ ਨੂੰ ਸ੍ਵਰਗਵਾਸ ਹੋਏ ਹਨ ਪਰ ਪ੍ਰੇਮੀਆਂ ਨੇ ਜਿਉਣ ਦੀ ਉਮੀਦ ਰੱਖਕੇ ਚਾਰ ਦਿਨ ਸਰੀਰ ਨੂੰ ਰਖ ਕੇ ਅਖੀਰ ਬੁਧਵਾਰ ੧੫-੧੦-੮੦ ਨੂੰ ਲਕੜ ਦਾ ਬਕਸਾ ਬਣਾ ਕੇ ਉਸ ਵਿਚ ਟਿਕਾ ਕੇ ਧਰਤੀ ਵਿਚ ਦਬ ਦਿੱਤਾ ਹੈ। ਉਪਰ ਲੈਂਟਰ ਪਾ ਦਿਤਾ ਹੈ ਸਸਕਾਰ ਨਹੀਂ ਕੀਤਾ।

ਇਸ ਨੇ ਸਚਾ ਕਰਕੇ ਮੰਨਿਆ ਹੈ॥ ੧॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

ਜੋ ਕੁਝ ਭੀ ਦਿਸ ਰਿਹਾ ਹੈ ਉਹ ਬਦਲਾਂ ਦੀ ਛਾਂ ਵਾਂਗੂੰ ਸਭ ਕੁਝ ਨਾਸ ਹੋ ਜਾਣ ਵਾਲਾ ਹੈ।

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥ ੨॥ ੨॥

ਗੁਰੂ ਜੀ ਕਥਨ ਕਰਦੇ ਹਨ ਜਿਸ ਪੁਰਸ਼ ਨੇ ਸੰਸਾਰ ਨੂੰ ਮਿਥਿਆ ਜਾਣਿਆ ਹੈ, ਉਹ ਰਾਮ ਦੀ ਸ਼ਰਨ ਵਿਚ ਪੈ ਰਿਹਾ ਹੈ॥ ੨॥ ੨॥

ਗਉੜੀ ਮਹਲਾ ੯॥ ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥

ਇਸ ਪ੍ਰਾਣੀ ਨੂੰ ਹਰੀ ਦਾ ਜਸ ਕਰਨਾ ਮਨ ਵਿਚ ਚੇਤੇ ਨਹੀਂ ਆਉਂਦਾ।

ਵਾ:-ਹਰੀ ਦਾ ਜਸ ਮਨਿ=ਮਨਨ ਕਰਨਾ ਨਹੀਂ ਆਉਂਦਾ।

ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ॥ ੧॥ ਰਹਾਉ॥

ਜਦ ਕਿ ਦਿਨ ਰਾਤ ਮਾਇਆ ਵਿਚ ਮਸਤ ਰਹਿੰਦਾ ਹੈ,

ਤਾਂ ਕਹੁ ਖਾਂ ਹਰੀ ਦੇ ਗੁਣ ਕਿਵੇਂ ਗਾ ਸਕਦਾ ਹੈ॥ ੧॥ ਰਹਾਉ॥

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥

ਪੁੱਤ੍ਰ, ਮਿਤ੍ਰ, ਅਤੇ ਮਾਇਆ ਦੀ ਮਮਤਾ ਨਾਲ ਇਸ ਤਰ੍ਹਾਂ ਆਪਣੇ ਆਪ ਨੂੰ ਬੰਨ੍ਹਾ ਦੇਂਦਾ ਹੈ। ਜਿਸ ਤਰ੍ਹਾਂ ਚਣਿਆਂ (ਛੋਲਿਆਂ) ਦੀ ਮਮਤਾ ਕਰਕੇ ਬਾਂਦਰ ਆਪਣੇ ਆਪ ਨੂੰ ਬੰਨ੍ਹਾ ਦੇਂਦਾ ਹੈ।

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥ ੧॥

ਇਹ ਸਾਰਾ ਜਗਤ ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਂਗੂੰ ਝੂਠਾ ਹੈ, ਜਿਵੇਂ ਉਸ ਮ੍ਰਿਗ ਤ੍ਰਿਸ਼ਨਾਂ ਦੇ ਜਲ ਨੂੰ ਵੇਖਕੇ ਹਰਨ ਉੱਠ ਦੌੜਦਾ ਹੈ, ਤੇ ਜਲ ਦੀ ਪ੍ਰਾਪਤੀ ਤੋਂ ਬਿਨਾਂ ਭਟਕ ਭਟਕ ਕੇ ਮਰ ਜਾਂਦਾ ਹੈ। ਏਸੇ ਤਰ੍ਹਾਂ ਜੀਵ ਭੀ ਝੂਠੀ ਮਾਇਆ ਦੇ ਚਮਤਕਾਰੇ ਵੇਖਕੇ ਦੌੜਿਆ ਫਿਰਦਾ ਹੈ ਪਰ ਪ੍ਰਾਪਤੀ ਹੁੰਦੀ ਨਹੀਂ ਐਵੇਂ ਭਟਕ ਭਟਕ ਕੇ ਮਰ ਜਾਂਦਾ ਹੈ॥ ੧॥

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ॥

ਭੁਗਤੀ ਮੁਕਤੀ ਦੀ ਪ੍ਰਾਪਤੀ ਦਾ ਕਾਰਨ ਜੋ ਸੁਆਮੀ ਪਰਮੇਸ਼ਰ ਹੈ,

ਇਸ ਮੂਰਖ ਨੇ ਉਸਨੂੰ ਬਿਸਰਾਵੈ=ਭੁਲਾ ਦਿੱਤਾ ਹੈ।

ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ॥ ੨॥ ੩॥

ਗੁਰੂ ਜੀ ਕਥਨ ਕਰਦੇ ਹਨ-ਕਰੋੜਾਂ ਵਿਚੋਂ ਉਹ ਕੋਈ ਵਿਰਲਾ ਹੀ ਗੁਰਮੁਖ ਹੈ ਜੋ ਰਾਮ ਦੇ ਭਜਨ ਨੂੰ ਪਾਉਂਦਾ ਹੈ॥ ੨॥ ੩॥

ਗਉੜੀ ਮਹਲਾ ੯॥ ਸਾਧੋ ਇਹੁ ਮਨੁ ਗਹਿਓ ਨ ਜਾਈ॥

ਹੇ ਸੰਤੋ ! ਇਹ ਚੰਚਲ ਮਨ ਫੜਿਆ ਨਹੀਂ ਜਾਂਦਾ। ਕਿਉਂਕਿ

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥ ੧ ॥ ਰਹਾਉ ॥

ਚੰਚਲ ਮਾਇਆ ਦੀ ਤ੍ਰਿਸ਼ਨਾਂ ਨਾਲ ਵਸ ਰਿਹਾ ਹੈ,

ਇਸ ਕਰਕੇ ਇਹ ਮਨ ਇਸਥਿਤ ਨਹੀਂ ਰਹਿੰਦਾ ॥ ੧ ॥ ਰਹਾਉ ॥

ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥

ਜੋ ਆਪਣੇ ਆਪ ਨਵਿਰਤ ਹੋਣਾ ਬੜਾ ਕਠਨ ਹੈ ਉਹ ਕ੍ਰੋਧ ਹਿਰਦੇ ਦੇ ਵਿਚ ਹੀ ਬੈਠਾ ਹੈ, ਜਿਸ ਕ੍ਰੋਧ ਨੇ ਜੀਵ ਦੀ ਸਾਰੀ ਸੁੱਧ ਹੀ ਬਿਸਰਾਈ=ਭੁਲਾ ਦਿੱਤੀ ਹੈ।

ਫਿਰ ਇਸ ਕ੍ਰੋਧ ਨੇ-

ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥ ੧ ॥

ਸਭ ਕੋ=ਸਾਰਿਆਂ ਦਾ ਰਤਨੁ=ਵੈਰਾਗ ਤੇ ਗਿਆਨ ਆਦਕ ਸਭ ਕੁਝ ਹਿਰਿ+ਲੀਨਾ=ਖੋਹ ਲਿਆ ਹੈ, ਤਾ ਸਿਉ=ਉਸ ਕਰੋਧ ਨਾਲ ਜੀਵ ਦੀ ਕੁਝ ਵਸ ਨਹੀਂ ਚਲਦਾ॥ ੧ ॥

ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ॥

ਜੋਗੀ ਜਨ ਜੋਗ ਦੇ ਸਾਰੇ ਜਤਨ ਕਰਦੇ ਹੋਏ ਹਾਰ ਗਏ ਹਨ, ਅਤੇ ਗੁਣੀ ਜਨ ਪ੍ਰਭੂ ਦੇ ਗੁਣ ਗਾਉਂਦੇ ਗਾਉਂਦੇ ਥਕ ਰਹੇ ਹਨ।

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥੨ ॥੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਹਰੀ ਦਿਆਲੂ ਹੋਏ, ਤਾਂ ਸਾਰੀ ਵਿਧੀ ਚੰਗੀ ਬਣ ਆਈ।

ਭਾਵ ਜੀਵ ਦੇ ਪਾਸੋਂ ਕਰੋਧ ਦੇ ਵਸ ਕਰਨ ਦੀ ਸਾਰੀ ਵਿਧੀ ਬਣ ਆਈ ਹੈ॥ ੨ ॥ ੪ ॥

ਗਉੜੀ ਮਹਲਾ ੯ ॥ ਸਾਧੋ ਗੋਬਿੰਦ ਕੇ ਗੁਨ ਗਾਵਉ ॥

ਹੇ ਸੰਤੋ ! ਗੋਬਿੰਦ ਦੇ ਗੁਣ ਗਾਵਨਾ ਕਰੋ।

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥ ੧ ॥ ਰਹਾਉ ॥

ਇਹ ਅਮੋਲਕ ਮਨੁੱਖਾ ਜਨਮ ਵਡਿਆਂ ਭਾਗਾਂ ਨਾਲ ਪਾਇਆ ਹੈ।

ਇਸਨੂੰ ਵਿਅਰਥ ਕਿਉਂ ਗੁਆਉਂਦੇ ਹੋ॥ ੧ ॥ ਰਹਾਉ ॥

ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥

ਜੋ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ, ਤੇ ਗਰੀਬਾਂ ਦਾ ਸਬੰਧੀ ਹਰੀ ਹੈ,

ਉਸ ਦੀ ਸ਼ਰਨ ਵਿਚ ਤੁਸੀਂ ਆਉਣਾ ਕਰੋ।

ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥ ੧ ॥

ਜਿਸਨੂੰ ਸਿਮਰਦਿਆਂ ਹਾਥੀ ਦਾ ਡਰ ਮਿਟ ਗਿਆ ਸੀ, ਤੁਸੀਂ ਉਸ ਨੂੰ ਕਿਉਂ ਭੁਲਾ ਦਿੱਤਾ ਹੈ॥ ੧ ॥

ਤਜਿ ਅਭਿਮਾਨੁ ਮੋਹ ਮਾਹਿਆ ਫੁਨਿ ਭਜਨ ਰਾਮ ਚਿਤੁ ਲਾਵਉ॥

ਜਾਤੀ ਤੇ ਵਿਦਿਆ ਦੇ ਅਭਿਮਾਨੁ=ਹੰਕਾਰ ਨੂੰ ਅਤੇ ਮਾਇਆ ਦੇ ਮੋਹ ਨੂੰ ਤਿਆਗ ਕੇ ਪੁਨਾ ਰਾਮ ਦੇ

ਭਜਨ ਸਿਮਰਨ ਵਿੱਚ ਚਿੱਤ ਬਿਰਤੀ ਨੂੰ ਲਗਾਣਾ ਕਰੋ।

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ ੨ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਇਹ ਨਾਮ ਹੀ ਮੁਕਤੀ ਦੀ ਪ੍ਰਾਪਤੀ ਦਾ ਰਸਤਾ ਹੈ ਤੁਸੀਂ ਗੁਰਮੁਖ ਹੋ ਕੇ ਗੁਰਾਂ ਦੁਆਰੇ ਇਸ ਨੂੰ ਪਾਵਨਾ ਕਰੋ॥ ੨ ॥ ੫ ॥

[ਪੰਨਾ ੨੨੦]

ਗਉੜੀ ਮਹਲਾ ੯ ॥ ਕੋਊ ਮਾਈ ਭੂਲਿਓ ਮਨੁ ਸਮਝਾਵੈ ॥

ਮਾਈ=ਹੇ ਭਾਈ ਐਸਾ ਕੋਈ ਹੈ ਜੋ ਮਾਈ=ਮਾਇਆਪਤੀ ਪਰਮਾਤਮਾ ਤੋਂ ਭੁਲੇ ਹੋਏ ਮਨ ਨੂੰ ਸਮਝਾਣਾ ਕਰੇ। ਕਿਉਂਕਿ-

ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥ ੧ ॥ ਰਹਾਉ ॥

ਵੇਦਾਂ, ਪੁਰਾਣਾਂ, ਤੇ ਸੰਤਾਂ ਪਾਸੋ ਪ੍ਰਭੂ ਦੀ ਪ੍ਰਾਪਤੀ ਦਾ ਰਸਤਾ ਸੁਣ ਕੇ ਭੀ ਇਕ ਨਿਮਖ ਮਾਤ੍ਰ ਹਰੀ ਗੁਣਾਂ ਨੂੰ ਨਹੀਂ ਗਾਉਂਦਾ॥ ੧ ॥ ਰਹਾਉ ॥

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥

ਜੋ ਮਨੁੱਖਾ ਦੇਹ ਪ੍ਰਾਪਤ ਹੋਣੀ ਬੜੀ ਦੁਰਲਭ ਹੈ ਅਜੇਹੀ ਮਨੁੱਖਾ ਦੇਹੀ ਪਾ ਕੇ ਤੂੰ ਆਪਣੇ ਅਮੋਲਕ ਜਨਮ ਨੂੰ ਵਿਅਰਥ ਸਿਰਾਵੇ=ਬਤੀਤ ਕਰ ਰਿਹਾ ਹੈਂ।

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥ ੧ ॥

ਮਾਇਆ ਦਾ ਜੋ ਮੋਹ ਹੈ ਏਹੋ ਬੜਾ ਸੰਕਟ=ਦੁਖਦਾਈ ਬਨ=ਜੰਗਲ ਹੈ, ਤਿਸ ਨਾਲ ਤੂੰ ਆਪਣੇ ਦਿਲ ਦੀ ਰੁਚ=ਖਾਹਸ਼ ਪੈਦਾ ਕਰਦਾ ਹੈਂ॥ ੧ ॥

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥

ਜੋ ਪ੍ਰਭੂ ਅੰਦਰ ਬਾਹਰ ਸਦਾ ਅੰਗ ਸੰਗ ਹੈ, ਉਸ ਨਾਲ ਤੂੰ ਪ੍ਰੇਮ ਨਹੀਂ ਲਾਉਂਦਾ।

ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥ ੨ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਤੁਸੀਂ ਉਸ ਨੂੰ ਮੁਕਤ ਰੂਪ ਮੰਨਣਾ ਕਰੋ,
ਜਿਸ ਦੇ ਹਿਰਦੇ ਵਿਚ ਰਾਮ ਸਮਾ ਰਿਹਾ ਹੈ॥ ੨ ॥ ੬ ॥

ਗਉੜੀ ਮਹਲਾ ੯ ॥ ਸਾਧੋ ਰਾਮ ਸਰਨਿ ਬਿਸਰਾਮਾ ॥

ਹੇ ਸੰਤੋ ! ਤੁਸੀਂ ਰਾਮ ਦੀ ਸ਼ਰਨ ਵਿਚ ਬਿਸਰਾਮਾ=ਇਸਥਿਤੀ ਕਰੋ।

ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥ ੧ ॥ ਰਹਾਉ ॥

ਵੇਦਾਂ, ਪੁਰਾਣਾ ਦੇ ਪੜ੍ਹਨ ਦਾ ਏਹੋ ਗੁਨ=ਲਾਭ ਹੈ ਜਿਹੜਾ ਹਰੀ ਨਾਮ ਦਾ ਸਿਮਰਨਾ ਹੈ॥ ੧ ॥ ਰਹਾਉ ॥

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥

ਕਾਮ ਕ੍ਰੋਧ ਲੋਭ ਮੋਹ ਹੰਕਾਰ, ਫੁਨਿ=ਪੁਨਾ ਮਾਇਆ ਦੀ ਮਮਤਾ, ਅਤੇ ਵਿਸ਼ਿਆਂ ਦੀ ਸੇਵਾ ਕਰਨੀ, ਭਾਵ ਵਿਸ਼ਿਆਂ ਦਾ ਭੋਗਣਾ। ਅਤੇ-

ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥ ੧ ॥

ਹਰਖ ਸੋਗ ਆਦਿਕ ਇਹ ਸਾਰੇ ਵਿਕਾਰ ਜਿਸ ਨੂੰ ਪੋਂਹਦੇ ਨਹੀਂ ਹਨ, ਉਹ ਤਾਂ ਜਗਤ ਵਿਚ ਦੇਵਾ+ਮੂਰਤਿ=ਪ੍ਰਕਾਸ਼ ਰੂਪ ਪਰਮੇਸ਼ਰ ਦਾ ਸਰੂਪ ਹੈ॥ ੧ ॥

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥

ਸੁਰਗ ਤੇ ਨਰਕ, ਅੰਮ੍ਰਿਤ ਤੇ ਵਿਹੁ ਇਨ੍ਹਾਂ ਸਭਨਾਂ ਨੂੰ ਇਕਸਾਰ ਜਾਣਦਾ ਹੈ, ਤਿਵੇਂ ਸੋਨੇ ਅਤੇ ਪੈਸਾ=ਤਾਂਬੇ ਨੂੰ ਇਕਸਾਰ ਸਮਝਦਾ ਹੈ।

ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥ ੨ ॥

ਉਸਤਤੀ ਤੇ ਨਿੰਦਿਆ ਇਹ ਜਿਸਨੂੰ ਇਕ ਸਮਾਨ ਹੈ, ਤੈਸੇ ਹੀ ਜਿਸ ਨੂੰ ਲੋਭ ਤੇ ਸੰਤੋਖ ਪੁਨਾ ਮੋਹ ਤੇ ਵੈਰਾਗ ਇਕ ਬਰਾਬਰ ਹੈ॥ ੨ ॥

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਹੁ ਗਿਆਨੀ ॥

ਦੁਖ ਤੇ ਸੁਖ ਜਿਹੜੇ ਪੁਰਸ਼ ਇਨ੍ਹਾਂ ਵਿਚ ਨਹੀਂ ਬਧੇ ਹੋਏ, ਵਾ:-ਦੁਖ ਤੇ ਸੁਖ ਇਹ ਦੋਵੇਂ ਜਿਸ ਨੂੰ ਬਾਧੇ= ਪੀੜਾ ਨਹੀਂ ਕਰਦੇ, ਤੁਸੀਂ ਉਸ ਨੂੰ ਗਿਆਨੀ ਜਾਣੋ।

ਨਾਨਕ ਮੁਕਤਿ ਤਾਹਿ ਤੁਮ ਮਾਨਹੁ ਇਹ ਬਿਧਿ ਕੋ ਜੋ ਪ੍ਰਾਨੀ ॥ ੩ ॥ ੭ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਇਸ ਤਰ੍ਹਾਂ ਦਾ ਹੈ ਉਸ ਨੂੰ ਤੁਸੀਂ ਮੁਕਤ ਸਰੂਪ ਮੰਨਣਾ ਕਰੋ॥ ੩ ॥ ੭ ॥

ਗਉੜੀ ਮਹਲਾ ੯ ॥ ਮਨ ਰੇ ਕਹਾ ਭਇਓ ਤੈ ਬਉਰਾ ॥

ਹੇ ਮਨ ! ਤੂੰ ਕਿਸ ਵਾਸਤੇ ਬਉਰਾ=ਝੱਲਾ ਭਾਵ ਪਾਗਲ ਹੋ ਗਿਆ ਹੈਂ।

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥ ੧ ॥ ਰਹਾਉ ॥

ਦਿਨ ਰਾਤ ਉਮਰਾ ਘਟਦੀ ਜਾ ਰਹੀ ਹੈ ਤੂੰ ਜਾਣਦਾ ਹੀ ਨਹੀਂ, ਲੋਭ ਦੀ ਸੰਗਤ ਕਰਕੇ ਤੂੰ ਹਉਰਾ=ਹੌਲਾ ਭਾਵ ਤੁਛ ਹੋ ਰਿਹਾ ਹੈਂ॥ ੧ ॥ ਰਹਾਉ॥

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥

ਜਿਸ ਸਰੀਰ ਨੂੰ ਤੂੰ ਆਪਣਾ ਕਰਕੇ ਮੰਨਿਆ ਹੈ, ਅਤੇ ਸੁੰਦਰ ਇਸਤ੍ਰੀ ਤੇ ਘਰ ਨੂੰ ਭੀ ਆਪਣਾ ਜਾਣਦਾ ਹੈਂ।

ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥ ੧ ॥

ਹੇ ਮਨ ! ਇਨ੍ਹਾਂ ਵਿਚੋਂ ਤੇਰਾ ਕੁਝ ਭੀ ਨਹੀ ਹੈ ਤੂੰ ਆਪਣੇ ਮਨ ਵਿਚ ਸੋਚ ਵਿਚਾਰ ਕੇ ਦੇਖ ਲੈ॥ ੧ ॥

ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ॥

ਰਤਨ ਵਾਂਗੂੰ ਅਮੋਲਕ ਮਨੁੱਖਾ ਜਨਮ ਤੈਨੇ ਆਪਣਾ ਹਾਰ ਦਿਤਾ ਹੈ ਕਿਉਂਕਿ ਤੈਨੇ ਗੋਬਿੰਦ ਦੀ ਗਤਿ=ਪ੍ਰਾਪਤੀ ਦੀ ਜੁਗਤੀ ਨਹੀਂ ਜਾਣੀ।

ਨਿਮਖ ਨ ਲੀਨ ਭਇਓ ਚਰਨਨ ਸਿਉ ਬਿਰਥਾ ਅਉਧ ਸਿਰਾਨੀ॥ ੨ ॥

ਇਕ ਨਿਮਖ ਮਾਤ੍ਰ ਵੀ ਤੂੰ ਚਰਨਾਂ ਨਾਲ ਲੀਨ ਨਹੀਂ ਹੋਇਆ, ਇਸ ਲਈ ਤੈਨੇ ਆਪਣੀ ਉਮਰਾ ਵਿਅਰਥ ਸਿਰਾਨੀ=ਬਤੀਤ ਕਰ ਲੀਤੀ ਹੈ॥ ੨ ॥

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ॥

ਗੁਰੂ ਜੀ ਕਥਨ ਕਰਦੇ ਹਨ ਉਹ ਪੁਰਸ਼ ਸੁਖੀ ਹੈ ਜੋ ਰਾਮ ਨਾਮ ਜਪਦਾ ਹੈ, ਤੇ ਵਾਹਿਗੁਰੂ ਦੇ ਗੁਣ ਗਾਉਂਦਾ ਹੈ।

ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ॥ ੩ ॥ ੮ ॥

ਹੋਰ ਜੋ ਸਾਰਾ ਜਗਤ ਮਾਇਆ ਦਾ ਮੋਹਿਆ ਹੋਇਆ ਹੈ ਉਹ ਨਿਰਭੈ ਪਦਵੀ ਨੂੰ ਨਹੀਂ ਪਾਉਂਦਾ ॥ ੩॥ ੮॥

ਗਉੜੀ ਮਲਾ ੯॥ ਨਰ ਅਚੇਤ ਪਾਪ ਤੇ ਡਰੁ ਰੇ॥

ਹੇ ਅਚੇਤ=ਅਗਿਆਤ ਪੁਰਸ਼ਾ ਤੂੰ ਪਾਪ ਕਰਮਾਂ ਤੋਂ ਡਰਨਾ ਕਰ। ਵਾ:-ਅਚੇਤ=ਅਚਨਚੇਤ ਜੋ ਅਨਭੋਲ ਵਿਚ ਪਾਪ ਕਰਮ ਹੋ ਜਾਂਦੇ ਹਨ ਉਨ੍ਹਾਂ ਤੋਂ ਭੀ ਡਰਨਾ ਕਰ।

ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ॥੧॥ਰਹਾਉ॥

ਜੋ ਦੀਨ ਦਿਆਲ ਪ੍ਰਭੂ ਸਾਰੇ ਡਰਾਂ ਦੇ ਨਾਸ ਕਰਨ ਵਾਲਾ ਹੈ, ਤੂੰ ਉਸ ਦੀ ਸ਼ਰਨ ਵਿਚ ਜਾ ਕੇ ਪੈਣਾ ਕਰ॥ ੧॥ ਰਹਾਉ॥

ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ॥

ਜਿਸ ਪ੍ਰਭੂ ਦੇ ਗੁਣਾਂ ਨੂੰ ਵੇਦ ਅਤੇ ਪੁਰਾਣ ਗਾਉਂਦੇ ਹਨ, ਉਸ ਦੇ ਨਾਮ ਨੂੰ ਤੂੰ ਹਿਰਦੇ ਵਿਚ ਧਾਰਨਾ ਕਰ।

ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ॥੧॥

ਜਗਤ ਵਿਚ ਇਕ ਹਰੀ ਦਾ ਨਾਮ ਹੀ ਪਾਵਨ=ਪਵਿੱਤ੍ਰ ਹੈ, ਉਸ ਨੂੰ ਸਿਮਰ ਸਿਮਰ ਕੇ ਆਪਣੇ ਸਾਰੇ ਪਾਪ ਹਰੁ ਰੇ=ਨਾਸ ਕਰ ਲੈ ॥ ੧॥

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥

ਇਸ ਮਨੁੱਖਾ ਦੇਹ ਨੂੰ ਮੁੜ ਕੇ ਨਹੀਂ ਪਾਵੇਂਗਾ, ਹੁਣ ਮੁਕਤੀ ਦਾ ਕੁਝ ਉਪਾਉ=ਜਤਨ ਕਰ ਲੈ।

ਨਾਨਕ ਕਹਤ ਗਾਇ ਕਰੁਨਾ ਮੈ
ਭਵ ਸਾਗਰ ਕੈ ਪਾਰਿ ਉਤਰੁ ਰੇ॥ ੨ ॥ ੯ ॥ ੨੫੧ ॥

ਗੁਰੂ ਜੀ ਕਥਨ ਕਰਦੇ ਹਨ ਹੇ ਭਾਈ ਕਰੁਨਾ ਮੈ=ਕਿਰਪਾ ਸਰੂਪ ਪਰਮੇਸ਼ਰ ਦੇ ਗੁਣ ਗਾ ਕੇ ਸੰਸਾਰ ਸਮੁੰਦ੍ਰ ਤੋਂ ਪਾਰ ਉਤਰਨਾ ਕਰ॥ ੨ ॥ ੯ ॥ ੨੫੧ ॥

ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ

੧ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਗੁਰੂ ਜੀ ਨੇ ਇਹ ਸੋਲਾਂ ਅੱਖਰਾਂ ਵਾਲਾ ਮੰਤਰ ਉਚਾਰਨਾ ਕੀਤਾ ਹੈ।

ਉਥਾਨਕਾ:-ਇਕ ਸਿਧ ਜੋਗੀ ਨੇ ਆ ਕੇ ਕਿਹਾ ਆਪ ਜੋਗ ਭੇਖ ਧਾਰਨਾ ਕਰੋ ਤਾਂ ਆਪ ਜੀ ਨੂੰ ਰਿਧੀਆਂ ਸਿਧੀਆਂ ਆ ਕੇ ਪ੍ਰਾਪਤ ਹੋਣਗੀਆਂ ਇਹ ਗੱਲ ਜੋਗੀ ਤੋਂ ਸੁਣ ਕੇ ਗੁਰੂ ਜੀ ਆਖਦੇ ਹਨ-

ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ॥ ਪੂਰਨ ਪੂਰਿ ਰਹਿਆ ਬਿਖੁ ਮਾਰਿ॥

ਨਿਰਮਲ ਪਰਮਾਤਮਾ ਦੇ ਨਾਮ ਦਾ ਜੋ ਵਿਚਾਰ ਕਰਦੇ ਹਾਂ ਏਹੋ ਮੇਰੇ ਪਾਸ ਨਿੱਧੀ ਤੇ ਸਿੱਧੀ ਹੈ।

ਜਿਸ ਵੇਲੇ ਨਾਮ ਜਪ ਕੇ ਬਿਖੁ=ਵਿਸ਼ਿਆਂ ਨੂੰ ਮਾਰਿਆ ਤਾਂ ਪੂਰਨ ਪਰਮਾਤਮਾ ਨੂੰ ਸਾਰਿਆਂ ਵਿਚ ਪਰੀਪੂਰਨ ਹੋ ਰਿਹਾ ਨਿਸਚੇ ਕੀਤਾ।

ਤ੍ਰਿਕੁਟੀ ਛੂਟੀ ਬਿਮਲ ਮਝਾਰਿ॥ ਗੁਰ ਕੀ ਮਤਿ ਜੀਇ ਆਈ ਕਾਰਿ॥ ੧॥

ਜਿਸ ਵੇਲੇ ਮਝਾਰਿ=ਹਿਰਦਾ ਬਿਮਲ=ਨਿਰਮਲ ਹੋਇਆ ਤਾਂ ਧਿਆਤਾ ਧਿਆਨ ਧੇਯ, ਪ੍ਰਮਾਤਾ ਪ੍ਰਮਾਨ ਪ੍ਰਮੇਯ ਰੂਪ ਤ੍ਰਿਕੁਟੀ ਛੁਟ ਗਈ। ਅਤੇ ਗੁਰਾਂ ਦੀ ਸਿਖਿਆ ਜੀਵ ਦੇ ਕੰਮ ਆ ਗਈ, ਵਾ:-ਕਾਰਿ=ਔਸ਼ਧੀ ਰੂਪ ਹੋ ਕੇ ਜੀਵ ਦੇ ਕੰਮ ਆਈ॥ ੧॥ *ਦੂਜਾ ਭਾਵ* - ਗੁਰ ਕੀ ਮਤਿ ਜੀਇ ਆਈ ਕਾਰਿ-ਜਿਸ ਵੇਲੇ ਗੁਰਾਂ ਦੀ ਸਿਖਿਆ ਜੀਅ ਦੇ ਕੰਮ ਆਈ

ਨਿਰਮਲ ਨਾਮੁ ਬੀਚਾਰੁ - ਤੇ ਨਿਰਮਲ ਪਰਮਾਤਮਾ ਦੇ ਨਾਮ ਨੂੰ ਵਿਚਾਰਿਆ
ਬਿਖੁ ਮਾਰਿ - ਅਤੇ ਵਿਸ਼ਿਆਂ ਨੂੰ ਮਾਰਨਾ ਕੀਤਾ,
ਬਿਮਲ ਮਝਾਰਿ - ਤਾਂ ਹਿਰਦਾ ਸ਼ੁਧ ਹੋ ਗਿਆ, ਹਿਰਦੇ ਦੇ ਸ਼ੁਧ ਹੋਣ ਕਰਕੇ
ਤ੍ਰਿਕੁਟੀ ਛੂਟੀ - ਧਿਆਤਾ ਧਿਆਨ ਧੇਯ ਰੂਪ ਤ੍ਰਿਕੁਟੀ ਛੁਟ ਗਈ, ਤ੍ਰਿਕੁਟੀ ਦੇ ਛੁਟਨ ਕਰਕੇ
ਪੂਰਨ ਪੂਰਿ ਰਹਿਆ - ਪੂਰਨ ਪਰਮੇਸ਼ਰ ਨੂੰ ਸਾਰੇ ਪਰੀਪੂਰਨ ਹੋ ਰਿਹਾ ਨਿਸਚੇ ਕੀਤਾ
ਨਿਧਿ ਸਿਧਿ- ਤਾਂ - ਨਿਧੀਆਂ ਸਿਧੀਆਂ ਪਿਛੇ ਲਗੀਆਂ ਫਿਰਦੀਆਂ ਹਨ।

[ਪੰਨਾ ੨੨੧]

ਇਨ ਬਿਧਿ ਰਾਮ ਰਮਤ ਮਨੁ ਮਾਨਿਆ॥

ਇਸ ਵਿਧੀ ਨਾਮ ਰਾਮ ਦੇ ਰਮਤ=ਉਚਾਰਨ ਪਰ ਮਨ ਮੰਨਿਆ ਗਿਆ।

ਗਿਆਨ ਅੰਜਨੁ ਗੁਰ ਸਬਦਿ ਪਛਾਨਿਆ॥ ੧॥ ਰਹਾਉ॥

ਜਾਂ ਗੁਰ ਉਪਦੇਸ਼ ਨੂੰ ਪਛਾਣਿਆ ਤਾਂ ਗੁਰਾਂ ਨੇ ਬੁਧੀ ਰੂਪੀ ਨੇਤ੍ਰਾਂ ਵਿਚ ਗਿਆਨ ਰੂਪ ਸੁਰਮਾ ਦੇਣਾ ਕੀਤਾ। ਅੰਨਵੇਂ ਅਖਰ:-ਮਨੁ ਮਾਨਿਆ, ਗੁਰ ਸਬਦਿ ਪਛਾਣਿਆ, ਗਿਆਨ ਅੰਜਨੁ, ਇਨ ਬਿਧਿ ਰਾਮ ਰਮਤ॥ ਜਿਸ ਵੇਲੇ ਜਗਿਆਸੂ ਦਾ ਮਨ ਗੁਰਾਂ ਤੇ ਮੰਨਿਆਂ ਗਿਆ, ਤਾਂ ਗੁਰ ਉਪਦੇਸ਼ ਨੂੰ ਪਛਾਣਿਆ ਤੇ ਬੁਧੀ ਰੂਪੀ ਅੱਖਾਂ ਵਿਚ ਗਿਆਨ ਰੂਪ ਸੁਰਮਾ ਪਾਇਆ, ਇਸ ਵਿਧੀ ਨਾਲ ਰਾਮ ਨੂੰ ਸਾਰੇ ਰਮਿਆ ਹੋਇਆ ਨਿਸਚੇ ਕੀਤਾ॥ ੧॥ ਰਹਾਉ॥

ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥

ਜਿਸ ਵੇਲੇ ਸਹਜਿ=ਗਿਆਨ ਨਾਲ ਮਿਲਾਪ ਹੋਇਆ, ਤਾਂ ਏਕਤਾ ਦਾ ਸੁਖ ਮਾਨਿਆ=ਭੋਗਿਆ।

ਗੁਰਾਂ ਦੀ ਨਿਰਮਲ ਉਪਦੇਸ਼ ਬਾਣੀ ਦੁਆਰਾ ਭਰਮ ਨੂੰ ਦੂਰ ਕੀਤਾ।

ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥ ੨ ॥

ਜਦ ਆਤਮ ਰੰਗ ਨਾਲ ਲਾਲ ਰੰਗ ਵਾਲੇ ਹੋਏ ਤਾਂ ਮਾਇਆ=ਮਇਆਵਕੀ ਰੰਗਾਂ ਨੂੰ ਸੂਹਾ=ਕਸੁੰਭੇ ਰੰਗ ਵਾਂਗੂੰ ਅਨਿਸਥਰ ਰੂਪ ਨਿਸਚੇ ਕੀਤਾ। ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਵਿਸ਼ਿਆਂ ਨੂੰ ਠਾਕਿ ਰਹਾਇਆ= ਰੋਕ ਰਖਿਆ ॥ ੨ ॥

ਅਥਵਾ:-ਨਦਰ ਭਈ, ਨਿਰਮਲ ਬਾਣੀ, ਬਿਖੁ ਠਾਕਿ ਰਹਾਇਆ, ਸਹਜਿ ਮਿਲਾਇਆ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਣ ਕਰਕੇ, ਨਿਰਮਲ ਉਪਦੇਸ਼ ਬਾਣੀ ਦੀ ਪ੍ਰਾਪਤੀ ਹੋਈ ਤੇ ਵਿਸ਼ਿਆਂ ਨੂੰ ਰੋਕ ਰਖਿਆ ਤਾਂ ਸਹਜਿ=ਗਿਆਨ ਨਾਲ ਮਿਲਾਪ ਹੋਇਆ, ਭਰਮ ਚੁਕਾਇਆ, ਸੂਹਾ ਰੰਗ ਮਾਇਆ, ਇਕ ਸੁਖੁ ਮਾਨਿਆ, ਲਾਲ ਭਏ ਗਿਆਨ ਦੇ ਪ੍ਰਤਾਪ ਕਰਕੇ:-ਭਰਮ ਨੂੰ ਦੂਰ ਕੀਤਾ ਤੇ ਮਾਇਆ ਦੇ ਰੰਗਾਂ ਨੂੰ ਸੂਹਾ=ਕਸੁੰਭੇ ਰੰਗ ਵਾਂਗੂੰ ਨਾਸ ਰੂਪ ਨਿਸਚੇ ਕੀਤਾ, ਤਾਂ ਏਕਤਾ ਦਾ ਸੁਖ ਮੰਨਿਆ ਤੇ ਲਾਲ ਭਏ=ਬ੍ਰਹਮ ਗਿਆਨ ਦੇ ਸਹਿਤ ਹੋ ਗਏ।

ਉਲਟ ਭਈ ਜੀਵਤ ਮਰਿ ਜਾਗਿਆ ॥
ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥

ਜੀਵਤ ਭਾ ਤੋਂ ਮਰਕੇ ਗਿਆਨ ਜਾਗ੍ਰਤ ਵਿਚ ਜਾਗੇ ਤਾਂ ਸੰਸਾਰ ਵਲੋਂ ਬਿਰਤੀ ਉਲਟੀ ਭਈ=ਹੋਈ, ਤੇ ਗੁਰਾਂ ਦੇ ਉਪਦੇਸ਼ ਨੂੰ ਰਵੇ=ਉਚਾਰਿਆ ਤਾਂ ਮਨ ਹਰੀ ਨਾਲ ਲਗ ਗਿਆ।

ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥
ਭਾਇ ਬਸੇ ਜਮ ਕਾ ਭਉ ਭਾਗਿਆ ॥ ੩ ॥

ਆਤਮ ਰਸ ਨੂੰ ਸੰਗ੍ਰਹਿ=ਇਕੱਠਾ ਕੀਤਾ ਤਾਂ ਬਿਖੁ=ਵਿਸ਼ਿਆਂ ਨੂੰ ਪਰਹਰਿ+ਤਿਆਗਿਆ=ਤਿਆਗ ਛਡਿਆ। ਭਾਇ-ਪ੍ਰੇਮ ਵਿਚ ਵੱਸੇ ਤਾਂ ਜਮਾਂ ਦਾ ਡਰ ਭਜ ਗਿਆ ॥ ੩ ॥

ਅਥਵਾ:-ਭਾਇ ਬਸੇ, ਸਬਦਿ ਰਵੇ, ਮਨੁ ਹਰਿ ਸਿਉ ਲਾਗਿਆ। ਬਿਖੁ ਪਰਹਰਿ ਤਿਆਗਿਆ। ਪ੍ਰੇਮ ਵਿਚ ਵਸਕੇ ਗੁਰਸ਼ਬਦ ਨੂੰ ਰਵੇ=ਉਚਾਰਿਆ ਤਾਂ ਮਨ ਹਰੀ ਨਾਲ ਜੁੜ ਗਿਆ, ਤੇ ਵਿਸ਼ੇ ਵਿਕਾਰਾਂ ਨੂੰ ਪਰਹਰਿ+ਤਿਆਗਿਆ=ਤਿਆਗ ਛਡਿਆ।

ਜੀਵਤ ਮਰਿ ਜਾਗਿਆ। ਉਲਟ ਭਈ, ਰਸ ਸੰਗ੍ਰਹਿ, ਜਮ ਕਾ ਭਉ ਭਾਗਿਆ ॥ ੩ ॥

ਜੀਵਤ ਭਾ ਤੋਂ ਮਰ ਕੇ ਗਿਆਨ ਜਾਗ੍ਰਤ ਵਿਚ ਜਾਗੇ, ਤਾਂ ਸੰਸਾਰ ਵਲੋਂ ਬਿਰਤੀ ਉਲਟ ਹੋ ਗਈ ਅਤੇ ਆਤਮ ਰਸ ਦੇ ਇਕੱਠੇ ਕਰਨ ਨਾਲ ਜਮਾਂ ਦਾ ਡਰ ਦੌੜ ਗਿਆ ॥ ੩ ॥

ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥

ਸਾਦ=ਵਿਸ਼ੇ ਸੁਆਦ, ਬਾਦੰ=ਝਗੜੇ ਤੇ ਹੰਕਾਰ. ਵਾ:-ਬਾਦੰ=ਵਿਅਰਥ ਹੰਕਾਰ ਆਦਿਕ ਸਭ ਰਹਿ ਚੁਕੇ ਹਨ। ਅਪਾਰਾ=ਪਾਰਾਵਾਰ ਤੋਂ ਰਹਿਤ ਜੋ ਪਰਮੇਸ਼ਰ ਹੈ ਉਸ ਅਪਾਰ ਦੇ ਹੁਕਮ ਕਰਕੇ ਚਿਤ ਹਰੀ ਨਾਲ

ਤਦਾਕਾਰ ਹੋਇਆ ਹੈ।

ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥ ੪ ॥

ਪਤਿ ਕੇ+ਆਚਾਰਾ=ਮਾਨ ਪ੍ਰਤਿਸ਼ਟਾ ਵਾਸਤੇ ਜੋ ਕਰਤੱਬ ਕਰਦੇ ਸੀ, ਉਹ ਸਭ ਜਾਂਦੇ ਰਹੇ।

ਜਿਸ ਵੇਲੇ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਤਾਂ ਆਤਮ=ਆਪਣੇ ਆਪ ਦਾ ਸੁਖ ਧਾਰਨਾ ਕੀਤਾ ॥ ੪ ॥

ਅਥਵਾ:-ਦ੍ਰਿਸਟਿ ਭਈ, ਚਿਤ ਹਰਿ ਸਿਉ ਰਾਤਾ ਹੁਕਮਿ ਅਪਾਰਾ ॥ ਸਾਦ ਰਹੇ ਬਾਦੰ ਅਹੰਕਾਰਾ ॥ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੋਣ ਕਰਕੇ, ਹਰੀ ਨਾਲ ਚਿਤ ਤਦਾਕਾਰ ਹੋਇਆ ਤੇ ਅਪਾਰ ਪ੍ਰਭੂ ਦੇ ਹੁਕਮ ਨੂੰ ਮੰਨਿਆ, ਤਾਂ ਵਿਸ਼ੇ ਸੁਆਦ ਬਾਦੰ=ਝਗੜੇ ਤੇ ਹੰਕਾਰ ਆਦਿਕ ਸਭ ਰਹਿ ਗਏ।

ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥ ੪ ॥

ਮਾਨ ਪ੍ਰਤਿਸਟਾ ਵਾਸਤੇ ਜੋ ਆਚਾਰਾ=ਕਰਤੱਬ ਕਰਦੇ ਸੀ ਉਹ ਭੀ ਜ਼ਾਂਦੇ ਰਹੇ, ਅਤੇ ਮਨ ਵਿਚ ਆਤਮ ਸੁਖ ਨੂੰ ਧਾਰਨਾ ਕੀਤਾ ॥ ੪ ॥

ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥

ਹੇ ਅਸਲੀ ਮਿਤ੍ਰ ਗੁਰੋ ! ਆਪ ਜੀ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਦੇਖਦਾ ਨਹੀਂ ਹਾਂ।

ਆਪ ਜੀ ਤੋਂ ਬਿਨਾਂ ਮੈਂ ਕਿਸ ਨੂੰ ਸੇਵਨਾ ਕਰਾਂ, ਅਤੇ ਕਿਸ ਦੇ ਵਿਚ ਚਿਤ ਦੇਣਾ ਕਰਾਂ?

ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥ ੫ ॥

ਕਿਸ ਦੇ ਪਾਸੋਂ ਪੁਛਣਾ ਕਰਾਂ ਤੇ ਕਿਸ ਦੀ ਚਰਣੀ ਲਗਣਾ ਕਰਾਂ?

ਅਤੇ ਕਿਸ ਦੇ ਉਪਦੇਸ਼ ਵਿਚ ਲਿਵ ਲਗਾ ਕੇ ਰਹਿਣਾ ਕਰਾਂ ? ॥ ੫ ॥ *ਗੁਰ ਉੱਤਰ:-*

ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥

ਹੇ ਜੋਗੀ ! ਗਰਾਂ ਨੂੰ ਸੇਵਨਾ ਕਰ, ਗੁਰਾਂ ਨੂੰ ਚਿਤ ਦੇਣਾ ਕਰ, ਗੁਰਾਂ ਤੋਂ ਹੀ ਪੁਛਣਾ ਕਰ, ਤੇ ਗੁਰੂ ਦੀ ਪਾਇ=ਚਰਣੀ ਲਗਣਾ ਕਰ। ਭਗਤੀ ਕਰਨ ਵਾਲੇ ਜੋ ਗੁਰੂ ਹਨ ਉਨ੍ਹਾਂ ਤੋਂ ਉਪਦੇਸ਼ ਲੈ ਕੇ ਹਰੀ ਨਾਮ ਵਿਚ ਰਾਚਉ=ਤਦਾਕਾਰ ਹੋਣਾ ਕਰ।

ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥ ੬ ॥

ਭਾਉ=ਪ੍ਰੇਮ ਪੂਰਬਕ ਦੀਖਿਆ=ਗੁਰ ਸਿਖਿਆ ਦਾ ਜੋ ਸਿਖਣਾ ਹੈ ਏਹੀ ਭੋਜਨ ਛਕਣਾ ਕਰ,

ਵਾ:-ਦੀਖਿਆ=ਗੁਰ ਉਪਦੇਸ਼ ਦੇ ਸਿਖਿਆ=ਸਿਖਣ ਕਰਕੇ ਭਾਉ=ਗਿਆਨ ਰੂਪੀ ਭੋਜਨ ਪ੍ਰਾਪਤ ਹੁੰਦਾ ਹੈ। ਇਸ ਲਈ ਸਤਸੰਗਤ ਰੂਪੀ ਨਿਜ ਘਰ ਵਿਚ ਜਾ ਕੇ ਤੂੰ ਹੁਕਮ ਮੰਨਣ ਦਾ ਸੰਜੋਗੀ ਹੋ।

ਵਾ:-ਗੁਰਾਂ ਦੇ ਹੁਕਮ ਮੰਨਣ ਦਾ ਸੰਜੋਗੀ ਹੋ ਕੇ ਤੂੰ ਆਪਣੇ ਸਰੂਪ ਰੂਪੀ ਘਰ ਵਿਚ ਜਾਣਾ ਕਰ ॥ ੬ ॥

ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥

ਪ੍ਰਭੂ ਦੇ ਧਿਆਨ ਕਰਕੇ ਜਦ ਆਤਮ ਸੁਖ ਪ੍ਰਾਪਤ ਹੋਵੇ ਤਾਂ ਗਰਬ+ਗਤੰ=ਹੰਕਾਰ ਨਾਸ ਹੁੰਦਾ ਹੈ।

ਵਾ:-ਗੁਰ ਚਰਨਾਂ ਦਾ ਧਿਆਨ ਕਰਨ ਨਾਲ ਗਰਬ+ਗਤੰ=ਹੰਕਾਰ ਦੂਰ ਹੋਵੇ ਤਾਂ ਆਤਮ ਸੁਖ ਹੁੰਦਾ ਹੈ।

ਜੋਤਿ ਭਈ=ਆਤਮ ਗਿਆਤ ਦੇ ਹੋਣ ਕਰਕੇ ਜੋਤੀ=ਪਰਮੇਸ਼ਰ ਵਿਚ ਸਮਾਨਾ=ਅਭੇਦ ਹੁੰਦਾ ਹੈ।

ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥ ੭ ॥

ਜੋ ਕਰਮਾਂ ਦੀ ਲਿਖਤ ਮੱਥੇ ਪਰ ਲਿਖੀ ਗਈ ਹੈ ਉਹ ਭੋਗੇ ਬਿਨਾਂ ਮਿਟਦੀ ਨਹੀਂ ਇਸ ਗੱਲ ਨੂੰ ਗੁਰਾਂ ਦਾ ਸ਼ਬਦ ਨੀਸਾਨਾ=ਪ੍ਰਗਟ ਦਸਦਾ ਹੈ।

ਯਥਾ:- ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥ *(ਪੰਨਾ ੯੩੭)*

ਵਾ:-ਇਸ ਗੱਲ ਨੂੰ ਸਬਦੁ=ਵੇਦ ਵੀ ਪ੍ਰਗਟ ਕਹਿੰਦਾ ਹੈ।

ਵਾ:-ਇਹ ਸਬਦੁ=ਵਾਕ ਨੀਸਾਨਾ=ਪਰਗਟ ਹੈ।

ਵਾ:-ਜਿਸ ਪਰਮੇਸ਼ਰ ਦੀ ਲਿਖਤ ਲਿਖੀ ਹੋਈ ਭੋਗੇ ਬਿਨਾਂ ਮਿਟਦੀ ਨਹੀਂ ਉਹ ਸਬਦੁ=ਬ੍ਰਹਮ ਸਾਰੇ ਪ੍ਰਗਟ ਹੈ। ਹੇ ਜੋਗੀ ! ਅਸਾਂ ਨੇ ਤਾਂ ਕਰਤਾਰ ਕਰਤਾਰ ਕਰਨਾ ਹੀ ਜਾਣਿਆ ਹੈ ਕਿਉਂਕਿ ਮਹਾਰਾਜ ਜੀ ਦੀ ਬੋਲੀ ਹੀ ਏਹੋ ਸੀ। ਵਾ:-ਸਾਰੇ ਕਰਣਾ=ਪ੍ਰਪੰਚ ਦਾ ਕਰਤਾ ਜੋ ਬ੍ਰਹਮਾ ਹੈ, ਉਸ ਬ੍ਰਹਮਾ ਦਾ ਕਰਤਾ ਜੋ ਪਰਮੇਸ਼ਰ ਹੈ ਉਸ ਨੂੰ ਮੈਂ ਜਾਣਿਆ ਹੈ॥ ੭ ॥

ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥

ਹੇ ਜੋਗੀ ! ਆਪਣੇ ਆਪ ਨਾ ਕੋਈ ਪੰਡਿਤ ਹੈ ਨਾ ਕੋਈ ਵਾਕਾਂ ਦਾ ਚਤੁਰ ਹੈ, ਨਾ ਕੋਈ ਬੁੱਧੀ ਦਾ ਸਿਆਣਾ ਹੈ। ਨਾ ਕੋਈ ਭੁੱਲਾ ਹੈ, ਨਾ ਕੋਈ ਭੁਲਾਣੇ ਵਾਲਾ ਭਰਮ ਹੈ,

ਵਾ:-ਨਾ ਕੋਈ ਹੋਰਨਾਂ ਨੂੰ ਭਰਮ ਵਿਚ ਭੁਲਾਂਵਦਾ ਹੈ।

ਕਥਉ ਨ ਕਥਨੀ ਹੁਕਮੁ ਪਛਾਨਾ ॥
ਨਾਨਕ ਗੁਰਮਤਿ ਸਹਜਿ ਸਮਾਨਾ ॥ ੮ ॥ ੧ ॥

ਮੈਂ ਵਿਅਰਥ ਕਥਨੀਆਂ ਨੂੰ ਨਹੀਂ ਕਥਨ ਕਰਦਾ, ਇਕ ਵਾਹਿਗੁਰੂ ਦੇ ਹੁਕਮ ਨੂੰ ਪਛਾਣਦਾ ਹਾਂ।

ਗੁਰੂ ਜੀ ਕਥਨ ਕਰਦੇ ਹਨ--ਇਸ ਤਰ੍ਹਾਂ ਮੈਂ ਸਹਜੇ ਹੀ ਗੁਰਮਤ ਵਿਚ ਸਮਾ ਗਿਆ ਹਾਂ।

ਵਾ:-ਹੇ ਜੋਗੀ ! ਗੁਰ ਸਿਖਿਆ ਦੁਆਰੇ ਮੈਂ ਸਹਜ ਪਦ ਵਿਚ ਸਮਾ ਗਿਆ ਹਾਂ॥ ੮ ॥ ੧ ॥

ਗਉੜੀ ਗੁਆਰੇਰੀ ਮਹਲਾ ੧ ॥

ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥

ਮਨ ਰੂਪੀ ਕੁੰਚਰੁ=ਹਾਥੀ ਕਾਂਇਆਂ ਰੂਪੀ ਉਦਿਆਨੈ=ਉਜਾੜ (ਜੰਗਲ) ਵਿਚ ਫਿਰਦਾ ਹੈ। ਨੀਸਾਨੈ= ਪ੍ਰਗਟ ਹੀ ਸਚ ਦੀ ਪ੍ਰਾਪਤੀ ਕਰਨ ਵਾਲੇ ਗੁਰ ਉਪਦੇਸ਼ ਰੂਪੀ ਅੰਕਸੁ=ਕੁੰਡੇ ਨੂੰ ਮਾਰੇ ਤਾਂ ਇਹ ਮਨ ਰੂਪੀ ਹਾਥੀ ਵਸੀਕਾਰ ਹੁੰਦਾ ਹੈ। ਇਸ ਦਾ ਪੂਰਾ ਅਲੰਕਾਰ ਇਸ ਤਰ੍ਹਾਂ ਹੈ:-

ਮਨ ਰੂਪੀ ਹਾਥੀ ਕਾਂਇਆਂ ਰੂਪੀ ਜੰਗਲ ਵਿਚ ਦੇਹ ਅਧਿਆਸ ਰੂਪੀ ਖੁਰਾਕ ਨੂੰ ਖਾ ਕੇ ਰਿਸ਼ਟ ਪੁਸ਼ਟ ਹੋਇਆ ਫਿਰਦਾ ਹੈ। ਓਸੇ ਮਸਤੀ ਵਿਚ ਸ਼ੁਭ ਗੁਣਾਂ ਰੂਪੀ ਬਗੀਚੀ ਨੂੰ ਤੋੜਦਾ ਹੈ, ਕੋਮਲ ਚਿਤ ਰੂਪੀ ਕੇਲਿਆਂ ਨੂੰ ਮਰੋੜਦਾ ਹੈ, ਦੈਵੀ ਸੰਪਦਾ ਰੂਪ ਬ੍ਰਿੱਛਾਂ ਨੂੰ ਭੰਨਦਾ ਹੈ, ਪਰ ਜੇਕਰ ਗੁਰੂ ਜੀ ਪਾਸ ਮੁਕਤੀ ਰੂਪੀ ਹਸਤਨੀ ਨੂੰ ਵੇਖ ਕੇ ਪ੍ਰੇਮ ਰੂਪੀ ਟੋਏ ਵਿਚ ਡਿਗ ਪਵੇ ਤੇ ਗੁਰ ਉਪਦੇਸ਼ ਰੂਪ ਕੁੰਡੇ ਨੂੰ ਸਹਾਰੇ, ਤਾਂ

ਰਾਜ ਦੁਆਰੈ ਸੋਭ ਸੁ ਮਾਨੈ॥ ੧॥

ਰਾਜਿਆਂ ਦਾ ਰਾਜਾ ਜੋ ਪਰਮੇਸ਼ਰ ਹੈ ਉਸ ਦੇ ਸਤਸੰਗ ਦੁਆਰੇ ਪਰ ਸੋਭਾ ਨੂੰ ਮਾਨੈ=ਮਾਣਦਾ ਭਾਵ ਪਾਂਵਦਾ ਹੈ। ਤੇ ਕਥਾ ਕੀਰਤਨ ਰੂਪੀ ਨਿਹਾਰੀ ਨੂੰ ਖਾਂਦਾ ਹੈ, ਅਤੇ ਕਰੁਣਾ ਮੈਤ੍ਰੀ ਮੁਦਤਾ ਰੂਪੀ ਅੰਬਾਰੀ ਤੇ ਗਿਆਨ ਰੂਪ ਸੁਨਹਿਰੀ ਝੁਲ ਨੂੰ ਆਪਣੇ ਉੱਤੇ ਪਾਂਦਾ ਹੈ ਪ੍ਰਭੂ ਦੀ ਸਾਖਿਆਤ ਕਾਰ ਰੂਪ ਅਸਵਾਰੀ ਹੈ ਇਸ ਕਰਕੇ ਕਾਲ ਰੂਪੀ ਸ਼ੇਰ ਦਾ ਡਰ ਨਹੀਂ ਰਹਿੰਦਾ॥ ੧॥

ਚਤੁਰਾਈ ਨਹ ਚੀਨਿਆ ਜਾਇ॥
ਬਿਨੁ ਮਾਰੇ ਕਿਉ ਕੀਮਤਿ ਪਾਇ॥ ੧॥ ਰਹਾਉ॥

ਸੰਸਾਰਕ ਚਤੁਰਾਈਆਂ ਕਰਕੇ ਉਹ ਪਰਮੇਸ਼ਰ ਜਾਣਿਆ ਨਹੀਂ ਜਾਂਦਾ।

ਗੁਰ ਉਪਦੇਸ਼ ਰੂਪੀ ਕੁੰਡਾ ਮਾਰੇ ਤੋਂ ਬਿਨਾਂ,

ਵਾ:-ਮਨ ਦੇ ਮਾਰੇ ਤੋਂ ਬਿਨਾਂ ਉਸ ਪ੍ਰਭੂ ਦੀ ਪ੍ਰਾਪਤੀ ਰੂਪੀ ਕੀਮਤ ਨੂੰ ਕਿਵੇਂ ਪਾਵੇਗਾ॥ ੧॥ਰਹਾਉ॥

ਘਰ ਮਹਿ ਅੰਮ੍ਰਿਤੁ ਤਸਕਰੁ ਲੇਈ॥ ਨੰਨਾਕਾਰੁ ਨ ਕੋਇ ਕਰੇਈ॥

ਅੰਮ੍ਰਿਤ ਰੂਪ ਪਰਮਾਤਮਾ ਵਾ:-ਸ਼ੁਭ ਗੁਣ ਅੰਤਹਕਰਣ ਰੂਪ ਘਰ ਵਿਚ ਹਨ, ਉਨ੍ਹਾਂ ਨੂੰ ਕਾਮ ਕ੍ਰੋਧ ਆਦਿਕ ਚੋਰ ਲੈ ਰਹੇ ਹਨ, ਪਰਮੇਸ਼ਰ ਦਾ ਚੁਰਾ ਲੈਣਾ ਏਹੋ ਹੈ ਜਿਹੜਾ ਉਸ ਨੂੰ ਜਾਨਣ ਨਹੀਂ ਦੇਂਦੇ। ਉਨ੍ਹਾਂ ਕਾਮ ਕ੍ਰੋਧ ਆਦਿਕ ਚੋਰਾਂ ਦਾ ਨੰਨਾਕਾਰੁ=ਨਿਰਾਦਰ ਕੋਈ ਭੀ ਨਹੀਂ ਕਰੰਦਾ।

ਰਾਖੈ ਆਪਿ ਵਡਿਆਈ ਦੇਈ॥ ੨॥

ਜਿਸ ਨੂੰ ਪ੍ਰਭੂ ਆਪ ਵਡਿਆਈ ਦੇਣੀ ਚਾਹੁੰਦਾ ਹੈ

ਉਸ ਨੂੰ ਕਾਮ ਆਦਿਕਾਂ ਵਲੋਂ ਆਪ ਰੋਕ ਰਖਦਾ ਹੈ॥ ੨॥

ਨੀਲ ਅਨੀਲ ਅਗਨਿ ਇਕ ਠਾਈ॥ ਜਲਿ ਨਿਵਰੀ ਗੁਰਿ ਬੂਝ ਬੁਝਾਈ॥

ਨੀਲ+ਅਨੀਲ=ਗਿਣਤੀ ਤੋਂ ਅਨਗਿਣਤ ਤ੍ਰਿਸ਼ਨਾਂ ਰੂਪੀ ਅਗਨੀ ਇਕ ਅੰਤਹਕਰਣ ਰੂਪੀ ਠਾਈ=ਜਗ੍ਹਾ ਪਰ ਹੈ। ਵਾ:-ਹਿਰਦੇ ਵਿਚ ਗਿਣਤੀ ਤੋਂ ਅਨਗਿਣਤ ਤ੍ਰਿਸ਼ਨਾਂ ਰੂਪ ਅਗਨੀ ਇਕਠਾਈ=ਇਕੱਠੀ ਮਚ ਰਹੀ ਹੈ। ਜਿਸ ਵੇਲੇ ਗੁਰਾਂ ਨੇ ਬੂਝ+ਬੁਝਾਈ=ਸਿਖਿਆ ਸਮਝਾਈ ਤਾਂ ਉਹ ਜਲਿ=ਜਲਨਤਾ ਬੁਝ ਗਹੀ। ਵਾ:-ਗੁਰਾਂ ਨੇ ਜਿਹੜੀ ਸਿਖਿਆ ਸਮਝਾਈ ਹੈ ਏਹੀ ਜਲ ਹੈ ਇਸ ਕਰਕੇ ਉਹ ਤ੍ਰਿਸ਼ਨਾਂ ਅਗਨੀ ਬੁਝ ਗਈ।

ਮਨੁ ਦੇ ਲੀਆ ਰਹਸਿ ਗੁਣ ਗਾਈ॥ ੩॥

ਗੁਰੂ ਨੂੰ ਮਨ ਦੇ ਕੇ ਰਹਸਿ=ਗੁਹਜ ਭਾਵ ਗੁਪਤ ਗੁਣਾਂ ਦਾ ਗਾਇਣ ਕਰਨਾ ਲੀਤਾ, ਤਾਂ ਮਨ ਰਹਸਿ=ਆਨੰਦ ਦੇ ਸਹਿਤ ਹੋ ਗਿਆ॥ ੩॥

ਫਿਰ ਇਸ ਤਰ੍ਹਾਂ ਦੀ ਦ੍ਰਿਸ਼ਟੀ ਹੋ ਗਈ-

ਜੈਸਾ ਘਰਿ ਬਾਹਰਿ ਸੋ ਤੈਸਾ॥ ਬੈਸਿ ਗੁਫਾ ਮਹਿ ਆਖਉ ਕੈਸਾ॥

ਪਰਮੇਸ਼ਰ ਜਿਹਾ ਘਰ ਵਿਚ ਵਿਆਪਕ ਹੈ ਤਿਹਾ ਬਾਹਰ ਜੰਗਲਾਂ ਵਿਚ ਵਿਆਪਕ ਹੈ। ਉਸਨੂੰ ਪ੍ਰਤੱਖ ਪਹਾੜ ਦੀ ਗੁਫਾ ਵਿਚ, ਵਾ ਸਰੀਰ ਗੁਫਾ ਵਿਚ, ਵਾ:- ਸਤਸੰਗ ਗੁਫਾ ਵਿਚ ਬੈਠਕੇ ਕੈਸਾ

ਆਖਉ=ਕਿਹੋ ਜਿਹਾ ਆਖਣਾ ਕਰਾਂ? ਉੱਤਰ:-

ਸਾਗਰਿ ਡੂਗਰਿ ਨਿਰਭਉ ਐਸਾ ॥ ੪ ॥

ਨਿਰਭਉ ਪਰਮੇਸ਼ਰ ਐਸਾ ਹੈ ਕਿ ਸਾਗਰਿ=ਸਮੁੰਦ੍ਰਾਂ ਵਿਚ ਤੇ ਡੂਗਰਿ=ਪ੍ਰਬਤਾਂ ਵਿਚ ਪੂਰਨ ਹੈ।

ਵਾ:-ਸਾਗਰਿ=ਸਮੁੰਦਰ ਵਾਂਗੂੰ ਗੰਭੀਰ ਹੈ ਤੇ ਡੂਗਰਿ=ਪ੍ਰਬਤ ਵਾਂਗੂੰ ਅਚੱਲ ਹੈ॥ ੪॥

ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥

ਮਰੇ ਹੋਏ ਨੂੰ ਕੋਈ ਕੈਸੇ ਮਾਰ ਸਕਦਾ ਹੈ, ਐਸੇ ਜੋ ਜੀਵਤ ਭਾ ਤੋਂ ਮਰਿਆ ਹੈ ਉਸਨੂੰ ਕੋਈ ਕੈਸੇ ਮਾਰ ਸਕਦਾ ਹੈ। ਜੋ ਪਰਮੇਸ਼ਰ ਦੇ ਡਰ ਨੂੰ ਧਾਰਕੇ ਜਮਾਂ ਦੇ ਡਰ ਤੋਂ ਰਹਿਤ ਹੋਇਆ ਹੈ ਉਸਨੂੰ ਕੈਸਾ ਡਰ ਹੈ ਅਤੇ ਡਰ ਦੇਣ ਵਾਲਾ ਕੌਣ ਹੈ ?

ਸਬਦਿ ਪਛਾਨੈ ਤੀਨੇ ਭਉਨ ॥ ੫ ॥

ਉਸਨੇ ਗੁਰਾਂ ਦੇ ਉਪਦੇਸ਼ ਕਰਕੇ ਤਿੰਨੇ ਭਵਨ ਮਿਥਿਆ ਰੂਪ ਕਰਕੇ,

ਵਾ:-ਬ੍ਰਹਮ ਰੂਪ ਕਰਕੇ ਪਛਾਣੇ ਹਨ॥ ੫॥

ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥

ਗੁਰ ਉਪਦੇਸ਼ ਤੋਂ ਬਿਨਾਂ ਜਿਸਨੇ ਨਾਮ ਨੂੰ ਕਿਹਾ ਹੈ ਉਸਨੇ ਕੇਵਲ ਕਹਿਣੇ ਮਾਤ੍ਰ ਹੀ ਵਖਾਨਿਆ=ਕਥਨ ਕੀਤਾ ਹੈ। ਵਾ:-ਜਿਸਨੇ ਕਿਹਾ ਹੈ ਮੇਰਾ ਹੰਕਾਰ ਦੂਰ ਹੋ ਗਿਆ ਹੈ ਉਸਨੇ ਕਹਿਣੇ ਮਾਤ੍ਰ ਹੀ ਕਥਨ ਕੀਤਾ ਹੈ।

ਜਿਸਨੇ ਗੁਰ ਉਪਦੇਸ਼ ਨੂੰ ਬੁਝਿਆ ਹੈ ਉਸਨੇ ਸਹਜਿ=ਗਿਆਨ ਨੂੰ ਪਛਾਣਿਆ ਹੈ।

ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥ ੬ ॥

ਜਦ ਮੈਂ ਵਿਚਾਰਕੇ ਦੇਖਿਆ ਤਦ ਮੇਰਾ ਮਨ ਉਸ ਦੇ ਨਾਲ ਮੰਨਿਆ ਗਿਆ ਹੈ।

ਵਾ:-ਜਿਸ ਵੇਲੇ ਗੁਰਾਂ ਦੇ ਮੰਤ੍ਰ ਉੱਤੇ ਮੇਰਾ ਮਨ ਮੰਨਿਆ ਗਿਆ ਤਾਂ ਸੱਤ ਅਸੱਤ ਦਾ ਵਿਚਾਰ ਕਰਕੇ ਪਰਮੇਸ਼ਰ ਨੂੰ ਵੇਖਣਾ ਕੀਤਾ॥ ੬॥

ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥

ਇਕ ਨਾਮ ਦੇ ਜਪਣ ਕਰਕੇ ਕੀਰਤੀ, ਸੂਰਤਿ=ਸੁੰਦਰਤਾ, ਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਜਿਸ ਅੰਤਹਕਰਣ ਵਿਚ ਨਾਮ ਹੈ ਤਿਸੀ ਅੰਤਹਕਰਣ ਵਿਚ ਨਿਰੰਜਨੁ=ਪਰਮਾਤਮਾ ਸਮਾ ਰਿਹਾ ਹੈ।

ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥ ੭ ॥

ਨਿਜ ਠਾਈ=ਪਰਮਾਤਮਾ ਆਪਣੇ ਅੰਤਹਕਰਣ, ਵਾ:-ਸਤਿਸੰਗ,

ਵਾ:-ਸਰੂਪ ਘਰ ਵਿਚ ਵਿਆਪ ਰਿਹਾ ਹੈ।

ਨੋਟ:-ਸਾਰੀਆਂ ਆਪਣੀਆਂ ਜਗ੍ਹਾਂ ਹੋਣ ਕਰਕੇ ਪਰਮੇਸ਼ਰ ਦਾ ਨਾਮ "ਨਿਜ ਠਾਈ" ਹੈ॥ ੭॥

ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ॥ ਤਨਿ ਮਨਿ ਸੂਚੈ ਸਾਚੁ ਸੁਚੀਤਿ॥

ਉਸ ਦੀ ਉਸਤਤੀ ਨੂੰ ਕਿਤਨੇ ਹੀ ਮੁਨੀ ਪ੍ਰੀਤੀ ਨੂੰ ਧਾਰਕੇ ਕਰਦੇ ਹਨ ਜਿਸ ਦੇ ਸੁਚੀਤਿ=ਸ੍ਰੇਸ਼ਟ ਚਿਤ ਵਿਚ ਨਾਮ ਹੈ ਉਸ ਦੇ ਤਨ ਮਨ ਤੋਂ ਆਦਿ ਲੈ ਕੇ ਸਾਰੇ ਇੰਦ੍ਰੀਏ ਸੂਚੈ=ਪਵਿਤ੍ਰ ਹੋਏ ਹਨ।

[ਪੰਨਾ ੨੨੨]

ਨਾਨਕ ਹਰਿ ਭਜੁ ਨੀਤਾ ਨੀਤਿ॥ ੮॥ ੨॥

ਗੁਰੂ ਜੀ ਕਥਨ ਕਰਦੇ ਹਨ ਹੇ ਭਾਈ ! ਤੂੰ ਨਿਤਾਪ੍ਰਤੀ ਹਰੀ ਨੂੰ ਭਜਨਾ ਕਰ॥ ੮॥ ੨॥

ਗਉੜੀ ਗੁਆਰੇਰੀ ਮਹਲਾ ੧॥

ਇਕ ਸਿਖ ਨੇ ਬੇਨਤੀ ਕੀਤੀ ਜੀਵ ਦਾ ਮੋਖ ਰੂਪੀ ਕਾਰਜ ਸਿਧ ਕਿਉਂ ਨਹੀਂ ਹੁੰਦਾ? ਗੁਰ ਉੱਤਰ-

ਨਾ ਮਨੁ ਮਰੈ ਨ ਕਾਰਜੁ ਹੋਇ॥ ਮਨੁ ਵਸਿ ਦੂਤਾ ਦੁਰਮਤਿ ਦੋਇ॥

ਨਾ ਇਸ ਦਾ ਮਨ ਜੀਵਤ ਭਾ ਤੋਂ ਮਰਦਾ ਹੈ, ਨਾ ਹੀ ਮੋਖ ਰੂਪੀ ਕਾਰਜ ਸਿਧ ਹੁੰਦਾ ਹੈ। ਇਸ ਦੁਰਮਤਿ=ਖੋਟੀ ਮਤ ਵਾਲੇ ਦਾ ਮਨ, ਕਾਮ ਆਦਿਕ ਦੂਤਾਂ ਦੇ ਵਸੀਕਾਰ ਹੋਣ ਕਰਕੇ ਇਸ ਨੂੰ ਦੋਇ=ਦੋ ਜਨਮ ਮਰਨ, ਰਾਗ ਦ੍ਵੈਸ਼, ਹਰਖ ਸੋਗ ਹੋ ਰਹੇ ਹਨ।

ਮਨੁ ਮਾਨੈ ਗੁਰ ਤੇ ਇਕੁ ਹੋਇ॥ ੧॥

ਗੁਰਾਂ ਦੇ ਦਸੇ ਹੋਏ ਮਨੁ=ਮੰਤ੍ਰ ਉੱਪਰ ਮਨ ਮੰਨਿਆ ਜਾਵੇ ਤਾਂ ਇਕ ਪਰਮੇਸ਼ਰ ਦਾ ਸਰੂਪ ਹੁੰਦਾ ਹੈ॥ ੧॥

ਨਿਰਗੁਣ ਰਾਮੁ ਗੁਣਹ ਵਸਿ ਹੋਇ॥
ਆਪੁ ਨਿਵਾਰਿ ਬੀਚਾਰੇ ਸੋਇ॥ ੧॥ ਰਹਾਉ॥

ਹੇ ਨਿਰਗੁਣ ਜੀਵ ! ਉਹ ਰਾਮ ਸ਼ੁਭ ਗੁਣਾਂ ਕਰਕੇ ਵਸੀਕਾਰ ਹੁੰਦਾ ਹੈ। ਜੋ ਪੁਰਸ਼ ਆਪਾ ਭਾ ਹੰਕਾਰ ਨੂੰ ਨਵਿਰਤ ਕਰਦਾ ਹੈ ਓਹੀ ਜੀਵ ਉਸ ਰਾਮ ਦਾ ਵਿਚਾਰ ਕਰਦਾ ਹੈ॥ ੧॥ ਰਹਾਉ॥

ਮਨੁ ਭੂਲੌ ਬਹੁ ਚਿਤੈ ਵਿਕਾਰੁ॥ ਮਨੁ ਭੂਲੌ ਸਿਰਿ ਆਵੈ ਭਾਰੁ॥

ਇਹ ਭੁੱਲਾ ਹੋਇਆ ਮਨ ਬਹੁਤ ਤਰ੍ਹਾਂ ਦੇ ਵਿਕਾਰਾਂ ਨੂੰ ਚਿਤਵਦਾ ਹੈ। ਮਨ ਦੇ ਭੁਲਣ ਕਰਕੇ ਇਸ ਦੇ ਸਿਰ ਉੱਤੇ ਪਾਪਾਂ ਦਾ ਭਾਰ ਆਉਂਦਾ ਹੈ। ਵਾ:-ਇਹ ਭੁਲਾ ਹੋਇਆ ਮਨ ਸਿਰਿ+ਭਾਰੁ=ਸਿਰ ਪਰਨੇ ਭਾਵ ਪੁੱਠਾ ਮਾਤਾ ਦੇ ਉਦਰ ਵਿਚ ਆਉਂਦਾ ਹੈ।

ਮਨੁ ਮਾਨੈ ਹਰਿ ਏਕੰਕਾਰ॥ ੨॥

ਇਕ ਓਅੰਕਾਰ ਹਰੀ ਨੂੰ ਮਨ ਵਿਚ ਮਾਨੈ=ਮਨਨ ਕਰੇ ਤਾਂ ਸੰਸਾਰ ਤੋਂ ਤਰਦਾ ਹੈ।

ਵਾ:-ਗੁਰਾਂ ਦੇ ਮਨ=ਮੰਤ੍ਰ ਨੂੰ ਮੰਨੇ ਤਾਂ ਏਕੰਕਾਰ ਹਰੀ ਦਾ ਪ੍ਰਾਪਤੀ ਹੁੰਦੀ ਹੈ॥ ੨॥

ਮਨੁ ਭੂਲੌ ਮਾਇਆ ਘਰਿ ਜਾਇ॥ ਕਾਮਿ ਬਿਰੂਧਉ ਰਹੈ ਨ ਠਾਇ॥

ਭੁੱਲਾ ਹੋਇਆ ਮਨ ਮਾਇਆ ਦੇ ਘਰਿ=ਸੰਸਾਰ ਵਲ, ਵਾ:-ਚੰਚਲਤਾ ਵਿਚ ਜਾਂਦਾ ਹੈ। ਕਾਮਿ=ਕਾਮ ਚੇਸ਼ਟਾ, ਵਾ:-ਕਾਮਨਾ ਵਿਚ ਬਿਰੂਧਉ=ਰੁਕਿਆ (ਫਸਿਆ) ਹੋਇਆ ਇਕ ਥਾਂ ਤੇ ਇਸਥਿਤ ਨਹੀਂ ਰਹਿੰਦਾ।

ਵਾ:-ਸਰੂਪ ਥਾਂ ਪਰ ਨਹੀਂ ਰਹਿੰਦਾ।

ਹਰਿ ਭਜੁ ਪ੍ਰਾਣੀ ਰਸਨ ਰਸਾਇ॥ ੩॥

ਹੇ ਪ੍ਰਾਣੀ ! ਰਸਨਾ ਆਦਿਕ ਇੰਦ੍ਰੀਆਂ ਨੂੰ ਰਸਾ ਕੇ ਤੂੰ ਹਰੀ ਦਾ ਭਜਨ ਕਰ॥ ੩॥

ਗੈਵਰ ਹੈਵਰ ਕੰਚਨ ਸੁਤ ਨਾਰੀ॥ ਬਹੁ ਚਿੰਤਾ ਪਿੜ ਚਾਲੈ ਹਾਰੀ॥

ਗੈ+ਵਰ=ਸ੍ਰੇਸ਼ਟ ਹਾਥੀ, ਹੈ+ਵਰ=ਸ੍ਰੇਸ਼ਟ ਘੋੜੇ, ਕੰਚਨ=ਸੋਨਾ, ਸੁਤ=ਪੁਤ੍ਰ, ਨਾਰੀ=ਇਸਤ੍ਰੀ ਆਦਿਕਾਂ ਦੀ ਬਹੁਤੀ ਚਿੰਤਾ ਕਰਕੇ ਮਨੁੱਖਾ ਦੇਹ ਰੂਪੀ ਪਿੜ=ਬਾਜੀ ਨੂੰ ਹਾਰ ਕੇ ਚਲਦਾ ਹੈ।

ਜੂਐ ਖੇਲਣੁ ਕਾਚੀ ਸਾਰੀ॥ ੪॥

ਸੰਸਾਰ ਰੂਪ ਜੂਏ ਵਿਚ ਵਿਸ਼ਿਆਂ ਰੂਪ ਖੇਡ ਖੇਡਣ ਕਰਕੇ ਜੀਵ ਰੂਪੀ ਸਾਰੀ=ਨਰਦ ਕਚੀ ਹੋ ਰਹੀ ਹੈ॥

ਸੰਪਉ ਸੰਚੀ ਭਏ ਵਿਕਾਰ॥ ਹਰਖ ਸੋਕ ਉਭੇ ਦਰਵਾਰਿ॥

ਦਿਲ ਵਿਚ ਵਿਕਾਰਾਂ ਦੇ ਹੋਣ ਕਰਕੇ ਸੰਪਦਾ ਨੂੰ ਸੰਚੀ=ਇਕੱਠੀ ਕਰਦਾ ਹੈ, ਵਾ:-ਜਿੰਨੀ ਸੰਪਦਾ ਬਹੁਤੀ ਇਕੱਠੀ ਕੀਤੀ ਉਤਨੇ ਹੀ ਬਹੁਤੇ ਵਿਕਾਰ ਪੈਦਾ ਹੋਏ। ਅਤੇ ਇਸ ਜੀਵ ਦੇ ਦਰਵਾਰਿ=ਅੰਦਰ ਵਾਰ ਨਿਤ ਹੀ ਹਰਖ ਸੋਗ ਉਭੇ=ਖੜੇ ਰਹਿੰਦੇ ਹਨ।

ਸੁਖੁ ਸਹਜੇ ਜਪਿ ਰਿਦੈ ਮੁਰਾਰਿ॥ ੫॥

ਹਿਰਦੇ ਵਿਚ ਮੁਰਾਰੀ ਦੇ ਜਪਣ ਕਰਕੇ ਸਹਜੇ ਸੁਖ=ਅਚੁਤ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੫॥

ਨਦਰਿ ਕਰੇ ਤਾ ਮੇਲਿ ਮਿਲਾਏ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ॥

ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰਾਂ ਦੇ ਮੇਲ ਵਿਚ ਮਿਲਾਂਵਦਾ ਹੈ। ਗੁਰਮੁਖ ਪੁਰਸ਼ ਗੁਰਾਂ ਨਾਲ ਮਿਲ ਕੇ ਉਨ੍ਹਾਂ ਦੇ ਉਪਦੇਸ਼ ਦੁਆਰਾ ਸ਼ੁਭ ਗੁਣਾਂ ਨੂੰ ਸੰਗ੍ਰਹਿ=ਇਕੱਤ੍ਰ ਕਰਦੇ ਹਨ ਤੇ ਔਗੁਣਾਂ ਨੂੰ ਜਲਾਏ=ਸਾੜਦੇ ਹਨ। ਅਤੇ

ਗੁਰਮੁਖਿ ਨਾਮੁ ਪਦਾਰਥੁ ਪਾਏ॥ ੬॥

ਗੁਰਮੁਖ ਪੁਰਸ਼ ਗੁਰਾਂ ਦੁਆਰੇ ਨਾਮ ਪਦਾਰਥ ਨੂੰ ਪਾਂਵਦੇ ਹਨ॥ ੬॥

ਬਿਨੁ ਨਾਵੈ ਸਭ ਦੂਖ ਨਿਵਾਸੁ॥ ਮਨਮੁਖ ਮੂੜ ਮਾਇਆ ਚਿਤ ਵਾਸੁ॥

ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਸਾਰਿਆਂ ਦੁਖਾਂ ਵਿਚ ਜੀਵ ਦਾ ਨਿਵਾਸ ਹੁੰਦਾ ਹੈ।
ਮਨਮੁਖ ਮੂਰਖ ਦਾ ਚਿਤ ਮਾਇਆ ਵਿਚ ਵਸ ਰਿਹਾ ਹੈ।

ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ॥ ੭॥

ਧੁਰੋਂ ਸ਼ੁਭ ਕਰਮਾਂ ਦੇ ਲਿਖੇ ਅਨੁਸਾਰ ਗੁਰਮੁਖਾਂ ਨੂੰ ਸਰੂਪ ਦਾ ਗਿਆਨ ਹੁੰਦਾ ਹੈ॥ ੭॥

ਮਨੁ ਚੰਚਲੁ ਧਾਵਤੁ ਫੁਨਿ ਧਾਵੈ॥ ਸਾਚੇ ਸੂਚੇ ਮੈਲੁ ਨ ਭਾਵੈ॥

ਇਹ ਚੰਚਲ ਮਨ ਧਾਵਤੁ=ਧਾ ਜਾਣ ਵਾਲੇ ਭਾਵ ਨਾਸ ਹੋ ਜਾਣ ਵਾਲੇ ਪਦਾਰਥਾਂ ਵਲ ਮੁੜ ਮੁੜ ਕੇ ਧਾਵੈ=ਦੌੜਦਾ ਹੈ। ਪਰ ਜੋ ਸਚ ਨਾਮ ਨੂੰ ਜਪਕੇ ਸੂਚੇ=ਪਵਿੱਤ੍ਰ ਹੋਏ ਹਨ ਉਨ੍ਹਾਂ ਨੂੰ ਮਾਇਆ ਰੂਪੀ, ਵਾ:-ਰਾਗ

ਦ੍ਵੈਸ਼ ਰੂਪੀ ਮੈਲ ਨਹੀਂ ਭਾਂਵਦੀ।

ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥ ੮ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਗੁਰਾਂ ਦੁਆਰੇ ਹਰੀ ਗੁਣਾਂ ਨੂੰ ਗਾਂਵਦੇ ਹਨ॥ ੮ ॥ ੩ ॥

ਗਉੜੀ ਗੁਆਰੇਰੀ ਮਹਲਾ ੧ ॥

ਇਕ ਸਿਖ ਨੇ ਕਿਹਾ:-ਜੀਵ ਨੂੰ ਸੁਖ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ ? *ਗੁਰ ਉੱਤਰ-*

ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥

ਹੰਗਤਾ ਮਮਤਾ ਦੇ ਕਰਨ ਨਾਲ ਆਤਮ ਸੁਖ ਨਹੀਂ ਹੁੰਦਾ। ਕਿਉਂਕਿ ਮਨ ਦੀ ਮਰਜ਼ੀ ਅਨੁਸਾਰ ਜਿਹੜੀ ਮਨਮੱਤ ਕਰਨੀ ਹੈ ਇਹ ਝੂਠੀ ਹੈ ਅਤੇ ਉਹ ਪਰਮਾਤਮਾ ਸੱਚਾ ਹੈ। ਇਸ ਕਰਕੇ ਝੂਠੇ ਦਾ ਸਚ ਨਾਲ ਮਿਲਾਪ ਨਹੀਂ ਹੁੰਦਾ।

ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥ ੧ ॥

ਦੋਇ=ਦ੍ਵੈਤ ਦੇ ਭਾਵਨੇ ਕਰਕੇ ਸਾਰੇ ਜੀਵ ਬਿਗੂਤੇ=ਖਰਾਬ ਹੋ ਰਹੇ ਹਨ। ਪਰਮੇਸ਼ਰ ਦੇ ਨਾਮ ਨੂੰ ਓਹੀ ਕਮਾਂਵਦਾ ਹੈ ਜਿਸ ਦੇ ਮੱਥੇ ਪਰ ਧੁਰੋਂ ਸ੍ਰੇਸ਼ਟ ਲੇਖ ਲਿਖਿਆ ਹੁੰਦਾ ਹੈ॥ ੧ ॥

ਐਸਾ ਜਗੁ ਦੇਖਿਆ ਜੂਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ੧ ॥ ਰਹਾਉ ॥

ਇਹ ਜਗੁ=ਜੀਵ ਇਸ ਤਰ੍ਹਾਂ ਦਾ ਜੂਆਰੀ=ਮਸ਼ਕਰਾ ਦੇਖਿਆ ਹੈ।

ਜੋ ਪ੍ਰਭੂ ਦੇ ਨਾਮ ਨੂੰ ਬਿਸਾਰੀ=ਭੁਲਾਕੇ ਸਾਰੇ ਸੁਖ ਮੰਗਦਾ ਹੈ॥ ੧ ॥ ਰਹਾਉ ॥

ਅਦਿਸਟੁ ਦਿਸੈ ਤਾ ਕਹਿਆ ਜਾਇ ॥ ਬਿਨੁ ਦੇਖੇ ਕਹਣਾ ਬਿਰਥਾ ਜਾਇ ॥

ਅਦਿਸਟੁ ਦਿਸੈ=ਪਰਮੇਸ਼ਰ ਦਿਸ ਪਵੇ ਅਰਥਾਤ ਉਸ ਵਿਚ ਆਸਤਕ ਭਾਵਨਾ ਹੋਵੇ ਤਾਂ ਉਸ ਦਾ ਜਸ ਕਥਨ ਕੀਤਾ ਜਾਂਦਾ ਹੈ। ਬਿਨੁ ਦੇਖੇ=ਆਸਤਕ ਭਾਵਨਾ ਧਾਰੇ ਤੋਂ ਬਿਨਾਂ ਇਸ ਦਾ ਕਹਿਣਾ ਬਿਰਥਾ=ਨਿਸਫਲ ਜਾਂਦਾ ਹੈ।

ਗੁਰਮੁਖਿ ਦੀਸੈ ਸਹਜਿ ਸੁਭਾਇ ॥ ਸੇਵਾ ਸੁਰਤਿ ਏਕ ਲਿਵ ਲਾਇ ॥ ੨ ॥

ਉਹ ਪਰਮਾਤਮਾ ਗੁਰਮੁਖਾਂ ਨੂੰ ਗੁਰਾਂ ਦੁਆਰੇ ਸਹਜਿ+ਸੁਭਾਇ=ਸੁਤੇ ਸਿਧ ਨਿਗਾਹ ਆਉਂਦਾ ਹੈ।

ਗੁਰ ਸੇਵਾ ਵਿਚ ਸੁਰਤ ਜੋੜ ਕੇ ਇਕ ਪ੍ਰਭੂ ਵਿਚ ਲਿਵ ਲਗਾਣਾ ਕਰੇ॥ ੨ ॥

ਸੁਖੁ ਮਾਂਗਤ ਦੁਖੁ ਆਗਲ ਹੋਇ ॥ ਸਗਲ ਵਿਕਾਰੀ ਹਾਰੁ ਪਰੋਇ ॥

ਮਨਮੁਖ ਸੁਖ ਮੰਗਦਾ ਹੈ ਪਰ ਉਸ ਨੂੰ ਦੁਖ ਆਗਲ=ਬਹੁਤਾ ਪ੍ਰਾਪਤ ਹੁੰਦਾ ਹੈ।

ਵਾ:-ਵਿਸ਼ੇ ਸੁਖ ਮੰਗਣ ਕਰਕੇ ਅਗੇ ਦੁਖ ਆ ਕੇ ਪ੍ਰਾਪਤ ਹੁੰਦਾ ਹੈ।

ਇਹ ਮਨਮੁਖ ਸਾਰੇ ਵਿਕਾਰਾਂ ਰੂਪੀ ਹਾਰ ਨੂੰ ਆਪਣੇ ਗਲ ਵਿੱਚ ਪਰੋ ਰਿਹਾ ਹੈ।

ਏਕ ਬਿਨਾ ਝੂਠੇ ਮੁਕਤਿ ਨ ਹੋਇ ॥ ਕਰਿ ਕਰਿ ਕਰਤਾ ਦੇਖੈ ਸੋਇ ॥ ੩ ॥

ਇਕ ਨਾਮ ਜਪਣ ਤੋਂ ਬਿਨਾਂ ਝੂਠੇ ਪਦਾਰਥਾਂ ਵਿੱਚ ਲਗਣ ਕਰਕੇ ਪੁਰਸ਼ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ

ਹੁੰਦੀ। ਕਿਉਂਕਿ ਉਨ੍ਹਾਂ ਦੇ ਕੀਤੇ ਹੋਏ ਕਰਤੱਬਾਂ ਨੂੰ ਕਰਤਾ ਪੁਰਖ ਆਪ ਦੇਖਦਾ ਹੈ।

ਵਾ:-ਉਹ ਕਰਤਾ ਪੁਰਖ ਆਪ ਹੀ ਕਰਿ=ਉਤਪਤੀ ਕਰਕੇ ਸਭ ਦੀ ਦੇਖੈ=ਪਾਲਣਾ ਕਰਦਾ ਹੈ।

ਵਾ:-ਜੋ ਕਰਤਾਰ ਕਰਤਾਰ ਦਾ ਜਾਪ ਕਰਦਾ ਹੈ ਉਹ ਪੁਰਸ਼ ਉਸ ਪ੍ਰਭੂ ਨੂੰ ਦੇਖ ਲੈਂਦਾ ਹੈ॥ ੩॥

ਤ੍ਰਿਸਨਾ ਅਗਨਿ ਸਬਦਿ ਸੁਝਾਏ॥ ਦੂਜਾ ਭਰਮੁ ਸਹਜਿ ਸੁਭਾਏ॥

ਗੁਰ ਉਪਦੇਸ਼ ਦੁਆਰਾ ਤ੍ਰਿਸ਼ਨਾਂ ਅਗਨੀ ਨੂੰ ਬੁਝਾਣਾ ਕਰੇ। ਤਾਂ ਦ੍ਵੈਤ ਭਾ ਤੇ ਭਰਮ ਸੁਤੇ ਸਿਧ ਨਸ਼ਟ ਹੋ ਜਾਂਦਾ ਹੈ।

ਵਾ:-ਗੁਰਾਂ ਵਿਖੇ ਸੁ ਭਾਏ=ਸ੍ਰੇਸ਼ਟ ਪ੍ਰੇਮ ਕਰਨ ਨਾਲ ਦ੍ਵੈਤ ਭਾ ਤੇ ਭਰਮ ਸਹਜਿ=ਸ਼ਾਂਤ ਭਾਵ ਨਸ਼ਟ ਹੋ ਜਾਂਦਾ ਹੈ।

ਗੁਰਮਤੀ ਨਾਮੁ ਰਿਦੈ ਵਸਾਏ॥ ਸਾਚੀ ਬਾਣੀ ਹਰਿ ਗੁਣ ਗਾਏ॥ ੪॥

ਗੁਰ ਸਿਖਿਆ ਦੁਆਰੇ ਨਾਮ ਨੂੰ ਹਿਰਦੇ ਵਿਚ ਵਸਾਣਾ ਕਰੇ।

ਅਤੇ ਸਚੀ ਉਪਦੇਸ਼ ਬਾਣੀ ਦੁਆਰੇ ਹਰੀ ਗੁਣਾਂ ਨੂੰ ਗਾਵਣਾ ਕਰੇ॥ ੪॥

ਤਨ ਮਹਿ ਸਾਚੋ ਗੁਰਮੁਖਿ ਭਾਉ॥ ਨਾਮ ਬਿਨਾ ਨਾਹੀ ਨਿਜ ਠਾਉ॥

ਗੁਰਮੁਖਾਂ ਦੇ ਤਨ ਵਿਚ ਸਚੇ ਪ੍ਰਭੂ ਦਾ ਭਾਉ=ਪ੍ਰੇਮ, ਵਾ:-ਗਿਆਨ ਹੈ। ਨਿਯਮ ਹੈ:-

ਵਾਹਿਗੁਰੂ ਨਾਮ ਜਪੇ ਤੋਂ ਬਿਨਾਂ ਨਿਜ ਠਾਉ=ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰੇਮ ਪਰਾਇਣ ਪ੍ਰੀਤਮ ਰਾਉ॥ ਨਦਰਿ ਕਰੇ ਤਾ ਬੂਝੈ ਨਾਉ॥ ੫॥

ਗੁਰਮੁਖ ਪ੍ਰੇਮੀ ਪ੍ਰੀਤਮ+ਰਾਉ=ਪਰਮੇਸ਼ਰ ਦੇ ਪਰਾਇਣ ਰਹਿੰਦੇ ਹਨ।

ਵਾ:-ਪ੍ਰੀਤਮ ਰਾਉ=ਪਰਮੇਸ਼ਰ ਪ੍ਰੇਮੀਆਂ ਦੇ ਪਰਾਇਣ =ਅਧੀਨ ਰਹਿੰਦਾ ਹੈ,

ਗੁਰੂ ਸਾਹਿਬ ਜੀ ਕਿਰਪਾ ਦ੍ਰਿਸ਼ਟੀ ਕਰਨ ਤਾਂ ਇਹ ਜੀਵ ਨਾਮ ਨੂੰ ਬੁੱਝਦਾ ਹੈ॥ ੫॥

ਮਾਇਆ ਮੋਹੁ ਸਰਬ ਜੰਜਾਲਾ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ॥

ਮਾਇਆ ਦੇ ਮੋਹ ਕਰਕੇ ਹੀ ਜੀਵ ਨੂੰ ਸਾਰੇ ਜੰਜਾਲਾ=ਬੰਧਨ ਹੋ ਰਹੇ ਹਨ। ਮਨਮੁਖ ਤਨ ਕਰਕੇ ਕੁਚੀਲ=ਅਪਵਿੱਤ੍ਰ ਹੈ, ਕੁ+ਛਿਤ=ਬੁੱਧੀ ਰੂਪੀ ਪ੍ਰਿਥਵੀ ਖੋਟੀ ਹੋਣ ਕਰਕੇ ਬਿਕਰਾਲਾ=ਭਿਆਨਕ ਹੋ ਰਿਹਾ ਹੈ।

ਸਤਿਗੁਰੁ ਸੇਵੇ ਚੂਕੈ ਜੰਜਾਲਾ॥ ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ॥ ੬॥

ਸਤਿਗੁਰੂ ਦੀ ਸੇਵਾ ਕਰੇ ਤਾਂ ਸੰਸਾਰਕ ਸਾਰੇ ਜੰਜਾਲ ਚੁਕ ਜਾਂਦੇ ਹਨ। ਪ੍ਰਭੂ ਦਾ ਨਾਮ ਅੰਮ੍ਰਿਤ ਸਦਾ ਹੀ ਸੁਖਾਂ ਦਾ ਨਾਲਾ=ਪ੍ਰਵਾਹ ਹੈ। ਵਾ:-ਨਾਮ ਅੰਮ੍ਰਿਤ ਪੀ ਕੇ ਗੁਰਮੁਖ ਸਦਾ ਹੀ ਸੁਖਾਂ ਦੇ ਨਾਲਾ=ਸਾਥ ਹੋਏ ਹਨ। ਵਾ:-ਨਾਮ ਅੰਮ੍ਰਿਤ ਕਰਕੇ ਇਹ ਜੀਵ ਸਦਾ ਹੀ ਸੁਖ ਨਾਲਾ=ਸੁਖਨ+ਆਲਾ=ਸੁਖਾਂ ਦਾ ਘਰ ਹੁੰਦਾ ਹੈ॥ ੬॥

ਗੁਰਮੁਖਿ ਬੂਝੈ ਏਕ ਲਿਵ ਲਾਏ॥ ਨਿਜ ਘਰਿ ਵਾਸੈ ਸਾਚਿ ਸਮਾਏ॥

ਗੁਰਾਂ ਦੁਆਰੇ ਬੁੱਝ ਕੇ ਇਕ ਪ੍ਰਭੂ ਵਿਚ ਬਿਰਤੀ ਲਗਾਵੇ। ਤਾਂ ਅੰਤ੍ਰਮੁਖਤਾ ਰੂਪੀ ਨਿਜ ਘਰ ਵਿਚ ਵਸ ਕੇ ਸਤ ਸਰੂਪ ਵਿਚ ਸਮਾਂਦਾ ਹੈ।

ਵਾ:-ਸਚ ਨਾਮ ਵਿਚ ਸਮਾ ਕੇ ਸਰੂਪ ਰੂਪੀ ਨਿਜ ਘਰ ਵਿਚ ਵਸਦਾ ਹੈ।

ਜੰਮਣੁ ਮਰਣਾ ਠਾਕਿ ਰਹਾਏ॥ ਪੂਰੇ ਗੁਰ ਤੇ ਇਹ ਮਤਿ ਪਾਏ॥ ੭॥

ਪੂਰਿਆਂ ਗੁਰਾਂ ਪਾਸੋਂ ਇਹ ਸ਼ੁਭ ਮਤੀ ਪਾਣਾ ਕਰੇ, ਤਾਂ ਪ੍ਰਭੂ ਉਸ ਨੂੰ ਜੰਮਣ ਮਰਨ ਵਲੋਂ ਠਾਕਿ ਰਹਾਏ=ਰੋਕ ਰਖਦਾ ਹੈ॥ ੭॥

[ਪੰਨਾ ੨੨੩]

ਕਥਨੀ ਕਥਉ ਨ ਆਵੈ ਓਰੁ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ॥

ਸੰਸਾਰਕ ਕਥਨੀਆਂ ਦੇ ਕਥਨ ਕਰਨ ਨਾਲ ਪਰਮੇਸ਼ਰ ਦੇ ਗੁਣ, ਮਹਿਮਾ ਵਡਿਆਈ ਦਾ ਓਰੁ=ਓੜਕ ਨਹੀਂ ਆਉਂਦਾ। ਮੈਂ ਆਪਣੇ ਗੁਰਾਂ ਤੋਂ ਪੁਛ ਦੇਖਿਆ ਹੈ ਸਤਿਸੰਗ, ਵਾ:-ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਸੁਖਾਂ ਦਾ ਤੇ ਮੁਕਤੀ ਦਾ ਦਰਵਾਜ਼ਾ ਨਹੀਂ ਹੈ।

ਦੁਖੁ ਸੁਖੁ ਭਾਣੈ ਤਿਸੈ ਰਜਾਇ॥ ਨਾਨਕੁ ਨੀਚੁ ਕਹੈ ਲਿਵ ਲਾਇ॥ ੮॥ ੪॥

ਉਸ ਰਜਾਇ=ਪਰਮੇਸ਼ਰ ਦੇ ਭਾਣੇ ਵਿੱਚ ਹੀ ਜੀਵ ਨੂੰ ਦੁਖ ਸੁਖ ਆ ਕੇ ਪ੍ਰਾਪਤ ਹੁੰਦੇ ਹਨ।
ਗੁਰੂ ਜੀ ਕਥਨ ਕਰਦੇ ਹਨ-ਨੀਚੁ=ਨਿਮ੍ਰਤਾ ਵਿੱਚ ਲਿਵ ਲਗਾ ਕੇ ਉਸ ਦੇ ਜਸ ਨੂੰ ਕਥਨ ਕਰੇ॥ ੮॥ ੪॥

ਗਉੜੀ ਮਹਲਾ ੧॥

ਦੂਜੀ ਮਾਇਆ ਜਗਤ ਚਿਤ ਵਾਸੁ॥ ਕਾਮ ਕ੍ਰੋਧ ਅਹੰਕਾਰ ਬਿਨਾਸੁ॥ ੧॥

ਇਕ ਬ੍ਰਹਮ ਹੈ, ਉਸ ਤੋਂ ਭਿੰਨ ਦੂਜੀ ਮਾਇਆ ਹੈ ਉਸ ਵਿਚ ਲਗਣ ਕਰ ਕੇ ਜੀਵ ਦਾ ਚਿੱਤ ਸੰਸਾਰ ਵਿਚ ਵਸ ਰਿਹਾ ਹੈ। ਕਾਮ ਕ੍ਰੋਧ ਹੰਕਾਰ ਕਰਕੇ ਇਹ ਜੀਵ ਬਿਨਾਸੁ=ਨਾਸ਼ ਹੋ ਰਿਹਾ ਹੈ॥ ੧॥

ਪ੍ਰਸ਼ਨ-ਇਕ ਬ੍ਰਹਮ ਹੈ ਦੂਜੀ ਮਾਇਆ ਹੈ ਇਨ੍ਹਾਂ ਦੋਹਾਂ ਕਰਕੇ ਦ੍ਵੈਤਾਪਤੀ ਆ ਗਈ ? *ਉੱਤਰ*:-

ਦੂਜਾ ਕਉਣੁ ਕਹਾ ਨਹੀ ਕੋਈ॥ ਸਭ ਮਹਿ ਏਕੁ ਨਿਰੰਜਨੁ ਸੋਈ॥ ੧॥ ਰਹਾਉ॥

ਵਾਸਤਵ ਦ੍ਰਿਸ਼ਟੀ ਕਰਕੇ ਦੂਜਾ ਕੌਣ ਹੈ, ਕਹਿਣਾ ਕਰੀਏ ਤਾਂ ਕੋਈ ਭੀ ਨਹੀਂ ਹੈ। ਸਾਰਿਆਂ ਵਿੱਚ ਉਹ ਇਕ ਨਿਰੰਜਨ ਪਰਮਾਤਮਾ ਆਪ ਹੀ ਵਿਆਪਕ ਹੈ॥ ੧॥ ਰਹਾਉ॥

ਦੂਜੀ ਦੁਰਮਤਿ ਆਖੈ ਦੋਇ॥ ਆਵੈ ਜਾਇ ਮਰਿ ਦੂਜਾ ਹੋਇ॥ ੨॥

ਇਕ ਗੁਰਮਤਿ ਹੈ ਉਸ ਤੋਂ ਭਿੰਨ ਦੂਜੀ ਦੁਰਮਤਿ ਹੈ, ਉਸ ਵਿਚ ਜੋ ਲਗਦਾ ਹੈ ਉਹ ਦੋਇ=ਦ੍ਵੈਤ ਨੂੰ, ਵਾ:-ਰਾਗ ਦ੍ਵੈਸ਼, ਹਰਖ ਸੋਗ ਅਤੇ ਜੀਵ ਈਸ਼ੁਰ ਦੇ ਭੇਦ ਨੂੰ ਆਖਦਾ ਹੈ। ਅਤੇ ਜੰਮ ਕੇ ਆਉਂਦਾ ਹੈ ਮਰ ਕੇ ਜਾਂਦਾ ਹੈ ਇਸ ਕਰਕੇ ਦੂਜਾ=ਜਮਾਂ ਦਾ ਹੋ ਰਿਹਾ ਹੈ॥ ੨॥

ਧਰਣਿ ਗਗਨ ਨਹ ਦੇਖਉ ਦੋਇ॥ ਨਾਰੀ ਪੁਰਖ ਸਬਾਈ ਲੋਇ॥ ੩॥

ਧਰਤੀ ਅਤੇ ਅਕਾਸ਼ ਵਿਚ ਹੋਰ ਕੋਈ ਦੂਜਾ ਦੇਖਣ ਵਿਚ ਨਹੀਂ ਆਉਂਦਾ।
ਇਸਤ੍ਰੀ ਪੁਰਸ਼ ਅਤੇ ਸਾਰੀ ਦੁਨੀਆਂ ਵਿਚ ਉਸ ਇਕ ਦਾ ਹੀ ਲੋਇ=ਪ੍ਰਕਾਸ਼ ਹੈ॥ ੩॥

ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥ ੪ ॥

ਸੂਰਜ ਚੰਦ੍ਰਮਾਂ ਰੂਪ ਦੋ ਦੀਵਿਆਂ ਵਿਚ ਭੀ ਉਸੀ ਦਾ ਉਜਿਆਲਾ=ਪ੍ਰਕਾਸ਼ ਦੇਖੀਦਾ ਹੈ। ਉਹ ਬਾਲਾ=ਬਾਲਾਨ ਬਾਲ (ਵਡਿਆਂ ਤੋਂ ਵੱਡਾ) ਪ੍ਰੀਤਮੁ=ਪਰਮਾਤਮਾ ਸਾਰਿਆਂ ਦੇ ਵਿਚ ਨਿਰੰਤਰਿ=ਇਕਸਾਰ ਪੂਰਣ ਹੈ॥ ੪॥

ਕਰਿ ਕਿਰਪਾ ਮੇਰਾ ਚਿਤੁ ਲਾਇਆ ॥
ਸਤਿਗੁਰਿ ਮੋ ਕਉ ਏਕੁ ਬੁਝਾਇਆ ॥ ੫ ॥

ਉਸ ਪਰਮੇਸ਼ਰ ਨੇ ਕਿਰਪਾ ਕਰਕੇ ਮੇਰਾ ਚਿਤ ਗੁਰ ਚਰਨਾਂ ਵਿਚ ਲਾਇਆ ਹੈ।
ਅਤੇ ਸਤਿਗੁਰਾਂ ਨੇ ਮੈਨੂੰ ਇਕ ਪ੍ਰਭੂ ਸਮਝਾ ਦਿਤਾ ਹੈ॥ ੫॥

ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥ ੬ ॥

ਗੁਰਮੁਖਾਂ ਨੇ ਗੁਰਾਂ ਦੁਆਰੇ ਸਭਨਾਂ ਵਿਚ ਇਕ ਨਿਰੰਜਨ ਪਰਮੇਸ਼ਰ ਨੂੰ ਪੂਰਨ ਜਾਣਿਆਂ ਹੈ।
ਗੁਰ ਉਪਦੇਸ਼ ਨੂੰ ਪਛਾਣ ਕੇ ਦ੍ਵੈਤ ਭਾ ਮਾਰਿਆ ਹੈ।
ਵਾ:-ਦ੍ਵੈਤ ਭਾ ਨੂੰ ਮਾਰ ਕੇ ਇਕ ਸਬਦਿ=ਬ੍ਰਹਮ ਨੂੰ ਪਛਾਣਿਆਂ ਹੈ॥ ੬॥

ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥ ੭ ॥

ਇਕ ਪ੍ਰਭੂ ਦਾ ਹੁਕਮ ਹੀ ਸਾਰੀ ਲੁਕਾਈ ਵਿਚ ਵਰਤ ਰਿਹਾ ਹੈ। ਇਕ ਪਰਮਾਤਮਾ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ॥ ੭॥

ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥ ੮ ॥

ਹਿੰਦੂ-ਮੁਸਲਮਾਨ, ਸਾਧੂ-ਗ੍ਰਹਿਸਤੀ, ਗੁਰਮੁਖ-ਮਨਮੁਖ, ਦੇਵਤਾ-ਦੈਂਤ, ਇਨ੍ਹਾਂ ਦੋ ਰਸਤਿਆਂ ਵਿਚ ਇਕ ਖਸਮੁ=ਪਰਮਾਤਮਾ ਨੂੰ ਜਾਨਣਾ ਕਰ।
ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਉਸ ਦੇ ਹੁਕਮ ਨੂੰ ਪਛਾਨਣਾ ਕਰ॥ ੮॥

ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥ ੯ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਭੂ ਸਾਰਿਆਂ ਰੂਪਾਂ, ਵਰਨਾਂ ਤੇ ਮਨ ਦੇ ਵਿਚ ਹੈ। ਉਸੇ ਇਕ ਨੂੰ ਸਲਾਹਣਾ ਕਰ॥ ੯॥ ੫॥

ਗਉੜੀ ਮਹਲਾ ੧ ॥

ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥ ੧ ॥

ਤਿੰਨ ਆਤਮਾਂ ਹਨ:- ੧ ਮੁਖ ਆਤਮਾ, ੨ ਮਿਥਿਆ ਆਤਮਾ, ੩ ਗਉਣ ਆਤਮਾ।
ਮੁਖ ਆਤਮਾ ਪਰਮੇਸ਼ਰ ਹੈ, ਮਿਥਿਆ ਆਤਮਾ ਸਰੀਰ ਹੈ, ਗਉਣ ਆਤਮਾ ਸਨਬੰਧੀ ਹਨ।
ਇਥੇ ਮੁਖ ਆਤਮਾ ਦਾ ਗ੍ਰਹਿਣ ਕਰਨਾ।
ਮੁਖ ਆਤਮਾ ਦੀ ਪ੍ਰਾਪਤੀ ਦੇ ਅਧਿ=ਵਾਸਤੇ ਸ੍ਰੇਸ਼ਟ ਕਰਮਾਂ ਨੂੰ ਕਰੇ ਤਾਂ ਇਹ ਸਚਾ ਹੁੰਦਾ ਹੈ। ਕਚੇ ਸ਼ਕਾਮ

ਕਰਮਾਂ ਦੇ ਕਰਨ ਵਾਲਾ ਜੋ ਕੱਚਾ ਜੀਵ ਹੈ ਇਹ ਮੁਕਤੀ ਦੇ ਭੇਦ ਨੂੰ ਕੀ ਜਾਣ ਸਕਦਾ ਹੈ? ॥ ੧ ॥

ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥ ੧ ॥ ਰਹਾਉ ॥

ਜੋ ਸਚ ਨਾਮ ਨੂੰ ਹਿਰਦੇ ਵਿਚ ਧਾਰਕੇ ਪੰਜ ਕਾਮ ਆਦਿਕਾਂ ਨੂੰ ਮਾਰਦਾ ਹੈ।

ਅਜੇਹਾ ਜੋਗੀ ਪਰਮੇਸ਼ਰ ਵਿਚ ਜੁੜਨ ਦੀ ਜੁਗਤੀ ਨੂੰ ਵਿਚਾਰਦਾ ਹੈ॥ ੧ ॥ ਰਹਾਉ ॥

ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ੨ ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਸਚ ਨਾਮ ਵਸ ਆਉਂਦਾ ਹੈ। ਉਹ ਭਗਤੀ ਜੋਗ ਵਿਚ ਜੁੜ ਕੇ ਪ੍ਰਭੂ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਂਦਾ ਹੈ॥ ੨ ॥

ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥ ੩ ॥

ਰਵਿ+ਸਸਿ=ਸੂਰਜ ਚੰਦ੍ਰਮਾਂ ਅਤੇ ਘਰ ਜੰਗਲਾਂ ਵਿਚ ਇਕ ਪ੍ਰਭੂ ਨੂੰ ਹੀ ਨਿਸਚੇ ਕਰੇ।

ਪਰਮੇਸ਼ਰ ਦੀ ਕੀਰਤੀ ਕਰਨੀ ਇਹ ਕਰਮ ਸਭ ਤੋਂ ਉੱਤਮ ਹੈ, ਬਾਂਕੀ ਦੇ ਕਰਮ ਸਮਾਨ ਹਨ।

ਅਥਵਾ:-ਕੀਰਤੀ ਰੂਪ ਕਰਮ ਦੇ ਕਰਨ ਨਾਲ ਪਰਮੇਸ਼ਰ ਵਿਚ ਸਮਾਨੈ=ਅਭੇਦ ਹੁੰਦਾ ਹੈ॥ ੩ ॥

ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥ ੪ ॥

ਇਕੋ ਇਕ ਗੁਰ ਉਪਦੇਸ਼ ਰੂਪੀ ਭਿਖਿਆ ਮੰਗਣਾ ਕਰੇ। ਅਥਵਾ:-ਇਕ ਗੁਰ ਉਪਦੇਸ਼ ਦੁਆਰਾ ਇਕ ਨਾਮ ਰੂਪੀ ਭਿਖਿਆ ਮੰਗਣਾ ਕਰੇ। ਸਚੇ ਗਿਆਨ ਧਿਆਨ ਦੀ ਜੁਗਤੀ ਵਿਚ ਜਾਗੈ=ਸਾਵਧਾਨ ਰਹਿਣਾ ਕਰੇ। ਵਾ:-ਸਚੇ ਧਿਆਨ ਵਿਚ ਜੁਗਤਿ=ਜੁੜੇ ਤਾਂ ਗਿਆਨ ਜਾਗ੍ਰਤ ਵਿਚ ਸਦਾ ਜਾਗਦਾ ਹੈ॥ ੪ ॥

ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥ ੫ ॥

ਪਰਮੇਸ਼ਰ ਦੇ ਡਰ ਵਿਚ ਤਦਾਕਾਰ ਹੋ ਰਹਿਣਾ ਕਰੇ, ਡਰ ਤੋਂ ਬਾਹਰ ਨ ਜਾਵੇ।

ਜੋ ਪ੍ਰਭੂ ਵਿਚ ਲਿਵ ਲਗਾ ਰਹਿੰਦਾ ਹੈ, ਉਸ ਦੀ ਕੀਮਤ ਨੂੰ ਭਲਾ ਕੌਣ ਕਹਿ ਸਕਦਾ ਹੈ॥ ੫ ॥

ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥ ੬ ॥

ਜਿਸ ਨੂੰ ਪ੍ਰਭੂ ਆਪ ਗੁਰਾਂ ਨਾਲ ਮੇਲਦਾ ਹੈ, ਉਹ ਗੁਰਾਂ ਦੀ ਪਰਸਾਦਿ=ਕਿਰਪਾ ਨਾਲ ਭਰਮ ਨੂੰ ਚੁਕਾਏ=ਦੂਰ ਕਰਕੇ ਪਰਮ ਪਦੁ=ਆਤਮ ਪਦ ਨੂੰ ਪਾਂਵਦਾ ਹੈ॥ ੬ ॥

ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥ ੭ ॥

ਹੇ ਭਾਈ ! ਗੁਰਾਂ ਦੀ ਸੇਵਾ ਕਰਕੇ ਸ਼ਬਦ ਨੂੰ ਵਿਚਾਰਨਾ ਕਰ, ਅਤੇ ਹਉਮੈ ਨੂੰ ਮਾਰਨਾ ਕਰ ਏਹੀ ਕਰਣੀ ਸਾਰੁ=ਸ੍ਰੇਸ਼ਟ ਹੈ॥ ੭ ॥

ਜਪ ਤਪ ਸੰਜਮ ਪਾਠ ਪੁਰਾਣੁ ॥
ਕਹੁ ਨਾਨਕ ਅਪਰੰਪਰ ਮਾਨੁ ॥ ੮ ॥ ੬ ॥

ਗੁਰੂ ਜੀ ਕਥਨ ਕਰਦੇ ਹਨ ਅਪਰੰਪਰ=ਪਰਮੇਸ਼ਰ ਦਾ ਜੋ ਮਨ ਵਿਚ ਮਾਨੁ=ਮਨਨ ਕਰਨਾ ਹੈ ਗੁਰਮੁਖਾਂ ਦਾ ਜਪ, ਤਪ, ਸੰਜਮ ਅਤੇ ਪੁਰਾਣਾਂ ਦਾ ਪਾਠ ਏਹੀ ਹੈ॥ ੮ ॥ ੬ ॥

ਗਉੜੀ ਮਹਲਾ ੧ ॥

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥ ਰੋਗੁ ਨ ਬਿਆਪੈ ਨਾ ਜਮ ਦੋਖੰ॥

ਜਿਸ ਗੁਰਮੁਖ ਜਗਿਆਸੂ ਨੇ ਖਿਮਾ ਨੂੰ ਗ੍ਰਹਿਣ ਕਰਕੇ ਸੀਲ ਸੁਭਾਅ ਤੇ ਸੰਤੋਖ ਰੂਪ ਵਰਤ ਨੂੰ ਰਖਿਆ ਹੈ। ਉਸ ਨੂੰ ਪ੍ਰਤੱਖ ਰੋਗ, ਵਾ:-ਹਉਮੈ ਰੂਪੀ ਰੋਗ ਨਹੀਂ ਵਿਆਪਦਾ, ਅਤੇ ਨਾ ਹੀ ਜਮਾਂ ਦਾ ਦੁੱਖ ਹੁੰਦਾ ਹੈ।

ਮੁਕਤ ਭਏ ਪ੍ਰਭ ਰੂਪ ਨ ਰੇਖੰ॥ ੧ ॥

ਜਿਸ ਪ੍ਰਭੂ ਦਾ ਨਾ ਕੋਈ ਰੂਪ ਹੈ ਨਾਹੀ ਕੋਈ ਮੱਛ ਕੱਛ ਆਦਿਕ ਰੇਖਾਂ ਹਨ ਉਸ ਪ੍ਰਭੂ ਨੂੰ ਪਾ ਕੇ ਉਹ ਮੁਕਤ ਰੂਪ ਹੋਏ ਹਨ॥ ੧ ॥

ਜੋਗੀ ਕਉ ਕੈਸਾ ਡਰੁ ਹੋਇ॥

ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥ ੧ ॥ ਰਹਾਉ॥

ਇਸ ਤਰ੍ਹਾਂ ਦੀ ਰੀਤੀ ਕਰਨ ਵਾਲੇ ਜੋਗੀ ਨੂੰ ਕਿਸ ਤ੍ਰਹਾਂ ਦਾ ਡਰ ਹੁੰਦਾ ਹੈ, ਭਾਵ ਨਹੀਂ ਹੁੰਦਾ। ਜਿਹੜਾ ਜੋਗੀ ਜੰਗਲ ਦੇ ਰੁਖਾਂ ਤੇ ਬਾਗਾਂ ਦੇ ਬ੍ਰਿੱਛਾਂ ਅਤੇ ਘਰ ਬਾਹਰ ਸਾਰੀਆਂ ਜਗ੍ਹਾਂ ਪਰ ਉਸ ਪ੍ਰਭੂ ਨੂੰ ਪੂਰਨ ਨਿਸਚੇ ਕਰਦਾ ਹੈ॥ ੧ ॥ ਰਹਾਉ॥

ਨਿਰਭਉ ਜੋਗੀ ਨਿਰੰਜਨੁ ਧਿਆਵੈ॥ ਅਨਦਿਨੁ ਜਾਗੈ ਸਚਿ ਲਿਵ ਲਾਵੈ॥

ਜਿਹੜਾ ਜੋਗੀ ਨਿਰਭਉ ਨਿਰੰਜਨ ਨੂੰ ਧਿਆਉਂਦਾ ਹੈ, ਤੇ ਰਾਤ ਦਿਨ ਜਾਗੈ=ਸਾਵਧਾਨ ਹੋ ਕੇ ਸਚ ਵਿਚ ਲਿਵ ਲਗਾਂਦਾ ਹੈ। *ਅਥਵਾ:*-ਜਿਹੜਾ ਜੋਗੀ ਸੰਸਾਰ ਵਲੋਂ ।ਨੇਰਭਉ ਹੋ ਕੇ ਨਿਰੰਜਨ ਨੂੰ ਧਿਆਉਂਦਾ ਹੈ, ਅਤੇ ਰਾਤ ਦਿਨ ਸਚੀ ਲਿਵ ਲਗਾਣ ਦੇ ਵਿਚ ਜਾਗਦਾ ਹੈ।

ਸੋ ਜੋਗੀ ਮੇਰੈ ਮਨਿ ਭਾਵੈ॥ ੨ ॥

ਉਹ ਜੋਗੀ ਮੇਰੇ ਮਨ ਵਿਚ ਭਾਉਂਦਾ ਹੈ॥ ੨ ॥

ਕਾਲੁ ਜਾਲੁ ਬ੍ਰਹਮ ਅਗਨੀ ਜਾਰੇ॥ ਜਰਾ ਮਰਣ ਗਤੁ ਗਰਬੁ ਨਿਵਾਰੇ॥

ਜਿਹੜਾ ਜੋਗੀ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਨਾਲ ਕਾਲ ਦੇ ਫਾਹ ਨੂੰ ਜਾਰੇ=ਸਾੜਦਾ ਹੈ। ਉਹ ਜੋਗੀ ਜਰਾ ਜਰਾ ਰੋਗ, ਵਾ:-ਜਰਾ=ਬੁਢਾਪੇ ਦੇ ਦੁੱਖ ਨੂੰ ਤੇ ਜਨਮ ਮਰਨ ਦੇ ਦੁੱਖ ਨੂੰ ਗਤੁ=ਨਾਸ ਕਰਦਾ ਹੈ, ਅਤੇ ਜਾਤੀ, ਵਿਦਿਆ, ਜੋਬਨ ਆਦਿਕਾਂ ਦੇ ਹੰਕਾਰ ਨੂੰ ਨਵਿਰਤ ਕਰਦਾ ਹੈ।

ਆਪਿ ਤਰੈ ਪਿਤਰੀ ਨਿਸਤਾਰੇ॥ ੩ ॥

ਉਹ ਜੋਗੀ ਆਪ ਤਰਦਾ ਹੈ ਅਤੇ ਪਿਤਰਾਂ ਨੂੰ ਸੰਸਾਰ ਤੋਂ ਤਾਰਦਾ ਹੈ॥ ੩ ॥

ਯਥਾ:- ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥ *(ਪੰਨਾ ੪੯੬)*

ਸਤਿਗੁਰੁ ਸੇਵੇ ਸੋ ਜੋਗੀ ਹੋਇ॥ ਭੈ ਰਚਿ ਰਹੈ ਸੁ ਨਿਰਭਉ ਹੋਇ॥

ਜੋ ਸ਼ਰਧਾ ਨਾਲ ਸਤਿਗੁਰਾਂ ਦੀ ਪੂਰੀ ਸੇਵਾ ਕਰਦਾ ਹੈ ਉਹ ਅਸਲ ਜੋਗੀ ਹੁੰਦਾ ਹੈ। ਜਿਹੜਾ ਜੋਗੀ ਨਿਰਭਉ ਪ੍ਰਭੂ ਦੇ ਭੈ ਰਚਿ ਰਹੈ=ਡਰ ਵਿਚ ਤਦਾਕਾਰ ਰਹਿੰਦਾ ਹੈ ਉਹ ਜੋਗੀ ਜਮਾਂ ਦੇ ਭੈ ਤੋਂ ਰਹਿਤ ਹੁੰਦਾ ਹੈ।

ਜੈਸਾ ਸੇਵੈ ਤੈਸੋ ਹੋਇ ॥ ੪ ॥

ਜਿਸ ਤਰ੍ਹਾਂ ਦੀ ਕੋਈ ਸੇਵਾ ਕਰਦਾ ਹੈ ਤੇਹੋ ਜਿਹਾ ਫਲ ਹੁੰਦਾ ਹੈ॥ ੪ ॥

[ਪੰਨਾ ੨੨੪]

ਨਰ ਨਿਹਕੇਵਲ ਨਿਰਭਉ ਨਾਉ ॥
ਅਨਾਥਹ ਨਾਥ ਕਰੇ ਬਲਿ ਜਾਉ ॥

ਨਿਰਭਉ ਪ੍ਰਭੂ ਦਾ ਨਾਮ ਮਨੁੱਖਾਂ ਨੂੰ ਨਿਹਕੇਵਲ=ਸ਼ੁਧ ਕਰਨ ਵਾਲਾ ਹੈ।

ਤੇ ਜੋ ਅਨਾਥਾਂ ਨੂੰ ਸਨਾਥ ਕਰਨ ਵਾਲਾ ਹੈ ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ।

ਪੁਨਰਪਿ ਜਨਮੁ ਨਾਹੀ ਗੁਣ ਗਾਉ ॥ ੫ ॥

ਉਸ ਪ੍ਰਭੂ ਦੇ ਗੁਣ ਗਾਇਣ ਕਰਨ ਵਾਲੇ ਨੂੰ ਪੁਨ=ਮੁੜ ਕੇ ਅਪਿ=ਨਿਸਚੇ ਕਰਕੇ ਜਨਮ ਨਹੀਂ ਹੁੰਦਾ॥ ੫ ॥

ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥

ਜੋ ਸਰੀਰ ਦੇ ਅੰਦਰ ਬਾਹਰੁ, ਵਾ:-ਬ੍ਰਹਿਮਾਂਡ ਦੇ ਅੰਦਰ ਬਾਹਰ ਇਕ ਪ੍ਰਭੂ ਨੂੰ ਜਾਣਦਾ ਹੈ। ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਆਪਣੇ ਸਰੂਪ ਨੂੰ ਪਛਾਣਦਾ ਹੈ।

ਸਾਚੈ ਸਬਦਿ ਦਰਿ ਨੀਸਾਣੈ ॥ ੬ ॥

ਸਚੇ ਗੁਰਾਂ ਦੇ ਉਪਦੇਸ਼ ਕਰਕੇ ਉਸਨੂੰ ਦਰਿ=ਅੰਦਰ ਹੀ ਪ੍ਰਭੂ ਨੀਸਾਣੈ=ਪ੍ਰਗਟ ਹੁੰਦਾ ਹੈ॥ ੬ ॥

ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥

ਗੁਰਾਂ ਦੇ ਉਪਦੇਸ਼ ਕਰਕੇ ਜੋ ਜੀਵਤ ਭਾ ਤੋਂ ਮਰਦਾ ਹੈ ਉਸ ਦਾ ਸਰੂਪ ਰੂਪੀ ਨਿਜ ਘਰ ਵਿਚ ਵਾਸਾ ਹੁੰਦਾ ਹੈ। ਪਦਾਰਥਾਂ ਦੀ ਆਸਾ ਚੁਕ ਜਾਣ ਕਰਕੇ ਉਸ ਦਾ ਸੰਸਾਰ ਵਿੱਚ ਆਉਣਾ ਜਾਣਾ ਨਹੀਂ ਹੁੰਦਾ।

ਗੁਰ ਕੈ ਸਬਦਿ ਕਮਲੁ ਪਰਗਾਸਾ ॥ ੭ ॥

ਗੁਰਾਂ ਦੇ ਉਪਦੇਸ਼ ਕਰਕੇ ਹਿਰਦੇ ਕਵਲ ਵਿਚ ਪ੍ਰਭੂ ਦਾ ਪਰਗਾਸਾ=ਗਿਆਨ ਹੁੰਦਾ ਹੈ।

ਵਾ:-ਗੁਰਾਂ ਦੇ ਉਪਦੇਸ਼ ਕਰਕੇ ਹਿਰਦਾ ਕਵਲ ਪਰਗਾਸਾ=ਖਿੜ ਜਾਂਦਾ ਹੈ॥ ੭ ॥

ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥

ਇਹ ਜੋ ਪਰਪੰਚ ਦਿਸ ਰਿਹਾ ਹੈ ਜੋ ਪੁਰਸ਼ ਇਸ ਦੀ ਆਸਾ ਵਿਚ ਲਗਾ ਹੈ ਉਹ ਨਿਰਾਸ ਹੀ ਰਹਿੰਦਾ ਹੈ। ਅਤੇ ਕਾਮ ਕ੍ਰੋਧ ਆਦਿਕ ਵਿਸ਼ਿਆਂ ਕਰਕੇ ਭੁੱਖਾ ਪਿਆਸਾ ਰਹਿੰਦਾ ਹੈ।

ਅਥਵਾ:-ਜੋ ਪਰਪੰਚ ਦਿਸ ਰਿਹਾ ਹੈ, ਇਸ ਦੀ ਆਸਾ ਤੋਂ ਜੋ ਪੁਰਸ਼ ਨਿਰਾਸ ਰਹਿੰਦਾ ਹੈ ਅਤੇ ਕਾਮ ਕ੍ਰੋਧ ਆਦਿਕਾਂ ਨੂੰ ਵਿਸ਼ਿਆਂ ਵਲੋਂ ਭੁੱਖਾ ਪਿਆਸਾ ਰਖਦਾ ਹੈ।

ਨਾਨਕ ਬਿਰਲੇ ਮਿਲਹਿ ਉਦਾਸਾ ॥ ੮ ॥ ੭ ॥

ਗੁਰੂ ਜੀ ਕਥਨ ਕਰਦੇ ਹਨ ਅਜੇਹੇ ਉਦਾਸੀਨ ਮਹਾਤਮਾ ਸੰਸਾਰ ਵਿਚ ਵਿਰਲੇ ਹੀ ਮਿਲਦੇ ਹਨ॥ ੮ ॥ ੭ ॥

ਗਉੜੀ ਮਹਲਾ ੧ ॥

ਐਸੋ ਦਾਸੁ ਮਿਲੈ ਸੁਖੁ ਹੋਈ॥ ਦੁਖੁ ਵਿਸਰੈ ਪਾਵੈ ਸਚੁ ਸੋਈ॥ ੧ ॥

ਅਜੇਹੇ ਦਾਸ ਦੇ ਮਿਲਣ ਕਰਕੇ ਸੁਖ ਸਰੂਪ ਨਾਮ ਦੀ ਪ੍ਰਾਪਤੀ ਹੁੰਦੀ ਹੈ।

ਦੁਖ ਵਿਸਰ ਜਾਂਦੇ ਹਨ ਅਤੇ ਉਸ ਸਚੇ ਪ੍ਰਭੂ ਨੂੰ ਪਾਂਵਦਾ ਹੈ॥ ੧ ॥

ਦਰਸਨੁ ਦੇਖਿ ਭਈ ਮਤਿ ਪੂਰੀ॥ ਅਠਸਠਿ ਮਜਨੁ ਚਰਨਹ ਧੂਰੀ॥ ੧ ॥ਰਹਾਉ॥

ਗੁਰਾਂ ਦਾ ਦਰਸ਼ਨ ਵੇਖਣ ਨਾਲ ਪੂਰੀ ਮਤ, ਵਾ:-ਪੂਰੀ ਸਿਖਿਆ ਪ੍ਰਾਪਤ ਹੁੰਦੀ ਹੈ। ਚਰਨ ਧੂੜੀ ਪਰਮਣ ਨਾਲ ਅਠ੍ਹਾਠ ਤੀਰਥਾਂ ਦੇ ਪਰਬਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ॥ ੧ ॥ ਰਹਾਉ॥

ਨੇਤ੍ਰ ਸੰਤੋਖੇ ਏਕ ਲਿਵ ਤਾਰਾ॥ ਜਿਹਵਾ ਸੂਚੀ ਹਰਿ ਰਸ ਸਾਰਾ॥ ੨ ॥

ਇਕ ਪ੍ਰਭੂ ਵਿਖੇ ਤੇਲ ਧਾਰਾ ਵਾਂਗੂੰ ਲਿਵ ਲਗਾਣ ਕਰਕੇ ਨੇਤ੍ਰ ਸੰਤੋਖ ਨੂੰ ਪ੍ਰਾਪਤ ਹੁੰਦੇ ਹਨ।

ਹਰੀ ਰਸ ਦੇ ਸਾਰਾ=ਸੰਭਾਲਣ ਕਰਕੇ ਜੀਭ ਸੂਚੀ=ਪਵਿੱਤ੍ਰ ਹੁੰਦੀ ਹੈ॥ ੨ ॥

ਸਚੁ ਕਰਣੀ ਅਭ ਅੰਤਰਿ ਸੇਵਾ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ॥ ੩ ॥

ਅਭ=ਹਿਰਦੇ ਅੰਦਰ ਜੋ ਪ੍ਰਭੂ ਹੈ ਉਸ ਦੀ ਸੇਵਾ ਰੂਪੀ ਸਚੀ ਕਰਣੀ ਕਰੇ।

ਵਾ:-ਹਿਰਦੇ ਅੰਦਰ ਜੋ ਸੇਵਾ ਦਾ ਉਤਸ਼ਾਹ ਹੈ ਏਹੋ ਸਚੀ ਕਰਣੀ ਕਰੇ।

ਅਲਖ ਅਭੇਵ ਪ੍ਰਭੂ ਦੇ ਜਪਣ ਕਰਕੇ ਹੀ ਮਨ ਤ੍ਰਿਪਤ ਹੁੰਦਾ ਹੈ॥ ੩ ॥

ਜਹ ਜਹ ਦੇਖਉ ਤਹ ਤਹ ਸਾਚਾ॥ ਬਿਨੁ ਬੂਝੇ ਝਗਰਤ ਜਗੁ ਕਾਚਾ॥ ੪ ॥

ਮੈਂ ਜਿਥੇ ਜਿਥੇ ਵੇਖਦਾ ਹਾਂ, ਉਥੇ ਉਥੇ ਹੀ ਸਚਾ ਹੈ। ਇਸ ਭੇਦ ਦੇ ਸਮਝੇ ਤੋਂ ਬਿਨਾਂ ਕੱਚਾ ਜੀਵ ਜਗਤ ਵਿਚ ਹਰ ਇਕ ਨਾਲ ਝਗੜੇ ਕਰਦਾ ਹੈ॥ ੪ ॥

ਗੁਰੁ ਸਮਝਾਵੈ ਸੋਝੀ ਹੋਈ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ੫ ॥

ਜਿਸ ਨੂੰ ਗੁਰੂ ਸਮਝਾਉਂਦੇ ਹਨ ਉਸ ਨੂੰ ਸੋਝੀ=ਗਿਆਤ ਪ੍ਰਾਪਤ ਹੁੰਦੀ ਹੈ।

ਪਰ ਕੋਈ ਵਿਰਲਾ ਗੁਰਮੁਖ ਹੀ ਇਸ ਭੇਦ ਨੂੰ ਬੁਝਦਾ ਹੈ॥ ੫ ॥

ਕਰਿ ਕਿਰਪਾ ਰਾਖਹੁ ਰਖਵਾਲੇ॥ ਬਿਨੁ ਬੂਝੇ ਪਸੂ ਭਏ ਬੇਤਾਲੇ॥ ੬ ॥

ਹੇ ਰਖਿਆ ਕਰਨ ਵਾਲੇ ਪ੍ਰਭੂ ! ਆਪ ਕਿਰਪਾ ਕਰਕੇ ਸਾਨੂੰ ਰਖ ਲਵੋ, ਆਪ ਜੀ ਨੂੰ ਜਾਣੇ ਤੋਂ ਬਿਨਾਂ ਇਹ ਸਾਰੇ ਜੀਵ ਪਸੂ ਤੇ ਬੇਤਾਲੇ=ਭੂਤਨੇ ਹੋ ਰਹੇ ਹਨ॥ ੬ ॥

ਗੁਰਿ ਕਹਿਆ ਅਵਰੁ ਨਹੀ ਦੂਜਾ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ॥ ੭ ॥

ਜਾਂ ਗੁਰਾਂ ਨੇ ਕਿਹਾ ਹੈ ਇਕ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ, ਤਾਂ ਫਿਰ ਮੈਂ ਕਿਸ ਨੂੰ ਵੇਖਾਂ ਅਤੇ ਹੋਰ ਕਿਸ ਦੀ ਪੂਜਾ ਕਰਾਂ ? ॥ ੭ ॥

ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥ ਆਤਮੁ ਚੀਨੈ ਸੁ ਤਤੁ ਬੀਚਾਰੇ॥ ੮ ॥

ਸੰਤਾਂ ਦੀ ਸੈਲ ਕਰਨ ਵਾਸਤੇ ਪ੍ਰਭੂ ਨੇ ਤਿੰਨੇ ਭਵਨ ਬਣਾਏ ਹਨ। ਵਾ:-ਜਿਸ ਪ੍ਰਭੂ ਨੇ ਤਿੰਨੇ ਭਵਨ ਬਣਾਏ

ਹਨ ਸੰਤਾਂ ਦਾ ਉਸ ਪ੍ਰਭੂ ਵਿਚ ਹੇਤਿ=ਪ੍ਰੇਮ ਹੈ। *ਅਥਵਾ:*-ਉਸ ਪ੍ਰਭੂ ਦਾ ਸੰਤਾਂ ਵਿਚ ਹੇਤਿ=ਪ੍ਰੇਮ ਹੈ। *ਅਥਵਾ:*-ਤਿੰਨਾਂ ਭਵਨਾਂ ਦੀ ਕਲਿਆਣ ਵਾਸਤੇ ਪ੍ਰਭੂ ਨੇ ਸੰਤ ਧਾਰੇ=ਬਣਾਏ ਹਨ-ਕਿਉਂਕਿ ਸੰਤ ਪ੍ਰਭੂ ਦਾ ਨਿਤ ਅਵਤਾਰ ਹਨ।

ਜੋ ਆਤਮੁ ਚੀਨੈ=ਆਪਣੇ ਸਰੂਪ ਨੂੰ ਜਾਣਦਾ ਹੈ ਓਹੀ ਸਭ ਵੇਦਾਂ ਸ਼ਾਸਤ੍ਰਾਂ ਦੇ ਤਤੁ=ਸਿਧਾਂਤ ਰੂਪ ਪਰਮੇਸ਼ਰ ਨੂੰ ਵਿਚਾਰਦਾ ਹੈ॥ ੮॥

ਸਾਚੁ ਰਿਦੈ ਸਚੁ ਪ੍ਰੇਮ ਨਿਵਾਸ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸ॥ ੯॥ ੮॥

ਗੁਰੂ ਜੀ ਕਥਨ ਕਰਦੇ ਹਨ ਜਿਸ ਦੇ ਹਿਰਦੇ ਵਿਚ ਨਾਮ ਹੈ ਅਤੇ ਸਚੇ ਪ੍ਰੇਮ ਦਾ ਨਿਵਾਸ ਹੈ ਅਸੀਂ ਉਸ ਦੇ ਚਰਨਾਂ ਦੇ ਦਾਸ ਹਾਂ॥ ੯॥ ੮॥

ਗਉੜੀ ਮਹਲਾ ੧ ॥

ਇਕ ਸਿੱਖ ਨੇ ਕਿਹਾ ਗਰਬ ਕੈਸਾ ਹੈ ? *ਗੁਰ ਉੱਤਰ:*-ਐਸਾ ਗਰਬੁ ਬੁਰਾ ਸੰਸਾਰੈ॥ ਸੰਸਾਰ ਵਿਚ ਹੰਕਾਰ ਕਰਨਾ ਅਜੇਹਾ ਬੁਰਾ ਹੈ ਜੋ ਕਿਹਾ ਨਹੀਂ ਜਾਂਦਾ, ਕਮੁੱਤਕ ਨਿਆ ਸੇ ਆਖਦੇ ਹਨ।

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ॥

ਜਿਸ ਵੇਲੇ ਬ੍ਰਹਮਾ ਨੇ ਹੰਕਾਰ ਕੀਤਾ ਤੇ (ਪ੍ਰਭੂ ਨੂੰ) ਨਾ ਜਾਣਿਆ, ਤੇ ਕਿਹਾ ਕਿ ਸਾਰੇ ਸੰਸਾਰ ਦੀ ਮਰਯਾਦਾ ਨੂੰ ਮੈਂ ਚਲਾ ਰਿਹਾ ਹਾਂ ਜੇਕਰ ਮੈਂ ਨਾ ਹੁੰਦਾ ਤਾਂ ਇਹ ਮਰਯਾਦਾ ਨਹੀਂ ਸੀ ਚਲਣੀ, ਭਗਵਾਨ ਨੇ ਵਿਚਾਰਿਆ ਇਸ ਦਾ ਹੰਕਾਰ ਦੂਰ ਕਰਨਾ ਚਾਹੀਦਾ ਹੈ। ਭਗਵਾਨ ਦੇ ਸੰਕਲਪ ਅਨੁਸਾਰ ਹੀ ਜਦ ਬ੍ਰਹਮਾ ਵੇਦ ਪੜ੍ਹਦਾ ੨ ਸੋਂ ਗਿਆ ਤਦ ਸੰਖਾਸੁਰ ਦੈਂਤ ਵੇਦ ਚੁਕ ਕੇ ਪਤਾਲ ਵਿਚ ਲੈ ਗਿਆ। ਜਦ ਬ੍ਰਹਮਾ ਨੇ ਉੱਠ ਕੇ ਵੇਖਿਆ ਤਾਂ ਵੇਦ ਨਾ ਮਿਲੇ। ਜਿਸ ਵੇਲੇ ਵੇਦਾਂ ਦੇ ਜਾਣ ਦੀ ਬਿਪਤਾ ਪਈ ਤਾਂ ਭਾਰੀ ਪਸਚਾਤਾਪ ਕੀਤਾ।

ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥ ੧॥

ਜਿਸ ਵੇਲੇ ਬ੍ਰਹਮਾ ਨੇ ਇਕ ਮਨ ਹੋ ਕੇ ਪ੍ਰਭੂ ਨੂੰ ਸਿਮਰਿਆ ਕਿ ਮੇਰਾ ਕੰਮ ਆਪ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ, ਤਿਸ ਵੇਲੇ ਪ੍ਰਭੂ ਨੇ ਮੱਛ ਦਾ ਰੂਪ ਧਾਰ ਕੇ ਪਤਾਲ ਵਿਚ ਜਾ ਕੇ ਸੰਖਾਸੁਰ ਦੈਂਤ ਨਾਲ ਜੁੱਧ ਕਰਕੇ ਉਸ ਪਾਸੋਂ ਵੇਦ ਲਿਆ ਕੇ ਬ੍ਰਹਮਾ ਨੂੰ ਦਿਤੇ। ਤਿਸ ਵੇਲੇ ਬ੍ਰਹਮਾ ਦਾ ਮਨ ਭਗਵਾਨ ਪਰ ਮੰਨਿਆ ਗਿਆ॥ ੧॥ ਗੁਰੂ ਕਲਗੀਧਰ ਜੀ ਨੇ ਕਿਹਾ ਹੈ-

ਸੰਖਾਸੁਰ ਮਾਰੇ ਬੇਦ ਉਧਾਰੇ ਸਤ੍ਰ ਸੰਘਾਰੇ ਜਸੁ ਲੀਨੋ॥ ਦੇਵੇਸੁ ਬੁਲਾਯੋ ਰਾਜ ਬਿਠਾਯੋ ਛਤ੍ਰ ਫਿਰਾਯੋ ਸੁਖ ਦੀਨੋ॥ ਕੋਟੰ ਬਜੇ ਬਾਜੇ ਅਨੁਰੇਸ਼ੁਰ ਗਾਜੇ ਸੁੰਭ ਘਰਿ ਸਾਜੇ ਸੋਕ ਹਰੇ॥ ਦੈ ਕੋਟਕ ਦਛਨਾ ਕੋਰ ਪ੍ਰਦਛਨਾ ਆਨਿ ਸੁ ਮੱਛ ਕੇ ਪਾਇ ਪਰੇ॥ ੫੪॥ (ਦਸਮ ਗ੍ਰੰਥ ਮੱਛ ਅਵਤਾਰ, ਪੰਨਾ ੧੫੯)

ਐਸਾ ਗਰਬੁ ਬੁਰਾ ਸੰਸਾਰੈ॥ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ॥੧॥ ਰਹਾਉ॥

ਸੰਸਾਰ ਵਿਚ ਗਰਬੁ=ਹੰਕਾਰ ਕਰਨਾ ਇਸ ਤਰ੍ਹਾਂ ਬੁਰਾ ਹੈ ਜਿਵੇਂ ਬ੍ਰਹਮਾ ਨੇ ਹੰਕਾਰ ਕਰਕੇ ਦੁਖ ਪਾਇਆ ਹੈ। ਜਿਸ ਨੂੰ ਪੂਰੇ ਗੁਰੂ ਮਿਲਦੇ ਹਨ ਤਿਸ ਦੇ ਹੰਕਾਰ ਨੂੰ ਗੁਰੂ ਸਾਹਿਬ ਜੀ ਨਵਿਰਤ ਕਰ ਦੇਂਦੇ ਹਨ॥ ੧॥ ਰਹਾਉ॥

ਬਲਿ ਰਾਜਾ ਮਾਇਆ ਅਹੰਕਾਰੀ॥ ਜਗਨ ਕਰੈ ਬਹੁ ਭਾਰ ਅਫਾਰੀ॥

ਮਾਇਆ ਕਰਕੇ ਹੰਕਾਰੀ ਤੇ ਅਫਾਰੀ=ਅਮੋੜ ਜੋ ਬਲ ਰਾਜਾ ਹੈ, ਉਹ ਬਹੁਤ ਸਾਰੀਆਂ ਭਾਰ=ਸਮਗ੍ਰੀਆਂ ਇਕੱਠੀਆਂ ਕਰ ਕੇ ਯੱਗ ਕਰਦਾ ਹੋਇਆ।

ਬਿਨੁ ਗੁਰ ਪੂਛੇ ਜਾਇ ਪਇਆਰੀ॥ ੨॥

ਆਪਣੇ ਗੁਰੂ ਸ਼ੁਕਰਾ ਚਾਰਜ ਜੀ ਤੋਂ ਪੁਛੇ ਬਿਨਾਂ ਪਇਆਰੀ=ਪਤਾਲ ਵਿਚ ਜਾਂਦਾ ਹੋਇਆ॥ ੨॥

ਹਰੀਚੰਦੁ ਦਾਨੁ ਕਰੈ ਜਸੁ ਲੇਵੈ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ॥

ਰਾਜਾ ਹਰੀ ਚੰਦ ਦਾਨ ਕਰਕੇ ਸੰਸਾਰ ਵਿਚ ਜਸ ਲੈਂਦਾ ਸੀ। ਪਰ ਗੁਰੂ ਵਸਿਸ਼ਟ ਜੀ ਤੋਂ ਬਿਨਾਂ ਅਭੇਵੈ=ਭੇਦਾਂ ਤੋਂ ਰਹਿਤ ਪਰਮਾਤਮਾ ਦਾ ਅੰਤ ਨ ਪਾਂਦਾ ਹੋਇਆ।

ਆਪਿ ਭੁਲਾਇ ਆਪੇ ਮਤਿ ਦੇਵੈ॥ ੩॥

ਸਚੀ ਗੱਲ ਇਹ ਹੈ ਉਹ ਪਰਮੇਸ਼ਰ ਆਪ ਹੀ ਭੁਲਾਂਦਾ ਹੈ, ਆਪ ਹੀ ਸ਼ੁਭਮਤੀ ਦੇਂਦਾ ਹੈ॥ ੩॥

ਦੁਰਮਤਿ ਹਰਣਾਖਸੁ ਦੁਰਾਚਾਰੀ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ॥

ਦੁਰਮਤਿ=ਖੋਟੀ ਮੱਤ ਵਾਲਾ ਰਾਜਾ ਹਰਨਾਖਸ਼ ਵੀ ਦੁਰ+ਆਚਾਰੀ=ਖੋਟਿਆਂ ਕਰਤੱਬਾਂ ਦੇ ਕਰਨ ਵਾਲਾ ਸੀ। ਗਰਬ ਪ੍ਰਹਾਰੀ=ਹੰਕਾਰ ਦੇ ਨਾਸ ਕਰਨ ਵਾਲਾ ਜੋ ਪ੍ਰਭੂ ਨਰਾਇਣ ਹੈ ਉਸ ਨੇ ਹਰਨਾਖਸ਼ ਨੂੰ ਆਪਣਿਆਂ ਪੱਟਾਂ ਪਰ ਰਖ ਕੇ ਨਹੁੰਆਂ ਨਾਲ ਚੀਰ ਕੇ ਉਸ ਦੇ ਹੰਕਾਰ ਨੂੰ ਦੂਰ ਕਰ ਦਿਤਾ। ਅਤੇ-

ਪ੍ਰਹਲਾਦ ਉਧਾਰੇ ਕਿਰਪਾ ਧਾਰੀ॥ ੪॥

ਕਿਰਪਾ ਦ੍ਰਿਸ਼ਟੀ ਧਾਰ ਕੇ ਆਪਣੇ ਸੇਵਕ ਪ੍ਰਹਿਲਾਦ ਨੂੰ ਅਨੇਕ ਪ੍ਰਕਾਰ ਦੇ ਸੰਕਟਾਂ ਤੋਂ ਉਧਾਰੇ=ਬਚਾ ਲਿਆ॥ ੪॥

ਭੂਲੋ ਰਾਵਣੁ ਮੁਗਧੁ ਅਚੇਤਿ॥ ਲੂਟੀ ਲੰਕਾ ਸੀਸ ਸਮੇਤਿ॥

ਅਚੇਤਿ=ਅਗਿਆਤ ਮਹਾਂ ਮੂਰਖ ਰਾਵਣ ਭੀ ਪਰਮੇਸ਼ਰ ਤੋਂ ਭੁਲ ਗਿਆ। ਤਾਂ ਉਸ ਦੇ ਸਿਰਾਂ ਸਮੇਤ ਸਾਰੀ ਲੰਕਾ ਲੂਟੀ=ਲੁੱਟੀ ਗਈ, ਵਾ:-ਲੂਟੀ=ਲੁੱਠੀ ਭਾਵ ਸੜ ਗਈ। *"ਮੂਰਖ ਰਾਵਨ ਕਿਆ ਲੇ ਗਿਆ"* ਸ਼ਾਸਤ੍ਰਕਾਰਾਂ ਨੇ ਇਸ ਨੂੰ ਜਾਤੀ ਦਾ ਬ੍ਰਾਹਮਣ ਲਿਖਿਆ ਹੈ ਪਰ ਇਸ ਦੇ ਕਰਤਬ ਭੈੜੇ ਸਨ ਇਸ ਕਰਕੇ ਇਸ ਨੂੰ ਦੈਂਤ ਤੇ ਮੂਰਖ ਕਿਹਾ ਹੈ।

ਗਰਬਿ ਗਇਆ ਬਿਨੁ ਸਤਿਗੁਰ ਹੇਤਿ॥ ੫॥

ਰਾਵਨ ਦੇ ਗੁਰੂ ਜੋ ਸ਼ਿਵ ਜੀ ਹਨ ਉਨ੍ਹਾਂ ਵਿਖੇ ਹੇਤ=ਪ੍ਰੇਮ ਕੀਤੇ ਤੋਂ ਬਿਨਾਂ, ਅਰਥਾਤ ਸ਼ਿਵਾਂ ਦੇ ਬਚਨ ਮੰਨੇ ਤੋਂ ਬਿਨਾਂ, ਕਿਉਂਕਿ ਸ਼ਿਵਾਂ ਨੇ ਕਿਹਾ ਸੀ ਸ੍ਰੀ ਰਾਮ ਚੰਦ੍ਰ ਜੀ ਸਾਡੇ ਗੁਰੂ ਹਨ ਤੂੰ ਇਨ੍ਹਾਂ ਨਾਲ ਜੁਧ ਨ ਕਰ ਪਰ ਰਾਵਨ ਨੇ ਆਪਣੇ ਗੁਰੂ ਦੀ ਗੱਲ ਨ ਮੰਨੀ ਇਸ ਕਰਕੇ ਰਾਵਨ ਦੇ ਵਿਚ ਜੋ ਪ੍ਰਬਲਤਾ ਦਾ ਹੰਕਾਰ ਸੀ ਉਹ ਨਵਿਰਤ ਹੋ ਗਿਆ॥ ੫॥

ਸਹਸਬਾਹੁ ਮਧੁ ਕੀਟ ਮਹਿਖਾਸਾ॥ ਹਰਣਾਖਸੁ ਲੇ ਨਖਹੁ ਬਿਧਾਸਾ॥

ਰਾਜੇ ਸਹੰਸ੍ਰ ਬਾਹੂ ਨੂੰ, ਮਧੁ+ਕੀਟ=ਮਧੁ ਕੇਟਭ ਦੈਂਤਾਂ ਨੂੰ, ਤੇ ਮਹਿਖਾਸੁਰ ਦੈਂਤ ਨੂੰ ਮਾਰਨਾ ਕੀਤਾ ਹੈ।

ਹਰਨਾਖਸ਼ ਦੈਂਤ ਨੂੰ ਤਾਂ ਨੌਂਹਾਂ ਨਾਲ ਬਿਧਾਸਾ=ਮਾਰਨਾ ਕੀਤਾ ਹੈ।

ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥

ਭਗਤੀ ਅਭਿਆਸ ਤੋਂ ਬਿਨਾਂ ਹੋਣ ਕਰ ਕੇ ਸਾਰਿਆਂ ਦੈਂਤਾਂ ਨੂੰ ਸੰਘਾਰੇ=ਮਾਰਨਾ ਕੀਤਾ ਹੈ॥ ੬ ॥

ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥

ਰਾਜੇ ਜਰਾਸਿੰਧ ਨੂੰ ਤੇ ਕਾਲ ਜਮਨ ਨੂੰ ਮਾਰਨਾ ਕੀਤਾ ਹੈ। ਰਾਜੇ ਕੰਸ ਦਾ ਜਰਾਸਿੰਧ ਸਹੁਰਾ ਸੀ, ਜਿਸ ਵੇਲੇ ਕ੍ਰਿਸ਼ਨ ਜੀ ਨੇ ਰਾਜੇ ਕੰਸ ਨੂੰ ਮਾਰਿਆ ਹੈ ਤਾਂ ਕੰਸ ਦੀ ਘਰ ਵਾਲੀ ਨੇ ਆਪਣੇ ਪਿਤਾ ਜਰਾਸਿੰਧ ਨੂੰ ਜਾ ਕੇ ਕਿਹਾ ਕਿ ਪਿਤਾ ਜੀ ! ਮੇਰੇ ਪਤੀ ਕੰਸ ਨੂੰ ਕ੍ਰਿਸ਼ਨ ਨੇ ਮਾਰ ਦਿਤਾ ਹੈ ਆਪ ਉਸ ਤੋਂ ਬਦਲਾ ਲਓ। ਉਸ ਵੇਲੇ ਜਰਾਸਿੰਧ ਨੇ ਫੌਜਾਂ ਭੇਜ ਕੇ ਜੁਧ ਸ਼ੁਰੂ ਕਰ ਦਿਤਾ। ਕਾਫੀ ਚਿਰ ਜੁਧ ਹੁੰਦਾ ਰਿਹਾ ਹੈ ਆਖਰ ਜਰਾਸਿੰਧ ਆਪ ਮਰ ਗਿਆ, ਜਰਾਸਿੰਧ ਦਾ ਮਿਲਾਪੀ ਇਕ ਕਾਲਜਮਨ ਸੀ ਜਦ ਉਸ ਨੂੰ ਪਤਾ ਲਗਾ ਤਾਂ ਉਸ ਨੇ ਆ ਕੇ ਜੁਧ ਸ਼ੁਰੂ ਕਰ ਦਿਤਾ ਉਸ ਦੇ ਸਾਹਮਣੇ ਕ੍ਰਿਸ਼ਨ ਜੀ ਦੀ ਜਦ ਪੇਸ਼ ਨਾ ਗਈ ਤਾਂ ਕ੍ਰਿਸ਼ਨ ਜੀ ਨੇ ਉਸ ਨੂੰ ਹੋਰ ਢੰਗ ਨਾਲ ਮਾਰਨ ਦੀ ਵਿਚਾਰ ਗੁੰਦ ਲਈ। ਕ੍ਰਿਸ਼ਨ ਜੀ ਨੇ ਓਥੋਂ ਦੌੜ ਲਾਈ ਤੇ ਕਾਲਜਮਨ ਵੀ ਪਿਛੇ ਪਿਛੇ ਦੌੜ ਪਿਆ, ਰਾਹ ਵਿਚ ਇਕ ਮੁਚਕੰਦ ਰਿਖੀ ਬੈਠਾ ਤਪ ਕਰ ਰਿਹਾ ਸੀ, ਕ੍ਰਿਸ਼ਨ ਜੀ ਨੇ ਆਪਣਾ ਪਿਤੰਬਰ ਲਾਹ ਕੇ ਉਸ ਉੱਤੇ ਪਾ ਦਿਤਾ ਤੇ ਆਪ ਅਗੇ ਦੌੜ ਗਏ। ਜਦ ਪਿਛੋਂ ਕਾਲਜਮਨ ਆ ਕੇ ਪਹੁੰਚਿਆ ਤਾਂ ਕ੍ਰਿਸ਼ਨ ਜੀ ਨੂੰ ਓਥੇ ਬੈਠਾ ਵੇਖ ਕੇ ਲਤ ਮਾਰ ਕੇ ਆਖਦਾ ਹੈ ਹੁਣ ਪਿਤੰਬਰ ਪਾ ਕੇ ਕਿਉਂ ਬੈਠ ਗਿਆ ਹੈਂ ਉੱਠ ਕੇ ਜੰਗ ਕਰ। ਤਾਂ ਮੁਚਕੰਦ ਰਿਖੀ ਨੇ ਕਿਹਾ ਭਸਮ, ਭਸਮ, ਭਸਮ, ਤਿੰਨ ਵਾਰ ਭਸਮ ਕਹਿਣੇ ਨਾਲ ਉਹ ਕਾਲਜਮਨ ਭਸਮ ਹੋ ਗਿਆ।

ਰਕਤ ਬੀਜੁ:-ਰਕਤ ਬੀਰਜ ਦੈਂਤ ਹੋਇਆ ਹੈ, ਇਸ ਦਾ ਅਸਟ ਭੁਜੀ ਦੇਵੀ ਨਾਲ ਬੜਾ ਭਾਰੀ ਜੁਧ ਹੋਇਆ ਹੈ ਇਸ ਦੇ ਸਰੀਰ 'ਚੋਂ ਜਿੰਨੀਆਂ ਲਹੂ ਦੀਆਂ ਬੂੰਦਾਂ ਡਿਗਦੀਆਂ ਸਨ ਉਤਨੇ ਹੋਰ ਦੈਂਤ ਪੈਦਾ ਹੋ ਜਾਂਦੇ ਸਨ, ਇਸ ਕਰਕੇ ਅਸਟਭੁਜੀ ਦੇਵੀ ਦੀ ਕੋਈ ਪੇਸ਼ ਨਾ ਗਈ ਤਾਂ ਇਸ ਨੇ ਚੰਡੀ ਦੇਵੀ ਨੂੰ ਪੈਦਾ ਕੀਤਾ ਜਿਸ ਵੇਲੇ ਵੀ ਦੈਂਤ ਦੇ ਸਰੀਰ 'ਚੋਂ ਲਹੂ ਦੀਆਂ ਬੂੰਦਾਂ ਡਿੱਗਣ ਤਾ ਚੰਡੀ ਆਪਣੇ ਖੱਪਰ ਵਿਚ ਬੋਚ ਕੇ ਪੀ ਲਿਆ ਕਰੇ ਹੇਠਾਂ ਨ ਡਿੱਗਣ ਦੇਵੇ ਇਸ ਤਰ੍ਹਾਂ ਰਕਤ ਬੀਰਜ ਦੈਂਤ ਨੂੰ ਮਾਰਨਾ ਕੀਤਾ।

ਕਾਲੁ ਨੇਮੁ:-ਜਿਸ ਵੇਲੇ ਸ੍ਰੀ ਰਾਮ ਚੰਦ੍ਰ ਜੀ ਦੇ ਹੁਕਮ ਅਨੁਸਾਰ ''ਹਨੂੰਮਾਨ'' ਲਛਮਨ ਵਾਸਤੇ ਸੰਜੀਵਨੀ ਬੂਟੀ ਲੈਣ ਗਿਆ ਹੈ ਤਾਂ ਦੂਜੇ ਪਾਸਿਓਂ ਰਾਵਣ ਨੇ ਕਾਲ ਨੇਮੀ ਨੂੰ ਸਿਖਾ ਕੇ ਭੇਜ ਦਿਤਾ ਕਿ ਤੂੰ ਓਥੇ ਸੁੰਦਰ ਬਾਗ ਬਗੀਚੇ ਲਗਾ ਕੇ ਹਨੂੰਮਾਨ ਦੇ ਮਨ ਨੂੰ ਭਰਮਾ ਕੇ ਓਥੇ ਹੀ ਰਖ ਲਵੀਂ ਤਾਂ ਕਿ ਟਾਇਮ ਸਿਰ ਸੰਜੀਵਨੀ ਬੂਟੀ ਨ ਪਹੁੰਚਣ ਤੇ ਲਛਮਣ ਮਰ ਜਾਵੇਗਾ। ਕਾਲਨੇਮੀ ਨੇ ਓਸੇ ਤਰ੍ਹਾਂ ਆ ਕੇ ਕੀਤਾ, ਸੁੰਦਰ ਬਗੀਚੇ ਲਗਾ ਕੇ ਉਹ ਅਸਥਾਨ ਸੋਹਣੀ ਸਜਾਵਟ ਵਾਲਾ ਬਣਾ ਕੇ, ਹਨੂੰਮਾਨ ਨੂੰ ਕਿਹਾ ਇਹ ਬੜਾ ਸੁੰਦਰ ਅਸਥਾਨ ਹੈ ਆਪ ਇਥੇ ਹੀ ਰਹੋ ਹਨੂੰਮਾਨ ਸਮਝ ਗਿਆ ਇਹ ਮੇਰੇ ਨਾਲ ਛਲ ਕਰ ਰਿਹਾ ਹੈ, ਹਨੂੰਮਾਨ ਨੇ ਉਸ ਨੂੰ ਮਾਰ ਦਿਤਾ ਤੇ ਆਪ ਸੰਜੀਵਨੀ ਬੂਟੀ ਵਾਲਾ ਪਹਾੜ ਲੈ ਕੇ ਸ੍ਰੀ ਰਾਮ ਚੰਦ੍ਰ ਜੀ ਪਾਸ ਆ ਪਹੁੰਚਾ।

ਦੈਤ ਸੰਘਾਰਿ ਸੰਤ ਨਿਸਤਾਰੇ ॥ ੭ ॥

ਇੰਜ ਦੈਂਤਾਂ ਨੂੰ ਮਾਰ ਕੇ ਤੇ ਸੰਤਾਂ ਨੂੰ ਤਾਰਨਾ ਕੀਤਾ ਹੈ॥ ੭॥

[ਪੰਨਾ ੨੨੫]

ਆਪੇ ਸਤਿਗੁਰੁ ਸਬਦੁ ਬੀਚਾਰੇ॥ ਦੂਜੈ ਭਾਇ ਦੈਤ ਸੰਘਾਰੇ॥

ਉਹ ਪਰਮੇਸ਼ਰ ਆਪ ਹੀ ਸਤਿਗੁਰੂ ਰੂਪ ਹੈ, ਆਪ ਹੀ ਜਗਿਆਸੂ ਰੂਪ ਹੋ ਕੇ ਸ਼ਬਦ ਨੂੰ ਵਿਚਾਰਦਾ ਹੈ। ਆਪ ਹੀ ਦ੍ਵੈਤ ਭਾ ਵਾਲਿਆਂ ਦੈਂਤਾਂ ਨੂੰ ਸੰਘਾਰੇ=ਮਾਰਦਾ ਹੈ। ਅਤੇ-

ਗੁਰਮੁਖਿ ਸਾਚਿ ਭਗਤਿ ਨਿਸਤਾਰੇ॥ ੮॥

ਸਚੀ ਭਗਤੀ ਕਰਨ ਵਾਲੇ ਗੁਰਮੁਖਾਂ ਨੂੰ ਸੰਸਾਰ ਸਮੁੰਦ੍ਰ ਤੋਂ ਤਾਰਦਾ ਹੈ॥ ੮॥

ਬੂਡਾ ਦੁਰਜੋਧਨੁ ਪਤਿ ਖੋਈ॥ ਰਾਮੁ ਨ ਜਾਨਿਆ ਕਰਤਾ ਸੋਈ॥

ਹੰਕਾਰ ਵਿੱਚ ਡੁਬਾ ਹੋਇਆ ਜੋ ਰਾਜਾ ਦੁਰਜੋਧਨ ਹੈ ਉਸ ਨੇ ਆਪਣੀ ਪਤਆਬਰੋ ਆਪ ਹੀ ਖੋਈ=ਗੁਆ ਲਈ। ਕਿਉਂਕਿ ਜਿਸ ਵੇਲੇ ਕ੍ਰਿਸ਼ਨ ਜੀ ਇਸ ਵਲ ਗਏ ਸਨ ਤਾਂ ਇਸ ਨੇ ਕ੍ਰਿਸ਼ਨ ਜੀ ਨੂੰ ਸਾਰਿਆਂ ਦਾ ਕਰਤਾ ਜੋ ਰਾਮ ਪ੍ਰਭੂ ਹੈ ਉਸ ਦਾ ਸਰੂਪ ਕਰਕੇ ਨਾ ਜਣਿਆ। ਗੁੱਜਰ ਕਹਿ ਕੇ ਘੋੜਿਆਂ ਨੂੰ ਵੇਖਣ ਲਈ ਤਬੇਲੇ ਵਿਚ ਚਲਾ ਗਿਆ।

ਜਨ ਕਉ ਦੂਖਿ ਪਚੈ ਦੁਖੁ ਹੋਈ॥ ੯॥

ਜੋ ਹੰਕਾਰੀ ਪੁਰਸ਼ ਪ੍ਰਭੂ ਦੇ ਸੇਵਕ ਜਨਾਂ ਨੂੰ ਦੁਖ ਪਚੈ=ਪਹੁੰਚਾਂਦਾ ਹੈ, ਉਸ ਨੂੰ ਭੀ ਦੁੱਖ ਪ੍ਰਾਪਤ ਹੁੰਦਾ ਹੈ। ਵਾ:-ਜੋ ਸੇਵਕ ਜਨਾਂ ਨੂੰ ਦੁਖੀ ਕਰਦਾ ਹੈ, ਉਸ ਦਾ ਭੀ ਦੁੱਖਾਂ ਵਿਚ ਪਚੈ=ਸੜਨਾ ਹੁੰਦਾ ਹੈ॥ ੯॥

ਜਨਮੇਜੈ ਗੁਰ ਸਬਦੁ ਨ ਜਾਨਿਆ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥

ਰਾਜੇ ਜਨਮੇਜੇ ਨੇ ਆਪਣੇ ਗੁਰੂ ਬਿਆਸ ਜੀ ਦੇ ਸ਼ਬਦ ਨੂੰ ਸੱਤ ਕਰ ਕੇ ਨ ਜਾਣਿਆ,

ਬਿਆਸ ਜੀ ਨੇ ਕਿਹਾ ਭੀਮ ਸੈਨ ਦੇ ਉਡਾਏ ਹੋਏ ਹਾਥੀ ਹੁਣ ਤਕ ਅਕਾਸ਼ ਵਿਚ ਭ੍ਰਮ ਰਹੇ ਹਨ ਪਰ ਜਨਮੇਜੇ ਨੇ ਨੱਕ ਸੰਕੋਚ ਕੇ ਕਿਹਾ ਇਹ ਗੱਲ ਮੈਂ ਨਹੀਂ ਮੰਨ ਸਕਦਾ, ਭਰਮ ਵਿਚ ਭੁਲਣ ਕਰਕੇ ਨੱਕ ਵਿਚ ਹੀ ਕੋਹੜ ਰਹਿ ਗਿਆ ਤੇ ਸੁਖ ਨੂੰ ਕਿਵੇਂ ਪਾਵਨਾ ਕਰੇ।

ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ॥ ੧੦॥

ਇਕ ਤਿਲ ਮਾਤ੍ਰ ਭੁਲਣ ਕਰਕੇ ਫਿਰ ਪਸਚਾਤਾਪ ਕਰਦਾ ਹੋਇਆ॥ ੧੦॥

ਕੰਸੁ ਕੇਸੁ ਚਾਂਡੂਰੁ ਨ ਕੋਈ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ॥

ਕੰਸ ਨੂੰ ਕੇਸਾਂ ਤੋਂ ਫੜ ਕੇ ਮਾਰਨਾ ਕੀਤਾ, ਚੰਡੂਰ ਤੇ ਮੁਸ਼ਟਕ ਇਹ ਦੋ ਕੰਸ ਦੇ ਪਹਿਲਵਾਨ ਸਨ ਇਨ੍ਹਾਂ ਨੂੰ ਭੀ ਕੋਈ ਸੁਖ ਨਾ ਹੋਇਆ। ਜਿਨ੍ਹਾਂ ਨੇ ਰਾਮ ਨਾਮ ਨੂੰ ਨਹੀਂ ਜਾਣਿਆ ਉਨ੍ਹਾਂ ਨੇ ਆਪਣੀ ਪਤਆਬਰੋ ਖੋਹਣਾ ਕੀਤੀ ਹੈ।

ਬਿਨੁ ਜਗਦੀਸ ਨ ਰਾਖੈ ਕੋਈ॥ ੧੧॥

ਜਗਤ ਦੇ ਮਾਲਕ ਪ੍ਰਭੂ ਤੋਂ ਬਿਨਾਂ ਇਸ ਜੀਵ ਦੀ ਰਖਿਆ ਕਰਨ ਵਾਲਾ ਕੋਈ ਨਹੀਂ ਹੈ॥ ੧੧॥

ਬਿਨੁ ਗੁਰ ਗਰਬੁ ਨ ਮੇਟਿਆ ਜਾਇ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ॥

ਗੁਰ ਉਪਦੇਸ਼ ਤੋਂ ਬਿਨਾਂ ਹੰਕਾਰ ਮੇਟਿਆ ਨਹੀਂ ਜਾਂਦਾ। ਗੁਰ ਸਿਖਿਆ ਨਾਲ ਹੀ ਧਰਮ ਧੀਰਜ ਤੇ ਹਰੀ ਨਾਮ ਦੀ ਪ੍ਰਾਪਤੀ ਹੁੰਦੀ ਹੈ।

ਨਾਨਕ ਨਾਮੁ ਮਿਲੈ ਗੁਣ ਗਾਇ ॥ ੧੨ ॥ ੯ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਪਾਸੋਂ ਨਾਮ ਮਿਲਣ ਕਰਕੇ ਗੁਣ ਗਾਣਾ ਕਰੇ ਤਾਂ ਹੀ ਹੰਕਾਰ ਨਵਿਰਤ ਹੁੰਦਾ ਹੈ॥ ੧੨ ॥ ੯ ॥

ਗਉੜੀ ਮਹਲਾ ੧ ॥

ਚੋਆ ਚੰਦਨੁ ਅੰਕਿ ਚੜ੍ਹਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥

ਚਾਹੇ ਚੰਦਨ ਆਦਿਕ ਸੁਗੰਧੀਆਂ ਨੂੰ ਚੁਆ ਕੇ ਅੰਕਿ=ਅੰਗਾਂ ਪਰ ਚੜ੍ਹਾਣਾ ਕਰੋ।

ਚਾਹੇ ਸੂਤੀ ਪਾਟ=ਬਸਤ੍ਰ ਤੇ ਚਾਹੇ ਪਟੰਬਰ=ਰੇਸ਼ਮੀ ਕਪੜੇ ਸਰੀਰ ਉੱਤੇ ਪਹਿਰਕੇ ਹੰਢਾਵੋ।

ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥ ੧ ॥

ਪਰ ਹਰੀ ਨਾਮ ਜਪੇ ਤੋਂ ਬਿਨਾਂ ਕਿਸ ਪ੍ਰਕਾਰ ਸੁਖ ਪਾਓਗੇ ? ॥ ੧ ॥

ਕਿਆ ਪਹਿਰਉ ਕਿਆ ਓਢਿ ਦਿਖਾਵਉ ॥
ਬਿਨੁ ਜਗਦੀਸ ਕਹਾ ਸੁਖੁ ਪਾਵਉ ॥ ੧ ॥ ਰਹਾਉ ॥

ਗਹਿਣਿਆਂ ਨੂੰ ਪਹਿਰਕੇ ਕੀ ਵਿਖਾਂਦੇ ਹੋ ? ਅਤੇ ਚੰਗੇ ਚੰਗੇ ਦੁਸ਼ਾਲਿਆਂ ਨੂੰ ਓਢਕੇ ਕੀ ਵਿਖਾਂਦੇ ਹੋ?

ਜਗਤ ਦੇ ਮਾਲਕ ਪ੍ਰਭੂ ਦੇ ਨਾਮ ਜਪੇ ਤੋਂ ਬਿਨਾਂ ਕਿਸ ਤਰ੍ਹਾਂ ਸੁਖ ਪਾਓਗੇ।

ਵਾ:-ਕਿਥੋਂ ਸੁਖ ਪਾਓਗੇ? ॥ ੧ ॥ ਰਹਾਉ ॥

ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥

ਕਾਨੀ=ਕੰਨਾਂ ਵਿਚ ਵਾਲੇ ਪਾ ਲਵੇ, ਗਲ ਵਿਚ ਸੁੱਚੇ ਮੋਤੀਆਂ ਦੀ ਮਾਲਾ ਭੀ ਪਾਈ ਹੋਵੇ। ਲਾਲ ਰੰਗ ਦੀ ਨਿਹਾਲੀ=ਤੁਲਾਈ ਵਿਛਾਣਾ ਕਰੇ ਤੇ ਸੇਜਾ ਉੱਤੇ ਗੁਲਾਬ ਦੇ ਫੁਲ ਵਿਛਾਣਾ ਕਰੇ।

ਬਿਨੁ ਜਗਦੀਸ ਕਹਾ ਸੁਖੁ ਭਾਲਾ ॥ ੨ ॥

ਜਗਤ ਦੇ ਮਾਲਕ ਪ੍ਰਭੂ ਦੇ ਨਾਮ ਜਪੇ ਤੋਂ ਬਿਨਾਂ ਕਿਥੋਂ ਸੁਖ ਭਾਲਣਾ ਕਰੋਗੇ॥ ੨ ॥

ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥

ਚਾਹੇ ਘਰ ਵਿਚ ਸਲੋਨੀ=ਸੁੰਦਰ ਅੱਖਾਂ ਵਾਲੀ ਸੁੰਦਰ ਇਸਤ੍ਰੀ ਹੋਵੇ। ਖੋੜ=ਸੋਲ੍ਹਾਂ ਸ਼ਿੰਗਾਰ ਕਰਕੇ ਚਾਹੇ ਉਹ ਇਸਤ੍ਰੀ ਅਤਿ=ਬਹੁਤਾ ਪਿਆਰ ਭੀ ਕਰੇ।

ਬਿਨੁ ਜਗਦੀਸ ਭਜੇ ਨਿਤ ਖੁਆਰੀ ॥ ੩ ॥

ਪਰ ਜਗਤ ਦੇ ਮਾਲਕ ਪ੍ਰਭੂ ਦੇ ਨਾਮ ਜਪੇ ਤੋਂ ਬਿਨਾਂ ਇਨ੍ਹਾਂ ਵਿਚ ਲਗਣ ਵਾਲੇ ਨੂੰ ਨਿਤਾਪ੍ਰਤੀ ਖੁਆਰੀ=ਖਰਾਬੀ ਹੁੰਦੀ ਹੈ॥ ੩ ॥

ਦਰ ਘਰ ਮਹਲਾ ਸੇਜ ਸੁਖਾਲੀ॥ ਅਹਿਨਿਸਿ ਫੂਲ ਬਿਛਾਵੈ ਮਾਲੀ॥

ਚਾਹੇ ਘਰ ਦੇ ਦਰ=ਅੰਦਰ ਮਹਲਾ=ਇਸਤ੍ਰੀ ਸੁਖ ਦੇਣ ਵਾਲੀ ਸੇਜਾ ਉੱਤੇ ਪਈ ਹੋਵੇ।

ਤੇ ਅਹਿ+ਨਿਸਿ=ਦਿਨ ਰਾਤ ਤਾਜ਼ੇ ਫੁੱਲਾਂ ਦੀ ਸੇਜਾ ਮਾਲੀ ਵਿਛਾ ਜਾਵੇ।

ਬਿਨੁ ਹਰਿ ਨਾਮ ਸੁ ਦੇਹ ਦੁਖਾਲੀ॥ ੪॥

ਪਰ ਹਰੀ ਨਾਮ ਜਪੇ ਤੋਂ ਬਿਨਾਂ ਇਹ ਦੇਹ ਦੁਖੀ ਰਹਿੰਦੀ ਹੈ॥ ੪॥

ਹੈਵਰ ਗੈਵਰ ਨੇਜੇ ਵਾਜੇ॥ ਲਸਕਰ ਨੇਬ ਖਵਾਸੀ ਪਾਜੇ॥

ਚਾਹੇ ਸ੍ਰੇਸ਼ਟ ਘੋੜੇ ਤੇ ਸ੍ਰੇਸ਼ਟ ਹਾਥੀ ਹੋਣ, ਅਤੇ ਮਕਾਨ ਦੇ ਸਿਖਰ ਨੇਜੇ=ਝੰਡੇ ਝੂਲਦੇ ਹੋਣ, ਤੇ ਘਰ ਦੇ ਬੂਹੇ ਅਗੇ ਵਾਜੇ ਵਜਦੇ ਹੋਣ। ਲਸ਼ਕਰ=ਫੌਜਾਂ ਹਰ ਵੇਲੇ ਤਿਆਰ ਬਰਤਿਆਰ ਹੋਣ, ਨੇਬ=ਚੌਬਦਾਰ ਛਟੀ ਲੈ ਕੇ ਬੂਹੇ ਪਰ ਖਲੋਤਾ ਹੋਵੇ, ਖਵਾਸੀ=ਚੌਰੀ ਬਰਦਾਰ ਚੌਰ ਲੈ ਕੇ ਸਿਰ ਤੇ ਖੜਾ ਹੋਵੇ ਪਰ ਇਹ ਸਾਰੇ ਪਾਜੇ=ਦਿਖਾਵੇ ਮਾਤ੍ਰ ਹੋਣ ਕਰਕੇ ਝੂਠੇ ਹਨ।

ਬਿਨੁ ਜਗਦੀਸ ਝੂਠੇ ਦਿਵਾਜੇ॥ ੫॥

ਜਗਤ ਦੇ ਮਾਲਕ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਇਹ ਸਾਰੇ ਦਾਹਵੇ ਝੂਠੇ ਹਨ॥ ੫॥

ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ॥ਤਾਜ ਕੁਲਹ ਸਿਰਿ ਛਤ੍ਰੁ ਬਨਾਵਉ॥

ਚਾਹੇ ਆਪਣੇ ਪਾਸ ਰਿਧੀਆਂ ਸਿਧੀਆਂ ਨੂੰ ਬੁਲਾ ਕੇ ਸਿਧ ਭੀ ਕਹਾ ਲਵੋ।

ਚਾਹੇ ਤਾਜ ਕੁਲਹ=ਮਰਾਤਬੇ ਵਾਲੀ ਟੋਪੀ ਪਹਿਨਕੇ ਸਿਰ ਉੱਤੇ ਛੱਤ੍ਰ ਝੁਲਾ ਲਵੋ।

ਬਿਨੁ ਜਗਦੀਸ ਕਹਾ ਸਚੁ ਪਾਵਉ॥ ੬॥

ਪਰ ਜਗਤ ਦੇ ਮਾਲਕ ਪ੍ਰਭੂ ਦੇ ਨਾਮ ਜਪੇ ਤੋਂ ਬਿਨਾਂ ਕਿਥੋਂ ਸਚੁ=ਸੁਖ ਨੂੰ ਪਾਓਗੇ॥ ੬॥

ਖਾਨੁ ਮਲੂਕੁ ਕਹਾਵਉ ਰਾਜਾ॥ ਅਬੇ ਤਬੇ ਕੂੜੇ ਹੈ ਪਾਜਾ॥

ਚਾਹੇ ਆਪਣੇ ਆਪ ਨੂੰ ਖਾਨ ਸਾਹਿਬ, ਦਸ ਹਜ਼ਾਰੀ, ਪੰਜ ਹਜ਼ਾਰੀ ਕਹਾ ਲਵੋ, ਚਾਹੇ ਬਲੋਚਾਂ 'ਚੋਂ ਵੱਡੇ ਮਲੂਕ ਭੀ ਕਹਾ ਲਵੋ, ਚਾਹੇ ਆਪਣੇ ਆਪ ਨੂੰ ਰਾਜਾ ਕਹਾ ਲਵੋ। ਪਾਜਾ=ਦਿਖਾਲੇ ਮਾਤ੍ਰ ਜੋ ਅਬੇ+ਤਬੇ=ਹੰਕਾਰ ਸਹਿਤ ਕਰਮ ਕਰਨੇ ਹਨ ਇਹ ਸਭ ਕੂੜੇ=ਝੂਠੇ ਹਨ।

ਵਾ:-ਗੁਰਾਂ ਨੇ ਕਿਹਾ ਅਬ ਕਰ, ਏਹ ਆਖਦਾ ਹੈ ਤਬ ਕਰਾਂਗਾ ਇਹ ਸਭ ਪਾਜ ਝੂਠਾ ਹੈ।

ਬਿਨੁ ਗੁਰ ਸਬਦ ਨ ਸਵਰਸਿ ਕਾਜਾ॥ ੭॥

ਗੁਰ ਉਪਦੇਸ਼ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਰੂਪ ਇਸ ਦਾ ਕੰਮ ਸਵਰਦਾ ਨਹੀਂ ਹੈ॥ ੭॥

ਹਉਮੈ ਮਮਤਾ ਗੁਰ ਸਬਦਿ ਵਿਸਾਰੀ॥ ਗੁਰਮਤਿ ਜਾਨਿਆ ਰਿਦੈ ਮੁਰਾਰੀ॥

ਅਸਾਂ ਨੇ ਗੁਰ ਉਪਦੇਸ਼ ਦੁਆਰਾ ਹੰਗਤਾ ਮਮਤਾ ਵਿਸਾਰ ਦਿਤੀ ਹੈ।

ਅਤੇ ਗੁਰ ਸਿਖਿਆ ਦੁਆਰੇ ਹਿਰਦੇ ਵਿਚ ਮੁਰਾਰੀ ਨੂੰ ਜਾਣਿਆ ਹੈ।

ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥ ੮ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਅਸਾਂ ਨੇ ਤੁਹਾਡੀ ਸ਼ਰਨ ਵਿਚ ਆਉਣਾ ਕੀਤਾ ਹੈ॥ ੮ ॥ ੧੦ ॥

ਗਉੜੀ ਮਹਲਾ ੧ ॥

ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥

ਅਵਰੇ=ਝੱਲੇ ਪੁਰਸ਼ ਇਕ ਦੀ ਸੇਵਾ ਕਰਨੀ ਨਹੀਂ ਜਾਣਦੇ, ਬਿਆਧ ਰੂਪ ਜੋ ਪ੍ਰਪੰਚ ਹੈ ਕਵਰੇ=ਕੌੜਾ (ਦੁਖਦਾਈ), ਉਸ ਨੂੰ ਕਵਰੇ=ਕਿਸ ਤਰ੍ਹਾਂ ਤਿਆਗਣਗੇ।

ਵਾ:-ਜੋ ਪੁਰਸ਼ ਇਕ ਪ੍ਰਭੂ ਤੋਂ ਬਿਨਾਂ ਅਵਰੇ=ਹੋਰ ਦੀ ਸੇਵਾ ਕਰਨੀ ਨਹੀਂ ਜਾਣਦੇ,
ਉਹ ਬਿਆਧ ਰੂਪ ਪ੍ਰਪੰਚ ਨੂੰ ਕਵਰੇ=ਕੌੜਾ (ਦੁਖਦਾਈ) ਜਾਣ ਕੇ ਤਿਆਗਦੇ ਹਨ।

ਭਾਇ ਮਿਲੈ ਸਚੁ ਸਾਚੈ ਸਚੁ ਰੇ ॥ ੧ ॥

ਜੋ ਪੁਰਸ਼ ਭਾਇ=ਪ੍ਰੇਮ ਵਿਖੇ ਮਿਲੇ ਰਹਿੰਦੇ ਹਨ ਉਹ ਪੁਰਸ਼ ਸਚੁ=ਨਿਸਚੇ ਕਰਕੇ ਸਚ ਸਰੂਪ ਵਿਚ ਸਚੁ ਰੇ=ਪਰਵਿਰਤ ਰਹਿੰਦੇ ਹਨ।

ਐਸਾ ਰਾਮ ਭਗਤੁ ਜਨੁ ਹੋਈ ॥ ਹਰਿ ਗੁਣ ਗਾਇ ਮਿਲੈ ਮਲੁ ਧੋਈ ॥ ੧ ॥ ਰਹਾਉ ॥

ਰਾਮ ਦਾ ਐਸਾ ਭਗਤ ਜਗਤ ਵਿਚ ਕੋਈ ਵਿਰਲਾ ਪੁਰਸ਼ ਹੈ। ਉਹ ਗੁਣਾਂ ਨੂੰ ਗਾ ਕੇ ਅੰਤਹਕਰਣ ਵਿਚੋਂ ਵਿਕਾਰਾਂ ਦੀ ਮੈਲ ਧੋ ਕੇ ਹਰੀ ਨਾਲ ਜਾ ਮਿਲਦਾ ਹੈ॥ ੧ ॥ ਰਹਾਉ ॥

ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥

ਸਾਰੇ ਸੰਸਾਰ ਦਾ ਹਿਰਦਾ ਕਮਲ ਮੂਧਾ ਹੈ। ਇਸ ਲਈ ਦੁਰ+ਮਤਿ=ਖੋਟੀ ਮਤੀ ਰੂਪੀ ਅਗਨੀ,
ਵਾ:-ਖੋਟੀ ਮੱਤ ਦੇ ਸਹਿਤ ਤ੍ਰਿਸ਼ਨਾਂ ਰੂਪੀ ਅਗਨੀ ਸਾਰੇ ਜਗਤ ਨੂੰ ਬੁਰੀ ਤਰ੍ਹਾਂ ਪਰਜਾਰੈ=ਸਾੜ ਰਹੀ ਹੈ।

ਸੋ ਉਬਰੈ ਗੁਰ ਸਬਦੁ ਬੀਚਾਰੈ ॥ ੨ ॥

ਜੋ ਗੁਰ ਉਪਦੇਸ਼ ਨੂੰ ਵਿਚਾਰਦੇ ਹਨ ਉਹ ਪੁਰਸ਼ ਇਸ ਅੱਗ ਤੋਂ ਉਬਰੈ=ਬਚੇ ਹਨ॥ ੨ ॥

ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥ ਮਿਰਗੁ ਮਰੈ ਸਹਿ ਅਪੁਨਾ ਕੀਨਾ ॥

ਜਿਵੇਂ ਭ੍ਰਿੰਗ=ਭੌਰਾ, ਪਤੰਗਾ, ਕੁੰਚਰੁ=ਹਾਥੀ, ਮੀਨਾ=ਮੱਛੀ, ਅਤੇ ਮਿਰਗੁ=ਹਰਨ ਇਹ ਸਾਰੇ ਆਪਣੇ ਕੀਤੇ ਕਰਮਾਂ ਅਨੁਸਾਰ ਦੁਖਾਂ ਨੂੰ ਸਹਿ=ਸਹਾਰ ਕੇ ਮਰਦੇ ਹਨ। ਤਿਵੇਂ ਸਾਰੇ ਜੀਵ ਆਪੋ ਆਪਣੇ ਕਰਮਾਂ ਅਨੁਸਾਰ ਦੁਖੀ ਹੋ ਕੇ ਮਰਦੇ ਹਨ।

ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥ ੩ ॥

ਮਾਇਆ ਦੀ ਤ੍ਰਿਸ਼ਨਾਂ ਵਿਚ ਤਦਾਕਾਰ ਹੋਣ ਕਰ ਕੇ ਤਤੁ=ਸਿਧਾਂਤ ਰੂਪ ਪਰਮੇਸ਼ਰ ਨੂੰ ਨਹੀ ਬੀਨਾ=ਨਹੀਂ ਵੇਖਦੇ ॥ ੩ ॥

ਕਾਮੁ ਚਿਤੈ ਕਾਮਣਿ ਹਿਤਕਾਰੀ ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥

ਜੋ ਪੁਰਸ਼ ਕਾਮਣਿ=ਇਸਤ੍ਰੀਆਂ ਦਾ ਹਿਤਕਾਰੀ=ਪ੍ਰੇਮੀ ਹੈ ਉਹ ਕਾਮ ਚੇਸ਼ਟਾ ਨੂੰ ਹੀ ਚਿਤਵਦਾ ਰਹਿੰਦਾ

ਹੈ। ਸਭ ਵਿਕਾਰਾਂ ਦਾ ਮੂਲ ਜੋ ਕ੍ਰੋਧ ਹੈ ਉਹ ਭੀ ਇਸ ਨੂੰ ਨਾਸ ਕਰੀ ਜਾਂਦਾ ਹੈ।

ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥ ੪ ॥

ਇਹ ਜੀਵ ਪ੍ਰਭੂ ਦੇ ਨਾਮ ਨੂੰ ਵਿਸਾਰੀ=ਭੁਲਾਕੇ ਪਤਿ+ਮਤਿ=ਇੱਜ਼ਤ ਤੇ ਅਕਲ ਨੂੰ ਖੋਵਹਿ=ਗੁਆ ਲੈਂਦਾ ਹੈ॥ ੪॥

[ਪੰਨਾ ੨੨੬]

ਪਰ ਘਰਿ ਚੀਤੁ ਮਨਮੁਖਿ ਡੋਲਾਇ ॥ ਗਲਿ ਜੇਵਰੀ ਧੰਧੈ ਲਪਟਾਇ ॥

ਮਨਮੁਖ ਪੁਰਸ਼ ਪਰਾਏ ਘਰਾਂ ਦੇ ਲੁਟਣ ਵਿਚ, ਵਾ:-ਪਰਾਈ ਇਸਤ੍ਰੀ ਦੇ ਮਗਰ, ਵਾ:-ਪਰਾਏ ਘਰ-ਭੂਤਾਂ ਪਰੇਤਾਂ ਦੀ ਉਪਾਸ਼ਨਾਂ ਵਿਚ ਆਪਣੇ ਚਿਤ ਨੂੰ ਡੁਲਾ ਰਿਹਾ ਹੈ। ਗਲ ਵਿਚ ਹੰਗਤਾ ਮਮਤਾ ਰੂਪੀ ਜੇਵਰੀ=ਰਸੀ ਹੈ ਇਸੀ ਕਰਕੇ ਧੰਧਿਆਂ ਵਿਚ ਲੰਪਟ ਹੋ ਰਿਹਾ ਹੈ।

ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥ ੫ ॥

ਹਰੀ ਗੁਣਾਂ ਦੇ ਗਾਉਣ ਕਰਕੇ ਗੁਰਮੁਖ ਇਨ੍ਹਾਂ ਵਿਕਾਰਾਂ ਤੋਂ ਛੁੱਟੇ ਰਹਿੰਦੇ ਹਨ॥ ੫॥

ਜਿਉ ਤਨੁ ਬਿਧਵਾ ਪਰ ਕਉ ਦੇਈ ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥

ਜਿਵੇਂ ਬਿਧਵਾ=ਰੰਡੀ ਔਰਤ ਆਪਣਾ ਸਰੀਰ ਪਰਾਏ ਪੁਰਸ਼ ਨੂੰ ਸੌਂਪ ਦੇਂਦੀ ਹੈ। ਕਾਮ ਚੇਸ਼ਟਾ ਦੇ ਵਸੀਕਾਰ ਹੋ ਕੇ ਤੇ ਦਾਮਿ=ਦਮੜਿਆਂ ਦੇ ਲਾਲਚ ਕਰ ਕੇ ਉਹ ਰੰਡੀ ਔਰਤ ਆਪਣੇ ਚਿੱਤ ਨੂੰ ਪਰਾਏ ਦੇ ਵਸੀਕਾਰ ਕਰਕੇ ਉਸ ਦੀ ਸੇਵਾ ਕਰਦੀ ਹੈ।

ਏਸੇ ਤਰ੍ਹਾਂ ਇਹ ਜੀਵ ਰੂਪੀ ਇਸਤ੍ਰੀ ਮਾਇਆ ਦੇ ਲਾਲਚ ਕਰਕੇ ਆਪਣੇ ਆਪ ਨੂੰ ਪਰਾਏ ਦੇਵੀ ਦੇਵਤਿਆਂ ਦੇ ਵਸੀਕਾਰ ਕਰਦੀ ਹੈ।

ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥ ੬ ॥

ਪਰ ਪਰਮੇਸ਼ਰ ਪਤੀ ਤੋਂ ਬਿਨਾਂ ਉਸਨੂੰ ਕਦੇ ਤ੍ਰਿਪਤੀ ਨਹੀਂ ਹੁੰਦੀ॥ ੬॥

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥

ਚਾਹੇ ਕਿਤਨੀਆਂ ਪੋਥੀਆਂ ਪੜ੍ਹ ਲਵੇ, ਚਾਹੇ ਸਤਾਈ ਸਿੰਮ੍ਰਿਤੀਆਂ ਦੇ ਪਾਠ ਪੜ੍ਹ ਲਵੇ। ਚਾਹੇ ਚਾਰੇ ਵੇਦਾਂ ਨੂੰ ਤੇ ਅਠਾਰਾਂ ਪੁਰਾਣਾਂ ਨੂੰ ਪੜ੍ਹ ਲਵੇ, ਚਾਹੇ ਥਾਟਾ=ਮਹਾਂਭਾਰਤ ਨੂੰ ਵੀ ਪੜ੍ਹ ਸੁਣ ਲਵੇ।

ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥ ੭ ॥

ਪਰ ਆਤਮ ਰਸ ਵਿਚ ਰਤੇ ਤੋਂ ਬਿਨਾਂ ਇਹ ਮਨ ਨਟ ਦੀ ਨਿਆਈਂ ਬਹੁਤ ਚੰਚਲ ਹੋ ਕੇ ਨੱਚਦਾ ਟੱਪਦਾ ਰਹਿੰਦਾ ਹੈ॥ ੭॥

ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥ ਜਿਉ ਮੀਨਾ ਜਲ ਮਾਹਿ ਉਲਾਸਾ ॥

ਜਿਵੇਂ ਚਾਤ੍ਰਿਕ=ਪਪੀਹਾ ਪ੍ਰੇਮ ਨਾਲ ਜਲ=ਸ੍ਵਾਂਤੀ ਬੂੰਦ ਦਾ ਪਿਆਸਾ=ਚਾਹਵਾਨ ਹੁੰਦਾ ਹੈ, ਜਦ ਉਸ ਨੂੰ ਸ੍ਵਾਂਤੀ ਬੂੰਦ ਮਿਲ ਜਾਵੇ ਤਾਂ ਪ੍ਰਸੰਨ ਹੁੰਦਾ ਹੈ।

ਜਿਵੇਂ ਮੱਛੀ ਪਾਣੀ ਵਿਚ ਉਲਾਸਾ=ਪ੍ਰਸੰਨ ਰਹਿੰਦੀ ਹੈ।

ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥ ੮ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਤਿਵੇਂ ਮੈਂ ਹਰੀ ਨਾਮ ਰਸ ਨੂੰ ਪੀ ਕੇ ਤ੍ਰਿਪਤ ਹੋ ਗਿਆ ਹਾਂ॥ ੮॥ ੧੧ ॥

ਗਉੜੀ ਮਹਲਾ ੧ ॥

ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥

ਜੋ ਪੁਰਸ਼ ਹਠ ਕਰਕੇ ਮਰਦਾ ਹੈ ਉਹ ਲੇਖੇ ਵਿਚ ਨਹੀਂ ਪੈਂਦਾ। ਭਾਵੇਂ ਕਿੰਨੇ ਭੇਖ ਧਾਰਣ ਕਰ ਲਵੇ, ਅਤੇ ਸਰੀਰ ਉੱਤੇ ਭਸਮ ਭੀ ਲਗਾ ਲਵੇ।

ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥ ੧ ॥

ਪਰ ਵਾਹਿਗੁਰੂ ਨਾਮ ਦੇ ਭੁਲਾਣ ਕਰਕੇ ਫਿਰ ਪਸਚਾਤਾਪ ਕਰਦਾ ਹੈ॥ ੧ ॥

ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥
ਨਾਮੁ ਬਿਸਾਰਿ ਸਹਹਿ ਜਮ ਦੂਖ ॥ ੧ ॥ ਰਹਾਉ ॥

ਹੇ ਮਨ ! ਤੂੰ ਹਰਿ ਜੀ ਨੂੰ ਮਨਿ=ਮਨਨ ਕਰ ਤਾਂ ਤੂੰ ਸੁਖੀ ਹੋਵੇਂਗਾ।

ਵਾ:-ਤੂੰ ਹਰਿ ਜੀ ਨੂੰ ਮਨਨ ਕਰ, ਤੂੰ ਹਰਿ ਜੀ ਨੂੰ ਮਨਨ ਕਰ, ਤਾਂ ਤੂੰ ਸੁਖੀ ਹੋਵੇਂਗਾ।

ਪ੍ਰਭੂ ਦੇ ਨਾਮ ਨੂੰ ਭੁਲਾਣ ਕਰਕੇ ਤੂੰ ਜਮਾਂ ਦੇ ਦੁਖਾਂ ਨੂੰ ਸਹਾਰੇਗਾ॥ ੧ ॥ਰਹਾਉ॥

ਚੋਆ ਚੰਦਨ ਅਗਰ ਕਪੂਰਿ ॥ ਮਾਇਆ ਮਗਨੁ ਪਰਮਪਦੁ ਦੂਰਿ ॥

ਅਗਰ+ਚੰਦਨ=ਬਾਵਨ ਚੰਦਨ ਨੂੰ ਚੁਆਕੇ ਤੇ ਕਪੂਰ ਨੂੰ ਸਰੀਰ ਪਰ ਮਲਦਾ ਹੈਂ।

ਮਾਇਆ ਵਿਚ ਮਸਤ ਰਹਿਣ ਕਰਕੇ ਤੂੰ ਪਰਮਪਦੁ=ਆਤਮਪਦ ਤੋਂ ਦੂਰ ਰਹਿੰਦਾ ਹੈਂ।

ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥ ੨ ॥

ਕਿਉਂਕਿ ਵਾਹਿਗੁਰੂ ਨਾਮ ਦੇ ਭੁਲਾਣ ਕਰ ਕੇ ਸਭ ਕੁਝ ਝੂਠਾ ਹੀ ਝੂਠਾ ਹੈ॥ ੨ ॥

ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥

ਚਾਹੇ ਮਕਾਨ ਉੱਤੇ ਨੇਜੇ=ਝੰਡੇ ਝੂਲਦੇ ਹਨ, ਬੂਹੇ ਅਗੇ ਵਾਜੇ ਵਜਦੇ ਹਨ, ਰਾਜ ਤਖਤ ਉੱਤੇ ਬੈਠਿਆਂ ਲੋਕੀਂ ਸਲਾਮਾਂ ਕਰਦੇ ਹਨ। ਏਹ ਕੁਝ ਪਾ ਕੇ ਭੀ ਅੰਦਰ ਤ੍ਰਿਸ਼ਨਾਂ ਅਧਕੀ=ਬਹੁਤ ਹੁੰਦੀ ਹੈ, ਤੇ ਹੋਰ ਕਾਮਨਾ ਵਿਆਪਦੀ ਰਹਿੰਦੀ ਹੈ, ਵਾ:-ਕਾਮ ਵਿਆਪਦਾ ਹੈ।

ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥ ੩ ॥

ਇਸ ਕਰਕੇ ਹਰੀ ਪਾਸੋਂ ਨਾਮ ਭਗਤੀ ਤੋਂ ਬਿਨਾਂ ਹੋਰ ਕੁਝ ਨਹੀਂ ਜਾਚੇ=ਮੰਗਣਾ ਚਾਹੀਦਾ।

ਵਾ:-ਹਰੀ ਨਾਮ ਭਗਤੀ ਦੇ ਮੰਗੇ ਤੋਂ ਬਿਨਾਂ ਜੀਵ ਦਾ ਤਰਨਾ ਨਹੀਂ ਹੁੰਦਾ॥ ੩ ॥

ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥

ਵਾਦਿ=ਝਗੜੇ ਤੇ ਅਹੰਕਾਰ ਕਰਨ ਕਰਕੇ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ।

ਗੁਰਾਂ ਨੂੰ ਮਨ ਦੇ ਕੇ ਪ੍ਰਭੂ ਦੇ ਨਾਮ ਸਿਮਰਨ ਨੂੰ ਪਾਵੇ ਤਾਂ ਸੁਹੇਲਾ=ਸੁਖੀ ਹੁੰਦਾ ਹੈ।

ਦੂਜੈ ਭਾਇ ਅਗਿਆਨੁ ਦੁਹੇਲਾ ॥ ੪ ॥

ਦੂਜੈ ਭਾਇ=ਦ੍ਵੈਤ ਭਾ ਤੇ ਅਗਿਆਨ ਕਰਕੇ ਹਮੇਸ਼ਾਂ ਦੁਹੇਲਾ=ਦੁਖੀ ਰਹਿੰਦਾ ਹੈ॥ ੪ ॥

ਬਿਨੁ ਦਮ ਕੇ ਸਉਦਾ ਨਹੀ ਹਾਟ ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥

ਜਿਵੇਂ ਦਮ=ਦਮੜਿਆਂ (ਧਨ) ਤੋਂ ਬਿਨਾਂ ਹੱਟੀ ਤੋਂ ਸੌਦਾ ਨਹੀਂ ਮਿਲਦਾ।

ਜਿਵੇਂ ਬੋਹਿਥ=ਜਹਾਜ਼ ਤੋਂ ਬਿਨਾਂ ਸਮੁੰਦਰ ਦੀ ਵਾਟ ਨਹੀਂ ਲੰਘੀ ਜਾਂਦੀ। ਤਿਵੇਂ ਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਮਨੁੱਖ ਨੂੰ ਘਾਟਾ ਹੀ ਘਾਟਾ ਹੈ। ਅਥਵਾ:-ਸ਼ਰਧਾ ਰੂਪ ਦਮੜਿਆਂ ਤੋਂ ਬਿਨਾਂ ਸਤਿਸੰਗ ਰੂਪੀ ਹੱਟੀ ਤੋਂ ਨਾਮ ਰੂਪ ਸੌਦਾ ਨਹੀਂ ਮਿਲਦਾ। ਅਤੇ ਨਾਮ ਗਿਆਨ ਰੂਪੀ ਜਹਾਜ਼ ਤੋਂ ਬਿਨਾਂ ਸੰਸਾਰ ਸਮੁੰਦ੍ਰ ਦੀ ਵਾਟ ਨੂੰ ਨਹੀਂ ਲੰਘ ਸਕਦਾ।

ਬਿਨੁ ਗੁਰ ਸੇਵੇ ਘਾਟੇ ਘਾਟਿ ॥ ੫ ॥

ਪੂਰਿਆਂ ਗੁਰਾਂ ਦੀ ਸੇਵਾ ਕੀਤੇ ਬਿਨਾਂ ਘਾਟਿ=ਅੰਤਹਕਰਣ ਵਿਚ ਘਾਟਾ ਹੀ ਹੈ॥ ੫ ॥

ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥
ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥

ਉਸ ਗੁਰੂ ਨੂੰ ਧੰਨ ਧੰਨ ਆਖੋ, ਜਿਹੜਾ ਗੁਰੂ ਪ੍ਰਭੂ ਦੀ ਪ੍ਰਾਪਤੀ ਦਾ ਰਾਹ ਵਿਖਾਉਂਦਾ ਹੈ।

ਉਸ ਗੁਰੂ ਨੂੰ ਧੰਨ ਧੰਨ ਆਖੋ, ਜਿਹੜਾ ਗੁਰੂ ਪ੍ਰਭੂ ਦੀ ਪ੍ਰਾਪਤੀ ਦਾ ਉਪਦੇਸ਼ ਸੁਣਾਉਂਦਾ ਹੈ।

ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥ ੬ ॥

ਉਸ ਗੁਰੂ ਨੂੰ ਧੰਨ ਧੰਨ ਆਖੋ, ਜਿਹੜਾ ਗੁਰੂ ਪ੍ਰਭੂ ਦੇ ਮੇਲ ਵਿਚ ਮਿਲਾ ਦੇਂਦਾ ਹੈ॥ ੬ ॥

ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥
ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥

ਉਸ ਪ੍ਰਭੂ ਨੂੰ ਭੀ ਧੰਨ ਧੰਨ ਆਖੋ, ਜਿਸ ਪ੍ਰਭੂ ਦਾ ਇਹ ਜੀਅ ਦਿੱਤਾ ਹੋਇਆ ਹੈ। ਅਤੇ ਗੁਰ ਸ਼ਬਦੀਆਂ ਦੁਆਰੇ ਗੁਰ ਸ਼ਬਦ ਦੀ ਮਥਿ=ਵਿਚਾਰ ਕਰਕੇ ਨਾਮ ਅੰਮ੍ਰਿਤ ਨੂੰ ਪੀਣਾ ਕਰੋ।

ਨਾਮ ਵਡਾਈ ਤੁਧੁ ਭਾਣੈ ਦੀਉ ॥ ੭ ॥

ਉਸ ਪਰਮੇਸ਼ਰ ਨੇ ਆਪਣੇ ਭਾਣੇ ਵਿਚ ਹੀ ਨਾਮ ਦੀ ਵਡਿਆਈ ਗੁਰਮੁਖਾਂ ਨੂੰ ਦਿੱਤੀ ਹੈ।

ਵਾ:-ਹੇ ਪੁਰਖ਼ਾ ! ਉਸ ਦੇ ਭਾਣੇ ਵਿਚ ਤੂੰ ਤੁਰਨਾ ਕਰ ਜਿਸਨੇ ਤੈਨੂੰ ਨਾਮ ਦੀ ਵਡਿਆਈ ਦਿੱਤੀ ਹੈ॥ ੭ ॥

ਨਾਮ ਬਿਨਾ ਕਿਉ ਜੀਵਾ ਮਾਇ ॥ ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥

ਹੇ ਮਾਇ–ਮਇਆਪਤੀ ਪਰਮਾਤਮਾ ! ਤੇਰੇ ਨਾਮ ਤੋਂ ਬਿਨਾਂ ਮੈਂ ਕਿਸ ਤਰ੍ਹਾਂ ਜਿਊਣਾ ਕਰਾ?

ਇਹ ਕਿਰਪਾ ਕਰ ਤੇਰੀ ਸ਼ਰਨ ਵਿਚ ਆ ਕੇ ਤੇਰੇ ਨਾਮ ਨੂੰ ਰਾਤ ਦਿਨ ਜਪਦਾ ਰਹਾਂ।

ਨਾਨਕ ਨਾਮਿ ਰਤੇ ਪਤਿ ਪਾਇ ॥ ੮ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਨਾਮੀ ! ਜੋ ਤੇਰੇ ਨਾਮ ਵਿਚ ਰੱਤੇ ਹਨ ਉਹੀ ਮਾਨ ਪ੍ਰਤਿਸ਼ਟਾ (ਇੱਜ਼ਤ) ਨੂੰ ਪਾਂਦੇ ਹਨ॥ ੮ ॥ ੧੨ ॥

ਗਉੜੀ ਮਹਲਾ ੧ ॥

ਹਉਮੈ ਕਰਤ ਭੇਖੀ ਨਹੀ ਜਾਨਿਆ ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥ ੧ ॥

ਭੇਖ ਧਾਰੀਆਂ ਨੇ ਭੇਖ ਦੀ ਹੰਗਤਾ ਮਮਤਾ ਕਰਕੇ ਪਰਮੇਸ਼ਰ ਨੂੰ ਨਹੀਂ ਜਾਣਿਆਂ।

ਕਿਸੇ ਵਿਰਲੇ ਗੁਰਮੁਖ ਦਾ ਮਨ ਪਰਮੇਸ਼ਰ ਦੀ ਭਗਤੀ ਤੇ ਮੰਨਿਆਂ ਗਿਆ ਹੈ॥ ੧ ॥

ਹਉ ਹਉ ਕਰਤ ਨਹੀ ਸਚੁ ਪਾਈਐ ॥
ਹਉਮੈ ਜਾਇ ਪਰਮ ਪਦੁ ਪਾਈਐ ॥ ੧ ॥ ਰਹਾਉ ॥

ਮੈਂ ਮੈਂ ਕਰਦਿਆਂ ਸਚਾ ਪ੍ਰਭੂ ਨਹੀਂ ਪਾਇਆ ਜਾਂਦਾ। ਹਉਮੈ ਦੇ ਮਿਟ ਜਾਣ ਤੇ ਹੀ ਪਰਮ ਪਦੁ=ਆਤਮ ਪਦ ਪਾਈਦਾ ਹੈ॥ ੧ ॥ ਰਹਾਉ ॥

ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨ ॥

ਹਉਮੈ ਨੂੰ ਕਰਕੇ ਰਾਜੇ ਲੋਕ ਬਹੁਤ ਹੀ ਧਾਵਹਿ=ਦੌੜਦੇ ਹਨ

ਹਉਮੈ ਵਿਚ ਹੀ ਖਪਦੇ ਹਨ, ਅਤੇ ਮੁੜ ਮੁੜ ਕੇ ਜਨਮ ਮਰਨ ਵਿਚ ਆਉਂਦੇ ਹਨ॥ ੨ ॥

ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩ ॥

ਗੁਰ ਸ਼ਬਦ ਨੂੰ ਵਿਚਾਰੇ ਤਾਂ ਹਉਮੈ ਨਵਿਰਤ ਹੁੰਦੀ ਹੈ। ਚੰਚਲ ਮਤੀ ਨੂੰ ਤਿਆਗੇ ਤਾਂ ਹੀ ਪੰਜ ਕਾਮ ਆਦਿਕ ਸੰਘਾਰੈ=ਮਰਦੇ ਹਨ॥ ੩ ॥

ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥ ੪ ॥

ਜਿਸ ਦੇ ਅੰਦਰ ਸਚਨਾਮ ਹੈ, ਉਹ ਸਹਜ=ਗਿਆਨ ਸਰੂਪ ਘਰ ਵਿਚ ਆਉਂਦਾ ਹੈ।

ਰਾਜਿਆਂ ਦਾ ਰਾਜਾ ਜੋ ਪਰਮੇਸ਼ਰ ਹੈ, ਵਾ:-ਰਾਜਨੁ=ਪ੍ਰਕਾਸ਼ ਰੂਪ ਪਰਮੇਸ਼ਰ ਨੂੰ ਜਾਣ ਕੇ ਪਰਮ ਗਤਿ= ਕੇਵਲ ਮੁਕਤੀ ਨੂੰ ਪਾਂਦਾ ਹੈ॥ ੪ ॥

ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥ ੫ ॥

ਗੁਰਾਂ ਦੁਆਰੇ ਸਚੀ ਭਗਤੀ ਰੂਪੀ ਕਰਨੀ ਕਰਕੇ ਭਰਮ ਨੂੰ ਚੁਕਾਵੈ=ਦੂਰ ਕਰੇ।

ਨਿਰਭਉ ਪ੍ਰਭੂ ਦੇ ਸਰੂਪ ਘਰ ਵਿਚ ਤਾੜੀ=ਸਮਾਧੀ, ਵਾ:-ਬਿਰਤੀ ਲਗਾਵੇ॥ ੫ ॥

ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥ ੬ ॥

ਜੋ ਪੁਰਸ਼ ਹਉ+ਹਉ=ਮੈਂ ਮੈਂ ਕਰਕੇ ਮਰਦਾ ਹੈ ਉਸ ਨੇ ਭਲਾ ਕੀ ਪਾਣਾ ਹੈ?

ਜਿਸ ਨੂੰ ਪੂਰਾ ਗੁਰੂ ਮਿਲਦਾ ਹੈ ਓਹੀ ਜਨਮ ਮਰਨ ਰੂਪ ਝਗੜੇ ਨੂੰ ਚੁਕਾਵੈ=ਦੂਰ ਕਰਦਾ ਹੈ॥ ੬॥

ਜੇਤੀ ਹੈ ਤੇਤੀ ਕਿਹੁ ਨਾਹੀ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ॥ ੭॥

ਜਿਤਨੀ ਕੁ ਸ੍ਰਿਸ਼ਟੀ ਹੈ ਉਤਨੀ ਕੁਝ ਭੀ ਨਹੀਂ ਹੈ ਅਰਥਾਤ ਮਿਥਿਆ ਹੈ।

ਅਥਵਾ:- ਜਿੰਨੀ ਕੁ ਦੁਨੀਆਂ ਹੈ, ਤੇਤੀ=ਉਤਨੀ ਕੁਝ ਭੀ ਆਪਣੇ ਆਪ ਨਹੀਂ ਕਰ ਸਕਦੀ। ਗੁਰਮੁਖਿ=ਮੁਖੀ ਗੁਰਾਂ ਨਾਲ ਭੇਟਿ=ਮਿਲ ਕੇ ਗੁਣਾਂ ਨੂੰ ਗਾਣਾ ਕਰੇ ਤਾਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ॥ ੭॥

[ਪੰਨਾ ੨੨੭]

ਹਉਮੈ ਬੰਧਨ ਬੰਧਿ ਭਵਾਵੈ॥ ਨਾਨਕ ਰਾਮ ਭਗਤਿ ਸੁਖੁ ਪਾਵੈ॥ ੮॥ ੧੩॥

ਮਨਮੁਖ ਪੁਰਸ਼ ਹਉਮੈ ਦੇ ਬੰਧਨਾਂ ਵਿਚ ਬੱਧਾ ਹੋਇਆ ਚੌਰਾਸੀ ਲੱਖ ਜੂਨੀਆਂ ਵਿਚ ਭਵਾਵੈ=ਫੇਰਿਆ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ ਗੁਰਮੁਖ ਪੁਰਸ਼ ਰਾਮ ਦੀ ਭਗਤੀ ਕਰਕੇ ਸੁਖ ਨੂੰ ਪਾਂਦਾ ਹੈ॥ ੮॥ ੧੩॥

ਗਉੜੀ ਮਹਲਾ ੧॥

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ॥ ਬ੍ਰਹਮ ਕਮਲੁ ਪਇਆਲਿ ਨ ਪਾਇਆ॥

ਸਾਰਿਆਂ ਜੀਵਾਂ ਤੋਂ ਪ੍ਰਥਮੇ=ਪਹਿਲਾ ਜੀਵ ਜੋ ਬ੍ਰਹਮਾ ਹੈ ਉਹ ਵੀ ਕਾਲ ਦੇ ਘਰ ਵਿਚ ਆਇਆ ਹੈ ਭਾਵ ਮੌਤ ਦਾ ਸ਼ਿਕਾਰ ਹੋਇਆ ਹੈ। ਜਿਸ ਬ੍ਰਹਮ=ਵਿਸ਼ਨੂੰ ਦੀ ਨਾਭੀ ਕੌਲ ਦਾ ਪਇਆਲਿ=ਅੰਤ ਬ੍ਰਹਮਾ ਨੇ ਨਹੀਂ ਪਾਣਾ ਕੀਤਾ। ਕਿਉਂਕਿ ਬ੍ਰਹਮਾ ਨੂੰ ਹੰਕਾਰ ਹੋ ਗਿਆ ਸੀ ਕਿ ਮੈਂ ਖੁਦ ਬਖੁਦ ਹਾਂ ਮੇਰਾ ਕਰਤਾ ਕੋਈ ਨਹੀਂ ਹੈ ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਕਿਹਾ, ਹੇ ਬ੍ਰਹਮਾ ! ਤੇਰਾ ਕਰਤਾ ਇਹ ਕੌਲ ਹੀ ਹੈ। ਬ੍ਰਹਮਾ ਨੇ ਕਿਹਾ ਮੇਰਾ ਕਰਤਾ ਇਹ ਨਿਕਾ ਜੇਹਾ ਕੌਲ ਨਹੀਂ ਹੋ ਸਕਦਾ। ਇਹ ਗੱਲ ਕਹਿ ਕੇ ਜਾਂ ਬ੍ਰਹਮਾ ਨੇ ਉਸ ਕੌਲ ਨੂੰ ਲਤ ਮਾਰੀ ਤਾਂ ਭਗਵਾਨ ਨੇ ਉਸਨੂੰ ਨਾਭੀ ਕੌਲ ਦੇ ਵਿਚ ਹੀ ਸੁਟ ਦਿਤਾ, ਅਠਾਸੀ ਹਜ਼ਾਰ ਜੁਗ ਵਿਚੇ ਭੌਂਦਾ ਰਿਹਾ ਪਰ ਉਸ ਨਾਲੀ ਦਾ ਅੰਤ ਨਹੀਂ ਪਾ ਸਕਿਆ।

ਆਗਿਆ ਨਹੀ ਲੀਨੀ ਭਰਮਿ ਭੁਲਾਇਆ॥ ੧॥

ਭਗਵਾਨ ਦੀ ਆਗਿਆ ਨ ਮੰਨ ਲੀਤੀ, ਤਾਂ ਹੀ ਭਰਮ ਵਿਚ ਭੁਲਾਣਾ ਕੀਤਾ॥ ੧॥

ਜੋ ਉਪਜੈ ਸੋ ਕਾਲਿ ਸੰਘਾਰਿਆ॥

ਜੋ ਭੀ ਪੈਦਾ ਹੋਇਆ ਹੈ ਉਸ ਨੂੰ ਕਾਲ ਨੇ ਸੰਘਾਰਿਆ=ਮਾਰਿਆ ਹੈ।

ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ॥ ੧॥ ਰਹਾਉ॥

ਅਸਾਂ ਨੇ ਗਰਸ਼ਬਦ ਨੂੰ ਵਿਚਾਰਿਆ ਹੈ ਇਸ ਕਕਰੇ ਸਾਨੂੰ ਹਰੀ ਨੇ ਕਾਲ ਤੋਂ ਰੱਖ ਲਿਆ ਹੈ॥ ੧॥ ਰਹਾਉ॥

ਮਾਇਆ ਮੋਹੇ ਦੇਵੀ ਸਭਿ ਦੇਵਾ॥ ਕਾਲੁ ਨ ਛੋਡੈ ਬਿਨੁ ਗਰ ਕੀ ਸੇਵਾ॥

ਸਭ ਦੇਵੀਆਂ ਦੇਵਤਿਆਂ ਨੂੰ ਮਾਇਆ ਨੇ ਮੋਹਿਆ ਹੋਇਆ ਹੈ।

ਗੁਰੂ ਦੀ ਸੇਵਾ ਤੋਂ ਬਿਨਾਂ ਕਾਲ ਕਿਸੇ ਨੂੰ ਭੀ ਛਡਦਾ ਨਹੀਂ ਹੈ।

ਓਹੁ ਅਬਿਨਾਸੀ ਅਲਖ ਅਭੇਵਾ ॥ ੨ ॥

ਇਕ ਉਹ ਅਲਖ ਅਭੇਵ ਪਰਮਾਤਮਾ ਹੀ ਅਬਿ+ਨਾਸੀ=ਨਾਸ ਤੋਂ ਰਹਿਤ ਹੈ॥ ੨ ॥

ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥

ਚਾਹੇ ਕੋਈ ਸੁਲਤਾਨ=ਸ਼ਹਿਨਸ਼ਾਹ ਹੈ, ਚਾਹੇ ਕੋਈ ਖਾਨ ਹੈ ਦਸ ਹਜ਼ਾਰੀ, ਪੰਜ ਹਜ਼ਾਰੀ, ਚਾਹੇ ਕੋਈ ਬਾਦਸ਼ਾਹ ਹੈ ਸੰਸਾਰ ਵਿਚ ਕਿਸੇ ਨੇ ਇਸਥਿਤ ਨਹੀਂ ਰਹਿਣਾ।

ਜੋ ਪ੍ਰਭੂ ਦੇ ਨਾਮ ਤੋਂ ਭੁਲੇ ਹੋਏ ਹਨ ਉਨ੍ਹਾਂ ਨੇ ਜਮਾਂ ਦਾ ਦੁਖ ਸਹਨਾ=ਸਹਾਰਨਾ ਹੈ।

ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥ ੩ ॥

ਮੈਨੂੰ ਤਾਂ ਇਕ ਨਾਮ ਦਾ ਧਰ=ਆਸਰਾ ਹੈ, ਜਿਵੇਂ ਉਹ ਰਖਦਾ ਹੈ ਤਿਵੇਂ ਰਹਿਣਾ ਕਰਦਾ ਹੈ॥ ੩ ॥

ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਕਾਮ ॥

ਚੌਧਰੀ ਤੇ ਰਾਜੇ ਆਦਿਕਾਂ ਵਿਚੋਂ ਕਿਸੇ ਨੇ ਭੀ ਮੁਕਾਮੁ=ਇਸਥਿਤ ਨਹੀ ਰਹਿਣਾ। ਜੋ ਮਾਇਆ=ਛਲ ਰੂਪ ਦਮੜਿਆਂ ਨੂੰ, ਵਾ:-ਦਾਮ=ਫਾਹੀ ਰੂਪ ਮਾਇਆ ਨੂੰ ਇਕੱਠਾ ਕਰਦੇ ਹਨ ਉਹ ਸ਼ਾਹ ਭੀ ਮਰ ਜਾਣਗੇ।

ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥ ੪ ॥

ਮੈਨੂੰ ਤਾਂ ਧਨੁ=ਧੰਨਤਾ ਜੋਗ ਹਰੀ ਨਾਮ ਅੰਮ੍ਰਿਤ ਦੇਣਾ ਕਰੋ।

ਵਾ:-ਅੰਮ੍ਰਿਤ=ਅਮਰ ਕਰਨ ਵਾਲਾ ਹਰੀ ਨਾਮ ਧਨ ਮੈਨੂੰ ਦੇਣਾ ਕਰੋ॥ ੪ ॥

ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥

ਜਿੰਨੀ ਕੁ ਰਯਤਿ=ਪਰਜਾ ਹੈ, ਚਾਹੇ ਕੋਈ ਮਹਰ=ਅਰਾਈਆਂ 'ਚੋਂ ਵੱਡਾ ਹੈ, ਚਾਹੇ ਕੋਈ ਮੁਕਦਮ=ਚੌਧਰੀ ਹੈ, ਚਾਹੇ ਕੋਈ ਸਿਕਦਾਰੈ=ਥਾਣੇਦਾਰ ਹੈ। ਇਤ ਆਦਿਕਾਂ ਵਿਚੋਂ ਸੰਸਾਰ ਵਿਚ ਕੋਈ ਭੀ ਅਚੱਲ ਨਹੀਂ ਦਿਸਦਾ।

ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥ ੫ ॥

ਅਫਰਿਓ=ਅਮੋੜ ਜੋ ਕਾਲ ਹੈ ਉਹ ਕੂੜੁ=ਝੂਠਿਆਂ ਪੁਰਸ਼ਾਂ ਨੂੰ ਸਿਰ ਤੋਂ ਫੜ ਕੇ ਮਾਰਦਾ ਹੈ॥ ੫ ॥

ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥

ਸਚੁ=ਨਿਸਚੇ ਕਰਕੇ ਉਹ ਇਕ ਸਦਾ ਹੀ ਨਿਸਚਲ ਹੈ। ਜਿਸ ਨੇ ਸ੍ਰਿਸ਼ਟੀ ਸਾਜਨਾ ਕੀਤੀ ਹੈ ਓਸੇ ਨੇ ਸਾਰੀ ਸ੍ਰਿਸ਼ਟੀ ਗੋਈ=ਬਲਾਈ ਮਿਲਾਈ ਛਪਾਈ ਹੈ।

ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥ ੬ ॥

ਉਸ ਪਰਮੇਸ਼ਰ ਨੂੰ ਗੁਰਾਂ ਦੁਆਰੇ ਜਾਪੈ=ਜਾਣੇ ਤਾਂ ਹੀ ਇਸ ਦੀ ਪਤਆਬਰੋ ਹੁੰਦੀ ਹੈ॥ ੬ ॥

ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥

ਜਿੰਨੇ ਕੁ ਕਾਜ਼ੀ, ਸ਼ੇਖ ਤੇ ਫਕੀਰਾਂ ਦੇ ਭੇਖ ਹਨ, ਇਹ ਸਭ ਆਪਣੇ ਆਪ ਨੂੰ ਹੀ ਵੱਡੇ ਕਹਾਉਂਦੇ ਹਨ ਕਿਉਂਕਿ ਸਾਰਿਆਂ ਦੇ ਤਨ ਵਿਚ ਹਉਮੈ ਰੂਪ ਪੀੜਾ ਹੈ।

ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥ ੭ ॥

ਸਤਿਗੁਰਾਂ ਦੀ ਧੀਰਜਤਾ ਪ੍ਰਾਪਤ ਹੋਏ ਤੋਂ ਬਿਨਾਂ ਕਾਲ ਇਸ ਨੂੰ ਛਡਦਾ ਨਹੀਂ ਹੈ॥ ੭॥

ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥

ਜਿਹਵਾ=ਜੀਭ ਨੂੰ ਸੁਆਦ ਚਖਣੇ ਰੂਪ ਕਾਲ ਦਾ ਫਾਹ, ਅਤੇ ਨੈਣੀ=ਅੱਖਾਂ ਨੂੰ ਵਿਕਾਰ ਦ੍ਰਿਸ਼ਟੀ ਅਰਥਾਤ ਸੁੰਦਰ ਰੂਪ ਵੇਖਣੇ ਰੂਪ ਕਾਲ ਦਾ ਜਾਲੁ=ਫਾਹ ਲੱਗ ਰਿਹਾ ਹੈ ਅਤੇ ਕਾਨੀ=ਕੰਨਾਂ ਨੂੰ ਬਿਖੁ+ਬੈਣੀ=ਵਿਸ਼ੇ ਸਬੰਧੀ ਬਚਨਾਂ ਦੇ ਸੁਨਣੇ ਰੂਪ ਕਾਲ ਦਾ ਫਾਹ ਲੱਗ ਰਿਹਾ ਹੈ।

ਬਿਨੁ ਸਬਦੈ ਮੂਠੇ ਦਿਨੁ ਰੈਣੀ ॥ ੮ ॥

ਜੋ ਪੁਰਸ਼ ਗੁਰ ਉਪਦੇਸ਼ ਤੋਂ ਬਿਨਾਂ ਹਨ, ਉਹ ਦਿਨ ਰਾਤ ਇਸੇ ਤਰ੍ਹਾਂ ਮੂਠੇ=ਲੁਟੀਂਦੇ ਜਾਂਦੇ ਹਨ॥ ੮॥

ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥

ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਸਚਾ ਨਾਮ ਵਸਦਾ ਹੈ, ਤੇ ਬਾਣੀ ਦੁਆਰਾ ਹਰੀ ਦੇ ਗੁਣ ਗਾਉਂਦੇ ਹਨ ਉਨ੍ਹਾਂ ਨੂੰ ਕਾਲ ਜੋਹਿ=ਦੇਖ ਨਹੀਂ ਸਕਦਾ।

ਨਾਨਕ ਗੁਰਮੁਖਿ ਸਬਦਿ ਸਮਾਇ ॥ ੯ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ-ਅਜੇਹੇ ਗੁਰਮੁਖ ਜਨ ਸਬਦਿ=ਬ੍ਰਹਮ ਵਿਚ ਅਭੇਦ ਹੁੰਦੇ ਹਨ॥ ੯ ॥ ੧੪ ॥

ਗਉੜੀ ਮਹਲਾ ੧ ॥

ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥

ਗੁਰਮੁਖ ਸਚ ਨੂੰ ਬੋਲਦੇ ਹਨ, ਰਾਈ ਜਿੰਨਾ ਭੀ ਝੂਠ ਨਹੀਂ ਬੋਲਦੇ। ਅਤੇ ਗੁਰਮੁਖ ਪ੍ਰਸੰਨ ਹੋ ਕੇ ਰਜਾਈ=ਪਰਮੇਸ਼ਰ ਦੇ ਹੁਕਮ ਵਿਚ ਚਲਦੇ ਹਨ।

ਰਹਹਿ ਅਤੀਤ ਸਚੇ ਸਰਣਾਈ ॥ ੧ ॥

ਸਚੇ ਪ੍ਰਭੂ ਦੀ ਸ਼ਰਣੀ ਪੈ ਕੇ ਸਾਰਿਆਂ ਤੋਂ ਅਤੀਤ=ਅਸੰਗ ਰਹਿੰਦੇ ਹਨ॥ ੧॥

ਸਚ ਘਰਿ ਬੈਸੈ ਕਾਲੁ ਨ ਜੋਹੈ ॥

ਸਰੂਪ ਰੂਪੀ ਸਚੇ ਘਰ ਵਿਚ ਬੈਠਣ ਕਰਕੇ ਗੁਰਮੁਖਾਂ ਨੂੰ ਕਾਲ ਨ ਜੋਹੈ=ਨਹੀਂ ਵੇਖਦਾ।

ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥ ੧ ॥ ਰਹਾਉ ॥

ਅਤੇ ਮਨਮੁਖਾਂ ਨੂੰ ਆਵਤ+ਜਾਵਤ=ਜਨਮ ਮਰਣ ਦਾ ਦੁਖ ਹੀ ਮੋਹੈ=ਮੂਰਛਾ ਕਰ ਦੇਂਦਾ ਹੈ।
ਵਾ:-ਦੁਖਾਂ ਦੇ ਮੋਹੈ=ਵਿਚ ਮਨਮੁਖਾਂ ਨੂੰ ਆਉਣਾ ਜਾਣਾ ਬਣਿਆਂ ਰਹਿੰਦਾ ਹੈ॥ ੧॥ ਰਹਾਉ॥

ਅਪਿਉ ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥

ਨਾਮ ਅਪਿਉ=ਅੰਮ੍ਰਿਤ ਨੂੰ ਪੀਂਦੇ ਰਹੋ ਤੇ ਅਕਥ ਪ੍ਰਭੂ ਦੇ ਜਸ ਨੂੰ ਕਥਨ ਕਰਦੇ ਰਹੋ।
ਸਰੂਪ ਰੂਪੀ ਨਿਜ ਘਰ ਵਿਖੇ ਬੈਠ ਕੇ ਸਹਜ=ਸ਼ਾਂਤੀ ਦਾ ਘਰ ਜੋ ਪ੍ਰਭੂ ਹੈ ਉਸ ਨੂੰ ਲੈਣਾ ਕਰੋ।

ਵਾ:-ਸਹਜ ਘਰ ਲਹੀਐ=ਨਿਰ ਵਿਕਲਪ ਸਮਾਧੀ ਵਿਚ ਲੀਣ ਹੋਣਾ ਕਰੋ।

ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥ ੨ ॥

ਜੋ ਹਰੀ ਨਾਮ ਰਸ ਵਿਚ ਮਾਤੇ=ਮਸਤ ਹੋਏ ਹਨ ਇਹ ਸਮਾਧੀ ਦਾ ਸੁਖ ਉਨ੍ਹਾਂ ਨੂੰ ਪ੍ਰਾਪਤ ਹੋਣਾ ਕਿਹਾ ਹੈ॥ ੨ ॥

ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥

ਗੁਰਮਤੀਆਂ ਦੀ ਚਾਲ ਨਿਸਚਲ ਹੈ ਉਹ ਆਪਣੀ ਚਾਲ ਤੋਂ ਡੋਲਦੇ ਹਨ। ਗੁਰਮਤੀਏ ਗੁਰ ਸਿਖਿਆ ਦੁਆਰੇ ਸਹਜੇ ਹਰੀ ਸਚੇ ਦੇ ਨਾਮਾਂ ਨੂੰ ਬੋਲਦੇ ਹਨ। ਅਤੇ-

ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥ ੩ ॥

ਨਾਮ ਅੰਮ੍ਰਿਤ ਨੂੰ ਪੀਂਦੇ ਹਨ ਤੇ ਤੱਤ ਮਿਥਿਆ ਦਾ ਵਿਰੋਲੈ=ਵਿਵੇਚਨ ਕਰਦੇ ਹਨ॥ ੩ ॥

ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥

ਸਤਿਗੁਰਾਂ ਦਾ ਦਰਸ਼ਨ ਵੇਖਦਿਆਂ ਸਾਰ ਹੀ ਗੁਰਮੁਖਾਂ ਨੇ ਸਤਿਗੁਰਾਂ ਤੋਂ ਦੀਖਿਆ=ਸਿਖਿਆ ਲੀਤੀ ਹੈ। ਗੁਰਾਂ ਅਗੇ ਆਪਣਾ ਮਨ ਤਨ ਅਰਪਣ ਕਰਕੇ ਅੰਤਰ=ਭੇਦ ਦੀ ਗਤਿ=ਨਵਿਰਤੀ ਕੀਤੀ ਹੈ। ਤੇ

ਗਤਿ ਮਿਤਿ ਪਾਈ ਆਤਮੁ ਚੀਨੀ ॥ ੪ ॥

ਗਤਿ+ਮਿਤਿ=ਮੁਕਤੀ ਦੀ ਮਰਯਾਦਾ ਪਾਈ ਹੈ, ਅਤੇ ਆਤਮੁ=ਚੇਤਨ ਸੱਤਾ ਸਾਰੇ ਵਿਆਪਕ ਜਾਣੀ ਹੈ॥ ੪ ॥

ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥

ਨਿਰੰਜਨ ਪ੍ਰਮੇਸ਼ਰ ਦੇ ਨਾਮ ਰੂਪ ਭੋਜਨ ਨੂੰ ਸਾਰੁ=ਪਾਇਆ ਹੈ। ਪਰਮ ਹੰਸੁ ਜੋ ਤਤਵੇਤਾ ਮਹਾਤਮਾ ਹਨ ਉਨ੍ਹਾਂ ਦੁਆਰੇ ਆਤਮਾ ਅਨਾਤਮਾ ਦਾ ਵਿਚਾਰ ਕਰਨ ਕਰਕੇ ਅਪਾਰ ਪ੍ਰਭੂ ਦੀ ਸਚੀ ਜੋਤ ਪ੍ਰਗਟ ਹੁੰਦੀ ਹੈ।

ਜਹ ਦੇਖਉ ਤਹ ਏਕੰਕਾਰੁ ॥ ੫ ॥

ਜਿਥੇ ਭੀ ਦੇਖਦੇ ਹਨ, ਉਥੇ ਇਕ ਓਅੰਕਾਰ ਨੂੰ ਵੇਖਦੇ ਹਨ॥ ੫ ॥

ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥

ਜੋ ਪੁਰਸ਼ ਪਦਾਰਥਾਂ ਵਲੋਂ ਨਿਰਾਲਮੁ=ਅਸੰਗ ਰਹਿ ਕੇ ਇਕ ਸਚਨਾਮ ਜਪਣੇ ਰੂਪੀ ਕਰਣੀ ਨੂੰ ਕਰਦਾ ਹੈ। ਉਸ ਨੇ ਗੁਰ ਚਰਨਾਂ ਦੀ ਸੇਵਾ ਕਰਕੇ ਆਤਮਪਦ ਪਾਇਆ ਹੈ।

ਮਨ ਤੇ ਮਨੁ ਮਾਨਿਆ ਚੂਕੀ ਅਹੰ ਕ੍ਰਮਣੀ ॥ ੬ ॥

ਜਿਸ ਵੇਲੇ ਗੁਰਾਂ ਦੇ ਮਨੁ=ਮੰਤ੍ਰ ਉੱਤੇ ਮਨ ਮੰਨਿਆਂ ਗਿਆ ਉਸ ਵੇਲੇ ਅਹੰ=ਹੰਗਤਾ ਦੇ ਸਹਿਤ ਹੀ ਕ੍ਰਮਣੀ=ਭ੍ਰਾਂਤੀ ਚੂਕੀ=ਦੂਰ ਹੋ ਗਈ॥ ੬ ॥

ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥

ਇਸ ਵਿਧੀ ਨੇ ਕਿਸ ਕਿਸਨੂੰ ਨਹੀਂ ਤਾਰਿਆ, ਭਾਵ ਇਸ ਵਿਧੀ ਨੂੰ ਜਿਸ ਜਿਸ ਨੇ ਭੀ ਕੀਤਾ ਹੈ ਉਨ੍ਹਾਂ ਸਾਰਿਆਂ ਨੂੰ ਤਾਰ ਦਿੱਤਾ ਹੈ।

[ਪੰਨਾ ੨੨੮]

ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭੁ ਪਾਏ ਹਮ ਅਵਰੁ ਨ ਭਾਰਿਆ ॥ ੭ ॥

ਦੇਖੋ ! ਹਰੀ ਦੇ ਜਸ ਨੇ ਸਭ ਸੰਤਾਂ ਭਗਤਾਂ ਨੂੰ ਤਾਰ ਦਿੱਤਾ ਹੈ। ਜਸ ਦੁਆਰਾ ਅਸਾਂ ਨੇ ਭੀ ਪ੍ਰਭੂ ਪਾ ਲਿਆ ਹੈ ਹੋਰ ਕਿਸੇ ਜਤਨ ਦੁਆਰਾ ਉਸ ਨੂੰ ਭਾਲਿਆ ਨਹੀਂ ਹੈ।

ਵਾ:-ਉਸ ਦੇ ਭਾਰਿਆ=ਭਾਲਣ ਦਾ ਹੋਰ ਕੋਈ ਸਾਧਨ ਨਹੀਂ ਹੈ, ਕੇਵਲ ਜਸ ਕਰਨ ਨਾਲ ਹੀ ਮਿਲ ਜਾਂਦਾ ਹੈ। ਵਾ:-ਪ੍ਰਭੂ ਦੇ ਪਾਣ ਕਰ ਕੇ ਸਿਰ ਉੱਤੇ ਹੋਰ ਕੋਈ ਕਰਮਾਂ ਦਾ ਭਾਰਿਆ=ਭਾਰ ਨਹੀਂ ਰਿਹਾ ॥ ੭ ॥

ਸਾਚ ਮਹਲਿ ਗੁਰਿ ਅਲਖੁ ਲਖਾਇਆ ॥

ਸਚਾ ਮਹਲੀ ਜੋ ਅਲੱਖ ਪਰਮਾਤਮਾ ਹੈ ਉਸ ਨੂੰ ਗੁਰਾਂ ਨੇ ਲਖਾਇਆ=ਜਣਾਇਆ ਹੈ।

ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥ ੮ ॥

ਮਹਲੁ=ਸਰੂਪ ਵਾਲਾ ਪ੍ਰਭੂ ਨਿਸਚਲ ਹੈ ਉਸ ਵਿਚ ਨ ਛਾਇਆ=ਅਵਿਦਿਆ ਹੈ।

ਨਾ ਹੀ ਮਾਇਆ ਹੈ। ਉਸ ਸਚੇ ਵਾਹਿਗੁਰੂ ਦੇ ਨਾਮ ਨੂੰ ਜਪ ਕੇ ਜਿਨ੍ਹਾਂ ਦਾ ਮਨ ਸੰਤੋਖ ਨੂੰ ਪ੍ਰਾਪਤ ਹੋਇਆ ਹੈ ਉਨ੍ਹਾਂ ਨੇ ਭਰਮ ਨੂੰ ਚੁਕਾਇਆ=ਦੂਰ ਕਰ ਦਿੱਤਾ ਹੈ॥ ੮ ॥

ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥

ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਉਹ ਸਚਾ ਵਾਹਿਗੁਰੂ ਵਸਿਆ ਹੈ। ਉਨ੍ਹਾਂ ਗੁਰਮੁਖਾਂ ਦੀ ਸੰਗਤ ਜਿਨ੍ਹਾਂ ਜਗਿਆਸੂਆਂ ਨੂੰ ਹੋਈ ਹੈ।

ਨਾਨਕ ਸਾਚਿ ਨਾਮਿ ਮਲੁ ਖੋਈ ॥ ੯ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ-ਸਚੇ ਨਾਮੀ ਦੇ ਪ੍ਰਤਾਪ ਕਰਕੇ ਉਨ੍ਹਾਂ ਦੀ ਭੀ ਪਾਪਾਂ ਰੂਪੀ ਮੈਲ ਖੋਈ ਗਈ ਭਾਵ ਨਾਸ ਹੋ ਗਈ ਹੈ॥ ੯ ॥ ੧੫ ॥

ਗਉੜੀ ਮਹਲਾ ੧ ॥

ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ ਉਪਜੰਪਿ ਦਰਸਨੁ ਕੀਜੈ ਤਾ ਕਾ ॥ ੧ ॥

ਜਾਕਾ=ਜਿਸ ਪੁਰਸ਼ ਦਾ ਚਿਤ ਰਾਮ ਨਾਮ ਵਿਚ ਰਾਪੈ=ਰੰਗਿਆ ਹੋਇਆ ਹੈ। ਉਪਜੰਪਿ=ਸੂਰਜ ਦੇ ਉਦੇ ਹੋਣ ਨਾਲ ਹੀ ਉਨ੍ਹਾਂ ਦਾ ਦਰਸ਼ਨ ਕਰਨਾ ਚਾਹੀਦਾ ਹੈ। ਵਾ:-ਉਪ=ਸਮੀਪ (ਨੇੜੇ) ਅਰਥਾਤ ਕੋਲ ਜੰਪਿ=ਜਾ ਕੇ ਉਨ੍ਹਾਂ ਦਾ ਦਰਸ਼ਨ ਕਰੀਏ। ਵਾ:-ਨਾਮ ਰਸੀਏ ਮਹਾਤਮਾ ਜਿਸ ਵੇਲੇ ਭੀ ਉਪਜੰਪਿ=ਉਦੇ ਹੋਣ ਭਾਵ ਜਨਮ ਲੈਣ ਉਸੀ ਵੇਲੇ ਜਾਕੇ ਉਨ੍ਹਾਂ ਦਾ ਦਰਸ਼ਨ ਕਰੀਏ। ਜਿਵੇਂ ਦਸਮੇਸ਼ ਪਿਤਾ ਜੀ ਨੇ ਜਦ ਅਵਤਾਰ ਧਾਰਿਆ ਸੀ ਤਾਂ ਭੀਖਣ ਸ਼ਾਹ ਨੇ ਉਸੀ ਵੇਲੇ ਪਟਣੇ ਸਾਹਿਬ ਜਾ ਕੇ ਦਰਸ਼ਨ ਕੀਤਾ ਸੀ॥ ੧ ॥

ਰਾਮ ਨ ਜਪਹੁ ਅਭਾਗੁ ਤੁਮਾਰਾ ॥

ਹੇ ਭਾਈ ! ਤੁਸੀਂ ਰਾਮ ਨਾਮ ਨੂੰ ਨਹੀਂ ਜਪਦੇ, ਇਸ ਤੋਂ ਮਾਲੂੰਮ ਹੁੰਦਾ ਹੈ ਤੁਹਾਡਾ ਵੱਡਾ ਮੰਦਭਾਗ ਹੈ।

ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥ ੧ ॥ ਰਹਾਉ ॥

ਸਾਡਾ ਰਾਮ ਪ੍ਰਭੂ ਜੁਗਾਂ ਜੁਗਾਂ ਵਿਖੇ ਸਾਰਿਆਂ ਜੀਵਾਂ ਨੂੰ ਖਾਣ ਪਾਣ ਆਦਿਕ ਪਦਾਰਥ ਦੇਣ ਕਰਕੇ ਵੱਡਾ ਦਾਤਾ ਹੈ॥ ੧ ॥ ਰਹਾਉ ॥

ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥ ੨ ॥

ਜੋ ਗੁਰਾਂ ਦੀ ਸਿਖਿਆ ਦੁਆਰੇ ਰਾਮ ਨਾਮ ਜਪਦਾ ਹੈ ਉਹ ਜਨ ਸ਼ੁਭ ਗੁਣਾਂ ਕਰਕੇ ਪੂਰਾ ਹੈ।

ਤਿਤੁ ਘਟ=ਓਸੇ ਦੇ ਅੰਤਹਕਰਣ ਵਿਚ ਅਨਹਤ=ਇਕ ਰਸ ਤੂਰਾ=ਵਾਜੇ ਵਜਦੇ ਹਨ॥ ੨ ॥

ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥ ੩ ॥

ਜਿਹੜੇ ਪੁਰਸ਼ ਹਰੀ ਰਾਮ ਦੀ ਪਿਆਰਿ+ਭਗਤਿ=ਪ੍ਰੇਮਾ ਭਗਤੀ ਕਰਦੇ ਹਨ, ਵਾ:-ਹਰੀ ਰਾਮ ਦੀ ਭਗਤੀ ਵਿਚ ਪਿਆਰ ਕਰਦੇ ਹਨ। ਉਹ ਪੁਰਸ਼ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਧਾਰਕੇ ਦੁੱਖਾਂ ਤੋਂ ਬਚਾ ਰਖੇ ਹਨ॥ ੩ ॥

ਜਿਨ ਕੈ ਹਿਰਦੈ ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥ ੪ ॥

ਜਿਨ੍ਹਾਂ ਦੇ ਹਿਰਦੇ ਵਿਚ ਹਰਿ ਹਰਿ ਦਾ ਨਾਮ ਸੋਈ=ਸੋਭਦਾ ਹੈ। ਉਨ੍ਹਾਂ ਦਾ ਦਰਸ਼ਨ ਪਰਸਨ ਨਾਲ ਹੀ ਸੁਖ ਪ੍ਰਾਪਤ ਹੁੰਦਾ ਹੈ॥ ੪ ॥

ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥ ੫ ॥

ਗੁਰਮੁਖ ਇੰਞ ਨਿਸਚੇ ਕਰਦੇ ਹਨ ਕਿ ਸਾਰਿਆਂ ਜੀਵਾਂ ਵਿਚ ਇਕ ਪ੍ਰਭੂ ਰਵ ਰਿਹਾ ਹੈ। ਪਰ ਮਨਮੁਖ ਅਹੰਕਾਰੀ ਉਸਨੂੰ ਵਿਆਪਕ ਨਹੀਂ ਜਾਣਦੇ ਇਸ ਕਰਕੇ ਉਹ ਮੁੜ ਮੁੜ ਕੇ ਜੂਨੀਆਂ ਵਿਚ ਭਵੈ=ਫਿਰਦੇ ਹਨ॥ ੫ ॥

ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥ ੬ ॥

ਜੋ ਪੁਰਸ਼ ਸਤਿਗੁਰਾਂ ਨੂੰ ਪਾਂਵਦਾ ਹੈ ਉਹ ਸੱਤ ਅਸੱਤ ਦੇ ਨਿਰਣੇ ਨੂੰ ਬੁਝਦਾ ਹੈ, ਗੁਰਉਪਦੇਸ਼ ਦੁਆਰਾ ਹੰਗਤਾ ਮਮਤਾ ਨੂੰ ਮਾਰੇ ਤਾਂ ਪਰਮੇਸ਼ਰ ਨੂੰ ਪਾਂਵਦਾ ਹੈ॥ ੬ ॥

ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥ ੭ ॥

ਪ੍ਰਸ਼ਨ:-ਅਰਧ=ਜੀਵ, ਤੇ ਉਰਧ=ਈਸ਼ੁਰ ਦੀ ਸੰਧਿ=ਮਿਲੌਣੀ ਨੂੰ ਕਿਸ ਪ੍ਰਕਾਰ ਜਾਨਣਾ ਕਰੇ?

ਉੱਤਰ:-ਗੁਰ+ਮੁਖਿ=ਮੁਖੀ ਗੁਰਾਂ ਦੇ ਮਨੁ=ਮੰਤ੍ਰ ਨੂੰ ਮੰਨੇ ਤਾਂ ਜੀਵ ਈਸ਼ਵਰ ਦੀ ਸੰਧਿ=ਮਿਲੌਣੀ ਮਿਲਦੀ ਹੈ॥ ੭ ॥

ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥

ਹੇ ਪ੍ਰਭੂ ! ਮੈਂ ਪਾਪੀ ਸ਼ੁਭ ਗੁਣਾਂ ਤੋਂ ਹੀਣੇ ਨੂੰ ਸ਼ੁਭ ਗੁਣਾਂ ਵਾਲਾ ਕਰੋ।

ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥ ੮ ॥ ੧੬ ॥

ਹੇ ਪ੍ਰਭੂ ! ਆਪ ਦਿਆਲੂ ਹੋ ਕੇ ਮੈਂ ਸੇਵਕ ਜਨ ਨੂੰ ਤਾਰਨਾ ਕਰੋ॥ ੮ ॥ ੧੬ ॥

ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥

ਇਥੋਂ ਤਕ ਗਉੜੀ ਰਾਗ ਵਿਚ ਗੁਆਰੇਰੀ ਜਾਤੀ ਦੀਆਂ ੧੬ ਅਸਟਪਦੀਆਂ ਆਈਆਂ ਹਨ।

ਗਉੜੀ ਬੈਰਾਗਣਿ ਮਹਲਾ ੧ ੧ੴ ਸਤਿਗੁਰ ਪ੍ਰਸਾਦਿ ॥

ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥

ਜਿਵੇਂ ਗਉਆਂ ਚਾਰਨ ਵਾਲਾ ਗੋਇਲੀ=ਗੁਆਲਾ ਗਾਈ ਕਉ=ਗਉਆਂ ਨੂੰ ਸਾਰਾ=ਸੰਭਾਲ ਕੇ ਰਖਦਾ ਹੈ। ਤੇ-

ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥ ੧ ॥

ਅਹਿ+ਨਿਸਿ=ਦਿਨ ਰਾਤ ਹਰਿਆ ਘਾਹ ਖੁਆਕੇ ਪਾਲਦਾ ਹੈ, ਜੇ ਕੋਈ ਵਿਰੋਧੀ ਜਾਂਗਲੀ ਜੀਵ ਉਨ੍ਹਾਂ ਨੂੰ ਦੁਖ ਦੇਣ ਆਵੇ ਤਾਂ ਉਸ ਤੋਂ ਰਖ ਲੈਂਦਾ ਹੈ, ਇਹ ਕੁਝ ਕਰਦਾ ਹੋਇਆ ਆਪਣੇ ਆਤਮ=ਮਨ ਵਿਚ ਸੁਖ ਧਾਰਦਾ ਹੈ॥ ੧ ॥

ਇਤ ਉਤ ਰਾਖਹੁ ਦੀਨ ਦਇਆਲਾ ॥

ਹੇ ਦੀਨ ਦਿਆਲ ਪ੍ਰਭੂ ! ਏਸੇ ਤਰ੍ਹਾਂ ਮੇਰੀ ਭੀ ਇਤ ਉਤ=ਲੋਕ ਪ੍ਰਲੋਕ ਦੇ ਦੁੱਖਾਂ ਤੋਂ ਰਖਿਆ ਕਰੋ।

ਤਉ ਸਰਣਾਗਤਿ ਨਦਰਿ ਨਿਹਾਲਾ ॥ ੧ ॥ ਰਹਾਉ ॥

ਮੈਂ ਤਉ=ਆਪ ਜੀ ਦੀ ਸ਼ਰਣ ਵਿਚ ਆਗਤਿ=ਆਇਆ ਹਾਂ ਆਪ ਕ੍ਰਿਪਾ ਦ੍ਰਿਸ਼ਟੀ ਨਾਲ ਦੇਖਕੇ ਮੈਨੂੰ ਨਿਹਾਲ ਕਰੋ॥ ੧ ॥ ਰਹਾਉ ॥

ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥

ਮੈਂ ਜਿਥੇ ਦੇਖਦਾ ਹਾਂ, ਤੁਸੀਂ ਓਥੇ ਹੀ ਵਿਆਪਕ ਹੋ ਰਹੇ ਹੋ,

ਹੇ ਰਖਿਆ ਕਰਨ ਵਾਲੇ ਪ੍ਰਭੂ ! ਆਪ ਮੈਨੂੰ ਰਖ ਲਓ।

ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥ ੨ ॥

ਦਾਤਾ ਤੂੰ ਹੈਂ, ਭੋਗਨ ਵਾਲਾ ਭੀ ਤੂੰਹੀਂ ਹੈਂ, ਤੂੰਹੀਂ ਮੇਰੇ ਪ੍ਰਾਣਾਂ ਦਾ ਅਧਾਰਾ=ਆਸਰਾ ਹੈਂ॥ ੨ ॥

ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥

ਸਰੂਪ ਗਿਆਨ ਦਾ ਵਿਚਾਰ ਕੀਤੇ ਤੋਂ ਬਿਨਾਂ ਅਧ ਊਰਧੀ=ਹੇਠਾਂ ਉੱਤੇ ਭਾਵ ਨਰਕ ਸੁਰਗ ਵਿਚ ਜਾਣ ਦਾ ਕਿਰਤੁ=ਕਰਮ ਪਿਆ ਹੋਇਆ ਹੈ।

ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥ ੩ ॥

ਜਗਤ ਦੇ ਮਾਲਕ ਪ੍ਰਭੂ ਦੀ ਉਪਮਾ ਕੀਤੇ ਤੋਂ ਬਿਨਾਂ ਇਹ ਅਗਿਆਨ ਦਾ ਹਨੇਰਾ ਨਾਸ ਨਹੀਂ ਹੁੰਦਾ॥ ੩ ॥

ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥

ਜਗਤ ਨੂੰ ਲੋਭ ਤੇ ਹੰਕਾਰ ਵਿਚ ਲਗਕੇ ਨਾਸ ਹੁੰਦਾ ਅਸਾਂ ਨੇ ਦੇਖਿਆ ਹੈ।

ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥ ੪ ॥

ਸਚਾ ਮੁਕਤੀ ਦਾ ਦਰਵਾਜ਼ਾ ਗਿਆਨ ਜਿਸ ਨੇ ਭੀ ਪਾਇਆ ਹੈ ਉਸਨੇ ਪ੍ਰਭੂ ਰੂਪ ਸਤਿਗੁਰਾਂ ਦੀ ਸੇਵਾ ਕਰਕੇ ਹੀ ਪਾਇਆ ਹੈ॥ ੪ ॥ *ਅਥਵਾ:*-ਗੁਰਾਂ ਦੀ ਸੇਵਾ ਕਰਕੇ ਜਦ ਮੁਕਤੀ ਦਾ ਦਰਵਾਜ਼ਾ ਗਿਆਨ

ਪਰਾਪਤ ਹੋਇਆ ਤਾਂ ਸਚੇ ਪ੍ਰਭੂ ਨੂੰ ਪਾਇਆ॥ ੪॥

ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ॥

ਅਪਾਰ+ਮਹਲੁ=ਬੇਅੰਤ ਸਰੂਪ ਪਰਮਾਤਮਾ ਆਪਣੇ ਅੰਤਹ੍ਕਰਣ ਰੂਪ ਨਿਜ ਘਰ ਵਿਚ ਹੈ, ਪਰ ਉਸ ਅਪਰੰਪਰ ਪ੍ਰਭੂ ਨੂੰ ਕੋ=ਕੋਈ ਵਿਰਲਾ ਹੀ ਜਾਣਦਾ ਹੈ।

ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ॥ ੫॥

ਉਹ ਸਬਦੈ=ਬ੍ਰਹਮ ਤੋਂ ਬਿਨਾਂ ਜਗਤ ਵਿਚ ਹੋਰ ਕੋਈ ਥਿਰੁ=ਅਚੱਲ ਨਹੀਂ ਹੈ, ਗੁਰਸ਼ਬਦ ਦ੍ਵਾਰਾ ਉਸ ਬ੍ਰਹਮ ਨੂੰ ਬੁਝੇ ਤਾਂ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੫॥

ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ॥

ਇਹ ਜੀਵ ਲੈ ਕੇ ਕੀ ਆਇਆ ਹੈ, ਅਤੇ ਕੀ ਲੈ ਕੇ ਜਾਏਗਾ, ਅਰਥਾਤ ਖਾਲੀ ਆਉਂਦਾ ਹੈ, ਖਾਲੀ ਜਾਂਦਾ ਹੈ, ਵਾ:-ਅਮੋਲਕ ਸ੍ਵਾਸਾਂ ਰੂਪੀ ਪੂੰਜੀ ਲੈ ਕੇ ਆਉਂਦਾ ਹੈ ਤੇ ਵਿਸ਼ੇ ਵਿਕਾਰਾਂ ਰੂਪੀ ਮੰਦ ਵਸਤੂ ਨੂੰ ਖਰੀਦ ਕੇ ਲੈ ਜਾਂਦਾ ਹੈ, ਏਸੇ ਕਰਕੇ ਜਮਾਂ ਦੇ ਜਾਲਾ=ਫਾਹ ਵਿਚ ਫਸਦਾ ਜਾਂਦਾ ਹੈ।

ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ॥ ੬॥

ਜਿਵੇਂ ਡੋਲ ਕਸਿ=ਖਿਚਕੇ ਜੇਵਰੀ ਰੱਸੀ ਨਾਲ ਬੱਧਾ ਹੋਇਆ ਕਦੇ ਆਕਾਸਿ=ਉੱਚੇ ਤੇ ਕਦੇ ਪਾਤਾਲਾ=ਹੇਠਾਂ ਜਾਂਦਾ ਹੈ।

ਏਸੇ ਤਰ੍ਹਾਂ ਜੀਵ ਰੂਪੀ ਡੋਲ ਕਰਮਾਂ ਰੂਪੀ, ਵਾ:-ਵਾਸ਼ਨਾਂ ਰੂਪੀ ਰੱਸੀ ਨਾਲ ਖਿਚ ਕੇ ਬੱਧਾ ਹੋਇਆ ਕਦੇ ਆਕਾਸਿ=ਸੁਰਗ ਵਿਚ ਕਦੇ ਪਤਾਲਾ=ਨਰਕ ਵਿਚ ਜਾਂਦਾ ਹੈ॥ ੬॥

ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ॥

ਗੁਰਮਤੀਆਂ ਨੂੰ ਵਾਹਿਗੁਰੂ ਨਾਮ ਭੁਲਦਾ ਨਹੀਂ ਹੈ, ਇਸ ਲਈ ਸੁਭਾਵਕ ਹੀ ਪਤੀ ਪਰਮਾਤਮਾ ਨੂੰ ਪਾ ਕੇ ਪਤਆਬਰੋ ਨੂੰ ਪਾਂਦੇ ਹਨ।

ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ॥ ੭॥

ਨਿਧੀਆਂ ਦਾ ਖਜ਼ਾਨਾ ਸਬਦੁ=ਬ੍ਰਹਮ ਜੀਵ ਦੇ ਹਿਰਦੇ ਅੰਦਰ ਹੈ, ਗੁਰਾਂ ਨਾਲ ਮਿਲਕੇ ਆਪਾ ਭਾ ਹੰਕਾਰ ਨੂੰ ਗੁਆਈਏ ਤਾਂ ਉਸ ਬ੍ਰਹਮ ਨਾਲ ਮਿਲਾਪ ਹੁੰਦਾ ਹੈ॥ ੭॥

ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ॥

ਜਾਂ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤਾਂ ਜੀਵ ਦੇ ਅੰਕਿ=ਹਿਰਦੇ ਵਿਚ ਸ਼ੁਭ ਗੁਣ ਸਮਾਂਵਦੇ ਹਨ।

ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ॥ ੮॥ ੧॥ ੧੭॥

[ਪੰਨਾ ੨੨੯]

ਗੁਰੂ ਜੀ ਕਥਨ ਕਰਦੇ ਹਨ-ਸਚ ਨਾਮ ਰੂਪੀ ਸਚੇ ਲਾਭ ਦੇ ਪਾਣ ਕਰਕੇ ਪਰਮਾਤਮਾ ਨਾਲੋਂ ਇਸ ਦਾ ਮੇਲ ਚੂਕਈ+ਨ=ਦੂਰ ਨਹੀਂ॥ ੮॥ ੧॥ ੧੭॥

ਗਉੜੀ ਮਹਲਾ ੧ ॥

ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥

ਕ੍ਰਿਪਾਲੂ ਜੋ ਗੁਰੂ ਹਨ ਉਨ੍ਹਾਂ ਦੀ ਕਿਰਪਾ ਦੁਆਰੇ ਪਰਮੇਸ਼ਰ ਨੂੰ ਬੁਝ ਲੈਣਾ ਕਰੇ ਤਾਂ ਜਨਮ ਮਰਨ ਦਾ ਨਿਬੇੜਾ ਹੋ ਜਾਂਦਾ ਹੈ।

ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥ ੧ ॥

ਸਾਰਿਆਂ ਘਰਾਂ ਵਿਚ ਜਿਸਨੇ ਆਪਣਾ ਘਰ ਕੀਤਾ ਹੋਇਆ ਹੈ, ਅਤੇ ਜਿਸ ਦਾ ਨਾਂ ਨਿਰੰਜਨ ਹੈ, ਓਹੀ ਮੇਰਾ ਠਾਕੁਰੁ=ਸੁਆਮੀ ਹੈ। ਅਥਵਾ:-ਮੇਰਾ ਠਾਕੁਰੁ=ਸੁਆਮੀ ਜੋ ਨਿਰੰਜਨ ਹੈ, ਸੋ+ਨਾਮੁ=ਉਸ ਦਾ ਨਾਮ ਘਰਿ ਘਰਿ=ਸ਼ਾਸਤ੍ਰ ਸ਼ਾਸਤ੍ਰ ਵਿਚ ਕਥਨ ਕੀਤਾ ਗਿਆ ਹੈ॥ ੧ ॥

ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥

ਬੇਸ਼ਕ ਵਿਚਾਰ ਕੇ ਦੇਖ ਲਓ ਗੁਰ ਸ਼ਬਦ ਤੋਂ ਬਿਨਾਂ ਕਦੇ ਛੁਟਕਾਰਾ ਨਹੀਂ ਹੋਣਾ।

ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥ ੧ ॥ ਰਹਾਉ ॥

ਜੇਕਰ ਲੱਖਾਂ ਕਰਮ ਭੀ ਕਮਾ ਲਵੇ,

ਤੋ ਭੀ ਗੁਰਾਂ ਤੋਂ ਬਿਨਾਂ ਅਗਿਆਨ ਰੂਪ ਹਨੇਰਾ ਬਣਿਆਂ ਰਹਿੰਦਾ ਹੈ॥ ੧ ॥ ਰਹਾਉ ॥

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥

ਅੰਨ੍ਹੇ ਅਗਿਆਨੀ ਸ਼ੁਭ ਅਕਲ ਤੋਂ ਬਾਹਰ ਹਨ,

ਵਾ:-ਅਕਲ ਤੋਂ ਹੀਣੇ ਜੋ ਅੰਨ੍ਹੇ ਪੁਰਸ਼ ਹਨ ਉਨ੍ਹਾਂ ਨੂੰ ਕੀ ਕਹਿਣਾ ਹੈ।

ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥ ੨ ॥

ਗੁਰੂ ਤੋਂ ਬਿਨਾਂ ਪਰਮੇਸ਼ਰ ਪ੍ਰਾਪਤੀ ਦਾ ਗਿਆਨ ਰੂਪ ਰਸਤਾ ਨਹੀਂ ਸੁੱਝਦਾ, ਤਾਂ ਕਿਸ ਤਰ੍ਹਾਂ ਨਿਰਬਾਹ ਹੋਵੇਗਾ ॥ ੨ ॥

ਪੁਨਾ ਸਿੱਖਾਂ ਨੇ ਬੇਨਤੀ ਕੀਤੀ ਆਪ ਕਿਰਪਾ ਕਰਕੇ ਕਲਜੁਗ ਦੇ ਲਛਣ ਸੁਣਾਓ? ਤਾਂ ਗੁਰੂ ਜੀ ਨੇ ਕਿਹਾ-ਕਲਜੁਗੀ ਜੀਵਾਂ ਦੀ ਭਾਵਨਾ ਵਿਪਰਜੇ=ਉਲਟੀ ਹੋ ਚੁੱਕੀ ਹੈ।

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥

ਖੋਟੇ ਕਰਮ ਕਰਨ ਵਾਲੇ ਮਨਮੁਖ ਨੂੰ ਖਰਾ=ਚੰਗਾ ਕਹਿੰਦੇ ਹਨ।

ਤੇ ਖਰੇ=ਚੰਗੇ ਕਰਮਾਂ ਦੇ ਕਰਨ ਵਾਲੇ ਮਹਾਤਮਾ ਦੀ ਸਾਰ ਹੀ ਨਹੀਂ ਜਾਣਦੇ।

ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ ੩ ॥

ਅੰਧੇ ਅਗਿਆਨੀ ਪੁਰਸ਼ ਦਾ ਨਾਂ ਪਾਰਖੂ=ਪਰਖਣੇ ਵਾਲਾ ਭਾਵ ਗਿਆਨੀ ਕਹਿੰਦੇ ਹਨ, ਕਲੀ+ਕਾਲ= ਕਲਜੁਗ ਦੇ ਸਮੇਂ ਵਿਚ ਇਹ ਵਿਡਾਣੈ=ਅਸਚਰਜ ਖੇਡ ਹੈ॥ ੩ ॥

ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥

ਮੋਹ, ਜਾਂ ਅਵਿਦਿਆ ਦੀ ਨੀਂਦ ਵਿਚ ਪੈ ਕੇ ਜੋ ਪਰਮੇਸ਼ਰ ਵਲੋਂ ਸੁੱਤਾ ਹੋਇਆ ਹੈ ਉਸਨੂੰ ਜਾਗਦਾ ਕਹਿੰਦੇ ਹਨ ਕਿ ਇਹ ਵਿਹਾਰ ਵਿਚ ਬੜਾ ਸਿਆਣਾ ਹੈ।

ਜੋ ਗਿਆਨ ਜਾਗਰਤ ਵਿਚ ਪੈ ਕੇ ਪਰਮੇਸ਼ਰ ਵਲ ਜਾਗਦਾ ਹੈ ਉਸ ਨੂੰ ਸੁੱਤਾ ਕਹਿੰਦੇ ਹਨ ਕਿ ਇਹ ਵਿਹਾਰ ਦੀ ਸਮਝ ਤੋਂ ਹੀਣਾ ਹੈ।

ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥ ੪ ॥

ਜੋ ਪਰਮੇਸ਼ਰ ਵਲ ਜਿਊਂਦਾ ਹੈ ਉਸ ਨੂੰ ਮੋਇਆ ਕਹਿੰਦੇ ਹਨ।

ਜੋ ਪਰਮੇਸ਼ਰ ਵਲੋਂ ਮਰੇ ਹੋਏ ਹਨ ਉਨ੍ਹਾਂ ਨੂੰ ਰੋਂਦਾ ਹੀ ਕੋਈ ਨਹੀਂ ॥ ੪ ॥

ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥

ਜੋ ਪਰਮੇਸ਼ਰ ਵਲ ਆਉਂਦਾ ਹੈ ਉਸ ਨੂੰ ਜਾਤਾ=ਘਰੋਂ ਘਾਟੋਂ ਗਿਆ ਗੁਜ਼ਰਿਆ ਕਹਿੰਦੇ ਹਨ, ਤੇ ਜੋ ਪੁਰਸ਼ ਸੰਸਾਰ ਵਲ ਜਾਂਦਾ ਹੈ, ਉਸ ਨੂੰ ਕਹਿੰਦੇ ਹਨ ਇਸ ਦਾ ਆਇਆ ਸਫਲ ਹੈ। ਵਾ:-ਉਸਨੂੰ ਇੰਞ ਕਹਿੰਦੇ ਹਨ ਕਿ ਇਹ ਤਾਂ ਸਾਡੀ ਕੁਲ ਵਿਚ ਕੋਈ ਅਵਤਾਰ ਆਇਆ ਹੈ।

ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥ ੫ ॥

ਪਰਾਈ ਮਾਇਆ, ਵਾ:-ਦੇਹ ਨੂੰ ਆਪਣੀ ਕਹਿੰਦਾ ਹੈ, ਤੇ ਆਪਣਾ ਜੋ ਸਰੂਪ ਹੈ, ਵਾ:-ਨਾਮ ਉਹ ਇਸ ਨੂੰ ਭਾਂਵਦਾ ਹੀ ਨਹੀਂ ॥ ੫ ॥

ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥

ਪਰਮੇਸ਼ੱਰ ਦੇ ਮਿਠੇ ਨਾਮ ਨੂੰ ਕੌੜਾ ਕਹਿੰਦਾ ਹੈ, ਤੇ ਕੜੂਏ=ਕੌੜੇ (ਦੁਖਦਾਈ) ਪਦਾਰਥਾਂ ਨੂੰ ਵਾ:-ਕਾਮ ਨੂੰ ਮਿੱਠਾ ਕਹਿੰਦਾ ਹੈ।

ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥ ੬ ॥

ਪਰਮੇਸ਼ਰ ਦੇ ਪ੍ਰੇਮ ਵਿਚ ਰਤੇ ਹੋਏ ਗੁਰਮੁਖ ਮਹਾਤਮਾਂ ਦੀ ਨਿੰਦਿਆ ਕਰਦੇ ਹਨ,

ਅਜੇਹਾ ਵਰਤਾਵਾ ਕਲਜੁਗ ਵਿਚ ਅਸਾਂ ਨੇ ਵੇਖਿਆ ਹੈ॥ ੬ ॥

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥

ਪਰਮੇਸ਼ਰ ਦੀ ਚੇਰੀ=ਦਾਸੀ ਜੋ ਮਾਇਆ ਹੈ ਉਸ ਦੀ ਸੇਵਾ ਕਰਦੇ ਹਨ, ਸਾਰਿਆਂ ਦਾ ਠਾਕੁਰ ਜੋ ਪ੍ਰਭੂ ਹੈ ਇਸ ਨੂੰ ਦਿਸਦਾ ਹੀ ਨਹੀਂ। ਵਾ:-ਆਪਣੀ ਦਾਸੀ ਜੋ ਘਰ ਵਾਲੀ ਔਰਤ ਹੈ ਉਸ ਦੀ ਸੇਵਾ ਕਰਦੇ ਹਨ, ਪਰ ਔਰਤ ਨੂੰ ਆਪਣਾ ਸੁਆਮੀ ਪਤੀ ਨਿਗਾਹ ਨਹੀਂ ਆਉਂਦਾ ਉਹ ਸਗੋਂ ਪਤੀ ਨੂੰ ਆਪਣਾ ਗੁਲਾਮ ਸਮਝਦੀ ਹੈ।

ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥ ੭ ॥

ਜਿਵੇਂ ਪੋਖਰੁ=ਛੱਪੜ ਦੇ ਨੀਰੁ ਵਿਰੋਲੀਐ=ਪਾਣੀ ਨੂੰ ਰਿੜਕਣੇ ਕਰਕੇ ਮੱਖਣ ਨਹੀਂ ਨਿਕਲਦਾ, ਤਿਵੇਂ

ਸੰਸਾਰ ਛੱਪੜ ਦੇ ਸ਼ਕਾਮ ਕਰਮਾਂ ਰੂਪੀ ਜਲ ਦੇ ਮਥਨੇ ਕਰਕੇ ਬ੍ਰਹਮ ਗਿਆਨ ਰੂਪੀ ਮੱਖਣ ਨਹੀਂ ਨਿਕਲਦਾ॥ ੭॥

ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ॥

ਇਹ ਪਦ ਦੇ ਅਰਥ ਕਰਕੇ ਜੋ ਪੁਰਸ਼ ਅਰਥਾਇ ਲੇਇ=ਸਿਧਾਂਤ ਨੂੰ ਧਾਰ ਲੈਂਦਾ ਹੈ ਉਹ ਪਰਮੇਸ਼ਰ ਸਰੂਪ ਹੁੰਦਾ ਹੈ, ਪਰਮੇਸ਼ਰ ਸਰੂਪ ਹੋਣ ਕਰਕੇ ਉਹ ਸਾਡਾ ਗੁਰੂ ਹੈ।

ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ॥ ੮॥

ਗੁਰੂ ਜੀ ਕਥਨ ਕਰਦੇ ਹਨ-ਜੋ ਆਪਣੇ ਸਰੂਪ ਨੂੰ ਚੀਨੈ=ਜਾਣਦਾ ਹੈ, ਉਹ ਅਪਰ-ਅਪਾਰ ਪਰਮੇਸ਼ਰ ਦਾ ਸਰੂਪ ਹੁੰਦਾ ਹੈ॥ ੮॥

ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ॥

ਉਹ ਇੰਵ ਨਿਸ਼ਚੇ ਕਰਦਾ ਹੈ ਕਿ ਸਾਰਿਆਂ ਵਿਚ ਉਹ ਪਰਮੇਸ਼ਰ ਆਪੇ ਆਪ ਵਰਤ ਰਿਹਾ ਹੈ। ਆਪ ਹੀ ਜੀਵਾਂ ਨੂੰ ਕਰਮਾਂ ਅਨੁਸਾਰ ਭਰਮਾਉਂਦਾ ਹੈ।

ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ॥ ੯॥ ੨॥ ੧੮॥

ਗੁਰਾਂ ਦੀ ਕਿਰਪਾ ਨਾਲ ਇਹ ਗੱਲ ਸਮਝੀਦੀ ਹੈ ਕਿ ਬ੍ਰਹਮ ਸਾਰੇ ਸਮਾ ਰਿਹਾ ਹੈ॥ ੯॥ ੨॥ ੧੮॥

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ॥

ਕਿਸੇ ਪ੍ਰੇਮੀ ਨੇ ਗੋਇੰਦਵਾਲ ਵਿਖੇ ਬ੍ਰਾਹਮਣਾਂ ਲਈ ਬ੍ਰਹਮ ਭੋਜ ਤਿਆਰ ਕੀਤਾ, ਪਰ ਰਾਤ ਨੂੰ ਲੜਕੀ ਜਾਂ ਲੜਕੇ ਦੇ ਪੈਦਾ ਹੋਣ ਤੇ ਉਸ ਦੇ ਘਰ ਵਿਚ ਸੂਤਕ ਹੋ ਗਿਆ, ਉਸ ਨੇ ਲੁਕਾ ਤਾਂ ਬੜਾ ਰਖਿਆ ਪਰ ਬ੍ਰਾਹਮਣਾਂ ਨੂੰ ਕਿਸੇ ਤਰ੍ਹਾਂ ਪਤਾ ਲਗ ਗਿਆ ਕਿ ਇਸ ਦੇ ਘਰ ਸੂਤਕ ਪੈ ਗਿਆ ਹੈ ਇਸ ਕਰਕੇ ਕੋਈ ਬ੍ਰਾਹਮਣ ਭੀ ਉਸ ਦੇ ਘਰ ਰੋਟੀ ਖਾਣ ਨਾ ਆਇਆ। ਉਸ ਨੇ ਫਿਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਾਸ ਜਾ ਕੇ ਬੇਨਤੀ ਕੀਤੀ ਕਿ ਮੈਂ ਭੋਜਨ ਤਿਆਰ ਕੀਤਾ ਹੋਇਆ ਹੈ ਤੇ ਬੱਚੇ ਦੇ ਪੈਦਾ ਹੋਣ ਕਰਕੇ ਕੋਈ ਬ੍ਰਾਹਮਣ ਛਕਣ ਵਾਸਤੇ ਆਉਂਦਾ ਨਹੀਂ ਹੈ, ਆਪ ਕਿਰਪਾ ਕਰੋ ਜਿਸ ਕਰਕੇ ਭੋਜਨ ਤਿਆਰ ਕੀਤਾ ਹੋਇਆ ਨਿਸਫਲ ਨਾ ਜਾਵੇ। ਹਜ਼ੂਰ ਨੇ ਉਸ ਦੀ ਬੇਨਤੀ ਸੁਣ ਕੇ ਸਿਖਾਂ ਨੂੰ ਭੇਜ ਕੇ ਉਹ ਅੰਨ ਸਫਲ ਕਰ ਦਿਤਾ। ਪਤਾ ਲਗਣ ਤੇ ਬ੍ਰਾਹਮਣਾਂ ਨੇ ਗੁਰੂ ਜੀ ਨੂੰ ਆ ਕੇ ਕਿਹਾ, "ਆਪ ਇਤਨੇ ਵੱਡੇ ਗੁਰੂ ਹੋ ਕੇ ਕੁਝ ਸੂਤਕ ਪਾਤਕ ਦਾ ਵਿਚਾਰ ਨਹੀਂ ਕਰਦੇ ਇਹ ਆਪ ਲਈ ਚੰਗਾ ਨਹੀਂ ਹੈ।"

ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ ਨਾਮ ਸਿਮਰਨ ਕਰਨ ਵਾਲਿਆਂ ਨੂੰ ਕੋਈ ਸੂਤਕ ਪਾਤਕ ਨਹੀਂ ਹੈ ਸੂਤਕ ਪਾਤਕ ਮਨਮੁਖਾਂ ਨੂੰ ਹੁੰਦੇ ਹਨ। ਯਥਾ:- ਮਨਮੁਖਿ ਸੂਤਕੁ ਕਬਹਿ ਨ ਜਾਇ॥ ਜੇ ਸੂਤਕ ਦੀ ਵਿਚਾਰ ਕਰਨ ਲਗੀਏ ਤਾਂ ਸੂਤਕ ਹਰ ਜਗ੍ਹਾਂ ਪਰ ਹੈ-

ਮਨ ਕਾ ਸੂਤਕੁ ਦੂਜਾ ਭਾਉ॥ ਭਰਮੇ ਭੂਲੇ ਆਵਉ ਜਾਉ॥ ੧॥

ਦ੍ਵੈਤ ਭਾ ਹੋਣਾ ਇਹ ਮਨ ਦਾ ਸੂਤਕ ਹੈ। ਭਰਮ ਵਿਚ ਭੁਲਣੇ ਕਰਕੇ ਤਮਾਮ ਜੀਵ ਆਵਉ ਜਾਉ=ਜੰਮਦੇ

ਮਰਦੇ ਹਨ॥ ੧॥

ਮਨਮੁਖਿ ਸੂਤਕੁ ਕਬਹਿ ਨ ਜਾਇ॥

ਓਨਾ ਚਿਰ ਮਨਮੁਖਾਂ ਦਾ ਸੂਤਕ ਕਦੇ ਭੀ ਨਹੀਂ ਜਾਂਦਾ।

ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ॥ ੧,॥ ਰਹਾਉ॥

ਜਿੰਨਾ ਚਿਰ ਗੁਰਾਂ ਦਾ ਉਪਦੇਸ਼ ਲੈ ਕੇ ਹਰੀ ਦੇ ਨਾਮ ਸਿਮਰਨ ਵਿਚ ਨਹੀਂ ਭਿਜਦਾ॥ ੧॥ ਰਹਾਉ॥

ਸਭੋ ਸੂਤਕੁ ਜੇਤਾ ਮੋਹੁ ਆਕਾਰੁ॥ ਮਰਿ ਮਰਿ ਜੰਮੈ ਵਾਰੋ ਵਾਰ॥ ੨॥

ਜਿੰਨਾ ਕੁ ਆਕਾਰੁ=ਸਰੀਰਾਂ ਵਿਚ ਮੋਹ ਕਰਨਾ ਹੈ ਉਹ ਸਾਰਾ ਸੂਤਕ ਰੂਪ ਹੈ। ਜਿਸ ਮੋਹ ਕਰਕੇ ਜੀਵ ਵਾਰੋਵਾਰ=ਵਾਰੰਵਾਰ ਭਾਵ ਮੁੜ ਮੁੜ ਕੇ ਜੰਮਦਾ ਮਰਦਾ ਹੈ॥ ੨॥

ਸੂਤਕੁ ਅਗਨਿ ਪਉਣੈ ਪਾਣੀ ਮਾਹਿ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ॥ ੩॥

ਅਗਨੀ ਅਤੇ ਪੌਣ ਪਾਣੀ ਦੇ ਵਿਚ ਭੀ ਸੂਤਕ ਹੈ। ਜਿਤਨਾ ਕੁ ਕੁਝ ਭੋਜਨ ਖਾਂਦਾ ਹੈ ਉਸ ਦੇ ਵਿਚ ਭੀ ਸੂਤਕ ਹੈ॥ ੩॥

ਸੂਤਕਿ ਕਰਮ ਨ ਪੂਜਾ ਹੋਇ॥ ਨਾਮਿ ਰਤੇ ਮਨੁ ਨਿਰਮਲੁ ਹੋਇ॥ ੪॥

ਠਾਕੁਰ ਪੂਜਾ ਆਦਿਕ ਕਰਮਾਂ ਦੇ ਕਰਨ ਵਿਚ ਭੀ ਸੂਤਕ ਹੋ ਰਿਹਾ ਹੈ। ਵਾ:-ਕਰਮਾਂ ਦੇ ਕਰਨ ਵਿਚ ਸੂਤਕ ਹੈ ਇਸ ਕਰਕੇ ਠਾਕੁਰ ਪੂਜਾ ਨਹੀਂ ਹੋ ਸਕਦੀ। ਜੋ ਨਾਮੀ ਦੇ ਨਾਮ ਵਿਚ ਰੱਤੇ ਹਨ ਉਨ੍ਹਾਂ ਦਾ ਮਨ ਨਿਰਮਲ ਹੁੰਦਾ ਹੈ। ਨਿਰਮਲ ਮਨ ਵਾਲਿਆਂ ਨੂੰ ਕੋਈ ਸੂਤਕ ਨਹੀਂ॥ ੪॥

ਸਤਿਗੁਰੁ ਸੇਵਿਐ ਸੂਤਕੁ ਜਾਇ॥ ਮਰੈ ਨ ਜਨਮੈ ਕਾਲੁ ਨ ਖਾਇ॥ ੫॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਸੂਤਕ ਦਾ ਭਰਮ ਚਲਿਆ ਜਾਂਦਾ ਹੈ। ਫਿਰ ਉਹ ਜੰਮਦਾ ਮਰਦਾ ਨਹੀਂ ਅਤੇ ਨਾ ਹੀ ਉਸ ਨੂੰ ਕਾਲ ਖਾਂਦਾ ਹੈ॥ ੫॥

ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ॥ ਵਿਣੁ ਨਾਵੈ ਕੋ ਮੁਕਤਿ ਨ ਹੋਇ॥ ੬॥

ਬੇਸ਼ਕ ਭਾਵੇਂ ਕੋਈ ਛੇ ਸ਼ਾਸਤ੍ਰਾਂ ਤੇ ਸਤਾਈ ਸਿੰਮ੍ਰਿਤੀਆਂ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਦੇਖ ਲਓ, ਸਾਰੇ ਗ੍ਰੰਥ ਏਹੋ ਆਖਦੇ ਹਨ ਕਿ ਨਾਮ ਸਿਮਰਨ ਤੋਂ ਬਿਨਾਂ ਕੋਈ ਪੁਰਸ਼ ਮੁਕਤ-ਰੂਪ ਨਹੀਂ ਹੁੰਦਾ॥ ੬॥

ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥ ੭॥

ਚੌਹਾਂ ਜੁਹਾਂ ਵਿਚ ਗੁਰ ਸਬਦ ਦਾ ਵਿਚਾਰ ਕਰਨਾ ਤੇ ਨਾਮ ਜਪਣਾ ਹੀ ਸਭ ਤੋਂ ਉੱਤਮ ਕਰਮ ਹੈ। ਕਲਜੁਗ ਵਿਚ ਗੁਰਮੁਖ ਨਾਮ ਜਪ ਕੇ ਸੰਸਾਰ ਸਮੁੰਦ੍ਰ ਤੋਂ ਪਾਰ ਉਤਰਦੇ ਹਨ॥ ੭॥

ਸਾਚਾ ਮਰੈ ਨ ਆਵੈ ਜਾਇ॥ ਨਾਨਕ ਗੁਰਮੁਖਿ ਰਹੈ ਸਮਾਇ॥ ੮॥ ੧॥

ਗੁਰੂ ਜੀ ਕਥਨ ਕਰਦੇ ਹਨ-ਜੋ ਸਚਾ ਪ੍ਰਭੂ ਨਾ ਜੰਮਦਾ ਹੈ ਨਾ ਮਰਦਾ ਹੈ, ਨਾ ਆਉਂਦਾ ਹੈ ਨਾ ਜਾਂਦਾ ਹੈ, ਗੁਰਮੁਖ ਜਨ ਉਸ ਸਚੇ ਪ੍ਰਭੂ ਵਿਚ ਸਮਾ ਰਹਿੰਦੇ ਹਨ॥ ੮॥ ੧॥

ਗਉੜੀ ਮਹਲਾ ੩ ॥

ਇਹ ਸ਼ਬਦ ਭੀ ਉਨ੍ਹਾਂ ਪੰਡਿਤਾਂ ਪ੍ਰਤੀ ਉਚਾਰਿਆ ਹੈ।

ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ ਹਰਿ ਜੀਉ ਰਾਖਹੁ ਹਿਰਦੈ ਉਰ ਧਾਰਾ ॥

ਹੇ ਭਾਈ ! ਗੁਰਮੁਖਾਂ ਦੀ ਜੋ ਸੇਵਾ ਕਰਨੀ ਹੈ ਏਸੇ ਨੂੰ ਪ੍ਰਾਣਾਂ ਦਾ ਆਸਰਾ ਬਣਾਓ, ਅਤੇ ਹਰਿ ਜੀ ਨੂੰ ਆਪਣੇ ਹਿਰਦੇ ਦੇ ਉਰ=ਵਿਚ ਧਾਰਨ ਕਰਕੇ ਰਖੋ।

ਗੁਰਮੁਖਿ ਸੋਭਾ ਸਾਚ ਦੁਆਰਾ ॥ ੧ ॥ ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥

ਸਤਸੰਗ ਰੂਪ ਸਚੇ ਦੁਆਰੇ ਅੰਦਰ ਗੁਰਮੁਖ ਹੀ ਸੋਭਾ ਪਾਉਂਦੇ ਹਨ॥ ੧॥

ਹੇ ਪੰਡਿਤ ! ਵਿਕਾਰਾਂ ਨੂੰ ਤਿਆਗ ਕੇ ਹਰੀ ਨਾਮ ਸਬੰਧੀ ਗ੍ਰੰਥਾਂ ਨੂੰ ਪੜੋ।

ਗੁਰਮੁਖਿ ਭਉਜਲੁ ਉਤਰਹੁ ਪਾਰਾ ॥ ੧ ॥ ਰਹਾਉ ॥

ਅਤੇ ਗੁਰਮੁਖਾਂ ਦਾ ਸੰਗ ਕਰਕੇ ਸੰਸਾਰ ਸਮੁੰਦ੍ਰ ਤੋਂ ਪਾਰ ਉਤਰਨਾ ਕਰੋ॥ ੧॥ ਰਹਾਉ॥

[ਪੰਨਾ ੨੩੦]

ਗੁਰਮੁਖਿ ਵਿਚਹੁ ਹਉਮੈ ਜਾਇ ॥ ਗੁਰਮੁਖਿ ਮੈਲੁ ਨ ਲਾਗੈ ਆਇ ॥

ਗੁਰਮਖਾਂ ਦੇ ਹਿਰਦੇ ਵਿਚੋਂ ਹੰਗਤਾ ਮਮਤਾ ਨਵਿਰਤ ਹੋ ਜਾਂਦੀ ਹੈ। ਗੁਰਮੁਖਾਂ ਦੇ ਹਿਰਦੇ ਵਿਚ ਫਿਰ ਅਵਿਦਿਆ, ਵਾ:-ਪਾਪਾਂ ਰੂਪੀ ਮੈਲ ਆ ਕੇ ਲਗਦੀ ਨਹੀਂ ਹੈ। ਕਿਉਂਕਿ-

ਗੁਰਮੁਖਿ ਨਾਮੁ ਵਸੈ ਮਨਿ ਆਇ ॥ ੨ ॥

ਗੁਰਮੁਖਾਂ ਦੇ ਮਨ ਵਿਚ ਨਾਮ ਆ ਕੇ ਵਸਦਾ ਰਹਿੰਦਾ ਹੈ॥ ੨॥

ਗੁਰਮੁਖਿ ਕਰਮ ਧਰਮ ਸਚਿ ਹੋਈ ॥ ਗੁਰਮੁਖਿ ਅਹੰਕਾਰੁ ਜਲਾਏ ਦੋਈ ॥

ਗੁਰਮੁਖਾਂ ਦੇ ਕਰਮ ਧਰਮ ਕੀਤੇ ਹੋਏ ਸਚਿ+ਹੋਈ=ਸਫਲ ਹੁੰਦੇ ਹਨ। ਗੁਰਮੁਖਾਂ ਨੇ ਜਾਤੀ ਹੰਕਾਰ ਤੇ ਦੋਈ=ਦ੍ਵੈਤ, ਵਾ:-ਦੋ ਰਾਗ ਦ੍ਵੈਸ਼ ਹਰਖ ਸੋਗ ਆਦਿਕ ਵਿਕਾਰ ਜਲਾਏ=ਸਾੜ ਦਿੱਤੇ ਹਨ।

ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥ ੩ ॥

ਗੁਰਮੁਖ ਜਨ ਨਾਮੀ ਦੇ ਨਾਮ ਸਿਮਰਨ ਵਿਚ ਰੱਤੇ ਰਹਿੰਦੇ ਹਨ ਇਸ ਕਰਕੇ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੩॥

ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥ ਲੋਕ ਸਮਝਾਵਹੁ ਸੁਣੇ ਨ ਕੋਈ ॥

ਆਪਣੇ ਮਨ ਨੂੰ ਪਰਬੋਧਹੁ=ਸਮਝਾਕੇ ਉਸ ਪਰਮਾਤਮਾ ਨੂੰ ਬੁਝਣਾ ਕਰੋ। ਵਾ:-ਜਿਸ ਤਰ੍ਹਾਂ ਆਪਣੇ ਮਨ ਨੂੰ ਪਰਬੋਧਹੁ=ਗਿਆਨ ਪ੍ਰਾਪਤ ਹੋਵੇ, ਉਸ ਜੁਗਤੀ ਨੂੰ ਬੂਝਹੁ=ਪੁਛਣਾ ਕਰੋ। ਕਿਉਂਕਿ ਆਪਣੇ ਮਨ ਨੂੰ ਗਿਆਨ ਹੋਏ ਤੋਂ ਬਿਨਾਂ ਜੇਕਰ ਲੋਕਾਂ ਨੂੰ ਸਮਝਾਓਗੇ ਤਾਂ ਤੁਹਾਡਾ ਕਿਹਾ ਕੋਈ ਭੀ ਨਹੀਂ ਸੁਣੇਗਾ॥

ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥ ੪ ॥

ਗੁਰਾਂ ਦੁਆਰੇ ਇਸ ਭੇਦ ਨੂੰ ਸਮਝੋ ਤਾਂ ਤੁਹਾਨੂੰ ਨਿਤ ਸੁਖ ਪ੍ਰਾਪਤ ਹੋਵੇਗਾ॥ ੪॥

ਮਨਮੁਖਿ ਡੰਫੁ ਬਹੁਤੁ ਚਤੁਰਾਈ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ॥

ਮਨਮੁਖ ਦੇ ਹਿਰਦੇ ਵਿਚ ਡੰਫੁ=ਪਖੰਡ ਤੇ ਚਤੁਰਾਈ ਬਹੁਤ ਹੈ। ਇਸ ਲਈ ਮਨਮੁਖ ਪੁਰਸ਼ ਜੋ ਕੁਝ ਭੀ ਕਰਮ ਕਮਾਂਦਾ ਹੈ ਉਹ ਕਬੂਲ ਨਹੀਂ ਪੈਂਦਾ।

ਆਵੈ ਜਾਵੈ ਠਉਰ ਨ ਕਾਈ॥ ੫॥

ਚੌਰਾਸੀਂ ਲੱਖ ਜੂਨ ਵਿਚ ਆਉਂਦਾ ਜਾਂਦਾ ਹੈ ਠਹਿਰਣ ਵਾਸਤੇ ਕੋਈ ਜਗ੍ਹਾ ਨਹੀਂ ਮਿਲਦੀ॥ ੫॥

ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ॥
ਬਗ ਜਿਉ ਲਾਇ ਬਹੈ ਨਿਤ ਧਿਆਨਾ॥

ਮਨਮੁਖ ਪੁਰਸ਼ ਬਹੁਤ ਹੰਕਾਰ ਦੇ ਸਹਿਤ ਹੋਇਆ ਕਰਮ ਕਰਦਾ ਹੈ। ਬਗੁਲੇ ਵਾਂਗੂੰ ਨਿਤ ਹੀ ਧਿਆਨ ਲਗਾ ਬਹਿੰਦਾ ਹੈ।

ਜਮਿ ਪਕੜਿਆ ਤਬ ਹੀ ਪਛੁਤਾਨਾ॥ ੬॥

ਜਿਸ ਵੇਲੇ ਜਮਾਂ ਨੇ ਆ ਕੇ ਫੜਿਆ ਤਿਸ ਵੇਲੇ ਹੀ ਪਸ਼ਚਾਤਾਪ ਕਰਦਾ ਹੈ॥ ੬॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ॥ ਗੁਰ ਪਰਸਾਦੀ ਮਿਲੈ ਹਰਿ ਸੋਈ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਕਿਸੇ ਦੀ ਮੁਕਤੀ ਨਹੀਂ ਹੋਈ।

ਗਰਾਂ ਦੀ ਕਿਰਪਾ ਨਾਲ ਹੀ ਉਹ ਹਰੀ ਮਿਲਦਾ ਹੈ।

ਗੁਰੁ ਦਾਤਾ ਜੁਗ ਚਾਰੇ ਹੋਈ॥ ੭॥

ਚੌਹਾਂ ਜੁਗਾਂ ਵਿਚ ਗੁਰੂ ਹੀ ਦਾਤੇ ਹੋ ਰਹੇ ਹਨ, ਕਿਉਂਕਿ ਗੁਰਾਂ ਪਾਸੋਂ ਹੀ ਉੱਤਮ ਜਗਿਆਸੂ ਨੂੰ ਮੁਕਤੀ ਦੀ ਦਾਤ ਪ੍ਰਾਪਤ ਹੋਈ ਹੈ॥ ੭॥

ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ॥
ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ॥

ਗੁਰਮੁਖਾਂ ਦੀ ਜਾਤੀ, ਪਤਿ=ਇੱਜ਼ਤ ਤੇ ਵਡਿਆਈ ਇਕ ਨਾਮ ਹੀ ਹੈ। ਗੁਰਮੁਖਾਂ ਨੇ ਸਾਇਰ=ਸਮੁੰਦ੍ਰ ਦੀ ਪੁਤ੍ਰੀ=ਲਛਮੀ (ਮਾਇਆ) ਬਿਦਾਰਿ=ਮਾਰ ਕੇ ਗੁਆ ਦਿਤੀ ਹੈ। ਅਥਵਾ:-ਜੋ ਬਿਦਾਰਨੇ ਵਾਲੀ ਸੀ ਉਹ ਗੁਆ ਦਿਤੀ ਹੈ। ਵਾ:-ਬਿਦਾਰਿ=ਹੁਸ਼ਿਆਰ ਹੋ ਕੇ ਗੁਆ ਦਿਤੀ ਹੈ।

ਨਾਨਕ ਬਿਨੁ ਨਾਵੈ ਝੂਠੀ ਚਤੁਰਾਈ॥ ੮॥ ੨॥

ਗੁਰੂ ਜੀ ਕਥਨ ਕਰਦੇ ਹਨ-ਨਾਮ ਤੋਂ ਬਿਨਾਂ ਸਾਰੀ ਚਤੁਰਾਈ ਝੂਠੀ ਹੈ॥ ੮॥ ੨॥

ਗਉੜੀ ਮਃ ੩॥

ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ॥ ਪੂਰੈ ਗੁਰਿ ਸਭ ਸੋਝੀ ਪਾਈ॥

ਹੇ ਭਾਈ ! ਇਸ ਕਲਜੁਗ ਦਾ ਧਰਮ ਜੋ ਨਾਮ ਹੈ ਉਸ ਨਾਮ ਨੂੰ ਤੁਸੀਂ ਪੜ੍ਹਣਾ ਕਰੋ। ਮੈਨੂੰ ਪੂਰਿਆਂ ਗੁਰਾਂ

ਨੇ ਸਾਰੀ ਸੋਝੀ=ਗਿਆਤ ਪਾ ਦਿਤੀ ਹੈ। ਕਿ-

ਐਥੈ ਅਗੈ ਹਰਿ ਨਾਮੁ ਸਖਾਈ ॥ ੧ ॥

ਐਥੇ ਅਗੈ=ਲੋਕ ਪ੍ਰਲੋਕ ਵਿਚ ਇਕ ਨਾਮ ਹੀ ਜੀਵ ਦੀ ਸਖਾਈ=ਸਹਾਇਤਾ (ਮੱਦਦ) ਕਰਦਾ ਹੈ॥ ੧॥

ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ ਮੈਲੁ ਉਤਾਰੁ ॥ ੧ ॥ ਰਹਾਉ ॥

ਹੇ ਭਾਈ ! ਰਾਮ ਨਾਮ ਪੜ੍ਹਣਾ ਕਰੋ ਅਤੇ ਮਨ ਵਿਚ ਭੀ ਨਾਮ ਦੀ ਵਿਚਾਰ ਕਰੋ। ਗੁਰਾਂ ਦੀ ਕਿਰਪਾ ਦੁਆਰੇ ਪਾਪਾਂ ਦੀ ਮੈਲ ਨੂੰ ਉਤਾਰਨਾ ਕਰੋ॥ ੧॥ ਰਹਾਉ॥

ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ ਦੂਜੈ ਭਾਇ ॥

ਕਿਸੇ ਨਾਲ ਵਾਦਿ=ਝਗੜੇ, ਤੇ ਕਿਸੇ ਨਾਲ ਵਿਰੋਧ ਕੀਤਿਆਂ ਉਹ ਪ੍ਰਭੂ ਨਹੀਂ ਪਾਇਆ ਜਾਂਦਾ। ਕਿਉਂਕਿ ਦ੍ਵੈਤ ਭਾ ਵਿਚ ਲੱਗ ਕੇ ਮਨ ਤਨ ਫਿਕਾ ਹੋ ਰਿਹਾ ਹੈ।

ਗੁਰ ਕੈ ਸਬਦਿ ਸਚਿ ਲਿਵ ਲਾਇ ॥ ੨ ॥

ਗੁਰਾਂ ਦੇ ਉਪਦੇਸ਼ ਦੁਆਰਾ ਤੂੰ ਸਚ ਵਿਖੇ ਬਿਰਤੀ ਲਗਾਣਾ ਕਰ॥ ੨ ॥

ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥

ਇਹ ਸਾਰਾ ਸੰਸਾਰ ਹਉਮੈ ਦੀ ਮੈਲ ਕਰਕੇ ਮੈਲਾ ਹੋ ਰਿਹਾ ਹੈ। ਨਿਤ ਹੀ ਤੀਰਥਾਂ ਤੇ ਇਸ਼ਨਾਨ ਕਰਦਾ ਹੈ ਤੋਭੀ ਹੰਕਾਰ ਨਹੀਂ ਜਾਂਦਾ।

ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥ ੩ ॥

ਗੁਰੂ ਨੂੰ ਮਿਲੇ ਤੋਂ ਬਿਨਾਂ ਹੰਕਾਰ ਨਹੀਂ ਜਾਂਦਾ, ਏਸੇ ਕਰਕੇ ਹੰਕਾਰੀ ਨੂੰ ਜਮ ਖੁਆਰਾ=ਖਰਾਬ ਕਰਦਾ ਹੈ॥ ੩ ॥

ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥

ਅੰਨਵੇਂ ਅੱਖਰਾਂ ਵਲ ਖਿਆਲ ਰਖਣਾ:-ਜਿਹੜਾ ਪੁਰਸ਼ ਗੁਰਾਂ ਦੇ ਉਪਦੇਸ਼ ਕਰਕੇ ਪੰਜ ਕਾਮ ਆਦਿਕਾਂ ਨੂੰ ਸੰਘਾਰੈ=ਮਾਰਦਾ ਹੈ, ਅਤੇ ਹੰਗਤਾ ਮਮਤਾ ਨੂੰ ਭੀ ਮਾਰਦਾ ਹੈ ਉਹ ਪੁਰਸ਼ ਸੱਚਾ ਹੈ।

ਆਪਿ ਤਰੈ ਸਗਲੇ ਕੁਲ ਤਾਰੈ ॥ ੪ ॥

ਉਹ ਆਪ ਸੰਸਾਰ ਸਮੁੰਦ੍ਰ ਤੋਂ ਤਰਦਾ ਹੈ, ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ॥ ੪ ॥

ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥

ਈਸ਼੍ਵਰ ਰੂਪ ਨਟ ਨੇ ਮੋਹਿ=ਮੋਹਣੇ ਵਾਲੀ ਮਾਇਆ ਦੁਆਰੇ ਸੰਸਾਰ ਰੂਪ ਬਾਜੀ ਪਾਈ ਹੈ।

ਵਾ:-ਮੋਹਣੇ ਵਾਲੀ ਮਾਇਆ ਨੇ ਨਟ ਵਾਂਗੂੰ ਸੰਸਾਰ ਰੂਪ ਬਾਜੀ ਪਾਈ ਹੈ। ਮਨਮੁਖ ਅੰਨ੍ਹੇ ਉਸ ਸੰਸਾਰ ਬਾਜੀ ਵਿਚ ਹੀ ਲੰਪਟ ਹੋ ਰਹੇ ਹਨ।

ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥ ੫ ॥

ਪਰ ਗੁਰਮੁਖ ਲੋਕ ਪ੍ਰਭੂ ਦੇ ਸਿਮਰਣ ਵਿਚ ਲਿਵ=ਬਿਰਤੀ ਲਗਾਕੇ ਸੰਸਾਰ ਤੋਂ ਅਸੰਗ ਹੋ ਰਹੇ ਹਨ॥ ੫॥

ਬਹੁਤੇ ਭੇਖ ਕਰੈ ਭੇਖਧਾਰੀ॥ ਅੰਤਰਿ ਤਿਸਨਾ ਫਿਰੈ ਅਹੰਕਾਰੀ॥

ਜੋ ਭੇਖਧਾਰੀ ਪੁਰਸ਼ ਸਰੀਰ ਤੇ ਬਹੁਤੇ ਭੇਖ ਧਾਰਨ ਕਰਦਾ ਹੈ। ਹਿਰਦੇ ਅੰਦਰ ਪਦਾਰਥਾਂ ਦੀ ਤ੍ਰਿਸ਼ਨਾਂ ਹੈ ਤੇ ਹੰਕਾਰੀ ਹੋਇਆ ਫਿਰਦਾ ਹੈ। ਵਾ:-ਹੰਕਾਰੀ ਹੋ ਕੇ ਪਦਾਰਥਾਂ ਦੀ ਤ੍ਰਿਸ਼ਨਾਂ ਅੰਦਰ ਫਿਰਦਾ ਹੈ।

ਆਪੁ ਨ ਚੀਨੈ ਬਾਜੀ ਹਾਰੀ॥ ੬॥

ਆਪਣੇ ਸਰੂਪ ਨੂੰ ਜਾਣਦਾ ਨਹੀਂ ਹੈ, ਉਸ ਨੇ ਮਨੁੱਖਾ ਦੇਹ ਰੂਪੀ ਬਾਜੀ ਹਾਰ ਦਿੱਤੀ ਹੈ॥ ੬॥

ਕਾਪੜ ਪਹਿਰਿ ਕਰੇ ਚਤੁਰਾਈ॥ ਮਾਇਆ ਮੋਹਿ ਅਤਿ ਭਰਮਿ ਭੁਲਾਈ॥

ਜੋ ਸੁੰਦਰ ਕਪੜੇ ਪਹਿਰਕੇ ਚਤੁਰਾਈ ਕਰਦਾ ਹੈ,

ਤੇ ਅਤਿ=ਵੱਡੇ ਭਰਮ ਕਰ ਕੇ ਮਾਇਆ ਦੇ ਮੋਹ ਵਿਚ ਭੁਲਿਆ ਫਿਰਦਾ ਹੈ।

ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ॥ ੭॥

ਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਉਹ ਪੁਰਸ਼ ਦੁਖਾਂ ਨੂੰ ਪਾਣਾ ਕਰਦਾ ਹੈ॥ ੭॥

ਨਾਮਿ ਰਤੇ ਸਦਾ ਬੈਰਾਗੀ॥ ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ॥

ਜੋ ਨਾਮੀ ਦੇ ਨਾਮ ਵਿਖੇ ਰਤੇ ਰਹਿੰਦੇ ਹਨ, ਉਹ ਸਦਾ ਹੀ ਸੰਸਾਰ ਵਲੋਂ ਵੈਰਾਗਵਾਨ ਹੋ ਕੇ ਰਹਿੰਦੇ ਹਨ, ਵਾ:-ਜੋ ਬੈਰਾਗੀ=ਪ੍ਰੇਮੀ ਹੋ ਕੇ ਨਾਮੀ ਦੇ ਨਾਮ ਵਿਚ ਸਦਾ ਰਤੇ ਰਹਿੰਦੇ ਹਨ। ਉਨ੍ਹਾਂ ਦੀ ਗ੍ਰਿਹੀ=ਗ੍ਰਹਿਸਥ ਦੇ ਅੰਦਰ ਰਹਿੰਦਿਆਂ ਹੀ ਸਚ ਵਿਚ ਲਿਵ ਲਗੀ ਰਹਿੰਦੀ ਹੈ।

ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ-ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹ ਵਡਿਆਂ ਭਾਗਾਂ ਵਾਲੇ ਹਨ॥ ੮॥ ੩॥

ਗਉੜੀ ਮਹਲਾ ੩ ॥

ਬ੍ਰਹਮਾ ਮੂਲੁ ਵੇਦ ਅਭਿਆਸਾ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ॥

ਸਾਰੇ ਸੰਸਾਰ ਦਾ ਮੂਲ=ਕਾਰਣ ਜੋ ਬ੍ਰਹਮਾ ਹੈ ਜੋ ਨਿਤ ਵੇਦਾਂ ਦਾ ਅਭਿਆਸ ਕਰਦਾ ਹੈ। ਉਸ ਤੋਂ ਜੋ ਦੇਵਤੇ ਪੈਦਾ ਹੋਏ ਹਨ ਉਹ ਸਭ ਮਾਇਆ ਦੇ ਮੋਹ ਦੇ ਪਿਆਸੇ ਹੋਏ ਹਨ।

ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ॥ ੧॥

ਤ੍ਰਿਗੁਣਆਤਮਕ ਮਾਇਆ ਵਿਚ ਭਰਮਣੇ ਕਰਕੇ ਸਰੂਪ ਰੂਪੀ ਨਿਜ ਘਰ ਵਿਚ ਨਿਵਾਸ ਨਹੀਂ ਹੁੰਦਾ॥ ੧॥

ਹਮ ਹਰਿ ਰਾਖੇ ਸਤਿਗੁਰੂ ਮਿਲਾਇਆ॥

ਸਾਨੂੰ ਹਰੀ ਨੇ ਸਤਿਗੁਰਾਂ ਨਾਲ ਮਿਲਾ ਕੇ ਭਰਮ ਵਲੋਂ ਰਖ ਲਿਆ ਹੈ।

ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ॥ ੧॥ ਰਹਾਉ॥

ਸਤਿਗੁਰਾਂ ਨੇ ਰਾਤ ਦਿਨ ਭਗਤੀ ਕਰਨੀ ਤੇ ਹਰੀਨਾਮ ਦਾ ਜਾਪ ਕਰਨਾ ਦ੍ਰਿੜ੍ਹ ਕਰਵਾਇਆ ਹੈ॥ ੧॥ ਰਹਾਉ॥

ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ॥

ਰਜੋ, ਸਤੋ, ਤਮੋ, ਰੂਪ ਤਿੰਨਾਂ ਗੁਣਾਂ ਦੇ ਕਥਨ ਕਰਨ ਵਾਲੀ ਜੋ ਬ੍ਰਹਮ ਬਾਣੀ=ਬੇਦ ਬਾਣੀ ਹੈ, ਉਹ ਜੰਜਾਲ ਰੂਪ ਹੈ। ਵਾ:-ਬ੍ਰਹਮਾ ਦੀ ਬਾਣੀ ਜੋ ਬੇਦ ਹੈ ਉਹ ਤਾਂ ਤਿੰਨਾਂ ਗੁਣਾਂ ਦਾ ਜੰਜਾਲ ਰੂਪ ਹੈ। ਜਿਹੜਾ ਪੁਰਸ਼ ਉਸ ਬੇਦ ਬਾਣੀ ਨੂੰ ਪੜ੍ਹ ਕੇ ਵਾਦੁ=ਝਗੜਿਆਂ ਨੂੰ ਵਖਾਣਹਿ=ਕਥਨ ਕਰਦਾ ਹੈ ਭਾਵ ਆਪਸ ਵਿਚ ਵਿਤੰਡਾ ਵਾਦ ਕਰਦਾ ਹੈ ਉਸ ਦੇ ਸਿਰ ਉੱਤੇ ਜਮਕਾਲ ਡੰਡੇ ਮਾਰਦਾ ਹੈ।

[ਪੰਨਾ ੨੩੧]

ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥ ੨ ॥

ਤਤੁ=ਸਿਧਾਂਤ ਰੂਪ ਪਰਮੇਸ਼ਰ ਨੂੰ ਜਾਣਦੇ ਨਹੀਂ, ਪਰਾਲਾ=ਖਾਲੀ ਸੰਸਾਰਕ ਧੰਧਿਆਂ ਦੀਆਂ ਪੰਡਾਂ ਨੂੰ ਬੰਨ੍ਹਦੇ ਹਨ॥ ੨॥

ਮਨਮੁਖ ਅਗਿਆਨਿ ਕੁਮਾਰਗਿ ਪਾਏ ॥

ਮਨਮੁਖ ਪੁਰਸ਼ ਆਪ ਸਰੂਪ ਗਿਆਨ ਤੋਂ ਰਹਿਤ ਹੋਣ ਕਰਕੇ ਅਗਿਆਨੀ ਹਨ, ਅਤੇ ਹੋਰਨਾਂ ਨੂੰ ਭੀ ਕੁ+ਮਾਰਗਿ=ਖੋਟੇ ਰਸਤੇ ਭਾਵ ਪੁੱਠੇ ਰਸਤੇ ਵਿਚ ਪਾਂਦੇ ਹਨ।

ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥ ੩ ॥

ਮਨਮੁਖਾਂ ਨੇ ਆਪ ਹਰੀ ਨਾਮ ਭੁਲਾ ਦਿੱਤਾ ਹੈ, ਤੇ ਹੋਰਨਾਂ ਨੂੰ ਭੀ ਬਹੁਤ ਸਾਰੇ ਸਕਾਮ ਕਰਮ ਦ੍ਰਿੜ੍ਹ ਕਰਵਾਂਦੇ ਹਨ। ਦ੍ਵੈਤ ਭਾ ਕਰਕੇ ਸੰਸਾਰ ਸਮੁੰਦਰ ਵਿਚ ਡੁੱਬ ਰਹੇ ਹਨ॥ ੩॥

ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥

ਮਾਇਆ ਦਾ ਮੁਹਤਾਜੁ=ਮੁਥਾਜ ਹੈ, ਤੇ ਆਪਣੇ ਆਪ ਨੂੰ ਪੰਡਿਤ ਕਹਾਉਂਦਾ ਹੈ। ਬਿਖਿਆ=ਮਾਇਆ ਵਾ:-ਵਿਸ਼ੇ ਵਾਸ਼ਨਾਂ ਵਿਚ ਤਦਾਕਾਰ ਰਹਿਣ ਕਰਕੇ ਬਹੁਤਾ ਦੁੱਖ ਪਾਂਦਾ ਹੈ।

ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥ ੪ ॥

ਗਲ ਵਿਚ ਜਮਾਂ ਦਾ ਮੋਹ ਰੂਪ ਜੇਵੜਾ=ਫਾਹ ਹੈ ਇਸ ਕਰਕੇ ਅੰਤ ਸਮੇਂ ਕਾਲ ਉਸ ਨੂੰ ਨਿਤਾਪ੍ਰਤੀ ਅਤਾਂਵਦਾ ਭਾਵ ਦੁੱਖ ਦੇਂਦਾ ਹੈ॥ ੪॥

ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥

ਜਿਹੜੇ ਗੁਰਮੁਖ ਪੁਰਸ਼ ਹਨ ਉਨ੍ਹਾਂ ਦੇ ਨੇੜੇ ਜਮਕਾਲ ਨਹੀਂ ਆਉਂਦਾ। ਗੁਰਮੁਖ ਪੁਰਸ਼ ਗੁਰ ਉਪਦੇਸ਼ ਦੁਆਰਾ ਹਉਮੈ ਤੇ ਦੂਜਾ=ਦ੍ਵੈਤ ਭਾ ਨੂੰ ਜਲਾਵੈ=ਸਾੜਦੇ ਰਹਿੰਦੇ ਹਨ। ਅਤੇ-

ਨਾਮੇ ਰਾਤੇ ਹਰਿ ਗੁਣ ਗਾਵੈ ॥ ੫ ॥

ਨਾਮੀ ਦੇ ਨਾਮ ਵਿਚ ਰਤੇ ਹੋਏ ਹਰੀ ਦੇ ਗੁਣਾਂ ਨੂੰ ਗਾਂਵਦੇ ਰਹਿੰਦੇ ਹਨ॥ ੫॥

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲ ਪਾਵੈ ॥

ਮਾਇਆ ਦਾਸੀ ਭਾਵ ਦੇ ਸਹਿਤ ਹੋ ਕੇ ਭਗ਼ਤਾਂ ਦੀ ਸੇਵਾ ਰੂਪੀ ਕਾਰ ਨੂੰ ਕਮਾਂਵਦੀ ਹੈ।

ਕਿਉਂਕਿ ਜੇਕਰ ਭਗਤਾਂ ਦੀ ਚਰਨੀ ਲੱਗੇ ਤਾਂ ਹੀ ਮਹਲੁ=ਸਫਲ ਹੋਣਾ ਪਾਂਵਦੀ ਹੈ।

ਅਥਵਾ:-ਜੇਕਰ ਜਗਿਆਸੂ ਉਨ੍ਹਾਂ ਭਗਤਾਂ ਦੇ ਚਰਨੀ ਲਗ ਜਾਵੇ ਤਾਂ ਮਹਲੁ=ਸਰੂਪ ਨੂੰ ਪਾਂਵਦਾ ਹੈ।

ਸਦ ਹੀ ਨਿਰਮਲੁ ਸਹਜਿ ਸਮਾਵੈ॥ ੬॥

ਤੇ ਹਮੇਸ਼ਾਂ ਹੀ ਨਿਰਮਲ ਰਹਿੰਦਾ ਹੈ, ਅਤੇ ਸਹਜਿ=ਸ਼ਾਂਤੀ ਵਿਚ ਸ਼ਮਾ ਜਾਂਦਾ ਹੈ॥ ੬॥

ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ॥

ਜੋ ਪੁਰਸ਼ ਹਰੀ ਦੀ ਕਥਾ ਸੁਣਦੇ ਹਨ ਉਹ ਕਲਜੁਗ ਵਿਚ ਧਨ ਵਾਲੇ ਧਨਾਢ ਦਿਸਦੇ ਹਨ।

ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ॥

ਸਾਰੇ ਲੋਕ ਉਨ੍ਹਾਂ ਨੂੰ ਨਿਉਂਕੇ ਮੱਥਾ ਟੇਕਦੇ ਹਨ, ਅਤੇ ਰਾਤ ਦਿਨ ਉਨ੍ਹਾਂ ਦੀ ਪੂਜਾ ਕਰਦੇ ਹਨ।

ਸਹਜੇ ਗੁਣ ਰਵਹਿ ਸਾਚੇ ਮਨ ਮਾਹੀ॥ ੭॥

ਕਿਉਂਕਿ ਉਹ ਸੁਭਾਵਕ ਹੀ ਸਚੇ ਦੇ ਗੁਣਾਂ ਨੂੰ ਮਨ ਵਿਚ ਰਵਹਿ=ਉਚਾਰਦੇ ਰਹਿੰਦੇ ਹਨ॥ ੭॥

ਪੂਰੈ ਸਤਿਗੁਰਿ ਸਬਦੁ ਸੁਣਾਇਆ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ॥

ਪੂਰਿਆਂ ਸਤਿਗੁਰਾਂ ਨੇ ਜਿਸ ਨੂੰ ਆਪਣਾ ਉਪਦੇਸ਼ ਸੁਣਾਇਆ ਹੈ।

ਉਸਨੇ ਤਿੰਨਾਂ ਗੁਣਾਂ ਨੂੰ ਮੇਟ ਕੇ ਚਉਥੈ=ਤੁਰੀਆ ਪਦ ਵਿਚ ਚਿਤ ਨੂੰ ਲਗਾਇਆ ਹੈ।

ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ॥ ੮॥ ੪॥

ਗੁਰੂ ਜੀ ਕਥਨ ਕਰਦੇ ਹਨ-ਜਿਸਨੇ ਹਉਮੈ ਨੂੰ ਮਾਰਿਆ ਹੈ ਉਸ ਨੂੰ ਬ੍ਰਹਮ ਨੇ ਆਪਣੇ ਨਾਲ ਮਿਲਾਇਆ=ਅਭੇਦ ਕਰ ਲਿਆ ਹੈ॥ ੮॥ ੪॥

ਗਉੜੀ ਮਹਲਾ ੩ ॥

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਰਿ ਤਾਮਸੁ ਆਪੁ ਨ ਪਛਾਣੈ॥

ਬ੍ਰਹਮਾ ਵੇਦਾਂ ਨੂੰ ਪੜ੍ਹ ਕੇ ਵਾਦੁ=ਝਗੜਿਆਂ ਨੂੰ ਕਥਨ ਕਰਦਾ ਹੈ। ਹਿਰਦੇ ਅੰਦਰ ਤਮੋਗੁਣ ਹੋਣ ਕਰਕੇ ਆਪਣੇ ਆਪ ਨੂੰ ਪਛਾਣਦਾ ਨਹੀਂ ਹੈ। ਅਥਵਾ:-ਬ੍ਰਹਮਾ ਜਿਨ੍ਹਾਂ ਵੇਦਾਂ ਦਾ ਗ੍ਰੰਥੀ ਹੈ ਉਨ੍ਹਾਂ ਵੇਦਾਂ ਨੂੰ ਪੜ੍ਹ ਕੇ ਇਹ ਜੀਵ ਜਿਤ ਹਾਰ ਲਈ ਝਗੜਿਆਂ ਨੂੰ ਕਥਨ ਕਰਦਾ ਹੈ, ਹਿਰਦੇ ਅੰਦਰ ਤਮੋਗੁਣ ਹੋਣ ਕਰਕੇ ਆਪਣੇ ਸਰੂਪ ਨੂੰ ਨਹੀਂ ਪਛਾਣਦਾ।

ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥ ੧॥

ਜੇ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਨੂੰ ਵਖਾਣੈ=ਕਥਨ ਕਰੇ ਤਾਂ ਪ੍ਰਭੂ ਨੂੰ ਪਾਂਵਦਾ ਹੈ॥ ੧॥

ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ॥ ਮਨਮੁਖ ਖਾਧੇ ਦੂਜੈ ਭਾਇ॥੧॥ਰਹਾਉ॥

ਹੇ ਭਾਈ ! ਤੁਸੀ ਗੁਰਾਂ ਦੀ ਸੇਵਾ ਕਰੋ ਫਿਰ ਕਾਲ ਨਹੀਂ ਖਾਏਗਾ। ਦ੍ਵੈਤ ਭਾ ਵਿਚ ਪ੍ਰੇਮ ਕਰਨ ਨਾਲ ਮਨਮੁਖ ਪੁਰਸ਼ ਕਾਲ ਦੇ ਖਾਧੇ ਹੋਏ ਹਨ॥ ੧॥ ਰਹਾਉ॥

ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ॥ ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ॥

ਗੁਰਮੁਖਿ=ਗੁਰਾਂ ਦੁਆਰੇ ਅਪਰਾਧੀ=ਬੜੇ ਭਾਰੇ ਪਾਪੀ ਪੁਰਸ਼ ਭੀ ਸੀਧੇ=ਮੁਕਤ ਹੋ ਗਏ ਹਨ। ਕਿਉਂਕਿ

ਗੁਰਾਂ ਦੇ ਉਪਦੇਸ਼ ਕਰਕੇ ਸਹਜਿ=ਗਿਆਨ ਦੁਆਰਾ ਸਹਜਿ ਰੀਧੇ=ਸਾਂਤਿ ਸਰੂਪ ਪਰਮੇਸ਼ਰ ਅੰਦਰ ਅਭੇਦ ਹੋਏ ਹਨ।

ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ॥ ੨॥

ਗੁਰਾਂ ਦੇ ਉਪਦੇਸ਼ ਦੁਆਰਾ ਮਨ ਨੂੰ ਸਿਧਿਆਂ ਕਰਨ ਕਰਕੇ ਉਨ੍ਹਾਂ ਨੇ ਮੇਰੇ ਪ੍ਰਭੂ ਨੂੰ ਪਾ ਲਿਆ ਹੈ॥ ੨॥

ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ॥

ਜੋ ਪੁਰਸ਼ ਸਤਿਗੁਰਾਂ ਨੇ ਆਪਣੇ ਨਾਲ ਮੇਲੇ ਹਨ-ਉਨ੍ਹਾਂ ਨੂੰ ਪ੍ਰਭੂ ਨੇ ਆਪਣੇ ਨਾਲ ਮਿਲਾਇਆ ਹੈ। ਕਿਉਂਕਿ ਉਹ ਪੁਰਸ਼ ਮੇਰੇ ਸਚੇ ਪ੍ਰਭੂ ਦੇ ਮਨ ਵਿਚ ਭਾਏ=ਚੰਗੇ ਲਗੇ ਹਨ।

ਹਰਿ ਗੁਣ ਗਾਵਹਿ ਸਹਜਿ ਸੁਭਾਏ॥ ੩॥

ਉਹ ਸਹਜਿ ਸੁਭਾਏ=ਸੁਤੇ ਸਿਧ ਸ਼ਾਂਤੀ ਨਾਲ ਹਰੀ ਦੇ ਗੁਣਾਂ ਨੂੰ ਗਾਂਵਦੇ ਹਨ॥ ੩॥

ਬਿਨੁ ਗੁਰ ਸਾਚੇ ਭਰਮਿ ਭੁਲਾਏ॥ ਮਨਮੁਖ ਅੰਧੇ ਸਦਾ ਬਿਖੁ ਖਾਏ॥

ਜੋ ਪੁਰਸ਼ ਗੁਰਾਂ ਤੋਂ ਬਿਨਾਂ ਭਾਵ ਨਿਗੁਰੇ ਹਨ ਉਨ੍ਹਾਂ ਨੂੰ ਸਚੇ ਨੇ ਭਰਮ ਵਿਚ ਭੁਲਾ ਦਿਤਾ ਹੈ। ਉਹ ਮਨਮੁਖ ਅੰਨ੍ਹੇ ਸਦਾ ਹੀ ਵਿਸ਼ਿਆਂ ਰੂਪੀ ਜ਼ਹਿਰ ਨੂੰ ਖਾਂਦੇ ਹਨ।

ਜਮ ਡੰਡੁ ਸਹਹਿ ਸਦਾ ਦੁਖੁ ਪਾਏ॥ ੪॥

ਅੰਤ ਨੂੰ ਜਮ ਦੇ ਡੰਨ ਨੂੰ, ਵਾ:-ਡੰਡਿਆਂ ਨੂੰ ਸਹਾਰਦੇ ਹੋਏ ਸਦਾ ਦੁਖਾਂ ਨੂੰ ਪਾਂਦੇ ਹਨ॥ ੪॥

ਜਮੁਆ ਨ ਜੋਹੈ ਹਰਿ ਕੀ ਸਰਣਾਈ॥ ਹਉਮੈ ਮਾਰਿ ਸਚਿ ਲਿਵ ਲਾਈ॥

ਜਿਨ੍ਹਾਂ ਨੇ ਹਰੀ ਦੀ ਸ਼ਰਣ ਵਿਚ ਆਉਣਾ ਕੀਤਾ ਹੈ, ਉਨ੍ਹਾਂ ਨੂੰ ਜਮ ਦੇਖ ਨਹੀਂ ਸਕਦਾ।
ਅਤੇ ਜਿਨ੍ਹਾਂ ਨੇ ਹਉਮੈ ਨੂੰ ਮਾਰ ਕੇ ਸਚ ਵਿਖੇ ਲਿਵ ਲਗਾਈ ਹੈ, ਵਾ:- ਸਚੀ ਲਿਵ ਲਗਾਈ ਹੈ।

ਸਦਾ ਰਹੈ ਹਰਿ ਨਾਮਿ ਲਿਵ ਲਾਈ॥ ੫॥

ਉਹ ਸਦਾ ਹੀ ਹਰੀ ਨਾਮੀਂ ਵਿਖੇ ਲਿਵ=ਬਿਰਤੀ ਲਾਈ ਰਖਦੇ ਹਨ॥ ੫॥

ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ॥

ਜੋ ਪੁਰਸ਼ ਸਤਿਗੁਰਾਂ ਦੀ ਸੇਵਾ ਕਰਦੇ ਹਨ, ਉਹ ਪੁਰਸ਼ ਪਵਿੱਤ੍ਰ ਤੋਂ ਪਵਿੱਤ੍ਰ ਹਨ। ਵਾ:-ਉਹ ਪੁਰਸ਼ ਨਿਰਮਲ ਭੀ ਹਨ ਤੇ ਪਵਿੱਤ੍ਰ ਭੀ ਹਨ। ਕਾਲੀ ਲੋਈ ਪਵਿੱਤ੍ਰ ਤਾਂ ਹੈ ਪਰ ਨਿਰਮਲ ਨਹੀਂ।

ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ॥
ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ॥ ੬॥

ਜਿਨ੍ਹਾਂ ਨੇ ਗੁਰਾਂ ਦੇ ਮਨੁ=ਮੰਤ੍ਰ ਨਾਲ ਮਨ ਨੂੰ ਮਿਲਾਇਆ ਹੈ, ਉਨ੍ਹਾਂ ਨੇ ਸਾਰਾ ਜਗਤ ਜਿੱਤ ਲਿਆ ਹੈ। ਹੇ ਮੇਰੇ ਮਿਤ੍ਰ ! ਇਸ ਵਿਧੀ ਕਰਕੇ ਤੇਰੇ ਅੰਦਰ ਭੀ ਕੁਸਲੁ=ਸੁਖ ਪ੍ਰਾਪਤ ਹੋਵੇਗਾ॥ ੬॥

ਸਤਿਗੁਰੂ ਸੇਵੇ ਸੋ ਫਲੁ ਪਾਏ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ॥

ਜੋ ਸਤਿਗੁਰਾਂ ਨੂੰ ਸੇਂਵਦਾ ਹੈ ਉਹ ਧਰਮ ਅਰਥ ਕਾਮ ਮੋਖ ਰੂਪ ਚਾਰੇ ਫਲਾਂ ਨੂੰ ਪਾਂਵਦਾ ਹੈ ਤੇ ਹਿਰਦੇ

ਵਿਚੋਂ ਆਪਾ ਭਾ ਹੰਕਾਰ ਨੂੰ ਗੁਆ ਕੇ ਅੱਠੇ ਪਹਿਰ ਨਾਮ ਜਪਦਾ ਰਹਿੰਦਾ ਹੈ।

ਅਨਹਦ ਬਾਣੀ ਸਬਦੁ ਵਜਾਏ ॥ ੭ ॥

ਅਤੇ ਅਨਹਦ=ਇਕ ਰਸ ਗੁਰਾਂ ਦੀ ਉਪਦੇਸ਼ ਬਾਣੀ ਨੂੰ ਵਜਾਏ=ਉਚਾਰਦਾ ਰਹਿੰਦਾ ਹੈ॥ ੭॥

ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥

ਹੇ ਮੇਰੇ ਭਾਈ ! ਸਤਿਗੁਰਾਂ ਤੋਂ ਕਿਹੜਾ ਕਿਹੜਾ ਨਹੀਂ ਮੁਕਤੀ ਨੂੰ ਪ੍ਰਾਪਤ ਹੋਇਆ। ਭਾਵ ਸਾਰੇ ਮੁਕਤੀ ਨੂੰ ਪ੍ਰਾਪਤ ਹੋ ਗਏ ਹਨ।

ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥ ੮ ॥ ੫ ॥

ਜੋ ਪੁਰਸ਼ ਭਗਤੀ ਕਰਕੇ ਸੀਧੇ=ਕਲਿਆਣ ਹੋਏ ਹਨ, ਵਾ:-ਜੋ ਸਿਧੇ ਹੋ ਕੇ ਭਗਤੀ ਵਿਚ ਲਗੇ ਹਨ ਉਨ੍ਹਾਂ ਨੇ ਹੀ ਦਰਗਾਹ ਵਿਚ ਸੋਭਾ ਪਾਈ ਹੈ। ਗੁਰੂ ਜੀ ਕਥਨ ਕਰਦੇ ਹਨ ਰਾਮ ਦੇ ਨਾਮ ਕਰਕੇ ਹੀ ਵਡਿਆਈ ਮਿਲਦੀ ਹੈ॥ ੮॥ ੫॥

ਗਉੜੀ ਮਹਲਾ ੩ ॥

ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥

ਤ੍ਰਿਗੁਣਆਤਮਕ ਮਾਇਆ ਦੇ ਪ੍ਰਸੰਗਾਂ ਨੂੰ ਕਥਨ ਕਰਨ ਨਾਲ ਭਰਮ ਨਹੀਂ ਜਾਂਦਾ।

ਵਾ:-ਤਿੰਨਾਂ ਗੁਣਾਂ ਦੇ ਵਿਸ਼ੇ ਕਰਨ ਵਾਲੀ ਜੋ ਵੇਦ ਬਾਣੀ ਹੈ ਉਸ ਦੇ ਕਥਨ ਕਰਨ ਨਾਲ ਭਰਮ ਨਹੀਂ ਜਾਂਦਾ, ਨਾ ਮੋਹ ਦੇ ਬੰਧਨ ਟੁਟਦੇ ਹਨ ਤੇ ਨਾ ਹੀ ਮੁਕਤੀ ਨੂੰ ਪਾਂਦਾ ਹੈ।

ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥ ੧ ॥

ਇਸ ਕਲਜੁਗ ਵਿਚ ਮੁਕਤੀ ਦੇ ਦਾਤਾ ਸਤਿਗੁਰੂ ਹੀ ਹਨ॥ ੧॥

ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥

ਜੋ ਪ੍ਰਾਣੀ ਗਰਮੁਖਿ=ਗੁਰਾਂ ਦਆਰੇ ਭਰਮ ਨੂੰ ਗੁਆ ਕੇ-

ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥ ੧ ॥ ਰਹਾਉ ॥

ਹਰੀ ਵਿਚ ਲਿਵ=ਚਿਤ ਬਿਰਤੀ ਨੂੰ ਲਗਾਂਦਾ ਹੈ ਉਸ ਨੂੰ ਸਹਜ ਧੁਨਿ=ਸ਼ਾਂਤੀ ਦਾਇਕ ਬਾਣੀ ਉਤਪੰਨ ਹੁੰਦੀ ਹੈ॥ ੧॥ ਰਹਾਉ॥

[ਪੰਨਾ ੨੩੨]

ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥

ਤਿੰਨਾਂ ਗੁਣਾਂ ਵਿਚ ਲਗਣ ਵਾਲੇ ਜਿਤਨੇ ਕੁ ਜੀਵ ਹਨ ਉਹ ਸਾਰੇ ਕਾਲ ਦੀ ਸਿਰਿ ਕਾਰਾ=ਰਈਅਤ ਹੈ। ਵਾ:-ਉਨ੍ਹਾਂ ਦੇ ਸਿਰ ਉੱਤੇ ਕਾਲ ਦੀ ਹੁਕਮ ਰੂਪੀ ਕਾਰ ਹੈ। ਕਿਉਂਕਿ-ਉਹ ਉਤਪਤੀ ਕਰਨ ਵਾਲੇ ਪ੍ਰਭੂ ਦਾ ਨਾਮ ਨਹੀਂ ਜਪਦੇ।

ਮਰਿ ਜੰਮਹਿ ਫਿਰਿ ਵਾਰੋ ਵਾਰਾ ॥ ੨ ॥

ਇਸ ਲਈ ਮੁੜ ਮੁੜ ਕੇ ਜਨਮ ਮਰਨ ਵਿਚ ਫਿਰਿ=ਫਿਰਦੇ ਹਨ॥ ੨ ॥

ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥

ਅੰਨ੍ਹੇ ਅਗਿਆਨੀ ਗੁਰੂ ਦੇ ਉਪਦੇਸ਼ ਕਰਕੇ ਭਰਮ ਨਹੀਂ ਜਾਂਦਾ। ਜੋ ਮੂਲੁ ਅਧਿਸ਼ਠਾਂਨ ਰੂਪ ਪਰਮਾਤਮਾ ਨੂੰ ਛਡ ਕੇ ਦ੍ਵੈਤ ਭਾ ਵਿਚ ਲਗ ਰਹੇ ਹਨ।

ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥ ੩ ॥

ਬਿਖ ਰੂਪ ਮਾਇਆ ਦਾ ਮਸਤਿਆ ਹੋਇਆ ਬਿਖੁ ਮਾਹਿ=ਮਾਇਆ ਦੇ ਵਿਚ ਹੀ ਸਮਾ ਰਿਹਾ ਹੈ।
ਵਾ:-ਵਿਸ਼ੇ ਵਿਕਾਰਾਂ ਵਿਚ ਸਮਾ ਰਿਹਾ ਹੈ॥ ੩ ॥

ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥

ਪਰਮੇਸ਼ਰ ਨੇ ਮਾਇਆ ਰੂਪੀ ਮੂਲੁ ਜੰਤ੍ਰ=ਹਿੰਡੋਲੇ ਕਰਕੇ ਸਾਰੇ ਜੀਵ ਭਰਮਾਏ=ਭੁਆਏ ਹਨ।
ਉਸ ਦੀ ਭੁਆਟਣੀ ਕਰਕੇ ਜੀਵ ਨੂੰ ਹਰਿ ਜੀ ਭੁਲ ਗਿਆ ਹੈ ਤੇ ਦ੍ਵੈਤ ਭਾ ਚੰਗਾ ਲਗ ਰਿਹਾ ਹੈ।

ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥ ੪ ॥

ਪਰਮੇਸ਼ਰ ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ
ਓਹੀ ਪੁਰਸ਼ ਪਰਮ ਗਤਿ=ਕੇਵਲ ਮੁਕਤੀ ਨੂੰ ਪਾਂਦਾ ਹੈ॥ ੪ ॥

ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥

ਜਿਸ ਦੇ ਅੰਦਰ ਸੱਚ ਹੈ ਉਹ ਬਾਹਰੋਂ ਭੀ ਸੱਚ ਨਾਮ ਦਾ ਉਪਦੇਸ਼ ਵਰਤਾਂਦਾ ਹੈ।
ਜੇ ਕੋਈ ਸਚ ਨੂੰ ਲੁਕਾ ਕੇ ਰਖੇ ਤਾਂ ਉਸ ਦਾ ਸੱਚ ਲੁਕਦਾ ਨਹੀਂ ਹੈ।

ਗਿਆਨੀ ਬੂਝਹਿ ਸਹਜਿ ਸੁਭਾਏ ॥ ੫ ॥

ਅਜੇਹੇ ਗਿਆਨੀ ਪੁਰਸ਼ ਸਹਜਿ ਸੁਭਾਏ=ਸੁਤੇ ਸਿਧ ਪਰਮਾਤਮਾ ਨੂੰ ਬੁਝਦੇ ਹਨ॥ ੫ ॥

ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥

ਜਿਹੜਾ ਗੁਰਮੁਖ ਸਚ ਸਰੂਪ ਵਿਖੇ ਲਿਵ ਲਗਾ ਰਿਹਾ ਹੈ। ਅਤੇ ਗੁਰ ਉਪਦੇਸ਼ ਦੁਆਰਾ ਮਾਇਆ ਦੀ ਹੰਗਤਾ ਮਮਤਾ ਨੂੰ ਜਲਾਏ=ਸਾੜਦਾ ਹੈ।

ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥ ੬ ॥

ਉਸਨੂੰ ਮੇਰਾ ਸਚਾ ਪ੍ਰਭੂ ਆਪਣੇ ਮੇਲ ਵਿਚ ਮਿਲਾ ਲੈਂਦਾ ਹੈ॥ ੬ ॥

ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥

ਨਾਮ ਦੇ ਦਾਤੇ ਸਤਿਗੁਰੂ ਜਿਸਨੂੰ ਉਪਦੇਸ਼ ਸੁਣਾਂਦੇ ਹਨ, ਉਹ ਧਾਵਤੁ=ਦੌੜਦੀਆਂ ਇੰਦ੍ਰੀਆਂ ਨੂੰ ਰੋਕ ਰਖਦਾ ਹੈ, ਅਤੇ ਮਨ ਨੂੰ ਭੀ ਸੰਕਲਪਾਂ ਵਲੋਂ ਠਾਕਿ ਰਹਾਏ=ਰੋਕ ਰਖਦਾ ਹੈ।

ਪੂਰੇ ਗੁਰ ਤੇ ਸੋਝੀ ਪਾਏ ॥ ੭ ॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥

ਉਹ ਪੂਰਿਆਂ ਗੁਰਾਂ ਤੋਂ ਆਤਮ ਗਿਆਤ ਨੂੰ ਪਾਂਦਾ ਹੈ॥ ੭॥

ਜਿਸਨੇ ਸ੍ਰਿਸ਼ਟੀ ਨੂੰ ਸਿਰਜਿਆ ਹੈ ਉਹ ਕਰਤਾ ਪੁਰਖ ਆਪ ਹੀ ਇਸਨੂੰ ਗੋਈ=ਬੁਲਾਈ ਮਿਲਾਈ ਛਪਾਈ ਭਾਵ ਨਾਸ ਕਰਦਾ ਹੈ।

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥ ੮ ॥ ੬ ॥

ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਗਰੂ ਜੀ ਕਥਨ ਕਰਦੇ ਹਨ-ਕੋਈ ਵਿਰਲਾ ਹੀ ਗੁਰਮੁਖ ਉਸਨੂੰ ਬੁਝਦਾ ਹੈ॥ ੮॥ ੬॥

ਗਉੜੀ ਮਹਲਾ ੩ ॥

ਨਾਮੁ ਅਮੋਲਕੁ ਗੁਰਮੁਖਿ ਪਾਵੈ ॥ ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥

ਜੋ ਗੁਰਮੁਖ ਪੁਰਸ਼ ਗੁਰਾਂ ਪਾਸੋਂ ਅਮੋਲਕ ਨਾਮ ਨੂੰ ਪਾਂਵਦਾ ਹੈ, ਤੇ ਨਾਮ ਨੂੰ ਸੇਵੇ=ਚਿੰਤਨ ਕਰਦਾ ਹੈ ਉਹ ਸਹਜਿ=ਸੁਭਾਵਕ ਹੀ ਨਾਮਿ+ਸਮਾਵੈ=ਨਾਮੀ ਪਰਮਾਤਮਾ ਵਿਚ ਅਭੇਦ ਹੁੰਦਾ ਹੈ।

ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥ ਜਿਸ ਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥ ੧ ॥

ਨਿਤਾਪ੍ਰਤੀ ਰਸਨਾ ਦੁਆਰੇ ਨਾਮ ਅੰਮ੍ਰਿਤ ਨੂੰ ਗਾਵੇ। ਪਰ ਜਿਸ ਉੱਤੇ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਪੁਰਸ਼ ਹਰੀ ਰਸ ਨੂੰ ਪਾਂਦਾ ਹੈ॥ ੧॥

ਅਨਦਿਨੁ ਹਿਰਦੈ ਜਪਉ ਜਗਦੀਸਾ ॥

ਹੇ ਭਾਈ ! ਰਾਤ ਦਿਨ ਹਿਰਦੇ ਵਿਚ ਜਗਤ ਦੇ ਮਾਲਕ ਦੇ ਨਾਮ ਨੂੰ ਜਪਣਾ ਕਰੋ।

ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥ ੧ ॥ ਰਹਾਉ ॥

ਗੁਰਮੁਖ ਬਣਕੇ ਗੁਰਾਂ ਦੁਆਰੇ ਹੀ ਪਰਮਪਦ ਦੇ ਸੁਖ ਨੂੰ ਪਾਣਾ ਕਰੋ॥ ੧॥ ਰਹਾਉ॥

ਹਿਰਦੈ ਸੂਖੁ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥

ਉਨ੍ਹਾਂ ਦੇ ਹਿਰਦੇ ਵਿਚ ਸੁਖ ਪ੍ਰਗਟ ਹੋਇਆ ਹੈ। ਵਾ:-ਸੁਖ ਸਰੂਪ ਪ੍ਰਭੂ ਦਾ ਪ੍ਰਕਾਸ਼ ਹੋਇਆ ਹੈ। ਜਿਹੜੇ ਗੁਰਮੁਖ ਗੁਰਾਂ ਦੁਆਰੇ ਉਸ ਸਚੇ ਪ੍ਰਭੂ ਦੇ ਗੁਣਾਂ ਨੂੰ ਗਾਂਵਦੇ ਹਨ।

ਦਾਸਨਿ ਦਾਸ ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥ ੨ ॥

ਜੋ ਦਾਸਾਂ ਦੇ ਦਾਸ ਹਨ ਉਨ੍ਹਾਂ ਦਾ ਨਿਤਾਪ੍ਰਤੀ ਦਾਸ ਹੋ ਕੇ ਰਹਿਣਾ ਕਰੇ, ਭਾਵ ਅਤੀ ਨਿੰਮ੍ਰਤਾ ਧਾਰੇ, ਅਤੇ ਘਰ ਵਿਚ ਰਹਿੰਦਿਆਂ ਕੁਟੰਬ ਤੋਂ ਸਦਾ ਉਦਾਸ ਰਹੇ॥ ੨॥

ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥

ਜਿਹੜਾ ਕੋਈ ਗੁਰਮੁਖ ਇਸ ਤਰ੍ਹਾਂ ਨਾਲ ਜੀਵਨ ਮੁਕਤ ਹੁੰਦਾ ਹੈ,
ਓਹੀ ਵਿਦੇਹ ਮੁਕਤੀ ਰੂਪ ਪਰਮ ਪਦਾਰਥ ਨੂੰ ਪਾਉਂਦਾ ਹੈ।

ਤ੍ਰੈ ਗੁਣ ਮੇਟੇ ਨਿਰਮਲੁ ਹੋਈ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ॥ ੩॥

ਜੋ ਤਿੰਨਾਂ ਗੁਣਾਂ ਨੂੰ ਮੇਟਕੇ ਨਿਰਮਲ ਹੁੰਦਾ ਹੈ।

ਉਹ ਸੁਭਾਵਕ ਹੀ ਉਸ ਸਚੇ ਪ੍ਰਭੂ ਨਾਲ ਮਿਲ ਜਾਂਦਾ ਹੈ॥ ੩॥

ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ॥ ਜਾ ਹਿਰਦੈ ਵਸਿਆ ਸਚੁ ਸੋਇ॥

ਜਾਂ ਹਿਰਦੇ ਵਿਚ ਉਹ ਸਚਾ ਵਾਹਿਗੁਰੂ ਵਸ ਗਿਆ, ਤਾਂ ਮੋਹ=ਅਗਿਆਨ ਦੇ ਸਹਿਤ ਕੁਟੰਬ ਨਾਲ ਪੀਤੀ ਨਹੀਂ ਹੁੰਦੀ। ਵਾ:-ਪਦਾਰਥਾਂ ਵਿਚ ਮੋਹ, ਤੇ ਕੁਟੰਬ ਨਾਲ ਪ੍ਰੀਤੀ ਨਹੀਂ ਹੁੰਦੀ।

ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ॥ ਹੁਕਮੁ ਪਛਾਣੈ ਬੂਝੈ ਸਚੁ ਸੋਇ॥ ੪॥

ਜਿਸ ਗੁਰਮੁਖ ਦਾ ਮਨ, ਮੁਖ ਗੁਰਾਂ ਨਾਲ ਬੇਧਿਆ=ਮਿਲਿਆ ਹੈ, ਵਾ:-ਜਿਸਨੇ ਗੁਰਾਂ ਦੁਆਰੇ ਮਨ ਦੇ ਕਠੋਰ ਸੁਭਾਅ ਨੂੰ ਬੇਧਿਆ=ਵਿੰਨ੍ਹਿਆ ਹੈ ਉਹ ਅਸਥਿਰੁ=ਅਚੱਲ ਹੁੰਦਾ ਹੈ। ਜੋ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ ਉਹ ਸਚੇ ਨੂੰ ਬੁਝ ਲੈਂਦਾ ਹੈ॥ ੪॥

ਤੂੰ ਕਰਤਾ ਮੈ ਅਵਰੁ ਨ ਕੋਇ॥ ਤੁਝੁ ਸੇਵੀ ਤੁਝ ਤੇ ਪਤਿ ਹੋਇ॥

ਸਭ ਦਾ ਕਰਤਾ ਇਕ ਤੂੰਹੀਂ ਹੈਂ, ਹੋਰ ਕੋਈ ਕਰਨ ਵਾਲਾ ਨਹੀਂ ਹੈ।

ਮੈਂ ਤੈਨੂੰ ਸੇਂਵਦਾ ਹਾਂ, ਕਿਉਂਕਿ ਆਪ ਜੀ ਪਾਸੋਂ ਹੀ ਪਤਆਬਰੋ ਪ੍ਰਾਪਤ ਹੋਣੀ ਹੈ।

ਕਿਰਪਾ ਕਰਹਿ ਗਾਵਾ ਪ੍ਰਭੁ ਸੋਇ॥ ਨਾਮ ਰਤਨੁ ਸਭ ਜਗ ਮਹਿ ਲੋਇ॥ ੫॥

ਹੇ ਪ੍ਰਭੂ ! ਜੇ ਤੂੰ ਕਿਰਪਾ ਕਰੇਂ ਤਾਂ ਮੈਂ ਤੇਰੀ ਸੋਇ=ਸੋਭਾ ਨੂੰ ਗਾਣਾ ਕਰਾਂ। ਹੇ ਪ੍ਰਭੂ ! ਤੇਰਾ ਨਾਮ ਰਤਨ ਸਾਰੇ ਜਗਤ ਵਿਚ ਲੋਇ=ਪ੍ਰਕਾਸ਼ ਕਰਨ ਵਾਲਾ ਹੈ। ਵਾ:-ਤੇਰੇ ਨਾਮ ਰਤਨ ਕਰਕੇ ਸਾਰੇ ਜਗਤ ਵਿਚ ਲੋਇ=ਗਿਆਨ ਹੁੰਦਾ ਹੈ। *ਅਥਵਾ:*-ਹੇ ਪ੍ਰਭੂ ! ਜੇ ਤੂੰ ਕਿਰਪਾ ਕਰੇਂ ਤਾਂ ਮੈਂ ਉਹ ਨਾਮ ਗਾਵਣਾ ਕਰਾਂ, ਜਿਸ ਨਾਮ ਰਤਨ ਦਾ ਸਾਰੇ ਜਗਤ ਵਿਚ ਲੋਇ=ਪ੍ਰਕਾਸ਼ ਹੈ।

ਗੁਰਮੁਖਿ ਬਾਣੀ ਮੀਠੀ ਲਾਗੀ॥ ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ॥

ਜਿਸਨੂੰ ਗੁਰਮੁਖਿ=ਸਤਗੁਰਾਂ ਦੀ ਬਾਣੀ ਮਿੱਠੀ ਲੱਗੀ ਹੈ, ਉਸ ਦਾ ਅੰਤਰੁ ਬਿਗਸੈ=ਅੰਤਹਕਰਣ ਖਿੜ ਪੈਂਦਾ ਹੈ, ਤੇ ਰਾਤ ਦਿਨ ਪ੍ਰਭੂ ਵਿਚ ਲਿਵ ਲਾਗੀ=ਸੁਰਤ ਜੁੜ ਜਾਂਦੀ ਹੈ।

ਸਹਜੇ ਸਚੁ ਮਿਲਿਆ ਪਰਸਾਦੀ॥ ਸਤਿਗੁਰੁ ਪਾਇਆ ਪੂਰੈ ਵਡਭਾਗੀ॥ ੬॥

ਉਸਨੂੰ ਸੁਭਾਵਕ ਹੀ ਪਰਸਾਦੀ=ਕਿਰਪਾ ਕਰਨ ਵਾਲਾ ਸਚਾ ਵਾਹਿਗੁਰੂ ਮਿਲਿਆ ਹੈ।

ਵਾ:-ਜੋ ਪਰ+ਜਾਦੀ=ਸ੍ਵਾਦਾਂ ਤੋਂ ਪਰੇ ਹੈ, ਵਾ:-ਜੋ ਪਰਸਾਦੀ=ਅਨੰਦ ਸਰੂਪ ਹੈ ਉਹ ਸਚਾ ਵਾਹਿਗੁਰੂ ਸੁਭਾਵਕ ਮਿਲਿਆ ਹੈ। ਜਿਸ ਵਡਭਾਗੀ ਨੇ ਪੂਰਿਆਂ ਸਤਿਗੁਰਾਂ ਪਾਸੋਂ ਉਪਦੇਸ਼ ਪਾਇਆ ਹੈ॥ ੬॥

ਹਉਮੈ ਮਮਤਾ ਦੁਰਮਤਿ ਦੁਖ ਨਾਸੁ॥ ਜਬ ਹਿਰਦੈ ਰਾਮ ਨਾਮ ਗੁਣਤਾਸੁ॥

ਅੰਨਵੇ:-ਸ਼ੁਭ ਗੁਣਾਂ ਦਾ ਤਾਸੁ=ਖਜ਼ਾਨਾ ਜੋ ਰਾਮ ਹੈ ਜਿਸ ਵੇਲੇ ਉਸ ਦਾ ਨਾਮ ਹਿਰਦੇ ਵਿਚ ਵਸਿਆ। ਤਾਂ ਹੰਗਤਾ ਮਮਤਾ, ਦੁਰਮਤਿ=ਖੋਟੀ ਮੱਤ, ਤੇ ਦੁਖ ਸਭ ਨਾਸ ਹੋ ਗਏ।

ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥ ੭ ॥

ਪ੍ਰਭੂ ਦੇ ਜਾਸੁ=ਜਸ ਕਰਨ ਵਾਲੀ ਸ੍ਰੇਸ਼ਟ ਬੁੱਧੀ ਗੁਰਮੁਖਾਂ ਨੂੰ ਪਰਗਟ ਹੋਈ ਹੈ। ਜਿਸ ਵੇਲੇ ਚਰਣ ਨਿਵਾਸੁ=ਪਰਮੇਸ਼ਰ ਦੇ ਨਾਮਾਂ ਨੂੰ ਹਿਰਦੇ ਵਿਚ ਰਵਿਆ=ਉਚਾਰਿਆ।

ਅਥਵਾ:- ਜਿਸ ਵੇਲੇ ਗੁਰਾਂ ਦੇ ਚਰਨਾਂ ਵਿਚ ਨਿਵਾਸ ਕਰਕੇ ਹਿਰਦੇ ਵਿਚ ਨਾਮਾਂ ਨੂੰ ਰਵਿਆ= ਉਚਾਰਿਆ, ਤਾਂ ਪ੍ਰਭੂ ਦੇ ਜਸ ਕਰਨ ਵਾਲੇ ਸ੍ਰੇਸ਼ਟ ਬੁੱਧੀ ਗੁਰਮੁਖਾਂ ਨੂੰ ਪਰਗਟ ਹੋਈ॥ ੭॥

ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ ਗਵਾਏ ॥

ਜਿਸ ਨੂੰ ਪਰਮੇਸ਼ਰ ਨਾਮ ਦਾਨ ਦੇਂਦਾ ਹੈ ਓਹੀ ਪੁਰਸ਼ ਪਾਂਵਦਾ ਹੈ। ਜੋ ਗੁਰਮੁਖ ਜਗਿਆਸੂ ਗੁਰਾਂ ਦੁਆਰੇ ਆਪਾ ਭਾ ਹੰਕਾਰ ਨੂੰ ਗੁਆਂਦਾ ਹੈ ਉਸਨੂੰ ਮੁਖ ਗੁਰੂ ਸਾਹਿਬ ਜੀ ਪ੍ਰਭੂ ਨਾਲ ਮੇਲਦੇ ਹਨ।

ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥ ੮ ॥ ੭ ॥

ਜੋ ਹਿਰਦੇ ਵਿਚ ਸਚੇ ਨਾਮ ਨੂੰ ਵਸਾਂਦਾ ਹੈ, ਗਰੂ ਜੀ ਕਥਨ ਕਰਦੇ ਹਨ ਉਹ ਸੁਭਾਵਕ ਹੀ ਸੱਚ ਵਿਚ ਸਮਾ ਜਾਂਦਾ ਹੈ॥ ੮॥ ੭॥

ਗਉੜੀ ਮਹਲਾ ੩ ॥

ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥

ਜਿਸਨੇ ਆਪਣੇ ਸ਼ੁਧ ਮਨ ਕਰਕੇ ਮਨ ਨੂੰ ਸਵਾਰਿਆ ਹੈ, ਵਾ:-ਗੁਰਾਂ ਦੇ ਮਨੁ=ਮੰਤ੍ਰ ਦੁਆਰਾ ਮਨ ਨੂੰ ਸਵਾਰਿਆ ਹੈ ਉਸ ਦਾ ਸੁਭਾਅ ਸਹਜਿ=ਸ਼ਾਂਤੀ ਸਰੂਪ ਭੈ=ਹੁੰਦਾ ਹੈ?

[ਪੰਨਾ ੨੩੩]

ਸਬਦਿ ਮਨੁ ਰੰਗਿਆ ਲਿਵ ਲਾਇ ॥ ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥ ੧ ॥

ਜਿਸਨੇ ਮਨ ਨੂੰ ਗੁਰਉਪਦੇਸ਼ ਵਿਚ ਰੰਗਿਆ ਹੈ, ਤੇ ਪ੍ਰਭੂ ਵਿਚ ਲਿਵ ਲਗਾਈ ਹੈ। ਅਤੇ ਪ੍ਰਭੂ ਦੀ ਆਗਿਆ ਨੂੰ ਮੰਨਿਆਂ ਹੈ ਉਹ ਸਰੂਪ ਰੂਪੀ ਨਿਜ ਘਰ ਵਿਚ ਵਸਿਆ ਹੈ॥ ੧॥

ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥
ਗੋਵਿਦੁ ਪਾਈਐ ਗੁਣੀ ਨਿਧਾਨੁ ॥ ੧ ॥ ਰਹਾਉ ॥

ਸਤਿਗੁਰਾਂ ਦੀ ਸੇਵਾ ਕਰੀਏ ਤਾਂ ਜਾਤੀ ਅਭਿਮਾਨ ਮਿਟ ਜਾਂਦਾ ਹੈ। ਅਤੇ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਜੋ ਗੋਬਿੰਦ ਹੈ ਉਸਨੂੰ ਪਾ ਲਈਦਾ ਹੈ॥ ੧॥ ਰਹਾਉ॥

ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥

ਇਹ ਬੈਰਾਗੀ=ਚੰਚਲ ਮਨ ਜਾਂ ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਡਰ ਨੂੰ ਧਾਰਨਾ ਕਰੇ ਤਾਂ ਹੀ ਅਸਲ ਵੈਰਾਗਵਾਨ, ਵਾ:-ਪ੍ਰੇਮੀ ਹੁੰਦਾ ਹੈ।

ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥
ਗੁਰ ਕਿਰਪਾ ਤੇ ਮਿਲੈ ਮਿਲਾਇ ॥ ੨ ॥

ਮੇਰਾ ਪ੍ਰਭੂ ਸਭ ਤੋਂ ਨਿਰਮਲ ਹੈ ਅਤੇ ਸਾਰਿਆਂ ਵਿਚ ਸਮਾ ਰਿਹਾ ਹੈ। ਪਰ ਗੁਰਾਂ ਦੀ ਕਿਰਪਾ ਦਾ ਮਿਲਾਇਆ ਹੋਇਆ ਮਿਲਦਾ ਹੈ॥ ੨॥

ਹਰਿ ਦਾਸਨ ਕੋ ਦਾਸੁ ਸੁਖੁ ਪਾਏ॥ ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ॥

ਹਰੀ ਦੇ ਦਾਸਾਂ ਦਾ ਦਾਸ ਹੋਵੇ ਤਾਂ ਹੀ ਕੋਈ ਸੁਖ ਨੂੰ ਪਾਂਦਾ ਹੈ। ਮੇਰਾ ਹਰੀ ਪ੍ਰਭੂ ਇਸ ਵਿਧੀ ਨਾਲ ਪਾਇਆ ਜਾਂਦਾ ਹੈ। ਅਰਥਾਤ ਦਾਸਾ ਭਾਵ ਧਾਰਨ ਨਾਲ ਪ੍ਰਾਪਤ ਹੁੰਦਾ ਹੈ।

ਹਰਿ ਕਿਰਪਾ ਤੇ ਰਾਮ ਗੁਣ ਗਾਏ॥ ੩॥

ਹਰੀ ਦੀ ਕਿਰਪਾ ਨਾਲ ਹੀ ਰਾਮ ਦੇ ਗੁਣ ਗਾਏ ਜਾਂਦੇ ਹਨ॥ ੩॥

ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ॥

ਉਸ ਬਹੁਤੇ ਜੀਵਣ ਨੂੰ ਧ੍ਰਿਗਾਕਾਰ ਹੈ ਜਿਸ ਜੀਵਣ ਵਿਚ ਹਰੀ ਨਾਮ ਨਾਲ ਪਿਆਰ ਨਹੀਂ ਲੱਗਾ।

ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ॥

ਸੁਖਾਲੀ=ਸੁਖਦਾਈ ਸੇਜਾ, ਤੇ ਇਸਤ੍ਰੀ ਨੂੰ ਭੀ ਧ੍ਰਿਗਾਕਾਰ ਹੈ, ਜਿਸ ਦੇ ਮੋਹ ਕਰਕੇ ਅਗਿਆਨ ਰੂਪ ਗੁਬਾਰੁ=ਹਨੇਰਾ ਬਣਿਆਂ ਰਹਿੰਦਾ ਹੈ।

ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ॥ ੪॥

ਉਸ ਦਾ ਮਨੁੱਖਾਂ ਜਨਮ ਸਫਲ ਹੈ ਜਿਸਨੇ ਪ੍ਰਭੂ ਦੇ ਨਾਮ ਦਾ ਅਧਾਰੁ=ਆਸਰਾ ਲਿਆ ਹੈ॥ ੪॥

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ॥

ਉਸ ਘਰ ਨੂੰ ਧ੍ਰਿਗਾਕਾਰ ਹੈ, ਉਸ ਕੁਟੰਬ ਨੂੰ ਧ੍ਰਿਗਾਕਾਰ ਹੈ, ਜਿਸ ਘਰ ਅਤੇ ਕੁਟੰਬ ਵਿਚ ਹਰੀ ਦੀ ਪ੍ਰੀਤੀ ਨਹੀਂ ਹੁੰਦੀ।

ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ॥
ਹਰਿ ਨਾਮ ਬਿਨਾ ਮੈ ਅਵਰੁ ਨ ਕੋਇ॥ ੫॥

ਸਾਡਾ ਤਾਂ ਓਹੀ ਮ੍ਰਿਤ ਹੈ, ਜੋ ਹਰੀ ਦੇ ਗੁਣ ਗਾਉਂਦਾ ਹੈ।
ਹਰੀ ਨਾਮ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ ਹਾਂ॥ ੫॥

ਸਤਿਗੁਰ ਤੇ ਹਮ ਗਤਿ ਪਤਿ ਪਾਈ॥
ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ॥

ਸਤਿਗੁਰਾਂ ਪਾਸੋਂ ਹੀ ਅਸਾਂ ਨੇ ਗਤਿ=ਮੁਕਤੀ ਤੇ ਪਤਿ=ਇੱਜ਼ਤ ਪਾਈ ਹੈ। ਵਾ:-ਸਤਿਗੁਰਾਂ ਦੇ ਉਪਦੇਸ਼ ਤੋਂ ਹੀ ਅਸਾਂ ਨੇ ਪਤਿ=ਪਤੀ ਪਰਮਾਤਮਾ ਦੀ ਗਤਿ=ਪ੍ਰਾਪਤੀ ਪਾਈ ਹੈ।

ਜਿਸ ਵੇਲੇ ਹਰੀ ਨਾਮ ਨੂੰ ਧਿਆਇਆ ਤਾਂ ਸਾਰਿਆਂ ਦੁਖਾਂ ਦੀ ਪੰਗਤੀ ਮਿਟਾ ਲਈ।

ਸਦਾ ਅਨੰਦੁ ਹਰਿ ਨਾਮਿ ਲਿਵ ਲਾਈ॥ ੬॥

ਹਰੀ ਨਾਮ ਵਿਚ ਲਿਵ ਲਗਾ ਕੇ ਅਸੀਂ ਸਦਾ ਅਨੰਦ ਰਹਿੰਦੇ ਹਾਂ॥ ੬॥

ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ॥

ਗੁਰਾਂ ਨਾਲ ਮਿਲਣ,ਕਰਕੇ ਹੀ ਸਾਨੂੰ ਸਰੀਰ ਦੀ ਸੋਝੀ ਪ੍ਰਾਪਤ ਹੋਈ ਹੈ ਕਿ ਇਸ ਨੇ ਹਮੇਸ਼ਾਂ ਨਹੀਂ ਰਹਿਣਾ, ਵਾ:-ਇਹ ਖਬਰ ਹੋਈ ਹੈ ਕਿ ਇਸ ਨੇ ਵਾਰੰਵਾਰ ਨਹੀਂ ਮਿਲਣਾ, *ਯਥਾ:*-ਮਾਨੁਸ ਜਨਮ ਦੁਲੰਭ ਹੈ ਹੋਤ ਨ ਬਾਰੰਬਾਰ।

ਵਾ:-ਇਹ ਖਬਰ ਹੋਈ ਹੈ ਕਿ ਇਹ ਸਰੀਰ ਅਸੱਤ, ਜੜ ਤੇ ਦੁੱਖ ਰੂਪ ਹੈ।

ਹਉਮੈ ਤ੍ਰਿਸਨਾ ਸਭ ਅਗਨਿ ਸੁਝਈ॥ ਬਿਨਸੇ ਕ੍ਰੋਧ ਖਿਮਾ ਗਹਿ ਲਈ॥ ੭॥

ਏਸੇ ਕਰਕੇ ਹੰਗਤਾ ਮਮਤਾ ਤੇ ਤ੍ਰਿਸ਼ਨਾਂ ਰੂਪੀ ਸਾਰੀ ਅੱਗ ਬੁਝ ਗਈ ਹੈ।

ਕ੍ਰੋਧ ਬਿਨਸ ਗਿਆ ਹੈ ਤੇ ਖਿਮਾਂ ਗੁਣ ਨੂੰ ਗ੍ਰਹਿਣ ਕਰ ਲੀਤਾ ਹੈ॥ ੭॥

ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ॥ ਗੁਰਮੁਖਿ ਰਤਨੁ ਕੋ ਵਿਰਲਾ ਲੇਵੈ॥

ਆਪ ਹਰੀ ਕਿਰਪਾ ਕਰਕੇ ਜਿਸ ਨੂੰ ਨਾਮ ਦੇਂਦਾ ਹੈ, ਉਹ ਕੋਈ ਵਿਰਲਾ ਹੀ ਗੁਰਮੁਖ ਗੁਰਾਂ ਪਾਸੋਂ ਰਤਨ ਰੂਪ ਨਾਮ ਲੈਂਦਾ ਹੈ।

ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ॥ ੮॥ ੮॥

ਗਰੂ ਜੀ ਕਥਨ ਕਰਦੇ ਹਨ-ਉਹ ਫਿਰ ਅਲਖ ਅਭੇਵ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ॥ ੮॥ ੮॥

ੴ ਸਤਿਗੁਰ ਪ੍ਰਸਾਦਿ॥ ਰਾਗੁ ਗਉੜੀ ਬੈਰਾਗਣਿ ਮਹਲਾ ੩॥

ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ॥

ਜੋ ਪੁਰਸ਼ ਸਤਿਗੁਰਾਂ ਤੋਂ ਮੂੰਹ ਮੋੜ ਲੈਂਦੇ ਹਨ ਅਰਥਾਤ ਗੁਰਾਂ ਨੂੰ ਧਾਰਣ ਨਹੀਂ ਕਰਦੇ,

ਵਾ:-ਉਪਦੇਸ਼ ਲੈ ਕੇ ਫਿਰ ਛੱਡ ਦੇਂਦੇ ਹਨ, ਉਹ ਬੇਮੁਖ ਪੁਰਸ਼ ਸਭ ਤੋਂ ਬੁਰੇ ਦਿੱਸਦੇ ਹਨ।

ਯਥਾ:- ਗੁਰ ਤੇ ਮੁਹੁ ਫੇਰੇ ਜੇ ਕੋਈ ਗਰ ਕਾ ਕਹਿਆ ਨ ਚਿਤਿ ਧਰੈ॥

ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ॥ ੪॥

(ਪ੍ਰਭਾਤੀ ਮਹਲਾ ੩, ਪੰਨਾ ੧੩੩੪)

ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ॥ ੧॥

ਉਹ ਮੋਹ ਵਿਚ ਬਧੇ ਹੋਏ ਰਾਤ ਦਿਨ ਮਾਰਾਂ ਖਾਂਦੇ ਹਨ, ਵਾ:-ਉਹ ਰਾਤ ਦਿਨ ਸੰਸਾਰਕ ਧੰਧਿਆਂ ਵਿਚ ਬਧੇ ਹੋਏ ਜਮਾਂ ਦੀ ਮਾਰ ਖਾਂਦੇ ਹਨ, ਉਹ ਮੁੜ ਕੇ ਮਨੁੱਖ ਜਨਮ ਦੀ ਪ੍ਰਾਪਤੀ ਦਾ ਵੇਲਾ ਨਹੀਂ ਲੈਂਦੇ॥ ੧॥

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ॥

ਹੇ ਹਰਿ ਹਰਿ ! ਹਰ ਤਰ੍ਹਾਂ ਨਾਲ ਆਪ ਕ੍ਰਿਪਾ ਦ੍ਰਿਸ਼ਟੀ ਧਾਰਕੇ ਸਾਨੂੰ ਰਖਣਾ ਕਰੋ।

ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ॥ ੧॥ ਰਹਾਉ॥

ਹੇ ਪ੍ਰਭੂ ! ਮੈਨੂੰ ਸਤਸੰਗਤ ਨਾਲ ਮਿਲਾਣਾ ਕਰੋ, ਜਿਸ ਕਰਕੇ ਮੈਂ ਹਿਰਦੇ ਵਿਚ ਹਰਿ ਹਰਿ ਦੇ ਗੁਣਾਂ ਨੂੰ

ਹਰ ਵੇਲੇ ਸਾਰਿ=ਸੰਭਾਲਣਾ ਕਰਾਂ॥ ੧॥ ਰਹਾਉ॥

ਸੇ ਭਗਤ ਹਰਿ ਭਾਵਦੇ ਜੋ ਗੁਰਮਖਿ ਭਾਇ ਚਲੰਨਿ॥

ਉਹ ਭਗਤ ਹਰੀ ਨੂੰ ਭਾਂਵਦੇ ਹਨ, ਜੋ ਮੁਖ ਗੁਰਾਂ ਦੀ ਭਾਇ=ਆਗਿਆ ਅਨੁਸਾਰ ਚਲਦੇ ਹਨ, ਵਾ:-ਮੁਖ ਗੁਰਾਂ ਦੇ ਭਾਇ=ਪ੍ਰੇਮ ਵਿਚ ਚਲਦੇ ਹਨ। ਅਤੇ-

ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ॥ ੨॥

ਆਪਾ ਭਾ ਹੰਕਾਰ ਨੂੰ ਛੱਡਕੇ ਸੇਵਾ ਕਰਦੇ ਹਨ, ਤੇ ਜੀਵਤ ਭਾ ਤੋਂ ਮਰ ਰਹਿੰਦੇ ਹਨ॥ ੨॥

ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ॥

ਜਿਸ ਪ੍ਰਭੂ ਦਾ ਪਿੰਡੁ=ਸਰੀਰ ਤੇ ਪ੍ਰਾਣ ਆਦਿਕ ਸਭ ਕੁਝ ਦਿੱਤਾ ਹੋਇਆ ਹੈ, ਉਸੇ ਦੀ ਇਹ ਸਾਰੀ ਦੁਨੀਆਂ ਸਿਰਿਕਾਰ=ਰਈਅਤ ਹੈ। ਵਾ:- ਉਸੇ ਦੀ ਸਭਨਾਂ ਦੇ ਸਿਰ ਉੱਤੇ ਹੁਕਮ ਰੂਪੀ ਕਾਰ ਹੈ।

ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ॥ ੩॥

ਉਸ ਪਰਮਾਤਮਾ ਨੂੰ ਮਨ 'ਚੋਂ ਕਿਸ ਲਈ ਭੁਲਾਣਾ ਹੈ, ਹਮੇਸ਼ਾਂ ਹੀ ਹਰੀ ਨੂੰ ਹਿਰਦੇ ਵਿਚ ਧਾਰਨ ਕਰ ਰਖੀਏ॥ ੩॥

ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ॥

ਨਾਮੀ ਦੇ ਨਾਮ ਮਿਲਣ ਕਰਕੇ ਪਤਆਬਰੋ ਪਾਈਦੀ ਹੈ, *ਅਥਵਾ:*-ਨਾਮਿ=ਨਾਮੀ ਪ੍ਰਭੂ ਦੇ ਮਿਲਣ ਕਰਕੇ ਪਤ ਆਬਰੋ ਪਾਈਦੀ ਹੈ, ਅਤੇ ਨਾਮ ਦੇ ਮਨਨ ਕਰਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ॥ ੪॥

ਸਤਿਗੁਰਾਂ ਪਾਸੋਂ ਨਾਮ ਪ੍ਰਾਪਤ ਹੁੰਦਾ ਹੈ, *ਪ੍ਰਸ਼ਨ:*-ਗੁਰੂ ਕਿਵੇਂ ਮਿਲਦੇ ਹਨ ?

ਉੱਤਰ:-ਉਸ ਪ੍ਰਭੂ ਦਾ ਅਨੁਗ੍ਰਹੁ ਹੋਵੇ ਤਾਂ ਗੁਰੂ ਮਿਲਦੇ ਹਨ।

ਵਾ:-ਸਤਿਗੁਰਾਂ ਪਾਸੋਂ ਜੇਕਰ ਨਾਮ ਪਾਵਣਾ ਕਰੀਏ ਤਾਂ ਉਹ ਕ੍ਰਿਪਾਲੂ ਪ੍ਰਭੂ ਆ ਕੇ ਮਿਲਦਾ ਹੈ॥ ੪॥

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ॥

ਜੋ ਪੁਰਸ਼ ਸਤਿਗੁਰਾਂ ਤੋਂ ਮੂੰਹ ਮੋੜ ਲੈਂਦੇ ਹਨ, ਉਹ ਜੂਨੀਆਂ ਵਿਚ ਭਰਮਦੇ ਹੋਏ ਟਿਕਦੇ ਨਹੀਂ ਹਨ।

ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ॥ ੫॥

ਉਨ੍ਹਾਂ ਨੂੰ ਧਰਤੀ ਤੇ ਅਸਮਾਨ ਝੱਲਦਾ ਨਹੀਂ ਹੈ, ਉਹ ਹਮੇਸ਼ਾਂ ਗੰਦਗੀ ਵਿਚ ਪਏ ਹੋਏ ਪਚੰਨਿ=ਸੜਦੇ ਵਾ:-ਖਰਾਬ ਹੁੰਦੇ ਰਹਿੰਦੇ ਹਨ॥ ੫॥

ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ॥

ਮੋਹ ਰੂਪੀ ਠਗ ਬੂਟੀ ਪਾ ਕੇ ਇਸ ਜਗਤ ਨੂੰ ਪ੍ਰਭੂ ਨੇ ਭਰਮ ਵਿਚ ਭੁਲਾਵਣਾ ਕੀਤਾ ਹੈ।

ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ॥ ੬॥

ਜਿਨ੍ਹਾਂ ਨੂੰ ਸਤਿਗੁਰ ਦੇਵ ਜੀ ਮਿਲੇ ਹਨ, ਉਨ੍ਹਾਂ ਦੇ ਨੇੜੇ ਮਾਇਆ ਨਹੀਂ ਛੋਹ ਸਕਦੀ॥ ੬॥

ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥

ਜੋ ਪੁਰਸ਼ ਸਤਿਗੁਰਾਂ ਦੀ ਸੇਵਾ ਕਰਕੇ ਹਉਮੈ ਦੀ ਮੈਲ ਨੂੰ ਗੁਆਂਦੇ ਹਨ ਉਹ ਸ਼ੋਭਨੀਕ ਹਨ।

[ਪੰਨਾ ੨੩੪]

ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥ ੭ ॥

ਜੋ ਪੁਰਸ਼ ਉਪਦੇਸ਼ ਵਿਚ ਰੱਤੇ ਹੋਏ ਸਤਿਗੁਰਾਂ ਦੇ ਭਾਇ=ਭਾਣੇ ਵਿਚ ਚਲਦੇ ਹਨ ਉਹ ਨਿਰਮਲੇ-ਸ਼ੁਧ ਸਰੂਪ ਹਨ॥ ੭ ॥

ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥

ਹੇ ਹਰੀ ! ਇਕ ਤੂੰਹੀਂ ਪ੍ਰਭ=ਸਮਰੱਥ ਦਾਤਾ ਹੈਂ ਤੂੰ ਆਪ ਹੀ ਨਾਮ ਦੀ ਦਾਤ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈਂ।

ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥ ੮ ॥ ੧ ॥ ੯ ॥

ਗੁਰੂ ਜੀ ਕਥਨ ਕਰਦੇ ਹਨ-ਸੇਵਕ ਜਨ ਆਪ ਜੀ ਦੀ ਸ਼ਰਨ ਵਿਚ ਆਇਆ ਹੈ, ਜਿਵੇਂ ਭਾਂਵਦਾ ਹੈ ਤਿਵੇਂ ਦੁਖਾਂ ਤੋਂ ਛੁਡਾ ਲਓ॥ ੮ ॥ ੧ ॥ ੯ ॥

ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ

੧ਓ ਸਤਿਗੁਰ ਪ੍ਰਸਾਦਿ ॥

ਕਰਹਲੇ ਛੰਦ ਦੀ ਚਾਲ ਹੈ, ਵਾ:-ਇਹ ਮਨ ਕਰਹਲੇ=ਊਠ ਦੀ ਨਿਆਈਂ ਮੁਤਾਣਾ ਹੈ, ਵਾ:-ਉਸ ਪਰਮੇਸ਼ਰ ਦੀ ਤਰਫ ਕਰ+ਹਲੇ=ਹਲਾ ਕਰ ਭਾਵ ਉੱਦਮ ਕਰ। ਕਰਹਲੇ ਦੇ ਤਿੰਨ ਅਰਥ ਹਨ।

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥

ਹੇ ਪਰ+ਦੇਸੀਆ=ਸਰੂਪ ਦੇਸ ਤੋਂ ਪਰੇ ਮਨ ਕਰਹਲੇ=ਊਠ ਦੀ ਨਿਆਣੇ ਮੁਤਾਣੇ ! ਤੂੰ ਪਰਮੇਸ਼ਰ ਦੇ ਭਜਨ ਸਿਮਰਨ ਕਰਨ ਵਲ ਕਰ+ਹਲੇ=ਹਲਾ ਯਾਨੇ ਉੱਦਮ ਕਰ, ਉੱਦਮ ਕੀਤੇ ਬਿਨਾਂ ਮਾਇ=ਮਾਇਆ ਪਤੀ ਹਰੀ ਨਾਲ ਤੂੰ ਕਿਵੇਂ ਮਿਲੇਂਗਾ।

ਵਾ:-ਮਾਇ=ਮਾਇਆ ਦੀ ਇੱਛਾ ਹੋਣ ਕਰਕੇ ਤੂੰ ਹਰੀ ਨੂੰ ਕਿਵੇਂ ਮਿਲੇਂਗਾ।

ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥ ੧ ॥

ਜਿਸਨੇ ਪੂਰਿਆਂ ਭਾਗਾਂ ਕਰਕੇ ਗੁਰ ਉਪਦੇਸ਼ ਪਾਇਆ ਹੈ,

ਉਸ ਨੂੰ ਪਿਆਰਾ ਪ੍ਰਭੂ ਆਕੇ ਗਲ ਨਾਲ ਮਿਲਿਆ ਹੈ॥ ੧ ॥

ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥ ੧ ॥ ਰਹਾਉ ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਸਤਿਗੁਰ ਪੁਰਖਾਂ ਨੂੰ ਧਿਆਉਣਾ ਕਰ।

ਵਾ:-ਸਤਿਗੁਰਾਂ ਦੁਆਰੇ ਅਕਾਲ ਪੁਰਖ ਨੂੰ ਧਿਆਉਣਾ ਕਰ॥ ੧ ॥ ਰਹਾਉ ॥

ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ॥

ਹੇ ਅਵਿਚਾਰੀ ਮਨ ! ਊਠ ਦੀ ਨਿਆਈਂ ਮੁਤਾਣੇ ਤੂੰ ਉੱਦਮ ਕਰਕੇ ਸੱਤ ਅਸੱਤ ਦੇ ਨਿਰਣੇ ਰੂਪ ਵਿਚਾਰ ਦੁਆਰਾ ਹਰੀ ਰਾਮ ਨਾਮ ਨੂੰ ਧਿਆਉਣਾ ਕਰ। ਕਿਉਂਕਿ-

ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ॥ ੨॥

ਜਿਥੇ ਪ੍ਰਲੋਕ ਦਰਗਾਹ ਵਿਚ ਲੇਖਾ ਮੰਗਿਆ ਜਾਂਦਾ ਹੈ, ਉਥੇ ਹਰੀ ਆਪ ਹੀ ਤੈਨੂੰ ਛੁਡਾ ਲਏਗਾ॥ ੨॥

ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਅਤੀ ਨਿਰਮਲ ਹੋਣ ਦਾ ਹਲਾ=ਉੱਦਮ ਕਰ, ਕਿਉਂਕਿ ਤੈਨੂੰ ਹਉਮੈ ਦੀ ਮੈਲ ਆਕੇ ਲੱਗੀ ਹੋਈ ਹੈ।

ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ॥ ੩॥

ਪਿਆਰਾ ਪਤੀ ਪਰਮਾਤਮਾ ਪ੍ਰਤੱਖ ਹੀ ਤੇਰੇ ਸਰੀਰ ਘਰ ਦੇ ਨਾਲ ਹੈ, ਪਰ ਤੂੰ ਉਸ ਤੋਂ ਵਿਛੜਕੇ ਚੋਟਾ ਖਾਇ=ਸੱਟਾ ਖਾ ਰਿਹਾ ਹੈਂ।

ਅਥਵਾ:-ਵਿਛੋੜੇ ਦੀਆਂ ਸੱਟਾਂ ਖਾ ਰਿਹਾ ਹੈਂ॥ ੩॥

ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ॥

ਹੇ ਮੇਰੇ ਪ੍ਰੀਤਮਾਂ=ਪਿਆਰੇ ਮਨ! ਮੇਰਾ ਜੋ ਪ੍ਰੀਤਮ ਪ੍ਰਭੂ ਹੈ ਉਸ ਦੀ ਪ੍ਰਾਪਤੀ ਦਾ ਤੂੰ ਹਲਾ=ਉੱਦਮ ਕਰ ਭਾਲ ਕਰਨ ਵਾਲਾ ਹੋ ਕੇ ਭਾਵ ਖੋਜੀ ਬਣਕੇ ਤੂੰ ਹਿਰਦੇ ਵਿਚ ਹੀ ਹਰੀ ਨੂੰ ਭਾਲਾਇ=ਢੂੰਡ ਲੈ।

ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ॥ ੪॥

ਹੋਰ ਕਿਸੇ ਉਪਾਇ=ਜਤਨ ਨਾਲ ਨਹੀਂ ਲਭਦਾ, ਇਕ ਗੁਰੂ ਹਨ ਜੋ ਹਿਰਦੇ ਵਿਚ ਹੀ ਹਰੀ ਨੂੰ ਵਿਖਾ ਦੇਂਦੇ ਹਨ॥ ੪॥

ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਮੇਰੇ ਪ੍ਰੀਤਮ ਪ੍ਰਭੂ ਦੀ ਪ੍ਰਾਪਤੀ ਦਾ ਤੂੰ ਹਲਾ= ਉੱਦਮ ਕਰ, ਅਤੇ ਦਿਨ ਰਾਤ ਹਰੀ ਵਿਚ ਲਿਵ ਲਗਾਣਾ ਕਰ।

ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ॥ ੫॥

ਤਾਂ ਸਰੀਰ ਘਰ ਦੇ ਵਿਚ ਹੀ ਰੰਗ ਮਹਲੀ=ਪਰਮੇਸ਼ਰ ਦੀ ਸਰੂਪ ਰੂਪੀ ਜਾਇ=ਜਗ੍ਹਾ ਨੂੰ ਪਾ ਲਵੇਂਗਾ। ਗੁਰਾਂ ਦਾ ਮਿਲਾਇਆ ਹੋਇਆ ਹੀ ਹਰੀ ਮਿਲਦਾ ਹੈ। *ਅਥਵਾ:*-ਹੇ ਮਹਲੀ=ਜਗਿਆਸੂ ਰੂਪ ਇਸਤਰੀ ਜਦ ਤੂੰ ਸਰੀਰ ਘਰ ਦੀ ਅੰਤਹਕਰਣ ਰੂਪ ਜਾਇ=ਜਗ੍ਹਾ ਵਿਚ ਰੰਗ=ਪ੍ਰੇਮ ਨੂੰ ਪਾਵੇਂਗੀ ਤਦ ਤੈਨੂੰ ਗੁਰੂ ਹਰੀ ਨਾਲ ਮੇਲਣਗੇ ਤੇ ਤੂੰ ਹੋਰਨਾਂ ਨੂੰ ਹਰੀ ਨਾਲ ਮਿਲਾਵੇਂਗੀ॥ ੫॥

ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ॥

ਹੇ ਕਰਹਲਾ=ਊਠ ਦੀ ਨਿਆਈਂ ਮੁਤਾਣੇ ਮਨ ! ਜੇ ਤੂੰ ਮੇਰਾ ਮਿਤ੍ਰ ਹੈਂ ਤਾਂ ਤੂੰ ਹਲਾ=ਉੱਦਮ ਕਰਕੇ ਪਖੰਡ ਅਤੇ ਪਦਾਰਥਾਂ ਦੇ ਲੋਭ ਨੂੰ ਤਜਾਇ=ਤਿਆਗਣਾ ਕਰ। ਕਿਉਂਕਿ-

ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥ ੬ ॥

ਪਖੰਡੀ ਤੇ ਲੋਭੀ ਨੂੰ ਮਾਰ ਪੈਂਦੀ ਹੈ, ਜਮ ਰਾਜਾ ਡੰਡਾ ਲੈ ਕੇ ਚੰਗੀ ਤਰ੍ਹਾਂ ਸਜ਼ਾ ਦੇਂਦਾ ਹੈ ॥ ੬ ॥

ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਤਾਂ ਮੇਰੇ ਪ੍ਰਾਣ ਰੂਪ ਹੈਂ, ਤੂੰ ਹਲਾ=ਉੱਦਮ ਕਰਕੇ ਪਖੰਡ ਤੇ ਭਰਮ ਦੀ ਮੈਲ ਨੂੰ ਗਵਾਇ=ਦੂਰ ਕਰ ਲੈ।

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥ ੭ ॥

ਹਰੀ ਸਰੂਪ ਪੂਰਿਆਂ ਗੁਰਾਂ ਨੇ ਪ੍ਰਤੱਖ ਅੰਮ੍ਰਿਤ ਦਾ ਸਰੋਵਰ ਪੂਰਿਆ=ਲਗਵਾਇਆ ਹੈ ਉਸ ਵਿਚ ਜੋ ਆ ਕੇ ਮਿਲਿਆ ਹੈ ਭਾਵ ਇਸ਼ਨਾਨ ਕਰਦਾ ਹੈ ਉਸ ਦੀ ਪਾਪਾਂ ਰੂਪੀ ਮੈਲ ਲਹਿ ਜਾਂਦੀ ਹੈ।

ਅਥਵਾ:- ਹਰੀ ਸਰੂਪ ਪੂਰਿਆਂ ਗੁਰਾਂ ਨੇ ਸਤਿਸੰਗ ਰੂਪੀ ਨਾਮ ਅੰਮ੍ਰਿਤ ਦਾ ਸਰੋਵਰ ਲਗਾਇਆ ਹੈ ਜੋ ਸਤਸੰਗਤ ਰੂਪ ਸਰੋਵਰ ਵਿਚ ਆ ਕੇ ਮਿਲਦਾ ਹੈ ਉਸ ਦੀ ਹਉਮੈ ਰੂਪੀ ਮੈਲ ਲਹਿ ਜਾਂਦੀ ਹੈ।

*ਅਥਵਾ:-*ਹਰੀ ਨਾਮ ਅੰਮ੍ਰਿਤ ਨਾਲ ਪੂਰਿਆ=ਭਰਿਆ ਹੋਇਆ ਜੋ ਗੁਰੂ ਰੂਪ ਸਰੁ=ਸਰੋਵਰ ਹੈ, ਉਨ੍ਹਾਂ ਦੀ ਸੰਗਤ ਵਿਚ ਮਿਲ ਤਾਂ ਤੇਰੀ ਮੈਲ ਲਹਿ ਜਾਵੇਗੀ॥ ੭ ॥

ਮਨ ਮਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥

ਹੇ ਮੇਰੇ ਪਿਆਰੇ ਮਨ ! ਤੂੰ ਹਲਾ=ਉੱਦਮ ਕਰਕੇ ਗੁਰਾਂ ਦੇ ਪਾਸ ਆ ਕੇ ਇਕ ਗੁਰਾਂ ਦੀ ਸਿਖਿਆ ਸੁਨਣਾ ਕਰ।

ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥ ੮ ॥

ਇਹ ਜੋ ਮਾਇਆ ਦਾ ਮੋਹ ਪਸਰਿਆ ਹੋਇਆ ਹੈ

ਇਸ ਦੇ ਵਿਚੋਂ ਅੰਤਮ ਸਮੇਂ ਕੁਝ ਭੀ ਨਾਲ ਨਹੀਂ ਜਾਣਾ ॥ ੮ ॥

ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਮੇਰੇ ਸਜਨ ਪ੍ਰਭੂ ਦੀ ਪ੍ਰਾਪਤੀ ਦਾ ਤੂੰ ਹਲਾ=ਉੱਦਮ ਕਰ, ਜਿਨ੍ਹਾਂ ਨੇ ਹਰੀ ਨਾਮ ਰੂਪੀ ਖਰਚ ਪਲ੍ਹੇ ਬੰਨ੍ਹ ਲੀਤਾ ਹੈ ਉਨ੍ਹਾਂ ਨੇ ਪਤੀ ਪਰਮਾਤਮਾ ਨੂੰ ਪਾਇਆ ਹੈ ਵਾ:-ਪਤ ਆਬਰੋ ਨੂੰ ਪਾਇਆ ਹੈ।

ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥ ੯ ॥

ਉਸਨੂੰ ਹਰੀ ਨੇ ਦਰਗਾਹ ਵਿਚ ਜਸ ਰੂਪੀ ਚੋਗਾ ਪਹਿਰਾਇਆ ਹੈ, ਅਤੇ ਹਰੀ ਨੇ ਆਪਣੇ ਗਲ ਨਾਲ ਲਗਾ ਲੀਤਾ ਭਾਵ ਅਭੇਦ ਕਰ ਲਿਆ ਹੈ॥ ੯ ॥

ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਗੁਰ ਉਪਦੇਸ਼ ਮੰਨਨ ਦਾ ਹਲਾ=ਉੱਦਮ ਕਰ, ਅਤੇ ਮੁਖ ਗੁਰਾਂ ਦੀ ਦਸੀ ਹੋਈ ਕਾਰ ਨੂੰ ਕਮਾਉਣਾ ਕਰ। ਅਤੇ-

ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥ ੧੦ ॥ ੧ ॥

ਗੁਰਾਂ ਅਗੇ ਖਲੋਕੇ ਨਿੰਮ੍ਰਤਾ ਸਹਿਤ ਇਹ ਜੋਦੜੀ=ਬੇਨਤੀ ਕਰ ਕਿ-

ਹੇ ਗੁਰੋ ! ਮੈਨੂੰ ਹਰੀ ਨਾਲ ਮਿਲਾ ਦਿਓ॥ ੧੦॥ ੧॥

ਗਉੜੀ ਮਹਲਾ ੪॥

ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ॥

ਹੇ ਅਵਿਚਾਰੀ ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਵਿਚਾਰ ਕੇ ਰਾਮ ਨਾਮ ਸੰਭਾਲ ਤਾਂ ਪਰਮੇਸ਼ਰ ਨੂੰ ਦੇਖ ਲਵੇਂਗਾ। *ਅਥਵਾ:*-ਹੇ ਮਨ ! ਤੂੰ ਸਿਮਰਨ ਕਰਨ ਵਿਚ ਹਲਾ=ਉੱਦਮ ਕਰ, ਤੇ ਵਿਚਾਰਵਾਨਾਂ ਨਾਲ ਮਿਲਕੇ ਵਿਚਾਰ ਕੇ ਦੇਖ ਅਤੇ ਸਮਾਲਿ=ਯਾਦ ਰੱਖ।

ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ॥ ੧॥

ਸਾਰੇ ਬਨਵਾਸੀ ਬਨਾਂ ਵਿਚ ਫਿਰਦੇ ਥੱਕ ਗਏ ਪਰ ਪਰਮੇਸ਼ਰ ਨਹੀਂ ਲੱਭਾ, ਗੁਰਮਤਿ=ਗੁਰ ਸਿਖਿਆ ਲੈਣ ਵਾਲੇ ਨੇ ਪਤੀ ਪਰਮੇਸ਼ਰ ਨੂੰ ਹਿਰਦੇ ਵਿਚ ਹੀ ਨਿਹਾਲਿ=ਵੇਖ ਲਿਆ ਹੈ॥ ੧॥

ਮਨ ਕਰਹਲਾ ਗੁਰ ਗੋਵਿੰਦੁ ਸਮਾਲਿ॥ ੧॥ ਰਹਾਉ॥

ਹੇ ਮਨ ! ਤੂੰ ਹਲਾ=ਉੱਦਮ ਕਰਕੇ ਗੁਰਾਂ ਦੁਆਰੇ ਗੋਬਿੰਦ ਨਾਮ ਨੂੰ ਸੰਭਾਲਣਾ ਕਰ॥ ੧॥ ਰਹਾਉ॥

ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ॥

ਹੇ ਕਰਹਲਾ=ਊਠ ਦੀ ਨਿਆਈਂ ਮੁਤਾਣੇ ਅਵਿਚਾਰੀ ਮਨ ! ਤੂੰ ਸਤ ਅਸੱਤ ਦੇ ਨਿਰਣੇ ਦਾ ਵਿਚਾਰ ਕਰ, ਵਾ:-ਹੇ ਮਨ ! ਤੂੰ ਆਪਣੇ ਸਰੂਪ ਦੇ ਵਿਚਾਰਨ ਦਾ ਹਲਾ=ਉੱਦਮ ਕਰ, ਕਿਉਂਕਿ ਵਿਚਾਰ ਤੋਂ ਹੀਣ ਮਨਮੁਖ ਮੋਹ ਮਹਾ ਜਾਲ ਵਿਚ ਫਸੇ ਹੋਏ ਹਨ।

ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ॥ ੨॥

ਉਹ ਗੁਰਮੁਖ ਪ੍ਰਾਣੀ ਮੁਕਤ ਰੂਪ ਹੈ ਜੋ ਹਰਿ ਹਰਿ ਨਾਮ ਨੂੰ ਸੰਭਾਲਦਾ ਹੈ॥ ੨॥

ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ॥

ਹੇ ਮੇਰੇ ਪਿਆਰੇ ਮਨ ਤੂੰ ਹਲਾ=ਉੱਦਮ ਕਰਕੇ ਸਤਸੰਗਤ ਵਿਚੋਂ ਸਤਿਗੁਰਾਂ ਨੂੰ ਲੱਭ ਲੈ।

ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ॥ ੩॥

ਜੇ ਤੂੰ ਸਤਸੰਗਤਿ ਨਾਲ ਮਿਲਕੇ ਹਰਿ ਹਰਿ ਨਾਮ ਨੂੰ ਧਿਆਵੇਂਗਾ,

ਤਾਂ ਤੇਰੀ ਸਹਾਇਤਾ ਕਰਨ ਵਾਸਤੇ ਹਰਿ ਹਰਿ ਤੇਰੇ ਨਾਲ ਚਲੇਗਾ॥ ੩॥

ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਵਡਭਾਗੀ ਹੋਣ ਦਾ ਹਲਾ=ਉੱਦਮ ਕਰ,

ਵਾ:- ਹੇ ਵਡਭਾਗੀ ਮਨ ਤੂੰ ਹਲਾ=ਉੱਦਮ ਕਰ, ਸਾਰਿਆਂ ਵਿਚ ਇੱਕ ਹਰੀ ਨੂੰ ਅੱਖਾਂ ਨਾਲ ਨਿਹਾਲਿ= ਵੇਖਣਾ ਕਰ।

[ਪੰਨਾ ੨੩੫]

ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥ ੪ ॥

ਆਪ ਪਰਮੇਸ਼ਰ ਕਿਰਪਾ ਕਰਕੇ ਛੁਡਾਵੇ ਤਾਂ ਸੰਸਾਰਕ ਬੰਧਨਾਂ ਤੋਂ, ਵਾ:-ਮੋਹ ਜਾਲ ਤੋਂ ਛੁੱਟ ਸਕੀਦਾ ਹੈ ਤਾਂਤੇ ਤੂੰ ਸਤਿਗੁਰਾਂ ਦੇ ਚਰਨਾਂ ਨੂੰ ਸੰਭਾਲਣਾ ਕਰ॥ ੪॥

ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥

ਹੇ ਮੇਰੇ ਪਿਆਰੇ ਮਨ ! ਤੂੰ ਹਲਾ=ਉੱਦਮ ਕਰ, ਇਸ ਦੇਹ ਦੇ ਵਿਚ ਹੀ ਜੋਤੀ ਪਰਮਾਤਮਾ ਨੂੰ ਸੰਭਾਲਣਾ ਕਰ।

ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥ ੫ ॥

ਨੌਂ ਨਿਧੀ ਰੂਪ ਜੋ ਨਾਮ ਹੈ ਉਸ ਨਾਮ ਦੀ ਦਾਤ ਜਿਨ੍ਹਾਂ ਨੂੰ ਗੁਰਾਂ ਨੇ ਦਿਤੀ ਹੈ ਉਨ੍ਹਾਂ ਨੂੰ ਹਰੀ ਨੇ ਦਿਆਲੂ ਹੋ ਕੇ ਆਪਣਾ ਦਰਸ਼ਨ ਵਿਖਾਇਆ ਹੈ॥ ੫॥

ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥

ਹੇ ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਬਾਂਦਰ ਅਤੇ ਪਿੱਪਲ ਦੇ ਪਤੇ ਵਾਂਗੂੰ ਚੰਚਲ ਹੋ ਰਿਹਾ ਹੈਂ, ਵਿਕਰਾਲਿ=ਭਿਆਨਕ ਚਤੁਰਾਈਆਂ ਨੂੰ ਛਡ ਦੇ।

ਵਾ:- ਭਿਆਨਕ ਚਤੁਰਾਈਆਂ ਦੇ ਛੱਡਣ ਦਾ ਤੂੰ ਹਲਾ=ਉਦਮ ਕਰ।

ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥ ੬ ॥

ਹੇ ਮਨ ! ਤੂੰ ਹਰਿ ਹਰਿ ਨਾਮ ਨੂੰ ਸੰਭਾਲਣਾ ਕਰ, ਫਿਰ ਅੰਤ ਵੇਲੇ ਹਰੀ ਤੈਨੂੰ ਮੁਕਤ ਕਰ ਦੇਵੇਗਾ।

ਮਨ ਕਰਹਲਾ ਵਡਭਾਗਿਆ ਤੂੰ ਗਿਆਨੁ ਰਤਨੁ ਸਮਾਲਿ ॥

ਹੇ ਵਡਭਾਗੀ ਮਨ ! ਤੂੰ ਹਲਾ=ਉੱਦਮ ਕਰ, ਅਤੇ ਅਮੋਲਕ ਗਿਆਨ ਰਤਨ ਨੂੰ ਸੰਭਾਲਣਾ ਕਰ।

ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥ ੭ ॥

ਜਿਨ੍ਹਾਂ ਨੇ ਗੁਰਾਂ ਪਾਸੋਂ ਗਿਆਨ ਰੂਪੀ ਖੰਡਾ ਲੈ ਕੇ ਮਨ ਰੂਪੀ ਹੱਥ ਵਿਚ ਫੜਿਆ ਹੈ, ਉਨ੍ਹਾਂ ਨੇ ਜਮ ਨੂੰ ਅਤੇ ਜਮ+ਕਾਲ=ਜੰਮਣ ਮਰਣ ਨੂੰ ਮਾਰ ਦਿੱਤਾ ਹੈ। *ਅਥਵਾ:-*ਜਮੁ=ਜਮਾਂ ਹੋਇਆ ਜੋ ਜਮ ਕਾਲ ਸੀ ਉਸਨੂੰ ਮਾਰ ਦਿੱਤਾ। *ਅਥਵਾ:-*ਜਮੁ=ਮੂਲ ਤੋਂ ਹੀ ਜਮ ਕਾਲ ਨੂੰ ਮਾਰ ਦਿੱਤਾ ਹੈ। *ਅਥਵਾ:-*ਜਿਨ੍ਹਾਂ ਗੁਰਾਂ ਨੇ ਆਪਣੇ ਮਨ ਰੂਪੀ ਹਥ ਵਿਚ ਗਿਆਨ ਰੂਪ ਖੰਡਾ ਧਾਰਿਆ ਹੋਇਆ ਹੈ ਉਨ੍ਹਾਂ ਦੁਆਰੇ ਜਿਸ ਵੇਲੇ ਗਿਆਨ ਜਮੁ=ਜੰਮਿਆ ਤਾਂ ਜਮਕਾਲ ਨੂੰ ਮਾਰ ਦਿੱਤਾ॥ ੭॥

ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥

ਹੇ ਕਰਹਲੇ=ਊਠ ਦੀ ਨਿਆਈਂ ਮੁਤਾਣੇ ਮਨ ! ਤੇਰੇ ਅੰਦਰ ਹੀ ਨਿਧੀਆਂ ਦਾ ਖਜ਼ਾਨਾ ਪਰਮਾਤਮਾ ਹੈ, ਤੂੰ ਭਰਮ ਕਰਕੇ ਬਾਹਰ ਭਾਲਦਾ ਫਿਰਦਾ ਹੈਂ।

ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥ ੮ ॥

ਜਿਸ ਵੇਲੇ ਪੂਰਾ ਗੁਰੂ ਪੁਰਖ ਭੇਟਿਆ=ਮਿਲਿਆ, ਤਾਂ ਹਰੀ ਸੱਜਣ ਨੂੰ ਨਾਲ ਹੀ ਲੱਭ ਲਿਆ॥ ੮॥

ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ॥

ਹੇ ਵਿਸ਼ੇ ਰੰਗ ਵਿਚ ਰਤੇ ਹੋਏ, ਕਰਹਲੇ=ਊਠ ਦੀ ਨਿਆਈਂ ਮੁਤਾਣੇ ਮਨ ! ਤੂੰ ਪਰਮੇਸ਼ਰ ਦੇ ਰੰਗ ਨੂੰ ਸਦਾ ਸੰਭਾਲਣਾ ਕਰ। ਕਿਉਂਕਿ-

ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ॥ ੯॥

ਇਕ ਵਾਰ ਦਾ ਹਰੀ ਰੰਗ ਚੜ੍ਹਿਆ ਹੋਇਆ ਫਿਰ ਕਦੇ ਉਤਰੇਗਾ ਨਹੀ, ਤੂੰ ਗੁਰਾਂ ਦੀ ਸੇਵਾ ਕਰ ਅਤੇ ਗੁਰ ਉਪਦੇਸ਼ ਨੂੰ ਸੰਭਾਲਣਾ ਕਰ॥ ੯॥

ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ॥

ਹੇ ਕਰਹਲੇ=ਊਠ ਦੀ ਨਿਆਈਂ ਮੁਤਾਣੇ ਮਨ ! ਹਮ ਤਮਾਮ (ਸਾਰੇ) ਜੀਵ ਪੰਛੀ ਹਨ, ਅਤੇ ਹਰ ਇਕ ਦਾ ਆਸਰਾ ਰੂਪ ਅਕਾਲ ਪੁਰਖ ਹਰੀ ਤਰਵਰੁ=ਬ੍ਰਿੱਛ ਰੂਪ ਹੈ।

ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ॥ ੧੦॥ ੨॥

ਵਡਭਾਗੀ ਪੁਰਸ਼ਾਂ ਨੇ ਮੁਖ ਗੁਰਾਂ ਨੂੰ ਪਾਇਆ ਹੈ, ਅਤੇ ਉਨ੍ਹਾਂ ਦੇ ਉਪਦੇਸ਼ ਦੁਆਰਾ ਨਾਮ ਨੂੰ ਸੰਭਾਲਿਆ ਹੈ। *ਅਥਵਾ:*-ਗੁਰੂ ਜੀ ਕਥਨ ਕਰਦੇ ਹਨ ਵਡਭਾਗੀ ਪੁਰਸ਼ਾਂ ਨੇ ਗੁਰਮੁਖਿ=ਗੁਰਾਂ ਦੁਆਰੇ ਨਾਮ ਨੂੰ ਸੰਭਾਲ ਕੇ ਪ੍ਰਭੂ ਨੂੰ ਪਾਇਆ ਹੈ॥ ੧੦॥ ੨॥

ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ

੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਜਬ ਇਹੁ ਮਨ ਮਹਿ ਕਰਤ ਗੁਮਾਨਾ॥ ਤਬ ਇਹੁ ਬਾਵਰੁ ਫਿਰਤ ਬਿਗਾਨਾ॥

ਜਦ ਇਹ ਜੀਵ ਮਨ ਵਿਚ ਹੰਕਾਰ ਕਰਦਾ ਹੈ। ਤਦ ਇਹ ਪਾਗਲ ਗਿਆਨ ਤੋਂ ਬਿਨਾਂ ਹੋਣ ਕਰਕੇ ਬਿਗਾਨਾ=ਬੇ ਗਿਆਤ, ਵਾ:-ਦੂਜਿਆਂ ਦਾ ਦਾਸ ਹੋਇਆ ਫਿਰਦਾ ਹੈ, ਵਾ:-ਜਮਾਂ ਦਾ ਹੋਇਆ ਫਿਰਦਾ ਹੈ।

ਜਬ ਇਹੁ ਹੂਆ ਸਗਲ ਕੀ ਰੀਨਾ॥ ਤਾ ਤੇ ਰਮਈਆ ਘਟਿ ਘਟਿ ਚੀਨਾ॥ ੧॥

ਜਦ ਤੋਂ ਇਹ ਜੀਵ ਸਾਰਿਆਂ ਦੇ ਚਰਨਾਂ ਦੀ ਰੀਨਾ=ਧੂੜ ਹੋ ਗਿਆ, ਤਦ ਤੋਂ ਇਸ ਨੇ ਸਾਰਿਆਂ ਘਟਾਂ ਘਟਾਂ ਵਿਚ ਪਰਮੇਸ਼ਰ ਨੂੰ ਚੀਨਾ=ਜਾਣ ਲਿਆ॥ ੧॥

ਸਹਜ ਸੁਹੇਲਾ ਫਲੁ ਮਸਕੀਨੀ॥

ਮਸਕੀਨੀ=ਗਰੀਬੀ ਦਾ ਫਲ ਸਹਜੇ ਸੁਹੇਲਾ=ਸੁਖ ਦੀ ਪਰਾਪਤੀ ਹੈ। *ਅਥਵਾ:*-ਗਰੀਬੀ ਧਾਰਨ ਨਾਲ ਸਹਜ+ਫਲੁ=ਗਿਆਨ ਫਲ ਦੀ ਪ੍ਰਾਪਤੀ ਹੁੰਦੀ ਹੈ, ਜਿਸ ਗਿਆਨ ਕਰਕੇ ਸਹਜੇ ਹੀ ਸੁਹੇਲਾ=ਸੁਖ ਪ੍ਰਾਪਤ ਹੁੰਦਾ ਹੈ।

ਯਥਾ:- ਸਾਧ ਕੀ ਸੋਭਾ ਅਤਿ ਮਸਕੀਨੀ॥ ਸੰਤ ਵਡਾਈ ਹਰਿ ਜਸੁ ਚੀਨੀ॥ *(ਪੰਨਾ ੬੭੬)*

ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ॥ ੧॥ ਰਹਾਉ॥

ਆਪਣੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਇਹ ਗਰੀਬੀ ਮੈਨੂੰ ਦਾਨ ਹੀ ਕਰ ਦਿੱਤੀ ਹੈ॥ ੧॥

ਜਬ ਕਿਸ ਕਉ ਇਹੁ ਜਾਨਸਿ ਮੰਦਾ ॥ ਤਬ ਸਗਲੇ ਇਸੁ ਮੇਲਹਿ ਫੰਦਾ ॥

ਜਿਸ ਵੇਲੇ ਇਹ ਜੀਵ ਕਿਸੇ ਨੂੰ ਮੰਦਾ=ਭੈੜਾ ਜਾਣਦਾ ਹੈ, ਤਿਸ ਵੇਲੇ ਸਾਰੇ ਜੀਵ ਇਸ ਦੇ ਗਲ ਵਿਚ ਫਾਹ ਪਾਂਦੇ ਹਨ, ਅਰਥਾਤ ਇਸ ਦਾ ਬੁਰਾ ਚਿਤਵਦੇ ਹਨ।

ਮੇਰ ਤੇਰ ਜਬ ਇਨਹਿ ਚੁਕਾਈ ॥ ਤਾ ਤੇ ਇਸੁ ਸੰਗਿ ਨਹੀ ਬੈਰਾਈ ॥ ੨ ॥

ਜਿਸ ਵੇਲੇ ਇਸ ਜੀਵ ਨੇ ਮੇਰ ਤੇਰ ਚੁਕਾਈ=ਦੂਰ ਕਰ ਦਿੱਤੀ, ਤਿਸ ਵੇਲੇ ਇਸ ਜੀਵ ਦੇ ਨਾਲ ਕੋਈ ਭੀ ਵੈਰ ਨਹੀਂ ਕਰਦਾ ॥ ੨ ॥

ਜਬ ਇਨਿ ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥

ਜਿਸ ਵੇਲੇ ਇਸ ਨੇ ਆਪਣੀ ਮਾਇਆ ਆਪਣੀ ਵਿਭੂਤੀ ਧਾਰਨ ਕੀਤੀ ਹੈ, ਤਿਸ ਵੇਲੇ ਇਸ ਨੂੰ ਬੜੀ ਭਾਰੀ ਮੁਸ਼ਕਲਤਾ ਆ ਕੇ ਪ੍ਰਾਪਤ ਹੁੰਦੀ ਹੈ।

ਜਬ ਇਨਿ ਕਰਣੈਹਾਰੁ ਪਛਾਤਾ ॥ ਤਬ ਇਸ ਨੋ ਨਾਹੀ ਕਿਛੁ ਤਾਤਾ ॥ ੩ ॥

ਜਦ ਇਸ ਨੇ ਕਰਣੈਹਾਰੁ=ਪਰਮਾਤਮਾ ਨੂੰ ਪਛਾਣ ਲਿਆ, ਤਦ ਇਸਨੂੰ ਕਿਸੇ ਕਿਸਮ ਦੀ ਕੁਝ ਤਾਤਾ= ਇੱਛਾ ਨਹੀਂ ਰਹਿੰਦੀ ॥ ੩ ॥

ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥

ਜਦ ਇਸ ਜੀਵ ਨੇ ਆਪਣੇ ਆਪ ਨੂੰ ਮੋਹ ਵਿਚ ਬੰਨ੍ਹ ਲਿਆ, ਤਦ ਇਹ ਸਦਾ ਹੀ ਜਮਾਂ ਦੀ ਜੋਹਾ=ਤਾੜ ਹੇਠ ਆਉਂਦਾ ਜਾਂਦਾ ਹੈ।

ਵਾ:-ਸਦਾ ਆਉਂਦਾ ਜਾਂਦਾ ਹੈ ਤੇ ਜਮ ਇਸ ਨੂੰ ਜੋਹਾ=ਦੇਖਦਾ ਰਹਿੰਦਾ ਹੈ।

ਜਬ ਤਿਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥ ੪ ॥

ਜਿਸ ਵੇਲੇ ਇਸ ਦੇ ਹਿਰਦੇ 'ਚੋਂ ਸਾਰੇ ਭਰਮ ਬਿਨਸ ਗਏ, ਤਿਸ ਵੇਲੇ ਇਸ ਵਿਚ ਤੇ ਪਾਰਬ੍ਰਹਮ ਵਿਚ ਕੋਈ ਭੇਦੁ-ਫਰਕ ਨਹੀਂ ਰਹਿੰਦਾ ॥ ੪ ॥

ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ ਤਬ ਤੇ ਦੂਖ ਡੰਡ ਅਰੁ ਖੇਦਾ ॥

ਜਦ ਤੋਂ ਇਸ ਜੀਵ ਨੇ ਕੁਝ ਭੇਦ ਮੰਨਣਾ ਕੀਤੇ ਹਨ, ਤਦ ਕਾਲ ਤੋਂ ਇਸ ਨੂੰ ਸਰੀਰ ਕਰਕੇ ਦੁੱਖ, ਜਮਾਂ ਦਾ ਡੰਡ ਅਤੇ ਮਨ ਕਰਕੇ ਖੇਦ=ਕਸ਼ਟ ਪ੍ਰਾਪਤ ਹੁੰਦਾ ਹੈ।

ਜਬ ਇਨਿ ਏਕੋ ਏਕੀ ਬੂਝਿਆ ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥ ੫ ॥

ਜਦ ਤੋਂ ਇਸ ਜੀਵ ਨੇ ਇਕੋ ਇਕ ਪਰਮਾਤਮਾ ਨੂੰ ਬੁਝਿਆ ਹੈ, ਤਦ ਕਾਲ ਤੋਂ ਇਸ ਨੂੰ ਭਲਾ ਬੁਰਾ ਸਭ ਕੁਝ ਸੁਝ ਆਇਆ ਹੈ ॥ ੫ ॥

ਜਬ ਇਹੁ ਧਾਵੈ ਮਾਇਆ ਅਰਥੀ ॥ ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥

ਜਦ ਇਹ ਜੀਵ ਮਾਇਆ ਅਰਥੀ=ਵਾਸਤੇ ਧਾਵੈ=ਦੌੜਦਾ ਹੈ, ਤਦ ਇਹ ਨਹ ਤ੍ਰਿਪਤਾਵੈ=ਰਜਦਾ ਨਹੀਂ ਹੈ, ਨਾ ਹੀ ਇਸ ਦੀ ਤਿਸ ਲਾਥੀ=ਤ੍ਰਿਸ਼ਨਾਂ ਦੂਰ ਹੁੰਦੀ ਹੈ।

ਜਬ ਇਸ ਤੇ ਇਹੁ ਹੋਇਓ ਜਉਲਾ ॥ਪੀਛੈ ਲਾਗਿ ਚਲੀ ਉਠਿ ਕਉਲਾ ॥ ੬ ॥

ਜਦ ਇਸ ਮਾਇਆ ਤੋਂ ਇਹ ਜੀਵ ਜਉਲਾ=ਜੁਦਾ ਭਾਵ ਅਸੰਗ ਹੋ ਗਿਆ, ਤਦ ਕਉਲਾ=ਮਾਇਆ ਉੱਠ ਕੇ ਇਸ ਦੇ ਪੀਛੈ=ਮਗਰ ਲੱਗ ਤੁਰਦੀ ਹੈ॥ ੬ ॥

ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ਮਨ ਮੰਦਰ ਮਹਿ ਦੀਪਕੁ ਜਲਿਓ ॥

ਜਦ ਕਿਰਪਾ ਕਰਕੇ ਸਤਿਗੁਰੂ ਮਿਲ ਪਿਆ, ਤਦ ਮਨ ਰੂਪੀ ਮੰਦਰ ਵਿਚ ਗਿਆਨ ਰੂਪੀ ਦੀਪਕ ਬਲ ਪਿਆ।

ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥ ੭ ॥

ਉਸ ਗਿਆਨ ਦੁਆਰਾ ਜਿਸ ਵੇਲੇ ਜਿਤ ਹਾਰ ਦੀ ਸੋਝੀ=ਗਿਆਤ ਪ੍ਰਾਪਤ ਕੀਤੀ, ਕਿ ਕਿਹੜਿਆਂ ਕਰਮਾਂ ਕਰਕੇ ਜਿਤ ਹੁੰਦੀ ਹੈ, ਤੇ ਕਿਹੜਿਆਂ ਕਰਮਾਂ ਕਰਕੇ ਹਾਰ ਹੁੰਦੀ ਹੈ। ਤਦ ਇਸ ਮਨੁੱਖਾ ਦੇਹ ਰੂਪੀ ਘਰ ਦੀ ਕੀਮਤਿ=ਕਦਰ ਪੈ ਗਈ ਕਿ ਮਨੁੱਖਾ ਸਰੀਰ ਪ੍ਰਾਪਤ ਹੋਣਾ ਬਹੁਤ ਦੁਰਲੱਭ ਹੈ ਇਸ ਨੂੰ ਸਫਲ ਕਰਨਾ ਚਾਹੀਦਾ ਹੈ॥ ੭ ॥

[ਪੰਨਾ ੨੩੬]

ਕਰਨ ਕਰਾਵਨ ਸਭੁ ਕਿਛੁ ਏਕੈ॥ ਆਪੇ ਬੁਧਿ ਬੀਚਾਰਿ ਬਿਬੇਕੈ॥

ਉਹ ਇਕ ਪ੍ਰਭੂ ਹੀ ਸਭ ਕੁਝ ਕਰਨ ਕਰਾਣ ਵਾਲਾ ਹੈ। ਉਹ ਆਪ ਹੀ ਬੁੱਧੀ ਵਿਚ ਬਿਬੇਕੈ=ਬਿਬ+ਏਕੈ= ਦੋ ਜੀਵ ਈਸ਼ਰ ਤੋਂ ਇਕ ਹੋਣ ਦਾ ਵਿਚਾਰ ਦੇਂਦਾ ਹੈ।

ਆਪੇ ਹਰਿ ਇਕ ਰੰਗ ਹੈ ਆਪੇ ਬਹੁ ਰੰਗੀ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥

ਦੂਰਿ ਨ ਨੇਰੈ ਸਭ ਕੈ ਸੰਗਾ ॥ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥

ਨਾ ਉਹ ਦੂਰ ਹੈ, ਨਾ ਉਹ ਨੇੜੇ ਹੈ, ਸਭ ਦੇ ਨਾਲ ਹੈ, ਗੁਰੂ ਜੀ ਕਥਨ ਕਰਦੇ ਹਨ-ਹਰ ਰੰਗਾਂ ਵਾਲੇ ਸਚ ਨੂੰ ਸਲਾਹੁਣਾ ਚਾਹੀਦਾ ਹੈ।

ਅਥਵਾ:-ਹਰੀ ਨਾਲ ਰੰਗਾ=ਪ੍ਰੇਮ ਕਰਕੇ ਸਚ ਨਾਮ ਨੂੰ ਸਲਾਹੁਣਾ ਕਰੇ ਤਾਂ ਹਰੀ ਦਾ ਰੰਗਾ=ਆਨੰਦ ਹੁੰਦਾ ਹੈ॥ ੮॥ ੧॥

ਗਉੜੀ ਮਹਲਾ ੫ ॥

ਗੁਰ ਸੇਵਾ ਤੇ ਨਾਮੇ ਲਾਗਾ ॥ਤਿਸ ਕਿਉ ਮਿਲਿਆ ਜਿਸੁ ਮਸਤਕਿ ਭਾਗਾ ॥

ਅੰਨਵੇਂ:-ਜਿਸ ਦੇ ਮੱਥੇ ਦੇ ਭਾਗ ਚੰਗੇ ਹਨ ਉਸ ਨੂੰ ਗੁਰੂ ਮਿਲਿਆ ਹੈ ਜਿਸ ਨੂੰ ਗੁਰੂ ਮਿਲੇ ਹਨ ਓਹੀ ਪੁਰਸ਼ ਗੁਰ ਸੇਵਾ ਵਿਚ ਅਤੇ ਨਾਮ ਜਪਣ ਵਿਚ ਲੱਗਾ ਹੈ।

ਤਿਸ ਕੈ ਹਿਰਦੈ ਰਵਿਆ ਸੋਇ ॥ ਮਨੁ ਤਨੁ ਸੀਤਲੁ ਨਿਹਚਲੁ ਹੋਇ ॥ ੧ ॥

ਉਸੇ ਦੇ ਹਿਰਦੇ ਵਿਚ ਉਹ ਪ੍ਰਭੂ ਰਵਿਆ=ਸਾਖਿਆਤਕਾਰ ਭਾਵ ਪ੍ਰਗਟ ਹੋਇਆ ਹੈ। ਏਸੇ ਕਰਕੇ ਉਸ ਦਾ ਮਨ ਤਨ ਸੀਤਲ ਅਤੇ ਅਚੱਲ ਹੋਇਆ ਹੈ।

ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥ ੧ ॥ ਰਹਾਉ ॥

ਹੇ ਮੇਰੇ ਮਨ ! ਐਸਾ ਜੋ ਪ੍ਰਭੂ ਹੈ ਉਸ ਦਾ ਕੀਰਤਨ ਕਰ,

ਈਹਾ ਊਹਾ=ਲੋਕ ਪ੍ਰਲੋਕ ਵਿਚ ਜੋ ਤੇਰੇ ਕੰਮ ਆਉਣ ਵਾਲਾ ਹੈ॥ ੧॥ ਰਹਾਉ॥

ਜਾਸੁ ਜਪਤ ਭਉ ਅਪਦਾ ਜਾਇ॥ ਧਾਵਤ ਮਨੂਆ ਆਵੈ ਠਾਇ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਡਰ ਤੇ ਬਿਪਤਾ ਮਿਟ ਜਾਂਦੀ ਹੈ, ਅਤੇ ਧਾਵਤ=ਦੌੜਦਾ ਮਨ ਆਵੈ+ਠਾਇ=ਟਿਕਾਣੇ ਆ ਜਾਂਦਾ ਹੈ।

ਜਾਸੁ ਜਪਤ ਫਿਰਿ ਦੂਖੁ ਨ ਲਾਗੈ॥ ਜਾਸੁ ਜਪਤ ਇਹ ਹਉਮੈ ਭਾਗੈ॥ ੨॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਫਿਰਿ=ਮੁੜ ਕੋਈ ਦੁੱਖ ਨਹੀਂ ਲਗਦਾ।

ਜਿਸ ਦੇ ਜਪਣੇ ਕਰਕੇ ਇਹ ਹਉਮੈ ਭਾਗੈ=ਨਾਸ ਹੋ ਜਾਂਦੀ ਹੈ॥ ੨॥

ਜਾਸੁ ਜਪਤ ਵਸਿ ਆਵਹਿ ਪੰਚਾ॥ ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਪੰਜ ਗਿਆਨ ਇੰਦਰੇ ਵੱਸ ਵਿਚ ਆ ਜਾਂਦੇ ਹਨ,

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਹਿਰਦੇ ਵਿਚ ਨਾਮ ਅੰਮ੍ਰਿਤ ਨੂੰ,

ਵਾ:-ਬ੍ਰਹਮਾਨੰਦ ਰੂਪ ਅੰਮ੍ਰਿਤ ਨੂੰ ਸੰਚਾ=ਇਕੱਠਾ ਕਰਦਾ ਹੈ।

ਜਾਸੁ ਜਪਤ ਇਹ ਤ੍ਰਿਸਨਾ ਬੁਝੈ॥ ਜਾਸੁ ਜਪਤ ਹਰਿ ਦਰਗਹ ਸਿਝੈ॥ ੩॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਇਹ ਤ੍ਰਿਸ਼ਨਾਂ ਰੂਪ ਅੱਗ ਬੁਝ ਜਾਂਦੀ ਹੈ। ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਹਰੀ ਦੀ ਦਰਗਾਹ ਵਿਚ ਸਿਝੈ=ਕਲਿਆਣ ਹੁੰਦਾ ਹੈ॥ ੩॥

ਜਾਸੁ ਜਪਤ ਕੋਟਿ ਮਿਟਹਿ ਅਪਰਾਧ॥ ਜਾਸੁ ਜਪਤ ਹਰਿ ਹੋਵਹਿ ਸਾਧ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਕ੍ਰੋੜਾਂ ਅਪਰਾਧ=ਪਾਪ ਮਿਟ ਜਾਂਦੇ ਹਨ, ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਹਰੀ ਦਾ ਸੰਤ ਹੋ ਜਾਂਦਾ ਹੈ, ਵਾ:-ਹਰ ਕੋਈ ਸਾਧ ਹੋ ਜਾਂਦਾ ਹੈ।

ਜਾਸੁ ਜਪਤ ਮਨੁ ਸੀਤਲੁ ਹੋਵੈ॥ ਜਾਸੁ ਜਪਤ ਮਲੁ ਸਗਲੀ ਖੋਵੈ॥ ੪॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਮਨ ਸੀਤਲ ਹੋ ਜਾਂਦਾ ਹੈ, ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਸਾਰੀ ਪਾਪਾਂ ਰੂਪੀ ਮੈਲ ਖੋਵੈ=ਦੂਰ ਹੋ ਜਾਂਦੀ ਹੈ॥ ੪॥

ਜਾਸੁ ਜਪਤ ਰਤਨੁ ਹਰਿ ਮਿਲੈ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਹਰੀ ਰੂਪੀ ਰਤਨ ਮਿਲ ਜਾਂਦਾ ਹੈ। ਅਜੇਹਾ ਹਰੀ ਨਾਲ ਮਿਲ ਜਾਂਦਾ ਹਿਲੈ=ਭਾਵ ਰਚ ਮਿਚ ਜਾਂਦਾ ਹੈ, ਜੋ ਫਿਰ ਛੱਡਕੇ ਕਿਸੇ ਹੋਰ ਪਾਸੇ ਨਹੀਂ ਜਾਂਦਾ।

ਜਾਸੁ ਜਪਤ ਕਈ ਬੈਕੁੰਠ ਵਾਸੁ॥ ਜਾਸੁ ਜਪਤ ਸੁਖ ਸਹਜਿ ਨਿਵਾਸੁ॥ ੫॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਕਈ ਪੁਰਸ਼ਾਂ ਨੇ ਬੈਕੁੰਠ ਵਿਚ ਵਾਸਾ ਕੀਤਾ ਹੈ,

ਵਾ:-ਕਿਤਨੇ ਹੀ ਬੈਕੁੰਠਾਂ ਵਿਚ ਨਿਵਾਸ ਹੁੰਦਾ ਹੈ। ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਸਹਜਿ=ਅਚੁਤ ਸੁਖ ਵਿਚ ਨਿਵਾਸ ਹੁੰਦਾ ਹੈ॥ ੫॥

ਜਾਸੁ ਜਪਤ ਇਹ ਅਗਨਿ ਨ ਪੋਹਤ ॥ ਜਾਸੁ ਜਪਤ ਇਹੁ ਕਾਲੁ ਨ ਜੋਹਤ ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਇਹ ਤ੍ਰਿਸ਼ਨਾਂ ਰੂਪੀ ਅੱਗ ਛੋਹ ਨਹੀਂ ਸਕਦੀ, ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਇਹ ਕਾਲ ਭੀ ਨਹੀਂ ਜੋਹਤ=ਦੇਖ ਸਕਦਾ।

ਜਾਸੁ ਜਪਤ ਤੇਰਾ ਨਿਰਮਲ ਮਾਥਾ ॥ ਜਾਸੁ ਜਪਤ ਸਗਲਾ ਦੁਖੁ ਲਾਥਾ ॥ ੬ ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਹੇ ਜੀਵ ! ਤੇਰਾ ਮੂੰਹ ਉਜਲਾ ਹੋ ਰਿਹਾ ਹੈ, ਵਾ:-ਤੇਰਾ ਮਨ ਨਿਰਮਲ ਹੋ ਰਿਹਾ ਹੈ। ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਸਾਰਾ ਦੁੱਖ ਦੂਰ ਹੋ ਗਿਆ ਹੈ॥ ੬ ॥

ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ ਜਾਸੁ ਜਪਤ ਸੁਣਿ ਅਨਹਤ ਧੁਨੈ ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਕੁਝ ਮੁਸ਼ਕਲਤਾ ਭਾਵ ਔਖੀ ਗੱਲ ਨਹੀਂ ਬਣਦੀ, ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਅਨਹਦ ਧੁਨਿ ਦੇ ਵਾਜੇ ਸੁਣੀਂਦੇ ਹਨ।

ਜਾਸੁ ਜਪਤ ਇਹ ਨਿਰਮਲ ਸੋਇ ॥ ਜਾਸੁ ਜਪਤ ਕਮਲੁ ਸੀਧਾ ਹੋਇ ॥ ੭ ॥

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਇਸ ਜੀਵ ਦੀ ਨਿਰਮਲ ਸੋਇ=ਸੋਭਾ ਹੁੰਦੀ ਹੈ,

ਜਿਸ ਪ੍ਰਭੂ ਦਾ ਨਾਮ ਜਪਣ ਕਰਕੇ ਹਿਰਦਾ ਕੌਲ ਸਿੱਧਾ ਹੋ ਜਾਂਦਾ ਹੈ॥ ੭ ॥

ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥

ਗੁਰਾਂ ਨੇ ਸਭ ਤਰ੍ਹਾਂ ਕਰਕੇ ਉਸ ਦੇ ਉੱਪਰ ਸ਼ੁਭ ਦ੍ਰਿਸ਼ਟੀ ਕੀਤੀ ਹੈ, ਜਿਸ ਦੇ ਹਿਰਦੇ ਵਿਚ ਹਰੀ ਨੇ ਸਤਿਨਾਮੁ ਮੰਤ੍ਰ ਵਸਾ ਦਿੱਤਾ ਹੈ। *ਅਥਵਾ:*-ਗੁਰਾਂ ਨੇ ਸ਼ੁਭ=ਸ੍ਰੇਸ਼ਟ ਕਿਰਪਾ ਦ੍ਰਿਸ਼ਟੀ ਤਾਂ ਸਭ ਉੱਤੇ ਕੀਤੀ ਹੈ, ਪਰ ਤਾਰਦੇ ਉਸਨੂੰ ਹਨ ਜਿਸ ਦੇ ਹਿਰਦੇ ਵਿਚ ਹਰੀ ਨਾਮ ਮੰਤ੍ਰ ਦੇਂਦੇ ਹਨ।

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ੮ ॥ ੨ ॥

ਅਖੰਡ=ਇਕਰਸ ਕੀਰਤਨ ਕਰਨੇ ਰੂਪੀ ਭੋਜਨ ਉਸਨੂੰ ਚੂਰਾ=ਪ੍ਰਾਪਤ ਹੁੰਦਾ ਹੈ,

ਅਥਵਾ:-ਅਖੰਡ ਕੀਰਤਨ ਕਰਨੇ ਰੂਪ ਚੂਰਾ=ਚੂਰਮਾ (ਸਨਿਗਧ) ਭੋਜਨ ਉਸਨੂੰ ਪ੍ਰਾਪਤ ਹੁੰਦਾ ਹੈ। ਜਿਸਨੂੰ ਪੂਰੇ ਸਤਿਗੁਰੂ ਮਿਲੇ ਹਨ। *ਅਥਵਾ:*-ਅਖੰਡ ਕੀਰਤਨ ਕਰਨੇ ਰੂਪ ਭੋਜਨ ਜਿਸਨੂੰ ਪ੍ਰਾਪਤ ਹੋਇਆ ਹੈ ਉਸ ਨੇ ਕਾਮ ਆਦਿਕਾਂ ਨੂੰ ਚੂਰਾਂ=ਚੂਰਨ ਕਰ ਦਿੱਤਾ ਹੈ।

ਅਥਵਾ:-ਜਪ ਤਪ ਆਦਿਕ ਜੋ ਕਰਮ ਹਨ ਏਹੋ ਭੋਜਨ ਹੈ ਉਸ ਭੋਜਨ ਦੇ ਹਜ਼ਮ ਕਰਨੇ ਨੂੰ ਅਖੰਡ ਕੀਰਤਨ ਕਰਨਾ ਇਹ ਚੂਰਨ ਹੈ ਗੁਰੂ ਜੀ ਕਥਨ ਕਰਦੇ ਹਨ-ਇਹ ਚੂਰਨ ਉਸ ਨੂੰ ਮਿਲਦਾ ਹੈ ਜਿਸ ਨੂੰ ਪੂਰੇ ਸਤਿਗੁਰੂ ਮਿਲੇ ਹਨ॥ ੮ ॥ ੨ ॥

ਗਉੜੀ ਮਹਲਾ ੫ ॥

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥

ਜੋ ਪੁਰਸ਼ ਗੁਰਾਂ ਦਾ ਉਪਦੇਸ਼ ਆਪਣੇ ਹਿਰਦੇ ਅੰਦਰ ਧਾਰਦਾ ਹੈ,

ਉਹ ਪੰਜ ਕਾਮ ਆਦਿਕਾਂ ਨਾਲੋਂ ਆਪਣਾ ਸੰਗ ਨਵਿਰਤ ਕਰਦਾ ਹੈ।

ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥ ੧ ॥

ਜੋ ਪੁਰਸ਼ ਦਸਾਂ ਇੰਦ੍ਰੀਆਂ ਨੂੰ ਵਸੀਕਾਰ ਕਰ ਕੇ ਰਖਦਾ ਹੈ, ਉਸ ਦੇ ਆਤਮੈ=ਮਨ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ॥ ੧ ॥

ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥ ੧ ॥ ਰਹਾਉ ॥

ਅਜੇਹੀ ਦ੍ਰਿੜ੍ਹਤਾ ਉਸ ਨੂੰ ਹੁੰਦੀ ਹੈ, ਜਿਸ ਉੱਤੇ ਉਹ ਮਇਆ=ਕਿਰਪਾਲੂ ਪ੍ਰਭੂ ਆਪਣੀ ਦਇਆ ਦ੍ਰਿਸ਼ਟੀ ਕਰਦਾ ਹੈ॥ ੧ ॥ ਰਹਾਉ ॥

ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥

ਜਾ ਕੈ=ਜਿਸ ਦੇ ਮਨ ਵਿਚ ਸਾਜਨੁ+ਦੁਸਟੁ=ਮਿਤ੍ਰ ਤੇ ਵੈਰੀ ਇੱਕ ਸਮਾਨ ਹਨ, ਉਸ ਦਾ ਜਿਤਨਾ ਕੁ ਬੋਲਣਾ ਹੈ ਉਤਨਾ ਹੀ ਗਿਆਨ ਦਾ ਬੋਲਣਾ ਹੈ।

ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥ ੨ ॥

ਜਿੰਨਾ ਸੁਣਨਾ ਹੈ ਓਨਾ ਨਾਮ ਦਾ ਹੀ ਸੁਣਨਾ ਹੈ, ਜਿੰਨਾ ਵੇਖਣਾ ਹੈ ਉਤਨਾ ਬ੍ਰਹਮ ਦਾ ਹੀ ਧਿਆਨ ਹੈ॥ ੨ ॥

ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥

ਉਹ ਸੁਤੇ ਸਿਧ ਜਾਗਦਾ ਹੈ, ਸੁਤੇ ਸਿਧ ਹੀ ਸੋਇ=ਸੌਂਦਾ ਹੈ, ਵਾ:-ਗਿਆਨ ਜਾਗ੍ਰਤ ਵਿਚ ਜਾਗਦਾ ਹੈ ਤੇ ਸਹਜੇ+ਸੋਇ=ਸ਼ਾਂਤੀ ਰੂਪ ਨੀਂਦ ਵਿਚ ਸੌਂਦਾ ਹੈ। ਸੋ ਸੁਭਾਵਕ ਹੁੰਦਾ ਜਾਵੇ, ਸੁ ਹੋਇ=ਉਹ ਪਿਆ ਹੋਵੇ। ਉਨ੍ਹਾਂ ਦੇ ਮਨ ਨੂੰ ਕੋਈ ਵਿਖੇਪ ਨਹੀਂ।

ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੁਪ ਸਹਜੇ ਹੀ ਜਪਨਾ ॥ ੩ ॥

ਸੁਭਾਵਕ ਹੀ ਬੈਰਾਗ=ਰੋਂਦਾ ਹੈ, ਸੁਭਾਵਕ ਹੀ ਹੱਸਦਾ ਹੈ, ਸੁਭਾਵਕ ਹੀ ਚੁਪ ਹੋ ਜਾਂਦਾ ਹੈ, ਸੁਭਾਵਕ ਹੀ ਨਾਮ ਜਪਣ ਲਗ ਜਾਂਦਾ ਹੈ। *ਅਥਵਾ:*-ਸਹਜਿ=ਗਿਆਨ ਵਿਚ ਹੀ ਰੋਂਦਾ ਹੈ ਤੇ ਗਿਆਨ ਵਿਚ ਹੀ ਹੱਸਦਾ ਹੈ। ਗਿਆਨ ਵਿਚ ਹੀ ਚੁਪ ਹੈ, ਅਤੇ ਗਿਆਨ ਵਿਚ ਹੀ ਰਾਮ ਨਾਮ ਜਪਦਾ ਹੈ॥ ੩ ॥

ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥

ਸੁਭਾਵਕ ਹੀ ਭੋਜਨ ਖਾਂਦਾ ਹੈ, ਸੁਭਾਵਕ ਹੀ ਭਾਉ=ਪ੍ਰੇਮ ਕਰਦਾ। *ਅਥਵਾ:*-ਗਿਆਨ ਦਾ ਭੋਜਨ ਛਕਦਾ ਹੈ, ਗਿਆਨ ਵਿਚ ਹੀ ਪ੍ਰੇਮ ਕਰਦਾ ਹੈ। ਸੁਭਾਵਕ ਜਿਹੜਾ ਦੁਰਾਉ=ਛਿਪ ਕੇ ਭਾਵ ਲੁਕ ਕੇ ਰਹਿਣਾ ਸੀ ਉਹ ਸਾਰਾ ਮਿਟ ਗਿਆ ਹੈ।

ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥ ੪ ॥

ਜਾਂ ਸੁਭਾਵਕ ਹੀ ਸੰਤਾਂ ਦਾ ਸਤਿਸੰਗ ਪ੍ਰਾਪਤ ਹੋਇਆ, ਤਾਂ ਸੁਭਾਵਕ ਨਿਸੰਗ ਹੀ ਪਾਰਬ੍ਰਹਮ ਮਿਲ ਪਿਆ। ਅਥਵਾ:-ਸਾਧਸੰਗ ਵਿਚੋਂ ਇਹ ਗਿਆਨ ਹੋਇਆ ਹੈ, ਸਹਜਿ=ਗਿਆਨ ਕਰਕੇ ਹੀ ਉਹ ਪਾਰਬ੍ਰਹਮ ਨਿਸੰਗੁ=ਪ੍ਰਗਟ ਮਿਲਿਆ ਹੈ॥ ੪ ॥

ਇਹ ਸਾਰੀਆਂ ਭੁਕਾਂ ਗਿਆਨਵਾਨ ਦੀ ਜੀਵਨ ਮੁਕਤਿ ਅਵੱਸਥਾ ਦੀਆਂ ਹਨ।

[ਪੰਨਾ ੨੩੭]

ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ ਸਹਜੇ ਦੁਬਿਧਾ ਤਨ ਕੀ ਨਾਸੀ॥

ਸੁਭਾਵਕ ਹੀ ਘਰ ਵਿਚ ਰਹਿੰਦੇ ਹਨ, ਵਾ:-ਸੁਭਾਵਕ ਹੀ ਗ੍ਰਹਿਸਥ ਵਿਚ ਰਹਿੰਦੇ ਹਨ, ਸੁਭਾਵਕ ਹੀ ਉਦਾਸੀ=ਸਾਧੂਪੁਣੇ ਵਿਚ ਰਹਿੰਦੇ ਹਨ। ਸੁਭਾਵਕ ਹੀ ਸਰੀਰ ਦੀ ਦੁਬਿਧਾ ਨਾਸ ਹੋ ਗਈ ਹੈ।

ਅਥਵਾ:-ਘਰ ਵਿਚ ਰਹਿਣ ਤੋਂਭੀ ਗਿਆਨ ਦੇ ਸਹਿਤ ਹਨ, ਸਾਧੂਪੁਣੇ ਵਿਚ ਰਹਿਣ ਤੋਂਭੀ ਗਿਆਨ ਦੇ ਸਹਿਤ ਹਨ। ਸਹਜੇ=ਗਿਆਨ ਕਰਕੇ ਹੀ ਸਰੀਰ ਦੀ ਦੁਬਿਧਾ ਨਾਸ ਹੋ ਗਈ ਹੈ।

ਜਾ ਕੈ ਸਹਜਿ ਮਨਿ ਭਇਆ ਅਨੰਦੁ॥ ਤਾ ਕਉ ਭੇਟਿਆ ਪਰਮਾਨੰਦੁ॥ ੫॥

ਜਿਸ ਦੇ ਮਨ ਵਿਚ ਸਹਜਿ=ਗਿਆਨ ਹੈ ਉਸ ਨੂੰ ਅਨੰਦ ਹੋਇਆ ਹੈ।

ਉਸ ਨੂੰ ਪਰਮ ਆਨੰਦ ਸਰੂਪ ਪਰਮਾਤਮਾ ਭੇਟਿਆ=ਮਿਲਿਆ ਹੈ॥ ੫॥

ਸਹਜੇ ਅੰਮ੍ਰਿਤੁ ਪੀਓ ਨਾਮੁ॥ ਸਹਜੇ ਕੀਨੋ ਜੀਅ ਕੋ ਦਾਨੁ॥

ਗਿਆਨਵਾਨ ਨੇ ਸੁਭਾਵਕ ਹੀ ਨਾਮ ਅੰਮ੍ਰਿਤ ਪੀਤਾ ਹੈ।

ਅਤੇ ਸੁਭਾਵਕ ਹੀ ਜੀਵ ਨੂੰ ਜੀਵਨ ਦਾਨ ਦਿੱਤਾ ਹੈ।

ਸਹਜ ਕਥਾ ਮਹਿ ਆਤਮੁ ਰਸਿਆ॥ ਤਾ ਕੈ ਸੰਗਿ ਅਬਿਨਾਸੀ ਵਸਿਆ॥ ੬॥

ਸਹਜ=ਗਿਆਨ ਦੀ ਕਥਾ ਵਿਚ ਜਿਸ ਦਾ ਆਤਮੁ=ਮਨ ਰਸ ਲੈਂਦਾ ਹੈ,

ਅਥਵਾ:-ਸਹਜ=ਸ਼ਾਂਤੀ ਸਰੂਪ ਪਰਮਾਤਮਾ ਦੀ ਕਥਾ ਵਿਚ ਜਿਸ ਦਾ ਆਤਮੁ=ਮਨ ਤਦਾਕਾਰ ਹੋਇਆ ਹੈ, ਉਸ ਦੇ ਨਾਲ ਨਾਸ ਤੋਂ ਰਹਿਤ ਅਬਿਨਾਸੀ ਪ੍ਰਭੂ ਵਸਿਆ ਹੈ॥ ੬॥

ਸਹਜੇ ਆਸਣੁ ਅਸਥਿਰੁ ਭਾਇਆ॥ ਸਹਜੇ ਅਨਹਤ ਸਬਦੁ ਵਜਾਇਆ॥

ਗਿਆਨਵਾਨ ਨੂੰ ਸੁਭਾਵਕ ਹੀ ਇਸਥਿਤੀ ਰੂਪ ਆਸਣ ਭਾਇਆ=ਚੰਗਾ ਲਗਾ ਹੈ, ਅਤੇ ਸੁਭਾਵਕ ਹੀ ਅਨਹਤ=ਇਕਰਸ ਗੁਰ ਉਪਦੇਸ਼ ਨੂੰ ਵਜਾਇਆ=ਉਚਾਰਿਆ ਹੈ। ਵਾ:-ਇਕ ਰਸ ਸਬਦੁ ਵਜਾਇਆ=ਬ੍ਰਹਮ ਪ੍ਰਗਟ ਹੋਇਆ ਹੈ।

ਸਹਜੇ ਰੁਣ ਝੁਣਕਾਰੁ ਸੁਹਾਇਆ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ॥ ੭॥

ਜੋ ਪੁਰਸ਼ ਸੁਭਾਵਕ ਹੀ ਰੁਣਝੁਣਕਾਰ=ਅਨੰਦ ਦਾਇਕ ਸ਼ਬੰਦਾਂ ਕਰਕੇ ਸੋਭਨੀਕ ਹੋ ਰਿਹਾ ਹੈ।

ਉਸ ਦੇ ਘਰਿ=ਅੰਤਹਕਰਣ ਵਿਚ ਪਾਰਬ੍ਰਹਮ ਆਕੇ ਸਮਾਇਆ=ਸਾਖਿਆਤਕਾਰ ਹੋਇਆ ਹੈ॥ ੭॥

ਸਹਜੇ ਜਾ ਕਉ ਪਰਿਓ ਕਰਮਾ॥ ਸਹਜੇ ਗੁਰੁ ਭੇਟਿਓ ਸਚੁ ਧਰਮਾ॥

ਸਹਜੇ=ਸੁਭਾਵਕ ਹੀ ਜਿਸ ਦੇ ਮੱਥੇ ਤੇ ਸ਼ੁਭ ਕਰਮਾਂ ਦਾ ਲੇਖ ਪਿਆ ਹੈ,

ਉਸਨੂੰ ਸਹਜੇ=ਸੁਭਾਵਕ ਹੀ ਸੱਚੇ ਧਰਮ ਵਾਲਾ ਗੁਰੂ ਭੇਟਿਓ=ਮਿਲਿਆ ਹੈ।

ਜਾ ਕੈ ਸਹਜੁ ਭਇਆ ਸੋ ਜਾਣੈ॥ ਨਾਨਕ ਦਾਸ ਤਾ ਕੈ ਕੁਰਬਾਣੈ॥ ੮॥ ੩॥

ਜਿਸ ਦੇ ਹਿਰਦੇ ਵਿਚ ਸਹਜ=ਗਿਆਨ ਹੋਇਆ ਹੈ, ਓਹੀ ਪਰਮਾਤਮਾ ਨੂੰ ਜਾਣਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਉਸ ਤੋਂ ਬਲਿਹਾਰ ਜਾਂਦਾ ਹਾਂ॥ ੮॥ ੩॥

ਗਉੜੀ ਮਹਲਾ ੫॥

ਪ੍ਰਥਮੇ ਗਰਭ ਵਾਸ ਤੇ ਟਰਿਆ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ॥

ਸਭ ਤੋਂ ਪ੍ਰਥਮੇ=ਪਹਿਲੇ ਜਦ ਇਹ ਜੀਵ ਮਾਂ ਦੇ ਗਰਭ ਵਿਚ ਵਸਣੇ ਤੋਂ ਟਲਿਆ, ਅਰਥਾਤ ਮਾਂ ਦੇ ਢਿੱਡ ਤੋਂ ਬਾਹਰ ਨਿਕਲਿਆ, ਤਾਂ ਇਸਨੂੰ ਭਜਨ ਸਿਮਰਨ ਕਰਨਾ ਚਾਹੀਦਾ ਸੀ ਪਰ ਇਹ ਸਮੇਂ ਅਨੁਸਾਰ ਪੁਤ੍ਰ, ਕਲਤ੍ਰ=ਇਸਤ੍ਰੀ ਤੇ ਆਪਣੇ ਪਰਵਾਰ ਨਾਲ ਜੁੜ ਗਿਆ।

ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ॥ ਸਰਪਰ ਗਵਨੁ ਕਰਹਿਗੇ ਬਪੁਰੇ॥ ੧॥

ਹੇ ਬਪੁਰੇ=ਵਿਚਾਰੇ ਜੀਵ! ਅਨੇਕ ਪ੍ਰਕਾਰ ਦੇ ਭੋਜਨ ਤੇ ਬਹੁਤੇ ਕਪੜੇ ਇਤਆਦਿਕ ਪਦਾਰਥ ਸਰਪਰ=ਜ਼ਰੂਰ ਹੀ ਚਲਣਾ ਕਰਨਗੇ। *ਅਥਵਾ:*-ਅਨੇਕ ਪ੍ਰਕਾਰ ਦੇ ਭੋਜਨ ਤੇ ਬਹੁਤ ਤਰ੍ਹਾਂ ਦੇ ਕਪੜੇ ਜਿਨ੍ਹਾਂ ਵਿਚ ਤੂੰ ਲੱਗ ਰਿਹਾ ਹੈਂ ਹੇ ਬਪੁਰੇ=ਵਿਚਾਰੇ ਜੀਵ! ਇਨ੍ਹਾਂ ਨੂੰ ਛਡਕੇ ਤੂੰ ਸਰਪਰ=ਜ਼ਰੂਰ ਹੀ ਗਵਨੁ ਕਰਹਿਗੇ=ਕੂਚ ਕਰ ਜਾਏਂਗਾ॥ ੧॥

ਕਵਨੁ ਅਸਥਾਨੁ ਜੋ ਕਬਹੁ ਨ ਟਰੈ॥

ਜਗਿਆਸੂ ਨੇ ਕਿਹਾ:-ਹੇ ਗੁਰੋ ! ਉਹ ਕਿਹੜਾ ਅਸਥਾਨ ਹੈ ਜੋ ਕਦੇ ਭੀ ਨਾਸ ਨਹੀਂ ਹੁੰਦਾ?

ਵਾ:-ਉਹ ਕਿਹੜਾ ਅਸਥਾਨ ਹੈ ਜਿਥੋਂ ਇਹ ਜੀਵ ਕਦੇ ਭੀ ਨਹੀਂ ਡਿਗਦਾ?

ਕਵਨੁ ਸਬਦੁ ਜਿਤੁ ਦੁਰਮਤਿ ਹਰੈ॥ ੧॥ ਰਹਾਉ॥

ਉਹ ਕਿਹੜਾ ਸ਼ਬਦ ਹੈ ਜਿਸ ਕਰਕੇ ਦੁਰਮਤਿ=ਖੋਟੀ ਮਤ ਹਰੈ=ਨਾਸ ਹੋ ਜਾਵੇ?

ਉੱਤਰ:-ਗੁਰਾਂ ਦੁਆਰੇ ਜੋ ''ਸਤਿਨਾਮੁ'' ਮੰਤ੍ਰ ਮਿਲਿਆ ਹੈ ਏਹੀ ਉੱਤਮ ਸ਼ਬਦ ਹੈ ਇਸ ਕਰਕੇ ਕੁਮੱਤੀ ਨਾਸ ਹੁੰਦੀ ਹੈ॥ ੧॥ ਰਹਾਉ॥

ਇੰਦ੍ਰ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥

ਚਾਹੇ ਇੰਦਰ ਪੁਰੀ ਵਿਚ ਚਲਿਆ ਜਾਵੇ ਉਥੇ ਭੀ ਸਰਪਰ=ਜ਼ਰੂਰ ਮਰਣਾ ਹੈ। ਬ੍ਰਹਮ ਪੁਰੀ ਨੇ ਭੀ ਨਿਸਚਲ ਨਹੀਂ ਰਹਿਣਾ। ਵਾ:-ਬ੍ਰਹਮ ਪੁਰੀ ਵਿਚ ਗਿਆਂ ਭੀ ਅਚੱਲ ਨਹੀਂ ਰਹਿਣਾ।

ਸਿਵ ਪੁਰੀ ਕਾ ਹੋਇਗਾ ਕਾਲਾ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥ ੨॥

ਸ਼ਿਵਪੁਰੀ ਦਾ ਭੀ ਕਾਲਾ=ਅਭਾਵ ਹੋ ਜਾਣਾ ਹੈ। ਵਾ:-ਸ਼ਿਵਪੁਰੀ ਵਿਚ ਗਿਆਂ ਦਾ ਭੀ ਕਾਲ ਹੋ ਜਾਣਾ ਹੈ। ਜਿਸ ਮਾਇਆ ਵਿਚ ਲਗ ਕੇ ਇਹ ਜੀਵ ਬਿ+ਤਾਲਾ=ਸਰੂਪ ਤੋਂ ਰਹਿਤ ਵਾ:-ਭੂਤਨਾ ਹੋ ਰਿਹਾ ਹੈ, ਉਸ ਤ੍ਰਿਗੁਣਆਤਮਕ ਮਾਇਆ ਰਚਤ ਜੋ ਭੀ ਅਸਥਾਨ ਹਨ ਉਹ ਸਭ ਬਿਨਸ ਜਾਣ ਵਾਲੇ ਹਨ॥ ੨॥

ਗਿਰਿ ਤਰ ਧਰਣਿ ਗਗਨ ਅਰੁ ਤਾਰੇ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ॥

ਗਿਰਿ=ਪਹਾੜ, ਤਰ=ਬ੍ਰਿੱਛ, ਧਰਣਿ=ਧਰਤੀ (ਪ੍ਰਿਥਵੀ), ਗਗਨ=ਅਕਾਸ਼ ਅਤੇ ਤਾਰੇ।

ਰਵਿ ਸਸਿ= ਸੂਰਜ ਚੰਦ੍ਰਮਾ, ਪਵਣੁ=ਪੌਣ, ਪਾਵਕੁ=ਅੱਗ, ਨੀਰਾਰੇ=ਪਾਣੀ ਦਾ ਘਰ ਸਮੁੰਦਰ।

ਦਿਨਸੁ ਰੈਣਿ ਬਰਤ ਅਰੁ ਭੇਦਾ ॥ ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥ ੩ ॥

ਦਿਨਸੁ ਰੈਣਿ=ਦਿਨ ਰਾਤ ਅਤੇ ਜਨਮ ਅਸ਼ਟਮੀ, ਰਾਮਨੌਮੀ, ਇਕਾਦਸ਼ੀ ਆਦਿ ਵਰਤਾਂ ਦੇ ਭੇਦ, ਛੇ ਸ਼ਾਸਤ੍ਰ, ਸਤਾਈ ਸਿੰਮ੍ਰਤੀਆਂ, ਚਾਰ ਵੇਦ ਸਭ ਕੁਝ ਨਾਸ ਹੋ ਜਾਣਗੇ॥ ੩॥

ਤੀਰਥ ਦੇਵ ਦੇਹੁਰਾ ਪੋਥੀ ॥ ਮਾਲਾ ਤਿਲਕੁ ਸੋਚ ਪਾਕ ਹੋਤੀ ॥

ਤੀਰਥ, ਦੇਵਤੇ, ਦੇਹੁਰਾ=ਮੰਦਰ, ਪੋਥੀਆਂ, ਰੁਦ੍ਰਾਖ, ਚੰਦਨ ਜਾਂ ਪਸ਼ਮ ਦੀ ਮਾਲਾ,
ਗੋਪੀ ਚੰਦਨ ਦਾ ਤਿਲਕ, ਸੋਚ=ਪਵਿੱਤ੍ਰਤਾ, ਪਾਕ=ਰਸੋਈ, ਹੋਤੀ=ਹਮਨ=ਕਰਨ ਵਾਲੇ।

ਧੋਤੀ ਡੰਡਉਤਿ ਪਰਸਾਦਨ ਭੋਗਾ ॥ ਗਵਨੁ ਕਰੈਗੋ ਸਗਲੋ ਲੋਗਾ ॥ ੪ ॥

ਲੱਕ ਨਾਲ ਬੰਨ੍ਹਣ ਵਾਲੀ ਧੋਤੀ, ਵਾ:-ਨੇਤੀ ਧੋਤੀ ਆਦਿਕ ਕਰਮ, ਡੰਡਉਤਾਂ ਕਰਨੀਆਂ, ਪਰਸਾਦਨ= ਮੰਦਰਾਂ ਵਿਚ ਠਾਕਰਾਂ ਨੂੰ ਭੋਗ ਲਗਾਣੇ। ਵਾ:-ਪਰਸਾਦਨ=ਮੰਦਰ ਬਨਾਣੇ, ਤੇ ਭੋਗ ਭੋਗਣੇ। ਇਨ੍ਹਾਂ ਦੇ ਸਹਿਤ ਸਾਰਿਆਂ ਲੋਕਾਂ ਦਾ ਸਮੁਦਾਇ ਇਸ ਸੰਸਾਰ ਤੋਂ ਗਮਨ ਕਰ ਜਾਏਗਾ॥ ੪॥

ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥

ਜਾਤੀਆਂ, ਚਾਰ ਬਰਨ, ਤੁਰਕ=ਮੁਸਲਮਾਨ ਅਤੇ ਹਿੰਦੂ, ਪਸ਼ੂ ਪੰਛੀ
ਜਿੰਦੂ=ਹੇ ਭਾਈ ! ਜੂਨੀਆਂ ਦੇ ਜੋ ਅਨੇਕਾਂ ਜਿੰਦੂ=ਜੀਵ ਹਨ।

ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥ ੫ ॥

ਜੋ ਭੀ ਸਾਰਾ ਸੰਸਾਰ ਪਸਾਰਾ ਪਸਰਿਆ ਹੋਇਆ ਨਿਗਾਹ ਆ ਰਿਹਾ ਹੈ।
ਉਹ ਸਾਰੇ ਦਾ ਸਾਰਾ ਹੀ ਅਕਾਰ ਸਮੇਂ ਅਨੁਸਾਰ ਨਾਸ ਹੋ ਜਾਏਗਾ॥ ੫॥

ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥

(ਇਸ ਪੰਕਤੀ ਵਿਚ ਪਹਿਲੇ ਪ੍ਰਸ਼ਨ ਦਾ ਉੱਤਰ ਦੇਂਦੇ ਹਨ) ਕਿ-

ਸਤਸੰਗਤ ਰੂਪੀ ਸਚਾ ਅਸਥਾਨ ਨਿਸਚਲ ਹੈ, ਜਿਸ ਸਤਸੰਗਤ ਵਿਚ ਸਹਜੇ ਪਰਮਾਤਮਾ ਦੀ ਸਿਫਤ, ਭਗਤੀ ਅਤੇ ਤਤੁ=ਯਥਾਰਥ ਗਿਆਨ ਦਾ ਉਚਾਰਨ ਹੋ ਰਿਹਾ ਹੈ। ਅਤੇ ਸਦਾ ਹੀ ਆਤਮਕ ਅਨੰਦ ਬਣਿਆ ਰਹਿੰਦਾ ਹੈ ਅਜੇਹਾ ਸਤਸੰਗ ਰੂਪ ਸਚਾ ਅਸਥਾਨ ਨਿਸਚਲ ਹੈ।

ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥ ੬ ॥

ਤਿਸ ਸਤਸੰਗ ਵਿਚ ਸੰਤਜਨ ਸ਼ੁਭ ਗੁਣਾਂ ਵਿਚ ਰਸੈ=ਤਦਾਕਾਰ ਹੋ ਰਹੇ ਹਨ।
ਅਨਭਉ ਨਗਰ ਜੋ ਸਤਸੰਗ ਹੈ ਤਿਥੇ ਸੰਤਜਨ ਸਦਾ ਹੀ ਵਸਦੇ ਹਨ॥ ੬॥

ਦੂਜਾ ਅਰਥ- (ਵੈਸ਼ਨਵ ਮੱਤ ਅਨੁਸਾਰ ਬੈਕੁੰਠ ਨੂੰ ਭੀ ਨਿਸਚਲ ਅਸਥਾਨ ਮੰਨਿਆ ਹੈ)

ਬੈਕੁੰਠ ਵਿਚ ਜੋ ਭਗਤ ਜਨ ਵਸਦੇ ਹਨ ਉਹ ਸਹਜੇ ਹੀ ਪ੍ਰਭੂ ਦੀ ਸਿਫਤ ਭਗਤੀ ਤੇ ਯਥਾਰਥ ਗਿਆਨ ਨੂੰ ਉਚਾਰਦੇ ਹਨ। ਵੈਸ਼ਨਵ ਮੱਤ ਦੇ ਭਗਤਾਂ ਅਨੁਸਾਰ:-

ਨਿਸਚਲ ਸਚਾ ਅਸਥਾਨ ਜੋ ਬੈਕੁੰਠ ਹੈ ਓਥੇ ਸਦਾ ਹੀ ਆਨੰਦ ਹੈ।

ਤਹਾ ਸੰਗਤਿ ਸਾਧ ਗੁਣ ਰਸੈ॥ ਅਨਭਉ ਨਗਰੁ ਤਹਾ ਸਦ ਵਸੈ॥

ਤਹਾ=ਤਿਸ ਬੈਕੁੰਠ ਧਾਮ ਵਿਚ ਸੰਤਾਂ ਭਗਤਾਂ ਦੀ ਸੰਗਤ ਗੁਣਾਂ ਵਿਚ ਰਸੈ=ਤਦਾਕਾਰ ਹੋ ਰਹੀ ਹੈ। ਅਨਭਉ ਨਗਰੁ=ਬੈਕੁੰਠ ਧਾਮ ਤਹਾਂ ਸਦਾ ਹੀ ਵਸ ਰਿਹਾ ਹੈ॥ ੬॥

ਤਹ ਭਉ ਭਰਮਾ ਸੋਗੁ ਨ ਚਿੰਤਾ॥ ਆਵਣੁ ਜਾਵਣੁ ਮਿਰਤੁ ਨ ਹੋਤਾ॥

ਤਹ=ਤਿਸ ਸਤਸੰਗ ਵਿਚ ਨਾ ਡਰ ਹੈ, ਨਾ ਭਰਮ ਹੈ, ਨਾ ਸੋਗ ਹੈ ਨਾ ਚਿੰਤਾ ਹੈ।

ਅਤੇ ਆਉਣਾ ਜਾਣਾ ਜੰਮਣਾ ਮਰਣਾ ਨਹੀਂ ਹੁੰਦਾ।

ਤਹ ਸਦਾ ਅਨੰਦ ਅਨਹਤ ਆਖਾਰੇ॥ ਭਗਤ ਵਸਹਿ ਕੀਰਤਨ ਆਧਾਰੇ॥ ੭॥

ਓਥੇ ਸਦਾ ਹੀ ਆਨੰਦ ਹੈ ਅਤੇ ਅਨਹਤ ਇਕ ਰਸ ਆਖਾਰੇ=ਜੋੜ ਮੇਲ ਹੋ ਰਹੇ ਹਨ।

ਓਥੇ ਤਾਂ ਸਾਰੇ ਭਗਤ ਕੀਰਤਨ ਦੇ ਆਧਾਰ=ਆਸਰੇ ਵੱਸਦੇ ਹਨ॥ ੭॥

ਪਾਰਬ੍ਰਹਮ ਕਾ ਅੰਤੁ ਨ ਪਾਰੁ॥ ਕਉਣੁ ਕਰੈ ਤਾ ਕਾ ਬੀਚਾਰੁ॥

ਜਦ ਕਿ ਪਾਰਬ੍ਰਹਮ ਦੇ ਉਰਵਾਰ ਪਾਰ ਦਾ ਅੰਤ ਨਹੀਂ ਆਉਂਦਾ, ਤਾਂ ਫਿਰ ਉਸ ਦਾ ਵਿਚਾਰ ਕੌਣ ਕਰੇਗਾ।

ਕਹੁ ਨਾਨਕ ਜਿਸੁ ਕਿਰਪਾ ਕਰੈ॥ ਨਿਹਚਲ ਥਾਨੁ ਸਾਧਸੰਗਿ ਤਰੈ॥ ੮॥੪॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪਰਮੇਸ਼ਰ ਕਿਰਪਾ ਕਰਦਾ ਹੈ, ਉਹ ਸਤਸੰਗਤ ਰੂਪੀ ਨਿਸਚਲ ਅਸਥਾਨ ਤੇ ਬੈਠ ਕੇ ਕੀਰਤਨ ਦੇ ਆਸਰੇ ਹੋ ਕੇ ਸੰਸਾਰ ਸਮੁੰਦ੍ ਤੋਂ ਤਰ ਜਾਂਦਾ ਹੈ॥ ੮॥ ੪॥

ਗਉੜੀ ਮਹਲਾ ੫॥

ਰਹਾਉ ਦੀ ਪੰਕਤੀ ਤੋਂ ਅਰਥ ਸ਼ੁਰੂ ਕਰਨਾ, ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥

ਐਸਾ ਕੌਣ ਪੁਰਸ਼ ਹੈ ਜੇਹੜਾ ਦੁਬਿਧਾ=ਦ੍ਵੈਤ ਭਾਵਨਾ ਨੂੰ ਮਾਰ ਕੇ ਨਾਸ ਕਰਦਾ ਹੈ ?

ਵਾ:-ਮਾਰਨੇ ਵਾਲੀ ਦੁਬਿਧਾ ਨੂੰ ਗੁਆਣਾ ਕਰਦਾ ਹੈ ? ਆਦ ਤੋਂ ਸ਼ੁਰੂ ਕਰਨਾ-

ਜੋ ਇਸੁ ਮਾਰੇ ਸੋਈ ਸੂਰਾ॥ ਜੋ ਇਸੁ ਮਾਰੇ ਸੋਈ ਪੂਰਾ॥

ਜੋ ਪੁਰਸ਼ ਇਸ ਦੁਬਿਧਾ ਨੂੰ ਮਾਰਦਾ ਹੈ ਓਹੀ ਸੂਰਬੀਰ ਹੈ।

ਜੋ ਪੁਰਸ਼ ਇਸ ਦੁਬਿਧਾ ਨੂੰ ਮਾਰਦਾ ਹੈ ਓਹੀ ਪੂਰਾ ਪੁਰਸ਼ ਹੈ।

ਜੋ ਇਸੁ ਮਾਰੇ ਤਿਸਹਿ ਵਡਿਆਈ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ॥੧॥

ਜੋ ਪੁਰਸ਼ ਇਸ ਦੁਬਿਧਾ ਨੂੰ ਮਾਰਦਾ ਹੈ ਓਸੇ ਦੀ ਵਡਿਆਈ ਹੁੰਦੀ ਹੈ।

ਜੋ ਪੁਰਸ਼ ਇਸ ਦੁਬਿਧਾ ਨੂੰ ਮਾਰਦਾ ਹੈ ਉਸ ਦਾ ਦੁੱਖ ਮਿੱਟ ਜਾਂਦਾ ਹੈ॥ ੧॥

ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥

ਇਸਹਿ ਮਾਰਿ ਰਾਜ ਜੋਗੁ ਕਮਾਵੈ॥ ੧॥ ਰਹਾਉ॥

ਅਜੇਹਾ ਕੌਣ ਪੁਰਸ਼ ਹੈ ਜਿਹੜਾ ਦੁਬਿਧਾ ਨੂੰ ਮਾਰ ਕੇ ਅਭਾਵ ਕਰਦਾ ਹੈ ?

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਰਾਜ ਜੋਗੁ=ਭਗਤੀ ਜੋਗ, ਗਿਆਨ ਜੋਗ ਨੂੰ ਕਮਾਂਦਾ ਹੈ॥ ੧॥ ਰਹਾਉ॥

[ਪੰਨਾ ੨੩੮]

ਜੋ ਇਸੁ ਮਾਰੇ ਤਿਸ ਕਉ ਭਉ ਨਾਹਿ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ॥

ਜੋ ਪੁਰਸ਼ ਇਸ ਦੁਬਿਧਾ ਨੂੰ ਮਾਰਦਾ ਹੈ ਉਸ ਨੂੰ ਫਿਰ ਕਿਸੇ ਦਾ ਡਰ ਨਹੀਂ ਰਹਿੰਦਾ।

ਜੋ ਪੁਰਸ਼ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਨਾਮਿ=ਨਾਮੀ ਪਰਮੇਸ਼ਰ ਵਿਚ ਸਮਾਂਦਾ ਹੈ।

ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ॥ ਜੋ ਇਸੁ ਮਾਰੇ ਸੁ ਦਰਗਹ ਸਿਝੈ॥੨॥

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਸ ਦੀ ਤ੍ਰਿਸ਼ਨਾਂ ਰੂਪੀ ਅੱਗ ਬੁਝ ਜਾਂਦੀ ਹੈ।

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਪ੍ਰਲੋਕ ਦਰਗਾਹ ਵਿਚ ਸਿਝੈ=ਕਲਿਆਣ ਹੁੰਦਾ ਹੈ॥ ੨॥

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥

ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ॥ *(ਸੋਰਠਿ ਮਹਲਾ ੧, ਪੰਨਾ ੬੩੪)*

ਦੁਬਿਧਾ ਬਉਰੀ ਮਨੁ ਬਉਰਾਇਆ॥ ਝੂਠੈ ਲਾਲਚਿ ਜਨਮੁ ਗਵਾਇਆ। *(ਪੰਨਾ ੧੩੪੨)*

ਜੋ ਇਸੁ ਮਾਰੇ ਸੋ ਧਨਵੰਤਾ॥ ਜੋ ਇਸੁ ਮਾਰੇ ਸੋ ਪਤਿਵੰਤਾ॥

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਆਤਮ ਧਨ ਵਾਲਾ ਧਨਾਢ ਹੁੰਦਾ ਹੈ।

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਪਤ ਆਬਰੋ ਵਾਲਾ ਹੁੰਦਾ ਹੈ।

ਜੋ ਇਸੁ ਮਾਰੇ ਸੋਈ ਜਤੀ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ॥ ੩॥

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਓਹੀ ਅਸਲ ਜਤੀ ਹੈ। ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਸ ਦੀ ਗਤੀ=ਮੁਕਤੀ ਹੁੰਦੀ ਹੈ॥ ੩॥

ਜੋ ਇਸੁ ਮਾਰੇ ਤਿਸ ਕਾ ਆਇਆ ਗਨੀ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ॥

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਸ ਦਾ ਆਇਆ ਸਫਲ ਗਿਣੀਦਾ ਹੈ।

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਨਿਹਚਲ ਧਨੀ ਪ੍ਰਭੂ ਨੂੰ ਪਾ ਕੇ ਅਚੱਲ ਹੁੰਦਾ ਹੈ।

ਜੋ ਇਸੁ ਮਾਰੇ ਸੋ ਵਡਭਾਗਾ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ॥ ੪॥

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਵਡਿਆਂ ਭਾਗਾਂ ਵਾਲਾ ਹੈ। ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਰਾਤ ਦਿਨ ਭਜਨ ਸਿਮਰਨ ਵਿਚ ਜਾਗਦਾ ਹੈ॥ ੪॥

ਜੋ ਇਸੁ ਮਾਰੇ ਸੁ ਜੀਵਨ ਮੁਕਤਾ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ॥

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਪੁਰਸ਼ ਜੀਵਨ ਮੁਕਤ ਹੈ। ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਸ ਦੀ ਜੁਗਤੀ ਨਿਰਮਲ ਹੈ।

ਦੁਬਿਧਾ ਮੇਟਿ ਖਿਮਾ ਗਹਿ ਰਹਹੁ॥ ਕਰਮ ਧਰਮ ਕੀ ਸੂਲ ਨ ਸਹਹੁ॥ *(ਪੰਨਾ ੩੪੩)*

ਏਕੁ ਅਚਰਜੁ ਜਨ ਦੇਖਹੁ ਭਾਈ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ॥ *(ਪੰਨਾ ੬੬੩)*

ਜੋ ਇਸੁ ਮਾਰੇ ਸੋਈ ਸੁਗਿਆਨੀ॥ ਜੋ ਇਸੁ ਮਾਰੇ ਸੁ ਸਹਜ ਧਿਆਨੀ॥ ੫॥

ਸੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਸ੍ਰੇਸ਼ਟ ਬ੍ਰਹਮ ਗਿਆਨੀ ਹੈ।

ਜੋ ਇਸ ਦੁਬਿਧਾ ਨੂੰ ਮਾਰਦਾ ਹੈ ਉਹ ਸਹਜ=ਸ਼ਾਂਤੀ ਸਰੂਪ ਪ੍ਰਭੂ ਦਾ ਧਿਆਨੀ ਹੈ॥ ੫॥

ਇਸੁ ਮਾਰੀ ਬਿਨੁ ਥਾਇ ਨ ਪਰੈ॥ ਕੋਟਿ ਕਰਮ ਜਾਪ ਤਪ ਕਰੈ॥

ਇਸ ਦੁਬਿਧਾ ਦੇ ਮਾਰੇ ਬਿਨਾਂ ਜੀਵ ਦਾ ਕੀਤਾ ਹੋਇਆ ਸਾਧਨ ਕੋਈ ਭੀ ਥਾਂ ਨਹੀਂ ਪੈਂਦਾ,

ਭਾਵੇਂ ਕ੍ਰੋੜਾਂ ਜਪ ਤਪ ਆਦਿਕ ਕਰਮ ਭੀ ਕਰ ਲਵੇ।

ਇਸੁ ਮਾਰੀ ਬਿਨੁ ਜਨਮੁ ਨ ਮਿਟੈ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ॥ ੬॥

ਇਸ ਦੁਬਿਧਾ ਦੇ ਮਾਰੇ ਬਿਨਾਂ ਜਨਮ ਮਰਨ ਨਹੀਂ ਮਿਟਦਾ।

ਇਸ ਦੁਬਿਧਾ ਦੇ ਮਾਰੇ ਬਿਨਾਂ ਜਮਾਂ ਤੋਂ ਨਹੀਂ ਛੁਟ ਸਕਦਾ॥ ੬॥

ਇਸੁ ਮਾਰੀ ਬਿਨੁ ਗਿਆਨੁ ਨ ਹੋਈ॥ ਇਸੁ ਮਾਰੀ ਬਿਨੁ ਜੂਠਿ ਨ ਧੋਈ॥

ਇਸ ਦੁਬਿਧਾ ਦੇ ਮਾਰੇ ਤੋਂ ਬਿਨਾਂ ਸਰੂਪ ਗਿਆਨ ਨਹੀਂ ਹੁੰਦਾ।

ਇਸ ਦੁਬਿਧਾ ਦੇ ਮਾਰੇ ਤੋਂ ਬਿਨਾਂ ਜੂਠਿ=ਅਪਵਿੱਤ੍ਰਤਾ ਨਹੀਂ ਧੋਤੀ ਜਾਂਦੀ ।

ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ॥ ੭॥

ਇਸ ਦੁਬਿਧਾ ਦੇ ਮਾਰੇ ਤੋਂ ਬਿਨਾਂ ਇਸ ਦਾ ਕੀਤਾ ਹੋਇਆ ਸਭ ਕੁਝ ਮੈਲਾ ਹੈ।

ਇਸ ਦੁਬਿਧਾ ਦੇ ਮਾਰੇ ਤੋਂ ਬਿਨਾਂ ਸਭ ਕੁਝ ਵਸਤੂਆਂ ਦਾ ਮਾਲਕ ਜੋ ਪ੍ਰਭੂ ਹੈ ਉਸ ਤੋਂ ਜਉਲਾ=ਜੁਦਾ ਅਰਥਾਤ ਅਸੰਗ ਰਹਿੰਦਾ ਹੈ। ਵਾ:-ਸਭ ਕੁਝ ਜੋ ਸ਼ੁਭ ਗੁਣ ਹਨ ਉਨ੍ਹਾਂ ਤੋਂ ਜਉਲਾ=ਅਸੰਗ ਰਹਿੰਦਾ ਹੈ॥ ੭॥

ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ॥

ਕਿਰਪਾ ਨਿਧੀ ਪਰਮਾਤਮਾ ਜਿਸ ਉੱਤੇ ਕ੍ਰਿਪਾਲੂ ਹੋਏ ਹਨ, ਉਸ ਦੀ ਦੁਬਿਧਾ ਤੋਂ ਖਲਾਸੀ ਹੋਈ ਹੈ, ਅਤੇ ਉਸ ਨੂੰ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੋਈ ਹੈ,

ਵਾ:-ਉਸ ਦੇ ਸਾਰੇ ਕਾਰਜ ਸਿਧ ਹੋ ਗਏ ਹਨ।

ਗੁਰਿ ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ॥ ੮॥ ੫॥

ਗੁਰੂ ਨੇ ਕਿਰਪਾ ਕਰਕੇ ਜਿਸ ਦੀ ਦੁਬਿਧਾ=ਦ੍ਵੈਤ ਭਾਵਨਾ ਮਾਰ ਦਿਤੀ ਹੈ।

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਬ੍ਰਹਮ ਦੀ ਵਿਚਾਰ ਵਾਲਾ ਹੋਇਆ ਹੈ॥ ੮॥ ੫॥

ਯਥਾ:-ਗੁਰ ਪਰਸਾਦੀ ਸਹਜੁ ਕੋ ਪਾਏ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ॥ (ਪੰਨਾ ੧੧੯)

ਗਉੜੀ ਮਹਲਾ ੫॥

ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ॥

ਹਰੀ ਨਾਲ ਮਨ ਜੁੜ ਜਾਵੇ ਤਾਂ ਸਭ ਕੋਈ ਇਸ ਦਾ ਮਿਤ੍ਰ ਹੋ ਜਾਂਦਾ ਹੈ।

ਹਰੀ ਨਾਲ ਮਨ ਜੁੜ ਜਾਵੇ ਤਾਂ ਇਸ ਦਾ ਚਿਤ ਨਿਸਚੱਲ ਹੋ ਜਾਂਦਾ ਹੈ।

ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ ॥ ਹਰਿ ਸਿਉ ਜੁਰੈ ਤ ਹੋਇ ਨਿਸਤਾਰਾ ॥ ੧ ॥

ਹਰੀ ਨਾਲ ਮਨ ਜੁੜ ਜਾਵੇ ਤਾਂ ਇਸ ਨੂੰ ਕਾੜ੍ਹਾ=ਝੋਰਾ ਨਹੀਂ ਵਿਆਪਦਾ। ਹਰੀ ਨਾਲ ਮਨ ਜੁੜ ਜਾਵੇ ਤਾਂ ਇਸ ਜੀਵ ਦਾ ਸੰਸਾਰ ਸਮੁੰਦ੍ਰ ਤੋਂ ਪਾਰ ਉਤਾਰਾ ਹੁੰਦਾ ਹੈ॥ ੧॥

ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥ ਕਾਜਿ ਤੁਹਾਰੈ ਨਹੀ ਹੋਰੁ ॥ ੧ ॥ ਰਹਾਉ ॥

ਹੇ ਮੇਰੇ ਮਨ ! ਤੂੰ ਆਪਣੇ ਆਪ ਨੂੰ ਹਰੀ ਨਾਲ ਜੋੜਨਾ ਕਰ,

ਸਿਮਰਨ ਤੋਂ ਬਿਨਾਂ ਹੋਰ ਕੰਮ ਤੇਰੇ ਕਿਸੇ ਅਰਥ ਨਹੀਂ ਹਨ॥ ੧॥ ਰਹਾਉ॥

ਵਡੇ ਵਡੇ ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ ਗਾਵਾਰ ॥

ਜੋ ਵਡੇ ਵਡੇ ਮਾਇਆਧਾਰੀ ਪੁਰਸ਼ ਹਨ, ਉਹ ਮੂਰਖ ਕਿਸੇ ਕੰਮ ਨਹੀਂ ਹਨ।

ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥ ੨ ॥

ਜੇ ਤੂੰ ਨੀਚ ਕੁਲ ਵਿਚ ਭੀ ਹਰੀ ਦਾ ਦਾਸ ਸੁਣ ਲਵੇਂ, ਤਾਂ ਉਸ ਦੇ ਨਾਲ ਮਿਲਣਾ ਕਰ,

ਕਿਉਂਕਿ ਉਸ ਦੀ ਸੰਗਤ ਕੁਰਕੇ ਤੂੰ ਇਕ ਖਿਨ ਵਿਚ ਉਧਰ ਜਾਵੇਂਗਾ॥ ੨॥

ਕੋਟਿ ਮਜਨ ਜਾ ਕੈ ਸੁਣਿ ਨਾਮ ॥ ਕੋਟਿ ਪੂਜਾ ਜਾ ਕੈ ਹੈ ਧਿਆਨ ॥

ਜਿਸ ਨਾਮ ਦੇ ਸੁਣਿਆਂ ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ ਜਿਸ ਦੇ ਧਿਆਨ ਧਾਰਨ ਨਾਲ ਹੀ ਕ੍ਰੋੜਾਂ ਪੂਜਾ ਹੋ ਜਾਂਦੀਆਂ ਹਨ।

ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥ ੩ ॥

ਹਰੀ ਦੀ ਬਾਣੀ ਸੁਣੀਏ ਤਾਂ ਕ੍ਰੋੜਾਂ ਪੁੰਨਾਂ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਭੂ ਦੀ ਪ੍ਰਾਪਤੀ ਦੀ ਵਿਧੀ ਜੋ ਗੁਰਾਂ ਤੋਂ ਜਾਣੀ ਹੈ ਏਹ ਕ੍ਰੋੜਾਂ ਫਲ ਦੇਣ ਵਾਲੀ ਹੈ॥ ੩॥

ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥ ਬਿਨਸਿ ਜਾਹਿ ਮਾਇਆ ਕੇ ਹੇਤ ॥

ਹੇ ਪੁਰਸ਼ਾ ! ਤੂੰ ਆਪਣੇ ਮਨ ਵਿਚ ਮੁੜ ਮੁੜ ਕੇ ਪ੍ਰਭੂ ਨੂੰ ਚੇਤਨਾ ਕਰ, ਮਾਇਆ ਦੇ ਹੇਤ=ਪ੍ਰੇਮ ਸਭ ਨਾਸ ਹੋ ਜਾਣ ਵਾਲੇ ਹਨ।

ਵਾ:-ਮਾਇਆ ਦੇ ਪਿਆਰ ਵਾਲੇ ਸਭ ਮਨੁੱਖ ਨਾਸ ਹੋ ਜਾਣ ਵਾਲੇ ਹਨ।

ਹਰਿ ਅਬਿਨਾਸੀ ਤੁਮਰੈ ਸੰਗਿ ॥ ਮਨ ਮੇਰੇ ਰਚੁ ਰਾਮ ਕੈ ਰੰਗਿ ॥ ੪ ॥

ਅਬਿਨਾਸੀ ਪਰਮਾਤਮਾ ਹੀ ਤੇਰੇ ਅੰਗ ਸੰਗ ਸਹਾਈ ਹੈ।

ਹੇ ਮੇਰੇ ਮਨ ! ਤੂੰ ਰਾਮ ਦੇ ਰੰਗਿ=ਪ੍ਰੇਮ ਵਿਚ ਰਚ ਜਾਹ॥ ੪॥

ਜਾ ਕੈ ਕਾਮਿ ਉਤਰੈ ਸਭ ਭੂਖ ॥ ਜਾ ਕੈ ਕਾਮਿ ਨ ਜੋਹਹਿ ਦੂਤ ॥

ਜਿਸ ਪ੍ਰਭੂ ਦੇ ਭਜਨ ਸਿਮਰਨ ਰੂਪ ਕੰਮ ਦੇ ਕਰਨ ਨਾਲ ਸਭ ਪਦਾਰਥਾਂ ਦੀ ਭੁੱਖ ਉਤਰ ਜਾਂਦੀ ਹੈ। ਜਿਸ ਪ੍ਰਭੂ ਦੇ ਭਜਨ ਸਿਮਰਨ ਰੂਪ ਕੰਮ ਦੇ ਕਰਨ ਨਾਲ ਇਸ ਨੂੰ ਜਮਦੂਤ ਜੋਹਹਿ+ਨ ਦੇਖਦੇ ਨਹੀਂ ਹਨ।

ਜਾ ਕੈ ਕਾਮਿ ਤੇਰਾ ਵਡ ਗਮਰੁ ॥ ਜਾ ਕੈ ਕਾਮਿ ਹੋਵਹਿ ਤੂੰ ਅਮਰੁ ॥ ੫ ॥

ਜਿਸ ਪ੍ਰਭੂ ਦੇ ਭਜਨ ਸਿਮਰਨ ਰੂਪ ਕੰਮ ਦੇ ਕਰਨ ਨਾਲ ਤੇਰਾ ਵੱਡਾ ਗਮਰੁ=ਪ੍ਰਤਾਪ ਹੋਵੇਗਾ।

ਜਿਸ ਪ੍ਰਭੂ ਦੇ ਭਜਨ ਸਿਮਰਨ ਰੂਪ ਕੰਮ ਦੇ ਕਰਨ ਨਾਲ ਤੂੰ ਸੰਸਾਰ ਵਿਚ ਅਮਰ ਹੋਵੇਂਗਾ॥ ੫॥

ਜਾ ਕੇ ਚਾਕਰ ਕਉ ਨਹੀ ਡਾਨ ॥ ਜਾ ਕੇ ਚਾਕਰ ਕਉ ਨਹੀ ਬਾਨ ॥

ਜਿਸ ਪ੍ਰਭੂ ਦੇ ਸੇਵਕ ਨੂੰ ਕੋਈ ਡੰਨ ਨਹੀਂ ਭਰਨਾ ਪੈਂਦਾ। ਜਿਸ ਪ੍ਰਭੂ ਦੇ ਸੇਵਕ ਨੂੰ ਕੋਈ ਬਾਨ ਨਹੀਂ ਮਾਰ ਸਕਦਾ। ਵਾ:-ਜਿਸ ਪ੍ਰਭੂ ਦੇ ਸੇਵਕ ਨੂੰ ਕੋਈ ਖੋਟੀ ਬਾਨ=ਆਦਤ ਨਹੀਂ ਹੈ।

ਜਾ ਕੈ ਦਫਤਰਿ ਪੁਛੈ ਨ ਲੇਖਾ ॥ ਤਾ ਕੀ ਚਾਕਰੀ ਕਰਹੁ ਬਿਸੇਖਾ ॥ ੬ ॥

ਜਿਸ ਪ੍ਰਭੂ ਦੇ ਦਫਤਰ ਵਿਚ ਲੇਖਾ ਨਹੀਂ ਪੁਛਿਆ ਜਾਂਦਾ।

ਵਿਸ਼ੇਸ਼ ਕਰਕੇ ਓਸੇ ਦੀ ਚਾਂਕਰੀ=ਨੌਕਰੀ ਕਰੋ॥ ੬॥

ਜਾ ਕੈ ਊਨ ਨਾਹੀ ਕਾਹੂ ਬਾਤ ॥ ਏਕਹਿ ਆਪਿ ਅਨੇਕਹਿ ਭਾਤਿ ॥

ਜਿਸ ਪ੍ਰਭੂ ਦੇ ਘਰ ਵਿਚ ਕਿਸੇ ਗੱਲ ਦੀ ਥੁੜ ਨਹੀਂ ਹੈ, ਜੋ ਆਪ ਹੀ ਇਕ ਰੂਪ ਹੈ ਅਤੇ ਆਪ ਹੀ ਅਨੇਕ ਤਰ੍ਹਾਂ ਦਾ ਹੋ ਰਿਹਾ ਹੈ।

ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ ॥ ਮਨ ਮੇਰੇ ਕਰਿ ਤਾ ਕੀ ਘਾਲ ॥ ੭ ॥

ਜਿਸ ਦੀ ਦ੍ਰਿਸ਼ਟੀ ਨਾਲ ਇਹ ਜੀਵ ਸਦਾ ਲਈ ਨਿਹਾਲ=ਦੁਖਾਂ ਤੋਂ ਰਹਿਤ ਹੋ ਜਾਂਦਾ ਹੈ।

ਹੇ ਮੇਰੇ ਮਨ ! ਤੂੰ ਉਸ ਪ੍ਰਭੂ ਦੀ ਘਾਲ=ਕਮਾਈ ਭਾਵ ਸੇਵਾ ਕਰ॥ ੭॥

ਨਾ ਕੋ ਚਤੁਰੁ ਨਾਹੀ ਕੋ ਮੂੜਾ ॥ ਨਾ ਕੋ ਹੀਣੁ ਨਾਹੀ ਕੋ ਸੂਰਾ ॥

ਆਪਣੇ ਆਪ ਨਾ ਕੋਈ ਚਤੁਰ ਹੈ, ਨਾ ਹੀ ਕੋਈ ਮੂਰਖ ਹੈ।

ਨਾ ਕੋਈ ਹੀਣੁ=ਕਮਜ਼ੋਰ ਹੈ ਨਾ ਹੀ ਕੋਈ ਸੂਰਬੀਰ ਹੈ।

[ਪੰਨਾ ੨੩੯]

ਜਿਤੁ ਕੋ ਲਾਇਆ ਤਿਤ ਹੀ ਲਾਗਾ ॥
ਸੋ ਸੇਵਕੁ ਨਾਨਕ ਜਿਸੁ ਭਾਗਾ ॥ ੮ ॥ ੬ ॥

ਜਿਧਰ ਕੋਈ ਲਾਇਆ ਹੈ, ਹਰ ਕੋਈ ਓਸੇ ਪਾਸੇ ਲਗ ਰਿਹਾ ਹੈ।

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਚੰਗੇ ਭਾਗ ਹਨ ਓਹੀ ਅਸਲ ਸੇਵਕ ਹੈ॥ ੮॥ ੬॥

ਗਉੜੀ ਮਹਲਾ ੫ ॥

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥ ੧ ॥

ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਇਹ ਜੀਵ ਇਸ ਤਰ੍ਹਾਂ ਦੁਖੀ ਹੁੰਦਾ ਹੈ ਜਿਸ ਤਰ੍ਹਾਂ ਆਰਜਾਰੀ=ਅਜਗਰ

ਸੱਪ ਦੁਖੀ ਹੁੰਦਾ ਹੈ। ਕਿਉਂਕਿ ਜਿਉਂ ਜਿਉਂ ਸੱਪ ਦੀ ਵੱਡੀ ਉਮਰਾ ਹੁੰਦੀ ਹੈ ਤਿਉਂ ਤਿਉਂ ਉਸ ਦੀ ਆਪਣੀ ਆਰਜਾ=ਉਮਰਾ ਹੀ ਅਰੀ=ਦੁਸ਼ਮਨ ਬਣ ਜਾਂਦੀ ਹੈ। ਵੱਡੀ ਉਮਰਾ ਹੋਣ ਕਰਕੇ ਉਹ ਆਪਣੇ ਅੰਦਰ ਹੀ ਵਿਸ ਨੂੰ ਘੋਲਦਾ ਰਹਿੰਦਾ ਹੈ ਉਹ ਵਿਸ ਹੀ ਉਸ ਨੂੰ ਦੁੱਖ ਦੇਂਦੀ ਹੈ। ਏਸ ਤਰ੍ਹਾਂ ਮਨਮੁਖ ਵਿਸ਼ਿਆਂ ਰੂਪੀ ਵਿਸ ਨੂੰ ਘੋਲਦਾ ਰਹਿੰਦਾ ਹੈ ਤੇ ਦੁਖੀ ਹੁੰਦਾ ਹੈ। ਤਿਉ=ਤੈਸੇ ਹੀ ਸਾਕਤ ਪੁਰਸ਼ ਨਾਮ ਨੂੰ ਭੁਲਾ ਕੇ ਦੁਖੀ ਜਿਊਂਦਾ ਹੈ॥ ੧॥

ਏਕ ਨਿਮਖ ਜੋ ਸਿਮਰਨ ਮਹਿ ਜੀਆ॥

ਜੋ ਪੁਰਸ਼ ਇਕ ਨਿਮਖ ਭਰ ਵੀ ਵਾਹਿਗੁਰੂ ਦੇ ਸਿਮਰਨ ਵਿਚ ਜੀਵਿਆ ਹੈ।

ਕੋਟਿ ਦਿਨਸ ਲਾਖ ਸਦਾ ਥਿਰੁ ਥੀਆ॥ ੧॥ ਰਹਾਉ॥

ਉਹ ਪੁਰਸ਼ ਲੱਖਾਂ ਕ੍ਰੋੜਾਂ ਦਿਨ ਸਦਾ ਲਈ ਇਸਥਿਤ ਥੀਆ=ਹੋਇਆ ਹੈ। ਵਾ:-ਲੱਖਾ ਕ੍ਰੋੜਾਂ ਦਿਨਾਂ ਦੀ ਗੱਲ ਛੱਡੋ, ਉਹ ਤਾਂ ਸਦਾ ਲਈ ਇਸਥਿਤ ਹੋਇਆ ਹੈ॥ ੧॥ ਰਹਾਉ॥

ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ॥
ਕਾਗ ਬਤਨ* ਬਿਸਟਾ ਮਹਿ ਵਾਸ॥ ੨॥

ਸਿਮਰਨ ਤੋਂ ਬਿਨਾਂ ਹੋਰ ਕਰਮਾਂ ਦੇ ਕਰਾਸ=ਕਰਨ ਨੂੰ ਧ੍ਰਿਗਾਕਾਰ ਹੈ। ਵਾ:-ਕਰਮਾਂ ਨੂੰ ਤੇ ਕਰਮਾਂ ਦੇ ਕਰਾਸ=ਕਰਨ ਦੀ ਆਸਾ ਨੂੰ ਧ੍ਰਿਗਾਕਾਰ ਹੈ। ਕਾਗ=ਕਾਂ ਵਾਂਗੂੰ ਕਾਲਾ ਪੁਰਸ਼ ਵਿਸ਼ਟਾ ਦੇ ਬਤਨ=ਵਤਨ (ਦੇਸ਼) ਵਿਚ ਅਰਥਾਤ ਮਾਂ ਦੇ ਗਰਭ ਵਿਚ ਵਸਦਾ ਹੈ।

ਅਥਵਾ:-ਜਿਵੇਂ ਕਾਗ-ਕਾਂ ਵਿਸ਼ਟਾ ਦੇ ਦੇਸ਼ ਵਿਚ ਵਸਦਾ ਹੈ ਭਾਵ ਅਰੂੜੀ ਤੇ ਬੈਠਦਾ ਹੈ ਤਿਵੇਂ ਉਹ ਪੁਰਸ਼ ਨੀਚ ਜੂਨੀਆਂ ਵਿਚ ਵਸਦਾ ਹੈ॥ ੨॥

ਬਿਨੁ ਸਿਮਰਨ ਭਏ ਕੂਕਰ ਕਾਮ॥ ਸਾਕਤ ਬੇਸੁਆ ਪੂਤ ਨਿਨਾਮ॥ ੩॥

ਸਿਮਰਨ ਤੋਂ ਬਿਨਾਂ ਕੂਕਰ=ਕੁੱਤਿਆਂ ਵਾਂਗੂੰ ਕਾਮੀ ਹੋ ਗਏ, ਵਾ:-ਜਿਵੇਂ ਕੁੱਤਿਆਂ ਦਾ ਕੰਮ ਹੈ ਦਰ ਦਰ ਤੇ ਭੌਣਾ ਤਿਵੇਂ ਉਹ ਪੁਰਸ਼ ਹਰ ਇਕ ਦੇ ਦਰਵਾਜ਼ੇ ਦਰਵਾਜ਼ੇ ਤੇ ਭੌਂਦੇ ਫਿਰਦੇ ਹਨ। ਵਾ:-ਉਸ ਦੇ ਸਾਰੇ ਕੰਮ ਕੁੱਤਿਆਂ ਵਰਗੇ ਹਨ, ਵਾ:-ਉਹ ਕੁੱਤੇ ਅਤੇ ਕਾਮ=ਕਾਂ ਵਾਂਗੂੰ ਹਨ। ਨਾਮ ਤੋਂ ਹੀਣ ਸਾਕਤ ਪੁਰਸ਼ ਅਜੇਹਾ ਹੈ, ਜਿਸ ਤਰ੍ਹਾਂ ਵੇਸ਼ਵਾ ਦਾ ਪੁਤ੍ਰ ਨਿ+ਨਾਮ=ਪਿਤਾ ਦੇ ਨਾਂ ਤੋਂ ਰਹਿਤ ਹੁੰਦਾ ਹੈ ਏਸੇ ਤਰ੍ਹਾਂ ਸਾਕਤ ਪੁਰਸ਼ ਪਰਮੇਸ਼ਰ ਨਾਮ ਤੋਂ ਰਹਿਤ ਹੈ॥ ੩॥

*ਯਥਾ:-**ਜਿਉ ਬਹੁ ਮਿਤੀ ਵੇਸੁਆ ਛਡੈ ਖਸਮੁ ਨਿਖਸਮੀ ਹੋਈ।***
ਪੁਤ ਜਣੈ ਜੇ ਵੇਸੁਆ ਨਾਨਕਿ ਦਾਦਕਿ ਨਾਉਂ ਨ ਕੋਈ।

(ਭਾਈ ਗੁਰਦਾਸ ਜੀ ਵਾਰ ੩੩, ਪਉੜੀ ੯)

ਬਿਨੁ ਸਿਮਰਨ ਜੈਸੇ ਸੀਝ ਛਤਾਰਾ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ॥ ੪॥

**ਭਾਈ ਬੰਨੋ ਜੀ ਦੀ ਬੀੜ ਵਿਚ ਬਤਨ ਦੀ ਜਗ੍ਹਾ ਬਦਨ ਪਾਠ ਹੈ ਜੇ ਬਦਨ ਪਾਠ ਹੋਵੇ ਤਾਂ ਇਸ ਤਰ੍ਹਾਂ ਅਰਥ ਕਰਨਾ। ਜਿਵੇਂ ਕਾਂ ਦੇ ਬਦਨ=ਮੁੰਹ ਵਿਚ ਵਿਸ਼ਟਾ ਦਾ ਵਾਸਾ ਹੁੰਦਾ ਹੈ, ਤਿਵੇਂ ਨਾਮ ਹੀਣੇ ਪੁਰਸ਼ ਦੇ ਮੁੰਹ ਵਿਚ ਨਿੰਦਿਆ ਰੂਪ ਗੰਦਗੀ ਦਾ ਵਾਸਾ ਹੈ।*

ਸਿਮਰਨ ਤੋਂ ਬਿਨਾਂ ਹੋਣ ਕਰਕੇ ਇਸ ਤਰ੍ਹਾਂ ਦਖੀ ਹੁੰਦਾ ਹੈ, ਜਿਸ ਤਰ੍ਹਾਂ ਭਿੜਨ ਕਾਲ ਵਿਚ ਛੱਤਰੇ ਦੇ ਆਪਣੇ ਸਿੰਙ ਹੀ ਦੁਖਦਾਈ ਹੁੰਦੇ ਹਨ। ਸਾਕਤ ਪੁਰਸ਼ ਝੂਠ ਬੋਲਦਾ ਹੈ, ਇਸ ਕਰਕੇ ਉਸ ਦਾ ਮੂੰਹ ਕਾਰਾ=ਕਾਲਾ ਹੁੰਦਾ ਹੈ॥ ੪॥

ਬਿਨੁ ਸਿਮਰਨ ਗਰਧਭ ਕੀ ਨਿਆਈ॥ ਸਾਕਤ ਥਾਨ ਭਰਿਸਟ ਫਿਰਾਹੀ॥੫॥

ਸਿਮਰਨ ਤੋਂ ਬਿਨਾਂ ਹੋਣ ਕਰਕੇ ਇਹ ਗਧੇ ਦੀ ਨਿਆਈਂ ਹੈ, ਜਿਵੇਂ ਗਧਾ ਅਰੂੜੀ ਤੇ ਲੇਟਦਾ ਹੈ ਤਿਵੇਂ ਸਾਕਤ ਪੁਰਸ਼ ਭਰਿਸ਼ਟ ਥਾਨ=ਭੈੜੀਆਂ ਜਗ੍ਹਾਂ ਪਰ ਫਿਰਦਾ ਹੈ॥ ੫॥

ਬਿਨੁ ਸਿਮਰਨ ਕੂਕਰ ਹਰਕਾਇਆ॥ ਸਾਕਤ ਲੋਭੀ ਬੰਧੁ ਨ ਪਾਇਆ॥੬॥

ਸਿਮਰਨ ਤੋਂ ਬਿਨਾਂ ਹੋਣ ਕਰਕੇ ਇਹ ਜੀਵ ਹਰਕਾਇਆ+ਕੂਕਰ=ਹਲਕੇ ਕੁੱਤੇ ਵਾਂਗੂੰ ਹੈ, ਜਿਵੇਂ ਹਲਕੇ ਕੁੱਤੇ ਵਿਚ ਚਾਰ ਔਗੁਣ ਹੁੰਦੇ ਹਨ-

(੧) ਪੂਛ ਸਿਧੀ ਹੋ ਜਾਂਦੀ ਹੈ। (੨) ਝੱਗ ਸੁਟਦਾ ਰਹਿੰਦਾ ਹੈ। (੩) ਪਾਣੀ ਤੋਂ ਸੰਗਦਾ ਹੈ।

(੪) ਜਿਸਨੂੰ ਵੱਢਦਾ ਹੈ ਉਸ ਨੂੰ ਆਪਣੇ ਵਰਗਾ ਕਰ ਲੈਂਦਾ ਹੈ।

ਏਸੇ ਤਰ੍ਹਾਂ ਨਾਮਹੀਣ ਸਾਕਤ ਪੁਰਸ਼ ਵਿਚ ਚਾਰ ਔਗੁਣ ਹਨ-

(੧) ਪੂਛ ਸਿਧੀ ਏਹੋ ਹੈ ਜਿਹੜਾ ਤਲੀ ਅੱਡ ਕੇ ਹਰ ਇਕ ਪਾਸੋਂ ਮੰਗਦਾ ਫਿਰਦਾ ਹੈ।

(੨) ਗੁਰੂ ਅਤੇ ਪਰਮੇਸ਼ਰ ਦੀ ਨਿੰਦਿਆ ਕਰਨੇ ਰੂਪੀ ਝੱਗ ਸੁਟਦਾ ਹੈ।

(੩) ਨਾਮ ਰੂਪੀ ਜਲ ਤੋਂ ਸੰਗਦਾ ਰਹਿੰਦਾ ਹੈ ਭਾਵ ਨਾਮ ਨਹੀਂ ਜਪਦਾ।

(੪) ਜਿਹੜਾ ਪੁਰਸ਼ ਉਸ ਨਾਲ ਰਲਦਾ ਹੈ ਉਸ ਨੂੰ ਖੋਟੀ ਸਿਖਿਆ ਦੇ ਕੇ ਆਪਣੇ ਵਰਗਾ ਕਰ ਲੈਂਦਾ ਹੈ। ਲੋਭੀ ਜੋ ਸਾਕਤ ਪੁਰਸ਼ ਹੈ ਉਸਨੇ ਆਪਣੇ ਮਨ ਵਿਚ ਬੰਧੁ=ਸੰਤੋਖ ਨਾ ਪਾਉਣਾ ਕੀਤਾ॥ ੬॥

ਬਿਨੁ ਸਿਮਰਨ ਹੈ ਆਤਮਘਾਤੀ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥੭॥

ਸਿਮਰਨ ਤੋਂ ਬਿਨਾਂ ਹੋਣ ਕਰਕੇ ਇਹ ਜੀਵ ਆਤਮਘਾਤੀ ਹੈ।

ਉਸ ਨੀਚ ਸਾਕਤ ਦੀ ਉੱਚੀ ਕੁਲ ਨਹੀਂ ਜਾਣੀ ਜਾਂਦੀ ਹੈ॥ ੭॥

ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ॥

ਉਹ ਪਰਮਾਤਮਾ ਜਿਸ ਉੱਤੇ ਕ੍ਰਿਪਾਲੂ ਹੋਇਆ ਹੈ ਉਸ ਨੂੰ ਸਤਸੰਗ ਨਾਲ ਮਿਲਾ ਦਿੱਤਾ ਹੈ।

ਕਹੁ ਨਾਨਕ ਗੁਰਿ ਜਗਤੁ ਤਰਾਇਆ॥ ੮॥ ੭॥

ਗੁਰੂ ਜੀ ਕਥਨ ਕਰਦੇ ਹਨ-ਉਸਨੂੰ ਗੁਰਾਂ ਨੇ ਸੰਸਾਰ ਸਮੁੰਦ੍ਰ ਤੋਂ ਤਾਰ ਦਿੱਤਾ ਹੈ॥ ੮॥ ੭॥

ਗਉੜੀ ਮਹਲਾ ੫॥

ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ॥ ਗੁਰਿ ਪੂਰੈ ਮੇਰੀ ਪੈਜ ਰਖਾਈ॥੧॥

ਸਤਿਗੁਰਾਂ ਦੇ ਬਚਨਾਂ ਕਰਕੇ ਮੈਂ ਪਰਮਗਤਿ=ਉੱਤਮ ਪਦਵੀ ਅਰਥਾਤ ਕੇਵਲ ਮੁਕਤੀ ਪਾਈ ਹੈ। ਪੂਰਿਆਂ ਸਤਿਗੁਰਾਂ ਨੇ ਮੇਰੀ ਇੱਜ਼ਤ ਰਖ ਲਈ ਹੈ॥ ੧॥

ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥

ਗੁਰਾਂ ਦੇ ਉਪਦੇਸ਼ ਕਰਕੇ ਮੈਂ ਸਤਿਨਾਮੁ ਮੰਤ੍ਰ ਨੂੰ ਧਿਆਉਣਾ ਕੀਤਾ ਹੈ।

ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥ ੧ ॥ ਰਹਾਉ ॥

ਗੁਰਾਂ ਦੇ ਪਰਸਾਦਿ=ਅਨੁਗ੍ਰਹ ਕਰਕੇ ਮੈਨੂੰ ਸਰੂਪ ਥਾਂ ਮਿਲਿਆ ਹੈ॥ ੧ ॥ ਰਹਾਉ ॥

ਗੁਰ ਕੈ ਬਚਨਿ ਸੁਣਿ ਰਸਨ ਵਖਾਣੀ ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥ ੨ ॥

ਗੁਰਾਂ ਦੇ ਉਪਦੇਸ਼ ਨੂੰ ਸੁਣ ਕੇ ਮੇਰੀ ਰਸਨਾ ਨਾਮ ਨੂੰ ਕਥਨ ਕਰਦੀ ਹੈ, ਗੁਰਾਂ ਦੀ ਕਿਰਪਾ ਨਾਲ ਮੇਰੀ ਬਾਣੀ ਵਿਚ ਨਾਮ ਅੰਮ੍ਰਿਤ ਵਸ ਗਿਆ ਹੈ, ਵਾ:-ਮੇਰੀ ਬਾਣੀ ਅੰਮ੍ਰਿਤ ਵਾਂਗੂੰ ਮਿਠੀ ਹੋ ਗਈ ਹੈ॥ ੨ ॥

ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਮੇਰਾ ਆਪਾ ਭਾ ਹੰਕਾਰ ਮਿਟ ਗਿਆ ਹੈ।

ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥ ੩ ॥

ਗੁਰਾਂ ਦੀ ਕਿਰਪਾ ਨਾਲ ਹੀ ਮੇਰਾ ਵੱਡਾ ਪ੍ਰਤਾਪ ਹੋ ਗਿਆ ਹੈ॥ ੩ ॥

ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਹੀ ਮੇਰਾ ਭਰਮ ਮਿਟ ਗਿਆ ਹੈ।

ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥ ੪ ॥

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਮੈਂਨੇ ਸਭਨਾਂ ਨੂੰ ਬ੍ਰਹਮ ਰੂਪ ਦੇਖਿਆ ਹੈ। ਵਾ:-ਸਭਨਾਂ ਵਿਚ ਬ੍ਰਹਮ ਨੂੰ ਪਰੀਪੂਰਨ ਦੇਖਿਆ ਹੈ॥ ੪ ॥

ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥ ੫ ॥

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਮੈਂ ਰਾਜੁ ਜੋਗੁ=ਭਗਤੀ ਜੋਗ, ਗਿਆਨ ਜੋਗ ਪ੍ਰਾਪਤ ਕੀਤ ਹੈ, ਗੁਰਾਂ ਦੇ ਨਾਲ ਮਿਲਕੇ ਸਭੁ ਲੋਗੁ=ਸਾਰਾ ਸੰਸਾਰ ਤਰਿਆ ਹੈ।

ਵਾ:-ਗੁਰਾਂ ਦੇ ਨਾਲ ਮਿਲ ਕੇ ਸਭੁ ਲੋਗੁ=ਸਾਰੇ ਸੰਸਾਰ ਤੋਂ ਤਰਿਆ ਹਾਂ॥ ੫ ॥

ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥ ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥ ੬ ॥

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਮੇਰੇ ਸਾਰੇ ਕਾਰਜ=ਕੰਮ ਸਿਧ ਹੋ ਗਏ ਹਨ, ਗੁਰਾਂ ਦੇ ਬਚਨਿ= ਉਪਦੇਸ਼ ਕਰਕੇ ਨਾਉ ਨਿਧਿ=ਨਾਮ ਰੂਪ ਖਜ਼ਾਨਾ ਮੈਂ ਪਾਇਆ ਹੈ।

ਵਾ:-ਨਾਉ ਨਿਧਿ=ਨੌਂ ਨਿਧੀਆਂ ਦੇ ਦਾਤੇ ਪਰਮਾਤਮਾ ਨੂੰ ਪਾਇਆ ਹੈ॥ ੬ ॥

ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥ ੭ ॥

ਜਿਨ੍ਹਾਂ ਜਿਨ੍ਹਾਂ ਨੇ ਮੇਰੇ ਗੁਰੂ ਦੀ ਆਸਾ ਧਾਰਣ ਕੀਤੀ ਹੈ,

ਮੇਰੇ ਗੁਰੂ ਨੇ ਉਨ੍ਹਾਂ ਦੀ ਜਮਾਂ ਦੀ ਫਾਹੀ ਕਟ ਦਿਤੀ ਹੈ॥ ੭ ॥

ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥
ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥ ੮ ॥ ੮ ॥

ਗੁਰਾਂ ਦੇ ਬਚਨਿ=ਉਪਦੇਸ਼ ਕਰਕੇ ਮੇਰਾ ਕਰਮੁ=ਭਾਗ ਜਾਗਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਗੁਰੂ ਦੀ ਕਿਰਪਾ ਕਰਕੇ ਹੀ ਮੈਨੂੰ ਪਾਰਬ੍ਰਹਮ ਭੇਟਿਆ=ਮਿਲਿਆ ਹੈ॥ ੮ ॥ ੮ ॥

ਗਉੜੀ ਮਹਲਾ ੫ ॥ ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥

ਉਸ ਗੁਰੂ ਨੂੰ ਮੈਂ ਸ੍ਵਾਸ ਸ੍ਵਾਸ ਸਿਮਰਦਾ ਹਾਂ।

ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥ ੧ ॥ ਰਹਾਉ ॥

ਗੁਰੂ ਹੀ ਮੇਰੇ ਪ੍ਰਾਣ ਹਨ-ਅਤੇ ਸਤਿਗੁਰੁ ਹੀ ਮੇਰੀ ਰਾਸਿ=ਪੂੰਜੀ ਹਨ॥ ੧ ॥ ਰਹਾਉ ॥

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥ ੧ ॥

ਗੁਰੂ ਦਾ ਦਰਸ਼ਨ ਵੇਖ ਵੇਖ ਕੇ ਮੈਂ ਜਿਉਂਦਾ ਹਾਂ। ਅਤੇ ਗੁਰੂ ਦੇ ਚਰਨਾਂ ਨੂੰ ਧੋ ਧੋ ਕੇ ਪੀਂਦਾ ਹਾਂ॥ ੧ ॥

ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨ ॥

ਗੁਰਾਂ ਦੀ ਚਰਨ ਧੂੜੀ ਵਿਚ ਮੈਂ ਨਿਤਾਪ੍ਰਤੀ ਮਜਨੁ=ਇਸ਼ਨਾਨ ਕਰਦਾ ਹਾਂ। ਅਤੇ-
ਜਨਮਾਂ ਜਨਮਾਂ ਦੀ ਹਉਮੈ ਰੂਪੀ ਮੈਲ ਨੂੰ ਹਰਉ=ਉਤਾਰਦਾ ਹਾਂ॥ ੨ ॥

ਤਿਸੁ ਗੁਰ ਕਉ ਝੁਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥ ੩ ॥

ਉਸ ਗੁਰੂ ਨੂੰ ਮੈਂ ਨਿੱਤ ਪਾਖਾ=ਪੱਖਾ ਝਲਦਾ ਹਾਂ। ਜਿਸ ਗੁਰੂ ਨੇ ਮੈਨੂੰ ਮਾਇਆ ਦੀ ਤ੍ਰਿਸ਼ਨਾਂ ਰੂਪੀ ਭਾਰੀ ਅੱਗ ਤੋਂ ਕਿਰਪਾ ਰੂਪੀ ਹੱਥ ਦੇ ਕੇ ਬਚਾ ਰਖਿਆ ਹੈ॥ ੩ ॥

ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪ ॥

ਉਸ ਗੁਰੂ ਦੇ ਘਰ ਵਿਚ ਮੈਂ ਪਾਣੀ ਢੋਵਉ=ਭਰਦਾ ਹਾਂ। ਜਿਸ ਗੁਰੂ ਪਾਸੋਂ ਮੈਂ ਅਕਲ=ਕਲਪਣਾ ਤੋਂ ਰਹਿਤ ਜੋ ਪਰਮੇਸ਼ਰ ਹੈ ਉਸ ਦੀ ਗਤਿ=ਪ੍ਰਾਪਤੀ ਜਾਣੀ ਹੈ॥ ੪ ॥

ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥ ੫ ॥

ਉਸ ਗੁਰੂ ਦੇ ਘਰ ਵਿਚ ਮੈਂ ਨਿਤਾਪ੍ਰਤੀ ਚੱਕੀ ਪੀਂਹਦਾ ਹਾਂ। ਭਾਵ ਚੱਕੀ ਵਿਚ ਦਾਣੇ ਪਾ ਕੇ ਪੀਂਹਦਾ ਹਾਂ ਤੇ ਆਟਾ ਤਿਆਰ ਕਰਕੇ ਲੰਗਰ ਵਿਚ ਰਖਦਾ ਹਾਂ। ਜਿਸ ਗੁਰੂ ਦੀ ਪਰਸਾਦਿ=ਕਿਰਪਾ ਨਾਲ ਸਾਰੇ ਵੈਰੀ ਮਿਤ੍ਰ ਹੋ ਗਏ ਹਨ॥ ੫ ॥

[ਪੰਨਾ ੨੪੦]

ਜਿਨਿ ਗੁਰਿ ਮੋ ਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥ ੬ ॥

ਜਿਸ ਗੁਰੂ ਨੇ ਮੈਨੂੰ ਜੀਅ ਦਾਨ ਦਿੱਤਾ ਹੈ। ਅਤੇ ਆਪਣਾ ਦਾਸ ਜਾਣ ਕੇ ਆਪੇ ਹੀ ਮੁਲ ਲੈ ਲੀਤਾ ਹੈ ਅਰਥਾਤ ਉਪਦੇਸ਼ ਦੇ ਕੇ ਆਪਣੀ ਸੇਵਾ ਵਿਚ ਲਗਾ ਲਿਆ ਹੈ॥ ੬ ॥

ਆਪੇ ਲਾਇਓ ਅਪਨਾ ਪਿਆਰੁ॥

ਗੁਰੂ ਨੇ ਆਪਣਾ ਪਿਆਰ ਆਪ ਹੀ ਮੇਰੇ ਹਿਰਦੇ ਵਿਚ ਲਾਇਆ ਹੈ।

ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ॥ ੭॥

ਉਸ ਗੁਰੂ ਨੂੰ ਮੈਂ ਸਦਾ ਸਦਾ ਨਮਸਕਾਰ ਕਰਦਾ ਹਾਂ॥ ੭॥

ਕਲਿ ਕਲੇਸ ਭੈ ਭ੍ਰਮ ਦੁਖ ਲਾਥਾ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ॥ ੮॥ ੯॥

ਗੁਰੂ ਦੀ ਕਿਰਪਾ ਨਾਲ ਕਲਪਨਾ, ਕਲੇਸ਼, ਭੈ, ਭਰਮ, ਤੇ ਦੁੱਖ ਸਭ ਕੁਝ ਲਾਥਾ=ਦੂਰ ਹੋ ਗਿਆ ਹੈ। ਗੁਰੂ ਜੀ ਕਥਨ ਕਰਦੇ ਹਨ ਮੇਰਾ ਗੁਰੂ ਵੱਡਾ ਸਮਰੱਥ ਹੈ॥ ੮॥ ੯॥

ਗਉੜੀ ਮਹਲਾ ੫॥ ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥

ਹੇ ਮੇਰੇ ਗੋਬਿੰਦ ! ਤੂੰ ਸਾਨੂੰ ਮਿਲ, ਅਤੇ ਆਪਣਾ ਨਾਮ ਦਾਨ ਦੇਣਾ ਕਰ।

ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥ ੧॥ ਰਹਾਉ॥

ਨਾਮ ਸਿਮਰਨ ਤੋਂ ਬਿਨਾਂ ਪਦਾਰਥਾਂ ਦੇ ਅਸਨੇਹੁ=ਪ੍ਰੇਮ ਨੂੰ ਧ੍ਰਿਗਕਾਰ ਹੈ, ਤੇ ਸਨਬੰਧੀਆਂ ਦੇ ਪ੍ਰੇਮ ਨੂੰ ਭੀ ਧ੍ਰਿਕਾਰ ਹੈ॥ ੧॥ ਰਹਾਉ॥

ਨਾਮ ਬਿਨਾ ਜੋ ਪਹਿਰੈ ਖਾਇ॥ ਜਿਉ ਕੂਕਰੁ ਜੂਠਨ ਮਹਿ ਪਾਇ॥ ੧॥

ਨਾਮ ਸਿਮਰਨ ਤੋਂ ਬਿਨਾਂ ਜੋ ਕਪੜਿਆਂ ਦਾ ਪਹਿਰਣਾ ਤੇ ਪਦਾਰਥਾਂ ਦਾ ਖਾਣਾ ਹੈ, ਉਹ ਇਸ ਤਰ੍ਹਾਂ ਨਿਸਫਲ ਹੈ ਜਿਵੇ ਕੂਕਰੁ=ਕੁੱਤੇ ਨੂੰ ਵੱਢ ਕੇ ਕੋਈ ਜੂਠਨ=ਰਸੋਈ ਵਿਚ ਪਾ ਦੇਵੇ ਤਾਂ ਉਹ ਰਸੋਈ ਨਿਸਫਲ ਚਲੀ ਜਾਂਦੀ ਹੈ। ਸਾਰਿਆਂ ਮਾਸਾਂ ਨਾਲੋਂ ਕੁੱਤੇ ਦਾ ਮਾਸ ਅੱਪਵਿਤ ਲਿਖਿਆ ਹੈ। ਯਥਾ:-

ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ।
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੁ ਭਰਿਆ ਕਪੜਾ ਕਰਿ ਕਜਣੁ ਤਾਸੁ।
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
ਨਦਰੀ ਪਵੈ ਅਕ੍ਰਿਤਘਣ ਮਤੁ ਹੋਇ ਵਿਣਾਸੁ॥ ੯॥ *(ਭਾਈ ਗੁਰਦਾਸ ਜੀ ਵਾਰ ੩੫)*

ਅਥਵਾ:-ਜਿਵੇਂ ਕੋਈ ਰਸੋਈ ਵਿਚ ਕੁੱਤੇ ਨੂੰ ਪਾਇ=ਖੜਾ ਕਰ ਦੇਵੇ, ਤਾਂ ਰਸੋਈ ਨਿਸਫਲ ਚਲੀ ਜਾਂਦੀ ਹੈ। *ਅਥਵਾ:*-ਜਿਵੇਂ ਕੂਕਰੁ=ਕੁੱਤੇ ਦੇ ਮੂੰਹ ਵਿਚ ਜੂਠੇ ਟੁਕੜੇ ਪੈਂਦੇ ਹਨ॥ ੧॥

ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥ ੨॥

ਨਾਮ ਸਿਮਰਨ ਤੋਂ ਬਿਨਾਂ ਜਿੰਨਾ ਭੀ ਵਿਹਾਰ ਕਰਨਾ ਹੈ ਉਹ ਇਸ ਤਰ੍ਹਾਂ ਨਿਸਫਲ ਹੈ, ਜਿਸ ਤਰ੍ਹਾਂ ਮੁਰਦੇ ਉੱਤੇ ਸ਼ਿੰਗਾਰ ਕੀਤਾ ਹੋਇਆ ਮਿਥਿਆ=ਨਿਸਫਲ ਹੁੰਦਾ ਹੈ॥ ੨॥

ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥ ੩ ॥

ਨਾਮ ਨੂੰ ਭੁਲਾ ਕੇ ਜੋ ਸੰਸਾਰਕ ਰਸਾਂ ਨੂੰ ਭੋਗਣਾ ਕਰਦਾ ਹੈ, ਉਸ ਨੂੰ ਸੁਪਨੇ ਵਿਚ ਭੀ ਸੁਖ ਨਹੀਂ ਹੋਵੇਗਾ, ਸਗੋਂ ਸਰੀਰ ਵਿਚ ਰੋਗ ਪੈਦਾ ਹੋਵੇਗਾ ॥ ੩ ॥

ਨਾਮੁ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥ ੪ ॥

ਨਾਮ ਨੂੰ ਤਿਆਗ ਕੇ ਅਨ=ਹੋਰ ਜਿੰਨੇ ਭੀ ਕੰਮ ਕਰਦਾ ਹੈ, ਉਹ ਸਾਰੇ ਝੂਠੇ ਤੇ ਪਾਜ=ਦਿਖਾਵੇ ਮਾਤ੍ਰ ਹਨ ਇਸ ਲਈ ਉਹ ਸਾਰੇ ਬਿਨਸਿ ਜਾਇ=ਨਾਸ ਹੋ ਜਾਣਗੇ ॥ ੪ ॥

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥ ੫ ॥

ਜੋ ਪੁਰਸ਼ ਨਾਮ ਨਾਲ ਮਨ ਦੀ ਪ੍ਰੀਤੀ ਨਹੀਂ ਲਾਉਂਦਾ,

ਉਹ ਪੁਰਸ਼ ਕ੍ਰੋੜਾਂ ਕਰਮ ਕਰਦਾ ਹੋਇਆ ਭੀ ਨਰਕਾਂ ਵਿਚ ਜਾਂਦਾ ਹੈ ॥ ੫ ॥

ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥ ੬ ॥

ਜਿਸ ਨੇ ਹਰੀ ਦਾ ਨਾਮ ਮਨ ਵਿਚ ਨਹੀਂ ਸਿਮਰਿਆ,

ਉਹ ਚੋਰ ਦੀ ਨਿਆਈਂਜਮ ਪੁਰੀ ਵਿਚ ਬਾਧਾ=ਬੰਨ੍ਹਿਆਂ ਜਾਂਦਾ ਹੈ ॥ ੬ ॥

ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥ ੭ ॥

ਭਾਵੇਂ ਲੱਖਾਂ ਬਾਹਰਲੇ ਅਡੰਬਰ=ਬਣਾਵਾਂ ਨੂੰ ਬਹੁਤ ਵਿਸਤਾਰ ਸਹਿਤ ਫੈਲਾਂਵਦਾ ਹੈ, ਪਰ ਨਾਮ ਸਿਮਰਨ ਤੋਂ ਬਿਨਾਂ ਹੋਣ ਕਰਕੇ ਉਸ ਦੇ ਸਾਰੇ ਪਸਾਰੇ ਝੂਠੇ ਹਨ ॥ ੭ ॥

ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥ ੮ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ-ਓਹੀ ਪੁਰਸ਼ ਹਰੀ ਨਾਮ ਨੂੰ ਲੈਣਾ ਕਰਦਾ ਹੈ, ਪ੍ਰਭੂ ਕਿਰਪਾ ਕਰਕੇ ਜਿਸ ਨੂੰ ਇਹ ਦਾਤ ਦੇਂਦਾ ਹੈ ॥ ੮ ॥ ੧੦ ॥

ਗਉੜੀ ਮਹਲਾ ੫ ॥

ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥ ੧ ॥

ਸਰੀਰ ਦੇ ਆਦਿ=ਜਨਮ ਕਾਲ, ਮਧਿ=ਵਿਚਕਾਰ-ਵਰਤਮਾਨ ਸਮੇਂ ਵਿਚ, ਅਤੇ ਅੰਤਿ=ਪ੍ਰਾਣਾਂ ਦੇ ਵਿਯੋਗ ਕਾਲ ਵਿਚ ਜੋ ਪਰਮਾਤਮਾ ਨਾਲ ਹੋ ਕੇ ਨਿਬਾਹੁੰਦਾ ਹੈ। ਉਸ ਸਜਣ ਪਰਮਾਤਮਾ ਨੂੰ ਮੇਰਾ ਮਨ ਚਾਹੈ=ਚਾਹੁੰਦਾ ਹੈ ॥ ੧ ॥

ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥

ਹਰੀ ਦੀ ਪ੍ਰੀਤੀ ਸਦੀਵ ਕਾਲ ਜੀਵ ਦੇ ਨਾਲ ਚਲਣ ਵਾਲੀ ਹੈ।

ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥ ੧ ॥ ਰਹਾਉ ॥

ਉਹ ਦਿਆਲੂ ਪੁਰਖ ਪੂਰਨ=ਸੰਪੂਰਣ (ਸਾਰਿਆਂ) ਦੀ ਪ੍ਰਿਤਪਾਲਾ ਕਰਦਾ ਹੈ ॥ ੧ ॥ ਰਹਾਉ ॥

ਬਿਨਸਤ ਨਾਹੀ ਛੋਡਿ ਨ ਜਾਇ ॥ ਜਹ ਪੇਖਾ ਤਹ ਰਹਿਆ ਸਮਾਇ ॥ ੨ ॥

ਨਾ ਨਾਸ ਹੁੰਦਾ ਹੈ, ਨਾ ਹੀ ਛੱਡ ਕੇ ਜਾਂਦਾ ਹੈ। ਜਿੱਥੇ ਵੇਖਦੇ ਹਾਂ ਉੱਥੇ ਹੀ ਸਮਾ ਰਿਹਾ ਹੈ॥ ੨ ॥

ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥ ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥ ੩ ॥

ਉਹ ਸੁੰਦਰ ਹੈ, ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਹੈ, ਚਤੁਰ ਹੈ ਤੇ ਸਭ ਜੀਵਾਂ ਦਾ ਦਾਤਾ ਹੈ। ਉਹ ਪ੍ਰਭੂ ਹੀ ਮੇਰਾ ਭਰਾ, ਪੁਤ੍ਰ ਪਿਉ ਤੇ ਮਾਂ ਹੈ॥ ੩ ॥

ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥ ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥ ੪ ॥

ਮੇਰੀ ਜੀਵਨ ਬੂਟੀ ਭੀ ਓਹੀ ਹੈ, ਮੇਰੇ ਪ੍ਰਾਣਾਂ ਦਾ ਆਸਰਾ ਭੀ ਓਹੀ ਹੈ, ਮੇਰੀ ਰਾਸ ਭੀ ਓਹੀ ਹੈ। ਜੋ ਹਿਰਦੇ ਵਿਚ ਨਿਵਾਸ ਕਰ ਰਿਹਾ ਹੈ, ਓਸੇ ਵਿਚ ਮੈਂਨੇ ਪ੍ਰੀਤ ਲਗਾਈ ਹੈ॥ ੪ ॥

ਮਾਇਆ ਸਿਲਕ ਕਾਟੀ ਗੋਪਾਲਿ ॥ ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥ ੫ ॥

ਗੋਪਾਲ ਨੇ ਮੇਰੇ ਗਲੋਂ ਮਾਇਆ ਦੀ ਸਿਲਕ=ਫਾਹੀ ਕੱਟ ਦਿੱਤੀ ਹੈ। ਅਤੇ

ਨਿਹਾਲਿ ਨਦਰਿ=ਕ੍ਰਿਪਾ ਦ੍ਰਿਸ਼ਟੀ ਨਾਲ ਵੇਖਕੇ ਮੈਨੂੰ ਆਪਣਾ ਦਾਸ ਕਰ ਲਿਆ ਹੈ॥ ੫ ॥

ਸਿਮਰਿ ਸਿਮਰਿ ਕਾਟੇ ਸਭਿ ਰੋਗ ॥ ਚਰਣ ਧਿਆਨ ਸਰਬ ਸੁਖ ਭੋਗ ॥ ੬ ॥

ਉਸ ਦੇ ਨਾਮਾਂ ਨੂੰ ਸਿਮਰ ਸਿਮਰਕੇ ਸਾਰੇ ਰੋਗ ਕੱਟ ਲਏ ਹਨ, ਅਤੇ ਉਸ ਦੇ ਚਰਨਾਂ ਦਾ ਧਿਆਨ ਧਾਰਕੇ ਸਾਰੇ ਸੁਖ ਭੋਗ ਰਿਹਾ ਹਾਂ॥ ੬ ॥

ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥ ੭ ॥

ਉਹ ਅਕਾਲ ਪੁਰਖ ਸਾਰੇ ਪੂਰਣ ਹੈ, ਨਵਤਨੁ=ਨਵੀਨ ਹੈ, ਨਿਤਾਪ੍ਰਤੀ ਬਾਲਾ=ਵੱਡਿਆਂ ਤੋਂ ਵੱਡਾ ਹੈ। ਉਹ ਹਰੀ ਅੰਦਰ ਬਾਹਰ ਸਾਰੇ ਅੰਗ ਸੰਗ ਹੋ ਕੇ ਰਖਿਆ ਕਰਣ ਵਾਲਾ ਹੈ॥ ੭ ॥

ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥ ੮ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਉਸ ਹਰਿ ਹਰਿ ਪਦ ਨੂੰ ਚੀਨ=ਜਾਣਿਆ ਹੈ।

ਜਿਸ ਹਰੀ ਨੇ ਸਾਰਾ ਸਰਬੰਸ ਤੇ ਨਾਮ ਦਾਨ ਭਗਤਾਂ ਨੂੰ ਦਿੱਤਾ ਹੈ॥ ੮ ॥ ੧੧ ॥

ਰਾਗੁ ਗਉੜੀ ਮਾਝ ਮਹਲਾ ੫ ॥ ੧ੴ ਸਤਿਗੁਰ ਪ੍ਰਸਾਦਿ ॥

ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ ॥

ਅਸੰਖ=ਅਨਗਿਣਤ ਪੁਰਸ਼ ਪਰਮੇਸ਼ਰ ਨੂੰ ਖੋਜਦੇ ਫਿਰਦੇ ਹਨ ਪਰ ਉਸ ਦਾ ਅੰਤ ਕਿਸੇ ਨੇ ਨਹੀਂ ਪਾਰੀਆ=ਪਾਇਆ। ਪਾਠਾਂਤ੍ਰ ਪਾਠ:-ਖੋਜਤ ''ਫਿਰੈ'' ਅਸੰਖ

ਸੇਈ ਹੋਏ ਭਗਤ ਜਿਨਾ ਕਿਰਪਾਰੀਆ ॥ ੧ ॥

ਜਿਨ੍ਹਾਂ ਉੱਤੇ ਉਸ ਪਰਮਾਤਮਾ ਨੇ ਆਪਣੀ ਕਿਰਪਾ ਕੀਤੀ ਹੈ ਓਹੀ ਉਸ ਦੇ ਭਗਤ ਹੋਏ ਹਨ॥ ੧ ॥

ਹਉ ਵਾਰੀਆ ਹਰਿ ਵਾਰੀਆ ॥ ੧ ॥ ਰਹਾਉ ॥

ਹਉ=ਮੈਂ ਹਰੀ ਤੋਂ ਬਲਿਹਾਰ ਜਾਂਦਾ ਹਾਂ, ਹਰੀ ਤੋਂ ਵਾਰਨੇ ਜਾਂਦਾ ਹਾਂ॥ ੧॥ ਰਹਾਉ॥

ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ॥

ਜਗਿਆਸੂ ਆਖਦਾ ਹੈ-ਹੇ ਗੁਰੋ ! ਜਮਾਂ ਦਾ ਡਰਾਉਣਾ ਪੰਥ ਸ਼ਾਸਤ੍ਰਾਂ ਦੁਆਰੇ ਸੁਣ ਸੁਣਕੇ,

ਵਾ:-ਸੁਣਿ=ਕੰਨਾਂ ਦੁਆਰੇ ਸੁਣਕੇ ਬਹੁਤ ਹੀ ਭੈ ਕਰਕੇ ਮੈਂ ਹਾਰ ਗਿਆ ਹਾਂ।

ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ॥ ੨॥

ਹੁਣ ਮੈਂ ਸੰਤਾਂ ਦੀ ਓਟ ਤੱਕੀ ਹੈ ਆਪ ਕਿਰਪਾ ਕਰਕੇ ਮੈਨੂੰ ਉਬਾਰੀਆ=ਬਚਾ ਲੈਣਾ ਕਰੋ॥ ੨॥

[ਪੰਨਾ ੨੪੧]

ਮੋਹਨ ਲਾਲ ਅਨੂਪ ਸਰਬ ਸਾਧਾਰੀਆ॥

ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ ਦਿਖਾਰੀਆ॥ ੩॥

ਅੰਨਵੇਂ ਅਖਰਾਂ ਵਲ ਧਿਆਨ ਰਖਣਾ:-ਹੇ ਗੁਰੋ ! ਮੈਂ ਨਿਵ ਨਿਵ ਕਰਕੇ ਆਪ ਦੀ ਪਾਇ=ਚਰਨੀਂ ਲੱਗਦਾ ਹਾਂ, ਜੋ ਸਭ ਦੇ ਮੋਹਣੇ ਵਾਲਾ ਲਾਲ=ਪਿਆਰਾ ਅਨੂਪ=ਉਪਮਾਂ ਤੋਂ ਰਹਿਤ ਸਾਰਿਆਂ ਦਾ ਸਾਧਾਰੀਆ=ਆਸਰਾ ਰੂਪ ਪਰਮਾਤਮਾ ਹੈ ਉਹ ਮੈਨੂੰ ਦਿਖਾ ਦੇਣਾ ਕਰੋ॥ ੩॥

ਮੈ ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ॥

ਸਭ ਗੁਣ ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ॥ ੪॥

ਮੈਂ ਮਿਤਰ ਤਾਂ ਅਨੇਕਾਂ ਹੀ ਕੀਤੇ ਹਨ ਪਰ ਮੈਂ ਇਕ ਪਰਮਾਤਮਾ ਤੋਂ ਹੀ ਬਲਿਹਾਰ ਕੁਰਬਾਨ ਜਾਂਦਾ ਹਾਂ। ਕਿਉਂਕਿ ਸਾਰੇ ਗੁਣ ਕਿਸੀ ਦੇ ਵਿਚ ਭੀ ਨਹੀਂ ਹਨ, ਇਕ ਹਰੀ ਹੀ ਸਾਰਿਆਂ ਗੁਣਾਂ ਦਾ ਪੂਰਨ ਭੰਡਾਰੀ ਹੈ॥ ੪॥

ਚਹੁ ਦਿਸਿ ਜਪੀਐ ਨਾਉ ਸੁਖਿ ਸਵਾਰੀਆ॥

ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ॥ ੫॥

ਜਿਸ ਪਰਮਾਤਮਾ ਦਾ ਨਾਮ ਚਾਰੇ ਦਿਸ਼ਾਂ ਵਿਚ ਜਪਿਆ ਜਾਂਦਾ ਹੈ, ਅਤੇ ਜੋ ਸੁਖਾਂ ਦੇ ਵਿਚ ਸੁਆਉਂਦਾ ਹੈ। ਵਾ:-ਸਵਾਰਕੇ ਸੁਖ ਦੇਂਦਾ ਹੈ, ਹੇ ਗੁਰੋ ! ਮੈਂ ਤੁਹਾਰਿ=ਤੁਹਾਡੀ ਓੜਿ=ਓਟ ਆਹੀ=ਚਾਹੀ ਹੈ। ਮੈਂ ਆਪ ਜੀ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੫॥

ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ॥

ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ॥ ੬॥

ਧੰਨ ਗੁਰੂ ਸਾਹਿਬ ਜੀ ਹਨ ਜਿਨ੍ਹਾਂ ਨੇ ਕਿਰਪਾ ਰੂਪੀ ਭੁਜਾ=ਬਾਂਹ ਪਸਾਰਕੇ ਮੈਨੂੰ ਮੋਹ ਰੂਪੀ ਕੂਪਾਰੀਆ=ਖੂਹ ਵਿਚੋਂ ਕੱਢ ਲੀਤਾ ਹੈ। ਮੈਂ ਅਪਾਰੁ=ਸ੍ਰੇਸ਼ਟ ਮਨੁੱਖ ਜਨਮ ਨੂੰ ਜਿੱਤ ਲਿਆ ਭਾਵ ਸਫਲ ਕਰ ਲਿਆ ਹੈ ਹੁਣ ਮੈਂ ਫਿਰ ਨਹੀਂ ਹਾਰਾਂਗਾ॥ ੬॥

ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ॥

ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ॥ ੭॥

ਅਕੱਥ ਰੂਪ ਪਰਮਾਤਮਾ ਦੇ ਜਸ ਨੂੰ ਕਥਨ ਕਰਕੇ, ਮੈਂ ਸਰਬ ਨਿਧੀਆਂ ਦੇ ਖਜ਼ਾਨੇ ਪਰਮਾਤਮਾ ਨੂੰ ਪਾਇਆ ਹੈ। ਜਿਸ ਕਰਕੇ ਬੁੱਧੀ ਰੂਪੀ ਭੁਜਾ ਨੂੰ ਲੁਡਾਕੇ ਅਰਥਾਤ ਬੇਫਿਰਕ ਹੋ ਕੇ, ਹਰੀ ਦੀ ਦਰਗਾਹ ਵਿਚ ਸੋਭਾ ਵਾਲਾ ਹੋਇਆ ਹਾਂ॥ ੭॥

ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ॥
ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ॥ ੮॥ ੧੨॥

ਮੈਂ ਜਨ ਨੇ ਅਪਾਰ ਅਮੋਲਕ ਰਤਨ ਰੂਪ ਪਰਮਾਤਮਾ ਨੂੰ ਲੱਭ ਲਿਆ ਹੈ। ਮੈਂ ਪੁਕਾਰ ਕੇ ਕਹਿੰਦਾ ਹਾਂ ਕਿ ਗੁਰ ਸੇਵਾ ਕਰਕੇ ਹੀ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੮॥ ੧੨॥

ਗਉੜੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥
ਨਾਰਾਇਣ ਹਰਿ ਰੰਗ ਰੰਗੋ॥ ਜਪਿ ਜਿਹਵਾ ਹਰਿ ਏਕ ਮੰਗੋ॥ ੧॥ ਰਹਾਉ॥

ਹੇ ਭਾਈ ! ਹਰੀ ਨਰਾਇਣ ਦੇ ਰੰਗ=ਪ੍ਰੇਮ ਵਿਚ ਆਪਣੇ ਆਪ ਨੂੰ ਰੰਗਣਾ ਕਰੋ। ਰਸਨਾਂ ਨਾਲ ਭੀ ਇਕ ਨੂੰ ਜਪੋ, ਅਤੇ ਗੁਰਾਂ ਪਾਸੋਂ ਇਕ ਹਰੀ ਨੂੰ ਮੰਗਣਾ ਕਰੋ।

ਵਾ:-ਇਕ ਹਰੀ ਦੇ ਪਾਸੋਂ ਹੀ ਮੰਗਣਾ ਕਰੋ॥ ੧॥ ਰਹਾਉ॥

ਤਜਿ ਹਉਮੈ ਗੁਰ ਗਿਆਨ ਭਜੋ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ॥ ੧॥

ਗੁਰਾਂ ਦੁਆਰੇ ਹੰਗਤਾ ਮਮਤਾ ਤਿਆਗ ਕੇ ਨਾਮ ਨੂੰ ਭਜੋ ਤਾਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪਰ ਗੁਰਾਂ ਦੀ ਸੰਗਤ ਤਾਂ ਮਿਲਦੀ ਹੈ ਜੇਕਰ ਧੁਰੋਂ ਸ੍ਰੇਸ਼ਟ ਕਰਮਾਂ ਦਾ ਲੇਖ ਲਿਖਿਆ ਹੋਵੇ॥ ੧॥

ਜੋ ਦੀਸੈ ਸੋ ਸੰਗਿ ਨ ਗਇਓ॥ ਸਾਕਤੁ ਮੂੜੁ ਲਗੇ ਪਚਿ ਮੁਇਓ॥ ੨॥

ਜੋ ਕੁਝ ਦਿਸ ਰਿਹਾ ਹੈ ਉਹ ਅਜ ਤਕ ਕਿਸੇ ਦੇ ਨਾਲ ਨਹੀਂ ਗਿਆ। ਮੂਰਖ ਸਾਕਤ ਇਸ ਵਿਚ ਲੱਗ ਕੇ ਸੜ ਮੋਇਆ ਹੈ॥ ੨॥

ਮੋਹਨ ਨਾਮੁ ਸਦਾ ਰਵਿ ਰਹਿਓ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ॥ ੩॥

ਜੋ ਮੋਹਨ ਪਰਮਾਤਮਾ ਸਦਾ=ਨਿਤ ਰੂਪ ਸਾਰੇ ਰਵ ਰਿਹਾ ਹੈ, ਉਸ ਦਾ ਨਾਮ ਕ੍ਰੋੜਾਂ ਵਿਚੋਂ ਕਿਸੇ ਵਿਰਲੇ ਗੁਰਮੁਖ ਨੇ ਲੀਤਾ ਹੈ॥ ੩॥

ਹਰਿ ਸੰਤਨ ਕਰਿ ਨਮੋ ਨਮੋ॥ ਨਉ ਨਿਧਿ ਪਾਵਹਿ ਅਤੁਲੁ ਸੁਖੋ॥ ੪॥

ਹੇ ਭਾਈ ! ਹਰੀ ਦੇ ਸੰਤਾਂ ਨੂੰ ਨਮਸ਼ਕਾਰ ਕਰ ਨਮਸ਼ਕਾਰ ਕਰ।

ਤਾਂ ਨੌਂ ਨਿਧੀਆਂ ਅਤੇ ਅਤੁਲ ਸੁਖ ਨੂੰ ਪਾਵੇਂਗਾ॥ ੪॥

ਨੈਨ ਅਲੋਵਉ ਸਾਧ ਜਨੋ॥ ਹਿਰਦੈ ਗਾਵਹੁ ਨਾਮ ਨਿਧੋ॥ ੫॥

ਨੈਨ=ਅੱਖਾਂ ਨਾਲ ਸੰਤ ਜਨਾਂ ਦਾ ਦਰਸ਼ਨ ਅਲੋਵਉ=ਵੇਖਣਾ ਕਰੋ,

ਅਤੇ ਹਿਰਦੇ ਵਿਚ ਨਿਧੀ ਰੂਪ ਨਾਮ ਨੂੰ ਗਾਵਣਾ ਕਰੋ॥ ੫॥

ਕਾਮ ਕ੍ਰੋਧ ਲੋਭੁ ਮੋਹੁ ਤਜੈ ॥ ਜਨਮ ਮਰਨ ਦੁਹੁ ਤੇ ਰਹਿਓ ॥ ੬ ॥

ਕਾਮ ਕ੍ਰੋਧ ਲੋਭ ਤੇ ਮੋਹ ਨੂੰ ਤਜੋ=ਤਿਆਗਣਾ ਕਰੋ। ਜਿਸਨੇ ਕਾਮ ਕ੍ਰੋਧ ਆਦਿਕਾਂ ਨੂੰ ਤਿਆਗਿਆ ਹੈ, ਉਹ ਪੁਰਸ਼ ਜਨਮ ਮਰਨ ਦੋਹਾਂ ਵਲੋਂ ਰਹਿ ਗਿਆ ਹੈ॥ ੬ ॥

ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥ ੭ ॥

ਜਿਸ ਵੇਲੇ ਗੁਰਾਂ ਨੇ ਉਪਦੇਸ਼ ਦ੍ਰਿੜਾ ਕੇ ਗਿਆਨ ਰੂਪੀ ਦੀਵਾ ਬਲਿਓ=ਪ੍ਰਕਾਸ਼ਿਆ ਤਾਂ ਦੁਖਦਾਈ ਅਗਿਆਨ ਰੂਪੀ ਹਨੇਰਾ ਅੰਤਹਕਰਣ ਰੂਪੀ ਘਰ 'ਚੋਂ ਮਿਟ ਗਿਆ॥ ੭ ॥

ਜਿਨਿ ਸੇਵਿਆ ਸੋ ਪਾਰਿ ਪਰਿਓ ॥
ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥ ੮ ॥ ੧ ॥ ੧੩ ॥

ਜਿਸਨੇ ਗੁਰਾਂ ਨੂੰ ਸੇਵਿਆ ਹੈ ਓਹੀ ਸੰਸਾਰ ਤੋਂ ਪਾਰ ਪਿਆ ਹੈ। ਗੁਰੂ ਜੀ ਕਹਿੰਦੇ ਹਨ-ਗੁਰਮੁਖ ਜਨ ਹੀ ਗੁਰਾਂ ਦੁਆਰੇ ਜਗਤ ਤੋਂ ਤਰਿਆ ਹੈ॥ ੮ ॥ ੧ ॥ ੧੩ ॥

ਮਹਲਾ ੫ ਗਉੜੀ ॥
ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥
ਮੇਰੈ ਮਨਿ ਸਭਿ ਸੁਖ ਪਾਇਓ ॥ ੧ ॥ ਰਹਾਉ ॥

ਹਰਿ ਹਰਿ ਤੇ ਗੁਰੂ ਗੁਰੂ ਐਸੇ ਨਾਮ ਉਚਾਰਨ ਕਰਦਿਆਂ ਸਾਰੇ ਭਰਮ ਮਿਟ ਗਏ ਹਨ। ਹੁਣ ਮੇਰੇ ਮਨ ਨੇ ਸਾਰੇ ਸੁਖ ਪਾਏ ਹਨ॥ ੧ ॥ ਰਹਾਉ ॥

ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥ ੧ ॥

ਮੈਂ ਤ੍ਰਿਸ਼ਨਾ ਰੂਪੀ ਜਲਤੋ=ਅੱਗ ਵਿਚ ਬਲਤੋ ਜਲਤੋ=ਸੜਦਾ ਬਲਦਾ ਸੀ, ਪਰ ਜਿਸ ਵੇਲੇ ਗੁਰਾਂ ਨੇ ਨਾਮ ਰੂਪੀ ਚੰਦਨ ਤਰੌਂਕਿਆ ਭਾਵ ਛਿਣਕਿਆ ਅਰਥਾਤ ਉਪਦੇਸ਼ ਦਿੱਤਾ, ਤਾਂ ਤਪਤ ਹਿਰਦਾ ਸੀਤਲਾਇਓ =ਸੀਤਲ ਹੋ ਗਿਆ॥ ੧ ॥

ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥ ੨ ॥

ਗੁਰਾਂ ਨੇ ਗਿਆਨ ਰੂਪ ਦੀਵਾ ਜਗਾ ਦਿੱਤਾ ਹੈ,
ਜਿਸ ਕਰਕੇ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ॥ ੨ ॥

ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥ ੩ ॥

ਤ੍ਰਿਸ਼ਨਾ ਰੂਪੀ ਪਾਵਕੁ=ਅਗਨੀ ਦਾ ਸਮੁੰਦ੍ ਜੋ ਸੰਸਾਰ ਹੈ ਗਹਰੋ=ਡੂੰਘਾ, ਉਸ ਤੋਂ ਸੰਤਾਂ ਨੇ ਨਾਮ ਰੂਪੀ ਨਾਵ=ਨੌਕਾ ਉਤੇ ਚਰਿ=ਚੜ੍ਹਾ ਕੇ ਤਾਰ ਦਿੱਤਾ ਹੈ॥ ੩ ॥

ਨਾ ਹਮ ਕਰਮ ਨ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ ॥ ੪ ॥

ਨਾ ਮੈਂ ਕੋਈ ਸ੍ਰੇਸ਼ਟ ਕਰਮ ਕੀਤਾ ਸੀ, ਨਾ ਹੀ ਧਰਮ ਦ੍ਰਿੜ੍ਹ ਕੀਤਾ ਸੀ, ਅਤੇ ਨਾ ਹੀ ਸੁਚ=ਪਵਿੱਤ੍ਰਤਾ ਨੂੰ ਧਾਰਨ ਕੀਤਾ ਸੀ। ਪਰ ਪ੍ਰਭੂ ਪਰਮਾਤਮਾ ਨੇ ਬੁੱਧੀ ਰੂਪੀ ਭੁਜਾਂ ਤੋਂ ਫੜ ਕੇ ਮੈਨੂੰ ਆਪਾਇਓ=ਆਪਣਾ ਦਾਸ

ਕੀਤਾ ਹੈ॥ ੪॥

ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ॥ ੫॥

ਉਹ ਪ੍ਰਭੂ ਭੈ ਦੇ ਖੰਡਨ ਵਾਲਾ ਅਤੇ ਦੁਖਾਂ ਦੇ ਨਾਸ ਕਰਨ ਵਾਲਾ ਹੈ,
ਜਿਸ ਹਰੀ ਦਾ ਨਾਮ ਭਗਤਾਂ ਦਾ ਵਛਲ=ਪਿਆਰਾ ਹੈ॥ ੫॥

ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ॥ ੬॥

ਹੇ ਅਨਾਥਾਂ ਦੇ ਨਾਥ=ਸੁਆਮੀ, ਦੀਨ=ਗਰੀਬਾਂ ਉੱਤੇ ਕਿਰਪਾਲੂ, ਸੰਮ੍ਰਿਥ=ਸਰਬ ਸ਼ਕਤੀਵਾਨ, ਸੰਤਾਂ ਦਾ ਓਟਾਇਓ=ਆਸਰਾ ਰੂਪ !॥ ੬॥

ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ॥ ੭॥

ਮੈਂ ਨਿਰਗੁਣ ਹਾਰੇ ਦੀ ਬੇਨਤੀ ਹੈ, ਹੇ ਹਰੀ ਰਾਜਾ ! ਆਪ ਕਿਰਪਾ ਕਰਕੇ ਦਰਸ਼ਨ ਦੇਣਾ ਕਰੋ॥ ੭॥

ਨਾਨਕ ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ॥ ੮॥ ੨॥ ੧੪॥

ਗੁਰੂ ਜੀ ਕਥਨ ਕਰਦੇ ਹਨ-ਹੇ ਠਾਕੁਰ ! ਮੈਂ ਸੇਵਕ ਨੇ ਤੁਹਾਡੇ ਦਰਵਾਜ਼ੇ ਤੇ ਆ ਕੇ ਆਪ ਜੀ ਦੀ ਸ਼ਰਨ ਲਈ ਹੈ॥ ੮॥ ੨॥ ੧੪॥

[ਪੰਨਾ ੨੪੨]

ਗਉੜੀ ਮਹਲਾ ੫॥

ਰੰਗ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ॥ ੧॥

(੧) ਰੰਗਾਂ ਰੰਗਾਂ ਦੇ ਵਿਸ਼ਿਆਂ ਦੇ ਭੋਗਾਂ ਦੇ ਸੰਗਿ=ਸਮੁਦਾਇ ਦੇ ਸੰਗਿ=ਨਾਲ ਲਗ ਰਿਹਾ ਹੈ, ਇਸ ਅੰਧੇ ਅਗਿਆਨੀ ਜੀਵ ਨੇ ਪਰਮੇਸ਼ਰ ਨਾਲ ਪ੍ਰੀਤੀ ਕਰਨੀ ਨਹੀਂ ਜਾਣੀ।

(੨) ਵਾ:-ਵਿਸ਼ਿਆਂ ਦੇ ਭੋਗਾਂ ਵਲੋਂ ਸੰਗਿ=ਸੰਗਣਾ ਸੀ, ਪਰ ਇਸ ਅੰਧੇ ਜੀਵ ਨੇ ਸੰਗਣ ਵਾਲੀ ਗੱਲ ਕੋਈ ਜਾਣੀ ਨਾ, ਉਲਟਾ ਉਨ੍ਹਾਂ ਵਿਚ ਰੰਗ-ਪ੍ਰੇਮ ਕਰ ਰਿਹਾ ਹੈ।

(੩) ਵਾ:-ਵਿਸ਼ਿਆਂ ਦੇ ਭੋਗਾਂ ਦੇ ਸੰਗਿ=ਨਾਲ ਰੰਗ=ਪ੍ਰੇਮ ਕਰਦਾ ਹੈ, ਇਸ ਅੰਧੇ ਨੇ ਸੰਗਿ=ਸਤਸੰਗਤ ਕਰਨੀ ਨਾ ਜਾਣੀ॥ ੧॥

ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ॥ ਰਹਾਉ॥

ਹਉ ਸੰਚਉ=ਮੈਂ ਇਕੱਠ੍ਠ ਕਰਦਾ ਹਾਂ, ਮੈਂ ਹੀ ਖਟਦਾ ਹਾਂ, ਇਹ ਕੁਝ ਕਰਦਿਆਂ ਹੀ ਸਾਰੀ ਅਵਧ ਬਿਹਾਨੀ=ਉਮਰਾ ਬੀਤ ਗਈ॥ ਰਹਾਉ॥

ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ॥ ੨॥

ਮੈਂ ਸੂਰਬੀਰ ਹਾਂ, ਮੈਂ ਹੀ ਸਾਰਿਆਂ ਦਾ ਪਰਧਾਨੁ=ਮੁਖੀ ਹਾਂ, ਮੇਰੇ ਵਰਗਾ ਹੋਰ ਕੋਈ ਭੀ ਨਹੀਂ ਹੈ॥ ੨॥

ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ॥ ੩॥

ਮੈਂ ਚੜ੍ਹਦੀ ਜੁਆਨੀ ਵਾਲਾ ਹਾਂ, ਮੈਂ ਅਚਾਰ=ਸ੍ਰੇਸ਼ਟ ਕਰਤੱਬਾਂ ਵਾਲਾ ਹਾਂ, ਮੈਂ ਹੀ ਕੁਲੀਨਾ=ਉੱਚੀ ਕੁਲ

ਵਾਲਾ ਹਾਂ, ਇਸ ਤਰ੍ਹਾਂ ਦਾ ਮਨ ਵਿਚ ਹੰਕਾਰ ਹੋ ਰਿਹਾ ਹੈ॥ ੩॥

ਜਿਉ ਉਲਝਾਇਓ ਬਾਧ ਬੁਧਿ ਕਾਮ ਰਤਿਆ ਨਹੀ ਬਿਸਰਾਨੀ॥ ੪॥

ਬਾਧ=ਨਾਸ ਕਰਨ ਵਾਲੀ ਬੁੱਧੀ ਕਰਕੇ ਜਿਉਂ ਇਹ ਜੀਵ ਉਲਝ ਕੇ ਕਾਮਨਾ ਵਿਚ ਰਤਾ ਹੈ, ਉਹ ਖੋਟੀ ਬੁੱਧੀ ਇਸ ਨੇ ਸਾਰੀ ਉਮਰਾ ਤਕ ਨਹੀਂ ਬਿਸਰਾਨੀ=ਭੁਲਾਈ।

ਵਾ:-ਭਾਈ ਬੰਨੋ ਜੀ ਦੀ ਬੀੜ ਵਿਚ ਬਾਲ ਬੁਧਿਕਾ ਮਰਤਿਆ ਨਹੀ ਬਿਸਰਾਨੀ॥ ਪਾਠ ਹੈ।

ਜਦ ਤੋਂ ਇਹ ਜੀਵ ਬਾਲਕ ਬੁੱਧੀ ਅਰਥਾਤ ਅਗਿਆਤ ਬੁੱਧੀ ਵਿਚ ਉਲਝਿਆ ਹੈ, ਉਹ ਬੁੱਧੀ ਮਰਦਿਆਂ ਤਕ ਇਸ ਨੇ ਭੁਲਾਈ ਨਾ॥ ੪॥

ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ॥ ੫॥

ਭਾਈ=ਭਰਾ, ਮੀਤ=ਮਿਤਰ, ਬੰਧਪ=ਸਨਬੰਧੀ, ਸਖੇ=ਅਕ੍ਰਿਤਮ ਮਿਤਰ, ਮਰਨ ਤੋਂ ਪਿਛੇ ਆਪਣੀ ਇਕੱਠੀ ਕੀਤੀ ਹੋਈ ਸਾਰੀ ਸਮੱਗਰੀ (ਮਾਇਆ) ਉਨ੍ਹਾਂ ਨੂੰ ਸੰਪਾਨੀ=ਸੌਂਪ ਜਾਂਦਾ ਹੈ॥ ੫॥

ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ॥ ੬॥

ਜਿਸ ਵਾਸ਼ਨਾਂ ਵਿਚ ਮਨ ਲਗਾ ਹੁੰਦਾ ਹੈ, ਅੰਤ ਸਮੇਂ ਉਸੇ ਵਾਸ਼ਨਾਂ ਅਨੁਸਾਰ ਉਸੇ ਤਰ੍ਹਾਂ ਦੀ ਦੇਹ ਵਿਚ ਪ੍ਰਗਟ ਹੋ ਆਉਂਦਾ ਹੈ॥ ੬॥

*ਯਥਾ:-**ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
ਸਰਪ ਜੋਨਿ ਵਲਿ ਵਲਿ ਅਉਤਰੈ॥ ੧॥ *(ਪੰਨਾ ੫੨੬)*

ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ॥ ੭॥

ਹੰਗਤਾ ਵਾਲੀ ਬੁੱਧੀ ਦੇ ਸਹਿਤ ਹੋ ਕੇ ਜੋ ਸੁਚਿ=ਪਵਿੱਤ੍ਰ ਕਰਮ ਕੀਤੇ ਹਨ, ਏਹੋ ਬੰਧਨ ਰੂਪ ਹੋ ਕੇ ਇਸ ਨੂੰ ਬੰਨ੍ਹ ਦੇਂਦੇ ਹਨ॥ ੭॥ ਇਸ ਲਈ ਇਸ ਤਰ੍ਹਾਂ ਬੇਨਤੀ ਕਰੋ-

ਦਇਆਲ ਪੁਰਖ ਕਿਰਪਾ ਕਰਹੁ
ਨਾਨਕ ਦਾਸ ਦਸਾਨੀ॥ ੮॥ ੩॥ ੧੫॥ ੪੪॥ ਜੁਮਲਾ॥

ਹੇ ਦਿਆਲੂ ਪੁਰਖ ਪਰਮਾਤਮਾ ! ਆਪ ਐਸੀ ਕਿਰਪਾ ਕਰੋ, ਜੋ ਹੰਕਾਰ ਦੂਰ ਹੋ ਜਾਵੇ, ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹਾਂ। ਵਾ:-ਜੋ ਆਪ ਜੀ ਦੇ ਦਸਾਨੀ=ਦਸਣ ਵਾਲਾ ਮਹਾਤਮਾ ਹੈ, ਮੈਂ ਉਸ ਦਾ ਦਾਸ ਹਾਂ॥ ੮॥ ੩॥ ੧੧॥ ੪੪॥ *ਜੁਮਲਾ=ਜੋੜ ਨੂੰ ਕਹਿੰਦੇ ਹਨ।

---

*੧੬ ਅਸਟਪਦੀਆਂ ਗਉੜੀ ਗੁਆਰੇਰੀ ਦੀਆਂ ਪਹਿਲੇ ਪਾਤਸ਼ਾਹ ਜੀ
੨ ਅਸਟਪਦੀਆਂ ਗਉੜੀ ਬੈਰਾਗਣਿ ਦੀਆਂ ਦੀਆਂ ਹਨ
੯ ਅਸਟਪਦੀਆਂ ਤੀਜੇ ਪਾਤਸ਼ਾਹ ਜੀ ਦੀਆਂ ਹਨ
੨ ਕਰਹਲੇ ਚੌਥੇ ਪਾਤਸ਼ਾਹ ਜੀ ਦੇ ਹਨ
੧੫ ਅਸਟਪਦੀਆਂ ਪੰਜਵੇਂ ਪਾਤਸ਼ਾਹ ਜੀ ਦੀਆਂ ਹਨ

ਇਸ ਵਜ੍ਹਾ ਨਾਲ ੪੪ ਅੰਕ ਲਗਾ ਕੇ ਸਾਰੀਆਂ ਅਸਟਪਦੀਆਂ ਦਾ ਜੁਮਲਾ=ਜੋੜ ਕੀਤਾ ਹੈ।

੧ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਰਾਗੁ ਗਉੜੀ ਪੂਰਬੀ ਛੰਤ ਮਹਲਾ ੧॥

ਗੁਰੂ ਸਾਹਿਬ ਜੀ ਇਸ ਛੰਤ ਵਿਚ ਤਿੰਨ ਸਖੀਆਂ ਦੇ ਸੰਬਾਦ ਦੁਆਰਾ ਉਪਦੇਸ਼ ਕਰਦੇ ਹਨ। ਇਕ ਉੱਤਮ ਸਖੀ ਹੈ, ਦੂਜੀ ਉੱਤਮ ਮਧਿਮ ਹੈ, ਤੀਜੀ ਕਨਿਸ਼ਟ ਸਖੀ ਹੈ। ਪਰਮੇਸ਼ਰ ਰੂਪ ਪਤੀ ਦੀ ਜਿਸ ਨੂੰ ਪ੍ਰਾਪਤੀ ਹੋਈ ਹੈ ਉਹ ਉੱਤਮ ਸਖੀ ਹੈ। ਅਤੇ ਜੋ ਸਾਧਨ ਸਪੰਨ ਹੋ ਜਾਵੇ ਤੇ ਬ੍ਰਹਮ ਗਿਆਨ ਵਿਚ ਕੁਝ ਦਰ ਹੋਵੇ ਉਹ ਸਖੀ ''ਉੱਤਮ ਮਧਿਮ'' ਹੈ। ਜਿਸ ਵਿਚ ਬਿਲਕੁਲ ਹੀ ਕੋਈ ਸਾਧਨ ਨਾ ਹੋਵੇ ਉਸ ਨੂੰ ਕਨਿਸ਼ਟ ਕਹਿੰਦੇ ਹਨ। ਹੁਣ ''ਉੱਤਮ ਮਧਿਮ'' ਸਖੀ ਕਨਿਸ਼ਟ ਨੂੰ ਨਾਲ ਲਿਆ ਕੇ, ਉੱਤਮ ਸਖੀ ਦੇ ਪਾਸ ਬੇਨਤੀ ਕਰਦੀ ਹੈ। ਕਿ-

ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ॥

ਹੇ ਸੰਤ ਜੀ ! ਇਹ ਜੋ ਕਨਿਸ਼ਟ ਮੁੰਧ=ਇਸਤ੍ਰੀ ਆਪ ਜੀ ਦੇ ਪਾਸ ਬੈਠੀ ਹੈ। ਇਸ ਦੀ ਪ੍ਰਤੱਖ

ਵਾ:-ਅਵੱਸਥਾ ਰੂਪੀ ਰੈਣਿ=ਰਾਤ ਬਹੁਤ ਹੀ ਦੁਹੇਲੜੀਆ=ਦੁੱਖ ਵਿਚ ਬਤੀਤ ਹੋ ਰਹੀ ਹੈ। ਕਿਉਂਕਿ ਇਸ ਨੂੰ ਪ੍ਰਤੱਖ ਨਿੰਦ੍ਰਾ, ਵਾ:-ਸ਼ਾਂਤੀ ਰੂਪੀ ਨਿੰਦ੍ਰਾ ਆਉਂਦੀ ਨਹੀਂ।

ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ॥

ਹੇ ਸੰਤ ਜੀ ! ਸਾ=ਏਹ ਜੋ ਧਨ=ਇਸਤ੍ਰੀ ਕਨਿਸ਼ਟਾ ਬੈਠੀ ਹੈ ਏਹ ਤਨ ਕਰਕੇ ਵੀ ਦੁਬਲੀਆ=ਕ੍ਰਿਸ ਭਾਵ ਕਮਜ਼ੋਰ ਹੋ ਰਹੀ ਹੈ, ਅਤੇ ਮਨ ਕਰਕੇ ਵੀ ਕ੍ਰਿਸ ਹੋ ਰਹੀ ਹੈ, ਪਤੀ ਦੀ ਨਾ ਪ੍ਰਾਪਤੀ ਰੂਪੀ ਹਾਵੈ=ਝੋਰੇ ਕਰਕੇ। ਵਾ:-ਇਹ ਧਨ=ਇਸਤ੍ਰੀ ਸ਼ੁਭ ਗੁਣਾਂ ਤੋਂ ਰਹਿਤ ਹੋਣ ਕਰਕੇ ਦੁਬਲੀਆ=ਕ੍ਰਿਸ ਹੋ ਰਹੀ ਹੈ। ਅਤੇ ਪਿਰੀ ਪਰਮਾਤਮਾ ਦੀ ਨਾ ਪ੍ਰਾਪਤੀ ਰੂਪੀ ਝੋਰੇ ਕਰਕੇ ਇਸ ਨੂੰ ਸ਼ਾਂਤੀ ਰੂਪੀ ਨਿੰਦ੍ਰਾ ਨਹੀਂ ਆਉਂਦੀ। ਇਸ ਲਈ ਆਪ ਕਿਰਪਾ ਕਰੋ ਜਿਸ ਕਰਕੇ ਇਸਨੂੰ ਪਤੀ ਦੀ ਪ੍ਰਾਪਤੀ ਹੋ ਜਾਵੇ।

ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ॥

ਕੰਤ=ਪਤੀ ਪਰਮਾਤਮਾ ਦੀ ਨਾ ਪ੍ਰਾਪਤੀ ਰੂਪੀ ਹਾਵੈ=ਝੋਰੇ ਕਰਕੇ ਇਹ ਧਨ=ਇਸਤ੍ਰੀ ਦੁਬਲਿ ਥੀਈ=ਕ੍ਰਿਸ ਹੋ ਰਹੀ ਹੈ। ਕਿਸ ਪ੍ਰਕਾਰ ਨੇਤ੍ਰਾਂ ਨਾਲ ਪਤੀ ਨੂੰ ਦੇਖਣਾ ਕਰੇ, ਅਤੇ ਉਹ ਨੇਤ੍ਰ ਭੀ ਕਿਹੜੇ ਹਨ ਜਿਨ੍ਹਾਂ ਨਾਲ ਦੇਖਣਾ ਕਰੇ।*

ਯਥਾ- ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥ ੩॥ *(ਪੰਨਾ ੧੧੦੦)*

ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨਾ ਲੇਖਏ॥

ਹੇ ਸੰਤ ਜੀ ! ਮੈਂ ਇਸ ਨੂੰ ਇਹ ਗੱਲ ਕਹਿੰਦੀ ਹਾਂ ਕਿ ਪਤੀ ਤੋਂ ਬਿਨਾਂ ਜਪ ਤਪ ਰੂਪੀ ਸ਼ਿੰਗਾਰ ਕਰਨੇ, ਮਿਠੇ ਬਚਨ ਬੋਲਣੇ, ਰਸ=ਪ੍ਰੇਮ ਦੀਆਂ ਗੱਲਾਂ ਕਰਨੀਆਂ, ਭੋਗ ਲਗਾਣੇ, ਭੋਜਨ=ਗਿਆਨ ਦੀਆਂ ਗੱਲਾਂ

**ਜੋ ਆਸ਼ਾ ਪਹਿਲੀ ਤੁਕ ਦਾ ਹੁੰਦਾ ਹੈ ਉਸ ਨੂੰ ਜਿਹੜੀ ਦੂਜੀ ਤੁਕ ਵਿਚ ਫਿਰ ਕਥਨ ਕਰਨਾ ਹੈ ਇਸਨੂੰ ਸਿੰਘਾ ਅਵਲੋਕਨ ਛੰਦ ਦੀ ਚਾਲ ਕਹਿੰਦੇ ਹਨ।*

ਜਿਵੇਂ ਸ਼ੇਰ ਪਹਿਲੇ ਮਾਰ ਕੇ, ਫਿਰ ਪਿਛੇ ਹਟ ਕੇ ਦੇਖਦਾ ਹੈ। ਗੁਰੂ ਸਾਹਿਬਾਂ ਨੇ ਸਾਰਿਆਂ ਛੰਤਾਂ ਦੀ ਚਾਲ ਏਸੇ ਤਰ੍ਹਾਂ ਹੀ ਕਥਨ ਕੀਤੀ ਹੈ।

ਕਰਨੀਆਂ, ਵਾ:-ਭੋਜਨ ਪਕਾ ਕੇ ਛਕਾਣੇ ਭਾਵ ਦਾਨ ਪੁੰਨ ਕਰਨੇ, ਇਹ ਸਭ ਝੂਠੇ ਹਨ, ਪਤੀ ਪਰਮਾਤਮਾ ਤੋਂ ਬਿਨਾਂ ਇਹ ਕਰਮ ਕਿਸੇ ਲੇਖੇ ਵਿਚ ਨਹੀਂ ਹਨ।

ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥

ਹੇ ਸੰਤ ਜੀ ! ਜੋਬਨ ਅਵੱਸਥਾ ਰੂਪੀ ਮੈ=ਸ਼ਰਾਬ ਦੀ ਮਤ=ਮਸਤੀ ਅਤੇ ਗਰਬਿ=ਹੰਕਾਰ ਨੇ ਇਸ ਨੂੰ ਗਾਲ ਦਿਤਾ ਹੈ, ਮੈਂ ਇਸ ਨੂੰ ਬਹੁਤ ਸਮਝਾਂਦੀ ਹਾਂ ਕਿ ਤੂੰ ਜੋਬਨ ਦਾ ਮਾਣ ਨਾ ਕਰ, ਅਤੇ ਜੋਬਨ ਨੂੰ ਵਿਅਰਥ ਨਾ ਗੁਆ। ਕਿਉਂਕਿ ਮੁੜ ਕੇ ਇਸ ਨੇ ਨਹੀਂ ਮਿਲਣਾ,

ਜਿਸ ਤਰ੍ਹਾਂ ਇਕ ਵੇਰ ਗਊ ਦੇ ਥਣਾਂ ਵਿਚੋਂ ਨਿਕਲਿਆ ਹੋਇਆ ਦੁਧ, ਫਿਰ ਓਹੀ ਦੁਧ ਗਊ ਦੇ ਅਸਥਨਾਂ ਵਿਚ ਮੁੜ ਕੇ ਨਹੀਂ ਆਉਂਦਾ। ਇਸ ਤਰ੍ਹਾਂ ਉੱਤਮ ਮਧਿਮ ਸਖੀ ਦੀ ਕਹੀ ਹੋਈ ਬੇਨਤੀ ਸੁਣ ਕੇ ਹੁਣ ਉੱਤਮ ਮਹਾਤਮਾ ਰੂਪੀ ਸਖੀ ਉੱਤਰ ਦੇਂਦੀ ਹੈ।

ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥ ੧ ॥

ਹੇ ਉੱਤਮ ਮਧਿਮ ਸਖੀ ! ਸਾ=ਏਹ ਕਨਿਸ਼ਟ ਇਸਤ੍ਰੀ ਗੁਰਾਂ ਦੀ ਮਿਲਾਈ ਹੋਈ ਪਰਮਾਤਮਾ ਰੂਪੀ ਪਤੀ ਨਾਲ ਮਿਲ ਸਕਦੀ ਹੈ। ਜਿਸਨੂੰ ਪਤੀ ਪਰਮਾਤਮਾ ਤੋਂ ਬਿਨਾਂ ਪ੍ਰਤੱਖ, ਵਾ:-ਸ਼ਾਂਤੀ ਰੂਪੀ ਨਿੰਦ੍ਰਾ ਨਹੀਂ ਆਉਂਦੀ ॥ ੧ ॥

ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥

ਫਿਰ ਉੱਤਮ ਮਧਿਮ ਸਖੀ ਕਹਿੰਦੀ ਹੈ, ਹੇ ਸੰਤ ਜੀ ! ਪਿਆਰੇ ਧਨੀ ਪਰਮਾਤਮਾ ਤੋਂ ਬਿਨਾਂ ਇਹ ਮੁੰਧ=ਇਸਤ੍ਰੀ ਨਿਮਾਣੀ ਹੋ ਰਹੀ ਹੈ। ਕਿਉਂਕਿ ਔਰਤ ਦਾ ਮਾਣ ਪਤੀ ਕਰਕੇ ਹੀ ਹੁੰਦਾ ਹੈ, ਪਤੀ ਤੋਂ ਬਿਨਾਂ ਔਰਤ ਦਾ ਕੋਈ ਮਾਣ ਨਹੀਂ।

ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ ॥

ਹੇ ਸੰਤ ਜੀ ! ਮੈਂ ਇਸ ਨੂੰ ਏਹ ਵੀ ਆਖਦੀ ਹਾਂ, ਕਿ ਤੂੰ ਹਿਰਦੇ ਵਿਚ ਪਤੀ ਦੇ ਨਾਮ ਧਾਰੇ ਤੋਂ ਬਿਨਾਂ ਕਿਵੇਂ ਸੁਖ ਪਾਵੇਂਗੀ।

ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥

ਚੱਕ੍ਰਵਾ:-ਨਾਹ=ਪਤੀ ਪਰਮਾਤਮਾ ਦੀ ਕਿਰਪਾ ਤੋਂ ਬਿਨਾਂ ਸਤਿਸੰਗ ਘਰ ਵਿਚ ਵਾਸਾ ਨਹੀਂ ਹੁੰਦਾ, ਸਤਿਸੰਗ ਘਰ ਤੋਂ ਬਿਨਾਂ ਨਾਹ=ਪਤੀ ਪਰਮਾਤਮਾ ਦਾ ਨਾਮ ਨਹੀਂ ਮਿਲਦਾ, ਨਾਮ ਤੋਂ ਬਿਨਾਂ ਅੰਤ੍ਰਮੁਖਤਾ ਰੂਪੀ ਘਰ ਵਿਚ ਵਾਸਾ ਨਹੀ ਹੁੰਦਾ। ਅੰਤ੍ਰਮੁਖਤਾ ਤੋਂ ਬਿਨਾਂ ਨਾਹ=ਪਤੀ ਪਰਮਾਤਮਾ ਦਾ ਗਿਆਨ ਨਹੀਂ ਹੁੰਦਾ, ਗਿਆਨ ਤੋਂ ਬਿਨਾਂ ਸਰੂਪ ਘਰ ਵਿਚ ਵਾਸਾ ਨਹੀਂ ਹੁੰਦਾ, ਸਰੂਪ ਘਰ ਵਿਚ ਵਸੇ ਤੋਂ ਬਿਨਾਂ ਨਾਹ=ਪਤੀ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਹੇ ਸਖੀ ! ਜੇ ਮੈਂ ਝੂਠ ਬੋਲਦੀ ਹੋਵਾਂ ਤਾਂ ਤੂੰ ਇਸ ਸਹੇਲੀ ਮਹਾਤਮਾ ਰੂਪੀ ਸਖੀ ਤੋਂ ਪੱਛ ਲੈ।

ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥

ਫਿਰ ਮੈਂ ਇਸ ਤਰ੍ਹਾਂ ਭੀ ਆਖਦੀ ਹਾਂ, ਕਿ ਨਾਮ ਵਿਚ ਪ੍ਰੀਤੀ ਕੀਤੇ ਬਿਨਾਂ ਪਰਮੇਸ਼ਰ ਪਤੀ ਵਿਚ ਪਿਆਰ

ਨਹੀਂ ਹੁੰਦਾ, ਹੇ ਮੁੰਧ ! ਜੇ ਸਚ ਨਾਮ ਵਿਚ ਵਸੇਂ, ਤਾਂ ਤੂੰ ਸੁਹੇਲੀਆ=ਸੁਖੀ ਹੋਵੇਂਗੀ।

ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥

ਹੁਣ ਉੱਤਮ ਮਹਾਤਮਾ ਰੂਪੀ ਸਖੀ ਕਥਨ ਕਰਦੀ ਹੈ ਜਿਸ ਨੇ ਗੁਰਮਤੀ=ਗੁਰਸਿਖਿਆ ਦੁਆਰੇ ਸਚ ਨਾਮ ਨੂੰ ਮਨਿ=ਮਨਨ ਕੀਤਾ ਹੈ। ਉਸ ਦਾ ਸੰਤੋਖ ਆਦਿਕ ਸ਼ੁਭ ਗੁਣਾਂ ਨਾਲ ਮੇਲਾ=ਮਿਲਾਪ ਹੋਇਆ ਹੈ, ਜਿਸ ਦਾ ਸ਼ੁਭ ਗੁਣਾਂ ਨਾਲ ਮਿਲਾਪ ਹੋਇਆ ਹੈ, ਉਸਨੇ ਸਹੁ=ਪਤੀ ਪਰਮਾਤਮਾ ਨੂੰ ਜਾਣਿਆ ਹੈ।

ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਉੱਤਮ ਸਖੀ ਕਹਿੰਦੀ ਹੈ ਇਹ ਜੋ ਧਨ=ਇਸਤ੍ਰੀ ਬੈਠੀ ਹੈ ਇਸ ਨੂੰ ਚਾਹੀਦਾ ਹੈ ਪਰਮੇਸ਼ਰ ਦੇ ਨਾਮ ਨੂੰ ਨਾ ਛਡੇ, ਕਿਉਂਕਿ ਨਾਮ ਕਰਕੇ ਹੀ ਸਹਜ ਪਦ ਵਿਚ ਅਭੇਦਤਾ ਹੁੰਦੀ ਹੈ॥ ੨ ॥

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥

ਉੱਤਮ ਮਧਿਮ ਸਖੀ ਕਹਿੰਦੀ ਹੈ ! ਹੇ ਸਖੀ ਤੂੰ ਸਹੇਲੜੀਹੋ=ਮਹਾਤਮਾ ਰੂਪੀ ਸਹੇਲੀ ਨਾਲ ਮਿਲ, ਮੈਂ ਭੀ ਮਿਲਦੀ ਹਾਂ, ਫਿਰ ਮੈਂ ਤੇ ਤੂੰ ਦੋਨੋਂ ਰਲ ਕੇ ਪਿਰੀ ਨੂੰ ਰਾਵਨਾ ਕਰੀਏ।

ਗੁਰ ਪੁਛਿ ਲਿਖਉਗੀ ਜੀਉ ਸਬਦਿ ਸੁਨੇਹਾ ॥

ਇਹ ਜੋ ਮਹਾਤਮਾ ਰੂਪੀ ਸਹੇਲੀ ਗੁਰੂ ਰੂਪ ਬਣੀ ਬੈਠੀ ਹੈ, ਇਸ ਦੇ ਪਾਸੋਂ ਪੁੱਛ ਕੇ ਮੈਂ ਸ਼ਬਦ ਰੂਪੀ ਸੁਨੇਹਾ ਲਿਖਾਂਗੀ, ਅਤੇ ਤੂੰ ਲਿਖਣ ਦੀ ਜਾਚ ਸਿਖ ਲਵੀਂ।

ਇਹ ਗਲ ਸੁਣ ਕੇ ਮਹਾਤਮਾ ਨੇ ਕਿਹਾ ਤੇਰਾ ਕਹਿਣਾ ਠੀਕ ਹੈ।

ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥

ਪੂਰਿਆਂ ਗੁਰਾਂ ਨੇ ਗੁਰਮੁਖ ਇਸਤ੍ਰੀਆਂ ਨੂੰ ਸਚਾ ਸਬਦੁ=ਬ੍ਰਹਮ ਦਿਖਾ ਦਿੱਤਾ ਹੈ, ਪਰ ਮਨਮੁਖ ਇਸਤ੍ਰੀਆਂ ਗੁਰ ਸ਼ਰਣ ਵਿਚ ਨ ਆਉਣ ਕਰਕੇ ਪਸ਼ਚਾਤਾਪ ਕਰਦੀਆਂ ਹਨ।

ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥

ਜੋ ਮਨ ਬਦੋਬਦੀ ਬਾਹਰ ਸੰਕਲਪਾਂ ਵਿਕਲਪਾਂ ਵਿਚ ਨਿਕਲ ਜਾਂਦਾ ਸੀ, ਜਾਮਿ=ਜਦ ਤੋਂ ਮੈਂ ਸਚ ਨੂੰ ਪਛਾਣ ਲਿਆ ਹੈ ਤਦ ਤੋਂ ਉਹ ਅਸਥਿਰੁ=ਅਚੱਲ ਰਹਿੰਦਾ ਹੈ।

ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ ॥

ਸਚੇ ਪ੍ਰਭੂ ਦੀ ਪ੍ਰਾਪਤੀ ਦੀ ਮਤਿ=ਸਿਖਿਆ ਸਦਾ ਹੀ ਨਉਤਨ=ਨਵੀਨ ਨਵੀਂ ਹੈ, ਅਤੇ ਸ਼ਬਦ ਦਾ ਨੇਹੁ=ਪ੍ਰੇਮ ਵੀ ਨਵੇਲਓ=ਨਵਾਂ ਹੈ। *ਅਥਵਾ:*-ਸ਼ਬਦ ਵਿਚ ਨੇਹੁ=ਪ੍ਰੇਮ ਕਰਨ ਦਾ ਕੋਈ ਨ+ਵੇਲਓ=ਵੇਲਾ ਨਹੀਂ ਹੈ ਭਾਵ ਉਸ ਦੇ ਪ੍ਰੇਮ ਦੇ ਸਾਰੇ ਵੇਲੇ ਹਨ।

ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਨਦਰੀ=ਗੁਰਾਂ ਦੀ ਕਿਰਪਾ ਦ੍ਰਿਸ਼ਟੀ ਕਰਕੇ ਹੀ ਸੁਭਾਵਕ ਸਚਾ ਪ੍ਰਭੂ ਮਿਲਦਾ ਹੈ, ਇਸ ਕਰਕੇ ਹੇ ਪਿਆਰੀ ਸਖੀ ! ਤੂੰ ਗੁਰਾਂ ਨਾਲ ਮਿਲਣਾ ਕਰ॥ ੩ ॥

ਅਗੋਂ ਉੱਤਮ ਸਖੀ ਆਪਣੀ ਬਿਵੱਸਥਾ ਸੁਣਾਂਦੀ ਹੈ ਕਿ ਪਹਿਲੇ ਮੈਂ ਭੀ ਤੁਹਾਡੇ ਵਾਂਗੂੰ ਵਿਰਲਾਪ ਕਰਦੀ ਸੀ।

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥

ਪਰਮੇਸ਼ਰ ਪਤੀ ਨਾਲ ਮਿਲਣ ਦੀ ਜੋ ਇੱਛਾ ਸੀ ਉਹ ਮੇਰੀ ਪੂਰੀ ਹੋ ਗਈ ਹੈ, ਸਾਡੇ ਅੰਤਹਕਰਣ ਰੂਪੀ ਘਰ ਵਿਚ ਸਾਜਨੁ=ਪਰਮਾਤਮਾ ਸਾਖਿਆਤਕਾਰ ਹੋ ਆਇਆ ਹੈ।

ਮਿਲਿ ਵਰੁ ਨਾਰੀ ਮੰਗਲੁ ਗਾਇਆ ॥

ਪਰਮੇਸ਼ਰ ਪਤੀ ਵਾਲੀਆਂ ਜੋ ਪਤਿਬ੍ਰਤ ਮਹਾਤਮਾ ਰੂਪੀ ਇਸਤ੍ਰੀਆਂ ਹਨ ਉਨ੍ਹਾਂ ਨਾਲ ਮਿਲ ਕੇ ਪਰਮੇਸ਼ਰ ਦੇ ਮੰਗਲ ਦਾਇਕ ਗੀਤ ਨੂੰ ਗਾਇਆ ਹੈ।

ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥

ਮੰਗਲ ਰੂਪ ਗੁਣਾਂ ਨੂੰ ਗਾ ਕੇ ਪ੍ਰਭੂ ਦੇ ਪ੍ਰੇਮ ਵਿਚ ਰਹਸੀ=ਇਸਥਿਤ ਹੋਈ ਹਾਂ,

ਵਾ:-ਅਨੰਦ ਹੋਈ ਹਾਂ, ਅਤੇ ਮੈਂ ਮੁੰਧ ਦੇ ਮਨ ਵਿਚ ਉਤਸ਼ਾਹ ਹੋਇਆ ਹੈ।

ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥

ਸ਼ੁਭ ਗੁਣਾਂ ਰੂਪੀ ਸਜਣ ਰਹੰਸੇ=ਆਨੰਦ ਹੋਏ ਹਨ, ਅਤੇ ਦੁਸਟ=ਕਾਮ ਆਦਿਕ ਵੈਰੀ ਅਪਦਾ ਵਿਚ ਵਿਆਪੇ ਹਨ, ਸਚਨਾਮ ਜਪਣ ਕਰਕੇ ਸਚਾ ਲਾਭ ਪ੍ਰਾਪਤ ਹੋਇਆ ਹੈ।

ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥

ਜਿਸ ਦੇ ਅਗੇ ਮੈਂ ਇਸਤ੍ਰੀ ਹੱਥ ਜੋੜ ਕੇ ਬੇਨਤੀਆਂ ਕਰਦੀ ਸੀ, ਹੁਣ ਰਾਤ ਦਿਨ ਮੈਂ ਉਸ ਦੇ ਰਸਿ=ਪ੍ਰੇਮ ਵਾ:-ਅਨੰਦ ਵਿਚ ਭਿਜ ਗਈ ਹਾਂ।

ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉੱਤਮ ਸਖੀ ਕਹਿੰਦੀ ਹੈ ਮੈਂ ਧਨ=ਇਸਤ੍ਰੀ ਪਤੀ ਪਰਮਾਤਮਾ ਨਾਲ ਮਿਲ ਕੇ ਰਲੀਆ=ਖੁਸ਼ੀਆਂ ਕਰਦੀ ਹਾਂ, ਕਿਉਂਕਿ ਉਸ ਦੀ ਪ੍ਰਾਪਤੀ ਹੋਣ ਕਰਕੇ ਮੇਰੀ ਇਛਾ ਪੁੰਨੀਆ=ਪੂਰੀ ਹੋ ਗਈ ਹੈ॥ ੪॥ ੧॥

[ਪੰਨਾ ੨੪੩]

ਗਉੜੀ ਛੰਤ ਮਹਲਾ ੧ ॥

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥

ਇਸ ਛੰਤ ਵਿਚ ਭੀ ਤਿੰਨਾਂ ਸਖੀਆਂ ਦਾ ਸੰਬਾਦ ਹੈ। ਮਹਾਤਮਾ ਰੂਪੀ ਸਖੀ ਦੇ ਪਾਸ, 'ਉੱਤਮ ਮਧਿਮ ਸਖੀ', ਕਨਿਸ਼ਟ ਦੀ ਗੱਲ ਕਹਿੰਦੀ ਹੈ। ਹੇ ਮਹਾਤਮਾ ਜੀ ਸੁਣੋ ! ਪ੍ਰਭੂ ਪ੍ਰਮਾਤਮਾ ਜੋ ਨਾਹ=ਪਤੀ ਹੈ ਉਸ ਦੀ ਪ੍ਰਾਪਤੀ ਤੋਂ ਬਿਨਾਂ ਇਹ ਮੁੰਧ=ਇਸਤ੍ਰੀ ਸੰਸਾਰ ਬਨ ਦੇ ਵਿਚ ਏਕਲੜੀ=ਦੁਖੀ ਹੋ ਰਹੀ ਹੈ।

ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥

ਨਾਹ=ਪਤੀ ਪਰਮਾਤਮਾ ਤੋਂ ਬਿਨਾਂ ਕਿਵੇਂ ਧੀਰਜਤਾ ਦੇ ਸਹਿਤ ਹੋਵੇਗੀ।

ਕਿਉਂਕਿ ਪ੍ਰਭੂ ਤਾਂ ਬੇਪਰਵਾਹ ਹੈ, ਉਸ ਨੂੰ ਕਿਸੇ ਦੀ ਖਾਹਿਸ਼ ਨਹੀਂ ਹੈ।

ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥

ਇਹ ਧਨ=ਇਸਤ੍ਰੀ ਪਤੀ ਪਰਮੇਸ਼ਰ ਤੋਂ ਬਿਨਾਂ ਰਹਿ ਨਹੀਂ ਸਕਦੀ, ਇਸ ਦੀ ਅਵਸਥਾ ਰੂਪੀ ਰਾਤ ਘਣੇਰੀਆ=ਬੜੀ ਕਠਨ ਬਤੀਤ ਹੋ ਰਹੀ ਹੈ।

ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥

ਪ੍ਰਤੱਖ, ਵਾ:-ਸ਼ਾਂਤੀ ਰੂਪੀ ਨਿੰਦ੍ਰਾ ਇਸ ਨੂੰ ਨਹੀਂ ਆਉਂਦੀ, ਮਹਾਤਮਾ ਨੇ ਪੁਛਿਆ ਇਸ ਨੂੰ ਨੀਂਦ ਕਿਉਂ ਨਹੀਂ ਆਉਂਦੀ? ਤਾਂ 'ਉੱਤਮ ਮਧਿਮ ਸਖੀ' ਨੇ ਕਿਹਾ-ਇਸ ਮੁੰਧ ਨੂੰ ਪਤੀ ਪਰਮਾਤਮਾ ਦਾ ਪ੍ਰੇਮ ਭਾਂਵਦਾ ਹੈ, ਇਸ ਕਰਕੇ ਨਿੰਦ੍ਰਾ ਨਹੀਂ ਆਉਂਦੀ। ਤਾਂਤੇ ਮੇਰੀਆ=ਮੇਰੀ ਬੇਨਤੀ ਸੁਣ ਕੇ ਇਸ ਨੂੰ ਪਤੀ ਪਰਮਾਤਮਾ ਦੇ ਨਾਲ ਮੇਰੀਆ=ਮੇਲ ਦਿਓ।

ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥

ਪਿਆਰੇ ਪਤੀ ਪਰਮਾਤਮਾ ਤੋਂ ਬਾਝਹੁ=ਬਿਨਾਂ ਇਸ ਮੁੰਧ ਦੀ ਹੋਰ ਕੋਈ ਭੀ ਸਾਰ ਸੰਭਾਲ ਨਹੀਂ ਲੈਂਦਾ, ਇਸੀ ਕਰਕੇ ਇਹ ਜਗਿਆਸੂ ਰੂਪੀ ਇਸਤ੍ਰੀ ਏਕਲੜੀ=ਦੁਖੀ ਹੋ ਕੇ ਕੁਰਲਾਉਂਦੀ ਹੈ।

ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥ ੧ ॥

ਗੁਰੂ ਜੀ ਤਟੱਸਥੀ ਹੋ ਕੇ ਕਥਨ ਕਰਦੇ ਹਨ-ਉੱਤਮ ਮਹਾਤਮਾ ਰੂਪੀ ਸਖੀ ਕਥਨ ਕਰਦੀ ਹੈ, ਜੋ ਜਗਿਆਸੂ ਰੂਪੀ ਇਸਤ੍ਰੀ ਪ੍ਰੀਤਮ ਪਰਮਾਤਮਾ ਤੋਂ ਬਿਨਾਂ ਦੁਖ ਪਾਂਵਦੀ ਹੈ,

ਉਹ ਧਨ=ਇਸਤ੍ਰੀ ਗੁਰਾਂ ਦੀ ਮਿਲਾਈ ਹੋਈ ਪਰਮੇਸ਼ਰ ਪਤੀ ਨਾਲ ਮਿਲਦੀ ਹੈ॥ ੧ ॥

ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥

ਉੱਤਮ ਮਧਿਮ ਸਖੀ ਆਖਦੀ ਹੈ, ਹੇ ਮਹਾਤਮਾ ਜੀ-ਇਸ ਮੁੰਧ ਨੇ ਪਤੀ ਪਰਮਾਤਮਾ ਨੂੰ ਛੱਡ ਦਿੱਤਾ ਹੈ। ਵਾ:-ਪਤੀ ਪਰਮਾਤਮਾ ਨੇ ਇਸਨੂੰ ਛੱਡ ਦਿਤਾ ਹੈ, ਇਸ ਲਈ ਆਪ ਕਿਰਪਾ ਕਰਕੇ ਦਸੋ, ਇਸ ਜਗਿਆਸੂ ਰੂਪੀ ਇਸਤ੍ਰੀ ਨੂੰ ਕੌਣ ਮਿਲਾਵਣਾ ਕਰੇ।

ਇਹ ਗੱਲ ਸੁਣਕੇ ਉੱਤਮ ਮਹਾਤਮਾ ਰੂਪੀ ਸਖੀ ਕਥਨ ਕਰਦੀ ਹੈ, ਹੇ ਉੱਤਮ ਮਧਿਮ ਸਖੀ

ਗਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥

ਗੁਰਾਂ ਦੇ ਸੁਹਾਵੇ ਸ਼ਬਦ ਕਰਕੇ ਜੋ ਜਗਿਆਸੂ ਰੂਪੀ ਇਸਤਰੀ ਪ੍ਰੇਮ ਰਸ ਵਿਚ ਮਿਲੀ ਹੈ ਉਹ ਸੁਹਾਵੈ=ਸੋਭਨੀਕ ਹੁੰਦੀ ਹੈ।

ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥

ਜਿਸ ਵੇਲੇ ਗੁਰਾਂ ਦੇ ਸੁਹਾਵੇ ਸ਼ਬਦ ਕਰਕੇ ਸੂਖਮ ਦੇਹ=ਅੰਤਹਕਰਣ ਵਿਚ ਗਿਆਨ ਰੂਪੀ ਦੀਵੇ ਦਾ ਉਜਾਰੈ=ਪ੍ਰਕਾਸ਼ ਹੁੰਦਾ ਹੈ ਤਾਂ ਜਗਿਆਸੂ ਰੂਪੀ ਇਸਤ੍ਰੀ ਪਤੀ ਨੂੰ ਪਾਉਣਾ ਕਰਦੀ ਹੈ।

ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥

ਹੇ ਸਖੀ ! ਤੂੰ ਭੀ ਸੁਣ, ਹੇ ਸਹੇਲੀ ! ਤੂੰ ਭੀ ਸੁਣ, ਸੰਸਾਰ ਵਿਚ ਜੋ ਭੀ ਸੁਹੇਲੀ=ਸੁਖੀ ਹੋਈ ਹੈ ਉਹ ਸਚੇ ਨਾਮ ਨੂੰ ਜਪਕੇ ਹੋਈ ਹੈ; ਇਸ ਲਈ ਤੁਸੀਂ ਭੀ ਸਚੇ ਪਰਮਾਤਮਾ ਦੇ ਗੁਣ ਸੰਭਾਲਨਾ ਕਰੋ।

ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ॥

ਜਦ ਈਸ਼ੂਰ ਨੇ ਕਿਰਪਾ ਕਰਕੇ ਸਤਿਗੁਰਾਂ ਨਾਲ ਮੇਲੀ, ਤਾਂ ਉਪਦੇਸ਼ ਰੂਪੀ ਅੰਮ੍ਰਿਤ ਬਾਣੀ ਦੀ ਪ੍ਰਾਪਤੀ ਹੋਈ, ਜਾਂ ਉਪਦੇਸ਼ ਰੂਪੀ ਅੰਮ੍ਰਿਤ ਬਾਣੀ ਦੀ ਪ੍ਰਾਪਤੀ ਹੋਈ ਤਾਂ ਪਿਰੀ ਦੇ ਅਨੰਦ ਨੂੰ ਰਾਵਿਆ ਜਾਂ ਪਿਰੀ ਨੂੰ ਰਾਵਿਆ ਤਾਂ ਬਿਗਸੀ=ਆਨੰਦ ਹੋਈ।

ਨਾਨਕ ਸਾ ਧਨ ਤਾ ਪਿਰੁ ਰਾਵੇ ਜਾ ਤਿਸ ਕੈ ਮਨਿ ਭਾਣੀ॥ ੨॥

ਗੁਰੂ ਜੀ ਤਟੱਸਥੀ ਹੋ ਕੇ ਕਥਨ ਕਰਦੇ ਹਨ-ਉੱਤਮ ਮਹਾਤਮਾ ਰੂਪੀ ਸਖੀ ਕਹਿੰਦੀ ਹੈ ਇਹ ਜਗਿਆਸੂ ਰੂਪੀ ਇਸਤ੍ਰੀ ਤਾਂਹੀ ਪਤੀ ਦੇ ਆਨੰਦ ਨੂੰ ਰਾਵੇ=ਭੋਗਦੀ ਹੈ, ਜਾਂ ਤਿਸ ਪਤੀ ਪਰਮਾਤਮਾ ਦੇ ਮਨ ਵਿਚ ਭਾ ਜਾਵੇ॥ ੨॥ ਇਥੋਂ ਤਕ ਤਿੰਨ ਸਖੀਆਂ ਦਾ ਸੰਬਾਦ ਪੂਰਾ ਹੋ ਚੁਕਾ ਹੈ।

ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ॥

ਮੋਹਣੀ ਜੋ ਮਾਇਆ ਹੈ ਉਸ ਕਰਕੇ ਇਹ ਜੀਵ ਰੂਪੀ ਇਸਤ੍ਰੀ ਸਰੂਪ ਰੂਪੀ ਘਰ ਤੋਂ ਨੀ=ਰਹਿਤ ਹੋ ਰਹੀ ਹੈ, ਇਹ ਕੂੜਿਆਰ ਇਸਤ੍ਰੀ ਕੂੜ ਆਦਿਕਾਂ ਕਰਕੇ ਮੁਠੀ=ਲੁਟੀ ਪੁਟੀ ਗਈ ਹੈ।

ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ॥

ਅਤਿਅੰਤ ਪਿਆਰੇ ਜੋ ਗੁਰੂ ਹਨ ਉਨ੍ਹਾਂ ਵਿਚ ਪ੍ਰੇਮ ਧਾਰੇ ਤੋਂ ਬਿਨਾਂ ਇਸ ਦੇ ਗਲ ਵਿਚੋਂ ਹੰਗਤਾ ਰੂਪੀ ਵਾ:-ਵਾਸ਼ਨਾਂ ਰੂਪੀ ਰਸੀਆਂ ਕਿਵੇਂ ਖੁਲ੍ਹਣਗੀਆਂ ?

ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ॥

ਹਰੀ ਪਿਆਰੇ ਵਿਚ ਪ੍ਰੀਤੀ ਧਾਰ ਕੇ ਜੋ ਗੁਰ ਉਪਦੇਸ਼ ਨੂੰ ਵਿਚਾਰਦੀ ਹੈ,
ਉਹ ਤਿਸੀ ਦਾ ਸਰੂਪ ਹੋ ਜਾਂਦੀ ਹੈ।

ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ॥

ਪੁੰਨ ਸਮੇਂ ਪੁੰਨ ਕਰਨਾ, ਦਾਨ ਹਮੇਸ਼ਾਂ ਦੇਣਾ, ਅਤੇ ਅਨੇਕ ਤੀਰਥਾਂ ਤੇ ਇਸ਼ਨਾਨ ਕਰਨਾ, ਇਤਿ ਆਦਿਕ ਕਰਮ ਅੰਦਰ ਦੀ ਮੈਲ ਨੂੰ ਕਿਵੇਂ ਧੋ ਸਕਦੇ ਹਨ।

ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ॥

ਨਾਮ ਤੋਂ ਬਿਨਾਂ ਹਠ ਦੇ ਨਿ=ਵਿਸ਼ੇਸ਼ ਗ੍ਰਹਿਣ ਕਰਨ ਨਾਲ ਅਤੇ ਬੇਬਾਣੈ=ਉਜਾੜਾਂ ਵਿਚ ਫਿਰਨ ਕਰਕੇ ਕੋਈ ਭੀ ਮੁਕਤੀ ਨਹੀਂ ਪਾ ਸਕਦਾ।

ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ॥ ੩॥

ਗੁਰੂ ਜੀ ਕਥਨ ਕਰਦੇ ਹਨ, ਗੁਰਉਪਦੇਸ਼ ਦੁਆਰੇ ਸਚ ਘਰੁ=ਪਰਮਾਤਮਾ ਨੂੰ ਸਿਞਾਪੈ=ਪਛਾਨਣਾ ਕਰੇ, ਦੁਬਿਧਾ ਵਾਲਾ ਪੁਰਸ਼ ਮਹਲੁ=ਸਰੂਪ ਨੂੰ ਕਿਵੇਂ ਜਾਣ ਸਕਦਾ ਹੈ॥ ੩॥

ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ॥

ਹੇ ਵਾਹਿਗੁਰੂ ! ਤੇਰਾ ਨਾਮ ਸੱਚਾ ਹੈ, ਗੁਰ ਉਪਦੇਸ਼ ਦਾ ਵਿਚਾਰ,

ਵਾ:-ਬ੍ਰਹਮ ਦਾ ਵਿਚਾਰ ਕਰਨਾ ਭੀ ਸੱਚਾ ਹੈ।

ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ॥

ਆਪ ਦਾ ਮਹਲੁ=ਸਰੂਪ, ਵਾ:-ਹੁਕਮ ਭੀ ਸੱਚਾ ਹੈ, ਤੇਰੇ ਨਾਮ ਦਾ ਵਾਪਾਰ ਭੀ ਸੱਚਾ ਹੈ।

ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ॥
ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ॥

ਤੇਰੇ ਨਾਮ ਦਾ ਵਪਾਰ ਮਿੱਠਾ ਹੈ, ਭਗਤਾਂ ਨੂੰ ਰਾਤ ਦਿਨੇ ਤੇਰੇ ਨਾਮ ਦਾ ਲਾਭ ਹੈ। ਉਨ੍ਹਾਂ ਭਗਤਾਂ ਨੂੰ ਤਿਸੁ= ਤੇਰੇ ਨਾਮ ਦੇ ਵਪਾਰ ਤੋਂ ਬਿਨਾਂ ਹੋਰ ਕੋਈ ਵਖਰੁ=ਸੌਦਾ ਲਾਭਦਾਇਕ ਨਹੀਂ ਸੁੱਝਦਾ, ਇਸ ਕਰਕੇ ਅਸੀਂ ਤੇਰੇ ਨਾਮ ਨੂੰ ਖਿਨ ਖਿਨ ਕਾਲ ਵਿਚ ਲੈਂਦੇ ਹਾਂ।

ਵਾ:-ਹੇ ਭਾਈ। ਖਿਨ ਖਿਨ ਕਾਲ ਵਿਚ ਉਸ ਦੇ ਨਾਮ ਨੂੰ ਲੈਣਾ ਕਰੋ।

ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ॥ ੪॥ ੨॥

ਪੂਰਬਲੇ ਸ੍ਰੇਸ਼ਟ ਕਰਮਾਂ ਕਰਕੇ, ਅਤੇ ਪੂਰਨ ਪਰਮਾਤਮਾ ਦੀ ਕਰਮਿ=ਅਨੁਗ੍ਰਹੁ ਕਰਕੇ ਜਦ ਗੁਰਾਂ ਨੂੰ ਪਾਇਆ ਤਾਂ ਉਨ੍ਹਾਂ ਦੀ ਸਚੀ ਨਦਰਿ=ਕਿਰਪਾ ਦ੍ਰਿਸ਼ਟੀ ਹੋਈ ਤਾਂ ਸੱਤ ਅਸੱਤ ਦੇ ਨਿਰਨੇ ਦਾ ਲੇਖਾ ਪਰਖਣਾ ਕੀਤਾ। ਗੁਰੂ ਜੀ ਕਥਨ ਕਰਦੇ ਹਨ ਪਰਮੇਸ਼ਰ ਦਾ ਨਾਮ ਇਕ ਮਹਾਂ ਮਿਠਾ ਰਸ ਹੈ, ਸਚ ਨਾਮ ਨੂੰ ਜਿਸਨੇ ਭੀ ਪਾਇਆ ਹੈ ਉਸਨੇ ਪੂਰੇ ਗੁਰਾਂ ਦੁਆਰੇ ਪਾਇਆ ਹੈ॥ ੪॥ ੨॥

ਰਾਗੁ ਗਉੜੀ ਪੂਰਬੀ ਛੰਤ ਮਹਲਾ ੩

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥
ਸਾ ਧਨ ਬਿਨਉ ਕਰੇ ਜੀਉ ਹਰਿ ਕੇ ਗੁਣ ਸਾਰੇ॥

ਹੁਣ ਫਿਰ ਤਿੰਨੇ ਸਖੀਆਂ ਦਾ ਸੰਬਾਦ ਚਲ ਪਿਆ। 'ਉੱਤਮ ਮਧਿਮ ਸਖੀ' ਜਗਿਆਸੂ ਦੀ ਬੇਨਤੀ ਉੱਤਮ ਮਹਾਤਮਾ ਦੇ ਪਾਸ ਕਰਦੀ ਹੈ, ਹੇ ਸੰਤ ਜੀ ! ਸਾ=ਇਹ, ਧਨ=ਇਸਤ੍ਰੀ ਹਰੀ ਦੇ ਗੁਣ ਸੰਭਾਲਣ ਵਾਸਤੇ ਬੇਨਤੀ ਕਰਦੀ ਹੈ ਆਪ ਇਸਨੂੰ ਗੁਣਾਂ ਦੇ ਸੰਭਾਲਣ ਦੀ ਵਿਧੀ ਦਸੋ, ਸੰਤਾਂ ਨੇ ਕਿਹਾ ਜ਼ਰਾ ਠਹਿਰ ਜਾ। ਤਾਂ ਉੱਤਮ ਮਧਿਮ ਸਖੀ ਨੇ ਕਿਹਾ-

ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ॥

ਹੇ ਸੰਤ ਜੀ ! ਪਿਆਰੇ ਹਰੀ ਤੋਂ ਬਿਨਾਂ ਇਹ ਪਲ ਦਾ ਖਿਨ ਭਰ ਵੀ ਰਹਿ ਨਹੀਂ ਸਕਦੀ ।

ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ॥

ਹਰੀ ਪਿਆਰੇ ਤੋਂ ਬਿਨਾਂ ਇਹ ਰਹਿ ਨਹੀਂ ਸਕਦੀ ਤਾਂ ਮਹਾਤਮਾ ਨੇ ਕਿਹਾ:- ਗੁਰਾਂ ਤੋਂ ਬਿਨਾਂ

ਮਹਲੁ=ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਗੁਰੂ ਧਾਰਨਾ ਚਾਹੀਏ।

ਜੋ ਗੁਰੁ ਕਹੈ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ॥

ਜੋ ਗੁਰੂ ਕਹਿਣ ਉਸਨੂੰ ਪਰੁ=ਭਲੀ ਪ੍ਰਕਾਰ ਕਰੀਏ ਅਤੇ ਤ੍ਰਿਸ਼ਨਾਂ ਰੂਪੀ ਅੱਗ ਨੂੰ ਬੁਝਾਣਾ ਕਰੀਏ।

ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ ਬਿਨੁ ਸੇਵਿਐ ਸੁਖੁ ਨ ਪਾਏ॥

ਉਹ ਹਰੀ ਹੀ ਸੱਚਾ ਹੈ ਉਸ ਤੋਂ ਬਿਨਾਂ ਹੋਰ ਕੋਈ ਸੱਚਾ ਨਹੀਂ ਹੈ, ਪਰ ਗੁਰੂ ਦੀ ਸੇਵਾ ਤੋਂ ਬਿਨਾਂ ਉਹ ਸੁਖ ਸਰੂਪ ਪਰਮਾਤਮਾ ਪਾਇਆ ਨਹੀਂ ਜਾਂਦਾ।

ਨਾਨਕ ਸਾ ਧਨ ਮਿਲੈ ਮਿਲਾਈ ਜਿਸ ਨੋ ਆਪਿ ਮਿਲਾਏ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਉੱਤਮ ਸਖੀ ਨੇ ਕਿਹਾ-ਇਹ ਧਨ=ਜਗਿਆਸੂ ਰੂਪ ਇਸਤ੍ਰੀ ਗੁਰਾਂ ਦੀ ਮਿਲਾਈ ਹੋਈ ਪਰਮੇਸ਼ਰ ਪਤੀ ਨਾਲ ਮਿਲ ਸਕਦੀ ਹੈ। ਅਤੇ ਗੁਰੂ ਉਸਨੂੰ ਮਿਲਦੇ ਹਨ ਜਿਸਨੂੰ ਆਪ ਪਰਮੇਸ਼ਰ ਕਿਰਪਾ ਕਰਕੇ ਮਿਲਾਵੇ॥ ੧॥

ਧਨ ਰੈਣਿ ਸੁਹੇਲੜੀਏ ਜੀਉ ਹਰਿ ਸਿਉ ਚਿਤੁ ਲਾਏ॥
ਸਤਿਗੁਰੁ ਸੇਵੇ ਭਾਉ ਕਰੇ ਜੀਉ ਵਿਚਹੁ ਆਪੁ ਗਵਾਏ॥

ਉਸ ਜਗਿਆਸੂ ਰੂਪੀ ਧਨ=ਇਸਤ੍ਰੀ ਦੀ ਅਵੱਸਥਾ ਰੂਪੀ ਰਾਤ ਸੁਹੇਲੜੀਏ=ਸੋਭਨੀਕ,

ਵਾ:-ਸੁਖੀ ਹੈ, ਜੋ ਹਰੀ ਦੇ ਨਾਲ ਚਿਤ ਬਿਰਤੀ ਨੂੰ ਲਗਾਂਵਦੀ ਹੈ। ਅਤੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆ ਕੇ ਪ੍ਰੇਮ ਕਰਕੇ ਸਤਿਗੁਰਾਂ ਨੂੰ ਸੇਂਵਦੀ ਹੈ।

ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ ਭਾਓ॥

ਜੋ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗਵਾਕੇ ਹਰੀ ਗੁਣਾਂ ਨੂੰ ਗਾਂਵਦੀ ਹੈ, ਅਤੇ ਰਾਤ ਦਿਨੇ ਭਾਓ=ਪਰੇਮ ਲੱਗਾ ਰਹਿੰਦਾ ਹੈ। ਉਸ ਧਨ ਦੀ ਅਵੱਸਥਾ ਰੂਪੀ ਰਾਤ ਸੁਖ ਸਹਿਤ ਲੰਘਦੀ ਹੈ।

[ਪੰਨਾ ੨੪੪]

ਸੁਣਿ ਸਖੀ ਸਹੇਲੀ ਜੀਅ ਕੀ ਮੇਲੀ ਗੁਰ ਕੈ ਸਬਦਿ ਸਮਾਓ॥
ਹਰਿ ਗੁਣ ਸਾਰੀ ਤਾ ਕੰਤ ਪਿਆਰੀ ਨਾਮੇ ਧਰੀ ਪਿਆਰੋ॥

ਉੱਤਮ ਸਖੀ ਆਖਦੀ ਹੈ ਹੇ ਸਖੀ ! ਉੱਤਮ ਮਧਿਮ ਤੂੰ ਸੁਣ, ਹੇ ਸਹੇਲੀ ! ਮਧਿਮ ਤੂੰ ਭੀ ਸੁਣ ! ਤੁਸੀਂ ਮੇਰੇ ਜੀਅ ਦੀਆਂ ਮੇਲਣਾ ਹੋ, ਤਾਂ ਹੀ ਮੈਂ ਤੁਹਾਨੂੰ ਆਖਦੀ ਹਾਂ ਕਿ ਤੁਸੀਂ ਗੁਰਾਂ ਦੇ ਉਪਦੇਸ਼ ਵਿਚ ਸਮਾਣਾ ਕਰੋ। ਜੇ ਤੂੰ ਹਰੀ ਦੇ ਗੁਣਾਂ ਨੂੰ ਸੰਭਾਲੇਂਗੀ ਤਾਂ ਤੂੰ ਕੰਤ ਨੂੰ ਪਿਆਰੀ ਲਗੇਂਗੀ। ਇਸ ਲਈ ਤੂੰ ਨਾਮ ਜਪਣ ਵਿਚ ਪਿਆਰ ਧਾਰਨਾ ਕਰ।

ਨਾਨਕ ਕਾਮਣਿ ਨਾਹ ਪਿਆਰੀ ਰਾਮ ਨਾਮੁ ਗਲਿ ਹਾਰੋ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਹ ਜਗਿਆਸੂ ਰੂਪੀ ਇਸਤ੍ਰੀ ਨਾਹ=ਪਤੀ ਪਰਮਾਤਮਾ ਨੂੰ ਪਿਆਰੀ ਹੈ ਜਿਸਨੇ ਗਲ ਵਿਚ ਰਾਮ ਨਾਮ ਰੂਪੀ ਹਾਰ ਪਹਿਰਿਆ ਹੈ॥ ੨॥

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ॥

ਪਿਆਰੇ ਨਾਹ=ਪਤੀ ਪਰਮਾਤਮਾ ਤੋਂ ਬਿਨਾਂ ਇਹ ਜਗਿਆਸੂ ਰੂਪੀ ਧਨ=ਇਸਤ੍ਰੀ ਏਕਲੜੀ=ਇਕੱਲੀ ਭਾਵ ਦੁਖੀ ਹੋ ਰਹੀ ਹੈ।

ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ॥

ਕਰਾਰੇ=ਤਕੜੇ ਗੁਰ ਉਪਦੇਸ਼ ਤੋਂ ਬਿਨਾਂ ਹੋਣ ਕਰਕੇ ਜੀਵ ਰੂਪ ਇਸਤ੍ਰੀ ਦ੍ਵੈਤ ਭਾ ਵਿਚ ਮੁਠੀ=ਲੁਟੀ ਗਈ ਹੈ।

ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ॥

ਮਾਇਆ ਦੇ ਮੋਹ ਨੇ ਬਹੁਤੀ ਦੁਨੀਆਂ ਖੁਆਈ=ਖੁੰਝਾਈ ਭਾਵ ਭੁਲਾਈ ਹੋਈ ਹੈ, ਪਿਆਰੇ ਗੁਰੂ ਦੇ ਉਪਦੇਸ਼ ਤੋਂ ਬਿਨਾਂ ਇਸ ਦੁਤਰੁ=ਕਠਨ ਸੰਸਾਰ ਸਮੁੰਦ੍ਰ ਤੋਂ ਕੌਣ ਤਾਰ ਸਕਦਾ ਹੈ।

ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ॥

ਜਾਂ ਝੂਠ ਨੇ ਇਸਨੂੰ ਵਿਗੁਤੀ=ਖਰਾਬ ਕੀਤਾ ਹੈ, ਤਾਂ ਹੀ ਪਤੀ ਪਰਮਾਤਮਾ ਨੇ ਮੁੱਤੀ=ਛੱਡ ਦਿੱਤੀ ਹੈ, ਇਸ ਲਈ ਸਾ ਧਨ=ਉਹ ਜਗਿਆਸੂ ਰੂਪੀ ਇਸਤ੍ਰੀ ਮਹਲੁ=ਸਰੂਪ ਨੂੰ ਨਹੀਂ ਪਾ ਸਕਦੀ।

ਗੁਰ ਸਬਦੇ ਰਾਤੀ ਸਹਜੇ ਮਾਤੀ ਅਨਦਿਨੁ ਰਹੈ ਸਮਾਏ॥

ਜੋ ਗੁਰ ਉਪਦੇਸ਼ ਵਿਚ ਰਤੀ ਹੈ, ਉਹ ਸਹਜੇ ਮਾਤੀ=ਸ਼ਾਂਤੀ ਆਦਿਕ ਗੁਣਾਂ ਵਿਚ ਮਸਤ ਹੋਈ ਹੈ, ਫਿਰ ਉਹ ਰਾਤ ਦਿਨ ਪਰਮੇਸ਼ਰ ਵਿਚ ਸਮਾ ਰਹਿੰਦੀ ਹੈ।

ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ ਮਿਲਾਏ॥ ੩॥

ਗੁਰੂ ਜੀ ਕਥਨ ਕਰਦੇ ਹਨ-ਜੋ ਜਗਿਆਸੂ ਰੂਪੀ ਇਸਤ੍ਰੀ ਸਦਾ ਰੰਗਿ ਰਾਤੀ=ਪ੍ਰੇਮ ਵਿਚ ਰਤੀ ਰਹਿੰਦੀ ਹੈ ਉਸ ਨੂੰ ਹਰਿ ਜੀ ਆਪਣੇ ਨਾਲ ਮਿਲਾ ਲੈਂਦਾ ਹੈ॥ ੩॥

ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ॥

ਜਾਂ ਹਰਿ ਜੀ ਮੇਲਣਾ ਕਰੇ ਤਾਂ ਹੀ ਗੁਰਾਂ ਨਾਲ ਮਿਲਾਪ ਹੁੰਦਾ ਹੈ,
ਹਰੀ ਤੋਂ ਬਿਨਾਂ ਗੁਰਾਂ ਨਾਲ ਕੌਣ ਮਿਲਾ ਸਕਦਾ ਹੈ।

ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ॥

ਆਪਣੇ ਪ੍ਰੀਤਮ ਗੁਰਾਂ ਤੋਂ ਬਿਨਾਂ ਭਰਮ ਨੂੰ ਕੌਣ ਦੂਰ ਕਰ ਸਕਦਾ ਹੈ ?

ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ॥

ਮਾਏ=ਹੇ ਭਾਈ ! ਗੁਰੂ ਹੀ ਭਰਮ ਨੂੰ ਚੁਕਾਏ=ਦੂਰ ਕਰ ਸਕਦੇ ਹਨ, ਭਰਮ ਦੇ ਦੂਰ ਹੋਣ ਕਰਕੇ ਪ੍ਰਭੂ ਨਾਲ ਮਿਲਾਪ ਹੁੰਦਾ ਹੈ, ਇਸ ਵਜ੍ਹਾ ਨਾਲ ਜਗਿਆਸੂ ਰੂਪੀ ਇਸਤ੍ਰੀ ਸੁਖ ਪਾ ਲੈਂਦੀ ਹੈ।

ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ॥

ਗੁਰ ਸੇਵਾ ਤੋਂ ਬਿਨਾਂ ਘੋਰ=ਭਿਆਨਕ ਅਗਿਆਨ ਰੂਪ ਹਨੇਰਾ ਬਣਿਆਂ ਰਹਿੰਦਾ ਹੈ, ਗੁਰਾਂ ਤੋਂ ਬਿਨਾਂ ਪ੍ਰਭੂ ਦੀ ਪ੍ਰਾਪਤੀ ਦੇ ਰਸਤੇ ਨੂੰ ਕੋਈ ਨਹੀਂ ਪਾ ਸਕਦਾ।

ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ॥

ਜੋ ਇਸਤ੍ਰੀ ਰੰਗਿ=ਪ੍ਰੇਮ ਵਿਚ ਤਦਾਕਾਰ ਹੋ ਕੇ ਗੁਰਾਂ ਦੇ ਸ਼ਬਦ ਦੀ ਵਿਚਾਰ ਕਰਦੀ ਹੈ ਉਹ ਸਹਜੇ ਮਾਤੀ=ਸ਼ਾਂਤੀ ਆਦਿਕ ਗੁਣਾਂ ਵਿਚ ਮਸਤ ਰਹਿੰਦੀ ਹੈ।

ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਜਗਿਆਸੂ ਰੂਪੀ ਇਸਤ੍ਰੀ ਨੇ ਪਿਆਰੇ ਗੁਰਾਂ ਵਿਚ ਭਾਇ=ਪ੍ਰੇਮ ਕਰਕੇ ਹਰੀ ਰੂਪ ਵਰੁ=ਪਤੀ ਨੂੰ ਪਾਇਆ ਹੈ॥ ੪ ॥ ੧ ॥

ਗਉੜੀ ਮਹਲਾ ੩ ॥

ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ॥

ਮੈਂ ਪਤੀ ਪਰਮਾਤਮਾ ਤੋਂ ਬਿਨਾਂ ਖਰੀ=ਚੰਗੀ ਨਿਮਾਣੀ ਹੋ ਰਹੀ ਹਾਂ, ਹੇ ਮੇਰੀ ਮਾਂ !

ਵਾ:-ਹੇ ਮੇਰੇ ਭਾਈ ! ਮੈਂ ਪਤੀ ਤੋਂ ਬਿਨਾਂ ਕਿਵੇਂ ਜੀਵਾਂ?

ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ॥

ਪਤੀ ਪਰਮਾਤਮਾ ਤੋਂ ਬਿਨਾਂ ਪ੍ਰਤੱਖ, ਵਾ:-ਸ਼ਾਂਤੀ ਰੂਪੀ ਨੀਂਦ ਨਹੀਂ ਆਉਂਦੀ, ਤਨ ਉੱਤੇ ਕਪੜੇ ਪਹਿਰਣੇ ਭੀ ਨਹੀਂ ਸੁਖਾਉਂਦੇ।

ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ॥

ਤਨ ਉੱਤੇ ਕਪੜੇ ਪਾਏ ਤਾਂ ਹੀ ਸੋਭਨੀਕ ਹਨ, ਜਾਂ ਇਸਤ੍ਰੀ ਪਤੀ ਪਰਮਾਤਮਾ ਨੂੰ ਭਾ ਜਾਵੇ, ਇਸਤ੍ਰੀ ਨੂੰ ਚਾਹੀਦਾ ਹੈ ਗੁਰ ਸਿਖਿਆ ਵਿਚ ਚਿਤ ਬਿਰਤੀ ਨੂੰ ਲਗਾਣਾ ਕਰੇ।

ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ॥

ਜਾਂ ਸਤਿਗੁਰਾਂ ਦੀ ਸੇਵਾ ਕਰਕੇ ਗੁਰਾਂ ਦੇ ਅੰਕਿ=ਹਿਰਦੇ ਵਿਚ ਸਮਾ ਜਾਵੇ ਤਾਂ ਉਹ ਸਦਾ ਲਈ ਸੁਹਾਗਣ ਹੈ। *ਯਥਾ-ਮੁਰਦੇ ਵਾਂਗ ਮੁਰੀਦ ਹੋਇ ਗੁਰ ਗੋਰੀ ਵੜਿ ਅਲਖ ਅਲੇਖੈ। (ਭਾਈ ਗੁਰਦਾਸ ਜੀ)*

ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ॥

ਜਾਂ ਗੁਰਾਂ ਦੇ ਉਪਦੇਸ਼ ਨਾਲ ਮਿਲਾਪ ਹੋਵੇ ਤਾਂ ਹੀ ਪਿਰੀ ਦੇ ਅਨੰਦ ਨੂੰ ਰਾਵੀ=ਭੋਗਦੀ ਹੈ, ਇਹ ਨਿਯਮ ਸਮਝ ਲਓ ਕਿ:-ਸੰਸਾਰ ਵਿਚ ਨਾਮ ਜਪਣ ਕਰ ਕੇ ਹੀ ਲਾਹਾ=ਲਾਭ ਪ੍ਰਾਪਤ ਹੁੰਦਾ ਹੈ।

ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ॥ ੧ ॥

ਗਰੂ ਜੀ ਕਥਨ ਕਰਦੇ ਹਨ-ਜਾਂ ਹਰੀ ਦੇ ਗੁਣਾਂ ਨੂੰ ਸਾਰੇ=ਸੰਭਾਲਣਾ ਕਰੇ, ਤਾਂ ਹੀ ਇਹ ਜਗਿਆਸੂ ਰੂਪੀ ਇਸਤ੍ਰੀ ਨਾਹ=ਪਤੀ ਪਰਮਾਤਮਾ ਨੂੰ ਪਿਆਰੀ ਲਗਦੀ ਹੈ॥ ੧ ॥

ਸਾ ਧਨ ਰੰਗੁ ਮਾਣੇ ਜੀਉ ਆਪਣੇ ਨਾਲਿ ਪਿਆਰੇ॥

ਉਹ ਜੀਵ ਰੂਪੀ ਇਸਤ੍ਰੀ ਆਪਣੇ ਪਤੀ ਪਰਮਾਤਮਾ ਨਾਲ ਰੰਗੁ ਮਾਣੇ=ਆਨੰਦ ਭੋਗਦੀ ਹੈ।

ਅਹਿਨਿਸਿ ਰੰਗਿ ਰਾਤੀ ਜੀਉ ਗੁਰ ਸਬਦੁ ਵੀਚਾਰੇ॥

ਜੋ ਅਹਿਨਿਸਿ=ਦਿਨ ਰਾਤ ਗੁਰ ਸ਼ਬਦ ਦੀ ਵਿਚਾਰ ਦੇ ਰੰਗ ਵਿਚ ਰਤੀ ਰਹਿੰਦੀ ਹੈ।

ਵਾ:-ਜੋ ਦਿਨ ਰਾਤ ਰੰਗਿ=ਪ੍ਰੇਮ ਵਿਚ ਰਤੀ ਹੋਈ ਗੁਰਾਂ ਦੇ ਉਪਦੇਸ਼ ਨੂੰ ਵਿਚਾਰਦੀ ਹੈ।

ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ॥

ਗੁਰ ਉਪਦੇਸ਼ ਨੂੰ ਵਿਚਾਰ ਕੇ ਹਉਮੈ ਨੂੰ ਮਾਰਨਾ ਕਰੇ, ਤਾਂ ਇਸ ਵਿਧੀ ਕਰਕੇ ਪਿਆਰੇ ਪ੍ਰਭੂ ਨਾਲ ਮਿਲਾਪ ਹੁੰਦਾ ਹੈ।

ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ॥

ਜੋ ਇਸਤ੍ਰੀ ਸਦਾ ਰੰਗਿ=ਪ੍ਰੇਮ ਵਿਚ ਰਤੀ ਹੋਈ ਸਚੇ ਨਾਮੀ ਦੇ ਨਾਮ ਵਿਚ ਪਿਆਰ ਕਰਦੀ ਹੈ ਉਹ ਸਦਾ ਸੁਹਾਗਣ ਹੈ।

ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ॥

ਜਿਸ ਨੇ ਆਪਣੇ ਗੁਰਾਂ ਨਾਲ ਮਿਲ ਰਹਿਣਾ ਕੀਤਾ ਹੈ, ਤੇ ਨਾਮ ਅੰਮ੍ਰਿਤ ਨੂੰ ਗ੍ਰਹਿਣ ਕੀਤਾ ਹੈ ਅਤੇ ਦੁਬਿਧਾ ਨੂੰ ਮਾਰ ਕੇ ਨਵਿਰਤ ਕੀਤਾ ਹੈ।

ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਸ ਇਸਤ੍ਰੀ ਨੇ ਹਰੀ ਪਤੀ ਨੂੰ ਪਾ ਲਿਆ ਹੈ, ਤੇ ਸਾਰਿਆਂ ਦੁਖਾਂ ਨੂੰ ਵਿਸਾਰੇ=ਭੁਲਾ ਦਿੱਤਾ ਹੈ॥ ੨॥

ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ॥

ਜੋ ਮਾਇਆ ਦੇ ਮੋਹ ਵਿਚ ਪਿਆਰ ਕਰਦੀ ਹੈ ਉਹ ਇਸਤ੍ਰੀ ਪਿਆਰੇ ਪਤੀ ਤੋਂ ਭੁਲ ਗਈ ਹੈ।

ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ॥

ਜੋ ਝੂਠੀ ਇਸਤ੍ਰੀ ਝੂਠੇ ਪਦਾਰਥਾਂ ਵਿਚ ਲੱਗੀ ਹੋਈ ਹੈ ਉਸ ਕੂੜਿਆਰੇ=ਝੂਠੀ ਇਸਤ੍ਰੀ ਨੂੰ ਕੂੜ ਨੇ ਮੁਠੀ=ਠੱਗ ਲੀਤਾ ਹੈ।

ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ॥

ਕੂੜੁ ਨਿਵਾਰੇ=ਝੂਠ ਨੂੰ ਛਡ ਕੇ ਗੁਰ ਸਿਖਿਆ ਨੂੰ ਸਾਰੇ=ਸੰਭਾਲੇ (ਚੇਤੇ ਕਰੇ)

ਤਾਂ ਸੰਸਾਰ ਜੂਏ ਵਿਚ ਆਪਣੇ ਮਨੁੱਖਾ ਜਨਮ ਨੂੰ ਨਹੀਂ ਹਾਰਦੀ।

ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ॥

ਗੁਰ ਉਪਦੇਸ਼ ਨੂੰ ਸੇਵੇ=ਧਾਰਕੇ ਸਚ ਨਾਮ ਚਿੰਤਨ ਵਿਚ ਸਮਾਵੇ, ਅਤੇ ਹਿਰਦੇ ਵਿਚੋਂ ਹਉਮੈ ਨੂੰ ਮਾਰੇ ਤਾਂ ਸਚਿ ਸਮਾਵੈ=ਸਚ ਸਰੂਪ ਵਿਚ ਸਮਾਉਂਦੀ ਹੈ।

ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ॥

ਹਰੀ ਦਾ ਨਾਮ ਹਿਰਦੇ ਵਿਚ ਵਸਾ ਲਵੇ, ਇਸ ਤਰ੍ਹਾਂ ਦਾ ਤਨ ਉੱਤੇ ਸ਼ਿੰਗਾਰ ਕਰੇ।

ਵਾ:-ਇਸ ਤਰ੍ਹਾਂ ਦਾ ਅਰਥਾਤ ਸ਼ੁਭ ਗੁਣਾਂ ਦਾ ਸ਼ਿੰਗਾਰ ਕਰੇ।

ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਜਗਿਆਸੂ ਰੂਪੀ ਇਸਤ੍ਰੀ ਨੂੰ ਸਚੇ ਨਾਮ ਦਾ ਅਧਾਰੋ=ਆਸਰਾ ਹੈ, ਉਹ ਕਾਮਣੀ ਸਹਜ ਪਦ ਵਿਖੇ ਸਮਾਈ ਹੈ॥ ੩ ॥

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥

ਹੇ ਮੇਰੇ ਪ੍ਰੀਤਮ ਜੀਉ ! ਆਪ ਮੈਨੂੰ ਮਿਲਣਾ ਕਰੋ, ਆਪ ਜੀ ਤੋਂ ਬਿਨਾਂ ਮੈ ਖਰੀ=ਹੱਛੀ ਭਾਵ ਵੱਡੀ ਨਿਮਾਣੀ ਹਾਂ।

ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥

ਮੈਨੂੰ ਅੱਖਾਂ ਵਿਚ ਨੀਂਦ ਨਹੀਂ ਆਉਂਦੀ, ਅਤੇ ਅੰਨ ਪਾਣੀ ਛਕਣਾ ਭੀ ਨਹੀਂ ਭਾਉਂਦਾ।

ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥

ਅੰਨ ਪਾਣੀ ਛਕਣਾ ਭਾਉਂਦਾ ਨਹੀਂ ਹੈ, ਤੇਰੇ ਵਿਜੋਗ ਕਰਕੇ ਹਾਵੈ=ਹਾਉਕਿਆਂ ਭਾਵ ਝੋਰਿਆਂ ਵਿਚ ਮਰਨਾ ਹੁੰਦਾ ਹੈ, ਹੇ ਪਿਰੀ ! ਆਪ ਜੀ ਤੋਂ ਬਿਨਾਂ ਕਿਵੇਂ ਸੁਖ ਪਾਉਣਾ ਕਰਾਂ।

[ਪੰਨਾ ੨੪੫]

ਗੁਰ ਆਗੈ ਕਰਉ ਬਿਨੰਤੀ

ਹੇ ਪ੍ਰਭੂ ! ਤੇਰੇ ਮਿਲਾਪ ਲਈ ਮੈਂ ਗੁਰਾਂ ਅਗੇ ਬੇਨਤੀ ਕਰਦੀ ਹਾਂ,

ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥

ਹੇ ਗੁਰੋ ! ਜੇ ਆਪ ਜੀ ਨੂੰ ਭਾਵੇ, ਤਾਂ ਜਿਸ ਤਰ੍ਹਾਂ ਉਹ ਪਰਮਾਤਮਾ ਮਿਲੇ ਉਸੇ ਤਰ੍ਹਾਂ ਆਪ ਮਿਲਾਵਣਾ ਕਰੋ।

ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥

ਸੁਖਦਾਤਾ ਪਰਮਾਤਮਾ ਆਪ ਜਿਸ ਨੂੰ ਗੁਰਾਂ ਨਾਲ ਮੇਲ ਲੈਂਦਾ ਹੈ, ਤਿਨ੍ਹਾਂ ਦੇ ਘਰਿ=ਹਿਰਦੇ ਵਿਚ ਆਪ ਹੀ ਆ ਕੇ ਮਿਲਦਾ ਹੈ।

ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥ ੪ ॥ ੨ ॥

ਗੁਰੂ ਜੀ ਕਹਿੰਦੇ ਹਨ-ਉਹ ਜੀਵ ਰੂਪੀ ਇਸਤ੍ਰੀ ਸਦਾ ਹੀ ਸੁਹਾਗਣ ਹੈ, ਕਿਉਂਕਿ ਪਰਮੇਸ਼ਰ ਪਤੀ ਨਾ ਮਰਦਾ ਹੈ ਨਾ ਹੀ ਕਿਤੇ ਜਾਂਦਾ ਹੈ॥ ੪ ॥ ੨ ॥

ਗਉੜੀ ਮਹਲਾ ੩ ॥ ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥

ਮੁਤੇ ਸਿਧ ਹਰੀ ਦੇ ਸ੍ਰੇਸ਼ਟ ਪ੍ਰੇਮ ਕਰਕੇ ਜੀਵ ਰੂਪੀ ਇਸਤ੍ਰੀ ਹਰੀ ਰਸ ਵਿਚ ਬੇਧੀ=ਤਦਾਕਾਰ ਹੋਈ ਹੈ।

ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥

ਸਹਜੇ ਹੀ ਦੁਬਿਧਾ ਦੇ ਸਮਾਏ=ਅਭਾਵ ਹੋਣ ਕਰਕੇ, ਮੋਹਨਿ=ਪਰਮਾਤਮਾ ਨੇ ਮਨ ਨੂੰ ਮੋਹ ਲੈਣਾ ਕੀਤਾ ਹੈ।

ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥

ਗੁਰ ਸਿਖਿਆ ਵਿਚ ਪ੍ਰੇਮ ਲਗਾਕੇ ਸਹਜੇ ਹੀ ਦੁਬਿਧਾ ਦੇ ਅਭਾਵ ਹੋਣ ਨਾਲ ਜੀਵ ਰੁਪੀ ਇਸਤ੍ਰੀ ਨੇ ਪਤੀ ਪਰਮਾਤਮਾ ਨੂੰ ਪਾਵਣਾ ਕੀਤਾ ਹੈ।

ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ॥

ਇਹ ਸਰੀਰ ਅਗੇ ਹੀ ਗਲ ਤਕ ਝੂਠ ਅਤੇ ਕੁਸਤਿ=ਕੁਹੱਠ ਨਾਲ ਭਰਿਆ ਹੋਇਆ ਹੈ ਉਤੋਂ ਹੋਰ ਪਾਪ ਕਰਮਾਂ ਨੂੰ ਕਮਾ ਰਿਹਾ ਹੈ।

ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ॥ ੧॥

ਗੁਰਾਂ ਦੁਆਰੇ ਭਗਤੀ ਕਰੇ ਜਿਸ ਕਰਕੇ ਸ਼ਾਂਤੀ ਦਾਇਕ ਧੁਨਿ=ਬਾਣੀ ਉਤਪੰਨ ਹੁੰਦੀ ਹੈ।

ਭਗਤੀ ਕੀਤੇ ਬਗੈਰ ਰਾਗ ਦ੍ਵੈਖ ਵਾ:-ਪਾਪਾਂ ਰੂਪੀ ਮੈਲ ਨਹੀ ਜਾਂਦੀ।

ਗੁਰੂ ਜੀ ਕਹਿੰਦੇ ਹਨ-ਉਹ ਕਾਮਣਿ=ਇਸਤਰੀ ਪਤੀ ਪਰਮਾਤਮਾ ਨੂੰ ਪਿਆਰੀ ਲਗੀ ਹੈ ਜਿਸਨੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗਵਾਇਆ ਹੈ॥ ੧॥

ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ॥

ਉਹ ਕਾਮਣੀ ਨੇ ਪਤੀ ਪਰਮਾਤਮਾ ਨੂੰ ਪਾਇਆ ਹੈ,

ਜਿਸਨੇ ਪਿਆਰੇ ਗੁਰਾਂ ਵਿਚ ਭਾਇ ਪ੍ਰੇਮ ਕੀਤਾ ਹੈ।

ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ॥

ਉਹ ਜੀਵ ਰੂਪ ਇਸਤ੍ਰੀ ਅਵੱਸਥਾ ਰੂਪੀ ਰਾਤ ਵਿਚ ਸੁਖ ਪੂਰਬਕ ਸੁਤੀ ਹੈ,

ਜਿਸਨੇ ਹਿਰਦੇ ਅੰਦਰ ਵਾਹਿਗੁਰੂ ਨੂੰ ਧਾਰਿਆ ਹੈ।

ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ॥

ਗੁਰ ਉਪਦੇਸ਼ ਨੂੰ ਹਿਰਦੇ ਅੰਦਰ ਧਾਰਕੇ ਪਿਆਰੇ ਪਰਮਾਤਮਾ ਨਾਲ ਮਿਲਣਾ ਕਰੀਏ, ਜਿਹੜੇ ਉਸ ਨਾਲ ਮਿਲੇ ਹਨ ਉਨ੍ਹਾਂ ਨੇ ਰਾਤ ਦਿਨ ਦੇ ਦੁਖ ਨਵਿੰਰਤ ਕਰ ਲੀਤੇ ਹਨ। ਗੁਰ ਸਿਖਿਆ ਦੇ ਵਿਚਾਰ ਦੁਆਰਾ ਕਾਮਣੀ ਨੂੰ ਚਾਹੀਦਾ ਹੈ ਮਹਲੁ=ਅੰਤਹਕਰਣ ਦੇ ਅੰਦਰ ਪਿਰੀ ਨੂੰ ਰਾਵਣਾ ਕਰੇ।

ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ॥

ਜਿਸਨੇ ਰਾਤ ਦਿਨੇ ਨਾਮ ਰੂਪੀ ਅੰਮ੍ਰਿਤ ਪੀਤਾ ਹੈ, ਉਸ ਨੇ ਮਾਰਨੇ ਯੋਗ ਦੁਬਿਧਾ ਨੂੰ ਨਵਿਰਤ ਕਰ ਦਿੱਤਾ ਹੈ।

ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ॥ ੨॥

ਗਰੂ ਜੀ ਕਥਨ ਕਰਦੇ ਹਨ-ਗੁਰਾਂ ਵਿਚ ਅਪਾਰੇ ਹੇਤਿ=ਬਿਅੰਤ ਪਰੇਮ ਧਾਰਕੇ ਉਹ ਸੁਹਾਗਣ ਸਚੇ ਪਰਮਾਤਮਾ ਨੂੰ ਮਿਲੀ ਹੈ॥ ੨॥

ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ॥

ਹੇ ਮੇਰੇ ਅਤਿਅੰਤ ਪਿਆਰੇ ਪ੍ਰੀਤਮ ਪ੍ਰਭੂ ! ਦਇਆ ਕਰਕੇ ਮੇਰੇ ਹਿਰਦੇ ਘਰ ਵਿਚ ਆਵੋ।

ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ॥

ਸਚੇ ਗੁਰਾਂ ਦਾ ਸਬਦਿ=ਉਪਦੇਸ਼ ਰੂਪੀ ਸ਼ਿੰਗਾਰ ਕਰਕੇ ਮੈਂ ਕਾਮਣਿ=ਜੀਵ ਰੂਪੀ ਇਸਤਰੀ ਬੇਨਤੀ ਕਰਦੀ ਹਾਂ।

ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ॥

ਸਚੇ ਉਪਦੇਸ਼ ਰੂਪੀ ਸ਼ਿੰਗਾਰ ਨੂੰ ਕਰਕੇ ਹੰਗਤਾ ਮਮਤਾ ਨੂੰ ਮਾਰਨਾ ਕਰੇ, ਅਤੇ ਗੁਰਾਂ ਦੁਆਰੇ ਮੁਕਤੀ ਰੂਪੀ ਕਾਰਜ ਨੂੰ ਸਵਾਰੇ।

ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ॥

ਜੁਗਾਂ ਜੁਗਾਂ ਵਿਚ ਜੋ ਇਕ ਸਚਾ ਪਰਮਾਤਮਾ ਹੈ ਉਸ ਨੂੰ ਗੁਰਾਂ ਦੇ ਵਿਚਾਰ ਦੁਆਰਾ ਬੁਝਣਾ ਕਰੇ।

ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ॥ ੩॥

ਮਨਮੁਖ ਇਸਤਰੀ ਕਾਮਦੇਵ ਆਦਿਕ ਵਿਕਾਰਾਂ ਵਿਚ ਵਿਆਪੀ ਹੋਈ, ਅਤੇ ਮੋਹ ਦੀ ਸੰਤਾਪੀ=ਪੀੜਤ ਹੋਈ ਹੋਈ ਕਿਸ ਦੇ ਅਗੇ ਜਾ ਕੇ ਪੁਕਾਰਨਾ ਕਰੇ। ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਵਿਚ ਅਤਿਅੰਤ ਪਿਆਰ ਕੀਤੇ ਤੋਂ ਬਿਨਾਂ ਮਨਮੁਖ ਇਸਤਰੀ ਸਰੂਪ ਥਾਂ ਨੂੰ ਨਹੀਂ ਪਾ ਸਕਦੀ॥ ੩॥

ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮ ਅਪਾਰਾ॥
ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ॥

ਇਹ ਜਗਿਆਸੂ ਰੂਪੀ ਮੁੰਧ=ਇਸਤ੍ਰੀ, ਇਆਣੀ=ਅਗਿਆਤ ਭੋਲੇ ਸੁਭਾਅ ਵਾਲੀ ਸ਼ੁਭ ਗੁਣਾਂ ਤੋਂ ਰਹਿਤ ਹੈ, ਤੇ ਪਤੀ ਪਰਮਾਤਮਾ ਅਗਮ ਅਪਾਰਾ=ਬਿਅੰਤ ਤੋਂ ਬਿਅੰਤ ਹੈ ਕਿਵੇਂ ਮਿਲਾਪ ਹੋ ਸਕੇ। ਆਪ ਹੀ ਜਿਸਨੂੰ ਸਤਿਸੰਗ, ਵਾ:-ਗੁਰਾਂ ਦੇ ਮੇਲ ਨਾਲ ਮਿਲਾਂਵਦਾ ਹੈ, ਉਸ ਨੂੰ ਆਪ ਹੀ ਬਖਸ਼ਣੇ ਵਾਲਾ ਹੈ।

ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ॥
ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ ਬੁਝਾਈ॥

ਪਿਆਰਾ ਕੰਤੁ=ਪਤੀ ਪਰਮਾਤਮਾ ਕਾਮਣਿ=ਇਸਤ੍ਰੀਆਂ ਦੇ ਔਗੁਣਾਂ ਨੂੰ ਬਖਸ਼ਣ ਵਾਲਾ ਹੈ ਤੇ ਸਾਰੇ ਘਟਾਂ ਘਟਾਂ ਵਿਚ ਸਮਾ ਰਿਹਾ ਹੈ। ਪ੍ਰੇਮੀਆਂ ਵਿਚ ਜਿਸ ਦੀ ਪ੍ਰੀਤੀ ਹੈ ਉਹ ਪਰਮਾਤਮਾ ਭਾਇ ਭਗਤੀ=ਪ੍ਰੇਮਾ ਭਗਤੀ ਦੇ ਕਰਨ ਨਾਲ ਪਾਈਦਾ ਹੈ, ਇਹ ਬੂਝ=ਸਿਖਿਆ ਸਤਿਗੁਰਾਂ ਨੇ ਬੁਝਾਈ=ਸਮਝਾਈ ਹੈ।

ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ ਲਾਈ॥

ਉਹ ਇਸਤ੍ਰੀ ਦਿਨੇ ਰਾਤੀ ਸਦਾ ਆਨੰਦ ਰਹਿੰਦੀ ਹੈ,
ਜੋ ਰਾਤ ਦਿਨੇਂ ਪਰਮਾਤਮਾ ਵਿਚ ਬਿਰਤੀ ਲਗਾ ਰਹਿੰਦੀ ਹੈ।

ਨਾਨਕ ਸਹਜੇ ਹਰਿ ਵਰੁ ਪਾਇਆ ਸਾ ਧਨ ਨਉ ਨਿਧਿ ਪਾਈ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜਿਸਨੇ ਸਹਜੇ=ਗਿਆਨ ਦੁਆਰਾ ਸੁਤੇਸਿਧ ਹੀ ਹਰੀ ਰੂਪ ਪਤੀ ਨੂੰ ਪਾਇਆ ਹੈ, ਉਸ ਧਨ=ਇਸਤ੍ਰੀ ਨੇ ਨੌਂਨਿਧੀ ਭੀ ਪਾ ਲਈ ਹੈ॥ ੪ ॥ ੩ ॥

ਗਉੜੀ ਮਹਲਾ ੩ ॥

ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥

ਪ੍ਰਸ਼ਨ-ਸੰਸਾਰ ਰੂਪ ਸਰੁ=ਸਰੋਵਰ ਵਿਚ ਮਾਇਆ ਸ+ਬਲੁ=ਸਹਿਤ ਬਲ ਦੇ ਵਰਤ ਰਹੀ ਹੈ,

ਵਾ:-ਸੱਬਲ ਦੀ ਨਿਆਈਂ ਕਟਨੇ ਵਾਲੀ ਮਾਇਆ ਸੰਸਾਰ ਸਰੋਵਰ ਵਿਚ ਵਰਤ ਰਹੀ ਹੈ। ਇਸ ਲਈ ਦੁਤਰੁ=ਕਠਨ ਸੰਸਾਰ ਤੋਂ ਕਿਸ ਤਰ੍ਹਾਂ ਤਰਿਆ ਜਾਵੇ?

ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ॥

ਉੱਤਰ:- ਹੇ ਪੁਰਸ਼ਾ ! ਰਾਮ ਨਾਮ ਨੂੰ ਬੋਹਿਥਾ=ਜਹਾਜ਼ ਬਨਾਉਣਾ ਕਰ ਅਤੇ ਸ਼ਬਦ ਦਾਤੇ ਗੁਰਾਂ ਨੂੰ ਵਿਚ ਖੇਵਟੁ=ਮਲਾਹ ਪਾਉਣਾ ਕਰ। ਜੋ ਸ਼ਬਦ ਰੂਪੀ ਅਨਕੂਲੀ ਪੌਣ ਦੇ ਕੇ ਪਾਰ ਕਰਦੇ ਹਨ।

ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ ॥

ਸ਼ਬਦ ਦਾਤੇ ਗੁਰਾਂ ਨੂੰ ਵਿਚ ਖੇਵਟੁ=ਮਲਾਹ ਪਾਉਣੇ ਕਰਕੇ ਹਰੀ ਆਪ ਹੀ ਜੀਵ ਨੂੰ ਸੰਸਾਰ ਸਮੁੰਦ੍ਰ ਤੋਂ ਪਾਰ ਲੰਘਾਉਂਦਾ ਹੈ। ਇਸ ਵਿਧੀ ਕਰਕੇ ਦੁਤਰੁ=ਕਠਨ ਸੰਸਾਰ ਤੋਂ ਤਰੀਦਾ ਹੈ।

ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ ॥

ਗੁਰਾਂ ਦੁਆਰੇ ਈਸ਼ਵਰ ਦੀ ਭਗਤੀ ਕਰਨੀ ਪ੍ਰਾਪਤ ਹੋਵੇ, ਤਾਂ ਇਸ ਵਜ੍ਹਾ ਨਾਲ ਜੀਵਤ ਭਾ ਤੋਂ ਮਰੀਦਾ ਹੈ।

ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ ਭਏ ਪਵਿਤੁ ਸਰੀਰਾ ॥

ਰਾਮ ਦਾ ਨਾਮ ਇਕ ਖਿਨ ਵਿਚ ਕਿਲਵਿਖ=ਪਾਪਾਂ ਨੂੰ ਕੱਟਦਾ ਹੈ, ਅਤੇ ਰਾਮ ਨਾਮ ਜਪਣੇ ਕਰਕੇ ਪ੍ਰਤੱਖ ਸਰੀਰ, ਵਾ:-ਅੰਤਹਕਰਣ ਪਵਿੱਤਰ ਹੁੰਦਾ ਹੈ।

ਨਾਨਕ ਰਾਮ ਨਾਮਿ ਨਿਸਤਾਰਾ ਕੰਚਨ ਭਏ ਮਨੂਰਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਰਾਮ ਨਾਮ ਜਪਣੇ ਕਰਕੇ ਤਰਨਾ ਹੁੰਦਾ ਹੈ, ਜੋ ਮਨੂਰਾ=ਲੋਹੇ ਦੀ ਮੈਲ ਵਾਂਗੂੰ ਨਿਕੰਮੇ ਸਨ ਉਹ ਵੀ ਰਾਮ ਨਾਮ ਜਪ ਕੇ ਸੋਨੇ ਵਾਂਗੂੰ ਸ਼ੁਧ ਹੋ ਗਏ ਹਨ॥ ੧ ॥

[ਪੰਨਾ ੨੪੬]

ਇਸਤਰੀ ਪੁਰਖ ਕਾਮਿ ਵਿਆਪੇ ਜੀਉ

ਜਿਸ ਕਰਕੇ ਸਭ ਇਸਤ੍ਰੀ ਪੁਰਸ਼ ਕਾਮ ਚੇਸ਼ਟਾ, ਵਾ:-ਕਾਮਨਾ ਵਿਚ ਵਿਆਪੇ=ਲਗੇ ਹੋਏ ਹਨ,

ਰਾਮ ਨਾਮ ਕੀ ਬਿਧਿ ਨਹੀ ਜਾਣੀ ॥

ਇਸ ਲਈ ਰਾਮ ਨਾਮ ਜਪਣ ਦੀ ਵਿਧੀ ਕਿਸੇ ਨੇ ਭੀ ਨਹੀਂ ਜਾਨਣਾ ਕੀਤੀ।

ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ॥

ਮਾਤਾ, ਪਿਤਾ, ਪੁੱਤਰ, ਅਤੇ ਭਰਾ ਇਤਿਆਦਿਕ ਸਨਬੰਧੀ ਇਸਨੂੰ ਖਰੇ=ਚੰਗੇ ਪਿਆਰੇ ਲਗ ਰਹੇ ਹਨ, ਇਸੀ ਕਰਕੇ ਜੁਲਾਹਿਆਂ ਵਾਂਗੂੰ ਪਾਣੀ ਤੋਂ ਬਿਨਾਂ ਹੀ ਡੁਬ ਕੇ ਮਰ ਗਏ, ਅਰਥਾਤ ਪਦਾਰਥਾਂ ਦੀ ਪ੍ਰਾਪਤੀ ਹੋਈ ਭੀ ਕੋਈ ਨਾ, ਪਰ ਵਿਚੇ ਭਟਕ ਭਟਕ ਕੇ ਮਰ ਗਏ।

ਵਾ:-ਨਾਮ ਰੂਪੀ ਜਲ ਤੋਂ ਬਿਨਾਂ ਸੰਸਾਰ ਸਾਗਰ ਵਿਚ ਡੁਬਕੇ ਮਰ ਗਏ।

ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ॥

ਨਾਮ ਜਲ ਤੋਂ ਬਿਨਾਂ ਸੰਸਾਰ ਸਮੁੰਦ੍ਰ ਵਿਚ ਡੁਬਕੇ ਮਰ ਗਏ, ਪਰਮੇਸ਼ਰ ਦੀ ਗਤਿ=ਪ੍ਰਾਪਤੀ ਨਾ ਜਾਣੀ, ਹੰਗਤਾ ਮਮਤਾ ਕਰਕੇ ਸੰਸਾਰ ਵਿਚ ਧਾਤੁ=ਦੌੜਦੇ ਫਿਰਦੇ ਹਨ।

ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ॥
ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ॥

ਇਸ ਸੰਸਾਰ ਵਿਚ ਜੋ ਆਇਆ ਹੈ ਸੋ ਸਭ ਨੇ ਚਲਿਆ ਜਾਣਾ ਹੈ, ਜਿਹੜੇ ਗੁਰਉਪਦੇਸ਼ ਨੂੰ ਵਿਚਾਰਦੇ ਹਨ ਉਹ ਉਬਰੇ=ਬਚੇ ਹਨ। ਜੋ ਗੁਰਮੁਖ ਹੋ ਕੇ ਰਾਮ ਨਾਮ ਨੂੰ ਕਥਨ ਕਰਦੇ ਹਨ, ਉਹ ਆਪ ਤਰਦੇ ਹਨ ਅਤੇ ਆਪਣੀਆਂ ਕੁਲਾਂ ਨੂੰ ਤਾਰਦੇ ਹਨ।

ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਜਿਸ ਦੇ ਘਟ ਅੰਦਰ ਵਾਹਿਗੁਰੂ ਨਾਮ ਵਸਦਾ ਹੈ, ਉਹ ਗੁਰਮਤੀਏ ਪਿਆਰੇ=ਪਰਮੇਸ਼ਰ ਨਾਲ ਮਿਲੇ ਹਨ॥ ੨॥

ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ ਬਾਜੀ ਹੈ ਸੰਸਾਰਾ॥
ਦ੍ਰਿੜੁ ਭਗਤਿ ਸਚੀ ਜੀਉ ਰਾਮੁ ਨਾਮੁ ਵਾਪਾਰਾ॥

ਰਾਮ ਹੈ ਨਾਮ ਜਿਸ ਦਾ ਐਸਾ ਜੋ ਪਰਮੇਸ਼ਰ ਹੈ ਉਸ ਤੋਂ ਬਿਨਾਂ ਹੋਰ ਕੋਈ ਇਸਥਿਤ ਨਹੀਂ

ਇਹ ਸੰਸਾਰ ਬਾਜੀਗਰ ਦੀ ਬਾਜੀ ਵਾਂਗੂੰ ਮਿਥਿਆ ਹੈ। ਇਸ ਲਈ ਹੇ ਭਾਈ ! ਤੁਸੀਂ ਸਚੀ ਭਗਤੀ ਨੂੰ ਦ੍ਰਿੜ੍ਹ ਕਰੋ, ਅਤੇ ਰਾਮ ਨਾਮ ਦਾ ਵਾਪਾਰ ਕਰੋ।

ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ॥
ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ॥

ਅਗਮ ਅਪਾਰ ਪਰਮੇਸ਼ਰ ਦੇ ਰਾਮ ਨਾਮ ਦਾ ਵਾਪਾਰ ਕਰੋ, ਅਤੇ ਗੁਰ ਸਿਖਿਆ ਦੁਆਰੇ ਆਤਮ ਧਨ ਨੂੰ ਪਾਉਣਾ ਕਰੋ। ਸੇਵਾ ਵਿਚ ਜਿਹੜੀ ਸੁਰਤਿ=ਗਿਆਤ, ਵਾ:-ਸ੍ਰੇਸ਼ਟ ਪ੍ਰੀਤੀ ਕਰਨੀ ਹੈ, ਏਹੋ ਸਚੀ ਭਗਤੀ ਹੈ, ਇਸਨੂੰ ਕਰਕੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆਉਣਾ ਕਰੋ।

ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ॥
ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ॥ ੩॥

ਅਸੀਂ ਸ਼ੁਭਮਤੀ ਤੋਂ ਹੀਣ=ਰਹਿਤ, ਮੂਰਖ, ਮੁਗਧ=ਅਤਿਅੰਤ ਜੜ੍ਹ, ਅੰਧੇ ਅਗਿਆਨੀ ਸੀ, ਪਰ ਧੰਨ ਸਤਿਗੁਰੂ ਹਨ ਜਿਨ੍ਹਾਂ ਨੇ ਸਾਨੂੰ ਪਰਮੇਸ਼ਰ ਪ੍ਰਾਪਤੀ ਦੇ ਰਸਤੇ ਪਾਇਆ ਹੈ। ਗੁਰੂ ਜੀ ਕਥਨ ਕਰਦੇ ਹਨ-ਮੁਖ ਗੁਰਾਂ ਦੇ ਸੁਹਾਵੇ ਸ਼ਬਦ ਦੁਆਰਾ ਰਾਤ ਦਿਨੇ ਹਰੀ ਗੁਣਾਂ ਨੂੰ ਗਾਇਣ ਕਰੇ॥ ੩॥

ਆਪਿ ਕਰਾਂਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ॥
ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ॥

ਉਹ ਪਰਮੇਸ਼ਰ ਆਪ ਹੀ ਜੀਵਾਂ ਨੂੰ ਉਤਪਤ ਕਰਦਾ ਹੈ, ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈ, ਫਿਰ ਆਪ ਹੀ ਗੁਰ ਉਪਦੇਸ਼ ਦੇ ਕੇ ਗੁਰਮੁਖਾਂ ਦੇ ਅੰਤਹਕਰਣ ਸਵਾਰੇ ਹਨ। ਆਪ ਸਤਿਗੁਰੂ ਰੂਪ ਹੈ, ਆਪ ਹੀ ਸਬਦੁ=ਉਪਦੇਸ਼ ਰੂਪ ਹੈ, ਜੁਗਾਂ ਜੁਗਾਂ ਵਿਚ ਉਸਨੂੰ ਆਪਣੇ ਭਗਤ ਪਿਆਰੇ ਹਨ।

ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀ ਲਾਏ॥
ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਏ॥

ਜੁਗਾਂ ਜੁਗਾਂ ਵਿਚ ਉਸ ਨੂੰ ਭਗਤੀ ਕਰਨ ਵਾਲੇ ਭਗਤ ਪਿਆਰੇ ਹਨ, ਹਰੀ ਨੇ ਆਪ ਹੀ ਭਗਤ ਸਵਾਰੇ ਹਨ, ਆਪ ਹੀ ਉਸ ਨੇ ਭਗਤੀ ਵਿਚ ਲਗਾਏ ਹਨ। ਆਪ ਹੀ ਦਾਨਾ=ਦਨਾਈ ਵਾਲਾ ਭਾਵ ਅਕਲ ਵਾਲਾ, *ਅਥਵਾ:*-ਜਾਨਣ ਵਾਲਾ ਹੈ, ਤੇ ਆਪ ਹੀ ਬੀਨਾ=ਦ੍ਰਿਸ਼ਟਾ ਅਰਥਾਤ ਦੇਖਣ ਵਾਲਾ ਹੈ, ਆਪ ਹੀ ਆਪਣੀ ਸੇਵਾ ਨੂੰ ਸੇਵਕਾਂ ਪਾਸੋਂ ਕਰਾਉਂਦਾ ਹੈ।

ਆਪੇ ਗੁਣਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ॥
ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ॥ ੪॥ ੪॥

ਆਪ ਹੀ ਗੁਣ ਦਾਤਾ ਪਰਮੇਸ਼ਰ ਦਾਸਾਂ ਦੇ ਹਿਰਦੇ ਵਿਚ ਨਾਮ ਵਸਾ ਕੇ ਉਨ੍ਹਾਂ ਦੇ ਔਗੁਣਾਂ ਨੂੰ ਕੱਟਦਾ ਹੈ। ਗੁਰੂ ਜੀ ਕਹਿੰਦੇ ਹਨ, ਅਸੀਂ ਸਚੇ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦੇ ਹਾਂ, ਜੋ ਆਪ ਹੀ ਸਭ ਕੁਝ ਕਰਦਾ ਤੇ ਕਰਾਉਂਦਾ ਹੈ॥ ੪॥ ੪॥

ਗਉੜੀ ਮਹਲਾ ੩॥

ਗੁਰ ਕੀ ਸੇਵਾ ਕਰਿ ਪਿਰਾ ਜੀਉ ਹਰਿ ਨਾਮੁ ਧਿਆਏ॥
ਮੰਞਹੁ ਦੂਰਿ ਨ ਜਾਹਿ ਪਿਰਾ ਜੀਉ ਘਰਿ ਬੈਠਿਆ ਹਰਿ ਪਾਏ॥

ਜਿਸ ਤਰ੍ਹਾਂ ਮਦੋਦਰੀ ਨੇ ਆਪਣੇ ਪਤੀ ਰਾਵਣ ਨੂੰ ਉਪਦੇਸ਼ ਦਿਤਾ ਸੀ ਹੁਣ ਉਸੇ ਤਰ੍ਹਾਂ ਸ਼ੁਧ ਬੁੱਧੀ, 'ਜੀਵ ਨੂੰ ਉਪਦੇਸ਼ ਦੇਂਦੀ ਹੈ'। ਹੇ ਪਤੀ ਜੀ ! ਤੂੰ ਗੁਰਾਂ ਦੀ ਸੇਵਾ ਕਰ, ਅਤੇ ਹਰੀ ਨਾਮ ਨੂੰ ਧਿਆਉਣਾ ਕਰ। ਹੇ ਪਤੀ ਜੀ ! ਤੂੰ ਮੰਞਹੁ=ਮੇਰੇ ਤੋਂ ਦੂਰ ਨਾ ਜਾਣਾ ਕਰ, ਭਾਵ ਅੰਤਰਮੁਖ ਬਿਰਤੀ ਕਰ। ਤਦ ਤੂੰ ਘਰ ਬੈਠਿਆਂ ਹੀ ਭਾਵ ਸਰੀਰ ਦੇ ਵਿਚ ਰਹਿੰਦਿਆਂ ਹੀ ਹਰੀ ਨੂੰ ਪਾ ਲਵੇਂਗਾ।

ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ ਸਹਜੇ ਸਤਿ ਸੁਭਾਏ॥
ਗੁਰ ਕੀ ਸੇਵਾ ਖਰੀ ਸੁਖਾਲੀ ਜਿਸ ਨੋ ਆਪਿ ਕਰਾਏ॥

ਘਰਿ=ਬੈਠਿਆਂ ਸਰੀਰ ਦੇ ਵਿਚ ਰਹਿੰਦਿਆਂ ਹੀ ਹਰੀ ਨੂੰ ਪਾ ਲਵੇਂਗਾ, ਤਾਂਥੇ ਤੂੰ ਸਦਾ ਹੀ ਚਿਤ ਬਿਰਤੀ ਨੂੰ ਲਗਾ ਕੇ ਸੁਤੇਸਿਧ ਸਤਿ ਸਰੂਪ ਪਰਮਾਤਮਾ ਵਿਚ ਸੁ+ਭਾਏ=ਸ੍ਰੇਸ਼ਟ ਪ੍ਰੇਮ ਕਰ। ਗੁਰਾਂ ਦੀ ਸੇਵਾ ਕਰਣੇ ਨੂੰ ਬੜੀ ਕਠਨ ਹੈ ਪਰ ਫਲ ਦੇਣ ਨੂੰ ਚੰਗੀ ਸੁਖਾਲੀ=ਸੁਖੈਣ, ਵਾ:-ਸੁਖਾਂ ਦਾ ਘਰ ਹੈ। ਪਰ ਜਿਸ ਦੇ ਪਾਸੋਂ ਆਪ ਪਰਮੇਸ਼ਰ ਕਰਵਾਉਂਦਾ ਹੈ ਓਹੀ ਪੁਰਸ਼ ਸੇਵਾ ਕਰਦਾ ਹੈ।

ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ॥
ਨਾਨਕ ਸਚਿ ਨਾਮਿ ਵਡਿਆਈ ਪੂਰਬਿ ਲਿਖਿਆ ਪਾਏ॥ ੧॥

ਨਾਮ ਰੂਪ ਬੀਜ ਨੂੰ ਬੀਜੇ ਤਾਂ ਨਾਮ ਹੀ ਜੰਮਦਾ, ਭਾਵ ਵਧੀਕ ਨਾਮ ਦਾ ਅਭਿਆਸ ਵਧਦਾ ਹੈ। ਇਸ ਲਈ ਨਾਮ ਨੂੰ ਹੀ ਮਨ ਵਿਚ ਵਸਾਉਣਾ ਕਰੇ। ਗੁਰੂ ਜੀ ਕਹਿੰਦੇ ਹਨ-ਸਚ ਨਾਮ ਜਪਣ ਕਰਕੇ ਵਡਿਆਈ ਮਿਲਦੀ ਹੈ, ਪਰ ਨਾਮ ਨੂੰ ਸਾਰੇ ਮਨੁੱਖ ਪੂਰਬਲੇ ਲੇਖਾਂ ਦੇ ਲਿਖੇ ਅਨੁਸਾਰ ਪਾਉਂਦੇ ਹਨ॥ ੧॥

ਹਰਿ ਕਾ ਨਾਮੁ ਮੀਠਾ ਪਿਰਾ ਜੀਉ ਜਾ ਚਾਖਹਿ ਚਿਤੁ ਲਾਏ॥
ਰਸਨਾ ਹਰਿ ਰਸੁ ਚਾਖੁ ਮੁਖੇ ਜੀਉ ਅਨ ਰਸ ਸਾਦ ਗਵਾਏ॥

ਹੇ ਪਤੀ ਜੀ ! ਹਰੀ ਦਾ ਨਾਮ ਬੜਾ ਮਿੱਠਾ ਹੈ, ਜਾਂ ਤੂੰ ਚਿਤ ਬਿਰਤੀ ਨੂੰ ਲਗਾ ਕੇ ਚਾਖਹਿ=ਧਾਰੇਂ ਤਾਂ ਤੈਨੂੰ ਅਨੰਦ ਪ੍ਰਾਪਤ ਹੋਵੇ। ਹੇ *ਮੁਖੇ=ਪਿਆਰੇ ਪਤੀ ਜੀ ! ਅਨ ਰਸ=ਹੋਰ ਰਸਾਂ ਦੇ ਸੁਆਦ ਗੁਆ ਕੇ ਰਸਨਾਂ ਕਰਕੇ ਹਰੀ ਨਾਮ ਰਸ ਨੂੰ ਚਖਣਾ ਕਰ।

ਸਦਾ ਹਰਿ ਰਸੁ ਪਾਏ ਜਾ ਹਰਿ ਭਾਏ ਰਸਨਾ ਸਬਦਿ ਸੁਹਾਏ॥
ਨਾਮੁ ਧਿਆਏ ਸਦਾ ਸੁਖੁ ਪਾਏ ਨਾਮਿ ਰਹੈ ਲਿਵ ਲਾਏ॥

ਜਾਂ ਤੂੰ ਹਰੀ ਨੂੰ ਭਾ ਜਾਵੇਂ, ਵਾ:-ਹਰੀ ਵਿਚ ਤੂੰ ਭਾਏ=ਪ੍ਰੇਮ ਕਰੇਂ ਤਾਂ ਸਦਾ ਹੀ ਹਰੀ ਰਸ ਨੂੰ ਪਾਏਂਗਾ, ਰਸਨਾਂ ਗੁਰ ਉਪਦੇਸ਼ ਕਰਕੇ ਹੀ ਸੋਭਨੀਕ ਹੁੰਦੀ ਹੈ। ਜੇ ਨਾਮ ਨੂੰ ਧਿਆਵੇਂ, ਤਾਂ ਸਦਾ ਹੀ ਸੁਖ ਨੂੰ ਪਾਏਂਗਾ, ਤਾਂਤੇ ਨਾਮੀ ਵਿਚ ਲਿਵ ਲਗਾ ਰਹਿਣਾ ਕਰ।

ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ॥
ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ॥ ੨॥

ਨਾਮੀ ਦੇ ਸੰਕਲਪ ਕਰਕੇ ਹੀ ਜਗਤ ਉਤਪੰਨ ਹੁੰਦਾ ਹੈ, ਨਾਮੀ ਦੇ ਸੰਕਲਪ ਕਰਕੇ ਹੀ ਜਗਤ ਨਾਸ ਹੁੰਦਾ ਹੈ। ਵਾ:-ਨਾਮ ਕਰਕੇ ਹੀ ਸ਼ੁਭ ਗੁਣ ਉਤਪੰਨ ਹੁੰਦੇ ਹਨ, ਅਤੇ ਨਾਮ ਕਰਕੇ ਹੀ ਅਸ਼ੁਭ ਗੁਣ ਨਾਸ ਹੁੰਦੇ ਹਨ। ਨਾਮ ਕਰਕੇ ਹੀ ਸਚ ਸਰੂਪ ਪਰਮਾਤਮਾ ਵਿਚ ਸਮਾਉਂਦਾ ਹੈ। ਗੁਰੂ ਜੀ ਕਹਿੰਦੇ ਹਨ-ਗੁਰ ਸਿੱਖਿਆ ਦੁਆਰੇ ਨਾਮ ਨੂੰ ਪਾਈਏ, ਤਾਂ ਉਹ ਪਰਮੇਸ਼ਰ ਆਪ ਹੀ ਆਪਣੇ ਨਾਲ ਲਵਾਏ=ਮੇਲ ਲੈਂਦਾ ਹੈ॥ ੨॥

ਏਹ ਵਿਡਾਣੀ ਚਾਕਰੀ ਪਿਰਾ ਜੀਉ ਧਨ ਛੋਡਿ ਪਰਦੇਸਿ ਸਿਧਾਏ॥
ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ॥

---

*ਸੰਪ੍ਰਦਾਇ ਰੀਤੀ ਅਨੁਸਾਰ "ਮੁਖੇ" ਦਾ ਅਰਥ ਪਿਆਰਾ ਹੈ ਇਹ ਬਾਂਗਰ ਦੇਸ਼ ਦੀ ਬੋਲੀ ਹੈ।

ਹੇ ਪਿਰਾ ਜੀਉ=ਪਤੀ ਜੀ ! ਗੁਰਾਂ ਦੀ ਚਾਕਰੀ ਛਡਕੇ ਏਹ ਜਿਹੜੀ ਵਿਡਾਣੀ=ਪਰਾਈ ਚਾਕਰੀ ਕਰਨੀ ਹੈ, ਤੇ ਧਨ=ਇਸਤ੍ਰੀ ਪੁਤ੍ਰ ਆਦਿਕਾਂ ਨੂੰ ਛੱਡ ਕੇ ਜਿਹੜਾ ਪਰਦੇਸ ਜਾਣਾ ਹੈ।

ਹੇ ਪਤੀ ਜੀ ! ਗੁਰਾਂ ਤੋਂ ਬਗੈਰ ਦੂਜੇ ਪੁਰਸ਼ ਦੀ ਚਾਕਰੀ ਕਰਨ ਨਾਲ ਕਿਸੇ ਨੇ ਸੁਖ ਨਹੀਂ ਪਾਇਆ। ਵਾ:-ਦੂਜੈ=ਦ੍ਵੈਤ ਭਾ ਵਿਚ ਲਗ ਕੇ ਕਿਸੇ ਨੇ ਸੁਖ ਨਹੀਂ ਪਾਇਆ, ਸਭ ਜੀਵ ਬਿਖਿਆ=ਮਾਇਆ ਦੇ ਲੋਭ ਵਿਚ ਲੁਭਾਏਮਾਨ ਹੋ ਰਹੇ ਹਨ।

ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ॥
ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ॥

ਬਿਖਿਆ=ਮਾਇਆ ਦੇ ਲੋਭ ਵਿਚ ਲੁਭਾਏਮਾਨ ਹੋ ਕੇ ਭਰਮ ਵਿਚ ਭੁਲੇ ਫਿਰਦੇ ਹਨ, ਉਹ ਭਲਾ ਕਿਸ ਤਰ੍ਹਾਂ ਸੁਖ ਪਾ ਸਕਦੇ ਹਨ। ਵਿਡਾਣੀ=ਪਰਾਈ ਚਾਕਰੀ ਖਰੀ ਦੁਖਾਲੀ=ਹਛੀ ਦੁਖਦਾਇਕ ਹੈ, ਜਿਸ ਚਾਕਰੀ ਵਿਚ ਧਰਮ ਗੁਆ ਕੇ ਆਪਣਾ ਆਪ ਵੇਚਣਾ ਪੈਂਦਾ ਹੈ।

[ਪੰਨਾ ੨੪੭]

ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ॥

ਨਾਸਵੰਤ ਹੋਣ ਕਰਕੇ ਮਾਇਆ=ਮਇਆਵਕੀ ਬੰਧਨ ਟਿਕਦੇ ਨਹੀਂ, ਇਸ ਲਈ ਇਸ ਜੀਵ ਨੂੰ ਖਿਨ ਖਿਨ ਕਾਲ ਵਿਚ ਦੁਖ ਸਤਾਉਂਦੇ ਹਨ।

ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਾਂ ਗੁਰ ਉਪਦੇਸ਼ ਵਿਚ ਚਿਤ ਨੂੰ ਲਗਾਉਣਾ ਕਰੇ ਤਾਂ ਹੀ ਮਾਇਆ ਦਾ ਦੁੱਖ ਨਵਿਰਤ ਹੁੰਦਾ ਹੈ॥ ੩॥

ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ॥
ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ॥

ਹੇ ਪਤੀ ਜੀ ! ਇਹ ਮਨਮੁਖ ਮੁਗਧ ਗਾਵਾਰੁ=ਚੰਡਾਲ ਹੋ ਰਿਹਾ ਹੈ, ਗੁਰ ਉਪਦੇਸ਼ ਨੂੰ ਮਨ ਵਿਚ ਨਹੀਂ ਵਸਾਉਂਦਾ। ਹੇ ਪਤੀ ਜੀ ! ਮਾਇਆ ਦਾ ਭਰਮ ਇਸ ਜੀਵ ਨੂੰ ਅੰਨ੍ਹਿਆਂ ਕਰਨ ਵਾਲਾ ਹੈ, ਇਸ ਕਰਕੇ ਹਰੀ ਦੇ ਰਸਤੇ ਨੂੰ ਇਹ ਕਿਵੇਂ ਪਾਉਣਾ ਕਰੇ?

ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ॥
ਹਰਿ ਕੇ ਚਾਕਰ ਸਦਾ ਸੁਹੇਲੇ ਗੁਰ ਚਰਣੀ ਚਿਤੁ ਲਾਏ॥

ਸਤਿਗਰਾਂ ਨੂੰ ਭਾਏ ਤੋਂ ਬਿਨਾਂ, ਵਾ:-ਸਤਿਗੁਰਾਂ ਵਿਚ ਭਾਏ=ਪ੍ਰੇਮ ਕੀਤੇ ਤੋਂ ਬਿਨਾਂ ਹਰੀ ਦੇ ਗਿਆਨ ਵੈਰਾਗ ਰੂਪੀ ਰਾਹ ਨੂੰ ਕਿਵੇਂ ਪਾ ਸਕਦਾ ਹੈ, ਮਨਮੁਖ ਪੁਰਸ਼ ਆਪਣੇ ਆਪ ਨੂੰ ਗਿਣਾਉਂਦਾ ਹੈ।

ਹਰੀ ਦੇ ਸੇਵਕ ਸਦਾ ਹੀ ਸੁਹੇਲੇ=ਸੁਖੀ ਹਨ, ਜੋ ਗੁਰਾਂ ਦੇ ਚਰਨਾਂ ਵਿਚ ਚਿਤ ਬਿਰਤੀ ਨੂੰ ਲਗਾਉਂਦੇ ਹਨ।

ਜਿਸ ਨੋ ਹਰਿ ਜੀਉ ਕਰੇ ਕਿਰਪਾ ਸਦਾ ਹਰਿ ਕੇ ਗੁਣ ਗਾਏ॥

ਨਾਨਕ ਨਾਮੁ ਰਤਨੁ ਜਗਿ ਲਾਹਾ ਗੁਰਮੁਖਿ ਆਪਿ ਬੁਝਾਏ॥ ੪ ॥ ੫ ॥ ੭ ॥

ਹਰਿ ਜੀਉ=ਪਰਮਾਤਮਾ ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਪੁਰਸ਼ ਸਦਾ ਹੀ ਹਰੀ ਦੇ ਗੁਣ ਗਾਉਂਦਾ ਹੈ। ਗੁਰੂ ਜੀ ਕਹਿੰਦੇ ਹਨ ਹੇ ਪੁਰਸ਼ਾ ! ਨਾਮ ਰੂਪ ਰਤਨ ਕਰਕੇ ਜਗਤ ਵਿਚ ਲਾਭ ਹੁੰਦਾ ਹੈ, ਪਰ ਮੁਖ ਗੁਰੂ ਆਪ ਸਮਝਾਉਣ ਤਾਂ ਨਾਮ ਮਿਲਦਾ ਹੈ॥ ੪॥ ੫॥ ੭॥

ਰਾਗੁ ਗਉੜੀ ਛੰਤ ਮਹਲਾ ੫

੧ਓ ਸਤਿਗੁਰ ਪ੍ਰਸਾਦਿ॥

ਇਸ ਛੰਤ ਦੁਆਰਾ ਜਗਿਆਸੂ ਪਰਮਾਤਮਾ ਦੇ ਸਨਮੁਖ ਬੇਨਤੀ ਕਰਦਾ ਹੈ।

ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ॥
ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ॥

ਹੇ ਮਹਾਰਾਜ ਜੀ ! ਮੇਰੇ ਮਨ ਵਿਚ ਵੈਰਾਗ, ਯਾਂ-ਪ੍ਰੇਮ ਹੋ ਗਿਆ ਹੈ, ਹੇ ਪ੍ਰਭੂ ਦਾਤੇ ! ਮੈਂ ਤੇਰਾ ਦਰਸ਼ਨ ਕਿਵੇਂ ਦੇਖਾਂ ?

ਹੇ ਮੇਰੇ ਹਰਿ ਜੀਉ ਮਿਤਰ ਇਸ ਲੋਕ ਦੇ, ਸਖਾ ਪ੍ਰਲੋਕ ਦੇ, ਗੁਰ=ਪੂਜਨੀਕ ਪੁਰਖ ਬਿਧਾਤੇ=ਫਲਬਰ ਦਾਤੇ।

ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ॥

ਹੇ ਅਕਾਲ ਪੁਰਖ ! ਬਿਧਾਤਾ=ਫਲਬਰ ਦਾਤਾ ਇਕ ਤੂੰਹੀਂ ਸ੍ਰੀ ਧਰੁ=ਮਾਇਆ ਦਾ ਆਸਰਾ,

ਵਾ:-ਸ੍ਰੀ=ਸੋਭਾ ਦੇ ਧਾਰਨੇ ਵਾਲਾ ਹੈਂ, ਮੈਂ ਆਪ ਨੂੰ ਉਡੀਕ ਰਹੀ ਹਾਂ, ਵਾ:-ਤੇਰੇ ਬਿਨਾਂ ਉਡੀਣੀਆ= ਨਿਮੋਝੂਣੀ, ਵਾ:-ਉਦਾਸੀਨ ਹੋ ਰਹੀ ਹਾਂ, ਇਹ ਦਸੋ ਆਪ ਜੀ ਨੂੰ ਮੈਂ ਕਿਸ ਪ੍ਰਕਾਰ ਮਿਲਣਾ ਕਰਾਂ ?

ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ॥

ਮੇਰੇ ਕਰ=ਹੱਥ ਆਪ ਜੀ ਦੀ ਸੇਵਾ ਨੂੰ ਕਰਦੇ ਹਨ ਤੇ ਸਿਰ ਚਰਨਾਂ ਤੇ ਝੁਕਦਾ ਹੈ, ਮੈਂ ਨਿਮਾਣੀ ਦੇ ਮਨ ਵਿਚ ਆਪ ਜੀ ਦੇ ਦਰਸ਼ਨਾਂ ਦੀ ਆਸਾ ਲੱਗ ਰਹੀ ਹੈ।

ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ॥

ਇਹ ਕਿਰਪਾ ਕਰੋ ! ਇਕ ਘੜੀ, ਮੂਰਤੁ=ਦੋ ਘੜੀਆਂ, ਪਲ ਮਾੜ੍ਹ ਰਾਤ ਦਿਨੇ ਤੈਨੂੰ ਸ੍ਵਾਸ ਸ੍ਵਾਸ ਜਪਦੀ ਰਹਾਂ ਤੂੰ ਮੈਨੂੰ ਕਦੇ ਨਾ ਭੁੱਲੇਂ।

ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਸਾਰਿੰਗ=ਪਪੀਹੇ ਦੀ ਨਿਆਈਂ ਪਿਆਸੇ ਹਾਂ, ਹੇ ਪ੍ਰਭੂ ਦਾਤੇ ਆਪ ਨੂੰ ਕਿਸ ਪ੍ਰਕਾਰ ਮਿਲੀਏ॥ ੧॥

ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ॥

ਮੈਂ ਇਕ ਬੇਨਤੀ ਕਰਦੀ ਹਾਂ, ਹੇ ਪਿਆਰੇ ਪਤੀ ਜੀਉ ! ਆਪ ਮੇਰੀ ਬੇਨਤੀ ਸੁਨਣਾ ਕਰੋ।

ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ॥

ਜਿਸ ਵੇਲੇ ਮੈਂ ਆਪ ਜੀ ਦੇ ਚਰਿਤ੍ਰਾਂ ਨੂੰ ਦੇਖਿਆ, ਤਾਂ ਉਸੀ ਵੇਲੇ ਆਪ ਜੀ ਨੇ ਮੇਰੇ ਮਨ ਤਨ ਨੂੰ ਮੋਹ ਲੈਣਾ ਕੀਤਾ।

ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ॥

ਤੁਹਾਡੇ ਚਰਿਤ੍ਰਾਂ ਨੂੰ ਦੇਖਕੇ ਮੇਰੀ ਬੁੱਧ ਮੋਹੀ ਗਈ ਹੈ ਮੈਂ ਉਦਾਸੀਨ ਧਨ=ਇਸਤ੍ਰੀ ਨੂੰ ਕਿਸ ਪ੍ਰਕਾਰ ਧੀਰਜ ਆਵੇ।

ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ॥

ਹੇ ਗੁਣਾਂ ਵਾਲੇ ਨਾਹ=ਪਤੀ ਪਰਮਾਤਮਾ ! ਆਪ ਬਾਲਾ=ਵੱਡੇ ਦਿਆਲੂ ਹੋ ਅਤੇ ਆਪ ਸਾਰਿਆਂ ਗੁਣਾਂ ਕਰਕੇ ਭਰਪੂਰ ਹੋ।

ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ॥

ਹੇ ਸੁਖ ਦਾਤੇ ਪਤੀ ਪਰਮਾਤਮਾ ! ਆਪ ਵਿਚ ਕੋਈ ਦੋਸ਼ ਨਹੀਂ, ਹਉ=ਮੈਂ ਆਪ ਹੀ ਬੁਰਿਆਂ ਕਰਮਾਂ ਕਰਕੇ ਆਪ ਤੋਂ ਵਿਛੜੀ ਹੋਈ ਹਾਂ।

ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਗਿਆਸੂ ਰੂਪੀ ਇਸਤ੍ਰੀ ਕਹਿੰਦੀ ਹੈ ਹੇ ਪਿਆਰੇ ਨਾਹ=ਪਤੀ ਪਰਮਾਤਮਾ ਆਪ ਕਿਰਪਾ ਦ੍ਰਿਸ਼ਟੀ ਧਾਰ ਕੇ ਮੇਰੇ ਹਿਰਦੇ ਘਰ ਵਿਚ ਆ ਕੇ ਪ੍ਰਾਪਤ ਹੋਵੋ॥ ੨॥

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥

ਮੈਂ ਮਨ ਨੂੰ ਅਰਪਦੀ ਹਾਂ, ਸਾਰੇ ਸਰੀਰ ਨੂੰ ਭੀ ਅਰਪਦੀ ਹਾਂ, ਸਾਰੇ ਦੇਸਾ=ਸਾਧਨਾਂ ਨੂੰ ਭੀ ਅਰਪਨ ਕਰਦੀ ਹਾਂ।

ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥

ਤਿਸ ਪਿਆਰੇ ਮਿੱਤਰ ਨੂੰ ਮੈਂ ਸਿਰ ਵੀ ਅਰਪਦੀ ਹਾਂ, ਹੇ ਪ੍ਰਭੂ ! ਜੋ ਤੇਰੀ ਪ੍ਰਾਪਤੀ ਦਾ ਸੁਨੇਹਾ ਦੇਵੇਗਾ।

ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ॥

ਸੁਥਾਨਿ=ਸ੍ਰੇਸ਼ਟ ਅਸਥਾਨ ਸਤਸੰਗ ਵਿਚ ਗੁਰਾਂ ਦੇ ਪਾਸ ਜਾਕੇ ਜਾਂ ਸਿਰ ਅਰਪਿਆ=ਭੇਟਾ ਦਿੱਤਾ, ਤਾਂ ਉਨ੍ਹਾਂ ਨੇ ਹੇ ਪ੍ਰਭੂ ! ਤੈਨੂੰ ਮੇਰੇ ਸੰਗ ਹੀ ਵਿਖਾ ਦਿੱਤਾ।

ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ॥

ਜਿਸ ਕਰਕੇ ਇਕ ਖਿਨ ਦੇ ਵਿਚ ਸਾਰਾ ਦੁਖ ਮਿਟ ਗਿਆ ਹੈ ਅਤੇ ਮਨਇੱਛਤ ਫਲ ਪਾ ਲਿਆ ਹੈ।

ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ॥

ਹੁਣ ਮੈਂ ਕਾਮਣਿ=ਇਸਤ੍ਰੀ ਰਾਤ ਦਿਨੇ ਰਲੀਆ=ਖੁਸ਼ੀਆਂ ਕਰਦੀ ਹਾਂ
ਅਤੇ ਮੇਰੇ ਸਾਰੇ ਅੰਦੇਸਾ=ਸੰਸੇ ਮਿਟ ਗਏ ਹਨ।

ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ॥ ੩॥

ਸਤਿਗੁਰਦੇਵ ਜੀ ਬਿਨਵੰਤਿ=ਉਚਾਰਦੇ ਹਨ, ਹੇ ਪ੍ਰਭੂ ! ਜੈਸਾ ਅਸੀਂ ਚਾਹੁੰਦੇ ਸੀ, ਤੈਸਾ ਤੂੰ ਪਤੀ ਆ ਕੇ ਸਾਨੂੰ ਮਿਲਿਆ ਹੈਂ।

ਵਾ:-ਹੇ ਪਤੀ ! ਜੈਸਾ ਸੁਖ ਅਸੀਂ ਲੋੜਤੇ=ਚਾਹੁੰਦੇ ਸਾਂ ਤੈਸਾ ਹੀ ਆ ਕੇ ਮਿਲਿਆ ਹੈ॥ ੩॥

ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ॥

ਹੇ ਮਹਾਰਾਜ ਜੀ ! ਮੇਰੇ ਮਨ ਵਿਚ ਅਨੰਦ ਹੋਇਆ ਹੈ, ਇਸੀ ਕਰਕੇ 'ਵਾਧਾਈ ਵਜੀ'=ਖੁਸ਼ੀ ਪ੍ਰਗਟ ਹੋਈ ਹੈ।

ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ॥

ਹੇ ਪਿਆਰੇ ਲਾਲੁ=ਪਤੀ ਪਰਮਾਤਮਾ ! ਜਾਂ ਤੂੰ ਘਰਿ=ਹਿਰਦੇ ਵਿਚ ਸਖਿਆਤਕਾਰ ਹੋ ਆਇਆ ਤਾਂ ਸਾਰੀ ਤਿਖਾ=ਤ੍ਰੇਹ ਬੁਝਾਈ=ਦੂਰ ਹੋ ਗਈ ਹੈ।

ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥

ਹੇ ਲਾਲ ਵਾਂਗੂੰ ਬੇਕੀਮਤੇ ਗੁਪਾਲ ਠਾਕੁਰ ! ਜਦ ਤੂੰ ਆ ਕੇ ਮਿਲਿਆ ਤਾਂ ਮਹਾਤਮਾਂ ਰੂਪੀ ਸਖੀਆਂ ਨੇ, ਵਾ:-ਮੇਰੀਆਂ ਇੰਦ੍ਰੀਆਂ ਰੂਪੀ ਸਖੀਆਂ ਨੇ ਤੇਰੇ ਮੰਗਲੁ=ਜਸ ਨੂੰ ਗਾਇਣ ਕੀਤਾ। ਅਥਵਾ:-ਸਖੀ=ਮਹਾਤਮਾਂ ਨਾਲ ਮਿਲਕੇ ਜਿਸ ਵੇਲੇ ਤੇਰੇ ਮੰਗਲਾਂ ਨੂੰ ਗਾਇਣ ਕੀਤਾ, ਤਾਂ ਹੇ ਲਾਲ ਵਾਂਗੂੰ ਬੇਕੀਮਤੇ ਗੁਪਾਲ ਠਾਕੁਰ ! ਤੂੰ ਆ ਕੇ ਮਿਲਿਆ।

ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ॥

ਉਸ ਵੇਲੇ ਸਭ ਮਿੱਤਰਾਂ ਸਨਬੰਧੀਆਂ ਦੇ ਮਨ ਵਿਚ ਅਨੰਦ ਉਤਪੰਨ ਹੋਇਆ, ਅਤੇ ਅੰਤਹਕਰਣ ਰੂਪੀ ਥਾਂ 'ਚੋਂ ਦੂਤ=ਕਾਮ ਆਦਿਕਾਂ ਨੂੰ ਗੁਆ ਦਿੱਤਾ।

ਵਾ:-ਪ੍ਰਤੱਖ ਦੂਤਾਂ ਦਾ ਥਾਂ ਥੇਹ ਗੁਆ ਦਿੱਤਾ। ਭਾਵ ਕੋਈ ਦੁਸ਼ਮਨ ਨਾ ਰਿਹਾ।

ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ॥

ਹੇ ਪਤੀ ! ਤੈਨੂੰ ਅੰਗ ਸੰਗ ਜਾਣਕੇ ਜਦ ਮੈਂ ਸਰਧਾ ਵਸ਼ਿਸਟ ਅੰਤਹਕਰਣ ਰੂਪੀ ਸੇਜ ਵਿਛਾਈ ਤਾਂ ਹਿਰਦੇ ਘਰ ਵਿਚ ਅਨਹਤ=ਇਕ ਰਸ ਸੁਧੋਹੰ ਬੁਧੋਹੰ ਵਾਜੇ ਵਜਦੇ ਹੋਏ।

ਬਿਨਵੰਤਿ ਨਾਨਕੁ ਸਹਜਿ ਰਹੈ ਰਹਿ ਮਿਲਿਆ ਕੰਤੁ ਸੁਖਦਾਈ॥ ੪॥ ੧॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ, ਸਹਜਿ=ਸ਼ਾਂਤੀ ਗਿਆਨ ਆਦਿਕ ਗੁਣਾਂ ਵਿਚ ਰਹਿਣ ਕਰਕੇ ਹੇ ਹਰੀ ਸੁਖਦਾਈ ਪਤੀ ! ਤੂੰ ਆ ਕੇ ਮੈਨੂੰ ਮਿਲਿਆ ਹੈਂ॥ ੪॥ ੧॥

[ਪੰਨਾ ੨੪੮]

ਗਉੜੀ ਮਹਲਾ ੫॥

ਉਥਾਨਕਾ:-ਸ੍ਰੀ ਹਰਿਮੰਦਰ ਸਾਹਿਬ ਜੀ ਦੀ ਤਿਆਰੀ ਕਰਕੇ ਜਿਸ ਵੇਲੇ ਗੁਰੂ ਜੀ ਨੇ ਸੰਗਤ ਵਿਚ ਆਪਣਾ ਸੰਕਲਪ ਪ੍ਰਗਟ ਕੀਤਾ ਕਿ ਇਸ ਹਰੀਮੰਦਰ ਸਾਹਿਬ ਵਿਚ ਗੁਰਬਾਣੀ ਦਾ ਪੂਜਨ ਹੋਣਾ

ਚਾਹੀਦਾ ਹੈ ਪਰ ਇਸ ਵੇਲੇ ਗੁਰਬਾਣੀ ਬਾਬਾ ਮੋਹਨ ਜੀ ਪਾਸ *ਗੋਇੰਦਵਾਲ ਵਿਖੇ ਹੈ। ਇਹ ਗੱਲ ਸੁਣਕੇ ਭਾਈ ਗੁਰਦਾਸ ਜੀ ਨੇ ਕਿਹਾ ਮੈਨੂੰ ਆਗਿਆ ਬਖਸ਼ੋ ਮੈਂ ਜਾ ਕੇ ਲਿਆਉਂਦਾ ਹਾਂ, ਹਜੂਰ ਨੇ ਕਿਹਾ, ''ਜਾਓ ਲੈ ਕੇ ਆਓ।'' ਗੁਰੂ ਜੀ ਦਾ ਬਚਨ ਸੁਣ ਕੇ ਭਾਈ ਗੁਰਦਾਸ ਜੀ ਨੇ ਚਾਲੇ ਪਾ ਦਿੱਤੇ, ਗੋਇੰਦਵਾਲ ਪਹੁੰਚਕੇ ਬਾਬਾ ਮੋਹਨ ਜੀ ਦੇ ਚੁਬਾਰੇ ਪਰ ਆ ਕੇ ਬਹੁਤ ਬੇਨਤੀਆਂ ਕੀਤੀਆਂ ਪਰ ਉਹ ਸਮਾਧੀ ਵਿਚ ਮਸਤ ਸਨ ਉਨ੍ਹਾਂ ਨੇ ਬੂਹੇ ਨਾ ਖੋਲ੍ਹੇ, ਆਖਰ ਹਾਰਕੇ ਭਾਈ ਗੁਰਦਾਸ ਜੀ ਖਾਲੀ ਹੱਥੀਂ ਵਾਪਸ ਆ ਕੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਆਖਦੇ ਹਨ ਮੈਂ ਤਾਂ ਸਾਰੀ ਰਾਤ ਖਲੋ ਕੇ ਬੇਨਤੀਆਂ ਕਰਦਾ ਰਿਹਾ ਹਾਂ ਪਰ ਉਨ੍ਹਾਂ ਨੇ ਬੂਹਾ ਨਹੀਂ

---

*ਜਿਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਕਾਇਮ ਰਖਦਿਆਂ ਹੋਇਆਂ ਸੇਵਾ ਨੂੰ ਮੁਖਤਾ ਦਿੱਤੀ ਹੈ।

ਯਥਾ:-ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥
ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ॥ (ਬਿਹਾਗੜੇ ਦੀ ਵਾਰ, ਪੰਨਾ ੫੫੨)**

**ਏਸੇ ਭਾਵ ਨੂੰ ਮੁਖ ਰਖਦਿਆਂ ਹੋਇਆਂ ਗੋਇੰਦਵਾਲ ਸਾਹਿਬ ਲੰਗਰ ਦੀ ਜਗ੍ਹਾ ਥੋੜ੍ਹੀ ਤੇ ਖਸਤਾ ਇਮਾਰਤ ਵੇਖ ਕੇ ਅੰਮ੍ਰਿਤਸਰ ਸਾਹਿਬ ਦੇ ਪ੍ਰੇਮੀਆਂ ਦੇ ਮਨ ਵਿਚ ਸੇਵਾ ਕਰਨ ਦਾ ਉਤਸ਼ਾਹ ਪੈਦਾ ਹੋਇਆ। ਕੁਝ ਕੁ ਸੱਜਣਾਂ ਨੇ ਆਪਸ ਵਿਚ ਬੈਠ ਕੇ ਇਕ ਕਮੇਟੀ ਬਣਾਈ ਜਿਸ ਦਾ ਨਾਂ ''ਸ੍ਰੀ ਗਰੂ ਅਮਰਦਾਸ ਲੰਗਰ ਇਮਾਰਤ ਸੇਵਾ ਕਮੇਟੀ'' ਰਖਿਆ। ਇਸ ਕਮੇਟੀ ਦੇ ਪ੍ਰਧਾਨ ਸ: ਪੂਰਨ ਸਿੰਘ ਜੀ ਅਰੋੜਾ (ਵਕੀਲ ਇਨਕਮ ਟੈਕਸ) ਚੁਣੇ ਗਏ, ਇਨ੍ਹਾਂ ਦੀ ਅਗਵਾਈ ਹੇਠ ਸੇਵਾ ਆਰੰਭ ਹੋਈ।

ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਬਜ਼ਾਰ ਸਤੋ ਵਾਲਾ ਅੰਮ੍ਰਿਤਸਰ ਵਾਲਿਆਂ ਦੇ ਪਰਮਸ਼ਿਸ਼ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਇਸ ਭਾਗਾਂ ਭਰੀ ਪ੍ਰਿਥਵੀ ਦਾ ਸੰਨ ੧੯੭੧ ਮਈ ੧੦ ਸੰਮਤ ੨੦੨੮, ਮੁਤਾਬਕ ੨੭ ਵੈਸਾਖ, ਵੈਸਾਖ ਸੁਦੀ ਪੂਰਨਮਾਸ਼ੀ ਸੋਮਵਾਰ ਨੂੰ ਪੰਜ ਵਾਰ ਟਕ ਲਗਾਇਆ। ਬਾਅਦ ਵਿਚ ਦੋ ਮਹੀਨੇ ਸੰਗਤਾਂ ਹੁਮ ਹੁਮਾਕੇ ਨੀਂਹਾਂ ਪੁਟਦੀਆਂ ਰਹੀਆਂ। ਦੁਬਾਰਾ ਫਿਰ ਪ੍ਰਧਾਨ ਜੀ ਦੀ ਪ੍ਰੇਰਨਾ ਅਨੁਸਾਰ ਦੁਬਾਰਾ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਬਜ਼ਾਰ ਸਤੋਵਾਲਾ ਅੰਮ੍ਰਿਤਸਰ ਵਾਲਿਆਂ ਨੇ ਗੋਇੰਦਵਾਲ ਜਾ ਕੇ ਪਹਿਲੇ ਬਾਵਲੀ ਸਾਹਿਬ ਇਸ਼ਨਾਨ ਤੇ ਜਪੁਜੀ ਸਾਹਿਬ ਦਾ ਪਾਠ ਅੰਮ੍ਰਿਤ ਵਿਚ ਖਲੋਂਕੇ ਕੀਤਾ, ਫਿਰ ਗੁਰਦੁਆਰੇ ਵਿਚ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਭਰ ਕੇ ਅਨੰਦ ਸਾਹਿਬ ਜੀ ਦਾ ਪਾਠ ਕਰਕੇ ਅਰਦਾਸਾ ਸੋਧਿਆ ਤੇ ਹੁਕਮਨਾਮਾ ਲੀਤਾ। ਇਤਨੇ ਨੂੰ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਸੰਤ ਬਾਬਾ ਝੰਡਾ ਸਿੰਘ ਜੀ ਦੇ ਸ਼ਿਸ਼ ਗੱਦੀ-ਨਸ਼ੀਨ ਸ੍ਰੀ ਮਾਨ ੧੦੮ ਸਤਿਕਾਰ ਯੋਗ ਬਾਬਾ ਖੜਕ ਸਿੰਘ ਜੀ ਪਹੁੰਚ ਗਏ ਤੇ ਸੰਗਤਾਂ ਨੇ ਜੈਕਾਰੇ ਛਡੇ। ਫਿਰ ਸਾਰੀ ਸੰਗਤ ਸਮੇਤ ਬਾਹਰ ਆ ਕੇ ਨੀਂਹ ਦੇ ਪਾਸ ਖਲੋ ਕੇ ਜਪੁਜੀ ਸਾਹਿਬ ਜੀ ਦਾ ਪਾਠ ਕੀਤਾ ਤੇ ਬਾਬਾ ਜੀ ਨੂੰ ਬਹੁਤ ਕਿਹਾ ਆਪ ਹੇਠਾਂ ਉਤਰ ਕੇ ਨੀਂਹ ਰਖੋ ਪਰ ਉਨ੍ਹਾਂ ਨੇ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਨੂੰ ਬਹੁਤ ਵਾਰ ਕਹਿ ਕੇ ਉਨ੍ਹਾਂ ਦੇ ਹਥੋਂ ਹੀ ਸੰਨ ੧੯੭੧ ਜੁਲਾਈ ੧੧ ਐਤਵਾਰ ਸੰਮਤ ੨੦੨੮ ਮੁਤਾਬਕ ਹਾੜ ੨੭ ਸਾਵਣ ਵਦੀ ਤੀਜ ਵਾਲੇ ਦਿਨ ਨੀਂਹ ਵਿਚ ਪੰਜ ਇੱਟਾਂ ਰਖਵਾਈਆਂ। ਬਾਅਦ ਵਿਖੇ ਫਿਰ ਸਾਰੇ ਆਏ ਹੋਏ ਪਤਵੰਤੇ ਸੱਜਣਾਂ ਨੇ ਇੱਟਾਂ ਰਖੀਆਂ ਤੇ ਸੇਵਾ ਦਾ ਕੰਮ ਬੜੇ ਉੱਦਮ ਨਾਲ ਆਰੰਭ ਹੋ ਗਿਆ।

ਲੰਗਰ ਤਿਆਰ ਹੋਣ ਵਾਲਾ ਕਮਰਾ ੧੧੫ ਫੁਟ ਲੰਬਾ ੮੭ ਫੁਟ ਚੌੜਾ,

ਸੰਗਤਾਂ ਦੇ ਲੰਗਰ ਛਕਣ ਵਾਲਾ ਹਾਲ ਕਮਰਾ ੧੨੬ ਫੁਟ ੩ ਇੰਚ ਲੰਬਾ ੫੫ ਫੁਟ ੩ ਇੰਚ ਚੌੜਾ, ਹਾਲ ਦੇ ਆਸੇ ਪਾਸੇ ਦੋ ਵੱਡੇ ਬਰਾਂਡੇ ਵੀ ਤਿਆਰ ਹੋਏ ਹਨ।

ਚੜ੍ਹਦੇ ਪਾਸੇ ਬਾਉਲੀ ਸਾਹਿਬ ਵਲ ਬਰਾਂਡਾ ੧੨੮ ਫੁਟ ਲੰਬਾ ੧੫ ਫੁਟ ਚੌੜਾ ਹੈ,

ਲਹਿੰਦੇ ਵਾਲੇ ਪਾਸੇ ਸੜਕ ਵਾਲਾ ਬਰਾਂਡਾ ੨੧੫ ਫੁਟ ਲੰਬਾ ੧੧ ਫੁਟ ਚੌੜਾ ਹੈ।

ਸ੍ਰੀ ਮਾਨ ੧੦੮ ਸੰਤ ਦਰਸ਼ਨ ਸਿੰਘ ਜੀ ਘਨੁਪੁਰ ਕਾਲੇ ਵਾਲੇ ਓਥੇ ਬੈਠ ਕੇ ਸੰਗਤਾਂ ਨੂੰ ਪ੍ਰੇਰਕੇ ਸੇਵਾ ਕਰਵਾਂਦੇ ਰਹੇ ਹਨ।

ਖੋਲ੍ਹਿਆ, ਲੋਕਾਂ ਦੇ ਕਹਿਣ ਤੇ ਕਿ ਇਹ ਮਸਤ ਸੁਭਾਵ ਵਾਲੇ ਹਨ ਇਨ੍ਹਾਂ ਨੇ ਬੂਹਾ ਨਹੀਂ ਖੋਲ੍ਹਣਾ ਤੁਸੀਂ ਵਾਪਸ ਚਲੇ ਜਾਓ, ਫਿਰ ਮੈਂ ਵਾਪਸ ਹਟ ਆਇਆ ਹਾਂ। ਪਾਸ ਬੈਠੇ ਬਾਬਾ ਬੁੱਢਾ ਜੀ ਸੁਣ ਰਹੇ ਸਨ ਉਹਨਾਂ ਨੇ ਕਿਹਾ, ਗਰੀਬ ਨਿਵਾਜ਼ ਜੀਓ ! ਮੈਨੂੰ ਆਗਿਆ ਬਖਸ਼ੋ ਮੈਂ ਜਾ ਕੇ ਲਿਆਉਂਦਾ ਹਾਂ। ਹਜ਼ੂਰ ਨੇ ਕਿਹਾ, ''ਜੇ ਤੁਹਾਡੇ ਗਿਆਂ ਕੰਮ ਬਣਦਾ ਹੈ ਤਾਂ ਤੁਸੀਂ ਜਾ ਕੇ ਲੈ ਆਓ।'' ਇਹ ਬਚਨ ਸੁਣ ਕੇ ਬਾਬਾ ਬੁੱਢਾ ਜੀ ਚਲ ਪਏ। ਚਲਦੇ ਚਲਦੇ ਗੋਇੰਦਵਾਲ ਪਹੁੰਚ ਕੇ ਬਾਵਲੀ ਵਿਚ ਇਸ਼ਨਾਨ ਕਰਕੇ, ਫੇਰ ਚੁਬਾਰੇ ਪਾਸ ਆਏ, ਬੂਹੇ ਬੰਦ ਵੇਖਕੇ ਬੇਨਤੀ ਕੀਤੀ ਬਾਬਾ ਜੀ ! ਮੇਰਾ ਨਾਂ ਬੁੱਢਾ ਹੈ ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੇਜਿਆ ਹੈ ਬੂਹੇ ਖੋਲ੍ਹਕੇ ਮੇਰੀ ਬੇਨਤੀ ਸੁਣ ਲਵੋ। ਬਥੇਰਾ ਉੱਚੀ ਉੱਚੀ ਬੋਲਕੇ ਕਿਹਾ ਬੂਹੇ ਵੀ ਖੜਕਾਏ, ਪਰ ਬਾਬਾ ਮੋਹਨ ਜੀ ਨਾ ਬੋਲੇ! ਆਖਿਰਕਾਰ ਬਾਬਾ ਬੁੱਢਾ ਜੀ ਨੇ ਆਪਣੇ ਬਲ ਨਾਲ ਹੱਲਾ ਬੁਲਾਕੇ ਬੂਹੇ ਦੀ ਚੂਥੀ ਬਾਹਰ ਕਢ ਲਈ, ਬੂਹੇ ਖੋਲ੍ਹ ਕੇ ਉੱਪਰ ਜਾ ਚੜ੍ਹੇ। ਤਾਂ ਕੀ ਵੇਖਿਆ ਕਿ ਬਾਬਾ ਮੋਹਨ ਜੀ ਤਾਂ ਪਦਮਾਸਨ ਧਾਰ ਕੇ ਇਕਰਸ ਅਡੋਲ ਸਮਾਧੀ ਵਿਚ ਲੀਨ ਹਨ, ਸਰੀਰ ਨੂੰ ਬਥੇਰਾ ਹਲਾਇਆ, ਪਰ ਸਮਾਧੀ ਫਿਰ ਵੀ ਨਾ ਖੁਲ੍ਹੀ। ਇਤਨੇ ਨੂੰ ਮੋਹਰੀ ਜੀ ਨੂੰ ਪਤਾ ਲਗਣ ਤੇ ਉਹ ਆ ਗਏ, ਬਾਬਾ ਮੋਹਣ ਜੀ ਦੇ ਸਰੀਰ ਨੂੰ ਹਿਲਾਂਦਿਆਂ ਵੇਖ ਕੇ ਮੋਹਰੀ ਜੀ ਨੇ ਕਿਹਾ, ''ਤੁਸੀਂ ਇਹਨਾਂ ਨੂੰ ਕਿਉਂ ਹਿਲਾਂਦੇ ਹੋ ਇਹ ਤਾਂ ਮਸਤ ਸੁਭਾਵ ਵਾਲੇ ਹਨ। ਜੇ ਇਨ੍ਹਾਂ ਦੀ ਸਮਾਧੀ ਖੁਲ੍ਹ ਗਈ ਤਾਂ ਤੁਹਾਨੂੰ ਸਰਾਪ ਦੇ ਦੇਣਗੇ, ਚੰਗੀ ਗੱਲ ਹੈ ਜੇਕਰ ਆਪ ਚਲੇ ਜਾਓ।'' ਮੋਹਰੀ ਜੀ ਤੋਂ ਇਹ ਬਚਨ ਸੁਣ ਕੇ ਬਾਬਾ ਬੁੱਢਾ ਜੀ ਭੀ ਖਾਲੀ ਹੱਥੀਂ ਆ ਗਏ, ਆ ਕੇ ਗੁਰੂ ਜੀ ਨੂੰ ਕਹਿੰਦੇ ਹਨ, ''ਉਹ ਤਾਂ ਬਹੁਤ ਗੰਭੀਰ ਸਮਾਧੀ ਵਿਚ ਅਡੋਲ ਬੈਠੇ ਹੋਏ ਹਨ। ਮੈਂ ਤਾਂ ਚੂਥੀਆਂ ਪੁਟ ਕੇ ਉਹਨਾਂ ਦੇ ਪਾਸ ਭੀ ਚਲਾ ਗਿਆ ਸਾਂ ਉਨ੍ਹਾਂ ਦੇ ਸਰੀਰ ਨੂੰ ਭੀ ਹਿਲਾਇਆ ਹੈ ਪਰ ਉਨ੍ਹਾਂ ਦੀ ਸਮਾਧੀ ਨਹੀਂ ਖੁਲ੍ਹੀ ਇਸ ਲਈ ਹਟ ਕੇ ਵਾਪਸ ਆ ਗਿਆ ਹਾਂ।''

ਹਜ਼ੂਰ ਨੇ ਵਿਚਾਰਿਆ ਸਾਡੇ ਗਏ ਤੋਂ ਬਿਨਾਂ ਇਹ ਕੰਮ ਪੂਰਾ ਨਹੀਂ ਹੋਣਾ। ਉਸ ਵੇਲੇ ਗੁਰੂ ਸਾਹਿਬ ਜੀ ਆਪ ਨੰਗੀ ਪੈਰੀਂ ਚਲਦੇ ਚਲਦੇ ੧੬੫੯ ਸੰਮਤ ਵਿਚ ਗੋਇੰਦਵਾਲ ਆ ਪਹੁੰਚੇ। ਪਹਿਲੇ ਬਾਵਲੀ ਸਾਹਿਬ ਇਸ਼ਨਾਨ ਕਰਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਧਿਆਨ ਧਾਰ ਕੇ ਜਪੁਜੀ ਸਾਹਿਬ ਜੀ ਦਾ ਪਾਠ ਕੀਤਾ, ਉਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਿਰ ਤੇ ਹੱਥ ਰਖਕੇ ਕਿਹਾ, ''ਪੁਤ੍ਰ ਮੋਹਨ ਜੀ ਦੀ ਕੀਰਤੀ ਕਰਕੇ ਪੋਥੀਆਂ ਲੈ ਕੇ ਜਾਣਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਣਾਕੇ ਹਰੀਮੰਦਰ ਸਾਹਿਬ ਵਿਚ ਪ੍ਰਕਾਸ਼ ਕਰਨਾ। ਮੋਹਨ ਜੀ ਭਾਵੇਂ ਕਿਤਨੇ ਭੀ ਕਠੋਰ ਬਚਨ ਆਖਣ, ਪਰ ਤੁਸੀਂ ਨਿੰਮ੍ਰਤਾ ਰਖਣੀ, ਕੀਰਤੀ ਕਰੀ ਜਾਣੀ, ਫਿਰ ਉਹ ਆਪ ਹੀ ਨਿੰਮਰੀ ਭੂਤ ਹੋ ਕੇ ਪੋਥੀਆਂ ਦੇ ਦੇਣਗੇ।'' ਇਹ ਬਚਨ ਕਹਿ ਕੇ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਅੰਤਰ ਧਿਆਨ ਹੋ ਗਏ। ਤੇ ਸ੍ਰੀ ਗੁਰੂ ਅਰਜਨ ਦੇਵ ਜੀ ਚੁਬਾਰੇ ਦੇ ਅੱਗੇ ਗਲੀ ਵਿਚ ਬੈਠਕੇ ਹੱਥ ਵਿਚ ਤੰਬੂਰਾ ਫੜ ਕੇ ਗਉੜੀ ਰਾਗ ਵਿਚ ਇਹ ਸ਼ਬਦ ਗਾਉਣ ਲੱਗ ਪਏ।

(ਗੁਰਪ੍ਰਤਾਪ ਸੂਰਜ ਰਾਸ ੩, ਅੰਸੂ ੩੪)

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥

ਹੇ ਬਾਬਾ ਮੋਹਨ ਜੀ ! ਆਪ ਜੀ ਦੇ ਮੰਦਰ=ਚੁਬਾਰਾ ਸਾਹਿਬ ਜੀ ਸਭ ਤੋਂ ਉਚੇ ਅਤੇ ਹੋਰ ਸਨਬੰਧੀਆਂ ਦੇ ਮਹਲ=ਘਰ ਵੀ ਅਪਾਰਾ=ਬਿਅੰਤ ਹਨ। ਹੇ ਬਾਬਾ ਮੋਹਨ ਜੀ ! ਆਪ ਜੀ ਦੇ ਦੁਆਰੇ ਤੇ ਉਦਾਸੀ ਸੰਤਾਂ

ਦੀ ਧਰਮਸਾਲਾ ਸੋਭ ਰਹੀ ਹੈ।

ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥

ਹੇ ਅਪਾਰ ਗੁਣਾਂ ਵਾਲੇ ਦਿਆਲੂ ਠਾਕੁਰ ਬਾਬਾ ਮੋਹਨ ਜੀ ! ਆਪ ਜੀ ਦੇ ਦਰਵਾਜ਼ੇ ਤੇ ਸੰਤਾਂ ਦੀ ਧਰਮਸਾਲਾ ਸੋਭ ਰਹੀ ਹੈ, ਉਹ ਸੰਤ ਸਦਾ ਹੀ ਕੀਰਤਨ ਨੂੰ ਗਾਉਂਦੇ ਹਨ। ਜਿਥੇ ਭੀ ਸਾਧ ਸੰਤ ਇਕੱਠੇ ਹੁੰਦੇ ਹਨ, ਉਥੇ ਆਪ ਜੀ ਨੂੰ ਹੀ ਧਿਆਉਂਦੇ ਹਨ।

ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥੧॥

ਹੇ ਦਇਆ ਦੇ ਕਰਨਹਾਰੇ ਮਇਆ ਸਰੂਪ ਦਿਆਲੂ ਸੁਆਮੀ ਮੋਹਨ ਜੀ ! ਮੈਂ ਦੀਨ ਉੱਤੇ ਆਪ ਕਿਰਪਾਲੂ ਹੋਵੋ। ਗੁਰੂ ਜੀ ਬਿਨਵੰਤਿ=ਉਚਾਰਦੇ ਹਨ ਅਸੀਂ ਆਪ ਜੀ ਦੇ ਦਰਸ਼ ਦੇ ਪਿਆਸੇ=ਚਾਹਵਾਨ ਹਾਂ, ਆਪ ਜੀ ਦਾ ਦਰਸ਼ਨ ਮਿਲੇ ਤਾਂ ਹੀ ਸਾਰਾ=ਸ੍ਰੇਸ਼ਟ ਸੁਖ ਹੁੰਦਾ ਹੈ, ਵਾ:-ਦਰਸ਼ਨ ਦੇ ਮਿਲਣ ਵਿਚ ਹੀ ਸਾਰਾ ਸੁਖ ਹੈ॥ ੧॥

ਜਿਸ ਵੇਲੇ ਛੰਤ ਦੀ ਇਕ ਪਉੜੀ ਉਚਾਰੀ ਤਾਂ ਬਾਬਾ ਮੋਹਨ ਜੀ ਦੀ ਸਮਾਧੀ ਖੁਲ੍ਹ ਗਈ, ਉੱਠਕੇ ਬਾਰੀ ਖੋਲ੍ਹ ਕੇ ਕੀ ਵੇਖਿਆ ਕਿ ਗੁਰੂ ਅਰਜਨ ਦੇਵ ਜੀ ਸੰਗਤ ਦੇ ਸਹਿਤ ਗਲੀ ਵਿਚ ਬੈਠੇ ਹੋਏ ਹੱਥ ਵਿਚ ਤੰਬੂਰਾ ਫੜ ਕੇ ਗਾਇਣ ਕਰ ਰਹੇ ਹਨ, ਉਸੀ ਵੇਲੇ ਗੁੱਸੇ ਵਿਚ ਲਾਲੋ ਲਾਲ ਹੋ ਕੇ ਆਖਦੇ ਹਨ ਕਿ ਆਪਣੇ ਪਿਆ ਨੂੰ ਮਾਰ ਕੇ ਤੇ ਭਰਾਵਾਂ ਨੂੰ ਘਰੋਂ ਕੱਢ ਕੇ, ਆਪ ਗੁਰਿਆਈ-ਗੱਦੀ ਸਾਂਭ ਬੈਠਾ ਹੈਂ। ਜੇ ਹੁਣ ਸਾਡੇ ਪਾਸ ਆ ਕੇ ਤੂੰ ਕਿਹੜੀ ਭਲੀ ਗੁਜ਼ਾਰਨੀ ਹੈ। ਇਹ ਬਚਨ ਸੁਣ ਕੇ ਭੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਮੱਥੇ ਤੇ ਵੱਟ ਨਹੀਂ ਪਾਇਆ, ਸਗੋਂ ਨਿੰਮ੍ਰਤਾ ਵਿਚ ਦੂਜੀ ਪਉੜੀ ਉਚਾਰੀ।

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥

ਹੇ ਬਾਬਾ ਮੋਹਨ ਜੀ ! ਆਪ ਜੀ ਦੇ ਬਚਨ ਬੜੇ ਅਨੂਪੰ ਹਨ, ਠੀਕ ਹੈ ਅਗਿਆਨ ਰੂਪ ਪਿਤਾ ਨੂੰ ਮਾਰ ਦਿਤਾ ਹੈ, ਅਤੇ ਆਸੁਰੀ ਸੰਪਦਾ ਰੂਪ ਭਰਾਵਾਂ ਨੂੰ ਬਾਹਰ ਕੱਢ ਦਿਤਾ ਹੈ, ਫਿਰ ਆਪ ਜੀ ਦੀ ਚਾਲ ਭੀ ਨਿਰਾਲੀ ਹੈ,

ਕਿਉਂਕਿ ਆਪ ਜੋਗਾ ਅਭਿਆਸੀ ਹੋ ਆਪ ਜੀ ਦੀ ਸਮਾਧੀ ਕਈ ਕਈ ਮਹੀਨੇ ਲੱਗੀ ਰਹਿੰਦੀ ਹੈ।

ਵਾ:-ਆਪ ਜੀ ਦੀ ਇਕ ਹੋਰ ਚਾਲ ਭੀ ਨਿਰਾਲੀ ਹੈ, ਕਿ ਆਪ ਜੀ ਨੇ ਗ੍ਰਿਹਸਤ ਆਸ਼੍ਰਮ ਵਾਲਾ ਵਿਹਾਰ ਨਹੀਂ ਕੀਤਾ। ਆਪਣੀ ਦ੍ਰਿਸ਼ਟੀ ਨਾਲ ਹੀ ਪੁਤ੍ਰ ਪੈਦਾ ਕੀਤਾ ਹੈ। ਇਕ ਦਿਨ ਮਾਤਾ ਰਾਮ ਕੌਰ ਜੀ ਨੇ ਗੁਰੂ ਅਮਰਦਾਸ ਜੀ ਅਗੇ ਬੇਨਤੀ ਕੀਤੀ ਹੋਰਨਾਂ ਇਸਤ੍ਰੀਆਂ ਦੇ ਘਰ ਵਿਚ ਬਚੇ ਵੇਖ ਕੇ ਆਪ ਜੀ ਦੀ ਵੱਡੀ ਨੁਖਾ ਬਹੁਤ ਚਿੰਤਾਵਾਨ ਹੈ ਇਸ ਦੀ ਚਿੰਤਾ ਆਪ ਹੀ ਦੂਰ ਕਰ ਸਕਦੇ ਹੋ। ਕਿਉਂਕਿ ਮੋਹਨ ਜੀ ਤਾਂ ਹਰ ਵੇਲੇ ਸਮਾਧੀ ਵਿਚ ਹੀ ਲੀਨ ਰਹਿੰਦੇ ਹਨ। ਹਜ਼ੂਰ ਨੇ ਕਿਹਾ-ਨੁਖਾ ਨੂੰ ਨਵੇਂ ਕਪੜੇ ਪੁਆ ਕੇ ਨਾਲ ਲਿਜਾਕੇ ਉਸਨੂੰ ਮੋਹਨ ਦੀ ਚਰਨੀਂ ਪਾ ਦਿਓ ਤਾਂ ਉਸ ਦੇ ਵਰ ਕਰਕੇ ਇਸ ਦੇ ਘਰ ਪੁਤ੍ਰ ਹੋ ਜਾਵੇਗਾ। ਮਾਤਾ ਜੀ ਨੇ ਉਸੇ ਤਰ੍ਹਾਂ ਕੀਤਾ ਨਵੇਂ ਕਪੜੇ ਪੁਆ ਕੇ ਨਾਲ ਲਿਜਾ ਕੇ ਮੋਹਨ ਜੀ ਦੀ ਚਰਨੀਂ ਪਾ ਦਿਤਾ। ਜਾਂ ਮੋਹਨ ਜੀ ਨੇ ਕ੍ਰਿਪਾ ਦ੍ਰਿਸ਼ਟੀ

ਨਾਲ ਦੇਖਿਆ ਤਾਂ ਉਸ ਦਾ ਸੰਕਲਪ ਪੂਰਾ ਹੋ ਗਿਆ।

ਯਥਾ:-

ਕਰਿ ਬੰਦਨ ਨਿਜ ਪਤਿ ਕੋ ਆਈ॥ ਗਰਭ ਧਰਯੋ ਤਿਸਤੇ ਪਿਛਵਾਈ॥
ਕੇਤਿਕ ਦਿਨ ਮਹਿ ਸੁਤ ਅਭਿਰਾਮਾ॥ ਜਨਮਯੋ ਤਬ ਮੋਹਨ ਕੇ ਧਾਮਾ॥ ੫੦॥
ਸ੍ਰੀ ਗੁਰ ਕੋ ਸੁਧਿ ਆਨਿ ਸੁਨਾਈ॥ ਕੀਨੋ ਮੁੰਗਲ ਵਜੀ ਬਧਾਈ॥
ਭਯੋ ਅਨੰਦ ਸਰਬ ਹੀ ਧਾਮ॥ ਸੰਸਰਾਮ ਰਾਖਜੋ ਤਿਸ ਨਾਮ ॥ ੫੧॥

(ਗੁਰਪ੍ਰਤਾਪ ਸੂਰਜ ਰਾਸ ੧ ਅੰਸੂ ੫੯)

ਹੇ ਬਾਬਾ ਮੋਹਨ ਜੀ! ਤੁਸੀਂ ਆਪਣੇ ਜੀਅ ਵਿਚ ਇਕ ਪਰਮਾਤਮਾ ਨੂੰ ਹੀ ਮੰਨਦੇ ਹੋ, ਹੋਰ ਸਭ ਨੂੰ ਰਾਲੀ=ਖਾਕ ਰੂਪ ਨਿਸਚੇ ਕਰਦੇ ਹੋ।

ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ॥

ਜੇ ਆਪ ਮੰਨਦੇ ਭੀ ਹੋ ਤਾਂ ਇਕ ਅਲੇਖ ਠਾਕੁਰ ਨੂੰ ਮੰਨਦੇ ਹੋ,
ਜਿਸ ਠਾਕੁਰ ਨੇ ਸਾਰੇ ਆਪਣੀ ਕਲ=ਸ਼ਕਤੀ ਧਾਰੀ ਹੋਈ ਹੈ।

ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥

ਆਪ ਜੀ ਨੇ ਗੁਰਾਂ ਦੇ ਬਚਨਾਂ ਕਰਕੇ-ਸੰਸਾਰ ਬਨ ਦਾ ਮਾਲਕ ਜੋ ਆਦਿ ਪੁਰਖ ਪਰਮਾਤਮਾ ਹੈ ਉਸਨੂੰ ਵਸੀਕਾਰ ਕੀਤਾ ਹੋਇਆ ਹੈ।

ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥

ਹੇ ਬਾਬਾ ਮੋਹਨ ਜੀ ! ਤੂੰ ਗੁਰੂ ਅਮਰਦਾਸ ਜੀ ਰੂਪ ਹੋ ਕੇ ਆਪ ਸੰਸਾਰ ਤੋਂ ਚਲਿਆ=ਜੋਤੀ ਜੋਤ ਸਮਾਇਆ ਹੈਂ। ਅਤੇ ਮੋਹਨ ਜੀ ਰੂਪ ਹੋ ਕੇ ਆਪ ਸੰਸਾਰ ਵਿਚ ਇਸਥਿਤ ਹੋ ਰਿਹਾ ਹੈਂ।
ਸਭ ਕਲ=ਸ਼ਕਤੀ ਆਪ ਨੇ ਹੀ ਧਾਰੀ ਹੋਈ ਹੈ।

ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥ ੨॥

ਗੁਰੂ ਸਾਹਿਬ ਜੀ ਬਿਨਵੰਤਿ=ਉਚਾਰਦੇ ਹਨ, ਮੇਰੀ ਪੈਜ ਰੱਖਣਾ ਕਰੋ, ਕਿਉਂਕਿ ਬਾਬਾ ਬੁੱਢਾ ਸਾਹਿਬ ਜੀ, ਅਤੇ ਭਾਈ ਗੁਰਦਾਸ ਜੀ ਵਾਗੂੰ ਅਸੀਂ ਖਾਲੀ ਨਾ ਚਲੇ ਜਾਈਏ। ਸਾਰੇ ਸੇਵਕ ਤੁਹਾਡੀ ਸ਼ਰਨ ਆਏ ਹਾਂ॥ ੨॥

ਜਿਸ ਵੇਲੇ ਛੰਤ ਦੀ ਦੂਜੀ ਪੌੜੀ ਦਾ ਭੋਗ ਪਾਇਆ ਤਾਂ ਬਾਬਾ ਮੋਹਨ ਜੀ ਬਾਰੀ ਤੋਂ ਪਰੇ ਹਟਕੇ ਪੋਥੀਆਂ ਚੁੱਕਣ ਲੱਗ ਪਏ, ਉਸੀ ਵੇਲੇ ਗੁਰੂ ਜੀ ਨੇ ਤੀਜੀ ਪਉੜੀ ਉਚਾਰੀ-

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥

ਹੇ ਬਾਬਾ ਮੋਹਨ ਜੀ ! ਆਪ ਜੀ ਨੂੰ ਸਤਸੰਗਤਿ ਧਿਆਉਂਦੀ ਹੈ, ਦਰਸ਼ਨ ਦੇ ਧਿਆਨ=ਕਰਨ ਵਾਸਤੇ
ਵਾ:-ਸਾਰਿਆਂ ਦਾ ਧਿਆਨ ਆਪ ਜੀ ਦੇ ਦਰਸ਼ਨ ਵਿਚ ਲੱਗ ਰਿਹਾ ਹੈ।

ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥

ਹੇ ਬਾਬਾ ਮੋਹਨ ਜੀ ! ਉਨ੍ਹਾਂ ਦੇ ਨਜ਼ਦੀਕ ਜਮ ਨਹੀਂ ਆਉਂਦਾ, ਜੋ ਨਿਦਾਨਾ=ਅੰਤ ਨੂੰ ਪ੍ਰਾਣਾਂ ਦੇ ਵਿਜੋਗ ਕਾਲ ਵਿਚ ਆਪ ਜੀ ਨੂੰ ਜਪਦਾ ਹੈ ਕਿ ਧੰਨ ਬਾਬਾ ਮੋਹਨ ਜੀ।

ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥

ਉਨ੍ਹਾਂ ਪੁਰਸ਼ਾਂ ਨੂੰ ਜਮਕਾਲ ਲਗਦਾ ਨਹੀਂ, ਜੋ ਇਕਾਗਰ ਮਨ ਹੋ ਕੇ ਆਪ ਜੀ ਨੂੰ ਧਿਆਉਂਦੇ ਹਨ।

ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥

ਮਨ ਬਾਣੀ ਸਰੀਰ ਕਰਕੇ ਜੋ ਤੁਹਾਨੂੰ ਅਰਾਧਦੇ ਹਨ, ਉਹ ਧਰਮ ਅਰਥ ਕਾਮ ਮੋਖ ਆਦਿਕ ਸਭ ਫਲਾਂ ਨੂੰ ਪਾਉਂਦੇ ਹਨ।

ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥

ਜਿਹੜੇ ਪੁਰਸ਼ ਮਲ ਮੂਤ=ਅਤਿਅੰਤ ਅਪਵਿੱਤ੍ਰ, ਮੂਰਖ ਅਤੇ ਮੁਗਧ=ਜੜ੍ਹ ਸਨ, ਉਹ ਭੀ ਆਪ ਜੀ ਦਾ ਦਰਸ਼ਨ ਵੇਖਕੇ ਸੁ+ਗਿਆਨਾ ਸ੍ਰੇਸ਼ਟ ਗਿਆਨਵਾਨ ਹੋ ਗਏ ਹਨ।

ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥ ੩ ॥

ਗੁਰੂ ਸਾਹਿਬ ਜੀ ਬਿਨਵੰਤਿ=ਉਚਾਰਦੇ ਹਨ, ਆਪ ਜੀ ਦਾ ਰਾਜੁ=ਸਰੂਪ ਨਿਸਚਲ ਹੈ ਆਪ ਪੂਰਨ ਪੁਰਖ ਭਗਵਾਨ ਦਾ ਸਰੂਪ ਹੋ ॥ ੩ ॥

ਜਦ ਤੀਜੀ ਪੌੜੀ ਦਾ ਭੋਗ ਪਾਇਆ ਤਾਂ ਬਾਬਾ ਮੋਹਨ ਜੀ ਪੋਥੀਆਂ ਲੈ ਕੇ ਸੰਗਤ ਦੇ ਵਿਚ ਆ ਗਏ ਤੇ ਕਿਹਾ ਇਹ ਪੋਥੀਆਂ ਆਪ ਜੀ ਦੀਆਂ ਹਨ, ਮੈਂ ਆਪ ਜੀ ਵਾਸਤੇ ਇਕੱਤ੍ਰ ਕਰਵਾ ਕੇ ਰਖੀਆਂ ਹਨ ਪਰ ਦੇਵਾਂਗਾ ਤਦ ਜੇ ਮੈਨੂੰ ਆਪਣੇ ਚਰਨਾਂ ਤੇ ਪੈਣ ਦਿਓ, ਗੁਰੂ ਜੀ ਨੇ ਕਿਹਾ ਆਪ ਤਾਂ ਵੱਡੇ ਸਤਿਗੁਰਾਂ ਦੇ ਵੱਡੇ ਸਪੁਤਰ ਹੋ। ਅਸੀਂ ਆਪ ਜੀ ਦੇ ਬਾਲਕੇ ਹਾਂ ਸਗੋਂ ਸਾਨੂੰ ਆਪ ਜੀ ਦੇ ਚਰਨੀਂ ਪੈਣਾ ਚਾਹੀਦਾ ਹੈ, ਆਪ ਅਯੋਗ ਗੱਲ ਨਾ ਕਰੋ। ਉਸ ਵੇਲੇ ਬਾਬਾ ਮੋਹਨ ਜੀ ਨੇ ਕਿਹਾ ਸਾਨੂੰ ਬੜੇ ਸਤਿਗੁਰਾਂ ਦਾ ਸਰਾਪ ਹੋਇਆ ਹੋਇਆ ਹੈ ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈਂ ਗੱਦੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸੌਂਪੀ ਸੀ ਤਾਂ ਮੈਨੂੰ ਉਨ੍ਹਾਂ ਨੇ ਕਿਹਾ ਚਰਨੀ ਪੈ ਜਾ ਉਸ ਵੇਲੇ ਮੈਂ ਆਪਣਾ ਦਾਸ ਸਮਝ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਪੈਰੀਂ ਨਾ ਪਿਆ, ਤੇ ਮੇਰਾ ਛੋਟਾ ਭਾਈ ਮੋਹਰੀ ਚਰਨਾਂ ਤੇ ਡਿੱਗ ਪਿਆ। ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥ ਮੋਹਰੀ ਪੁਤ ਸਨਮੁਖ ਹੋਇਆ ਰਾਮਦਾਸੈ ਪੈਰੀ ਪਾਹਿ ਜੀਉ ॥ ਉਸ ਉੱਤੇ ਗੁਰੂ ਸਾਹਿਬ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ ਹੇ ਪੁਤਰ ! ਤੈਂ ਨੇ ਰੱਖ ਵਿਖਾਈ ਹੈ, ਤੇ ਮੈਨੂੰ ਸਰਾਪ ਦੇ ਦਿਤਾ ਕਿ ਤੇਰਾ ਹਿਰਦਾ ਤਪਦਾ ਰਹੇਗਾ, ਉਸ ਦਿਨ ਤੋਂ ਮੇਰਾ ਹਿਰਦਾ ਤਪਦਾ ਹੀ ਰਿਹਾ ਹੈ। ਫਿਰ ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਉਣ ਲਗੇ ਤਾਂ ਮੈਂ ਜਾ ਕੇ ਬੇਨਤੀ ਕੀਤੀ ਉਸ ਵੇਲੇ ਗੁਰੂ ਸਾਹਿਬ ਜੀ ਨੇ ਕਿਹਾ ਹੁਣ ਤੈਨੂੰ ਸ਼ਾਂਤੀ ਨਹੀਂ ਮਿਲੇਗੀ, ਇਨ੍ਹਾਂ ਦੇ ਸਪੁਤ੍ਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਲਗੇਂਗਾ ਤਾਂ ਤੈਨੂੰ ਸ਼ਾਂਤੀ ਮਿਲੇਗੀ। ਮੈਂ ਬੇਨਤੀ ਕੀਤੀ ਮੇਰੀ ਤਾਂ ਕਈ ਕਈ ਮਹੀਨੇ ਸਮਾਧੀ ਹੀ ਲਗੀ ਰਹਿੰਦੀ ਹੈ ਮੇਰਾ ਉਨ੍ਹਾਂ ਦਾ ਮੇਲ ਕਿਵੇਂ ਹੋਵੇਗਾ ਤਾਂ ਗੁਰੂ ਜੀ ਨੇ ਕਿਹਾ ਤੂੰ ਆਪਣੇ ਪੁਤ੍ਰ 'ਸੰਸਰਾਮ' ਪਾਸੋਂ ਵੱਡਿਆਂ ਸਤਿਗੁਰਾਂ ਦੀ ਸਾਰੀ ਬਾਣੀ ਇਕੱਤ੍ਰ ਕਰਕੇ ਰੱਖ ਛਡ। ਚਾਹੇ ਕੋਈ ਭੀ ਲੈਣ ਆਵੇ ਉਸਨੂੰ ਨਹੀਂ ਦੇਣੀ ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਤੇਰੇ ਪਾਸ ਆਉਣਗੇ ਤਾਂ ਪਹਿਲੇ ਉਨ੍ਹਾਂ ਦੀ ਚਰਨੀਂ ਪੈ ਕੇ ਨਿੰਮ੍ਰਤਾ ਭਾਵ ਨਾਲ ਮੱਥਾ ਟੇਕ ਕੇ ਬਾਣੀ ਦੇਣੀ ਤਾਂ ਸ਼ਾਂਤੀ ਹੋਵੇਗੀ। ਉਹ ਵੇਲਾ ਹੁਣ ਆ ਪਹੁੰਚਾ ਹੈ ਇਸ ਕਰਕੇ ਆਪਣੀ ਚਰਨੀਂ ਲੱਗਣ ਦਿਉ, ਇਹ ਗੱਲ ਸੁਣਕੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਾਂਤੀ ਸਰੂਪ ਵਿਚ ਬੈਠੇ ਰਹੇ, ਤੇ ਬਾਬਾ ਮੋਹਨ ਜੀ ਨੇ ਚਰਨ ਫੜ ਕੇ

ਬੜੇ ਪ੍ਰੇਮ ਨਾਲ ਸਿਰ ਰੱਖ ਕੇ ਮੱਥਾ ਟੇਕ ਕੇ ਪੋਥੀਆਂ ਦੇ ਦਿਤੀਆਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਵੇਲੇ ਵਰ ਦੀ ਚੌਥੀ ਪੌੜੀ ਉਚਾਰਨਾ ਕੀਤੀ।

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ॥

ਹੇ ਬਾਬਾ ਮੋਹਨ ਜੀ ! ਤੂੰ ਪਰਵਾਰ ਦੇ ਸਹਿਤ ਸ੍ਰੇਸ਼ਟ ਫਲਾਂ ਕਰਕੇ ਫਲਿਆ ਹੈਂ।

ਹੇ ਬਾਬਾ ਮੋਹਨ ਜੀ ! ਆਪ ਜੀ ਨੇ ਪੁੱਤਰ, ਮਿਤ੍ਰ, ਭਰਾ ਕੁਟੰਬ, ਸਭ ਤਾਰਨਾ ਕੀਤੇ ਹਨ।

ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥

ਜਿਸ ਵੇਲੇ ਆਪ ਜੀ ਦੇ ਹਿਰਦੇ ਵਿਚੋਂ ਅਭਿਮਾਨ ਲਹਿ ਗਿਆ, ਤਾਂ ਤੁਸਾਂ ਨੇ ਆਪਣੇ ਆਪ ਨੂੰ ਜਹਾਨ ਤੋਂ ਤਾਰਨਾ ਕੀਤਾ ਹੈ। ਅਤੇ ਜਿਨ੍ਹਾਂ ਨੇ ਆਪ ਜੀ ਦਾ ਦਰਸ਼ਨ ਕਰਨਾ ਪਾਇਆ ਹੈ ਉਨ੍ਹਾਂ ਦਾ ਭੀ ਅਭਿਮਾਨ ਲਹਿਆ=ਦੂਰ ਹੋਇਆ ਹੈ ਜਿਨ੍ਹਾਂ ਦਾ ਅਭਿਮਾਨ ਦੂਰ ਹੋਇਆ ਉਨ੍ਹਾਂ ਨੂੰ ਜਹਾਨ ਤੋਂ ਤਾਰਨਾ ਕੀਤਾ ਹੈ।

ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥

ਜਿਨ੍ਹਾਂ ਨੇ ਆਪਨੂੰ ਧੰਨ ਕਥਨ ਕੀਤਾ ਹੈ, ਕਿ ''ਧੰਨ ਬਾਬਾ ਮੋਹਨ ਜੀ'',

ਤਿਨ੍ਹਾਂ ਦੇ ਨਜ਼ਦੀਕ ਜਮ ਨਹੀਂ ਆਉਂਦਾ।

ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ॥

ਹੇ ਬਾਬਾ ਮੋਹਨ ਜੀ ! ਆਪ ਜੀ ਦੇ ਗੁਣ ਬਿਅੰਤ ਹਨ, ਕੁਝ ਕਥਨ ਨਹੀਂ ਕੀਤੇ ਜਾਂਦੇ, ਆਪ ਸਤਿਗੁਰੂ ਅਤੇ ਮੁਰਾਰੀ ਪੁਰਖ ਦਾ ਰੂਪ ਹੋ।

ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥ ੪॥ ੨॥

ਗਰੂ ਜੀ ਕਹਿੰਦੇ ਹਨ ਹੇ ਬਾਬਾ ਮੋਹਨ ਜੀ ! ਪੋਥੀਆਂ ਦੇ ਕੇ ਤੁਸਾਂ ਨੇ ਸਾਡੀ ਟੇਕ=ਲੱਜਾ ਰੱਖ ਲਈ ਹੈ, ਜਿਸ ਬਾਣੀ ਦੇ ਆਸਰੇ ਲਗਕੇ ਸਾਰੇ ਸੰਸਾਰ ਨੇ ਤਰਨਾ ਹੈ॥ ੪॥ ੨॥*

ਦੂਜਾ ਅਰਥ:- ***ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥***

ਹੇ ਮੋਹਨ=ਪਰਮਾਤਮਾ ! ਤੇਰੇ ਉੱਚੇ ਮੰਦਰ ਬੈਕੁੰਠ ਧਾਮ ਅਤੇ ਸਾਧਸੰਗਤਿ ਰੂਪੀ ਅਪਾਰ ਮਹਲ ਹੈ।

**ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਪੋਥੀਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਕੇ ਮੁੜ ਉਹ ਪੋਥੀਆਂ ਵਾਪਸ ਗੋਇੰਦਵਾਲ ਭੇਜ ਦਿਤੀਆਂ ਸਨ। ਸੁਣਿਆ ਹੈ ਉਹ ਪੋਥੀਆਂ ਭਲਿਆਂ ਦੇ ਪਾਸ ਅਈਆ ਪਿੰਡ ਵਿਚ ਹਨ।*

ਅਈਆ ਪੁਰ ਇਕ ਪਿੰਡ, ਜੋ ਜ਼ਿਲ੍ਹਾ ਹੁਸ਼ਿਆਰਪੁਰ ਤਹਿਸੀਲ ਦਸੂਹਾ, ਥਾਣਾ ਟਾਂਡਾ ਵਿਚ ਹੈ ਤੇ ਰੇਲਵੇ ਸਟੇਸ਼ਨ ਟਾਂਡਾ ਉੜਮੁੜ ਤੋਂ ਦੋ ਮੀਲ ਪੱਛਮ ਵਲ ਹੈ। ਇਸ ਅਈਆ ਪਿੰਡ ਵਿਚ ਬਾਬਾ ਜੀਵਨ ਸਿੰਘ.ਭਲੇ ਦੇ ਘਰ ਬਾਬਾ ਮੋਹਨ ਸਿੰਘ ਜੀ ਵਾਲੀਆਂ ਪੋਥੀਆਂ ਵਿਚੋਂ ਇਕ ਪੋਥੀ ਹੈ।

ਇਹ ਦੋਵੇਂ ਪੋਥੀਆਂ ਪਹਿਲੇ ਗੋਇੰਦਵਾਲ ਸਨ, ਹੁਣ ਇਨ੍ਹਾਂ ਦੋਹਾਂ ਭਾਈ ਪੁਜਾਰੀਆਂ ਨੇ ਇਕ ਇਕ ਪੋਥੀ ਵੰਡ ਲਈ ਹੈ। ਇਕ ਇਥੇ ਹੈ ਦੂਜੀ ਗੋਇੰਦਵਾਲ ਇਸ ਦੇ ਭਾਈ ਪਾਸ ਹੈ।

(ਮਹਾਨ ਕੋਸ਼ ਭਾਈ ਕਾਹਨ ਸਿੰਘ ਜੀ ਨਾਭਾ)

ਮੋਹਨ ਤੇਰੇ ਸੋਹਠਿ ਦੁਆਰ ਜੀਉ ਸੰਤ ਧਰਮਸਾਲਾ॥

ਹੇ ਮੋਹਨ=ਪਰਮਾਤਮਾ ! ਤੇਰੇ ਦਰਵਾਜ਼ੇ ਤੇ ਧਰਮ ਦੀ ਸਾਲਾ=ਘਰ ਜੋ ਸੰਤ ਹਨ ਉਹ ਸੋਭ ਰਹੇ ਹਨ।

ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥

ਹੇ ਅਪਾਰ ਗੁਣਾਂ ਵਾਲੇ ਦਿਆਲੂ ਠਾਕੁਰ ਪਰਮਾਤਮਾ ! ਧਰਮ ਦੀ ਸਾਲ=ਘਰ
ਜੋ ਸੰਤ ਹਨ ਉਹ ਸਦਾ ਹੀ ਤੇਰੇ ਕੀਰਤਨ ਨੂੰ ਗਾਉਂਦੇ ਹਨ।

ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥

ਜਿੱਥੇ ਜਿੱਥੇ ਭੀ ਸੰਤ ਸਾਧ ਇਕੱਠੇ ਹੁੰਦੇ ਹਨ, ਓਥੇ ਓਥੇ ਤੈਨੂੰ ਧਿਆਉਂਦੇ ਹਨ।

ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥

ਹੇ ਦਇਆ ਦੇ ਕਰਨ ਵਾਲੇ ਮਇਆ ਸਰੂਪ ਦਿਆਲੂ ਸੁਆਮੀ !
ਮੈਂ ਦੀਨ ਉੱਤੇ ਆਪ ਕਿਰਪਾਲੂ ਹੋਵੋ।

ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥ ੧॥

ਗੁਰੂ ਜੀ ਕਹਿੰਦੇ ਹਨ, ਅਸੀਂ ਆਪ ਜੀ ਦੇ ਦਰਸ਼ਨ ਦੇ ਚਾਹਵਾਨ ਹਾਂ,
ਆਪ ਦਾ ਦਰਸ਼ਨ ਮਿਲੇ ਤਾਂ ਸਾਰਾ=ਸ੍ਰੇਸ਼ਟ ਸੁੱਖ ਹੁੰਦਾ ਹੈ॥ ੧॥

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥

ਹੇ ਮੋਹਨ=ਪਰਮਾਤਮਾ ਤੇਰੇ ਵੇਦਾਂ ਰੂਪੀ ਅਨੂਪ ਬਚਨ ਹਨ, ਅਤੇ ਆਪ ਜੀ ਦੀ ਚਾਲ ਭੀ ਨਿਰਾਲੀ ਹੈ

ਯਥਾ:- *ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥*

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ (ਮਾਝ ਵਾਰ, ਪੰਨਾ ੧੪੪)

ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥

ਹੇ ਮੋਹਨ=ਪਰਮਾਤਮਾ ! ਤੁਸੀਂ ਏਕਤਾ ਵਾਲੇ ਜੀਆਂ ਨੂੰ ਮੰਨਦੇ ਹੋ,
ਹੋਰ ਸਭ ਨੂੰ ਰਾਲੀ=ਖਾਕ ਰੂਪ ਨਿਸਚੇ ਕਰਦੇ ਹੋ।

ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ॥

ਹੇ ਅਲੇਖ ਠਾਕੁਰ ! ਜੇ ਆਪ ਮੰਨਦੇ ਹੋ ਤਾਂ ਏਕਤਾ ਵਾਲਿਆਂ ਨੂੰ ਮੰਨਦੇ ਹੋ,
ਜਿਸ ਆਪ ਨੇ ਸਾਰੇ ਸ਼ਕਤੀ ਧਾਰੀ ਹੋਈ ਹੈ।

ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥

ਹੇ ਸਾਰਿਆਂ ਪੁਰਖਾਂ ਦੀ ਆਦਿ ਤੇ ਸੰਸਾਰ ਬਨ ਦੇ ਮਾਲਕ ਰੂਪ ਪਰਮਾਤਮਾ ! ਏਕਤਾ ਵਾਲਿਆਂ ਨੇ ਗੁਰਾਂ ਦੇ ਬਚਨਾਂ ਦੁਆਰੇ ਤੈਨੂੰ ਵਸੀਕਾਰ ਕੀਤਾ ਹੋਇਆ ਹੈ।

ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥

ਜੀਵ ਰੂਪ ਹੋ ਕੇ ਤੂੰ ਆਪ ਚਲਿਆ ਹੈਂ, ਅਤੇ ਈਸ਼ਵਰ ਰੂਪ ਹੋ ਕੇ ਤੂੰ ਆਪ ਇਸਥਿਤ ਹੋ ਰਿਹਾ ਹੈਂ।

ਵਾ:-ਜੰਗਮ ਰੂਪ ਹੋ ਕੇ ਤੂੰ ਆਪ ਚਲ ਰਿਹਾ ਹੈਂ ਤੇ ਅਸਥਾਵਰ ਰੂਪ ਹੋ ਕੇ ਇਕ ਜਗ੍ਹਾ ਤੇ ਟਿਕ ਰਿਹਾ ਹੈਂ, ਸਾਰੀਆਂ ਤਾਕਤਾਂ ਆਪਣੇ ਵਿਚ ਟਿਕਾਈਆਂ ਹੋਈਆਂ ਹਨ। ਵਾ:-ਆਪ ਨੇ ਹੀ ਸਾਰੀ ਕਲ=ਸ਼ਕਤੀ ਧਾਰੀ ਹੋਈ ਹੈ।

ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥ ੨॥

ਗੁਰੂ ਜੀ ਉਚਾਰਦੇ ਹਨ-ਸਾਡੀ ਪੈਜ ਰਖਣਾ ਕਰੋ, ਸਾਰੇ ਸੇਵਕ ਤੁਹਾਡੀ ਸ਼ਰਨ ਆਏ ਹਾਂ॥ ੨॥

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥

ਹੇ ਮੋਹਨ=ਪਰਮਾਤਮਾ ! ਆਪ ਜੀ ਨੂੰ ਸਤਸੰਗਤਿ ਧਿਆਉਂਦੀ ਹੈ,
ਦਰਸ਼ਨ ਵਾਸਤੇ ਆਪ ਜੀ ਦਾ ਧਿਆਨ ਕਰਦੀ ਹੈ।

ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥

ਹੇ ਮੋਹਨ=ਪਰਮਾਤਮਾ ! ਉਨ੍ਹਾਂ ਦੇ ਨਜ਼ਦੀਕ ਜਮ ਨਹੀਂ ਆਉਂਦਾ, ਜੋ ਅੰਤ ਵੇਲੇ ਆਪ ਨੂੰ ਜਪਦੇ ਹਨ

ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ॥

ਹੇ ਮੋਹਨ=ਪਰਮਾਤਮਾ ! ਜੋ ਇਕਾਗਰ ਮਨ ਹੋ ਕੇ ਤੈਨੂੰ ਧਿਆਉਂਦੇ ਹਨ,
ਉਨ੍ਹਾਂ ਨੂੰ ਜਮਕਾਲ ਲੱਗਦਾ ਨਹੀਂ।

ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥

ਹੇ ਮੋਹਨ=ਪਰਮਾਤਮਾਂ ! ਜੋ ਮਨ ਬਾਣੀ ਸਰੀਰ ਕਰਕੇ ਤੈਨੂੰ ਅਰਾਧਦੇ ਹਨ,
ਉਹ ਪੁਰਸ਼ ਸਾਰੇ ਫਲਾਂ ਨੂੰ ਪਾ ਲੈਂਦੇ ਹਨ।

ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ॥

ਜਿਹੜੇ ਮਲਮੂਤ=ਅਪਵਿੱਤ੍ਰ, ਮੂੜ=ਮੂਰਖ, ਮੁਗਧ=ਜੜ੍ਹ ਹੁੰਦੇ ਸਨ,
ਉਹ ਆਪ ਜੀ ਦੇ ਦਰਸ਼ਨ ਨੂੰ ਦੇਖਕੇ ਸ੍ਰੇਸ਼ਟ ਗਿਆਨਵਾਨ ਹੋ ਗਏ ਹਨ।

ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ॥ ੩॥

ਗੁਰੂ ਜੀ ਉਚਾਰਦੇ ਹਨ, ਹੇ ਪੂਰਨ ਪੁਰਖ ਭਗਵਾਨ ! ਆਪ ਜੀ ਦਾ ਰਾਜੁ=ਹੁਕਮ ਨਿਸਚਲ ਹੈ॥ ੩॥

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ॥

ਹੇ ਮੋਹਨ=ਪਰਮਾਤਮਾ ! ਤੂੰ ਸਾਰੇ ਪ੍ਰਵਾਰ ਦੇ ਸਣੁ=ਸਹਿਤ ਸ੍ਰੇਸ਼ਟ ਫਲਾਂ ਕਰਕੇ ਫਲਿਆ ਹੋਇਆ ਹੈਂ, ਤੇ ਸਾਰਾ ਪਰਵਾਰ ਅਗਲੀ ਪੰਗਤੀ ਵਿਚ ਦਸਦੇ ਹਨ ਕਿ-

ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ॥

ਹੇ ਮੋਹਨ=ਪਰਮਾਤਮਾ ! ਆਪ ਨੇ ਪੁਤ੍ਰ=ਬ੍ਰਹਮਾਂ, ਮੀਤ=ਮਹਾਤਮਾਂ, ਭਰਾ ਤੇ ਕੁਟੰਬ=ਹੋਰ ਸੰਤ ਰਿਖੀ ਮੁਨੀ ਇਹ ਸਾਰੇ ਤਾਰ ਦਿੱਤੇ ਹਨ। ਵਾ:-ਹੇ ਮੋਹਨ=ਪਰਮਾਤਮਾ ! ਤੈਂਨੇ ਪੁਤ੍ਰ=ਭਗਤ ਜਨ, ਮੀਤ=ਸਖਾ ਭਗਤੀ ਕਰਨ ਵਾਲੇ ਅਰਜਨ ਆਦਿ। ਭਾਈ=ਗਿਆਨਵਾਨ, ਕੁਟੰਬ=ਹੋਰ ਸਾਰੇ ਸਾਧੂ ਜਨ ਤਾਰ ਦੇਣਾ ਕੀਤੇ ਹਨ।

ਅਥਵਾ:-ਹੇ ਮੋਹਨ=ਪਰਮਾਤਮਾ ਸ੍ਰੀ ਰਾਮਚੰਦਰ ਰੂਪ ਹੋ ਕੇ ਆਪ ਲਵ ਕੁਸ਼ ਆਦਿਕਾਂ ਕਰਕੇ ਤੇ ਪਰਵਾਰੇ=ਸੀਤਾ ਦੇ ਸਹਿਤ ਸ੍ਰੇਸ਼ਟ ਫਲਾਂ 'ਕਰਕੇ ਫਲੇ ਹੋ। ਹੇ ਮੋਹਨ=ਪਰਮਾਤਮਾ ਪੁਤ੍ਰ=ਲਵ-ਕੁਸ਼,

ਮੀਤ=ਸੁਗ੍ਰੀਵ ਤੇ ਗੋ ਆਦਿਕ, ਭਾਈ=ਸ਼ਤ੍ਰੁਘਨ, ਲਛਮਨ, ਕੁਟੰਬ=ਸੀਤਾ ਆਦਿ ਸਨਬੰਧੀ ਸਾਰੇ ਤਾਰ ਦਿੱਤੇ ਹਨ।

ਇਹ ਤੁਕ ਕ੍ਰਿਸ਼ਨ ਜੀ ਵਿਚ ਨਹੀਂ ਘਟਦੀ ਕਿਉਂਕਿ ਉਨ੍ਹਾਂ ਦੀ ਸਾਰੀ ਕੁਲ ਦਾ ਅਭਾਵ ਹੋ ਗਿਆ ਸੀ

ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥

ਅਭਿਮਾਨ ਦੇ ਲਹਿਆ=ਦੂਰ ਹੋਣ ਕਰਕੇ ਜਿਨ੍ਹਾਂ ਨੇ ਆਪ ਦਾ ਦਰਸ਼ਨ ਪਾਇਆ ਹੈ
ਉਨ੍ਹਾਂ ਨੂੰ ਆਪ ਜੀ ਨੇ ਜਹਾਨ ਤੋਂ ਤਾਰਿਆ ਹੈ।

ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥

ਜਿਨ੍ਹਾਂ ਨੇ ਆਪ ਜੀ ਨੂੰ ਧੰਨਤਾ ਯੋਗ ਕਥਨ ਕੀਤਾ ਹੈ, ਤਿਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ।

ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ॥

ਹੇ ਸਤਿ=ਤ੍ਰੈ ਕਾਲ ਅਬਾਧ ਗੁਰ=ਪੂਜਨੀਕ ਮੁਰਾਰੀ ਪੁਰਖ ! ਤੇਰੇ ਬਿਅੰਤ ਗੁਣ ਹਨ ਮੇਰੇ ਪਾਸੋਂ ਕਥਨ ਨਹੀਂ ਕੀਤੇ ਜਾਂਦੇ।

ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥ ੪॥ ੨॥

ਗੁਰੂ ਜੀ ਉਚਾਰਦੇ ਹਨ ਹੇ ਵਾਹਿਗੁਰੂ ! ਤੈਂਨੇ ਸੰਤਾਂ ਭਗਤਾਂ ਦੀ ਟੇਕ ਰਖੀ ਹੈ
ਜਿਨ੍ਹਾਂ ਸੰਤਾਂ ਭਗਤਾਂ ਦੀ ਚਰਨੀਂ ਲਗ ਕੇ ਸਾਰਾ ਸੰਸਾਰ ਤਰਿਆ ਹੈ॥ ੪॥ ੨॥

ਗਉੜੀ ਮਹਲਾ ੫॥ ਸ਼ਲੋਕੁ॥

ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ॥
ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ॥ ੧॥

ਜੋ ਅਸੰਖ ਹੀ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ, ਉਸ ਉਤੋਂ ਵਾਰੰਵਾਰ ਬਲਿਹਾਰ ਜਾਣਾ ਕਰ। ਗੁਰੂ ਜੀ ਕਹਿੰਦੇ ਹਨ, ਹੇ ਮਨ ! ਉਸ ਰਾਮ ਨਾਮ ਨੂੰ ਜਪਣਾ ਕਰ ਜੋ ਪਾਵਕੋ=ਅਗਨੀ ਰੂਪ ਹੋ ਕੇ ਕਿਲਬਿਖ=ਪਾਪਾਂ ਰੂਪੀ ਤਿਨ=ਘਾਹ ਨੂੰ ਦਾਹਨਹਾਰ=ਸਾੜਨ ਵਾਲਾ ਹੈ॥ ੧॥

ਛੰਤ॥ ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ॥

ਹੇ ਮਨ ! ਤੂੰ ਰਾਮ, ਨਰਾਇਣ, ਗੋਬਿੰਦ, ਹਰੀ, ਮਾਧੋ, ਆਦਿਕ ਨਾਮਾਂ ਨੂੰ ਜਪਣਾ ਕਰ।

ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ॥

ਹੇ ਮਨ ! ਮੁਕੰਦੇ=ਮੁਕਤੀ ਦਾਤੇ ਮੁਰਾਰੀ ਨੂੰ ਧਿਆਉਣਾ ਕਰ ਤਾਂ ਦੁਖਦਾਈ ਕਾਲ ਦੀ ਫਾਧੋ=ਫਾਹੀ ਕਟੀ ਜਾਵੇਗੀ।

ਦੁਖਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ॥

ਜੋ ਦੀਨ ਮਨ ਹੋ ਕੇ ਸ਼ਰਣ ਵਿਚ ਆਏ ਹਨ ਉ[illegible] ਦੁਖ ਨਾਸ ਕਰਨ ਵਾਲਾ ਹੈ,
ਤੇ ਸ੍ਰੀ ਧਰ=ਮਾਇਆ ਦਾ ਆਸਰਾ ਹੈ, ਉਸ ਪ੍ਰਭੂ ਦੇ ਚਰਨ ਕਮਲਾਂ ਨੂੰ ਅਰਾਧਨਾ ਕਰੋ।

ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥

ਜਮਾਂ ਦਾ ਰਸਤਾ ਬੜਾ ਕਠਨ ਹੈ, ਉਸ ਰਸਤੇ ਵਿਚ ਅੱਗ ਦਾ ਸਮੁੰਦਰ ਹੈ, ਵਾ:-ਅੱਗ ਹੈ ਤੇ ਸਾਗਰੁ=ਵੈਤਰਨੀ ਨਦੀ ਹੈ। ਨਿਮਖ ਨਿਮਖ ਕਾਲ ਪ੍ਰਭੂ ਦਾ ਨਾਮ ਸਿਮਰਦਿਆਂ ਸਿਮਰਦਿਆਂ ਉਸ ਰਸਤੇ ਨੂੰ ਸਾਧਨਾ ਕਰੋ ਭਾਵ ਨਵਿਰਤ ਕਰੋ।

ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ ॥

ਜੋ ਕਲਜੁਗ ਦੇ ਕਲਿਮਲਹ=ਪਾਪਾਂ ਨੂੰ ਦਹਤਾ=ਸਾੜਨ ਵਾਲਾ ਹੈ।

ਅਤੇ ਮਨ ਨੂੰ ਸ਼ੁਧ ਕਰਨ ਵਾਲਾ ਹੈ, ਦਿਨ ਰਾਤ ਉਸ ਨਾਮ ਨੂੰ ਅਰਾਧਣਾ ਕਰੋ।

ਬਿਨਵੰਤਿ ਨਾਨਕ ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਇੰਵ ਬੇਨਤੀ ਕਰੋ, ਹੇ ਮਾਇਆਪਤੀ ਗੋਪਾਲ ਗੋਬਿੰਦ ! ਮੇਰੇ ਉੱਪਰ ਕਿਰਪਾ ਦ੍ਰਿਸ਼ਟੀ ਕਰੋ॥ ੧ ॥

ਸਿਮਰਿ ਮਨਾ ਦਾਮੋਦਰੁ ਦੁਖਹਰੁ ਭੈ ਭੰਜਨੁ ਹਰਿ ਰਾਇਆ ॥

ਹੇ ਮਨ ! ਜੋ ਦਮੋਦਰੁ ਪ੍ਰਭੂ ਦੁਖਾਂ ਦੇ ਹਰੁ=ਨਾਸ ਕਰਨ ਵਾਲਾ ਹੈ, ਤੇ ਜਮਾਂ ਦਾ ਡਰ ਵੀ ਭੰਜਨੁ=ਅਭਾਵ ਕਰਨ ਵਾਲਾ ਹੈ, ਤੂੰ ਉਸ ਹਰੀ ਰਾਜੇ ਨੂੰ ਸਿਮਰਨਾ ਕਰ।

ਸ੍ਰੀਰੰਗੋ ਦਇਆਲ ਮਨੋਹਰੁ ਭਗਤਿ ਵਛਲੁ ਬਿਰਦਾਇਆ ॥

ਸ੍ਰੀ ਰੰਗੋ=ਲਛਿਮੀ ਨੂੰ ਅਨੰਦ ਦੇਣ ਵਾਲਾ ਹੈ, ਦਿਆਲੂ ਹੈ, ਮਨੋਹਰੁ=ਸੁੰਦਰ ਹੈ, ਵਾ:-ਮਨ ਦੇ ਹਰਣੇ ਵਾਲਾ ਹੈ, ਅਤੇ ਭਗਤਾਂ ਦਾ ਪਿਆਰਾ ਜਿਸ ਦਾ ਧਰਮ ਹੈ ਉਸਨੂੰ ਸਿਮਰਨਾ ਕਰ।

[ਪੰਨਾ ੨੪੯]

ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥

ਭਗਤਾਂ ਦਾ ਪਿਆਰਾ ਜੋ ਪੂਰਨ ਪੁਰਖ ਹੈ ਉਸ ਦਾ ਸਿਮਰਨ ਕਰਕੇ ਮਨ ਇੱਛਤ ਫਲ ਪਾਉਣਾ ਕਰੋ।

ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ ॥

ਤਮ=ਅਤਸੈ ਕਰਕੇ ਅੰਨ੍ਹੇ ਖੂਹ ਸੰਸਾਰ ਤੋਂ ਜੋ ਉਧਾਰਦਾ ਹੈ ਉਸ ਨਾਮ ਨੂੰ ਮਨ ਵਿਚ ਵਸਾਉਣਾ ਕਰ।

ਸੁਰ ਸਿਧ ਗਣ ਗੰਧਰਬ ਮੁਨਿ ਜਨ ਗੁਣ ਅਨਿਕ ਭਗਤੀ ਗਾਇਆ ॥

ਦੇਵਤਿਆਂ, ਸਿਧਾਂ, ਗਣ, ਗੰਧਰਬਾਂ, ਮੁਨੀਜਨਾਂ ਅਤੇ ਅਨੇਕਾਂ ਹੀ ਭਗਤਾਂ ਨੇ ਜਿਸ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ।

ਬਿਨਵੰਤਿ ਨਾਨਕ ਕਰਹੁ ਕਿਰਪਾ ਪਾਰਬ੍ਰਹਮ ਹਰਿ ਰਾਇਆ ॥ ੨ ॥

ਗੁਰੂ ਜੀ ਕਹਿੰਦੇ ਹਨ ਹੇ ਮਨ ! ਤੂੰ ਐਸੇ ਬੇਨਤੀ ਕਰ ਕਿ ਹੇ ਹਰੀ ਰਾਇਆ ਪਾਰਬ੍ਰਹਮ !
ਆਪ ਸਾਡੇ ਤੇ ਕਿਰਪਾ ਕਰੋ, ਜੋ ਤੇਰਾ ਨਾਮ ਜਪੀਏ॥ ੨ ॥

ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ ॥

ਹੇ ਮਨਾ ! ਉਸ ਪਾਰਬ੍ਰਹਮ ਪਰਮੇਸ਼ਰ ਨੂੰ ਚੇਤਨਾ ਕਰ, ਜਿਸ ਨੇ ਆਪਣੀ ਕਲਾ ਕਰਕੇ ਸਾਰੀ ਸ੍ਰਿਸ਼ਟੀ

ਧਾਰੀ ਹੋਈ ਹੈ।

ਕਰੁਣਾ ਮੈ ਸਮਰਥੁ ਸੁਆਮੀ ਘਟ ਘਟ ਪ੍ਰਾਣ ਅਧਾਰੀ॥

ਜੋ ਕਿਰਪਾ ਸਰੂਪ ਹੈ ਤੇ ਸਮਰੱਥ ਸੁਆਮੀ ਹੈ, ਅਤੇ ਘਟ ਘਟ ਦੇ ਪ੍ਰਾਣਾਂ ਦਾ ਅਧਾਰੀ=ਆਸਰਾ ਹੈ।

ਪ੍ਰਾਣ ਮਨ ਤਨ ਜੀਅ ਦਾਤਾ ਬੇਅੰਤ ਅਗਮ ਅਪਾਰੋ॥

ਜੋ ਬਿਅੰਤ ਪ੍ਰਭੂ ਹਰ ਇਕ ਜੀਵ ਨੂੰ ਪ੍ਰਾਣ ਅਤੇ ਮਨ ਤਨ ਦੇ ਦਾਤਾ=ਦੇਣ ਵਾਲਾ ਹੈ, ਤੇ ਅਗਮ=ਸਾਸ਼ੜ੍ਹਾਂ ਕਰਕੇ ਅਪਾਰੋ=ਬੇਅੰਤ ਹੈ।

ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ॥

ਜੋ ਸ਼ਰਣ ਆਇਆਂ ਦੀ ਰਖਿਆ ਕਰਨ ਯੋਗ ਹੈ, ਪੁਨਾ ਉਹ ਮੋਹਨ ਸਰਬ ਕਲਾ ਸਮਰਥ ਹੈ, ਤੇ ਸਾਰੇ ਦੁਖਾਂ ਨੂੰ ਬਿਦਾਰੋ=ਨਾਸ ਕਰਨ ਵਾਲਾ ਹੈ।

ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ॥

ਜਿਸ ਮੁਰਾਰੀ ਦੇ ਨਾਮ ਜਪਣ ਕਰਕੇ ਸਾਰੇ ਰੋਗ ਸੋਗ ਅਤੇ ਦੋਖ ਨਾਸ ਹੋ ਜਾਂਦੇ ਹਨ।

ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ॥ ੩॥

ਗੁਰੂ ਜੀ ਉਚਾਰਦੇ ਹਨ-ਹੇ ਮਨ ! ਉਸ ਦੇ ਅਗੇ ਐਸੇ ਬੇਨਤੀ ਕਰ, ਹੇ ਸਮਰੱਥ ਸਭ ਸ਼ਕਤੀ ਦੇ ਧਾਰਨ ਵਾਲੇ ਪ੍ਰਭੂ ! ਆਪ ਮੇਰੇ ਉੱਤੇ ਭੀ ਕਿਰਪਾ ਕਰੋ॥ ੩॥

ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ॥

ਹੇ ਮਨ ! ਅਚੁਤ=ਅਗਿੜ ਅਬਿਨਾਸੀ ਦੇ ਗੁਣ ਗਾਉਣਾ ਕਰ, ਉਹ ਦਿਆਲੂ ਸਭ ਤੋਂ ਉੱਚਾ ਹੈ।

ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ॥

ਬਿਸੰ=ਸੰਸਾਰ ਦੇ ਭਰੁ=ਭਰਨੇ ਨੂੰ ਅਤੇ ਸਾਰਿਆਂ ਦੇ ਦੇਵਣ ਨੂੰ ਇਕ ਵਾਹਿਗੁਰੂ ਹੀ ਸਮਰੱਥ ਹੈ ਅਤੇ ਸਾਰਿਆਂ ਦੀ ਵੱਖੋ ਵੱਖ ਪਾਲਣਾ ਕਰਦਾ ਹੈ।

ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ॥

ਉਹ ਪ੍ਰਤਿਪਾਲਾ ਕਰਨ ਵਾਲਾ ਪਰਮੇਸ਼ਰ ਮਹਾਂ ਦਿਆਲੂ ਤੇ ਦਾਨਾ=ਦਨਾਈ ਵਾਲਾ ਹੈ,
ਅਤੇ ਸਭ ਕਿਸੇ ਉੱਤੇ ਕ੍ਰਿਪਾ ਦ੍ਰਿਸ਼ਟੀ ਧਾਰਦਾ ਹੈ।

ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ॥

ਜਾ ਕੈ=ਜਿਸ ਦੇ ਦਿਲ ਵਿਚ ਉਹ ਪ੍ਰਭੂ ਵਸਦਾ ਹੈ ਉਸ ਦੇ ਕੰਟਕੁ=ਦੁਖਦਾਈ ਕਾਲ, ਲੋਭ ਮੋਹ ਵਗੈਰਾ ਸਭ ਨੱਸ ਜਾਂਦੇ ਹਨ।

ਸੁਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ॥

ਜਿਸ ਦੀ ਸੇਵਾ ਕੀਤੀ ਹੋਈ ਸਫਲ ਹੁੰਦੀ ਹੈ ਉਹ ਦੇਵ ਪਰਮਾਤਮਾ ਜਦ ਪ੍ਰਸੰਨ ਹੋਇਆ, ਤਾਂ ਇਸ ਜੀਵ ਦੀ ਸਾਰੀ ਘਾਲਾ=ਕਮਾਈ ਕੀਤੀ ਹੋਈ ਪੂਰਨ ਹੋਈ।

ਬਿਨਵੰਤ ਨਾਨਕ ਇਛ ਪੁਨੀ ਜਪਤ ਦੀਨ ਦੈਆਲਾ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ, ਦੀਨ ਦਿਆਲ ਪਰਮਾਤਮਾ ਦੇ ਜਪਣ ਕਰਕੇ ਮੇਰੀ ਇੱਛਾ ਪੂਰੀ ਹੋ ਗਈ

ਹੈ॥ ੪॥ ੩॥

ਗਉੜੀ ਮਹਲਾ ੫

ਇਸ ਛੰਤ ਵਿਚ ਤਿੰਨਾਂ ਸਖੀਆਂ ਦੇ ਸੰਬਾਦ ਦੁਆਰਾ ਗੁਰੂ ਸਾਹਿਬ ਜੀ ਤਟੱਸਥੀ ਹੋ ਕੇ ਉਪਦੇਸ਼ ਕਰਦੇ ਹਨ

ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥

ਹੇ ਸਖੀਏ ਸੁਨਣਾ ਕਰ ! ਅਸੀਂ ਆਪਸ ਵਿਚ ਮਿਲਕੇ ਉੱਦਮ ਕਰੀਏ,

ਅਤੇ ਹਰੀ ਪਤੀ ਨੂੰ ਮਨਾ ਲਈਏ, ਭਾਵ ਪ੍ਰਸੰਨ ਕਰ ਲਈਏ।

ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ॥

ਮਾਨੁ=ਹੰਕਾਰ ਨੂੰ ਤਿਆਗ ਕੇ ਸਾਧੂਆਂ ਦੇ ਮੰਤ੍ਰ ਨਾਲ ਭਗਤੀ ਰੂਪੀ ਠੱਗਬੂਟੀ ਕਰਕੇ ਉਸਨੂੰ ਮੋਹਣਾ ਕਰੀਏ

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥

ਹੇ ਸਖੀ ! ਇਕ ਵੇਰ ਉਹ ਵਸੀਕਾਰ ਆਇਆ ਹੋਇਆ ਫਿਰ ਛਡ ਨਹੀਂ ਜਾਂਦਾ, ਭਗਵੰਤ ਦੀ ਇਹੋ ਰੀਤੀ ਸਭ ਤੋਂ ਚੰਗੀ ਹੈ।

ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ॥ ੧॥

ਗੁਰੂ ਜੀ ਕਹਿੰਦੇ ਹਨ-ਉਹ ਜਿਸ ਦੇ ਵਸੀਕਾਰ ਹੁੰਦਾ ਹੈ ਉਸ ਦਾ ਜਨਮ ਮਰਣ ਜਰਾ=ਬੁਢੇਪਾ ਅਤੇ ਨਰਕ ਆਦਿਕਾਂ ਦਾ ਭੈ ਨਵਿਰਤ ਕਰਦਾ ਹੈ, ਫਿਰ ਉਸ ਪੁਰਸ਼ ਨੂੰ ਪੁਨੀਤ=ਪਵਿੱਤ੍ਰ ਕਰ ਦੇਂਦਾ ਹੈ॥ ੧॥

ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ॥

ਹੇ ਸਖੀ ! ਮੇਰੀ ਇਹ ਭਲੀ ਬੇਨਤੀ ਸੁਨਣਾ ਕਰ ! ਅਸੀਂ ਆਪਸ ਵਿਚ ਬੈਠਕੇ ਇਹ ਮਤਾਂਤੁ=ਸਿੱਧਾਂਤ ਪੱਕਾ ਕਰ ਲਈਏ ਭਾਵ ਪੱਕੀ ਸਲਾਹ ਕਰ ਲਈਏ।

ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ॥

ਸਹਜਿ ਸੁਭਾਇ=ਸੁਤੇ ਸਿਧ, ਵਾ:-ਸਹਜੇ ਹੀ ਸ੍ਰੇਸ਼ਟ ਪ੍ਰੇਮ ਕਰਕੇ, ਸੰਸਾਰਕ ਉਪਾਧੀ ਤੋਂ ਰਹਿਤ ਹੋ ਕੇ ਗੋਵਿੰਦ ਦੇ ਗੀਤ ਗਾਉਣਾ ਕਰੀਏ।

ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ॥

ਜਿਸ ਕਰਕੇ ਕਲਪਣਾਂ ਤੇ ਕਲੇਸ਼ ਮਿਟ ਜਾਣਗੇ, ਭਰਮ ਵੀ ਨਾਸ ਹੋ ਜਾਏਗਾ,

ਅਤੇ ਮਨਿ ਚਿੰਦਿਆ=ਮਨ ਇੱਛਤ ਫਲ ਪਾ ਲਵਾਂਗੇ।

ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ॥ ੨॥

ਪਰਾ ਰੂਪ ਬ੍ਰਹਮ ਬਿਆਪਕ ਜੋ ਪੂਰਨ ਪਰਮੇਸ਼ਰ ਹੈ ਉਸ ਦੇ ਨਾਮ ਨੂੰ ਧਿਆਉਣਾ ਕਰੀਏ॥ ੨॥

ਹੁਣ ਮਧਿਮ ਸਖੀ ਆਖਦੀ ਹੈ:-

ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ॥

ਹੇ ਸਖੀ 'ਉੱਤਮ ਮਧਿਮ' ਮੈਂ ਨਿਤ ਇੱਛਾ ਕਰਦੀ ਹਾਂ, ਸੁੱਖਣਾ ਵੀ ਨਿਤਾਪ੍ਰਤੀ ਮੰਨਦੀ ਹਾਂ ਕਿ ਪ੍ਰਭੂ,

ਮੇਰੀ ਭੀ ਆਸਾ ਪੁਜਾਏ=ਪੂਰਨ ਕਰ ਦੇਵੇ।

ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥

ਚਰਨਾਂ ਦੀ ਚਾਹਵਾਨ, ਅਤੇ ਦਰਸ਼ਨ ਦੀ ਵੈਰਾਗਵਾਨ ਹੋਈ ਹੋਈ *ਅਥਵਾ:-*ਚਰਨਾਂ ਦੇ ਦਰਸ਼ਨ ਦੀ ਪਿਆਸੀ ਹੋਈ, ਵੈਰਾਗਵਾਨ ਹੋ ਕੇ ਸਾਰੇ ਅਸਥਾਨਾਂ ਨੂੰ ਦੇਖਦੀ ਫਿਰਦੀ ਹਾਂ ਪਰ ਪ੍ਰਾਪਤ ਨਹੀਂ ਹੁੰਦਾ।

ਉਸ ਵੇਲੇ ਉੱਤਮ ਮਧਿਮ ਨੇ ਕਿਹਾ:-

ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥

ਸੰਤ ਜਨਾਂ ਦੇ ਨਾਲ ਮਿਲਕੇ ਤੂੰ ਹਰੀ ਖੋਜ ਲੈਣਾ ਕਰ, ਕਿਉਂਕਿ ਅਕਾਲ ਪੁਰਖ ਦੇ ਨਾਲ ਮਿਲਾਉਣ ਨੂੰ ਸੰਤ ਹੀ ਸਮਰੱਥ ਹਨ।

ਜਿਸ ਨੂੰ ਸੰਤ ਮਿਲੇ ਹਨ-

ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥ ੩ ॥

ਸਤਿਗੁਰਦੇਵ ਜੀ ਕਥਨ ਕਰਦੇ ਹਨ-ਉਸੇ ਨੂੰ ਸੁਖਦਾਤਾ ਸੁਰਜਨ ਪਰਮਾਤਮਾ ਮਿਲਿਆ ਹੈ,

ਹੇ ਮਾਏ=ਸਖੀ ! ਓਹੀ ਵਡਿਆਂ ਭਾਗਾਂ ਵਾਲਾ ਹੈ॥ ੩ ॥

ਉਸ ਵੇਲੇ ਉਹ ਦੋਨੋਂ ਸਖੀਆਂ ਉਤਮ ਮਧਿਮ ਤੇ ਮਧਿਮ ਮਹਾਤਮਾਂ ਪਾਸ ਚਲਕੇ ਆਈਆਂ।

ਆ ਕੇ ਕਿਹਾ ਸਾਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਦਸੋ?

ਤਾਂ ਉੱਤਮ ਮਹਾਤਮਾਂ ਰੂਪੀ ਸਖੀ ਨੇ ਕਿਹਾ-

ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥

ਹੇ ਸਖੀ ! ਮੈਂ ਆਪਣੇ ਪਿਆਰੇ ਨਾਹ=ਪਤੀ ਪਰਮਾਤਮਾ ਦੇ ਨਾਲ ਵਸਦੀ ਹਾਂ, ਮੇਰਾ ਮਨ ਤਨ ਉਸ ਹਰੀ ਦੇ ਨਾਲ ਹਿਲਿਆ=ਗਿਝ ਗਿਆ ਹੈ।

ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥

ਹੇ ਸਖੀਏ ! ਸੁਨਣਾ ਕਰ ਮੇਰੀ ਸ਼ਾਂਤੀ ਰੂਪੀ ਨਿੰਦਰਾ ਭਲੀ ਹੈ, ਜਿਸ ਸ਼ਾਂਤੀ ਰੂਪੀ ਨਿੰਦਰਾ ਦੇ ਵਿਚ ਮੈਨੂੰ ਆਪਣਾ ਪਿਰੁ=ਪਤੀ ਪਰਮਾਤਮਾ ਮਿਲ ਪਿਆ ਹੈ।

ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥

ਸੁਆਮੀ ਦੀ ਪ੍ਰਾਪਤੀ ਹੋਣ ਕਰਕੇ ਭਰਮ ਦੂਰ ਹੋ ਗਿਆ ਹੈ, ਸਹਜੇ ਸ਼ਾਂਤੀ ਆ ਗਈ ਹੈ, ਪਰਗਾਸੁ= ਗਿਆਨ ਦੇ ਹੋਣ ਨਾਲ ਹਿਰਦਾ ਕੌਲ ਖਿੜ ਪਿਆ ਹੈ।

ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥੪ ॥੪ ॥੨ ॥੫ ॥੧੧ ॥

ਗੁਰੂ ਜੀ ਕਥਨ ਕਰਦੇ ਹਨ, ਜਦ ਤੋਂ ਪ੍ਰਭੂ ਅੰਤਰਜਾਮੀ ਰੂਪ ਵਰੁ=ਪਤੀ ਨੂੰ ਮੈਂ ਨੇ ਪਾਇਆ ਹੈ,

ਤਦ ਤੋਂ ਮੇਰਾ ਸੋਹਾਗੁ=ਆਨੰਦ ਟਲਿਆ ਨਹੀਂ॥ ੪॥ ੪॥ ੨॥ ੫॥ ੧੧॥

ਜੇ ਤੁਹਾਨੂੰ ਇੱਛਾ ਹੈ ਤਾਂ ਤੁਸੀਂ ਵੀ ਇਸ ਰੀਤੀ ਨਾਲ ਉਸ ਪ੍ਰਭੂ ਨਾਲ ਮਿਲਣਾ ਕਰੋ।

[ਪੰਨਾ ੨੫੦]

੧ਓ ਸਤਿਗੁਰ ਪ੍ਰਸਾਦਿ॥

ਗਉੜੀ ਬਾਵਨ ਅਖਰੀ ਮਹਲਾ ੫॥ ਸਲੋਕੁ॥

ਪਹਿਲੀ ਉਥਾਨਕਾ:-ਗੁਰੂ ਜੀ ਦੇ ਪਾਸ ਇਕ ਪੰਡਿਤ ਨੇ ਆ ਕੇ ਬੇਨਤੀ ਕੀਤੀ ਸੰਸਕ੍ਰਿਤ ਦੇ ਜੋ ਬਵੰਜਾ ਅਖਰ ਹਨ, ਉਨ੍ਹਾਂ ਦਾ ਸਿਧਾਂਤ ਕੀ ਹੈ? ਉਸ ਪੰਡਿਤ ਨੂੰ ਉੱਤਰ ਦੇਣ ਵਾਸਤੇ ਗੁਰੂ ਜੀ ਨੇ ਇਹ ਬਾਵਨ ਅਖਰੀ ਰੂਪ ਬਾਣੀ ਉਚਾਰਣਾ ਕੀਤੀ ਹੈ। ਇਸ ਵਿਚ ਕੇਵਲ ਬਾਵਨ=ਬਵੰਜਾ ਅਖਰਾਂ* ਦਾ ਸਿਧਾਂਤ ਹੈ।

ਦੂਜੀ ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ੧੬੪੭ ਸੰਮਤ ਵਿਚ ਸ੍ਰੀ ਤਰਨ ਤਾਰਨ ਸਰੋਵਰ ਰਚਕੇ ਵਰ ਦਿੱਤਾ ਕਿ ਜੋ ਸ਼ਰਧਾ ਭਾਵ ਨਾਲ ਇਥੇ ਆ ਕੇ ਇਸ਼ਨਾਨ ਕਰੇਗਾ ਉਸ ਦੀਆਂ ਮਨੋਕਾਮਨਾਂ ਪੂਰਨ ਹੋਣਗੀਆਂ, ਅਤੇ ਕੋੜ੍ਹੀਆਂ ਦੇ ਕੋੜ੍ਹ ਭੀ ਦੂਰ ਹੋ ਜਾਣਗੇ। ਇਹ ਗੱਲ ਸੁਣ ਕੇ ਸੰਗਤਾਂ ਬਹੁਤ ਹੀ ਹੁਮ ਹੁਮਾ ਕੇ ਜਾਣ ਲਗ ਪਈਆ।

ਇਕ ਵਾਰ ਮਾਤਾ ਗੰਗਾ ਜੀ ਨੇ ਵੀ ਬੇਨਤੀ ਕੀਤੀ ਕਿ ਮੈਨੂੰ ਆਗਿਆ ਦੇਵੋ ਮੈਂ ਭੀ ਜਾ ਕੇ ਇਸ਼ਨਾਨ ਕਰ ਆਵਾਂ, ਗੁਰੂ ਸਾਹਿਬ ਜੀ ਨੇ ਕਿਹਾ ਚੰਗਾ। ਜਦ ਮਾਤਾ ਜੀ ਤਰਨ ਤਾਰਨ ਜਾਣ ਨੂੰ ਤਿਆਰ ਹੋਏ ਤਾਂ ਨਾਲ

---

*ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ੫੨ ਅਖਰ ਇਹ ਕਲਪੇ ਹਨ

ਅ	ਆ	ਇ	ਈ	ਉ	ਊ	ਏ	ਐ	ਓ	ਔ	ਅੰ	ਆਂ
ਰਿ			ਰੀ				ਲ੍ਰਿ				ਲ੍ਰੀ
ਕ		ਖ			ਗ			ਘ			ਙ
ਚ		ਛ			ਜ			ਝ			ਞ
ਟ		ਠ			ਡ			ਢ			ਣ
ਤ		ਥ			ਦ			ਧ			ਨ
ਪ		ਫ			ਬ			ਭ			ਮ
ਯ		ਰ			ਲ			ਵ			ਸ਼
ਖ਼		ਸ			ਹ		ਕ੍ਸ਼		ਤ੍ਰ		ਜ੍ਞ

(੧) ਇਸ ਬਾਵੰਨ ਅਖਰੀ ਵਿਚ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਅਖਰਾਂ ਦਾ ਕ੍ਰਮ ਸੰਸਕ੍ਰਿਤ ਦੀ ਲਿਪੀ ਅਨੁਸਾਰ ਨਹੀਂ ਰਖਿਆ, ਉਸ ਵੇਲੇ ਜਿਸ ਤਰ੍ਹਾਂ ਪਾਂਧੇ ਲੋਕ ਅਖਰਾਂ ਦਾ ਕ੍ਰਮ ਪੜ੍ਹਾਇਆ ਕਰਦੇ ਸਨ ਤੇ ਜਿਸ ਤਰ੍ਹਾਂ ਲੋਕਾਂ ਦੇ ਮੂੰਹ ਤੇ ਅਖਰ ਚੜ੍ਹੇ ਹੋਏ ਸਨ ਉਸ ਰੀਤੀ ਅਨੁਸਾਰ ਹੀ ਇਹ "ਬਾਵਨ ਅਖਰੀ" ਨਾਮੇ ਬਾਣੀ ਉਚਾਰਨ ਕੀਤੀ ਹੈ।

(੨) ਦੂਜਾ ਭਾਵ ਇਹ ਭੀ ਸਮਝ ਲੈਣਾ, ਕਿ ਜਿਸ ਤਰ੍ਹਾਂ ਬੱਚਿਆਂ ਨੂੰ ਭੁਲਾਵੇਂ ਅਖਰ ਲਿਖ ਕੇ ਪੜ੍ਹਾਏ ਜਾਂਦੇ ਹਨ ਉਸੇ ਅਨੁਸਾਰ ਗੁਰੂ ਮਹਾਰਾਜ ਜੀ ਨੇ ਇਸ ਬਾਣੀ ਵਿਚ ਬਵੰਜਾ ਅਖਰਾਂ ਦਾ ਸਿਧਾਂਤ ਕਥਨ ਕੀਤਾ ਹੈ।

ਕਈ ਸੱਜਣ ਬਾਵਨ ਦਾ ਅਰਥ ਬਾਨਵੇਂ (੯੨) ਕਰਦੇ ਹਨ ਪਰ ਉਹ ਠੀਕ ਨਹੀਂ,
ਬਾਵਨ ਦਾ ਅਰਥ ਬਵੰਜਾ (੫੨) ਹੀ ਹੈ।

ਯਥਾ:-ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥ (ਪੰਨਾ ੩੪੩)
ਤਥਾ:-ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥ (ਪੰਨਾ ੩੪੦)
ਤਥਾ:-ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ॥ ੩॥ (ਪੰਨਾ ੧੦੮੨)
ਤਥਾ:-ਬਾਵਨ ਖੇਲ ਪਠਾਨ ਤਹਿ ਸਭੈ ਪਰੇ ਅਰਰਾਇ॥ (ਦਸਮ ਗ੍ਰੰਥ ਚਰਿਤ੍ਰ ੨੯੭)

ਧਨਾਢਾਂ ਦੀਆਂ ਇਸਤ੍ਰੀਆਂ ਤਿਆਰ ਹੋ ਪਈਆਂ, ਜਿਨ੍ਹਾਂ ਨੇ ਗਲ ਵਿਚ ਬਹੁਤ ਕਿਸਮਾ ਦੇ ਹਾਰ ਸ੍ਰਿਨ ਦੇ ਪਹਿਰੇ ਹੋਏ ਸਨ। ਰਾਹ ਵਿਚ ਜਾਂਦਿਆਂ ਉਨ੍ਹਾਂ ਇਸਤੀਆਂ ਨੇ ਕਿਹਾ ਮਾਤਾ ਜੀ ਸਾਰੇ ਜਗਤ ਦੇ ਪੂਜ ਹੋ ਕੇ ਭੀ ਆਪ ਜੀ ਨੇ ਕੋਈ ਮਾਲਾ ਗਲ ਵਿਚ ਨਹੀਂ ਪਹਿਰੀ ਕੀ ਸਬੱਬ ਹੈ? ਉਸ ਵੇਲੇ ਤਾਂ ਮਾਤਾ ਜੀ ਚੁਪ ਕਰ ਗਏ, ਜਦ ਤਰਨ ਤਾਰਨ ਸਰੋਵਰ ਵਿਚ ਇਸ਼ਨਾਨ ਕਰਕੇ ਘਰ ਵਾਪਸ ਆਏ ਤਾਂ ਮਾਤਾ ਜੀ ਨੇ ਗੁਰੂ ਸਾਹਿਬ ਜੀ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ ਸੁਆਮੀ ਜੀ ਜਿਸ ਵੇਲੇ ਮੈਂ *ਤਰਨ ਤਾਰਨ ਗਈ ਤਾਂ ਰਾਹ ਵਿਚ ਧਨਾਢ ਔਰਤਾਂ ਨੇ ਮੈਨੂੰ ਬੋਲੀ ਮਾਰੀ, ਕਿ ਸਾਰੇ ਜਗਤ ਦੇ ਪੂਜਯ ਹੋ ਕੇ ਭੀ ਤੁਸੀਂ ਕੋਈ ਮਾਲਾ ਗਲ ਵਿਚ ਨਹੀਂ ਪਾਈ ਕੀ ਸਬੱਬ ਹੈ ?

ਇਸ ਲਈ ਆਪ ਕੋਈ ਅਜੇਹੀ ਮਾਲਾ ਦਿਓ ਜੋ ਬਹੁਤ ਹੀ ਸੁੰਦਰ ਹੋਵੇ। ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ ਬਾਹਰਲੀਆਂ ਝੂਠੀਆਂ ਮਾਲਾਂ ਪਾ ਕੇ ਕੀ ਕਰਨਾ ਹੈ ਅੰਤ੍ਰੀਵ ਸੁਚੇ ਮੋਤੀਆਂ ਦੀ ਮਾਲਾ ਪਹਿਰਣਾ ਕਰੋ। ਗੁਰੂ ਸਾਹਿਬ ਜੀ ਸੁਚੇ ਮੋਤੀ ਤੇ ਹੀਰਿਆਂ ਦੀ ਮਾਲਾ ਬਣਾ ਕੇ ਮਾਤਾ ਗੰਗਾ ਜੀ ਨੂੰ ਦੇਂਦੇ ਹਨ।

ਤੀਜੀ ਉਥਾਨਕਾ:– ਸਿੱਖਾਂ ਨੇ ਬੇਨਤੀ ਕੀਤੀ, ਆਪ ਕੋਈ ਐਸੀ ਸੁੰਦਰ ਮਾਲਾ ਬਖਸ਼ੋ ਜਿਸਨੂੰ ਪਾ ਕੇ ਸਾਡਾ ਲੋਕ ਪ੍ਰਲੋਕ ਸੁਧਰ ਜਾਏ। ਸਾਰਿਆਂ ਦੀ ਬੇਨਤੀ ਸੁਣਕੇ ਗੁਰੂ ਸਾਹਿਬ ਜੀ ਨੇ ਇਹ ਬਾਵਨ ਅਖਰੀ ਨਾਮੇ ਬਾਣੀ ਰਚਨਾ ਕੀਤੀ।

ਜਿਵੇਂ ਸੁਚੇ ਹੀਰੇ ਮੋਤੀਆਂ ਦੀ ਮਾਲਾ ਬਨਾਉਣ ਵੇਲੇ ਪਹਿਲਾਂ ਉਸ ਦੇ ਰੱਖਣ ਵਾਸਤੇ ਡੱਬਾ ਬਣਾਇਆ ਜਾਂਦਾ ਹੈ। ਤਿਵੇਂ ਇਸ ਮਾਲਾ ਲਈ ਪਹਿਲਾ ਸਲੋਕ 'ਗੁਰਦੇਵ ਮਾਤਾ' ਵਾਲਾ ਡੱਬਾ ਹੈ ਤੇ ਵਿਚਲੀ ਬਾਣੀ ਮਾਲਾ ਹੈ। ਅਖੀਰਲਾ ਸਲੋਕ 'ਗੁਰਦੇਵ ਮਾਤਾ' ਵਾਲਾ ਢੱਕਣ ਹੈ। ਪਹਿਲੇ ਸਲੋਕ ਵਿਚ ਆਪਣੇ ਸਤਿਗੁਰਾਂ ਦੀ ਉਸਤਤੀ ਕਥਨ ਕਰਦੇ ਹਨ।

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

ਸਤਿਗੁਰਦੇਵ ਜੀ ਮਾਂ ਵਾਂਗੂੰ ਰਖੱਜਕ ਹਨ, ਸਤਿਗੁਰਦੇਵ ਜੀ ਪਿਤਾ ਵਾਂਗੂੰ ਅਮੋਲਕ ਵਸਤੂਆਂ ਲਿਆਕੇ ਦੇਣ ਵਾਲੇ ਹਨ, ਜਿਵੇਂ ਪਿਤਾ ਆਪਣੇ ਬੱਚਿਆਂ ਨੂੰ ਚੰਗੀਆਂ ਚੰਗੀਆਂ ਚੀਜ਼ਾਂ ਲਿਆਕੇ ਖੁਆਂਦਾ ਹੈ ਤਿਵੇਂ ਗੁਰੂ ਸਾਹਿਬ ਜੀ ਨੇ ਸਾਰਿਆਂ ਵੇਦਾਂ ਸ਼ਾਸਤ੍ਰਾਂ ਨੂੰ ਮਥਕੇ ਗੁਰਬਾਣੀ ਰੂਪੀ ਅਮੋਲਕ ਵਸਤੂ ਲਿਆਕੇ ਸਿੱਖਾਂ ਨੂੰ ਦਿੱਤੀ ਹੈ, ਪੁਨਾ ਸਤਿਗੁਰਦੇਵ ਜੀ ਸੁਆਮੀ ਹਨ, ਸੁਆਮੀ ਭੀ ਕੈਸੇ ? ਕਿ ਪਰਮੇਸ਼ਰ ਦਾ ਰੂਪ ਹਨ।

ਵਾ:-ਸਤਿਗੁਰਦੇਵ ਜੀ ਸੁਆਮੀ ਪਰਮੇਸ਼ਰ ਦੀ ਪ੍ਰਾਪਤੀ ਕਰਨ ਵਾਲੇ ਹਨ।

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥

ਸਤਿਗੁਰਦੇਵ ਜੀ ਅਗਿਆਨ ਰੂਪੀ ਸ਼ਤਰੂ ਦੇ ਨਾਸ ਕਰਨੇ ਨੂੰ ਸਖਾ=ਮਿਤਰ ਵਾਂਗੂੰ ਹਨ, ਜਿਵੇਂ ਕ੍ਰਿਸ਼ਨ

---

*ਸੰਮਤ ੧੬੪੭ ਵੈਸਾਖ ੧੭ ਨੂੰ ਤਰਨ ਤਾਰਨ ਦਾ ਤਾਲ ਖੁਦਾਇਆ ਹੈ ਤੇ ਸੰਮਤ ੧੬੫੩ ਵਿਚ ਤਰਨ ਤਾਰਨ ਨਗਰ ਅਬਾਦ ਕੀਤਾ ਹੈ।

ਅਜਕਲ ਬਾਬਾ ਜੀਵਣ ਸਿੰਘ ਜੀ ਜੋ ਕਿ ਬਾਬਾ ਗੁਰਮੁਖ ਸਿੰਘ ਜੀ ਦੇ ਚੇਲੇ ਹਨ। ਇਨ੍ਹਾਂ ਨੇ ਸੰਨ ੧੯੭੧ ਅਗਸਤ ੧੪ ਨੂੰ ਤਰਨ ਤਾਰਨ ਸਰੋਵਰ ਦੇ ਪੌੜਾਂ ਦੇ ਬਨਾਣ ਦੀ ਸੇਵਾ ਆਰੰਭ ਕੀਤੀ ਜੋ ਕਿ ਸੰਨ ੧੯੭੧ ਨਵੰਬਰ ੨੩ ਵਿਚ ਸੰਪੂਰਣ ਹੋਈ।

ਉਪਰੰਤ ਸੰਨ ੧੯੭੧ ਨਵੰਬਰ ੨੯ ਨੂੰ ਕਾਰ ਸੇਵਾ ਲਈ ਸਰੋਵਰ ਵਿਚ ਬੰਨ੍ਹ ਲਗਾਣਾ ਸ਼ੁਰੂ ਕੀਤਾ। ਸੰਨ ੧੯੭੨ ਮਾਰਚ ੧ ਤੋਂ ਸਰੋਵਰ ਕੀ ਕਾਰ ਸੇਵਾ ਆਰੰਭ ਕੇ ਸੰਪੂਰਨ ਹੋ ਗਈ ਹੈ।

ਜੀ ਨੇ ਸਖਾ ਰੂਪ ਹੋ ਕੇ ਅਰਜਨ ਦੀ ਸਹਾਇਤਾ ਕੀਤੀ ਸੀ। ਫਿਰ ਸਤਿਗੁਰਦੇਵ ਜੀ ਬੰਧਿਪ=ਸਨਬੰਧੀ ਹਨ, ਸਬੰਧੀ ਭੀ ਕੈਸੇ ? ਕਿ ਸਹੋਦਰਾ=ਸਕੇ ਭਰਾ ਦੀ ਨਿਆਈਂ ਹਨ।*

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥

ਸਤਿਗੁਰਦੇਵ ਜੀ ਹਰੀ ਨਾਮ ਉਪਦੇਸ਼ ਦੇ ਦਾਤਾ ਹਨ, ਗੁਰਦੇਵਾਂ ਦਾ ਸਤਿਨਾਮੁ ਮੰਤ੍ਰ ਨਿਰੋਧਰਾ= ਨਿਰ+ਉਧਰਾ=ਵਿਸ਼ੇਸ਼ ਕਰਕੇ ਉਧਾਰਨੇ ਵਾਲਾ ਹੈ।

ਵਾ:-ਨਿਰਾ ਆਪ ਹੀ ਉਧਾਰਨੇ ਵਾਲਾ ਹੈ ਹੋਰ ਕਿਸੇ ਦੀ ਮਦਦ ਨਹੀਂ ਲੈਂਦਾ।

ਵਾ:-ਗੁਰਦੇਵਾਂ ਦਾ ਮੰਤਰ ਨਿਰੋਧਰਾ=ਇੰਦ੍ਰੀਆਂ ਦੇ ਦਮਨ ਦੁਆਰਾ ਸੰਸਾਰ ਤੋਂ ਤਾਰਨ ਵਾਲਾ ਹੈ।

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥

ਸਤਿਗੁਰਦੇਵ ਜੀ ਸ਼ਾਂਤੀ ਸਰੂਪ ਹਨ, ਸਤਿ=ਤ੍ਰੈਕਲ ਅਬਾਧ ਸਰੂਪ ਹਨ, ਬੁਧਿ ਮੂਰਤਿ=ਬੋਧ ਮੂਰਤੀ ਅਰਥਾਤ ਗਿਆਨ ਸਰੂਪ ਹਨ, ਗੁਰਦੇਵਾਂ ਦਾ ਪਰਸਨਾ ਪਾਰਸ ਤੋਂ ਭੀ ਪਰੇ ਹੈ। ਪਾਰਸ ਨਾਲ ਛੋਹ ਕੇ ਲੋਹਾ ਆਪ ਸੋਨਾ ਹੋ ਜਾਂਦਾ ਹੈ ਪਰ ਉਹ ਅਗੇ ਹੋਰ ਲੋਹੇ ਨੂੰ ਸੋਨਾ ਨਹੀਂ ਕਰ ਸਕਦਾ, ਤੇ ਗੁਰੂ ਸਾਹਿਬ ਜੀ ਨਾਲ ਜੋ ਛੋਂਹਦਾ ਹੈ ਉਹ ਆਪ ਤਰ ਜਾਂਦਾ ਹੈ ਤੇ ਅਗੇ ਹੋਰਨਾਂ ਨੂੰ ਭੀ ਤਾਰਦਾ ਹੈ ਇਸੀ ਤੇ ਗੁਰਾਂ ਦਾ ਪਰਸਨਾ ਪਾਰਸ ਤੋਂ ਭੀ ਪਰੇ ਹੈ।

ਯਥਾ- ਪਾਰਸ ਮਹਿ ਅਰੁ ਸੰਤ ਮਹਿ ਬੜੇ ਅੰਤਰੋ ਜਾਨ॥
ਵਹ ਲੋਹਾ ਕੰਚਨ ਕਰੇ ਯਹ ਕਰੇ ਆਪ ਸਮਾਨ॥ ੧੬॥

(ਵਿਚਾਰ ਮਾਲਾ ਪਿਆ ੨)

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥

ਸਤਿਗੁਰਦੇਵਾਂ ਦਾ ਰਚਿਆ ਹੋਇਆ ਜੋ ਇਹ ਅੰਮ੍ਰਿਤ ਸਰੋਵਰ ਤੀਰਥ ਹੈ ਇਸ ਵਿਚ ਜੋ ਨਿਸ਼ਕਾਮ ਹੋ ਕੇ ਸ਼ਰਧਾ ਨਾਲ ਇਸ਼ਨਾਨ ਕਰਦਾ ਹੈ ਉਸਨੂੰ ਅਪਰੰਪਰਾ=ਪਰਮਾਤਮਾ ਦਾ 'ਗੁਰ ਗਿਆਨ'=ਅਪ੍ਰੋਖ ਗਿਆਨ ਹੁੰਦਾ ਹੈ। *ਅਥਵਾ:*-ਸਤਿਗੁਰਦੇਵ ਜੀ ਤੀਰਥ ਵਾਂਗ ਪਵਿੱਤਰ ਰੂਪ ਹਨ, ਤੇ ਨਾਮ ਅੰਮ੍ਰਿਤ ਦੇ ਸਰੋਵਰ ਹਨ, ਗੁਰਾਂ ਦੁਆਰੇ ਜੋ ਅਪਰੰਪਰਾ=ਪਰਮਾਤਮਾ ਦਾ ਗਿਆਨ ਹੋਣਾ ਹੈ ਇਹੀ ਉਸ ਵਿਚ ਮਜਨੁ=ਇਸ਼ਨਾਨ ਕਰਨਾ ਹੈ।

ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥

ਬ੍ਰਹਮ ਰੂਪ ਹੋਣ ਕਰਕੇ ਸਤਿਗੁਰਦੇਵ ਜੀ ਸਾਰੇ ਸੰਸਾਰ ਦਾ ਕਰਤਾ ਹਨ।

ਅਥਵਾ:-ਸਤਿਗੁਰਦੇਵ ਜੀ ਸ਼ੁਭਗੁਣਾਂ ਦੇ ਉਤਪੰਨ ਕਰਨ ਵਾਲੇ ਹਨ,

ਪੁਨਾ:-ਸਾਰਿਆਂ ਪਾਪਾਂ ਦੇ ਹਰਤਾ=ਨਾਸ ਕਰਨ ਵਾਲੇ ਹਨ ਅਤੇ ਸਤਿਗੁਰਦੇਵ ਜੀ ਪਤਿਤ

ਕਿਉਂਕਿ ਸਕੇ ਭਰਾ ਮਿਲਣੇ ਬੜੇ ਮੁਸ਼ਕਲ ਹੁੰਦੇ ਹਨ ਜਿਸ ਵੇਲੇ ਲਛਮਨ ਮੂਰਛਾ ਹੋਇਆ ਸੀ ਤਾਂ ਉਸਦੇ ਉਪਰ ਸ੍ਰੀ ਰਾਮਚੰਦਰ ਜੀ ਨੇ ਬੜਾ ਵਿਰਲਾਪ ਕੀਤਾ ਸੀ।

(ਹਨੁੰਮਾਨ ਨਾਟਕ ਪੜ੍ਹ ਕੇ ਦੇਖੋ)

ਪਵਿਤ=ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲੇ ਹਨ।

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥

ਪਰਮਾਤਮਾ ਰੂਪ ਹੋਣ ਕਰਕੇ ਸਤਿਗੁਰਦੇਵ ਜੀ ਆਦਿ ਜੁਗਾਦਿ=ਸਦਾ ਸਦਾ ਪਿਛੇ ਸਨ, ਹੁਣ ਵੀ ਸਭ ਜੁਗਾਂ ਵਿਚ ਜੁਗੁ=ਜੁੜੇ ਹੋਏ ਹਨ, ਅਗੇ ਵੀ ਸਦਾ ਹੋਣਗੇ। ਸਤਿਗੁਰਾਂ ਦੇ ਮੰਤਰ ਦੁਆਰਾ ਜੋ ਹਰੀ ਨੂੰ ਜਪਦਾ ਹੈ ਉਹ ਤਰ ਜਾਂਦਾ ਹੈ। ਪ੍ਰਸ਼ਨ:-ਐਸੇ ਗੁਰਾਂ ਦੀ ਪ੍ਰਾਪਤੀ ਕਿਵੇਂ ਹੋਵੇ ?

ਉੱਤਰ:-ਪਰਮੇਸ਼ਰ ਅੱਗੇ ਪ੍ਰਾਰਥਨਾਂ ਕਰੇ ਕਿ-

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥

ਹੇ ਪ੍ਰਭੂ ! ਕਿਰਪਾ ਕਰਕੇ ਸਾਨੂੰ ਗੁਰਦੇਵਾਂ ਦੀ ਸੰਗਤ ਨਾਲ ਮੇਲੋ।

ਜਿਸ ਗੁਰੂ ਦੀ ਚਰਨੀਂ ਲਗਕੇ ਅਸੀਂ ਮੂਰਖ ਪਾਪੀ ਭੀ ਤਰ ਜਾਈਏ।

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧ ॥

ਗੁਰਦੇਵ ਪਾਰਬ੍ਰਹਮ ਰੂਪ ਅਤੇ ਪਰਮੇਸ਼ਰ ਸਤਿਗੁਰੂ ਰੂਪੀ ਹੈ, ਸਤਿਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਹਰੀ ਸਰੂਪ ਗੁਰਦੇਵਾਂ ਨੂੰ ਅਸੀਂ ਨਮਸ਼ਕਾਰ ਕਰਦੇ ਹਾਂ॥ ੧॥

ਇਸ ਬਾਣੀ ਵਿਚ ਜੋ ਸਲੋਕ ਆਉਣਗੇ ਉਹ ਤਾਂ ਮੂਲ ਪਾਠ ਸਮਝਣਾ।

ਅਤੇ ਪਉੜੀਆਂ ਜਿਹੜੀਆਂ ਹਨ ਇਹ ਉਨ੍ਹਾਂ ਸਲੋਕਾਂ ਦਾ ਟੀਕਾ ਹੈ।

ਅਥਵਾ:-ਸਲੋਕ ਮੋਤੀ ਹਨ, ਪਉੜੀਆਂ ਮਣੀਆਂ ਹਨ,

ਰਹਾਉ ਦੀ ਜੋ ਤੁਕ ਹੈ ਇਹ ਮੂੰਗਾ ਹੈ, ਅਤੇ ਪਰਮੇਸ਼ਰ ਦਾ ਨਾਮ ਅਨਸੂਤ ਧਾਗਾ ਹੈ।

ਅਥਵਾ:-ਇਸ ਬਾਣੀ ਵਿਚ ਜੋ ਵੈਰਾਗ ਸਬੰਧੀ ਬਚਨ ਹਨ, ਇਹ ਰਤਨ ਹਨ।

ਇਸ ਬਾਣੀ ਵਿਚ ਜੋ ਗਿਆਨ ਸਬੰਧੀ ਬਚਨ ਹਨ, ਇਹ ਜਵਾਹਰ ਹਨ।

ਇਸ ਬਾਣੀ ਵਿਚ ਜੋ ਸ੍ਰਵਨ ਮਨਨ ਨਿਧਿਆਸਣ ਸਬੰਧੀ ਬਚਨ ਹਨ, ਇਹ ਮਾਣਿਕ ਹਨ।

ਇਸ ਬਾਣੀ ਵਿਚ ਜੋ ਪ੍ਰੇਮ ਸਬੰਧੀ ਬਚਨ ਹਨ, ਇਹ ਲਾਲ ਹਨ।

ਇਸ ਬਾਣੀ ਵਿਚ ਜੋ ਭਗਤੀ ਸਬੰਧੀ ਬਚਨ ਹਨ, ਇਹ ਮਣੀਆਂ ਹਨ।

ਇਸ ਬਾਣੀ ਵਿਚ ਜੋ ਨਾਮ ਸਬੰਧੀ ਬਚਨ ਹਨ, ਇਹ ਹੀਰੇ ਹਨ।

ਇਸ ਬਾਣੀ ਵਿਚ ਜੋ ਸ਼ੁਧਤਾ ਸਬੰਧੀ ਬਚਨ ਹਨ, ਇਹ ਮੋਤੀ ਹਨ।

ਇਸ ਅਰਥ ਅਨੁਸਾਰ ਬਾਣੀ ਰੂਪ ਧਾਗਾ ਹੈ, ਬਾਣੀ ਰੂਪੀ ਧਾਗੇ ਵਿਚ ਇਹ ਸਭ ਮੋਤੀ ਵਗੈਰਾ ਪਰੋਤੇ ਹੋਏ ਹਨ।

ਸਲੋਕੁ ॥ ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥

ਆਪ ਹੀ ਪਰਮੇਸ਼ਰ ਨੇ ਪਹਿਲੇ ਬ੍ਰਹਮਾਂ ਨੂੰ ਰਚਨਾ ਕੀਤਾ, ਫਿਰ ਆਪ ਹੀ ਉਸ ਦੇ ਪਾਸੋਂ ਇਹ ਸਾਰਾ ਸੰਸਾਰ ਉਤਪੰਨ ਕਰਵਾਇਆ ਹੈ।

ਅਥਵਾ:-ਪਰਮੇਸ਼ਰ ਨੇ ਆਪ ਹੀ ਜੀਵਾਂ ਨੂੰ ਉਤਪੰਨ ਕੀਤਾ, ਆਪ ਹੀ ਉਨ੍ਹਾਂ ਪਾਸੋਂ ਕਰਮ ਨੂੰ ਕਰਵਾਇਆ,

ਫਿਰ ਆਪ ਹੀ ਉਨ੍ਹਾਂ ਕਰਮਾਂ ਦਾ ਫਲ ਦੇਣਾ ਕੀਤਾ ਹੈ ਕਿਉਂਕਿ ਉਹ ਆਪ ਹੀ ਸਭ ਕੁਝ ਕਰਨੇ ਜੋਗੁ=ਲਾਇਕ ਅਰਥਾਤ ਸਮਰੱਥ ਹੈ।

ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥ ੧ ॥

ਸਤਿਗੁਰਦੇਵ ਜੀ ਕਥਨ ਕਰਦੇ ਹਨ। ਉਹ ਇਕ ਪਰਮਾਤਮਾ ਹੀ ਸਾਰਿਆਂ ਵਿਚ ਰਵਿ=ਪੂਰਨ ਹੋ ਰਿਹਾ ਹੈ, ਉਸ ਵਰਗਾ ਦੂਜਾ ਨਾ ਕੋਈ ਹੋਇਆ ਹੈ ਅਤੇ ਨਾ ਹੀ ਅਗੇ ਹੋਵੇਗਾ ॥ ੧ ॥

ਅਗਲੀ ਪਉੜੀ ਮੰਗਲ ਦੀ ਕਥਨ ਕਰਦੇ ਹਨ ਕਿਉਂਕਿ ਨਵੇਂ ਕੰਮ ਦੇ ਆਰੰਭ ਵਿਚ ਹਮੇਸ਼ਾਂ ਮੰਗਲ ਕਰਨਾ ਪੈਂਦਾ ਹੈ।

ਜਿਵੇਂ:-ਸੁਖਮਨੀ ਸਾਹਿਬ ਆਰੰਭ ਕਰਨ ਵੇਲੇ ਭੀ ਪਹਿਲੇ ਮੰਗਲ ਕੀਤਾ ਹੈ।

ਯਥਾ:-ਆਦਿ ਗੁਰ ਏ ਨਮਹ ॥ ਜੁਗਾਦਿ ਗੁਰ ਏ ਨਮਹ ॥

ਤਥਾ:-ਦਸਮੇਸ਼ ਪਿਤਾ ਜੀ ਨੇ ਭੀ ਚੰਡੀ ਦੀ ਵਾਰ ਰਚਨ ਲਗਿਆਂ ਪਹਿਲੇ ਮੰਗਲ ਕੀਤਾ ਹੈ-

ਪ੍ਰਿਥਮ ਭਗੌਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ ॥ *(ਦਸਮ ਗ੍ਰੰਥ, ਪੰਨਾ ੧੧੯)*

ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥

ਓਅੰ=ਮੰਗਲ ਸਰੂਪ ਪਰਮਾਤਮਾ ਨੂੰ, ਸਾਧ=ਸੰਤਾਂ ਨੂੰ ਅਤੇ ਸਤਿਗੁਰਾਂ ਨੂੰ ਸਾਡੀ ਨਮਸ਼ਕਾਰ ਹੋਵੇ।

ਪ੍ਰਸ਼ਨ:-ਵਖੋ ਵਖਰੀ ਨਮਸ਼ਕਾਰ ਕਿਉਂ ਕੀਤੀ ਹੈ ਇਕ ਨੂੰ ਹੀ ਕਰ ਦੇਂਦੇ?

ਉੱਤਰ:-ਇਕ ਸਰੂਪ ਹੀ ਜਾਣ ਕੇ ਨਮਸ਼ਕਾਰ ਕੀਤੀ ਹੈ। ਯਥਾ:-ਭਗਤੀ ਭਗਤ ਭਗਵੰਤ ਗੁਰ ਚਤੁਰ ਨਾਮ ਬਪੁ ਏਕ ॥ ਇਨਕੇ ਪਦ ਬੰਦਨ ਕੀਏ ਨਾਸਤ ਬਿਘਨ ਅਨੇਕ ॥

ਅਥਵਾ:-ਓਅੰ=ਮੰਗਲ ਸਰੂਪ ਸਾਧ=ਸ੍ਰੇਸ਼ਟ ਸਤਿਗੁਰਾਂ ਨੂੰ ਸਾਡੀ ਨਮਸ਼ਕਾਰ ਹੋਵੇ।

ਅਥਵਾ:-ਓਅੰ=ਮੰਗਲ ਸਰੂਪ ਸਾਧ=ਸ੍ਰੇਸ਼ਟ, ਸਤਿ=ਤ੍ਰੈਕਾਲ ਅਬਾਧ, ਗੁਰ=ਚੇਤਨ ਜੋ ਪਰਮਾਤਮਾ ਹੈ ਤਿਸਨੂੰ ਸਾਡੀ ਨਮਸ਼ਕਾਰ ਹੋਵੇ।

ਆਦਿ ਮਧਿ ਅੰਤਿ ਨਿਰੰਕਾਰੰ ॥

ਆਦਿ, ਮਧ, ਅੰਤ, ਤਿੰਨਾਂ ਕਾਲਾਂ ਵਿਚ ਭੂਤ, ਵਰਤਮਾਨ, ਭਵਿਖਤ ਵਿਚ ਉਹ ਨਿਰੰਕਾਰ ਪੂਰਨ ਹੈ।

ਆਪਹਿ ਸੁੰਨ ਆਪਹਿ ਸੁਖ ਆਸਨ ॥

ਉਹ ਪਰਮਾਤਮਾ ਆਪ ਹੀ ਸੁੰਨ=ਨਿਰਗੁਣ ਰੂਪ ਹੋ ਰਿਹਾ ਹੈ, ਆਪ ਹੀ ਸੁਖਆਸਨ=ਸਰਗੁਣ ਰੂਪ ਹੋ ਰਿਹਾ ਹੈ।

ਅਥਵਾ:-ਉਹ ਸੁੰਨ=ਨਿਰਗੁਣ ਬ੍ਰਹਮ ਆਪੇ ਆਪ ਹੀ ਸੁਖਆਸਨ=ਸਰਗੁਣ ਰੂਪ ਹੋ ਰਿਹਾ ਹੈ।

ਅਥਵਾ:-ਉਹ ਸੁਖ ਸਰੂਪ ਸੁੰਨ=ਅਫੁਰ ਪਰਮਾਤਮਾ ਆਪੇ ਆਪ ਸਾਰਿਆਂ ਵਿਚ ਆਸਨ=ਇਸਥਿਤ ਹੋ ਰਿਹਾ ਹੈ।

ਆਪਹਿ ਸੁਨਤ ਆਪ ਹੀ ਜਾਸਨ ॥

ਆਪਣੇ ਜਾਸਨ=ਜਸ ਨੂੰ ਆਪ ਹੀ ਸੁਣਦਾ ਹੈ ਅਰਥਾਤ ਗੁਰੂ ਸਾਹਿਬ ਰੂਪ ਹੋ ਕੇ ਜਸ ਨੂੰ ਕਥਨ ਕਰਦਾ ਹੈ ਅਤੇ ਜਗਿਆਸੂ ਰੂਪ ਹੋ ਕੇ ਜਸ ਨੂੰ ਸੁਣਦਾ ਹੈ।

ਆਪਨ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥

ਆਪਣੇ ਆਪ ਤੋਂ ਆਪਣਾ ਰੂਪ ਸਾਰੇ ਜਗਤ ਨੂੰ ਪੈਦਾ ਕੀਤਾ ਹੈ।

ਉਹ ਆਪ ਹੀ ਪਿਤਾ ਰੂਪ ਤੇ ਆਪ ਹੀ ਮਾਇਓ=ਮਾਤਾ ਰੂਪ ਹੈ।

ਆਪਹਿ ਸੂਖਮ ਆਪਹਿ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲਾ ॥ ੧ ॥

ਆਪ ਹੀ ਸੂਖਮ ਤਤ, ਆਪ ਹੀ ਅਸਥੂਲ ਤਤ ਰੂਪ ਹੋ ਰਿਹਾ ਹੈ।

ਵਾ:-ਆਪ ਹੀ ਸੂਖਮ ਸ੍ਰਿਸ਼ਟੀ, ਆਪ ਹੀ ਅਸਥੂਲ ਸ੍ਰਿਸ਼ਟੀ ਰੂਪ ਹੋ ਰਿਹਾ ਹੈ।

ਸਤਿਗੁਰਦੇਵ ਜੀ ਕਹਿੰਦੇ ਹਨ-ਉਸ ਪਰਮਾਤਮਾ ਦੀ ਲੀਲ੍ਹਾ ਜਾਣੀ ਨਹੀਂ ਜਾਂਦੀ॥ ੧ ॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥
ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥

ਹੇ ਦੀਨ ਦਿਆਲ ਪ੍ਰਭੂ ! ਇਹ ਕਿਰਪਾ ਕਰ। ਜੋ ਮੇਰਾ ਮਨ ਤੇਰੇ ਸੰਤਾਂ ਦੇ ਚਰਨਾਂ ਦੀ ਰਵਾਲਾ=ਧੂੜੀ ਹੋ ਜਾਵੇ। ਇਹ ਦੋ ਤੁਕਾਂ ਰਹਾਉ ਦੀਆਂ ਹਨ,

ਜਿਨ੍ਹਾਂ ਦਾ ਸੰਪਟ ਸਾਰੀ ਬਾਵਨ ਅੱਖਰੀ ਵਿਚ ਦਿੱਤਾ ਜਾਂਦਾ ਹੈ। ਸੰਪਟ ਦੇ ਸਹਿਤ ਜੇਕਰ ਬਾਵਨ ਅੱਖਰੀ ਦਾ ਪਾਠ ਕਰੇ ਤਾਂ ਅਧਿਕ ਮਹਾਤਮ ਕਥਨ ਕੀਤਾ ਹੈ।

ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥

ਨਿਰੰਕਾਰ=ਨਿਰਾਕਾਰ ਹੋਣੇ ਕਰਕੇ ਉਹ ਆਪ ਇਕ ਨਿਰਗੁਨ ਬ੍ਰਹਮ ਹੈ,

ਅਕਾਰ ਦੇ ਸਹਿਤ ਹੋਣ ਕਰਕੇ ਸਰਗੁਣ ਰੂਪ ਹੋ ਰਿਹਾ ਹੈ।

ਵਾ:-ਨਿਰਾਕਾਰ ਜੋ ਇਕ ਨਿਰਗੁਨ ਬ੍ਰਹਮ ਹੈ, ਉਹ ਆਪ ਹੀ ਅਕਾਰ ਨੂੰ ਧਾਰ ਕੇ ਸਰਗੁਣ ਰੂਪ ਹੋ ਰਿਹਾ ਹੈ।

ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ ੧ ॥

ਸਾਰੇ ਵੇਦ ਸ਼ਾਸਤ੍ਰ ਉਸ ਇਕ ਨੂੰ ਇਕ ਕਰਕੇ ਹੀ ਕਥਨ ਕਰਦੇ ਹਨ,

ਸਤਿਗੁਰਦੇਵ ਜੀ ਕਥਨ ਕਰਦੇ ਹਨ ਉਹ ਇਕ ਪਰਮਾਤਮਾ ਹੀ ਅਨੇਕ ਰਪ ਹੋ ਰਿਹਾ ਹੈ॥ ੧ ॥

ਪਉੜੀ ॥ ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥

ਓਅੰ=ਮੰਗਲ ਸਰੂਪ ਪਰਮਾਤਮਾ ਨੇ ਜਗਤ ਦੇ ਤਾਰਨ ਵਾਸਤੇ ਮੁਖੀ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਕਾਰ ਕੀਤਾ ਹੈ। *ਅਥਵਾ:*-ਗੁਰਮੁਖਾਂ ਨੇ ਇਹ ਨਿਸਚੇ ਕੀਤਾ ਹੈ ਕਿ ਓਅੰ=ਮੰਗਲ ਸਰੂਪ ਪਰਮਾਤਮਾ ਨੇ ਆਪ ਹੀ ਸੰਸਾਰ ਦਾ ਅਕਾਰ ਕੀਤਾ ਹੈ। ਫਿਰ ਆਪ ਹੀ ਜੀਵਾਂ ਨੂੰ ਇਕ ਹੁਕਮ ਰੂਪੀ ਸੂਤ, ਵਾ ਪ੍ਰਾਣਾਂ ਰੂਪੀ ਸੂਤ, ਵਾ ਸੱਤਾ ਰੂਪੀ ਸੂਤ ਵਿਚ ਪ੍ਰੋਣ ਵਾਲਾ ਹੈ।

ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥

ਰਾਜਸੀ ਸਾਤਕੀ ਤਾਮਸੀ ਇਹ ਤ੍ਰੈਗੁਣੀ ਜੀਵ ਭਿੰਨ ਭਿੰਨ-ਵਖੋ ਵਖਰੇ ਵਿਸਤੀਰਨ ਕੀਤੇ ਹਨ, ਅਰਥਾਤ ਮਾਤ ਲੋਕ ਵਿਚ ਰਜੋਗੁਣੀ ਜੀਵ, ਪਤਾਲ ਵਿਚ ਤਮੋਗੁਣੀ ਜੀਵ, ਸੁਰਗ ਵਿਚ ਸਤੋਗੁਣੀ ਜੀਵ ਟਿਕਾਏ ਹਨ। ਅਤੇ ਆਪਣੇ ਆਪ ਨੂੰ ਨਿਰਗੁਣ ਤੋਂ ਸਰਗੁਣ ਸਰੂਪ ਦ੍ਰਿਸਟਾਰੰ=ਦਿਖਲਾਇਆ ਹੈ।

ਸਗਲ ਭਾਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥

ਸਗਲ ਭਾਤਿ=ਸਭ ਤਰ੍ਹਾਂ ਕਰਿ=ਦਾ ਇਹ ਜਗਤ ਉਸਨੇ ਉਤਪੰਨ ਕੀਤਾ ਹੈ।

ਇਕ ਨਾਲ ਇਕ ਨਹੀਂ ਮਿਲਦਾ। ਫਿਰ ਕਈ ਜਿਨਸਾਂ ਵਗੈਰਾ ਭੀ ਪੈਦਾ ਕੀਤੀਆਂ ਹਨ।

ਅਤੇ ਜਨਮ ਮਰਣ ਦਾ ਕਾਰਣ ਜੋ ਮੋਹ ਹੈ ਉਸਨੂੰ ਮਨ ਦੇ ਵਿਚ ਬਢਾਇਓ=ਵਧਾ ਦਿੱਤਾ ਹੈ।

ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥ ੨ ॥

ਦੁਹੂ ਭਾਤਿ=ਦੋਹਾਂ ਤਰੀਕਿਆਂ ਤੋਂ ਆਪ ਅਸੰਗ ਹੈ, ਭਾਵ ਜਨਮ ਮਰਨ, ਰਾਗਦ੍ਵੈਸ਼ ਹਰਖ ਸੋਗ ਤੋਂ ਆਪ ਨਿਰਲੇਪ ਹੈ। ਗੁਰੂ ਜੀ ਕਹਿੰਦੇ ਹਨ, ਉਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ ॥ ੨ ॥

ਸਲੋਕੁ ॥ ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥

ਓਹੀ ਸ਼ਾਹੂਕਾਰ ਹਨ, ਓਹੀ ਭਗਵੰਤ-ਭਾਗਾਂ ਵਾਲੇ ਹਨ,

ਵਾ:-ਉਹ ਸ਼ਾਹ ਭਗਵੰਤ-ਪਰਮਾਤਮਾ ਦਾ ਸਰੂਪ ਹਨ, ਜਿਨ੍ਹਾਂ ਪਾਸ ਰਾਸਿ=ਸਚੇ ਹਰੀ ਦੀ ਪ੍ਰਾਪਤੀ ਕਰਨ ਵਾਲੀ ਸਚਨਾਮ ਰੂਪੀ ਸੰਪਦਾ ਹੈ।

ਅਥਵਾ:-ਸ਼ਰਧਾ ਰੂਪੀ ਰਾਸਿ=ਪੂੰਜੀ ਕਰਕੇ ਜਿਨ੍ਹਾਂ ਪਾਸ ਹਰੀ ਨਾਮ ਰੂਪੀ ਸੱਚੀ ਸੰਪਦਾ ਹੈ।

ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥ ੧ ॥

ਸਤਿਗੁਰਦੇਵ ਜੀ ਕਥਨ ਕਰਦੇ ਹਨ, ਤਿਨ੍ਹਾਂ ਸੰਤਾਂ ਦੇ ਪਾਸੋਂ ਸਚੁ=ਨਿਸਚੇ ਕਰਕੇ ਸੁਚਿ=ਪਵਿੱਤ੍ਰਤਾ, ਵਾ:-ਸਚਨਾਮ ਤੇ ਪਵਿੱਤ੍ਰਤਾ ਪਾਈਦੀ ਹੈ ॥ ੧ ॥

ਪਵੜੀ ॥ ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥

ਸਸੇ ਦੁਆਰਾ ਕਥਨ ਕਰਦੇ ਹਨ, ਉਹ ਪਰਮਾਤਮਾ ਪਿਛੇ ਵੀ ਸਤਿ ਸੀ, ਹੁਣ ਵੀ ਸਤਿ ਹੈ, ਅਗੇ ਵੀ ਸਤਿ ਹੋਵੇਗਾ।

ਅਥਵਾ:-ਸਤਿ ਸਰੂਪ ਪਰਮਾਤਮਾ ਦੇ ਸਤਿਨਾਮੁ ਮੰਤ੍ਰ ਨੂੰ ਜਿਸ ਨੇ ਸਤਿਗੁਰਾਂ ਦੁਆਰੇ ਜਪਿਆ ਹੈ, ਉਸ ਨੇ ਇਹ ਨਿਸਚੇ ਕੀਤਾ ਹੈ ਕਿ ਸਤਿ ਪੁਰਖ=ਪਰਮਾਤਮਾ ਤੋਂ ਭਿੰਨ ਕੋਈ ਭੀ ਨਹੀਂ ਹੈ।

ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥

ਓਹੀ ਉਸ ਦੇ ਚਰਨਾਂ ਦੀ ਸ਼ਰਨ ਵਿਚ ਪੈਂਦਾ ਹੈ, ਜਿਸਨੂੰ ਉਹ ਆਪੇ ਪਾ ਲੈਂਦਾ ਹੈ।

ਫਿਰ ਉਹ ਮਨ ਨਾਲ ਸਿਮਰ ਸਿਮਰਕੇ ਤੇ ਰਸਨਾਂ ਨਾਲ ਗੁਣ ਗਾਇਨ ਕਰਕੇ ਸੁਣਾਉਂਦਾ ਹੈ।

ਵਾ:-ਜਿਸ ਦਾ ਸਿਮਰਨ ਸਿਮਰਨੇ ਜੋਗ ਹੈ ਉਸ ਦੇ ਗੁਣਾਂ ਨੂੰ ਗਾਇਨ ਕਰਕੇ ਸੁਣਾਉਂਦਾ ਹੈ।

ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥

ਮੈਂ ਬ੍ਰਹਮ ਹਾਂ ਕਿ ਅਨ, ਇਹ ਸੰਸਾ। ਅਤੇ 'ਦੇਹੁ ਹੰ' ਮੈਂ ਦੇਹ ਰੂਪ ਹੀ ਇਹ ਭਰਮ।

ਵਾ:-ਸੰਸਾ ਜੋ ਭਰਮਾਵਨੇ ਵਾਲਾ ਹੈ ਉਹ ਉਸਨੂੰ ਕੁਝ ਵੀ ਨਹੀਂ ਵਿਆਪਦਾ।

ਜੋ ਨਾਮ ਜਪਦਾ ਹੈ-ਤਿਸ ਮਹਾਤਮਾ ਦਾ ਪ੍ਰਤਾਪ ਸਾਰੇ ਪ੍ਰਗਟ ਜਾਣਿਆਂ ਜਾਂਦਾ ਹੈ।

ਅਥਵਾ:-ਤਿਸ ਪਰਮਾਤਮਾ ਦੇ ਪ੍ਰਤਾਪ ਨੂੰ ਸਾਰੇ ਪ੍ਰਗਟ ਜਾਪਤ=ਜਾਣਦਾ ਹੈ।

ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥ ੩ ॥

ਜੋ ਇਸ ਪਰਮਾਤਮਾ ਨੂੰ ਪਹੁੰਚਣ ਵਾਲਾ ਹੈ ਉਹ ਅਸਲੀ ਸਾਧੂ ਹੈ।

ਅਥਵਾ:-ਜੋ ਇਸ ਪਹੁੰਚ ਵਾਲਾ ਹੈ ਓਹੀ ਅਸਲੀ ਸਾਧੂ ਹੈ। ਗੁਰੂ ਜੀ ਕਹਿੰਦੇ ਹਨ-ਉਸ ਤੋਂ ਅਸੀਂ ਸਦਾ ਬਲਿਹਾਰ ਜਾਂਦੇ ਹਾਂ॥ ੩॥

ਸਲੋਕੁ॥ ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ॥
ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ॥ ੧॥

ਹੇ ਭਾਈ ! ਹਾਏ ਧਨ ਹਾਏ ਧਨ, ਕਿਸ ਵਾਸਤੇ ਪੁਕਾਰਦੇ ਹੋ, ਵਾ:-ਧਨੁ=ਮਾਇਆ ਨੂੰ ਧੰਨਤਾ ਯੋਗ ਕਰਕੇ ਕੀ ਪੁਕਾਰਦੇ ਹੋ? ਇਹ ਮਾਇਆ ਦਾ ਮੋਹ ਤਾਂ ਸਾਰਾ ਕੂਰ=ਝੂਠਾ ਹੈ।

ਅਥਵਾ:-ਪ੍ਰਸੰਗ ਮਹਾਤਮਾਂ ਦਾ ਚਲਣਾ ਹੈ ਇਸ ਲਈ ਇਹ ਅਰਥ ਕਰਨਾ।

ਜਿਨ੍ਹਾਂ ਨੇ ਮਾਇਆ ਦਾ ਮੋਹ ਸਾਰਾ ਝੂਠਾ ਜਾਣਿਆ ਹੈ,

ਉਹ ਮਹਾਤਮਾਂ ਧਨ ਨੂੰ ਧੰਨਤਾ ਯੋਗ ਕਹਾਂ ਪੁਕਾਰਦੇ ਹਨ ਕਿੰਤੂ ਨਹੀਂ ਪੁਕਾਰਦੇ।

ਗੁਰੂ ਜੀ ਕਹਿੰਦੇ ਹਨ ਜੋ ਆਦਮੀ ਨਾਮ ਤੋਂ ਬਿਨਾਂ ਹਨ ਉਹ ਸਾਰੇ ਧੂੜ ਰੂਪ ਹੋ ਜਾਂਦੇ ਹਨ॥ ੧॥

[ਪੰਨਾ ੨੫੧]

ਪਵੜੀ॥ ਧਧਾ ਧੂਰਿ ਪੁਨੀਤ ਤੇਰੇ ਜਨੂਆ॥ ਧਨਿ ਤੇਊ ਜਿਹ ਰੁਚ ਇਆ ਮਨੂਆ॥

ਧਧੇ ਦੁਆਰੇ ਕਥਨ ਕਰਦੇ ਹਨ, ਹੇ ਪ੍ਰਭੂ ! ਤੇਰੇ ਸੰਤ ਜਨਾਂ ਦੀ ਚਰਨ ਧੂੜੀ ਪੁਨੀਤ=ਪਵਿਤ੍ਰ ਹੈ।

ਅਤੇ ਉਹ ਪੁਰਸ਼ ਭੀ ਧੰਨਤਾ ਜੋਗ ਹਨ, ਜਿਨ੍ਹਾਂ ਦਾ ਮਨ ਇਸ ਧੂੜੀ ਵਿਚ ਰੁਚੀ ਕਰ ਰਿਹਾ ਹੈ।

ਧਨੁ ਨਹੀ ਬਾਛਹਿ ਸੁਰਗ ਨ ਆਛਹਿ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥

ਉਹ ਪ੍ਰਤੱਖ ਧਨ ਨੂੰ ਨਹੀਂ ਬਾਛਹਿ=ਚਾਹੁੰਦੇ, ਅਤੇ ਸੁਰਗ ਜਾਣ ਦੀ ਭੀ ਆਛਹਿ=ਇੱਛਾ ਨਹੀਂ ਕਰਦੇ। ਪਿਆਰੇ ਪਰਮਾਤਮਾ ਦੀ ਅਤਿਅੰਤ ਪ੍ਰੀਤੀ ਲਈ, ਸੰਤਾਂ ਦੀ ਚਰਨ ਧੂੜੀ ਵਿਚ ਰਚੇ ਰਹਿੰਦੇ ਹਨ।

ਧੰਧੇ ਕਹਾ ਬਿਆਪਹਿ ਤਾਹੂ॥ ਜੋ ਏਕ ਛਾਡਿ ਅਨ ਕਤਹਿ ਨ ਜਾਹੂ॥

ਉਨ੍ਹਾਂ ਨੂੰ ਭਲਾ ਧੰਧੇ ਕਦ ਵਿਆਪਦੇ ਹਨ? ਅਰਥਾਤ ਨਹੀਂ ਵਿਆਪਦੇ।

ਜੋ ਇਕ ਨੂੰ ਛੱਡਕੇ ਅਨ=ਹੋਰ ਕਤਹਿ=ਕਿਸੇ ਤਰਫ ਨਹੀਂ ਜਾਂਦੇ।

ਜਾ ਕੈ ਹੀਐ ਦੀਓ ਪ੍ਰਭ ਨਾਮ॥ ਨਾਨਕ ਸਾਧ ਪੂਰਨ ਭਗਵਾਨ॥ ੪॥

ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਨੇ ਨਾਮ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ ਉਹ ਸਾਧ ਪੂਰਨ ਭਗਵਾਨ ਦਾ ਸਰੂਪ ਹਨ॥ ੪॥

ਸਲੋਕ॥ ਅਨਿਕ ਭੇਖ ਅਰੁ ਛਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ॥

ਮਨ ਦੇ ਹਠ ਕਰਕੇ ਅਨੇਕਾਂ ਭੇਖ ਬਨਾਣ ਨਾਲ ਅਤੇ ਗਿਆਨ ਧਿਆਨ ਦੀਆਂ ਗੱਲਾਂ ਕਰਨ ਨਾਲ ਕੋਈ ਵੀ ਪਰਮਾਤਮਾ ਨੂੰ ਮਿਲਿਆ ਨਹੀਂ।

ਕਹੁ ਨਾਨਕ ਕਿਰਪਾ ਭਈ ਭਗਤੁ ਗਿਆਨੀ ਸੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਉਸ ਦੀ ਕਿਰਪਾ ਹੋਈ ਹੈ, ਓਹੀ ਭਗਤ ਹੈ ਓਹੀ ਗਿਆਨੀ ਹੈ।

ਵਾ:- ਓਹੀ ਗਿਆਨੀ ਭਗਤ ਹੈ॥ ੧ ॥

ਪਉੜੀ ॥ ਙੰਙਾ ਗਿਆਨੁ ਨਹੀ ਮੁਖ ਬਾਤਉ ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥

ਙੰਙੇ ਦੁਆਰਾ ਕਥਨ ਕਰਦੇ ਹਨ, ਮੂੰਹ ਦੀਆਂ ਗੱਲਾਂ ਕਰਨ ਨਾਲ ਗਿਆਨ ਪ੍ਰਾਪਤ ਨਹੀਂ ਹੁੰਦਾ । ਨਾ ਹੀ ਅਨਿਕ ਭਾਤਉ=ਅਨੇਕ ਪ੍ਰਕਾਰ ਦੀਆਂ ਸਾਸ਼ਤ੍ਰ ਜੁਗਤੀਆਂ ਕਰਕੇ ਗਿਆਨ ਪ੍ਰਾਪਤ ਹੁੰਦਾ ਹੈ।

ਗਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ ਕਹਤ ਸੁਨਤ ਕਛੁ ਜੋਗੁ ਨ ਹੋਊ ॥

ਜਿਸ ਦੇ ਹਿਰਦੇ ਵਿਚ ਉਹ ਪਰਮਾਤਮਾ ਦ੍ਰਿੜ੍ਹ ਹੈ ਓਹੀ ਗਿਆਨੀ ਹੈ। ਨਿਰੇ ਮੂੰਹ ਨਾਲ ਕਹਿਣ ਕਰਕੇ, ਅਤੇ ਕੰਨਾਂ ਨਾਲ ਸੁਨਣ ਕਰਕੇ ਪਰਮੇਸ਼ਰ ਨਾਲ ਕੁਝ ਜੋਗੁ=ਜੁੜਣਾ ਨਹੀਂ ਹੁੰਦਾ।

ਗਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥ ਉਸਨ ਸੀਤ ਸਮਸਰਿ ਸਭ ਤਾ ਕੈ ॥

ਜਿਸ ਦੇ ਮਨ ਵਿਚ ਪਰਮਾਤਮਾ ਦੀ ਆਗਿਆ ਦ੍ਰਿੜ੍ਹ ਰਹਿੰਦੀ ਹੈ ਉਹ ਅਸਲ ਗਿਆਨੀ ਹੈ।

ਵਾ:-ਗਿਆਨੀ ਦੀ ਰਹਤ=ਰਹਿਣੀ ਇਹੀ ਹੈ ਜਿਹੜੀ ਪ੍ਰਭੂ ਦੀ ਆਗਿਆ ਵਿਚ ਦ੍ਰਿੜਤਾ ਹੋਣੀ ਹੈ। ਤਾ ਕੈ=ਉਸ ਦੇ ਵਾਸਤੇ ਉਸਨ ਸੀਤ=ਗਰਮੀ ਠੰਢ ਅਰਥਾਤ ਦੁਖ ਸੁਖ ਸਾਰੇ ਇਕ ਤੁਲ ਹੋ ਜਾਂਦੇ ਹਨ।

ਗਿਆਨੀ ਤਤੁ ਗੁਰਮੁਖਿ ਬੀਚਾਰੀ ॥ ਨਾਨਕ ਜਾ ਕਉ ਕਿਰਪਾ ਧਾਰੀ ॥ ੫ ॥

ਗਿਆਨੀ ਓਹੀ ਹੈ, ਜੋ ਗੁਰਾਂ ਦੁਆਰੇ ਤਤੁ=ਸਿਧਾਂਤ ਨੂੰ ਵਿਚਾਰਦਾ ਹੈ, ਗੁਰੂ ਜੀ ਕਥਨ ਕਰਦੇ ਹਨ ਸਿਧਾਂਤ ਦਾ ਵਿਚਾਰ ਓਹੀ ਕਰਦਾ ਹੈ। ਜਿਸ ਦੇ ਉੱਤੇ ਵਾਹਿਗੁਰੂ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ॥ ੫ ॥

ਸਲੋਕੁ ॥ ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥

ਇਹ ਜੀਵ ਸ੍ਰਿਸ਼ਟੀ ਵਿਚ ਆਵਨ ਮਾਤ੍ਰ ਅਰਥਾਤ ਕਹਿਣ ਮਾਤ੍ਰ ਆਏ ਹਨ,

ਅਥਵਾ:-ਸ੍ਰਿਸ਼ਟੀ ਵਿਚ ਆਏ ਤਾਂ ਹਨ, ਪਰ ਆਵ+ਨ=ਨਾ ਆਏ ਵਰਗੇ

ਕਿਉਂਕਿ ਪਰਮਾਤਮਾ ਦੇ ਬੂਝੇ ਤੋਂ ਬਿਨਾਂ ਉਹ ਢੋਰ ਪਸੂ ਵਾਂਗੂੰ ਹਨ।

ਯਥਾ:-ਬਿਨੁ ਬੂਝੇ ਪਸੂ ਭਏ ਬੇਤਾਲੇ॥ ੬ ॥ *(ਗਉੜੀ ਮਹਲਾ ੧, ਪੰਨਾ ੨੨੪)*

ਢੋਰਪਸੂ ਉਸਨੂੰ ਕਹਿੰਦੇ ਹਨ ਜੋ ਘੋੜੇ ਖੱਚਰ ਆਦਿਕ ਪਸੂਆਂ ਦੇ ਘਾਹ ਢੋਹਣ ਵਾਲਾ ਹੋਵੇ ਅਰਥਾਤ ਖੋਤਾ ਹੈ।

ਸਾਖੀ-ਸੰਤਾਂ ਨੇ ਚੇਲੇ ਨੂੰ ਭਗਤੀ ਦੀ ਲਗਨ ਲਾਕੇ ਪੂਰਨ ਮਨੁੱਖ ਬਣਾ ਦਿਤਾ

ਇਕ ਮਹਾਤਮਾਂ ਗੰਗਾ ਜੀ ਦੇ ਕਿਨਾਰੇ ਤੇ ਰਹਿਕੇ ਪ੍ਰਭੂ ਦਾ ਸਿਮਰਨ ਕਰਦੇ ਹੁੰਦੇ ਸਨ ਉਨ੍ਹਾਂ ਦੀ ਸੋਭਾ ਸੁਣਕੇ ਇਕ ਮਨੁੱਖ ਨੇ ਸ਼ਰਧਾ ਭਾਵ ਨਾਲ ਉਨ੍ਹਾਂ ਦੀ ਸੇਵਾ ਕੀਤੀ। ਉਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਸੰਤਾਂ ਨੇ ਆਪਣੇ ਉਪਦੇਸ਼ ਦੁਆਰਾ ਉਸਨੂੰ ਪ੍ਰਭੂ ਦੀ ਬੂਝ ਦੇ ਕੇ ਯੋਗ ਮਨੁੱਖ ਬਣਾ ਦਿੱਤਾ। ਇਕ ਦਿਨ ਚੇਲੇ ਨੇ ਕਿਹਾ

ਗੁਰੂ ਜੀ ਮੈਨੂੰ ਕੋਈ ਸਿਖਿਆ ਦਿਓ, ਗੁਰੂ ਜੀ ਨੇ ਕਿਹਾ ਤੈਨੂੰ ਹਰ ਤਰ੍ਹਾ ਕਰਕੇ ਯੋਗ ਮਨੁੱਖ ਤਾਂ ਬਣਾ ਦਿਤਾ ਹੈ, ਹੋਰ ਕੀ ਚਾਹੁੰਦਾ ਹੈਂ ?

ਚੇਲੇ ਨੇ ਕਿਹਾ-ਭਗਵਾਨ ! ਮਨੁੱਖ ਤਾਂ ਮੈਂ ਪਹਿਲੇ ਹੀ ਸਾਂ ਤੁਸਾਂ ਨੇ ਮੈਨੂੰ ਕਿਹੋ ਜੇਹਾ ਮਨੁੱਖ ਬਣਾਇਆ ਹੈ।

ਗੁਰੂ ਜੀ ਨੇ ਕਿਹਾ-ਪਹਾੜ ਉੱਤੇ ਇਕ ''ਆਦਮ ਸ਼ਨਾਸ'' ਪੰਛੀ ਰਹਿੰਦਾ ਹੈ ਉਹ ਤੈਨੂੰ ਇਸ ਗੱਲ ਦਾ ਉੱਤਰ ਦੇਵੇਗਾ।

ਇਹ ਬਚਨ ਸੁਣ ਕੇ ਚੇਲਾ ਪਹਾੜ ਉੱਤੇ ਜਾ ਕੇ ''ਆਦਮ ਸ਼ਨਾਸ'' ਪੰਛੀ ਨੂੰ ਵੇਖ ਕੇ ਆਪਣੇ ਗੁਰੂ ਦੇ ਕਹੇ ਹੋਏ ਬਚਨ ਸੁਨਾਉਣ ਲੱਗ ਪਿਆ।

ਉਸ ਦੇ ਬਚਨਾਂ ਨੂੰ ਸੁਣ ਕੇ ਪੰਛੀ ਨੇ ਆਪਣਾ ਇਕ ਖੰਭ ਦੇ ਕੇ ਕਿਹਾ, ਆਪਣੀਆਂ ਅੱਖਾਂ ਅਗੇ ਰਖਕੇ ਇਸ ਵਿਚੋਂ ਸ਼ੀਸ਼ੇ ਵਾਂਗੂੰ ਆਪਣਾ ਮੂੰਹ ਵੇਖ ਲੈ, ਜਾਂ ਉਸ ਨੇ ਉਹ ਖੰਭ ਆਪਣੀਆਂ ਅੱਖਾਂ ਅਗੇ ਰਖ ਕੇ ਵੇਖਿਆ, ਤਾਂ ਆਪਣੇ ਆਪ ਨੂੰ ਮਨੁੱਖ ਰੂਪ ਵਿਚ ਹੀ ਵੇਖਿਆ।

ਫਿਰ ਉਸ ਪੰਛੀ ਨੇ ਕਿਹਾ, ਰਾਜ ਸਭਾ ਵਿਚ ਲਿਜਾਕੇ ਇਸ ਵਿਚੋਂ ਰਾਜੇ ਸਮੇਤ ਸਾਰੀ ਪਰਜਾ ਦੇ ਮੂੰਹ ਨੂੰ ਵੇਖ, ਅਤੇ ਬ੍ਰਹਮ ਨਿਸ਼ਠ ਜੋ ਰਾਜ ਗੁਰੂ ਹੈ ਉਸ ਨੂੰ ਭੀ ਵੇਖ।

ਜਾਂ ਉਸ ਨੇ ਰਾਜ ਸਭਾ ਵਿਚ ਆ ਕੇ ਉਸ ਖੰਭ ਵਿਚੋਂ ਰਾਜੇ ਦੇ ਮੂੰਹ ਨੂੰ ਅਤੇ ਵਜ਼ੀਰ ਆਦਿਕ ਸਭ ਅਹਿਲਕਾਰਾਂ ਦੇ ਮੂੰਹ ਵੇਖੇ ਤਾਂ ਪਸੂ ਰੂਪ ਵਿਚ ਨਿਗਾਹ ਆਏ। ਜਿਸ ਵੇਲੇ ਬ੍ਰਹਮ ਸ੍ਰੋਤੀ ਰਾਜ ਗੁਰੂ ਅਗੇ ਉਹ ਖੰਭ ਰਖਕੇ ਵੇਖਿਆ ਤਾਂ ਉਸ ਵਿਚ ਉਨ੍ਹਾਂ ਦਾ ਮੂੰਹ ਪੁਰਸ਼ ਰੂਪ ਵਿਚ ਨਿਗਾਹ ਆਇਆ। ਉਸੀ ਵੇਲੇ ਇਸ ਗੱਲ ਤੋਂ ਉਸਨੂੰ ਨਿਸਚੇ ਹੋ ਗਿਆ ਕਿ ਪ੍ਰਭੂ ਦੇ ਸਿਮਰਨ ਵਾਲੇ ਲੋਕ ਅਸਲ ਮਨੁੱਖ ਹਨ। ਅਤੇ-

ਸਿਮਰਨ ਤੋਂ ਬਿਨਾਂ ਹੋਣ ਕਰਕੇ ਜੋ ਭੀ ਰਿਸ਼ਵਤਖੋਰ ਹਨ ਉਹ ਪਸੂ ਹਨ।

ਏਸੇ ਕਰਕੇ ਹਜ਼ੂਰ ਨੇ ਫੁਰਮਾਇਆ ਹੈ ਪ੍ਰਭੂ ਦੇ ਬੂਝੇ ਤੋਂ ਬਿਨਾਂ ਢੋਰ ਪਸੂ ਹਨ:

ਨਾਨਕ ਗੁਰਮੁਖਿ ਸੋ ਬੂਝੈ ਜਾ ਕੈ ਭਾਗ ਮਥੋਰ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਹ ਗੁਰਮੁਖ ਪਰਮਾਤਮਾ ਨੂੰ ਬੁਝਦਾ ਹੈ, ਵਾ:-ਇਸ ਜਗਤ ਵਿਚ ਆਉਣ ਦੇ ਮਨੋਰਥ ਨੂੰ ਬੁਝਦਾ ਹੈ ਜਿਸ ਦੇ ਮਥੋਰ=ਮੱਥੇ ਦੇ ਪੂਰਨ ਭਾਗ ਹਨ॥ ੧ ॥

ਪਉੜੀ ॥ ਯਾ ਜੁਗ ਮਹਿ ਏਕਹਿ ਕਉ ਆਇਆ ॥
ਜਨਮਤ ਮੋਹਿਓ ਮੋਹਨੀ ਮਾਇਆ ॥

ਇਹ ਜੀਵ ਇਸ ਕਲਜੁਗ ਵਿਚ ਇਕ ਪਰਮੇਸ਼ਰ ਦੇ ਨਾਮ ਜਪਣ ਨੂੰ ਆਇਆ ਸੀ। ਪਰ ਜੰਮਦਿਆਂ ਹੀ ਉਸ ਮੋਹ ਲੈਣ ਵਾਲ਼ੀ ਮਾਇਆ ਨੇ ਇਸਨੂੰ ਮੋਹ ਲਿਆ ਹੈ।

ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥

ਮਾਂ ਦੇ ਗਰਭ ਰੂਪ ਕੁੰਡ ਵਿਚ ਤਾਂ ਸਾਰੇ ਜੀਵ ਪੁੱਠੇ ਲਟਕੇ ਹੋਏ ਤਪ ਕਰਦੇ ਸਨ ਅਤੇ ਸ੍ਵਾਸ ਸ੍ਵਾਸ ਪ੍ਰਭੂ ਨੂੰ ਸਿਮਰਦੇ ਰਹਿੰਦੇ ਸਨ।

ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥

ਜੋ ਪਦਾਰਥ ਪਿਛੇ ਛਡ ਆਏ ਹਨ, ਅਤੇ ਅਗੇ ਛਡਾਨਾ=ਛਡ ਜਾਣੇ ਹਨ, ਵਾ:-ਜਿਨ੍ਹਾਂ ਪਦਾਰਥਾਂ ਨੂੰ ਅਸਾਂ ਛੱਡ ਜਾਣਾ ਹੈ, ਅਤੇ ਜਿਨ੍ਹਾਂ ਤੋਂ ਮੌਤ ਨੇ ਸਾਨੂੰ ਛੁਡਾ ਦੇਣਾ ਹੈ, ਉਨ੍ਹਾਂ ਵਿਚ ਉਰਝਿ ਪਰੇ=ਫਸੇ ਪਏ ਹਨ ਅਤੇ ਦੇਵਣ ਵਾਲੇ ਪਰਮਾਤਮਾ ਨੂੰ ਮਨ ਵਿਚੋਂ ਭੁਲਾ ਦਿੱਤਾ ਹੈ।

ਧਾਰਹੁ ਕਿਰਪਾ ਜਿਸਹਿ ਗੁਸਾਈ ॥ ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥ ੬ ॥

ਹੇ ਗੁਸਾਈ=ਪ੍ਰਿਥਵੀ ਦੇ ਮਾਲਕ ਵਾਹਿਗੁਰੂ ! ਜਿਸ ਉੱਤੇ ਆਪ ਕ੍ਰਿਪਾ ਦ੍ਰਿਸ਼ਟੀ ਧਾਰਦੇ ਹੋ।

ਗੁਰੂ ਜੀ ਕਥਨ ਕਰਦੇ ਹਨ ਇਤ ਉਤ=ਲੋਕ ਪ੍ਰਲੋਕ ਵਿਚ ਉਸਨੂੰ ਆਪ ਭੁਲਦੇ ਨਹੀਂ ਹੋ॥ ੬॥

ਸਲੋਕੁ ॥ ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥

ਇਹ ਸਾਰੇ ਜੀਵ ਪਰਮੇਸ਼ਰ ਦੇ ਹੁਕਮ ਵਿਚ ਆਉਂਦੇ ਹਨ, ਹੁਕਮ ਵਿਚ ਹੀ ਬਿਨਾਸ=ਨਾਸ ਹੁੰਦੇ ਹਨ। ਉਸ ਪ੍ਰਭੂ ਦੀ ਆਗਿਆ ਤੋਂ ਭਿੰਨ=ਬਾਹਰ ਕੋਈ ਨਹੀਂ। ਪਰ-

ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦਾ ਆਉਣਾ ਜਾਣਾ ਅਰਥਾਤ ਜੰਮਣਾ ਮਰਣਾ ਮਿਟ ਜਾਂਦਾ ਹੈ ਜਿਸ ਦੇ ਮਨ ਵਿਚ ਉਹ ਪ੍ਰਭੂ ਵਸਦਾ ਹੈ॥ ੧॥

ਪਉੜੀ ॥ ਏਊ ਜੀਅ ਬਹੁਤੁ ਗ੍ਰਭ ਵਾਸੇ ॥ ਮੋਹ ਮਗਨ ਮੀਠ ਜੋਨਿ ਫਾਸੇ ॥

ਇਹ ਜੀਵ ਬਹੁਤ ਹੀ ਗਰਭਾ ਵਿਚ ਵਸਦੇ ਹਨ, ਮੋਹ ਦੀ ਮਗਨਤਾ ਕਰਕੇ ਮਿੱਠਾ ਜਾਣਕੇ ਜੂਨੀਆਂ ਵਿਚ ਫਸਦੇ ਹਨ। ਅਰਥਾਤ ਜਿਸ ਜੂਨ ਵਿਚ ਕੋਈ ਜਾਂਦਾ ਹੈ।

ਓਹੀ ਉਸਨੂੰ ਪਿਆਰੀ ਲਗਦੀ ਹੈ, ਮੌਤ ਨੂੰ ਕੋਈ ਭੀ ਨਹੀਂ ਚਾਹੁੰਦਾ।

ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥

ਇਸ ਮਾਇਆ ਨੇ ਸਾਰੇ ਜੀਵ ਤਿੰਨਾਂ ਗੁਣਾਂ ਵਿਚ ਫਸਾਕੇ ਵਸੀਕਾਰ ਕੀਤੇ ਹੋਏ ਹਨ। ਅਤੇ ਅਨੇਕ ਪ੍ਰਕਾਰ ਦੇ ਆਪਣੇ ਮੋਹ ਘਟ ਘਟ ਵਿਚ ਪਾ ਦਿੱਤੇ ਹਨ।

ਏ ਸਾਜਨ ਕਛੁ ਕਹਹੁ ਉਪਾਇਆ ॥ ਜਾ ਤੇ ਤਰਉ ਬਿਖਮ ਇਹ ਮਾਇਆ ॥

ਹੇ ਸਜਣ ਮਹਾਤਮਾਂ ਜੀ ! ਇਸ ਦੀ ਨਵਿਰਤੀ ਦਾ ਕੁਝ ਜਤਨ ਕਵੋ।

ਜਿਸ ਕਰਕੇ ਮੈਂ ਇਸ ਕਠਨ ਮਾਇਆ ਤੋਂ ਤਰ ਜਾਵਾਂ ? ਉੱਤਰ:-

ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾ ਕੈ ਨਿਕਟਿ ਨ ਮਾਏ ॥ ੭ ॥

ਪਰਮੇਸ਼ਰ ਕਿਰਪਾ ਕਰਕੇ ਜਿਸਨੂੰ ਸਤਸੰਗ ਵਿਚ ਮਿਲਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ ਉਸ ਦੇ ਨੇੜੇ ਮਾਇਆ ਨਹੀਂ ਢੋਹ ਸਕਦੀ॥ ੭॥

ਸਲੋਕੁ ॥ ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥

ਸੁਭ ਅਸੁਭ=ਚੰਗੇ ਮਾੜੇ ਕਿਰਤ=ਕਰਮਾਂ ਦਾ ਕਮਾਉਣਾ ਤਿਸ ਪ੍ਰਭੂ ਨੇ ਆਪ ਹੀ ਕੀਤਾ ਹੈ।

ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥ ੧ ॥

ਇਹ ਪਸੂ ਜੀਵ ਉਨ੍ਹਾਂ ਕਰਮਾ ਦਾ ਕਰਤਾ ਆਪ ਨੂੰ ਮੰਨਕੇ ਆਪਣੀ ਹੀ ਮੈਂ ਮੈਂ ਕਰਦਾ ਹੈ, ਗੁਰੂ ਜੀ ਕਥਨ ਕਰਦੇ ਹਨ-ਸੋਚ ਕੇ ਵੇਖਿਆ ਜਾਏ ਤਾਂ ਹਰੀ ਤੋਂ ਬਿਨਾਂ ਇਹ ਜੀਵ ਭਲਾ ਕਹਾ ਕਮਾਤਿ=ਕੀ ਕਮਾ ਸਕਦਾ ਹੈ ਅਰਥਾਤ ਕੁਛ ਭੀ ਨੰਹੀਂ ਕਰ ਸਕਦਾ ॥ ੧ ॥

ਪਉੜੀ ॥ ਏਕਹਿ ਆਪਿ ਕਰਾਵਨਹਾਰਾ ॥ ਆਪਹਿ ਪਾਪ ਪੁੰਨ ਬਿਸਥਾਰਾ ॥

ਇਕ ਪਰਮੇਸ਼ਰ ਆਪ ਹੀ ਸਭ ਕੁਝ ਕਰਨੇ ਕਰਾਉਣੇ ਵਾਲਾ ਹੈ।

ਉਸ ਨੇ ਆਪ ਹੀ ਪਾਪਾਂ ਪੁੰਨਾਂ ਨੂੰ ਵਿਸਤਾਰਨਾ ਕੀਤਾ ਹੈ।

ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥ ਸੋ ਸੋ ਪਾਇਓ ਜੁ ਆਪਿ ਦਿਵਾਇਓ ॥

ਇਸ ਕਲਜੁਗ ਵਿਚ ਜਿਸ ਜਿਸ ਤਰਫ ਕਿਸੇ ਨੂੰ ਆਪੇ ਪ੍ਰਭੂ ਨੇ ਲਾਇਆ ਹੈ,

ਓਸੇ ਤਰਫ ਕੋਈ ਲਗ ਰਿਹਾ ਹੈ। ਜੋ ਜੋ ਪਦਾਰਥ ਪ੍ਰਭੂ ਨੇ ਆਪ ਦਿਵਾਇਆ ਹੈ

ਓਹੀ ਓਹੀ ਪਦਾਰਥ ਉਸ ਨੇ ਪਾਇਆ ਹੈ।

ਉਆ ਕਾ ਅੰਤੁ ਨ ਜਾਨੈ ਕੋਊ ॥ ਜੋ ਜੋ ਕਰੈ ਸੋਊ ਫੁਨਿ ਹੋਊ ॥

ਉਸ ਪਰਮਾਤਮਾ ਦੇ ਅੰਤ ਨੂੰ ਕੋਈ ਜਾਣਦਾ ਨਹੀਂ।

ਪ੍ਰਭੂ ਜੋ ਜੋ ਕਰਦਾ ਹੈ, ਫਿਰ ਉਹੋ ਕੁਝ ਹੁੰਦਾ ਹੈ।

ਏਕਹਿ ਤੇ ਸਗਲਾ ਬਿਸਥਾਰਾ ॥ ਨਾਨਕ ਆਪਿ ਸਵਾਰਨਹਾਰਾ ॥ ੮ ॥

ਉਸ ਇਕ ਪਰਮਾਤਮਾ ਤੋਂ ਹੀ ਸਾਰਾ ਬਿਸਥਾਰਾ=ਪਸਾਰਾ ਹੋਇਆ ਹੈ।

ਗੁਰੂ ਜੀ ਕਥਨ ਕਰਦੇ ਹਨ ਉਹ ਆਪ ਹੀ ਸਭ ਦੇ ਸਵਾਰਣ ਵਾਲਾ ਹੈ॥ ੮ ॥

ਸਲੋਕੁ ॥ ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ ॥

ਇਹ ਜੀਵ ਬਨਿਤਾ=ਇਸਤ੍ਰੀ ਆਦਿਕਾਂ ਦੇ ਬਿਨੋਦ=ਕੌਤਕਾਂ ਵਿਚ ਰਾਚਿ ਰਹੇ=ਤਦਾਕਾਰ ਹੋ ਰਹੇ ਹਨ। ਪਰ ਇਹ ਬਿਖ=ਵਿਸ਼ਿਆਂ ਦਾ ਸ਼ੋਰ ਸ਼ਰਾਬਾ ਕੁਸਮ ਰੰਗ=ਕੁਸੰਭੇ ਰੰਗ ਵਾਂਗੂੰ ਕੱਚਾ ਹੈ। *ਅਥਵਾ:*-ਕਸੁੰਭੇ ਰੰਗ ਵਾਂਗੂੰ ਕੱਚੇ ਹਨ, ਬਿਖ=ਵਿਹੁ ਵਾਂਗੂੰ ਮਾਰਨ ਵਾਲੇ ਤੇ ਸ਼ੋਰੇ ਵਾਂਗ ਗਾਲਣ ਵਾਲੇ ਹਨ।

ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਉਸ ਪਰਮਾਤਮਾ ਦੀ ਸ਼ਰਣੀ ਪੈ ਜਾਓ, ਤਾਂ ਤੁਹਾਡੇ ਅੰਦਰੋਂ ਮੈਂ ਮੇਰੀ ਤੇਰੀ ਬਿਨਸ ਜਾਏਗੀ ॥ ੧ ॥

[ਪੰਨਾ ੨੫੨]

ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥
ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥

ਹੇ ਮਨ ! ਬਿਨਾਂ ਪ੍ਰਭੂ ਦੇ ਜਿਸ ਜਿਸ ਕਰਮ ਵਿਚ ਤਦਾਕਾਰ ਹੋਵੋਗੇ, ਤਿਸ ਤਿਸ ਕਰਮ ਵਿਚ ਤੈਨੂੰ ਬੰਧਨ

ਹੀ ਪੈਣਗੇ। ਪਰ ਅਫਸੋਸ ਹੈ ਜਿਸ ਵਿਧੀ ਕਰਕੇ ਕਦੇ ਛੁਟਕਾਰਾ ਨਹੀਂ ਹੋਣਾ, ਸਾਕਤ ਪੁਰਸ਼ ਓਹੀ ਕਰਮ ਕਮਾਉਂਦਾ ਹੈ।

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ॥
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ॥

ਜੋ ਹਉ ਹਉ=ਮੈਂ ਮੈਂ ਕਰਦਾ ਹੋਇਆ ਕਰਮਾਂ ਨਾਲ ਰਤ=ਪ੍ਰੀਤੀ ਕਰਦਾ ਹੈ, ਉਸਨੂੰ ਅਫਾਰ=ਅਸਹਿ ਪਾਪਾਂ ਦਾ ਭਾਰ ਚੁੱਕਣਾ ਪੈਂਦਾ ਹੈ ਜੇਕਰ ਨਾਮ ਨਾਲ ਪ੍ਰੀਤੀ ਨਹੀਂ ਹੈ, ਤਾਂ ਇਹ ਸਾਰੇ ਕਰਮ ਵਿਕਾਰਾਂ ਦੀ ਉਤਪਤੀ ਕਰਨ ਵਾਲੇ ਹਨ। *ਅਥਵਾ:*-ਬਿਕਾਰ=ਨਿਕੰਮੇ ਹਨ।

ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ॥

ਉਹ ਪੁਰਸ਼ ਜਮ ਦੀ ਜੇਵਰੀ=ਰੱਸੀ ਨਾਲ ਬੰਨ੍ਹੇ ਜਾਂਦੇ ਹਨ ਜੋ ਮਿਠੀ ਜਾਣਕੇ ਮਾਇਆ ਵਿਚ ਰੰਗ=ਪ੍ਰੇਮ ਕਰਦੇ ਹਨ।

ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ॥

ਭਰਮ ਦੇ ਮੋਹੇ=ਠੱਗੇ ਹੋਏ ਪੁਰਸ਼ ਬੁੱਝਦੇ ਨਹੀਂ ਹਨ ਕਿ ਉਹ ਪ੍ਰਭੂ ਤਾਂ ਸਦਾ ਹੀ ਅੰਗ ਸੰਗ ਹੈ।

ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ॥

ਕਰਮਕਾਂਡੀ ਪੁਰਸ਼ ਕਰਮਾਂ ਦੇ ਲੇਖੇ ਵਿਚ ਹਰ ਵੇਲੇ ਟਿਕਿਆ ਰਹਿੰਦਾ ਹੈ, ਪਰ ਲੇਖੇ ਗਿਣਦਿਆਂ ਕਦੇ ਛੁੱਟ ਨਹੀਂ ਸਕੀਦਾ। ਜਿਵੇਂ ਕੱਚੀ ਭੀਤਿ=ਕੰਧ ਧੋਤਿਆਂ ਕਦੇ ਸ਼ੁਧ ਨਹੀਂ ਹੁੰਦੀ, ਤਿਵੇਂ ਕੰਧ ਵਾਂਗੂੰ ਕੱਚੀ ਦੇਹ ਸ਼ਕਾਮ ਕਰਮਾਂ ਰੂਪੀ ਜਲ ਨਾਲ ਧੋਤਿਆਂ ਕਦੇ ਸ਼ੁਧ ਨਹੀਂ ਹੁੰਦੀ।

ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ॥ ੯॥

ਗੁਰੂ ਜੀ ਕਥਨ ਕਰਦੇ ਹਨ ਜਿਸਨੂੰ ਆਪ ਪਰਮੇਸ਼ਰ ਗੁਰਾਂ ਦੁਆਰੇ ਸਮਝਾਂਦਾ ਹੈ, ਤਿਸ ਗੁਰਮੁਖ ਦੀ ਬੁੱਧੀ ਨਿਰਮਲ ਹੁੰਦੀ ਹੈ॥ ੯॥

ਸਲੋਕੁ॥ ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ॥

"ਜਾਸੁ ਕੇ ਹੋਆ ਸਾਧੂ ਸੰਗੁ"=ਜਿਸ ਦੇ ਭਾਈਂ ਸੰਤਾਂ ਦਾ ਸੰਗ ਪ੍ਰਾਪਤ ਹੋਇਆ ਹੈ, ਤਾਸਕੇ ਬੰਧਨ ਟੂਟੇ=ਤਿਸ ਦੇ ਮੋਹ ਰੂਪ ਬੰਧਨ ਟੁਟ ਗਏ ਹਨ।

ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ॥ ੧॥

ਜਿਹੜੇ ਪੁਰਸ਼ ਇਕ ਪਰਮਾਤਮਾ ਦੇ ਰੰਗ=ਪਰੇਮ ਵਿਚ ਰਤੇ ਗਏ ਹਨ, ਉਨ੍ਹਾਂ ਨੂੰ ਗੂੜ੍ਹਾ ਆਤਮਕ ਰੰਗ ਚੜ੍ਹਿਆ ਹੈ॥ ੧॥

ਪਉੜੀ॥ ਰਾਰਾ ਰੰਗਹੁ ਇਆ ਮਨੁ ਅਪਨਾ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ॥

ਰਾਰੇ ਦੁਆਰਾ ਕਥਨ ਕਰਦੇ ਹਨ, ਇਸ ਆਪਣੇ ਮਨ ਨੂੰ ਹਰੀ ਦੇ ਨਾਮ ਰੂਪੀ ਰੰਗ ਵਿਚ ਰੰਗਣਾ ਕਰੋ। ਅਤੇ-ਰਸਨਾਂ ਦੁਆਰੇ ਹਰਿ ਹਰਿ ਦੇ ਨਾਮ ਜਪ ਨੂੰ ਜਪਣਾ ਕਰੋ।

ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥

ਫਿਰ ਕੋਈ ਤੁਹਾਨੂੰ ਦਰਗਾਹ ਵਿਚ ਰੇ ਰੇ=ਓਇ ਓਇ ਨਹੀਂ ਕਹੇਗਾ,

ਸਗੋਂ ਇੰਜ ਕਹਿਣਗੇ ਆਓ ਜੀ ਬੈਠੋ, ਤੇ ਸ੍ਰੇਸ਼ਟ ਆਦਰ ਦੇਣਗੇ। ਅਤੇ-

ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥

ਉਨ੍ਹਾਂ ਮਹਲੀ=ਮੰਦਰਾਂ ਵਿਚ ਤੂੰ ਵਾਸਾ ਪਾਵੇਂਗਾ, ਜਿਥੇ ਜਨਮ ਮਰਣ ਨਹੀਂ ਹੁੰਦਾ, ਅਤੇ ਨਾ ਹੀ ਕੋਈ ਬਿਨਾਸ ਹੁੰਦਾ ਹੈ। *ਅਥਵਾ:*-ਹੇ ਮਹਲੀ=ਜਗਿਆਸੂ ਜੇ ਤੂੰ ਉਸ ਸਰੂਪ ਵਿਚ ਵਾਸਾ ਪਾਵੇਂ, ਤਾਂ ਜਨਮ ਮਰਣ ਵਿਖੇ ਨਾਸ ਨਹੀਂ ਹੋਵੇਂਗਾ।

ਵਾ-ਬਿਨ+ਆਸਾ=ਬਿਨਾਂ ਆਸਾ ਦੇ ਹੋਣ ਕਰਕੇ ਜਨਮ ਮਰਣ ਨਹੀਂ ਹੋਵੇਗਾ।

ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦ ॥

ਜਿਸ ਦੇ ਮੱਥੇ ਪਰ ਧੁਰ ਤੋਂ ਸ੍ਰੇਸ਼ਟ ਕਰਮ ਲਿਖਿਆ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ ਤਿਸ ਦੇ ਘਰਿ=ਅੰਤਹਕਰਣ ਵਿਚ ਹਰੀ ਰੂਪੀ ਸੰਪਦਾ ਪ੍ਰਾਪਤ ਹੁੰਦੀ ਹੈ॥ ੧੦॥

ਸਲੋਕੁ ॥ ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥

ਝੂਠੇ ਪਦਾਰਥਾਂ ਦੇ ਲਾਲਚ, ਵਿਸ਼ੇ ਵਿਕਾਰ ਅਤੇ ਮੋਹ ਕਰਕੇ ਮੂਰਖ ਪੁਰਸ਼ ਅੰਧਤਾਈਆਂ ਵਿਚ ਵਿਆਪ ਰਹੇ ਹਨ। *ਅਥਵਾ:*-ਪਦਾਰਥਾਂ ਦਾ ਲਾਲਚ, ਝੂਠ, ਵਿਸ਼ੇ ਵਿਕਾਰ ਅਤੇ ਮੋਹ, ਇਹ ਸਾਰੇ ਹੀ ਇਸ ਅੰਧੇ ਮੂਰਖ ਨੂੰ ਵਿਆਪ ਰਹੇ ਹਨ।

ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਵਿਸ਼ਿਆਂ ਰੂਪੀ ਦੁਰਗੰਧੀ ਨਾਲ ਲਗ ਪਏ ਹਨ, ਇਸੀ ਲਈ ਇਸ ਜੀਵ ਨੂੰ ਮਇਆਵਕੀ ਬੰਧਨ ਪੈ ਰਹੇ ਹਨ॥ ੧॥

ਪਉੜੀ ॥ ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥

ਲਲੇ ਦੁਆਰਾ ਕਥਨ ਕਰਦੇ ਹਨ-ਤਮਾਮ ਪੁਰਸ਼ ਇਸਤ੍ਰੀ ਲੰਪਟ ਹੋ ਕੇ ਵਿਸ਼ੇ ਰਸ ਵਿਚ ਤਦਾਕਾਰ ਹੋ ਰਹੇ ਹਨ। ਅਹੰ+ਬੁਧਿ=ਹੰਗਤਾ ਵਾਲੀ ਬੁੱਧੀ ਕਰਕੇ ਮਾਇਆ ਦੇ ਮਦ ਵਿਚ ਮਸਤ ਹੋ ਰਹੇ ਹਨ।

ਇਆ ਮਾਇਆ ਮਹਿ ਜਨਮਹਿ ਮਰਨਾ ॥ ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥

ਇਸ ਮਾਇਆ ਵਿਚ ਲੱਗਣ ਕਰਕੇ ਜੀਵ ਨੂੰ ਜਨਮ ਮਰਣ ਹੁੰਦਾ ਹੈ। ਪਰ ਜਿਵੇਂ ਜਿਵੇਂ ਪਰਮੇਸ਼ਰ ਦਾ ਹੁਕਮ ਹੁੰਦਾ ਹੈ, ਤਿਵੇਂ ਤਿਵੇਂ ਜੀਵ ਕਰਤੱਬਾਂ ਨੂੰ ਕਰਦਾ ਹੈ।

ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥

ਆਪਣੇ ਆਪ ਨਾ ਕੋਈ ਊਣਾ ਹੈ, ਨਾ ਕੋਈ ਪੂਰਾ ਹੈ।

ਨਾ ਕੋਈ ਸੁਘਰੁ=ਚਤੁਰ ਹੈ, ਨਾ ਹੀ ਕੋਈ ਮੂਰਾ=ਮੂਰਖ ਹੈ।

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥
ਨਾਨਕ ਠਾਕੁਰ ਸਦਾ ਅਲਿਪਨਾ ॥ ੧੧ ॥

ਜਿੱਧਰ ਜਿੱਧਰ ਉਹ ਪਰਮੇਸ਼ਰ ਲਾਉਂਦਾ ਹੈ ਉਧਰ ਉਧਰ ਇਹ ਜੀਵ ਲਗਦਾ ਹੈਂ। ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਉਹ ਠਾਕੁਰ ਪਰਮਾਤਮਾ ਸਦਾ ਹੀ ਅਲਿਪਨਾ=ਨਿਰਲੇਪ, ਹੈ॥ ੧੧ ॥

ਸਲੋਕੁ ॥ ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥

ਗੋਵਿੰਦ ਪ੍ਰਭੂ ਲਾਲ=ਪਿਆਰਾ ਗੁਪਾਲ=ਪ੍ਰਿਥਵੀ ਦੇ ਪਾਲਣ ਵਾਲਾ, ਗਹਿਰ=ਡੂੰਘਾ, ਗੰਭੀਰ=ਨਿਰਹਲ, ਅਥਾਹ=ਅਤਲ ਸਪਰਸ਼ ਅਰਥਾਤ ਬੇਅੰਤ ਹੈ।

ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥ ੧ ॥

ਗਰੂ ਜੀ ਕਥਨ ਕਰਦੇ ਹਨ-ਉਸ ਵਰਗਾ ਦੂਜਾ ਹੋਰ ਕੋਈ ਨਹੀਂ, ਉਹ ਬੇਪ੍ਰਵਾਹ ਹੈ॥ ੧ ॥

ਪਉੜੀ ॥ ਲਲਾ ਤਾ ਕੈ ਲਵੈ ਨ ਕੋਊ ॥ ਏਕਹਿ ਆਪਿ ਅਵਰ ਨਹ ਹੋਊ ॥

ਲਲੇ ਦੁਆਰਾ ਕਥਨ ਕਰਦੇ ਹਨ, ਉਸ ਪ੍ਰਭੂ ਦੇ ਲਵੈ=ਸਦਰਸ਼ (ਬਰਾਬਰ) ਕੋਈ ਭੀ ਨਹੀ ਹੈ। ਆਪਣੇ ਵਰਗਾ ਇਕ ਉਹ ਆਪ ਹੀ ਹੈ, ਉਸ ਜੈਸਾ ਅਵਰ=ਹੋਰ ਕੋਈ ਨਹੀਂ।

ਹੋਵਨਹਾਰੁ ਹੋਤ ਸਦ ਆਇਆ ॥ ਉਆ ਕਾ ਅੰਤੁ ਨ ਕਾਹੂ ਪਾਇਆ ॥

ਹੋਵਨਹਾਰੁ=ਪਰਮਾਤਮਾ ਸਦਾ ਹੀ ਹੁੰਦਾ ਆਇਆ ਹੈ, ਅਰਥਾਤ ਭੂਤ, ਭਵਿਖਤ, ਵਰਤਮਾਨ ਵਿਚ ਪਰੀਪੂਰਨ ਹੈ। ਉਸ ਦਾ ਅੰਤ ਕਿਸੇ ਨੇ ਨਹੀਂ ਪਾਇਆ।

ਕੀਟ ਹਸਤਿ ਮਹਿ ਪੂਰ ਸਮਾਨੇ ॥ ਪ੍ਰਗਟ ਪੁਰਖ ਸਭ ਠਾਊ ਜਾਨੇ ॥

ਉਹ ਪਰਮਾਤਮਾ ਕੀੜੀ ਤੋਂ ਲੈ ਕੇ ਹਾਥੀ ਤਕ ਸਾਰਿਆਂ ਵਿਚ ਪੂਰਨ ਹੋ ਕੇ ਸਮਾ ਰਿਹਾ ਹੈ,

ਅਥਵਾ:-ਇੱਕ ਸਮਾਨ ਪੂਰਨ ਹੈ। ਉਹ ਅਕਾਲ ਪੁਰਖ ਸਭ ਜਗ੍ਹਾਂ ਤੇ ਪਰਗਟ ਜਾਣਿਆਂ ਜਾਂਦਾ ਹੈ।

ਜਾ ਕਉ ਦੀਨੋ ਹਰਿ ਰਸੁ ਅਪਨਾ ॥ ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨ ॥

ਸਤਿਗੁਰ ਦੇਵ ਕਥਨ ਕਰਦੇ ਹਨ-ਉਸ ਪ੍ਰਮਾਤਮਾ ਨੇ ਜਿਸ ਨੂੰ ਆਪਣਾ ਹਰੀ ਨਾਮ ਰਸ ਦਿੱਤਾ ਹੈ। ਉਸ ਗੁਰਮੁਖ ਨੇ ਹਰਿ ਹਰਿ ਨਾਮ ਨੂੰ ਜਪਣਾ ਕੀਤਾ ਹੈ॥ ੧੨ ॥

ਸਲੋਕੁ ॥ ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥

ਜਿਸ ਨੇ ਪਹਿਲੇ ਆਤਮ=ਆਪਣੇ ਆਪ ਦਾ ਰਸ ਮਾਣਿਆ ਹੈ, ਅਰਥਾਤ ਆਪਣੇ ਸਰੂਪ ਨੂੰ ਨਿਸਚੇ ਕਰ ਲਿਆ ਹੈ, ਅਤੇ ਗਿਆਨ ਦਵਾਰਾ ਸੁਤੇ ਹੀ ਹਰੀ ਦੇ ਰੰਗ=ਅਨੰਦ ਨੂੰ ਭੋਗਿਆ ਹੈ।

ਅਥਵਾ:-ਜਿਸ ਨੇ ਆਤਮ=ਮਨ ਵਿਚ ਰਸੁ=ਪ੍ਰੇਮ ਕਰਨਾ ਜਾਣਿਆਂ ਹੈ,

ਅਤੇ ਹਰੀ ਦੇ ਆਨੰਦ ਨੂੰ ਸੁਤੇ ਹੀ ਭੋਗਿਆ ਹੈ।

ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਹ ਪੁਰਸ਼ ਮਨ, ਬਾਣੀ, ਸਰੀਰ ਕਰਕੇ ਧੰਨ ਹਨ, *ਅਥਵਾ:*-ਉਸ ਦੀ ਮਾਂ ਧੰਨ

ਹੈ, ਪਿਤਾ ਵੀ ਧੰਨ, ਉਹ ਆਪ ਭੀ ਧੰਨ ਹਨ। ਓਹੀ ਪੁਰਸ ਸੰਸਾਰ ਵਿਚ ਆਏ ਹੋਏ ਪ੍ਰਮਾਣੀਕ ਹਨ॥ ੧॥

ਪਉੜੀ॥ ਆਇਆ ਸਫਲ ਤਾਹੂ ਕੋ ਗਨੀਐ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ॥

ਸੰਸਾਰ ਵਿਚ ਉਸ ਦਾ ਆਇਆ ਸਫਲ ਗਿਣੀਦਾ ਹੈ। ਜਾਸੁ=ਜਿਸ ਦੀ ਰਸਨਾ ਹਰਿ ਹਰਿ ਜਸ ਨੂੰ ਭਨੀਐ=ਕਥਨ ਕਰਦੀ ਹੈ।

ਆਇ ਬਸਹਿ ਸਾਧੂ ਕੈ ਸੰਗੇ॥ ਅਨਦਿਨੁ ਨਾਮੁ ਧਿਆਵਹਿ ਰੰਗੇ॥

ਜੋ ਸੰਤਾਂ ਦੇ ਸੰਗ ਵਿਚ ਆ ਕੇ ਵਸਦਾ ਹੈ। ਉਹ ਰਾਤ ਦਿਨੇ ਰੰਗੇ=ਪ੍ਰੇਮ ਕਰਕੇ ਨਾਮ ਨੂੰ ਧਿਆਉਂਦਾ ਹੈ।

ਆਵਤ ਸੋ ਜਨੁ ਨਾਮਹਿ ਰਾਤਾ॥ ਜਾ ਕਉ ਦਇਆ ਮਇਆ ਬਿਧਾਤਾ॥

ਉਹ ਪੁਰਸ਼ ਸਤਸੰਗਤ ਵਿਚ ਆਉਂਦਾ ਹੀ ਨਾਮ ਵਿਚ ਰਤਾ ਗਿਆ ਹੈ। ਜਿਸ ਉੱਤੇ ਮਇਆ=ਕਿਰਪਾ ਸਰੂਪ ਬਿਧਾਤਾ=ਫਲਬਖਸ਼ ਦਾਤੇ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੈ।

ਏਕਹਿ ਆਵਨ ਫਿਰਿ ਜੋਨਿ ਨ ਆਇਆ॥
ਨਾਨਕ ਹਰਿ ਕੈ ਦਰਸਿ ਸਮਾਇਆ॥ ੧੩॥

ਉਸ ਦਾ ਆਉਣਾ ਇਕੋ ਵਾਰੀ ਹੋਇਆ ਹੈ, ਫਿਰਿ=ਮੁੜ ਕੇ ਜੂਨੀਆਂ ਵਿਚ ਨਹੀਂ ਆਇਆ।
ਗੁਰੂ ਜੀ ਕਥਨ ਕਰਦੇ ਹਨ ਉਹ ਹਰੀ ਦੇ ਦਰਸਿ=ਸਰੂਪ ਵਿਚ ਸਮਾ ਗਿਆ ਹੈ॥ ੧੩॥

ਸਲੋਕੁ॥ ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਸਾ ਭਾਉ॥

ਜਿਸ ਪਰਮੇਸ਼ਰ ਨੂੰ ਜਪਦਿਆਂ ਮਨ ਵਿਚ ਅਨੰਦ ਹੁੰਦਾ ਹੈ, ਅਤੇ ਦ੍ਵੈਤ ਭਾ ਨਾਸ ਹੋ ਜਾਂਦਾ ਹੈ।

ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ॥ ੧॥

ਦੁਖ ਮਨ ਦਾ, ਦਰਦ ਤਨ ਦਾ, ਤੇ ਪਦਾਰਥਾਂ ਦੀ ਤ੍ਰਿਸ਼ਨਾਂ ਅਗਨੀ ਭੀ ਬੁਝ ਜਾਂਦੀ ਹੈ, ਗੁਰੂ ਜੀ ਕਥਨ ਕਰਦੇ ਹਨ ਉਸ ਨਾਮੀ ਪਰਮਾਤਮਾ ਵਿਚ ਤੁਸੀਂ ਸਮਾਵਣਾ ਕਰੋ॥ ੧॥

[ਪੰਨਾ ੨੫੩]

ਪਉੜੀ॥ ਯਯਾ ਜਾਰਉ ਦੁਰਮਤਿ ਦੋਊ॥ ਤਿਸਹਿ ਤਿਆਗਿ ਸੁਖ ਸਹਜੇ ਸੋਊ॥

ਯੱਯੇ ਦੁਆਰਾ ਕਥਨ ਕਰਦੇ ਹਨ, ਦੋਊ=ਦਵੈਤ ਵਾਲੀ ਖੋਟੀ ਬੁੱਧੀ ਨੂੰ ਜਾਰਉ=ਸਾੜਣਾ ਕਰੋ। ਜੋ ਪੁਰਸ਼ ਤਿਸ ਦਵੈਤ ਨੂੰ ਤਿਆਗਦਾ ਹੈ, ਸੋਊ=ਉਸ ਪੁਰਸ਼ ਨੂੰ ਸਹਜ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਵਾ:-ਤਿਸ ਦਵੈਤ ਦੇ ਤਿਆਗਣ ਕਰਕੇ ਸਹਜ ਸੁਖ ਵਿਚ ਸੋਊ=ਸੌਂਦਾ ਹੈ।

ਯਯਾ ਜਾਇ ਪਰਹੁ ਸੰਤ ਸਰਨਾ॥ ਜਿਹ ਆਸਰ ਇਆ ਭਵਜਲੁ ਤਰਨਾ॥

ਯੱਯੇ ਦੁਆਰਾ ਕਥਨ ਕਰਦੇ ਹਨ ਉਨ੍ਹਾਂ ਸੰਤਾਂ ਦੀ ਸ਼ਰਨੀ ਜਾ ਪਵੋ।
ਜਿਨ੍ਹਾਂ ਦੇ ਆਸਰੇ ਲਗ ਕੇ ਇਸ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ।

ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥

ਯੱਯੇ ਦੁਆਰਾ ਕਥਨ ਕਰਦੇ ਹਨ, ਉਹ ਪੁਰਸ਼ ਮੁੜ ਕੇ ਜਨਮ ਵਿਚ ਨਹੀਂ ਆਉਂਦਾ। ਜਿਸ ਨੇ ਇਕ ਸਤਿਨਾਮੁ ਮੰਤ੍ਰ ਨੂੰ ਲੈ ਕੇ ਮਨ ਵਿਚ ਪਰੋ ਲਿਆ ਹੈ।

ਯਯਾ ਜਨਮੁ ਨ ਹਾਰੀਐ ਗੁਰ ਪੂਰੇ ਦੀ ਟੇਕ ॥
ਨਾਨਕ ਤਿਹ ਸੁਖੁ ਪਾਇਆ ਜਾ ਕੈ ਹੀਅਰੈ ਏਕ ॥ ੧੪ ॥

ਯੱਯੇ ਦੁਆਰਾ ਕਥਨ ਕਰਦੇ ਹਨ, ਉਹ ਆਪਣੇ ਮਨੁੱਖਾ ਜਨਮ ਨੂੰ ਨਹੀਂ ਹਾਰਦਾ, ਜਿਸ ਨੇ ਪੂਰਿਆਂ ਗੁਰਾਂ ਦੀ ਟੇਕ ਗ੍ਰਹਿਣ ਕੀਤੀ ਹੈ। ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਹਿਰਦੇ ਵਿਚ ਇਕ ਵਾਹਿਗੁਰੂ ਹੈ ਉਸਨੇ ਆਤਮ ਸੁਖ ਪਾਇਆ ਹੈ॥ ੧੪॥

ਸਲੋਕੁ ॥ ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ ॥

ਈਤ=ਇਹ ਲੋਕ, ਊਤ=ਪ੍ਰਲੋਕ ਭਾਵ ਲੋਕ ਪ੍ਰਲੋਕ ਦੇ ਮਿਤਰ ਜੋ ਮਹਾਰਾਜ ਜੀ ਹਨ, ਉਹ ਸਾਡੇ ਅਥੱਵਾ:-ਗੁਰਮੁਖਾਂ ਦੇ ਮਨ ਤਨ ਵਿਚ ਵਸ ਰਹੇ ਹਨ।

ਗੁਰਿ ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਧੰਨ ਪੂਰੇ ਗੁਰੂ ਹਨ ਜਿਨ੍ਹਾਂ ਨੇ ਉਪਦੇਸ਼ ਦਿੱਤਾ ਹੈ ਕਿ ਉਸ ਪਰਮਾਤਮਾ ਨੂੰ ਨਿਤਾਪ੍ਰਤੀ ਜਪਣਾ ਕਰੋ॥ ੧ ॥

ਪਉੜੀ ॥ ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥

ਅਨਦਿਨੁ=ਰਾਤ ਦਿਨ ਉਸ ਵਾਹਿਗੁਰੂ ਨੂੰ ਸਿਮਰਨਾ ਕਰੋ, ਜੋ ਅੰਤਿ=ਪ੍ਰਾਣਾਂ ਦੇ ਵਿਜੋਗ ਕਾਲ ਵਿਚ ਸਹਾਇਕ ਹੁੰਦਾ ਹੈ।

ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥

ਇਹ ਵਿਸ਼ਿਆਂ ਦਾ ਅਨੰਦ; ਵਾ:-ਮਾਇਆ ਦਾ ਅਨੰਦ ਛੇ ਤੇ ਚਾਰਿ=ਦਸ ਕੁ ਦਿਨ ਦਾ ਹੈ,

ਅਥਵਾ:-ਚਾਰ ਕੁ ਦਿਨ ਦਾ ਹੈ, ਪੁਨਾ ਛਿਅ=ਨਾਸ ਹੋ ਜਾਣ ਵਾਲਾ ਹੈ, ਇਸ ਨੂੰ ਸਭ ਕੋਈ ਛੱਡ ਕੇ ਤੁਰਿਆ ਜਾਂਦਾ ਹੈ।

ਕਾ ਕੋ ਮਾਤ ਪਿਤਾ ਸੁਤ ਧੀਆ ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥

ਮਾਂ, ਪਿਉ, ਪੁਤ੍ਰ, ਧੀ, ਕਾਕੋ=ਕਿਸ ਦੇ ਹਨ। ਵਾ:-ਕਾਕੋ=ਕਿਸ ਦੇ ਨਾਲ ਗਏ ਹਨ। ਹੋਰ ਭਲਾ ਕੀ ਕਹਿਣਾ ਹੈ-ਘਰ ਵਾਲੀ ਜੋ ਬਨਿਤਾ=ਇਸਤ੍ਰੀ ਹੈ ਉਸ ਦਾ ਭੀ ਕਿਸੇ ਨੇ ਸੰਗ ਨਹੀਂ ਲੀਤਾ।

ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪੁਨੈ ਘਰਿ ਜਾਹੀ ॥

ਹੇ ਭਾਈ ! ਅਜੇਹੀ ਸੰਪਦਾ ਸੰਚਿ=ਇਕੱਠੀ ਕਰ, ਜੋ ਕਦੇ ਨਾਸ਼ ਨਹੀਂ ਹੁੰਦੀ।

ਤਾਂ ਤੂੰ ਪਤ ਅਬਰੋ ਦੇ ਨਾਲ ਆਪਣੇ ਸਰੂਪ ਘਰ ਵਿਚ ਜਾਏਂਗਾ।

ਸਾਧਸੰਗਿ ਕਲਿ ਕੀਰਤਨੁ ਗਾਇਆ ॥ ਨਾਨਕ ਤੇ ਤੇ ਬਹੁਰਿ ਨ ਆਇਆ ॥ ੧੫ ॥

ਜਿਸ ਜਿਸ ਨੇ ਸਤਸੰਗਤ ਵਿਚ ਪ੍ਰਭੂ ਦਾ ਕਲਿ=ਸੁੰਦਰ ਕੀਰਤਨ ਗਾਇਆ ਹੈ।

ਗੁਰੂ ਜੀ ਕਥਨ ਕਰਦੇ ਹਨ, ਤੇ ਤੇ=ਉਹ ਉਹ ਪੁਰਸ਼ ਫਿਰ ਸੰਸਾਰ ਵਿਚ ਨਹੀਂ ਆਇਆ॥ ੧੫॥

ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਗਿਆਨੀ ਧਨਵੰਤ॥

ਚਾਹੇ ਅਤਿਅੰਤ ਸੁੰਦਰ ਹੈ, ਕੁਲੀਨ=ਉੱਚੀ ਕੁਲ ਵਾਲਾ ਹੈ, ਚਤੁਰ ਵਾਕਾਂ ਦਾ ਹੈ, ਚਾਹੇ ਮੁਖ ਗਿਆਨੀ ਭੀ ਹੈ ਅਤੇ ਧਨ ਵਾਲਾ ਧਨਾਢ ਹੈ।

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ੧॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਉਸ ਦੇ ਹਿਰਦੇ ਵਿਚ ਭਗਵੰਤ ਦੀ ਪ੍ਰੀਤੀ ਨਹੀਂ, ਤਾਂ ਉਹ ਮਿਰਤਕ=ਮੁਰਦੇ ਤੁਲ ਕਥਨ ਕੀਤਾ ਜਾਂਦਾ ਹੈ, ਅਥਵਾ:-ਚਾਹੇ ਅਤਿ ਸੁੰਦਰ=ਪੈਰਸ ਵਾਲੇ, ਕੁਲੀਨ=ਫਰਾਂਸ ਵਾਲੇ, ਚਤੁਰ=ਅੰਗਰੇਜ਼, (ਇੰਗਲੈਂਡ ਵਾਲੇ) ਮੁਖਿ ਗਿਆਨੀ=ਹਿੰਦੁਸਤਾਨੀ, ਧਨਵੰਤ=ਅਮਰੀਕਾ ਵਾਲੇ ਇਤ ਆਦਿਕ ਮੁਲਕਾਂ ਦੇ ਮਾਲਕ ਭੀ ਹਨ। ਜੇਕਰ ਪ੍ਰਭੂ ਦੀ ਪਰੀਤੀ ਨਹੀਂ ਹੈ ਤਾਂ ਉਹ ਮੁਰਦੇ ਤੁਲ ਕਥਨ ਕੀਤੇ ਜਾਂਦੇ ਹਨ॥ ੧॥

ਪਉੜੀ॥ ਛੰਛਾ ਖਟੁ ਸਾਸਤ੍ਰ ਹੋਇ ਗਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥

ਛੰਛੇ ਦੁਆਰਾ ਕਥਨ ਕਰਦੇ ਹਨ, ਭਾਵੇਂ ਛੇ ਸ਼ਾਸਤ੍ਰਾਂ ਦਾ ਗਿਆਤਾ ਅਰਥਾਤ ਜਾਨਣ ਵਾਲਾ ਹੋਵੇ। ਭਾਵੇਂ ਦਸਮ ਦੁਆਰ ਵਿਚ ਪ੍ਰਾਣਾਂ ਦੇ ਪੂਰਕੁ=ਚਾੜ੍ਹਨ, ਕੁੰਭਕ=ਠਹਿਰਾਵਨ, ਰੇਚਕ=ਉਤਾਰਨ ਇਨ੍ਹਾਂ ਦੇ ਕਰਨ ਵਿਚ ਮਾਤਾ=ਮਸਤ ਹੋਵੇ।

ਗਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥

ਭਾਵੇਂ ਗਿਆਨੀ, ਧਿਆਨੀ, ਅਤੇ ਤੀਰਥਾਂ ਦਾ ਇਸ਼ਨਾਨੀ ਭੀ ਹੋਵੇ। ਭਾਵੇਂ ਸੋਮ=ਚੰਦ੍ਰਮਾਂ ਦੇ ਪੱਕੇ ਹੋਏ ਫਲ ਖਾਵੇ, ਵਾ:-ਸੋਮ=ਚੰਦ੍ਰਮਾ ਨੂੰ ਵੇਖ ਕੇ ਪਾਕ=ਰਸੋਈ ਖਾਵੇ। ਵਾ:-ਸੋਮ ਨਾਮੇ ਵਲੀ ਨੂੰ ਪਕਾ ਕੇ ਖਾਵੇ, ਵਾ:-ਸੋਮ=ਸੂਰਜ ਅਰਥਾਤ ਆਪਣੇ ਹੱਥਾਂ ਨਾਲ ਪਾਕ=ਰਸੋਈ ਪਕਾ ਕੇ ਖਾਵੇ। ਭਾਵੇਂ ਅਪੱਰਸ ਰਵੇ ਕਿਸੀ ਦੇ ਨਾਲ ਛੋਹਵੇ ਨਾ, ਭਾਵੇਂ ਉਦਿਆਨੀ=ਉਜਾੜਾਂ ਵਿਚ ਫਿਰੇ। ਇਤਨਾ ਕੁਝ ਕਰਕੇ ਭੀ-

ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥

ਜੇ ਮਨ ਕਰਕੇ ਰਾਮ ਨਾਮ ਦੇ ਨਾਲ ਹੇਤਾ=ਪ੍ਰੇਮ ਨਹੀਂ ਹੈ।

ਤਾਂ ਜੋ ਕੁਛ ਭੀ ਉਸ ਨੇ ਕੀਤਾ ਹੈ ਉਹ ਸਭ ਕੁਝ ਅਨੇਤਾ=ਮਿਥਿਆ ਅਰਥਾਤ ਨਿਸਫਲ ਹੈ।

ਉਆ ਤੇ ਊਤਮੁ ਗਨਉ ਚੰਡਾਲਾਂ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥ ੧੬॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮਨ ਵਿਚ ਗੁਪਾਲ ਪਰਮਾਤਮਾ ਵਸਦਾ ਹੈ, ਉਸ ਦੇ ਨਾਲੋਂ ਉਸ ਚੰਡਾਲ ਨੂੰ ਉੱਤਮ ਗਿਨਣਾ ਕਰੋ॥ ੧੬॥

ਸਲੋਕੁ॥ ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ॥

ਕਿਰਤਿ=ਕੀਤੇ ਹੋਏ ਕਰਮਾਂ ਦੀ ਰੇਖਾ ਅਨੁਸਾਰ ਚਾਰ ਕੁੰਟ ਰੂਪ ਦਸ ਦਿਸ਼ਾਂ ਵਿਚ ਵਾ:-ਚਾਰਿ ਕੁੰਟ=ਚਾਰ ਖਾਣੀਆਂ ਅਤੇ ਦਸੋ ਦਿਸਾਂ ਵਿਚ ਜੀਵ ਭ੍ਰਮੇ=ਭੌਂਦੇ ਰਹਿੰਦੇ ਹਨ।

ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਲੇਖਾਂ ਦੇ ਲਿਖੇ ਅਨੁਸਾਰ ਕਦੇ ਸੁਖ, ਕਦੇ ਦੁਖ, ਕਦੇ ਮੁਕਤੀ, ਕਦੇ ਜੂਨੀਆਂ ਦੀ ਪਰਾਪਤੀ ਹੁੰਦੀ ਹੈ॥ ੧ ॥

ਪਵੜੀ ॥ ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ ॥

ਕੱਕੇ ਦੁਆਰਾ ਕਥਨ ਕਰਦੇ ਹਨ, ਉਹ ਕਰਤਾ ਵਾਹਿਗੁਰੂ ਸਾਰਿਆਂ ਦਾ ਕਾਰਨ ਰੂਪ ਹੈ। ਅਥਵਾ:-ਉਹ ਕਾਰਣਾਂ ਦਾ ਭੀ ਕਰਤਾ ਹੈ। ਉਸ ਦੇ ਲਿਖੇ ਹੋਏ ਲੇਖ ਨੂੰ ਭੋਗੇ ਬਿਨਾਂ ਕੋਈ ਨਹੀਂ ਮੇਟ ਸਕਦਾ।

ਨਹੀ ਹੋਤ ਕਛੁ ਦੋਊ ਬਾਰਾ ॥ ਕਰਨੈਹਾਰੁ ਨ ਭੂਲਨਹਾਰਾ ॥

ਇਕ ਵਾਰੀ ਜੋ ਉਸ ਨੇ ਕਰ ਦਿੱਤਾ ਹੈ, ਉਸ ਉਤੇ ਫਿਰ ਦੂਜੀ ਵਾਰ ਕੁਝ ਨਹੀਂ ਹੁੰਦਾ। ਕਿਉਂਕਿ ਉਹ ਕਰਨ ਵਾਲਾ ਵਾਹਿਗੁਰੂ ਕਦੇ ਭੁਲਣ ਵਾਲਾ ਨਹੀਂ ਹੈ।

ਕਾਹੂ ਪੰਥੁ ਦਿਖਾਰੈ ਆਪੈ ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥

ਉਹ ਪਰਮਾਤਮਾ ਆਪ ਹੀ ਕਿਸੇ ਨੂੰ ਸ੍ਰੇਸ਼ਟ ਰਸਤਾ ਦਿਖਾਲਦਾ ਹੈ। ਕਿਸੇ ਨੂੰ ਉਦਿਆਨ=ਉਜਾੜਾਂ ਵਿਚ ਭਟਕਾਉਂਦਾ ਹੈ, ਉਹ ਉਜਾੜਾਂ ਵਿਚ ਹੀ ਭੌਂਦਾ ਪਸ਼ਚਾਤਾਪ ਕਰਦਾ ਹੈ।

ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥ ੧੭ ॥

ਆਪਣਾ ਖੇਲ ਸੰਸਾਰ ਉਸਨੇ ਆਪ ਹੀ ਕੀਤਾ ਹੈ। ਗੁਰੂ ਜੀ ਕਥਨ ਕਰਦੇ ਹਨ ਜਿਸ ਜਿਸ ਨੂੰ ਉਸਨੇ ਜੋ ਜੋ ਪਦਾਰਥ ਦਿੱਤਾ ਹੈ, ਉਸਨੇ ਓਹੀ ਕੁਝ ਲੀਤਾ ਹੈ॥ ੧੭ ॥

ਸਲੋਕੁ ॥ ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ ॥

ਗੁਰਮੁਖ ਨਾਮ ਭੰਡਾਰੇ ਨੂੰ ਆਪ ਖਾਂਦੇ ਹਨ, ਸਬੰਧੀਆਂ ਨੂੰ ਖਰਚਾਂਦੇ ਹਨ, ਅਤੇ ਆਮ ਖਾਸ ਲੋਕਾਂ ਵਿਚ ਵੀ ਬਿਲਛਤ=ਵੰਡਦੇ ਰਹਿੰਦੇ ਹਨ, ਫਿਰ ਭੀ ਉਨ੍ਹਾਂ ਦਾ ਨਾਮ ਭੰਡਾਰਾ ਟੁੱਟ ਨਹੀਂ ਜਾਂਦਾ, ਅਰਥਾਤ ਮੁੱਕਦਾ ਨਹੀਂ।

ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ ॥ ੧ ॥

ਹਰਿ ਹਰਿ ਦਾ ਨਾਮ ਅਨੇਕਾਂ ਪੁਰਸ਼ ਜਪਦੇ ਹਨ, ਗੁਰੂ ਜੀ ਕਥਨ ਕਰਦੇ ਹਨ
ਫਿਰ ਭੀ ਉਸ ਦੀ ਸੁਮਾਰ=ਗਿਣਤੀ ਨਹੀਂ ਹੋ ਸਕਦੀ॥ ੧ ॥

ਪਉੜੀ ॥ ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥

ਖੱਖੇ ਦੁਆਰਾ ਕਥਨ ਕਰਦੇ ਹਨ-ਤਿਸ ਸਮਰਥ ਪ੍ਰਭੂ ਦੇ ਪਾਸ ਕਿਸੇ ਪਦਾਰਥ ਦੀ ਖੂਨਾ=ਊਣਤਾਈ ਭਾਵ ਕਮੀ ਨਹੀਂ ਹੈ।

ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥

ਉਸ ਪਰਮੇਸ਼ਰ ਨੇ ਜੋ ਦੇਣਾ ਹੈ ਉਹ ਦੇ ਰਿਹਾ ਹੈ, ਇਸ ਜੀਵ ਦੀ ਜਿਥੇ ਜਿਥੇ ਮਰਜ਼ੀ ਆਵੇ ਭਾਵੇਂ ਓਥੇ ਓਥੇ ਭੀ ਚਲਿਆ ਜਾਵੇ ਪਰ ਮਿਲਣਾ ਓਹੀ ਕੁਝ ਹੈ।

ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ॥

ਭਗਤ ਲੋਕ ਨਾਮ ਧਨ ਰੂਪੀ ਖਜ਼ਾਨੇ ਨੂੰ ਖਰਚਦੇ ਹਨ, ਕਿਉਂਕਿ ਭਗਤਾਂ ਦੀ ਰਾਸਿ=ਪੂੰਜੀ ਇਹੋ ਹੀ ਹੈ।

ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ॥

ਖਿਮਾ ਤੇ ਗਰੀਬੀ ਨੂੰ ਧਾਰਕੇ ਸਹਜੇ ਆਨੰਦ ਰਹਿੰਦੇ ਹਨ, ਅਤੇ ਗੁਣਾਂ ਦੇ ਤਾਸ=ਖਜ਼ਾਨੇ ਪਰਮੇਸ਼ਰ ਨੂੰ ਜਪਦੇ ਰਹਿੰਦੇ ਹਨ।

ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ॥

ਜਿਨ੍ਹਾਂ ਉੱਤੇ ਉਹ ਵਾਹਿਗੁਰੂ ਕਿਰਪਾਲੂ ਹੁੰਦਾ ਹੈ, ਉਹ ਅਨੰਦ ਨਾਲ ਖੇਡਦੇ ਹਨ ਤੇ ਬਿਗਸਹਿ=ਪ੍ਰਸੰਨ ਹੁੰਦੇ ਹਨ।

ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ॥

ਜਿਨ੍ਹਾਂ ਦੇ ਅੰਤਹਕਰਣ ਰੂਪੀ ਘਰ ਵਿਚ ਰਾਮਨਾਮ ਰੂਪੀ ਮਾਲ ਹੈ, ਉਹ ਪੁਰਸ਼ ਸਦੀਵ=ਸਰਬ ਦਾ ਕਾਲ ਆਤਮ ਧਨ ਕਰਕੇ ਗਨੀਵ=ਧਨਾਢ ਸੋਭਦੇ ਹਨ।

ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ॥

ਜਾ ਕਉ=ਜਿਨ੍ਹਾਂ ਉੱਤੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਨ੍ਹਾਂ ਨੂੰ ਨਾ ਕੋਈ ਉਪਰੋਂ ਖੇਦ ਆ ਕੇ ਪੈਂਦਾ ਹੈ, ਨਾ ਹੀ ਤਨ ਨੂੰ ਕੋਈ ਦੁੱਖ ਹੁੰਦਾ ਹੈ, ਨਾ ਹੀ ਕੋਈ ਰਿਖੀ ਤੇ ਪਿਤਰ ਦੰਡ ਹੁੰਦਾ ਹੈ।

ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ॥ ੧੮॥

ਗਰੂ ਜੀ ਕਥਨ ਕਰਦੇ ਹਨ ਜੋ ਮਨੁੱਖ ਪ੍ਰਭੂ ਦੇ ਭਾਣੇ ਵਿਚ ਤੁਰੇ ਹਨ, ਅਥਵਾ:-ਪ੍ਰਭੂ ਨੂੰ ਭਾ ਗਏ ਹਨ ਉਨ੍ਹਾਂ ਦੀ ਪੂਰੀ ਪਤਅਬਰੋ ਪਈ ਹੈ॥ ੧੮॥

[ਪੰਨਾ ੨੫੪]

ਸਲੋਕੁ॥ ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ॥

ਆਪਣੇ ਮਨ ਵਿਚ ਗਨਿ ਮਿਨਿ=ਨਿਰਣੇ ਕਰਕੇ ਵੇਖੋ,

ਇਨ੍ਹਾਂ ਲੋਕਾਂ ਨੇ ਏਥੋਂ ਸਰਪਰ=ਜ਼ਰੂਰ ਚਲਿਆ ਜਾਣਾ ਹੈ।

ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮ ਅਰੋਗ॥ ੧॥

ਅਨਿਤ=ਮਿਥਿਆ ਪਦਾਰਥਾਂ ਦੀ ਆਸਾ ਗੁਰਾਂ ਦੁਆਰੇ ਗੁਰਮੁਖਾਂ ਦੀ ਮਿਟਦੀ ਹੈ।

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਨਾਮ ਨੂੰ ਜਪਕੇ ਅਗਿਆਨ ਰੋਗ ਤੋਂ ਰਹਿਤ ਹੋਏ ਹਨ॥ ੧॥

ਪਉੜੀ॥ ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ॥

ਗੱਗੇ ਦੁਆਰਾ ਕਥਨ ਕਰਦੇ ਹਨ, ਗੋਵਿੰਦ ਦੇ ਗੁਣਾਂ ਨੂੰ ਰਵਹੁ=ਉਚਾਰਨ ਕਰੋ, ਅਤੇ ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਨਿਤਾਪ੍ਰਤੀ ਨਾਮ ਜਪਣਾ ਕਰੋ।

ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥

ਇਸ ਦੇਹ ਦਾ ਕੀ ਭਰੋਸਾ ਹੈ, ਹੇ ਮਿਤਰੋ ! ਨਾਮ ਜਪਣ ਵਿਚ ਬਿਲਮ=ਦੇਰੀ ਨਾ ਕਰੋ। ਜੇ ਕੋਈ ਕਹੇ ਫਿਰ ਜਪ ਲਵਾਂਗੇ ਤਿਸ ਪਰ ਗੁਰੂ ਜੀ ਕਥਨ ਕਰਦੇ ਹਨ।

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥

ਨਾ ਬਾਲਕ ਅਵਸਥਾ ਦਾ, ਨਾ ਜੁਆਨੀ ਦਾ, ਨਾ ਹੀ ਬੁਢੇਪੇ ਦਾ ਕੁਝ ਬੰਧੁ=ਬੰਧੇਜ ਭਾਵ ਨਿਯਮ ਹੈ। ਉਸ ਵੇਲੇ ਨੂੰ ਕੋਈ ਬੁਝਦਾ ਨਹੀਂ, ਜਿਸ ਵੇਲੇ ਜਮ ਦਾ ਫਾਹ ਆ ਕੇ ਪੈਣਾ ਹੈ।

ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ॥

ਚਾਹੇ ਗਿਆਨੀ, ਚਾਹੇ ਧਿਆਨੀ, ਚਾਹੇ ਵਾਕਾਂ ਦਾ ਚਤੁਰ, ਦੇਖੀਦਾ ਹੈ, ਪਰ ਇਸ ਥਾਂ ਜਗਤ ਵਿਚ ਕਿਸੀ ਨੇ ਰਹਿਣਾ ਨਹੀਂ।

ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ॥

ਜਿਨ੍ਹਾਂ ਪਦਾਰਥਾਂ ਨੂੰ ਸਾਰੀ ਸ੍ਰਿਸ਼ਟੀ ਛੱਡ ਛੱਡ ਕੇ ਚਲੀ ਗਈ ਹੈ, ਮੂਰਖ ਪੁਰਸ਼ ਉਨ੍ਹਾਂ ਪਦਾਰਥਾਂ ਨਾਲ ਲੰਪਟ ਹੋ ਰਿਹਾ ਹੈ।

ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ॥

ਓਹੀ ਪੁਰਸ਼ ਗੁਰਾਂ ਦੀ ਕਿਰਪਾ ਦੁਆਰਾ ਪਰਮੇਸ਼ਰ ਨੂੰ ਸਿਮਰਦਾ ਰਹਿੰਦਾ ਹੈ,
ਜਿਸ ਦੇ ਮੱਥੇ ਦੇ ਚੰਗੇ ਭਾਗ ਹਨ।

ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ॥ ੧੯॥

ਗੁਰੂ ਜੀ ਕਥਨ ਕਰਦੇ ਹਨ ਉਹ ਪੁਰਸ਼ ਸੰਸਾਰ ਵਿਚ ਆਏ ਹੋਏ ਸਫਲ ਹਨ,
ਜਿਨ੍ਹਾਂ ਨੂੰ ਪਿਰੀ ਦਾ ਸੁਹਾਗੁ=ਆਨੰਦ ਪ੍ਰਾਪਤ ਹੋਇਆ ਹੈ॥ ੧੯॥

ਸਲੋਕੁ॥ ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ॥

ਸਾਰੇ ਸ਼ਾਸਤ੍ਰ ਤੇ ਵੇਦ ਘੋਖੇ=ਵਿਚਾਰੇ ਹਨ, ਪਰ ਇਹ ਗੱਲ ਕੋਈ ਨਹੀਂ ਕਹਿੰਦਾ, ਕਿ ਇਕ ਪਰਮਾਤਮਾ ਤੋਂ ਬਿਨਾਂ ਆਨ=ਹੋਰ ਕੋਈ ਦੂਜਾ ਭੀ ਹੈ।

ਵਾ:-ਇਕ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਕਿਸੇ ਨੂੰ ਕਥਨ ਨਹੀਂ ਕਰਦਾ।

ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਉਹ ਇਕ ਪਰਮਾਤਮਾ ਹੀ ਆਦਿ ਜੁਗਾਦੀ=ਸਦਾ ਸਦਾ ਪਿਛੇ ਸੀ, ਹੁਣ ਹੈ, ਅਗੇ ਹੋਵਤ=ਹੋਵੇਗਾ॥ ੧॥

ਪਉੜੀ॥ ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ॥

ਘੱਘੇ ਦੁਆਰਾ ਕਥਨ ਕਰਦੇ ਹਨ, ਇਸ ਗੱਲ ਨੂੰ ਮਨ ਵਿਚ ਘਾਲਹੁ=ਪਾਵੋ, ਕਿ ਇਕ ਹਰੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥

ਨਾ ਕੋਈ ਪਿਛੇ ਹੋਇਆ ਹੈ, ਨਾ ਹੀ ਕੋਈ ਅਗੇ ਹੋਵੇਗਾ, ਜਿਥੇ ਕਿਥੇ ਉਹ ਇਕ ਪਰਮਾਤਮਾ ਹੀ ਸਮਾ ਰਿਹਾ ਹੈ।

ਘੂਲਹਿ ਤਉ ਮਨ ਜਉ ਆਵਹਿ ਸਰਨਾ ॥ ਨਾਮ ਤਤੁ ਕਲਿ ਮਹਿ ਪੁਨਹਚਰਨਾ ॥

ਹੇ ਮਨ=ਪਿਆਰੇ ! ਜਦ ਵਾਹਿਗੁਰੂ ਦੀ ਸ਼ਰਣੀ ਆਵੇਂਗਾ ਤਾਂਹੀ ਦੁੱਖਾਂ ਤੋਂ ਘੂਲਹਿ=ਛੁਟੇਂਗਾ। ਕਿਉਂਕਿ ਸਭ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਪਰਮੇਸ਼ਰ ਦਾ ਨਾਮ ਕਲਜੁਗ ਵਿਚ ਸਭ ਪਾਪਾਂ ਦੇ ਦੂਰ ਕਰਨੇ ਨੂੰ ਪੁਨਹਚਰਨਾ=ਪ੍ਰਾਸਚਿਤ* ਹੈ।

ਘਾਲਿ ਘਾਲਿ ਅਨਿਕ ਪਛੁਤਾਵਹਿ ॥ ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥

ਹੋਰ ਹੋਰ ਘਾਲਿ=ਕਮਾਈਆਂ ਨੂੰ ਘਾਲਿ=ਕਰਕੇ ਅਨੇਕਾਂ ਲੋਕ ਪਸ਼ਚਾਤਾਪ ਕਰਦੇ ਹਨ। ਕਿਉਂਕਿ-ਪਰਮੇਸ਼ਰ ਦੀ ਭਗਤੀ ਤੋਂ ਬਿਨਾਂ ਕਦ ਇਸਥਿਤੀ ਪਾਉਣਗੇ।

ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ ਨਾਨਕ ਹਰਿ ਗੁਰਿ ਜਾ ਕਉ ਦੀਆ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਸਰੂਪ ਗੁਰਾਂ ਨੇ ਜਿਸ ਨੂੰ ਨਾਮ ਉਪਦੇਸ਼ ਦੇਣਾ ਕੀਤਾ ਹੈ। ਉਸ ਨੇ ਉਪਦੇਸ਼ ਨਾਲ ਘੋਲਿ=ਮਿਲਕੇ ਮਹਾਂ ਰਸ ਦਾਇਕ ਨਾਮ ਅੰਮ੍ਰਿਤ ਪੀਤਾ ਹੈ॥ ੨੦॥

ਸਲੋਕੁ ॥ ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥

ਹੇ ਭਾਈ ! ਤੇਰੇ ਸਰੀਰ ਵਿਚ ਸਾਰੇ ਦਿਨਾਂ ਦੇ ਸ੍ਵਾਸ ਛਣਿ=ਗਿਣਕੇ ਘਾਲੇ=ਪਾਏ ਹਨ। ਉਨ੍ਹਾਂ ਵਿਚੋਂ ਸ੍ਵਾਸ ਤਿਲੁ ਸਾਰ=ਤਿਲ ਮਾਤ੍ਰ ਵੀ ਵਧਦੇ ਘਟਦੇ ਨਹੀਂ ਹਨ।

ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਭਰਮ ਅਤੇ ਮੋਹ ਦੇ ਵਸ ਪੈ ਕੇ ਲਿਖੇ ਤੋਂ ਵਧੀਕ ਜਿਉਣਾ ਲੋਰਹਿ=ਚਾਹੁੰਦੇ ਹਨ ਉਹ ਗਵਾਰ=ਮੂਰਖ ਪੁਰਸ਼ ਹਨ॥ ੧॥

ਪਉੜੀ ॥ ਛੰਛਾ ਛ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥
ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ॥

ਛੰਛੇ ਦੁਆਰਾ ਕਥਨ ਕਰਦੇ ਹਨ, ਤਿਨ੍ਹਾਂ ਪੁਰਸ਼ਾਂ ਨੂੰ ਕਾਲ ਗ੍ਰਸਦਾ ਹੈ, ਜਿਨ੍ਹਾਂ ਨੂੰ ਪ੍ਰਭੂ ਨੇ ਸਾਕਤ=ਮੂਰਖ ਕੀਤਾ ਹੈ। ਉਹ ਅਨੇਕ ਜੂਨੀਆਂ ਪਾਉਂਦੇ ਹੋਏ ਜੰਮਦੇ ਮਰਦੇ ਹਨ, ਜੋ ਆਤਮਾਂ ਨੂੰ ਰਾਮ ਰੂਪ ਕਰਕੇ ਨਹੀਂ ਜਾਣਦੇ।

ਛਿਆਨ ਧਿਆਨ ਤਾਹੂ ਕਉ ਆਏ ॥ ਕਰਿ ਕਿਰਪਾ ਜਿਹ ਆਪਿ ਦਿਵਾਏ ॥

ਤਾਹੂ ਕਉ=ਉਨ੍ਹਾਂ ਨੂੰ ਗਿਆਨ ਆ ਕੇ ਪ੍ਰਾਪਤ ਹੋਇਆ ਹੈ।

ਪ੍ਰਭੂ ਨੇ ਕਿਰਪਾ ਕਰਕੇ ਜਿਨ੍ਹਾਂ ਨੂੰ ਆਪ ਦਿਵਾਇਆ ਹੈ।

---

*ਪਾਪ ਦੀ ਨਵਿਰਤੀ ਲਈ ਜੋ ਕਰਮ ਕੀਤਾ ਜਾਂਦਾ ਹੈ ਉਸਨੂੰ ਪ੍ਰਾਸਚਿਤ ਕਹਿੰਦੇ ਹਨ।

ਛਣਤੀ ਛਣੀ ਨਹੀ ਕੋਊ ਛੂਟੈ॥ ਕਾਚੀ ਗਾਗਰਿ ਸਰਪਰ ਫੂਟੈ॥

ਕਰਮ ਕਾਂਡ ਦੇ ਕੀਤੇ ਹੋਏ ਕਰਮਾਂ ਦੀ ਗਿਣਤੀ ਗਿਣਨ ਨਾਲ ਜਮਾਂ ਤੋਂ ਕੋਈ ਨਹੀ ਛੁਟਦਾ। ਦੇਹ ਰੂਪੀ ਕਚੀ ਘੜੀ ਨੇ ਸਰਪਰ=ਜ਼ਰੂਰ ਹੀ ਫੂਟੈ=ਟੁੱਟ ਜਾਣਾ ਹੈ।

ਸੋ ਜੀਵਤ ਜਿਹ ਜੀਵਤ ਜਪਿਆ॥ ਪ੍ਰਗਟ ਭਏ ਨਾਨਕ ਨਹ ਛਪਿਆ॥੨੧॥

ਸੰਸਾਰ ਵਿਚ ਜਿਉਂਦਾ ਓਹੀ ਹੈ, ਜਿਸ ਨੇ ਜੀਵਤ ਰੂਪ ਪਰਮੇਸ਼ਰ ਨੂੰ ਜਪਿਆ ਹੈ। ਗੁਰੂ ਜੀ ਕਥਨ ਕਰਦੇ ਹਨ, ਉਹ ਸੰਸਾਰ ਵਿਚ ਪਰਗਟ ਹੋਇਆ ਹੈ ਕਿਸੇ ਤੋਂ ਲੁਕਿਆ ਨਹੀਂ ਰਿਹਾ ॥ ੨੧॥

ਸਲੋਕੁ॥ ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ॥

ਮੈਂ ਗੁਰਾਂ ਦੇ ਚਰਨ ਕਮਲਾਂ ਨੂੰ ਚਿਤ ਵਿਚ ਚਿਤਵਦਾ ਹਾਂ, ਇਸ ਲਈ ਮੇਰਾ ਊਧ=ਮੂਧਾ ਹੋਇਆ ਹਿਰਦਾ ਕਵਲ ਬਿਗਸ਼ਾਂਤ=ਖਿੜ ਪਿਆ ਹੈ।

ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ ਮਤਾਂਤ॥ ੧॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਕਹੇ ਹੋਏ ਮਤਾਂਤ=ਸਿਧਾਂਤ ਉੱਤੇ ਚਲਣ ਕਰਕੇ, ਗੋਬਿੰਦ= ਪਰਮਾਤਮਾ ਆਪ ਹੀ ਪਰਗਟ ਹੋ ਗਿਆ ਹੈ॥ ੧॥

ਪਉੜੀ॥ ਚਚਾ ਚਰਨ ਕਮਲ ਗੁਰ ਲਾਗਾ॥
ਧਨਿ ਧਨਿ ਉਆ ਦਿਨ ਸੰਜੋਗ ਸਭਾਗਾ॥

ਚੱਚੇ ਦੁਆਰਾ ਕਥਨ ਕਰਦੇ ਹਨ, ਜਿਸ ਦਿਨ ਗੁਰੂ ਦੇ ਚਰਨ ਕਮਲਾਂ ਵਿਚ ਚਿਤ ਲੱਗਾ। ਉਹ ਦਿਨ ਧੰਨਤਾ ਜੋਗ ਹੈ, ਅਤੇ ਉਹ ਸੰਜੋਗ ਵੀ ਸ੍ਰੇਸ਼ਟ ਭਾਗਾਂ ਵਾਲਾ ਹੈ।

ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ॥ ਭਈ ਕ੍ਰਿਪਾ ਤਬ ਦਰਸਨੁ ਪਾਇਓ॥

ਚਾਰ ਕੁੰਟ ਰੂਪ ਦਸੋ ਦਿਸ਼ਾਂ ਵਿਚ,

ਵਾ:-ਚਾਰਿ ਕੁੰਟ=ਚਾਰ ਖਾਣੀਆਂ ਤੇ ਦਸ ਦਿਸ਼ਾਂ ਵਿਚੋਂ ਭਰਮ ਕਰਕੇ ਖਾਲੀ ਆਇਆ ਸੀ।

ਜਦ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਦ ਉਸ ਪਰਮੇਸ਼ਰ ਦਾ ਦਰਸ਼ਨ ਪਾਇਆ।

ਚਾਰ ਬਿਚਾਰ ਬਿਨਸਿਓ ਸਭ ਦ੍ਵੂਆ॥ ਸਾਧਸੰਗਿ ਮਨੁ ਨਿਰਮਲ ਹੂਆ॥

ਚਾਰ=ਸੁੰਦਰ ਆਤਮ ਵਿਚਾਰ ਪ੍ਰਾਪਤ ਹੋਇਆ, ਤਾਂ ਸਭ ਦ੍ਵੈਤ ਭਾ ਬਿਨਸ ਗਿਆ। ਤੇ ਸੰਤਾਂ ਦੇ ਸੰਗ ਕਰਕੇ ਮਨ ਸ਼ੁਧ ਹੋ ਗਿਆ ਹੈ।

ਚਿੰਤ ਬਿਸਾਰੀ ਏਕ ਦ੍ਰਿਸਟੇਤਾ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ॥੨੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਬੁੱਧੀ ਰੂਪੀ ਨੇਤਰਾਂ ਵਿਚ ਗੁਰਾਂ ਨੇ ਗਿਆਨ ਰੂਪੀ ਅੰਜਨੁ=ਸੁਰਮਾ ਪਾਇਆ ਹੈ। ਉਸ ਨੇ ਚਿੰਤਾ ਭੁਲਾ ਕੇ ਸਾਰੇ ਇਕ ਪਰਮੇਸ਼ਰ ਨੂੰ ਹੀ ਦ੍ਰਿਸਟੇਤਾ=ਵੇਖਣਾ ਕੀਤਾ ਹੈ॥ ੨੨॥

ਸਲੋਕੁ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ॥

ਹੇ ਗੋਬਿੰਦ ! ਜਿਨ੍ਹਾਂ ਨੇ ਤੇਰੇ ਗੁਣਾਂ ਦਾ ਛੰਤ=ਜਸ ਗਾਇਆ ਹੈ, ਵਾ:-ਛੰਤ=ਰਾਗ ਵਿਚ ਤੇਰੇ ਗੁਣਾਂ ਦੇ

ਛੰਦ ਗਾਏ ਹਨ ਉਨ੍ਹਾਂ ਦੀ ਛਾਤੀ ਵੀ ਸੀਤਲ ਅਤੇ ਮਨ ਭੀ ਸੁਖੀ ਹੋਇਆ ਹੈ।

ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੇਰੇ ਤੇ ਅਜੇਹੀ ਕਿਰਪਾ ਕਰੋ, ਜੋ ਤੇਰੇ ਗੁਣਾਂ ਦੇ ਗਾਉਣ ਵਾਲੇ ਦਾਸਾਂ ਦਾ ਦਾਸ ਹੋਣਾ ਕਰਾਂ॥ ੧॥

ਪਉੜੀ॥ ਛਛਾ ਛੋਹਰੇ ਦਾਸ ਤੁਮਾਰੇ॥ ਦਾਸ ਦਾਸਨ ਕੇ ਪਾਨੀਹਾਰੇ॥

ਛੱਛੇ ਦੁਆਰਾ ਕਥਨ ਕਰਦੇ ਹਨ, ਹੈ ਪ੍ਰਭੂ ਅਸੀਂ ਆਪ ਜੀ ਦੇ ਛੋਹਰੇ=ਨਿਕੇ ਜੇਹੇ ਦਾਸ ਹਾਂ। ਅਤੇ-ਆਪ ਜੀ ਦੇ ਦਾਸਾਂ ਦੇ ਦਾਸਾਂ ਦਾ ਪਾਣੀ ਭਰਨ ਵਾਲੇ ਹਾਂ।

ਯਥਾ:-ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥ *(ਬਿਲਾਵਲ ਮਹਲਾ ੫, ਪੰਨਾ ੮੧੧)*

ਛਛਾ ਛਾਰੁ ਹੋਤ ਤੇਰੇ ਸੰਤਾ॥ ਅਪਨੀ ਕ੍ਰਿਪਾ ਕਰਹੁ ਭਗਵੰਤਾ॥

ਛੱਛੇ ਦੁਆਰਾ ਜੋ ਆਪ ਜੀ ਦੇ ਸੰਤਾਂ ਦੀ ਛਾਰੁ=ਧੂੜ ਹੁੰਦਾ ਹੈ।

ਹੇ ਭਗਵੰਤ ! ਤੂੰ ਉਨ੍ਹਾਂ ਗੁਰਮੁਖਾਂ ਉੱਤੇ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈਂ।

[ਪੰਨਾ ੨੫੫]

ਛਾਡਿ ਸਿਆਨਪ ਬਹੁ ਚਤੁਰਾਈ॥ ਸੰਤਨ ਕੀ ਮਨ ਟੇਕ ਟਿਕਾਈ॥

ਇਸ ਲਈ ਗੁਰਮੁਖਾਂ ਨੇ ਸਿਆਣਪ ਬੁੱਧੀ ਦੀ, ਚਤੁਰਾਈ ਵਾਕਾਂ ਦੀ ਬਹੁਤੀ ਛੱਡ ਦਿੱਤੀ ਹੈ। ਤੇ-ਮਨ ਵਿਚ ਸੰਤਾਂ ਦੀ ਟੇਕ ਟਿਕਾਈ=ਗ੍ਰਹਿਣ ਕੀਤੀ ਹੈ।

ਛਾਰੁ ਕੀ ਪੁਤਰੀ ਪਰਮ ਗਤਿ ਪਾਈ॥ ਨਾਨਕ ਜਾ ਕਉ ਸੰਤ ਸਹਾਈ॥੨੩॥

ਗੁਰੂ ਜੀ ਕਥਨ ਕਰਦੇ ਹਨ, ਜਾ ਕਉ=ਜਿਸ ਦੇ ਸੰਤ ਸਹਾਈ ਹੋਏ ਹਨ।

ਉਨ੍ਹਾਂ ਨੇ ਛਾਰੁ=ਮਿੱਟੀ ਦੀ ਪੁਤਲੀ ਜੋ ਦੇਹ ਹੈ ਇਸ ਵਿਚ ਰਹਿੰਦਿਆਂ ਹੋਇਆਂ ਪਰਮਗਤਿ=ਕੇਵਲ ਮੁਕਤੀ ਪਾਈ ਹੈ। *ਅਥਵਾ:*-ਜਿਸ ਵੇਲੇ ਪੁਤਰੀ=ਪੁਤਲੀ ਭਾਵ ਦੇਹ ਨੂੰ ਛਾਰੁ=ਮਿਥਿਆ ਰੂਪ ਨਿਸ਼ਚੇ ਕੀਤਾ ਤਾਂ ਪਰਮਗਤੀ ਪਾਈ। *ਅਥਵਾ:*-ਜਿਸ ਵੇਲੇ ਸੰਤਾਂ ਦੀ ਛਾਰੁ=ਚਰਨ ਧੂੜੀ ਗ੍ਰਹਿਣ ਕੀਤੀ ਤਾਂ ਪੁ+ਤਰੀ=ਨਰਕਾਂ ਤੋਂ ਤਰ ਕੇ ਪਰਮਗਤੀ ਪਾਈ॥ ੨੩॥

ਸਲੋਕੁ॥ ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ॥

ਇਹ ਜੀਵ ਜੋਰ ਤੇ ਜ਼ੁਲਮ ਕਰਕੇ ਘਨ=ਬਹੁਤਾ ਪ੍ਰਫੁਲਤ ਹੁੰਦਾ ਹੈ।

ਪਰ ਇਹ ਨਹੀਂ ਸਮਝਦਾ ਕਿ ਕੱਚੀ ਦੇਹ ਵਿਕਾਰਾਂ ਦੀ ਉਤਪਤੀ ਕਰਨ ਵਾਲੀ ਹੈ,

ਵਾ:-ਵਿਕਾਰ ਰੂਪ ਹੈ, ਕਿਉਂਕਿ ਇਕਰਸ ਨਹੀਂ ਰਹਿੰਦੀ।

ਯਥਾ:- ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥ ੧੮੭॥

ਤਥਾ:- ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ ੨੦੦॥

ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ॥ ੧॥

ਹੰਗਤਾ ਵਾਲੀ ਬੁੱਧੀ ਕਰਕੇ ਇਸਨੂੰ ਬੰਧਨ ਪਏ ਹੋਏ ਹਨ, ਗਰੂ ਜੀ ਕਥਨ ਕਰਦੇ ਹਨ, ਨਾਮ ਕਰਕੇ ਉਨ੍ਹਾਂ ਬੰਧਨਾਂ ਤੋਂ ਛੁਟਕਾਰਾ ਹੁੰਦਾ ਹੈ॥ ੧॥

ਪਉੜੀ॥ਜਜਾ ਜਾਨੈ ਹਉ ਕਛੁ ਹੂਆ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ॥

ਜੱਜੇ ਦੁਆਰਾ ਕਥਨ ਕਰਦੇ ਹਨ, ਜਦ ਇਹ ਜੀਵ ਜਾਣਦਾ ਹੈ ਕਿ ਮੈਂ ਕੁਛ ਹੋ ਗਿਆ ਹਾਂ। ਤਦ ਇਸ ਤਰ੍ਹਾਂ ਬੱਧਾ ਜਾਂਦਾ ਹੈ, ਜਿਸ ਪ੍ਰਕਾਰ ਸੂਆ=ਤੋਤਾ ਭ੍ਰਮ ਕਰਮ ਕਰਕੇ ਨਲਿਨੀ=ਕੜਿੱਕੀ ਉੱਤੇ ਬੱਧਾ ਜਾਂਦਾ ਹੈ।

ਜਉ ਜਾਨੈ ਹਉ ਭਗਤੁ ਗਿਆਨੀ॥ ਆਗੈ ਠਾਕੁਰਿ ਤਿਲੁ ਨਹੀ ਮਾਨੀ॥

ਜਦ ਇਹ ਜਾਣਦਾ ਹੈ ਕਿ ਮੈਂ ਭਗਤ ਹਾਂ, ਜਾਂ ਮੈਂ ਗ਼ਿਆਨੀ ਹਾਂ। ਤਦ ਆਗੈ=ਪ੍ਰਲੋਕ ਵਿਚ ਪਰਮਾਤਮਾ ਨੇ ਇਸ ਦੀ ਭਗਤੀ ਇਕ ਤਿਲ ਜਿੰਨੀ ਭੀ ਨਾ ਮੰਨੀ, ਅਰਥਾਤ ਪਰਵਾਨ ਨਾ ਕੀਤੀ।

ਜਉ ਜਾਨੈ ਮੈ ਕਥਨੀ ਕਰਤਾ॥ ਬਿਆਪਾਰੀ ਬਸੁਧਾ ਜਿਉ ਫਿਰਤਾ॥

ਜਦ ਇਹ ਜਾਣਦਾ ਹੈ ਕਿ ਮੈਂ ਚੰਗੀ ਕਥਾ ਕਰਦਾ ਹਾਂ, ਤਾਂ ਉਸਨੂੰ ਐਸੇ ਸਮਝੋ।

ਜਿਸ ਤਰ੍ਹਾਂ ਬਸੁਧਾ=ਪ੍ਰਿਥਵੀ ਉੱਤੇ ਵਪਾਰੀ ਫਿਰਦਾ ਹੈ! ਅਰਥਾਤ ਫਿਰਕੇ ਸੌਦਾ ਵੇਚਣ ਵਾਲੇ ਵਪਾਰੀ ਵਾਂਗੂੰ ਓਹਭੀ ਟੁਰ ਫਿਰਕੇ ਕਥਾ ਕਰਦਾ ਹੈ। ਪਰ ਉਸਨੂੰ ਪ੍ਰਮਾਰਥਕ ਲਾਭ ਕੋਈ ਨਹੀਂ ਹੁੰਦਾ।

ਸਾਧਸੰਗਿ ਜਿਹ ਹਉਮੈ ਮਾਰੀ॥ ਨਾਨਕ ਤਾ ਕਉ ਮਿਲੇ ਮੁਰਾਰੀ॥ ੨੪॥

ਗੁਰੂ ਜੀ ਕਥਨ ਕਰਦੇ ਹਨ ਸੰਤਾਂ ਦੇ ਨਾਲ ਮਿਲਕੇ ਜਿਸ ਨੇ ਹੰਗਤਾ ਮਮਤਾ ਮਾਰੀ ਹੈ, ਉਸਨੂੰ ਮੁਰਾਰੀ=ਮੁਰ+ਆਰੀ=ਮੁਰ ਦੈਂਤ ਦੇ ਅਰੀ ਪ੍ਰਭੂ ਜੀ ਮਿਲੇ ਹਨ॥ ੨੪॥

ਸਲੋਕੁ॥ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥

ਹੇ ਭਾਈ ! ਝਾਲਾਘੇ=ਪ੍ਰਾਤਾਕਾਲ, ਭਾਵ ਸਵੇਰੇ ਉੱਠ ਕੇ ਨਾਮ ਨੂੰ ਜਪ
ਅਤੇ ਰਾਤ ਦਿਨ ਭੀ ਉਸ ਦੀ ਆਰਾਧਨਾ ਕਰ।

ਯਥਾ- ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ ੭੧॥ *(ਪੰਨਾ ੧੩੮੧)*

ਕਾਗ੍ਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ ੧॥

ਫਿਰ ਤੈਨੂੰ ਕਾਗ੍ਰਾ=ਝੋਰਾ ਨਹੀਂ ਵਿਆਪੇਗਾ, ਗੁਰੂ ਜੀ ਕਥਨ ਕਰਦੇ ਹਨ ਜਨਮ ਮਰਣ ਦੀ ਉਪਾਧੀ ਭੀ ਮਿਟ ਜਾਏਗੀ॥ ੧॥

ਪਉੜੀ॥ ਝਝਾ ਝੂਰਨੁ ਮਿਟੈ ਤੁਮਾਰੋ॥ ਰਾਮ ਨਾਮ ਸਿਉ ਕਰਿ ਬਿਉਹਾਰੋ॥

ਝੱਝੇ ਦੁਆਰਾ ਕਥਨ ਕਰਦੇ ਹਨ, ਤੁਹਾਡਾ ਝੋਰਾ ਮਿਟ ਜਾਏਗਾ। ਤਸੀਂ ਰਾਮ ਨਾਮ ਨਾਲ ਵਿਹਾਰ ਕਰੋ।

ਝੂਰਤ ਝੂਰਤ ਸਾਕਤ ਮੂਆ॥ ਜਾ ਕੈ ਰਿਦੈ ਹੋਤ ਭਾਉ ਬੀਆ॥

ਉਹ ਸਾਕਤ=ਦੁਸ਼ਟ ਪੁਰਸ਼ ਝੁਰਦਾ ਝੁਰਦਾ ਹੀ ਮਰ ਜਾਂਦਾ ਹੈ।

ਜਿਸ ਸਾਕਤ ਦੇ ਹਿਰਦੇ ਵਿਚ ਬੀਆ ਭਾਉ=ਦ੍ਵੈਤ ਭਾ ਹੁੰਦਾ ਹੈ।

ਝਰਹਿ ਕਸੰਮਲ ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥

ਹੇ ਪੁਰਖ਼ਾ ! ਤੇਰੇ ਮਨ ਵਿਚੋਂ ਛੋਟੇ ਪਾਪ ਅਤੇ ਕਸੰਮਲ=ਵੱਡੇ ਪਾਪ ਝੜ ਜਾਣਗੇ।

ਜੇ ਤੂੰ ਸੰਤਾਂ ਦੇ ਸੰਗ ਵਿਚ ਜਾ ਕੇ ਨਾਮ ਅੰਮ੍ਰਿਤ ਕਥਾ ਨੂੰ ਸੁਣਨਾ ਕਰੇਂਗਾ।

ਝਰਹਿ ਕਾਮ ਕ੍ਰੋਧ ਦੂਸਟਾਈ ॥ ਨਾਨਕ ਜਾ ਕਉ ਕ੍ਰਿਪਾ ਗੁਸਾਈ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ ਜਿਸ ਉੱਤੇ ਗੁਸਾਈ=ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਉਸ ਦੇ ਕਾਮ ਕਰੋਧ ਆਦਿਕ ਪੰਜੇ ਵਿਸ਼ੇ ਅਤੇ ਦੁਸ਼ਟਤਾਈ ਸਭ ਝੜ ਜਾਂਦੀ ਹੈ॥ ੨੫॥

ਸਲੋਕੁ ॥ ਵਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥

ਦੁਨੀਆਂ ਵਿਚ ਅਟੱਲ ਰਹਿਣ ਵਾਸਤੇ ਚਾਹੇ ਤੁਸੀਂ ਅਨੇਕ ਪ੍ਰਕਾਰ ਦੇ ਜਤਨ ਕਰ ਲਵੋ, ਫਿਰ ਭੀ ਹੇ ਮਿਤਰੋ ! ਇਸ ਜਗਤ ਵਿਚ ਤੁਸੀਂ ਰਹਿਣਾ ਨਹੀਂ ਪਾਓਗੇ। ਹਾਂ ਇਕ ਤਰੀਕਾ ਹੈ-

ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥ ੧ ॥

ਜੇ ਤੁਸੀਂ ਨਾਮ ਵਿਚ ਪ੍ਰੀਤੀ ਕਰਕੇ ਹਰਿ ਹਰਿ ਨੂੰ ਭਜਨਾ ਕਰੋ ਤਾਂ ਜਿਉਂਦੇ ਰਹੋਗੇ॥ ੧ ॥

ਯਥਾ-ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥

(ਪੰਨਾ ੧੪੨)

ਤਥਾ-ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥ ਸਾਧਸੰਗਿ ਤਿਨ੍ਹੀ ਦਰਸਨੁ ਪਾਇਆ ॥

(ਪੰਨਾ ੭੪੦)

ਪਵੜੀ ॥ ਵੰਵਾ ਵਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ ॥

ਵੰਵੇ ਦੁਆਰਾ ਕਥਨ ਕਰਦੇ ਹਨ, ਕਿ ਇਹ ਗੱਲ ਸਹੀ=ਨਿਸਚੇ ਕਰਕੇ ਪੱਕੀ ਜਾਣ ਲਓ, ਕਿ ਇਹ ਦੁਨਿਆਵੀ ਹੇਤ=ਪਿਆਰ ਸਭ ਨਾਸ ਹੋ ਜਾਣ ਵਾਲੇ ਹਨ।

ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ ॥

ਜੇ ਮੈਂ ਗਿਣਤੀ ਗਿਣਾਂ ਤਾਂ ਗਿਣ ਨਹੀਂ ਸਕਦਾ ਜੋ ਕਿਤਨੇ ਕੁ ਇਥੋਂ ਉੱਠਕੇ ਚਲੇ ਗਏ ਹਨ।

ਵੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ ॥

ਜੋ ਦੇਖਦੇ ਹੀ ਉਹ ਸਭ ਨਾਸ ਹੁੰਦਾ ਜਾਂਦਾ ਹੈ, ਤਾਂ ਕਿਸ ਦੇ ਨਾਲ ਸੰਗੁ=ਸਾਥ ਅਰਥਾਤ ਪਿਆਰ ਕਰੀਏ।

ਵਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥

ਇਹ ਬਿਧੀ ਚਿਤ ਵਿਚ ਸਹੀ=ਨਿਸਚੇ ਕਰਕੇ ਜਾਣ ਲਓ, ਕਿ ਮਾਇਆ ਦਾ ਰੰਗ ਸਭ ਝੂਠਾ ਹੈ।

ਵਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥

ਵਾਣਤ=ਗਿਆਨਵਾਨ ਓਹੀ ਹੈ, ਸੰਤ ਭੀ ਓਹੀ ਹੈ।

ਵਾ:-ਓਹੀ ਓਹੀ ਸੰਤ ਵਾਣਤ=ਗਿਆਨਵਾਨ ਹੈ ਜਿਸਨੇ ਆਪਣੇ ਚਿਤ ਨੂੰ ਭਰਮ ਰੂਪੀ ਕੀਚਤ=ਚਿੱਕੜ

ਤੋਂ ਭਿੰਨ=ਅਲਗ ਕੀਚਤ=ਕੀਤਾ ਹੈ।

ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ॥

ਹੇ ਪ੍ਰਭੂ ! ਜਿਸ ਉੱਤੇ ਆਪ ਪ੍ਰਸੰਨ ਹੁੰਦੇ ਹੋ, ਉਸਨੂੰ ਅੰਨ੍ਹੇ ਖੂਹ ਸੰਸਾਰ 'ਚੋਂ ਬਾਹਰ ਕੱਢ ਲੈਂਦੇ ਹੋ।

ਵਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ॥

ਨਾਨਕ ਤਿਹ ਉਸਤਤਿ ਕਰਉ ਵਾਹੂ ਕੀਓ ਸੰਜੋਗ॥ ੨੬॥

ਵਾਕੈ=ਜਿਸ ਸਮਰਥ ਪ੍ਰਭੂ ਦੇ ਹੱਥ ਸਭ ਕੁਝ ਹੈ, ਤੇ ਜੋ ਸਭ ਕਾਰਜ ਕਾਰਨਾਂ ਦੇ ਕਰਣੇ ਯੋਗ ਹੈ। ਅਤੇ ਵਾਹੂ=ਜਿਸਨੇ ਸਰੀਰ ਦਾ ਸੰਜੋਗ ਕੀਤਾ ਹੈ, ਗੁਰੂ ਜੀ ਕਥਨ ਕਰਦੇ ਹਨ, ਉਸ ਪਰਮਾਤਮਾ ਦੀ ਉਸਤਤੀ ਕਰੋ॥ ੨੬॥

ਸਲੋਕੁ॥ ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ॥

ਸੰਤਾਂ ਦੀ ਸੇਵਾ ਕਰਕੇ ਜਿਸ ਦੇ ਜਨਮ ਮਰਣ ਰੂਪੀ ਬੰਧਨ ਟੁੱਟੇ ਹਨ

ਉਸਨੇ ਆਤਮ ਸੁਖ ਪਾਇਆ ਹੈ।

ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਸ਼ੁਭ ਗੁਣਾਂ ਦੀ ਨਿਧਿ=ਸਮੁੰਦ੍ਰ ਗੋਬਿਦ ਰਾਇ=ਪਰਮਾਤਮਾ ਉਸ ਦੇ ਮਨ 'ਚੋਂ ਭੁਲਦਾ ਨਹੀਂ ਹੈ॥ ੧॥

ਪਉੜੀ॥ ਟਹਲ ਕਰਉ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ॥

ਹੇ ਭਾਈ ! ਜੇਕਰ ਟਹਲ ਕਰੋ, ਤਾਂ ਇਕ ਪਰਮਾਤਮਾ ਦੀ ਕਰੋ, ਜਿਸ ਪਾਸੋਂ ਬ੍ਰਿਥਾ=ਸਖਣਾ ਭਾਵ ਖਾਲੀ ਕੋਈ ਨਹੀਂ ਜਾਂਦਾ।

ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ॥

ਜੇਕਰ ਉਹ ਪਰਮਾਤਮਾ ਮਨ ਵਿਚ, ਤਨ ਵਿਚ, ਮੂੰਹ ਵਿਚ, ਹਿਰਦੇ ਵਿਚ ਵੱਸ ਜਾਵੇ ਤਾਂ ਜੋ ਤੁਸੀਂ ਚਾਹੋਗੇ ਓਹੋ ਹੀ ਹੋਵੇਗਾ।

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥

ਟਹਲ ਮਹਲ=ਟਹਿਲ ਟੂਲ੍ਹ ਤਿਸਨੂੰ ਮਿਲਦੀ ਹੈ, ਜਿਸ ਉੱਤੇ ਸਾਧ ਕਿਰਪਾਲੂ ਹੁੰਦੇ ਹਨ।

ਵਾ:-ਸਤਸੰਗਤ ਰੂਪੀ ਮਹਲ ਦੀ ਟਹਿਲ ਤਿਸਨੂੰ ਮਿਲਦੀ ਹੈ,

ਵਾ:-ਮਹਲ=ਸਰੂਪ ਦੀ ਟਹਿਲ ਉਸ ਨੂੰ ਮਿਲਦੀ ਹੈ ਜਿਸ ਉੱਤੇ ਸੰਤ ਕ੍ਰਿਪਾਲੂ ਹੁੰਦੇ ਹਨ।

ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥

ਸਾਧੂਆਂ ਦੀ ਸੰਗਤ ਵਿਚ ਤਾਂ ਕੋਈ ਵਸਦਾ ਹੈ, ਜੇ ਆਪ ਪਰਮਾਤਮਾ ਦਿਆਲੂ ਹੋਵੇ।

ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ॥

ਬਹੁਤ ਹੀ ਭਵਨ=ਮੰਦਰ ਟੋਹੇ ਟਾਹੇ=ਢੂੰਡੇ ਢਾਂਡੇ ਹਨ, ਅਥਵਾ:-ਬਹੁਤ ਹੀ ਭਵਨ=ਸ਼ਾਸਤ੍ਰ ਦੇਖੇ ਭਾਲੇ ਹਨ, ਪਰ ਨਾਮ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ।

ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ॥

ਜੋ ਸੰਤਾਂ ਦੇ ਸੰਗ ਵਿਚ ਸਮਾਉਂਦਾ ਹੈ ਉਸ ਦੇ ਸਿਰ ਤੋਂ ਜਮਾਂ ਦੇ ਦੂਤ ਟਲ ਜਾਂਦੇ ਹਨ।

ਬਾਰਿ ਬਾਰਿ ਜਾਉ ਸੰਤ ਸਦਕੇ॥ ਨਾਨਕ ਪਾਪ ਬਿਨਾਸੇ ਕਦਿ ਕੇ॥ ੨੭॥

ਇਸ ਲਈ ਮੈਂ ਸੰਤਾਂ ਦੇ ਉੱਪਰੋਂ ਵਾਰੰਵਾਰ ਅਰਥਾਤ ਮੁੜ ਮੁੜ ਕੇ ਬਲਿਹਾਰ ਕੁਰਬਾਣ ਜਾਂਦਾ ਹਾਂ।

ਗੁਰੂ ਜੀ ਕਥਨ ਕਰਦੇ ਹਨ ਜਿਨ੍ਹਾਂ ਦੀ ਕਿਰਪਾ ਕਰਕੇ ਕਦੋਂ ਦੇ ਭਾਵ ਚਿਰੰਕਾਲ ਦੇ ਪਾਪ ਦੂਰ ਹੋ ਗਏ ਹਨ॥ ੨੭॥

ਸਲੋਕੁ॥ ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ॥

ਹੇ ਪ੍ਰਭੂ ! ਜਿਨ੍ਹਾਂ ਉੱਤੇ ਆਪ ਪ੍ਰਸੰਨ ਹੁੰਦੇ ਹੋ ਤਿਨ੍ਹਾਂ ਨੂੰ ਦਰਗਾਹ ਵਿਚ ਠਾਕਿ=ਰੋਕ ਟੋਕ ਨਹੀਂ ਹੁੰਦੀ।

[ਪੰਨਾ ੨੫੬]

ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ॥ ੧॥

ਹੇ ਪ੍ਰਭੂ ! ਤੁਸਾਂ ਨੇ ਜੋ ਆਪਣੇ ਦਾਸ ਕਰ ਲੀਤੇ ਹਨ,

ਗੁਰੂ ਜੀ ਕਥਨ ਕਰਦੇ ਹਨ ਉਹ ਪੁਰਸ਼ ਧੰਨ ਹਨ ਧੰਨ॥ ੧॥

ਪਉੜੀ॥ ਠਠਾ ਮਨੂਆ ਠਾਹਹਿ ਨਾਹੀ॥
ਜੋ ਸਗਲ ਤਿਆਗਿ ਏਕਹਿ ਲਪਟਾਹੀ॥

ਠੱਠੇ ਦੁਆਰਾ ਕਥਨ ਕਰਦੇ ਹਨ, ਜੇਕਰ ਮਨ ਸਾਰੇ ਪਦਾਰਥਾਂ ਨੂੰ ਤਿਆਗ ਕੇ ਇਕ ਪ੍ਰਭੂ ਵਿਚ ਲੰਪਟ ਹੋਣ ਲਗੇ ਤਾਂ ਮਨ ਨੂੰ ਠਾਹਹਿ=ਢਾਹੇ ਨਾ।

ਅਥਵਾ:-ਜੇਕਰ ਜੀਵ ਸਾਰੇ ਸਨਬੰਧੀਆਂ ਨੂੰ ਤਿਆਗਕੇ ਇਕ ਵਿਚ ਲੰਪਟ ਹੋਣ ਲਗੇ; ਤਾਂ ਇਸਨੂੰ ਚਾਹੀਦਾ ਹੈ ਕਿ ਕਿਸੀ ਦੇ ਮਨ ਨੂੰ ਢਾਹਵੇ ਨਾ।

ਠਹਕਿ ਠਹਕਿ ਮਾਇਆ ਸੰਗਿ ਮੂਏ॥ ਉਆ ਕੈ ਕੁਸਲ ਨ ਕਤਹੂ ਹੂਏ॥

ਜੋ ਪੁਰਸ਼ ਮਾਇਆ ਨਾਲ ਠਹਕਿ ਠਹਕਿ=ਲੱਗ ਲੱਗ ਕੇ ਅਰਥਾਤ ਠੋਕਰਾਂ ਖਾ ਖਾ ਕੇ ਮੋਏ ਹਨ। ਉਨ੍ਹਾਂ ਦੇ ਤਾਈਂ ਕਿਸੀ ਪ੍ਰਕਾਰ ਦਾ ਭੀ ਕੁਸਲ=ਸੁਖ ਪ੍ਰਾਪਤ ਨਹੀਂ ਹੁੰਦਾ।

ਠਾਂਢਿ ਪਰੀ ਸੰਤਹ ਸੰਗਿ ਬਸਿਆ॥ ਅੰਮ੍ਰਿਤ ਨਾਮੁ ਤਹਾ ਜੀਅ ਰਸਿਆ॥

ਜੋ ਸੰਤਾਂ ਦੇ ਸੰਗ ਵਿਚ ਵਸਿਆ ਹੈ ਉਸਨੂੰ ਠੰਢ ਪਈ ਹੈ, ਕਿਉਂਕਿ ਤਹਾ=ਤਿਸ ਦੇ ਜੀਅ ਵਿਚ ਨਾਮ ਅੰਮ੍ਰਿਤ ਰਸ ਗਿਆ ਹੈ।

ਠਾਕੁਰ ਅਪੁਨੇ ਜੋ ਜਨੁ ਭਾਇਆ॥
ਨਾਨਕ ਉਆ ਕਾ ਮਨੁ ਸੀਤਲਾਇਆ॥ ੨੮॥

ਜੋ ਪੁਰਸ਼ ਆਪਣੇ ਮਾਲਕ ਪਰਮੇਸ਼ਰ ਨੂੰ ਭਾਇਆ=ਚੰਗਾ ਲਗਾ ਹੈ। ਗੁਰੂ ਜੀ ਕਥਨ ਕਰਦੇ ਹਨ ਉਸ ਦਾ ਮਨ ਸੀਤਲਾਇਆ=ਸੀਤਲ ਅਰਥਾਤ ਸ਼ਾਂਤ ਹੋ ਗਿਆ ਹੈ॥ ੨੮॥

ਸਲੋਕੁ ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥

ਹੇ ਸਰਬ ਕਲਾ=ਸ਼ਕਤੀਆਂ ਕਰਕੇ ਸਮਰੱਥ ਪ੍ਰਭੂ ! ਆਪ ਜੀ ਨੂੰ ਅਨੇਕ ਵਾਰੀ ਸਾਡੀ ਡੰਡਉਤਿ ਬੰਦਨ=ਅਸ਼ਟਾਂਗ ਪ੍ਰਨਾਮ ਹੋਵੇ। ਅਰਥਾਤ ਡੰਡੇ ਦੀ ਨਿਆਂਈਂ ਸਿੱਧਾ ਜ਼ਮੀਨ ਤੇ ਲੇਟਕੇ ਆਪ ਜੀ ਨੂੰ ਮੱਥਾ ਟੇਕਦਾ ਹਾਂ ਕਿਉਂਕਿ ਡੰਡਉਤ ਬੰਦਨਾ ਕਰਨ ਨਾਲ ਵੱਡੇ ਫਲ ਦੀ ਪਰਾਪਤੀ ਹੁੰਦੀ ਹੈ।

ਯਥਾ:- ਕਰਿ ਡੰਡਉਤੁ ਪੁਨੁ ਵਡਾ ਹੈ।

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ੧ ॥

ਹੇ ਪ੍ਰਭੂ ! ਆਪਣਾ ਕਿਰਪਾ ਰੂਪੀ ਹੱਥ ਦੇ ਕੇ ਸਾਨੂੰ ਅਤੇ ਸਿੱਖਾਂ ਨੂੰ ਡੋਲਨ=ਭਟਕਣ ਤੋਂ ਰਖ ਲਓ ॥ ੧ ॥

ਇਸ ਸਲੋਕ ਵਿਚ ਗੁਰੂ ਜੀ ਨੇ ਤਿੰਨ ਪ੍ਰਕਾਰ ਦਾ ਮੰਗਲ ਕਥਨ ਕੀਤਾ ਹੈ।

ਡੰਡਉਤਿ ਬੰਦਨ ਅਨਿਕ ਬਾਰ	ਇਹ ਨਮਸ਼ਕਾਰ ਆਤਮਕ ਮੰਗਲ ਹੈ।
ਸਰਬ ਕਲਾ ਸਮਰਥ ॥	ਇਹ ਵਸਤੂ ਨਿਰਦੇਸ ਮੰਗਲ ਹੈ।
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥	ਇਹ ਅਸ਼ੀਰਵਾਦ ਆਤਮਕ ਮੰਗਲ ਹੈ।

ਪਉੜੀ ॥ ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥

ਡੱਡੇ ਦੁਆਰਾ ਕਥਨ ਕਰਦੇ ਹਨ ਹੇ ਭਾਈ ! ਇਹ ਤੇਰਾ ਡੇਰਾ ਨਹੀਂ ਹੈ, ਜਿਸਨੂੰ ਤੂੰ ਬਣਾ ਰਿਹਾ ਹੈਂ

ਯਥਾ:- ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ ॥

ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ ॥ ੨੧੮ ॥ *(ਪੰਨਾ ੧੩੭੬)*

ਤਥਾ:- ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥

ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੫੭ ॥ *(ਪੰਨਾ ੧੩੮੦)*

*ਅਥਵਾ:-*ਇਹ ਸਰੀਰ ਰੂਪੀ ਡੇਰਾ ਤੇਰਾ ਨਹੀਂ ਹੈ।

ਜਿੱਥੇ ਤੇਰਾ ਡੇਰਾ ਹੈ ਤਿਸ ਪ੍ਰਲੋਕ ਨੂੰ, ਵਾ:- ਸਰੂਪ ਨੂੰ ਤੂੰ ਜਾਨਣਾ ਕਰ।

ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥

ਉਸ ਸਰੂਪ ਰੂਪੀ ਡੇਰੇ ਦੀ ਪ੍ਰਾਪਤੀ ਦਾ ਸੰਜਮ, ਅਥਵਾ:-ਪਰਲੋਕ ਰੂਪੀ ਡੇਰੇ ਵਿਚ ਸੁਖ ਪੂਰਬਕ ਵਸਣੇ ਦਾ ਸੰਜਮੋ=ਸਾਧਨ ਗੁਰਾਂ ਦੇ ਉਪਦੇਸ਼ ਦੁਆਰਾ ਪਛਾਨਣਾ ਕਰ।

ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾ ਕਾ ਤਸੂ ਨਹੀ ਸੰਗਿ ਚਾਲੈ ॥

ਤੂੰ ਇਸ ਪ੍ਰਤੱਖ ਡੇਰੇ ਨੂੰ ਵਾ:-ਸਰੀਰ ਰੂਪੀ ਡੇਰੇ ਨੂੰ ਕਈ ਤਰ੍ਹਾਂ ਦੇ ਸ੍ਰਮੁ=ਕਸ਼ਟ ਕਰਕੇ ਘਾਲੈ=ਪਾਉਂਦਾ ਹੈਂ। ਜਿਸ ਦਾ ਇਕ* ਤਸੂ ਭਰ ਵੀ ਨਾਲ ਨਹੀਂ ਚਲਦਾ।

ਉਆ ਡੇਰਾ ਕੀ ਸੋ ਮਿਤਿ ਜਾਨੈ ॥ ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥

ਉਸ ਸਰੂਪ ਰੂਪੀ ਡੇਰੇ ਦੀ ਪ੍ਰਾਪਤੀ ਦੀ ਮਰਯਾਦਾ ਨੂੰ ਉਹੋ ਪੁਰਸ਼ ਜਾਣਦਾ ਹੈ।

**ਨੋਟ:-ਚਵ੍ਹੀ ਤਸੂਆਂ ਦਾ ਇਕ ਇਮਾਰਤੀ ਗਜ ਹੁੰਦਾ ਹੈ, ਕਹਿਣ ਦਾ ਭਾਵ ਇਹ ਹੈ ਕਿ ਗਜ ਦਾ ਚਵ੍ਹੀਂਵਾਂ ਹਿੱਸਾ ਵੀ ਇਸਦੇ ਨਾਲ ਨਹੀਂ ਚਲਦਾ।*

ਜਿਸ ਉੱਤੇ ਪੂਰਨ ਅਕਾਲ ਪੁਰਖ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ।

ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ॥
ਨਾਨਕ ਤੇ ਜਨ ਨਹ ਡੋਲਾਇਆ॥ ੨੯॥

ਗਰੂ ਜੀ ਕਥਨ ਕਰਦੇ ਹਨ ਜਿਸ ਨੇ ਸਤਸੰਗਤ ਦੁਆਰਾ ਸੱਚਾ ਸਰੂਪ ਰੂਪੀ ਨਿਸਚਲ ਡੇਰਾ ਪਾਇਆ ਹੈ। ਉਹ ਪੁਰਸ਼ ਫਿਰ ਨਹੀਂ ਡੋਲਦਾ॥ ੨੯॥

ਸਲੋਕੁ॥ ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ॥

ਹੇ ਪਿਆਰੇ ! ਜਿਸ ਵੇਲੇ ਪ੍ਰਤੱਖ ਵਾ:-ਸਰੀਰ ਰੂਪੀ ਡੇਰੇ ਨੂੰ ਧਰਮਰਾਜ ਦੇ ਦੂਤ ਢਾਹੁਣ ਲਗਣਗੇ, ਤਾਂ ਉਸ ਵੇਲੇ ਕਿਸੇ ਸਬੰਧੀ ਨੇ ਭੀ ਬੰਧ ਨ ਘਾਲਿਓ=ਰੋਕਾ ਨਹੀਂ ਪਾਉਣਾ। *ਪ੍ਰਸ਼ਨ:*-ਜਮਦੂਤਾਂ ਤੋਂ ਕੋਈ ਬਚਿਆ ਭੀ ਹੈ? *ਉੱਤਰ:*-

ਨਾਨਕ ਉਬਰੇ ਜਪਿ ਹਰੀ ਸਾਧਸੰਗਿ ਸਨਬੰਧ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦਾ ਸਤਸੰਗਤ ਨਾਲ ਸੰਬੰਧ ਹੋਇਆ ਹੈ।
ਉਹ ਹਰੀ ਨਾਮ ਨੂੰ ਜਪਕੇ ਜਮਾਂ ਦੀ ਮਾਰ ਤੋਂ ਉਬਰੇ=ਬਚ ਗਏ ਹਨ॥ ੧॥

ਪਉੜੀ ॥ ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ॥

ਢੱਢੇ ਦੁਆਰਾ ਕਥਨ ਕਰਦੇ ਹਨ-ਕਿਸ ਜਗ੍ਹਾਂ ਪਰਮੇਸ਼ਰ ਨੂੰ ਢੂੰਡਦੇ ਫਿਰਦੇ ਹੋ?
ਇਸ ਮਨ ਦੇ ਵਿਚ ਹੀ ਢੂੰਡਣਾ ਕਰੋ।

ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ॥

ਪ੍ਰਭੂ ਪਰਮਾਤਮਾ ਤੁਹਾਡੇ ਨਾਲ ਹੀ ਵਸ ਰਿਹਾ ਹੈ,
ਤੁਸੀਂ ਬਨੁ+ਬਨੁ=ਜੰਗਲ ਜੰਗਲ ਵਿਚ ਕਿਉਂ ਭਟਕਦੇ ਫਿਰਦੇ ਹੋ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ ੧੯॥ *(ਪੰਨਾ ੧੩੭੮)*

ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ॥

ਸਤਸੰਗਤ ਦੁਆਰਾ ਤਿੰਨਾਂ ਢੇਰੀਆਂ ਨੂੰ ਢਾਹ ਦਿਓ, ਇਕ ਮਾਤਾ ਪਿਤਾ ਦੀ, ਦੂਜੀ ਰਾਜਾ ਦੀ, ਅਤੇ ਤੀਜੀ ਦੇਵੀ ਦੇਵਤਿਆਂ ਦੀ, ਅਥਵਾ:-ਸਤਸੰਗਤ ਦੁਆਰਾ ਹੰਗਤਾ ਵਾਲੀ ਢੇਰੀ ਨੂੰ ਢਾਹ ਦਿਓ, ਕਿਉਂਕਿ ਹੰਗਤਾ ਵਾਲੀ ਬੁੱਧੀ ਇਸ ਜੀਵ ਨੂੰ ਬਿਕਰਾਲ=ਭਿਆਨਕ ਕਰਨ ਵਾਲੀ ਹੈ।

ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ॥

ਸਹਜੇ=ਸ਼ਾਂਤੀ ਅਵਸਥਾ ਵਿਚ ਵਸਕੇ ਗਿਆਨ ਪ੍ਰਾਪਤੀ ਦੁਆਰਾ ਆਤਮ ਸੁਖ ਨੂੰ ਪਾਵੋ ਤਾਂ ਦਰਸ਼ਨ ਨੂੰ ਦੇਖਕੇ ਨਿਹਾਲ ਹੋ ਜਾਓਗੇ।

ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ॥

ਜਾ ਮੈ=ਜਿਸ ਪੁਰਸ਼ ਵਿਚ ਹੰਗਤਾ ਰੂਪੀ ਢੇਰੀ ਹੈ ਉਹ ਜੰਮਦਾ ਮਰਦਾ ਹੈ

ਅਤੇ ਜੂਨੀਆਂ ਦੁਆਰੇ ਮਾਤਾ ਦੇ ਗਰਭ ਵਿਚ ਦੁੱਖ ਪਾਉਂਦਾ ਹੈ।

ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ॥

ਮੋਹ ਦੀ ਮਗਨਤਾ ਕਰਕੇ ਜਦ ਤਕ ਵਿਸ਼ਿਆਂ ਵਿਚ ਲੰਪਟ ਰਹਿੰਦਾ ਹੈ
ਅਤੇ ਮੈਂ ਮੈਂ ਕਰਦਾ ਹੈ ਤਦ ਤਕ ਇਹ ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਹੈ।

ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ॥

ਏਸੇ ਡਰ ਕਰਕੇ ਜੋ ਢਹਤ ਢਹਤ=ਡਿੱਗਦੇ ਡਿੱਗਦੇ ਦੁਖੀ ਹੋ ਕੇ ਸੰਤ ਜਨਾਂ ਦੀ ਸ਼ਰਣ ਵਿਚ ਡਿਗ ਪਏ ਹਨ। ਵਾ:-ਜਿਸ ਵੇਲੇ ਸੰਤਾਂ ਦੀ ਸ਼ਰਨ ਵਿਚ ਢਹਿ ਪਏ ਤਾਂ ਢਾਹੁਣੇ ਵਾਲੇ ਜੋ ਕਾਮ ਆਦਿਕ ਸਨ ਉਹ ਭੀ ਢਹਤ=ਢਹਿ ਗਏ।

ਸਾਖੀ:-ਪੰਚਮ ਪਿਤਾ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ ਪਾਪਾਂ ਤੋਂ ਕਿਵੇਂ ਹਟੀਏ ? ਤਾਂ ਹਜ਼ੂਰ ਨੇ ਕਿਹਾ ਤੁਸੀਂ ਸਭ ਆਪੋ ਆਪਣੇ ਪਾਪ ਸੰਗਤ ਵਿਚ ਆ ਕੇ ਸੁਣਾਇਆ ਕਰੋ ਤਾਂ ਤੁਹਾਡੇ ਪਾਪ ਨਵਿਰਤ ਹੋਣਗੇ। ਜਦ ਸਿਖਾਂ ਨੇ ਸ਼ਾਮ ਦੇ ਦੀਵਾਨ ਵਿਚ ਆਪੋ ਆਪਣੇ ਪਾਪ ਸੁਨਾਉਣੇ ਸ਼ੁਰੂ ਕਰ ਦਿੱਤੇ ਤਾਂ ਗੁਰੂ ਸਾਹਿਬਾਂ ਦੀ ਕਿਰਪਾ ਨਾਲ ਸਾਰੇ ਸਿੱਖ ਪਾਪ ਕਰਮਾਂ ਤੋਂ ਰਹਿਤ ਹੋ ਗਏ।

ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ॥ ੩੦॥

ਸੰਤਾਂ ਨੇ ਕਿਰਪਾ ਕਰਕੇ ਦੁੱਖਾਂ ਦੇ ਫਾਹ ਕਟ ਦਿਤੇ ਹਨ ਤੇ ਪ੍ਰਭੂ ਨਾਲ ਮੇਲ ਦਿੱਤਾ ਹੈ। *ਅਥਵਾ:*-ਗੁਰੂ ਜੀ ਕਥਨ ਕਰਦੇ ਹਨ ਉਨ੍ਹਾਂ ਦੇ ਗਲ ਚੋਂ ਵਾਹਿਗੁਰੂ ਨੇ ਦੁਖਾਂ ਦੇ ਫਾਹ ਕੱਟ ਦਿੱਤੇ ਹਨ ਅਤੇ ਆਪਣੇ ਵਿਚ ਸਮਾਇ=ਅਭੇਦ ਕਰ ਲੀਤਾ ਹੈ॥ ੩੦॥

ਸਲੋਕੁ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥
ਨਾ ਹਉ ਨਾ ਤੂੰ ਨਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਨੂੰ ਸੁਣਾਉਂਦੇ ਹਨ ਕਿ ਧਰਮਰਾਜਾ ਆਪਣੇ ਦੂਤਾਂ ਨੂੰ ਇੰਜ ਕਹਿੰਦਾ ਹੈ ਕਿ ਜਿਸ ਜਗ੍ਹਾ ਸੰਤ ਜਨ ਗੋਬਿੰਦ ਦਾ ਭਜਨ ਕਰਦੇ ਹਨ, ਅਤੇ ਨਿਤਾਪ੍ਰਤੀ ਰਾਗ ਵਿਚ ਪਾਕੇ ਰੱਬੀ ਬਾਣੀ ਦਾ ਕੀਰਤਨ ਕਰਦੇ ਹਨ। ਓਥੇ ਬਿਲਕੁਲ ਨਾ ਜਾਣਾ, ਜੇ ਗਏ ਤਾਂ ਨਾ ਮੈਂ, ਨਾ ਤੁਸੀਂ ਛੁਟ ਸਕੋਗੇ, ਇਸ ਲਈ ਮੇਰੀ ਗੱਲ ਚੰਗੀ ਤਰ੍ਹਾਂ ਯਾਦ ਰਖਣੀ।

ਹੇ ਦੂਤੋ ! ਉਨ੍ਹਾਂ ਦੇ ਨਿਕਟਿ=ਪਾਸ ਤੁਸੀਂ ਕਦੇ ਭੀ ਨਾ ਜਾਣਾ।

ਅਥਵਾ:-ਨਾ ਹਉ ਨਾ ਤੂੰ ਨਹ ਛੁਟਹਿ=ਨਾ ਮੈਂ, ਨਾ ਤੁਸੀਂ ਨਾ ਹੀ ਏਹ ਨਹ=ਸੰਯਮਨੀ ਪੁਰੀ ਛੁਟੇਗੀ* ਇਸ ਵਾਸਤੇ ਹੇ ਦੂਤੋ ! ਤੁਸੀਂ ਉਨ੍ਹਾਂ ਦੇ ਪਾਸ ਕਦੇ ਭੀ ਨਾ ਜਾਣਾ॥ ੧॥

ਪਉੜੀ॥ ਨਾਨਾ ਰਣ ਤੇ ਸੀਝੀਐ ਆਤਮ ਜੀਤੈ ਕੋਇ॥

ਨਾਣੇ ਦੁਆਰਾ ਕਥਨ ਕਰਦੇ ਹਨ, ਕਾਮ ਆਦਿਕ ਸ਼ਤਰੂਆਂ ਨਾਲ ਰਣ ਕਰਕੇ ਜਿਹੜਾ ਕੋਈ ਆਤਮ=ਮਨ ਨੂੰ ਜਿੱਤਦਾ ਹੈ ਓਹੀ ਪੁਰਸ਼ ਸੀਝੀਐ=ਕਲਿਆਣ ਨੂੰ ਪ੍ਰਾਪਤ ਹੁੰਦਾ ਹੈ।

---

*ਸਿੰਮ੍ਰਤੀਆਂ ਵਿਚ ਧਰਮਰਾਜਾ ਦੀ ਨਗਰੀ ਦਾ ਨਾਂ ਸੰਯਮਨੀ ਪੁਰੀ ਲਿਖਿਆ ਹੋਇਆ ਹੈ।

ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ॥

ਜੋ ਪੁਰਸ਼ ਹੰਗਤਾ ਮਮਤਾ ਅਤੇ ਅਨ=ਦ੍ਵੈਤ ਨਾਲ ਲੜ ਕੇ ਇਨ੍ਹਾਂ ਨੂੰ ਮਾਰ ਦੇਂਦਾ ਹੈ *ਅਥਵਾ:-*ਜੀਵਤ ਭਾ ਤੋਂ ਮਰਦਾ ਹੈ ਉਸ ਪੁਰਸ਼ ਦੀ ਸੋਭਾ ਦੂ=ਦੋ ਲੋਕਾਂ ਵਿਚ ਹੁੰਦੀ ਹੈ, ਵਾ:-ਉਸ ਦੀ ਸੋਭਾ ਦੂ=ਦੂਣੀ ਚੌਣੀ ਹੁੰਦੀ ਹੈ। ਵਾ:-ਸੋ ਸੋ ਭਾਦੂ ਹੋਇ=ਉਹ ਉਹ ਪੁਰਖ਼ ਭਾਦੂ=ਕਲਿਆਣ ਨੂੰ ਪਰਾਪਤ ਹੁੰਦਾ ਹੈ।

ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ॥

ਜੋ ਪੂਰੇ ਗੁਰਾਂ ਦੇ ਉਪਦੇਸ਼ ਦੁਆਰਾ ਮਣੀ=ਮਨੌਤ ਨੂੰ ਮਿਟਾਕੇ ਜੀਵਤ ਭਾ ਤੋਂ ਮਰਦਾ ਹੈ ਅਤੇ-

ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ॥

ਮਨ ਨੂੰ ਜਿੱਤਕੇ ਹਰੀ ਨਾਲ ਮਿਲਦਾ ਹੈ, ਤਿਸ ਦਾ ਵੇਸ ਸੂਰਮਿਆਂ ਵਾਲਾ ਹੁੰਦਾ ਹੈ।

ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ॥
ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ॥

ਸੰਸਾਰ ਵਿਚ ਕਿਸੇ ਨੂੰ ਆਪਣਾ ਨਾ ਜਾਣੇ, ਇਕ ਆਸਰਾ ਰੂਪ ਪਰਮਾਤਮਾ ਦੀ ਟੇਕ ਉੱਪਰ ਰਹਿਣਾ ਕਰੇ। ਰਾਤ ਦਿਨ ਉਸ ਪ੍ਰਭੂ ਨੂੰ ਸਿਮਰਦਾ ਰਹੇ, ਉਹ ਪ੍ਰਭੂ ਅਪਾਰ=ਬਿਅੰਤ ਪੁਰਖ ਹੈ।

ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ॥

ਇਸ ਆਪਣੇ ਮਨ ਨੂੰ ਸਾਰਿਆਂ ਦੀ ਚਰਨ ਧੂੜ ਕਰੇ, ਇਤਿ ਆਦਿਕ ਸ੍ਰੇਸ਼ਟ ਕਰਮਾਂ ਨੂੰ ਕਮਾਉਣਾ ਕਰੇ। ਅਤੇ

ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ॥ ੩੧॥

ਗੁਰੂ ਜੀ ਕਥਨ ਕਰਦੇ ਹਨ, ਪਰਮਾਤਮਾ ਦਾ ਹੁਕਮ ਬੁੱਝੇ ਤਾਂ ਨਿਤ ਸੁਖ ਦੀ ਪਰਾਪਤੀ ਹੁੰਦੀ ਹੈ। ਹੁਕਮ ਦਾ ਬੁਝਣਾ ਪੂਰਬਲੇ ਸ੍ਰੇਸ਼ਟ ਕਰਮਾਂ ਦੇ ਲਿਖੇ ਅਨੁਸਾਰ ਪਾਉਂਦਾ ਹੈ॥ ੩੧॥

ਸਲੋਕੁ॥ ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ॥

ਜੋ ਮੈਨੂੰ ਪ੍ਰਭੂ ਦੇ ਨਾਲ ਮਿਲਾ ਦੇਵੇ, ਉਸਨੂੰ ਮੈਂ ਆਪਣਾ ਤਨ ਮਨ ਤੇ ਧਨ ਅਰਪਦਾ ਹਾਂ।

ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ॥ ੧॥

ਗੁਰੂ ਜੀ ਕਥਨ ਕਰਦੇ ਹਨ, ਭਰਮ ਤੇ ਖੌਫ ਨੂੰ ਕਟਣਾ ਕਰੀਏ, ਤਾਂ ਜਮਾਂ ਦੀ ਜੋਹ=ਤਕਣੀ ਵਾ:-ਤਾੜਨਾ ਦੂਰ ਹੋ ਜਾਂਦੀ ਹੈ॥ ੧॥

ਪਉੜੀ॥ ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ॥
ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ॥

ਤੱਤੇ ਦੁਆਰਾ ਕਥਨ ਕਰਦੇ ਹਨ, ਜੋ ਗੋਬਿੰਦ ਰਾਜਾ ਸ਼ੁਭ ਗੁਣਾਂ ਦੀ ਨਿਧੀ ਹੈ ਉਸ ਨਾਲ ਪ੍ਰੀਤੀ ਕਰ। ਤਾਂ ਮਨ ਇੱਛਤ ਫਲ ਪਾ ਲਵੇਂਗਾ, ਅਤੇ ਤੇਰੇ ਅੰਦਰਲੀ ਤਪਸ਼ਤਾ ਚਲੀ ਜਾਵੇਗੀ।

[ਪੰਨਾ ੨੫੭]

ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥

ਜਿਸ ਦੇ ਮਨ ਵਿਚ ਸਤਿਨਾਮੁ ਵਸਦਾ ਹੈ, ਉਸ ਦੇ ਮਨ ਵਿਚੋਂ ਜਮ ਰਸਤੇ ਦੀ ਖੌਫਤਾਈ ਮਿਟ ਜਾਂਦੀ ਹੈ। ਵਾ:-ਜਾਸੁ=ਜਿਸ ਪਰਮੇਸ਼ਰ ਦਾ ਨਾਮ ਮਨ ਵਿਚ ਵਸਣ ਕਰਕੇ ਜਮਾਂ ਦੇ ਰਸਤੇ ਦੀ ਖੌਫਤਾਈ ਮਿਟ ਜਾਂਦੀ ਹੈ।

ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ ॥

ਬੁੱਧੀ ਵਿਚ ਪ੍ਰਗਾਸ=ਗਿਆਨ ਹੋਣ ਕਰਕੇ ਉਹ ਮੁਕਤੀ ਪਾਉਂਦਾ ਹੈ,
ਅਤੇ ਉਹ ਮਹਲੀ=ਜਗਿਆਸੂ ਮਹਲੀ=ਪਰਮਾਤਮਾ ਵਿਚ ਠਾਉ=ਇਸਥਿਤੀ ਪਾਉਂਦਾ ਹੈ।

ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ ॥

ਤਾਹੂ=ਤਿਸ ਜਗ੍ਹਾ ਭਾਵ ਪ੍ਰਲੋਕ ਵਿਚ ਧਨ ਆਦਿਕ ਨਾਲ ਨਹੀਂ ਚਲਣੇ,
ਘਰ ਜੋਬਨ ਅਤੇ ਰਾਜ ਨੇ ਭੀ ਨਾਲ ਨਹੀਂ ਚਲਣਾ। ਇਸ ਲਈ-

ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥

ਸੰਤਾਂ ਦੇ ਸੰਗ ਨਾਲ ਮਿਲਕੇ ਨਾਮ ਨੂੰ ਸਿਮਰਦਾ ਰਹੁ, ਏਹੋ ਤੇਰੇ ਕੰਮ ਆਉਣ ਵਾਲਾ ਹੈ।

ਤਾਤਾ ਕਛੁ ਨ ਹੋਈ ਹੈ ਜਉ ਤਾਪ ਨਿਵਾਰੈ ਆਪ ॥

ਜੇ ਆਪਾ ਭਾ ਰੂਪੀ ਤਾਪ ਨੂੰ ਨਵਿਰਤ ਕਰੇ, ਤਾਂ ਕੁਝ ਵੀ ਤਾਤਾ=ਝੋਰਾ ਨਹੀਂ ਹੁੰਦਾ।
ਵਾ:-ਜਾਂ ਆਪ ਪਰਮੇਸ਼ਰ ਕਿਰਪਾ ਕਰਕੇ ਤਾਪ ਨੂੰ ਨਿਵਾਰੇ ਤਾਂ ਤਾਤਾ=ਦੁੱਖ ਕੁਝ ਨਹੀਂ ਹੁੰਦਾ।

ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪਰਮੇਸ਼ਰ ਆਪ ਹੀ ਮਾਂ ਪਿਉ ਵਾਂਗੂੰ ਹਮਹਿ=ਤਮਾਮ ਭਾਵ ਸਾਰਿਆਂ ਦੀ ਪਾਲਣਾ ਕਰਦਾ ਹੈ॥ ੩੨ ॥

ਸਲੋਕੁ ॥ ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥

ਸਾਕਤ ਪੁਰਸ਼ ਮਾਇਆ ਦੀ ਪ੍ਰਾਪਤੀ ਵਾਸਤੇ ਬਹੁਤ ਪਰਕਾਰ ਦੀ ਘਾਲਤੇ=ਕਮਾਈ ਕਰਦੇ ਥੱਕ ਗਏ ਹਨ, ਪਰ ਤ੍ਰਿਪਤ ਨਹੀਂ ਹੋਏ, ਅਤੇ ਨਾ ਹੀ ਉਨ੍ਹਾਂ ਦੇ ਮਗਰੋਂ ਤ੍ਰਿਸ਼ਨਾ ਲਹਿੰਦੀ ਹੈ।

ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਸਾਕਤ ਪੁਰਸ਼ ਮਾਇਆ ਨੂੰ ਸੰਚਿ ਸੰਚਿ=ਇਕੱਠੀ ਹੀ ਇਕੱਠੀ ਕਰਦੇ ਮਰ ਗਏ ਹਨ, ਪਰ ਮਾਇਆ ਕਿਸੇ ਦੇ ਨਾਲ ਭੀ ਨਹੀਂ ਗਈ॥ ੧ ॥

ਪਉੜੀ ॥ ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥

ਥੱਥੇ ਦੁਆਰਾ ਕਥਨ ਕਰਦੇ ਹਨ, ਹੇ ਸਾਕਤ ਪੁਰਸ਼ੋ ! ਇਸ ਸੰਸਾਰ ਵਿਚ ਇਸਥਿਤ ਕਿਸੇ ਨੇ ਨਹੀਂ ਰਹਿਣਾ, ਤੁਸੀਂ ਕਿਸ ਵਾਸਤੇ ਪੈਰਾਂ ਨੂੰ ਪਸਾਰਦੇ ਹੋ।

ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ॥

ਇਕ ਮਾਇਆ ਦੇ ਇਕੱਤਰ ਕਰਨ ਦੇ ਉਪਾਵ=ਜਤਨ ਵਿਚ
ਅਨੇਕਾਂ ਬੰਚ=ਠਗੀਆਂ ਤੇ ਵਲਛਲ ਕਰਦੇ ਹੋ।

ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ॥

ਕਈ ਤਰ੍ਹਾਂ ਦੇ ਸ੍ਰਮੁ=ਕਸ਼ਟ ਕਰਕੇ ਮਾਇਆ ਦੀ ਥੈਲੀ ਇਕੱਠੀ ਵੀ ਕਰ ਲਵੋ,
ਪਰ ਹੇ ਮੂਰਖੋ ! ਅੰਤ ਨੂੰ ਥੱਕ ਪਵੋਗੇ।

ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ॥

ਅੰਤ ਦੇ ਅਉਸਰ ਬਾਰ=ਸਮੇਂ ਵੇਲੇ ਇਹ ਧਨ ਦੀ ਥੈਲੀ ਮਨ=ਜੀਵਾਂ ਦੇ ਕਿਸੇ ਕੰਮ ਨਹੀਂ ਆਉਣੀ। ਇਸ ਲਈ ਹੇ ਬਾਰ=ਬਾਲਕ ਦੀ ਨਿਆਈਂ ਅਗਿਆਤ ਪੁਰਸ਼ੋ ! ਇਸ ਵਲੋਂ ਆਪਣੇ ਆਪ ਨੂੰ ਬਾਰ=ਵਰਜ ਭਾਵ ਰੋਕ ਰਖੋ।

ਪ੍ਰਸ਼ਨ-ਸਾਨੂੰ ਕੀ ਕਰਤੱਬ ਕਰਨੇ ਯੋਗ ਹੈ, ਅਸੀਂ ਕਿਸ ਨਾਲ ਪਰੇਮ ਕਰੀਏ? *ਉੱਤਰ*:-

ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ॥

ਸੰਤਾਂ ਦੀ ਸਿਖਿਆ ਲਵੋ, ਗੋਬਿੰਦ ਦਾ ਭਜਨ ਕਰੋ, ਅਤੇ ਇਸਥਿਤੀ ਨੂੰ ਪਾਵੋ।

ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ॥

ਸਦਾ ਹੀ ਇਕ ਪਰਮਾਤਮਾ ਨਾਲ ਪਰੀਤੀ ਕਰੋ, ਕਿਉਂਕਿ ਏਹੋ ਅਸਨੇਹੁ=ਪਰੇਮ ਸੱਚਾ ਤੇ ਇਸਥਿਤ ਰੂਪ ਹੈ।

ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥਿ॥

ਕਾਰਨ ਰੂਪ ਪਰਮਾਤਮਾ ਸਭ ਗੱਲਾਂ ਦੇ ਕਰਨ ਕਰਾਉਣ ਵਾਲਾ ਹੈ,
ਸਾਰੀਆਂ ਵਿਧੀਆਂ ਇਕ ਪਰਮੇਸ਼ਰ ਦੇ ਹੱਥ ਹੀ ਹਨ। ਉਸ ਅਗੇ ਐਸੇ ਬੇਨਤੀ ਕਰੋ।

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ॥ ੩੩॥

ਜਿਸ ਜਿਸ ਤਰਫ ਤੁਸੀਂ ਲਗਾਉਂਦੇ ਹੋ? ਤਿਸ ਤਿਸ ਤਰਫ ਹੀ ਇਹ ਜੀਵ ਲੱਗ ਰਹੇ ਹਨ, ਗੁਰੂ ਜੀ ਕਥਨ ਕਰਦੇ ਹਨ, ਇਹ ਸਾਰੇ ਜੀਵ ਅਨਾਥ=ਗਰੀਬ ਹਨ॥ ੩੩॥

ਸਲੋਕੁ॥ ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ॥

ਦਾਸਾਂ ਨੇ ਇਕ ਪਰਮੇਸ਼ਰ ਨੂੰ ਹੀ ਸਭ ਕੁਝ ਦੇਣੇ ਵਾਲਾ ਨਿਹਾਰਿਆ=ਵੇਖਿਆ ਹੈ। ਅਤੇ

ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ॥ ੧॥

ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਉਸ ਨੂੰ ਸਿਮਰਦੇ ਰਹਿੰਦੇ ਹਨ, ਗੁਰੂ ਜੀ ਕਥਨ ਕਰਦੇ ਹਨ, ਦਾਸਾਂ ਨੂੰ ਕੇਵਲ ਦਰਸ਼ਨ ਦਾ ਹੀ ਅਧਾਰ=ਆਸਰਾ ਹੈ॥ ੧॥

ਪਉੜੀ॥ ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥

ਦੱਦੇ ਦੁਆਰਾ ਕਥਨ ਕਰਦੇ ਹਨ, ਸਾਰਿਆਂ ਨੂੰ ਦੇਣ ਵਾਲਾ ਦਾਤਾ ਇਕ ਪਰਮੇਸ਼ਰ ਹੀ ਹੈ।

ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥

ਉਸ ਨੂੰ ਦੇਂਦਿਆਂ ਘਾਟਾ ਨਹੀਂ ਆਉਂਦਾ, ਕਿਉਂਕਿ ਉਸ ਦੇ ਭੰਡਾਰੇ ਅਨਗਿਣਤ ਭਰੇ ਹੋਏ ਹਨ।

ਦੈਨਹਾਰੁ ਸਦ ਜੀਵਨਹਾਰਾ ॥ ਮਨ ਮੂਰਖ ਕਿਉ ਤਾਹਿ ਬਿਸਾਰਾ ॥

ਫਿਰ ਉਹ ਦੇਣ ਵਾਲਾ ਸਦਾ ਹੀ ਜਿਊਣ ਵਾਲ਼ਾ ਹੈ। ਹੇ ਮੂਰਖ ਮਨ ! ਤੈਨੇ ਉਸ ਨੂੰ ਕਿਉਂ ਭੁਲਾ ਦਿੱਤਾ ਹੈ।

ਦੋਸੁ ਨਹੀ ਕਾਹੂ ਕਉ ਮੀਤਾ ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥

ਹੇ ਮਿਤਰ ! ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਕਿਉਂਕਿ ਸਭ ਬੰਧਨਾਂ ਦਾ ਕਾਰਨ ਜੋ ਮਾਇਆ ਦਾ ਮੋਹ ਹੈ ਉਹ ਪ੍ਰਭੂ ਨੇ ਆਪ ਹੀ ਕੀਤਾ ਹੋਇਆ ਹੈ। ਵਾ:-ਪ੍ਰਭੂ ਨੇ ਹੀ ਕਰਮਾਂ ਅਨੁਸਾਰ ਮਾਇਆ ਦਾ ਮੋਹ ਪਾ ਕੇ ਜੀਵਾਂ ਨੂੰ ਬੰਧਨਾ ਕੀਤਾ ਹੋਇਆ ਹੈ।

ਦਰਦ ਨਿਵਾਰਹਿ ਜਾ ਕੇ ਆਪੇ ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥ ੩੪ ॥

ਜਿਨ੍ਹਾਂ ਜਿਨ੍ਹਾਂ ਪੁਰਸ਼ਾਂ ਦੇ ਦਰਦ=ਦੁੱਖ ਆਪ ਨਵਿਰਤ ਕਰਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਉਹ ਸਾਰੇ ਗੁਰਮੁਖ ਧ੍ਰਾਪੈ=ਤ੍ਰਿਪਤ ਹੋ ਜਾਂਦੇ ਹਨ॥ ੩੪॥

ਸਲੋਕੁ ॥ ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥

ਹੇ ਜੀਵ! ਤੂੰ ਇਕ ਪ੍ਰਭੂ ਦੀ ਟੇਕ ਧਰ=ਫੜਨਾ ਕਰ, ਤੇ ਬਿਡਾਨੀ=ਬਿਗਾਨੀ ਭਾਵ ਪਰਾਈ ਆਸਾ ਲਾਹਿ=ਦੂਰ ਕਰ ਦੇਹ।

ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਨਾਮ ਨੂੰ ਧਿਆਈਏ ਤਾਂ ਸਾਰੇ ਕੰਮ ਰਾਸ ਆਉਂਦੇ ਹਨ ॥ ੧ ॥

ਪਉੜੀ ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥

ਧੱਧੇ ਦੁਆਰਾ ਕਥਨ ਕਰਦੇ ਹਨ, ਮਨ ਦਾ ਦੌੜਣਾ ਤਦ ਮਿਟਦਾ ਹੈ, ਜੇ ਸੰਤਾਂ ਦੇ ਸੰਗ ਵਿਚ ਵਾਸਾ ਹੋਵੇ ਅਤੇ ਵਾਹਿਗੁਰੂ ਅਗੇ ਬੇਨਤੀ ਕਰੇ।

ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥

ਹੇ ਪ੍ਰਭੂ ! ਆਪ ਧੁਰ ਤੋਂ ਹੀ ਕਿਰਪਾ ਦ੍ਰਿਸ਼ਟੀ ਕਰਦੇ ਆਏ ਹੋ ਤੇ ਮੇਰੇ ਉੱਪਰ ਕਿਰਪਾ ਕਰੋ, ਤਾਂ ਮਨ ਵਿਚ ਪਰਗਾਸੁ=ਗਿਆਨ ਹੋਵੇ।

ਧਨੁ ਸਾਚਾ ਤੇਊ ਸਚ ਸਾਹਾ ॥ ਹਰਿ ਹਰਿ ਪੂੰਜੀ ਨਾਮ ਬਿਸਾਹਾ ॥

ਜਿਸ ਪਾਸ ਸੱਚਾ ਆਤਮ ਧਨ ਹੈ ਓਹੀ ਸੱਚਾ ਸ਼ਾਹ ਹੈ। ਉਸ ਨੇ ਸ਼ਰਧਾ ਰੂਪੀ ਪੂੰਜੀ ਦੁਆਰਾ ਹਰਿ ਹਰਿ ਨਾਮ ਨੂੰ ਬਿਸਾਹਾ=ਖਰੀਦਿਆ ਹੈ।

ਧੀਰਜੁ ਜਸੁ ਸੋਭਾ ਤਿਹ ਬਨਿਆ ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥

ਤਿਸ ਪੁਰਸ਼ ਦਾ ਧੀਰਜ, ਸੋਭਾ ਅਤੇ ਜਸ ਸੰਸਾਰ ਵਿਚ ਬਣਿਆ ਹੋਇਆ ਹੈ,

ਜਿਸ ਨੇ ਕੰਨਾਂ ਨਾਲ ਹਰਿ ਹਰਿ ਨਾਮ ਨੂੰ ਸ੍ਰਵਨ ਕੀਤਾ ਹੈ।

ਗੁਰਮੁਖਿ ਜਿਹ ਘਟਿ ਰਹੇ ਸਮਾਈ ॥ ਨਾਨਕ ਤਿਹ ਜਨ ਮਿਲੀ ਵਡਾਈ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਗੁਰਮੁਖ ਦੇ ਘਟ ਵਿਚ ਗੁਰਾਂ ਦੁਆਰੇ ਪਰਮੇਸ਼ਰ ਸਮਾ ਰਿਹਾ ਹੈ। ਤਿਸ ਪੁਰਸ਼ ਨੂੰ ਹੀ ਵਡਿਆਈ ਮਿਲੀ ਹੈ॥ ੩੫॥

ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥
ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥ ੧ ॥

ਅੰਨਵੇਂ ਅਖਰਾਂ ਵਲ ਧਿਆਨ ਰਖਣਾ, ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਇਹ ਪੂਰਿਆਂ ਗੁਰਾਂ ਨੇ ਉਪਦੇਸ਼ ਦਿਤਾ ਹੈ ਕਿ ਜਿਸ ਨੇ ਸੰਤਾਂ ਦੇ ਸੰਗ ਵਿਚ ਜਾਕੇ ਅੰਦਰੋਂ ਮਨ ਦੇ ਰੰਗਿ=ਪਰੇਮ ਕਰਕੇ ਨਾਮ ਜਪ ਨੂੰ ਜਪਿਆ ਹੈ, ਅਤੇ ਬਾਹਰੋਂ ਬਾਣੀ ਦੁਆਰਾ ਪਰੇਮ ਕਰਕੇ ਨਾਮ ਨੂੰ ਜਪਿਆ ਹੈ ਉਸ ਨੂੰ ਨਰਕੁ ਨਾਹਿ=ਨਰਕ ਦੀ ਪ੍ਰਾਪਤੀ ਨਹੀਂ ਹੁੰਦੀ।

ਅਥਵਾ:-ਸਰੀਰ ਦੇ ਅੰਦਰ ਬਾਹਰ, ਵਾ:-ਬ੍ਰਹਿਮਾਂਡ ਦੇ ਅੰਦਰ ਬਾਹਰ ਜੋ ਹਰੀ ਸਭ ਰੰਗਾਂ ਵਿਚ ਨਾਮੁ=ਪ੍ਰਸਿਧ, ਰੰਗਿਆ ਹੋਇਆ ਹੈ ਉਸ ਦੇ ਨਾਮ ਜਪ ਨੂੰ ਜਿਸ ਨੇ ਸੰਤਾਂ ਦੇ ਸਤਿਸੰਗ ਵਿਖੇ ਪੂਰਿਆਂ ਗੁਰਾਂ ਦੇ ਉਪਦੇਸ਼ ਦੁਆਰਾ ਜਪਿਆ ਹੈ ਉਸਨੂੰ ਨਰਕਾਂ ਦੀ ਪ੍ਰਾਪਤੀ ਨਹੀਂ ਹੁੰਦੀ॥ ੧॥

ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥

ਨੱਨੇ ਦੁਆਰਾ ਕਥਨ ਕਰਦੇ ਹਨ, ਉਹ ਪੁਰਸ਼ ਨਰਕਾਂ ਵਿਚ ਨਹੀਂ ਪੈਂਦੇ।

ਜਿਨ੍ਹਾਂ ਦੇ ਮਨ ਤਨ ਵਿਚ ਨਾਮ ਵੱਸਦਾ ਹੈ।

ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥

ਜੋ ਗੁਰਮੁਖ ਗੁਰਾਂ ਦੁਆਰੇ ਨਿਧੀਆਂ ਦੇ ਖਜ਼ਾਨੇ ਨਾਮ ਨੂੰ ਜਪਦੇ ਹਨ

ਉਹ ਗੁਰਮੁਖ ਵਿਹੁ ਰੂਪ ਮਾਇਆ ਵਿਚ ਨਹੀਂ ਖਪਦੇ।

ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥

ਤਾ ਕਹੁ=ਉਨ੍ਹਾਂ ਪੁਰਸ਼ਾਂ ਦਾ ਦਰਗਾਹ ਵਿਚ ਕਦੇ ਭੀ ਨੰਨਾਕਾਰੁ=ਨਿਰਾਦਰ ਨਹੀਂ ਹੁੰਦਾ। ਜਿਨ੍ਹਾਂ ਨੂੰ ਗੁਰੂ ਜੀ ਨੇ ਸਤਿਨਾਮੁ ਮੰਤ੍ਰ ਦਿੱਤਾ ਹੈ।

[ਪੰਨਾ ੨੫੮]

ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥ ੩੬ ॥

ਗੁਰੂ ਜੀ ਕਥਨ ਕਰਦੇ ਹਨ ਨੌਂ ਨਿੱਧੀਆਂ ਦਾ ਨਿਧਾਨੁ=ਖਜ਼ਾਨਾ ਜੋ ਹਰੀ ਨਾਮ ਅੰਮ੍ਰਿਤ ਹੈ ਉਸ ਕਰਕੇ ਜੋ ਪੁਰਸ਼ ਭਰਪੂਰ ਹੈ ਤਿਸ ਦੇ ਜਸ ਰੂਪੀ ਵਾਜੇ ਅਨਹਦ=ਇਕਰਸ ਵਜਦੇ ਰਹਿੰਦੇ ਹਨ॥ ੩੬॥

ਸਲੋਕੁ ॥ ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥

ਜਿਸ ਪੁਰਸ਼ ਨੇ ਪਰਪੰਚ=ਛਲਵਲ, ਮੋਹ ਅਤੇ ਵਿਸ਼ੇ ਵਿਕਾਰ ਆਦਿਕਾਂ ਨੂੰ ਤਿਆਗਿਆ ਹੈ, ਉਸ ਦੀ ਪਤਆਬਰੋ ਗੁਰੂ ਅਤੇ ਪਰਮੇਸ਼ਰ ਨੈ ਰਖੀ ਹੈ।

ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਸ ਪਰਮਾਤਮਾ ਨੂੰ ਆਰਾਧਣਾ ਕਰੋ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ ॥ ੧ ॥

ਪਉੜੀ ॥ ਪਪਾ ਪਰਮਿਤਿ ਪਾਰੁ ਨ ਪਾਇਆ ॥
ਪਤਿਤ ਪਾਵਨ ਅਗਮ ਹਰਿ ਰਾਇਆ ॥

ਪੱਪੇ ਦੁਆਰਾ ਕਥਨ ਕਰਦੇ ਹਨ, ਪਰ+ਪਤਿ=ਮਿਤੀ ਮਰਯਾਦਾ ਤੋਂ ਪਰੇ ਜੋ ਪਰਮਾਤਮਾ ਹੈ ਉਸ ਦਾ ਪਾਰਾਵਾਰ ਕਿਸੀ ਨੇ ਨਹੀਂ ਪਾਇਆ।

ਉਹ ਬਿਅੰਤ ਰੂਪ ਹਰੀ ਰਾਜਾ ਪਤਿਤ ਪਾਵਨ=ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਹੈ।

ਹੋਤ ਪੁਨੀਤ ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥

ਅੰਨਵੇਂ! ਜੋ ਸੰਤਾਂ ਨਾਲ ਮਿਲ ਕੇ ਨਾਮ ਅੰਮ੍ਰਿਤ ਨੂੰ ਜਪਦੇ ਹਨ।

ਉਹ ਕਰੋੜਾਂ ਹੀ ਅਪਰਾਧੂ=ਪਾਪੀ ਪਵਿੱਤ੍ਰ ਹੋ ਜਾਂਦੇ ਹਨ।

ਪਰਪਚ ਧ੍ਰੋਹ ਮੋਹ ਮਿਟਨਾਈ ॥ ਜਾ ਕਉ ਰਾਖਹੁ ਆਪਿ ਗੁਸਾਈ ॥

ਅੰਨਵੇਂ! ਹੇ ਗੁਸਾਈ=ਮਾਲਕ ਪਰਮਾਤਮਾ ਜਿਸਨੂੰ ਆਪ ਰਖਦੇ ਹੋ। ਉਹ ਪੁਰਸ਼ ਨਾਈ=ਨਾਮ ਜਪਕੇ ਪਰਪਚ=ਛਲਵਲ, ਧ੍ਰੋਹ=ਦਗਾ ਅਤੇ ਮੋਹ ਆਦਿਕਾਂ ਨੂੰ ਮਿਟਾ ਲੈਂਦਾ ਹੈ।

ਪਾਤਿਸਾਹੁ ਛਤ੍ਰ ਸਿਰ ਸੋਊ ॥ ਨਾਨਕ ਦੂਸਰ ਅਵਰੁ ਨ ਕੋਊ ॥ ੩੭ ॥

ਸਿਰ ਉੱਤੇ ਛਤ੍ਰ ਧਾਰਨ ਵਾਲਾ ਪਾਤਸ਼ਾਹ ਉਹ ਪਰਮਾਤਮਾ ਹੀ ਹੈ।

ਵਾ:-ਬਾਦਸ਼ਾਹਾਂ ਦੇ ਸਿਰ ਤੇ ਭੀ ਉਹ ਪਰਮਾਤਮਾ ਛੱਤ੍ਰ ਰੂਪ ਹੈ।

ਗੁਰੂ ਜੀ ਕਥਨ ਕਰਦੇ ਹਨ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ ॥ ੩੭ ॥

ਸਲੋਕੁ ॥ ਫਾਹੇ ਕਾਟੇ ਮਿਟੇ ਗਵਨ ਛਤਿਹ ਭਈ ਮਨਿ ਜੀਤ ॥

ਜਿਸ ਵੇਲੇ ਮਨ ਨੂੰ ਜਿਤਿਆ ਤਾਂ ਚੌਰਾਸੀ ਲਖ ਜੂਨ ਦੇ ਗਵਨ=ਚੱਕਰ ਮਿਟ ਗਏ ਅਤੇ ਜਮਾਂ ਦੇ ਫਾਹ ਕਟੇ ਗਏ ਜਾਂ ਫਾਹ ਕਟੇ ਗਏ ਤਾਂ ਸਾਰੇ ਛਤੇ ਹੋ ਗਈ।

ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੇ ਉਪਦੇਸ਼ ਕਰਕੇ ਜਦ ਇਸਥਿਤੀ ਪਾਈ, ਤਦ ਨਿਤਾਪ੍ਰਤੀ ਦੇ ਫੇਰੇ ਮਿਟ ਗਏ ॥ ੧ ॥

ਪਉੜੀ ॥ ਫਫਾ ਫਿਰਤ ਫਿਰਤ ਤੂ ਆਇਆ ॥
ਦੂਲਭ ਦੇਹ ਕਲਿਜੁਗ ਮਹਿ ਪਾਇਆ ॥

ਫੱਫੇ ਦੁਆਰਾ ਕਥਨ ਕਰਦੇ ਹਨ ਹੇ ਜੀਵ ਤੂੰ ਜੂਨੀਆਂ ਵਿਚ ਫਿਰਦਾ ਫਿਰਦਾ ਇਸ ਮਨੁੱਖਾਂ ਜਨਮ ਵਿਚ ਆਇਆ ਹੈਂ। ਇਹ ਮਨੁੱਖਾ ਦੇਹ ਪ੍ਰਾਪਤ ਹੋਣੀ ਬੜੀ ਦੁਰਲਭ ਹੈ, ਕਲਜੁਗ ਦੇ ਵਿਚ ਤੈਂਨੇ ਇਸ ਮਨੁੱਖਾ ਸਰੀਰ

ਨੂੰ ਪਾਇਆ ਹੈ।

ਫਿਰਿ ਇਆ ਅਉਸਰੁ ਚਰੈ ਨ ਹਾਥਾ ॥ ਨਾਮੁ ਜਪਹੁ ਤਉ ਕਟੀਅਹਿ ਫਾਸਾ ॥

ਇਸ ਮਨੁੱਖਾ ਦੇਹ ਦੀ ਪ੍ਰਾਪਤੀ ਦਾ ਅਉਸਰੁ=ਸਮਾ ਫਿਰ ਤੇਰੇ ਹੱਥ ਨਹੀਂ ਚਰੈ=ਚੜ੍ਹਨਾ ਭਾਵ ਪ੍ਰਾਪਤ ਨਹੀਂ ਹੋਣਾ। ਜੇ ਹੁਣ ਤੂੰ ਨਾਮ ਜਪ ਲਵੇਂਗਾ, ਤਾਂ ਤੇਰੀ ਫਾਹੀ ਕੱਟੀ ਜਾਏਗੀ।

ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥

ਉਸ ਇਕੋ ਇਕ ਅਦੁੱਤੀ ਪਰਮਾਤਮਾ ਦੇ ਨਾਮ ਜਪ ਨੂੰ ਜਪਣਾ ਕਰੋ। ਫਿਰ ਤੁਹਾਡਾ ਸੰਸਾਰ ਵਿਚ ਮੁੜ ਮੁੜ ਕੇ ਆਉਣਾ ਜਾਣਾ ਨਹੀਂ ਹੋਵੇਗਾ। ਤੇ ਇੰਞ ਬੇਨਤੀ ਭੀ ਕਰੋ-

ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ ॥ ੩੮ ॥

ਹੇ ਕਰਨੇਹਾਰ ਪ੍ਰਭੂ ! ਸਾਡੇ ਉੱਤੇ ਕਿਰਪਾ ਦ੍ਰਿਸ਼ਟੀ ਕਰੋ।

ਮੈਂ ਬੇਚਾਰੇ=ਗਰੀਬ ਨੂੰ ਆਪਣੇ ਨਾਲ ਮੇਲ ਲਓ॥ ੩੮ ॥

ਸਲੋਕੁ ॥ ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥
ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪਾਰਬ੍ਰਹਮ ਦੀਨਾਂ ਦੇ ਦਿਆਲ, ਗੁਪਾਲ=ਪ੍ਰਿਥਵੀ ਦੇ ਪਾਲਿਕ ! ਸਾਡੀ ਇਕ ਬੇਨਤੀ ਸੁਣੋ। ਜਿਸ ਚਰਨ ਧੂੜੀ ਵਿਚ ਸੁਖ ਸੰਪਦਾ ਅਤੇ ਬਹੁਤ ਸਾਰੇ ਭੋਗ=ਪਦਾਰਥਾਂ ਦੇ ਰਸ ਹਨ ਉਹ ਸੰਤ ਧੂੜੀ ਸਾਨੂੰ ਬਖਸ਼ਣਾ ਕਰੋ।

ਵਾ:-ਸੁਖ, ਸੰਪਦਾ, ਬਹੁਤੇ ਭੋਗਾਂ ਦਾ ਰਸ, ਮੇਰੇ ਲਈ ਇਹੋ ਚਰਨ ਧੂੜੀ ਹੀ ਹੈ ਇਸ ਵਾਸਤੇ ਮੈਨੂੰ ਸੰਤਾਂ ਦੀ ਰਵਾਲ=ਧੂੜ ਬਖਸ਼ਣਾ ਕਰੋ। *ਅਥਵਾ:*-ਜਿਨ੍ਹਾਂ ਸੰਤਾਂ ਨੇ ਦੁਨਿਆਵੀ ਸੁਖ ਸੰਪਦਾ ਤੇ ਬਹੁਤੇ ਭੋਗ ਰਸ ਰਵਾਲ=ਧੂੜ ਰੂਪ ਸਮਝੇ ਹਨ ਉਨ੍ਹਾਂ ਦੀ ਸੰਗਤ ਕਰਨੀ ਦਿਓ॥ ੧ ॥

ਪਉੜੀ ॥ ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥

ਬੱਬੇ ਦੁਆਰਾ ਕਥਨ ਕਰਦੇ ਹਨ, ਜੋ ਬ੍ਰਹਮ ਪਰਮਾਤਮਾ ਨੂੰ ਜਾਣਦਾ ਹੈ ਓਹੀ ਬ੍ਰਹਮਾ=ਬ੍ਰਾਹਮਣ ਹੈ। ਵੈਸ਼ਨਵ ਉਹ ਹੈ, ਜੋ ਗੁਰਾਂ ਦੁਆਰੇ ਸੁਚ=ਪਵਿੱਤ੍ਰਤਾ ਦੇ ਧਰਮ ਆਦਿਕਾਂ ਨੂੰ ਗ੍ਰਹਿਣ ਕਰਦਾ ਹੈ।

ਯਥਾ:-ਸੰਤ ਕਾ ਮਾਰਗ ਧਰਮ ਕੀ ਪੌੜੀ ਕੋ ਵਡਭਾਗੀ ਪਾਏ॥

ਤਥਾ:-ਖਿਮਾ ਅਹਿੰਸਿਆ ਦਯਾ ਮ੍ਰਿਦ ਸਤ ਬਚਨ ਤਪ ਦਾਨ॥
ਸੀਲ ਸੌਚ ਤ੍ਰਿਸਨਾਂ ਬਿਨਾ ਧਰਮ ਲਿੰਗ ਦਸ ਜਾਨ॥

ਬੀਰਾ ਆਪਨ ਬੁਰਾ ਮਿਟਾਵੈ ॥ ਤਾਹੂ ਬੁਰਾ ਨਿਕਟਿ ਨਹੀ ਆਵੈ ॥

ਬੀਰਾ=ਸੂਰਬੀਰ ਬਹਾਦਰ ਅਰਥਾਤ ਖੜ੍ਹੀ ਉਹ ਹੈ ਜੋ ਆਪਣੇ ਮਨ ਵਿਚੋਂ ਬੁਰਾ ਭਾਵ ਮਿਟਾਉਂਦਾ ਹੈ। *ਅਥਵਾ:*-ਬੀਰਾ=ਹੇ ਭਾਈ ! ਜੋ ਪੁਰਸ਼ ਆਪਣੇ ਮਨ ਵਿਚੋਂ ਬੁਰਾ ਮਿਟਾਉਂਦਾ ਹੈ। ਫਿਰ ਉਸ ਦੇ ਨੇੜੇ ਬੁਰਾ ਨਹੀਂ ਆਉਂਦਾ।

ਬਾਧਿਓ ਆਪਨ ਹਉ ਹਉ ਬੰਧਾ॥ ਦੋਸੁ ਦੇਤ ਆਗਹ ਕਉ ਅੰਧਾ॥

ਜੀਵ ਆਪ ਹੀ ਹਉਂ ਹਉਂ ਦੇ ਬੰਧਨਾਂ ਵਿਚ ਬਧਾ ਹੋਇਆ ਹੈ। ਲੇਕਿਨ ਇਹ ਅੰਨ੍ਹਾਂ ਅਗਿਆਨੀ ਜੀਵ ਸਭ ਦੇ ਅਗੇ ਜੋ ਪਰਮਾਤਮਾ ਹੈ ਉਸਨੂੰ ਦੋਸ਼ ਦੇਂਦਾ ਹੈ।

ਵਾ:-ਆਗਹ=ਅਗਲਿਆਂ ਭਾਵ ਦੂਜਿਆਂ ਨੂੰ ਦੋਸ਼ ਦੇਂਦਾ ਹੈ। ਪਰ:-

ਦਦਾ ਦੋਸ ਨ ਦੇਈ ਕਿਸਹੀ ਦੋਸ ਕਰੰਮਾ ਆਪਣਿਆ॥

ਬਾਤ ਚੀਤ ਸਭ ਰਹੀ ਸਿਆਨਪ॥ ਜਿਸਹਿ ਜਨਾਵਹੁ ਸੋ ਜਾਨੈ ਨਾਨਕ॥ ੩੯॥

'ਸਾਥੋਂ ਤਾਂ ਚਿਤ ਦੀਆਂ ਬਾਤਾਂ ਦੀ ਸਿਆਣਪ ਸਭ ਰਹਿ ਗਈ ਹੈ, *ਅਥਵਾ*:-ਚਿਤ ਦੀ ਸਾਰੀ ਗੱਲ ਬਾਤ, ਤੇ ਬੁੱਧੀ ਦੀ ਸਿਆਣਪ ਸਾਰੀ ਰਹਿ ਚੁੱਕੀ ਹੈ। ਗੁਰੂ ਜੀ ਕਥਨ ਕਰਦੇ ਹਨ ਹੇ ਪ੍ਰਭੂ ! ਹੁਣ ਤਾਂ ਜਿਸਨੂੰ ਆਪ ਜਣਾਉਂਦੇ ਹੋ, ਓਹੀ ਆਪ ਨੂੰ ਜਾਣਦਾ ਹੈ॥ ੩੯॥

ਸਲੋਕੁ॥ ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ॥

ਹੇ ਜੀਵ ! ਜੋ ਭੈ ਦੇ ਨਾਸ ਕਰਨ ਵਾਲਾ ਹੈ ਅਤੇ ਅਘ=ਪਾਪਾਂ ਤੇ ਦੁਖਾਂ ਦੇ ਨਾਸ ਕਰਨ ਵਾਲਾ ਹੈ ਉਸ ਹਰੀ ਨੂੰ ਮਨ ਵਿਚ ਅਰਾਧਨਾ ਕਰ।

ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ॥ ੧॥

ਕਿਉਂਕਿ ਸੰਤਾਂ ਦੇ ਸੰਗ ਕਰਕੇ ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਵਸਿਆ ਹੈ,

ਗੁਰੂ ਜੀ ਕਥਨ ਕਰਦੇ ਹਨ, ਉਹ ਮੁੜ ਕੇ ਚੌਰਾਸੀ ਲੱਖ ਜੂਨ ਵਿਚ ਨਹੀਂ ਭਟਕਦੇ॥ ੧॥

ਪਉੜੀ॥ ਭਭਾ ਭਰਮੁ ਮਿਟਾਵਹੁ ਅਪਨਾ॥ ਇਆ ਸੰਸਾਰੁ ਸਗਲ ਹੈ ਸੁਪਨਾ॥

ਭੱਭੇ ਦੁਆਰਾ ਕਥਨ ਕਰਦੇ ਹਨ ਹੇ ਭਾਈ ! ਆਪਣਾ ਭਰਮ ਦੂਰ ਕਰ ਦਿਓ।

ਅਤੇ ਇੰਞ ਨਿਸਚੇ ਕਰੋ ਕਿ ਇਹ ਸਾਰਾ ਸੰਸਾਰ ਸੁਪਨੇ ਦੀ ਨਿਆਈਂ ਮਿਥਿਆ ਹੈ।

ਜਿਵੇਂ ਸੁਪਨੇ ਵਿਚ ਪ੍ਰਾਣੀ ਭਰਮ ਵਸ ਹੁੰਦਾ ਹੈ। ਤਿਵੇਂ-

ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥

ਸੁਰ, ਨਰ, ਦੇਵੀ ਦੇਵਤੇ ਸਭ ਭਰਮ ਵਿਚ ਪਏ ਹੋਏ ਹਨ। ਚੌਰਾਸੀ ਸਿਧ, ਸਾਧਿਕ=ਜਗਿਆਸੂ ਅਤੇ ਬ੍ਰਹ+ਮੇਵਾ=ਨਿਸਚੇ ਕਰਕੇ ਬ੍ਰਹਮਾਂ ਆਦਿਕ ਸਭ ਭਰਮਦੇ ਫਿਰਦੇ ਹਨ।

ਭਰਮਿ ਭਰਮਿ ਮਾਨੁਖ ਡਹਕਾਏ॥ ਦੁਤਰ ਮਹਾ ਬਿਖਮ ਇਹ ਮਾਏ॥

ਇਸ ਮਾਇਆ ਨੇ ਭ੍ਰਮਾ ਭ੍ਰਮਾ ਕੇ ਮਨੁੱਖ ਡਹਕਾਏ=ਭਟਕਾਏ ਹਨ, ਵਾ:-ਡਹਕਾਏ=ਛਲਨਾ ਕੀਤੇ ਹਨ। ਇਹ ਮਾਇਆ ਤਰਨੀ ''ਮਹਾ ਦੁਤਰ ਬਿਖਮ''=ਬੜੀ ਕਠਨ ਤੇ ਕਠਨ ਹੈ,

ਅਥਵਾ:-ਕਠਨ ਮਾਇਆ ਦਾ ਤਰਨਾ ਬੜਾ ਕਠਨ ਹੈ।

ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥ ਨਾਨਕ ਤੇਹ ਪਰਮ ਸੁਖ ਪਾਇਆ॥੪੦॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਪੰਜ ਪ੍ਰਕਾਰ ਦਾ ਭਰਮ, ਕਾਮ ਆਦਿਕਾਂ ਦਾ ਭੈ, ਸਬੰਧੀਆਂ ਦਾ ਮੋਹ,

ਦੂਰ ਕੀਤਾ ਹੈ। ਗੁਰੂ ਜੀ ਕਥਨ ਕਰਦੇ ਹਨ ਤਿਸਨੇ ਪਰਮ=ਵੱਡਾ ਆਤਮ ਸੁਖ ਪਾਇਆ ਹੈ॥ ੪੦॥

ਸਲੋਕੁ॥ ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ॥

ਹੇ ਪਰਮੇਸ਼ਰ ! ਤੇਰੀ ਮਾਇਆ ਬਹੁਤ ਪ੍ਰਕਾਰ ਸੇ ਕਈ ਰੂਪ ਧਾਰ ਕੇ ਡੋਲ ਰਹੀ ਹੈ, ਤੇ ਮਨ ਉਸ ਮਾਇਆ ਦੇ ਨਾਲ ਲੰਪਟ ਹੋ ਰਿਹਾ ਹੈ। ਵਾ:-ਮਾਇਆ ਬਹੁਤ ਪ੍ਰਕਾਰ ਕਰਕੇ ਡੋਲੈ=ਡੁਲਾਂਵਦੀ ਹੈ, ਕਿਉਂਕਿ ਮਨ ਤਿਸ ਮਾਇਆ ਦੇ ਨਾਲ ਲੰਪਟ ਹੋ ਰਿਹਾ ਹੈ।

ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਜਿਸ ਨੂੰ ਤੁਸੀਂ ਮਾਇਆ ਦੇ ਮੰਗਣ ਵਲੋਂ ਰਖਦੇ ਹੋ, ਉਹ ਪੁਰਸ਼ ਨਾਮ ਵਿਚ ਰੰਗ=ਪਰੇਮ ਕਰਦਾ ਹੈ, ਅਥਵਾ:-ਉਸਨੂੰ ਨਾਮ ਦਾ ਰੰਗ ਚੜ੍ਹਦਾ ਹੈ॥ ੧॥

ਪਉੜੀ॥ ਮਮਾ ਮਾਗਨਹਾਰ ਇਆਨਾ॥ ਦੇਨਹਾਰ ਦੇ ਰਹਿਓ ਸੁਜਾਨਾ॥

ਮੱਮੇ ਦੁਆਰਾ ਕਥਨ ਕਰਦੇ ਹਨ, ਮੰਗਣ ਵਾਲਾ ਜੀਵ ਇਆਨਾ=ਅਗਿਆਤ ਹੋ ਰਿਹਾ ਹੈ। ਕਿਉਂਕਿ ਦੇਣ ਵਾਲਾ ਪਰਮਾਤਮਾ ਸੁਜਾਣ ਹੈ, ਉਹ ਆਪ ਹੀ ਸਭ ਨੂੰ ਦੇ ਰਿਹਾ ਹੈ।

ਜੋ ਦੀਨੋ ਸੋ ਏਕਹਿ ਬਾਰ॥ ਮਨ ਮੂਰਖ ਕਹ ਕਰਹਿ ਪੁਕਾਰ॥

ਜੋ ਕੁਝ ਉਸਨੇ ਦੇਣਾ ਹੈ ਸੋ ਇਕੋ ਵਾਰੀ ਦੇ ਦਿੱਤਾ ਹੈ। ਅਰਥਾਤ ਮੱਥੇ ਪਰ ਲੇਖ ਲਿਖ ਦਿੱਤਾ ਹੈ। ਇਹ ਮੂਰਖ ਮਨ ਕਿਸ ਵਾਸਤੇ ਪੁਕਾਰਾਂ ਕਰਦਾ ਹੈ?

ਯਥਾ:-ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥

ਜਉ ਮਾਗਹਿ ਤਉ ਮਾਗਹਿ ਬੀਆ॥ ਜਾ ਤੇ ਕੁਸਲ ਨ ਕਾਹੂ ਥੀਆ॥

ਜਦ ਇਹ ਜੀਵ ਮੰਗਦਾ ਹੈ, ਤਾਂ ਬੀਆ'=ਦ੍ਵੈਤ ਹੀਂ ਮੰਗਦਾ ਹੈ। ਵਾ:-ਬੀਏ ਪਾਸ ਹੋਣਾ ਮੰਗਦਾ ਹੈ। *ਅਥਵਾ:*-ਜਦ ਇਹ ਜੀਵ ਮੰਗਦਾ ਹੈ, ਤਦ ਨਾਮ ਤੋਂ ਬਿਨਾਂ ਬੀਆ=ਹੋਰ ਕੁਝ ਹੀ ਮੰਗਦਾ ਹੈ। ਜਿਸ ਕਰਕੇ ਕਿਸੇ ਨੂੰ ਕੁਸਲ=ਸੁਖ ਪ੍ਰਾਪਤ ਨਹੀਂ ਥੀਆ=ਹੋਇਆ।

ਮਾਗਨਿ ਮਾਗ ਤ ਏਕਹਿ ਮਾਗ॥ ਨਾਨਕ ਜਾ ਤੇ ਪਰਹਿ ਪਰਾਗ॥ ੪੧॥

ਹੇ ਪੁਰਸ਼ਾ ! ਅਵਲ ਤਾਂ ਤੂੰ ਮੰਗ ਹੀ ਨਾ, ਜੇ ਮੰਗਣ ਦਾ ਸੁਭਾਵ ਪਿਆ ਹੋਇਆ ਹੈ ਤਾਂ ਇਕ ਪਰਮੇਸ਼ਰ ਪਾਸੋਂ ਮੰਗ, ਵਾ:-ਜੇਕਰ ਤੂੰ ਕੋਈ ਮੰਗ ਮੰਗਣੀ ਭੀ ਹੈ, ਤਾਂ ਗੁਰਾਂ ਪਾਸੋਂ ਮੰਗ ਮੰਗਣਾ ਕਰ। ਗੁਰੂ ਜੀ ਕਥਨ ਕਰਦੇ ਹਨ, ਜਿਸ ਕਰਕੇ ਤੂੰ ਪਰਾਗ ਰਾਜ ਤੀਰਥ ਤੋਂ ਭੀ ਪਰੇ ਹੋ ਜਾਵੇਂਗਾ ਭਾਵ ਤੀਰਥਾਂ ਨੂੰ ਵੀ ਪਵਿੱਤ੍ਰ ਕਰਨ ਵਾਲਾ ਹੋ ਜਾਏਂਗਾ।

ਵਾ:- ਸੰਸਾਰ ਤੋਂ ਪਰਾਗ=ਪਾਰ ਹੋ ਜਾਵੇਂਗਾ। ਵਾ:-ਪਰਾਗ=ਪਰਮਗਤੀ ਨੂੰ ਪਾਵੇਂਗਾ॥ ੪੧॥

[ਪੰਨਾ ੨੫੯]

ਸਲੋਕ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ॥

ਜਿਨ੍ਹਾਂ ਨੇ ਪੂਰੇ ਗੁਰਾਂ ਦਾ ਮੰਤ੍ਰ ਮਨ ਵਿਚ ਧਾਰਿਆ ਹੈ, ਉਹ ਪੂਰੀ ਮਤ ਵਾਲੇ ਸਾਰਿਆਂ 'ਚੋਂ ਪਰਧਾਨ=ਮੁਖੀ ਹਨ।

ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਆਪਣਾ ਪ੍ਰਭੂ ਪਰਮਾਤਮਾ ਜਾਣਿਆ ਹੈ,

ਉਹ ਭਗਵੰਤ ਦਾ ਸਰੂਪ ਹੋਏ ਹਨ, ਵਾ:-ਭਾਗਾਂ ਵਾਲੇ ਹੋਏ ਹਨ॥ ੧ ॥

ਪਉੜੀ ॥ ਮਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧਸੰਗ ਪਤੀਆਨਾ ॥

ਮੰਮੇ ਦੁਆਰਾ ਕਥਨ ਕਰਦੇ ਹਨ, ਜਿਸ ਨੇ ਵਾਹਿਗੁਰੂ ਦਾ ਮਰਮੁ=ਭੇਦ ਪਛਾਣਿਆਂ ਹੈ। ਸਾਧ ਸੰਗਤਿ ਨਾਲ ਮਿਲਣ ਕਰਕੇ ਉਸ ਦਾ ਮਨ ਪਤੀਆਨਾ=ਭਰੋਸੇ ਵਾਲਾ ਹੋਇਆ ਹੈ।

ਦੁਖ ਸੁਖ ਉਆ ਕੈ ਸਮਤ ਬੀਚਾਰਾ ॥ ਨਰਕ ਸੁਰਗ ਰਹਤ ਅਉਤਾਰਾ ॥

ਉਸ ਨੇ ਦੁਖ ਸੁਖ ਦੇ ਤਾਈਂ ਸਮਦ੍ਰਿਸ਼ਟੀ ਵਿਚਾਰਿਆ ਹੈ।

ਇਸ ਲਈ ਉਹ ਨਰਕ ਸੁਰਗ ਵਿਚ ਉਤਰਨੇ ਤੋਂ ਰਹਿਤ ਹੋਇਆ ਹੈ।

ਤਾਹੂ ਸੰਗ ਤਾਹੂ ਨਿਰਲੇਪਾ ॥ ਪੂਰਨ ਘਟ ਘਟ ਪੁਰਖ ਬਿਸੇਖਾ ॥

ਉਹ ਤਨ ਕਰਕੇ ਤਾਂ ਤਿਸ ਮਾਇਆ ਦੇ ਨਾਲ ਰਹਿੰਦੇ ਹਨ, ਪਰ ਮਨ ਕਰਕੇ ਤਿਸ ਮਾਇਆ ਤੋਂ ਨਿਰਲੇਪਾ=ਅਸੰਗ ਰਹਿੰਦੇ ਹਨ।

ਉਨ੍ਹਾਂ ਨੇ ਵਿਸ਼ੇਸ਼ ਕਰਕੇ ਪੂਰਨ ਪੁਰਖ ਪਰਮਾਤਮਾ ਨੂੰ ਘਟ ਘਟ ਵਿਚ ਪੂਰਨ ਜਾਣਿਆ ਹੈ।

ਅਥਵਾ:- ਤਾਹੂ ਨਿਰਲੇਪਾ=ਤਿਸ ਮਾਇਆ ਤੋਂ ਨਿਰਲੇਪ ਹੋ ਕੇ, ਘਟਾਂ ਘਟਾਂ ਵਿਚ ਪੂਰਨ ਪੁਰਖ ਜੋ ਪਰਮਾਤਮਾ ਹੈ ਵਿਸ਼ੇਸ਼ ਕਰਕੇ ਤਾਹੂ ਸੰਗ=ਤਿਸ ਨੂੰ ਆਪਣੇ ਨਾਲ ਨਿਸਚੇ ਕੀਤਾ ਹੈ।

ਉਆ ਰਸ ਮਹਿ ਉਆਹੂ ਸੁਖੁ ਪਾਇਆ ॥
ਨਾਨਕ ਲਿਖਤ ਨਹੀ ਤਿਹਮਾਇਆ ॥ ੪੨ ॥

ਉਸ ਆਤਮ ਰਸ ਦੇ ਵਿਚ ਉਸ ਗੁਰਮੁਖ ਨੇ ਸੁਖ ਪਾਇਆ ਹੈ।

ਗੁਰੂ ਜੀ ਕਥਨ ਕਰਦੇ ਹਨ, ਉਸਨੂੰ ਮਾਇਆ ਲਿਪਾਇਮਾਨ ਨਹੀਂ ਹੁੰਦੀ॥ ੪੨ ॥

ਸਲੋਕੁ ॥ ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥

ਹੇ ਯਾਰੋ ! ਹੇ ਮਿਤਰੋ ! ਹੇ ਸਜਣੋਂ ! ਸੁਣੋ ਹਰੀ ਦੇ ਭਜਨ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ।

*ਅਥਵਾ:-*ਹੇ ਮਿੱਤਰ ਸਜਣੋਂ ! ਸੁਣੋ ਅਸਲੀ ਯਾਰ ਜੋ ਪਰਮੇਸ਼ਰ ਹੈ ਉਸ ਦੇ ਸਿਮਰਨ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ।

*ਅਥਵਾ:-*ਹੇ ਭਾਈ ! ਸੁਣ, ਯਾਰ-ਇਸ ਲੋਕ ਦਾ ਮੀਤ-ਪ੍ਰਲੋਕ ਦਾ, ਸਜਨ-ਅੰਤ ਦੇ ਸਮੇਂ ਸਹਾਇਤਾ ਕਰਨ ਵਾਲਾ ਜੋ ਹਰੀ ਹੈ।

ਤਿਸ ਹਰੀ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ।

ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਤਿਸ ਦੇ ਬੰਧਨ ਕੱਟੇ ਜਾਂਦੇ ਹਨ, ਜੋ ਗੁਰਾਂ ਦੀ ਚਰਨੀ ਪੈਂਦਾ ਹੈ॥ ੧ ॥

ਪਵੜੀ॥ ਯਯਾ ਜਤਨ ਕਰਤ ਬਹੁ ਬਿਧੀਆ॥
ਏਕ ਨਾਮ ਬਿਨੁ ਕਹ ਲਉ ਸਿਧੀਆ॥

ਯੱਯੇ ਦੁਆਰਾ ਕਥਨ ਕਰਦੇ ਹਨ, ਹੇ ਜੀਵ ! ਤੂੰ ਭਾਵੇਂ ਬਹੁਤ ਤਰ੍ਹਾਂ ਦੇ ਜਤਨ ਕਰਦਾ ਹੈਂ। ਪਰ ਇਹ ਦੱਸ ਇਕ ਨਾਮ ਤੋਂ ਬਿਨਾਂ ਸਿੱਧੀ ਕਿਥੋਂ ਲਵੇਂਗਾ।

ਅਥਵਾ:-ਕਿਥੋਂ ਤਕ ਕਾਰਜ ਦੀ ਸਿੱਧੀ ਲਵੇਂਗਾ।

ਯਾਹੂ ਜਤਨ ਕਰਿ ਹੋਤ ਛੁਟਾਰਾ॥ ਉਆਹੂ ਜਤਨ ਸਾਧ ਸੰਗਾਰਾ॥

ਯਾਹੂ=ਜਿਸ ਜਤਨ ਕਰਕੇ ਤੇਰਾ ਛੁਟਕਾਰਾ ਹੋਣਾ ਹੈ।

ਉਆਹੂ=ਉਹ ਜਤਨ ਸੰਤਾਂ ਦੇ ਸੰਗ ਵਿਚੋਂ ਪ੍ਰਾਪਤ ਹੁੰਦਾ ਹੈ।

ਯਾ ਉਬਰਨ ਧਾਰੈ ਸਭੁ ਕੋਊ॥ ਉਆਹਿ ਜਪੇ ਬਿਨੁ ਉਬਰ ਨ ਹੋਊ॥

ਯਾ=ਐਵੇਂ ਉਧਰਨਾ ਸਭ ਕੋਈ ਧਾਰਦਾ ਹੈ। ਪਰ ਉਸ ਪਰਮੇਸ਼ਰ ਦੇ ਨਾਮ ਜਪੇ ਬਿਨਾਂ ਤਰਨਾ ਨਹੀਂ ਹੁੰਦਾ। *ਯਥਾ:*-ਕਲਗੀਧਰ ਜੀ ਨੇ ਕਿਹਾ ਹੈ:-

ਹਾਥਿ ਹਲਾਏ ਸੁਰਗ ਨ ਜਾਹੂ॥ ਜੋ ਮਨੁ ਜੀਤ ਸਕਾ ਨਹੀ ਕਾਹੂ॥ *(ਦਸਮ ਗ੍ਰੰਥ, ਪੰਨਾ ੫੯)*

ਹੱਥਾਂ ਦੇ ਹਿਲਾਣ ਨਾਲ ਸੁਰਗ ਵਿਚ ਨਹੀਂ ਜਾ ਸਕਦਾ। ਏਸੇ ਤਰ੍ਹਾਂ ਜਪ ਤਪ ਆਦਿਕ ਸਾਧਨ ਕੀਤੇ ਬਿਨਾਂ ਸੰਸਾਰ ਤੋਂ ਤਰ ਨਹੀਂ ਸਕਦਾ। *ਅਥਵਾ:*-ਯਾ=ਇਸ ਸੰਸਾਰ ਤੋਂ ਤਰਨ ਦੀ ਇੱਛਾ ਨੂੰ ਸਭ ਕੋਈ ਧਾਰਦਾ ਹੈ। ਪਰ ਉਸ ਦੇ ਜਪੇ ਤੋਂ ਬਿਨਾਂ ਤਰਨਾ ਨਹੀਂ ਹੁੰਦਾ।

ਯਾਹੂ ਤਰਨ ਤਾਰਨ ਸਮਰਾਥਾ॥ ਰਾਖਿ ਲੇਹੁ ਨਿਰਗੁਨ ਨਰਨਾਥਾ॥

ਹੇ ਸਮਰਥ ਪਰਮਾਤਮਾ ਯਾਹੂ=ਇਸ ਸੰਸਾਰ ਸਮੁੰਦਰ ਤੋਂ ਤਾਰਨੇ ਨੂੰ ਆਪ ਤਰਨ=ਜਹਾਜ਼ ਰੂਪ ਹੋ।
ਹੇ ਨਰਾਂ ਦੇ ਨਾਥਾ=ਸੁਆਮੀ ਪਰਮਾਤਮਾ ! ਮੈਂ ਨਿਰਗੁਣ ਜੀਵ ਨੂੰ ਰਖ ਲੈਣਾ ਕਰੋ।

ਮਨ ਬਚ ਕ੍ਰਮ ਜਿਹ ਆਪਿ ਜਨਾਈ॥
ਨਾਨਕ ਤਿਹ ਮਤਿ ਪ੍ਰਗਟੀ ਆਈ॥ ੪੩॥

ਮਨ ਬਚ ਕ੍ਰਮ=ਮਨ ਬਾਣੀ ਸਰੀਰ ਕਰਕੇ ਜਿਸਨੂੰ ਆਪ ਜੀ ਨੇ ਭਗਤੀ
ਅਥਵਾ:-ਬ੍ਰਹਮ ਵਿਦਿਆ ਵਾਲੀ ਗਲ ਜਣਾਈ ਹੈ।
ਗੁਰੂ ਜੀ ਕਥਨ ਕਰਦੇ ਹਨ ਤਿਸ ਦੀ ਸ੍ਰੇਸ਼ਟ ਬੁੱਧੀ ਪ੍ਰਗਟ ਹੋ ਆਈ ਹੈ॥ ੪੩॥

ਸਲੋਕੁ॥ ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥

ਹੇ ਭਾਈ ! ਸਾਰਿਆਂ ਨੂੰ ਆਪਣਾ ਆਪ ਸਰੂਪ ਵਿਚਾਰ ਕੇ ਕਿਸੇ ਨਾਲ ਰੋਸੁ=ਗੁੱਸਾ ਨ ਕਰ।

ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥ ੧॥

ਨਿਮਾਣਾ ਹੋ ਕੇ ਸੰਸਾਰ ਵਿਚ ਰਹਿਣਾ ਕਰ, ਗੁਰੂ ਜੀ ਕਥਨ ਕਰਦੇ ਹਨ
ਤਾਂ ਨਦਰੀ=ਪਰਮਾਤਮਾ ਕਿਰਪਾ ਦ੍ਰਿਸ਼ਟੀ ਕਰਕੇ ਤੈਨੂੰ ਪਾਰ ਲੰਘਾਏਗਾ॥ ੧॥

ਪਉੜੀ ॥ ਰਾਰਾ ਰੇਨ ਹੋਤ ਸਭ ਜਾ ਕੀ ॥ ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥

ਰਾਰੇ ਦੁਆਰਾ ਕਥਨ ਕਰਦੇ ਹਨ ਸਾਰੇ ਜੀਵ ਜਾ ਕੀ=ਜਿਸ ਪਰਮਾਤਮਾ ਦੀ ਧੂੜੀ ਹੁੰਦੇ ਹਨ। ਤੂੰ ਭੀ ਅਭਿਮਾਨ ਨੂੰ ਤਿਆਗ ਕੇ ਉਸ ਦੀ ਚਰਨ ਧੂੜੀ ਹੋ ਜਾ ਤਾਂ ਤੇਰੀ ਕਰਮਾਂ ਦੀ ਬਾਕੀ ਛੁਟ ਜਾਏਗੀ। ਵਾ:-ਸਭ ਜਾ=ਜਗ੍ਹਾਂ ਦੀ ਚਰਨ ਧੂੜ ਹੋ ਜਾ। ਅਤੇ ਅਭਿਮਾਨ ਨੂੰ ਤਿਆਗ ਦੇ ਤਾਂ ਤੇਰੀ ਕਰਮਾਂ ਦੀ ਬਾਕੀ ਛੁਟ ਜਾਏਗੀ।

ਰਣਿ ਦਰਗਹਿ ਤਉ ਸੀਝਹਿ ਭਾਈ ॥ ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥

ਹੇ ਭਾਈ! ਜੇਕਰ ਤੂੰ ਗੁਰਾਂ ਦੁਆਰੇ ਰਾਮ ਨਾਮ ਵਿਚ ਲਿਵ ਲਗਾ ਕੇ ਕਾਮ ਆਦਿਕਾਂ ਦੇ ਨਾਲ ਰਣਿ=ਜੁਧ ਕਰਨਾ ਪਾਵੇਂ, ਤਦ ਅੰਤਹਕਰਣ ਰੂਪੀ ਜਗ੍ਹਾ ਦੇ ਅੰਦਰ ਹੀ ਸੀਝਹਿ=ਕਲਿਆਣ ਹੋਵੇਂਗਾ।

ਵਾ:-ਹੇ ਭਾਈ ''ਰਣਿ ਗਹਿ ਦਰ''=ਜੁਧ ਭੂਮਿਕਾ ਅੰਦਰ ਤਾ ਤੂੰ ਸੀਝਹਿ=ਜਿਤੇਂਗਾ।

ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥

ਅਪਾਰਾ=ਬਿਅੰਤ ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲੇ ਪੂਰੇ ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਰਹਿੰਦੇ ਰਹਿੰਦੇ ਵਿਕਾਰ ਮੂਲੋਂ ਹੀ ਰਹਿ ਜਾਂਦੇ ਹਨ।

ਅਥਵਾ:-ਪੂਰਿਆਂ ਗੁਰਾਂ ਦਾ ਸ਼ਬਦ ਜੋ ਅਪਾਰ ਦੀ ਪ੍ਰਾਪਤੀ ਕਰਨ ਵਾਲਾ ਹੈ,

ਤਿਸਦੀ ਰਹਿਣੀ ਵਿਚ ਰਹਿਣ ਕਰਕੇ ਰਹਿ ਜਾਹਿ ਬਿਕਾਰਾ=ਵਿਸ਼ੇ ਵਿਕਾਰ ਰਹਿ ਜਾਂਦੇ ਹਨ। ਜੇਕਰ ਐਸੀ ਰਹਿਣੀ ਦੇ ਧਾਰਨ ਵਲੋਂ ਰਹਿ ਜਾਵੇ ਭਾਵ ਨਾ ਧਾਰੇ ਤਾਂ ਵਿਕਾਰ ਇਸ ਦੇ ਅੰਦਰ ਖੜੇ ਰਹਿੰਦੇ ਹਨ।

ਰਾਤੇ ਰੰਗ ਨਾਮ ਰਸ ਮਾਤੇ ॥ ਨਾਨਕ ਹਰਿ ਗੁਰ ਕੀਨੀ ਦਾਤੇ ॥ ੪੪ ॥

ਜੋ ਪ੍ਰੇਮ ਰੰਗ ਵਿਚ ਰਤੇ ਹਨ ਓਹੀ ਨਾਮ ਰਸ ਵਿਚ ਮਾਤੇ=ਮਸਤ ਹੋਏ ਹਨ।

ਗੁਰੂ ਜੀ ਕਥਨ ਕਰਦੇ ਹਨ ਇਹ ਦਾਤ ਹਰੀ ਸਰੂਪ ਗੁਰਾਂ ਨੇ ਹੀ ਦੇਣਾ ਕੀਤਾ ਹੈ॥ ੪੪ ॥

ਸਲੋਕੁ ॥ ਲਾਲਚ ਝੂਠ ਬਿਖੈ ਬਿਆਧਿ ਇਆ ਦੇਈ ਮਹਿ ਬਾਸ ॥

ਲਾਲਚ, ਝੂਠ, ਵਿਸ਼ੇ ਵਿਕਾਰ, ਬਿਆਧਿ=ਦੁੱਖ ਵਾ:-ਝੂਠੇ ਪਦਾਰਥਾਂ ਦਾ ਲਾਲਚ, ਤੇ ਬਿਆਧਿ=ਰੋਗ ਰੂਪ ਜੋ ਵਿਸ਼ੇ ਹਨ ਇਹ ਸਾਰੇ ਇਸ ਦੇਹੀ ਦੇ ਵਿਚ ਵਸ ਰਹੇ ਹਨ।

ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਜਿਸ ਗੁਰਮੁਖ ਨੇ ਗੁਰਾਂ ਦੁਆਰੇ ਹਰਿ ਹਰਿ ਦਾ ਨਾਮ ਅੰਮ੍ਰਿਤ ਪੀਤਾ ਹੈ ਉਸ ਦਾ ਸੁਖਾਂ ਵਿਚ ਨਿਵਾਸ ਹੁੰਦਾ ਹੈ॥ ੧ ॥

ਪਉੜੀ ॥ ਲਲਾ ਲਾਵਉ ਅਉਖਧ ਜਾਹੂ ॥ ਦੂਖ ਦਰਦ ਤਿਹ ਮਿਟਹਿ ਖਿਨਾਹੂ ॥

ਲੱਲੇ ਦੁਆਰਾ ਕਥਨ ਕਰਦੇ ਹਨ, ਜਿਸ ਨੂੰ ਗੁਰੂ ਰੂਪੀ ਵੈਦ ਨਾਮ ਰੂਪੀ ਦਵਾਈ ਲਗਾਂਵਦੇ ਹਨ। ਤਿਸ ਪੁਰਸ਼ ਦੇ ਦੁੱਖ ਜਨ ਦਰਦ ਇੱਕ ਖਿਨ ਵਿਚ ਮਿਟ ਜਾਂਦੇ ਹਨ।

ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀ ਆਵੈ ॥

ਨਾਮ ਰੂਪ ਔਸ਼ਧੀ ਭਾਵ ਦਵਾਈ ਜਿਸ ਦੇ ਦਿਲ ਵਿਚ ਹਿਤਾਵੈ=ਪਿਆਰੀ ਭਾਵ ਚੰਗੀ ਲਗਦੀ ਹੈ।

ਅਥਵਾ:-ਨਾਮ ਰੂਪ ਔਸ਼ਧੀ ਜਿਸ ਦੇ ਹਿਰਦੇ ਵਿਚ ਹਿਤ ਕਰਕੇ ਆਉਂਦੀ ਹੈ। ਉਸ ਦੇ ਨੇੜੇ ਸੁਪਨੇ ਵਿਚ ਵਾ:-ਕਦਾਚਿਤ ਭੀ ਰੋਗ ਨਹੀਂ ਆਉਂਦਾ।

ਹਰਿ ਅਉਖਧੁ ਸਭ ਘਟ ਹੈ ਭਾਈ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ॥

ਹੇ ਭਾਈ ! ਔਸ਼ਧੀ ਰੂਪ ਹਰੀ ਸਭ ਦੇ ਹਿਰਦੇ ਵਿਚ ਹੈ। ਪਰ ਪੂਰਿਆਂ ਗੁਰਾਂ ਤੋਂ ਬਿਨਾਂ ਉਸ ਦੇ ਪਾਉਣ ਦੀ ਜੁਗਤੀ ਕਿਸੀ ਨੇ ਨਹੀਂ ਬਣਾਈ।

ਗੁਰਿ ਪੂਰੈ ਸੰਜਮੁ ਕਰਿ ਦੀਆ॥ ਨਾਨਕ ਤਉ ਫਿਰਿ ਦੂਖ ਨ ਥੀਆ॥ ੪੫॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਪੂਰਿਆਂ ਗੁਰਾਂ ਨੇ ਇੰਦ੍ਰੀਆਂ ਦੇ ਦਮਨ ਕਰਨੇ ਰੂਪੀ ਸੰਜਮੁ=ਪੱਥ ਕਰਨਾ ਦੱਸ ਦਿੱਤਾ। ਤਦ ਤੋਂ ਫਿਰ ਕਦੇ ਭੀ ਦੁੱਖ ਨਹੀਂ ਹੋਇਆ॥ ੪੫॥

ਸਲੋਕੁ॥ ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥
ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ॥ ੧॥

ਹੇ ਭਾਈ ! ਵਾਸੁਦੇਵ=ਪਰਮਾਤਮਾ ਸਾਰਿਆਂ ਵਿਚ ਪੂਰਨ ਹੈ, ਕਿਸੀ ਜਗ੍ਹਾ ਤੇ ਊਣਾ ਨਹੀਂ ਹੈ। ਅੰਦਰ ਬਾਹਰ ਸਾਰਿਆਂ ਦੇ ਨਾਲ ਰਹਿੰਦਾ ਹੈ, ਗੁਰੂ ਜੀ ਕਥਨ ਕਰਦੇ ਹਨ-ਉਸ ਪਾਸੋਂ ਕਿਸੀ ਨੇ ਕੀ ਛਪਾ ਕਰਨਾ ਹੈ। ਵਾ:-ਕਿਸ ਗੱਲ ਦਾ ਲੁਕਾਉ ਕਰਨਾ ਹੈ॥ ੧॥

ਪਉੜੀ॥ ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥

ਵੱਵੇ ਦੁਆਰਾ ਕਥਨ ਕਰਦੇ ਹਨ, ਕਿਸੇ ਨਾਲ ਵੀ ਵੈਰ ਨ ਕਰੀਏ।

ਕਿਉਂਕਿ ਸਾਰਿਆਂ ਘਟਾਂ ਘਟਾਂ ਦੇ ਅੰਦਰ ਬ੍ਰਹਮ ਸਮਾ ਰਿਹਾ ਹੈ।

ਵਾਸੁਦੇਵ ਜਲ ਥਲ ਮਹਿ ਰਵਿਆ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ॥

ਵਾਸੁਦੇਵ=ਪਰਮਾਤਮਾ ਜਲਾਂ ਥਲਾਂ ਵਿਚ ਸਾਰੇ ਰਵਿਆ=ਪੂਰਨ ਹੋ ਰਿਹਾ ਹੈ। ਪਰ ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰ੍ਲੇ ਨੇ ਹੀ ਉਸ ਨੂੰ ਗਾਵਿਆ ਹੈ, ਵਾ:-ਗਵਿਆ=ਜਾਣਿਆ ਹੈ, ਵਾ:-ਕਿਸੇ ਵਿਰਲੇ ਨੇ ਹੀ ਉਸ ਦੀ ਤਰਫ ਗਵਿਆ=ਗਵਨ ਭਾਵ ਚਲਣਾ ਕੀਤਾ ਹੈ।

ਵੈਰ ਵਿਰੋਧ ਮਿਟੇ ਤਿਹ ਮਨ ਤੇ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ॥

ਉਨ੍ਹਾਂ ਦੇ ਮਨ ਵਿਚੋਂ ਅਨਾਦੀ ਕਾਲ ਦਾ ਵੈਰ ਅਤੇ ਉਪਰ ਤੋਂ ਪਿਆ ਹੋਇਆ ਵਿਰੋਧ ਮਿਟ ਜਾਂਦਾ ਹੈ। ਜੋ ਗੁਰਮੁਖ ਗੁਰਾਂ ਦੁਆਰੇ ਹਰੀ ਦੇ ਕੀਰਤਨ ਨੂੰ ਸੁਣਦੇ ਹਨ।

[ਪੰਨਾ ੨੬੦]

ਵਰਨ ਚਿਹਨ ਸਗਲਹ ਤੇ ਰਹਤਾ॥
ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ॥ ੪੬॥

ਗੁਰੂ ਜੀ ਕਕਨ ਕਰਦੇ ਹਨ-ਜੋ ਗੁਰਮੁਖ ਗੁਰਾਂ ਦੁਆਰੇ ਹਰਿ ਹਰਿ ਨਾਮ ਨੂੰ ਕਥਨ ਕਰਦਾ ਹੈ। ਉਹ ਗੁਰਮੁਖ ਵਰਨ, ਚਿੰਨ੍ਹ, ਜਾਤ, ਰੰਗ, ਭੇਖ ਆਦਿਕ ਸਾਰਿਆਂ ਚਿੰਨ੍ਹਾਂ ਤੋਂ ਰਹਿਤ ਹੋ ਜਾਂਦਾ ਹੈ॥ ੪੬॥

ਸਲੋਕੁ ॥ ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥

ਮੂਰਖ ਅਨਜਾਣ ਸਾਕਤਾਂ ਦੀ ਉਮਰਾ ਮੈਂ ਮੈਂ ਕਰਦਿਆਂ ਹੀ ਬਿਹਾਨੀਆ=ਬਤੀਤ ਹੁੰਦੀ ਹੈ।

ਝੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਹ ਸਾਕਤ ਆਪਣੇ ਪੂਰਬਲੇ ਕਰਮਾਂ ਦੇ ਕਮਾਏ ਅਨੁਸਾਰ ਇਸ ਤਰ੍ਹਾਂ ਝੜਕਿ=ਤੜਫਕੇ, ਅੱਡੀਆਂ ਖੇਰੇ ਮਾਰ ਕੇ ਮਰ ਜਾਂਦੇ ਹਨ। ਜਿਸ ਤਰ੍ਹਾਂ ਬਨ ਵਿਚ ਤ੍ਰਿਖਾਵੰਤ=ਤ੍ਰਿਹਾਇਆ ਪੁਰਸ਼ ਤੜਫ ਕੇ ਮਰ ਜਾਂਦਾ ਹੈ॥ ੧ ॥

ਪਉੜੀ ॥ ਝਾੜਾ ਝਾੜਿ ਮਿਟੈ ਸੰਗਿ ਸਾਧੂ ॥ ਕਰਮ ਧਰਮ ਤਤੁ ਨਾਮ ਅਰਾਧੂ ॥

ਝਾੜੇ ਦੁਆਰਾ ਕਥਨ ਕਰਦੇ ਹਨ, ਸਾਧੂਆਂ ਦੇ ਸੰਗ ਕਰਕੇ ਜਨਮ ਮਰਨ ਦਾ ਝਾੜਿ=ਝਗੜਾ ਮਿਟ ਜਾਂਦਾ ਹੈ। ਕਿਉਂਕਿ ਸੰਤਾਂ ਦੇ ਸੰਗ ਕਰਕੇ ਸਭ ਕਰਮਾਂ ਧਰਮਾਂ ਦਾ ਤਤੁ=ਸਿਧਾਂਤ ਰੂਪ ਪਰਮੇਸ਼ਰ ਦਾ ਨਾਮ ਅਰਾਧੀਦਾ ਹੈ।

ਰੂੜੋ ਜੇਹ ਬਸਿਓ ਰਿਦ ਮਾਹੀ ॥ ਉਆ ਕੀ ਝਾੜਿ ਮਿਟਤ ਬਿਨਸਾਹੀ ॥

ਰੂੜੋ=ਸੁੰਦਰ ਪਰਮਾਤਮਾ ਜਿਸ ਦੇ ਹਿਰਦੇ ਵਿਚ ਵਸਿਆ ਹੈ। ਉਸ ਦੀ ਬਿਨਸਾਹੀ=ਬਿਨਸਨੇ ਵਾਲੀ ਝਾੜਿ=ਝਗੜਤਾਈ ਮਿਟ ਜਾਂਦੀ ਹੈ।

ਅਥਵਾ:-ਉਸ ਦੀ ਝਗੜਤਾਈ ਮਿਟ ਜਾਂਦੀ ਹੈ ਤੇ ਸਾਹੀ=ਕਲੰਕ ਤੋਂ ਬਿਨਾਂ ਹੋ ਜਾਂਦਾ ਹੈ, *ਅਥਵਾ:*-ਜੀਵ ਦੀ ਸ਼ਾਹੀ ਜੋ ਅਲਪੱਗਤਾ ਤੇ ਅਵਿਦਿਆ ਹੈ ਉਸ ਤੋਂ ਬਿਨਾਂ ਹੋ ਜਾਂਦਾ ਹੈ। *ਅਥਵਾ:*-ਬਿਨਸਾਹੀ=ਸ਼ੀਘਰ ਹੀ ਉਸ ਦੀ ਝਾੜਿ=ਲੜਾਈ ਮਿਟ ਜਾਂਦੀ ਹੈ।

ਝਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥

ਸਾਕਤ ਜੋ ਮੂਰਖ ਹੈ ਉਹ ਝਾੜਿ=ਝਗੜਤਾਈ ਕਰਦਾ ਹੈ। ਜਿਸ ਦੇ ਹਿਰਦੇ ਵਿਚ ਵਿਕਾਰਾਂ ਦੀ ਉਤਪਤੀ ਕਰਨ ਵਲੀ ਹੰਗਤਾ ਵਾਲੀ ਬੁੱਧੀ ਹੈ।

ਝਾੜਾ ਗੁਰਮੁਖਿ ਝਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥ ੪੭ ॥

ਝਾੜੇ ਦੁਆਰਾ ਕਥਨ ਕਰਦੇ ਹਨ ਗੁਰਮੁਖਾਂ ਨੇ ਝਾੜਿ=ਝਗੜਤਾਈ ਦੂਰ ਕੀਤੀ ਹੈ। ਗੁਰੂ ਜੀ ਕਥਨ ਕਰਦੇ ਹਨ, ਗੁਰਮੁਖਾਂ ਨੂੰ ਇਕ ਨਿਮਖ ਵਿਚ ਤਤ ਸਰੂਪ ਦੀ ਸਮਝ ਆ ਗਈ ਹੈ॥ ੪੭ ॥

ਸਲੋਕੁ ॥ ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥

ਹੇ ਮਨ ! ਤੂੰ ਸੰਤਾਂ ਦੀ ਓਟ ਗ੍ਰਹਿਣ ਕਰ, ਉਕਤਿ=ਬਾਣੀ ਦੀ ਚਤੁਰਾਈ ਅਤੇ ਬੁੱਧੀ ਦੀ ਸਿਆਣਪ ਤਿਆਗ ਦੇ।

ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਮਨ ਵਿਚ ਗੁਰਸਿੱਖਿਆ ਵਸਦੀ ਹੈ, ਉਸ ਦੇ ਮੱਥੇ ਦੇ ਸ੍ਰੇਸ਼ਟ ਭਾਗ ਹਨ॥ ੧ ॥

ਪਉੜੀ॥ ਸਸਾ ਸਰਨਿ ਪਰੇ ਅਬ ਹਾਰੇ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ॥

ਸੱਸੇ ਦੁਆਰਾ ਕਥਨ ਕਰਦੇ ਹਨ, ਹੁਣ ਹਾਰਕੇ ਉਸ ਪ੍ਰਭੂ ਦੀ ਸ਼ਰਨ ਵਿਚ ਪਏ ਹਾਂ।

ਜਿਸ ਪ੍ਰਭੂ ਦੇ ਜਸ ਨੂੰ ਛੇ ਸ਼ਾਸਤ੍ਰ, ਸਤਾਈ ਸਿੰਮ੍ਰਤੀਆਂ, ਚਾਰ ਵੇਦ ਪੁਕਾਰਦੇ ਹਨ।

ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥

ਸੋਧਿਆ ਹੈ ਮਨ ਕਰਕੇ, ਸੋਧਿਆ ਹੈ ਬਾਣੀ ਕਰਕੇ, ਸੋਧਕੇ ਵਿਚਾਰਿਆ ਹੈ ਤਨ ਕਰਕੇ। ਅਥਵਾ:-ਵੇਦਾਂ ਨੂੰ ਸੋਧਿਆ, ਸ਼ਾਸਤ੍ਰਾਂ ਨੂੰ ਸੋਧਿਆ, ਪੁਰਾਣਾਂ ਨੂੰ ਸੋਧਿਆ, ਸਿੰਮ੍ਰਤੀਆਂ ਨੂੰ ਵਿਚਾਰਿਆ ਸਾਰੇ ਏਹੋ ਕਥਨ ਕਰਦੇ ਹਨ ਕਿ ਹਰੀ ਭਜਨ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ।

ਅਥਵਾ:-ਜਿਨ੍ਹਾਂ ਸੰਤਾਂ ਨੇ ਉਸ ਦੀ ਸੋਧ ਨੂੰ ਸੋਧਿਆ ਹੈ ਉਨ੍ਹਾਂ ਦੁਆਰੇ ਅਸਾਂ ਨੇ ਭੀ ਸੋਧਕੇ ਵਿਚਾਰਿਆ ਹੈ ਕਿ ਹਰੀ ਭਜਨ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ।

ਸਾਸਿ ਸਾਸਿ ਹਮ ਭੂਲਨਹਾਰੇ॥ ਤੁਮ ਸਮਰਥ ਅਗਨਤ ਅਪਾਰੇ॥

ਅਸੀਂ ਸ੍ਵਾਸ ਸ੍ਵਾਸ ਭੁਲਣ ਵਾਲੇ ਹਾਂ,

ਆਪ ਸਮਰਥ ਹੋ, ਅਨਗਿਣਤ ਮਹਿਮਾ ਤੇ ਅਪਾਰ ਗੁਣਾਂ ਵਾਲੇ ਹੋ।

ਸਰਨਿ ਪਰੇ ਕੀ ਰਾਖੁ ਦਇਆਲਾ॥ ਨਾਨਕ ਤੁਮਰੇ ਬਾਲ ਗੁਪਾਲਾ॥ ੪੮॥

ਗੁਰੂ ਜੀ ਕਥਨ ਕ਼ਰਦੇ ਹਨ, ਹੇ ਦਿਆਲੂ ਪਰਮਾਤਮਾ ! ਸ਼ਰਣ ਪਏ ਦੀ ਲੱਜਾ ਰਖੋ ਅਸੀਂ ਆਪ ਜੀ ਦੇ ਗੁਪਾਲਾ=ਛੋਟੇ ਬਾਲਕੇ ਹਾਂ॥ ੪੮॥

ਸਲੋਕੁ॥ ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥

ਜਦ ਖੁਦੀ=ਹੰਗਤਾ ਵਾ:-ਇੱਛਿਆ ਦੂਰ ਹੋਈ, ਤਦ ਹੀ ਸੁਖ ਪ੍ਰਾਪਤ ਹੋਏ

ਅਤੇ ਮਨ ਤਨ ਦੋਨੋਂ ਅਰੋਗ=ਰੋਗਾਂ ਤੋਂ ਰਹਿਤ ਹੋ ਗਏ ਹਨ।

ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ॥ ੧॥

ਗੁਰੂ ਜੀ ਕਥਨ ਕਰਦੇ ਹਨ-ਸਭ ਕਰਕੇ ਉਸਤਤੀ ਕਰਨੇ ਯੋਗ ਪਰਮਾਤਮਾ ਦ੍ਰਿਸਟੀ=ਨਿਗਾਹ ਆ ਗਿਆ ਹੈ॥ ੧॥

ਪਉੜੀ॥ ਖਖਾ ਖਰਾ ਸਰਾਹਉ ਤਾਹੂ॥ ਜੋ ਖਿਨ ਮਹਿ ਊਨੇ ਸੁਭਰ ਭਰਾਹੂ॥

ਖੱਬੇ ਦੁਆਰਾ ਕਥਨ ਕਰਦੇ ਹਨ, ਤਿਸ ਪਰਮਾਤਮਾ ਨੂੰ ਖਰਾ=ਚੰਗੀ ਤਰ੍ਹਾਂ ਸਲਾਹੁਣਾ ਕਰੋ।

ਅਥਵਾ:-ਉਸ ਦਾ ਸਲਾਹਣਾ ਸਭ ਤੋਂ ਖਰਾ=ਚੰਗਾ ਹੈ। ਜੋ ਪਰਮਾਤਮਾ ਇਕ ਖਿਨ ਵਿਚ ਊਨੇ= ਸਖਣਿਆਂ ਨੂੰ ਸੁਭਰ=ਲਬਾਲਬ ਅਰਥਾਤ ਨਕੋ-ਨਕ ਭਰ ਦੇਂਦਾ ਹੈ।

ਖਰਾ ਨਿਮਾਨਾ ਹੋਤ ਪਰਾਨੀ॥ ਅਨਦਿਨੁ ਜਾਪੈ ਪ੍ਰਭ ਨਿਰਬਾਨੀ॥

ਜਦੋਂ ਇਹ ਜੀਵ ਝੂਠੇ ਮਾਣ ਵਲੋਂ ਚੰਗਾ ਨਿਰਮਾਨ ਹੁੰਦਾ ਹੈ।

ਅਤੇ ਰਾਤ ਦਿਨੇ ਨਿਰਬਾਨੀ=ਨਿਰਬੰਧ ਪ੍ਰਭੂ ਨੂੰ ਜਾਪੈ=ਜਪਦਾ ਹੈ।

ਭਾਵੈ ਖਸਮ ਤ ਉਆ ਸੁਖੁ ਦੇਤਾ ॥ ਪਾਰਬ੍ਰਹਮੁ ਐਸੋ ਆਗਨਤਾ ॥

ਜੇਕਰ ਪ੍ਰਭੂ ਨੂੰ ਉਹ ਨਿਰਮਾਨ ਰਹਿਣ ਵਾਲਾ ਪੁਰਸ਼ ਪਾ ਜਾਵੇ, ਤਾਂ ਮਾਲਕ ਉਸਨੂੰ ਸੁਖ ਦੇਂਦਾ ਹੈ। ਪਾਰਬ੍ਰਹਮ ਪਰਮੇਸ਼ਰ ਐਸਾ ਅਨਗਿਣਤ ਹੈ, ਅਰਥਾਤ ਬਖਸ਼ਿੰਦਾ ਹੈ ਜੋ ਨਾਮ ਜਪਣ ਵਾਲਿਆਂ ਨਾਲ ਹਿਸਾਬ ਨਹੀਂ ਗਿਣਦਾ।

ਅਸੰਖ ਖਤੇ ਖਿਨ ਬਖਸਨਹਾਰਾ ॥ ਨਾਨਕ ਸਾਹਿਬ ਸਦਾ ਦਇਆਰਾ ॥ ੪੯ ॥

ਅਸੰਖ ਖਤੇ=ਅਨਗਿਣਤ ਗੁਨਾਹਾਂ ਨੂੰ ਇਕ ਖਿਨ ਵਿਚ ਬਖਸ਼ਣੇ ਵਾਲਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਹ ਸਾਹਿਬ ਸਦਾ ਦਿਆਲੂ ਹੈ॥ ੪੯ ॥

ਸਲੋਕੁ ॥ ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥

ਹੇ ਮੇਰੇ ਮਨ=ਪਿਆਰੇ ! ਮੈਂ ਸੱਚ ਕਹਿੰਦਾ ਹਾਂ ਤੂੰ ਸੁਣ, ਹਰੀ ਰਾਜੇ ਦੀ ਸ਼ਰਣੀ ਪੈ ਜਾ।

ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥ ੧ ॥

ਉਕਤਿ=ਬਾਣੀ ਦੀ ਚਤੁਰਾਈ ਅਤੇ ਬੁੱਧੀ ਦੀ ਸਿਆਣਪ ਸਾਰੀ ਛੱਡ ਦੇ, ਤਾਂ ਵਾਹਿਗੁਰੂ ਤੈਨੂੰ ਆਪਣੇ ਨਾਲ ਸਮਾਇ=ਮੇਲ ਲਏਗਾ ਅਰਥਾਤ ਅਭੇਦ ਕਰ ਲਵੇਗਾ॥ ੧ ॥

ਪਉੜੀ ॥ ਸਸਾ ਸਿਆਨਪ ਛਾਡੁ ਇਆਨਾ ॥ ਹਿਕਮਤਿ ਹੁਕਮਿ ਨ ਪ੍ਰਭੂ ਪਤੀਆਨਾ ॥

ਸਸੇ ਅੱਖਰ ਦੁਆਰਾ ਕਥਨ ਕਰਦੇ ਹਨ-ਹੇ ਇਆਨਾ=ਅਗਿਆਨ ਜੀਵ ! ਤੂੰ ਆਪਣੀ ਸਿਆਣਪ ਕਰਨੀ ਛੱਡ ਦੇ। ਹਿਕਮਤਾਂ ਨਾਲ ਤੇ ਹੁਕਮ ਨਾਲ ਪ੍ਰਭੂ ਨੂੰ ਕਿਸੀ ਨੇ ਨਹੀਂ ਪਤੀਆਨਾ=ਪ੍ਰਸੰਨ ਕੀਤਾ। ਅਥਵਾ:-ਕਿਸੇ ਦਾ ਪ੍ਰਭੂ ਉੱਤੇ ਭਰੋਸਾ ਨਹੀਂ ਹੁੰਦਾ।

ਸਹਸ ਭਾਂਤਿ ਕਰਹਿ ਚਤੁਰਾਈ ॥ ਸੰਗਿ ਤੁਹਾਰੈ ਏਕ ਨ ਜਾਈ ॥

ਜਿਹੜੀ ਤੂੰ ਹਜ਼ਾਰ ਤਰ੍ਹਾਂ ਦੀ ਚਤੁਰਾਈ ਕਰਦਾ ਹੈਂ।

ਅੰਤ ਨੂੰ ਉਨ੍ਹਾਂ ਵਿਚੋਂ ਤੇਰੇ ਨਾਲ ਇਕ ਭੀ ਨਹੀਂ ਜਾਣੀ।

ਸੋਊ ਸੋਊ ਜਪਿ ਦਿਨ ਰਾਤੀ ॥ ਰੇ ਜੀਅ ਚਲੈ ਤੁਹਾਰੈ ਸਾਥੀ ॥

ਮਨ ਕਰਕੇ ਸੋਊ=ਉਸ ਪਰਮਾਤਮਾ ਨੂੰ ਤੇ ਤਨ ਕਰਕੇ ਸੋਊ=ਉਸ ਪਰਮਾਤਮਾ ਨੂੰ ਰਾਤ ਦਿਨ ਜਪਣਾ ਕਰ। ਵਾ:-ਸੋਊ=ਸੋਭਨੀਕ ਜੋ ਸੋਊ=ਉਹ ਪਰਮੇਸ਼ਰ ਹੈ ਉਸਨੂੰ ਦਿਨ ਰਾਤੀ ਜਪਣਾ ਕਰ। ਵਾ:-ਸੋਊ=ਉਸ ਪਰਮਾਤਮਾ ਨੂੰ ਦਿਨੇ ਵੀ ਜਪਦਾ ਕਰ ਤੇ ਸੋਊ=ਉਸ ਪਰਮਾਤਮਾ ਨੂੰ ਰਾਤੀ ਵੀ ਜਪਣਾ ਕਰ। ਹੇ ਜੀਵ ! ਏਹੀ ਨਾਮ ਸਾਥੀ ਹੋ ਕੇ ਤੇਰੇ ਨਾਲ ਚਲੇਗਾ।

ਸਾਧ ਸੇਵਾ ਲਾਵੈ ਜਿਹ ਆਪੈ ॥ ਨਾਨਕ ਤਾ ਕਉ ਦੂਖੁ ਨ ਬਿਆਪੈ ॥ ੫੦ ॥

ਗੁਰੂ ਜੀ ਕਥਨ ਕਰਦੇ ਹਨ-ਪਰਮੇਸ਼ਰ ਆਪ ਜਿਸਨੂੰ ਸੰਤਾਂ ਦੀ ਸੇਵਾ ਵਿਚ ਲਾਉਂਦਾ ਹੈ, ਉਸਨੂੰ ਫਿਰ ਦੁੱਖ ਨਹੀਂ ਵਾਪਰਦਾ॥ ੫੦ ॥

ਸਲੋਕੁ ॥ ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥

ਮੂੰਹ ਨਾਲ ਹਰਿ ਹਰਿ ਨਾਮ ਬੋਲਣਾ ਕਰੇ, ਅਤੇ ਮਨ ਵਿਚ ਭੀ ਵਸਾਣਾ ਕਰੇ,

ਤਾਂ ਇਸਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਸਾਰਿਆਂ ਵਿਚ ਉਹ ਪ੍ਰਭੂ ਰਵ ਰਿਹਾ ਹੈ, ਥਾਨਾਂ ਅਤੇ ਥਨੰਤਰੀਆਂ ਵਿਚ ਭੀ ਓਹੀ ਵਾਹਿਗੁਰੂ ਹੈ॥ ੧॥

ਪਉੜੀ॥ ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ॥

ਸਾਰਿਆਂ ਦੇ ਘਟ ਘਟ ਵਿਚੋਂ ਵੇਖਣਾ ਕਰੋ, ਉਹ ਭਗਵਾਨ ਸਾਰੇ ਪਰੀਪੂਰਨ ਹੋ ਰਹੇ ਹਨ।

ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ॥

ਪਿਛੇ ਵੀ 'ਹੋਵਤ ਆਏ'=ਹੁੰਦੇ ਆਏ ਹਨ, ਹੁਣ ਵੀ ਸਦਾ ਹਨ, ਅੱਗੇ ਨੂੰ ਵੀ ਸਦੀਵ ਕਾਲ ਹੋਣਗੇ। ਉਸ ਦੁਖ ਭੰਜਨ=ਪਰਮਾਤਮਾ ਦਾ ਗਿਆਨ ਗੁਰਾਂ ਦੁਆਰੇ ਹੁੰਦਾ ਹੈ।

ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ॥

ਜਿਸ ਦੀ ਹੰਗਤਾ ਛੁਟ ਜਾਵੇ, ਤਿਸਨੂੰ ਆਨੰਦ ਹੁੰਦਾ ਹੈ, ਜਿਥੇ ਹੰਗਤਾ ਨਹੀਂ ਤਿਥੇ ਆਪ ਪ੍ਰਭੂ ਸਾਖਿਆਤਕਾਰ ਹੁੰਦਾ ਹੈ।

ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ॥

ਸੰਤਾਂ ਦੇ ਸੰਗ ਦੇ ਪਰਤਾਪ ਕਰਕੇ ਜਨਮ ਮਰਣ ਦੇ ਦੁੱਖ ਨਸ਼ਟ ਹੋ ਜਾਂਦੇ ਹਨ।

ਹਿਤ ਕਰਿ ਨਾਮ ਦ੍ਰਿੜੈ ਦਇਆਲਾ॥ ਸੰਤਹ ਸੰਗਿ ਹੋਤ ਕਿਰਪਾਲਾ॥

ਸੰਤਾਂ ਦੇ ਸੰਗ ਵਿਚ ਹਿਤ=ਪਰੇਮ ਕਰਕੇ ਦਿਆਲੂ ਦੇ ਨਾਮ ਨੂੰ ਦ੍ਰਿੜ੍ਹ ਕਰੇ ਤਾਂ ਉਹ ਵਾਹਿਗੁਰੂ ਕਿਰਪਾਲੂ ਹੁੰਦਾ ਹੈ।

[ਪੰਨਾ ੨੬੧]

ਓਰੈ ਕਛੂ ਨ ਕਿਨਹੂ ਕੀਆ॥ ਨਾਨਕ ਸਭੁ ਕਛੁ ਪ੍ਰਭ ਤੇ ਹੂਆ॥ ੫੧॥

ਪਰਮੇਸ਼ਰ ਤੋਂ ਉਰੇ ਅਰਥਾਤ ਉਸ ਦੀ ਸ਼ਕਤੀ ਤੋਂ ਬਾਹਰ ਕਿਸੀ ਨੇ ਕੁਝ ਨਹੀਂ ਕੀਤਾ। ਗੁਰੂ ਜੀ ਕਥਨ ਕਰਦੇ ਹਨ, ਸਭ ਕੁਝ ਪ੍ਰਭੂ ਤੋਂ ਹੋ ਰਿਹਾ ਹੈ॥ ੫੧॥

ਸਲੋਕੁ॥ ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥

ਸਨਮੁਖ ਬੇਨਤੀ ਕਰਦੇ ਹਨ ਕਰਮਾਂ ਦੇ ਹਿਸਾਬ ਕਰਨ ਨਾਲ ਕਦੇ ਵੀ ਛੁਟਕਾਰਾ ਨਹੀਂ ਹੁੰਦਾ, ਕਿਉਂਕਿ ਅਸੀਂ ਖਿਨ ਖਿਨ ਕਾਲ ਅਰਥਾਤ ਪੱਲ ਪੱਲ ਵਿਚ ਭੁੱਲਣਹਾਰ ਹਾਂ।

ਸਾਖੀ-ਲੇਖੈ ਕਤਹਿ ਨ ਛੂਟੀਐ

ਇਕ ਤਪੱਸ੍ਵੀ ਜੰਗਲ ਵਿਚ ਪੱਥਰ ਦੀ ਸਿਲਾ ਤੇ ਬੈਠਕੇ ਬੜਾ ਕਠਨ ਤਪ ਕਰ ਰਿਹਾ ਸੀ। ਤਪ ਕਰਦਿਆਂ ਕਰਦਿਆਂ ਕੁਝ ਸਮੇਂ ਤੋਂ ਬਾਅਦ ਉਸ ਨੂੰ ਆਪਣੇ ਤਪ ਦਾ ਬੜਾ ਹੰਕਾਰ ਹੋ ਗਿਆ ਤੇ ਭਗਵਾਨ ਨੂੰ ਆਖਦਾ ਹੈ ਮੇਰਾ ਅਦਲ ਕਰ। ਉਸ ਜੰਗਲ ਵਿਚ ਇਕ ਆਜੜੀ ਬਕਰੀਆਂ ਚਾਰਦਾ ਹੁੰਦਾ ਸੀ। ਆਜੜੀ ਪਰਮਾਤਮਾ ਅਗੇ ਬੇਨਤੀਆਂ ਕਰਦਾ ਰਹਿੰਦਾ ਸੀ ਕਿ-ਹੇ ਪ੍ਰਭੂ ਜੀਓ! ਮੇਰੇ ਪਰ ਫਜਲ ਕਰੋ ! ਕਿਉਂਕਿ ਲੇਖਾ ਕਰਕੇ ਤਾਂ ਇਹ ਜੀਵ ਕਦੇ ਛੁੱਟ ਹੀ ਨਹੀਂ ਸਕਦਾ। ਏਸੇ ਤਰ੍ਹਾਂ ਤਪੱਸ੍ਵੀ ਨੂੰ ਤਪ ਕਰਦਿਆਂ ਤੇ ਆਜੜੀ ਨੂੰ ਬੇਨਤੀਆਂ ਕਰਦਿਆਂ ਬਾਰਾਂ ਸਾਲ ਬਤੀਤ ਹੋ ਗਏ। ਬਾਰਾਂ ਸਾਲਾਂ ਪਿਛੋਂ ਭਗਵਾਨ ਉਨ੍ਹਾਂ ਦੀ ਤਪੱਸਿਆ ਤੇ ਪ੍ਰਸੰਨ ਹੋ ਕੇ ਪ੍ਰਗਟ ਹੋ ਗਏ ਤੇ ਤਪੱਸ੍ਵੀ ਨੂੰ ਕਿਹਾ ਵਰ ਮੰਗ, ਅਗੋਂ ਤਪੱਸ੍ਵੀ ਨੇ ਕਿਹਾ-ਮਹਾਰਾਜ ! ਮੈਂ ਬੜਾ ਕਠਨ ਤਪ ਕੀਤਾ ਹੈ ਮੇਰਾ ਅਦਲ (ਨਿਆਂ) ਕਰੋ। ਭਗਵਾਨ ਨੇ ਬਹੁਤ ਸਮਝਾਇਆ ਕਿ ਤੂੰ ਅਦਲ ਨ ਮੰਗ ਮੈਂ ਤੇਰਾ ਜਨਮ ਮਰਣ ਕਟਕੇ ਤੈਨੂੰ ਮੁਕਤ ਕਰ ਦਿੰਦਾ ਹਾਂ। ਪਰ ਉਹ ਮੁੜ ਮੁੜ ਕੇ ਅਦਲ (ਇਨਸਾਫ਼) ਹੀ ਮੰਗਦਾ ਰਿਹਾ। ਭਗਵਾਨ ਨੇ ਆਪਣੀ ਸ਼ਕਤੀ ਦੁਆਰੇ ਉਸ ਸਿਲਾ ਨੂੰ ਬੁਲਾਇਆ ਜਿਸ ਉੱਤੇ ਬੈਠ ਕੇ ਇਹ ਤਪ ਕਰਦਾ ਸੀ, ਸਿਲਾ ਝਟ ਹਾਜ਼ਰ ਹੋ ਗਈ ਪਰਮਾਤਮਾ ਨੇ ਸਿਲਾ ਨੂੰ ਪੁਛਿਆ ਤੂੰ ਕੀ ਚਾਹੁੰਦੀ ਹੈਂ? ਸਿਲਾ ਨੇ ਆਖਿਆ ਮੇਰਾ ਭੀ ਅਦਲ ਕਰੋ ਮੈਨੂੰ ਇਸ ਤਪੱਸਵੀ ਨੇ ਬੜਾ ਕਸ਼ਟ ਦਿੱਤਾ ਹੈ। ਇਹ ਬਾਰਾਂ ਸਾਲ ਭਾਰ ਪਾ ਕੇ ਮੇਰੇ ਉੱਤੇ ਬੈਠਾ ਰਿਹਾ ਹੈ। ਹੁਣ ਇਹ ਸਿਲਾ ਬਣੇ ਤੇ ਮੈਂ ਇਸ ਦੇ ਉੱਪਰ ਬਾਰਾਂ ਸਾਲ ਬੈਠ ਕੇ ਤਪ ਕਰਾਂ ਇਹ ਗੱਲ ਸੁਣਕੇ ਤੋਬਾ ਕਰ ਉਠਿਆ ਤੇ ਆਖਦਾ ਹੈ ਬਖਸ਼ ਲਓ ਬਖਸ਼ ਲਓ। ਗਿਣਤੀ ਕਰਨ ਨਾਲ ਕਦੇ ਛੁਟਕਾਰਾ ਨਹੀਂ ਹੋ ਸਕਦਾ। ਫਿਰ ਭਗਵਾਨ ਨੇ ਆਜੜੀ ਨੂੰ ਪੁਛਿਆ ਤੂੰ ਕੀ ਚਾਹੁੰਦਾ ਹੈਂ ?

ਆਜੜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਪ੍ਰਭੂ ਜੀ! ਮੈਂ ਅਲਪੱਗ ਪਾਪੀ ਜੀਵ ਆਪ ਜੀ ਨਾਲ ਲੇਖਾ ਕਰਕੇ ਕਦੇ ਵੀ ਨਹੀਂ ਛੁੱਟ ਸਕਦਾ। ਆਪ ਕ੍ਰਿਪਾ ਦੇ ਘਰ ਵਿਚ ਆਓ ਮੇਰੇ ਤੇ ਫਜਲ ਕਰੋ। ਉਸ ਦੀ ਬੇਨਤੀ ਸੁਣ ਕੇ ਭਗਵਾਨ ਜੀ ਬਹੁਤ ਪ੍ਰਸੰਨ ਹੋਏ, ਤੇ ਉਸਨੂੰ ਤਤਕਾਲ ਹੀ ਮੁਕਤ ਕਰ ਦਿਤਾ ਇਸ ਤੇ ਸਤਿਗੁਰ ਦੇਵ ਜੀ ਉਚਾਰਨ ਕਰਦੇ ਹਨ:- ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥

ਤਥਾ:- ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ॥ *(ਪੰਨਾ ੨੫੨)**

ਇਸ ਲਈ ਬੇਨਤੀ ਕਰਨ ਵਿਚ ਹੀ ਸੁਖ ਦੀ ਪ੍ਰਾਪਤੀ ਹੈ।

ਯਥਾ:- ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥ ੧॥ ਰਹਾਉ॥
ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥
ਲੇਖਾ ਛੋਡਿ ਅਲੇਖੈ ਛੁਟਹ ਹਮ ਨਿਰਗੁਨ ਲੇਹੁ ਉਬਾਰੀ॥ ੧॥

(ਟੋਡੀ ਮਹਲਾ ੫, ਪੰਨਾ ੭੧੩)

ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥ ੧॥

ਹੇ ਬਖਸ਼ਣਹਾਰ ਵਾਹਿਗੁਰੂ ! ਤੂੰ ਹੀ ਸਾਨੂੰ ਬਖਸ਼ ਲੈ, ਅਤੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਲੈ॥ ੧॥

**ਕਾਗਦ ਲੇਖਾ ਜਉ ਕਰਹੁ ਕਹਾ ਪੁਜਾਵੋ ਨਾਥ॥ ਔਗੁਣ ਮੇਰੇ ਬਖਸੀਐ ਮਾਥੇ ਧਰੀਐ ਹਾਥ॥*

ਪਉੜੀ॥ ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥

ਪਰਮੇਸ਼ਰ ਦਾ ਦਿੱਤਾ ਹੋਇਆ ਲੂਣ ਖਾ ਕੇ ਇਹ ਜੀਵ ਹਰਾਮੀ ਹੋ ਰਿਹਾ ਹੈ,

ਫਿਰ ਗੁਨਹਗਾਰ=ਔਗੁਣਾਂ ਦਾ ਘਰ ਹੈ। ਪੁਨਾ ਇਹ ਅਲਪ ਮਤਿ=ਤੁਛ ਬੁੱਧੀ ਵਾਲਾ ਜੀਵ ਬੇਗਾਨਾ= ਦਵੈਤ ਦੇ ਗਾਇਨ ਕਰਨ ਕਰਕੇ ਬੇਗਾਨਾ=ਬੇਗਿਆਤ।

ਵਾ:-ਬੇਗਾਨਾ=ਦੂਜਿਆਂ ਦਾ ਭਾਵ ਜਮਾਂ ਦਾ ਹੋ ਰਿਹਾ ਹੈ।

ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ॥

ਜਿਸ ਪਰਮੇਸ਼ਰ ਨੇ ਜੀਵ ਨੂੰ ਪਿੰਡ ਅਤੇ ਸੁਖ ਆਦਿਕ ਦਿੱਤੇ ਹੋਏ ਹਨ,

ਤਿਸ ਤਤ=ਸਿਧਾਂਤ ਰੂਪ ਪਰਮਾਤਮਾ ਨੂੰ ਇਹ ਜੀਵ ਜਾਣਦਾ ਹੀ ਨਹੀਂ।

ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥

ਮਾਇਆ ਦੇ ਲਾਭ ਕਾਰਨੇ=ਵਾਸਤੇ ਦਸ ਦਿਸ਼ਾਂ ਢੂੰਡਣ ਜਾਂਦਾ ਹੈ। ਪਰ ਦੇਣ ਵਾਲਾ ਜੋ ਦਾਤਾਰ ਪ੍ਰਭੂ ਹੈ ਉਸਨੂੰ ਇਕ ਨਿਮਖ ਮਾਤ੍ਰ ਵੀ ਮਨ ਵਿਚ ਨਹੀਂ ਵਸਾਉਂਦਾ।

ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥

ਝੂਠੇ ਪਦਾਰਥਾਂ ਦਾ ਲਾਲਚ, ਵਿਸ਼ੇ ਵਿਕਾਰ, ਅਤੇ ਮੋਹ ਇਤਆਦਿਕ
ਆਸੁਰੀ ਸੰਪਦਾ ਮਨ ਦੇ ਵਿਚ ਇਕੱਠੀ ਕਰ ਰਖੀ ਹੈ।

ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥

ਜੋ ਪੁਰਸ਼ ਪਰ ਇਸਤ੍ਰੀ ਲੰਪਟ ਹਨ, ਚੋਰ ਹਨ ਅਤੇ ਬੜੇ ਗੁਰ ਨਿੰਦਕ ਹਨ
ਤਿਨ੍ਹਾਂ ਦੇ ਨਾਲ ਇਸ ਦੀ ਉਮਰਾ ਬਿਹਾਇ=ਬੀਤ ਰਹੀ ਹੈ।

ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥

ਜੇਕਰ ਤਿਸ ਪਰਮੇਸ਼ਰ ਨੂੰ ਭਾ ਜਾਵੇ, ਤਾਂ ਖੋਟਿਆਂ ਨੂੰ ਖਰਿਆਂ ਦਾ ਸੰਗ ਦੇ ਕੇ ਬਖਸ਼ ਲੈਂਦਾ ਹੈ।

ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥ ੫੨॥

ਗੁਰੂ ਜੀ ਕਥਨ ਕਰਦੇ ਹਨ, ਜੇ ਪਾਰਬ੍ਰਹਮ ਨੂੰ ਭਾਵੇ ਤਾਂ ਪਰਤੱਖ ਪਾਹਨ=ਪੱਥਰ ਵੀ ਜਲ ਤੋਂ ਤਰ ਜਾਂਦੇ ਹਨ। ਅਥਵਾ:-ਪੱਥਰਾਂ ਵਾਂਗੂੰ ਜੋ ਕਠੋਰ ਪੁਰਸ਼ ਹਨ ਜੋ ਉਹ ਪਾਰਬ੍ਰਹਮ ਨੂੰ ਭਾ ਜਾਵਣ ਤਾਂ ਸੰਸਾਰ ਰੂਪ ਸਮੁੰਦਰ ਜੋ ਪਦਾਰਥਾਂ ਰੂਪੀ ਜਲ ਨਾਲ ਭਰਿਆ ਹੋਇਆ ਹੈ ਉਸ ਤੋਂ ਤਰ ਜਾਂਦੇ ਹਨ॥ ੫੨॥

ਸਲੋਕੁ॥ ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥

ਖਾਂਦਿਆਂ, ਪੀਂਦਿਆਂ, ਖੇਡਦਿਆਂ, ਹੱਸਦਿਆਂ ਅਨੇਕਾਂ ਜਨਮਾਂ ਵਿਖੇ ਭਰਮਣਾ ਕੀਤਾ ਹੈ।

ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ॥ ੧॥

ਹੇ ਪ੍ਰਭੂ ਪਰਮਾਤਮਾ ! ਹੁਣ ਤਾਂ ਸੰਸਾਰ ਸਮੁੰਦਰ ਵਿਚੋਂ ਕੱਢ ਲਵੋ,

ਗੁਰੂ ਜੀ ਕਥਨ ਕਰਦੇ ਹਨ, ਅਸਾਂ ਨੇ ਤੇਰੀ ਟੇਕ ਗ੍ਰਹਿਣ ਕੀਤੀ ਹੈ॥ ੧॥

ਪਉੜੀ॥ ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ॥

ਇਹ ਜੀਵ ਅਨੇਕਾਂ ਜੂਨੀਆਂ ਵਿਚ ਦੁੱਖ ਪਾ ਕੇ, ਬਹੁਤ ਜਨਮਾਂ ਵਿਚ ਖੇਲਦਾ ਖੇਲਦਾ ਅਰਥਾਤ ਭਟਕਦਾ ਭਟਕਦਾ ਇਸ ਮਨੁੱਖਾ ਜਨਮ ਵਿਚ ਆਇਆ ਹੈ। ਪਰ-

ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ॥

ਸੰਤਾਂ ਨਾਲ ਮਿਲਣ ਕਰਕੇ, ਜਿਨ੍ਹਾਂ ਦੇ ਹਿਰਦੇ ਵਿਚ ਸਤਿਗੁਰਾਂ ਦੇ ਬਚਨ ਸਮਾਏ ਹਨ ਉਨ੍ਹਾਂ ਦੇ ਖੇਦ=ਦੁੱਖ ਮਿਟ ਗਏ ਹਨ। ਵਾ:-ਸੰਤਾਂ ਨਾਲ ਮਿਲਣ ਕਰਕੇ ਖੇਦ ਮਿਟ ਗਏ, ਅਤੇ ਸਤਿਗੁਰਾਂ ਦੇ ਬਚਨ ਕਰਕੇ ਵਾਹਿਗੁਰੂ ਵਿਚ ਸਮਾ ਗਏ ਹਨ।

ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ॥

ਜਿਨ੍ਹਾਂ ਨੇ ਖਿਮਾ ਗ੍ਰਹਿਣ ਕਰਕੇ ਸਚ ਨੂੰ ਸੰਚਿਓ=ਇਕੱਠਾ ਕੀਤਾ ਹੈ

ਤੇ ਨਾਮ ਰੂਪੀ ਅੰਮ੍ਰਿਤ ਨੂੰ ਖਾਧਾ ਹੈ।

ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ॥

ਉਨ੍ਹਾਂ ਉੱਤੇ ਠਾਕੁਰ ਦੀ ਖਰੀ=ਚੰਗੀ ਭਾਵ ਪੂਰਨ ਕਿਰਪਾ ਹੋਈ ਹੈ, ਅਤੇ ਉਨ੍ਹਾਂ ਦਾ ਸੁਖ ਆਨੰਦ ਵਿਚ ਬਿਸ੍ਰਾਮ=ਇਸਥਿਤ ਹੋਣਾ ਹੋਇਆ ਹੈ।

ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ॥

ਜਿਸ ਵੇਲੇ ਜਗਿਆਸੂ ਦੀ ਜਪਤਪ ਰੂਪੀ ਖੇਪ ਪਰਮਾਤਮਾ ਨੇ ਓੜਕ ਤਕ ਪੂਰੀ ਨਿਬਾਹ ਦਿੱਤੀ, ਤਾਂ ਬਹੁਤ ਹੀ ਲਾਭ ਹੋਇਆ। ਵਾ:-ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਕਿ ਅਸਾਂ ਨੇ ਜੋ ਬਾਵਨ ਅਖਰੀ ਰੂਪੀ ਖੇਪ ਲੱਦੀ ਸੀ, ਉਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਓੜਕ ਤਕ ਨਿਬਾਹੀ ਭਾਵ ਪੂਰੀ ਕੀਤੀ ਹੈ ਇਸਤੇ ਬਹੁਤ ਹੀ ਲਾਭ ਹੋਇਆ ਹੈ, ਜਿਸ ਵੇਲੇ ਸਰੂਪ ਰੂਪੀ ਘਰ ਵਿਚ ਆਏ ਤਾਂ ਪਤੀ ਵਾਲੇ ਵਾ:-ਪੱਤ ਆਬਰੋ ਵਾਲੇ ਹੋਏ ਹਾਂ।

ਵਾ:-ਪਤ ਵਾਲੇ ਸਰੂਪ ਰੂਪੀ ਘਰ ਵਿਚ ਆਏ ਹਾਂ।

ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ॥

ਜਦ ਗੁਰਾਂ ਨੇ ਜਗਿਆਸੂ ਨੂੰ ਚੰਗਾ ਧੀਰਜ ਦਿਤਾ, ਤਾਂ ਭਗਵੰਤ ਆਪ-ਹੀ ਆ ਕੇ ਮਿਲੇ। ਫਿਰ ਇਹ ਨਿਸਚੇ ਹੋ ਗਿਆ, ਕਿ-

ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ॥

ਪਿਛੇ ਵੀ ਪ੍ਰਭੂ ਨੇ ਸਭ ਕੁਝ ਆਪ ਕੀਤਾ ਸੀ, ਹੁਣ ਵੀ ਸਭ ਕੁਝ ਆਪ ਹੀ ਕਰ ਰਿਹਾ ਹੈ, ਅੱਗੇ ਵੀ ਸਭ ਕੁਝ ਆਪ ਕਰੇਗਾ।

ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ॥ ੫੩॥

ਗੁਰੂ ਜੀ ਕਥਨ ਕਰਦੇ ਹਨ ਉਸ ਪਰਮਾਤਮਾ ਨੂੰ ਸਲਾਹੁਣਾ ਕਰੋ, ਜਿਹੜਾ ਸਾਰਿਆਂ ਘਟਾਂ ਘਟਾਂ ਵਿਚ

ਬਿਆਪਿ=ਪੂਰਨ ਹੋ ਰਿਹਾ ਹੈ॥ ੫੩॥

ਯਥਾ:- ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰ॥

ਸਲੋਕੁ ॥ ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ॥

ਕਿਰਪਾ ਦੀ ਨਿਧੀ ਦਿਆਲੂ ਪ੍ਰਭੂ ਦੀ ਸ਼ਰਨ ਵਿਚ ਜੋ ਆ ਕੇ ਪ੍ਰਾਪਤ ਹੋਏ ਹਨ।

ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥ ੧॥

ਉਹਨਾਂ ਦੇ ਮਨ ਵਿਚ ਇਕ ਹਰੀ ਅਖਰੁ=ਖਿਰਨੇ ਤੋਂ ਰਹਿਤ ਵਸਿਆ ਹੈ, ਗੁਰੂ ਜੀ ਕਥਨ ਕਰਦੇ ਹਨ ਜਿਨ੍ਹਾਂ ਦੇ ਮਨ ਵਿਚ ਹਰੀ ਵਸਿਆ ਹੈ ਉਹ ਪੁਰਸ਼ ਨਿਹਾਲ ਹੁੰਦੇ ਹਨ। ਵਾ:- ਅਸਾਂ ਨੇ ਜੋ ਬਵੰਜਾ ਅਖਰਾਂ ਦਾ ਸਿਧਾਂਤ ਕਥਨ ਕੀਤਾ ਹੈ--ਇਨ੍ਹਾਂ ਬਵੰਜਾ ਅਖਰਾਂ ਵਿਚੋਂ ਇਕ ਅਖਰ ਦੇ ਸਿਧਾਂਤ ਦੁਆਰਾ ਭੀ ਜੇ ਹਰੀ ਮਨ ਵਿਚ ਵਸ ਜਾਵੇ, ਤਾਂ ਇਹ ਨਿਹਾਲ ਹੁੰਦਾ ਹੈ॥ ੧॥

ਪਉੜੀ ॥ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ॥ ਅਖਰ ਕਰਿ ਕਰਿ ਬੇਦ ਬੀਚਾਰੇ॥

ਪ੍ਰਭੂ ਨੇ ਜੋ ਤਿੰਨੇ ਭਵਨ ਧਾਰੇ ਹਨ ਉਹ ਸਭ ਅੱਖਰਾਂ ਵਿਚ ਹਨ।

ਵੇਦਾਂ ਦਾ ਵਿਚਾਰ ਕਰਨਾ ਵੀ ਅੱਖਰਾਂ ਵਿਚ ਕੀਤਾ ਹੈ।

ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ॥ ਅਖਰ ਨਾਦ ਕਥਨ ਵਖ੍ਯਾਨਾ॥

ਸ਼ਾਸਤ੍ਰ ਸਿਮ੍ਰਿਤੀਆਂ ਪੁਰਾਣ ਸਭ ਅੱਖਰਾਂ ਵਿਚ ਹਨ। ਨਾਦ=ਵਾਜਿਆਂ ਦਾ ਵਜਾਉਣਾ ਤੇ ਵਖਿਆਨਾਂ ਦਾ ਕਥਨ ਕਰਨਾ ਸਭ ਅੱਖਰਾਂ ਵਿਚ ਹੈ।

ਅਖਰ ਮੁਕਤਿ ਜੁਗਤਿ ਭੈ ਭਰਮਾ॥ ਅਖਰ ਕਰਮ ਕਿਰਤਿ ਸੁਚ ਧਰਮਾ॥

ਮੁਕਤੀ, ਜੁਗਤੀ, ਭੈ, ਭਰਮ, ਸਭ ਅੱਖਰਾਂ ਵਿਚ ਹੈ। ਕਰਮਾਂ ਦਾ ਕਿਰਤਿ=ਕਰਣਾ, ਸੁਚ=ਪਵਿੱਤ੍ਰਤਾ ਤੇ ਧਰਮ ਸਭ ਅੱਖਰਾਂ ਵਿਚ ਹੈ।

ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥ ੫੪॥

ਜਿਤਨਾ ਕੁ ਦ੍ਰਿਸ਼ਟੀਮਾਨ ਪ੍ਰਪੰਚ ਹੈ ਇਹ ਸਾਰਾ ਅੱਖਰਾਂ ਵਿਚ ਹੈ। ਗੁਰੂ ਜੀ ਕਥਨ ਕਰਦੇ ਹਨ ਉਹ ਪਾਰਬ੍ਰਹਮ ਇਨ੍ਹਾਂ ਅੱਖਰਾਂ ਤੋਂ ਅਸੰਗ ਹੈ।

ਵਾ:-ਜਿਤਨਾ ਕੁ ਦ੍ਰਿਸ਼ਟੀਮਾਨ ਪ੍ਰਪੰਚ ਹੈ ਇਹ ਸਭ ਕਰਮਾਂ ਰੂਪੀ ਅੱਖਰਾਂ ਵਿਚ ਹੈ।

ਉਹ ਪਾਰਬ੍ਰਹਮ ਇਨ੍ਹਾਂ ਕਰਮਾਂ ਰੂਪੀ ਅਖਰਾਂ ਤੋਂ ਨਿਰਲੇਪਾ=ਅਸੰਗ ਹੈ॥ ੫੪॥

(ਦੂਜਾ ਅਰਥ)

ਜਿਤਨਾ ਕੁ ਦ੍ਰਿਸ਼ਟੀਮਾਨ ਪ੍ਰਪੰਚ ਹੈ ਇਹ ਅ-ਖਰ ਰੂਪ ਪਰਮਾਤਮਾ ਵਿਚ ਕਲਪਤ ਹੈ। ਪ੍ਰਭੂ ਨੇ ਜੋ ਤਿੰਨੇ ਭਵਨ ਧਾਰੇ ਹਨ ਉਹ ਅ-ਖਰ ਰੂਪ ਪਰਮਾਤਮਾ ਵਿਚ ਕਲਪਤ ਹਨ। ਵੇਦਾਂ ਦਾ ਵਿਚਾਰ ਕਰਨਾ ਵੀ ਅ-ਖਰ=ਨਾਸ਼ ਤੋਂ ਰਹਿਤ ਪਰਮਾਤਮਾ ਵਿਚ ਕਲਪਤ ਹੈ।

ਸ਼ਾਸਤ੍ਰ, ਸਿਮ੍ਰਿਤੀਆਂ, ਪੁਰਾਣ ਵੀ ਅ-ਖਰ ਰੂਪ ਪਰਮਾਤਮਾ ਵਿਚ ਕਲਪਤ ਹਨ। ਨਾਦ=ਵਾਜਿਆਂ ਦਾ ਵਜਾਉਣਾ ਤੇ ਵਖਿਆਣਾਂ ਦਾ ਕਥਨ ਕਰਨਾ ਵੀ ਅੱਖਜਰ ਰੂਪ ਪਰਮਾਤਮਾ ਵਿਚ ਕਲਪਤ ਹੈ। ਮੁਕਤੀ ਦੀ ਜੁਗਤੀ, ਭੈ ਤੇ ਭਰਮ ਇਹ ਵੀ ਅੱਖਯਰ ਰੂਪ ਪਰਮਾਤਮਾ ਵਿਚ ਕਲਪਤ ਹੈ। ਕਰਮਾਂ ਦਾ ਕਰਨਾ, ਸੁਚ=ਪਵਿੱਤ੍ਰਤਾ ਅਤੇ ਧਰਮ ਧਾਰਨਾ ਇਹ ਵੀ ਅੱਖਜਰ ਰੂਪ ਪਰਮਾਤਮਾ ਵਿਚ ਕਲਪਤ ਹੈ। ਜਿਤਨਾ ਕੁ ਦ੍ਰਿਸ਼ਟਮਾਨ ਪ੍ਰਪੰਚ ਹੈ ਉਹ ਅੱਖਜਰ ਰੂਪ ਪਰਮਾਤਮਾ ਵਿਚ ਕਲਪਤ ਹੈ।

ਗੁਰੂ ਜੀ ਕਥਨ ਕਰਦੇ ਹਨ, ਉਹ ਪਾਰਬ੍ਰਹਮ ਸਭ ਤੋਂ ਨਿਰਲੇਪਾ=ਅਸੰਗ ਹੈ॥ ੫੪॥

ਸਲੋਕੁ ॥ ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥

ਹੇ ਅਗਮ ਰੂਪ ਪਰਮਾਤਮਾ ! ਤੇਰੇ ਹੱਥ ਵਿਚ ਹੁਕਮ ਰੂਪੀ ਕਲਮ ਹੈ ਜੋ ਜੀਵਾਂ ਦੇ ਮੱਥੇ ਪਰ ਲੇਖ ਲਿਖਦੀ ਆਂਵਦੀ ਹੈ।

ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥

ਹੇ ਅਨੂਪ=ਉਪਮਾ ਤੋਂ ਰਹਿਤ ਸੁੰਦਰ ਸਰੂਪ ਵਾਲੇ ਪ੍ਰਭੂ ! ਤੂੰ ਸਾਰਿਆਂ ਦੇ ਨਾਲ ਉਰਝਿ=ਮਿਲ ਰਿਹਾ ਹੈਂ।

ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥

ਮੂੰਹ ਤੋਂ ਤੁਹਾਰੀਆਂ=ਆਪ ਜੀ ਦੀ ਉਸਤਤੀ ਕਹੀ ਨਹੀਂ ਜਾਂਦੀ।

ਯਥਾ:- ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ ॥
ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ ॥

(ਤੁਖਾਰੀ ਛੰਤ ਮਹਲਾ ੫, ਪੰਨਾ ੧੧੧੭)

ਤਥਾ:- ਪਿਤਾ ਮੇਰੋ ਬਡੋ ਧਨੀ ਅਗਮਾ ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥ ੧ ॥ *(ਪੰਨਾ ੫੦੭)*

ਤਥਾ:- ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ ॥ *(ਪੰਨਾ ੫੨੮)*

ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ ਆਪ ਜੀ ਦੇ ਦਰਸ਼ਨ ਨੂੰ ਦੇਖਕੇ ਮੇਰੀ ਬੁੱਧੀ ਮੋਹਿਤ ਹੋਈ ਹੈ, ਆਪ ਜੀ ਦੇ ਉਪੱਰੋਂ ਮੇਰੀ ਬੁੱਧੀ ਬਲਿਹਾਰ ਕੁਰਬਾਨ ਜਾਂਦੀ ਹੈ॥ ੧ ॥

(ਏਹ ਸਲੋਕ ਫੁਨਹੇ ਦੇ ਆਰੰਭ ਵਿਚ ਭੀ ੧੩੬੧ ਪੰਨੇ ਪਰ ਲਿਖਿਆ ਹੋਇਆ ਹੈ)

ਪਉੜੀ ॥ ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥

ਹੇ ਅਚੁਤ=ਅਗਿੜ ! ਹੇ ਪਰਾ ਰੂਪ ਬ੍ਰਹਮ=ਬਿਆਪਕ ਅਬਿਨਾਸੀ=ਨਾਸ ਤੋਂ ਰਹਿਤ, ਅਘਨਾਸ=ਪਾਪਾਂ ਦੇ ਨਾਸ ਕਰਨ ਵਾਲੇ।

ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥

ਹੇ ਪਰੀਪੂਰਨ, ਹੇ ਸਰਬ ਰੂਪ, ਦੁਖਾਂ ਦੇ ਭੰਜਨ ਵਾਲੇ ਸ਼ੁਭ ਗੁਣਾਂ ਦੇ ਤਾਸ=ਸਮੁੰਦਰ।

ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥

ਹੇ ਸਰਬ ਦੇ ਸੰਗੀ, ਨਿਰੰਕਾਰ=ਅਕਾਰ ਤੋਂ ਰਹਿਤ, ਹੇ ਨਿਰ+ਗੁਣ=ਤਿੰਨਾਂ ਗੁਣਾਂ ਤੋਂ ਰਹਿਤ, ਸਭ ਦਾ ਟੇਕ=ਆਸਰਾ ਰੂਪ।

ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥

ਹੇ ਗੋਬਿੰਦ=ਬੇਦਾਂ ਕਰਕੇ ਜਾਨਣੇ ਯੋਗ, ਹੇ ਗੁਣਾਂ ਦੇ ਨਿਧਾਨ=ਖਜ਼ਾਨੇ ਅਕਾਲ ਪੁਰਖ ! ਜਿਸ ਆਪ ਨੂੰ ਸਦਾ ਹੀ ਬਿਬੇਕ=ਗਿਆਨ ਹੈ।

ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥

ਹੇ ਅਪਰੰਪਰ=ਸੰਸਾਰ ਤੋਂ ਪਰਾ ਰੂਪ, ਸਭ ਦੇ ਹਰੇ ਕਰਨ ਵਾਲੇ ਹਰੀ ਆਪ

ਹਹਿ=ਹੁਣ ਹੋ, ਭੀ=ਪਿਛੇ ਸੀ, ਹੋਵਨਹਾਰ=ਅਗੇ ਨੂੰ ਹੋਵੋਗੇ।

ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥

ਹੇ ਨਿਆਸਰਿਆਂ ਦੇ ਆਸਰਾ ਰੂਪ ਪ੍ਰਭੂ ! ਆਪ ਸੰਤਾਂ ਦੇ ਸਦੀਵ ਅੰਗ ਸੰਗ ਰਹਿਣ ਵਾਲੇ ਹੋ।

ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥

ਹੇ ਠਾਕੁਰ ! ਮੈਂ ਆਪ ਜੀ ਦਾ ਦਾਸ ਹਾਂ, ਮੈਂ ਨਿਰਗੁਣ ਹਾਂ ਮੇਰੇ ਵਿਚ ਕੋਈ ਸ਼ੁਭ ਗੁਣ ਨਹੀਂ ਹੈ।

[ਪੰਨਾ ੨੬੨]

ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥ ੫੫ ॥

ਗੁਰੂ ਜੀ ਕਥਨ ਕਰਦੇ ਹਨ, ਮੈਨੂੰ ਨਾਮ ਦਾਨ ਦੇਣਾ ਕਰੋ

ਜੋ ਮੈਂ ਆਪਣੇ ਹਿਰਦੇ ਵਿਚ ਪਰੋਇ=ਧਾਰਕੇ ਰਖਣਾ ਕਰਾ ॥ ੫੫ ॥

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

ਸਤਿਗੁਰਦੇਵ ਜੀ ਮਾਂ ਵਾਂਗੂੰ ਰਖਿਅਕ ਹਨ, ਸਤਿਗੁਰਦੇਵ ਜੀ ਪਿਤਾ ਵਾਂਗੂੰ ਅਮੋਲਕ ਵਸਤੂ ਲਿਆ ਕੇ ਦੇਣ ਵਾਲੇ ਹਨ, ਜਿਵੇਂ ਪਿਤਾ ਆਪਣੇ ਬਚਿਆਂ ਨੂੰ ਚੰਗੀਆਂ ਚੰਗੀਆਂ ਚੀਜ਼ਾਂ ਲਿਆ ਕੇ ਖੁਆਂਦਾ ਹੈ ਤਿਵੇਂ ਗੁਰੂ ਸਾਹਿਬ ਜੀ ਨੇ ਸਾਰਿਆਂ ਵੇਦਾਂ ਸ਼ਾਸਤ੍ਰਾਂ ਨੂੰ ਮਥਕੇ ਗੁਰਬਾਣੀ ਰੂਪੀ ਅਮੋਲਕ ਵਸਤੂ ਲਿਆ ਕੇ ਸਿੱਖਾਂ ਨੂੰ ਦਿੱਤੀ ਹੈ, ਪੁਨਾ ਸਤਿਗੁਰਦੇਵ ਜੀ ਸੁਆਮੀ ਹਨ, ਸੁਆਮੀ ਭੀ ਕੈਸੇ ? ਕਿ ਪਰਮੇਸ਼ਰ ਦਾ ਰੂਪ ਹਨ।

ਵਾ:-ਸਤਿਗੁਰਦੇਵ ਜੀ ਸੁਆਮੀ ਪਰਮੇਸ਼ਰ ਦੀ ਪ੍ਰਾਪਤੀ ਕਰਨ ਵਾਲੇ ਹਨ।

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥

ਸਤਿਗਰਦੇਵ ਜੀ ਅਗਿਆਨ ਰੂਪੀ ਸ਼ਤਰੂ ਦੇ ਭੰਜਨੁ=ਨਾਸ ਕਰਨੇ ਨੂੰ ਸਖਾ=ਮਿਤਰ ਵਾਗੂੰ ਹਨ, ਜਿਵੇਂ ਕ੍ਰਿਸ਼ਨ ਜੀ ਨੇ ਸਖਾ ਰੂਪ ਹੋ ਕੇ ਅਰਜਨ ਦੀ ਸਹਾਇਤਾ ਕੀਤੀ ਸੀ। ਫਿਰ ਸਤਿਗੁਰਦੇਵ ਜੀ ਬੰਧਿਪ=ਸਨਬੰਧੀ ਹਨ। ਸਬੰਧੀ ਭੀ ਕੈਸੇ ? ਕਿ

ਸਹੋਦਰਾ=ਸਕੇ ਭਰਾ ਦੀ ਨਿਆਂਈਂ ਹਨ।

ਗੁਰਦੇਵ ਦਾਤਾ ਹਰਿ ਲਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥

ਸਤਿਗੁਰਦੇਵ ਜੀ ਹਰਿ ਨਾਮ ਉਪਦੇਸ਼ ਦੇ ਦਾਤਾ ਹਨ, ਗੁਰਦੇਵਾਂ ਦਾ ਸਤਿਨਾਮੁ ਮੰਤ੍ਰ ਨਿਰੋਧਰਾ= ਨਿਰ+ਉਧਰਾ=ਵਿਸ਼ੇਸ਼ ਕਰਕੇ ਉਧਾਰਨੇ ਵਾਲਾ ਹੈ।

ਵਾ:-ਨਿਰਾ ਆਪ ਹੀ ਉਧਾਰਨੇ ਵਾਲਾ ਹੈ ਹੋਰ ਕਿਸੇ ਦੀ ਮਦਦ ਨਹੀਂ ਲੈਂਦਾ।

ਵਾ:-ਗੁਰਦੇਵਾਂ ਦਾ ਮੰਤਰ ਨਿਰੋਧਰਾ=ਇੰਦ੍ਰੀਆਂ ਦੇ ਦਮਨ ਦੁਆਰਾ ਸੰਸਾਰ ਤੋਂ ਤਾਰਨ ਵਾਲਾ ਹੈ।

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥

ਸਤਿਗੁਰਦੇਵ ਜੀ ਸ਼ਾਂਤੀ ਸਰੂਪ ਹਨ, ਸਤਿ=ਤ੍ਰੈਕਾਲ ਅਬਾਧ ਸਰੂਪ ਹਨ, ਬੁਧਿ ਮੂਰਤਿ=ਬੋਧ ਮੂਰਤੀ ਅਰਥਾਤ ਗਿਆਨ ਸਰੂਪ ਹਨ, ਗੁਰਦੇਵਾਂ ਦਾ ਪਰਸਨਾ ਪਾਰਸ ਤੋਂ ਭੀ ਪਰੇ ਹੈ। ਪਾਰਸ ਨਾਲ ਛੋਹ ਕੇ ਲੋਹਾ ਆਪ ਸੋਨਾ ਹੋ ਜਾਂਦਾ ਹੈ ਪਰ ਉਹ ਅਗੇ ਹੋਰ ਲੋਹੇ ਨੂੰ ਸੋਨਾ ਨਹੀਂ ਕਰ ਸਕਦਾ, ਤੇ ਗੁਰੂ ਸਾਹਿਬ ਜੀ ਨਾਲ ਜੋ ਛੋਂਹਦਾ ਹੈ ਉਹ ਆਪ ਤਰ ਜਾਂਦਾ ਹੈ। ਤੇ ਅਗੇ ਹੋਰਨਾਂ ਨੂੰ ਭੀ ਤਾਰਦਾ ਹੈ ਇਸ ਗੁਰਾਂ ਦਾ ਪਰਸਨਾ ਪਾਰਸ ਤੋਂ ਭੀ ਪਰੇ ਹੈ।

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥

ਸਤਿਗੁਰ ਦੇਵਾਂ ਦਾ ਰਚਿਆ ਹੋਇਆ ਜੋ ਇਹ ਅੰਮ੍ਰਿਤ ਸਰੋਵਰ ਤੀਰਥ ਹੈ ਇਸ ਵਿਚ ਜੋ ਨਿਸ਼ਕਾਮ ਹੋ ਕੇ ਸ਼ਰਧਾ ਨਾਲ ਇਸ਼ਨਾਨ ਕਰਦਾ ਹੈ ਉਸ ਨੂੰ ਅਪਰੰਪਰਾ=ਪਰਮਾਤਮਾ ਦਾ 'ਗੁਰ ਗਿਆਨ'=ਅਪ੍ਰੋਖ ਗਿਆਨ ਹੁੰਦਾ ਹੈ। *ਅਥਵਾ:*-ਸਤਿਗੁਰਦੇਵ ਜੀ ਤੀਰਥ ਵਾਗੂੰ ਪਵਿੱਤਰ ਰੂਪ ਹਨ, ਤੇ ਨਾਮ ਅੰਮ੍ਰਿਤ ਦੇ ਸਰੋਵਰ ਹਨ, ਗੁਰਾਂ ਦੁਆਰੇ ਜੋ ਅਪਰੰਪਰਾ=ਪਰਮਾਤਮਾ ਦਾ ਗਿਆਨ ਹੋਣਾ ਹੈ ਇਹੀ ਉਸ ਵਿਚ ਮਜਨੁ=ਇਸ਼ਨਾਨ ਕਰਨਾ ਹੈ।

ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥

ਬ੍ਰਹਮ ਰੂਪ ਹੋਣ ਕਰਕੇ ਸਤਿਗੁਰਦੇਵ ਜੀ ਸਾਰੇ ਸੰਸਾਰ ਦਾ ਕਰਤਾ ਹਨ।

ਅਥਵਾ:-ਸਤਿਗੁਰਦੇਵ ਜੀ ਸ਼ੁਭ ਗੁਣਾਂ ਦੇ ਉਤਪੰਨ ਕਰਨ ਵਾਲੇ ਹਨ।

ਅਥਵਾ:-ਸਤਿਗੁਰਦੇਵ ਜੀ ਕਰਤੇ ਪੁਰਖ ਦਾ ਸਰੂਪ ਹਨ।

ਪੁਨਾ:-ਸਾਰਿਆਂ ਪਾਪਾਂ ਦੇ ਹਰਤਾ=ਨਾਸ ਕਰਨ ਵਾਲੇ ਹਨ ਅਤੇ ਸਤਿਗੁਰਦੇਵ ਜੀ ਪਤਿਤ ਪਵਿਤ=ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲੇ ਹਨ।

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥

ਪਰਮਾਤਮਾ ਰੂਪ ਹੋਣ ਕਰਕੇ ਸਤਿਗੁਰਦੇਵ ਜੀ 'ਆਦਿ ਜੁਗਾਦਿ'=ਸਦਾ ਸਦਾ ਪਿਛੇ ਸਨ, ਹੁਣ ਵੀ ਸਭ ਜੁਗਾਂ ਵਿਚ ਜੁਗੁ=ਜੁੜੇ ਹੋਏ ਹਨ, ਅਗੇ ਵੀ ਸਦਾ ਹੋਣਗੇ।

ਸਤਿਗੁਰਾਂ ਦੇ ਮੰਤਰ ਦੁਆਰਾ ਜੋ ਹਰੀ ਨੂੰ ਜਪਦਾ ਹੈ ਉਹ ਤਰ ਜਾਂਦਾ ਹੈ।

ਪ੍ਰਸ਼ਨ:-ਐਸੇ ਗੁਰਾਂ ਦੀ ਪ੍ਰਾਪਤੀ ਕਿਵੇਂ ਹੋਵੇ ? *ਉੱਤਰ:*-ਪਰਮੇਸ਼ਰ ਅਗੇ ਪ੍ਰਾਰਥਨਾ ਕਰੇ ਕਿ-

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥

ਹੇ ਪ੍ਰਭੂ ! ਕਿਰਪਾ ਕਰਕੇ ਸਾਨੂੰ ਗੁਰਦੇਵਾਂ ਦੀ ਸੰਗਤ ਨਾਲ ਮੇਲੋ।

ਜਿਸ ਗੁਰੂ ਦੀ ਚਰਨੀਂ ਲਗ ਕੇ ਅਸੀਂ ਮੂਰਖ ਪਾਪੀ ਭੀ ਤਰ ਜਾਈਏ।

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ
ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥

ਗੁਰਦੇਵ ਪਾਰਬ੍ਰਹਮ ਰੂਪ ਹਨ, ਅਤੇ ਪਰਮੇਸ਼ਰ ਸਤਿਗੁਰੂ ਰੂਪ ਹੈ, ਸਤਿਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਹਰੀ ਸਰੂਪ ਗੁਰਦੇਵਾਂ ਨੂੰ ਅਸੀਂ ਨਮਸ਼ਕਾਰ ਕਰਦੇ ਹਾਂ॥ ੧॥

ਏਹੁ ਸਲੋਕੁ ਆਦਿ ਅੰਤਿ ਪੜਣਾ ॥

ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਇਸ 'ਗੁਰਦੇਵ ਮਾਤਾ ਗੁਰਦੇਵ ਪਿਤਾ' ਵਾਲੇ ਸਲੋਕ ਨੂੰ ਬਾਵਨ ਅਖਰੀ ਦੇ ਆਦ ਵਿਚ ਵੀ ਪੜ੍ਹਣਾ ਅਤੇ ਬਾਵਨ ਅਖਰੀ ਦੇ ਭੋਗ ਸਮੇਂ ਵੀ ਪੜ੍ਹਣਾ। ਕਿਉਂਕਿ ਬਾਵਨ ਅਖਰੀ ਦੇ ਆਦ ਵਾਲਾ ਸਲੋਕ ਤਾਂ ਡੱਬਾ ਹੈ, ਵਿਚਲੀ ਬਾਣੀ ਹੀਰੇ ਮੋਤੀ ਜਵਾਹਰ ਮਾਣਕ ਰੂਪ ਹੈ ਅਤੇ ਇਹ ਅਖੀਰਲਾ ਸਲੋਕ ਉਸ ਡੱਬੇ ਦਾ ਢੱਕਣ ਹੈ, ਜੇ ਡੱਬਾ ਲਕੜੀ ਦਾ ਹੋਵੇ ਤਾਂ ਢੱਕਣ ਵੀ ਲਕੜੀ ਦਾ ਹੀ ਹੁੰਦਾ ਹੈ। ਇਸੇ ਤਰ੍ਹਾਂ ਇਸ ਬਾਣੀ ਦੇ ਆਰੰਭ ਵਿਚ ਤੇ ਅੰਤ ਵਿਚ ਉਹੀ ਪਹਿਲਾ ਸ਼ਬਦ ਕਥਨ ਕੀਤਾ ਹੈ। ਕਈ ਸ਼ੰਕਾਵਾਦੀ ਕਹਿੰਦੇ ਹਨ ਕਿ ਇਹ ਸ਼ਬਦ ਗਲਤੀ ਨਾਲ ਵਾਧੂ ਲਿਖਿਆ ਹੋਇਆ ਹੈ ਪਰ ਉਹਨਾਂ ਦਾ ਇਹ ਵਿਚਾਰ ਠੀਕ ਨਹੀਂ । ਕਿਉਂਕਿ ਗੁਰੂ ਮਹਾਰਾਜ ਨੇ ਤਾਂ ਨਾਲ ਇਹ ਟੂਕ ਦਿਤੀ ਹੈ 'ਏਹੁ ਸਲੋਕੁ ਆਦਿ ਅੰਤਿ ਪੜਣਾ।'

ਪੁਨਾ-ਇਹ ਬਾਵਨ ਅਖਰੀ ਨਾਮੇ ਬਾਣੀ ਮਾਲਾ ਰੂਪ ਹੈ। ਜਿਸ ਤਰ੍ਹਾਂ ਮਾਲਾ ੧੦੮ ਮਣਕਿਆਂ ਦੀ ਹੁੰਦੀ ਹੈ, ਉਸੇ ਤਰ੍ਹਾਂ ਇਸ ਬਾਵਨ ਅਖਰੀ ਦੇ ਭੀ ੧੦੮ ਸਾਰੇ ਸਲੋਕ ਹਨ। ਅਖੀਰਲੇ ਸਲੋਕ ਦੇ ਅੰਤ ਉੱਪਰ ਤਾਂ '੫੫' ਅੰਕ ਆਉਂਦਾ ਹੈ। ਫਿਰ ੧੦੮ ਸਲੋਕ ਕਿਸ ਤਰ੍ਹਾਂ ਹੋਏ? ਉਸ ਦਾ ਹਲ ਇਸ ਤਰ੍ਹਾਂ ਹੈ ਕਿ ਇਸ ਬਾਣੀ ਵਿਚ 'ਓਅੰ ਸਾਧ ਸਤਿਗੁਰ ਨਮਸਕਾਰ' ਵਾਲਾ ਸਲੋਕ ਮੰਗਲ ਰੂਪ ਹੈ, ਇਸ ਨੂੰ ਮੇਰੂ ਮਣਕਾ ਰੂਪ ਸਮਝਣਾ ਕਰੋ। ਇਸ ਸਲੋਕ ਨੂੰ ਜੇ '੫੫' ਸਲੋਕਾਂ ਵਿਚੋਂ ਘਟਾ ਦੇਈਏ ਤਾਂ ਬਾਕੀ '੫੪' ਸਲੋਕ ਤੇ '੫੪' ਪਉੜੀਆਂ ਮਿਲ ਕੇ ੧੦੮ ਮਣਕਿਆਂ ਦੀ ਮਾਲਾ ਬਣ ਜਾਂਦੀ ਹੈ।

(ਮੇਰੂ ਮਣਕਾ ਮਾਲਾ ਦੇ ੧੦੮ ਮਣਕਿਆਂ ਨਾਲੋਂ ਅਲੱਗ ਹੁੰਦਾ ਹੈ)

ਗੁਰੂ ਸਾਹਿਬਾਂ ਦਾ ਹਰ ਗੁਰਸਿਖ ਨੂੰ ਹੁਕਮ ਹੈ ਕਿ ਇਸ ਮਾਲਾ ਨੂੰ ਫੇਰੇ ਭਾਵ ਇਸ ਦਾ ਰੋਜ਼ਾਨਾਂ ਪਾਠ ਕਰੇ, ਜੋ ਪੁਰਸ਼ ਇਸ ਦਾ ਪਾਠ ਕਰੇਗਾ ਉਸ ਦਾ ਸੰਸਾਰ ਵਿਚ ਆਉਣਾ ਜਾਣਾ ਨਹੀਂ ਹੋਵੇਗਾ।

ਯਥਾ:- ''ਐਸੀ ਮਾਲਾ ਪਹਿਰੇ ਪ੍ਰਾਣੀ॥ ਬਹੁਰ ਨ ਹੋਵੈ ਆਵਣ ਜਾਣੀ''?

ਪੰਡਤ ਨੇ ਬਾਵਨ ਅਖਰੀ ਦੇ ਆਰੰਭ ਵਿਚ ਬੇਨਤੀ ਕੀਤੀ ਸੀ ਕਿ ਬਵੰਜਾ ਅਖਰਾਂ ਦਾ ਸਿਧਾਂਤ ਕੀ ਹੈ? ਉਸ ਦਾ ਉੱਤਰ ਵੀ ਗੁਰੂ ਸਾਹਿਬ ਜੀ ਨੇ ਇਸ ਦੇ ਵਿਚ ਹੀ ਦਿੱਤਾ ਹੈ।

ਸਾਰੀ ਬਾਵਨ ਅਖਰੀ ਦੇ ੫੫ (ਪਚਵੰਜਾ) ਸਲੋਕ ਹਨ।

ਉਨ੍ਹਾਂ ਵਿਚੋਂ ਇਹ ਤਿੰਨ ਸਲੋਕ ਮੰਗਲ ਰੂਪ ਹਨ।

(੧) ਓਅੰ ਸਾਧ ਸਤਿਗੁਰ ਨਮਸਕਾਰੰ॥

ਇਹ ਮੰਗਲ:-ਨਾਸਤਿਕ ਭ੍ਰਾਂਤੀ ਦੇ ਨਵਿਰਤੀ ਵਾਸਤੇ ਹੈ।

(੨) ਭੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥

ਇਹ ਮੰਗਲ:-ਗਰੰਥ ਦੀ ਨਿਰਵਿਘਨ ਸਮਾਪਤੀ ਵਾਸਤੇ ਹੈ।

(੩) ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥

ਇਹ ਮੰਗਲ:- ਅਕ੍ਰਿਤਘਨ ਦੋਸ਼ ਦੀ ਨਵਿਰਤੀ ਵਾਸਤੇ ਹੈ।

ਪਚਵੰਜਾ ਸਲੋਕਾਂ ਵਿਚੋਂ ਜੇ ਇਹ ਤਿੰਨ ਸਲੋਕ ਘਟਾ ਦੇਈਏ ਤਾਂ ਬਾਕੀ ਬਵੰਜਾ ਰਹਿ ਜਾਦੇ ਹਨ। ਇਹ ਬਵੰਜਾ ਸਲੋਕ ਬਵੰਜਾ ਅਖ਼ਰਾਂ ਦਾ ਸਿਧਾਂਤ ਰੂਪ ਹਨ।

ਇਸੇ ਕਰ ਕੇ ਮਹਾਰਾਜ ਜੀ ਨੇ ਇਸ ਬਾਣੀ ਦਾ ਨਾਮ ਹੀ "ਬਾਵਨ ਅਖਰੀ" ਰਖਿਆ ਹੈ।

ਬਾਵਨ ਨਾਮ ਬਵੰਜਾ ਦਾ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬਾਵਨ ਅਖਰੀ ਨਾਮੇ ਬਾਣੀ ਰਚ ਕੇ ਉਸ ਪੰਡਤ ਦੇ ਸੰਸਿਆਂ ਦੀ ਨਵਿਰਤੀ ਕੀਤੀ ਹੈ।

ਤੇ ਮਾਤਾ ਗੰਗਾ ਜੀ ਨੂੰ ਸੁਚੇ ਹੀਰਿਆਂ ਮੋਤੀਆਂ ਦੀ ਮਾਲਾ ਬਣਾ ਕੇ ਦੇਣਾ ਕੀਤੀ ਹੈ ਜਿਹੜੀ ਕਿ ਲੋਕ ਪ੍ਰਲੋਕ ਵਿਖੇ ਜੀਵ ਦੀ ਸਹਇਤਾ ਕਰਨ ਵਾਲੀ ਹੈ।

ਦੋਹਿਰਾ:- ਬਾਣੀ ਬਾਵਨ ਅੱਖਰੀ ਪੜ੍ਹੇ ਜੋ ਹਿਤ ਚਿਤ ਲਾਇ॥
ਦੂਖ ਮਿਟੈ ਅਰ ਸੁਖ ਮਿਲੈ ਅੰਤ ਪਰਮ ਪਦ ਪਾਇ॥

-ਸਟੀਕ ਬਾਵਨ ਅਖਰੀ ਸੰਪੂਰਣੰ-



ਗਉੜੀ ਸੁਖਮਨੀ ਮ: ੫ ॥ ਸਲੋਕੁ ॥

੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬੇਰੀ ਹੇਠ ਬੈਠ ਨਿਤਨੇਮ ਕਰ ਰਹੇ ਸਨ। ਜਿਸ ਵੇਲੇ ਨਿਤਨੇਮ ਤੋਂ ਵਿਹਲੇ ਹੋਏ, ਤਾਂ ਸੰਗਤਾਂ ਦੀ ਪ੍ਰੇਰਣਾਂ ਅਨੁਸਾਰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਗੁਰੂ ਜੀ ਪਾਸ ਆ ਕੇ ਮੱਥਾ ਟੇਕ ਕੇ ਬੇਨਤੀ ਕੀਤੀ:-

"ਗਰੀਬ ਨਿਵਾਜ਼ ਜੀਓ ! ਸਨਾਤਨ ਮੱਤ ਵਾਲੇ ਗੀਤਾ ਦੇ ਪਾਠ ਕਰਨ ਵਿਚ ਹੀ ਜੀਵ ਦੀ ਕਲਿਆਣ ਮੰਨਦੇ ਹਨ। ਆਪ ਜੀ ਭੀ ਕੋਈ ਅਜਿਹੀ ਸੌਖੀ ਬਾਣੀ ਰਚੋ, ਜਿਸ ਦੇ ਪਾਠ ਕੀਤਿਆਂ ਜੀਵ ਦੀ ਕਲਿਆਣ ਹੋ ਜਾਵੇ ਅਤੇ ਚਵ੍ਹੀ ਹਜ਼ਾਰ ਸ੍ਵਾਸ ਭੀ ਸਫਲ ਹੋ ਜਾਣ।"

ਇਹ ਬੇਨਤੀ ਪ੍ਰਵਾਨ ਕਰਕੇ ਗੁਰੂ ਸਾਹਿਬਾਂ ਨੇ ਰਾਮਸਰ ਸਾਹਿਬ ਸਰੋਵਰ ਦੇ ਕਿਨਾਰੇ ਮੰਜੀ ਸਾਹਿਬ ਬੈਠ ਕੇ, ਸਾਰੀ ਸੁਖਮਨੀ ਸਾਹਿਬ ਉਚਾਰ ਕੇ, ਹੁਕਮ ਕੀਤਾ-ਜੋ ਮਾਈ ਭਾਈ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰੇਗਾ, ਉਸ ਨੂੰ ਮੁਕਤੀ ਵੀ ਮਿਲੇਗੀ ਅੰਤੇ ਰਾਤ ਦਿਨ ਦੇ ੨੪੦੦੦ (ਚਵ੍ਹੀ ਹਜ਼ਾਰ) ਸ੍ਵਾਸ ਵੀ ਸਫਲ ਹੋ ਜਾਣਗੇ। ਬਲਕਿ ਜਿਹੜਾ ਜੋਗੀ ਵੀ ਇਸ ਸੁਖਮਨੀ ਸਾਹਿਬ ਜੀ ਦਾ ਪਾਠ ਕਰੇਗਾ ਉਸ ਦੇ ਸ੍ਵਾਸ ਵੀ ਸਫਲ ਹੋ ਜਾਣਗੇ। ਕਿਉਂਕਿ ਜੋਗੀਆਂ ਦੇ ਮੱਤ ਵਿਚ **"ਜੋਗ ਕਲਪਤਰ"** ਗਰੰਥ ਵਿਚ ਲਿਖਿਆ ਹੈ ਕਿ ਜੋਗੀਆਂ ਦੇ ੨੧੬੨੪ (ਇਕੀ ਹਜ਼ਾਰ ਛੇ ਸੌ ਚਵ੍ਹੀ) ਸ੍ਵਾਸ ਰੋਜ਼ ਦੇ ਨਿਕਲਦੇ ਹਨ, ਉਨ੍ਹਾਂ ਦੇ ਬਾਕੀ ਸ੍ਵਾਸ ਜਮ੍ਹਾਂ ਰਹਿ ਜਾਂਦੇ ਹਨ। ਜਿਵੇਂ ਗੌਰਮਿੰਟ ਦੀ ਨੌਕਰੀ ਕਰਨ ਵਾਲੇ ਦੀ ਜਿਤਨੀ ਕੁ ਤਨਖਾਹ ਹੁੰਦੀ ਹੈ ਮਹੀਨੇ ਪਿਛੋਂ ਤਨਖਾਹ ਦੇਣ ਲਗਿਆਂ ਕੁਝ ਕੁ ਰੁਪਏ ਪ੍ਰੋਵੀਡੈਂਟ ਫੰਡ ਦੇ ਕੱਟ ਲਏ ਜਾਂਦੇ ਹਨ। ੫੮ ਸਾਲ ਤੋਂ ਬਾਅਦ ਜਿਸ ਵੇਲੇ ਨੌਕਰੀ ਦੀ ਮਿਆਦ ਪੂਰੀ ਹੋ ਜਾਂਦੀ ਹੈ ਫਿਰ ਉਨ੍ਹਾਂ ਦੇ ਰੁਪਇਆਂ ਨਾਲ ਕੁਝ ਹੋਰ ਰੁਪਏ ਰਲਾ ਕੇ ਉਸ ਨੂੰ ਵਾਪਸ ਦਿਤੇ ਜਾਂਦੇ ਹਨ। (ਅੱਜ ਕੱਲ੍ਹ ਏਸ ਫੰਡ ਲਈ ਤਨਖਾਹ ਦਾ ੮-੧/੩ ਹਿਸਾ ਪ੍ਰਤੀ ਸੈਂਕੜਾ ਕਟਿਆ ਜਾਂਦਾ ਹੈ)।

ਇਸੇ ਤਰ੍ਹਾਂ ਜਿਹੜੇ ਜੋਗੀ ਰੱਬ ਦੀ ਨੌਕਰੀ ਕਰਦੇ ਹਨ, ਰਾਤ ਦਿਨ ਵਾਹਿਗੁਰੂ ਦੇ ਸਿਮਰਨ ਵਿਚ ਹੀ ਗੁਜਾਰਦੇ ਹਨ, ਉਨ੍ਹਾਂ ਦੇ ੨੧੬੨੪ ਸ੍ਵਾਸ ਨਿਰਲਦੇ ਹਨ, ਬਾਕੀ ਉਨ੍ਹਾਂ ਦੇ ਸ੍ਵਾਸ ਜਮ੍ਹਾਂ ਹੋ ਜਾਂਦੇ ਹਨ। ਇਸੇ ਕਾਰਨ ਕਰਕੇ ਜੋਗੀਆਂ ਦੀ ਉਮਰ ਵੱਡੀ ਕਹੀ ਜਾਂਦੀ ਹੈ ਅਤੇ ਵਾਹਿਗੁਰੂ ਜੋਗੀਆਂ ਨੂੰ ਬਹੁਤ ਕੁਝ ਵਾਧਾ ਕਰਕੇ ਦੇਂਦਾ ਹੈ।

ਉਨ੍ਹਾਂ ਦੇ ਮੱਤ ਅਨੁਸਾਰ ਸੁਖਮਨੀ ਸਾਹਿਬ ਜੀ ਦੇ ੨੧੬੨੪ ਅੱਖਰ ਪੂਰੇ ਹਨ।

ਜਿਹੜੀ ਆਮ ਜਨਤਾ ਇਸ ਸੁਖਮਨੀ ਸਾਹਿਬ ਜੀ ਦਾ ਪਾਠ ਕਰੇਗੀ ਉਸ ਦੇ ਵੀ ਚਵ੍ਹੀ ਹਜ਼ਾਰ ਸ੍ਵਾਸ ਸਫਲ ਹੋਣਗੇ।

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥ (ਪੰਨਾ ੨੬੨)

ਜਾਂ- ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥ (ਪੰਨਾ ੨੭੨)

ਇਤ ਆਦਿਕ ਤੁਕਾਂ ਵਿਚ ਜੋ ਅੱਖਰਾਂ ਦੇ ਪੈਰਾਂ ਵਿਚ ਅੱਖਰ ਹਨ, ਉਹ ੨੩੭੩ (ਦੋ ਹਜ਼ਾਰ ਤਿੰਨ ਸੌ ਤਿਹੱਤ੍ਰ) ਹਨ।

ਅਤੇ ਤੇਰ੍ਹਵੀਂ ਅਸਟਪਦੀ ਦੀ ਦੂਜੀ ਪੌੜੀ ਵਿਚ ਵੀ ੩ (ਤਿੰਨ ਅੱਖਰਾਂ ਦਾ ਵਾਧਾ) ਕੀਤਾ ਹੈ।

ਸੰਤਨ ਕੈ ਦੂਖਨਿ ਕਾਗ ਜਿਉ ਲਵੈ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥

.....

ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ॥ (ਪੰਨਾ ੨੭੯)

ਬਾਕੀ ਸਾਰੀ ਅਸ਼ਟਪਦੀ ਵਿਚ ਸੰਤ ਪਦ ਹੈ, ਪਰ ਇਨ੍ਹਾਂ ਤਿੰਨ ਤੁਕਾਂ ਵਿਚ ਹੀ ਸੰਤਨ ਪਦ ਲਿਖ ਕੇ ਤਿੰਨ ਨੰਨੇ ਅੱਖਰ ਵਧਾ ਕੇ ਆਮ ਜਨਤਾ ਦੇ ੨੪੦੦੦ ਸ੍ਵਾਸਾਂ ਦੀ ਸਫਲਤਾ ਵਾਸਤੇ ੨੧੬੨੪+ ੨੩੭੩+ ੩=ਇਸ ਤਰੀਕੇ ਨਾਲ ੨੪੦੦੦ ਹੀ ਅੱਖਰ ਸੁਖਮਨੀ ਸਾਹਿਬ ਜੀ ਦੇ ਪੂਰੇ ਕੀਤੇ ਜਾਂਦੇ ਹਨ।

ਜਿਵੇਂ ਨਵੇਂ ਕੰਮ ਦੇ ਆਰੰਭ ਵਿਚ ਸਭ ਕੋਈ ਪ੍ਰਭੂ ਦੀ ਅਰਾਧਣਾ ਰੂਪ ਮੰਗਲ ਕਰਦੇ ਹਨ। ਤਿਵੇਂ ਗੁਰੂ ਸਾਹਿਬ ਜੀ ਇਸ ਨਵੀਂ ਬਾਣੀ ਦੇ ਆਰੰਭ ਵਿਚ ਆਪਣੇ ਗੁਰੂ ਸਾਹਿਬਾਨ ਦਾ ਮੰਗਲ ਕਰਦੇ ਹਨ।

ਆਦਿ ਗੁਰ ਏ ਨਮਹ॥

ਸਾਰਿਆਂ ਗੁਰੂਆਂ ਦੇ ਆਦਿ=ਪਹਿਲੇ ਗੁਰੂ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ
ਉਨ੍ਹਾਂ ਦੇ ਏ=ਤਾਈਂ* ਮੇਰੀ ਨਮਸ਼ਕਾਰ ਹੋਵੇ।

ਜੁਗਾਦਿ ਗੁਰ ਏ ਨਮਹ॥

ਜੁਗਾਦਿ-ਜੁਗ+ਆਦਿ=ਜੁਗ ਦਾ ਅਰਥ ਦੋ ਕਰਨਾ। ਦੋ ਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਇਨ੍ਹਾਂ ਦੋ ਗੁਰੂ ਸਾਹਿਬਾਂ ਦੇ ਅਦਿ ਗੁਰੂ ਜੋ ਸ੍ਰੀ ਗਰੂ ਅੰਗਦ ਦੇਵ ਜੀ ਹਨ, ਉਨ੍ਹਾਂ ਦੇ 'ਏ'=ਤਾਈਂ, ਨਮਹ=ਨਮਸ਼ਕਾਰ ਹੋਵੇ।

ਸਤਿਗੁਰਏ ਨਮਹ॥

ਗੁਰੂ ਦਾ ਜੋ ਗੁਰੂ ਹੋਵੇ ਉਨ੍ਹਾਂ ਨੂੰ ਸਤਿਗੁਰੂ ਕਹਿੰਦੇ ਹਨ-ਇਸ ਕਰਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ

---

*ਵਿਆਕਰਣ ਵਿਚ ੭ ਵਿਭਗਤੀਆਂ ਲਿਖੀਆਂ ਹਨ:-
ਰਾਮਾ, ਰਾਮੰ, ਰਾਮੇਣ, ਰਾਮੇਤ,ਰਾਮਾਇ, ਰਾਮਸਿਆ, ਰਾਮਾਸ਼ੁ।
ਰਾਮ ਹੈ, ਰਾਮ ਨੂੰ, ਰਾਮ ਕਰਕੇ, ਰਾਮ ਤਾਈਂ, ਰਾਮ ਸੇ, ਰਾਮ ਕੀ, ਰਾਮ ਵਿਖੇ।
ਯਥਾ:-ਹੈ ਪ੍ਰਿਥਮਾ, ਨੂੰ ਦੁਤੀਆ, ਕਰਕੇ, ਤ੍ਰਿਤੀਆ ਜਾਣ।
ਤਾਈਂ ਵਾਸਤੇ ਚਤੁਰਥੀ, ਤੇ, ਸੇ ਪੰਚਮ ਮਾਨ।
ਕਾ, ਕੀ ਕੋ ਖਸ਼ਟੀ ਅਹੈ, ਵਿਖੇ ਸਪਤਮੀ ਜਾਣ।
ਏਥੇ ਚੌਥੀ ਵਿਭਗਤੀ ਦੇ ਅਨੁਸਾਰ 'ਏ' ਦਾ ਅਰਥ ਤਾਈਂ ਕੀਤਾ ਹੈ।

ਗੁਰੂ ਜੋ ਸਤਿਗੁਰੂ ਅਮਰਦਾਸ ਸਾਹਿਬ ਜੀ ਹਨ, ਉਨ੍ਹਾਂ ਦੇ "ਏ"=ਤਾਈਂ ਸਾਡੀ ਨਮਸ਼ਕਾਰ ਹੋਵੇ।

ਸ੍ਰੀ* ਗੁਰਦੇਵਏ ਨਮਹ ॥ ੧ ॥

ਜੋ ਆਪਣੇ ਸੁਆਮੀ ਹੋਣ ਉਨ੍ਹਾਂ ਨੂੰ ਗੁਰਦੇਵ ਪਦ ਲਿਖੀਦਾ ਹੈ। ਇਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ-ਸ੍ਰੀ=ਸੁਭਾਏਮਾਨ ਸਾਡੇ ਗੁਰਦੇਵ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਨ੍ਹਾਂ ਦੇ 'ਏ'=ਤਾਈਂ ਨਮਸ਼ਕਾਰ ਹੋਵੇ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਸੁਆਮੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਬਹੁਤ ਜਗ੍ਹਾ ਗੁਰਦੇਵ ਪਦ ਨਾਲ ਵਰਨਣ ਕੀਤਾ ਹੈ। ਜਿਵੇ:-

ਯਥਾ:-*ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥*
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੇ ਗੁਰਦੇਵ ਮੰਤ੍ਰੁ ਨਿਰੋਧਰਾ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥

(ਗਉੜੀ ਬਾਵਨ ਅਖਰੀ, ਪੰਨਾ ੨੬੨)

ਤਥਾ:-*ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥*
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥ ੧॥

(ਗਉੜੀ ਸੁਖਮਨੀ ਅਸਟਪਦੀ ੬, ਪਨਾ ੨੬੯)

ਤਥਾ- *ਤਤੁ ਬੀਚਾਰੁ ਕਹੈ ਜਨੁ ਸਾਚਾ॥ ਜਨਮਿ ਮਰੈ ਸੋ ਕਾਚੋ ਕਾਚਾ॥*
ਆਵਾ ਗਵਨੁ ਮਿਟੈ ਪ੍ਰਭ ਸੇਵ॥ ਆਪੁ ਤਿਆਗਿ ਸਰਨਿ ਗੁਰਦੇਵ॥

(ਗਉੜੀ ਸੁਖਮਨੀ ਅਸਟਪਦੀ ੧੯, ਪੰਨਾ ੧੮੯)

ਤਥਾ- *ਸਰਨਿ ਜੋਗੁ ਸੁਨਿ ਸਰਨੀ ਆਏ॥ ਕਰਿ ਕਿਰਪਾ ਪ੍ਰਭ ਆਪ ਮਿਲਾਏ॥*
ਮਿਟਿ ਗਏ ਬੈਰ ਭਏ ਸਭ ਰੇਨ॥ ਅੰਮ੍ਰਿਤ ਨਾਮੁ ਸਾਧਸੰਗਿ ਲੈਨ॥
ਸੁਪ੍ਰਸੰਨ ਭਏ ਗੁਰਦੇਵ॥ ਪੂਰਨ ਹੋਈ ਸੇਵਕ ਕੀ ਸੇਵ॥

(ਗਉੜੀ ਸੁਖਮਨੀ ਅਸਟਪਦੀ ੨੪, ਪੰਨਾ ੨੮੮)

---

* *'ਸ੍ਰੀ ਪਦ' ਹੋਰ ਕਿਸੇ ਗੁਰੂ ਸਾਹਿਬ ਨਾਲ ਨਹੀਂ ਦਿੱਤਾ, ਕੇਵਲ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਦਿੱਤਾ ਹੈ, ਇਸ ਦਾ ਇਹ ਕਾਰਨ ਹੈ:-*

ਗੁਰੂ ਨਾਨਕ ਸਾਹਿਬ ਜੀ ਤੋਂ ਮਾਇਆ ੧੨ ਕੋਹ ਪਰ੍ਹੇ ਰਹੀ ਹੈ।

ਗੁਰੂ ਅੰਗਦ ਦੇਵ ਜੀ ਤੋਂ ਮਾਇਆ ੬ ਕੋਹ ਪਰ੍ਹੇ ਰਹੀ ਹੈ।

ਗੁਰੂ ਅਮਰ ਦਾਸ ਜੀ ਦੇ ਦਰਵਾਜ਼ੇ ਤੋਂ ਬਾਹਰ ਮਾਇਆ ਖੜੀ ਰਹੀ ਹੈ, ਅੰਦਰ ਆਉਣ ਦਾ ਹੁਕਮ ਨਹੀਂ ਹੋਇਆ। ਜਿਸ ਵੇਲੇ ਮਾਇਆ ਨੇ ਬਹੁਤ ਬੇਨਤੀ ਕੀਤੀ, ਬਹੁਤੇ ਤਰਲੇ ਮਾਰੇ ਹਾੜੇ ਕਢੇ, ਤਾਂ ਗੁਰੂ ਅਮਰਦਾਸ ਜੀ ਨੇ ਮਾਇਆ ਨੂੰ ਗੁਰੂ ਰਾਮਦਾਸ ਜੀ ਦੇ ਚਰਨੀਂ ਪਾ ਕੇ ਕਿਹਾ, "ਜੇ ਤੂੰ ਸਫਲ ਹੋਣਾ ਚਾਹੁੰਦੀ ਹੈਂ ਤਾਂ ਇਹਨਾਂ ਦੇ ਚਰਨੀਂ ਪਈ ਰਹੁ, ਇਨ੍ਹਾਂ ਨੂੰ ਨਾ ਛਡੀਂ।" ਉਸ ਵਰ ਕਰਕੇ ਮਾਇਆ ਚਾਰੇ ਦਰਵਾਜ਼ਿਓ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਵਿਚ ਆ ਰਹੀ ਹੈ, ਇਸ ਕਰਕੇ ਗੁਰੂ ਰਾਮਦਾਸ ਜੀ ਦੇ ਨਾਲ 'ਸ੍ਰੀ' ਪਦ ਰੱਖਿਆ ਹੈ। 'ਸ੍ਰੀ' ਨਾਮ ਲਛਿਮੀ ਦਾ ਹੈ। ਲਛਿਮੀ ਜਿਨ੍ਹਾਂ ਦੇ ਚਰਨਾਂ ਵਿਚ ਨਿਵਾਸ ਕਰ ਰਹੀ ਹੈ. ਉਨ੍ਹਾਂ ਨੂੰ ਮੈਂ ਨਮਸ਼ਕਾਰ ਕਰਦਾ ਹਾਂ

ਤਥਾ- ***ਵਡੈ ਭਾਗਿ ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ ਹਰਿ ਸੇਵਾ॥ ੧॥***

(ਧਨਾਸਰੀ ਮਹਲਾ ੫, ਪੰਨਾ ੬੮੩)

ਤਥਾ- ***ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ॥***

(ਬਿਲਾਵਲੁ ਮਹਲਾ ੫, ਪੰਨਾ ੮੧੭)

ਅਸਟਪਦੀ॥* ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥

ਹੇ ਭਾਈ ! ਮਨ ਕਰਕੇ ਸਿਮਰੋ, ਬਾਣੀ ਕਰਕੇ ਸਿਮਰੋ, ਤਨ ਕਰਕੇ ਸਿਮਰੋ।

ਅਥਵਾ:-ਉਸ ਦਾ ਸਿਮਰਨ ਜੋ ਸਿਮਰਣੇ ਜੋਗ ਹੈ, ਉਸ ਨੂੰ ਸਿਮਰ ਕੇ ਸੁਖ ਪਾਉਣਾ ਕਰੋ।

ਯਥਾ-***ਸਾਜਨ ਸੰਤ ਕਰਹੁ ਇਹੁ ਕਾਮੁ॥ ਆਨ ਤਿਆਗਿ ਜਪਹੁ ਹਰਿ ਨਾਮੁ॥***
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ॥

(ਗਉੜੀ ਸੁਖਮਨੀ ਅਸਟਪਦੀ ੨੦, ਪੰਨਾ ੨੯੦)

ਤਥਾ:-***ਕਲਿ ਤਾਤੀ ਠਾਂਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥***

(ਗਉੜੀ ਸੁਖਮਨੀ ਅਸਟਪਦੀ ੧੯, ਪੰਨਾ ੨੮੯)

ਕਲਿ ਕਲੇਸ ਤਨ ਮਾਹਿ ਮਿਟਾਵਉ॥

ਕਲਿ=ਕਲਜੁਗ ਦੇ ਕਲੇਸ਼, ਅਥਵਾ:- ਕਲਿ=ਕਲਪਣਾ ਅਤੇ (ਰਾਗ, ਦ੍ਵੈਸ਼, ਅਵਿਦਿਆ, ਅਸਮਤਾ, ਅਭੀਨਿਵੇਸ਼ ਇਨ੍ਹਾਂ ਪੰਜਾਂ) ਕਲੇਸ਼ਾਂ ਨੂੰ ਸਰੀਰ ਵਿਚੋਂ ਮਿਟਾਵਉ=ਦੂਰ ਕਰੋ।

ਸਿਮਰਉ ਜਾਸੁ ਬਿਸੁੰਭਰ ਏਕੈ॥ ਨਾਮੁ ਜਪਤ ਅਗਨਤ ਅਨੇਕੈ॥

ਬਿਸੁੰਭਰ=(ਬਿਸ੍ਵ) ਸੰਸਾਰ ਦੇ ਭਰਨ ਵਾਲਾ ਅਰਥਾਤ ਪਾਲਣ ਵਾਲਾ ਜੋ ਇਕ ਪ੍ਰਭੂ ਹੈ ਉਸ ਦੇ ਜਾਸੁ=ਜਸ ਨੂੰ ਸਿਮਰਣਾ ਕਰੋ। ਉਸ ਦੇ ਅਨੇਕਾਂ ਨਾਮ ਹਨ ਅਤੇ ਜਪਣ ਵਾਲੇ ਵੀ ਅਗਨਤ=ਗਿਣਤੀ ਤੋਂ ਰਹਿਤ ਹਨ। *ਅਥਵਾ:*-ਇਕ ਸੰਸਾਰ ਦੇ ਪਾਲਣ ਵਾਲੇ ਨੂੰ ਸਿਮਰੋ, ਜਾਸੁ=ਜਿਸ ਦੇ ਨਾਮ ਅਨੇਕਾਂ ਹਨ ਅਤੇ ਜਪਣ ਵਾਲੇ ਵੀ ਅਗ(ਨਤ=ਅਨਗਿਣਤ ਹਨ।

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ॥ ਕੀਨੇ ਰਾਮ ਨਾਮ ਇਕ ਆਖ੍ਰ॥

ਚਾਰ ਵੇਦ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ ਦੇ ਅੱਖਰ ਅੱਖਰ ਨੂੰ ਸੋਧਿਆ ਹੈ। ਆਖ੍ਰੰ=ਅੰਤ ਨੂੰ, ਇਕ ਰਾਮ ਦਾ ਨਾਮ ਹੀ ਸੁਖਾਂ ਦਾ ਸਾਧਨ ਨਿਸੰਚੇ ਕੀਤਾ ਹੈ।

ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾ ਕੀ ਮਹਿਮਾ ਗਨੀ ਨ ਆਵੈ॥

ਸੁਖਮਨੀ ਸਾਹਿਬ ਨਾਮਾਂ ਦਾ ਬੋਹਲ ਹੈ, ਇਸ ਬੋਹਲ ਵਿਚੋਂ ਇਕ ਕਿਣਕਾ ਭਰ ਜਿਸ ਦੇ ਦਿਲ ਵਿਚ ਨਾਮ ਵਸ ਆਇਆ ਹੈ। ਉਸ ਦੀ ਮਹਿਮਾ ਗਨੀ=ਗਿਣਤੀ ਵਿਚ ਨਹੀਂ ਆਉਂਦੀ। *ਅਥਵਾ:*-ਇਕ ਕਿਣਕਾ

**ਅਸਟ+ਪਦੀ=ਅੱਠ ਅੱਠ ਪਉੜੀਆਂ ਹੋਣ ਕਰ ਕੇ, ਇਸ ਦਾ ਨਾਂ ਅਸਟਪਦੀ ਹੈ ਤੇ ਹਰ ਇਕ ਪਉੜੀ ਦੀਆਂ ਦਸ ਦਸ ਤੁਕਾਂ ਹਨ।*

ਭਰ ਵੀ ਅਰਥਾਤ ਥੋੜਾ ਸਮਾਂ ਭੀ ਜਿਸ ਦੇ ਦਿਲ ਵਿਚ ਨਾਮ ਵਸ ਆਇਆ ਹੈ। ਉਸ ਦੀ ਮਹਿਮਾ ਗਿਣਤੀ ਵਿਚ ਨਹੀਂ ਆਉਂਦੀ ।

ਯਥਾ:-*ਏਕ ਚਿਤ ਜਿਹ ਇਕ ਛਿਨ ਧਿਆਇਓ॥*
ਕਾਲ ਫਾਸ ਕੇ ਬੀਚ ਨ ਆਇਓ॥ ੧੦॥

(ਦਸਮ ਗ੍ਰੰਥ, ਪੰਨਾ ੧੧)

ਕਾਂਖੀ ਏਕੈ ਦਰਸ ਤੁਹਾਰੋ॥ ਨਾਨਕ ਉਨ ਸੰਗਿ ਮੋਹਿ ਉਧਾਰੋ॥ ੧ ॥

ਗੁਰੂ ਜੀ ਕਹਿੰਦੇ ਹਨ-ਹੇ ਪ੍ਰਭੂ ਜਿਨ੍ਹਾਂ ਨੂੰ ਇਕ ਤੁਹਾਰੋ=ਆਪ ਜੀ ਦੇ ਦਰਸ਼ਨਾਂ ਦੀ ਕਾਂਖੀ=ਇਛਾ ਹੈ। ਉਨ੍ਹਾਂ ਦੇ ਨਾਲ ਮੇਲ ਕੇ ਮੈਨੂੰ ਵੀ ਤਾਰ ਲਵੋ॥ ੧॥

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥*

ਇਸ ਵਿਚ ਸੁਖ ਸਰੂਪ ਪ੍ਰਭੂ ਦਾ ਨਾਮ ਅੰਮ੍ਰਿਤ ਹੋਣ ਕਰਕੇ ਇਸ ਦਾ ਨਾਂ ਸੁਖਮਨੀ ਸਾਹਿਬ ਹੈ।

ਵਾ:-ਇਹ ਸੁਖ+ਮਨੀ=ਸੁੱਖਾਂ ਦੀ ਪਰਛੱਤੀ ਹੈ। ਜਿਵੇਂ ਲੋਕ ਘਰਾਂ ਦੀ ਪਰਛੱਤੀ ਪਰ ਸਭ ਚੀਜ਼ਾਂ ਰਖਦੇ ਹਨ, ਤਿਵੇਂ ਪ੍ਰਭੂ ਨੇ ਸਾਰੇ ਸੁਖ ਇਸ ਸੁਖਮਨੀ ਸਾਹਿਬ ਵਿਚ ਰੱਖੇ ਹਨ।

ਵਾ:-ਸੁਖ+ਮਨੀ=ਮਨ ਨੂੰ ਸੁਖ ਦੇਣ ਵਾਲੀ ਹੈ।

ਅਥਵਾ:-ਇਸ ਦੇ ਮੰਨਣ ਕਰਨ ਨਾਲ ਸੁਖ ਹੀ ਸੁਖ ਪ੍ਰਾਪਤ ਹੁੰਦੇ ਹਨ।

ਅਥਵਾ:-ਸੁਖਾਂ ਦੀ ਮਨੀ=ਰੋਟੀ ਹੈ, ਜਿਵੇਂ ਮੰਨੀ ਵਿਚ (ਮੈਦਾ, ਖੰਡ, ਘਿਉ) ਤਿੰਨ ਚੀਜ਼ਾਂ ਹੁੰਦੀਆਂ ਹਨ, ਤਿਵੇਂ ਇਸ ਬਾਣੀ ਵਿਚ ਗਿਆਨ ਰੂਪ ਮੈਦਾ ਹੈ, ਭਗਤੀ ਰੂਪੀ ਖੰਡ ਹੈ, ਪ੍ਰੇਮ ਰੂਪ ਘਿਉ ਹੈ।

ਅਥਵਾ:-ਜਿਵੇਂ ਸੱਪ ਦੇ ਸਿਰ ਵਿਚ ਮਣੀ ਪ੍ਰਕਾਸ਼ਦੀ ਹੈ, ਤਿਵੇਂ ਇਹ ਸੁਖਾਂ ਦੇ ਪ੍ਰਕਾਸ਼ਣੇ ਵਾਲੀ ਹੈ, ਇਸ ਵਾਸਤੇ ਇਸ ਦਾ ਨਾਂ ਸੁਖਮਨੀ ਹੈ। ਜਿਵੇਂ ਪ੍ਰਤੱਖ ਮਣੀ ਡੱਬੇ ਵਿਚ ਸੰਭਾਲ ਕੇ ਰਖੀਦੀ ਹੈ, ਤਿਵੇਂ ਇਹ ਸੁਖਮਨੀ ਰੂਪ ਬਾਣੀ ਭਗਤ ਜਨਾਂ ਦੇ ਮਨ ਵਿਚ ਬਿਸ੍ਰਾਮ=ਵਾਸਾ ਕਰਦੀ ਹੈ॥ ਰਹਾਉ॥ ਅੱਗੋਂ ਸਿਮਰਨ ਦਾ ਫਲ ਦਸਦੇ ਹਨ:-

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥

ਪ੍ਰਭੂ ਦੇ ਸਿਮਰਨ ਕਰਕੇ ਜੀਵ ਦੁਬਾਰਾ ਮਾਂ ਦੇ ਗਰਭ ਵਿਚ ਨਹੀਂ ਵਸਦਾ।

ਪ੍ਰਭੂ ਦੇ ਸਿਮਰਨ ਕਰਕੇ ਜੀਵ ਪਾਸੋਂ ਦੁੱਖ ਤੇ ਜਮ ਨਸ ਜਾਂਦੇ ਭਾਵ ਦੂਰ ਹੋ ਜਾਂਦੇ ਹਨ।

ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥

ਪ੍ਰਭੂ ਦੇ ਸਿਮਰਨ ਕਰਕੇ ਜੀਵ ਕਾਲੁ=ਮੌਤ ਨੂੰ ਪਰਹਰੈ=ਭਜਾ ਦੇਂਦਾ ਹੈ।

ਪ੍ਰਭੂ ਦੇ ਸਿਮਰਨ ਕਰਕੇ ਜੀਵ ਦੇ ਸਿਰ ਤੋਂ ਦੁਸ਼ਮਣ ਟਲ ਜਾਂਦਾ ਹੈ।

**ਗੁਰੂ ਸਾਹਿਬਾਂ ਨੇ ਇਹ ਰਹਾਉ ਦੀਆਂ ਦੋ ਪੰਗਤੀਆਂ ਹਰ ਪਉੜੀ ਦੀਆਂ ਦਸ ਤੁਕਾਂ ਤੋਂ ਅਲੱਗ ਆਖੀਆਂ ਹਨ। ਅਤੇ ਇਹਨਾਂ ਹੀ ਦੋ ਤੁਕਾਂ ਵਿਚ ਇਸ ਬਾਣੀ ਦਾ ਨਾਮ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਕਿਹਾ ਹੈ। ਇਹ ਦੋ ਤੁਕਾਂ ਹੀ ਸਾਰੀ ਸੁਖਮਨੀ ਸਾਹਿਬ ਦਾ ਮੂਲ ਰੂਪ ਹਨ। ਬਾਕੀ ਸਾਰੀ ਬਾਣੀ ਟੀਕਾ ਰੂਪ ਹੈ। ਹਰ ਪਉੜੀ ਨਾਲ ਇਹਨਾਂ ਦੋ ਤੁਕਾਂ ਦਾ ਪਾਠ ਕਰਨ ਨਾਲ ਵਧੇਰੇ ਫਲ ਦੀ ਪ੍ਰਾਪਤੀ ਹੁੰਦੀ ਹੈ।*

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥

ਪ੍ਰਭੂ ਦਾ ਸਿਮਰਨ ਕਰਦਿਆਂ ਜੀਵ ਨੂੰ ਕੁਝ ਵਿਘਨ ਨਹੀਂ ਲਗਦਾ।

ਪ੍ਰਭੂ ਦੇ ਸਿਮਰਨ ਕਰਕੇ ਜੀਵ ਰਾਤ ਦਿਨ ਗਿਆਨ ਜਾਗ੍ਰਤ ਵਿਚ ਜਾਗਦਾ ਰਹਿੰਦਾ ਹੈ।

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥

ਪ੍ਰਭੂ ਦੇ ਸਿਮਰਨ ਕਰਕੇ ਜੀਵ ਨੂੰ ਕੋਈ ਡਰ ਨਹੀਂ ਲਗਦਾ।

ਪ੍ਰਭੂ ਦੇ ਸਿਮਰਨ ਕਰਕੇ ਜੀਵ ਨੂੰ ਕੋਈ ਦੁੱਖ ਵੀ ਨਹੀਂ ਸਤਾਉਂਦਾ।

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥

ਪ੍ਰਭੂ ਦਾ ਸਿਮਰਨ ਸੰਤਾਂ ਦੇ ਸੰਗ ਵਿਚੋਂ ਮਿਲਦਾ ਹੈ।

ਗੁਰੂ ਜੀ ਕਹਿੰਦੇ ਹਨ-ਸੰਤਾਂ ਦੇ ਸੰਗ ਦੁਆਰਾ ਹਰੀ ਵਿਚ ਰੰਗਿ=ਪ੍ਰੇਮ ਕਰਨ ਨਾਲ ਸਰਬ ਨਿਧਾਨ=ਸਾਰੇ ਖਜ਼ਾਨੇ ਪ੍ਰਾਪਤ ਹੁੰਦੇ ਹਨ॥ ੨ ॥

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥

ਪ੍ਰਭੂ ਦੇ ਸਿਮਰਨ ਕਰਕੇ ਰਿੱਧੀਆਂ ਸਿੱਧੀਆਂ ਤੇ ਨੌਂ ਨਿੱਧੀਆਂ ਮਿਲ ਜਾਦੀਆਂ ਹਨ।*

ਪ੍ਰਭੂ ਦੇ ਸਿਮਰਨ ਕਰਕੇ ਗਿਆਨ ਧਿਆਨ ਦੇ ਸਹਿਤ ਤਤ ਸਰੂਪ ਦੇ ਜਾਣਨ ਵਾਲੀ ਬੁੱਧੀ ਪ੍ਰਾਪਤ ਹੁੰਦੀ ਹੈ। ਵਾ:-ਤਤਵੇਤਿਆਂ ਵਾਲੀ ਬੁੱਧੀ ਪ੍ਰਾਪਤ ਹੁੰਦੀ ਹੈ।

ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥

ਪ੍ਰਭੂ ਦੇ ਸਿਮਰਨ ਕਰਕੇ ਜਪ ਤਪ ਆਦਿ ਦੇ ਕਰਨ ਦਾ ਫਲ ਅਤੇ ਠਾਕੁਰ ਪੂਜਾ ਅਦਿਕ ਕਰਮਾਂ ਦੇ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਪ੍ਰਭੂ ਦੇ ਸਿਮਰਨ ਕਰਕੇ ਦੂਜਾ=ਦ੍ਵੈਤ ਭਾ ਦੂਰ ਹੋ ਜਾਂਦਾ ਹੈ।

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥

ਪ੍ਰਭੂ ਦੇ ਸਿਮਰਨ ਕਰਕੇ ਸਾਰੇ ਤੀਰਥਾਂ ਦੇ ਇਸ਼ਨਾਨ ਹੋ ਜਾਂਦੇ ਹਨ। ਭਾਵ ਬਾਹਰ ਜਾਣ ਦੀ ਕੋਈ ਲੋੜ ਨਹੀਂ ਘਰ ਬੈਠਿਆਂ ਹੀ ਸਾਰੇ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲ ਜਾਂਦਾ ਹੈ।

ਸਾਖੀ:-ਜੈਤ ਨਾਮੇ ਸੇਠ ਦੀ

ਇਕ ਜੈਤ ਨਾਮੇ ਸੇਠ ਪਟਣੇ ਸਾਹਿਬ ਵਿਖੇ ਰਹਿੰਦਾ ਸੀ ਜੋ ਆਏ ਗਏ ਦੀ ਬੜੀ ਸੇਵਾ ਕਰਦਾ ਹੁੰਦਾ ਸੀ ਅਤੇ ਅੰਮ੍ਰਿਤ ਵੇਲੇ ਉੱਠ ਕੇ ਭਜਨ ਪਾਠ ਵੀ ਬੜਾ ਕਰਦਾ ਸੀ। ਸਤਸੰਗੀ ਵੀ ਬਹੁਤ ਸੀ।

---

*ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ (ਗਉੜੀ ਮਹਲਾ ੧, ਪੰਨਾ ੨੨੦)

ਜਿਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸ਼ਾਹਿਬ ਜੀ ਪਟਣੇ ਸਾਹਿਬ ਪਹੁੰਚੇ, ਤਾਂ ਸੰਗਤਾਂ ਨੇ ਖੁਲ੍ਹੇ ਦਰਸ਼ਨ ਦੀਦਾਰੇ ਕੀਤੇ। ਉਸ ਵੇਲੇ ਕਈਆਂ ਲੋਕਾਂ ਨੇ ਉਸ ਸੇਠ ਦੀ ਸ਼ਿਕਾਇਤ ਕੀਤੀ ਕਿ ਐ ਗੁਰੂ ਜੀ ! ਇਹ ਜੈਤ ਸੇਠ ਕੁੰਡ ਵਿਚ ਨਹਾਉਂਦਾ ਹੈ, ਗੰਗਾ ਪਰ ਇਸ਼ਨਾਨ ਨਹੀਂ ਕਰਦਾ। ਅਸੀਂ ਇਸ ਨੂੰ ਬਹੁਤ ਕਹਿ ਰਹੇ ਹਾਂ, ਇਹ ਆਖੇ ਨਹੀ ਲਗਦਾ। ਆਪ ਇਸ ਨੂੰ ਕਹੋ, ਗੰਗਾ ਇਸ਼ਨਾਨ ਕੀਤਾ ਕਰੇ।

ਗਰੀਬ ਨਿਵਾਜ਼ ਨੇ ਸਿੱਖ ਦੀ ਮਹਿਮਾ ਪ੍ਰਗਟ ਕਰਨ ਵਾਸਤੇ ਕਿਹਾ, "ਤੁਸੀਂ ਅੱਜ ਦੀ ਰਾਤ ਇਥੇ ਰਹਿ ਕੇ ਅੰਮ੍ਰਿਤ ਵੇਲੇ ਉੱਠ ਕੇ ਵੇਖੋ।"

ਹਜ਼ੂਰ ਦੀ ਆਗਿਆ ਮੰਨ ਕੇ ਕੁਝ ਲੋਕ ਰਾਤ ਓਥੇ ਠਹਿਰੇ। ਜਿਸ ਵੇਲੇ ਅੰਮ੍ਰਿਤ ਵੇਲਾ ਹੋਇਆ ਤਾਂ ਹਜ਼ੂਰ ਨੇ ਸਭ ਨੂੰ ਉਠਾ ਦਿੱਤਾ।

ਇਤਨੇ ਨੂੰ ਇਕ ਗਊ ਆਈ ਜਿਸ ਨੇ ਆਪਣੇ ਮੂੰਹ ਵਿਚੋਂ ਜਲ ਕੱਢ ਕੇ ਉਹ ਕੁੰਡ ਭਰ ਦਿੱਤਾ, ਤਾਂ ਗੁਰੂ ਜੀ ਨੇ ਸਿੱਖਾਂ ਦਾ ਨਿਸਚਾ ਕਰਵਾਉਣ ਵਾਸਤੇ ਉਸ ਤੋਂ ਪੁਛਿਆ "ਤੂੰ ਕੌਣ ਹੈਂ?"

ਉਸ ਗਊ ਨੇ ਬੋਲ ਕੇ ਕਿਹਾ, "ਮੈਂ ਗੰਗਾ ਹਾਂ।

ਗੁਰੂ ਜੀ-"ਤੂੰ ਏਥੇ ਕਿਉਂ ਆਉਂਦੀ ਹੈਂ?"

ਗਊ (ਗੰਗਾ)- "ਮੈਂ ਹਰ ਰੋਜ਼ ਇਸ ਗੁਰਮੁਖ ਨੂੰ ਇਸ਼ਨਾਨ ਕਰਵਾਉਣ ਆਉਂਦੀ ਹਾਂ। ਇਹ ਗੱਲ ਵੇਖ ਅਤੇ ਸੁਣ ਕੇ ਸਭ ਚੁਪ ਚਾਪ ਹੋ ਗਏ।

ਹਜ਼ੂਰ ਨੇ ਕਿਹਾ, "ਇਹ ਨਾਮ ਦਾ ਪ੍ਰਤਾਪ ਹੈ। ਜੋ ਭੀ ਪੁਰਸ਼ ਨਾਮ ਨੂੰ ਸੁਣੇਗਾ, ਜਪੇਗਾ ਉਸ ਨੂੰ ਘਰ ਬੈਠਿਆਂ ਤੀਰਥ ਪਰਸਨ ਆਉਣਗੇ ਅਤੇ ੬੮ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇਗਾ। ਨਾਮ ਦਾ ਮਹਾਤਮ ੬੮ ਤੀਰਥਾਂ ਤੋਂ ਭੀ ਵਿਸ਼ੇਸ਼ ਹੈ।

ਜੈਸੇ ਅਠਸਠਿ ਤੀਰਥ ਪਰਸ ਕੀਓ, ਜੁਗ ਚਾਰਿ ਚੜਿਓ ਕੈਲਾਸ਼ ਰਹਿਓ।
ਜੈਸੇ ਲਾਖ ਬਾਰ ਕੁਰਛੇਤਰ ਮੇਂ, ਅਸਮੇਧ ਜਗ ਅਭੰਗ ਠਹਿਓ।
ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੇਂ ਤਨ ਦਾਹ ਦਇਓ।
ਫੁਨਿ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ।

(ਕਬਿਤ ਸਵੱਯੇ ਭਾਈ ਗੁਰਦਾਸ ਜੀ)

ਅਥਵਾ:-ਅਠਾਹਠ ਤੀਰਥਾਂ ਨੂੰ ਭੀ ਇਸ਼ਨਾਨ ਕਰਵਾ ਦੇਂਦਾ ਹੈ। ਭਾਵ ਪਵਿੱਤ੍ਰ ਕਰ ਦੇਂਦਾ ਹੈ। ਕਿਉਂਕਿ ਸੰਸਾਰੀ ਜੀਵ ਕਈ ਤਰ੍ਹਾਂ ਦੇ ਛਲ-ਫਰੇਬ ਕਰਕੇ ਪਾਪ ਵਿਸ਼ਿਸ਼ਟ ਅੰਤਹਕਰਨ ਵਾਲੇ ਹੁੰਦੇ ਹਨ ਤੇ ਉਹ ਤੀਰਥਾਂ ਪਰ ਇਸ਼ਨਾਨ ਕਰ ਕੇ ਆਪਣੇ ਪਾਪਾਂ ਨੂੰ ਦੂਰ ਕਰ ਜਾਂਦੇ ਹਨ ਤੇ ਤੀਰਥਾਂ ਦੇ ਪਾਪਾਂ ਨੂੰ ਮਹਾਤਮਾਂ ਦੂਰ ਕਰਦੇ ਹਨ।

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥

(ਮਲਾਰ ਮਹਲਾ ੪, ਪੰਨਾ ੧੨੬੩)

ਵਾਹਿਗੁਰੂ ਦਾ ਸਿਮਰਨ ਕਰਕੇ ਪਰਲੋਕ ਦਰਗਾਹ ਵਿਚ ਜਾ ਕੇ ਇਹ ਜੀਵ ਮਾਨੀ=ਮਾਣ ਇੱਜ਼ਤ ਪਾਉਂਦਾ ਹੈ।

ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥

ਪ੍ਰਭੂ ਦੇ ਸਿਮਰਨ ਕਰਕੇ ਜੀਵ ਪਾਸੋਂ ਜੋ ਭੀ ਕਰਮ ਹੁੰਦਾ ਹੈ, ਉਹ ਭਲਾ ਹੀ ਹੁੰਦਾ ਹੈ। ਵਾ:-ਪ੍ਰਮੇਸ਼ਰ ਵਲੋਂ ਜੋ ਭੀ ਹੁੰਦਾ ਹੈ ਉਸ ਦੀ ਨਿਗਾਹ ਵਿਚ ਭਲਾ ਹੀ ਹੁੰਦਾ ਹੈ। ਪ੍ਰਭੂ ਦੇ ਸਿਮਰਨ ਕਰਕੇ ਇਹ ਜੀਵ ਧੀਆਂ ਪੁੱਤਰਾਂ ਆਦਿਕ ਸ੍ਰੇਸ਼ਟ ਫਲਾਂ ਕਰਕੇ ਪ੍ਰਫੁੱਲਤ ਹੁੰਦਾ ਹੈ। ਅਥਵਾ:-ਗਿਆਨ ਰੂਪ ਸ੍ਰੇਸ਼ਟ ਫਲ ਕਰਕੇ ਫਲਦਾ ਹੈ।

[ਪੰਨਾ ੨੯੩]

ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ ਲਾਗਉ ਪਾਏ ॥ ੩ ॥

ਜਿਨ੍ਹਾਂ ਪਾਸੋਂ ਪਰਮੇਸ਼ਰ ਆਪ ਸਿਮਰਨ ਕਰਵਾਉਂਦਾ ਹੈ, ਓਹੀ ਪੁਰਸ਼ ਸਿਮਰਨ ਕਰਦੇ ਹਨ।

ਗੁਰੂ ਜੀ ਫੁਰਮਾਉਂਦੇ ਹਨ-ਅਸੀਂ ਉਨ੍ਹਾਂ ਦੇ ਪਾਏ=ਚਰਨੀਂ ਲੱਗਦੇ ਹਾਂ,

ਵਾ:-ਤੁਸੀਂ ਉਨ੍ਹਾਂ ਦੇ ਚਰਨੀਂ ਲਗਣਾ ਕਰੋ ॥ ੩ ॥

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥

ਪ੍ਰਭੂ ਦਾਂ ਸਿਮਰਨ ਸਾਰਿਆਂ ਕਰਮਾਂ ਧਰਮਾਂ ਤੋਂ ਉੱਚਾ ਹੈ।

ਪ੍ਰਭੂ ਦਾ ਸਿਮਰਨ ਕਰਕੇ ਮੂਚਾ=ਬਹੁਤੇ ਪੁਰਸ਼ ਸੰਸਾਰ-ਸਮੁੰਦਰ ਤੋਂ ਉਧਰੇ=ਤਰ ਗਏ ਹਨ।

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥

ਪ੍ਰਭੂ ਦੇ ਸਿਮਰਨ ਕਰਕੇ ਤ੍ਰਿਸ਼ਨਾਂ ਰੂਪ ਅੱਗ ਬੁਝ ਜਾਂਦੀ ਹੈ।

ਪ੍ਰਭੂ ਦੇ ਸਿਮਰਨ ਕਰਕੇ ਅੰਤ੍ਰਯਾਮਤਾ ਨਾਲ ਸਭ ਕੁਝ ਸੁਝ ਜਾਂਦਾ ਹੈ।

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥ ਪ੍ਰਭ ਕੈ ਸਿਮਰਨਿ ਪੂਰਨ ਆਸਾ ॥

ਪ੍ਰਭੂ ਕੇ ਸਿਮਰਨ ਕਰਕੇ ਜਮਾਂ ਦਾ ਤ੍ਰਾਸਾ=ਡਰ ਨਹੀਂ ਹੁੰਦਾ।

ਪ੍ਰਭੂ ਦੇ ਸਿਮਰਨ ਕਰਕੇ ਸਭ ਆਸਾ ਪੂਰਨ ਹੋ ਜਾਂਦੀ ਹੈ।

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥

ਪ੍ਰਭੂ ਦੇ ਸਿਮਰਨ ਕਰਕੇ ਮਨ ਦੀ ਪਾਪਾਂ ਰੂਪੀ ਜਾਂ ਅਵਿਦਿਆ ਰੂਪੀ ਮੈਲ ਚਲੀ ਜਾਂਦੀ ਹੈ, ਅਤੇ ਨਾਮ-ਅੰਮ੍ਰਿਤ ਦਿਲ ਵਿਚ ਸਮਾ ਜਾਂਦਾ ਹੈ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥

ਪ੍ਰਭੂ ਜੀ ਆਪ ਸੰਤਾਂ ਦੀ ਰਸਨਾਂ ਪਰ ਵਸਦੇ ਹਨ।

ਗੁਰੂ ਜੀ ਆਖਦੇ ਹਨ-ਇਸ ਲਈ ਮੈਂ ਸੰਤ ਜਨਾਂ ਦੇ ਦਾਸਾਂ ਦਾ ਦਾਸ ਹਾਂ ॥ ੪ ॥

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਅਸਲ ਧਨ ਵਾਲੇ ਧਨਾਢ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਇੱਜ਼ਤ ਵਾਲੇ ਹਨ।

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਪੁਰਸ਼ ਪ੍ਰਮਾਣੀਕ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਪੁਰਸ਼ ਪ੍ਰਧਾਨ-ਮੁਖੀ ਹਨ।

ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਬੇਮੁਥਾਜ ਹਨ, ਉਨ੍ਹਾਂ ਨੂੰ ਕਿਸੇ ਦੀ ਪ੍ਰਵਾਹ ਨਹੀਂ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਸਾਰਿਆਂ ਦੇ ਰਾਜੇ ਹਨ।

ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਸੁਖਾਂ 'ਚ ਵਸਦੇ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਸਦਾ ਵਾਸਤੇ ਅਬਿਨਾਸੀ=ਵਾਹਿਗੁਰੂ ਦਾ ਸਰੂਪ ਹੋ ਜਾਂਦੇ ਹਨ।

ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥

ਜਿਨ੍ਹਾਂ ਉੱਤੇ ਪਰਮੇਸ਼ਰ ਆਪ ਦਿਆਲੂ ਹੁੰਦਾ ਹੈ, ਉਹੀ ਪੁਰਸ਼ ਸਿਮਰਨ ਵਿਚ ਲਗਦੇ ਹਨ।

ਗੁਰੂ ਜੀ ਆਖਦੇ ਹਨ-ਮੈਂ ਉਨ੍ਹਾਂ ਜਨਾਂ ਦੀ ਚਰਨ-ਧੂੜੀ ਮੰਗਦਾ ਹਾਂ॥ ੫॥

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਪੁਰਸ਼ ਪਰਉਪਕਾਰੀ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ, ਮੈ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ।

ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਮੂੰਹ ਸੋਭਨੀਕ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਦੀ ਉਮਰ ਸੁਖਾਂ ਵਿਚ ਬਿਹਾਵੈ=ਬੀਤਦੀ ਹੈ।

ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਨੇ ਆਪਣੇ ਆਤਮੁ=ਮਨ ਨੂੰ ਜਿੱਤ ਲਿਆ ਹੈ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਦੀ ਰੀਤੀ ਨਿਰਮਲ=ਪਵਿੱਤਰ ਹੈ।

ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਨੂੰ ਘਨੇਰੇ=ਬਹੁਤੇ ਅਨੰਦ ਦੀ ਪ੍ਰਾਪਤੀ ਹੋਈ ਹੈ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਹਰੀ ਦੇ ਨੇੜੇ ਵਸਦੇ ਹਨ।

ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥

ਜੋ ਸੰਤਾਂ ਦੀ ਕਿਰਪਾ ਨਾਲ ਰਾਤ ਦਿਨ ਜਾਗਦਾ ਹੈ,
ਭਾਵ ਮੋਹ ਰੂਪ ਨੀਂਦ ਤੋਂ ਹਟਕੇ ਹੁਸ਼ਿਆਰ ਹੋ ਕੇ ਰਹਿੰਦਾ ਹੈ।
ਗੁਰੂ ਜੀ ਫ਼ੁਰਮਾਉਂਦੇ ਹਨ-ਉਸ ਪੂਰੇ ਭਾਗਾਂ ਕਰਕੇ ਪ੍ਰਭੂ ਦਾ ਸਿਮਰਨ ਪਰਾਪਤ ਹੁੰਦਾ ਹੈ॥ ੬॥

ਪ੍ਰਭ ਕੈ ਸਿਮਰਨਿ ਕਾਰਜ ਪੂਰੇ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ॥

ਪ੍ਰਭੂ ਦੇ ਸਿਮਰਨ ਕਰਕੇ ਸਾਰੇ ਕਾਰਜ=ਕੰਮ ਪੂਰੇ ਹੁੰਦੇ ਹਨ।
ਪ੍ਰਭੂ ਦੇ ਸਿਮਰਨ ਕਰਕੇ ਇਹ ਜੀਵ ਕਦੇ ਵੀ ਝੁਰਦਾ ਨਹੀਂ ਹੈ।

ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ॥

ਪ੍ਰਭੂ ਦੇ ਸਿਮਰਨ ਕਰਕੇ ਇਸ ਦੀ ਬਾਣੀ ਹਰੀ ਗੁਣ ਗਾਉਣ ਵਾਲੀ ਹੋ ਜਾਂਦੀ ਹੈ।
ਪ੍ਰਭੂ ਦੇ ਸਿਮਰਨ ਕਰਕੇ ਇਸ ਦੀ ਬੁੱਧੀ ਸਹਜ ਪਦ ਵਿਚ ਸਮਾ ਜਾਂਦੀ ਹੈ।

ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥

ਪ੍ਰਭੂ ਦੇ ਸਿਮਰਨ ਕਰਕੇ ਇਸ ਜੀਵ ਦਾ ਆਸਣ ਨਿਸਚਲ ਹੋ ਜਾਂਦਾ ਹੈ,
ਭਾਵ ਜੋਗੀਆਂ ਵਾਂਗ ਸਮਾਧੀ ਵਿਚ ਟਿਕ ਕੇ ਬੈਠਦਾ ਹੈ।
ਵਾ:-ਨਿਹਚਲ ਆਸਨੁ=ਸਰੂਪ ਦੀ ਪ੍ਰਾਪਤੀ ਹੁੰਦੀ ਹੈ।
ਪ੍ਰਭੂ ਦੇ ਸਿਮਰਨ ਕਰਕੇ ਹਿਰਦਾ ਕੌਲ ਬਿਗਾਸਨੁ=ਖਿੜ ਜਾਂਦਾ ਹੈ।

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ॥

ਪ੍ਰਭੂ ਦੇ ਸਿਮਰਨ ਕਰਕੇ ਅਨਹਦ=ਇਕਰਸ ਝੁਨਕਾਰ=ਅਨੰਦ ਦੇ ਵਾਜੇ ਵਜਦੇ ਹਨ।
ਪ੍ਰਭੂ ਦੇ ਸਿਮਰਨ ਦਾ ਜੋ ਸੁਖ ਹੈ, ਉਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ॥
ਨਾਨਕ ਤਿਨ ਜਨ ਸਰਨੀ ਪਇਆ॥ ੭॥

ਜਿਨ੍ਹਾਂ ਉੱਪਰ ਪ੍ਰਭੂ ਦੀ ਮਇਆ=ਕਿਰਪਾ ਦ੍ਰਿਸ਼ਟੀ ਹੋਈ ਹੈ, ਉਹ ਪੁਰਸ਼ ਪ੍ਰਭੂ ਦਾ ਸਿਮਰਨ ਕਰਦੇ ਹਨ।
ਗੁਰੂ ਜੀ ਕਹਿੰਦੇ ਹਨ-ਮੈਂ ਉਨ੍ਹਾਂ ਗੁਰਮੁਖ ਜਨਾਂ ਦੀ ਸ਼ਰਨ ਵਿਚ ਪਿਆ ਹਾਂ॥ ੭॥

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ॥ ਹਰਿ ਸਿਮਰਨਿ ਲਗਿ ਬੇਦ ਉਪਾਏ॥

ਹਰੀ ਨੇ ਆਪਣੇ ਸਿਮਰਨ ਕਰਾਉਣ ਵਾਸਤੇ ਭਗਤ ਪਰਗਟ ਕੀਤੇ ਹਨ।
ਹਰੀ ਨੇ ਆਪਣੇ ਸਿਮਰਨ ਲਗਿ=ਵਾਸਤੇ ਹੀ ਵੇਦ ਪੈਦਾ ਕੀਤੇ ਹਨ।
ਅਥਵਾ:- ਹਰੀ ਦਾ ਸਿਮਰਨ ਕਰਕੇ ਭਗਤ ਸੰਸਾਰ ਵਿਚ ਪਰਗਟ ਹੋ ਆਏ ਹਨ।
ਜਿਵੇਂ ਚਮਿਆਰ ਰਵਿਦਾਸ ਸਿਮਰਨ ਕਰਕੇ ਸੰਸਾਰ ਵਿਚ ਭਗਤ ਨਾਮ ਕਰਕੇ ਪਰਗਟ ਹੋਇਆ ਹੈ।

ਭਗਤ ਭਗਤ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਰੇਟਾ। *(ਵਾਰ ੧੦, ਪਉੜੀ ੧੭)*

ਹਰੀ ਦੇ ਸਿਮਰਨ ਵਿਚ ਲਗਕੇ ਬ੍ਰਹਮਾ ਨੇ ਵੇਦਾਂ ਨੂੰ ਉਪਾਏ=ਪਰਗਟ ਕੀਤਾ।
*ਅਥਵਾ:-*ਜਿਸ ਹਰੀ ਨੇ ਵੇਦ ਉਪਾਏ ਹਨ, ਹੇ ਪੁਰਸ਼ਾ ! ਤੂੰ ਉਸ ਦੇ ਸਿਮਰਨ ਵਿਚ ਲਗਣਾ ਕਰ।

ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥

ਹਰੀ ਦੇ ਸਿਮਰਨ ਕਰਕੇ ਹੀ ਸਿਧ ਜਤੀ ਦੇ ਦਾਤੇ ਹੋਏ ਹਨ।

ਹਰੀ ਦੇ ਸਿਮਰਨ ਕਰਕੇ ਨੀਚ ਪੁਰਸ਼ ਚੌਹਾਂ ਦਿਸ਼ਾਂ ਵਿਚ ਜਾਤੇ=ਜਾਣੇ ਜਾਂਦੇ ਹਨ।

ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥

ਹਰੀ ਨੇ ਆਪਣੇ ਸਿਮਰਨ ਕਰਾਉਣ ਵਾਸਤੇ ਹੀ ਸਾਰੀ ਧਰਨਾ=ਧਰਤੀ ਧਾਰੀ=ਬਣਾਈ ਹੈ।

ਅਥਵਾ:-ਸ਼ੇਸ਼ਨਾਗ ਨੇ ਹਰੀ ਦੇ ਸਿਮਰਨ ਵਿਚ ਜੁੜਕੇ ਸਾਰੀ ਧਰਤੀ ਪਹਾੜਾਂ ਸਮੇਤ ਆਪਣੇ ਸਿਰ ਉੱਤੇ ਫੁਲ ਵਾਂਗ ਧਾਰੀ=ਟਿਕਾਈ ਹੋਈ ਹੈ।

ਸੈਲਨਿ ਕਾਨਲਿ ਸੋਂ ਧਰਨੀ ਪਰਸ਼ੂਨਹਿ ਜਜੋਂ ਜਿਨ ਸੀਸ ਉਠਾਈ। *(ਨਾਨਕ ਪ੍ਰਕਾਸ਼ ਅਧਿ: ੧)*

ਜੋ ਹਰੀ ਸਭ ਕਾਰਜ ਕਾਰਨਾਂ ਦੇ ਕਰਨ ਵਾਲਾ ਹੈ, ਉਸ ਦੇ ਸਿਮਰਨ ਨੂੰ ਸਿਮਰਨਾ ਕਰ। ਅਥਵਾ:- ਉਸ ਦੇ ਸਿਮਰਨ ਨੂੰ ਸਿਮਰਕੇ ਹਰਿ=ਬ੍ਰਹਮਾ, ਜਗਤ ਦੇ ਸਭ ਕਾਰਜ ਕਾਰਨਾਂ ਦੇ ਕਰਨ ਵਾਲਾ ਹੋਇਆ ਹੈ।

ਹਰਿ ਸਿਮਰਨਿ ਕੀਓ ਸਗਲ ਅਕਾਰਾ ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥

ਹਰੀ ਨੇ ਆਪਣੇ ਸਿਮਰਨ ਕਰਾਉਣ ਵਾਸਤੇ ਸਾਰਿਆਂ ਅਕਾਰਾ-ਸਰੀਰਾਂ ਨੂੰ ਕੀਤਾ ਹੈ।

ਯਥਾ:-***ਜੇਤਾ ਕੀਤਾ ਤੇਤਾ ਨਾਉ॥*** *(ਜਪੁ ਜੀ)*

ਅਥਵਾ:-ਹਰਿ=ਬ੍ਰਹਮਾ ਨੇ ਸਿਮਰਨ ਵਿਚ ਲਗਕੇ ਸਗਲ ਅਕਾਰਾ=ਸਾਰੇ ਪ੍ਰਪੰਚ ਨੂੰ ਪੈਦਾ ਕੀਤਾ ਹੈ।

ਆਤਮਭੂ ਭਲਿ ਰੀਤਿ ਪਛਾਨਤਿ ਜਾਂ ਬਲਿ ਸੋਂ ਪਰਪੰਚ ਬਨਾਈ॥ ੪੬ ॥ *(ਨਾਨਕ ਪ੍ਰਕਾਸ਼)*

ਵਾ:-ਹਰੀ ਦੇ ਸਿਮਰਨ ਵਿਚ ਨਿਰੰਕਾਰ ਆਪ ਆ ਕੇ ਦਰਸ਼ਨ ਦੇਂਦਾ ਹੈ।

ਅਥਵਾ:-ਨਿਰੰਕਾਰ ਦੇ ਸਿਮਰਨ ਵਿਚ ਆਪ ਹਰਿ=ਵਿਸ਼ਨੂੰ ਲੱਗਾ ਹੋਇਆ ਹੈ।

ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥

ਪਰਮੇਸ਼ਰ ਨੂੰ ਆਪ ਕਿਰਪਾ ਕਰਕੇ ਜਿਸ ਨੂੰ ਇਹ ਭੇਦ ਸਮਝਾ ਦਿੱਤਾ ਹੈ।

ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਸਨੇ ਗੁਰਮੁਖਿ=ਮੁਖੀ ਗੁਰਾਂ ਪਾਸੋਂ ਹਰੀ ਦਾ ਸਿਮਰਨ ਕਰਨਾ ਪਾਇਆ ਹੈ॥ ੮ ॥ ੧ ॥

(ਦੂਜੀ ਅਸਟਪਦੀ)

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਸਲੋਕੁ ॥ ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥

ਹੇ ਦੀਨ=ਗਰੀਬਾਂ ਦੇ ਦੁਖ ਜਨ ਦਰਦ ਦੇ ਭੰਜਨਾ=ਨਾਸ ਕਰਨ ਵਾਲੇ ਪ੍ਰਭੂ ! ਆਪ ਘਟਾਂ ਘਟਾਂ ਵਿਚ ਵਿਆਪਕ ਅਤੇ ਅਨਾਥਾਂ ਦੇ ਨਾਥ ਹੋ।

[ਪੰਨਾ ੨੬੪]

ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ॥ ੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਆਪ ਮੈਂ ਸੇਵਕ ਦੇ ਨਾਲ ਹੀ ਹੋ, ਇਸ ਕਰਕੇ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ॥ ੧॥

ਅਸਟਪਦੀ॥ ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥

ਹੇ ਭਾਈ ! ਜਿਸ ਜਗ੍ਹਾਂ ਮਾਂ ਪਿਉ ਪੁਤ੍ਰ ਮਿਤ੍ਰ ਅਤੇ ਭਰਾ ਆਦਿਕ ਕੋਈ ਸਹਾਇਕ ਨਹੀਂ ਹੋਵੇਗਾ ਹੇ ਮਨ ਊਹਾ=ਉਸ ਜਗ੍ਹਾਂ ਤੇਰੇ ਨਾਲ ਪਰਮੇਸ਼ਰ ਦਾ ਨਾਮ ਹੀ ਸਹਾਈ ਹੋਵੇਗਾ।

ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥

ਜਿਸ ਪ੍ਰਲੋਕ ਰਸਤੇ ਵਿਚ ਬੜੇ ਭਿਆਨਕ ਜਮਦੂਤ ਜੀਵ ਨੂੰ ਦਲੈ=ਮਾਰੇਗਾ।

ਉਸ ਜਗ੍ਹਾਂ ਤੇਰੇ ਨਾਲ ਕੇਵਲ=ਫਕਤ ਇਕ ਪਰਮੇਸ਼ਰ ਦਾ ਨਾਮ ਹੀ ਚਲੇਗਾ।

ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥

ਜਿਸ ਜਗ੍ਹਾਂ ਤੈਨੂੰ ਬੜੀ ਭਾਰੀ ਮੁਸਕਲ=ਤਕਲੀਫ ਹੋਵੇਗੀ।

ਉਸ ਜਗ੍ਹਾਂ ਇਕ ਖਿਨ ਦੇ ਵਿਚ ਹਰੀ ਦਾ ਨਾਮ ਤੈਨੂੰ ਦੁੱਖਾਂ ਤੋਂ ਉਧਾਰੀ=ਬਚਾ ਲਏਗਾ।

ਅਨਿਕ ਪੁਨਹਚਰਨ ਕਰਤ ਨਹੀ ਤਰੈ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥

ਜਿਨ੍ਹਾਂ ਪਾਪਾਂ ਤੋਂ ਅਨੇਕ ਤਰ੍ਹਾਂ ਦੇ ਪੁਨਹਚਰਨ=ਪ੍ਰਾਸਚਿਤ ਕਰਦਿਆਂ ਭੀ ਤੇਰਾ ਤਰਨਾ ਅਰਥਾਤ ਛੁਟਕਾਰਾ ਨਹੀਂ ਹੋਵੇਗਾ।

ਹਰੀ ਦਾ ਨਾਮ ਉਨ੍ਹਾਂ ਕਰੋੜਾਂ ਪਾਪਾਂ ਨੂੰ ਪਰਹਰੈ=ਨਾਸ ਕਰ ਦੇਂਦਾ ਹੈ।

ਯਥਾ:-*ਘੋਰ ਦੁਖੰ ਅਨਿਕ ਹਤ੍ਰੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥* *(ਪੰਨਾ ੧੩੫੫)*

ਗੁਰਮੁਖਿ ਨਾਮੁ ਜਪਹੁ ਜਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥ ੧॥

ਗੁਰੂ ਸਾਹਿਬ ਜੀ ਆਖਦੇ ਹਨ-ਹੇ ਮੇਰੇ ਮਨ ! ਗੁਰਮੁਖਿ=ਗੁਰੂ ਦੁਆਰੇ ਨਾਮ ਨੂੰ ਜਪਣਾ ਕਰੋ, ਤਾਂ ਘਨੇਰੇ=ਬਹੁਤੇ ਸੁਖਾਂ ਨੂੰ ਪਾਓਗੇ॥ ੧॥

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥

ਭਾਵੇਂ ਸਾਰੀ ਦੁਨੀਆਂ ਦਾ ਰਾਜਾ ਹੈ, ਪਰ ਨਾਮ ਸਿਮਰਨ ਤੋਂ ਬਿਨਾਂ ਦੁਖੀ ਹੈ।

ਭਾਵੇਂ ਗਰੀਬ ਹੈ, ਪਰ ਹਰੀ ਦਾ ਨਾਮ ਜਪਣ ਕਰਕੇ ਉਹ ਸੁਖੀ ਹੁੰਦਾ ਹੈ।

ਭਾਈ ਹੇਮਾ ਭਾਵੇਂ ਕਿੰਨਾ ਗਰੀਬ ਸੀ, ਟੁੱਟੀ ਹੋਈ ਝੌਂਪੜੀ ਵਿਚ ਰਹਿੰਦਾ ਸੀ, ਪਰ ਉਸ ਦੇ ਸਿਮਰਨ ਨੂੰ ਵੇਖ ਕੇ ਗੁਰੂ ਸਾਹਿਬਾਂ ਨੇ ਕਿਹਾ-

ਬਸਤਾ ਤੂਟੀ ਝੁੰਪਤੀ ਚੀਰ ਸਭਿ ਛਿੰਨਾ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥ ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥

(ਜੈਤਸਰੀ ਵਾਰ, ਪੰਨਾ ੭੦੭)

ਅਥਵਾ:-ਸਾਰੀ ਸ੍ਰਿਸ਼ਟੀ ਵਿਚੋਂ ਭਾਵੇਂ ਕੋਈ ਰਾਜਾ ਦੁਖ ਦੇ ਸਹਿਤ ਭੀ ਹੈ
ਅਰਥਾਤ ਭਾਈ ਪ੍ਰੇਮੇ ਵਾਂਗ ਕੋਹੜੀ ਭੀ ਹੈ, ਪਰ ਹਰੀ ਦਾ ਨਾਮ ਜਪਣ ਕਰਕੇ ਉਹ ਸੁਖੀ ਹੋ ਜਾਂਦਾ ਹੈ।

ਸਾਖੀ:-ਸਾਧੂ ਬਣਨ ਵਾਲੇ ਦੀ

ਇਕ ਰਾਜੇ ਦੀਆਂ ਚਾਰ ਰਾਣੀਆਂ ਸਨ ਉਹ ਚਾਰੇ ਹੀ ਰਾਜੇ ਨੂੰ ਇਸ਼ਨਾਨ ਕਰਾਇਆ ਕਰਦੀਆਂ ਸਨ। ਇਕ ਦਿਨ ਗਰਮੀ ਦੇ ਦਿਨਾਂ ਵਿਚ ਠੰਢੇ ਪਾਣੀ ਨਾਲ ਇਸ਼ਨਾਨ ਕਰਾ ਕੇ ਛੋਟੀ ਰਾਣੀ ਰਾਜੇ ਦਾ ਸਰੀਰ ਪੂੰਜ ਰਹੀ ਸੀ, ਨਾਲੇ ਰੋ ਰਹੀ ਸੀ। ਰੋਣ ਕਰਕੇ ਅੱਖਾਂ ਦਾ ਗਰਮ ਪਾਣੀ ਰਾਜੇ ਦੇ ਠੰਢੇ ਸਰੀਰ ਤੇ ਪਿਆ, ਤਾਂ ਰਾਜੇ ਨੇ ਵੇਖ ਕੇ ਰੋਣ ਦਾ ਕਾਰਨ ਪਛਿਆ? ਰਾਣੀ ਨੇ ਕਿਹਾ, "ਮੇਰੇ ਭਰਾ ਦੀ ਚਿੱਠੀ ਆਈ ਹੈ ਕਿ ਮੈਂ ਸਾਧੂ ਬਣਨ ਲਗਾ ਹਾਂ, ਜੇ ਤੂੰ ਮਿਲਣਾ ਹੈ ਤਾਂ ਅੱਠ ਦਿਨ ਦੇ ਅੰਦਰ ਆ ਕੇ ਮਿਲ ਜਾ । ਇਸ ਕਰਕੇ ਮੈਂ ਰੋ ਰਹੀ ਹਾਂ।" ਰਾਜੇ ਨੇ ਕਿਹਾ, "ਤੂੰ ਰੋ ਨਾ, ਉਹ ਸਾਧੂ ਨਹੀਂ ਹੋਵੇਗਾ।" ਰਾਣੀ ਨੇ ਕਿਹਾ "ਉਸ ਦੇ ਖਿਆਲ ਪਹਿਲੇ ਹੀ ਅਜਿਹੇ ਸਨ, ਇਸ ਲਈ ਉਸਨੇ ਜ਼ਰੂਰ ਸਾਧੂ ਹੋ ਜਾਣਾ ਹੈ।"

ਰਾਜੇ ਨੇ ਕਿਹਾ-ਜਿਹੜੇ ਮਨੁੱਖ ਸਾਧੂ ਹੁੰਦੇ ਹਨ, ਉਹ ਪੁੱਛ ਕੇ ਜਾਂ ਚਿੱਠੀ ਲਿਖ ਕੇ ਨਹੀਂ ਹੁੰਦੇ ਵੈਰਾਗ ਦੇ ਕਾਰਨ ਪੁਛੇ ਤੋਂ ਬਗੈਰ ਹੀ ਘਰ ਨੂੰ ਛਡਕੇ ਚਲੇ ਜਾਂਦੇ ਹਨ।

ਰਾਣੀ ਨੇ ਕਿਹਾ-ਵੈਰਾਗ ਕਿਸ ਤਰ੍ਹਾਂ ਦਾ ਹੁੰਦਾ ਹੈ? ਰਾਜੇ ਨੇ ਸਭ ਰਾਣੀਆਂ ਨੂੰ ਪਾਸ ਬੁਲਾ ਕੇ ਕਿਹਾ, "ਜੇ ਤੁਸੀਂ ਸਭ ਰਾਣੀਆਂ ਕਹੋ ਤਾਂ ਮੈਂ ਵੈਰਾਗ ਦਾ ਸਰੂਪ ਵਿਖਾਂਦਾ ਹਾਂ।" ਸਭਨਾਂ ਨੇ ਕਿਹਾ, "ਵਿਖਾਓ।"

ਉਸ ਵੇਲੇ ਰਾਜਾ ਨੇ ਇਕ ਧੋਤੀ ਪਹਿਰੀ ਹੋਈ ਸੀ, ਕਹਿਣ ਲਗਾ "ਅੱਜ ਤੋਂ ਤੁਸੀਂ ਸਭ ਮੇਰੀਆਂ ਮਾਵਾਂ ਹੋ, ਤੁਸੀਂ ਰਾਜ ਸੰਭਾਲੋ ਮੈਂ ਚਲਦਾ ਹਾਂ।" ਇੰਜ ਕਹਿ ਕੇ ਰਾਜਾ ਨਿਕਲ ਗਿਆ।

ਪਿਛੋਂ ਰਾਣੀਆਂ ਬਹੁਤ ਰੋਈਆਂ ਤੇ ਵਜ਼ੀਰ ਨੂੰ ਨਾਲ ਲੈ ਕੇ ਰਾਜੇ ਪਾਸ ਪਹੁੰਚ ਗਈਆਂ। ਸਾਰਿਆਂ ਨੇ ਚਰਨ ਫੜ ਕੇ ਬਹੁਤ ਬੇਨਤੀਆਂ ਕੀਤੀਆਂ, ਪਰ ਰਾਜੇ ਨੇ ਇਕ ਗੱਲ ਭੀ ਨਾ ਮੰਨੀ। ਫਿਰ ਵੱਡੀ ਰਾਣੀ ਨੇ ਪ੍ਰਸ਼ਨ ਕੀਤਾ, "ਆਪ ਸਾਧੂ ਕਿਉਂ ਹੁੰਦੇ ਹੋ?"

ਰਾਜਾ ਨੇ ਕਿਹਾ-ਬ੍ਰਹਮ ਸੁਖ ਨੂੰ ਅਨੁਭਵ ਕਰਨ ਵਾਸਤੇ ਸਾਧੂ ਹੋ ਰਿਹਾ ਹਾਂ।

ਰਾਜ-ਭਾਗ ਕਰਨ ਵਿਚ ਉਹ ਬ੍ਰਹਮ ਸੁਖ ਪ੍ਰਾਪਤ ਨਹੀਂ ਹੈ।

ਹਰੀ ਨਾਮ ਦਾ ਸਿਮਰਨ ਕਰਨ ਨਾਲ ਸੁਖੀ ਹੋ ਜਾਵਾਂਗਾ। ਇਸ ਲਈ ਸਾਧੂ ਹੋ ਰਿਹਾ ਹਾਂ।

ਰਾਣੀ ਨੇ ਕਿਹਾ-ਬ੍ਰਹਮ ਰਸ ਲੈਣਾ ਬਹੁਤ ਮੁਸ਼ਕਿਲ ਹੈ, ਤੁਸੀਂ ਨਹੀਂ ਲੈ ਸਕੋਗੇ। ਇਹ ਨਾ ਹੋਵੇ ਕਿ ਬ੍ਰਹਮ-ਰਸ ਲੈਂਦੇ ਲੈਂਦੇ ਮਤਾ ਵਿਸ਼ੇ-ਰਸਾਂ ਤੋਂ ਵੀ ਰਹਿ ਜਾਓ। ਫਿਰ ਆਪ ਦੋਹਾਂ ਰਸਾਂ ਤੋਂ ਖਾਲੀ ਰਹਿ ਜਾਓਗੇ।

ਜਿਵੇਂ ਬਗਲੇ ਨੇ ਆਪਣੀ ਘਰ ਵਾਲੀ ਦਾ ਬਚਨ ਨਾ ਮੰਨਿਆ ਤਾਂ ਉਹ ਦੋਹਾਂ ਰਸਾਂ ਤੋਂ ਰਹਿ ਗਿਆ ਸੀ।

ਜੇ ਤੁਸੀਂ ਭੀ ਮੇਰਾ ਬਚਨ ਨਾ ਮੰਨੋਗੇ ਤਾਂ ਤੁਹਾਨੂੰ ਭੀ ਨਾ ਤਾਂ ਸੰਸਾਰਕ ਰਸ ਹੀ ਮਿਲੇਗਾ, ਨਾ ਬ੍ਰਹਮ

ਨੰਦ ਹੀ।

ਜਿਵੇਂ ਸਮੁੰਦਰ ਦੇ ਕਿਨਾਰੇ ਇਕ ਬਗਲਾ ਬਗਲੀ ਰਹਿੰਦੇ ਸਨ, ਆਪਸ ਵਿਚ ਉਨ੍ਹਾਂ ਦਾ ਬਹੁਤ ਪ੍ਰੇਮ ਸੀ, ਹਮੇਸ਼ਾਂ ਮਛੀਆਂ ਫੜ ਕੇ ਖਾਦੇ ਸਨ।

ਉਸ ਦੇ ਕਿਨਾਰੇ ਪਰ ਨਰੀਏਲਾਂ ਦੇ ਬ੍ਰਿੱਛ ਸਨ। ਇਕ ਦਿਨ ਓਥੇ ਹੰਸ ਆ ਗਏ, ਉਨ੍ਹਾਂ ਆਪਣੀਆਂ ਚੁੰਜਾਂ ਮਾਰ ਕੇ ਨਰੀਏਲਾਂ ਵਿਚੋਂ ਦੁੱਧ ਪੀਤਾ ਤੇ ਕੁਝ ਕੁ ਤੁਪਕੇ ਹੇਠਾਂ ਡਿਗ ਪਏ, ਉਨ੍ਹਾਂ ਨੂੰ ਵੇਖਕੇ ਬਗਲਾ ਬਗਲੀ ਨੂੰ ਕਹਿਣ ਲਗਾ, ''ਇਹ ਸਾਡੇ ਵਾਂਗ ਹੀ ਹਨ, ਦੁਧ ਕਿਉਂ ਪੀਂਦੇ ਹਨ, ਮੱਛੀਆਂ ਕਿਉਂ ਨਹੀਂ ਖਾਂਦੇ?'' ਬਗਲੀ ਨੇ ਕਿਹਾ-ਸਾਡੇ ਵਾਂਗ ਸੁਫੈਦ ਹੋਣ ਪਰ ਵੀ ਇਹ ਬਗਲੇ ਨਹੀਂ, ਇਹ ਤਾਂ ਹੰਸ ਹਨ, ਇਹ ਦੁਧ ਵਿਚ ਮਿਲੇ ਹੋਏ ਪਾਣੀ ਨੂੰ ਅਲਗ ਕਰ ਦੇਂਦੇ ਹਨ, ਅਸੀਂ ਨਹੀਂ ਕਰ ਸਕਦੇ।

ਬਗਲੇ ਨੇ ਕਿਹਾ, ''ਚਲ ਆਪਾਂ ਭੀ ਦੁੱਧ ਦਾ ਸੁਆਦ ਵੇਖੀਏ। ਜਿਹੜਾ ਦੁੱਧ ਓਥੇ ਡਿਗਿਆ ਹੋਇਆ ਸੀ ਓਸੇ ਨੂੰ ਪੀਣ ਲਗ ਪਏ, ਤਾਂ ਬੜਾ ਸੁਆਦ ਆਇਆ। ਬਗਲੇ ਨੇ ਕਿਹਾ- ''ਅਸੀਂ ਤਾਂ ਐਵੇਂ ਹੀ ਮੱਛੀਆਂ ਦੇ ਕੰਡੇ ਖਾਂਦੇ ਰਹੇ ਹਾਂ, ਅਸੀਂ ਵੀ ਇਨ੍ਹਾਂ ਦੇ ਭਾਈ ਹਾਂ, ਇਸ ਕਰਕੇ ਹਮੇਸ਼ਾਂ ਦੁੱਧ ਪੀਤਾ ਕਰੀਏ।'' ਬਗਲੀ ਨੇ ਕਿਹਾ, ''ਵਿਧਾਤਾ ਨੇ ਸਾਡੇ ਵਾਸਤੇ ਤਾਂ ਮੱਛੀਆਂ ਹੀ ਬਣਾਈਆਂ ਹਨ, ਦੁੱਧ ਹੰਸਾਂ ਵਾਸਤੇ ਹੈ, ਅਸੀਂ ਹੰਸ ਨਹੀਂ ਬਣ ਸਕਦੇ, ਇਸ ਕਰਕੇ ਮੈਂ ਪ੍ਰਤਗਿਆ ਨਹੀਂ ਕਰਦੀ ਅਤੇ ਤੂੰ ਭੀ ਪ੍ਰਤਗਿਆ ਨਾ ਕਰ।''

ਬਗਲੇ ਨੇ ਕਿਹਾ-ਮੈਂ ਤਾਂ ਪ੍ਰਤਗਿਆ ਕਰਦਾ ਹਾਂ ਕਿ ਮੈਂ ਮੱਛੀਆਂ ਕਦੇ ਨਹੀਂ ਖਾਵਾਂਗਾ। ਬਗਲੀ ਨੇ ਬਹੁਤ ਸਮਝਾਇਆ ਪਰ ਮੂਰਖ ਬਗਲਾ ਸਮਝਿਆ ਨਾ।

ਰੋਜ਼ਾਨਾ ਓਥੇ ਆ ਕੇ ਹੇਠਾਂ ਡਿੱਗਾ ਹੋਇਆ ਦੁੱਧ ਚਟਿਆ ਕਰੇ। ਕਈ ਦਿਨ ਤਾਂ ਨਿਰਬਾਹ ਹੁੰਦਾ ਰਿਹਾ, ਜਦ ਕੁਝ ਦਿਨ ਬੀਤ ਗਏ ਤਾਂ ਨਰੀਏਲ ਦੇ ਫਲ ਥੋੜ੍ਹੇ ਰਹਿ ਗਏ ਤੇ ਹੰਸ ਉਡ ਕੇ ਚਲੇ ਗਏ। ਬਗਲਾ ਬਗਲੀ ਬ੍ਰਿੱਛਾਂ ਦੇ ਹੇਠ ਫਲ ਲਭਣ ਲਗੇ ਕਿ ਕੋਈ ਫਲ ਡਿੱਗਾ ਹੋਇਆ ਲਭ ਪਵੇ ਪਰ ਕੋਈ ਨਾ ਲੱਭਾ।

ਫਿਰ ਬ੍ਰਿੱਛ ਦੇ ਉੱਪਰ ਫਲ ਲਗੇ ਦੇਖ ਕੇ ਬਗਲਾ ਬਗਲੀ ਨੂੰ ਕਹਿਣ ਲੱਗਾ ਕਿ ਫਲ ਤਾਂ ਲੱਗੇ ਹੋਏ ਹਨ, ਆ ਆਪ ਹੀ ਤੋੜ ਕੇ ਦੁੱਧ ਪੀ ਲਈਏ।

ਬਗਲੀ ਨੇ ਕਿਹਾ-ਇਨ੍ਹਾਂ ਫਲਾਂ ਨੂੰ ਅਸੀਂ ਨਹੀਂ ਤੋੜ ਸਕਦੇ, ਸਾਡੀ ਚੁੰਜ ਕੱਚੀ ਹੈ। ਮੂਰਖ ਬਗਲੇ ਨੇ ਆਪਣੀ ਇਸਤ੍ਰੀ (ਬਗਲੀ) ਦਾ ਕਹਿਣਾ ਨਾ ਮੰਨਿਆ ਬ੍ਰਿੱਛ ਤੇ ਚੜ੍ਹ ਗਿਆ। ਨਾਰੀਅਲ ਨੂੰ ਆਪਣੀ ਚੁੰਜ ਮਾਰ ਕੇ ਤੋੜਨ ਲੱਗਾ ਤਾਂ ਚੁੰਜ ਫਲ ਵਿਚ ਖੁਭ ਗਈ ਤੇ ਫਲ ਦੇ ਨਾਲ ਹੀ ਲਟਕਣ ਲਗ ਪਿਆ ਆਖਰ ਤੜਪ ਤੜਪ ਕੇ ਮਰ ਗਿਆ।

ਜਿਵੇਂ ਉਸ ਮੂਰਖ ਬਗਲੇ ਨੇ ਆਪਣੀ ਬਗਲੀ ਦਾ ਬਚਨ ਨਾ ਮੰਨਿਆ ਤੇ ਦੁੱਧ ਦਾ ਸੁਆਦ ਲੈਂਦਾ ਲੈਂਦਾ ਮੱਛੀਆਂ ਤੋਂ ਭੀ ਚਲਾ ਗਿਆ। ਇਸੇ ਤਰ੍ਹਾਂ ਤੁਸੀਂ ਭੀ ਆਪਣੀ ਪਤਿਬ੍ਰਤ ਧਰਮ ਵਾਲੀ ਇਸਤ੍ਰੀ ਦਾ ਬਚਨ ਨਾ ਮੰਨੋਗੇ ਤਾਂ ਬ੍ਰਹਮਾਨੰਦ ਲੈਂਦੇ ਲੈਂਦੇ ਮਤਾਂ ਵਿਸ਼ੇ-ਰਸਾਂ ਤੋਂ ਵੀ ਚਲੇ ਜਾਓ। ਇਸ ਲਈ ਆਪ ਘਰ ਹੀ ਚਲੋ ਤਾਂ ਠੀਕ ਹੈ।

ਰਾਜੇ ਨੇ ਕਿਹਾ-ਮੈਂ ਅਜਿਹਾ ਮੂਰਖ ਨਹੀਂ, ਜੋ ਤੇਰਾ ਬਚਨ ਮੰਨ ਕੇ ਬ੍ਰਹਮਾਨੰਦ ਨੂੰ ਛੱਡ ਦਿਆਂਗਾ।

ਤੇਰੇ ਆਖੇ ਲਗ ਕੇ ਜੇ ਮੈਂ ਘਰ ਜਾਂਦਾ ਹਾਂ ਤਾਂ ਮੈਂ ਮੂਰਖ ਕਹਾਵਾਂਗਾ।

ਮੈਂ ਅਜਿਹਾ ਮੂਰਖ ਨਹੀਂ, ਜੋ ਬ੍ਰਹਮਾਨੰਦ ਨੂੰ ਛਡ ਕੇ ਵਿਸ਼ੇ ਲੰਪਟ ਹੋ ਜਾਵਾਂਗਾ।

ਰਾਜੇ ਨੇ ਵਾਰਤਾ ਸੁਣਾਉਂਦਿਆਂ ਕਿਹਾ-ਇਕ ਗਰੀਬ ਜ਼ਿਮੀਂਦਾਰ ਦਾ ਇਕ ਲੜਕਾ ਤੇ ਇਕ ਲੜਕੀ ਸੀ। ਜਿਸ ਵੇਲੇ ਕੰਨਿਆ ਸ਼ਾਹੂਕਾਰ ਦੇ ਘਰ ਵਿਆਹੀ ਗਈ ਤਾਂ ਓਥੇ ਗਊਆਂ ਮੱਝਾਂ ਬਹੁਤ ਸਨ। ਕੰਨਿਆ ਨੇ ਸੋਚਿਆ ਮੇਰੇ ਪੇਕੇ-ਘਰ ਵਿਚ ਕੋਈ ਭੀ ਗਾਂ ਮੱਝ ਨਹੀਂ। ਮੈਂ ਆਪਣੇ ਭਰਾ ਨੂੰ ਇਥੇ ਬੁਲਾ ਕੇ ਬਹੁਤ ਸਾਰਾ ਦੁੱਧ ਮੱਖਣ ਖੁਆ ਕੇ ਤਕੜਾ ਕਰਕੇ ਭੇਜਾਂ। ਇਹ ਗੱਲ ਸੋਚ ਕੇ ਆਪਣੇ ਭਰਾ ਨੂੰ ਬੁਲਾ ਲਿਆ।

ਗਰਮੀ ਦੇ ਦਿਨ ਸਨ ਸਵੇਰੇ ਦਹੀਂ ਰਿੜਕ ਕੇ ਮੱਖਣ ਕਢਕੇ ਸੁਤੇ ਹੋਏ ਆਪਣੇ ਭਰਾ ਨੂੰ ਉੱਠਾ ਕੇ ਹੱਥ ਮੂੰਹ ਧੁਆ ਕੇ ਉਸ ਦੀ ਤਲੀ ਪਰ ਮਖਣ ਦਾ ਪੇੜਾ ਰੱਖਕੇ ਕਿਹਾ-ਇਸ ਨੂੰ ਜਲਦੀ ਖਾ ਲੈ। ਉਸ ਨੇ ਕਦੇ ਮੱਖਣ ਖਾਧਾ ਨਹੀਂ ਸੀ, ਉਸ ਨੂੰ ਦੇਖਣ ਲਗ ਪਿਆ।

ਇਤਨੇ ਨੂੰ ਸੂਰਜ ਦੀ ਗਰਮੀ ਨਾਲ ਮੱਖਣ ਢਲਕੇ ਉਸ ਦੇ ਹੱਥ ਹੇਠਾਂ ਡਿਗਣ ਲਗ ਪਿਆ। ਉਹ ਮੂਰਖ ਮੱਖਣ ਦੇ ਪੇੜੇ ਨੂੰ ਛਡ ਕੇ ਹੇਠਾਂ ਡਿਗੇ ਹੋਏ ਤੁਪਕੇ ਨੂੰ ਚਟਣ ਲਗ ਪਿਆ ਤੇ ਉੱਪਰੋਂ ਇੱਲ ਆਈ ਉਹ ਹੱਥ ਵਾਲੇ ਮੱਖਣ ਦੇ ਪੇੜੇ ਨੂੰ ਲੈ ਗਈ ਤੇ ਕੁਝ ਮਿੱਟੀ ਵਿਚ ਸੁੱਟ ਗਈ। ਉਹ ਓਥੇ ਖੜਾ ਹੀ ਰੋਂਦਾ ਰਿਹਾ।

ਮੈਂ ਕੋਈ ਅਜਿਹਾ ਮੂਰਖ ਨਹੀਂ ਹਾਂ, ਜੋ ਮਹਾਂ ਪੁਰਸ਼ਾਂ ਦੇ ਦੱਸੇ ਹੋਏ ਬ੍ਰਹਮਾਨੰਦ ਨੂੰ ਛਡ ਕੇ ਤੁਹਾਡੇ ਵਿਸ਼ੇ-ਅਨੰਦ ਨੂੰ ਚਟਕੇ ਹਮੇਸ਼ਾਂ ਲਈ ਰੋਂਦਾ ਰਵ੍ਹਾਂ।

ਹਾਂ, ਭਾਵੇਂ ਸਾਰੀ ਸ੍ਰਿਸ਼ਟੀ ਦਾ ਰਾਜਾ ਭੀ ਹੋਵੇ, ਜੇਕਰ ਮਹਾਂ ਪੁਰਸ਼ਾਂ ਦੇ ਬਚਨਾਂ ਅਨੁਸਾਰ ਨਹੀਂ ਚਲੇਗਾ ਤਾਂ ਉਹ ਸਾਰੀ ਉਮਰ ਦੁਖੀ ਰਵ੍ਹੇਗਾ। ਜੇ ਮਹਾਂ ਪੁਰਸ਼ਾਂ ਦੇ ਬਚਨਾਂ ਅਨੁਸਾਰ ਵਿਸ਼ੇ-ਰਸ ਨੂੰ ਛੱਡ ਕੇ ਹਰੀ ਦਾ ਨਾਮ ਜਪੇਗਾ ਤਾਂ ਉਹ ਸੰਸਾਰ ਵਿਚ ਸੁਖੀ ਹੋਵੇਗਾ। ਇੰਞ ਕਹਿ ਕੇ ਰਾਜਾ ਜੰਗਲ ਨੂੰ ਤੁਰ ਗਿਆ।

ਲਾਖ ਕਰੋਰੀ ਬੰਧੁਨ* ਪਰੈ॥ ਹਰਿ ਕਾ ਨਾਮੁ ਜਪਤ ਨਿਸਤਰੈ॥

ਚਾਹੇ ਲੱਖਾਂ ਕ੍ਰੋੜਾਂ ਬੰਧਨ ਵੀ ਪੈ ਜਾਣ। ਪਰ ਹਰੀ ਦਾ ਨਾਮ ਜਪਣ ਕਰਕੇ ਬੰਧਨਾਂ ਤੋਂ ਨਿਸਤਰੈ=ਛੁਟ ਜਾਂਦਾ ਹੈ।

ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥ ਹਰਿ ਕਾ ਨਾਮੁ ਜਪਤ ਆਘਾਵੈ॥

ਮਾਇਆ ਦੇ ਅਨੇਕਾਂ ਰੰਗ=ਆਨੰਦ ਭੀ ਜਿਸ ਭੁਖ ਤਰੇਹ ਨੂੰ ਨਹੀਂ ਬਝਾ ਸਕਦੇ।

ਹਰੀ ਦਾ ਨਾਮ ਜਪਣ ਕਰਕੇ ਉਸ ਭੁਖ ਤਰੇਹ ਵਲੋਂ ਮਨ ਆਘਾਵੈ=ਰੱਜ ਜਾਂਦਾ ਹੈ।

ਜਿਹ ਮਾਰਗਿ ਇਹੁ ਜਾਤ ਇਕੇਲਾ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥

ਜਿਸ ਜਮ ਰਸਤੇ ਵਿਚ ਇਹ ਜੀਵ ਇਕੱਲਾ ਜਾਂਦਾ ਹੈ।

ਉਸ ਜਗ੍ਹਾਂ ਹਰੀ ਦਾ ਨਾਮ ਹੀ ਇਸ ਦਾ ਸੁਹੇਲਾ=ਸੁਖਦਾਈ ਸੰਗਿ=ਸੰਗੀ ਭਾਵ ਸਾਥੀ ਹੁੰਦਾ ਹੈ।

**'ਬੰਧੁਨ' ਵਾਲੇ ਧਧੇ ਨੂੰ ਔਕੜ ਸਮਝਕੇ 'ਨ' ਅੱਖਰ ਵੱਖਰਾ ਨਹੀਂ ਬੋਲਣਾ ਸੰਪ੍ਰਦਾਈ ਮਰਯਾਦਾ ਅਨੁਸਾਰ ਬੰਧੁਨ ਪਾਠ ਇਕੱਠਾ ਹੈ। ਇਸੇ ਤਰ੍ਹਾਂ ਕਈ ਪਾਠ ਆਉਂਦੇ ਹਨ।

ਜਿਵੇਂ-ਗੁਰਮੁਖਿ ਮੁਕਤੋ 'ਬੰਧੁਨ' ਪਾਇ॥ ਸਬਦੁ ਬੀਚਾਰਿ ਛੁਟੈ ਹਰਿ ਨਾਇ॥ ੨॥

(ਗਉੜੀ ਮਹਲਾ ੧, ਪੰਨਾ ੧੫੨)

(੨) ਸਚੁ ਮਨ ਕਾਰਣਿ ਤਤੁ ਬਿਲੋਵੈ॥ ਸੁਭਰ ਸਰਵਰਿ 'ਮੈਲੁਨ' ਧੋਵੈ॥ (ਆਸਾ ਮ: ੧ ਅਸਟਪਦੀਆ, ਪੰਨਾ ੪੧੧)

(੩) ਦੁਤੀਆ 'ਜਮੁਨ' ਗਏ ਗੁਰਿ ਹਰਿ ਹਰਿ ਜਪਨੁ ਕੀਆ॥ (ਤੁਖਾਰੀ ਮਹਲਾ ੪, ਪੰਨਾ ੧੧੧੬)

ਐਸਾ ਨਾਮੁ ਮਨ ਸਦਾ ਧਿਆਈਐ ॥ ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥

ਗੁਰੂ ਜੀ ਆਖਦੇ ਹਨ-ਐਹੋ ਜੇਹੇ ਨਾਮ ਨੂੰ ਗੁਰੂ ਦੁਆਰੇ ਹਮੇਸ਼ਾਂ ਮਨ ਵਿਚ ਧਿਆਵਣਾਂ ਕਰੀਏ, ਤਾਂ ਹੀ ਪਰਮ ਗਤਿ=ਕੇਵਲ ਮੁਕਤੀ ਪ੍ਰਾਪਤ ਹੁੰਦੀ ਹੈ॥ ੨॥

ਛੂਟਤ ਨਹੀ ਕੋਟਿ ਲਖ ਬਾਹੀ ॥ ਨਾਮੁ ਜਪਤ ਤਹ ਪਾਰਿ ਪਰਾਹੀ ॥

ਪ੍ਰਤੱਖ ਲੱਖਾਂ ਕ੍ਰੋੜਾਂ ਬਾਹਵਾਂ ਵਾਲਾ ਵੀ, ਵਾ:-ਭਰਾਵਾਂ ਰੂਪੀ, ਵਾ:-ਮਿੱਤਰਾਂ ਰੂਪੀ ਲੱਖਾਂ ਕ੍ਰੋੜਾਂ ਬਾਹਵਾਂ ਵਾਲਾ ਪੁਰਸ਼ ਭੀ ਜਿਸ ਜਮ ਤੋਂ ਨਹੀਂ ਛੁਟ ਸਕਦਾ।

ਨਾਮ ਜਪਣ ਵਾਲਾ ਪੁਰਸ਼ ਉਸ ਜਮ ਤੋਂ ਪਾਰ ਪੈ ਜਾਂਦਾ ਹੈ।

ਅਨਿਕ ਬਿਘਨ ਜਹ ਆਇ ਸੰਘਾਰੈ ॥ ਹਰਿ ਕਾ ਨਾਮੁ ਤਤਕਾਲ ਉਧਾਰੈ ॥

ਅਨੇਕਾਂ ਬਿਘਨ=ਰੁਕਾਵਟਾਂ ਜਿੱਥੇ ਆ ਕੇ ਜੀਵ ਨੂੰ ਸੰਘਾਰੇ=ਮਾਰਦੀਆਂ ਹਨ।

ਉਥੇ ਹਰੀ ਦਾ ਨਾਮ ਆ ਕੇ ਜੀਵ ਨੂੰ ਤਤਕਾਲ=ਝੀਘਰੇ ਹੀ ਬਿਘਨਾਂ ਤੋਂ ਉਧਾਰੈ=ਬਚਾਅ ਲੈਂਦਾ ਹੈ।

ਅਨਿਕ ਜੋਨਿ ਜਨਮੈ ਮਰਿ ਜਾਮ ॥ ਨਾਮੁ ਜਪਤ ਪਾਵੈ ਬਿਸ੍ਰਾਮ ॥

ਜੋ ਪੁਰਸ਼ ਅਨੇਕਾਂ ਜੂਨੀਆਂ ਵਿਚ ਜੰਮਦਾ ਤੇ ਮਰਦਾ ਹੈ, ਮਰ ਕੇ ਫਿਰ ਵੀ ਜੰਮਦਾ ਹੈ। ਉਹ ਪੁਰਸ਼ ਨਾਮ ਜਪਣ ਕਰਕੇ ਬਿਸ੍ਰਾਮ=ਟਿਕਾਅ ਪਾਉਂਦਾ ਹੈ।

ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥

ਜੋ ਹਉਮੈ ਦੀ ਮੈਲ ਕਰ ਕੇ ਮੈਲਾ ਹੈ ਤੇ ਉਸ ਮੈਲ ਨੂੰ ਕਦੇ ਧੋ ਨਹੀਂ ਸਕਦਾ।

ਹਰੀ ਦਾ ਨਾਮ ਉਸ ਮੈਲ ਨੂੰ ਧੋ ਕੇ ਕ੍ਰੋੜਾਂ ਪਾਪਾਂ ਨੂੰ ਖੋਵੈ=ਨਾਸ ਕਰ ਦੇਂਦਾ ਹੈ।

ਐਸਾ ਨਾਮੁ ਜਪਹੁ ਮਨ ਰੰਗਿ ॥ ਨਾਨਕ ਪਾਈਐ ਸਾਧ ਕੈ ਸੰਗਿ ॥ ੩ ॥

ਅਜਿਹੇ ਨਾਮ ਨੂੰ ਮਨ ਵਿਚ ਪ੍ਰੇਮ ਕਰਕੇ ਜਪਣਾ ਕਰੋ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-ਪਰ ਪਰਾਪਤ ਸੰਤਾਂ ਦੇ ਸੰਗ ਵਿਚੋਂ ਹੁੰਦਾ ਹੈ॥ ੩॥

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥

ਜਿਸ ਜਮ ਮਾਰਗ=ਪ੍ਰਲੋਕ ਰਸਤੇ ਦੇ ਕੋਹ ਗਿਣੇ ਨਹੀਂ ਜਾਂਦੇ*।

ਹਰੀ ਦਾ ਨਾਮ ਉਸ ਰਸਤੇ ਵਿਚ ਜੀਵ ਦੇ ਨਾਲ ਤੋਸਾ=ਖਰਚਾ ਬਣ ਕੇ ਜਾਂਦਾ ਹੈ।

ਮੁਸਾਫਰੀ ਵੇਲੇ ਜੋ ਖਾਣ-ਪੀਣ ਲਈ ਨਾਲ ਚੀਜ਼ਾਂ ਲਿਜਾਈਦੀਆਂ ਹਨ, ਉਸਨੂੰ "ਤੋਸਾ" ਆਖਦੇ ਹਨ।

ਸਾਖੀ:-ਮੂਰਖ ਰਾਜੇ ਦੀ

ਇਕ ਰਾਜਾ ਪ੍ਰਭੂ ਤੋਂ ਬੇਮੁਖ ਸੀ, ਪਰ ਉਸ ਦੀ ਰਾਣੀ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਪ੍ਰਭੂ ਦੇ ਸਿਮਰਨ ਵਿਚ ਜੁੜ ਬਹਿੰਦੀ ਸੀ। ਉਸ ਦਾ ਨਿਯਮ ਸੀ ਸਿਮਰਨ ਕੀਤੇ ਤੋਂ ਬਿਨਾਂ ਕੁਝ ਖਾਣਾ-ਪੀਣਾ ਨਹੀਂ।

---

*ਧਰਮ ਸ਼ਾਸਤ੍ਰ ਵਿਚ ਭੀ ਪ੍ਰਲੋਕ ਦਾ ਰਸਤਾ ੩੬੫ ਦਿਨਾਂ ਦਾ ਭਾਵ ਇਕ ਸਾਲ ਦਾ ਲਿਖਿਆ ਹੈ।

ਉਹ ਆਪਣੇ ਪਤੀ ਨੂੰ ਵੀ ਵਾਰ-ਵਾਰ ਕਿਹਾ ਕਰੇ, "ਮਨੁੱਖਾ ਜਨਮ ਪ੍ਰਾਪਤ ਹੋਣਾ ਬਹੁਤ ਦੁਰਲਭ ਹੈ, ਇਸ ਨੂੰ ਨਿਸਫਲ ਨਾ ਗਵਾਓ, ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਦਾ ਸਿਮਰਨ ਕਰਕੇ ਇਸ ਨੂੰ ਸਫਲ ਕਰ ਲਵੋ।"

ਪਰ ਰਾਜਾ ਨੇ ਰਾਣੀ ਦੀ ਇਕ ਗੱਲ ਵੀ ਨਾ ਮੰਨੀ ਢੀਠ ਬਣ ਕੇ ਸੁੱਤਾ ਰਿਹਾ ਕਰੇ,

ਉੱਠ ਕੇ ਫਿਰ ਆਪਣੇ ਕੰਮਾਂ ਵਿਚ ਲੱਗ ਜਾਵੇ।

ਆਖਰ ਰਾਣੀ ਨੇ ਗੁੱਸੇ ਵਿਚ ਆ ਕੇ ਕਿਹਾ-ਆਪ ਬੜੇ ਮੂਰਖ ਹੋ, ਜੋ ਪ੍ਰਭੂ ਦਾ ਸਿਮਰਨ ਨਹੀਂ ਕਰਦੇ।

ਉਸ ਵੇਲੇ ਰਾਜਾ ਨੇ ਵਿਚਾਰਿਆ ਇਸ ਨੇ ਜੋ ਮੈਨੂੰ ਮੂਰਖ ਕਿਹਾ ਹੈ, ਇਸ ਵਿਚ ਕੋਈ ਕਾਰਨ ਹੈ, ਸਮਝ ਨਹੀਂ ਆਈ ਮੇਰੇ ਵਿਚ ਕੀ ਮੂਰਖਤਾ ਹੈ। ਉਸ ਵੇਲੇ ਰਾਜੇ ਨੇ ਆਪਣੇ ਸ਼ਹਿਰ ਵਿਚ ਢੰਡੋਰਾ ਫਿਰਾ ਕੇ ਸਾਰੇ ਮੂਰਖ ਬੁਲਾਏ। ਉਨ੍ਹਾਂ ਸਾਰਿਆਂ ਵਿਚੋਂ ਜਿਹੜਾ ਵੱਡਾ ਮੂਰਖ ਸੀ, ਉਸ ਦੇ ਹੱਥ ਵਿਚ ਬਹੁਤ ਕੀਮਤੀ ਸੋਨੇ ਦੀ ਸੋਟੀ ਫੜਾ ਕੇ ਕਿਹਾ, ਜਿਹੜਾ ਤੇਰੇ ਨਾਲੋਂ ਵੀ ਕੋਈ ਵੱਡਾ ਮੂਰਖ ਹੋਵੇ, ਉਸ ਨੂੰ ਇਹ ਸੋਟੀ ਦੇ ਦੇਣੀ, ਇੰਜ ਕਹਿ ਕੇ ਸਭ ਨੂੰ ਤੋਰ ਦਿੱਤਾ।

ਕੁਝ ਸਮਾਂ ਗੁਜ਼ਰ ਜਾਣ ਤੋਂ ਬਾਅਦ ਰਾਜਾ ਆਪ ਬੀਮਾਰ ਹੋ ਗਿਆ ਤੇ ਵਜ਼ੀਰ ਨੂੰ ਕਹਿ ਕੇ ਉਸ ਮੂਰਖ ਨੂੰ ਆਪਣੇ ਪਾਸ ਬੁਲਵਾਲਿਆ। ਮੂਰਖ ਨੇ ਆਉਂਦਿਆਂ ਸਾਰ ਪੁਛਿਆ, "ਰਾਜਨ ਕੀ ਸਬੱਬ ਹੈ?" ਤਾਂ ਰਾਜਾ ਨੇ ਕਿਹਾ, "ਮੈਂ ਜਾ ਰਿਹਾ ਹਾਂ। ਤੈਨੂੰ ਕੋਈ ਵੱਡਾ ਮੂਰਖ ਲੱਭਾ ਹੈ ਜਾਂ ਨਹੀਂ ?"

ਉਸ ਮੂਰਖ ਨੇ ਪੁਛਿਆ: ਰਾਜਨ ਆਪ ਕਿਥੇ ਜਾ ਰਹੇ ਹੋ?

ਰਾਜੇ ਨੇ ਕਿਹਾ: ਮੈਂ ਪ੍ਰਲੋਕ ਦੀ ਯਾਤਰਾ ਕਰਨ ਜਾ ਰਿਹਾ ਹਾਂ।

ਮੂਰਖ ਨੇ ਪੁਛਿਆ: ਆਪ ਯਾਤਰਾ ਕਰਕੇ ਫਿਰ ਕਦੋਂ ਆਓਗੇ?

ਰਾਜਾ ਨੇ ਕਿਹਾ: ਫਿਰ ਮੈਂ ਵਾਪਸ ਨਹੀਂ ਆਵਾਂਗਾ।

ਮੂਰਖ ਨੇ ਪੁਛਿਆ: ਹੇ ਰਾਜਨ ! ਆਪ ਜੀ ਨੇ ਕਿਤਨੇ ਕੋਹ ਦੂਰ ਜਾਣਾ ਹੈ?

ਰਾਜਾ ਨੇ ਕਿਹਾ: ਉਸ ਰਸਤੇ ਦੇ ਕੋਹਾਂ ਦੀ ਕੋਈ ਗਿਣਤੀ ਨਹੀਂ ਹੈ,

ਮੂਰਖ ਨੇ ਹੈਰਾਨ ਹੋ ਕੇ ਕਿਹਾ-ਹੱਛਾ ! ਇਤਨੀ ਦੂਰ ਆਪ ਜੀ ਨੇ ਜਾਣਾ ਹੈ। ਪਰ ਆਪ ਇਹ ਦੱਸੋ, ਆਪ ਜੀ ਦੇ ਨਾਲ ਕੌਣ ਜਾਏਗਾ ?

ਰਾਣੀਆਂ ਜਾਣਗੀਆਂ, ਰਾਜਕੁਮਾਰ ਜਾਣਗੇ, ਫੌਜਾਂ ਜਾਣਗੀਆਂ, ਵਜ਼ੀਰ ਜਾਣਗੇ, ਜਾਂ ਹੋਰ ਕੋਈ ਸਬੰਧੀ ਜਾਏਗਾ ?

ਰਾਜਾ ਨੇ ਕਿਹਾ-ਇਨ੍ਹਾਂ ਵਿਚੋਂ ਮੇਰੇ ਨਾਲ ਕੋਈ ਭੀ ਨਹੀਂ ਜਾਏਗਾ। ਮੈਂ ਇਕੱਲਾ ਹੀ ਜਾਵਾਂਗਾ।

ਮੂਰਖ ਨੇ ਕਿਹਾ-ਖਜ਼ਾਨੇ ਵਿਚੋਂ ਕੁਝ ਨਗਦੀ ਵਗੈਰਾ ਤਾਂ ਲੈ ਜਾਓਗੇ, ਜਾਂ ਰਸਤੇ ਵਿਚ ਖਾਣ-ਪੀਣ ਲਈ ਕੁਝ ਤੋਸਾ ਵਗੈਰਾ ਲੈ ਜਾਓਗੇ।

ਰਾਜਾ ਨੇ ਕਿਹਾ-ਕੁਝ ਭੀ ਨਹੀਂ ਲਿਜਾਵਾਂਗਾ ਖਾਲੀ ਹੱਥੀ ਆਇਆ ਸਾਂ ਤੇ ਖਾਲੀ ਹੱਥੀ ਜਾਵਾਂਗਾ।

ਇਹ ਗੱਲ ਸੁਣ ਕੇ ਮੂਰਖ ਨੇ ਕਿਹਾ-ਹੇ ਰਾਜਨ ! ਜੇਕਰ ਇਤਨੇ ਖਜ਼ਾਨੇ ਨੂੰ ਪਾ ਕੇ ਆਪਣੇ ਨਾਲ ਰਸਤੇ ਲਈ ਕੁਝ ਭੀ ਨਹੀਂ ਲਿਜਾ ਸਕਦੇ ਅਤੇ ਸਹਾਇਤਾ ਲਈ ਕਿਸੇ ਸਬੰਧੀ ਜਾਂ ਸਿਪਾਹੀ ਆਦਿਕਾਂ ਨੂੰ ਭੀ ਨਹੀਂ

ਲਿਜਾ ਸਕਦੇ, ਤਾਂ ਸਾਰਿਆਂ ਮੂਰਖਾਂ 'ਚੋਂ ਵੱਡੇ ਮੂਰਖ ਆਪ ਹੀ ਹੋ ਜੋ ਇਤਨੀ ਸਮਝ ਰੱਖਦਿਆਂ ਹੋਇਆਂ ਭੀ ਆਪ ਜੀ ਨੇ ਆਪਣੀ ਜ਼ਿੰਦਗੀ ਵਿਚ ਨਾ ਪ੍ਰਭੂ ਦਾ ਸਿਮਰਨ, ਨਾ ਦਾਨ ਪੁੰਨ ਕੀਤਾ ਅਤੇ ਨਾ ਹੀ ਨੇਕ ਕਮਾਈ ਕਰਕੇ ਦੁਨੀਆਂ ਵਿਚ ਜਸ ਖਟਿਆ ਹੈ।

ਇਸ ਲਈ ਤੁਸੀਂ ਆਪ ਹੀ ਇਹ ਆਪਣੀ ਸੋਟੀ ਸੰਭਾਲ ਲਓ।

ਮੂਰਖ ਤਾਂ ਰਾਜੇ ਦੀ ਸੋਟੀ ਰਾਜੇ ਨੂੰ ਸੌਂਪ ਕੇ ਚਲਾ ਗਿਆ, ਬਾਅਦ ਵਿਚ ਰਾਜਾ ਆਪਣੀ ਰਾਣੀ ਦੇ ਬਚਨਾਂ ਨੂੰ ਯਾਦ ਕਰਕੇ ਮਨ ਵਿਚ ਵਿਚਾਰਦਾ ਹੈ ਜੇ ਮੈਂ ਰਾਣੀ ਦੇ ਆਖੇ ਲਗ ਕੇ ਦਾਨ ਪੁੰਨ ਭਜਨ ਸਿਮਰਨ ਕਰ ਲੈਂਦਾ ਤਾਂ ਉਸ ਨੇ ਮੇਰੇ ਨਾਲ ਜਾ ਕੇ ਮੇਰੀ ਸਹਾਇਤਾ ਕਰਨੀ ਸੀ ਪਰ ਮੈਂ ਮੂਰਖ ਨੇ ਕੁਝ ਭੀ ਨਾ ਕੀਤਾ, ਇਸ ਲਈ ਪ੍ਰਲੋਕ ਦੇ ਲੰਮੇ ਰਾਹ ਵਿਚ ਮੇਰੀ ਕਿਸੇ ਨੇ ਸਹਾਇਤਾ ਨਹੀਂ ਕਰਨੀ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਵਿੱਤਰ ਰਸਨਾਂ ਤੋਂ ਫ਼ੁਰਮਾਉਂਦੇ ਹਨ-

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥ ੧੪॥ (ਆਸਾ ਦੀ ਵਾਰ, ਪੰਨਾ ੪੭੦)

ਜਿਹ ਪੈਡੈ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ ਸੰਗਿ ਉਜੀਆਰਾ॥

ਜਿਸ ਜਮ ਰਸਤੇ ਵਿਚ ਬੜਾ ਘੁੱਪ ਹਨੇਰਾ ਹੈ।

ਹਰੀ ਦਾ ਨਾਮ ਜੀਵ ਦੇ ਨਾਲ ਓਥੇ ਉਜੀਆਰਾ=ਪ੍ਰਕਾਸ਼ (ਰੌਸ਼ਨੀ) ਕਰਦਾ ਹੈ।

ਜਹਾ ਪੰਥਿ ਤੇਰਾ ਕੋ ਨ ਸਿਞਾਨੂ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ॥

ਜਿਸ ਜਮ ਰਸਤੇ ਵਿਚ ਤੇਰਾ ਕੋਈ ਸਿਞਾਨੂ-ਵਾਕਿਫ ਨਹੀਂ ਬਣੇਗਾ।

ਹਰੀ ਦਾ ਨਾਮ ਓਥੇ ਤੇਰੇ ਜਾਨੂ ਮਿਤ੍ਰ ਹੋਵੇਗਾ।

ਜਹ ਮਹਾ ਭਇਆਨ ਤਪਤਿ ਬਹੁ ਘਾਮ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥

ਜਿਸ ਜਮ ਰਸਤੇ ਵਿਚ ਬੜੀ ਭਿਆਨਕ ਘਾਮ=ਧੁੱਪ ਦੀ ਬਹੁਤ ਤਪਤਿ=ਗਰਮੀ ਪੈਂਦੀ ਹੈ।

ਉਥੇ ਤੇਰੇ ਉੱਤੇ ਹਰੀ ਦੇ ਨਾਮ ਦੀ ਛਾਮ=ਛਾਂ ਹੋਵੇਗੀ।

ਜਹਾ ਤ੍ਰਿਖਾ ਮਨ ਤੁਝੁ ਆਕਰਖੈ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ੪॥

ਜਿਸ ਜਮ ਰਸਤੇ ਵਿਚ ਤ੍ਰਿਖਾ=ਤ੍ਰੇਹ ਮੇਰੇ ਮਨ ਨੂੰ ਆਕਰਖੈ=ਖਿੱਚੇਗੀ ਭਾਵ ਸਤਾਵੇਗੀ। ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ-ਉਥੇ ਹਰਿ ਹਰਿ ਦੇ ਨਾਮ-ਅੰਮ੍ਰਿਤ ਦੀ ਵਰਖਾ ਤੇਰੇ ਉੱਤੇ ਵਰ੍ਹੇਗੀ॥ ੪॥

ਭਗਤ ਜਨਾ ਕੀ ਬਰਤਨਿ ਨਾਮੁ ॥ ਸੰਤ ਜਨਾ ਕੈ ਮਨਿ ਬਿਸ੍ਰਾਮੁ ॥

ਪਰਮੇਸ਼ਰ ਦੇ ਭਗਤ ਜਨਾਂ ਦੀ ਬਾਹਰਲੀ ਵਰਤਨ ਭੀ ਨਾਮ ਦੀ ਹੈ।

ਅਤੇ ਸੰਤ ਜਨਾਂ ਦੇ ਮਨ ਵਿਚ ਭੀ ਨਾਮ ਦਾ ਬਿਸ੍ਰਾਮੁ=ਨਿਵਾਸ ਹੈ।

ਹਰਿ ਕਾ ਨਾਮੁ ਦਾਸ ਕੀ ਓਟ ॥ ਹਰਿ ਕੈ ਨਾਮਿ ਉਧਰੇ ਜਨ ਕੋਟਿ ॥

ਹਰੀ ਦਾ ਨਾਮ ਦਾਸਾਂ ਦੀ ਓਟ ਰੂਪ ਹੈ ਯਾਨੀ ਢਾਲ ਰੂਪ ਹੈ।

ਹਰੀ ਦੇ ਨਾਮ ਕਰਕੇ ਕ੍ਰੋੜਾਂ ਗੁਰਮੁਖ ਜਨ ਕਾਮ ਆਦਿਕਾਂ ਤੋਂ ਉਧਰੇ=ਬਚ ਗਏ ਹਨ।

ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ ਹਰਿ ਹਰਿ ਅਉਖਧੁ ਸਾਧ ਕਮਾਤਿ ॥

ਸੰਤ ਰਾਤ ਦਿਨੇ ਹਰੀ ਜਸ ਨੂੰ ਕਰਦੇ ਹਨ।

ਸੰਤ ਹਮੇਸ਼ਾਂ ਹਰਿ ਹਰਿ ਨਾਮ ਜਪਣ ਰੂਪੀ ਅਉਖਧੁ=ਦਵਾਈ ਦਾ ਕਮਾਤਿ=ਸੇਵਨ ਕਰਦੇ ਹਨ।

ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ ਜਨ ਕੀਨੋ ਦਾਨ ॥

ਹਰੀ ਦੇ ਸੰਤ ਜਨਾਂ ਦੇ ਪਾਸ ਹਰੀ ਨਾਮ ਰੂਪ ਨਿਧਾਨੁ=ਖਜ਼ਾਨਾ ਹੈ।

ਪਾਰਬ੍ਰਹਮ ਨੇ ਹੀ ਸੰਤ ਜਨਾਂ ਨੂੰ ਨਾਮ ਦਾਨ ਦੇਣਾ ਕੀਤਾ ਹੈ।

ਮਨ ਤਨ ਰੰਗਿ ਰਤੇ ਰੰਗ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥ ੫ ॥

ਮਨ ਕਰਕੇ ਵੀ ਇਕ ਦੇ ਪ੍ਰੇਮ ਵਿਚ ਰਤੇ ਹਨ, ਤਨ ਕਰਕੇ ਵੀ ਇਕ ਦੇ ਪ੍ਰੇਮ ਵਿਚ ਰਤੇ ਹੋਏ ਹਨ।

ਅਥਵਾ:-ਮਨ ਤਨ ਦੇ ਰੰਗਿ=ਪ੍ਰੇਮ ਕਰਕੇ ਇਕ ਵਾਹਿਗੁਰੂ ਦੇ ਰੰਗ=ਅਨੰਦ ਵਿਚ ਰਤੇ ਹੋਏ ਹਨ।

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-ਸੰਤ ਜਨਾਂ ਦੀ ਬਿਰਤੀ ਵਿਵੇਕ ਵਾਲੀ ਹੋਈ ਹੈ।

ਅਥਵਾ:-ਸੰਤਾਂ ਦੀ ਬਿਰਤਿ=ਉਪਜੀਵਕਾ ਵਿਵੇਕ ਵਾਲੀ ਹੈ

ਅਥਵਾ:-ਸੰਤ ਜਨਾਂ ਦੇ ਹਿਰਦੇ ਵਿਚ ਬਿਰਤਿ=ਵੈਰਾਗ ਅਤੇ ਵਿਵੇਕ ਇਹ ਦੋਵੇਂ ਸਾਧਨ ਮੁਖ ਹਨ।

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥

ਹਰੀ ਦਾ ਨਾਮ ਹੀ ਸੰਤ ਜਨਾਂ ਨੂੰ ਮੁਕਤੀ ਤੇ ਜੁਗਤੀ ਦੇਣ ਵਾਲਾ ਹੈ, ਵਾ:-ਮੁਕਤੀ ਦੀ ਜੁਗਤੀ ਦੇਣ ਵਾਲਾ ਹੈ। ਹਰੀ ਦਾ ਨਾਮ ਹੀ ਸੰਤ ਜਨਾਂ ਨੂੰ ਤ੍ਰਿਪਤੀ ਦੇਣ ਵਾਲੀ ਭੁਗਤ ਹੈ, ਅਰਥਾਤ ਖੁਰਾਕ ਹੈ।

ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥

ਹਰੀ ਦਾ ਨਾਮ ਹੀ ਸੰਤ ਜਨਾਂ ਦਾ ਸੁੰਦਰ ਰੂਪ ਅਤੇ ਰੰਗ ਹੈ।

ਹਰੀ ਨਾਮ ਜਪਦਿਆਂ ਹੋਇਆਂ ਕਦੇ ਭੀ ਭੰਗੁ=ਵਿਘਨ ਨਹੀਂ ਪੈਂਦਾ।

ਹਰਿ ਕਾ ਨਾਮੁ ਜਨ ਕੀ ਵਡਿਆਈ ॥ ਹਰਿ ਕੈ ਨਾਮਿ ਜਨ ਸੋਭਾ ਪਾਈ ॥

ਹਰੀ ਦਾ ਨਾਮ ਹੀ ਸੰਤ ਜਨਾਂ ਦੀ ਵਡਿਆਈ ਰੂਪ ਹੈ।

ਹਰੀ ਦੇ ਨਾਮ ਕਰਕੇ ਸੰਤ ਜਨਾਂ ਨੇ ਸੋਭਾ ਪਾਈ ਹੈ।

[ਪੰਨਾ ੨੬੫]

ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥

ਹਰੀ ਦਾ ਨਾਮ ਹੀ ਸੰਤ ਜਨਾਂ ਨੂੰ ਭੋਗ ਅਤੇ ਜੋਗ ਦੇ ਦੇਣ ਵਾਲਾ ਹੈ। ਵਾ:-ਨਾਮ ਹੀ ਭੋਗ ਹੈ ਨਾਮ ਹੀ ਜੋਗ ਹੈ। ਹਰੀ ਨਾਮ ਜਪਣ ਕਰਕੇ ਕੁਝ ਭੀ ਬਿਓਗੁ=ਦੁੱਖ ਨਹੀਂ ਹੁੰਦਾ।

ਅਥਵਾ:- ਪ੍ਰਭੂ ਨਾਲੋਂ ਕੁਝ ਸਮਾਂ ਵੀ ਬਿਓਗੁ=ਵਿਛੋੜਾ ਨਹੀਂ ਹੁੰਦਾ।

ਜਨੁ ਰਾਤਾ ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ ਹਰਿ ਦੇਵਾ ॥ ੬ ॥

ਜੋ ਗੁਰਮੁਖ ਜਨ ਹਰੀ ਨਾਮ ਦੀ ਸੇਵਾ ਵਿਚ ਰਚਿਆ ਹੈ। ਗੁਰੂ ਜੀ ਫੁਰਮਾਉਂਦੇ ਹਨ-ਉਸ ਗੁਰਮੁਖ ਜਨ ਦੀ ਹਰਿ=ਵਿਸ਼ਨੂੰ ਤੇ ਹਰਿ=ਸ਼ਿਵਜੀ ਅਤੇ ਬ੍ਰਹਮਾ ਤਿੰਨੇ ਦੇਵਤੇ ਪੂਜਾ ਕਰਦੇ ਹਨ॥ ੬ ॥

ਹਰਿ ਹਰਿ ਜਨ ਕੈ ਮਾਲੁ ਖਜੀਨਾ ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥

ਗੁਰਮੁਖ ਜਨਾਂ ਦੇ ਪਾਸ ਹਰੀ ਨਾਮ ਹੀ ਮਾਲ ਹੈ, ਹਰੀ ਨਾਮ ਹੀ ਖਜ਼ਾਨਾ ਹੈ।

ਗੁਰਮੁਖ ਜਨਾਂ ਨੂੰ ਪ੍ਰਭੂ ਨੇ ਆਪ ਹੀ ਹਰੀ ਨਾਮ ਧਨ ਦਿੱਤਾ ਹੈ।

ਹਰਿ ਹਰਿ ਜਨ ਕੈ ਓਟ ਸਤਾਣੀ ॥ ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥

ਗੁਰਮੁਖ ਜਨਾਂ ਦੇ ਪਾਸ ਹਰਿ ਹਰਿ ਦਾ ਨਾਮ ਹੀ ਸਤਾਣੀ=ਸਹਿਤ ਬਲ ਦੇ ਓਟ ਰੂਪ ਹੈ।

ਗੁਰਮੁਖ ਜਨ ਹਰੀ ਦੇ ਪ੍ਰਤਾਪ ਕਰਕੇ ਹੋਰ ਕਿਸੇ ਨੂੰ ਜਾਣਦੇ ਨਹੀਂ ਹਨ।

ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ ਨਾਮ ਰਸ ਮਾਤੇ ॥

ਗੁਰਮੁਖ ਜਨ ਓਤਿ ਪੋਤਿ=ਤਾਣੇ ਪੇਟੇ ਵਾਂਗ ਹਰੀ ਰਸ ਵਿਚ ਰਾਤੇ=ਤਦਾਕਾਰ ਹੋ ਰਹੇ ਹਨ।

ਗੁਰਮੁਖ ਜਨ ਨਾਮ-ਰਸ ਵਿਚ ਮਾਤੇ=ਮਸਤ ਹੋ ਕੇ ਸੁੰਨ ਸਮਾਧਿ=ਨਿਰਵਿਕਲਪ ਸਮਾਧੀ ਵਿਚ ਲੀਣ ਹੁੰਦੇ ਹਨ। *ਅਥਵਾ:-*ਜੋ ਨਾਮ ਰਸ ਵਿਚ ਮਸਤ ਹੋਏ ਹਨ, ਇਹੋ ਉਨ੍ਹਾਂ ਦੀ ਸੁੰਨ ਸਮਾਧੀ ਹੈ।

ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

ਗੁਰਮੁਖ ਜਨ ਅੱਠੇ ਪਹਿਰ ਹਰਿ ਹਰਿ ਨਾਮ ਨੂੰ ਜਪਦਾ ਹੈ।

ਇਸ ਕਰਕੇ ਹਰੀ ਦਾ ਭਗਤ ਹਰ ਥਾਂ ਤੇ ਪ੍ਰਗਟ ਹੁੰਦਾ ਹੈ, ਛਪੈ=ਲੁਕਿਆ ਨਹੀਂ ਰਹਿੰਦਾ।

ਯਥਾ:-ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਅ ਗਹੀਰਾ ॥ ੧ ॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨ੍ਹ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥ ੨ ॥ (ਮਹਲਾ ੫, ਪੰਨਾ ੪੮੭)

ਹਰਿ ਕੀ ਭਗਤਿ ਮੁਕਤਿ ਬਹੁ ਕਰੇ॥ ਨਾਨਕ ਜਨ ਸੰਗਿ ਕੇਤੇ ਤਰੇ॥ ੭॥

ਗੁਰੂ ਜੀ ਆਖਦੇ ਹਨ-ਹਰੀ ਦੀ ਭਗਤੀ ਨੇ ਬਹੁਤੇ ਪੁਰਸ਼ ਮੁਕਤ ਕੀਤੇ ਹਨ।

ਗੁਰਮੁਖ ਜਨਾਂ ਨਾਲ ਮਿਲ ਕੇ ਕਿਤਨੇ ਹੀ ਪੁਰਸ਼ ਤਰ ਗਏ ਹਨ॥ ੭॥

ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥

ਹਰੀ ਦਾ ਜੋ ਨਾਮ ਹੈ ਏਹੋ ਸਾਰਿਆਂ ਫਲਾਂ ਦੇ ਦੇਣ ਵਾਲਾ ਪਾਰਜਾਤੁ=ਕਲਪ ਬ੍ਰਿਛ ਹੈ।*

ਜੋ ਹਰਿ ਹਰਿ ਦੇ ਗੁਣਾਂ ਦਾ ਗਾਮ=ਗਾਇਣ ਕਰਨਾ ਹੈ ਏਹੋ ਮਨ ਬਾਂਛਤ ਫਲ ਦੇਣ ਨੂੰ ਕਾਮਧੇਨ ਗਊ ਹੈ ਜੋ ਸੁਰਗਾਂ ਵਿਚ ਰਹਿੰਦੀ ਹੈ।

ਯਥਾ:-ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾਕੈ ਵਸਿ ਹੈ ਕਾਮਧੇਨਾ॥

ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥

(ਪੰਨਾ ੬੭੦)

ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥

ਹਰੀ ਦੀ ਕਥਾ ਸਭ ਤੋਂ ਸ੍ਰੇਸ਼ਟ ਹੈ। *ਯਥਾ:-*

ਨਿਰਗੁਣ ਕਥਾ ਕਥਾ ਹੈ ਹਰਿ ਕੀ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ॥

ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ॥ ੧॥

ਜੋ ਹਰਿ ਕੀ ਹਰਿ ਕਥਾ ਸੁਣਾਵੈ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ॥

(ਗਉੜੀ ਮ: ੪, ਪੰਨਾ ੧੬੪)

ਹਰੀ ਨਾਮ ਸੁਨਣ ਕਰਕੇ ਦੁਖ ਜਨ ਦਰਦ, ਵਾ:-ਮਨ ਦਾ ਦਰਦ ਤੇ ਸਰੀਰ ਦਾ ਦੁੱਖ ਲਹਿ ਜਾਂਦਾ, ਭਾਵ ਮਿਟ ਜਾਂਦਾ ਹੈ। ਕਥਾ ਦੇ ਸੁਨਣ ਨਾਲ ਸਾਰੇ ਪਾਪ ਉੱਤਰ ਜਾਂਦੇ ਹਨ,

ਯਥਾ:-ਸੁਣਿ ਹਰਿ ਕਥਾ ਉਤਾਰੀ ਮੈਲੁ॥ ਮਹਾ ਪੁਨੀਤ ਭਏ ਸੁਖ ਸੈਲੁ॥ *(ਗਉੜੀ ਮ: ੫, ਪੰਨਾ ੧੭੮)*

ਤਥਾ:-ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ॥

ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ॥

(ਆਸਾ ਮਹਲਾ ੫, ਪੰਨਾ ੪੦੪)

ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥

ਹਰੀ ਨਾਮ ਦੀ ਮਹਿਮਾ ਸੰਤਾਂ ਦੇ ਹਿਰਦੇ ਵਿਚ ਵਸ ਰਹੀ ਹੈ।

ਸੰਤਾਂ ਦੇ ਪ੍ਰਤਾਪ ਕਰਕੇ ਸਾਰੇ ਦੁਰਤੁ=ਪਾਪ ਨੱਸ ਜਾਂਦੇ ਹਨ।

ਸੰਤ ਕਾ ਸੰਗੁ ਵਡਭਾਗੀ ਪਾਈਐ॥ ਸੰਤ ਕੀ ਸੇਵਾ ਨਾਮੁ ਧਿਆਈਐ॥

ਸੰਤਾਂ ਦਾ ਸਤਸੰਗਿ ਵਡਿਆਂ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।

**ਚਾਰਿ ਪਦਾਰਥ ਹਰਿ ਕੀ ਸੇਵਾ॥ ਪਾਰਜਾਤੁ ਜਪਿ ਅਲਖ ਅਭੇਵਾ॥* *(ਮਾਝ ਮ:੫, ਪੰਨਾ ੧੦੮)*

ਸੰਤਾਂ ਦੀ ਸੇਵਾ ਕਰਕੇ ਹੀ ਨਾਮ ਦਾ ਧਿਆਉਣਾ ਹੁੰਦਾ ਹੈ।

ਨਾਮ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥

ਨਾਮ ਦੇ ਤੁਲਿ=ਬਰਾਬਰ ਹੋਰ ਕੁਝ ਨਹੀਂ ਹੋ ਸਕਦਾ।

ਗੁਰੂ ਜੀ ਫੁਰਮਾਉਂਦੇ ਹਨ-ਕੋਈ ਵਿਰਲਾ ਗੁਰਮੁਖ ਜਨ ਹੀ ਗੁਰੂ ਪਾਸੋਂ ਨਾਮ ਨੂੰ ਪਾਉਂਦਾ ਹੈ॥ ੮॥ ੨॥

ਭਾਵ-ਸਾਰਿਆਂ ਸਾਧਨਾਂ ਅਤੇ ਸਭ ਪਦਾਰਥਾਂ ਨਾਲੋਂ ਇਕ ਨਾਮ ਹੀ ਸ੍ਰੇਸ਼ਟ ਹੈ, ਇਸ ਦੇ ਬਰਾਬਰ ਹੋਰ ਕੋਈ ਵਸਤੂ ਨਹੀਂ ਪੁੱਜ ਸਕਦੀ, ਮੁਖ ਗੁਰੂ ਕਿਰਪਾ ਕਰੇ ਤਾਂ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ।

[ਤੀਜੀ ਅਸਟਪਦੀ]

ਸਲੋਕੁ॥ ਬਹੁਤ ਸਾਸਤ੍ਰ ਬਹੁ ਸਿੰਮ੍ਰਿਤੀ ਪੇਖੇ ਸਰਬ ਢਢੋਲਿ॥

ਬਹੁਤਿਆਂ ਸ਼ਾਸਤਰਾਂ ਨੂੰ ਪੜ੍ਹਿਆ ਹੈ, ਬਹੁਤੀਆਂ ਸਿੰਮ੍ਰਿਤੀਆਂ ਨੂੰ ਵੀ ਪੜ੍ਹਿਆ ਹੈ ਅਤੇ ਸਾਰਿਆਂ ਗ੍ਰੰਥਾਂ ਨੂੰ ਭੀ ਭਾਲ ਕੇ ਵੇਖਿਆ ਹੈ।

ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ੧॥

ਗੁਰੂ ਸਾਹਿਬ ਕਹਿੰਦੇ ਹਨ-ਹਰਿ ਹਰਿ ਨਾਮ ਦੇ ਬਰਾਬਰ ਕੋਈ ਨਹੀਂ ਪੁੱਜ ਸਕਦਾ, ਕਿਉਂਕਿ ਹਰਿ ਹਰਿ ਦਾ ਨਾਮ ਸਾਰਿਆਂ ਤੋਂ ਅਮੋਲਕ ਹੈ, ਵਾ:-ਅਮੋਲ=ਮੁੱਲ ਤੋਂ ਰਹਿਤ ਹੈ ਇਸ ਦਾ ਮੁਲ ਨਹੀਂ ਪਾਇਆ ਜਾ ਸਕਦਾ॥ ੧॥

ਅਸਟਪਦੀ॥

ਜਾਪ ਤਾਪ ਗਿਆਲ ਸਭਿ ਧਿਆਨ॥
ਖਟ ਸਾਸਤ੍ਰ ਸਿੰਮ੍ਰਿਤਿ ਵਖਿਆਨ॥

ਚਾਹੇ ਜਪ ਕਰੇ, ਚਾਹੇ ਤਪ ਕਰੇ, ਚਾਹੇ ਸਾਰੀਆਂ ਗੱਲਾਂ ਗਿਆਨ ਦੀਆਂ ਕਰੇ, ਚਾਹੇ ਧਿਆਨ ਲਗਾ ਕੇ ਬੈਠ ਜਾਵੇ। ਚਾਹੇ ਛੇ ਸ਼ਾਸਤਰ ਅਤੇ ਸਤਾਈ ਸਿੰਮ੍ਰਿਤੀਆਂ ਦਾ ਵਖਿਆਨ=ਲੈਕਚਰ ਕਰਦਾ ਫਿਰੇ।

ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥

ਚਾਹੇ ਜੋਗਾ ਅਭਿਆਸ ਕਰੇ ਚਾਹੇ ਹੋਰ ਕਰਮਾਂ ਧਰਮਾਂ ਦੀ ਕਿਰਿਆ ਕਰੇ। ਚਾਹੇ ਇਸਤ੍ਰੀ ਪੁੱਤਰ ਆਦਿਕ ਸਾਰੇ (ਸਨਬੰਧੀਆਂ) ਨੂੰ ਤਿਆਗਿ=ਛੱਡ ਕੇ ਬਨ=ਜੰਗਲਾਂ ਵਿਚ ਫਿਰੇ।

ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥

ਚਾਹੇ ਅਨੇਕਾਂ ਪ੍ਰਕਾਰ ਦੇ ਬਹੁਤੇ ਯਤਨ ਭੀ ਕਰ ਲਵੇ। ਸੰਗ੍ਰਾਂਦ, ਮੱਸਿਆ, ਪੂਰਨਮਾਸ਼ੀ ਆਦਿਕ ਸਮਿਆਂ ਵਿਚ ਪੁੰਨ ਕਰ ਲਵੇ, ਦਾਨ ਹਮੇਸ਼ਾਂ ਕਰਦਾ ਰਹੇ ਅਤੇ ਦੇਵਤਿਆਂ ਦੀ ਖੁਸ਼ੀ ਲੈਣ ਵਾਸਤੇ ਬਹੁਤ ਸਾਰਾ ਰਤਨਾ=ਘਿਉ ਅਹੂਤੀ ਸਮੇਂ ਅੱਗ ਵਿਚ ਹਵਨ ਕਰੇ। ਕਿਉਂਕਿ ਰਿਗ ਵੇਦ ਅਤੇ ਯਜੁਰ ਵੇਦ ਵਿਚ

ਹਵਨ ਕਰਨ ਦੀ ਬਹੁਤ ਮਹਿਮਾ ਆਖੀ ਹੈ।

ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥

ਰਾਤੀ=ਰੱਤੀ ਰੱਤੀ ਭਰ ਸਰੀਰ ਨੂੰ ਕਟਾ ਕੇ, ਅੱਗ ਵਿਚ ਹਵਨ ਕਰ ਦੇਵੇ। ਅਤੇ ਬਹੁਤ ਪ੍ਰਕਾਰ ਦੇ ਵਰਤ ਰੱਖ ਕੇ ਆਪਣੇ ਨਿਯਮਾਂ ਨੂੰ ਪੂਰਾ ਕਰੇ। ਵਾ:-ਯਮ ਨੇਮ ਆਦਿਕ ਸਾਧਨ ਭੀ ਕਰ ਲਵੇ।

ਯਥਾ:-ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥ ੩॥

(ਸਿਰੀਰਾਗੁ ਮ: ੧, ਪੰਨਾ ੬੨)

ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ ੧॥

ਪਰ, ਰਾਮ ਨਾਮ ਦੇ ਵਿਚਾਰ ਬਰਾਬਰ ਕੋਈ ਸਾਧਨ ਨਹੀਂ ਹੈ। ਗੁਰੂ ਜੀ ਫੁਰਮਾਉਂਦੇ ਹਨ- ਗੁਰੂ-ਮੁਖ ਰਾਹੀਂ ਦਿਹਾੜੀ ਵਿਚ ਸਤਸੰਗਤ ਵਿਚ ਜਾ ਕੇ ਇਕ ਵਾਰ ਜ਼ਰੂਰ ਨਾਮ ਜਪਣਾ ਕਰੀਏ॥ ੧॥

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥ ਮਹਾ ਉਦਾਸੁ ਤਪੀਸਰੁ ਥੀਵੈ॥

ਚਾਹੇ ਚਿਰੁ ਜੀਵੈ=ਚਿਰੰਜੀਵੀ ਹੋ ਕੇ ਨੌਂ ਖੰਡਾਂ ਵਾਲੀ ਪ੍ਰਿਥਮੀ ਉੱਤੇ ਫਿਰਦਾ ਰਹੇ। ਮਹਾ=ਵੱਡਾ ਉਦਾਸੀਨ ਹੋ ਕੇ ਵੱਡਾ ਤਪੀਸਰੁ ਥੀਵੈ=ਹੋ ਜਾਵੇ।

ਅਗਨਿ ਮਾਹਿ ਹੋਮਤ ਪਰਾਨ॥ ਕਨਿਕ ਅਸ੍ਵ ਹੈਵਰ ਭੂਮਿ ਦਾਨ॥

ਚਾਹੇ ਅੱਗ ਵਿਚ ਬੈਠ ਕੇ ਪ੍ਰਾਣਾਂ ਨੂੰ ਹਮਨ ਕਰ ਦੇਵੇ। ਚਾਹੇ ਕਨਿਕ ਅਸ੍ਵ=ਸੋਨੇ ਦੇ ਘੋੜੇ, ਚਾਹੇ ਹੈਵਰ=ਸ੍ਰੇਸ਼ਟ (ਖੁਰਾਸਾਨੀ) ਘੋੜੇ ਦਾਨ ਕਰ ਦੇਵੇ।

*ਅਥਵਾ:-*ਚਾਹੇ ਕਨਿਕ=ਸੋਨਾ ਦਾਨ ਕਰੇ, ਚਾਹੇ ਵਰ= ਸ੍ਰੇਸ਼ਟ ਜੋ ਅਸ੍ਵ=ਘੋੜੇ ਹਨ, ਉਹ ਦਾਨ ਕਰੇ, ਚਾਹੇ ਭੂਮੀ ਦਾਨ ਕਰ ਦੇਵੇ।

ਯਥਾ :-ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ ਜੋ ਲਖ ਕੋਟੀ ਕਰਮ ਕਮਾਇ॥ ੨॥
. . . . . .
ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ॥

(ਸਿਰੀਰਾਗੁ ਮ: ੧, ਪੰਨਾ ੬੨)

ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ॥

ਚਾਹੇ ਨਿਉਲੀ=ਨੇਤੀ ਧੋਤੀ ਆਦਿਕ ਕਰਮ ਕਰਦਾ ਰਹੇ, ਚਾਹੇ ਬਹੁਤੇ ਆਸਣ ਲਗਾਣੇ ਸਿਖ ਲਵੇ।* ਚਾਹੇ

**ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥ ੨॥ (ਪੰਨਾ ੫੫੮)*

ਜੈਨੀਆਂ ਦੇ ਮਾਰਗ ਵਾਲੇ ਅਤਿ=ਬੜੇ ਸੰਜਮ ਵਾਲੇ ਸਾਧਨ ਕਰਨੇ ਸਿਖ ਲਵੇ।

ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥

ਚਾਹੇ ਨਿਮਖ ਨਿਮਖ=ਰੰਚਕ ਰੰਚਕ ਕਰਕੇ ਸਰੀਰ ਕਟਾ ਦੇਵੇ। ਫਿਰ ਭੀ ਮਨ ਵਿਚੋਂ ਹਉਮੈਂ ਦੀ ਮੈਲ ਨਹੀਂ ਜਾ ਸਕਦੀ।

ਹਰਿ ਕੇ ਨਾਮ ਸਮਸਰਿ ਕਛੁ ਨਾਹਿ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥ ੨॥

ਹਰੀ ਨਾਮ ਦੇ ਸਮਸਰਿ=ਬਰਾਬਰ ਕੁਝ ਭੀ ਨਹੀਂ ਹੈ। ਗੁਰੂ ਜੀ ਫੁਰਮਾਉਂਦੇ ਹਨ-ਗੁਰੂ ਦੁਆਰੇ ਨਾਮ ਨੂੰ ਜਪੇ ਤਾਂ ਹੀ ਗਤਿ=ਮੁਕਤੀ ਪ੍ਰਾਪਤ ਕਰ ਸਕਦਾ ਹੈ॥ ੨॥

ਯਥਾ:-ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ ਦੀਜੈ॥
ਰਾਮ ਨਾਮ ਭੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ॥ ੮॥ ੧॥

(ਕਲਿਆਣ ਮ: ੪, ਪੰਨਾ ੧੩੨੩)

ਮਨ ਕਾਮਨਾ ਤੀਰਥ ਦੇਹ ਛੁਟੈ॥ ਗਰਬੁ ਗੁਮਾਨੁ ਨ ਮਨ ਤੇ ਹੁਟੈ॥

ਚਾਹੇ ਮਨ ਦੀ ਕਾਮਨਾ=ਇੱਛਾ ਅਨੁਸਾਰ ਤੀਰਥਾਂ ਪਰ ਸਰੀਰ ਛੁਟ ਜਾਵੇ। ਅਥਵਾ:-ਚਾਹੇ ਮਨ ਕਾਮਨਾ=ਮਨੀਕਰਣ ਤੀਰਥ ਉੱਤੇ ਸਰੀਰ ਛੁਟ ਜਾਵੇ। ਰਿਆਸਤ ਕੁਲੂ ਵਿਚ ਇਹ ਮਨੀਕਰਣ ਤੀਰਥ ਹੈ। ਫਿਰ ਭੀ ਗਰਬੁ=ਹੰਕਾਰੀ ਪੁਰਸ਼ ਦੇ ਮਨ ਵਿਚੋਂ ਗੁਮਾਨੁ=ਹੰਕਾਰ ਹਟਦਾ ਨਹੀਂ ਹੈ।

*ਅਥਵਾ:-*ਜਾਤੀ ਦਾ ਗਰਬੁ=ਹੰਕਾਰ ਤੇ ਵਿਦਿਆ ਦਾ ਗੁਮਾਨੁ=ਹੰਕਾਰ ਮਨ ਵਿਚੋਂ ਹਟਦਾ ਨਹੀਂ ਹੈ।

ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥

ਚਾਹੇ ਸਾਰਾ ਦਿਨ ਅਤੇ ਸਾਰੀ ਰਾਤ ਸਰੀਰ ਦੀ ਸੋਚ=ਪਵਿੱਤ੍ਰਤਾ ਕਰਦਾ ਰਹੇ। ਪਰ ਤਨ ਦੀ ਪਵਿੱਤ੍ਰਤਾ ਕਰਨ ਨਾਲ ਮਨ ਦੀ ਪਾਪਾਂ ਰੂਪੀ ਮੈਲ ਜਾਂਦੀ ਨਹੀਂ ਹੈ।

ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥

ਇਸ ਸਰੀਰ ਨੂੰ ਕਸ਼ਟ ਦੇ ਕੇ ਚਾਹੇ ਬਹੁਤੇ ਸਾਧਨ ਵੀ ਕਰ ਲਵੇ। ਫਿਰ ਵੀ ਮਨ ਤੋਂ ਕਦੇ ਵਿਸ਼ਿਆਂ ਦੀ ਮੈਲ ਦੂਰ ਨਹੀਂ ਹੁੰਦੀ।

ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥

ਅਨੀਤਿ=ਅਨਿਤ (ਝੂਠੇ) ਸਰੀਰ ਨੂੰ ਚਾਹੇ ਬਹੁਤੇ ਜਲ ਨਾਲ ਧੋਂਦਾ ਰਹੇ, ਪਰ ਇਹ ਕੀ ਇਕ ਅਨੀਤੀ ਵਾਲੀ ਗੱਲ ਹੈ। ਕਿਉਂਕਿ ਕਾਚੀ ਭੀਤਿ=ਕਚੀ ਕੰਧ ਨੇ ਕੀ ਸ਼ੁਧ ਹੋਣਾ ਹੈ।

ਮਨ ਹਰਿ ਕੇ ਨਾਮ ਕੀ ਮਹਿਮਾ ਊਚ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥ ੩॥

ਹੇ ਮਨ ! ਹਰੀ ਦੇ ਨਾਮ ਦੀ ਮਹਿਮਾ ਸਭ ਤੋਂ ਉੱਚੀ। ਗੁਰੂ ਸਾਹਿਬ ਜੀ ਆਖਦੇ ਹਨ-ਨਾਮੀ ਦੇ ਨਾਮ ਕਰਕੇ ਅਜਾਮਲ ਵਰਗੇ ਬਹੁ ਮੂਚ=ਬੜੇ ਪਾਪੀ ਭੀ ਤਰ ਗਏ ਹਨ॥ ੩॥

[ਪੰਨਾ ੨੬੬]

ਬਹੁਤੁ ਸਿਅਣਪ ਜਮ ਕਾ ਭਉ ਬਿਆਪੈ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥

ਬਹੁਤੀ ਸਿਆਣਪ ਕਰਨ ਨਾਲ ਵੀ ਜਮਾਂ ਦਾ ਡਰ'ਬਿਆਪੈ=ਲਗਦਾ ਹੈ। ਅਨੇਕ ਜਤਨਾਂ ਕਰਕੇ ਭੀ ਮਨ ਤ੍ਰਿਸ਼ਨਾਂ ਵਲੋਂ ਧ੍ਰਾਪੈ=ਰੱਜਦਾ ਨਹੀਂ ਹੈ।

ਭੇਖ ਅਨੇਕ ਅਗਨਿ ਨਹੀ ਬੁਝੈ॥ ਕੋਟਿ ਉਪਾਵ ਦਰਗਹ ਨਹੀ ਸਿਝੈ॥

ਅਨੇਕਾਂ ਭੇਖ ਧਾਰਨ ਨਾਲ ਵੀ ਮਾਇਆ ਦੀ ਤ੍ਰਿਸ਼ਨਾਂ ਰੂਪ ਅੱਗ ਨਹੀਂ ਬੁਝਦੀ।

ਕ੍ਰੋੜਾਂ ਉਪਾਵ=ਯਤਨ ਕੀਤਿਆਂ ਭੀ ਪ੍ਰਲੋਕ ਦਰਗਹ ਵਿਚੋਂ ਸਿਝੈ=ਛੁਟਕਾਰਾ ਨਹੀਂ ਹੁੰਦਾ।

ਅਥਵਾ:-ਸਿਝੈ=ਮੁਕਤ ਰੂਪ ਨਹੀਂ ਹੁੰਦਾ।

ਛੁਟਸਿ ਨਾਹੀ ਊਭ ਪਇਆਲਿ॥ ਮੋਹਿ ਬਿਆਪਹਿ ਮਾਇਆ ਜਾਲਿ॥

ਊਭ=ਉੱਚੇ ਆਕਾਸ਼ ਵਿਚ ਤੇ ਨੀਵੇਂ ਪਇਆਲਿ=ਪਤਾਲ ਵਿਚ ਜਾਣ ਕਰਕੇ ਭੀ ਛੁਟਕਾਰਾ ਨਹੀਂ ਹੁੰਦਾ। ਇਹ ਜੀਵ ਮਾਇਆ ਕਰਕੇ ਮੋਹ ਰੂਪੀ ਜਾਲ ਵਿਚ ਬਿਆਪ ਰਿਹਾ ਹੈ। *ਅਥਵਾ:*-ਮਾਇਆ ਦੇ ਮੋਹ ਵਿਚ ਲੱਗਣ ਕਰਕੇ ਜਮਾਂ ਦੇ ਜਾਲ ਵਿਚ ਪੈਂਦਾ ਹੈ।

ਅਵਰ ਕਰਤੂਤਿ ਸਗਲੀ ਜਮੁ ਡਾਨੈ॥ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥

ਹੋਰ ਸਾਰਿਆਂ ਕਰਮਾਂ ਦੀ ਕਰਤੂਤਿ=ਕਰਤੱਬਤਾ ਕਰਕੇ ਧਰਮ ਰਾਜਾ ਡੰਨ ਦੇਂਦਾ ਹੈ। ਕਿਉਂਕਿ-ਗੋਬਿੰਦ ਦੇ ਭਜਨ-ਸਿਮਰਨ ਤੋਂ ਬਿਨਾਂ ਹੋਰ ਕਰਮਾਂ ਧਰਮਾਂ ਨੂੰ ਤਿਲ ਜਿੰਨਾ ਭੀ ਨਹੀਂ ਮੰਨਦਾ।

ਹਰਿ ਕਾ ਨਾਮੁ ਜਪਤ ਦੁਖੁ ਜਾਇ॥ ਨਾਨਕ ਬੋਲੈ ਸਹਜਿ ਸੁਭਾਇ॥ ੪॥

ਹਰੀ ਦਾ ਨਾਮ ਜਪਦਿਆਂ ਹੀ ਸਾਰਾ ਦੁਖ ਚਲਿਆ ਜਾਂਦਾ ਹੈ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-ਜੀਵ ਨੂੰ ਚਾਹੀਦਾ ਹੈ ਸਹਜਿ ਸੁਭਾਇ=ਸੁਤੇ ਸਿਧ ਨਾਮ ਬੋਲਦਾ ਰਵੇ॥ ੪॥

ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥

ਜਿਹੜਾ ਕੋਈ ਪੁਰਸ਼ (ਧਰਮ, ਅਰਥ, ਕਾਮ, ਮੋਖ) ਚਾਰੇ ਪਦਾਰਥ ਮੰਗਦਾ ਹੈ,

ਉਹ ਸੰਤ ਜਨਾਂ ਦੀ ਸੇਵਾ ਵਿਚ ਲਗ ਜਾਵੇ।

ਜੇ ਕੋ ਆਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥

ਜਿਹੜਾ ਕੋਈ ਆਪਣਾ ਦੁੱਖ ਮਿਟਾਇਆ ਚਾਹੁੰਦਾ ਹੈ।

ਉਹ ਹਮੇਸ਼ਾਂ ਹਿਰਦੇ ਵਿਚ ਹਰਿ ਹਰਿ ਨਾਮ ਨੂੰ ਗਾਉਣਾ ਕਰੇ।

ਜੇ ਕੋ ਅਪੁਨੀ ਸੋਭਾ ਲੋਰੈ॥ ਸਾਧਸੰਗਿ ਇਹ ਹਉਮੈ ਛੋਰੈ॥

ਜਿਹੜਾ ਕੋਈ ਪੁਰਸ਼ ਆਪਣੀ ਸੋਭਾ ਨੂੰ ਲੋਰੈ=ਚਾਹੁੰਦਾ ਹੈ।

ਤਾਂ ਉਹ ਸਤਸੰਗਤ ਵਿਚ ਬੈਠਕੇ ਇਸ ਹੰਗਤਾ ਮਮਤਾ ਨੂੰ ਛੋਰੈ=ਛਡ ਦੇਵੇ।

ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥

ਜਿਹੜਾ ਕੋਈ ਪੁਰਸ਼ ਜਨਮ ਮਰਨ ਤੋਂ ਡਰਦਾ ਹੈ। ਤਾਂ ਉਹ ਸੰਤ ਜਨਾਂ ਦੀ ਸ਼ਰਨ ਪੈਣਾ ਕਰੇ।

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾ ਕੈ ਬਲਿ ਬਲਿ ਜਾਸਾ॥ ੫॥

ਜਿਸ ਪੁਰਸ਼ ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸਾ=ਸਿੱਕ ਹੈ।

ਗੁਰੂ ਜੀ ਆਖਦੇ ਹਨ-ਅਸੀਂ ਉਸ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ॥ ੫॥

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ॥

ਸਾਰਿਆਂ ਪੁਰਸ਼ਾਂ ਵਿਚੋਂ ਉਹ ਪਰਧਾਨ ਪੁਰਖ ਹੈ।

ਸਾਧ ਸੰਗਤ ਕਰਕੇ ਜਿਸ ਦਾ ਅਭਿਮਾਨੁ=ਹੰਕਾਰ ਮਿਟ ਗਿਆ ਹੈ।

ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥

ਜੋ ਆਪਣੇ ਆਪ ਨੂੰ ਨੀਚਾ=ਨੀਵਾਂ ਜਾਣਦਾ ਹੈ।

ਓਹੀ ਸਾਰਿਆਂ ਪੁਰਸ਼ਾਂ ਤੋਂ ਉੱਚਾ ਗਿਣਿਆ ਜਾਦਾ ਹੈ।

ਜਾ ਕਾ ਮਨੁ ਹੋਇ ਸਗਲ ਕੀ ਰੀਨਾ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥

ਜਿਸ ਦਾ ਮਨ ਸਾਰਿਆਂ ਦੇ ਚਰਨਾਂ ਦੀ ਰੀਨਾ=ਧੂੜ ਹੋਇਆ ਹੈ। ਉਸਨੇ ਹਰਿ ਹਰਿ ਨਾਮ ਜਪਕੇ ਸਾਰਿਆਂ ਘਟਾਂ ਘਟਾਂ ਵਿਚ ਹਰੀ ਨੂੰ ਚੀਨਾ=ਜਾਣ ਲਿਆ ਅਰਥਾਤ ਪਛਾਣ ਲਿਆ ਹੈ।

ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥

ਜਿਸਨੇ ਆਪਣੇ ਮਨ ਵਿਚੋਂ ਬੁਰਾ ਸੁਭਾਵ ਮਿਟਾ ਦਿੱਤਾ ਹੈ।

ਉਹ ਸਾਰੀ ਸ੍ਰਿਸ਼ਟੀ ਨੂੰ ਆਪਣਾ ਸੱਜਣ ਕਰਕੇ ਵੇਖਦਾ ਹੈ। ਵਾ:-ਸ੍ਰਿਸ਼ਟੀ ਵਿਚ ਸਾਰਿਆਂ ਲੋਕਾਂ ਨੂੰ ਸੱਜਣ ਕਰਕੇ ਵੇਖਦਾ ਹੈ।

ਸੂਖ ਦੂਖ ਜਨ ਸਮ ਦ੍ਰਿਸਟੇਤਾ॥ ਨਾਨਕ ਪਾਪ ਪੁੰਨ ਨਹੀ ਲੇਪਾ॥ ੬॥

ਜਿਹੜਾ ਪੁਰਸ਼ ਸੁਖ ਦੁਖ ਨੂੰ ਸਮ=ਇਕਸਾਰ ਕਰਕੇ ਦ੍ਰਿਸਟੇਤਾ=ਵੇਖਦਾ ਹੈ।

ਸਾਹਿਬ ਫੁਰਮਾਉਂਦੇ ਹਨ-ਉਸ ਨੂੰ ਪਾਪ ਤੇ ਪੁੰਨ ਦਾ ਕੋਈ ਲੇਪ ਨਹੀਂ ਹੁੰਦਾ॥ ੬॥

ਨਿਰਧਨ ਕਉ ਧਨੁ ਤੇਰੋ ਨਾਉ॥ ਨਿਥਾਵੇ ਕਉ ਨਾਉ ਤੇਰਾ ਥਾਉ॥

ਜੋ ਪੁਰਸ਼ ਧਨ ਤੋਂ ਰਹਿਤ ਹੈ ਉਸ ਨੂੰ ਆਪ ਜੀ ਦਾ ਨਾਮ ਹੀ ਧਨ ਹੈ।

ਨਿਥਾਵੇਂ ਪੁਰਸ਼ ਨੂੰ ਆਪ ਜੀ ਦਾ ਨਾਮ ਹੀ ਜਗ੍ਹਾ ਹੈ।

ਨਿਮਾਨੇ ਕਉ ਪ੍ਰਭ ਤੇਰੋ ਮਾਨੁ॥ ਸਗਲ ਘਟਾ ਕਉ ਦੇਵਹੁ ਦਾਨੁ॥

ਨਿਮਾਨੇ=ਮਾਣ ਤੋਂ ਰਹਿਤ ਪੁਰਸ਼ ਨੂੰ ਹੇ ਪ੍ਰਭੂ ! ਆਪ ਜੀ ਦਾ ਨਾਮ ਹੀ ਮਾਣ ਰੂਪ ਹੈ।

ਕਿਉਂਕਿ ਆਪ ਸਾਰਿਆਂ ਸਰੀਰਾਂ ਨੂੰ ਦਾਨ ਦੇਂਦੇ ਹੋ।

ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥

ਹੇ ਸੁਆਮੀ ! ਤੂੰ ਆਪ ਹੀ ਸਾਰਿਆਂ ਕਾਰਜਾਂ ਕਾਰਨਾਂ ਦੇ ਕਰਨ ਕਰਾਉਣ ਵਾਲਾ ਹੈਂ। ਸਾਰਿਆਂ ਸਰੀਰਾਂ ਦੇ ਅੰਦਰ ਦੀ ਆਪ ਹੀ ਜਾਨਣ ਵਾਲੇ ਹੋ।

ਘਟ ਘਟ ਕੇ ਅੰਤਰ ਕੀ ਜਾਨਤ॥ *(ਪਾਤਿਸ਼ਾਹੀ ੧੦)*

ਅਪਨੀ ਗਤਿ ਮਿਤਿ ਜਾਨਹੁ ਆਪੇ॥ ਆਪਨ ਸੰਗਿ ਆਪਿ ਪ੍ਰਭ ਰਾਤੇ॥

ਆਪਣੀ ਗਤ ਦੀ ਮਰਯਾਦਾ ਨੂੰ ਤੁਸੀਂ ਆਪ ਹੀ ਜਾਣਦੇ ਹੋ। ਹੇ ਪ੍ਰਭੂ ! ਤੁਸੀਂ ਆਪਣੇ ਨਾਲ ਆਪ ਹੀ ਰਾਤੇ=ਮਿਲੇ ਹੋਏ ਹੋ। ਤੁਹਾਡੇ ਵਰਗਾ ਹੋਰ ਕੋਈ ਦੂਜਾ ਪਦਾਰਥ ਨਹੀਂ, ਜਿਸ ਦੀ ਉਪਮਾ ਆਪ ਨੂੰ ਦੇਈਏ। ਇਸ ਕਰਕੇ ਉਪਮੇਯ ਰੂਪ ਤੇ ਉਪਮਾਨ ਰੂਪ ਆਪ ਹੀ ਹੋ।

*ਯਥਾ:-*ਉਪਮੇਯ ਆਪ ਪੁਨ ਆਪੇ ਉਪਮਾਨ ਹੈਂ॥ *(ਨਾਨਕ ਪ੍ਰਕਾਸ਼, ਧਿਆ ੧)*

ਵਾ:-ਆਪਣਿਆਂ ਭਗਤਾਂ ਨਾਲ ਹੇ ਪ੍ਰਭੂ ਆਪ ਹੀ ਮਿਲੇ ਹੋਏ ਹੋ।

ਤੁਮ੍ਰੀ ਉਸਤਤਿ ਤੁਮ ਤੇ ਹੋਇ॥ ਨਾਨਕ ਅਵਰੁ ਨ ਜਾਨਸਿ ਕੋਇ॥ ੭॥

ਤੁਹਾਡੀ ਉਸਤਤੀ ਤੁਹਾਡੇ ਪਾਸੋਂ ਹੀ ਹੋ ਸਕਦੀ ਹੈ।

ਗੁਰੂ ਸਾਹਿਬ ਜੀ ਆਖਦੇ ਹਨ-(ਤੁਹਾਡੀ ਉਸਤਤੀ ਨੂੰ) ਹੋਰ ਕੋਈ ਨਹੀਂ ਜਾਣ ਸਕਦਾ॥ ੭॥

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਸਾਰਿਆਂ ਧਰਮਾਂ ਵਿਚੋਂ ਇਹੋ ਸ੍ਰੇਸ਼ਟ ਧਰਮ ਹੈ,

ਸਾਰਿਆਂ ਕਰਮਾਂ ਵਿਚੋਂ ਇਹੋ ਨਿਰਮਲ ਕਰਮ ਹੈ ਜਿਹੜਾ ਹਰੀ ਦਾ ਨਾਮ ਜਪਣਾ ਹੈ।

ਸਾਖੀ-ਬਾਣੀਏ ਦੇ ਪੁਤਰ ਦੀ

ਇਕ ਬਾਣੀਏ ਦਾ ਪੁਤ੍ਰ ਦੁਕਾਨ ਦਾ ਕੰਮ ਕਰਦਾ ਹੁੰਦਾ ਸੀ ਤੇ ਪਿਤਾ ਆਪ ਸਤਸੰਗ ਵਿਖੇ ਜਾਕੇ ਰੋਜ਼ ਕਥਾ ਸੁਣਦਾ ਸੀ। ਪਿਤਾ ਨੇ ਆਪਣੇ ਪੁਤ੍ਰ ਨੂੰ ਕਿਹਾ ਹੋਇਆ ਸੀ ਕਿ ਕੋਈ ਦੁਕਾਨ ਤੇ ਵੱਡਾ ਗਾਹਕ ਆ ਜਾਵੇ ਤਾਂ ਮੈਨੂੰ ਬੁਲਾ ਲਿਆ ਕਰ।

ਇਕ ਦਿਨ ਕੋਈ ਵੱਡਾ ਗਾਹਕ ਆ ਗਿਆ ਉਸ ਨੇ ਬੱਚੇ ਨੂੰ ਕਿਹਾ, "ਤੇਰਾ ਪਿਉ ਕਿਥੇ ਹੈ? ਲੜਕੇ ਨੇ ਕਿਹਾ, "ਆਪ ਬੈਠੋ, ਮੈਂ ਬੁਲਾ ਲਿਆਉਂਦਾ ਹਾਂ।" ਜਿਸ ਵੇਲੇ ਪਿਤਾ ਨੂੰ ਬੁਲਾਉਣ ਗਿਆ ਤਾਂ ਅੱਗੇ ਕਥਾ ਵਿਚ ਵੈਸ਼ਨਵ ਧਰਮ ਦਾ ਪ੍ਰਸੰਗ ਚਲ ਰਿਹਾ ਸੀ ਕਿ ਵੈਸ਼ਨਵ ਨੂੰ ਗਊ ਬ੍ਰਾਹਮਣ ਦੀ ਸੇਵਾ ਕਰਨੀ ਚਾਹੀਦੀ ਹੈ। ਭਾਵੇਂ ਆਪਣੇ ਪ੍ਰਾਣ ਭੀ ਕਿਉਂ ਨਾ ਨਿਕਲ ਜਾਣ ਪਰ ਗਊ ਬ੍ਰਾਹਮਣ ਦੀ ਸੇਵਾ ਨਹੀਂ ਛਡਣੀ ਚਾਹੀਦੀ। ਬੱਲਕਿ ਮਾਰ ਕੇ ਇਨ੍ਹਾਂ ਦਾ ਨਿਰਾਦਰ ਭੀ ਨਹੀਂ ਕਰਨਾ ਚਾਹੀਦਾ। ਜੋ ਧਰਮ ਦੀ ਰਖਿਆ ਕਰਦਾ ਹੈ, ਸਮੇਂ ਅਨੁਸਾਰ ਧਰਮ ਉਸ ਦੀ ਰੱਖਿਆ ਕਰਦਾ ਹੈ। ਇਤਨੀ ਕਥਾ ਸੁਣ ਕੇ ਉਸ ਲੜਕੇ ਨੇ ਆਪਣੇ ਚਿਤ ਵਿਚ ਵਸਾ ਲਈ। ਫਿਰ ਉਸ ਨੇ ਆਪਣੇ ਪਿਤਾ ਨੂੰ ਕਿਹਾ, "ਹੱਟੀ ਤੇ ਇਕ ਗਾਹਕ ਆਇਆ ਬੈਠਾ ਹੈ,

ਆਪ ਚਲੋ।'' ਪਿਤਾ ਨੇ ਕਿਹਾ, ਤੂੰ ਚਲ, ਮੈਂ ਆਉਂਦਾ ਹਾਂ। ਲੜਕਾ ਦੁਕਾਨ ਤੇ ਪਹੁੰਚ ਗਿਆ। ਇਤਨੇ ਨੂੰ ਇਕ ਭੁੱਖੀ ਗਊ ਨੇ ਉਸ ਦੁਕਾਨ ਪਰ ਆ ਕੇ ਅਨਾਜ ਖਾਣਾ ਸ਼ੁਰੂ ਕਰ ਦਿੱਤਾ ਲੜਕੇ ਨੇ ਉਸ ਨੂੰ ਅੰਨ ਖਾਣ ਤੋਂ ਨਾ ਹਟਾਇਆ।

ਪਿਤਾ ਨੇ ਦੂਰੋਂ ਆਉਂਦਿਆਂ ਵੇਖਿਆ ਕਿ ਦੁਕਾਨ ਪਰ ਗਊ ਖਾ ਰਹੀ ਹੈ ਤੇ ਲੜਕਾ ਉਸ ਨੂੰ ਹਟਾਉਂਦਾ ਨਹੀਂ। ਪਿਤਾ ਨੇ ਆਉਂਦਿਆਂ ਸਾਰ ਹੀ ਕਿਹਾ, ''ਉਹ ਅੰਨ੍ਹਿਆਂ ! ਗਊ ਅੰਨ ਖਾ ਰਹੀ ਹੈ, ਤੂੰ ਹਟਾਉਂਦਾ ਕਿਉਂ ਨਹੀਂ।'' ਪਿਤਾ ਦੇ ਬਚਨ ਸੁਣਕੇ ਭੀ ਲੜਕੇ ਨੇ ਗਊ ਨੂੰ ਹਟਾਇਆ ਨਾ। ਜਾਂ ਪਿਤਾ ਨੇ ਬੜੇ ਗੁੱਸੇ ਨਾਲ ਕਿਹਾ। ਤਾਂ ਪੁੱਤ੍ਰ ਨੇ ਕਿਹਾ, ''ਪਿਤਾ ਜੀ ! ਗੁੱਸੇ ਕਿਉਂ ਹੁੰਦੇ ਹੋ, ਅੱਜ ਸਤਸੰਗ ਵਿਚ ਕੀ ਕਥਾ ਸੁਣਕੇ ਆਏ ਹੋ? ਅੱਜ ਦੀ ਕਥਾ ਵਿਚ ਸੰਤਾਂ ਨੇ ਕਿਹਾ ਸੀ, 'ਸਿਮਰਨ ਅਤੇ ਗਊ ਬ੍ਰਾਹਮਣ ਦੀ ਸੇਵਾ ਕਰਨੀ ਪਰਮ ਧਰਮ ਹੈ।' ਮੇਰੇ ਦਿਲ ਵਿਚ ਉਸ ਕਥਾ ਦਾ ਅਜਿਹਾ ਅਸਰ ਹੋ ਗਿਆ ਹੈ ਜਿਸ ਤੇ ਮੈਂ ਗਊ ਨੂੰ ਹਟਾਇਆ ਨਹੀਂ, ਆਪ ਭੀ ਗਊ ਨੂੰ ਨਾ ਮਾਰੋ ਖਾਣ ਦਿਓ।'' ਲੜਕੇ ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਪਿਉ ਨੂੰ ਬੜਾ ਗੁੱਸਾ ਚੜ੍ਹ ਗਿਆ ਤੇ ਦੋ ਚਾਰ ਡੰਡੇ ਮਾਰਕੇ ਗਊ ਨੂੰ ਹਟਾਇਆ। ਅਤੇ ਪੁੱਤ੍ਰ ਨੂੰ ਕਿਹਾ, ''ਤੂੰ ਕੋਈ ਮੇਰਾ ਗੁਰੂ ਹੈਂ ਜੋ ਮੈਨੂੰ ਇਸ ਤਰ੍ਹਾਂ ਦਾ ਉਪਦੇਸ਼ ਕਰਦਾ ਹੈਂ। ਜਾਹ, ਘਰੋਂ ਨਿਕਲ ਜਾ, ਮੈਂ ਤੈਨੂੰ ਰੱਖਣ ਲਈ ਤਿਆਰ ਨਹੀਂ ਹਾਂ।''

ਇਹ ਬਚਨ ਸੁਣਕੇ ਲੜਕਾ ਘਰੋਂ ਚਲਾ ਗਿਆ। ਰਸਤੇ ਵਿਚ ਜਾਂਦਿਆਂ ਜਾਂਦਿਆਂ ਇਕ ਹੋਰ ਕੌਤਕ ਵੇਖਿਆ ਕਿ ਸੱਪ ਨੇ ਆਪਣੇ ਮੂੰਹ ਵਿਚ ਡੱਡੂ ਨੂੰ ਫੜਿਆ ਹੋਇਆ ਹੈ ਤੇ ਡੱਡੂ ਤੜਫ ਰਿਹਾ ਹੈ। ਇਸ ਦੇ ਮਨ ਵਿਚ ਦਇਆ ਆਈ ਕਿਸੇ ਤਰੀਕੇ ਨਾਲ ਸੱਪ ਦੇ ਮੂੰਹ ਵਿਚੋਂ ਡਡੂ ਛੁਡਾ ਦਿੱਤਾ । ਉਸ ਵੇਲੇ ਇੱਛਾਧਾਰੀ ਸੱਪ ਨੇ ਕਿਹਾ, ''ਤਿੰਨ ਦਿਨ ਦਾ ਭੁੱਖਾ ਸੀ, ਮੈਂ ਇਸ ਨੂੰ ਖਾਣ ਲਈ ਫੜਿਆ ਸੀ, ਤੂੰ ਮੇਰਾ ਭੋਜਨ ਖੋਹ ਕੇ ਚੰਗਾ ਨਹੀਂ ਕੀਤਾ, ਮੈਂ ਤੈਨੂੰ ਸਰਾਪ ਦਿਆਂਗਾ।'' ਉਸ ਵੇਲੇ ਲੜਕੇ ਨੇ ਸੱਪ ਨੂੰ ਖੁਸ਼ ਕਰਨ ਵਾਸਤੇ ਆਪਣੇ ਪੱਟ ਦਾ ਮਾਸ ਕਟ ਕੇ ਉਸ ਨੂੰ ਖੁਆ ਦਿੱਤਾ। ਸੱਪ ਖੁਸ਼ ਹੋ ਕੇ ਚਲਾ ਗਿਆ।

ਇਹ ਲੜਕਾ ਵੀ ਆਪਣੀ ਲੱਤ ਪਰ ਪੱਟੀ ਬੰਨ੍ਹ ਕੇ ਤੁਰ ਪਿਆ। ਅੱਗੋਂ ਇੱਕ ਬੁੱਢੀ ਮਾਈ ਮਿਲੀ ਜੋ ਸਿਰ ਉੱਤੇ ਪੰਡ ਚੁੱਕੀ ਜਾ ਰਹੀ ਸੀ। ਇਸ ਦੇ ਮਨ ਵਿਚ ਤਰਸ ਆਇਆ ਤੇ ਉਸ ਮਾਈ ਨੂੰ ਕਿਹਾ, ''ਤੂੰ ਮਾਤਾ ! ਬਜ਼ੁਰਗ ਹੈਂ, ਇਹ ਪੰਡ ਮੈਨੂੰ ਚੁਕਾ ਕੇ, ਮੈਂ ਤੇਰੇ ਨਾਲ ਲੈ ਚਲਦਾ ਹਾਂ।''

ਮਾਈ ਨੇ ਕਿਹਾ, ''ਜੇ ਤੂੰ ਮੇਰਾ ਧਰਮ ਦਾ ਪੁਤ੍ਰ ਬਣ ਜਾਵੇਂ ਤਾਂ ਦੇਵਾਂਗੀ, ਨਹੀਂ ਤਾਂ ਨਹੀਂ।'' ਆਖਰ ਧਰਮ ਪੁੱਤਰ ਬਣਕੇ ਮਾਈ ਤੋਂ ਪੰਡ ਚੁਕ ਕੇ ਹੌਲੀ ਹੌਲੀ ਨਾਲ ਚਲ ਪਿਆ। ਇਤਨੇ ਨੂੰ ਇਕ ਆਦਮੀ ਘੋੜਾ ਲੈ ਕੇ ਆ ਰਿਹਾ ਸੀ, ਉਸ ਨੂੰ ਵੇਖ ਕੇ ਮਾਈ ਨੇ ਧਰਮ-ਪੁੱਤਰ ਨੂੰ ਕਿਹਾ, ''ਮੈਂ ਥਕ ਗਈ ਹਾਂ ਮੇਰੇ ਪਾਸੋਂ ਰੁਪਏ ਲੈ ਕੇ ਇਸ ਘੋੜੇ ਨੂੰ ਖਰੀਦ ਲੈ।'' ਧਰਮ-ਪੁੱਤਰ ਨੇ ਰੁਪਏ ਦੇ ਕੇ ਘੋੜਾ ਖਰੀਦ ਲਿਆ ਤੇ ਦੋਵੇਂ ਮਾਂ ਪੁੱਤਰ ਘੋੜੇ ਪਰ ਚੜ੍ਹ ਕੇ ਚਲ ਪਏ। ਅੱਗੋਂ ਇਕ ਭੁਖਾ ਬਾਲਕ ਮਿਲਿਆ ਉਸ ਨੇ ਮਾਈ ਨੂੰ ਮਾਂ ਮਾਂ ਕਰਕੇ ਬੁਲਾਇਆ। ਮਾਈ ਨੇ ਕਿਹਾ- ''ਇਸ ਨੂੰ ਤੂੰ ਆਪਣਾ ਧਰਮ ਦਾ ਭਰਾ ਸਮਝ ਕੇ ਨਾਲ ਹੀ ਘੋੜੇ ਪਰ ਚੜ੍ਹਾ ਲੈ।'' ਮਾਂ ਦਾ ਕਹਿਣਾ ਮੰਨ ਕੇ ਉਸ ਨੇ ਉਸ ਲੜਕੇ ਨੂੰ ਭੀ ਘੋੜੇ ਤੇ ਚੜ੍ਹਾ ਲਿਆ, ਚਲਦੇ ਚਲਦੇ ਇਕ ਰਾਜਧਾਨੀ ਵਿਚ ਪਹੁੰਚ ਗਏ। ਮਾਤਾ ਨੇ ਆਪਣੀ ਪੰਡ ਵਿਚੋਂ ਇਕ ਡੱਬਾ ਕੱਢ ਕੇ ਉਸ ਵਿਚੋਂ ਦੋ ਲਾਲ ਦੇ ਕੇ ਧਰਮ ਪੁਤ੍ਰਾਂ ਨੂੰ ਕਿਹਾ, ''ਇਹ ਲਾਲ ਰਾਜੇ ਨੂੰ ਦੇ ਕੇ ਇਸ ਦੇ ਬਦਲੇ ਰੁਪਏ ਲੈ ਆਓ।'' ਦੋਹਾਂ ਲੜਕਿਆਂ ਨੇ ਰਾਜੇ ਪਾਸ ਜਾ ਕੇ ਉਹ ਲਾਲ ਵਿਖਾਏ ਤੇ ਉਸ ਦੇ ਬਦਲੇ ਬਿਅੰਤ ਧਨ ਲੈ ਕੇ ਮਾਂ ਪਾਸ ਆਏ। ਮਾਂ ਦੀ ਮਰਜ਼ੀ ਅਨੁਸਾਰ ਫਿਰ ਅਲੀਸ਼ਾਨ ਮਕਾਨ ਖਰੀਦ ਕੇ ਉਸ ਵਿਚ ਰਹਿਣ ਲਗ ਪਏ ਅਤੇ ਹੀਰਿਆਂ ਜਵਾਹਰਾਂ ਦਾ ਵਾਪਾਰ ਕਰਨ

ਲਗ ਪਏ ਜਿਸ ਤੇ ਓਥੋਂ ਦੇ ਰਾਜੇ ਨੂੰ ਇਹ ਬਹੁਤ ਪਿਆਰੇ ਲੱਗਣ ਲਗ ਪਏ।

ਰਾਜੇ ਦੇ ਪਾਸ ਇਕ ਮੁੰਦਰੀ ਸੀ ਜਿਸ ਦੇ ਪ੍ਰਤਾਪ ਕਰਕੇ ਸੁਰਗ ਵਿਚੋਂ ਚਾਰ ਪਰੀਆਂ ਆਉਂਦੀਆਂ ਸਨ, ਉਸ ਰਾਜੇ ਦੀ ਇੱਛਾ ਅਨੁਸਾਰ ਉਸ ਨੂੰ ਪਾਲਕੀ ਵਿਚ ਬਿਠਾ ਕੇ ਹਰ ਜਗ੍ਹਾ ਸੈਰ ਕਰਵਾ ਲਿਆਉਂਦੀਆਂ ਸਨ। ਇਕ ਦਿਨ ਰਾਜਾ ਦੋਹਾਂ ਲੜਕਿਆਂ ਨਾਲ ਨਦੀ 'ਚ ਇਸ਼ਨਾਨ ਕਰਨ ਗਿਆ। ਇਸ਼ਨਾਨ ਕਰਦਿਆਂ ਰਾਜੇ ਦੀ ਉਹ ਮੁੰਦਰੀ ਪਾਣੀ ਵਿਚ ਡਿਗ ਪਈ। ਰਾਜੇ ਨੇ ਕਿਹਾ, "ਐਹੋ ਜਿਹਾ ਕੋਈ ਹੈ, ਜਿਹੜਾ ਮੇਰੀ ਮੁੰਦਰੀ ਪਾਣੀ ਵਿਚੋਂ ਕੱਢ ਦੇਵੇ ਤਾਂ ਮੈਂ ਉਸ ਨੂੰ ਆਪਣੀ ਰਾਜਕੁਮਾਰੀ ਵਿਆਹ ਦਿਆਂਗਾ।" ਛੋਟੇ ਭਾਈ ਨੇ ਕਿਹਾ, "ਹੇ ਬਾਦਸ਼ਾਹ ! ਜੇ ਆਪਣੀ ਲੜਕੀ ਤੁਸੀਂ ਮੇਰੇ ਭਰਾ ਨਾਲ ਵਿਆਹ ਦਿਓ ਤਾਂ ਮੁੰਦਰੀ ਮੈਂ ਕਢ ਦੇਂਦਾ ਹਾਂ।" ਰਾਜੇ ਨੇ ਕਿਹਾ, "ਮੈਨੂੰ ਮਨਜ਼ੂਰ ਹੈ।" ਉਸ ਨੇ ਚੁਭੀ ਮਾਰ ਕੇ ਉਸ ਵੇਲੇ ਮੁੰਦਰੀ ਰਾਜੇ ਨੂੰ ਕੱਢ ਦਿੱਤੀ।" ਰਾਜੇ ਨੇ ਆਪਣੇ ਰਾਜ ਮਹਿਲਾਂ ਵਿਚ ਲਿਆ ਕੇ ਉਸ ਦੇ ਵੱਡੇ ਭਰਾ ਨਾਲ ਆਪਣੀ ਰਾਜਕੁਮਾਰੀ ਦਾ ਵਿਆਹ ਕਰ ਦਿਤਾ। ਰਾਜੇ ਦਾ ਆਪਣਾ ਪੁੱਤ੍ਰ ਕੋਈ ਨਹੀਂ ਸੀ। ਉਸ ਵੇਲੇ ਰਾਜੇ ਨੇ ਆਪਣਾ ਰਾਜ-ਭਾਗ ਵੀ ਉਸ ਨੂੰ ਸੌਂਪ ਦਿੱਤਾ। ਉਸ ਦਿਨ ਤੋਂ ਉਹ ਬਾਣੀਏ ਦਾ ਪੁੱਤਰ ਪ੍ਰਭੂ ਦੀ ਕਿਰਪਾ ਨਾਲ ਬੜੀ ਹੁਸ਼ਿਆਰੀ ਨਾਲ ਰਾਜ-ਭਾਗ ਦਾ ਕੰਮ ਕਰਨ ਲਗ ਪਿਆ। ਰਾਜ-ਭਾਗ ਦੇ ਮਿਲ ਜਾਣ ਤੇ ਭੀ ਉਹ ਲੜਕਾ ਸੰਤਾਂ ਦੇ ਬਚਨਾਂ ਅਨੁਸਾਰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਵਗੈਰਾ ਕਰਕੇ ਪ੍ਰਭੂ ਦਾ ਸਿਮਰਨ ਕੀਤਾ ਕਰੇ ਅਤੇ ਆਪਣੇ ਧਰਮ ਅਨੁਸਾਰ ਆਪਣੇ ਨਿਯਮਾਂ ਪਰ ਤੁਰਨ ਦਾ ਯਤਨ ਕੀਤਾ ਕਰੇ।

ਛੇ ਮਹੀਨੇ ਗੁਜ਼ਰ ਜਾਣ ਤੇ ਬਜ਼ੁਰਗ ਮਾਤਾ ਨੇ ਕਿਹਾ- "ਹੁਣ ਮੈਨੂੰ ਮੇਰੇ ਘਰ ਛੱਡ ਆਓ।" ਧਰਮ-ਮਾਤਾ ਦੇ ਬਚਨ ਨੂੰ ਮੰਨ ਕੇ ਓਸੇ ਘੋੜੇ ਪਰ ਬੈਠ ਕੇ ਤਿੰਨੇ ਸਰੀਰ ਰਾਤੋ-ਰਾਤ ਚਲ ਪਏ। ਸਵੇਰ ਹੁੰਦਿਆਂ ਸਾਰ ਪਹਿਲੇ ਘੋੜੇ ਨੇ ਕਿਹਾ, "ਮੈਨੂੰ ਭੀ ਛੁੱਟੀ ਦਿਓ ਅਤੇ ਕਿਹਾ ਤੁਸੀਂ ਮੈਨੂੰ ਪਛਾਣਿਆ ਹੈ ਕਿ ਨਹੀਂ?" ਉਸ ਨੇ ਕਿਹਾ "ਨਹੀਂ"। ਘੋੜੇ ਨੇ ਕਿਹਾ- "ਮੈਂ ਉਹ ਸੱਪ ਹਾਂ ਜਿਸ ਨੂੰ ਤੁਸੀਂ ਆਪਣੇ ਪੱਟ ਦਾ ਮਾਸ ਖੁਆਇਆ ਸੀ।" ਛੋਟੇ ਭਾਈ ਨੇ ਕਿਹਾ, "ਮੈਂ ਡੱਡੂ ਸਾਂ, ਤੁਸੀਂ ਸੱਪ ਦੇ ਮੂੰਹ 'ਚੋਂ ਕਢ ਕੇ ਮੇਰੀ ਜਾਨ ਬਚਾਈ ਸੀ।"

ਹੁਣ ਮੈਂ ਉਸ ਦੇ ਬਦਲੇ ਨਦੀ ਵਿਚ ਛਾਲ ਮਾਰ ਕੇ ਰਾਜੇ ਨੂੰ ਮੁੰਦਰੀ ਦੇ ਕੇ ਰਾਜਕੁਮਾਰੀ ਨਾਲ ਤੁਹਾਡਾ ਵਿਆਹ ਕਰਵਾ ਦਿਤਾ ਹੈ।

ਬ੍ਰਿਧ ਮਾਤਾ ਨੇ ਕਿਹਾ-ਮੈਂ ਗਊ ਸਾਂ, ਮੈਂ ਤੁਹਾਡੀ ਹੱਟੀ ਜਾ ਕੇ ਜਦੋਂ ਅਨਾਜ ਖਾਣ ਲਗ ਗਈ ਸਾਂ ਤੇ ਤੁਸੀਂ ਮੈਨੂੰ ਹਟਾਇਆ ਨਹੀਂ ਸੀ, ਪਿਤਾ ਜੀ ਦੀ ਨਾਰਾਜ਼ਗੀ ਸਹਾਰਕੇ ਭੀ ਤੁਸੀਂ ਧਰਮ ਨਹੀਂ ਛੱਡਿਆ।

ਜਿਵੇਂ ਤੁਸੀਂ ਧਰਮ ਪਾਲਿਆ ਹੈ, ਤਿਵੇਂ ਪ੍ਰਭੂ ਦੀ ਕਿਰਪਾ ਨਾਲ ਅਸੀਂ ਭੀ ਆਪਣਾ ਧਰਮ ਪਾਲ ਕੇ ਆਪ ਜੀ ਨੂੰ ਰਾਜ ਗੱਦੀ ਪਰ ਬਿਠਾ ਦਿੱਤਾ ਹੈ। ਇਹ ਗੱਲ ਕਹਿ ਕੇ ਉਹ ਸਾਰੇ ਚਲੇ ਗਏ।

ਏਸੇ ਲਈ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-ਸਾਰਿਆਂ ਧਰਮਾਂ ਵਿਚੋਂ ਇਸ ਤਰ੍ਹਾਂ ਦਾ ਧਰਮ ਕੀਤਾ ਸ੍ਰੇਸ਼ਟ ਹੈ।

ਸਗਲ ਕ੍ਰਿਆ ਮਹਿ ਊਤਮ ਕਿਰਿਆ ॥
ਸਾਧਸੰਗਿ ਦੁਰਮਤਿ ਮਲੁ ਹਿਰਿਆ ॥

ਸਾਰੀਆਂ ਕਿਰਿਆਂ ਵਿਚੋਂ ਇਹੋ ਉੱਤਮ ਕਿਰਿਆ ਹੈ ਜਿਹੜੀ ਸਤਸੰਗਤ ਕਰਨੀ ਹੈ, ਕਿਉਂਕਿ ਸਤਸੰਗਤ ਕਰਨ ਨਾਲ ਦੁਰਮਤਿ=ਖੋਟੀ ਸਿਖਿਆ ਰੂਪੀ ਮੈਲ ਹਿਰਿਆ=ਦੂਰ ਹੋ ਜਾਂਦੀ ਹੈ।

ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥

ਸਾਰਿਆਂ ਉੱਦਮਾਂ ਵਿਚੋਂ ਇਹ ਭਲਾ=ਚੰਗਾ ਉੱਦਮ ਹੈ।

ਜਿਹੜਾ ਦਿਲ ਵਿਚ ਸਦਾ ਹੀ ਹਰੀ ਨਾਮ ਦਾ ਜਪਣਾ ਹੈ।

ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ॥

ਸਾਰੀਆਂ ਬਾਣੀ ਵਿਚੋਂ ਇਹੋ ਬਾਣੀ ਅੰਮ੍ਰਿਤ ਰੂਪ ਹੈ। ਜਿਹੜਾ ਕੰਨਾਂ ਨਾਲ ਹਰੀ ਜਸ ਦਾ ਸੁਨਣਾ ਹੈ, ਅਤੇ ਰਸਨਾਂ ਨਾਲ ਬਖਾਨੀ=ਆਖਣਾ ਹੈ।

ਅਥਵਾ:-ਸਗਲ ਬਾਨੀ=ਸਾਰੀਆਂ ਆਦਤਾਂ ਵਿਚੋਂ ਉਹ ਬਾਨੀ=ਆਦਤ ਅੰਮ੍ਰਿਤ ਰੂਪ ਹੈ, ਜੋ ਕੰਨਾਂ ਨਾਲ ਹਰੀ ਦਾ ਜਸ ਸੁਣਨਾ ਹੈ ਤੇ ਜੀਭ ਨਾਲ ਹਰੀ ਨਾਮ ਨੂੰ ਜਪਣਾ ਹੈ।

ਸਗਲ ਥਾਨ ਤੇ ਓਹੁ ਊਤਮ ਥਾਨੁ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ॥ ੮॥ ੩॥

ਸਾਰਿਆਂ ਅਸਥਾਨਾਂ ਨਾਲੋਂ ਉਹ ਅਸਥਾਨ ਸ੍ਰੇਸ਼ਟ ਹੈ।

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-ਜਿਸ ਹਿਰਦੇ ਵਿਚ ਹਰੀ ਦਾ ਨਾਮ ਵਸਦਾ ਹੈ॥ ੮॥ ੩॥

[ਚੌਥੀ ਅਸਟਪਦੀ]

ਸਲੋਕੁ॥ ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥

ਹੇ ਨਿਰਗੁਣਤਾਈ ਦੇ ਆਰ=ਆਲੇ ਘਰ, ਇਆਨਿਆ=ਬੇ-ਸਮਝ ਪੁਰਸ਼ਾ !

ਉਸ ਮਾਲਕ ਪ੍ਰਭੂ ਨੂੰ ਸਦਾ ਸੰਭਾਲਣਾ ਕਰ।

ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥ ੧॥

ਗੁਰੂ ਜੀ ਕਹਿੰਦੇ ਹਨ-ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ, ਉਸਨੂੰ ਹਿਰਦੇ ਵਿਚ ਚੇਤੇ ਰੱਖ, ਓਹੀ ਤੇਰੇ ਨਾਲ ਤੋੜ ਤਕ ਨਿਭੇਗਾ॥ ੧॥

ਅਸਟਪਦੀ॥ ਰਮਈਆ ਕੇ ਗੁਨ ਚੇਤਿ ਪਰਾਨੀ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ॥

ਹੇ ਪ੍ਰਾਣੀ ! ਤੂੰ ਰਮਈਆ=ਸਾਰੇ ਵਿਆਪਕ ਜੋ ਪ੍ਰਭੂ ਹੈ, ਉਸ ਦੇ ਗੁਣਾਂ ਨੂੰ ਚੇਤੇ ਕਰ।

ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧॥ *(ਪੰਨਾ ੩੩੬)*

ਇਸ ਤਰ੍ਹਾਂ ਕਿਹੜੇ ਮੂਲ ਤੋਂ ਅਰਥਾਤ ਗੰਦੇ ਪਾਣੀ ਤੋਂ ਤੈਨੂੰ ਕੀ ਬਣਾ ਵਿਖਾਇਆ ਹੈ, ਅਰਥਾਤ ਤੇਰੇ ਸਰੀਰ ਨੂੰ ਸੁੰਦਰ ਬਣਾ ਦਿੱਤਾ ਹੈ।

ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ॥
ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ॥ *(ਸਾਰਗ ਮ: ੫, ਪੰਨਾ ੧੨੧੬)*

ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥

ਜਿਸ ਪਰਮੇਸ਼ਰ ਨੇ ਪੰਜਾਂ ਤੱਤਾਂ ਨੂੰ ਸਾਜ ਕੇ ਤੂੰ ਸਵਾਰਿ=ਤੇਰੇ ਸਰੀਰ ਨੂੰ ਬਣਾ ਕੇ ਚੰਗੇ ਚੰਗੇ ਕਪੜਿਆਂ ਨਾਲ ਤੈਨੂੰ ਸ਼ਿੰਗਾਰਿਆ ਹੈ। ਅਤੇ ਗਰਭ ਦੀ ਜਠਰ ਅਗਨੀ ਵਿਚੋਂ ਜਿਸਨੇ ਤੈਨੂੰ ਉਬਾਰਿਆ=ਬਚਾਇਆ ਹੈ।

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ *(ਪੰਨਾ ੬੧੩)*

ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥

ਬਾਰ ਬਿਵਸਥਾ=ਬਚਪਨ ਵਿਚ ਜਿਸਨੇ ਮਾਂ ਦੇ ਥਣਾਂ ਵਿਚੋਂ ਤੈਨੂੰ ਦੁੱਧ ਪਿਆਰੈ=ਪਿਲਾਣਾ ਕੀਤਾ ਹੈ। ਅਤੇ ਭਰ ਜੁਆਨੀ ਵਿਚ ਜਿਸਨੇ ਤੈਨੂੰ ਚੰਗੇ ਚੰਗੇ ਭੋਜਨ ਖਾਣ ਦੀ ਤੇ ਸੁਖ ਲੈਣ ਦੀ ਸੂਧ=ਸੋਝੀ ਅਰਥਾਤ ਖ਼ਬਰ ਦਿੱਤੀ ਹੈ।

ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥

ਜਿਸ ਵੇਲੇ ਤੂੰ ਬੁੱਢਾ ਹੋ ਗਿਆ ਤਾਂ ਤੇਰੀ ਸੇਵਾ ਵਾਸਤੇ ਤੇਰੇ ਉੱਤੇ ਸਾਕ ਸੈਨ=ਰਿਸ਼ਤੇਦਾਰ ਖੜੇ ਕਰ ਦਿਤੇ। ਫਿਰ ਜਿਸ ਨੇ ਬੈਠੇ ਬਿਠਾਇਆਂ ਤੇਰੇ ਮੂੰਹ ਵਿਚ ਅਪਿਆਉ=ਭੋਜਨ ਦਿਤੇ ਹਨ। ਅਰਥਾਤ ਉਸ ਪ੍ਰਭੂ ਦੀ ਕ੍ਰਿਪਾ ਨਾਲ ਪਲੰਘ ਪਰ ਬੈਠਿਆਂ ਹੀ ਤੈਨੂੰ ਛਕਣ ਵਾਸਤੇ ਸਭ ਕੁਝ ਮਿਲ ਰਿਹਾ ਹੈ।

[ਪੰਨਾ ੨੬੭]

ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥ ੧ ॥

ਗੁਰੂ ਸਾਹਿਬ ਜੀ ਆਖਦੇ ਹਨ-ਹੇ ਪ੍ਰਭੂ ! ਇਹ ਨਿਰਗੁਣ ਜੀਵ ਆਪ ਜੀ ਦੇ ਕੀਤੇ ਹੋਏ ਪਰਉਪਕਾਰ ਆਦਿ ਗੁਣ ਨੂੰ ਕੁਛ ਵੀ ਸਮਝਦਾ ਨਹੀਂ ਹੈ।

ਜੇਕਰ ਆਪ ਹੀ ਬਖਸ਼ ਲਓਗੇ ਤਾਂ ਹੀ ਇਹ ਸੀਝੈ=ਕਲਿਆਨ (ਮੁਕਤ) ਰੂਪ ਹੋਵੇਗਾ ॥ ੧ ॥

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥
ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥

ਜਿਸ ਪ੍ਰਭੂ ਦੀ ਪ੍ਰਸਾਦਿ=ਕਿਰਪਾ ਨਾਲ ਤੂੰ ਧਰਤੀ ਉੱਤੇ ਸੁਖੀ ਵਸਦਾ ਹੈਂ, ਅਤੇ ਸੁਤ=ਪੁਤ੍ਰ, ਭ੍ਰਾਤ=ਭਰਾ, ਮਿੱਤ੍ਰ ਤੇ ਬਨਿਤਾ=ਇਸਤ੍ਰੀ ਆਦਿਕਾਂ ਨਾਲ ਹਸਦਾ ਖੇਡਦਾ ਹੈਂ।

ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥ ਸੁਖਦਾਈ ਪਵਨੁ ਪਾਵਕੁ ਅਮੁਲਾ ॥

ਜਿਸ ਪ੍ਰਭੂ ਦੀ ਪ੍ਰਸਾਦਿ=ਕਿਰਪਾ ਨਾਲ ਤੂੰ ਠੰਡਾ ਪਾਣੀ ਪੀਂਦਾ ਹੈਂ ਅਤੇ ਜਿਸ ਦੀ ਕਿਰਪਾ ਨਾਲ ਅਮੁਲਾ=ਮੁੱਲ ਤੋਂ ਬਗੈਰ ਹੀ ਸੁੱਖ ਦੇਣ ਵਾਲੀ ਹਵਾ ਤੇ ਅੱਗ ਮਿਲ ਰਹੀ ਹੈ।

ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥

ਜਿਸ ਪ੍ਰਭੂ ਦੀ ਪ੍ਰਸਾਦਿ=ਕਿਰਪਾ ਨਾਲ ਸਾਰਿਆਂ ਰਸਾਂ ਨੂੰ ਭੋਗ ਰਿਹਾ ਹੈਂ।

ਅਤੇ ਸਾਰੀਆਂ ਸਮਗ੍ਰੀਆਂ ਦੇ ਸੰਗਿ=ਸਮੁਦਾ ਦੇ ਨਾਲ ਵਸ ਰਿਹਾ ਹੈਂ।

ਅਥਵਾ:-ਸੁਖਾਂ ਨਾਲ ਸਾਰੀਆਂ ਸਮਗ੍ਰੀਆਂ ਨਾਲ ਵਸ ਰਿਹਾ ਹੈਂ।

ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥

ਜਿਸ ਪ੍ਰਭੂ ਨੇ ਤੈਨੂੰ ਹਸਤ=ਹੱਥ, ਪਾਵ=ਪੈਰ, ਕਰਨ=ਕੰਨ, ਨੇਤ੍ਰ=ਅੱਖਾਂ ਤੇ ਰਸਨਾ=ਜੀਭ ਆਦਿਕ ਸਾਰੇ ਇੰਦ੍ਰੀਏ ਦਿੱਤੇ ਹਨ। ਤਿਸ ਪ੍ਰਭੂ ਨੂੰ ਛੱਡ ਕੇ ਤੂੰ ਹੋਰਨਾਂ ਨਾਲ ਰਚਨਾ=ਰਚ ਰਿਹਾ, ਭਾਵ ਮਿਲ ਰਿਹਾ ਹੈਂ।

ਐਸੇ ਦੋਖ ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ ਪ੍ਰਭ ਆਪੇ ॥ ੨ ॥

ਗੁਰੂ ਸਾਹਿਬ ਜੀ ਆਖਦੇ ਹਨ-ਇਸ ਮੂਰਖ ਅੰਨੇ ਵਿਚ ਐਹੋ ਜਿਹੇ ਦੋਖ=ਔਗੁਣ ਲਗੇ ਹੋਏ ਹਨ,

ਹੇ ਪ੍ਰਭੂ ! ਆਪ ਹੀ ਕਿਰਪਾ ਕਰਕੇ ਇਸ ਨੂੰ ਗੁਨਾਹਾਂ ਵਿਚੋਂ ਕੱਢ ਲਵੋ ॥ ੨ ॥

ਆਦਿ ਅੰਤਿ ਜੋ ਰਾਖਨਹਾਰੁ ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥

ਜੋ ਪ੍ਰਭੂ ਆਦਿ ਤੋਂ ਲੈ ਕੇ ਅੰਤ ਤਕ ਅਰਥਾਤ ਬਾਲਕ ਅਵੱਸਥਾ ਤੋਂ ਲੈ ਕੇ ਅੰਤਿ=ਮਰਨ ਤਕ ਰੱਖਣ ਵਾਲਾ ਹੈ। ਇਹ ਗੰਵਾਰੁ=ਮੂਰਖ ਉਸ ਨਾਲ ਪ੍ਰੀਤੀ ਨਹੀਂ ਕਰਦਾ।

ਜਾ ਕੀ ਸੇਵਾ ਨਵ ਨਿਧਿ ਪਾਵੈ ॥ ਤਾ ਸਿਉ ਮੂੜਾ ਮਨੁ ਨਹੀ ਲਾਵੈ ॥

ਜਿਸ ਪ੍ਰਭੂ ਦੀ ਸੇਵਾ ਕਰਕੇ ਜੀਵ ਨੌਂ ਨਿੱਧੀਆਂ ਪਾਉਂਦਾ ਹੈ। ਇਹ ਮੂਰਖ ਪੁਰਸ਼ ਉਸ ਨਾਲ ਮਨ ਨਹੀਂ ਜੋੜਦਾ।

ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ ॥

ਜੋ ਸੁਆਮੀ ਪ੍ਰਮਾਤਮਾ (ਸਦਾ ਸਦਾ) ਹਮੇਸ਼ਾਂ ਹਾਜ਼ਰ ਨਾਜ਼ਰ ਹੈ। ਇਹ ਅੰਨ੍ਹਾਂ ਅਗਿਆਨੀ ਪੁਰਸ਼ ਉਸ ਨੂੰ ਦੂਰ ਜਾਣਦਾ ਹੈ।

ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ ॥

ਜਿਸ ਦੀ ਸੇਵਾ (ਟਹਲ) ਸੇਵਾ (ਸਿਮਰਨ) ਕਰਕੇ ਇਹ ਜੀਵ ਦਰਗਾਹ ਵਿਚ ਮਾਨੁ=ਸਨਮਾਨ ਪਾਉਂਦਾ ਹੈ। ਇਹ ਮੂਰਖ ਅਗਿਆਤ ਪੁਰਸ਼ ਤਿਸ ਨੂੰ ਬਿਸਾਰੈ=ਭੁਲਾਈ ਬੈਠਾ ਹੈ।

ਸਦਾ ਸਦਾ ਇਹੁ ਭੂਲਨਹਾਰੁ ॥ ਨਾਨਕ ਰਾਖਨਹਾਰੁ ਅਪਾਰੁ ॥ ੩ ॥

ਇਹ ਜੀਵ ਸਦਾ ਸਦਾ=ਨਿਤਾਪ੍ਰਤੀ ਭੁੱਲਣ ਵਾਲਾ ਹੈ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-ਉਹ ਅਪਾਰੁ=ਬੇਅੰਤ ਪ੍ਰਭੂ ਆਪ ਹੀ ਇਸ ਦੀ ਰਖਿਆ ਕਰਨ ਵਾਲਾ ਹੈ॥ ੩ ॥

ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥

ਨਾਮ-ਰਤਨ ਨੂੰ ਛੱਡ ਕੇ ਕਉਡੀ=ਮਾਇਆ ਨਾਲ ਰਚੈ=ਲਗਾ ਹੋਇਆ ਹੈ।

ਸਚ ਬੋਲਣਾ ਛੱਡ ਕੇ ਝੂਠ ਬੋਲਣ ਨਾਲ ਮਚੈ=ਮਸਤ ਹੋ ਰਿਹਾ ਹੈ।

ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ ਪਰਾਨੈ ॥

ਜੋ ਸਰੀਰ ਛੱਡ ਦੇਣਾ ਹੈ, ਉਸ ਨੂੰ ਸੱਚਾ ਕਰਕੇ ਮੰਨਦਾ ਹੈ, ਜੋ ਹੋਣਾ ਹੈ, ਉਸ ਨੂੰ ਦੂਰ ਪਰਾਨੈ=ਪਛਾਣਦਾ ਹੈ. ਇੰਜ ਆਖਦਾ ਹੈਂ, ਮੈਂ ਤਾਂ ਮਰਨਾ ਹੀ ਨਹੀਂ, ਮੌਤ ਮੇਰੇ ਨੇੜੇ ਕਿਵੇਂ ਆ ਸਕਦੀ ਹੈ ?

ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ ਤਿਸੁ ਪਰਹਰੈ ॥

ਜਿਸ ਮਾਇਆ ਨੂੰ ਇਥੇ ਹੀ ਛੱਡ ਕੇ ਚਲੇ ਜਾਣਾ ਹੈ, ਉਸ ਦੇ ਵਾਸਤੇ ਸ੍ਰਮੁ=ਕਸ਼ਟ ਸਹਾਰਨਾ ਕਰਦਾ ਹੈ। ਜਿਸ ਨੇ ਅੰਗ-ਸੰਗ ਹੋ ਕੇ ਸਹਾਇਤਾ ਕਰਨੀ ਹੈ ਉਸ ਨੂੰ ਇਸ ਜੀਵ ਨੇ ਪਰਹਰੈ=ਛੱਡ ਦਿੱਤਾ ਹੈ।

ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥

ਜਿਵੇਂ ਗਧੇ ਨੂੰ ਕੋਈ ਚੰਦਨ ਦਾ ਲੇਪ ਕਰ ਦੇਵੇ ਤਾਂ ਗੱਧਾ ਉਸ ਨੂੰ ਮਿੱਟੀ ਤੇ ਲੇਟ ਕੇ ਧੋ ਉਤਾਰਦਾ ਹੈ। ਕਿਉਂਕਿ ਗਧੇ ਦੀ ਪ੍ਰੀਤੀ ਭਸਮ=ਸੁਆਹ ਨਾਲ ਅਰਥਾਤ ਮਿੱਟੀ ਨਾਲ ਹੁੰਦੀ ਹੈ। ਇੰਜ ਹੀ ਗਧੇ ਵਾਂਗ ਜੋ ਕਾਮੀ=ਜੀਵ ਹੈ, ਜੋ ਉਸ ਨੂੰ ਨਾਮ ਸੁਨਾਉਣ ਰੂਪੀ ਚੰਦਨ ਦਾ ਲੇਪ ਕਰੀਏ ਤਾਂ ਉਹ ਕਾਮੀ-ਜੀਵ ਉਸ ਨੂੰ ਕੁਸੰਗ, ਵਾ:-ਵਿਸ਼ ਵਾਸ਼ਨਾਂ ਰੂਪੀ ਪਾਣੀ ਨਾਲ ਧੋ ਦੇਂਦਾ ਹੈ, ਕਿਉਂਕਿ ਕਾਮੀ ਜੀਵ ਦੀ ਵਿਸ਼ਿਆਂ ਰੂਪ ਭਸਮ ਨਾਲ ਪ੍ਰੀਤੀ ਹੁੰਦੀ ਹੈ।

ਅੰਧ ਕੂਪ ਮਹਿ ਪਤਿਤ ਬਿਕਰਾਲ ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥ ੪ ॥

ਬਿਕਰਾਲ=ਭਿਆਨਕ ਅੰਨ੍ਹੇ ਖੂਹ ਸੰਸਾਰ ਵਿਚ ਇਹ ਪਤਿਤ=ਡਿੱਗ ਰਿਹਾ ਹੈ।

ਗੁਰੂ ਜੀ ਕਹਿੰਦੇ ਹਨ-ਹੇ ਦਿਆਲੂ ਜੀ ! ਤੁਸੀਂ ਆਪ ਹੀ ਇਸ ਨੂੰ ਕਢ ਲਵੋ ॥ ੪ ॥

ਯਥਾ:- ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥

(ਸਾਰਗ ਮ: ੫, ਪੰਨਾ ੧੨੧੬)

ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥

ਇਸ ਦੀ ਜਾਤੀ ਤਾਂ ਮਨੁੱਖ ਹੈ, ਪਰ ਕਰਤੂਤਿ=ਕਰਤੱਬਤਾ ਪਸ਼ੂਆਂ ਵਾਲੀ ਹੈ।

ਅਤੇ ਰਾਤ ਦਿਨ ਲੋਕ ਪਚਾਰਾ=ਲੋਕ ਦਿਖਾਵੇ ਦੇ ਕੰਮ ਕਰਦਾ ਰਹਿੰਦਾ ਹੈ।

ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥

ਬਾਹਰੋਂ ਤਾਂ ਸਾਧੂਆਂ ਵਾਲਾ ਭੇਖ ਬਣਾਇਆ ਹੋਇਆ ਹੈ, ਪਰ ਹਿਰਦੇ ਅੰਦਰ ਮਾਇਆ ਦੀ ਮੈਲ ਹੈ। ਭਾਵੇਂ ਛਪਾਇਆ=ਲੁਕਾਉਣ ਦੇ ਜਤਨ ਕੁਝ ਪਿਆ ਕਰੇ ਅੰਦਰ ਦੀ ਮੈਲ ਲੁਕ ਨਹੀਂ ਸਕਦੀ।

ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥

ਬਾਹਰੋਂ ਤਾਂ ਗਿਆਨ ਦੀਆਂ ਗੱਲਾਂ ਕਰਦਾ ਹੈ, ਧਿਆਨ ਲਗਾਉਂਦਾ ਹੈ, ਅਤੇ ਤੀਰਥਾਂ ਤੇ ਇਸ਼ਨਾਨ ਕਰਦਾ ਹੈ। ਪਰ ਹਿਰਦੇ ਅੰਦਰ ਲੋਭ ਰੂਪੀ ਸੁਆਨੁ=ਕੁੱਤਾ ਵੜਿਆ ਬੈਠਾ ਹੈ, ਭਾਵ ਦਿਲ ਲੋਭ ਨਾਲ ਭਰਿਆ ਪਿਆ ਹੈ।

ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥

ਹਿਰਦੇ ਅੰਦਰ ਮਾਇਆ ਦੀ ਤ੍ਰਿਸ਼ਨਾਂ ਰੂਪੀ ਅੱਗ ਹੈ ਤੇ ਬਾਹਰੋਂ ਸਰੀਰ ਉੱਤੇ ਸੁਆਹ ਮਲੀ ਹੋਈ ਹੈ। ਜਿਸ ਦੇ ਗਲ ਵਿਚ ਪੱਥਰ ਹਨ, ਉਹ ਅਥਾਹ=ਡੂੰਘੇ ਸਮੁੰਦਰ ਤੋਂ ਕਿਵੇਂ ਤਰੇਗਾ। ਏਸੇ ਤਰ੍ਹਾਂ ਜਿਸ ਦੇ ਗਲ ਵਿਚ ਭਾਵ ਮਨ ਵਿਚ ਪਾਪਾਂ ਰੂਪੀ ਪੱਥਰ ਹਨ।

ਅਥਵਾ:- ਲੋਕ ਦਿਖਲਾਵਾ, ਮਾਇਆ, ਲੋਭ ਤੇ ਤ੍ਰਿਸ਼ਨਾਂ ਰੂਪ ਪੱਥਰ ਹਨ, ਉਹ ਸੰਸਾਰ-ਸਮੁੰਦਰ ਤੋਂ ਕਿਵੇਂ

ਤਰ ਸਕਦਾ ਹੈ ?

ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ ਨਾਨਕ ਤੇ ਜਨ ਸਹਜਿ ਸਮਾਤਿ॥ ੫॥

ਗੁਰੂ ਸਾਹਿਬ ਫੁਰਮਾਉਂਦੇ ਹਨ-ਜਿਨ੍ਹਾਂ ਦੇ ਹਿਰਦੇ ਅੰਦਰ ਆਪ ਪਰਮੇਸ਼ਰ ਵਸਦਾ ਹੈ। ਉਹ ਮਨੁੱਖ ਸਹਜ ਪਦ ਵਿਚ ਸਮਾ ਜਾਂਦੇ ਹਨ॥ ੫॥

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥

ਕਿਸੇ ਨੇ ਅਵਾਜ਼ ਦੇ ਕੇ ਕਿਹਾ, "ਤੂੰ ਫਲਾਣੇ ਪਾਸੇ ਚਲਾ ਜਾ।" ਭਲਾ ਏਨੀ ਗੱਲ ਸੁਣ ਕੇ ਅੰਨ੍ਹਾਂ ਪੁਰਸ਼ ਕਿਵੇਂ ਰਸਤਾ ਪਾਵੈ=ਲੱਭ ਸਕਦਾ ਹੈ ? ਹਾਂ, ਜੇ ਕੋਈ ਉਸ ਦਾ ਕਰੁ=ਹੱਥ ਫੜ ਲਵੇ ਤਾਂ ਜਿਥੇ ਉਸ ਨੇ ਜਾਣਾ ਹੈ ਉਸ ਨੂੰ ਅੰਤ ਤਕ ਓਸੇ ਮੰਜ਼ਲ ਤੇ ਨਿਬਹਾਵੈ=ਪਹੁੰਚਾ ਦੇਂਦਾ ਹੈ। ਏਸੇ ਤਰ੍ਹਾਂ ਸ਼ੁਧ ਮਨ ਬੁੱਧੀ ਰੂਪੀ ਅੱਖਾਂ ਤੋਂ ਬਿਨਾਂ ਜੋ ਅੰਨ੍ਹਾਂ ਪੁਰਸ਼ ਹੈ, ਉਹ ਵੇਦਾਂ ਸ਼ਾਸਤਰਾਂ ਦੇ ਨਿਰਾ ਸੁਣਨ ਨਾਲ ਹੀ ਗਿਆਨ ਵੈਰਾਗ ਰੂਪੀ ਰਸਤੇ ਨੂੰ ਕਿਵੇਂ ਪਾ ਸਕਦਾ ਹੈ ? ਜੇ ਗੁਰੂ ਸਾਹਿਬ ਜੀ ਉਸ ਦੇ ਮਨ ਰੂਪੀ ਹੱਥ ਨੂੰ ਫੜ ਲੈਣ ਤਾਂ ਅਖੀਰ ਤਕ, ਅਰਥਾਤ ਪਰਮੇਸ਼ਰ ਤਕ ਉਸ ਨੂੰ ਪਹੁੰਚਾ ਦੇਂਦੇ ਹਨ।

ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥

ਜੋ ਕੰਨਾਂ ਤੋਂ ਬੋਲਾ ਹੈ ਉਹ ਡੋਰਾ ਪੁਰਸ਼ ਬੁਝਾਰਤ ਨੂੰ ਕਿਸ ਤਰ੍ਹਾਂ ਸਮਝ ਸਕਦਾ ਹੈ। ਕਿਉਂਕਿ ਜੇ ਉਸ ਨੂੰ ਨਿਸਿ=ਰਾਤ ਕਹੀਏ, ਤਾਂ ਉਹ ਭੋਰਾ=ਰਾਤ ਸਮਝਦਾ ਹੈ। ਜੇ ਦਿਨ ਕਹੀਏ ਤਾਂ ਰਾਤ ਸਮਝਦਾ ਹੈ। ਏਸੇ ਤਰ੍ਹਾਂ ਨਿਸਚਾ ਵਿਚਾਰ ਰੂਪੀ ਕੰਨਾਂ ਤੋਂ ਬਗੈਰ ਜੋ ਬੋਲਾ ਪੁਰਸ਼ ਹੈ, ਉਹ ਪਰਮੇਸ਼ਰ ਪ੍ਰਾਪਤੀ ਦੀ ਸਿਖਿਆ ਨੂੰ ਕਿਵੇਂ ਸਮਝ ਸਕਦਾ ਹੈ? ਜੇਕਰ ਉਸ ਨੂੰ ਸੰਸਾਰ ਰਾਤ ਵਾਂਗ ਝੂਠਾ ਕਹੀਏ ਤਾਂ ਉਹ ਸੰਸਾਰ ਨੂੰ ਭੋਰਾ=ਦਿਨ ਵਾਂਗ ਚਿੱਟਾ ਸਮਝਦਾ ਹੈ, ਜੇਕਰ ਆਤਮਾ ਨੂੰ ਦਿਨ ਵਾਂਗ ਪ੍ਰਕਾਸ਼ ਰੂਪ ਕਹੀਏ ਤਾਂ ਉਹ ਆਤਮਾ ਨੂੰ ਨਿਸਿ=ਰਾਤ ਵਾਂਗ ਝੂਠਾ ਸਮਝਦਾ ਹੈ।

ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥

ਗੁੰਗਾ ਪੁਰਸ਼ ਬਿਸ਼ਨਪਦੇ ਕਿਵੇਂ ਗਾ ਸਕਦਾ ਹੈ। ਜੇ ਉਹ ਗਾਉਣ ਦਾ ਯਤਨ ਵੀ ਕਰੇ ਤਾਂ ਪੂਰੀ ਅਵਾਜ਼ ਦੇ ਨਾ ਨਿਕਲਣ ਕਰਕੇ ਉਸ ਦੀ ਸੁਰ ਭੰਗ=ਟੁੱਟ ਜਾਂਦੀ ਹੈ।

ਏਸੇ ਤਰ੍ਹਾਂ ਪ੍ਰੀਤੀ ਰੂਪ ਜੀਭਾ ਤੋਂ ਰਹਿਤ ਜੋ ਗੁੰਗਾ ਪੁਰਸ਼ ਹੈ, ਉਹ ਵਿਸ਼ਨੂੰ ਜੀ ਦੇ ਪਦ=ਜਸ ਨੂੰ ਕਿਵੇਂ ਗਾਵੇਗਾ? ਜੇ ਉਹ ਗਾਉਣ ਦਾ ਯਤਨ ਕਰੇ ਵੀ, ਤਾਂ ਉਸ ਦੀ ਸੁਰ=ਬਿਰਤੀ ਭੰਗ=ਟੁੱਟ ਜਾਂਦੀ ਹੈ।

ਕਹ ਪਿੰਗੁਲ ਪਰਬਤ ਪਰ ਭਵਨ॥ ਨਹੀ ਹੋਤ ਊਹਾ ਉਸੁ ਗਵਨ॥

ਪਿੰਗਲਾ ਜਿਸ ਦੀਆਂ ਲੱਤਾਂ ਨਹੀਂ ਹਨ ਉਹ ਆਦਮੀ ਪਹਾੜ ਉੱਤੇ ਕਿਵੇਂ ਭਵਨ=ਫਿਰ ਸਕਦਾ ਹੈ। ਵਾ:-ਕਿਵੇਂ ਭਵਨ=ਘਰ ਬਣਾ ਸਕਦਾ ਹੈ? ਉਹ ਤਾਂ ਉਥੇ ਜਾ ਹੀ ਨਹੀਂ ਸਕਦਾ। ਏਸੇ ਤਰ੍ਹਾਂ ਸਾਧਨਾਂ ਰੂਪੀ ਪੈਰਾਂ ਤੋਂ ਬਿਨਾਂ ਜੋ ਪਿੰਗਲਾ ਪੁਰਸ਼ ਹੈ, ਉਹ ਪਹਾੜ ਵਾਂਗ ਅਚੱਲ ਪਰਮਾਤਮਾ ਵਿਚ ਕਿਸ ਤਰ੍ਹਾਂ ਆਪਣਾ ਭਵਨ=ਘਰ ਬਣਾ ਸਕਦਾ ਹੈ, ਕਿਉਂਕਿ ਸਾਧਨਾਂ ਤੋਂ ਬਿਨਾਂ ਮਨੁੱਖ ਉਸ ਪਰਮਾਤਮਾ ਦੀ ਤਰਫ ਗਵਨ=ਚਲ ਨਹੀਂ ਸਕਦਾ।

ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ॥ ਨਾਨਕ ਤੁਮਰੀ ਕਿਰਪਾ ਤਰੈ॥ ੬॥

ਗੁਰੂ ਜੀ ਕਹਿੰਦੇ ਹਨ-ਹੇ ਕਰੁਣਾ ਮੈ=ਕਿਰਪਾ ਸਰੂਪ ਕਰਤਾਰ ! ਮੈਂ ਤੁਹਾਡੇ ਅਗੇ ਦੀਨ ਮਨ ਹੋ ਕੇ ਬੇਨਤੀ ਕਰਦਾ ਹਾਂ, ਕਿ ਇਹ ਜੀਵ ਤੁਹਾਡੀ ਕਿਰਪਾ ਨਾਲ ਹੀ ਸੰਸਾਰ-ਸਮੁੰਦਰ ਤੋਂ ਤਰ ਸਕਦਾ ਹੈ॥ ੬॥

ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ॥

ਜੋ ਅੰਗ ਸੰਗ ਹੋ ਕੇ ਜੀਵ ਦੀ ਸਹਾਇਤਾ ਕਰਦਾ ਹੈ ਉਹ ਪ੍ਰਭੂ ਇਸਨੂੰ ਚੇਤੇ ਆਉਂਦਾ ਹੀ ਨਹੀਂ। ਜੋ ਸਨਬੰਧੀ, ਵਾ:-ਕਾਮ ਆਦਿਕ ਇਸ ਦੇ ਵੈਰੀ ਹਨ, ਉਨ੍ਹਾਂ ਨਾਲ ਇਹ ਪ੍ਰੀਤੀ ਕਰਦਾ ਹੈ।

ਬਲੂਆ ਕੇ ਗ੍ਰਿਹ ਭੀਤਰਿ ਬਸੈ॥ ਅਨਦ ਕੇਲ ਮਾਇਆ ਰੰਗਿ ਰਸੈ॥

ਜਿਵੇਂ ਬਲੂਆ=ਰੇਤ ਦਾ ਘਰ ਪੱਕਾ ਨਹੀਂ ਹੁੰਦਾ, ਉਹ ਅਚਾਨਕ ਹੀ ਢਹਿ ਜਾਂਦਾ ਹੈ। ਏਸੇ ਤਰ੍ਹਾਂ ਇਹ ਜੀਵ ਪੰਜਾਂ ਤੱਤਾਂ ਰੂਪੀ ਰੇਤੇ ਦੇ ਘਰ (ਸਰੀਰ) ਵਿਚ ਵਸਦਾ ਹੈ ਅਤੇ ਮਾਇਆ ਦੇ ਰੰਗ ਵਿਚ ਰਸ ਕੇ ਅਨੰਦਦਾਇਕ ਕੇਲ=ਖੁਸ਼ੀਆਂ ਕਰਦਾ ਹੈ।

ਅਥਵਾ:-ਅਨੰਦਦਾਇਕ ਮਾਇਆ ਦੇ ਰੰਗ ਵਿਚ ਕੇਲ ਖੇਡਾਂ ਦਾ ਰਸ ਮਾਣਦਾ ਹੈ।

ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥ ਕਾਲੁ ਨ ਆਵੈ ਮੂੜੇ ਚੀਤਿ॥

ਮਨ ਦੇ ਯਕੀਨ ਨਾਲ ਇਨ੍ਹਾਂ ਮਇਆਵਕੀ ਪਦਾਰਥਾਂ ਨੂੰ ਦ੍ਰਿੜ੍ਹ=ਪੱਕਿਆਂ ਕਰਕੇ ਮਾਨੈ=ਮੰਨਦਾ ਹੈ। ਭਾਵ ਇਨ੍ਹਾਂ ਨੂੰ ਸਦਾ ਰਹਿਣ ਵਾਲਾ ਜਾਣਦਾ ਹੈ।

ਪਰ ਮੂਰਖ ਪੁਰਸ਼ ਨੂੰ ਕਾਲੁ=ਮੌਤ ਚੇਤੇ ਨਹੀਂ ਆਉਂਦੀ।

ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥

ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਸ਼ੇ, ਵਿਕਾਰ, ਮਹਾ=ਅਤੀ ਲੋਭ, ਧ੍ਰੋਹ=ਛਲ (ਧੋਖੇ ਬਾਜ਼ੀਆਂ) ਇਤਆਦਿਕ ਵਿਕਾਰਾਂ ਨੂੰ ਕਰਦਾ ਹੈ।

[ਪੰਨਾ ੨੬੮]

ਇਆਹੁ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ੭॥

ਇਸੇ ਹੀ ਜੁਗਤੀ ਵਿਚ, ਵਾ:-ਇਨ੍ਹਾਂ ਵਿਕਾਰਾਂ ਵਿਚ ਜੁਗਤਿ=ਜੁੜਿਆਂ ਇਸ ਦੇ ਕਈ ਜਨਮ ਬੀਤ ਗਏ ਹਨ। ਗੁਰੂ ਜੀ ਕਹਿੰਦੇ ਹਨ-ਹੇ ਵਾਹਿਗੁਰੂ ! ਆਪਣੀ ਕਰਮ=ਕਿਰਪਾ ਕਰਕੇ ਇਸ ਨੂੰ ਰਖ ਲਵੋ॥ ੭॥

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥

ਹੇ ਪਰਮੇਸ਼ਰ ! ਤੂੰ ਸੁਆਮੀ ਹੈਂ, ਤੇਰੇ ਪਾਸ ਸਾਡੀ ਬੇਨਤੀ ਹੈ। ਇਹ ਜੀਉ=ਜਿੰਦ ਤੇ ਪਿੰਡੁ=ਸਰੀਰ ਆਦਿਕ ਸਭ ਤੇਰੀ ਹੀ ਬਖਸ਼ੀ ਹੋਈ ਰਾਸਿ=ਪੂੰਜੀ ਹੈ।

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

ਤੁਸੀਂ ਸਾਡੇ ਮਾਤਾ ਪਿਤਾ ਹੋ, ਅਸੀਂ ਤੁਹਾਡੇ ਬੱਚੇ ਹਾਂ।

ਤੁਹਾਡੀ ਕ੍ਰਿਪਾ=ਬਖਸ਼ਸ ਵਿਚ ਹੀ ਸਾਨੂੰ ਘਨੇਰੇ=ਬਹੁਤ ਸੁਖ ਮਿਲ ਰਹੇ ਹਨ।

ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥

ਹੇ ਪ੍ਰਭੂ ! ਆਪ ਜੀ ਦਾ ਅੰਤ ਕੋਈ ਨਹੀਂ ਜਾਣ ਸਕਦਾ। ਹੇ ਭਗਵੰਤ ! ਆਪ ਉੱਚਿਆਂ ਤੋਂ ਭੀ ਉੱਚੇ ਹੋ, ਵਾ:-ਉਚੇ=ਬ੍ਰਹਮਾਂ ਆਦਿਕਾਂ ਤੋਂ ਭੀ ਆਪ ਉੱਚੇ ਹੋ।

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥

ਸੰਸਾਰ ਦੀ ਸਾਰੀ ਸਮੱਗ੍ਰੀ ਤੁਹਾਡੇ ਹੁਕਮ ਰੂਪੀ ਵਾ:-ਸੰਤਾਂ ਰੂਪੀ ਸੂਤ੍ਰ ਵਿਚ ਧਾਰੀ=ਟਿਕੀ ਹੋਈ ਹੈ। ਜੋ ਸ੍ਰਿਸ਼ਟੀ ਆਪ ਜੀ ਤੋਂ ਪੈਦਾ ਹੋਈ ਹੈ, ਉਹ ਸਾਰੀ ਆਪ ਜੀ ਦੀ ਆਗਿਆਕਾਰੀ ਵਿਚ ਹੈ, ਭਾਵ ਆਪ ਜੀ ਦੇ ਹੁਕਮ ਵਿਚ ਹੈ। *ਅਥਵਾ:*-ਜੋ ਭੀ ਸ੍ਰਿਸ਼ਟੀ ਹੋਈ ਹੈ, ਉਹ ਸਾਰੀ ਤੁਮ ਤੇ=ਆਪ ਜੀ ਤੋਂ ਅਤੇ ਆਪ ਜੀ ਦੀ ਆਗਿਆਕਾਰੀ=ਮਾਇਆ ਤੋਂ ਹੋਈ ਹੈ।

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮ ॥ ੪ ॥

ਤੁਹਾਡੀ ਜੋ ਗਤਿ ਦੀ ਮਿਤਿ=ਮਰਯਾਦਾ ਹੈ, ਉਸ ਨੂੰ ਤੁਸੀਂ ਆਪ ਹੀ ਜਾਣਦੇ ਹੋ।

ਗੁਰੂ ਜੀ ਕਹਿੰਦੇ ਹਨ-ਮੈਂ ਦਾਸ ਆਪ ਜੀ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੮॥ ੪॥

[ਪੰਜਵੀਂ ਅਸਟਪਦੀ]

ਸਲੋਕੁ ॥ ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥

ਦਾਤਾਂ ਦੇ ਦੇਣ ਵਾਲੇ ਪ੍ਰਭੂ ਨੂੰ ਛੱਡਕੇ ਜੋ ਆਨ ਸੁਆਇ=ਹੋਰਨਾਂ ਪ੍ਰਯੋਜਨਾਂ ਵਿਚ ਲਗਦੇ ਹਨ।

ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥ ੧ ॥

ਗੁਰੂ ਜੀ ਫੁਰਮਾਉਂਦੇ ਹਨ-ਉਹ ਕਿਸੇ ਤਰ੍ਹਾਂ ਵੀ ਸੀਝਈ=ਕਲਿਆਣ ਨਹੀਂ ਹੁੰਦੇ,

ਨਾਮ-ਸਿਮਰਨ ਤੋਂ ਬਿਨਾਂ ਉਨ੍ਹਾਂ ਦੀ ਇੱਜ਼ਤ ਜਾਂਦੀ ਰਹਿੰਦੀ ਹੈ॥ ੧॥

ਅਸਟਪਦੀ ॥ ਦਸ ਬਸਤੂ ਲੇ ਪਾਛੈ ਪਾਵੈ ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥

ਪਹਿਲਾ ਅਰਥ:- ਕਿਸੇ ਸ਼ਾਹੂਕਾਰ ਦੇ ਪਾਸ ਇਕ ਨੌਕਰ ਕੰਮ ਕਰਦਾ ਸੀ, ਕੰਮ-ਕਾਰ ਕਰਦਿਆਂ ਜਦ ਉਸ ਨੂੰ ਕਈ ਸਾਲ ਬੀਤ ਗਏ, ਤਾਂ ਉਸ ਦੀ ਨੇਕ ਨੀਯਤ ਵੇਖਕੇ ਸ਼ਾਹੂਕਾਰ ਦੇ ਮਨ ਵਿਚ ਦਇਆ ਆ ਗਈ ਕਿ ਇਸ ਦਾ ਟੱਬਰ ਵਧ ਗਿਆ ਹੈ, ਇਸਨੂੰ ਕੋਈ ਵੱਖਰਾ ਕੰਮ ਕਰਵਾ ਦੇਈਏ ਤਾਂ ਕਿ ਆਪਣਾ ਗੁਜ਼ਾਰਾ ਚੰਗਾ ਚਲਾ ਸਕੇ। ਇਹ ਗੱਲ ਸੋਚਕੇ ਸ਼ਾਹੂਕਾਰ ਨੇ ਦਸ ਹਜ਼ਾਰ ਰੁਪਿਆ ਦੇ ਕੇ ਉਸ ਨੂੰ ਵਖਰੀ ਦੁਕਾਨ ਪਾ ਦਿਤੀ ਅਤੇ ਇਕ ਹਜ਼ਾਰ ਵੱਖਰਾ ਦੇ ਕੇ ਕਿਹਾ, ਇਹ ਮੇਰੀ ਅਮਾਨਤ ਰਖ ਛਡ, ਜਿਸ ਵੇਲੇ ਲੋੜ ਪਈ ਮੈਂ ਤੇਰੇ ਪਾਸੋਂ ਲੈ ਲਵਾਂਗਾ। ਉਸ ਨੇ ਚੰਗਾ ਕਹਿ ਕੇ ਉਹ ਰੁਪਿਆ ਰੱਖ ਲਿਆ ਤੇ ਗੱਦੀ ਪਰ ਬੈਠ ਕੇ ਆਪਣਾ ਕੰਮ ਚੰਗਾ ਚਲਾਇਆ, ਕੁਝ ਸਮੇਂ ਬਾਅਦ ਜਦ ਸ਼ਾਹੂਕਾਰ ਨੇ ਆ ਕੇ ਆਪਣਾ ਹਜ਼ਾਰ ਰੁਪਿਆ ਮੰਗਿਆ ਤਾਂ ਨੌਕਰ ਨੇ ਕਿਹਾ, ਇਕ ਹਫਤੇ ਤਕ ਦਿਆਂਗਾ। ਸ਼ਾਹੂਕਾਰ ਚੁਪ ਕਰਕੇ ਚਲਾ ਗਿਆ। ਜਦ ਹਫਤੇ ਪਿੱਛੋਂ ਆ ਕੇ ਮੰਗਿਆ ਤਾਂ ਜੁਆਬ ਦਿੱਤਾ ਅਜੇ ਤਿਆਰ ਨਹੀਂ ਹੋਇਆ। ਆਖਰ ਕੁਝ ਫੇਰੇ ਪੁਆ ਕੇ ਮੁਕਰ ਹੀ ਗਿਆ

ਕਿ ਮੇਰੇ ਪਾਸੋਂ ਅਜੇ ਰੁਪਏ ਨਹੀਂ ਨਿਕਲ ਸਕਦੇ। ਇਸ ਭਾਵ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ-ਦਸ ਬਸਤੂ ਲੇ ਪਾਛੈ ਪਾਵੈ=ਦਸ ਹਜ਼ਾਰ ਰੁਪਿਆ ਲੈ ਕੇ ਨੌਕਰ ਨੇ ਪਿਛੇ ਦੁਕਾਨ ਵਿਚ ਪਾ ਲਿਆ ਭਾਵ ਸੌਦਾ ਲਿਆ ਕੇ ਦੁਕਾਨ ਭਰ ਲਈ, ਅਤੇ-

ਏਕ ਬਸਤੁ ਕਾਰਨਿ ਬਿਖੋਟਿ ਗਵਾਵੈ=ਇਕ ਹਜ਼ਾਰ ਰੁਪਿਆ ਜੋ ਸ਼ਾਹੂਕਾਰ ਨੇ ਆਪਣਾ ਅਮਾਨਤ ਰਖਿਆ ਸੀ, ਉਸ ਰੂਪੈ ਦੇ ਨਾ ਦੇਣ ਕਰਕੇ ਨੌਕਰ ਆਪਣਾ ਬਿਖੋਟਿ=ਭਰੋਸਾ ਗੁਆ ਲੈਂਦਾ ਹੈ।

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥

ਜੇਕਰ ਸ਼ਾਹੂਕਾਰ ਇਕ ਹਜ਼ਾਰ ਰੁਪਿਆ ਭੀ ਨਾ ਦੇਵੇ ਅਤੇ ਦਸ ਹਜ਼ਾਰ ਰੁਪਿਆ ਦਿੱਤਾ ਹੋਇਆ ਵੀ ਹਿਰਿ=ਖੋਹ ਲਵੇ।

ਅਥਵਾ:-ਭੀ=ਪੁਨਾ ਇਕ ਹਜ਼ਾਰ ਰੁਪਿਆ ਨਾ ਦੇਣ ਦੇ ਕਾਰਨ ਜੇਕਰ ਸ਼ਾਹੂਕਾਰ ਆਪਣਾ ਦਸ ਹਜ਼ਾਰ ਰੁਪਿਆ ਭੀ ਖੋਹ ਲਵੇ।

ਤਾਂ ਦਸੋ ਖਾਂ, ਇਹ ਮੂਰਖ ਕੀ ਕਰ ਸਕਦਾ ਹੈ ?

ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥

ਜਿਸ ਮਾਲਕ ਨਾਲ ਕੋਈ ਜ਼ੋਰ ਨਹੀਂ ਚਲ ਸਕਦਾ। ਉਸਨੂੰ ਸਦਾ ਹੀ ਨਮਸ਼ਕਾਰ ਕਰੋ। ਇਸੇ ਤਰ੍ਹਾਂ ਪਰਮੇਸ਼ਰ ਸ਼ਾਹੂਕਾਰ ਹੈ, ਇਹ ਜੀਵ ਉਸ ਦੇ ਨੌਕਰ ਹਨ। ਉਸ ਪਰਮੇਸ਼ਰ ਨੇ ਸਭਨਾਂ ਨੂੰ ਦਸ ਇੰਦ੍ਰੀਏ ਅਤੇ ਇਕ ਮਨ ਦਿੱਤਾ, ਦੇ ਕੇ ਜੀਵਾਂ ਨੂੰ ਕਿਹਾ, 'ਦਸਾਂ ਇੰਦ੍ਰੀਆਂ ਨਾਲ ਜੋ ਭੀ ਤੁਹਾਡਾ ਵਿਹਾਰ ਹੈ, ਉਹ ਤੁਸੀਂ ਕਰੀ ਜਾਵੋ, ਪਰ ਮਨ ਨੂੰ ਸੰਸਾਰ ਵਲ ਨਾ ਲਾਉਣਾ, ਇਹ ਮਨ ਮੇਰੇ ਵਲ ਲਗਾਈ ਰੱਖਣਾ।' ਇਹ ਗੱਲਾਂ ਸੁਣ ਕੇ ਵੀ ਦਸ ਬਸਤੂ ਲੇ ਪਾਛੈ ਪਾਵੈ=ਪਰਮੇਸ਼ਰ ਤੋਂ ਦਸ ਇੰਦ੍ਰੀਆਂ ਲੈ ਕੇ ਜੀਵ ਨੇ ਪਾਛੈ=ਸੰਸਾਰ ਵਲ ਪਾ ਦਿੱਤੀਆਂ ਹਨ।

ਏਕ ਬਸਤੁ ਕਾਰਨਿ ਬਿਖੋਟਿ ਗਵਾਵੈ=ਇਕ ਮਨ-ਵਸਤੂ ਦੇ ਨਾ ਦੇਣ ਦੇ ਕਾਰਨ ਬਿਖੋਟਿ=ਭਰੋਸਾ ਗੁਆ ਲੈਂਦਾ ਹੈ। ਏਕ ਭੀ ਨ ਦੇਇ ਦਸ ਭੀ ਹਿਰਿ ਲੇਇ=ਇਕ ਮਨ ਵਸਤੂ ਦੇ ਨਾ ਦੇਣ ਕਰਕੇ ਭੀ=ਪੁਨਾ ਜੇ ਉਹ ਦਸ ਇੰਦ੍ਰੀਆਂ ਰੂਪ ਵਸਤੂ ਵੀ ਖੋਹ ਲਵੇ।

ਅਥਵਾ:-ਜੇ ਉਹ ਪਰਮੇਸ਼ਰ ਇਕ ਮਨ ਵੀ ਨਾ ਦੇਵੇ ਅਤੇ ਦਸ ਇੰਦ੍ਰੀਆਂ ਵੀ ਖੋਹ ਲਵੇ।

ਤਉ ਮੂੜਾ ਕਹੁ ਕਹਾ ਕਰੇਇ=ਤਾਂ ਕਹੁ=ਦਸੋ ਖਾਂ ਇਹ ਮੂਰਖ ਕੀ ਕਰ ਸਕਦਾ ਹੈ?

ਜਿਸੁ ਠਾਕੁਰ ਸਿਉ ਨਾਹੀ ਚਾਰਾ=ਜਿਸ ਪਰਮਾਤਮਾ ਨਾਲ ਇਸ ਜੀਵ ਦਾ ਕੋਈ ਜ਼ੋਰ ਨਹੀਂ ਚਲ ਸਕਦਾ।

ਤਾ ਕਉ ਕੀਜੈ ਸਦ ਨਮਸਕਾਰਾ=ਉਸ ਨੂੰ ਸਦਾ ਹੀ ਨਮਸ਼ਕਾਰ ਕਰੋ।

ਏਸੇ ਆਸ਼ੇ ਦੇ ਅਨੁਸਾਰ ਭਗਤ ਨਾਮਦੇਵ ਜੀ ਨੇ ਤ੍ਰਿਲੋਚਨ ਨੂੰ ਸਮਝਾਇਆ ਹੈ-

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩॥ *(ਪੰਨਾ ੧੩੭੫)*

ਦੂਜਾ ਅਰਥ:- ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥

ਜਿਸ ਵੇਲੇ ਜੀਵ ਮਾਂ ਦੇ ਗਰਭ ਵਿਚ ਪੁੱਠਾ ਟੰਗਿਆ ਹੋਇਆ ਸੀ, ਉਸ ਵੇਲੇ ਇਹ ਪਰਮੇਸ਼ਰ ਅੱਗੇ

ਬੇਨਤੀਆਂ ਕਰਦਾ ਸੀ, 'ਮੈਨੂੰ ਇਸ ਸੰਗੀਨ ਕੋਠੀ 'ਚੋਂ ਕਢੋ ਤਾਂ ਆਪ ਜੀ ਨੂੰ ਦਸਵੰਧ ਦਿਆਂਗਾ। ਇਸ ਦੀ ਬੇਨਤੀ ਸੁਣਕੇ ਜਦ ਪਰਮੇਸ਼ਰ ਨੇ ਮਾਂ ਦੇ ਗਰਭ 'ਚੋਂ ਬਾਹਰ ਕਢਿਆ ਤਾਂ ਬਾਹਰ ਨਿਕਲਦਿਆਂ ਸਾਰ ਹੀ ਇਸਨੂੰ ਮਾਇਆ ਚੰਬੜ ਗਈ।'

"ਵਿਚਹੁ ਗਰਭੈ ਨਿਕਲਿ ਆਇਆ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥ (ਪੰਨਾ ੧੦੦੭)

ਉਸ ਮਾਇਆ ਦੇ ਪ੍ਰਭਾਵ ਕਰਕੇ ਜਿਹੜਾ ਇਸਨੇ ਦਸਵੰਧ ਦੇਣਾ ਮੰਨਿਆ ਸੀ ਕਿ ਬਾਹਰ ਜਾ ਕੇ ਇਨ੍ਹਾਂ ਸ੍ਵਾਸਾਂ ਦੁਆਰੇ ਤੇਰਾ ਭਜਨ ਕਰਾਂਗਾ ਉਹ ਇਸਨੂੰ ਭੁੱਲ ਹੀ ਗਿਆ ਹੈ।

ਓਹੀ ਗੱਲ ਗੁਰੂ ਜੀ ਜਣਾਉਂਦੇ ਹਨ-ਕਿ ਦਸਵੰਧ ਵਸਤੂ ਤਾਂ ਪ੍ਰਭੂ ਪਾਸੋਂ ਲੈਕੇ ਪਿਛੇ ਪਾ ਦਿੱਤੀ ਹੈ। ਭਾਵ ਸਾਰੇ ਸ੍ਵਾਸ ਸੰਸਾਰ ਵਲ ਲਗਾ ਦਿਤੇ ਹਨ। ਦਸਵੰਧ ਮੰਨ ਤਾਂ ਲੈਂਦਾ ਹੈ ਪਰ ਦੇਣ ਲਗਿਆਂ ਔਖਾ ਹੁੰਦਾ ਹੈ।

ਸਾਖੀ-ਖਜੂਰਾਂ ਖਾਣ ਵਾਲੇ ਦੀ

ਇਕ ਮੁਸਾਫਰ ਜਾ ਰਿਹਾ ਸੀ, ਰਾਹ ਵਿਚ ਖਜੂਰਾਂ ਦੇ ਬ੍ਰਿੱਛ ਆ ਗਏ, ਉਨ੍ਹਾਂ ਬ੍ਰਿੱਛਾਂ ਨਾਲ ਰਸ ਭਰੇ ਡੋਡੇ ਵੇਖਕੇ ਮਨ ਲਲਚਾ ਗਿਆ ਤੇ ਹੌਲੀ ਹੌਲੀ ਉਸ ਉੱਤੇ ਚੜ੍ਹਕੇ ਡੋਡਿਆਂ ਨੂੰ ਖਾ ਕੇ ਬੜਾ ਸੁਆਦ ਚਖਿਆ, ਜਿਸ ਵੇਲੇ ਰੱਜਕੇ ਹੇਠਾਂ ਉਤਰਨ ਲਗਾ ਤਾ ਡਰ ਗਿਆ। ਸੋਚਿਆ ਜੇਕਰ ਮੈਂ ਡਿਗ ਪਿਆ ਤਾਂ ਹੱਡੀ ਪਸਲੀ ਨਹੀਂ ਬਚਣੀ। ਆਮ ਕਹਾਵਤ ਭੀ ਲਿਖੀ ਹੋਈ ਹੈ:-

ਫਕੀਰਾ ਫਕੀਰੀ ਦੂਰ ਹੈ ਜਿੰਨੀ ਕੁ ਉਚੀ ਖਜੂਰ ਹੈ।

ਚੜ੍ਹ ਜਾਏਂ ਤਾਂ ਪੀਵੈਂ ਅੰਮ੍ਰਿਤਰਸ, ਗਿਰ ਜਾਏਂ ਤਾਂ ਚਕਨਾ ਚੂਰ ਹੈ।

ਇਸ ਡਰ ਕਰਕੇ ਉਸਨੇ ਪ੍ਰਭੂ ਅੱਗੇ ਬੇਨਤੀ ਕੀਤੀ, 'ਜੇ ਮੈਂ ਸਹੀ ਸਲਾਮਤ ਉਤਰ ਗਿਆ ਤਾਂ ੧੦੦ ਚਾਦਰਾਂ ਸੰਤਾਂ ਨੂੰ ਜਾ ਕੇ ਦਿਆਂਗਾ।' ਜਿਸ ਵੇਲੇ ਅੱਧ ਵਿਚਕਾਰ ਆ ਗਿਆ ਤਾਂ ਆਖਦਾ ਹੈ, '੧੦੦ ਚਾਦਰ ਬਹੁਤ ਹੈ, ੫੦ ਚਾਦਰਾਂ ਦਿਆਂਗਾ।' ਜਦ ਹੋਰ ਹੇਠਾਂ ਆਇਆ ਤਾਂ ਆਖਦਾ ਹੈ, '੫੦ ਚਾਦਰਾਂ ਬਹੁਤ ਹਨ ੨੫ ਚਾਦਰਾਂ ਦਿਆਂਗਾ।' ਜਿਸ ਵੇਲੇ ਬਿਲਕੁਲ ਸਹੀ ਸਲਾਮਤ ਹੇਠਾਂ ਉਤਰ ਆਇਆ ਤਾਂ ਆਖਦਾ ਹੈ, '੨੫ ਚਾਦਰਾਂ ਬਹੁਤ ਹਨ ੧੨ ਦਿਆਂਗਾ।'

ਪਰ ਜਿਸ ਵੇਲੇ ਦੁਕਾਨ ਤੇ ਆ ਕੇ ਚਾਦਰਾਂ ਦਾ ਭਾ ਪੁੱਛਿਆ ਤਾਂ ਮਾਇਆ ਖਰਚ ਕਰਨ ਤੋਂ ਸੰਕੋਚ ਕਰ ਗਿਆ। ਕੇਵਲ ਇਕ ਚਾਦਰ ਲੈ ਕੇ ਸੰਤਾਂ ਪਾਸ ਆ ਕੇ ਮੱਥਾ ਟੇਕਿਆ। ਅੱਗੋਂ ਸੰਤਾਂ ਨੇ ਕਿਹਾ, 'ਸਾਨੂੰ ਕੋਈ ਲੋੜ ਨਹੀਂ ਉੱਠਾ ਕੇ ਲੈ ਜਾ।' ਉਸ ਪ੍ਰੇਮੀ ਨੇ ਕਿਹਾ, 'ਮਹਾਰਾਜ ਜੀ ! ਨਾਂਹ ਨਾ ਕਰੋ ਨਹੀਂ ਤਾਂ ਇਹ ਵੀ ਜਾਂਦੀ ਜੇ, ਕਿਉਂਕਿ ਮੈਂ ਪਹਿਲੇ ੧੦੦ ਚਾਦਰ ਦੇਣੀ ਸੁੱਖੀ ਸੀ ਪਰ ਮੇਰਾ ਮਨ ਬਦਲ ਗਿਆ ਹੈ ਤੇ ਇਕੋ ਚਾਦਰ ਲੈ ਕੇ ਆਇਆ ਹਾਂ, ਜੇ ਆਪ ਨਾ ਲਵੋਗੇ ਤਾਂ ਮੈਂ ਇਹ ਭੀ ਘਰ ਲੈ ਜਾਵਾਂਗਾ, ਇਸ ਕਰਕੇ ਤੁਸੀਂ ਰੱਖ ਹੀ ਲਵੋ ਨਾਂਹ ਨਾ ਕਰੋ।' ਇਤਨੀ ਗੱਲ ਆਖ ਕੇ ਚਾਦਰ ਰੱਖ ਕੇ ਚਲਾ ਗਿਆ। ਇਸ ਤਰ੍ਹਾਂ ਨਾਲ ਦਸਵੰਧ ਮੰਨਣਾ ਸੋਖਾ ਹੈ, ਪਰ ਦੇਣਾ ਔਖਾ ਹੁੰਦਾ ਹੈ।

ਜਿਵੇਂ ਘਰ ਵਿਚ ਬਹੁਤੀ ਗਰੀਬੀ ਦੇ ਕਾਰਨ ਪੁਰਸ਼ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਵਿਚ ਜਾ ਕੇ ਨੱਕ ਰਗੜਦਾ ਹੈ, ਮਥੇ ਟੇਕਦਾ ਹੈ, ਝੋਲੀਆਂ ਅੱਡਦਾ ਹੈ, ਝਾੜੂ ਫੇਰਦਾ ਹੈ, ਅਰਦਾਸਾਂ ਕਰਦਾ ਹੈ. ਕਿ ਸੱਚੇ ਪਾਤਸ਼ਾਹ ! ਕਿਰਪਾ ਕਰਕੇ ਕਮਾਈ ਵਿਚ ਬਰਕਤ ਪਾ ਕੇ ਖੁਲ੍ਹੇ ਗਫੇ ਬਖਸ਼ੋ । ਮੈ ਆਪ ਜੀ ਨੂੰ ਦਸਵੰਧ

ਦਿਆਂਗਾ। ਇਸ ਦੀਆਂ ਬੇਨਤੀਆਂ ਸੁਣ ਕੇ ਜਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਖੁਲ੍ਹੇ ਗਫੇ ਬਖਸ਼ ਦਿਤੇ ਤੇ ਲੱਖ ਰੁਪਿਆ ਆ ਗਿਆ, ਤਾਂ ਉਸ ਦਾ ਦਸਵੰਧ ਦਸ ਹਜ਼ਾਰ ਬਣ ਗਿਆ, ਜਿਸ ਵੇਲੇ ਦਸ ਹਜ਼ਾਰ ਰੁਪਿਆ ਗਿਣ ਕੇ ਵੱਖਰਾ ਰੱਖਿਆ ਤਾਂ ਵੇਖ ਕੇ ਆਖਦਾ ਹੈ, 'ਇਹ ਤਾਂ ਬਹੁਤ ਹੈ, ਇਸ ਨਾਲ ਮੇਰੇ ਕਈ ਕੰਮ ਚਲ ਪੈਣੇ ਹਨ, ਹੱਛਾ ਫਿਰ ਖੱਟ ਕੇ ਦੇ ਦੇਵਾਂਗਾ।' ਉਹ ਦਸਵੰਧ ਵਾਲਾ ਰੁਪਿਆ ਫਿਰ ਦੁਕਾਨ ਵਿਚ ਪਾ ਲਿਆ। ਜੀਵ ਦੀ ਇਹ ਗੱਲ ਵੇਖ ਕੇ ਗੁਰੂ ਜੀ ਸ੍ਰਵਨ ਕਰਵਾਂਦੇ ਹਨ:-

ਤੀਜਾ ਅਰਥ:- ਦਸ ਵਸਤੂ ਲੇ ਪਾਛੈ ਪਾਵੈ=ਦਸਵੰਧ ਵਸਤੂ ਨੂੰ ਲੈ ਕੇ ਇਸ ਜੀਵ ਨੇ ਪਿਛੇ ਦੁਕਾਨ ਵਿਚ ਪਾ ਲਿਆ ਦਸਵੰਧ ਵਾਲਾ ਰੁਪਈਆ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਜਾ ਕੇ ਦੇਣਾ ਸੀ ਪਰ ਇਸ ਨੇ ਨਾ ਦਿਤਾ। ਏਕ ਬਸਤੁ ਕਾਰਨਿ ਬਿਖੋਟਿ ਗਵਾਵੈ=ਇਕ ਦਸਵੰਧ ਵਸਤੂ ਦੇ ਨਾ ਦੇਣ ਕਾਰਨ ਇਹ ਜੀਵ ਆਪਣਾ ਬਿਖੋਟਿ=ਭਰੋਸਾ ਗੁਆ ਲੈਂਦਾ ਹੈ। ਏਕ ਭੀ ਨ ਦੇਇ ਦਸ ਭੀ ਹਿਰਿ ਲੇਇ=ਇਸ ਦਸਵੰਧ ਵਸਤੂ ਨਾ ਦੇਣ ਕਰਕੇ ਭੀ=ਪੁਨਾ ਜੇ ਉਹ ਪਰਮਾਤਮਾ ਬਾਕੀ ਦੇ ਨੌਂ ਹਿਸੇ ਭੀ ਹਿਰਿ ਲੇਇ=ਖੋਹ ਲਵੇ। ਤਾਂ ਇਹ ਮੂਰਖ ਪੁਰਸ਼ ਕੀ ਕਰ ਸਕਦਾ ਹੈ? ਏਸੇ ਖਿਆਲ ਅਨੁਸਾਰ ਦਸਮੇਸ਼ ਪਿਆ ਜੀ ਨੇ ਭੀ ਕਥਨ ਕੀਤਾ ਹੈ-

ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੇ ਪਰਮੇਸ਼ਰ ਸੋਊ॥
ਦੀਨ ਸਾਹ ਇਨ ਕੌ ਪਹਿਚਾਨੋ॥ ਦੁਨੀਪਤਿ ਉਨ ਕੌ ਅਨੁਮਾਨੋ॥ ੯॥
ਜੋ ਬਾਬੇ ਕੇ ਦਾਮ ਨ ਦੈਹੈ॥ ਤਿਨ ਕੌ ਗਹਿ ਬਾਬਰ ਕੇ ਲੈਹੈ॥
ਦੈ ਦੈ ਤਿਨ ਕੌ ਬਡੀ ਸਜਾਇ॥ ਪੁਨਿ ਲੈਹੈ ਗ੍ਰਿਹ ਲੂਟਿ ਬਨਾਇ॥ ੧੦॥

(ਦਸਮ ਗ੍ਰੰਥ ਪੰਨਾ ੭੧)

ਹਰਦਯਾਲ ਕਵੀ ਜੀ ਕਹਿੰਦੇ ਹਨ-

ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ।
ਕੌਪੈ ਤਾ ਪੈ ਕ੍ਰਾਤ ਤ੍ਰੈ ਕਰੈ ਜੋ ਜੇਸਟੈ ਤਿਆਗ। *(ਸਾਰੁਕਤਾਵਲੀ)*

ਇਸ ਲਈ ਆਪਣੀ ਕਮਾਈ 'ਚੋਂ ਦਸਵੰਧ ਦੇਣਾ ਜੀਵ ਵਾਸਤੇ ਜ਼ਰੂਰੀ ਹੈ।

ਚੌਥਾ ਅਰਥ:-ਪਰਮੇਸ਼ਰ ਨੇ ਜੀਵ ਨੂੰ ਮਕਾਨ, ਮੁਰੱਬੇ, ਖੂਹ, ਕੋਠੀਆਂ, ਕਾਰਾਂ, ਆਦਿਕ ਬਿਅੰਤ ਪਦਾਰਥ ਦਿਤੇ ਹਨ, ਜੇ ਇਕ ਪੁਤਰ ਨਹੀਂ ਦਿੱਤਾ ਤਾਂ ਆਖਦਾ ਹੈ, "ਮੈਨੂੰ ਪਰਮੇਸ਼ਰ ਨੇ ਕੁਝ ਭੀ ਨਹੀਂ ਦਿੱਤਾ।" ਇਸ ਗੱਲ ਨੂੰ ਇਸ ਅਰਥ ਦੁਆਰਾ ਗੁਰੂ ਜੀ ਸਪੱਸ਼ਟ ਕਰਦੇ ਹਨ। ਦਸ ਬਸਤੂ ਲੇ ਪਾਛੈ ਪਾਵੈ=ਬਿਅੰਤ ਵਸਤੂਆਂ ਪਰਮੇਸ਼ਰ ਪਾਸੋਂ ਲੈ ਕੇ ਇਹ ਜੀਵ ਪਿਛੇ ਪਾ ਲੈਂਦਾ ਹੈ, ਅਰਥਾਤ ਭੁਲਾ ਦੇਂਦਾ ਹੈ ਤੇ ਆਖਦਾ ਹੈ, "ਮੈਨੂੰ ਪਰਮੇਸ਼ਰ ਨੇ ਕੀ ਦਿੱਤਾ ਹੈ?"

ਏਕ ਬਸਤੁ ਕਾਰਨਿ ਬਿਖੋਟਿ ਗਵਾਵੈ=ਇਕ ਪੁਤ੍ਰ ਵਸਤੂ ਦੇ ਨਾਂ ਪ੍ਰਾਪਤ ਹੋਣ ਦੇ ਕਰਕੇ ਆਪਣਾ ਬਿਖੋਟਿ=ਭਰੋਸਾ ਗੁਆ ਲੈਂਦਾ ਹੈ। ਏਕ ਭੀ ਨ ਦੇਇ ਦਸ ਭੀ ਹਿਰਿ ਲੇਇ=ਜੇ ਇਕ ਪੁਤ੍ਰ ਪੀ ਨਾ ਦੇਵੇ, ਅਤੇ ਦਸ=ਬਿਅੰਤ ਵਸਤੂਆਂ ਭੀ ਖੋਹ ਲਵੇ।

ਤਉ ਮੂੜਾ ਕਹੁ ਕਹਾ ਕਰੇਇ=ਤਾਂ ਦਸੋ, ਇਹ ਮੂਰਖ ਪੁਰਸ਼ ਕੀ ਕਰ ਸਕਦਾ ਹੈ?

ਪੰਜਵਾਂ ਅਰਥ:-ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥ ਆਤਮ ਵਸਤੂ

ਲੇ=ਲੈਣ ਵਾਸਤੇ ਸੰਤਾਂ ਦੇ ਪਿਛੇ ਪਵੇ, ਭਾਵ ਸੰਤਾਂ ਦੀ ਸ਼ਰਨ ਪੈ ਕੇ ਉਹਨਾਂ ਦੀ ਸੇਵਾ ਕਰੇ। ਅਤੇ ਇਕ ਆਤਮ-ਵਸਤੂ ਦੀ ਪ੍ਰਾਪਤੀ ਵਾਸਤੇ ਆਪਣੇ ਦਿਲ ਚੋਂ ਬਿਖੇਟਿ=ਵਿਸ਼ੇਸ਼ ਕਰ ਕੇ ਖੋਟਤਾਈ ਗੁਆ ਦੇਵੇ, ਤਾਂ ਸੰਤ ਆਪਣੇ ਉਪਦੇਸ਼ ਦੁਆਰਾ ਇਸ ਨੂੰ ਆਤਮ ਵਸਤੂ ਦਸ=ਦਸ ਦੇਂਦੇ ਹਨ।

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥

ਇਕ ਜਮਾਂ ਦਾ ਭੀ=ਡਰ ਨਹੀਂ ਦੇਂਦੇ, ਸਗੋਂ ਆਤਮ-ਵਸਤੂ ਪ੍ਰਾਪਤੀ ਦੀ ਸਿਖਿਆ ਦਸ ਕੇ ਭੀ=ਡਰ ਨੂੰ ਹਿਰਿ ਲੇਇ=ਅਭਾਵ ਕਰ ਦੇਂਦੇ ਹਨ।

ਤਾਂ ਕਹੁ=ਦਸੋ, ਉਸ ਨੂੰ ਮੂੜ੍ਹਤਾ ਅਮੂੜ੍ਹਤਾ ਕੀ ਕਰ ਸਕਦੀ ਹੈ।

ਜਿਸ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥

ਜਿਸ ਠਾਕੁਰ ਪਰਮੇਸ਼ਰ ਨਾਲ ਕੋਈ ਜ਼ੋਰ ਨਹੀਂ ਚਲਦਾ। ਉਸ ਨੂੰ ਸਦਾ ਹੀ ਨਮਸ਼ਕਾਰ ਕਰੋ।

ਜਾ ਕੈ ਮਨਿ ਲਾਗਾ ਪ੍ਰਭੁ ਮੀਠਾ॥ ਸਰਬ ਸੂਖ ਤਾਹੂ ਮਨਿ ਵੂਠਾ॥

ਜਿਸ ਦੇ ਮਨ ਵਿਚ ਪ੍ਰਭੂ ਆਪ ਮੀਠਾ=ਪਿਆਰਾ ਲਗਦਾ ਹੈ, ਅਥਵਾ:-ਜਿਸ ਦੇ ਮਨ ਵਿਚ ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ। ਉਸ ਦੇ ਮਨ ਵਿਚ ਸਾਰੇ ਸੁਖ ਆ ਕੇ ਵਸਦੇ ਹਨ।

ਜਿਸੁ ਜਨ ਅਪਨਾ ਹੁਕਮੁ ਮਨਾਇਆ॥ ਸਰਬ ਥੋਕ ਨਾਨਕ ਤਿਨਿ ਪਾਇਆ॥ ੧॥

ਜਿਸ ਪੁਰਸ਼ ਤੋਂ ਪ੍ਰਭੂ ਨੇ ਆਪਣਾ ਹੁਕਮ ਮਨਵਾਇਆ ਹੈ।

ਗੁਰੂ ਸਾਹਿਬ ਜੀ ਕਹਿੰਦੇ ਹਨ-ਉਸ ਨੇ ਸਾਰੇ ਥੋਕ=ਪਦਾਰਥਾਂ ਨੂੰ ਪਾ ਲਿਆ ਹੈ॥ ੧॥

ਅਗਨਤ ਸਾਹੁ ਅਪਨੀ ਦੇ ਰਾਸਿ॥ ਖਾਤ ਪੀਤ ਬਰਤੈ ਅਨਦ ਉਲਾਸਿ॥

ਸਾਹੁ=ਸ਼ਹਿਨਸ਼ਾਹ ਪਰਮਾਤਮਾ ਆਪਣੀ ਵੱਲੋਂ ਜੀਵ ਰੂਪ ਨੌਕਰ ਨੂੰ ਅਨਗਿਣਤ ਪਦਾਰਥਾਂ ਦੀ ਰਾਸ ਪਾ ਦੇਂਦਾ ਹੈ। ਉਸ ਦਾਤ ਨੂੰ ਲੈ ਕੇ ਇਹ ਜੀਵ ਅਨੰਦ ਨਾਲ ਖਾਂਦਾ ਪੀਂਦਾ ਹੈ ਅਤੇ ਉਲਾਸਿ=ਖੁਸ਼ੀਆਂ ਨਾਲ ਉਸ ਨੂੰ ਵਰਤਦਾ ਹੈ।

ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥ ਅਗਿਆਨੀ ਮਨਿ ਰੋਸੁ ਕਰੇਇ॥

ਜੇਕਰ ਸਾਹੁ=ਸ਼ਾਹ ਪਰਮੇਸ਼ਰ ਕਿਸੇ ਵੇਲੇ ਆਪਣੀ ਅਮਾਨ=ਅਮਾਨਤ ਵਿਚੋਂ ਕੁਝ ਬਹੁਰਿ ਲੇਇ=ਮੋੜਕੇ ਲੈ ਲਵੇ।

ਤਾਂ ਅਗਿਆਨੀ ਗੁਮਾਸ਼ਤਾ ਜੀਵ ਮਨ ਵਿਚ ਰੋਸੁ=ਗੁੱਸਾ ਕਰ ਲੈਂਦਾ ਹੈ।

ਅਪਨੀ ਪਰਤੀਤਿ ਆਪ ਹੀ ਖੋਵੈ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ॥

(ਇਸ ਤਰ੍ਹਾਂ ਕਰਨ ਨਾਲ ਇਹ ਜੀਵ) ਆਪਣੀ ਪ੍ਰਤੀਤ ਨੂੰ ਆਪ ਹੀ ਖੋਵੈ=ਗੁਆ ਬੈਠਦਾ ਹੈ। ਇਸ ਲਈ ਬਹੁਰਿ=ਮੁੜ ਕੇ ਉਸ ਸ਼ਾਹ ਪਰਮੇਸ਼ਰ ਦਾ ਇਸ ਜੀਵ ਉੱਤੇ ਬਿਸ੍ਵਾਸੁ=ਵਿਸਾਹ ਅਰਥਾਤ ਇਤਬਾਰ ਨਹੀਂ ਹੁੰਦਾ।

ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥

ਜਿਸ ਪਰਮਾਤਮਾ ਦੀ ਵਸਤੂ ਇਸ ਜੀਵ ਦੇ ਪਾਸ ਹੈ, ਜੇਕਰ ਖੁਸ਼ੀ ਨਾਲ ਉਸ ਦੇ ਅੱਗੇ ਰਖ ਦੇਵੇ। ਤੇ

ਪ੍ਰਭੂ ਦੀ ਆਗਿਆ ਨੂੰ ਆਪਣੇ ਸਿਰ ਮੱਥੇ ਤੇ ਮੰਨ ਲਵੇ।*

ਇੰਜ ਕਵੇ-ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥ ੨੦੩॥ (ਪੰਨਾ ੧੩੭੫)

ਉਸ ਤੇ ਚਉਗੁਨ ਕਰੈ ਨਿਹਾਲੁ॥ ਨਾਨਕ ਸਾਹਿਬੁ ਸਦਾ ਦਇਆਲੁ॥ ੨॥

ਤਦ ਸ਼ਾਹ ਪਰਮੇਸ਼ਰ ਉਸ ਨੂੰ ਉਸ ਤੋਂ ਚੌਗੁਣਾ ਨਿਹਾਲ ਕਰ ਦੇਂਦਾ ਹੈ। ਕਿਉਂਕਿ-

ਗੁਰੂ ਸਾਹਿਬ ਜੀ ਕਹਿੰਦੇ ਹਨ-ਉਹ (ਸਾਹਿਬੁ) ਪਰਮਾਤਮਾ ਸਦਾ ਹੀ ਦਿਆਲੂ ਹੈ॥ ੨॥ ++ਏਸੇ ਤਰ੍ਹਾਂ ਜਗਿਆਸੂ ਨੂੰ ਪੱਕਾ ਭਰੋਸਾ ਰੱਖਣਾ ਚਾਹੀਦਾ ਹੈ ਇਹ ਸਾਧਨਾਂ ਰੂਪ ਵਸਤੂ ਜਿਸ ਪਰਮੇਸ਼ਰ ਦੀ ਦਿਤੀ ਹੋਈ ਹੈ, ਓਸੇ ਦੇ ਅੱਗੇ ਰਖ ਦੇਵੇ, ਭਾਵ ਸਾਧਨਾ ਦਾ ਹੰਕਾਰ ਨਾ ਕਰੇ। ਤੇ ਪ੍ਰਭੂ ਦੀ ਆਗਿਆ ਨੂੰ ਸਿਰ ਮੱਥੇ ਪਰ ਮੰਨ ਲਵੇ।

ਗੁਰੂ ਸਾਹਿਬ ਫੁਰਮਾਉਂਦੇ ਹਨ— ਉਹ ਦਿਆਲੂ ਪਰਮੇਸ਼ਰ ਉਸਨੂੰ ਉਸ ਤੋਂ ਚੌਗੁਣਾਂ ਭਾਵ ਧਰਮ, ਅਰਥ, ਕਾਮ, ਮੋਖ ਦੀ ਪ੍ਰਾਪਤੀ ਕਰਕੇ, ਵਾ:-ਚੌਥੀ ਭੂਮਿਕਾ ਦਾ ਆਨੰਦ ਦੇ ਕੇ ਨਿਹਾਲ ਕਰ ਦੇਂਦਾ ਹੈ॥ ੨॥

ਅਨਿਕ ਭਾਤਿ ਮਾਇਆ ਕੇ ਹੇਤ॥ ਸਰਪਰ ਹੋਵਤ ਜਾਨੁ ਅਨੇਤ॥

ਪ੍ਰਭੂ ਨਾਲੋਂ ਵਿਗਾੜ ਕੇ ਇਹ ਜੀਵ ਜਿਸ ਮਾਇਆ ਹੇਤ=ਵਾਸਤੇ ਅਨੇਕ ਪ੍ਰਕਾਰ ਦੇ ਜਤਨ ਕਰਦਾ ਹੈ। ਸੱਚ ਜਾਣੋ ਉਹ ਜਤਨ ਸਰਪਰ=ਜ਼ਰੂਰ ਹੀ ਅਨੇਤ=ਝੂਠੇ ਸਾਬਤ ਹੁੰਦੇ ਹਨ।

ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜੰਗ ਤੋਂ ਬਾਅਦ ਦਮਦਮੇ ਸਾਹਿਬ ਪਹੁੰਚੇ, ਤਿਸ ਵੇਲੇ ਮਾਤਾ ਸੁੰਦਰੀ ਜੀ ਨੇ ਕਿਹਾ ਕਿ ਚਾਰੇ ਲਾਲ ਕਿਥੇ ਹਨ? ਤਾਂ ਗੁਰੂ ਜੀ ਨੇ-

ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥

ਦੇ ਮਹਾਂਵਾਕ ਅਨੁਸਾਰ ਕਿਹਾ, ਕਿ ਉਹ ਚਾਰੇ ਲਾਲ ਪ੍ਰਭੂ ਦੀ ਅਮਾਨਤ ਪ੍ਰਭੂ ਪਾਸ ਪਹੁੰਚ ਗਈ ਹੈ ਤੇ ਖਾਲਸੇ ਵਲ ਇਸ਼ਾਰਾ ਕਰ ਕੇ ਕਿਹਾ, 'ਹੁਣ ਇਹ ਹਜ਼ਾਰਾਂ ਲਾਲ ਤੇਰੇ ਪਾਸ ਖੜੇ ਹਨ।' ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ।

++ਇਕ ਮਾਈ ਸੁਖਮਨੀ ਸਾਹਿਬ ਜੀ ਦਾ ਬਹੁਤ ਪ੍ਰੇਮਨ ਸੀ ਰੋਜ਼ਾਨਾ ਸਵੇਰੇ ਉਠ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੀ ਹੁੰਦੀ ਸੀ, ਸਮੇਂ ਅਨੁਸਾਰ ਉਸ ਦਾ ਛੋਟਾ ਬੱਚਾ ਗੁਜ਼ਰ ਗਿਆ। ਵਾਹਿਗੁਰੂ ਦੇ ਭਾਣੇ ਨੂੰ ਮੰਨਦਿਆਂ ਹੋਇਆ ਮਾਈ ਨੇ ਉਸ ਬੱਚੇ ਨੂੰ ਚੁੱਕ ਕੇ ਸ੍ਰੀ ਹਰਿਮੰਦਰ ਸਾਹਿਬ ਦਰਸ਼ਨੀ ਡਿਉਢੀ ਤੇ ਮੱਥਾ ਟਿਕਾਇਆ ਤੇ ਝੋਲੀ ਵਿਚ ਰੱਖ ਕੇ ਸੁਖਮਨੀ ਸਾਹਿਬ ਦਾ ਪਾਠ ਕਰਦੀ ਪਰਕਰਮਾਂ ਕਰੀ ਜਾਂਦੀ ਹੈ। ਉਸ ਸਮੇਂ ਗੁਰੂ ਜੀ ਦੁੱਖ-ਭੰਜਨੀ ਬੇਰੀ ਦੇ ਨਾਲ ਥੜੇ ਸਾਹਿਬ ਪਰ ਦੀਵਾਨ ਲਗਾ ਕੇ ਸੰਤਾਂ ਨੂੰ ਉਪਦੇਸ਼ ਦੇ ਰਹੇ ਸਨ। ਜਿਸ ਵੇਲੇ ਭੋਗ ਪਿਆ ਤਾਂ ਮਾਈ ਨੂੰ ਪਾਸ ਬੁਲਾ ਕੇ ਕਿਹਾ,'ਕੀ ਕਾਰਨ ਹੈ।' ਮਾਈ ਨੇ ਬੱਚੇ ਨੂੰ ਅੱਗੇ ਲਿਟਾ ਕੇ ਕਿਹਾ-

ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥

ਉਸ ਤੇ ਚਉਗੁਨ ਕਰੈ ਨਿਹਾਲੁ॥ ਨਾਨਕ ਸਾਹਿਬੁ ਸਦਾ ਦਇਆਲੁ॥ ੨॥

ਉਸ ਦੇ ਭਰੋਸੇ ਨੂੰ ਵੇਖਕੇ ਸਤਿਗੁਰਾਂ ਨੇ ਕਿਹਾ, ਜਿਵੇਂ ਹੁਣ ਤੂੰ ਪ੍ਰਭ ਦਾ ਭਾਣਾ ਮਿੱਠਾ ਕਰਕੇ ਮੰਨਿਆ ਹੈ। ਏਸੇ ਤਰ੍ਹਾਂ ਅੱਗੋਂ ਵੀ ਮੰਨੀ ਜਾਹ ਪ੍ਰਭੂ ਤੇਰੇ ਘਰ ਚਾਰ ਪੁੱਤ੍ਰ ਬਖਸ਼ੇਗਾ। ਇਸ ਵਰ ਕਰਕੇ ਸਮੇਂ ਅਨੁਸਾਰ ਉਸ ਦੇ ਘਰ ਚਾਰ ਪੁੱਤਰ ਪੈਦਾ ਹੋਏ।

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥ ਓਹ ਬਿਨਸੈ ਉਹੁ ਮਨਿ ਪਛੁਤਾਵੈ ॥

ਜੋ ਪੁਰਸ਼ ਬਿਰਖ=ਬ੍ਰਿੱਛ (ਦਰੱਖਤ) ਦੀ ਛਾਂ ਨਾਲ ਪ੍ਰੇਮ ਲੱਗਾ ਕੇ ਬੈਠਦਾ ਹੈ। ਜਦ ਉਹ ਛਾਂ ਚਲੀ ਜਾਦੀ ਹੈ ਫਿਰ ਉਹ ਪੁਰਸ਼ ਮਨ ਵਿਚ ਪਛਤਾਉਂਦਾ ਹੈ। ਏਸੇ ਤਰ੍ਹਾਂ ਬ੍ਰਿੱਛ ਰੂਪ ਪਰਮੇਸ਼ਰ ਦੀ ਛਾਇਆ=ਮਾਇਆ ਨਾਲ ਜੋ ਪਰੇਮ ਲਾਉਂਦਾ ਹੈ, ਜਿਸ ਵੇਲੇ ਉਹ ਮਾਇਆ ਚਲੀ ਜਾਂਦੀ ਹੈ, ਫਿਰ ਉਹ ਪੁਰਸ਼ ਮਨ ਵਿਚ ਪਸ਼ਚਾਤਾਪ ਕਰਦਾ ਹੈ।

ਜੋ ਦੀਸੈ ਸੋ ਚਾਲਨਹਾਰੁ ॥ ਲਪਟਿ ਰਹਿਓ ਤਹ ਅੰਧ ਅੰਧਾਰੁ ॥

ਜੋ ਕੁਝ ਦਿੱਸ ਰਿਹਾ ਹੈ ਉਹ ਸਭ ਚਲੇ ਜਾਣ ਵਾਲਾ ਹੈ। ਪਰ ਇਹ ਅੰਧ ਅੰਧਾਰੁ=ਅੰਨ੍ਹਿਆਂ ਤੋਂ ਭੀ ਅੰਨ੍ਹਾਂ ਜੀਵ ਉਨ੍ਹਾਂ ਨਾਲ ਹੀ ਲਪਟਿ ਰਹਿਓ=ਚੰਬੜ ਰਿਹਾ ਹੈ।

ਅਥਵਾ:-ਇਹ ਅੰਧ=ਅੰਨ੍ਹਾਂ ਜੀਵ ਅਗਿਆਨ ਰੂਪ ਅੰਧਾਰੁ=ਹਨੇਰੇ ਕਰਕੇ ਉਨ੍ਹਾਂ ਨਾਲ ਹੀ ਲਪਟਿ=ਜੁੜ ਰਿਹਾ ਹੈ।

ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ ਕੇਹ ॥

ਜੋ ਪੁਰਸ਼ ਬਟਾਊ=ਰਾਹੀ ਭਾਵ ਮੁਸਾਫਰ ਨਾਲ ਨੇਹ=ਪ੍ਰੇਮ ਪਾਉਂਦਾ ਹੈ। ਉਸ ਦੇ ਹੱਥ ਕੁਝ ਨਹੀਂ ਆਉਂਦਾ। ਏਸੇ ਤਰ੍ਹਾਂ ਜਿਤਨੇ ਕੁ ਸਨਬੰਧੀ ਹਨ, ਇਹ ਸਭ ਮੁਸਾਫਰਾਂ ਵਾਂਗ ਹਨ, ਜੋ ਪੁਰਸ਼ ਇਨ੍ਹਾਂ ਨਾਲ ਨੇਹ=ਪਰੇਮ ਪਾਉਂਦਾ ਹੈ। ਉਸ ਦੇ ਹੱਥ ਵਿਚ ਕੁਝ ਭੀ ਨਹੀਂ ਆਉਂਦਾ।

ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥
ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥ ੩ ॥

ਹੇ ਮਨ ! ਹਰੀ ਦੇ ਨਾਮ ਦੀ ਪ੍ਰੀਤੀ ਹੀ ਸੁਖਾਂ ਦੇ ਦੇਣ ਵਾਲੀ ਹੈ। ਗੁਰੂ ਜੀ ਫੁਰਮਾਉਂਦੇ ਹਨ ਜੇਕਰ ਪ੍ਰਭੂ ਆਪ ਹੀ ਕਿਰਪਾ ਕਰਕੇ ਲਗਾਵੇ ਤਾਂ ਉਹ ਪ੍ਰੀਤੀ ਲਗਦੀ ਹੈ॥ ੩ ॥

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥

ਹੇ ਭਾਈ ! ਇਹ ਤਨੁ=ਸਰੀਰ, ਧਨ ਅਤੇ ਸਾਰਾ ਪ੍ਰਵਾਰ ਮਿਥਿਆ=ਝੂਠਾ ਹੈ।

ਹੰਗਤਾ ਦੇਹ ਵਿਚ ਕਰਨੀ, ਮਮਤਾ ਮਾਇਆ ਵਿਚ ਕਰਨੀ ਇਹ ਭੀ ਮਿਥਿਆ=ਬੇਅਰਥ ਹੈ।

ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥

ਰਾਜ-ਭਾਗ ਜੁਆਨੀ, ਅਤੇ ਧਨ ਮਾਲ ਆਦਿਕ ਸਭ ਕੁਝ ਮਿਥਿਆ=ਨਾਸ਼ਵੰਤ ਹੈ।

ਬਿਕਰਾਲ=ਭਿਆਨਕ ਅਰਥਾਤ ਡਰੌਣੇ ਕਾਮ ਕ੍ਰੋਧ ਆਦਿਕ ਭੀ ਮਿਥਿਆ=ਰਹਿਣ ਵਾਲੇ ਨਹੀਂ ਹਨ।

ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥
ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥

ਰਥ. ਹਸਤੀ=ਹਾਥੀ. ਅਸ੍ਵ=ਘੋੜੇ ਤੇ ਬਸਤ੍ਰ ਆਦਿਕ ਭੀ ਮਿਥਿਆ=ਰਹਿਣ ਵਾਲੇ ਨਹੀਂ। ਜਿਸ ਮਾਇਆ ਨੂੰ ਵੇਖਕੇ ਹਸਦਾ ਹੈ ਉਸ ਮਾਇਆ ਨਾਲ ਜਿਹੜਾ ਰੰਗ=ਪ੍ਰੇਮ ਕਰਨਾ ਹੈ ਇਹ ਭੀ ਮਿਥਿਆ=ਝੂਠਾ ਹੈ।

ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥

ਧ੍ਰੋਹ=ਛਲ ਕਰਨਾ, ਸਬੰਧੀਆਂ ਨਾਲ ਮੋਹ ਕਰਨਾ, ਜਾਤੀ ਦਾ ਅਭਿਮਾਨੁ=ਹੰਕਾਰ ਕਰਨਾ ਇਹ ਸਭ ਮਿਥਿਆ=ਝੂਠਾ ਹੈ। ਆਪਣੇ ਉੱਪਰ ਜੋ ਗੁਮਾਨ ਕਰਨਾ ਹੈ, ਇਹ ਭੀ ਮਿਥਿਆ=ਕਿਸੇ ਅਰਥ ਨਹੀਂ।

ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥ ੪ ॥

ਸੰਤਾਂ ਦੀ ਸ਼ਰਨ ਪੈ ਕੇ ਜਿਹੜੀ ਭਗਤੀ ਕਰਨੀ ਹੈ ਇਹ ਇਸਥਿਤ ਰੂਪ ਹੈ।

ਗੁਰੂ ਜੀ ਕਹਿੰਦੇ ਹਨ-ਅਸੀਂ ਤਾਂ ਹਰੀ ਦੇ ਚਰਨ ਜਪ ਜਪ ਜਿਉਂਦੇ ਹਾਂ ॥ ੪ ॥

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥

ਉਹ ਸ੍ਰਵਨ=ਕੰਨ ਮਿਥਿਆ=ਨਿਸਫਲ ਹਨ ਜੋ ਪਰਾਈ ਨਿੰਦਿਆ ਸੁਣਦੇ ਹਨ।

ਉਹ ਹਸਤ=ਹੱਥ ਨਿਸਫਲ ਹਨ ਜੋ ਪਰਾਇਆ ਧਨ ਹਿਰਹਿ=ਚੁਰਾਉਂਦੇ ਹਨ।

[ਪੰਨਾ ੨੬੯]

ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥
ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥

ਉਹ ਨੇਤ੍ਰ ਮਿਥਿਆ=ਨਿਸਫਲ ਹਨ, ਜੋ ਪਰ ਇਸਤ੍ਰੀਆਂ ਦੇ ਸੁੰਦਰ ਰੂਪ ਆਦਿਕਾਂ ਨੂੰ ਵੇਖਦੇ ਹਨ। ਉਹ ਰਸਨਾਂ ਵੀ ਨਿਸਫਲ ਹੈ, ਜੋ ਨਾਮ ਤੋਂ ਬਿਨਾਂ ਅਨ=ਹੋਰਨਾਂ ਭੋਜਨਾਂ ਦੇ ਸ੍ਵਾਦ ਲੈਂਦੀ ਹੈ।

ਅਥਵਾ:-ਉਹ ਰਸਨਾਂ ਨਿਸਫਲ ਹੈ, ਜੋ ਉਦਰ ਪੂਰਨ ਵਾਲੇ ਰੋਟੀ ਆਦਿ ਭੋਜਨ ਤੋਂ ਬਿਨਾਂ ਅਨ ਸ੍ਵਾਦ=ਹੋਰ ਚਟਕੀਲੇ ਸੁਆਦਾਂ ਨੂੰ ਚਾਹੁੰਦੀ ਹੈ।

ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥
ਮਿਥਿਆ ਮਨ ਪਰ ਲੋਭ ਲੁਭਾਵਹਿ ॥

ਉਹ ਪੈਰ ਨਿਸਫਲ ਹਨ ਜੋ ਪਰ ਬਿਕਾਰ ਕਉ=ਪਰਾਏ ਦਾ ਬੁਰਾ ਕਰਨ ਨੂੰ ਧਾਵਹਿ=ਦੌੜਦੇ ਹਨ, ਵਾ:-ਪਰ=ਭਲੀ ਪ੍ਰਕਾਰ ਵਿਸ਼ੇ ਵਿਕਾਰਾਂ ਵਲ ਦੌੜਦੇ ਹਨ। ਉਹ ਮਨ ਵੀ ਮਿਥਿਆ=ਨਿਸਫਲ ਹੈ, ਜੋ ਪਰਾਏ ਧਨ ਨੂੰ ਵੇਖਕੇ ਲੋਭ ਵਿਚ ਲੁਭਾਏਮਾਨ ਹੁੰਦਾ ਹੈ।

ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥

ਉਹ ਸਰੀਰ ਨਿਸਫਲ ਹੈ, ਜੋ ਕਿਸੇ ਤੇ ਪਰਉਪਕਾਰ ਨਹੀਂ ਕਰਦਾ। ਉਹ ਨੱਕ ਮਿਥਿਆ=ਨਿਸਫਲ ਹੈ, ਜੋ ਵਿਕਾਰ ਪੈਦਾ ਕਰਨ ਵਾਲੀ ਬਾਸੁ=ਵਾਸ਼ਨਾਂ (ਖ਼ੁਸ਼ਬੂ) ਲੈਂਦਾ ਹੈ।

ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥ ੫ ॥

ਪ੍ਰਭੂ ਦੇ ਸਮਝੇ ਤੋਂ ਬਿਨਾਂ ਅਰਥਾਤ ਉਸ ਦੇ ਗਿਆਨ ਤੋਂ ਬਿਨਾਂ ਸਾਰੇ ਅੰਗ (ਇੰਦ੍ਰੀਏ) ਮਿਥਿਆ=ਨਿਸਫਲ ਹੋ ਰਹੇ ਹਨ। ਗੁਰੂ ਜੀ ਕਹਿੰਦੇ ਹਨ-ਹਰਿ ਨਾਮ ਲੈਣ ਨਾਲ ਸਾਰਿਆਂ ਅੰਗਾਂ ਸਹਿਤ ਦੇਹ ਸਫਲ

ਹੁੰਦੀ ਹੈ॥ ੫॥

ਬਿਰਥੀ ਸਾਕਤ ਕੀ ਆਰਜਾ॥ ਸਾਚ ਬਿਨਾ ਕਹ ਹੋਵਤ ਸੂਚਾ॥

ਵਾਹਿਗੁਰੂ ਤੋਂ ਜੋ ਬੇਮੁਖ ਹੈ, ਉਸ ਸਾਕਤ ਦੀ ਸਾਰੀ ਆਰਜਾ=ਉਮਰਾ ਹੀ ਵਿਅਰਥ ਹੈ। ਸਚ ਨਾਮ ਸਿਮਰਨ ਤੋਂ ਬਿਨਾਂ ਕਿਸ ਤਰ੍ਹਾਂ ਸੂਚਾ=ਪਵਿੱਤ੍ਰ ਹੋ ਸਕਦਾ ਹੈ।

ਸਾਖੀ-ਮਹਾਤਮਾ ਤੇ ਸੇਵਕ ਦੀ

ਇਕ ਮਹਾਤਮਾ ਸਨ। ਉਨ੍ਹਾਂ ਦਾ ਇਕ ਅਨਿਨ ਸ਼ਰਧਾਲੂ ਸਿਖ ਗ੍ਰਿਹਸਤੀ ਸੀ। ਉਹ ਮਹਾਤਮਾ ਪਾਸ ਆਕੇ ਸੇਵਾ ਕਰਿਆ ਕਰਦਾ ਸੀ। ਉਸਦਾ ਇਹ ਵੀ ਨਿਯਮ ਸੀ ਜਿਥੇ ਮਹਾਤਮਾ ਰਹਿੰਦੇ ਸਨ। ਉਥੇ ਆ ਕੇ ਹੋਜ਼ ਝਾੜੂ ਦੇ ਕੇ ਪੋਚਾ ਫੇਰਦਾ ਸੀ। ਮਹਾਤਮਾ ਦਾ ਇਕੋ ਉਪਦੇਸ਼ ਸੀ ਕਿ ਮਨੁੱਖ ਨੂੰ ਨਿਤ ਤੇ ਨੀਮਤਕ ਕਰਮ ਜ਼ਰੂਰ ਕਰਨੇ ਚਾਹੀਦੇ ਹਨ। ਉਹ ਮਹਾਤਮਾ ਪਾਸੋਂ "ਵਿਚਾਰ ਸਾਗਰ" ਵੀ ਪੜ੍ਹਦਾ ਹੁੰਦਾ ਸੀ। ਇਕ ਦਿਨ ਪੜ੍ਹਦਿਆਂ ਪੜ੍ਹਦਿਆਂ ਮਨ ਵਿਚ ਸ਼ੰਕਾ ਹੋਈ ਤੇ ਉਸਨੇ ਮਹਾਤਮਾ ਅੱਗੇ ਬੇਨਤੀ ਕੀਤੀ ਕਿ ਜੇ ਮਨੁੱਖ ਉਸ ਬ੍ਰਹਮਾ ਦਾ ਰੂਪ ਹੈ ਤਾਂ ਨਿਤ ਤੇ ਨੀਮਤਕ ਕਰਮ ਕਰਨ ਦੀ ਕੀ ਲੋੜ ਹੈ? ਮਹਾਤਮਾ ਨੇ ਕਿਹਾ, "ਇਸ ਦਾ ਉੱਤਰ ਫੇਰ ਕਦੇ ਦੇਵਾਂਗੇ।" ਉਹ ਘਰ ਚਲਾ ਗਿਆ। ਘਰ ਜਾਕੇ ਘਰ ਦਾ ਵਿਹਾਰ ਕੀਤਾ। ਰਾਤ ਪਈ ਸਵੇਰੇ ਉਠਿਆ। ਆਪਣਾ ਨਿਤ ਕਰਮ ਕੀਤਾ, ਵਿਹਲਾ ਹੋ ਕੇ ਮਹਾਤਮਾ ਪਾਸ ਆਇਆ ਤੇ ਝਾੜੂ ਦੇਣ ਲਗ ਪਿਆ। ਮਹਾਤਮਾ ਨੇ ਕਿਹਾ, ਝਾੜੂ ਛਡ ਦੇ। ਚਾਰ ਪੰਜ ਕੋਹਾਂ ਤੇ ਸੰਤ ਮੰਡਲੀ ਆਈ ਹੋਈ ਹੈ, ਉਨ੍ਹਾਂ ਦੇ ਦਰਸ਼ਨ ਕਰ ਆਈਏ। ਮਹਾਤਮਾ ਸੇਵਕ ਨੂੰ ਨਾਲ ਲੈ ਕੇ ਉਥੇ ਗਏ। ਦਰਸ਼ਨ ਪਰਸ਼ਨ ਕਰਕੇ ਰਾਤ ਉਥੇ ਹੀ ਰਹੇ। ਅੰਮ੍ਰਿਤ ਵੇਲੇ ਉੱਠਕੇ ਸਾਰੀ ਸੰਤ ਮੰਡਲੀ ਨੇ ਇਸ਼ਨਾਨ ਕੀਤਾ ਕੋਈ ਬ੍ਰਹਮ ਅਭਿਆਸ ਵਿਚ ਜੁੜ ਗਿਆ, ਕੋਈ ਤਪ ਵਿਚ, ਕੋਈ ਸਮਾਧੀ ਵਿਚ, ਕੋਈ ਸੇਵਾ ਵਿਚ। ਇਸ ਤਰ੍ਹਾਂ ਸਭ ਸੰਤਾਂ ਦੀ ਕਿਰਿਆ ਸੇਵਕ ਨੂੰ ਦਿਖਾ ਕੇ ਮਹਾਤਮਾ ਉਥੋਂ ਤੁਰ ਪਏ ਤੇ ਕਿਹਾ, ਰਸਤੇ ਵਿਚ ਇਕ ਹੋਰ ਪ੍ਰੇਮੀ ਹੈ ਉਸਨੂੰ ਮਿਲ ਚਲੀਏ, ਜਦ ਉਸ ਪਰੇਮੀ ਦੇ ਘਰ ਜਾਕੇ ਠਹਿਰੇ ਤਾਂ ਜਿਹੜਾ ਸੇਵਕ ਨਾਲ ਸੀ ਉਸ ਸੇਵਕ ਨੂੰ ਬੁਖਾਰ ਚੜ੍ਹ ਗਿਆ ਦੋ ਦਿਨ ਵਿਚ ਸਰੀਰ ਕਮਜ਼ੋਰ ਹੋ ਗਿਆ, ਖਾਣਾ ਪੀਣਾ ਸਭ ਛੁਟ ਗਿਆ, ਇਸ ਕਰਕੇ ਦੋ ਦਿਨ ਉਥੇ ਹੀ ਨਿਵਾਸ ਕੀਤਾ। ਜਿਸ ਵੇਲੇ ਬੁਖਾਰ ਲਥ ਗਿਆ ਮਹਾਤਮਾ ਨੇ ਕਿਹਾ, ਚਲ ਵਾਪਸ ਚਲੀਏ ਉਹ ਸੇਵਕ ਆਪਣੇ ਘਰ ਤੇ ਮਹਾਤਮਾ ਆਪਣੀ ਕੁਟੀਆ ਵਿਚ ਚਲੇ ਗਏ।

ਜਦ ਦੂਸਰੇ ਦਿਨ ਉਸਨੇ ਆ ਕੇ ਕੁਟੀਆ ਦੀ ਦਸ਼ਾ ਦੇਖੀ ਕਿ ਕੂੜਾ-ਕਚਰਾ, ਪੱਤੇ ਘਾਹ ਆਦਿਕ ਬਹੁਤ ਖਿੱਲਰੇ ਪਏ ਹਨ ਬੈਠਣ ਦੀ ਜਗ੍ਹਾ ਕੋਈ ਨਹੀਂ, ਚਾਰੋਂ ਤਰਫ ਦੇਖਿਆ ਕਿਧਰੇ ਭੀ ਸਫਾਈ ਨਹੀਂ। ਭਗਤ ਨੇ ਉਸ ਜਗ੍ਹਾ ਨੂੰ ਸਾਫ ਕਰਨ ਵਾਸਤੇ ਹੱਥ ਵਿਚ ਝਾੜੂ ਲੈ ਲਿਆ। ਉਸ ਵਲ ਦੇਖਕੇ ਮਹਾਤਮਾ ਨੇ ਕਿਹਾ, ਹੁਣ ਤੂੰ ਝਾੜੂ ਕਿਉਂ ਦੇਂਦਾ ਹੈਂ ਅਰਾਮ ਨਾਲ ਬੈਠ ? ਸੇਵਕ ਨੇ ਕਿਹਾ, ਮਹਾਰਾਜ ! ਕਿਥੇ ਬੈਠਾ, ਸਾਰੇ ਤਾ ਗੰਦ ਪਿਆ ਹੋਇਆ ਹੈ, ਪਹਿਲੇ ਜਗ੍ਹਾ ਕਿਵੇਂ ਸਾਫ ਸੀ। ਹੁਣ ਚਾਰ ਪੰਜ ਦਿਨ ਝਾੜੂ ਨਾ ਫੇਰਨ ਕਰਕੇ ਪੱਤੇ ਡਿੱਗੇ ਪਏ ਹਨ ਕਿਧਰੇ ਕੂੜਾ ਕਰਕਟ ਖਿਲਰਿਆ ਹੋਇਆ ਹੈ ਬੈਠਣ ਨੂੰ ਚਿੱਤ ਨਹੀਂ ਕਰਦਾ। ਤੁਸੀਂ ਕਿਉਂ ਰੋਕਦੇ ਹੋ ਮੈਨੂੰ ਝਾੜੂ ਫੇਰਨ ਦਿਓ। ਮਹਾਤਮਾ ਨੇ ਕਿਹਾ, ਤੂੰ ਪਹਿਲੇ ਆਪਣੇ ਸਰੀਰ ਦਾ ਹਾਲ ਸੁਣਾ ? ਕਹਿਣ ਲਗਾ, ਅਖਾਰ ਤਾਂ ਨਹੀਂ ਪਰ ਕਮਜ਼ੋਰੀ ਹੈ। ਚਾਰ ਦਿਨ ਹੋ ਗਏ ਹਨ ਇਸ਼ਨਾਨ ਨਹੀਂ ਕੀਤਾ ਸਰੀਰ ਚੋਂ ਬਦਬੋ ਆ ਰਹੀ ਹੈ। ਮਹਾਤਮਾ ਨੇ ਕਿਹਾ, ਬਦਬੋ ਆ ਰਹੀ ਹੈ, ਤਾਂ ਕੀ ਹੋਇਆ, ਤੂੰ ਆਪ ਹੀ ਬ੍ਰਹਮ ਹੈਂ ਫਿਰ ਇਸ਼ਨਾਨ

ਦੀ ਕੀ ਲੋੜ ਹੈ ? ਸੇਵਕ ਨੇ ਕਿਹਾ 'ਮਹਾਰਾਜ ਜੀ ! ਘਰ-ਬਾਰ ਦੀ ਸਫਾਈ ਤੇ ਸਰੀਰ ਦੀ ਪਵਿੱਤਰਤਾ ਤੋਂ ਬਿਨਾਂ ਆਤਮਪਦ ਵਿਚ ਕਿਵੇਂ ਟਿਕਾਂਗਾ।' ਮਹਾਤਮਾ ਨੇ ਕਿਹਾ, ਇਸ ਦ੍ਰਿਸ਼ਟਾਂਤ ਨਾਲ ਤੇਰੇ ਸਵਾਲ ਦਾ ਜਵਾਬ ਤੈਨੂੰ ਦਿੱਤਾ ਹੈ। ਜਿਵੇਂ ਚਾਰ ਪੰਜ ਦਿਨ ਝਾੜੂ ਦਿਤੇ ਬਿਨਾਂ ਜਗ੍ਹਾ ਦੀ ਸ਼ੁਧੀ ਨਹੀਂ ਤੇ ਸ਼ਨਾਨ ਤੋਂ ਬਿਨਾਂ ਸਰੀਰ ਦੀ ਸ਼ੁਧੀ ਨਹੀਂ। ਏਸੇ ਤਰ੍ਹਾਂ ਨਿਤ ਕਰਮ ਕੀਤੇ ਤੋਂ ਬਿਨਾਂ ਅੰਤਹਕਰਨ ਦੀ ਸ਼ੁਧੀ ਨਹੀਂ ਹੁੰਦੀ। ਇਸ ਲਈ ਨਿਤ ਨਮਿਤਕ ਕਰਮ ਹਮੇਸ਼ਾਂ ਕਰਨੇ ਚਾਹੀਦੇ ਹਨ। ਜੋ ਰੋਜ਼ ਕਥਾ ਸੁਣਕੇ ਨਾਮ ਨਹੀਂ ਜਪੇਗਾ ਤਾਂ ਤੇਰਾ ਅੰਤਹਕਰਨ ਕਿਵੇਂ ਸੁਚਾ ਹੋਵੇਗਾ? ਅੰਤਹਕਰਨ ਦੀ ਸ਼ੁਧੀ ਲਈ ਨਿਤਨੇਮ ਵਗੈਰਾ ਨਿਤ ਨਮਿਤਕ ਆਦਿ ਕਰਮ ਜ਼ਰੂਰ ਕਰਨੇ ਚਾਹੀਦੇ ਹਨ।

ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥

ਇਸ ਜੀਵ ਦਾ ਸਰੀਰ ਨਾਮ, ਸੇਵਾ, ਸਿਮਰਨ, ਭਗਤੀ ਤੋਂ ਬਿਨਾਂ ਹੋਰ ਕੰਮਾਂ ਵਿਚ ਲਗਣ ਕਰਕੇ ਵਿਅਰਥ ਹੈ, ਭਾਵ ਨਿਕੰਮਾ ਹੈ। ਉਸ ਦੇ ਮੂੰਹ ਚੋਂ ਕੁਬਚਨਾਂ ਰੂਪੀ,

ਵਾ:-ਨਿੰਦਿਆ ਰੂਪੀ ਦੁਰਗੰਧ=ਬੁਦਬੋ ਆਉਂਦੀ ਹੈ।

ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥
ਮੇਘ ਬਿਨਾ ਜਿਉ ਖੇਤੀ ਜਾਇ ॥

ਨਾਮ ਸਿਮਰਨ ਤੋਂ ਬਿਨਾਂ ਦਿਨ ਰਾਤ ਇਸ ਤਰ੍ਹਾਂ ਬ੍ਰਿਥਾ ਬਿਹਾਇ=ਵਿਅਰਥ ਬਤੀਤ ਹੁੰਦੇ ਹਨ ਜਿਸ ਪ੍ਰਕਾਰ ਬੱਦਲਾਂ ਦੇ ਵਸੇ ਤੋਂ ਬਿਨਾਂ ਖੇਤੀ ਨਿਸਫਲ ਜਾਂਦੀ ਹੈ।

ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥

ਗੋਬਿੰਦ ਦੇ ਭਜਨ ਸਿਮਰਨ ਤੋਂ ਬਿਨਾਂ ਜੀਵ ਦੇ ਸਾਰੇ ਕੰਮ ਇਸ ਤਰ੍ਹਾਂ ਨਿਸਫਲ ਹਨ। ਜਿਸ ਤਰ੍ਹਾਂ ਕਿਰਪਨ=ਸ਼ੂਮ ਦੇ ਦਾਮ=ਦਮੜੇ (ਰੁਪੈ) ਵਰਤੋਂ ਵਿਚ ਨਾ ਆਉਣ ਕਰਕੇ ਨਿਸਫਲ ਜਾਂਦੇ ਹਨ।

ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥
ਨਾਨਕ ਤਾ ਕੈ ਬਲਿ ਬਲਿ ਜਾਉ ॥ ੬ ॥

ਉਹ ਪੁਰਸ਼ ਧੰਨ ਹਨ, ਧੰਨ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਵਸਿਆ ਹੈ। ਗੁਰੂ ਜੀ ਕਹਿੰਦੇ ਹਨ-ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੬ ॥

ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥

ਜੀਵ ਦੀ ਰਹਤ=ਰਹਿਣੀ ਕੁਝ ਹੋਰ ਹੈ ਤੇ ਕਰਮ ਕੁਝ ਹੋਰ ਕਮਾਂਦਾ ਹੈ। ਮਨ ਵਿਚ ਤਾਂ ਪ੍ਰੀਤੀ ਨਹੀਂ ਹੈ, ਪਰ ਮੂੰਹ ਨਾਲ ਪ੍ਰੀਤੀ ਦੇ ਗੰਢ ਲਾਉਂਦਾ ਹੈ। ਅਰਥਾਤ ਉਤੋਂ ਉਤੋਂ ਗੱਲੀਂ ਬਾਤੀਂ ਪ੍ਰੇਮ ਕਰਦਾ ਹੈ।

ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥

ਸਾਰਿਆਂ ਦੇ ਹਿਰਦੇ ਦੀ ਜਾਨਣ ਵਾਲਾ ਪ੍ਰਭੂ ਵੱਡਾ ਪਰਬੀਨ=ਚਤੁਰ ਹੈ। ਉਹ ਬਾਹਰਲੇ ਕਿਸੇ ਭੇਖ ਨੂੰ ਵੇਖ ਕੇ ਭੀਨ=ਭਿਜਦਾ ਨੰਹੀਂ, ਅਰਥਾਤ ਪ੍ਰਸੰਨ ਨਹੀਂ ਹੁੰਦਾ।

ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥

ਜੋ ਪੁਰਖ ਅਵਰ=ਹੋਰਨਾਂ ਨੂੰ ਉਪਦੇਸ਼ ਦੇਂਦਾ ਹੈ ਤੇ ਆਪ (ਉਹ ਕਰਮ) ਨਹੀਂ ਕਰਦਾ। ਉਹ ਹਮੇਸ਼ਾਂ ਜੰਮਣ ਮਰਨ ਵਿਚ ਆਉਂਦਾ ਜਾਂਦਾ ਰਹਿੰਦਾ ਹੈ।

ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਨਿਰੰਕਾਰੁ=ਵਾਹਿਗੁਰੂ ਆਪ ਵਸਦਾ ਹੈ।

ਉਸ ਦੀ ਸਿਖਿਆ ਨਾਲ ਸਾਰਾ ਸੰਸਾਰ ਤਰਦਾ ਹੈ, ਭਾਵ ਮੁਕਤ ਹੁੰਦਾ ਹੈ।

ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ॥ ਨਾਨਕ ਉਨ ਜਨ ਚਰਨ ਪਰਾਤਾ॥ ੭॥

ਜੋ ਪੁਰਸ਼ ਆਪ ਜੀ ਨੂੰ ਭਾਨੇ=ਭਾਏ ਹਨ, ਉਨ੍ਹਾਂ ਨੇ ਹੇ ਪ੍ਰਭੂ ! ਆਪ ਜੀ ਨੂੰ ਜਾਤਾ=ਜਾਨਣਾ ਕੀਤਾ ਹੈ। ਗੁਰੂ ਜੀ ਆਖਦੇ ਹਨ-ਉਨ੍ਹਾਂ ਗੁਰਮੁਖਾਂ ਦੇ ਚਰਨਾਂ ਦਾ ਧਿਆਨ ਕਰਨਾ ਮੈਂ ਪਰਾਤਾ=ਪਛਾਣਿਆ ਹੈ।

ਵਾ:-ਉਨ੍ਹਾਂ ਗੁਰਮੁਖ ਜਨਾਂ ਦੇ ਚਰਨਾਂ ਵਿਚ ਪਰਾਤਾ=ਪਰ ਭਲੀ ਪ੍ਰਕਾਰ ਰਤਾ ਹਾਂ।

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ॥ ਅਪਨਾ ਕੀਆ ਆਪਹਿ ਮਾਨੈ॥

ਜੋ ਪਾਰਬ੍ਰਹਮ ਸਭ ਦੇ ਹਿਰਦੇ ਦੀ ਜਾਣਦਾ ਹੈ ਉਸ ਪਾਸ ਮੈਂ ਬੇਨਤੀ ਕਰਦਾ ਹਾਂ,

ਵਾ:-ਤੁਸੀਂ ਸਾਰੇ ਉਸ ਅੱਗੇ ਬੇਨਤੀ ਕਰੋ। ਉਸ ਦਾ ਆਪਣਾ ਕੀਤਾ ਹੋਇਆ ਜੋ ਪ੍ਰਪੰਚ ਹੈ, ਉਸ ਦਾ ਆਨੰਦ ਆਪ ਹੀ ਮਾਣਦਾ ਅਰਥਾਤ ਭੋਗਦਾ ਹੈ।

ਆਪਹਿ ਆਪ ਆਪਿ ਕਰਤ ਨਿਬੇਰਾ॥
ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥

ਆਪ ਹੀ ਜਗਤ ਦੀ ਪੈਦਾਵਾਰ, ਪਾਲਣਾ ਤੇ ਆਪ ਹੀ ਨਿਬੇਰਾ=ਨਿਬੇੜਦਾ ਭਾਵ ਮਾਰਨਾ ਕਰਦਾ ਹੈ। *ਅਥਵਾ:*-ਉਹ ਆਪ ਹੀ ਤਿੰਨਾਂ ਸਮਿਆਂ ਵਿਚ ਕਰਮਾਂ ਦੇ ਅਨੁਸਾਰ ਜੀਵਾਂ ਦਾ ਨਿਬੇਰਾ=ਫੈਸਲਾ ਅਰਥਾਤ ਨਿਆਂ ਕਰਦਾ ਹੈ। ਆਪਣੇ ਨਿਆਂ ਅਨੁਸਾਰ ਕਿਸੇ ਮਨਮੁਖ ਨੂੰ ਆਪਣਾ ਆਪ ਦੂਰ ਜਣਾਉਂਦਾ ਹੈ, ਕਿਸੇ ਗੁਰਮੁਖ ਨੂੰ ਗੁਰਾਂ ਦੁਆਰੇ ਆਪਣਾ ਆਪ ਨੇੜੇ ਸੁਝਾ ਦੇਂਦਾ ਹੈ।

ਉਪਾਵ ਸਿਆਨਪ ਸਗਲ ਤੇ ਰਹਤ॥ ਸਭੁ ਕਛੁ ਜਾਨੈ ਆਤਮ ਕੀ ਰਹਤ॥

ਜੋ ਪ੍ਰਭੂ ਮਨੁੱਖ ਦੇ ਆਪਣੇ ਕੀਤੇ ਹੋਏ ਸਾਰਿਆਂ ਉਪਾਵਾਂ ਅਤੇ ਸਿਆਣਪਾਂ ਤੋਂ ਰਹਿਤ ਹੈ, ਉਹ ਪਰਮੇਸ਼ਰ ਆਤਮ=ਜੀਵ ਦੀ ਰਹਿਣੀ ਨੂੰ, ਵਾ:-ਆਤਮ=ਮਨ ਦੀ ਜੋ ਭੀ ਰਹਿਣੀ ਹੈ ਉਹ ਸਭ ਕੁਝ ਜਾਣਦਾ ਹੈ।

ਜਿਸੁ ਭਾਵੈ ਤਿਸੁ ਲਏ ਲੜਿ ਲਾਇ॥ ਥਾਨ ਥਨੰਤਰਿ ਰਹਿਆ ਸਮਾਇ॥

ਜਿਸ ਨੂੰ ਭਾਵੈ=ਚਾਹੁੰਦਾ ਹੈ, ਉਸ ਪੁਰਸ਼ ਨੂੰ ਉਹ ਪਰਮੇਸ਼ਰ ਆਪਣੇ ਲੜਿ=ਪੱਲੇ ਨਾਲ ਅਰਥਾਤ ਚਰਨਾਂ ਨਾਲ ਲਗਾ ਲੈਂਦਾ ਹੈ।

ਥਾਨਾਂ ਅੰਦਰ ਅਸਥਾਨਾਂ ਵਿਚ ਭਾਵ ਹਰ ਜਗ੍ਹਾ ਓਹੀ ਸਮਾ ਰਿਹਾ ਹੈ।

ਸੋ ਸੇਵਕੁ ਜਿਸੁ ਕਿਰਪਾ ਕਰੀ॥ ਨਿਮਖ ਨਿਮਖ ਜਪਿ ਨਾਨਕ ਹਰੀ॥ ੮॥ ੫॥

ਉਸ ਦਾ ਸੇਵਕ ਉਹੋ ਪ੍ਰਮਾਣੀਕ ਹੈ, ਜਿਸ ਉੱਤੇ ਉਸ ਨੇ ਕਿਰਪਾ ਕੀਤੀ ਹੈ।

ਗੁਰੂ ਜੀ ਆਖਦੇ ਹਨ-ਮੈਂ ਉਸ ਹਰੀ ਨੂੰ ਖਿਨ ਖਿਨ ਦੇ ਸਮੇਂ ਵਿਚ ਜਪਦਾ ਹਾਂ॥ ੮॥ ੫॥

ਸਲੋਕੁ॥ ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥ ੧॥

ਗੁਰੂ ਜੀ ਫੁਰਮਾਉਂਦੇ ਹਨ-ਪ੍ਰਭੂ ਦੀ ਸ਼ਰਨ ਵਿਚ ਆਉਣ ਕਰਕੇ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਮੇਵ= ਨਿਸ਼ਚੇ ਕਰਕੇ ਹੰਕਾਰ, ਆਦਿ ਸਾਰੇ ਵਿਕਾਰ ਬਿਨਸਿ=ਖਤਮ ਹੋ ਜਾਂਦੇ ਹਨ। ਅਤੇ ਗੁਰਦੇਵ=ਸ੍ਰੀਗੁਰੂ ਰਾਮਦਾਸ ਸਾਹਿਬ ਜੀ ਪ੍ਰਸਾਦੁ=ਕਿਰਪਾ ਕਰਨ ਤਾਂ ਪ੍ਰਭੂ ਦੀ ਸ਼ਰਨ ਪ੍ਰਾਪਤ ਹੁੰਦੀ ਹੈ॥ ੧॥

ਅਸਟਪਦੀ॥ ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ॥

ਹੇ ਪੁਰਸ਼ਾ ! ਜਿਸ ਪਰਮੇਸ਼ਰ ਦੀ ਕਿਰਪਾ ਨਾਲ ਤੂੰ ਛਤੀ ਪ੍ਰਕਾਰ ਦੇ ਭਾਵ ਨਾਨਾ ਤਰ੍ਹਾਂ ਦੇ ਭੋਜਨ ਖਾਂਦਾ ਹੈਂ। ਉਸ ਠਾਕੁਰ ਨੂੰ ਮਨ ਦੇ ਵਿਚ ਯਾਦ ਰੱਖ।

ਜਿਸ ਦਾ ਦਿਤਾ ਸਭੁ ਕਿਛੁ ਲੈਣਾ॥ ਛਤੀਹ ਅੰਮ੍ਰਿਤ ਭੋਜਨੁ ਖਾਣਾ॥ *(ਮਾਝ ਮਹਲਾ ੫. ਪੰਨਾ ੧੦੦)*

ਜਾਂ-ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ॥ ਅੰਤਰਿ ਥਾਨ ਠਹਰਾਵਨ ਕਉ ਕੀਏ॥

(ਰਾਮਕਲੀ ਮਹਲਾ ੫. ਪੰਨਾ ੯੧੩)

ਅਤੇ-ਖਟੁ ਰਸ ਮਿਠ ਰਸ ਮੇਲਿ ਕੈ ਛਤੀਹ ਭੋਜਨ ਹੋਨਿ ਰਸੋਈ॥

(ਭਾ ਗੁਰਦਾਸ ਜੀ, ਵਾਰ ੧੭/੮)

ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥

ਜਿਸ ਪਰਮੇਸ਼ਰ ਦੀ ਕ੍ਰਿਪਾ ਨਾਲ ਤੂੰ ਸਰੀਰ ਉੱਤੇ ਅਤਰ ਅੰਬੀਰ ਆਦਿਕ ਸੁਗੰਧੀਆਂ ਨੂੰ ਲਾਉਂਦਾ ਹੈਂ। ਉਸ ਨੂੰ ਸਿਮਰ, ਕਿਉਂਕਿ ਉਸ ਨੂੰ ਸਿਮਰਦਿਆਂ ਹੀ ਤੂੰ ਪਰਮਗਤੀ=ਕੇਵਲ ਮੁਕਤੀ ਨੂੰ ਪਾ ਲਵੇਂਗਾ।

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥ ਤਿਸਹਿ ਧਿਆਇ ਸਦਾ ਮਨ ਅੰਦਰਿ॥

ਜਿਸ ਪਰਮੇਸ਼ਰ ਦੀ ਕਿਰਪਾ ਨਾਲ ਤੂੰ ਸੁਖਦਾਇਕ ਮੰਦਰਾਂ ਅੰਦਰ ਵਸਦਾ ਹੈਂ, *ਅਥਵਾ:*-ਸੁਖਾਂ ਦੇ ਮੰਦਰਿ=ਅੰਦਰ ਵਸਦਾ ਹੈਂ। ਉਸ ਨੂੰ ਸਦਾ ਆਪਣੇ ਮਨ ਅੰਦਰ ਧਿਆਉਣਾ ਕਰ।

ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥ ਆਠ ਪਹਰ ਸਿਮਰਹੁ ਤਿਸੁ ਰਸਨਾ॥

ਜਿਸ ਪਰਮੇਸ਼ਰ ਦੀ ਕਿਰਪਾ ਕਰਕੇ ਤੂੰ ਘਰ ਵਿਚ ਸੁਖਾਂ ਨਾਲ ਵਸਦਾ ਹੈਂ।

ਅਥਵਾ:-ਜਿਸ ਦੀ ਕਿਰਪਾ ਕਰਕੇ ਤੂੰ ਗ੍ਰਿਹ ਸੰਗਿ=ਪ੍ਰਵਾਰ ਨਾਲ ਸੁਖਾਂ ਸਮੇਤ ਵਸਦਾ ਹੈਂ। ਉਸ ਪਰਮੇਸ਼ਰ ਨੂੰ ਅੱਠੇ ਪਹਿਰ ਰਸਨਾ ਨਾਲ ਸਿਮਰਨਾ ਕਰ।

ਜਿਹ ਪ੍ਰਸਾਦਿ ਰੰਗ ਰਸ ਭੋਗ ॥ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧ ॥

ਜਿਸ ਪਰਮੇਸ਼ਰ ਦੀ ਪ੍ਰਸਾਦਿ=ਕਿਰਪਾ ਕਰਕੇ ਤੂੰ ਰੰਗਾਂ ਰੰਗਾਂ ਦੇ ਰਸਾਂ ਨੂੰ ਭੋਗਦਾ ਹੈਂ। ਵਾ:-ਰਸਾਂ ਨੂੰ ਭੋਗਕੇ ਰੰਗ=ਆਨੰਦ ਹੋ ਰਿਹਾ ਹੈਂ। ਗੁਰੂ ਜੀ ਕਹਿੰਦੇ ਹਨ-ਹੇ ਭਾਈ! ਉਸ ਧਿਆਉਣ ਜੋਗ ਪ੍ਰਭੂ ਨੂੰ ਸਦਾ ਧਿਆਉਣਾ ਕਰ॥ ੧ ॥

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥
ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥

ਹੇ ਭਾਈ! ਜਿਸ ਪਰਮੇਸ਼ਰ ਦੀ ਕ੍ਰਿਪਾ ਨਾਲ ਸੂਤ ਪਾਟ=ਕਪੜੇ ਤੇ ਪਟੰਬਰ-ਰੇਸ਼ਮੀ ਬਸਤਰ ਹੰਢਾਉਂਦਾ ਹੈਂ। ਉਸ ਪਰਮੇਸ਼ਰ ਨੂੰ ਤਿਆਗਿ=ਛਡ ਕੇ ਕਿਸ ਵਾਸਤੇ ਅਵਰ=ਹੋਰਨਾਂ ਪਦਾਰਥਾਂ ਵਿਚ ਲੁਭਾਇਮਾਨ ਹੁੰਦਾ ਹੈਂ।

ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥

ਜਿਸ ਪਰਮੇਸ਼ਰ ਦੀ ਕਿਰਪਾ ਕਰਕੇ ਤੂੰ ਸੁਖਦਾਈ ਸੇਜਾ ਪਰ ਸੌਂਦਾ ਹੈਂ।

ਹੇ ਮਨ! ਤੂੰ ਅੱਠੇ ਪਹਿਰ ਉਸ ਪ੍ਰਭੂ ਦਾ ਜਸ ਮਨ ਕਰਕੇ ਗਾ।

[ਪੰਨਾ ੨੭੦]

ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥ ਮੁਖਿ ਤਾ ਕੋ ਜਸੁ ਰਸਨ ਬਖਾਨੈ ॥

ਜਿਸ ਪਰਮੇਸ਼ਰ ਦੀ ਕ੍ਰਿਪਾ ਕਰਕੇ ਤੈਨੂੰ ਸਭ ਕੋਈ ਮਾਣ ਦੇਂਦਾ ਹੈ।

ਉਸ ਪਰਮਾਤਮਾ ਦਾ ਜਸ ਤੂੰ ਮੂੰਹ ਨਾਲ ਰਸਨਾਂ ਦੁਆਰੇ ਬਖਾਨੈ=ਆਖਣਾ ਕਰ।

ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥

ਜਿਸ ਪਰਮੇਸ਼ਰ ਦੀ ਕ੍ਰਿਪਾ ਕਰਕੇ ਤੇਰਾ ਸ੍ਰੈ ਧਰਮ ਬਣਿਆ ਰਹਿੰਦਾ ਹੈ।

ਹੇ ਮਨ! ਉਸ ਕੇਵਲ=ਸ਼ੁਧ ਪਾਰਬ੍ਰਹਮ ਨੂੰ ਸਦਾ ਧਿਆਉਣਾ ਕਰ।

ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ਨਾਨਕ ਪਤਿ ਸੇਤੀ ਘਰਿ ਜਾਵਹਿ ॥੨ ॥

ਉਸ ਪਰਮਾਤਮਾ ਨੂੰ ਜਪਦਿਆਂ ਹੀ ਤੂੰ ਦਰਗਾਹ ਵਿਚ ਮਾਨ ਪਾਵੇਂਗਾ।

ਗੁਰੂ ਸਾਹਿਬ ਆਖਦੇ ਹਨ-ਕਿ ਤੂੰ ਬੜੇ ਸਨਮਾਨ ਨਾਲ ਆਪਣੇ ਸਰੂਪ-ਘਰ ਵਿਚ, ਜਾਂ ਸੱਚਖੰਡ-ਘਰ ਵਿਚ ਜਾਵੇਂਗਾ॥ ੨ ॥

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥

ਜਿਸ ਪਰਮੇਸ਼ਰ ਦੀ ਕ੍ਰਿਪਾ ਕਰਕੇ ਤੇਰੀ ਦੇਹ ਰੋਗਾਂ ਤੋ ਰਹਿਤ ਸੋਨੇ ਵਾਂਗ ਸੋਹਣੀ ਰਹਿੰਦੀ ਹੈ। ਉਸ ਸਨੇਹੀ=ਪਿਆਰੇ ਰਾਮ ਵਿਚ ਤੂੰ ਬਿਰਤੀ ਲਗਾਉਣਾ ਕਰ।

ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥

ਫਿਰ ਦੇਖ! ਜਿਸ ਦੀ ਕਿਰਪਾ ਕਰ ਕੇ ਭੁੱਲਾਂ ਕਰਨ ਨਾਲ ਭੀ ਤੇਰਾ ਓਲਾ=ਪੜਣਾ ਢਕਿਆ ਰਹਿੰਦਾ ਹੈ।

ਹੇ ਮਨ ! ਉਸ ਹਰਿ ਹਰਿ ਦਾ ਜਸ ਕਹਿਣ ਨਾਲ ਤੂੰ ਸੁਖ ਪਾਵੇਂਗਾ।

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥

ਜਿਸ ਦੀ ਕਿਰਪਾ ਕਰਕੇ ਤੇਰੇ ਸਾਰੇ ਛਿਦ੍=ਛੇਕ ਦੋਸ਼ (ਐਬ) ਢਕੇ ਹੋਏ ਹਨ।

ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ ॥ ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ ॥ ੮ ॥

(ਵਾਰ ਗੂਜਰੀ ਮ: ੫, ਪੰਨਾ ੫੧੮)

ਹੇ ਮਨ ! ਤਿਸ ਠਾਕੁਰ=ਪੂਜਜ ਸਤਕਾਰ ਜੋਗ ਪ੍ਰਭੂ ਦੀ ਸ਼ਰਨ ਵਿਚ ਤੂੰ ਪੈਣਾ ਕਰ।

ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥

ਜਿਸ ਦੀ ਕਿਰਪਾ ਕਰ ਕੇ ਤੈਨੂੰ ਕੋਈ ਨਹੀਂ ਪਹੁੰਚ ਸਕਦਾ, ਭਾਵ ਤੈਨੂੰ ਕੋਈ ਦੁਖ ਨਹੀਂ ਦੇ ਸਕਦਾ। ਅਥਵਾ:-ਤੇਰੀ ਬਰਾਬਰੀ ਨਹੀਂ ਕਰ ਸਕਦਾ।

ਹੇ ਮਨ ! ਉਸ ਉੱਚੇ ਪ੍ਰਭੂ ਨੂੰ ਸ੍ਵਾਸ ਸ੍ਵਾਸ ਸਿਮਰਨਾ ਕਰ।

ਜਿਹ ਪ੍ਰਸਾਦਿ ਪਾਈ ਦੁਲਭ ਦੇਹ ॥ ਨਾਨਕ ਤਾ ਕੀ ਭਗਤਿ ਕਰੇਹ ॥ ੩ ॥

ਜਿਸ ਦੀ ਕ੍ਰਿਪਾ ਕਰਕੇ ਜੋ ਮਨੁੱਖ ਦੇਹ ਪ੍ਰਾਪਤ ਹੋਣੀ ਬੜੀ ਦੁਲਭ=ਕਠਨ ਹੈ ਉਹ ਤੂੰ ਸੋਖੀ ਹੀ ਪਾ ਲਈ ਹੈ। ਗੁਰੂ ਜੀ ਕਹਿੰਦੇ ਹਨ-ਹੇ ਮਨ! ਤੂੰ ਉਸ ਦੀ ਭਗਤੀ ਕਰ ॥ ੩ ॥

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥ ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥

ਜਿਸ ਦੀ ਕਿਰਪਾ ਕਰਕੇ ਤੂੰ (ਕੜੇ, ਕੈਂਠੇ, ਮੁੰਦਰੀਆਂ ਹਾਰ ਆਦਿਕ) ਆਭੂਖਨ=ਗਹਿਣੇ ਪਹਿਨਦਾ ਹੈਂ, ਹੇ ਮਨ ! ਉਸ ਦੇ ਸਿਮਰਨ ਵਿਚ ਤੂੰ ਕਿਉਂ ਆਲਸ ਕਰਦਾ ਹੈਂ ?

ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥

ਜਿਸ ਦੀ ਕਿਰਪਾ ਕਰਕੇ ਤੂੰ ਅਸ੍=ਘੋੜਿਆਂ ਤੇ ਹਸਤਿ=ਹਾਥੀਆਂ ਦੀ ਅਸਵਾਰੀ ਕਰਦਾ ਹੈਂ। ਹੇ ਮਨ ! ਉਸ ਪ੍ਰਭੂ ਨੂੰ ਤੂੰ ਕਦੇ ਵੀ ਬਿਸਾਰੀ=ਭੁਲਾਣਾ ਨਾ ਕਰ।

ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥

ਜਿਸ ਦੀ ਕਿਰਪਾ ਕਰਕੇ ਤੈਨੂੰ ਬਾਗ ਬਗੀਚੇ ਮਿਲਖ=ਜਗੀਰਾਂ ਅਤੇ ਧਨ ਪ੍ਰਾਪਤ ਹੈ। ਉਹ ਪ੍ਰਭੂ ਨੂੰ ਤੂੰ ਆਪਣੇ ਮਨ ਵਿਚ ਪਰੋਇ=ਧਾਰਨ ਕਰਕੇ ਰਖ।

ਜਿਨਿ ਤੇਰੀ ਮਨ ਬਨਤ ਬਨਾਈ ॥ ਊਠਤ ਬੈਠਤ ਸਦ ਤਿਸਹਿ ਧਿਆਈ ॥

ਹੇ ਮਨ ! ਜਿਸ ਵਾਹਿਗੁਰੂ ਨੇ ਤੇਰੀ ਸਾਰੀ ਮਨ ਆਦਿਕ ਇੰਦ੍ਰੀਆਂ ਅਤੇ ਸਰੀਰ ਦੀ ਸੁੰਦਰ ਬਨਾਵਟ ਬਣਾਈ ਹੈ। ਉਠਦਿਆਂ ਬੈਠਦਿਆਂ ਸਦਾ ਉਸੇ ਨੂੰ ਧਿਆਉਣਾ ਕਰ।

ਤਿਸਹਿ ਧਿਆਇ ਜੋ ਏਕ ਅਲਖੈ ॥ ਈਹਾ ਊਹਾ ਨਾਨਕ ਤੇਰੀ ਰਖੈ ॥ ੪ ॥

ਗੁਰੂ ਜੀ ਕਹਿੰਦੇ ਹਨ— ਹੇ ਮਨ ! ਉਸੇ ਨੂੰ ਧਿਆਉਣਾ ਕਰ-ਜੋ ਇਕ ਅਦੁਤੀ ਬ੍ਰਹਮ ਅਲਖੈ=ਜਾਨਣ ਤੋਂ ਰਹਿਤ ਹੈ। ਅਤੇ

ਜੋ ਈਹਾ ਊਹਾ=ਪ੍ਰਲੋਕ ਵਿਚ ਤੇਰੀ ਇੱਜ਼ਤ ਰਖਣ ਵਾਲਾ ਹੈ॥ ੪॥

ਜਿਹਪ੍ਰਸਾਦਿ ਕਰਹਿ ਪੁੰਨ ਬਹੁਦਾਨ ॥ ਮਨ ਆਠਪਹਰ ਕਰਿ ਤਿਸਕਾ ਧਿਆਨ ॥

ਹੇ ਮਨ! ਜਿਸ ਦੀ ਕਿਰਪਾ ਨਾਲ ਤੂੰ ਬਹੁਤ ਹੀ ਦਾਨ ਪੁੰਨ ਕਰਦਾ ਹੈਂ,
ਤੂੰ ਅੱਠੇ ਪਹਿਰ ਉਸੇ ਪ੍ਰਭੂ ਦਾ ਧਿਆਨ ਧਾਰਨਾ ਕਰ।

ਸਾਖੀ-ਰਾਜੇ ਬਿਕ੍ਰਮ ਦੀ (ਪੁੰਨਾਂ ਦਾ ਫਲ)

ਉਜੈਨ ਦਾ ਰਾਜਾ ਬਿਕ੍ਰਮ ਬੜਾ ਸੂਰਬੀਰ ਪ੍ਰਤਾਪ ਵਾਲਾ ਸੀ। ਇਕ ਦਿਨ ਉਸ ਦੇ ਮਨ ਵਿਚ ਖਿਆਲ ਆਇਆ 'ਮੈਂ ਕਿਹੜਾ ਪੁੰਨ ਕੀਤਾ ਹੈ, ਜਿਸ ਦੇ ਫਲ ਕਰ ਕੇ ਮੈਂ ਇਤਨਾ ਤੇਜ ਪ੍ਰਤਾਪੀ ਰਾਜਾ ਹੋਇਆ ਹਾਂ?' ਇਸ ਗੱਲ ਨੂੰ ਜਾਣਨ ਵਾਸਤੇ ਉਸ ਨੇ ਬੜੇ ਬੜੇ ਜੋਤਸ਼ੀ ਬੁਲਾਏ। ਉਹਨਾਂ ਤੋਂ ਪੁਛਿਆ, 'ਮੈਨੂੰ ਕਿਸ ਪੁੰਨ ਸਦਕਾ ਇਹ ਰਾਜ-ਭਾਗ ਪ੍ਰਾਪਤ ਹੋਇਆ ਹੈ।' ਇਸ ਗੱਲ ਦਾ ਉੱਤਰ ਅੱਠਾਂ ਦਿਨਾਂ ਵਿਚ ਦਿਓ ਨਹੀਂ ਤਾਂ ਤੁਹਾਨੂੰ ਬੜੀ ਸਖਤ ਸਜ਼ਾ ਦਿੱਤੀ ਜਾਵੇਗੀ। ਸਾਰਿਆਂ ਨੇ ਯਤਨ ਤਾਂ ਬਹੁਤ ਕੀਤੇ ਪਰ ਪਤਾ ਨਾ ਲੱਗਾ। ਰਾਜੇ ਦਾ ਜਿਹੜਾ ਪ੍ਰੋਹਿਤ ਸੀ ਉਸ ਦੀ ਲੜਕੀ ਨੇ ਆਪਣੇ ਪਿਤਾ ਨੂੰ ਸੋਚਾਂ ਵਿਚ ਪਏ ਵੇਖ ਕੇ ਕਿਹਾ ਤੁਸੀਂ ਫਿਕਰ ਨਾ ਕਰੋ, ਜਦ ਰਾਜਾ ਮੇਰੇ ਪਾਸ ਇਕੱਲਾ ਆਏਗਾ ਤਾਂ ਮੈਂ ਰਾਜੇ ਦੇ ਸਵਾਲ ਦਾ ਜਵਾਬ ਦੇਵਾਂਗੀ। ਪ੍ਰੋਹਿਤ ਨੇ ਰਾਜੇ ਨੂੰ ਆ ਕੇ ਕਿਹਾ-ਤੁਸੀਂ ਮੇਰੇ ਘਰ ਚਲੋ, ਆਪ ਜੀ ਦੇ ਸਵਾਲ ਦਾ ਜਵਾਬ ਮੇਰੀ ਲੜਕੀ ਦੇਵੇਗੀ। ਉਸੀ ਵੇਲੇ ਰਾਜਾ ਬਿਕ੍ਰਮ ਨੇ ਪ੍ਰੋਹਿਤ ਦੀ ਕੰਨਿਆਂ ਕੋਲ ਆ ਕੇ ਉਹੀ ਸਵਾਲ ਕੀਤਾ। ਤਾਂ ਉਸ ਲੜਕੀ ਨੇ ਕਿਹਾ ਰਾਜਨ! ਤੇਰਾ ਸਾਰਾ ਹਾਲ ਮੈਂ ਜਾਣਦੀ ਤਾਂ ਹਾਂ ਪਰ ਤੇਰੀ ਤਸੱਲੀ ਵਾਸਤੇ ਮੈਂ ਤੈਨੂੰ ਇਕ ਮਹਾਤਮਾ ਪਾਸ ਭੇਜਦੀ ਹਾਂ। ਇਸ ਜਗ੍ਹਾ ਤੋਂ ੧੦ ਕੋਹ ਪਰ ਚਲੇ ਜਾਓ ਉਥੇ ਇਕ ਮਹਾਤਮਾ ਬੈਠੇ ਹੋਣਗੇ ਜੋ ਅੰਨ੍ਹ ਨਹੀਂ ਖਾਂਦੇ ਤੇ ਬਲਦੇ ਹੋਏ ਕੋਇਲੇ ਯਾਨੇ ਅੰਗਾਰ ਹੀ ਖਾਂਦੇ ਹਨ, ਉਹ ਤੈਨੂੰ ਉਤਰ ਦੇਣਗੇ। ਉਸ ਲੜਕੀ ਦਾ ਬਚਨ ਮੰਨ ਕੇ ਰਾਜਾ ਬਿਕ੍ਰਮ ਉਸ ਦੇ ਪਾਸ ਗਿਆ। ਬੜੀਆਂ ਬੜੀਆਂ ਜੜਾਵਾਂ ਤੇ ਅੱਗ ਦੇ ਅੰਗਾਰੇ ਖਾਂਦਾ ਵੇਖ ਕੇ ਪਾਸ ਬੈਠ ਕੇ ਪਹਿਲੇ ਕੰਨਿਆਂ ਵਲੋਂ ਫਿਰ ਆਪਣੇ ਵਲੋਂ ਨਮਸਕਾਰ ਕਰਕੇ ਪੁੱਛਿਆ, 'ਮੈਂ ਕਿਸ ਪੁੰਨ ਦੇ ਪ੍ਰਤਾਪ ਨਾਲ ਧਰਮਾਤਮਾ ਰਾਜਾ ਹੋਇਆ ਹਾਂ?' ਉਨ੍ਹਾਂ ਸੰਤਾਂ ਨੇ ਕਿਹਾ, ਮੈਂ ਤੇਰਾ ਸਾਰਾ ਸਮਾਚਾਰ ਜਾਣਦਾ ਤਾਂ ਹਾਂ, ਪਰ ਤੇਰੀ ਪੂਰੀ ਤਸੱਲੀ ਵਾਸਤੇ ਇਕ ਹੋਰ ਮਹਾਤਮਾ ਪਾਸ ਤੈਨੂੰ ਭੇਜਦਾ ਹਾਂ, ਉਹ ਇਥੋਂ ੧੦ ਕੋਹ ਪਰ ਬੈਠੇ ਹੋਏ ਕੇਵਲ ਸੁਆਹ ਹੀ ਖਾਂਦੇ ਹਨ, ਉਨ੍ਹਾਂ ਪਾਸ ਜਾ ਕੇ ਮੇਰੀ ਵਲੋਂ ਨਮਸ਼ਕਾਰ ਕਰਕੇ ਪੁੱਛਣਾ, ਉਹ ਤੈਨੂੰ ਦਸਣਗੇ। ਉਨ੍ਹਾਂ ਦੇ ਹੁਕਮ ਅਨੁਸਾਰ ਰਾਜੇ ਨੇ ਉਥੇ ਪਹੁੰਚ ਕੇ ਉਨ੍ਹਾਂ ਨੂੰ ਨਮਸ਼ਕਾਰ ਕਰਕੇ ਪੁੱਛਿਆ, 'ਮੈਂ ਇਤਨਾ ਪ੍ਰਤਾਪੀ ਰਾਜਾ ਕਿਸ ਪੁੰਨ ਦੇ ਫਲ ਕਰਕੇ ਹੋਇਆ ਹਾਂ?'

ਉਨ੍ਹਾਂ ਨੇ ਕਿਹਾ, ਹੇ ਰਾਜਨ! ਤੇਰਾ ਹਾਲ ਮੈਂ ਸਾਰਾ ਜਾਣਦਾ ਤਾਂ ਹਾਂ ਪਰ ਤੇਰੀ ਤਸੱਲੀ ਵਾਸਤੇ ਮੈਂ ਤੈਨੂੰ ਅੱਗੇ ਭੇਜਦਾ ਹਾਂ, ਇਥੋਂ ੧੦ ਕੋਹ ਪਰ ਜਾਓ ਅੱਗੇ ਰਾਜ ਦਰਬਾਰ ਆਏਗਾ। ਉਸ ਰਾਜੇ ਦੇ ਘਰ ਲੜਕਾ ਜੰਮਿਆ ਹੋਵੇਗਾ ਉਹ ਦੁੱਧ ਨਹੀਂ ਪੀਵੇਗਾ, ਤੁਸੀਂ ਉਸ ਨੂੰ ਦੁੱਧ ਪਿਲਾ ਕੇ ਪੁੱਛਣਾ ਉਹ ਤੁਹਾਡੇ ਸਵਾਲ ਦਾ ਜਵਾਬ ਦੇਵੇਗਾ। ਉਸਦੇ ਕਹੇ ਅਨੁਸਾਰ ਜਿਸ ਵੇਲੇ ਰਾਜਾ ਉਥੇ ਪਹੁੰਚਿਆ, ਤਾਂ ਕੀ ਵੇਖਿਆ ਉਸ ਰਾਜੇ ਦੇ ਘਰ ਲੜਕਾ ਪੈਦਾ ਹੋਇਆ ਹੈ, ਪਰ ਉਹ ਦੁੱਧ ਨਹੀਂ ਪੀਂਦਾ।

ਉਸੀ ਵੇਲੇ ਰਾਜੇ ਬਿਕ੍ਰਮ ਨੇ ਦੁੱਧ ਪਿਲਾ ਕੇ ਉਸ ਤੋਂ ਪੁਛਿਆ, 'ਮੈਂ ਕਿਸ ਪੁੰਨ ਦੇ ਫਲ ਕਰਕੇ ਇਤਨਾ ਪ੍ਰਤਾਪੀ ਰਾਜਾ ਹੋਇਆ ਹਾਂ?' ਬੱਚੇ ਨੇ ਪਹਿਲੇ ਜਨਮ ਦਾ ਸਾਰਾ ਹਾਲ ਸੁਣਾਇਆ, 'ਹੇ ਬਾਦਸ਼ਾਹ ਇਕ ਤੂੰ, ਦੂਜਾ ਮੈਂ ਅਤੇ ਦੋਵੇਂ ਰਿਸ਼ੀ ਜੋ ਰਸਤੇ ਵਿਚ ਤੁਹਾਨੂੰ ਮਿਲੇ ਸਨ, ਅਸੀਂ ਚਾਰੇ ਮਿਲ ਕੇ ਬੀਆਬਾਨ ਜੰਗਲ ਵਿਚ ਤਪ ਕਰ ਰਹੇ ਸਾਂ, ਜਿਸ ਪ੍ਰੋਹਿਤ ਦੀ ਲੜਕੀ ਨੇ ਤੁਹਾਨੂੰ ਭੇਜਿਆ ਹੈ, ਉਸ ਵੇਲੇ ਉਹ ਬਾਨਪ੍ਰਸਤ ਦੀ ਇਸਤ੍ਰੀ ਸੀ, ਗੰਗਾ ਦੇ ਕਿਨਾਰੇ ਰਹਿੰਦੀ ਸੀ, ਉਹ ਰੋਟੀਆਂ ਲਿਆ ਕੇ ਸਾਨੂੰ ਚਹੁੰ ਨੂੰ ਦੋ ਦੋ ਰੋਟੀਆਂ ਦੇ ਜਾਂਦੀ ਸੀ ਬਾਕੀ ਫਲ ਫੁਲ ਖਾ ਕੇ ਅਸੀਂ ਆਪਣਾ ਗੁਜ਼ਾਰਾ ਕਰਦੇ ਸਾਂ। ਕਾਫੀ ਸਮਾਂ ਤਪ ਕਰਦਿਆਂ ਗੁਜ਼ਰ ਗਿਆ। ਇਕ ਦਿਨ ਵਿਸ਼ਨੂੰ ਜੀ ਬੁੱਢੇ ਬ੍ਰਾਹਮਣ ਦਾ ਰੂਪ ਧਾਰ ਕੇ ਸਾਡੀ ਪ੍ਰੀਖਿਆ ਲੈਣ ਵਾਸਤੇ ਆ ਗਏ।

ਪਹਿਲੇ ਉਸ ਅੱਗ ਖਾਣ ਵਾਲੇ ਮਹਾਤਮਾ ਦੀ ਕੁਟੀਆ ਪਾਸ ਜਾ ਕੇ ਕਿਹਾ, ਮੈਂ ਤਿੰਨ ਦਿਨ ਦਾ ਭੁੱਖਾ ਬ੍ਰਾਹਮਣ ਹਾਂ ਮੈਨੂੰ ਰਜਾ ਕੇ ਰੋਟੀ ਖੁਆਓ ਕਿਉਂਕਿ ਮੈਂ ਇਕ ਵਾਰ ਹੀ ਰੋਟੀ ਖਾਂਦਾ ਹਾਂ। ਉਸ ਸੰਤ ਨੇ ਕਿਹਾ, ਮੈ ਭੀ ਸਾਰੇ ਦਿਨ ਦਾ ਭੁੱਖਾ ਹਾਂ ਦੋ ਰੋਟੀਆਂ ਹਨ, ਇਕ ਆਪ ਲੈ ਲਵੋ ਤੇ ਦੂਜੀ ਮੈਂ ਖਾ ਲੈਂਦਾ ਹਾਂ। ਬ੍ਰਾਹਮਣ ਨੇ ਨਾ ਮੰਨਿਆ ਫਿਰ ਸੰਤ ਨੇ ਕਿਹਾ, 'ਆਪ ਡੇਢ ਰੋਟੀ ਲੈ ਲਵੋ ਅਤੇ ਅੱਧੀ ਮੈਂ ਖਾ ਲੈਂਦਾ ਹਾਂ। ਬ੍ਰਾਹਮਣ ਫਿਰ ਵੀ ਨਾ ਮੰਨਿਆ ਤਾਂ ਸੰਤ ਨੇ ਗੁੱਸੇ ਵਿਚ ਆ ਕੇ ਕਿਹਾ, ਜੇਕਰ ਦੋਵੇਂ ਰੋਟੀਆਂ ਤੈਨੂੰ ਦੇ ਦੇਵਾਂ, ਤਾਂ ਮੈਂ ਅੱਗ ਖਾਵਾਂ।' ਉਸ ਬ੍ਰਾਹਮਣ ਨੇ ਕਿਹਾ, 'ਤਥਾ ਅਸਤੂ!' ਇਸ ਲਈ ਉਸ ਦਿਨ ਤੋਂ ਉਹ ਸੰਤ ਅੱਗ ਦੇ ਅੰਗਾਰ ਖਾ ਰਿਹਾ ਹੈ। ਫਿਰ ਉਸ ਬ੍ਰਾਹਮਣ ਨੇ ਦੂਜੇ ਸੰਤ ਦੀ ਕੁਟੀਆ ਪਾਸ ਜਾ ਕੇ ਓਸੇ ਤਰ੍ਹਾਂ ਕੀਤਾ ਤਾਂ ਉਸ ਸੰਤ ਨੇ ਕਿਹਾ, ਜੇਕਰ ਦੋਵੇਂ ਰੋਟੀਆਂ ਤੈਨੂੰ ਦੇ ਦਿਆਂ ਤਾਂ ਕੀ ਮੈਂ ਸੁਆਹ ਖਾਵਾਂ। ਬ੍ਰਾਹਮਣ ਨੇ ਕਿਹਾ, 'ਤਥਾ ਅਸਤੂ।' ਇਸ ਲਈ ਉਸ ਦਿਨ ਤੋਂ ਉਹ ਸੁਆਹ ਖਾ ਰਿਹਾ ਹੈ।

ਜਿਸ ਵੇਲੇ ਉਹ ਬ੍ਰਾਹਮਣ ਮੇਰੇ ਪਾਸ ਆਇਆ ਤਾਂ ਮੈਂ ਉਸ ਨੂੰ ਡੇਢ ਰੋਟੀ ਦੇਣ ਵਾਸਤੇ ਕਿਹਾ। ਪਰ ਉਸਨੇ ਨਾ ਮੰਨਿਆ ਤਾਂ ਮੈਂ ਕਿਹਾ, 'ਤੈਨੂੰ ਰੋਟੀਆਂ ਦੇ ਕੇ ਮੈਂ ਭੁੱਖਾ ਮਰ ਜਾਵਾਂ।' ਉਸ ਨੇ ਕਿਹਾ, 'ਤਥਾ ਅਸਤੂ।' ਇਸ ਕਰਕੇ ਮੈਂ ਜੰਮਦਾ ਮਰਦਾ ਰਹਿੰਦਾ ਹਾਂ।

ਫਿਰ ਉਸ ਬ੍ਰਾਹਮਣ ਨੇ ਆਪ ਜੀ ਦੇ ਪਾਸੋਂ ਆ ਕੇ ਮੰਗਿਆ, ਤੁਸੀਂ ਆਸਣ ਵਿਛਾ ਕੇ ਉਸ ਨੂੰ ਬੜੇ ਸਤਿਕਾਰ ਨਾਲ ਬਿਠਾਇਆ, ਦੋਵੇਂ ਰੋਟੀਆਂ ਅਤੇ ਫਲ ਵਗੈਰਾ ਲਿਆ ਕੇ ਉਸ ਅੱਗੇ ਰੱਖੇ ਇਕ ਲੱਸੀ ਦਾ ਲੋਟਾ ਭੀ ਲਿਆ ਰਖਿਆ ਉਹ ਬ੍ਰਾਹਮਣ ਖਾ ਕੇ ਬੜਾ ਖੁਸ਼ ਹੋਇਆ, ਤੇ ਜਾਂਦਿਆਂ ਹੋਇਆਂ ਆਪ ਜੀ ਨੂੰ ਵਰ ਦੇ ਗਿਆ ਕਿ ਆਪ ਅਗਲੇ ਜਨਮ ਵਿਚ ਬੜੇ ਪ੍ਰਤਾਪੀ ਧਰਮਾਤਮਾ ਰਾਜਾ ਹੋਵੋਗੇ, ਫਿਰ ਆਪ ਗਿਆਨਵਾਨ ਹੋ ਕੇ ਮੁਕਤ ਹੋ ਜਾਉਗੇ।

ਸਾਧ ਸੰਗਤ ਜੀ ! ਦੇਖੋ ਪੁੰਨ ਦਾ ਕਿਤਨਾ ਪ੍ਰਤਾਪ ਹੈ ਜੋ ਦੋ ਰੋਟੀਆਂ ਪ੍ਰੇਮ ਭਾਵ ਨਾਲ ਖੁਆਉਣ ਨਾਲ ਕਿਤਨਾ ਰਾਜ-ਭਾਗ ਅਤੇ ਮੋਖਸ਼ ਪਦਾਰਥ ਵੀ ਪ੍ਰਾਪਤ ਹੋਇਆ।

ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥ ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥

ਜਿਸ ਦੀ ਕਿਰਪਾ ਨਾਲ ਤੂੰ ਸ੍ਰੇਸ਼ਟ ਕਰਤੱਬਾਂ ਦਾ ਵਿਹਾਰੀ ਹੈਂ।

ਉਸ ਪ੍ਰਭੂ ਨੂੰ ਸ੍ਵਾਸ-ਸ੍ਵਾਸ ਚਿਤਾਰੀ=ਯਾਦ ਕਰ।

ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥

ਜਿਸ ਦੀ ਕਿਰਪਾ ਨਾਲ ਤੇਰਾ ਰੂਪ ਸੁੰਦਰ ਹੈ। ਉਸ ਅਨੂਪੁ=ਸੋਹਣੇ ਪ੍ਰਭੂ ਨੂੰ ਸਦਾ ਸਿਮਰਨਾ ਕਰ।

ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥

ਜਿਸ ਦੀ ਕਿਰਪਾ ਕਰਕੇ-ਤੇਰੀ ਜ਼ਾਤੀ ਸਭ ਤੋਂ ਨੀਕੀ=ਚੰਗੀ ਹੈ।

ਉਸ ਪ੍ਰਭੂ ਨੂੰ ਸਦਾ ਰਾਤ ਦਿਨ ਸਿਮਰਨਾ ਕਰ।

ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥ ੫ ॥

ਜਿਸ ਦੀ ਕਿਰਪਾ ਕਰਕੇ-ਸੰਸਾਰ ਵਿਚ ਤੇਰੀ ਪਤਿ=ਇੱਜ਼ਤ ਰਹਿ ਆਉਂਦੀ ਹੈ।

ਗੁਰੂ ਜੀ ਆਖਦੇ ਹਨ-ਗੁਰੂ ਦੀ ਕਿਰਪਾ ਨਾਲ ਮੈਂ ਉਸ ਦਾ ਜੱਸ ਕਹਿੰਦਾ ਹਾਂ ॥ ੫ ॥

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥

ਜਿਸ ਦੀ ਕਿਰਪਾ ਨਾਲ ਤੂੰ ਕਰਨ=ਕੰਨਾਂ, ਨਾਲ ਨਾਦ=ਸ਼ਬਦ ਸੁਣਦਾ ਹੈਂ। ਜਿਸ ਦੀ ਕਿਰਪਾ ਨਾਲ ਤੂੰ ਬਿਸਮਾਦ=ਅਸਚਰਜ ਤਮਾਸ਼ੇ, ਵਾ:-ਅਸਚਰਜ ਦਰਸ਼ਨ ਵੇਖਦਾ ਹੈਂ।

ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥

ਜਿਸ ਦੀ ਕਿਰਪਾ ਕਰਕੇ-ਤੂੰ ਰਸਨਾਂ ਨਾਲ ਅੰਮ੍ਰਿਤ ਰੂਪ ਮਿੱਠੇ ਬਚਨ ਬੋਲਦਾ ਹੈਂ,

ਜਿਸ ਦੀ ਕਿਰਪਾ ਕਰਕੇ ਸੁਤੇ ਹੀ ਤੇਰਾ ਸੁੱਖਾਂ ਵਿਚ ਵਸਣਾ ਹੋ ਰਿਹਾ ਹੈ।

ਜਿਹ ਪ੍ਰਸਾਦਿ ਹਸਤ ਕਰ ਚਲਹਿ ॥ ਜਿਹ ਪ੍ਰਸਾਦਿ ਸੰਪੂਰਨ ਫਲਹਿ ॥

ਜਿਸ ਦੀ ਕਿਰਪਾ ਕਰਕੇ-ਤੂੰ ਹੱਸਦਾ ਹੋਇਆ ਚਲਣਾ ਕਰਦਾ ਹੈਂ। ਵਾ:-ਜਿਸ ਦੀ ਕਿਰਪਾ ਕਰਕੇ ਤੂੰ ਹੱਥਾਂ ਨਾਲ ਕੰਮ ਕਰਦਾ ਹੈਂ ਤੇ ਪੈਰਾਂ ਨਾਲ ਚਲਦਾ ਹੈਂ। ਵਾ:-ਜਿਸ ਦੀ ਕਿਰਪਾ ਕਰਕੇ ਤੇਰੇ ਹੱਥ ਪੈਰ ਚਲਦੇ ਹਨ। ਜਿਸ ਦੀ ਕਿਰਪਾ ਕਰਕੇ ਤੂੰ ਸੰਪੂਰਨ ਫਲਾਂ ਨਾਲ ਪ੍ਰਫੁੱਲਤ ਹੋ ਰਿਹਾ ਹੈਂ।

ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥

ਜਿਸ ਦੀ ਕਿਰਪਾ ਕਰਕੇ-ਤੂੰ ਪਰਮਗਤਿ=ਕੇਵਲ ਮੁਕਤੀ ਨੂੰ ਪਾਵੇਂਗਾ। ਜਿਸ ਦੀ ਕਿਰਪਾ ਕਰਕੇ ਸਹਜਿ ਸੁਖਿ=ਅਚੁੱਤ ਸੁਖ ਵਿਚ ਸਮਾਵੇਂਗਾ।

ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥ ੬ ॥

ਐਸਾ ਜੋ ਪ੍ਰਭੂ ਹੈ ਉਸ ਨੂੰ ਤਿਆਗ ਕੇ-ਕਿਸ ਵਾਸਤੇ ਅਵਰ=ਹੋਰਨਾਂ ਦੇ ਮਗਰ ਲਗਦਾ ਹੈਂ।

ਗੁਰੂ ਜੀ ਕਹਿੰਦੇ ਹਨ-ਗੁਰੂ ਕਿਰਪਾ ਦੁਆਰੇ ਪ੍ਰਭੂ ਦੇ ਮਨਨ ਕਰਨ ਵਿਚ ਜਾਗੋ ॥ ੬ ॥

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥

ਜਿਸ ਦੀ ਕਿਰਪਾ ਕਰਕੇ ਤੂੰ ਸਾਰੇ ਸੰਸਾਰ ਵਿਚ ਪ੍ਰਸਿੱਧ ਹੈਂ।

ਉਸ ਪ੍ਰਭੂ ਨੂੰ ਮਨ ਚੋਂ ਕਦੇ ਵੀ ਭੁਲਾ ਨਾ।

ਜਿਹ ਪ੍ਰਸਾਦਿ ਤੇਰਾ ਪਰਤਾਪੁ॥ ਰੇ ਮਨ ਮੂੜ ਤੂ ਤਾ ਕਉ ਜਾਪੁ॥

ਜਿਸ ਦੀ ਕਿਰਪਾ ਕਰਕੇ ਤੇਰਾ ਪ੍ਰਤਾਪ ਬਣਿਆ ਹੋਇਆ ਹੈ। ਹੇ ਮੂਰਖ ਮਨ ! ਤੂੰ ਉਸ ਨੂੰ ਜਪਣਾ ਕਰ।

ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ॥ ਤਿਸਹਿ ਜਾਨੁ ਮਨ ਸਦਾ ਹਜੂਰੇ॥

ਜਿਸ ਦੀ ਕਿਰਪਾ ਕਰਕੇ ਤੇਰੇ ਕੰਮ ਪੂਰੇ ਹੁੰਦੇ ਹਨ।

ਹੇ ਮਨ ! ਤੂੰ ਉਸ ਨੂੰ ਸਦਾ ਹਾਜ਼ਰ ਨਾਜ਼ਰ ਜਾਨਣਾ ਕਰ।

ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ॥

ਜਿਸ ਦੀ ਕਿਰਪਾ ਕਰਕੇ-ਤੂੰ ਸਚ ਸਰੂਪ ਨੂੰ ਪਾ ਲਵੇਂਗਾ। ਹੇ ਮੇਰੇ ਮਨ! ਤੂੰ ਉਸੇ ਨਾਲ ਰਾਚੁ=ਜੁੜ।

ਜਿਹ ਪ੍ਰਸਾਦਿ ਸਭ ਕੀ ਗਤਿ ਹੋਇ॥ ਨਾਨਕ ਜਾਪੁ ਜਪੈ ਜਪੁ ਸੋਇ॥ ੭॥

ਜਿਸ ਦੀ ਕਿਰਪਾ ਕਰਕੇ-ਸਾਰਿਆਂ ਦੀ ਕਲਿਆਣ ਹੰਦੀ ਹੈ।

ਗੁਰੂ ਜੀ ਕਹਿੰਦੇ ਹਨ-ਉਸ ਜਪਣ ਜੋਗ ਦੇ ਜਪ ਨੂੰ ਜਪਣਾ ਕਰ॥ ੭॥

ਆਪਿ ਜਪਾਏ ਜਪੈ ਸੋ ਨਾਉ॥ ਆਪਿ ਗਾਵਾਏ ਸੁ ਹਰਿ ਗੁਨ ਗਾਉ॥

ਉਹ ਪ੍ਰਭੂ ਜਿਸ ਪਾਸੋਂ ਆਪ ਨਾਮ ਜਪਵਾਉਂਦਾ ਹੈ, ਓਹੀ ਪੁਰਸ਼ ਨਾਮ ਜਪਦਾ ਹੈ। ਜਿਸ ਪਾਸੋਂ ਆਪ ਗੁਣ ਗਵਾਉਂਦਾ ਹੈ, ਓਹੀ ਪੁਰਸ਼ ਉਸ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

[ਪੰਨਾ ੨੭੧]

ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ॥ ਪ੍ਰਭੂ ਦਇਆ ਤੇ ਕਮਲ ਬਿਗਾਸੁ॥

ਪ੍ਰਭੂ ਦੀ ਕਿਰਪਾ ਨਾਲ ਜੀਵ ਨੂੰ ਪ੍ਰਗਾਸੁ=ਗਿਆਨ ਹੁੰਦਾ ਹੈ।

ਪ੍ਰਭੂ ਦੀ ਦਇਆ ਨਾਲ ਜੀਵ ਦਾ ਹਿਰਦਾ ਕਮਲ ਖਿੜ ਜਾਂਦਾ ਹੈ।

ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ॥ ਪ੍ਰਭ ਦਹਿਆ ਤੇ ਮਤਿ ਊਤਮ ਹੋਇ॥

ਉਹ ਪ੍ਰਭੂ ਆਪ ਪ੍ਰਸੰਨ ਹੋਵੇ ਤਾਂ ਜੀਵ ਦੇ ਮਨ ਵਿਚ ਆ ਕੇ ਵਸਦਾ ਹੈ।

ਪ੍ਰਭੂ ਦੀ ਦਇਆ ਨਾਲ ਹੀ ਜੀਵ ਦੀ ਮਤੀ ਉੱਤਮ ਹੋ ਜਾਂਦੀ ਹੈ।

ਸਰਬ ਨਿਧਾਨ ਪ੍ਰਭ ਤੇਰੀ ਮਇਆ॥ ਆਪਹੁ ਕਛੂ ਨ ਕਿਨਹੂ ਲਇਆ॥

ਹੇ ਪ੍ਰਭੂ! ਤੇਰੀ ਕਿਰਪਾ ਨਾਲ ਹੀ ਸਾਰੇ ਨਿਧਾਨ=ਖਜ਼ਾਨੇ ਪ੍ਰਾਪਤ ਹੁੰਦੇ ਹਨ।

ਆਪਣੇ ਆਪ ਕਿਸੇ ਨੇ ਭੀ ਕੁਝ ਨਹੀਂ ਲਿਆ।

ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥
ਨਾਨਕ ਇਨ ਕੈ ਕਛੂ ਨ ਹਾਥ॥ ੮॥ ੬॥

ਗੁਰੂ ਜੀ ਕਹਿੰਦੇ ਹਨ-ਹੇ ਹਰੀ ਨਾਥ ! ਜਿਸ ਤਰਫ ਤੁਸੀਂ ਜੀਵਾਂ ਨੂੰ ਲਗਾਉਂਦੇ ਹੋ, ਓਧਰ ਹੀ ਇਹ ਜੀਵ

ਲਗ ਰਹੇ ਹਨ, ਕਿਉਂਕਿ ਇਨ੍ਹਾਂ ਜੀਵਾਂ ਦੇ ਆਪਣੇ ਹੱਥ ਵਿਚ ਕੁਝ ਭੀ ਨਹੀਂ ਹੈ॥ ੮॥ ੬॥

ਸਲੋਕੁ ॥ ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥

ਸੋਇ=ਉਹ ਪਰਾ ਰੂਪ ਬ੍ਰਹਮੁ=ਵਿਆਪਕ ਪਰਮਾਤਮਾ ਮਨ ਬਾਣੀ ਕਰਕੇ ਅਗਮ ਅਗਾਧ ਹੈ, ਜੋ ਜੋ ਪੁਰਸ਼ ਉਸ ਦੇ ਨਾਮਾਂ ਨੂੰ ਕਹਿੰਦਾ ਹੈ, ਉਹ ਮਾਇਆ ਦੇ ਬੰਧਨਾਂ ਤੋਂ ਮੁਕਤਾ ਹੋਇ=ਛੁਟ ਜਾਂਦਾ ਹੈ।

ਅਥਵਾ:-ਉਸ ਅਗਮ ਅਗਾਧ ਪਾਰਬ੍ਰਹਮ ਦੀ ਸੋਇ=ਸੋਭਾ ਨੂੰ ਜੋ ਜੋ ਪੁਰਸ਼ ਕਹਿੰਦਾ ਹੈ, ਉਹ ਮੁਕਤਾ=ਕਲਿਆਣ ਸਰੂਪ ਹੁੰਦਾ ਹੈ।

ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥ ੧ ॥

ਗੁਰੂ ਜੀ ਬਿਨਵੰਤਾ=ਕਥਨ ਕਰਦੇ ਹਨ-ਹੇ ਮਿੱਤਰਾ ! ਨਾਮ ਅਭਿਆਸੀ ਪੂਰਨ ਸੰਤ ਜਨਾਂ ਦੀ ਅਸਚਰਜ ਕਥਾ ਨੂੰ ਤੂੰ ਸੁਣ॥ ੧॥

ਨਾਮਿ ਰਤੇ ਪ੍ਰਭ ਰੰਗਿ ਅਪਾਰ॥ ਸਾਧ ਗਾਵਹਿ ਗੁਣ ਏਕ ਨਿਰੰਕਾਰ॥ਰਹਾਉ॥
ਸਾਧ ਕੀ ਸੋਭਾ ਅਤਿ ਮਸਕੀਨੀ॥ ਸੰਤ ਵਡਾਈ ਹਰਿ ਜਸੁ ਚੀਨੀ॥
ਅਨਦੁ ਸੰਤਨ ਕੈ ਭਗਤਿ ਗੋਵਿੰਦ॥ ਸੁਖੁ ਸੰਤਨ ਕੈ ਬਿਨਸੀ ਚਿੰਦ॥ ੨॥
ਜਹ ਸਾਧ ਸੰਤਨ ਹੋਵਹਿ ਇਕਤ੍ਰ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ॥
ਸਾਧ ਸਭਾ ਮਹਿ ਅਨਦ ਬਿਸ੍ਰਾਮ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ॥ ੩॥

(ਧਨਾਸਰੀ ਮ: ੫, ਪੰਨਾ ੬੭੬)

ਅਸਟਪਦੀ ॥ ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧਸੰਗਿ ਮਲੁ ਸਗਲੀ ਖੋਤ ॥

ਹੇ ਭਾਈ ! ਸੰਤਾਂ ਦੇ ਸੰਗ ਕਰਕੇ ਜੀਵ ਦਾ ਮੂੰਹ ਉੱਜਲਾ ਹੁੰਦਾ ਹੈ।

ਸੰਤਾਂ ਦੇ ਸੰਗ ਕਰਕੇ ਜੀਵ ਦੇ ਅੰਦਰ ਦੀ ਸੰਪੂਰਨ ਪਾਪਾਂ ਰੂਪੀ ਮੈਲ ਖੋਤ=ਦੂਰ ਹੋ ਜਾਂਦੀ ਹੈ।

ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥

ਸੰਤਾਂ ਦੇ ਸੰਗ ਕਰਕੇ ਦੇਹ ਦਾ ਅਭਿਮਾਨੁ=ਹੰਕਾਰ ਮਿਟ ਜਾਂਦਾ ਹੈ।

ਸੰਤਾਂ ਦੇ ਸੰਗ ਕਰਕੇ ਸੁ=ਸ੍ਰੇਸ਼ਟ ਬ੍ਰਹਮ ਗਿਆਨ ਪ੍ਰਗਟ ਹੁੰਦਾ ਹੈ।

ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥ ਸਾਧਸੰਗਿ ਸਭੁ ਹੋਤ ਨਿਬੇਰਾ ॥

ਸੰਤਾਂ ਦੇ ਸੰਗ ਕਰਕੇ ਪਰਮਾਤਮਾ ਨੂੰ ਆਪਣੇ ਨੇਰਾ=ਨੇੜੇ ਸਮਝ ਲੈਂਦਾ ਹੈ।

ਸੰਤਾਂ ਦੇ ਸੰਗ ਕਰਕੇ ਜਨਮਾਂ ਜਨਮਾਂਤਰਾਂ ਦੇ ਸਾਰੇ ਕਰਮਾਂ ਦਾ ਨਿਬੇਰਾ=ਫੈਸ਼ਲਾ ਹੋ ਜਾਂਦਾ ਹੈ।

ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ ਏਕ ਊਪਰਿ ਜਤਨੁ ॥

ਸੰਤਾਂ ਦੇ ਸੰਗ ਕਰਕੇ ਇਹ ਜੀਵ ਨਾਮ ਰੂਪ ਰਤਨ ਨੂੰ ਪਾਉਂਦਾ ਹੈ।

ਸੰਤਾ ਦੇ ਸੰਗ ਕਰਕੇ ਇਕ ਮਨ ਦੇ ਕਾਬੂ ਕਰਨ ਉੱਪਰ ਸਾਰਾ ਜਤਨ ਲਗਾਉਂਦਾ ਹੈ।

ਅਥਵਾ:-ਸਾਰਿਆਂ ਤੋਂ ਉੱਪਰ ਜੋ ਪਰਮਾਤਮਾ ਹੈ, ਉਸ ਇਕ ਦੀ ਪ੍ਰਾਪਤੀ ਦਾ ਜਤਨ ਕਰਦਾ ਹੈ।

ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥ ੧ ॥

ਅਜਿਹਾ ਕਿਹੜਾ ਪ੍ਰਾਨੀ=ਪੁਰਸ਼ ਹੈ ਜੋ ਸੰਤਾਂ ਦੀ ਮਹਿਮਾ ਆਖ ਸਕਦਾ ਹੈ? ਗੁਰੂ ਜੀ ਕਹਿੰਦੇ ਹਨ-ਸੰਤਾਂ ਦੀ ਸੋਭਾ ਪ੍ਰਭੂ ਦੇ ਵਿਚ ਹੀ ਸਮਾਈ ਹੋਈ ਹੈ, ਭਾਵ ਸੰਤਾਂ ਦੀ ਉਪਮਾ ਪ੍ਰਭੂ ਦੇ ਬਰਾਬਰ ਹੈ, ਅਰਥਾਤ ਸੰਤਾਂ ਦੀ ਜਿਹੜੀ ਮਹਿਮਾ ਆਖਣੀ ਹੈ, ਇਹ ਪਰਮਾਤਮਾ ਦੀ ਹੀ ਮਹਿਮਾ ਹੈ॥ ੧॥

ਸਾਧ ਕੈ ਸੰਗਿ ਅਗੋਚਰੁ ਮਿਲੈ॥ ਸਾਧ ਕੈ ਸੰਗਿ ਸਦਾ ਪਰਫੁਲੈ॥

ਸੰਤਾਂ ਦੇ ਸੰਗ ਕਰਕੇ ਅਗੋਚਰੁ=ਇੰਦ੍ਰੀਆਂ ਕਰਕੇ ਅਵਿਸ਼ੇ ਜੋ ਪਰਮਾਤਮਾ ਹੈ ਉਹ ਮਿਲ ਜਾਂਦਾ ਹੈ।

ਸੰਤਾਂ ਦੇ ਸੰਗ ਕਰਕੇ ਇਹ ਜੀਵ ਸਦਾ ਹੀ ਪਰਫੁਲੈ=ਪ੍ਰਫੁੱਲਤ ਭਾਵ ਪ੍ਰਸੰਨ ਰਹਿੰਦਾ ਹੈ।

ਸਾਧ ਕੈ ਸੰਗਿ ਆਵਹਿ ਬਸਿ ਪੰਚਾ॥ ਸਾਧਸੰਗਿ ਅੰਮ੍ਰਿਤ ਰਸੁ ਭੁੰਚਾ॥

ਸੰਤਾਂ ਦੇ ਸੰਗ ਕਰਕੇ ਪੰਜ ਕਾਮ ਕਰੋਧ ਆਦਿਕ ਵਿਸ਼ੇ ਵੱਸ ਵਿਚ ਆ ਜਾਂਦੇ ਹਨ।

ਸੰਤਾਂ ਦੇ ਸੰਗ ਕਰਕੇ ਇਹ ਜੀਵ ਨਾਮ ਵਾ:-ਆਤਮ-ਰਸ ਰੂਪੀ ਅੰਮ੍ਰਿਤ ਨੂੰ ਭੁੰਚਾ=ਭੋਗਦਾ ਹੈ।

ਸਾਧਸੰਗਿ ਹੋਇ ਸਭ ਕੀ ਰੇਨ॥ ਸਾਧ ਕੈ ਸੰਗਿ ਮਨੋਹਰ ਬੈਨ॥

ਸੰਤਾਂ ਦੇ ਸੰਗ ਕਰਕੇ ਇਹ ਸਾਰਿਆਂ ਦੀ ਚਰਨ-ਧੂੜੀ ਹੋ ਜਾਂਦਾ ਹੈ। ਸੰਤਾਂ ਦੇ ਸੰਗ ਕਰਕੇ ਮਨੋਹਰ ਬੈਨ=ਸੁੰਦਰ ਬਚਨਾਂ ਤੂੰ ਉਚਾਰਦਾ ਹੈ। ਅਰਥਾਤ ਮਿੱਠੇ ਮਿੱਠੇ ਬਚਨ ਬੋਲਦਾ ਹੈ।

ਸਾਧ ਕੈ ਸੰਗਿ ਨ ਕਤਹੂੰ ਧਾਵੈ॥ ਸਾਧਸੰਗਿ ਅਸਥਿਤਿ ਮਨੁ ਪਾਵੈ॥

ਸੰਤਾਂ ਦੇ ਸੰਗ ਕਰਕੇ ਮਨ ਕਿਸ ਤਰਫ ਨਹੀਂ ਦੌੜਦਾ। ਕਿਉਂਕਿ

ਸੰਤਾਂ ਦੇ ਸੰਗ ਕਰਕੇ ਮਨ ਇਸਥਿਤੀ ਭਾਵ ਟਿਕਾਉ ਨੂੰ ਪਾਂਵਦਾ ਹੈ।

ਸਾਧ ਕੈ ਸੰਗਿ ਮਾਇਆ ਤੇ ਭਿੰਨ॥ ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ॥ ੨॥

ਸੰਤਾਂ ਦੇ ਸੰਗ ਕਰਕੇ ਮਨ ਮਾਇਆ ਤੋਂ ਭਿੰਨ=ਅੱਡ ਭਾਵ ਵੱਖਰਾ (ਨਿਰਲੇਪ) ਹੋ ਜਾਂਦਾ ਹੈ।

ਗੁਰੂ ਜੀ ਕਹਿੰਦੇ ਹਨ-ਸੰਤ ਦੇ ਸੰਗ ਕਰਕੇ ਪ੍ਰਭੂ ਆਪ ਪ੍ਰਸੰਨ ਹੋ ਜਾਂਦਾ ਹੈ॥ ੨॥

ਸਾਧਸੰਗਿ ਦੁਸਮਨ ਸਭਿ ਮੀਤ॥ ਸਾਧੂ ਕੈ ਸੰਗਿ ਮਹਾ ਪੁਨੀਤ॥

ਸੰਤਾਂ ਦੇ ਸੰਗ ਕਰਕੇ, ਸਾਰੇ ਵੈਰੀ ਮਿੱਤ੍ਰ ਹੋ ਜਾਂਦੇ ਹਨ, ਸੰਤਾਂ ਦੇ ਸੰਗ ਕਰਕੇ ਮਹਾ=ਵੱਡਾ ਪਾਪੀ ਵੀ ਪੁਨੀਤ=ਪਵਿੱਤ੍ਰ ਹੋ ਜਾਂਦਾ ਹੈ। *ਅਥਵਾ:*-ਸੰਤਾਂ ਦੇ ਸੰਗ ਕਰਕੇ ਜੀਵ ਦਾ ਜੀਵਨ ਮਹਾ ਪੁਨੀਤ=ਵੱਡਾ ਪਵਿੱਤ ਹੋ ਜਾਂਦਾ ਹੈ।

ਸਾਧਸੰਗਿ ਕਿਸ ਸਿਉ ਨਹੀ ਬੈਰੁ॥ ਸਾਧ ਕੈ ਸੰਗਿ ਨ ਬੀਗਾ ਪੈਰੁ॥

ਸੰਤਾਂ ਦੇ ਸੰਗ ਕਰਕੇ ਇਸ ਦਾ ਕਿਸੀ ਨਾਲ ਵੈਰ ਭਾਵ ਨਹੀਂ ਰਹਿੰਦਾ।

ਸੰਤਾਂ ਦੇ ਸੰਗ ਕਰਕੇ ਇਸ ਦਾ ਪੈਰ ਵਿੰਗਾ ਨਹੀਂ ਪੈਂਦਾ। ਭਾਵ ਭੈੜੇ ਪਾਸੇ ਨਹੀਂ ਤੁਰਦਾ।

ਸਾਧ ਕੈ ਸੰਗਿ ਨਾਹੀ ਕੋ ਮੰਦਾ॥ ਸਾਧਸੰਗਿ ਜਾਨੇ ਪਰਮਾਨੰਦਾ॥

ਸੰਤਾਂ ਦੇ ਸੰਗ ਕਰਕੇ ਕੋਈ ਮੰਦਾ=ਭੈੜਾ ਕਰਮ ਨਹੀਂ ਕਰਦਾ। ਅਥਵਾ:-ਸੰਤਾਂ ਦੇ ਸੰਗ ਕਰਕੇ ਕੋਈ ਵੀ ਮਨੁੱਖ ਇਸਨੂੰ ਮੰਦਾ=ਮਾੜਾ ਨਹੀਂ ਲਗਦਾ।

ਸੰਤਾਂ ਦੇ ਸੰਗ ਕਰਕੇ ਇਹ ਜੀਵ ਪਰਮ ਅਨੰਦ ਸਰੂਪ ਪਰਮੇਸ਼ਰ ਨੂੰ ਜਾਣ ਲੈਂਦਾ ਹੈ।

ਸਾਧ ਕੈ ਸੰਗਿ ਨਾਹੀ ਹਉ ਤਾਪੁ॥ ਸਾਧ ਕੈ ਸੰਗਿ ਤਜੈ ਸਭੁ ਆਪੁ॥

ਸੰਤਾਂ ਦੇ ਸੰਗ ਕਰਕੇ ਹੰਗਤਾ ਰੂਪੀ=ਬੁਖਾਰ ਨਹੀਂ ਹੁੰਦਾ। ਸੰਤਾਂ ਦੇ ਸੰਗ ਕਰਕੇ ਸਾਰਾ ਹੰਕਾਰ ਤਜੈ=ਛੱਡ ਦੇਂਦਾ ਹੈ।

ਆਪੇ ਜਾਨੈ ਸਾਧ ਬਡਾਈ॥ ਨਾਨਕ ਸਾਧ ਪ੍ਰਭੂ ਬਨਿ ਆਈ॥ ੩॥

ਸੰਤਾਂ ਦੀ ਪੂਰਨ ਵਡਿਆਈ ਨੂੰ ਪਰਮੇਸ਼ਰ ਆਪ ਹੀ ਜਾਣਦਾ ਹੈ।

ਅਥਵਾ:-ਆਪਣੀ ਵਡਿਆਈ ਨੂੰ ਸੰਤ ਆਪ ਹੀ ਜਾਣਦਾ ਹੈ।

ਗੁਰੂ ਜੀ ਆਖਦੇ ਹਨ- ਸੰਤਾਂ ਦੀ ਪ੍ਰਭੂ ਨਾਲ ਪ੍ਰੀਤੀ ਬਣ ਆਈ ਹੈ॥ ੩॥

ਸਾਧ ਕੈ ਸੰਗਿ ਨ ਕਬਹੂ ਧਾਵੈ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ॥

ਸੰਤਾਂ ਦੇ ਸੰਗ ਕਰਕੇ ਇਹ ਲੋਭੀ ਮਨ ਕਦੇ ਭੀ ਨਹੀਂ ਧਾਵੈ=ਦੌੜਦਾ।

ਸੰਤਾਂ ਦੇ ਸੰਗ ਕਰਕੇ ਜੀਵ ਹਮੇਸ਼ਾਂ ਸੁਖਾਂ ਨੂੰ ਪਾਉਂਦਾ ਹੈ।

ਸਾਧਸੰਗਿ ਬਸਤੁ ਅਗੋਚਰ ਲਹੈ॥ ਸਾਧੂ ਕੈ ਸੰਗਿ ਅਜਰੁ ਸਹੈ॥

ਸੰਤਾਂ ਦੇ ਸੰਗ ਕਰਕੇ ਇਹ ਜੀਵ ਅਗੋਚਰ=ਇੰਦ੍ਰੀਆਂ ਤੋਂ ਪਰ੍ਹੇ ਆਤਮ ਵਸਤੂ ਨੂੰ ਪਾ ਲੈਂਦਾ ਹੈ।

ਸੰਤਾਂ ਦੇ ਸੰਗ ਕਰਕੇ ਇਹ ਜੀਵ ਅਜਰੁ=ਨਾ ਸਹਾਰੀ ਜਾਣ ਵਾਲੀ ਵਸਤੂ ਨੂੰ ਸਹੈ=ਸਹਾਰਦਾ ਹੈ।

ਸਾਧ ਕੈ ਸੰਗਿ ਬਸੈ ਥਾਨਿ ਊਚੈ॥ ਸਾਧੂ ਕੈ ਸੰਗਿ ਮਹਲਿ ਪਹੂਚੈ॥

ਸੰਤਾਂ ਦੇ ਸੰਗ ਕਰਕੇ ਪਰਮੇਸ਼ਰ ਰੂਪ ਉੱਚੇ ਅਸਥਾਨ ਵਿਚ ਵਸਦਾ ਹੈ।

ਸੰਤਾਂ ਦੇ ਸੰਗ ਕਰਕੇ ਮਹਲਿ=ਸਰੂਪ ਵਿਚ ਪਹੁੰਚ ਜਾਂਦਾ ਹੈ।

ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥

ਸੰਤਾਂ ਦੇ ਸੰਗ ਕਰਕੇ ਉਹ ਸਾਰੇ ਧਰਮਾਂ ਨੂੰ ਦ੍ਰਿੜੈ=ਧਾਰਨ ਕਰ ਲੈਂਦਾ ਹੈ। ਵਾ:-ਸਾਰਿਆਂ ਧਰਮਾਂ ਦੇ ਚਲਾਉਣ ਵਾਲੇ ਪ੍ਰਭੂ ਨੂੰ ਦ੍ਰਿੜੈ=ਵਸ ਕਰ ਲੈਂਦਾ ਹੈ। ਵਾ:-ਧਰਮ ਦੇ ਸਾਰਿਆਂ ਚਿੰਨ੍ਹਾਂ ਨੂੰ ਦ੍ਰਿੜੈ=ਧਾਰਨ ਕਰ ਲੈਂਦਾ ਹੈ।

ਖਿਮਾ ਅਹਿੰਸਾ ਦਇਆ ਮ੍ਰਿਦ ਸਤ ਬਚਨ ਤਪ ਦਾਨ।
ਸੀਲ ਸੋਚ ਤ੍ਰਿਸ਼ਨਾਂ ਬਿਨਾਂ ਧਰਮ ਲਿੰਗ ਦਸ ਜਾਨ। *(ਸਾਰਕੁਤਾਵਲੀ)*

ਸੰਤਾਂ ਦੇ ਸੰਗ ਕਰਕੇ ਕੇਵਲ=ਸ਼ੁਧ ਪਾਰਬ੍ਰਹਮ ਦਾ ਸਰੂਪ ਹੋ ਜਾਂਦਾ ਹੈ।

ਸਾਧ ਕੈ ਸੰਗਿ ਪਾਏ ਨਾਮ ਨਿਧਾਨ॥ ਨਾਨਕ ਸਾਧੂ ਕੈ ਕੁਰਬਾਨ॥ ੪॥

ਸੰਤਾਂ ਦੇ ਸੰਗ ਕਰਕੇ ਨਾਮ ਰੂਪ ਨਿਧਾਨ=ਖਜ਼ਾਨੇ ਨੂੰ ਪਾਉਂਦਾ ਹੈ।

ਗੁਰੂ ਜੀ ਆਖਦੇ ਹਨ-ਅਸੀਂ ਸੰਤਾਂ ਤੋਂ ਬਲਿਹਾਰ ਜਾਂਦੇ ਹਾਂ॥ ੪॥

ਸਾਧ ਕੈ ਸੰਗਿ ਸਭ ਕੁਲ ਉਧਾਰੈ॥ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥

ਸੰਤਾਂ ਦੇ ਸੰਗ ਕਰਕੇ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ।

ਸੰਤਾਂ ਦੇ ਸੰਗ ਕਰਕੇ ਸੱਜਣਾਂ ਮਿਤ੍ਰਾਂ ਅਤੇ ਕੁਟੰਬ=ਪਰਵਾਰ ਨੂੰ ਸੰਸਾਰ-ਸਮੁੰਦਰ ਤੋਂ ਤਾਰ ਲੈਂਦਾ ਹੈ।

ਸਾਧੂ ਕੈ ਸੰਗਿ ਸੋ ਧਨੁ ਪਾਵੈ॥ ਜਿਸੁ ਧਨ ਤੇ ਸਭੁ ਕੋ ਵਰਸਾਵੈ॥

ਸੰਤਾਂ ਦੇ ਸੰਗ ਕਰਕੇ ਜੀਵ ਉਸ ਨਾਮ ਧਨ ਨੂੰ ਪਾਉਂਦਾ ਹੈ। ਜਿਸ ਨਾਮ ਧਨ ਕਰਕੇ ਸਭ ਕੋਈ ਇਸ ਤੋਂ ਵਰੋਸਾਉਂਦਾ ਅਰਥਾਤ ਲਾਭ ਪ੍ਰਾਪਤ ਕਰਦਾ ਹੈ।

ਸਾਧਸੰਗਿ ਧਰਮ ਰਾਇ ਕਰੇ ਸੇਵਾ॥ ਸਾਧ ਕੈ ਸੰਗਿ ਸੋਭਾ ਸੁਰਦੇਵਾ॥

ਸੰਤਾਂ ਦਾ ਸਤਸੰਗ ਹੋਣ ਕਰਕੇ ਪ੍ਰਲੋਕ ਵਿਚ ਧਰਮ ਰਾਜਾ ਇਸ ਦੀ ਸੇਵਾ ਕਰਦਾ ਹੈ।

ਸੰਤਾਂ ਦੇ ਸਤਸੰਗ ਕਰਕੇ ਸੁਰਦੇਵਾ=ਇੰਦਰ ਵੀ ਸੋਭਾ ਕਰਦਾ ਹੈ।

ਸਾਧੂ ਕੈ ਸੰਗਿ ਪਾਪ ਪਲਾਇਨ॥ ਸਾਧਸੰਗਿ ਅੰਮ੍ਰਿਤ ਗੁਨ ਗਾਇਨ॥

ਸੰਤਾਂ ਦੇ ਸਤਸੰਗ ਕਰਕੇ ਸਾਰੇ ਪਾਪ ਪਲਾਇਨ=ਦੌੜ ਜਾਂਦੇ ਹਨ।

ਯਥਾ:- ਸਾਧੂ ਕੀ ਜਉ ਲੇਹਿ ਓਟ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥

(ਬਸੰਤ ਰਵਿਦਾਸ, ਪੰਨਾ ੧੧੯੬)

ਸੰਤਾਂ ਦੇ ਸਤਸੰਗ ਕਰਕੇ ਅੰਮ੍ਰਿਤ ਰੂਪ ਸ਼ੁਭ ਗੁਣਾਂ ਨੂੰ ਗਾਉਂਦਾ ਹੈ।

ਸਾਧ ਕੈ ਸੰਗਿ ਸ੍ਰਬ ਥਾਨ ਗੰਮਿ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ॥੫॥

ਸੰਤਾਂ ਦੇ ਸਤਸੰਗ ਕਰਕੇ ਇਸ ਦੀ ਸਾਰੀਆਂ ਥਾਵਾ ਵਿਚ ਗੰਮਿ=ਪਹੁੰਚ ਹੋ ਜਾਂਦੀ ਹੈ।

ਗੁਰੂ ਜੀ ਕਹਿੰਦੇ ਹਨ-ਸੰਤਾਂ ਦੇ ਸਤਸੰਗ ਕਰਕੇ ਇਸ ਦਾ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ॥ ੫॥

[ਪੰਨਾ ੨੭੨]

ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥

ਸੰਤਾਂ ਦੇ ਸੰਗ ਕਰਕੇ ਹਠ-ਯੋਗ ਆਦਿਕ ਔਖੇ ਸਾਧਨਾਂ ਦੀ ਘਾਲ=ਕਮਾਈ ਨਹੀਂ ਕਰਨੀ ਪੈਂਦੀ। ਕਿਉਂਕਿ ਸੰਤਾਂ ਦਾ ਦਰਸ਼ਨ ਮਿਲਦਿਆਂ ਸਾਰ ਹੀ ਜੀਵ ਨਿਹਾਲ ਹੋ ਜਾਂਦਾ ਹੈ।

ਸਾਧ ਕੈ ਸੰਗਿ ਕਲੂਖਤ ਹਰੈ॥ ਸਾਧ ਕੈ ਸੰਗਿ ਨਰਕ ਪਰਹਰੈ॥

ਸੰਤਾਂ ਦੇ ਸੰਗ ਕਰਕੇ ਜੀਵ ਦੇ ਸਾਰੇ ਕਲੂਖਤ=ਪਾਪ ਹਰੈ=ਨਵਿਰਤ (ਨਾਸ) ਹੋ ਜਾਂਦੇ ਹਨ, ਸੰਤਾਂ ਦੇ ਸੰਗ ਕਰਕੇ ਨਰਕ ਪਰਹਰੈ=ਦੂਰ ਹੋ ਜਾਂਦਾ ਹੈ।

ਵਾ:-ਸੰਤਾਂ ਦਾ ਸੰਗ ਨਰਕਾਂ ਦੇ ਦੁਖ ਨੂੰ ਪਰਹਰੈ=ਦੂਰ ਕਰ ਦੇਂਦਾ ਹੈ।

ਸਾਖੀ-ਰਾਜੇ ਜਨਕ ਦੀ

ਮਿਥਲਾ ਪੁਰੀ ਦੇ ਰਹਿਣ ਵਾਲੇ ਪੂਰਨ ਤਤਵੇਤਾ ਮਹਾ ਪੁਰਸ਼ ਰਾਜਾ ਜਨਕ ਜੀ ਸੈਰ ਕਰਦੇ ਜਮਪੁਰੀ ਵਿਚ ਪਹੁੰਚੇ ਤਾਂ ਨਰਕਾਂ ਵਿਚ ਪਾਪੀ ਜੀਵ ਕੁਰਲਾਂਦੇ ਵੇਖ ਕੇ ਧਰਮਰਾਜ ਨੂੰ ਕਿਹਾ, ਇਨ੍ਹਾਂ ਸਾਰਿਆਂ ਨੂੰ ਛਡ ਦਿਓ। ਅੱਗੋਂ ਧਰਮਰਾਜ ਨੇ ਕਿਹਾ, 'ਪ੍ਰਭੂ ਦੇ ਹੁਕਮ ਅਨੁਸਾਰ ਇਹ ਆਪਣੇ ਕੀਤੇ ਪਾਪਾਂ ਦੇ ਫਲ ਦੁਖ ਭੋਗ ਰਹੇ ਹਨ, ਆਪ ਕੋਈ ਅਜਿਹੀ ਚੀਜ਼ ਦਿਓ ਜਿਸ ਨਾਲ ਇਨ੍ਹਾਂ ਦੇ ਪਾਪ ਖਤਮ ਹੋ ਜਾਣ ਤਾਂ ਹੀ ਇਹ ਨਰਕਾਂ ਵਿਚੋਂ ਨਿਕਲ ਸਕਦੇ ਹਨ।' ਉਸ ਵੇਲੇ ਪਰਉਪਕਾਰੀ ਰਾਜੇ ਜਨਕ ਨੇ ਤੱਕੜੀ ਦੇ ਇਕ ਪਾਸੇ ਆਪਣਾ ਕੀਤਾ

ਹੋਇਆ ਸਿਮਰਨ ਪਾਇਆ ਤੇ ਦੂਜੇ ਪਾਸੇ ਜੀਵਾਂ ਦੇ ਪਾਪ ਪਾਏ, ਸਿਮਰਨ ਦੀ ਸ਼ਕਤੀ ਨਾਲ ਜੀਵਾਂ ਦੇ ਪਾਪ ਖਤਮ ਕਰਕੇ ਸਾਰਿਆਂ ਨਰਕੀ ਜੀਵਾਂ ਨੂੰ ਤਾਰ ਦਿੱਤਾ।

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।
ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ।
ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ।
ਧਰਮ ਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।
ਕਰੇ ਬੇਨਤੀ ਧਰਮਰਾਇ ਹਉ ਸੇਵਕੁ ਠਾਕੁਰ ਅਬਿਨਾਸੀ।
ਗਹਿਣੇ ਧਰਿਓਨੁ ਇਕੁ ਨਾਉ ਪਾਪਾ ਨਾਲਿ ਕਰੈ ਨਿਰਜਾਸੀ।
ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।
ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ।
ਮੁਕਤਿ ਜੁਗਤਿ ਨਾਵੈ ਕੀ ਦਾਸੀ॥ ੫ ॥ *(ਭਾਈ ਗੁਰਦਾਸ ਜੀ, ਵਾਰ ੧੦)*

ਅਤੇ-ਧੰਨ ਧੰਨ ਰਾਜਾ ਜਨਕ ਹੈ ਜਿਹ ਸਿਮਰਨ ਕੀਓ ਬਿਬੇਕ।
ਏਕ ਘੜੀ ਕੇ ਸਿਮਰਨੇ ਪਾਪੀ ਤਰੇ ਅਨੇਕ। *(ਭਗਤ ਮਾਲ)*

ਸਾਧ ਕੈ ਸੰਗਿ ਈਹਾ ਊਹਾ ਸੁਹੇਲਾ॥ ਸਾਧਸੰਗਿ ਬਿਛੁਰਤ ਹਰਿ ਮੇਲਾ॥

ਸੰਤਾਂ ਦੇ ਸੰਗ ਕਰਕੇ ਜੀਵ ਈਹਾ ਊਹਾ=ਲੋਕ ਪ੍ਰਲੋਕ ਵਿਚ ਸੁਹੇਲਾ=ਸੁਖੀ ਹੁੰਦਾ ਹੈ।
ਸੰਤਾਂ ਦੇ ਸੰਗ ਕਰਕੇ ਵਿਛੜਿਆਂ ਹੋਇਆਂ ਦਾ ਹਰੀ ਨਾਲ ਮੇਲ ਹੋ ਜਾਂਦਾ ਹੈ।

ਜੋ ਇਛੈ ਸੋਈ ਫਲੁ ਪਾਵੈ॥ ਸਾਧ ਕੈ ਸੰਗਿ ਨ ਬਿਰਥਾ ਜਾਵੈ॥

ਸੰਤਾਂ ਦੇ ਸੰਗ ਕਰਕੇ ਜੀਵ ਜੋ ਚਾਹੁੰਦਾ ਹੈ, ਓਹੀ ਫਲ ਪਾ ਲੈਂਦਾ ਹੈ। ਕਿਉਂਕਿ ਸੰਤਾਂ ਦੇ ਸਤਸੰਗ ਵਿਚ ਆਇਆ ਕੋਈ ਵੀ ਜੀਵ ਬਿਰਥਾ=ਖਾਲੀ ਨਹੀਂ ਜਾਂਦਾ। ਕੁਝ ਨਾ ਕੁਝ ਜ਼ਰੂਰ ਲੈ ਕੇ ਜਾਂਦਾ ਹੈ।

ਸਾਖੀ-ਰਾਜੇ ਹਰੀ ਚੰਦ ਦੀ

ਰਾਜੇ ਹਰੀ ਚੰਦ ਦੀ ਰਾਣੀ ਰੋਜ਼ਾਨਾ ਰਾਤ ਨੂੰ ਸਤਸੰਗ ਵਿਚ ਜਾ ਕੇ ਗੁਰਬਾਣੀ ਦੀ ਕਥਾ ਸੁਣਦੀ। ਇਕ ਦਿਨ ਰਾਜੇ ਨੂੰ ਪਤਾ ਲਗਾ ਤਾਂ ਉਸ ਨੇ ਰਾਣੀ ਦੇ ਮਗਰ ਜਾ ਕੇ ਉਸ ਦੇ ਪੈਰਾਂ ਦੀ ਇਕ ਖੜਾਂਵ ਚੁਕ ਲਿਆਂਦੀ ਘਰ ਅਲਮਾਰੀ ਵਿਚ ਰਖ ਕੇ ਜੰਦਰਾ ਮਾਰ ਦਿੱਤਾ। ਕਥਾ ਦਾ ਭੋਗ ਪੈਣ ਤੇ ਜਦ ਰਾਣੀ ਉੱਠ ਕੇ ਬਾਹਰ ਆ ਕੇ ਖੜਾਂਵ ਪਾਉਣ ਲੱਗੀ ਤਾਂ ਵੇਖਦੀ ਹੈ ਇਕ ਖੜਾਂਵ ਹੈ ਦੂਜੀ ਨਹੀਂ। ਵਿਚਾਰਿਆ ਜੇਕਰ ਰਾਜੇ ਨੂੰ ਪਤਾ ਲਗ ਗਿਆ ਤਾਂ ਨਰਾਜ਼ ਹੋਣਗੇ ਉਸੀ ਵੇਲੇ ਅੰਤਰ ਧਿਆਨ ਹੋ ਕੇ ਅਰਾਧਿਆ ਤਾਂ ਉਸੇ ਤਰਾਂ ਦੀ ਹੂਬਹੂ ਪੁਰਾਣੀ ਖੜਾਂਵ ਆ ਗਈ ਰਾਣੀ ਆਪਣੇ ਪੈਰਾਂ ਵਿਚ ਪਾ ਕੇ ਘਰ ਪਹੁੰਚੀ।

ਦੇਖੋ ਰਾਣੀ ਨੇ ਜੋ ਇੱਛਾ ਕੀਤੀ ਓਹੀ ਫਲ ਪਾ ਲਿਆ। ਭਾਈ ਗੁਰਦਾਸ ਜੀ ਲਿਖਦੇ ਹਨ-

ਸੁਖ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।
ਪਿਛੇ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।
ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ।

ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।
ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।
ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।
ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।
ਸਾਧਸੰਗਤਿ ਵਿਟਹੁ ਕੁਰਬਾਣੀ ॥ ੬॥ (ਭਾਈ ਗੁਰਦਾਸ ਜੀ ਵਾਰ ੧੦)

ਪਾਰਬ੍ਰਹਮੁ ਸਾਧ ਰਿਦ ਬਸੈ॥ ਨਾਨਕ ਉਧਰੈ ਸਾਧ ਸੁਨਿ ਰਸੈ॥ ੬॥

ਸੰਤਾਂ ਦੇ ਹਿਰਦੇ ਵਿਚ ਪਾਰਬ੍ਰਹਮ ਵਸ ਰਿਹਾ ਹੈ। ਗੁਰੂ ਜੀ ਕਹਿੰਦੇ ਹਨ-ਸੰਤਾਂ ਦੀ ਰਸੈ=ਰਸਨਾਂ ਤੋਂ ਉਪਦੇਸ਼ ਸੁਣਨ ਵਾਲਾ ਪੁਰਸ਼ ਤਰ ਜਾਂਦਾ ਹੈ। ਅਥਵਾ:-ਸੰਤਾਂ ਤੋਂ ਉਪਦੇਸ਼ ਸੁਣ ਕੇ ਜੋ ਉਸ ਵਿਚ ਰਸੈ=ਤਦਾਕਾਰ ਹੁੰਦਾ ਹੈ ਉਹ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ॥ ੬॥

ਸਾਧ ਕੈ ਸੰਗਿ ਸੁਨਉ ਹਰਿ ਨਾਉ॥ ਸਾਧਸੰਗਿ ਹਰਿ ਕੇ ਗੁਨ ਗਾਉ॥

ਸੰਤਾਂ ਦੇ ਸੰਗ ਕਰਕੇ ਹਰੀ ਨਾਮ ਸੁਣੋ। ਸੰਤਾਂ ਦੇ ਸੰਗ ਕਰਕੇ ਹਰੀ ਦੇ ਗੁਣ ਗਾਓ।

ਸਾਧ ਕੈ ਸੰਗਿ ਨ ਮਨ ਤੇ ਬਿਸਰੈ॥ ਸਾਧਸੰਗਿ ਸਰਪਰ ਨਿਸਤਰੈ॥

ਸੰਤਾ ਦੇ ਸੰਗ ਕਰਕੇ ਜੀਵ ਦੇ ਮਨ ਵਿਚੋਂ ਪ੍ਰਭੂ ਭੁਲਦਾ ਨਹੀਂ ਹੈ। ਸੰਤਾ ਦੇ ਸੰਗ ਕਰਕੇ ਜੀਵ ਸਰਪਰ= ਜ਼ਰੂਰ ਨਿਸਤਰੈ=ਤਰ ਜਾਂਦਾ ਹੈ।

ਸਾਖੀ-ਗਨਿਕਾ ਦੀ

ਗਨਿਕਾ ਭਾਵੇਂ ਕਿਤਨੀ ਪਾਪਣ ਸੀ ਜੋ ਹਮੇਸ਼ਾਂ ਪਰਾਏ ਪੁਰਸ਼ਾਂ ਨਾਲ ਕੁਕਰਮ ਕਰਦੀ ਹੁੰਦੀ ਸੀ ਇਕ ਦਿਨ ਬਾਰਸ਼ ਹੋਣ ਦੇ ਕਾਰਨ ਇਸ ਦੇ ਮਕਾਨ ਹੇਠਾਂ ਇਕ ਮਹਾਤਮਾ ਆ ਕੇ ਖਲੋ ਗਏ। ਜਦ ਵੇਸ਼ਵਾ ਨੂੰ ਪਤਾ ਲਗਾ ਤਾਂ ਉਸ ਨੇ ਉੱਪਰ ਸੱਦ ਕੇ ਬੜੇ ਸਤਿਕਾਰ ਨਾਲ ਉਨ੍ਹਾਂ ਦੀ ਸੇਵਾ ਕੀਤੀ। ਮਹਾਤਮਾ ਬੜੇ ਖੁਸ਼ ਹੋਏ, ਵਿਚਾਰਿਆ ਇਹ ਪ੍ਰਤੱਖ ਉਪਦੇਸ਼ ਲੈਣ ਦੀ ਅਧਿਕਾਰੀ ਨਹੀਂ ਹੈ ਪਰ ਇਸ ਨੂੰ ਤਾਰਨਾ ਵੀ ਜ਼ਰੂਰ ਹੈ। ਸੰਤਾਂ ਦੇ ਪਾਸ ਤੋਤਾ ਸੀ ਗਨਿਕਾ ਨੂੰ ਤੋਤਾ ਦੇ ਕੇ ਕਿਹਾ, 'ਅੰਮ੍ਰਿਤ ਵੇਲੇ ਉੱਠ ਕੇ ਇਸ ਨੂੰ ਰੋਜ਼ ਰਾਮ ਰਾਮ ਪੜ੍ਹਾਇਆ ਕਰ।' ਇਹ ਗੱਲ ਕਹਿ ਕੇ ਸੰਤ ਚਲੇ ਗਏ। ਪਿਛੋਂ ਗਨਿਕਾ ਨੂੰ ਅਜਿਹੀ ਲਗਨ ਲਗ ਗਈ ਜੋ ਅੰਮ੍ਰਿਤ ਵੇਲੇ ਰੋਜ਼ ਉੱਠ ਕੇ ਤੋਤੇ ਨੂੰ ਰਾਮ ਰਾਮ ਪੜ੍ਹਾਇਆ ਕਰੇ। ਰਾਮ ਨਾਮ ਦੇ ਪ੍ਰਤਾਪ ਕਰਕੇ ਸੰਸਾਰ ਤੋਂ ਤਰ ਕੇ ਬੈਕੁੰਠ ਧਾਮ ਵਿਚ ਚਲੀ ਗਈ।

ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖੁ ਅਚਾਣਚਕ ਗਨਿਕਾ ਵਾੜੇ ਆਇ ਖਲੋਤਾ।
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਚਿਤਾ।
ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚਾੜ੍ਹਿ ਨਾਉ ਨਾਰਾਇਣ ਛੋਤਿ ਅਛੋਤਾ।
ਥਾਉਂ ਨਿਥਾਵੇਂ ਮਾਣੁ ਮਣੋਤਾ॥ ੨੧॥ (ਭਾਈ ਗੁਰਦਾਸ ਜੀ, ਵਾਰ ੧੦)

ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥

ਸੰਤਾਂ ਦੇ ਸੰਗ ਕਰਕੇ ਪ੍ਰਭੂ ਆਪ ਮੀਠਾ=ਪਿਆਰਾ ਲਗਦਾ ਹੈ, ਵਾ:-ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ। ਸੰਤਾਂ ਦੇ ਸੰਗ ਕਰਕੇ ਪ੍ਰਭੂ ਨੂੰ ਘਟ ਘਟ ਵਿਚ ਡੀਠਾ=ਵੇਖ ਲਿਆ ਹੈ।

ਸਾਧਸੰਗਿ ਭਏ ਆਗਿਆਕਾਰੀ ॥ ਸਾਧਸੰਗਿ ਗਤਿ ਭਈ ਹਮਾਰੀ ॥

ਸੰਤਾਂ ਦੇ ਸੰਗ ਕਰਕੇ ਅਸੀਂ ਆਗਿਆਕਾਰੀ=ਹੁਕਮੀ ਬੰਦੇ ਹੋ ਗਏ ਹਾਂ।

ਸੰਤਾਂ ਦੇ ਸੰਗ ਕਰਕੇ ਸਾਡੀ ਗਤਿ=ਮੁਕਤੀ ਹੋ ਗਈ ਹੈ।

ਸਾਧ ਕੈ ਸੰਗਿ ਮਿਟੇ ਸਭਿ ਰੋਗ ॥ ਨਨਕ ਸਾਧ ਭੇਟੇ ਸੰਜੋਗ ॥ ੭ ॥

ਸੰਤਾਂ ਦੇ ਸੰਗ ਕਰਕੇ ਸਾਰੇ ਰੋਗ ਮਿਟ ਗਏ ਹਨ, ਪਰ ਗੁਰੂ ਜੀ ਆਖਦੇ ਹਨ-ਸੰਤ ਪੂਰਨ ਸੰਜੋਗ=ਭਾਗਾਂ ਨਾਲ ਆ ਕੇ ਮਿਲਦੇ ਹਨ॥ ੭ ॥

ਸਾਧੁ ਮਿਲੈ ਪੂਰਬ ਸੰਜੋਗ॥ ਸਚਿ ਰਹਸੇ ਪੂਰੇ ਹਰਿ ਲੋਗ॥ *(ਗਉੜੀ ਮ:੧, ਪੰਨਾ ੧੫੩)*

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥

ਸੰਤਾਂ ਦੀ ਮਹਿਮਾ ਵੇਦ ਭੀ ਨਹੀਂ ਜਾਣਦੇ। ਉਹ ਜਿੰਨਾ ਕੁ ਸੁਣਦੇ ਹਨ ਉਤਨਾ ਹੀ ਬਖਿਆਨਹਿ= ਆਖਦੇ ਹਨ।

ਸਾਖੀ-ਇਕ ਰਾਜੇ ਦੀ

ਇਕ ਸਤਸੰਗੀ ਰਾਜਾ ਰੋਜ਼ ਮਹਾਤਮਾ ਪਾਸ ਜਾ ਕੇ ਕਥਾ ਸੁਣਦਾ ਸੀ। ਸੰਤਾਂ ਨੇ ਇਕ ਦਿਨ ਕਥਾ ਕਰਦਿਆਂ ਇਹ ਗੱਲ ਆਖੀ ਕਿ ਸੰਤਾਂ ਦੀ ਮਹਿਮਾ ਬਿਅੰਤ ਹੈ, ਉਸ ਨੂੰ ਵੇਦ ਵੀ ਨਹੀਂ ਜਾਣ ਸਕਦਾ।

ਰਾਜਾ ਵੇਦਾਂ ਵਿਚ ਬਹੁਤ ਸ਼ਰਧਾ ਰੱਖਦਾ ਸੀ। ਰਾਜੇ ਨੇ ਇਹ ਤੁਕ ਸੁਣ ਕੇ ਮਹਾਤਮਾ ਨਾਲ ਬਹੁਤ ਜ਼ਿਦ ਕੀਤੀ ਕਿ ਇਹ ਗੱਲ ਠੀਕ ਨਹੀਂ ਬਣਦੀ, ਕਿਉਂਕਿ ਜੇ ਸਾਧ ਦੀ ਮਹਿਮਾ ਵੇਦ ਨਾ ਜਾਣਨਗੇ ਤਾਂ ਹੋਰ ਕੌਣ ਜਾਣ ਸਕੇਗਾ? ਸੰਤਾਂ ਨੇ ਰਾਜੇ ਦੇ ਹਠ ਕਰਨ ਤੇ ਕਿਹਾ, ''ਗੁਰੂ ਜੀ ਦੀ ਬਾਣੀ ਬਿਲਕੁਲ ਠੀਕ ਹੈ। ਇਹ ਕਦੇ ਗਲਤ ਨਹੀਂ ਹੋ ਸਕਦੀ।' ਰਾਜਾ ਨੇ ਕਿਹਾ, 'ਕਿਵੇਂ ਠੀਕ ਹੈ? 'ਸੰਤਾਂ ਨੇ ਕਿਹਾ, 'ਇਸ ਤੁਕ ਦਾ ਅਰਥ ਠੀਕ ਤੇਰਾ ਪੁਤਰ ਹੀ ਤੈਨੂੰ ਸੁਣਾਵੇਗਾ।' ਉਸ ਵੇਲੇ ਰਾਜਾ ਨੇ ਕਿਹਾ, 'ਮੇਰੇ ਘਰ ਤਾਂ ਕੋਈ ਸੰਤਾਨ ਹੀ ਨਹੀਂ ਮੈਨੂੰ ਕਿਵੇਂ ਉੱਤਰ ਮਿਲੇਗਾ। ਸੰਤਾਨ ਵਾਸਤੇ ਤਾਂ ਮੈਂ ਬੜੇ ਵੇਦਾਂ ਅਨੁਸਾਰ ਯੱਗ ਕਰਵਾਏ ਹਨ, ਦੇਵਤਿਆਂ ਨੇ ਅਕਾਸ਼-ਬਾਣੀ ਦੁਆਰਾ ਕਿਹਾ ਹੈ ਕਿ ਸੱਤ ਜਨਮ ਤਕ ਤੇਰੇ ਘਰ ਸੰਤਾਨ ਨਹੀਂ ਹੋਵੇਗੀ। ਜੋਤਸ਼ੀਆਂ ਨੇ ਵੀ ਇਸੇ ਤਰ੍ਹਾਂ ਕਿਹਾ ਹੈ ਕਿ ਹੇ ਰਾਜਨ ! ਤੇਰੇ ਕਰਮਾਂ ਵਿਚ ਸੱਤ ਜਨਮ ਤਕ ਕੋਈ ਪੁਤ੍ਰ ਨਹੀਂ ਲਿਖਿਆ। ਆਪ ਜੀ ਨੇ ਇਹ ਕਿਸ ਤਰ੍ਹਾਂ ਕਹਿ ਦਿੱਤਾ ਹੈ ਕਿ ਤੇਰਾ ਪੁੱਤਰ ਹੀ ਤੈਨੂੰ ਇਸ ਗੱਲ ਦਾ ਜਵਾਬ ਦੇਵੇਗਾ।' ਇਹ ਗੱਲ ਸੁਣਕੇ ਸੰਤਾਂ ਨੇ ਕਿਹਾ ਕਿ ਸਾਡੇ ਬਚਨ ਨਾਲ ਤੇਰੇ ਘਰ ਪੁੱਤਰ ਹੋਵੇਗਾ ਤੇ ਇਸ ਤੁਕ ਦਾ ਅਰਥ ਵੀ ਤੈਨੂੰ ਸੁਣਾਵੇਗਾ। ਰਾਜਾ ਇਹ ਗੱਲ ਸੁਣਕੇ ਬਹੁਤ ਹੈਰਾਨ ਹੋਇਆ ਅਤੇ ਨਾਲ ਖੁਸ਼ ਵੀ ਬਹੁਤ ਹੋਇਆ। ਇਸ ਤਰ੍ਹਾਂ ਸਮਾਂ ਪਾ ਕੇ ਮਹਾਤਮਾ ਦੇ ਬਚਨ ਅਨੁਸਾਰ ਰਾਜੇ ਦੇ ਘਰ ਲੜਕਾ ਪੈਦਾ ਹੋ ਗਿਆ। ਜੋਤਸ਼ੀਆਂ ਨੇ ਲਗਨ

ਦੇਖ ਕੇ ਉਸ ਦੀ ਉਮਰ ੧੧ ਸਾਲ ੧੧ ਮਹੀਨੇ ਤੇ ੧੧ ਦਿਨ ਦੱਸੀ। ਰਾਜੇ ਨੂੰ ਪੁੱਤਰ ਦੇ ਜਨਮ ਦੀ ਬੜੀ ਖੁਸ਼ੀ ਹੋਈ ਪਰ ਉਸ ਦੀ ਉਮਰ ਏਨੀ ਥੋੜ੍ਹੀ ਸੁਣਕੇ ਦੁਖ ਵੀ ਬਹੁਤ ਹੋਇਆ। ਫਿਰ ਰਾਜੇ ਨੇ ਆਪਣੇ ਪੁੱਤਰ ਨੂੰ ਧਰਮ-ਸ਼ਾਸਤ੍ਰ ਪੜ੍ਹਾਇਆ। ਸੰਤਾਂ ਦੇ ਗੁਣ ਪੁੱਤਰ ਨੇ ਜਦ ਪੜ੍ਹੇ ਸੁਣੇ ਤਾਂ ਉਸ ਦੇ ਚਿਤ ਵਿਚ ਸ਼ਰਧਾ ਹੋਈ ਕਿ ਸੰਤਾਂ ਦੀ ਸੇਵਾ ਕਰਾਂ। ਇਸ ਪ੍ਰਕਾਰ ਉਹ ਚੋਰੀ ਘਰੋਂ ਭੱਜ ਕੇ ਸੰਤਾਂ ਦੀ ਸੇਵਾ ਕਰਦਾ ਰਿਹਾ। ਉਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਸੰਤਾਂ ਨੇ ਵਰ ਦਿੱਤਾ-"ਲੰਮੀ ਉਮਰ ਵਾਲਾ ਹੋ।" ਉਸ ਵੇਲੇ ਲੜਕੇ ਨੇ ਸੰਤਾਂ ਨੂੰ ਆਪਣੀ ਸਾਰੀ ਕਹਾਣੀ ਸੁਣਾਈ। ਸੰਤਾਂ ਨੇ ਕਿਹਾ, ਸਾਡੇ ਵਰ ਨਾਲ ਤੇਰੀ ਉਮਰ ੧੦੦ ਸਾਲ ਵਧ ਜਾਏਗੀ ਯਾਨੀ ਤੇਰੀ ਉਮਰ ੧੧੧ ਸਾਲ ੧੧ ਮਹੀਨੇ ੧੧ ਦਿਨ ਹੋਵੇਗੀ। ਜਦੋਂ ਸੰਤਾਂ ਨੇ ਵਰ ਦਿੱਤਾ ਤਾਂ ਬਾਰਾਂ ਸਾਲ ਤਕ ਲੜਕਾ ਉਥੇ ਹੀ ਰਿਹਾ। ਫਿਰ ਆਪਣੇ ਪਿਤਾ ਕੋਲ ਆਇਆ ਤੇ ਸੰਤਾਂ ਦੀ ਉਪਮਾ ਕੀਤੀ, ਕਿ ਸੰਤਾਂ ਨੇ ਖੁਸ਼ ਹੋ ਕੇ ਮੇਰੀ ੧੧੧ ਸਾਲ ੧੧ ਮਹੀਨੇ ੧੧ ਦਿਨ ਦੀ ਉਮਰ ਕਰ ਦਿੱਤੀ ਹੈ। ਰਾਜੇ ਨੂੰ ਗੁਰੂ ਜੀ ਦੀ ਤੁਕ ਤੇ ਤਸੱਲੀ ਹੋ ਗਈ ਕਿ ਠੀਕ ਹੈ ਤੇ ਸੰਤਾਂ ਦੀ ਮਹਿਮਾ ਨੂੰ ਵੇਦ ਵੀ ਨਹੀਂ ਜਾਣ ਸਕਦਾ। ਸੰਤਾਂ ਦਾ ਸੇਵਕ ਬਣਕੇ ਉਹਨਾਂ ਦੀ ਸੇਵਾ ਕਰਦਾ ਰਿਹਾ ਅਤੇ ਆਪਣੇ ਰਾਜ ਵਿਚ ਵੀ ਪਰਜਾ ਪਾਸੋਂ ਸੰਤ ਸੇਵਾ ਕਰਵਾਂਦਾ ਰਿਹਾ।

ਅਥਵਾ:-ਸੰਤਾਂ ਦੀ ਮਹਿਮਾ ਨੂੰ ਵੇਦ ਪਾਠੀ ਭੀ ਨਹੀਂ ਜਾਣਦੇ।

ਅਥਵਾ:-ਹੇ ਭਾਈ ! ਤੂੰ ਸੰਤਾਂ ਦੀ ਮਹਿਮਾ ਨੂੰ ਬੇਦੁ-ਜਾਨਣਾ ਕਰ। ਸਿੱਖ ਨੇ ਕਿਹਾ, ਮੈਂ ਤਾਂ ਜਾਣਦਾ ਨਹੀਂ ਹਾਂ। ਗੁਰੂ ਜੀ ਨੇ ਕਿਹਾ, "ਉਪਰਲੀਆਂ ਪੌੜੀਆਂ ਦੁਆਰੇ ਜਿਤਨਾ ਕੁ ਜਸ ਤੂੰ ਸੁਣਿਆ ਹੈ, ਓਨਾ ਤਾਂ ਆਖ।

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥

ਸੰਤਾਂ ਦੀ ਉਪਮਾ (ਰਜੋ, ਸਤੋ, ਤਮੋ) ਤਿੰਨਾਂ ਗੁਣਾਂ ਤੋਂ ਦੂਰ ਹੈ।

ਸੰਤਾਂ ਦੀ ਉਪਮਾ ਸਾਰਿਆਂ ਅਸਥਾਨਾਂ ਪਰ ਭਰਪੂਰਿ=ਪੂਰਨ ਭਾਵ ਸਮਾ ਰਹੀ ਹੈ।

ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥

ਸੰਤਾਂ ਦੀ ਸੋਭਾ=ਮਹਿਮਾ ਦਾ ਕੁਝ ਅੰਤ ਨਹੀਂ ਆਉਂਦਾ। ਸੰਤਾਂ ਦੀ ਸੋਭਾ ਸਦਾ ਹੀ ਬਿਅੰਤ ਹੈ।

ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥

ਸੰਤਾਂ ਦੀ ਸੋਭਾ ਉਚਿਆਂ ਤੋਂ ਭੀ ਉੱਚੀ ਹੈ। ਸੰਤਾਂ ਦੀ ਸੋਭਾ ਮੂਚ ਤੇ ਮੂਚੀ=ਬਹੁਤ ਤੋਂ ਬਹੁਤ ਹੈ।

ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮ ॥੭ ॥

ਸੰਤਾਂ ਦੀ ਸੋਭਾ ਸੰਤਾਂ ਨੂੰ ਹੀ ਬਣ ਆਉਂਦੀ ਹੈ। ਗੁਰੂ ਜੀ ਆਖਦੇ ਹਨ-ਹੇ ਭਾਈ ! ਸਾਧ ਤੇ ਪ੍ਰਭੂ ਵਿਚ ਕੋਈ ਭੇਦੁ=ਫਰਕ ਨਹੀਂ ਹੈ।

ਯਥਾ:-ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥ *(ਆਸਾ, ਰਵਿਦਾਸ ਜੀ, ਪੰਨਾ ੪੮੬)*

ਸਲੋਕੁ ॥ ਮਨਿ ਸਾਚਾ ਮੁਖਿ ਸਾਚਾ ਸੋਇ ॥

ਇਕ ਸਿੱਖ ਨੇ ਪੁਛਿਆ, ਬ੍ਰਹਮ ਗਿਆਨੀ ਦੇ ਕੀ ਲੱਛਣ ਹਨ? ਗੁਰ *ਉੱਤਰ:*-

ਜਿਸ ਦੇ ਮਨ ਵਿਚ ਸਚਾ ਵਾਹਿਗੁਰੂ ਹੈ ਅਤੇ ਮੂੰਹ ਵਿਚ ਵੀ ਓਹੀ ਸਚਾ ਵਾਹਿਗੁਰੂ ਵਸਦਾ ਹੈ।

ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ੧॥

ਅੱਖਾਂ ਨਾਲ ਇਕ ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ। ਗੁਰੂ ਜੀ ਕਹਿੰਦੇ ਹਨ-ਇਨ੍ਹਾਂ ਉਪ੍ਰੋਕਤ ਲੱਛਣਾਂ ਵਾਲਾ ਮਨੁੱਖ ਬ੍ਰਹਮ ਗਿਆਨੀ ਹੁੰਦਾ ਹੈ॥ ੧॥

ਅੱਗੋਂ ਬ੍ਰਹਮ ਗਿਆਨੀ ਦੀ ਮਹਿਮਾ ਆਖਦੇ ਹਨ-

ਅਸਟਪਦੀ॥

ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥

ਬ੍ਰਹਮ ਗਿਆਨੀ ਸੰਸਾਰਕ ਪਦਾਰਥਾਂ ਵਿਚ ਵਸਦਾ-ਰਸਦਾ ਫਿਰ ਮਾਇਆ ਤੋਂ ਸਦਾ ਨਿਰਲੇਪ=ਅਸੰਗ ਰਹਿੰਦਾ ਹੈ। ਜਿਵੇਂ ਪਾਣੀ ਵਿਚ ਖੜਾ ਕੋਲ ਫੁੱਲ ਪਾਣੀ ਤੋਂ ਅਲੇਪ=ਨਿਰਲੇਪ ਰਹਿੰਦਾ ਹੈ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (ਪੰਨਾ ੯੩੮)

ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥

ਬ੍ਰਹ। ਗਿਆਨੀ ਸਾਰੇ ਭੋਗਾਂ ਨੂੰ ਭੋਗਦਾ ਹੋਇਆ ਭੀ ਸਦਾ ਹੀ ਇਸ ਤਰਾਂ ਦੋਸ਼ਾਂ ਤੋਂ ਰਹਿਤ ਹੈ। ਜਿਵੇਂ ਸੂਰਜ ਸਾਰੇ ਵਿਸ਼ਟਾ ਆਦਿ ਨੀਚ ਰਸਾਂ ਨੂੰ ਸੁਕਾਉਂਦਾ ਹੋਇਆ ਕਲੰਕ ਤੋਂ ਰਹਿਤ ਹੈ।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥

ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿਚ ਸਾਰੇ ਜੀਵ ਸਮਾਨ ਹਨ, ਜਿਵੇਂ ਰਾਜੇ ਅਤੇ ਰੰਕ=ਗਰੀਬ ਨੂੰ ਪਵਾਨ=ਪੌਣ (ਹਵਾ) ਇਕੋ ਜੇਹੀ ਲਗਦੀ ਹੈ।

ਸਾਖੀ-ਮੁਦਾਦ ਸ਼ਿਲਾ ਦੀ

ਮੁਦਾਦ ਸ਼ਿਲਾ ਇਕ ਸ਼ੁਧ ਪੱਥਰ ਹੈ, ਜਿਸ ਵਿਚੋਂ ਮੂੰਹ ਦਾ ਪ੍ਰਛਾਵਾਂ ਦਿਸਦਾ ਹੈ।

ਇਹ "ਮੁਦਾਦ ਸ਼ਿਲਾ" ਜੰਗਲ ਵਿਚ ਪਈ ਹੋਈ ਸੀ ਤੇ ਇਸ ਵਿਚੋਂ ਸਾਰੇ ਜਾਨਵਰ ਤੇ ਪੰਛੀ ਆਪਣਾ ਮੂੰਹ ਦੇਖ ਕੇ ਖੁਸ਼ ਹੁੰਦੇ ਸਨ। ਮੁਦਾਦ ਸ਼ਿਲਾ ਵਿਚੋਂ ਸਭ ਦੇ ਮੁਖ ਦਾ ਪ੍ਰਤੀਬਿੰਬ ਗ੍ਰਹਿਣ ਕਰਨ ਦੀ ਯੋਗਤਾ ਸੀ। ਇਸ ਵਾਸਤੇ ਸਾਰੇ ਆਪਣਾ ਆਪਣਾ ਮੁਖ ਦੇਖਦੇ ਸੀ। ਇਕ ਦਿਨ "ਮੁਦਾਦ ਸ਼ਿਲਾ" ਨੇ ਸੋਚਿਆ ਕਿ ਮੈਂ ਵੀ ਕਿਸੇ ਨੂੰ ਆਪਣਾ ਦੋਸਤ ਬਣਾਵਾਂ ਤੇ ਆਪਣੇ ਸੱਜਣ ਦਾ ਹੀ ਪਰਛਾਵਾਂ ਫੜਾਂ। ਉਸ ਨੇ ਜੰਗਲ ਦੇ ਸਭ ਪਸ਼ੂ, ਪੰਛੀਆਂ ਦੇ ਗੁਣ ਦੋਸ਼ਾਂ ਨੂੰ ਵਿਚਾਰ ਕੇ ਦੇਖਿਆ ਤੇ ਅੰਤ ਵਿਚ ਉਸ ਦੀ ਨਿਗ੍ਹਾ ਮੋਰ ਉੱਤੇ ਜਾ ਲੱਗੀ। ਫੇਰ ਸੋਚਿਆ ਮੋਰ ਤਾਂ ਆਪ ਬੱਦਲਾਂ ਨੂੰ ਸਜਣ ਬਣਾ ਚੁਕਾ ਹੈ ਤੇ ਬੱਦਲਾਂ ਦੀ ਆਵਾਜ਼ ਦੀ ਆਵਾਜ਼ ਸੁਣਕੇ ਪੈਲਾਂ ਪਾਉਂਦਾ ਤੇ ਨੱਚਦਾ ਹੈ। ਇਸ ਦੇ ਖੰਭਾਂ ਵਿਚ ਵੀ ਸੁੰਦਰਤਾ ਬਹੁਤ ਹੈ ਤੇ ਇਸਨੂੰ ਪਰੇਮ ਦੀ ਕਦਰ ਵੀ ਹੈ। ਇਸ ਵਾਸਤੇ ਉਸਨੇ ਸੋਚਿਆ ਕਿ ਕਿਉਂ ਨਾ ਮੈਂ ਮੋਰ ਨੂੰ ਹੀ ਆਪਣਾ ਪ੍ਰੀਤਮ ਬਨਾਵਾਂ ਤੇ ਮੋਰ ਦਾ ਹੀ

ਧਿਆਨ ਕਰਾਂ। ਐਸਾ ਖਿਆਲ ਕਰਨ ਨਾਲ ਮੋਰ ਦਾ ਧਿਆਨ ਕਰਦੀ ਕਰਦੀ ਦੀ ਦ੍ਰਿਸ਼ਟੀ ਪੱਕ ਗਈ। ਇਸ ਕਰਕੇ ਉਸ ਵਿਚੋਂ ਜੋ ਵੀ ਜਾਨਵਰ ਜਾਂ ਪੰਛੀ ਆਪਣਾ ਮੂੰਹ ਦੇਖਦਾ, ਉਸਨੂੰ ਆਪਣਾ ਪਰਛਾਵਾਂ ਨਹੀਂ ਦਿਸਦਾ ਮੋਰ ਹੀ ਨਿਗ੍ਹਾ ਆਉਂਦਾ ਸੀ। ਇਸ ਲਈ ਸਾਰਿਆਂ ਸੋਚਿਆ ਕਿ ਇਹ ਮੋਰ ਦਾ ਧਿਆਨ ਕਰਕੇ ਸਭ ਨੂੰ ਮੋਰ ਰੂਪ ਦੇਖ ਰਹੀ ਹੈ। ਅਸੀਂ ਲੋਗ ਤਾਂ ਮੋਰ ਨਹੀਂ ਪਰ ਇਹ ਆਪਣੇ ਧਿਆਨ ਦੀ ਪ੍ਰਪੱਕਤਾ ਕਰਕੇ ਸਾਨੂੰ ਮੋਰ ਦਾ ਸਰੂਪ ਹੀ ਦੇਖਦੀ ਹੈ। ਇਹ ਮੋਰ ਦੀ ਪਰੇਮਣਾਂ ਹੈ, ਚਲੋ ਅਸੀਂ ਮੋਰ ਨੂੰ ਖਬਰ ਕਰੀਏ। ਇਸ ਕਰਕੇ ਉਨ੍ਹਾਂ ਨੇ ਆ ਕੇ ਮੋਰ ਨੂੰ ਕਿਹਾ ਕਿ "ਮੁਦਾਦ ਸ਼ਿਲਾ" ਤੇਰੀ ਪਰੇਮਣ ਹੈ। ਇਹ ਗੱਲ ਸੁਣ ਕੇ ਜਦ ਮੋਰ ਮੁਦਾਦ ਸ਼ਿਲਾ ਦੇ ਸਾਹਮਣੇ ਆਇਆ ਤਾਂ ਉਹ ਪਰੇਮ ਨਾਲ ਪਿਘਲ ਕੇ ਪਾਣੀ ਰੂਪ ਹੋ ਗਈ ਤੇ ਮੋਰ ਨੇ ਝਟ ਉਹ ਪਾਣੀ ਪੀ ਲਿਆ ਤੇ ਉਸਨੂੰ ਆਪਣੇ ਨਾਲ ਅਭੇਦ ਕਰ ਲਿਆ।

ਇਸ ਤਰ੍ਹਾਂ ਬ੍ਰਹਮ ਗਿਆਨੀ ਦੀ ਬੁੱਧੀ ਰੂਪੀ ਮੁਦਾਦ ਸ਼ਿਲਾ ਵਿਚ ਸਾਰੀਆਂ ਚੀਜ਼ਾਂ ਨੂੰ ਪਕੜਨ ਦੀ ਤਾਕਤ ਹੈ। ਜਿਵੇਂ ਘਟ ਨੂੰ ਪਾ ਕੇ ਬੁਧੀ ਘਟਾਕਾਰ ਹੁੰਦੀ ਹੈ, ਜਲ ਨੂੰ ਪਾ ਕੇ ਜਲਾਕਾਰ ਹੁੰਦੀ ਹੈ। ਪਰ ਬ੍ਰਹਮ ਗਿਆਨੀ ਦੀ ਬੁੱਧੀ ਨੇ ਸਭ ਨੂੰ ਛੱਡ ਕੇ, ਇਹ ਵਿਚਾਰ ਕੀਤਾ ਕਿ ਇਹ ਬ੍ਰਹਮ ਹੀ ਨਿਰਦੋਸ਼ ਹੈ, ਇਸ ਤੇ ਬ੍ਰਹਮ ਦੇ ਆਸ਼ਰਿਤ ਹੋ ਗਈ ਤੇ ਸਭ ਨੂੰ ਹੀ ਬ੍ਰਹਮ ਰੂਪ ਕਰ ਕੇ ਦੇਖਦੀ ਹੈ।

ਯਥਾ:-ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

(ਬਿਲਾਵਲੁ ਮ: ੫, ਪੰਨਾ ੮੪੬)

ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥

ਬ੍ਰਹਮ ਗਿਆਨੀ ਦੇ ਹਿਰਦੇ ਵਿਚ ਇਕ ਧੀਰਜ ਮੁਖ ਹੈ। ਜਿਸ ਤਰ੍ਹਾਂ ਬਸੁਧਾ=ਧਰਤੀ ਨੂੰ ਭਾਵੇਂ ਕੋਈ ਖੋਦੈ=ਪੁੱਟੇ ਤੇ ਭਾਵੇਂ ਕੋਈ ਚੰਦਨ ਦਾ ਲੇਪ=ਪੋਚਾ ਫੇਰੇ। ਧਰਤੀ ਦੋਹਾਂ ਨੂੰ ਕੁਝ ਨਹੀਂ ਆਖਦੀ। ਪੁੱਟਣ ਵਾਲੇ ਨੂੰ ਸਰਾਪ ਅਤੇ ਚੰਦਨ ਦਾ ਪੋਚਾ ਫੇਰਨ ਵਾਲੇ ਨੂੰ ਵਰ ਨਹੀਂ ਦੇਂਦੀ।

ਇਸ ਤਰ੍ਹਾਂ ਬ੍ਰਹਮ ਗਿਆਨੀ ਸੇਵਾ ਕਰਨ ਵਾਲੇ ਨੂੰ ਪ੍ਰਸੰਨ ਹੋ ਕੇ ਵਰ ਨਹੀਂ ਦੇਂਦਾ, ਦੁਖ ਦੇਣ ਵਾਲ ਨੂੰ ਸਰਾਪ ਨਹੀਂ ਦੇਂਦਾ। ਜੇਕਰ ਵਰ ਸਰਾਪ ਦੇਵੇ ਭੀ ਸਹੀ ਤਾਂ ਉਹ ਦ੍ਵੈਤ ਭਾਵਨਾਂ ਨਾਲ ਨਹੀਂ ਦੇਂਦਾ। ਪੁਰਸ਼ਾਂ ਦੀ ਆਪੋ ਆਪਣੀ ਭਾਵਨਾ ਹੀ ਵਰ ਸਰਾਪ ਰੂਪ ਹੁੰਦੀ ਹੈ।

ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ੧ ॥

ਗੁਰੂ ਜੀ ਆਖਦੇ ਹਨ-ਜਿਵੇਂ ਪਾਵਕ=ਅੱਗ ਦਾ ਇਹ ਸੁਤੇ ਸਿਧ ਸੁਭਾਅ ਹੈ, ਅੱਗ ਦੇ ਪਾਸ ਜਿਹੜਾ ਭੀ ਮਨੁੱਖ ਆਉਂਦਾ ਹੈ ਉਸ ਦਾ ਹਨੇਰਾ, ਡਰ ਤੇ ਠੰਡ ਦੂਰ ਕਰ ਦੇਂਦੀ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨੀ ਵਿਚ ਭੀ ਏਹੋ ਗੁਣ ਹੈ। ਬ੍ਰਹਮ ਗਿਆਨੀ ਦੇ ਪਾਸ ਜੋ ਚਲਕੇ ਆਉਂਦਾ ਹੈ, ਉਸ ਦਾ ਅਗਿਆਨ ਰੂਪ ਹਨੇਰਾ, ਜਨਮ ਮਰਨ, ਵਾ:-ਜਮਾਂ ਦਾ ਡਰ ਤੇ ਜੜ੍ਹਤਾ ਰੂਪ ਠੰਡ ਦੂਰ ਕਰ ਦੇਂਦੇ ਹਨ॥ ੧॥

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥

ਬ੍ਰਹਮ ਗਿਆਨੀ ਇਸ ਤਰ੍ਹਾਂ ਨਿਰਮਲ ਤੋਂ ਨਿਰਮਲ ਹੁੰਦਾ ਹੈ।
ਜਿਸ ਤਰ੍ਹਾਂ ਜਲਾ=ਜਲ ਨੂੰ ਕੋਈ ਮੈਲ ਨਹੀਂ ਲਗਦੀ।

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਆਕਾਸੁ ॥

ਬ੍ਰਹਮ ਗਿਆਨੀ ਦੇ ਮਨ ਵਿਚ ਬ੍ਰਹਮ ਦਾ ਪ੍ਰਕਾਸ਼ ਹੁੰਦਾ ਹੈ। ਜਿਸ ਤਰ੍ਹਾਂ ਧਰਤੀ ਉੱਪਰ ਹਰ ਪਾਸੇ ਅਕਾਸ਼ ਦਾ ਅਵਿਕਾਸ਼ ਹੁੰਦਾ ਹੈ ਵਾ:-ਅਕਾਸ਼ਚਾਰੀ ਸੂਰਜ ਦਾ ਪ੍ਰਕਾਸ਼ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੂ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥

ਬ੍ਰਹਮ ਗਿਆਨੀ ਦੇ ਹਿਰਦੇ ਵਿਚ ਸੱਜਣ ਦੁਸ਼ਮਨ ਇਕ ਸਮਾਨਿ=ਇਕੋ ਜਿਹੇ ਹਨ।

ਬ੍ਰਹਮ ਗਿਆਨੀ ਦੇ ਚਿਤ ਵਿਚ ਦੇਹ ਦਾ ਹੰਕਾਰ ਨਹੀਂ ਹੁੰਦਾ।

ਅਥਵਾ:-ਆਪਣੇ ਬ੍ਰਹਮ ਗਿਆਨੀ ਦੇ ਹੋਣ ਦਾ ਭੀ ਹੰਕਾਰ ਨਹੀਂ ਹੁੰਦਾ।

ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ ॥

ਬ੍ਰਹਮ ਗਿਆਨੀ ਉਚਿਆਂ ਤੋਂ ਉੱਚਾ ਹੁੰਦਾ ਹੈ। ਕਿਉਂਕਿ ਉਹ ਆਪਣੇ ਮਨ ਕਰਕੇ ਸਾਰਿਆ ਤੋਂ ਨੀਚਾ=ਨੀਵਾਂ ਹੋ ਕੇ ਰਹਿੰਦਾ ਹੈ।

*ਯਥਾ:-**ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥***

ਪ੍ਰਸ਼ਨ-ਇਸ ਤਰ੍ਹਾਂ ਦੀ ਸਮਦ੍ਰਿਸ਼ਟੀ ਵਾਲੇ ਬ੍ਰਹਮ ਗਿਆਨੀ ਕਿਵੇਂ ਬਣਦੇ ਹਨ? *ਗੁਰ ਉੱਤਰ:-*

ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥ ੨ ॥

ਗੁਰੂ ਸਾਹਿਬ ਜੀ ਕਹਿੰਦੇ ਹਨ-ਉਹ ਪੁਰਸ਼ ਬ੍ਰਹਮ ਗਿਆਨੀ ਹੋਏ ਹਨ।

ਜਿਨ੍ਹਾਂ ਨੂੰ ਪਰਮੇਸ਼ਰ ਆਪ ਬ੍ਰਹਮ ਗਿਆਨੀ ਕਰਦਾ ਹੈ।

ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥

ਬ੍ਰਹਮ ਗਿਆਨੀ ਸਭ ਦੀ ਰੀਨਾ=ਧੂੜ ਹੋ ਕੇ ਰਹਿੰਦਾ ਹੈ। ਕਿਉਂਕਿ ਬ੍ਰਹਮ ਗਿਆਨੀ ਨੇ ਆਤਮ ਰਸ ਨੂੰ ਚੀਨਾ=ਜਾਣ ਲਿਆ ਹੈ। ਆਤਮ-ਰਸ ਦੇ ਜਾਨਣ ਵਾਲਾ ਹੀ ਸਭ ਤੋਂ ਨੀਵਾਂ ਹੁੰਦਾ ਹੈ।

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥

ਬ੍ਰਹਮ ਗਿਆਨੀ ਦੀ ਸਾਰਿਆਂ ਉੱਤੇ ਮਇਆ=ਕਿਰਪਾ ਦ੍ਰਿਸ਼ਟੀ ਹੁੰਦੀ ਹੈ।

ਇਸ ਲਈ ਬ੍ਰਹਮ ਗਿਆਨੀ ਪਾਸੋਂ ਕਿਸੇ ਦਾ ਕੁਝ ਭੀ ਬੁਰਾ ਨਹੀਂ ਹੁੰਦਾ।

ਅਥਵਾ:-ਕੋਈ ਬੁਰਾ ਕਰਮ ਨਹੀਂ ਹੁੰਦਾ।

ਬ੍ਰਹਮ ਗਿਆਨੀ ਸਦਾ ਸਮਦਰਸੀ ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥

ਬ੍ਰਹਮ ਗਿਆਨੀ ਸਦੀਵ ਕਾਲ ਸਮਦ੍ਰਿਸ਼ਟੀ ਅਰਥਾਤ ਇਕ ਸਮਾਨ ਸਾਰਿਆਂ ਨੂੰ ਦੇਖਦਾ ਹੈ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿਚੋਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ।

[ਪੰਨਾ ੨੭੩]

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥

ਬ੍ਰਹਮ ਗਿਆਨੀ ਸੰਸਾਰਕ ਬੰਧਨਾਂ ਤੋਂ ਮੁਕਤ ਰੂਪ ਹੈ। ਬ੍ਰਹਮ ਗਿਆਨੀ ਦੀ ਬਿਰਤੀ ਨਿਰਮਲ ਪਰਮਾਤਮਾ ਵਿਚ ਜੁਗਤਾ=ਜੁੜੀ ਹੋਈ ਹੈ।

ਅਥਵਾ:-ਜਗਿਆਸੂ ਨੂੰ ਸਮਝਾਣ ਵਾਸਤੇ ਬ੍ਰਹਮ ਗਿਆਨੀ ਦੀ ਜੁਗਤ ਨਿਰਮਲ ਹੈ।

ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥ ੩ ॥

ਬ੍ਰਹਮ ਗਿਆਨੀ ਦਾ ਭੋਜਨ ਹੀ ਬ੍ਰਹਮ ਗਿਆਨ ਦਾ ਹੈ। ਗੁਰੂ ਜੀ ਆਖਦੇ ਹਨ-ਬ੍ਰਹਮ ਗਿਆਨੀ ਦਾ ਧਿਆਨ ਬ੍ਰਹਮ ਵਿਚ ਹੀ ਲਗਾ ਰਹਿੰਦਾ ਹੈ॥ ੩ ॥

ਬ੍ਰਹਮ ਗਿਆਨੀ ਏਕ ਊਪਰਿ ਆਸ ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥

ਬ੍ਰਹਮ ਗਿਆਨੀ ਦੀ ਇਕ ਪਰਮੇਸ਼ਰ ਉੱਪਰ ਆਸਾ ਟਿਕੀ ਰਹਿੰਦੀ ਹੈ।

ਅਥਵਾ:-ਇਕ ਬ੍ਰਹਮ ਗਿਆਨੀ ਹੀ ਸਰਬ ਆਸਾ ਤੋਂ ਊਪਰਿ=ਉਪਰਾਮ ਰਹਿੰਦਾ ਹੈ।

ਇਸ ਕਰਕੇ ਬ੍ਰਹਮ ਗਿਆਨੀ ਦਾ ਕਦੇ ਨਾਸ ਨਹੀਂ ਹੁੰਦਾ।

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥

ਬ੍ਰਹਮ ਗਿਆਨੀ ਦੇ ਹਿਰਦੇ ਵਿਚ ਗਰੀਬੀ ਦਾ ਸਮਾਹਾ=ਅਨੰਦ ਹੈ। ਅਤੇ ਬ੍ਰਹਮ ਗਿਆਨੀ ਨੂੰ ਪਰਉਪਕਾਰ ਕਰਨ ਦਾ ਉਮਾਹਾ=ਉਤਸ਼ਾਹ ਹਮੇਸ਼ਾਂ ਬਣਿਆ ਰਹਿੰਦਾ ਹੈ।

ਸਾਖੀ-ਸੰਤ ਕਰਮ ਸਿੰਘ ਜੀ ਦੀ

ਜਿਸ ਵੇਲੇ ੧੮੫੭ ਈਸਵੀ ਵਿਚ ਦਿਲੀ ਗਦਰ ਪਇਆ ਤਾਂ ਬਾਬਾ ਕਰਮ ਸਿੰਘ ਜੀ ਤੇ ਸੰਤ ਲਾਲ ਸਿੰਘ ਜੀ ਦੀ ਪਲਟਨ ਦਿੱਲੀ ਪਹੰਚੀ ਹੋਈ ਸੀ। ਇਹ ਲੋਕਾਂ ਨੂੰ ਬਲਦੀਆਂ ਅੱਗਾਂ ਵਿਚੋਂ ਕਢਕੇ ਗੁਰਦੁਆਰਿਆਂ ਵਿਚ ਛਡ ਆਉਂਦੇ ਸਨ।

ਜਿਸ ਵੇਲੇ ਆਪ ਇਕ ਮਹੱਲੇ ਵਿਚ ਪਹੁੰਚੇ ਤਾਂ ਇਕ ਮਾਤਾ ਜਿਸ ਦਾ ਇਕੋ ਇਕ ਪੰਜ ਸਾਲਾਂ ਦਾ ਪੁੱਤਰ ਚੁਬਾਰੇ ਵਿਚ ਸੁੱਤਾ ਪਿਆ ਅੱਗ ਦੀ ਲਪੇਟ ਵਿਚ ਆਇਆ ਹੋਇਆ ਸੀ। ਉਸ ਦੀ ਮਾਤਾ ਘਰ ਦੇ ਬੂਹੇ ਅੱਗੇ ਖੜੀ ਬੜਾ ਰੋ ਰਹੀ ਸੀ ਤੇ ਨਿਰੰਕਾਰ ਅੱਗੇ ਬੇਨਤੀਆਂ ਕਰ ਰਹੀ ਸੀ, 'ਹੇ ਪ੍ਰਭੂ ! ਜਿਵੇਂ ਤੂੰ ਪ੍ਰਹਿਲਾਦ ਭਗਤ ਨੂੰ ਤੱਪਦੇ ਥੰਮ੍ਹ ਤੋਂ ਰਖਿਆ ਸੀ ਤਿਵੇਂ ਮੇਰੇ ਬੱਚੇ ਨੂੰ ਵੀ ਹੱਥ ਦੇ ਕੇ ਰੱਖ ਲੈ।' ਇਤਨੇ ਨੂੰ ਸੰਤ ਆ ਗਏ। ਜਾਂ ਮਾਈ ਦੀ ਦਸ਼ਾ ਨੂੰ ਵੇਖਿਆ ਤਾਂ ਸੰਤਾਂ ਪਾਸੋਂ ਉਸ ਦਾ ਰੋਣਾ ਦੇਖਿਆ ਨਾ ਗਿਆ। ਕਿਉਂਕਿ ਸੰਤ ਪਰਉਪਕਾਰੀ ਜੁ ਹੋਏ। ਮਾਈ ਨੂੰ ਧੀਰਜ ਦੇ ਕੇ ਆਖਿਆ ਦੋ ਪੌੜੀਆਂ ਲਿਆ। ਮਾਈ ਨੇ ਭੱਜ-ਦੌੜ ਕੇ ਪੌੜੀਆਂ ਲੈ ਆਂਦੀਆਂ, ਰੱਸੀਆਂ ਨਾ ਮਿਲਣ ਕਰਕੇ ਸੰਤਾਂ ਨੇ ਆਪਣੀ ਪੱਗ ਨਾਲ ਹੀ ਦੋਵੇਂ ਪੌੜੀਆਂ ਬੰਨ੍ਹ ਲਈਆਂ।

ਛੋਟੇ ਸੰਤ ਲਾਲ ਸਿੰਘ ਜੀ ਨੇ ਕਿਹਾ, ਬਾਬਾ ਜੀ ਅੱਗ ਜ਼ੋਰਾਂ ਤੇ ਹੈ ਨਾ ਚੜ੍ਹੋ। ਪਰ ਬਾਬਾ ਜੀ ਇਹ ਪੰਗਤੀ ਪੜ੍ਹਦੇ ਹੋਏ-

"ਆਪੇ ਪਾਵਕੁ ਆਪੇ ਪਵਨਾ॥ ਜਾਰੈ ਖਸਮੁ ਤ ਰਾਖੈ ਕਵਨਾ॥"

ਚੁਬਾਰੇ ਵਿਚ ਜਾ ਪਹੁੰਚੇ।

ਸੁੱਤੇ ਬਚੇ ਨੂੰ ਚਾਦਰ ਨਾਲ ਲਪੇਟ ਕੇ ਪਿੱਠ ਤੇ ਬੰਨ੍ਹ ਲਿਆ ਤੇ ਹੋਰ ਕੀਮਤੀ ਸਮਾਨ ਵੀ ਮਾਈ ਦਾ ਜੋ ਹੱਥ ਲਗਾ ਉਹ ਵੀ ਹੇਠਾਂ ਸੁੱਟ ਦਿੱਤਾ ਤੇ ਬੱਚੇ ਨੂੰ ਲਿਆ ਕੇ ਮਾਈ ਦੀ ਝੋਲੀ ਵਿਚ ਪਾ ਕੇ ਚਲੇ ਗਏ। ਮਗਰੋਂ ਮਾਈ ਬਹੁਤ ਅਸੀਸਾਂ ਦੇਂਦੀ ਰਹੀ, ਪਰ ਇਸ ਤਰ੍ਹਾਂ ਦੇ ਪਰਉਪਕਾਰ ਬ੍ਰਹਮ ਗਿਆਨੀ ਹੀ ਕਰ ਸਕਦੇ ਹਨ। ਕਿਉਂਕਿ ਬ੍ਰਹਮ ਗਿਆਨੀਆਂ ਦੇ ਮਨ ਵਿਚ ਪਰਉਪਕਾਰ ਕਰਨ ਦਾ ਹਮੇਸ਼ਾਂ ਉਤਸ਼ਾਹ ਬਣਿਆ ਰਹਿੰਦਾ ਹੈ।

ਬ੍ਰਹਮ ਗਿਆਨੀ ਕੈ ਨਾਹੀ ਧੰਧਾ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ॥

ਬ੍ਰਹਮ ਗਿਆਨੀ ਦੇ ਮਨ ਵਿਚ ਕੋਈ ਧੰਧਾ=ਜੰਜਾਲ ਨਹੀਂ ਹੈ। ਕਿਉਂਕਿ ਬ੍ਰਹਮ ਗਿਆਨੀ ਨੇ ਆਪਣੇ ਧਾਵਤੁ=ਦੌੜਦੇ ਮਨ ਨੂੰ ਬੰਨ੍ਹ ਲਿਆ ਹੈ, ਅਰਥਾਤ ਆਪਣੇ ਵਸ ਕਰ ਲਿਆ ਹੈ।

ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥ ਬ੍ਰਹਮ ਗਿਆਨੀ ਸੁਫਲ ਫਲਾ॥

ਬ੍ਰਹਮ ਗਿਆਨੀ ਪਾਸੋਂ ਜੋ ਭੀ ਹੁੰਦਾ ਹੈ ਉਹ ਭਲਾ ਹੀ ਹੁੰਦਾ ਹੈ। ਇਸ ਕਰਕੇ ਬ੍ਰਹਮ ਗਿਆਨੀ ਸ੍ਰਿਸ਼ਟ ਫਲਾਂ ਕਰਕੇ ਪ੍ਰਫੁੱਲਤ ਹੁੰਦਾ ਹੈ।

ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ॥ ੪॥

ਬ੍ਰਹਮ ਗਿਆਨੀ ਦੇ ਸੰਗ ਨਾਲ ਸਭ ਦਾ ਉਧਾਰ ਹੁੰਦਾ ਹੈ। ਗੁਰੂ ਜੀ ਆਖਦੇ ਹਨ-ਬ੍ਰਹਮ ਗਿਆਨੀ ਨੂੰ ਸਾਰਾ ਸੰਸਾਰ ਹੀ ਜਪਦਾ ਭਾਵ ਸਿਮਰਦਾ ਹੈ॥ ੪॥

ਬ੍ਰਹਮ ਗਿਆਨੀ ਕੈ ਏਕੈ ਰੰਗ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥

ਬ੍ਰਹਮ ਗਿਆਨੀ ਦੇ ਮਨ ਨੂੰ ਇਕ ਪਰਮੇਸ਼ਰ ਦੇ ਪ੍ਰੇਮ ਦਾ ਰੰਗ ਚੜ੍ਹਿਆ ਰਹਿੰਦਾ ਹੈ।

ਏਸੇ ਕਰ ਕੇ ਪ੍ਰਭੂ ਬ੍ਰਹਮ ਗਿਆਨੀਆਂ ਦੇ ਨਾਲ ਆ ਕੇ ਵਸਦਾ ਹੈ।

ਬ੍ਰਹਮ ਗਿਆਨੀ ਕੈ ਨਾਮੁ ਆਧਾਰੁ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ॥

ਬ੍ਰਹਮ ਗਿਆਨੀ ਦੇ ਮਨ ਨੂੰ ਇਕ ਨਾਮ ਦਾ ਆਧਾਰੁ=ਆਸਰਾ ਹੈ। ਬ੍ਰਹਮ ਗਿਆਨੀ ਦੇ ਮਨ ਵਿਚ ਜੋ ਨਾਮ ਹੈ ਓਸੇ ਨਾਮ ਨੂੰ ਹੀ ਉਨ੍ਹਾਂ ਨੇ ਆਪਣਾ ਪਰਵਾਰ ਨਿਸਚੇ ਕੀਤਾ ਹੈ।

ਬ੍ਰਹਮ ਗਿਆਨੀ ਸਦਾ ਸਦ ਜਾਗਤ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ॥

ਬ੍ਰਹਮ ਗਿਆਨੀ ਗਿਆਨ ਜਾਗਰਤ ਵਿਚ ਸਦਾ ਸਦਾ ਜਾਗਦਾ ਰਹਿੰਦਾ ਹੈ।

ਬ੍ਰਹਮ ਗਿਆਨੀ ਹੰਗਤਾ ਵਾਲੀ ਬੁੱਧੀ ਨੂੰ ਮੂਲੋਂ ਤਿਆਗ ਦੇਂਦਾ ਹੈ।

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥

ਬ੍ਰਹਮ ਗਿਆਨੀ ਦੇ ਮਨ ਵਿਚ ਪਰਮਾਨੰਦ=ਬ੍ਰਹਮਾਨੰਦ ਰਹਿੰਦਾ ਹੈ।

ਇਸ ਲਈ ਬ੍ਰਹਮ ਗਿਆਨੀ ਦੇ ਅੰਤਹਕਰਨ ਰੂਪ ਘਰ ਵਿਚ ਹਮੇਸ਼ਾਂ ਅਨੰਦ=ਖੇੜਾ ਰਹਿੰਦਾ ਹੈ।

ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ੫ ॥

ਬ੍ਰਹਮ ਗਿਆਨੀ ਸਹਜ ਸੁਖ=ਆਤਮ ਸੁਖ ਵਿਚ ਨਿਵਾਸ ਕਰਦਾ ਹੈ।

ਗੁਰੂ ਜੀ ਆਖਦੇ ਹਨ-ਏਸੇ ਕਰਕੇ ਬ੍ਰਹਮ ਗਿਆਨੀ ਦਾ ਨਾਸ ਨਹੀਂ ਹੁੰਦਾ।

ਭਾਵ ਜਨਮ ਮਰਨ ਵਿਚ ਨਹੀਂ ਆਉਂਦਾ ॥ ੫ ॥ *ਪ੍ਰਸ਼ਨ*-ਬ੍ਰਹਮ ਗਿਆਨੀ ਕੌਣ ਹੈ? *ਉੱਤਰ:*-

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥

ਜੋ ਬ੍ਰਹਮ ਦੇ ਬੇਤਾ=ਜਾਨਣ ਵਾਲਾ ਹੈ ਓਹੀ ਗਿਆਨੀ ਹੈ।

ਬ੍ਰਹਮ ਗਿਆਨੀ ਦਾ ਇਕ ਵਾਹਿਗੁਰੂ ਦੇ ਨਾਲ ਹੀ ਹੇਤਾ=ਪ੍ਰੇਮ ਹੈ।

ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥

ਬ੍ਰਹਮ ਗਿਆਨੀ ਦੇ ਹਿਰਦੇ ਵਿਚ ਅਚਿੰਤ=ਅਚਿੰਤਤਾਈ ਭਾਵ ਬੇਫਿਕਰੀ ਹੁੰਦੀ ਹੈ।

ਯਥਾ:- ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥ *(ਪੰਨਾ ੧੧੫੭)*

ਇਸੀ ਤੇ ਬ੍ਰਹਮ ਗਿਆਨੀ ਦਾ ਮੰਤ=ਉਪਦੇਸ਼ ਨਿਰਮਲ=ਸਵੱਛ ਹੈ।

ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ ਬਡ ਪਰਤਾਪ ॥

ਜਿਸ ਨੂੰ ਪ੍ਰਭੂ ਆਪ ਕਰਦਾ ਹੈ, ਓਹੀ ਪੁਰਸ਼ ਬ੍ਰਹਮ ਗਿਆਨੀ ਹੁੰਦਾ ਹੈ।

ਬ੍ਰਹਮ ਗਿਆਨੀ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ।

ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥
ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥

ਬ੍ਰਹਮ ਗਿਆਨੀ ਦਾ ਦਰਸ਼ਨ ਵੱਡਿਆਂ ਭਾਗਾਂ ਨਾਲ ਪਾਈਦਾ ਹੈ। ਮਨ ਬਾਣੀ ਕਰਕੇ ਬ੍ਰਹਮ ਗਿਆਨੀ ਤੋਂ ਅਸੀਂ ਬਲਿਹਾਰ ਕੁਰਬਾਨ ਜਾਂਦੇ ਹਾਂ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ੬ ॥

ਬ੍ਰਹਮ ਗਿਆਨੀ ਨੂੰ ਮਹੇਸੁਰ=ਮਹੀ+ਈਸੁਰ=ਧਰਤੀ ਦੇ ਰਾਜੇ ਭੀ ਖੋਜਦੇ ਹਨ।

ਅਥਵਾ:-ਮਹੇਸੁਰ=ਸ਼ਿਵ ਜੀ ਆਦਿਕ ਦੇਵਤੇ ਭੀ ਖੋਜਹਿ=ਲੱਭਦੇ ਹਨ। ਕਿਉਂਕਿ:-

ਗੁਰੂ ਜੀ ਫੁਰਮਾਉਂਦੇ ਹਨ-ਬ੍ਰਹਮ ਗਿਆਨੀ ਆਪ ਪਰਮੇਸ਼ਰ ਦਾ ਰੂਪ ਹਨ ॥ ੬ ॥

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ॥
ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ॥

ਪਰਮੇਸ਼ਰ ਰੂਪ ਹੋਣ ਕਰਕੇ ਬ੍ਰਹਮ ਗਿਆਨੀ ਦੀ ਕੀਮਤ ਨਹੀਂ ਪੈ ਸਕਦੀ।

ਅਤੇ ਬ੍ਰਹਮ ਗਿਆਨੀ ਦੇ ਮਨ ਵਿਚ ਸਾਰਾ ਸੰਸਾਰ ਕਲਪਤ ਰੂਪ ਹੈ।

ਅਥਵਾ:-ਬ੍ਰਹਮ ਗਿਆਨੀ ਦੇ ਮਨ ਵਿਚ ਸਾਰੇ ਸ਼ੁਭ ਗੁਣ ਵਾਸ ਕਰਦੇ ਹਨ।

ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ਬ੍ਰਹਮ ਗਿਆਨੀ ਕਉ ਸਦਾ ਅਦੇਸੁ॥

ਬ੍ਰਹਮ ਗਿਆਨੀ ਦਾ ਭੇਦ ਕੌਣ ਜਾਣ ਸਕਦਾ ਹੈ? ਅਰਥਾਤ ਕੋਈ ਨਹੀਂ ਜਾਣ ਸਕਦਾ।

ਇਸ ਲਈ ਬ੍ਰਹਮ ਗਿਆਨੀ ਨੂੰ ਸਦਾ ਅਦੇਸੁ=ਨਮਸ਼ਕਾਰ ਕਰਨੀ ਚਾਹੀਦੀ ਹੈ।

ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥ ੧॥

. . . . . .

ਸੰਕਰਾ ਨੇਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥ ੨॥

(ਪੰਨਾ: ੮੯੪)

ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ॥

ਬ੍ਰਹਮ ਗਿਆਨੀ ਸਾਰਾ ਪਦ ਹੈ ਇਸ ਦਾ ਅੱਧਾ ਅੱਖਰ ਜੋ ਬ੍ਰਹਮ ਹੈ, ਉਹ ਭੀ ਨਹੀਂ ਆਖਿਆ ਜਾਂਦਾ ਵਾ-ਬ੍ਰਹਮ ਗਿਆਨੀ ਦਾ ਅਧ=ਅਧਾਰ (ਆਸਰਾ) ਜੋ ਅਖਰੁ=ਨਾਸ਼ ਤੋਂ ਰਹਿਤ ਬ੍ਰਹਮ ਹੈ, ਉਸ ਬਾਰੇ ਕੁਝ ਵੀ ਆਖਿਆ ਨਹੀਂ ਜਾਂਦਾ।

ਅਥਵਾ:-ਬ੍ਰਹਮ ਗਿਆਨੀ ਦੀ ਮਹਿਮਾ ਦਾ ਅੱਧਾ ਅੱਖਰ ਭੀ ਆਖਿਆ ਨਹੀਂ ਜਾ ਸਕਦਾ, ਭਾਵ ਥੋੜ੍ਹੀ ਭੀ ਉਪਮਾ ਨਹੀਂ ਕਹੀ ਜਾ ਸਕਦੀ। ਬ੍ਰਹਮ ਗਿਆਨੀ ਸਾਰਿਆਂ ਦਾ ਠਾਕੁਰ=ਸੁਆਮੀ ਹੈ।

ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥

ਬ੍ਰਹਮ ਗਿਆਨੀ ਦੀ ਮਿਤਿ=ਮਰਯਾਦਾ ਨੂੰ ਕੌਣ ਆਖ ਸਕਦਾ ਹੈ।

ਬ੍ਰਹਮ ਗਿਆਂਨੀ ਦੀ ਗਤੀ ਨੂੰ ਬ੍ਰਹਮ ਗਿਆਨੀ ਆਪ ਹੀ ਜਾਣ ਸਕਦਾ ਹੈ।

ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ॥ ੭॥

ਬ੍ਰਹਮ ਗਿਆਨੀ ਦੇ ਪਾਰਾਵਾਰ ਦਾ ਅੰਤ ਨਹੀਂ ਹੈ।

ਗੁਰੂ ਜੀ ਫੁਰਮਾਉਂਦੇ ਹਨ-ਅਸੀਂ ਬ੍ਰਹਮ ਗਿਆਨੀ ਨੂੰ ਸਦਾ ਨਮਸ਼ਕਾਰ ਕਰਦੇ ਹਾਂ॥ ੭॥

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥

ਬ੍ਰਹਮ ਸਰੂਪ ਹੋਣ ਕਰਕੇ ਬ੍ਰਹਮ ਗਿਆਨੀ ਸਾਰੀ ਸ੍ਰਿਸ਼ਟੀ ਦਾ ਕਰਤਾ=ਰਚਨਹਾਰਾ ਹੈ।

ਅਥਵਾ:-ਸਾਰੀ ਸ੍ਰੇਸ਼ਟਤਾਈ ਦਾ ਕਰਤਾ ਹੈ। ਬ੍ਰਹਮ ਗਿਆਨੀ ਸਦਾ ਜਿਉਂਦਾ ਹੈ ਕਦੇ ਭੀ ਨਹੀਂ ਮਰਦਾ।

ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ॥

ਬ੍ਰਹਮ ਗਿਆਨੀ ਜੀਵਾਂ ਨੂੰ ਮੁਕਤੀ ਦੀ ਜੁਗਤੀ ਦਾ ਦਾਤਾ ਹੈ। ਬ੍ਰਹਮ ਗਿਆਨੀ ਸਾਰਿਆਂ ਵਿਚ ਪੂਰਨ ਫਲਬਰ ਦਾਤੇ ਅਕਾਲ ਪੁਰਖ ਦਾ ਰੂਪ ਹੈ।

ਬ੍ਰਹਮ ਗਿਆਨੀ ਅਨਾਥ ਕਾ ਨਾਥੁ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥

ਬ੍ਰਹਮ ਗਿਆਨੀ ਅਨਾਥ=ਯਤੀਮਾਂ ਦਾ ਨਾਥੁ=ਸੁਆਮੀ ਹੈ। ਬ੍ਰਹਮ ਗਿਆਨੀ ਦਾ ਸਾਰਿਆਂ ਦੇ ਸਿਰ ਉੱਤੇ ਕਿਰਪਾ ਰੂਪੀ ਹੱਥ ਹੈ, ਭਾਵ ਸਾਰਿਆਂ ਦਾ ਸਹਾਈ ਹੈ।

ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ॥

ਇਹ ਸੰਪੂਰਨ ਅਕਾਰ ਬ੍ਰਹਮ ਗਿਆਨੀ ਦਾ ਆਪਣਾ ਹੀ ਹੈ। ਕਿਉਂਕਿ ਬ੍ਰਹਮ ਗਿਆਨੀ ਸਾਰਿਆਂ ਨੂੰ ਆਪਣਾ ਆਪ ਰੂਪ ਨਿਸਚੇ ਕਰਦਾ ਹੈ। ਬ੍ਰਹਮ ਗਿਆਨੀ ਆਪ ਹੀ ਨਿਰੰਕਾਰ ਸਰੂਪ ਹੈ।

[ਪੰਨਾ ੨੭੪]

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥ ੮॥ ੮॥

ਬ੍ਰਹਮ ਗਿਆਨੀ ਦੀ ਸੋਭਾ ਬ੍ਰਹਮ ਗਿਆਨੀ ਨੂੰ ਹੀ ਬਨੀ=ਫਬਦੀ ਹੈ।

ਗੁਰੂ ਜੀ ਕਹਿੰਦੇ ਹਨ-ਬ੍ਰਹਮ ਗਿਆਨੀ ਸਾਰਿਆਂ ਦਾ ਧਨੀ=ਮਾਲਕ ਹੈ॥ ੮॥ ੮॥

ਪ੍ਰਸ਼ਨ:-ਇਕ ਸਿੱਖ ਨੇ ਬੇਨਤੀ ਕੀਤੀ-''ਅਪਰਸ'' ਦੇ ਲਛਣ ਕੀ ਹਨ? *ਗੁਰ ਉੱਤਰ*-

ਸਲੋਕੁ ॥ ਉਰਿ ਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ॥

ਜੋ ਆਪਣੇ ਹਿਰਦੇ ਅੰਦਰ ਨਾਮ ਨੂੰ ਧਾਰਨ ਕਰਦਾ ਹੈ ਅਤੇ ਸਾਰਿਆਂ ਜੀਵਾਂ ਵਿਚ ਅਕਾਲ ਪੁਰਖ ਨੂੰ ਪਰੀਪੂਰਨ ਵੇਖਦਾ ਹੈ। ਤੇ-

ਨਿਮਖ ਨਿਮਖ ਠਾਕੁਰ ਨਮਸਕਾਰੈ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ॥ ੧॥

ਹਰੇਕ ਸਮੇਂ ਵਿਚ ਪਰਮਾਤਮਾ ਨੂੰ ਨਮਸ਼ਕਾਰ ਕਰਦਾ ਹੈ। ਗੁਰੂ ਜੀ ਕਹਿੰਦੇ ਹਨ-ਓਹੀ ਅਪਰਸ ਮਹਾਤਮਾ ਸਾਰਿਆਂ ਨੂੰ ਤਾਰ ਲੈਂਦਾ ਹੈ॥ ੧॥

ਛੰਡਾ ਖਟੁ ਸਾਸਤ੍ਰ ਹੋਇ ਛਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥
ਛਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥

(ਪੰਨਾ ੨੫੩)

ਅਤੇ- *ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥*
ਇਕਿ ਮਨ ਹੀ ਗਿਆਤਾ॥ ੬॥ (ਪੰਨਾ ੭੧)

ਅਸਟਪਦੀ॥ ਮਿਥਿਆ ਨਾਹੀ ਰਸਨਾ ਪਰਸ॥
ਮਨ ਮਹਿ ਪ੍ਰੀਤਿ ਨਿਰੰਜਨ ਦਰਸ॥

ਜੋ ਜ਼ਬਾਨ ਨਾਲ ਝੂਠੇ ਬਚਨਾਂ ਨੂੰ ਨਹੀਂ ਪਰਸ=ਉਚਾਰਦਾ, ਵਾ:-ਰਸਨਾ ਨੂੰ ਝੂਠੇ ਬਚਨਾਂ ਨਾਲ ਛੁਹਣ ਨਹੀਂ ਦਿੰਦਾ ਅਤੇ ਮਨ ਵਿਚ ਨਿਰੰਜਨ=ਪਰਮਾਤਮਾ ਦੇ ਦਰਸ਼ਨ ਦੀ ਪ੍ਰੀਤੀ ਰੱਖਦਾ ਹੈ।

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥

ਪਰਾਈ ਇਸਤ੍ਰੀ ਦੇ ਸੁੰਦਰ ਰੂਪ ਨੂੰ ਵਿਸ਼ੇ ਭਾਵਨਾ ਕਰਕੇ ਨੇਤ੍ਰ=ਅੱਖਾਂ ਨਾਲ ਨਹੀਂ ਦੇਖਦਾ। ਸੰਤਾਂ ਦੀ ਟਹਲ ਕਰਦਾ ਹੈ, ਅਤੇ ਸੰਤਾਂ ਨਾਲ ਹੀ ਹੇਤ=ਪ੍ਰੇਮ ਕਰਦਾ ਹੈ।

ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥

ਕਰਨ=ਕੰਨਾਂ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣਦਾ। ਸਗੋਂ ਆਪਣੇ ਆਪ ਨੂੰ ਸਭ ਨਾਲੋਂ ਮਾੜਾ ਜਾਣਦਾ ਹੈ। ਭਗਤ ਕਬੀਰ ਜੀ ਦੇ ਕਹਿਣ ਮਤਾਬਿਕ-

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੁਝਿਆ ਮੀਤੁ ਹਮਾਰਾ ਸੋਇ॥ ੭॥ (ਪੰਨਾ ੧੩੬੪)
ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥
ਨਿੰਦਕ ਕਾ ਮੈਲਾ ਆਚਾਰੁ॥ ਦਾਸ ਅਪੁਨੇ ਕਉ ਰਾਖਨਹਾਰੁ॥ ੧॥ (ਪੰਨਾ ੧੧੫੧)

ਅਤੇ-*ਅਪਣੇ ਦਾਸ ਕਉ ਕੰਠਿ ਲਗਾਵੈ॥ ਨਿੰਦਕ ਕਉ ਅਗਨਿ ਮਹਿ ਪਾਵੈ॥੧॥*

(ਪੰਨਾ ੧੧੩੮

ਜਾਂ- *ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥*
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥ ੧॥
ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥ (ਪੰਨਾ ੮੭੫)

ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥

ਗੁਰੂ ਦੀ ਕਿਰਪਾ ਨਾਲ ਵਿਸ਼ਿਆਂ ਨੂੰ ਪਰਹਰੈ=ਦੂਰ ਤਿਆਗਦਾ ਹੈ। ਮਨ ਦੀਆਂ ਖੋਟੀਆਂ ਵਾਸ਼ਨਾਂ ਨੂੰ ਮਨ 'ਚੋਂ ਦੂਰ ਕਰਦਾ ਹੈ।

ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥

ਗੁਰੂ ਜੀ ਫੁਰਮਾਉਂਦੇ ਹਨ-ਜੋ ਇੰਦ੍ਰੀਏਂ ਜਿਤ ਹੈ ਭਾਵ ਇੰਦ੍ਰੀਆਂ ਨੂੰ ਕਾਬੂ ਰਖਦਾ ਹੈ, ਅਤੇ ਕਾਮ ਆਦਿ ਪੰਜ ਦੋਸ਼ਾਂ ਤੋਂ ਰਹਿਤ ਹੈ। ਐਸਾ ਪੁਰਸ਼ ਅਪਰਸ਼ ਕਹਾਉਣ ਦੇ ਲਾਇਕ ਕ੍ਰੋੜਾਂ ਵਿਚੋਂ ਕੋਈ ਇਕ ਹੁੰਦਾ ਹੈ॥ ੧॥ *ਪ੍ਰਸ਼ਨ:-ਵੈਸ਼ਨੋ ਦੇ ਲੱਖਣ ਕੀ ਹਨ? ਗੁਰ ਉੱਤਰ:-*

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥

ਜਿਸ ਉੱਤੇ ਉਹ ਪਰਮੇਸ਼ਰ ਅਤਿ ਪ੍ਰਸੰਨ ਹੈ ਅਤੇ ਜੋ ਪਰਮੇਸ਼ਰ ਦੀ ਮਾਇਆ ਤੋਂ ਭਿੰਨ=ਅੱਡ ਭਾਵ ਅਸੰਗ ਹੁੰਦਾ ਹੈ। ਓਹੀ ਵਿਸ਼ਨ ਉਪਾਸ਼ਨਾ ਕਰਨ ਵਾਲਾ ਅਸਲ ਵੈਸ਼ਨਵ ਹੈ।

ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥

ਜੋ ਕਰਮ ਕਰਦਾ ਹੋਇਆ ਨਿਹਕਰਮ=ਨਿਸ਼ਕਾਮ ਹੁੰਦਾ ਹੈ। ਉਸ ਵੈਸ਼ਨੋ ਦਾ ਧਰਮ ਨਿਰਮਲ ਹੈ।

ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ॥

ਜੋ ਕਿਸੇ ਕਰਮ ਦੇ ਫਲ ਦੀ ਇੱਛਾ ਨਹੀਂ ਬਾਛੈ=ਚਾਹੁੰਦਾ। ਕੇਵਲ ਪਰਮੇਸ਼ਰ ਦੀ ਭਗਤੀ ਤੇ ਉਸ ਦੇ ਕੀਰਤਨ=ਜਸ ਗਾਉਣ ਵਿਚ ਹੀ ਰਚਿਆ ਰਹਿੰਦਾ ਹੈ।

ਮਨ ਤਨ ਅੰਤਰਿ ਸਿਮਰਨ ਗੋਪਾਲ॥ ਸਭ ਊਪਰਿ ਹੋਵਤ ਕਿਰਪਾਲ॥

ਜਿਸ ਦੇ ਮਨ ਤਨ ਦੇ ਅੰਦਰ ਗੋਪਾਲ ਪਰਮੇਸ਼ਰ ਦਾ ਸਿਮਰਨ ਹੈ।

ਅਤੇ ਸੰਸਾਰਕ ਵਰਤੋਂ ਵਿਚ ਸਭ ਉੱਤੇ ਕਿਰਪਾਲੂ ਹੁੰਦਾ ਹੈ।

ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ॥
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥ ੨॥

ਆਪ ਤਾਂ ਆਪਣੇ ਮਨ ਵਿਚ ਨਾਮ ਨੂੰ ਪੱਕਾ ਕਰੀ ਰਖਦਾ ਹੈ ਅਤੇ ਹੋਰਨਾਂ ਨੂੰ ਨਾਮ ਜਪਾਉਂਦਾ ਹੈ।

ਗੁਰੂ ਜੀ ਆਖਦੇ ਹਨ-ਉਹ ਵੈਸ਼ਨੋ ਪਰਮਗਤਿ=ਕੇਵਲ ਮੁਕਤੀ ਨੂੰ ਪਾਉਂਦਾ ਹੈ॥ ੨॥

ਪ੍ਰਸ਼ਨ:-ਭਗਉਤੀਏ ਦੇ ਲੱਖਣ ਕੀ ਹਨ? ਗੁਰ ਉੱਤਰ:-

ਭਗਉਤੀ ਭਗਵੰਤ ਭਗਤਿ ਕਾ ਰੰਗੁ॥ ਸਗਲ ਤਿਆਗੈ ਦੁਸਟ ਕਾ ਸੰਗੁ॥

ਭਗਉਤੀ=ਰਾਸ ਧਾਰੀਆ ਅਸਲੀ ਉਹ ਹੈ ਜਿਸ ਨੂੰ ਭਗਵੰਤ ਦੀ ਭਗਤੀ ਦਾ ਰੰਗ ਚੜ੍ਹ ਗਿਆ ਹੈ ਅਤੇ ਸਾਰਿਆਂ ਪ੍ਰਤੱਖ ਦੁਸ਼ਟਾਂ ਦਾ ਵ. ਕਾਮ ਆਦਿਕਾਂ ਦਾ ਸੰਗੁ=ਸਾਥ (ਸੰਗਤ) ਛਡ ਦੇਂਦਾ ਹੈ।

ਸੋ ਭਗਉਤੀ ਜੁ ਭਗਵੰਤੈ ਜਾਣੈ॥ ਗੁਰ ਪਰਸਾਦੀ ਆਪੁ ਪਛਾਣੈ॥
ਧਾਵਤੁ ਰਾਖੈ ਇਕਤੁ ਘਰਿ ਆਣੈ॥ ਜੀਵਤੁ ਮਰੈ ਹਰਿ ਨਾਮੁ ਵਖਾਣੈ॥
ਐਸਾ ਭਗਉਤੀ ਉਤਮੁ ਹੋਇ॥ ਨਾਨਕ ਸਚਿ ਸਮਾਵੈ ਸੋਇ॥੨॥ (ਪੰਨਾ ੮੮)

ਮਨ ਤੇ ਬਿਨਸੈ ਸਗਲਾ ਭਰਮੁ॥ ਕਰਿ ਪੂਜੈ ਸਗਲ ਪਾਰਬ੍ਰਹਮੁ॥

(ਉਸ ਦੇ) ਮਨ 'ਚੋਂ ਸਾਰਾ ਭਰਮ ਦੂਰ ਹੋ ਗਿਆ ਹੈ। ਸਾਰਿਆਂ ਵਿਚ ਪਾਰਬ੍ਰਹਮ ਨੂੰ ਭਰਪੂਰ ਜਾਣਕੇ ਪੂਜਾ ਕਰਦਾ ਹੈ।

ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥

ਅਤੇ ਸੰਤਾਂ ਦੇ ਸੰਗ ਵਿਚ ਬੈਠ ਕੇ ਪਾਪਾਂ ਰੂਪੀ ਮੈਲ ਨੂੰ ਖੋਵੈ=ਦੂਰ ਕਰਦਾ ਹੈ।
ਤਿਸ ਭਗਉਤੀਏ ਦੀ ਮਤਿ=ਬੁੱਧੀ ਉੱਤਮ ਹੁੰਦੀ ਹੈ।

ਸਾਖੀ-ਚੋਰ ਦੇ ਪਾਪ ਨਵਿਰਤ ਹੋਣ ਦੀ

ਬਾਰ ਦੇਸ਼ ਵਿਚ ਇਕ ''ਸੁਰਜਨ ਦਾਸ'' ਨਾਮੇ ਉਦਾਸੀ ਮਹਾਤਮਾ ਹੋਏ ਹਨ ਜੋ ਪਹਿਲੀ ਉਮਰ ਵਿਚ ਸਭ ਤੋਂ ਬੜੇ ਵਡੇ ਡਾਕੂ ਸਨ। ਇਕ ਵਾਰ ਸੰਤ ਟਹਲ ਦਾਸ ਉਦਾਸੀ ਮਹਾਤਮਾ ਨੇ ਭੰਡਾਰਾ ਕਰਨ ਦਾ ਸੰਕਲਪ ਕਰਕੇ ਹਜ਼ਾਰਾਂ ਰੁਪਏ ਦੀਆਂ ਚੀਜ਼ਾਂ ਮੰਗਵਾ ਕੇ ਇਕੱਠੀਆਂ ਕੀਤੀਆਂ ਹੋਈਆਂ ਸਨ। ਭੰਡਾਰੇ ਦੀ ਤਾਰੀਖ ਵਿਚ ਅਜੇ ਕੁਝ ਦਿਨ ਰਹਿੰਦੇ ਸਨ। ਜਿਸ ਵੇਲੇ ਡਾਕੂਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸੰਤ ਟਹਲ ਦਾਸ ਜੀ ਦੇ ਡੇਰੇ ਆ ਕੇ ਸਾਰਾ ਸਮਾਨ ਲੁੱਟ ਲਿਆ। ਇਤਨੇ ਨੂੰ ਸੰਤ ਟਹਲ ਦਾਸ ਜੀ ਜਾਗ ਪਏ। ਡਾਕੂਆਂ ਨੂੰ ਪੁਛਿਆ, 'ਤੁਸੀਂ ਕੌਣ ਹੋ ਤੇ ਕੀ ਕਰ ਰਹੇ ਹੋ?' ਉਹਨਾਂ ਨੇ ਕਿਹਾ, 'ਅਸੀਂ ਡਾਕੂ ਹਾਂ, ਤੁਹਾਡਾ ਮਾਲ ਲੁਟ ਰਹੇ ਹਾਂ।' ਸੰਤਾਂ ਨੇ ਕਿਹਾ, 'ਚੰਗਾ ਹੋਇਆ ਅਸੀਂ ਵੀ ਤਾਂ ਭੰਡਾਰਾ ਕਰ ਕੇ ਲੁਟਾਣਾ ਸੀ ਤੁਸੀਂ ਆਪ ਲੁੱਟ ਲਿਆ ਹੈ। ਹਾਂ ! ਚੰਗਾ ਹੀ ਹੋਇਆ।' ਅੰਦਰ ਜਾ ਕੇ ਹੋਰ ਸਮਾਨ ਵੀ ਕਢ ਕੇ ਉਨ੍ਹਾਂ ਦੇ ਕੋਲ ਲਿਆ ਕੇ ਰੱਖ ਦਿਤਾ ਤੇ ਕਿਹਾ, 'ਮੇਰੀ ਖਲੜੀ ਵੀ ਲੈ ਜਾਓ ਕੋਈ ਚੀਜ਼ ਪਾਉਣ ਦੇ ਕੰਮ ਆਵੇਗੀ।' ਇਹ ਗੱਲ ਸੁਣਦਿਆਂ ਸਾਰ ਡਾਕੂਆਂ ਦਾ ਚਿਤ ਨਰਮ ਹੋ ਗਿਆ ਤੇ ਕਹਿਣ ਲਗੇ, ਮਹਾਰਾਜ ! ਸਾਡਾ ਗੁਨਾਹ ਬਖਸ਼ ਦਿਓ। ਤਾਂ ਸੰਤਾਂ ਨੇ ਡਾਕੂਆਂ ਦੇ ਸਰਦਾਰ ਨੂੰ ਕਿਹਾ, 'ਇਹ ਤੂੰ ਜੋ ਪਾਪ ਕਰ ਰਿਹਾ ਹੈਂ, ਇਸ ਦਾ ਫਲ ਇਕੱਲੇ ਤੈਨੂੰ ਹੀ ਭੋਗਣਾ ਪਵੇਗਾ। ਤੇਰੇ ਸਬੰਧੀ ਇਸ ਪਾਪ ਵਿਚ ਹਿਸੇਦਾਰ ਨਹੀਂ ਹੋਣਗੇ', ਸੰਤਾਂ ਦੇ ਬਚਨ ਸੁਣਦਿਆਂ-ਸਾਰ ਉਹ ਚਰਨਾਂ ਪਰ ਡਿਗ ਪਿਆ ਤੇ ਹੱਥ ਜੋੜ ਕੇ ਕਿਹਾ, 'ਆਪਣੀ ਚਰਨੀ ਲਗਾ ਕੇ ਮੇਰੇ ਔਗੁਣ ਬਖਸ਼ ਦਿਓ ਬਖਸ਼ ਦਿਓ।' ਸੰਤਾਂ ਨੇ ਕਿਹਾ, ਓਹ ਦੁਸ਼ਟਾ ! ਸਾਡੇ ਚਰਨ ਤਾਂ ਛਡ ਦੇਹ, ਪਰ ਉਸ ਨੇ ਨਾ ਛਡੇ। ਫਿਰ ਸੰਤਾਂ ਨੇ ਉਸ ਦੀ ਪਿੱਠ ਪਰ ਚਿਮਟਾ ਮਾਰਿਆ, ਲਾਸ ਪੈ ਗਈ। ਪਰ ਉਸ ਨੇ ਚਰਨ ਫੇਰ ਵੀ ਨਾ ਛੱਡੇ। ਲੋਕਾਂ ਨੇ ਭੀ ਕਿਹਾ, ਤਾਂ ਭੀ ਨਾ ਛੱਡੇ। ਸੰਤਾਂ ਨੇ ਜ਼ੋਰ ਦੀ ਚਿਮਟਾ ਮਾਰ ਕੇ ਕਿਹਾ, ਹੁਣ ਤਾਂ ਛੱਡ ਦੇਹ ਪਰ ਉਸਨੇ ਫਿਰ ਵੀ ਨਾ ਛਡੇ। ਜਦ ਸੰਤਾਂ ਨੇ ਤੀਜੀ ਵਾਰ ਚਿਮਟਾ ਮਾਰਿਆ ਤਾਂ ਸਰੀਰ ਲਹੂ-ਲੁਹਾਣ ਹੋ ਗਿਆ ਪਰ ਚਰਨਾਂ ਤੋਂ ਸਿਰ ਨਾ ਚੁੱਕਿਆ। ਇਤਨੇ ਨੂੰ ਸੰਤਾਂ ਨੇ ਖੁਸ਼ ਹੋ ਕੇ ਉਸ ਨੂੰ ਬਾਹੋਂ ਫੜ ਕੇ ਆਪਣੇ ਗਲ ਨਾਲ ਲਗਾ ਕੇ ਕਿਹਾ, 'ਤੇਰੇ ਤਿੰਨ ਜਨਮਾਂ ਦੇ ਪਾਪ ਖਤਮ ਹੋ ਗਏ ਹਨ।' ਸੰਤਾਂ ਨੇ ਆਪਣੀ ਚਰਨੀਂ ਲਗਾ ਕੇ ਉਸ ਨੂੰ ਆਪਣਾ ਸੇਵਕ ਬਣਾ ਲਿਆ ਤੇ ਰਾਮ ਰਾਮ ਦੇ ਸਿਮਰਨ ਦਾ ਉਪਦੇਸ਼ ਦੇ ਕੇ ਮਹਾਂਪੁਰਸ਼ ਬਣਾ ਦਿੱਤਾ।

ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥
ਮਨੁ ਤਨੁ ਅਰਪੈ ਬਿਸਨ ਪਰੀਤਿ ॥

ਜੋ ਭਗਉਤੀਆ ਪਰਮੇਸ਼ਰ ਦੀ ਟਹਿਲ ਨਿਤਾਪ੍ਰਤੀ ਕਰਦਾ ਹੈ। ਹੋਰ ਕੀ ਕਹਿਣਾ ਹੈ ! ਆਪਣੇ ਮਨ ਤਨ ਨੂੰ ਪਰਮਾਤਮਾ ਦੀ ਪ੍ਰੀਤੀ ਵਿਚ ਅਰਪਣ ਕਰ ਦੇਂਦਾ ਹੈ।

ਹਰਿ ਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥ ੩ ॥

ਅਤੇ ਹਰੀ ਦੇ ਚਰਨ ਨੂੰ ਹਿਰਦੇ ਵਿਚ ਵਸਾਉਂਦਾ ਹੈ।

ਗੁਰੂ ਜੀ ਫੁਰਮਾਉਂਦੇ ਹਨ-ਐਸਾ ਭਗਉਤੀਆ ਪਰਮੇਸ਼ਰ ਨੂੰ ਪਾ ਲੈਂਦਾ ਹੈ॥ ੩॥

ਪ੍ਰਸ਼ਨ:-ਪੰਡਤ ਦੇ ਲੱਖਣ ਕੀ ਹਨ? ਗੁਰ ਉੱਤਰ:-

ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥

ਪੰਡਤ ਉਹ ਹੈ ਜੋ ਆਪਣੇ ਮਨ ਨੂੰ ਪਰ=ਭਲੀ ਪ੍ਰਕਾਰ ਬੋਧੈ=ਗਿਆਨ ਦੇਂਦਾ ਹੈ। ਅਤੇ ਆਤਮ=ਮਨ ਵਿਚ 'ਰਾਮ ਹੈ ਨਾਮ ਜਿਸਦਾ' ਉਸ ਦਾ ਸੋਧੈ=ਨਿਰਣਾ ਕਰਦਾ ਹੈ।

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥

(ਮਲਾਰ ਮਹਲਾ ੩, ਪੰਨਾ ੧੨੬੧)

ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥

ਸਭ ਵੇਦਾਂ ਸ਼ਾਸਤ੍ਰਾਂ ਦੇ ਸਾਰੁ=ਸਿਧਾਂਤ ਰੂਪ ਰਾਮ ਨਾਮ ਰੂਪੀ ਰਸ ਨੂੰ ਪੀਂਦਾ ਹੈ।

ਉਸ ਪੰਡਤ ਦੇ ਉਪਦੇਸ਼ ਕਰਕੇ ਜਗਤ ਜਿਉਂਦਾ ਹੈ।

ਹਰਿ ਕੀ ਕਥਾ ਹਿਰਦੈ ਬਸਾਵੈ॥ਸੋ ਪੰਡਿਤੁ ਫਿਰਿ ਜੋਨਿ ਨ ਆਵੈ॥

ਜੋ ਹਰੀ ਦੀ ਕਥਾ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ।

ਉਹ ਪੰਡਿਤ ਫਿਰ ਜੂਨੀਆਂ ਵਿਚ, ਨਹੀਂ ਆਉਂਦਾ।

ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ਸੂਖਮ ਮਹਿ ਜਾਨੈ ਅਸਥੂਲੁ॥

ਜੋ ਪੰਡਿਤ ਚਾਰ ਵੇਦ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ ਦੇ ਮੂਲੁ=ਮੁੱਢ (ਪਰਮਾਤਮਾ) ਨੂੰ ਬੁਝਦਾ ਹੈ। ਅਤੇ ਸੂਖਮ ਸਰੂਪ ਨਿਰਗੁਣ ਬ੍ਰਹਮ ਵਿਚ ਸਾਰੇ ਅਸਥੂਲ ਰੂਪ ਬ੍ਰਹਮੰਡ ਨੂੰ ਕਲਪਤ ਜਾਣਦਾ ਹੈ।

ਚਹੁ ਵਰਨਾ ਕਉ ਦੇ ਉਪਦੇਸੁ॥
ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥੪॥

ਫੇਰ-(ਬ੍ਰਾਹਮਣ, ਖੱਤ੍ਰੀ, ਸ਼ੂਦਰ, ਵੈਸ਼, ਇਨ੍ਹਾਂ) ਚਾਰੇ ਹੀ ਵਰਨਾਂ ਦੇ ਜੀਵਾਂ ਨੂੰ ਜੋ ਪ੍ਰੇਮ ਨਾਲ ਉਪਦਸ਼ ਦਿੰਦਾ ਹੈ। ਗੁਰੂ ਜੀ ਕਹਿੰਦੇ ਹਨ-ਅਸੀਂ ਉਸ ਪੰਡਿਤ ਨੂੰ ਸਦਾ ਹੀ ਨਮਸ਼ਕਾਰ ਕਰਦੇ ਹਾਂ॥ ੪॥

ਬੀਜ ਮੰਤ੍ਰੁ ਸਰਬ ਕੋ ਗਿਆਨੁ॥ਚਹੁ ਵਰਨਾ ਮਹਿ ਜਪੈ ਕੋਊ ਨਾਮੁ॥

ਬੀਜ ਮੰਤ੍ਰੁ=ਬੀਜ ਮਾਤ੍ਰ ਅਰਥਾਤ ਸਮਾਨਤਾ ਕਰਕੇ ਸਭ ਨੂੰ ਪ੍ਰਮੇਸ਼ਰ ਦਾ ਗਿਆਨ ਹੈ। ਨਿੱਕੇ ਬੱਚੇ ਪਾਸੋਂ ਵੀ ਪੁੱਛੋ ਤਾਂ ਉਹ ਵੀ ਆਖਦਾ ਹੈ ਕਿ ਉਹ ਰੱਬ ਹੈ।

ਵਾ:-ਸਭ ਮੰਤਰਾਂ ਦਾ ਬੀਜ=ਕਾਰਨ ਰੂਪ ਓਅੰਕਾਰ ਸਹਿਤ ਸਤਿਨਾਮੁ ਮੰਤਰ ਹੈ।

ਉਸ ਨਾਮ ਨੂੰ ਚੌਹਾਂ ਜ਼ਾਤਾਂ ਵਿਚੋਂ ਚਾਹੇ ਕੋਈ ਜਪੇ ਉਸੇ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥

ਸਤਿਨਾਮੁ ਮੰਤਰ ਨੂੰ ਜੋ ਜੋ ਪੁਰਸ਼ ਜਪੇਗਾ, ਉਸ ਦੀ ਮੁਕਤੀ ਹੋਵੇਗੀ।

ਪਰ ਇਸ ਨਾਮ ਨੂੰ ਸੰਤਾਂ ਦੇ ਸੰਗ ਵਿਚ ਮਿਲ ਕੇ ਕੋਈ ਵਿਰਲਾ ਹੀ ਜਨੁ=ਮਨੁੱਖ ਪਾਉਂਦਾ ਹੈ।

ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥

ਜਿਸ ਉੱਤੇ ਅਕਾਲ ਪੁਰਖ ਕਿਰਪਾ ਕਰਦਾ ਹੈ-ਉਹ ਨਾਮ ਨੂੰ ਹਿਰਦੇ ਅੰਦਰ ਧਾਰ ਲੈਂਦਾ ਹੈ। ਨਾਮ ਐਸਾ ਸਮਰੱਥ ਹੈ-ਜੋ ਪਸੂ, ਪ੍ਰੇਤ, ਮੁਘਦ=ਮੂਰਖ, ਤੇ ਪੱਥਰਾਂ ਵਾਂਗ ਕਰੜੇ ਸੁਭਾਅ ਵਾਲੇ ਪੁਰਸ਼ਾਂ ਨੂੰ ਭੀ ਤਾਰਦਾ ਹੈ।

ਯਥਾ:- ਪਸੁ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥ *(ਪੰਨਾ ੮੦੨)*

ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥

ਸਾਰਿਆਂ ਰੋਗਾਂ ਦੀ ਨਵਿਰਤੀ ਦਾ ਅਉਖਦੁ=ਦਾਰੂ ਨਾਮ ਹੈ। ਕਲਿਆਣ ਸਰੂਪ ਜੋ ਪਰਮੇਸ਼ਰ ਹੈ, ਮੰਗਲਾਂ ਦੇ ਕਰਨ ਵਾਲਾ, ਉਸ ਦੇ ਗੁਣਾਂ ਨੂੰ ਗਾਮ=ਗਾਓ।

ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥ ੫ ॥

ਉਸ ਦੇ ਨਾਮ ਤੋਂ ਬਿਨਾਂ ਹੋਰ ਕਿਸੇ ਜੁਗਤਿ=ਯੁਕਤੀ ਕਰਕੇ ਅਤੇ ਹੋਰ ਕਿਸੇ ਧਰਮ ਕਰਕੇ ਉਹ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਜੀ ਫ਼ਰਮਾਉਂਦੇ ਹਨ-ਨਾਮ ਉਸੇ ਨੂੰ ਮਿਲਦਾ ਹੈ, ਜਿਸ ਦੇ ਮੱਥੇ ਤੇ ਧੁਰੋਂ ਸ੍ਰੇਸ਼ਟ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ ॥ ੫ ॥

ਪ੍ਰਤੱਖ ਰਾਮਦਾਸੀਏ ਘੁੰਘਰੂ ਬੰਨ੍ਹ ਕੇ ਨੱਚਦੇ-ਟੱਪਦੇ ਤੇ ਮੰਗ ਕੇ ਖਾਂਦੇ ਹਨ।

ਯਥਾ:- ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥ *(ਮਾਰੂ ਮ: ੫, ਪੰਨਾ ੧੦੦੩)*

ਪ੍ਰਸ਼ਨ:- ਅਸਲ ਰਾਮਦਾਸੀਆਂ ਦੇ ਲੱਖਣ ਕੀ ਹਨ?

ਰਾਮਦਾਸੀਆ ਇਕ ਭੇਖ ਹਨ, ਉਸ ਦੇ ਲੱਖਣ ਹੁਣ ਦਸਦੇ ਹਨ:-

[ਪੰਨਾ ੨੭੫]

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥ ਤਿਸ ਕਾ ਨਾਮੁ ਸਤਿ ਰਾਮਦਾਸੁ ॥

ਜਿਸ ਦੇ ਮਨ ਵਿਚ ਪਾਰਬ੍ਰਹਮ ਦੇ ਨਾਮ ਦਾ ਨਿਵਾਸ ਹੈ। ਉਸਦਾ ਨਾਮ ਸਤਿ=ਨਿਸਚੇ ਕਰਕੇ ਰਾਮ ਦਾ ਦਾਸ ਹੈ।

ਆਤਮ ਰਾਮੁ ਤਿਸੁ ਨਦਰੀ ਆਇਆ ॥ ਦਾਸ ਦਸੰਤਣ ਭਾਇ ਤਿਨਿ ਪਾਇਆ ॥

ਉਸ ਨੂੰ ਆਤਮ ਰਾਮੁ=ਪਰਮਾਤਮਾ, ਵਾ:-ਆਪਣਾ ਆਪ ਰਾਮ ਰੂਪ ਕਰਕੇ ਨਿਗਾਹ ਆਇਆ ਹੈ।

ਉਸ ਨੇ ਦਾਸਾਂ ਵਿਚ ਦਾਸਾ ਭਾਵ ਕਰਨਾ ਪਾਇਆ ਹੈ।

ਸਦਾ ਨਿਕਟਿ ਨਿਕਟਿ ਹਰਿ ਜਾਨੁ ॥ ਸੋ ਦਾਸੁ ਦਰਗਹ ਪਰਵਾਨੁ ॥

ਜੋ ਹਰੀ ਨੂੰ ਹਮੇਸ਼ਾਂ ਨੇੜੇ ਤੋਂ ਨੇੜੇ ਜਾਣਦਾ ਹੈ।

ਉਹ ਰਾਮ ਦਾ ਦਾਸ ਦਰਗਾਹ ਵਿਚ ਪਰਵਾਣ ਹੁੰਦਾ ਹੈ।

ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥ ਤਿਸੁ ਦਾਸ ਕਉ ਸਭ ਸੋਝੀ ਪਰੈ ॥

ਆਪਣੇ ਪਰਵਾਣ ਹੋਏ ਦਾਸ ਪਰ ਜਦ ਪਰਮੇਸ਼ਰ ਆਪ ਹੀ ਕਿਰਪਾ ਕਰਦਾ ਹੈ।

ਤਦ ਉਸ ਦਾਸ ਨੂੰ ਸਭ ਸੋਝੀ ਪੈ ਜਾਂਦੀ ਹੈ।

ਸਗਲ ਸੰਗਿ ਆਤਮ ਉਦਾਸੁ ॥ ਐਸੀ ਜੁਗਤਿ ਨਾਨਕ ਰਾਮਦਾਸੁ ॥ ੬ ॥

ਫਿਰ ਉਹ ਤਨ ਕਰਕੇ ਸਾਰਿਆਂ ਦੇ ਸੰਗ ਵਿਚ ਭਾਵ ਗ੍ਰਹਿਸਥ ਵਿਚ ਵਸਦਾ ਹੋਇਆ ਭੀ ਆਤਮ=ਮਨ ਕਰਕੇ ਸਭਨਾਂ ਤੋਂ ਉਦਾਸੁ=ਉਪਰਾਮ ਰਹਿੰਦਾ ਹੈ।

ਗੁਰੂ ਜੀ ਕਹਿੰਦੇ ਹਨ=ਐਸੀ ਜੁਗਤੀ ਵਾਲਾ ਰਾਮਦਾਸੀਆ ਹੈ ॥ ੬ ॥

ਪ੍ਰਸ਼ਨ:-ਜੀਵਨ ਮੁਕਤ ਅਵਸਥਾ ਵਾਲੇ ਦੇ ਲੱਖਣ ਕੀ ਹਨ? ਗੁਰ ਉੱਤਰ:-

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥

ਜੋ ਆਪਣੇ ਆਤਮ=ਮਨ ਵਿਚ ਪ੍ਰਭੂ ਦੀ ਆਗਿਆ ਨੂੰ ਪ੍ਰੇਮ ਨਾਲ ਲਿਆਉਂਦਾ ਹੈ। ਉਹੀ ਪੁਰਸ਼ ਜੀਵਨ ਮੁਕਤ ਅਵਸਥਾ ਵਾਲਾ ਕਹਾਉਂਦਾ ਹੈ।

ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥

ਉਸਨੂੰ ਜੈਸਾ ਹਰਖ ਹੁੰਦਾ ਹੈ, ਤੈਸਾ ਸੋਗ ਹੁੰਦਾ ਹੈ, ਹਰਖ ਸੋਗ ਅਵਸਥਾ ਤੋਂ ਉੱਪਰ ਜੋ ਅਨੰਦ ਹੈ, ਉਹ ਅਨੰਦ ਉਸ ਨੂੰ ਹਮੇਸ਼ਾਂ ਬਣਿਆ ਰਹਿੰਦਾ ਹੈ, ਉਸਨੂੰ ਬਿਓਗੁ=ਦੁੱਖ ਨਹੀਂ ਹੁੰਦਾ।

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥

(ਫਿਰ ਉਸ ਦੀ ਬਿਰਤੀ ਐਸੀ ਸਮ ਹੋ ਜਾਂਦੀ ਹੈ) ਜਿਹੋ ਜਿਹਾ ਉਸ ਨੂੰ ਸੋਨਾ ਪ੍ਰਤੀਤ ਹੁੰਦਾ ਹੈ ਉਹੋ ਜਿਹੀ ਮਿੱਟੀ। ਜਿਹੋ ਜਿਹਾ ਉਸ ਨੂੰ ਅੰਮ੍ਰਿਤ ਮਿੱਠਾ ਲਗਦਾ ਹੈ, ਓਹੋ ਜਿਹੀ ਉਸ ਨੂੰ ਜ਼ਹਿਰ ਲਗਦੀ ਹੈ, ਜਿਹੋ ਜਹੀ ਕੌੜੀ ਜ਼ਹਿਰ ਓਹੋ ਜਿਹਾ ਅੰਮ੍ਰਿਤ, ਦੋਨੋਂ ਇਕ ਰੂਪ ਖਾਟੀ=ਪ੍ਰਾਪਤ ਹੁੰਦੇ ਹਨ।

ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥

ਜੈਸਾ ਉਸਨੂੰ ਆਪਣਾ ਮਾਨ=ਆਦਰ ਲਗਦਾ ਹੈ, ਉਹੋ ਜੇਹਾ ਹੀ ਆਪਣਾ ਅਭਿਮਾਨ=ਨਿਰਾਦਰ ਲਗਦਾ ਹੈ, ਅਰਥਾਤ ਆਦਰ ਨਿਰਾਦਰ ਵਿਚ ਕੋਈ ਭੇਦ ਨਹੀਂ ਸਮਝਦਾ। ਉਹ ਕਹਿੰਦਾ ਹੈ:-

ਜੇ ਲੋਕ ਸਲਾਹੇ ਭਾ ਤੇਰੀ ਉਪਮਾ ਜੇ ਨਿੰਦੇ ਤ ਛੋਡਿ ਨ ਜਾਈ ॥

(ਸੂਹੀ ਮਹਲਾ ੪, ਪੰਨਾ ੭੫੭)

ਰੰਕੁ=ਕੰਗਾਲ। ਰਾਜਾਨੁ=ਰਾਜਾ। ਗਰੀਬ ਅਤੇ ਅਮੀਰ, ਰਾਜਾ ਤੇ ਕਰਾਲ, ਦੋਹਾਂ ਨਾਲ ਇਕੋ ਜੇਹਾ ਵਰਤਦਾ ਹੈ।

ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥

ਪਰਮਾਤਮਾ ਜੋ ਭੀ ਵਰਤਾਉਂਦਾ ਹੈ, ਸਾਈ=ਉਸ ਨੂੰ ਉਹ ਜੀਵਨ ਮੁਕਤ ਵਾਲਾ ਪੁਰਸ਼ ਜੁਗਤੀ ਸਹਿਤ ਹੀ ਨਿਸਚੇ ਕਰਦਾ ਹੈ ਕਿ ਵਾਹਿਗੁਰੂ ਨੇ ਜੋ ਕੀਤਾ ਹੈ, ਠੀਕ ਕੀਤਾ ਹੈ।

ਅਥਵਾ:-ਇੰਦ੍ਰੀਆਂ ਨੂੰ ਜੋ ਭੀ ਵਰਤਾਉਂਦਾ ਹੈ ਸਾ=ਉਹ ਜੁਗਤ ਪੂਰਬਕ ਵਰਤਾਉਂਦਾ ਹੈ। ਗੁਰੂ ਜੀ ਆਖਦੇ ਹਨ-ਉਹ ਪੁਰਸ਼ ਜੀਵਨ ਮੁਕਤ ਅਵੱਸਥਾ ਵਾਲਾ ਕਹੀਦਾ ਹੈ॥ ੭ ॥

ਮਾਨ ਮੋਹ ਦੋਨੌ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੌ ਪ੍ਰਾਨੀ ਜੀਵਨ ਮੁਕਤਿ ਕਹਾਵੈ॥ (ਪੰਨਾ ੮੩੧)
ਅਤੇ-*ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥ ੬॥* (ਮਾਰੂ ਮਹਲਾ ੧, ਪੰਨਾ ੧੦੧੦)

ਸਾਖੀ-ਜੀਵਨ ਮੁਕਤ ਜੜ ਭਰਥ ਮਹਾਤਮਾ ਦੀ

ਕਿਸੇ ਦੇਸ਼ ਦਾ ਇਕ ਰਾਜਾ ਸੀ ਉਸ ਦੇ ਘਰ ਵਿਚ ਸੰਤਾਨ ਨਹੀਂ ਸੀ ਬੜੇ ਜਤਨਾਂ ਦੇ ਕਰਨ ਨਾਲ ਵੀ ਜਦ ਸੰਤਾਨ ਨਾ ਹੋਈ ਤਾਂ ਉਸ ਨੇ ਬਹੁਤਿਆਂ ਤੋਂ ਸੰਤਾਨ ਉਤਪਤੀ ਦਾ ਸਾਧਨ ਪੁੱਛਿਆ। ਇਕ ਜੋਤਸ਼ੀ ਨੇ ਕਿਹਾ 'ਹੇ ਬਾਦਸ਼ਾਹ ! ਜੇਕਰ ਆਪ ਸੰਤਾਂ ਦੀ ਸੇਵਾ ਕਰੇਂਗਾ ਤਾਂ ਉਨ੍ਹਾਂ ਦੀ ਅਸ਼ੀਰਵਾਦ ਨਾਲ ਜ਼ਰੂਰ ਸੰਤਾਨ ਹੋਵੇਗੀ।' ਉਸ ਵੇਲੇ ਰਾਜੇ ਨੇ ਨਦੀ ਦੇ ਕਿਨਾਰੇ ਇਕ ਬੜਾ ਭਾਰੀ ਆਸ਼੍ਰਮ ਬਣਵਾਇਆ। ਉਸ ਵਿਖੇ ਸਾਧੂ ਲੋਕ ਆਉਣ ਲਗ ਪਏ। ਰਾਣੀ ਸਮੇਤ ਰਾਜਾ ਅੰਨ-ਪਾਣੀ ਬਸਤ੍ਰ ਆਦਿਕ ਲਿਜਾ ਕੇ ਹਰ ਤਰ੍ਹਾਂ ਸੰਤਾਂ ਦੀ ਸੇਵਾ ਕਰਨ ਲਗ ਪਿਆ। ਇਨ੍ਹਾਂ ਦੀ ਸੇਵਾ ਤੇ ਖੁਸ਼ ਹੋ ਕੇ ਇਕ ਮਹਾਤਮਾ ਨੇ ਪੁਛਿਆ, 'ਐ ਬਾਦਸ਼ਾਹ ! ਤੂੰ ਕਿਸ ਭਾਵਨਾ ਨਾਲ ਸੇਵਾ ਕਰਦਾ ਹੈਂ? ਰਾਜੇ ਨੇ ਝੋਲੀ ਅੱਡ ਕੇ ਕਿਹਾ, 'ਮਹਾਂ ਪੁਰਸ਼ੋ ! ਆਪ ਜੀ ਦੀ ਕਿਰਪਾ ਨਾਲ ਹੋਰ ਤਾਂ ਸਭ ਕੁਝ ਹੈ ਪਰ ਇਕ ਮਿੱਠੀ ਦਾਤ ਪੁਤ੍ਰ ਦੀ ਨਹੀਂ ਹੈ, ਆਪ ਕਿਰਪਾ ਕਰੋ ਘਰ ਵਿਚ ਬੂਟਾ ਲਗ ਜਾਵੇ, 'ਸੰਤਾਂ ਨੇ ਕਿਹਾ, 'ਰਾਜਨ! ਫਿਕਰ ਨਾ ਕਰ ਤੇਰੇ ਘਰ ਦੋ ਪੁਤਰ ਹੋਣਗੇ ਪਰ ਇਕ ਨੂੰ ਗ੍ਰਹਿਸਤੀ ਬਣਾ ਕੇ ਰਾਜ ਭਾਗ ਦੇ ਦੇਵੀਂ, ਦੂਜੇ ਨੂੰ ਸਾਧੂ ਬਣਾ ਦੇਵੀਂ ਅਤੇ ਤੂੰ ਆਪ ਰਾਜ-ਭਾਗ ਦੇ ਕੇ ਜੀਵਨ ਮੁਕਤ ਹੋ ਕੇ ਵਿਚਰਨਾ ਕਰੀਂ।'

ਸੰਤਾਂ ਦੇ ਵਰ ਕਹਕੇ ਸਮੇਂ ਅਨੁਸਾਰ ਰਾਜੇ ਦੇ ਘਰ ਦੋ ਪੁਤਰ ਹੋ ਗਏ। ਉਸ ਦਿਨ ਤੋਂ ਰਾਜੇ ਦੇ ਮਨ ਵਿਚ ਸੰਤਾਂ ਪਰ ਬੜੀ ਸ਼ਰਧਾ ਹੋ ਗਈ ਰੋਜ਼ਾਨਾ ਸਤਸੰਗ ਕਰਨ ਲੱਗ ਪਿਆ ਜਿਸ ਤੇ ਰਾਜੇ ਦੇ ਮਨ ਨੂੰ ਬੜੀ ਸ਼ਾਂਤੀ ਆਈ। ਸ਼ਾਸਤ੍ਰ ਵਿਚ ਜੀਵਨ ਮੁਕਤ ਅਵੱਸਥਾ ਦੇ ਲੱਛਣ ਪੜ੍ਹੇ ਅਤੇ ਜੀਵਨ ਮੁਕਤ ਅਵੱਸਥਾ ਵਾਲੇ ਮਹਾਤਮਾ ਦੀ ਤਲਾਸ਼ ਕਰਨ ਲਗ ਪਿਆ। ਤਲਾਸ਼ ਕਰਦਿਆਂ ਹੋਇਆਂ ਪਤਾ ਲਗਾ ਕਿ 'ਜੜ ਭਰਥ' ਨਾਮੇ ਮਹਾਤਮਾ ਵਿਚ ਜੀਵਨ ਮੁਕਤ ਅਵੱਸਥਾ ਵਾਲੇ ਪੂਰੇ ਲੱਛਣ ਹਨ।

ਜੀਵਨ ਮੁਕਤ ਅਵੱਸਥਾ ਵਾਲੇ ਮਹ੍ਹਾਤਮਾ ਵਿਚ ਪੰਜ ਗੁਣ ਹੁੰਦੇ ਹਨ। ਉਹ ਇਹ ਹਨ-

(੧) ਹਰ ਵੇਲੇ ਆਪਣੇ ਸਰੂਪ ਦਾ ਗਿਆਨ ਰਹਿਣਾ।

(੨) ਤ੍ਰਿਸ਼ਨਾਂ ਅਤੇ ਵਾਸ਼ਨਾਂ ਆਦਿ ਤੋਂ ਰਹਿਤ ਹੋਣਾ।

(੩) ਕਿਸੇ ਨਾਲ ਵਾਦ ਵਿਵਾਦ ਨਹੀਂ ਕਰਨਾ।

(੪) ਹਰ ਵੇਲੇ ਦੁਖ ਦਾ ਅਭਾਵ ਹੋਣਾ।

ਗੁਰਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥ ੨॥

(ਸੋਰਠਿ ਮਹਲਾ ੯, ਪੰਨਾ ੬੩੩)

(੫) ਹਰ ਵੇਲੇ ਮਨ ਵਿਚ ਖੁਸ਼ੀ ਰਹਿਣੀ, ਅਨੰਦ ਵਿਚ ਮਸਤ ਰਹਿਣਾ।

ਏਸੇ ਤਰ੍ਹਾਂ ਦੇ ਪੰਜੇ ਗੁਣ ਜੜ ਭਰਥ ਮਹਾਤਮਾ ਵਿਚ ਦਿਖਾਈ ਦਿੰਦੇ ਸਨ। ਰਾਜੇ ਨੂੰ ਜੜ ਭਰਥ ਨਾਮੇ ਸੰਤਾਂ ਦੇ ਦਰਸ਼ਨ ਕਰਨ ਦੀ ਬੜੀ ਤਾਂਘ ਪੈਦਾ ਹੋਈ। ਜੜ ਭਰਥ ਨਾਮੇ ਸੰਤਾਂ ਦੀ ਪ੍ਰੀਖਿਆ ਲੈਣ ਵਾਸਤੇ ਰਾਜੇ ਦੇ ਆਪਣੇ ਬਾਗ ਵਿਚ ਇਕ ਨਿੰਮ ਦਾ ਬ੍ਰਿੱਛ ਸੀ ਉਸ ਨਾਲ ਨਿਮੋਲੀਆਂ ਲਗੀਆਂ ਹੋਈਆਂ ਸਨ ਜਿਹੜਾ ਭੀ ਕੋਈ ਸੰਤ ਆਉਂਦਾ, ਉਸਨੂੰ ਰਾਜਾ ਕਹਿੰਦਾ ਸੀ, ਇਸ ਅੰਬ ਦੇ ਬ੍ਰਿੱਛ ਨਾਲ ਛੋਟੀਆਂ ਛੋਟੀਆਂ ਅੰਬੀਆਂ ਲਗੀਆਂ ਹੋਈਆਂ ਹਨ ਫਲ ਪੱਕਣ ਪਰ ਸੇਰ ਸੇਰ ਦੇ ਅੰਬ ਹੋ ਜਾਂਦੇ ਹਨ, ਇਨ੍ਹਾਂ ਫਲਾਂ ਨੂੰ ਤੁਸੀਂ ਖਾ ਕੇ ਜਾਣਾ। ਤੁਸੀਂ ਜਾਣ ਦੀ ਜਲਦੀ ਨਾ ਕਰਨੀ। ਉਸਨੂੰ ਦੇਖ ਕੇ ਮਹਾਤਮਾ ਕਹਿੰਦੇ ਸਨ 'ਹੇ ਰਾਜਨ ! ਇਹ ਤਾਂ ਨਿੰਮ ਦਾ ਬ੍ਰਿਛ ਹੈ ਅੰਬ ਨਹੀ।' ਇੰਜ ਕਹਿਕੇ ਚਲੇ ਜਾਂਦੇ ਸਨ। ਰਾਜਾ ਸਮਝ ਲੈਂਦਾ ਸੀ ਕਿ ਇਹ ਜੜ ਭਰਥ ਮਹਾਤਮਾ ਨਹੀਂ ਹਨ। ਰਾਜੇ ਨੇ ਉਸ ਬਾਗ ਵਿਚ ਇਕ ਤੋਤਾ ਭੀ ਰਖਿਆ ਹੋਇਆ ਸੀ ਜੋ ਆਏ ਗਏ ਸੰਤਾਂ ਨੂੰ ਅਤੇ ਰਾਜੇ ਨੂੰ ਬੜੇ ਸਤਕਾਰ ਭਰੇ ਮਿੱਠੇ-ਮਿੱਠੇ ਬਚਨ ਸੁਣਾਕੇ ਪ੍ਰਸੰਨ ਕਰਦਾ ਸੀ ਅਤੇ ਆਏ ਹੋਏ ਸੰਤਾਂ ਨੂੰ ਆਖਦਾ ਸੀ ਕਿ ਸੰਤ ਜੀ ! ਮੈਂ ਸੁਣਿਆਂ ਹੈ ਕਿ ਪ੍ਰਭੂ ਦਾ ਨਾਮ ਜਨਮ ਮਰਨ ਦੇ ਬੰਧਨ ਕਟ ਦੇਂਦਾ ਹੈ, ਪਰ ਮੇਰਾ ਤਾਂ ਲੋਹੇ ਦਾ ਪਿੰਜਰਾ ਜੋ ਮੇਰੇ ਵਾਸਤੇ ਬੰਧਨ ਰੂਪ ਹੈ, ਇਸ ਨੂੰ ਨਹੀਂ ਕਟਦਾ ਮੈਂ ਰਾਤ ਦਿਨ ਨਾਮ ਲੈਂਦਾ ਰਹਿੰਦਾ ਹਾਂ, ਕੋਈ ਤਰੀਕਾ ਦਸੋ ਜਿਸ ਕਰਕੇ ਮੇਰਾ ਬੰਧਨ ਟੁਟ ਜਾਵੇ।

ਮਹਾਤਮਾ ਨੇ ਅਨੇਕ ਜੁਗਤੀਆਂ ਭੀ ਦਸੀਆਂ ਪਰ ਉਸ ਦਾ ਪਿੰਜਰਾ ਨਾ ਟੁਟਿਆ।

ਆਖਿਰ ਇਕ ਦਿਨ ਫਿਰਦੇ ਫਿਰਦੇ ਜੜ ਭਰਥ ਨਾਮੇ ਮਹਾਤਮਾ ਭੀ ਆ ਗਏ ਜਿਸ ਵੇਲੇ ਬਾਗ ਦੇ ਅੰਦਰ ਵੜੇ ਤਾਂ ਤੋਤੇ ਨੇ ਬੜੇ ਮਿੱਠੇ-ਮਿੱਠੇ ਬੋਲਾਂ ਨਾਲ ਬੜਾ ਸਤਿਕਾਰ ਕੀਤਾ ਤੇ ਪ੍ਰਸ਼ਨ ਕੀਤਾ ਮਹਾਰਾਜ ਜੀ ! ਕੋਈ ਜੁਗਤੀ ਦਸੋ ਜਿਸ ਕਰਕੇ ਇਹ ਲੋਹੇ ਦਾ ਪਿੰਜਰਾ ਟੁਟ ਜਾਵੇ।

ਸੰਤਾਂ ਨੇ ਕਿਹਾ-ਮਨ ਇੰਦ੍ਰੀਆਂ ਨੂੰ ਰੋਕ ਕੇ ਮੁਰਦੇ ਵਾਂਗ ਲੰਮਾ ਪੈ ਜਾ, ਹੁਣੇ ਪਿੰਜਰਾ ਟੁਟ ਜਾਏਗਾ। ਰਾਮ ਰਾਮ ਜਪਣ ਕਰਕੇ ਤੋਤੇ ਦਾ ਹਿਰਦਾ ਤਾਂ ਅੱਗੇ ਹੀ ਸ਼ੁੱਧ ਸੀ, ਸੰਤਾਂ ਦੇ ਬਚਨਾਂ ਅਨੁਸਾਰ ਜਿਸ ਵੇਲੇ ਮਨ ਇੰਦ੍ਰੀਏ ਪ੍ਰਾਣਾਂ ਨੂੰ ਰੋਕ ਕੇ ਲੰਮਾ ਪੈ ਗਿਆ। ਇਤਨੇ ਨੂੰ ਰਾਜਾ ਆ ਗਿਆ ਤੋਤੇ ਨੇ ਪਹਿਲੇ ਵਾਂਗ ਮਿਠੇ ਬਚਨ ਬੋਲ ਕੇ ਸਤਿਕਾਰ ਨਾ ਕੀਤਾ। ਰਾਜੇ ਨੇ ਮਾਲੀ ਤੋਂ ਪੁਛਿਆ, 'ਤੋਤਾ ਕਿਥੇ ਹੈ? ਬੋਲਦਾ ਨਹੀਂ,' ਮਾਲੀ ਨੇ ਦੇਖਕੇ ਕਿਹਾ, 'ਉਹ ਤਾਂ ਮੋਇਆ ਪਿਆ ਹੈ।' ਉਸ ਵੇਲੇ ਰਾਜੇ ਨੇ ਉਸ ਪਿੰਜਰੇ ਨੂੰ ਆਪਣੇ ਪਾਸ ਮੰਗਵਾਕੇ ਤੋਤੇ ਨੂੰ ਪਿੰਜਰੇ ਤੋਂ ਬਾਹਰ ਕਢਿਆ ਉਸ ਉਤੇ ਹੱਥ ਫੇਰਿਆ ਗੁਲਾਬ ਅਤਰ ਛਿਣਕਿਆ। ਪਰ ਤੋਤੇ ਨੇ ਅੱਖ ਭੀ ਨਾ ਖੋਲ੍ਹੀ,

ਫਿਰ ਰਾਜੇ ਨੇ ਕਿਹਾ, ਇਸਨੂੰ ਬਾਹਰ ਖੁਲ੍ਹੀ ਹਵਾ ਵਿਚ ਰਖ ਦਿਓ ਸ਼ਾਇਦ ਠੀਕ ਹੋ ਜਾਵੇਗਾ।

ਜਿਸ ਵੇਲੇ ਤੋਤੇ ਨੂੰ ਖੁਲ੍ਹੀ ਹਵਾ ਵਿਚ ਰੱਖਕੇ ਸਾਰੇ ਆਪੋ ਆਪਣੇ ਕੰਮਾਂ ਵਿਚ ਲਗ ਗਏ। ਉਸ ਵੇਲੇ ਤੋਤੇ ਨੇ ਮੌਕਾ ਵੇਖਿਆ, ਕਿ ਹੁਣ ਮੇਰੇ ਪਾਸ ਕੋਈ ਆਦਮੀ ਨਹੀਂ ਹੈ।

ਇਕ ਦਮ ਉਡਕੇ ਬ੍ਰਿੱਛ ਦੀ ਉਚੀ ਟਾਹਣੀ ਤੇ ਜਾ ਬੈਠਾ ਅਤੇ ਜੜ ਭਰਥ ਜੀ ਦਾ ਬਹੁਤ ਧੰਨਵਾਦ ਕੀਤਾ। ਕਿ ਇਨ੍ਹਾਂ ਮਹਾਂ ਪਰਸ਼ਾਂ ਦੇ ਇਸ਼ਾਰੇ ਨਾਲ ਹੀ ਮੇਰੀ ਮੁਕਤੀ ਕਰ ਦਿੱਤੀ ਹੈ। ਜਿਸ ਵੇਲੇ ਇਸ ਗੱਲ ਦਾ ਪਤਾ ਰਾਜੇ ਨੂੰ ਲੱਗਾ ਤਾਂ ਉਹ ਭੀ ਸੰਤਾਂ ਦੀ ਚਰਨੀ ਆ ਪਿਆ। ਸੁਖ-ਅਨੰਦ ਪੁੱਛ ਕੇ ਆਖਦਾ ਹੈ, 'ਇਸ ਅੰਬ ਬ੍ਰਿੱਛ ਦੇ ਫਲ ਪੱਕ ਕੇ ਸੇਰ ਸੇਰ ਦੇ ਹੋ ਜਾਂਦੇ ਹਨ ਤੇ ਬੜੇ ਮਿੱਠੇ ਹੋ ਜਾਂਦੇ ਹਨ, ਤੁਸੀਂ ਫਲ ਖਾ ਕੇ ਜਾਣਾ, ਛੇਤੀ ਜਾਣ ਦੀ ਕੋਸ਼ਿਸ਼ ਨਾ ਕਰਨੀ।' ਜੜ ਭਰਥ ਨੇ ਛੇਤੀ ਜਾਣ ਦਾ ਕੋਈ ਖਿਆਲ ਨਾ ਕੀਤਾ। ਰਾਜਾ ਨੇ ਅਨੇਕ ਪ੍ਰਕਾਰ ਦੀ ਪ੍ਰੀਖਿਆ ਲੀਤੀ, ਪਰ ਸੰਤਾਂ ਦਾ ਮਨ ਵਿਖੇਪਤਾ ਵਿਚ ਨਾ ਆਇਆ। ਆਖਿਰ ਰਾਜਾ ਨੇ ਨਿੰਮ੍ਰਤਾ ਵਿਚ ਆ ਕੇ ਬੇਨਤੀ ਕੀਤੀ-ਆਪ ਕੋਈ ਅਜੇਹੀ ਜੁਗਤੀ ਦਸੋ ਜਿਸ ਤੇ ਮੈਂ ਭੀ ਘਰ ਵਿਚ ਰਹਿ ਕੇ ਸੁਖ ਦੁਖ ਆਉਣ ਤੇ ਹਰਖ ਸੋਗ ਦੇ ਸਹਿਤ ਨਾ ਹੋਵਾਂ ਤੇ ਜੀਵਨ ਮੁਕਤ ਅਵੱਸਥਾ ਦੇ ਅਨੰਦ ਨੂੰ ਲਵਾਂ।

ਜੜ ਭਰਥ ਨਾਮੇ ਸੰਤਾਂ ਨੇ ਕਿਹਾ-ਹੇ ਰਾਜਨ ! ਤਿੰਨ ਗੁਣ ਹੀ ਪੁਰਸ਼ ਨੂੰ ਦੁਖੀ ਸੁਖੀ ਕਰਦੇ ਹਨ, ਤੂੰ ਤਿੰਨਾਂ ਗੁਣਾਂ ਨੂੰ ਤਿਆਗ ਦੇ, ਤੇਰਾ ਤਿੰਨਾਂ ਗੁਣਾਂ ਨਾਲ ਕੋਈ ਸਬੰਧ ਨਹੀਂ ਹੈ ਤੇਰਾ ਸਰੂਪ ਨਿਰਗੁਣ ਹੈ।

ਜਿਵੇਂ ਬਦਾਮ ਰੋਗਨ ਦਾ-ਬਦਾਮਾਂ ਦੇ ਬੂਟੇ, ਪੱਤੇ, ਟਾਹਣੀਆਂ, ਫਲਾਂ ਫੁਲਾਂ ਨਾਲ ਕੋਈ ਸਬੰਧ ਨਹੀਂ ਹੈ। ਬਲਕਿ ਬਦਾਮ ਦੇ ਉਪਰਲੇ ਛਿਲਕੇ ਨੂੰ ਤੋੜਕੇ ਅੰਦਰਲੀ ਗਿਰੀ ਨੂੰ ਕੁੰਡੇ ਵਿਚ ਪਾ ਕੇ ਡੰਡੇ ਨਾਲ ਰਗੜ ਕੇ ਉਸ ਵਿਚੋਂ ਬਦਾਮ ਰੋਗਨ ਕੱਢਕੇ ਬਾਕੀ ਦਾ ਫੋਗ ਸੁੱਟ ਦੇਈਦਾ ਹੈ।

ਏਸੇ ਤਰ੍ਹਾਂ ਇਹ ਤਿੰਨੇ ਗੁਣ ਅਤੇ ਤਿੰਨੇ ਕਾਰਨ, ਸੂਖਮ, ਸਥੂਲ-ਸਰੀਰ ਫੋਗ ਰੂਪ ਹਨ। ਤੂੰ ਇਨ੍ਹਾਂ ਵਿਚ ਰਹਿੰਦਾ ਹੋਇਆ ਭੀ ਇਨ੍ਹਾਂ ਤੋਂ ਵਖਰਾ ਹੈਂ। ਜਿਵੇਂ ਫੋਗ ਨੇ ਆਪਣੇ ਵਿਚ ਬਦਾਮ ਰੋਗਨ ਨੂੰ ਛਿਪਾ ਰਖਿਆ ਹੈ, ਦਰਸ਼ਨ ਨਹੀਂ ਕਰਨ ਦੇਂਦਾ, ਫੋਗ ਬਦਾਮ ਰੋਗਨ ਦਾ ਬੰਧਨ ਰੂਪ ਹੈ। ਏਸੇ ਤਰ੍ਹਾਂ ਫੋਗ ਰੂਪ ਤਿੰਨਾਂ ਸਰੀਰਾਂ ਤੇ ਤਿੰਨਾਂ ਗੁਣਾਂ ਨੇ ਤੇਰੇ ਸਰੂਪ ਨੂੰ ਛਿਪਾ ਰਖਿਆ ਹੈ। ਇਸ ਲਈ ਤੇਰੇ ਸਰੂਪ ਵਿਚ ਇਹ ਸਾਰੇ ਬੰਧਨ ਰੂਪ ਹਨ ਵਿਚਾਰ ਦੁਅਰਾ ਇਨ੍ਹਾਂ ਸਾਰਿਆਂ ਨੂੰ ਤਿਆਗ ਕੇ ਤੂੰ ਮੁਕਤ ਰੂਪ ਹੋ ਜਾ। ਮਾਤਾ ਪਿਤਾ ਇਸਤ੍ਰੀ ਪੁਤ੍ਰ ਆਦਿਕ ਜਿਤਨਿਆਂ ਸਬੰਧੀਆਂ ਵਿਚ ਤੇਰੀ ਮਮਤਾ ਹੈ, ਇਨ੍ਹਾਂ ਨੂੰ ਨਾਸਵੰਤ ਸਮਝ ਕੇ ਛੱਡ ਦੇ। ਇਹ ਤੇਰੇ ਸਬੰਧੀ ਨਹੀਂ ਹਨ, ਇਹ ਤਾਂ ਤੇਰੇ ਸਰੀਰ ਦੇ ਸਬੰਧੀ ਹਨ। ਇਨ੍ਹਾਂ ਨੂੰ ਤਿਆਗੇ ਫਿਰ ਸਰੀਰ ਦੀ ਮਮਤਾ ਨੂੰ ਭੀ ਛਡ ਦੇ ਅਤੇ ਮਨ ਬੁੱਧੀ ਆਦਿਕਾਂ ਨੂੰ ਵਿਖੇਪ ਰੂਪ ਸਮਝ ਕੇ ਤਿਆਗ ਦੇ, ਤ੍ਰਿਗੁਣ ਆਤਮਕ ਮਾਇਆ ਜੋ ਸਭ ਦਾ ਕਾਰਨ ਹੈ ਉਸ ਨੂੰ ਭੀ ਤਿਆਗ ਦੇ।

ਇਸ ਤਰ੍ਹਾਂ ਦੇ ਸ਼ੁਭ ਵਿਚਾਰ ਰੂਪ ਡੰਡੇ ਕੁੰਡੇ ਨਾਲ ਆਤਮਾ ਰੂਪੀ ਬਦਾਮ ਰੋਗਨ ਨੂੰ ਕੱਢ ਕੇ ਤ੍ਰਿਗੁਣ ਰੂਪ ਮਾਇਆ ਨੂੰ ਫੋਗ ਰੂਪ ਜਾਣ ਕੇ ਯਾਨੇ ਮਿਥਿਆ ਰੂਪ ਸਮਝ ਕੇ ਤਿਆਗ ਦੇ ਜਿਸ ਵੇਲੇ ਮਾਇਆ ਰੂਪ ਤਿੰਨਾਂ ਗੁਣਾਂ ਨੂੰ ਤਿਆਗੇਂਗਾ ਤਾਂ ਤ੍ਰਿਗੁਣ ਅਤੀਤ ਤੁਰੀਆ ਵਸਤੂ ਨੂੰ ਆਪਣਾ ਸਰੂਪ ਨਿਸਚੇ ਕਰਕੇ ਜੀਵਨ ਮੁਕਤ ਹੋ ਜਾਏਂਗਾ।

''ਜੜ ਭਰਥ'' ਨਾਮੇ ਮਹਾਂ ਪੁਰਸ਼ਾਂ ਤੋਂ ਉਪਦੇਸ਼ ਸੁਣਕੇ ਰਾਜਾ ਤਿੰਨਾਂ ਗੁਣਾਂ ਨੂੰ ਤਿਆਗ ਕੇ ਦੁਖ ਸੁਖ ਵਿਚ ਸਮ ਹੋ ਕੇ ਰਹਿਣ ਲਗ ਪਿਆ॥

ਪਾਰਬ੍ਰਹਮ ਕੇ ਸਗਲੇ ਠਾਉ ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥

ਪ੍ਰਤੱਖ ਸਾਰੇ ਅਸਥਾਨ ਵਾ:-ਜੂਨੀਆਂ ਰੂਪ ਸਾਰੇ ਅਸਥਾਨ ਪਾਰਬ੍ਰਹਮ ਪਰਮੇਸ਼ਰ ਦੇ ਹਨ। ਜਿਸ ਜਿਸ ਘਰ ਵਿਚ ਜਿਸ ਜਿਸ ਪੁਰਸ਼ ਨੂੰ ਰਖਦਾ ਹੈ, ਉਹੋ ਜੇਹਾ ਉਸ ਦਾ ਨਾਮ ਪੈਂਦਾ ਹੈ। ਜਿਵੇਂ ਉਪਰ ਆਪ ਆਏ ਹਨ- ਅਪਰਸ, ਵੈਸ਼ਨਵ, ਭਗਉਤੀ, ਪੰਡਿਤ ਜੀਵਨ ਮੁਕਤਿ, ਜਿਹੋ ਜੇਹੀ ਪ੍ਰਕਿਰਿਆ ਨੂੰ ਇਹ ਜੀਵ ਧਾਰਨ ਕਰਦਾ ਹੈ, ਓਹੋ ਜਿਹਾ ਉਸਦਾ ਨਾਮ ਪੈ ਜਾਂਦਾ ਹੈ। ਵਾ:-ਜਿਸ ਜਿਸ ਜੂਨੀ ਵਿਚ ਰਖਦਾ ਹੈ, ਓਹੋ ਜਿਹਾ ਉਸਦਾ ਨਾਂ ਪੈ ਜਾਂਦਾ ਹੈ ਕੁੱਤਾ, ਬਿੱਲਾ, ਖੋਤਾ ਆਦਿ।

ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥

ਆਪ ਹੀ ਉਹ ਕਰਨੇ ਯੋਗ ਤੇ, ਕਰਾਉਣੇ ਯੋਗ ਹੈ। ਜੋ ਪ੍ਰਭੂ ਨੂੰ ਭਾਉਂਦਾ ਹੈ ਉਹੋ ਹੀ ਫਿਰ ਹੁੰਦਾ ਹੈ।

ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥

ਆਪ ਹੀ ਪਰਮੇਸ਼ਰ ਅਨਤ ਤਰੰਗ=ਬੇਅੰਤ ਲਹਿਰਾਂ ਦੇ ਰੂਪ ਵਿਚ ਹੋ ਕੇ ਫੈਲ ਰਿਹਾ ਹੈ। ਉਸ ਪਾਰਬ੍ਰਹਮ ਦੇ ਰੰਗ=ਕੌਤਕ ਜਾਣੇ ਨਹੀਂ ਜਾਂਦੇ।

ਜੈਸੀ ਮਤਿ ਦੇਇ ਤੈਸਾ ਪਰਗਾਸ ॥ ਪਾਰਬ੍ਰਹਮੁ ਕਰਤਾ ਅਬਿਨਾਸ ॥

ਜੇਹੋ ਜੇਹੀ ਸਿਖਿਆ ਦੇਂਦਾ ਹੈ, ਤੈਸਾ ਹੀ ਪਰਗਾਸ=ਗਿਆਨ ਹੁੰਦਾ ਹੈ।

ਉਹ ਪਰਾ ਰੂਪ ਬ੍ਰਹਮ=ਬਿਆਪਕ ਪਰਮੇਸ਼ਰ ਸਭ ਦਾ ਕਰਤਾ ਤੇ ਨਾਸ ਤੋਂ ਰਹਿਤ ਹੈ।

ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ੮ ॥ ੯ ॥

ਉਹ ਪ੍ਰਭੂ ਪਿਛੇ ਵੀ ਸਦਾ ਦਿਆਲੂ ਸੀ, ਹੁਣ ਵੀ ਸਦਾ ਦਿਆਲੂ ਹੈ, ਅੱਗੇ ਵੀ ਸਦਾ ਦਿਆਲੂ ਹੋਵੇਗਾ। ਸਾਹਿਬ ਆਖਦੇ ਹਨ-ਜੋ ਉਸਦੇ ਸਿਮਰਨ ਨੂੰ ਸਿਮਰਦੇ ਹਨ,ਉਹ ਸਦਾ ਨਿਹਾਲ ਹੋਏ ਹਨ ॥ ੮ ॥ ੯ ॥

ਸਲੋਕੁ ॥ ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥

ਅਨੇਕਾਂ ਹੀ ਜਨ ਉਸ ਪਰਮਾਤਮਾ ਦੀ ਉਸਤਤੀ ਕਰਦੇ ਹਨ,

ਜਿਸਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥ ੧ ॥

ਸਤਿਗੁਰ ਜੀ ਕਹਿੰਦੇ ਹਨ-ਅਨੇਕ ਪ੍ਰਕਾਰ ਦੀ ਰਚਨਾ ਪ੍ਰਭੂ ਨੇ ਬਹੁਤ ਹੀ ਤਰੀਕਿਆਂ ਨਾਲ ਰਚੀ=ਬਣਾਈ ਹੈ ॥ ੧ ॥

ਪਹਿਲੇ ਸਤਿਗੁਰੂ ਜੀ ਚੰਗੇ ਮਨੁੱਖਾਂ ਦਾ ਪ੍ਰਸੰਗ ਸੁਣਾਉਂਦੇ ਹਨ-

ਅਸਟਪਦੀ ॥ ਕਈ ਕੋਟਿ ਹੋਏ ਪੂਜਾਰੀ ॥ ਕਈ ਕੋਟਿ ਆਚਾਰ ਬਿਉਹਾਰੀ ॥

ਕਈ ਕ੍ਰੋੜਾਂ ਪਰਮੇਸ਼ਰ ਦੀ ਪੂਜਾ ਕਰਨ ਵਾਲੇ ਪੁਜਾਰੀ ਹੋਏ ਹਨ। ਵਾ:-ਕਈ ਕ੍ਰੋੜਾਂ ਪੂਜਾ ਦੇ ਅਰੀ ਹੋਏ ਹਨ, ਜੋ ਪੂਜਾ ਦੇ ਧਾਨ ਤੋਂ ਹਟਕੇ ਰਹਿੰਦੇ ਹਨ। ਵਾ:-ਕਈ ਕ੍ਰੋੜਾਂ ਪੂ=ਨਰਕਾਂ ਦੇ ਜਾਰੀ=ਸਾੜਨ ਵਾਲੇ ਗੁਰਮੁਖ

ਹੋਏ ਹਨ। ਕਈ ਕ੍ਰੋੜਾਂ ਆਚਾਰ=ਸ੍ਰੇਸ਼ਟ ਕਰਤਬਾਂ ਦੇ ਵਿਹਾਰੀ ਹੋਏ ਹਨ।

ਕਈ ਕੋਟਿ ਭਏ ਤੀਰਥ ਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥

ਕਈ ਕ੍ਰੋੜਾਂ ਤੀਰਥਾਂ ਪਰ ਵੱਸਣੇ ਵਾਲੇ ਹੋਏ ਹਨ।

ਕਈ ਕ੍ਰੋੜਾਂ ਉਦਾਸੀਨ ਹੋ ਕੇ ਬਨ=ਜੰਗਲਾਂ ਵਿਚ ਭ੍ਰਮਹਿ=ਫਿਰਦੇ ਹਨ।

ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥

ਕਈ ਕ੍ਰੋੜਾਂ ਵੇਦਾਂ ਦੇ ਸ੍ਰੋਤੇ=ਸੁਣਨ ਵਾਲੇ ਹੋ ਰਹੇ ਹਨ।

ਕਈ ਕ੍ਰੋੜਾਂ ਤਪੀਆਂ ਦੇ ਈਸ਼ਰ ਵਡੇ ਤਵੀਸ਼ੁਰ ਹੋ ਰਹੇ ਹਨ।

ਕਈ ਕੋਟਿ ਆਤਮ ਧਿਆਨੁ ਧਾਰਹਿ॥ ਕਈ ਕੋਟਿ ਕਬਿ ਕਾਬਿ ਬੀਚਾਰਹਿ॥

ਕਈ ਕ੍ਰੋੜਾਂ ਪੁਰਸ਼ ਆਤਮ=ਆਪਣੇ ਸਰੂਪ ਦੇ ਧਿਆਨ ਨੂੰ ਧਾਰਦੇ ਹਨ।

ਕਈ ਕ੍ਰੋੜਾਂ ਪੁਰਸ਼ ਕਵੀ ਹੋ ਕੇ ਕਾਵ੍ਯ ਸ਼ਾਸਤ੍ਰ ਨੂੰ ਵਿਚਾਰਦੇ ਹਨ।

ਕਈ ਕੋਟਿ ਨਵਤਨ ਨਾਮ ਧਿਆਵਹਿ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ॥੧॥

ਕਈ ਕ੍ਰੋੜਾਂ ਅਜਿਹੇ ਹਨ ਜੋ ਪ੍ਰਮੇਸ਼ਰ ਦੇ ਨਵਤਨ=ਨਵੀਲ ਤੋਂ ਨਵੀਨ ਨਾਮ ਧਿਆਉਂਦੇ ਹਨ।

ਗੁਰੂ ਜੀ ਆਖਦੇ ਹਨ-ਪਰ ਉਹ ਕਰਤੇ ਦਾ ਅੰਤ ਨਹੀਂ ਪਾ ਸਕਦੇ॥ ੧॥

ਹੁਣ ਮਾਇਆ ਵਿਚ ਗਲਤਾਨ ਪੁਰਸ਼ਾਂ ਦਾ ਹਾਲ ਸੁਣਾਉਂਦੇ ਹਨ।

ਕਈ ਕੋਟਿ ਭਏ ਅਭਿਮਾਨੀ॥ ਕਈ ਕੋਟਿ ਅੰਧ ਅਗਿਆਨੀ॥

ਕਈ ਕ੍ਰੋੜਾਂ ਪੁਰਸ਼ ਅਭਿਮਾਨੀ=ਹੰਕਾਰੀ ਹੋ ਰਹੇ ਹਨ।

ਕਈ ਕ੍ਰੋੜਾਂ ਪੁਰਸ਼ ਅੰਨ੍ਹੇ ਅਗਿਆਨੀ ਹੋ ਰਹੇ ਹਨ। ਭਾਵ ਸਰੂਪ ਗਿਆਨ ਤੋਂ ਰਹਿਤ ਹੋ ਰਹੇ ਹਨ।

ਕਈ ਕੋਟਿ ਕਿਰਪਨ ਕਠੋਰ॥ ਕਈ ਕੋਟਿ ਅਭਿਗ ਆਤਮ ਨਿਕੋਰ॥

ਕਈ ਕ੍ਰੋੜਾਂ ਪੁਰਸ਼ ਕਿਰਪਨ=ਸ਼ੂਮ ਹੋ ਰਹੇ ਹਨ, ਕਈ ਕ੍ਰੋੜਾਂ ਕਠੋਰ ਹਿਰਦੇ ਵਾਲੇ ਹੋ ਰਹੇ ਹਨ। ਕਈ ਕ੍ਰੋੜਾਂ ਪੁਰਸ਼ ਅਭਿਗ=ਅਭਿਜ ਹਨ, ਪਰਮੇਸ਼ਰ ਵਿਚ ਭਿਜਦੇ ਨਹੀਂ ਅਤੇ ਆਤਮ=ਮਨ ਉਨ੍ਹਾਂ ਦਾ ਨਿ=ਵਿਸ਼ੇਸ਼ ਕਰਕੇ ਭਗਤੀ ਰੰਗ ਤੋਂ ਕੋਰਾ ਹੈ।

ਕਈ ਕੋਟਿ ਪਰ ਦਰਬ ਕਉ ਹਿਰਹਿ॥ ਕਈ ਕੋਟਿ ਪਰ ਦੂਖਨਾ ਕਰਹਿ॥

ਕਈ ਕ੍ਰੋੜਾਂ ਪੁਰਸ਼ ਪਰਾਏ ਧਨ ਨੂੰ ਹਿਰਹਿ=ਚੁਰਾਂਦੇ ਹਨ।

ਕਈ ਕ੍ਰੋੜਾਂ ਪੁਰਸ਼ ਪਰਾਏ ਵਿਚ ਦੂਸ਼ਨ ਅਰੋਪਨਾ ਕਰਦੇ ਹਨ।

ਕਈ ਕੋਟਿ ਮਾਇਆ ਸ੍ਰਮ ਮਾਹਿ॥ ਕਈ ਕੋਟਿ ਪਰਦੇਸ ਭ੍ਰਮਾਹਿ॥

ਕਈ ਕਰੋੜਾਂ ਪੁਰਸ਼ ਮਾਇਆ ਦੀ ਪ੍ਰਾਪਤੀ ਵਿਚ ਕਈ ਤਰ੍ਹਾਂ ਦੇ ਸ੍ਰਮ=ਕਸ਼ਟ ਸਹਾਰਦੇ ਹਨ। ਕਈ ਕਰੋੜਾਂ ਪੁਰਸ਼ ਪਰਦੇਸਾਂ ਵਿਚ ਭ੍ਰਮਾਹਿ=ਫਿਰ ਰਹੇ ਹਨ।

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥ ੨॥

ਪਰ ਜਿਧਰ ਜਿਧਰ ਲਗਾਉਂਦਾ ਹੈ, ਉਧਰ ਉਧਰ ਕੋਈ ਲਗਣਾ ਕਰਦਾ ਹੈ। ਗੁਰੂ ਜੀ ਕਹਿੰਦੇ ਹਨ- ਕਰਤੇ ਪੁਰਖ ਦੀ ਰਚਨਾ ਨੂੰ ਕਰਤਾ ਵਾਹਿਗੁਰੂ ਆਪ ਹੀ ਜਾਣਦਾ ਹੈ॥ ੨॥

ਹੁਣ ਸੰਸਾਰ ਦੀ ਕੁਲ ਜਨਤਾ ਦੀ ਗਿਣਤੀ ਕਰਦੇ ਹਨ-

ਕਈ ਕੋਟਿ ਸਿਧ ਜਤੀ ਜੋਗੀ॥ ਕਈ ਕੋਟਿ ਰਾਜੇ ਰਸ ਭੋਗੀ॥

ਕਈ ਕਰੋੜਾਂ ਸਿਧ, ਕਈ ਕਰੋੜਾਂ ਜਤੀ, ਕਈ ਕਰੋੜਾਂ ਜੋਗੀ ਹੋ ਰਹੇ ਹਨ।

ਕਈ ਕਰੋੜਾਂ ਰਸਾਂ ਦੇ ਭੋਗਣ ਵਾਲੇ ਰਾਜੇ ਹਨ।

ਕਈ ਕੋਟਿ ਪੰਖੀ ਸਰਪ ਉਪਾਏ॥ ਕਈ ਕੋਟਿ ਪਾਥਰ ਬਿਰਖ ਨਿਪਜਾਏ॥

ਕਈ ਕਰੋੜਾਂ ਪੰਛੀ ਉਪਾਏ ਹਨ, ਕਈ ਕਰੋੜਾਂ ਸੱਪ ਪੈਦਾ ਕੀਤੇ ਹਨ।

ਕਈ ਕਰੋੜਾਂ ਪੱਥਰ ਤੇ ਬ੍ਰਿੱਛ ਉਤਪੰਨ ਕੀਤੇ ਹਨ।

ਕਈ ਕੋਟਿ ਪਵਣ ਪਾਣੀ ਬੈਸੰਤਰ॥ ਕੋਈ ਕੋਟਿ ਦੇਸ ਭੂ ਮੰਡਲ॥

ਕਈ ਕਰੋੜਾਂ ਪੌਣ, ਪਾਣੀ ਤੇ ਬੈਸੰਤਰ=ਅਗਨ ਦੇਵਤੇ ਹਨ।

ਕਈ ਕਰੋੜਾਂ ਦੇਸ਼ ਅਤੇ ਕਈ ਕਰੋੜਾਂ ਭੂ ਮੰਡਲ=ਪ੍ਰਿਥਵੀ ਮੰਡਲ ਬਣਾਏ ਹਨਂ।

[ਪੰਨਾ ੨੭੬]

ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥

ਕਈ ਕ੍ਰੋੜਾਂ ਸਸੀ=ਚੰਦ੍ਰਮਾਂ ਸੂਰ=ਸੂਰਜ ਅਤੇ ਇਨ੍ਹਾਂ ਦੇ ਅਰੀ ਰਾਹੂ ਕੇਤੂ ਤੇ ਨਖ੍ਯਤ੍ਰ=ਤਾਰੇ ਬਣਾਏ ਹਨ। ਕਈ ਕ੍ਰੋੜਾਂ ਦੇਵਤੇ, ਦੈਂਤ ਤੇ ਇੰਦਰ ਬਣਾਏ ਹਨ,ਜਿਸ ਇੰਦਰ ਦੇ ਸਿਰ ਤੇ ਛਤ੍ਰ ਸੋਭਦਾ ਹੈ।

ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥ ੩॥

ਸਾਰੀ ਸਮੱਗਰੀ ਨੂੰ ਆਪਣੇ ਹੁਕਮ, ਵਾ:-ਸੱਤਾ ਰੂਪੀ ਸੂਤ੍ਰ ਵਿਚ ਧਾਰਦਾ ਹੈ। ਗੁਰੂ ਜੀ ਕਹਿੰਦੇ ਹਨ-ਜਿਸ ਜਿਸ ਨੂੰ ਤਾਰਨਾਂ ਪਰਮੇਸ਼ਰ ਨੂੰ ਭਾਉਂਦਾ ਹੈ, ਉਸ ਉਸ ਨੂੰ ਤਾਰ ਲੈਂਦਾ ਹੈ॥ ੩॥

ਕਈ ਕੋਟਿ ਰਾਜਸ ਤਾਮਸ ਸਾਤਕ॥
ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ॥

ਕਈ ਕ੍ਰੋੜਾਂ ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ ਹੋਏ ਹਨ। ਵਾ:-ਰਾਜਸੀ, ਤਾਮਸੀ, ਸ਼ਾਂਤਕੀ ਪੁਰਸ਼ ਹੋਏ ਹਨ। ਕਈ ਕ੍ਰੋੜਾਂ ਵੇਦ, ਪੁਰਾਨ ਸਿੰਮ੍ਰਿਤੀਆਂ ਅਤੇ ਸ਼ਾਸਤ੍ਰ ਹੋਏ ਹਨ।

ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥

ਕਈ ਕ੍ਰੋੜਾਂ ਰਤਨ ਅਤੇ ਸਮੁੰਦਰ ਕੀਤੇ ਹਨ। ਵਾ:-ਕੋਈ ਕਰੋੜਾਂ ਰਤਨਾਂ ਦੇ ਸਮੁੰਦਰ ਕੀਤੇ ਹਨ। ਕਈ ਕਰੋੜਾਂ ਨਾਨਾ=ਬੇਅੰਤ ਪ੍ਰਕਾਰ ਦੇ ਜੰਤ=ਜੀਵ ਰਚੇ ਹਨ।

ਕਈ ਕੋਟਿ ਕੀਏ ਚਿਰ ਜੀਵੇ ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥

ਕਈ ਕਰੋੜਾਂ ਪੁਰਸ਼ ਚਿਰੰਜੀਵੀ ਕੀਤੇ ਹਨ। ਕਈ ਕਰੋੜਾਂ ਸਾਧਾਰਨ ਗਿਰੀ=ਪਹਾੜ ਤੇ ਪਹਾੜੀਆਂ ਕੀਤੀਆਂ ਹਨ ਅਤੇ ਕਈ ਕਰੋੜਾਂ ਸੋਨੇ ਦੇ ਸੁਮੇਰ ਪਰਬਤ ਥੀਵੈ=ਹੋਏ ਹਨ।

ਕਈ ਕੋਟਿ ਜਖ੍ ਕਿੰਨਰ ਪਿਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥

ਕਈ ਕਰੋੜਾਂ ਜਖ, ਕਿੰਨਰ ਤੇ ਪਿਸਾਚ ਕੀਤੇ ਹ਼ਨ। ਜਖ੍=ਕੁਮੇਰ ਦੀ ਕੁਲ ਵਿਚੋਂ ਹੋਏ ਹਨ। ਕਿੰਨਰ ਹਾਹਾ ਹੂਹੂ ਗੰਧਰਬਾਂ ਦੇ ਨਾਲ ਜੋੜੀ ਵਜਾਉਣ ਵਾਲੇ ਹਨ। ਪਿਸਾਚ=ਭੂਤਾਂ ਦੀ ਇਕ ਜਾਤੀ ਹੈ। ਕ਼ਈ ਕਰੋੜਾਂ ਭੂਤ, ਪ੍ਰੇਤ, ਸੂਕਰ=ਸੂਰ ਮ੍ਰਿਗਾਚ=ਹਰਨਾਂ ਨੂੰ ਖਾਣ ਵਲੇ ਸ਼ੇਰ ਆਦਿਕ ਕੀਤੇ ਹਨ।

ਸਭ ਤੇ ਨੇਰੈ ਸਭਹੂ ਤੇ ਦੂਰਿ ॥
ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥ ੪ ॥

ਸਭ ਗੁਰਮੁਖਾਂ ਦੇ ਨੇੜੇ ਹੈ, ਸਭ ਮਨਮੁਖਾਂ ਤੋਂ ਦੂਰ ਹੈ। ਗੁਰੂ ਜੀ ਆਖਦੇ ਹਨ-
ਉਹ ਪ੍ਰਭੂ ਆਪ ਅਲਿਪਤ ਭੀ ਹੈ ਅਤੇ ਸਾਰਿਆਂ ਵਿਚ ਪੂਰਨ ਭੀ ਹੋ ਰਿਹਾ ਹੈ॥ ੪ ॥

ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥

ਕਈ ਕਰੋੜਾਂ ਜੀਵ ਪਤਾਲ ਦੇ ਵਿਚ ਵਸਣ ਵਾਲੇ ਕੀਤੇ ਹਨ।
ਕਈ ਕਰੋੜਾਂ ਨਰਕ ਸੁਰਗ ਦੇ ਵਿਚ ਨਿਵਾਸ ਕਰਨ ਵਾਲੇ ਕੀਤੇ ਹਨ।

ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥

ਕਈ ਕ੍ਰੋੜਾਂ ਜੰਮਦੇ, ਜੀਂਵਦੇ ਤੇ ਮਰਦੇ ਰਹਿੰਦੇ ਹਨ। ਕਈ ਕ੍ਰੋੜਾਂ ਬਹੁਤ ਜੂਨੀਆਂ ਵਿਚ ਫਿਰਦੇ ਹਨ।

ਕਈ ਕੋਟਿ ਬੈਠਤ ਹੀ ਖਾਹਿ ॥ ਕਈ ਕੋਟਿ ਘਾਲਹਿ ਥਕਿ ਪਾਹਿ ॥

ਕਈ ਕਰੋੜਾਂ ਅਜੇਹੇ ਪੁਰਸ਼ ਹਨ ਜੋ ਬੈਠੇ ਹੀ ਖਾਂਦੇ ਹਨ। ਮੁਖਿ ਅਪਿਆਉ ਬੈਠ ਕਉ ਦੈਨ॥ ਤੇ ਕਈ ਕਰੋੜਾਂ ਘਾਲਹਿ=ਕਮਾਈਆਂ ਕਰਦੇ ਥਕ ਪੈਂਦੇ ਹਨ।

ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ ਮਾਇਆ ਮਹਿ ਚਿੰਤ ॥

ਕਈ ਕਰੋੜਾਂ ਪੁਰਸ਼ ਧਨਵੰਤ=ਧਨਾਢ ਕੀਤੇ ਹਨ।
ਕਈ ਕਰੋੜਾਂ ਮਾਇਆ ਵਿਚ ਹੀ ਚਿੰਤਾਵਾਨ ਕੀਤੇ ਹਨ।

ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥ ੫ ॥

ਜਿਥੇ ਜਿਥੇ ਪਰਮੇਸ਼ਰ ਨੂੰ ਰੱਖਿਆ ਭਾਉਂਦਾ ਹੈ, ਤਿਥੇ ਤਿਥੇ ਰਖਦਾ ਹੈ। ਕਿਉਂਕਿ
ਗੁਰੂ ਜੀ ਫੁਰਮਾਉਂਦੇ ਹਨ-ਸਭ ਕੁਝ ਪ੍ਰਭੂ ਦੇ ਹੱਥ ਵਿਚ ਹੀ ਹੈ॥ ੫ ॥

ਹੁਣ ਪਰਮੇਸ਼ਰ ਦੇ ਪ੍ਰੇਮੀ ਪੁਰਸ਼ਾਂ ਦਾ ਹਾਲ ਸੁਣਾਉਂਦੇ ਹਨ-

ਕਈ ਕੋਟਿ ਭਏ ਬੈਰਾਗੀ ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥

ਕਈ ਕਰੋੜਾਂ ਸੰਸਾਰ ਤੋਂ ਵੈਰਾਗਵਾਨ ਹੋਏ ਹਨ। ਉਨ੍ਹਾਂ ਦੀ ਲਿਵ ਪਰਮੇਸ਼ਰ ਦੇ ਨਾਮ ਨਾਲ਼ ਲਗ ਗਈ ਹੈ।

ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥

ਕਈ ਕਰੋੜਾਂ ਪੁਰਸ਼ ਪ੍ਰਭੂ ਨੂੰ ਖੋਜਦੇ ਹਨ। ਉਹ ਆਤਮ=ਮਨ ਦੇ ਵਿਚ ਹੀ ਪਾਰਬ੍ਰਹਮ ਨੂੰ ਲਹੰਤੇ=ਲਖ ਲੈਂਦੇ ਭਾਵ ਜਾਣ ਲੈਂਦੇ ਹਨ।

ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥

ਕਈ ਕਰੋੜਾਂ ਅਜਿਹੇ ਹਨ ਜਿਨ੍ਹਾਂ ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸ=ਚਾਹ ਲਗ ਰਹੀ ਹੈ। ਜਿਸ ਨੂੰ ਚਾਹ ਲਗੀ ਹੈ। ਉਨ੍ਹਾਂ ਨੂੰ ਪ੍ਰਭੂ ਅਬਿਨਾਸੀ ਮਿਲਿਆ ਹੈ।

ਕਈ ਕੋਟਿ ਮਾਗਹਿ ਸਤਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ ॥

ਕਈ ਕਰੋੜਾਂ ਸਤਿਸੰਗ ਨੂੰ ਹੀ ਮੰਗਦੇ ਹਨ। ਉਨ੍ਹਾਂ ਨੂੰ ਪਾਰਬ੍ਰਹਮ ਦਾ ਰੰਗੁ=ਪ੍ਰੇਮ ਲਗਦਾ ਹੈ।

ਜਿਨ ਕਉ ਹੋਇ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥

ਜਿਨ੍ਹਾਂ ਉੱਤੇ ਉਹ ਪ੍ਰਮੇਸ਼ਰ ਆਪ ਪ੍ਰਸੰਨ ਹੋਇਆ ਹੈ।

ਗੁਰੂ ਜੀ ਫੁਰਮਾਉਂਦੇ ਹਨ-ਉਹ ਪੁਰਸ਼ ਹਮੇਸ਼ਾਂ ਧੰਨਤਾ ਦੇ ਯੋਗ ਹਨ॥ ੬ ॥

ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥

ਕਈ ਕਰੋੜਾਂ ਖਾਣੀਆਂ ਅਤੇ ਖੰਡ ਕੀਤੇ ਹਨ। ਕੋਈ ਕਰੋੜਾਂ ਅਕਾਸ਼ ਤੇ ਬ੍ਰਹਮੰਡ ਕੀਤੇ ਹਨ।

ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥

ਕਈ ਕਰੋੜਾਂ ਅਵਤਾਰ ਹੋਏ ਹਨ। ਕਈ ਜੁਗਤੀਆਂ ਨਾਲ ਇਸ ਸੰਸਾਰ ਦਾ ਵਿਸਤਾਰ ਕੀਤਾ ਹੈ।

ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥

ਉਸ ਪਰਮੇਸ਼ਰ ਨੇ ਕਈ ਬਾਰ ਇਸ ਸੰਸਾਰ ਪਸਾਰੇ ਨੂੰ ਪਸਾਰਨਾ ਕੀਤਾ ਹੈ।

ਪਰ ਸਦਾ=ਨਿਤ ਰੂਪ ਜੋ ਏਕੰਕਾਰ ਹੈ, ਉਹ ਸਦਾ ਇਕ ਰੂਪ ਹੀ ਰਹਿੰਦਾ ਹੈ।

ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥

ਕਈ ਕਰੋੜਾਂ ਜੀਵ ਬਹੁ ਪ੍ਰਕਾਰ ਨਾਲ ਰਚਨਾ ਕੀਤੇ ਹਨ। ਉਹ ਜੀਵ ਪ੍ਰਭੂ ਤੋਂ ਪੈਦਾ ਹੋ ਕੇ ਪ੍ਰਭੂ ਦੇ ਵਿਚ ਹੀ ਸਮਾਉਂਦੇ ਹਨ।

ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥

ਤਿਸ ਪ੍ਰਭੂ ਦਾ ਅੰਤ ਕੋਈ ਜਾਣਦਾ ਨਹੀਂ।

ਗੁਰੂ ਜੀ ਆਖਦੇ ਹਨ-ਉਹ ਪ੍ਰਭੂ ਆਪੇ ਆਪ ਸਾਰੇ ਪਰੀਪੂਰਣ ਹੋ ਰਿਹਾ ਹੈ॥ ੭ ॥

ਕਈ ਕੋਟਿ ਪਾਰਬ੍ਰਹਮ ਕੇ ਦਾਸ॥ ਤਿਨ ਹੋਵਤ ਆਤਮ ਪਰਗਾਸ॥

ਜਿਹੜੇ ਕਈ ਕਰੋੜਾਂ ਪਾਰਬ੍ਰਹਮ ਦੇ ਦਾਸ ਹੋਏ ਹਨ।

ਉਨ੍ਹਾਂ ਨੂੰ ਆਤਮ=ਆਪਣੇ ਆਪ ਦਾ ਪਰਗਾਸ=ਗਿਆਨ ਹੁੰਦਾ ਹੈ॥

ਕਈ ਕੋਟਿ ਤਤ ਕੇ ਬੇਤੇ॥ ਸਦਾ ਨਿਹਾਰਹਿ ਏਕੋ ਨੇਤ੍ਰੇ॥

ਜਿਹੜੇ ਕਈ ਕ੍ਰੋੜਾਂ, ਤਤ=ਸਿਧਾਂਤ ਦੇ ਬੇਤੇ=ਜਾਣਨ ਵਾਲੇ ਹੋਏ ਹਨ।

ਉਹ ਨੇਤ੍ਰੇ=ਅੱਖਾਂ ਨਾਲ ਸਦਾ ਇਕ ਨੂੰ ਹੀ ਨਿਹਾਰਹਿ=ਵੇਖਦੇ ਹਨ।

ਕਈ ਕੋਟਿ ਨਾਮ ਰਸੁ ਪੀਵਹਿ॥ ਅਮਰ ਭਏ ਸਦ ਸਦ ਹੀ ਜੀਵਹਿ॥

ਜਿਹੜੇ ਕਈ ਕ੍ਰੋੜਾਂ ਨਾਮ ਰਸ ਨੂੰ ਪੀਂਦੇ ਹਨ।

ਉਹ ਅ+ਮਰ=ਮੌਤ ਤੋਂ ਰਹਿਤ ਹੋ ਕੇ ਸਦਾ ਸਦਾ ਹੀ ਜੀਉਂਦੇ ਹਨ।

ਕਈ ਕੋਟਿ ਨਾਮ ਗੁਨ ਗਾਵਹਿ॥ ਆਤਮ ਰਸਿ ਸੁਖਿ ਸਹਜਿ ਸਮਾਵਹਿ॥

ਜਿਹੜੇ ਕਈ ਕਰੋੜਾਂ ਪਰਮੇਸ਼ਰ ਦੇ ਨਾਮ ਤੇ ਗੁਣਾਂ ਨੂੰ ਗਾਉਂਦੇ ਹਨ।

ਉਹ ਸਹਜੇ ਹੀ ਸੁਖ ਸਰੂਪ ਆਤਮ-ਰਸ ਵਿਚ ਸਮਾ ਜਾਂਦੇ ਹਨ।

ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥
ਨਾਨਕ ਓਇ ਪਰਮੇਸੁਰ ਕੇ ਪਿਆਰੇ॥ ੮॥ ੧੦॥

ਉਹ ਪਰਮੇਸ਼ਰ ਆਪਣੇ ਗੁਰਮੁਖ ਜਨਾਂ ਨੂੰ ਸ੍ਵਾਸ ਸ੍ਵਾਸ ਸੰਭਾਲਦਾ ਰਹਿੰਦਾ ਹੈ।

ਗੁਰੂ ਜੀ ਫੁਰਮਾਉਂਦੇ ਹਨ-ਜਿਨ੍ਹਾਂ ਨੂੰ ਸੰਭਾਲਦਾ ਹੈ, ਓਹੀ ਪਰਮੇਸ਼ਰ ਦੇ ਅਸਲ ਪਿਆਰ ਵਾਲੇ ਆਖੇ ਜਾਂਦੇ ਹਨ॥ ੮॥ ੧੦॥

ਸਲੋਕੁ॥ ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥

ਸਾਰੀਆਂ ਗੱਲਾਂ ਦੇ ਕਰਨ ਕਰਾਉਣ ਵਾਲਾ ਜੋ ਇਕ ਪ੍ਰਭੂ ਹੈ, ਉਸ ਤੋਂ ਬਿਨਾਂ ਦੂਜਾ ਕੋਈ ਸਮਰਥ ਨਹੀਂ ਹੈ। *ਅਥਵਾ:*-ਸਾਰੇ ਕਰਣ=ਪ੍ਰਪੰਚ ਦੇ ਕਾਰਣ=ਸਾਧਨ ਜੋ ਮਹਤੱਤ ਆਦਿਕ ਹਨ, ਉਨ੍ਹਾਂ ਦਾ ਕਾਰਨ ਜੋ ਇਕ ਪ੍ਰਭੂ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥ ੧॥

ਗੁਰੂ ਜੀ ਫੁਰਮਾਨ ਕਰਦੇ ਹਨ-ਉਸ ਵਾਹਿਗੁਰੂ ਤੋਂ ਅਸੀਂ ਸਦਾ ਬਲਿਹਾਰ ਜਾਂਦੇ ਹਾਂ,

ਉਹ ਪ੍ਰਭੂ ਜਲਾਂ ਥਲਾਂ ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਪੂਰਨ ਹਨ॥ ੧॥

ਅਸਟਪਦੀ॥ ਕਰਨ ਕਰਾਵਨ ਕਰਨੈ ਜੋਗੁ॥ ਜੋ ਤਿਸੁ ਭਾਵੈ ਸੋਈ ਹੋਗੁ॥

ਸਾਰੇ ਸੰਸਾਰ ਦੇ ਕਰਨ ਸਾਧਨ ਜੋ ਮਹਤੱਤ ਆਦਿਕ ਹਨ, ਉਨ੍ਹਾਂ ਦੁਆਰੇ ਕਰਾਉਣ ਵਾਲਾ ਭੀ ਆਪ ਹੈ। ਅਤੇ ਕਰਨੇ ਯੋਗ ਵੀ ਆਪ ਹੈ। ਜੋ ਉਸ ਪਰਮੇਸ਼ਰ ਨੂੰ ਭਾਉਂਦਾ ਹੈ, ਓਹੋ ਕੁਝ ਹੁੰਦਾ ਹੈ।

ਖਿਨ ਮਹਿ ਥਾਪਿ ਉਥਾਪਨਹਾਰਾ॥ ਅੰਤੁ ਨਹੀ ਕਿਛੁ ਪਾਰਾਵਾਰਾ॥

ਇਕ ਖਿਨ ਦੇ ਵਿਚ ਥਾਪਿ=ਉਤਪਤੀ, ਪਾਲਣਾ ਅਤੇ ਉਥਾਪਨਹਾਰਾ=ਬਿਨਾਸ਼ ਕਰਨ ਵਾਲਾ ਹੈ। ਅਤੇ ਉਸ ਦੇ ਪਾਰ ਉਰਵਾਰ ਦਾ ਕੁਝ ਅੰਤ ਨਹੀਂ ਆਉਂਦਾ ।

[ਪੰਨਾ ੨੭੭]

ਹੁਕਮੇ ਧਾਰਿ ਅਧਰ ਰਹਾਵੈ॥ ਹੁਕਮੇ ਉਪਜੈ ਹੁਕਮਿ ਸਮਾਵੈ॥

ਉਹ ਪਰਮੇਸ਼ਰ ਆਪ ਅਧਰ=ਆਸਰੇ ਤੋਂ ਰਹਿਤ ਹੈ, ਹੋਰਨਾਂ ਨੂੰ ਆਪਣੇ ਹੁਕਮ ਵਿਚ ਧਾਰ ਰੱਖਦਾ ਹੈ। ਵਾ:-ਅਧਰ=ਅਕਾਸ਼ ਆਦਿਕਾਂ ਨੂੰ ਆਪਣੇ ਹੁਕਮ ਵਿਚ ਧਾਰ ਰਖਦਾ ਹੈ। ਉਸ ਦੇ ਹੁਕਮ ਵਿਚ ਸਾਰੇ ਜੀਵ ਪੈਦਾ ਹੁੰਦੇ ਹਨ, ਹੁਕਮ ਵਿਚ ਹੀ ਸਮਾ ਜਾਂਦੇ ਹਨ।

ਹੁਕਮੇ ਊਚ ਨੀਚ ਬਿਉਹਾਰ॥ ਹੁਕਮੇ ਅਨਿਕ ਰੰਗ ਪਰਕਾਰ॥

ਉਸ ਦੇ ਹੁਕਮ ਵਿਚ ਹੀ ਊਚ ਅਤੇ ਨੀਚ ਦਾ ਵਿਉਹਾਰ ਹੋ ਰਿਹਾ ਹੈ।

ਉਸ ਦੇ ਹੁਕਮ ਵਿਚ ਹੀ ਅਨੇਕ ਪ੍ਰਕਾਰ ਦੇ ਰੰਗ=ਆਨੰਦ ਹੋ ਰਹੇ ਹਨ।

ਕਰਿ ਕਰਿ ਦੇਖੈ ਅਪਨੀ ਵਡਿਆਈ॥
ਨਾਨਕ ਸਭ ਮਹਿ ਰਹਿਆ ਸਮਾਈ॥ ੧॥

ਉਹ ਪਰਮੇਸ਼ਰ ਆਪਣੀ ਵਡਿਆਈ=ਇੱਛਾ ਅਨੁਸਾਰ ਆਪ ਹੀ ਪੈਦਾ ਕਰ ਕੇ ਵੇਖਣਾ ਕਰਦਾ ਹੈ।

ਗੁਰੂ ਜੀ ਕਹਿੰਦੇ ਹਨ-ਸਾਰਿਆਂ ਵਿਚ ਉਹ ਪਰਮੇਸ਼ਰ ਆਪ ਸਮਾ ਰਿਹਾ ਹੈ॥ ੧॥

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥ ਪ੍ਰਭ ਭਾਵੈ ਤਾ ਪਾਥਰ ਤਰਾਵੈ॥

ਪ੍ਰਭੂ ਨੂੰ ਭਾਵੇ ਤਾਂ ਮਨੁੱਖ ਨਾਮ ਜਪ ਕੇ ਗਤਿ ਪਾਵੈ=ਮੁਕਤੀ ਪਾਉਂਦਾ ਹੈ। ਪ੍ਰਭੂ ਨੂੰ ਨਾ ਭਾਵੇ ਤਾਂ ਮੁਕਤੀ ਨਹੀਂ ਪ੍ਰਾਪਤ ਹੁੰਦੀ, ਪ੍ਰਭੂ ਨੂੰ ਭਾ ਜਾਵੇ ਤਾਂ ਪੱਥਰਾਂ ਨੂੰ ਤਾਰ ਦੇਂਦਾ ਹੈ।

ਸਾਖੀ- ਸ਼ਾਹੂਕਾਰ ਦੀ

ਇਕ ਸੇਠ ਸਹਾਰਨਪੁਰ ਵਿਚ ਰਹਿ ਕੇ ਸ਼ਾਹੂਕਾਰੇ ਦਾ ਕੰਮ ਕਰਦਾ ਹੁੰਦਾ ਸੀ। ਉਸ ਦੇ ਦੋ ਲੜਕੇ ਸਨ। ਸਮੇਂ ਅਨੁਸਾਰ ਦੋਹਾਂ ਦੇ ਵਿਆਹ ਕਰ ਦਿਤੇ। ਇਕ ਦਿਨ ਆਪਣੀ ਉਮਰ ਨੂੰ ਭੋਗ ਕੇ ਉਸ ਸ਼ਾਹੂਕਾਰ ਦੀ ਇਸਤ੍ਰੀ ਮਰ ਗਈ, ਉਸ ਦਾ ਗਮ ਉਸ ਨੂੰ ਖਾ ਗਿਆ ਅਤੇ ਉਂਝ ਵੀ ਸਮੇਂ ਅਨੁਸਾਰ ਬ੍ਰਿਧ ਹੋ ਗਿਆ।*

ਮੰਜੇ ਪਰ ਪਿਆ ਰਹਿੰਦਾ ਤੇ ਬਲਗਮ ਸੁਟਦਾ ਰਹਿੰਦਾ, ਨੂੰਹਾਂ ਦੇਖ ਕੇ ਬਹੁਤ ਨਫਰਤ ਕਰਦੀਆਂ ਸਨ। ਕਿਉਂਕਿ ਸ਼ੁਮ ਬੜਾ ਸੀ ਕਿਸੇ ਨੂੰ ਖਾਣ-ਪੀਣ ਵਾਸਤੇ ਮਾਇਆ ਦਿੰਦਾ ਨਹੀਂ ਸੀ। ਇਸ ਕਰਕੇ ਨੂੰਹਾਂ ਨੇ ਆਪਣੇ ਪਤੀਆਂ ਨੂੰ ਕਿਹਾ-ਤੁਸੀਂ ਆਪਣੇ ਪਿਤਾ ਨੂੰ ਹਰਿਦੁਆਰ ਲੈ ਜਾਓ। ਉਥੇ ਜਾ ਕੇ ਦਾਨ ਪੁੰਨ ਅਤੇ ਗੰਗਾ

---

*ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—
ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥ (ਮਾਝ ਵਾਰ, ਪੰਨਾ ੧੩੮)

ਇਸ਼ਨਾਨ ਕਰੇਗਾ, ਕੁਝ ਸਤਸੰਗ ਕਰੇਗਾ, ਜਿਸ ਕਰਕੇ ਇਸ ਦੀ ਉਮਰ ਸਫਲ ਹੋ ਜਾਏਗੀ। ਦੋਹਾਂ ਲੜਕਿਆਂ ਨੇ ਪਿਤਾ ਨੂੰ ਹਰਿਦੁਆਰ ਜਾਣ ਵਾਸਤੇ ਕਿਹਾ ਪਰ ਉਹ ਨਾ ਮੰਨਿਆ । ਫਿਰ ਰਿਸ਼ਤੇਦਾਰਾਂ ਨੂੰ ਸੱਦ ਕੇ ਉਹਨਾਂ ਪਾਸੋਂ ਵੀ ਕਹਾਇਆ ਕਿ ਆਪ ਜੀ ਦਾ ਪਿਛਲਾ ਸਮਾਂ ਹੈ, ਤੁਸੀਂ ਸਾਰੇ ਸੰਕਲਪ ਛਡ ਕੇ ਹਰਿਦੁਆਰ ਜਾ ਕੇ ਸਤਸੰਗ ਤੇ ਇਸ਼ਨਾਨ ਵਗੈਰਾ ਕਰੋ। ਤੁਹਾਡੇ ਪੁੱਤਰ ਲਾਇਕ ਹਨ। ਇਹ ਵਾਰੋ ਵਾਰੀ ਤੁਹਾਡੇ ਕੋਲ ਰਹਿ ਕੇ ਸੇਵਾ ਕਰਨਗੇ ਪਰ ਉਹ ਨਾ ਮੰਨਿਆ। ਗੁੱਸੇ ਵਿਚ ਆ ਕੇ ਕਹਿੰਦਾ ਹੈ ਅਜੇ ਤਾਂ ਜਿਉਂਦਾ ਹਾਂ ਤੁਸੀਂ ਮੈਨੂੰ ਹੁਣੇ ਘਰ ਵਿਚੋਂ ਬਾਹਰ ਕੱਢਦੇ ਹੋ, ਮੈਂ ਗੰਗਾ ਪਰ ਬਿਲਕੁਲ ਨਹੀਂ ਜਾਵਾਂਗਾ। ਗੰਗਾ ਦਾ ਪਾਣੀ ਠੰਢਾ ਤੇ ਵਾਈ ਹੁੰਦਾ ਹੈ ਇਸ ਲਈ ਨਾ ਮੈਂ ਗੰਗਾ-ਜਲ ਪੀਵਾਂਗਾ, ਨਾ ਹੀ ਇਸ਼ਨਾਨ ਕਰਾਂਗਾ, ਉਥੋਂ ਦੇ ਸਾਧੂ ਤੇ ਬ੍ਰਾਹਮਣ ਠੱਗ ਹੁੰਦੇ ਹਨ ਉਹ ਤਾਂ ਮੈਨੂੰ ਠੱਗ ਕੇ ਖਾ ਜਾਣਗੇ। ਇਸ ਕਰਕੇ ਮੈਂ ਉਨ੍ਹਾਂ ਦਾ ਦਰਸ਼ਨ ਕਰਨਾ ਭੀ ਨਹੀਂ ਚਾਹੁੰਦਾ।

ਕੁਝ ਚਿਰ ਬਾਅਦ ਉਹ ਆਪਣੇ ਸ੍ਵਾਸ ਪੂਰੇ ਕਰਕੇ ਮਰ ਗਿਆ। ਉਸ ਦੇ ਮਰ ਜਾਣ ਤੇ ਸਾਰੇ ਰਿਸ਼ਤੇਦਾਰ ਇਕੱਠੇ ਹੋ ਗਏ। ਸਾਰਿਆਂ ਨਾਲ ਸਲਾਹ ਕਰਕੇ ਇਹ ਰਾਇ ਪਾਸ ਕੀਤੀ ਕਿ ਪਿਤਾ ਜੀ ਦਾ ਸਸਕਾਰ ਗੰਗਾ ਪਰ ਹੀ ਕਰੀਏ ਅਤੇ ਸਤਾਰੀਏ ਦਾ ਭੰਡਾਰਾ ਵਗੈਰਾ ਵੀ ਓਥੇ ਕਰਾਂਗੇ। ਇਸ ਤਰ੍ਹਾਂ ਦਾ ਵਿਚਾਰ ਕਰਕੇ ਬੜੀ ਸੋਹਣੀ ਪਾਲਕੀ ਸਜਾ ਕੇ ਉਸ ਵਿਚ ਪਿਤਾ ਦੀ ਦੇਹ ਰਖ ਕੇ ਹਰਿਦੁਆਰ ਵੱਲ ਚਲ ਪਏ। ਰਸਤੇ ਵਿਚ ਰਾਤ ਪੈ ਗਈ ਇਕ ਧਰਮਸਾਲਾ ਸੀ, ਸਾਰੇ ਓਥੇ ਹੀ ਰਹਿ ਪਏ। ਗਰਮੀ ਦੀ ਮੌਸਮ ਹੋਣ ਕਰਕੇ ਪਾਲਕੀ ਅੰਦਰ ਰੱਖ ਦਿਤੀ, ਬਾਕੀ ਦੇ ਸਾਰੇ ਰਿਸ਼ਤੇਦਾਰ ਬਾਹਰ ਲੰਮੇ ਪੈ ਗਏ ਤੇ ਆਪਸ ਵਿਚ ਗੱਲਾਂ ਕਰਨ ਲੱਗ ਪਏ ਕਿ ਪਿਤਾ ਜੀ ਨੂੰ ਗੰਗਾ ਤੇ ਰਹਿਣ ਲਈ ਬਹੁਤ ਕਿਹਾ ਸੀ। ਪਰ ਨਾ ਮੰਨੇ, ਗੰਗਾ ਮਈਆ ਨੂੰ ਗਾਲੀਆਂ ਦੇਂਦਾ ਸੀ। ਹੁਣ ਤਾਂ ਉਸ ਦੀਆਂ ਹੱਡੀਆਂ ਗੰਗਾ ਮਈਆ ਵਿਚ ਪ੍ਰਵਾਹ ਕਰ ਆਵਾਂਗੇ, ਜਿਸ ਕਰਕੇ ਇਸ ਦੀ ਮੁਕਤੀ ਹੋ ਜਾਵੇਗੀ, ਇਸੇ ਤਰ੍ਹਾਂ ਕਹਿੰਦੇ ਕਹਿੰਦੇ ਸੌਂ ਗਏ।

ਅੰਦਰ ਇਕ ਕੋੜ੍ਹੀ ਰਹਿੰਦਾ ਸੀ, ਉਹ ਸਭ ਗਲਾਂ ਸੁਣਦਾ ਰਿਹਾ ਤੇ ਆਪਣੇ ਮਨ ਵਿਚ ਵਿਚਾਰਿਆ ਇਥੇ ਤਾਂ ਮੈਨੂੰ ਕੋਈ ਪੁਛਦਾ ਹੀ ਨਹੀ, ਹਰਿਦੁਆਰ ਬੜੇ ਦਾਨੀ ਆਉਂਦੇ ਹਨ, ਜੋ ਦਾਨ ਪੁੰਨ ਕਰ ਕੇ ਚਲੇ ਜਾਂਦੇ ਹਨ, ਓਥੇ ਮੇਰਾ ਨਿਰਬਾਹ ਚੰਗਾ ਹੋਵੇਗਾ, ਇਸ ਲਈ ਮੈਂ ਹਰਿਦੁਆਰ ਚਲਾ ਜਾਵਾਂ ਤਾਂ ਚੰਗਾ ਹੈ। ਇਹ ਗੱਲ ਵਿਚਾਰ ਕੇ ਮੁਰਦੇ ਨੂੰ ਆਪਣੇ ਆਸਣ ਤੇ ਰੱਖ ਦਿੱਤਾ ਤੇ ਆਪ ਮੁਰਦਾ ਬਣ ਕੇ ਉਸ ਪਾਲਕੀ ਵਿਚ ਸੌਂ ਗਿਆ। ਸਵੇਰ ਹੋਣ ਨਾਲ ਸਾਰੇ ਲੋਕ ਉਠ ਕੇ ਉਸ ਪਾਲਕੀ ਨੂੰ ਚੁੱਕ ਕੇ ਹਰਿਦੁਆਰ ਵਲ ਤੁਰ ਪਏ। ਜਿਸ ਵੇਲੇ ਹਰਿਦੁਆਰ ਪਹੁੰਚ ਗਏ ਬ੍ਰਾਹਮਣ ਸਾਧੂ ਇਕੱਠੇ ਕਰਕੇ ਪਿਤਾ ਦਾ ਸਸਕਾਰ ਕਰਨ ਵਾਸਤੇ ਪਾਲਕੀ ਖੋਲ੍ਹਣ ਲਗੇ ਉਸ ਵੇਲੇ ਕੋਹੜੀ ਨੇ ਅੰਗ ਹਿਲਾਏ, ਦੇਖ ਕੇ ਸਭ ਹੈਰਾਨ ਹੋ ਗਏ ਕਿ ਮੁਰਦਾ ਜ਼ਿੰਦਾ ਹੋ ਗਿਆ। ਜਦ ਕਪੜੇ ਲਾਹ ਕੇ ਵੇਖਿਆ ਤਾਂ ਪਾਲਕੀ ਵਿਚੋਂ ਕੋਹੜੀ ਨਿਕਲਿਆ ਦੇਖ ਕੇ ਡਰ ਗਏ ਕਿ ਇਹ ਕੋਹੜੀ ਕਿਥੋਂ ਆ ਗਿਆ ਹੈ। ਜਦ ਉਸ ਤੋਂ ਪੁਛਿਆ ਤਾਂ ਉਸ ਨੇ ਸਾਰਾ ਹਾਲ ਸੁਣਾਇਆ ਕਿ ਤੁਹਾਡਾ ਪਿਤਾ ਓਥੇ ਹੀ ਹੈ। ਰਾਤ ਨੂੰ ਜਿਸ ਧਰਮਸਾਲਾ ਵਿਚ ਤੁਸੀਂ ਠਹਿਰੇ ਸੀ ਮੈਂ ਓਥੇ ਭੁੱਖਾ ਰਹਿੰਦਾ ਸਾਂ, ਇਸ ਕਰਕੇ ਮੈਂ ਪਾਲਕੀ ਵਿਚ ਲੇਟ ਕੇ ਇਥੇ ਪਹੁੰਚ ਗਿਆ ਹਾਂ ਇਥੇ ਮੰਗ ਕੇ ਰੱਜ ਕੇ ਖਾਵਾਂਗਾ। ਉਸ ਦੀਆਂ ਗੱਲਾਂ ਸੁਣ ਕੇ ਆਪਸ ਵਿਚ ਕਹਿਣ ਲਗੇ ਸਾਡਾ ਪਿਤਾ ਜਿਉਂਦਿਆਂ ਗੰਗਾ ਤੇ ਨਹੀਂ ਆਇਆ, ਪਰ ਮਰ ਕੇ ਭੀ ਨਹੀਂ ਆਉਂਦਾ ਪਿਆ। ਬਾਕੀ ਦੇ ਆਦਮੀ ਓਥੇ ਰਹੇ ਇਕ ਉਸ ਦਾ ਲੜਕਾ ਤੇ ਇਕ ਹੋਰ ਦੋਵੇਂ ਮਿਲ ਕੇ ਉਸ ਨੂੰ ਲੈਣ ਆਏ, ਆ ਕੇ ਵੇਖਿਆ ਕਿ ਮੁਰਦਾ ਓਥੇ ਹੀ ਪਿਆ ਹੈ। ਉਹ ਉਸ ਮੁਰਦੇ ਨੂੰ ਘਰ ਦੀ ਘੋੜੀ ਨਾਲ ਬੰਨ੍ਹ ਕੇ, ਉੱਪਰ

ਦੋਵੇਂ ਅਸਵਾਰ ਹੋ ਕੇ ਚਲ ਪਏ। ਮੁਰਦੇ ਦੇ ਹੋਣ ਕਰ ਕੇ ਘੋੜੀ ਐਸੀ ਡਰੀ ਜੋ ਹਟ ਕੇ ਫਿਰ ਸਹਾਰਨਪੁਰ ਹੀ ਆ ਗਈ। ਲੋਕ ਵੇਖ ਕੇ ਹਸਣ ਲਗ ਪਏ ਤੇ ਪੁਛਦੇ ਹਨ, 'ਇਹ ਕੀ ਹੋਇਆ, ਇਸ ਨੂੰ ਤਾਂ ਪਾਲਕੀ ਵਿਚ ਲਿਟਾ ਕੇ ਹਰਿਦੁਆਰ ਲੈ ਗਏ ਸਨ ਇਥੇ ਘੋੜੀ ਤੇ ਵਾਪਸ ਕਿਵੇਂ ਆ ਗਿਆ ਹੈ?' ਉਨ੍ਹਾਂ ਨੇ ਸਾਰਾ ਹਾਲ ਸੁਣਾਇਆ ਫਿਰ ਸਾਰਿਆਂ ਨੇ ਕਿਹਾ, 'ਜਿਹੜੇ ਹਰਿਦੁਆਰ ਸਬੰਧੀ ਬੈਠੇ ਹਨ, ਉਨ੍ਹਾਂ ਸਾਰਿਆਂ ਨੂੰ ਬੁਲਾ ਕੇ ਇਸ ਦਾ ਸਸਕਾਰ ਏਥੇ ਹੀ ਕਰੋ।' ਸਾਰਿਆਂ ਨੂੰ ਬੁਲਾ ਕੇ ਉਸ ਦਾ ਸਸਕਾਰ ਸਹਾਰਨਪੁਰ ਹੀ ਕੀਤਾ ਗਿਆ। ਚੌਥੇ ਦਿਨ ਉਸ ਦੀਆਂ ਹੱਡੀਆਂ ਚੁਣ ਕੇ ਆਪਣੇ ਪ੍ਰੋਹਤ ਨੂੰ ਬੁਲਾ ਕੇ ਕਿਹਾ-ਪ੍ਰੋਹਤ ਜੀ ! ਤੁਸੀਂ ਆਪ ਜਾ ਕੇ ਇਸ ਦੀਆਂ ਹੱਡੀਆਂ ਗੰਗਾ ਪਰਵਾਹ ਆਓ।

ਸਭਨਾਂ ਨੇ ਆਪੋ ਆਪਣੀ ਮਰਜ਼ੀ ਨਾਲ ਪ੍ਰੋਹਤ ਨੂੰ ਕਿਸੀ ਨੇ ਦੋ ਰੁਪਏ, ਕਿਸੀ ਨੇ ਪੰਜ ਰੁਪਏ, ਕਿਸੀ ਨੇ ਸਤ ਰੁਪਏ, ਕਿਸੀ ਨੇ ਦਸ ਰੁਪਏ ਦਿਤੇ। ਇਸ ਤਰ੍ਹਾਂ ੧੦੦ ਰੁਪਿਆ ਇਕੱਠਾ ਹੋ ਗਿਆ। ਜਿਸ ਵੇਲੇ ਪ੍ਰੋਹਤ ਹੱਡੀਆਂ ਲੈ ਕੇ ਸ਼ਹਿਰ ਤੋਂ ਬਾਹਰ ਆਇਆ ਤਾਂ ਮਨ ਵਿਚ ਖਿਆਲ ਆਇਆ ਜੇਕਰ ਇਹ ਰੁਪਿਆ ਮੈਂ ਨਾਲ ਲਿਜਾਵਾਂਗਾ ਤਾਂ ਰਾਹ ਵਿਚ ਕੋਈ ਡਾਕੂ ਲੁਟ ਲਵੇਗਾ, ਇਸ ਲਈ ਘਰ ਰੱਖ ਆਵਾਂ ਤਾਂ ਚੰਗਾ ਹੈ। ਇਹ ਸੋਚ ਕੇ ਬਾਹਰ ਜੰਗਲ ਵਿਚ ਇਕ ਬ੍ਰਿੱਛ ਦੀ ਟਾਹਣੀ ਨਾਲ ਉਹ ਹੱਡੀਆਂ ਵਾਲੀ ਗੁਥਲੀ ਬੰਨ੍ਹ ਕੇ ਆਪ ਆ ਗਿਆ।

ਪਿਛੋਂ ਇਕ ਭੰਗੀ ਲੱਕੜੀਆਂ ਲੈਣ ਵਾਸਤੇ ਉਸੇ ਜੰਗਲ ਵਿਚ ਆ ਗਿਆ ਅਤੇ ਉਸੇ ਬ੍ਰਿੱਛ ਪਰ ਚੜ੍ਹ ਗਿਆ। ਗੁਥਲੀ ਦੇਖ ਕੇ ਉਸ ਨੂੰ ਭੁਲੇਖਾ ਪੈ ਗਿਆ ਕਿ ਸ਼ਾਇਦ ਇਸ ਵਿਚ ਧਨ ਹੈ। ਉਹ ਗੁਥਲੀ ਲਾਹ ਕੇ ਹੇਠਾਂ ਉਤਰ ਆਇਆ, ਦੂਰ ਜਾ ਕੇ ਗੁਥਲੀ ਖੋਲ੍ਹ ਕੇ ਢੇਰੀ ਕੀਤੀ। ਹੱਡੀਆਂ ਤਾਂ ਇਧਰ ਉਧਰ ਸੁਟ ਦਿਤੀਆਂ, ਉਸ ਵਿਚੋਂ ਪੈਸੇ, ਰੁਪਏ, ਸੋਨਾ ਤੇ ਬਿਬਾਣ ਦੇ ਢੱਕਣ ਵਾਲਾ ਕਪੜਾ ਆਦਿ ਇਹ ਸਭ ਚੀਜ਼ਾਂ ਲੈ ਕੇ ਆਪਣੇ ਘਰ ਚਲਾ ਗਿਆ।

ਪਿਛੋਂ ਪ੍ਰੋਹਤ ਆ ਕੇ ਵੇਖਦਾ ਹੈ ਤਾਂ ਗੁੱਥੀ ਕੋਈ ਨਾ ਮਿਲੀ ਬੜੀ ਤਲਾਸ਼ ਕੀਤੀ ਪਰ ਕੋਈ ਪਤਾ ਨਾ ਲਗਾ। ਫਿਰ ਹਰਿਦੁਆਰ ਜਾ ਕੇ ਉਥੋਂ ਝੂਠੀਆਂ ਚਿੱਠੀਆਂ ਲਿਖਵਾ ਕੇ ਉਹਨਾਂ ਦੇ ਘਰ ਆ ਕੇ ਦੇ ਦਿੱਤੀਆਂ ਤੇ ਕਿਹਾ, ਤੁਹਾਡੇ ਪਿਤਾ ਦੇ ਫੁਲ ਗੰਗਾ ਵਿਚ ਪ੍ਰਵਾਹ ਕਰ ਆਇਆ ਹਾਂ, ਏਨੇ ਨਾਲ ਉਹਨਾਂ ਦੀ ਤਸੱਲੀ ਹੋ ਗਈ ਕਿ ਸਾਡੇ ਪਿਤਾ ਦੀਆਂ ਹਡੀਆਂ ਗੰਗਾ ਵਿਚ ਪਹੁੰਚ ਗਈਆਂ ਹਨ।

ਪਾਲਕੀ ਦੇ ਆਸੇ ਪਾਸੇ ਜੋ ਪਾਲਕੀ ਨੂੰ ਢਕਣ ਵਾਲਾ ਖੀਨ ਖਾਬ ਦਾ ਕਪੜਾ ਗੁੱਥੀ ਵਿਚੋਂ ਭੰਗੀ ਨੂੰ ਮਿਲਿਆ ਸੀ ਛੇ ਮਹੀਨੇ ਤੋਂ ਬਾਅਦ ਉਸ ਦੀ ਕੁੜਤੀ ਸਿਵਾ ਕੇ ਉਸ ਨੇ ਆਪਣੇ ਗਲ ਪਾ ਲਈ ਤੇ ਸੇਠ ਦੇ ਘਰ ਸਫਾਈ ਕਰਨ ਲਈ ਆ ਗਿਆ। ਸਫਾਈ ਕਰ ਹੀ ਰਿਹਾ ਸੀ ਤਾਂ ਸੇਠ ਦੀ ਨੂੰਹ ਨੇ ਉਸ ਕਪੜੇ ਨੂੰ ਪਛਾਣ ਲਿਆ ਤੇ ਆਪਣੇ ਪਤੀ ਨੂੰ ਆ ਕੇ ਆਖਿਆ। ਉਸ ਨੇ ਉਸੀ ਵੇਲੇ ਭੰਗੀ ਨੂੰ ਤਾੜਕੇ ਪੁਛਿਆ ਤਾਂ ਭੰਗੀ ਨੇ ਸੱਚ ਸੱਚ ਕਹਿ ਦਿੱਤਾ ਕਿ ਮੈਂ ਜੰਗਲ ਵਿਚ ਲੱਕੜਾਂ ਲੈਣ ਗਿਆ ਸੀ ਓਥੇ ਬ੍ਰਿੱਛ ਨਾਲ ਇਕ ਗੁੱਥੀ ਟੰਗੀ ਹੋਈ ਸੀ ਉਸਨੂੰ ਲਾਹਕੇ ਫੋਲਿਆ,ਹਡੀਆਂ ਤਾਂ ਖਿਲਾਰ ਦਿਤੀਆਂ, ਵਿਚੋਂ ਰੁਪੈ ਪੈਸੇ ਸੋਨਾ ਵਗੈਰਾ ਕਢਕੇ ਮੈਂ ਵਰਤ ਲਿਆ ਤੇ ਉਸ ਕਪੜੇ ਦੀ ਕੁੜਤੀ ਬਣਾਕੇ ਪਾ ਲਈ ਹੈ। ਪੁੱਤ੍ਰਾਂ ਨੇ ਬਰਾਦਰੀ ਵਿਚੋਂ ਮੁਖੀ ਆਦਮੀ ਭੇਜ ਕੇ, ਉਸ ਪ੍ਰੋਹਤ ਨੂੰ ਬੁਲਾਕੇ ਪੁਛਿਆ, 'ਜੋ ਤੂੰ ਚਿੱਠੀ ਹਰਿਦੁਆਰੋਂ ਲਿਖਾਕੇ ਆਂਦੀ ਹੈ ਇਹ ਸੱਚੀ ਹੈ ਯਾਂ ਝੂਠੀ। ਸਚ ਦੱਸ ਨਹੀਂ ਤਾਂ ਤੈਨੂੰ ਪ੍ਰੋਹਤਪੁਣੇ ਤੋਂ ਹਟਾ ਦਿੱਤਾ ਜਾਵੇਗਾ।' ਇਹ ਗੱਲ ਸੁਣਕੇ ਪਰੋਹਤ ਡਰ ਗਿਆ ਤੇ ਇਕ ਜੁਗਤੀ ਦੀ ਗੱਲ ਕਹੀ ਕਿ ਤੁਹਾਡਾ ਪਿਉ ਜਿਉਂਦਿਆਂ ਸਾਰੀ ਉਮਰ ਗੰਗਾ ਤੇ ਨਹੀਂ ਗਿਆ, ਮਰ ਜਾਣ ਤੇ ਭੀ ਤੁਸੀਂ ਸਾਰੇ ਪਾਲਕੀ ਵਿਚ ਬਿਠਾ ਕੇ ਲੈ ਗਏ, ਫਿਰ ਭੀ ਉਹ ਨਾ ਗਿਆ ਰਾਹ ਵਿਚ ਹੀ ਰਹਿ

ਗਿਆ। ਭਲਾ ਮੇਰੇ ਨਾਲ ਕਿਵੇਂ ਜਾ ਸਕਦਾ ਸੀ। ਇਹ ਗੱਲ ਸੁਣਕੇ ਸਭਨਾਂ ਨੇ ਵਿਚਾਰਿਆ, ਉਹ ਹਰੀ ਤੋਂ ਬੇਮੁਖ ਸੀ ਹਰੀ ਨੂੰ ਭਾਇਆ ਨਹੀਂ, ਇਸ ਕਰਕੇ ਇਸ ਦੀ ਮੁਕਤੀ ਨਹੀਂ ਹੋਈ।

ਅਥਵਾ:-ਪੱਥਰ ਵਾਂਗ ਭਾਰੇ ਪਾਪੀਆਂ ਨੂੰ ਵਾ:-ਪੱਥਰ ਵਾਂਗ ਕਠੋਰ ਹਿਰਦੇ ਵਾਲਿਆਂ ਨੂੰ ਸੰਸਾਰ-ਸਮੁੰਦਰ ਤੋਂ ਤਾਰ ਦਿੰਦਾ ਹੈ।

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥

ਪ੍ਰਭੂ ਨੂੰ ਭਾਵੇ ਤਾਂ ਸ੍ਵਾਸਾਂ ਤੋਂ ਬਿਨਾਂ ਰੱਖਦਾ ਹੈ।*

ਪ੍ਰਭੂ ਨੂੰ ਭਾਵੇ ਤਾਂ ਇਹ ਜੀਵ ਹਰੀ ਦੇ ਗੁਣਾਂ ਨੂੰ ਭਾਖੈ=ਉਚਾਰਦਾ ਹੈ।

ਪ੍ਰਭ ਭਾਵੈ ਤਾ ਪਤਿਤ ਉਧਾਰੈ॥ ਆਪਿ ਕਰੈ ਆਪਨ ਬੀਚਾਰੈ॥

ਪ੍ਰਭੂ ਨੂੰ ਭਾਵੇ ਤਾਂ ਪਤਿਤ=ਪਾਪੀਆਂ ਨੂੰ ਉਧਾਰੈ=ਤਾਰ ਦਿੰਦਾ ਹੈ। ਉਹ ਆਪਣੇ ਵਿਚਾਰ ਨੂੰ ਸਦਾ ਆਪ ਹੀ ਕਰਦਾ ਹੈ, ਹੋਰ ਕਿਸੇ ਪਾਸੋਂ ਸਲਾਹ ਨਹੀਂ ਲੈਂਦਾ।

ਦੁਹਾ ਸਿਰਿਆ ਕਾ ਆਪਿ ਸੁਆਮੀ॥ ਖੇਲੈ ਬਿਗਸੈ ਅੰਤਰਜਾਮੀ॥

(ਲੋਕ ਪ੍ਰਲੋਕ, ਗੁਰਮੁਖ ਮਨਮੁਖ, ਦੇਵਤਾ ਦੈਂਤ ਇਨ੍ਹਾਂ) ਦੋਹਾਂ ਸਿਰਿਆਂ ਦਾ ਮਾਲਕ ਉਹ ਆਪ ਪਰਮੇਸ਼ਰ ਹੈ। ਆਪ ਹੀ ਸੰਸਾਰ ਖੇਡ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ, ਆਪ ਹੀ ਅੰਤਰਜਾਮੀ ਹੈ।

ਜੋ ਭਾਵੈ ਸੋ ਕਾਰ ਕਰਾਵੈ॥ ਨਾਨਕ ਦ੍ਰਿਸਟੀ ਅਵਰੁ ਨ ਆਵੈ॥ ੨॥

ਜੋ ਉਸਨੂੰ ਭਾਉਂਦਾ ਹੈ, ਓਹੀ ਕਾਰ ਕਰਾਉਂਦਾ ਹੈ। ਗੁਰੂ ਜੀ ਫੁਰਮਾਉਂਦੇ ਹਨ-ਉਸ ਤੋਂ ਬਿਨਾਂ ਸਾਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ॥ ੨॥

ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥

ਕਹੁ ਖਾਂ ! ਮਨੁੱਖ ਤੋਂ ਕੀ ਹੋ ਆਉਂਦਾ ਹੈ? ਜੋ ਉਸ ਪਰਮੇਸ਼ਰ ਨੂੰ ਭਾਉਂਦਾ ਹੈ ਓਹੀ ਕਰਮ ਇਸ ਮਨੁੱਖ ਪਾਸੋਂ ਕਰਾਉਂਦਾ ਹੈ।

ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ ਜੋ ਤਿਸੁ ਭਾਵੈ ਸੋਈ ਕਰੇਇ॥

ਜੇਕਰ ਇਸ ਮਨੁੱਖ ਦੇ ਹੱਥ ਵਿਚ ਹੋਵੇ ਤਾਂ ਸਭ ਕੁਝ ਆਪਣੇ ਆਪ ਹੀ ਲੈ ਲਵੇ।

ਪਰ ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਇਹ ਜੀਵ ਓਹੀ ਕੁਝ ਕਰਦਾ ਹੈ।

ਅਨਜਾਨਤ ਬਿਖਿਆ ਮਹਿ ਰਚੈ॥ ਜੇ ਜਾਨਤ ਆਪਨ ਆਪ ਬਚੈ॥

ਅਨਜਾਣਪਣੇ ਕਰਕੇ ਇਹ ਜੀਵ ਵਿਸ਼ਿਆਂ ਵਿਚ, ਵਾ:-ਬਿਖਿਆ=ਮਾਇਆ ਵਿਚ ਜਾ ਫਸਦਾ ਹੈ। ਜੇ ਕੁਝ ਜਾਣਦਾ ਹੋਵੇ ਕਿ ਇਸ ਦਾ ਫਲ ਦੁੱਖ ਹੈ ਤਾਂ ਆਪਣੇ ਆਪ ਬਚ ਜਾਵੇ।

ਭਰਮੇ ਭੂਲਾ ਦਹ ਦਿਸਿ ਧਾਵੈ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ॥

---

*ਜਿਵੇਂ ਸੁਰਾਕ ਰਾਜਾ ਨੂੰ ਰਖਿਆ ਸੀ, ਭਾਵੇਂ ਉਸ ਦਾ ਸਿਰ ਵੱਢਿਆ ਗਿਆ ਤਾਂ ਭੀ ਉਹ ਪਹਾੜ ਦੀ ਚੋਟੀ ਤੇ ਬੈਠਾ ਹੋਇਆ ਕੈਰਵਾਂ ਪਾਂਡਵਾਂ ਦਾ ਯੁੱਧ ਵੇਖਦਾ ਰਿਹਾ।

ਭਰਮ ਵਿਚ ਭੁਲਾ ਹੋਇਆ ਦਸੋ ਦਿਸ਼ਾਂ ਵਿਚ ਲੋ ਲਈ ਕਰਦਾ ਦੌੜਦਾ ਫਿਰਦਾ ਹੈ। ਅਤੇ ਇਕ ਨਿਮਖ ਵਿਚ ਹੀ ਸੰਕਲਪਾਂ ਕਰਕੇ ਚਾਰੇ ਕੁੰਟਾਂ ਵਿਚ ਫਿਰ ਆਉਂਦਾ ਹੈ।

ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ ਨਾਨਕ ਤੇ ਜਨ ਨਾਮਿ ਮਿਲੇਇ ॥ ੩ ॥

ਪਰਮੇਸ਼ਰ ਕਿਰਪਾ ਕਰਕੇ ਜਿਸਨੂੰ ਆਪਣੀ ਭਗਤੀ ਦਿੰਦਾ ਹੈ। ਗੁਰੂ ਜੀ ਕਹਿੰਦੇ ਹਨ-ਉਹ ਪੁਰਸ਼ (ਨਾਮਿ) ਪਰਮਾਤਮਾ ਨਾਲ ਮਿਲ ਜਾਂਦਾ ਅਰਥਾਤ ਅਭੇਦ ਹੁੰਦਾ ਹੈ॥ ੩॥

ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ ॥

ਉਹ ਪਾਰਬ੍ਰਹਮ ਐਸਾ ਗਰੀਬ ਨਿਵਾਜ਼ ਹੈ। ਜੋ ਇਕ ਖਿਨ ਵਿਚ ਹੀ ਕੀੜੇ ਵਰਗੇ ਨੀਚ=ਨੀਵੇਂ ਪੁਰਸ਼ ਨੂੰ ਰਾਜ ਦੇ ਦਿੰਦਾ ਹੈ।

ਜਾ ਕਾ ਦ੍ਰਿਸਟਿ ਕਛੂ ਨ ਆਵੈ ॥ ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥

ਜਾ ਕਾ=ਜਿਸ ਜੀਵ ਦਾ ਤੇਜ ਪ੍ਰਤਾਪ ਕੁਛ ਵੀ ਨਿਗਾਹ ਨਾ ਆਉਂਦਾ ਹੋਵੇ।

ਉਸ ਨੂੰ ਤਤਕਾਲ=ਸ਼ੀਘਰ ਹੀ ਦਸੋ ਦਿਸ਼ਾ ਭਾਵ ਚਾਰ ਚੁਫੇਰੇ ਪ੍ਰਗਟ ਕਰ ਦਿੰਦਾ ਹੈ।

ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥

ਜਗਤ ਦਾ ਮਾਲਕ ਪਰਮੇਸ਼ਰ ਜਿਸ ਨੂੰ ਆਪਣੀ ਬਖਸ਼ਸ਼ ਕਰਦਾ ਹੈ।

ਉਸ ਦੇ ਕਰਮਾਂ ਦਾ ਲੇਖਾ ਨਹੀਂ ਗਿਣਦਾ।

ਜੀਉ ਪਿੰਡੁ ਸਭ ਤਿਸ ਕੀ ਰਾਸਿ ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥

ਜੀਵ ਨੂੰ ਪਿੰਡੁ=ਸਰੀਰ ਆਦਿਕ ਸਾਰੀ ਰਾਸਿ=ਪੂੰਜੀ ਉਸ ਪ੍ਰਭੂ ਦੀ ਦਿਤੀ ਹੋਈ ਹੈ।

ਉਹ ਬ੍ਰਹਮ ਸਰੂਪ ਦਾ ਪ੍ਰਕਾਸ਼ ਘਟ ਘਟ ਵਿਚ ਪੂਰਨ ਹੋ ਰਿਹਾ ਹੈ।

ਅਪਨੀ ਬਣਤ ਆਪਿ ਬਨਾਈ ॥ ਨਾਨਕ ਜੀਵੈ ਦੇਖਿ ਬਡਾਈ ॥ ੪ ॥

ਆਪਣੀ ਸੰਸਾਰ ਰਚਨਾ ਪ੍ਰਭੂ ਨੇ ਆਪ ਬਣਾਈ ਹੈ।

ਗੁਰੂ ਜੀ ਆਖਦੇ ਹਨ-ਮੈਂ ਉਸ ਦੀ ਵਡਿਆਈ ਨੂੰ ਵੇਖਕੇ ਜਿਉਂਦਾ ਹਾਂ॥ ੪॥

ਇਸ ਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥

ਇਸ ਜੀਵ ਦਾ ਬਲ ਇਸ ਦੇ ਆਪਣੇ ਹੱਥ ਵਿਚ ਨਹੀਂ ਹੈ। ਕਿਉਂਕਿ ਸਭ ਕਰਤੱਬਾਂ ਦੇ ਕਰਨ ਕਰਾਉਣ ਵਾਲਾ ਉਹ ਆਪ ਹੀ ਸਭ ਦਾ ਨਾਥ=ਸੁਆਮੀ ਹੈ।

ਆਗਿਆਕਾਰੀ ਬਪੁਰਾ ਜੀਉ ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥

ਇਹ ਬਪੁਰਾ=ਵਿਚਾਰਾ ਜੀਵ ਤਾਂ ਉਸ ਹਰੀ ਦਾ ਆਗਿਆਕਾਰੀ ਅਰਥਾਤ ਹੁਕਮ ਵਿਚ ਚਲਣ ਵਾਲਾ ਹੈ। ਜੋ ਪ੍ਰਭੂ ਨੂੰ ਭਾਉਂਦਾ ਹੈ। ਫਿਰ ਉਹੋ ਕੁਝ ਹੁੰਦਾ ਹੈ।

ਕਬਹੂ ਊਚ ਨੀਚ ਮਹਿ ਬਸੈ ॥ ਕਬਹੁ ਸੋਗ ਹਰਖ ਰੰਗਿ ਹਸੈ ॥

ਕਦੇ ਤਾਂ ਇਹ ਜੀਵ ਊਚ ਨੀਚ ਜੂਨੀਆਂ, ਵਾ:-ਅਸਥਾਨਾਂ ਵਿਚ ਵਸਦਾ ਹੈ।

ਕਦੇ ਤਾਂ ਕਰਮਾਂ ਅਨੁਸਾਰ ਸੋਗ ਕਰਕੇ ਰੋਂਦਾ ਹੈ, ਅਤੇ ਕਦੇ ਖੁਸ਼ੀ ਦੇ ਰੰਗ ਵਿਚ ਹੱਸਦਾ ਹੈ।

ਕਬਹੂ ਨਿੰਦ ਚਿੰਦ ਬਿਉਹਾਰ॥ ਕਬਹੂ ਊਭ ਅਕਾਸ ਪਇਆਲ॥

ਕਦੇ ਨਿੰਦਿਆ ਅਤੇ ਚਿੰਦ=ਉਸਤਤੀ ਦਾ ਵਿਉਹਾਰ ਕਰਦਾ ਹੈ।

ਕਦੇ ਊਭ=ਉਚੇ ਅਕਾਸ਼ ਵਿਚ ਜਾਂਦਾ ਹੈ ਕਦੇ ਪਇਆਲ=ਪਤਾਲ ਵਿਚ ਜਾਂਦਾ ਹੈ।

ਕਬਹੂ ਬੇਤਾ ਬ੍ਰਹਮ ਬੀਚਾਰ॥ ਨਾਨਕ ਆਪਿ ਮਿਲਾਵਣਹਾਰ॥ ੫॥

ਕਦੇ ਸ਼ਾਸਤ੍ਰ ਬੇਤਾ ਹੋ ਕੇ ਬ੍ਰਹਮ ਦਾ ਵੀਚਾਰ ਕਰਦਾ ਹੈ।

ਅਥਵਾ:-ਕਦੇ ਬ੍ਰਹਮ ਵਿਚਾਰ ਦਾ ਬੇਤਾ=ਗਿਆਨਵਾਨ ਹੁੰਦਾ ਹੈ।

ਪਰ ਜੀਵ ਨੂੰ ਆਪਣੇ ਨਾਲ ਮਿਲਾ ਲੈਣ ਵਾਲਾ ਉਹ ਪ੍ਰਭੂ ਆਪ ਹੀ ਹੈ॥ ੫॥

ਕਬਹੂ ਨਿਰਤਿ ਕਰੈ ਬਹੁ ਭਾਤਿ॥ ਕਬਹੂ ਸੋਇ ਰਹੈ ਦਿਨੁ ਰਾਤਿ॥

ਕਦੇ ਇਹ ਜੀਵ ਬਹੁਤ ਪ੍ਰਕਾਰ ਦੀ ਨਿਰਤਕਾਰੀ ਕਰਦਾ ਹੈ।

ਕਦੇ ਇਹ ਜੀਵ ਦਿਨ ਰਾਤੀ ਸੁੱਤਾ ਹੀ ਰਹਿੰਦਾ ਹੈ।

ਕਬਹੂ ਮਹਾ ਕ੍ਰੋਧ ਬਿਕਰਾਲ॥ ਕਬਹੂੰ ਸਰਬ ਕੀ ਹੋਤ ਰਵਾਲ॥

ਕਦੇ ਮਹਾ ਕ੍ਰੋਧ=ਬੜੇ ਗੁੱਸੇ ਕਰਕੇ ਬਿਕਰਾਲ=ਡਰਾਉਣੀ ਸ਼ਕਲ ਵਾਲਾ ਦਿੱਸਣ ਲੱਗ ਪੈਂਦਾ ਹੈ। ਤੇ ਕਦੇ ਇਹ ਜੀਵ ਸਾਰਿਆਂ ਦੇ ਚਰਨਾਂ ਦੀ ਰਵਾਲ=ਧੂੜੀ ਹੁੰਦਾ ਹੈ।

ਕਬਹੂ ਹੋਇ ਬਹੈ ਬਡ ਰਾਜਾ॥ ਕਬਹੁ ਭੇਖਾਰੀ ਨੀਚ ਕਾ ਸਾਜਾ॥

ਕਦੇ ਇਹ ਜੀਵ ਰਾਜੇ ਵਾਂਗ ਵੱਡਾ ਹੋ ਕੇ ਬਣ ਬਣ ਬੈਠਦਾ ਹੈ।

ਤੇ ਕਦੇ ਭਿਖਾਰੀ=ਮੰਗਤਾ ਹੋ ਕੇ ਨੀਚਾਂ ਵਾਲਾ ਸਾਜ਼ ਸਜਾ ਲੈਣਾ ਕਰਦਾ ਹੈ।

ਕਬਹੂ ਅਪਕੀਰਤਿ ਮਹਿ ਆਵੈ॥ ਕਬਹੂ ਭਲਾ ਭਲਾ ਕਹਾਵੈ॥

ਕਦੇ ਤਾਂ ਆਪਣੇ ਅਪਕੀਰਤਿ=ਅਪਜਸ ਕਰਾਉਣ ਵਿਚ ਆਉਂਦਾ ਹੈ।

ਕਦੇ ਆਪਣੇ ਆਪ ਨੂੰ ਭਲਾ ਭਲਾ ਕਹਾਉਂਦਾ ਹੈ।

ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥ ਗੁਰ ਪ੍ਰਸਾਦਿ ਨਾਨਕ ਸਚੁ ਕਹੈ॥ ੬॥

ਜਿਸ ਪ੍ਰਕਾਰ ਪ੍ਰਭੂ ਰਖਦਾ ਹੈ ਉਸੀ ਪ੍ਰਕਾਰ ਇਹ ਜੀਵ ਰਹਿੰਦਾ ਹੈ।

ਗੁਰੂ ਜੀ ਕਹਿੰਦੇ ਹਨ-ਗੁਰੂ ਦੀ ਕਿਰਪਾ ਨਾਲ ਅਸੀਂ ਸੱਚੀ ਗੱਲ ਕਹਿੰਦੇ ਹਾਂ।

ਅਥਵਾ:-ਜਿਸ ਉੱਤੇ ਗੁਰਾਂ ਦੀ ਕਿਰਪਾ ਹੁੰਦੀ ਹੈ ਉਹ ਸਚ ਨਾਮ ਨੂੰ ਕਹਿੰਦਾ ਹੈ।

ਕਬਹੂ ਹੋਇ ਪੰਡਿਤੁ ਕਰੇ ਬਖ੍ਯਾਨੁ॥ ਕਬਹੂ ਮੋਨਿਧਾਰੀ ਲਾਵੈ ਧਿਆਨੁ॥

ਕਦੇ ਇਹ ਜੀਵ ਪੰਡਤ ਹੋ ਕੇ ਸ਼ਾਸ਼ਤਰਾਂ ਦਾ ਵਖਿਆਣ ਕਰਦਾ ਹੈ।

ਕਦੇ ਇਹ ਜੀਵ ਮੋਨਿਧਾਰੀ=ਮੌਨੀ ਬਣਕੇ ਧਿਆਨ ਲਾਉਂਦਾ ਹੈ।

ਕਬਹੂ ਤਟ ਤੀਰਥ ਇਸਨਾਨ॥ ਕਬਹੂ ਸਿਧ ਸਾਧਿਕ ਮੁਖਿ ਗਿਆਨ॥

ਕਦੇ ਇਹ ਜੀਵ ਤੀਰਥਾਂ ਦੇ ਕਿਨਾਰਿਆਂ ਪਰ ਰਹਿ ਕੇ ਤੀਰਥਾਂ ਵਿਚ ਹੀ ਇਸ਼ਨਾਨ ਕਰਦਾ ਰਹਿੰਦਾ ਹੈ। ਕਦੇ ਇਹ ਜੀਵ ਸਿਧ ਤੇ ਸਾਧਿਕ=ਜਗਿਆਸੂ ਹੋ ਕੇ ਮੂੰਹ ਨਾਲ ਗਿਆਨ ਦੀਆਂ ਗੱਲਾਂ ਕਰਦਾ ਹੇ।

ਕਬਹੂ ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ ਭਰਮੈ ਭਰਮੀਆ॥

ਕਦੇ ਇਹ ਜੀਵ ਕੀੜੇ, ਹਾਥੀ ਪਤੰਗੇ ਆਦਿ ਜੀਅ ਹੋ ਕੇ ਅਨੇਕ ਜੂਨੀਆਂ ਵਿਚ ਭਰਮਣੇ ਵਾਲਾ ਹੋ ਕੇ ਭਰਮੈ=ਫਿਰਦਾ ਹੈ।

ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁਤ ਰੰਗਾ॥ ੧॥
ਐਸੇ ਘਰ ਹਮ ਬਹੁਤੁ ਬਸਾਏ॥ ਜਬ ਹਮ ਰਾਮ ਗਰਭ ਹੋਇ ਆਏ॥ ੧॥ ਰਹਾਉ॥
ਜੋਗੀ ਜਤੀ ਤਪੀ ਬ੍ਰਹਮਚਾਰੀ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥

(ਪੰਨਾ ੩੨੫)

[ਪੰਨਾ ੨੭੮]

ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ॥

ਇਹ ਜੀਵ (ਸ੍ਵਾਂਗੀ) ਨਕਲੀਏ ਵਾਂਗ ਅਨੇਕ ਤਰ੍ਹਾਂ ਦੇ ਲਿਬਾਸ ਧਾਰ ਕੇ ਵਿਖਾਉਂਦਾ ਹੈ। ਪਰ ਜਿਸ ਤਰ੍ਹਾਂ ਪ੍ਰਭੂ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਜੀਵ ਨੂੰ ਨਚਾਉਂਦਾ ਹੈ।

ਜੋ ਤਿਸੁ ਭਾਵੈ ਸੋਈ ਹੋਇ॥ ਨਾਨਕ ਦੂਜਾ ਅਵਰੁ ਨ ਕੋਇ॥ ੭॥

ਉਸ ਪ੍ਰਭੂ ਨੂੰ ਜੋ ਭਾਉਂਦਾ ਹੈ, ਉਹੋ ਕੁਝ ਹੁੰਦਾ ਹੈ।

ਗੁਰੂ ਜੀ ਫੁਰਮਾਉਂਦੇ ਹਨ-ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ॥

ਕਬਹੂ ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥

ਜੇ ਕਦੇ ਇਹ ਜੀਵ ਸਤਸੰਗਤਿ ਵਿਚ ਬੈਠਣਾ ਪਾ ਲਵੇ।

ਤਾਂ ਉਸ ਸਤਸੰਗ ਅਸਥਾਨ ਤੋਂ ਉਦਾਸ ਹੋ ਕੇ ਮੁੜ ਕੇ ਸੰਸਾਰਕ ਧੰਦਿਆਂ ਦੀ ਤਰਫ ਨਹੀਂ ਆਉਂਦਾ। *ਅਥਵਾ:*-ਮੁੜ ਕੇ ਫਿਰ ਜੂਨੀਆਂ ਵਿਚ ਨਹੀਂ ਆਉਂਦਾ।

ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥

ਸਤਸੰਗ ਦੇ ਪ੍ਰਤਾਪ ਕਰਕੇ ਹੀ ਇਸ ਜੀਵ ਦੇ ਹਿਰਦੇ ਅੰਦਰ ਗਿਆਨ ਦਾ ਚਾਨਣ ਹੋ ਜਾਂਦਾ ਹੈ। ਫਿਰ ਗਿਆਨ ਦਾ ਚਾਨਣ ਇਸ ਨੂੰ ਉਸ ਜਗ੍ਹਾ ਤੇ ਲੈ ਜਾਂਦਾ ਹੈ।

ਜਿਸ ਅੰਸਥਾਨ=ਟਿਕਾਣੇ ਦਾ ਕਦੇ ਬਿਨਾਸੁ=ਨਾਸ ਨਹੀਂ ਹੁੰਦਾ।

ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥

ਸਤਸੰਗ ਵਿਚ ਮਨੋ ਤਨੋ ਹੋ ਕੇ ਜੋ ਇਕ ਨਾਮੀ ਦੇ ਨਾਮ ਰੰਗ ਵਿਚ ਰਤੇ ਰਹਿੰਦੇ ਹਨ। ਉਹ ਫਿਰ ਸਦਾ ਹੀ ਪਾਰਬ੍ਰਹਮ ਦੇ ਨਾਲ ਵਸਦੇ ਹਨ।

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥

ਜਿਸ ਤਰ੍ਹਾਂ ਸਮੁੰਦਰ ਦੇ ਜਲ ਵਿਚ ਨਦੀਆਂ ਦਾ ਜਲ ਆ ਕੇ ਖਟਾਨਾ=ਮਿਲ ਜਾਂਦਾ ਹੈ। ਉਸੇ ਤਰ੍ਹਾਂ ਉਹ ਮਨੁੱਖ ਜੋਤੀ ਸਰੂਪ ਪਰਮਾਤਮਾ ਨਾਲ ਜੋਤੀ ਸਰੂਪ ਹੋ ਕੇ ਸਮਾਨਾ=ਅਭੇਦ ਹੋ ਜਾਂਦੇ ਹਨ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਬਿਲਵਲੁ ਮਹਲਾ ੫, ਪੰਨਾ ੮੪੬)

ਜੌ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥
ਜਿਉ ਜਲੁ ਜਲ ਮਹਿ ਪੈਸਿ ਨ ਨਿਰਸੈ ਤਿਉ ਢੁਰਿ ਮਿਲਿਓ ਜੁਲਾਹੋ ॥ ੧ ॥

(ਧਨਾਸਰੀ ਕਬੀਰ, ਪੰਨਾ ੬੯੨)

ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥ ੮ ॥

(ਮਾਰੂ ਮਹਲਾ ੫, ਪੰਨਾ ੧੦੭੬)

ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮ ॥੧੧ ॥

ਉਨ੍ਹਾਂ ਦੇ ਚੌਰਾਸੀ ਲੱਖ ਜੂਨ ਵਿਚ ਆਉਣ ਜਾਣ ਦੇ ਗਵਨ=ਚੱਕਰ ਮਿਟ ਗਏ ਹਨ, ਅਤੇ ਬਿਸ੍ਰਾਮ=ਇਸਥਿਤੀ ਦੇ ਸੁਖ ਪਾਏ ਹਨ। ਗਰੂ ਜੀ ਫੁਰਮਾਉਂਦੇ ਹਨ-ਅਸੀਂ ਉਸ ਪ੍ਰਭੂ ਤੋਂ ਸਦਾ ਬਲਿਹਾਰ ਜਾਂਦੇ ਹਾਂ ॥ ੮ ॥ ੧੧ ॥

ਸਲੋਕੁ ॥ ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥

ਉਥਾਨਕਾ:-ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਪਾਸ ਇਕ ਸਿਖ ਨੇ ਆ ਕੇ ਕਿਹਾ, 'ਮੈਨੂੰ ਆਪਣਾ ਸਿਖ ਬਣਾ ਲਵੋ।' ਗੁਰੂ ਜੀ ਨੇ ਕਿਹਾ-ਸਿਖ ਬਣਨਾ ਬੜਾ ਮੁਸ਼ਕਲ ਹੈ, ਪਰ ਉਸ ਨੇ ਮੁੜ ਮੁੜ ਕੇ ਕਿਹਾ ਮੈਨੂੰ ਆਪਣਾ ਸਿਖ ਬਣਾ ਲਵੋ। ਹਜ਼ੂਰ ਨੇ ਕਿਹਾ, ਪਹਿਲੇ ਸਾਡਾ ਕੰਮ ਕਰ, ਫਿਰ ਤੈਨੂੰ ਸਿੱਖ ਬਣਾਵਾਂਗੇ। ਉਸ ਨੇ ਕਿਹਾ ਜੀ! ਜੋ ਕਹੋ ਮੈਂ ਓਹੀ ਕੰਮ ਕਰਾਂਗਾ। ਗੁਰੂ ਜੀ ਨੇ ਇਕ ਹੁਕਮਨਾਮਾ ਲਿਖ ਕੇ ਉਸ ਦੇ ਹੱਥ ਫੜਾ ਕੇ ਕਿਹਾ, 'ਫਲਾਣੇ ਸਿਖ ਨੂੰ ਇਹ ਹੁਕਮਨਾਮਾ ਦੇ ਆ, ਪਰ ੧੦੦) ਸੌ ਰੁਪਇਆ ਦਰਸ਼ਨ ਭੇਟ ਲੈ ਕੇ ਹੁਕਮਨਾਮਾ ਦੇਵੀ।' ਗੁਰੂ ਜੀ ਦੇ ਹੁਕਮ ਅਨੁਸਾਰ ਚਲ ਪਿਆ, ਚਲਦਿਆਂ ਚਲਦਿਆਂ ਉਸ ਸਿਖ ਦੇ ਘਰ ਪਹੁੰਚਾ। ਰਾਮ ਰਮਈਆ ਕਰਕੇ ਆਖਿਆ ਆਪ ਜੀ ਦੇ ਗੁਰਦੇਵਾਂ ਨੇ ਤੁਹਾਡੇ ਵਲ ਹੁਕਮਨਾਮਾ ਭੇਜਿਆ ਹੈ ਪਰ ੧੦੦(ਸੌ) ਰੁਪਿਆ ਦਰਸ਼ਨ ਭੇਟਾ ਦਿਓ ਤਾਂ ਇਹ ਹੁਕਮਨਾਮਾ ਮਿਲੇਗਾ। ਭਾਵੇਂ ਸਿਖ ਗਰੀਬ ਸੀ ਪਰ ਘਰ ਵਿਚ ਸੌ ਰੁਪਿਆ ਨਹੀਂ ਸੀ ਪਰ ਸਿੱਖ ਨੂੰ ਪਲੰਘ ਤੇ ਬਿਠਾ ਕੇ ਜਲ-ਪਾਣੀ ਪਿਲਾ ਕੇ, ਆਪ ਸਮਾਨ ਵੇਚਣ ਚਲਾ ਗਿਆ। ਕੁਝ ਕੁ ਘਰ ਦਾ ਸਮਾਨ ਵੇਚ ਕੇ ਸੌ ਰੁਪਿਆ ਲਿਆ ਕੇ ਉਸ ਸਿੱਖ ਨੂੰ ਦੇ ਕੇ ਹੁਕਮਨਾਮਾ ਲੈ ਲਿਆ, ਸਿਰ ਤੇ ਰੱਖ ਕੇ ਉਸ ਨੂੰ ਮੱਥਾ ਟੇਕਿਆ। ਜਿਸ ਵੇਲੇ ਹੁਕਮਨਾਮਾ ਖੋਲ੍ਹ ਕੇ ਪੜ੍ਹਿਆ ਤਾਂ ਉਸ ਵਿਚ ਗੁਰੂ ਜੀ ਨੇ ਲਿਖਿਆ ਹੋਇਆ ਸੀ ਕਿ ਕਾਰ-ਸੇਵਾ ਵਾਸਤੇ ੫੦੦ (ਪੰਜ ਸੌ) ਰੁਪਿਆ ਜ਼ਰੂਰ ਭੇਜਣਾ। ਭਾਵੇਂ ਸਿੱਖ ਗਰੀਬ ਸੀ ਪਰ ਉਸ ਨੇ ਮੱਥੇ ਵੱਟ ਨਹੀਂ ਪਾਇਆ ਨਾ ਹੀ ਮਨ ਵਿਚ ਸੰਕਲਪ ਕੀਤਾ ਕਿ ਗੁਰੂ ਜੀ ਨੇ ਮੇਰੇ ਵਲ ਇਹ ਕੀ ਲਿਖ ਭੇਜਿਆ ਹੈ।

ਜਿਸ ਵੇਲੇ ਰੁਪਏ ਦੇ ਬੰਦੋਬਸਤ ਕਰਨ ਵਾਸਤੇ ਘਰੋਂ ਬਾਹਰ ਨਿਕਲਿਆ ਤਾਂ ਰਾਹ ਜਾਂਦਿਆਂ ਇਕ ਦੰਡੋਰਚੀ ਮਿਲ ਪਿਆ ਉਸ ਨੇ ਢੋਲ ਵਜਾ ਕੇ ਆਖਿਆ, 'ਅਜ ਫਲਾਣੀ ਜਗ੍ਹਾ ਪਹਿਲਵਾਨਾਂ ਕੀ ਕੁਸ਼ਤੀ ਹੋਣੀ ਹੈ, ਜਿਹੜਾ ਵੀ ਮਸਕੀਨੀਏ ਪਹਿਲਵਾਨ ਨਾਲ ਕੁਸ਼ਤੀ ਕਰੇਗਾ, ਉਸ ਨੂੰ ਇਨਾਮ ਮਿਲੇਗਾ। ਜੇ ਮਸਕੀਨੀਏ ਨੂੰ ਢਾਹ ਲਵੇਗਾ ਤਾਂ ਹਜ਼ਾਰ ਰੁਪਿਆ ਇਨਾਮ ਮਿਲੇਗਾ ਨਹੀਂ ਤਾਂ ਪੰਜ ਸੌ।' ਇਹ ਗੱਲ ਸੁਣ ਕੇ ਸਿੱਖ ਬੜਾ ਪ੍ਰਸੰਨ ਹੋਇਆ ਤੇ ਦਿਲ ਵਿਚ ਆਖਦਾ ਹੈ ਗੁਰੂ ਸਾਹਿਬਾਂ ਨੈ ਆਪਣਾ ਕੰਮ ਆਪ ਹੀ ਸਵਾਰ ਲਿਆ ਹੈ। ਉਸੀ ਵੇਲੇ ਉਹ ਸਿੱਖ ਮਲ-ਅਖਾੜੇ ਵਲ ਦੌੜ ਪਿਆ, ਦੌੜਦਿਆਂ-ਦੌੜਦਿਆਂ ਗਲਾ ਸੁੱਕ ਗਿਆ। ਰਾਹ ਵਿਚ ਇਕ ਖੂਹ ਵਗਦਾ ਦੇਖਿਆ ਜਿਸ ਉੱਤੇ ਬਹੁਤ ਲੋਕ ਇਕੱਠੇ ਸਨ, ਸਿੱਖ ਨੇ ਓਥੇ ਪਹੁੰਚ ਕੇ ਕਿਹਾ, ਪਰੇ ਹਟ ਜਾਓ ਪਹਿਲੇ ਮੈਨੂੰ ਪਾਣੀ ਪੀ ਲੈਣ ਦਿਓ। ਅੱਗੇ ਮਸਕੀਨੀਆ ਆਪ ਹੀ ਖਲੋਤਾ ਸੀ। ਉਸ ਨੇ ਕਿਹਾ, 'ਤੂੰ ਹੁਣ ਤਾਂ ਆਉਂਦਾ ਪਿਆ ਹੈਂ ਤੈਨੂੰ ਕਿਸ ਗੱਲ ਦੀ ਕਾਹਲੀ ਪਈ ਹੋਈ ਹੈ ਜ਼ਰਾ ਠਹਿਰ ਜਾ। ਸਿਖ ਨੇ ਕਿਹਾ, ਮੈਨੂੰ ਕਾਹਲੀ ਇਸ ਕਰਕੇ ਹੈ ਮੈ ਮਸਕੀਨੀਏ ਪਹਿਲਵਾਨ ਨਾਲ ਕੁਸ਼ਤੀ ਕਰਨੀ ਹੈ, ਇਸ ਲਈ ਸਭ ਤੋਂ ਪਹਿਲਾਂ ਜਾਣਾ ਚਾਹੁੰਦਾ ਹਾਂ। ਮਸਕੀਨੀਏ ਨੇ ਕਿਹਾ, 'ਅਜਾਈਂ ਮੌਤੇ ਕਿਉਂ ਮਰਦਾ ਹੈਂ ਤੂੰ ਤਾਂ ਉਸ ਦੀ ਇਕ ਚਪੇੜ ਵੀ ਸਹਾਰ ਨਹੀਂ ਸਕੇਂਗਾ।'

ਇਹ ਗੱਲ ਸੁਣ ਕੇ ਸਿੱਖ ਨੇ ਆਪਣਾ ਹਾਲ ਸੁਣਾਇਆ ਕਿ ਮੇਰੇ ਗੁਰਦੇਵਾਂ ਨੇ ਸੇਵਾ ਲਈ ਪੰਜ ਸੌ ਰੁਪਿਆ ਮੰਗ ਭੇਜਿਆ ਹੈ। ਉਨ੍ਹਾਂ ਦਾ ਬਚਨ ਪੂਰਿਆਂ ਕਰਨ ਵਾਸਤੇ ਮੈਂ ਕੁਸ਼ਤੀ ਕਰਨ ਚਲਿਆ ਹਾਂ, ਇਹ ਮੈਂ ਸਮਝਦਾ ਹਾਂ ਕਿ ਉਸ ਨਾਲ ਮੈਂ ਕੁਸ਼ਤੀ ਨਹੀਂ ਕਰ ਸਕਦਾ। ਪਰ ਗੁਰੂ ਦੇ ਨਮਿਤ ਜਾਨ ਦੇਣ ਨੂੰ ਤਿਆਰ ਹਾਂ। ਸਿੱਖ ਪਾਸੋਂ ਸਿਦਕੀ ਗੱਲਾਂ ਸੁਣ ਕੇ ਮਸਕੀਨੀਏ ਦਾ ਦਿਲ ਪਿਘਲ ਗਿਆ ਤੇ ਆਖਿਆ, 'ਮਸਕੀਨੀਆ ਪਹਿਲਵਾਨ ਮੈਂ ਹੀ ਹਾਂ ਤੂੰ ਫਿਕਰ ਨਾ ਕਰ, ਦੋ ਚਾਰ ਹੱਥ ਵਿਖਾ ਕੇ ਮੈਂ ਤੇਰੇ ਥੱਲੇ ਹੋ ਜਾਵਾਂਗਾ ਤੇ ਤੂੰ ਮੇਰੇ ਉੱਤੇ ਚੜ੍ਹ ਜਾਵੀਂ, ਇਸ ਤਰ੍ਹਾਂ ਤੈਨੂੰ ਹਜ਼ਾਰ ਰੁਪਿਆ ਵੀ ਮਿਲ ਜਾਵੇਗਾ ਅਤੇ ਸਾਰਿਆਂ ਵਿਚ ਤੇਰਾ ਜੈ ਜੈ ਕਾਰ ਹੋ ਜਾਵੇਗਾ।'

ਇਸ ਤਰ੍ਹਾਂ ਦੀਆਂ ਗੱਲਾ ਆਪਸ ਵਿਚ ਕਰਕੇ ਮੱਲ-ਅਖਾੜੇ ਵਿਚ ਪਹੁੰਚ ਗਏ, ਬੜੇ ਢੋਲ ਢਮੱਕੇ ਵੱਜੇ, ਦੁਨੀਆਂ ਬਹੁਤ ਇਕੱਠੀ ਹੋ ਗਈ। ਜਿਸ ਵੇਲੇ ਮਸਕੀਨੀਏ ਦੇ ਸਾਮ੍ਹਣੇ ਉਹ ਸਿੱਖ ਆਇਆ ਤਾਂ ਸਾਰੇ ਲੋਕ ਹੈਰਾਨ ਹੋ ਕੇ ਆਖਦੇ ਹਨ-'ਇਸ ਸੁਕੜੇ ਸਿੱਖ ਨੇ ਕੀ ਕੁਸ਼ਤੀ ਕਰਨੀ ਹੈ ਇਹ ਤਾਂ ਮੌਤ ਖਰੀਦਣ ਆਇਆ ਹੈ।'

ਪਰ ਉਹ ਦੋਵੇਂ ਕੁਝ ਚਿਰ ਆਪਸ ਵਿਚ ਹੇਠ ਉਤਾਹ ਹੁੰਦੇ ਰਹੇ ਆਖਿਰਕਾਰ ਮਸਕੀਨੀਆ ਥਲੇ ਢਹਿ ਪਿਆ ਤੇ ਉਹ ਸਿੱਖ ਉਸ ਦੇ ਉੱਪਰ ਚੜ੍ਹ ਗਿਆ ਇਤਨੇ ਨੂੰ ਲੋਕਾਂ ਨੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕਿ ਮਸਕੀਨੀਆ ਹਾਰ ਗਿਆ ਹੈ ਤੇ ਸੁਕੜਾ ਸਿੱਖ ਜਿੱਤ ਗਿਆ ਹੈ। ਉਸੀ ਵੇਲੇ ਸਿੱਖ ਨੂੰ ਹਜ਼ਾਰ ਰੁਪਿਆ ਇਨਾਮ ਤੇ ਮਸਕੀਨੀਏ ਨੂੰ ਪੰਜ ਸੌ ਰੁਪਿਆ ਮਿਲ ਗਿਆ। ਫਿਰ ਮਸਕੀਨੀਏ ਨੇ ਕਿਹਾ, 'ਜਿਸ ਗੁਰੂ ਦੇ ਪਿਛੇ ਤੂੰ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋ ਗਿਆ ਸੈਂ, ਉਹ ਗੁਰੂ ਕਿਥੇ ਰਹਿੰਦੇ ਹਨ?' ਉਸ ਗੁਰੂ ਜੀ ਦਾ ਦਰਸ਼ਨ ਮੈਨੂੰ ਭੀ ਕਰਵਾ। ਸਿੱਖ ਨੇ ਕਿਹਾ, 'ਤੂੰ ਮੇਰੇ ਨਾਲ ਚਲ, ਪਹਿਲੇ ਉਸ ਨੂੰ ਘਰ ਲਿਆ ਕੇ ਜਲ-ਪਾਣੀ ਛਕਾਇਆ।' ਫਿਰ ਜਿਸ ਸਿੱਖ ਨੂੰ ਘਰ ਬਿਠਾ ਗਿਆ ਸੀ ਉਸ ਸਿੱਖ ਨੂੰ ਤੇ ਮਸਕੀਨੀਏ ਪਹਿਲਵਾਨ ਨੂੰ ਆਪਣੇ ਨਾਲ ਲੈ ਕੇ ਤੁਰ ਪਿਆ। ਚਲਦੇ-ਚਲਦੇ ਅੰਮ੍ਰਿਤਸਰ ਆ ਪਹੁੰਚੇ, ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਇਕਾਂਤ ਜਗ੍ਹਾ ਪਰ ਬੈਠ ਕੇ ਸੁਖਮਨੀ ਸਾਹਿਬ ਉਚਾਰਨ ਕਰ ਰਹੇ ਸਨ, ਪੁਛਦੇ ਪੁਛਦੇ ਓਥੇ ਆ ਪਹੁੰਚੇ। ਗੁਰੂ ਜੀ ਅੱਗੇ ਭੇਟਾ ਰੱਖ ਕੇ ਸਿੱਖ ਨੇ ਮੱਥਾ ਟੇਕਿਆ ਫਿਰ ਮਸਕੀਨੀਏ ਨੇ ਭੀ ਭੇਟਾ ਰੱਖ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਉਸ ਵੇਲੇ ਗੁਰੂ ਜੀ ਨੇ ਵਰ ਦੇਂਦਿਆਂ ਹੋਇਆ ਕਿਹਾ-

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥

ਹੇ ਮਸਕੀਨੀਆ ਪਹਿਲਵਾਨ ! ਤੂੰ ਸੁਖੀ ਵਸੇਂਗਾ, ਕਿਉਂਕਿ ਤੂੰ ਆਪਣੇ ਬਲ ਅਤੇ ਹੰਕਾਰ ਨੂੰ ਦੂਰ ਕਰਕੇ ਸਿੱਖ ਦੇ ਤਲੇ=ਹੇਠਾਂ ਡਿਗ ਪਿਆ ਹੈਂ।

ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ ੧॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ-ਰਾਵਣ ਤੇ ਦੁਰਯੋਧਨ ਵਰਗੇ ਜੋ ਬੜੇ ਬੜੇ ਹੰਕਾਰੀ ਹਨ, ਉਹ ਮਾਤਾ ਦੇ ਗਰਭ ਵਿਚ ਗਲ ਰਹੇ ਹਨ।

ਅਥਵਾ:-ਸਭ ਨੂੰ ਸਾਂਝਾ ਉਪਦੇਸ਼ ਦਿੰਦੇ ਹਨ, ਜਿਹੜਾ ਪੁਰਸ਼ ਮਸਕੀਨੀਆ=ਗਰੀਬੀ ਆਦਿਕ ਗੁਣਾ ਨੂੰ ਧਾਰਦਾ ਹੈ ਤੇ ਆਪਾ ਭਾ ਹੰਕਾਰ ਨੂੰ ਨਵਿਰਤ ਕਰਕੇ ਸਰੀਰ ਦੇ ਸਾਰੇ ਅੰਗਾਂ ਤੋਂ ਤਲੇ ਜੋ ਚਰਨ ਹਨ ਉਨ੍ਹਾਂ ਚਰਨਾਂ ਦੀ ਧੂੜੀ ਗ੍ਰਹਿਣ ਕਰਦਾ ਹੈ, ਉਹ ਪੁਰਸ਼ ਸੁਖੀ ਵਸਦਾ ਹੈ! ਗੁਰੂ ਜੀ ਕਹਿੰਦੇ ਹਨ-ਜੋ ਜਾਤੀ ਅਭਿਮਾਨ ਕਰਕੇ ਬੜੇ ਹੰਕਾਰੀ ਹਨ ਤੇ ਵਿਦਿਆ ਦੇ ਅਭਿਮਾਨ ਕਰਕੇ ਬੜੇ ਹੰਕਾਰੀ ਹਨ, ਉਹ ਹਮੇਸ਼ਾਂ ਗਰਬਿ=ਹੰਕਾਰ ਵਿਚ ਗਲਦੇ ਰਹਿੰਦੇ ਹਨ॥ ੧॥

ਯਥਾ :- ***ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥***
ਗੁਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥ ੩॥ *(ਪੰਨਾ ੯੫੬)*

ਅਸਟਪਦੀ॥

ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਰਾਜ-ਭਾਗ ਦਾ ਅਭਿਮਾਨੁ=ਹੰਕਾਰ ਹੁੰਦਾ ਹੈ। ਭਾਵ ਹੰਕਾਰ ਕਰਕੇ ਜੀਵਾਂ ਪਰ ਜ਼ੁਲਮ ਕਰਦਾ ਹੈ। ਉਹ ਸੁਆਨੁ=ਕੁੱਤਾ ਲੋਭੀ ਪੁਰਸ਼ ਨਰਕਾਂ ਵਿਚ ਪਾਤੀ=ਪਤਨ ਭਾਵ ਡਿਗਣ ਵਾਲਾ ਹੁੰਦਾ ਹੈ। *ਅਥਵਾ:*-ਉਹ ਪੁਰਸ਼ ਕੁੱਤਿਆਂ ਵਾਲੇ ਨਰਕ ਵਿਚ ਪਾਤੀ=ਪੈਣ ਵਾਲਾ ਹੁੰਦਾ ਹੈ, ਓਥੇ ਉਸ ਨੂੰ ਕੁੱਤੇ ਵੱਢ-ਵੱਢ ਕੇ ਖਾਂਦੇ ਹਨ।

ਅਥਵਾ:-ਉਹ ਪੁਰਸ਼ ਨਰਕਾਂ ਵਿਚ ਪੈ ਕੇ ਅਰਥਾਤ ਨਰਕਾਂ ਦਾ ਦੁੱਖ ਭੋਗ ਕੇ ਮੁੜ ਕੇ ਸੁਆਨੁ=ਕੁੱਤਾ ਜੂਨ ਵਿਚ ਪੈਂਦਾ ਹੁੰਦਾ ਹੈ।

ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥

ਜੋ ਜਾਣਦਾ ਹੈ ਕਿ ਮੈਂ ਜੋਬਨ ਅਵੱਸਥਾ ਵਾਲਾ ਹਾਂ ਤੇ ਜੁਆਨੀ ਦੀ ਤਾਕਤ ਵਿਚ ਮਸਤ ਹੋ ਕੇ ਗਰੀਬਾਂ ਨੂੰ ਦੁੱਖ ਦਿੰਦਾ ਹੈ। ਉਹ ਪੁਰਸ਼ ਮਰ ਕੇ ਗੰਦਗੀ ਦਾ ਕੀੜਾ ਹੁੰਦਾ ਹੈ।

ਆਪਸ ਕਉ ਕਰਮਵੰਤੁ ਕਹਾਵੈ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥

ਜੋ ਪੁਰਸ਼ ਆਪਣੇ ਆਪ ਨੂੰ ਸ਼ੁਭ ਕਰਮਾਂ ਦੇ ਕਰਨ ਵਾਲਾ ਕਹਾਉਂਦਾ ਹੈ ਭਾਵ ਆਪਣੇ ਕੀਤੇ ਕਰਮਾਂ ਦਾ ਹੰਕਾਰ ਕਰਦਾ ਹੈ। ਉਹ ਜੰਮਦਾ ਮਰਦਾ ਹੋਇਆ ਬਹੁਤ ਜੂਨੀਆਂ ਵਿਚ ਭ੍ਰਮਾਵੈ=ਭਰਮਦਾ ਭਾਵ ਭਟਕਦਾ ਰਹਿੰਦਾ ਹੈ।

ਧਨ ਭੂਮਿ ਕਾ ਜੋ ਕਰੈ ਗੁਮਾਨੁ॥ ਸੋ ਮੂਰਖੁ ਅੰਧਾ ਅਗਿਆਨੁ॥

ਜੋ ਪੁਰਸ਼ ਧਨ ਅਤੇ ਜ਼ਮੀਨ ਦਾ ਗੁਮਾਨੁ=ਹੰਕਾਰ ਕਰਦਾ ਹੈ। ਉਹ ਮੂਰਖ ਹੈ, ਅੰਨ੍ਹਾ ਹੈ ਤੇ ਅਗਿਆਨੀ

ਹੈ। ਅਥਵਾ:-ਉਹ ਮੂਰਖ ਅਗਿਆਨ ਕਰਕੇ ਅੰਨ੍ਹਾ ਹੈ।'

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥ ੧॥

ਪ੍ਰਭੂ ਕਿਰਪਾ ਕਰਕੇ ਜਿਸ ਪੁਰਸ਼ ਦੇ ਹਿਰਦੇ ਵਿਚ ਗਰੀਬੀ ਭਾਵ ਨਿੰਮ੍ਰਤਾ ਆਦਿਕ ਗੁਣ ਵਸਾਉਂਦਾ ਹੈ। ਗੁਰੂ ਜੀ ਕਹਿੰਦੇ ਹਨ-ਉਹ ਪੁਰਸ਼ ਈਹਾ ਮੁਕਤੁ=ਇਸ ਲੋਕ ਵਿਚ ਬੰਧਨਾਂ ਤੋਂ ਛੁਟਕੇ ਆਗੈ=ਪ੍ਰਲੋਕ ਵਿਚ ਸੁਖ ਪਾਉਂਦਾ ਹੈ। ਅਥਵਾ:-ਈਹਾ ਸੁਖੁ ਪਾਵੈ=ਇਸ਼ ਲੋਕ ਵਿਚ ਸੁਖ ਪਾਂਦਾ ਹੈ, ਅਤੇ ਆਗੈ ਮੁਕਤੁ=ਪ੍ਰਲੋਕ ਵਿਚ ਮੁਕਤੀ ਪਾਉਂਦਾ ਹੈ।

ਅਥਵਾ:-ਈਹਾ ਮੁਕਤੁ=ਇਸ ਲੋਕ ਵਿਚ ਜੀਵਨ-ਮੁਕਤੀ ਨੂੰ। ਅਤੇ ਆਗੈ=ਪ੍ਰਲੋਕ ਵਿਚ ਵਿਦੇਹ-ਮੁਕਤੀ ਦੇ ਸੁਖ ਨੂੰ ਪਾਉਂਦਾ ਹੈ॥ ੧॥

ਧਨਵੰਤਾ ਹੋਇ ਕਰਿ ਗਰਬਾਵੈ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥

ਜੋ ਪੁਰਸ਼ ਧਨਵੰਤਾ=ਧਨਾਢ ਹੋ ਕੇ ਹੰਕਾਰ ਕਰਨ ਵਿਚ ਆਉਂਦਾ ਹੈ। ਅੰਤ ਨੂੰ ਉਹ ਧਨ ਤ੍ਰਿਣ ਸਮਾਨਿ=ਇਕ ਤੀਲੇ ਜਿੰਨਾ ਪੀ ਭਾਵ ਥੋੜ੍ਹਾ ਜਿੰਨਾ ਵੀ ਉਸ ਦੇ ਨਾਲ ਨਹੀਂ ਜਾਂਦਾ।

ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥
ਪਲ ਭੀਤਰਿ ਤਾ ਕਾ ਹੋਇ ਬਿਨਾਸ॥

ਜੋ ਮਨੁੱਖ ਚਾਰ ਪ੍ਰਕਾਰ ਦੀ ਲਸਕਰ=ਸੈਨਾ ਉੱਤੇ ਬਹੁਤੀ ਆਸਾ ਕਰਦਾ ਹੈ ਕਿ ਇਹ ਸੈਨਾ ਮੇਰੀ ਮੱਦਦ ਕਰੇਗੀ। ਅਥਵਾ:-ਜੋ ਬਹੁਤੀਆਂ ਲਸਕਰ=ਫੌਜਾਂ ਉੱਤੇ ਤੇ ਮਨੁੱਖਾਂ ਉਤੇ ਆਸਾ ਕਰਦਾ ਹੈ। ਉਸ ਪੁਰਸ਼ ਦਾ ਸਗੋਂ ਇਕ ਪੱਲ ਦੇ ਵਿਚ ਹੀ ਨਾਸ ਹੋ ਜਾਂਦਾ ਹੈ।

ਸਭ ਤੇ ਆਪ ਜਾਨੈ ਬਲਵੰਤੁ॥ ਖਿਨ ਮਹਿ ਹੋਇ ਜਾਇ ਭਸਮੰਤੁ॥

ਜਿਸ ਆਪਣੇ ਸਰੀਰ ਨੂੰ ਸਾਰਿਆਂ ਤੋਂ ਵਧ ਕੇ ਬਲ ਵਾਲਾ ਜਾਣਦਾ ਹੈ। (ਮਰਨ ਸਮੇਂ ਓਹੀ ਸਰੀਰ) ਇਕ ਖਿਨ ਵਿਚ ਭਸਮ ਰੂਪ ਹੋ ਜਾਂਦਾ ਹੈ।

ਕਿਸੈ ਨ ਬਦੈ ਆਪਿ ਅਹੰਕਾਰੀ॥ ਧਰਮ ਰਾਇ ਤਿਸੁ ਕਰੇ ਖੁਆਰੀ॥

ਜੋ ਪੁਰਸ਼ ਆਪ ਹੰਕਾਰੀ ਹੋ ਕੇ ਆਪਣੇ ਤੁਲਿ ਹੋਰ ਕਿਸੇ ਬਦੈ=ਬਿਦਦਾ ਭਾਵ ਜਾਣਦਾ ਨਹੀਂ ਹੈ। ਅੰਤ ਨੂੰ ਧਰਮ ਰਾਜਾ ਤਿਸ ਦੀ ਖੁਆਰੀ=ਖਰਾਬੀ ਕਰੇਗਾ, ਭਾਵ ਉਸ ਨੂੰ ਚੰਗੀ ਤਰ੍ਹਾਂ ਦੁੱਖ ਦੇਵੇਗਾ।

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥
ਸੋ ਜਨੁ ਨਾਨਕ ਦਰਗਹ ਪਰਵਾਨੁ॥ ੨॥

ਗੁਰਾਂ ਦੀ ਕਿਰਪਾ ਕਰਕੇ ਜਿਸ ਪੁਰਸ਼ ਦਾ ਅਭਿਮਾਨੁ=ਹੰਕਾਰ ਮਿਟ ਜਾਂਦਾ ਹੈ।

ਗੁਰੂ ਜੀ ਫੁਰਮਾਉਂਦੇ ਹਨ-ਉਹ ਪੁਰਸ਼ ਪਰਮੇਸ਼ਰ ਦੀ ਦਰਗਾਹ ਵਿਚ ਪਰਵਾਨੁ=ਮਨਜ਼ੂਰ ਹੋ ਜਾਂਦਾ ਹੈ॥ ੨॥

ਕੋਟਿ ਕਰਮ ਕਰੈ ਹਉ ਧਾਰੇ॥ ਸ੍ਰਮੁ ਪਾਵੈ ਸਗਲੇ ਬਿਰਥਾਰੇ॥

ਇਹ ਜੀਵ ਕੂੜਾਂ ਕਰਮ ਕਰਦਾ ਹੋਇਆ, ਬਹੁਤ ਹੀ ਸ੍ਰਮੁ ਪਾਵੈ=ਥਕਾਵਟ ਨੂੰ ਪਾਉਂਦਾ ਹੈ। ਕਰਮ ਕਰਕੇ ਜੋ ਹਉ ਧਾਰੇ=ਹੰਗਤਾ ਨੂੰ ਧਾਰਨ ਕਰੇ (ਕਿ ਮੈਂ ਕੀਤੇ ਹਨ) ਤਾਂ ਉਹ ਕੀਤੇ ਹੋਏ ਸਾਰੇ ਕਰਮ ਬਿਰਥਾਰੇ=ਵਿਅਰਥ ਭਾਵ ਨਿਸਫਲ ਚਲੇ ਜਾਂਦੇ ਹਨ।

ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥

ਜੋ ਪੁਰਸ਼ ਅਨੇਕ ਤਰ੍ਹਾਂ ਦੀ ਤਪਸਿਆ ਕਰਕੇ ਹੰਕਾਰ ਕਰਦਾ ਹੈ।

ਉਹ ਮੁੜ ਮੁੜ ਕੇ ਨਰਕਾਂ ਸੁਰਗਾਂ ਵਿਚ ਅਵਤਾਰ=ਉਤਰਨਾ ਕਰਦਾ ਹੈ।

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥

ਅਨੇਕ ਸਾਧਨਾਂ ਰੂਪ ਜਤਨਾਂ ਕਰਕੇ ਭੀ ਜਿਸ ਦਾ ਆਤਮ=ਮਨ ਦ੍ਰਵੀਭੂਤ ਭਾਵ ਕੋਮਲ (ਕ੍ਰਿਪਾਲੂ) ਨਹੀਂ ਹੁੰਦਾ। ਕਹੁ ਖਾਂ, ਉਹ ਹਰੀ ਦੀ ਦਰਗਾਹ ਵਿਚ ਕਿਵੇਂ ਜਾ ਸਕੇਗਾ? ਵਾ:-ਹਰੀ ਦੀ ਦਰਗਾਹ ਵਿਚ ਉਸ ਦਾ ਕਿਵੇਂ ਜਸ ਗਾਵਿਆ ਜਾਵੇਗਾ।

ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥

ਜੋ ਪੁਰਸ਼ ਆਪਣੇ ਆਪ ਨੂੰ ਸਭ ਤੋਂ ਭਲਾ=ਚੰਗਾ ਅਖਵਾਉਂਦਾ ਹੈ। ਉਸ ਪੁਰਸ਼ ਦੇ ਨੇੜੇ ਭਲਿਆਈ ਤਾਂ ਆਉਂਦੀ ਹੀ ਨਹੀਂ।

ਸਾਖੀ-ਰੰਕੇ ਬੰਕੇ ਦੀ

ਭਗਤ ਨਾਮਦੇਵ ਜੀ ਤੀਰਥ ਯਾਤਰਾ ਕਰਦੇ ਕਰਦੇ ਪੰਡਰ ਪੁਰ ਪਹੁੰਚੇ ਤਾਂ ਅਗੇ ਮੰਦਰ ਵਿਚ ਆਰਤੀ ਹੋ ਰਹੀ ਸੀ ਹੋਰਨਾਂ ਵੱਲ ਵੇਖਕੇ ਨਾਮਦੇਵ ਜੀ ਛੈਣਿਆਂ ਦੀ ਜਗ੍ਹਾ ਜੁੱਤੀ ਕੱਢ ਕੇ ਖੜਕਾਉਣ ਲਗ ਪਏ। ਤਾਂ ਪੰਡਿਤਾਂ ਨੇ ਧੱਕੇ ਮਾਰ ਕੇ ਮੰਦਰ ਵਿਚੋਂ ਬਾਹਰ ਕੱਢ ਦਿੱਤਾ। ਉਸ ਵੇਲੇ ਮੰਦਰ ਦੇ ਪਿਛੇ ਬੈਠ ਕੇ ਨਾਮਦੇਵ ਜੀ ਭਗਵਾਨ ਅੱਗੇ ਬੇਨਤੀਆਂ ਕਰਨ ਲਗ ਪਏ ਜਿਸ ਦਾ ਸਦਕਾ ਭਗਵਾਨ ਨੇ ਆਪਣੇ ਮੋਢੇ ਪਰ ਚੁੱਕ ਕੇ ਮੰਦਰ ਦਾ ਮੂੰਹ ਨਾਮਦੇਵ ਵਲ ਕਰ ਦਿੱਤਾ।

ਨਾਮਦੇਵ ਜੀ ਨੂੰ ਹੰਕਾਰ ਹੋ ਗਿਆ ਕਿ ਮੇਰੇ ਵਰਗਾ ਪਿਆਰਾ ਭਗਤ ਭਗਵਾਨ ਦਾ ਹੋਰ ਕੋਈ ਨਹੀਂ ਹੈ। ਇਕ ਦਿਨ ਭਗਵਾਨ ਪਾਸ ਆ ਕੇ ਕਹਿਣ ਲਗੇ-'ਹੇ ਭਗਵਾਨ ! ਮੇਰੇ ਨਾਲੋਂ ਵੀ ਕੋਈ ਵੱਡਾ ਆਪ ਜੀ ਦਾ ਪਿਆਰਾ ਭਗਤ ਹੈ? ਤਾਂ ਭਗਵਾਨ ਨੇ ਉਸ ਦਾ ਦਿਲ ਰਖਣ ਵਾਸਤੇ ਦੋ ਵਾਰ ਤਾਂ ਕਿਹਾ ਕਿ ਤੇਰੇ ਨਾਲੋਂ ਹੋਰ ਕੋਈ ਮੈਨੂੰ ਪਿਆਰਾ ਭਗਤ ਨਹੀਂ ਹੈ।

ਜਦ ਤੀਜੀ ਵਾਰ ਪੁਛਿਆ ਤਾਂ ਉਸ ਦਾ ਹੰਕਾਰ ਤੋੜਨ ਵਾਸਤੇ ਭਗਵਾਨ ਨੇ ਕਿਹਾ-ਤੇਰੇ ਨਾਲੋਂ ਮੈਨੂੰ ਰੰਕਾ ਬੰਕਾ ਦੋਵੇਂ ਭਗਤ ਪਿਆਰੇ ਹਨ। ਤੈਨੂੰ ਤਾਂ ਮੈਂ ਕਦੇ ਕਦੇ ਦਰਸ਼ਨ ਦਿੰਦਾ ਹਾਂ, ਮੈਂ ਤਾਂ ਰਾਤ ਦਿਨ ਉਹਨਾਂ ਦੇ ਪਾਸ ਹੀ ਰਹਿੰਦਾ ਹਾਂ' ਇਹ ਗੱਲ ਸੁਣ ਕੇ ਨਾਮਦੇਵ ਚਲਦਾ ਚਲਦਾ ਰੰਕੇ ਬੰਕੇ ਦੇ ਘਰ ਪਹੁੰਚ ਗਿਆ। ਕੀ ਵੇਖਦਾ ਹੈ, ਛੱਪਰੀ ਟੁੱਟੀ ਹੋਈ ਹੈ ਮੰਜੀ ਵੀ ਮਾੜੀ ਜੇਹੀ ਹੈ। ਸਾਰਾ ਸਮਾਨ ਗਰੀਬੀ ਵਾਲਾ ਵੇਖ ਕੇ ਨਾਮਦੇਵ ਨੇ ਮਨ ਵਿਚ ਵਿਚਾਰਿਆ ਏਹੋ ਜਿਹੀ ਜਗ੍ਹਾ ਤੇ ਭਗਵਾਨ ਸਾਰਾ ਦਿਨ ਕਿਵੇਂ ਰਹਿੰਦੇ ਹੋਣਗੇ, ਸ਼ਾਇਦ ਇਹ ਘਰ ਰੰਕੇ ਬੰਕੇ ਦਾ ਨਾ ਹੋਵੇ, ਤਦ ਆਵਾਜ਼ ਦੇ ਕੇ ਪੁਛਿਆ ਰੰਕੇ ਬੰਕੇ ਦਾ ਘਰ ਏਹੀ ਹੈ? ਇਕ ਕੁਆਰੀ ਲੜਕੀ ਅੰਦਰ ਬੈਠੀ ਹਲਦੀ ਪੀਹ ਰਹੀ ਸੀ। ਉਸ ਨੇ ਕਿਹਾ, 'ਜੀ ਹਾਂ ! ਰੰਕੇ ਬੰਕੇ ਦਾ ਏਹੀ ਘਰ ਹੈ, ਆਓ ਬੈਠੋ।'

ਨਾਮਦੇਵ ਜੀ ਅੰਦਰ ਗਏ ਤਾਂ ਉਸ ਲੜਕੀ ਨੇ ਬੜੇ ਸਤਿਕਾਰ ਨਾਲ ਬਿਠਾਇਆ। ਨਾਮਦੇਵ ਨੇ ਪੁਛਿਆ-'ਭਗਵਾਨ ਰਾਤ ਦਿਨ ਇਥੇ ਹੀ ਰਹਿੰਦੇ ਹਨ?' ਲੜਕੀ ਨੇ ਕਿਹਾ, 'ਹਾਂ ਜੀ, ਇਥੇ ਹੀ ਰਹਿੰਦੇ ਹਨ।' ਨਾਮਦੇਵ ਨੇ ਪੁਛਿਆ-'ਹੁਣ ਕਿਥੇ ਗਏ ਹੋਏ ਹਨ?'

ਲੜਕੀ ਨੇ ਕਿਹਾ, 'ਹੁਣੇ ਬਾਹਰ ਗਏ ਹਨ, ਥੋੜ੍ਹੀ ਦੇਰ ਤਕ ਆ ਜਾਣਗੇ।'

ਫਿਰ ਨਾਮਦੇਵ ਨੇ ਪੁਛਿਆ, 'ਰੰਕਾ-ਬੰਕਾ ਕਿਥੇ ਗਏ ਹੋਏ ਹਨ?'

ਲੜਕੀ ਨੇ ਕਿਹਾ, 'ਉਹ ਆਪਣੀ ਉਪਜੀਵਕਾ ਲਈ ਲੱਕੜੀਆਂ ਲੈਣ ਗਏ ਹੋਏ ਹਨ।

ਨਾਮਦੇਵ ਜੀ ਨੇ ਫਿਰ ਪੁੱਛਿਆ, 'ਤੂੰ ਕੀ ਕਰ ਰਹੀ ਹੈਂ? ਉਸ ਨੇ ਕਿਹਾ, ਹਲਦੀ ਪੀਹ ਰਹੀ ਹਾਂ।' ਨਾਮਦੇਵ ਨੇ ਪੁਛਿਆ, 'ਕਿਸ ਵਾਸਤੇ ਪੀਹ ਰਹੀ ਹੈਂ?'

ਲੜਕੀ ਨੇ ਕਿਹਾ, 'ਭਗਵਾਨ ਵਾਸਤੇ ਇਹ ਹਲਦੀ ਪੀਹ ਰਹੀ ਹਾਂ।'

ਫਿਰ ਪੁਛਿਆ, 'ਭਗਵਾਨ ਨੂੰ ਕੀ ਹੋਇਆ ਹੈ?' ਬੱਚੀ ਨੇ ਕਿਹਾ:-ਉਹਨਾਂ ਦੇ ਮੋਢੇ ਤੇ ਬਹੁਤ ਦਰਦ ਹੋ ਰਹੀ ਹੈ। ਨਾਮਦੇਵ ਨੇ ਪੁਛਿਆ, 'ਦਰਦ ਕਿਉਂ ਹੋ ਰਹੀ ਹੈ ਕਿਧਰੇ ਡਿਗ ਪਏ ਸਨ?'ਲੜਕੀ ਨੇ ਕਿਹਾ-ਛੀਂਬਾ ਜਾਤੀ ਦਾ ਇਕ ਨਵਾਂ ਹੀ ਭਗਤ ਨਾਮਦੇਵ ਹੋਇਆ ਹੈ। ਮੰਦਰ ਵਿਚ ਆਰਤੀ ਸਮੇਂ ਛੈਣਿਆਂ ਦੀ ਜਗ੍ਹਾ ਉਸ ਨੇ ਜੁਤੀਆਂ ਖੜਕਾਉਣੀਆਂ ਸ਼ੁਰੂ ਕਰ ਦਿਤੀਆਂ। ਇਸ ਗਲਤੀ ਕਰਕੇ ਉਸ ਨੂੰ ਪੰਡਿਆਂ ਨੇ ਧਕੇ ਮਾਰ ਕੇ ਮੰਦਰ ਤੋਂ ਬਾਹਰ ਕੱਢ ਦਿੱਤਾ। ਮੰਦਰ ਦੇ ਪਿਛੇ ਬੈਠ ਕੇ ਰੋਣ ਲਗ ਪਿਆ ਤੇ ਭਗਵਾਨ ਨੂੰ ਉਲਾਂਭੇ ਦੇਣ ਲਗ ਪਿਆ। ਉਸ ਵੇਲੇ ਨਾਮਦੇਵ ਨੂੰ ਖੁਸ਼ ਕਰਨ ਵਾਸਤੇ ਭਗਵਾਨ ਨੇ ਮੰਦਰ ਦਾ ਮੂੰਹ ਫੇਰ ਦਿਤਾ।

ਮੰਦਰ ਫੇਰਨ ਕਰਕੇ ਭਗਵਾਨ ਦੇ ਮੋਢੇ ਨੂੰ ਚੋਟ ਆ ਗਈ ਹੈ ਇਸ ਕਰਕੇ ਦਰਦ ਹੋ ਰਹੀ ਹੈ ਪਰ ਨਾਮਦੇਵ ਨੇ ਭਗਵਾਨ ਦਾ ਕੋਈ ਖਿਆਲ ਨਹੀਂ ਕੀਤਾ ਉਲਟਾ ਹੰਕਾਰ ਕਰ ਰਿਹਾ ਹੈ ਕਿ ਮੇਰੇ ਵਰਗਾ ਪਿਆਰਾ ਭਗਤ ਕੋਈ ਨਹੀਂ ਹੈ। ਪਿਆਰਾ ਭਗਤ ਤਾਂ ਉਹ ਹੁੰਦਾ ਹੈ ਜੋ ਭਗਵਾਨ ਨਾਲ ਪਿਆਰ ਕਰੇ। ਨਾਮਦੇਵ ਦਾ ਭਗਵਾਨ ਨਾਲ ਕੋਈ ਪਿਆਰ ਨਹੀਂ ਕਿਉਂਕਿ ਉਸ ਨੇ ਭਗਵਾਨ ਤੋਂ ਪੁਛਿਆ ਭੀ ਨਹੀਂ ਕਿ ਤੁਹਾਨੂੰ ਕੋਈ ਤਕਲੀਫ ਤਾਂ ਨਹੀਂ ਹੋਈ। ਉਹ ਭਗਵਾਨ ਦਿਆਲੂ ਹੈ ਜੋ ਮਤਲਬ ਤੋਂ ਬਿਨਾਂ ਹੀ ਸਭ ਦੇ ਕੰਮ ਸਵਾਰੀ ਜਾਂਦਾ ਹੈ। ਜਿਸ ਵੇਲੇ ਨਾਮਦੇਵ ਵਲ ਮੰਦਰ ਦਾ ਮੂੰਹ ਕਰ ਕੇ ਭਗਵਾਨ ਇਥੇ ਆਏ ਤਾਂ ਮੈਂ ਮੋਢਾ ਛਿਲਿਆ ਹੋਇਆ ਵੇਖ ਕੇ ਪੁਛਿਆ, 'ਭਰਾ ਜੀ ਇਹ ਕੀ ਹੋਇਆ ਹੈ?' ਭਗਵਾਨ ਨੇ ਕਿਹਾ, 'ਭੈਣ ਜੀ ! ਨਾਮਦੇਵ ਦੇ ਵਾਸਤੇ ਦੇਹੁਰਾ ਫੇਰਿਆ ਹੈ ਉਸ ਨਾਲ ਮੋਢਾ ਛਿਲਿਆ ਗਿਆ ਹੈ ਤੇ ਬੜੀ ਦਰਦ ਹੋ ਰਹੀ ਹੈ' ਇਹ ਗੱਲ ਸੁਣ ਕੇ ਸਾਰੀ ਰਾਤ ਮੈਂ ਤੇਲ ਦੀ ਮਾਲਸ਼ ਕੀਤੀ, ਤੇ ਕਈ ਦਵਾਈਆਂ ਭੀ ਲਗਾਈਆਂ ਕਿਸੇ ਵੇਲੇ ਨੀਂਦ ਭੀ ਆ ਜਾਂਦੀ ਸੀ, ਏਸੇ ਮੰਜੇ ਪਰ ਸਾਰੀ ਰਾਤ ਪਏ ਰਹੇ ਹਨ। ਹੁਣ ਉੱਠ ਕੇ ਬਾਹਰ ਗਏ ਹਨ ਤੇ ਉਹਨਾਂ ਲਈ ਮੈਂ ਹਲਦੀ ਪੀਸ ਰਹੀ ਹਾਂ ਆਉਣਗੇ ਤੇ ਉਨ੍ਹਾਂ ਦੇ ਮੋਢੇ ਪਰ ਲਗਾਵਾਂਗੀ। ਇਤਨੇ ਨੂੰ ਭਗਵਾਨ ਜੀ ਆ ਕੇ ਉਸ ਮੰਜੀ ਪਰ ਬੈਠ ਗਏ ਤੇ ਕਿਹਾ, 'ਭੈਣ ਜੀ ਦਰਦ ਬਹੁਤ ਹੈ।' ਤਾਂ ਭੈਣ ਜੀ ਨੇ ਹਲਦੀ ਵਿਚ ਹੋਰ ਚੀਜ਼ਾਂ ਵੀ ਮਿਲਾ ਕੇ ਮੋਢੇ ਪਰ ਲੇਪ ਕੀਤਾ, ਉਹਰੋਂ ਸੇਕ ਦੇ ਕੇ ਪੱਟੀ ਕਰ ਦਿਤੀ। ਇਹ ਗੱਲ ਦੇਖ ਕੇ ਨਾਮਦੇਵ ਬੜਾ ਹੈਰਾਨ ਹੋਇਆ ਤੇ ਉਸ ਦਾ ਹੰਕਾਰ ਟੁੱਟ ਗਿਆ। ਭਗਵਾਨ ਦੇ ਚਰਨ ਫੜ ਕੇ ਆਪਣੇ ਅਪਰਾਧ ਦੀ ਖਿਮਾ ਮੰਗੀ ਤੇ ਕਿਹਾ, 'ਸਾਰਿਆਂ ਨਾਲੋਂ ਮੈਂ ਤਾਂ ਆਪਣੇ ਆਪ ਨੂੰ ਹੀ ਚੰਗਾ ਸਮਝਦਾ ਸਾਂ, ਪਰ ਨਹੀਂ ਸਭ ਤੋਂ ਚੰਗੇ ਭਗਤ ਇਹ ਹਨ-ਜਿਨ੍ਹਾਂ ਦੇ ਘਰ ਆਪ ਠਹਿਰੇ ਹੋ। ਆਪ ਕਿਰਪਾ ਕਰਕੇ ਆਪਣੇ ਪਿਆਰੇ ਭਗਤ ਰੰਕਾ ਬੰਕਾ ਦੇ ਦਰਸ਼ਨ ਕਰਵਾਓ।'

ਭਗਵਾਨ ਨੇ ਕਿਹਾ, 'ਚਲੋ ਜੰਗਲ ਵਿਚ ਲੱਕੜਾਂ ਵੱਢਦੇ ਹੋਣਗੇ।' ਅਜੇ ਥੋੜ੍ਹੀ ਦੂਰ ਗਏ ਤਾਂ ਰੰਕਾ ਬੰਕਾ ਸਾਹਮਣੇ ਆਉਂਦੇ ਦਿਸ ਪਏ। ਭਗਵਾਨ ਨੇ ਕਿਹਾ, 'ਦੇਖੋ ! ਔਹ ਆ ਰਹੇ ਹਨ।' ਨਾਮਦੇਵ ਨੇ ਕਿਹਾ, 'ਐਹੋ ਜਿਹੇ ਭਗਤਾਂ ਨੂੰ ਮਾਇਆ ਦੇ ਕੇ ਆਪ ਸੁਖੀ ਕਿਉਂ ਨਹੀਂ ਰਖਦੇ?'

ਭਗਵਾਨ ਨੇ ਕਿਹਾ, 'ਮੈਂ ਤਾਂ ਦਿੰਦਾ ਹਾਂ ਉਹ ਲੈਂਦੇ ਹੀ ਨਹੀਂ, ਕਿਉਂਕਿ ਉਹ ਮਾਇਆ ਨੂੰ ਭਗਤੀ ਵਿਚ ਰੁਕਾਵਟ ਸਮਝਦੇ ਹਨ। ਮੈ ਬਤੇਰਾ ਕਹਿ ਰਿਹਾ ਹਾਂ ਤੇ ਦੇ ਵੀ ਰਿਹਾ ਹਾਂ। ਜਿਸ ਵੇਲੇ ਮਾਇਆ ਦਿੰਦਾ ਹਾਂ ਤਾਂ ਉਹ ਰੋਣ ਲੱਗ ਜਾਂਦੇ ਹਨ। ਉਲਟਾ ਅੰਨ-ਜਲ ਵੀ ਛਡ ਬਹਿੰਦੇ ਹਨ।' ਨਾਮਦੇਵ ਨੇ ਕਿਹਾ, ਮੇਰੇ ਸਾਹਮਣੇ ਮਾਇਆ ਦਿਓ ਮੈਂ ਭੀ ਵੇਖਾਂ ਕਿ ਉਹ ਕਿਵੇਂ ਰੋਂਦੇ ਹਨ?' ਭਗਵਾਨ ਨੇ ਕਿਹਾ, 'ਇਸ ਦੋਸ਼ ਦਾ ਭਾਗੀ ਫਿਰ ਤੂੰ ਹੀ ਹੋਵੇਂਗਾ, ਨਾਮਦੇਵ ਨੇ ਕਿਹਾ, 'ਹਾਂ ਜੀ ! ਮੈਂ ਹੀ ਹੋਵਾਂਗਾ।' ਭਗਵਾਨ ਨੇ ਹੀਰਿਆਂ ਦੀ ਥੈਲੀ ਦੇ ਕੇ ਕਿਹਾ, 'ਫਲਾਣੀ ਜਗ੍ਹਾ ਰਖ ਆ।' ਨਾਮਦੇਵ ਰੱਖ ਆਇਆ। ਫਿਰ ਭਗਵਾਨ ਤੇ ਨਾਮਦੇਵ ਦੋਵੇਂ ਛੁਪ ਕੇ ਬੈਠ ਗਏ। ਅੱਗੇ ਅੱਗੇ ਰੰਕਾ ਆ ਰਿਹਾ ਸੀ, ਪਿੱਛੇ ਪਿੱਛੇ ਬੰਕਾ ਆ ਰਿਹਾ ਸੀ। ਜਿਸ ਵੇਲੇ ਉਸ ਥੈਲੀ ਦੇ ਪਾਸ ਰੰਕਾ ਪਹੁੰਚਿਆ ਤਾਂ ਦੇਖ ਕੇ ਡਰ ਗਿਆ ਤੇ ਹਾਇ ਸੱਪਣੀ। ਹਾਇ ਸੱਪਣੀ ! ਕਹਿ ਕੇ ਰੋਣ ਲਗ ਪਿਆ ਤੇ ਪੈਰਾਂ ਨਾਲ ਉਸ ਤੇ ਮਿੱਟੀ ਪਾ ਕ੍ਰੇ ਉਸ ਨੂੰ ਢੱਕ ਕੇ ਰੋਂਦਾ ਹੋਇਆ ਅੱਗੇ ਚਲ ਪਿਆ। ਬੰਕੇ ਨੇ ਦੂਰੋਂ ਦੇਖਿਆ ਕਿ ਫਲਾਣੀ ਜਗ੍ਹਾ ਤੇ ਮੇਰਾ ਭਰਾ ਕਿਉਂ ਰੁਕਿਆ ਹੈ? ਦੌੜ ਕੇ ਭਰਾ ਨੂੰ ਆ ਮਿਲਿਆ ਤੇ ਪੁਛਿਆ ਖੜੇ ਕਿਉਂ ਹੋਏ ਸੀ, ਤਾਂ ਰੋਦਿਆਂ ਹੋਇਆਂ ਰੰਕੇ ਨੇ ਕਿਹਾ-ਭਗਵਾਨ ਨੇ ਸਾਡੇ ਮਾਰਨ ਵਾਸਤੇ ਰਸਤੇ ਵਿਚ ਸੱਪਣੀ ਰੱਖੀ ਹੋਈ ਸੀ, ਮੈਨੂੰ ਡੰਗ ਮਾਰਨ ਲਗੀ ਸੀ (ਭਾਵ ਮੈਂ ਉਸਨੂੰ ਚੁਕਣ ਲਗਾ ਸੀ) ਪਰ ਬੜੀ ਮੁਸ਼ਕਲ ਨਾਲ ਬਚਿਆ ਹਾਂ। ਫਿਰ ਮੈਂ ਖਿਆਲ ਕੀਤਾ ਮੇਰਾ ਭਰਾ ਬੰਕਾ ਪਿਛੇ ਆ ਰਿਹਾ ਹੈ। ਉਸਨੂੰ ਨਾ ਖਾ ਜਾਵੇ ਇਸ ਲਈ ਮੈਂ ਉਥੇ ਖਲੋਕੇ ਉਸ ਉੱਤੇ ਮਿੱਟੀ ਪਾਈ ਹੈ। ਇਹ ਗੱਲ ਸੁਣਕੇ ਬੰਕਾ ਰੋਣ ਲਗ ਪਿਆ। ਰੰਕੇ ਨੇ ਪੁਛਿਆ, ''ਤੂੰ ਕਿਉਂ ਰੋਂਦਾ ਹੈਂ? ਤੂੰ ਤਾਂ ਉਸਨੂੰ ਦੇਖਿਆ ਵੀ ਨਹੀਂ, ਨਾਹੀ ਉਸ ਸੱਪਣੀ ਨੇ ਡੱਸਿਆ ਹੈ।''

ਬੰਕੇ ਨੇ ਕਿਹਾ, ਮੈਂ ਤੇਰੇ ਵਾਸਤੇ ਰੋਂਦਾ ਹਾਂ ਕਿ ਤੇਰੀ ਬ੍ਰਹਮਾਕਾਰ ਬਿਰਤੀ ਹਟਕੇ ਮਾਇਆਕਾਰ ਬਿਰਤੀ ਕਿਉਂ ਹੋਈ ਹੈ। ਮਾਇਆ ਸਮਝਕੇ ਤੂੰ ਉਸ ਉੱਤੇ ਮਿੱਟੀ ਕਿਉਂ ਪਾਈ ਹੈ, ਇਤਨਾ ਸਮਾਂ ਤੂੰ ਪ੍ਰਭੂ ਤੋਂ ਬੇਮੁਖ ਕਿਉਂ ਹੋਇਆ ਹੈਂ, ਪ੍ਰਭੂ ਤੋਂ ਬੇਮੁਖ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਦੀਆਂ ਗੱਲਾਂ ਸੁਣਕੇ ਨਾਮਦੇਵ ਬੜਾ ਹੈਰਾਨ ਹੋਇਆ ਤੇ ਸੋਚਣ ਲਗਾ ਮੈਂ ਕੀ ਭਗਤ ਹਾਂ, ਅਸਲ ਭਗਤ ਤਾਂ ਰੰਕਾ ਬੰਕਾ ਹਨ, ਮੇਰਾ ਆਪਣੇ ਆਪ ਨੂੰ ਭਲਾ ਕਹਿਣਾ ਠੀਕ ਨਹੀਂ ਹੈ।

ਸਰਬ ਕੀ ਰੇਨ ਜਾ ਕਾ ਮਨੁ ਹੋਇ॥
ਕਹੁ ਨਾਨਕ ਤਾ ਕੀ ਨਿਰਮਲ ਸੋਇ॥ ੩ ॥

ਪਰ ਜਿਸ ਪੁਰਸ਼ ਦਾ ਮਨ ਸਾਰਿਆਂ ਦੀ ਚਰਨਾਂ ਦੀ ਧੂੜੀ ਹੁੰਦਾ ਹੈ।

ਗੁਰੂ ਜੀ ਕਹਿੰਦੇ ਹਨ-ਉਸ ਪੁਰਸ਼ ਦੀ ਨਿਰਮਲ ਸੋਇ=ਸੋਭਾ ਹੁੰਦੀ ਹੈ॥ ੩॥

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥ ਤਬ ਇਸ ਕਉ ਸੁਖੁ ਨਾਹੀ ਕੋਇ॥

ਜਦ ਤਕ ਇਹ ਮੈਂ ਮੈਂ ਕਰਨ ਵਾਲਾ ਮਨੁੱਖ ਜਾਣਦਾ ਹੈ ਕਿ ਜੋ ਕੁਝ ਹੋ ਰਿਹਾ ਹੈ ਉਹ ਮੇਰੇ ਪਾਸੋਂ ਹੀ ਹੋ ਰਿਹਾ ਹੈ। ਤਦ ਤਕ ਇਸਨੂੰ ਕੋਈ ਸੁਖ ਪ੍ਰਾਪਤ ਨਹੀਂ ਹੁੰਦਾ।

ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕੁ ਨਹੀ ਸਰੈ॥

(ਭੈਰਉ ਕਬੀਰ ਜੀ ਪੰਨਾ ੧੧੬੦)

ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥

ਜਦ ਇਹ ਜੀਵ ਜਾਣਦਾ ਹੈ ਕਿ ਮੈਂ ਹੀ ਸਭ ਕੁਝ ਕਰਦਾ ਹਾਂ।

ਤਦ ਤਕ ਇਹ ਜੂਨੀਆਂ ਦੁਆਰੇ ਮਾਂ ਦੇ ਗਰਭ ਵਿਚ ਫਿਰਦਾ ਹੈ।

ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥

ਜਦ ਤਕ ਇਹ ਕਿਸੇ ਨੂੰ ਵੈਰੀ ਤੇ ਸੱਜਣ ਮੰਨਦਾ ਹੈ। ਤਦ ਤਕ ਇਸ ਦਾ ਆਪਣਾ ਚਿਤ ਨਿਹਚਲੁ=ਇਸਥਿਤ ਭਾਵ ਟਿਕਾਣੇ ਨਹੀਂ ਰਹਿੰਦਾ।

ਜਬ ਲਗੁ ਮੋਹ ਮਗਨ ਸੰਗਿ ਮਾਇ ॥ ਤਬ ਲਗੁ ਧਰਮ ਰਾਇ ਦੇਇ ਸਜਾਇ ॥

ਜਦ ਤਕ ਇਹ ਮਾਇਆ ਦੇ ਮੋਹ ਨਾਲ ਮਗਨ=ਮਸਤ ਹੋਇਆ ਰਹਿੰਦਾ ਹੈ।

ਤਦ ਤਕ ਇਸ ਨੂੰ ਧਰਮਰਾਜਾ ਸਜਾਇ=ਦੰਡ ਦਿੰਦਾ ਰਹਿੰਦਾ ਹੈ।

ਪ੍ਰਭ ਕਿਰਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥ ੪ ॥

ਗੁਰੂ ਜੀ ਫੁਰਮਾਉਂਦੇ ਹਨ-ਪ੍ਰਭੂ ਦੀ ਕਿਰਪਾ ਨਾਲ ਸਾਰੇ ਬੰਧਨ ਟੁਟ ਜਾਂਦੇ ਹਨ ਅਤੇ ਗੁਰਾਂ ਦੀ ਪ੍ਰਸਾਦਿ=ਕਿਰਪਾ ਨਾਲ ਹੰਗਤਾ ਛੁਟ ਜਾਂਦੀ ਹੈ॥ ੪॥

[ਪੰਨਾ ੨੭੯]

ਸਹਜ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥

ਤ੍ਰਿਸ਼ਨਾਲੂ ਪੁਰਸ਼ ਸਹਸ=ਹਜ਼ਾਰਾਂ ਰੁਪਏ ਖਟਕੇ, ਫਿਰ ਲੱਖਾਂ ਦੇ ਮਗਰ ਉੱਠ ਦੌੜਦਾ ਹੈ। ਪਰ ਉਸ ਨੂੰ ਤ੍ਰਿਪਤੀ ਨਹੀਂ ਆਉਂਦੀ ਭਾਵ ਰੱਜ ਨਹੀਂ ਆਉਂਦਾ, ਹਰ ਵੇਲੇ ਆਪਣੇ ਆਪ ਨੂੰ ਮਾਇਆ ਦੇ ਪਿਛੇ ਪਾਉਂਦਾ ਹੈ।

ਸਾਖੀ:-ਸਿਕੰਦਰ ਬਾਦਸ਼ਾਹ ਦੀ

ਇਕ ਸਮੇਂ ਸਿਕੰਦਰ ਦੇ ਮਨ ਵਿਚ ਸੋਚ ਆਈ ਕਿ ਮੈਂ ਵੀ ਬਾਦਸ਼ਾਹ ਹਾਂ ਤੇ ਸਮੁੰਦਰ ਵੀ ਬਾਦਸ਼ਾਹ ਕਹਾਉਂਦਾ ਹੈ, ਪਰ ਇਹ ਨਹੀਂ ਹੋਣਾ ਚਾਹੀਦਾ।

ਸਿਕੰਦਰ ਬਾਦਸ਼ਾਹ ਨੇ ਸਮੁੰਦਰ ਨਾਲ ਜੰਗ ਕਰਨ ਵਾਸਤੇ ਚੜ੍ਹਾਈ ਕਰ ਦਿੱਤੀ। ਬਹੁਤ ਸਾਰੀਆਂ ਫੌਜਾਂ ਸਮੁੰਦਰ ਪਰ ਜਾ ਖੜੀਆਂ ਕੀਤੀਆਂ। ਜਿਸ ਵੇਲੇ ਧਨੁੱਖ ਖਿਚਕੇ ਬਾਣ ਮਾਰਨ ਲਗਾ ਤਾਂ ਸਮੁੰਦਰ ਬ੍ਰਾਹਮਣ ਦਾ ਰੂਪ ਧਾਰਕੇ ਪਾਸ ਆ ਖੜੋਤਾ। ਸਿਕੰਦਰ ਤੋਂ ਪੁਛਿਆ, 'ਕੀ ਕਾਰਨ ਹੈ ਕਿ ਏਥੇ ਫੌਜਾਂ ਕਿਉ ਲਿਆ ਖੜੀਆਂ ਕੀਤੀਆਂ ਹਨ?' ਸਿਕੰਦਰ ਨੇ ਕਿਹਾ ਮੈਂ ਦੁਨੀਆਂ ਦਾ ਬਾਦਸ਼ਾਹ ਹਾਂ ਤੇ ਤੂੰ ਨਦੀਆਂ ਦਾ ਬਾਦਸ਼ਾਹ ਹੈਂ, ਇਸ ਕਰਕੇ ਮੈਂ ਤੇਰੇ ਨਾਲ ਜੰਗ ਕਰਨਾ ਚਾਹੁੰਦਾ ਹਾਂ, ਜਾਂ ਤੂੰ ਮੇਰੇ ਅਧੀਨ ਹੋ ਜਾਹ।

ਸਮੁੰਦਰ ਨੇ ਆਖਿਆ ਜੰਗ ਕਰਨ ਦੀ ਕੀ ਲੋੜ ਹੈ, ਐਵੇਂ ਪਰਜਾ ਦੀ ਤਬਾਹੀ ਹੋਵੇਗੀ, ਜਿਵੇਂ ਤੂੰ ਆਖਦਾ ਹੈਂ ਮੈਂ ਉਸੇ ਤਰ੍ਹਾਂ ਕਰਨ ਨੂੰ ਤਿਆਰ ਹਾਂ। ਸਿਕੰਦਰ ਨੇ ਕਿਹਾ ਤੂੰ ਫਿਰ ਮੇਰੇ ਪਾਸ ਮਾਮਲਾ ਭਰਿਆ ਕਰ।

ਸਮੁੰਦਰ ਨੇ ਓਸੇ ਵੇਲੇ ਨਿੱਕੀ ਜੇਹੀ ਥਾਲੀ ਹੀਰੇ ਰਤਨਾਂ ਦੀ ਭਰਕੇ ਅੱਗੇ ਲਿਆ ਰੱਖੀ। ਸਿਕੰਦਰ ਨੂੰ ਖੁਸ਼

ਕਰਕੇ ਸਮੁੰਦਰ ਚਲਾ ਗਿਆ।

ਕੁਝ ਚਿਰ ਪਿੱਛੋਂ ਸਿਕੰਦਰ ਨੂੰ ਖਿਆਲ ਆਇਆ, ਮੈਂ ਐਡਾ ਵੱਡਾ ਬਾਦਸ਼ਾਹ ਹਾਂ ਤੇ ਇਸ ਨੇ ਨਿੱਕੀ ਜੇਹੀ ਥਾਲੀ ਮੇਰੇ ਅੱਗੇ ਰੱਖ ਕੇ ਮਖੌਲ ਕੀਤਾ ਹੈ। ਸਿਕੰਦਰ ਫਿਰ ਧਨੁੱਖ ਖਿੱਚ ਕੇ ਬਾਣ ਚਲਾਣ ਲਗਾ। ਸਮੁੰਦਰ ਫਿਰ ਬ੍ਰਾਹਮਣ ਦਾ ਰੂਪ ਧਾਰਕੇ ਆ ਗਿਆ ਤੇ ਪੁਛਿਆ, ਹੁਣ ਕੀ ਗੱਲ ਹੈ? ਸਿਕੰਦਰ ਨੇ ਕਿਹਾ ਤੂੰ ਨਿੱਕੀ ਜਿਹੀ ਥਾਲੀ ਰੱਖਕੇ ਮਖੌਲ ਕੀਤਾ ਹੈ। ਓਸੇ ਵੇਲੇ ਸਮੁੰਦਰ ਨੇ ਜਿਉਂ ਛੱਲ ਮਾਰੀ ਤਾਂ ਇਕ ਕਿਨਾਰਾ ਹੀ ਹੀਰਿਆਂ ਲਾਲਾਂ ਦਾ ਭਰ ਦਿਤਾ। ਬਾਦਸ਼ਾਹ ਨੇ ਸਾਰੀ ਫੌਜ ਨੂੰ ਹੁਕਮ ਦੇ ਦਿੱਤਾ ਕਿ ਜਿਤਨੇ ਕੁ ਚੁੱਕੇ ਜਾਂਦੇ ਹਨ ਚੁੱਕ ਲਵੋ ਤੇ ਥੈਲੇ ਭਰ ਲਵੋ। ਸਾਰਿਆਂ ਨੇ ਥੈਲੇ ਭਰ ਲੀਤੇ ਪਰ ਉਹ ਹੀਰੇ ਲਾਲ ਮੁੱਕਣ ਵਿਚ ਨਾ ਆਏ।

ਫਿਰ ਸਿਕੰਦਰ ਬਾਦਸ਼ਾਹ ਨੇ ਕਿਹਾ, ਇਨ੍ਹਾਂ ਹੀਰੇ ਲਾਲਾਂ ਨੂੰ ਪਾਣ ਵਾਸਤੇ ਕੋਈ ਭਾਂਡਾ ਵੀ ਦੇ। ਉਸ ਵੇਲੇ ਨਿੱਕੀ ਜਿਹੀ ਬੇੜੀ ਦਿੱਤੀ। ਉਸ ਬੇੜੀ ਨੂੰ ਵੇਖਕੇ ਸਿਕੰਦਰ ਬਾਦਸ਼ਾਹ ਨੇ ਕਿਹਾ, ਇਹ ਬੇੜੀ ਤਾਂ ਬਿਲਕੁਲ ਨਿੱਕੀ ਜਿੰਨੀ ਹੈ, ਇਸ ਵਿਚ ਹੀਰੇ ਲਾਲ ਨਹੀਂ ਆਉਣਗੇ।

ਸਮੁੰਦਰ ਨੇ ਕਿਹਾ, ਤੂੰ ਪਾ ਕੇ ਵੇਖ ਤਾਂ ਸਹੀ, ਪੰਜ ਟੋਕਰੀਆਂ ਪਾਏਂਗਾ ਤਾਂ ਦਸਾਂ ਦੀ ਜਗ੍ਹਾ ਬਣੀ ਹੋਵੇਗੀ। ਦਸ ਪਾਏਂਗਾ ਤਾਂ ਵੀਹਾਂ ਦੀ ਜਗ੍ਹਾ ਬਣੀ ਹੋਵੇਗੀ। ਜਦ ਸਿਕੰਦਰ ਬਾਦਸ਼ਾਹ ਨੇ ਉਹ ਸਭ ਹੀਰੇ ਲਾਲ ਪਾ ਲਏ ਫੇਰ ਭੀ ਬੇੜੀ ਭਰਨ ਵਿਚ ਨਾ ਆਈ।

ਬਸ ਏਸੇ ਤਰ੍ਹਾਂ ਤ੍ਰਿਸ਼ਨਾਲੂ ਪੁਰਸ਼ ਦਾ ਪੇਟ ਨਹੀਂ ਭਰਦਾ। ਜਿਵੇਂ ਉਸ ਬੇੜੀ ਦਾ ਤੇ ਸਿਕੰਦਰ ਦਾ ਪੇਟ ਨਹੀਂ ਭਰਿਆ। ਏਸੇ ਕਰਕੇ ਸਾਹਿਬ ਕਹਿੰਦੇ ਹਨ--

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥੧॥ ਰਹਾਉ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥ ੧॥

(ਗਉੜੀ ਮਹਲਾ ੫, ਪੰਨਾ ੨੧੩)

ਅਤੇ- *ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥*
ਦੇਖੈ ਦੇਖੈ ਸੁਨੈ ਬੋਲੈ ਮਿਰਤਾਓ ਫਿਰਤੁ ਹੈ॥

(ਆਸਾ ਰਵਿਦਾਸ, ਪੰਨਾ ੪੮੭)

ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥

ਉਸ ਮਾਇਆ ਨੂੰ ਪਾ ਕੇ ਫਿਰ ਵਿਸ਼ਿਆਂ ਦੇ ਅਨੇਕ ਭੋਗਾਂ ਨੂੰ ਭੋਗਣਾ ਕਰਦਾ ਹੈ। ਭੋਗਾਂ ਨਾਲ ਭੀ ਰੱਜਦਾ ਨਹੀਂ ਹੈ, ਸਗੋਂ ਭੋਗਾਂ ਵਿਚ ਖਪ ਖਪ ਕੇ ਮਰਦਾ ਹੈ।

ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥

ਸੰਤੋਖ ਧਾਰੇ ਤੋਂ ਬਿਨਾਂ ਕੋਈ ਭੀ ਰੱਜਦਾ ਨਹੀਂ। ਜਿਵੇਂ ਸੁਪਨੇ ਦੇ ਮਨੋਰਥ ਐਵੇਂ ਹੁੰਦੇ ਹਨ, ਤਿਵੇਂ ਇਸ ਮਨੁੱਖ ਦੇ ਸਾਰੇ ਕੰਮ ਨਾਮ ਤੋਂ ਬਿਨਾਂ ਬ੍ਰਿਥੇ=ਨਿਸਫਲ ਹਨ।

ਅਥਵਾ:-ਆਪਣੇ ਕਾਰਜਾਂ ਲਈ ਜਿਤਨੇ ਕੁ ਮਨੋਰਥ=ਸੰਕਲਪ ਕਰਦਾ ਹੈ, ਉਹ ਸਾਰੇ ਸੁਪਨੇ ਵਾਂਗ ਨਿਸਫਲ ਹਨ।

ਸਾਖੀ-ਲੋਭੀ ਪੁਰਸ਼ ਦੀ

ਇਕ ਸਮੇਂ ਰਾਜੇ ਭੋਜ ਦੀ ਸਭਾ ਵਿਚ ਇਕ ਪੁਰਸ਼ ਨੇ ਆ ਕੇ ਪ੍ਰਸ਼ਨ ਕੀਤਾ ਕਿ ਜਿਸ ਵਿਚ ਮਨੁੱਖ ਫਸ

ਕੇ ਨਿਕਲ ਨਾ ਸਕੇ ਅਜਿਹੀ ਦਲਦਲ ਕਿਹੜੀ ਹੈ? ਰਾਜੇ ਭੋਜ ਦੀ ਸਭਾ ਵਿਚ ੧੪੦੦ ਬੜੇ ਬੜੇ ਵਿਦਵਾਨ ਪੰਡਿਤ ਰਹਿੰਦੇ ਸਨ। ਆਪੋ ਆਪਣੀ ਦਲੀਲ ਸਾਰਿਆਂ ਨੇ ਦਿਤੀ ਪਰ ਇਕ ਦੂਜੇ ਨਾਲ ਕਿਸੇ ਦੀ ਦਲੀਲ ਨਾ ਮਿਲੀ ਇਸ ਕਰਕੇ ਤਸੱਲੀ ਨਾ ਹੋਈ।

ਫਿਰ ਰਾਜੇ ਭੋਜ ਨੇ ਆਪਣੇ ਰਾਜ ਪਰੋਹਿਤ ਨੂੰ ਬੁਲਾਕੇ ਕਿਹਾ, ਕਿ ਤੂੰ ਸਭ ਤੋਂ ਵੱਡਾ ਵਿਦਵਾਨ ਹੈਂ ਜੇਕਰ ਤੂੰ ਇਸ ਪ੍ਰਸ਼ਨ ਦਾ ਉੱਤਰ ਅੱਠ ਦਿਨ ਦੇ ਅੰਦਰ ਨਾ ਦਿੱਤਾ ਤਾਂ ਤੈਨੂੰ ਕਤਲ ਕਰ ਦਿੱਤਾ ਜਾਵੇਗਾ। ਪ੍ਰੋਹਿਤ ਨੂੰ ਆਪਣੇ ਮਨ ਵਿਚ ਵਿਚਾਰਦਿਆਂ ਛੇ ਦਿਨ ਗੁਜ਼ਰ ਗਏ ਪਰ ਸਮਝ ਨਾ ਆਈ। ਸੱਤਵੇਂ ਦਿਨ ਸ਼ਹਿਰ ਛਡਕੇ ਬਾਹਰ ਜੰਗਲ ਵਿਚ ਇਕਾਂਤ ਜਗ੍ਹਾ ਪਰ ਬੈਠਕੇ ਸੋਚਾਂ ਸੋਚਣ ਲਗ ਪਿਆ।

ਇਤਨੇ ਨੂੰ ਭੇਡਾਂ ਦੇ ਚਾਰਨ ਵਾਲਾ ਇਕ ਬੁੱਢਾ ਅਹਾਲੀ ਜੋ ਪੁਰਾਣਾ ਸਤਸੰਗੀ ਤੇ ਬਹੁਤ ਵਿਚਾਰਵਾਨ ਸੀ। ਉਸਨੇ ਪਾਸ ਆ ਕੇ ਰਾਜ ਪਰੋਹਿਤ ਤੋਂ ਪੁਛਿਆ, 'ਆਪ ਜੀ ਦਾ ਮੁੰਹ ਪ੍ਰਸੰਨ ਕਿਉਂ ਨਹੀਂ ਹੈ? ਆਪ ਕਿਸ ਚਿੰਤਾ ਵਿਚ ਬੈਠੇ ਹੋ?' ਰਾਜ ਪਰੋਹਿਤ ਨੇ ਆਪਣਾ ਸਾਰਾ ਦੁਖ ਸੁਣਾਇਆ ਕਿ ਰਾਜੇ ਭੋਜ ਦੀ ਸਭਾ ਵਿਚ ਇਕ ਮਨੁੱਖ ਨੇ "ਦਲ ਦਲ" ਦਾ ਪ੍ਰਸ਼ਨ ਕੀਤਾ ਹੈ, ਉਸ ਦਾ ਉੱਤਰ ਤਸੱਲੀ ਬਖਸ਼ ਕਿਸੇ ਨੂੰ ਨਹੀਂ ਆਇਆ। ਹੁਣ ਮੈਨੂੰ ਅੱਠ ਦਿਨ ਦੀ ਮੁਹਲਤ ਮਿਲੀ ਹੋਈ ਹੈ ਛੇ ਦਿਨ ਬੀਤ ਗਏ ਹਨ ਸੱਤਵਾਂ ਦਿਨ ਬੀਤ ਰਿਹਾ ਹੈ ਅਜੇ ਸਮਝ ਨਹੀਂ ਆਈ। ਇਹ ਗੱਲ ਸੁਣਕੇ ਅਹਾਲੀ ਨੇ ਕਿਹਾ, ਤੂੰ ਰਾਜ ਨੌਕਰੀ ਵਿਚੋਂ ਕੀ ਲੈਣਾ ਹੈ, ਉਸਨੂੰ ਛਡਕੇ ਤੂੰ ਮੇਰਾ ਮੁਰੀਦ ਬਣ ਜਾ, ਮੈ ਤੈਨੂੰ ਪਾਰਸ ਦੇਵਾਂਗਾ ਕਿਉਂਕਿ ਪਾਰਸ ਸਭ ਤੋਂ ਉੱਤਮ ਚੀਜ਼ ਹੈ। ਇਹ ਕਿਸੇ ਲਾਇਕ ਸ਼ਿਸ਼ ਯਾਂ ਪੁੱਤ੍ਰ ਨੂੰ ਦਿੱਤੀ ਜਾਂਦੀ ਹੈ। ਸ਼ਾਦੀ ਮੈਂ ਕਰਾਈ ਨਹੀਂ, ਮੈਂ ਫਕੀਰੀ ਬਾਣੇ ਵਿਚ ਹੀ ਫਿਰ ਰਿਹਾ ਹਾਂ, ਇਸ ਲਈ ਮੇਰਾ ਪੁੱਤ੍ਰ ਕੋਈ ਨਹੀਂ ਤੂੰ ਹੀ ਸ਼ਿਸ਼ ਬਣਕੇ ਲੈ ਲੈ (ਕਿਉਂਕਿ ਜਦ ਵੀ ਕੋਈ ਕਿਸੇ ਤੋਂ ਗੁਣ ਲੈਂਦਾ ਹੈ ਤਾਂ ਸ਼ਿਸ਼ ਬਣਕੇ ਹੀ ਲੈਂਦਾ ਹੈ)। ਇਹ ਪਾਰਸ ਅਜਿਹੀ ਚੀਜ਼ ਹੈ, ਜੇ ਤੁਸੀਂ ਸੱਤ ਪੀੜ੍ਹੀਆਂ ਤਕ ਵੀ ਖਾਂਦੇ ਰਹੋਗੇ ਤਾਂ ਮੁਕੇਗੀ ਨਹੀਂ। ਤੁਹਾਨੂੰ ਨੌਕਰੀ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਇਹ ਗੱਲਾਂ ਸੁਣਕੇ ਉਹ ਬ੍ਰਾਹਮਣ ਸ਼ਿਸ਼ ਬਣਨ ਨੂੰ ਤਿਆਰ ਹੋ ਗਿਆ। ਅਹਾਲੀ ਨੇ ਕਿਹਾ-ਅਗਰ ਤੂੰ ਮੇਰਾ ਸ਼ਿਸ਼ ਬਣਨ ਨੂੰ ਤਿਆਰ ਹੈਂ ਤਾਂ ਮੈਂ ਆਪਣੀ ਭੇਡ ਦਾ ਦੁੱਧ ਚੋ ਕੇ ਪਹਿਲੇ ਆਪ ਪੀਵਾਂਗਾ ਫਿਰ ਤੈਨੂੰ ਸੀਤ ਪ੍ਰਸ਼ਾਦ ਦਿਆਂਗਾ, ਅਗਰ ਆਪ ਪੀਓਗੇ ਤਾਂ ਪਾਰਸ ਮਿਲੇਗਾ। ਬ੍ਰਾਹਮਣ ਨੇ ਕਿਹਾ ਭੇਡ ਦਾ ਦੁੱਧ ਪੀਣਾ ਬ੍ਰਾਹਮਣ ਨੂੰ ਮਨ੍ਹਾ ਹੈ। ਫਿਰ ਤੂੰ ਮੁਸਲਮਾਨ ਹੈਂ ਤੇਰਾ ਜੂਠਾ ਦੁੱਧ ਕਿਵੇਂ ਪੀਵਾਂਗਾ। ਇਹ ਗੱਲ ਬ੍ਰਾਹਮਣ ਤੋਂ ਸੁਣਕੇ ਅਹਾਲੀ ਉੱਠ ਕੇ ਚਲਾ ਗਿਆ। ਪਿਛੋਂ ਬ੍ਰਾਹਮਣ ਨੇ ਸੋਚਿਆ ਇਸ ਪਾਪ ਦੀ ਨਵਿਰਤੀ ਲਈ ਮੈਂ ਪ੍ਰਾਸਚਿਤ ਕਰ ਲਵਾਂਗਾ, ਹਮੇਸ਼ਾਂ ਲਈ ਨੌਕਰੀ ਤੋਂ ਤਾਂ ਛੁਟ ਜਾਵਾਂਗਾ। ਇਹ ਗੱਲ ਵਿਚਾਰ ਕੇ ਬ੍ਰਾਹਮਣ ਨੇ ਅੱਗੇ ਹੋ ਕੇ ਅਹਾਲੀ ਨੂੰ ਕਿਹਾ-ਬੇਸ਼ੱਕ ਭੇਡ ਦਾ ਦੁੱਧ ਚੋ ਕੇ ਆਪ ਪੀ ਕੇ ਮੈਨੂੰ ਦਿਓ ਮੈਂ ਪੀ ਲਵਾਂਗਾ, ਪਰ ਪਾਰਸ ਦੇ ਦੇਣਾ। ਉਹ ਸੁਣਕੇ ਅਹਾਲੀ ਨੇ ਕਿਹਾ-ਉਹ ਵਕਤ ਗਿਆ, ਹੁਣ ਮੈਂ ਪੀ ਕੇ ਕੁੱਤੇ ਨੂੰ ਪਿਲਾ ਕੇ ਫਿਰ ਤੈਨੂੰ ਦਿਆਂਗਾ ਜੇ ਤੂੰ ਪੀ ਲਿਆ ਤਾਂ ਪਾਰਸ ਦਿਆਂਗਾ। ਬ੍ਰਾਹਮਣ ਨੇ ਕਿਹਾ-ਕੁੱਤੇ ਦਾ ਜੂਠਾ ਮੈਂ ਨਹੀਂ ਪੀਵਾਂਗਾ। ਅਹਾਲੀ ਫਿਰ ਚਲ ਪਿਆ। ਬ੍ਰਾਹਮਣ ਨੇ ਸੋਚਿਆ ਪ੍ਰਾਸਚਿਤ ਤਾਂ ਕਰਨਾ ਹੀ ਹੈ ਇਕੱਠਾ ਕਰ ਲਵਾਂਗਾ, ਦੁਕਾਨ ਤੇ ਭੀ ਕੁੱਤੇ ਬਿਲੀਆਂ ਦੁੱਧ ਨੂੰ ਜੂਠਾ ਕਰ ਹੀ ਜਾਂਦੇ ਹਨ।

ਇਹ ਵਿਚਾਰ ਕੇ ਅਹਾਲੀ ਨੂੰ ਅਵਾਜ਼ ਮਾਰ ਕੇ ਕਿਹਾ-ਹੱਛਾ, ਮੈਂ ਕੁੱਤੇ ਦਾ ਜੂਠਾ ਵੀ ਪੀ ਲਵਾਂਗਾ। ਅਹਾਲੀ ਨੇ ਕਿਹਾ ਪਹਿਲੇ ਕਿਉਂ ਨਾ ਮੰਨਿਆ ਹੁਣ ਉਸ ਸਮਾ ਚਲਾ ਗਿਆ ਹੈ। ਹੁਣ ਮੈਂ ਆਪਣਾ ਜੂਠਾ ਤੇ ਕੁਤੇ ਦਾ ਜੂਠਾ ਦੁੱਧ ਮਨੁੱਖ ਦੀ ਖੋਪਰੀ ਵਿਚ ਪਾ ਕੇ ਮਿਠੇ ਦੀ ਜਗ੍ਹਾ ਭੇਡ ਦੀਆਂ ਤਾਜ਼ੀਆਂ ਮੇਂਙਣਾਂ ਪਾ ਕੇ

ਦਿਆਂਗਾ। ਇਹ ਗੱਲ ਸੁਣ ਕੇ ਬ੍ਰਾਹਮਣ ਨੇ ਕਿਹਾ-ਇੰਜ ਕਿਵੇਂ ਹੋ ਸਕਦਾ ਹੈ? ਅਯਾਲੀ ਫਿਰ ਅੱਗੇ ਭੇਡਾਂ ਚਾਰਦਾ ਚਲਾ ਗਿਆ। ਬ੍ਰਾਹਮਣ ਨੇ ਚਿਤ ਵਿਚ ਵਿਚਾਰਿਆ ਕਿ ਸਭ ਪਾਪਾਂ ਦਾ ਇਕੱਠਾ ਹੀ ਪ੍ਰਾਸਚਿਤ ਕਰ ਲਵਾਂਗਾ, ਪਾਰਸ ਲੈਣ ਨਾਲ ਪੁੱਤ੍ਰ ਪੋਤਰੇ ਤਾਂ ਸੁਖੀ ਹੋ ਜਾਣਗੇ। ਫਿਰ ਅਯਾਲੀ ਨੂੰ ਬੁਲਾ ਕੇ ਕਿਹਾ, ਹਛਾ ! ਜੋ ਤੂੰ ਕਹੇਂਗਾ ਮੈਂ ਮੰਨ ਲਵਾਂਗਾ। ਉਸ ਵੇਲੇ ਅਯਾਲੀ ਨੇ ਆਪਣੇ ਪਿਆਲੇ ਵਿਚ ਭੇਡਾਂ ਦਾ ਦੁੱਧ ਕਢਿਆ ਆਪ-ਪੀ ਕੇ ਕੁੱਤੇ ਨੂੰ ਪਲਾਕੇ ਮਨੁੱਖ ਦੀ ਖੋਪਰੀ ਵਿਚ ਪਾ ਕੇ, ਵਿਚ ਭੇਡਾਂ ਦੀਆਂ ਮੇਂਙਣਾਂ ਪਾਕੇ ਉਸ ਬ੍ਰਾਹਮਣ ਨੂੰ ਦਿੱਤਾ।

ਜਿਸ ਵੇਲੇ ਬ੍ਰਾਹਮਣ ਨੇ ਉਸ ਨੂੰ ਉਠਾ ਕੇ ਮੂੰਹ ਤਕ ਲਿਆਂਦਾ ਤਾ ਅਯਾਲੀ ਨੇ ਉਸ ਦੀ ਬਾਂਹ ਫੜ ਕੇ ਕਿਹਾ-ਪ੍ਰੋਹਿਤ ਜੀ ! ਇਹ ਪੀਣਾ ਨਹੀਂ, ਇਹ ਤਾਂ ਮੈਂ ਤੁਹਾਡੇ ਪ੍ਰਸ਼ਨ ਦਾ ਉੱਤਰ ਦਿਤਾ ਹੈ। ਇਹੀ ਲੋਭ ਰੂਪੀ "ਦਲ ਦਲ" (ਖੁੱਭਣ) ਹੈ, ਜਿਸ ਵਿਚ ਮਨੁੱਖ ਫਸਿਆ ਹੋਇਆ ਧਰਮ ਅਧਰਮ ਦਾ ਵਿਚਾਰ ਨਹੀਂ ਕਰਦਾ।

ਇਸ ਕਰਕੇ ਗੁਰੂ ਸਾਹਿਬਾਂ ਨੇ ਕਿਹਾ ਹੈ ਲੋਭ ਵਸ ਹੋਣ ਕਰਕੇ ਜੀਵ ਦੇ ਅੰਦਰ ਸੰਤੋਖ ਨਹੀਂ ਆਉਂਦਾ ਅਤੇ ਸੰਤੋਖ ਤੋਂ ਬਿਨਾਂ ਕੋਈ ਭੀ ਮਨੁੱਖ ਪਦਾਰਥਾਂ ਵਲੋਂ ਰੱਜਦਾ ਨਹੀਂ ਹੈ। ਤਾਹੀਓਂ ਇਹ ਗੱਲ ਆਖੀ ਹੈ-

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥ *(ਪੰਨਾ ੧੪੧੭)*

ਨਾਮ ਰੰਗਿ ਸਰਬ ਸੁਖੁ ਹੋਇ॥ ਬਡਭਾਗੀ ਕਿਸੈ ਪਰਾਪਤਿ ਹੋਇ॥

ਨਾਮ ਦੇ ਪ੍ਰੇਮ ਵਿਚ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ।

ਪਰ ਨਾਮ ਦਾ ਪ੍ਰੇਮ ਵੱਡਿਆਂ ਭਾਗਾਂ ਨਾਲ ਕਿਸੇ ਵਿਰਲੇ ਨੂੰ ਪ੍ਰਾਪਤ ਹੁੰਦਾ ਹੈ।

ਕਰਨ ਕਰਾਵਨ ਆਪੇ ਆਪਿ॥ ਸਦਾ ਸਦਾ ਨਾਨਕ ਹਰਿ ਜਾਪਿ॥ ੫॥

ਗੁਰੂ ਜੀ ਕਹਿੰਦੇ ਹਨ-ਉਹ ਹਰੀ ਆਪੇ ਆਪ ਹੀ ਸਭ ਕੁਝ ਕਰਨ ਕਰਾਉਣ ਵਾਲਾ ਹੈ। ਇਸ ਲਈ ਸਦਾ ਸਦਾ ਉਸ ਹਰੀ ਨੂੰ ਜਪਣਾ ਕਰ॥ ੫॥

ਕਰਨ ਕਰਾਵਨ ਕਰਨੈਹਾਰੁ॥ ਇਸ ਕੈ ਹਾਥਿ ਕਹਾ ਬੀਚਾਰੁ॥

ਉਹ ਕਰਨੈਹਾਰੁ=ਪਰਮਾਤਮਾ ਆਪ ਹੀ ਕਰਨ ਵਾਲਾ ਤੇ ਕਰਾਉਣ ਵਾਲਾ ਹੈ।

ਅਥਵਾ:-ਪਿਛੇ ਕਰਨ ਵਾਲਾ ਸੀ. ਹੁਣ ਕਰਨ ਵਾਲਾ ਹੈ। ਅੱਗੇ ਕਰਨ ਵਾਲਾ ਹੋਵੇਗਾ। ਵਿਚਾਰ ਲਓ ! ਇਸ ਵਿਚਾਰੇ ਜੀਵ ਦੇ ਹੱਥ ਵਿਚ ਕੀ ਹੈ?

ਜੈਸੀ ਦ੍ਰਿਸਟਿ ਕਰੇ ਤੈਸਾ ਹੋਇ॥ ਆਪੇ ਆਪਿ ਆਪਿ ਪ੍ਰਭੁ ਸੋਇ॥

ਜੈਸੀ=ਜਿਹੋ ਜਿਹੀ ਦ੍ਰਿਸ਼ਟੀ ਪ੍ਰਭੂ ਜੀਵ ਉੱਤੇ ਕਰਦਾ ਹੈ, ਇਹ ਜੀਵ ਉਹੋ ਜਿਹਾ ਹੋ ਜਾਂਦਾ ਹੈ।

ਵਾ:-ਤਿਹੋ ਜਿਹਾ ਫਲ ਪ੍ਰਾਪਤ ਹੁੰਦਾ ਹੈ।

ਉਹ ਪ੍ਰਭੂ ਪਿੱਛੇ ਵੀ ਆਪ ਸੀ ਹੁਣ ਭੀ ਆਪ ਹੈ, ਅੱਗੇ ਵੀ ਆਪ ਹੋਵੇਗਾ।

ਜੋ ਕਿਛੁ ਕੀਨੋ ਸੁ ਅਪਨੈ ਰੰਗਿ॥ ਸਭ ਤੇ ਦੂਰਿ ਸਭਹੂ ਕੈ ਸੰਗਿ॥

ਪ੍ਰਭੂ ਨੇ ਜੋ ਕੁਝ ਕੀਤਾ ਹੈ, ਉਹ ਆਪਣੇ ਰੰਗਿ=ਅਨੰਦ ਵਿਚ ਹੀ ਕੀਤਾ ਹੈ, ਭਾਵ ਆਪਣੀ ਮੌਜ ਵਿਚ

ਹੀ ਕੀਤਾ ਹੈ। ਸਾਰਿਆਂ ਮਨਮੁਖਾਂ ਤੋਂ ਦੂਰ ਹੈ ਅਤੇ ਸਾਰਿਆਂ ਗੁਰਮੁਖਾਂ ਦੇ ਅੰਗ ਸੰਗ ਹੈ।

ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥

ਉਹ ਪਰਮੇਸ਼ਰ ਆਪ ਹੀ ਜੀਵਾਂ ਦੇ ਕਰਮ ਵੇਖ ਕੇ ਬੂਝੈ=ਸਮਝਦਾ ਹੈ, ਫਿਰ ਆਪ ਹੀ ਫਲ ਦੇਣ ਦਾ ਬਿਬੇਕ=ਵਿਚਾਰ ਕਰਦਾ ਹੈ। ਨਿਰਗੁਣ ਰੂਪ ਹੋਣ ਕਰਕੇ ਆਪ ਇਕ ਰੂਪ ਹੈ, ਸਰਗੁਣ ਰੂਪ ਹੋਣ ਕਰਕੇ ਉਹ ਆਪ ਅਨੇਕ ਰੂਪ ਹੈ।

ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥ ੬ ॥

ਉਹ ਮਰ ਕੇ ਨਾਸ ਨਹੀਂ ਹੁੰਦਾ, ਨਾ ਆਉਂਦਾ ਹੈ ਨਾ ਹੀ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ- ਉਹ ਸਦਾ ਹੀ ਸਭ ਥਾਂ ਤੇ ਸਮਾ ਰਿਹਾ ਹੈ॥ ੬ ॥

ਆਪਿ ਉਪਦੇਸੈ ਸਮਝੈ ਆਪਿ ॥ ਆਪੇ ਰਚਿਆ ਸਭ ਕੈ ਸਾਥਿ ॥

ਉਹ ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਦਿੰਦਾ ਹੈ, ਆਪ ਹੀ ਜਗਿਆਸੂ ਰੂਪ ਹੋ ਕੇ ਸਮਝਦਾ ਹੈ ਅਤੇ ਆਪ ਹੀ ਸਾਰਿਆਂ ਦੇ ਨਾਲ ਰਚਿਆ=ਮਿਲਿਆ ਹੋਇਆ ਹੈ।

ਆਪਿ ਕੀਨੋ ਆਪਨ ਬਿਸਥਾਰੁ ॥ ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥

ਆਪਣੇ ਬਿਸਥਾਰੁ=ਪ੍ਰਪੰਚ ਨੂੰ ਉਸ ਨੇ ਆਪ ਹੀ ਕੀਤਾ ਹੈ।

ਸਭ ਕੁਝ ਉਸ ਦਾ ਕੀਤਾ ਹੋਇਆ ਹੈ ਅਤੇ ਉਹ ਆਪ ਹੀ ਕਰਨ ਵਾਲਾ ਹੈ।

ਉਸ ਤੇ ਭਿੰਨ ਕਹਹੁ ਕਿਛੁ ਹੋਇ ॥ ਥਾਨ ਥਨੰਤਰਿ ਏਕੈ ਸੋਇ ॥

ਕਹੁ ਖਾਂ ! ਉਸ ਤੋਂ (ਭਿੰਨ) ਵੱਖਰਾ ਕੁਝ ਹੁੰਦਾ ਹੈ? ਹਰੇਕ ਜਗ੍ਹਾ ਉਹ ਇਕ ਆਪ ਹੀ ਪੂਰਨ ਹੈ।

ਅਪੁਨੇ ਚਲਿਤ ਆਪਿ ਕਰਣੈਹਾਰ ॥ ਕਉਤਕ ਕਰੈ ਰੰਗ ਆਪਾਰ ॥

ਆਪਣੇ ਚਰਿਤ੍ਰਾਂ ਨੂੰ ਉਹ ਆਪ ਹੀ ਕਰਨ ਵਾਲਾ ਹੈ।

ਉਹ ਆਪਾਰ=ਬਿਅੰਤ ਰੰਗਾਂ ਦੇ ਕੌਤਕਾਂ ਨੂੰ ਕਰਦਾ ਹੈ।

ਮਨ ਮਹਿ ਆਪਿ ਮਨ ਅਪੁਨੇ ਮਾਹਿ ॥ ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥

ਉਹ ਆਪ ਹੀ ਮਨ=ਜੀਵ ਦੇ ਵਿਚ ਹੈ ਅਤੇ ਮਨ=ਜੀਵ ਉਸ ਦੇ ਆਪਣੇ ਵਿਚ ਹੈ ਅਰਥਾਤ ਤਾਣੇ ਪੇਟੇ ਵਾਂਗ ਅਭੇਦ ਰੂਪ ਹੈ। ਗੁਰੂ ਜੀ ਕਹਿੰਦੇ ਹਨ-ਉਸ ਪ੍ਰਭੂ ਦੀ ਕੀਮਤ ਕਹੀ ਨਹੀਂ ਜਾਂਦੀ ॥ ੭ ॥

ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥

ਉਹ ਪ੍ਰਭੂ ਸੁਆਮੀ ਪਿਛੇ ਸਤ ਸੀ, ਹੁਣ ਵੀ ਸਤ ਹੈ, ਅੱਗੇ ਸਤ ਸਰੂਪ ਹੋਵੇਗਾ।

ਅਥਵਾ:-ਸਤਿ=ਸਤਿਗੁਰਾਂ ਦੇ ਉਪਦੇਸ਼ ਦੁਆਰਾ ਜਿਸ ਨੇ ਸਤਿ=ਸਤਿਨਾਮੁ ਮੰਤ੍ਰ ਨੂੰ ਜਪਿਆ ਹੈ, ਉਸ ਨੇ ਪ੍ਰਭੂ ਸੁਆਮੀ ਨੂੰ ਸਤਿ ਸਰੂਪ ਨਿਸਚੇ ਕੀਤਾ ਹੈ। ਪਰ ਗੁਰਾਂ ਦੀ ਕਿਰਪਾ ਦੁਆਰੇ ਇਹ ਗੱਲ ਕਿਸੇ ਵਿਰਲੇ ਨੇ ਵਖਿਆਨੀ=ਆਖੀ ਹੈ।

ਸਚੁ ਸਚੁ ਸਚੁ ਸਭੁ ਕੀਨਾ ॥ ਕੋਟਿ ਮਧੇ ਕਿਨੈ ਬਿਰਲੈ ਚੀਨਾ ॥

ਜੋ ਕੁਝ ਪ੍ਰਭੂ ਨੇ ਕੀਤਾ ਹੈ ਉਹ ਪਿਛੇ ਸੱਚ ਸੀ, ਹੁਣ ਵੀ ਸਾਰਾ ਸੱਚਾ ਹੈ, ਅੱਗੇ ਵੀ ਸਾਰਾ ਸੱਚ ਹੋਵੇਗਾ। ਅਥਵਾ:-ਸਚੁ=ਨਿਸਚੇ ਕਰਕੇ ਜੋ ਕੁਝ ਸੱਚੇ ਪ੍ਰਭੂ ਨੇ ਕੀਤਾ ਹੈ ਉਹ ਸਭ ਸੱਚ ਹੈ। ਪਰ ਇਸ ਗੱਲ ਨੂੰ ਕਰੋੜਾਂ ਵਿਚੋਂ ਕਿਸੇ ਵਿਰਲੇ ਨੇ ਚੀਨਾ=ਜਾਣਿਆ ਹੈ।

ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥

ਹੇ ਪਰਮੇਸ਼ਰ ! ਤੇਰਾ ਰੂਪ ਪਿਛੇ ਭਲਾ ਸੀ, ਹੁਣ ਵੀ ਭਲਾ ਹੈ, ਅੱਗੇ ਭੀ ਭਲਾ ਹੋਵੇਗਾ, ਅਰਥਾਤ ਤਿੰਨਾਂ ਸਮਿਆਂ ਵਿਚ ਤੇਰਾ ਰੂਪ ਭਲਾ ਹੈ। ਅਥਵਾ:-ਭਲਾ=ਭਲੀ ਪ੍ਰਕਾਰ ਤੇਰਾ ਰੂਪ ਭਲਿਆਂ ਤੋਂ ਭਲਾ ਹੈ। ਅਥਵਾ:-ਭਲੇ ਗੁਰੂ ਪਾਸੋਂ ਭਲਾ=ਚੰਗਾ ਉਪਦੇਸ਼ ਲੈਣ ਨਾਲ ਆਪ ਜੀ ਦਾ ਸਰੂਪ ਭਲਾ=ਚੰਗਾ ਨਿਸਚੇ ਕੀਤਾ ਹੈ। ਆਪ ਜੀ ਦਾ ਸਰੂਪ ਅਤੀ ਸੁੰਦਰ ਹੈ, ਅਪਾਰ=ਪਾਰਾਵਾਰ ਤੋਂ ਰਹਿਤ ਹੈ ਤੇ ਅਨੂਪ=ਉਪਮਾ ਤੋਂ ਰਹਿਤ ਹੈ।

ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥
ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥

ਹੇ ਪ੍ਰਭੂ ! ਆਪ ਜੀ ਦੀ ਵੇਦ ਬਾਣੀ, ਵਾ:-ਨਾਮ ਬਾਣੀ, ਵਾ:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪਿੱਛੇ ਨਿਰਮਲ ਸੀ, ਹੁਣ ਨਿਰਮਲ ਹੈ, ਅੱਗੇ ਵੀ ਨਿਰਮਲ ਹੋਵੇਗੀ।

ਅਥਵਾ:-ਹੇ ਨਿਰਮਲ ਪਰਮਾਤਮਾ ! ਆਪ ਜੀ ਦੀ ਨਾਮਾਂ ਰੂਪੀ ਬਾਣੀ ਨਿਰਮਲ ਤੋਂ ਨਿਰਮਲ ਹੈ। ਅਥਵਾ:-ਨਿਰਮਲ ਗੁਰਾਂ ਦੇ ਨਿਰਮਲ ਉਪਦੇਸ਼ ਦੁਆਰਾ ਜਿਸ ਨੇ ਤੇਰੀ ਨਾਮ ਬਾਣੀ ਜਪੀ ਹੈ, ਉਸ ਦਾ ਅੰਤਹਕਰਨ ਨਿਰਮਲ ਹੋਇਆ ਹੈ। ਘਟਿ ਘਟਿ=ਸਰੀਰ ਸਰੀਰ ਨੇ ਨਾਮ ਬਾਣੀ ਕੰਨਾਂ ਨਾਲ ਸੁਣੀ ਹੈ ਤੇ ਜੀਭ ਨਾਲ ਆਖੀ ਹੈ।

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮ ॥੧੨ ॥

ਤਿੰਨ ਪਵਿਤ੍ਰ ਇਕੱਠੇ ਹੋਣ ਤਾਂ ਇਕ ਪੁਨੀਤ ਸ਼ਬਦ ਹੁੰਦਾ ਹੈ, ਉਹ ਪੁਰਸ਼ ਪੁਨੀਤ ਤੋਂ ਪੁਨੀਤ ਹੈਂ। ਅਥਵਾ:-(ਤਿੰਨ ਪਵਿਤ੍ਰ ਹਨ ਤੇ ਚੌਥਾ ਪੁਨੀਤ ਹੈ) ਉਹ ਪੁਰਸ਼ ਚਾਰੇ ਜੁਗਾਂ ਵਿਚ ਪਵਿੱਤਰ ਹੈ। ਵਾ:-ਉਸ ਮਨੁੱਖ ਦੇ ਚਾਰੇ ਅੰਤਹਕਰਨ ਪਵਿੱਤ੍ਰ ਹਨ। ਗੁਰੂ ਜੀ ਕਹਿੰਦੇ ਹਨ-ਜੋ ਮਨ ਵਿਚ ਪ੍ਰੀਤੀ ਧਾਰ ਕੇ ਨਾਮ ਜਪਦਾ ਹੈ।

ਅਥਵਾ:-ਪਵਿੱਤ੍ਰ ਗੁਰੂ ਦੇ ਪਵਿੱਤ੍ਰ ਉਪਦੇਸ਼ ਦੁਆਰਾ ਜੋ ਪਵਿੱਤ੍ਰ ਹੋ ਕੇ ਮਨ ਵਿਚ ਪ੍ਰੀਤੀ ਧਾਰਕੇ ਨਾਮ ਜਪਦਾ ਹੈ, ਉਹ ਪੁਨੀਤ ਹੋ ਜਾਂਦਾ ਹੈ॥ ੮॥ ੧੨ ॥

ਸਲੋਕੁ ॥ ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥

ਜੋ ਪੁਰਸ਼ ਸੰਤਾਂ ਦੀ ਸ਼ਰਨ ਵਿਚ ਆ ਪੈਂਦਾ ਹੈ, ਉਹੀ ਪੁਰਸ਼ ਆਉਣ ਜਾਣ ਦੇ ਚੱਕ੍ਰ ਤੋਂ ਛੁਟਣ ਵਾਲਾ ਹੁੰਦਾ ਹੈ।

ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥ ੧ ॥

ਗੁਰੂ ਜੀ ਕਹਿੰਦੇ ਹਨ-ਸੰਤਾਂ ਦੀ ਨਿੰਦਿਆ ਕਰਨ ਨਾਲ ਮੁੜ ਮੁੜ ਕੇ ਜੂਨੀਆਂ ਵਿਚ ਅਵਤਾਰ= ਉਤਰਦਾ ਹੈ॥ ੧ ॥

ਅਸਟਪਦੀ ॥ ਸੰਤ ਕੈ ਦੂਖਨਿ ਆਰਜਾ ਘਟੈ ॥
ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥

ਸੰਤਾਂ ਦੇ ਵਿਚ ਦੂਸ਼ਣ ਅਰੋਪਣ ਕਰ ਕੇ ਨਿੰਦਕ ਦੀ ਆਰਜਾ=ਉਮਰ ਘਟ ਜਾਂਦੀ ਹੈ।

ਸੰਤਾਂ ਦੇ ਵਿਚ ਦੂਸ਼ਣ ਲਗਾਣ ਕਰ ਕੇ ਜਮਾਂ ਤੋਂ ਨਹੀਂ ਛੁਟ ਸਕਦਾ।

ਸੰਤ ਕੈ ਦੂਖਨਿ ਸੁਖੁ ਸਭੁ ਜਾਇ॥ ਸੰਤ ਕੈ ਦੂਖਨਿ ਨਰਕ ਮਹਿ ਪਾਇ॥

ਸੰਤਾਂ ਦੇ ਵਿਚ ਦੂਸ਼ਣ ਅਰੋਪਣ ਕਰਕੇ ਸਾਰੇ ਸੁਖ ਚਲੇ ਜਾਂਦੇ ਹਨ।

ਸੰਤਾਂ ਦੇ ਵਿਚ ਦੂਸ਼ਣ ਅਰੋਪਣ ਕਰ ਕੇ ਨਿੰਦਕ ਪੁਰਸ਼ ਨਰਕਾਂ ਵਿਚ ਪੈਂਦਾ ਹੈ।

ਸੰਤ ਕੈ ਦੂਖਨਿ ਮਤਿ ਹੋਇ ਮਲੀਨ॥ ਸੰਤ ਕੈ ਦੂਖਨਿ ਸੋਭਾ ਤੇ ਹੀਨ॥

ਸੰਤਾਂ ਦੇ ਵਿਚ ਦੂਸ਼ਣ ਅਰੋਪਣ ਕਰਕੇ ਜੀਵ ਦੀ ਬੁੱਧੀ ਮਲੀਨ=ਮੈਲੀ (ਗੰਦੀ) ਹੋ ਜਾਂਦੀ ਹੈ।

ਸੰਤਾਂ ਦੇ ਵਿਚ ਦੂਸ਼ਣ ਅਰੋਪਣ ਕਰਕੇ ਜੀਵ ਸੋਭਾ ਤੋਂ ਹੀਨ=ਰਹਿਤ ਹੋ ਜਾਂਦਾ ਹੈ।

ਸੰਤ ਕੇ ਹਤੇ ਕਉ ਰਖੈ ਨ ਕੋਇ॥ ਸੰਤ ਕੈ ਦੂਖਨਿ ਥਾਨ ਭ੍ਰਸਟ ਹੋਇ॥

ਸੰਤਾਂ ਦੇ ਹਤੇ=ਮਾਰੇ ਹੋਏ ਨੂੰ ਭਾਵ ਫਿਟਕਾਰੇ (ਸਰਾਪੇ) ਹੋਏ ਨੂੰ ਕੋਈ ਨਹੀਂ ਰਖ ਸਕਦਾ। ਸੰਤਾਂ ਦੇ ਵਿਚ ਦੂਸ਼ਣ ਅਰੋਪਣ ਕਰ ਕੇ ਆਪਣੇ ਥਾਂ ਤੋਂ ਭ੍ਰਿਸ਼ਟ ਹੋ ਜਾਂਦਾ ਹੈ, ਭਾਵ ਆਪਣੇ ਟਿਕਾਣੇ ਤੋਂ ਡਿੱਗ ਪੈਂਦਾ ਹੈ। ਵਾ:-ਜਿਸ ਥਾਂ ਉੱਤੇ ਬੈਠਦਾ ਹੈ, ਉਹ ਥਾਂ ਭ੍ਰਿਸ਼ਟ ਹੋ ਜਾਂਦਾ ਹੈ।*

ਅਥਵਾ:-ਸਰੂਪ ਥਾਂ ਵਲੋਂ ਭ੍ਰਿਸ਼ਟ ਹੋ ਜਾਂਦਾ ਹੈ, ਭਾਵ ਸੰਤਾਂ ਦੇ ਨਿੰਦਕ ਨੂੰ ਸਰੂਪ ਥਾਂ ਦੀ ਪਰਾਪਤੀ ਨਹੀਂ ਹੁੰਦੀ।

ਪ੍ਰਸ਼ਨ:-ਕਿਸੇ ਤਰ੍ਹਾਂ ਨਿੰਦਕ ਦਾ ਉਧਾਰ ਹੋ ਸਕਦਾ ਹੈ। ਕਿ ਨਹੀਂ? *ਗੁਰ ਉੱਤਰ:*-

ਸੰਤ ਕ੍ਰਿਪਾਲ ਕ੍ਰਿਪਾ ਜੋ ਕਰੈ॥ ਨਾਨਕ ਸੰਤਸੰਗਿ ਨਿੰਦਕੁ ਭੀ ਤਰੈ॥ ੧॥

ਗੁਰੂ ਜੀ ਕਹਿੰਦੇ ਹਨ-ਜੇਕਰ ਕ੍ਰਿਪਾਲੂ ਸੰਤ ਕਿਰਪਾ ਦ੍ਰਿਸ਼ਟੀ ਕਰ ਦੇਣ ਤਾਂ ਸੰਤਾਂ ਦੇ ਸਤਸੰਗ ਕਰਕੇ ਨਿੰਦਕ ਭੀ ਤਰ ਸਕਦਾ ਹੈ॥ ੧॥

ਸੰਤ ਕੇ ਦੂਖਨ ਤੇ ਮੁਖੁ ਭਵੈ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ॥

ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਪਰਮੇਸ਼ਰ ਵਲੋਂ ਮੂੰਹ ਭਵੈ=ਫਿਰ ਜਾਂਦਾ ਹੈ, ਭਾਵ ਪਰਮੇਸ਼ਰ ਦੇ ਸਿਮਰਨ ਵਲੋਂ ਹਟਕੇ ਬੁਰੇ ਪਾਸੇ ਲਗ ਜਾਂਦਾ ਹੈ।

ਅਥਵਾ:-ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਇਸ ਦਾ ਆਪਣਾ ਮੂੰਹ ਭੈਂ ਜਾਂਦਾ ਹੈ ਭਾਵ ਲਕਵਾ ਰੋਗ ਹੋ ਜਾਂਦਾ ਹੈ। ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਕਾਗ ਜਿਉ=ਕਾਂ ਵਾਂਗ ਵਿਅਰਥ ਲਵੈ=ਬੋਲਦਾ ਰਹਿੰਦਾ ਹੈ।

ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥

ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਸੱਪ ਦੀ ਜੂਨੀ ਵਿਚ ਪੈਂਦਾ ਹੈ।

---

*ਜਿਸ ਤਰ੍ਹਾਂ ਨਾਰਦ ਮੁਨੀ ਦੇ ਬੈਨਣ ਨਾਲ ਥਾਂ ਭ੍ਰਿਸ਼ਟ ਹੋ ਜਾਂਦਾ ਸੀ ਤੇ ਨਾਰਦ ਦੇ ਚਲੇ ਜਾਣ ਪਿਛੋਂ ਵਿਸ਼ਨੂੰ ਭਗਵਾਨ ਜੀ ਉਸ ਥਾਂ ਦੀ ਮਿੱਟੀ ਪੁਟਾ ਕੇ ਜਗ੍ਹਾ ਨੂੰ ਸਫਾ ਕਰਵਾਂਦੇ ਸਨ।

ਸੰਤਾਂ ਦੇ ਵਿਚ ਦੂਸ਼ਨ ਅਰੋਪਨ ਕਰਕੇ ਤ੍ਰਿਗਦ ਜੋਨਿ ਕਿਰਮਾਇ=ਕੀੜੇ, ਮਕੌੜੇ, ਕੋਹੜਕਿਰਲੀ, ਆਦਿਕ ਟੇਢੀਆਂ ਜੂਨਾਂ ਵਿਚ ਪੈਂਦਾ ਹੈ।

ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ॥ ਸੰਤ ਕੈ ਦੂਖਨਿ ਸਭੁ ਕੋ ਛਲੈ॥

ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਤ੍ਰਿਸ਼ਨਾਂ ਦੀ ਅੱਗ ਵਿਚ ਜਲੈ=ਸੜਦਾ ਹੈ।

ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਸਭ ਕਿਸੇ ਨੂੰ ਛਲਦਾ ਰਹਿੰਦਾ ਹੈ।

ਅਥਵਾ:-ਕਾਮ ਕ੍ਰੋਧ ਆਦਿਕ ਸਾਰੇ ਵਿਕਾਰ ਉਸ ਨਿੰਦਕ ਪੁਰਸ਼ ਨੂੰ ਛਲ ਲੈਂਦੇ ਹਨ।

ਸੰਤ ਕੈ ਦੂਖਨਿ ਤੇਜੁ ਸਭੁ ਜਾਇ॥ ਸੰਤ ਕੈ ਦੂਖਨਿ ਨੀਚੁ ਨੀਚਾਇ॥

ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਸਾਰਾ ਤੇਜ ਪ੍ਰਤਾਪ ਖਤਮ ਹੋ ਜਾਂਦਾ ਹੈ।

ਸੰਤਾਂ ਦੇ ਵਿਚ ਦੂਸ਼ਨ ਅਰੋਪਣ ਕਰਕੇ ਇਹ ਜੀਵ ਨੀਚ ਤੋਂ ਨੀਚ ਹੋ ਜਾਂਦਾ ਹੈ।

ਸੰਤ ਦੋਖੀ ਕਾ ਥਾਉ ਕੋ ਨਾਹਿ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥ ੨॥

ਸੰਤਾਂ ਵਿਚ ਦੂਸ਼ਨ ਅਰੋਪਣ ਵਾਲੇ ਨਿੰਦਕ ਦਾ ਕੋਈ ਥਾਂ ਨਹੀਂ। ਭਾਵ ਉਸਨੂੰ ਕਿਧਰੇ ਢੋਈ ਨਹੀਂ ਮਿਲਦੀ। ਗੁਰੂ ਜੀ ਫੁਰਮਾਉਂਦੇ ਹਨ-ਜੇਕਰ ਸੰਤ ਭਾਵੈ=ਚਾਹੁਣ ਅਰਥਾਤ ਜੇ ਸੰਤਾਂ ਦੀ ਮਰਜ਼ੀ ਹੋ ਜਾਵੇ ਤਾਂ ਉਹ ਨਿੰਦਕ ਭੀ ਗਤਿ ਪਾਹਿ=ਮੁਕਤੀ ਪਾ ਲੈਂਦਾ ਹੈ॥ ੨॥

[ਪੰਨਾ ੨੮੦]

ਸੰਤ ਕਾ ਨਿੰਦਕੁ ਮਹਾ ਅਤਤਾਈ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥

ਸੰਤਾਂ ਦਾ ਨਿੰਦਕ ਮਹਾ ਅਤਤਾਈ*=ਬੜਾ ਭਾਰਾ ਪਾਪੀ ਹੈ। ਸੰਤਾਂ ਦਾ ਨਿੰਦਕ ਇਕ ਖਿਨ ਮਾਤ੍ਰ ਵੀ ਕਿਤੇ ਟਿਕਣਾ ਨਹੀਂ ਪਾਉਂਦਾ, ਭਾਵ ਹਰ ਵੇਲੇ ਭਟਕਦਾ ਹੀ ਰਹਿੰਦਾ ਹੈ।

ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥

ਸੰਤਾਂ ਦਾ ਨਿੰਦਕ ਮਹਾ=ਬੜਾ ਹਤਿਆਰਾ ਹੈ, ਭਾਵ ਵੱਡਾ ਪਾਪੀ ਹੈ। ਸੰਤਾਂ ਦਾ ਨਿੰਦਕ ਪਰਮੇਸ਼ਰ ਦਾ ਮਾਰਿਆ ਹੋਇਆ ਭਾਵ ਸਰਾਪਿਆ ਹੋਇਆ ਹੈ। ਜਿਵੇ-

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥
ਈਹਾ ਸੁਖੁ ਨਹੀ ਦਰਗਹ ਢੋਈ ਜਮ ਧੁਰਿ ਜਾਇ ਪਚਾਵੈ॥ ੧॥
ਨਿੰਦਕਿ ਅਹਿਲਾ ਜਨਮੁ ਗਵਾਇਆ॥

---

੧ ਕਿਸੀ ਦੇ ਮਕਾਨ ਨੂੰ ਅਚਾਨਕ ਅੱਗ ਲਾ ਦੇਣੀ। ੨ ਸ਼ਾਸਤ੍ਰ ਹੀਣ ਪ੍ਰਾਣੀ ਨੂੰ ਵੇਖਕੇ ਸ਼ਸਤ੍ਰ ਮਾਰ ਦੇਣਾ। ੩ ਜ਼ਹਿਰ ਦੇ ਕੇ ਮਾਰ ਦੇਣਾ। ੪ ਆਪਣੀ ਤਾਕਤ ਨਾਲ ਦੂਜੇ ਦਾ ਧਨ ਖੋਹ ਲੈਣਾ। ੫ ਜ਼ਬਰਦਸਤੀ ਪਰਾਈ ਇਸਤ੍ਰੀ ਚੁਕ ਕੇ ਲੈ ਜਾਣੀ॥ ੬ ਪਰਾਈ ਜ਼ਮੀਨ ਖੋਹ ਲੈਣੀ, ਇਨ੍ਹਾਂ ਛੇ ਪਾਪਾਂ ਦੇ ਕਰਨ ਵਾਲੇ ਨੂੰ ਅਤਤਾਈ ਕਹਿੰਦੇ ਹਨ ਤੇ ਸੰਤਾਂ ਦਾ ਨਿੰਦਕ ਇਸ ਤੋਂ ਭੀ ਬੜਾ ਪਾਪੀ ਹੈ, ਇਸ ਕਰਕੇ ਉਸ ਨੂੰ 'ਮਹਾ ਅਤਤਾਈ' ਕਿਹਾ ਹੈ।

ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ॥ ੧॥ ਰਹਾਉ॥
ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ॥
ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਸੁ ਪਹਿ ਕਰੇ ਪੁਕਾਰਾ॥ ੨॥
ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ॥
ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ॥ ੩॥
ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ॥
ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ॥ ੪॥ ੨॥ ੪੧॥

(ਆਸਾ ਮਹਲਾ ੫, ਪੰਨਾ ੩੮੦)

ਸੰਤ ਕਾ ਨਿੰਦਕੁ ਰਾਜ ਤੇ ਹੀਨੁ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥

ਸੰਤਾਂ ਦਾ ਨਿੰਦਕ ਰਾਜ ਸੁਖ ਤੋਂ ਹੀਨੁ=ਰਹਿਤ ਹੋ ਜਾਂਦਾ ਹੈ।

ਸੰਤਾਂ ਦਾ ਨਿੰਦਕ ਦੁਖੀ ਅਤੇ ਦੀਨੁ=ਗਰੀਬੀ ਵਾਲਾ ਹੋ ਕੇ ਹਰਇਕ ਦੇ ਮੁਥਾਜ ਰਹਿੰਦਾ ਹੇ।

ਸੰਤ ਕੇ ਨਿੰਦਕ ਕਉ ਸਰਬ ਰੋਗ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ॥

ਸੰਤਾਂ ਦੇ ਨਿੰਦਕ ਨੂੰ ਸਾਰੇ ਰੋਗ ਆ ਕੇ ਚੰਬੜ ਜਾਂਦੇ ਹਨ।

ਸੰਤਾਂ ਦੇ ਨਿੰਦਕ ਨੂੰ ਸਦਾ ਹੀ ਪ੍ਰਭੂ ਨਾਲੋਂ, ਵਾ:-ਸ਼ੁਭ ਗੁਣਾਂ ਤੋਂ ਬਿਜੋਗ=ਵਿਛੋੜਾ ਰਹਿੰਦਾ ਹੈ।

ਸੰਤ ਕੀ ਨਿੰਦਾ ਦੋਖ ਮਹਿ ਦੋਖੁ॥
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥ ੩॥

ਸੰਤਾਂ ਦੀ ਨਿੰਦਿਆ ਕਰਨੀ ਸਾਰਿਆਂ ਦੋਸ਼ਾਂ ਵਿਚੋਂ ਬੜਾ ਭਾਰੀ ਦੋਸ਼ (ਪਾਪ) ਹੈ।

ਗੁਰੂ ਜੀ ਕਹਿੰਦੇ ਹਨ-ਜੇਕਰ ਸੰਤ ਭਾਵੈ=ਚਾਹੁਣ ਤਾਂ ਉਸ ਨਿੰਦਕ ਦਾ ਭੀ ਉਧਾਰ ਹੋ ਸਕਦਾ ਹੈ॥ ੩॥

ਸੰਤ ਕਾ ਦੋਖੀ ਸਦਾ ਅਪਵਿਤੁ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ॥

ਸੰਤਾਂ ਦਾ ਦੋਸ਼ੀ ਹਮੇਸ਼ਾਂ ਅਪਵਿਤ੍ਰ (ਮਲੀਨ) ਰਹਿੰਦਾ ਹੈ।

ਸੰਤਾਂ ਦਾ ਨਿੰਦਕ ਕਿਸੇ ਦਾ ਵੀ ਮਿਤ੍ਰ ਨਹੀਂ ਹੈ।

ਸੰਤ ਕੇ ਦੋਖੀ ਕਉ ਡਾਨੁ ਲਾਗੈ॥ ਸੰਤ ਕੇ ਦੋਖੀ ਕਉ ਸਭ ਤਿਆਗੈ॥

ਸੰਤਾਂ ਦੇ ਨਿੰਦਕ ਨੂੰ ਜਮਾਂ ਦਾ ਡੰਡਾ ਲਗਦਾ ਹੈ। *ਅਥਵਾ:*-ਸੰਤਾਂ ਦੇ ਨਿੰਦਕ ਨੂੰ (ਰਿਖੀ ਦੰਡ, ਪਿਤਰ ਦੰਡ, ਦੇਵ ਦੰਡ, ਜਮ ਦੰਡ ਆਦਿ) ਸਾਰੇ ਡੰਨ ਲਗਦੇ ਹਨ।

ਸੰਤਾਂ ਦੇ ਨਿੰਦਕ ਨੂੰ ਸਾਰੇ ਸਬੰਧੀ ਤਿਆਗੈ=ਛੱਡ ਜਾਂਦੇ ਹਨ। ਕਿਉਂਕਿ-

ਸੰਤ ਕਾ ਦੋਖੀ ਮਹਾ ਅਹੰਕਾਰੀ॥ ਸੰਤ ਕਾ ਦੋਖੀ ਸਦਾ ਬਿਕਾਰੀ॥

ਸੰਤਾਂ ਦਾ ਨਿੰਦਕ ਬੜਾ ਹੰਕਾਰੀ ਹੁੰਦਾ ਹੈ, ਅਤੇ ਸੰਤਾਂ ਦਾ ਨਿੰਦਕ ਹਮੇਸ਼ਾਂ ਵਿਕਾਰਾਂ ਵਿਚ ਰਹਿੰਦਾ ਹੈ।

ਸੰਤ ਕਾ ਦੋਖੀ ਜਨਮੈ ਮਰੈ॥ ਸੰਤ ਕੀ ਦੂਖਨਾ ਸੁਖ ਤੇ ਟਰੈ॥

ਸੰਤਾਂ ਦਾ ਨਿੰਦਕ ਹਮੇਸ਼ਾਂ ਜੰਮਦਾ ਮਰਦਾ ਰਹਿੰਦਾ ਹੈ।

ਸੰਤਾਂ ਦੀ ਨਿੰਦਿਆ ਕਰਨ ਵਾਲਾ ਜੀਵ ਸੁਖਾਂ ਤੋਂ ਡਿਗ ਪੈਂਦਾ ਹੈ।

ਸੰਤ ਕੇ ਦੋਖੀ ਕਉ ਨਾਹੀ ਠਾਉ ॥
ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥ ੪ ॥

ਸੰਤਾਂ ਦੇ ਨਿੰਦਕ ਨੂੰ ਕੋਈ ਠਾਉ=ਥਾਂ ਨਹੀਂ ਝਲਦੀ। ਗੁਰੂ ਜੀ ਫੁਰਮਾਉਂਦੇ ਹਨ-ਜੇਕਰ ਸੰਤ ਚਾਹੁਣ ਤਾਂ ਉਸਨੂੰ ਆਪਣੇ ਨਾਲ, ਯਾਂ ਪਰਮੇਸ਼ਰ ਨਾਲ ਮਿਲਾ ਲੈਂਦੇ ਹਨ॥ ੪॥

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥

ਸੰਤਾਂ ਦਾ ਦੋਖੀ=ਨਿੰਦਕ ਅਧ ਬੀਚ=ਅਧ ਵਿਚਾਲਿਓਂ ਟੁੱਟ ਜਾਂਦਾ ਹੈ, ਭਾਵ ਪੂਰੀ ਉਮਰ ਨਹੀਂ ਭੋਗਦਾ, ਜੁਆਨੀ ਮੌਤੇ ਮਰ ਜਾਂਦਾ ਹੈ। *ਅਥਵਾ:*-ਸਾਧਨਾਂ ਵਿਚ ਤੋੜ ਨਹੀਂ ਚੜ੍ਹਦਾ।

ਅਥਵਾ:-ਜਿਸ ਵਿਹਾਰ ਨੂੰ ਹੱਥ ਪਾਉਂਦਾ ਹੈ, ਉਹ ਅੱਧ ਵਿਚਾਲਿਓਂ ਹੀ ਟੁੱਟ ਜਾਂਦਾ ਹੈ, ਕੋਈ ਕੰਮ ਵੀ ਪੂਰਾ ਸਿਰੇ ਨਹੀਂ ਚੜ੍ਹਦਾ। *ਅਥਵਾ:*-ਜੇਕਰ ਬਿਰਤੀ ਲਗਦੀ ਹੋਵੇ ਤਾਂ ਉਹ ਭੀ ਵਿਚਕਾਰੋਂ ਟੁੱਟ ਜਾਂਦੀ ਹੈ।

ਟੂਟੀ ਨਿੰਦਕ ਕੀ ਅਧ ਬੀਚ॥ *(ਪੰਨਾ ੧੨੨੪)*

ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ॥ *(ਬਿਲਾਵਲੁ ਮਹਲਾ ੫, ਪੰਨਾ ੮੧੧)*

ਸੰਤਾਂ ਦਾ ਨਿੰਦਕ ਕਿਸੇ ਕੰਮ ਦੇ ਸਿਰੇ ਤਕ ਨਹੀਂ ਪਹੁੰਚ ਸਕਦਾ। ਭਾਵ ਕਿਸੇ ਕੰਮ ਵਿਚ ਵੀ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ।

ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥
ਸੰਤ ਕਾ ਦੋਖੀ ਉਝੜਿ ਪਾਈਐ ॥

ਸੰਤਾਂ ਦੇ ਨਿੰਦਕ ਨੂੰ ਪ੍ਰੁੱਖ ਉਜਾੜਾਂ ਵਿਚ,

ਵਾ:-ਸੰਸਾਰ ਉਜਾੜ ਵਿਚ, ਵਾ:-ਜਮਾਂ ਦੀ ਉਜਾੜ ਵਿਚ ਫੇਰਿਆ ਜਾਂਦਾ ਹੈ।

ਸੰਤਾਂ ਦੇ ਦੋਖੀ=ਨਿੰਦਕ ਨੂੰ ਉਝੜਿ=ਕੁਰਸਤੇ ਪਾਇਆ ਜਾਂਦਾ ਹੈ।

ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥

ਸੰਤਾਂ ਦਾ ਦੋਖੀ=ਨਿੰਦਕ ਅੰਦਰੋਂ ਸ਼ੁਭ ਗੁਣਾਂ ਤੋਂ ਇੰਜ ਥੋਥਾ=ਖਾਲੀ ਹੈ।

ਜਿਵੇਂ ਸ੍ਵਾਸਾਂ ਤੋਂ ਬਿਨਾਂ ਮੁਰਦੇ ਦੀ ਲੋਥਾ=ਲਾਸ਼ ਹੁੰਦੀ ਹੈ।

ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥

ਸੰਤਾਂ ਦੇ ਦੋਖੀ=ਨਿੰਦਕ ਦੀ ਕੁਝ ਭੀ ਜੜ੍ਹ ਨਹੀਂ ਲਗਦੀ ਭਾਵ ਉਸ ਦੇ ਪੁੱਤ੍ਰ ਪੋਤਰੇ ਨਹੀਂ ਹੁੰਦੇ। *ਅਥਵਾ:*-ਉਸਨੂੰ ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ।

ਉਹ ਆਪਣਾ ਬੀਜਿਆ ਆਪ ਹੀ ਖਾਂਦਾ ਹੈ। ਅਰਥਾਤ ਨਿੰਦਿਆ ਰੂਪ ਬੀਜ ਬੀਜਦਾ ਹੈ ਇਸ ਕਰਕੇ ਉਸ ਦਾ ਫਲ ਦੁਖ ਹੀ ਭੋਗਦਾ ਹੈ।

ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥

ਨਾਨਕ ਸੰਤ ਭਾਵੈ ਤਾ ਲਏ ਉਬਾਰਿ॥ ੫ ॥

ਸੰਤਾਂ ਦੇ ਦੋਖੀ=ਨਿੰਦਕ ਨੂੰ ਹੋਰ ਕੋਈ ਰੱਖਣ ਵਾਲਾ ਨਹੀਂ ਹੈ। ਗੁਰੂ ਜੀ ਕਹਿੰਦੇ ਹਨ- ਜੇਕਰ ਸੰਤ ਚਾਹੁਣ ਤਾਂ ਉਹ ਉਸ ਨਿੰਦਕ ਨੂੰ ਉਬਰਿ=ਬੱਚਾ ਲੈਂਦੇ ਹਨ॥ ੫॥

ਸਾਖੀ-ਸੰਤਾਂ ਦੀ ਕਿਰਪਾ ਨਾਲ ਨਿੰਦਕਾਂ ਦਾ ਉਧਾਰ

ਇਕ ਬੀਤ ਰਾਗ ਭਜਨ ਮੂਰਤੀ ਮਹਾਤਮਾ ਆਪਣੀ ਵਿਦਵਾਨ ਸੰਤ ਮੰਡਲੀ ਸਮੇਤ ਦੇਸਾਂ ਪਰਦੇਸਾਂ ਦਾ ਚੱਕਰ ਲਾਉਂਦੇ ਹੋਏ 'ਦੇਵਸਯਿਨੀ-ਇਕਾਦਸੀ' (ਜੋ ਕਿ ਬਿਆਸ ਪੂਜਾ ਤੋਂ ਚਾਰ ਦਿਨ ਪਹਿਲੇ ਆਉਂਦੀ ਹੈ) ਵਾਲੇ ਦਿਨ ਇਕ ਨਦੀ ਦੇ ਕਿਨਾਰੇ ਜੋ ਕਿ ਚੋਰਾਂ ਦੇ ਪਿੰਡ ਦੇ ਪਾਸ ਹੀ ਸੀ ਉਥੇ ਆ ਕੇ ਠਹਿਰ ਗਏ ਕਿਉਂਕਿ ਸੰਤਾਂ ਦਾ ਇਹ ਨਿਯਮ ਸੀ ਕਿ 'ਦੇਵਸਯਿਨੀ-ਇਕਾਦਸੀ ਜਿਥੇ ਭੀ ਆ ਜਾਵੇ ਓਥੇ ਚਾਰ ਮਹੀਨੇ ਬਰਸਾਤ ਦੇ ਠਹਿਰ ਜਾਂਦੇ ਸਨ। ਪਾਣੀ ਲੰਘ ਕੇ ਅੱਗੇ ਨਹੀਂ ਸਨ ਜਾਂਦੇ। ਜਿਸ ਵੇਲੇ ਪਾਸ ਦੇ ਰਹਿਣ ਵਾਲੇ ਪਿੰਡ ਦੇ ਚੋਰਾਂ ਨੇ ਸੁਣਿਆ ਕਿ ਸਾਡੇ ਪਾਸ ਹੀ ਨਦੀ ਦੇ ਕਿਨਾਰੇ ਸੰਤ ਮੰਡਲੀ ਉਤਰੀ ਹੈ। ਤਾਂ ਕੁਝ ਆਦਮੀਆਂ ਨੇ ਰਲ ਕੇ ਸਾਰਾ ਪਿੰਡ ਇਕੱਠਾ ਕਰਕੇ ਸਾਰਿਆਂ ਤੋਂ ਪ੍ਰਣ ਕਰਵਾਇਆ ਕਿ ਸੰਤਾਂ ਪਾਸ ਕੋਈ ਭੀ ਨਾ ਜਾਵੇ ਜੇ ਕੋਈ ਗਿਆ ਤਾਂ ਉਸਨੂੰ ਵੀਹ ਰੁਪਏ ਜੁਰਮਾਨਾ ਹੋਵੇਗਾ। ਕਿਉਂਕਿ ਸਾਡੇ ਵਿਚੋਂ ਜੇ ਕੋਈ ਗਿਆ ਤਾਂ ਸੰਤਾਂ ਨੇ ਉਸਨੂੰ ਚੋਰੀ ਯਾਰੀ ਵਲੋਂ ਰੋਕਣਾ ਹੈ। ਇਸ ਵਾਸਤੇ ਬਿਲਕੁਲ ਨਹੀਂ ਜਾਣਾ। ਉਨ੍ਹਾਂ ਵਿਚੋਂ ਤਾਂ ਕੋਈ ਨਾ ਗਿਆ, ਪਰ ਹੋਰ ਆਸ ਪਾਸ ਦੇ ਜੋ ਪਿੰਡ ਸਨ, ਉਥੋਂ ਦੇ ਲੋਕ ਆ ਕੇ ਬੜੇ ਪ੍ਰੇਮ ਨਾਲ ਸੇਵਾ ਕਰ ਜਾਇਆ ਕਰਨ ਨਿਤ ਹੀ ਖੀਰ ਪੂੜਿਆਂ ਕੜਾਹ ਪੁਲਾਹ ਆਦਿਕਾਂ ਦੇ ਭੰਡਾਰੇ ਹੁੰਦੇ ਰਹਿਣ। ਜਿਸ ਵੇਲੇ ਚਾਰ ਮਹੀਨੇ ਪੂਰੇ ਹੋ ਗਏ ਤੇ ਹਰਿ ਪ੍ਰਬੋਧਿਨੀ-ਏਕਾਦਸੀ ਆ ਗਈ ਤਾਂ ਸੰਤ ਉਥੋਂ ਚਲਣ ਨੂੰ ਤਿਆਰ ਹੋ ਗਏ। ਡਾਕੂਆਂ ਨੂੰ ਪਤਾ ਲਗਾ ਕਿ ਕੱਲ੍ਹ ਸੰਤਾਂ ਨੇ ਚਲੇ ਜਾਣਾ ਹੈ, ਤਾਂ ਉਨ੍ਹਾਂ ਨੇ ਵਿਚਾਰਿਆ ਕਿ ਆਸ ਪਾਸ ਪਿੰਡਾਂ ਦੇ ਲੋਕ ਸਾਡੀ ਨਿੰਦਿਆ ਕਰਦੇ ਹਨ ਕਿ ਇਸ ਪਿੰਡ ਦੇ ਲੋਕ ਬੜੇ ਮੰਦਭਾਗੀ ਹਨ ਜੋ ਇਨ੍ਹਾਂ ਨੇ ਬਿਲਕੁਲ ਸੇਵਾ ਨਹੀਂ ਕੀਤੀ, ਇਸ ਲਈ ਅੱਜ ਇਕ ਆਦਮੀ ਭੇਜ ਦੇਈਏ ਜੋ ਸੰਤਾਂ ਦਾ ਸਮਾਨ ਚੁੱਕ ਕੇ ਜਿਥੇ ਜਾਣਾ ਚਾਹੁਣ ਉਥੋਂ ਤਕ ਉਹਨਾਂ ਨੂੰ ਛੱਡ ਆਵੇ। ਇਹ ਵਿਚਾਰ ਕਰ ਕੇ ਜੋ ਸਾਰਿਆਂ ਡਾਕੂਆਂ ਦਾ ਸਰਦਾਰ ਸੀ, ਉਸ ਨੂੰ ਕਿਹਾ ਕਿ ਤੂੰ ਸੰਤਾਂ ਦਾ ਸਮਾਨ ਚੁਕ ਕੇ ਸੰਤ ਜਿਥੇ ਜਾਣਾ ਚਾਹੁਣ ਉਥੋਂ ਤਕ ਜਾ ਕੇ ਛਡ ਆ। ਜਿਸ ਵੇਲੇ ਉਹ ਡਾਕੂ ਆਇਆ ਤਾਂ ਸੰਤ ਅੱਗੇ ਆਪਣਾ ਸਮਾਨ ਬੰਨ੍ਹ ਕੇ ਹਟੇ ਹੀ ਸਨ। ਡਾਕੂ ਨੇ ਆ ਕੇ ਸੰਤਾਂ ਦਾ ਸਮਾਨ ਚੁਕ ਲਿਆ। ਸੰਤ ਚੁੱਕਣ ਨਹੀਂ ਦਿੰਦੇ ਸਨ ਪਰ ਉਸ ਨੇ ਬਦੋ-ਬਦੀ ਚੁਕ ਲਿਆ। ਸੰਤਾਂ ਨੇ ਰਸਤੇ ਵਿਚ ਚਲਦਿਆਂ ੨ ਸੋਚਿਆ ਕਿ ਭਾਵੇਂ ਇਹ ਸਾਡੇ ਨਾਲ ਬੋਲਦਾ ਨਹੀਂ ਹੈ ਚੁਪ ਕਰਕੇ ਜਾ ਰਿਹਾ ਹੈ, ਪਰ ਇਸ ਦੇ ਪਿੰਡ ਪਾਸ ਚਾਰ ਮਹੀਨੇ ਰਹਿ ਆਏ ਹਾਂ ਭਾਵੇਂ ਇਸ ਪਿੰਡ ਵਿਚੋਂ ਕਿਸੇ ਨੇ ਭੀ ਆ ਕੇ ਸੇਵਾ ਨਹੀਂ ਕੀਤੀ ਪਰ ਸਾਰਿਆਂ ਵਿਚੋਂ ਇਹ ਅਖੀਰਲੇ ਦਿਨ ਆ ਕੇ ਸੇਵਾ ਕਰ ਰਿਹਾ ਹੈ, ਇਸੇ ਇਕ ਨੂੰ ਸੁਧਾਰ ਦੇਈਏ ਤਾਂ ਚੰਗਾ ਹੈ। ਕਿਉਂਕਿ ਸੰਤਾਂ ਦਾ ਮਿਲਾਪ ਐਵੇਂ ਖਾਲੀ ਨਹੀਂ ਜਾਂਦਾ।

ਸੰਤਾਂ ਨੇ ਪੁਛਿਆ-ਤੂੰ ਕੀ ਕੰਮ ਕਰਦਾ ਹੈਂ? ਉਹ ਚੁਪ ਰਿਹਾ। ਦੂਜੀ ਵਾਰ ਪੁਛਿਆ। ਤਾਂ ਭੀ ਚੁਪ ਰਿਹਾ। ਦਿਆਲੂ ਸੰਤਾਂ ਨੇ ਫਿਰ ਤੀਜੀ ਵਾਰ ਪੁਛਿਆ ਤਾਂ ਉਸ ਨੇ ਕਿਹਾ ਮੈਂ ਚੋਰ ਹਾਂ ਫਿਰ ਸੰਤਾਂ ਨੇ ਪੁਛਿਆ ਨਿਰਾ ਚੋਰ ਹੈਂ ਕਿ ਯਾਰ ਭੀ? ਉਸ ਨੇ ਕਿਹਾ ਯਾਰ ਭੀ ਹਾਂ ਕਿਸੇ ਜਾਤੀ ਦੀ ਇਸਤਰੀ ਮੈਂ ਛੱਡੀ ਨਹੀਂ। ਸੰਤਾਂ ਨੇ ਪੁਛਿਆ ਸ਼ਰਾਬ ਵੀ ਪੀਂਦਾ ਹੈਂ? ਉਸ ਨੇ ਕਿਹਾ ਹਾਂ ਜੀ ਰੋਜ਼ਾਨਾ ਪੀਂਦਾ ਹਾਂ। ੩੬੫ ਦਿਨਾਂ ਵਿਚੋਂ ਇਕ ਦਿਨ

ਵੀ ਨਹੀਂ ਛਡੀ। ਸੰਤਾਂ ਨੇ ਪੁਛਿਆ, ਮਾਸ ਵੀ ਖਾਂਦਾ ਹੈਂ? ਉਸ ਨੇ ਕਿਹਾ ਸਭ ਜੀਵਾਂ ਦਾ ਮਾਸ ਖਾ ਜਾਂਦਾ ਹਾਂ। ਇਹ ਗੱਲਾਂ ਸੁਣ ਕੇ ਸੰਤਾਂ ਨੇ ਵਿਚਾਰਿਆ, ਇਹ ਤਾਂ ਬੜਾ ਪਾਪੀ ਹੈ। ਪਾਪੀਆਂ ਤੇ ਨਿੰਦਕਾਂ ਨੂੰ ਸੁਧਾਰਨਾ ਸਾਡਾ ਹੀ ਕੰਮ ਹੈ। ਇਸ ਨੂੰ ਕਿਸੇ ਤਰੀਕੇ ਨਾਲ ਸੁਧਾਰਨਾ ਚਾਹੀਦਾ ਹੈ। ਸੰਤਾਂ ਨੇ ਕਿਹਾ ਜੇਕਰ ਤੂੰ ਸਾਡੀ ਗੱਲ ਮੰਨਣੀ ਹੋਵੇ ਤਾਂ ਸਾਡਾ ਸਮਾਨ ਚੁਕ, ਨਹੀਂ ਤਾਂ ਏਥੇ ਹੀ ਰੱਖ ਦੇ। ਡਾਕੂ ਨੇ ਕਿਹਾ ਜੇਕਰ ਆਪ ਮੈਨੂੰ ਚੋਰੀ ਯਾਰੀ ਤੋਂ ਛੁਡਾਉਗੇ ਉਹ ਤਾਂ ਮੈਂ ਨਹੀ ਛਡ ਸਕਾਂਗਾ।

ਸੰਤਾਂ ਨੇ ਕਿਹਾ ਬਿਲਕੁਲ ਨਹੀਂ ਛੁਡਾਵਾਂਗੇ, ਥੋੜ੍ਹੀ ਥੋੜ੍ਹੀ ਛੁਡਾਵਾਂਗੇ।

ਜੇ ਤੂੰ ਸਾਡੀਆਂ ਚਾਰ ਗੱਲਾਂ ਮੰਨ ਲਵੇਂਗਾ ਤਾਂ ਸਾਰੀ ਉਮਰ ਸੁਖੀ ਹੋ ਜਾਵੇਂਗਾ।

ਉਸ ਨੇ ਕਿਹਾ ਆਪ ਹੁਕਮ ਕਰੋ ਮੈਂ ਮੰਨ ਲਵਾਂਗਾ। ਸੰਤਾਂ ਨੇ ਕਿਹਾ ਬੇਸ਼ਕ ਚੋਰੀ ਕਰ, ਪਰ ਗਰੀਬ ਆਦਮੀ ਦੀ ਚੋਰੀ ਨਹੀਂ ਕਰਨੀ ਅਤੇ ਜਿਸ ਦਾ ਲੂਣ ਖਾਵੇਂ ਉਸ ਦੀ ਚੋਰੀ ਨਹੀਂ ਕਰਨੀ। ਚੋਰ ਨੇ ਕਿਹਾ ਸਤ ਬਚਨ ! ਇਹ ਸੁਭਾਵ ਤਾਂ ਮੇਰਾ ਪਹਿਲੋਂ ਹੀ ਇਹੋ ਜਿਹਾ ਹੈ। ਪਰ ਅੱਗੋਂ ਲਈ ਪੱਕਾ ਹੋ ਗਿਆ।

ਸੰਤਾਂ ਨੇ ਕਿਹਾ-ਯਾਰੀ ਬੇਸ਼ਕ ਕਰੋ ਪਰ ਸ਼ਾਸਤ੍ਰ ਮਰਯਾਦਾ ਅਨੁਸਾਰ ਪੰਜ ਮਾਵਾਂ ਪਾਸ ਨਹੀਂ ਜਾਣਾ।

੧. ਰਾਜਾ ਦੀ ਇਸਤ੍ਰੀ, ੨. ਗੁਰੂ ਦੀ ਇਸਤ੍ਰੀ ੩. ਮਿਤ੍ਰ ਦੀ ਇਸਤ੍ਰੀ, ੪. ਆਪਣੀ ਇਸਤ੍ਰੀ ਦੀ ਮਾਤਾ ਯਾਨੇ ਸੱਸ। ੫. ਆਪਣੀ ਮਾਂ ਜਿਸ ਨੇ ਜੰਮਿਆ ਹੈ। ਇਹ ਪੰਜ ਮਾਤਾਵਾਂ ਕਹੀਆਂ ਹਨ।*

ਇਨ੍ਹਾਂ ਪੰਜਾਂ ਵਲ ਬੁਰੀ ਦ੍ਰਿਸ਼ਟੀ ਨਹੀਂ ਕਰਨੀ ਹਜ਼ਾਰ ਵਾਰ ਕੋਈ ਕਹੇ ਤਾਂ ਭੀ ਨਹੀਂ ਮੰਨਣਾ। ਚੋਰ ਨੇ ਕਿਹਾ, 'ਸਤ ਬਚਨ ਜੀ ! ਮੈਂ ਇਸ ਬਚਨ ਦੀ ਪਾਲਣਾ ਜ਼ਰੂਰ ਕਰਾਂਗਾ।' ਤੀਜੀ ਗੱਲ ਸੰਤਾਂ ਨੇ ਕਹੀ ਸ਼ਰਾਬ ਬੇਸ਼ਕ ਪੀਓ ਪਰ ਇਕਾਦਸ਼ੀ, ਅਮਾਵਸ, ਪੂਰਨਮਾਸ਼ੀ, ਆਦਿ ਚੰਗਿਆਂ ਦਿਨਾਂ ਵਿਚ ਨਹੀਂ ਪੀਣੀ ਇਹ ਭੀ ਉਸ ਨੇ ਮੰਨ ਲਿਆ। ਚੌਥੀ ਗੱਲ ਸੰਤਾਂ ਨੇ ਕਹੀ ਇਕ ਜੀਵ ਦਾ ਮਾਸ ਤੂੰ ਆਪ ਹੀ ਨਫਰਤ ਕਰ ਕੇ ਛੱਡ ਦੇ। ਚੋਰ ਨੇ ਕਿਹਾ ਮਹਾਰਾਜਾਂ ਜੀ ! ਕਾਂ ਦਾ ਮਾਸ ਮੈਂ ਛਡ ਦਿੱਤਾ। ਸੰਤਾਂ ਨੇ ਕਿਹਾ-ਜੋ ਸਾਡੇ ਸਾਹਮਣੇ ਤੂੰ ਪ੍ਰਣ ਕੀਤਾ ਹੈ, ਇਸ ਨੂੰ ਜ਼ਿੰਦਗੀ ਭਰ ਨਿਭਾਈਂ ਕਦੇ ਭੁਲਾਈਂ ਨਾ। ਇਤਨੀ ਸਿਖਿਆ ਦਿੰਦਿਆਂ ਤਕ ਜਿਥੇ ਪਹੁੰਚਣਾ ਸੀ ਉਥੇ ਸੰਤ ਪਹੁੰਚ ਗਏ। ਉਹ ਚੋਰ ਸੰਤਾਂ ਦਾ ਸਮਾਨ ਓਥੇ ਰਖ ਕੇ ਵਾਪਸ ਆਪਣੇ ਪਿੰਡ ਆ ਗਿਆ। ਪਿੰਡ ਦੇ ਲੋਕਾਂ ਨੂੰ ਬੁਲਾ ਕੇ ਸੰਤਾਂ ਦੇ ਸਾਰੇ ਬਚਨ ਸੁਣਾਏ।

ਸਮੇਂ ਅਨੁਸਾਰ ਉਹ ਚੋਰ ਜਦ ਚੋਰੀ ਕਰਨ ਗਿਆ ਤਾਂ ਰਾਜ-ਮਹਲਾਂ ਵਿਚ ਵੜ ਗਿਆ। ਅੱਗੇ ਰਾਜੇ ਦੀ ਰਾਣੀ ਆਪਣੇ ਪਤੀ ਰਾਜੇ ਨਾਲ ਰੁੱਸੀ ਹੋਈ ਸੀ ਕਿਉਂਕਿ ਰਾਜੇ ਦੇ ਘਰ ਔਲਾਦ ਕੋਈ ਨਹੀਂ ਸੀ, ਉਸ ਨੇ ਸਿਆਣੀ ਉਮਰ ਵਿਚ ਦੂਜੀ ਸ਼ਾਦੀ ਕਰਵਾਈ ਸੀ। ਰਾਜਾ ਬੁਢੇਪੇ ਵਿਚ ਸੀ, ਰਾਣੀ ਭਰ ਜੁਆਨੀ ਵਾਲੀ ਸੀ। ਇਸ ਕਰਕੇ ਆਪਸ ਵਿਚ ਲੜਾਈ ਰਹਿੰਦੀ ਸੀ, ਤੇ ਰਾਣੀ ਕਾਮਾਤੁਰ ਹੋਈ ਹੋਈ ਵੱਖਰੇ ਕਮਰੇ ਵਿਚ ਸੋਚਾਂ ਵਿਚ ਲੇਟੀ ਹੋਈ ਸੀ। ਜਿਸ ਵੇਲੇ ਚੋਰ ਚੋਰੀ ਕਰਨ ਆਇਆ ਤਾਂ ਅਚਾਨਕ ਉਹ ਪਹਿਲੇ ਰਾਣੀ ਵਾਲੇ ਕਮਰੇ ਵਿਚ ਹੀ ਵੜਿਆ ਖੜਾਕ ਹੋਣ ਨਾਲ ਰਾਣੀ ਉੱਠ ਪਈ ਦੂਜੇ ਕਮਰੇ ਵਿਚੋਂ ਰਾਜਾ ਵੀ ਉੱਠ ਪਿਆ।

ਰਾਣੀ ਨੇ ਚੋਰ ਨੂੰ ਕਿਹਾ-ਤੂੰ ਮੇਰਾ ਪਤੀ ਹੈਂ, ਤੂੰ ਮੇਰੇ ਪਾਸ ਰਹੁ ਯਾਂ ਮੈਨੂੰ ਨਾਲ ਲੈ ਚਲ। ਮੈਂ ਤੈਨੂੰ ਕਰੋੜਾਂ ਰੁਪਏ ਨਗਦ ਤੇ ਹੀਰੇ ਜਵਾਰਾਤ ਦਿਆਂਗੀ, ਪਰ ਚੋਰ ਨਾ ਮੰਨਿਆ। ਚੋਰ ਨੇ ਸੰਤਾਂ ਦਾ ਬਚਨ ਯਾਦ ਰਖਿਆ

---

*ਰਾਜਜਾ ਪਤਨੀ, ਗੁਰਰ ਪਤਨੀ, ਮਿਤ੍ਰ ਪਤਨੀ, ਤਥੈਵ ਚ।

ਜਾਯਾ ਮਾਤਾ ਸ੍ਵੈ ਮਾਤਾ ਚ ਪੰਚ ਏਤੇ ਮਾਤ੍ਰਾ ਸਿਮ੍ਰਿਤਾ।

ਕਿ ਰਾਜੇ ਦੀ ਰਾਣੀ ਮਾਂ ਬਰਾਬਰ ਹੈ। ਰਾਣੀ ਨੇ ਬਹੁਤ ਵਾਰੀ ਕਿਹਾ ਕਿ ਤੂੰ ਮੇਰਾ ਪਤੀ ਹੈਂ ਮੈ ਤੇਰੀ ਨੌਕਰਾਣੀ ਬਣ ਕੇ ਰਵ੍ਹਾਂਗੀ ਪਰ ਚੋਰ ਨੇ ਉਸ ਨੂੰ ਮਾਂ ਹੀ ਕਿਹਾ। ਰਾਜਾ ਲੁਕ ਕੇ ਇਸ ਗੱਲ ਨੂੰ ਦੇਖਦਾ ਰਿਹਾ ਅਤੇ ਸੁਣਦਾ ਭੀ ਰਿਹਾ ਪਰ ਕਿਹਾ ਕੁਝ ਨਾ। ਫਿਰ ਚੋਰ ਨੇ ਇਕ ਅਲਮਾਰੀ ਵਿਚੋਂ ਹੀਰੇ, ਮੋਤੀ ਜਵਾਹਰਾਤ ਤੇ ਸੋਨੇ ਦੇ ਗਹਿਣੇ ਆਦਿ ਚੁਕ ਕੇ ਇਕ ਗੰਢ ਬੰਨ੍ਹ ਲਈ। ਰੋਟੀ ਨਾ ਖਾਣ ਕਰ ਕੇ ਉਸ ਨੂੰ ਭੁਖ ਬੜੀ ਲਗੀ ਹੋਈ ਸੀ, ਖਾਣ ਦੀਆਂ ਬਹੁਤ ਚੀਜ਼ਾਂ ਵੇਖੀਆਂ ਆਪਣੇ ਵੱਲੋਂ ਤਾਂ ਬਚਾ ਕੇ ਖਾਧੀਆਂ ਪਰ ਲੂਣ ਵਾਲੀ ਚੀਜ਼ ਵੀ ਖਾਧੀ ਗਈ ਜਿਸ ਕਰਕੇ ਸੰਤਾਂ ਦੇ ਬਚਨ ਯਾਦ ਆ ਗਏ ਕਿ ਲੂਣ ਖਾ ਕੇ ਚੋਰੀ ਨਹੀਂ ਕਰਨੀ। ਉਸ ਵੇਲੇ ਚੋਰੀ ਦਾ ਸਾਰਾ ਸਮਾਨ ਉਥੇ ਹੀ ਛੱਡ ਕੇ ਬਾਹਰ ਨਿਕਲ ਗਿਆ। ਸਵੇਰੇ ਉਠਦਿਆਂ ਸਾਰ ਰਾਜੇ ਨੇ ਵੇਖਿਆ ਮੇਰਾ ਕੁਝ ਨੁਕਸਾਨ ਨਹੀਂ ਹੋਇਆ। ਚੋਰ ਦੇ ਧਰਮ ਨੂੰ ਵੇਖ ਕੇ ਰਾਜਾ ਬੜਾ ਖੁਸ਼ ਹੋਇਆ ਤੇ ਸ਼ਹਿਰ ਵਿਚ ਢੰਡੋਰਾ ਫਿਰਾ ਦਿਤਾ ਕਿ ਜਿਹੜਾ ਚੋਰ ਰਾਤ ਨੂੰ ਰਾਜ ਮਹਲਾਂ ਵਿਚ ਆਇਆ ਸੀ ਉਹ ਮੇਰੇ ਪਾਸ ਆਵੇ ਮੈਂ ਉਸ ਨੂੰ ਇਨਾਮ ਦੇਣਾ ਚਾਹੁੰਦਾ ਹਾਂ। ਉਹ ਚੋਰ ਢੰਡੋਰਾ ਸੁਣ ਕੇ ਰਾਜੇ ਦੇ ਸਾਹਮਣੇ ਆ ਪਹੁੰਚਾ। ਰਾਜੇ ਨੇ ਕਿਹਾ ਜੇ ਤੂੰ ਚੋਰੀ ਕੀਤੀ ਹੈ, ਫਿਰ ਤੂੰ ਮਾਲ ਚੁਕ ਕੇ ਕਿਉਂ ਨਹੀਂ ਲੈ ਗਿਆ? ਚੋਰ ਨੇ ਕਿਹਾ ਸੰਤਾਂ ਦਾ ਬਚਨ ਹੈ ਜਿਸ ਦਾ ਲੂਣ ਖਾਵੇਂ, ਉਸ ਦੀ ਚੋਰੀ ਨਹੀਂ ਕਰਨੀ। ਮੈਂ ਰਾਤ ਨੂੰ ਚੋਰੀ ਕਰਕੇ ਭੁਖ ਦੇ ਕਾਰਨ ਕੁਝ ਮਿਠਿਆਈ ਖਾਧੀ ਪਰ ਨਾਲ ਲੂਣ ਖਾਧਾ ਗਿਆ, ਇਸ ਲਈ ਸਾਰਾ ਸਮਾਨ ਛੱਡ ਕੇ ਚਲਾ ਗਿਆ।

ਫਿਰ ਰਾਜੇ ਨੇ ਕਿਹਾ-ਰਾਣੀ ਤੈਨੂੰ ਪਤੀ ਬਣਾ ਰਹੀ ਸੀ ਉਸ ਦਾ ਪਤੀ ਕਿਉਂ ਨਾ ਬਣਿਆ? ਚੋਰ ਨੇ ਕਿਹਾ ਸੰਤਾਂ ਦਾ ਬਚਨ ਸੀ ਕਿ ਰਾਜੇ ਦੀ ਰਾਣੀ ਮਾਂ ਬਰਾਬਰ ਹੁੰਦੀ ਹੈ। ਇਸ ਕਰਕੇ ਮੈਂ ਉਸ ਨੂੰ ਮਾਂ ਹੀ ਸਮਝਦਾ ਰਿਹਾ ਹਾਂ। ਇਹ ਗੱਲਾਂ ਸੁਣ ਕੇ ਰਾਜਾ ਬੜਾ ਖੁਸ਼ ਹੋਇਆ ਤੇ ਕਹਿਣ ਲਗਾ ਅਜੇਹਾ ਧਰਮਾਤਮਾ ਮਨੁੱਖ ਮਿਲਣਾ ਬਹੁਤ ਹੀ ਮੁਸ਼ਕਲ ਹੈ। ਇਸ ਨੂੰ ਮੈਂ ਆਪਣਾ ਧਰਮ ਪੁੱਤ੍ਰ ਬਣਾ ਕੇ ਰਾਜ-ਗੱਦੀ ਤੇ ਬਿਠਾ ਦਿਆਂ ਤਾਂ ਚੰਗਾ ਹੈ। ਉਸੇ ਵੇਲੇ ਰਾਜੇ ਨੇ ਸਭਾ ਲਗਾਈ ਤੇ ਮੰਤ੍ਰੀਆਂ ਨੂੰ ਬੁਲਵਾ ਕੇ ਉਸ ਦੀਆਂ ਨੇਕ ਗੱਲਾਂ ਸੁਣਾਈਆਂ। ਸਾਰਿਆਂ ਵਿਚ ਹੀ ਉਸ ਨੂੰ ਧਰਮ ਪੁੱਤ੍ਰ ਬਣਾਕੇ ਤਿਲਕ ਦੇ ਕੇ ਰਾਜ-ਗੱਦੀ ਪਰ ਬਿਠਾ ਦਿੱਤਾ।

ਰਾਜੇ ਦੇ ਵਜ਼ੀਰ ਵੀ ਧਰਮਾਤਮਾ ਸਨ, ਦੋਹਾਂ ਦੇ ਸਦਾਚਾਰ ਕਰਕੇ ਸਾਰੀ ਪਰਜਾ ਵੀ ਸ੍ਰੇਸ਼ਟ ਕਰਤੱਬਾਂ ਦੇ ਕਰਨ ਵਾਲੀ ਹੋ ਗਈ। ਉਹ ਚੋਰ ਮਾਸ ਸ਼ਰਾਬ ਆਦਿਕ ਸਭ ਕੁਝ ਛੱਡ ਕੇ ਹਮੇਸ਼ਾਂ ਲਈ ਸਦਾਚਾਰੀ ਹੋ ਗਿਆ। ਰਾਜੇ ਰਾਣੀ ਦਾ ਭੀ ਆਪਸ ਵਿਚ ਮੇਲ ਕਰਵਾ ਦਿੱਤਾ ਤੇ ਮਾਤਾ ਪਿਤਾ ਸ਼ਮਝ ਕੇ ਉਹਨਾਂ ਦੀ ਸੇਵਾ ਵਿਚ ਜੁੜ ਗਿਆ ਤੇ ਪਿੰਡ ਦੇ ਸਾਰਿਆਂ ਚੋਰਾਂ ਨੂੰ ਆਪਣੇ ਪਾਸ ਨੌਕਰ ਰੱਖ ਕੇ ਉਹਨਾਂ ਦਾ ਜੀਵਨ ਵੀ ਸੁਧਾਰ ਦਿਤਾ।

ਸੰਤਾਂ ਦੀਆਂ ਮੰਡਲੀਆਂ ਬੁਲਾ ਕੇ ਸਤਸੰਗ ਕਰਵਾ ਕੇ ਸਾਰਾ ਸ਼ਹਿਰ ਵੀ ਸੁਧਾਰ ਲੀਤਾ। ਇਕ ਵਾਰ ਉਹ ਡਾਕੂ ਰਾਜਾ ਆਪ ਬੀਮਾਰ ਹੋ ਗਿਆ ਹਕੀਮਾਂ ਨੇ ਉਸ ਨੂੰ ਕਾਂ ਦਾ ਮਾਸ ਖਾਣ ਲਈ ਕਿਹਾ ਪਰ ਉਹ ਨਾ ਮੰਨਿਆ। ਜਿਨ੍ਹਾਂ ਸੰਤਾਂ ਨੇ ਇਸ ਨੂੰ ਉਪਦੇਸ਼ ਦਿੱਤਾ ਸੀ ਓਹੀ ਸੰਤ ਫਿਰਦੇ ਫਿਰਦੇ ਜਿਥੇ ਚੁਮਾਸਾ ਕਟਿਆ ਸੀ, ਓਥੇ ਜਾ ਪਹੁੰਚੇ। ਜਿਸ ਵੇਲੇ ਚੋਰਾਂ ਦਾ ਪਿੰਡ ਜਾ ਕੇ ਵੇਖਿਆ ਤਾਂ ਸਾਰਿਆਂ ਨੂੰ ਧਰਮਾਤਮਾ ਵੇਖ ਕੇ ਖੁਸ਼ ਹੋ ਗਏ, ਪਤਾ ਲੱਗਾ ਕਿ ਇਹ ਤਾਂ ਸਾਰੇ ਰਾਜੇ ਦੇ ਨੌਕਰ ਹੋ ਗਏ ਹਨ। ਜਿਹੜਾ ਚੋਰਾਂ ਦਾ ਬੜਾ ਸਰਦਾਰ ਸੀ, ਉਹ ਰਾਜਾ ਬਣ ਗਿਆ ਹੈ ਪਰ ਇਸ ਵੇਲੇ ਉਹ ਬੀਮਾਰ ਹੈ। ਉਥੋਂ ਚਲ ਕੇ ਫਿਰ ਸੰਤ ਉਸ ਦੇ ਪਾਸ ਆਏ ਤੇ ਪੁਛਦੇ ਹਨ ਕੀ ਹਾਲ ਹੈ? ਉਸ ਨੇ ਕਿਹਾ ਬੀਮਾਰੀ ਦੀ ਵਜ੍ਹਾ ਕਰਕੇ ਹਕੀਮ ਕਾਂ ਦਾ ਮਾਸ ਖਾਣ ਲਈ ਕਹਿੰਦੇ ਹਨ ਪਰ ਤੁਹਾਡੇ ਬਚਨਾਂ ਅਨੁਸਾਰ ਮੈਂ ਨਹੀਂ ਖਾਧਾ। ਤੁਸੀਂ ਮਿਹਰ ਦੀ ਦ੍ਰਿਸ਼ਟੀ ਕਰੋ ਜਿਸ ਤੇ ਰੋਗ ਹਟ ਜਾਏ।

ਸੰਤਾਂ ਨੇ ਉਸੀ ਵੇਲੇ ਆਪਣੇ ਪਾਸੋਂ ਦਵਾਈ ਦੇ ਕੇ ਕਿਰਪਾ ਦ੍ਰਿਸ਼ਟੀ ਕਰ ਕੇ ਉਸ ਨੂੰ ਅਰੋਗ ਕਰ ਦਿੱਤਾ।

ਇਸੀ ਤੇ ਗੁਰੂ ਜੀ ਨੇ ਕਿਹਾ ਹੈ ਕ੍ਰਿਪਾਲੂ ਸੰਤ ਕਿਰਪਾ ਕਰਨ ਤਾਂ ਸੰਤਾਂ ਦੇ ਸੰਗ ਕਰਕੇ ਚੋਰ, ਡਾਕੂ, ਪਾਪੀ, ਨਿੰਦਕ ਭੀ ਤਰ ਜਾਂਦੇ ਹਨ।

ਸੰਤ ਕਾ ਦੋਖੀ ਇਉ ਬਿਲਲਾਇ ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥

ਸੰਤਾਂ ਦਾ ਦੋਖੀ=ਨਿੰਦਕ ਇੰਜ ਵਿਲਕਦਾ ਹੈ। ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ।

ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥

ਸੰਤਾਂ ਦਾ ਦੋਖੀ=ਨਿੰਦਕ ਕਦੇ ਭੀ ਰੱਜਦਾ ਨਹੀਂ ਹੈ। ਹਮੇਸ਼ਾਂ ਇੰਜ ਭੁੱਖਾ ਰਹਿੰਦਾ ਹੈ, ਜਿਵੇਂ ਪਾਵਕੁ=ਅੱਗ ਈਧਨਿ=ਲੱਕੜਾਂ ਨਾਲ ਨਹੀਂ ਰੱਜਦੀ।

ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥

ਸੰਤਾਂ ਦਾ ਦੋਖੀ=ਨਿੰਦਕ ਇਕੱਲਾ ਹੀ ਛੱਡ ਦਿੱਤਾ ਜਾਂਦਾ ਹੈ, ਇਸ ਕਰਕੇ ਉਹ ਇੰਜ ਦੁਖੀ ਹੁੰਦਾ ਹੈ। ਜਿਵੇਂ ਤਿਲਾਂ ਦੇ ਖੇਤ ਵਿਚ ਬੂਆੜ ਤਿਲ ਦਾ ਬੂਟਾ ਛਡਿਆ ਜਾਂਦਾ ਹੈ ਤੇ ਉਹ ਦੁਹੇਲਾ=ਦੁਖੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ-

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੁਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ੩ ॥

(ਆਸਾ ਦੀ ਵਾਰ, ਪੰਨਾ ੪੬੩)

ਸੰਤ ਕਾ ਦੋਖੀ ਧਰਮ ਤੇ ਰਹਤ ॥ ਸੰਤ ਕਾ ਦੋਖੀ ਸਦ ਮਿਥਿਆ ਕਹਤ ॥

ਸੰਤਾਂ ਦਾ ਦੋਖੀ=ਨਿੰਦਕ ਸ੍ਰੈ ਧਰਮ ਤੋਂ ਰਹਿਤ ਹੈ ਸੰਤਾਂ ਦਾ ਦੋਖੀ=ਨਿੰਦਕ ਸਦਾ ਝੂਠੇ ਸ਼ਬਦਾਂ ਨੂੰ ਬੋਲਦਾ ਹੈ।

ਸਾਖੀ-ਚੇਤੋ ਦੇ ਝੂਠ ਬੋਲਣ ਦੀ

ਇਕ ਦਿਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਵਿਚ ਸਜੇ ਬੈਠੇ ਸਨ। ਸੰਗਤਾਂ ਹੁਮ ਹੁਮਾ ਕੇ ਦਰਸ਼ਨਾਂ ਨੂੰ ਆ ਰਹੀਆਂ ਸਨ। ਮਹਾਰਾਜ ਜੀ ਸੰਗਤਾਂ ਨਾਲ ਬਚਨ-ਬਿਲਾਸ ਕਰ ਰਹੇ ਸਨ ਤੇ ਅਚਾਨਕ ਚੁਪ ਹੋ ਗਏ ਤੇ ਅੱਖਾਂ ਬੰਦ ਕਰ ਲਈਆਂ। ਸੰਗਤ ਵੀ ਚੁਪ ਹੋ ਗਈ। ਕੁਝ ਚਿਰ ਮਗਰੋਂ ਆਪ ਜੀ ਨੇ ਅੱਖਾਂ ਖੋਲ੍ਹੀਆਂ ਤੇ ਇਧਰ ਉਧਰ ਤੱਕੇ। ਫਿਰ ਚੋਬਦਾਰ ਨੂੰ ਇਸ਼ਾਰਾ ਕੀਤਾ ਤੇ ਬੜੇ ਉਹ ਅਦਬ ਨਾਲ ਵਧਿਆ ਤਾਂ ਆਗਿਆ ਹੋਈ ਕਿ ਬਾਹਰ ਜਾਓ, ਇਕ ਸਿੱਖ ਅਮਕੇ ਥਾਂ ਇਕ ਬ੍ਰਿੱਛ ਹੇਠਾਂ ਬੈਠਾ ਹੈ ਉਸ ਦੇ ਨੈਣਾਂ ਵਿਚ ਪਾਣੀ ਹੈ, ਕਦੇ ਚੁੱਪ ਕਰ ਜਾਂਦਾ ਹੈ, ਕਦੇ ਆਪਣੇ ਨਾਲ ਆਪ ਹੀ ਗੱਲਾਂ ਕਰਦਾ ਹੈ, ਉਸ ਨੂੰ ਜਾ ਕੇ ਪਿਆਰ ਨਾਲ ਲੈ ਆ। ਸੀਸ ਨਿਵਾ ਕੇ ਚੋਬਦਾਰ ਚਲਾ ਗਿਆ, ਠੀਕ ਇਕ ਸਿੱਖ ਉਸੀ ਤਰ੍ਹਾਂ ਬੈਠਾ ਸੀ, ਨੈਣ ਬੰਦ ਸਨ ਤੇ ਕੋਈ ਕੋਈ ਕਿਸੇ ਵੇਲੇ ਹੰਝੂ ਕੇਰਦਾ ਸੀ। ਚੋਬਦਾਰ ਬ੍ਰਿੱਛ ਦੇ ਓਹਲੇ ਜਾ ਖਲੋਤਾ ਕਿ ਇਸ ਦੀ ਅੱਖ ਖੁਲ੍ਹੇ ਤਾਂ ਅੱਗੋਂ ਗੁਰੂ ਜੀ ਦਾ ਹੁਕਮ ਸੁਣਾਵਾਂ, ਜੁੜੇ ਬੈਠੇ ਨੂੰ ਵਿਘਨ ਨਾ ਪਾਵਾਂ।

ਪੱਲ ਮਗਰੋਂ ਸਿੱਖ ਦੀ ਬੜੀ ਵੈਰਾਗਮਈ ਆਵਾਜ਼ ਆਉਣ ਲਗ ਪਈ ਹੇ ਮਨਾ ! ਸੋਚ ਸਤਿਗੁਰ ਜੀ ਦਾ ਦਰ ਸਭ ਲਈ ਖੁੱਲ੍ਹਾ ਹੈ, ਸਤਿਗੁਰੂ ਸਿਖਾਂ ਨੂੰ ਪੁੱਤਰਾਂ ਵਾਂਗ ਪਿਆਰ ਕਰਦੇ ਹਨ, ਇਹ ਹੋ ਨਹੀਂ ਸਕਦਾ ਕਿ ਐਸੇ ਦਾਤੇ ਨੇ ਆਪਣਾ ਦਰ ਮੇਰੇ ਲਈ ਬੰਦ ਕੀਤਾ ਹੋਵੇ। ਮੈਂ ਕਿੰਨੀ ਵਾਰ ਗਿਆ ਚੋਬਦਾਰ ਕਹਿੰਦਾ ਹੈ

ਤੇਰੇ ਲਈ ਹੁਕਮ ਨਹੀਂ। ਜੇ ਚੇਤੇ ਨੂੰ ਆਖਦਾ ਹਾਂ ਤਾਂ ਉਹ ਅੱਜ ਕਲ੍ਹ ਕਹਿ ਦਿੰਦਾ ਹੈ ਤੇ ਆਖਦਾ ਹੈ, 'ਤੇਰੀ ਭੇਟਾ ਸਾਹਿਬਾਂ ਨੇ ਪ੍ਰਵਾਨ ਕਰ ਲਈ ਹੈ' ਤੇ ਵਰਦਾਨ ਦਿੱਤੇ ਹਨ, ਫਿਰ ਦਰਸ਼ਨ ਕਿਉਂ ਨਹੀਂ ਹੁੰਦੇ? ਇਹ ਦਰ ਸੱਚ ਦਾ ਹੈ, ਚੋਬਦਾਰ ਕਿਉਂ ਝੂਠ ਆਖੇ। ਤਾਂ ਤੇ ਹੇ ਮਨਾਂ ! ਤੇਰੇ ਵਿਚ ਹੀ ਕੋਈ ਖੋਟ ਹੈ, ਤਦੇ ਸੱਚ ਦਾ ਪਿਆਰਾ ਗੁਰੂ ਤੈਨੂੰ ਮੂੰਹ ਨਹੀਂ ਲਾਉਂਦਾ। ਕਿੰਨੇ ਚਿਰ ਤੋਂ ਬੈਠਾ ਅਰਦਾਸ ਕਰ ਰਿਹਾ ਹਾਂ, ਗੁਰੂ ਜੀ ਨੇ ਵਾਚ ਲਈ ਹੋਸੀ ਮੈਂ ਪਾਪੀ ਹਾਂ ਤਦੇ ਨਹੀਂ ਪਸੀਜਦੇ। ਮੈਂ ਪਾਪੀ, ਮੈਂ ਪਾਪੀ, ਕਰਦਾ ਕਰਦਾ ਫਿਰ ਰੋਣ ਲਗ ਪਿਆ। ਹੁਣ ਚੋਬਦਾਰ ਨੇ ਅੱਗੇ ਹੋ ਕੇ ਆਖਿਆ: ਗੁਰੂ ਦੇ ਪਿਆਰੇ ! ਤੈਨੂੰ ਗੁਰੂ ਜੀ ਨੇ ਯਾਦ ਕੀਤਾ ਹੈ, ਆ ਮੇਰੇ ਨਾਲ। ਆ ਉਦਾਸ ਨਾ ਹੋ ਭੋਲਿਆ ਐਸਾ ਦਰ ਕਿਥੇ ਹੈ, ਜੋ ਸਿਖ ਨੂੰ ਦੁਖਦਾਈ ਹਉਮੈ ਤੋਂ ਛੁਡਾ ਕੇ ਗੁਰਮੁਖ ਬਣਾ ਦਿੰਦਾ ਹੈ। ਚੋਬਦਾਰ ਤੋਂ ਹਮਦਰਦੀ ਭਰੇ ਬਚਨ ਸੁਣ ਕੇ ਸਿੱਖ ਦਾ ਮਨ ਖਿੜ ਗਿਆ। ਧੰਨ ਦਾਤਾ ! ਧੰਨ ਦਾਤਾ !! ਕਰਦਾ ਉਠਿਆ ਤੇ ਉਸ ਦੇ ਨਾਲ ਤੁਰ ਪਿਆ।

ਜਦ ਦਰਵਾਜ਼ੇ ਅੱਗੇ ਆਏ ਤਾਂ ਪਹਿਰੇ ਤੇ ਖੜੇ ਚੋਬਦਾਰ ਨੇ ਅੰਦਰ ਜਾਣ ਤੋਂ ਰੋਕ ਦਿੱਤਾ। ਨਾਲ ਦੇ ਚੋਬਦਾਰ ਨੇ ਕਿਹਾ-ਕਿਸ ਦੇ ਹੁਕਮ ਨਾਲ ਤੂੰ ਰੋਕ ਰਿਹਾ ਹੈਂ? ਤਾਂ ਖੜੇ ਚੋਬਦਾਰ ਨੇ ਕਿਹਾ-ਚੇਤੇ ਦੇ ਕਹੇ ਅਨੁਸਾਰ ਮੈਂ ਰੋਕ ਰਿਹਾ ਹਾਂ।

ਨਾਲ ਆਇਆ ਚੋਬਦਾਰ:-ਮੈਂ ਇਸ ਨੂੰ ਚੇਤੇ ਦੇ ਮਾਲਕ ਦੇ ਹੁਕਮ ਨਾਲ ਲੈਣ ਗਿਆ ਸਾਂ। ਤੇ ਲੈ ਕੇ ਆਇਆ ਹਾਂ। ਪਹਿਰੇ ਵਾਲੇ ਚੋਬਦਾਰ ਨੇ ਸੀਸ ਨਿਵਾ ਕੇ ਰਸਤਾ ਦੇ ਦਿਤਾ। ਹਜ਼ੂਰੀ ਵਿਚ ਹਾਜ਼ਰ ਹੋ ਕੇ ਸਿੱਖ ਨੇ ਦਰਸ਼ਨ ਕੀਤਾ, ਮੱਥਾ ਟੇਕਿਆ ਤੇ ਨਿਹਾਲ ਹੋ ਗਿਆ। ਦਿਲ ਵਿਚ ਆਖੇ-ਹੈ ਨਾ ਦਾਤਾ ਗੁਰੂ, ਕਿਵੇਂ ਮੇਰੀ ਪੀੜਾ ਪਛਾਣੀ ਸੂ ਤੇ ਆਪੇ ਸੱਦ ਲਿਆ ਸੂ।

ਇੰਨੇ ਨੂੰ ਚੋਜੀ ਸਤਿਗੁਰੂ ਜੀ ਬੋਲੇ ਸਿੱਖਾ ! ਮੇਰੇ ਲਈ ਕੀ ਲਿਆਇਆ ਹੈਂ?

ਸਿੱਖ ਬੋਲਿਆ-ਦਾਤਾ ਤੇਰਾ ਦਿੱਤਾ ਖਾਂਦੇ ਹਾਂ, ਪਰ ਫਿਰ ਵੀ ਜੋ ਤਿਲ ਫੁਲ ਸਰਿਆ ਹੈ ਹਾਜ਼ਰ ਕਰ ਦਿੱਤਾ ਹੈ।

ਗੁਰੂ ਜੀ=ਹਾਜ਼ਰ ਕਦੋਂ?

ਸਿੱਖ ਬੋਲਿਆ-ਜੀ, ਚੇਤੋ ਮਸੰਦ ਨੂੰ ਦਿੱਤਾ ਸੀ ਉਹ ਕਹਿੰਦਾ ਹੈ ਪਰਵਾਨ ਹੋ ਗਿਆ ਹੈ। ਸਤਿਗੁਰੂ ਜੀ ਨੇ ਤੋਸ਼ੇਖਾਨੇ ਤੋਂ ਪਤਾ ਮੰਗਵਾਇਆ ਤਾਂ ਖਜ਼ਾਨਚੀ ਨੇ ਦਸਿਆ ਕਿ ਇਸ ਸਿਖ ਦੀ ਮਾਇਆ ਖਜ਼ਾਨੇ ਵਿਚ ਜਮ੍ਹਾ ਹੋ ਚੁਕੀ ਹੈ। ਤਦ ਸਿੱਖ ਨੇ ਦੱਸਿਆ ਗਰੀਬ ਨਿਵਾਜ ! ਇਕ ਹੀਰੇ ਕਣੀਆਂ ਦੀ ਜੜਤ ਦਾ ਚੂੜਾ ਸੀ ਉਹ ਵੀ ਚੇਤੋ ਨੂੰ ਦਿਤਾ ਸੀ, ਪਰ ਖਜ਼ਾਨੇ ਵਿਚ ਇਸ ਦੇ ਦਾਖਲ ਦਾ ਜ਼ਿਕਰ ਨਹੀਂ।

ਇਹ ਸੁਣ ਕੇ ਗੁਰੂ ਜੀ ਮੁਸਕ੍ਰਾਏ ਤੇ ਚੇਤੋ ਨੂੰ ਬੁਲਾ ਭੇਜਿਆ। ਜਿਸ ਵੇਲੇ ਚੇਤੋ ਆਇਆ ਤੇ ਚੂੜੇ ਵਾਲੇ ਸਿੱਖ ਨੂੰ ਬੈਠਾ ਵੇਖਿਆ ਤਾਂ ਭੁਬਕ ਪਿਆ। ਕਵੀ ਜੀ ਲਿਖਦੇ ਹਨ:-

'ਗੁਰ ਮਾਯਾ ਚੇਤੋ ਬਿਰਮਾਇਓ। ਲੋਭ ਲਹਰ ਮੈਂ ਗੋਤਾ ਖਾਇਓ।
ਜਿਸ ਨੇ ਬੜੇ ਬੜੇ ਭਰਿਕਾਏ। ਕਯਾ ਬਪੁਰਾ ਚੇਤੋ ਠਹਿਰਾਏ।'

(ਗੁਰ ਪ੍ਰਤਾਪ ਸੂਰਜ, ਰੁਤ ੩ ਅੰਸੂ ੧੪)

ਸਿੱਖ ਨੇ ਚੇਤੋ ਨੂੰ ਪੁਛਿਆ, ਜੋ ਤਿਲ ਫੁਲ ਮੈਂ ਗੁਰੂ ਜੀ ਵਾਸਤੇ ਲਿਆਇਆ ਸੀ ਉਹ ਖਜ਼ਾਨੇ ਪਹੁੰਚ ਗਿਆ ਹੈ ਪਰ ਚੂੜਾ ਨਹੀਂ ਪੁੱਜਾ।

ਚੇਤੋ ਨੇ ਕਿਹਾ-ਸਿੱਖਾ ! ਝੂਠ ਕਿਉਂ ਬੋਲਦਾ ਹੈਂ, ਕਿਸੇ ਹੋਰ ਨੂੰ ਦਿੱਤਾ ਹੋਣਾ ਹੈ ਤੇ ਮੇਰੇ ਸਿਰ ਐਵੇ ਦੋਸ਼ ਕਿਉਂ ਲਾਉਂਦਾ ਹੈਂ।

ਸਤਿਗੁਰਾਂ ਨੇ ਕਿਹਾ-ਚੇਤੋ ! ਮੈਨੂੰ ਚੂੜੇ ਦੀ ਲੋੜ ਨਹੀਂ, ਤੈਨੂੰ ਚੰਗਾ ਲਗਾ ਹੈ ਤਾਂ ਤੂੰ ਹੀ ਲੈ ਲਈਂ ਪਰ ਇਕ ਵਾਰੀ ਦਿਖਾ ਤਾਂ ਦੇ, ਸਿੱਖ ਦੀ ਭਾਵਨਾ ਪੂਰੀ ਹੋ ਜਾਵੇਗੀ।

ਚੇਤੋ ਸੁਣਦੇ ਸਾਰ ਗੁੱਸੇ ਵਿਚ ਆ ਗਿਆ, ਪਹਿਲੋਂ ਸਿੱਖ ਨੂੰ ਝਿੜਕਿਆ, ਫਿਰ ਗੁਰੂ ਜੀ ਨੂੰ ਕਹਿਣ ਲੱਗਾ, ਆਪ ਮੈਨੂੰ ਚੋਰ ਸਮਝਦੇ ਹੋ ਤੇ ਇਸ ਸਿੱਖ ਨੂੰ ਸਾਧ ਸਮਝਦੇ ਹੋ। ਐਵੇਂ ਕੋਸਣ ਲਗ ਪੈਂਦੇ ਹੋ, ਸਾਡੀ ਕਦਰ ਹੀ ਨਹੀਂ ਪਾਉਂਦੇ।

ਗੁਰੂ ਜੀ ਬੋਲੇ-ਚੇਤੋ ! ਦੇਖ ਹੋਸ਼ ਕਰ ਤੈਨੂੰ ਦਸਾਂ ਸੱਚ ਝੂਠ ਦੇ ਨਿਤਾਰਨ ਦੀ ਜਾਚ ਮੈਨੂੰ ਹੈ ਕਿ ਨਹੀਂ? ਸੱਚ ਬੋਲ ਦੇ ਨਹੀਂ ਤਾਂ ਹੁਣੇ ਹੀ ਮੈਂ ਤੈਨੂੰ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਕੇ ਦਿਖਾ ਦਿੰਦਾ ਹਾਂ।

ਚੇਤੋ ਬੋਲਿਆ-ਆਪ ਜ਼ੋਰਾਵਰੀਆਂ ਕਰਦੇ ਹੋ ਤਦ ਸਤਿਗੁਰੂ ਜੀ ਨੇ ਪੰਜ ਸਿਖ ਸ਼ਸਤ੍ਰਧਾਰੀ ਬੁਲਾਏ ਹੁਕਮ ਦਿੱਤਾ ਜਾਓ ਚੇਤੋ ਦੇ ਘਰ, ਉਪਰਲੇ ਚੁਬਾਰੇ ਤੇ ਚੜ੍ਹ ਜਾਓ, ਉਸ ਵਿਚ ਤਾਕੀ ਹੈ, ਜੰਦਰਾ ਤੋੜ ਦਿਓ ਤੇ ਉਸ ਵਿਚੋਂ ਜੜਾਊ ਚੂੜਾ ਕੱਢ ਲਿਆਓ। ਜਾਂ ਸਿੱਖ ਟੁਰ ਗਏ ਤਾਂ ਚੇਤੋ ਨਿੰਮੋਝੂਣਾ ਹੋ ਗਿਆ। ਥੋੜ੍ਹੇ ਚਿਰ ਮਗਰੋਂ ਸਿੱਖਾਂ ਨੇ ਆ ਕੇ ਚੂੜਾ ਸਤਿਗੁਰਾਂ ਦੇ ਹਜ਼ੂਰ ਪੇਸ਼ ਕਰ ਦਿੱਤਾ।

ਗੁਰੂ ਜੀ ਨੇ ਕਿਹਾ-ਸਿੱਖਾ ! ਕੀ ਤੇਰਾ ਚੂੜਾ ਇਹੋ ਹੀ ਹੈ?

ਤਾਂ ਸਿੱਖ ਬੋਲਿਆ-ਜੀ ਪਾਤਸ਼ਾਹ ! ਇਹੋ ਹੀ ਹੈ। ਇਹ ਗੱਲ ਸੁਣ ਕੇ ਸਿੱਖ ਵਲ ਤਾਂ ਆਪ ਮਿਹਰ ਤੇ ਪਿਆਰ ਨਾਲ ਤੱਕੇ ਪਰ ਚੇਤੋ ਵਲ ਗੁੱਸੇ 'ਚ ਲਾਲ ਅੱਖਾਂ ਨਾਲ ਤੱਕ ਕੇ ਬੋਲੇ:-

ਚੇਤੋ ! ਨਾਲੇ ਚੋਰ ਨਾਲੇ ਚਤੁਰ। ਹੁਣ ਦੱਸ, ਮੇਰਾ ਸਿੱਖ ਝੂਠਾ ਹੈ ਕਿ ਤੂੰ ? ਮਤ ਮੇਰੇ ਸਿੱਖ ਦੀ ਮਾਰੀ ਗਈ ਕਿ ਤੇਰੀ? ਕਦਰ ਮੈਂ ਨਹੀਂ ਪਾਈ ਤੁਹਾਡੀ ਕਿ ਤੁਸਾਂ ਨਹੀਂ ਸਿਞਾਤਾ ਮੈਨੂੰ।

ਕਿਰਤੁ ਨਿੰਦਕ ਕਾ ਧੁਰਿ ਹੀ ਪਇਆ॥
ਨਾਨਕ ਜੋ ਤਿਸੁ ਭਾਵੈ ਸੋਈ ਥਿਆ॥ ੬॥

ਨਿੰਦਕ ਪੁਰਸ਼ ਦਾ ਨਿੰਦਿਆ ਕਰਨ ਵਾਲਾ ਕਿਰਤੁ=ਕਰਮ ਧੁਰ ਤੋਂ ਹੀ ਲਿਖਿਆ ਪਿਆ ਹੈ। ਗੁਰੂ ਸਾਹਿਬ ਜੀ ਕਹਿੰਦੇ ਹਨ-ਜੋ ਉਸ ਪ੍ਰਭੂ ਨੂੰ ਭਾਉਂਦਾ ਹੈ ਸੋਈ ਥਿਆ=ਉਹੀ ਕੁਝ ਹੁੰਦਾ ਹੈ॥ ੬॥

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥

ਸੰਤਾਂ ਦਾ ਦੋਖੀ=ਨਿੰਦਕ ਬਿਗੜ ਰੂਪੁ=ਕੋਹੜੀ ਹੋ ਜਾਂਦਾ ਹੈ।

ਸੰਤਾਂ ਦੇ ਦੋਖੀ=ਨਿੰਦਕ ਨੂੰ ਦਰਗਾਹ ਵਿਚ ਬੜੀ ਭਾਰੀ ਸਜ਼ਾ ਮਿਲਦੀ ਹੈ।

ਸੰਤ ਕਾ ਦੋਖੀ ਸਦਾ ਸਹਕਾਈਐ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ॥

ਸੰਤਾਂ ਦਾ ਦੋਖੀ=ਨਿੰਦਕ ਸਦਾ ਹੀ ਸਹਕਾਈਐ=ਸਹਿਕਦਾ ਰਹਿੰਦਾ ਹੈ।

ਸੰਤਾਂ ਦਾ ਦੋਖੀ=ਨਿੰਦਕ ਨਾ ਮਰਦਾ ਹੈ ਨਾ ਜੀਊਂਦਾ ਹੈ।

ਸੰਤ ਕੇ ਦੋਖੀ ਕੀ ਪੁਜੈ ਨ ਆਸਾ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ॥

ਸੰਤਾਂ ਦੇ ਦੋਖੀ=ਨਿੰਦਕ ਦੀ ਆਸਾ ਪੂਰੀ ਨਹੀਂ ਹੁੰਦੀ।

ਸੰਤਾਂ ਦੇ ਦੋਖੀ=ਨਿੰਦਕ ਸੰਸਾਰ ਤੋਂ ਨਿਰਾਸ ਹੀ ਉਠ ਤੁਰਦਾ ਹੈ।

ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ ਜੈਸਾ ਭਾਵੈ ਤੈਸਾ ਕੋਈ ਹੋਇ ॥

ਸੰਤਾਂ ਵਿਚ ਦੂਸ਼ਨ ਅਰੋਪਣ ਕਰਕੇ ਕੋਈ ਭੀ ਤ੍ਰਿਸਟੈ=ਟਿਕਦਾ ਨਹੀਂ। ਜਿਸ ਤਰ੍ਹਾਂ ਦਾ ਹੋਣਾ ਕਿਸੇ ਨੂੰ ਭਾਂਵਦਾ ਹੈ, ਭਾਵੇਂ ਉਸੇ ਤਰ੍ਹਾਂ ਦਾ ਕੋਈ ਹੋ ਜਾਵੇ, ਤੋ ਭੀ ਕੋਈ ਇਸਥਿਤ ਨਹੀਂ ਹੋ ਸਕਦਾ।

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥ ੧॥
ਸਾਧ ਕਾ ਨਿਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥ ੧॥ ਰਹਾਉ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥ ੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ ਬਿਰਾਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥ ੩॥
ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥
ਨਿੰਦਕੁ ਸੋਧਿ ਸਾਧਿ ਬੀਚਾਰਿਆ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥

(ਪੰਨਾ ੬੭੫)

ਪਇਆ ਕਿਰਤੁ ਨ ਮੇਟੈ ਕੋਇ ॥ ਨਾਨਕ ਜਾਨੈ ਸਚਾ ਸੋਇ ॥ ੭ ॥

ਜੋ ਕਰਮ ਕਿਸੇ ਦਾ ਲਿਖਿਆ ਪਿਆ ਹੈ, ਉਸ ਨੂੰ ਭੋਗੇ ਤੋਂ ਬਿਨਾਂ ਕੋਈ ਮੇਟ ਨਹੀਂ ਸਕਦਾ।

ਗੁਰੂ ਜੀ ਕਹਿੰਦੇ ਹਨ-ਉਹ ਸੱਚਾ ਪਰਮੇਸ਼ਰ ਸਭ ਕੁਝ ਜਾਣਦਾ ਹੈ॥ ੭॥

ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥

ਸਾਰੇ ਸਰੀਰ ਉਸ ਪ੍ਰਭੂ ਦੇ ਰਚੇ ਹੋਏ ਹਨ, ਉਹ ਪ੍ਰਭੂ ਆਪ ਹੀ ਕਰਨੈਹਾਰ=ਰਚਣ ਵਾਲਾ ਹੈ। ਅਸੀਂ ਹਮੇਸ਼ਾਂ ਹੀ ਉਸ ਨੂੰ ਨਮਸ਼ਕਾਰ ਕਰਦੇ ਹਾਂ, ਤੁਸੀਂ ਵੀ ਉਸ ਨੂੰ ਸਦਾ ਨਮਸ਼ਕਾਰ ਕਰੋ।

ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥

ਤੁਸੀਂ ਦਿਨ ਰਾਤ ਪ੍ਰਭੂ ਦੀ ਉਪਮਾ ਕਰੋ ਅਤੇ ਸ੍ਵਾਸ ਲੈਂਦਿਆਂ ਗਿਰਾਸਿ=ਭੋਜਨ ਖਾਂਦਿਆਂ ਉਸ ਪ੍ਰਭੂ ਨੂੰ ਸਿਮਰਨਾ ਕਰੋ।

ਸਭੁ ਕਛੁ ਵਰਤੈ ਤਿਸ ਕਾ ਕੀਆ ॥ ਜੈਸਾ ਕਰੇ ਤੈਸਾ ਕੋ ਥੀਆ ॥

ਉਸ ਦਾ ਕੀਤਾ ਹੋਇਆ ਸਭ ਕੁਝ ਵਰਤ ਰਿਹਾ ਹੈ।

ਜਿਹੋ ਜਿਹਾ ਉਹ ਕਰਦਾ ਹੈ, ਉਹੋ ਜਿਹਾ ਕੋਈ ਹੋ ਜਾਂਦਾ ਹੈ।

ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥

ਇਹ ਸੰਸਾਰ ਉਸ ਦਾ ਆਪਣਾ ਖੇਲ ਹੈ, ਉਹ ਆਪ ਹੀ ਇਸ ਖੇਲ ਦੇ ਕਰਨ ਵਾਲਾ ਹੈ।

ਦੂਜਾ ਹੋਰ ਕੌਣ ਹੈ, ਜੋ ਉਸ ਦੇ ਵਿਚਾਰ ਨੂੰ ਕਹਿ ਸਕਦਾ ਹੋਵੇ।

[ਪੰਨਾ ੨੮੧]

ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ॥
ਬਡਭਾਗੀ ਨਾਨਕ ਜਨ ਸੋਇ॥ ੮॥ ੧੩॥

ਉਹ ਪ੍ਰਭੂ ਜਿਸ ਪਰ ਕਿਰਪਾ ਕਰਦਾ ਹੈ ਉਸ ਨੂੰ ਆਪਣਾ ਨਾਮ ਦਾਨ ਦਿੰਦਾ ਹੈ।
ਗੁਰੂ ਜੀ ਫੁਰਮਾਉਂਦੇ ਹਨ-ਓਹੀ ਪੁਰਸ਼ ਵੱਡਿਆਂ ਭਾਗਾਂ ਵਾਲਾ ਹੁੰਦਾ ਹੈ॥ ੮॥ ੧੩॥

ਸਲੋਕੁ॥ ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥

ਹੇ ਸੁਰਿ ਜਨਹੁ=ਸ੍ਰੇਸ਼ਟ ਚਤੁਰ ਪੁਰਸ਼ੋ ! ਆਪਣੇ ਬੁੱਧੀ ਦੀ ਸਿਆਣਪ ਛਡ ਦਿਓ, ਹਰ ਵੇਲੇ ਹਰੀ ਰਾਜੇ ਦਾ ਸਿਮਰਨ ਕਰੋ।

ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ॥ ੧॥

ਗੁਰੂ ਜੀ ਆਖਦੇ ਹਨ-ਇਕ ਵਾਹਿਗੁਰੂ ਦੀ ਆਸਾ ਮਨ ਵਿਚ ਰੱਖੋ ਜਿਸ ਦੀ ਕਿਰਪਾ ਦ੍ਰਿਸ਼ਟੀ ਨਾਲ ਜਨਮ ਮਰਨ ਦਾ ਦੁਖ, (ਪੰਜ ਤ੍ਰਹ੍ਾਂ ਦਾ) ਭਰਮ ਤੇ (ਜਮਾਂ ਦਾ) ਡਰ ਦੂਰ ਹੋ ਜਾਵੇਗਾ।

ਅਸਟਪਦੀ॥

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥

ਮਨੁੱਖ ਦੀ ਸਾਰੀ ਓਟ ਨਿਸਫਲ ਜਾਣਨਾ ਕਰ। ਕਿਉਂਕਿ ਮਨੁੱਖ ਤਾਂ ਆਪ ਮੰਗਤਾ ਹੈ।
ਦਾਤਾਂ ਦੇ ਦੇਵਣ ਨੂੰ ਤਾਂ ਇਕ ਪਰਮੇਸ਼ਰ ਹੀ ਸਮਰੱਥ ਹੈ।

ਜਿਸ ਕੈ ਦੀਐ ਰਹੈ ਅਘਾਇ॥ ਬਹੁਰਿ ਨ ਤ੍ਰਿਸਨਾ ਲਾਗੈ ਆਇ॥

ਜਿਸ ਪ੍ਰਭੂ ਦੇ ਦਿਤਿਆਂ ਮਨੁੱਖ ਐਸਾ ਅਘਾਇ=ਰੱਜ ਰਹਿੰਦਾ ਹੈ।
ਜੋ ਮੁੜ ਕੇ ਤ੍ਰਿਸ਼ਨਾਂ ਆ ਕੇ ਲਗਦੀ ਹੀ ਨਹੀਂ ਹੈ।

ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥

ਉਹ ਇਕ ਪ੍ਰਭੂ ਆਪ ਹੀ ਮਾਰਨ ਤੇ ਰਖਣ ਵਾਲਾ ਹੈ। ਮਨੁੱਖ ਦੇ ਹੱਥ ਵਿਚ ਕੁਝ ਭੀ ਨਹੀ ਹੈ

ਸਾਖੀ-ਇਕ ਗਊ ਤੇ ਸ਼ੇਰ ਦੀ

ਇਕ ਸ਼ੇਰ ਜੰਗਲ ਵਿਚ ਰਹਿੰਦਾ ਸੀ, ਜੋ ਪਹਿਲੇ ਜਨਮ ਵਿਖੇ ਬੜਾ ਭਾਰੀ ਤਪੱਸਵੀ ਸੀ। ਹੰਕਾਰ ਕਰਕੇ ਕਿਸੇ ਭਜਨੀਕ ਮਹਾਤਮਾ ਦਾ ਸਰਾਪ ਮਿਲ ਗਿਆ, ਜਿਸ ਕਰਕੇ ਉਹ ਆਪਣੀ ਜ਼ਿੰਦਗੀ ਦੇ ਸ੍ਵਾਸ ਪੂਰੇ ਕਰਕੇ ਸ਼ੇਰ ਜੂਨੀ ਵਿਚ ਜਾ ਪਿਆ। ਪਰ ਪਿਛਲੇ ਜਨਮ ਦੀ ਸਿੰਮ੍ਰਿਤੀ ਰਹਿਣ ਕਰਕੇ ਬਹੁਤ ਪਸਚਾਤਾਪ ਕਰਦਾ ਰਿਹਾ। ਸ਼ੇਰ ਜੂਨੀ ਵਿਚ ਵੀ ਪ੍ਰਭੂ ਦਾ ਸਿਮਰਨ ਕਰਦਾ ਰਿਹਾ, ਤੀਜੇ ਦਿਨ ਆਪਣੇ ਆਸ਼ਰਮ ਪਰ ਜੋ ਜਾਨਵਰ ਆ ਜਾਵੇ ਉਸਨੂੰ ਖਾ ਕੇ ਆਪਣੀ ਪੇਟ ਪੂਰਤੀ ਕਰਦਾ ਸੀ।

ਇਸ ਨਿਯਮ ਅਨੁਸਾਰ ਤੀਜੇ ਦਿੰਨ ਉਸ ਦੇ ਆਸ਼੍ਰਮ ਪਰ ਗਊ ਆ ਗਈ। ਜਦ ਉਸਨੂੰ ਸ਼ੇਰ ਮਾਰਨ ਲੱਗਾ

ਤਾਂ ਗਊ ਨੇ ਕਿਹਾ, ਮੈਨੂੰ ਨਾ ਮਾਰ, ਮੇਰੀ ਇਕ ਵੱਛੀ ਅੱਠ ਦਿਨ ਦੀ ਹੈ, ਉਸਨੂੰ ਕੌਣ ਪਾਲੇਗਾ? ਤਾਂ ਸ਼ੇਰ ਨੇ ਕਿਹਾ ਪਾਲਣ ਵਾਲਾ ਪ੍ਰਭੂ ਹੈ, ਤੂੰ ਵੱਛੀ ਦਾ ਖਿਆਲ ਛਡ ਦੇ। ਗਊ ਨੇ ਕਿਹਾ ਤੁਸੀਂ ਕੋਈ ਕਹਾਣੀ ਸੁਣਾਓ ਜਿਸ ਤੇ ਮੇਰਾ ਨਿਸਚਾ ਬੱਝ ਜਾਏ। ਸ਼ੇਰ ਨੇ ਕਿਹਾ-ਇਕ ਸੌਦਾਗਰ ਆਪਣੀ ਇਸਤਰੀ ਨੂੰ ਨਾਲ ਲੈ ਕੇ ਜਹਾਜ਼ ਵਿਚ ਬੈਠਕੇ ਵਾਪਾਰ ਕਰਨ ਵਾਸਤੇ ਵਲਾਇਤ ਗਿਆ। ਉਥੋਂ ਦਾ ਕੰਮ ਪੂਰਾ ਕਰਕੇ ਜਦ ਵਾਪਸ ਮੁੜਿਆ ਤਾਂ ਜਹਾਜ਼ ਵਿਚ ਹੀ ਉਸ ਦੇ ਘਰ ਲੜਕਾ ਪੈਦਾ ਹੋ ਗਿਆ। ਉਸੇ ਦਿਨ ਕੁਦਰਤਨ ਸਮੁੰਦਰ ਵਿਚ ਤੂਫਾਨ ਆ ਗਿਆ, ਜਿਸ ਕਰਕੇ ਜਹਾਜ਼ ਟੁਕੜੇ ਟੁਕੜੇ ਹੋ ਗਿਆ।

ਇਕ ਫਟੇ ਪਰ ਬੱਚਾ ਤੇ ਉਸ ਦੀ ਮਾਂ ਰਹਿ ਗਈ। ਥੋੜ੍ਹਾ ਅੱਗੇ ਜਾ ਕੇ ਬੱਚੇ ਦੀ ਮਾਂ ਵੀ ਡੁਬ ਗਈ ਤੇ ਉਹ ਬੱਚਾ ਇਕੱਲਾ ਰਹਿ ਗਿਆ, ਆਪਣੇ ਪੈਰ ਦਾ ਅੰਗੂਠਾ ਮੂੰਹ ਵਿਚ ਪਾ ਕੇ ਚੂਸਣ ਲਗ ਪਿਆ। ਉਸ ਵੇਲੇ ਹੋਰ ਕੋਈ ਰਾਖਾ ਨਹੀਂ ਸੀ ਇਕ ਪ੍ਰਭੂ ਨੇ ਹੀ ਉਸ ਦੀ ਰੱਖਿਆ ਕੀਤੀ। ਫੱਟੇ ਪਰ ਰੁੜ੍ਹਦਾ ਹੋਇਆ ਉਹ ਬੱਚਾ ਸਮੁੰਦਰ ਦੇ ਇਕ ਕਿਨਾਰੇ ਜਾ ਲਗਾ। ਉਸ ਕਿਨਾਰੇ ਪਰ ਇਕ ਰਾਜੇ ਦਾ ਮਕਾਨ ਸੀ। ਉਸ ਪਰ ਖੜੀ ਹੋਈ ਰਾਣੀ ਇਸ ਕੌਤਕ ਨੂੰ ਦੇਖ ਰਹੀ ਸੀ। ਨੌਕਰ ਨੂੰ ਜਲਦੀ ਹੇਠਾਂ ਭੇਜਕੇ ਉਸ ਬੱਚੇ ਨੂੰ ਮੰਗਵਾ ਲਿਆ। ਉਸ ਦੇ ਆਪਣੇ ਘਰ ਸੰਤਾਨ ਕੋਈ ਨਹੀਂ ਸੀ। ਰਾਣੀ ਨੇ ਉਸ ਬੱਚੇ ਨੂੰ ਪੁੱਤ੍ਰ ਸਮਝ ਕੇ ਪਾਲਣਾ ਸ਼ੁਰੂ ਕਰ ਦਿੱਤਾ। ਸਮੇਂ ਅਨੁਸਾਰ ਪੜ੍ਹਾਇਆ ਅਤੇ ਵੱਡਾ ਹੋਣ ਤੇ ਉਸ ਦੀ ਮੰਗਨੀ ਵੀ ਕਰ ਦਿੱਤੀ। ਵਿਆਹ ਤੋਂ ਬਾਅਦ ਵੱਖਰਿਆਂ ਰਹਿਣ ਵਾਸਤੇ ਉਸ ਲਈ ਮਕਾਨ ਵੀ ਵੱਖਰਾ ਬਣਵਾ ਦਿਤਾ। ਅੱਠ ਦਿਨ ਸ਼ਾਦੀ ਹੋਣ ਵਿਚ ਰਹਿੰਦੇ ਸਨ ਉਹ ਲੜਕਾ ਆਪਣੇ ਨਵੇਂ ਬਣੇ ਹੋਏ ਮਕਾਨ ਨੂੰ ਵੇਖਣ ਚਲਾ ਗਿਆ। ਜਦ ਉਸਨੇ ਧੁਰ ਉਪਰ ਜਾਕੇ ਹੇਠਾਂ ਨੂੰ ਵੇਖਿਆ ਤਾਂ ਭਵਾਟੜੀਂ ਖਾ ਕੇ ਥੱਲੇ ਡਿਗਦਿਆਂ ਸਾਰ ਮਰ ਗਿਆ, ਉਸ ਸਮੇਂ ਉਸ ਦੀ ਕੋਈ ਰਖਿਆ ਨਾ ਕਰ ਸਕਿਆ। ਏਸੇ ਕਾਰਨ ਕਰਕੇ ਗੁਰੂ ਜੀ ਨੇ ਕਿਹਾ ਹੈ-

ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥

ਇਹ ਸਾਰੀਆਂ ਗੱਲਾਂ ਪ੍ਰਭੂ ਦੇ ਆਪਣੇ ਹੱਥ ਵਿਚ ਹਨ। ਇਸ ਤਰ੍ਹਾਂ ਦੇ ਬਚਨ ਸ਼ੇਰ ਤੋਂ ਸੁਣਕੇ ਗਊ ਨੂੰ ਧੀਰਜ ਆ ਗਿਆ ਤੇ ਕਿਹਾ, ਆਪ ਮੈਨੂੰ ਇਕ ਵਾਰ ਜਾਣ ਦਿਓ ਆਪਣੀ ਵੱਛੀ ਨੂੰ ਦੁਧ ਪਿਲਾਕੇ ਫਿਰ ਆ ਜਾਵਾਂਗੀ। ਇਹ ਕਹਿ ਕੇ ਗਊ ਚਲੀ ਗਈ ਤੇ ਵੱਛੀ ਨੂੰ ਦੁੱਧ ਪਿਲਾਕੇ ਪਿਆਰ ਦੇ ਕੇ ਚੁੰਮ-ਚੱਟਕੇ ਵਾਪਸ ਸ਼ੇਰ ਪਾਸ ਆ ਗਈ। ਉਸ ਦੇ ਸਤਜ ਨੂੰ ਵੇਖਕੇ ਸ਼ੇਰ ਬੜਾ ਖੁਸ਼ ਹੋਇਆ ਤੇ ਉਸ ਗਊ ਨੂੰ ਕਿਹਾ, ਤੂੰ ਆਪਣੇ ਧਰਮ ਪਰ ਅਟਲ ਰਹੀ ਹੈਂ ਇਸ ਤੇ ਮੈਂ ਤੈਨੂੰ ਕੁਝ ਨਹੀਂ ਕਹਿੰਦਾ। ਇੰਵ ਪ੍ਰਭੂ ਦੀ ਕਿਰਪਾ ਨਾਲ ਗਊ ਸ਼ੇਰ ਤੋਂ ਬਚਕੇ ਆਪਣੇ ਘਰ ਆ ਗਈ। ਇਸ ਕਰਕੇ ਸਿੱਖ ਨੂੰ ਆਪਣੇ ਪ੍ਰਭੂ ਪਰ ਭਰੋਸਾ ਰਖਣਾ ਚਾਹੀਦਾ ਹੈ ਕਿ ਪ੍ਰਭੂ ਹੀ ਸਭ ਦੀ ਪਾਲਣਾ ਕਰਨ ਵਾਲਾ ਹੈ ਅਤੇ ਮਾਰਨ ਰਖਣ ਵਾਲਾ ਭੀ ਉਹੀ ਹੈ।

ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ॥

ਉਸ ਪ੍ਰਭੂ ਦਾ ਹੁਕਮ ਬੁੱਝਿਆਂ ਹੀ ਸੁਖ ਹੁੰਦਾ ਹੈ। ਇਸ ਕਰਕੇ ਉਸ ਦਾ ਨਾਮ ਆਪਣੇ ਕੰਠਿ=ਹਿਰਦੇ ਵਿਚ ਪਰੋਕੇ ਰੱਖ।

ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥ ਨਾਨਕ ਬਿਘਨੁ ਨ ਲਾਗੈ ਕੋਇ॥ ੧॥

ਉਸ ਪ੍ਰਭੂ ਨੂੰ ਮਨ ਕਰਕੇ ਸਿਮਰ, ਬਾਣੀ ਕਰਕੇ ਸਿਮਰ, ਤਨ ਕਰਕੇ ਸਿਮਰ।

ਅਥਵਾ:- ਉਸ ਪ੍ਰਭੂ ਨੂੰ ਬਹਿੰਦਿਆਂ ਸਿਮਰ, ਉਠਦਿਆਂ ਸਿਮਰ, ਸੋਂਦਿਆਂ ਸਿਮਰ।

ਗੁਰੂ ਜੀ ਕਹਿੰਦੇ ਹਨ-ਇਸ ਤਰ੍ਹਾਂ ਸਿਮਰਨ ਕਰਨ ਨਾਲ ਤੈਨੂੰ ਕੋਈ ਵਿਘਨ ਨਹੀਂ ਲਗੇਗਾ।

ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥

ਹੇ ਪੁਰਸ਼ਾ ! ਮਨ ਵਿਚ ਨਿਰੰਕਾਰ ਪ੍ਰਭੂ ਦੀ ਉਸਤਤੀ ਕਰ। ਹੇ ਮੇਰੇ ਮਨ ! ਸਤਿਨਾਮੁ ਜਪਣ ਦਾ ਹੀ ਵਿਹਾਰ ਕਰ। *ਅਥਵਾ*-ਵਿਹਾਰ ਦੇ ਵਾਧੇ ਲਈ ਭੀ ਸਚਾ ਵਿਚਾਰ ਕਰ, ਝੂਠਾ ਵਿਹਾਰ ਨਾ ਕਰ।

ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥

ਜ਼ਬਾਨ ਨਾਲ ਨਿਰਮਲ ਪ੍ਰਭੂ ਦਾ ਨਾਮ-ਅੰਮ੍ਰਿਤ ਪੀਣਾ ਕਰ।

ਇਉਂ ਆਪਣੇ ਜੀਉ=ਮਨ ਨੂੰ ਸਦਾ ਲਈ ਸੁਹੇਲਾ=ਸੁਖੀ ਕਰ ਲੈ।

ਨੈਨਹੁ ਪੇਖੁ ਠਾਕੁਰ ਕਾ ਰੰਗੁ ॥ ਸਾਧਸੰਗਿ ਬਿਨਸੈ ਸਭ ਸੰਗੁ ॥

ਆਪਣੇ ਨੈਨਹੁ=ਅੱਖਾਂ ਨਾਲ ਠਾਕੁਰ ਦਾ ਹੀ ਰੰਗੁ=ਕੌਤਕ ਵੇਖਣਾ ਕਰ ਅਤੇ ਸਤਸੰਗਤ ਕਰ ਕਿਉਂਕਿ ਸਤਸੰਗਤਿ ਕਰਨ ਨਾਲ ਸਾਰਾ ਸੰਗੁ=ਕੁਸੰਗ ਨਾਸ ਹੋ ਜਾਏਗਾ।

ਅਥਵਾ :-ਜੋ ਪਰਮੇਸ਼ਰ ਵਲੋਂ ਭੁਲਾ ਕੇ ਆਪਣੇ ਵਲ ਖਿਚਦੇ ਹਨ, ਉਨ੍ਹਾਂ ਸਾਰਿਆਂ ਦਾ ਸੰਗੁ=ਸਬੰਧ ਖ਼ਤਮ ਹੋ ਜਾਏਗਾ।

ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥

ਪੈਰਾਂ ਨਾਲ ਪ੍ਰਭੂ ਦੇ ਮਾਰਗਿ=ਰਸਤੇ ਚਲਣਾ ਕਰ। ਕਿਉਂਕਿ ਥੋੜਾ ਜਿੰਨਾ ਸਮਾਂ ਭੀ ਹਰੀ ਨੂੰ ਜਪੀਏ ਤਾਂ ਸਾਰੇ ਪਾਪ ਮਿਟ ਜਾਣਗੇ। *ਅਥਵਾ*:-ਬਿੰਦ=ਜਾਣਨੇ ਜੋਗ ਹਰੀ ਨੂੰ ਜਪੀਏ ਤਾਂ ਸਾਰੇ ਪਾਪ ਮਿਟ ਜਾਣਗੇ।

ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ ਮਥਾ ॥ ੨ ॥

ਕਰ=ਹੱਥਾਂ ਨਾਲ ਹਰੀ ਦੀ ਪ੍ਰਾਪਤੀ ਦੇ ਕਰਮ ਕਰ, ਭਾਵ ਸੇਵਾ ਟਹਲ ਕਰ।

ਅਤੇ ਕੰਨਾਂ ਕਰਕੇ ਹਰੀ ਦੀ ਕਥਾ ਸੁਣ। ਗੁਰੂ ਜੀ ਆਖਦੇ ਹਨ-ਤਾਂ ਹਰੀ ਦੀ ਦਰਗਾਹ ਵਿਚ ਤੇਰਾ ਮੱਥਾ ਉਜਲਾ ਹੋਵੇਗਾ ॥ ੨ ॥

ਬਡਭਾਗੀ ਤੇ ਜਨ ਜਗ ਮਾਹਿ ॥ ਸਦਾ ਸਦਾ ਹਰਿ ਕੇ ਗੁਨ ਗਾਹਿ ॥

ਉਹ ਪੁਰਸ਼ ਜਗਤ ਵਿਚ ਵਡਿਆਂ ਭਾਗਾਂ ਵਾਲੇ ਹਨ।

ਜੋ ਸਦਾ=ਨਿਤ ਰੂਪ ਹਰੀ ਦੇ ਗੁਣਾਂ ਨੂੰ ਸਦਾ ਹੀ ਗਾਉਂਦੇ ਹਨ।

ਰਾਮ ਨਾਮ ਜੋ ਕਰਹਿ ਬੀਚਾਰ ॥ ਸੇ ਧਨਵੰਤ ਗਨੀ ਸੰਸਾਰ ॥

ਜੋ ਪੁਰਸ਼ ਰਾਮ ਦੇ ਨਾਮ ਦਾ ਵਿਚਾਰ ਕਰਦੇ ਹਨ।

ਸੰਸਾਰ ਵਿਚ ਉਹ ਪੁਰਸ਼ ਧਨਵੰਤ=ਧਨਾਢ ਗਿਣੇ ਜਾਂਦੇ ਹਨ।

ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥

ਜੋ ਮਨੋਂ ਤਨੋਂ ਹੋ ਕੇ ਮੂੰਹ ਨਾਲ ਸਾਰਿਆਂ ਤੋਂ ਮੁਖੀ ਹਰੀ ਦਾ ਨਾਮ ਬੋਲਦੇ ਹਨ।

ਅਥਵਾ:-ਮਨ, ਮੁਖਿ=ਬਾਣੀ, ਤੇ ਤਨਿ=ਸਰੀਰ ਕਰਕੇ ਜੋ ਪੁਰਸ਼ ਸਾਰਿਆਂ ਤੋਂ ਮੁਖੀ ਹਰੀ ਦਾ ਨਾਮ ਬੋਲਦੇ

ਹਨ। ਉਨ੍ਹਾਂ ਨੂੰ ਸਦਾ ਸਦਾ ਹੀ ਸੁਖੀ ਜਾਣਨਾ ਕਰੋ।

ਏਕੋ ਏਕੁ ਏਕੁ ਪਛਾਨੈ॥ ਇਤ ਉਤ ਕੀ ਓਹੁ ਸੋਝੀ ਜਾਨੈ॥

ਤਿੰਨਾਂ ਸਮਿਆਂ ਵਿਚ ਜੋ ਇਕ ਪ੍ਰਭੂ ਨੂੰ ਪਛਾਣਦਾ ਹੈ, *ਅਥਵਾ:*-ਮਨ, ਬਾਣੀ ਸਰੀਰ ਕਰਕੇ ਜੋ ਇਕ ਨੂੰ ਪਛਾਣਦਾ ਹੈ। ਵਾ:-ਇਕੋ ਇਕ ਹਰੀ ਨੂੰ ਜੋ ਇਕ ਕਰਕੇ ਪਛਾਣਦਾ ਹੈ, ਉਹ ਪੁਰਸ਼ ਇਤ ਉਤ=ਲੋਕ ਪ੍ਰਲੋਕ ਦੀ ਸਾਰੀ ਸੋਝੀ=ਗਿਆਤ ਨੂੰ ਜਾਣਦਾ ਹੈ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ ੩॥

ਗੁਰੂ ਜੀ ਕਹਿੰਦੇ ਹਨ-ਜਿਸ ਪੁਰਸ਼ ਦਾ ਮਨ ਇਕ ਨਾਮ ਨਾਲ ਮੰਨਿਆ ਗਿਆ ਹੈ। ਉਸਨੇ ਨਿਰੰਜਨ ਪਰਮਾਤਮਾ ਨੂੰ ਜਾਣ ਲਿਆ ਹੈ॥ ੩॥

ਗੁਰ ਪ੍ਰਸਾਦਿ ਆਪਨ ਆਪੁ ਸੁਝੈ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥

ਗੁਰਾਂ ਦੀ ਕਿਰਪਾ ਨਾਲ ਜਿਸਨੂੰ ਆਪਣਾ ਆਪ ਸੁਝ ਆਉਂਦਾ ਹੈ, ਭਾਵ ਸਰੂਪ ਦੀ ਗਿਆਤ ਹੁੰਦੀ ਹੈ, ਜਾਣਨਾ ਕਰੋ ਉਸ ਦੀ ਤ੍ਰਿਸ਼ਨਾਂ ਰੂਪ ਅਗਨੀ ਬੁਝ ਜਾਂਦੀ ਹੈ।

ਸਾਧਸੰਗਿ ਹਰਿ ਹਰਿ ਜਸੁ ਕਹਤ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ॥

ਜੋ ਸਤਸੰਗ ਵਿਚ ਬੈਠਕੇ ਹਰਿ ਹਰਿ ਦਾ ਜਸ ਆਖਦਾ ਹੈ।

ਉਹ ਹਰੀ ਦਾ ਸੇਵਕ ਜਨ ਸਾਰਿਆਂ ਰੋਗਾਂ ਤੋਂ ਰਹਿਤ ਹੋ ਜਾਂਦਾ ਹੈ।

ਅਨਦਿਨੁ ਕੀਰਤਨੁ ਕੇਵਲ ਬਖ੍ਯਾਨੁ॥ ਗ੍ਰਿਹਸਤ ਮਹਿ ਸੋਈ ਨਿਰਬਾਨੁ॥

ਜੋ ਰਾਤ ਦਿਨ ਕੇਵਲ=ਨਿਰੋਲ ਹਰੀ ਦੇ ਕੀਰਤਨ ਨੂੰ ਹੀ ਬਖ੍ਯਾਨੁ=ਉਚਾਰਨ ਕਰਦਾ ਹੈ। ਉਹ ਪੁਰਸ਼ ਗ੍ਰਿਹਸਤ ਵਿਚ ਰਹਿੰਦਾ ਹੋਇਆ ਵੀ ਨਿਰਬਾਨੁ=ਬੰਧਨਾਂ ਤੋਂ ਰਹਿਤ ਅਤੀਤ ਰੂਪ ਹੈ।

ਏਕ ਊਪਰਿ ਜਿਸੁ ਜਨ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥

ਜਿਸ ਪੁਰਸ਼ ਦੀ ਇਕ ਪਰਮੇਸ਼ਰ ਉੱਤੇ ਆਸਾ ਹੈ।

ਉਸ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

ਪਾਰਬ੍ਰਹਮ ਕੀ ਜਿਸੁ ਮਨਿ ਭੂਖ॥ ਨਾਨਕ ਤਿਸਹਿ ਨ ਲਾਗਹਿ ਦੂਖ॥ ੪॥

ਗੁਰੂ ਜੀ ਫ਼ਰਮਾਉਂਦੇ ਹਨ-ਜਿਸ ਦੇ ਮਨ ਵਿਚ ਪਾਰਬ੍ਰਹਮ ਦੇ ਦਰਸ਼ਨਾਂ ਦੀ ਭੁੱਖ ਹੈ।

ਉਸ ਨੂੰ ਕੋਈ ਕਿਸੇ ਕਿਸਮ ਦਾ ਦੁਖ ਨਹੀਂ ਲਗਦਾ ॥ ੪॥

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ॥ ਸੋ ਸੰਤੁ ਸੁਹੇਲਾ ਨਹੀ ਡੁਲਾਵੈ॥

ਜਿਸ ਸੰਤ ਨੂੰ ਹਰ ਵੇਲੇ ਹਰੀ ਪ੍ਰਭੂ ਮਨ ਵਿਚ ਚੇਤੇ ਆਉਂਦਾ ਹੈ।

ਉਹ ਸੰਤ ਸੁਹੇਲਾ=ਸੁਖੀ ਹੈ, ਉਹ ਆਪਣੇ ਮਨ ਨੂੰ ਡੁਲਾਉਂਦਾ ਨਹੀਂ ਹੈ।

ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ॥ ਸੋ ਸੇਵਕੁ ਕਹੁ ਕਿਸ ਤੇ ਡਰੈ॥

ਆਪਣਾ ਪ੍ਰਭੂ ਜਿਸ ਸੇਵਕ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ।

ਕਹੁ ਖਾਂ ਉਹ ਸੇਵਕ ਫਿਰ ਕਿਸ ਤੋਂ ਡਰਦਾ ਹੈ?

ਜੈਸਾ ਸਾ ਤੈਸਾ ਦ੍ਰਿਸਟਾਇਆ॥ ਅਪੁਨੇ ਕਾਰਜ ਮਹਿ ਆਪਿ ਸਮਾਇਆ॥

ਜੈਸਾ ਪ੍ਰਭੂ ਸੀ, ਉਸ ਨੂੰ ਉਸੇ ਤਰ੍ਹਾਂ ਦਾ ਦ੍ਰਿਸਟਾਇਆ=ਨਿਗਾਹ ਆਇਆ ਹੈ।

ਉਹ ਪ੍ਰਭੂ ਆਪਣੇ ਸੰਸਾਰ ਕਾਰਜ ਵਿਚ ਆਪ ਹੀ ਸਮਾਇਆ ਹੋਇਆ ਹੈ।

ਸੋਧਤ ਸੋਧਤ ਸੋਧਤ ਸੀਝਿਆ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥

ਅੰਨਵੇਂ ਅਖਰਾਂ ਵਲ ਧਿਆਨ ਰਖਣਾ ! ਗੁਰ ਪ੍ਰਸਾਦਿ=ਗੁਰੂ ਦੀ ਕਿਰਪਾ ਨਾਲ ਸੋਧਣ ਵਾਲਾ ਹੋ ਕੇ ਉਸ ਦੀ ਸੋਧ ਨੂੰ ਸੋਧਿਆ। *ਅਥਵਾ:*-ਮਨ ਕਰ ਕੇ ਸੋਧਿਆ, ਬਾਣੀ ਕਰਕੇ ਸੋਧਿਆ ਸਰੀਰ ਕਰਕੇ ਸੋਧਿਆ। *ਅਥਵਾ:*-ਵੇਦਾਂ ਨੂੰ ਸੋਧਿਆ, ਸ਼ਾਸਤ੍ਰਾਂ ਨੂੰ ਸੋਧਿਆ, ਪੁਰਾਣਾਂ ਨੂੰ ਸੋਧਿਆ ਤਾਂ ਸਾਰਿਆਂ ਵੇਦਾਂ ਸ਼ਾਸਤ੍ਰਾਂ ਦੇ ਤਤੁ-ਸਿਧਾਂਤ ਰੂਪ ਪਰਮੇਸ਼ਰ ਨੂੰ ਬੁਝਿਆ=ਜਾਣ ਲਿਆ, ਜਾਂ ਜਾਣਿਆ ਤਾਂ ਹੀ ਸੀਝਿਆ=ਕਲਿਆਣ ਸਰੂਪ ਹੋਏ।

ਜਬ ਦੇਖਉ ਤਬ ਸਭੁ ਕਿਛੁ ਮੂਲੁ॥ ਨਾਨਕ ਸੋ ਸੂਖਮੁ ਸੋਈ ਅਸਥੂਲੁ॥ ੫॥

ਹੁਣ ਮੈਂ ਜਦ ਵੇਖਦਾ ਹਾਂ ਤਦ ਸਭ ਕੁਝ ਮੂਲੁ=ਕਾਰਨ ਰੂਪ ਪਰਮੇਸ਼ਰ ਨੂੰ ਵੇਖਦਾ ਹਾਂ। ਗੁਰੂ ਜੀ ਫੁਰਮਾਉਂਦੇ ਹਨ-ਉਹ ਪਰਮੇਸ਼ਰ ਆਪ ਹੀ ਸੂਖਮੁ=ਨਿਰਗੁਣ ਬ੍ਰਹਮ ਹੋ ਰਿਹਾ ਹੈ, ਉਹ ਆਪ ਹੀ ਅਸਥੂਲੁ=ਸਰਗੁਣ ਸਰੂਪ ਹੋ ਰਿਹਾ ਹੈ॥ ੫॥

ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥

ਵਾਸਤਵ ਵਿਚ ਨਾ ਕੁਝ ਜੰਮਦਾ ਹੈ, ਨਾ ਹੀ ਕੁਝ ਮਰਦਾ ਹੈ।

ਉਹ ਪਰਮੇਸ਼ਰ ਆਪਣੇ ਚਲਿਤੁ=ਕੌਤਕਾਂ ਨੂੰ ਆਪ ਹੀ ਕਰਦਾ ਹੈ।

ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥ *(ਪੰਨਾ ੨੦੯)*

ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥
ਆਗਿਆਕਾਰੀ ਧਾਰੀ ਸਭ ਸ੍ਰਿਸਟਿ॥

ਜੋ ਭੀ ਆਉਣ ਜਾਣ ਵਾਲੀ ਦ੍ਰਿਸਟਿ=ਦਿਸਣ ਵਾਲੀ ਪ੍ਰਗਟ ਤੇ ਅਨ ਦ੍ਰਿਸ੍ਟਿ=ਨਾ ਦਿਸਣ ਵਾਲੀ ਗੁਪਤ ਸ੍ਰਿਸ਼ਟੀ ਹੈ। ਇਹ ਸਾਰੀ ਸ੍ਰਿਸ਼ਟੀ ਉਸ ਨੇ ਆਪਣੇ ਹੁਕਮ ਅੰਦਰ ਧਾਰੀ=ਟਿਕਾਈ ਹੋਈ ਹੈ।

ਅਥਵਾ:-ਇਹ ਸਾਰੀ ਸ੍ਰਿਸ਼ਟੀ ਆਗਿਆਕਾਰੀ=ਮਾਇਆ ਨੇ ਧਾਰੀ=ਬਣਾਈ ਹੈ। *ਅਥਵਾ:*-ਆਉਣਾ ਤੇ ਜਾਣਾ ਅਤੇ ਦ੍ਰਿਸਟਿ=ਦਿਸਣ ਵਾਲਾ ਜਿਤਨਾ ਕੁ ਪ੍ਰਪੰਚ ਹੈ, ਇਹ ਸਾਰਾ ਅਨ ਦ੍ਰਿਸਟਿ=ਦ੍ਵੈਤ ਦ੍ਰਿਸਟੀ ਵਿਚ ਹੈ। ਵਾਸਤਵ ਵਿਚ ਤੇ ਕੁਝ ਭੀ ਨਹੀਂ ਹੈ।

[ਪੰਨਾ ੨੮੨]

ਆਪੇ ਆਪਿ ਸਗਲ ਮਹਿ ਆਪਿ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ॥

'ਆਪੇ ਆਪਿ' ਸ਼ਬਦ ਕਹਿਣ ਨਾਲ ਉਹ ਪ੍ਰਭੂ ਸੁਤੰਤਰ ਹੈ, ਤੇ ਸਾਰਿਆਂ ਵਿਚ ਵਿਆਪਕ ਭੀ ਆਪ ਹੈ। ਵਾ:-ਆਪਣੇ ਆਪ ਤੋਂ ਜੀਵਾਂ ਨੂੰ ਪੈਦਾ ਕਰ ਕੇ ਫਿਰ ਸਭਨਾਂ ਵਿਚ ਆਪ ਹੀ ਪੂਰਨ ਹੈ। ਉਹ ਪ੍ਰਭੂ ਅਨੇਕ ਜੁਗਤੀਆਂ ਨਾਲ ਆਪ ਸੰਸਾਰ ਨੂੰ ਰੱਚਦਾ ਹੈ, ਥਾਪਿ=ਪਾਲਦਾ ਹੈ, ਅਤੇ ਉਥਾਪਿ=ਲਯ ਕਰਦਾ ਹੈ।

ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥

ਅਬਿਨਾਸੀ=ਨਾਸ ਤੋਂ ਰਹਿਤ ਹੋਣ ਕਰ ਕੇ ਪ੍ਰਭੂ ਦਾ ਕਦੇ ਭੀ ਕੁਝ ਖੰਡ=ਨਾਸ ਨਹੀਂ ਹੁੰਦਾ। ਸਾਰੇ ਬ੍ਰਹਮੰਡ ਦੀ ਧਾਰਣਾ ਨੂੰ ਉਹ ਆਪ ਹੀ ਧਾਰ ਰਿਹਾ ਹੈ।

ਅਥਵਾ:- ਨਾਸ ਤੋਂ ਰਹਿਤ ਹੋਣ ਕਰ ਕੇ ਉਹ ਅਬਿਨਾਸੀ ਹੈ, ਉਸ ਵਿਚ ਕੁਝ ਖੰਡ=ਭੇਦ ਭਾਵ ਨਹੀਂ ਹੈ। ਸਾਰੇ ਬ੍ਰਹਮੰਡ ਨੂੰ ਧਾਰਣ=ਮਰਯਾਦਾ ਵਿਚ ਧਾਰ ਰਿਹਾ ਹੈ।

ਅਲਖ ਅਭੇਵ ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥ ੬ ॥

ਅਭੇਵ=ਭੇਦਾਂ ਤੋਂ ਰਹਿਤ ਅਕਾਲ ਪੁਰਖ ਦਾ ਪ੍ਰਤਾਪ ਅਲਖ=ਜਾਣਨ ਤੋਂ ਰਹਿਤ ਹੈ। ਗੁਰੂ ਜੀ ਕਹਿੰਦੇ ਹਨ-ਉਹ ਪਰਮੇਸ਼ਰ ਆਪਣੇ ਨਾਮ ਨੂੰ ਆਪ ਜਪਵਾਏ ਤਾਂ ਹੀ ਜਪਿਆ ਜਾਂਦਾ ਹੈ।

ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥ ਸਗਲ ਸੰਸਾਰੁ ਉਧਰੈ ਤਿਨ ਮੰਤ ॥

ਜਿਸ ਨੇ ਪ੍ਰਭੂ ਨੂੰ ਜਾਣਿਆ ਹੈ ਉਹ ਪੁਰਸ਼ ਸੋਭਾ ਵਾਲਾ ਹੋਇਆ ਹੈ।

ਉਸ ਦੇ ਮੰਤ੍ਰ ਦੁਆਰਾ ਸਾਰਾ ਸੰਸਾਰ ਉਧਰ ਜਾਂਦਾ ਹੈ।

ਪ੍ਰਭ ਕੇ ਸੇਵਕ ਸਗਲ ਉਧਾਰਨ ॥ ਪ੍ਰਭ ਕੇ ਸੇਵਕ ਦੂਖ ਬਿਸਾਰਨ ॥

ਪ੍ਰਭੂ ਦੇ ਸੇਵਕ ਸਭਨਾਂ ਦਾ ਉਧਾਰ ਕਰਦੇ ਹਨ।

ਪ੍ਰਭੂ ਦੇ ਸੇਵਕ ਦੁੱਖਾਂ ਨੂੰ ਬਿਸਾਰਨ=ਨਾਸ ਕਰਦੇ ਹਨ।

ਆਪੇ ਮੇਲਿ ਲਏ ਕਿਰਪਾਲ ॥ ਗੁਰ ਕਾ ਸਬਦੁ ਜਪਿ ਭਏ ਨਿਹਾਲ ॥

ਕਿਰਪਾਲੂ ਪਰਮੇਸ਼ਰ ਨੇ ਆਪ ਕਿਰਪਾ ਕਰਕੇ ਜਿਸ ਨੂੰ ਸਤਸੰਗਤ ਨਾਲ ਮੇਲ ਲਿਆ ਹੈ।

ਉਹ ਗੁਰਾਂ ਦਾ ਉਪਦੇਸ਼ ਜਪ ਕੇ ਨਿਹਾਲ=ਦੁੱਖਾਂ ਤੋਂ ਰਹਿਤ ਹੋਇਆ ਹੈ। ਪਿਛਲੇ ਪ੍ਰਸੰਗ ਅਨੁਸਾਰ ਇਸਦਾ ਅਰਥ ਇਸ ਤਰ੍ਹਾਂ ਭੀ ਕਰਦੇ ਹਨ ਕਿ-ਕਿਰਪਾਲੂ ਪਰਮੇਸ਼ਰ ਨੇ ਆਪਣੇ ਸੇਵਕਾਂ ਨੂੰ ਆਪਣੇ ਨਾਲ ਮੇਲ ਲਿਆ ਹੈ। ਪ੍ਰਭੂ ਦੇ ਸੇਵਕ ਗੁਰਾਂ ਦਾ ਉਪਦੇਸ਼ ਜਪ ਕੇ ਨਿਹਾਲ ਹੋਏ ਹਨ।

ਉਨ ਕੀ ਸੇਵਾ ਸੋਈ ਲਾਗੈ ॥ ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥

ਉਨ੍ਹਾਂ ਪ੍ਰਭੂ ਦੇ ਸੇਵਕਾਂ ਦੀ ਸੇਵਾ ਵਿਚ ਓਹੀ ਪੁਰਸ਼ ਲਗਦਾ ਹੈ।

ਜਿਸ ਵਡਭਾਗੀ ਉੱਤੇ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ।

ਨਾਮੁ ਜਪਤ ਪਾਵਹਿ ਬਿਸ੍ਰਾਮੁ ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥ ੭ ॥

ਜੋ ਪੁਰਸ਼ ਨਾਮ ਜਪਦੇ ਹੋਏ ਆਪਣੇ ਬਿਸ੍ਰਾਮ=ਟਿਕਾਅ ਵਿਚ ਟਿਕ ਜਾਂਦੇ ਹਨ। ਗੁਰੂ ਜੀ ਕਹਿੰਦੇ ਹਨ-ਉਨ੍ਹਾਂ ਪੁਰਸ਼ਾਂ ਨੂੰ ਸਾਰਿਆਂ ਤੋਂ ਉੱਤਮ ਕਰਕੇ ਮੰਨ ॥ ੭ ॥

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ ਸਦਾ ਸਦਾ ਬਸੈ ਹਰਿ ਸੰਗਿ ॥

ਉਹ ਉੱਤਮ ਪੁਰਸ਼ ਜੋ ਕੁਝ ਭੀ ਕਰਦਾ ਹੈ ਉਹ ਪ੍ਰਭੂ ਦੇ ਰੰਗਿ=ਪ੍ਰੇਮ, ਵਾ:-ਅਨੰਦ ਵਿਚ ਕਰਦਾ ਹੈ। ਉਹ ਉੱਤਮ ਪੁਰਸ਼ ਸਦਾ=ਨਿਤ ਸਰੂਪ ਹਰੀ ਦੇ ਨਾਲ ਸਦਾ ਹੀ ਵਸਦਾ ਰਹਿੰਦਾ ਹੈ। ਜੇ ਕਿਸੇ ਵੇਲੇ ਕਰਮ ਅਨੁਸਾਰ ਉਸ ਨੂੰ ਕੋਈ ਮੁਸ਼ਕਲ ਆ ਬਣੇ ਤਾਂ ਉਹ ਕਹਿੰਦਾ ਹੈ, ਕਿ-ਪਰਮੇਸ਼ਰ ਦੇ ਹੁਕਮ ਵਿਚ

ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥

ਸਹਜ ਸੁਭਾਇ=ਸੁਤੇ ਸਿੱਧ ਜੋ ਹੋ ਰਿਹਾ ਹੈ, ਸੋ ਹੋਇ=ਉਹ ਹੋਈ ਜਾਵੇ ਤਾਂ ਕਿ ਕਰਮਾਂ ਦਾ ਹਿਸਾਬ ਮੁਕ ਜਾਵੇ। ਉਹ ਹਰ ਵੇਲੇ ਉਸ ਕਰਨਹਾਰ ਪਰਮੇਸ਼ਰ ਨੂੰ ਹੀ ਪਛਾਣਦਾ ਹੈ।

ਸਾਖੀ-ਪਿੰਗਲੇ ਲੜਕੇ ਦੀ

ਇਕ ਬ੍ਰਾਹਮਣ ਦੇ ਘਰ ਪਿੰਗਲਾ ਲੜਕਾ ਜੰਮਿਆ। ਜਦ ਉਹ ਕੁਝ ਵੱਡਾ ਹੋਇਆ ਤਾਂ ਉਸ ਦਾ ਪਿਤਾ ਉਸ ਨੂੰ ਕੁਛੜ ਚੁਕ ਕੇ ਰਾਜ-ਸਭਾ ਵਿਚ ਲੈ ਗਿਆ। ਅੱਗੇ ਸਭਾ ਵਿਚ ਕੋਈ ਗੱਲ ਬਾਤ ਚਲ ਰਹੀ ਸੀ। ਪੁੱਤਰ ਨੇ ਪਿਤਾ ਨੂੰ ਕਿਹਾ, ਜੇ ਹੁਕਮ ਕਰੋ ਤਾਂ ਇਸ ਗੱਲ ਦਾ ਜਵਾਬ ਮੈਂ ਦਿਆਂ। ਪਿਤਾ ਨੇ ਅੱਗੋਂ ਘੂਰ ਕੇ ਕਿਹਾ, 'ਚੁਪ ਕਰ ਮੂਰਖਾ, ਤੂੰ ਭਲਾ ਸਭਾ ਵਿਚ ਕੀ ਉੱਤਰ ਦੇ ਸਕਦਾ ਹੈਂ? ਤੂੰ ਤਾਂ ਸਾਨੂੰ ਅੰਨ ਤੋਂ ਵੀ ਭਾਰੂ ਹੈਂ। ਤੇਰੀ ਤਾਂ ਰੋਟੀ ਵੀ ਸਾਨੂੰ ਚੱਟੀ ਭਰਨੀ ਪੈਂਦੀ ਹੈ।'

ਪੁੱਤਰ ਨੇ ਬੜੀ ਨਿੰਮ੍ਰਤਾ ਤੇ ਨਿਡਰਤਾ ਨਾਲ ਕਿਹਾ, 'ਮੈਂ ਤਾਂ ਵਾਹਿਗੁਰੂ ਦਾ ਦਿੱਤਾ ਹੀ ਖਾਂਦਾ ਹਾਂ, ਤੁਹਾਡਾ ਮੇਰੇ ਤੇ ਕੋਈ ਅਹਿਸਾਨ ਨਹੀਂ।' ਬ੍ਰਾਹਮਣ ਹੈਰਾਨ ਤੇ ਗੁਸੇ ਹੋ ਕੇ ਘਰ ਆਇਆ ਤੇ ਘਰ ਵਾਲੀ ਨੂੰ ਕਹਿਣ ਲਗਾ, 'ਲੈ ਆਪਣੇ ਲਾਡਲੇ ਦੀਆਂ ਗੱਲਾਂ ਸੁਣ ਲੈ, ਕਹਿੰਦਾ ਈ ਮੈਂ ਤਾ ਰੱਬ ਦਾ ਦਿੱਤਾ ਖਾਂਦਾ ਹਾਂ।' ਬ੍ਰਾਹਮਣੀ ਨੇ ਵੀ ਗੁੱਸੇ ਨਾਲ ਕਿਹਾ, 'ਜੇ ਇਉਂ ਕਹਿੰਦਾ ਹੈ ਤਾਂ ਕਿਸੇ ਜੰਗਲ ਵਿਚ ਛਡ ਆਵੋ। ਆਪੇ ਇਸ ਨੂੰ ਪਤਾ ਲਗ ਜਾਵੇਗਾ ਕਿ ਵੱਡਿਆ ਦੇ ਅੱਗੇ ਕਿਵੇਂ ਬੋਲੀਦਾ ਹੈ।' ਬ੍ਰਾਹਮਣ ਲੜਕੇ ਨੂੰ ਜੰਗਲ ਵਿਚ ਇਕ ਦਰੱਖਤ ਹੇਠ ਛੱਡ ਆਇਆ। ਵਾਹਿਗੁਰੂ ਨੇ ਆਪਣੀ ਕੁਦਰਤ ਨਾਲ ਉਸ ਦਰੱਖਤ ਨੂੰ ਛਪਰੀ ਵਾਂਗ ਬਣਾ ਦਿੱਤਾ। ਤੇ ਨਾਲ ਹੀ ਇਕ ਪਾਣੀ ਦਾ ਝਰਨਾ ਬਣਾ ਦਿਤਾ। ਰੱਬ ਦੀ ਪ੍ਰੇਰਨਾ ਨਾਲ ਜੰਗਲ ਦੇ ਪੰਛੀ ਫਲ ਫੁਲ ਲਿਆ ਕੇ ਇਸ ਨੂੰ ਖੁਆਣ ਲਗ ਪਏ। ਲੜਕਾ ਸਾਰਾ ਦਿਨ ਰਾਮ ਰਾਮ ਕਰਦਾ ਰਹੇ।

ਇਕ ਦਿਨ ਫਿਰਦੇ ਫਿਰਾਂਦੇ ਨਾਰਦ ਜੀ ਆ ਗਏ। ਉਹਨਾਂ ਨੇ ਰਾਮ ਰਾਮ ਦੀ ਅਵਾਜ਼ ਸੁਣੀ ਤਾਂ ਬੱਚੇ ਪਾਸ ਆਏ। ਲੜਕੇ ਨੇ ਨਾਰਦ ਜੀ ਨੂੰ ਵੇਖ ਕੇ ਮੱਥਾ ਟੇਕਿਆ। ਨਾਰਦ ਜੀ ਨੇ ਪੁਛਿਆ, 'ਕਾਕਾ ਮੈਨੂੰ ਪਛਾਣ ਲਿਆ ਈ? ਮੈ ਕੌਣ ਹਾਂ?' ਲੜਕੇ ਨੇ ਕਿਹਾ, 'ਹਾਂ ਜੀ, ਆਪ ਬ੍ਰਹਮਾ ਜੀ ਦੇ ਪੁੱਤਰ ਨਾਰਦ ਮੁਨੀ ਜੀ ਹੋ।' ਨਾਰਦ ਜੀ ਨੇ ਆਖਿਆ 'ਮੇਰੇ ਪਾਸੋਂ ਕੋਈ ਵਰ ਮੰਗ ਲੈ। ਲੜਕੇ ਨੇ ਪੁਛਿਆ, ਪਹਿਲਾਂ ਇਹ ਦੱਸੋ ਕਿ ਮੇਰਿਆਂ ਭਾਗਾਂ ਵਿਚੋਂ ਕੁਝ ਦਿਓਗੇ ਕਿ ਪੱਲਿਓ? ਨਾਰਦ ਜੀ ਹੱਸ ਕੇ ਕਹਿਣ ਲੱਗੇ, 'ਕਾਕਾ ਦਿਆਂਗਾ ਤਾਂ ਤੇਰੇ ਭਾਗਾਂ ਵਿਚੋਂ ਹੀ।' ਲੜਕਾ ਕਹਿਣ ਲੱਗਾ, 'ਫਿਰ ਮੈਂ ਆਪ ਪਾਸੋਂ ਕੁਝ ਵੀ ਨਹੀਂ ਮੰਗਦਾ।' ਨਾਰਦ ਜੀ ਹੈਰਾਨ ਹੋ ਕੇ ਸੋਚਣ ਲਗੇ ਕਿ ਦੇਖੋ ਕਿੰਨਾ ਨਿੱਕਾ ਬੱਚਾ ਹੈ। ਦੇਖੋ ਹੱਥਾਂ ਪੈਰਾਂ ਤੋਂ ਵਾਂਝਾ ਹੈ ਖਾਣ ਪੀਣ ਨੂੰ ਕੁਝ ਹੈ ਨਹੀਂ ਪਰ ਤਦ ਵੀ ਕਿੱਡਾ ਨਿਸ਼ਕਾਮੀ ਹੈ। ਸੋਚਦੇ ਸੋਚਦੇ ਬੜੀ ਹੈਰਾਨੀ ਨਾਲ ਪਿਤਾ ਬ੍ਰਹਮਾ ਜੀ ਪਾਸ ਗਏ। ਜਦ ਬ੍ਰਹਮਾ ਜੀ ਨੂੰ ਸਾਰੀ ਗੱਲ ਦੱਸੀ ਤਾਂ ਉਹ ਵੀ ਬੱਚੇ ਦੇ ਦਰਸ਼ਨ ਕਰਨ ਨੂੰ ਤਿਆਰ ਹੋ ਪਏ। ਬ੍ਰਹਮਾ ਜੀ ਦੀ ਘਰ-ਵਾਲੀ ਸੁਰਸਤੀ ਵੀ ਨਾਲ ਹੀ ਤੁਰ ਪਈ। ਬ੍ਰਹਮਾ ਜੀ ਨੇ ਸੋਚਿਆ 'ਚਲੋ ਵਿਸ਼ਨੂੰ ਜੀ ਪਾਸੋਂ ਵੀ ਹੁੰਦੇ ਚਲੀਏ।' ਜਦੋਂ ਵਿਸ਼ਨੂੰ ਜੀ ਨੇ ਸਾਰੀ ਵਾਰਤਾ ਸੁਣੀ ਉਹ ਵੀ ਲਛਮੀ

ਸਮੇਤ ਬੱਚੇ ਦੇ ਦਰਸ਼ਨ ਨੂੰ ਤੁਰ ਪਏ। ਹੁਣ ਇਨ੍ਹਾਂ ਸਾਰਿਆਂ ਨੇ ਸ਼ਿਵ ਪੁਰੀ ਨੂੰ ਚਾਲੇ ਪਾਏ। ਜਦ ਸ਼ਿਵ ਜੀ ਨੇ ਸਾਰੀ ਵਾਰਤਾ ਸੁਣੀ ਤੇ ਉਹ ਵੀ ਪਾਰਬਤੀ ਸਮੇਤ ਬੱਚੇ ਦੇ ਦਰਸ਼ਨ ਨੂੰ ਤੁਰ ਪਏ। ਤਿੰਨੇ ਦੇਵਤੇ ਉਸ ਜੰਗਲ ਵਿਚ ਆ ਗਏ. ਜਿਥੇ ਉਹ ਲੜਕਾ ਸੀ।

ਨਾਰਦ ਜੀ ਨੇ ਦੂਰੋਂ ਹੀ ਇਸ਼ਾਰੇ ਨਾਲ ਦਸਿਆ ਕਿ ਉਸ ਝਾੜੀ ਵਿਚ ਲੜਕਾ ਬੈਠਾ ਹੈ। ਬ੍ਰਹਮਾ ਜੀ ਨੇ ਕਿਹਾ, 'ਪਹਿਲਾਂ ਮੈਂ ਜਾਂਦਾ ਹਾਂ।' ਜਦ ਇਹ ਲੜਕੇ ਪਾਸ ਆਏ ਤਾ ਲੜਕੇ ਨੇ ਨਮਸ਼ਕਾਰ ਕੀਤੀ। ਬ੍ਰਹਮਾ ਜੀ ਨੇ ਪੁਛਿਆ, 'ਕਾਕਾ ਮੈਨੂੰ ਪਛਾਣ ਲਿਆ ਈ?' ਲੜਕਾ-ਹਾਂ ਜੀ, ਆਪ ਬ੍ਰਹਮਾ ਜੀ ਹੋ। ਬ੍ਰਹਮਾ ਜੀ ਨੇ ਕਿਹਾ, 'ਮੰਗ ਜੋ ਕੁਝ ਮੰਗਣਾ ਈਂ' ਲੜਕੇ ਨੇ ਪੁਛਿਆ ਮੇਰਿਆਂ ਭਾਗਾਂ ਵਿਚੋ ਕੁਝ ਦਿਓਗੇ ਕਿ ਪੱਲਿਓ? ਬ੍ਰਹਮਾ ਜੀ ਨੇ ਕਿਹਾ. 'ਦਿਆਗਾਂ ਤੇ ਤੇਰਿਆਂ ਭਾਗਾਂ ਵਿਚੋਂ ਹੀ।' ਲੜਕੇ ਨੇ ਕਿਹਾ, 'ਫਿਰ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ।'

ਬ੍ਰਹਮਾ ਜੀ ਇਹ ਉੱਤਰ ਸੁਣ ਕੇ ਮੁੜ ਆਏ। ਫਿਰ ਵਿਸ਼ਨੂੰ ਜੀ ਦਰਸ਼ਨ ਕਰਨ ਗਏ। ਲੜਕੇ ਨੇ ਨਮਸ਼ਕਾਰ ਕੀਤੀ। ਵਿਸ਼ਨੂੰ ਜੀ ਨੇ ਪੁਛਿਆ, ਕਾਕਾ ਮੈਨੂੰ ਪਛਾਣ ਲਿਆ ਈ? ਲੜਕਾ-ਹਾਂ ਜੀ, 'ਆਪ ਵਿਸ਼ਨੂੰ ਜੀ ਹੋ' ਵਿਸ਼ਨੂੰ ਜੀ ਨੇ ਪ੍ਰਸੰਨ ਹੋ ਕੇ ਕਿਹਾ 'ਕਾਕਾ ! ਤੂੰ ਬੜਾ ਦੁਖੀ ਜਿਹਾ ਪ੍ਰਤੀਤ ਹੁੰਦਾ ਏਂ। ਮੇਰੇ ਪਾਸੋਂ ਕੋਈ ਵਰ ਮੰਗ ਲੈ।' ਲੜਕੇ ਨੇ ਜਿਵੇਂ ਨਾਰਦ ਜੀ ਤੇ ਬ੍ਰਹਮਾ ਜੀ ਨੂੰ ਉੱਤਰ ਦਿੱਤਾ ਸੀ, ਉਸੇ ਤਰ੍ਹਾਂ ਹੀ ਇਨ੍ਹਾਂ ਨੂੰ ਕਿਹਾ।

ਫਿਰ ਸ਼ਿਵ ਜੀ ਮਹਾਰਾਜ ਗਏ। ਉਹਨਾਂ ਵੀ ਵਰ ਮੰਗਣ ਲਈ ਕਿਹਾ। ਪਰ ਉਸ ਨੇ ਉਹੋ ਹੀ ਉੱਤਰ ਦਿੱਤਾ ਜੋ ਅਗੇ ਦਿੰਦਾ ਸੀ। ਇਸ ਪਰ ਤਿੰਨੇ ਦੇਵਤੇ ਇਕੱਠੇ ਹੋ ਕੇ ਸਲਾਹ ਕਰਨ ਲਗੇ ਕਿ ਇਹ ਲੜਕਾ ਪ੍ਰਭੂ ਦੇ ਕੀਤੇ ਪਰ ਇੰਝ ਪ੍ਰਸੰਨ ਹੈ ਜੋ ਸਾਥੋਂ ਤਾਂ ਕੁਝ ਮੰਗਦਾ ਹੀ ਨਹੀਂ। ਇਸ ਲਈ ਸਾਨੂੰ ਚਾਹੀਦਾ ਹੈ ਕਿ ਆਪੇ ਹੀ ਕੁਝ ਦੇ ਦੇਈਏ। ਬ੍ਰਹਮਾ ਜੀ ਨੇ ਕਿਹਾ. 'ਮੈਂ ਵਰ ਇਹ ਦਿੰਦਾ ਹਾਂ ਕਿ ਇਸ ਦੇ ਸਾਰੇ ਅੰਗ ਪੂਰੇ ਹੋ ਜਾਣ।' ਵਿਸ਼ਨੂੰ ਜੀ ਨੇ ਕਿਹਾ, 'ਮੈਂ ਆਪਣੀ ਖੁਸ਼ੀ ਨਾਲ ਵਰ ਦਿੰਦਾ ਹਾ ਕਿ ਇਹ ਬਾਦਸ਼ਾਹ ਬਣ ਜਾਵੇ।' ਸ਼ਿਵ ਜੀ ਨੇ ਕਿਹਾ, 'ਮੈਂ ਇਹ ਵਰ ਦਿੰਦਾ ਹਾਂ ਕਿ ਇਸ ਨੂੰ ਬਿਨਾ ਪੜ੍ਹਿਆਂ ਹੀ ਚੌਦਾਂ ਵਿਦਿਆ ਆ ਜਾਣ।' ਸੋ ਇੰਜ ਹੀ ਹੋਇਆ ਉਸ ਦੇ ਸਾਰੇ ਅੰਗ ਵੀ ਸੰਪੂਰਨ ਹੋ ਗਏ। ਚੌਦਾਂ ਪ੍ਰਕਾਰ ਦੀ ਵਿਦਿਆ ਭੀ ਪ੍ਰਾਪਤ ਹੋ ਗਈ। ਨਾਲ ਦੇ ਦੇਸ਼ ਦਾ ਰਾਜਾ ਮਰ ਗਿਆ, ਉਸਦਾ ਕੋਈ ਪੁੱਤਰ ਨਹੀਂ ਸੀ, ਇਸ ਲੜਕੇ ਨੂੰ ਦੇਸ਼ ਦਾ ਰਾਜਾ ਬਣਾਇਆ ਗਿਆ।

'ਸਹਜ ਸੁਭਾਇ ਹੋਵੈ ਸੋ ਹੋਇ॥' ਦੇ ਮਹਾਂਵਾਕ ਅਨੁਸਾਰ ਪ੍ਰਭੂ ਦੇ ਕੀਤੇ ਪਰ ਪ੍ਰਸੰਨ ਰਹਿਣ ਕਰਕੇ ਉਸ ਲੜਕੇ ਨੂੰ ਬਹੁਤ ਕੁਝ ਪ੍ਰਾਪਤ ਹੋ ਗਿਆ।

ਪ੍ਰਭ ਕਾ ਕੀਆ ਜਨ ਮੀਠ ਲਗਾਨਾ॥ ਜੈਸਾ ਸਾ ਤੈਸਾ ਦ੍ਰਿਸਟਾਨਾ॥

ਪ੍ਰਭੂ ਦਾ ਕੀਤਾ ਹੋਇਆ ਗੁਰਮੁਖ ਜਨਾਂ ਨੂੰ ਮਿੱਠਾ ਲਗਾਨਾ=ਲੱਗ ਆਇਆ ਹੈ ਜਿਹੋ ਜਿਹਾ ਪ੍ਰਭੂ ਦਾ ਸਰੂਪ ਹੈ ਉਨ੍ਹਾਂ ਗੁਰਮੁਖਾਂ ਨੇ ਤੈਸਾ ਦ੍ਰਿਸਟਾਨਾ=ਉਹੋ ਜਿਹਾ ਵੇਖ ਲਿਆ ਹੈ।

ਜਿਸ ਤੇ ਉਪਜੇ ਤਿਸੁ ਮਾਹਿ ਸਮਾਏ॥ ਓਇ ਸੁਖ ਨਿਧਾਨ ਉਨਹੂ ਬਨਿ ਆਏ॥

ਜਿਸ ਪ੍ਰਭੂ ਤੋਂ ਉਹ ਪੈਦਾ ਹੋਏ ਸਨ ਉਸੇ ਵਿਚ ਹੀ ਸਮਾਂ ਗਏ ਹਨ। ਉਹ ਪ੍ਰਭੂ ਵਿਚ ਜੋ ਸੁਖਾਂ ਦੇ ਨਿਧਾਨ=ਖਜ਼ਾਨੇ ਸਨ। ਉਹ ਉਸੇ ਗੁਰਮੁਖ ਨੂੰ ਹੀ ਬਨਿ ਆਏ=ਪ੍ਰਾਪਤ ਹੋ ਆਏ ਹਨ।

ਆਪਸ ਕਉ ਆਪਿ ਦੀਨੋ ਮਾਨੁ॥ ਨਾਨਕ ਪ੍ਰਭ ਜਨੁ ਏਕੋ ਜਾਨੁ॥੮॥੧੪॥

ਆਪਣੇ ਸੇਵਕ ਨੂੰ ਪ੍ਰਭੂ ਨੇ ਆਪ ਹੀ ਮਾਨੁ=ਆਦਰ ਦਿੱਤਾ ਹੈ।

ਗੁਰੂ ਜੀ ਕਹਿੰਦੇ ਹਨ-ਪ੍ਰਭੂ ਨੂੰ ਤੇ ਸੇਵਕ ਜਨ ਨੂੰ ਇਕ ਸਰੂਪ ਜਾਣਨਾ ਕਰੋ॥ ੮ ॥ ੧੪ ॥

ਹਰਿ ਹਰਿ ਜਨ ਦੁਇ ਏਕ ਹੈਂ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦ ॥ (ਦਸਮ ਗ੍ਰੰਥ, ਪੰਨਾ ੫੯)

ਸਲੋਕੁ ॥ ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥

ਜੋ ਪ੍ਰਭੂ ਸਰਬ ਕਲਾ=ਸਾਰੀਆਂ ਸ਼ਕਤੀਆਂ ਕਰਕੇ ਪੂਰਨ ਹੈ ਅਤੇ ਸਭ ਕਿਸੇ ਦੀ ਬਿਰਥਾ=ਪੀੜਾ (ਤਕਲੀਫ਼) ਜਾਨਣ ਵਾਲਾ ਹੈ।

ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥ ੧ ॥

ਗੁਰੂ ਜੀ ਫ਼ੁਰਮਾਉਂਦੇ ਹਨ-ਜਿਸ (ਪ੍ਰਭੂ) ਦਾ ਸਿਮਰਨ ਕਰਕੇ ਤਰ ਜਾਈਦਾ ਹੈ।
ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ॥ ੧ ॥

ਅਸਟਪਦੀ ॥ ਟੂਟੀ ਗਾਢਨਹਾਰ ਗੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥

ਗੋਪਾਲ=ਗੋ+ਪਾਲ=ਪ੍ਰਿਥਵੀ, ਇੰਦ੍ਰੀਆਂ, ਵੇਦਾਂ ਦਾ ਪਾਲਣ ਵਾਲਾ ਪ੍ਰਭੂ ਟੁੱਟੀ ਹੋਈ ਅਵੱਸਥਾ,
ਗਾ:-ਬਿਰਤੀ, ਢਾ:-ਆਤਮਾਂ ਨੂੰ ਆਪਣੇ ਨਾਲ ਗੰਢਣ ਵਾਲਾ ਹੈ।
ਫਿਰ ਉਹ ਆਪ ਹੀ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈ।

ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥ ਤਿਸ ਤੇ ਬਿਰਥਾ ਕੋਈ ਨਾਹਿ ॥

ਜਿਸ ਦੇ ਮਨ ਵਿਚ ਸਾਰਿਆਂ ਜੀਵਾਂ ਦੀ ਚਿੰਤਾ ਹੈ।
ਉਸ ਪ੍ਰਭੂ ਤੋਂ ਕੋਈ ਭੀ ਬਿਰਥਾ=ਖਾਲੀ ਨਹੀਂ ਹੈ।

ਰੇ ਮਨ ਮੇਰੇ ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ ਆਪੇ ਆਪਿ ॥

ਹੇ ਮੇਰੇ ਮਨ ! ਤੂੰ ਉਸ ਹਰੀ ਨੂੰ ਸਦਾ ਜਪਣਾ ਕਰ। ਉਹ ਪ੍ਰਭੂ ਅਬਿਨਾਸੀ ਆਪੇ ਆਪਿ=ਸੁਤੰਤ੍ਰ ਹੈ।

ਆਪਨ ਕੀਆ ਕਛੁ ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥

ਉਸ ਪ੍ਰਭੂ ਦੀ ਸਹਾਇਤਾ ਤੋਂ ਬਿਨਾਂ ਜੇ ਕੋਈ ਪ੍ਰਾਣੀ ਸਉ=ਸੈਂਕੜੇ ਵਾਰੀ ਭੀ ਇੱਛਾ ਕਰੇ ਤਾਂ ਭੀ ਇਸ ਦਾ ਆਪਣਾ ਕੀਤਾ ਕੁਝ ਨਹੀਂ ਹੁੰਦਾ।

ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥ ੧ ॥

ਉਸ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਤੇਰੇ ਕੀਤੇ ਹੋਏ ਕੰਮ ਕਿਛੁ=ਕਿਸੇ ਅਰਥ ਭੀ ਨਹੀ ਹਨ। ਗੁਰੂ ਜੀ ਫ਼ੁਰਮਾਨ ਕਰਦੇ ਹਨ-ਇਕ ਹਰੀ ਨਾਮ ਨੂੰ ਜਪ ਤਾਂ ਤੇਰੀ ਗਤਿ=ਮੁਕਤੀ ਹੋਵੇਗੀ॥ ੧ ॥

ਰੂਪਵੰਤੁ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥

ਸੁੰਦਰ ਰੂਪ ਵਾਲਾ ਹੋ ਕੇ ਭੀ ਕੋਈ ਉਸ ਨੂੰ ਨਹੀਂ ਮੋਹ ਸਕਦਾ।
ਕਿਉਂਕਿ ਸਾਰਿਆ ਘਟਾਂ ਵਿਚ ਉਸੇ ਪ੍ਰਭੂ ਦੀ ਜੋਤ ਸੋਹੈ=ਸ਼ੋਭ ਰਹੀ ਹੈ।

ਧਨਵੰਤਾ ਹੋਇ ਕਿਆ ਕੋ ਗਰਬੈ ॥ ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥

ਧਨ ਵਾਲਾ ਹੋ ਕੇ ਕੋਈ ਕੀ ਹੰਕਾਰ ਕਰਦਾ ਹੈ। ਜਦ ਸਭ ਕੁਝ ਧਨ ਆਦਿਕ ਪਦਾਰਥ ਉਸੇ ਪ੍ਰਭੂ ਦਾ

ਦਿੱਤਾ ਹੋਇਆ ਹੈ।

ਅਤਿ ਸੂਰਾ ਜੇ ਕੋਊ ਕਹਾਵੈ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ॥

ਜਿਹੜਾ ਕੋਈ ਆਪਣੇ ਆਪ ਨੂੰ ਬੜਾ ਭਾਰੀ ਸੂਰਮਾ ਕਹਾਉਂਦਾ ਹੈ ਤਾਂ ਮਨ ਵਿਚ ਵਿਚਾਰੇ ਉਹ ਪ੍ਰਭੂ ਦੀ ਕਲਾ=ਸ਼ਕਤੀ ਤੋਂ ਬਿਨਾਂ ਕਹ ਧਾਵੈ=ਕਿਥੇ ਦੌੜ ਕੇ ਜਾ ਸਕਦਾ ਹੈ?

ਜੇ ਕੋ ਹੋਇ ਬਹੈ ਦਾਤਾਰੁ॥ ਤਿਸੁ ਦੇਨਹਾਰੁ ਜਾਨੈ ਗਾਵਾਰੁ॥

ਜਿਹੜਾ ਕੋਈ ਆਪਣੇ ਆਪ ਹੀ ਦਾਤਾ ਹੋ ਬੈਠਦਾ ਹੈ। ਤਾਂ ਦਾਤਾਂ ਦੇ ਦੇਣ ਵਾਲਾ ਪ੍ਰਭੂ ਉਸ ਪੁਰਸ਼ ਨੂੰ ਗਾਵਾਰੁ=ਮੂਰਖ ਜਾਣਦਾ ਹੈ।

ਜਿਸੁ ਗੁਰ ਪ੍ਰਸਾਦਿ ਝੂਟੈ ਹਉ ਰੋਗੁ॥ ਨਾਨਕ ਸੋ ਜਨੁ ਸਦਾ ਅਰੋਗੁ॥ ੨॥

ਗੁਰੂ ਜੀ ਆਖਦੇ ਹਨ-ਜਿਸ ਦਾ ਗੁਰੂ ਦੀ ਕਿਰਪਾ ਨਾਲ ਹਉਮੈ ਰੂਪੀ ਰੋਗ ਟੁੱਟ ਗਿਆ ਹੈ, ਉਹ ਪੁਰਸ਼ ਸਦਾ ਹੀ ਅਰੋਗੁ=ਤੰਦਰੁਸਤ ਹੈ॥ ੨॥

ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥

ਜਿਵੇਂ ਮੰਦਰ ਨੂੰ ਥੰਮਨੁ=ਥੰਭਾ ਥਾਮੈ=ਥੰਮਦਾ ਹੈ ਭਾਵ ਟਿਕਾਉਂਦਾ ਹੈ।

ਇਸੇ ਤਰ੍ਹਾਂ ਗੁਰੂ ਦਾ ਉਪਦੇਸ਼ ਹੀ ਮਨ ਨੂੰ ਰੋਕ ਕੇ ਇਸਥਿਤ ਰਖਦਾ ਹੈ।

ਸਾਖੀ-ਇਕ ਮਾਈ ਦੀ-ਵਿਸ਼ਨ ਅਰਪਣ

ਇਕ ਮਾਈ ਨੇ ਸੰਤਾਂ ਨੂੰ ਕਿਹਾ 'ਕਿ ਮਹਾਰਾਜ ਮੈਨੂੰ ਇਸ ਮਨ ਦੇ ਵਸੀਕਾਰ ਕਰਨ ਦੀ ਕੋਈ ਸੌਖੀ ਜਿਹੀ ਯੁਕਤੀ ਦਸ ਦਿਓ। ਮੈਂ ਬਹੁਤਾ ਪੜ੍ਹੀ ਲਿਖੀ ਨਹੀਂ ਹੋਈ, ਪਾਠ ਪੂਜਾ ਕਰਨ ਦਾ ਵਲ ਵੀ ਨਹੀਂ ਜਾਣਦੀ। ਆਪ ਮਿਹਰ ਕਰੋ ਮੈਂ ਇਸ ਮਨ ਨੂੰ ਕਾਬੂ ਕਰਕੇ ਸੰਸਾਰ ਤੋਂ ਪਾਰ ਹੋ ਜਾਵਾਂ।' ਸੰਤਾਂ ਨੇ ਕਿਹਾ, 'ਮਾਈ ਸੇਵਾ ਕਰਿਆ ਕਰ। ਪਰ ਜੋ ਕੁਝ ਵੀ ਕਰੇਂ ਨਿਸ਼ਕਾਮ ਹੀ ਕੀਤਾ ਕਰ। ਏਹੋ ਹੀ ਸਮਝਿਆ ਕਰੀਂ ਕਿ ਮੈਂ ਵਿਸ਼ਨੂੰ ਅਰਪਣ ਕੀਤਾ ਹੈ। ਭਗਵਾਨ ਮਿਹਰ ਕਰੇਗਾ।' ਮਾਈ ਪਾਸੋਂ ਜੋ ਕੁਝ ਹੋ ਸਕਦਾ ਸੀ ਉਹ ਕਰਦੀ ਅਤੇ ਕਰਕੇ ਕਹਿ ਦਿੰਦੀ 'ਵਿਸ਼ਨੂੰ ਅਰਪਣ' ਇਥੋਂ ਤੱਕ ਕਿ ਉਸ ਦੀ ਜ਼ਬਾਨ ਤੇ 'ਵਿਸ਼ਨੂੰ ਅਰਪਣ' ਲਫਜ਼ ਬਹੁਤ ਹੀ ਚੜ੍ਹ ਗਿਆ।

ਇਕ ਦਿਨ ਮਾਈ ਨੇ ਗਲੀ ਵਿਚ ਕੂੜਾ ਸੁਟਿਆ। ਸੁਭਾਵਕ ਹੀ ਆਦਤ ਪਈ ਹੋਣ ਕਰਕੇ ਉਸ ਦੇ ਮੂੰਹੋਂ ਨਿਕਲ ਗਿਆ 'ਵਿਸ਼ਨੂੰ ਅਰਪਣ'। ਗਲੀ ਵਿਚੋਂ ਨਾਰਦ ਜੀ ਜਾਂਦੇ ਪਏ ਸਨ। ਜਦੋਂ ਨਾਰਦ ਜੀ ਨੇ ਦੇਖਿਆ ਕਿ ਮਾਈ ਨੇ ਕੂੜਾ ਸੁਟਿਆ ਹੈ ਤੇ ਸੁਟਕੇ ਕਹਿੰਦੀ ਹੈ ਕਿ 'ਵਿਸ਼ਨੂੰ ਅਰਪਣ' । ਤਾਂ ਨਾਰਦ ਜੀ ਨੂੰ ਬੜਾ ਗੁੱਸਾ ਚੜ੍ਹਿਆ ਤੇ ਉਨ੍ਹਾਂ ਨੇ ਮਾਈ ਨੂੰ ਵਟਕੇ ਇਕ ਚਪੇੜ ਮਾਰੀ ਕਿ ਕੂੜਾ ਸੁਟਕੇ ਤੇ ਕਹਿੰਦੀ ਹੈ 'ਵਿਸ਼ਨੂੰ ਅਰਪਣ' ਤੈਨੂੰ ਸ਼ਰਮ ਨਹੀਂ ਆਉਂਦੀ? ਮਾਈ ਆਪਣੀ ਭੁਲ ਬਖਸ਼ਾਕੇ ਗੱਲ੍ਹ ਮਲਦੀ ਮਲਦੀ ਆਦਤ ਅਨੁਸਾਰ 'ਵਿਸ਼ਨੂੰ ਅਰਪਣ' ਕਹਿਕੇ ਅੰਦਰ ਚਲੀ ਗਈ।

ਨਾਰਦ ਜੀ ਜਿਸ ਵਕਤ ਬੈਕੁੰਠ ਵਿਚ ਗਏ ਤਾਂ ਵਿਸ਼ਨੂੰ ਜੀ ਨੇ ਉਨ੍ਹਾਂ ਵਲ ਪਿਠ ਕਰ ਲਈ ਨਾਰਦ ਜੀ ਨੇ ਹੱਥ ਜੋੜਕੇ ਕਾਰਨ ਪੁਛਿਆ ਤਾਂ ਵਿਸ਼ਨੂੰ ਭਗਵਾਨ ਜੀ ਨੇ ਕਿਹਾ, 'ਤੁਸੀਂ ਅਜ ਸਾਨੂੰ ਚਪੇੜ ਮਾਰੀ ਹੈ। ਇਹ ਦੇਖੋ ਨਿਸ਼ਾਨ ਪਿਆ ਹੋਇਆ ਹੈ।' ਨਾਰਦ ਜੀ ਨੇ ਕਿਹਾ, 'ਮਹਾਰਾਜ ਮੈਂ ਆਪ ਜੀ ਨੂੰ ਚਪੇੜ ਮਾਰ ਸਕਦਾ

ਹਾਂ।' ਭਗਵਾਨ ਜੀ ਕਹਿਣ ਲਗੇ, ਉਸ ਮਾਈ ਨੂੰ ਮਾਰੀ ਸੀ ਕਿ ਨਹੀ। ਨਾਰਦ ਜੀ ਨੇ ਕਿਹਾ, 'ਮਹਾਰਾਜ, ਉਹ ਤਾਂ ਕੂੜਾਂ ਸੁੱਟਕੇ ਤੁਹਾਨੂੰ ਅਰਪਣ ਕਰਦੀ ਪਈ ਸੀ, ਮੈਨੂੰ ਗੁੱਸਾ ਆ ਗਿਆ ਤੇ ਮੈਂ ਚਪੇੜ ਮਾਰ ਦਿਤੀ। ਵਿਸ਼ਨੂੰ ਜੀ ਨੇ ਕਿਹਾ, ਉਸ ਦੀ ਤਾਂ ਆਦਤ ਹੀ ਬਣ ਚੁਕੀ ਹੈ ਕਿ ਉਹ ਸਭ ਕੁਝ ਚੰਗਾ ਮੰਦਾ ਸਾਡੇ ਹੀ ਅਰਪਣ ਕਰਦੀ ਹੈ। ਔਹ ਦੇਖ ਲੈ ਸਾਡੀ ਗਲ੍ਹ ਹਾਲੇ ਤਕ ਚਿਲ੍ਹੂੰ ਚਿਲ੍ਹੂੰ ਪਈ ਕਰਦੀ ਹੈ। ਨਾਰਦ ਜੀ ਨੇ ਮਾਫੀ ਮੰਗੀ ਤੇ ਆਪਣਾ ਅਪਰਾਧ ਖਿਮਾਂ ਕਰਵਾਇਆ।

ਗੁਰੂ ਜੀ ਆਖਦੇ ਹਨ-ਜਿਵੇਂ ਸੰਤਾਂ ਦੇ ਉਪਦੇਸ਼ ਕਰਕੇ ਵਿਸ਼ਨੂੰ ਅਰਪਣ ਕਰਦਿਆਂ ਕਰਦਿਆਂ ਮਾਈ ਦਾ ਮਨ ਟਿਕ ਗਿਆ ਹੈ। ਇੰਜ ਹੀ ਗੁਰੂ ਦੇ ਉਪਦੇਸ਼ ਕਰਕੇ ਸਿੱਖ ਦਾ ਮਨ ਟਿਕ ਜਾਂਦਾ ਹੈ।

ਜਿਉ ਪਾਖਾਣੁ ਨਾਵ ਚੜਿ ਤਰੈ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ॥

ਜਿਵੇਂ ਪਾਖਾਣੁ=ਪੱਥਰ ਨਾਵ=ਬੇੜੀ ਉੱਤੇ ਚੜ੍ਹ ਕੇ ਤਰ ਜਾਂਦਾ ਹੈ।

ਇਸੇ ਤਰ੍ਹਾਂ ਪ੍ਰਾਣੀ=ਪ੍ਰਾਣਧਾਰੀ ਪੁਰਸ਼ ਗੁਰੂ ਚਰਨਾਂ ਦੇ ਆਸਰੇ ਲਗਕੇ ਸੰਸਾਰ-ਸਮੁੰਦਰ ਤੋਂ ਨਿਸਤਰੈ=ਤਰ ਜਾਂਦਾ ਹੈ।

ਜਿਉ ਅੰਧਕਾਰ ਦੀਪਕ ਪਰਗਾਸੁ॥ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ॥

ਜਿਵੇਂ ਹਨ੍ਹੇਰੇ ਵਿਚ ਦੀਵਾ ਬਲਣ ਕਰਕੇ ਚਾਨਣ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਦਾ ਦਰਸ਼ਨ ਵੇਖਦਿਆਂ ਸਾਰ ਹੀ ਮਨ ਗਿਆਨ ਦੁਆਰਾ ਬਿਗਾਸੁ=ਅਨੰਦ ਹੁੰਦਾ ਹੈ।

ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥

ਜਿਵੇਂ ਬੀਆਬਾਨ ਜੰਗਲ ਵਿਚ ਭੁਲੇ ਫਿਰਦੇ ਨੂੰ ਕੋਈ ਮਾਰਗੁ ਪਾਵੈ=ਰਾਹ ਪਾ ਦੇਵੇ ਤਾਂ ਉਸਨੂੰ ਸੁਖ ਹੁੰਦਾ ਹੈ। ਤਿਵੇਂ ਸੰਤਾਂ ਦੇ ਸਤਸੰਗ ਵਿਚ ਮਿਲਦਿਆਂ ਹੀ ਜੋਤਿ=ਜੋਤੀ ਪਰਮਾਤਮਾ ਪਰਗਟ ਹੋ ਆਉਂਦਾ ਹੈ।

ਤਿਨ ਸੰਤਨ ਕੀ ਬਾਛਉ ਧੂਰਿ॥ ਨਾਨਕ ਕੀ ਹਰਿ ਲੋਚਾ ਪੂਰਿ॥ ੩॥

ਗੁਰੂ ਜੀ ਫੁਰਮਾਉਂਦੇ ਹਨ-ਉਨ੍ਹਾਂ ਸੰਤਾਂ ਦੀ ਮੈਂ ਚਰਨ ਧੂੜੀ ਬਾਛਉ=ਚਾਹੁੰਦਾ ਹਾਂ।
ਹੇ ਹਰੀ ! ਮੈਂ ਦਾਸ ਦੀ ਲੋਚਾ=ਇੱਛਾ ਪੂਰੀ ਕਰ ॥ ੩॥

[ਪੰਨਾ ੨੮੩]

ਮਨ ਮੂਰਖ ਕਾਹੇ ਬਿਲਲਾਈਐ॥ ਪੁਰਬ ਲਿਖੇ ਕਾ ਲਿਖਿਆ ਪਾਈਐ॥

ਹੇ ਮੂਰਖ ਮਨ ! ਤੂੰ ਕਿਸ ਵਾਸਤੇ ਵਿਰਲਾਪ ਕਰਦਾ ਹੈਂ, ਭਾਵ ਕਿਉਂ ਰੋਂਦਾ ਹੈਂ।
ਪੂਰਬਲੇ ਲਿਖੇ ਹੋਏ ਕਰਮਾਂ ਦਾ ਫਲ ਲਿਖੇ ਅਨੁਸਾਰ ਹੀ ਪਾਈਦਾ ਹੈ।

ਦੂਖ ਸੂਖ ਪ੍ਰਭ ਦੇਵਨਹਾਰੁ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ॥

ਕਰਮਾਂ ਅਨੁਸਾਰ ਪ੍ਰਭੂ ਆਪ ਹੀ ਦੁਖ ਸੁਖ ਦੇਣ ਵਾਲਾ ਹੈ। ਹੋਰ ਸਭਨਾਂ ਨੂੰ ਛਡ ਕੇ ਤੂੰ ਉਸ ਪ੍ਰਭੂ ਨੂੰ ਚਿਤਾਰੁ=ਚੇਤੇ ਕਰ।

ਜੋ ਕਛੁ ਕਰੈ ਸੋਈ ਸੁਖੁ ਮਾਨੁ॥ ਭੂਲਾ ਕਾਹੇ ਫਿਰਹਿ ਅਜਾਨ॥

ਜੋ ਕੁਝ ਪ੍ਰਭੂ ਕਰਦਾ ਹੈ, ਉਸ ਨੂੰ ਸੁਖ ਕਰਕੇ ਮੰਨ।

ਹੇ ਅਜਾਨ=ਅਗਿਆਤ ਮੂਰਖ ਪੁਰਸ਼ਾ ! ਤੂੰ ਕਿਸ ਵਾਸਤੇ ਭੁਲਿਆ ਫਿਰਦਾ ਹੈਂ।

ਕਉਨ ਬਸਤੁ ਆਈ ਤੇਰੈ ਸੰਗ॥ ਲਪਟਿ ਰਹਿਓ ਰਸਿ ਲੋਭੀ ਪਤੰਗ॥

ਵਿਚਾਰ ਕੇ ਵੇਖ ! ਆਉਣ ਲਗਿਆਂ ਤੇਰੇ ਨਾਲ ਕਿਹੜੀ ਚੀਜ਼ ਆਈ ਸੀ?

ਹੇ ਲੋਭੀ ਪੁਰਸ਼ਾ ! ਤੂੰ ਪਤੰਗੇ ਵਾਂਗ ਜੋ ਇਨ੍ਹਾਂ ਰਸਾਂ ਵਿਚ ਲਪਟਿ=ਫਸ ਰਿਹਾ ਹੈਂ?

ਰਾਮ ਨਾਮ ਜਪਿ ਹਿਰਦੇ ਮਾਹਿ॥ ਨਾਨਕ ਪਤਿ ਸੇਤੀ ਘਰਿ ਜਾਹਿ॥ ੪॥

ਤੂੰ ਆਪਣੇ ਹਿਰਦੇ ਵਿਚ ਰਾਮ ਨਾਮ ਜਪਣਾ ਕਰ।

ਗੁਰੂ ਜੀ ਫੁਰਮਾਉਂਦੇ ਹਨ- ਤਾਂ ਤੂੰ ਪਤਿ ਸੇਤੀ=ਇੱਜ਼ਤ ਨਾਲ ਪਰਲੋਕ ਘਰ ਜਾਵੇਂਗਾ॥ ੪॥

ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥

ਜਿਸ ਵਖਰ=ਸੌਦੇ ਨੂੰ ਲੈਣ ਵਾਸਤੇ ਤੂੰ ਸੰਸਾਰ ਵਿਚ ਆਇਆ ਹੈਂ। ਪ੍ਰਭੂ ਨੇ ਉਹ ਰਾਮ ਨਾਮ ਰੂਪੀ ਸੌਦਾ ਸੰਤਾਂ ਦੇ ਸਤਸੰਗ, ਵਾ:-ਹਿਰਦੇ ਵਿਚ ਪਾਇਆ ਹੋਇਆ ਹੈ।

ਇਸ ਲਈ ਉਹ ਰਾਮ ਨਾਮ ਰੂਪੀ ਸੌਦਾ ਸੰਤਾਂ ਦੇ ਘਰ ਵਿਚੋਂ ਪਾਇਆ ਜਾਂਦਾ ਹੈ।

ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥

ਹੰਕਾਰ ਛਡ ਕੇ ਮਨ ਰੂਪੀ ਮੁਲ ਦੇ ਕੇ ਉਸ ਰਾਮ ਨਾਮ ਰੂਪੀ ਸੌਦੇ ਨੂੰ ਲੈਣਾ ਕਰ। ਅਤੇ ਆਪਣੇ ਹਿਰਦੇ ਵਿਚ ਉਸੇ ਰਾਮ ਨਾਮਿ ਨੂੰ ਤੋਲਿ=ਵਿਚਾਰਨਾ ਕਰ।

ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥

ਇਸ ਰਾਮ ਨਾਮ ਰੂਪ ਸੌਦਾ ਲੱਦ ਕੇ ਸੰਤਾਂ ਨਾਲ ਚਲ।

*ਅਥਵਾ:-*ਸੰਤਾਂ ਦੇ ਸੰਗ ਵਿਚੋਂ ਇਹ ਖੇਪ ਲਦ ਕੇ ਚਲ।

ਅਵਰ=ਹੋਰ ਸਾਰੇ ਬਿਖਿਆ ਜੰਜਾਲ=ਮਾਇਆ ਦੇ ਝਮੇਲੇ ਛਡ ਦੇ।

ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥

ਫਿਰ ਤੈਨੂੰ ਸਭ ਕੋਈ ਇਸ ਲੋਕ ਧੰਨ ਧੰਨ ਕਹੇਗਾ ਅਤੇ ਉਸ ਦੀ ਦਰਗਾਹ ਵਿਚ ਵੀ ਮੂੰਹ ਉਜਲਾ ਹੋਵੇਗਾ। ਭਾਵ ਬੜਾ ਆਦਰ ਮਾਣ ਮਿਲੇਗਾ।

ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥ ੫॥

ਕੋਈ ਵਿਰਲਾ ਹੀ ਇਸ ਵਾਪਾਰ ਨੂੰ ਖਰੀਦਦਾ ਹੈ।

ਗੁਰੂ ਜੀ ਕਹਿੰਦੇ ਹਨ-ਮੈਂ ਉਸ ਤੋਂ ਸਦਾ ਹੀ ਬਲਿਹਾਰੈ=ਕੁਰਬਾਨ ਜਾਂਦਾ ਹਾਂ॥ ੫॥

ਚਰਨ ਸਾਧ ਕੇ ਧੋਇ ਧੋਇ ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥

ਸੰਤਾਂ ਦੇ ਚਰਨਾਂ ਨੂੰ ਧੋ ਧੋ ਕੇ ਪੀਣਾ ਕਰੋ।*

ਅਤੇ ਸੰਤਾਂ ਨੂੰ ਆਪਣਾ ਜੀਉ ਅਰਪਿ=ਅਰਪਣ (ਭੇਟਾ) ਕਰ ਦਿਓ।

ਸਾਧ ਕੀ ਧੂਰਿ ਕਰਹੁ ਇਸਨਾਨੁ॥ ਸਾਧ ਊਪਰਿ ਜਾਈਐ ਕੁਰਬਾਨੁ॥

ਸੰਤਾਂ ਦੀ ਚਰਨ-ਧੂੜੀ ਵਿਚ ਇਸ਼ਨਾਨ ਕਰੋ।

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥ *(ਮਾਂਝ ਮਹਲਾ ੫, ਪੰਨਾ ੧੩੫)*

ਅਤੇ ਸੰਤਾਂ ਦੇ ਉਪਰੋਂ ਬਲਿਹਾਰ ਜਾਣਾ ਕਰੋ।

ਸਾਧ ਸੇਵਾ ਵਡਭਾਗੀ ਪਾਈਐ॥ ਸਾਧਸੰਗਿ ਹਰਿ ਕੀਰਤਨੁ ਗਾਈਐ॥

ਸੰਤਾਂ ਦੀ ਸੇਵਾ ਵਡੇ ਭਾਗਾਂ ਕਰਕੇ ਪ੍ਰਾਪਤ ਹੁੰਦੀ ਹੈ।

ਸੰਤਾਂ ਦੇ ਸੰਗ ਕਰਕੇ ਹੀ ਹਰੀ ਦਾ ਕੀਰਤਨ ਗਾਇਆ ਜਾਦਾ ਹੈ।

ਅਨਿਕ ਬਿਘਨ ਤੇ ਸਾਧੂ ਰਾਖੈ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ॥

ਸੇਵਾ ਕਰਨ ਵਾਲੇ ਨੂੰ ਅਨੇਕ ਤਰ੍ਹਾਂ ਦੇ ਵਿਘਨਾਂ ਤੋਂ ਸਾਧੂ ਰੱਖ ਲੈਂਦਾ ਹੈ।

ਜੋ ਸੇਵਕ ਸਾਧੂਆਂ ਦੀ ਸੰਗਤ ਵਿਚ ਬੈਠ ਕੇ ਹਰੀ ਗੁਣਾਂ ਨੂੰ ਗਾਉਂਦਾ ਹੈ।

ਅਤੇ ਨਾਮ-ਅੰਮ੍ਰਿਤ ਰਸ ਚਾਖੈ=ਚੱਖਦਾ ਹੈ ਭਾਵ ਪੀਂਦਾ ਹੈ।

ਓਟ ਗਹੀ ਸੰਤਹ ਦਰਿ ਆਇਆ॥ ਸਰਬ ਸੂਖ ਨਾਨਕ ਤਿਹ ਪਾਇਆ॥੬॥

ਜਿਸ ਨੇ ਸੰਤਾਂ ਦੇ ਦਰਬਾਰ ਵਿਚ ਆ ਕੇ ਸੰਤਾਂ ਦੀ ਓਟ ਫੜ ਲੀਤੀ ਹੈ।

ਗੁਰੂ ਜੀ ਕਹਿੰਦੇ ਹਨ- ਉਸ ਨੇ ਸਾਰੇ ਸੁੱਖਾਂ ਨੂੰ ਪਾਇਆ ਹੈ॥ ੬॥

ਸਾਖੀ-ਨਾਮ ਮਹਾਤਮ ਦੀ (ਮਹਾਰਾਜਾ ਪ੍ਰਤਾਪ ਸਿੰਘ)

ਮਹਾਰਾਜਾ ਪ੍ਰਤਾਪ ਸਿੰਘ ਜੰਮੂ ਰਿਆਸਤ ਦੇ ਮਾਲਕ ਨੇ ਮਹਾਰਾਜ ਬਾਬਾ ਕਰਮ ਸਿੰਘ ਜੀ ਦੀ ਬੜੀ ਮਹਿਮਾ ਸੁਣੀ ਅਤੇ ਆਪਣੇ ਸਾਰੇ ਪਰਵਾਰ ਸਮੇਤ ਦਰਸ਼ਨ ਕਰਨ ਵਾਸਤੇ ਆਇਆ।

ਹੋਤੀ ਮਰਦਾਨ ਦੇ ਡਿਪਟੀ ਕਮਿਸ਼ਨਰ ਨੇ ਮਹਾਰਾਜ ਦੇ ਸਵਾਗਤ ਵਾਸਤੇ ਬਹੁਤ ਹੀਂ ਸ਼ਾਨਦਾਰ ਪ੍ਰਬੰਧ

**ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਅੰਮ੍ਰਿਤ ਵੇਲੇ ਜਦ ਇਸ਼ਨਾਨ ਕਰਦੇ ਸਨ ਤਾਂ ੧੦੧ ਗਾਗਰ ਦੇ ਪਾਣੀ ਨਾਲ ਇਸ਼ਨਾਨ ਕਰਦੇ ਸਨ, ਇਕ ਗਾਗਰ ਵਿਚ ਤੀਹ ਸੇਰ ਪੱਕਾ ਪਾਣੀ ਪੈਂਦਾ ਸੀ, ਮਹਾਰਾਜ ਜੀ ਦੇ ਇਸ਼ਨਾਨ ਤੋਂ ਬਾਅਦ ਉਸ ਜਗ੍ਹਾ ਸੰਗਤਾਂ ਦਾ ਇਤਨਾਂ ਇਕੱਠ ਹੁੰਦਾ ਸੀ ਜੋ ਕਿ ਉਸ ਇਸ਼ਨਾਨ ਵਾਲੇ ਜਲ ਨੂੰ ਇਕ ਇਕ ਚੁਲਾ ਲੈ ਕੇ ਸ਼ਰਧਾਲੂ ਜਨ ਸਾਰਾ ਹੀ ਪੀ ਜਾਂਦੇ ਸਨ।*

੨. ਸ੍ਰੀ ਮਾਨ ੧੦੮ ਭਜਨ ਮੂਰਤੀ ਸੇਵਾ ਦੇ ਧਨੀ ਬਾਬਾ ਸ਼ਾਮ ਸਿੰਘ ਜੀ ਸੇਵਾ ਪੰਥੀ ਅੱਡਣ ਸ਼ਾਹੀ ਆਟਾ ਮੰਡੀ ਅੰਮ੍ਰਿਤਸਰ ਵਾਲਿਆਂ ਨੇ ਜਿਸ ਵੇਲੇ ਸੰਮਤ ੧੯੮੭ ਵੈਸਾਖ ੧੧ ਨੂੰ ਅਕਾਲ ਚਲਾਣਾ ਕੀਤਾ ਤੇ ਅੰਤਮ ਸਮੇਂ ਦਾ ਇਸ਼ਨਾਨ ਕਰਵਾਇਆ ਤਾਂ ਸਾਰੀ ਸੰਗਤ ਨੇ ਉਸ ਜਲ ਨੂੰ ਅੰਮ੍ਰਿਤ ਰੂਪ ਸਮਝ ਕੇ ਪੀ ਲਿਆ।

ਅਤੇ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਬਾਬਾ ਅਮੀਰ ਸਿੰਘ ਜੀ ਸੇਵਾ ਪੰਥੀ ਅੱਡਣ ਸ਼ਾਹੀ ਸਭਾ ਦੇ ਪ੍ਰਧਾਨ ਸਾਹਿਬ ਬਾਜ਼ਾਰ ਸਤੋਵਾਲਾ ਅੰਮ੍ਰਿਤਸਰ ਵਾਲਿਆਂ ਦਾ ਜਿਸ ਵੇਲੇ ਸੰਮਤ ੨੦੧੧ ਕਤਕ ਦਿਨ ਪਹਿਲੀ ਸੰਗ੍ਰਾਂਦ ਨੂੰ ਅਕਾਲ ਚਲਾਣਾ ਹੋਇਆ ਤੇ ਅੰਤਮ ਸਮੇ ਇਸ਼ਨਾਨ ਕਰਵਾਇਆ ਤਾਂ ਉਸ ਵੇਲੇ ਵੀ ਪੇਮੀਆਂ ਨੇ ਅੱਗੇ ਵਧ ਕੇ ਉਸ ਜਲ ਨੂੰ ਇੰਜ ਪੀਤਾ ਕਿ ਬਾਹਰ ਮੋਰੀ ਵਿਚ ਬੂੰਦ ਵੀ ਨਹੀਂ ਜਾਣ ਦਿੱਤੀ।

ਕਰ ਲਿਆ। ਜਦੋਂ ਮਹਾਰਾਜੇ ਨੂੰ ਪਤਾ ਲਗਾ ਤਾਂ ਉਸ ਨੇ ਰੋਕ ਦਿਤਾ ਕਿ ਮੈਂ ਮੁਰੀਦ ਬਣ ਕੇ ਆਇਆ ਹਾਂ। ਮਹਾਰਾਜਾ ਬਣ ਕੇ ਨਹੀਂ ਆਇਆ। ਰਾਤ ਸਰਕਾਰੀ ਬੰਗਲੇ ਵਿਚ ਠਹਿਰਿਆ।

ਜਦੋਂ ਦੂਸਰੇ ਦਿਨ ਪਰਵਾਰ ਸਮੇਤ ਦੀਵਾਨ ਦੇ ਸਮੇਂ ਡੇਰੇ ਪੁਜਾ ਉਸ ਵੇਲੇ ਸਭ ਸੰਗਤਾਂ ਇਲਾਹੀ ਬਾਣੀ ਦਾ ਕੀਰਤਨ ਸੁਣ ਰਹੀਆਂ ਸਨ।

ਸੇਵਾਦਾਰ ਨੇ ਸੰਤਾਂ ਪਾਸ਼ ਬੇਨਤੀ ਕੀਤੀ-ਗਰੀਬ ਨਿਵਾਜ਼ ! ਜੰਮੂ ਦਾ ਰਾਜਾ ਪ੍ਰਤਾਪ ਸਿੰਘ ਦਰਸ਼ਨਾਂ ਲਈ ਆਇਆ ਹੈ ਹਜ਼ੂਰ ਦਾ ਕੀ ਹੁਕਮ ਹੈ? ਸੰਤਾਂ ਨੇ ਆਗਿਆ ਕੀਤੀ- 'ਬਾਹਰ ਖੁਲ੍ਹੇ ਪੰਡਾਲ ਵਿਚ ਡੇਰਾ ਕਰਵਾ ਦਿਓ ਤੇ ਲੰਗਰੋਂ ਜਲ-ਪਾਣੀ ਛਕਾਓ, ਫਿਰ ਦੀਵਾਨ ਵਿਚ ਪੁਜ ਕੇ ਸੰਗਤਾਂ ਦੇ ਦਰਸ਼ਨ ਕਰ ਲਵੇ, ਜਲ-ਪਾਣੀ ਛਕ ਕੇ ਫਿਰ ਬਾਬਾ ਜੀ ਦੀ ਆਗਿਆ ਅਨੁਸਾਰ ਬਹੁਤ ਕੀਮਤੀ ਭੇਟਾ ਲੈ ਕੇ ਦੀਵਾਨ ਵਿਚ ਹਾਜ਼ਰ ਹੋਇਆ। ਚਰਨਾਂ ਤੇ ਸੀਸ ਰਖਦਿਆਂ ਸਾਰ ਤਪਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ।

ਜਿਸ ਵੇਲੇ ਸੰਤ ਮਹਾਰਾਜ ਜੀ ਗੁਫਾ ਵਲ ਚਲੇ ਤਾਂ ਮਹਾਰਾਜਾ ਪ੍ਰਤਾਪ ਸਿੰਘ ਨੂੰ ਵੀ ਨਾਲ ਲੈ ਗਏ ਅਤੇ ਆਉਣ ਦਾ ਕਾਰਨ ਪੁਛਿਆ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, ਦੀਨ ਦਿਆਲ ਬਖਸ਼ਿੰਦ ਦਾਤਾਰ ਜੀਉ ! ਮੈਨੂੰ ਭਗੰਦਰ ਦਾ ਰੋਗ ਹੈ ਬੜੇ ਇਲਾਜ ਕਰਵਾਏ ਹਨ। ਪਰ ਅਰਾਮ ਨਹੀਂ ਆਇਆ ਅਤੇ ਕਿਰਪਾ ਕਰਕੇ ਗੱਦੀ ਦਾ ਵਾਰਸ (ਮਿੱਠੀ ਦਾਤ) ਵੀ ਬਖਸ਼ੋ ਤੁਹਾਡਾ ਜਸ ਸੁਣ ਕੇ ਮਨ ਵਿਚ ਪੱਕਾ ਨਿਸ਼ਚਾ ਰਖਕੇ ਆਪ ਜੀ ਦੇ ਚਰਨਾਂ ਵਿਚ ਪੁਜਿਆ ਹਾਂ। ਕਿਉਂਕਿ-

"ਸੰਤ ਕੀ ਧੂਰਿ ਮਿਟੇ ਅਘ ਕੋਟ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥" (ਪੰਨਾ ੧੮੯)

ਰਾਜੇ ਦੀ ਸਾਰੀ ਗੱਲ ਸੁਣ ਕੇ ਮੇਹਰਾਂ ਦੇ ਘਰ ਵਿਚ ਆ ਕੇ ਸੰਤਾਂ ਨੇ ਹੁਕਮ ਕੀਤਾ, 'ਰੋਜ਼ ਸਵੇਰੇ ਅੰਮ੍ਰਿਤ ਵੇਲੇ ਜਾਗ ਕੇ ਜਲ ਵਿਚ ਬੈਠ ਕੇ ਪੰਜ ਜਪੁਜੀ ਸਾਹਿਬ ਦੇ ਪਾਠ ਕਰਿਆ ਕਰ, ਸਤਿਗੁਰਾਂ ਦਾ ਪਾਵਨ ਹੁਕਮ ਹੈ।'

"ਸਰਬ ਰੋਗ ਕਾ ਅਉਖਦੁ ਨਾਮੁ॥" (ਗਉੜੀ ਸੁਖਮਨੀ ਮਹਲਾ ੫, ਪੰਨਾ ੨੭੪)

ਜਿਤਨਾ ਚਿਰ ਜਲ ਵਿਚ ਬੈਠ ਕੇ ਪਾਠ ਕਰੋ ਉਤਨਾ ਸਮਾ ਰੋਗ ਵਾਲੀ ਜਗ੍ਹਾ ਤੇ ਪਾਣੀ ਮਲਦੇ ਰਹਿਣਾ, ਪਾਠ ਕਰਨ ਤੋਂ ਬਾਅਦ ਬਾਹਰ ਆ ਕੇ ਮਿਸ਼ਰੀ ਬਾਦਾਮ ਤੇ ਮੱਖਣ ਖਾਣਾ, ਗੁਰੂ ਭਲੀ ਕਰੇਗਾ। ਫਿਰ ਗੁਰਦੁਆਰੇ ਜਾ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਸ਼ੁਰੂ ਹੋਣ ਤੋਂ ਪਹਿਲਾਂ ਮੰਜੀ ਸਾਹਿਬ ਦੇ ਥਲੇ ਪਵਿਤ੍ਰ ਜਲ ਰਖ ਦੇਣਾ ਤੇ ਬੈਠ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਸੁਨਣਾ ਤੇ ਅਰਦਾਸ ਹੋਣ ਤੋਂ ਬਾਅਦ ਉਹ ਜਲ ਆਪ ਛਕਣਾ ਤੇ ਰਾਣੀ ਨੂੰ ਵੀ ਛਕਾਉਣਾ। ਵਾਹਿਗੁਰੂ ਤੁਹਾਡੀ ਪੁੱਤਰ ਹੋਣ ਵਾਲੀ ਮੁਰਾਦ ਵੀ ਪੂਰੀ ਕਰੇਗਾ। ਗੁਰੂ ਨਾਨਕ ਦੇ ਘਰ ਕੋਈ ਘਾਟਾ ਨਹੀਂ ਹੈ। ਇਸ ਤਰ੍ਹਾਂ ਦੇ ਅਮੋਲਕ ਬਚਨ ਸੁਣ ਕੇ ਸੰਤਾਂ ਦੀ ਆਗਿਆ ਅਨੁਸਾਰ ਰਾਜਾ ਆਪਣੇ ਘਰ ਚਲਾ ਗਿਆ।

ਘਰ ਜਾ ਕੇ ਨੇਮ ਨਾਲ ਰਾਜਾ ਤੇ ਰਾਣੀ ਸੰਤਾਂ ਦੇ ਬਚਨਾਂ ਅਨੁਸਾਰ ਜਪੁਜੀ ਸਾਹਿਬ ਜੀ ਦਾ ਪਾਠ ਅਤੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਦੇ ਸੁਣਦੇ ਰਹੇ, ਨਾਮ ਦੇ ਪ੍ਰਤਾਪ ਨਾਲ ਰੋਗ ਵੀ ਹਟ ਗਿਆ ਅਤੇ ਸਾਲ ਬਾਅਦ ਪੁੱਤਰ ਵੀ ਹੋ ਗਿਆ।

ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ॥

ਜੋ ਪਰਮੇਸ਼ਰ ਮਿਰਤਕ ਕਉ=ਮੁਰਦੇ ਨੂੰ ਜੀਵਾਉਣ ਵਾਲਾ ਹੈ।

ਅਤੇ ਭੁੱਖੇ ਪੁਰਸ਼ ਨੂੰ ਅੰਨ ਪਾਣੀ ਦਾ ਅਧਾਰ=ਆਸਰਾ ਦਿੰਦਾ ਹੈ।

ਸਾਖੀ-ਮਰੇ ਬੱਚੇ ਨੂੰ ਜੀਊਂਦਾ ਕਰਨ ਦੀ

ਇਕ ਵਾਰੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਬਾਲਕ ਅਵਸਥਾ ਵਿਚ ਹੀ ਸਨ ਅਤੇ ਪਟਨੇ ਸਾਹਿਬ ਵਿਚ ਬੱਚਿਆਂ ਨਾਲ ਕਈ ਤਰ੍ਹਾਂ ਦੇ ਕੌਤਕ ਕਰਦੇ ਸਨ।

ਇਕ ਦਿਨ ਬੱਚਿਆਂ ਨਾਲ ਜਮਨਾ ਦੇ ਵਿਚ ਪਾਣੀ ਉਛਾਲਣ ਦੀ ਖੇਡ ਖੇਡ ਰਹੇ ਸਨ ਤਾਂ ਕੰਨਾਂ ਵਿਚ ਇਕ ਬੜੀ ਦਰਦ ਭਰੀ ਅਵਾਜ਼ ਕਿਸੇ ਮਾਈ ਦੇ ਵਰਲਾਪ ਕਰਨ ਦੀ ਆਈ। ਨਰਮ ਦਿਲ ਪਾਤਸ਼ਾਹ ਅਵਾਜ਼ ਸਹਾਰ ਨਾ ਸਕੇ ਤੇ ਝੱਟ ਬਾਹਰ ਨਿਕਲ ਆਏ ਅਤੇ ਮਾਈ ਕੋਲ ਜਾ ਕੇ ਵੇਖਿਆ ਉਸ ਦੇ ਅੱਗੇ ਉਸ ਦਾ ਪੁੱਤਰ ਪਿਆ ਸੀ। ਆਪ ਦਾ ਦਿਲ ਡਾਢਾ ਦ੍ਰਵਿਆ ਤੇ ਕਹਿਣ ਲਗੇ ਮਾਈ ! ਤੂੰ ਰੋਂਦੀ ਕਿਉ ਹੈਂ? ਉਸ ਨੇ ਕਿਹਾ-'ਸਚੇ ਪਾਤਸ਼ਾਹ ਜੀਉ ! ਆਹ ਮੇਰਾ ਪੁਤ੍ਰ ਹੁਣ ਚੰਗਾ ਭਲਾ ਸੀ ਦੇਖੋ ਹੁਣ ਬੋਲਦਾ ਵੀ ਨਹੀਂ ਤੇ ਸਾਹ ਵੀ ਨਹੀਂ ਲੈਂਦਾ। ਆਪ ਕਿਰਪਾ ਕਰੋ।' ਤਾਂ ਸਤਿਗੁਰੂ ਜੀ ਦੇ ਦਿਨ ਵਿਚ ਬੜਾ ਤਰਸ ਆਇਆ ਤੇ ਕਹਿਣ ਲਗੇ, ਸਾਹ ਤਾਂ ਆਉਂਦਾ ਪਿਆ ਹੈ, ਆਹ ਦੇਖ ਮਾਈ ! ਇਹ ਤਾਂ ਜੀਊਂਦਾ ਹੈ। ਇਹ ਕੌਤਕ ਤੱਕ ਕੇ ਲੋਕ ਹੈਰਾਨ ਹੋ ਗਏ ਅਤੇ ਮਾਈ ਵੀ ਚਰਨਾਂ ਤੇ ਡਿਗ ਪਈ ਅਤੇ ਮੁਖੋਂ ਇਹ ਆਖੀ ਜਾਵੇ ਧੰਨ ਬਾਲਾ ਪ੍ਰੀਤਮ ! ਧੰਨ ਬਾਲਾ ਪ੍ਰੀਤਮ !! ਸਿੱਖਾਂ ਨੇ ਕਿਹਾ ਇਹ ਤਾਂ ਉਹੋ ਹੀ ਸ੍ਰੀ ਗੁਰੂ ਆਮਰਦਾਸ ਜੀ ਵਾਲੀ ਜੋਤ ਹੈ, ਦਇਆ ਵੀ ਉਹੋ ਹੀ ਹੈ, ਉਹੋ ਉਪਕਾਰ ਕਰਨ ਵਾਲੀ ਸਮਰੱਥਾ ਇਨ੍ਹਾਂ ਦੇ ਵਿਚ ਹੈ : ਜਿਨ੍ਹਾਂ ਨੇ ਮਰੇ ਬੱਚੇ ਨੂੰ ਜਿਵਾ ਦਿੱਤਾ ਹੈ।

ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ॥ ਪੂਰਬ ਲਿਖੇ ਕਾ ਲਹਣਾ ਪਾਹਿ॥

ਜਿਸ ਪਰਮੇਸ਼ਰ ਦੀ ਦ੍ਰਿਸ਼ਟੀ ਵਿਚ ਸਾਰੇ ਨਿਧਾਨ=ਖਜ਼ਾਨੇ ਹਨ। ਜੇ ਕੋਈ ਪੂਰਬਲੇ ਜਨਮ ਦਾ ਲਹਣਾ=ਲੇਖ ਲਿਖਿਆ ਹੋਇਆ ਹੋਵੇ ਤਾਂ ਹੀ ਇਹ ਜੀਵ ਉਸ ਪਰਮੇਸ਼ਰ ਪਾਸੋਂ ਪਾਉਂਦਾ ਹੈ।

ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ॥

ਸਭੋ ਕੁਝ ਉਸ ਪਰਮੇਸ਼ਰ ਦਾ ਹੈ, ਓਹੀ ਸਾਰੀਆਂ ਗੱਲਾਂ ਦੇ ਕਰਨ ਲਾਇਕ ਹੈ।

ਉਸ ਤੋਂ ਬਿਨਾਂ ਐਸਾ ਸਮਰੱਥ ਦੂਜਾ ਨਾ ਕੋਈ ਹੋਇਆ ਹੈ ਤੇ ਨਾ ਹੀ ਹੋਵੇਗਾ।

ਜਪਿ ਜਨ ਸਦਾ ਸਦਾ ਦਿਨੁ ਰੈਣੀ॥ ਸਭ ਤੇ ਊਚ ਨਿਰਮਲ ਇਹ ਕਰਣੀ॥

ਹੇ ਜਨ ! ਸਦਾ ਸਦਾ ਦਿਨ ਰਾਤ ਉਸ ਨੂੰ ਜਪਣਾ ਕਰ।

ਇਹੋ ਕਰਣੀ ਸਾਰਿਆਂ ਸਾਧਨਾਂ ਤੋਂ ਉੱਚੀ ਅਤੇ ਨਿਰਮਲ ਹੈ।

ਕਰਿ ਕਿਰਪਾ ਜਿਸ ਕਉ ਨਾਮੁ ਦੀਆ॥ ਨਾਨਕ ਸੋ ਜਨੁ ਨਿਰਮਲੁ ਥੀਆ॥ ੭॥

ਵਾਹਿਗੁਰੂ ਨੇ ਕਿਰਪਾ ਕਰਕੇ ਜਿਸ ਨੂੰ ਆਪਣਾ ਨਾਮ ਦਾਨ ਦਿਤਾ ਹੈ।

ਗੁਰੂ ਸਾਹਿਬ ਜੀ ਕਹਿੰਦੇ ਹਨ-ਉਹ ਪੁਰਸ਼ ਨਿਰਮਾਲੁ=ਪਵਿਤ੍ਰ ਥੀਆ=ਹੁੰਦਾ ਹੈ॥ ੭॥

ਜਾ ਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥

ਜਿਸ ਦੇ ਮਨ ਵਿਚ ਗੁਰਾਂ ਦੀ ਪ੍ਰਤੀਤੀ ਆਈ ਹੈ ਅਰਥਾਤ ਗੁਰਾਂ ਉੱਤੇ ਭਰੋਸਾ ਬੱਝ ਗਿਆ ਹੈ। ਉਸ ਪੁਰਸ਼ ਨੂੰ ਹਰੀ ਪ੍ਰਭੂ ਚੇਤੇ ਆਉਂਦਾ ਹੈ।

ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥

ਉਹ ਪੁਰਸ਼ ਤਿਹੁ ਲੋਇ=ਤਿੰਨਾਂ ਲੋਕਾਂ ਵਿਚ ਭਗਤ ਭਗਤ ਕਰਕੇ ਸੁਣਿਆ ਜਾਂਦਾ ਹੈ।*

ਜਾ ਕੈ=ਜਿਸ ਪੁਰਸ਼ ਦੇ ਹਿਰਦੇ ਵਿਚ ਇਕ ਪ੍ਰਭੂ ਦਾ ਨਿਵਾਸ ਹੁੰਦਾ ਹੈ।

ਸਚੁ ਕਰਣੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥

ਉਸ ਦੀ ਬਾਹਰਲੀ ਕਰਣੀ ਸੱਚ ਹੈ, ਉਸ ਦੀ ਅੰਦ੍ਰਲੀ ਰਹਤ=ਰਹਿਣੀ (ਧਾਰਨਾ) ਭੀ ਸੱਚੀ ਹੈ। ਉਸ ਦੇ ਹਿਰਦੇ ਵਿਚ ਵੀ ਸੱਚ ਹੈ ਅਤੇ ਮੂੰਹੋਂ ਭੀ ਸੱਚ ਨੂੰ ਕਹਿੰਦਾ ਹੈ।

ਸਾਚੀ ਦ੍ਰਿਸਟਿ ਸਾਚਾ ਆਕਾਰੁ॥ ਸਚੁ ਵਰਤੈ ਸਾਚਾ ਪਾਸਾਰੁ॥

ਉਸ ਦੀ ਦ੍ਰਿਸ਼ਟੀ ਸੱਚੀ ਹੈ ਅਤੇ ਉਸ ਦੇ ਸਰੀਰ ਦਾ ਅਕਾਰ ਵੀ ਸੱਚਾ ਹੈ।

ਉਹ ਸੱਚ ਵਿਚ ਵਰਤਦਾ ਹੈ, ਉਸ ਦਾ ਪਾਸਾਰਾ ਵੀ ਸੱਚਾ ਹੈ। ਅਰਥਾਤ ਲੈਣ ਦੇਣ ਦਾ ਜੋ ਕੁਝ ਵਰਤੋਂ-ਵਿਹਾਰ ਹੈ, ਕੋਈ ਕੰਮ-ਕਾਜ ਹੈ, ਉਹ ਸਭ ਸੱਚ ਦਾ ਹੁੰਦਾ ਹੈ।

ਅਥਵਾ:-ਸੱਚੇ ਪਸਾਰੇ ਵਿਚ ਸੱਚ ਨੂੰ ਵਰਤਿਆ ਨਿਸਚੇ ਕਰਦਾ ਹੈ।

ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥

ਜਿਸ ਨੇ ਪਾਰਬ੍ਰਹਮ ਨੂੰ ਸਚੁ=ਨਿਸਚੇ ਕਰਕੇ ਸੱਚ ਸਰੂਪ ਕਰ ਕੇ ਜਾਣ ਲਿਆ ਹੈ।

ਗੁਰੂ ਜੀ ਕਹਿੰਦੇ ਹਨ-ਉਹ ਪੁਰਸ਼ ਸੱਚ ਵਿਚ ਹੀ ਸਮਾਤਾ=ਸਮਾ ਜਾਂਦਾ ਹੈ॥ ੮॥ ੧੫॥

ਸਾਖੀ-ਸੁਖਮਨੀ ਸਾਹਿਬ ਜੀ ਦੀ ਮਹਿਮਾ

ਭਾਈ ਸੁਚੇਤ ਸਿੰਘ.ਜੀ ਇਕ ਮਹਾਂ ਪੁਰਸ਼ ਹੋਏ ਹਨ, ਉਹਨਾਂ ਪਾਸ ਇਕ ਸਿੱਖ ਨੇ ਬੇਨਤੀ ਕੀਤੀ ਕਿ ਸੁਖਮਨੀ ਸਾਹਿਬ ਪੜ੍ਹਨ ਦਾ ਕੀ ਮਹਾਤਮ ਹੈ? ਤਾਂ ਉਨ੍ਹਾਂ ਨੇ ਕਿਹਾ-ਮਥੁਰਾ ਬਿੰਦ੍ਰਾਬਨ ਦੀ ਤਰਫ ਇਕ ਮੁਨਸ਼ੀ ਰਹਿੰਦਾ ਸੀ। ਉਸ ਨੇ ਕਿਸੇ ਮਹਾਂ ਪੁਰਸ਼ ਤੋਂ ਗੁਰਮੁਖੀ ਅੱਖਰ ਸਿੱਖ ਕੇ ਸ੍ਰੀ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਜੀ ਦਾ ਪਾਠ ਕੰਠ ਕਰ ਲਿਆ।

ਇਕ ਦਿਨ ਉਸ ਨੇ ਸੰਤਾਂ ਨੂੰ ਕਿਹਾ, 'ਆਪ ਇਸ ਦੇ ਪਾਠ ਕਰਨ ਦੀ ਵਿਧੀ ਸਮਝਾਓ।' ਤਾਂ ਸੰਤਾਂ ਨੇ ਕਿਹਾ, ਅੰਮ੍ਰਿਤ ਵੇਲੇ ਉੱਠ ਕੇ ਸੌਚ-ਇਸ਼ਨਾਨ ਆਦਿ ਕਿਰਿਆ ਕਰਕੇ ਇਕ ਆਸਣ ਤੇ ਬੈਠ ਕੇ ਇਕਾਗਰ ਮਨ ਹੋ ਕੇ ਪਾਠ ਕਰਨਾ। ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਧਿਆਨ ਧਾਰ ਕੇ ਅਰਦਾਸ ਕਰਨੀ। ਇਸ ਤਰ੍ਹਾਂ ਸੁਣਕੇ ਉਸ ਨੇ ਰੋਜ਼ਾਨਾ ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਦਾ ਨਿਯਮ ਕਰ ਲਿਆ। ਉਸ ਦਾ ਇਕ ਰਸੋਈਆ ਬ੍ਰਾਹਮਣ ਸੀ ਉਸ ਨੂੰ ਮਰੋੜ (ਦਸਤ) ਲਗ ਗਏ ਤਾਂ ਮੁਨਸ਼ੀ ਨੇ ਕਿਹਾ, 'ਭਾਈ ਜੇਕਰ

---

*ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਰੇਟਾ॥ ਪਾਣਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ। ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ। ਚਹੁ ਵਰਨਾਂ ਉਪਦੇਸਦਾ ਗਿਆਨੁ ਧਿਆਨੁ ਕਰਿ ਭਗਤਿ ਸਹੇਟਾ। ਨਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਬੇਟਾ। ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ। ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ। ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ। ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥ ੧੭॥ (ਭਾਈ ਗੁਰਦਾਸ ਜੀ, ਵਾਰ ੧੦)

੨ ਭਗਤੀ ਕਰੇ ਪਤਾਲ ਮੇ ਪ੍ਰਗਟ ਹੋਇ ਅਕਾਸ॥ ਰਜਬ ਤੀਨੋ ਲੋਕ ਮੈਂ ਛਪੈ ਨਾ ਹਰਿ ਕਾ ਦਾਸ।

ਕੁਝ ਲੈਣਾ ਹੈ ਤਾਂ ਮੰਗ ਲੈ ਕਿਉਂਕਿ ਮੇਰੇ ਪਾਠ ਦਾ ਵੇਲਾ ਹੋ ਗਿਆ ਹੈ, ਫਿਰ ਮੈਂ ਬੋਲਣਾ ਨਹੀਂ।' ਬ੍ਰਾਹਮਣ ਨੇ ਕਿਹਾ-ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਤੁਸੀਂ ਆਪਣੇ ਨਿਯਮ ਅਨੁਸਾਰ ਪਾਠ ਕਰ ਲਵੋ। ਉਸ ਦੇ ਪਾਸ ਹੀ ਬੈਠ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਲਗ ਪਏ। ਜਦ ੧੫ ਅਸ਼ਟਪਦੀਆਂ ਦਾ ਭੋਗ ਪੈ ਗਿਆ ਤੇ ਸੋਲ੍ਹਵੀਂ ਸ਼ੁਰੂ ਕਰਨ ਤੋਂ ਪਹਿਲਾਂ ਮਨ ਵਿਚ ਵਿਚਾਰ ਆਈ ਕਿ ਇਹ ਹਿਲਦਾ-ਜੁਲਦਾ ਨਹੀਂ, ਵੇਖੀਏ ਤਾਂ ਸਹੀ ਕੀ ਗੱਲ ਹੈ? ਜਾਂ ਉਸ ਨੂੰ ਹਿਲਾ ਕੇ ਦੇਖਿਆ ਤਾਂ ਉਹ ਮਰਿਆ ਪਿਆ ਸੀ। ਬੜਾ ਹੈਰਾਨ ਹੋ ਕੇ ਸੋਚਣ ਲੱਗ ਪਿਆ ਕਿ ਇਹ ਮੰਜੇ ਤੇ ਹੀ ਮਰ ਗਿਆ ਹੈ ਸ਼ਾਸਤ੍ਰ ਅਨੁਸਾਰ ਇਹ ਹੁਣ ਭੂਤ ਬਣ ਗਿਆ ਹੋਵੇਗਾ ਤੇ ਇਸ ਦੀ ਮੁਕਤੀ ਨਹੀਂ ਹੋਈ ਹੋਣੀ ਪਰ ਉਹ ਬ੍ਰਾਹਮਣ ਤਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੁਣਨ ਦੇ ਨਾਲ ਹੀ ਵਿਸ਼ਨੂੰ ਲੋਕ ਵਿਚ ਵਿਸ਼ਨੂੰ ਜੀ ਦੇ ਪਾਸ ਪਹੁੰਚ ਗਿਆ ਤਾਂ ਵਿਸ਼ਨੂੰ ਭਗਵਾਨ ਜੀ ਨੇ ਹੱਸ ਕੇ ਕਿਹਾ, ਹੇ ਬ੍ਰਾਹਮਣ ! ਤੂੰ ਤਾਂ ਸੁਖਮਨੀ ਸਾਹਿਬ ਜੀ ਦੇ ਪ੍ਰਤਾਪ ਕਰਕੇ ਮੁਕਤ ਹੋ ਗਿਆ ਹੈਂ ਪਰ ਤੇਰੇ ਮਾਲਕ ਦੇ ਮਨ ਵਿਚ ਸ਼ੱਕ ਹੈ ਕਿ ਉਸ ਦੀ ਕੀ ਗਤੀ ਹੋਈ ਹੋਵੇਗੀ? ਤੂੰ ਉਸ ਨੂੰ ਆਪਣਾ ਹਾਲ ਦਸ ਕੇ ਉਸ ਦਾ ਸ਼ੱਕ ਦੂਰ ਕਰਕੇ ਆ। ਉਸੀ ਵੇਲੇ ਉਸ ਬ੍ਰਾਹਮਣ ਨੇ ਪਾਲਕੀ 'ਚ ਚੜ੍ਹਕੇ ਆਉਣਾ ਕੀਤਾ। ਤਾਂ ਉਹ ਮੁਨਸ਼ੀ ਲੋਢੇ ਪਹਿਰ ਸੋਚ-ਪਾਣੀ ਲਈ ਬਾਹਰ ਜਾ ਰਿਹਾ ਸੀ ਤਾਂ ਕੀ ਵੇਖਿਆ ਇਕ ਬਾਗ ਵਿਚ ਇਕ ਬੜੀ ਸੋਹਣੀ ਪਾਲਕੀ ਹੈ ਉਸ ਵਿਚੋਂ ਦਿੱਬਜ ਮੂਰਤੀ ਨੇ ਨਿਕਲ ਕੇ ਕਿਹਾ ਸੁਆਮੀ ! ਮੈਂ ਆਪ ਜੀ ਦਾ ਓਹੀ ਰਸੋਈਆ ਹਾਂ ਪਰ ਸੁਖਮਨੀ ਸਾਹਿਬ ਸੁਣਨ ਦੇ ਪ੍ਰਤਾਪ ਕਰ ਕੇ ਮੈਂ ਮੁਕਤ ਹੋ ਕੇ ਸਚ ਸਰੂਪ ਹੋ ਗਿਆ ਹਾਂ, ਆਪ ਕੋਈ ਫਿਕਰ ਨਾ ਕਰੋ।

ਆਪ ਜੀ ਦੇ ਪਿਤਰ ਵੀ ਬੈਕੁੰਠ ਵਿਚ ਪਹੁੰਚ ਚੁਕੇ ਹਨ ਅਤੇ ਆਪ ਜੀ ਦੀ ਮੁਕਤੀ ਵਿਚ ਤਾਂ ਕੋਈ ਸ਼ੱਕ ਹੀ ਨਹੀਂ। ਇਹ ਗੱਲਾਂ ਸੁਣ ਕੇ ਮੁਨਸ਼ੀ ਬੜਾ ਖੁਸ਼ ਹੋਇਆ ਤੇ ਅੱਗੇ ਨਾਲੋਂ ਵੀ ਬੜੇ ਪ੍ਰੇਮ ਭਾਵ ਨਾਲ ਹਰ ਰੋਜ਼ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਲਗ ਪਿਆ। ਜਿਸ ਸੁਖਮਨੀ ਸਾਹਿਬ ਜੀ ਦੇ ਪ੍ਰਤਾਪ ਕਰਕੇ ਆਪਣੀ ਉਮਰ ਨੂੰ ਭੋਗ ਕੇ ਆਖੀਰ ਉਹ ਮੁਨਸ਼ੀ ਵੀ ਸਚ ਸਰੂਪ ਵਿਚ ਸਮਾ ਗਿਆ।

ਸਲੋਕੁ ॥ ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥ ੧ ॥

ਜਿਸ ਪ੍ਰਭੂ ਦਾ ਨਾ ਕੋਈ ਰੂਪ ਹੈ, ਨਾ ਹੀ ਕੱਛ ਮੱਛ ਆਦਿਕ ਰੇਖਾਂ ਹਨ, ਨਾ ਹੀ ਕੋਈ ਕਾਲਾ ਪੀਲਾ ਰੰਗ ਹੈ, ਪੁਨਾ ਉਹ ਪ੍ਰਭੂ ਰਜੋ, ਸਤੋ, ਤਮੋ ਇਨ੍ਹਾਂ ਤਿੰਨਾਂ ਗੁਣਾਂ ਤੋਂ ਭਿੰਨ ਹੈ।

ਯਥਾ:-*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥* (ਜਾਪੁ)

ਗੁਰੂ ਸਾਹਿਬ ਜੀ ਕਹਿੰਦੇ ਹਨ-ਉਹ ਪ੍ਰਭੂ ਜਿਸ ਉੱਤੇ ਆਪ ਖੁਸ਼ ਹੁੰਦਾ ਹੈ, ਉਸ ਨੂੰ ਆਪਣਾ ਸਰੂਪ ਸਮਝਾ ਦਿੰਦਾ ਹੈ॥ ੧ ॥

ਅਸਟਪਦੀ ॥

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥

ਜੇ ਜੀਵ ! ਤੂੰ ਆਪਣੇ ਮਨ ਵਿਚ ਅਬਿਨਾਸੀ=ਨਾਸ ਤੋਂ ਰਹਿਤ ਪ੍ਰਭੂ ਨੂੰ ਯਾਦ ਰੱਖ। ਅਤੇ ਮਨੁੱਖ ਦੀ ਪ੍ਰੀਤੀ ਨੂੰ ਮਨ ਵਿਚੋਂ ਛੱਡ ਦੇ।

ਤਿਸ ਤੇ ਪਰੈ ਨਾਹੀ ਕਿਛੁ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥

ਉਸ ਪਰਮੇਸ਼ਰ ਤੋਂ ਪਰੇ ਕੁਝ ਕਰਨ ਵਾਲਾ ਕੋਈ ਭੀ ਨਹੀਂ ਹੈ।

ਉਹ ਇਕ ਪ੍ਰਭੂ ਹੀ ਸਾਰਿਆਂ ਵਿਚ ਨਿਰੰਤਰਿ=ਇਕ-ਰਸ (ਲਗਾਤਾਰ)=ਪੂਰਨ ਹੈ।

ਆਪੇ ਬੀਨਾ ਆਪੇ ਦਾਨਾ ॥ ਗਹਿਰ ਗੰਭੀਰੁ ਗਹੀਰੁ ਸੁਜਾਨਾ ॥

ਉਹ ਆਪ ਹੀ ਜੀਵਾਂ ਦੀਆਂ ਬਾਹਰਲੀਆਂ ਗੱਲਾਂ ਦੇ ਬੀਨਾ=ਦ੍ਰਿਸ਼ਟਾ (ਵੇਖਣ ਵਾਲਾ) ਹੈ, ਅਤੇ ਆਪ ਹੀ ਜੀਵਾਂ ਦੀਆਂ ਅੰਦ੍ਰਲੀਆਂ ਗੱਲਾਂ ਦੇ ਦਾਨਾ=ਜਾਨਣ ਵਾਲਾ (ਦਨਾ) ਹੈ।

ਉਹ ਸੁਜਾਨਾ=ਚਤੁਰ ਪਰਮੇਸ਼ਰ ਗਹਿਰ=ਡੂੰਘਾ, ਗੰਭੀਰੁ=ਨਿਰਮਲ ਅਤੇ ਸ਼ੁਭ ਗੁਣਾਂ ਦਾ ਗਹੀਰੁ= ਸਮੁੰਦਰ ਹੈ।

ਪਾਰਬ੍ਰਹਮ ਪਰਮੇਸੁਰ ਗੋਬਿੰਦ ॥ ਕ੍ਰਿਪਾ ਨਿਧਾਨ ਦਇਆਲ ਬਖਸੰਦ ॥

ਹੇ ਪਰਾ ਰੂਪ ਬ੍ਰਹਮ=ਵਿਆਪਕ ਪਰਮ ਈਸ਼੍ਵਰ ਗੋ+ਬਿੰਦ=ਵੇਦਾਂ ਕਰ ਕੇ ਜਾਨਣ ਜੋਗ ! ਹੇ ਕਿਰਪਾ ਦੇ ਨਿਧਾਨ=ਖਜ਼ਾਨੇ, ਦਿਆਲੂ ਸੁਭਾਅ ਵਾਲੇ, ਔਗੁਣਾਂ ਦੇ ਬਖਸ਼ਣ ਵਾਲੇ।

[ਪੰਨਾ ੨੮੪]

ਸਾਧ ਤੇਰੇ ਕੀ ਚਰਨੀ ਪਾਉ ॥ ਨਾਨਕ ਕੈ ਮਨਿ ਇਹੁ ਅਨਰਾਉ ॥ ੧ ॥

ਗੁਰੂ ਜੀ ਕਹਿੰਦੇ ਹਨ-ਮੇਰੇ ਮਨ ਵਿਚ ਇਹੋ ਅਨਰਾਉ=ਪ੍ਰੇਮ ਹੈ।

ਕਿ ਮੈਂ ਆਪਣੇ ਆਪ ਨੂੰ ਤੇਰੇ ਸੰਤਾਂ ਦੀ ਚਰਨੀ ਪਾਵਾਂ ॥ ੧ ॥

ਮਨਸਾ ਪੂਰਨ ਸਰਨਾ ਜੋਗ ॥ ਜੋ ਕਰਿ ਪਾਇਆ ਸੋਈ ਹੋਗੁ ॥

ਜੇ ਸੇਵਕਾਂ ਦੀਆਂ ਮਨਸਾ=ਵਾਸ਼ਨਾਂ ਪੂਰਨ ਕਰਨ ਵਾਲਾ ਹੈ, ਤੇ ਸ਼ਰਨ ਆਇਆਂ ਦੀ ਰਖਿਆ ਕਰਨ (ਜੋਗ) ਲਾਇਕ ਹੈ। ਜੋ ਉਸ ਨੇ ਜੀਵ ਦੇ ਕਰਿ=ਹੱਥ ਵਿਚ ਪਾਇਆ ਹੈ ਓਹੀ ਹੁੰਦਾ ਹੈ।

ਅਥਵਾ:-ਜੋ ਕਰਿ=ਜੋ ਕੁਝ ਕਰਨਾ ਉਸ ਨੇ ਲਿਖ ਪਾਇਆ ਹੈ ਉਹੀ ਹੋਗੁ=ਹੁੰਦਾ ਹੈ।

ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥

ਜਿਸ ਦੀ ਨੇਤ੍ਰ=ਅੱਖ ਫਰਕਣ ਵਿਚ ਸੰਸਾਰ ਦਾ ਹਰਨ=ਅਭਾਵ ਤੇ ਭਰਨ=ਪਾਲਣਾ ਹੁੰਦਾ ਹੈ।

ਅਰਥਾਤ ਜਿਸ ਦੇ ਅੱਖ ਦੇ ਫੋਰੇ ਵਿਚ ਜਗਤ ਦੀ ਭਰਨ=ਪਾਲਣਾ। ਹਰਨ=ਪਰਲੈ ਹੁੰਦੀ ਹੈ।

ਤਿਸ ਕਾ ਮੰਤ੍ਰੁ=ਉਸ ਦੀ ਸਲਾਹ ਨੂੰ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਜਾਣ ਸਕਦਾ।

ਅਨਦ ਰੂਪ ਮੰਗਲ ਸਦ ਜਾ ਕੈ ॥ ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥

ਜਿਸ ਅਨੰਦ ਸਰੂਪ ਪਰਮੇਸ਼ਰ ਦੇ ਘਰ ਵਿਚ ਸਦਾ ਹੀ ਮੰਗਲ ਹੁੰਦੇ ਹਨ।

ਉਸ ਪ੍ਰਭੂ ਦੇ ਘਰ ਵਿਚ ਸਾਰੇ ਥੋਕ=ਪਦਾਰਥ ਸੁਣੇ ਜਾਂਦੇ ਹਨ।

ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥

ਜੋ ਪ੍ਰਤੱਖ ਰਾਜਿਆਂ ਵਿਚੋਂ ਰਾਜਾ ਰੂਪ ਹੈ, ਜੋਗੀਆਂ ਵਿਚੋਂ ਜੋਗੀ ਰੂਪ ਹੈ। ਤਪੀਆਂ ਵਿਚੋਂ ਵੱਡਾ ਤਪੀ ਹੈ, ਤੇ ਗ੍ਰਿਹਸਥੀਆਂ ਵਿਚੋਂ ਭੋਗੀ ਰੂਪ ਹੋ ਰਿਹਾ ਹੈ।

ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ॥
ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ॥ ੧॥

....

ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ॥
ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ॥ ੩॥

(ਗੂਜਰੀ ਮਹਲਾ ੫, ਪੰਨਾ ੫੦੭)

ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ ਭੋਗੀਆ॥ *(ਸਿਰੀਰਾਗੁ ਮਹਲਾ ੧, ਪੰਨਾ ੭੫)*

ਅਥਵਾ:-ਰਾਜਿਆਂ ਵਿਚੋਂ ਰਾਜਾ ਸ੍ਰੀ ਰਾਮ ਚੰਦਰ ਰੂਪ ਹੋ ਰਿਹਾ ਹੈ, ਜੋਗੀਆਂ ਵਿਚੋਂ ਜੋਗੀ ਗੋਰਖ ਰੂਪ ਹੋ ਰਿਹਾ ਹੈ। ਤਪੀਆਂ ਵਿਚੋਂ ਵੱਡਾ ਤਪੀ ਸ਼ਿਵ ਰੂਪ ਹੋ ਰਿਹਾ ਹੈ।

ਗ੍ਰਿਹਸਤੀਆਂ ਵਿਚੋਂ ਭੋਗੀ=ਕ੍ਰਿਸ਼ਨ ਰੂਪ ਹੋ ਰਿਹਾ ਹੈ।

ਧਿਆਇ ਧਿਆਇ ਭਗਤਹ ਸੁਖੁ ਪਾਇਆ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ ੨॥

ਭਗਤਾਂ ਨੇ ਉਸ ਪਰਮੇਸ਼ਰ ਨੂੰ ਧਿਆ ਧਿਆ ਕੇ ਭਾਵ ਸਿਮਰ-ਸਿਮਰ ਕੇ ਸੁਖ ਪਾਇਆ ਹੈ।

ਗੁਰੂ ਜੀ ਆਖਦੇ ਹਨ-ਉਸ ਅਕਾਲ ਪੁਰਖ ਦਾ ਅੰਤ ਕਿਸੇ ਨੇ ਵੀ ਨਹੀਂ ਪਾਇਆ॥ ੨॥

ਜਾ ਕੀ ਲੀਲਾ ਕੀ ਮਿਤਿ ਨਾਹਿ॥ ਸਗਲ ਦੇਵ ਹਾਰੇ ਅਵਗਾਹਿ॥

ਜਿਸ ਪਰਮੇਸ਼ਰ ਦੀ ਲੀਲ੍ਹਾ ਜੋ ਜਗਤ ਹੈ, ਇਸ ਦੀ ਮਿਤਿ=ਮਰਯਾਦਾ ਨਹੀਂ ਜਾਣੀ ਜਾਂਦੀ। ਮਨੁੱਖ ਵਿਚਾਰੇ ਕੀ ਹਨ ਜਦ ਕਿ ਸਾਰੇ ਦੇਵਤੇ ਅਵਗਾਹਿ=ਵਿਚਾਰ ਕਰਦੇ ਹੋਏ ਹਾਰ ਗਏ ਹਨ।

ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ॥

ਪਿਤਾ ਦੇ ਜਨਮ ਦਾ ਹਾਲ ਪੁੱਤਰ ਕੀ ਜਾਣ ਸਕਦਾ ਹੈ, ਅਰਥਾਤ ਜਿਵੇਂ ਪੁੱਤਰ ਆਪਣੇ ਪਿਤਾ ਦਾ ਹਾਲ ਨਹੀਂ ਜਾਣ ਸਕਦਾ। ਤਿਵੇਂ ਸਾਰੇ ਮਨੁੱਖ ਦੇਵਤਾ ਆਦਿਕ ਆਪਣੇ ਪਿਤਾ ਰੂਪ ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ। ਉਸ ਪਰਮੇਸ਼ਰ ਨੇ ਆਪਣੇ ਹੁਕਮ ਰੂਪ, *ਅਥਵਾ:*-ਸੱਤਾ ਰੂਪ ਸੂਤ੍ਰ ਵਿਚ ਸਾਰੀ ਸ੍ਰਿਸ਼ਟੀ ਪਰੋਤੀ ਹੋਈ ਹੈ।

ਸੁਮਤਿ ਗਿਆਨੁ ਧਿਆਨੁ ਜਿਨ ਦੇਇ॥ ਜਨ ਦਾਸ ਨਾਮੁ ਧਿਆਵਹਿ ਸੇਇ॥

ਜਿਨ੍ਹਾਂ ਨੂੰ ਉਹ ਪਰਮੇਸ਼ਰ ਸੁ+ਮਤਿ=ਸ੍ਰੇਸ਼ਟ ਮਤੀ ਤੇ ਗਿਆਨ ਧਿਆਨ ਦਿੰਦਾ ਹੈ।

ਉਹ ਪੁਰਸ਼ ਦਾਸਾ ਭਾਵ ਸਹਿਤ ਹੋ ਕੇ ਉਸ ਪਰਮੇਸ਼ਰ ਦੇ ਨਾਮ ਨੂੰ ਧਿਆਉਂਦੇ ਹਨ।

ਤਿਹੁ ਗੁਣ ਮਹਿ ਜਾ ਕਉ ਭਰਮਾਏ॥ ਜਨਮਿ ਮਰੈ ਫਿਰਿ ਆਵੈ ਜਾਏ॥

ਪਰ ਜਿਨ੍ਹਾਂ ਨੂੰ (ਰਜੋ, ਸਤੋ, ਤਮੋ ਰੂਪ) ਤਿੰਨਾਂ ਗੁਣਾਂ ਵਿਚ ਫਿਰਾਉਂਦਾ ਹੈ।

ਉਹ ਜਨਮ ਮਰਨ ਵਿਚ ਮੁੜ ਮੁੜ ਕੇ ਆਉਂਦੇ ਜਾਂਦੇ ਹਨ।

ਊਚ ਨੀਚ ਤਿਸ ਕੇ ਅਸਥਾਨ॥ ਜੈਸਾ ਜਨਾਵੈ ਤੈਸਾ ਨਾਨਕ ਜਾਨ॥ ੩॥

ਪ੍ਰਤੱਖ ਉਚੇ ਨੀਵੇਂ ਅਸਥਾਨ, ਵਾ:-ਸੁਰਗ ਨਰਕ ਰੂਪ ਉੱਚੇ ਨੀਵੇਂ ਅਸਥਾਨ, ਵਾ:-ਮਨੁੱਖਾ ਜਨਮ ਉੱਚਾ

ਅਸਥਾਨ, ਹੋਰ ਜੂਨਾਂ ਨੀਵਾਂ ਅਸਥਾਨ ਹੈਂ, ਇਹ ਸਾਰੇ ਅਸਥਾਨ ਓਸੇ ਦੇ ਹਨ। ਗੁਰੂ ਜੀ ਫੁਰਮਾਉਂਦੇ ਹਨ- ਜਿਹੋ ਜਿਹਾ ਤੂੰ ਜਣਾਉਂਦਾ ਹੈ, ਉਹੋ ਜਿਹਾ ਹੀ ਹੇ ਮਨੁੱਖ ! ਤੂੰ ਜਾਣ ॥ ੩॥

ਨਾਨਾ ਰੂਪ ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥

ਜਿਸ ਪ੍ਰਭੂ ਦੇ ਨਾਨਾ ਰੂਪ ਹਨ (ਨਾਨਾ) ਅਨੇਕਾਂ ਹੀ ਰੰਗ ਹਨ, (ਨਾਨਾ) ਬੇਅੰਤ ਤਰ੍ਹਾਂ ਦੇ ਭੇਖ ਧਾਰਨਾ ਕਰਦਾ ਹੋਇਆ ਭੀ ਆਪ ਇਕੋ ਰੰਗ ਵਿਚ ਰਹਿੰਦਾ ਹੈ।

ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥

ਜਿਸਨੇ ਅਨੇਕ ਤਰ੍ਹਾਂ ਵਿਧੀਆਂ ਨਾਲ ਜਗਤ ਦਾ ਫੈਲਾਅ ਕੀਤਾ ਹੈ।

ਪਰ ਉਹ ਪ੍ਰਭੂ ਆਪ ਨਾਸ ਤੋਂ ਰਹਿਤ ਹੈ ਅਤੇ ਏਕੰਕਾਰੁ=ਇਕ ਓਅੰਦਰ ਅਦ੍ਵੈਤ ਸਰੂਪ ਬ੍ਰਹਮ ਹੈ।

ਨਾਨਾ ਚਲਿਤ ਕਰੇ ਖਿਨ ਮਾਹਿ ॥ ਪੂਰਿ ਰਹਿਓ ਪੂਰਨੁ ਸਭ ਠਾਇ ॥

ਜੋ ਪ੍ਰਭੂ ਇਕ ਖਿਨ ਵਿਚ (ਨਾਨਾ) ਅਨੇਕਾਂ ਕੌਤਕ ਕਰ ਦੇਂਦਾ ਹੈ।

ਕਿਉਂਕਿ ਉਹ ਪੂਰਨ ਪ੍ਰਭੂ ਸਭ ਜਗ੍ਹਾ ਤੇ ਪੂਰਨ ਹੋ ਰਿਹਾ ਹੈ।

ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥

ਜਿਸਨੇ ਅਨੇਕ ਵਿਧੀਆਂ ਕਰਕੇ ਜਗਤ ਦੀ ਬਣਾਵਟ ਬਣਾਈ ਹੈ। ਉਸ ਨੇ ਆਪਣੀ ਕੀਮਤ ਆਪ ਹੀ ਪਾਈ ਹੈ, ਕਿਉਂਕਿ ਉਸ ਦੀ ਕੀਮਤ ਨੂੰ ਹੋਰ ਕੋਈ ਨਹੀਂ ਜਾਣ ਸਕਦਾ।

ਵਾ:-ਉਸਨੇ ਆਪਣੀ ਕੀਮਤਿ=ਸੱਤਾ ਆਪ ਹੀ ਪਾਈ ਹੈ

ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥
ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥

ਸਭ ਘਟ=ਸਾਰੇ ਸਰੀਰ ਉਸ ਦੇ ਬਣਾਏ ਹੋਏ ਅਤੇ ਸਾਰੇ ਠਾਉ=ਟਿਕਾਣੇ (ਅਸਥਾਨ) ਵੀ ਉਸੇ ਦੇ ਹਨ। ਗੁਰੂ ਜੀ ਆਖਦੇ ਹਨ-ਅਸੀਂ ਉਸ ਹਰੀ ਦੇ ਨਾਮ ਨੂੰ ਜਪ ਜਪ ਕੇ ਜਿਉਂਦੇ ਹਾਂ॥ ੪॥ ਅਗਲੀ ਪਉੜੀ ਵਿਚ ਨਾਮ ਤੇ ਨਾਮੀ ਦੇ ਅਭੇਦਤਾ ਦਸਦੇ ਹੋਏ ਸ਼ੁਭ ਉਪਦੇਸ਼ ਦੇਂਦੇ ਹਨ-

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥

ਸਾਰੇ ਜੀਆ ਜੰਤ ਨਾਮੀ, ਵਾ:-ਨਾਮ ਦੇ ਧਾਰੇ=ਬਣਾਏ ਹੋਏ ਹਨ। ਸਾਰੇ ਖੰਡ ਤੇ ਬ੍ਰਹਮੰਡ ਵੀ ਨਾਮੀ,

ਵਾ:-ਨਾਮ ਦੇ ਧਾਰੇ=ਬਣਾਏ ਹੋਏ ਹਨ। ਅਥਵਾ:-ਸਾਰੇ ਜੀਵ ਨਾਮ ਦੇ ਧਾਰੇ=ਆਸਰੇ ਹਨ। ਨੌਂ ਖੰਡ ਅਤੇ ਸਾਰਾ ਬ੍ਰਹਿਮੰਡ ਵੀ ਨਾਮ ਦੇ ਧਾਰੇ=ਆਸਰੇ ਹੈ।

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥

ਸਤਾਈ ਸਿੰਮ੍ਰਿਤੀਆਂ, ਚਾਰ ਵੇਦ, ਅਠਾਰਾਂ ਪੁਰਾਣ ਨਾਮ ਦੇ ਧਾਰੇ=ਬਣਾਏ ਹੋਏ ਹਨ। ਗਿਆਨ ਦੇ ਸਾਧਨ-ਸ੍ਰਵਣ, ਮੰਨਣ, ਨਿਧਿਆਸਣ ਅਤੇ ਹਠਜੋਗ ਦੇ ਸਾਧਨ-ਧਿਆਨ, ਧਾਰਨਾ, ਸਮਾਧੀ ਆਦਿਕ ਸਭ ਨਾਮ ਦੇ, ਵਾ:-ਨਾਮੀ ਦੇ ਬਣਾਏ ਹੋਏ ਹਨ।

ਅਥਵਾ:-ਸਿੰਮ੍ਰਤੀਆਂ ਵੇਦ ਪੁਰਾਣ ਸਭ ਨਾਮ ਦੇ ਧਾਰੇ=ਆਸਰੇ ਹਨੰ।

ਗਿਆਨ ਧਿਆਨ ਦਾ ਸੁਣਨਾ ਭੀ ਨਾਮ ਦੇ ਧਾਰੇ=ਆਸਰੇ ਹੈ।

ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥

ਸੱਤ ਅਕਾਸ਼ ਸੱਤ ਪਤਾਲ ਵੀ ਨਾਮ ਵਾ:-ਨਾਮੀ ਦੇ ਬਣਾਏ ਹੋਏ ਹਨ। ਹੋਰ ਸਾਰੇ ਅਕਾਰ ਵੀ ਨਾਮ ਵਾ:-ਨਾਮੀ ਦੇ ਬਣਾਏ ਹੋਏ ਹਨ। ਅਥਵਾ:-ਅਕਾਸ਼ ਪਾਤਾਲ ਵੀ ਨਾਮ ਦੇ ਧਾਰੇ=ਆਸਰੇ ਹਨ। ਹੋਰ ਸਾਰੇ ਆਕਾਰ=ਸਰੀਰ ਵੀ ਨਾਮ ਦੇ ਧਾਰੇ=ਆਸਰੇ ਹਨ।

ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥

ਬ੍ਰਹਮ ਪੁਰੀ, ਵਿਸ਼ਨ ਪੁਰੀ, ਸ਼ਿਵ ਪੁਰੀ ਇਤਿਆਦਿਕ ਸਭ ਪੁਰੀਆਂ ਤੇ ਸਾਰੇ ਲੋਕ ਨਾਮ, ਵਾ:-ਨਾਮ ਦੇ ਧਾਰੇ=ਬਣਾਏ ਹੋਏ ਹਨ। ਅਥਵਾ:-ਸਭ ਪੁਰੀਆਂ ਤੇ ਸਾਰੇ ਲੋਕ ਨਾਮ ਦੇ ਧਾਰੇ=ਆਸਰੇ ਹਨ। ਨਾਮ ਦੇ ਨਾਲ ਲਗਕੇ ਬਹੁਤ ਜੀਵ(ਉਧਰੇ) ਤਰ ਗਏ ਹਨ। ਇਸ ਲਈ ਤੂੰ ਨਾਮ ਨੂੰ ਕੰਨੀਂ ਸੁਣਨਾ ਕਰ।

ਅਥਵਾ:-ਸ੍ਰਵਨ ਸੰਗਿ=ਕੰਨਾਂ ਨਾਲ ਨਾਮ ਨੂੰ ਸੁਣਕੇ ਕਿਤਨੇ ਜੀਵ ਉਧਰ ਗਏ ਹਨ।

ਕਰਿ ਕਿਰਪਾ ਜਿਸੁ ਅਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥ ੫॥

ਪਰਮੇਸ਼ਰ ਕਿਰਪਾ ਕਰਕੇ ਜਿਸ ਪੁਰਸ਼ ਨੂੰ ਆਪਣੇ ਨਾਮ ਸਿਮਰਨ ਵਿਚ ਲਗਾਉਂਦਾ ਹੈ। ਗੁਰੂ ਜੀ ਕਹਿੰਦੇ ਹਨ-ਉਹ ਪੁਰਸ਼ ਚਉਥੇ ਪਦ=ਤੁਰੀਆ ਪਦ ਵਿਚ ਪਹੁੰਚਕੇ ਗਤਿ ਪਾਏ=ਮੁਕਤੀ ਪਾਂਦਾ ਹੈ॥ ੫॥ ਅਗਲੀ ਪਉੜੀ ਵਿਚ ਪਰਮੇਸ਼ਰ ਦੇ ਸਰੂਪ, ਕਰਨੀ ਤੇ ਨਾਮ ਦੀ ਮਹਿਮਾ ਵਰਣਨ ਕਰਦੇ ਹਨ-

ਰੂਪੁ ਸਤਿ ਜਾ ਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ॥

ਜਿਸ ਪਰਮੇਸ਼ਰ ਦਾ ਸਰੂਪ ਸਤ ਹੈ, ਅਤੇ ਜਿਸ ਦਾ ਸੰਤਸੰਗ ਅਸਥਾਨ ਭੀ ਸੱਚਾ ਹੈ।

ਉਹ ਸੱਚਾ ਪੁਰਖ ਕੇਵਲ=ਸ਼ੁਧ ਹੈ ਤੇ ਸਾਰਿਆਂ ਵਿਚੋਂ ਪਰਧਾਨੁ=ਮੁਖੀ ਹੈ।

ਕਰਤੂਤਿ ਸਤਿ ਸਤਿ ਜਾ ਕੀ ਬਾਣੀ॥ ਸਤਿ ਪੁਰਖ ਸਭ ਮਾਹਿ ਸਮਾਣੀ॥

ਜਿਸ ਦੀ ਕਰਤੂਤਿ=ਕਰਤੱਬਤਾ (ਕਰਨੀ) ਸੱਚੀ ਹੈ ਤੇ ਜਿਸ ਦੀ ਨਾਮ ਬਾਣੀ ਵੀ ਸੱਚੀ ਹੈ। ਉਹ ਸੱਚਾ ਪੁਰਖ ਸਾਰਿਆਂ ਵਿਚ ਸਮਾ ਰਿਹਾ ਹੈ।

ਸਤਿ ਕਰਮੁ ਜਾ ਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥

ਜਿਸ ਦਾ ਕਰਮ ਸੱਚਾ ਹੈ ਤੇ ਸੰਸਾਰ ਰਚਨਾ ਭੀ ਸੱਚੀ ਹੈ। ਸਭ ਦਾ ਮੂਲੁ=ਕਾਰਨ ਰੂਪ ਪ੍ਰਭੂ ਆਪ ਸੱਚਾ ਹੈ ਤੇ ਉਸ ਤੋਂ ਉਤਪਤ ਹੋਈ ਵਸਤੂ ਭੀ ਸੱਚੀ ਹੈ।

ਸਤਿ ਕਰਣੀ ਨਿਰਮਲ ਨਿਰਮਲੀ॥ ਜਿਸਹਿ ਬੁਝਾਏ ਤਿਸਹਿ ਸਭ ਭਲੀ॥

ਉਸ ਦੇ ਕਰਨੀ ਸੱਚੀ ਤੇ ਨਿਰਮਲ ਤੋਂ ਨਿਰਮਲ ਹੈ। ਪਰ ਜਿਸ ਨੂੰ ਸਮਝਾਉਂਦਾ ਹੈ ਉਸ ਨੂੰ ਭਲੀ=ਚੰਗੀ ਤਰ੍ਹਾ ਸਾਰੀ ਸਮਝ ਪੈ ਜਾਂਦੀ ਹੈ।

ਸਤਿ ਨਾਮੁ ਪ੍ਰਭ ਕਾ ਸੁਖਦਾਈ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥੬॥

ਪ੍ਰਭੂ ਦਾ ਸਤਿਨਾਮੁ ਮੰਤ੍ਰ ਹੀ ਸੁਖਾਂ ਦੇ ਦੇਣ ਵਾਲਾ ਹੈ। ਪਰ ਇਹ ਬਿਸ੍ਵਾਸੁ ਸਤਿ=ਸੱਚਾ ਭਰੋਸਾ ਗੁਰੂ ਨਾਨਕ ਤੋਂ ਪ੍ਰਾਪਤ ਹੁੰਦਾ ਹੈ॥ ੬॥

ਕਿਉਂਕਿ ਇਹ ਸਤਿਨਾਮੁ ਮੰਤ੍ਰ ਅਨਾਦੀ ਕਾਲ ਦਾ ਹੈ।

ਯਥਾ:-***ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥***

(ਮਾਰੂ ਮਹਲਾ ੫, ਪੰਨਾ ੧੦੮੩)

ਏਸੇ ਲਈ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ ਹੈ:-

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥

(ਧਨਾਸਰੀ ਮਹਲਾ ੪, ਪੰਨਾ ੬੭੦)

ਸਤਿ ਬਚਨ ਸਾਧੂ ਉਪਦੇਸ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥

ਸੰਤਾਂ ਦੇ ਉਪਦੇਸ਼ ਰੂਪ ਬਚਨ ਸੱਚੇ ਹਨ। ਵਾ:-ਸਾਧੂ ਲੋਕ ਬਚਨਾਂ ਦੁਆਰੇ ਸੱਚ ਦੀ ਪ੍ਰਾਪਤੀ ਦਾ ਉਪਦੇਸ਼ ਦਿੰਦੇ ਹਨ। *ਅਥਵਾ:*-ਸੰਤਾਂ ਦਾ ਮੁਖ ਉਪਦੇਸ਼ ਇਹੋ ਹੈ ਕਿ ਜਦ ਵੀ ਗੁਰੂ ਜੀ ਕੁਝ ਕਹਿਣ ਤਾਂ ਅੱਗੋਂ 'ਸਤ ਬਚਨ' ਕਰੋ। ਜਿਵੇਂ ਭਾਈ ਲਹਿਣਾ ਜੀ 'ਭਲਾ ਜੀ' ਯਾਂ ਭੁਲਾ ਜੀ ਕਰਕੇ ਆਖਦੇ ਹੁੰਦੇ ਸਨ। ਜਿਨ੍ਹਾਂ ਦੇ ਹਿਰਦੇ ਵਿਚ ਉਹ ਬਚਨ ਪ੍ਰਵੇਸ਼ ਕਰਦੇ ਹਨ ਉਹ ਪੁਰਸ਼ ਸੱਚੇ ਹਨ।

ਸਾਖੀ-ਸੰਤਾਂ ਦੇ ਬਚਨ ਮੰਨਣ ਦੀ

ਇਕ ਦਿਨ ਇਕ ਰਾਜਾ ਸਤਿਸੰਗ ਵਿਖੇ ਗਿਆ ਤਾਂ ਮਹਾਤਮਾ ਨੇ ਕਥਾ ਕਰਦਿਆਂ ਕਰਦਿਆਂ ਇਹ ਬਚਨ ਸੁਣਾਏ-

੧. ਪਿਛਲੀ ਰਾਜ ਜਾਗਣਾ ਸਭ ਤੋਂ ਉੱਤਮ ਹੈ।

੨. ਘਰ ਵਿਚ ਆਏ ਸਾਧੂ (ਮੁਸਾਫਿਰ) ਦੀ ਸੇਵਾ ਕਰਨੀ ਪਰਮ ਧਰਮ ਹੈ।

੩. ਸਨਿਗਧ ਭੋਜਨ ਖਾਣਾ ਚਾਹੀਦਾ ਹੈ, ਰੁੱਖੇ ਭੋਜਨ ਖਾਣ ਨਾਲ ਲੜਾਈ ਹੁੰਦੀ ਹੈ।

੪. ਇਸਤ੍ਰੀ ਕਹਿਣਾ ਨਾ ਮੰਨੇ ਤਾਂ ਤਾੜਨਾ ਯੋਗ ਹੈ।

ਆਗਤੇ ਸ੍ਵਾਗਤੰ ਸਾਰੰ, ਰਾਤ੍ਰਊ ਸਾਰੰ ਚ ਜਾਗ੍ਰਣੰ।
ਭੋਜਨ ਦਾ ਘ੍ਰਿਤੰ ਸਾਰੰ, ਇਸਤ੍ਰਿਆ ਸਾਰੰ ਚ ਤਾੜਨੰ।

ਇਨ੍ਹਾਂ ਚਾਰ ਬਚਨਾਂ ਨੂੰ ਸੁਣ ਕੇ ਰਾਜਾ ਆਪਣੇ ਰਾਜ ਮੰਦਰਾਂ ਵਿਚ ਆ ਗਿਆ। ਰਾਣੀ ਨੂੰ ਕਿਹਾ, ਅਜ ਸੰਤਾਂ ਪਾਸੋਂ ਮੈਂ ਚਾਰ ਬਚਨ ਸੁਣਕੇ ਆਇਆ ਹਾਂ। ਸਭ ਤੋਂ ਪਹਿਲਾ ਬਚਨ ਉਨ੍ਹਾਂ ਦਾ ਇਹ ਹੈ ਕਿ ਜਿਹੜਾ ਅੰਮ੍ਰਿਤ ਵੇਲੇ ਜਾਗ ਕੇ ਪ੍ਰਭੂ ਦਾ ਸਿਮਰਨ ਕਰਨਾ ਹੈ, ਇਹ ਸਭ ਤੋਂ ਸ੍ਰੇਸ਼ਟ ਹੈ ਇਸ ਕਰਕੇ ਤੂੰ ਚਾਰ ਵਜੇ ਦੇ ਕਰੀਬ ਮੈਨੂੰ ਜਗਾ ਦੇਵੀਂ। ਇਹ ਗੱਲ ਸੁਣ ਕੇ ਰਾਣੀ ਬੜੀ ਖੁਸ਼ ਹੋਈ (ਕਿਉਂਕਿ ਉਹ ਆਪ ਹਮੇਸ਼ਾਂ ਸਵੇਰੇ ਉੱਠ ਕੇ ਸਿਮਰਨ ਕਰਦੀ ਸੀ ਤੇ ਰਾਜੇ ਨੂੰ ਕਈ ਵਾਰ ਜਗਾਉਂਦੀ ਸੀ ਪਰ ਉੱਠਦਾ ਨਹੀਂ ਸੀ) ਤੇ ਕਿਹਾ ਮੈਂ ਜ਼ਰੂਰ ਸਵੇਰੇ ਆਪ ਜੀ ਨੂੰ ਉਠਾਵਾਂਗੀ ਜੇ ਆਪ ਭਜਨ ਕਰੋਗੇ ਤਾਂ ਇਸ ਵਿਚ ਆਪ ਜੀ ਦੀ ਅਰਧੰਗੀ ਹੋਣ

ਕਰਕੇ ਮੋਨੂੰ ਵੀ ਲਾਭ ਹੋਵੇਗਾ। ਜਦ ਅੰਮ੍ਰਿਤ ਵੇਲੇ ਰਾਣੀ ਨੇ ਰਾਜੇ ਨੂੰ ਜਗਾਇਆ। ਅੱਗੇ ਕਦੇ ਨਾ ਉੱਠਣ ਕਰਕੇ ਰਾਜਾ ਉਠ ਕੇ ਫਿਰ ਸੌਂ ਜਾਵੇ। ਰਾਣੀ ਨੇ ਕਿਹਾ ਮੇਰੇ ਆਖੇ ਤਾਂ ਨਹੀਂ ਉੱਠਦੇ ਆਪਣੇ ਗੁਰੂ ਦਾ ਬਚਨ ਤਾਂ ਮੰਨੋ। ਰਾਜੇ ਨੇ ਕਿਹਾ ਕੀ ਕਰਾਂ ਨੀਂਦ ਨਹੀਂ ਛਡਦੀ। ਰਾਣੀ ਨੇ ਕਿਹਾ-ਸਿਪਾਹੀਆਂ ਵਾਲੇ ਕਪੜੇ ਪਾ ਕੇ ਸ਼ਹਿਰ ਵਿਚ ਗਸ਼ਤ ਕਰ ਆਓ, ਨੀਂਦ ਖੁਲ੍ਹ ਜਾਏਗੀ। ਉਸੀ ਵੇਲੇ ਰਾਜਾ ਸਿਪਾਹੀਆਂ ਵਾਲੇ ਕਪੜੇ ਪਾ ਕੇ ਸ਼ਹਿਰ ਨੂੰ ਤੁਰ ਗਿਆ ਫਿਰਦਿਆਂ ਫਿਰਦਿਆਂ ਇਕ ਜਗ੍ਹਾ ਬੈਠ ਗਿਆ ਉਥੇ ਕੀ ਵੇਖਿਆ ਇਕ ਟੁਟੇ ਹੋਏ ਘਰ ਵਿਚ ਇਸਤ੍ਰੀ ਭਰਤਾ ਰਹਿੰਦੇ ਹਨ, ਦੋਹਾਂ ਦਾ ਆਪਸ ਵਿਚ ਬੜਾ ਪ੍ਰੇਮ ਹੈ।

ਇਸਤ੍ਰੀ ਨੇ ਆਪਣੇ ਪਤਿਬ੍ਰਤਾ ਧਰਮ ਅਨੁਸਾਰ ਸਵੇਰੇ ਉੱਠ ਕੇ ਪਹਿਲੇ ਆਪ ਇਸ਼ਨਾਨ ਕੀਤਾ ਫਿਰ ਪਤੀ ਨੂੰ ਇਸ਼ਨਾਨ ਕਰਵਾ ਕੇ ਚਰਨਾਮ੍ਰਿਤ ਪੀਤਾ, ਕਪੜੇ ਪੁਆ ਕੇ ਗਲ ਵਿਚ ਫੁੱਲਾਂ ਦੀ ਮਾਲਾ ਪਾ ਕੇ ਪੂਜਾ ਕੀਤੀ, ਫਿਰ ਪਤੀ ਨੂੰ ਹਰੀ ਜਸ ਲਈ ਸਤਸੰਗ ਵਿਚ ਭੇਜ ਦਿੱਤਾ ਪਿਛੋਂ ਆਪ ਚਰਖਾ ਕੱਤਦੀ ਹੋਈ, ਰਾਮ ਰਾਮ ਉਚਾਰਨ ਕਰਦੀ ਤੇ ਨਾਲ ਰੋਂਦੀ ਭੀ ਹੈ।

ਰਾਜਾ ਦੇਖ ਕੇ ਹੈਰਾਨ ਹੋ ਗਿਆ ਪਾਸ ਆ ਕੇ ਪੁਛਦਾ ਹੈ, ਮਾਈ ਇਹ ਦਸ

੧. ਚਰਖਾ ਕਿਉਂ ਕੱਤਦੀ ਹੈਂ? ੨. ਰਾਮ ਰਾਮ ਕਿਉਂ ਕਰਦੀ ਹੈਂ? ੩. ਰੋਂਦੀ ਕਿਉਂ ਹੈਂ?

ਮਾਈ ਨੇ ਕਿਹਾ-ਮੈਂ ਆਪਣੀ ਉਪਜੀਵਕਾ ਲਈ ਚਰਖਾ ਕੱਤਦੀ ਹਾਂ, ਜਦੋਂ ਦੀ ਵਿਆਹ ਕੇ ਇਸ ਘਰ ਵਿਚ ਆਈ ਹਾਂ ਤਦੋਂ ਦੀ ਮੈਂ ਆਪਣੀ ਮਿਹਨਤ ਕਰਕੇ ਪਤੀ ਨੂੰ ਖੁਆਇਆ ਹੈ ਉਸ ਦੀ ਕਮਾਈ ਦਾ ਨਹੀਂ ਖਾਧਾ। ਕਿਉਂਕਿ ਪਤੀ ਦੀ ਸੇਵਾ ਕਰਨਾ ਮੇਰਾ ਪਰਮ ਧਰਮ ਹੈ। ਮੁਕਤੀ ਦੀ ਪ੍ਰਾਪਤੀ ਲਈ ਮੈਂ ਰਾਮ ਰਾਮ ਉਚਾਰਦੀ ਹਾਂ। ਰੋਂਦੀ ਇਸ ਕਰਕੇ ਹਾਂ ਕਿ ਇਸ ਨਗਰੀ ਦਾ ਰਾਜਾ ਬੜਾ ਧਰਮਾਤਮਾ ਹੈ, ਉਹ ਅੱਜ ਤੋਂ ਅੱਠਵੇਂ ਦਿਨ ਮਰ ਜਾਏਗਾ, ਰਾਜਾ ਆਪਣਾ ਮਰਨਾ ਸੁਣ ਕੇ ਡਰ ਗਿਆ ਤੇ ਮਾਈ ਤੋਂ ਪੁਛਿਆ ਤੈਨੂੰ ਕਿਸ ਤਰ੍ਹਾਂ ਪਤਾ ਹੈ ਕਿ ਰਾਜੇ ਨੇ ਅੱਠਵੇਂ ਦਿਨ ਮਰ ਜਾਣਾ ਹੈ? ਮਾਈ ਨੇ ਕਿਹਾ-ਮੈਂ ਪਤਿਬ੍ਰਤ ਧਰਮ ਵਾਲੀ ਹਾਂ ਉਸ ਸ਼ਕਤੀ ਕਰਕੇ ਕਿਹਾ ਹੈ। ਰਾਜੇ ਨੇ ਪੁਛਿਆ ਉਹ ਫਿਰ ਕਿਸ ਤਰ੍ਹਾਂ ਮਰੇਗਾ? ਮਾਈ ਨੇ ਕਿਹਾ-ਜਮਦੂਤ ਸੱਪ ਦੇ ਰੂਪ ਵਿਚ ਆ ਕੇ ਉਸ ਨੂੰ ਡੰਗ ਮਾਰੇਗਾ। ਇਤਨੀ ਗੱਲ ਸੁਣ ਕੇ ਰਾਜਾ ਵਾਪਸ ਘਰ ਆਇਆ, ਘਰ ਆ ਕੇ ਰਾਣੀ ਅਤੇ ਵਜ਼ੀਰ ਨੂੰ ਬੁਲਾਕੇ ਆਪਣਾ ਸਾਰਾ ਹਾਲ ਸੁਣਾਇਆ।

ਉਸ ਵੇਲੇ ਰਾਣੀ ਤੇ ਵਜ਼ੀਰ ਦੋਹਾਂ ਨੇ ਰਲ ਕੇ ਬੜੇ ਜਤਨ ਕੀਤੇ ਦਾਨ ਪੁੰਨ ਭੀ ਕੀਤੇ। ਫਿਰ ਰਾਜੇ ਨੂੰ ਸੰਤਾਂ ਦੇ ਬਚਨ ਯਾਦ ਆ ਗਏ ਕਿ "ਆਗਤੇ ਸ੍ਵਾਗਤ ਸਾਰੰ।" ਇਸ ਬਚਨ ਅਨੁਸਾਰ ਵਜ਼ੀਰ ਨੂੰ ਕਿਹਾ ਜੋ ਸੱਪ ਮਾਰਨ ਲਈ ਆਵੇਗਾ, ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਿਉਂਕਿ ਬਾਲਕ ਹੋਵੇ, ਜੁਆਨ ਹੋਵੇ, ਬੁਢਾ ਹੋਵੇ ਚਾਹੇ ਵੈਰੀ ਹੋਵੇ ਚਾਹੇ ਚੋਰ ਚੰਡਾਲ ਭੀ ਹੋਵੇ ਜੋ ਭੀ ਘਰ ਆਵੇ ਉਹ ਅਤਿਥੀ ਦੇ ਸਮਾਨ ਸਨਮਾਨ ਯੋਗ ਹੈ, ਸੱਪ ਨੇ ਭਾਵੇਂ ਮਾਰਨ ਲਈ ਆਉਣਾ ਹੈ ਫਿਰ ਭੀ ਉਹ ਅਤਿਥੀ ਰੂਪ ਕਰਕੇ ਸਤਿਕਾਰ ਯੋਗ ਹੈ। ਸੱਪ ਦੇ ਸਤਿਕਾਰ ਲਈ ਸੁੰਦਰ ਬਾਗ ਵਿਚ ਸ਼ੀਸ਼ ਮਹਿਲ ਬਣਵਾ ਕੇ ਚਾਰੇ ਦਰਵਾਜ਼ਿਆਂ ਪਰ ਦੁੱਧ, ਸ਼ਰਬਤ, ਪਾਣੀ ਆਦਿਕਾਂ ਦੇ ਕੁੰਡ ਬਣਵਾਏ। ਉਸ ਦੀ ਰਿਹਾਇਸ਼ ਵਾਸਤੇ ਚੰਦਨ ਦੇ ਬੂਟੇ ਲਗਵਾ ਦਿਤੇ, ਸੱਪ ਦੀ ਪ੍ਰਸੰਨਤਾ ਲੈਣ ਵਾਸਤੇ ਬੀਨਾ ਵਜਾਉਣ ਵਾਲਿਆਂ ਨੂੰ ਭੀ ਸ਼ਦਿਆ, ਸਲਾਮੀ ਦੇਣ ਵਾਸਤੇ ਫੌਜਾਂ ਖੜੀਆਂ ਕਰ ਦਿਤੀਆਂ।

ਜਿਸ ਵੇਲੇ ਸੱਪ ਆਇਆ ਤਾਂ ਸਾਰਿਆਂ ਨੇ ਬੜੇ ਸੋਹਣੇ ਢੰਗ ਨਾਲ ਸਲਾਮੀ ਦਿਤੀ, ਜਲ ਦੇ ਕੁੰਡ ਵਿਚ ਇਸ਼ਨਾਨ ਕਰਵਾਇਆ, ਸ਼ਰਬਤ ਤੇ ਦੁੱਧ ਪਿਲਾਇਆ, ਚੰਦਨ ਦੇ ਬ੍ਰਿਛ ਤੇ ਬਿਠਾ ਕੇ ਬੀਨਾਂ ਸੁਣਾਈਆਂ। ਉਹ ਜਮਦੂਤ ਸੱਪ ਦੇ ਰੂਪ ਵਿਚ ਬੜਾ ਪ੍ਰਸੰਨ ਹੋਇਆ ਤੇ ਆਖਣ ਲਗਾ, ਇਸ ਰਾਜੇ ਨੇ ਬੜੀ ਸੇਵਾ ਕੀਤੀ ਹੈ ਹੁਣ

ਮੈਂ ਕ੍ਰਿਤਘਨ ਹੋ ਕੇ ਇਸ ਨੂੰ ਨਹੀਂ ਮਾਰਾਂਗਾ। ਧਰਮਰਾਜ ਦੀ ਆਗਿਆ ਤਾਂ ਇਹ ਹੈ ਕਿ ਇਸ ਨੂੰ ਮਾਰ ਕੇ ਲਿਆਉ! ਪਰ ਮੈਂ ਇਸ ਨੂੰ ਆਪਣੀ ਉਮਰ ਦੇ ਕੇ ਜਾਵਾਂਗਾ।

ਸਮੇਂ ਅਨੁਸਾਰ ਸੱਪ ਨੇ ਰਾਜੇ ਨੂੰ ਆ ਕੇ ਕਿਹਾ-ਧਰਮਰਾਜ ਦੀ ਆਗਿਆ ਅਨੁਸਾਰ ਮੈਂ ਇਕ ਵਾਰ ਤੈਨੂੰ ਡੰਗ ਮਾਰ ਕੇ ਮਾਰਾਂਗਾ ਫਿਰ ਆਪਣੀ ਉਮਰ ਦੇ ਕੇ ਤੈਨੂੰ ਜੀਊਂਦਾ ਕਰ ਦਿਆਂਗਾ ਤੂੰ ਕੋਈ ਫਿਕਰ ਨਾ ਕਰ। ਇੰਜ ਕਹਿ ਕੇ ਸੱਪ ਨੇ ਰਾਜੇ ਨੂੰ ਥੋੜ੍ਹਾ ਜਿਹਾ ਡੰਗ ਮਾਰਿਆ ਰਾਜਾ ਮਰ ਕੇ ਡਿਗ ਪਿਆ ਪਰ ਸੱਪ ਨੇ ਉਸੇ ਵੇਲੇ ਆਪਣੀ ਪੰਜ ਸਾਲ ਉਮਰ ਦੇ ਕੇ ਜਿਵਾ ਦਿਤਾ* ਤੇ ਕਿਹਾ ਦੇਵਤਿਆਂ ਦੀ ਜੋ ਪੰਜ ਸਾਲ ਦੀ ਉਮਰ ਹੈ. ਮਨੁੱਖਾਂ ਦੀ ੭੫ ਸਾਲ ਦੀ ਹੁੰਦੀ ਹੈ ਭਾਵ ਇਹ ਕਿ ਹੁਣ ਤੂੰ ੭੫ ਸਾਲ ਰਾਜ ਕਰੇਂਗਾ। ਇਹ ਗੱਲ ਕਹਿ ਕੇ ਸੱਪ ਜਾਣ ਲੱਗਾ ਤਾਂ ਰਾਜੇ ਨੇ ਜਾਂਦਿਆਂ ਵੀ ਉਸ ਦਾ ਸਵਾਗਤ ਕੀਤਾ। ਸੱਪ ਨੇ ਫਿਰ ਖੁਸ਼ ਹੋ ਕੇ ਕਿਹਾ, ਜਿਤਨੇ ਕੁ ਦੁਨੀਆਂ ਵਿਚ ਪਸ਼ੂ ਪੰਛੀ ਹਨ, ਉਹ ਆਪਣੀ ਜ਼ਬਾਨ ਤੋਂ ਜੋ ਵੀ ਬੋਲੀ ਬੋਲਣਗੇ ਤੈਨੂੰ ਸਾਰਾ ਪਤਾ ਲੱਗੇਗਾ, ਪਰ, ਕਿਸੇ ਨੂੰ ਦੱਸਣਾ ਨਹੀਂ ਆਪਣੀ ਰਾਣੀ ਨੂੰ ਭੀ ਨਹੀਂ ਦਸਣਾ। ਅਗਰ ਕਿਸੇ ਨੂੰ ਸੁਣਾਏਂਗਾ ਤਾਂ ਮਰ ਜਾਵੇਂਗਾ। ਇਹ ਗੱਲ ਕਹਿ ਕੇ ਸੱਪ ਚਲਾ ਗਿਆ। ਰਾਜਾ ਖੁਸ਼ ਹੋ ਕੇ ਆਪਣੇ ਰਾਜ ਮੰਦਰਾਂ ਵਿਚ ਆ ਗਿਆ।

ਫਿਰ ਰਾਜੇ ਨੂੰ ਸੰਤਾਂ ਦਾ ਤੀਜਾ ਬਚਨ ਯਾਦ ਆਇਆ, ਕਿ ਖੁਸ਼ਕ ਭੋਜਨ ਨਹੀਂ ਕਰਨਾ ਜੇ ਕਰੋਗੇ ਤਾਂ ਲੜਾਈ ਹੋਵੇਗੀ। ਹੱਛਾ ਜੇਕਰ ਰਾਣੀ ਨਾਲ ਲੜਾਈ ਹੋਵੇਗੀ ਤਾਂ ਸੰਭਾਲ ਲਵਾਂਗਾ। ਇਹ ਵਿਚਾਰ ਕੇ ਰਾਣੀ ਨੂੰ ਕਿਹਾ-ਮੇਰੇ ਲਈ ਅੱਜ ਬਿਲਕੁਲ ਖੁਸ਼ਕ ਭੋਜਨ ਪਕਾਵੀਂ ਘਿਉ ਬਿਲਕੁਲ ਨਹੀਂ ਛੁਹਾਣਾ। ਰਾਣੀ ਨੇ ਰਾਜੇ ਦੇ ਕਹੇ ਅਨੁਸਾਰ ਖੁਸ਼ਕ ਭੋਜਨ ਤਿਆਰ ਕਰ ਕੇ ਰਾਜੇ ਦੇ ਅੱਗੇ ਰੱਖ ਦਿੱਤਾ।

ਰਾਜਾ ਰੋਜ਼ ਹੀ ਕੀੜੀਆਂ ਵਾਸਤੇ ਇਕ ਗ੍ਰਾਸ ਬਾਹਰ ਕਢ ਕੇ ਖਾਂਦਾ ਸੀ ਜਦ ਉਸ ਨੇ ਰੁੱਖਾ ਭੋਜਨ ਕੀੜੀਆਂ ਲਈ ਬਾਹਰ ਕੱਢ ਕੇ ਰੱਖਿਆ ਤਾਂ ਕੀੜੀਆਂ ਨੇ ਖੁਸ਼ਕ ਭੋਜਨ ਦੇਖ ਕੇ ਰਾਜੇ ਦੀ ਨਿੰਦਿਆ ਕੀਤੀ ਤੇ ਗਾਹਲੀਆਂ ਕਢੀਆਂ। ਰਾਜਾ ਸੁਣ ਕੇ ਹੱਸ ਪਿਆ। ਰਾਣੀ ਪਾਸ ਬੈਠੀ ਸੀ, ਉਸ ਨੇ ਹੱਸਣ ਦਾ ਕਾਰਨ ਪੁਛਿਆ। ਰਾਜੇ ਨੇ ਦਸਿਆ ਨਾ, ਰਾਣੀ ਨੇ ਕਿਹਾ-ਜੇ ਆਪ ਨਹੀਂ ਦਸੋਗੇ ਤਾਂ ਮੈ ਫਾਹ ਲੈ ਕੇ ਮਰ ਜਾਵਾਂਗੀ। ਦੋਹਾਂ ਦਾ ਬੜਾ ਹੱਠ ਹੋਇਆ, ਆਖਰ ਇਸਤ੍ਰੀ ਦਾ ਹੱਠ ਬੜਾ ਜ਼ਬਰਦਸਤ ਹੁੰਦਾ ਹੈ। ਜਾਂ ਰਾਣੀ ਮਰਨ ਲਗੀ ਤਾਂ ਰਾਜੇ ਨੇ ਕਿਹਾ ਤੂੰ ਨਾ ਮਰ, ਮੈਨੂੰ ਗੰਗਾ ਪਰ ਲੈ ਚਲ ਉਥੇ ਸੁਣਾ ਕੇ ਮੈਂ ਮਰ ਜਾਵਾਂਗਾ ਤੇ ਮੈਨੂੰ ਗੰਗਾ ਪਰਵਾਹ ਕਰ ਦੇਣਾ। ਰਾਣੀ ਨੇ ਗੰਗਾ ਦੇ ਕਿਨਾਰੇ ਜਾਣ ਦੀ ਤਿਆਰੀ ਕਰ ਲਈ। ਬਹੁਤਿਆਂ ਨੇ ਰਾਣੀ ਨੂੰ ਸਮਝਾਇਆ ਪਰ ਰਾਣੀ ਆਪਣੇ ਹੱਠ ਤੋਂ ਨਾ ਹਟੀ ਗੰਗਾ ਵਲ ਚਲ ਪਏ। ਜਾਂਦਿਆਂ ਜਾਂਦਿਆਂ ਰਾਹ ਵਿਚ ਰਾਤ ਪੈ ਗਈ। ਜੰਗਲ ਵਿਚ ਇਕ ਖੂਹ ਸੀ ਉਸ ਦੇ ਆਸੇ ਪਾਸੇ ਹਰਿਆ ਹਰਿਆ ਘਾਹ ਸੀ ਉਥੇ ਰਹਿ ਪਏ। ਰਾਤ ਅਤੇ ਸਵੇਰੇ ਜਲ ਵਰਤਣ ਕਰ ਕੇ ਉਥੇ ਚਿੱਕੜ ਹੋ ਗਿਆ ਘਾਹ ਲਤਾੜਿਆ ਗਿਆ। ਸਵੇਰ ਨਾਲ ਇਕ ਅਯਾਲੀ ਬੱਕਰੇ ਬੱਕਰੀਆਂ ਲੈ ਕੇ ਚੁਰਾਉਣ ਲਈ ਉਸ ਖੂਹ ਤੇ ਆ ਗਿਆ। ਸਭ ਬੱਕਰੀਆਂ ਘਾਹ ਖਾਣ ਲੱਗ ਪਈਆਂ ਇਕ ਬੱਕਰੀ ਘਾਹ ਨਾ ਖਾਵੇ। ਉਸ ਦੇ ਪਤੀ ਬਕਰੇ ਨੇ ਬਹੁਤ ਸਮਝਾਇਆ ਪਰ ਉਸ ਨੇ ਕਿਹਾ-ਇਹ ਲਤਾੜਿਆ ਹੋਇਆ ਘਾਹ ਮੈਂ ਨਹੀਂ ਖਾਵਾਂਗੀ। ਬੱਕਰੇ ਨੇ ਪੁਛਿਆ-ਤੂੰ ਕਿਹੜਾ ਘਾਹ ਖਾਵੇਂਗੀ? ਬੱਕਰੀ ਨੇ ਕਿਹਾ-ਖੂਹ ਦੀਆਂ ਇੱਟਾਂ ਵਿਚ ਜੋ ਘਾਹ ਉਗਿਆ ਹੋਇਆ ਹੈ, ਉਹ ਲਿਆ ਕੇ ਦਿਉਗੇ ਤਾਂ ਖਾਵਾਂਗੀ। ਉਸ ਘਾਹ ਦੇ

---

*ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਪ੍ਰਸੰਨ ਹੋ ਕ ਆਪਣੀ ਉਮਰ ਵਿਚੋਂ ੬ ਸਾਲ ੧੧ ਮਹੀਨੇ ੧੧ ਦਿਨ ਦੀ ਉਮਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਦਿੱਤੀ ।

ਲਿਆਣ ਵਾਸਤੇ ਬੱਕਰੇ ਨੇ ਯਤਨ ਤਾਂ ਬਹੁਤ ਕੀਤੇ ਪਰ ਲਿਆ ਨਾ ਸਕਿਆ। ਕਿਉਂਕਿ ਖੂਹ ਵਿਚ ਡਿੱਗਣ ਦਾ ਖਤਰਾ ਸੀ. ਬੱਕਰੀ ਨੂੰ ਬਹੁਤ ਸਮਝਾਇਆ ਪਰ ਨਾ ਸਮਝੀ। ਬੱਕਰੇ ਨੂੰ ਬੜਾ ਗੁੱਸਾ ਆ ਗਿਆ ਤੇ ਦੋ ਚਾਰ ਸਿੰਗ ਅਤੇ ਦੁਲੱਤਾਂ ਮਾਰ ਕੇ ਬੱਕਰੀ ਨੂੰ ਬਹੁਤ ਕੁੱਟਿਆ। ਉਸ ਵੇਲੇ ਬੱਕਰੀ ਨੇ ਮੰਨ ਲਿਆ ਤੇ ਕਿਹਾ ਮਾਰੋ ਨਾ, ਮੈਂ ਏਹੀ ਘਾਹ ਖਾ ਲੈਂਦੀ ਹਾਂ।

ਬੱਕਰੀ ਬੱਕਰੇ ਤੋਂ ਇਹ ਗੱਲਾਂ ਸੁਣ ਕੇ ਰਾਜੇ ਨੂੰ ਸੰਤਾਂ ਦੇ ਬਚਨ ਯਾਦ ਆ ਗਏ ਕਿ ਜੇਕਰ ਇਸਤ੍ਰੀ ਹੱਠ ਪਰ ਆ ਕੇ ਕੋਈ ਬਚਨ ਨਾ ਮੰਨੇ ਤਾਂ ਉਸ ਵੇਲੇ ਤਾੜਨਾ ਠੀਕ ਹੈ। ਰਾਜੇ ਨੇ ਰਾਣੀ ਨੂੰ ਬੁਲਾ ਕੇ ਕਿਹਾ-ਤੂੰ ਆਪਣਾ ਹੱਠ ਛਡੇਂਗੀ ਕਿ ਨਹੀਂ? ਰਾਣੀ ਨੇ ਕਿਹਾ-ਮਰ ਜਾਵਾਂਗੀ ਪਰ ਹੱਠ ਨਹੀਂ ਛੱਡਾਂਗੀ। ਉਸੀ ਵੇਲੇ ਰਾਜਾ ਗੁਸੇ ਵਿਚ ਆ ਕੇ ਉਸ ਨੂੰ ਮਾਰਨ ਲਗ ਪਿਆ ਤੇ ਮਿਆਨ ਵਿਚੋਂ ਤਲਵਾਰ ਕੱਢ ਕੇ ਆਖਿਆ-ਹੱਠ ਛਡ ਦੇ ਨਹੀਂ ਤਾਂ ਹੁਣੇ ਤੇਰਾ ਸਿਰ ਉਤਾਰ ਦਿਆਂਗਾ। ਰਾਣੀ ਨੇ ਕਿਹਾ-ਮੈਂ ਹੱਠ ਛੱਡ ਦਿਤਾ ਹੈ, ਆਪ ਮੈਨੂੰ ਨਾ ਮਾਰੋ ਚਾਹੇ ਆਪ ਹੱਸੋ ਚਾਹੇ ਰੋਵੋ ਮੈਨੂੰ ਕੀ। ਇਸ ਵਜ੍ਹਾ ਨਾਲ ਸੰਤਾਂ ਦੇ ਬਚਨਾਂ ਤੇ ਭਰੋਸਾ ਹੋਣ ਕਰਕੇ ਰਾਜਾ ਤੇ ਰਾਣੀ ਬੜੇ ਸੁਖਾਂ ਨਾਲ ਆਪਣੇ ਮਹਿਲਾਂ ਵਿਚ ਵਸਣ ਲਗ ਪਏ।

ਸਤਿ ਨਿਰਤਿ ਬੂਝੈ ਜੇ ਕੋਇ॥ ਨਾਮੁ ਜਪਤ ਤਾ ਕੀ ਗਤਿ ਹੋਇ॥

ਜਿਹੜਾ ਕੋਈ ਮਨੁੱਖ ਸੱਤ ਅਸੱਤ ਦੇ ਨਿਰਨੇ ਨੂੰ ਸਮਝਦਾ ਹੈ ਅਤੇ ਨਾਮ ਨੂੰ ਜਪਦਾ ਹੈ, ਉਸ ਦੀ ਗਤਿ=ਮੁਕਤੀ ਹੁੰਦੀ ਹੈ।

ਆਪਿ ਸਤਿ ਕੀਆ ਸਭੁ ਸਤਿ॥ ਆਪੇ ਜਾਨੈ ਅਪਨੀ ਮਿਤਿ ਗਤਿ॥

ਉਹ ਪ੍ਰਭੂ ਆਪ ਸਤ ਹੈ, ਉਸ ਦਾ ਕੀਤਾ ਹੋਇਆ ਪ੍ਰਪੰਚ ਵੀ ਸਾਰਾ ਸੱਚਾ ਹੈ। ਉਹ ਆਪਣੀ ਗਤ ਦੀ ਮਿਤਿ=ਮਰਯਾਦਾ ਨੂੰ ਆਪ ਹੀ ਜਾਣਦਾ ਹੈ।

[ਪੰਨਾ ੨੮੫]

ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥ ਅਵਰ ਨ ਬੂਝਿ ਕਰਤ ਬੀਚਾਰੁ॥

ਜਿਸ ਪ੍ਰਭੂ ਦੀ ਇਹ ਸ੍ਰਿਸ਼ਟੀ ਹੈ, ਉਹ ਕਰਨਹਾਰ ਪ੍ਰਭੂ ਅਵਰ ਬੂਝਿ=ਹੋਰ ਕਿਸੇ ਤੋਂ ਪੁੱਛ ਕੇ ਇਸ ਦੇ ਬਣਾਉਣ ਦੀ ਵਿਚਾਰ (ਨ ਕਰਤ) ਨਹੀਂ ਕਰਦਾ।

ਕਰਤੇ ਕੀ ਮਿਤਿ ਨ ਜਾਨੈ ਕੀਆ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ॥੭॥

ਕਰਤੇ ਪੁਰਖ ਦੀ ਮਿਤਿ=ਮਰਯਾਦਾ ਨੂੰ ਕੀਤਾ ਹੋਇਆ ਜੀਵ ਨਹੀਂ ਜਾਣ ਸਕਦਾ। ਗੁਰੂ ਜੀ ਕਹਿੰਦੇ ਹਨ-ਜੋ ਉਸ ਕਰਤੇ ਨੂੰ ਭਾਉਂਦਾ ਹੈ, ਓਹੀ ਹੁੰਦਾ ਹੈ॥ ੭॥

ਬਿਸਮਨ ਬਿਸਮ ਭਏ ਬਿਸਮਾਦ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ॥

ਜਿਨ੍ਹਾਂ ਦਾ ਮਨ ਬਿਸ=ਵਿਸ਼ਿਆਂ ਵਲੋਂ ਬਿਸਮ ਭਏ=ਰਹਿਤ ਹੋਇਆ ਹੈ

ਉਹ ਬਿਸਮਾਦ=ਅਸਚਰਜ ਰੂਪ ਹੋਏ ਹਨ। ਵਾ:-ਅਸਚਰਜ ਰੂਪ ਨੂੰ ਪਾ ਕੇ ਅਸਚਰਜ ਤੋਂ ਅਸਚਰਜ ਹੋਏ ਹਨ। ਜਿਸ ਨੇ ਗੁਰੂ ਤੋਂ ਪੁਛਿਆ ਹੈ, ਉਸ ਨੂੰ ਇਹ ਸ੍ਵਾਦ ਆਨੰਦ ਆਇਆ ਹੈ।

ਪ੍ਰਭ ਕੈ ਰੰਗਿ ਰਾਚਿ ਜਨ ਰਹੇ॥ ਗੁਰ ਕੈ ਬਚਨਿ ਪਦਾਰਥ ਲਹੇ॥

ਉਹ ਗੁਰਮੁਖ ਜਨ ਪ੍ਰਭੂ ਦੇ ਰੰਗਿ-ਅਨੰਦ ਵਿਚ ਰਾਚਿ ਰਹੇ=ਤਦਾਕਾਰ ਹੋ ਰਹੇ ਹਨ। ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੁਆਰਾ ਗਿਆਨ-ਪਦਾਰਥ ਨੂੰ ਲੀਤਾ ਹੈ।

ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥

ਉਹ ਗੁਰੂ ਨਾਮ ਦੇ ਦਾਤੇ ਹਨ ਤੇ ਦੁੱਖਾਂ ਦੇ ਕੱਟਣ ਵਾਲੇ ਹਨ।

ਜਿਨ੍ਹਾਂ ਦੀ ਸੰਗਤ ਕਰਕੇ ਅਨੇਕਾਂ ਜੀਵ ਸੰਸਾਰ (ਸਮੁੰਦਰ) ਤੋਂ ਤਰੈ=ਤਰ ਜਾਂਦੇ ਹਨ।

ਜਨ ਕਾ ਸੇਵਕੁ ਸੋ ਵਡਭਾਗੀ॥ ਜਨ ਕੈ ਸੰਗਿ ਏਕ ਲਿਵ ਲਾਗੀ॥

ਜੋ ਸੰਤ ਜਨਾਂ ਦਾ ਸੇਵਕ ਹੈ, ਉਹ ਵੱਡਿਆਂ ਭਾਗਾਂ ਵਾਲਾ ਹੈ। ਕਿਉਂਕਿ ਸੰਤ ਜਨਾਂ ਦੇ ਸੰਗਿ ਕਰਕੇ ਉਸ ਦੀ ਇਕ ਪ੍ਰਭੂ ਵਿਚ ਲਿਵ=ਬਿਰਤੀ ਲਗ ਗਈ ਹੈ।

ਗੁਨ ਗੋਬਿਦ ਕੀਰਤਨੁ ਜਨੁ ਗਾਵੈ॥
ਗੁਰ ਪ੍ਰਸਾਦਿ ਨਾਨਕ ਫਲੁ ਪਾਵੈ॥ ੮॥ ੧੬॥

ਜੋ ਪੁਰਸ਼ ਸੰਤ ਜਨਾਂ ਨਾਲ ਮਿਲ ਕੇ ਗੋਬਿੰਦ ਦੇ ਗੁਣਾਂ ਦਾ ਕੀਰਤਨ ਗਾਉਂਦਾ ਹੈ।

ਦਾ:-ਗੋਬਿੰਦ ਦੇ ਗੁਣ ਅਤੇ ਗੋਬਿੰਦ ਦਾ ਕੀਰਤਨੁ=ਜਸ ਗਾਉਂਦਾ ਹੈ।

ਗੁਰੂ ਜੀ ਫੁਰਮਾਉਂਦੇ ਹਨ-ਉਹ ਪੁਰਸ਼ ਗੁਰਾਂ ਦੀ ਕਿਰਪਾ ਦੁਆਰੇ ਪਰਮੇਸ਼ਰ ਦੀ ਪ੍ਰਾਪਤੀ ਰੂਪ ਫਲ ਨੂੰ ਪਾਉਂਦਾ ਹੈ॥ ੮॥ ੧੬॥

ਉਥਾਨਕਾ:-ਜਿਸ ਵੇਲੇ ਰਾਮਸਰ ਸਰੋਵਰ ਦੇ ਕੰਢੇ ਮੰਜੀ ਸਾਹਿਬ ਬੈਠ ਕੇ ਸੋਲ੍ਹਾਂ ਅਸਟਪਦੀਆਂ ਉਚਾਰ ਚੁੱਕੇ ਸਨ। ਇਤਨੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁਤ੍ਰ ਬਾਬਾ ਸ੍ਰੀ ਚੰਦ ਜੀ ਆ ਪਹੁੰਚੇ। ਉਹਨਾਂ ਨੂੰ ਵੇਖ ਕੇ ਗੁਰੂ ਅਰਜਨ ਸਾਹਿਬ ਜੀ ਨੇ ਉੱਠ ਕੇ ਉਨ੍ਹਾਂ ਦੇ ਚਰਨਾਂ ਪਰ ਮੱਥਾ ਟੇਕ ਕੇ ਬੜੇ ਸਤਿਕਾਰ ਨਾਲ ਆਪਣੇ ਆਸਣ ਪਰ ਬਿਠਾਇਆ ਤੇ ਜਲ ਪਾਣੀ ਦੀ ਸੇਵਾ ਪੁੱਛੀ ਅੱਗੋਂ ਬਾਬਾ ਸ੍ਰੀ ਚੰਦ ਜੀ ਨੇ ਪੁਛਿਆ-ਤੁਸੀਂ ਇਥੇ ਬੈਠੇ ਕੀ ਕੰਮ ਕਰ ਰਹੇ ਸੀ? ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਹਾ-ਚਵ੍ਹੀ ਹਜ਼ਾਰ ਸ੍ਵਾਸਾਂ ਦੀ ਸਫਲਤਾ ਵਾਸਤੇ ਸੁਖਮਨੀ ਨਾਮੇ ਬਾਣੀ ਉਚਾਰ ਰਹੇ ਸਾਂ। ਸ਼ੋਲ੍ਹਾਂ ਅਸਟਪਦੀਆਂ ਪੂਰੀਆਂ ਹੋ ਚੁਕੀਆਂ ਹਨ, ਅੱਗੋਂ ਆਪ ਅੱਠ ਅਸਟਪਦੀਆਂ ਉਚਾਰ ਕੇ ਚਵ੍ਹੀਂ ਅਸਟਪਦੀਆਂ ਪੂਰੀਆਂ ਕਰੋ। ਇਹ ਬਚਨ ਸੁਣ ਕੇ ਬਾਬਾ ਜੀ ਬੜੇ ਖੁਸ਼ ਹੋਏ ਤੇ ਕਿਹਾ-ਗੁਰੂ ਸਾਹਿਬਾਂ ਦੀ ਗੁਰਤਾ-ਗੱਦੀ ਆਪ ਜੀ ਨੂੰ ਮਿਲੀ ਹੋਈ ਹੈ, ਇਸ ਲਈ ਬਾਣੀ ਦੇ ਉਚਾਰਨ ਦਾ ਹੱਕ ਆਪ ਜੀ ਨੂੰ ਹੈ। ਤੁਸੀਂ ਆਪ ਹੀ ਉਚਾਰ ਕੇ ਚਵ੍ਹੀਂ ਅਸਟਪਦੀਆਂ ਪੂਰੀਆਂ ਕਰੋ। ਗੁਰੂ ਜੀ ਨੇ ਦੁਬਾਰਾ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਾਡੇ ਮਨ ਵਿਚ ਤਾਂ ਹੀ ਖੁਸ਼ੀ ਹੋਵੇਗੀ ਜੇਕਰ ਆਪ ਕੁਝ ਬਾਣੀ ਉਚਾਰਨਾ ਕਰੋ।

ਉਸ ਵੇਲੇ ਗੁਰੂ ਸਾਹਿਬ ਜੀ ਨੂੰ ਖੁਸ਼ ਕਰਨ ਵਾਸਤੇ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਮੁਖਾਰ-ਬਿੰਦ ਤੋਂ ਦੋ ਸਿਹਾਰੀਆਂ ਦਾ ਭੇਦ ਰਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲਾ ਹੀ ਸਲੋਕ ਉਚਾਰ ਕੇ ਸੁਣਾ ਦਿਤਾ। ਬਾਬਾ ਸ੍ਰੀ ਚੰਦ ਜੀ ਤੋਂ ਸੁਣਕੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਉਚਾਰਕੇ ਇਹ ਸਲੋਕ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਲਿਆ।

ਅਗਲੀਆਂ ਅੱਠ ਅਸਟਪਦੀਆਂ ਵੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਰਾਮਸਰ ਮੰਜੀ ਸਾਹਿਬ ਵਾਲੀ ਜਗ੍ਹਾ ਤੇ ਹੀ ਬੈਠ ਕੇ ਉਚਾਰਨ ਕੀਤੀਆਂ। ਸੰਪ੍ਰਦਾਈ ਕਹਿਣ ਮੁਤਾਬਿਕ ਇਹ ਗੱਲ ਪਰੰਪਰਾਂ ਤੋਂ ਸੁਨੇ ਬਸੀਨੇ

ਚਲੀ ਆ ਰਹੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਰਾਮਸਰ ਮੰਜੀ ਸਾਹਿਬ ਬੈਠਿਆਂ ਹੀ ਸੁਖਮਨੀ ਸਾਹਿਬ ਜੀ ਦੀਆਂ ੨੪ ਅਸਟਪਦੀਆਂ ਪੂਰੀਆਂ ਉਚਾਰੀਆਂ ਹਨ।*

ਸਲੋਕੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥ ੧ ॥

ਸ੍ਰਿਸ਼ਟੀ ਹੋਣ ਤੋਂ ਆਦਿ=ਪਹਿਲੇ ਉਹ ਪਰਮੇਸ਼ਰ ਸੱਚਾ ਸੀ, ਜਿਸ ਵੇਲੇ ਸ੍ਰਿਸ਼ਟੀ ਪੈਦਾ ਹੋਈ ਤਾਂ ਜੁਗਾਦਿ=ਜੁਗਾਂ ਦੀ ਆਦਿ ਸਤਜੁਗ ਵਿਚ ਵੀ ਸੱਚਾ ਸੀ।

ਗੁਰੂ ਸਾਹਿਬ ਜੀ ਸ਼ੁਭ ਉਪਦੇਸ਼ ਦੇਂਦੇ ਹੋਏ ਫੁਰਮਾਉਂਦੇ ਹਨ-ਭਿ=ਉਸ ਵਾਂਗ ਹੁਣ ਵੀ ਸੱਚਾ ਹੈ, ਤੇ ਅੱਗੇ ਭੀ ਸੱਚਾ ਹੋਵੇਗਾ॥ ੧ ॥

ਏਸੇ ਪਉੜੀ ਦੀਆਂ ਅਖੀਰਲੀਆਂ ਦੋ ਤੁਕਾਂ ਦਾ ਅਰਥ ਪਹਿਲੇ ਕਰਨਾ:-

ਬੁਝਨਹਾਰ ਕਉ ਸਤਿ ਸਭ ਹੋਇ॥ ਨਾਨਕ ਸਤਿ ਸਤਿ ਪ੍ਰਭੁ ਸੋਇ॥

ਗੁਰੂ ਜੀ ਕਹਿੰਦੇ ਹਨ-ਉਹ ਪ੍ਰਭੂ ਸਤ ਹੈ, ਉਸ ਦੀ ਸਤਿ=ਸੱਤਾ ਸਭ ਵਿਚ ਸੋਭ ਰਹੀ ਹੈ। ਉਸ ਦੇ ਬੁੱਝਣ ਵਾਲੇ ਗਿਆਨਵਾਨ ਨੂੰ ਇਸ ਤਰ੍ਹਾਂ ਸਭ ਕੁਝ ਸਤ ਪ੍ਰਤੀਤ ਹੁੰਦਾ ਹੈ। ਕਿ-

ਅਸਟਪਦੀ ॥ ਚਰਨ ਸਤਿ ਸਤਿ ਪਰਸਨਹਾਰ ॥ ਪੂਜਾ ਸਤਿ ਸਤਿ ਸੇਵਦਾਰ ॥

ਉਸ ਪ੍ਰਭੂ ਦੇ ਚਰਨ ਸਤ ਹਨ, ਉਨ੍ਹਾਂ ਚਰਨਾਂ ਨੂੰ ਪਰਸਨਹਾਰ=ਛੂਹਣ ਵਾਲਾ ਭੀ ਸਤ ਹੈ। ਉਸ ਪ੍ਰਭੂ ਦੀ ਪੂਜਾ ਸਤ ਹੈ, ਪੂਜਾ ਦੇ ਕਰਨ ਵਾਲੇ ਸੇਵਾਦਾਰ ਭੀ ਸਤ ਹਨ।

ਦਰਸਨੁ ਸਤਿ ਸਤਿ ਪੇਖਨਹਾਰ ॥ ਨਾਮੁ ਸਤਿ ਸਤਿ ਧਿਆਵਨਹਾਰ ॥

ਉਸ ਪ੍ਰਭੂ ਦਾ ਦਰਸ਼ਨ ਸਤ ਹੈ ਅਤੇ ਦਰਸ਼ਨ ਦੇ ਵੇਖਣ ਵਾਲੇ ਪੁਰਸ਼ ਭੀ ਸਤ ਹਨ।

ਸਤ ਸਰੂਪ ਦਾ ਨਾਮ ਸੱਚਾ ਹੈ ਅਤੇ ਨਾਮ ਦੇ ਧਿਆਵਣ ਵਾਲੇ ਮਨੁੱਖ ਭੀ ਸੱਚੇ ਹਨ।

ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥

ਉਹ ਪ੍ਰਭੂ ਆਪ ਸੱਚਾ ਹੈ, ਉਸ ਦੀ ਮਰਯਾਦਾ ਧਾਰੀ ਹੋਈ ਭੀ ਸਾਰੀ ਸੱਚੀ ਹੈ।

ਆਪ ਹੀ ਗੁਣ ਰੂਪ ਹੈ, ਅਤੇ ਆਪ ਹੀ ਗੁਣਕਾਰੀ=ਗੁਣਾਂ ਦੇ ਕਰਨ ਵਾਲਾ ਹੈ।

"ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ ਪੰਨਾ ੩੯੧ ਤੇ ਲਿਖਦੇ ਹਨ:-

(ਗੁਰੂ ਜੀ)-----ਬਹੁਤ ਲੋਕਾਂ ਨੂੰ ਧਰਮ ਦਾ ਉਪਦੇਸ਼ ਤੇ ਸੱਤਿਨਾਮ ਦਾ ਜਾਪ ਦ੍ਰਿੜ੍ਹਾਉਂਦੇ ਹੋਏ ਬਾਰਠ ਪਿੰਡ, ਜਿਥੇ ਸ੍ਰੀ ਚੰਦ ਜੀ ਰਹਿੰਦੇ ਸੇ, ਜਾ ਉਤਰੇ। ਸ੍ਰੀ ਚੰਦ ਜੀ ਦੇ ਦਰਸ਼ਨ ਕੀਤੇ, ਓਸ ਵੇਲੇ ਸੁਖਮਨੀ ਸਾਹਿਬ ਜੀ ਦੀਆਂ ਸੋਲਾਂ ਅਸਟਪਦੀਆਂ ਗੁਰੂ ਸਾਹਿਬ ਰਚ ਚੁਕੇ ਸੇ, ਸੋ ਸ੍ਰੀ ਚੰਦ ਜੀ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਆਖਣ ਲਗੇ ਕਿ ੮ ਅਸਟਪਦੀਆਂ ਹੋਰ ਬਣਾਓ, ਕਿਉਂਕਿ ਆਦਮੀ ਨੂੰ ਅੱਠਾਂ ਪਹਿਰਾਂ ਵਿਚ ੨੪ ਹਜ਼ਾਰ ੬ ਸੌ ਸ੍ਵਾਸ ਆਉਂਦਾ ਹੈ, ਸੋ ਜੋ ਕੋਈ ਏਹ ੨੪ ਅਸਟ੍ਪਦੀਆਂ ਪੜ੍ਹੇਗਾ ਓਸ ਦਾ ਸ੍ਵਾਸ ਸ੍ਵਾਸ ਸਫਲ ਹੋਵੇਗਾ, ਤੇ ਜਮ ਦੀ ਤਾੜਨਾ ਨਾ ਹੋਵੇਗੀ। ਏਹ ਵਰ ਸੁਣ ਕੇ ਗੁਰੂ ਜੀ ਨੇ ਆਖਿਆ ਏਹ ਤੁਸੀਂ ਹੀ ਪੂਰੀਆਂ ਕਰੋ, ਤਾਂ ਸ੍ਰੀ ਚੰਦ ਜੀ ਨੇ "ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥" ਏਹ ਸਲੋਕ ਗੁਰੂ ਨਾਨਕ ਜੀ ਵਾਲਾ ਹੀ ਉਚਾਰ ਕੇ ਬੱਸ ਕਰ ਦਿੱਤੀ, ਬਰਾਬਰੀ ਨਾ ਕਰਨ ਵਾਸਤੇ ਯਾਂ ਪਛਾਣ ਵਾਸਤੇ "ਭਿ" ਸਹਾਰੀ ਦਾ ਫਰਕ ਰੱਖਿਆ। ਫੇਰ ਗੁਰੂ ਜੀ ਮਹਾਰਾਜ ਨੇ ੮ ਅਸਟਪਦੀਆਂ ਉਥੇ ਹੀ ਰਚ ਕੇ ਉਹਨਾਂ ਨੂੰ ਸੁਣਾਈਆਂ। ਜਿਸ ਤੋਂ ਸ੍ਰੀ ਚੰਦ ਜੀ ਬੜੇ ਹੀ ਪ੍ਰਸੰਨ ਹੋਏ ਤੇ ਬਚਨ ਕੀਤਾ-"ਤੁਹਾਡਾ ਬੁਰਾ ਚਿਤਵਨ ਵਾਲਾ ਕੋਈ ਨਾ ਰਹੇਗਾ ਤੇ ਤੁਹਾਡੀ ਬਾਣੀ ਦੁਨੀਆਂ ਵਿਚ ਦਿਨ ਬਦਿਨ ਦੂਣਾ ਚੌਣਾ ਮਾਨ ਪਾਏਗੀ ਅਤੇ ਕਲਜੁਗ ਦਾਇਕ ਹੋਵੇਗੀ।" ਇਸ ਪ੍ਰਕਾਰ ਸ੍ਰੀ ਚੰਦ ਜੀ ਤੋਂ ਖੁਸ਼ੀ ਲੈ ਕੇ ਗੁਰੂ ਜੀ ਫੇਰ ਅੰਮ੍ਰਿਤਸਰ ਆ ਬਿਰਾਜੇ।

ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥

ਉਸ ਦਾ ਸਬਦੁ=ਹੁਕਮ ਸੱਚਾ ਹੈ ਅਤੇ ਹੁਕਮ ਦੇ ਬਕਤਾ=ਉਚਾਰਨ ਵਾਲਾ ਪ੍ਰਭੂ ਆਪ ਹੀ ਸਤ ਹੈ। ਸੁਰਤਿ=ਗਿਆਤ, ਵਾ:-ਸੁ+ਰਤਿ=ਸ੍ਰੇਸ਼ਟ ਪ੍ਰੀਤੀ ਸੱਚੀ ਹੈ, ਜੋ ਜਸ ਨੂੰ ਸੁਣਦਾ ਹੈ ਉਹ ਭੀ ਸਤ ਹੈ।

ਅਥਵਾ:- ਪ੍ਰਭੂ ਦਾ ਜਸ ਸਤ ਹੈ ਤੇ ਜੋ ਪੁਰਸ਼ ਸੁਰਤ ਲਗਾ ਕੇ ਜਸ ਨੂੰ ਸੁਣਦਾ ਹੈ ਉਹ ਭੀ ਸੱਚਾ ਹੈ।

ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥

ਉਸ ਦੇ ਬੁਝਣ ਵਾਲੇ ਗਿਆਨਵਾਨ ਨੂੰ ਸਭ ਕੁਝ ਸਤ ਪਰਤੀਤ ਹੁੰਦਾ ਹੈ।

ਗੁਰੂ ਜੀ ਕਹਿੰਦੇ ਹਨ-ਉਹ ਪ੍ਰਭੂ ਪਿੱਛੇ ਸਤ ਸੀ, ਹੁਣ ਸਤ ਹੈ, ਅੱਗੇ ਵੀ ਸਤ ਹੋਵੇਗਾ, ਵਾ:-ਉਹ ਪ੍ਰਭੂ ਸਤਿ=ਨਿਸਚੇ ਕਰਕੇ ਸਤ ਸਰੂਪ ਹੈ। ਵਾ:-ਉਹ ਪ੍ਰਭੂ ਸਤ ਤੋਂ ਸਤ ਹੈ॥ ੧ ॥

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥

ਜਿਸ ਨੇ ਆਪਣੇ ਹਿਰਦੇ ਵਿਚ ਮਾਨਿਆ=ਅਨੁਭਵ ਕਰ ਲਿਆ ਹੈ ਕਿ ਉਹ ਪ੍ਰਭੂ ਸਤ ਚਿਤ ਅਨੰਦ ਸਰੂਪ ਹੈ। ਉਸ ਨੇ ਸਭ ਗੱਲਾਂ ਦੇ ਕਰਨ ਤੇ ਕਰਾਉਣ ਵਾਲੇ ਮੂਲ ਰੂਪ ਪਰਮੇਸ਼ਰ ਨੂੰ ਪਛਾਣ ਲਿਆ ਹੈ।

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥

ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਬਿਸ੍ਵਾਸੁ=ਭਰੋਸਾ ਆਇਆ ਹੈ।

ਉਸ ਦੇ ਮਨ ਵਿਚ ਤਤੁ ਗਿਆਨੁ=ਯਥਾਰਥ ਗਿਆਨ, ਵਾ:-ਸਭ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਜੋ ਪਰਮੇਸ਼ਰ ਹੈ, ਉਸ ਦਾ ਗਿਆਨ ਪ੍ਰਗਟ ਹੋ ਆਇਆ ਹੈ।

ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥

ਉਹ ਜਮਾਂ ਦੇ ਭੈ=ਡਰ ਤੋਂ ਨਿਰਭਉ=ਨਿੱਡਰ ਹੋ ਕੇ ਵਸਦਾ ਹੈ।

ਵਾ:-ਜਮਾਂ ਦੇ ਡਰ ਤੋਂ ਨਿੱਡਰ ਹੋ ਕੇ ਸਰੂਪ-ਘਰ ਵਿਚ ਵਸਦਾ ਹੈ।

ਉਹ ਜਿਸ ਸਤ ਸਰੂਪ ਤੋਂ ਉਪਜਿਆ=ਪੈਦਾ ਹੋਇਆ ਸੀ ਓਸੇ ਸਤ ਸਰੂਪ ਵਿਚ ਸਮਾ ਗਿਆ ਹੈ।

ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥

ਜਿਵੇਂ ਕਿਸੇ ਵਸਤੂ ਵਿਚ ਵਸਤੂ ਗਡਾਈ=ਮਿਲਾ ਦਿੱਤੀ ਜਾਵੇ ਤਾਂ ਫਿਰ ਉਸ ਨੂੰ ਵਖਰਾ ਨਹੀਂ ਕਿਹਾ ਜਾਂਦਾ । ਏਸੇ ਤਰ੍ਹਾਂ ਅਦਵੈਨੰਦ ਰੂਪੀ ਵਸਤੂ ਦੇ ਵਿਚ ਕੂਟੱਸਥ ਰੂਪ ਵਸਤੂ ਨੂੰ ਲੈ ਕੇ ਗਡਾਈ=ਮੇਲ ਦਿੱਤਾ। ਅਰਥਾਤ ਵਾਚਜ ਵਾਚਜ ਭਾਗ ਤਿਆਗ ਕੇ ਲਕਸ਼ ਲਕਸ਼ ਭਾਗ ਦੀ ਏਕਤਾ ਕਰ ਦਿੱਤੀ ਤਾਂ ਫਿਰ ਉਸ ਨੂੰ ਭਿੰਨ=ਵਖਰਾ ਨਹੀਂ ਕਿਹਾ ਜਾਂਦਾ।

ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥ ੨ ॥

ਜਿਹੜਾ ਕੋਈ ਬੁਝਣੇ ਵਾਲਾ ਹੋ ਕੇ ਇਸ ਬਿਬੇਕ=ਵਿਚਾਰ ਨੂੰ ਬੁਝਦਾ ਹੈ,

ਗੁਰੂ ਜੀ ਕਹਿੰਦੇ ਹਨ-ਉਹ ਨਰਾਇਣ ਨਾਲ ਮਿਲ ਕੇ ਇਕ ਰੂਪ ਹੋ ਜਾਂਦਾ ਹੈ॥ ੨ ॥

ਠਾਕੁਰ ਕਾ ਸੇਵਕੁ ਆਗਿਆਕਾਰੀ ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥

ਠਾਕੁਰ ਦਾ ਸੇਵਕ ਆਪਣੇ ਠਾਕੁਰ ਦੀ ਆਗਿਆ ਮੰਨਣ ਵਾਲਾ ਹੁੰਦਾ ਹੈ।

ਠਾਕੁਰ ਦਾ ਸੇਵਕ ਸਦਾ ਹੀ ਆਪਣੇ ਮਾਲਕ ਦੀ ਪੂਜਾਰੀ=ਪੂਜਾ ਕਰਦਾ ਰਹਿੰਦਾ ਹੈ।

ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥

ਠਾਕੁਰ ਦੇ ਸੇਵਕ ਦੇ ਮਨ ਵਿਚ ਹਮੇਸ਼ਾ ਪਰਤੀਤਿ=ਭਰੋਸਾ ਬਣਿਆ ਰਹਿੰਦਾ ਹੈ।

ਠਾਕੁਰ ਦੇ ਸੇਵਕ ਦੀ ਜੋ ਭੀ ਰੀਤੀ ਹੈ ਉਹ ਨਿਰਮਲ ਹੈ।

ਠਾਕੁਰ ਕਉ ਸੇਵਕੁ ਜਾਨੈ ਸੰਗਿ ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥

ਆਪਣੇ ਠਾਕੁਰ=ਸੁਆਮੀ ਪਰਮੇਸ਼ਰ ਨੂੰ ਸੇਵਕ ਆਪਣੇ ਅੰਗ-ਸੰਗ ਜਾਣਦਾ ਹੈ।

ਕਿਉਂਕਿ ਪ੍ਰਭੂ ਦਾ ਸੇਵਕ ਨਾਮ ਦੇ ਰੰਗਿ=ਪ੍ਰੇਮ ਵਿਚ, ਵਾ:-ਆਨੰਦ ਵਿਚ ਰੰਗਿਆ ਰਹਿੰਦਾ ਹੈ।

ਸੇਵਕ ਕਉ ਪ੍ਰਭ ਪਾਲਨਹਾਰਾ ॥ ਸੇਵਕ ਕੀ ਰਾਖੈ ਨਿਰੰਕਾਰਾ ॥

ਅਜੇਹੇ ਸੇਵਕ ਨੂੰ ਪ੍ਰਭੂ ਆਪ ਹੀ ਮਾਂ ਪਿਉ ਵਾਂਗ ਪਾਲਣ ਵਾਲਾ ਹੈ।

ਨਿਰੰਕਾਰ ਵਾਹਿਗੁਰੂ ਸੇਵਕ ਦੀ ਹਰ ਥਾਂ ਤੇ ਇੱਜ਼ਤ ਰਖਦਾ ਹੈ।

ਸਾਖੀ:-ਰਾਜੇ ਬਿਕ੍ਰਮ ਦੀ

ਰਾਜਾ ਬਿਕ੍ਰਮ ਬੜਾ ਦਾਨੀ ਹੋਇਆ ਹੈ, ਜੋ ਕਿਸੀ ਆਏ ਅਤਿਥੀ ਨੂੰ ਖਾਲੀ ਨਹੀਂ ਭੇਜਦਾ ਸੀ। ਇਕ ਇੱਛਾਧਾਰੀ ਸੱਪ ਜੰਗਲ ਵਿਚ ਰਹਿੰਦਾ ਸੀ, ਇਕ ਵਾਰ ਅਚਾਨਕ ਹੀ ਉਸ ਜੰਗਲ ਨੂੰ ਅੱਗ ਲੱਗ ਗਈ। ਅੱਗ ਦਾ ਸੇਕ ਸੱਪ ਨੂੰ ਲੱਗ ਗਿਆ ਜਿਸ ਤੇ ਸੱਪ ਬੜਾ ਤੜਪਿਆ ਤੇ ਕੋਈ ਠੰਡੀ ਥਾਂ ਲੱਭਣ ਲੱਗਾ, ਪਰ ਨਾ ਲਭਾ। ਕਿਸੇ ਦੂਜੇ ਇਛਾਧਾਰੀ ਸੱਪ ਨੇ ਕਿਹਾ, ਰਾਜਾ ਬਿਕ੍ਰਮ ਜੀ ਦੇ ਹਿਰਦੇ ਵਿਚ ਸ਼ਾਂਤੀ ਦਾ ਕੁੰਡ ਹੈ ਉਸ ਜਗ੍ਹਾ ਪਰ ਦੋ ਘੜੀਆਂ ਨਿਵਾਸ ਕਰੇਂ ਤਾਂ ਤੈਨੂੰ ਸ਼ਾਂਤੀ ਆ ਜਾਏਗੀ ਰਾਜਾ ਬਿਕ੍ਰਮ ਬੜਾ ਦਾਨੀ ਹੈ ਉਹ ਤੈਨੂੰ ਨਿਵਾਸ ਲਈ ਜ਼ਰੂਰ ਜਗ੍ਹਾ ਦੇਵੇਗਾ। ਉਸੀ ਵੇਲੇ ਉਹ ਸੱਪ ਰਾਜੇ ਬਿਕ੍ਰਮ ਦੇ ਦਰਵਾਜ਼ੇ ਤੇ ਆ ਕੇ ਬੈਠ ਗਿਆ।

ਰਾਜੇ ਨੇ ਉਸ ਸੱਪ ਤੋਂ ਪੁਛਿਆ-ਦੇਵਤਾ ਜੀ ! ਇਥੇ ਬੈਠਣ ਦਾ ਤੇਰਾ ਕੀ ਕੰਮ ਹੈ?

ਸੱਪ ਨੇ ਕਿਹਾ-ਆਪਣੇ ਅੰਦਰ ਬੈਠਣ ਲਈ ਜਗ੍ਹਾ ਦਿਉ ਜਿਸ ਤੇ ਮੈਨੂੰ ਸ਼ਾਂਤੀ ਆ ਜਾਏ। ਵਜ਼ੀਰ ਅਤੇ ਸਾਰੇ ਰਿਸ਼ਤੇਦਾਰਾਂ ਨੇ ਰਾਜੇ ਨੂੰ ਮਨ੍ਹਾ ਕੀਤਾ, ਫਿਰ ਵੀ ਉਪਕਾਰੀ ਰਾਜੇ ਬਿਕ੍ਰਮ ਨੇ ਚਾਰ ਪਹਿਰ ਆਪਣੇ ਅੰਦਰ ਰਹਿਣ ਲਈ ਜਗ੍ਹਾ ਦੇ ਦਿਤੀ। ਅੰਦਰ ਜਾਂਦਿਆਂ ਸੱਪ ਨੂੰ ਅਜਿਹੀ ਸ਼ਾਂਤੀ ਆ ਗਈ ਜੋ ਬਾਹਰ ਨਿਕਲਣ ਤੇ ਜੀ ਨਾ ਕਰੇ। ਰਾਜੇ ਬਿਕ੍ਰਮ ਨੇ ਵੀ ਦਵਾਈ ਆਦਿ ਨਾਲ ਉਸ ਨੂੰ ਬਾਹਰ ਨਾ ਕਢਿਆ। ਸੱਪ ਦੇ ਅੰਦਰ ਰਹਿਣ ਕਰਕੇ ਰਾਜਾ ਕੋਹੜੀ ਹੋ ਗਿਆ, ਜਿਸ ਤੇ ਸਾਰੇ ਸੰਬੰਧੀ ਗਿਲਾਨੀ ਕਰਨ ਲਗ ਪਏ। ਉਸੀ ਵੇਲੇ ਰਾਜਾ ਆਪਣੇ ਰਾਜ ਭਾਗ ਨੂੰ ਛੱਡਕੇ ਗੰਗਾ ਕਿਨਾਰੇ ਜਾ ਬੈਠਾ। ਉਥੋਂ ਦੇ ਲੋਕ ਵੀ ਰਾਜਾ ਪਰ ਗਿਲਾਨੀ ਕਰਨ ਲੱਗ ਪਏ। ਵਿਹੁ ਕਰਕੇ ਕਿਸੇ ਵੇਲੇ ਰਾਜੇ ਨੂੰ ਬੇਹੋਸ਼ੀ ਆ ਜਾਇਆ ਕਰੇ, ਆਖਰ ਦੁਖੀ ਹੋ ਕੇ ਰਾਜੇ ਨੇ ਗੰਗਾ ਵਿਚ ਡੁਬਣ ਦਾ ਖਿਆਲ ਕਰ ਲਿਆ। ਇਤਨੇ ਨੂੰ ਕਿਸੀ ਦੂਜੇ ਰਾਜੇ ਦੇ ਸਿਪਾਹੀਆਂ ਨੇ ਉਸ ਜਗ੍ਹਾ ਪਰ ਆ ਕੇ ਉਸ ਨੂੰ ਫੜ ਲਿਆ ਤੇ ਆਪਣੇ ਰਾਜ ਵਿਚ ਲਿਜਾਕੇ ਰਾਜੇ ਦੇ ਪੇਸ਼ ਕਰ ਦਿੱਤਾ।

ਕਿਉਂਕਿ ਉਸ ਰਾਜੇ ਦੀ ਛੋਟੀ ਲੜਕੀ ਹਮੇਸ਼ਾਂ ਅੰਮ੍ਰਿਤ ਵੇਲੇ ਉੱਠਕੇ ਪ੍ਰਭੂ ਦਾ ਭਜਨ ਕਰਦੀ ਹੁੰਦੀ ਸੀ ਤੇ ਪ੍ਰਭੂ ਉੱਤੇ ਦ੍ਰਿੜ੍ਹ ਵਿਸ਼ਵਾਸ ਰਖਦੀ ਸੀ ਕਿ ਸਭ ਦੀ ਪਾਲਣਾ ਕਰਨ ਵਾਲਾ ਇਕ ਪ੍ਰਭੂ ਹੀ ਹੈ। ਉਸ ਲੜਕੀ ਦਾ ਪਿਤਾ ਬੜਾ ਹੰਕਾਰੀ ਸੀ, ਉਸ ਦੀਆਂ ਗੱਲਾਂ ਸੁਣਕੇ ਉਸ ਉੱਤੇ ਖੁਸ਼ ਨਹੀਂ ਸੀ। ਇਕ ਦਿਨ ਉਸਨੇ ਲੜਕੀ ਤੋਂ ਪੁਛਿਆ-ਤੂੰ ਕਿਸ ਦੇ ਆਸਰੇ ਰਹਿੰਦੀ ਹੈਂ?

ਲੜਕੀ ਨੇ ਕਿਹਾ-ਮੈਂ ਪਰਮੇਸ਼ਰ ਦੇ ਆਸਰੇ ਰਹਿੰਦੀ ਹਾਂ।

ਪਿਤਾ ਨੇ ਕਿਹਾ-ਨਹੀਂ ਤੂੰ ਮੇਰੇ ਆਸਰੇ ਰਹਿੰਦੀ ਹੈਂ, ਮੈਂ ਹੀ ਤੇਰੀ ਪਾਲਣਾ ਕਰਦਾ ਹਾਂ। ਲੜਕੀ ਨੇ ਕਿਹਾ-ਤੁਸੀਂ ਨਹੀਂ ਪਾਲਦੇ, ਸਭ ਦਾ ਪਾਲਕ ਪਰਮੇਸ਼ਰ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੁਖਮਨੀ ਸਾਹਿਬ ਵਿਚ ਲਿਖਿਆ ਹੈ-

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥

ਇਹ ਗੱਲ ਸੁਣਦਿਆਂ ਸਾਰ ਰਾਜੇ ਨੇ ਗੁੱਸੇ ਵਿਚ ਆ ਕੇ ਕਿਹਾ, ਤੇਰਾ ਵਿਆਹ ਕਿਸੇ ਕੋਹੜੀ ਨਾਲ ਕਰ ਦਿਆਂਗਾ ਫਿਰ ਵੇਖਾਂਗਾ, ਉਹ ਪ੍ਰਭੂ ਤੇਰੀ ਕਿਵੇਂ ਪਾਲਣਾ ਕਰੇਗਾ। ਬਾਹਰ ਆ ਕੇ ਸਿਪਾਹੀਆਂ ਨੂੰ ਕਿਹਾ, ਕੋਈ ਕੋਹੜੀ ਪੁਰਸ਼ ਲਭ ਕੇ ਲਿਆਉ ਉਸ ਨਾਲ ਮੈਂ ਛੋਟੀ ਲੜਕੀ ਦਾ ਵਿਆਹ ਕਰ ਦੇਵਾਂ।

ਸਿਪਾਹੀ ਫਿਰਦੇ ਫਿਰਦੇ ਗੰਗਾ ਪਰ ਪਹੁੰਚੇ, ਰਾਜੇ ਬਿਕ੍ਰਮ ਨੂੰ ਦੇਖਕੇ ਉਸ ਨੂੰ ਫੜ ਕੇ ਆਪਣੇ ਰਾਜੇ ਦੇ ਸਾਹਮਣੇ ਪੇਸ਼ ਕਰ ਦਿੱਤਾ।

ਰਾਜੇ ਨੇ ਆਪਣੀ ਲੜਕੀ ਦੀ ਸ਼ਾਦੀ ਉਸ ਕੋਹੜੀ ਨਾਲ ਕਰਕੇ ਦੇਸ਼ ਨਿਕਾਲਾ ਦੇ ਦਿੱਤਾ। ਰਾਜਾ ਬਿਕ੍ਰਮ ਅੱਠੇ ਪਹਿਰ ਬੇਹੋਸ਼ ਰਿਹਾ ਕਰੇ ਉਸਨੂੰ ਪਤਾ ਭੀ ਨਹੀਂ ਕਿ ਮੇਰੀ ਸ਼ਾਦੀ ਇਸ ਨਾਲ ਹੋਈ ਹੈ ਜਾਂ ਨਹੀਂ। ਲੜਕੀ ਮਹਾਰਾਜਾ ਬਿਕ੍ਰਮ ਜੀ ਨੂੰ ਟੋਕਰੇ ਵਿਚ ਪਾ ਕੇ ਫਿਰਦੀ ਰਹੀ ਅਤੇ ਸੇਵਾ ਕਰਦੀ ਰਹੀ। ਸੇਵਾ ਕਰਦਿਆਂ ਕਰਦਿਆਂ ਛੇ ਮਹੀਨੇ ਬੀਤ ਗਏ।

ਇਕ ਦਿਨ ਰਾਜੇ ਨੂੰ ਇਕ ਬ੍ਰਿੱਛ ਦੇ ਹੇਠਾਂ ਸੁਆ ਕੇ ਰਾਜ-ਲੜਕੀ ਪਾਠ ਕਰ ਰਹੀ ਸੀ, ਉਸ ਪਾਠ ਦੇ ਸਦਕੇ ਉਥੋਂ ਇਕ ਸੱਪ ਨੇ ਨਿਕਲਕੇ ਰਾਜੇ ਬਿਕ੍ਰਮ ਨੂੰ ਬੇਹੋਸ਼ੀ ਦੇਖਕੇ ਬਹੁਤ ਅਫਸੋਸ ਕੀਤਾ ਤੇ ਪੇਟ ਵਿਚ ਰਹਿਣ ਵਾਲੇ ਸੱਪ ਨੂੰ ਕਿਹਾ, ਅਤੇ ਨੀਚ ! ਤੂੰ ਬਾਹਰ ਨਿਕਲ ਆ ਨਹੀਂ ਤਾਂ ਇਸ ਰਾਣੀ ਦੁਆਰਾ ਬੂਟੀਆਂ ਖੁਆਕੇ ਤੈਨੂੰ ਮਰਵਾਕੇ ਬਾਹਰ ਕੱਢ ਦਿਆਂਗਾ। ਉਸਨੇ ਕਿਹਾ, ਮੈਂ ਬਾਹਰ ਨਹੀਂ ਨਿਕਲਾਂਗਾ। ਭਜਨ ਪਾਠ ਦੇ ਸਦਕੇ ਉਸ ਜਗ੍ਹਾ ਤੋਂ ਜਿਹੜਾ ਸੱਪ ਨਿਕਲਿਆ ਸੀ, ਉਸਨੇ ਰਾਣੀ ਨੂੰ ਕਿਹਾ-ਹੇ ਰਾਣੀ ! ਤੂੰ ਕੋਈ ਫਿਕਰ ਨਾ ਕਰ, ਰਾਜੇ ਬਿਕ੍ਰਮ ਨੇ ਆਪਣੇ ਪੇਟ ਅੰਦਰ ਇਸ ਸੱਪ ਨੂੰ ਚਾਰ ਪਹਿਰ ਰਹਿਣ ਵਾਸਤੇ ਜਗ੍ਹਾ ਦਿਤੀ ਸੀ, ਪਰ ਇਹ ਬਾਹਰ ਨਹੀਂ ਨਿਕਲਿਆ ਉਸ ਦੀ ਵਿਹੁ ਨਾਲ ਇਹ ਕੋਹੜੀ ਹੋ ਗਿਆ ਹੈ, ਜੋ ਮੈਂ ਦਸਦਾ ਹਾਂ ਉਹ ਬੂਟੀਆਂ ਇਸ ਰਾਜੇ ਨੂੰ ਖੁਆ ਤਾਂ ਇਹ ਸੱਪ ਟੁਕੜੇ ਟੁਕੜੇ ਹੋ ਕੇ ਬਾਹਰ ਆ ਜਾਵੇਗਾ ਤੇ ਰਾਜਾ ਬਿਕ੍ਰਮ ਬਿਲਕੁਲ ਰਾਜ਼ੀ ਹੋ ਜਾਵੇਗਾ। ਇਹ ਗੱਲ ਸੁਣਕੇ ਰਾਣੀ ਨੇ ਬੂਟੀਆਂ ਦੀ ਤਲਾਸ਼ ਕੀਤੀ, ਬੂਟੀਆਂ ਲਿਆ ਕੇ ਘੋਟੀਆਂ ਤੇ ਆਪਣੇ ਪਤੀ ਰਾਜੇ ਬਿਕ੍ਰਮ ਨੂੰ ਪਿਲਾਈਆਂ ਤਾਂ ਅੰਦਰ ਵਾਲਾ ਸੱਪ ਮਰਕੇ ਟੁਕੜੇ ਟੁਕੜੇ ਹੋ ਕੇ ਉਲਟੀਆਂ ਦੁਆਰਾ ਬਾਹਰ ਨਿਕਲ ਆਇਆ। ਇਤਨੇ ਵਿਚ ਰਾਜੇ ਦੀ ਬੇਹੋਸ਼ੀ ਦੂਰ ਹੋ ਗਈ ਤੇ ਸੁਰਤ ਆ ਗਈ, ਅੱਖਾਂ ਦੇ ਖੁਲ੍ਹਣ ਤੇ ਆਪਣੇ ਸਾਹਮਣੇ ਰਾਜ-ਲੜਕੀ ਨੂੰ ਬੈਠਾ ਵੇਖਕੇ ਪੁਛਿਆ ਤੂੰ ਕੌਣ ਹੈਂ? ਉਸ ਨੇ ਕਿਹਾ ਮੈਂ ਆਪ ਜੀ ਦੀ ਧਰਮ ਪਤਨੀ ਹਾਂ। ਜਦ ਉਸਨੇ ਆਪਣੀ ਸਾਰੀ ਕਹਾਣੀ ਸੁਣਾਈ, ਤਦ ਰਾਜਾ ਬਿਕ੍ਰਮ ਜੀ ਬੜੇ ਪ੍ਰਸੰਨ ਹੋਏ ਉਸਨੂੰ ਆਪਣੇ ਨਾਲ ਲਿਆ ਕੇ ਰਾਜ-ਮਹਿਲਾਂ ਵਿਚ ਰਹਿਣ ਲਗ ਪਏ ਤੇ ਉਸ ਰਾਣੀ ਦਾ ਦਰਜਾ ਸਭ

ਤੋਂ ਉੱਚਾ ਰਖਿਆ। ਇੰਜ ਉਹ ਪ੍ਰਭੂ ਆਪਣੇ ਸੇਵਕ ਦੀ ਪਾਲਣਾ ਕਰਨ ਵਾਲਾ ਹੈ ਅਤੇ ਆਪਣੇ ਸੇਵਕ ਦੀ ਰਖਿਆ ਕਰਨ ਵਾਲਾ ਹੈ।

ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥ ੩ ॥

ਜਿਸ ਉੱਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਧਾਰਦਾ ਹੈ ਸੇਵਕ ਉਹੋ ਹੈ।

ਗੁਰੂ ਜੀ ਕਹਿੰਦੇ ਹਨ-ਉਹ ਸੇਵਕ ਪ੍ਰਭੂ ਨੂੰ ਸ੍ਵਾਸ ਸ੍ਵਾਸ ਸਮਾਰੈ=ਚੇਤੇ ਕਰਦਾ ॥ ੩ ॥

ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥

ਪ੍ਰਭੂ ਆਪਣੇ ਸੇਵਕ ਦਾ ਪਰਦਾ=ਪੜਦਾ ਢਾਕੈ=ਢੱਕਦਾ ਭਾਵ ਕੱਜਦਾ ਹੈ।

ਅਤੇ ਆਪਣੇ ਸੇਵਕ ਦੀ ਸਰਪਰ=ਜ਼ਰੂਰ ਇੱਜ਼ਤ ਰਖਦਾ ਹੈ।

ਅਪਨੇ ਦਾਸ ਕਉ ਦੇਇ ਵਡਾਈ ॥ ਅਪਨੇ ਸੇਵਕ ਕਉ ਨਾਮੁ ਜਪਾਈ ॥

ਉਹ ਪ੍ਰਭੂ ਆਪਣੇ ਸੇਵਕ ਨੂੰ ਵਡਿਆਈ ਦਿੰਦਾ ਹੈ। ਉਹ ਪ੍ਰਭੂ ਆਪਣੇ ਸੇਵਕ ਤੋਂ ਨਾਮ ਜਪਵਾਉਂਦਾ ਹੈ।

ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥

ਆਪਣੇ ਸੇਵਕ ਦੀ ਆਪ ਹੀਂ ਇੱਜ਼ਤ ਰੱਖਦਾ ਹੈ।

ਉਸ ਦੀ ਗਤੀ ਦੀ ਮਿਤਿ=ਮਰਯਾਦਾ ਨੂੰ ਕੋਈ ਭੀ ਨਹੀਂ ਜਾਣਦਾ।

ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥ ਪ੍ਰਭ ਕੇ ਸੇਵਕ ਊਚ ਤੇ ਊਚੇ ॥

ਪ੍ਰਭੂ ਦੇ ਸੇਵਕ ਨੂੰ ਕੋਈ ਨਹੀਂ ਪੁੱਜ ਸਕਦਾ, ਭਾਵ ਉਸ ਦੇ ਬਰਾਬਰ ਕੋਈ ਨਹੀਂ ਹੋ ਸਕਦਾ। ਕਿਉਂਕਿ ਪ੍ਰਭੂ ਦੇ ਸੇਵਕ ਉੱਚੇ ਤੋਂ ਉੱਚੇ ਹਨ।

ਜੋ ਪ੍ਰਭਿ ਅਪਨੀ ਸੇਵਾ ਲਾਇਆ ॥
ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥ ੪ ॥

ਜੋ ਪੁਰਸ਼ ਪ੍ਰਭੂ ਨੇ ਆਪਣੀ ਸੇਵਾ ਵਿਚ ਲਗਾਇਆ ਹੈ। ਗੁਰੂ ਜੀ ਕਹਿੰਦੇ ਹਨ-ਉਹ ਸੇਵਕ ਦਸੋ ਦਿਸ਼ਾਂ ਵਿਚ ਪ੍ਰਗਟ ਹੋ ਆਉਂਦਾ ਹੈ॥ ੪॥

ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥

ਜੇ ਵਾਹਿਗੁਰੂ ਨਿੱਕੀ ਕੀੜੀ ਵਿਚ ਆਪਣੀ ਕਲ=ਸ਼ਕਤੀ ਰਖ ਦੇਵੇ, ਤਾਂ ਉਹ ਲੱਖਾਂ ਕ੍ਰੋੜਾਂ ਲਸਕਰ=ਫੌਜਾਂ ਨੂੰ ਭਸਮ=ਨਾਸ ਕਰ ਸਕਦੀ ਹੈ। ਇਸੇ ਤਰ੍ਹਾਂ ਨੀਕੀ ਕੀਰੀ=ਗਰੀਬ ਵਿਚ ਆਪਣੀ ਸ਼ਕਤੀ ਰੱਖ ਦੇਵੇ ਤਾਂ ਉਹ ਗਰੀਬ ਲੱਖਾਂ ਕ੍ਰੋੜਾਂ ਫੌਜਾਂ ਨੂੰ ਸੁਆਹ ਕਰ ਸਕਦਾ ਹੈ। ਹੁਣ ਅੰਤ੍ਰੀਵ ਭਾਵ ਸੁਣੋ:-ਜੇ ਵਾਹਿਗੁਰੂ ਨੀਕੀ ਕੀਰੀ=ਨਿੰਮ੍ਰਤਾ ਵਾਲੀ ਬਿਰਤੀ ਵਿਚ ਆਪਣੀ ਸ਼ਕਤੀ ਰਖ ਦੇਵੇ ਭਾਵ ਬ੍ਰਹਮਾਕਾਰ ਬਿਰਤੀ ਕਰ ਦੇਵੇ ਤਾਂ ਲੱਖਾਂ ਕ੍ਰੋੜਾਂ ਫੌਜਾਂ ਰੂਪ ਸੰਸਾਰ ਨੂੰ ਭਸਮ ਕਰੇ=ਮਿਥਿਆ ਰੂਪ ਨਿਸਚੇ ਕਰਦਾ ਹੈ।

ਜਿਸ ਕਾ ਸਾਸੁ ਨ ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥

ਆਪ ਪ੍ਰਭੂ ਜਿਸ ਮਨੁੱਖ ਦਾ ਸ੍ਵਾਸ ਨਹੀਂ ਕੱਢਦਾ। ਉਸਨੂੰ ਹੱਥ ਦੇ ਕੇ ਸਭ ਔਕੜਾਂ ਤੋਂ ਰੱਖ ਲੈਂਦਾ ਹੈ।

[ਪੰਨਾ ੨੮੬]

ਮਾਨਸ ਜਤਨ ਕਰਤ ਬਹੁ ਭਾਤਿ॥ ਤਿਸ ਕੇ ਕਰਤਬ ਬਿਰਥੇ ਜਾਤਿ॥

ਮਨੁੱਖ ਅਨੇਕਾਂ ਜਤਨ ਆਪ ਕਰਦਾ ਹੈ। ਪਰ ਉਸ ਦੇ ਸਾਰੇ ਕਰਤਬ ਬਿਰਥੇ ਜਾਤਿ=ਨਿਸਫਲ ਚਲੇ ਜਾਂਦੇ ਹਨ। ਜਿਵੇਂ ਮਨੁੱਖ ਕਿਸੇ ਦੀ ਜਾਨ ਬਚਾਉਣ ਲਈ ਭਾਵੇਂ ਕਿਤਨੇ ਜਤਨ ਕਰ ਲਵੇ ਜੇ ਪਰਮੇਸ਼ਰ ਦੀ ਮਰਜ਼ੀ ਨਾ ਹੋਵੇ ਤਾਂ ਉਸ ਦੇ ਜਤਨ ਕੀਤੇ ਹੋਏ ਸਾਰੇ ਵਿਅਰਥ ਚਲੇ ਜਾਂਦੇ ਹਨ। ਜਿਵੇਂ ਰਾਜਾ ਪ੍ਰੀਛਤ ਆਪਣੀ ਜਾਨ ਬਚਾਉਣ ਵਾਸਤੇ ਗੰਗਾ ਦੇ ਚਲਦੇ ਪ੍ਰਵਾਹ ਵਿਚ ਸ਼ੀਸ਼ ਮਹਿਲ ਬਣਵਾਕੇ ਵਿਚ ਬੈਠਕੇ ਭਾਗਵਤ ਦਾ ਪਾਠ ਲਖਵਾ ਕੇ ਸੁਣਦਾ ਰਿਹਾ। ਆਸ ਪਾਸ ਫੌਜਾਂ ਵੀ ਖੜੀਆਂ ਕੀਤੀਆਂ ਇਤਨੇ ਜਤਨ ਦੇ ਕਰਨ ਨਾਲ ਭੀ ਮੌਤ ਤੋਂ ਬਚ ਨਾ ਸਕਿਆ।

ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ॥
ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ॥
ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥ ੭॥

(ਸਹਸਕ੍ਰਿਤੀ ਪੰਨਾ ੧੩੫੪)

ਮਾਰੈ ਨ ਰਾਖੈ ਅਵਰੁ ਨ ਕੋਇ॥ ਸਰਬ ਜੀਆ ਕਾ ਰਾਖਾ ਸੋਇ॥

ਅਵਰ ਕੋਈ=ਹੋਰ ਕੋਈ ਨਾ ਮਾਰ ਸਕਦਾ ਹੈ, ਨਾ ਹੀ ਰੱਖ ਸਕਦਾ ਹੈ।

ਸਾਰਿਆਂ ਜੀਵਾਂ ਦੀ ਰੱਖਿਆ ਕਰਨ ਵਾਲਾ ਉਹ ਪ੍ਰਭੂ ਆਪ ਹੀ ਹੈ।

ਯਥਾ:-*ਬਿਨੁ ਭਗਵੰਤ ਨਾਹੀ ਅਨ ਕੋਇ॥ ਮਾਰੈ ਰਾਖੈ ਏਕੋ ਸੋਇ॥ ੧॥* (ਪੰਨਾ ੧੯੨)

ਕਾਹੇ ਸੋਚ ਕਰਹਿ ਰੇ ਪ੍ਰਾਣੀ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ॥ ੫॥

ਹੇ ਪ੍ਰਾਣੀ ! ਤੂੰ ਕਿਸ ਵਾਸਤੇ ਸੋਚਾਂ ਭਾਵ ਫਿਕਰ ਕਰਦਾ ਹੈਂ। ਗੁਰੂ ਜੀ ਫੁਰਮਾਉਂਦੇ ਹਨ- ਜੋ ਪ੍ਰਭੂ ਅਲਖ ਤੇ ਵਿਡਾਣੀ=ਅਸਚਰਜ ਰੂਪ ਹੈ, ਉਸਨੂੰ ਤੂੰ ਜਪਣਾ ਕਰ॥ ੫॥

ਬਾਰੰ ਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥

ਮਨ ਬਾਣੀ ਸਰੀਰ ਕਰਕੇ ਬਾਰ ਬਾਰ ਪ੍ਰਭੂ ਨੂੰ ਜਪਣਾ ਕਰ।

ਵਾ:-ਸਤਸੰਗਤ ਰੂਪੀ ਬਾਰ=ਦਰਵਾਜ਼ੇ ਪਰ ਜਾਕੇ ਬਾਰੰ ਬਾਰ=ਮੁੜ ਮੁੜ ਕੇ ਪ੍ਰਭੂ ਨੂੰ ਜਪਣਾ ਕਰੀਏ ਇਸ ਨਾਮ ਅੰਮ੍ਰਿਤ ਨੰ ਪੀ ਕੇ ਮਨ ਤੇ ਤਨ ਦੋਹਾਂ ਨੂੰ ਧ੍ਰਪੀਐ=ਤ੍ਰਿਪਤ ਕਰ ਲਈਏ।

ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥
ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ॥

ਜਿਸ ਗੁਰਮੁਖ ਨੇ ਨਾਮ ਰੂਪ ਰਤਨ ਪਾ ਲਿਆ ਹੈ।

ਉਸ ਨੂੰ ਨਾਮ ਵਰਗਾ ਹੋਰ ਕੁਝ ਨਿਗਾਹ ਨਹੀਂ ਆਇਆ।

ਨਾਮੁ ਧਨੁ ਨਾਮੋ ਰੂਪੁ ਰੰਗੁ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ॥

ਫਿਰ ਤਾਂ ਨਾਮ ਹੀ ਉਸ ਦਾ ਧਨ ਹੈ, ਤੇ ਨਾਮ ਹੀ ਉਸ ਦਾ ਰੂਪ ਰੰਗ ਹੈ।

ਉਸਨੂੰ ਨਾਮ ਵਿਚ ਹੀ ਸੁਖ ਹੈ, ਇਸ ਲਈ ਉਹ ਹਰੀ ਨਾਮ ਦਾ ਹੀ ਸੰਗੁ=ਸਾਥ ਕਰਦਾ ਹੈ।

ਵਾ:- ਸਤਸੰਗ ਕਰਦਾ ਰਹਿੰਦਾ ਹੈ।

ਨਾਮ ਰਸਿ ਜੋ ਜਨ ਤ੍ਰਿਪਤਾਨੇ॥ ਮਨ ਤਨ ਨਾਮਹਿ ਨਾਮਿ ਸਮਾਨੇ॥

ਜੋ ਪੁਰਸ਼ ਨਾਮ-ਰਸ ਵਿਚ ਤ੍ਰਿਪਤਾਨੇ=ਤ੍ਰਿਪਤ ਹੋਏ ਹਨ। ਉਹ ਮਨ ਤਨ ਦੁਆਰੇ ਨਾਮਹਿ=ਨਾਮ ਨੂੰ ਜਪਦੇ ਹੋਏ ਨਾਮਿ=ਨਾਮੀ ਪਰਮਾਤਮਾ ਵਿਚ ਸਮਾਨੇ=ਸਮਾ ਗਏ ਹਨ।

ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥ ੬॥

ਗੁਰੂ ਸਾਹਿਬ ਜੀ ਕਹਿੰਦੇ ਹਨ-ਸੇਵਕ ਜਨਾਂ ਦਾ ਸਦਾ ਲਈ ਇਹੋ ਕੰਮ ਹੈ, ਜੋ ਉਠਦਿਆਂ ਬਹਿੰਦਿਆਂ ਤੇ ਸੁੱਤਿਆਂ ਨਾਮ ਹੀ ਜਪਦੇ ਰਹਿੰਦੇ ਹਨ॥ ੬॥

ੳ-***ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥ ੧॥*** *(ਪੰਨਾ ੩੮੬)*

ਅ-***ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ॥ ੧॥ ਰਹਾਉ॥*** *(ਪੰਨਾ ੩੭੯)*

ਸਾਖੀ-ਪੂਰਨ ਫਕੀਰ ਦੀ

ਅਸਲ ਮਹਾਤਮਾ ਹਰ ਵੇਲੇ ਪ੍ਰਭੂ ਦਾ ਸਿਮਰਨ ਕਰਦੇ ਹਨ ਉਹਨਾਂ ਲਈ ਕੋਈ ਬੰਦਸ਼ ਨਹੀਂ ਹੈ. ਹਾਂ ਹਿੰਦੂਆਂ ਲਈ ਤ੍ਰਿੰਨ ਵੇਲੇ ਸੰਧਿਆ ਅਤੇ ਮੁਸਲਮਾਨਾਂ ਲਈ ਪੰਜ ਵੇਲੇ ਨਿਮਾਜ਼ ਪੜ੍ਹਨੀ ਜ਼ਰੂਰੀ ਹੈ। ਇਕ ਮੁਸਲਮਾਨ ਫਕੀਰ ਨੇ ਬਾਦਸ਼ਾਹੀ ਮਸੀਤ ਵਿਚ ਨਿਮਾਜ਼ ਪੜ੍ਹਦਿਆਂ ਨੂੰ ਦੇਖ ਕੇ ਕਿਹਾ, ਇਹ ਨਿਮਾਜ਼ ਪੜ੍ਹਨ ਵਾਲੇ ਕਾਫਰ ਹਨ ਤੇ ਨਮਾਜ਼ ਨਾ ਪੜ੍ਹਨ ਵਾਲੇ ਮੁਸਲਮਾਨ ਹਨ। ਇਹ ਗੱਲ ਸੁਣ ਕੇ ਕਾਜ਼ੀਆਂ ਨੇ ਗੁੱਸਾ ਕੀਤਾ ਤੇ ਜਾ ਕੇ ਬਾਦਸ਼ਾਹ ਨੂੰ ਕਿਹਾ। ਅੱਗੋਂ ਬਾਦਸ਼ਾਹ ਨੇ ਕਿਹਾ, ਮੈਂ ਉਸ ਤੋਂ ਪੁਛ ਕੇ ਤਸੱਲੀ ਕਰ ਲਵਾਂ ਫਿਰ ਯੋਗ ਡੰਡ ਦਿਆਂਗਾ। ਦੂਜੇ ਦਿਨ ਉਹ ਫਕੀਰ ਬਜ਼ਾਰ ਵਿਚ ਬੈਠਾ ਸੀ, ਮੁਸਲਮਾਨ ਇਕ ਮੁਰਦੇ ਨੂੰ ਲਿਆ ਰਹੇ ਸਨ ਮੁਰਦੇ ਨੂੰ ਵੇਖ ਕੇ ਉਹ ਫਕੀਰ ਸੌਂ ਗਿਆ। ਇਸ ਗੱਲ ਪਰ ਵੀ ਮੁਸਲਮਾਨਾਂ ਨੂੰ ਗੁੱਸਾ ਲੱਗਾ ਤੇ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ। ਬਾਦਸ਼ਾਹ ਨੇ ਕਿਹਾ-ਸਬਰ ਕਰੋ ਮੈਂ ਪੁਛ ਲਵਾਂਗਾ। ਤੀਜੇ ਦਿਨ ਇਕ ਹੋਰ ਕੌਤਕ ਦੇਖਿਆ ਕਿ ਹਿੰਦੂ ਨੇ ਰੋਟੀ ਦਿਤੀ ਤਾਂ ਉਸ ਫਕੀਰ ਨੇ ਲੈ ਕੇ ਖਾ ਲਈ, ਮੁਸਲਮਾਨ ਦੇ ਰਿਹਾ ਤਾਂ ਉਸ ਨੇ ਨਾ ਲੀਤੀ। ਫਿਰ ਚੌਥੇ ਦਿਨ ਇਹ ਗੱਲ ਦੇਖੀ ਕਿ ਉਸ ਫਕੀਰ ਨੇ ਚੀਚੀ ਵਿਚ ਮੁੰਦਰੀ ਪਾ ਕੇ ਸੁਨਿਆਰੇ ਨੂੰ ਜਾ ਕੇ ਕਿਹਾ-ਖੁਦਾ ਦੀ ਚੀਚੀ 'ਚੋਂ ਮੁੰਦਰੀ ਉਤਾਰ ਦੇ। ਇਹ ਗੱਲ ਸੁਣ ਕੇ ਵੀ ਮੁਸਲਮਾਨ ਤੰਗ ਹੋਏ ਤੇ ਬਾਦਸ਼ਾਹ ਪਾਸ ਜਾ ਕੇ ਸ਼ਿਕਾਇਤ ਕੀਤੀ।

ਬਾਦਸ਼ਾਹ ਨੇ ਉਸ ਫਕੀਰ ਨੂੰ ਬੁਲਾ ਕੇ ਚਾਰੇ ਸਵਾਲਾਂ ਦਾ ਜਵਾਬ ਪੁਛਿਆ? ਬਾਦਸ਼ਾਹ ਨੇ ਕਿਹਾ-ਹੇ ਫਕੀਰ ਸਾਈਂ ! ਤੁਸੀਂ ਕਿਹਾ ਹੈ ਨਿਮਾਜ਼ ਪੜ੍ਹਨ ਵਾਲੇ ਕਾਫਰ ਹਨ ਤੇ ਨਾ ਪੜ੍ਹਨ ਵਾਲੇ ਮੁਸਲਮਾਨ ਹਨ, ਇਹ ਕਿਉਂ?

ਫਕੀਰ ਨੇ ਕਿਹਾ-ਬਾਦਸ਼ਾਹ ਤੇਰੇ ਕਿਤਨੇ ਲੜਕੇ ਹਨ?

ਬਾਦਸ਼ਾਹ ਨੇ ਕਿਹਾ-ਮੇਰੇ ਦੋ ਲੜਕੇ ਹਨ।

ਫਕੀਰ ਨੇ ਪੁੱਛਿਆ-ਉਹ ਦੋਵੇਂ ਲੜਕੇ ਕਿਥੇ ਹਨ?

ਬਾਦਸ਼ਾਹ ਨੇ ਕਿਹਾ-ਇਕ ਵਲਾਇਤ ਗਿਆ ਹੋਇਆ ਹੈ, ਦੂਜਾ ਮੇਰੀ ਗੋਦ ਵਿਚ ਹੈ।

ਫਕੀਰ ਨੇ ਕਿਹਾ-ਵਲਾਇਤ ਵਾਲੇ ਨੂੰ ਕਿਤਨਾ ਯਾਦ ਕਰਦੇ ਹੋ ਤੇ ਗੋਦ ਵਾਲੇ ਨੂੰ ਕਿਤਨਾ?

ਬਾਦਸ਼ਾਹ ਨੇ ਕਿਹਾ ਵਲਾਇਤ ਵਾਲੇ ਨੂੰ ਦਿਨ ਵਿਚ ਤਿੰਨ ਜਾਂ ਪੰਜ ਵਾਰੀ ਯਾਦ ਕਰਦਾ ਹਾਂ ਕਿਉਂਕਿ ਉਹ ਦੂਰ ਹੈ, ਤੇ ਗੋਦ ਵਾਲੇ ਨੂੰ ਹਰ ਵੇਲੇ ਅੱਠੇ ਪਹਿਰ ਯਾਦ ਕਰਦਾ ਹਾਂ ਤੇ ਨੇੜੇ ਹੋਣ ਕਰਕੇ ਉਸ ਦੇ ਵੇਖੇ ਬਿਨਾਂ ਚੈਨ ਨਹੀਂ ਆਉਂਦਾ।

ਇਹ ਗੱਲ ਸੁਣ ਕੇ ਫਕੀਰ ਨੇ ਕਿਹਾ-ਹੇ ਬਾਦਸ਼ਾਹ ! ਜੋ ਖੁਦਾ ਨੂੰ ਦੂਰ ਸਮਝਦੇ ਹਨ, ਉਹ ਕਾਫਰ ਹਨ ਕਿਉਂਕਿ ਖੁਦਾ ਹਰ ਜਗ੍ਹਾ ਪ੍ਰਗਟ ਹੈ ਅਤੇ ਆਪਣਾ ਆਪ ਹੈ, ਆਪਣਾ ਆਪ ਰੂਪ ਹੋਣ ਤੇ ਨੇੜੇ ਤੋਂ ਨੇੜੇ ਹੈ। ਦੂਰ ਸਮਝਣ ਵਾਲੇ ਅਗਿਆਨੀ ਲੋਕ ਕਾਫਰ ਹਨ, ਜੋ ਦੂਰ ਸਮਝ ਕੇ ਪੰਜ ਵਾਰ ਨਿਮਾਜ਼ਾਂ ਪੜ੍ਹ ਕੇ ਖੁਦਾ ਨੂੰ ਯਾਦ ਕਰਦੇ ਹਨ। ਜਿਵੇਂ ਤੂੰ ਆਪਣੇ ਬਾਹਰ ਗਏ ਹੋਏ ਵਡੇ ਪੁੱਤ੍ਰ ਨੂੰ ਚਾਰ ਪੰਜ ਵਾਰ ਯਾਦ ਕਰਦਾ ਹੈਂ ਇਸੇ ਕਰਕੇ ਨਿਮਾਜ਼ ਪੜ੍ਹਨ ਵਾਲਿਆਂ ਨੂੰ ਮੈਂ ਕਾਫਰ ਕਿਹਾ ਹੈ ਤੇ ਜਿਹੜੇ ਆਪਣਾ ਆਪ ਰੂਪ ਸਮਝ ਕੇ ਆਪਣੇ ਹਿਰਦੇ ਵਿਚ ਨੇੜੇ ਤੋਂ ਨੇੜੇ ਸਮਝਦੇ ਹਨ, ਉਹ ਗਿਆਨੀ ਅਤੇ ਮੁਸਲਮਾਨ ਹਨ। ਤੇਰੇ ਛੋਟੇ ਪੁੱਤ ਦੀ ਨਿਆਈਂ ਉਹ ਅੱਠੇ ਪਹਿਰ ਉਠਦਿਆਂ ਬਹਿੰਦਿਆਂ ਖੁਦਾ ਨੂੰ ਯਾਦ ਕਰਦੇ ਹਨ। ਇਸ ਕਰ ਕੇ ਪਹਿਲੇ ਸੁਆਲ ਦਾ ਜੁਆਬ ਸੁਣ ਕੇ ਬਾਦਸ਼ਾਹ ਖੁਸ਼ ਹੋ ਗਿਆ।

ਫਿਰ ਬਾਦਸ਼ਾਹ ਨੇ ਦੂਜੇ ਸਵਾਲ ਦਾ ਜੁਆਬ ਪੁਛਿਆ ਕਿ ਆਪ ਮੁਰਦੇ ਨੂੰ ਵੇਖ ਕੇ ਬੈਠੇ ਹੋਏ ਕਿਉਂ ਸੌਂ ਗਏ? ਫਕੀਰ ਨੇ ਕਿਹਾ-ਉਸ ਵੇਲੇ ਮੈਂ ਕੀ ਕਰਦਾ?

ਬਾਦਸ਼ਾਹ ਨੇ ਕਿਹਾ-ਉਸ ਵੇਲੇ ਤੁਹਾਨੂੰ ਉੱਠ ਕੇ ਖੜਿਆਂ ਹੋ ਜਾਣਾ ਚਾਹੀਦਾ ਸੀ।

ਫਕੀਰ ਨੇ ਕਿਹਾ-ਮੁਰਦਾ, ਮੁਰਦੇ ਨੂੰ ਦੇਖ ਕੇ ਉੱਠ ਕੇ ਖੜਾ ਨਹੀਂ ਹੋ ਸਕਦਾ, ਨਾ ਹੀ ਨਾਲ ਜਾ ਸਕਦਾ ਹੈ। ਮੈਂ ਭੀ ਮੁਰਦਾ ਹਾਂ, ਮੁਰਦੇ ਦਾ ਤੇ ਫਕੀਰ ਦਾ ਇਕ ਹੀ ਭੇਖ ਹੁੰਦਾ ਹੈ। ਮੁਰਦੇ ਦੇ ਗਲ ਵਿਚ ਖਫਣੀ ਤੇ ਸਿਰ ਤੇ ਟੋਪੀ ਪਹਿਨਾਈ ਜਾਂਦੀ ਹੈ, ਮੈਂ ਭੀ ਗਲ ਵਿਚ ਖਫਣੀ ਤੇ ਸਿਰ ਤੇ ਟੋਪੀ ਪਹਿਨੀ ਹੋਈ ਹੈ। ਮੁਰਦੇ ਨੂੰ ਵੇਖ ਕੇ ਮੈਨੂੰ ਸ਼ਰਮ ਆ ਗਈ ਕਿ ਮੁਰਦਾ ਬੋਲਦਾ ਨਹੀਂ ਤੇ ਮੈਂ ਬੋਲ ਰਿਹਾ ਹਾਂ, ਇਸ ਲਈ ਸ਼ਰਮ ਕਰਕੇ ਮੈਂ ਵੀ ਲੰਮਾ ਪੈ ਗਿਆ।

ਬਾਦਸ਼ਾਹ ਨੇ ਕਿਹਾ ਠੀਕ ਹੈ। ਫਿਰ ਬਾਦਸ਼ਾਹ ਨੇ ਤੀਜੇ ਸਵਾਲ ਦਾ ਜਵਾਬ ਪੁਛਿਆ ਕਿ ਆਪ ਹਿੰਦੂਆਂ ਪਾਸੋਂ ਰੋਟੀ ਲੈ ਕੇ ਖਾਂਦੇ ਹੋ, ਮੁਸਲਮਾਨਾਂ ਪਾਸੋਂ ਨਹੀਂ, ਇਸ ਦਾ ਕੀ ਕਾਰਨ ਹੈ?

ਫਕੀਰ ਨੇ ਕਿਹਾ-ਮੁਸਲਮਾਨ ਹੰਕਾਰੀ ਹਨ, ਹਿੰਦੂ ਗਰੀਬ ਤੇ ਸ਼ਰਧਾਲੂ ਹਨ। ਉਹ ਭਗਵਾਨ, ਸ਼ਰਧਾ ਨਾਲ ਦਿੱਤਾ ਹੋਇਆ, ਗਰੀਬਾਂ ਦਾ ਭੋਜਨ ਖਾਂਦਾ ਹੈ, ਹੰਕਾਰੀਆਂ ਦਾ ਨਹੀਂ ਖਾਂਦਾ। ਜਿਵੇਂ ਕ੍ਰਿਸ਼ਨ ਭਗਵਾਨ ਜੀ ਨੇ ਦੁਰਯੋਧਨ ਦੇ ਮੇਵਿਆਂ ਗਿਰੀਆਂ ਵਾਲਾ ਦੁੱਧ ਿਡ ਕੇ ਬਿਦਰ ਦਾ ਸਾਗ ਖਾਧਾ ਸੀ। ਇਸ ਵੇਲੇ ਮੁਸਲਮਾਨੀ ਬਾਦਸ਼ਾਹੀ ਹੈ ਤਾਂ ਹੀ ਮੁਸਲਮਾਨਾਂ ਨੂੰ ਹੰ ਰ ਹੋ ਰਿਹਾ ਹੈ।

ਫਿਰ ਬਾਦਸ਼ਾਹ ਨੇ ਚੌਥੇ ਸਵਾਲ ਦਾ ਜਵਾਬ ਪੁਛਿਆ-ਆਪ ਜੀ ਨੇ ਸੁਨਿਆਰੇ ਨੂੰ ਕਿਹਾ, ਕਿ ਖੁਦਾ ਦੀ ਚੀਚੀ 'ਚੋਂ ਮੁੰਦਰੀ ਉਤਾਰ ਦੇ, ਇਹ ਚੀਚੀ ਖੁਦਾ ਦੀ ਕਿਵੇਂ ਹੈ?

ਫਕੀਰ ਨੇ ਕਿਹਾ-ਹਾਂ ਖੁਦਾ ਦੀ ਚੀਚੀ ਹੈ। ਤੂੰ ਇਹ ਦਸ, ਇਹ ਮੁਲਕ ਕਿਸ ਦਾ ਹੈ? ਬਾਦਸ਼ਾਹ ਨੇ ਕਿਹਾ, ਖੁਦਾ ਦਾ ਹੈ। ਫਕੀਰ ਨੇ ਕਿਹਾ, ਇਹ ਰਾਜ ਕਿਸ ਦਾ ਹੈ? ਬਾਦਸ਼ਾਹ ਨੇ ਕਿਹਾ, ਖੁਦਾ ਦਾ। ਫਕੀਰ ਨੇ ਕਿਹਾ, ਹੇ ਬਾਦਸ਼ਾਹ ! ਤੂੰ ਕਿਸ ਦਾ ਹੈਂ? ਬਾਦਸ਼ਾਹ ਨੇ ਕਿਹਾ, ਖੁਦਾ ਦਾ। ਫਕੀਰ ਨੇ ਕਿਹਾ-ਸਾਰੀ ਸੈ

ਕ਼ਿਸ ਦੀ ਹੈ ਬਾਦਸ਼ਾਹ ਨੇ ਕਿਹਾ-ਖ਼ੁਦਾ ਦੀ। ਫਕੀਰ ਨੇ ਕਿਹਾ-ਮੈਂ ਕ਼ਿਸ ਦਾ ਹਾਂ? ਬਾਦਸ਼ਾਹ ਨੇ ਕਿਹਾ-ਖ਼ੁਦਾ ਦਾ। ਫਕੀਰ ਨੇ ਕਿਹਾ-ਜੇ ਸਭ ਕੁਝ ਖ਼ੁਦਾ ਦਾ ਹੈ ਤਾਂ ਇਹ ਚੀਚੀ ਖ਼ੁਦਾ ਦੀ ਨਹੀਂ? ਬਾਦਸ਼ਾਹ ਨੇ ਕਿਹਾ-ਹਾਂ ! ਇਹ ਭੀ ਖ਼ੁਦਾ ਦੀ ਹੈ। ਫਕੀਰ ਨੇ ਕਿਹਾ-ਮੈਂ ਵੀ ਤਾਂ ਇਹੀ ਕਿਹਾ ਸੀ ਕਿ ਖ਼ੁਦਾ ਦੀ ਚੀਚੀ ਚੋਂ ਮੁੰਦਰੀ ਉਤ੍ਰਾਰ ਦੇ। ਬਾਦਸ਼ਾਹ ਸੁਣਕੇ ਬਹੁਤ ਖ਼ੁਸ਼ ਹੋਇਆ।

ਫਕੀਰ ਨੇ ਕਿਹਾ-ਨਾਈ ਬੁਲਾਓ। ਰਾਜੇ ਦੇ ਆਖਣ ਨਾਲ ਨਾਈ ਆ ਗਿਆ। ਨਾਈ ਨੂੰ ਕਿਹਾ-ਮੇਰੀ ਚੀਚੀ ਦਾ ਨੌਂਹ ਉਤਾਰੋ ਤਾਂ ਸਭ ਉਂਗਲੀਆਂ ਦੇ ਨੌਂਹ ਉਤਰ ਜਾਣਗੇ। ਨਾਈ ਨੇ ਜਦ ਇਕ ਚੀਚੀ ਦਾ ਨੌਂਹ ਕੱਟਿਆ ਤਾਂ ਸਭ ਉਂਗਲੀਆਂ ਦੇ ਨੌਂਹ ਉਤਰ ਗਏ। ਇਹ ਕੌਤਕ ਵੇਖ ਕੇ ਬਾਦਸ਼ਾਹ ਚਰਨਾਂ ਪਰ ਡਿਗ ਕੇ ਸ਼ਿਸ਼ ਬਣ ਗਿਆ ਤੇ ਕਿਹਾ ਬੇਸ਼ਕ ਆਪ ਨਿਮਾਜ਼ ਨਾ ਪੜ੍ਹਿਆ ਕਰੋ, ਕਿਉਂਕਿ ਗਿਆਨਵਾਨ ਫਕੀਰਾਂ ਨੂੰ ਕ਼ੋਈ ਬੰਦਸ਼ ਨਹੀਂ ਹੈ। ਉਹ ਉੱਠਦਿਆਂ ਬੈਠਦਿਆਂ ਜਿਸ ਵੇਲੇ ਵੀ ਚਾਹੁਣ ਨਾਮ ਜਪ ਸਕਦੇ ਹਨ।

ਬੋਲਹੁ ਜਸੁ ਜਿਹਬਾ ਦਿਨੁ ਰਾਤਿ॥ ਪ੍ਰਭਿ ਅਪਨੈ ਜਨ ਕੀਨੀ ਦਾਤਿ॥

ਹੇ ਭਾਈ ! ਰਾਤ ਦਿਨ ਜੀਭ ਨਾਲ ਪ੍ਰਭੂ ਦਾ ਜਸ ਬੋਲਣਾ ਕਰੋ।

ਪ੍ਰਭੂ ਨੇ ਆਪਣੇ ਸੇਵਕ ਜਨਾਂ ਨੂੰ ਇਹੋ ਦਾਤ ਦਿਤੀ ਹੈ।

ਕਰਹਿ ਭਗਤਿ ਆਤਮ ਕੈ ਚਾਇ॥ ਪ੍ਰਭ ਅਪਨੇ ਸਿਉ ਰਹਹਿ ਸਮਾਇ॥

ਪ੍ਰਭੂ ਦੇ ਸੇਵਕ ਆਤਮ ਕੈ ਚਾਇ=ਮਨ ਦੇ ਉਤਸ਼ਾਹ ਨਾਲ ਭਗਤੀ ਕਰਦੇ ਰਹਿੰਦੇ ਹਨ ਇਸ ਕਰਕੇ ਉਹ ਆਪਣੇ ਪ੍ਰਭੂ ਨਾਲ ਸਮਾ ਰਹਿੰਦੇ ਹਨ।

ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥

ਜੋ ਹੋਇਆ ਹੈ ਉਸ ਨੂੰ ਹੋਵਤ ਕਰਕੇ ਜਾਣਦੇ ਹਨ, ਭਾਵ ਸੱਚਾ ਕਰ ਕੇ ਜਾਣਦੇ ਹਨ। ਅਤੇ ਹਰ ਵੇਲੇ ਆਪਣੇ ਪ੍ਰਭੂ ਦਾ ਹੁਕਮ ਪਛਾਣਦੇ ਹਨ।

ਤਿਸ ਕੀ ਮਹਿਮਾ ਕਉਨ ਬਖਾਨਉ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ॥

ਉਸ ਗੁਰਮੁਖ ਦੀ ਮਹਿਮਾਂ ਕਉਨ=ਕਿਹੜੀ ਆਖਾਂ।

ਵਾ:-ਮੈਂ ਕੌਣ ਹਾਂ, ਜੋ ਉਸ ਦੀ ਮਹਿਮਾ ਆਖ ਸਕਾਂ। ਕਿਉਂਕਿ

ਮੈਂ ਤਾਂ ਉਸ ਦਾ ਇਕ ਗੁਣ ਵੀ ਕਹਿਣਾ ਨਹੀਂ ਜਾਣਦਾ।

ਆਠ ਪਹਰ ਪ੍ਰਭ ਬਸਹਿ ਹਜੂਰੇ॥ ਕਹੁ ਨਾਨਕ ਸੇਈ ਜਨ ਪੂਰੇ॥ ੭॥

ਉਹ ਅੱਠੇ ਪਹਿਰ ਪ੍ਰਭੂ ਦੇ ਪਾਸ ਵਸਦੇ ਹਨ। ਗੁਰੂ ਜੀ ਕਹਿੰਦੇ ਹਨ-ਕਿ ਉਹ ਮਨੁੱਖ ਪੂਰੇ ਸੰਤ ਹਨ॥ ੭॥

ਮਨ ਮੇਰੇ ਤਿਨ ਕੀ ਓਟ ਲੇਹਿ॥ ਮਨੁ ਤਨੁ ਅਪਨਾ ਤਿਨ ਜਨ ਦੇਹਿ॥

ਹੇ ਮੇਰੇ ਮਨ ! ਤੂੰ ਉਨ੍ਹਾਂ ਸੰਤਾਂ ਦੀ ਓਟ ਲੈਣਾ ਕਰ। ਅਤੇ ਉਨ੍ਹਾਂ ਸੰਤਾਂ ਨੂੰ ਆਪਣਾ ਮਨ ਤਨ ਦੇਣਾ ਕਰ।

ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥

ਜਿਸ ਸੰਤ ਜਨ ਨੇ ਆਪਣੇ ਪ੍ਰਭੂ ਨੂੰ ਪਛਾਣਿਆ ਹੈ। ਉਹ ਸੰਤ ਜਨ ਹੀ ਸਾਰਿਆਂ ਥੋਕ=ਪਦਾਰਥਾਂ ਦਾ ਦਾਤਾ ਹੈ।

ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥

ਉਸ ਦੀ ਸ਼ਰਨ ਵਿਚ ਪੈ ਕੇ ਤੂੰ ਸਾਰਿਆਂ ਸੁਖਾਂ ਨੂੰ ਪ੍ਰਾਵੇਂਗਾ। ਉਸੇ ਦੇ ਦਰਸ਼ਨ ਨਾਲ ਤੂੰ ਸਾਰਿਆਂ ਪਾਪਾਂ ਨੂੰ ਮਿਟਾ ਲਵੇਂਗਾ।

ਅਵਰ ਸਿਆਨਪ ਸਗਲੀ ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ ॥

ਹੋਰ ਸਾਰੀਆਂ ਸਿਆਣਪਾਂ ਨੂੰ ਤੂੰ ਛੱਡ ਦੇ। ਉਸ ਸੰਤ ਜਨ ਦੀ ਸੇਵਾ ਵਿਚ ਤੂੰ ਲਗ ਜਾ।

ਆਵਨੁ ਜਾਨੁ ਨ ਹੋਵੀ ਤੇਰਾ ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮ ॥੧੭ ॥

ਗੁਰੂ ਜੀ ਕਹਿੰਦੇ ਹਨ-ਉਸ ਸੰਤ ਜਨ ਦੇ ਪੈਰਾਂ ਨੂੰ ਸਦਾ ਪੂਜਨਾ ਕਰ। ਤਾਂ ਤੇਰਾ ਮੁੜ ਕੇ ਸੰਸਾਰ ਵਿਚ ਆਉਣਾ ਜਾਣਾ ਭਾਵ ਜੰਮਨਾ ਮਰਨਾ ਨਹੀਂ ਹੋਵੇਗਾ॥ ੮॥ ੧੭॥

ਸਿੱਖ ਨੇ ਬੇਨਤੀ ਕੀਤੀ-ਸਤਿਗੁਰੂ ਦੇ ਕੀ ਲੱਛਣ ਹਨ? ਸਤਿਗੁਰੂ ਕਿਸ ਨੂੰ ਕਹਿੰਦੇ ਹਨ ? ਇਸ ਅਸਟਪਦੀ ਵਿਚ ਗੁਰੂ ਸਾਹਿਬ ਜੀ ਸਤਿਗੁਰੂ ਦੇ ਗੁਣ ਦਸਦੇ ਹਨ-

ਸਲੋਕੁ ॥ ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥

ਜਿਸ ਨੇ ਸਤਿ ਪੁਰਖੁ-ਪਰਮੇਸ਼ਰ ਨੂੰ ਜਾਣ ਲਿਆ ਹੈ ਅਤੇ ਸਤਿਪੁਰਖ ਦੇ ਪ੍ਰਤਿਪਾਦਕ ਵੇਦਾਂ ਨੂੰ ਭੀ ਜਾਣ ਲਿਆ ਹੈ ਭਾਵ ਜੋ ਬ੍ਰਹਮਨੇਸ਼ਟੀ, ਬ੍ਰਹਮਸ੍ਰੋਤਰੀ ਹੈ ਉਸ ਦਾ ਨਾਂ ਸਤਿਗੁਰ ਹੈ।

(ੳ) *ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥*
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ
ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥ ੪॥
ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥

(ਮਲਾਰ ਮਹਲਾ ੪, ਪੰਨਾ ੧੨੬੪)

(ਅ) *ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ॥*
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ॥

(ਪ੍ਰਭਾਤੀ ਮਹਲਾ ੧, ਪੰਨਾ ੧੩੨੬)

(ੲ) *ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥*
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥

(ਗਉੜੀ ਵਾਰ, ਪੰਨਾ ੩੦੪)

ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥

ਗੁਰੂ ਸਾਹਿਬ ਜੀ ਕਹਿੰਦੇ ਹਨ-ਉਸ ਗੁਰੂ ਦੀ ਸੰਗਤ ਵਿਚ ਮਿਲ ਕੇ ਜਿਹੜਾ ਸਿਖ ਹਰੀ ਕੇ ਗੁਣ ਗਾਉਂਦਾ ਹੈ, ਉਹ ਸੰਸਾਰ-ਸਮੁੰਦ੍ ਤੋਂ ਤਰ ਜਾਂਦਾ ਹੈ॥ ੧॥

ਅਸਟਪਦੀ ॥

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥

ਸਤਿਗੁਰ ਦੇਵ ਜੀ ਆਪਣੇ ਸਿੱਖ ਦੀ ਹਰ ਤਰ੍ਹਾਂ ਕਰਕੇ ਪਾਲਣਾ ਕਰਦੇ ਹਨ।

ਗੁਰ ਆਪਣੇ ਸੇਵਕ ਪਰ ਸਦਾ ਦਿਆਲੂ ਹੁੰਦੇ ਹਨ।

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥

ਜਿਸ ਵੇਲੇ ਸਿੱਖ ਗੁਰੂ ਦੇ ਬਚਨੀ=ਉਪਦੇਸ਼ ਦੁਆਰਾ ਹਰੀ ਦਾ ਨਾਮ ਉਚਰੈ=ਜਪਦਾ ਹੈ, ਉਸ ਵੇਲੇ ਗੁਰੂ, ਸਿੱਖ ਦੀ ਦੁਰਮਤਿ=ਖੋਟੀ ਬੁੱਧੀ ਰੂਪੀ ਮੈਲ ਨੂੰ ਹਿਰੈ=ਦੂਰ ਕਰ ਦਿੰਦਾ ਹੈ।

ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥

ਜਦੋਂ ਗੁਰੂ ਦਾ ਸਿੱਖ ਵਿਕਾਰਾਂ ਵਲੋਂ ਹਟ ਜਾਂਦਾ ਹੈ, ਉਸ ਵੇਲੇ ਗੁਰੂ ਸਿੱਖ ਦੇ ਬੰਧਨ ਕੱਟ ਦਿੰਦਾ ਹੈ। ਅਥਵਾ:-ਸਤਿਗੁਰੂ ਸਿੱਖ ਦੇ ਬੰਧਨ ਕੱਟ ਦਿੰਦਾ ਹੈ।

ਪ੍ਰਸ਼ਨ:-ਕਿਵੇਂ ਪਤਾ ਲੱਗੇ ਕਿ ਬੰਧਨ ਕੱਟੇ ਗਏ ਹਨ? ਉੱਤਰ:-ਗੁਰੂ ਦਾ ਸਿੱਖ ਵਿਕਾਰਾਂ ਵਲੋਂ ਜੁ ਹਟ ਗਿਆ ਹੈ, ਇਸ ਤੋਂ ਮਲੂੰਮ ਹੁੰਦਾ ਹੈ, ਗੁਰੂ ਨੇ ਸਿੱਖ ਦੇ ਬੰਧਨ ਕੱਟ ਦਿਤੇ ਹਨ।

ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥

ਜਿਸ ਸਿੱਖ ਨੂੰ ਸਤਿਗੁਰਦੇਵ ਜੀ ਨਾਮ ਧਨ ਦੇਂਦਾ ਹੈ, ਉਹ ਗੁਰੂ ਦਾ ਸਿੱਖ ਵੱਡਿ[illegible] ਭਾਗਾਂ ਵਾਲਾ ਹੈ।

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ ੧॥

ਸਤਿਗੁਰੂ ਆਪਣੇ ਸਿੱਖ ਦਾ ਹਲਤੁ ਪਲਤੁ=ਲੋਕ ਪ੍ਰਲੋਕ ਸਵਾਰ ਦਿੰਦਾ ਹੈ। ਗੁਰੂ ਜੀ ਕਹਿੰਦੇ ਹਨ-ਸਤਿਗੁਰੂ ਆਪਣੇ ਸਿੱਖ ਨੂੰ ਆਪਣੇ ਜੀਅ=ਦਿਲ ਨਾਲ ਯਾਦ ਕਰਦਾ ਹੈ॥ ੧॥

ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ॥ ੨॥ (ਪੰਨਾ ੧੬੮)

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥

ਜੋ ਸੇਵਕ ਗੁਰੂ ਦੇ ਘਰ ਵਿਚ ਆ ਕੇ ਰਹਿੰਦਾ ਹੈ। ਅਤੇ ਗੁਰੂ ਦੀ ਆਗਿਆ ਨੂੰ ਆਪਣੇ ਮਨ ਵਿਚ ਸਹਾਰਦਾ ਹੈ।

ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥

ਆਪਣੇ ਆਪ ਨੂੰ ਕੁਝ ਕਰਕੇ ਭੀ ਨਹੀਂ ਜਣਾਉਂਦਾ। ਅਤੇ ਹਿਰਦੇ ਵਿਚ ਸਦਾ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ।

ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥

ਜੋ ਆਪਣੇ ਮਨ ਨੂੰ ਸਤਿਗੁਰਾਂ ਦੇ ਪਾਸ ਵੇਚ ਦਿੰਦਾ ਹੈ।

ਉਸ ਸੇਵਕ ਦੇ ਸਾਰੇ ਕਾਰਜ ਰਾਸਿ=ਕੰਮ ਪੂਰੇ ਹੋ ਆਉਂਦੇ ਹਨ।

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥

ਸੋ ਸੇਵਾ ਕਰਦਾ ਹੋਇਆ ਨਿਹ-ਕਾਮੀ=ਕਾਮਨਾਂ ਤੋਂ ਰਹਿਤ ਹੋ ਜਾਂਦਾ ਹੈ। ਉਸ ਨੂੰ ਸੁਆਮੀ ਅਕਾਲ ਪੁਰਖ ਪ੍ਰਾਪਤ ਹੁੰਦਾ ਹੈ।

[ਪੰਨਾ ੨੮੭]

ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ੨ ॥

ਗੁਰੂ ਜੀ ਫੁਰਮਾਉਂਦੇ ਹਨ-ਜਿਸ ਉੱਤੇ ਪਰਮੇਸਰ ਆਪਣੀ ਕਿਰਪਾ ਦ੍ਰਿਸ਼ਟੀ ਆਪ ਕਰਦਾ ਹੈ। ਓਹੀ ਸੇਵਕ ਹੋ ਕੇ ਗੁਰਾਂ ਦੀ ਮਤਿ=ਸਿਖਿਆ ਲੈਂਦਾ ਹੈ॥ ੨ ॥

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥

ਬੀਸ ਬਿਸਵੇ=ਨਿਸਚੇ ਨਾਲ ਜੋ ਗੁਰਾਂ ਦਾ ਮਨੁ=ਮੰਤ੍ਰ ਮੰਨਦਾ ਹੈ।

ਅਥਵਾ:-ਜਿਸ ਸੇਵਕ ਉੱਤੇ ਗੁਰੂ ਦਾ ਮਨ ਬੀਸ ਬਿਸਵੈ=ਪੂਰਾ ਪੂਰਾ ਮੰਨਿਆ ਜਾਂਦਾ ਹੈ, ਉਹ ਸੇਵਕ ਪਰਮੇਸ਼ਰ ਦੀ ਗਤਿ=ਪ੍ਰਾਪਤੀ ਨੂੰ ਜਾਣਦਾ ਹੈ।

ਨੋਟ:-ਵੀਹ ਵਿਸਵੇ ਦਾ ਪੂਰਾ ਵਿੱਘਾ ਹੁੰਦਾ ਹੈ ਇਸ ਕਰਕੇ ਬੀਸ ਬਿਸਵੇ ਦਾ ਅਰਥ 'ਪੂਰਾ' ਕੀਤਾ ਹੈ।

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥

ਪੂਰਾ ਸਤਿਗੁਰੂ ਓਹੀ ਹੈ ਜਿਸ ਗੁਰੂ ਦੇ ਹਿਰਦੇ ਵਿਚ ਹਰੀ ਨਾਮ ਵਸਦਾ ਹੈ।
ਅਜਿਹੇ ਗੁਰੂ ਤੋਂ ਮੈਂ ਅਨੇਕਾਂ ਵਾਰੀ ਬਲਿਹਾਰ ਜਾਂਦਾ ਹਾਂ।

ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥

ਉਹ ਗੁਰੂ ਜੀਵਾਂ ਨੂੰ ਸਰਬ ਨਿਧਾਨ=ਖਜ਼ਾਨਿਆਂ ਦਾ ਦਾਤਾ ਹੈ। ਜੋ ਅੱਠੇ ਪਹਿਰ ਪਾਰਬ੍ਰਹਮ ਦੇ ਰੰਗ ਵਿਚ ਰਤਾ ਰਹਿੰਦਾ ਹੈ।

ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥

ਬ੍ਰਹਮ ਦੇ ਵਿਚ ਗੁਰਮੁਖ ਜਨ ਅਤੇ ਗੁਰਮੁਖ ਜਨ ਦੇ ਵਿਚ ਪਾਰਬ੍ਰਹਮ ਅਭੇਦ ਰੂਪ ਹੈ, ਦੋਵੇਂ ਆਪਸ ਵਿਚ ਇਕ ਰੂਪ ਹਨ, ਇਸ ਵਿਚ ਕੁਝ ਭਰਮ ਭੇਦ ਨਹੀਂ ਹੈ।

ਸਹਸ ਸਿਆਨਪ ਲਇਆ ਨ ਜਾਈਐ ॥
ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥ ੩ ॥

ਸਹਸ=ਹਜ਼ਾਰਾਂ ਲੱਖਾਂ ਸਿਆਣਪਾਂ ਨਾਲ ਲਿਆ ਨਹੀਂ ਜਾਂਦਾ। ਗੁਰੂ ਜੀ ਕਹਿੰਦੇ ਹਨ-ਅਜਿਹਾ ਗੁਰੂ ਵਡਿਆਂ ਭਾਗਾਂ ਕਰਕੇ ਪਾਇਆ ਜਾਂਦਾ ਹੈ॥ ੩ ॥

ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥

ਗੁਰੂ ਦਾ ਸਫਲ ਦਰਸ਼ਨ ਵੇਖਣ ਕਰਕੇ ਹਿਰਦਾ ਪੁਨੀਤ=ਪਵਿੱਤ੍ਰ ਹੁੰਦਾ ਹੈ ਅਤੇ ਗੁਰੂ ਦੇ ਚਰਨਾਂ ਨੂੰ ਪਰਸਦਿਆਂ ਨਿਰਮਲ ਰੀਤੀ ਦੀ ਗਤਿ=ਪ੍ਰਾਪਤੀ ਹੁੰਦੀ ਹੈ।

ਭੇਟਤ ਸੰਗਿ ਰਾਮ ਗੁਨ ਰਵੇ ॥ ਪਾਰਬ੍ਰਹਮ ਕੀ ਦਰਗਹ ਗਵੇ ॥

ਗੁਰੂ ਦੇ ਨਾਲ ਭੇਟਤ=ਮਿਲਕੇ ਰਾਮ ਦੇ ਗੁਣਾਂ ਨੂੰ ਰਵੇ=ਉਚਾਰੇ। ਤਾਂ ਪਾਰਬ੍ਰਹਮ ਦੀ ਦਰਗਾਹ ਵਿਚ (ਬੜੇ ਆਦਰ ਮਾਣ ਨਾਲ) ਗਵੇ=ਜਾਂਦਾ ਹੈ।

ਅਥਵਾ-ਪਾਰਬ੍ਰਹਮ ਦੀ ਦਰਗਾਹ ਵਿਚ ਇਸ ਦਾ ਜਸ ਗਵੇ=ਗਾਵਿਆ ਜਾਂਦਾ ਹੈ।

ਸੁਨਿ ਕਰਿ ਬਚਨ ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ ॥

ਗੁਰੂ ਦੇ ਸ਼ੁਭ ਬਚਨ ਸੁਣ ਕੇ ਕਰਨ ਆਘਾਨੇ=ਕੰਨ ਰਜ ਗਏ ਹਨ। ਆਤਮ ਸਰੂਪ ਵਿਚ ਪਤੀਆਨੇ=ਭਰੋਸੇ ਦੇ ਹੋਣ ਕਰਕੇ ਮਨ ਵਿਚ ਸੰਤੋਖ ਹੋ ਗਿਆ ਹੈ।

ਪੂਰਾ ਗੁਰੁ ਅਖ੍ਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥

ਉਹ ਪੂਰਾ ਗੁਰੂ ਹੈ ਜਿਸ ਦਾ ਮੰਤ੍ਰ ਅਖ੍ਓ=ਨਾਸ ਤੋਂ ਰਹਿਤ ਹੈ, ਵਾ:-ਜਗਿਆਸੂ ਨੂੰ ਅਖ੍ਓ=ਨਾਸ ਤੋਂ ਰਹਿਤ ਕਰਨ ਵਾਲਾ ਹੈ। ਜਿਸ ਵੇਲੇ ਪੂਰੇ ਗੁਰੂ ਅੰਮ੍ਰਿਤ ਭਰੀ ਦ੍ਰਿਸ਼ਟੀ ਨਾਲ ਵੇਖਦੇ ਹਨ ਤਾਂ ਵਿਕਾਰੀ ਪੁਰਸ਼ ਭੀ ਸੰਤ ਹੋ ਜਾਂਦਾ ਹੈ।

ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥

ਗੁਰੂ ਸਾਹਿਬਾਂ ਦੇ ਗੁਣ ਬੇਅੰਤ ਹਨ, ਕੀਮਤ ਨਹੀਂ ਪਾਈ ਜਾਂਦੀ। ਗੁਰੂ ਜੀ ਫ਼ੁਰਮਾਉਂਦੇ ਹਨ-ਜਿਸ ਨੂੰ ਭਾਵੈ=ਚਾਹੁੰਦੇ ਹਨ, ਉਸ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ॥ ੪॥

ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥

ਸਾਡੀ ਜੀਭ ਇਕ ਹੈ, ਪ੍ਰਭੂ ਦੀ ਉਸਤਤੀ ਅਨੇਕ ਪ੍ਰਕਾਰ ਦੀ ਹੈ। ਉਹ ਅਕਾਲ ਪੁਰਖ ਸਤ ਸਰੂਪ ਹੈ ਅਤੇ ਪੂਰਨ ਬਿਬੇਕ=ਗਿਆਨਵਾਨ ਹੈ।

ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ ॥

ਕਾਹੂ ਬੋਲ=ਕਿਸੇ ਬਚਨ ਕਰਕੇ ਭੀ ਇਹ ਜੀਵ ਪਰਮੇਸ਼ਰ ਪਾਸ ਨਹੀਂ ਪਹੁੰਚ ਸਕਦਾ।

ਉਹ ਪ੍ਰਭੂ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਵਿਸ਼ੇ ਅਤੇ ਨਿਰਬਾਨੀ=ਬੰਧਨਾਂ ਤੋਂ ਰਹਿਤ ਹੈ।

ਨਿਰਾਹਾਰ ਨਿਰਵੈਰ ਸੁਖਦਾਈ ॥ ਤਾ ਕੀ ਕੀਮਤਿ ਕਿਨੈ ਨ ਪਾਈ ॥

ਨਿਰਾਹਾਰ=ਭੋਜਨ ਤੋਂ ਰਹਿਤ ਹੈ, ਵਾ:-ਹਾਰ ਤੋਂ ਰਹਿਤ ਹੈ, ਵੈਰ ਭਾਵ ਤੋਂ ਰਹਿਤ ਹੈ, ਸੁਖਾਂ ਦੇ ਦੇਣ ਵਾਲਾ ਹੈ। ਉਸ ਪ੍ਰਭੂ ਦੀ ਕੀਮਤ ਕਿਸੇ ਨੇ ਭੀ ਨਹੀਂ ਪਾਈ।

ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥

ਅਨੇਕਾਂ ਭਗਤ ਉਸ ਨੂੰ ਨਿਤਾਪ੍ਰਤੀ ਬੰਦਨ=ਨਮਸ਼ਕਾਰਾਂ ਕਰਦੇ ਹਨ।

ਅਤੇ ਹਿਰਦੇ ਵਿਚ ਉਸ ਦੇ ਚਰਨ ਕਵਲਾਂ ਨੂੰ ਸਿਮਰਦੇ ਹਨ।

ਸਦ ਬਲਿਹਾਰੀ ਸਤਿਗੁਰ ਅਪਨੇ ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥ ੫ ॥

ਗੁਰੂ ਜੀ ਕਹਿੰਦੇ ਹਨ-ਮੈਂ ਆਪਣੇ ਸਤਿਗੁਰੂ ਤੋਂ ਸਦਾ ਬਲਿਹਾਰ ਜਾਂਦਾ ਹਾਂ।

ਜਿਸ ਗੁਰੂ ਦੀ ਕਿਰਪਾ ਨਾਲ ਇਹੋ ਜਿਹੇ ਗੁਣਾਂ ਵਾਲੇ ਪ੍ਰਭੂ ਨੂੰ ਜਪਦੇ ਹਾਂ॥ ੫॥

ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥

ਇਸ ਹਰੀ ਨਾਮ-ਰਸ ਨੂੰ ਕੋਈ ਵਿਰਲਾ ਹੀ ਪੁਰਸ਼ ਪਾਉਂਦਾ ਹੈ। ਜੋ ਨਾਮ-ਅੰਮ੍ਰਿਤ ਨੂੰ ਪੀਂਦਾ ਹੈ, ਉਹ ਅਮਰ ਹੋ ਜਾਂਦਾ ਹੈ।

ਉਸੁ ਪੁਰਖ ਕਾ ਨਾਹੀ ਕਦੇ ਬਿਨਾਸ॥ ਜਾ ਕੈ ਮਨਿ ਪ੍ਰਗਟੇ ਗੁਨਤਾਸ॥

ਉਸ ਪੁਰਸ਼ ਦਾ ਕਦੇ ਭੀ ਨਾਸ ਨਹੀਂ ਹੁੰਦਾ। ਜਿਸ ਦੇ ਮਨ ਵਿਚ ਸ਼ੁਭ ਗੁਣਾਂ ਦਾ ਖ਼ਜ਼ਾਨਾ ਪਰਮੇਸ਼ਰ ਪ੍ਰਗਟ ਹੁੰਦਾ ਹੈ।

ਆਠ ਪਹਰ ਹਰਿ ਕਾ ਨਾਮੁ ਲੇਇ॥ ਸਚੁ ਉਪਦੇਸੁ ਸੇਵਕ ਕਉ ਦੇਇ॥

ਉਹ ਅੱਠੇ ਪਹਿਰ ਹਰੀ ਦਾ ਨਾਮ ਲੈਂਦਾ ਭਾਵ ਜਪਦਾ ਹੈ। ਅਤੇ ਆਪਣੇ ਸੇਵਕ ਨੂੰ ਭੀ ਸਚਨਾਮ ਸਿਮਰਨ ਦਾ ਉਪਦੇਸ਼ ਦਿੰਦਾ ਹੈ।

ਮੋਹ ਮਾਇਆ ਕੈ ਸੰਗਿ ਨ ਲੇਪੁ॥ ਮਨ ਮਹਿ ਰਾਖੈ ਹਰਿ ਹਰਿ ਏਕੁ॥

ਮਾਇਆ ਦੇ ਸੰਗ ਵਿਚ ਰਹਿ ਕੇ ਭੀ ਮੋਹ ਦਾ ਲੇਪ ਨਹੀਂ ਹੁੰਦਾ। ਕਿਉਂਕਿ ਉਹ ਆਪਣੇ ਮਨ ਵਿਚ ਇਕ ਹਰਿ ਹਰਿ ਨੂੰ ਯਾਦ ਰਖਦਾ ਹੈ।

ਅੰਧਕਾਰ ਦੀਪਕ ਪਰਗਾਸੇ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ॥ ੬॥

ਜਿਵੇਂ ਦੀਵੇ ਦੇ ਪ੍ਰਕਾਸ਼ ਹੋਣ ਕਰਕੇ ਹਨੇਰਾ ਦੂਰ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ-ਤਿਵੇਂ ਨਾਮ ਦੇ ਪ੍ਰਤਾਪ ਕਰਕੇ ਉਸ ਦੇ ਹਿਰਦੇ ਵਿਚੋਂ ਭਰਮ, ਮੋਹ ਅਤੇ ਦੁਖ ਨਾਸ ਹੋ ਜਾਂਦੇ ਹਨ।

ਅਥਵਾ:-ਜਿਸ ਅੰਤਹਕਰਨ ਵਿਚ ਅਗਿਆਨ ਰੂਪ ਹਨੇਰੇ ਦਾ ਵਿਰੋਧੀ ਗਿਆਨ ਰੂਪ ਦੀਵਾ ਪ੍ਰਕਾਸ਼ਿਆ ਹੈ। ਗਰੂ ਜੀ ਕਹਿੰਦੇ ਹਨ-ਤਿਸ ਅੰਤਹਕਰਨ ਵਿਚੋਂ ਭਰਮ, ਮੋਹ ਦੁੱਖ ਸਾਰੇ ਨਸ ਗਏ ਹਨ॥ ੬॥

ਤਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥

ਰਾਗ ਦ੍ਵੈਸ਼, ਵਾ:-ਤ੍ਰਿਸ਼ਨਾਂ ਰੂਪੀ ਅੱਗ ਨਾਲ ਤਪਦੇ ਹਿਰਦੇ ਵਿਚ ਠਾਢਿ=ਠੰਡ ਭਾਵ ਸ਼ਾਂਤੀ ਵਰਤਾ ਦਿੱਤੀ ਹੈ। ਹੇ ਭਾਈ ! ਹੁਣ ਮੈਂ ਅਨੰਦ ਹੋ ਗਿਆ ਹਾਂ, ਸਾਰੇ ਦੁਖ ਨਸ ਗਏ ਹਨ।

ਸਾਖੀ-ਦੁਖ ਨਵਿਰਤੀ ਦੀ

ਰੁਸਤਮ ਪਿੰਡ ਦੇ ਰਹਿਣ ਵਾਲਾ ਭਾਈ ਗੰਡਾ ਸਿੰਘ ਆਪਣੀ ਘਰ ਵਾਲੀ ਨੂੰ ਨਾਲ ਲੈ ਕੇ ਸੰਤ ਬਾਬਾ ਕਰਮ ਸਿੰਘ ਜੀ ਦੇ ਪਾਸ ਆਇਆ ਅਤੇ ਦੋਨੋਂ ਹੱਥ ਜੋੜਕੇ ਬੇਨਤੀਆਂ ਕਰਨ ਲੱਗੇ।

ਹੇ ਗਰੀਬ ਨਿਵਾਜ਼ ! ਪਰਉਪਕਾਰੀ, ਨਾਮ ਰਸੀਏ ਮਹਾਂ ਪੁਰਸ਼ੋ ! ਆਪ ਜਾਣੀਜਾਣ ਹੋ, ਹੋਰ ਤਾਂ ਘਰ ਵਿਚ ਕਿਸੇ ਪਦਾਰਥ ਦੀ ਕਮੀ ਨਹੀਂ, ਪਰ ਇਕ ਮਿੱਠੀ ਦਾਤ ਨਹੀਂ ਭਾਵ ਪੁੱਤਰ ਨਹੀਂ। ਆਪ ਕਿਰਪਾ ਦੇ ਘਰ ਵਿਚ ਆ ਕੇ ਮਿੱਠੀ ਦਾਤ ਬਖਸ਼ੋ।

ਬਾਬਾ ਜੀ ਉਸ ਦਾ ਪ੍ਰੇਮ ਦੇਖ ਕੇ ਪ੍ਰਸੰਨਤਾ ਵਿਚ ਆ ਕੇ ਕਹਿਣ ਲੱਗੇ, "ਗੁਰੂ ਨਾਨਕ ਪਾਤਸਾਹ ਤੁਹਾਡੀ ਮਨੋ ਕਾਮਨਾ ਪੂਰੀ ਕਰੇਗਾ" ਸ਼ਬਦ ਦਾ ਪਾਠ ਕਰਨ ਦਾ ਹੁਕਮ ਦਿੱਤਾ ਤੇ ਕਿਹਾ, "ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਤੁਸੀਂ ਦੋਵੇਂ ਹੀ ਸੁੱਚੇ ਮੂੰਹ ਇਸ ਸ਼ਬਦ ਦਾ ਪਾਠ ਕੀਤਾ ਕਰੋ-

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥" *(ਆਸਾ ਮਹਲਾ ੫, ਪੰਨਾ ੩੯੬)*

ਬਾਬਾ ਜੀ ਦੇ ਚਰਨਾਂ ਤੇਂ ਮੱਥਾ ਟੇਕ ਕੇ ਖੁਸ਼ੀ-ਖੁਸ਼ੀ ਘਰ ਚਲੇ ਗਏ। ਸ਼ਬਦ ਦਾ ਪਾਠ ਕਰਦਿਆਂ ਯਾਰਾਂ ਮਹੀਨੇ ਹੋਏ ਤਾਂ ਇਕ ਸੁੰਦਰ ਬਾਲਕ ਨੇ ਜਨਮ ਲਿਆ। ਮਾਤਾ ਪਿਤਾ ਅਤੇ ਸਾਰਾ ਪਰਵਾਰ ਬੜਾ ਖੁਸ਼ ਹੋਇਆ ਪਰ ਨਾਲ ਹੀ ਬੱਚੇ ਦੀ ਮਾਤਾ ਨੂੰ ਪਰਸੂਤਾ ਪੌਣ ਹੋ ਗਈ ਖੁਸ਼ੀਆਂ ਦੀ ਥਾਂ ਤੇ ਫਿਕਰ ਪੈ ਗਿਆ ਡਾਕਟਰ ਬੁਲਾਏ, ਵੈਦਾਂ ਨੂੰ ਦਿਖਾਇਆ ਪਰ ਲੜਕੀ ਦੀ ਹਾਲਤ ਵੇਖਕੇ ਸਭ ਜਵਾਬ ਦੇ ਗਏ। ਭੈਣ, ਭਰਾ, ਰਿਸ਼ਤੇਦਾਰ ਸਭ ਉਦਾਸ ਹੋ ਗਏ, ਪਰ ਗੰਡਾ ਸਿੰਘ ਨੂੰ ਮਹਾਂ ਪੁਰਖਾਂ ਤੇ ਪੂਰਨ ਭਰੋਸਾ ਸੀ। ਉਹ ਉਸੀ ਵੇਲੇ ਹੋਤੀ ਮਹਦਾਨ ਸੰਤਾਂ ਪਾਸ ਪੁੱਜ ਗਿਆ। ਨਮਸ਼ਕਾਰ ਕੀਤੀ ਅਤੇ ਰੋ ਰੋ ਕੇ ਬੇਨਤੀ ਕਰਨ ਲੱਗਾ, ''ਮਹਾਰਾਜ ! ਆਪ ਜੀ ਦੀ ਕ੍ਰਿਪਾ ਨਾਲ ਭੁਜੰਗੀ ਤਾਂ ਹੋ ਗਿਆ ਹੈ ਪਰ ਉਸ ਦੀ ਮਾਤਾ ਬਹੁਤ ਬੀਮਾਰ ਹੈ ਡਾਕਟਰ ਜੁਆਬ ਦੇ ਗਏ ਹਨ, ਆਪ ਕ੍ਰਿਪਾ ਕਰੋ, ਮਿਹਰ ਕਰੋ।''

ਸੰਤਾਂ ਨੇ ਇਹ ਬੇਨਤੀ ਸੁਣਕੇ ਸਹਿਜੇ ਹੀ ਬਚਨ ਕੀਤਾ ਕਿ ਬਜ਼ਾਰ ਵਿਚੋਂ ਇਕ ਮੂਲੀ ਲੈ ਜਾਓ ਛਿੱਲ ਕੇ ਚਾਰ ਫਾੜੀਆਂ ਕਰਕੇ ਲੂਣ ਤੇ ਕਾਲੀ ਮਿਰਚ ਲਾ ਕੇ ਧੁੱਪੇ ਟੰਗ ਦਿਓ, ਜਿਸ ਵੇਲੇ ਪਾਣੀ ਨੁਚੜ ਜਾਵੇ ਤਾਂ ਸਾਰੀ ਹੀ ਬੀਬੀ ਨੂੰ ਖੁਆ ਦੇਣੀ, ਗੁਰੂ ਭਲੀ ਕਰੇਗਾ।

ਭਾਈ ਗੰਡਾ ਸਿੰਘ ਸਤਿਬਚਨ ਕਹਿ ਕੇ ਤੁਰ ਪਿਆ ਅਤੇ ਰਸਤੇ ਵਿਚੋਂ ਮੂਲੀ ਖਰੀਦ ਕੇ ਘਰ ਲੈ ਆਇਆ। ਉਸੇ ਤਰ੍ਹਾਂ ਉਪਰੋਂ ਛਿੱਲ ਕੇ ਚੀਰ ਕੇ ਕਾਲੀ ਮਿਰਚ ਤੇ ਲੂਣ ਲਾ ਕੇ ਧੁਪੇ ਟੰਗ ਦਿਤੀ। ਸਭ ਨੇ ਪੁਛਿਆ ਸੰਤਾਂ ਨੇ ਕੀ ਹੁਕਮ ਕੀਤਾ ਹੈ? ਗੰਡਾ ਸਿੰਘ ਨੇ ਆਖਿਆ, ਸੰਤਾਂ ਨੇ ਕਿਹਾ ਹੈ, ਬੀਬੀ ਨੂੰ ਮੂਲੀ ਖਵਾ ਦਿਓ ਰਾਜ਼ੀ ਹੋ ਜਾਵੇਗੀ। ਸਾਰੇ ਮੰਨ ਗਏ ਪਰ ਬੀਬੀ ਦੀ ਮਾਤਾ ਨਾ ਮੰਨੀ ਅਤੇ ਰੋਣ-ਪਿਟਣ ਲੱਗ ਪਈ ਕਿ ਤੁਸੀਂ ਮੇਰੀ ਧੀ ਨੂੰ ਜਾਣਕੇ ਮਾਰਨ ਲਗੇ ਜੇ, ਮੈਂ ਮੂਲੀ ਨਹੀਂ ਖਾਣ ਦੇਣੀ ਪਰ ਉਹਦੀ ਕੋਈ ਵੀ ਨਾ ਮੰਨੇ, ਕਿਉਂਕਿ ਸਾਰਿਆਂ ਨੂੰ ਸੰਤਾਂ ਉੱਪਰ ਅਤੁਟ ਵਿਸ਼ਵਾਸ ਸੀ। ਫਿਰ ਉਹ ਕਹਿਣ ਲਗੀ ਮੇਰੀ ਧੀ ਤਾਂ ਮੂਲੀ ਖਾ ਕੇ ਮਰ ਜਾਵੇਗੀ ਪਰ ਮੇਰੇ ਸਾਹਮਣੇ ਨਾ ਮਾਰੋ। ਮੈਨੂੰ ਘਰ ਜਾ ਲੈਣ ਦਿਓ। ਇੰਜ ਕਰਕੇ ਉਹ ਘਰ ਚਲੀ ਗਈ।

ਇਧਰੋਂ ਉਸਦੇ ਘਰ ਵਾਲਿਆਂ ਨੇ ਅਰਦਾਸਾ ਕਰਕੇ ਬੀਬੀ ਨੂੰ ਮੂਲੀ ਖਵਾ ਦਿੱਤੀ। ਜਦੋਂ ਸਾਰੀ ਮੂਲੀ ਖਾ ਚੁਕੀ ਤਾਂ ਉਸਨੂੰ ਬੜਾ ਪਸੀਨਾ ਆਇਆ ਪਸੀਨੇ ਦੇ ਆਉਣ ਨਾਲ ਉਹ ਬਿਲਕੁਲ ਠੀਕ ਹੋ ਗਈ। ਉਧਰੋਂ ਬੱਚੀ ਦੀ ਮਾਂ ਨੂੰ ਸੁਨੇਹਾ ਭੇਜ ਦਿਤਾ, ਤੇਰੀ ਧੀ ਮੂਲੀ ਖਾ ਕੇ ਰਾਜ਼ੀ ਹੋ ਗਈ ਹੈ। ਜਦ ਉਹ ਆਈ ਤਾਂ ਬੜੀ ਹੈਰਾਨ ਸੀ ਤੇ ਸੰਤਾਂ ਦੀ ਉਪਮਾ ਕਰਨ ਲਗ ਪਈ ਅਤੇ ਗੁਰੂ ਜੀ ਦੀ ਪੰਗਤੀ ਵੀ ਯਾਦ ਆ ਗਈ ਕਿ-

ਤਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥

ਜਨਮ ਮਰਨ ਕੇ ਮਿਟੇ ਅੰਦੇਸੇ॥ ਸਾਧੂ ਕੇ ਪੂਰਨ ਉਪਦੇਸੇ॥

ਪੂਰਨ ਸੰਤਾਂ ਦੇ ਉਪਦੇਸ਼ ਕਰਕੇ ਜਨਮ ਮਰਨ ਦੇ ਸਾਰੇ ਅੰਦੇਸੇ=ਸੰਸੇ (ਭੁਲੇਖੇ) ਮਿਟੇ=ਦੂਰ ਹੋ ਗਏ।

ਭਉ ਚੂਕਾ ਨਿਰਭਉ ਹੋਇ ਬਸੇ॥ ਸਗਲ ਬਿਆਧਿ ਮਨ ਤੇ ਖੈ ਨਸੇ॥

ਜਮਾਂ ਦਾ ਭਉ=ਡਰ ਚੁੱਕ ਗਿਆ ਹੈ, ਡਰ ਤੋਂ ਰਹਿਤ ਹੋ ਕੇ ਸਰੂਪ ਘਰ ਵਿਚ ਵਸੇ ਹਾਂ। ਸਾਰੇ ਬਿਆਧਿ=ਰੋਗ ਮਨ ਵਿਚੋਂ ਨਸਕੇ ਖੈ-ਨਾਸ ਹੋ ਗਏ ਹਨ।

ਜਿਸ ਕਾ ਸਾ ਤਿਨਿ ਕਿਰਪਾ ਧਾਰੀ॥ ਸਾਧਸੰਗਿ ਜਪਿ ਨਾਮੁ ਮੁਰਾਰੀ॥

ਜਿਸ ਦਾ ਮੈਂ ਸੇਵਕ ਸੀ ਉਸੇ ਨੇ ਕ੍ਰਿਪਾ ਦ੍ਰਿਸ਼ਟੀ (ਧਾਰੀ) ਕੀਤੀ ਹੈ। ਅਤੇ ਉਨ੍ਹਾਂ ਦੀ ਸਤਸੰਗਤ ਵਿਚ ਬੈਠਕੇ ਮੁਰਾਰੀ ਦਾ ਨਾਮ ਜਪਿਆ ਹੈ।

ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥ ੭ ॥

ਗੁਰੂ ਜੀ ਫ਼ੁਰਮਾਉਂਦੇ ਹਨ-ਸ੍ਰਵਨ=ਕੰਨੀਂ (ਹਰਿ ਹਰਿ) ਵਾਹਿਗੁਰੂ ਦਾ ਜਸ ਸੁਣ ਕੇ ਥਿਤਿ=ਇਸਥਿਤੀ ਪਾਈ ਹੈ। ਪੰਜ ਪ੍ਰਕਾਰ ਦਾ ਭਰਮ ਅਤੇ ਚੁਰਾਸੀ ਲੱਖ ਜੂਨਾਂ ਦਾ ਗਵਨ=ਫਿਰਨਾ ਚੁੱਕ ਗਿਆ ਹੈ॥ ੭॥

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥

ਉਹ ਪ੍ਰਭੂ ਆਪ ਹੀ ਨਿਰਗੁਣ ਬ੍ਰਹਮ ਅਤੇ ਆਪ ਹੀ ਸਰਗੁਣ ਸਰੂਪ ਹੋ ਰਿਹਾ ਹੈ।

ਜਿਸ ਨੇ ਆਪਣੀ ਕਲਾ=ਸ਼ਕਤੀ ਧਾਰ ਕੇ ਸਾਰੀ ਦੁਨੀਆਂ ਮੋਹੀ ਹੋਈ ਹੈ।

ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥

ਜਿਸ ਪ੍ਰਭੂ ਨੇ ਆਪਣੇ ਚਰਿਤ=ਕੌਤਕ ਆਪ ਹੀ ਬਣਾਏ ਹਨ। ਅਤੇ-

ਆਪਣੀ ਕੀਮਤ ਨੂੰ ਆਪ ਹੀ ਪਾਂਦਾ ਹੈ।

ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥

ਉਸ ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਉਹ ਇਕੋ ਹੀ ਸਾਰਿਆਂ ਵਿਚ ਨਿਰੰਤਰਿ=ਇਕਰਸ ਪੂਰਨ ਹੈ।

ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥

ਓਤਿ ਪੋਤਿ=ਤਾਣੇ ਪੇਟੇ ਵਾਂਗ ਸਾਰਿਆਂ ਰੂਪਾਂ ਰੰਗਾਂ ਵਿਚ ਰਵਿਆ=ਮਿਲਿਆ ਹੋਇਆ ਹੈ ਸਾਧੂਆਂ ਦਾ ਸੰਗ ਪ੍ਰਾਪਤ ਹੋਣ ਨਾਲ ਉਸ ਪ੍ਰਭੂ ਦਾ ਪ੍ਰਗਾਸ=ਗਿਆਨ ਹੁੰਦਾ ਹੈ।

[ਪੰਨਾ ੨੮੮]

ਰਚਿ ਰਚਨਾ ਅਪਨੀ ਕਲ ਧਾਰੀ ॥
ਅਨਿਕ ਬਾਰ ਨਾਨਕ ਬਲਿਹਾਰੀ ॥ ੮ ॥ ੧੮ ॥

ਜਿਸ ਨੇ ਸੰਸਾਰਕ ਰਚਨਾ ਰਚਕੇ ਇਸ ਵਿਚ ਆਪਣੀ ਕਲਾ ਧਾਰੀ=ਟੇਕਾਈ ਹੋਈ ਹੈ। ਗੁਰੂ ਜੀ ਕਹਿੰਦੇ ਹਨ-ਮੈਂ ਉਸ ਤੋਂ ਅਨੇਕਾਂ ਵਾਰੀ ਬਲਿਹਾਰ ਜਾਂਦਾ ਹਾਂ॥ ੮॥ ੧੮॥

ਸਲੋਕੁ ॥ ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥

ਪ੍ਰਲੋਕ ਵਿਚ ਜੀਵ ਦੇ ਨਾਲ ਭਜਨ ਸਿਮਰਨ ਤੋਂ ਬਿਨਾਂ ਕੁਝ ਭੀ ਨਹੀਂ ਚਲਦਾ, ਜਿਸ ਬਿਖਿਆ=ਮਾਇਆ ਨੂੰ ਇਥੇ ਹੀ ਛੱਡ ਜਾਣਾ ਹੈ ਉਹ ਮਾਇਆ ਸਾਰੀ ਛਾਰੁ=ਸੁਆਹ ਵਾਂਗ ਨਿਕੰਮੀ ਹੈ,

ਵਾ:-ਨਾਸਵੰਤ ਹੈ।

ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥ ੧ ॥

ਗੁਰੂ ਜੀ ਫ਼ੁਰਮਾਉਂਦੇ ਹਨ-ਜੋ ਹਰਿ ਹਰਿ ਨਾਮ ਦਾ ਕਮਾਉਣਾ ਹੈ ਇਹੋ ਸਾਰੁ=ਸ੍ਰੇਸ਼ਟ ਧਨ ਪ੍ਰਲੋਕ ਵਿਚ ਜੀਵ ਦੇ ਨਾਲ ਜਾਣ ਵਾਲਾ ਹੈ॥ ੧॥

ਯਥਾ:-*ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ॥*
ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ॥ ੧॥
ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥ ੧॥ ਰਹਾਉ॥

(ਗਉੜੀ ਕਬੀਰ ਜੀ, ਪੰਨਾ ੩੩੬)

ਅਸਟਪਦੀ॥ ਸੰਤ ਜਨਾ ਮਿਲਿ ਕਰਹੁ ਬੀਚਾਰੁ॥ ਏਕੁ ਸਿਮਰਿ ਨਾਮ ਆਧਾਰੁ॥

ਸੰਤ ਜਨਾਂ ਨਾਲ ਮਿਲਕੇ ਇਕ ਨਾਮ ਦਾ ਵਿਚਾਰ ਕਰੋ। ਇਕ ਨਾਮ ਨੂੰ ਸਿਮਰੋ ਇਕ ਨਾਮ ਦਾ ਹੀ ਆਧਾਰੁ=ਆਸਰਾ ਲਵੋ। *ਅਥਵਾ:*-ਇਕ ਨਾਮ ਦੇ ਸਿਮਰਨ ਦਾ ਆਸਰਾ ਲਵੋ।

ਅਵਰਿ ਉਪਾਵ ਸਭਿ ਮੀਤ ਬਿਸਾਰਹੁ॥ ਚਰਨ ਕਮਲ ਰਿਦ ਮਹਿ ਉਰਿ ਧਾਰਹੁ॥

ਹੇ ਮਿੱਤਰੋ ! ਹੋਰ ਸਾਰੇ ਉਪਾਵ=ਜਤਨ ਭੁਲਾ ਦਿਓ। ਗੁਰੂ ਦੇ ਚਰਨ ਕਵਲਾਂ ਨੂੰ ਆਪਣੇ ਹਿਰਦੇ ਵਿਚ ਉਰਿ=ਵਿਸ਼ੇਸ਼ ਕਰਕੇ ਧਾਰਨਾ ਕਰੋ। ਵਾ:-ਰਿਦ ਉਰਿ=ਮਨ ਬੁੱਧੀ ਵਿਚ ਗੁਰੂ ਕੇ ਚਰਨ ਕਵਲ ਧਾਰਨਾ ਕਰੋ।*

*ਯਥਾ:-**ਵਡੈ ਭਾਗਿ ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ ਹਰਿ ਸੇਵਾ॥ ੨॥***
ਚਰਣ ਕਮਲ ਜਾ ਕਾ ਮਨੁ ਰਾਪੈ॥ ਸੋਗ ਅਗਨਿ ਤਿਸੁ ਜਨ ਨ ਬਿਆਪੈ॥

(ਧਨਾਸਰੀ ਮਹਲਾ ੫, ਪੰਨਾ ੬੮੩)

*ਤਥਾ:-**ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ॥***
***ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ॥ ੨॥** (ਪੰਨਾ ੨੦੩)*

*ਤਥਾ:-**ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ॥***
***ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ॥ ੩॥** (ਪੰਨਾ ੪੮)*

ਕਰਨ ਕਾਰਨ ਸੋ ਪ੍ਰਭੁ ਸਮਰਥੁ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ॥

ਉਹ ਪ੍ਰਭੂ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਉਸ ਦੀ ਹਰੀ ਨਾਮ ਰੂਪੀ ਵਸਤੂ ਨੂੰ ਦ੍ਰਿੜ੍ਹ ਮਨ ਹੋ

ਸਾਖੀ-ਰਾਧਕਾ ਦੀ

**ਰਾਧਕਾ ਹਰ ਵੇਲੇ ਕ੍ਰਿਸ਼ਨ ਭਗਵਾਨ ਜੀ ਦੇ ਚਰਨਾਂ ਦਾ ਧਿਆਨ ਆਪਣੇ ਹਿਰਦੇ ਵਿਚ ਰਖਦੀ ਸੀ। ਜਿਸ ਵੇਲੇ ਕ੍ਰਿਸ਼ਨ ਭਗਵਾਨ ਦੁਆਰਕਾ ਤੋਂ ਚੱਲ ਕੇ ਕੁਰਖੇਤ੍ਰ ਆਏ, ਤਾਂ ਰਾਧਕਾ ਵੀ ਗੋਪੀਆਂ ਦੇ ਸਹਿਤ ਬ੍ਰਿਜ ਤੋਂ ਚਲਕੇ ਕੁਰਖੇਤ੍ਰ ਆਈ। ਉਸ ਵੇਲੇ ਕ੍ਰਿਸ਼ਨ ਭਗਵਾਨ ਜੀ ਨੇ ਰੁਕਮਣੀ ਦੇ ਸਾਹਮਣੇ ਰਾਧਕਾ ਦੀ ਬਹੁਤ ਉਪਮਾ ਕੀਤੀ ਪਰ ਰੁਕਮਣੀ ਸਹਾਰ ਨਾ ਸਕੀ। ਰਾਧਕਾ ਦਾ ਮੂੰਹ ਸਾੜਨ ਵਾਸਤੇ ਰੁਕਮਣੀ ਨੇ ਗਰਮ ਗਰਮ ਦੁੱਧ ਰਾਧਕਾ ਨੂੰ ਜ਼ਬਰਦਸਤੀ ਪਿਲਾਇਆ। ਉਸ ਦੁਧ ਨਾਲ ਰਾਧਕਾ ਦਾ ਮੂੰਹ ਤਾਂ ਨਾ ਸੜਿਆ ਹਿਰਦੇ ਵਿਚ ਜੋ ਭਗਵਾਨ ਕ੍ਰਿਸ਼ਨ ਜੀ ਦੇ ਚਰਨ ਵਸਦੇ ਸਨ, ਉਨ੍ਹਾਂ ਚਰਨਾਂ ਤੇ ਗਰਮ ਦੁੱਧ ਪੈ ਗਿਆ। ਜਿਸ ਕਰਕੇ ਕ੍ਰਿਸ਼ਨ ਦੇ ਚਰਨਾਂ ਪਰ ਛਾਲੇ ਪੈ ਗਏ। ਜਿਸ ਵੇਲੇ ਕ੍ਰਿਸ਼ਨ ਜੀ ਰੁਕਮਣੀ ਦੇ ਪਾਸ ਆਏ ਤਾਂ ਚਰਨਾਂ ਪਰ ਛਾਲੇ ਪਏ ਹੋਏ ਦੇਖਕੇ ਰੁਕਮਣੀ ਨੇ ਪੁੱਛਿਆ, ਇਹ ਛਾਲੇ ਕਿਵੇਂ ਪੈ ਗਏ ਹਨ? ਕ੍ਰਿਸ਼ਨ ਭਗਵਾਨ ਜੀ ਨੇ ਕਿਹਾ, ਤੇਰੇ ਗਰਮ ਦੁੱਧ ਨਾਲ ਪਏ ਹਨ। ਰੁਕਮਣੀ ਨੇ ਪੁੱਛਿਆ, ਉਹ ਕਿਵੇਂ? ਕ੍ਰਿਸ਼ਨ ਭਗਵਾਨ ਨੇ ਕਿਹਾ, ਤੂੰ ਈਰਖਾ ਕਰਕੇ ਰਾਧਾ ਨੂੰ ਗਰਮ ਦੁੱਧ ਪਿਲਾਇਆ ਹੈ ਰਾਧਾ ਦੇ ਹਿਰਦੇ ਵਿਚ ਮੇਰੇ ਚਰਨ ਨਿਵਾਸ ਕਰ ਰਹੇ ਸਨ। ਗਰਮ ਦੁੱਧ ਪੈਣ ਨਾਲ ਮੇਰੇ ਪੈਰਾਂ ਪਰ ਛਾਲੇ ਪੈ ਗਏ ਹਨ।*

ਕੇ ਗਹਹੁ=ਗ੍ਰਹਿਣ ਕਰੋ।

ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥ ਸੰਤ ਜਨਾ ਕਾ ਨਿਰਮਲ ਮੰਤ ॥

ਇਸ ਹਰੀ ਨਾਮ ਧਨ ਨੂੰ ਸੰਚਹੁ=ਇਕੱਠਾ ਕਰੋ ਤਾਂ ਤੁਸੀਂ ਭਗਵੰਤ=ਭਾਗਾਂ ਵਾਲੇ ਹੋ ਜਾਉਗੇ,

ਵਾ:-ਭਗਵੰਤ=ਪਰਮੇਸ਼ਰ ਦਾ ਸਰੂਪ ਹੋ ਜਾਉਗੇ। ਸੰਤ ਜਨਾਂ ਦਾ ਇਹੋ ਨਿਰਮਲ ਮੰਤ੍ਰ ਹੈ ਕਿ ਨਾਮ-ਧਨ ਨੂੰ ਇਕੱਠਾ ਕਰੋ।

ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥

ਗਰੂ ਜੀ ਕਹਿੰਦੇ ਹਨ-ਆਪਣੇ ਮਨ ਵਿਚ ਇਕ ਪ੍ਰਭੂ ਦੀ ਆਸ ਰੱਖੋ, ਫਿਰ ਤੁਹਾਡੇ ਸਾਰੇ ਰੋਗ ਮਿਟ ਜਾਣਗੇ ॥ ੧ ॥ ਜਿਵੇਂ ਮੋਹਿਨਾ ਸੋਹਿਨਾ ਦੇ ਮਨ ਵਿਚ ਅਖੀਰ ਤਕ ਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨਾਂ ਦੀ ਆਸ ਰਹੀ ਹੈ।

ਸਾਖੀ-ਮੋਹਿਨਾ ਸੋਹਿਨਾ ਦੀ

ਰਾਇਪੁਰ ਦੇ ਰਹਿਣ ਵਾਲੇ ਇਕ ਅਮੀਰ ਘਰਾਣੇ ਦੇ ਮੋਹਿਨਾ ਸੋਹਿਨਾ ਇਸਤ੍ਰੀ ਭਰਤਾ ਸਨ। ਇਕ ਬੈਰਾਗੀ ਫਕੀਰ ਨੇ ਇਨ੍ਹਾਂ ਨੂੰ ਠਾਕੁਰ ਪੂਜਾ ਸਿਖਾਈ ਤੇ ਭਗਤੀ ਦੀ ਜਾਚ ਦੱਸੀ। ਭਾਵੇਂ ਪੈਸੇ ਦੀ ਤੋਟ ਨਹੀਂ ਸੀ, ਪਰ ਜਦ ਭਗਤੀ ਦਾ ਰੰਗ ਚੜ੍ਹਿਆ ਤਾਂ ਉਨ੍ਹਾਂ ਨੇ ਅੰਮ੍ਰਿਤ ਵੇਲੇ ਉਠਣਾ, ਖੂਹ ਤੇ ਜਾਕੇ ਇਸ਼ਨਾਨ ਆਦਿ ਕਰਨ ਦੀ ਕਿਰਿਆ ਸ਼ੁਰੂ ਕਰ ਦਿੱਤੀ। ਜਲ ਲਿਆ ਕੇ ਠਾਕੁਰਾਂ ਨੂੰ ਇਸ਼ਨਾਨ ਕਰਵਾਉਂਦੇ ਤੇ ਧੂਪ ਧੁਖਾਉਂਦੇ ਸਨ। ਘਰ ਲਾਏ ਫੁੱਲਾਂ ਦੀ ਮਾਲਾ ਪਰੋ ਕੇ ਠਾਕੁਰਾਂ ਦੇ ਗਲ ਵਿਚ ਪਾਉਂਦੇ ਤੇ ਉਸ ਤੋਂ ਬਾਅਦ ਕੀਰਤਨ ਕਰਦੇ ਸਨ।

ਇਕ ਦਿਨ ਦੋਵੇਂ ਜਣੇ ਠਾਕੁਰਾਂ ਦੇ ਇਸ਼ਨਾਨ ਵਾਸਤੇ ਪਾਣੀ ਲਿਆ ਰਹੇ ਸਨ ਕਿ ਇਕ ਗੁਰਮੁਖ ਆਦਮੀ ਭੱਜਾ ਆਇਆ, ਜਿਸਨੂੰ ਇਕ ਕਰਾਰਾ ਫੱਟ ਲੱਗਾ ਸੀ ਅਤੇ ਤ੍ਰੇਹ ਨਾਲ ਘਬਰਾਇਆ ਹੋਇਆ ਸੀ ਤੇ ਇਨ੍ਹਾਂ ਦੇ ਪੈਰਾਂ ਪਾਸ ਹਫ ਕੇ ਡਿੱਗਾ ਤੇ 'ਪਾਣੀ, ਪਾਣੀ' ਕਰਨ ਲਗ ਪਿਆ। ਇਹ ਦੋਵੇਂ ਜਣੇ ਝੁਬਕ ਪਏ, ਪਰ ਇਹ ਸੋਚ ਕੇ ਕਿ ਠਾਕੁਰਾਂ ਵਾਸਤੇ ਸੁੱਚਾ ਜਲ ਲਿਜਾਣਾ ਹੈ ਅੱਗੇ ਤੁਰਨ ਲਗੇ। ਪਰ ਉਹ ਫਿਰ ਮੱਛੀ ਦੀ ਤਰ੍ਹਾਂ ਤੜਫਦਾ ਹੈ ਤੇ 'ਪਾਣੀ, ਪਾਣੀ' ਕੂਕਦਾ ਹੈ ਪਰੰਤੂ ਇਹ ਘੋਸ ਮਾਰ ਕੇ ਟੁਰ ਪਏ। ਉਹਦੀ ਅਖੀਰ ਆਵਾਜ਼ ਜੋ ਇਨ੍ਹਾਂ ਦੇ ਕੰਨੀਂ ਪਈ ਉਹ ਇਹ ਸੀ:-

''ਨਾਲੇ ਪਿਆਰ ਨਾਲੇ ਦੋ ਘੁਟ ਪਾਣੀ ਤੋਂ ਤਰਸਾਣਾ !.....ਦਰਸ਼ਨ ਨਹੀਂ ਜੇ ਦੇਣ ਲੱਗਾ।'' ਇਹ ਸੁਣ ਕੇ ਵੀ ਦੋਵੇਂ ਤੁਰੀ ਗਏ, ਘਰ ਜਾ ਕੇ ਆਪਣੇ ਨਿਤਨੇਮ ਅਨੁਸਾਰ ਸਾਰੀ ਕਿਰਿਆ ਕੀਤੀ ਪਰ ਅਜ ਮਨ ਉਚਾਟ ਹੀ ਰਿਹਾ। ਅਖੀਰ ਘਬਰਾ ਕੇ ਉਠੇ ਤੇ ਪਾਣੀ ਲੈ ਕੇ ਤੁਰ ਪਏ। ਪਰ ਉਥੇ ਜਾ ਕੇ ਕੀ ਦੇਖਿਆ ਉਹ ਤਾਂ ਖਤਮ ਹੋ ਚੁਕਾ ਸੀ। ਇੰਨੇ ਨੂੰ ਇਕ ਪਾਸਿਓਂ ਪੰਜ ਸੱਤ ਆਦਮੀ ਆ ਗਏ ਤੇ ਬੋਲੇ-''ਇਹੋ ਹੈ''। ਪੁੱਛਣ ਤੋਂ ਪਤਾ ਲੱਗਾ ਕਿ ਇਹ ਸੂਰਬੀਰ ਮਹਾਂ ਭਜਨੀਕ ਸਾਧੂ ਸੀ, ਅਨੰਦਪੁਰ ਵਾਲੇ ਗੁਰੂ ਜੀ ਦਾ ਸੇਵਕ ਸੀ। ਅੱਜ ਇਕ ਗਰੀਬ ਟੋਲੇ ਤੇ ਡਾਕੇ ਪਏ ਦੀ ਆਵਾਜ਼ ਸੁਣ ਕੇ ਉਨ੍ਹਾਂ ਦੀ ਮਦਦ ਲਈ ਪਹੁੰਚਿਆ ਤੇ ਡਾਕੂਆਂ ਨੂੰ ਭਜਾ ਦਿੱਤਾ ਤੇ ਟੋਲਾ ਵਾਲ ਵਾਲ ਬਚਾ ਦਿੱਤਾ ਪਰ ਆਪ ਜ਼ਖਮੀ ਹੋ ਕੇ ਭਜ ਪਿਆ ਤੇ ਇਥੇ ਆ ਕੇ ਇਸ ਹਾਲਤ ਵਿਚ ਲੱਭਾ ਹੈ। ਹੁਣ ਉਹਦੇ ਕਹੇ ਹੋਏ ਸ਼ਬਦ ਕੰਨਾਂ ਵਿਚ ਗੂੰਜਣ ਲਗੇ 'ਦਰਸ਼ਨ ਨਹੀਂ ਜੇ ਦੇਣ ਲਗਾ' ਅਤੇ ਆਪਣੇ ਆਪ ਨੂੰ ਧ੍ਰਿਕਾਰਾਂ ਦਿੰਦੇ ਹਨ ਪਰ ਉਹ ਸਮਾਂ ਲੰਘ ਗਿਆ।

ਯਥਾ :- ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥ ੩੬॥

ਰਾਇਪੁਰ ਦੀ ਰਾਣੀ ਸਤਿਗੁਰਾਂ ਦੀ ਪ੍ਰੇਮਣ ਸੀ ਉਹਨੂੰ ਜਿਸ ਵੇਲੇ ਪਤਾ ਲਗਾ ਤੇ ਉਹ ਬੜਾ ਰੋਈ। ਹਾਇ ਅਭਾਗ ! ਮੇਰੀਆਂ ਸਿੱਕਾਂ ਤੇ ਉਮੀਦਾਂ ਦੇ ਮਾਲਕਾ ! ਹੇ ਜਗਤ ਤਾਰਕ ਸਤਿਗੁਰਾ ! ਮੈਂ ਉਸ ਸਿੱਖ ਦੀ ਕੁਝ ਸੇਵਾ ਨਾ ਕਰ ਸਕੀ, ਹਾਏ! ਮੇਰੇ ਰਾਜ ਵਿਚ ਹੀ ਤੇਰੇ ਪਿਆਰੇ ਲਈ ਸੀਸ ਦੇਣਾ ਹਿੱਸੇ ਆਇਆ, ਉਸ ਦੀ ਸੇਵਾ ਸਾਥੋਂ ਕੁਝ ਨਾ ਹੋ ਸਕੀ। ਇਹ ਕੀਰਨੇ ਕਰ ਹੀ ਰਹੀ ਸੀ ਕਿ ਉਸ ਦੀ ਸਤਸੰਗਣ ਮਾਈ ਆ ਗਈ, ਰਾਣੀ ਨੂੰ ਧੀਰਜਤਾ ਦਿੱਤੀ ਅਤੇ ਕਹਿਣ ਲੱਗੀ-ਰੋਇਆਂ ਤਾਂ ਕੁਝ ਨਹੀਂ ਬਣਦਾ, ਤੂੰ ਦੁਖ ਨਾ ਕਰ, ਤੇਰਾ ਦੋਸ਼ ਨਹੀਂ, ਸੋ ਤੂੰ ਧੰਨ ਭਾਗ ਜਾਣਕੇ ਇਸ ਦੇ ਮਿਰਤਕ ਸਰੀਰ ਦਾ ਸਸਕਾਰ ਕਰ ਦੇ ਤਾਂ ਕਿ ਜਿਸ ਸਰੀਰ ਵਿਚ ਨਾਮੀ ਪਰਮਾਤਮਾ ਵੱਸਦਾ ਸੀ ਉਹ ਰੁਲੇ ਨਾ। ਇਹ ਸੁਣ ਕੇ ਰਾਣੀ ਨੇ ਬੜੇ ਸਤਿਕਾਰ ਨਾਲ ਉਸ ਦਾ ਸਸਕਾਰ ਕੀਤਾ ਅਤੇ ਉਸ ਦੀ ਯਾਦ ਵਿਚ ਉਸੇ ਜਗ੍ਹਾ ਤੇ ਇਕ ਮਠ ਬਣਵਾਇਆ।

ਛੇਤੀ ਹੀ ਉਹ ਭਾਗੇ ਭਰਿਆ ਦਿਨ ਆ ਗਿਆ ਕਿ ਦਿਆਲੂ ਸਤਿਗੁਰਾਂ ਨੇ ਰਾਇਪੁਰ ਚਰਨ ਪਾਏ। ਰਾਣੀ ਸੁਣ ਕੇ ਬੜੀ ਖੁਸ਼ ਹੋਈ ਰਾਣੀ ਨੇ ਬੜੀ ਸੇਵਾ ਕੀਤੀ ਅਤੇ ਜੀਵਨ ਮੁਕਤੀ ਮਿਲ ਗਈ ਅਤੇ ਅਣਗਿਣਤਾਂ ਨੂੰ ਜੀਅ ਦਾਨ ਮਿਲਿਆ। ਮੋਹਿਨਾ ਤੇ ਸੋਹਿਨਾ ਨੇ ਸੁਣਿਆ ਬੜੇ ਦੁਖੀ ਸਨ ਰਾਤ ਦਿਨ ਵਿਆਕੁਲ ਰਹਿੰਦੇ ਸਨ, ਇਹ ਭੀ ਦਰਸ਼ਨ ਕਰਨ ਗਏ, ਪਰੰਤੂ ਜਿੰਨੀ ਵੇਰ ਇਹ ਦਰਸ਼ਨ ਕਰਨ ਗਏ, ਉਨੀ ਵੇਰ ਹੀ ਦਰਸ਼ਨ ਨਹੀਂ ਹੋਏ ਅਤੇ ਕੰਨਾਂ ਵਿਚ ਉਹੋ ਆਵਾਜ਼ ਗੂੰਜੇ 'ਦਰਸ਼ਨ ਨਹੀਂ ਜੇ ਦੇਣ ਲਗਾ।' ਜਦੋਂ ਚੋਜੀ ਸਤਿਗੁਰੂ ਜੀ ਤੁਰਨ ਲੱਗੇ ਤਾਂ ਇਹ ਰਸਤੇ ਵਿਚ ਕੋਈ ਮੀਲ ਕੁ ਜਾ ਕੇ ਖਲੋ ਗਏ ਸੰਗਤਾਂ ਤਾਂ ਸਾਰੀਆਂ ਉਧਰੋਂ ਲੰਘੀਆਂ, ਪਰ ਚੋਜੀ ਪਾਤਸ਼ਾਹ ਨੇ ਆਪਣੇ ਘੋੜੇ ਦਾ ਰੁਖ ਖੇਤਾਂ ਵਲ ਕਰ ਲਿਆ ਅਤੇ ਉਧਰ ਦੀ ਲੰਘ ਗਏ। ਹੁਣ ਦਰਸ਼ਨਾਂ ਦੀ ਭੁੱਖ ਕਰਾਰੀ ਹੋ ਗਈ ਅਤੇ ਪੱਕਾ ਵਿਸ਼ਵਾਸ਼ ਹੋ ਗਿਆ ਕਿ ਸਿੱਖ ਦੇ ਬਚਨ ਅਟੱਲ ਹਨ। ਦਰਸ਼ਨ ਸਾਡੇ ਭਾਗਾਂ ਵਿਚ ਨਹੀਂ ਹਨ, ਰਾਤ ਦਿਨ ਸੋਚਾਂ ਵਿਚ ਬੀਤਣ ਲਗਾ, ਅਖੀਰ ਇਹੋ ਹੀ ਨਿਸਚਾ ਪੱਕਾ ਕੀਤਾ ਕਿ ਮਾਲ ਮਿਲਖ ਵੇਚ ਕੇ ਦਾਨ ਪੁੰਨ ਕੀਤਾ ਜਾਵੇ ਅਤੇ ਲੋੜੀਂਦੀਆਂ ਥਾਵਾਂ ਤੇ ਖੂਹ ਲੁਆ ਕੇ ਧਰਮਸਾਲਾ ਬਣਵਾ ਕੇ ਅਤੇ ਆਪ ਗਰੀਬੀ ਦਾ ਬਾਣਾ ਪਾ ਕੇ ਉਸ ਚੋਜੀ ਪ੍ਰੀਤਮ ਦੇ ਦੁਆਰੇ ਚਲੇ ਜਾਈਏ। ਸੋ ਇਸੇ ਤਰ੍ਹਾਂ ਕਰਕੇ ਅਮੀਰੀ ਤਿਆਗ ਕੇ ਗਰੀਬੀ ਲਿਬਾਸ ਵਿਚ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ।

ਅਨੰਦਪੁਰ ਪਹੁੰਚ ਕੇ ਵੀ ਸਤਿਗੁਰਾਂ ਦੇ ਦਰਸ਼ਨ ਨਹੀਂ ਹੋਏ। ਅੰਦਰ ਪ੍ਰੇਮ ਦੀ ਚਿਣਗ ਚੈਨ ਨਹੀਂ ਲੈਣ ਦਿੰਦੀ, ਹੁਣ ਦਿਲ ਵਿਚ ਸੋਚ ਆਈ ਅਗਰ ਸਤਿਗੁਰਾਂ ਦੇ ਬਾਗ਼ ਵਿਚ ਮਜੂਰ ਦੀ ਜਗ੍ਹਾ ਮਿਲ ਜਾਵੇ ਤਾਂ ਸੇਵਾ ਹੀ ਕਰ ਲਈਏ, ਵਿਹਲੇ ਵੇਲੇ ਪਟਾਰੀਆਂ ਤੇ ਟੋਕਰੀਆਂ ਬਣਾ ਕੇ ਆਪਣਾ ਗੁਜ਼ਾਰਾ ਕਰ ਲਿਆ ਕਰਾਂਗੇ। ਇਸੇ ਆਸ ਤੇ ਬਾਗ ਦੇ ਵਡੇ ਮਾਲੀ ਕੇਸਰਾ ਸਿੰਘ ਪਾਸ ਪਹੁੰਚੇ ਅਤੇ ਬੇਨਤੀ ਕੀਤੀ, ਪੰਜ ਸੱਤ ਦਿਨ ਕੰਮ ਕਰਾਕੇ ਮਾਲੀ ਨੇ ਦੇਖਿਆ ਸਿਆਣੇ ਹਨ ਨੌਕਰ ਰੱਖ ਲਿਆ। ਬਾਗ਼ ਦੇ ਪਿਛਲੇ ਪਾਸੇ ਕੋਠਾ ਰਹਿਣ ਵਾਸਤੇ ਦੇ ਦਿੱਤਾ। ਪ੍ਰੇਮੀਆਂ ਦੀ ਸੇਵਾ ਨੇ ਬਾਗ ਦਾ ਨਕਸ਼ਾ ਹੀ ਬਦਲ ਦਿੱਤਾ। ਇਕ ਦਿਨ ਸ੍ਰੀ ਦਸਮੇਸ਼ ਜੀ ਸੈਰ ਕਰਦੇ ਕਰਦੇ ਇਕ ਸੁੰਦਰ ਕਿਆਰੇ ਨੂੰ ਦੇਖ ਕੇ ਬੜੇ ਖੁਸ਼ ਹੋਏ ਅਤੇ ਕੇਸਰਾ ਸਿੰਘ ਨੂੰ ਸ਼ਾਬਾਸ਼ ਦਿਤੀ। ਉਸ ਨੇ ਹੱਥ ਜੋੜ ਕੇ ਆਖਿਆ-ਸਆਮੀ ਜੀ ! ਆਪ ਦੀ ਕ੍ਰਿਪਾ ਦੀ ਭੁੱਖ ਤਾਂ ਸਦਾ ਹੈ ਪਰ ਇਹ ਕੰਮ ਛੋਟੇ ਮਾਲੀ ਦਾ ਹੈ, ਜੋ ਥੋੜ੍ਹੇ ਦਿਨਾਂ ਤੋਂ ਬੜੇ ਪ੍ਰੇਮ ਨਾਲ ਸੇਵਾ ਕਰਦਾ ਹੈ। ਰੋਟੀ ਕਮਾ ਕੇ ਖਾਂਦਾ ਹੈ, ਆਪ ਦੇ ਚਰਨਾਂ ਦਾ ਗੁੱਝਾ ਪ੍ਰੇਮੀ ਹੈ। ਸਤਿਗੁਰ ਸੁਣ ਕੇ ਚੁਪ ਹੋ ਗਏ ਅਤੇ ਇਹ ਕਹਿੰਦੇ ਹੋਏ ਚਲੇ ਗਏ 'ਦਰਸ਼ਨ ਨਹੀਂ ਜੇ ਦੇਣ ਲੱਗਾ।' ਮਾਲੀ ਨੇ ਇਹ ਗੱਲ ਸੋਹਿਨਾ ਨਾਲ ਕੀਤੀ ਤੇ ਸੋਹਿਨਾ ਨੇ ਘਰ ਜਾ ਕੇ ਦੱਸੀ ਤਾਂ ਸਮਝਿਓ ਨੇ 'ਅੰਤਰਜਾਮੀ ਠਾਕੁਰ ਇਹੋ ਹੈ' ਹੱਛਾ ! ਸ਼ੁਕਰ ਹੈ, ਦਰਸ਼ਨ ਨਹੀਂ ਤਾਂ ਸੇਵਾ ਹੀ ਸਹੀ।

ਮਾਤਾ ਜੀਤੋ ਜੀ ਨੇ ਜਦੋਂ ਇਹਨਾਂ ਦੀ ਵਿਥਿਆ ਸੁਣੀ ਤਾਂ ਮੋਹਿਨਾ ਨੂੰ ਮਿਲਣ ਵਾਸਤੇ ਉਨ੍ਹਾਂ ਦੀ ਕੁਟੀਆ ਵਿਚ ਆ ਗਏ। ਮੋਹਿਨਾ ਦੇਖ ਕੇ ਹੈਰਾਨ ਰਹਿ ਗਈ ਅਤੇ ਛੇਤੀ ਛੇਤੀ ਪੀੜ੍ਹੀ ਉੱਤੇ ਆਸਣ ਵਿਛਾ ਕੇ ਪੀੜ੍ਹੀ ਅੱਗੇ ਕਰ ਦਿਤੀ ਮਾਤਾ ਜੀ ਬੈਠ ਗਏ ਅਤੇ ਆਪ ਚਰਨਾਂ ਉੱਪਰ ਸੀਸ ਰੱਖ ਕੇ ਬੜੇ ਪ੍ਰੇਮ ਦੇ ਵੇਗ ਵਿਚ ਬੋਲੀ:- ਅੰਮੀ ਜੀ ! ਮੇਰੇ ਚੰਗੇ ਅੰਮੀ ਜੀ ! ਐਡੀ ਠੰਢ ਤੇ ਮੀਂਹ ਵਿਚ ਤੁਸੀਂ ਕਿਉਂ ਖੇਚਲ ਕੀਤੀ, ਦਾਸੀ ਨੂੰ ਹੁਕਮ ਘਲਦੇ, ਹਾਜ਼ਰ ਹੋ ਜਾਂਦੀ।

ਮਾਤਾ ਜੀਤੋ ਜੀ ਬੋਲੇ-ਮੇਰੀਆਂ ਤਾਂ ਸਾਰੀਆਂ ਵਾੜੀਆਂ ਹਨ ਕੋਈ ਟਹਿਲਣ ਨਹੀਂ, ਪਰ ਤੂੰ ਤਾਂ ਮੇਰੀ ਬੱਚੀ ਹੈਂ ਜੋ ਉਪਮਾ ਮੈਂ ਸੁਣਕੇ ਤੇਰੇ ਪਾਸ ਆਈ ਹਾਂ ਤੂੰ ਉਹ ਪੂਰੀ ਕਰ। ਮੋਹਿਨਾ ਨੇ ਸਰੰਦਾ ਲਾਹ ਕੇ ਬੜੇ ਪ੍ਰੇਮ ਨਾਲ ਸੁਰ ਛੇੜੀ ਅਤੇ ਸ਼ਬਦ ਪੜ੍ਹਨ ਲਗ ਪਈ:-

ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ॥ ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ॥ ੧ ॥ ਰਹਾਉ॥ ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥

(ਸਾਰਗ ਮਹਲਾ ੧, ਪੰਨਾ ੧੧੯੭)

ਮਾਤਾ ਜੀ ਇਤਨੇ ਪ੍ਰੇਮ ਨਾਲ ਸੁਣਦੇ ਰਹੇ ਅਤੇ ਮੋਹਿਨਾ ਗਾਉਂਦੀ ਰਹੀ, ਲੌਢਾ ਪਹਿਰ ਹੋ ਗਿਆ, ਮਾਤਾ ਜੀ ਹੁਣ ਤੁਰਨ ਲਗੇ ਪਰ ਮੋਹਿਨਾ ਨੇ ਜਾਣ ਨਾ ਦਿਤਾ ਅਤੇ ਬੜੇ ਪ੍ਰੇਮ ਨਾਲ ਅਖਰੋਟ, ਬਦਾਮ ਤੇ ਅਬਜੋਸ਼ ਅਤੇ ਨਾਲ ਜਲ ਪਾਣੀ ਰੱਖਿਆ। ਮਾਤਾ ਜੀ ਪ੍ਰੇਮ ਦੇ ਰੰਗ ਅੱਗੇ ਨਾਂਹ ਨਾ ਕਰ ਸਕੇ ਅਤੇ 'ਵਾਹਿਗੁਰੂ' ਤੂੰ ਧੰਨ ਹੈਂ ਕਿਹਾ ਅਤੇ ਮੂੰਹ ਚੋਲਿਆ। ਹੁਣ ਮਾਤਾ ਜੀ ਜਾਣ ਲਗੇ ਤਾਂ ਮੋਹਿਨਾ ਦੀਆਂ ਅੱਖਾਂ ਭਰ ਆਈਆਂ ਅਤੇ ਨਿਢਾਲ ਹੋ ਕੇ ਢਹਿ ਪਈ। ਮਾਤਾ ਜੀ ਨੇ ਸਿਰ ਤੇ ਹੱਥ ਫੇਰਿਆ, ਪਿਆਰ ਦਿੱਤਾ, ਗੋਦੀ ਵਿਚ ਸਿਰ ਰੱਖ ਕੇ ਕਿਹਾ, 'ਮੋਹਿਨਾ' ! ਤੈਨੂੰ ਹੁਣ ਕਿਉਂ ਫਿਕਰ ਹੈ? ਮੈਂ ਜੁ ਤੇਰੇ ਸਾਰੇ ਫਿਕਰ ਲੈ ਲੀਤੇ ਹਨ। ਸਾਰੇ ਕਾਰਜ ਠੀਕ ਹੋ ਜਾਣਗੇ ਤੁਸੀਂ ਨਾਲ ਨਾਲ ਨਿਤਨੇਮ ਵੀ ਕਰਿਆ ਕਰੋ। ਸਤਿਬਚਨ ਕਹਿ ਕੇ ਮੋਹਿਨਾ ਉੱਠੀ ਅਤੇ ਮਾਤਾ ਜੀ ਚਲੇ ਗਏ।

ਮਾਤਾ ਜੀ ਦਾ ਨੇਮ ਸੀ ਕਿ ਉਹ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਨਿਤਨੇਮ ਕਰਨ ਲੱਗ ਪੈਂਦੇ ਸਨ। ਜਦੋਂ ਮਹਾਰਾਜ ਜੀ ਦੀਵਾਨ ਵਿਚ ਜਾਂਦੇ ਸੀ ਤਾਂ ਮਾਤਾ ਜੀ ਚਰਨਾਂ ਤੇ ਮੱਥਾ ਟੇਕ ਕੇ ਸਿਹਰਾ ਗਲੇ ਵਿਚ ਪਾ ਕੇ ਟੋਰਦੇ ਸੀ। ਫਿਰ ਸੂਰਜ ਚੜ੍ਹੇ ਤਕ ਇਸੇ ਰੂਪ ਨੂੰ ਨੈਣਾਂ ਵਿਚ ਵਸਾ ਕੇ ਮਗਨ ਬੈਠੇ ਰਹਿੰਦੇ ਸੀ। ਕੇਸਰਾ ਸਿੰਘ ਰੋਜ਼ ਸਿਹਰੇ ਲਈ ਫੁੱਲ ਮਾਤਾ ਜੀ ਨੂੰ ਆਪ ਪਹੁੰਚਾਇਆ ਕਰਦਾ ਸੀ। ਇਕ ਦਿਨ ਕੇਸਰਾ ਸਿੰਘ ਭੁੱਲ ਗਿਆ। ਮਾਤਾ ਜੀ ਨੇ ਸਵੇਰੇ ਸਵੇਰੇ ਮੋਹਿਨਾ ਵਲ ਆਦਮੀ ਭੇਜਿਆ ਅਤੇ ਕਿਹਾ, 'ਇਕ ਸਿਹਰੇ ਜੋਗੇ ਫੁੱਲ ਭੇਜ ਦਿਉ, ਅੱਜ ਫੁੱਲ ਕਿਧਰੋਂ ਨਹੀਂ ਆਏ ਸਾਡੇ ਨਿਤਨੇਮ ਵਿਚ ਭੰਗ ਨਾ ਪਵੇ।' ਦੋਵੇਂ ਜੀਅ ਖੁਸ਼ੀ ਵਿਚ ਨੱਚ ਉੱਠੇ ਅਤੇ ਪ੍ਰੇਮ ਨਾਲ ਫੁੱਲਾਂ ਨੂੰ ਤੋੜਦੇ ਹਨ ਅਤੇ ਨਾਲ ਨਾਲ ਫੁੱਲਾਂ ਪ੍ਰਤੀ ਬੋਲਦੇ ਹਨ-

ਨੇਕ ਨਸੀਬ ਤੁਹਾਡੇ ਮਿਤਰੋ ! ਜਿਨ੍ਹਾਂ ਜਾਇ ਪੀਆ ਗਲ ਪੈਣਾ।
ਵਾਹ ਉੱਗਣਾ ਤੇ ਸੁਫਲ ਲਗਣਾ, ਖਿੜ ਖਿੜ ਹੱਸ ਹੱਸ ਰਹਿਣਾ।
ਵਾਹ ਤ੍ਰੁਟਣਾ, ਵਾਹ ਸੂਈ ਚੜ੍ਹਨਾ, ਵਾਹ ਗੁੰਦੇ ਰਲ ਬਹਿਣਾ।
ਵਾਹ ਹੱਸਣ ਵਾਹ ਰੋਣ ਤੁਹਾਡੇ, ਜਿਨ੍ਹਾਂ ਜਾਇ ਪੀਆ ਗਲ ਪੈਣਾ।

ਇਉਂ ਪ੍ਰੇਮ ਭਰੇ ਪ੍ਰੇਮੀਆਂ ਨੇ ਸੁਹਣੇ ਸੁਹਣੇ ਗੇਂਦੇ ਦੇ ਫੁੱਲ ਅੰਮੀ ਜੀ ਲਈ ਇਕ ਸੋਹਣੀ ਪਟਾਰੀ ਵਿਚ ਪਾ ਕੇ ਘੱਲ ਦਿਤੇ। ਮਾਤਾ ਜੀ ਨੇ ਸਿਹਰਾ ਪਰੋ ਕੇ ਰੋਜ਼ ਦੇ ਨੇਮ ਅਨੁਸਾਰ ਗਲੇ ਵਿਚ ਪਾ ਦਿਤਾ। ਮਹਾਰਾਜ ਨੇ ਕਿਹਾ-ਜੀਤ ਜੀ ! ਇਹਦੇ ਵਿਚੋਂ ਪ੍ਰੇਮ ਦੀ ਖੁਸ਼ਬੂ ਆਉਂਦੀ ਹੈ। ਪਰ ਕੀ ਕਰਾਂ? ਇਕ ਸਾਂਈ' ਦਾ ਜੀਊਂਦਾ

ਬੰਦਾ ਇਹ ਵਾਕ ਇਨ੍ਹਾਂ ਲਈ ਕਹਿ ਗਿਆ ਹੈ 'ਦਰਸ਼ਨ ਨਹੀਂ ਜੇ ਦੇਣ ਲੱਗਾ।' ਗੁਰੂ ਮਾਰੇ ਤਾਂ ਸਿੱਖ ਬਖਸ਼ਾ ਲੈਂਦੇ ਹਨ, ਸਿੱਖ ਮਾਰੇ ਨੂੰ ਗੁਰੂ ਨਹੀਂ ਬਖਸ਼ਦੇ।

ਮਾਤਾ ਜੀ-ਆਪ ਕਰਨ ਕਾਰਨ ਹੋ, ਆਪ ਦਾ ਬਿਰਦ ਪਤਿਤ ਪਾਵਨ ਹੈ ਪਰ ਮੈਨੂੰ ਪ੍ਰਸੰਨਤਾ ਤੇ ਬਲ ਬਖਸ਼ੋ ਜੋ ਮੈਂ ਇਸ ਵਾਰ ਭੈਣ ਨੂੰ ਆਪ ਦੇ ਦਰ ਜੋਗਾ ਕਰ ਸਕਾਂ।

ਕਲਗੀਆਂ ਵਾਲੇ-ਜੀਤ ਜੀ ! ਵਾਹਿਗੁਰੂ ਬਲ ਦੇਵੇ ਤੁਸੀਂ ਇਸ ਜੋੜੀ ਦਾ ਸੰਕਟ ਹਰੋ ਅਤੇ ਇਹ ਕਹਿੰਦੇ ਹੋਏ ਦੀਵਾਨ ਵਿਚ ਚਲੇ ਗਏ। ਹੁਣ ਮਾਤਾ ਜੀਤੋ ਜੀ ਇਹਨਾਂ ਨੂੰ ਪ੍ਰਭੂ ਪਿਆਰ ਵਿਚ ਜੋੜਨ ਲੱਗ ਪਏ। ਸਤਸੰਗ ਦੀ ਵਾਰਤਾਲਾਪ ਕਰਨੀ ਹੁਣ ਦੋਵਾਂ ਦੀ ਬਿਰਤੀ ਖਿੰਡਾਉ ਵਿਚ ਘਟ ਜਾਂਦੀ ਹੈ। ਦਰਸ਼ਨਾਂ ਦੀ ਸਿੱਕ ਅੱਗੇ ਨਾਲੋਂ ਜ਼ਿਆਦਾ ਹੈ, ਨਿਰਾਸ਼ਾ ਤੇ ਤੋਟ ਨਹੀਂ ਹੈ, ਸ਼ੁਕਰ ਤੇ ਆਸ ਹੈ ਕਿ ਸਤਸੰਗ ਵਾਲੇ ਕਦੇ ਵਿਛੁੜਦੇ ਹੀ ਨਹੀਂ। ਹੁਣ ਮਾਤਾ ਜੀ ਨੇ ਕਿਹਾ-ਪ੍ਰੀਤਮ ਜੀ ਦੀ ਵਰ੍ਹੇ-ਗੰਢ ਵਾਲੇ ਦਿਨ ਅਸੀਂ ਮੋਤੀਏ ਦਾ ਸਿਹਰਾ ਪਾਈਏ, ਤੁਸੀਂ ਮੋਤੀਏਂ ਦੇ ਫੁੱਲ ਤਿਆਰ ਕਰੋ।

ਰਾਤ ਦਿਨ ਇਕ ਕਰ ਕੇ ਸੇਵਾ ਤੇ ਪ੍ਰੇਮ ਨਾਲ ਇਹਨਾਂ ਨੇ ਬੇ-ਬਹਾਰੇ ਫੁੱਲ ਤਿਆਰ ਕੀਤੇ ਜਦੋਂ ਉਹ ਸੁਭਾਗਾ ਦਿਨ ਆਇਆ ਅਤੇ ਫੁੱਲ ਵੀ ਲੈਹ ਲੈਹ ਕਰਦੇ ਤਿਆਰ ਹੋ ਗਏ ਮੋਤੀਆ, ਗੇਂਦਾ, ਖੱਟਾ ਗੇਂਦਾ, ਗੁਲਦਾਉਂਦੀ। ਇਕ ਫਕੀਰ ਉਧਰ ਥਾਗ ਵਿਚ ਆ ਨਿਕਲਿਆ ਅਤੇ ਬੇ-ਬਹਾਰੇ ਫੁੱਲ ਦੇਖ ਕੇ ਮੋਹਿਨਾ ਦੇ ਦਰਵਾਜ਼ੇ ਆ ਖੜੋਤਾ, ਕਹਿਣ ਲੱਗਾ-'ਅਲੱਖ, ਅਲੱਖ' ਮਾਲਣ ! ਫਕੀਰ ਆਏ ਹਨ ਖੈਰ ਪਾ ਦੇ। ਮੋਹਿਨਾ ਅੰਦਰੋਂ ਬੁੱਕ ਆਟੇ ਦਾ ਲਿਆਈ ਦਰਵਾਜ਼ਾ ਖੋਲ੍ਹਿਆ ਤੇ ਫਕੀਰ ਨੂੰ ਦੇਣ ਲਗੀ, ਤਾਂ ਫਕੀਰ ਨੇ ਕਿਹਾ ਇਹ ਮੈਂ ਨਹੀਂ ਲੈਂਦਾ। ਮੈਨੂੰ ਤਾਂ ਫੁੱਲ ਚਾਹੀਦੇ ਹਨ। ਉਪਰੋਂ ਸੋਹਿਨਾ ਜੀ ਆ ਗਏ ਸੁਣ ਕੇ ਡਰ ਗਏ ਫਕੀਰ ਸਾਂਈ ! ਇਹ ਮਾਲਕ ਦੀ ਚੀਜ਼ ਹੈ ਤੇ ਇਹਦੇ ਵਿਚ ਮੇਰਾ ਕੋਈ ਨਹੀਂ ਜੋ ਮੈਂ ਦੇਵਾਂ ਤੁਸੀਂ ਵੱਡੇ ਮਾਲੀ ਨੂੰ ਪੁਛ ਲਵੋ।

ਫਕੀਰ ਹੁਣ ਸਰਾਪ ਦਿੰਦਾ ਤੁਰ ਗਿਆ, 'ਤੇਰੀ ਜੜ੍ਹ ਨਾ ਮੇਖ' ਮੋਹਿਨਾ ਤੇ ਸੋਹਿਨਾ ਨੇ ਸ਼ੁਕਰ ਕੀਤਾ ਆਖਣ ਲੱਗੇ--ਐਤਕੀਂ ਠਾਕੁਰ ਦੇ ਬਾਲਕੇ ਨੇ ਅਸੀਸ ਦਿੱਤੀ ਹੈ। ਅਸੀਂ ਕਦੋਂ ਜੜ੍ਹ ਮੇਖ ਚਾਹੁੰਦੇ ਹਾਂ ਪੁੱਟੀ ਹੀ ਜਾਏ ਤਾਂ ਚੰਗਾ ਹੈ। ਅੰਦਰ ਬੈਠ ਕੇ ਕੀਰਤਨ ਵਿਚ ਜੁੜ ਗਏ ਤੇ ਪਰਮੇਸ਼ਰ ਦਾ ਸ਼ੁਕਰ ਕਰਨ ਲੱਗੇ। ਰਾਤ ਬੜੇ ਅਨੰਦ ਨਾਲ ਸੁੱਤੇ, ਸਵੇਰੇ ਅੰਮ੍ਰਿਤ ਵੇਲੇ ਉਠੇ, ਨਿਤਨੇਮ ਕਰ ਕੇ ਨਿਯਮ ਅਨੁਸਾਰ ਬਾਹਰ ਆਏ ਤਾਂ ਕੀ ਦੇਖਿਆ-ਸ਼ੀਸ਼ੇ ਭੱਜੇ ਪਏ ਹਨ ਤੇ ਫੁੱਲ ਸਾਰੇ ਹੀ ਟਾਹਣੀਆਂ ਨਾਲੋਂ ਟੁੱਟੇ ਪਏ ਹਨ, ਬਾਗ ਵੈਰਾਨ ਹੋਇਆ ਹੋਇਆ ਹੈ।

-ਮੋਹਿਨਾ ਤੇ ਸੋਇਨਾ ਨੂੰ ਦੇਖ ਕੇ ਬੜੀ ਸ਼ਰਮ ਆਈ ਕਿ ਅਸੀਂ ਅੰਮੀ ਜੀ ਨੂੰ ਕੀ ਆਖਾਂਗੇ ਜਿਨ੍ਹਾਂ ਨੇ ਜੀਵਨ-ਪਦ ਬਖਸ਼ਿਆ ਅਸੀਂ ਉਨ੍ਹਾਂ ਵਸਤੇ ਫੁੱਲਾਂ ਦੀ ਰਾਖੀ ਵੀ ਨਾ ਕਰ ਸਕੇ? ਹਾਏ ! ਨੀਂਦ ਹਤਆਰੀਏ ਇਹ ਕੀ ਕੀਤਾ। ਸਰੀਰ ਮੁੜ੍ਹਕਾ ਮੁੜ੍ਹਕਾ ਹੋ ਗਿਆ ਕਲੇਜਾ ਧੜਕ ਉਠਿਆ ਅਤੇ ਧੜੱਮ ਕਰਕੇ ਬਾਗ ਵਿਚ ਡਿੱਗ ਪਏ ਅਤੇ ਅਣਹੋਸ਼ੀਆਂ ਲੋਥਾਂ ਸਥਾਰ ਹੋ ਪਈਆਂ।

ਕਲਗੀਆਂ ਵਾਲੇ ਪਾਤਸ਼ਾਹ ਦਾ ਦੀਵਾਨ ਲਗਾ ਹੋਇਆ ਹੈ, ਚਾਰ ਚੁਫੇਰੇ ਸੰਗਤਾਂ ਜੁੜੀਆਂ ਬੈਠੀਆਂ ਹਨ ਅਤੇ ਕੀਰਤਨ ਦਾ ਅਨੰਦ ਮਾਣ ਰਹੀਆਂ ਹਨ, ਜਦੋਂ ਭੋਗ ਪਿਆ ਤਾਂ ਭੇਟਾਂ ਪੇਸ਼ ਹੋਈਆਂ। ਉਸ ਫਕੀਰ ਨੇ ਸੁੰਦਰ ਪਟਾਰੀ ਬੇ-ਬਹਾਰੇ ਫੁਲਾਂ ਦੀ ਭਰੀ ਹੋਈ ਲਿਆ ਕੇ ਸਤਿਗੁਰਾਂ ਦੇ ਅਗੇ ਧਰੀ। ਗੁਰੂ ਜੀ ਬੋਲੇ ਫਕੀਰ ਸਾਂਈਂ ! ਫੁੱਲਾਂ ਵਿਚ ਖੁਸ਼ਬੋ ਨਹੀਂ ਗਮ ਦੀ ਅਵਾਜ਼ ਹੈ, ਬੇਜ਼ਬਾਨ ਫਰਿਆਦ ਕਰਦੇ ਹਨ----ਕੀਹ ਫਰਿਆਦ ਕਰਦੇ ਹੋ ਬਈ? ਇਹ ਕਹਿੰਦਿਆਂ ਨੈਣ ਮੀਟ ਲੀਤੇ ਜਦ ਖੁਲ੍ਹੇ ਤਾਂ ਵਿਚੋਂ ਦੋ ਮੋਤੀ ਕਿਰੇ ਤੇ ਅਵਾਜ਼ ਦਿਤੀ:-

ਫਕੀਰ ਸਾਂਈਂ ! ਫੁੱਲ ਨਹੀਂ ਤੋੜੇ ਦੋ ਦਿਲ ਤੋੜੇ ਈ। 'ਮੇਰੇ ਲਾਲ, ਮੇਰੇ ਲਾਲ', ਆਖਦੇ ਵਡਿਆਈਆਂ ਤੇ ਸਭ ਮਰਯਾਦਾ ਨੂੰ ਪਾਸੇ ਰੱਖ ਕੇ ਦੌੜੀ ਜਾਂਦੇ ਹਨ। ਔਹ ਦੇਖੋ ! ਦੁਖੀਆਂ ਦੇ ਦੁਖ ਦੂਰ ਕਰਨ, ਵਿਛੜਿਆਂ ਨੂੰ ਮੇਲਣਹਾਰ ਸਤਿਗੁਰੂ, ਪ੍ਰੇਮ ਦੇ ਅਵਤਾਰ ਮਿਹਰਾਂ ਦੇ ਸਾਂਈਂ ਪ੍ਰੀਤਮ ਜੀ ਦੌੜੀ ਜਾਂਦੇ ਹਨ। ਮਾਤਾ ਜੀਤੋ ਜੀ ਵੀ ਸੁਣਦਿਆਂ ਸਾਰ ਹੀ ਪਹੁੰਚ ਗਏ ਹਨ ਅਤੇ ਮਾਵਾਂ ਤੋਂ ਵਧੀਕ ਮੋਹ ਵਾਲੇ ਦਾਤੇ ਸਤਿਗੁਰੂ ਜੀ ਵੀ ਪਹੁੰਚ ਗਏ। ਮੇਰੇ ਲਾਲ ਮੇਰੇ ਲਾਲ ! ਕਹਿੰਦਿਆਂ ਨੇ ਦੋਵੇਂ ਸੀਸ ਗੋਦ ਵਿਚ ਲੈ ਲਏ, ਸਿਰ ਤੇ ਹੱਥ ਫੇਰਦੇ ਹਨ ਪਿਆਰ ਨਾਲ ਅੱਖਾਂ ਪੂੰਝਦੇ ਹਨ ਜਾਗੋ ਪਿਆਰਿਓ! ਹੋਸ਼ ਕਰੋ, ਗੁਰੂ ਕੇ ਲਾਲੋ ! ਦੇਖੋ ਤਾਂ ਸਹੀ ਦੀਨ ਦੁਨੀ ਦਾ ਮਾਲਕ ਝੁਠ ਪਇਆ ਜੇ, ਮਾਤਾ ਜੀ ਨੇ ਮੋਹਿਨਾ ਦੇ ਹਥ ਫੜੇ ਹੋਏ ਹਨ ਘੁੱਟਦੇ ਹਨ ਤੇ ਆਖਦੇ ਹਨ ਬੱਚਿਓ ਅੱਖਾਂ ਖੋਲ੍ਹੋ 'ਦਰਸ਼ਨ ਦੇਣ ਲੱਗਾ ਜੇ' ਸਤਿਗੁਰੂ ਦੇ ਪਵਿੱਤ੍ਰ ਹੱਥਾਂ ਨੇ ਆਪ ਉਹਨਾਂ ਦੇ ਮੂੰਹ ਵਿਚ ਅੰਮ੍ਰਿਤ ਪਾਇਆ, ਛੱਟੇ ਮਾਰੇ, ਅੱਖਾਂ ਖੋਲ੍ਹੋ ਮੇਰੇ ਬੱਚਿਓ-ਨਿਹਾਲ ! ਨਿਹਾਲ ! ਨਿਹਾਲ !

ਹੁਣ ਹੌਲੀ ਹੌਲੀ ਅੱਖਾਂ ਖੁਲ੍ਹੀਆਂ ਪਰ ਦਰਸ਼ਨਾਂ ਦੀ ਤਾਬ ਨਾ ਝੱਲ ਸਕੇ ਅਤੇ ਨਿਢਾਲ ਹੀ ਪਏ ਰਹੇ, ਅਹਿਸਤਾ ਅਹਿਸਤਾ ਸੁਰਤ ਪਰਤੀ ਕਲਗੀਆਂ ਵਾਲੇ ਨੇ ਆਪਣੇ ਆਤਮਕ ਬਲ ਨਾਲ ਸਹਾਰਾ ਦੇ ਕੇ ਉਠਾਇਆ ਜਿਉਂ ਜਿਉਂ ਪਿਤਾ ਨੇ ਬੱਚਿਆਂ ਦੀ ਪਿੱਠ ਤੇ ਹੱਥ ਫੇਰਿਆ, ਸੁਰਤ ਫਿਰੀ ਤੇ ਉੱਠਕੇ ਬੈਠ ਗਏ। ਮਾਤਾ ਜੀ ਨੇ ਕਿਹਾ:-ਬਚਿੱਓ ! ਸਫਲ, ਸਫਲ ਯਾਤਰਾ ਸਫਲ। ਪ੍ਰੇਮ ਦੇ ਸਿਕਦੇ ਨੇਤ੍ਰ ਰਜਦੇ ਨਹੀਂ ਬਾਰ ਬਾਰ ਚਰਨ ਚੁੰਮਦੇ ਹਨ ਅਤੇ ਅੰਦਰ ਇਕ ਝਰਨਾਟ ਛਿੜਦੀ ਹੈ। ਹੁਣ ਮੋਹਿਨਾ ਤੇ ਸੋਹਿਨਾ ਨੂੰ ਗਿਆਨ ਆਇਆ ਕਿ ਸਤਿਗੁਰੂ ਜੀ ਭੁੰਞੇ ਬੈਠੇ ਹਨ, ਬੇਅਦਬੀ ਹੋ ਰਹੀ ਹੈ, ਹੱਥ ਜੋੜ ਕੇ ਬੋਲੇ, "ਠਾਕੁਰ ਜੀ ਬੜੀ ਬੇਅਦਬੀ ਹੋ ਰਹੀ। ਮਿਹਰ ਕਰੋ" ਹੁਣ ਮਾਤਾ ਜੀਤੋ ਜੀ ਅਤੇ ਮਹਾਰਾਜ ਜੀ ਦੋਵਾਂ ਨੂੰ ਨਾਲ ਲੈ ਕੇ ਅੰਦਰ ਕੱਚੀ ਕੋਠੀ ਵਿਚ ਆ ਗਏ। ਸਰੋਦਾ ਤੇ ਵੀਣਾ ਲੈ ਕੇ ਦੋਵੇਂ ਬੈਠ ਗਏ ਤੇ ਗਾਵਿਆ-

ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ ਰਾਖਨ ਜੋਗੁ॥
ਤੁਧੁ ਜੇਵਡੁ ਮੈ ਅਵਰੁ ਨ ਸੂਝੈ ਨਾ ਕੋ ਹੋਆ ਨ ਹੋਗੁ॥ ੧॥

(ਪ੍ਰਭਾਤੀ ਮਹਾਲਾ ੩, ਪੰਨਾ ੧੩੩੩)

ਉਹ ਫੁਲਾਂ ਦੀ ਪਟਾਰੀ ਮਾਤਾ ਜੀ ਨੇ ਉਹਨਾਂ ਦੇ ਹਵਾਲੇ ਕੀਤੀ। ਸੋ ਦੋਹਾਂ ਨੇ ਵਕਤ ਸਿਰ ਸਿਹਰੇ ਪਰੋ ਕੇ ਮਾਤਾ ਜੀ ਨੂੰ ਦਿੱਤੇ। ਮਾਤਾ ਜੀ ਨੇ ਆਪ ਵੀ ਤੇ ਉਹਨਾਂ ਦੀ ਹੱਥੀ ਵੀ ਮਹਾਰਾਜ ਜੀ ਨੂੰ ਭਰੇ ਦੀਵਾਨ ਵਿਚ ਸਿਹਰੇ ਪਏ। ਮਿਹਰਾਂ ਦੇ ਸਾਂਈਂ ਪਾਤਸ਼ਾਹ ਆਖਦੇ ਹਨ ਹੇ ਲਾਲ ! ਮੈਂ ਇਤਨਾ ਪ੍ਰਸੰਨ ਹਾਂ ਜੋ ਮੰਗੋ ਸੋ ਦਿਆਂ। ਸੋਹਿਨਾ ਜੀ ਨੇ ਬੇਨਤੀ ਕੀਤੀ-ਸੱਚੇ ਪਾਤਸ਼ਾਹ ਜੇ ਤੁਠੇ ਹੋ ਤਾਂ ਉਸ ਫਕੀਰ ਨੂੰ ਛੱਡ ਦਿਓ ਅਸੀਂ ਭੁਲਨਹਾਰ ਜੀਵ ਹਾਂ। ਸਾਡੇ ਔਗੁਣਾਂ ਲਈ ਇਕ ਤੇਰੀ ਬਖਸ਼ਸ਼ ਤੇ ਇਕ ਤੇਰਾ ਬਖਸ਼ਿਆ ਹੋਇਆ ਸਿਮਰਨ ਦੋ ਹੀ ਦਾਰੂ ਹਨ। ਇਹ ਪਿਆਰ ਦੇ ਬਚਨ ਸੁਣ ਕੇ ਸਤਿਗੁਰਾਂ ਨੇ ਉਸ ਫਕੀਰ ਨੂੰ ਵੀ ਤਾਰ ਦਿਤਾ। ਭਰੇ ਦੀਵਾਨ ਵਿਚ ਮੋਹਿਨਾ ਤੇ ਸੋਹਿਨਾ ਨੂੰ ਬੜਾ ਮਾਣ ਦਿੱਤਾ ਤੇ ਵਡਿਆਇਆ। ਇਨ੍ਹਾਂ ਦੀ ਸ਼ੁਧ ਆਤਮਾ ਨੇ ਬਾਕੀ ਦਾ ਜੀਵਨ ਸੇਵਾ ਅਤੇ ਸਿਮਰਨ ਵਿਚ ਉਥੇ ਰਹਿੰਦਿਆਂ ਬਤੀਤ ਕੀਤਾ।

ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥ਸੋ ਧਨੁ ਹਰਿ ਸੇਵਾ ਤੇ ਪਾਵਹਿ॥

ਹੇ ਪੁਰਸ਼ਾ ! ਜਿਸ ਧਨ ਨੂੰ ਲੈਣ ਵਾਸਤੇ ਤੂੰ ਚੌਹਾਂ ਕੁੰਟਾਂ=ਦਿਸ਼ਾਂ ਵਲ ਉੱਠ ਦੌੜਦਾ ਹੈਂ। ਉਹ ਧਨ ਹਰੀ ਦੀ ਸੇਵਾ ਤੋਂ ਪਾ ਲਵੇਂਗਾ।

ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥

ਹੇ ਮਿਤਰਾ ! ਜਿਸ ਸੁਖ ਨੂੰ ਤੂੰ ਨਿਤਾਪ੍ਰਤੀ ਬਾਛਹਿ=ਚਾਹੁੰਦਾ ਹੈਂ। ਉਹ ਸੁਖ ਸਾਧੂਆਂ ਨਾਲ ਪ੍ਰੀਤੀ ਕਰਨ ਤੇ ਮਿਲਦਾ ਹੈ।

ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥ ਸਾ ਸੋਭਾ ਭਜੁ ਹਰਿ ਕੀ ਸਰਨੀ ॥

ਜਿਸ ਸ਼ੋਭਾ ਵਾਸਤੇ ਤੂੰ ਭਲੀ ਕਰਨੀ=ਚੰਗੀ ਕਰਤੂਤ (ਕਰਤੱਬਤਾ) ਕਰਦਾ ਹੈਂ।

ਉਹ ਸੋਭਾ ਹਰੀ ਦੀ ਸ਼ਰਨੀ ਪਿਆਂ ਪ੍ਰਾਪਤ ਹੁੰਦੀ ਹੈ।

ਅਥਵਾ:-ਉਸ ਸ਼ੋਭਾ ਵਾਸਤੇ ਤੂੰ ਭਜ ਕੇ ਹਰੀ ਦੀ ਸ਼ਰਨ ਵਿਚ ਪੈਣਾ ਕਰ।

ਅਨਿਕ ਉਪਾਵੀ ਰੋਗੁ ਨ ਜਾਇ ॥ ਰੋਗੁ ਮਿਟੈ ਹਰਿ ਅਵਖਧੁ ਲਾਇ ॥

ਅਨੇਕ ਉਪਾਵਾਂ ਦੇ ਕਰਨ ਨਾਲ ਜਿਹੜਾ ਰੋਗ ਨਹੀਂ ਜਾਂਦਾ। ਉਹ ਰੋਗ ਹਰੀ ਨਾਮ ਰੂਪੀ ਅਵਖਧੁ=ਦਵਾਈ ਦੇ ਲਗਾਨ ਨਾਲ ਭਾਵ ਖਾਣ ਨਾਲ ਮਿਟ ਜਾਂਦਾ ਹੈ।

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥ ਜਪਿ ਨਾਨਕ ਦਰਗਹਿ ਪਰਵਾਨੁ ॥ ੨ ॥

ਸਾਰੇ ਨਿਧਾਨ=ਖਜ਼ਾਨਿਆਂ ਵਿਚੋਂ ਹਰੀ ਨਾਮ ਹੀ ਵੱਡਾ ਨਿਧਾਨੁ=ਖਜ਼ਾਨਾ ਹੈ। ਗੁਰੁ ਜੀ ਕਥਨ ਕਰਦੇ ਹਨ-ਜਿਸ ਨੇ ਨਾਮ ਨੂੰ ਜਪਿਆ ਹੈ ਉਹ ਦਰਗਾਹ ਵਿਚ ਪ੍ਰਮਾਣੀਕ ਹੁੰਦਾ ਹੈ॥ ੨ ॥

ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹ ਦਿਸਿ ਧਾਵਤ ਆਵੈ ਠਾਇ ॥

ਹਰੀ ਦੇ ਨਾਮ ਕਰਕੇ ਆਪਣੇ ਮਨ ਨੂੰ ਪਰਬੋਧਹੁ=ਸਮਝਾਓ ਤਾਂ ਦਸ ਦਿਸ਼ਾਂ ਵਲ ਧਾਵਤ=ਦੌੜਣ ਵਲੋਂ ਹਟ ਕੇ ਆਪਣੇ ਠਾਇ=ਟਿਕਾਣੇ ਆ ਜਾਵੇਗਾ।

ਤਾ ਕਉ ਬਿਘਨੁ ਨ ਲਾਗੈ ਕੋਇ ॥ ਜਾ ਕੈ ਰਿਦੈ ਬਸੈ ਹਰਿ ਸੋਇ ॥

ਉਸ ਪੁਰਸ਼ ਨੂੰ ਕੋਈ ਬਿਘਨ ਨਹੀ ਲਗਦਾ। ਜਿਸ ਦੇ ਹਿਰਦੇ ਵਿਚ ਉਹ ਹਰੀ ਵਸਦਾ ਹੈ।

ਕਲਿ ਤਾਤੀ ਠਾਂਢਾ ਹਰਿ ਨਾਉ ॥ ਸਿਮਰਿ ਸਿਮਰਿ ਸਦਾ ਸੁਖ ਪਾਉ ॥

'ਕਲਜੁਗਿ ਰਥੁ ਅਗਨਿ ਕਾ' ਹੋਣ ਕਰਕੇ ਕਲਜੁਗ ਦੀ ਕਿਰਿਆ ਅੱਗ ਵਾਂਗੂੰ ਤੱਤੀ ਹੈ ਅਤੇ ਹਰੀ ਦਾ ਨਾਮ ਸੀਤਲ ਹੈ।

ਯਥਾ:-***ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ ੨ ॥*** *(ਮਲਾਰ ਵਾਰ ਸਲੋਕ ੨੭ ਪੰਨਾ ੧੨੬੧)*

ਹਰੀ ਨਾਮ ਨੂੰ ਸਿਮਰ ਸਿਮਰਕੇ ਨਿਤ ਸੁਖ ਪਾਣਾ ਕਰੋ।

ਭਉ ਬਿਨਸੈ ਪੂਰਨ ਹੋਇ ਆਸ ॥ ਭਗਤਿ ਭਾਇ ਆਤਮ ਪਰਗਾਸ ॥

ਨਾਮ ਜਪਣ ਕਰਕੇ ਜਮਾਂ ਦਾ ਡਰ ਬਿਨਸ ਜਾਂਦਾ ਹੈ। ਆਸਾ ਪੂਰਨ ਹੋ ਜਾਂਦੀ ਹੈ। ਭਾਇ+ਭਗਤਿ=ਪ੍ਰੇਮਾ ਭਗਤੀ ਕਰਨ ਨਾਲ ਆਤਮ=ਆਪਣੇ ਸਰੂਪ ਦਾ ਪਰਗਾਸ=ਗਿਆਨ ਹੁੰਦਾ ਹੈ।

ਤਿਤੁ ਘਰਿ ਜਾਇ ਬਸੈ ਅਬਿਨਾਸੀ ॥ ਕਹੁ ਨਾਨਕ ਕਾਟੀ ਜਮ ਫਾਸੀ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਫਿਰ ਇਹ ਜੀਵ ਉਸ ਅਬਿਨਾਸੀ ਘਰ ਵਿਚ ਜਾ ਕੇ ਵਸਦਾ ਹੈ ਜਿਥੇ ਗਿਆਂ

ਇਸ ਦੇ ਗਲ ਵਿਚੋਂ ਜਮਾਂ ਦੀ ਫਾਹੀ ਕਟੀ ਜਾਂਦੀ ਹੈ॥ ੩॥

ਤਤੁ ਬੀਚਾਰੁ ਕਹੈ ਜਨੁ ਸਾਚਾ॥ ਜਨਮਿ ਮਰੈ ਸੋ ਕਾਚੋ ਕਾਚਾ॥

ਜੋ ਪੁਰਸ਼ ਤਤੁ ਬੀਚਾਰੁ=ਯਥਾਰਥ ਵਿਚਾਰ ਨੂੰ ਕਹਿੰਦਾ ਹੈ ਉਹ ਸੱਚਾ ਹੈ। ਅਤੇ ਜੋ ਕੱਚ ਦਾ ਵਿਚਾਰ ਕਰਦਾ ਹੈ ਉਹ ਕੱਚਾ ਪੁਰਸ਼ ਜੰਮਦਾ ਮਰਦਾ ਹੈ। *ਅਥਵਾ:-*

ਜੋ ਜਮਦਾ ਮਰਦਾ ਹੈ ਉਹ ਕੱਚਿਆਂ ਦਾ ਕੱਚਾ ਹੈ।

ਯਥਾ:- ਜੋ ਮਰਿ ਜੰਮੈ ਸੁ ਕਚੁ ਨਿਕਚੁ॥੧॥

(ਆਸਾ ਦੀ ਵਾਰ, ਪੰਨਾ ੪੬੩)

ਆਵਾ ਗਵਨੁ ਮਿਟੈ ਪ੍ਰਭ ਸੇਵ॥ ਆਪੁ ਤਿਆਗਿ ਸਰਨਿ ਗੁਰਦੇਵ॥

ਪ੍ਰਭੂ ਦੀ ਸੇਵਾ ਕਰਨ ਨਾਲ ਆਵਾ ਗਵਨੁ=ਆਉਣਾ ਜਾਣਾ ਜੰਮਣਾ ਮਰਨਾ ਮਿਟ ਜਾਂਦਾ ਹੈ। ਆਪਾ ਭਾ ਹੰਕਾਰ ਨੂੰ ਤਿਆਗ ਕੇ ਗੁਰਦੇਵਾਂ ਦੀ ਸ਼ਰਨ ਵਿਚ ਪੈਣਾ ਕਰੇ।

ਇਉ ਰਤਨ ਜਨਮ ਕਾ ਹੋਇ ਉਧਾਰੁ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ॥

ਇਸ ਤਰ੍ਹਾਂ ਕਰਨ ਨਾਲ ਰਤਨਾਂ ਵਾਂਗੂੰ ਅਮੋਲਕ ਮਨੁੱਖਾ ਜਨਮ ਦਾ ਉਧਾਰ ਹੁੰਦਾ ਹੈ। ਤਾਂਤੇ ਹੇ ਭਾਈ ! ਪ੍ਰਾਣਾਂ ਦੇ ਆਸਰਾ ਰੂਪ ਹਰਿ ਹਰਿ ਦੇ ਨਾਮ ਨੂੰ ਸਿਮਰਨਾ ਕਰ।

ਅਨਿਕ ਉਪਾਵ ਨ ਛੂਟਨਹਾਰੇ॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥

ਨਾਮ ਤੋਂ ਬਿਨਾਂ ਹੋਰ ਅਨੇਕਾਂ ਉਪਾਵ=ਜਤਨਾਂ ਕਰ ਕੇ ਇਹ ਜੀਵ ਛੁਟਨੇ ਵਾਲਾ ਨਹੀਂ ਹੋ ਸਕਦਾ। ਚਾਹੇ ੨੭ ਸਿੰਮ੍ਰਿਤੀਆਂ, ੬ ਸ਼ਾਸਤ੍ਰਾਂ, ੪ ਵੇਦਾਂ ਨੂੰ ਵੀ ਵਿਚਾਰ ਲਵੇ।

ਹਰਿ ਕੀ ਭਗਤਿ ਕਰਹੁ ਮਨੁ ਲਾਇ॥ ਮਨਿ ਬੰਛਤ ਨਾਨਕ ਫਲ ਪਾਇ॥੪॥

ਗੁਰੂ ਜੀ ਕਥਨ ਕਰਦੇ ਹਨ-ਮਨ ਨੂੰ ਲਗਾ ਕੇ ਹਰੀ ਦੀ ਭਗਤੀ ਕਰੇ।

ਤਾਂ ਮਨਿ ਬੰਛਤ=ਮਨ ਇੱਛਤ ਫਲ ਪਾ ਲਵੋਗੇ॥ ੪॥

ਸੰਗਿ ਨ ਚਾਲਸਿ ਤੇਰੈ ਧਨਾ॥ ਤੂੰ ਕਿਆ ਲਪਟਾਵਹਿ ਮੂਰਖ ਮਨਾ॥

ਪ੍ਰਤੱਖ ਧਨ ਨੇ ਤੇਰੇ ਨਾਲ ਨਹੀਂ ਚਲਣਾ। ਹੇ ਮੂਰਖ ਮਨ ! ਤੂੰ ਇਸ ਧਨ ਦੇ ਨਾਲ ਕੀ ਲੰਪਟ ਹੋ ਰਿਹਾ ਹੈਂ।

ਸੁਤ ਮੀਤ ਕੁਟੰਬ ਅਰੁ ਬਨਿਤਾ॥ ਇਨ ਤੇ ਕਹਹੁ ਤੁਮ ਕਵਨ ਸਨਾਥਾ॥

ਸੁਤ=ਪੁੱਤ੍ਰ, ਮਿਤਰ, ਕੁਟੰਬ=ਟੱਬਰ ਅਤੇ ਬਨਿਤਾ=ਇਸਤ੍ਰੀ, (ਵਹੁਟੀ) ਇਨ੍ਹਾਂ ਦੇ ਵਿਚ ਲਗ ਕੇ ਤੂੰ ਆਪ ਹੀ ਦਸ ਕੌਣ ਸਨਾਥਾ=ਕਲਿਆਣ ਹੋਇਆ ਹੈ? *ਅਥਵਾ:-*ਕਹਹੁ ਤੁਮ=ਤੂੰ ਆਪ ਹੀ ਕਹੋ ਖਾਂ, ਇਹਨਾਂ ਵਿਚੋਂ ਤੇਰੀ ਸਨਾਥਾ=ਰਖਿਆ ਕਰਨ ਵਾਲਾ ਕੌਣ ਹੈ?

ਯਥਾ:-ਪੁਤ੍ਰ ਕਲਤ੍ਰ ਲਛਮੀ ਮਾਇਆ॥ ਇਨ ਤੇ ਕਹੁ ਕਵਨੈ ਸੁਖੁ ਪਾਇਆ॥ ੩॥

(ਧਨਾਸਰੀ ਕਬੀਰ ਜੀ, ਪੰਨਾ ੬੯੨)

ਰਾਜ ਰੰਗ ਮਾਇਆ ਬਿਸਥਾਰ॥ ਇਨ ਤੇ ਕਹਹੁ ਕਵਨ ਛੁਟਕਾਰ॥

ਰਾਜ ਭਾਗ ਦਾ ਜੋ ਰੰਗ=ਅਨੰਦ ਹੈ, ਅਤੇ ਜੋ ਮਾਇਆ ਦਾ ਬਿਸਥਾਰ=ਪਸਾਰਾ ਹੈ।

ਕਹੁ ਖਾਂ ਇਨ੍ਹਾਂ ਵਿਚੋਂ ਕੌਣ ਛੁਡਾਉਣ ਵਾਲਾ ਹੈ?

ਅਥਵਾ:-ਕਹੁ ਖਾਂ ! ਇਨ੍ਹਾਂ ਵਿਚੋਂ ਕਿਸ ਦਾ ਛੁਟਕਾਰਾ ਹੋਇਆ ਹੈ?

ਕਿੰਤੂ ਕਿਸੇ ਦਾ ਵੀ ਛੁਟਕਾਰਾ ਨਹੀਂ ਹੋਇਆ।

ਅਸੁ ਹਸਤੀ ਰਥ ਅਸਵਾਰੀ ॥ ਝੂਠਾ ਡੰਫੁ ਝੂਠੁ ਪਾਸਾਰੀ ॥

ਅਸੁ=ਘੋੜੇ, ਹਸਤੀ=ਹਾਥੀ, ਰੱਥ ਤੇ ਅਸਵਾਰੀ=ਪਾਲਕੀਆਂ ਇਹ ਝੂਠਾ ਡੰਫੁ=ਦਿਖਾਵਾ ਹੈ ਤੇ ਝੂਠਾ ਹੀ ਪਸਾਰਾ ਹੈ।

ਅਥਵਾ:-ਇਸ ਝੂਠੇ ਡੰਫੁ=ਦਿਖਾਵੇ ਕਰਕੇ ਇਹ ਜੀਵ ਝੂਠੇ ਪਸਾਰਿਆਂ ਵਾਲਾ ਹੋ ਰਿਹਾ ਹੈ।

ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ੫ ॥

ਜਿਸ ਪਰਮਾਤਮਾ ਨੇ ਇਹ ਸਾਰੇ ਪਦਾਰਥ ਦਿੱਤੇ ਹਨ, ਇਹ ਬੇਸਮਝ ਉਸ ਨੂੰ ਜਾਣਦਾ ਨਹੀਂ ਹੈ।

ਗੁਰੂ ਜੀ ਕਥਨ ਕਰਦੇ ਹਨ-ਨਾਮ ਨੂੰ ਭੁਲਾਕੇ ਇਹ ਜੀਵ ਅੰਤ ਨੂੰ ਪਛਤਾਉਂਦਾ ਹੈ॥ ੫॥

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥

ਹੇ ਅਗਿਆਤ ਪੁਰਸ਼ਾ ! ਤੂੰ ਗੁਰਾਂ ਦੀ ਮਤਿ=ਸਿਖਿਆ ਲੈਣਾ ਕਰ। ਕਿਉਂਕਿ ਭਗਤੀ ਤੋਂ ਬਿਨਾਂ ਬੜੇ ਬੜੇ ਸਿਆਣੇ ਪੁਰਸ਼ ਭੀ ਸੰਸਾਰ ਸਮੁੰਦਰ ਵਿਚ ਡੁਬ ਗਏ ਹਨ।

ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮ੍ਹਾਰੋ ਚੀਤ ॥

ਹੇ ਮਨ ਦੇ ਪਿਆਰੇ ਮਿਤਰੋ ! ਹਰੀ ਦੀ ਭਗਤੀ ਕਰੋ, ਤਾਂ ਤੁਹਾਡਾ ਚਿਤ ਨਿਰਮਲ=ਸ਼ੁਧ ਹੋ ਜਾਏਗਾ।

ਚਰਨ ਕਮਲ ਰਾਖਹੁ ਮਨ ਮਾਹਿ ॥ ਜਨਮ ਜਨਮ ਕੇ ਕਿਲਬਿਖ ਜਾਹਿ ॥

ਗੁਰੂ ਜੀ ਦੇ ਚਰਨ ਕਵਲਾਂ ਦੇ ਧਿਆਨ ਨੂੰ ਮਨ ਵਿਚ ਵਸਾਈ ਰਖੋ। ਤਾਂ ਤੁਹਾਡੇ ਜਨਮ ਜਨਮਾਂਤਰਾਂ ਦੇ ਕਿਲਬਿਖ=ਪਾਪ ਮਿਟ ਜਾਣਗੇ।

ਯਥਾ:-***ਹਰਿ ਕੇ ਚਰਣ ਰਿਦੇ ਮਹਿ ਬਸੇ ॥ ਜਨਮ ਜਨਮ ਕੇ ਕਿਲਵਿਖ ਨਸੇ ॥***

(ਗਉੜੀ ਮਹਲਾ ੫, ਪੰਨਾ ੧੯੭)

ਤਥਾ:-***ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥ ਭਵ ਸਾਗਰੁ ਚੜਿ ਉਤਰਹਿ ਪਾਰਿ ॥ ੨ ॥***

(ਗਉੜੀ ਮਹਲਾ ੫, ਪੰਨਾ ੧੯੬)

ਤਥਾ:-***ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥***

ਅਤਿ ਸੁੰਦਰ ਮਨ ਮੋਹਨ ਪਿਆਰੇ ਸਭਹੂ ਮਧਿ ਨਿਰਾਰੇ ॥ ੧ ॥ ਰਹਾਉ ॥
ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ ॥ ੧ ॥
ਦੀਨ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ ॥
ਕਹੁ ਨਾਨਕ ਪ੍ਰਭ ਮਿਲੇ ਮਨੋਹਰ ਮਨੁ ਸੀਤਲ ਬਿਗਸਾਰੇ ॥ ੨ ॥

(ਦੇਵਗੰਧਾਰੀ ਮਹਲਾ ੫, ਪੰਨਾ ੫੩੪)

[ਪੰਨਾ ੨੮੯]

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਨਤ ਕਹਤ ਰਹਤ ਗਤਿ ਪਾਵਹੁ ॥

ਆਪ ਨਾਮ ਜਪਣਾ ਕਰੋ, ਹੋਰਨਾਂ ਪਾਸੋਂ ਵੀ ਨਾਮ ਜਪਵਾਓ। ਨਾਮ ਨੂੰ ਸੁਣਦੇ ਹੋਏ, ਮੂੰਹ ਨਾਲ ਕਹਿੰਦੇ ਹੋਏ ਅਤੇ ਇਸ ਰਹਿਣੀ ਵਿਚ ਰਹਿੰਦੇ ਹੋਏ ਗਤਿ=ਮੁਕਤੀ ਪਾ ਲਵੋਗੇ।

ਸਾਰ ਭੂਤ ਸਤਿ ਹਰਿ ਕੋ ਨਾਉ ॥ ਸਹਜਿ ਸੁਭਾਇ ਨਾਨਕ ਗੁਨ ਗਾਉ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਸਾਰ ਭੂਤ=ਸਿਧਾਂਤ ਰੂਪ ਜਿਸ ਹਰੀ ਦਾ ਸੱਚਾ ਨਾਮ ਹੈ। ਉਸ ਹਰੀ ਦੇ ਗੁਣ ਸਹਜਿ ਸੁਭਾਇ=ਸੁਤੇ ਸਿਧ, ਵਾ:-ਸ਼ਾਂਤੀ ਸੁਭਾਅ ਨਾਲ ਗਾਵਣਾ ਕਰੋ॥ ੬ ॥

ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ ॥

ਹਰੀ ਦੇ ਗੁਣ ਗਾਉਣ ਨਾਲ ਤੇਰੀ ਪਾਪਾਂ ਰੂਪੀ ਮੈਲ ਉੱਤਰ ਜਾਏਗੀ, ਅਤੇ ਹਉਮੈ ਰੂਪੀ ਵਿਹੁ ਦਾ ਫੈਲਾਵ ਵੀ ਨਾਸ ਹੋ ਜਾਏਗਾ।

ਹੋਹਿ ਅਚਿੰਤੁ ਬਸੈ ਸੁਖ ਨਾਲਿ ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥

ਤੂੰ ਅਚਿੰਤ=ਬੇਫਿਕਰ ਹੋ ਕੇ ਸੁਖਾਂ ਨਾਲ ਵਸੇਂਗਾ।

ਇਸ ਲਈ ਸ੍ਵਾਸ ਲੈਂਦਿਆਂ, ਗ੍ਰਾਸਿ=ਭੋਜਨ ਖਾਂਦਿਆਂ ਹਰੀ ਨਾਮ ਨੂੰ ਸੰਭਾਲਣਾ ਕਰ।

ਛਾਡਿ ਸਿਆਨਪ ਸਗਲੀ ਮਨਾ ॥ ਸਾਧਸੰਗਿ ਪਾਵਹਿ ਸਚੁ ਧਨਾ ॥

ਹੇ ਮਨ ! ਤੂੰ ਆਪਣੇ ਦਿਲ ਦੀਆਂ ਸਾਰੀਆਂ ਸਿਆਣਪਾਂ ਛੱਡ ਕੇ ਸਤਸੰਗਤ ਕਰ ਕਿਉਂਕਿ ਸਤਸੰਗਤ ਵਿਚੋਂ ਹੀ ਸੱਚੇ ਨਾਮ ਧਨ ਨੂੰ ਪਾਵੇਂਗਾ।

ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥ ਈਹਾ ਸੁਖੁ ਦਰਗਹ ਜੈਕਾਰੁ ॥

ਸ਼ਰਧਾ ਰੂਪੀ ਪੂੰਜੀ ਸੰਚਿ=ਇਕੱਠੀ ਕਰਕੇ ਹਰੀ ਨਾਮ ਦਾ ਵਿਹਾਰ ਕਰ।

ਤਾਂ ਈਹਾ=ਇਸ ਜਗਤ ਵਿਚ ਸੁਖ ਮਿਲੇਗਾ, ਅਤੇ ਪ੍ਰਲੋਕ ਦਰਗਾਹ ਵਿਚ ਤੇਰੇ ਜੈ ਜੈ ਕਾਰੇ ਹੋਣਗੇ।

ਸਰਬ ਨਿਰੰਤਰਿ ਏਕੋ ਦੇਖੁ ॥ ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥ ੭ ॥

ਸਾਰਿਆਂ ਵਿਚ ਇਕ ਪ੍ਰਮਾਤਮਾ ਨੂੰ ਨਿਰੰਤਰਿ=ਇਕਰਸ ਪਰੀਪੂਰਨ ਵੇਖਣਾ ਕਰ।

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮੱਥੇ ਦੇ ਲੇਖ ਚੰਗੇ ਲਿਖੇ ਹੋਏ ਹਨ ਉਹੀ ਪੁਰਸ਼ ਪ੍ਰਮਾਤਮਾ ਨੂੰ ਪੂਰਨ ਵੇਖਦਾ ਹੈ॥ ੭ ॥

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥

ਇਕ ਭਗਵੰਤ ਨੂੰ ਜਪਣਾ ਕਰ, ਇਕ ਦੀ ਹੀ ਸ਼ਲਾਘਾ ਕਰ। ਇਕ ਨੂੰ ਸਿਮਰਨਾ ਕਰ, ਇਕ ਨੂੰ ਹੀ ਮਨ ਵਿਚ ਆਹਿ=ਚਾਹੁਣਾ ਕਰ।

ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥

ਇਕ ਬੇਅੰਤ ਰੂਪ ਪ੍ਰਭੂ ਦੇ ਹੀ ਗੁਣ ਗਾਉਣਾ ਕਰ।

ਅਤੇ ਤਨ ਮਨ ਦੇ ਵਿਚ ਇਕ ਭਗਵੰਤ ਨੂੰ ਹੀ ਜਪਣਾ ਕਰ।

ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥

ਪਿਛੇ ਵੀ ਇਕ ਹਰੀ ਆਪ ਸੀ, ਹੁਣ ਭੀ ਇਕ ਹਰੀ ਆਪ ਹੈ, ਅਗੇ ਭੀ ਇਕ ਹਰੀ ਆਪ ਹੀ ਹੋਵਗਾ। ਉਹ ਪੂਰਨ ਪ੍ਰਭੂ ਸਾਰੇ ਬਿਆਪਿ=ਸੰਸਾਰ ਵਿਚ ਪੂਰਨ ਹੋ ਰਿਹਾ ਹੈ।

ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥

ਉਸ ਇਕ ਤੋਂ ਹੀ ਅਨੇਕਾਂ ਪਸਾਰੇ ਹੋਏ ਹਨ। ਇਕ ਦੇ ਅਰਾਧਣ ਕਰਕੇ ਗੁਰਮੁਖਾਂ ਦੇ ਸਾਰੇ ਪਰਾਛਤ= ਪਾਪ ਨਵਿਰਤ ਹੋ ਗਏ ਹਨ।

ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥ ੮ ॥ ੧੯ ॥

ਇਕ ਪ੍ਰਭੂ ਹੀ ਮਨ ਦੇ ਅੰਦਰ ਰੁਾਤਾ=ਮਿਲਿਆ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ-

ਗੁਰਾਂ ਦੀ ਕਿਰਪਾ ਨਾਲ ਗੁਰਮੁਖਾਂ ਨੇ ਉਸ ਇਕ ਨੂੰ ਜਾਤਾ=ਜਾਣ ਲਿਆ ਹੈ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਦੁਆਰੇ ਇਕ ਪ੍ਰਭੂ ਦੇ ਅੰਦਰ ਮਨ ਤਨ ਤਦਾਕਾਰ ਹੋਇਆ, ਤਾਂ ਇਕ ਪ੍ਰਭੂ ਨੂੰ ਜਾਤਾ=ਜਾਨਣਾ ਕ੍ਰੀਤਾ॥ ੮ ॥ ੧੯ ॥

ਸਲੋਕੁ ॥ ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥

ਹੇ ਪ੍ਰਭੂ ਮੈਂ ਬਹੁਤ ਹੀ ਭਟਕਦਾ ਫਿਰਦਾ ਆਇਆ ਹਾਂ, ਆਪ ਜੀ ਦੀ ਮਹਿਮਾ ਸੁਣਕੇ ਤੁਹਾਡੀ ਸ਼ਰਨ ਵਿਚ ਆ ਕੇ ਪਿਆ ਹਾਂ।

ਯਥਾ:-ਫਿਰਤ ਫਿਰਤ ਤੁਮ੍ਹਰੈ ਦੁਆਰਿ ਆਇਆ ਭੈ ਭੰਜਨ ਹਰਿ ਰਾਇਆ ॥ *(ਗੂਜਰੀ ਮਹਲਾ ੫, ਪੰਨਾ ੪੯੭)*

ਤਥਾ:-ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ ॥ *(ਕਾਨੜਾ ਮਹਲਾ ੫, ਪੰਨਾ ੧੩੦੨)*

ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਗਿਆਸੂ ਆਖਦਾ ਹੈ ਹੇ ਪ੍ਰਭੂ ! ਦਾਸ ਦੀ ਇਹੋ ਬੇਨਤੀ ਹੈ ਕਿ ਮੈਨੂੰ ਆਪਣੀ ਭਗਤੀ ਵਿਚ ਲਾ ਲਵੋ॥ ੧ ॥

ਅਸਟਪਦੀ ॥ ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥

ਹੇ ਪ੍ਰਭੂ! ਮੈਂ ਦਾਸ ਜਾਚਕ=ਮੰਗਤਾ ਹੋ ਕੇ ਇਹੋ ਦਾਨ ਜਾਚੈ=ਮੰਗਦਾ ਹਾਂ।

ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਹਰੀ ਨਾਮ ਦਾਨ ਦੇਣਾ ਕਰੋ।

ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥

ਮੈਂ ਸੰਤ ਜਨਾਂ ਦੀ ਚਰਨ ਧੂੜੀ ਮੰਗਦਾ ਹਾਂ। ਹੇ ਪਾਰਬ੍ਰਹਮ! ਮੇਰੀ ਇਹ ਸ਼ਰਧਾ (ਇੱਛਾ) ਪੂਰਨ ਕਰ ਦਿਓ।

ਯਥਾ:- ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥

ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥ ੪॥ ੫॥ *(ਪੰਨਾ ੧੩)*

ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭੁ ਤੁਮਹਿ ਧਿਆਵਉ ॥

ਹੇ ਪ੍ਰਭ ! ਮੈਂ ਸਦਾ ਸਦਾ ਆਪ ਜੀ ਦੇ ਗੁਣ ਗਾਉਂਦਾ ਰਹਾਂ।

ਹੇ ਪ੍ਰਭੂ ! ਅੰਦਰ ਸ੍ਵਾਸ ਜਾਂਦਿਆਂ, ਬਾਹਰ ਸ੍ਵਾਸ ਆਉਂਦਿਆਂ ਆਪ ਜੀ ਨੂੰ ਧਿਆਉਂਦਾ ਰਹਾਂ।

ਸਾਖੀ:-ਸ੍ਵਾਸ ਸ੍ਵਾਸ ਸਿਮਰਨ ਦੀ ਮਹਿਮਾ

ਅਰਜਨ ਸ੍ਰੀ ਕ੍ਰਿਸ਼ਨ ਭਗਵਾਨ ਜੀ ਦਾ ਪਿਆਰਾ ਭਗਤ ਸੀ। ਪਰ ਉਸ ਨੂੰ ਹੰਕਾਰ ਵੀ ਸੀ ਕਿ ਜਿਤਨਾ ਕੁ ਮੈਂ ਕ੍ਰਿਸ਼ਨ ਭਗਵਾਨ ਜੀ ਦਾ ਪਿਆਰਾ ਭਗਤ ਹਾਂ, ਮੇਰੇ ਤੋਂ ਵਧੀਕ ਪਿਆਰਾ ਹੋਰ ਕੌਣ ਹੋ ਸਕਦਾ ਹੈ? ਇਕ ਦਿਨ ਉਹ ਇਹੀ ਵਿਚਾਰ ਲੈ ਕੇ ਕ੍ਰਿਸ਼ਨ ਜੀ ਦੇ ਪਾਸ ਆਇਆ, ਆ ਕੇ ਕੀ ਦੇਖਿਆ ਕਿ ਕ੍ਰਿਸ਼ਨ ਭਗਵਾਨ ਜੀ ਸਮਾਧੀ ਵਿਚ ਲੀਨ ਬੈਠੇ ਹਨ। ਉਸ ਨੇ ਕਿਹਾ ਹੇ ਭਗਵਾਨ ! ਅਸੀਂ ਤਾਂ ਆਪ ਜੀ ਦਾ ਧਿਆਨ ਕਰਦੇ ਹਾਂ ਤੇ ਤੁਸੀਂ ਕਿਸ ਦਾ ਧਿਆਨ ਕਰਦੇ ਹੋ? ਤੁਸੀਂ ਖ਼ੁਦ ਈਸ਼ਵਰ ਅਵਤਾਰ ਹੋ। ਇਹ ਸੁਣ ਕੇ ਕ੍ਰਿਸ਼ਨ ਭਗਵਾਨ ਜੀ ਨੇ ਕਿਹਾ, ਹੇ ਅਰਜਨ ! ਅਸੀਂ ਉਨ੍ਹਾਂ ਭਗਤਾਂ ਦਾ ਧਿਆਨ ਧਾਰਦੇ ਹਾਂ ਜੋ ਸ੍ਵਾਸ ਸ੍ਵਾਸ ਸਾਡਾ ਨਾਮ ਜਪਦੇ ਹਨ। ਇਹ ਗੱਲ ਸੁਣ ਕੇ ਅਰਜਨ ਨੇ ਕਿਹਾ ਮੇਰੇ ਤੋਂ ਵਧੀਕ ਵੀ ਕੋਈ ਭਗਤ ਹੈ? ਕ੍ਰਿਸ਼ਨ ਭਗਵਾਨ ਜੀ ਨੇ ਕਿਹਾ, ਹਾਂ। ਤਾਂ ਅਰਜਨ ਨੇ ਕਿਹਾ ਵਿਖਾਓ ਤਾਂ ਸਹੀ ਐਸਾ ਕੌਣ ਭਗਤ ਹੈ?

ਇਸ ਗੱਲ ਦਾ ਨਿਸਚਾ ਕਰਾਉਣ ਲਈ ਕ੍ਰਿਸ਼ਨ ਭਗਵਾਨ ਜੀ ਅਰਜਨ ਨੂੰ ਨਾਲ ਲੈ ਕੇ ਜੰਗਲ ਵਿਚ ਆਏ। ਉਥੇ ਜਾ ਕੇ ਕੀ ਦੇਖਿਆ ਕਿ ਇਕ ਸ਼ੇਰ ਹੈ। ਉਹ ਸਿਮਰਨ ਕਰੀ ਜਾਂਦਾ ਹੈ। ਨਾ ਕੁਝ ਖਾਂਦਾ ਹੈ, ਨਾ ਪੀਂਦਾ ਹੈ ਸਿਰਫ ਇਸ ਕਰਕੇ ਕਿ ਜੇ ਪਾਣੀ ਪੀਆਂਗਾ ਤਾਂ ਸਿਮਰਨ ਭੁਲ ਜਾਵੇਗਾ। ਤਲਾ ਦੇ ਕੰਢੇ ਖੜਾ ਹੈ ਪਰ ਪਾਣੀ ਨਹੀਂ ਪੀ ਰਿਹਾ। ਕ੍ਰਿਸ਼ਨ ਜੀ ਨੇ ਕਿਹਾ ਇਹ ਮੇਰਾ ਪਿਆਰਾ ਭਗਤ ਹੈ। ਇਹ ਗੱਲ ਵੇਖ ਕੇ ਅਤੇ ਸੁਣ ਕੇ ਅਰਜਨ ਬੜਾ ਖੁਸ਼ ਹੋਇਆ ਅਤੇ ਉਸ ਨੂੰ ਪਰਮ ਭਗਤ ਸਮਝਿਆ, ਫਿਰ ਕ੍ਰਿਸ਼ਨ ਜੀ ਨੇ ਕਿਹਾ-ਹੁਣ ਤਾਂ ਇਸ ਦੇ ਅੰਤਮ ਸ੍ਵਾਸ ਹਨ। ਤੂੰ ਇੰਵ ਕਰ ਇਹਦੇ ਕੰਨਾਂ ਵਿਚ ਹਰੇ ਰਾਮ ਹਰੇ ਰਾਮ ਰਾਮ ਰਾਮ ਹਰੇ ਹਰੇ ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ। ਆਦਿਕ ਨਾਮਾਂ ਨੂੰ ਉਚਾਰੀ ਜਾ ਜਿਸ ਤੇ ਇਹ ਪਾਣੀ ਪੀ ਲਵੇ। ਤਾਂ ਕਿ ਇਸ ਦੀ ਤ੍ਰਿਸ਼ਨਾਂ ਪਾਣੀ ਵਿਚ ਨਾ ਰਹੇ। ਜਿਸ ਵੇਲੇ ਅਰਜਨ ਨੇ ਸ਼ੇਰ ਦੇ ਪਾਸ ਖਲੋ ਕੇ ਨਾਮਾਂ ਦੀ ਧੁਨ ਉਚਾਰੀ ਤਾਂ ਉਸ ਦੇ ਨੇਤ੍ਰ ਖੁਲ੍ਹੇ ਤੇ ਕ੍ਰਿਸ਼ਨ ਜੀ ਨੂੰ ਸਾਹਮਣੇ ਖਲੋਤਾ ਵੇਖ ਕੇ ਪਾਸ ਆਉਣ ਲਗਾ ਤਾਂ ਕ੍ਰਿਸ਼ਨ ਜੀ ਨੇ ਕਿਹਾ-ਪਹਿਲੇ ਪਾਣੀ ਪੀ ਲੈ ਫੇਰ ਮੇਰੇ ਪਾਸ ਆਵੀਂ।

ਕ੍ਰਿਸ਼ਨ ਜੀ ਦਾ ਬਚਨ ਮੰਨ ਕੇ ਸ਼ੇਰ ਨੇ ਪਾਣੀ ਪੀ ਲਿਆ ਤੇ ਫਿਰ ਨਾਮਾਂ ਨੂੰ ਉਚਾਰਦਾ ਹੋਇਆ ਕ੍ਰਿਸ਼ਨ ਜੀ ਦੇ ਚਰਨਾਂ ਪਰ ਆ ਕੇ ਮੱਥਾ ਟੇਕਿਆ ਇਤਨੇ ਵਿਚ ਉਸ ਦੇ ਸ੍ਵਾਸ ਪੂਰੇ ਹੋ ਗਏ, ਤੇ ਦੇਵਤੇ ਬਿਬਾਨ ਲੈ ਕੇ ਆ ਗਏ। ਉਸ ਬਿਬਾਨ ਵਿਚ ਬੈਠ ਕੇ ਸੱਚ ਖੰਡ ਚਲਾ ਗਿਆ।

ਹੇ ਭਾਈ ! ਇਸ ਵਜ੍ਹਾ ਨਾਲ ਤੁਸੀਂ ਵੀ ਸ੍ਵਾਸ ਸ੍ਵਾਸ ਪ੍ਰਭੂ ਦੇ ਨਾਮਾਂ ਨੂੰ ਧਿਆਉਣਾ ਕਰੋ।

ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥

ਆਪ ਜੀ ਦੇ ਚਰਨਾਂ ਨਾਲ ਮੇਰੀ ਪ੍ਰੀਤੀ ਲੱਗੀ ਰਹੇ। ਅਤੇ ਹੇ ਪ੍ਰਭੂ ! ਨਿਤਾਪ੍ਰਤੀ ਆਪ ਜੀ ਦੀ ਭਗਤੀ ਕਰਦਾ ਰਹਾਂ।

ਏਕ ਓਟ ਏਕੋ ਆਧਾਰੁ ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥ ੧ ॥

ਮਨ ਕਰਕੇ ਇਕ ਆਪ ਜੀ ਦੀ ਓਟ ਹੋਵੇ, ਤਨ ਕਰਕੇ ਵੀ ਇਕ ਆਪ ਜੀ ਦਾ ਆਧਾਰ=ਆਸਰਾ ਹੋਵੇ। ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਆਪ ਜੀ ਦੇ ਸਾਰੁ=ਸਿਧਾਂਤ ਰੂਪ ਸ੍ਰੇਸ਼ਟ ਨਾਮ ਨੂੰ ਮੰਗਦਾ ਹਾਂ ॥ ੧ ॥

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥

ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਕਰਕੇ ਹੀ ਮਹਾ ਸੁਖੁ=ਵੱਡੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਪਰ ਹਰੀ ਨਾਮ ਰਸ ਨੂੰ ਕੋਈ ਵਿਰਲਾ ਪੁਰਸ਼ ਹੀ ਪਾਉਂਦਾ ਹੈ।

ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀ ਡੋਲਾਨੇ ॥

ਜਿਨ੍ਹਾਂ ਨੇ ਹਰੀ ਨਾਮ ਰਸ ਨੂੰ ਚੱਖਿਆ-ਹੈ ਉਹ ਪੁਰਸ਼ ਤ੍ਰਿਪਤ ਹੋਏ ਹਨ।

ਉਹ ਪੂਰਨ ਪੁਰਖ ਹੋਣ ਕਰਕੇ ਫਿਰ ਕਦੇ ਡੋਲਦੇ ਨਹੀਂ ਹਨ।

ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥

ਉਹ ਪ੍ਰੇਮ ਰਸ ਦੇ ਰੰਗਿ=ਅਨੰਦ ਵਿਚ ਸੁਭਰ ਭਰੇ=ਲਬਾ-ਲਬ ਭਰੇ ਰਹਿੰਦੇ ਹਨ।

ਉਨ੍ਹਾਂ ਸੰਤਾਂ ਦੇ ਸੰਗ ਵਿਚੋਂ ਹੋਰਨਾਂ ਜਗਿਆਸੂਆਂ ਨੂੰ ਹਰੀ ਨਾਮ ਰਸ ਦੀ ਪ੍ਰਾਪਤੀ ਦਾ ਚਾਅ ਉਤਪੰਨ ਹੁੰਦਾ ਹੈ।

ਪਰੇ ਸਰਨਿ ਆਨ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥

ਆਨ=ਹੋਰ ਸਭਨਾਂ ਨੂੰ ਤਿਆਗ ਕੇ ਜੋ ਜਗਿਆਸੂ ਪੂਰਨ ਪੁਰਖਾਂ ਦੀ ਸ਼ਰਨ ਵਿਚ ਆ ਪਏ ਹਨ। ਅਨ+ਦਿਨੁ=ਰਾਤ ਦਿਨ ਵਾਹਿਗੁਰੂ ਵਿਚ ਲਿਵ ਲਗਾਉਣ ਕਰਕੇ ਉਨ੍ਹਾਂ ਦੇ ਹਿਰਦੇ ਅੰਦਰ ਪ੍ਰਕਾਸ਼=ਗਿਆਨ ਹੋਇਆ ਹੈ।

ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥ ੨ ॥

ਵੱਡੇ ਭਾਗਾਂ ਵਾਲਿਆਂ ਨੇ ਉਸ ਪ੍ਰਭੂ ਨੂੰ ਜਪਿਆ ਹੈ। ਗੁਰੂ ਜੀ ਕਥਨ ਕਰਦੇ ਹਨ, ਜੋ ਨਾਮੀ ਪ੍ਰਭੂ ਦੇ ਨਾਮ ਵਿਚ ਰਤੇ ਹਨ ਉਨ੍ਹਾਂ ਨੂੰ ਆਤਮ ਸੁਖ ਪ੍ਰਾਪਤ ਹੁੰਦਾ ਹੈ ॥ ੨ ॥

ਸੇਵਕ ਕੀ ਮਨਸਾ ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥

ਉਸ ਸੇਵਕ ਦੀ ਮਨਸਾ=ਦਿਲੀ ਮੁਰਾਦ ਭਾਵ ਇੱਛਾ ਪੂਰੀ ਹੋਈ ਹੈ।

ਜਿਸ ਸੇਵਕ ਨੇ ਸਤਿਗੁਰਾਂ ਪਾਸੋਂ ਨਿਰਮਲ ਮਤਿ=ਸਿਖਿਆ ਲਈ ਹੈ।

ਜਨ ਕਉ ਪ੍ਰਭੁ ਹੋਇਓ ਦਇਆਲੁ ॥ ਸੇਵਕੁ ਕੀਨੋ ਸਦਾ ਨਿਹਾਲੁ ॥

ਜਿਸ ਵੇਲੇ ਸੇਵਕ ਜਨ ਉੱਤੇ ਪ੍ਰਭੂ ਦਿਆਲੂ ਹੋਇਆ। ਤਾਂ

ਦਾਸ ਨੂੰ ਸਦਾ ਲਈ ਨਿਹਾਲੁ=ਦੁੱਖਾਂ ਤੋਂ ਰਹਿਤ ਕਰ ਦਿੱਤਾ।

ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥

ਉਹ ਸੇਵਕ ਜਨ ਮੋਹ ਦੇ, ਵਾ:-ਸੰਸਾਰ ਦੇ ਬੰਧਨਾਂ ਨੂੰ ਕੱਟਕੇ ਮੁਕਤ ਹੋ ਗਿਆ ਹੈ। ਕਿਉਂਕਿ

ਜਨਮ ਮਰਨ ਦਾ ਦੁਖ ਦੇਣ ਵਾਲਾ ਭਰਮ ਮਿਟ ਗਿਆ ਹੈ।

ਅਥਵਾ:-ਜਿਸ ਤੇ ਉਹ ਮੁਕਤ ਰੂਪ ਹੋਇਆ ਹੈ ਇਸ ਕਰਕੇ ਉਸ ਦਾ ਜਨਮ ਮਰਨ ਦਾ ਦੁਖ ਅਤੇ ਭਰਮ ਨਵਿਰਤ ਹੋ ਗਿਆ ਹੈ।

ਇਛ ਪੁਨੀ ਸਰਧਾ ਸਭ ਪੂਰੀ॥ ਰਵਿ ਰਹਿਆ ਸਦ ਸੰਗਿ ਹਜੂਰੀ॥

ਇਛ ਪੁਨੀ=ਪਰਮੇਸ਼ਰ ਨੇ ਸਾਰੀ ਸ਼ਰਧਾ ਪੂਰੀ ਕੀਤੀ ਹੈ।

ਅਥਵਾ:-ਇੱਛਾ ਸੀ ਮੁਕਤੀ ਦੀ ਪ੍ਰਾਪਤੀ ਦੀ ਉਹ ਪੂਰੀ ਹੋ ਗਈ ਅਤੇ ਸ਼ਰਧਾ ਸੀ ਪ੍ਰਭੂ ਦੇ ਮਿਲਾਪ ਦੀ ਉਹ ਭੀ ਪੂਰੀ ਹੋ ਗਈ। ਸਦਾ ਅੰਗ ਸੰਗ ਹਾਜ਼ਰਾ ਹਜੂਰ ਪ੍ਰਭੂ ਨੂੰ ਰਵਿ ਰਹਿਆ=ਮਿਲ ਰਿਹਾ ਨਿਸਚੇ ਕੀਤਾ।

ਜਿਸ ਕਾ ਸਾ ਤਿਨਿ ਲੀਆ ਮਿਲਾਇ॥ ਨਾਨਕ ਭਗਤੀ ਨਾਮਿ ਸਮਾਇ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਦਾਸ ਸਾਂ ਉਸ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ ਭਗਤੀ ਕਰਕੇ ਹੀ ਇਹ ਜੀਵ ਨਾਮੀ ਪਰਮਾਤਮਾ ਵਿਚ ਸਮਾਇ=ਅਭੇਦ ਹੁੰਦਾ ਹੈ॥ ੩॥

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ॥ ਸੋ ਕਿਉ ਬਿਸਰੈ ਜਿ ਕੀਆ ਜਾਨੈ॥

ਜਿਹੜਾ ਪ੍ਰਭੂ ਕਿਸੇ ਦੀ ਕੀਤੀ ਹੋਈ ਘਾਲਿ=ਕਮਾਈ (ਮਿਹਨਤ) ਨੂੰ ਐਵੇਂ ਨਹੀਂ ਗੁਆਉਂਦਾ, ਉਹ ਕਿਵੇਂ ਬਿਸਰੈ=ਭੁੱਲ ਸਕਦਾ ਹੈ। ਜਿਹੜਾ ਪ੍ਰਭੂ ਕਿਸੇ ਦੇ ਕੀਤੇ ਹੋਏ ਕਰਮ ਨੂੰ ਜਾਣਦਾ ਹੈ ਉਹ ਕਿਵੇਂ ਭੁਲ ਸਕਦਾ ਹੈ।

[ਪੰਨਾ ੨੯੦]

ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥ ਸੋ ਕਿਉ ਬਿਸਰੈ ਜਿ ਜੀਵਨ ਜੀਆ॥

ਜਿਸ ਪ੍ਰਭੂ ਨੇ ਜੀਵ ਨੂੰ ਸਭ ਕੁਝ ਦਿੱਤਾ ਹੈ ਉਹ ਕਿਵੇਂ ਭੁਲ ਸਕਦਾ ਹੈ। ਜੋ ਜੀਵਾਂ ਦਾ ਜੀਵਨ ਰੂਪ ਹੈ ਉਹ ਪ੍ਰਭੂ ਕਿਵੇਂ ਭੁਲ ਸਕਦਾ ਹੈ।

ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ॥

ਜਿਹੜਾ ਪ੍ਰਭੂ ਮਾਂ ਦੇ ਪੇਟ ਦੀ ਜਠਰ ਅੱਗਨੀ ਵਿਚ ਰਖਿਆ ਕਰਦਾ ਹੈ ਉਹ ਕਿਵੇਂ ਭੁਲ ਸਕਦਾ ਹੈ।

ਪਰ ਗੁਰਾਂ ਦੀ ਪ੍ਰਸਾਦਿ=ਕਿਰਪਾ ਨਾਲ ਕੋਈ ਵਿਰਲਾ ਪੁਰਸ਼ ਹੀ ਉਸ ਪ੍ਰਭੂ ਨੂੰ ਲਾਖੈ=ਲਖਦਾ ਭਾਵ ਜਾਣਦਾ ਹੈ।

ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥

ਜਿਹੜਾ ਵਿਸ਼ੇ ਵਿਕਾਰਾਂ ਦੀ ਜ਼ਹਿਰ ਵਿਚੋਂ ਕਢਦਾ ਹੈ, ਅਤੇ ਜਨਮਾਂ ਜਨਮਾਂਤਰਾਂ ਦਾ ਟੂਟਾ=ਵਿਛੁੜਿਆ ਹੋਇਆ ਜੋ ਜੀਵ ਹੈ ਉਸ ਨੂੰ ਆਪਣੇ ਨਾਲ ਗਾਢੈ=ਗੰਢ ਲੈਂਦਾ ਭਾਵ ਮਿਲਾ ਲੈਂਦਾ ਹੈ ਉਹ ਪ੍ਰਭੂ ਕਿਵੇਂ ਬਿਸਰੇ=ਭੁਲ ਸਕਦਾ ਹੈ।

ਗੁਰਿ ਪੂਰੈ ਤਤੁ ਇਹੈ ਬੁਝਾਇਆ॥
ਪ੍ਰਭੁ ਅਪਨਾ ਨਾਨਕ ਜਨ ਧਿਆਇਆ॥ ੪॥

ਪੂਰਿਆਂ ਗੁਰਾਂ ਨੇ ਇਹ ਤਤੁ=ਸਿਧਾਂਤ ਸਮਝਾ ਦਿੱਤਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਸ ਸੇਵਕ ਜਨ ਨੇ ਆਪਣੇ ਪ੍ਰਭੂ ਨੂੰ ਧਿਆਉਣਾ ਕੀਤਾ ਹੈ॥ ੪॥

ਸਾਜਨ ਸੰਤ ਕਰਹੁ ਇਹੁ ਕਾਮੁ ॥ ਆਨ ਤਿਆਗਿ ਜਪਹੁ ਹਰਿ ਨਾਮੁ ॥

ਸਜਣ ਸੰਤਾਂ ਨਾਲ ਮਿਲਕੇ ਇਹ ਕੰਮ ਕਰੋ।

ਅਥਵਾ:-ਹੇ ਸਜਣ ਸੰਤੋ ! ਤੁਸੀਂ ਇਹ ਕੰਮ ਕਰੋ, ਹੋਰ ਸਭਨਾਂ ਨੂੰ ਤਿਆਗਕੇ ਇਕ ਹਰੀ ਨਾਮ ਨੂੰ ਜਪਣਾ ਕਰੋ।

ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥

ਮਨ ਕਰਕੇ ਸਿਮਰੋ, ਬਾਣੀ ਕਰਕੇ ਸਿਮਰੋ, ਤਨ ਕਰਕੇ ਸਿਮਰੋ, ਵਾ:-ਉਸ ਦਾ ਸਿਮਰਨ ਜੋ ਸਿਮਰਨੇ ਜੋਗ ਹੈ ਉਸਨੂੰ ਸਿਮਰਕੇ ਸੁਖ ਪਾਉਣਾ ਕਰੋ। ਆਪ ਨਾਮ ਜਪੋ ਅਤੇ ਹੋਰਨਾਂ ਪਾਸੋਂ ਭੀ ਨਾਮ ਜਪਵਾਓ।

ਭਗਤਿ ਭਾਇ ਤਰੀਐ ਸੰਸਾਰੁ ॥ ਬਿਨੁ ਭਗਤੀ ਤਨੁ ਹੋਸੀ ਛਾਰੁ ॥

ਪ੍ਰਭੂ ਦੀ ਪਰੇਮਾ ਭਗਤੀ ਕਰਕੇ ਹੀ ਸੰਸਾਰ ਸਮੁੰਦਰ ਤੋਂ ਤਰਨਾਂ ਹੁੰਦਾ ਹੈ।

ਭਗਤੀ ਕੀਤੇ ਤੋਂ ਬਿਨਾਂ ਇਹ ਸਰੀਰ ਸੁਆਹ ਵਾਗੂੰ ਨਿਸਫਲ ਹੋ ਜਾਂਦਾ ਹੈ।

ਸਰਬ ਕਲਿਆਣ ਸੂਖ ਨਿਧਿ ਨਾਮੁ ॥ ਬੂਡਤ ਜਾਤ ਪਾਏ ਬਿਸ੍ਰਾਮੁ ॥

ਸਾਰੀਆਂ ਮੁਕਤੀਆਂ, ਸਾਰੇ ਸੁਖ ਅਤੇ ਨੌਂ-ਨਿਧੀਆਂ ਦਾ ਦਾਤਾ ਇਕ ਨਾਮ ਹੀ ਹੈ।

ਜਿਸ ਨਾਮ ਦੇ ਆਸਰੇ ਹੋ ਕੇ ਡੁਬਦਾ ਜਾਂਦਾ ਜੀਵ ਬਿਸ੍ਰਾਮੁ=ਇਸਥਿਤੀ ਪਾ ਲੈਂਦਾ ਹੈ।

ਸਗਲ ਦੂਖ ਕਾ ਹੋਵਤ ਨਾਸੁ ॥ ਨਾਨਕ ਨਾਮੁ ਜਪਹੁ ਗੁਨਤਾਸੁ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਸ਼ੁਭ ਗੁਣਾਂ ਦੇ ਖਜ਼ਾਨੇ ਪ੍ਰਭੂ ਦਾ ਨਾਮ ਜਪੋ ਤਾਂ ਤੁਹਾਡੇ ਸਾਰੇ ਦੁਖਾਂ ਦਾ ਨਾਸ ਹੋ ਜਾਏਗਾ ॥ ੫ ॥

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ ਇਹੀ ਸੁਆਉ ॥

ਚਾਉ=ਉਤਸ਼ਾਹ ਪੂਰਬਕ ਪ੍ਰਭੂ ਦੇ ਪਰੇਮ ਰਸ ਦੀ ਜੋ ਪ੍ਰੀਤੀ ਉਤਪੰਨ ਹੋਈ ਹੈ।

ਅਥਵਾ:-ਗੁਰਾਂ ਦੇ ਚਰਨਾਂ ਦੀ ਪ੍ਰੀਤੀ ਅਤੇ ਪ੍ਰਭੂ ਦੇ ਪਰੇਮ ਰਸ ਦਾ ਜੋ ਉਤਸ਼ਾਹ ਉਤਪੰਨ ਹੋਇਆ ਹੈ ਇਹੋ ਮਨ ਤਨ ਦੇ ਅੰਦਰ ਵੱਡਾ ਭਾਰੀ ਸੁਆਉ=ਲਾਭ ਪ੍ਰਾਪਤ ਹੋਇਆ ਹੈ।

ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥ ਮਨੁ ਬਿਗਸੈ ਸਾਧ ਚਰਨ ਧੋਇ ॥

ਦਰਸ਼ਨ ਨੂੰ ਵੇਖ ਕੇ ਨੇਤ੍ਰਹੁ=ਅੱਖਾਂ ਨੂੰ ਸੁਖ ਪ੍ਰਾਪਤ ਹੋਇਆ ਹੈ। ਅਤੇ ਸੰਤਾਂ ਦੇ ਚਰਨ ਧੋ ਕੇ ਮਨੁ ਬਿਗਸੈ=ਖਿੜ ਪਿਆ ਹੈ।

ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥

ਭਗਤ ਜਨਾਂ ਦੇ ਮਨ ਤਨ ਵਿਚ ਪ੍ਰਭੂ ਦਾ ਰੰਗੁ=ਆਨੰਦ ਹੈ। ਪਰ ਸੰਤਾਂ ਦਾ ਸਤਸੰਗ ਕੋਈ ਵਿਰਲਾ ਪੁਰਸ਼ ਹੀ ਪਾਉਂਦਾ ਹੈ।

ਏਕ ਬਸਤੁ ਦੀਜੈ ਕਰਿ ਮਇਆ ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥

ਹੇ ਗੁਰੋ ! ਮਇਆ=ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਭੀ ਇਕ ਨਾਮ ਰੂਪ ਵਸਤੂ ਦੇਣਾ ਕਰੋ। ਕਿਉਂਕਿ ਜਿਨ੍ਹਾਂ

ਉੱਤੇ ਹੇ ਗੁਰੋ ! ਆਪ ਜੀ ਦੀ ਕਿਰਪਾ ਹੋਈ ਹੈ ਉਨ੍ਹਾਂ ਨੇ ਨਾਮ ਨੂੰ ਜਪ ਲਿਆ ਹੈ।

ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਦੀ ਉਪਮਾ ਕਹੀ ਨਹੀਂ ਜਾਂਦੀ।

ਜੋ ਪ੍ਰਭੂ ਸਾਰੇ ਸੰਸਾਰ ਵਿਚ ਸਮਾ ਰਿਹਾ ਹੈ॥ ੬ ॥

ਪ੍ਰਭ ਬਖਸੰਦ ਦੀਨ ਦਇਆਲ ॥ ਭਗਤਿ ਵਛਲ ਸਦਾ ਕਿਰਪਾਲ ॥

ਉਹ ਪ੍ਰਭੂ ਔਗੁਣਾਂ ਦੇ ਬਖਸ਼ਣ ਵਾਲਾ ਹੈ, ਗਰੀਬਾਂ ਤੇ ਦਿਆਲੂ ਹੈ।

ਭਗਤਾਂ ਦਾ ਪਿਆਰਾ ਹੈ ਅਤੇ ਸਦਾ ਕਿਰਪਾਲੂ ਹੈ।

ਅਨਾਥ ਨਾਥ ਗੋਬਿੰਦ ਗੁਪਾਲ ॥ ਸਰਬ ਘਟਾ ਕਰਤ ਪ੍ਰਤਿਪਾਲ ॥

ਉਹ ਗੋਬਿੰਦ ਗੁਪਾਲ ਅਨਾਥਾਂ ਦਾ ਨਾਥ ਹੈ। *ਅਥਵਾ:*-ਅਨਾਥਾਂ ਦਾ ਨਾਥ=ਸੁਆਮੀ ਹੈ ਗੋ+ਬਿੰਦ ਵੇਦਾਂ ਕਰਕੇ ਜਾਨਣੇ ਜੋਗ ਹੈ। ਗੁ+ਪਾਲ=ਪ੍ਰਿਥਵੀ, ਵਾ:-ਇੰਦ੍ਰੀਆਂ ਦੇ ਪਾਲਣ ਵਾਲਾ ਹੈ ਅਤੇ ਸਾਰਿਆਂ ਸਰੀਰਾਂ ਦੀ ਪਾਲਣਾ ਕਰਦਾ ਹੈ।

ਆਦਿ ਪੁਰਖ ਕਾਰਣ ਕਰਤਾਰ ॥ ਭਗਤ ਜਨਾ ਕੇ ਪ੍ਰਾਨ ਅਧਾਰ ॥

ਉਹ ਕਰਤਾਰ ਸਭ ਪੁਰਖਾਂ ਦੀ ਆਦਿ ਹੈ ਤੇ ਸਾਰਿਆਂ ਦਾ ਕਾਰਨ ਰੂਪ ਹੈ ਅਤੇ ਭਗਤ ਜਨਾਂ ਦੇ ਪ੍ਰਾਣਾਂ ਦਾ ਅਧਾਰ=ਆਸਰਾ ਰੂਪ ਹੈ।

ਜੋ ਜੋ ਜਪੈ ਸੁ ਹੋਇ ਪੁਨੀਤ ॥ ਭਗਤਿ ਭਾਇ ਲਾਵੈ ਮਨ ਹੀਤ ॥

ਜਿਹੜਾ ਜਿਹੜਾ ਪੁਰਸ਼ ਉਸ ਦੇ ਨਾਮਾਂ ਨੂੰ ਜਪਦਾ ਹੈ, ਅਤੇ ਉਸ ਦੇ ਭਾਇ+ਭਗਤਿ=ਪ੍ਰੇਮਾ ਭਗਤੀ ਵਿਚ ਮਨ ਦੇ ਹੀਤ=ਪਰੇਮ ਨੂੰ ਲਗਾਉਂਦਾ ਹੈ। ਸੁ ਹੋਇ ਪੁਨੀਤ=ਉਹ ਪੁਰਸ਼ ਪਵਿੱਤ੍ਰ ਹੁੰਦਾ ਹੈ।

ਹਮ ਨਿਰਗੁਨੀਆਰ ਨੀਚ ਅਜਾਨ ॥
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥ ੭ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰੋ:-ਅਸੀਂ ਸ਼ੁਭ ਗੁਣਾਂ ਤੋਂ ਰਹਿਤ ਹਾਂ ਨੀਚ ਹਾਂ ਅਤੇ ਅਜਾਨ=ਅਗਿਆਤ ਹਾਂ। ਹੇ ਭਗਵਾਨ ਪੁਰਖ ! ਅਸੀਂ ਆਪ ਜੀ ਦੀ ਸ਼ਰਨ ਆਏ ਹਾਂ ਸਾਨੂੰ ਬਚਾ ਲਓ॥ ੭ ॥

ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥

ਜਿਸ ਨੇ ਇਕ ਇਕ ਨਿਮਖ ਕਾਲ ਵਿਚ ਹਰੀ ਦੇ ਗੁਣ ਗਾਏ ਹਨ, ਉਸ ਨੇ ਬੈਕੁੰਠ ਧਾਮ ਦੀਆਂ ਸਲੋਕ, ਸਮੀਪ, ਸਰੂਪ, ਸਾਯੁਜ ਆਦਿਕ ਸਾਰੀਆਂ ਮੁਕਤੀਆਂ ਨੂੰ ਪਾ ਲਿਆ ਹੈ।

ਅਥਵਾ:-ਜਿਸ ਨੇ ਦ੍ਰਿੜ੍ਹਤਾ ਵਿਚ ਆ ਕੇ ਨਿਮਖ ਮਾਤ੍ਰ ਅਰਥਾਤ ਥੋੜ੍ਹਾ ਸਮਾਂ ਭੀ ਹਰੀ ਦੇ ਗੁਣ ਗਾਏ ਹਨ, ਉਸ ਨੇ ਸਾਰਿਆਂ ਬੰਧਨਾਂ ਤੋਂ ਮੋਖ ਪਾਏ=ਛੁਟਣਾ ਪਾ ਕੇ ਬੈਕੁੰਠ=ਅਕੁੰਠਤ ਮੁਕਤ ਸਰੂਪ ਪਰਮਾਤਮਾ ਨੂੰ ਪਾ ਲਿਆ ਹੈ।

ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥

ਉਸ ਨੂੰ ਅਨੇਕ ਮੁਲਕਾਂ ਦੇ ਰਾਜ ਭੋਗ ਤੇ ਵਡਿਆਈ ਦੀ ਪ੍ਰਾਪਤੀ ਹੋਈ ਹੈ। ਜਿਸ ਦੇ ਮਨ ਵਿਚ ਹਰੀ

ਦੇ ਨਾਮ ਦੀ ਕਥਾ ਭਾਈ=ਚੰਗੀ ਲਗੀ ਹੈ।

ਅਥਵਾ:-ਗੁਰਮੁਖਾਂ ਦੇ ਮਨ ਵਿਚ ਜਿਹੜੀ ਹਰੀ ਨਾਮ ਦੀ ਕਥਾ ਚੰਗੀ ਲਗੀ ਹੈ, ਉਨ੍ਹਾਂ ਦੀ ਨਿਗਾਹ ਵਿਚ ਅਨੇਕਾਂ ਰਾਜ ਭਾਗ ਭੀ ਇਹੋ ਹਨ ਅਤੇ ਵਡਿਆਈ ਭੀ ਇਹੋ ਹੈ।

ਬਹੁ ਭੋਜਨ ਕਾਪਰ ਸੰਗੀਤ ॥ ਰਸਨਾ ਜਪਤੀ ਹਰਿ ਹਰਿ ਨੀਤ ॥

ਬਹੁਤੇ ਭੋਜਨਾ ਦਾ ਖਾਣਾ, ਚੰਗੇ ਕਪੜਿਆਂ ਦਾ ਪਹਿਨਣਾ, ਸੰਗੀਤ ਸ਼ਾਸਤ੍ਰ ਅਨੁਸਾਰ ਗੀਤਾਂ ਦਾ ਗਾਉਣਾ ਉਹਨਾਂ ਗੁਰਮੁਖਾਂ ਦਾ ਇਹੋ ਹੈ, ਜਿਹੜੀ ਉਨ੍ਹਾਂ ਦੀ ਰਸਨਾ=ਜੀਭ ਨਿਤਾਪ੍ਰਤੀ ਹਰਿ ਹਰਿ ਨਾਮ ਨੂੰ ਜਪਦੀ ਹੈ।

ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥

ਉਸ ਦੀ ਚੰਗੀ ਸ੍ਰੇਸ਼ਟ ਕਰਨੀ ਹੈ, ਉਸੇ ਦੀ ਸਾਰੇ ਸੋਭਾ ਹੈ ਅਤੇ ਓਹੀ ਧਨਵੰਤ=ਧਨ ਵਾਲਾ ਧਨਾਢ ਹੈ। ਜਿਸ ਦੇ ਹਿਰਦੇ ਵਿਚ ਪੂਰਨ ਗੁਰਾਂ ਦਾ ਮੰਤਰ ਵਸਦਾ ਹੈ।

ਸਾਧਸੰਗਿ ਪ੍ਰਭ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥ ੮ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰੋ-ਹੇ ਪ੍ਰਭੂ ! ਮੈਨੂੰ ਆਪਣੀ ਸਤਸੰਗਤ ਵਿਚ ਨਿਵਾਸ ਦੇਹੁ। ਜਿਸ ਸਤਸੰਗਤ ਵਿਚ ਸਾਰਿਆਂ ਸੁਖਾਂ ਦਾ ਪ੍ਰਕਾਸ਼ ਹੈ॥ ੮ ॥ ੨੦ ॥

ਉਥਾਨਕਾ-ਇਕ ਦਿਨ ਇਕ ਸਿੱਖ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਆ ਕੇ ਪੁਛਿਆ ਕਿ ਮਹਾਂ ਪਰਲੋ ਕਦੋਂ ਹੁੰਦੀ ਹੈ ਅਤੇ ਉਸ ਵੇਲੇ ਕੌਣ ਕੌਣ ਰਹਿੰਦਾ ਹੈ?

ਫਿਰ ਸ੍ਰਿਸ਼ਟੀ ਦੀ ਉਤਪਤੀ ਕਦੋਂ ਹੁੰਦੀ ਹੈ? *ਗੁਰ ਉੱਤਰ:*-ਪਰਲੋ ਚਾਰ ਪ੍ਰਕਾਰ ਦੀ ਕਥਨ ਕੀਤੀ ਹੈ। ੧ ਨਿਤ ਪਰਲੋ, ੨ ਨੈਮਿਤ ਪਰਲੋ, ੩ ਅਵਾਂਤ੍ਰ ਪਰਲੋ, ੪ ਮਹਾਂ ਪਰਲੋ।

੧. ਜਿਹੜਾ ਸੌਂ ਜਾਣਾ ਹੈ ਇਹ ਨਿਤ ਪਰਲੋ ਹੈ।

੨. ਜਿਤਨੀ ਕੁ ਉਮਰਾ ਇਸ ਜੀਵ ਨੂੰ ਮਿਲੀ ਹੋਈ ਹੈ ਜਦ ਉਹ ਪੂਰੀ ਹੋ ਜਾਂਦੀ ਹੈ ਤੇ ਇਸ ਸਰੀਰ ਨੂੰ ਛਡਦਾ ਹੈ ਭਾਵ ਮਰਦਾ ਹੈ ਇਸ ਨੂੰ ਨੈਮਿਤ ਪਰਲੋ ਕਹਿੰਦੇ ਹਨ।

੩. ਬ੍ਰਹਮਪੁਰੀ, ਵਿਸ਼ਨਪੁਰੀ, ਸ਼ਿਵਪੁਰੀ ਤੇ ਇੰਦ੍ਰਪੁਰੀ ਇਤਿਆਦਿਕ ਉਪਰਲੀਆਂ ਪੁਰੀਆਂ ਦਾ ਅਭਾਵ ਨਾ ਹੋਣਾ ਤੇ ਹੇਠਾਂ ਹੇਠਾਂ ਮਾਤ ਲੋਕ ਨਿਵਾਸੀ ਸਭ ਜੀਵਾਂ ਦਾ ਅਭਾਵ ਹੋ ਜਾਣਾ, ਸਾਰੇ ਜਲ ਹੀ ਜਲ ਹੋ ਜਾਣਾ ਇਸ ਨੂੰ ਅਵਾਂਤ੍ਰ ਪਰਲੋ ਕਹਿੰਦੇ ਹਨ।

ਇਕ ਸਮੇਂ ਅਵਾਂਤ੍ਰ ਪਰਲੋ ਹੋਈ ਹੋਰ ਤਾਂ ਸਾਰੇ ਜਲ ਹੀ ਜਲ ਹੋ ਗਿਆ ਸੀ। ਇਕ ਮਾਰਕੰਡਾ ਰਿਖੀ ਜਲ ਉੱਤੇ ਤਰਦਾ ਜਾ ਰਿਹਾ ਸੀ। ਜਦੋਂ ਇਹ ਤਰਦਾ ਤਰਦਾ ਪ੍ਰਾਗਰਾਜ ਪਹੁੰਚਾ। ਉਥੇ ਇਕ ਅਖੈ ਬਟ ਹੈ, ਉਸ ਉੱਤੇ "**ਬਾਲਾ ਪ੍ਰੀਤਮ**" ਬੈਠਾ ਇਸ ਕੌਤਕ ਨੂੰ ਵੇਖ ਰਿਹਾ ਸੀ। ਉਸ ਅਖੈ ਬਟ ਨਾਲ ਇਹ ਮਾਰਕੰਡਾ ਵੀ ਜਾ ਲਗਾ ਤੇ ਉਸ ਨਿਕੇ ਜਿਹੇ ਬਾਲਕੇ ਨੂੰ ਬ੍ਰਿੱਛ ਉੱਤੇ ਬੈਠਾ ਵੇਖ ਕੇ ਰਿਖੀ ਨੇ ਪੁਛਿਆ ਤੂੰ ਕੌਣ ਹੈਂ? ਤੇ ਏਥੇ ਬੈਠਾ ਕੀ ਵੇਖਦਾ ਹੈਂ? ਤਾਂ ਉਸ ਬਾਲਕੇ ਨੇ ਕਿਹਾ, ਮੈਂ ਈਸ਼ੂਰ ਹਾਂ, ਹੁਣ "**ਬਾਲਾ ਪ੍ਰੀਤਮ**" ਰੂਪ ਧਾਰ ਕੇ ਇਸ ਅਵਾਂਤ੍ਰ ਪਰਲੋ ਨੂੰ ਵੇਖ ਰਿਹਾ ਹਾਂ ਕਿ ਜਦੋਂ ਇਹ ਜਲ ਸੁੱਕੇਗਾ ਫਿਰ ਮੈਂ ਸ੍ਰਿਸ਼ਟੀ ਨੂੰ ਰਚਾਂਗਾ। ਸੋ ਇਸ ਤਰ੍ਹਾਂ ਇਹ ਅਵਾਂਤ੍ਰ ਪਰਲੋ ਕਥਨ ਕੀਤੀ ਹੈ।

੪. ਜਿਸ ਵੇਲੇ ਜੀਵਾਂ ਦੇ ਕੀਤੇ ਹੋਏ ਕਰਮ ਫਲ ਦੇਣ ਨੂੰ ਸ਼ਾਂਤ ਹੋ ਜਾਂਦੇ ਹਨ ਤਾਂ ਸਾਰੇ ਜੀਵ ਧਰਤੀ ਉੱਤੇ ਲਯ ਹੋ ਜਾਂਦੇ ਹਨ। ਧਰਤੀ ਪਾਣੀ ਵਿਚ ਲਯ ਹੋ ਜਾਂਦੀ ਹੈ, ਪਾਣੀ ਅੱਗਨੀ ਵਿਚ, ਅੱਗਨੀ ਹਵਾ ਵਿਚ, ਹਵਾ ਅਕਾਸ਼ ਵਿਚ, ਅਕਾਸ਼ ਮਾਇਆ ਵਿਚ ਅਤੇ ਮਾਇਆ ਤ੍ਰਿਲ ਰੂਪ ਹੋ ਕੇ ਅੰਤ ਨੂੰ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ। ਇਸ ਤਰ੍ਹਾਂ ਕਰ ਕੇ ਮਹਾਂ ਪਰਲੋ ਹੁੰਦੀ ਹੈ। ਮਹਾਂ ਪਰਲੋ ਵਿਚ ਤ੍ਰਿੰਨਾਂ ਲੋਕਾਂ ਅਤੇ ਬ੍ਰਹਮਪੁਰੀ ਸ਼ਿਵਪੁਰੀ ਆਦਿਕ ਸਾਰੀਆਂ ਪੁਰੀਆਂ ਦਾ ਅਭਾਵ ਹੋ ਜਾਂਦਾ ਹੈ।

ਯਥਾ:-*ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ॥*
ਛੂਟੇ ਕੁੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ॥ ੩॥
ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ॥ (ਪੰਨਾ ੩੩੫)

ਮਹਾਂ ਪਰਲੋ ਵਿਚ ਸਭ ਦਾ ਅਭਾਵ ਹੋ ਜਾਂਦਾ ਹੈ। ਸੋ ਹੁਣ ਗੁਰੂ ਜੀ ਪਹਿਲੀਆਂ ਛੇ ਪਉੜੀਆ ਵਿਚ ਮਹਾਂ ਪਰਲੋ ਦਾ ਪ੍ਰਕਾਰ ਕਥਨ ਕਰਦੇ ਹਨ ਤੇ ਸੱਤਵੀਂ ਅੱਠਵੀਂ ਦੋ ਪਉੜੀਆਂ ਵਿਚ ਸੰਸਾਰ ਦੀ ਉਤਪਤੀ ਦਾ ਪ੍ਰਕਾਰ ਕਥਨ ਕਰਦੇ ਹਨ।

ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥

ਨਿਰ+ਗੁਨ=ਰਜੋ, ਤਮੋ, ਸਤੋ, ਰੂਪ ਤ੍ਰਿੰਨਾਂ ਗੁਣਾਂ ਤੋਂ ਰਹਿਤ ਜੋ ਨਿਰਾਕਾਰ ਬ੍ਰਹਮ ਹੈ। ਉਹ ਆਪ ਹੀ ਮਹਾਂ ਪਰਲੋ ਵਿਚ ਸੁੰਨ ਸਮਾਧੀ ਵਿਚ ਇਸਥਿਤ ਸੀ।

ਫਿਰ ਉਸ ਨੇ ਆਪ ਹੀ ਸਰਗੁਣ ਰੂਪ ਹੋ ਕੇ-

ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ੧ ॥

ਆਪਣੇ ਤੋਂ ਆਪ ਸੰਸਾਰ ਉਤਪੰਨ ਕੀਤਾ ਹੈ। ਗੁਰੂ ਜੀ ਕਥਨ ਕਰਦੇ ਹਨ-ਫਿਰ ਆਪ ਹੀ ਜੀਵਾਂ ਨੂੰ ਖਾਣ ਪਾਣ ਦੇਣਾ ਜਾਪਿ=ਜਾਣਦਾ ਹੈ ਅਤੇ ਆਪ ਹੀ ਇਸ ਨੂੰ ਜਾਪਿ=ਜਪਤ ਕਰਨਾ ਭਾਵ ਲਯ ਕਰਨਾ ਜਾਣਦਾ ਹੈ॥ ੧॥

ਅਸਟਪਦੀ ॥

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥

ਜਿਸ ਵੇਲੇ ਮਹਾਂ ਪਰਲੋ ਸਮੇਂ ਇਸ ਸ੍ਰਿਸ਼ਟੀ ਦਾ ਆਕਾਰ ਕੁਝ ਵੀ ਨਜ਼ਰ ਨਹੀਂ ਆਉਂਦਾ ਸੀ। ਤਿਸ ਵੇਲੇ ਪਾਪ ਤੇ ਪੁੰਨ ਕਿਸ ਤੋਂ ਹੁੰਦੇ ਸਨ?

ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥

ਜਿਸ ਵੇਲੇ ਪਰਮਾਤਮਾ ਨੇ ਆਪਣੇ ਵਿਚ ਅਫੁਰ ਸਮਾਧੀ ਧਾਰੀ ਹੋਈ ਸੀ। ਉਸ ਵੇਲੇ ਅਨਾਦੀ ਕਾਲ ਦਾ ਵੈਰ ਅਤੇ ਉਪਰਲਾ ਵਿਰੋਧ ਕੋਈ ਕਿਸ ਦੇ ਨਾਲ ਕਮਾਉਂਦਾ ਸੀ?

ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥

ਜਿਸ ਵੇਲੇ ਮਹਾਂ ਪਰਲੋ ਸਮੇਂ ਇਸ ਜੀਵ ਦਾ ਚਾਰਿਆਂ ਵਰਨਾਂ ਵਿਚੋਂ ਕੋਈ ਵਰਨ ਅਤੇ ਚਿੰਨ੍ਹ ਨਹੀਂ ਜਾਣਿਆ ਜਾਂਦਾ ਸੀ ਤਿਸ ਵੇਲੇ ਕਹੁ ਖਾਂ ! ਹਰਖ ਤੇ ਸੋਗ ਕਿਸ ਨੂੰ ਵਿਆਪਦਾ ਸੀ?

ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥

ਜਿਸ ਵੇਲੇ ਆਪ ਹੀ ਪਾਰਬ੍ਰਹਮ ਆਪਣੇ ਆਪ ਵਿਚ ਇਸਥਿਤ ਸੀ।

ਤਦੋਂ ਮੋਹ ਕਿਥੇ ਸੀ ਅਤੇ ਭਰਮ ਕਿਸ ਨੂੰ ਹੁੰਦਾ ਸੀ?

[ਪੰਨਾ ੨੯੧]

ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥ ੧ ॥

ਇਹ ਮਹਾਂ ਪਰਲੋ ਦਾ ਖੇਲ ਉਸ ਪ੍ਰਭੂ ਦਾ ਆਪਣਾ ਹੈ। ਉਸ ਨੇ ਆਪ ਹੀ ਵਰਤਾਇਆ ਹੈ। ਗੁਰੂ ਜੀ ਕਥਨ ਕਰਦੇ ਹਨ-ਮਹਾਂ ਪਰਲੋ ਦੇ ਕਰਨ ਵਾਲਾ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ॥ ੧॥

ਜਬ ਹੋਵਤ ਪ੍ਰਭ ਕੇਵਲ ਧਨੀ ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥

ਜਿਸ ਵੇਲੇ ਮਹਾਂ ਪਰਲੋ ਸਮੇਂ ਸਾਰਿਆਂ ਦਾ ਧਨੀ=ਮਾਲਕ ਪ੍ਰਭੂ ਇਕ ਆਪ ਹੀ ਹੁੰਦਾ ਸੀ। ਉਸ ਵੇਲੇ ਕਹੁ ਖਾਂ ! ਬੰਧਨ ਕਿਸ ਨੂੰ ਤੇ ਮੁਕਤੀ ਪ੍ਰਾਪਤ ਹੋਣੀ ਕਿਸ ਨੂੰ ਗਨੀ=ਵਿਚਾਰੀਦੀ ਸੀ?

ਜਬ ਏਕਹਿ ਹਰਿ ਅਗਮ ਅਪਾਰ ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥

ਜਿਸ ਵੇਲੇ ਇਕੋ ਹੀ ਅਗਮ ਅਪਾਰ ਹਰੀ ਸੀ। ਉਸ ਵੇਲੇ ਕਹੁ ਖਾਂ ! ਨਰਕਾਂ ਤੇ ਸੁਰਗਾਂ ਵਿਚ ਕੌਣ ਅਉਤਾਰ=ਉਤਰਦਾ ਸੀ?

ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥

ਜਿਸ ਵੇਲੇ ਨਿਰਗੁਣ ਬ੍ਰਹਮ ਸ਼ਾਂਤੀ ਸੁਭਾਅ ਅਵੱਸਥਾ ਵਿਚ ਇਸਥਿਤ ਸੀ।

ਉਸ ਵੇਲੇ ਕਹੁ ਖਾਂ ! ਸ਼ਿਵ ਤੇ ਸਕਤਿ=ਪਾਰਬਤੀ ਕਿਸ ਥਾਂ ਤੇ ਸੀ।

ਅਥਵਾ:-ਉਸ ਵੇਲੇ ਸਿਵ ਸਕਤਿ=ਈਸ਼ੂਰ ਤੇ ਮਾਇਆ ਕਿਸ ਥਾਂ ਤੇ ਸੀ?

ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥

ਜਿਸ ਵੇਲੇ ਆਪਣੇ ਆਪ ਵਿਚ ਆਪਣੀ ਜੋਤ ਨੂੰ ਧਾਰੀ ਬੈਠੇ ਸੀ।

ਉਸ ਵੇਲੇ ਕੌਣ ਨਿਡਰ ਸੀ? ਅਤੇ ਕੌਣ ਕੋਈ ਕਿਸ ਦੇ ਪਾਸੋਂ ਡਰਦਾ ਸੀ?

ਆਪਨ ਚਲਿਤ ਆਪਿ ਕਰਨੈਹਾਰ ॥ ਨਾਨਕ ਠਾਕੁਰ ਅਗਮ ਅਪਾਰ ॥ ੨ ॥

ਮਹਾਂ ਪਰਲੋ ਰੂਪ ਆਪਣੇ ਚਰਿਤ੍ਰ ਨੂੰ ਉਹ ਪ੍ਰਭੂ ਆਪ ਹੀ ਕਰਨ ਵਾਲਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਹ ਠਾਕੁਰ ਮਨ ਬਾਣੀ ਕਰ ਕੇ ਅਗਮ ਹੈ ਤੇ ਅਪਾਰ-ਬੇਅੰਤ ਗੁਣਾਂ ਵਾਲਾ ਹੈ॥ ੨ ॥

ਅਬਿਨਾਸੀ ਸੁਖ ਆਪਨ ਆਸਨ ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥

ਜਿਸ ਵੇਲੇ ਸੁਖ ਸਰੂਪ ਅਬਿਨਾਸੀ ਪਰਮਾਤਮਾ ਆਪਣੀ ਮਹਿਮਾ ਵਿਚ ਆਪ ਆਸਨ=ਇਸਥਿਤ ਸੀ। ਤਿਸ ਵੇਲੇ ਕਹੁ ਖਾਂ ! ਜਨਮ ਮਰਨ ਵਿਚ ਕੋਈ ਕਿਥੇ ਬਿਨਾਸਨ=ਨਾਸ ਹੁੰਦਾ ਸੀ।

ਅਥਵਾ:-ਤਿਸ ਵੇਲੇ ਬਿਨ+ਆਸਨ=ਆਸਾ ਤੋਂ ਬਿਨਾਂ ਕੌਣ ਸੀ ਤੇ ਆਸਾ ਦੇ ਸਹਿਤ ਕੌਣ ਸੀ।

ਅਥਵਾ:-ਆਸਨ=ਭੋਜਨ ਤੋਂ ਬਿਨਾਂ ਕੌਣ ਸੀ ਤੇ ਭੋਜਨ ਖਾਣ ਵਾਲਾ ਕੌਣ ਸੀ?

ਜਬ ਪੂਰਨ ਕਰਤਾ ਪ੍ਰਭੁ ਸੋਇ ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥

ਜਿਸ ਵੇਲੇ ਉਹ ਪ੍ਰਭੂ ਕਰਤਾ ਆਪਣੀ ਮਹਿਮਾ ਵਿਚ ਆਪ ਪੂਰਣ ਸੀ।

ਤਿਸ ਵੇਲੇ ਕਹੁ ਖਾਂ ! ਜਮਾਂ ਦੀ ਤ੍ਰਾਸ=ਘੌਫਤਾਈ ਕਿਸ ਨੂੰ ਹੁੰਦੀ ਸੀ?

ਜਬ ਅਬਿਗਤ ਅਗੋਚਰ ਪ੍ਰਭ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥

ਜਿਸ ਵੇਲੇ ਪ੍ਰਭੂ ਅਬਿਗਤ ਅਗੋਚਰ ਇਕ ਆਪ ਹੀ ਸੀ। ਤਿਸ ਵੇਲੇ ਚਿਤ੍ਰ ਗੁਪਤ ਕਿਸ ਦੇ ਪਾਸੋਂ ਲੇਖਾ=ਹਿਸਾਬ ਪੁੱਛਦੇ ਸਨ?

ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥

ਜਿਸ ਵੇਲੇ ਨਿਰੰਜਨ=ਮਾਇਆ ਤੋਂ ਰਹਿਤ, ਅਗੋਚਰ=ਇੰਦ੍ਰੀਆਂ ਕਰ ਕੇ ਅਵਿਸ਼ੇ, ਅਗਾਧ ਸੁਆਮੀ ਆਪ ਸੀ।

ਤਿਸ ਵੇਲੇ ਛੁੱਟੇ ਹੋਏ ਕੌਣ ਸਨ ਅਤੇ ਬੰਧਨਾਂ ਵਿਚ ਬੱਝੇ ਹੋਏ ਕੌਣ ਸਨ?

ਆਪਨ ਆਪ ਆਪ ਹੀ ਅਚਰਜਾ ॥
ਨਾਨਕ ਆਪਨ ਰੂਪ ਆਪ ਹੀ ਉਪਰਜਾ ॥ ੩ ॥

ਜਿਸ ਵੇਲੇ ਆਪਣੇ ਅਸਚਰਜ ਰੂਪ ਵਿਚ ਆਪੇ ਆਪ ਇਸਥਿਤ ਸੀ।

ਗੁਰੂ ਜੀ ਕਥਨ ਕਰਦੇ ਹਨ-ਉਸ ਵੇਲੇ ਆਪਣੇ ਰੂਪ ਨੂੰ ਆਪ ਹੀ ਉਪਰਜਾ=ਪ੍ਰਗਟ ਕਰ ਰਿਹਾ ਸੀ।

ਵਾ:-ਆਪਣੇ ਰੂਪ ਤੋਂ ਆਪ ਹੀ ਮਹਾਂ ਪਰਲੋ ਨੂੰ ਉਤਪੰਨ ਕਰ ਰਿਹਾ ਸੀ॥ ੩ ॥

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥

ਜਿਸ ਵੇਲੇ ਸਾਰਿਆਂ ਪੁਰਖਾਂ ਦਾ ਪਤੀ ਨਿਰਮਲ ਪੁਰਖ ਪਰਮਾਤਮਾ ਆਪ ਇਸਥਿਤ ਸੀ। ਤਿਸ ਵੇਲੇ ਕਹੁ ਖਾਂ ! ਮੈਲ ਤੋਂ ਬਿਨਾਂ ਕੌਣ ਸੀ ਅਤੇ ਮੈਲ ਦੇ ਧੋਣੇ ਵਾਲਾ ਕੌਣ ਸੀ?

ਜਹ ਨਿਰੰਜਨ ਨਿਰੰਕਾਰ ਨਿਰਬਾਨ ॥
ਤਹ ਕਉਨ ਕਉ ਮਾਨ ਕਉਨ ਅਭਿਮਾਨ ॥

ਜਿਸ ਵੇਲੇ ਨਿਰੰਜਨ ਨਿਰੰਕਾਰ ਆਪ ਨਿਰਬਾਨ=ਬੰਧਨਾਂ ਤੋਂ ਰਹਿਤ ਸੀ।

ਤਿਸ ਵੇਲੇ ਮਾਨ ਕਿਸ ਨੂੰ ਸੀ ਅਤੇ ਅਭਿਮਾਨ=ਅਪਮਾਨ ਕਿਸ ਨੂੰ ਸੀ?

ਜਹ ਸਰੂਪ ਕੇਵਲ ਜਗਦੀਸ ॥ ਤਹ ਛਲ ਛਿਦ੍ਰ ਲਗਤ ਕਹੁ ਕੀਸ ॥

ਜਿਸ ਵੇਲੇ ਕੇਵਲ=ਸ਼ੁਧ ਸਰੂਪ ਦਾ ਮਾਲਕ ਪ੍ਰਭੂ ਇਕ ਆਪ ਹੀ ਸੀ।

ਤਿਸ ਵੇਲੇ ਕਹੁ ਖਾਂ ! ਛੱਲ ਤੇ ਛਿਦ੍ਰ=ਦੋਸ਼ ਕੀਸ=ਕਿਸ ਨੂੰ ਲਗਦੇ ਸਨ?

ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥

ਜਿਸ ਵੇਲੇ ਜੋਤੀ ਸਰੂਪ ਪਰਮਾਤਮਾ ਆਪਣੀ ਜੋਤ ਦੇ ਨਾਲ ਸਮਾ ਰਿਹਾ ਸੀ।

ਤਿਸ ਵੇਲੇ ਕਿਸ ਨੂੰ ਭੁਖ ਲਗਦੀ ਸੀ ਅਤੇ ਕੌਣ ਤ੍ਰਿਪਤੀ ਦੇ ਕਰਨ ਵਿਚ ਆਉਂਦਾ ਸੀ?

ਕਰਨ ਕਰਾਵਨ ਕਰਨੈਹਾਰੁ ॥ ਨਾਨਕ ਕਰਤੇ ਕਾ ਨਾਹਿ ਸੁਮਾਰੁ ॥ ੪ ॥

ਉਹ ਕਰਨੈਹਾਰੁ ਪਰਮਾਤਮਾ ਆਪ ਹੀ ਸਭ ਕੁਝ ਕਰਨ ਕਰਾਉਣ ਵਾਲਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਸ ਕਰਤੇ ਪੁਰਖ ਦਾ ਸੁਮਾਰੁ=ਅੰਤ ਨਹੀਂ ਪਾਇਆ ਜਾ ਸਕਦਾ ॥ ੪ ॥

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥
ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥

ਜਿਸ ਵੇਲੇ ਉਸ ਪ੍ਰਭੂ ਨੇ ਆਪਣੀ ਸ਼ੋਭਾ ਆਪਣੇ ਨਾਲ ਬਣਾਈ ਹੋਈ ਸੀ।

ਤਿਸ ਵੇਲੇ ਸ਼ੋਭਾ ਦੇ ਵਧਾਣ ਵਾਲਾ ਮਾਂ, ਪਿਉ, ਮਿਤ੍ਰ, ਪੁੱਤਰ ਅਤੇ ਭਰਾ ਕਿਹੜਾ ਸੀ? ਭਾਵ ਕੋਈ ਨਹੀਂ ਸੀ।

ਜਹ ਸਰਬ ਕਲਾ ਆਪਹਿ ਪਰਬੀਨ ॥ ਤਹ ਬੇਦ ਕਤੇਬ ਕਹਾ ਕੋਊ ਚੀਨ ॥

ਜਿਸ ਵੇਲੇ ਸਰਬ ਕਲਾ ਸਮਰਥ ਪਰਮੇਸ਼ਰ ਆਪਣੀ ਪ੍ਰਬੀਨਤਾ ਵਿਚ ਆਪ ਇਸਥਿਤ ਸੀ। ਤਿਸ ਵੇਲੇ ਵੇਦਾਂ ਕਤੇਬਾਂ ਨੂੰ ਕਦ ਕੋਈ ਚੀਨ=ਜਾਣਦਾ ਭਾਵ ਪਛਾਣਦਾ ਸੀ।

ਜਬ ਆਪਨ ਆਪੁ ਆਪਿ ਉਰਿ ਧਾਰੈ ॥ ਤਉ ਸਗਨ ਅਪਸਗਨ ਕਹਾ ਬੀਚਾਰੈ ॥

ਜਿਸ ਵੇਲੇ ਉਹ ਪਰਮੇਸ਼ਰ ਆਪਣੇ ਆਪ ਨੂੰ ਆਪਣੇ ਹਿਰਦੇ ਵਿਚ ਧਾਰ ਕੇ ਇਸਥਿਤ ਸੀ। ਤਿਸ ਵੇਲੇ ਸਗਨ ਤੇ ਅਪਸਗਨ ਭਾਵ ਭਲੇ ਬੁਰੇ ਨੂੰ ਕੌਈ ਕਿਥੇ ਵਿਚਾਰਦਾ ਸੀ?

ਜਹ ਆਪਨ ਊਚ ਆਪਨ ਆਪਿ ਨੇਰਾ ॥
ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥

ਜਿਸ ਵੇਲੇ ਉਚਾ ਪਰਮੇਸ਼ਰ ਆਪਣੇ ਆਪ ਦੇ ਨੇਰਾ=ਨੇੜੇ ਆਪ ਇਸਥਿਤ ਸੀ।

ਤਿਸ ਵੇਲੇ ਸੁਆਮੀ ਕੌਣ ਅਤੇ ਚੇਰਾ=ਚੇਲਾ ਭਾਵ ਦਾਸ ਕੌਣ ਕਹੀਦਾ ਸੀ?

ਬਿਸਮਨ ਬਿਸਮ ਰਹੇ ਬਿਸਮਾਦ ॥ ਨਾਨਕ ਅਪਨੀ ਗਤਿ ਜਾਨਹੁ ਆਪਿ ॥ ੫ ॥

ਇਸ ਅਸਚਰਜ ਕੌਤਕ ਨੂੰ ਵੇਖ ਕੇ ਬਿਸਮਾਦ=ਅਸਚਰਜ ਵਸਤੂ ਭੀ ਅਸਚਰਜਤਾਈ ਨੂੰ ਪ੍ਰਾਪਤ ਹੋ ਗਈ। ਵਾ:-ਹੇ ਅਸਚਰਜ ਰੂਪ ਪ੍ਰਭੂ ! ਇਹ ਮਹਾਂ ਪਰਲੋ ਰੂਪ ਅਸਚਰਜ ਕੌਤਕ ਨੂੰ ਵੇਖ ਕੇ ਆਪ ਹੀ ਅਸਚਰਜ ਹੋ ਰਹੇ ਸੀ। ਗੁਰੂ ਜੀ ਕਥਨ ਕਰਦੇ ਹਨ-ਆਪਣੀ ਗਤੀ ਨੂੰ ਤੁਸੀਂ ਆਪ ਹੀ ਜਾਣਦੇ ਹੋ ॥ ੫ ॥

ਜਹ ਅਛਲ ਅਛੇਦ ਅਭੇਦ ਸਮਾਇਆ ॥
ਊਹਾ ਕਿਸਹਿ ਬਿਆਪਤ ਮਾਇਆ ॥

ਜਿਸ ਵੇਲੇ ਅਛਲ, ਅਛੇਦ ਪ੍ਰਭੂ ਅਭੇਦਤਾ ਵਿਚ ਆਪ ਸਮਾਇਆ ਹੋਇਆ ਸੀ।

ਉਸ ਵੇਲੇ ਊਹਾ=ਓਥੇ ਮਾਇਆ ਕਿਸ ਨੂੰ ਵਿਆਪ ਰਹੀ ਸੀ?

ਆਪਸ ਕਉ ਆਪਹਿ ਆਦੇਸੁ ॥ ਤਿਹੁ ਗੁਣ ਕਾ ਨਾਹੀ ਪਰਵੇਸੁ ॥

ਜਿਸ ਵੇਲੇ ਆਪਣੇ ਸਰੂਪ ਨੂੰ ਆਪ ਹੀ ਨਮਸ਼ਕਾਰ ਕਰਦਾ ਸੀ।

ਤਿਸ ਵੇਲੇ ਸਤੋ, ਰਜੋ, ਤਮੋ ਰੂਪ ਤਿੰਨਾਂ ਗੁਣਾਂ ਦਾ ਉਸ ਵਿਚ ਕੋਈ ਪ੍ਰਵੇਸ਼ ਨਹੀਂ ਸੀ।

ਜਹ ਏਕਹਿ ਏਕ ਏਕ ਭਗਵੰਤਾ ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥

ਜਿਸ ਵੇਲੇ ਇਕੋ ਇਕ ਭਗਵੰਤ ਇਕ ਹੀ ਸਰੂਪ ਸੀ। ਉਸ ਵੇਲੇ ਅਚਿੰਤੁ=ਬੇਫਿਕਰ ਕੌਣ ਸੀ ਅਤੇ ਕਿਸ ਨੂੰ ਚਿੰਤਾ=ਫਿਕਰ ਲਗ ਰਿਹਾ ਸੀ?

ਜਹ ਆਪਨ ਆਪੁ ਆਪਿ ਪਤੀਆਰਾ ॥ ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥

ਜਿਸ ਵੇਲੇ ਆਪਣੇ ਆਪ ਉੱਤੇ ਆਪ ਹੀ ਪਤੀਆਰਾ=ਭਰੋਸਾ ਕਰਨ ਵਾਲਾ ਸੀ।

ਉਸ ਵੇਲੇ ਕਥਨ ਕਰਨ ਵਾਲਾ ਕੌਣ ਸੀ ਅਤੇ ਸੁਣਨ ਵਾਲਾ ਕੌਣ ਸੀ?

ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥ ੬ ॥

ਉਹ ਪਰਮੇਸ਼ਰ ਬਹੁ ਬੇਅੰਤ=ਵੱਡਾ ਬੇਅੰਤ ਹੈ ਤੇ ਉਚਿਆਂ ਤੋਂ ਉੱਚਾ ਹੈ।

ਗੁਰੂ ਜੀ ਕਥਨ ਕਰਦੇ ਹਨ-ਆਪਣੇ ਆਪ ਨੂੰ ਆਪ ਹੀ ਪਹੂਚਾ=ਪੁਜਦਾ ਹੈ।

ਉਸ ਵਰਗਾ ਹੋਰ ਕੋਈ ਨਹੀਂ ॥ ੬ ॥

(ਅਗਲੀਆਂ ਦੋ ਪਉੜੀਆਂ ਵਿਚ ਸ੍ਰਿਸ਼ਟੀ ਦੀ ਉਤਪਤੀ ਦਾ ਵਰਣਨ ਕਰਦੇ ਹਨ।)

ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥

ਜਿਸ ਵੇਲੇ ਜੀਵਾਂ ਦੇ ਕਰਮ ਫਲ ਦੇਣ ਨੂੰ ਉਦੇ ਹੋਏ, ਤਿਸ ਵੇਲੇ ਪਰਮੇਸ਼ਰ ਨੇ ਆਪ ਹੀ ਸ੍ਰਿਸ਼ਟੀ ਦਾ ਅਕਾਰ ਰਚਨਾ ਕੀਤਾ। ਇਸ ਦਾ ਸਾਰਾ ਪਸਾਰਾ (ਤੰਦੁਣ ਤਾਣਾ) ਸਤੋ ਰਜੋ ਤਮੋ ਰੂਪ ਤਿੰਨਾਂ ਗੁਣਾਂ ਵਿਚ ਕੀਤਾ ਹੈ।

[ਪੰਨਾ ੨੯੨]

ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥

ਤਿਸ ਵੇਲੇ ਪਾਪਾਂ ਪੁੰਨਾਂ ਦੀ ਕਹਾਣੀ ਸ਼ੁਰੂ ਹੋ ਗਈ ਕਿ ਅਸ਼ੁਭ ਕਰਮਾਂ ਦੇ ਕਰਨ ਨਾਲ ਪਾਪਾਂ ਦੀ ਉਤਪਤੀ ਹੁੰਦੀ ਹੈ ਅਤੇ ਸ਼ੁਭ ਕਰਮਾਂ ਦੇ ਕਰਨ ਨਾਲ ਪੁੰਨਾਂ ਦੀ ਉਤਪਤੀ ਹੁੰਦੀ ਹੈ। ਉਨ੍ਹਾਂ ਪਾਪਾਂ ਪੁੰਨਾਂ ਦੁਆਰੇ ਹੀ ਕੋਈ ਨਰਕਾਂ ਨੂੰ ਤੇ ਕੋਈ ਸੁਰਗਾਂ ਨੂੰ ਬੰਛਾਵਤ=ਚਾਹੁਣ ਲਗ ਪਏ।

ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥

ਆਲ=ਘਰ ਦੇ ਜਾਲ ਤੇ ਮਾਇਆ ਦੇ ਜੰਜਾਲ ਪੈਣੇ ਸ਼ੁਰੂ ਹੋ ਗਏ। ਹੰਗਤਾ ਮਮਤਾ, ਮੋਹ ਭਰਮ ਭੈ ਅਤੇ ਪਾਪਾਂ ਦੇ ਭਾਰ ਵਧਣੇ ਸ਼ੁਰੂ ਹੋ ਗਏ।

ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥

ਕਿਸੇ ਨੂੰ ਦੁਖ, ਕਿਸੇ ਨੂੰ ਸੁਖ, ਕਿਸੇ ਨੂੰ ਮਾਨ ਤੇ ਕਿਸੇ ਨੂੰ ਅਪਮਾਨ=ਨਿਰਾਦਰ ਪ੍ਰਾਪਤ ਹੋਣਾ ਸ਼ੁਰੂ ਹੋ ਗਿਆ। ਜਿਸ ਦਾ ਬਖ੍ਯਾਨ=ਵਖਿਆਨ (ਕਥਨ) ਅਨੇਕ ਤਰ੍ਹਾਂ ਨਾਲ ਕੀਤਾ ਜਾਂਦਾ ਹੈ।

ਆਪਨ ਖੇਲੁ ਆਪਿ ਕਰਿ ਦੇਖੈ॥ ਖੇਲੁ ਸੰਕੋਚੈ ਤਉ ਨਾਨਕ ਏਕੈ॥ ੭॥

ਇਹ ਜਗਤ ਸਾਰਾ ਉਸ ਦਾ ਆਪਣਾ ਖ਼ੇਲ ਹੈ, ਇਸ ਖੇਲ ਨੂੰ ਆਪ ਹੀ ਕਰਦਾ ਹੈ ਆਪ ਹੀ ਦੇਖਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਆਪਣੇ ਖੇਲ ਨੂੰ ਸੰਕੋਚਦਾ ਹੈ ਭਾਵ ਆਪਣੀ ਖੇਡ ਨੂੰ ਸਮੇਟ ਲੈਂਦਾ ਹੈ ਤਾਂ ਫਿਰ ਇਕ ਦਾ ਇਕ ਹੋ ਜਾਂਦਾ ਹੈ॥ ੭॥

*ਯਥਾ:-**ਅਨੇਕ ਹੈਂ ॥ ਫਿਰਿ ਏਕ ਹੈਂ॥*** *(ਜਾਪੁ ਸਾਹਿਬ)*

*ਤਥਾ:- **ਆਪਹਿ ਏਕ ਆਪਹਿ ਅਨੇਕ॥*** *(ਗਉੜੀ ਸੁਖਮਨੀ, ਪੰਨਾ ੨੭੯)*

ਜਹ ਅਬਿਗਤੁ ਭਗਤੁ ਤਹ ਆਪਿ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ॥

ਇਸ ਜਗ੍ਹਾ ਅਬਿਗਤੁ=ਕਠਨ ਪ੍ਰਾਪਤੀ ਵਾਲਾ ਪਰਮੇਸ਼ਰ ਆਪ ਇਸਥਿਤ ਹੈ ਉਥੇ ਹੀ ਉਸ ਦੇ ਭਗਤ ਹਨ ਜਿਥੇ ਉਸ ਦੇ ਭਗਤ ਬੈਠੇ ਹਨ ਉਥੇ ਉਹ ਆਪ ਪਰਮੇਸ਼ਰ ਆ ਜਾਂਦਾ ਹੈ।

ਜਹ=ਜਿਥੇ ਭੀ ਜਿਤਨਾ ਕੁ ਪਸਾਰਾ ਪਸਾਰਿਆ ਹੈ ਤਿਥੇ ਸੰਤਾਂ ਦੇ ਪ੍ਰਤਾਪ ਵਧਾਉਣ ਵਾਸਤੇ ਪਸਾਰਿਆ ਹੈ।

ਦੁਹੂ ਪਾਖ ਕਾ ਆਪਹਿ ਧਨੀ॥ ਉਨ ਕੀ ਸੋਭਾ ਉਨਹੂ ਬਨੀ॥

ਲੋਕ ਪ੍ਰਲੋਕ, ਵਾ:-ਭਗਤ ਅਭੱਗਤ ਰੂਪ ਦੋਹਾਂ ਪੱਖਾਂ ਦਾ ਉਹ ਆਪ ਹੀ ਧਨੀ=ਮਾਲਕ ਹੈ। ਉਸ ਪਰਮੇਸ਼ਰ ਦੀ ਸ਼ੋਭਾ ਉਸੇ ਨੂੰ ਹੀ ਬਣ ਰਹੀ ਹੈ।

ਆਪਹਿ ਕਉਤਕ ਕਰੈ ਅਨਦ ਚੋਜ॥ ਆਪਹਿ ਰਸ ਭੋਗਨ ਨਿਰਜੋਗ॥

ਅਨੰਦ=ਦਾਇਕ ਜਿਸ ਦੇ ਚੋਜ ਹਨ ਉਹ ਪਰਮੇਸ਼ਰ ਆਪ ਹੀ ਸੰਸਾਰ ਕੌਤਕ ਨੂੰ ਕਰਦਾ ਹੈ। ਵਾ:-ਉਹ ਪਰਮੇਸ਼ਰ ਆਪ ਹੀ ਅਨੰਦ-ਦਾਇਕ ਚੋਜ=ਅਸਚਰਜ ਕੌਤਕਾਂ ਨੂੰ ਕਰਦਾ ਹੈ। ਆਪ ਹੀ ਰਸਾਂ ਨੂੰ ਭੋਗਦਾ ਹੈ, ਆਪ ਹੀ ਇਨ੍ਹਾਂ ਰਸਾਂ ਤੋਂ ਨਿਰਜੋਗ=ਨਿਰਬੰਧ ਭਾਵ ਅਸੰਗ ਹੈ।

ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ॥

ਜਿਸ ਨੂੰ ਭਾਵੈ=ਚਾਹੁੰਦਾ ਹੈ ਉਸ ਨੂੰ ਉਹ ਪਰਮੇਸ਼ਰ ਆਪਣੇ ਨਾਮ ਜਪਣ ਵਿਚ ਲਾ ਲੈਂਦਾ ਹੈ। ਜਿਸ ਨੂੰ ਭਾਵੈ=ਚਾਹੁੰਦਾ ਹੈ ਉਸ ਨੂੰ ਸੰਸਾਰ ਦੀ ਖੇਡ ਵਿਚ ਖਿਡਾਉਂਦਾ ਹੈ।

ਬੇਸੁਮਾਰ ਅਥਾਹ ਅਗਨਤ ਅਤੋਲੈ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥ ੮॥ ੨੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਆਪ ਬੇਸੁਮਾਰ=ਬੇਅੰਤ ਹੋ, ਅਥਾਹ ਹੋ, ਅਣਗਿਣਤ ਹੋ, ਤੋਲਣ ਤੋਂ ਰਹਿਤ ਹੋ। ਜਿਵੇਂ ਆਪ ਬੁਲਾਉਂਦੇ ਹੋ ਤਿਵੇਂ ਦਾਸ ਬੋਲਦਾ ਹੈ॥ ੮॥ ੨੧॥

ਸਲੋਕੁ॥ ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥

ਹੇ ਸੂਖਮ ਅਸਥੂਲ ਜੀਆਂ ਜੰਤਾਂ ਦੇ ਸੁਆਮੀ ਪਰਮਾਤਮਾ ! ਤੂੰ ਆਪ ਹੀ ਸਾਰਿਆਂ ਵਿਚ ਵਰਤਣੇ ਵਾਲਾ ਹੈਂ।

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਦ ਤੂੰ ਇਕ ਹੀ ਸਾਰੇ ਪਸਰ ਰਿਹਾ ਹੈਂ ਤਾਂ ਦੂਜਾ ਕੋਈ ਕਿਥੇ ਨਿਗਾਹ

ਆਉਂਦਾ ਹੈ॥ ੧॥

ਅਸਟਪਦੀ॥

ਆਪਿ ਕਥੈ ਆਪਿ ਸੁਨਨੈਹਾਰੁ॥ ਆਪਹਿ ਏਕੁ ਆਪਿ ਬਿਸਥਾਰੁ॥

ਹੇ ਪ੍ਰਭੂ ! ਤੂੰ ਆਪ ਹੀ ਕਥਨ ਕਰਨ ਵਾਲਾ ਹੈਂ, ਆਪ ਹੀ ਸੁਣਨ ਵਾਲਾ ਹੈਂ।

ਇਕ ਰੂਪ ਭੀ ਤੂੰ ਆਪ ਹੈਂ। ਬਿਸਥਾਰੁ=ਅਨੇਕ ਰੂਪ ਭੀ ਤੂੰ ਆਪ ਹੈਂ।

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥ ਆਪਨੈ ਭਾਣੈ ਲਏ ਸਮਾਏ॥

ਜਿਸ ਵੇਲੇ ਤਿਸੁ=ਆਪ ਜੀ ਨੂੰ ਭਾਉਂਦਾ ਹੈ ਤਾਂਹੀ ਤੂੰ ਸ੍ਰਿਸ਼ਟੀ ਨੂੰ ਉਤਪੰਨ ਕਰਦਾ ਹੈਂ। ਫਿਰ ਆਪਣੇ ਭਾਣੇ ਵਿਚ ਹੀ ਸ੍ਰਿਸ਼ਟੀ ਨੂੰ ਸਮਾਏ=ਸਮੇਟ ਲੈਂਦਾ ਹੈਂ।

ਤੁਮ ਤੇ ਭਿੰਨ ਨਹੀ ਕਿਛੁ ਹੋਇ॥ ਆਪਨ ਸੂਤਿ ਸਭੁ ਜਗਤੁ ਪਰੋਇ॥

ਹੇ ਪ੍ਰਭੂ ! ਆਪ ਜੀ ਦੇ ਹੁਕਮ ਤੋਂ ਭਿੰਨ=ਬਿਨਾਂ ਕੁਝ ਭੀ ਨਹੀਂ ਹੁੰਦਾ। ਤੁਸਾਂ ਨੇ ਆਪਣੇ ਹੁਕਮ ਰੂਪੀ ਸੂਤਰ, ਵਾ:-ਸੱਤਾ ਰੂਪੀ ਸੂਤਰ ਵਿਚ ਸਾਰੇ ਜਗਤ ਨੂੰ ਪਰੋ ਰਖਿਆ ਹੈ।

ਜਾ ਕਉ ਪ੍ਰਭ ਜੀਉ ਆਪਿ ਬੁਝਾਏ॥ ਸਚੁ ਨਾਮੁ ਸੋਈ ਜਨੁ ਪਾਏ॥

ਹੇ ਪ੍ਰਭ ਜੀਉ ! ਜਿਸ ਨੂੰ ਆਪ ਸਮਝਾ ਦਿੰਦੇ ਹੋ। ਉਹੀ ਪੁਰਸ਼ ਸੱਚ ਨਾਮ ਨੂੰ ਪਾ ਲੈਂਦਾ ਹੈ।

ਸੋ ਸਮਦਰਸੀ ਤਤ ਕਾ ਬੇਤਾ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ॥ ੧॥

ਉਹੀ ਸਮਦ੍ਰਿਸ਼ਟੀ ਹੈ, ਉਹੀ ਤਤ ਵਸਤੂ ਦੇ ਬੇਤਾ=ਜਾਣਨ ਵਾਲਾ ਹੈ।

ਗੁਰੂ ਜੀ ਕਥਨ ਕਰਦੇ ਹਨ ਉਹੀ ਸਾਰੀ ਸ੍ਰਿਸ਼ਟੀ ਦੇ ਜੇਤਾ=ਜਿੱਤਨੇ ਵਾਲਾ ਹੈ॥ ੧॥

ਜੀਅ ਜੰਤ੍ਰ ਸਭ ਤਾ ਕੈ ਹਾਥ॥ ਦੀਨ ਦਇਆਲ ਅਨਾਥ ਕੋ ਨਾਥੁ॥

ਸਾਰੇ ਸੂਖਮ ਅਸਥੂਲ ਜੀਆ ਜੰਤ ਉਸ ਪ੍ਰਭੂ ਦੇ ਹਥ ਵਿਚ ਹਨ। ਉਹ ਅਨਾਥਾਂ ਦਾ ਨਾਥ ਦੀਨ ਦਇਆਲ=ਗਰੀਬਾਂ ਪਰ ਦਿਆਲੂ ਹੁੰਦਾ ਹੈ।

ਜਿਸੁ ਰਾਖੈ ਤਿਸੁ ਕੋਇ ਨ ਮਾਰੈ॥

ਜਿਸਨੂੰ ਉਹ ਪ੍ਰਭੂ ਹਥ ਦੇ ਕੇ ਰਖਦਾ ਹੈ। ਉਸ ਨੂੰ ਕੋਈ ਨਹੀਂ ਮਾਰ ਸਕਦਾ।

ਸਾਖੀ-ਹਰਨੀ ਦੀ

ਇਕ ਹਰਨੀ ਗਰਭਵਤੀ ਜੰਗਲ ਵਿਚ ਆਪਣੇ ਸੁਖ ਦੀ ਨੀਂਦ ਵਿਖੇ ਸੁਤੀ ਪਈ ਸੀ। ਜਦ ਸ਼ਿਕਾਰੀ ਨੇ ਦੂਰੋਂ ਆ ਕੇ ਵੇਖਿਆ ਕਿ ਹਰਨੀ ਸੁਤੀ ਹੋਈ ਹੈ ਤਾਂ ਉਸਨੇ ਹਰਨੀ ਦੇ ਚਾਰੇ ਰਸਤੇ ਬੰਦ ਕਰ ਦਿੱਤੇ। ਇਕ ਪਾਸੇ ਜਾਲ ਤਾਣ ਦਿੱਤਾ, ਦੂਜੇ ਪਾਸੇ ਅੱਗ ਬਾਲ ਦਿੱਤੀ। ਤੀਜੇ ਪਾਸੇ ਸ਼ਿਕਾਰੀ ਕੁੱਤਾ ਖੜਾ ਕਰ ਦਿੱਤਾ ਅਤੇ ਚੌਥੇ ਪਾਸੇ ਧਨੁੱਸ਼ ਬਾਣ ਖਿੱਚ ਕੇ ਆਪ ਖਲੋ ਗਿਆ। ਅੱਗ ਦੇ ਭਾਂਬੜ ਮਚਨ ਦੀ ਅਵਾਜ਼ ਸੁਣਕੇ ਜਾਂ ਅੱਗ ਦਾ ਸੇਕ ਲਗਣ ਕਰਕੇ ਜਦੋਂ ਹਰਨੀ ਉੱਠ ਕੇ ਦੌੜੀ ਤਾਂ ਕੀ ਵੇਖਿਆ ਕਿ ਅੱਗੇ ਜਾਲ ਤਣਿਆ ਹੋਇਆ ਹੈ। ਦੂਜੇ ਪਾਸੇ ਗਈ ਤਾਂ ਕੁੱਤਾ ਖਲੋਤਾ ਹੈ, ਤੀਜੇ ਪਾਸੇ ਬਾਣ ਖਿੱਚਕੇ ਸ਼ਿਕਾਰੀ ਆਪ ਖਲੋਤਾ ਹੈ। ਸਭ ਰਸਤੇ ਬੰਦ

ਵੇਖਕੇ ਉਸ ਵੇਲੇ ਨਿਰਾਸ ਹੋ ਕੇ ਪ੍ਰਭੂ ਨੂੰ ਯਾਦ ਕਰਦੀ ਹੋਈ ਇਸ ਤਰ੍ਹਾਂ ਬੇਨਤੀ ਕਰਨ ਲਗੀ-

ਸੰਕਟ ਕਟੋ ਮੁਰਾਰੀ ਹਮਰਾ ਸੰਕਟ ਕਟੋ ਮੁਰਾਰੀ।
ਸੰਕਟ ਮਹਿ ਇਕ ਸੰਕਟ ਬਨਿਓ ਅਰਜ਼ ਕਰੇ ਮ੍ਰਿਗ ਨਾਰੀ।
ਏਕ ਓਰ ਲੇ ਵਾਵਰ ਗਾਡੀ, ਏਕ ਓਰ ਅੱਗ ਜਾਰੀ।
ਏਕ ਓਰ ਸੁਆਨ ਕੀਓ ਠਾਂਢੋ, ਏਕ ਓਰ ਫੰਧਕਾਰੀ।

ਉਸੀ ਵੇਲੇ ਭਗਵਾਨ ਨੇ ਆਪਣੇ ਸੰਕਲਪ ਮਾਤ੍ਰ ਉਸ ਦੇ ਚਾਰੇ ਰਸਤੇ ਖੋਲ੍ਹ ਦਿੱਤੇ।

ਉਲਟਤ ਪਵਨ ਲੈ ਵਾਵਰ ਜਾਰੀ, ਸੁਆਨ ਗਹਿਓ ਸਸਕਾਕੀ।
ਭੂਮਿ ਹੀ ਤੇ ਸਰਪ ਜੋ ਨਿਕਸਿਓ, ਜਾਇ ਡਸਿਓ ਫੰਧਕਾਰੀ।
ਕੂਦਤ ਫਾਧਤ ਮ੍ਰਿਗਨੀ ਨਿਕਸੀ, ਉਬਰੀ ਸਰਨ ਤਿਹਾਰੀ।

ਪਹਿਲੇ ਬੜੇ ਜ਼ੋਰ ਦੀ ਹਨੇਰੀ ਚੱਲੀ ਜਿਸਨੇ ਜਾਲ ਤੋੜ ਅੱਗ ਵਿਚ ਪਾ ਦਿਤਾ, ਤੇ ਨਾਲ ਹੀ ਵਰਖਾ ਦੇ ਪੈਣ ਕਰਕੇ ਅੱਗ ਵੀ ਬੁਝ ਗਈ। ਜਦੋਂ ਸ਼ਿਕਾਰੀ ਬਾਣ ਮਾਰਨ ਲੱਗਾ ਤਾਂ ਐਨ ਉਸੇ ਵੇਲੇ ਖੁੱਡ ਵਿਚੋਂ ਨਿਕਲ ਕੇ ਇਕ ਕਾਲੇ ਸੱਪ ਨੇ ਸ਼ਿਕਾਰੀ ਦੇ ਪੈਰ ਤੇ ਡੰਗ ਮਾਰਿਆ। ਇਸ ਕਰਕੇ ਸ਼ਿਕਾਰੀ ਦਾ ਹੱਥ ਹਿਲ ਗਿਆ ਤੇ ਬਾਣ ਮ੍ਰਿਗੀ ਦੇ ਬਜਾਏ ਕੁੱਤੇ ਨੂੰ ਜਾ ਵੱਜਾ ਤੇ ਕੁੱਤਾ ਤੇ ਸ਼ਿਕਾਰੀ ਦੋਵੇਂ ਮਿਰਤੂ ਹੋ ਗਏ। ਇਸ ਤਰ੍ਹਾਂ ਭਗਵਾਨ ਨੇ ਹਰਨੀ ਦੇ ਚਾਰੇ ਰਸਤੇ ਖੋਲ੍ਹ ਦਿੱਤੇ ਤੇ ਹਰਨੀ ਬੜੇ ਅਨੰਦ ਨਾਲ ਜੰਗਲ ਵਿਖੇ ਵਿਚਰਨ ਲਗ ਪਈ।

ਸੋ ਮੂਆ ਜਿਸੁ ਮਨਹੁ ਬਿਸਾਰੈ॥

ਮਰਦਾ ਉਹੀ ਹੈ ਜਿਸਨੂੰ ਪਰਮੇਸ਼ਰ ਆਪਣੇ ਮਨ ਵਿਚੋਂ ਬਿਸਾਰੈ=ਭੁਲਾ ਦਿੰਦਾ ਹੈ।

ਸਾਖੀ-ਰਾਜੇ ਪ੍ਰੀਛਤ ਦੀ

ਇਕ ਸਮੇਂ ਰਾਜਾ ਪ੍ਰੀਛਤ ਸ਼ਿਕਾਰ ਖੇਡਣ ਲਈ ਜੰਗਲ ਵਿਖੇ ਗਿਆ ਤੇ ਇਸ ਦੇ ਅਗੋਂ ਦੀ ਇਕ ਹਰਨ ਨਿਕਲਿਆ, ਪਰ ਉਹ ਹੱਥ ਨਾ ਆਇਆ। ਰਾਜੇ ਨੇ ਜਤਨ ਤਾਂ ਬੜੇ ਕੀਤੇ ਪਰ ਸ਼ਿਕਾਰ ਨਾ ਮਿਲਿਆ। ਰਸਤੇ ਵਿਚ ਇਕ ਜਗ੍ਹਾ ਵਿਭਾਡਵ ਰਿਖੀ ਤਪ ਕਰ ਰਿਹਾ ਸੀ। ਇਸ ਪਾਸੋਂ ਆ ਕੇ ਰਾਜੇ ਨੇ ਪੁਛਿਆ ਕਿ ਹਰਨ ਕਿਸ ਪਾਸੇ ਗਿਆ ਹੈ? ਰਿਖੀ ਆਪਣੇ ਧਿਆਨ ਵਿਚ ਮਸਤ ਸੀ ਰਾਜੇ ਨੂੰ ਕੋਈ ਉੱਤਰ ਨਾ ਦਿੱਤਾ। ਰਾਜੇ ਨੂੰ ਬੜਾ ਗੁੱਸਾ ਆਇਆ ਤੇ ਉਸਨੇ ਪਾਸ ਹੀ ਇਕ ਮਰਿਆ ਹੋਇਆ ਸੱਪ ਵੇਖਕੇ ਧਨੁੱਸ਼ ਦੇ ਗੋਸ਼ੇ ਨਾਲ ਚੁੱਕ ਕੇ ਰਿਖੀ ਦੇ ਗਲ ਵਿਚ ਪਾ ਦਿੱਤਾ।

ਰਾਜਾ ਤਾਂ ਆਪਣੇ ਰਾਜ ਮੰਦਰਾਂ ਵਿਖੇ ਆ ਗਿਆ ਤੇ ਕੁਝ ਸਮੇਂ ਤੋਂ ਬਾਅਦ ਵਿਭਾਡਵ ਰਿਖੀ ਦਾ ਸ਼ਿਸ਼ ਸਿੰਙੀ ਰਿਖੀ ਬ੍ਰਹਮ ਲੋਕ ਵਿਚੋਂ ਵਰ ਲੈ ਕੇ ਆਇਆ ਕਿ "ਮੈਂ ਜੋ ਭੀ ਬਚਨ ਕਹਾਂ ਪੂਰਾ ਹੁੰਦਾ ਜਾਏ।" ਜਦ ਗੁਰੂ ਜੀ ਪਾਸ ਆ ਕੇ ਪਹੁੰਚਾ ਤਾਂ ਕੀ ਵੇਖਦਾ ਹੈ ਕਿ ਮੇਰੇ ਗੁਰੂ ਜੀ ਦੇ ਗਲੇ ਵਿਚ ਕਿਸੇ ਨੇ ਮਰਿਆ ਹੋਇਆ ਸੱਪ ਪਾਇਆ ਹੈ। ਪੜਤਾਲ ਕਰਨ ਤੋਂ ਪਤਾ ਲਗਾ ਕਿ ਰਾਜੇ ਪ੍ਰੀਛਤ ਨੇ ਪਾਇਆ ਹੈ। ਉਸੀ ਵੇਲੇ ਸਰਾਪ ਦੇ ਦਿੱਤਾ ਕਿ ਜਿਸਨੇ ਭੀ ਮੇਰੇ ਗੁਰੂ ਜੀ ਦੇ ਗਲ ਵਿਚ ਸੱਪ ਪਾਇਆ ਹੈ ਉਹ ਸੱਤਾ ਦਿਨਾਂ ਦੇ ਵਿਚ ਹੀ ਸੱਪ ਦੀ ਮੌਤੇ ਮਰ ਜਾਵੇ। ਇਸ ਸਰਾਪ ਦਾ ਪਤਾ ਜਦ ਵਿਭਾਡਵ ਰਿਖੀ ਨੂੰ ਲਗਾ ਤਾਂ ਉਸਨੇ ਆਪਣੇ ਸ਼ਿਸ਼ ਸਿੰਙੀ ਰਿਖੀ ਨੂੰ ਕਿਹਾ ਕਿ ਤੂੰ ਬਹੁਤ ਮਾੜਾ ਕੰਮ ਕੀਤਾ ਹੈ। ਰਾਜਾ ਤਾਂ ਬਹੁਤ ਧਰਮਾਤਮਾ ਹੈ ਤੂੰ ਉਸਨੂੰ ਸਰਾਪ ਕਿਉਂ ਦਿੱਤਾ ਹੈ? ਸਿੰਙੀ ਰਿਖੀ ਨੇ ਕਿਹਾ-ਉਸ ਨੇ ਆਪ ਜੀ ਦੇ ਗਲ ਵਿਚ ਸੱਪ ਕਿਉਂ ਪਾਇਆ ਹੈ? ਗੁਰੂ ਜੀ-ਉਸਨੇ ਨਹੀਂ ਪਾਇਆ ਇਸ ਪਾਸੋਂ ਕਲਜੁਗ ਨੇ ਪਵਾਇਆ ਹੈ। ਕਿਉਂਕਿ ਇਕ ਸਮੇਂ ਉਸਨੂੰ ਕਲਜੁਗ ਆ

ਕੇ ਮਿਲਿਆ ਤੇ ਕਿਹਾ-ਹੇ ਰਾਜਨ ! ਮੈਂ ਕਿੱਥੇ ਰਹਾਂ? ਰਾਜੇ ਨੇ ਕਿਹਾ-ਜਿਥੇ, ਜੁਆਰੀਏ ਚੋਰ, ਯਾਰ ਵਗੈਰਾ ਹੋਣ ਉਥੇ ਰਿਹਾ ਕਰ। ਕਲਜੁਗ ਨੇ ਕਿਹਾ-ਕਿਸੇ ਚੰਗੀ ਜਗ੍ਹਾ ਪਰ ਨਿਵਾਸ ਦੇਵੋ, ਤਾਂ ਰਾਜੇ ਨੇ ਕਿਹਾ ਸੋਨੇ ਪਰ ਭੀ ਨਿਵਾਸ ਕਰ ਸਕਦਾ ਹੈਂ। ਇਹ ਸੁਣਕੇ ਕਲਜੁਗ ਚਲਾ ਗਿਆ।

ਜਿਸ ਵੇਲੇ ਇਹ ਰਾਜਾ ਮੇਰੇ ਪਾਸ ਆਇਆ ਸੀ ਤਾਂ ਉਸ ਵੇਲੇ ਕਲਜੁਗ ਮੱਖੀ ਦਾ ਰੂਪ ਧਾਰ ਕੇ ਇਸ ਦੇ ਸੁਨਹਿਰੀ ਮੁਕਟ ਤੇ ਬੈਠਾ ਹੋਇਆ ਸੀ। ਉਸ ਕਲਜੁਗ ਨੇ ਬਿਪ੍ਰੀਤ ਬੁੱਧੀ ਕਰਵਾ ਕੇ ਇਸ ਪਾਸੋਂ ਮੇਰੇ ਗਲੇ ਵਿਚ ਸੱਪ ਪਵਾਇਆ ਹੈ। ਇਸ ਲਈ ਇਸ ਨੂੰ ਸਰਾਪ ਨਹੀਂ ਸੀ ਦੇਣਾ ਚਾਹੀਦਾ। ਸਿੰਙੀ ਰਿਖੀ ਨੇ ਕਿਹਾ-ਮੇਰਾ ਬਚਨ ਅਟੱਲ ਹੈ ਇਹ ਅਵੱਸ਼ ਪੂਰਾ ਹੋ ਕੇ ਰਹੇਗਾ। ਉਸ ਵੇਲੇ ਵਿਭਾਡਵ ਰਿਖੀ ਨੇ ਰਾਜੇ ਨੂੰ ਪਤਾ ਭੇਜ ਦਿੱਤਾ ਕਿ ਤੂੰ ਸੱਤਾਂ ਦਿਨਾਂ ਨੂੰ ਮਰ ਜਾਣਾ ਹੈ, ਆਪਣਾ ਬੰਦੋਬਸਤ ਕਰ ਲੈ।

ਜਿਸ ਵੇਲੇ ਰਾਜੇ ਪ੍ਰੀਛਤ ਨੇ ਇਹ ਸਰਾਪ ਸੁਣਿਆ ਤਾਂ ਉਸ ਵੇਲੇ ਆਪਣੀ ਜਾਨ ਬਚਾਉਣ ਵਾਸਤੇ ਮੰਤ੍ਰੀਆਂ ਨੂੰ ਹੁਕਮ ਦੇ ਕੇ ਗੰਗਾ ਦੇ ਚਲਦੇ ਪਰਵਾਹ ਵਿਚ ਸ਼ੀਸ਼ ਮਹਿਲ ਉਸਰਾਵਣਾ ਕੀਤਾ, ਜਿਸ ਵਿਚ ਕੀੜੀ ਜਾਂਦੀ ਵੀ ਨਿਗਾਹ ਆਵੇ।

ਉਸ ਸ਼ੀਸ਼ ਮਹੱਲ ਵਿਚ ਸੁਕਦੇਵ ਰਿਖੀ ਜੀ ਪਾਸੋਂ ਸ੍ਰੀ ਮਦ ਭਾਗਵਤ ਦਾ ਪਾਠ ਰਖਵਾ ਦਿੱਤਾ ਤੇ ਇਕਾਗਰ ਚਿੱਤ ਹੋ ਕੇ ਪਾਠ ਸੁਣਦਾ ਰਿਹਾ।

ਜਿਸ ਵੇਲੇ ਧਨੰਤਰ ਵੈਦ ਨੂੰ ਪਤਾ ਲਗਾ ਕਿ ਸਿੰਙੀ ਰਿਖੀ ਦੇ ਸਰਾਪ ਕਰਕੇ ਰਾਜੇ ਨੇ ਮਰ ਜਾਣਾ ਹੈ ਤਾਂ ਚਿੱਤ ਵਿਚ ਬੜਾ ਅਫਸੋਸ ਕਰਦਾ ਹੋਇਆ ਤੁਰ ਪਿਆ ਕਿ ਜਿਸ ਤਰ੍ਹਾਂ ਭੀ ਹੋਵੇ ਇਹੋ ਜਿਹੇ ਧਰਮਾਤਮਾ ਰਾਜੇ ਨੂੰ ਬਚਾਉਣਾ ਚਾਹੀਦਾ ਹੈ। ਜਿਸ ਵੇਲੇ ਭੀ ਤੱਛਕ ਰਾਜੇ ਨੂੰ ਮਾਰੇਗਾ, ਮੈਂ ਉਸਨੂੰ ਜਿੰਦਾ ਕਰ ਦਿਆਂਗਾ। ਇਸ ਤਰਫੋਂ ਧਨੰਤਰ ਚਲ ਪਿਆ ਤੇ ਉਸ ਤਰਫੋਂ ਤੱਛਕ ਰਾਜੇ ਪ੍ਰੀਛਤ ਨੂੰ ਮਾਰਨ ਵਾਸਤੇ ਚਲ ਪਿਆ। ਰਾਹ ਵਿਚ ਦੋਹਾਂ ਦਾ ਮੇਲ ਹੋ ਗਿਆ।

ਤੱਛਕ ਨੇ ਪੁਛਿਆ-ਤੂੰ ਕੌਣ ਹੈਂ? ਉਸ ਨੇ ਕਿਹਾ ਮੈਂ ਧਨੰਤਰ ਵੈਦ ਹਾਂ।

ਧਨੰਤਰ ਨੇ ਪੁਛਿਆ-ਤੂੰ ਕੌਣ ਹੈਂ? ਉਸਨੇ ਕਿਹਾ- ਮੈਂ ਤੱਛਕ ਨਾਗ ਹਾਂ।

ਧਨੰਤਰ ਨੇ ਪੁਛਿਆ-ਤੂੰ ਕਿਥੇ ਚਲਿਆ ਹੈਂ? ਤੱਛਕ ਨੇ ਕਿਹਾ-ਮੈਂ ਰਾਜੇ ਪ੍ਰੀਛਤ ਨੂੰ ਮਾਰਨ ਚਲਿਆ ਹਾਂ। ਫਿਰ ਤੱਛਕ ਨੇ ਕਿਹਾ-ਤੂੰ ਕਿਥੇ ਚਲਿਆ ਹੈਂ?

ਧਨੰਤਰ ਨੇ ਕਿਹਾ-ਮੈਂ ਰਾਜੇ ਪ੍ਰੀਛਤ ਨੂੰ ਜਿੰਦਾ ਕਰਨ ਚਲਿਆ ਹਾਂ।

ਤੱਛਕ ਨੇ ਵਿਚਾਰਿਆ ਕਿ ਪਹਿਲਾਂ ਵੇਖੀਏ ਤਾਂ ਸਹੀ ਜੁ ਇਸ ਵਿਚ ਕਿਤਨੀ ਕੁ ਤਾਕਤ ਹੈ। ਉਸ ਨੇ ਧਨੰਤਰ ਨੂੰ ਕਿਹਾ ਪਹਿਲੇ ਤੂੰ ਆਪਣੀ ਤਾਕਤ ਵਿਖਾ ਤੇਰੇ ਵਿਚ ਕਿਤਨਾ ਕੁ ਬਲ ਹੈ। ਧਨੰਤਰ ਨੇ ਕਿਹਾ ਜਿਥੋਂ ਤੀਕ ਮੇਰੀ ਨਿਗਾਹ ਜਾਵੇਗੀ ਕਿਸੇ ਨੂੰ ਮਰਨ ਨਹੀਂ ਦੇਵਾਂਗਾ। ਜੇ ਤੂੰ ਮੇਰਾ ਬਲ ਦੇਖਣਾ ਚਾਹੁੰਦਾ ਹੈਂ ਤਾਂ ਇਹ ਜੋ ਪਿੱਪਲ ਦਾ ਬ੍ਰਿੱਛ ਖਲੋਤਾ ਹੈ, ਇਸ ਨੂੰ ਸਾੜ ਦੇਹ। ਤੱਛਕ ਨੇ ਫੁੰਕਾਰਾ ਮਾਰ ਕੇ ਉਸ ਨੂੰ ਲਕੜਹਾਰੇ ਸਮੇਤ ਹੀ ਭਸਮ ਕਰ ਦਿੱਤਾ।

ਫਿਰ ਧਨੰਤਰ ਨੇ ਕਿਹਾ ਕਿ ਇਸ ਦੀ ਸੁਆਹ ਵੀ ਉਡਾ ਲੈ। ਤੱਛਕ ਨੇ ਦੂਜਾ ਫੁੰਕਾਰਾ ਮਾਰਿਆ ਤੇ ਉਸ ਸੜੇ ਬ੍ਰਿੱਛ ਦੀ ਸੁਆਹ ਵੀ ਉਡਾ ਦਿੱਤੀ। ਉਥੇ ਬਿਲਕੁਲ ਸਾਫ ਜਗ੍ਹਾ ਹੋ ਗਈ ਤੇ ਬ੍ਰਿਛ ਦਾ ਕੋਈ ਨਾਮ ਨਿਸ਼ਾਨ ਵੀ ਨਾ ਰਿਹਾ।

ਜਿਸ ਵੇਲੇ ਧਨੰਤਰ ਨੇ ਉਸ ਖਾਲ੍ਹੀ ਜਗ੍ਹਾ ਵਲ ਨਿਗਾਹ ਭਰ ਕੇ ਵੇਖਿਆ ਤਾਂ ਲਕੜਹਾਰੇ ਸਮੇਤ ਉਸ ਬ੍ਰਿੱਛ ਨੂੰ ਅੱਗੇ ਨਾਲੋਂ ਭੀ ਖੂਬਸੂਰਤ ਡਾਲੀਆਂ, ਪੱਤੇ ਤੇ ਫੁਲਾਂ ਨਾਲ ਹਰਿਆ ਭਰਿਆ ਕਰ ਦਿੱਤਾ, ਕਿਉਂਕਿ ਧਨੰਤਰ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਸੀ।

ਇਸ ਕੌਤਕ ਨੂੰ ਵੇਖਕੇ ਤੱਛਕ ਬੜਾ ਹੈਰਾਨ ਹੋ ਗਿਆ ਤੇ ਦਿਲ ਵਿਚ ਵਿਚਾਰਨ ਲਗਾ ਕਿ ਜਿਸ ਵੇਲੇ ਮੈਂ ਰਾਜੇ ਪ੍ਰੀਛਤ ਨੂੰ ਮਾਰਨਾ ਹੈ ਇਹ ਜਿੰਦਾ ਕਰ ਦੇਵੇਗਾ ਤਾਂ ਤੇ ਪਹਿਲਾਂ ਇਸਨੂੰ ਹੀ ਖਤਮ ਕਰੀਏ।

ਉਸ ਵੇਲੇ ਤੱਛਕ ਨੇ ਧਨੰਤਰ ਨੂੰ ਕਿਹਾ-ਹੇ ਭਾਈ ਮੈਂ ਰਾਜੇ ਨੂੰ ਮਾਰਨਾ ਹੈ ਤੇ ਤੂੰ ਜਿੰਦਾ ਕਰਨਾ ਹੈ। ਇਸ ਤੇ ਤੇਰਾ ਰਾਹ ਹੋਰ ਤੇ ਮੇਰਾ ਰਾਹ ਹੋਰ ਹੋਣਾ ਚਾਹੀਦਾ ਹੈ, ਇਤਨੀ ਗੱਲ ਆਖਕੇ ਦੋਵੇਂ ਅੱਡ ਅੱਡ ਰਸਤਿਆਂ ਪਰ ਤੁਰ ਪਏ। ਤੱਛਕ ਬੜਾ ਕਪਟੀ ਸੀ, ਇਸਨੇ ਸੋਹਣੀ ਸੋਟੀ ਦਾ ਰੂਪ ਧਾਰਿਆਂ ਤੇ ਜਿਸ ਰਸਤੇ ਧਨੰਤਰ ਜਾ ਰਿਹਾ ਸੀ, ਅੱਗੇ ਜਾ ਕੇ ਲੰਮਾ ਪੈ ਗਿਆ। ਜਦ ਚਲਦਾ ਚਲਦਾ ਧਨੰਤਰ ਉਥੇ ਪੁਜਾ ਤਾਂ ਸੋਹਣੀ ਸੋਟੀ ਵੇਖਕੇ ਚੁੱਕ ਲਈ। ਜਦੋਂ ਪਿਠ ਵਿਚ ਖੁਰਕ ਹੋਈ ਤਾਂ ਇਸੇ ਸੋਟੀ ਨਾਲ ਖੁਰਕਣ ਲਗ ਪਿਆ। ਤੱਛਕ ਨਾਗ ਨੇ ਉਸ ਵੇਲੇ ਪਿਠ ਵਿਚ ਅਜੇਹਾ ਡੰਗ ਮਾਰਿਆ ਕਿ ਧਨੰਤਰ ਵੈਦ ਉਥੇ ਹੀ ਮਿਰਤੂ ਹੋ ਗਿਆ।, ਕਿਉਂਕਿ ਪਿਠ ਪਿੱਛੇ ਨਿਗਾਹ ਨਹੀਂ ਸੀ ਜਾ ਸਕਦੀ।

ਜਿਸ ਬਾਗ ਵਿਚ ਮਾਲੀ ਫੁੱਲ ਤੋੜ ਰਿਹਾ ਸੀ। ਤੱਛਕ ਕੀੜੀ ਦਾ ਨਿਕਾ ਜਿਹਾ ਰੂਪ ਧਾਰਕੇ ਇਕ ਫੁਲ ਵਿਚ ਪ੍ਰਵੇਸ਼ ਕਰ ਗਿਆ। ਉਹੀ ਫਲ ਤੋੜਕੇ ਮਾਲੀ ਨੇ ਸ਼ੀਸ਼ ਮਹੱਲ ਵਿਚ ਪਹੁੰਚਾ ਦਿੱਤੇ। ਜਦ ਸੁਕਦੇਵ ਰਿਖੀ ਜੀ ਨੇ ਕਥਾ ਦਾ ਭੋਗ ਪਾਕੇ ਰਾਜੇ ਨੂੰ ਫੁੱਲਾਂ ਦਾ ਪ੍ਰਸ਼ਾਦ ਦਿਤਾ। ਉਨ੍ਹਾਂ ਫੁਲਾਂ ਨੂੰ ਸੁੰਘਦਿਆਂ ਸਾਰ ਰਾਜਾ ਮਿਰਤੂ ਹੋ ਗਿਆ।

ਤਿਸੁ ਤਜਿ ਅਵਰ ਕਹਾ ਕੋ ਜਾਇ॥ ਸਭ ਸਿਰਿ ਏਕੁ ਨਿਰੰਜਨ ਰਾਇ॥

ਉਸ ਪਰਮੇਸ਼ਰ ਨੂੰ ਤਿਆਗਕੇ ਭਾਵ ਛਡਕੇ ਹੋਰ ਕਿਹੜੀ ਥਾਂ ਹੈ ਜਿਥੇ ਕੋਈ ਜਾਵੇ।

ਸਾਰਿਆਂ ਦੇ ਸਿਰ ਉੱਤੇ ਆਸਰਾ ਰੂਪ ਇਕ ਨਿਰੰਜਨ ਹੀ ਰਾਜਾ ਹੈ।

ਜੀਅ ਕੀ ਜੁਗਤਿ ਜਾ ਕੈ ਸਭ ਹਾਥਿ॥ ਅੰਤਰਿ ਬਾਹਰਿ ਜਾਨਹੁ ਸਾਥਿ॥

ਸਾਰਿਆਂ ਜੀਵਾਂ ਦੀ ਜੁਗਤੀ ਜਿਸ ਪ੍ਰਭੂ ਦੇ ਹਥ ਵਿਚ ਹੈ। ਉਸਨੂੰ ਆਪਣੇ ਅੰਦਰ ਬਾਹਰ ਦਾ ਸਾਥੀ ਜਾਣਨਾ ਕਰੋ।

ਗੁਨ ਨਿਧਾਨ ਬੇਅੰਤ ਅਪਾਰ॥ ਨਾਨਕ ਦਾਸ ਸਦਾ ਬਲਿਹਾਰ॥ ੨॥

ਉਹ ਪ੍ਰਭੂ ਸ਼ੁਭ ਗੁਣਾਂ ਦਾ ਨਿਧਾਨ=ਖਜ਼ਾਨਾ ਹੈ, ਬੇਅੰਤ ਹੈ, ਅਪਾਰ=ਪਾਰਾਵਾਰ ਤੋਂ ਰਹਿਤ ਹੈ।

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਉਸ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੨॥

ਪੂਰਨ ਪੂਰਿ ਰਹੇ ਦਇਆਲ॥ ਸਭ ਊਪਰਿ ਹੋਵਤ ਕਿਰਪਾਲ॥

ਉਹ ਦਿਆਲੂ ਪਰਮਾਤਮਾ ਪੂਰਨ=ਸੰਪੂਰਣ ਜੀਵਾਂ ਵਿਚ ਪੂਰਨ ਹੋ ਰਿਹਾ ਹੈ। ਅਤੇ ਸਾਰਿਆਂ ਉੱਤੇ ਕ੍ਰਿਪਾਲੂ ਹੁੰਦਾ ਹੈ।

ਅਪਨੇ ਕਰਤਬ ਜਾਨੈ ਆਪਿ॥ ਅੰਤਰਜਾਮੀ ਰਹਿਓ ਬਿਆਪਿ॥

ਉਹ ਪ੍ਰਭੂ ਆਪਣੇ ਕਰਤਬਾਂ ਨੂੰ ਆਪ ਹੀ ਜਾਣਦਾ ਹੈ।

ਉਹ ਅੰਤਰਜਾਮੀ ਸਾਰਿਆਂ ਵਿਚ ਵਿਆਪ ਰਿਹਾ ਹੈ।

ਪ੍ਰਤਿਪਾਲੈ ਜੀਅਨ ਬਹੁ ਭਾਤਿ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ॥

ਉਹ ਜੀਵਾਂ ਦੀ ਬਹੁਤ ਤਰ੍ਹਾਂ ਨਾਲ ਪਾਲਣਾ ਕਰਦਾ ਹੈ। ਜੋ ਜੋ ਭੀ ਉਸਨੇ ਬਣਾਇਆ ਹੈ ਉਹ ਉਸੇ ਨੂੰ ਧਿਆਤਿ=ਧਿਆਉਂਦਾ ਹੈ ਭਾਵ ਸਿਮਰਦਾ ਹੈ।

ਜਿਸੁ ਭਾਵੈ ਤਿਸੁ ਲਏ ਮਿਲਾਇ॥ ਭਗਤਿ ਕਰਹਿ ਹਰਿ ਕੇ ਗੁਣ ਗਾਇ॥

ਜਿਸਨੂੰ ਭਾਵੈ=ਚਾਹੁੰਦਾ ਹੈ ਉਸਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਗੁਰਮੁਖ ਜਨ ਭਗਤੀ ਕਰਦੇ ਹਨ ਅਤੇ ਹਰੀ ਦੇ ਗੁਣ ਗਾਉਂਦੇ ਹਨ।

ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ॥
ਕਰਨਹਾਰੁ ਨਾਨਕ ਇਕੁ ਜਾਨਿਆ॥ ੩॥

ਜਿਸਨੇ ਮਨ ਅੰਦਰ ਬਿਸ੍ਵਾਸੁ=ਭਰੋਸਾ ਕਰਕੇ ਭਾਣਾ ਮੰਨਿਆ ਹੈ, ਵਾ:-ਉਸ ਪਰਮੇਸ਼ਰ ਨੂੰ ਮਾਨਿਆ=ਮਨਨ ਕੀਤਾ ਹੈ। ਗੁਰੂ ਜੀ ਕਥਨ ਕਰਦੇ ਹਨ ਉਸ ਪੁਰਸ਼ ਨੇ ਇਕ ਸਿਰਜਣਹਾਰ ਪ੍ਰਭੂ ਨੂੰ ਜਾਣ ਲਿਆ ਹੈ॥ ੩॥

ਜਨੁ ਲਾਗਾ ਹਰਿ ਏਕੈ ਨਾਇ॥ ਤਿਸ ਕੀ ਆਸ ਨ ਬਿਰਥੀ ਜਾਇ॥

ਜੋ ਗੁਰਮੁਖ ਜਨ ਇਕ ਹਰੀ ਨਾਮ ਸਿਮਰਨ ਵਿਚ ਲਗਾ ਹੈ। ਉਸ ਦੀ ਆਸਾ ਬਿਰਥੀ=ਖਾਲੀ ਨਹੀਂ ਜਾਂਦੀ।

ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥

ਸੇਵਕ ਨੂੰ ਤਾਂ ਪ੍ਰਭੂ ਦੀ ਸੇਵਾ ਕਰਨੀ ਹੀ ਬਣ ਆਉਂਦੀ ਹੈ। ਜਿਸ ਸੇਵਕ ਨੇ ਹੁਕਮ ਨੂੰ ਬੁਝਿਆ ਹੈ ਉਸਨੇ ਪਰਮ ਪਦਵੀ ਦੀ ਪ੍ਰਾਪਤੀ ਪਾਈ ਹੈ।

ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥

ਅੰਨਵੇਂ! ਜਿਸ ਪੁਰਸ਼ ਦੇ ਮਨ ਵਿਚ ਨਿਰੰਕਾਰ ਵਸ ਗਿਆ ਹੈ, ਉਸ ਨੂੰ ਉਸ ਨਿਰੰਕਾਰ ਤੋਂ ਉੱਚਾ ਹੋਰ ਕੋਈ ਵਿਚਾਰ ਪ੍ਰਤੀਤ ਨਹੀਂ ਹੁੰਦਾ।

ਬੰਧਨ ਤੋਰਿ ਭਏ ਨਿਰਵੈਰ॥ ਅਨਦਿਨੁ ਪੂਜਹਿ ਗੁਰ ਕੇ ਪੈਰ॥

ਉਹ ਸੰਸਾਰਕ ਬੰਧਨਾਂ ਨੂੰ ਤੋੜਕੇ ਵੈਰ ਭਾਵ ਤੋਂ ਰਹਿਤ ਹੋਏ ਹਨ।

ਉਹ ਰਾਤ ਦਿਨ ਗੁਰਾਂ ਦੇ ਚਰਨਾਂ ਨੂੰ ਪੂਜਦੇ ਹਨ।

[ਪੰਨਾ ੨੯੩]

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ॥ ੪॥

ਉਹ ਇਸ ਲੋਕ ਵਿਚ ਸੁਖੀ ਹਨ ਅਤੇ ਪ੍ਰਲੋਕ ਵਿਚ ਵੀ ਸੁਹੇਲੇ=ਸੁਖੀ ਹੁੰਦੇ ਹਨ।

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਨੂੰ ਹਰੀ ਪ੍ਰਭੂ ਆਪਣੇ ਨਾਲ ਮੇਲ ਲੈਂਦਾ ਹੈ॥ ੪॥

ਸਾਧਸੰਗਿ ਮਿਲਿ ਕਰਹੁ ਅਨੰਦ॥ ਗੁਨ ਗਾਵਹੁ ਪ੍ਰਭ ਪਰਮਾਨੰਦ॥

ਸਤਸੰਗਤ ਨਾਲ ਮਿਲਕੇ ਆਤਮਕ ਅਨੰਦ ਲੈਣਾ ਕਰੋ ਅਤੇ ਪਰਮ ਅਨੰਦ ਸਰੂਪ ਪ੍ਰਭੂ ਦੇ ਗੁਣ ਗਾਉਣਾ ਕਰੋ।

ਰਾਮ ਨਾਮ ਤਤੁ ਕਰਹੁ ਬੀਚਾਰੁ॥ ਦੁਲਭ ਦੇਹ ਕਾ ਕਰਹੁ ਉਧਾਰੁ॥

ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਜੋ ਰਾਮ ਨਾਮ ਹੈ ਉਸ ਦਾ ਵਿਚਾਰ ਕਰੋ। ਇਸ ਦੁਰਲਭ ਮਨੁੱਖਾ ਦੇਹ ਦਾ ਉਧਾਰ ਕਰ ਲਵੋ।

ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ॥ ਪ੍ਰਾਨ ਤਰਨ ਕਾ ਇਹੈ ਸੁਆਉ॥

ਅੰਮ੍ਰਿਤ ਬਚਨ ਜੋ ਵੇਦ ਹਨ ਉਨ੍ਹਾਂ ਦੁਆਰੇ ਹਰੀ ਦੇ ਗੁਣ ਗਾਉਣਾ ਕਰੋ।

ਵਾ:-ਬਚਨ=ਬਾਣੀ ਦੁਆਰੇ ਅੰਮ੍ਰਿਤ ਰੂਪ ਹਰੀ ਦੇ ਗੁਣ ਗਾਉਣਾ ਕਰੋ।

ਪ੍ਰਾਣੀ ਦੇ ਤਰਨ ਦਾ ਇਹੈ ਸੁਆਉ=ਏਹੀ ਮੁਖ ਸਾਧਨ ਹੈ।

ਆਠ ਪਹਰ ਪ੍ਰਭ ਪੇਖਹੁ ਨੇਰਾ॥ ਮਿਟੈ ਅਗਿਆਨੁ ਬਿਨਸੈ ਅੰਧੇਰਾ॥

ਅੱਠੇ ਪਹਿਰ ਪ੍ਰਭੂ ਨੂੰ ਨੇੜੇ ਵੇਖਣਾ ਕਰੋ। ਤਾਂ ਅਗਿਆਨ ਰੂਪ ਹਨੇਰਾ ਜੋ ਬਿਨਸਨੇ ਜੋਗ ਹੈ ਉਹ ਮਿਟ ਜਾਏਗਾ। *ਅਥਵਾ:*-ਅਗਿਆਨ ਵੀ ਮਿਟ ਜਾਏਗਾ ਤੇ ਭਰਮ ਰੂਪ ਹਨੇਰਾ ਵੀ ਬਿਨਸ ਜਾਏਗਾ। ਵਾ:-ਅਗਿਆਨੁ-ਅਵਰਨ ਸ਼ਕਤੀ ਮਿਟ ਜਾਏਗੀ ਅਤੇ ਬਿਨਸੈ ਅੰਧੇਰਾ=ਵਿਖੇਪ ਸ਼ਕਤੀ ਵੀ ਬਿਨਸ ਜਾਏਗੀ।

ਸੁਨਿ ਉਪਦੇਸੁ ਹਿਰਦੈ ਬਸਾਵਹੁ॥ ਮਨ ਇਛੇ ਨਾਨਕ ਫਲ ਪਾਵਹੁ॥ ੫॥

ਗੁਰੂ ਜੀ ਕਥਨ ਕਰਦੇ ਹਨ-ਗੁਰ ਉਪਦੇਸ਼ ਨੂੰ ਸੁਣਕੇ ਹਿਰਦੇ ਵਿਚ ਵਸਾਉਣਾ ਕਰੋ, ਤਾਂ ਮਨ ਇੱਛਤ ਫਲ ਪਾ ਲਵੋਗੇ॥ ੫॥

ਹਲਤੁ ਪਲਤੁ ਦੁਇ ਲੇਹੁ ਸਵਾਰਿ॥ ਰਾਮ ਨਾਮੁ ਅੰਤਰਿ ਉਰਿ ਧਾਰਿ॥

ਉਰਿ+ਅੰਤਰਿ=ਹਿਰਦੇ ਅੰਦਰ ਰਾਮ ਨਾਮ ਨੂੰ ਧਾਰਕੇ ਆਪਣੇ ਹਲਤੁ ਪਲਤੁ=ਲੋਕ ਪ੍ਰਲੋਕ ਨੂੰ ਸਵਾਰ ਲੈਣਾ ਕਰੋ।

ਯਥਾ:- ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥

ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥

(ਵਡਹੰਸ ਕੀ ਵਾਰ, ਪੰਨਾ ੫੯੨)

ਪੂਰੇ ਗੁਰ ਕੀ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥

ਪੂਰਿਆਂ ਗੁਰਾਂ ਦੀ ਪੂਰੀ ਦੀਖਿਆ=ਸਿਖਿਆ ਜਿਸ ਦੇ ਮਨ ਵਿਚ ਵਸੀ ਹੈ,

ਉਸਨੇ ਸੱਚ ਨੂੰ ਪਰਖ ਲਿਆ ਹੈ।

ਮਨਿ ਤਨਿ ਨਾਮੁ ਜਪਹੁ ਲਿਵ ਲਾਇ॥ ਦੂਖੁ ਦਰਦੁ ਮਨ ਤੇ ਭਉ ਜਾਇ॥

ਲਿਵ ਲਗਾਕੇ ਮਨ ਤਨ ਵਿਚ ਰਾਮ ਨਾਮ ਜਪਣਾ ਕਰੋ। ਤਾਂ ਦੁਖ ਜਨ ਦਰਦ ਅਤੇ ਮਨ ਵਿਚੋਂ ਜਮਾ

ਦਾ ਡਰ ਦੂਰ ਹੋ ਜਾਵੇਗਾ।

ਸਚੁ ਵਾਪਾਰੁ ਕਰਹੁ ਵਾਪਾਰੀ॥ ਦਰਗਹ ਨਿਬਹੈ ਖੇਪ ਤੁਮਾਰੀ॥

ਵਪਾਰੀ ਹੋ ਕੇ ਸੱਚ ਨਾਮ ਦਾ ਵਾਪਾਰ ਕਰੋ। ਵਾ:-ਵੰਞਾਰੀ=ਮਹਾਤਮਾ ਨਾਲ ਮਿਲਕੇ ਸੱਚਨਾਮ ਦਾ ਵਪਾਰ ਕਰੋ।

ਤਾਂ ਦਰਗਾਹ ਵਿਚ ਤੁਹਾਡੀ ਜਪ ਤਪ ਰੂਪੀ ਖੇਪ ਨਿਬਹੈ=ਪੂਰੀ ਹੋ ਜਾਵੇਗੀ।

ਏਕਾ ਟੇਕ ਰਖਹੁ ਮਨ ਮਾਹਿ॥ ਨਾਨਕ ਬਹੁਰਿ ਨ ਆਵਹਿ ਜਾਹਿ॥ ੬॥

ਗੁਰੂ ਜੀ ਕਥਨ ਕਰਦੇ ਹਨ— ਮਨ ਵਿਚ ਇਕ ਪ੍ਰਭੂ ਦੀ ਟੇਕ=ਓਟ ਰਖਣਾ ਕਰੋ। ਤਾਂ ਮੁੜ ਕੇ ਤੁਹਾਡਾ ਆਉਣਾ ਜਾਣਾ ਭਾਵ ਜੰਮਣਾ ਮਰਨਾ ਨਹੀਂ ਹੋਵੇਗਾ॥ ੬॥

ਤਿਸ ਤੇ ਦੂਰਿ ਕਹਾ ਕੋ ਜਾਇ॥ ਉਬਰੈ ਰਾਖਨਹਾਰੁ ਧਿਆਇ॥

ਉਸ ਪਰਮਾਤਮਾ ਤੋਂ ਭਜਕੇ ਦੂਰ ਕੋਈ ਕਿਥੇ ਜਾ ਸਕਦਾ ਹੈ।

ਰਖਣ ਵਾਲੇ ਪ੍ਰਭੂ ਨੂੰ ਧਿਆਵੇ ਤਾਂ ਇਸ ਦਾ ਤਰਨਾ ਹੁੰਦਾ ਹੈ।

ਵਾ:-ਜਮਾਂ ਤੋਂ ਉਬਰੇ=ਬਚ ਸਕਦਾ ਹੈ।

ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥

ਨਿਰਭਉ ਪਰਮੇਸ਼ਰ ਨੂੰ ਜਪੇ ਤਾਂ ਸਾਰੇ ਡਰ ਮਿਟ ਜਾਂਦੇ ਹਨ। ਪ੍ਰਭੂ ਦੀ ਕਿਰਪਾ ਨਾਲ ਇਹ ਪ੍ਰਾਣੀ ਦੁਖਾਂ ਤੋਂ ਛੁਟ ਜਾਂਦਾ ਹੈ।

ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ॥ ਨਾਮੁ ਜਪਤ ਮਨਿ ਹੋਵਤ ਸੂਖ॥

ਜਿਸ ਨੂੰ ਪ੍ਰਭੂ ਆਪ ਰਖਦਾ ਹੈ ਉਸਨੂੰ ਕੋਈ ਦੁਖ ਨਹੀਂ ਹੁੰਦਾ।

ਨਾਮ ਦੇ ਜਪਣ ਕਰਕੇ ਮਨ ਵਿਚ ਸੁਖ ਪ੍ਰਾਪਤ ਹੁੰਦਾ ਹੈ।

ਚਿੰਤਾ ਜਾਇ ਮਿਟੈ ਅਹੰਕਾਰੁ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ॥

ਉਸ ਦੀ ਚਿੰਤਾ ਤੇ ਹੰਕਾਰ ਮਿਟ ਜਾਂਦਾ ਹੈ।

ਉਸ ਗੁਰਮੁਖ ਜਨ ਦੇ ਬਰਾਬਰ ਪਹੁੰਚਣ ਵਾਲਾ ਕੋਈ ਭੀ ਨਹੀਂ ਹੈ।

ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥ ੭॥

ਗੁਰੂ ਜੀ ਕਥਨ ਕਰਦੇ ਹਨ ਜਿਸ ਦੇ ਸਿਰ ਉੱਤੇ ਸੂਰਬੀਰ ਗੁਰੂ ਰਖਿਆ ਕਰਨ ਲਈ ਠਾਢਾ=ਖੜਾ ਹੈ। ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ॥ ੭॥

ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ॥ ਦਰਸਨੁ ਪੇਖਤ ਉਧਰਤ ਸ੍ਰਿਸਟਿ॥

ਜਿਸ ਗੁਰੂ ਦੀ ਆਪਣੀ ਬੁੱਧੀ, ਵਾ:-ਮਤਿ=ਸਿਖਿਆ ਪੂਰੀ ਹੈ ਅਤੇ ਨੇਤ੍ਰਾਂ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਹੈ। ਜਿਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਸੀ, ਸਮਾਧੀ ਖੁਲ੍ਹਦਿਆਂ ਸਾਰ ਸਭ ਤੋਂ ਪਹਿਲਾਂ ਜਿਸ ਤੇ ਦ੍ਰਿਸ਼ਟੀ ਪੈਂਦੀ ਸੀ ਉਸ ਦੇ ਸਾਰੇ ਮਨੋਰਥ ਆਪੇ ਪੂਰੇ ਹੋ ਜਾਂਦੇ ਸਨ ਅਤੇ ਰੋਗੀਆਂ ਦੇ ਰੋਗ

ਦੂਰ ਹੋ ਜਾਂਦੇ ਸਨ। ਕੋਹੜੀਆਂ ਦੇ ਕੋਹੜ ਨਵਿਰਤ ਹੋ ਜਾਂਦੇ ਸਨ। ਜਿਨ੍ਹਾਂ ਦਾ ਦਰਸ਼ਨ ਕਰਦਿਆਂ ਨਾਲ ਸ੍ਰਿਸ਼ਟੀ ਤਰ ਜਾਂਦੀ ਸੀ।

ਚਰਨ ਕਮਲ ਜਾ ਕੇ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥

ਜਿਨ੍ਹਾਂ ਗੁਰਾਂ ਦੇ ਚਰਨ ਕਵਲ ਫੁਲ ਵਾਂਗ ਅਨੂਪੰ ਹਨ। ਜਿਨ੍ਹਾਂ ਗੁਰਾਂ ਦਾ ਦਰਸ਼ਨ ਸਹਿਤ ਫਲਾਂ ਦੇ ਹੈ ਅਤੇ ਸੁੰਦਰ ਹਰੀ ਦਾ ਸਰੂਪ ਹਨ।

ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥

ਜਿਨ੍ਹਾਂ ਗੁਰਾਂ ਦੀ ਸੇਵਾ ਧੰਨਤਾ ਜੋਗ ਹੈ, ਜੋ ਸੇਵਕ ਬਣਕੇ ਗੁਰਾਂ ਦੀ ਸੇਵਾ ਕਰਦਾ ਹੈ ਉਹ ਸੇਵਕ ਪ੍ਰਮਾਣੀਕ ਹੁੰਦਾ ਹੈ।

ਗੁਰੂ ਸਾਹਿਬ ਜੀ ਅੰਤਰਜਾਮੀ ਹਨ ਅਤੇ ਸਾਰਿਆਂ ਪੁਰਖਾਂ ਵਿਚੋਂ ਪ੍ਰਧਾਨ ਪੁਰਖ ਹਨ।

ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲੁ ॥

ਜਿਸ ਸੇਵਕ ਦੇ ਮਨ ਵਿਚ ਗੁਰ ਉਪਦੇਸ਼ ਵਸਦਾ ਹੈ ਉਹ ਨਿਹਾਲ ਹੋ ਜਾਂਦਾ ਹੈ ਭਾਵ ਦੁਖਾਂ ਤੋਂ ਰਹਿਤ ਹੋ ਜਾਂਦਾ ਹੈ। ਅਤੇ ਉਸ ਦੇ ਨੇੜੇ ਕਾਲ ਨਹੀਂ ਆਉਂਦਾ।

ਅਮਰ ਭਏ ਅਮਰਾ ਪਦੁ ਪਾਇਆ ॥
ਸਾਧਸੰਗਿ ਨਾਨਕ ਹਰਿ ਧਿਆਇਆ ॥ ੮ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰਾਂ ਦੀ ਸਤਸੰਗਤ ਵਿਚ ਬੈਠਕੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ। ਉਹ ਅਮਰਪਦ ਨੂੰ ਪਾ ਕੇ ਦੁਨੀਆਂ ਵਿਚ ਅਮਰ ਹੋ ਗਏ ਹਨ॥ ੮॥ ੨੨॥

ਸਲੋਕੁ ॥ ਗਿਆਨ ਅੰਜਨੁ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ
ਨਾਨਕ ਮਨਿ ਪਰਗਾਸੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਗੁਰਾਂ ਦੇ ਆਪਣੇ ਮਨ ਵਿਚ ਪ੍ਰਭੂ ਦਾ ਪ੍ਰਕਾਸ਼ ਹੈ, ਹਰੀ ਦੀ ਕਿਰਪਾ ਨਾਲ ਉਹ ਸੰਤ-ਸ਼ਾਂਤ ਆਤਮਾ ਗੁਰੂ ਜਿਸ ਵੇਲੇ ਭੇਟਿਆ=ਮਿਲੇ ਤੇ ਉਹਨਾਂ ਗੁਰਾਂ ਨੇ ਕਿਰਪਾ ਕਰਕੇ ਜਿਸ ਜਗਿਆਸੂ ਦੇ ਮਨ ਬੁੱਧੀ ਰੂਪੀ ਨੇਤ੍ਰਾਂ ਵਿਚ ਗਿਆਨ ਰੂਪੀ ਸੁਰਮਾ ਪਾ ਦਿਤਾ ਹੈ ਉਸ ਦਾ ਅਗਿਆਨ ਰੂਪੀ ਹਨੇਰਾ ਨਾਸ ਹੋ ਗਿਆ ਹੈ॥ ੧॥

ਅਸਟਪਦੀ ॥

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥

ਸੰਤ=ਸ਼ਾਂਤ ਆਤਮਾ ਗੁਰਾਂ ਦੀ ਸਤਸੰਗਤ ਕਰ ਕੇ ਜਦ ਪ੍ਰਭੂ ਦਾ ਨਾਮ ਮਿੱਠਾ ਲਗਾ ਤਾਂ ਪ੍ਰਭੂ ਨੂੰ ਹਿਰਦੇ ਵਿਚ ਹੀ ਵੇਖ ਲਿਆ।

ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥

ਅਨਿਕ ਰੰਗ=ਬਿਅੰਤ ਰੰਗਾਂ ਦੀ ਜੋ ਨਾਨਾ ਪ੍ਰਕਾਰ ਦੀ ਸਾਰੀ ਸਮੱਗਰੀ ਦ੍ਰਿਸਟਾਹਿ=ਵੇਖਣ ਵਿਚ ਆਉਂਦੀ ਹੈ। ਵੈਰਾਟ ਰੂਪ ਹੋਣ ਕਰਕੇ ਇਹ ਸਾਰੀ ਸਮੱਗਰੀ ਇਕ ਪ੍ਰਭੂ ਦੇ ਘਟ ਵਿਚ ਹੈ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥

ਜਿਸ ਪ੍ਰਭੂ ਦਾ ਨਾਮ ਅੰਮ੍ਰਿਤ ਨੌਂ ਨਿਧੀਆਂ ਦਾ ਦਾਤਾ ਹੈ। ਇਸ ਦੇਹ ਦੇ ਵਿਚ ਹੀ ਉਸ ਪ੍ਰਭੂ ਦਾ ਬਿਸ੍ਰਾਮੁ=ਨਿਵਾਸ ਭਾਵ ਟਿਕਾਣਾ ਹੈ।

ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥

ਉਸ ਪਰਮਾਤਮਾ ਵਿਚ ਸੁੰਨ ਸਮਾਧਿ=ਨਿਰਵਿਕਲਪ ਸਮਾਧੀ ਲਗਾਣ ਕਰਕੇ ਅਨਹਤ=ਇਕ ਰਸ ਵਾਜਿਆਂ ਦੀ ਧੁਨੀ ਪ੍ਰਾਪਤ ਹੋਈ ਹੈ ਤੇ ਅਸਚਰਜ ਤੋਂ ਅਸਚਰਜ ਜੋ ਅਨੰਦ ਪ੍ਰਾਪਤ ਹੋਇਆ ਹੈ ਉਸ ਦੀ ਮਹਿਮਾ ਕਹੀ ਨਹੀਂ ਜਾਂਦੀ।

ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥

ਜਿਸ ਨੂੰ ਆਪ ਗੁਰੂ ਸਾਹਿਬ ਜੀ ਵਿਖਾਇਆ ਚਾਹੁੰਦੇ ਹਨ, ਉਸ ਗੁਰਮੁਖ ਜਨ ਨੂੰ ਸ਼ੁਭ ਗਿਆਤ ਪਾਈ ਹੈ। ਜਿਸ ਨੂੰ ਸੋਝੀ=ਗਿਆਤ ਪਾਈ ਹੈ ਉਸ ਨੇ ਪਰਮੇਸ਼ਰ ਨੂੰ ਵੇਖ ਲਿਆ ਹੈ॥ ੧॥

ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥

ਉਹ ਬਿਅੰਤ ਪਰਮੇਸ਼ਰ ਅੰਦਰ ਹੈ ਅਤੇ ਉਹ ਬਿਅੰਤ ਪਰਮੇਸ਼ਰ ਬਾਹਰ ਭੀ ਹੈ।

ਉਹ ਭਗਵੰਤ ਸਾਰਿਆਂ ਘਟਾਂ ਘਟਾਂ ਵਿਚ ਬਿਆਪਿ=ਪਰੀਪੂਰਨ ਹੋ ਰਿਹਾ ਹੈ।

ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥

ਸਾਰਿਆਂ ਲੋਕਾਂ ਦੀ ਪ੍ਰਤਿਪਾਲਾ ਕਰਨ ਵਾਲਾ ਪਰਮੇਸ਼ਰ ਧਰਤੀ ਅਕਾਸ਼ ਅਤੇ ਪਾਤਾਲਾਂ ਵਿਚ ਪੂਰਨ ਹੈ। ਅਥਵਾ:-ਧਰਤੀ, ਅਕਾਸ਼ ਤੇ ਪਤਾਲ ਵਿਚ ਜਿਤਨੇ ਕੁ ਜੀਵ ਹਨ, ਉਹਨਾਂ ਸਾਰਿਆਂ ਲੋਕਾਂ ਦੀ ਉਹ ਪੂਰਨ ਵਾਹਿਗੁਰੂ ਆਪ ਹੀ ਪ੍ਰਤਿਪਾਲਾ ਕਰਨ ਵਾਲਾ ਹੈ।

[ਪੰਨਾ ੨੯੪]

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥

ਬਨਿ=ਜੰਗਲਾਂ ਵਿਚ, ਤਿਨਿ=ਕੱਖਾਂ ਵਿਚ, ਪਰਬਤਿ=ਪਹਾੜਾਂ ਵਿਚ ਪਾਰਬ੍ਰਹਮ ਪੂਰਨ ਹੈ। ਉਹ ਜਿਸ ਤਰ੍ਹਾਂ ਦੀ ਆਗਿਆ ਕਰਦਾ ਹੈ ਇਹ ਜੀਵ ਉਸੇ ਤਰ੍ਹਾਂ ਦਾ ਕਰੰਮ ਕਰਦਾ ਹੈ।

ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥

ਉਹ ਪ੍ਰਭੂ ਪੌਣ, ਪਾਣੀ ਤੇ ਬੈਸੰਤਰ=ਅੱਗ ਵਿਚ ਪੂਰਨ ਹੈ। ਚਾਰਿ ਕੁੰਟ=ਚਾਰ ਖਾਣੀਆਂ ਅਤੇ ਦਸੋ ਦਿਸ਼ਾਂ ਵਿਚ ਸਮਾ ਰਿਹਾ ਹੈ।

ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥

ਉਸ ਤੋਂ ਵਖਰੀ ਹੋਰ ਕੋਈ ਜਗ੍ਹਾ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ-ਗੁਰੂ ਕਿਰਪਾ ਦੁਆਰੇ ਉਸ ਪਰਮੇਸ਼ਰ ਨੂੰ ਸਾਰੇ ਪਰੀਪੂਰਨ ਨਿਸਚੇ ਕਰਕੇ ਸੁਖ ਪਾਉਣਾ ਕਰੋ॥ ੨॥

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ॥

ਚਾਰ ਵੇਦ, ਅਠਾਰਾਂ ਪੁਰਾਣ ਅਤੇ ਸਤਾਈ ਸਿੰਮ੍ਰਿਤੀਆਂ ਵਿਚ ਵੀ ਉਸ ਪ੍ਰਮੇਸ਼ਰ ਨੂੰ ਦੇਖਣਾ ਕਰ। ਸਸੀ=ਚੰਦ੍ਰਮਾਂ, ਸੂਰ=ਸੂਰਜ ਅਤੇ ਨਖਤ੍ਰ=ਤਾਰੇ ਸਾਰਿਆਂ ਵਿਚ ਇਕ ਪ੍ਰਮੇਸ਼ਰ ਹੈ।

ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥

ਪ੍ਰਭੂ ਦੇ ਨਾਮਾਂ ਰੂਪੀ ਬਾਣੀ ਨੂੰ ਸਭ ਕੋਈ ਬੋਲਦਾ ਹੈ। ਵਾ:-ਬਾਣੀ ਦੁਆਰੇ ਪ੍ਰਭੂ ਦੇ ਜਸ ਨੂੰ ਸਭ ਕੋਈ ਬੋਲਦਾ ਹੈ। *ਅਥਵਾ:*-ਪ੍ਰਭੂ ਦੀ ਬਾਣੀ=ਆਗਿਆ ਵਿਚ ਸਭ ਕੋਈ ਬੋਲਦਾ ਹੈ।

ਉਹ ਪ੍ਰਭੂ ਆਪ ਅਡੋਲ ਹੈ ਕਦੇ ਡੋਲਦਾ ਨਹੀਂ ਹੈ।

ਸਰਬ ਕਲਾ ਕਰਿ ਖੇਲੈ ਖੇਲ॥ ਮੋਲਿ ਨ ਪਾਈਐ ਗੁਣਹ ਅਮੋਲ॥

ਸਰਬ ਕਲਾ=ਸ਼ਕਤੀਆਂ ਕਰਕੇ ਜਗਤ ਰੂਪੀ ਖੇਡ ਨੂੰ ਖੇਡ ਰਿਹਾ ਹੈ। ਅਮੋਲਕ ਗੁਣਾਂ ਵਾਲੇ ਪ੍ਰਭੂ ਦਾ ਮੁਲ ਨਹੀਂ ਪਾਇਆ ਜਾਂਦਾ।

ਅਥਵਾ:-ਉਸ ਦੇ ਅਮੋਲਕ ਗੁਣਾਂ ਦਾ ਮੁਲ ਨਹੀਂ ਪਾਇਆ ਜਾਂਦਾ।

ਸਰਬ ਜੋਤਿ ਮਹਿ ਜਾ ਕੀ ਜੋਤਿ॥ ਧਾਰਿ ਰਹਿਓ ਸੁਆਮੀ ਓਤਿ ਪੋਤਿ॥

ਸਾਰੇ ਜੋਤੀਆਂ ਵਿਚ ਜਿਸ ਪ੍ਰਭੂ ਦੀ ਜੋਤ ਹੈ। ਉਹ ਸੁਆਮੀ ਪਰਮਾਤਮਾ ਓਤਿ ਪੋਤਿ=ਤਾਣੇ ਪੇਟੇ ਵਾਂਗੂੰ ਸਾਰਿਆਂ ਵਿਚ ਆਪਣੀ ਸੱਤਾ ਧਾਰ ਰਿਹਾ ਹੈ।

ਗੁਰ ਪਰਸਾਦਿ ਭਰਮ ਕਾ ਨਾਸੁ॥ ਨਾਨਕ ਤਿਨ ਮਹਿ ਏਹੁ ਬਿਸਾਸੁ॥ ੩॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਦਾ ਭਰਮ ਨਾਸ ਹੋਇਆ ਹੈ। ਉਨ੍ਹਾਂ ਦੇ ਹਿਰਦੇ ਵਿਚ ਇਸ ਤਰ੍ਹਾਂ ਦਾ ਬਿਸਾਸੁ=ਭਰੋਸਾ ਬੱਝ ਗਿਆ ਹੈ॥ ੩॥

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥ ਸੰਤ ਜਨਾ ਕੈ ਹਿਰਦੈ ਸਭਿ ਧਰਮ॥

ਸੰਤ ਜਨਾਂ ਦਾ ਵੇਖਣਾ ਸਾਰੇ ਬ੍ਰਹਮ ਦਾ ਹੀ ਹੈ, ਅਰਥਾਤ ਸਭ ਨੂੰ ਬ੍ਰਹਮ ਰੂਪ ਵੇਖਦੇ ਹਨ।

ਸੰਤ ਜਨਾਂ ਦੇ ਹਿਰਦੇ ਵਿਚ ਜੋ ਭੀ ਕਰਮ ਹਨ ਉਹ ਸਭ ਧਰਮ ਸਰੂਪ ਹਨ।

ਸੰਤ ਜਨਾ ਸੁਨਹਿ ਸੁਭ ਬਚਨ॥ ਸਰਬ ਬਿਆਪੀ ਰਾਮ ਸੰਗਿ ਰਚਨ॥

ਸੰਤ ਜਨਾਂ ਦੇ ਕੰਨ ਸਾਈਂ ਦੇ ਸ਼ੁਭ ਬਚਨਾਂ ਨੂੰ ਸੁਣਦੇ ਹਨ ਅਤੇ ਸਰਬ ਵਿਆਪਕ ਜੋ ਰਾਮ ਹੈ ਉਸ ਰਾਮ ਦੇ ਨਾਲ ਰਚੇ ਰਹਿੰਦੇ ਹਨ।

ਜਿਨਿ ਜਾਤਾ ਤਿਸ ਕੀ ਇਹ ਰਹਤ॥ ਸਤਿ ਬਚਨ ਸਾਧੂ ਸਭਿ ਕਹਤ॥

ਜਿਨ੍ਹਾਂ ਨੇ ਪ੍ਰਭੂ ਨੂੰ ਜਾਣਿਆ ਹੈ, ਉਨ੍ਹਾਂ ਸੰਤਾਂ ਦੀ ਇਹ ਰਹਿਤ=ਰਹਿਣੀ ਹੈ ਜੋ ਉਪਰਲੀਆਂ ਤੁਕਾਂ ਵਿਚ ਕਹੀ ਹੈ। ਸਾਧੂ ਜੋ ਬਚਨ ਕਹਿੰਦੇ ਹਨ ਸਾਰੇ ਸੱਚੇ ਬਚਨ ਕਹਿੰਦੇ ਹਨ। ਝੂਠ ਕਦੇ ਨਹੀਂ ਬੋਲਦੇ।

ਅਥਵਾ:-ਜੋ ਸੱਚਾ ਬਚਨ ਕਹਿੰਦਾ ਹੈ। ਭਾਵੇਂ ਉਹ ਗ੍ਰਹਿਸਤੀ ਭੀ ਹੈ ਤੋਂ ਭੀ ਉਸ ਨੂੰ ਸਾਰੇ ਸਾਧੂ ਕਹਿੰਦੇ ਹਨ।

ਅਥਵਾ:-ਜੇ ਕੋਈ ਮਹਾਨ ਵਿਆਕਤੀ ਵਾਲਾ ਬਚਨ ਕਹੇ ਤਾਂ ਅਗੋਂ ਸਾਰੇ ਸਾਧੂ 'ਸਤ ਬਚਨ ਜੀ' ਇਸ ਤਰ੍ਹਾਂ ਮਿੱਠੀ ਬਾਣੀ ਬੋਲਦੇ ਹਨ।

ਜੋ ਜੋ ਹੋਇ ਸੋਈ ਸੁਖੁ ਮਾਨੈ॥ ਕਰਨ ਕਰਾਵਨਹਾਰੁ ਪ੍ਰਭੁ ਜਾਨੈ॥

ਉਨ੍ਹਾਂ ਨਾਲ ਜੋ ਜੋ ਕੁਝ ਭੀ ਹੁੰਦਾ ਹੈ ਉਸ ਨੂੰ ਉਹ ਸੁਖ ਕਰ ਕੇ ਮੰਨਦੇ ਹਨ। ਕਿਉਂਕਿ ਉਹ ਪਰਮੇਸ਼ਰ ਨੂੰ ਹੀ ਸਾਰੇ ਸੰਸਾਰ ਦਾ ਕੁਰਨ ਕਰਾਉਣ ਵਾਲਾ ਜਾਣਦੇ ਹਨ। ਅਤੇ-

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥ ੪॥

ਉਹ ਇੰਵ ਸਮਝਦੇ ਹਨ ਕਿ ਸਾਡੇ ਅੰਦਰ ਭੀ ਤੇ ਸਾਡੇ ਬਾਹਰ ਭੀ ਓਹੀ ਪਰਮੇਸ਼ਰ ਵਸ ਰਿਹਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਦੇ ਦਰਸ਼ਨ ਨੂੰ ਵੇਖ ਕੇ ਸਭ ਸੰਤਾਂ ਦੀ ਬੁੱਧੀ ਮੋਹਤ ਹੋਈ ਹੈ॥ ੪॥

ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥

ਜੋ ਪ੍ਰਭੂ ਆਪ ਸੱਚ ਹੈ ਅਤੇ ਜਿਸ ਦਾ ਕੀਤਾ ਹੋਇਆ ਭੀ ਸਭ ਸੱਚ ਹੈ। ਉਸ ਪ੍ਰਭੂ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ।

ਤਿਸੁ ਭਾਵੈ ਤਾ ਕਰੇ ਬਿਸਥਾਰੁ॥ ਤਿਸੁ ਭਾਵੈ ਤਾ ਏਕੰਕਾਰੁ॥

ਜਦ ਉਸ ਨੂੰ ਭਾਉਂਦਾ ਹੈ ਤਾਂ ਸੰਸਾਰ ਬਿਸਥਾਰੁ=ਪ੍ਰਸਾਰੇ ਨੂੰ ਕਰਦਾ ਹੈ। ਜਦ ਉਸ ਨੂੰ ਭਾਵੇ ਤਾਂ ਅਦੁਤੀ ਪਰਮਾਤਮਾ ਇਕ ਸਰੂਪ ਹੋ ਜਾਂਦਾ ਹੈ।

ਅਨਿਕ ਕਲਾ ਲਖੀ ਨਹ ਜਾਇ॥ ਜਿਸੁ ਭਾਵੈ ਤਿਸੁ ਲਏ ਮਿਲਾਇ॥

ਜਿਸਦੀਆਂ ਅਨੇਕਾਂ ਕਲਾ=ਸ਼ਕਤੀਆਂ ਲਖੀ=ਜਾਣੀਆਂ ਨਹੀਂ ਜਾਂਦੀਆਂ।

ਉਹ ਪਰਮਾਤਮਾ ਜਿਸ ਨੂੰ ਭਾਵੈ=ਚਾਹੁੰਦਾ ਹੈ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਕਵਨ ਨਿਕਟਿ ਕਵਨ ਕਹੀਐ ਦੂਰਿ॥ ਆਪੇ ਆਪਿ ਆਪ ਭਰਪੂਰਿ॥

ਉਸ ਦੇ ਨੇੜੇ ਕਿਸਨੂੰ ਕਹੀਏ, ਉਸ ਤੋਂ ਦੂਰ ਕਿਸ ਨੂੰ ਕਹੀਏ। ਜਦ ਕਿ ਉਹ ਆਪ ਹੀ ਆਪੇ ਆਪ ਸਾਰਿਆਂ ਵਿਚ ਭਰਪੂਰਿ=ਵਿਆਪਕ ਹੋ ਰਿਹਾ ਹੈ।

ਅੰਤਰਗਤਿ ਜਿਸੁ ਆਪਿ ਜਨਾਏ॥ ਨਾਨਕ ਤਿਸੁ ਜਨ ਆਪਿ ਬੁਝਾਏ॥ ੫॥

ਅੰਤਰ+ਗਤਿ=ਅੰਤਹਕਰਣ ਦੇ ਅੰਦਰ ਪ੍ਰਾਪਤ ਰੂਪ ਪਰਮੇਸ਼ਰ ਜਿਸ ਨੂੰ ਆਪ ਜਨਾਏ=ਜਨਾਉਣਾ ਚਾਹੁੰਦਾ ਹੈ ਗੁਰੂ ਜੀ ਕਥਨ ਕਰਦੇ ਹਨ-ਉਸ ਜਨ ਨੂੰ ਆਪ ਹੀ ਸਮਝਾਉਂਦਾ ਹੈ॥ ੫॥

ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥

ਸਰਬ ਭੂਤ=ਰੂਪ ਹੋ ਕੇ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈ।

ਅਥਵਾ:-ਸਰਬ ਭੂਤ=ਜੀਵਾਂ ਵਿਚ ਆਪ ਹੀ ਵਰਤਣ ਵਾਲਾ ਹੈ। ਵਾ:-ਸਾਰਿਆਂ ਜੀਵਾਂ ਨੂੰ ਆਪ ਹੀ ਅੰਨ, ਪਾਣੀ ਵਰਤਾ ਰਿਹਾ ਹੈ। ਸਾਰੀਆਂ ਅੱਖਾਂ ਵਿਚ ਆਪ ਇਸਥਿਤ ਹੋ ਕੇ ਵੇਖਣ ਵਾਲਾ ਹੈ ਰਿਹਾ ਹੈ।

ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥

ਜਗਤ ਦੀ ਸਾਰੀ ਸਮੱਗਰੀ ਜਿਸ ਦਾ ਤਨਾ=ਸਰੂਪ ਹੈ, ਵਾ:-ਵੈਰਾਟ ਸਰੀਰ ਹੈ।

ਵਾ:-ਸਾਰੀ ਸਮੱਗ੍ਰੀ ਰੂਪ ਜਗਤ ਜਿਸ ਦਾ ਤੰਦੁਣ ਤਾਣਾ ਤਾਣਿਆ ਹੋਇਆ ਹੈ।

ਉਹ ਆਪਣੇ ਜਸ ਨੂੰ ਆਪ ਹੀ ਸੁਣ ਰਿਹਾ ਹੈ।

ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥

ਸੰਸਾਰ ਵਿਚ ਆਉਣਾ ਤੇ ਜਾਣਾ ਅਰਥਾਤ ਜੰਮਣਾ ਤੇ ਮਰਣਾ ਇਹ ਉਸਨੇ ਇਕ ਖੇਲੁ=ਤਮਾਸ਼ਾ ਬਣਾਇਆ ਹੋਇਆ ਹੈ।

ਪ੍ਰਸ਼ਨ-ਇਹ ਤਮਾਸ਼ਾ ਉਸ ਨੇ ਆਪਣੇ ਆਪ ਬਣਾਇਆ ਹੈ ਯਾਂ ਕਿਸੀ ਦੁਆਰਾ?

ਉੱਤਰ:-ਆਗਿਆਕਾਰੀ ਜੋ ਮਾਇਆ ਹੈ ਉਸ ਦੁਆਰੇ ਇਹ ਖੇਲ ਬਣਾਇਆ ਹੈ।

ਅਥਵਾ:-ਮਾਇਆ ਨੂੰ ਉਸ ਨੇ ਆਪਣਾ ਆਗਿਆਕਾਰੀ ਕੀਤਾ ਹੋਇਆ ਹੈ।

ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥

ਸਾਰਿਆਂ ਦੇ ਵਿਚ ਰਹਿੰਦਾ ਹੋਇਆ ਭੀ ਸਭ ਤੋਂ ਅਲਿਪਤੋ=ਅਸੰਗ ਰਹਿੰਦਾ ਹੈ।

ਜੋ ਕੁਝ ਕਿਸੇ ਨੂੰ ਕਹਿਣਾ ਹੁੰਦਾ ਹੈ ਉਹ ਆਪ ਹੀ ਕਹਿੰਦਾ ਹੈ।

ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥

ਇਹ ਜੀਵ ਉਸ ਦੀ ਆਗਿਆ ਵਿਚ ਆਉਂਦਾ ਹੈ, ਉਸ ਦੀ ਆਗਿਆ ਵਿਚ ਹੀ ਚਲਾ ਜਾਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਜਦੋਂ ਚਾਹੁੰਦਾ ਹੈ ਤਦੋਂ ਇਸ ਜੀਵ ਨੂੰ ਆਪਣੇ ਵਿਚ ਸਮਾਇ=ਅਭੇਦ ਕਰ ਲੈਂਦਾ ਹੈ॥ ੬॥

ਇਸ ਤੇ ਹੋਇ ਸੁ ਨਾਹੀ ਬੁਰਾ ॥ ਓਰੈ ਕਹਹੁ ਕਿਨੈ ਕਛੁ ਕਰਾ ॥

ਇਸ ਪਰਮੇਸ਼ਰ ਤੋਂ ਜੋ ਕੁਝ ਭੀ ਹੁੰਦਾ ਹੈ ਉਹ ਬੁਰਾ ਨਹੀਂ ਹੁੰਦਾ , ਕਹੁ ਖਾਂ ! ਉਸ ਪਰਮੇਸ਼ਰ ਤੋਂ ਓਰੈ=ਉਰੇ ਜੋ ਜੀਵ ਹਨ ਉਨ੍ਹਾਂ ਵਿਚੋਂ ਕਿਸੇ ਨੇ ਅਜ ਤਕ ਕੀ ਕੁਝ ਕੀਤਾ ਹੈ?

ਵਾ:-ਪਰਮੇਰਿ ਤੋਂ ਬਿਨਾਂ ਓਰੈ=ਹੋਰ ਕਿਸੇ ਨੇ ਅਜ ਤਕ ਕੁਝ ਕੀਤਾ ਹੈ? ਭਾਵ ਕੁਝ ਨਹੀਂ ਕੀਤਾ।

ਆਪਿ ਭਲਾ ਕਰਤੂਤਿ ਅਤਿ ਨੀਕੀ ॥ ਆਪੇ ਜਾਨੈ ਅਪਨੇ ਜੀ ਕੀ ॥

ਉਹ ਪਰਮੇਸ਼ਰ ਆਪ ਭਲਾ ਹੈ, ਉਸ ਦੀ ਕਰਤੂਤਿ=ਕਰਤੱਬਤਾ ਅਰਥਾਤ ਕਰਨੀ ਵੀ ਅਤਿ ਨੀਕੀ=ਬੜੀ ਚੰਗੀ ਹੈ। ਉਹ ਆਪਣੇ ਜੀਅ ਦੀ ਗੱਲਬਾਤ ਆਪ ਹੀ ਜਾਣਦਾ ਹੈ।

ਆਪਿ ਸਾਚੁ ਧਾਰੀ ਸਭ ਸਾਚੁ ॥ ਓਤਿ ਪੋਤਿ ਆਪਨ ਸੰਗਿ ਰਾਚੁ ॥

ਉਹ ਆਪ ਸੱਚਾ ਹੈ ਉਸ ਦੀ ਧਾਰੀ ਹੋਈ ਮਰਯਾਦਾ ਵੀ ਸਾਰੀ ਸੱਚੀ ਹੈ। ਉਹ ਪ੍ਰਭੂ ਓਤਿ ਪੋਤਿ=ਤਾਣੇ ਪੇਟੇ ਵਾਂਗੂੰ ਆਪ ਸਾਰਿਆਂ ਜੀਵਾਂ ਨਾਲ ਰਚ ਰਿਹਾ ਭਾਵ ਮਿਲ ਰਿਹਾ ਹੈ।

ਤਾ ਕੀ ਗਤਿ ਮਿਤਿ ਕਹੀ ਨ ਜਾਇ ॥ ਦੂਸਰ ਹੋਇ ਤ ਸੋਝੀ ਪਾਇ ॥

ਉਸ ਪ੍ਰਭੂ ਦੀ ਗਤੀ ਅਤੇ ਮਿਤਿ=ਮਰਯਾਦਾ ਕਹੀ ਨਹੀਂ ਜਾਂਦੀ।

ਯਥਾ-ਹਰਿ ਕੀ ਗਤਿ ਨਹਿ ਕੋਊ ਜਾਨੈ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥

(ਪੰਨਾ ੫੩੭)

ਕੋਈ ਦੂਜਾ ਉਸ ਵਰਗਾ ਹੋਵੇ ਤਾਂ ਉਸ ਦੀ ਸੋਝੀ ਨੂੰ ਪਾ ਸਕਦਾ ਹੈ।

ਤਿਸ ਕਾ ਕੀਆ ਸਭੁ ਪਰਵਾਨੁ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ॥ ੭॥

ਉਸ ਪ੍ਰਭੂ ਦਾ ਕੀਤਾ ਹੋਇਆ ਸਾਨੂੰ ਸਭ ਪਰਵਾਨੁ=ਮਨਜ਼ੂਰ ਹੈ, ਉਸ ਉੱਤੇ ਕਿੰਤੂ ਕਰਨਾ ਬਣ ਨਹੀਂ ਸਕਦਾ।

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਦੁਆਰੇ ਅਸਾਂ ਨੇ ਇਹ ਜਾਣ ਲਿਆ ਹੈ॥ ੭॥

ਜੋ ਜਾਨੈ ਤਿਸੁ ਸਦਾ ਸੁਖੁ ਹੋਇ॥ ਆਪਿ ਮਿਲਾਇ ਲਏ ਪ੍ਰਭੁ ਸੋਇ॥

ਜੋ ਪੁਰਸ਼ ਉਪਰਲੀ ਕਹੀ ਹੋਈ ਗੱਲ ਨੂੰ ਜਾਣਦਾ ਹੈ, ਵਾ:-ਜੋ ਪੁਰਸ਼ ਉਸ ਪ੍ਰਭੂ ਨੂੰ ਜਾਣਦਾ ਹੈ, ਉਸ ਨੂੰ ਸਦਾ=ਨਿਤ ਸੁਖ ਪ੍ਰਾਪਤ ਹੁੰਦਾ ਹੈ ਅਤੇ ਉਸ ਨੂੰ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ।

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥

ਜਿਸ ਦੇ ਹਿਰਦੇ ਵਿਚ ਭਗਵੰਤ ਵਸਦਾ ਹੈ, ਉਹ ਪੁਰਸ਼ ਪਰਤੱਖ ਵਾ:-ਆਤਮਕ ਧਨ ਵਾਲਾ ਤੇ ਉੱਚੀ ਕੁਲ ਵਾਲਾ ਹੈ, ਬੜੀ ਇੱਜ਼ਤ ਵਾਲਾ ਅਤੇ ਜੀਵਣ ਮੁਕਤ ਅਵੱਸਥਾ ਵਾਲਾ ਹੈ।

ਯਥਾ:-ਰਾਮ ਨਾਮ ਜੋ ਕਰਹਿ ਬੀਚਾਰ॥ ਸੇ ਧਨਵੰਤ ਗਨੀ ਸੰਸਾਰ॥ (ਪੰਨਾ ੨੮੧)

ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥

ਉਸ ਪੁਰਸ਼ ਦਾ ਜਗਤ ਵਿਚ ਆਉਣਾ ਮਨ ਕਰਕੇ ਧੰਨ ਹੈ, ਬਾਣੀ ਕਰਕੇ ਧੰਨ ਹੈ, ਤਨ ਕਰਕੇ ਵੀ ਧੰਨ ਹੈ।
ਵਾ:-ਉਹ ਜਨ ਆਪ ਵੀ ਧੰਨ ਹੈ, ਉਸ ਦਾ ਜੀਵਨ ਵੀ ਧੰਨ ਹੈ, ਉਸ ਦਾ ਜਗਤ ਵਿਚ ਆਉਣਾ ਭੀ ਧੰਨ ਹੈ।
ਵਾ:-ਉਸ ਦੀ ਮਾਂ ਧੰਨ ਹੈ, ਉਸ ਦਾ ਪਿਓ ਵੀ ਧੰਨ ਹੈ, ਉਸ ਜਨ ਦਾ ਆਪਣਾ ਆਉਣਾ ਭੀ ਧੰਨ ਹੈ।
ਜਿਸ ਦੀ ਪ੍ਰਸਾਦਿ=ਕਿਰਪਾ ਕਰਕੇ ਸਾਰਾ ਜਗਤ ਤਰਨੇ ਵਿਚ ਆਇਆ ਹੈ।

ਯਥਾ:- ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥ (ਪੰਨਾ ੨੮੩)

ਤਥਾ:- ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ॥
ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ॥ (ਪੰਨਾ ੩੧੩)

ਤਥਾ:- ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥ ੧੮॥

(ਵਡਹੰਸ ਕੀ ਵਾਰ, ਪੰਨਾ ੫੯੩)

[ਪੰਨਾ ੨੯੫]

ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥

ਗੁਰਮੁਖ ਜਨਾਂ ਦੇ ਪਾਸ ਆਵਣ ਦਾ ਇਹੋ ਸੁਆਉ=ਲਾਭ ਹੈ। ਗੁਰਮੁਖ ਜਨਾਂ ਦੇ ਸੰਗ ਕਰਕੇ ਪ੍ਰਭੂ ਦਾ ਨਾਮ ਚੇਤੇ ਆਉਂਦਾ ਹੈ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ੮ ॥ ੨੩ ॥

ਜੋ ਗੁਰਮੁਖ ਜਨ ਆਪ ਮੁਕਤ ਰੂਪ ਹੈ ਅਤੇ ਸੰਸਾਰ ਨੂੰ ਕਰਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਉਸ ਗੁਰਮੁਖ ਜਨ ਨੂੰ ਮੈਂ ਸਦਾ ਨਮਸ਼ਕਾਰ ਕਰਦਾ ਹਾਂ॥ ੮॥ ੨੩॥

ਇਕ ਸਿਖ ਨੇ ਬੇਨਤੀ ਕੀਤੀ ਆਪ ਜੀ ਨੇ ਪੂਰੇ ਪ੍ਰਭੂ ਨੂੰ ਕਿਵੇਂ ਪਾਇਆ ਹੈ? *ਗੁਰ ਉੱਤਰ—*

ਸਲੋਕੁ ॥ ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪ੍ਰਭੂ ਦਾ ਨਾਮ ਸ਼ੁਭ ਗੁਣਾਂ ਕਰਕੇ ਪੂਰਾ ਹੈ, ਉਸ ਪੂਰੇ ਪ੍ਰਭੂ ਨੂੰ ਮਨ ਕਰਕੇ ਅਰਾਧਿਆ ਤੇ ਬਾਣੀ ਕਰਕੇ ਪੂਰੇ ਪ੍ਰਭੂ ਦੇ ਗੁਣਾਂ ਨੂੰ ਗਾਇਆ ਤਾਂ ਅਸਾਂ ਨੇ ਪੂਰੇ ਪ੍ਰਭੂ ਨੂੰ ਪਾਇਆ ਹੈ॥ ੧ ॥

ਅਸਟਪਦੀ ॥

ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥

ਹੇ ਭਾਈ ! ਪੂਰੇ ਪ੍ਰਭੂ ਦੀ ਪ੍ਰਾਪਤੀ ਵਾਸਤੇ ਤੂੰ ਭੀ ਪੂਰਿਆਂ ਗੁਰਾਂ ਦੇ ਉਪਦੇਸ਼ ਨੂੰ ਸੁਣ ਅਤੇ-ਪਾਰਬ੍ਰਹਮ ਨੂੰ ਆਪਣੇ ਨੇੜੇ ਦੇਖਣਾ ਕਰ।

ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥

ਅੰਦਰ ਸ੍ਵਾਸ ਜਾਂਦਿਆਂ, ਬਾਹਰ ਸ੍ਵਾਸ ਆਉਂਦਿਆਂ ਗੋਵਿੰਦ ਨੂੰ ਸਿਮਰਨਾ ਕਰ।

ਤਾਂ ਤੇਰੇ ਮਨ ਦੇ ਅੰਦਰ ਦੀ ਚਿੰਤਾ ਦੂਰ ਹੋ ਜਾਵੇਗੀ।

ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥

ਅਨਿਤ-ਝੂਠੇ ਪਦਾਰਥਾਂ ਦੀ ਆਸਾ ਨੂੰ ਅਤੇ ਤਰੰਗ=ਸੰਕਲਪਾਂ ਨੂੰ ਤਿਆਗ ਦੇ।

ਮਨ ਦੇ ਉਤਸ਼ਾਹ ਨਾਲ ਸੰਤਾਂ ਦੀ ਚਰਨ ਧੂੜੀ ਮੰਗਣਾ ਕਰ। ਕਿਉਂਕਿ ਸੰਤਾਂ ਦੀ ਚਰਨ ਧੂੜੀ ਮੰਦ ਕਰਮਾਂ ਦੀ ਰੇਖ ਨੂੰ ਮਿਟਾ ਦਿੰਦੀ ਹੈ।

ਸਾਖੀ-ਚਰਨ ਧੂੜੀ ਦੀ

ਇਕ ਸੁਦਾਗਰ ਲਾਹੌਰ ਦੇ ਰਹਿਣ ਵਾਲਾ ਸੀ, ਉਸ ਦੀ ਇਸਤ੍ਰੀ ਬੜੀ ਖੂਬਸੂਰਤ ਸੀ। ਉਹ ਸੁਦਾਗਰ

ਰੋਜ਼ ਹੀ ਆਪਣੀ ਇਸਤ੍ਰੀ ਨੂੰ ਨਾਲ ਲੈ ਕੇ ਇਕ ਮਹਾਤਮਾ ਦੇ ਪਾਸ ਸਤਸੰਗ ਕਰਨ ਜਾਂਦਾ ਸੀ ਜਾਂਦਿਆਂ ਜਾਂਦਿਆਂ ਦੋਵੇਂ ਮਹਾਤਮਾ ਦੇ ਸ਼ਿਸ਼ ਬਣ ਗਏ, ਮਹਾਤਮਾ ਲਾਹੌਰ ਦੇ ਕਿਲ੍ਹੇ ਪਾਸ ਰਹਿੰਦੇ ਸਨ ਜਿਸ ਵੇਲੇ ਸੁਦਾਗਰ ਵਪਾਰ ਕਰਨ ਵਾਸਤੇ ਬਾਹਰ ਗਿਆ ਤਾਂ ਪਿੱਛੋਂ ਇਕ ਦਿਨ ਸੁਦਾਗਰ ਦੀ ਇਸਤ੍ਰੀ ਸਿਰ ਨਹਾਕੇ ਕੋਠੇ ਚੜ੍ਹਕੇ ਵਾਲ ਸੁਕਾ ਰਹੀ ਸੀ, ਉਸ ਨੂੰ ਦੇਖਦਿਆਂ ਸਾਰ ਹੀ ਬਾਦਸ਼ਾਹ ਦਾ ਚਿਤ ਮੋਹਿਆ ਗਿਆ ਤੇ ਵਜ਼ੀਰਾਂ ਨੂੰ ਕਿਹਾ ਉਸ ਇਸਤ੍ਰੀ ਨੂੰ ਜ਼ਬਰਨ ਫੜ ਕੇ ਮੇਰੇ ਪਾਸ ਲਿਆਓ, ਤਾਂ ਵਜ਼ੀਰਾਂ ਨੇ ਕਿਹਾ ਬਾਦਸ਼ਾਹ ਇਸ ਤਰ੍ਹਾਂ ਨਾ ਬੁਲਾਓ ਜੰਤ੍ਰਾਂ ਮੰਤ੍ਰਾਂ ਦੀ ਰਾਹੀਂ ਬੁਲਾਓ ਤਾਂ ਚੰਗਾ ਹੈ। ਫਿਰ ਬਾਦਸ਼ਾਹ ਨੇ ਕਾਜ਼ੀਆਂ ਨੂੰ ਬੁਲਾਕੇ ਕਿਹਾ ਮੈਨੂੰ ਅਜੇਹੇ ਜੰਤ੍ਰ ਲਿਖ ਕੇ ਦਿਓ ਜਿਨ੍ਹਾਂ ਦੀ ਸ਼ਕਤੀ ਨਾਲ ਅਮਕੇ ਸੁਦਾਗਰ ਦੀ ਇਸਤ੍ਰੀ ਮੇਰੇ ਪਾਸ ਆਪੇ ਆ ਜਾਏ ਇਹ ਗੱਲ ਸੁਣ ਕੇ ਕਾਜ਼ੀਆਂ ਨੇ ਚਾਰ ਜੰਤ੍ਰ ਲਿਖ ਕੇ ਦਿਤੇ ਤੇ ਕਿਹਾ ਇਕ ਇਕ ਪਹਿਰ ਵਿਚ ਇਕ ਇਕ ਜੰਤ੍ਰ ਨੂੰ ਮੰਜੇ ਦੇ ਇਕ ਇਕ ਪਾਵੇ ਹੇਠ ਰਖ ਦੇਣਾ। ਚੌਥੇ ਪਹਿਰ ਵਿਚ ਉਹ ਆਪੇ ਆਪ ਜੀ ਦੇ ਪਾਸ ਆ ਜਾਵੇਗੀ। ਬਾਦਸ਼ਾਹ ਨੇ ਉਸੇ ਤਰ੍ਹਾਂ ਕੀਤਾ, ਤੇ ਸੁਦਾਗਰ ਦੀ ਇਸਤ੍ਰੀ ਨੂੰ ਸੁਨੇਹਾ ਵੀ ਭੇਜ ਦਿਤਾ ਜੇਕਰ ਤੂੰ ਅਜ ਮੇਰੇ ਪਾਸ ਨਾ ਆਈ ਤਾਂ ਤੇਰਾ ਸਾਰਾ ਪ੍ਰਵਾਰ ਕਤਲ ਕਰ੍ਕੇ ਤੇ ਸਾਰਾ ਧਨ ਮਾਲ ਜ਼ਬਤ ਕਰਕੇ ਤੈਨੂੰ ਜ਼ਬਰਨ ਰਾਜ-ਮੰਦਰਾਂ ਵਿਚ ਲਿਆਂਦਾ ਜਾਏਗਾ। ਇਕ ਪਹਿਰ ਪਿਛੋਂ ਇਕ ਜੰਤ੍ਰ ਮੰਜੇ ਦੇ ਪਾਵੇ ਹੇਠ ਰਖਣਾ ਸ਼ੁਰੂ ਕਰ ਦਿਤਾ ਜਿਸ ਵੇਲੇ ਦੂਤ ਨੇ ਆ ਕੇ ਸੁਨੇਹਾ ਦਿਤਾ ਤਾਂ ਸੁਦਾਗਰ ਦੀ ਇਸਤ੍ਰੀ ਨੇ ਕਿਹਾ ਮੈਂ ਪਤਿਬ੍ਰਤ ਧਰਮ ਵਾਲੀ ਹਾਂ ਤੇ ਹਿੰਦੂ ਦੀ ਇਸਤ੍ਰੀ ਹਾਂ ਬਾਦਸ਼ਾਹ ਮੁਸਲਮਾਨ ਹੈ ਉਸ ਦੇ ਮੰਦਰਾਂ ਵਿਚ ਜਾਣ ਲਈ ਬਿਲਕੁਲ ਤਿਆਰ ਨਹੀਂ ਹਾਂ ਮਰ ਜਾਊਂਗੀ ਪਰ ਮੰਦਰਾਂ ਵਿਚ ਨਹੀਂ ਜਾਵਾਂਗੀ, ਬਾਦਸ਼ਾਹ ਨੇ ਦੋ ਤਿੰਨ ਵਾਰ ਆਦਮੀ ਭੇਜੇ, ਇਸ ਨੇ ਜ਼ਰਾ ਪ੍ਰਵਾਹ ਨਹੀਂ ਕੀਤੀ। ਪਰ ਜੰਤ੍ਰਾਂ ਦੇ ਪ੍ਰਭਾਵ ਨਾਲ ਸੁਦਾਗਰ ਦੀ ਇਸਤ੍ਰੀ ਦਾ ਚਿੱਤ ਕੁਝ ਬਦਲ ਗਿਆ।

ਪਹਿਲੇ ਜੰਤ੍ਰ ਦੇ ਪ੍ਰਭਾਵ ਨਾਲ:-ਦਿਲ ਵਿਚ ਆਖਦੀ ਹੈ ਇਹ ਮੁਲਕ ਦਾ ਬਾਦਸ਼ਾਹ ਹੈ ਪਤੀ ਨੂੰ ਮਰਵਾ ਦੇਵੇਗਾ, ਬੱਚਿਆਂ ਨੂੰ ਮਰਵਾ ਦੇਵੇਗਾ, ਮਾਲ ਜ਼ਬਤ ਕਰ ਲਵੇਗਾ, ਤੋਂ ਭੀ ਮੈਨੂੰ ਛਡੇਗਾ ਨਹੀਂ।

ਦੂਜੇ ਜੰਤ੍ਰ ਦੇ ਪ੍ਰਭਾਵ ਨਾਲ:-ਚਿੱਤ ਵਿਚ ਇਹ ਖਿਆਲ ਆਇਆ ਮੇਰੇ ਪਿਛੇ ਮੇਰੇ ਪਤੀ ਔਰ ਮੇਰੇ ਪੁੱਤਰਾਂ ਦਾ ਨੁਕਸਾਨ ਨਾ ਹੋਵੇ ਇਸ ਲਈ ਮੇਰਾ ਜਾਣਾ ਹੀ ਬਣਦਾ ਹੈ।

ਤੀਜੇ ਜੰਤ੍ਰ ਦੇ ਪ੍ਰਭਾਵ ਨਾਲ-ਆਪਣੇ ਸਰੀਰ ਪਰ ਹਾਰ ਸ਼ਿੰਗਾਰ ਕਰਨ ਲਗ ਪਈ।

ਚੌਥੇ ਜੰਤ੍ਰ ਦੇ ਪ੍ਰਭਾਵ ਨਾਲ-ਘਰੋਂ ਨਿਕਲਦੇ ਬਾਦਸ਼ਾਹ ਦੇ ਰਾਜ ਮੰਦਰ ਵਿਚ ਜਾਣ ਲਈ ਤੁਰ ਪਈ। ਜਾਂਦਿਆਂ ਜਾਂਦਿਆਂ ਰਾਹ ਵਿਚ ਸੰਤਾਂ ਦਾ ਦਰਸ਼ਨ ਹੋ ਗਿਆ ਇਸਨੇ ਪਾਸ ਜਾਕੇ ਮੱਥਾ ਟੇਕਿਆ ਤਾਂ ਸੰਤਾਂ ਨੇ ਇਸ ਦੇ ਵਲ ਵੇਖਕੇ ਕਿਹਾ ਬੱਚੀ ! ਤੇਰਾ ਪਤੀ ਤਾਂ ਪ੍ਰਦੇਸ ਗਿਆ ਹੋਇਆ ਹੈ ਤੂੰ ਹਾਰ ਸ਼ਿੰਗਾਰ ਕਰਕੇ ਕਿਥੇ ਚਲੀ ਹੈਂ। ਸੱਚ ਦਸ? ਉਸ ਨੇ ਉਸੀ ਵੇਲੇ ਬਾਦਸ਼ਾਹ ਦਾ ਸਾਰਾ ਹਾਲ ਸੁਣਾਇਆ। ਸੰਤਾਂ ਨੇ ਸੁਣ ਕੇ ਉਸ ਦੇ ਮੱਥੇ ਦੀ ਕੁਝ ਖਰਾਬ ਰੇਖਾ ਦੇਖੀ ਤੇ ਆਪਣੇ ਪਵਿੱਤ੍ਰ ਚਰਨਾਂ ਦੀ ਧੂੜੀ ਲਗਾ ਕੇ ਉਸ ਦੀ ਮੰਦ ਰੇਖਾ ਮਿਟਾ ਦਿਤੀ ਤੇ ਆਖਿਆ ਬੱਚੀ ਰਾਜ ਮੰਦਰਾਂ ਵਿਚ ਜਾਣ ਦੀ ਕੋਈ ਲੋੜ ਨਹੀਂ ਹੁਣ ਤੂੰ ਆਪਣੇ ਘਰ ਚਲੀ ਜਾਹ ਰਾਜਾ ਤੈਨੂੰ ਕੁਝ ਨਹੀਂ ਕਹੇਗਾ ਚਿੱਤ ਨੂੰ ਅਡੋਲ ਰਖ ਕੇ ਆਪਣੇ ਪਤਿਬ੍ਰਤ ਧਰਮ ਪਰ ਇਸਥਿਤ ਰਹੋ। ਇਸ ਤਰ੍ਹਾਂ ਸੰਤਾਂ ਪਾਸੋਂ ਬਚਨ ਸੁਣ ਕੇ ਉਹ ਆਪਣੇ ਘਰ ਨਿਸਚਿੰਤ ਹੋ ਕੇ ਆ ਗਈ। ਦੇਖੋ ਸੰਤਾਂ ਦੀ ਧੂੜੀ ਨੇ ਸੁਦਾਗਰ ਦੀ ਇਸਤ੍ਰੀ ਦੇ ਮੰਦ ਲੇਖ ਮਿਟਾ ਦਿਤੇ।

ਯਥਾ:- ਧੂੜੀ ਲੇਖ ਮਿਟਾਇਆ ॥ *(ਭਾਈ ਗੁਰਦਾਸ ਜੀ)*

ਤਥਾ:- ਪਾਰਬ੍ਰਹਮ ਮੋਹਿ ਕਿਰਪਾ ਕੀਜੈ॥ ਧੂਰਿ ਸੰਤਨ ਕੀ ਨਾਨਕ ਦੀਜੈ॥ (ਪੰਨਾ ੧੮੧)

ਤਥਾ:- ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥ ਕਰਉ ਬਿਨੰਤੀ ਮਾਨੁ ਤਿਆਗਉ॥
ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ॥ (ਪੰਨਾ ੯੬)

ਤਥਾ:- ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥
ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ॥ (ਆਸਾ ਦੀ ਵਾਰ, ਪੰਨਾ ੪੬੮)

ਆਪੁ ਛੋਡਿ ਬੇਨਤੀ ਕਰਹੁ॥ ਸਾਧਸੰਗਿ ਅਗਨਿ ਸਾਗਰੁ ਤਰਹੁ॥

ਆਪਾ ਭਾ ਹੰਕਾਰ ਨੂੰ ਛਡਕੇ ਪ੍ਰਭੂ ਅਗੇ ਬੇਨਤੀ ਕਰੋ ਅਤੇ ਸਤਸੰਗ ਕਰੋ ਕਿਉਂਕਿ ਸਤਸੰਗ ਕਰਕੇ ਹੀ ਤ੍ਰਿਸ਼ਨਾਂ ਰੂਪੀ ਅੱਗਨੀ ਦੇ ਸਮੁੰਦ੍ਰ ਸੰਸਾਰ ਤੋਂ ਤਰ ਜਾਓਗੇ।

ਹਰਿ ਧਨ ਕੇ ਭਰਿ ਲੇਹੁ ਭੰਡਾਰ॥ ਨਾਨਕ ਗੁਰ ਪੂਰੇ ਨਮਸਕਾਰ॥ ੧॥

ਅੰਤਹਕਰਣ ਰੂਪ ਭੰਡਾਰੇ ਨੂੰ ਹਰੀ ਨਾਮ ਰੂਪੀ ਧਨ ਨਾਲ ਭਰ ਲੈਣਾ ਕਰੋ।
ਅਤੇ ਨਾਮ ਧਨ ਦੀ ਪ੍ਰਾਪਤੀ ਵਾਸਤੇ ਪੂਰਿਆਂ ਗੁਰਾਂ ਨੂੰ ਨਮਸ਼ਕਾਰ ਕਰੋ॥ ੧॥

ਖੇਮ ਕੁਸਲ ਸਹਜ ਆਨੰਦ॥ ਸਾਧਸੰਗਿ ਭਜੁ ਪਰਮਾਨੰਦ॥

ਸਤਸੰਗਤ ਵਿਚ ਬੈਠਕੇ ਪਰਮ ਅਨੰਦ ਸਰੂਪ ਪਰਮੇਸ਼ਰ ਨੂੰ ਭਜਨਾ ਕਰ, ਤਾਂ ਖੇਮ=ਰਖਿਆ, ਕੁਸਲ=ਸੁਖ ਅਤੇ ਅਨੰਦ ਇਤਿਆਦਿਕ ਸ਼ੁਭ ਗੁਣ ਸੁਭਾਵਕ ਹੀ ਪ੍ਰਾਪਤ ਹੋ ਜਾਣਗੇ।

ਨਰਕ ਨਿਵਾਰਿ ਉਧਾਰਹੁ ਜੀਉ॥ ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ॥

ਹੇ ਭਾਈ ! ਗੋਬਿੰਦ ਦੇ ਗੁਣਾਂ ਦਾ ਗਾਇਨ ਕਰਨੇ ਰੂਪ ਅੰਮਿਤ ਰਸ ਨੂੰ ਪੀਕੇ, ਨਰਕਾਂ ਨੂੰ ਨਿਵਾਰਿ=ਦੂਰ ਕਰਕੇ ਆਪਣੇ ਜੀਅ ਨੂੰ ਉਧਾਰ ਲੈ।

ਚਿਤਿ ਚਿਤਵਹੁ ਨਾਰਾਇਣ ਏਕ॥ ਏਕ ਰੂਪ ਜਾ ਕੇ ਰੰਗ ਅਨੇਕ॥

ਉਸ ਇਕ ਨਰਾਇਣ ਨੂੰ ਆਪਣੇ ਚਿੱਤ ਵਿਚ ਚਿਤਵਣਾ ਕਰ। ਨਿਰਗੁਣ ਬ੍ਰਹਮ ਹੋਣ ਕਰਕੇ ਜਿਸ ਦਾ ਇਕ ਰੂਪ ਹੈ, ਸਰਗੁਣ ਸਰੂਪ ਹੋਣ ਕਰਕੇ ਜਿਸ ਦੇ ਅਨੇਕਾਂ ਰੰਗ ਹਨ।

ਗੋਪਾਲ ਦਾਮੋਦਰ ਦੀਨ ਦਇਆਲ॥ ਦੁਖ ਭੰਜਨ ਪੂਰਨ ਕਿਰਪਾਲ॥

ਉਹ ਦਮੋਦਰ ਪਰਮਾਤਮਾ ਗੌ+ਪਾਲ=ਗਉਆਂ ਦੇ, ਵਾ:-ਇੰਦ੍ਰੀਆਂ ਦੇ, ਵਾ:-ਵੇਦਾਂ ਦੇ ਪਾਲਣ ਵਾਲਾ ਹੈ, ਤੇ ਦੀਨ ਦਿਆਲ ਹੈ। ਦੁਖਾਂ ਦੇ ਨਾਸ ਕਰਨ ਵਾਲਾ ਤੇ ਪੂਰਨ ਕ੍ਰਿਪਾਲੂ ਹੈ।

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥ ਨਾਨਕ ਜੀਅ ਕਾ ਇਹੈ ਅਧਾਰ॥ ੨॥

ਬਾਰੰ+ਬਾਰ=ਮੁੜ ਮੁੜ ਕੇ ਉਸ ਦੇ ਨਾਮਾਂ ਨੂੰ ਸਿਮਰਨਾ ਹੀ ਸਿਮਰਨਾ ਕਰ।
ਵਾ:-ਮਨ, ਬਾਣੀ, ਸਰੀਰ ਕਰਕੇ ਵਾਰੰਵਾਰ ਉਸ ਦੇ ਨਾਮਾਂ ਨੂੰ ਸਿਮਰਨਾ ਕਰ।

ਗੁਰੂ ਜੀ ਕਥਨ ਕਰਦੇ ਹਨ-ਇਹ ਨਾਮ ਹੀ ਜੀਵ ਦਾ ਅਧਾਰ=ਆਸਰਾ ਹੈ॥ ੨॥

ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥

ਸੁਖਮਨੀ ਸਾਹਿਬ ਦੇ ਸਾਧ=ਸ੍ਰੇਸ਼ਟ ਬਚਨ ਹੀ ਉੱਤਮ ਸਲੋਕ ਹਨ।

ਵਾ-ਇਹ ਸਲੋਕ ਉਤਮ ਹਨ ਕਿਉਂਕਿ ਇਸ ਦੇ ਵਿਚ ਸੰਤਾਂ ਦੇ ਉਸਤਤੀ ਰੂਪ ਬਚਨ ਹਨ।

ਯਥਾ:- ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥ *(ਪੰਨਾ ੨੭੨)*

ਅਥਵਾ:-ਸ+ਲੋਕ=ਉਹੀ ਅਲੌਕਿਕ ਉੱਤਮ ਜੋ ਸਾਧ ਵਸਤੂ ਅਰਥਾਤ ਆਤਮ ਵਸਤੂ ਹੈ ਉਸ ਦੀ ਪ੍ਰਾਪਤੀ ਦੇ ਇਹ ਬਚਨ ਹਨ। ਪੁਨਾ ਇਹ ਬਚਨ ਲਾਲਾਂ ਤੇ ਰਤਨਾਂ ਵਾਗੂੰ ਅਮੋਲਕ ਹਨ।

ਸੁਨਤ ਕਮਾਵਤ ਹੋਤ ਉਧਾਰ॥ ਆਪਿ ਤਰੈ ਲੋਕਹ ਨਿਸਤਾਰ॥

ਇਨ੍ਹਾਂ ਬਚਨਾਂ ਨੂੰ ਜੋ ਸ਼ਰਧਾ ਨਾਲ ਸੁਣੇਗਾ ਅਤੇ ਕਮਾਵੇਗਾ ਉਸ ਦਾ ਉਧਾਰ ਹੋਵੇਗਾ।

ਉਹ ਆਪ ਤਰੇਗਾ ਅਤੇ ਹੋਰਨਾਂ ਅਧਿਕਾਰੀ ਲੋਕਾਂ ਨੂੰ ਭੀ ਤਾਰ ਲਵੇਗਾ।

ਸਫਲ ਜੀਵਨੁ ਸਫਲੁ ਤਾ ਕਾ ਸੰਗੁ॥ ਜਾ ਕੈ ਮਨਿ ਲਾਗਾ ਹਰਿ ਰੰਗੁ॥

ਸੁਖਮਨੀ ਸਾਹਿਬ ਜੀ ਦਾ ਪਾਠ ਕਰਦਿਆਂ ਕਰਦਿਆਂ ਜਿਸ ਦੇ ਮਨ ਵਿਚ ਹਰੀ ਦਾ ਰੰਗੁ=ਪ੍ਰੇਮ ਲਗਾ ਹੈ। ਉਸ ਪੁਰਸ਼ ਦਾ ਜੀਵਨ ਸਫਲ ਹੈ। ਅਤੇ ਉਸ ਦਾ ਸੰਗ ਕਰਨਾ ਭੀ ਸਫਲ ਹੈ।

ਜੈ ਜੈ ਸਬਦੁ ਅਨਾਹਦੁ ਵਾਜੈ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥

ਜੋ ਪੁਰਸ਼ ਸੁਖਮਨੀ ਸਾਹਿਬ ਜੀ ਦਾ ਪਾਠ ਨਿਤਨੇਮ ਨਾਲ ਕਰਦਾ ਹੈ। ਉਸ ਦੇ ਜੈ ਜੈ ਸ਼ਬਦਾਂ ਦੇ ਅਨਾਹਦੁ=ਇਕ ਰਸ ਵਾਜੇ ਵਜਦੇ ਹਨ।*

ਜੋ ਪੁਰਸ਼ ਸੁਖਮਨੀ ਸਾਹਿਬ ਜੀ ਦੇ ਪਾਠ ਨੂੰ ਸੁਣ ਸੁਣ ਕੇ ਮਨ ਵਿਚ ਅਨੰਦ ਧਾਰਨਾ ਕਰਦਾ ਹੈ ਉਸ ਨੂੰ ਪਰਮਾਤਮਾ ਗਾਜੈ=ਪ੍ਰਗਟ ਹੁੰਦਾ ਹੈ।

ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ॥ ਨਾਨਕ ਉਧਰੇ ਤਿਨ ਕੈ ਸਾਥੇ॥ ੩॥

ਜੋ ਪ੍ਰੇਮ ਭਾਵ ਨਾਲ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੈ। ਓਹੀ ਅਸਲ ਮਹਾਤਮਾ ਹੈ। ਉਸ ਦੇ ਮੱਥੇ ਦੇ ਅਗਰ ਭਾਗ ਗੋਪਾਲ ਪਰਗਟ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਦੇ ਸਾਥੇ=ਨਾਲ ਰਹਿਣ ਵਾਲੇ ਸਾਰੇ ਉਧਰੇ=ਤਰ ਗਏ ਹਨ।

ਸਰਨਿ ਜੋਗੁ ਸੁਨਿ ਸਰਨੀ ਆਏ॥ ਕਰਿ ਕਿਰਪਾ ਪ੍ਰਭ ਆਪ ਮਿਲਾਏ॥

ਸ਼ਰਨ ਆਇਆਂ ਦੀ ਰਖਿਆ ਕਹਨੇ ਜੋਗ ਹੈ। ਇਹ ਗੱਲ ਸੁਣਕੇ ਜਦ ਅਸੀ ਪ੍ਰਭੂ ਦੀ ਸ਼ਰਨ ਵਿਚ ਆਏ ਤਾਂ ਪ੍ਰਭੂ ਨੇ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੀਤਾ।

**ਭਾਈ ਮਨੀ ਸਿੰਘ ਜੀ ਘਿਉ ਵਾਲੇ ਜਿਨ੍ਹਾਂ ਨੂੰ ਸੰਨ ੧੯੪੪ ਵੈਸਾਖੀ ਵਾਲੇ ਦਿਨ ਤੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੇਠਾਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਨਿਤਨੇਮ ਨਾਲ ਪਾਠ ਕਰਦਿਆਂ ਅਜ ੧੯੭੨ ਵੈਸਾਖੀ ਤਕ ਪੂਰੇ ੨੮ ਸਾਲ ਹੋ ਚੁਕੇ ਹਨ। ਜਿਨ੍ਹਾਂ ਨੂੰ ਪਹਿਲੇ ਕੋਈ ਜਾਣਦਾ ਵੀ ਨਹੀਂ ਸੀ ਪਰ ਅਜ ਸੁਖਮਨੀ ਸਾਹਿਬ ਜੀ ਦੇ ਪ੍ਰਤਾਪ ਕਰਕੇ ਸਾਰੇ ਜੈ ਜੈ ਕਾਰ ਅਤੇ ਨਮਸ਼ਕਾਰਾਂ ਕਰਦੇ ਹਨ। ਉਮੀਦ ਹੈ ਗੁਰੂ ਬਾਬਾ ਮਿਹਰ ਕਰੇ ਅਗੋਂ ਭੀ ਜਿੰਦਗੀ ਤਕ ਇਸ ਨੇਮ ਨੂੰ ਨਿਭਾਣਗੇ।*

ਮਿਟਿ ਗਏ ਬੈਰ ਭਏ ਸਭ ਰੇਨ॥ ਅੰਮ੍ਰਿਤ ਨਾਮੁ ਸਾਧਸੰਗਿ ਲੈਨ॥

ਜਦੋਂ ਦੇ ਗੁਰਾਂ ਦੀ ਸਤਸੰਗਤ ਵਿਚ ਬੈਠਕੇ ਨਾਮ ਅੰਮ੍ਰਿਤ ਲੈਣ ਲਗ ਪਏ ਹਾਂ। ਤਦੋਂ ਦੇ ਸਭ ਦੀ ਚਰਨ ਧੂੜ ਹੋਣ ਕਰਕੇ ਹਿਰਦੇ ਵਿਚੋਂ ਵੈਰ ਭਾਵ ਮਿਟ ਗਏ ਹਨ।

ਸੁਪ੍ਰਸੰਨ ਭਏ ਗੁਰਦੇਵ॥ ਪੂਰਨ ਹੋਈ ਸੇਵਕ ਕੀ ਸੇਵ॥

ਗੁਰਦੇਵ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪ ਮੇਰੇ ਤੇ ਪ੍ਰਸੰਨ ਹੋਏ ਹਨ।

ਇਸ ਲਈ ਮੈਂ ਸੇਵਕ ਦੀ ਸੇਵਾ ਕੀਤੀ ਪੂਰੀ ਹੋ ਗਈ ਭਾਵ ਸਫਲ ਹੋ ਗਈ ਹੈ।

ਆਲ ਜੰਜਾਲ ਬਿਕਾਰ ਤੇ ਰਹਤੇ॥ ਰਾਮ ਨਾਮ ਸੁਨਿ ਰਸਨਾ ਕਹਤੇ॥

ਆਲ ਜੰਜਾਲ=ਘਰ ਦੇ ਧੰਧਿਆਂ ਤੋਂ ਅਤੇ ਹੋਰ ਕਈ ਤਰ੍ਹਾਂ ਦੇ ਵਿਕਾਰਾਂ ਤੋਂ, ਵਾ:-ਕਾਮ ਆਦਿਕ ਵਿਕਾਰਾਂ ਤੋਂ ਰਹਿਤ ਹੋਏ ਹਾਂ।

ਹੁਣ ਤਾਂ ਹਰ ਵੇਲੇ ਰਾਮ ਨਾਮ ਸੁਣਦੇ ਹਾਂ ਅਤੇ ਰਸਨਾਂ ਤੋਂ ਕਥਨ ਕਰਦੇ ਹਾਂ।

ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ॥ ਨਾਨਕ ਨਿਬਹੀ ਖੇਪ ਹਮਾਰੀ॥ ੪॥

ਕਰਿ ਪ੍ਰਸਾਦੁ=ਕਿਰਪਾ ਕਰਨ ਵਾਲੇ ਪ੍ਰਭੂ ਨੇ ਦਇਆ ਦ੍ਰਿਸ਼ਟੀ ਧਾਰੀ ਹੈ।

ਅਥਵਾ:-ਗੁਰਾਂ ਨੇ ਕਿਰਪਾ ਕੀਤੀ ਹੈ ਤੇ ਪ੍ਰਭੂ ਨੇ ਭੀ ਦਇਆ ਧਾਰੀ ਹੈ। ਗੁਰੂ ਜੀ ਕਥਨ ਕਰਦੇ ਹਨ- ਤਾਂ ਹੀ ਇਹ ਸਾਡੀ ਭਗਤੀ ਰੂਪ, ਵਾ:-ਸੁਖਮਨੀ ਰੂਪ ਖੇਪ ਤੋੜ ਨਿਬਹੀ=ਨਿਭ ਗਈ ਹੈ॥ ੪॥

(ਅਗਲੀਆਂ ਚਾਰ ਪਉੜੀਆਂ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਅਤੇ ਸੁਣਨ ਦਾ ਮਹਾਤਮ ਕਥਨ ਕਰਦੇ ਹਨ)

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥

ਹੇ ਸੰਤ ਜਨੋ, ਹੇ ਮਿਤਰੋ ! ਸਾਵਧਾਨ ਹੋ ਕੇ ਇਕਾਗਰ ਚਿੱਤ ਨਾਲ ਪ੍ਰਭੂ ਦੀ ਉਸਤਤੀ ਰੂਪ ਸੁਖਮਨੀ ਸਾਹਿਬ ਜੀ ਨੂੰ ਉਚਾਰਣਾ ਕਰੋ।

ਸੁਖਮਨੀ ਸਹਜ ਗੋਬਿੰਦ ਗੁਨ ਨਾਮ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ॥

ਇਸ ਸੁਖਮਨੀ ਸਾਹਿਬ ਵਿਚ ਤਿੰਨ ਚੀਜਾਂ ਹਨ, ਗੋਬਿੰਦ ਦੇ ਗੁਣ, ਗੋਬਿੰਦ ਦਾ ਨਾਮ ਅਤੇ ਗੋਬਿੰਦ ਦਾ ਸਹਜ=ਗਿਆਨ। ਜਿਸ ਪੁਰਸ਼ ਦੇ ਮਨ ਵਿਚ ਸੁਖਮਨੀ ਸਾਹਿਬ ਜੀ ਦਾ ਪਾਠ ਵਸਦਾ ਹੈ ਉਹ ਨਿਧੀਆਂ ਦਾ ਨਿਧਾਨ=ਖਜ਼ਾਨਾ ਹੋ ਜਾਂਦਾ ਹੈ।

ਸਰਬ ਇਛਾ ਤਾ ਕੀ ਪੂਰਨ ਹੋਇ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥

ਉਸਦੀਆਂ ਸਾਰੀਆਂ ਇੱਛਾਂ ਪੂਰਨ ਹੋ ਜਾਂਦੀਆਂ ਹਨ। ਉਹ ਪੁਰਸ਼ ਪਰਧਾਨ ਹੋ ਕੇ ਸਾਰਿਆਂ ਲੋਕਾਂ ਵਿਚ ਪ੍ਰਗਟ ਹੋ ਜਾਂਦਾ ਹੈ।

ਸਭ ਤੇ ਊਚ ਪਾਏ ਅਸਥਾਨੁ॥ ਬਹੁਰਿ ਨ ਹੋਵੈ ਆਵਨ ਜਾਨੁ॥

ਪੁਨਾ ਉਹ ਪੁਰਸ਼ ਸਾਰਿਆਂ ਤੋਂ ਉਚਾ ਅਸਥਾਨ ਜੋ ਪਰਮਪਦ ਹੈ ਉਸ ਨੂੰ ਪਾ ਲੈਂਦਾ ਹੈ।

ਜਿਸ ਅਸਥਾਨ ਤੋਂ ਉਸ ਦਾ ਆਉਣਾ ਜਾਣਾ ਭਾਵ ਜੰਮਣਾ ਮਰਨਾ ਨਹੀਂ ਹੁੰਦਾ।

ਸਾਖੀ-ਗੋਪਾਲ ਨਾਮੇ ਵੈਰਾਗੀ ਦੀ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਸਤਤੀ ਸੁਣਕੇ ਇਕ ਬਾਬਾ ਗੋਪਾਲ ਨਾਮੇ ਵੈਰਾਗੀ ਨੇ ਮਹਾਰਾਜ ਜੀ ਦੀ ਸ਼ਰਨ ਆ ਕੇ ਬੇਨਤੀ ਕੀਤੀ ਮੈਨੂੰ ਭੀ ਅੰਮ੍ਰਿਤ ਛਕਾਓ ਤਾਂ ਹਜ਼ੂਰ ਨੇ ਕਿਹਾ, ਸੰਤ ਜੀ ਆਪ ਏਸੇ ਭੇਖ ਵਿਚ ਰਹਿ ਕੇ ਸਿੱਖੀ ਦਾ ਪ੍ਰਚਾਰ ਕਰੋ ਅਸੀਂ ਆਪ ਜੀ ਉੱਤੇ ਬਹੁਤ ਖੁਸ਼ ਹਾਂ। ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਬਾਬਾ ਗੋਪਾਲ ਜੀ ਨੇ ਜ਼ਿਲ੍ਹਾ ਝੰਗ ਕੋਟ ਈਸਾ ਸ਼ਾਹ ਵਿਚ ਆਪਣਾ ਟਿਕਾਣਾ ਬਣਾਇਆ, ਤੇ ਨਾਮ ਸਿਮਰਨ ਦਾ ਸਭ ਨੂੰ ਉਪਦੇਸ਼ ਦਿੰਦੇ ਰਹੇ। ਇਕ ਦਿਨ ਦਾ ਜ਼ਿਕਰ ਹੈ ਇਕ ਮਹਾਜਨ ਨੇ ਆਪਣੇ ਨੌਕਰ ਨੂੰ ਦਰਿਆ ਤੋਂ ਪਾਰ ਬੁਲੋ ਪਿੰਡ ਵਿਚ ਤੂੜੀ ਲੈਣ ਭੇਜਿਆ। ਤੂੜੀ ਲੈਂਦਿਆਂ ਵਿਚੋਂ ਸੱਪ ਨੇ ਨਿਕਲਕੇ ਉਸ ਨੂੰ ਡੰਗ ਮਾਰਿਆ, ਤਾਂ ਉਹ ਉਸੀ ਵੇਲੇ ਮਰ ਗਿਆ। ਪਰ ਉਹ ਹਰ ਵੇਲੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੁੰਦਾ ਸੀ ਅਤੇ ਉਸ ਵੇਲੇ ਭੀ ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਿਹਾ ਸੀ। ਜਿਸ ਤੇ ਉਹ ਅੰਤ ਨੂੰ ਬਿਬਾਣ ਪਰ ਚੜ੍ਹਕੇ ਸਚਖੰਡ ਜਾ ਰਿਹਾ ਸੀ। ਬਾਬਾ ਗੋਪਾਲ ਜੀ ਨੇ ਜਦ ਅਕਾਸ਼ ਵਲ ਉਹ ਬਿਬਾਣ ਜਾਂਦਾ ਵੇਖਿਆ ਕਿ ਦੇਵਤੇ ਬਿਬਾਣ ਲਈ ਜਾਂਦੇ ਹਨ ਤਾਂ ਉਹ ਆਪਣੀ ਅੰਤਰਜਾਮਤਾ ਦੇ ਬਲ ਨਾਲ ਸਮਝ ਗਏ ਕਿ ਉਹ ਫਲਾਣਾ ਆਦਮੀ ਬਿਬਾਣ ਪਰ ਜਾ ਰਿਹਾ ਹੈ।

ਨਮਸ਼ਕਾਰ ਕਰਕੇ ਕਿਹਾ-ਵਾਹ ਵਾਹ ਭਲੇ ਭਲੇ ! ਪਾਸ ਬੈਠੇ ਸੇਵਕਾਂ ਨੇ ਪੁਛਿਆ ਆਪ ਜੀ ਨੇ ਭਲੇ ਭਲੇ ਕਿਉਂ ਕਿਹਾ ਹੈ ਤਾਂ ਬਾਬਾ ਗੋਪਾਲ ਜੀ ਨੇ ਕਿਹਾ-ਸਪੜੇ ਜਾਤੀ ਵਾਲੇ ਮਹਾਜਨ ਦਾ ਇਕ ਨੌਕਰ ਸੀ ਜੋ ਹਮੇਸ਼ਾਂ ਸੁਖਮਨੀ ਸਾਹਿਬ ਜੀ ਦਾ ਪਾਠ ਬੜੇ ਪ੍ਰੇਮ ਨਾਲ ਕਰਦਾ ਸੀ। ਉਹ ਤੂੜੀ ਲਿਆਣ ਦੇ ਕੰਮ ਗਿਆ ਸੀ ਸਰਪ ਦੇ ਡੰਗ ਨਾਲ ਮਿਰਤੂ ਹੋ ਗਿਆ ਹੈ। ਸਰਪ ਦਾ ਡੰਗਿਆ ਕਦੇ ਮੁਕਤ ਨਹੀਂ ਹੁੰਦਾ ਪਰ ਸੁਖਮਨੀ ਸਾਹਿਬ ਦੇ ਪ੍ਰਤਾਪ ਕਰਕੇ ਅਜ ਉਹ ਬਿਬਾਣ ਪਰ ਚੜ੍ਹਕੇ ਸਚਖੰਡ ਜਾ ਰਿਹਾ ਹੈ, ਇਸ ਦਾ ਅਗੋਂ ਲਈ ਜੰਮਣ ਮਰਨ ਮਿਟ ਗਿਆ ਹੈ ਇਸ ਕਰਕੇ ਅਸਾਂ ਨੇ ਭਲੇ ਭਲੇ ਕਿਹਾ ਹੈ ਕਿ ਇਹ ਸਭ ਤੋਂ ਚੰਗਾ ਹੈ ਜੋ ਸੁਖਮਨੀ ਦੇ ਪਾਠ ਦੁਆਰਾ ਆਪਣਾ ਜਨਮ ਸਫਲ ਕਰਕੇ ਸਚਖੰਡ ਚਲਾ ਗਿਆ ਹੈ।

(ਭਗਤ ਪ੍ਰੇਮ ਪ੍ਰਕਾਸ਼ ਉਤਰਾਰਧ ਹੁਲਾਸ ੬ ਪੰਨਾ ੧੨੭)

ਹਰਿ ਧਨੁ ਖਾਟਿ ਚਲੈ ਜਨੁ ਸੋਇ॥ ਨਾਨਕ ਜਿਸਹਿ ਪਰਾਪਤਿ ਹੋਇ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸਨੂੰ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਨਿਤ ਪ੍ਰਾਪਤ ਹੁੰਦਾ ਹੈ। ਉਹ ਪੁਰਸ਼ ਹਰੀ ਨਾਮ ਰੂਪੀ ਧਨ ਨੂੰ ਖਟਕੇ ਚਲਦਾ ਹੈ।

(ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਵਾਲੇ ਨੂੰ ਹੇਠ ਲਿਖੀਆਂ ਸਭ ਚੀਜ਼ਾਂ ਪ੍ਰਾਪਤ ਹੁੰਦੀਆਂ ਹਨ)

ਖੇਮ ਸਾਂਤਿ ਰਿਧਿ ਨਵ ਨਿਧਿ॥ ਬੁਧਿ ਗਿਆਨੁ ਸਰਬ ਤਹ ਸਿਧਿ॥

ਖੇਮ=ਰਖਿਆ, ਮਨ ਦੀ ਸ਼ਾਂਤੀ, ਅਲਪ ਵਸਤੂ ਅਨੇਕ ਪੁਰਸ਼ਾਂ ਵਿਚ ਵਰਤਾਣ ਨਾਲ ਭੀ ਨਾ ਮੁਕਣੀ ਰੂਪ ਰਿਧੀ ਅਤੇ ੧ ਮਹਾਂ ਪਦਮ, ੨ ਪਦਮ, ੩ ਕਛਪ, ੪ ਮਕਰ, ੫ ਮੁਕੰਦ, ੬ ਨੀਲ, ੭ ਅਰਬ, ੮ ਖਰਬ, ੯ ਕੰਦ ਰੂਪ ਨੌਂ ਨਿਧੀਆਂ।

ਮਨ ਬੁੱਧੀ ਆਦਿਕਾਂ ਦਾ ਗਿਆਨ, ਵਾ:-ਸ੍ਰੇਸ਼ਟ ਬੁੱਧੀ ਤੇ ਸ਼ਾਸਤ੍ਰ ਗਿਆਨ, ਵਾ:-ਪਰੋਖ ਗਿਆਨ ਅਤੇ

ਸਾਰੀਆਂ ਸਿਧੀਆਂ ਉਸਨੂੰ ਪ੍ਰਾਪਤ ਹੁੰਦੀਆਂ ਹਨ।

[ਪੰਨਾ ੨੯੬]

ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥

ਹਰ ਕਿਸਮ ਦੀ ਵਿਦਿਆ, ਵਾ:-ਆਤਮ ਵਿਦਿਆ, ਪ੍ਰਤਖ ਜਪ ਤਪ,

ਵਾ:- *ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥* (ਪੰਨਾ ੪੨੩)

ਭਗਤੀ ਜੋਗ, ਤੇ ਪ੍ਰਭੂ ਦੇ ਚਰਨਾਂ ਦਾ ਧਿਆਨ। ਸ੍ਰੇਸ਼ਟ ਗਿਆਨ=ਅਪ੍ਰੋਖ ਗਿਆਨ ਅਤੇ ਅਠਾਠ ਤੀਰਥਾਂ ਦੀ ਇਸ਼ਨਾਨ ਦਾ ਉੱਤਮ ਫਲ ਘਰ ਬੈਠਿਆਂ ਪ੍ਰਾਪਤ ਹੁੰਦਾ ਹੈ।

ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥

ਧਰਮ, ਅਰਥ, ਕਾਮ ਤੇ ਮੋਖ ਰੂਪ ਚਾਰੇ ਪਦਾਰਥਾਂ ਦੀ ਪ੍ਰਾਪਤੀ ਹਿਰਦੇ ਕਮਲ ਦਾ ਖਿੜਣਾ। ਤਨ ਕਰਕੇ ਸਾਰਿਆਂ ਦੇ ਵਿਚ ਰਹਿਕੇ ਮਨ ਕਰਕੇ ਸਭਨਾਂ ਤੋਂ ਉਦਾਸ=ਅਸੰਗ ਰਹਿਣਾ।

ਯਥਾ:-ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥ ੩ ॥

(ਗਉੜੀ ਮਹਲਾ ੫, ਪੰਨਾ ੧੮੧)

ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥

ਸਰੀਰ ਕਰਕੇ ਸੁੰਦਰ=ਸੋਹਣਾ ਸ਼ਹਿਜ਼ਾਦਾ ਹੋਣਾ, ਚਤੁਰੁ=ਦਾਨਾ ਹੋਣਾ, ਸਾਰਿਆਂ ਵੇਦਾਂ ਸ਼ਾਸਤ੍ਰਾਂ ਦੇ ਤਤ ਕਾ ਬੇਤਾ=ਸਿਧਾਂਤ ਦੇ ਜਾਣਨ ਵਾਲਾ ਹੋਣਾ। ਉੱਚ ਨੀਚ ਵਿਚ ਸਮਦਰਸ਼ੀ=ਸਮਦ੍ਰਿਸ਼ਟੀ ਹੋਣਾ, ਅਨੇਕਾਂ ਵਿਚ ਇਕ ਬ੍ਰਹਮ ਨੂੰ ਵੇਖਣਾ।

ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥

ਗੁਰੂ ਜੀ ਸਿਫਤ ਅਤੇ ਪਰਮੇਸ਼ਰ ਦੇ ਨਾਮਾਂ ਨਾਲ ਮਿਲੇ ਹੋਏ ਜੋ ਸੁਖਮਨੀ ਸਾਹਿਬ ਜੀ ਦੇ ਬਚਨ ਹਨ। ਇਨ੍ਹਾਂ ਬਚਨਾਂ ਨੂੰ ਜੋ ਗੁਰਾਂ ਦੁਆਰੇ ਆਪਣੇ ਕੰਨੀ ਸੁਨੇ=ਸੁਣਦਾ ਹੈ ਤੇ ਮੁਖਿ ਭਨੇ=ਮੂੰਹ ਨਾਲ ਕਥਨ ਕਰਦਾ ਹੈ ਅਤੇ ਮਨ ਵਿਚ ਮਨਨ ਕਰਦਾ ਹੈ, ਤਿਸੁ ਜਨ ਕੈ=ਉਸ ਪੁਰਸ਼ ਦੇ ਤਾਈਂ ਇਹ ਮੁਖੀ ਮੁਖੀ ਫਲ ਪ੍ਰਾਪਤ ਹੋਣੇ ਭਨੇ=ਕਥਨ ਕੀਤੇ ਹਨ ॥ ੬ ॥

ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥

ਨਿਧੀਆਂ ਦਾ ਖਜ਼ਾਨਾ ਜੋ ਇਹ ਸੁਖਮਨੀ ਸਾਹਿਬ ਹੈ ਜਿਹੜਾ ਕੋਈ ਇਸ ਨੂੰ ਮਨ ਕਰਕੇ ਜਪੇਗਾ। ਸਾਰੇ ਜੁਗ ਜਿਸ ਸੰਸਾਰ ਵਿਚ ਵਰਤਦੇ ਹਨ ਉਸ ਸੰਸਾਰ ਵਿਚ ਉਸ ਦੀ ਮੁਕਤੀ ਹੋਵੇਗੀ।

ਅਥਵਾ:-ਸਾਰਿਆਂ ਜੁਗਾਂ ਵਿਚੋਂ ਚਾਹੇ ਕਿਸੇ ਜੁਗ ਵਿਚ ਜਪ ਲਵੇ ਉਸ ਦੀ ਜ਼ਰੂਰ ਮੁਕਤੀ ਹੋਵੇਗੀ।

ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥

ਇਸ ਸੁਖਮਨੀ ਸਾਹਿਬ ਰੂਪ ਬਾਣੀ ਵਿਚ ਗੋਬਿੰਦ ਦੇ ਗੁਣ ਅਤੇ ਉਸ ਨਾਮ ਦੀ ਧੁਨੀ ਹੋ ਰਹੀ ਹੈ।

ਸਤਾਈ ਸਿੰਮ੍ਰਿਤੀਆਂ, ਛੇ ਸ਼ਾਸਤ੍ਰ ਅਤੇ ਚਾਰ ਵੇਦਾਂ ਨੇ ਜਿਸ ਨਾਮ ਦੀ ਮਹਿਮਾ ਕਥਨ ਕੀਤੀ ਹੈ।

ਸਗਲ ਮਤਾਂਤ ਕੇਵਲ ਹਰਿ ਨਾਮ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥

ਸਾਰਿਆਂ ਮਤਾਂ ਦਾ ਸਿਧਾਂਤ ਇਕ ਹਰੀ ਦਾ ਨਾਮ ਹੈ, ਉਹ ਨਾਮ ਹੀ ਇਸ ਸੁਖਮਨੀ ਸਾਹਿਬ ਜੀ ਦੇ ਵਿਚ ਹੈ। *ਪ੍ਰਸ਼ਨ:-* ਇਸ ਬਾਣੀ ਦਾ ਨਿਵਾਸ ਕਿਥੇ ਹੈ?

ਗੁਰ ਉੱਤਰ:- ਗੋਬਿੰਦ ਦੇ ਜੋ ਭਗਤ ਹਨ ਉਨ੍ਹਾਂ ਦੇ ਮਨ ਵਿਚ ਇਸ ਸੁਖਮਨੀ ਸਾਹਿਬ ਜੀ ਦਾ ਨਿਵਾਸ ਹੈ। ਜਿਵੇਂ ਆਰੰਭ ਵਿਚ ਕਿਹਾ ਹੈ:-

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ (ਪੰਨਾ ੨੬੨)

ਕੋਟਿ ਅਪ੍ਰਾਧ ਸਾਧਸੰਗਿ ਮਿਟੈ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ॥

ਜੋ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੈ ਉਹ ਪੂਰਨ ਸਾਧ ਹੈ ਉਸ ਦੇ ਸੰਗ ਕਰ ਕੇ ਕਰੋੜਾਂ ਅਪ੍ਰਾਧ=ਪਾਪ ਮਿਟ ਜਾਂਦੇ ਹਨ। ਉਹਨਾਂ ਹੀ ਸੰਤਾਂ ਦੀ ਕ੍ਰਿਪਾ ਨਾਲ ਇਹ ਜੀਵ ਜਮਾਂ ਤੋਂ ਛੁਟ ਜਾਂਦਾ ਹੈ।

ਜਾ ਕੈ ਮਸਤਕਿ ਕਰਮ ਪ੍ਰਭਿ ਪਾਏ॥ ਸਾਧ ਸਰਣਿ ਨਾਨਕ ਤੇ ਆਏ॥ ੭॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਨੇ ਕਿਰਪਾ ਕਰਕੇ ਜਿਨ੍ਹਾਂ ਦੇ ਮੱਥੇ ਪਰ ਸ਼ੁਭ ਕਰਮ ਲਿਖ ਪਾਏ ਹਨ। ਉਹ ਪੁਰਸ਼ ਸੰਤਾਂ ਦੀ ਸ਼ਰਨ ਵਿਚ ਆਉਂਦੇ ਹਨ॥ ੭॥

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥

ਜਿਸ ਪੁਰਸ਼ ਦੇ ਮਨ ਵਿਚ ਸੁਖਮਨੀ ਸਾਹਿਬ ਜੀ ਦਾ ਪਾਠ ਵਸਦਾ ਹੈ ਅਤੇ ਜੋ ਪੁਰਸ਼ ਪ੍ਰੀਤੀ ਲਾਕੇ ਸੁਖਮਨੀ ਸਾਹਿਬ ਜੀ ਦਾ ਪਾਠ ਸੁਣਦਾ ਹੈ। ਉਸ ਪੁਰਸ਼ ਨੂੰ ਹਰੀ ਪ੍ਰਭੂ ਚੇਤੇ ਆਉਂਦਾ ਹੈ।

ਜਨਮ ਮਰਨ ਤਾ ਕਾ ਦੂਖੁ ਨਿਵਾਰੈ॥ ਦੁਲਭ ਦੇਹ ਤਤਕਾਲ ਉਧਾਰੈ॥

ਇਹ ਸੁਖਮਨੀ ਸਾਹਿਬ ਉਸ ਦੇ ਜਨਮ ਮਰਨ ਦਾ ਦੁਖ ਨਵਿਰਤ ਕਰ ਦਿੰਦੀ ਹੈ ਅਤੇ ਜੋ ਪ੍ਰਾਪਤ ਹੋਣੀ ਬਹੁਤ ਦੁਲਭ=ਕਠਨ ਹੈ ਉਸ ਮਨੁੱਖਾ ਦੇਹੀ ਨੂੰ ਇਹ ਸੁਖਮਨੀ ਸਾਹਿਬ ਤਤਕਾਲ=ਸ਼ੀਘਰ (ਜਲਦੀ) ਤਾਰ ਕੇ ਸਚਖੰਡ ਪਹੁੰਚਾ ਦਿੰਦੀ ਹੈ।

ਸਾਖੀ-ਸਿੱਖ ਦੇ ਸਚਖੰਡ ਜਾਣ ਦੀ

ਇਕ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪਾਸ ਇਕ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਅਮਕੇ ਸਿੱਖ ਨੇ ਬੜਾ ਭਾਰੀ ਅਪਰਾਧ ਕੀਤਾ ਹੈ ਇਸ ਨੂੰ ਇਸ ਦੇ ਬਦਲੇ ਵਿਚ ਕੋਈ ਸਜ਼ਾ ਦਿਤੀ ਜਾਣੀ ਚਾਹੀਦੀ ਹੈ। ਚੋਜੀ ਪ੍ਰੀਤਮ ਨੇ ਉਸ ਸਿੱਖ ਨੂੰ ਆਪਣੇ ਪਾਸ ਬੁਲਾ ਕੇ ਸਾਰੀ ਗੱਲਬਾਤ ਪੁਛੀ ਤੇ ਕਿਹਾ ਸਾਰੇ ਸਿੱਖ ਤੇਰੀ ਸ਼ਿਕਾਇਤ ਕਰ ਰਹੇ ਸਨ ਇਸ ਲਈ ਤੈਨੂੰ ਸਜ਼ਾ ਦਿਤੀ ਜਾਂਦੀ ਹੈ। ਹੋਰ ਸਿੱਖ ਨੂੰ ਹੁਕਮ ਦੇ ਕੇ ਕਿਹਾ ਇਸ ਸਿੱਖ ਨੂੰ ਖੜਾ ਕਰਕੇ ਆਸੇ ਪਾਸੇ ਕੰਧਾਂ ਬਣਵਾ ਕੇ ਵਿਚ ਚਿਨਵਾ ਦਿਓ। ਕਾਰੀਗਰ ਬੁਲਾ ਕੇ ਕੰਧਾਂ ਉਸਾਰਨੀਆਂ ਸ਼ੁਰੂ ਕਰ ਦਿਤੀਆਂ। ਉਹ ਸਿੱਖ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਬੜਾ ਅਭਿਆਸੀ ਸੀ। ਉਹ ਅੰਦਰ ਖੜਾ ਹੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਰਿਹਾ। ਕੁਝ ਸਮੇਂ ਤੋਂ ਬਾਅਦ ਚੋਜੀ ਪ੍ਰੀਤਮ ਜੀ ਨੇ ਸਿੱਖਾਂ ਨੂੰ ਕਿਹਾ ਕਿ ਕੰਧ ਢਾਹ ਕੇ ਉਸ ਦੇ ਸ਼ਰੀਰ ਦਾ ਸਸਕਾਰ ਕਰ ਦਿਓ। ਹੁਕਮ ਨੂੰ ਪ੍ਰਵਾਨ ਕਰਦੇ

ਹੋਏ ਜਦੋਂ ਸਿੱਖਾਂ ਨੇ ਕੰਧ ਢਾਹੀ ਤਾਂ ਕੀ ਦੇਖਿਆ ਕਿ ਉਸ ਦੇ ਸਰੀਰ ਦੀ ਕੋਈ ਅਸਤੀ (ਹੱਡੀ) ਮਾਤ੍ਰ ਵੀ ਦਿਸਣ ਵਿਚ ਨਾ ਆਈ। ਇਹ ਦੇਖ ਕੇ ਸਿੱਖ ਬੜੇ ਹੈਰਾਨ ਹੋਏ ਤੇ ਮਹਾਰਾਜ ਪਾਸੋਂ ਪੁਛਿਆ ਕਿ ਇਹ ਕੀ ਕੌਤਕ ਬਣਿਆ ਹੈ? ਹਜ਼ੂਰ ਨੇ ਕਿਹਾ ਇਹ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਮਹਾਤਮ ਹੈ। ਇਹ ਸਿੱਖ ਅੰਦਰ ਖੜਾ ਹੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਰਿਹਾ ਹੈ, ਇਸ ਕਰਕੇ ਇਹ ਸਣਦੇਹਾ ਹੀ ਸਚਖੰਡ ਨੂੰ ਚਲਾ ਗਿਆ ਹੈ। ਇਸ ਲਈ ਤੁਸੀਂ ਸਾਰੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਨਿਤਨੇਮੀ ਬਣੋ। ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਨਾਲ ਮਨੁੱਖ ਆਪਣੀ ਦੁਰਲੱਭ ਦੇਹ ਨੂੰ ਸ਼ੀਘਰ ਹੀ ਸਫਲਾ ਕਰ ਲੈਂਦਾ ਹੈ ਤੇ ਸੰਸਾਰ ਸਾਗਰ ਤੋਂ ਪਾਰ ਉਤਰ ਜਾਂਦਾ ਹੈ।

ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥ ਏਕੁ ਨਾਮੁ ਮਨ ਮਾਹਿ ਸਮਾਨੀ॥

ਇਕ ਪਰਮੇਸ਼ਰ ਦੇ ਨਾਮਾਂ ਦਾ ਬੋਹਲ ਜੋ ਸੁਖਮਨੀ ਸਾਹਿਬ ਹੈ ਇਹ ਜਿਸ ਦੇ ਮਨ ਵਿਚ ਸਮਾਂਦੀ ਹੈ। ਉਸ ਦੀ ਨਿਰਮਲ ਸ਼ੋਭਾ ਹੁੰਦੀ ਹੈ ਅਤੇ ਉਸ ਦੀ ਬਾਣੀ ਵੀ ਅੰਮ੍ਰਿਤ ਵਾਂਗੂੰ ਮਿੱਠੀ ਹੋ ਜਾਂਦੀ ਹੈ।

ਦੂਖ ਰੋਗ ਬਿਨਸੇ ਭੈ ਭਰਮ॥ ਸਾਧ ਨਾਮ ਨਿਰਮਲ ਤਾ ਕੇ ਕਰਮ॥

ਦੁਖ ਜਨਮ ਮਰਨ ਦਾ, ਰੋਗ ਹਉਮੈ ਦਾ, ਵਾ:-ਅਗਿਆਨ ਰੂਪੀ ਰੋਗ, ਜਮਾਂ ਦਾ ਡਰ ਅਤੇ ਪੰਜ ਪ੍ਰਕਾਰ ਦਾ ਭਰਮ ਇਤਿਆਦਿਕ ਸਾਰੇ ਵਿਕਾਰ ਬਿਨਸ ਜਾਂਦੇ ਹਨ।

ਵਾ:-ਪ੍ਰਤੱਖ ਦੁਖ ਰੋਗ ਅਤੇ ਭੈ ਭਰਮ ਸਭ ਬਿਨਸ ਜਾਂਦੇ ਹਨ।

ਯਥਾ:-ਦੂਖ ਦਰਦ ਬਿਨਸੇ ਭੈ ਭਰਮ॥ ਆਵਣ ਜਾਣ ਰਖੇ ਕਰਿ ਕਰਮ॥ ੨॥

(ਗਉੜੀ ਮਹਲਾ ੫, ਪੰਨਾ ੧੮੩)

ਜੋ ਸੁਖਮਨੀ ਸਾਹਿਬ ਜੀ ਦਾ ਨਿਤਨੇਮ ਨਾਲ ਪਾਠ ਕਰਦਾ ਹੈ, ਤਿਸ ਦੇ ਨਿਰਮਲ ਕਰਮ ਹੋਣ ਕਰ ਕੇ ਉਸਦਾ ਨਾਂ ਸਾਧ ਪੈ ਜਾਂਦਾ ਹੈ।

ਸਾਖੀ-ਵਜ਼ੀਰ ਖਾਂ ਦੀ

"ਨਾਨਕ ਦੁਖੀਆ ਸਭ ਸੰਸਾਰ॥" ਦੇ ਮਹਾਂਵਾਕ ਅਨੁਸਾਰ ਜਹਾਂਗੀਰ ਬਾਦਸ਼ਾਹ ਦਾ ਅਹਿਲਕਾਰ ਜੋ ਵਜ਼ੀਰ ਖਾਂ ਸੀ, ਉਸ ਨੂੰ ਜਲੋਧਰ ਰੋਗ ਹੋ ਗਿਆ। ਦੂਰੋਂ ਦੂਰੋਂ ਚੰਗੇ ਤੋਂ ਚੰਗੇ ਡਾਕਟਰ ਬੁਲਾ ਕੇ ਬਹੁਤੇਰੇ ਇਲਾਜ ਕਰਵਾਏ ਪਰ ਪੂਰੀ ਕਾਮਯਾਬੀ ਹਾਸਲ ਨਾ ਹੋਈ। ਜਲੋਧਰ ਰੋਗ ਨਾਲ ਬਹੁਤ ਹੀ ਤੜਫਦਾ ਰਿਹਾ ਕਰੇ।

ਇਕ ਗੁਰੂ ਜੀ ਦਾ ਨਿਤਨੇਮੀ ਸਿੱਖ ਇਸ ਦੇ ਮਕਾਨ ਅਗੋਂ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੋਇਆ ਰੋਜ਼ ਲੰਘਿਆ ਕਰੇ ਜਿਤਨਾ ਚਿਰ ਇਸ ਦੇ ਕੰਨਾਂ ਵਿਚ ਸੁਖਮਨੀ ਸਾਹਿਬ ਜੀ ਦਾ ਪਾਠ ਸੁਣੀਂਦਾ ਰਹੇ ਉਤਨਾ ਚਿਰ ਅਰਾਮ ਰਹੇ। ਆਖਰ ਇਕ ਦਿਨ ਉਸ ਸਿੱਖ ਨੂੰ ਆਪਣੇ ਪਾਸ ਬੁਲਾਕੇ ਵਜ਼ੀਰ ਖਾਂ ਨੇ ਬੇਨਤੀ ਕੀਤੀ ਜਿਹੜੀ ਕਲਾਮ ਅੰਮ੍ਰਿਤ ਵੇਲੇ ਤੂੰ ਰੋਜ਼ ਪੜ੍ਹਦਾ ਇਥੋਂ ਲੰਘਦਾ ਹੈਂ ਉਹ ਕਲਾਮ ਤੂੰ ਮੇਰੇ ਪਾਸ ਬੈਠ ਕੇ ਮੈਨੂੰ ਰੋਜ਼ ਸੁਣਾਇਆ ਕਰ ਤਾਂ ਕਿ ਇਹ ਮੇਰਾ ਰੋਗ ਦੂਰ ਹੋ ਜਾਵੇ। ਸਿੱਖ ਨੇ ਕਿਹਾ ਚੰਗਾ। ਉਸ ਦਿਨ ਤੋਂ ਸਿੱਖ ਨੇਮ ਨਾਲ ਸੁਖਮਨੀ ਸਾਹਿਬ ਜੀ ਦਾ ਪਾਠ ਉਸਨੂੰ ਰੋਜ਼ਾਨਾ ਸੁਣਾ ਜਾਇਆ ਕਰੇ। ਜਿਸ ਨਾਲ ਉਸ ਨੂੰ ਕਾਫੀ ਆਰਾਮ ਆ ਗਿਆ।

ਇਕ ਦਿਨ ਵਜ਼ੀਰ ਖਾਂ ਨੇ ਕਿਹਾ ਜਿਸ ਦੀ ਇਹ ਕਾਲਮ ਹੈ ਉਹ ਕਿਥੇ ਰਹਿੰਦੇ ਹਨ? ਇਕ ਵਾਰ ਉਨ੍ਹਾਂ ਦਾ ਦਰਸ਼ਨ ਮੈਨੂੰ ਕਰਵਾ ਲਿਆ। ਸਿੱਖ ਨੇ ਕਿਹਾ ਉਹ ਗੁਰਦੇਵ ਜੀ ਤਾਂ ਅੰਮ੍ਰਿਤਸਰ ਰਹਿੰਦੇ ਹਨ, ਜੇ ਤੈਨੂੰ ਦਰਸ਼ਨਾਂ ਦੀ ਸਿੱਕ ਹੈ ਤਾਂ ਚਲ ਜਾ ਕੇ ਦਰਸ਼ਨ ਕਰ ਆਈਏ। ਦੋਵੇਂ ਤਿਆਰ ਹੋ ਕੇ ਚਲ ਪਏ, ਸ੍ਰੀ ਅੰਮ੍ਰਿਤਸਰ ਪਹੁੰਚ ਕੇ ਗੁਰੂ ਜੀ ਅੱਗੇ ਭੇਟਾ ਰਖ ਕੇ ਨਮਸ਼ਕਾਰ ਕੀਤੀ ਤੇ ਹੱਥ ਜੋੜ ਕੇ ਬੇਨਤੀ ਕੀਤੀ ਪ੍ਰਭੂ ਜੀ ! ਤੁਹਾਡੀ ਕਲਾਮ ਵਿਚ ਇਤਨੀ ਤਾਕਤ ਹੈ ਜਿਸ ਦਾ ਮੈਂ ਬਿਆਨ ਨਹੀਂ ਕਰ ਸਕਦਾ, ਜਿਤਨਾ ਚਿਰ ਸੁਣਦਾ ਰਹਿੰਦਾ ਹਾਂ ਉਤਨਾ ਚਿਰ ਅਰਾਮ ਰਹਿੰਦਾ ਹੈ ਆਪ ਅਜੇਹੀ ਕਿਰਪਾ ਕਰੋ ਜੋ ਸਦਾ ਲਈ ਅਰਾਮ ਬਣਿਆ ਰਹੇ। ਹਜ਼ੂਰ ਨੇ ਆਪਣੇ ਸੇਵਕ ਦਾ ਪ੍ਰਤਾਪ ਵਧਾਣ ਵਾਸਤੇ ਕਿਹਾ-

ਐਹ ਬਾਬਾ ਬੁੱਢਾ ਜੀ ਹਨ ਉਨ੍ਹਾਂ ਪਾਸ ਚਲਿਆ ਜਾ ਉਹ ਤੇਰਾ ਰੋਗ ਦੂਰ ਕਰਨਗੇ। ਉਸੀ ਵੇਲੇ ਵਜ਼ੀਰ ਖਾਂ ਨੇ ਬਾਬਾ ਬੁੱਢਾ ਜੀ ਪਾਸ ਜਾ ਕੇ ਮੱਥਾ ਟੇਕ ਕੇ ਬੇਨਤੀ ਕੀਤੀ-ਜਲੋਧਰ ਰੋਗ ਨੇ ਬਹੁਤ ਤੰਗ ਕੀਤਾ ਹੋਇਆ ਹੈ ਆਪ ਮਿਹਰ ਕਰੋ। ਬਾਬਾ ਜੀ ਸੇਵਾ ਕਰ ਰਹੇ ਸਨ ਤੇ ਸੰਗਤਾਂ ਪਾਸੋਂ ਵੀ ਸੇਵਾ ਕਰਵਾ ਰਹੇ ਸਨ। ਗੁੱਸੇ ਵਿਚ ਕਹਿੰਦੇ ਹਨ ਪਰੇ ਹਟ ਜਾ ਸਾਡੀ ਸੇਵਾ ਵਿਚ ਵਿਘਨ ਨਾ ਪਾ, ਪਰ ਵਜ਼ੀਰ ਖਾਂ ਨਿੰਮ੍ਰਤਾ ਵਿਚ ਹੱਥ ਜੋੜ ਕੇ ਪਾਸੇ ਹਟ ਕੇ ਉਥੇ ਹੀ ਖੜਾ ਰਿਹਾ। ਸੇਵਾ ਕਰਦਿਆਂ ਹੋਇਆਂ ਬਾਬਾ ਜੀ ਦੀ ਨਿਗਾਹ ਉਸ ਉੱਤੇ ਪੈ ਗਈ ਕਿ ਇਹ ਨਿੰਮ੍ਰਤਾ ਵਿਚ ਅਜੇ ਇਥੇ ਹੀ ਖੜਾ ਹੈ ਤਾਂ ਖਾਲੀ ਟੋਕਰੀ ਲੈ ਕੇ ਆਉਂਦੇ ਪਏ ਸਨ। ਆਉਂਦਿਆਂ ਨਾਲ ਹੀ ਉਹ ਟੋਕਰੀ ਉਸ ਦੇ ਪੇਟ ਪਰ ਵਗਾਹ ਮਾਰੀ ਜਿਸ ਕਰਕੇ ਉਸ ਦੇ ਪੇਟ ਵਿਚੋਂ ਪਾਣੀ ਨਿਕਲ ਗਿਆ ਤੇ ਨਵਾਂ ਨਿਰੋਗ ਹੋ ਗਿਆ, ਇਸ ਵਜ਼ਾ ਨਾਲ ਉਸ ਦੇ ਸਾਰੇ ਦੁੱਖ ਰੋਗ ਬਿਨਸ ਗਏ। ਇਸ ਉੱਤੇ ਕਵੀ ਸੰਤੋਖ ਸਿੰਘ ਜੀ ਨੇ ਵੀ ਲਿਖਿਆ ਹੈ

ਯਥਾ:- ਰੋਗ ਜਲੋਧਰ ਉਦਰ ਬਿਸਾਲਾ। ਪੀੜਾ ਦੇਤਿ ਮਹਾਂ ਸਭਿ ਕਾਲਾ॥ ੩੪॥

ਪਰਜੋ ਸਦਨ ਬਿਲਲਾਵਤਿ ਰਹੈਂ। ਹੋਤਿ ਬਿਖਾਦ ਸਕਲ ਹੀ ਸਹੈਂ।
ਨਿਕਟ ਗਰੀ ਮਹਿਂ ਸਿਖ ਇਕ ਜਾਵਤ। ਪਾਠ ਸੁਖਮਨੀ ਮੁਖਹੁਂ ਅਲਾਵਤਿ॥ ੩੫॥
ਜਬਿ ਮਮ ਕਾਨ ਪਰੀ ਧੁਨਿ ਆਨਿ। ਪੀਰਾ ਭਈ ਉਦਰ ਕੀ ਹਾਨ।
ਸਿਖ ਸ਼ਨਾਨ ਹਿਤ ਗਯੋ ਅਗਾਰੀ। ਹੋਨਿ ਲਗੀ ਬਾਧਾ ਪੁਨ ਭਾਰੀ॥ ੩੬॥
ਕਿਤਿਕ ਬੇਰਿ ਮਹਿ ਸਿਖ ਪੁਨ ਆਯੋ। ਪਾਠ ਸੁਖਮਨੀ ਮੈਂ ਸੁਨਿ ਪਾਯੋ।
ਬਹੁਰ ਭਯੋ ਸੁਖ ਰਿਦੇ ਬਿਚਾਰਾ। ਇਸ ਤੇ ਮਿਟਤਿ ਕਸ਼ਟ ਮਮ ਭਾਰਾ॥ ੩੭॥
ਇਤਨੇ ਮਹਿ ਸਿਖ ਜਬਿ ਚਲਿ ਗਯੋ। ਧੁਨਿ ਕੋ ਸੁਨਤਿ ਨ ਮੈਂ ਪੁਨ ਭਯੋ।
ਬਾਧਾ ਅਧਿਕ ਬਧੀ ਤਬਿ ਮੇਰੇ। ਜਾਨੀ ਮਹਿਮਾ ਮਨ ਤਿਸ ਬੇਰੇ ॥ ੩੮॥
ਪਠਿ ਕਰਿ ਨਰ ਕੋ ਸੋ ਬੁਲਵਾਯੋ। ਜਬਿ ਗੁਰੂ ਸਿੱਖ ਨਿਕਟ ਚਲਿ ਆਯੋ।
ਸਰਬ ਬ੍ਰਿਤਾਂਤ ਬੂਝਿ ਕਰਿ ਰਾਖ੍ਯੋ। ਪਾਠ ਸੁਖਮਨੀ ਬਿਤ ਹੈ ਭਾਖਾ॥ ੩੯॥
ਜਬਿ ਲੌ ਸੁਨਜੋ ਨ ਪੀਰਾ ਭਈ। ਹਟੇ ਪਾਠ, ਪੁਨ ਤੈਸੇ ਥਿਈ।
ਤਬਿ ਮੈਂ ਸਿੱਖ ਅਪਰ ਢਿਗ ਰਾਖੇ। ਨਿਸਦਿਨ ਪਾਠ ਸੁਖਮਨੀ ਭਾਖੇ॥ ੪੦॥
ਮਾਨਜੋ ਗੁਰ ਹਿਤ ਕਰਨਿ ਕਰਾਹੁ। ਸੁਨਤਿ ਸੁਨਤਿ ਭਾ ਸਭਿ ਰੁਜ ਦਾਹ।
ਕਿਤਿਕ ਦਿਜੋਸ ਮਹਿਂ ਭਯੋ ਅਰਾਮ। ਕਰਿ ਸ਼ਨਾਨ ਰੁਜ ਗਏ ਤਮਾਮ॥ ੪੧॥
ਬਡੇ ਗੁਰੂਨਿ ਢਿਗ ਮੈਂ ਤਬਿ ਆਯੋ॥ ਸਕਲ ਬਿਨੈ ਭਨਿ ਸੀਸ ਨਿਵਾਯੋ।

ਉਰ ਸ਼ਰਧਾ ਲਖਿ ਕੈ ਸਿਖ ਕੀਨੋ। ਨਿਯੋ ਅਲੰਬ ਭਯੋ ਰੁਜ ਹੀਨੋ॥ ੪੨॥

(ਗੁਰ ਪ੍ਰਤਾਪ ਸੂਰਜ ਰਾਸ ੪ ਅੰਸੂ ੫੦)

ਸਭ ਤੇ ਊਚ ਤਾ ਕੀ ਸੋਭਾ ਬਨੀ॥
ਨਾਨਕ ਇਹ ਗੁਣਿ ਨਾਮੁ ਸੁਖਮਨੀ॥ ੮॥ ੨੪॥

ਉਸ ਦੀ ਸ਼ੋਭਾ ਸਾਰਿਆਂ ਤੋਂ ਉੱਚੀ ਬਣ ਜਾਂਦੀ ਹੈ। ਗੁਰੂ ਜੀ ਕਥਨ ਕਰਦੇ ਹਨ ਇਨ੍ਹਾਂ ਗੁਣਾਂ ਕਰਕੇ ਇਸ ਬਾਣੀ ਦਾ ਨਾਮ ਸੁਖਮਨੀ ਸਾਹਿਬ ਹੈ।

ਵਾ:-ਮਨ ਨੂੰ ਸੁਖ ਦੇਣ ਵਾਲੀ ਹੈ, ਵਾ:-ਮਣੀ ਵਾਂਗੂੰ ਸੁਖਾਂ ਦੇ ਪ੍ਰਕਾਸ਼ਨੇ ਵਾਲੀ ਹੈ ਇਸ ਕਰਕੇ ਇਸ ਬਾਣੀ ਦਾ ਨਾਮ ਸੁਖਮਨੀ ਸਾਹਿਬ ਹੈ॥ ੮॥ ੨੪॥

ਕਵੀ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਮਸਰ ਮੰਜੀ ਸਾਹਿਬ ਵਾਲੇ ਅਸਥਾਨ ਪਰ ਬੈਠ ਕੇ ਸਾਰੀ ਸੁਖਮਨੀ ਸਾਹਿਬ ਉਚਾਰਕੇ ਮਹਾਤਮ ਦਸਿਆ ਹੈ ਕਿ ਜੋ ਭੀ ਸਿਖ ਅੰਮ੍ਰਿਤ ਵੇਲੇ ਉੱਠ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰੇਗਾ ਉਸ ਦੇ ੨੪ ਹਜ਼ਾਰ ਸ੍ਵਾਸ ਸਫਲ ਹੋਣਗੇ ਅਤੇ ਅੱਠੇ ਪਹਿਰ ਦੇ ਪਾਪ ਨਵਿਰਤ ਕਰਕੇ ਜਨਮ ਮਰਨ ਤੋਂ ਰਹਿਤ ਹੋਵੇਗਾ।

ਯਥਾ:- ਪ੍ਰਾਤ ਸਮ ਇਕ ਮਨ ਕਰਿ ਪਾਠ। ਮਿਟਹਿ ਪਾਪ ਕ੍ਰਿਤ ਜਾਮ ਜੁ ਆਠ॥
ਜਨਮ ਮਰਨ ਤਿਨਕੋ ਕਟਿ ਜਾਇ। ਪਠਿ ਪ੍ਰਭੁ ਚਰਨਨਿ ਰਹੇ ਸਮਾਇ॥ ੭॥
ਜਹਾਂ ਬੈਠਿ ਸੁਖਮਨੀ ਉਚਾਰੀ । ਤਿਸਕੇ ਦਰਸ਼ਨਿ ਹੁਇ ਫਲ ਭਾਰੀ।
ਸਭਿ ਲਿਖਵਾਇ ਉਠੇ ਗੁਰ ਪੂਰੇ। ਪਰਉਪਕਾਰ ਚਰਿਤ ਜਿਨ ਰੂਰੇ॥ ੩॥

(ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੪੩)

ਸ੍ਰੀ ਸੁਖਮਨੀ ਸਾਹਿਬ ਜੀ ਦਾ ਮਹਾਤਮ

ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ ਕਈ ਵਾਰੀ ਇਸ ਅੰਮ੍ਰਿਤ ਬਾਣੀ ਦੀ ਮਹਾਨਤਾ ਕਥਾ ਵਿਚ ਸੁਣਾਉਂਦੇ ਹੁੰਦੇ ਸਨ। ਸੰਨ ੧੩੯੯ ਵਿਚ ਸ੍ਰੀ ਮਾਨ ਫਤੇ ਚੰਦ ਜੀ ਸੇਵਾ ਪੰਥੀ ਸ਼ਾਹ ਜੀਵਣੇ ਵਾਲੇ ਤੋਂ ਉਨ੍ਹਾਂ ਨੇ ਇਸ ਪਵਿੱਤਰ ਬਾਣੀ ਦੇ ਅਰਥ ਸਿਖ ਲਏ। ਫਿਰ ਟੋਬਾ ਟੇਕ ਸਿੰਘ ਪਹੁੰਚ ਕੇ ਗੁਰਦੁਆਰੇ ਵਿਚ ਕਥਾ ਸ਼ੁਰੂ ਕਰ ਦਿੱਤੀ ।

ਜਦੋਂ ਇਕ ਦਿਨ ਕਥਾ ਕਰਕੇ ਗੁਰਦੁਆਰੇ ਤੋਂ ਬਾਹਰ ਨਿਕਲੇ ਤਾਂ ਆਪ ਜੀ ਦੇ ਚਰਨਾਂ ਉੱਤੇ ਇਕ ਦੁਖੀ ਨੌਜਵਾਨ ਮੁਸਲਮਾਨ ਡਿਗ ਪਿਆ। ਬੇਨਤੀ ਕਰਨ ਲਗਾ ਕਿ ਹੇ ਰੱਬ ਵਾਲਿਓ ! ਮੈਂ ਜਲੰਧਰ ਤੋਂ ਕੰਗਾਲ ਹੋ ਕੇ ਕਲ ਸ਼ਾਮ ਨੂੰ ਏਥੇ ਆਪਣੀ ਪਤਨੀ ਨਾਲ ਪਹੁੰਚਿਆ ਹਾਂ। ਅਸੀਂ ਮਸਜਿਦ ਵਿਚ ਗਏ ਉਥੇ ਮੁਜਾਵਰਾਂ ਤੋਂ ਰੋਟੀ ਅਤੇ ਰਾਤ ਸੌਣ ਲਈ ਮੰਗ ਕੀਤੀ। ਪਰ ਉਨ੍ਹਾਂ ਨੇ ਕਿਹਾ ਇਥੇ ਰਹਿਣ ਦਾ ਅਤੇ ਰੋਟੀ ਦਾ ਕੋਈ ਪ੍ਰਬੰਧ ਨਹੀਂ ਹੈ।

ਫਿਰ ਅਸੀਂ ਗੁਰਦੁਆਰੇ ਗਏ, ਇਥੇ ਭਾਈ ਜੀ ਨੇ ਸਾਨੂੰ ਪ੍ਰਸ਼ਾਦਾ ਛਕਾਇਆ, ਸੌਣ ਲਈ ਮੰਜਾ ਅਤੇ ਬਿਸਤਰਾ ਵੀ ਦਿੱਤਾ। ਅੱਜ ਸਵੇਰੇ ਮੈਂ ਆਪ ਜੀ ਦੀ ਰਸਨਾਂ ਤੋਂ ਅੱਲਾ ਦੀ ਕਲਾਮ ਸੁਣੀ ਤੇ ਮੈਨੂੰ ਬਹੁਤ ਠੰਢ

ਪਈ। ਹੁਣ ਅੱਲਾ ਵਾਲਿਓ ! ਮੇਰੇ ਤੇ ਰਹਿਮਤ ਦੀ ਨਿਗਾਹ ਕਰੋ ਤੇ ਮੈਨੂੰ ਇਸ ਕੰਗਾਲੀ ਵਾਲੀ ਅਵੱਸਥਾ ਵਿਚੋਂ ਕਢੋ। ਸੰਤ ਮਹਾਰਾਜ ਜੀ ਨੇ ਉਸਨੂੰ ਸੁਖਮਨੀ ਸਾਹਿਬ ਜੀ ਦੀ ਇਕ ਤੁਕ ਉਰਦੂ ਵਿਚ ਲਿਖ ਦਿਤੀ।

ਯਥਾ:-*ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥*

ਮਹਾਂ-ਪੁਰਸ਼ਾਂ ਨੇ ਕਿਹਾ ਇਸ ਕਲਾਮ ਨੂੰ ਅੱਠੇ ਪਹਿਰ ਪੜ੍ਹਦਾ ਰਿਹਾ ਕਰ, ਅੱਲਾ ਤੈਨੂੰ ਭਾਗ ਲਾਵੇਗਾ। ਅਬਦੁਲ ਕਰੀਮ ਇਸ ਤੁਕ ਨੂੰ ਤਿੰਨ ਦਿਨ ਲਗਾਤਾਰ ਪੜ੍ਹਦਾ ਰਿਹਾ। ਚੌਥੇ ਦਿਨ ਅਰਦਾਸੇ ਮਗਰੋਂ ਇਕ ਫੌਜੀ ਸੂਬੇਦਾਰ ਜੋ ਮੱਥਾ ਟੇਕ ਕੇ ਬਾਹਰ ਨਿਕਲਿਆ ਸੀ। ਪੁਛਿਆ ਭਾਈ ਤੂੰ ਕੌਣ ਹੈਂ? ਜੋ ਰੋਜ਼ ਦਰਵਾਜ਼ੇ ਤੇ ਬੈਠਾ ਰਹਿੰਦਾ ਹੈਂ। ਅਬਦੁਲ ਕਰੀਮ ਨੇ ਕਿਹਾ ਮੈਂ ਜਲੰਧਰੀ ਅਰਾਈਂ ਹਾਂ। ਕੰਗਾਲ ਹੋ ਕੇ ਇਥੇ ਆ ਗਿਆ ਹਾਂ। ਅਜੇ ਕੋਈ ਕੰਮ ਨਹੀਂ ਲੱਭਾ, ਹਰ ਵੇਲੇ ਬਾਬੇ ਨਾਨਕ ਦੀ ਕਲਾਮ ਪੜ੍ਹਦਾ ਰਹਿੰਦਾ ਹਾਂ ਤੇ ਗੁਰਦੁਆਰੇ ਤੋਂ ਪ੍ਰਸ਼ਾਦਾ ਛਕ ਲੈਂਦਾ ਹਾਂ। ਅੱਲਾ ਤੋਂ ਮੰਗ ਰਿਹਾ ਹਾਂ ਮੇਰੀ ਕਿਸਮਤ ਦਾ ਦਰਵਾਜ਼ਾ ਖੋਲ੍ਹ।

ਸੂਬੇਦਾਰ ਨੇ ਕਿਹਾ ਮੈਂ ਆਪਣੀ ਜ਼ਮੀਨ ਤੇ ਇਕ ਨੌਕਰ ਰਖਣਾ ਹੈ, ਜੇ ਤੂੰ ਮੇਰੇ ਪਾਸ ਰਹਿਣਾ ਚਾਹੇਂ ਤਾਂ ਮੈਂ ਤੈਨੂੰ ਸੱਠ ਰੁਪਏ ਮਹੀਨੇ ਤੇ ਨੌਕਰ ਰਖ ਲੈਂਦਾ ਹਾਂ। ਅਬਦੁਲ ਨੇ ਹਾਂ ਵਿਚ ਉੱਤਰ ਦਿੰਦਿਆਂ ਕਿਹਾ ਪਰ ਮੈਨੂੰ ਇਸ ਮਹੀਨੇ ਦੀ ਪੇਸ਼ਗੀ ਦਿਤੀ ਜਾਵੇ। ਕਿਉਂਕਿ ਮੇਰੇ ਪਾਸ ਖਾਣ ਪੀਣ ਲਈ ਕੁਝ ਨਹੀਂ ਹੈ। ਸੂਬੇਦਾਰ ਨੇ ਕਿਹਾ ਤੇਰੀ ਜ਼ਬਾਨ ਕਿਉਂ ਹਿਲ ਰਹੀ ਹੈ? ਉਸਨੇ ਕਿਹਾ ਮੈਂ ਅੱਲਾ ਦੀ ਕਲਾਮ ਪੜ੍ਹ ਰਿਹਾ ਹਾਂ। ਕੀ ਕਲਾਮ ਪੜ੍ਹ ਰਿਹਾ ਹੈਂ? ਅਬਦੁਲ ਕਰੀਮ ਕਹਿਣ ਲਗਾ ਜੀ ਮੈਂ ਪੜ੍ਹ ਰਿਹਾ ਹਾਂ *"ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥"*

ਸੂਬੇਦਾਰ ਅਸਚਰਜ ਹੋ ਗਿਆ ਤੇ ਕਹਿਣ ਲਗਾ ਇਹ ਕਲਾਮ ਤੈਨੂੰ ਕਿਸਨੇ ਬਖਸ਼ੀ ਹੈ? ਉਹ ਕਹਿਣ ਲਗਾ ਅੱਲਾ ਵਾਲਿਆਂ ਨੇ ਬਖਸ਼ੀ ਹੈ, ਜੋ ਅਜ ਕਲ ਗੁਰਦੁਆਰੇ ਕਥਾ ਕਰ ਰਹੇ ਹਨ। ਅਜੇ ਤਿੰਨ ਦਿਨ ਹੀ ਮੈਂ ਅੱਠੇ ਪਹਿਰ ਪੜ੍ਹੀ ਹੈ ਤੇ ਮੇਰੀ ਕਿਸਮਤ ਦਾ ਦਰਵਾਜ਼ਾ ਖੁਲ੍ਹਣ ਲਗਾ ਹੈ। ਇਹ ਸੁਣਕੇ ਸੂਬੇਦਾਰ ਨੂੰ ਖੁਸ਼ੀ ਹੋਈ ਅਤੇ ਉਸਨੇ ਸੱਠ ਰੁਪਏ ਨਗਦ ਅਤੇ ਰਹਿਣ ਲਈ ਇਕ ਕੋਠਾ ਵੀ ਦੇ ਦਿੱਤਾ।

ਅਬਦੁਲ ਕਰੀਮ ਨੇ ਬੜੀ ਸਿਆਣਪ ਨਾਲ ਕਾਮਿਆਂ ਤੋਂ ਖੇਤੀ ਕਰਵਾਈ ਤੇ ਹਰ ਵੇਲੇ ਭੁਰਦਿਆਂ ਫਿਰਦਿਆਂ ਇਸ ਤੁਕ ਨਾਲ ਜੁੜਿਆ ਰਹੇ। ਸਰਦਾਰ ਨੂੰ ਪਹਿਲੀ ਫਸਲ ਅੰਦਾਜ਼ੇ ਤੋਂ ਵਧ ਹੋਈ। ਉਸਨੇ ਅਬਦੁਲ ਕਰੀਮ ਦੀ ਤਨਖਾਹ ਸੱਤਰ ਰੁਪਏ ਕਰ ਦਿੱਤੀ ਤੇ ਖੁਸ਼ ਹੋ ਕੇ ਕਿਹਾ ਤੇਰੀ ਕਲਾਮ ਅਤੇ ਮਿਹਨਤ ਕਰਕੇ ਮੇਰੀ ਜ਼ਮੀਨ ਸੋਨਾ ਉਗਲ ਰਹੀ ਹੈ। ਅਬਦੁਲ ਕਰੀਮ ਨੇ ਫਿਰ ਸਰਦਾਰ ਕੋਲੋਂ ਹਜ਼ਾਰ ਰੁਪਇਆ ਲੈ ਕੇ ਆਪਣੀ ਖੇਤੀ ਸ਼ੁਰੂ ਕਰ ਦਿੱਤੀ। ਦਿਨ ਰਾਤ ਖੇਤਾਂ ਵਿਚ ਕੰਮ ਕਰਦਾ ਰਹੇ ਤੇ ਨਾਲੇ ਇਸ ਤੁਕ ਨੂੰ ਬਾਰੰਬਾਰ ਪੜ੍ਹੀ ਜਾਵੇ। ਇਸ ਕਲਾਮ ਦੀ ਬਦੌਲਤ ਛੇ ਮਹੀਨਿਆਂ ਪਿਛੋਂ ਸਰਦਾਰ ਨੂੰ ਹਜ਼ਾਰ ਰੁਪਇਆ ਵਾਪਸ ਕਰਕੇ ਦੋ ਹਜ਼ਾਰ ਉਸਨੂੰ ਬਚਤ ਹੋਈ। ਇਸ ਜਾਪ ਤੇ ਮਿਹਨਤ ਦਾ ਸਦਕਾ ਉਹ ਕੰਗਾਲ ਅਰਾਈਂ ਦਸ ਬਾਰਾਂ ਹਜ਼ਾਰ ਰੁਪਏ ਦਾ ਮਾਲਕ ਹੋ ਗਿਆ।

੧੯੦੮-ਈ ਵਿਚ ਇਹ ਅਰਾਈਂ ਸੰਤ ਮਹਾਰਾਜ ਜੀ ਨੂੰ ਕਮਾਲੀਏ ਜਾ ਮਿਲਿਆ। ਚਰਨਾਂ ਤੇ ਸੀਸ ਨਿਵਾਇਆ ਤੇ ਕਿਹਾ ਮਹਾਰਾਜ ਆਪ ਜੀ ਦੀ ਬਖਸ਼ੀ ਕਲਾਮ ਨਾਲ ਮੈਂ ਨੰਬਰਦਾਰ ਅਤੇ ਚਾਰ ਮੁਰੱਬੇ ਜ਼ਮੀਨ ਦਾ ਮਾਲਕ ਹੋ ਗਿਆ ਹਾਂ। ਚਾਰ ਨਿਆਣੇ ਮੇਰੇ ਘਰ ਖੇਡਦੇ ਹਨ। ਹੁਣ ਮੈਨੂੰ ਐਸੀ ਕਲਾਮ ਬਖਸ਼ੋ ਜਿਸ ਨਾਲ ਮੇਰਾ ਪ੍ਰਲੋਕ ਵੀ ਸੁਖੀ ਹੋ ਜਾਵੇ ਤਾਂ ਸੰਤਾਂ ਨੇ ਕਿਹਾ ਸਵੇਰੇ ਉਹੀ ਕਲਾਮ ਪੜ੍ਹਿਆ ਕਰ ਤੇ ਰਾਤ ਨੂੰ ਕੰਮ ਧੰਦਿਆਂ ਤੋਂ ਵਿਹਲਾ ਹੋ ਕੇ ਦੂਜੀ ਇਹ ਕਲਾਮ ਪੜ੍ਹਿਆ ਕਰ:-

"ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ"॥

ਇਸੇ ਤਰ੍ਹਾਂ ਸੰਤ ਮਹਾਰਾਜ ਜੀ ਨੇ ਉਕਾੜੇ ਦੇ ਇਕ ਨੰਬਰਦਾਰ ਨੂੰ ਵੀ ਉਰਦੂ ਵਿਚ ਛਪਿਆ ਹੋਇਆ ਸੁਖਮਨੀ ਸਾਹਿਬ ਦਾ ਗੁਟਕਾ ਬਖਸ਼ਿਆ। ਜਿਸ ਨੂੰ ਉਹ ਦਿਨ ਰਾਤ ਮਸਜਿਦ ਵਿਚ ਪੜ੍ਹਦਾ ਰਹਿੰਦਾ ਸੀ। ਇਸ ਬਾਣੀ ਨੇ ਉਸ ਦਾ ਲੋਕ ਪ੍ਰਲੋਕ ਸੁਆਰ ਦਿਤਾ। ਸੰਤ ਮਹਾਰਾਜ ਜੀ ਨੇ ਪਿਸ਼ਾਵਰ ਵਿਚ ਕਥਾ ਕਰਦਿਆਂ ਸੰਗਤਾਂ ਨੂੰ ਦਸਿਆ ਕਿ ਜੋ ਸਿੱਖ ਹਰ ਰੋਜ਼ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ ਹੈ, ਉਸ ਦੇ ਚਵ੍ਹੀ ਹਜ਼ਾਰ ਸਵਾਸ ਸਫਲ ਹੋ ਜਾਂਦੇ ਹਨ ਅਤੇ ਆਪਣੇ ਜੀਵਨ ਨੂੰ ਸਫਲ ਕਰਕੇ ਸੁਰਖਰੂ ਹੋ ਕੇ ਰੱਬ ਦੀ ਦਰਗਾਹ ਵਿਚ ਚਲਿਆ ਜਾਂਦਾ ਹੈ।

ਗੁਰਬਾਣੀ ਦੇ ਰਸੀਏ ਪੂਰਨ ਬਾਲ ਬ੍ਰਹਮਚਾਰੀ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ (ਸ੍ਰੀ ਅੰਮ੍ਰਿਤਸਰ ਵਾਲੇ) ਦੇ ਗੁਰਦੇਵ ਮਹੰਤ ਬਾਬਾ ਉਤਮ ਸਿੰਘ ਜੀ ਨੇ ਜਿਸ ਸਮੇਂ ਤੋਂ ਮਿਠੇ ਟਿਵਾਣੇ ਮਹੰਤ ਭਾਈ ਹਰੀ ਸਿੰਘ ਜੀ ਹੋਰਾਂ ਪਾਸੋਂ ਬਾਲ ਅਵੱਸਥਾ ਤੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੰਠ ਕੀਤਾ ਸੀ। ਸਾਰੀ ਉਮਰ ਭਾਵ ਬਿਕ੍ਰਮੀ ਸੰਮਤ ੧੯੨੩ ਤੋਂ ਲੈ ਕੇ ਸੰਮਤ ੨੦੧੭ ਤਕ ਅਖੀਰਲੇ ਸ੍ਵਾਸਾਂ ਤੋੜੀ ਰੋਜ਼ ਨਿਯਮ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਬੜੇ ਪ੍ਰੇਮ ਤੇ ਵਿਸ਼ਵਾਸ ਨਾਲ ਕਈ ਕਈ ਰੋਜ਼ ਦੇ ਆਪ ਕਰਦੇ ਤੇ ਸੁਣਦੇ ਰਹਿੰਦੇ ਸਨ।

ਪੂਜਜ ਬਾਬਾ ਉਤਮ ਸਿੰਘ ਮਹਾਰਾਜ ਜੀ ਦੇ ਅਮੋਲਕ ਬਚਨ

ਬਾਬਾ ਜੀ ਜਦ ਵੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਉਂਦੇ ਸਨ ਤਾਂ ਹੇਠ ਲਿਖੀਆਂ ਤੁਕਾਂ ਦਾ ਪਾਠ ਜ਼ਰੂਰ ਪੜ੍ਹਦੇ ਹੁੰਦੇ ਸਨ:-

ਸੁਖਮਨੀ ਸੁਖਾਂ ਦੀ ਨਿਧਿ॥ ਪੜਦਿਆਂ ਸੁਣਦਿਆਂ ਦੇ ਕਾਰਜ ਸਿਧ॥
ਸੁਖਮਨੀ ਪੜੀਐ ਦਿਨ ਰਾਤੀ॥ ਸੁਖਮਨੀ ਸੁਖਾਂ ਦੀ ਦਾਤੀ॥
ਸੁਖਮਨੀ ਜੇ ਕੋਈ ਪੜੈ ਸੁਣਾਵੈ॥ ਮਨ ਬਾਂਛਤ ਫਲ ਕੋ ਸੋ ਪਾਵੈ॥
ਸੁਖਮਨੀ ਕਾ ਪਾਠਕ ਜੋਇ॥ ਮੁਖ ਤੇ ਜੋ ਬੋਲੈ ਸੋ ਹੋਇ॥
ਅਨਦਿਨ ਸੁਖਮਨੀ ਜੋ ਰਰੇ॥ ਭਵ ਸਾਗਰ ਤੇ ਸੋ ਨਰ ਤਰੇ॥

ਅਤੇ ਹਰ ਇਕ ਪ੍ਰੇਮੀ ਨੂੰ ਬਾਬਾ ਜੀ ਕਹਿੰਦੇ ਹੁੰਦੇ ਸਨ ਕਿ ਜੋ ਭੀ ਪ੍ਰਾਣੀ ਸੁਖਮਨੀ ਸਾਹਿਬ ਜੀ ਦਾ ਪਾਠ ਸ਼ਰਧਾ ਨਾਲ ਪੜ੍ਹੇ ਸੁਣੇਗਾ ਉਸ ਦਾ ਲੋਕ ਪ੍ਰਲੋਕ ਸਫਲਾ ਹੋ ਜਾਵੇਗਾ।

ਸੁਖਮਨੀ ਸਾਹਿਬ ਸਟੀਕ ਸਮਾਪਤੰ-

[ਪੰਨਾ ੨੯੬]

*ਥਿਤੀ ਗਉੜੀ ਮਹਲਾ ੫ ॥ ਸਲੋਕੁ ॥

੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ ਪੰਦਰਾਂ ਥਿਤੀ ਵਿਚ ਕਿਸ ਥਿਤ ਦਾ ਜਾਂ ਕਿਸ ਦੇਵੀ ਦੇਵਤੇ ਦਾ ਪੂਜਨ ਕਰਨਾ ਚਾਹੀਦਾ ਹੈ? ਜਿਸ ਕਰਕੇ ਸਾਰੀਆਂ ਥਿਤਾਂ ਸਫਲੀਆਂ ਹੋ ਜਾਣ। ਤਾਂ ਗੁਰੂ ਜੀ ਨੇ ਕਿਹਾ ਇਕ ਆਤਮਦੇਵ ਦਾ ਹੀ ਪੂਜਨ ਕਰਨਾ ਚਾਹੀਦਾ ਹੈ।

ਪਹਿਲੇ ਸਲੋਕ ਵਿਚ ਪਰਮਾਤਮਾ ਦਾ ਮੰਗਲ ਕਥਨ ਕਰਦੇ ਹਨ।

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ ੧ ॥

ਸਾਰਿਆਂ ਦੇ ਸਿਰਜਨ ਵਾਲਾ ਜੋ ਸੁਆਮੀ ਪਰਮਾਤਮਾ ਹੈ ਉਹ ਜਲਾਂ ਥਲਾਂ ਮਹੀ=ਪ੍ਰਿਥਵੀ ਮਲਿ= ਅਕਾਸ਼ ਵਿਚ ਪੂਰਨ ਹੋ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ-ਏਕੰਕਾਰੁ=ਇਕ ਅਦੁਤੀ ਪਰਮਾਤਮਾ ਅਨੇਕ ਪ੍ਰਕਾਰ ਦੇ ਰੂਪ ਹੋ ਕੇ ਜਗਤ ਵਿਚ ਪਸਰ ਰਿਹਾ ਹੈ॥ ੧ ॥

ਪਉੜੀ ॥ ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥
ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥

ਏਕਮ ਥਿਤ ਦੁਆਰਾ ਕਥਨ ਕਰਦੇ ਹਨ-ਏਕੰਕਾਰ ਪ੍ਰਭੂ ਨੂੰ ਨਮਸ਼ਕਾਰ ਕਰੋ ਤੇ ਉਸੀ ਨੂੰ ਹੀ ਧਿਆਉਣਾ ਕਰੋ।

ਗੋਵਿੰਦ ਗੋਪਾਲ ਪ੍ਰਭੂ ਦੇ ਗੁਣ ਗਾਇਨ ਕਰੋ ਅਤੇ ਹਰੀ ਰਾਜਾ ਦੀ ਸ਼ਰਨ ਵਿਚ ਪੈਣਾ ਕਰੋ।

ਤਾ ਕੀ ਆਸ ਕਲਿਆਣ ਸੁਖ ਜਾ ਤੇ ਸਭੁ ਕਛੁ ਹੋਇ ॥

ਜਾਤੇ=ਜਿਸ ਪਰਮਾਤਮਾ ਤੋਂ ਸਭ ਕੁਛ ਹੋ ਰਿਹਾ ਹੈ ਤਿਸ ਦੀ ਆਸਾ ਧਾਰਨ ਨਾਲ ਕਲਿਆਣ=ਮੁਕਤੀ ਸੁਖ ਪ੍ਰਾਪਤ ਹੁੰਦਾ ਹੈ।

ਚਾਰਿ ਕੁੰਟ ਦਹ ਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ ॥

ਚਾਰ ਕੁੰਟ ਰੂਪ ਦਸੋ ਦਿਸਾਂ ਵਿਚ ਵਾ:-ਚਾਰ ਕੁੰਟ=ਚਾਰ ਖਾਣੀਆਂ ਤੇ ਦਸ ਦਿਸਾਂ ਵਿਚ ਫਿਰਕੇ ਦੇਖਣਾ ਕੀਤਾ ਹੈ, ਜੋ ਉਸ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥
ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥

ਚਾਰ ਵੇਦ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ ਦੁਆਰੇ ਸੁਣਿਆਂ ਹੈ ਅਤੇ ਅਸਾਂ ਨੇ ਵੀ ਬਹੁਤ ਤਰ੍ਹਾਂ

---

*ਥਿਤੀ ਇਸ ਬਾਣੀ ਦਾ ਨਾਮ ਹੈ ਕਿਉਂਕਿ ਇਸ ਬਾਣੀ ਵਿਚ ਏਕਮ, ਦੂਜ, ਤੀਜ, ਚੌਥ, ਪੰਚਮੀ ਆਦਿਕ ਥਿਤਾਂ ਦੁਆਰੇ ਉਪਦੇਸ਼ ਦੇਣਾ ਕੀਤਾ ਹੈ।

ਨਾਲ ਵਿਚਾਰ ਕੀਤਾ ਹੈ ਕਿ ਪਾਪੀਆਂ ਦੇ ਤਾਰਨ ਵਾਲਾ, ਭੈ ਦੇ ਹਰਨ=ਦੂਰ ਕਰਨ ਵਾਲਾ ਅਤੇ ਸੁਖਾਂ ਦਾ ਸਮੁੰਦਰ ਇਕ ਨਿਰੰਕਾਰ ਹੀ ਹੈ।

ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ॥

ਆਪ ਹੀ ਦਾਤਾ ਹੋ ਕੇ ਦੇਣ ਵਾਲਾ ਹੋ ਰਿਹਾ ਹੈ ਆਪ ਹੀ ਭੁਗਤਾ ਹੋ ਕੇ ਭੋਗਣ ਵਾਲਾ ਹੋ ਰਿਹਾ ਹੈ। ਉਸ ਤੋਂ ਬਿਨਾਂ ਹੋਰ ਕੋਈ ਜਗ੍ਹਾ ਨਹੀਂ ਹੈ।

ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਮਨ ! ਉਸ ਹਰੀ ਦੇ ਗੁਣ ਗਾਇਣ ਕਰ, ਤਾਂ ਜੋ ਇੱਛਾ ਕਰੇਂਗਾ ਓਹੀ ਪਦਾਰਥ ਮਿਲੇਗਾ॥ ੧॥

ਗੋਬਿੰਦ ਜਸੁ ਗਾਈਐ ਹਰਿ ਨੀਤ॥
ਮਿਲਿ ਭਜੀਐ ਸਾਧਸੰਗਿ ਮੇਰੇ ਮੀਤ॥ ੧॥ ਰਹਾਉ॥

ਨਿਤਾਪ੍ਰਤੀ ਹਰੀ ਗੋਬਿੰਦ ਦੇ ਜਸ ਨੂੰ ਗਾਇਨ ਕਰ। ਹੇ ਮੇਰੇ ਮਿਤਰਾ ! ਸੰਤਾਂ ਦੇ ਸੰਗ ਵਿਚ ਮਿਲ ਕੇ ਪਰਮਾਤਮਾ ਨੂੰ ਭਜਣਾ ਕਰ॥ ੧॥ ਇਹ ਦੋ ਤੁਕਾਂ ਰਹਾਉ ਦੀਆਂ ਹਨ ਇਨ੍ਹਾਂ ਦੋ ਤੁਕਾਂ ਦਾ ਸੰਪਟ ਦੇ ਕੇ ਥਿਤਾਂ ਦਾ ਪਾਠ ਕਰਨ ਨਾਲ ਅਧਿਕ ਫਲ ਪ੍ਰਾਪਤ ਹੁੰਦਾ ਹੈ। ਜਿਵੇਂ-*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥*'' ਵਾਲੀਆਂ ਦੋ ਤੁਕਾਂ ਸਹਿਤ ਸੁਖਮਨੀ ਸਾਹਿਬ ਜੀ ਦਾ ਸੰਪਟ ਪਾਠ ਕਰਨ ਨਾਲ ਅਧਿਕ ਫਲ ਪ੍ਰਾਪਤ ਹੁੰਦਾ ਹੈ॥ ੧॥

ਸਲੋਕੁ॥ ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ॥

ਅਨੇਕ ਵਾਰੀ ਬੰਦਨਾ=ਨਮਸ਼ਕਾਰ ਕਰਕੇ ਹਰੀ ਰਾਜਾ ਦੀ ਸ਼ਰਨ ਵਿਚ ਪੈਣਾ ਕਰੋ।

ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ॥ ੨॥

ਸੰਤਾਂ ਦੇ ਸੰਗ ਦੁਆਰਾ ਭਰਮ ਨੂੰ ਕਟ ਕਰਕੇ ਦ੍ਵੈਤ ਭਾ ਨੂੰ ਮਿਟਾਣਾ ਕਰੋ॥ ੨॥

ਪਉੜੀ॥ ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ॥

ਦੂਜ ਥਿੜ ਦੁਆਰਾ ਕਥਨ ਕਰਦੇ ਹਨ-ਹੇ ਪੁਰਖਾ ! ਦੁਰਮਤਿ=ਖੋਟੀ ਬੁੱਧੀ ਨੂੰ ਦੂਰ ਕਰ ਅਤੇ ਨਿਤਾਪ੍ਰਤੀ ਗੁਰਾਂ ਦੀ ਸੇਵਾ ਕਰ।

ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ॥

ਹੇ ਮਿਤਰ ! ਕਾਮ ਕ੍ਰੋਧ ਲੋਭ ਮੋਹ ਆਦਿਕ ਆਸੁਰੀ ਸੰਪਦਾ ਨੂੰ ਤਿਆਗ ਦੇ, ਤਾਂ ਤੇਰੇ ਮਨ ਤਨ ਦੇ ਵਿਚ ਰਤਨ ਰੂਪ ਪਰਮਾਤਮਾ ਵਸੇਗਾ।

ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ॥

ਮਰਨਾ ਤੇਰਾ ਮਿਟ ਜਾਏਗਾ, ਜੀਵਨ ਪਦਵੀ ਮਿਲੇਗੀ ਅਤੇ ਸਾਰਾ ਕਲੇਸ ਨਾਸ ਹੋ ਜਾਏਗਾ।

[ਪੰਨਾ ੨੯੭]

ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥

ਆਪਾ ਭਾ ਹੰਕਾਰ ਨੂੰ ਤਿਆਗ ਕੇ ਗੋਬਿੰਦ ਦਾ ਭਜਨ ਕਰੋ ਅਤੇ ਮਨ ਕਰਕੇ ਭਾਉ ਭਗਤਿ=ਪ੍ਰੇਮਾ ਭਗਤੀ ਵਿਚ ਪ੍ਰਵੇਸ਼ ਕਰੋ।

ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥

ਤਾਂ ਆਤਮ ਲਾਭ ਮਿਲੇਗਾ, ਸ਼ੁਭ ਗੁਣਾਂ ਦਾ ਤੋਟਾ ਹਿਰੈ=ਘਾਟਾ ਦੂਰ ਹੋ ਜਾਏਗਾ, ਵਾ:-ਸ੍ਵਾਸਾਂ ਦਾ ਘਾਟਾ ਜਿਹੜਾ ਪੈ ਰਿਹਾ ਹੈ ਅਰਥਾਤ ਸ੍ਵਾਸ ਨਿਸਫਲ ਜਾ ਰਹੇ ਹਨ ਇਹ ਦੂਰ ਹੋ ਜਾਏਗਾ ਭਾਵ ਸ੍ਵਾਸ ਸਫਲ ਹੋ ਜਾਣਗੇ, ਤੇ ਹਰੀ ਦੀ ਦਰਗਾਹ ਵਿਚ ਪਤ ਆਬਰੋ ਵਾਲਾ ਹੋਵੇਗਾ।

ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥

ਜੋ ਪੁਰਖ ਰਾਮ ਨਾਮ ਰੂਪੀ ਧਨ ਨੂੰ ਸੰਚਵੈ=ਇਕੱਤ੍ਰ ਕਰਦਾ ਹੈ, ਓਹੀ ਸਚਾ ਸ਼ਾਹ ਭਾਗਾਂ ਵਾਲਾ ਹੈ।

ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥

ਸਾਧੂਆਂ ਦੇ ਨਾਲ ਪਰੀਤੀ ਕਰਕੇ ਉੱਠਦਿਆਂ ਬੈਠਦਿਆਂ ਹਰਿ ਹਰਿ ਨੂੰ ਭਜਨਾ ਕਰੋ।

ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਚਿਤ ਵਿਚ ਪਾਰਬ੍ਰਹਮ ਵਸੇ, ਤਾਂ ਦੁਰਮਤਿ=ਖੋਟੀ ਬੁੱਧੀ ਛੁਟ ਗਈ ॥ ੨ ॥

ਸਲੋਕੁ ॥ ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥

ਸੁਤ, ਵਿਤ, ਲੋਕ ਰੂਪ ਤਿੰਨ ਈਖਣਾ, ਵਾ:-ਤਿੰਨ ਅਵਸਥਾ, ਵਾ:-ਰਜੋ ਤਮੋ ਸਤੋ ਰੂਪ ਤਿੰਨ ਗੁਣ ਜਗਤ ਨੂੰ ਵਿਆਪ ਰਹੇ ਹਨ।

ਤੁਰੀਆਪਦ ਜੋ ਚਤੁਰਥ ਭੂਮਿਕਾ ਹੈ ਉਸ ਨੂੰ ਕੋਈ ਵਿਰਲਾ ਹੀ ਪਾਵਦਾ ਹੈ।

ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਉਹ ਸੰਤ ਨਿਰਮਲ ਹੋਏ ਹਨ ਜਿਨ੍ਹਾਂ ਦੇ ਮਨ ਵਿਚ ਉਹ ਪ੍ਰਮਾਤਮਾ ਵਸਿਆ ਹੈ ॥ ੩ ॥

ਪਉੜੀ ॥ ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥

ਤ੍ਰਿਤੀਆ=ਤੀਜ ਥਿਤ ਦੁਆਰਾ ਕਥਨ ਕਰਦੇ ਹਨ-ਤ੍ਰੈ ਗੁਣੀ ਜੀਵ ਵਿਸ਼ੇ ਫਲਾ ਨੂੰ ਖਾ ਕੇ ਕਦੇ ਉੱਤਮ ਕਦੇ ਨੀਚ ਗਤੀ ਨੂੰ ਪ੍ਰਾਪਤ ਹੁੰਦੇ ਹਨ।

ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥

ਘਣੋ=ਬਹੁਤਾ ਕਾਲ ਨਰਕ ਸੁਰਗ ਵਿਚ ਭਰਮਦੇ ਹਨ, ਮੀਚੁ=ਮੌਤ ਸਦੀਵ ਕਾਲ ਸੰਘਾਰੈ=ਮਾਰਦੀ ਹੈ।

ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ॥

ਸੰਸਾ ਰੂਪ ਸੰਸਾਰ ਵਿਚ ਹਰਖ ਸੋਗ ਦੇ ਸਹਿਤ ਹੰਗਤਾ ਹੀ ਹੰਗਤਾ ਕਰਦਿਆਂ ਉਮਰ ਬੀਤਦੀ ਹੈ।

ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ॥

ਜਿਸ ਵਾਹਿਗੁਰੂ ਨੇ ਪੈਦਾ ਕੀਤਾ ਹੈ, ਇਹ ਜੀਵ ਉਸ ਨੂੰ ਜਾਣਦੇ ਨਹੀਂ ਤੇ ਹੋਰ ਅਨੇਕ ਤਰ੍ਹਾਂ ਦੇ ਜਤਨਾਂ ਨੂੰ ਚਿਤਵਹਿ=ਸੋਚਦੇ ਹਨ।

ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ॥

ਵਿਸ਼ੇ ਰਸਾਂ ਵਿਚ ਲਗਣ ਕਰਕੇ ਆਧਿ ਬਿਆਧਿ ਤੇ ਉਪਾਧੀ ਰੂਪ ਤਿੰਨੇ ਤਾਪ ਕਦੇ ਤੁਟਦੇ ਨਹੀਂ।

ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ॥

ਸਾਰਿਆਂ ਦਾ ਧਨੀ=ਮਾਲਕ ਜੋ ਪੂਰਨ ਪਾਰਬ੍ਰਹਮ ਹੈ, ਉਸ ਦੇ ਪ੍ਰਤਾਪ ਨੂੰ ਜਾਣਦੇ ਨਹੀਂ।

ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ॥

ਸਬੰਧੀਆਂ ਦੇ ਮੋਹ ਅਤੇ ਪਦਾਰਥਾਂ ਦੇ ਭਰਮ ਵਿਚ ਘਣਾ ਡੁੱਬਣ ਕਰਕੇ ਮਹਾਂ ਕੁੰਭੀ ਨਰਕ ਵਿਚ ਵਸਦੇ ਹਨ।

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ॥ ੩॥

ਗੁਰੂ ਜੀ ਕਥਨ ਕਰਦੇ ਹਨ-ਐਸੇ ਬੇਨਤੀ ਕਰੋ ਹੇ ਪ੍ਰਭੂ ਪਰਮਾਤਮਾ ! ਕਿਰਪਾ ਕਰਕੇ ਸਾਨੂੰ ਰਖ ਲਵੋ, ਸਾਨੂੰ ਇਕ ਤੇਰੀ ਹੀ ਆਸਾ ਹੈ॥ ੩॥

ਸਲੋਕੁ॥ ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ॥

ਚਤੁਰ ਬੁਧੀ ਦਾ, ਸਿਆਣਾ ਵਾਕਾਂ ਦਾ, ਸੁਘੜੁ=ਸ੍ਰੇਸ਼ਟ ਸ਼ੁਭ ਗੁਣਾਂ ਦੀ ਘਾੜਤ ਘੜਨ ਵਾਲਾ ਓਹੀ ਹੈ, ਜਿਸ ਨੇ ਹੰਕਾਰ ਨੂੰ ਤਜਿਆ=ਤਿਆਗਿਆ ਹੈ।

ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ॥ ੪॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਖਾ ! ਹਰੀ ਨਾਮ ਨੂੰ ਭਜਨਾ ਕਰ ਤਾਂ ਚਾਰੇ ਪਦਾਰਥ ਧਰਮ ਅਰਥ ਕਾਮ ਮੋਖ ਅਤੇ ਅੱਠ ਸਿਧੀਆਂ ਪ੍ਰਾਪਤ ਹੋਣਗੀਆਂ॥ ੪॥

ਪਉੜੀ॥ ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥
ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ॥

ਗੁਰੂ ਜੀ ਚਤੁਰਥਿ=ਚੌਥ ਥਿਤ ਦੁਆਰਾ ਕਥਨ ਕਰਦੇ ਹਨ-ਚਾਰੇ ਵੇਦ ਸੁਣਕੇ ਤੇ ਵਿਚਾਰ ਕਰਕੇ ਇਹ ਤਤੁ=ਸਿਧਾਤ ਸੋਧਿਆ ਹੈ ਕਿ ਸਭ ਤਰ੍ਹਾਂ ਦੀ ਖੇਮ=ਰਖਿਆ, ਕਲਿਆਣ=ਮੁਕਤੀ ਤੇ ਨਿਧੀਆਂ ਇਹ ਸਭ ਸਾਰੁ=ਸ੍ਰੇਸ਼ਟ ਰਾਮ ਨਾਮ ਦੇ ਜਪਣ ਕਰਕੇ ਪ੍ਰਾਪਤ ਹੁੰਦੀਆਂ ਹਨ।

ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ॥
ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ॥

ਫਿਰ ਨਾਮ ਐਸਾ ਸਮੱਰਥ ਹੈ ਕਿ ਨਰਕਾਂ ਨੂੰ ਨਵਿਰਤ ਕਰਦਾ ਹੈ, ਦੁਖਾਂ ਨੂੰ ਹਰੈ=ਦੂਰ ਕਰਦਾ ਹੈ, ਨਾਮ ਕਰਕੇ ਹੀ ਅਨੇਕਾਂ ਕਲੇਸ਼ ਤੁਟ ਜਾਂਦੇ ਹਨ। ਹਰੀ ਦੇ ਕੀਰਤਨ ਵਿਚ ਪ੍ਰਵੇਸ਼ ਕਰਨ ਨਾਲ ਮੀਚੁ ਹੁਟੈ=ਮੌਤ ਹਟ ਜਾਂਦੀ ਹੈ ਤੇ ਜਮਦੂਤਾਂ ਤੋਂ ਛੁਟ ਜਾਂਦਾ ਹੈ।

ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ॥
ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ॥

ਜੋ ਪੁਰਸ਼ ਨਿਰੰਕਾਰ ਦੇ ਰੰਗਿ ਰਤੇ=ਪਰੇਮ ਵਿਚ ਤਦਾਕਾਰ ਹੋ ਕੇ, ਨਾਮ ਅੰਮ੍ਰਿਤ ਦੇ ਪੀਣ ਵਿਚ ਰਤੈ ਹਨ, ਉਨ੍ਹਾਂ ਦੇ ਖੌਫ ਬਿਨਸ ਗਏ ਹਨ। ਪਰਮੇਸ਼ਰ ਨਾਮ ਦੇ ਅਧਾਰ=ਆਸਰੇ ਕਰਕੇ ਦੁਖ, ਦਲਿਦ੍ਰ ਅਤੇ ਅਪਵਿਤ੍ਰਤਾ ਆਦਿਕ ਸਾਰੇ ਵਿਕਾਰ ਨਸ ਜਾਂਦੇ ਹਨ।

ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ॥

ਉਸ ਸੁਖਾਂ ਦੇ ਸਮੁੰਦਰ ਗੋਪਾਲ ਪਰਮਾਤਮਾ ਨੂੰ ਸਭ ਦੇਵਤਾ ਮਨੁੱਖ ਅਤੇ ਮੁਨੀਜਨ ਖੋਜਦੇ ਫਿਰਦੇ ਹਨ।

ਮਨੁ ਨਿਰਮਲੁ ਮੁਖੁ ਊਜਲਾ ਹੋਇ ਨਾਨਕ ਸਾਧ ਰਵਾਲ॥ ੪॥

ਗੁਰੂ ਜੀ ਕਥਨ ਕਰਦੇ ਹਨ-ਪਰਮੇਸ਼ਰ ਦੇ ਸੰਤਾਂ ਦੀ ਰਵਾਲ=ਧੂੜ ਲੈਣ ਨਾਲ ਮਨ ਨਿਰਮਲ ਅਤੇ ਮੂੰਹ ਉਜਲਾ ਹੁੰਦਾ ਹੈ॥ ੪॥

ਸਲੋਕੁ॥ ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ॥

ਮਾਇਆ ਨਾਲ ਰਾਚੇ=ਤਦਾਕਾਰ ਹੋਣ ਕਰਕੇ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ ਆਦਿਕ ਮਨ ਵਿਚ ਵਸਦੇ ਹਨ।

ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ ੫॥

ਗੁਰੂ ਜੀ ਕਥਨ ਕਰਦੇ ਹਨ— ਸੰਤਾਂ ਦੇ ਸੰਗ ਦੁਆਰਾ ਪ੍ਰਭੂ ਦੇ ਵਿਚ ਰੰਗਿ=ਪਰੇਮ ਕਰੇ ਤਾਂ ਮਨ ਨਿਰਮਲਾ=ਸ਼ੁਧ ਹੁੰਦਾ ਹੈ॥ ੫॥

ਪਉੜੀ॥ ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ॥

ਪੰਜਵੀਂ ਥਿਤ ਦੁਆਰਾ ਕਥਨ ਕਰਦੇ ਹਨ-ਉਹ ਪੰਚ=ਸ੍ਰੇਸ਼ਟ ਮਹਾਤਮਾ ਪ੍ਰਧਾਨ=ਮੁਖੀ ਹੋਏ ਹਨ। ਜਿਨ੍ਹਾਂ ਨੇ ਪਰਪੰਚੁ=ਸੰਸਾਰ ਨੂੰ ਇਸ ਪ੍ਰਕਾਰ ਜਾਣਿਆਂ ਹੈ। ਅਗਲੀ ਪੰਗਤੀ ਵਿਚ ਦਸਦੇ ਹਨ। ਵਾ:-ਸੰਸਾਰ ਨੂੰ ਪਰਪੰਚੁ=ਛਲ ਰੂਪ ਜਾਣਿਆਂ ਹੈ।

ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ॥

ਬਹੁਤੇ ਪਦਾਰਥਾਂ ਦਾ ਜੋ ਘਣਾ ਰੰਗਿ=ਆਨੰਦ ਹੈ ਇਹ ਕੁਸਮ ਬਾਸ=ਫਲਾਂ ਦੀ ਵਾਸ਼ਨਾ ਵਾਂਗੂੰ ਮਿਥਿਆ ਹੈ ਅਤੇ ਬਲ ਤੇ ਬੰਚੁ=ਠਗੀਆਂ ਕਰਣੀਆਂ ਇਹ ਵੀ ਸਭ ਮਿਥਿਆ ਹਨ।

ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ॥

(੧) ਨਹ ਜਾਪੈ=ਨਹੀਂ ਜਪਦਾ ਨਾਮ ਨੂੰ, ਨਹ ਬੂਝੀਐ=ਨਹੀਂ ਬੁਝਦਾ ਗੁਣਾਂ ਨੂੰ।

ਵਾ:-ਨਹ ਜਾਪੈ=ਨਹੀਂ ਜਾਣਦਾ ਮਹਾਤਮਾ ਦੁਆਰੇ, ਨਹ ਬੂਝੀਐ=ਨਹੀਜ ਬੁਝਦਾ ਗੁਰਾਂ ਦੁਆਰੇ ਅਤੇ ਨਾਹੀ ਕੁਛ ਸਤ ਅਸਤ ਦਾ ਵਿਚਾਰ ਕਰਦਾ ਹੈ।

(੨) ਅਥਵਾ:-ਨਹ ਜਾਪੈ=ਨਹੀ ਜਾਣਦਾ ਸ੍ਰਵਨ ਕਰਨਾ, ਨਹੀਂ ਬੁਝਦਾ ਮਨਨ ਕਰਨਾ ਅਤੇ ਨਾਹੀ ਕੁਛ ਨਿਧਿਆਸਣ ਦਾ ਵਿਚਾਰ ਕਰਦਾ ਹੈ।

(੩) ਨਹੀਂ ਜਾਣਦਾ ਨਿਸ਼ਕਾਮ ਕਰਮ ਕਰਨੇ, ਨਹੀਂ ਬੁਝਦਾ ਉਪਾਸ਼ਨਾਂ ਕਰਨੀ ਅਤੇ ਨਾ ਹੀ ਕੁਛ ਗਿਆਨ ਦਾ ਵਿਚਾਰ ਕਰਦਾ ਹੈ।

(੪) ਅਥਵਾ:-ਨਹੀਂ ਜਾਣਦਾ ਤੁਯੰ, ਪਦ ਨੂੰ, ਨਹੀਂ ਬੁਝਦਾ ਤਤ ਪਦ ਨੂੰ ਅਤੇ ਨਾਹੀਂ ਕੁਛ ਤਤ ਤੁਯੰ, ਤੁਯੰਤਤ ਦੀ ਅਭੇਦਤਾ ਦਾ ਕੁਛ ਵਿਚਾਰ ਕਰਦਾ ਹੈ।

(ਇਹ ਚਾਰੇ ਅਰਥ ਸੰਪ੍ਰਦਾਈ ਹਨ)

ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ॥

ਇਹ ਜੀਵ ਸੁਆਦਾਂ ਦੇ ਮੋਹ ਕਰਕੇ ਵਿਸ਼ੇ ਰਸਾ ਵਿਚ ਤਦਾਕਾਰ ਹੋ ਰਿਹਾ ਹੈ। ਅਗਿਆਨ ਨੇ ਹੀ ਸੰਸਾਰ ਨੂੰ ਰਚਨਾ ਕੀਤਾ ਹੈ ਵਾ:-ਅਗਿਆਨੀ ਪੁਰਸ਼ ਸੰਸਾਰ ਵਿਚ ਰਚਿਓ=ਤਦਾਕਾਰ ਹੋ ਰਿਹਾ ਹੈ।

ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ॥

ਅਨੇਕ ਪ੍ਰਕਾਰ ਦੇ ਕਰਮ ਕਰਨ ਨਾਲ ਬਹੁਤ ਜੂਨੀਆਂ ਵਿਚ ਭਰਮਦਾ ਹੈ ਜਿਸਤੇ ਜਨਮ ਮਰਣ ਬਣਿਆਂ ਰਹਿੰਦਾ ਹੈ।

ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ॥

ਇਸ ਜੀਵ ਨੇ ਕਰਮਾਂ ਵਿਚ ਲਗਕੇ ਸ੍ਰਿਸ਼ਟੀ ਦੇ ਰਚਨ ਵਾਲੇ ਪਰਮੇਸ਼ਰ ਨੂੰ ਸਿਮਰਨਾ ਨਾ ਕੀਤਾ ਅਤੇ ਮਨ ਵਿਚ ਬਿਬ+ਏਕ=ਦੋ ਤੋਂ ਇਕ ਹੋਣ ਦਾ ਵਿਚਾਰ ਨਾ ਕੀਤਾ।

ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥

ਜੋ ਗੁਰਮੁਖ ਭਾਉ ਭਗਤਿ=ਪਰੇਮਾ ਭਗਤੀ ਕਰਕੇ ਭਗਵਾਨ ਦੇ ਨਾਲ ਮਿਲੇ ਹਨ, ਉਨ੍ਹਾਂ ਨੂੰ ਰੰਚਕ ਮਾਤ੍ਰ ਵੀ ਮਾਇਆ ਦਾ ਲੇਪ ਨਹੀਂ ਹੁੰਦਾ।

ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ॥ ੫॥

ਗੁਰੂ ਜੀ ਕਥਨ ਕਰਦੇ ਹਨ-ਜੋ ਪਰਪੰਚ=ਸੰਸਾਰ ਵਿਚ ਨਹੀਂ ਰਚਦੇ ਉਹ ਗੁਰਮੁਖ ਜਨ ਵਿਰਲੇ ਹੀ ਪਾਈਦੇ ਹਨ॥ ੫॥

ਸਲੋਕੁ ॥ ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ॥

ਖਟ=ਛੇ ਸ਼ਾਸਤ੍ਰ ਇਹ ਗੱਲ ਪੁਕਾਰਕੇ ਕਹਿੰਦੇ ਹਨ ਕਿ ਉਸ ਪਰਮਾਤਮਾ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ॥ ੬॥

ਗੁਰੂ ਜੀ ਕਥਨ ਕਰਦੇ ਹਨ-ਭਗਤ ਜਨ ਗੁਣਾਂ ਨੂੰ ਗਾਂਵਦੇ ਹੋਏ ਪ੍ਰਭੂ ਦੇ ਦੁਆਰੇ ਪਰ ਸੋਭਦੇ ਹਨ॥ ੬॥

ਪਉੜੀ॥ ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ॥
ਊਤਮੁ ਊਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ॥

ਖਸਟਮਿ=ਛੇਵੀਂ ਥਿਤ ਦੁਆਰੇ ਕਥਨ ਕਰਦੇ ਹਨ-ਖਟ=ਛੇ ਸ਼ਾਸਤ੍ਰ ਕਥਨ ਕਰਦੇ ਹਨ ਅਤੇ ਅਨੇਕਾਂ ਸਿੰਮ੍ਰਿਤੀਆਂ ਭੀ ਏਹੋ ਕਥਨ ਕਰਦੀਆਂ ਹਨ ਕਿ ਉਹ ਪਾਰਬ੍ਰਹਮ ਸਭ ਤੋਂ ਉੱਤਮ ਤੇ ਉੱਚਾ ਹੈ, ਉਸ ਦੇ ਗੁਣਾਂ ਦਾ ਅੰਤ ਸ਼ੇਸ਼ਨਾਗ ਭੀ ਨਹੀਂ ਜਾਣ ਸਕਦਾ।

[ਪੰਨਾ ੨੬੮]

ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ॥

ਨਾਰਦ ਜੀ, ਮੁਨੀ ਜਨ, ਸੁਕਦੇਵ ਤੇ ਬਿਆਸ ਜੀ ਸਾਰੇ ਗੋਵਿੰਦ ਦੇ ਜਸ ਨੂੰ ਗਾਂਵਦੇ ਹਨ।

ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ॥

ਜੋ ਭਗਤ ਭਗਵੰਤ ਦੀ ਭਗਤੀ ਵਿਚ ਰਚਕੇ ਰਸ ਗੀਧੇ=ਪਰੇਮ ਵਿਚ ਹਿਲ ਗਏ ਹਨ ਉਹ ਹਰਿ ਸਿਉ ਬੀਧੇ=ਹਰੀ ਦੇ ਨਾਲ ਤਦਾਕਾਰ ਹੋਏ ਹਨ।

ਮੋਹ ਮਾਨ ਭ੍ਰਮੁ ਬਿਨਸਿਓ ਪਾਈ ਸਰਨਿ ਦਇਆਲ॥
ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ॥

ਜਿਸ ਪੁਰਸ਼ ਨੇ ਦਿਆਲੂ ਪਰਮਾਤਮਾ ਦੀ ਸ਼ਰਨ ਗ੍ਰਹਿਣ ਕਰਨੀ ਪਾਈ ਹੈ, ਉਸ ਦੇ ਮੋਹ ਮਾਨ ਭਰਮ ਆਦਿਕ ਸਪ ਵਿਕਾਰ ਨਾਸ ਹੋ ਗਏ ਹਨ। ਮਨ ਤਨ ਦੇ ਵਿਚ ਚਰਨ ਕਮਲਾਂ ਦਾ ਧਿਆਨ ਵਸਿਆ ਤਾਂ ਵਾਹਿਗੁਰੂ ਦੇ ਦਰਸ਼ਨ ਨੂੰ ਦੇਖ ਕੇ ਨਿਹਾਲ ਹੋ ਗਏ।

ਲਾਭੁ ਮਿਲੈ ਤੋਟਾ ਹਿਰੈ ਸਾਧਸੰਗਿ ਲਿਵ ਲਾਇ॥

ਸਤਸੰਗਤ ਦੁਆਰਾ ਲਿਵ ਲਗਾਣ ਕਰਕੇ ਆਤਮ ਲਾਭ ਮਿਲਦਾ ਹੈ, ਤੇ ਸ੍ਵਾਸਾਂ ਦੀ ਨਿਸਫਲਤਾ ਰੂਪੀ ਤੋਟਾ=ਘਾਟਾ ਦੂਰ ਹੋ ਜਾਂਦਾ ਹੈ ਭਾਵ ਸ੍ਵਾਸ ਸਫਲ ਹੋ ਜਾਂਦੇ ਹਨ।

ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮੁ ਧਿਆਇ॥ ੬॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਨਾਮ ਨੂੰ ਧਿਆ ਕੇ ਸ਼ੁਭ ਗੁਣਾਂ ਦੀ ਨਿਧੀ ਜੋ ਹਰੀ ਹੈ ਉਸ ਦੀ ਪ੍ਰਾਪਤੀ ਰੂਪੀ ਖਜ਼ਾਨੇ ਨੂੰ ਖਟ ਲੈ॥ ੬॥

ਸਲੋਕੁ॥ ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ॥
ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ॥ ੭॥

ਜੋ ਮੰਡਲ=ਸਮੂਹ ਸੰਤ ਹਰੀ ਜਸ ਨੂੰ ਕਥਨ ਕਰਦੇ ਹਨ ਅਤੇ ਸੁਭਾਵਕ ਹੀ ਸੱਚ ਬਚਨ ਬੋਲਦੇ ਹਨ।

ਗੁਰੂ ਜੀ ਕਥਨ ਕਰਦੇ ਹਨ ਉਨ੍ਹਾਂ ਦੁਆਰੇ ਇਕ ਪਰਮਾਤਮਾ ਨਾਲ ਬਿਰਤੀ ਲਗਾ ਕੇ ਆਪਣੇ ਮਨ ਨੂੰ ਸੰਤੋਖੀਐ=ਸੰਤੁਸ਼ਟ ਭਾਵ ਪ੍ਰਸੰਨ ਕਰੀਏ॥ ੭॥

ਪਉੜੀ॥ ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ॥

ਸਪਤਮਿ=ਸੱਤਵੀ ਥਿਤ ਦੁਆਰਾ ਕਥਨ ਕਰਦੇ ਹਨ ਹੇ ਭਾਈ ! ਨਾਮ ਰੂਪੀ ਧਨ ਨੂੰ ਸੰਚਹੁ=ਇਕੱਠਾ ਕਰੋ। ਇਹ ਨਾਮ ਰੂਪੀ ਭੰਡਾਰਾ ਟੂਟਿ ਨ ਜਾਹਿ=ਮੁਕ ਨਹੀਂ ਜਾਂਦਾ।

ਯਥਾ:-ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ॥ (ਪੰਨਾ ੩੩੬)

ਤਥਾ:-ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ॥ (ਪੰਨਾ ੬੧੮)

ਤਥਾ:-ਸੰਚਣ ਕਉ ਹਰਿ ਏਕੋ ਨਾਮੁ॥ ਹਲਤਿ ਪਲਤਿ ਤਾ ਕੈ ਆਵੈ ਕਾਮ॥ (ਪੰਨਾ ੬੭੬)

ਸੰਤਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ॥

ਜਿਸਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ , ਉਸ ਪਰਮੇਸ਼ਰ ਦਾ ਨਾਮ ਰੂਪ ਭੰਡਾਰਾ ਸੰਤਾਂ ਦੀ ਸੰਗਤ ਵਿਚੋਂ ਪਾਈਦਾ ਹੈ।

ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ॥

ਹੇ ਪਰਸ਼ਾ ! ਆਪਾ ਭਾ ਹੰਕਾਰ ਨੂੰ ਤਿਆਗੋ, ਗੋਬਿੰਦ ਦਾ ਭਜਨ ਕਰੋ ਅਤੇ ਹਰੀ ਰਾਜਾ ਦੀ ਸ਼ਰਨ ਵਿਚ ਪੈਣਾ ਕਰੋ।

ਦੂਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ॥

ਤਾਂ ਦੁਖ ਦੂਰ ਹੋ ਜਾਣਗੇ, ਸੰਸਾਰ ਸਮੁੰਦਰ ਤੋਂ ਤਰ ਜਾਏਗਾ ਅਤੇ ਮਨ ਇੱਛਤ ਫਲ ਨੂੰ ਪਾ ਲਵੇਂਗਾ।

ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ॥

ਜੋ ਪੁਰਸ਼ ਅੱਠੇ ਪਹਿਰ ਮਨ ਵਿਚ ਹਰੀ ਨੂੰ ਜਪਦਾ ਹੈ, ਉਸ ਦਾ ਪ੍ਰਮਾਨੀਕ ਮਨੁੱਖਾ ਜਨਮ ਸਫਲ ਹੁੰਦਾ ਹੈ।

ਅੰਤਰਿ ਬਾਹਰਿ ਸਦਾ ਸੰਗਿ ਕਰਨੈਹਾਰੁ ਪਛਾਣੁ॥

ਹੇ ਪੁਰਸ਼ਾ ! ਸਰੀਰ ਵਾ:-ਬ੍ਰਹਮਾਂਡ ਦੇ ਅੰਦਰ ਬਾਹਰ ਸਦਾ ਅੰਗ ਸੰਗ ਇਕ ਕਰਣਹਾਰ ਪਰਮਾਤਮਾ ਨੂੰ ਪਛਾਨਣਾ ਕਰ।

ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ॥

ਸਜਨ ਵੀ ਓਹੀ ਹੈ ਸਖਾ ਵੀ ਓਹੀ ਹੈ, ਮਿਤਰ ਭੀ ਓਹੀ ਹੈ ਜੋ ਹਰੀ ਪ੍ਰਾਪਤੀ ਦੀ ਸਿਖਿਆ ਦਿੰਦਾ ਹੈ।

ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ॥ ੭॥

ਗਰੂ ਜੀ ਕਥਨ ਕਰਦੇ ਹਨ-ਉਸ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜੋ ਹਰਿ ਹਰਿ ਨਾਮ ਨੂੰ ਜਪਦਾ ਹੈ॥ ੭॥

ਸਲੋਕੁ॥ ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ॥

ਹੇ ਪੁਰਸ਼ਾ ! ਅੱਠੇ ਪਹਿਰ ਪਰਮੇਸ਼ਰ ਦੇ ਗੁਣ ਗਾਵਣਾ ਕਰ, ਅਵਰਿ=ਹੋਰ ਘਰ ਦੇ ਸਾਰੇ ਜੰਜਾਲਾਂ ਨੂੰ

ਤਿਆਗ ਦੇਹ।

ਜਮਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ॥ ੮ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦਿਆਲੂ ਹੋਵੇ ਤਾਂ ਜਮਾਂ ਦੇ ਕੰਕਰੁ=ਦੂਤ ਜੋਹਿ ਨ ਸਕਈ=ਦੇਖ ਨਹੀਂ ਸਕਦੇ॥ ੮॥

ਪਉੜੀ ॥ ਅਸਟਮੀ ਅਸਟ ਸਿਧਿ ਨਵ ਨਿਧਿ॥
ਸਗਲ ਪਦਾਰਥ ਪੂਰਨ ਬੁਧਿ॥
ਕਵਲ ਪ੍ਰਗਾਸ ਸਦਾ ਆਨੰਦ॥ ਨਿਰਮਲ ਰੀਤਿ ਨਿਰੋਧਰ ਮੰਤ॥

ਅਸਟਮੀ ਥਿਤ ਦੁਆਰਾ ਕਥਨ ਕਰਦੇ ਹਨ, *ਅੱਠ ਸਿਧੀਆਂ +ਨੌਂ ਨਿਧੀਆਂ, ਸਾਰੇ ਪਦਾਰਥ ਤੇ ਪੂਰਨ ਬੁਧਿ=ਆਤਮ ਵਿਸ਼ੈਣੀ ਬੁੱਧੀ। ਹਿਰਦਾ ਕਵਲ ਖਿੜਿਆ ਰਹਿਣਾ, ਤੇ ਸਦੀਵ ਕਾਲ ਅਨੰਦ ਹੋਣਾ। ਨਿਰਮਲ ਰੀਤੀ ਤੇ ਨਿਰੇ ਉਧਾਰਨ ਵਾਲਾ ਮੰਤਰ, ਵਾ:-ਇੰਦ੍ਰੀਆਂ ਦੇ ਦਮਨ ਸਹਿਤ ਸਤਿਨਾਮੁ ਮੰਤਰ। ਇਹ ਸਾਰੇ ਫਲ ਉਸ ਨੂੰ ਪ੍ਰਾਪਤ ਹੁੰਦੇ ਹਨ ਜੋ ਗੁਰਾਂ ਨਾਲ ਮਿਲ ਕੇ ਹਰਿ ਹਰਿ ਦਾ ਭਜਨ ਕਰਦਾ ਹੈ।

ਸਗਲ ਧਰਮ ਪਵਿਤ੍ਰ ਇਸਨਾਨੁ॥ ਸਭ ਮਹਿ ਊਚ ਬਿਸੇਖ ਗਿਆਨੁ॥
ਹਰਿ ਹਰਿ ਭਜਨੁ ਪੂਰੇ ਗੁਰ ਸੰਗਿ॥ ਜਪਿ ਤਰੀਐ ਨਾਨਕ ਨਾਮ ਹਰਿ ਰੰਗਿ॥ ੯ ॥

ਸਾਰੇ ਧਰਮ, ਸਭ ਪਵਿਤ੍ਰਤਾਈਆਂ ਅਤੇ ਸਭ ਤੀਰਥਾਂ ਦੇ ਇਸ਼ਨਾਨ ਦਾ ਫਲ ਉਸ ਨੂੰ ਪ੍ਰਾਪਤ ਹੁੰਦਾ ਹੈ। ਸਾਰਿਆਂ ਵਿਚ ਉਚਪਣਾ ਹੋਣਾ ਅਤੇ ਬਿਸੇਖ ਗਿਆਨੁ=ਅਪੋਖ ਗਿਆਨ ਇਹ ਸਾਰੇ ਉਸ ਨੂੰ ਪ੍ਰਾਪਤ ਹੁੰਦੇ ਹਨ। ਜੋ ਪੂਰੇਗੁਰਾਂ ਸੰਗਿ=ਨਾਲ ਮਿਲ ਕੇ ਹਰਿ ਹਰਿ ਦਾ ਭਜਨ ਕਰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਰੰਗਿ=ਪ੍ਰੇਮ ਪੂਰਬਕ ਹਰੀ ਨਾਮ ਨੂੰ ਜਪ ਕੇ ਸੰਸਾਰ ਸਾਗਰ ਤੋਂ ਤਰਨਾ ਕਰੀਏ॥ ੯॥

ਸਲੋਕੁ॥ ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ॥
ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ॥ ੯ ॥

ਜਿਸ ਪੁਰਸ਼ ਨੇ ਨਾਰਾਇਣੁ=ਪਰਮਾਤਮਾ ਨੂੰ ਸਿਮਰਿਆਂ ਨਹੀਂ ਤੇ ਵਿਕਾਰਾਂ ਦੇ ਸੁਆਦਾਂ ਵਿਚ ਮੋਹਿਆ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ-ਨਾਮ ਦੇ ਵਿਸਾਰਨ ਕਰਕੇ ਉਹ ਪੁਰਸ਼ ਨਰਕ ਸੁਰਗ ਵਿਚ ਅਵਤਾਰ=ਉਤਰਦਾ ਹੈ॥ ੯॥

---

*ਅੱਠ ਸਿਧੀਆਂ :-੧. ਅਣਿਮਾ-ਬਹੁਤ ਛੋਟਾ ਹੋ ਜਾਣਾ। ੨. ਮਹਿਮਾ=ਵੱਡਾ ਹੋ ਜਾਣਾ। ੩. ਗਰਿਮਾ=ਭਾਰੀ ਹੋ ਜਾਣਾ। ੪. ਲਘਿਮਾ-ਹੌਲਾ ਹੋ ਜਾਣਾ। ੫. ਪ੍ਰਾਪਤ-ਮਨ ਵਾਂਛਿਤ ਵਸਤੂ ਹਾਸਿਲ ਕਰ ਲੈਣੀ। ੬. ਪ੍ਰਾਕਾਮਜ-ਸਭ ਦੇ ਮਨ ਦੀ ਜਾਣ ਲੈਣੀ। ੭. ਈਸ਼ਿਤਾ-ਆਪਣੀ ਇਛਾ ਅਨੁਸਾਰ ਸਭ ਨੂੰ ਪ੍ਰੇਰਨਾ। ੮. ਵਸ਼ਿਤਾ-ਸਭ ਨੂੰ ਕਾਬੂ ਕਰ ਲੈਣਾ।

+ਨੌਂ ਨਿਧੀਆਂ:- ੧. ਪਦਮ, ੨. ਮਹਾਂ ਪਦਮ, ੩. ਸੰਖ, ੪. ਮਕਰ, ੫. ਕੱਛਪ, ੬. ਮੁਕੰਦ ੭. ਕੁੰਦ, ੮. ਨੀਲ, ੯. ਵਚ।

ਯਥਾ:-ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥ (ਸੁਖਮਨੀ ਪੰਨਾ ੨੬੨)

ਮਾਰਕੰਡੇ ਪੁਰਾਣ ਦੇ ੬੮ਵੇਂ ਧਿਆਇ ਵਿਚ ਲਿਖਿਆ ਹੈ ਕਿ ਪਦਮਿਨੀ ਨਾਮੇ ਵਿਦਜਾ ਦੇਵੀ ਦੇ ਆਸਰੇ ਨਿਧੀਆਂ ਰਹਿੰਦੀਆਂ ਹਨ। (ਪੂਰਾ ਵਿਸਤਾਰ ਓਥੇ ਵੇਖੋ।)

ਪਉੜੀ॥ ਨਉਮੀ ਨਵੇ ਛਿਦ੍ਰ ਅਪਵੀਤ॥
ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ॥

ਨੌਮੀ ਥਿਤ ਦੁਆਰਾ ਕਥਨ ਕਰਦੇ ਹਨ-ਦੋ ਨਾਸਕਾਂ, ਦੋ ਕੰਨ, ਦੋ ਅੱਖਾਂ, ਇਕ ਮੂੰਹ, ਇਕ ਗੁਦਾ, ਇਕ ਲਿੰਗ ਇੰਦ੍ਰੀਆਂ ਇਹ ਨਵੇ ਛਿਦ੍ਰ=ਨੌਂ ਗੋਲਕਾਂ ਸ੍ਰਵਨੇ ਕਰਕੇ ਅਪਵੀਤ=ਅਪਵਿਤ੍ਰ ਹੰਨ, ਇਹ ਜੀਵ ਹਰੀ ਨਾਮ ਨੂੰ ਜਪਦਾ ਨਹੀਂ, ਬਿਪਰੀਤਿ=ਉਲਟੀਆਂ ਗੱਲਾ ਕਰਦਾ ਹੈ।

ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ॥ ਕਰਨ ਨ ਸੁਨਹੀ ਹਰਿ ਜਸੁ ਬਿੰਦ॥

ਪਰ ਇਸਤ੍ਰੀਆਂ ਨਾਲ ਭੋਗ ਕਰਦਾ, ਤੇ ਸੰਤਾਂ ਦੀ ਨਿੰਦਿਆਂ ਬਕਹਿ=ਉਚਾਰਦਾ ਹੈ।

ਕਰਨ=ਕੰਨਾਂ ਦੁਆਰੇ ਬਿੰਦ=ਜਾਨਣ ਜੋਗ ਹਰੀ ਜਸ ਨੂੰ ਬਿੰਦ=ਰੰਚਕ ਮਾਤ੍ਰ ਵੀ ਸੁਣਦਾ ਨਹੀਂ।

ਹਿਰਹਿ ਪਰ ਦਰਬੁ ਉਦਰ ਕੈ ਤਾਈ॥ ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ॥

ਆਪਣੇ ਉਦਰ=ਪੇਟ ਦੇ ਵਾਸਤੇ ਪਰਾਏ ਧਨ ਨੂੰ ਹਿਰਹਿ=ਚੁਰਾਂਦਾ ਹੈ। ਤ੍ਰਿਸ਼ਨਾਂ ਰੂਪੀ ਅਗਨੀ ਨਵਿਰਤ ਨਹੀਂ ਹੁੰਦੀ ਕਿਉਂਕਿ ਸੰਤੋਖ ਰੂਪੀ ਜਲ ਪਾ ਕੇ ਬੁਝਾਈ ਜੋ ਨਹੀਂ। ਵਾ:-ਬੂਝ=ਗਿਆਤ ਜੋ ਨਾ ਆਈ।

ਅਥਵਾ:-ਕਰੋਧ ਰੂਪੀ ਅਗਨੀ ਨਵਿਰਤ ਨਾ ਹੋਈ, ਅਤੇ ਤ੍ਰਿਸ਼ਨਾਂ ਰੂਪੀ ਅਗਨੀ ਵੀ ਨਾ ਬੁਝਾਈ।

ਹਰਿ ਸੇਵਾ ਬਿਨੁ ਏਹ ਫਲ ਲਾਗੇ॥

ਹਰੀ ਦੀ ਸੇਵਾ ਕੀਤੇ ਬਿਨਾਂ ਇਹ ਪੂਰਬ ਕਹੇ ਫਲ ਆ ਕੇ ਲਗਦੇ ਹਨ।

ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ॥ ੯॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਭੁੱਲਣ ਕਰਕੇ ਅਭਾਗੇ=ਖੋਟੇ ਭਾਗਾਂ ਵਾਲੇ ਜੀਵ ਮਰਦੇ ਜੰਮਦੇ ਰਹਿੰਦੇ ਹਨ॥ ੯॥

ਸਲੋਕੁ॥ ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥

ਜਗਿਆਸੂ ਬੇਨਤੀ ਕਰਦਾ ਹੈ- ਹੇ ਪ੍ਰਭੂ ! ਮੈਂ ਦਸੋ ਦਿਸ਼ਾ ਵਿਚ ਖੋਜਦਾ ਫਿਰਿਆ ਹਾਂ ਕਿ ਮਨ ਵਸੀਕਾਰ ਹੋ ਗਿਆ ਹੋਵੇਗਾ, ਪਰ ਜਿਸ ਤਰਫ ਦੇਖਦਾ ਹਾਂ ਉਧਰ ਹੀ ਮਨ ਦਾ ਸੁਭਾਵ ਕੁਟਲ ਹੈ। *ਆਪ ਦਸੋ ਮਨ ਕਿਸ ਤਰ੍ਹਾਂ ਵਸੀਕਾਰ ਹੋਵੇ? *ਉੱਤਰ:-*

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥ ੧੦॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਪੂਰਨ ਪਰਮਾਤਮਾ ਤੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਵੇ ਤਾਂ ਹੀ ਮਨ ਵਸੀਕਾਰ ਹੋ ਆਉਂਦਾ ਹੈ॥ ੧੦॥

ਪਉੜੀ॥ ਦਸਮੀ ਦਸ ਦੁਆਰ ਬਸਿ ਕੀਨੇ॥
ਮਨਿ ਸੰਤੋਖੁ ਨਾਮ ਜਪਿ ਲੀਨੇ॥

---

*ਯਥਾ:- ਮੈਂ ਜਾਨਿਓ ਮਨ ਮਰਿ ਗਾਇਓ ਅਜ ਹੂੰ ਤਾ ਸੋਇਓ ਨਾਹਿ॥
ਵਰਖਾ ਭਈ ਕੁਸੰਗ ਕੀ ਦਾਦਰ ਜਿਉ ਨਿਪਜਾਇ॥ (ਸੰਤ ਰਤਨ ਮਾਲਾ ਸਫਾ ੧੯੮)

ਦਸਮੀ ਥਿੱਤ ਦਆਰਾ ਕਥਨ ਕਰਦੇ ਹਨ-ਜਿਸਨੇ ਨੌਂ ਦੁਆਰਿਆਂ ਵਿਚ ਦਸ ਇੰਦ੍ਰੀਏ ਵਸੀਕਾਰ ਕੀਤੇ ਹਨ। ਅਤੇ ਵਾਹਿਗੁਰੂ ਦੇ ਨਾਮ ਜਪ ਲੀਤੇ ਹਨ, ਉਨ੍ਹਾਂ ਦੇ ਮਨ ਵਿਚ ਸੰਤੋਖ ਹੋਇਆ ਹੈ।

ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥

ਕਰਨੀ=ਕੰਨਾਂ ਦੁਆਰੇ ਗੋਪਾਲ ਦੇ ਜਸ ਨੂੰ ਸੁਣਨਾ ਕਰੇ। ਅੱਖਾਂ ਨਾਲ ਦਿਆਲੂ ਦੇ ਸੰਤਾਂ ਦਾ ਦਰਸ਼ਨ ਦੇਖਣਾ ਕਰੇ।

ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥

ਰਸਨਾ=ਜਿਹਵਾ ਦੁਆਰਾ ਬੇਅੰਤ=ਪਰਮਾਤਮਾ ਦੇ ਗੁਣ ਗਾਵਣਾ ਕਰੇ, ਮਨ ਦੇ ਵਿਚ ਪੂਰਨ ਭਗਵੰਤ ਦਾ ਚਿੰਤਨ ਕਰੇ।

[ਪੰਨਾ ੨੯੯]

ਹਸਤ ਚਰਨ ਸੰਤ ਟਹਲ ਕਮਾਈਐ ॥

ਹਸਤ=ਹਥਾਂ ਨਾਲ ਸੰਤਾਂ ਦੇ ਚਰਨ ਘੁਟਣ ਰੂਪੀ ਟਹਲ ਨੂੰ ਕਮਾਉਣਾ ਕਰੀਏ।

ਵਾ:-ਹਸਤ=ਹਸਦਿਆਂ ਹਸਦਿਆਂ ਸੰਤਾਂ ਦੇ ਚਰਨਾਂ ਦੀ ਸੇਵਾ ਟਹਲ ਕਮਾਈਏ।

ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ-ਇਹ ਪੂਰਬੋਕਤ ਸੰਜਮ ਪ੍ਰਭੂ ਦੀ ਕਿਰਪਾ ਨਾਲ ਪਾਈਦਾ ਹੈ॥ ੧੦॥

ਸਲੋਕੁ ॥ ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ ॥

ਇਕ ਅਦੁਤੀ ਪਰਮਾਤਮਾ ਨੂੰ ਇਕ ਕਰਕੇ ਹੀ ਕਥਨ ਕਰੀਏ, ਪਰ ਉਸ ਦ ਨਾਮ ਸੁਆਦ ਨੂੰ ਕੋਈ ਵਿਰਲਾ ਪੁਰਸ਼ ਹੀ ਜਾਣਦਾ ਹੈ।

ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ ॥ ੧੧ ॥

ਆਮ ਜੀਵ ਗੋਵਿੰਦ ਦੇ ਗੁਣਾਂ ਨੂੰ ਨਹੀਂ ਜਾਣਦੇ, ਇਸੀ ਤੇ ਗੁਰੂ ਜੀ ਕਥਨ ਕਰਦੇ ਹਨ-ਸਾਰਾ ਸੰਸਾਰ ਬਿਸਮਾਦੁ=ਅਸਚਰਜ ਭਾਵ ਮਿਥਿਆ ਹੈ॥ ੧੧॥

ਪਉੜੀ ॥ ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥

ਏਕਾਦਸੀ ਥਿਤ ਦੁਆਰਾ ਕਥਨ ਕਰਦੇ ਹਨ-ਹਰੀ ਰਾਮ ਨੂੰ ਆਪਣੇ ਨੇੜੇ ਕਰਕੇ ਦੇਖੋ।

ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥

ਇੰਦ੍ਰੀਆਂ ਨੂੰ ਵਸੀਕਾਰ ਕਰਕੇ ਹਰੀ ਨਾਮ ਨੂੰ ਸੁਣਨਾ ਕਰੋ।

ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥

ਮਨ ਵਿਚ ਸੰਤੋਖ ਧਾਰ ਕੇ ਸਭ ਜੀਆਂ ਉੱਤੇ ਦਇਆ ਕਰੋ।

ਇਸ ਵਿਧੀ ਨਾਲ ਜਿਸ ਨੇ ਵਰਤ ਰਖਿਆ ਹੈ, ਉਸ ਦਾ ਏਕਾਦਸੀ ਵਰਤ ਸੰਪੂਰਨ ਹੋਇਆ ਹੈ।

ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥

ਧਾਵਤ=ਦੌੜਦੇ ਹੋਏ ਮਨ ਨੂੰ ਇਕ ਅੰਤਰਮੁਖ ਬ੍ਰਿਤੀ ਕਰਨੇ ਰੂਪੀ ਥਾਂ ਵਿਚ,

ਵਾ:-ਪਰਮਾਤਮਾ ਰੂਪੀ ਥਾਂ ਵਿਚ ਰਖਣਾ ਕਰੋ।

ਹਰੀ ਨਾਮ ਜਪਣ ਕਰਕੇ ਮਨ ਤਨ ਸੁਧੁ=ਪਵਿਤ੍ਰ ਹੁੰਦਾ ਹੈ।

ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥

ਜੋ ਪਾਰਬ੍ਰਹਮ ਪਰਮਾਤਮਾ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ।

ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਹਰੀ ਦਾ ਜੋ ਕੀਰਤਨ ਕਰਨਾ ਹੈ, ਇਹੋ ਹੀ ਅਟੱਲ ਧਰਮ ਹੈ॥ ੧੧ ॥

ਸਲੋਕੁ ॥ ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ ॥
ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ ॥ ੧੨ ॥

ਜਿਸ ਵੇਲੇ ਕਿਰਪਾਲੂ ਪਰਮੇਸ਼ਰ ਦੇ ਸੰਤ ਮਿਲੇ ਤੇ ਉਨ੍ਹਾਂ ਦੀ ਸੇਵਾ ਕੀਤੀ ਤਾਂ ਦੁਰਮਤਿ ਹਰੀ=ਖੋਟੀ ਬੁੱਧੀ ਦੂਰ ਹੋ ਗਈ। ਗੁਰੂ ਜੀ ਕਥਨ ਕਰਦੇ ਹਨ— ਜਦ ਪ੍ਰਭੂ ਪਰਮਾਤਮਾ ਨਾਲ ਮਿਲੇ ਰਹੇ, ਤਦ ਸਾਰੇ ਹੀ ਸੰਸਾਰਕ ਜੰਜਾਲ=ਧੰਧੇ ਨਾਸ ਹੋ ਗਏ॥ ੧੨ ॥

ਪਉੜੀ ॥ ਦੁਆਦਸੀ ਦਾਨੁ ਨਾਮੁ ਇਸਨਾਨੁ ॥
ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥

ਦੁਆਦਸੀ ਥਿਤ ਦੁਆਰਾ ਕਥਨ ਕਰਦੇ ਹਨ ਇਸ਼ਨਾਨ ਕਰੋ, ਨਾਮ ਜਪੋ, ਦਾਨ ਦੇਣਾ ਕਰੋ ਅਤੇ ਮਾਨੁ=ਹੰਕਾਰ ਨੂੰ ਤਿਆਗਕੇ, ਹਰੀ ਦੀ ਭਗਤੀ ਕਰੋ।

ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥ ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥

ਸੰਤਾਂ ਦੇ ਸੰਗ ਵਿਚ ਜਾਕੇ ਹਰੀ ਦੇ ਨਾਮ ਅੰਮ੍ਰਿਤ ਨੂੰ ਪੀਣਾ ਕਰੋ। ਪ੍ਰਭੂ ਦੇ ਕੀਰਤਨ ਵਿਚ ਰੰਗਿ=ਪਰੇਮ ਕਰਕੇ ਮਨ ਤ੍ਰਿਪਤ ਹੁੰਦਾ ਹੈ।

ਕੋਮਲ ਬਾਣੀ ਸਭ ਕਉ ਸੰਤੋਖੈ ॥ ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥

ਕੋਮਲ ਬਾਣੀ ਬੋਲਕੇ ਸਭਨਾਂ ਨੂੰ ਸੰਤੋਖੈ=ਸੰਤੁਸ਼ਟ ਕਰੇ ਭਾਵ ਪ੍ਰਸੰਨ ਕਰੇ। ਪੰਜਾਂ ਭੂਤਾਂ ਦੀ ਸਤੋ ਗੁਣ ਅੰਸ ਤੋਂ ਉਤਪੰਨ ਹੋਇਆ ਜੋ ਆਤਮਾ=ਮਨ ਹੈ ਉਸਨੂੰ ਹਰੀ ਨਾਮ ਰਸ ਕਰਕੇ ਪੋਖੈ=ਪੁਸ਼ਟ ਅਰਥਾਤ ਪ੍ਰਸੰਨ ਕਰੇ।

ਗੁਰ ਪੂਰੇ ਤੇ ਏਹ ਨਿਹਚਉ ਪਾਈਐ ॥
ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥ ੧੨ ॥

ਪਰ ਇਹ ਨਿਸਚਾ ਪੂਰਨ ਗੁਰਾਂ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ ਰਾਮ ਨਾਮ ਦੇ ਰਮਤ=ਉਚਾਰਨ ਕਰਕੇ ਫਿਰਿ=ਮੁੜ ਜੂਨੀਆਂ ਵਿਚ ਨਹੀਂ ਆਉਂਦਾ॥ ੧੨ ॥

ਸਲੋਕੁ ॥ ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥

ਇਹ ਜੀਵ ਰਜੋ, ਸਤੋ, ਤਮੋ, ਇਨ੍ਹਾਂ ਤਿੰਨਾਂ ਗੁਣਾਂ ਵਿਚ ਵਿਆਪ ਰਿਹਾ ਹੈ, ਇਸ ਕਰਕੇ ਇਸਦਾ ਕੋਈ ਕੰਮ ਪੂਰਾ ਨਹੀਂ ਹੁੰਦਾ।

ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੈ ਨਾਮ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ ਪਾਪੀਆਂ ਦੇ ਉਧਾਰਨ ਵਾਲੇ ਪਰਮੇਸ਼ਰ ਦਾ ਨਾਮ ਮਨ ਵਿਚ ਵਸ ਜਾਵੇ, ਤਾਂ ਇਸਦਾ ਤਿੰਨਾਂ ਗੁਣਾਂ ਵਲੋਂ ਛੁਟਕਾਰਾ ਹੁੰਦਾ ਹੈ॥ ੧੩ ॥

ਪਉੜੀ ॥ ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥
ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥
ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥

ਤਰੋਦਸੀ ਥਿਤ ਦੁਆਰਾ ਕਥਨ ਕਰਦੇ ਹਨ-ਸੰਸਾਰ ਵਿਚ ਸਭ ਜੀਵਾਂ ਨੂੰ ਆਧ, ਬਿਆਧ, ਉਪਾਧ ਰੂਪ ਤਿੰਨ ਤਾਪ ਲਗੇ ਹੋਏ ਹਨ। ਇਸੀ ਤੇ ਇਹ ਜੀਵ ਜੰਮਦਾ ਮਰਦਾ ਤੇ ਨਰਕਾਂ ਵਿਚ ਅਵਤਾਰ=ਉਤਰਦਾ ਹੈ। ਹਰਿ ਹਰਿ ਦਾ ਭਜਨ ਕਰਨਾ, ਮਨ ਵਿਚ ਨਾ ਆਇਆ।

ਸੁਖਾਂ ਦੇ ਸਮੁੰਦਰ ਪ੍ਰਭੂ ਨੂੰ ਇਕ ਨਿਮਖ ਮਾਤ੍ਰ ਵੀ ਗਾਇਣ ਨਾ ਕੀਤਾ।

ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥

ਹਰਖ ਸੋਗ ਕਰਕੇ ਦੇਹ ਦਾ ਬੰਧਨਾ ਕੀਤਾ ਹੋਇਆ ਹੈ। ਮਾਇਆ ਰੂਪੀ ਆਸਾਧਿਓ=ਨਾ ਦੂਰ ਹੋਣ ਵਾਲਾ ਦੀਰਘ=ਲੰਬਾ ਰੋਗ ਲਗਾ ਹੋਇਆ ਹੈ।

ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥

ਦਿਨ ਵਿਚ ਕਈ ਤਰ੍ਹਾਂ ਦੇ ਵਿਕਾਰ ਕਰਦਾ ਹੋਇਆ ਸ੍ਰਮੁ=ਕਸ਼ਟ ਪਾਂਵਦਾ ਹੈ। ਜਦ ਰਾਤ ਹੁੰਦੀ ਹੈ ਤਾਂ ਨੇਤਰਾਂ ਵਿਚ ਨੀਂਦ ਔਂਦੀ ਹੈ ਤੇ ਸੁਪਨ ਅਵਸਥਾ ਵਿਚ ਬਰੜਾਇਓ=ਬਰੜਾਉਣਾ ਅਰਥਾਤ ਬੁੜ ਬੁੜ ਸ਼ਬਦ ਬੋਲਣਾ ਕਰਦਾ ਹੈ।

ਹਰਿ ਬਿਸਰਤ ਹੋਵਤ ਏਹ ਹਾਲ ॥
ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥ ੧੩ ॥

ਹਰੀ ਨਾਮ ਦੇ ਬਿਸਰਤ=ਭੁੱਲ ਜਾਣ ਕਰਕੇ, ਵਾ:-ਹਰ ਪ੍ਰਕਾਰ ਦੇ ਵਿਸ਼ਿਆਂ ਵਿਚ ਰਤ= ਪ੍ਰੀਤੀ ਕਰਨ ਨਾਲ ਇਹ ਹਾਲ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾਂ ! ਜੇ ਤੂੰ ਸੁਖ ਨੂੰ ਚਾਹੁੰਦਾ ਹੈਂ ਤਾਂ ਦਿਆਲੂ ਪੁਰਖ ਦੀ ਸ਼ਰਨ ਵਿਚ ਪੈ ਜਾਹ॥ ੧੩ ॥

ਸਲੋਕੁ ॥ ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥
ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ ॥ ੧੪ ॥

ਚਾਰਿ ਕੁੰਟ=ਚਾਰ ਦਿਸ਼ਾਂ, ਵਾ:-ਚਾਰ ਖਾਣੀਆਂ ਤੇ ਚੌਦਾਂ ਭਵਨ ਇਨ੍ਹਾਂ ਸਾਰਿਆਂ ਵਿਚ ਰਾਮ ਵਿਆਪਕ ਹੋ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ— ਜੋ ਪੁਰਸ਼ ਇਨ੍ਹਾਂ ਵਿਚ ਪਰਮਾਤਮਾ ਨੂੰ

ਊਨ=ਘੱਟ ਭਾਵ ਕਮ ਨਹੀਂ ਦੇਖਦਾ ਉਸਦੇ ਸਾਰੇ ਕੰਮ ਪੂਰਨ ਹੁੰਦੇ ਹਨ॥ ੧੪॥

ਪਉੜੀ ॥ ਚਉਦਹਿ ਚਾਰਿ ਕੁੰਟ ਪ੍ਰਭ ਆਪ ॥ ਸਗਲ ਭਵਨ ਪੂਰਨ ਪਰਤਾਪ ॥

ਚਉਦਹਿ=ਚੌਦਸ ਥਿਤ ਦੁਆਰਾ ਕਥਨ ਕਰਦੇ ਹਨ-ਚਾਰੇ ਦਿਸਾਂ ਵਿਚ ਪ੍ਰਭੂ ਆਪ ਹੈ। ਸਾਰਿਆਂ ਭਵਨਾਂ ਵਿਚ ਪ੍ਰਭੂ ਦਾ ਪ੍ਰਤਾਪ ਪੂਰਨ ਹੈ।

ਦਸੇ ਦਿਸਾ ਰਵਿਆ ਪ੍ਰਭੁ ਏਕੁ ॥ ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥

ਦਸੋ ਦਿਸ਼ਾਂ ਵਿਚ ਇਕ ਪ੍ਰਭੂ ਰਵ ਰਿਹਾ ਹੈ। ਧਰਤੀ ਤੇ ਅਕਾਸ਼ ਸਾਰਿਆਂ ਵਿਚ ਪ੍ਰਭੂ ਨੂੰ ਦੇਖਣਾ ਕਰ।

ਜਲ ਥਲ ਬਨ ਪਰਬਤ ਪਾਤਾਲ ॥ ਪਰਮੇਸ੍ਵਰ ਤਹ ਬਸਹਿ ਦਇਆਲ ॥

ਜੋ ਜਲ, ਥਲ, ਬਨ, ਪਰਬਤ ਅਤੇ ਪਤਾਲ ਹਨ। ਉਨ੍ਹਾਂ ਸਾਰਿਆਂ ਵਿਚ ਦਿਆਲੂ ਪਰਮੇਸ਼ਰ ਵਸ ਰਿਹਾ ਹੈ।

ਸੂਖਮ ਅਸਥੂਲ ਸਗਲ ਭਗਵਾਨ ॥ ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥ ੧੪ ॥

ਜੋ ਭਗਵਾਨ ਸਭ ਸੂਖਮ ਅਸਥੂਲ ਜੀਅ ਜੰਤ ਵਿਚ ਵਿਆਪਕ ਹੈ।

ਗੁਰੂ ਜੀ ਕਥਨ ਕਰਦੇ ਹਨ-ਉਸ ਬ੍ਰਹਮ ਨੂੰ ਗੁਰਾਂ ਦੁਆਰੇ ਪਛਾਨਣਾ ਕਰ॥ ੧੪॥

ਸਲੋਕੁ ॥ ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥
ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥ ੧੫ ॥

ਜਿਸ ਪੁਰਸ਼ ਨੇ ਗੁਰਮਤੀ=ਗੁਰ ਸਿਖਿਆ ਨੂੰ ਧਾਰਕੇ ਗੋਵਿੰਦ ਦੇ ਗੁਣ ਗਾਇਣ ਕੀਤੇ ਹਨ, ਉਸਨੇ ਆਤਮੁ=ਮਨ ਨੂੰ ਜਿੱਤਿਆਂ ਹੈ। ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੀ ਕਿਰਪਾ ਨਾਲ ਸਾਰੇ ਡਰ ਦੂਰ ਹੋ ਗਏ ਹਨ ਅਤੇ ਸਾਰੀ ਚਿੰਦ=ਚਿੰਤਾ ਵੀ ਬਿਨਸੀ=ਨਾਸ ਹੋ ਗਈ ਹੈ॥ ੧੫॥

ਪਉੜੀ ॥ ਅਮਾਵਸ ਆਤਮ ਸੁਧੀ ਭਏ ਸੰਤੋਖੁ ਦੀਆ ਗੁਰਦੇਵ ॥
ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥

ਅਮਾਵਸ=ਮਸਿਆ ਥਿਤ ਦੁਆਰਾ ਕਥਨ ਕਰਦੇ ਹਨ, ਜਿਸ ਵੇਲੇ ਗੁਰਾਂ ਨੇ ਸੰਤੋਖ ਦਿੱਤਾ ਤਾਂ ਆਤਮ=ਮਨ ਬੁਧ ਚਿਤ ਹੰਕਾਰ ਰੂਪ ਚਤੁਸਟੇ ਅੰਤਹਕਰਣ ਸੁਖੀ ਹੋ ਗਏ। ਜਦ ਪ੍ਰਭੂ ਦੀ ਸੇਵਾ ਵਿਚ ਲਗਾ ਤਾ ਮਨ ਤਨ ਸੀਤਲ ਹੋ ਗਿਆ ਤੇ ਸਹਿਜੇ ਹੀ ਸ਼ਾਂਤੀ ਸੁਖ ਹੋਇਆ।

[ਪੰਨਾ ੩੦੦]

ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥
ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥

ਬੰਧਨ ਰੂਪ ਬਹੁਤੇ ਵਿਕਾਰ ਟੁੱਟ ਗਏ, ਫਲਾਂ ਦੇ ਸਹਿਤ ਹੋਣ ਕਰਕੇ, ਉਸਦੇ ਸਾਰੇ ਕੰਮ ਪੂਰਨ ਹੋ ਗਏ। ਹਰੀ ਦਾ ਨਾਮ ਸਿਮਰਨ ਕਰਕੇ ਦੁਰਮਤਿ=ਖੋਟੀ ਬੁੱਧੀ ਮਿਟ ਗਈ ਹੈ, ਤੇ ਹੰਗਤਾ ਮਮਤਾ ਛੁਟ ਗਈ।

ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ॥
ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ॥

ਜਿਸਨੇ ਪਾਰਬ੍ਰਹਮ ਦੀ ਸ਼ਰਨ ਗ੍ਰਹਿਣ ਕੀਤੀ ਹੈ, ਉਸਦਾ ਚੌਰਾਸੀ ਲਖ ਜੂਨ ਦਾ ਆਵਾ ਗਵਨ=ਆਣਾ

ਜਾਣਾ (ਜਮਣਾ ਮਰਣਾ) ਮਿਟ ਗਿਆ ਹੈ। ਜੋ ਪੁਰਸ਼ ਗੋਬਿੰਦ ਪ੍ਰਭੂ ਦੇ ਗੁਣਾਂ ਨੂੰ ਰਵਨ=ਉਚਾਰਦਾ ਹੈ, ਉਹ ਕੁਟੰਬ ਦੇ ਸਹਿਤ ਆਪ ਤਰ ਗਿਆ ਹੈ।

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥
ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥ ੧੫ ॥

ਹਰੀ ਦੀ ਸੇਵਾ ਟਹਲ ਕਮਾਣੀ ਅਤੇ ਪ੍ਰਭੂ ਦਾ ਨਾਮ ਜਪਣਾ, ਜਿਸਨੇ ਪੂਰੇ ਗੁਰਾਂ ਪਾਸੋਂ ਪਾਇਆ ਹੈ, ਉਸਦਾ ਸੁਖਾਂ ਵਿਚ ਬਿਸਰਾਮ ਹੁੰਦਾ ਹੈ॥ ੧੫॥

ਸਲੋਕੁ ॥ ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥ ੧੬ ॥

ਜਿਸ ਨੂੰ ਆਪ ਪ੍ਰਭੂ ਨੇ ਪੂਰਾ ਕੀਤਾ ਹੈ, ਉਹ ਪੂਰਨ ਹੋਇਆ ਕਦੇ ਭੀ ਮਾਇਆ ਪਿਛੇ ਡੋਲਦਾ ਨਹੀਂ। ਗੁਰੂ ਜੀ ਕਥਨ ਕਰਦੇ ਹਨ ਉਸਦਾ ਜਸ ਦਿਨੋਂ ਦਿਨ ਸਵਾਏ ਤੋਂ ਸਵਾਇਆ ਚੜ੍ਹਦਾ ਹੈ ਉਸ ਦਾ ਜਸ ਘਟ ਨਹੀਂ ਹੁੰਦਾ ॥ ੧੬ ॥

ਪਉੜੀ ॥ ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥
ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥

ਪੂਰਨਮਾ=ਪੁੰਨਿਆਂ ਦੁਆਰੇ ਕਥਨ ਕਰਦੇ ਹਨ ਇਕ ਪ੍ਰਭੂ ਸਾਰੇ ਪੂਰਨ ਹੈ, ਜੋ ਪ੍ਰਭੂ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੈ। ਉਹ ਅਕਾਲ ਪੁਰਖ ਸਭ ਛੋਟੇ ਵਡੇ ਜੀਆਂ ਜੰਤਾਂ ਉੱਤੇ ਦਿਆਲੂ ਹੈ, ਜਿਸ ਪਰਮੇਸ਼ਰ ਦਾ ਹੱਥ ਸਭਨਾਂ ਉੱਤੇ ਹੈ।

ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ ॥
ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ ॥

ਉਹ ਗੋਬਿੰਦ ਗੁਣਾਂ ਦਾ ਨਿਧਾਨ=ਖਜ਼ਾਨਾ ਤੇ ਗੁਰ=ਪੂਜਨੀਕ ਹੈ,ਜਿਸਦਾ ਕੀਤਾ ਹੋਇਆ ਸਭ ਕੁਛ ਹੋ ਜਿਹਾ ਹੈ। ਉਹ ਸੁਜਾਨੁ=ਚਤੁਰ ਪ੍ਰਭੂ ਅੰਤਰਜਾਮੀ ਹੈ, ਪੁਨਾ ਉਹ ਨਿਰੰਜਨ ਅਲਖ=ਜਾਨਣੇ ਤੋਂ ਰਹਿਤ ਹੈ।

ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥
ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥

ਪਰਾ ਰੂਪ ਬ੍ਰਹਮੁ=ਵਿਆਪਕ ਪਰਮ ਈਸ਼ੁਰ ਸਭ ਵਿਧੀਆਂ ਦੇ ਜਾਨਣ ਵਾਲਾ ਹੈ। ਜੋ ਸੰਤਾਂ ਦਾ ਸਹਾਈ ਹੈ। ਤੇ ਸ਼ਰਨ ਆਇਆਂ ਦੀ ਰਖਿਆ ਕਰਨੇ ਜੋਗ ਹੈ, ਉਸਨੂੰ ਅੱਠੇ ਪਹਿਰ ਨਮਸਕਾਰ ਕਰ।

ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ ॥
ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ ॥ ੧੬ ॥

ਜਿਸਦੀ ਕਥਾ ਅਕੱਥ ਹੈ, ਜੋ ਆਪਣੇ ਆਪ ਬੁੱਝਿਆ ਨਹੀਂ ਜਾਂਦਾ, ਉਸ ਹਰੀ ਦੇ ਚਰਨ ਸਿਮਰਨਾ ਕਰੋ। ਗੁਰੂ ਜੀ ਕਥਨ ਕਰਦੇ ਹਨ-ਜੋ ਪਾਪੀਆਂ ਦੇ ਤਾਰਨ ਵਾਲਾ, ਅਨਾਥਾਂ ਦਾ ਨਾਥ ਹੈ, ਉਸ ਪ੍ਰਭੂ ਦੀ ਸ਼ਰਨ ਪੈਣਾ ਕਰੋ॥ ੧੬ ॥

ਸਲੋਕੁ ॥ ਦੁਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ ॥
ਮਨ ਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ ॥ ੧੭ ॥

ਜਿਸ ਪੁਰਸ਼ ਨੇ ਹਰੀ ਰਾਜਾ ਦੀ ਸ਼ਰਨ ਗ੍ਰਹਿਣ ਕੀਤੀ ਹੈ, ਉਸ ਦੇ ਦੁਖ ਬਿਨਸ ਗਏ, ਤੇ ਸੰਸਾ ਵੀ ਦੂਰ ਹੋ ਗਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਗੁਣਾਂ ਨੂੰ ਗਾਂਵਦਾ ਹੈ। ਉਸ ਨੇ ਮਨ ਇਛਤ ਫਲ ਪਾਇਆ ਹੈ॥ ੧੭ ॥.

ਹੁਣ ਇਨ੍ਹਾਂ ਥਿਤਾਂ ਦੇ ਪੜ੍ਹਨ ਦਾ ਫਲ ਕਥਨ ਕਰਦੇ ਹਨ:-

ਪਉੜੀ ॥ ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥
ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥

ਚਾਹੇ ਕੋਈ ਰਾਗ ਵਿਚ ਪਾ ਕੇ ਗਾਇਣ ਕਰੇ, ਚਾਹੇ ਕੋਈ ਕੰਨਾਂ ਦੁਆਰੇ ਸ੍ਰਵਨ ਕਰੇ, ਚਾਹੇ ਕੋਈ ਸ਼ਰਧਾ ਨਾਲ ਵਿਚਾਰਨਾ ਕਰੇ। ਚਾਹੇ ਕੋਈ ਉਪਦੇਸ਼ ਦੇਵੇ, ਚਾਹੇ ਕੋਈ ਦ੍ਰਿੜ ਕਰੇ, ਉਸ ਦਾ ਸੰਸਾਰ ਸਮੁੰਦ੍ਰ ਤੋਂ ਉਧਾਰ=ਤਰਨਾ ਹੋਵੇਗਾ।

ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥
ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥

ਉਸ ਦੇ ਸਾਰੇ ਕਿਲਬਿਖ=ਪਾਪ ਕੱਟੇ ਜਾਣਗੇ, ਮਨ ਸ਼ੁਧ ਹੋਵੇਗਾ ਅਤੇ ਜਨਮਾਂ ਜਨਮਾਤਰਾਂ ਦੀ ਪਾਪਾਂ ਰੂਪੀ ਮੈਲ ਲਹਿ ਜਾਏਗੀ। ਉਸ ਦਾ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਮੁੰਹ ਉਜਲਾ ਹੋਵੇਗਾ ਅਤੇ ਉਸ ਨੂੰ ਮਾਇਆ ਨਹੀਂ ਪੋਹੇਗੀ।

ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥
ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥

ਓਹੀ ਸੁਰਤਾ=ਗਿਆਤ ਗੋਯ ਹੈ, ਓਹੀ ਵੈਸ਼ਨਵ ਹੈ, ਉਹੀ ਗਿਆਨੀ ਹੈ, ਓਹੀ ਧਨਵੰਤ=ਧਨਾਢ ਹੈ। ਓਹੀ ਸੂਰਬੀਰ ਹੈ, ਓਹੀ ਸ੍ਰੇਸ਼ਟ ਕੁਲ ਵਾਲਾ ਹੈ,

ਜਿਸ ਨੇ ਭਗਵੰਤ=ਪਰਮਾਤਮਾ ਨੂੰ ਭਜਿਆ=ਸਿਮਰਿਆ ਹੈ।

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥
ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥ ੧੭ ॥

ਚਾਹੇ ਕੋਹੀ ਖਤ੍ਰੀ ਤੇ ਬ੍ਰਾਹਮਣ ਹੈ, ਚਾਹੇ ਕੋਈ ਸ਼ੂਦਰ ਤੇ ਵੈਸ਼ ਹੈ, ਚਾਹੇ ਕੋਈ ਚੰਡਾਲ ਹੈ। ਜੋ ਨਾਮ ਨੂੰ ਸਿਮਰਦਾ ਹੈ ਉਹ ਉਧਰ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਆਪਣੇ ਪ੍ਰਭੂ ਨੂੰ ਜਾਣਿਆ ਹੈ ਉਸ ਦੇ ਚਰਨਾਂ ਦੀ ਰਵਾਲ=ਧੂੜ ਹੋਣਾ ਕਰ॥ ੧੭ ॥

(ਪੰਦਰਾਂ ਥਿਤਾਂ ਦੀ ਸਮਾਪਤੀ)

ਗਉੜੀ ਕੀ ਵਾਰ ਮਹਲਾ ੪ ॥

੧ਓ ਸਤਿਗੁਰ ਪ੍ਰਸਾਦਿ ॥ ਸਲੋਕ ਮਃ ੪ ॥

ਇਸ ਗਉੜੀ ਦੀ ਵਾਰ ਵਿਚ ਵਾਰ ਕਹੀਏ ਪਉੜੀਆ ਚੌਥੇ ਪਾਤਸ਼ਾਹ ਜੀ ਦੀਆਂ ਆਉਣਗੀਆਂ। ਜਿਸ ਵੇਲੇ ਕੋਈ ਪਉੜੀ ਬਦਲੇਗੀ ਤਾਂ ਪਉੜੀ ਮਹਲਾ ਪੰਜਵਾਂ ਆਵੇਗਾ।

ਇਸ ਵਾਰ ਦੇ ਵਿਚ ਬਹੁਤੇ ਸਲੋਕ ਵੀ ਚੌਥੇ ਪਾਤਸ਼ਾਹ ਜੀ ਦੇ ਆਉਣਗੇ। ਇਹ ਵਾਰ ਮਰਵਾਹਿਆਂ ਦੇ ਪ੍ਰਤੀ ਉਚਾਰੀ ਹੈ, ਇਸ ਵਿਚ ਗੁਰ ਨਿੰਦਕਾਂ ਦਾ ਹਾਲ ਦਸਿਆ ਹੈ। ਸਿਖਾਂ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅਗੇ ਬੇਨਤੀ ਕੀਤੀ ਆਪ ਜੀ ਦੇ ਸਤਿਗੁਰਾਂ ਨਾਲ ਇਹ ਮਰਵਾਹੇ ਕਿਉਂ ਵੈਰ ਕਰਦੇ ਹਨ? ਉੱਤਰ:-

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥

ਸ੍ਰੀ ਗੁਰੂ ਅਮਰਦਾਸ ਜੀ ਦਿਆਲੂ ਪੁਰਖ ਹਨ, ਜਿਸਨੋ=ਜਿਸ ਸਤਿਗੁਰਾਂ ਨੂੰ ਸਭ ਕੋਈ ਸਮਤੁ=ਇਕੋ ਜੇਹਾ ਦਿਸਦਾ ਹੈ। ਸਾਡੇ ਸਤਿਗੁਰੂ ਸਾਰਿਆਂ ਨੂੰ ਇਕ ਦ੍ਰਿਸ਼ਟੀ ਨਾਲ ਦੇਖਣਾ ਕਰਦੇ ਹਨ।

ਪ੍ਰਸ਼ਨ:-ਜੇ ਇਕ ਦ੍ਰਿਸ਼ਟੀ ਨਾਲ ਦੇਖਦੇ ਹਨ ਤਾਂ ਫਿਰ ਮਰਵਾਹਿਆਂ ਨੂੰ ਦੁਖ ਕਿਉਂ ਹੋਇਆ?

ਉੱਤਰ:-ਇਹ ਤਾਂ ਆਪੋ ਆਪਣੀ ਮਨ ਦੀ ਸ਼ਰਧਾ ਨਾਲ ਦੁਖ ਸੁਖ ਦੀ ਸਿਧਿ=ਪ੍ਰਾਪਤੀ ਹੁੰਦੀ ਹੈ।

ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥
ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥ ੧ ॥

ਉੱਤਮ ਪਦਵੀ ਦੀ ਪ੍ਰਾਪਤੀ ਕਰਨ ਵਾਲਾ ਜੋ ਹਰਿ ਹਰਿ ਦਾ ਨਾਮ ਅੰਮ੍ਰਿਤ ਹੈ, ਸੋਇ=ਉਹ ਸਤਿਗੁਰਾਂ ਦੇ ਹਿਰਦੇ ਵਿਚ ਹੈ। ਗੁਰੂ ਜੀ ਆਖਦੇ ਹਨ ਗੁਰ ਕਿਰਪਾ ਨਾਲ ਹਰੀ ਨਾਮ ਦਾ ਧਿਆਉਣਾ ਕੋਈ ਵਿਰਲਾ ਹੀ ਗੁਰਮੁਖ ਜਨ ਪਾਂਵਦਾ ਹੈ॥ ੧ ॥

ਮਃ ੪ ॥ ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥

ਮਾਇਆ ਦੀ ਹੰਗਤਾ ਸਭ ਜ਼ਹਿਰ ਰੂਪ ਹੈ, ਇਸ ਕ਼ਰਕੇ ਸੰਸਾਰ ਵਿਚ ਜਗਿ=ਜੀਵਾਂ ਨੂੰ ਨਿਤਾਪ੍ਰਤੀ ਤੋਟਾ=ਘਾਟਾ ਹੈ। ਜੋ ਗੁਰਮੁਖ ਮੁਖ ਗੁਰਾਂ ਦੇ ਸ਼ਬਦ ਨੂੰ ਵਿਚਾਰਦਾ ਹੈ ਉਸ ਨੇ ਹਰੀ ਨਾਮ ਧਨ ਦੇ ਲਾਭ ਨੂੰ ਖਟਿਆ ਹੈ।

ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥

ਹਿਰਦੇ ਵਿਚ ਹਰਿ ਹਰਿ ਨਾਮ ਰੂਪ ਅੰਮ੍ਰਿਤ ਦੇ ਧਾਰਨ ਕਰਕੇ ਉਹਨਾਂ ਦੀ ਵਿਹੁ ਰੂਪ ਮਾਇਆ ਦੀ

ਹੰਗਤਾ ਮਮਤਾ ਰੂਪੀ ਮੈਲ ਉਤਰ ਗਈ ਹੈ।

[ਪੰਨਾ ੩੦੧]

ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ॥ ੨॥

ਉਨ੍ਹਾਂ ਦੇ ਸਾਰੇ ਕਾਰਜ ਸਿਧ ਭਾਵ ਪੂਰੇ ਹਨ, ਜਿਨ੍ਹਾਂ ਗੁਰਮੁਖਾਂ ਉੱਤੇ ਮੁਖ ਗੁਰਾਂ ਨੇ ਕਿਰਪਾ ਧਾਰੀ ਹੈ। ਗੁਰੂ ਜੀ ਆਖਦੇ ਹਨ ਜੋ ਪੁਰਸ਼ ਧੁਰਿ=ਸ਼ੁਰੂ ਤੋਂ ਗੁਰਾਂ ਨਾਲ ਮਿਲੇ ਹਨ, ਉਹ ਨਾਮ ਨਾਲ ਮਿਲ ਰਹੇ ਹਨ, ਜੋ ਨਾਮ ਨਾਲ ਮਿਲੇ ਹਨ,ਉਨ੍ਹਾਂ ਨੂੰ ਸਿਰਜਣਹਾਰ ਪਰਮਾਤਮਾ ਨੇ ਆਪਣੇ ਨਾਲ ਮੇਲ ਲੀਤਾ ਹੈ॥ ੨॥

ਪਉੜੀ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ॥
ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ॥

ਹੇ ਗੁਸਾਈਂ। ਸਚ=ਨਿਸਚੇ ਕਰਕੇ ਤੂੰ ਪਿਛੇ ਵੀ ਸਚਾ ਸਾਹਿਬ ਸੀ, ਹੁਣ ਭੀ ਸਚਾ ਹੈਂ ਅਗੇ ਭੀ ਸਚਾ ਹੋਵੇਂਗਾ। ਸਾਰੀ ਦੁਨੀਆਂ ਤੈਨੂੰ ਧਿਆਉਂਦੀ ਹੈ, ਸਾਰੀ ਸ੍ਰਿਸ਼ਟੀ ਤੇਰੀ ਪਾਈ=ਚਰਨੀਂ ਲਗਦੀ ਹੈ।

ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ॥
ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ॥

ਹੇ ਗੁਸਾਈਂ ! ਤੇਰੀ ਸਿਫਤਿ ਸੁਆਲਿਉ ਸਰੂਪ=ਸਲਾਹਣੇ ਯੋਗ ਹੈ, ਜਿਸ ਨੇ ਤੇਰੀ ਸਿਫਤ ਕੀਤੀ ਹੈ, ਉਸ ਨੂੰ ਗੁਰਾਂ ਦੁਆਰੇ ਸੰਸਾਰ ਸਮੁੰਦ੍ਰ ਤੋਂ ਪਾਰ ਲੰਘਾਵਦਾ ਹੈਂ। ਗੁਰਮੁਖਾਂ ਨੂੰ ਤੂੰ ਗਿਆਨ ਫਲ ਪਾਇਦਾ=ਦਿੰਦਾ ਹੈਂ, ਇਸੀ ਤੇ ਉਨ੍ਹਾਂ ਦੀ ਸਚੇ ਨਾਮੀ ਵਿਚ ਅਭੇਦਤਾ ਹੋਈ ਹੈ।

ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ॥ ੧॥

ਹੇ ਮੇਰੇ ਵੱਡੇ ਸਾਹਿਬ ! ਆਪ ਜੀ ਦੀ ਵਡਿਆਈ ਸਭ ਤੋਂ ਵੱਡੀ ਹੈ॥ ੧॥

ਸਲੋਕ ਮਃ ੪॥ ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ॥
ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ॥

ਹਰੀ ਨਾਮ ਤੋਂ ਬਿਨਾਂ ਜੋ ਹੋਰ ਦੇਵੀ ਦੇਵਤਿਆਂ ਦੀ, ਜਾਂ ਪਦਾਰਥਾਂ ਦਾ ਸਲਾਹੁਣਾ ਹੈ, ਤੇ ਬਚਨਾਂ ਦਾ ਬੋਲਣਾ ਹੈ ਉਹ ਸਭ ਫਿੱਕਾ ਸੁਆਦ ਹੈ ਮਨਮੁਖ ਪੁਰਸ਼ ਹੰਕਾਰ ਨੂੰ, ਵਾ:-ਹੰਕਾਰੀਆਂ ਨੂੰ ਸਲਾਹੁੰਦੇ ਹਨ, ਪਦਾਰਥਾਂ ਦੀ ਹੰਗਤਾ ਮਮਤਾ ਤੇ ਵਾਦੁ=ਝਗੜਿਆਂ ਨੂੰ ਕਰਦੇ ਹਨ।

ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ॥
ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ॥ ੧॥

ਜਿਨ੍ਹਾ ਹੰਕਾਰੀਆ ਨੂੰ ਸਲਾਹੁੰਦੇ ਹਨ ਉਹ ਅੰਤ ਨੂੰ ਮਰ ਜਾਦੇ ਹਨ ਅਤੇ ਅਪਵਾਦੁ=ਝਗੜਾਲੂ ਜੋ ਮਨਮੁਖ ਹਨ ਉਹ ਭੀ ਸਾਰੇ ਮਰ ਖਪ ਜਾਦੇ ਹਨ। ਗੁਰੂ ਜੀ ਕਥਨ ਕਰਦੇ ਹਨ-ਪਰਮ ਅਨੰਦ ਸਰੂਪ ਹਰਿ ਹਰਿ ਨੂੰ ਜਪ ਕੇ ਗੁਰਮੁਖ ਜਨ ਤਰ ਗਏ ਹਨ॥ ੧॥

ਮਃ ੪ ॥ ਸਤਿਗੁਰ ਹਰਿ ਪ੍ਰਭੁ ਦਸਿ ਨਾਮੁ ਧਿਆਈ ਮਨਿ ਹਰੀ ॥
ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ॥ ੨ ॥

ਹੇ ਸਤਿਗੁਰੋ ! ਹਰੀ ਪ੍ਰਭੂ ਦੀ ਪ੍ਰਾਪਤੀ ਲਈ ਕੋਈ ਕੰਨਸੋ ਦਸੋ ਜੋ ਮਨ ਵਿਖੇ ਹਰੀ ਨਾਮ ਦਾ ਧਿਆਈ ਹੋਵਾਂ ਹਰੀ ਦਾ ਪਵਿਤ੍ਰ ਨਾਮ ਮੁੰਹੋਂ ਬੋਲੀਏ, ਤਾਂ ਸਾਰੇ ਦੁਖ ਪਰਹਰੀ=ਦੂਰ ਹੋ ਜਾਂਦੇ ਹਨ॥ ੨ ॥

ਪਉੜੀ ॥ ਤੂ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ ॥

ਹੇ ਨਿਰੰਕਾਰ ! ਪਿਛੇ ਭੀ ਤੂੰ ਆਪ ਸੀ, ਹੇ ਨਿਰੰਜਨ ! ਹੁਣ ਭੀ ਤੂੰ ਆਪ ਹੈਂ, ਹੇ ਹਰੀ ਰਾਜੇ ! ਅਗੇ ਭੀ ਤੂੰ ਆਪ ਹੋਵੇਂਗਾ।

ਜਿਨੀ ਤੂ ਇਕ ਮਨਿ ਸਚੁ ਧਿਆਇਆ ਤਿਨ ਕਾ ਸਭੁ ਦੁਖੁ ਗਵਾਇਆ ॥

ਜਿਨ੍ਹਾਂ ਨੇ ਇਕ ਮਨ ਹੋ ਕੇ ਹੇ ਸਚੇ ਤੂ=ਆਪ ਜੀ ਨੂੰ ਧਿਆਇਆ ਹੈ ਉਨ੍ਹਾਂ ਦਾ ਸਾਰਾ ਦੁਖ ਆਪ ਨੇ ਗਵਾ ਦਿਤਾ ਹੈ।

ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ ॥

ਹੇ ਵਾਹਿਗੁਰੂ ! ਆਪ ਜੀ ਦਾ ਸ਼ਰੀਕ ਕੋਈ ਭੀ ਨਹੀਂ, ਜਿਸ ਨੂੰ ਤੇਰੇ ਲਵੈ=ਸਦ੍ਰਸ਼ ਲਗਾ ਕੇ ਸੁਣਾਵਨਾ ਕਰੀਏ।

ਤੁਧੁ ਜੇਵਡੁ ਦਾਤਾ ਤੂਹੈ ਨਿਰੰਜਨਾ ਤੂਹੈ ਸਚੁ ਮੇਰੈ ਮਨਿ ਭਾਇਆ ॥
ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ ॥ ੨ ॥

ਹੇ ਨਿਰੰਜਨ ਪਰਮਾਤਮਾ ! ਤੇਰੇ ਜੈਸਾ ਵੱਡਾ ਦਾਤਾ ਤੂੰ ਆਪ ਹੀ ਹੈਂ, ਹੇ ਸਚੇ ! ਤੂੰ ਹੀ ਮੇਰੇ ਮਨ ਵਿਚ ਭਾਇਆ=ਚੰਗਾ ਲਗਾ ਹੈਂ। ਹੇ ਮੇਰੇ ਸੱਚੇ ਸਾਹਿਬ ! ਸਚੁ=ਨਿਸਚੇ ਕਰਕੇ ਆਪ ਜੀ ਦੇ ਨਾਇਆ=ਨਾਮ ਸਚੇ ਹਨ॥ ੨ ॥

ਸਲੋਕ ਮਃ ੪ ॥ ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥ ੧ ॥

ਜਿਨ੍ਹਾਂ ਦੇ ਮਨ ਅੰਦਰ ਹਉਮੈ ਰੂਪੀ ਰੋਗ ਹੈ ਉਹ ਮਨਮੁਖ ਦੁਰਜਨਾਂ=ਖੋਟੇ ਪੁਰਸ਼ ਭਰਮ ਵਿਚ ਭੁਲੇ ਫਿਰਦੇ ਹਨ। ਗੁਰੂ ਜੀ ਕਥਨ ਕਰਦੇ ਹਨ ਸਾਧੂ=ਸ੍ਰੇਸ਼ਟ ਸਤਿਗੁਰ ਸਜਨਾਂ ਨਾਲ ਮਿਲਕੇ ਹੇ ਪੁਰਸ਼ਾ ! ਤੂੰ ਹਉਮੈ ਰੂਪੀ ਰੋਗ ਨੂੰ ਗਵਾਉਣਾ ਕਰ॥ ੧ ॥

ਮਃ ੪ ॥ ਮਨੁ ਤਨੁ ਰਤਾ ਰੰਗ ਸਿਉ ਗੁਰਮੁਖਿ ਹਰਿ ਗੁਣਤਾਸੁ ॥
ਜਨ ਨਾਨਕ ਹਰਿ ਸਰਣਾਗਤੀ ਹਰਿ ਮੇਲੇ ਗੁਰ ਸਾਬਾਸਿ ॥ ੨ ॥

ਜਿਨ੍ਹਾਂ ਦਾ ਮਨ ਤਨ ਵਾਹਿਗੁਰੂ ਦੇ ਰੰਗ=ਪ੍ਰੇਮ ਨਾਲ ਤਦਾਕਾਰ ਹੋਇਆ ਹੈ, ਉਹ ਗੁਰਮੁਖ ਹਰੀ ਗੁਣਾਂ ਦਾ ਤਾਸੁ=ਖਜਾਨਾ ਹਨ। ਜੋ ਗੁਰਮੁਖ ਜਨ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਗਤੀ=ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਗੁਰੂ ਹਰੀ ਨਾਲ ਮੇਲਕੇ ਸਾਬਾਸਿ=ਧੰਨਤਾ ਯੋਗ ਕਰਦੇ ਹਨ॥ ੨ ॥

ਪਉੜੀ॥ ਤੂ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂ ਵਡੀਐ॥
ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ ਪੜੀਐ॥

ਹੇ ਕਰਤਾ ਪੁਰਖ ! ਤੂੰ ਅਗੰਮ ਹੈਂ, ਕਿਸ ਦੇ ਨਾਲ ਤੈਨੂੰ ਵਡੀਐ=ਵਡਿਆਈਏ। ਤੇਰੇ ਜੇਡਾ ਵੱਡਾ ਹੋਰ ਕੋਈ ਹੋਵੇ ਤਾ ਆਖੀਏ, ਪਰ ਤੇਰੇ ਜੇਹਾ ਤੂੰਹੈ ਪੜੀਐ=ਤੂੰਹੀ ਕਥਨ ਕੀਤਾ ਜਾਂਦਾ ਹੈਂ।

ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗਡੀਐ॥
ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ॥

ਸਾਰਿਆਂ ਘਟਾਂ ਘਟਾਂ ਵਿਚ ਇਕ ਤੂੰ ਹੀ ਵਰਤ ਰਿਹਾ ਹੈਂ, ਗੁਰਮੁਖਾਂ ਨੂੰ ਤੂੰ ਪਰਗਟ ਹੁੰਦਾ ਹੈਂ। ਤੂੰ ਸਾਰਿਆਂ ਦਾ ਸਚਾ ਖਸਮ ਹੈਂ, ਤੂੰ ਸਾਰਿਆਂ ਤੋਂ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈਂ।

ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ॥ ੩॥

ਹੇ ਸਚੇ ! ਜੋ ਤੂੰ ਕਰਦਾ ਹੈਂ, ਵਾ:-ਜੋ ਤੂੰ ਕਰੇਂਗਾ ਜਾਂ ਓਹੀ ਕੁਛ ਹੋਣਾ ਹੈ, ਤਾਂ ਫਿਰ ਕਾਇਤੁ=ਕਿਸ ਵਾਸਤੇ ਕੜੀਐ=ਝੁਰਨਾ ਹੈ॥ ੩॥

ਸਲੋਕ ਮਃ ੪॥ ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ॥
ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ॥ ੧॥

ਮੇਰੇ ਮਨ ਤਨ ਵਿਚ ਪਿਆਰੇ ਪਿਰੀ ਦਾ ਪ੍ਰੇਮ ਅਠੇ ਪਹਿਰ ਲਗ ਰਿਹਾ ਹੈ। ਮੈਂ ਜਨ ਉੱਤੇ ਜਦ ਸਤਿਗੁਰਾਂ ਨੇ ਕਿਰਪਾ ਧਾਰੀ ਤਾਂ ਪ੍ਰਭੂ ਦੇ ਸੁਖ ਵਿਚ ਵਸ ਗਿਆ॥ ੧॥

ਮਃ ੪॥ ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ॥
ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ॥ ੨॥

ਜਿਨ੍ਹਾਂ ਦੇ ਅੰਦਰ ਪਿਆਰੇ ਪਿਰੀ ਦੀ ਪ੍ਰੀਤੀ ਹੈ, ਉਹ ਜਿਸ ਤਰ੍ਹਾਂ ਭੀ ਬੋਲਣ ਉਸੇ ਤਰ੍ਹਾਂ ਹੀ ਸੋਭਦੇ ਹਨ। ਗੁਰੂ ਜੀ ਕਥਨ ਕਰਦੇ ਹਨ ਉਨ੍ਹਾਂ ਦੀ ਦਸ਼ਾ ਨੂੰ ਉਹ ਹਰੀ ਆਪ ਹੀ ਜਾਣਦਾ ਹੈ ਜਿਸ ਪਿਆਰੇ ਪਿਰੀ ਨੇ ਆਪਣੀ ਪ੍ਰੀਤੀ ਉਨ੍ਹਾਂ ਦੇ ਮਨ ਵਿਚ ਲਗਾਈ ਹੈ॥ ੨॥

ਪਉੜੀ॥ ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ॥
ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ॥

ਹੇ ਕਰਤੇ ਪੁਰਖ ! ਤੂੰ ਆਪ ਅਭੁਲ ਹੈਂ, ਭੁਲਣ ਵਿਚ ਨਹੀਂ ਆਉਂਦਾ। ਹੇ ਸਚੇ ! ਜੋ ਤੂੰ ਕਰਦਾ ਹੈਂ ਉਹ ਭਲਾ ਹੀ ਕਰਦਾ ਹੈਂ, ਗੁਰਾਂ ਨੇ ਸ਼ਬਦ ਦੇਕੇ ਇਹ ਗੱਲ ਮੈਨੂੰ ਸਮਝਾਈ ਹੈ।

ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ॥
ਤੂ ਸਾਹਿਬੁ ਅਗਮੁ ਦਇਆਲੁ ਹੈ ਸਭਿ ਤੁਧੁ ਧਿਆਹੀ॥

ਸਭ ਕਾਰਨ ਕਾਰਜ ਦੇ ਕਰਨੇ ਨੂੰ ਤੂੰ ਸਮਰਥ ਹੈਂ ਤੇਰੇ ਵਰਗਾ ਦੂਜਾ ਹੋਰ ਕੋਈ ਨਹੀਂ। ਹੇ ਸਾਹਿਬ !

ਤੂੰ ਬਿਅੰਤ ਦਿਆਲੂ ਹੈਂ, ਸਾਰੀ ਦੁਨੀਆਂ ਤੈਨੂੰ ਧਿਆਉਂਦੀ ਹੈ।

[ਪੰਨਾ ੩੦੨]

ਸਭਿ ਜੀਅ ਤੇਰੇ ਤੂ ਸਭਸ ਦਾ ਤੂ ਸਭ ਛਡਾਹੀ॥ ੪॥

ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ, ਤੂੰ ਸਾਰਿਆਂ ਦਾ ਮੁਆਮੀ ਹੈਂ ਅਤੇ ਤੂੰ ਹੀ ਸਾਰਿਆਂ ਨੂੰ ਜਮਾਂ ਤੋਂ ਛਡਾਉਂਦਾ ਹੈ॥ ੪॥

ਸਲੋਕ ਮਃ ੪॥ ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ॥
ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ॥ ੧॥

ਅਸਲੀ ਸਜਣ ਜੋ ਪਰਮਾਤਮਾ ਹੈ ਉਸਦੀ ਪ੍ਰਾਪਤੀ ਦਾ ਪਰੇਮ ਰੂਪ ਸੁਨੇਹਾ ਸੁਣਕੇ ਅੱਖਾਂ ਦੀ ਤਾਰ ਉਸੇ ਪਾਸੇ ਲਗ ਗਈ। ਗੁਰੂ ਸਾਹਿਬ ਜੀ ਜਦ ਪ੍ਰਸੰਨ ਹੋਏ ਤਾਂ ਉਨ੍ਹਾਂ ਨੇ ਸਜਣੁ=ਪਰਮਾਤਮਾ ਨਾਲ ਮੇਲਿਆ, ਤਾਂ ਮੈ ਜਨ ਨੇ ਉਸੀ ਵੇਲੇ ਸੁਖ ਦੀ ਨੀਂਦ ਵਿਚ ਸਵੰਨਿ=ਸੋਣਾ ਕੀਤਾ ਭਾਵ ਸੁਖਾਂ ਵਿਚ ਰਹਿਣਾ ਕੀਤਾ॥ ੧॥

ਮਃ ੪॥ ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ॥
ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥

ਮੇਰੇ ਸਤਿਗੁਰੂ ਦਿਆਲੂ ਦਾਤਾ ਹੈਂ, ਜਿਸ ਸਤਿਗੁਰੂ ਨੂੰ ਸਦਾ ਦਇਆ ਹੋ ਰਹੀ ਹੈ। ਸਤਿਗੁਰੂ ਅੰਦਰੋਂ ਨਿਰਵੈਰ ਹਨ, ਸਾਰਿਆਂ ਵਿਚ ਉਸ ਇਕ ਬ੍ਰਹਮ ਨੂੰ ਹੀ ਦੇਖਦੇ ਹਨ।

ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨਿ ਵਿਚਹੁ ਤਿਸਟਿਆ ਨ ਕੋਇ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥

ਜਿਹੜੇ ਪੁਰਸ਼ ਨਿਰਵੈਰ ਸਤਿਗੁਰੂ ਨਾਲ ਵੈਰ ਚਲਾਂਵਦੇ ਹਨ, ਉਨ੍ਹਾਂ ਵਿਚੋਂ ਕੋਈ ਭੀ ਤਿਸਟਿਆ= ਇਸਥਿਤ ਨਹੀਂ ਰਿਹਾ। ਸਤਿਗੁਰ ਦੇਵ ਜੀ ਤਾਂ ਸਾਰਿਆਂ ਦਾ ਭਲਾ ਮਨਾਂਦੇ ਹਨ

ਯਥਾ:- ਗੁਰ ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।

ਤਥਾ:- ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੇ ਉਬਰੈ ਤਿਤੈ ਲੈਹੁ ਉਬਾਰਿ॥ *(ਪੰਨਾ ੮੫੩)*

ਇਸ ਲਈ ਤਿਨ੍ਹਾਂ ਗੁਰਾਂ ਦਾ ਬੁਰਾ ਹਾਲ ਕਿਵੇਂ ਹੋ ਸਕਦਾ ਹੈ।

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ॥
ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ॥ ੨॥

ਜਿਹੜਾ ਕੋਈ ਪੁਰਸ਼ ਜੇਹੋ ਜੇਹੀ ਇੱਛਾ ਕਰਕੇ ਸਤਿਗੁਰਾਂ ਨੂੰ ਇਛਦਾ=ਚਾਹੁੰਦਾ ਹੈ, ਉਹ ਕੋਈ ਓਹਾ ਜੇਹਾ ਫਲ ਪਾਂਵਦਾ ਹੈ। ਗੁਰੂ ਜੀ ਕਥਨ ਕਰਦੇ ਹਨ ਉਹ ਕਰਤਾ ਪੁਰਖ ਸਭ ਕੁਝ ਜਾਣਦਾ ਹੈ ਜਿਦੂ=ਜਿਸਦੇ ਪਾਸੋਂ ਕੁਛ ਗੁਝਾ=ਲੁਕਿਆ ਹੋਇਆ ਨਹੀਂ ਹੈ॥ ੨॥

ਪਉੜੀ॥ ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ॥

ਪਰਮਾਤਮਾ ਜਿਸਨੂੰ ਵੱਡਾ ਕਰਦਾ ਹੈ, ਓਹੀ ਸਾਰਿਆਂ ਤੋਂ ਵੱਡਾ ਜਾਣਿਆਂ ਜਾਂਦਾ ਹੈ।
ਜਿਸ ਨੂੰ ਬਖਸ਼ਿਆ ਚਾਹੁੰਦਾ ਹੈ ਉਸੇ ਨੂੰ ਸਾਹਿਬ ਪਰਮਾਤਮਾ ਬਖਸ਼ ਲੈਂਦਾ ਹੈ,
ਓਹੀ ਸਾਹਿਬ ਦੇ ਮਨ ਵਿਚ ਭਾਂਵਦਾ ਹੈ।

ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ॥
ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ ਗੁਣ ਆਖਿ ਵਖਾਣੀ॥

ਜਿਹੜਾ ਕੋਈ ਉਸ ਦੀ ਰੀਸ ਕਰਦਾ ਹੈ, ਉਹ ਮੂਰਖ ਅਜਾਣੀ=ਅਗਿਆਤ ਹੈ। ਪਰਮਾਤਮਾ ਕਿਰਪਾ ਕਰਕੇ ਜਿਸਨੂੰ ਸਤਿਗੁਰਾਂ ਨਾਲ ਮੇਲਦਾ ਹੈ ਉਹ ਪੁਰਸ਼ ਮਨ ਕਰਕੇ ਗੁਣਾਂ ਨੂੰ ਰਵੈ=ਉਚਾਰਦਾ ਹੈ ਅਤੇ ਆਖਿ=ਮੁੰਹੋਂ ਗੁਣਾਂ ਨੂੰ ਕਥਨ ਕਰਦਾ ਹੈ।

ਨਾਨਕ ਸਚਾ ਸਚੁ ਹੈ ਬੁਝਿ ਸਚਿ ਸਮਾਣੀ॥ ੫॥

ਗੁਰੂ ਜੀ ਕਥਨ ਕਰਦੇ ਹਨ ਉਹ ਸਚਾ ਪਰਮੇਸ਼ਰ ਸਚ ਸਰੂਪ ਹੈ, ਉਸ ਨੂੰ ਬੁਝਕੇ ਗੁਰਮੁਖਾਂ ਦੀ ਬੁੱਧੀ ਸਚ ਵਿਚ ਸਮਾਈ ਹੈ॥ ੫॥

ਸਲੋਕ ਮਃ ੪ ॥ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ॥
ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ॥

ਸਚਾ ਹਰੀ ਨਿਰ+ਅੰਜਨ=ਮਾਯਾ ਮਲ ਤੋਂ ਰਹਿਤ ਹੈ, ਅਮਰੁ=ਮਰਨੇ ਤੋਂ ਰਹਿਤ ਹੈ, ਨਿਰਭਉ=ਡਰ ਤੋਂ ਰਹਿਤ ਹੈ, ਨਿਰਵੈਰੁ=ਵੈਰ ਭਾਵ ਤੋਂ ਰਹਿਤ ਹੈ, ਨਿਰੰਕਾਰੁ=ਅਕਾਰ ਤੋਂ ਰਹਿਤ ਹੈ, ਐਸੇ ਵਾਹਿਗੁਰੂ ਨੂੰ ਜਿਨ੍ਹਾਂ ਨੇ ਇਕਾਗਰ ਮਨ ਤੇ ਇਕ ਚਿਤ ਹੋ ਕੇ ਜਪਿਆ ਹੈ, ਤਿਨ੍ਹਾਂ ਦੇ ਸਿਰ ਤੋਂ ਹਉਮੈ ਦਾ ਭਾਰ ਲਹਿ ਗਿਆ ਹੈ।

ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ॥
ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰੀ ਨੂੰ ਆਰਾਧਿਆ ਹੈ ਉਨ੍ਹਾਂ ਸੰਤ ਜਨਾਂ ਦਾ ਸਭ ਜਗ੍ਹਾਂ ਪਰ ਜੈ ਜੈ ਕਾਰ ਹੁੰਦਾ ਹੈ। ਜਿਹੜਾ ਕੋਈ ਪੂਰਿਆਂ ਸਤਿਗੁਰਾਂ ਦੀ ਨਿੰਦਿਆ ਕਰਦਾ ਹੈ ਉਸ ਨੂੰ ਸਾਰਾ ਸੰਸਾਰ ਫਿਟੇ ਮੁੰਹ ਫਿਟੇ ਮੁੰਹ ਕਹਿੰਦਾ ਹੈ।

ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ॥
ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸ ਨੋ ਸਦਾ ਸਦਾ ਨਮਸਕਾਰੁ॥

ਸਤਿਗੁਰਾਂ ਵਿਚ ਹਰੀ ਆਪ ਵਰਤਦਾ ਹੈ ਅਤੇ ਹਰੀ ਆਪ ਹੀ ਗੁਰਾਂ ਦੀ ਰਖਿਆ ਕਰਨ ਵਾਲਾ ਹੈ। ਐਸੇ ਗੁਰਾਂ ਦੇ ਗੁਣਾਂ ਨੂੰ ਜੋ ਗਾਂਵਦਾ ਹੈ ਉਹ ਧੰਨਤਾ ਯੋਗ ਹੈ, ਮੈਂ ਭੀ ਸਦੀਵ ਕਾਲ ਉਸਨੂੰ ਨਮਸ਼ਕਾਰ ਕਰਦਾ ਹਾਂ।

ਜਨ ਨਾਨਕ ਤਿਨ ਕਉ ਵਾਰਿਆ ਜਿਨ ਜਪਿਆ ਸਿਰਜਣਹਾਰੁ ॥ ੧ ॥

ਮੈਂ ਜਨ ਉਨ੍ਹਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ, ਜਿਨ੍ਹਾਂ ਨੇ ਸਿਰਜਣਹਾਰੁ=ਪੈਦਾ ਕਰਨ ਵਾਲੇ ਪਰਮਾਤਮਾ ਨੂੰ ਜਪਿਆ ਹੈ॥ ੧ ॥

ਮਃ ੪ ॥ ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥
ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ ॥

ਆਪ ਹੀ ਪ੍ਰਤੱਖ ਧਰਤੀ ਗਲੀਚਾ ਰੂਪ ਸਾਜੀ ਹੈ, ਆਪ ਹੀ ਆਕਾਸ਼ ਨੂੰ ਚੰਦੋਆ ਰੂਪ ਸਾਜਿਆ ਹੈ ਇਸ ਵਿਚ ਆਪ ਹੀ ਜੀਵਾਂ ਨੂੰ ਉਤਪੰਨ ਕੀਤਾ ਹੈ, ਆਪ ਜੀ ਸਾਰਿਆਂ ਜੀਵਾਂ ਦੇ ਮੂੰਹ ਵਿਚ ਗਿਰਾਸੁ=ਭੋਜਨ ਦਿੰਦਾ ਹੈ। *ਅਥਵਾ:*-ਆਪ ਹੀ ਪਰਮਾਤਮਾ ਨੇ ਬੁੱਧੀ ਰੂਪੀ ਧਰਤੀ ਸਾਜੀ ਹੈ, ਆਪ ਹੀ ਆਕਾਸੁ=ਹਿਰਦਾ ਸਾਜਿਆ ਹੈ। ਆਪ ਹੀ ਹਿਰਦੇ ਵਿਚ ਜੰਤ=ਸ਼ੁਭ ਗੁਣਾਂ ਨੂੰ ਪੈਦਾ ਕੀਤਾ ਹੈ, ਆਪ ਹੀ ਮੂੰਹ ਵਿਚ ਨਾਮ ਰੂਪੀ ਭੋਜਨ ਦਿੰਦਾ ਹੈ।

ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ ॥
ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ ॥ ੨ ॥

ਸਾਰਿਆਂ ਵਿਚ ਆਪੇ ਆਪ ਵਰਤ ਰਿਹਾ ਹੈ, ਉਹ ਆਪ ਹੀ ਸ਼ੁਭ ਗੁਣਾਂ ਦਾ ਤਾਸੁ=ਖਜ਼ਾਨਾ ਹੈ। ਗੁਰੂ ਜੀ ਆਖਦੇ ਹਨ ਹੇ ਪੁਰਸ਼ਾ ! ਤੂੰ ਨਾਮ ਨੂੰ ਧਿਆਉਣਾ ਕਰ, ਤਾਸੁ=ਤਿਸ ਨਾਮ ਕਰਕੇ ਤੇਰੇ ਸਾਰੇ ਪਾਪ ਕਟੇ ਜਾਣਗੇ।

ਅਥਵਾ:-ਜੋ ਨਾਮ ਜਪਦਾ ਹੈ ਤਾਸੁ=ਤਿਸ ਪੁਰਸ਼ ਦੇ ਸਾਰੇ ਪਾਪ ਕਟੇ ਜਾਂਦੇ ਹਨ॥ ੨ ॥

ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ ॥
ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ ॥

ਹੇ ਸਾਹਿਬ ! ਤੂੰ ਪਿਛੇ ਵੀ ਸੱਚਾ ਸੀ, ਹੁਣ ਵੀ ਸੱਚਾ ਹੈਂ, ਹੇ ਸੱਚੇ ਵਾਹਿਗੁਰੂ ! ਸਚਨਾਮ ਜਪਣ ਵਾਲੇ ਮਨੁੱਖ ਆਪ ਜੀ ਨੂੰ ਭਾਂਵਦੇ ਹਨ। ਹੇ ਸੱਚੇ ! ਜੋ ਤੈਨੂੰ ਸਚ ਦੇ ਰੂਪ ਵਿਚ ਸਲਾਹੁੰਦੇ ਹਨ, ਉਨ੍ਹਾਂ ਦੇ ਨੇੜਿ=ਨੇੜੇ (ਪਾਸ) ਜਮਾਂ ਦੇ ਦੂਤ ਨਹੀਂ ਆਉਂਦੇ।

ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ ॥
ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥

ਉਨ੍ਹਾਂ ਦੇ ਮੂੰਹ ਦਰਗਾਹ ਵਿਚ ਬੇਦਾਗ ਤੇ ਉਜਲੇ ਹੁੰਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਸੱਚਾ ਵਾਹਿਗੁਰੂ ਭਾਂਵਦਾ ਹੈ। ਝੂਠੇ ਪੁਰਸ਼ ਪਿਛੇ ਭਾਵ ਨਰਕਾਂ ਵਿਚ ਸੁਟੇ ਜਾਂਦੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਝੂਠ ਤੇ ਕਪਟ ਹੈ ਉਹ ਅਤਿਅੰਤ ਦੁਖ ਪਾਉਂਦੇ ਹਨ।

ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ ॥ ੬ ॥

ਝੂਠਿਆਂ ਪੁਰਸ਼ਾਂ ਦੇ ਮੂੰਹ ਕਾਲੇ ਕੀਤੇ ਜਾਂਦੇ ਹਨ।

ਕਿਉਂਕਿ ਝੂਠੇ ਪੁਰਸ਼ ਦਰਗਾਹ ਵਿਚ ਝੂਠੇ ਸਾਬਤ ਹੋ ਜਾਂਦੇ ਹਨ॥ ੬॥

ਸਲੋਕ ਮਃ ੪ ॥

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥
ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ॥

ਸਤਿਗੁਰ ਦੇਵਾਂ ਦਾ ਧਰਤੀ ਵਾਂਗੂੰ ਧਰਮ=ਸੁਭਾਵ ਹੈ, ਜੈਸੇ ਧਰਤੀ ਵਿਚ ਜੇਹੋ ਜੇਹਾ ਕੋਈ ਬੀਜ ਬੀਜਦਾ ਹੈ, ਤੇਹੋ ਜੇਹਾ ਫਲ ਪਾਂਵਦਾ ਹੈ। ਤੈਸੇ ਗੁਰੂ ਰੂਪ ਧਰਤੀ ਵਿਚ ਜੇਹੋ ਜੇਹਾ ਸ਼ਰਧਾ ਰੂਪੀ ਬੀਜ ਨੂੰ ਕੋਈ ਬੀਜਦਾ ਹੈ, ਤੈਸਾ ਫਲ ਪਾਵਦਾ ਹੈ। ਜੋ ਨਿੰਦਿਆ ਕਰੇ ਤਾਂ ਦੁਖ ਫਲ ਹੁੰਦਾ ਹੈ, ਜੇਕਰ ਸ਼ਰਧਾ ਕਰੇ ਤਾਂ ਸੁਖ ਫਲ ਹੁੰਦਾ ਹੈ।

ਜਿਨ੍ਹਾਂ ਗੁਰਸਿਖਾਂ ਨੇ ਨਾਮ ਅੰਮ੍ਰਿਤ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪੀ ਬੀਜ ਨੂੰ ਬੀਜਿਆ ਹੈ, ਉਨ੍ਹਾਂ ਨੇ ਹਰੀ ਦੀ ਪ੍ਰਾਪਤੀ ਰੂਪ ਅੰਮ੍ਰਿਤ ਫਲ ਪ੍ਰਾਪਤ ਕੀਤਾ ਹੈ।

ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ॥

ਉਨ੍ਹਾਂ ਦੇ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਮੂੰਹ ਉਜਲੇ ਹਨ, ਉਨ੍ਹਾਂ ਨੂੰ ਦਰਗਾਹ ਵਿਚ ਹਰੀ, ਸੱਚੀ ਜਸ ਰੂਪੀ ਪੁਸ਼ਾਕ ਪਹਿਨਾਂਵਦਾ ਹੈ।

[ਪੰਨਾ ੩੦੩]

ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ॥

ਇਕਨਾਂ ਦੇ ਅੰਦਰ ਹਰ ਸਮੇਂ ਖੋਟ ਰਹਿੰਦਾ ਹੈ, ਉਹ ਬਾਹਰੋਂ ਭੀ ਹਰ ਸਮੇਂ ਖੋਟ ਕਮਾਉਂਦੇ ਹਨ। ਉਹ ਜੇਹਾ ਖੋਟਾ ਬੀਜ ਬੀਜਦੇ ਹਨ, ਤੇਹਾ ਦੁਖ ਫਲ ਖਾਂਦੇ ਹਨ।

ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ॥

ਜਾਂ ਸਰਾਫ ਰੂਪ ਸਤਿਗੁਰੂ ਪਰਖ ਦੀ ਦ੍ਰਿਸ਼ਟੀ ਕਰਕੇ ਵੇਖਿਆ-ਤਾਂ ਖੋਟਿਆਂ ਪੁਰਸ਼ਾਂ ਨੇ ਜੋ ਜੋ ਸੁਆਵ+ਗੀਰ=ਪ੍ਰਯੋਜਨ ਫੜੇ ਹੋਏ ਸਨ ਖੀਰ ਯਾਂ ਪ੍ਰਸ਼ਾਦ ਆਦਿਕ ਵਸਤੂਆਂ ਦੇ ਖਾਣ ਦੇ ਉਹ ਸਭ ਪ੍ਰਗਟ ਹੋ ਆਏ। ਅਰਥਾਤ ਗੁਰੂ ਜੀ ਨੇ ਸਮਝ ਲਿਆ ਕਿ ਇਹ ਪੁਰਸ਼ ਤਾਂ ਕੇਵਲ ਲੰਗਰ ਛਕਣ ਵਾਸਤੇ ਹੀ ਬੈਠੇ ਹਨ, *ਅਥਵਾ*-ਉਨ੍ਹਾਂ ਦੇ ਸੁਆਵਗੀਰ=ਸ੍ਵਾਂਗ ਯਾਨੇ ਭੇਖ ਸਭ ਪ੍ਰਗਟ ਹੋ ਆਏ।

ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ ਵਞਾਏ॥

ਉਹ ਜੈਸਾ ਹਰ ਸਮੇਂ ਚਿਤਵਦੇ ਹਨ, ਤੈਸਾ ਹੀ ਨਿਤ ਫਲ ਪਾਂਵਦੇ ਹਨ। ਉਹ ਤੇਹੋ ਜੇਹੇ ਦਯਿ=ਪ੍ਰੇਰਕ ਪਰਮੇਸਰ ਨੇ ਵਞਾਏ=ਪ੍ਰਗਟ ਕੀਤੇ ਹਨ, ਵਾ:-ਵੰਞਾਏ=ਖਰਾਬ ਕੀਤੇ ਹਨ।

ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ
ਨਿਤ ਕਰਿ ਕਰਿ ਦੇਖੈ ਚਲਤ ਸਬਾਏ॥ ੧॥

ਗੁਰੂ ਜੀ ਕਥਨ ਕਰਦੇ ਹਨ-ਦੋਹਾਂ ਸਿਰਿਆਂ ਭਾਵ ਲੋਕ ਪ੍ਰਲੋਕ ਵਿਚ ਵਾ:-ਗੁਰਮੁਖ ਮਨਮੁਖ ਵਿਚ

ਖਸਮੁ=ਪਰਮਾਤਮਾ ਆਪ ਹੀ ਵਰਤ ਰਿਹਾ ਹੈ, ਸਬਾਏ=ਸਾਰਿਆਂ ਕੌਤਕਾਂ ਨੂੰ ਨਿਤਾਪ੍ਰਤੀ ਆਪ ਹੀ ਕਰਦਾ ਹੈ ਅਤੇ ਆਪ ਹੀ ਵੇਖਦਾ ਹੈ॥ ੧॥

ਮਃ ੪ ॥ ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ॥

ਮਨ ਇਕ ਹੈ, ਕੋਈ ਦੋ ਚਾਰ ਨਹੀਂ ਹਨ। ਇਕ ਪਾਸੇ ਹੀ ਵਰਤਦਾ ਹੈ, ਦੋ ਪਾਸੇ ਨਹੀਂ ਵਰਤ ਸਕਦਾ।* ਜਿਧਰ ਕੋਈ ਮਨ ਹੋ ਕੇ ਲਗਦਾ ਹੈ, ਓਹੀ ਥਾਂ ਪਾਂਵਦਾ ਹੈ। ਜੇ ਪਰਮੇਸ਼ਰ ਵਲ ਲਗੇ ਤਾਂ ਸਰੂਪ ਦੀ ਥਾਂ ਪਾਂਵਦਾ ਹੈ, ਜੇ ਸੰਸਾਰ ਵਲ ਲਗੇ ਤਾਂ ਝੂਠੀਆਂ ਥਾਵਾਂ ਨੂੰ ਪਾਂਵਦਾ ਹੈ।

ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ ਸਾਈ ਖਾਇ॥

ਭਾਵੇਂ ਕੋਈ ਘਨੇਰੀਆਂ=ਬਹੁਤੀਆਂ ਗੱਲਾਂ ਭੀ ਕਰੇ ਕਿ ਮੈਂ ਸੰਸਾਰਕ ਅਨੰਦ ਭੀ ਭੋਗ ਲਵਾਂ, ਤੇ ਬ੍ਰਹਮਾ ਨੰਦ ਭੀ ਲੈ ਲਵਾਂ ਤਾਂ ਇਹ ਦੋ ਗਲਾਂ ਅਸੰਭਵ ਭਾਵ ਅਯੋਗ ਹਨ। ਕਿਉਂਕਿ ਜਿਹੜੀ ਵਸਤੂ ਘਰ ਵਿਚ ਹੁੰਦੀ ਹੈ, ਓਹੀ ਖਾਣੀ ਪੈਂਦੀ ਹੈ। ਜੇਕਰ ਕਣਕ ਹੈ ਤਾਂ ਕਣਕ ਖਾਣੀ ਪੈਂਦੀ ਹੈ, ਜੇ ਛੋਲੇ ਹਨ ਤਾਂ ਛੋਲੇ ਖਾਣੇ ਪੈਂਦੇ ਹਨ।

ਇਸੇ ਤਰ੍ਹਾਂ ਸਰੀਰ ਘਰ ਵਿਖੇ ਜੋ ਭੀ ਪ੍ਰਾਰਬਧ ਰੂਪੀ ਵਸਤੂ ਹੈ, ਓਹੀ ਖਾਣੀ ਪੈਂਦੀ ਹੈ।

ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ॥
ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ॥

ਸਤਿਗੁਰਾਂ ਤੋਂ ਬਿਨਾਂ ਉਸ ਦੀ ਸਮਝ ਨਹੀਂ ਪੈਂਦੀ, ਨਾ ਹੀ ਹਿਰਦੇ ਵਿਚੋਂ ਹੰਕਾਰ ਜਾਂਦਾ ਹੈ। ਹੰਕਾਰੀਆਂ ਪੁਰਸ਼ਾਂ ਨੂੰ ਹਮੇਸ਼ਾਂ ਦੁਖ ਤੇ ਤ੍ਰਿਸ਼ਨਾਂ ਰੂਪੀ ਭੁਖ ਲਗੀ ਰਹਿੰਦੀ ਹੈ, ਇਸ ਕਰਕੇ ਹੱਥ ਅਡ ਕੇ ਘਰ ਘਰ ਤੋਂ ਮੰਗਦੇ ਹਨ।

ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ॥

ਕੂੜਿਆਂ ਪੁਰਸ਼ਾਂ ਦੀ ਲੁਕਵੀਂ ਠੱਗੀ ਕੀਤੀ ਹੋਈ ਛਿਪੀ ਨਹੀਂ ਰਹਿੰਦੀ। ਜਿਵੇਂ ਮੁਲੰਮੇ ਦਾ ਪਾਜੁ=ਪੜਦਾ ਲਹਿ ਜਾਂਦਾ ਹੈ। ਮੁਲੰਮੇ ਦਾ ਪਾਜ ਉਸਨੂੰ ਕਹਿੰਦੇ ਹਨ, ਜਿਸ ਦੇ ਹੇਠਾਂ ਹੋਰ ਕੁਝ ਹੋਵੇ, ਉੱਪਰੋਂ ਹੋਰ ਹੋਵੇ, ਜਿਸ ਤਰ੍ਹਾਂ ਹੇਠਾਂ ਤਾਂਬਾ ਹੋਵੇ, ਉਪਰੋਂ ਸੋਨੇ ਦਾ ਪਾਣੀ ਜਾਂ ਸੋਨੇ ਦਾ ਪੱਤਰਾ ਹੋਵੇ। ਏਸੇ ਤਰ੍ਹਾਂ ਪਖੰਡ ਵਾਲਾ ਭੇਖ ਪ੍ਰਗਟ ਹੋ ਜਾਂਦਾ ਹੈ।

ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥

ਜਿਸ ਦੇ ਮੱਥੇ ਉੱਪਰ ਪੂਰਬਲਾ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੋਵੇ, ਉਸ ਨੂੰ ਪ੍ਰਭੂ ਰੂਪ ਸਤਿਗੁਰੂ ਆ ਕੇ ਮਿਲਦੇ ਹਨ।

ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ॥
ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ॥ ੨॥

ਜਿਵੇਂ ਲੋਹਾ ਪਾਰਸ ਨਾਲ ਮਿਲ ਕੇ ਸੋਨਾ ਹੋ ਜਾਂਦਾ ਹੈ, ਤਿਵੇਂ ਗੁਰਾਂ ਦੀ ਸੰਗਤ ਨਾਲ ਮਿਲਣ ਕਰਕੇ

---

*ਜਿਵੇਂ ਕੋਈ ਮਨੁੱਖ ਰੋਟੀ ਖਾਂਦਾ ਪਿਆ ਹੈ ਉਸ ਪਾਸੋਂ ਜੇ ਕੋਈ ਆ ਕੇ ਲੂਣ ਪੁਛੇ ਤਾਂ ਆਖਦਾ ਹੈ ਜ਼ਰਾ ਠਹਿਰ ਜਾ ਹੁਣੇ ਦਸਦਾ ਹਾਂ, ਕਿਉਂਕਿ ਪਹਿਲੇ ਮਨ ਹੋਰ ਪਾਸੇ ਗਿਆ ਹੁੰਦਾ ਹੈ ਜਿਸ ਕਰਕੇ ਉਹ ਰੋਟੀ ਖਾਂਦਾ ਹੋਇਆ ਵੀ ਲੂਣ ਦਸ ਨਹੀਂ ਸਕਦਾ।

ਲੋਹੇ ਵਾਂਗੂੰ ਪਾਪੀ ਜੀਵ, ਸੋਨੇ ਵਾਂਗੂੰ ਸ਼ੁੱਧ ਹੋ ਜਾਂਦਾ ਹੈ। ਹੇ ਪ੍ਰਭੂ ! ਮੈਂ ਦਾਸ ਦੇ ਧਣੀ=ਮਾਲਕ ਆਪ ਹੋ, ਜਿਵੇਂ ਆਪ ਜੀ ਨੂੰ ਭਾਵੇਂ ਤਿਵੇਂ ਮੈਨੂੰ ਚਲਾਵੋ॥ ੨॥

ਪਉੜੀ॥ ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ॥
ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ॥

ਜਿਨ੍ਹਾਂ ਹਰੀ ਨੂੰ ਹਿਰਦੇ ਵਿਚ ਅਰਾਧਿਆ ਹੈ, ਉਨ੍ਹਾਂ ਨੂੰ ਹਰੀ ਨੇ ਆਪਣੇ ਨਾਲ ਮਿਲਾ ਲਿਆ ਹੈ। ਜਿਨ੍ਹਾਂ ਪੁਰਸ਼ਾਂ ਨੇ ਉਸ ਦੇ ਨਾਲ ਸ਼ੁਭ ਗੁਣਾਂ ਦੀ ਭਾਈਵਾਲੀ ਕੀਤੀ ਹੈ ਉਹਨਾਂ ਨੇ ਗੁਰ ਉਪਦੇਸ਼ ਦੁਆਰਾ ਸਭ ਔਗੁਣ ਸਾੜ ਦਿਤੇ ਹਨ।

ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ॥
ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ॥

ਅਤੇ ਬੁੱਧੀ ਰੂਪ ਪਲਰੀ=ਪਲੇ ਵਿਚੋਂ ਪਲਰ=ਖਾਲੀ ਜਾਣ ਕੇ ਔਗੁਣਾਂ ਨੂੰ ਵਿਕਣਿ=ਤਿਆਗਿਆ ਹੈ, ਜਿਸ ਨੂੰ ਦਿੰਦਾ ਹੈ ਓਹੀ ਸਚੇ ਦੀ ਪ੍ਰਾਪਤੀ ਦੇ ਗੁਣਾਂ ਨੂੰ ਪਾਂਵਦਾ ਹੈ।

ਮੈਂ ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਔਗੁਣ ਮੇਟ ਦਿਤੇ ਹਨ ਅਤੇ ਜਿਨ੍ਹਾਂ ਦੀ ਕਿਰਪਾ ਨਾਲ ਸ਼ੁਭ ਗੁਣ ਆ ਕੇ ਪ੍ਰਗਟ ਹੋਏ ਹਨ।*

ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ॥ ੭॥

ਵੱਡਾ ਜੋ ਪਰਮਾਤਮਾ ਹੈ ਉਸ ਦੀ ਵਡਿਆਈ ਸਭ ਤੋਂ ਵੱਡੀ ਹੈ, ਗੁਰਮੁਖ ਹੀ ਉਸ ਦੀ ਵਡਿਆਈ ਨੂੰ ਆਲਾਏ=ਕਥਨ ਕਰਦੇ ਹਨ॥ ੭॥

ਸਲੋਕ ਮਃ ੪ ॥

ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ॥

ਸਤਿਗੁਰਾਂ ਵਿਚ ਇਸ ਗੱਲ ਦੀ ਵੱਡੀ ਵਡਿਆਈ ਹੈ, ਜੋ ਰਾਤ ਦਿਨੇ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ।

ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ॥

ਗੁਰੂ ਸੁਚ=ਪਵਿੱਤ੍ਰਤਾ ਨਾਲ ਸੰਜਮੁ=ਇੰਦ੍ਰੀਆਂ ਨੂੰ ਦਮਨ ਕਰਕੇ ਹਰਿ ਹਰਿ ਨਾਮ ਨੂੰ ਰਮਤ=ਉਚਾਰਦੇ ਹਨ, ਹਰਿ ਨਾਮ ਦੁਆਰਾ ਹੀ ਮਨ ਨੂੰ ਤ੍ਰਿਪਤਾਂਵਦੇ ਹਨ।

ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ॥

ਸਤਿਗੁਰਾਂ ਨੂੰ ਹਰੀ ਨਾਮ ਦਾ ਤਾਣੁ=ਬਲ ਹੈ ਹਰੀ ਨਾਮ ਦਾ ਦੀਬਾਣੁ=ਆਸਰਾ ਹੈ, ਹਰੀ ਦਾ ਨਾਮ ਹੀ ਉਨ੍ਹਾਂ ਦੀ ਰਖਿਆ ਕਰਨ ਵਿਚ ਆਉਂਦਾ ਹੈ।

---

*ਜਦੋਂ ਔਗੁਣ ਵਿਕਣਿ ਛਡ ਦਿਤੇ ਤਾਂ ਆਤਮ ਬੁਧੀ ਪਲਰੀ=ਪ੍ਰਫੁਲਤ ਹੋ ਗਈ। ਜਿਸਨੂੰ ਇਹ ਦਾਤ ਦੇਵੇ, ਉਹੋ ਪ੍ਰਾਪਤ ਕਰ ਸਕਦਾ ਹੈ।

*ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੇ ਮੇਰੇ ਔਗੁਣ ਨਾਸ ਕਰ ਦਿਤੇ ਹਨ ਅਤੇ ਹੋਠੋਂ ਗੁਣ ਪ੍ਰਗਟਾ ਦਿਤੇ ਹਨ।

ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ॥

ਜਿਹੜਾ ਮਨੁੱਖ ਚਿਤ ਲਗਾ ਕੇ ਗੁਰਾਂ ਦੀ ਮੂਰਤੀ ਦਾ ਪੂਜਨ ਕਰਦਾ ਹੈ ਉਹ ਮਨ ਇੱਛਤ ਭਾਵ ਮਨ ਭਾਉਂਦੇ ਫਲ ਪਾਂਵਦਾ ਹੈ। ਚਾਰ ਪ੍ਰਕਾਰ ਦੇ ਦਰਸ਼ਨਾਂ ਵਿਚੋਂ ਇਹ ਭੀ ਇਕ ਦਰਸ਼ਨ ਹੈ ਜੋ ਗੁਰੂ ਮੂਰਤੀ ਦਾ ਪੂਜਨ ਕਰਨਾ ਹੈ। ਇਸ ਵਾਸਤੇ ਹਜ਼ੂਰ ਨੇ ਕਥਨ ਕੀਤਾ ਹੈ:-

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰ ਮਨੁ ਮਾਨ॥ (ਪੰਨਾ ੮੬੪)

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ॥

ਜੋ ਮਨੁੱਖ ਪੂਰਿਆਂ ਸਤਿਗੁਰਾਂ ਦੀ ਨਿੰਦਿਆ ਕਰਦਾ ਹੈ, ਉਸ ਨੂੰ ਕਰਤਾ ਪੁਰਖ ਮਾਰ ਦਿਵਾਉਂਦਾ ਭਾਵ ਮਾਰ ਪੁਆਂਦਾ ਹੈ।

ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ॥

ਫਿਰ ਉਸ ਪੁਰਸ਼ ਨੂੰ ਉਹ ਲੰਘ ਗਿਆ ਵੇਲਾ ਹਥ ਨਹੀਂ ਆਉਂਦਾ, ਜਿਸ ਵੇਲੇ ਇਸਨੇ ਸਤਿਗੁਰਾਂ ਦੀ ਨਿੰਦਿਆ ਕੀਤੀ ਸੀ, ਉਹ ਆਪਣਾ ਨਿੰਦਿਆ ਦਾ ਬੀਜ ਬੀਜਿਆ ਆਪ ਹੀ ਖਾਂਦਾ ਹੈ।

ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ॥

ਉਸ ਕਾਲੇ ਮੂੰਹ ਵਾਲੇ ਗੁਰ ਨਿੰਦਕ ਨੂੰ ਜਮਦੂਤਾਂ ਨੇ ਕੁੰਭੀ ਨਰਕ ਵਿਚ ਇਸ ਤਰ੍ਹਾਂ ਖੜਿਆ ਹੈ, ਜਿਵੇਂ ਚੋਰ ਨੂੰ ਗਲ ਵਿਚ ਗਲਾਵੈ=ਫਾਹ ਪਾ ਕੇ ਹੱਥਕੜੀਆਂ ਨਾਲ ਬੰਨ੍ਹ ਕੇ ਲਿਜਾਂਦੇ ਹਨ।

ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ॥

ਜਾਂ ਸਤਿਗੁਰਾਂ ਦੀ ਸ਼ਰਨ ਵਿਚ ਪੈ ਕੇ ਹਰਿ ਹਰਿ ਨਾਮ ਨੂੰ ਧਿਆਵੇ, ਤਾਂ ਫਿਰ ਉਬਰੈ=ਬਚ ਜਾਂਦਾ ਹੈ।

ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ॥ ੧॥

ਗੁਰੂ ਜੀ ਕਥਨ ਕਰਦੇ ਹਨ-ਇਹ ਅਸਾਂ ਨੇ ਹਰੀ ਦੇ ਦਰ ਦੀਆਂ ਗੱਲਾਂ ਆਖ ਕੇ ਸੁਣਾਈਆਂ ਹਨ, ਹਰੀ ਕਰਤੇ ਨੂੰ ਇਸੇ ਤਰ੍ਹਾਂ ਭਾਂਵਦਾ ਹੈ॥ ੧॥

ਮਃ ੪॥ ਪੂਰੇ ਗੁਰ ਕਾ ਹੁਕਮੁ ਨ ਮੰਨੈ
ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ॥

ਜੋ ਮਨੁੱਖ ਪੂਰਿਆ ਗੁਰਾਂ ਦਾ ਹੁਕਮ ਨਹੀਂ ਮੰਨਦਾ, ਉਹ ਮਨਮੁਖ ਅਗਿਆਨੀ ਵਿਹੁ ਰੂਪ ਮਾਇਆ ਕਰਕੇ ਮੁਠਾ=ਲੁਟਿਆ ਗਿਆ ਹੈ।

ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ
ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ॥

ਉਸ ਦੇ ਅੰਦਰ ਝੂਠ ਹੈ, ਇਸ ਲਈ ਉਹ ਸਚ ਨੂੰ ਭੀ ਝੂਠ ਕਰਕੇ ਬੁਝੈ=ਸਮਝਦਾ ਹੈ, ਦਯਿ=ਪ੍ਰੇਰਕ ਪਰਮਾਤਮਾ ਨੇ ਅਣਹੁੰਦੇ ਝਗੜੇ ਉਸ ਦੇ ਗਲ ਵਿਚ ਪਾ ਦਿਤੇ ਹਨ। ਅਣਹੁੰਦੇ ਝਗੜੇ ਉਹ ਹਨ:-ਜੋ ਹੋਣੇ ਕਿਸੇ ਹੋਰ ਦੇ ਤੇ ਪੈ ਕਿਸੇ ਹੋਰ ਦੇ ਗਲ ਜਾਣੇ।

ਅਰਥਾਤ ਹੋਰ ਦੇ ਝਗੜੇ ਉਸ ਗੁਰ ਨਿੰਦਕ ਦੇ ਗਲ ਪਾ ਦਿਤੇ।

ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ ॥

ਉਹ ਗੁਰ ਨਿੰਦਕ ਬਹੁਤ ਹੀ ਗੱਲਾਂ ਨੂੰ ਫਰੋਸੀ=ਵੇਚਣਾ ਕਰਦਾ ਹੈ ਅਰਥਾਤ ਮਿਠੀਆਂ ਮਿਠੀਆਂ ਗੱਲਾਂ ਸੁਣਾ ਕੇ ਅਗਲੇ ਨੂੰ ਠੱਗ ਲੈਂਦਾ ਹੈ, ਵਾ:-ਕਥਾ ਕੀਰਤਨ ਨੂੰ ਵੇਚ ਕੇ ਮਾਇਆ ਇਕੱਠੀ ਕਰਦਾ ਹੈ। ਇਸ ਲਈ ਉਸ ਦਾ ਬੋਲਿਆ ਹੋਇਆ ਬਚਨ ਕਿਸੇ ਨੂੰ ਭਾਇਆ=ਚੰਗਾ ਨਹੀਂ ਲਗਦਾ।

ਓਹੁ ਘਰਿ ਘਰਿ ਹੰਢੈ ਜਿਉ ਰੰਨ ਦੁਹਾਗਣਿ
ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥

ਉਹ ਮਨੁੱਖ ਘਰ ਘਰ ਵਿਚ ਇਸ ਤਰ੍ਹਾਂ ਹੰਢੈ=ਫਿਰਦਾ ਹੈ, ਜਿਵੇਂ ਦੁਹਾਗਣਿ=ਛੁੱਟੜ ਔਰਤ ਫਿਰਦੀ ਹੈ। ਉਸ ਗੁਰ ਨਿੰਦਕ ਨਾਲ ਜਿਹੜਾ ਪੁਰਸ਼ ਮੂੰਹ ਜੋੜਦਾ ਹੈ ਭਾਵ ਉਸ ਦੀ ਸੰਗਤ ਕਰਕੇ ਉਸ ਨਾਲ ਗੱਲਾਂ ਕਰਦਾ ਹੈ, ਉਸ ਨੂੰ ਭੀ ਓਹੋ ਜੇਹਾ ਦਾਗ ਲਗ ਜਾਂਦਾ ਹੈ, ਵਾ:-ਉਸ ਨੂੰ ਭੀ ਲਛਣੁ=ਕਲੰਕ ਲਗ ਜਾਂਦਾ ਹੈ।

ਗੁਰਮੁਖਿ ਹੋਇ ਸੁ ਅਲਿਪਤੋ ਵਰਤੈ
ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ ॥

ਜੋ ਗੁਰਮੁਖ ਹੁੰਦਾ ਹੈ, ਉਹ ਮਨਮੁਖਾਂ ਦੀ ਸੰਗਤ ਤੋਂ ਅਲਿਪਤੋ=ਨਿਰਲੇਪ ਹੋ ਕੇ ਵਰਤਦਾ ਹੈ ਅਤੇ ਉਸ ਦਾ ਪਾਸਾ ਛਡ ਕੇ ਗੁਰਾਂ ਪਾਸ ਜਾ ਕੇ ਬਹਿੰਦਾ ਹੈ।

[ਪੰਨਾ ੩੦੪]

ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ
ਓਨਿ ਲਾਹਾ ਮੂਲੁ ਸਭੁ ਗਵਾਇਆ ॥

ਗੋਇੰਦਵਾਲ ਦੇ ਨੰਬਰਦਾਰਾਂ ਨੂੰ ਕਹਿੰਦੇ ਹਨ-ਹੇ ਪੰਚਹੁ=ਨੰਬਰਦਾਰੋ ! ਜੋ ਮਨੁੱਖ ਆਪਣੇ ਗੁਰਾਂ ਨੂੰ ਗੋਪੇ=ਛਪਾਂਵਦਾ (ਲੁਕਾਉਂਦਾ) ਹੈ ਕਿ ਮੇਰਾ ਗੁਰੂ ਹੀ ਕੋਈ ਨਹੀਂ, ਯਾਂ ਆਪ ਪ੍ਰਤਾਪੀ ਹੋ ਤੇ ਗੁਰਾਂ ਨੂੰ ਪਿੱਛੇ ਪਾ ਦਿੰਦਾ ਹੈ, ਉਹ ਮਨੁੱਖ ਚੰਗਾ ਨਹੀਂ ਹੈ, ਉਸ ਨੇ ਆਪਣਾ ਲਾਭ ਤੇ ਮੂਲ ਸਭ ਕੁਝ ਗੁਆ ਲੀਤਾ ਹੈ।

ਵਾ:-ਮੂਲ ਰੂਪ ਸ੍ਵਾਸ ਤੇ ਲਾਭ ਰੂਪ ਨਾਮ ਹੈ। ਸ੍ਵਾਸ ਨਿਸਫਲ ਗੁਆ ਲੀਤੇ, ਇਸ ਤੇ ਨਾਮ ਦਾ ਲਾਭ ਨਾ ਹੋਇਆ,

ਵਾ:-ਮੂਲ ਰੂਪ ਨਾਮ ਹੈ, ਲਾਭ ਰੂਪ ਆਤਮ ਸੁਖ ਵਾ:-ਮੋਖਸ਼ ਹੈ। ਮੂਲ ਰੂਪ ਨਾਮ ਨਾ ਜਪਿਆ ਇਸ ਤੇ ਆਤਮ ਸੁਖ ਵਾ:-ਮੋਖਛ ਦਾ ਲਾਭ ਨਾ ਹੋਇਆ, ਵਾ:-ਮੂਲ ਰੂਪ ਪੁੰਨ ਹੈ, ਲਾਭ ਰੂਪ ਸੰਸਾਰਕ ਸੁਖ ਵਾ:- ਸ੍ਵਰਗ ਸੁਖ ਹੈ। ਪੁੰਨ ਕਰਮ ਨਾ ਕੀਤੇ ਤੇ ਇਸ ਲਈ ਸੰਸਾਰਕ ਸੁਖ ਵਾ:-ਸੁਰਗ ਸੁਖ ਦੀ ਪ੍ਰਾਪਤੀ ਰੂਪ ਲਾਭ ਪ੍ਰਾਪਤ ਨਾ ਹੋਇਆ।

ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ
ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥

ਨਿਗਮ+ਆਗਮ=ਵੇਦਾਂ ਸ਼ਾਸਤ੍ਰਾਂ ਨੇ ਜੋ ਬਚਨ ਪਹਿਲੇ ਆਖ ਕੇ ਸੁਣਾਏ ਹਨ ਕਿ ਗੁਰ ਨਿੰਦਕ ਦੀ ਬੁਰੀ

ਹਾਲਤ ਹੁੰਦੀ ਹੈ। ਪੂਰਿਆਂ ਗੁਰਾਂ ਦਾ ਬਚਨ ਭੀ ਓਸੇ ਉੱਤੇ ਪ੍ਰਮਾਣ ਆਇਆ ਹੈ ਕਿਉਂਕਿ ਪੂਰੇ ਗੁਰੂ ਭੀ ਏਹੋ ਕਹਿੰਦੇ ਹਨ ਕਿ ਗੁਰ ਨਿੰਦਕਾਂ ਦਾ ਹਾਲ ਬੁਰਾ ਹੁੰਦਾ ਹੈ।

ਅਥਵਾ:-ਨਿਗਮੁ=ਵੇਦਾਂ ਤੋਂ ਜੋ ਗੱਲ ਅਗਮ ਹੈ ਅਰਥਾਤ ਜਿਸ ਗੱਲ ਨੂੰ ਵੇਦ ਭੀ ਨਹੀਂ ਕਹਿ ਸਕਦੇ, ਉਹ ਬਚਨ ਮੈਂ ਪਹਿਲੇ ਤੋਂ ਆਖ ਕੇ ਸੁਣਾਏ ਹਨ, ਇਸ ਲਈ ਪੂਰਿਆਂ ਗੁਰਾਂ ਦਾ ਬਚਨ ਸਭ ਤੋਂ ਉੱਪਰ ਆਇਆ ਹੈ ਭਾਵ ਸਾਰਿਆਂ ਤੋਂ ਅਧਿਕ ਹੈ।

ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ
ਮਨਮੁਖਾ ਓਹ ਵੇਲਾ ਹਥਿ ਨ ਆਇਆ ॥ ੨ ॥

ਗੁਰਸਿਖਾਂ ਨੂੰ ਪੂਰਿਆਂ ਗੁਰਾਂ ਦੀ ਵਡਿਆਈ ਕਰਨੀ ਭਾਂਵਦੀ ਹੈ, ਪਰ ਮਨਮੁਖਾਂ ਨੂੰ ਉਹ ਵਡਿਆਈ ਕਰਨ ਦਾ ਵੇਲਾ ਹੱਥ ਆਉਂਦਾ ਹੀ ਨਹੀਂ ॥ ੨ ॥

ਪਉੜੀ ॥ ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥

ਸਚੁ=ਨਿਸਚੇ ਕਰਕੇ ਸਚਾ ਪਰਮਾਤਮਾ ਸਾਰਿਆਂ ਤੋਂ ਵੱਡਾ ਹੈ, ਉਸ ਪਰਮਾਤਮਾ ਨੂੰ ਉਹ ਪੁਰਸ਼ ਲੈਂਦਾ ਹੈ, ਜਿਸ ਨੂੰ ਸਤਿਗੁਰਾਂ ਨੇ ਜੋਗੀਆਂ ਵਾਂਗੂੰ ਟਿਕੇ=ਇਸਥਿਤ ਕੀਤਾ ਹੈ, ਵਾ:-ਜਿਸ ਦੇ ਮਨ ਨੂੰ ਸਤਿਗੁਰਾਂ ਨੇ ਟਿਕੇ=ਟਿਕਾਇਆ ਭਾਵ ਕਾਬੂ ਕੀਤਾ ਹੈ। ਵਾ:-ਜਿਸ ਦੇ ਮੱਥੇ ਪਰ ਉਪਦੇਸ਼ ਰੂਪ ਟਿਕੇ ਲਗਾਏ ਹਨ।

ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥

ਸਤਿਗੁਰੂ ਓਹੀ ਹੈ, ਜੋ ਸਚ ਸਰੂਪ ਪਰਮਾਤਮਾ ਨੂੰ ਧਿਆਉਂਦਾ ਹੈ, ਸਚ=ਨਿਸਚੇ ਕਰਕੇ ਸਚਾ ਪਰਮਾਤਮਾ ਤੇ ਸਤਿਗੁਰੂ ਇਕ ਸਰੂਪ ਹਨ।

ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥

ਓਹੀ ਸਤਿਗੁਰੂ ਪੁਰਖ ਹਨ, ਜਿਨ੍ਹਾਂ ਨੇ ਛਿਕੇ=ਖਿੱਚ ਕੇ ਪੰਜ ਕਾਮ ਆਦਿਕ ਦੂਤ ਵਸਿ=ਕਾਬੂ ਕੀਤੇ ਹਨ।

ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ
ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥

ਜਿਹੜੇ ਮਨੁੱਖ ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਆਪਣੇ ਆਪ ਨੂੰ ਮਹਾਤਮਾ ਗਿਣਾਂਦੇ ਹਨ, ਉਨ੍ਹਾਂ ਦੇ ਅੰਦਰ ਝੂਠ ਹੈ ਅਤੇ ਮੂੰਹ ਤੋਂ ਫਿਕੇ ਬੋਲ ਬੋਲਦੇ ਹਨ, ਇਸ ਕਰਕੇ ਉਨ੍ਹਾਂ ਨੂੰ ਫਿੱਟ ਫਿੱਟ ਹੁੰਦੀ ਹੈ।

ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥ ੮ ॥

ਉਹ ਬੋਲਦੇ ਹੋਏ ਕਿਸੇ ਨੂੰ ਚੰਗੇ ਨਹੀਂ ਲਗਦੇ, ਕਿਉਂਕਿ ਨਿੰਦਿਆ ਕਰਕੇ ਉਨ੍ਹਾਂ ਦੇ ਮੂੰਹ ਕਾਲੇ ਹਨ ਤੇ ਸਤਿਗੁਰਾਂ ਤੋਂ ਚੁਕੇ=ਭੁਲੇ ਹੋਏ ਹਨ ॥ ੮ ॥

ਸਲੋਕ ਮਃ ੪ ॥

ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥

ਇਹ ਜਿਤਨਾ ਕੁ ਸੰਸਾਰ ਹੈ ਸਭ ਹਰੀ ਪ੍ਰਭੂ ਦਾ ਖੇਤ ਹੈ, ਹਰੀ ਨੇ ਆਪ ਹੀ ਇਨ੍ਹਾਂ ਜੀਵਾਂ ਨੂੰ ਕਰਮਾਂ

ਧਰਮਾਂ ਰੂਪੀ ਕਿਰਸਾਣੀ=ਖੇਤੀ ਕਰਨ ਵਿਚ ਲਗਾਇਆ ਹੋਇਆ ਹੈ।

ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ ॥

ਗੁਰਮੁਖਾਂ ਨੂੰ ਜੋ ਬਖਸ਼ਸ਼ ਹੋਈ ਹੈ, ਉਨ੍ਹਾਂ ਨੇ ਓਹੀ ਬਖਸ਼ਸ਼ ਰੂਪੀ ਇਕ ਬੋਹਲ ਜਮਾਣਾ ਕੀਤਾ ਹੈ।

ਵਾ:-ਗੁਰਮੁਖਾਂ ਨੇ ਬਖਸ਼ਸ਼ ਦੁਆਰਾ ਗਿਆਨ ਰੂਪੀ ਬੋਹਲ ਜਮਾਇਆ ਹੈ। ਮਨਮੁਖਾਂ ਨੇ ਸ੍ਵਾਸਾਂ ਰੂਪੀ ਮੂਲ ਹੀ ਗਵਾ ਲੀਤਾ ਹੈ, ਭਾਵ ਸ੍ਵਾਸ ਨਿਸਫਲ ਕਰ ਲੀਤੇ ਹਨ।

ਅਥਵਾ:-ਮਨਮੁਖਾਂ ਨੇ ਮੂਲ ਰੂਪ ਪਰਮਾਤਮਾ ਨੂੰ ਗੁਆ ਲੀਤਾ ਹੈ।

ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ ॥

ਜਿਵੇਂ ਸਭ ਕੋਈ ਆਪਣੇ ਭਲੇ ਲਈ ਬੀਜ ਬੀਜਦਾ ਹੈ, ਪਰ ਜੇ ਹਰੀ ਨੂੰ ਭਾ ਜਾਵੇ ਓਹੀ ਖੇਤ ਜਮਾਇਆ=ਉੱਗਦਾ ਹੈ। ਤਿਵੇਂ ਸਭ ਕੋਈ ਆਪਣੇ ਭਲੇ ਨੂੰ ਭਾਵ ਸੁਖ ਦੀ ਪ੍ਰਾਪਤੀ ਲਈ ਕਰਮਾਂ ਰੂਪੀ ਬੀਜ ਬੀਜਦਾ ਹੈ ਜਿਸ ਦਾ ਕੀਤਾ ਹੋਇਆ ਕਰਮ ਹਰੀ ਨੂੰ ਭਾਂਵਦਾ ਹੈ, ਉਹ ਹਿਰਦਾ ਰੂਪੀ ਖੇਤ ਸ਼ੁਭ ਗੁਣਾਂ ਨਾਲ ਉੱਗਦਾ ਹੈ ਅਰਥਾਤ ਉਸ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ
ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ ॥

ਗੁਰਸਿਖਾਂ ਨੇ ਹਰੀ ਨਾਮ ਰੂਪ ਅੰਮ੍ਰਿਤ ਬੀਜ ਬੀਜਿਆ ਹੈ, ਜਿਸ ਹਰੀ ਨਾਮ ਅੰਮ੍ਰਿਤ ਕਰਕੇ ਫਲੁ ਅੰਮ੍ਰਿਤੁ ਪਾਇਆ=ਮੌਤ ਤੋਂ ਰਹਿਤ ਕਰਨੇ ਵਾਲੇ ਗਿਆਨ ਫਲ ਨੂੰ ਪਾਇਆ ਹੈ।

ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ ॥

ਜਮ ਰੂਪੀ ਚੂਹਾ ਜੋ ਰੋਜ਼ ਸ੍ਵਾਸਾਂ ਰੂਪੀ ਕਿਰਸ=ਖੇਤੀ ਨੂੰ ਕੁਰਕਦਾ=ਕਟਦਾ ਸੀ, ਹਰੀ ਕਰਤੇ ਨੇ ਗੁਰਾਂ ਪਾਸੋਂ ਉਸ ਨੂੰ ਮਾਰ ਕੇ ਕਢਾ ਦਿਤਾ। *ਅਥਵਾ:*-ਹੰਕਾਰ ਰੂਪੀ ਚੂਹਾ ਜੋ ਨਿਤਾ-ਪ੍ਰਤੀ ਸ਼ੁਭ ਗੁਣਾਂ ਰੂਪ ਖੇਤੀ ਨੂੰ ਜਮੁ=ਜਮ੍ਹਾਂ ਤੋਂ ਭਾਵ ਮੁੱਢ ਤੋਂ ਕਟ ਰਿਹਾ ਸੀ, ਸੋ ਹਰੀ ਕਰਤੇ ਨੇ ਮਾਰ ਕੇ ਕੱਢ ਦਿਤਾ।

ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ ॥

ਭਾਉ ਕਰਿ=ਪ੍ਰੇਮ ਦੇ ਕਰਨ ਨਾਲ ਸ਼ੁਭ ਗੁਣਾਂ ਰੂਪੀ ਕਿਰਸਾਣੀ=ਖੇਤੀ ਜੰਮੀ, ਹਰੀ ਦੀ ਬਖਸ਼ਸ਼ ਰੂਪੀ ਬੋਹਲ ਨੂੰ ਜਮਾਣਾ ਕੀਤਾ, ਵਾ:-ਹਰੀ ਦੀ ਬਖਸ਼ਸ਼ ਦੁਆਰਾ ਗਿਆਨ ਰੂਪੀ ਬੋਹਲ ਜਮਾਇਆ।

ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ
ਜਿਨੀ ਸਤਿਗੁਰੁ ਪੁਰਖੁ ਧਿਆਇਆ ॥

ਜਿਨ੍ਹਾਂ ਨੇ ਸਤਿਗੁਰ ਪੁਰਖਾਂ ਦੀ ਅਰਾਧਨਾ ਕੀਤੀ ਹੈ, ਤਿਨ੍ਹਾਂ ਦਾ ਕਾੜਾ=ਝੋਰਾ ਅੰਦੇਸਾ=ਸੰਸਾ ਸਾਰਾ ਲਾਹਿਓਨੁ=ਉਸ ਗੁਰੂ ਨੇ ਲਾਹ ਦਿਤਾ ਹੈ।

ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭੁ ਜਗਤੁ ਤਰਾਇਆ ॥੧ ॥

ਜਿਸ ਪੁਰਸ਼ ਨੇ ਨਾਮ ਨੂੰ ਅਰਾਧਿਆ ਹੈ, ਉਹ ਆਪ ਤਰਿਆ ਹੈ ਅਤੇ ਉਸਨੇ ਸਾਰੇ ਜਗਤ ਨੂੰ ਭੀ ਤਾਰ

ਦਿਤਾ ਹੈ॥ ੧॥

ਮਃ ੪॥ ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ॥

ਇਹ ਜੀਵ ਸਾਰਾ ਦਿਨ ਮਾਇਆ ਦੇ ਲਾਲਚ ਵਿਚ ਅਟਿਆ=ਭਰਿਆ ਹੈ, ਵਾ:-ਲਾਲਚ ਵਿਚ ਅਟਿਆ=ਦਬਿਆ ਹੋਇਆ ਮਨਮੁਖ ਪੁਰਸ਼ ਰੱਬ ਨੂੰ ਛਡ ਕੇ ਹੋਰ ਹੀ ਦੁਨਿਆਵੀ ਗੱਲਾਂ ਕਰਦਾ ਹੈ।

ਵਾ:-ਮਨਮੁਖਾਂ ਦਾ ਗਲਾ=ਸਮੁਦਾਇ ਪਰਮੇਸ਼ਰ ਨੂੰ ਛਡਕੇ ਹੋਰ ਹੀ ਤਰਫ ਲਗ ਰਿਹਾ ਹੈ। ਵਾ:-ਮਨਮੁਖ ਪੁਰਸ਼ ਗਲਾ=ਗਲੀਆਂ ਵਿਚ ਹੋਰੇ=ਰੋਕਰੇ ਮਾਰਦਾ ਫਿਰਦਾ ਹੈ।

ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ॥

ਜਦ ਰਾਤ ਪੈਂਦੀ ਹੈ ਤਾਂ ਸਾਰੇ ਦਿਨ ਦੇ ਥਕੇਵੇਂ ਕਰਕੇ ਊਘੈ ਦਬਿਆ=ਨੀਂਦ ਵਿਚ ਦਬਿਆ ਜਾਂਦਾ ਹੈ, ਨਵੇ ਸੋਤ=ਨੌਂ ਗੋਲਕਾਂ ਤੇ ਸਾਰਾ ਸਰੀਰ ਢਿੱਲਾ ਹੋ ਜਾਂਦਾ ਹੈ।

ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥

ਮਨਮੁਖ ਪੁਰਸ਼ਾਂ ਦੇ ਸਿਰ ਉੱਤੇ ਜੋਰਾ=ਇਸਤ੍ਰੀਆਂ ਦਾ ਅਮਰੁ=ਹੁਕਮ ਹੈ, ਇਸ ਕਰਕੇ ਔਰਤ ਨੂੰ ਨਿਤਾਪ੍ਰਤੀ ਭਲਾ=ਚੰਗੇ ਚੰਗੇ ਪਦਾਰਥ ਕਪੜੇ ਵਗੈਰਾ ਲਿਆਕੇ ਦਿੰਦਾ ਹੈ। ਵਾ:-ਜੇ ਕੁਝ ਔਰਤ ਕਹਿੰਦੀ ਹੈ ਤਾਂ ਅਗੋਂ ਭਲਾ ਜਵਾਬ ਦਿੰਦਾ ਹੈ ਤਾਂ ਕਿ ਔਰਤ ਪ੍ਰਸੰਨ ਰਵ੍ਹੇ। ਅਥਵਾ:-ਰਾਤ ਨੂੰ ਭੱਲੇ ਪਕੌੜੀਆਂ ਲਿਆਕੇ ਰੋਜ਼ਾਨਾ ਦਿੰਦਾ ਹੈ। ਜੇਕਰ ਔਰਤ ਦਾ ਕਹਿਣਾ ਨਾ ਮੰਨੇ ਤਾਂ ਉਹ ਨਿਤਾਪ੍ਰਤੀ ਕੁਬਚਨਾਂ ਰੂਪੀ ਭਲਾ=ਨੇਜਾ (ਸ਼ਸਤ੍ਰ) ਮਾਰ ਦਿੰਦੀ ਹੈ।

ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ॥

ਜਿਹੜੇ ਪੁਰਸ਼ ਜੋਰਾ=ਇਸਤ੍ਰੀਆਂ ਦਾ ਕਿਹਾ ਬਚਨ ਕਮਾਂਵਦੇ ਹਨ, ਉਹ ਮਨ ਕਰਕੇ ਅਪਵਿੱਤ੍ਰ, ਬਾਣੀ ਕਰਕੇ ਭੀ ਅਮੇਧ=ਅਪਵਿੱਤ੍ਰ, ਤਨ ਕਰਕੇ ਭੀ ਖਲਾ=ਅਪਵਿੱਤ੍ਰ ਹਨ। ਅਥਵਾ:-ਜਿਵੇਂ ਖੱਲ ਦਾ ਜੋੜਾ ਅਮੇਧ=ਅਪਵਿੱਤ੍ਰ ਹੈ ਤਿਵੇਂ ਉਹ ਪੁਰਸ਼ ਅਪਵਿੱਤ੍ਰ ਹਨ,

ਵਾ:-ਉਹ ਖਲਾ=ਮੂਰਖ ਪੁਰਸ਼ ਅਪਵਿਤ ਅਮੇਧ=ਅਪਵਿੱਤ੍ਰ ਤੋਂ ਅਪਵਿੱਤ੍ਰ ਹਨ।

ਵਾ:-ਅਪਵਿੱਤ੍ਰ ਤੇ ਅ+ਮੇਧ ਬੁੱਧੀ ਤੋਂ ਰਹਿਤ ਭਾਵ ਬੇ-ਅਕਲ ਹਨ।

ਕਾਮਿ ਵਿਆਪੇ ਕੁਸੁਧ ਨਰ ਸੇ ਜੇਰਾ ਪੁਛਿ ਚਲਾ॥

ਜੋ ਕਾਮ ਚੇਸ਼ਟਾ ਵਿਚ ਵਿਆਪੇ ਹੋਏ ਕੁਸੁਧ ਨਰ=ਅਪਵਿੱਤ੍ਰ ਪੁਰਸ਼ ਹਨ, ਉਹ ਜੋਰਾ=ਇਸਤ੍ਰੀਆਂ ਤੋਂ ਪੁਛਕੇ ਚਲਦੇ ਹਨ, ਜੋ ਕੰਮ ਕਰਨਾ ਹੁੰਦਾ ਹੈ ਉਹ ਪਹਿਲੇ ਇਸਤ੍ਰੀ ਤੋਂ ਪੁਛਕੇ ਕਰਦੇ ਹਨ। *ਯਥਾ:*-ਇਕ ਸਮੇਂ ਕਾਲੀ ਦਾਸ ਦੀ ਇਸਤ੍ਰੀ "**ਵਿਦਿਆ**" ਅਤੇ ਰਾਜੇ ਭੋਜ ਦੀ ਇਸਤ੍ਰੀ "**ਭਾਨੂ ਮਤੀ**" ਦੋਨੋਂ ਆਪਸ ਵਿਚ ਰਲਕੇ ਬੈਠੀਆਂ ਹਾਸ ਬਿਲਾਸ ਦੀਆਂ ਗੱਲਾਂ ਕਰ ਰਹੀਆਂ ਸਨ। ਵਿਦਿਆ ਨੇ ਪੁਛਿਆ ਹੇ ਰਾਣੀ ਤੇਰਾ ਪਤੀ ਕਿਸ ਭਰੁਂ ਦਾ ਹੈ? ਤੇਰੇ ਆਖੇ ਲਗਦਾ ਹੈ ਕਿ ਨਹੀਂ? ਭਾਨੂ ਮਤੀ ਨੇ ਕਿਹਾ, ਹਾਂ ਜੀ ਮੇਰਾ ਪਤੀ ਤਾਂ ਮੇਰੇ ਅਧੀਨ ਹੈ ਜੋ ਗਲ ਮੈਂ ਕਹਿੰਦੀ ਹਾਂ ਓਹੀ ਕਰਦਾ ਹੈ। ਹੋਰ ਕੀ ਕਹਿਣਾ ਹੈ ਜੇਕਰ ਮੈਂ ਪਤੀ ਨੂੰ ਗਧਾ ਬਣਾਵਾਂ ਤਾਂ ਉਹ ਮੇਰਾ ਕਹਿਣਾ ਮੋੜੇਗਾ ਨਹੀਂ। ਇਹ ਗੱਲ ਸੁਣਕੇ ਕਾਲੀ ਦਾਸ ਦੀ ਇਸਤ੍ਰੀ ਵਿਦਿਆ ਨੇ ਕਿਹਾ, ਪਤੀ ਤਾਂ ਮੇਰੇ ਭੀ ਅਧੀਨ ਹੈ, ਜੇਕਰ ਮੈਂ ਉਸ ਦਾ ਸਿਰ ਮੂੰਹ ਮੁੰਨਣਾ ਚਾਹਵਾਂ ਤਾਂ ਮੁੰਨ ਸਕਦੀ ਹਾਂ। ਇਹ ਗੱਲਾਂ

ਕਰਕੇ ਦੋਨੋਂ ਔਰਤਾਂ ਆਪੋ ਆਪਣੇ ਘਰਾਂ ਵਿਚ ਚਲੀਆਂ ਗੱਈਆਂ। ਸੰਧਿਆ ਪਈ ਤਾਂ ਦੋਹਾਂ ਦੇ ਪਤੀ ਘਰਾਂ ਵਿਚ ਆ ਪਹੁੰਚੇ, ਪਹਿਲੇ ਰੋਟੀ ਖੁਆ ਕੇ ਮਗਰੋਂ ਸੌਣ ਵੇਲੇ ਭਾਨੂ ਮਤੀ ਨੇ ਕਿਹਾ, ਹੇ ਰਾਜਨ ! ਆਪ ਜੀ ਦੇ ਰਾਜ ਭਾਗ ਦਾ ਸਾਨੂੰ ਕੀ ਸੁਖ ਹੈ? ਸੋ ਸਤਰਾਂ ਦੇ ਵਿਚ ਹੀ ਰਹਿੰਦੀਆਂ ਹਾਂ ਤੁਹਾਡੇ ਘਰ ਵਿਚ ਆ ਕੇ ਅਜ ਤਕ ਅਸਾਂ ਨੇ ਗਧਾ ਭੀ ਨਹੀਂ ਦੇਖਿਆ। ਰਾਜੇ ਭੋਜ ਨੇ ਕਿਹਾ ਹੇ ਸੁਭਦ੍ਰੇ ! ਫਿਕਰ ਨਾ ਕਰ ਸਵੇਰੇ ਤੈਨੂੰ ਕਈ ਗਧੇ ਵਿਖਾ ਦਿਆਂਗਾ। ਭਾਨੂ ਮਤੀ ਨੇ ਕਿਹਾ, ਸੁਆਮੀ ਜੀ ! ਹੁਣੇ ਦੇਖਣਾ ਹੈ ਆਪ ਬਣਕੇ ਵਿਖਾਓ ਗਧੇ ਕਿਸ ਤਰ੍ਹਾਂ ਦੇ ਹੁੰਦੇ ਹਨ, ਉਸ ਵੇਲੇ ਰਾਜਾ ਭੋਜ ਇਸਤ੍ਰੀ ਦੀ ਪ੍ਰਸੰਨਤਾ ਲੈਣ ਪਿਛੇ ਆਪ ਗਧਾ ਬਣਕੇ ਨਚਣੇ ਟਪਣੇ ਲਗ ਪਿਆ ਤੇ ਔਰਤ ਰਾਜੇ ਉੱਤੇ ਚੜ੍ਹਕੇ ਹਸਣ ਲਗ ਪਈ ਅਤੇ ਆਖਦੀ ਹੈ, ਹੇ ਰਾਜਨ ! ਹੁਣ ਤਾਂ ਆਪ ਗਧੇ ਬਣ ਗਏ। ਨਾਲੇ ਇਹ ਗੱਲ ਭੀ ਆਖ ਦਿੱਤੀ ਕਿ ਅਜ ਦੀ ਰਾਤ ਕਾਲੀ ਦਾਸ ਦੀ ਔਰਤ ਨੇ ਆਪਣੇ ਪਤੀ ਕਾਲੀ ਦਾਸ ਦਾ ਸਿਰ ਮੂੰਹ ਮੁੰਨ ਦੇਣਾ ਹੈ, ਰਾਜਾ ਸੁਣਕੇ ਅਚੰਭਵ (ਅਸਚਰਜ) ਹੋ ਗਿਆ।

ਉਸ ਤਰਫ ਜਦ ਕਾਲੀ ਦਾਸ ਘਰ ਆਇਆ, ਤਾਂ ਔਰਤ ਨੇ ਰੋਟੀ ਖੁਆਈ। ਰੋਟੀ ਖਾਕੇ ਜਿਸ ਵੇਲੇ ਔਰਤ ਨੂੰ ਆਪਣੇ ਪਾਸ ਬੁਲਾਇਆ, ਤਾਂ ਇਸਤ੍ਰੀ ਨੇ ਇਸ ਵਲ ਰੁਖ ਨਾ ਕੀਤਾ, ਕਾਲੀ ਦਾਸ ਨੇ ਬੜੇ ਪਿਆਰ ਨਾਲ ਪੁਛਿਆ-ਸੁਭੱਦਰੇ ਕੀ ਗੱਲ ਹੈ? ਕਿਸ ਚੀਜ਼ ਦੀ ਥੁੜ ਆਈ ਹੈ, ਜੋ ਅਜ ਨਰਾਜ ਹੋ ਗਈ ਹੈਂ ! ਵਿਦਿਆ ਨੇ ਕਿਹਾ ਹੋਰ ਕੋਈ ਗੱਲ ਨਹੀਂ ਤੇਰੇ ਰੋਮ ਮੈਨੂੰ ਬੜੇ ਚੁਭਦੇ ਹਨ ਇਹ ਨਹੀਂ ਹੋਣੇ ਚਾਹੀਦੇ, ਕਾਲੀ ਦਾਸ ਨੇ ਕਿਹਾ ਜੇਕਰ ਤੇਰੀ ਪ੍ਰਸੰਨਤਾ ਇਸੇ ਗੱਲ ਵਿਚ ਹੈ ਤਾਂ ਮੈਂ ਦਿਨੇ ਸਾਫ ਕਰਵਾ ਦਿਆਂਗਾ ਔਰਤ ਨੇ ਕਿਹਾ ਨਹੀਂ ਜੇਕਰ ਮੇਰੇ ਨਾਲ ਪਿਆਰ ਹੈ ਤਾਂ ਹੁਣੇ ਸਾਫ ਕਰਵਾ; ਕਾਲੀ ਦਾਸ ਨੇ ਕਿਹਾ ਇਸ ਵੇਲੇ ਕਿਹੜਾ ਨਾਈ ਬੈਠਾ ਹੈ। ਔਰਤ ਨੇ ਕਿਹਾ ਮੈਂ ਜੁ ਬੈਠੀ ਹਾਂ ਇਹ ਗੱਲ ਸੁਣਕੇ ਕਾਲੀ ਦਾਸ ਚੁਪ ਕਰਕੇ ਅਗੇ ਬੈਠ ਗਿਆ ਤੇ ਵਿਦਿਆ ਨੇ ਉਸਤਰਾ ਫੇਰਕੇ ਸਿਰ ਮੂੰਹ ਮੁੰਨ ਦਿੱਤਾ। ਪਰ ਨਾਲ ਹੀ ਇਕ ਹਾਸੀ ਦੀ ਗੱਲ ਸੁਣ ਦਿੱਤੀ ਕਿ ਅਜ ਦੀ ਰਾਤ ਭਾਨੂ ਮਤੀ ਨੇ ਆਪਣੇ ਪਤੀ "ਰਾਜੇ ਭੋਜ" ਨੂੰ ਗਧਾ ਬਣਾ ਕੇ ਉਸ ਉੱਤੇ ਚੜ੍ਹਨਾ ਹੈ। ਇਹ ਗੱਲ ਸੁਣਕੇ ਕਾਲੀ ਦਾਸ ਅਸਚਰਜ ਹੋ ਗਿਆ। ਜਦ ਰਾਤ ਬੀਤ ਗਈ ਦਿਨ ਉਦੇ ਹੋਣ ਨਾਲ "ਕਾਲੀ ਦਾਸ" ਰਾਜ ਸਭਾ ਵਿਚ ਪਹੁੰਚਿਆ ਤਦ ਰਾਜੇ ਭੋਜ ਨੇ ਵੇਖਕੇ ਕਿਹਾ:-

ਕਾਲੀ ਦਾਸਾਂ ਕਵੀ ਸ੍ਰੇਸ਼ਟਾ ਕਸਮਿਨ ਪ੍ਰਵਣਿੰ ਮੁੰਡਤਹ।

ਰਾਜੇ ਨੇ ਪੁਛਿਆ"ਹੇ ਕਾਲੀ ਦਾਸ ਸ੍ਰੇਸ਼ਟ ਕਵੀ ! ਅਜ ਰਾਤ ਨੂੰ ਕਿਹੜਾ ਪੁਰਬ ਲਗਾ ਹੈ, ਗੰਗਾ ਦਾ ਪੁਰਬ ਆਇਆ ਸੀ ਯਾਂ ਕੋਈ ਹੋਰ, ਤੂੰ ਆਪਣਾ ਸਿਰ ਕਿਸ ਪਰਬ ਉੱਤੇ ਜਾਕੇ ਮੁਨਾਇਆ ਹੈ?"

ਗਰਦਭਾ ਯਤ੍ਰ ਗਾਯੰਤੀ, ਤਸਮਿਨ ਪ੍ਰਵਣਿੰ ਮੁੰਡਤਹ॥

ਹੇ ਰਾਜਨ ! ਯਤ੍ਰ=ਜਿਸ ਪਰਬ ਉੱਤੇ ਆਪ ਗਧੇ ਬਣਕੇ ਗਾਯੰਤੀ=ਹਿਣਕੇ ਹੋ। ਤਸਮਿਨ=ਤਿਸੀ ਪਰਬ ਉੱਤੇ ਮੈਂ ਆਪਣਾ ਸਿਰ ਮੂੰਹ ਮੁਨਾਇਆ ਹੈ ਇਸੀ ਪ੍ਰਸੰਗ ਅਨੁਸਾਰ ਨਿਸਚੇ ਕਰ ਲਵੋ ਜੋ ਭੀ ਕਾਮੀ ਪੁਰਸ਼ ਹਨ, ਉਹ ਇਸਤ੍ਰੀਆਂ ਤੋਂ ਡਰਦੇ ਹੋਏ ਉਨ੍ਹਾਂ ਦੇ ਹੁਕਮ ਅੰਦਰ ਰਹਿੰਦੇ ਹਨ।

ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ॥

ਜਿਹੜਾ ਪੁਰਸ਼ ਸਤਿਗੁਰਾਂ ਦੇ ਆਖੇ ਅਨੁਸਾਰ ਚਲਦਾ ਹੈ, ਉਹ ਸਤਵਾਦੀ ਪੁਰਸ਼ ਭਲਿਆਂ ਤੋਂ ਭਲਾ ਹੈ ਅਰਥਾਤ ਚੰਗਿਆਂ ਤੋਂ ਚੰਗਾ ਹੈ।

ਜੋਰਾ ਪੁਰਖ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ॥

ਵਾਸਤਵ ਦ੍ਰਿਸ਼ਟੀ ਨਾਲ ਦੇਖੀਏ ਤਾਂ ਇਸਤ੍ਰੀ ਪੁਰਸ਼ ਸਾਰੇ ਆਪ ਹੀ ਪਰਮਾਤਮਾ ਨੇ ਪੈਦਾ ਕੀਤੇ ਹਨ, ਇਹ ਜਗਤ ਦਾ ਸਾਰਾ ਖੇਲ ਹਰੀ ਨੇ ਆਪ ਖੇਡਿਆ ਹੈ।

ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ ॥ ੨ ॥

ਇਹ ਸਾਰੀ ਤੇਰੀ ਬਨਾਵਣ ਬਣਾਈ ਹੋਈ ਹੈ, ਗੁਰੂ ਜੀ ਕਥਨ ਕਰਦੇ ਹਨ ਹੇ ਵਾਹਿਗੁਰੂ ! ਤੂੰ ਭਲਿਆਂ ਤੋਂ ਭਲਾ ਹੈਂ, ਵਾ:-ਭਲੀ ਪ੍ਰਕਾਰ ਤੂੰ ਭਲਾ ਹੈਂ ॥ ੨ ॥

ਪਉੜੀ ॥ ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥

ਹੇ ਬੇਪ੍ਰਵਾਹ ਵਾਹਿਗੁਰੂ ! ਤੂੰ ਅਥਾਹ ਤੇ ਅਤੁਲੁ=ਤੋਲਣ ਤੋਂ ਰਹਿਤ ਹੈਂ, ਤੈਨੂੰ ਕਿਵੇਂ ਤੋਲੀਏ?

ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ ॥

ਜਿਹੜੇ ਆਪ ਜੀ ਨੂੰ ਧਿਆਉਂਦੇ ਹਨ ਉਹ ਪੁਰਸ਼ ਵਡਿਆਂ ਭਾਗਾਂ ਵਾਲੇ ਹਨ। ਪਰ ਧਿਆਉਂਦਾ ਉਹ ਪੁਰਸ਼ ਹੈ ਜਿਸ ਨੂੰ ਸਤਿਗੁਰੂ ਆਪ ਮਿਲੇ ਹਨ।

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥

ਸਤਿਗੁਰਾਂ ਦੀ ਬਾਣੀ ਸਤਿ ਸਰੂਪ=ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਹੈ, ਤਾਂ ਤੇ ਹੇ ਭਾਈ ! ਗੁਰਬਾਣੀ ਦੇ ਪ੍ਰੇਮੀ ਬਣੀਏਂ ਵਾ:-ਗੁਰਬਾਣੀ ਦੁਆਰੇ ਪਰਮੇਸ਼ਰ ਦਾ ਸਰੂਪ ਬਣੀਏਂ।

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ ॥

ਸਤਿਗੁਰਾਂ ਦੀ ਰੀਸ ਕਰਕੇ ਹੋਰ ਜੋ ਅਸ਼ਰਧਾਲੂ ਪੁਰਸ਼ ਕਚੁ ਪਿਚੁ=ਵਾ:-ਕਚੀ ਬਾਣੀ, ਵਾ:-ਕੱਚੇ ਪਿਲੇ ਬਚਨ ਬੋਲਦੇ ਹਨ ਉਹ ਝੂਠੇ ਪੁਰਸ਼ ਕੂੜੇ ਪਦਾਰਥਾਂ ਵਿਚ ਲਗੇ ਹੋਏ ਝੜ ਪੈਂਦੇ ਹਨ, ਭਾਵ ਨਾਸ ਹੋ ਜਾਂਦੇ ਹਨ।

ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ
ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥ ੯ ॥

ਉਨ੍ਹਾਂ ਕੂੜਿਆਂ ਦੇ ਅੰਦਰ ਹੋਰ ਗੱਲ ਹੁੰਦੀ ਹੈ ਤੇ ਮੂੰਹ ਵਿਚ ਕੁਝ ਹੋਰ ਹੁੰਦੀ ਹੈ, ਇਸ ਲਈ ਉਹ ਵਿਹੁ ਰੂਪੀ ਮਾਇਆ ਦੀ ਪ੍ਰਾਪਤੀ ਨੂੰ ਝਖਿ ਮਰਦੇ=ਗੱਪਾਂ ਮਾਰਦੇ ਹੋਏ ਕੜੀਐ=ਝੁਰਦੇ ਹਨ ॥ ੯ ॥

ਸਲੋਕ ਮਃ ੪ ॥

ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥

ਸਤਿਗੁਰੂ ਅਮਦਾਸ ਜੀ ਦੀ ਸੇਵਾ ਨਿਰ+ਮਲੀ=ਮਲ ਤੋਂ ਰਹਿਤ ਕਰਨ ਵਾਲੀ ਹੈ, ਜੋ ਪੁਰਸ਼ ਸੇਵਾ ਨੂੰ ਘਾਲੇ=ਕਰਦਾ ਹੈ ਉਸ ਦਾ ਅੰਤਹਕਰਣ ਨਿਰਮਲ ਹੁੰਦਾ ਹੈ। ਅਥਵਾ:-ਨਿਰਮਲ ਜਨ ਹੋ ਕੇ ਅਰਥਾਤ ਦਿਲੋਂ ਸਾਫ ਹੋ ਕੇ ਸਤਿਗੁਰਾਂ ਦੀ ਸੇਵਾ ਕਰੇ।

ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ ॥

ਜਿਨ੍ਹਾਂ ਪੁਰਸ਼ਾਂ ਦੇ ਅੰਦਰ ਕਪਟ, ਵਿਸ਼ੇ ਵਿਕਾਰ ਤੇ ਝੂਠ ਆਦਿਕ ਹਨ, ਉਨ੍ਹਾਂ ਨੂੰ ਜਜਮਾਲੇ=ਦੁਖੀ ਕਰਕੇ

ਸਚੇ ਵਾਹਿਗੁਰੂ ਨੇ ਆਪ ਹੀ ਸਚਿਆਂ ਤੋਂ ਵਖਰਿਆਂ ਕੱਢ ਦਿੱਤਾ ਹੈ।

[ਪੰਨਾ ੩੦੫]

ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ
ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ॥

ਸਚਿਆਰ ਸਿਖ ਸਤਿਗੁਰਾਂ ਪਾਸ ਬੈਠ ਕੇ ਸੇਵਾ ਆਦਿਕ ਘਾਲਨਿ=ਕਮਾਈ ਕਰਦੇ ਹਨ। ਪਰ ਕੂੜੇ ਪੁਰਸ਼ ਭਾਲੇ ਹੋਏ ਕਿਸੀ ਅਸਥਾਨ ਪਰ ਭੀ ਨਹੀਂ ਲਭੀਂਦੇ।

ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ
ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ॥

ਜਿਨ੍ਹਾਂ ਪੁਰਸ਼ਾਂ ਨੂੰ ਸਤਿਗੁਰਾਂ ਦਾ ਕਿਹਾ ਹੋਇਆ ਬਚਨ ਸੁਖਾਵੈ ਨਾਹੀ=ਚੰਗਾ ਨਹੀਂ ਲਗਦਾ, ਉਨ੍ਹਾਂ ਦੇ ਮੁੰਹ ਭਲੇਰੇ=ਬੁਰੇ (ਭਰਿਸ਼ਟੇ) ਹਨ, ਵਾ:-ਉਨ੍ਹਾਂ ਦੇ ਮੁੰਹ ਭਾਵੇਂ ਚੰਗੇ ਦਿਸਦੇ ਹਨ, ਪਰ ਉਹ ਦਯਿ=ਪ੍ਰੇਰਕ ਪਰਮਾਤਮਾ ਦੇ ਗਾਲੇ ਹੋਏ, ਭਾਵ ਕੋਹੜੀ ਕੀਤੇ ਹੋਏ ਫਿਰਦੇ ਹਨ।

ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ
ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ॥

ਜਿਨ੍ਹਾਂ ਪੁਰਸ਼ਾਂ ਦੇ ਅੰਦਰ ਹਰੀ ਦੀ ਪ੍ਰੀਤੀ ਨਹੀਂ ਹੈ, ਉਹ ਮਨਮੁਖ ਬੇਤਾਲੇ=ਭੂਤਨੇ, ਵਾ:-ਤਾਲ=ਸਰੂਪ ਤੋਂ ਬੇ=ਰਹਿਤ ਹਨ ਉਹ ਕਿਚਰਕੁ ਵੇਰਾਈਅਨਿ=ਕਦ ਤਕ ਪਰਚਾਏ ਜਾਣ।

ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ
ਓਹੁ ਆਪਿ ਵਰਤੈ ਆਪਣੀ ਵਥੁ ਨਾਲੇ॥

ਜੋ ਪੁਰਸ਼ ਸਤਿਗੁਰਾਂ ਨੂੰ ਮਿਲਦਾ ਹੈ, ਉਹ ਆਪਣਾ ਮਨ ਵਿਕਾਰਾਂ ਵਲੋਂ ਰੋਕ ਕੇ ਟਿਕਾਣੇ ਰਖਦਾ ਹੈ ਅਤੇ ਉਹ ਆਪਣੀ ਆਤਮ ਵਸਤੂ ਦੇ ਨਾਲ ਆਪ ਹੀ ਵਰਤਦਾ ਹੈ।

ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ
ਇਕਿ ਆਪੇ ਵਖਿ ਕਢੈ ਠਗਵਾਲੇ॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹ ਪਰਮਾਤਮਾ ਆਪ ਹੀ ਇਕਨਾਂ ਪੁਰਸ਼ਾਂ ਨੂੰ ਗੁਰਾਂ ਨਾਲ ਮੇਲ ਕੇ ਸੁਖ ਦਿੰਦਾ ਹੈ ਅਤੇ ਆਪ ਹੀ ਇਕਨਾ ਠੱਗੀਆਂ ਕਰਨ ਵਾਲਿਆਂ ਨੂੰ ਸਤਸੰਗਤ ਤੋਂ ਵਖਰਾ ਕੱਢ ਦਿੰਦਾ ਹੈ॥ ੧॥

ਮਃ ੪ ॥ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ॥

ਜਿਨ੍ਹਾਂ ਪੁਰਸ਼ਾਂ ਦੇ ਅੰਦਰ ਹਰੀ ਨਾਮ ਰੂਪ ਨਿਧਾਨੁ=ਖਜ਼ਾਨਾ ਹੈ, ਉਨ੍ਹਾਂ ਦੇ ਕੰਮ ਦਯਿ=ਪ੍ਰੇਰਕ ਵਾਹਿਗੁਰੂ ਨੇ ਰਾਸਿ=ਦਰੁਸਤ ਭਾਵ ਠੀਕ ਲਿਆਂਦੇ ਹਨ।

ਯਥਾ:- ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥ *(ਪੰਨਾ ੨੮੬)*

ਤਥਾ:- ਸਤਿਗੁਰ ਅਪੁਨੇ ਸੁਨੀ ਅਰਦਾਸਿ॥ ਕਾਰਜੁ ਆਇਆ ਸਗਲਾ ਰਾਸਿ॥ (ਪੰਨਾ ੧੧੫੨)

ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ॥

ਉਨ੍ਹਾਂ ਨੂੰ ਸਭ ਲੋਕਾਂ ਦੀ ਮੁਥਾਜੀ ਚੁਕ ਗਈ ਹੈ, ਕਿਉਂਕਿ ਹਰੀ ਪ੍ਰਭੂ ਅੰਗੁ=ਪੱਖ ਕਰਕੇ ਉਨ੍ਹਾਂ ਦੇ ਪਾਸ ਬੈਠਾ ਹੈ।

ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ॥

ਜਾਂ ਜਿਸ ਦੀ ਤਰਫ ਕਰਤਾ ਪੁਰਖ ਪਰਮਾਤਮਾ ਹੋਵੇ, ਤਾਂ ਸਭ ਕੋਈ ਉਸ ਦੀ ਤਰਫ ਹੋ ਜਾਂਦਾ ਹੈ। ਉਸ ਦੇ ਦਰਸ਼ਨ ਨੂੰ ਦੇਖ ਕੇ ਸਭ ਕੋਈ ਸਾਬਾਸਿ=ਧੰਨ ਧੰਨ ਉਚਾਰਨ ਕਰਦਾ ਹੈ।

ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ
ਸਭਿ ਜਨ ਕਉ ਆਇ ਕਰਹਿ ਰਹਰਾਸਿ॥

ਸ਼ਾਹ ਅਤੇ ਬਾਦਸ਼ਾਹ ਆਦਿਕ ਸਭ ਕੋਈ ਹਰੀ ਦਾ ਪੈਦਾ ਕੀਤਾ ਹੋਇਆ ਹੈ, ਸਾਰੇ ਹੀ ਭਗਤ ਜਨਾਂ ਨੂੰ ਆ ਕੇ ਰਹਰਾਸਿ=ਨਮਸ਼ਕਾਰਾਂ ਕਰਦੇ ਹੰਨ।

ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ॥

ਪੂਰਿਆਂ ਗੁਰਾਂ ਦੀ ਵਡਿਆਈ ਸਭ ਤੋਂ ਵੱਡੀ ਹੈ, ਕਿਉਂਕਿ ਗੁਰਾਂ ਨੇ ਵੱਡੇ ਹਰੀ ਨੂੰ ਸੇਵ ਕੇ ਤੁਲ ਸੁਖ ਪਾਇਆ ਹੈ।

ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ॥

ਨਿਸਚਲ ਹਰੀ ਨੇ ਪੂਰਿਆਂ ਗੁਰਾਂ ਨੂੰ ਨਾਮ ਦਾਨ ਦਿਤਾ ਹੈ, ਉਹ ਨਾਮ ਦਾਨ ਨਿਤਾਪ੍ਰਤੀ ਬਖਸ਼ਦਿਆਂ ਅਰਥਾਤ ਹਰ ਰੋਜ਼ ਵੰਡਦਿਆਂ ਹੋਇਆਂ ਭੀ ਸਵਾਇਆ ਚੜ੍ਹਦਾ ਹੈ, ਭਾਵ ਮੁਕਦਾ ਨਹੀਂ।

ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ॥

ਜਿਹੜਾ ਕੋਈ ਨਿੰਦਕ ਪਰਸ਼ ਸਤਿਗੁਰਾਂ ਦੀ ਵਡਿਆਈ ਨੂੰ ਦੇਖ ਕੇ ਜਰ ਨਹੀਂ ਸਕਦਾ, ਉਸ ਨੂੰ ਕਰਤੇ ਪੁਰਖ ਨੇ ਆਪ ਹੀ ਪਚਾਇਆ=ਖਰਾਬ ਕੀਤਾ ਹੈ।

ਜਨੁ ਨਾਨਕੁ ਗੁਣ ਬੋਲੈ ਕਰਤੇ ਕੇ ਭਗਤਾ ਨੋ ਸਦਾ ਰਖਦਾ ਆਇਆ॥੨॥

ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ ਤਾਂ ਸਦਾ ਕਰਤੇ ਪੁਰਖ ਦੇ ਗੁਣ ਬੋਲਦਾ ਹਾਂ, ਜੋ ਭਗਤ ਜਨਾਂ ਨੂੰ ਹਮੇਸ਼ਾਂ ਰਖਦਾ ਆਇਆ ਹੈ॥ ੨॥

ਪਉੜੀ ॥ ਤੂ ਸਾਹਿਬੁ ਅਗਮ ਦਇਆਲੁ ਹੈ ਵਡ ਦਾਤਾ ਦਾਣਾ॥

ਹੇ ਸਾਹਿਬ ! ਤੂੰ ਅਗਮ=ਵਾ:-ਮਨ ਬਾਣੀ ਦੀ ਪਕੜ ਤੋਂ ਪਰੇ ਤੇ ਦਿਆਲੂ ਹੈਂ, ਸਾਰਿਆਂ ਨੂੰ ਰਿਜ਼ਕ ਦੇਣ ਕਰਕੇ ਤੂੰ ਵੱਡਾ ਦਾਤਾ ਹੈਂ, ਸਭ ਦੀ ਗੱਲ ਜਾਣਨੇ ਨੂੰ ਤੂੰ ਵੱਡਾ ਦਾਨ ਹੈਂ।

ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ ਤੂਹੈਂ ਸੁਘੜੁ ਮੇਰੈ ਮਨਿ ਭਾਣਾ॥

ਤੇਰੇ ਜੇਡਾ ਵੱਡਾ ਮੈਨੂੰ ਹੋਰ ਕੋਈ ਨਿਗਾਹ ਨਹੀਂ ਆਉਂਦਾ, ਤੂੰਹੀਂ ਸ੍ਰੇਸ਼ਟ ਸ਼ੁਭ ਗੁਣਾਂ ਦੀ ਘਾੜਤ ਵਾਲਾ ਮੇਰੇ ਮਨ ਵਿਚ ਭਾਂਵਦਾ ਹੈਂ।

ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ॥

ਜੋ ਕੁਟੰਬ ਨਿਗਾਹ ਆਂਵਦਾ ਹੈ, ਇਹ ਸਭ ਚਲੇ ਜਾਣ ਵਾਲਾ ਹੈ, ਇਸ ਵਿਖੇ ਜੋ ਮੋਹ ਕਰਦਾ ਹੈ ਉਸ ਨੂੰ ਭੀ ਆਵਣ ਜਾਣਾ=ਜੰਮਣ ਮਰਣਾ ਪ੍ਰਾਪਤ ਹੁੰਦਾ ਹੈ।

ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ
ਸੇ ਕੂੜਿਆਰ ਕੂੜਾ ਤਿਨ ਮਾਣਾ॥

ਜੋ ਪੁਰਸ਼ ਸਚੇ ਨਾਮ ਤੋਂ ਬਿਨਾਂ ਹੋਰ ਕਿਸੇ ਵਿਚ ਚਿਤ ਨੂੰ ਲਗਾਂਦੇ ਹਨ, ਉਹ ਝੂਠੇ ਹਨ। ਉਨ੍ਹਾਂ ਦਾ ਮਾਣ ਭੀ ਝੂਠਾ ਹੈ।

ਨਾਨਕ ਸਚੁ ਧਿਆਇ ਤੂ
ਬਿਨੁ ਸਚੇ ਪਚਿ ਪਚਿ ਮੁਏ ਅਜਾਣਾ॥੧੦॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਤੂੰ ਸਚੇ ਵਾਹਿਗੁਰੂ ਨੂੰ ਧਿਆਉਣਾ ਕਰ, ਸਚੇ ਨਾਮ ਤੋਂ ਬਿਨਾਂ ਸਾਰੇ ਅਨਜਾਣ ਪੁਰਸ਼ ਧੰਧਿਆਂ ਵਿਚ ਫਸ ਫਸਕੇ, ਵਾ:-ਸੜ ਸੜਕੇ ਮਰ ਗਏ ਹਨ॥ ੧੦॥

ਸਲੋਕ ਮਃ ੪॥

ਅਗੋ ਦੇ ਸਤ ਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ॥

ਉਥਾਨਕਾ:-ਜਿਸ ਵੇਲੇ ਸਾਰਿਆਂ ਤੀਰਥਾਂ ਵਿਚੋਂ ਉੱਤਮ ਤੀਰਥ-ਰਾਜ ਸ੍ਰੀ ਗੋਇੰਦਵਾਲ ਸਾਹਿਬ ਚੌਰਾਸੀ ਪੌੜੀਆਂ ਸਹਿਤ ਤਿਆਰ ਹੋ ਗਿਆ, ਤਾਂ ਹਜ਼ੂਰ ਨੇ ਆਪਣੇ ਅਨਿਨ ਸੇਵਕ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਆਪਣੇ ਪਾਸ ਬਿਠਾ ਕੇ ਕਿਹਾ, ਹੇ ਪੁਰਖਾ ! ਹੁਣ ਇਸ ਦੀ ਚੱਠ ਕਰਣੀ ਚਾਹੀਦੀ ਹੈ। ਤਾਂ ਸੇਵਕ ਨੇ ਹੱਥ ਜੋੜ ਕੇ ਕਿਹਾ-ਸਤ ਬਚਨ ਜੀ ! ਫਿਰ ਗੁਰੂ ਸਾਹਿਬ ਜੀ ਦੀ ਮਰਜ਼ੀ ਨਾਲ ਚੱਠ ਵਾਲਾ ਦਿਨ ਨਿਯਤ ਕਰ ਕੇ ਸਭਨਾਂ ਫਕੀਰਾਂ ਸਾਧੂਆਂ ਬ੍ਰਾਹਮਣਾਂ ਅਭਿਆਗਤ ਆਦਿਕਾਂ ਨੂੰ ਨਿਮੰਤ੍ਰਣ ਦਿਵਾ ਭੇਜਿਆ,* ਪੁਨਾ ਮਰਵਾਹਿਆਂ ਦਾ ਗੁਰੂ ਜੋ ਤਪਾ ਹੈ, ਉਸ ਨੂੰ ਭੀ ਸਦ ਭੇਜਿਆ, ਪਰ ਉਸ ਨੇ ਨਾ ਮੰਨਿਆਂ ਸਗੋਂ ਘਿਰਣਾ ਕੀਤੀ ਕਿ ਉਹ ਗ੍ਰਹਿਸਤੀ ਗੁਰੂ ਹੋ ਕੇ ਆਪਣੀ ਪੂਜਾ ਕਰਵਾ ਰਹੇ ਹਨ। ਇਸ ਵਾਸਤੇ ਮੈਂ ਉਨ੍ਹਾਂ ਦਾ ਪ੍ਰਸ਼ਾਦ ਮੰਨਦਾ ਨਹੀਂ ਹਾਂ* ਪੁਨਾ ਗੁਰੂ ਜੀ ਨੇ ਚੱਠ ਵਾਲੇ ਦਿਨ ਤੋਂ ਇਕ ਦਿਨ ਪਹਿਲੇ ਡੌਂਡੀ ਪਿਟਾਈ ਕਿ ਕਲ ਜੋ ਭੀ ਪ੍ਰਸ਼ਾਦ

---

*ਯਥਾ:- ਬਿਪ੍ਰ ਆਦਿ ਜੋ ਥੇ ਅਧਿਕਾਰੀ॥ ਸੰਤ ਮਹੰਤ ਜਤੀ ਘਰਬਾਰੀ॥
ਤਿਨਹਿ ਨਿਮੰਤਯੋ ਭੋਜਨ ਹੇਤੁ॥ ਸਭੁ ਨੇ ਮਾਨਯੋ ਸਹਤ ਸੁਹੇਤ॥

*ਪੁਨਾ ਗੁਰੂ ਜੀ ਨੇ ਆਪਣਾ ਬਿਰਦ ਸੰਭਾਲ ਕੇ ਫਿਰ ਵੀ ਦੋ ਤ੍ਰੈ ਵਾਰੀ ਮਨੁੱਖ ਭੇਜਿਆ, ਪਰ ਦੁਸ਼ਟ ਤਪੇ ਨੇ ਬਿਲਕੁਲ ਨਾ ਮੰਨਿਆਂ। ਫਿਰ ਗੁਰੂ ਜੀ ਨੇ ਉਸਦਾ ਦੰਭ ਉਘਾੜਨ ਵਾਸਤੇ ਇਹ ਬਿਓਂਤ ਬਣਾਈ ਕਿ ਜਿਹੜਾ ਕੋਈ ਆ ਕੇ ਪ੍ਰਸ਼ਾਦ ਛਕੇਗਾ ਉਸ ਨੂੰ ਦਛਣਾ ਮਿਲੇਗੀ।

ਯਥਾ :-ਜੋ ਕੋ ਗੁਰ ਘਰ ਭੋਜਨ ਖੈਹੈ॥ ਏਕੇ ਰੁਪਯਾ ਦਛਨ ਪੈਹੈ॥ ਤਉ ਭੀ ਤਪਾ ਸੋ ਆਯੋ ਨਾਹੀ॥ ਪੁਨ ਗੁਰ ਬਚਨ ਕਿਯੋ ਸਭ ਮਾਹੀ॥ ੧੧॥ ਭੋਜਨ ਜੇਵਨ[੧] ਕੋ ਜੋ ਆਵਹਿ॥ ਦੋਇ ਰੁਪਏ ਦਛਨਾ ਪਾਵੈ॥ ਯਾਂ ਪਰ ਭੀ ਜਬ ਤਪਾ ਨਾ ਆਯੋ॥ ਤਬ ਸਤਿਗੁਰ ਇਹ ਭਾਂਤ ਅਲਾਯੋ[੨]॥ ੧੨॥ ਪਾਂਚ ਮੁੰਦ੍ਰਕਾ[੩] ਪਾਵੈ ਸੋਈ॥ ਭੋਜਨ ਕੈ ਹਿਤ ਆਵੈ ਜੋਈ॥ ਤਪਾ ਨ ਆਯੋ ਪਰ ਲਲਚਾਯੋ॥ ਪੁਨ ਗੁਰ ਦਸ ਕਾ ਲੋਭ ਦਿਖਾਯੋ॥ ਓੜਕ ਜਬ ਗੁਰ ਮੋਹਰ ਸੁ ਕਹੀ॥ ਤਬਹਿ ਤਪੇ ਕੀ ਬੁਧਿ ਸੁ ਬਹੀ[੪]॥ ੪॥ (ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੬੦)

੧. ਛਕਣ ਵਾਸਤੇ, ੨. ਕਿਹਾ, ੩. ਰੁਪਏ, ੪. ਰੁੜ੍ਹ ਗਈ।

ਛਕਣ ਆਵੇਗਾ ਉਸ ਨੂੰ ਗੁਰੂ ਅਮਰਦਾਸ ਜੀ ਵਲੋਂ ਪੰਜ ਪੰਜ ਮੋਹਰਾਂ ਮਿਲਣਗੀਆਂ। ਜਦ ਇਹ ਗੱਲ ਤਪੇ ਨੇ ਸੁਣੀ ਤਾਂ ਬੜਾ ਘਬਰਾਇਆ ਚਿਤ ਵਿਚ ਚੈਨ ਨਹੀਂ ਕਿਉਂਕਿ "ਤਪਾ ਲੋਭਿ ਲਹਰਿ ਹੈ ਗਾਲਿਆ॥ ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥" *(ਪੰਨਾ ੩੧੫)*

ਚਿਤ ਵਿਚ ਵਿਚਾਰਦਾ ਹੈ, ਇਕ ਮੈ ਤੇ ਦੂਜਾ ਮੇਰਾ ਪੁੱਤਰ ਹੈ, ਦੋਵੇਂ ਜਾਵਾਂਗੇ ਤਾਂ ਦਸ ਮੋਹਰਾਂ ਮਿਲਣਗੀਆਂ। ਇਹ ਗੱਲ ਸੋਚ ਕੇ ਆਪਣੇ ਪਾਸ ਇਕ ਸਿੱਖ ਨੂੰ ਬੁਲਾ ਕੇ ਕਹਿੰਦਾ ਹੈ-"ਜੇਕਰ ਹੁਣ ਗਰੂ ਜੀ ਮੈਨੂੰ ਬੁਲਾਉਣ ਤਾਂ ਮੈਂ ਚਲਿਆ ਜਾਵਾਂਗਾ। ਉਸ ਸਿਖ ਨੇ ਗੁਰੂ ਜੀ ਨੂੰ ਆ ਕੇ ਕਿਹਾ ਕਿ ਤਪਾ ਆਖਦਾ ਹੈ ਮੈਨੂੰ ਬੁਲਾ ਲਵੋ ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਅਗੋ ਦੇ ਸਤ ਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ॥

ਸਤ=ਸਤਕਾਰ ਅਤੇ ਭਾਉ=ਪ੍ਰੇਮ ਨਾਲ ਅਗੇ ਅਸਾਂ ਨੇ ਨਿਮੰਤ੍ਰਣ ਦੇ=ਦਿਵਾ ਭੇਜਿਆ ਸੀ ਪਰ ਇਸ ਤਪੇ ਨੇ ਸਤ ਭਾਉ=ਸਤ ਬਚਨ ਨਾ ਦਿੱਤਾ। ਅਥਵਾ:-ਅਸਾਂ ਨੇ ਪਹਿਲੇ ਨਿਮੰਤ੍ਰਣ ਦਿਵਾ ਭੇਜਿਆ ਸੀ ਪਰ ਇਸ ਤਪੇ ਨੇ ਭਾਉ=ਪ੍ਰੇਮ ਨਾਲ ਸਤ ਬਚਨ ਨਾ ਦਿੱਤਾ।

ਹੁਣ ਪਿਛੋਂ ਦਾ ਆਖਿਆ ਹੋਇਆ ਕਿਸੇ ਕੰਮ ਨਹੀਂ ਆਉਂਦਾ।

ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ॥ *(ਪੰਨਾ ੫੧੩)*

ਅਧ ਵਿਚਿ ਫਿਰੈ ਮਨਮੁਖੁ ਵੇਚਾਰਾ ਗਲੀ ਕਿਉ ਸੁਖੁ ਪਾਵੈ॥

ਵਿਚਾਰਾ ਮਨਮੁਖ ਜੋ ਤਪਾ ਹੈ ਉਹ ਅਧਵਾਟੇ ਫਿਰਦਾ ਹੈ, ਅਰਥਾਤ ਮਾਇਆ ਦੇ ਲੋਭ ਕਰਕੇ ਨਾ ਘਰ ਵਿਚ ਚੈਨ ਨਾਲ ਬੈਠ ਸਕਦਾ ਹੈ, ਨਾ ਹੀ ਪੰਗਤ ਵਿਚ ਬੈਠ ਸਕਦਾ ਹੈ। ਕਿਉਂਕਿ ਦਰਵਾਜ਼ੇ ਪਰ ਸਾਨੂੰ ਖਲੋਤਾ ਵੇਖ ਕੇ ਪਿਛਾਹਾਂ ਹਟ ਜਾਂਦਾ ਹੈ। ਹੁਣ ਗਲੀਆਂ ਵਿਚ ਫਿਰਨ ਨਾਲ ਕਿਵੇਂ ਸੁਖ ਪਾਵੇਗਾ।

ਦੂਜਾ ਅਰਥ:- ***ਅਗੋ ਦੇ ਸਤ ਭਾਉ ਨ ਦਿਚੈ***

(੧) ਮੌਤ ਦੇ ਆਉਣ ਤੋਂ ਅਗੋ-ਪਹਿਲੇ ਇਸ ਜੀਵ ਨੇ "ਸਤ+ਭਾਉ ਨ ਦਿਚੈ"=ਸਤਿਗੁਰਾਂ ਵਿਚ ਪ੍ਰੇਮ ਨਾ ਦਿੱਤਾ, ਭਾਵ ਪ੍ਰੇਮ ਨਾਲ ਗੁਰਾਂ ਦੀ ਸੇਵਾ ਨਾ ਕੀਤੀ।

(੨) *ਅਥਵਾ:*-ਸਚ ਬੋਲਣ ਵਿਚ ਪ੍ਰੇਮ ਨਾ ਦਿੱਤਾ, ਸਦਾ ਝੂਠ ਹੀ ਬੋਲਦਾ ਰਿਹਾ।

(੩) ਵਾ:-ਸੱਤ ਅਸੱਤ ਵਸਤੂ ਦੇ ਨਿਰਨੇ ਕਰਨ ਵਿਚ ਪ੍ਰੇਮ ਨਾ ਦਿੱਤਾ।

(੪) *ਅਥਵਾ:*-ਸਤ ਸਰੂਪ ਪਰਮਾਤਮਾ ਵਿਚ ਪ੍ਰੇਮ ਨਾ ਦਿੱਤਾ ਇਤਨੇ ਨੂੰ ਜਮ ਨੇ ਆ ਕੇ ਫੜ ਲਿਆ।

ਪਿਛੋ ਦੇ ਆਖਿਆ ਕੰਮਿ ਨ ਆਵੈ॥

ਇਸ ਜੀਵ ਦੇ ਪਿਛੋਂ ਦੀ ਹੋ ਕੇ ਜਮ ਨੇ ਆਖਿਆ ਕਿ ਦਸ ਹੁਣ ਤਕ ਤੂੰ ਕੀ ਖਟਿਆ ਹੈ? ਤਾਂ ਜੀਵ ਨੇ ਆਖਿਆ ਮੈਂ ਬਹੁਤ ਹੀ ਵਰਤ ਰਖੇ ਹਨ, ਕਿਤਨਿਆਂ ਨੂੰ ਦਾਨ ਦਿੱਤਾ ਹੈ, ਤੇ ਬਹੁਤ ਸਾਰਿਆਂ ਤੀਰਥਾਂ ਪਰ ਇਸ਼ਨਾਨ ਵੀ ਕੀਤਾ ਹੈ ਇਹ ਗੱਲ ਸੁਣ ਕੇ ਜਮਦੂਤਾਂ ਨੇ ਕਿਹਾ-ਇਹ ਤਾਂ ਕਿਸੇ ਕੰਮ ਨਹੀਂ ਆਉਣਾ, ਤੂੰ ਨਾਮ ਕਿਉ ਨਹੀਂ ਜਪਿਆ?

ਜਦ ਜਮਾਂ ਨੇ ਤਾੜਿਆ ਤਾਂ ਦੋ ਚਾਰ ਕਦਮ ਪਿਛੋਂ ਦੀ ਹੋ ਕੇ ਜੀਵ ਨੇ ਆਖਿਆ ਹੁਣ ਮੈਨੂੰ ਛੱਡ ਦਿਓ ਮੈਂ ਨਾਮ ਜਪ ਲੈਂਦਾ ਹਾਂ, ਤਾਂ ਜਮਾਂ ਨੇ ਆਖਿਆ ਹੁਣ ਪਿਛੋਂ ਦਾ ਆਖਿਆ ਹੋਇਆ ਕਿਸੇ ਕੰਮ ਨਹੀਂ ਆਉਂਦਾ।

ਯਥਾ:- ਇਬ ਕੇ ਰਾਹੇ ਜੰਮਨ ਨਾਹੀ।

ਅਧਵਿਚਿ ਫਿਰੈ ਮਨਮੁਖ ਵੇਚਾਰਾ ਗਲੀ ਕਿਉ ਸੁਖੁ ਪਾਵੈ॥

ਵਿਚਾਰਾ ਮਨਮੁਖ ਜੀਵ ਅਧਵਾਟੇ ਹੀ ਫਿਰਦਾ ਹੈ ਭਾਵ ਚੁਰਾਸੀ ਲੱਖ ਜੂਨੀਆਂ ਵਿਚ ਭਟਕਦਾ ਹੈ। ਅਥਵਾ:-ਅਧਵਿਚਿ=ਸੰਸਾਰ ਵਿਚ ਭਰਮਦਾ ਫਿਰਦਾ ਹੈ, ਗੱਲਾਂ ਦੇ ਕਰਨ ਨਾਲ ਭਲਾ ਕਿਵੇਂ ਸੁਖ ਪਾਵੇਗਾ।

ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ ਸੁ ਕੂੜੀ ਆਵੈ ਕੂੜੀ ਜਾਵੈ॥

ਜਿਸ ਪੁਰਸ਼ ਦੇ ਅੰਦਰ ਸਤਿਗੁਰਾਂ ਦੀ ਪ੍ਰੀਤੀ ਨਹੀਂ ਹੈ, ਉਹ ਕੂੜੀ ਜੀਵ ਰੂਪੀ ਇਸਤ੍ਰੀ ਜੰਮ ਕੇ ਸੰਸਾਰ ਵਿਚ ਆਉਂਦੀ ਹੈ, ਉਹ ਕੂੜੀ ਜੀਵ ਰੂਪੀ ਇਸਤ੍ਰੀ ਮਰ ਕੇ ਸੰਸਾਰ ਤੋਂ ਚਲੀ ਜਾਂਦੀ ਹੈ। ਵਾ:-ਕੁੜੀਆਂ ਮੁੰਡਿਆਂ ਵਿਚ ਲਗੀ ਹੋਈ ਆਉਂਦੀ ਹੈ, ਕੁੜੀਆਂ ਮੁੰਡਿਆਂ ਵਿਚ ਹੀ ਫਸੀ ਹੋਈ ਚਲੀ ਜਾਂਦੀ ਹੈ। ਵਾ:-ਉਹ ਕੂੜੀ ਜੀਵ ਰੂਪੀ ਇਸਤ੍ਰੀ ਕੂੜੀ=ਝੂਠੀਆਂ ਚੀਜ਼ਾਂ ਵਿਚ ਲਗੀ ਹੋਈ ਆਉਂਦੀ ਜਾਂਦੀ ਹੈ।

ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ॥

ਜੇਕਰ ਮੇਰਾ ਹਰੀ ਪ੍ਰਭੂ ਕਰਤਾ ਕਿਰਪਾ ਦ੍ਰਿਸ਼ਟੀ ਕਰੇ, ਤਾਂ ਸਤਿਗੁਰ ਦੇਵ ਜੀ ਪਾਰਬ੍ਰਹਮ ਰੂਪ ਕਰਕੇ ਨਦਰੀ=ਦ੍ਰਿਸ਼ਟੀ ਆਂਵਦੇ ਹਨ।

ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ॥

ਜਦ ਹਰੀ ਕਿਰਪਾ ਕਰੇ ਤਾਂ ਹੀ ਗੁਰਾਂ ਦਾ ਜੋ ਸ਼ਬਦ ਹੈ ਉਸ ਦੁਆਰੇ ਨਾਮ ਅੰਮ੍ਰਿਤ ਨੂੰ ਪੀਂਦਾ ਹੈ। ਕਾੜਾ=ਝੋਰਾ ਅੰਦੇਸਾ=ਸੰਸਾ ਅਤੇ ਭਰਮ ਇਨ੍ਹਾਂ ਸਾਰਿਆਂ ਨੂੰ ਚੁਕਾਵੈ=ਦੂਰ ਕਰਦਾ ਹੈ।

ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ॥੧॥

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਰਾਤ ਦਿਨੇ ਸਦਾ ਅਨੰਦ ਰਹਿੰਦਾ ਹੈ, ਜੋ ਰਾਤ ਦਿਨੇ ਹਰੀ ਗੁਣਾਂ ਨੂੰ ਗਾਂਵਦਾ ਹੈ॥ ੧॥

ਹੁਣ ਸਿਖ ਦੇ ਲਈ ਨਿਤ ਕਰਨੇ ਯੋਗ ਕਰਮਾਂ ਦਾ ਉਪਦੇਸ਼ ਦਿੰਦੇ ਹਨ।

ਮਃ ੪॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

ਗੁਰ=ਪੂਜਨੀਕ ਸਤਿਗੁਰਾਂ ਦਾ ਜੋ ਆਪ ਨੂੰ ਸੱਚਾ ਸਿਖ ਅਖਵਾਂਦਾ ਹੈ, ਉਹ ਭਲਕੇ=ਰੋਜ਼ ਸਵੇਰੇ ਉੱਠਕੇ ਹਰੀ ਨਾਮ ਨੂੰ ਧਿਆਵੇ।

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

ਭਲਕੇ=ਰੋਜ਼ਾਨਾ ਪਰਭਾਤੀ=ਸਵੇਰੇ ਉੱਠਣ ਦਾ ਉੱਦਮ ਕਰੇ। ਪਹਿਲੇ ਖੂਹ ਤੇ ਯਾਂ ਕੌਲਸਰ ਇਸ਼ਨਾਨ ਕਰਕੇ ਫਿਰ ਸ੍ਰੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੇ।

ਵਾ:-ਸਵੇਰੇ ਇਸ਼ਨਾਨ ਕਰਕੇ ਚਾਹੇ ਕਿਸੇ ਥਾਂ ਵੀ ਹੋਵੇ ਨਾਮ ਅੰਮ੍ਰਿਤ ਦਾ ਸਰੋਵਰ ਜੋ ਸਤਸੰਗ ਹੈ ਉਸ ਵਿਚ ਇਸ਼ਨਾਨ ਕਰੇ।

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥

ਗੁਰਾਂ ਦੇ ਉਪਦੇਸ਼ ਦੁਆਰਾ ਹਰਿ ਹਰਿ ਦੇ ਜਪ ਨੂੰ ਜਪਣਾ ਕਰੇ ਤਾਂ *ਚਾਰੇ ਕਿਲਵਿਖ, ਸਮੂਹ ਪਾਪ ਅਤੇ ਕਾਮ ਆਦਿਕ ਸਾਰੇ ਦੋਸ਼ ਲਹਿ ਜਾਵੈ=ਨਵਿਰਤ ਹੋ ਜਾਂਦੇ ਹਨ।

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

ਫਿਰ ਦਿਨ ਚੜ੍ਹੇ ਗੁਰਬਾਣੀ ਨੂੰ ਗਾਵਣਾ ਕਰੇ, *ਅਥਵਾ*:-ਦਿਨ ਚੜ੍ਹਦਿਆਂ ਤਕ ਗੁਰਬਾਣੀ ਦੇ ਕੀਰਤਨ ਨੂੰ ਰਾਗ ਵਿਚ ਪਾਕੇ ਗਾਵੇ। ਪੁਨਾ ਬਹਿੰਦਿਆ ਉਠਦਿਆ ਹਰੀ ਨਾਮ ਨੂੰ ਧਿਆਵੇ ॥

ਯਥਾ:- ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥

(ਪ੍ਰਭਾਤੀ ਮਹਲਾ ੫, ਪੰਨਾ ੧੩੪੦)

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥

ਜੋ ਸਿਖ ਸ੍ਵਾਸ ਲੈਂਦਿਆਂ ਤੇ ਗਿਰਾਸਿ=ਭੋਜਨ ਖਾਂਦਿਆਂ ਮੇਰੇ ਹਰਿ ਹਰਿ ਨੂੰ ਧਿਆਉਂਦਾ ਹੈ, ਉਹ ਗੁਰੂ ਕਾ ਸਿਖ ਗੁਰਾਂ ਦੇ ਮਨ ਵਿਚ ਭਾਂਵਦਾ ਹੈ।

[ਪੰਨਾ ੩੦੬]

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥

ਜਿਸਨੂੰ ਮੇਰਾ ਸੁਆਮੀ ਦਿਆਲੂ ਹੁੰਦਾ ਹੈ, ਉਸ ਗੁਰ ਸਿਖ ਨੂੰ ਗੁਰੂ ਸਾਹਿਬ ਜੀ ਆਪਣਾ ਉਪਦੇਸ਼ ਸੁਣਾਉਂਦੇ ਹਨ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਹੇ ਭਾਈ ! ਉਸ ਗੁਰਸਿਖ ਦੀ ਚਰਨ ਧੂੜ ਮੰਗੋ, ਜੋ ਆਪ ਨਾਮ ਜਪਦਾ ਹੈ ਅਤੇ ਹੋਰਨਾਂ ਨੂੰ ਨਾਮ ਜਪਵਾਂਦਾ ਹੈ ॥ ੨ ॥

---

*ਬ੍ਰਾਹਮਣ ਨੂੰ ਮਾਰਨਾ, ਕਾਲੀ ਗਊ ਨੂੰ ਮਾਰਨਾ, ਲੜਕੀ ਨੂੰ ਮਾਰਨਾ, ਵੇਸ਼ਵਾ ਦਾ ਅੰਨ ਖਾਣਾ, ਇਹ ਚਾਰ ਕਿਲਵਿਖ ਕਥਨ ਕੀਤੇ ਹਨ:-

ਯਥਾ:- ਬ੍ਰਹਮਣ ਕੈਲੀ ਘਾਤੁ ਕੰਦਕਾ ਅਣਚਾਰੀ ਕਾ ਧਾਨੁ ॥
ਛਿਟਕ ਛਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥ *(ਪੰਨਾ ੧੪੧੩)*

ਤਥਾ:- ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ॥ ੪ ॥ *(ਪੰਨਾ ੭੦)*

ਪਉੜੀ॥ ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥

ਹੇ ਸਚੇ ਪਰਮਾਤਮਾ ! ਜੋ ਪੁਰਸ਼ ਤੈਨੂੰ ਧਿਆਉਂਦੇ ਹਨ, ਉਹ ਥੋੜ੍ਹੇ ਹਨ, ਪਰ ਥੋੜ੍ਹਿਆਂ ਵਿਚੋਂ ਭੀ ਵਿਰਲੇ ਹਨ, ਵਾ:-ਉਹ ਵਿਰਲਿਆਂ ਵਿਚੋਂ ਭੀ ਥੋੜੇ ਹਨ।

ਯਥਾ:- ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ ੧੨॥ *(ਪੰਨਾ ੧੪੧੧)*

ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥

ਜੋ ਗੁਰਮੁਖ ਜਨ ਮਨ ਚਿੱਤ ਕਰਕੇ ਇਕ ਵਾਹਿਗੁਰੂ ਨੂੰ ਅਰਾਧਦੇ ਹਨ, ਉਨ੍ਹਾਂ ਦੀ ਬਰਕਤ ਕਰਕੇ ਅਸੰਖਾਂ ਤੇ ਕਰੋੜਾਂ ਪੁਰਸ਼ ਖਾਂਦੇ ਹਨ। ਵਾ:-ਅਸੰਖ=ਅਨਗਿਅਣਤ ਹੀ ਕਰੋੜਾਂ ਪੁਰਸ਼ ਖਾਂਦੇ ਹਨ।

ਤੁਧੁਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ॥

ਹੇ ਸਾਹਿਬ ! ਸਾਰੀ ਦੁਨੀਆਂ ਤੈਨੂੰ ਧਿਆਉਂਦੀ ਹੈ, ਪਰ ਜਿਨ੍ਹਾਂ ਨੂੰ ਤੂੰ ਲੋੜੇ=ਚਾਹੁੰਦਾ ਹੈਂ, ਉਹ ਪੁਰਸ਼ ਸਰੂਪ ਥਾਂ ਵਿਚ ਪਏ ਹਨ।

ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜੇ॥

ਜੋ ਪੁਰਸ਼ ਸਤਿਗੁਰਾਂ ਦੀ ਸੇਵਾ ਕਰਨ ਤੋਂ ਬਿਨਾਂ ਹੀ ਚੰਗੇ ਚੰਗੇ ਪਦਾਰਥ ਖਾਂਦੇ ਹਨ ਤੇ ਸੋਹਣੇ ਸੋਹਣੇ ਕਪੜੇ ਪਹਿਨਦੇ ਹਨ, ਉਹ ਕੋਹੜੀ ਪੁਰਸ਼ ਜੰਮਦੇ ਮਰਦੇ ਪੁਨਾਂ ਮਰਦੇ ਜੰਮਦੇ ਹਨ।

ਅਥਵਾ:- ਉਹ ਪੁਰਸ਼ ਪਰਮੇਸ਼ਰ ਦੀ ਤਰਫੋਂ ਮਰੇ ਹੋਏ ਮਰਿ ਜੰਮੇ ਕੋੜੇ=ਕੋਹੜੀ ਹੋ ਕੇ ਜੰਮਦੇ ਮਰਦੇ ਹਨ। ਵਾ:-ਕੋੜੀਆਂ ਦੀਆਂ ਕੋੜੀਆਂ ਅਰਥਾਤ ਬੀਸੀਆਂ ਦੀਆਂ ਬੀਸੀਆਂ ਮੁੜ ਮੁੜ ਕੇ ਜੰਮਦੇ ਮਰਦੇ ਹਨ।

ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ॥

ਉਹ ਪੁਰਸ਼ ਹਾਜਰੁ=ਸਨਮੁਖ ਤਾਂ ਮਿੱਠਾ ਬਚਨ ਬੋਲਦੇ ਹਨ ਪਰ ਬਾਹਰਿ=ਪਿੱਠ ਪਿੱਛੇ ਵਿਸ ਘੋਲੇ= ਜ਼ਹਿਰ ਨੂੰ ਘੋਲਕੇ ਮੂੰਹੋਂ ਬਚਨ ਕਢਦੇ ਹਨ ਭਾਵ ਰੱਜ ਕੇ ਨਿੰਦਿਆ ਉਚਾਰਦੇ ਹਨ।

ਮਨਿ ਖੋਟੇ ਦਫਿ ਵਿਛੋੜੇ॥ ੧੧॥

ਏਹੋ ਜੇਹੇ ਮਨ ਦੇ ਖੋਟਿਆਂ ਨੂੰ ਦਫਿ=ਪ੍ਰੇਰਕ ਵਾਹਿਗੁਰੂ ਨੇ ਆਪਣੇ ਨਾਲੋਂ ਵਿਛੋੜਿਆ ਹੈ॥ ੧੧॥

ਸਲੋਕ ਮਃ ੪॥

ਉਥਾਨਕਾ–ਜਿਸ ਵੇਲੇ ਗੋਂਦਾ ਖਤ੍ਰੀ ਆਪਣੀ ਉਮਰਾ ਭੋਗ ਕੇ ਸੰਸਾਰ ਤੋ ਚਲਾਣਾ ਕਰ ਗਿਆ, ਤਾਂ ਪਿਛੋਂ 'ਗੋਂਦੇ' ਦਾ ਪੁੱਤਰ ਸ੍ਰੀ ਗੁਰੂ ਅਮਰ ਦੇਵ ਜੀ ਦੇ ਤੇਜ ਪ੍ਰਤਾਪ ਅਤੇ ਮਾਨ ਪ੍ਰਤਿਸ਼ਟਾ ਆਦਿਕ ਨੂੰ ਸਹਾਰ ਨਾ ਸਕਿਆ, ਜਿਉਂ ਜਿਉਂ ਸੰਗਤਾਂ ਆਕੇ ਭੇਟਾ ਰਖਦੀਆਂ ਹਨ, ਤਿਉਂ ਤਿਉਂ ਗੋਂਦੇ ਦਾ ਪੁੱਤ੍ਰ ਵੇਖ ਵੇਖਕੇ ਸੜਨ ਲਗ ਪਿਆ। ਇਕ ਦਿਨ ਗੁਰੂ ਜੀ ਨੂੰ ਆਕੇ ਆਖਿਆ ਜੇਕਰ ਤੁਸਾਂ ਨੇ ਸਾਡੇ ਨਗਰ ਵਿਚ ਵਸਣਾ ਹੈ, ਤਾਂ ਜੋ ਚੜ੍ਹਾਵਾ ਚੜ੍ਹਦਾ ਹੈ ਉਸ ਵਿਚੋਂ ਅੱਧਾ ਧਨ ਸਾਨੂੰ ਮਿਲਣਾ ਚਾਹੀਦਾ ਹੈ। ਖੋਟੀ ਮੱਤ ਵਾਲੇ ਤੋਂ ਇਹ ਗੱਲ ਸੁਣਕੇ ਹਜ਼ੂਰ ਨੇ ਫੁਰਮਾਇਆ–ਲੰਗਰਿ ਬਿਖੇ ਗਮਨ ਕਰ ਜਾਵਹੁ॥ ਜਿਤੋ ਅੰਨ ਚਾਹਹੁ ਤਹਿ ਖਾਵਹੁ॥ ਹੋਰ ਸਾਡੇ ਪਾਸ ਕੋਈ ਧਨ ਇਕੱਠਾ ਨਹੀਂ ਹੈ ਜੋ ਤੁਹਾਨੂੰ ਕਢਕੇ ਦੇਈਏ। ਇਹ ਗੱਲ ਸੁਣਕੇ ਗੋਂਦੇ ਦੇ ਪੁੱਤ੍ਰ ਨੇ ਕਿਹਾ-ਮੈਂ ਤਾਂ ਧਨ ਹੀ ਲੈਣਾ ਹੈ ਹੋਰ ਕੋਈ ਵਸਤੂ ਨਹੀਂ ਲੈਣੀ। ਅੰਨ ਤਾਂ ਅਸੀਂ ਆਪਣੇ ਘਰ ਛਕਦੇ ਹੀ ਹਾਂ। ਜੋ ਬਿਅੰਤ

ਸੰਗਤਾਂ ਅਤੇ ਰਾਜੇ ਲੋਕ ਆਕੇ ਤੁਹਾਡੇ ਅਗੇ ਭੇਟਾ ਰਖਦੇ ਹਨ। ਉਸ ਵਿਚੋਂ ਸਾਨੂੰ ਦਿਓ, ਇਹ ਗੱਲ ਸੁਣਕੇ ਹਜ਼ੂਰ ਨੇ ਫੁਰਮਾਯਾ-

ਯਥਾ:- ਸੁਨਿ ਸ੍ਰੀ ਅਮਰ ਕਹਯੋ ਤਿਨ ਫੇਰ॥ ਧਨ ਕੋ ਲੋਪ ਕਰਤ ਹੌ ਢੇਰ॥
ਗੁਰ ਕੇ ਸਦਨ ਮਿਲੇਗੀ ਦੇਗ॥ ਅਵਰ ਲੋਭ ਤਿਆਗਹੁ ਤੁਮ ਬੇਗ॥
ਕਾਹੇ ਤ੍ਰਿਸ਼ਨਾ ਅਧਿਕ ਕਰਤ ਹੌ॥ ਹਮ ਸੌਂ ਧਨ ਕੇ ਹੇਤੁ ਅਰਤਿ ਹੌ॥
ਐਸੇ ਬਹੁਤ ਭਈ ਤਕਰਾਰ॥ ਓੜਕ ਦੁਸਟ ਕਰਤ ਭੇ ਰਾਰ॥
ਕਹਤ ਭਏ ਹਮ ਦਿਲੀ ਜਾਂਵਹਿ॥ ਕਰਿ ਫਰਿਆਦ ਤੁਮਤੇ ਧਨ ਪਾਂਵਹਿ॥
ਸਤਿਗੁਰ ਕਹਯੋ-ਖੁਸ਼ੀ ਸੋ ਕਰੋਂ॥ ਹਮਤ ਧਨ ਕੀ ਆਸ ਨ ਧਰੋਂ॥

(ਗੁਰ ਪ੍ਰਤਾਪ ਸੂਰਜ ਰਾਸ ੧, ਅੰਸੂ ੬੧)

ਇਹ ਗੱਲ ਸੁਣਕੇ ਉੱਠਕੇ ਘਰ ਆ ਗਿਆ ਸਲਾਹ ਕਰਕੇ ਦਿਲੀ ਜਾ ਪੁਕਾਰ ਕੀਤੀ। ਪਰ ਬਾਦਸ਼ਾਹ ਨੇ ਸੁਣੀ ਨਾ, ਫਿਰ ਦੁਬਾਰਾ ਕੀਤੀ, ਤੀਜੀ ਵਾਰ ਕੀਤੀ, ਤਾਂਵੀਂ ਬਾਦਸ਼ਾਹ ਨੇ ਨਾ ਸੁਣੀ। ਉਸ ਜ਼ਮਾਨੇ ਦੀ ਇਹ ਰੀਤ ਸੀ ਜਦ ਛੇਤੀ ਪੁਕਾਰ ਨ ਸੁਣੀ ਜਾਵੇ ਤਾਂ ਭਿਆਨਕ ਰੂਪ ਧਾਰਕੇ ਮੈਲੇ ਕੁਚੈਲੇ ਕਪੜੇ ਪਾਕੇ ਪੁਕਾਰ ਕਰਦੇ ਸਨ ਤਾਂ ਛੇਤੀ ਪੁਕਾਰ ਸੁਣੀ ਜਾਂਦੀ ਸੀ ਇਸ ਕਰਕੇ ਸਭਨਾਂ ਨੇ ਮਿਲ ਕੇ ਗੋਂਦੇ ਦਾ ਜੋ ਪੁੱਤਰ ਸੀ ਉਸ ਦੇ ਗਲ ਵਿਚ ਮੈਲਾ ਗੋਦੜਾ ਪਾ ਕੇ ਪੁਕਾਰ ਕਰਨ ਲਈ ਬਾਦਸ਼ਾਹ ਦੀ ਕਚਹਿਰੀ ਵਿਚ ਫੇਰ ਭੇਜ ਦਿੱਤਾ। ਓਸੇ ਪ੍ਰਸੰਗ ਨੂੰ ਇਸ ਸ਼ਬਦ ਦੁਆਰਾ ਚੌਥੇ ਗੁਰੂ ਜੀ ਸਪੱਸ਼ਟ ਕਰਦੇ ਹਨ।

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥

ਮੈਲ ਤੇ ਜੂੰਆਂ ਦਾ ਭਰਿਆ ਹੋਇਆ, ਨੀਲੀਆਂ ਤੇ ਕਾਲੀਆਂ ਟਾਕੀਆਂ ਦਾ ਸੀਤਾ ਹੋਇਆ ਨੀਲਾ ਤੇ ਕਾਲੇ ਰੰਗ ਦਾ ਖਿਧੋਲੜਾ=ਗੋਦੜਾ, ਤਿਸ ਬੇਮੁਖ ਤਪੇ ਯਾਂ ਮਰਵਾਹਿਆਂ ਨੇ ਮਿਲ ਕੇ ਬੇਮੁਖ ਜੋ ਗੋਂਦੇ ਦਾ ਪੁੱਤ੍ਰ ਸੀ ਉਸ ਦੇ ਗ਼ਲ ਪਾ ਦਿੱਤਾ।

ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ॥

ਜਗਤ ਵਿਚ ਉਸ ਨਿੰਦਕ ਨੂੰ ਆਪਣੇ ਪਾਸ ਕੋਈ ਬੈਠਣ ਨਹੀਂ ਦਿੰਦਾ, ਗੂਹ ਪੜਿ=ਗੰਦਗੀ ਦੇ ਟੋਕਰੇ ਪੈਂਦੇ ਹਨ, ਸਗਵੀ=ਉਲਟੀ ਮੈਲ ਲਗਾ ਕੇ ਮਨਮੁਖ ਜੋ ਗੋਂਦੇ ਦਾ ਪੁੱਤਰ ਸੀ ਉਹ ਘਰ ਵਿਚ ਆਇਆ। ਗੂੰਹ ਪੈਣ ਦੇ ਦੋ ਕਾਰਨ ਹਨ ਇਕ ਤਾਂ ਇਹ ਕਾਰਨ ਹੈ:-

ਜਿਸ ਵੇਲੇ ਦਿਲੀ ਪੁਕਾਰ ਕਰਨ ਗਿਆ ਤਾਂ ਰਾਹ ਵਿਚ ਸਿਖਾਂ ਨੇ ਗੁਰ ਨਿੰਦਕ ਜਾਣ ਕੇ ਵਿਸ਼ਟਾ ਨਾਲ ਭਰ ਦਿੱਤਾ।

ਦੂਜਾ ਕਾਰਨ ਇਹ ਹੈ-ਜਦ ਉਸ ਨੇ ਬਾਦਸ਼ਾਹ ਦੀ ਕਚਹਿਰੀ ਵਿਚ ਜਾ ਕੇ ਪੁਕਾਰ ਕੀਤੀ ਤਾਂ ਅਕਬਰ ਬਾਦਸ਼ਾਹ ਨੇ ਪੁਛਿਆ-ਇਹ ਕਿਸ ਉੱਤੇ ਪੁਕਾਰੂ ਆਇਆ ਹੈ। ਉਸ ਵੇਲੇ ਸਭਾ ਵਿਖੇ ਇਕ ਪਠਾਣ ਗੁਰੂ ਜੀ

ਦਾ ਦਾਸ ਬੈਠਾ ਸੀ, ਉਸ ਨੇ ਕਿਹਾ-ਹੇ ਬਾਦਸ਼ਾਹ ਸਲਾਮਤ ! ਇਹ ਦੋਖੀ ਉਸ ਗੁਰੂ ਉੱਤੇ ਪੁਕਾਰੂ ਬਣ ਕੇ ਆਇਆ ਹੈ। ਜਿਨ੍ਹਾਂ ਦੀ ਕਿਰਪਾ ਨਾਲ ਆਪ ਜੀ ਨੇ ਚਿਤੌੜ ਗੜ੍ਹ ਫਤਹਿ ਕੀਤਾ ਹੈ, ਤੇ ਜਿਨ੍ਹਾਂ ਦਾ ਦਰਸ਼ਨ ਕਰਨ ਆਪ ਨੰਗੀ ਪੈਰੀਂ ਗਏ ਸੀ। ਇਹ ਗੱਲ ਸੁਣ ਕੇ ਬਾਦਸ਼ਾਹ ਨੇ ਸਿਪਾਹੀਆਂ ਪਾਸੋਂ ਬੜੀ ਮਾਰ ਪਵਾਈ ਤੇ ਧੱਕੇ ਦਿਵਾ ਕੇ ਕਚਹਿਰੀਓਂ ਬਾਹਰ ਕਢਾ ਦਿੱਤਾ ਅਤੇ ਗੂੰਹ ਦੇ ਟੋਕਰੇ ਉਸ ਗੁਰ ਨਿੰਦਕ ਉੱਤੇ ਪੁਆਏ ਤੇ ਗੰਦੇ ਨਾਲੇ ਵਿਚ ਸੁਟਵਾਇਆ, ਇਸੇ ਲਈ ਇਹ ਬਚਨ ਕਿਹਾ ਹੈ:-

ਸਗਵੀ ਮਲੁ ਲਾਇ ਮਨਮੁਖੁ ਆਇਆ॥

ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥

ਦੋਖੀ ਤਪੇ ਨੇ ਜੋ ਬੇਮੁਖ ਗੌਂਦੇ ਦੇ ਪੁੱਤ੍ਰ ਨੂੰ ਪਰਾਈ ਨਿੰਦਿਆ ਤੇ ਚੁਗਲੀ ਕਰਨ ਵਾਸਤੇ ਅਕਬਰ ਬਾਦਸ਼ਾਹ ਦੀ ਕਚਹਿਰੀ ਭੇਜਿਆ ਸੀ, ਪਰ ਧੰਨ ਵਾਹਿਗੁਰੂ ਹੈ ਜਿਸ ਨੇ ਉਥੇ ਭੀ ਦੋਹਾਂ ਬੇਮੁਖਾਂ ਦਾ ਗੌਂਦੇ ਦੇ ਪੁਤ੍ਰ ਤੇ ਨਫਰ ਦਾ ਮੂੰਹ ਤਵੇ ਦੀ ਕਾਲਖ ਮਲ ਕੇ ਕਾਲਾ ਕਰਵਾ ਦਿਤਾ।

ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ
ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥

ਹੇ ਭਾਈ ! ਇਹ ਬਚਨ ਸਾਰੇ ਜਗਤ ਵਿਚ ਤੜ=ਸ਼ੀਘਰ (ਤੁਰਤ) ਸੁਣਿਆਂ ਗਿਆ, ਬੇਮੁਖ ਗੌਂਦੇ ਦਾ ਪੁੱਤ੍ਰ ਨਫਰੈ=ਦਾਸ ਦੇ ਸਹਿਰ ਪਉਲੀ ਪਉਦੀ=ਜੁੱਤੀਆਂ ਪੈਂਦੀਆਂ ਹੋਈਆਂ, ਫਾਵਾ=ਛਿੱਥਾ ਹੋ ਕੇ ਉੱਠ ਕੇ ਘਰ ਵਲ ਆ ਗਿਆ।

ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥

ਅਗੇ ਘਰ ਆਉਂਦਿਆਂ ਨੂੰ ਸਤਿਸੰਗਤ ਵਿਚ ਤੇ ਕੁੜਮਾਚਾਰੀ ਵਿਚ ਉਸ ਬੇਮੁਖ ਨੂੰ ਰਲਣਾ ਨਾ ਮਿਲਿਆ ਭਾਵ ਕਿਸੀ ਨੇ ਭੀ ਉਸ ਨੂੰ ਮੂੰਹ ਨਾ ਲਾਇਆ। ਫਿਰ ਉਹ ਸ਼ਰਮਿੰਦਾ ਹੋ ਕੇ ਬਾਹਰ ਚਲਾ ਗਿਆ ਤਾਂ ਬਹੁਤੀ ਨੰਢ ਨਾਲ ਬੇਸੁਰਤ ਹੋਇਆ ਵੇਖ ਕੇ ਵਹੁਟੀ ਤੇ ਭਤੀਜੀ ਨੇ ਉਸ ਨੂੰ ਘਰ ਵਿਚ ਲਿਆ ਪਾਇਆ ਕਿ ਰਾਤ ਨੂੰ ਬਾਹਰ ਪਿਆ ਹੋਇਆ ਕਿਧਰੇ ਮਰ ਹੀ ਨਾ ਜਾਵੇ।

ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥

ਹਲਤੁ-ਪਲਤੁ=ਲੋਕ ਪ੍ਰਲੋਕ ਦੋਵੇਂ ਉਸ ਦੇ ਨਿਸਫਲ ਚਲੇ ਗਏ, ਨਿਤਾਪ੍ਰਤੀ ਭੁਖਾ ਅਤੇ ਤਿਹਾਇਆ ਕੂਕਦਾ ਫਿਰਦਾ ਹੈ।

ਧਨੁ ਧਨੁ ਸੁਆਮੀ ਕਰਦਾ ਪੁਰਖੁ ਹੈ
ਜਿਨਿ ਨਿਆਉ ਸਚੁ ਬਹਿ ਆਪਿ [illegible]ਇਆ॥

ਕਰਤਾ ਪੁਰਖ ਸੁਆਮੀ ਸਦਾ ਹੀ ਧੰਨਤਾ ਦੇ ਯੋਗ ਹੈ, ਜਿਸ ਨੇ [illegible] ਅਕਬਰ ਬਾਦਸ਼ਾਹ ਦੀ ਰਸਨਾ

ਪਰ ਬੈਠ ਕੇ ਸਚਾ ਨਿਆਂ ਕਰਵਾਇਆ ਹੈ।

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ॥

ਜੋ ਭੀ ਕੋਈ ਪੁਰਸ਼ ਪੂਰਿਆਂ ਸਤਿਗੁਰਾਂ ਦੀ ਨਿੰਦਿਆ ਕਰਦਾ ਹੈ, ਉਸ ਨੂੰ ਸਚੇ ਪਰਮਾਤਮਾ ਨੇ ਮਾਰ ਕੇ ਪਚਾਇਆ=ਖਰਾਬ ਦੀਤਾ ਹੈ।

ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ॥ ੧॥

ਇਹ ਅਖਰੁ=ਬਚਨ ਉਸ ਨੇ ਆਖਿਆ ਹੈ, ਜਿਸ ਪਰਮਾਤਮਾ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ॥ ੧॥

ਮਃ ੪॥ ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ
ਤਿਸ ਦਾ ਨਫਰੁ ਕਿਥਹੁ ਰਜਿ ਖਾਏ॥

ਜਿਸ ਦਾ ਮਾਲਕ ਹੀ ਨੰਗਾ ਭੁਖਾ ਹੋਵੇ, ਉਸ ਦਾ ਨਫਰੁ=ਨੌਕਰ ਕਿਥੋਂ ਰੱਜ ਕੇ ਖਾ ਸਕਦਾ ਹੈ। ਇਸ ਤਰ੍ਹਾਂ ਸਾਹਿਬ ਕੌਣ-ਮਰਵਾਹੇ, ਜਦ ਉਹ ਆਪ ਨੰਗੇ ਭੁੱਖੇ ਹੋਵਣ ਭਾਵ ਗੁਰਾਂ ਉੱਪਰ ਬਿਸ਼ਰਧਕ ਹੋਣ ਤਾਂ ਉਸ ਦੇ ਨਫਰੁ=ਨੌਕਰ ਕਿਥੋਂ ਰੱਜ ਕੇ ਖਾ ਸਕਦੇ ਹਨ, ਭਾਵ ਨੌਕਰਾਂ ਵਿਚ ਕਿਵੇਂ ਸ਼ਰਧਾ ਹੋ ਸਕਦੀ ਹੈ। ਵਾ:-ਸਾਹਿਬ ਕੌਣ-ਤਪਾ ਜਦ ਉਹ ਆਪ ਨੰਗਾ ਭੁਖਾ ਹੋਵੇ ਤਾਂ ਉਸ ਤਪੇ ਦੇ ਨੌਕਰ ਮਰਵਾਹੇ ਕਿਥੋਂ ਰੱਜ ਕੇ ਖਾ ਸਕਦੇ ਹਨ ਭਾਵ ਉਹ ਕਿਵੇਂ ਸ਼ਰਧਾ ਕਰ ਸਕਦੇ ਹਨ।

ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ॥

ਜਿਹੜੀ ਵਸਤੂ ਮਾਲਕ ਦੇ ਘਰ ਹੋਵੇ, ਓਹੀ ਨੌਕਰ ਦੇ ਹਥ ਆਉਂਦੀ ਹੈ, ਅਣਹੋਦੀ=ਨਾ ਹੁੰਦੀ ਚੀਜ਼ ਕਿਥੋਂ ਪਾ ਸਕਦਾ ਹੈ।

ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ॥

ਜਿਸ ਦੀ ਸੇਵਾ ਕੀਤਿਆਂ ਫਿਰ ਲੇਖਾ ਮੰਗਿਆ ਜਾਵੇ, ਉਹ ਸੇਵਾ ਕੀਤੀ ਹੋਈ ਦੁਖਦਾਇਕ ਹੁੰਦੀ ਹੈ।

ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ
ਫਿਰਿ ਲੇਖਾ ਮੰਗੈ ਨ ਕੋਈ॥ ੨॥

ਗੁਰੂ ਜੀ ਕਥਨ ਕਰਦੇ ਹੰਨ-ਜਿਨ੍ਹਾਂ ਗਰਾਂ ਦਾ ਦਰਸ਼ਨ ਸਫਲ ਹੈ ਉਨ੍ਹਾਂ ਗੁਰਾਂ ਨੂੰ ਹਰੀ ਸਰੂਪ ਜਾਣ ਕੇ ਸੇਵਨਾ ਕਰੋ ਤਾਂ ਫਿਰ ਤੁਹਾਡੇ ਪਾਸੋਂ ਕੋਈ ਹਿਸਾਬ ਨਹੀਂ ਪੁਛੇਗਾ॥ ੨॥

ਪਉੜੀ॥ ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥

ਗੁਰੂ ਜੀ ਕਥਨ ਕਰਦੇ ਹਨ-ਇਸ ਗੱਲ ਨੂੰ ਸੰਤ ਜਨ ਵਿਚਾਰਦੇ ਹਨ।

ਅਤੇ ਚਾਰੇ ਵੇਦ ਆਦਿਕ ਸ਼ਾਸ਼ਤ੍ਰ ਭੀ ਕਹਿੰਦੇ ਹਨ।

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥

ਕਿ ਭਗਤ ਜਨ ਜੋ ਭੀ ਆਪਣੇ ਮੂੰਹ ਤੋਂ ਬਚਨ ਬੋਲਦੇ ਹਨ, ਓਹੀ ਬਚਨ ਹੁੰਦੇ ਹਨ।

ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥

ਸੰਸਾਰ ਪਹਾਰਾ=ਪਸਾਰੇ ਵਿਚ ਉਹ ਪਰਗਟ ਜਾਪਦਾ=ਜਾਣੀਂਦੇ ਹਨ,

ਅਤੇ ਸਾਰੇ ਲੋਕ ਉਨ੍ਹਾਂ ਦਾ ਜਸ ਸੁਣਾਂਦੇ ਹਨ।

ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥

ਉਹ ਮੂਰਖ ਪੁਰਸ਼ ਸੁਖਾਂ ਨੂੰ ਨਹੀਂ ਪਾਂਵਦੇ, ਜੋ ਨਾਮ ਰਸੀਏ ਸੰਤਾਂ ਨਾਲ ਖਹਿੰਦੇ ਰਹਿੰਦੇ ਹਨ।

ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ॥

ਉਹ ਸੰਤ ਤਾਂ ਚਾਹੁੰਦੇ ਹਨ ਕਿ ਉਨ੍ਹਾਂ ਮੂਰਖਾਂ ਨੂੰ ਸ਼ੁਭ ਗੁਣ ਦੇਈਏ,

ਪਰ ਉਹ ਮੂਰਖ ਹੰਕਾਰ ਵਿਚ ਹੀ ਸੜਦੇ ਰਹਿੰਦੇ ਹਨ।

ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ॥

ਉਹ ਮੂਰਖ ਵਿਚਾਰੇ ਕੀ ਕਰਨ ? ਜਾਂ ਧੁਰ ਤੋਂ ਹੀ ਮੰਦਿਆਂ ਕਰਮਾਂ ਦੇ ਕਰਨ ਨਾਲ ਉਹਨਾਂ ਦੇ ਭਾਗ ਮੰਦੇ ਹਨ।

ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ॥

ਉਸ ਪਾਰਬ੍ਰਹਮ ਨੇ ਜੋ ਪੁਰਸ਼ ਮਾਰੇ ਹਨ, ਭਾਵ ਸਰਾਪੇ ਹਨ, ਉਹ ਕਿਸੇ ਦੇ ਭੀ ਨਹੀਂ ਬਣਦੇ।

ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ॥

ਨਿਰਵੈਰ ਜੋ ਸੰਤ ਹਨ, ਉਨ੍ਹਾਂ ਨਾਲ ਜੋ ਮੂਰਖ ਵੈਰ ਕਰਦੇ ਹਨ, ਉਹ ਧਰਮ ਰਾਜਾ ਦੇ ਨਿਆਉਂ ਅਨੁਸਾਰ, ਵਾ:-ਧਰਮ ਦੇ ਨਿਆਂ ਅਨੁਸਾਰ ਪਚੰਦੇ=ਖਰਾਬ ਹੁੰਦੇ ਹਨ।

ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥

ਜੋ ਜੋ ਪੁਰਸ਼ ਸੰਤਾਂ ਦੇ ਸਰਾਪੇ ਹੋਏ ਹਨ, ਉਹ ਪੁਰਸ਼ ਜੂਨੀਆਂ ਵਿਚ ਭੌਂਦੇ ਫਿਰਦੇ ਹਨ।

ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥੧੨॥

ਜਿਵੇਂ ਪੇਡੁ=ਬ੍ਰਿੱਛ ਮੁੱਢੋਂ ਕਟਿਆ=ਵੱਢਿਆ ਜਾਵੇ, ਤਾਂ ਉਸ ਦੇ ਡਾਲ=ਟਾਹਣ ਆਪ ਹੀ ਸੁੱਕ ਜਾਂਦੇ ਹਨ। ਏਸੇ ਤਰ੍ਹਾਂ ਜਦ ਪੇਡੁ ਮੁੰਢਾਹੂੰ ਕਟਿਆ=ਤਪੇ ਦੇ ਹਿਰਦੇ ਵਿਚ ਸ਼ਰਧਾ ਦਾ ਅਭਾਵ ਹੈ, ਤਾਂ ਉਸ ਦੇ ਅਨੁਸਾਰ ਚਲਣ ਵਾਲੇ ਜੋ ਡਾਲ=ਮਰਵਾਹੇ ਹਨ ਉਹ ਤਾਂ ਆਪ ਹੀ ਸੁਕ ਜਾਣੇ ਹੋਏ ਭਾਵ ਉਨ੍ਹਾਂ ਦੇ ਹਿਰਦੇ ਵਿਚੋਂ ਸ਼ਰਧਾ ਦਾ ਅਭਾਵ ਹੋਣਾ ਹੈ।

ਅਥਵਾ:-ਪੇਡੁ ਮੁੰਢਾਹੂੰ ਕਟਿਆ=ਜਦ ਮਰਵਾਹਿਆਂ ਦੇ ਹਿਰਦੇ ਵਿਚੋਂ ਸ਼ਰਧਾ ਦਾ ਅਭਾਵ ਹੈ, ਤਾਂ ਡਾਲ ਸੁਕੰਦੇ=ਨਫਰ ਦੇ ਹਿਰਦੇ ਵਿਚੋਂ ਸ਼ਰਧਾ ਦਾ ਅਭਾਵ ਹੋਣਾ ਹੈ।

ਅਥਵਾ:-ਪੇਡੁ ਮੁੰਢਾਹੂੰ ਕਟਿਆ=ਸ੍ਵਾਸਾਂ ਨੂੰ ਨਿਸਫਲ ਗੁਆ ਦਿੱਤਾ, ਤਾਂ ਡਾਲ ਸੁਕੰਦੇ=ਨਾਮ ਦਾ ਅਭਾਵ ਹੋ ਗਿਆ ਭਾਵ ਨਾਮ ਨਾ ਜਪਿਆ।

ਅਥਵਾ:- ਪੇਡੁ ਮੁੰਢਾਹੂੰ ਕਟਿਆ=ਨਾਮ ਨਾ ਜਪਿਆ, ਤਾਂ ਡਾਲ ਸੁਕੰਦੇ=ਮੋਖ ਦਾ ਅਭਾਵ ਹੋ ਗਿਆ॥ ੧੨॥

[ਪੰਨਾ ੩੦੭]

ਸਲੋਕ ਮਃ ੪ ॥

ਪ੍ਰਸ਼ਨ:-ਇਕ ਸਿੱਖ ਨੇ ਬੇਨਤੀ ਕੀਤੀ ਸੰਸਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਵੱਡੀ ਵਡਿਆਈ ਕਿਉਂ ਹੋ ਰਹੀ ਹੈ? ਉੱਤਰ:-

ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ॥
ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ॥

ਸ੍ਰੀ ਗੁਰੂ ਅਮਰਦਾਸ ਜੀ ਹਿਰਦੇ ਅੰਦਰ ਹਰੀ ਨੂੰ ਧਿਆਉਂਦੇ ਹਨ, ਇਸ ਲਈ ਸੰਸਾਰ ਵਿਚ ਉਨ੍ਹਾਂ ਦੀ ਵੱਡੀ ਵਡਿਆਈ ਹੋ ਰਹੀ ਹੈ। ਪੂਰੇ ਸਤਿਗੁਰੂ ਅੰਗਦ ਦੇਵ ਜੀ ਨੇ ਤੁਸਿ=ਪ੍ਰਸੰਨ ਹੋ ਕੇ ਦਿੱਤੀ ਹੈ, ਇਸ ਕਰਕੇ ਇਕ ਤਿਲ ਮਾਤ੍ਰ ਭੀ ਕਿਸੇ ਦੀ ਘਟਾਈ ਹੋਈ ਘਟਦੀ ਨਹੀਂ।

ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾ ਝਖਿ ਝਖਿ ਮਰੈ ਸਭ ਲੋਕਾਈ॥
ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ॥

ਜਦ ਸੱਚਾ ਸਾਹਿਬ ਆਪ ਸਤਿਗੁਰੂ ਅਮਰਦੇਵ ਜੀ ਦੀ ਤਰਫ ਹੈ, ਤਾਂ ਸਾਰੀ ਦੁਨੀਆਂ ਝਖਿ ਝਖਿ=ਖਪ ਖਪ ਕੇ ਆਪੇ ਹੀ ਮਰ ਜਾਏਗੀ। ਨਿੰਦਕ ਪੁਰਸ਼ਾਂ ਦੇ ਮੂੰਹ ਕਾਲੇ ਕਰਕੇ ਹਰੀ ਕਰਤੇ ਨੇ ਆਪ ਹੀ ਗੁਰਾਂ ਦੀ ਵਡਿਆਈ ਵਧਾਈ ਹੈ। ਯਥਾ:-ਨਿੰਦਕਾਂ ਕੇ ਮੂੰਹ ਕਾਲੇ ਕੀਏ ਦੀਨ ਦੁਨੀਆਂ ਕੈ ਦਰਬਾਰ।

ਤਥਾ:-ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੜਾਈ॥

ਤਥਾ:-ਜਨ ਕੀ ਨਿੰਦਾ ਕਰੈ ਨ ਕੋਇ॥ ਜੋ ਕਰੈ ਸੋ ਦੁਖੀਆ ਹੋਇ॥

....

ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ॥

ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ॥
ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ॥ ੧ ॥

ਨਿੰਦਕ ਪੁਰਸ਼ ਜਿਉਂ ਜਿਉ ਗੁਰੂ ਜੀ ਦੀ ਨਿੰਦਿਆ ਕਰਦੇ ਹਨ, ਤਿਉਂ ਤਿਉਂ ਸਤਿਗੁਰਾਂ ਦੀ ਵਡਿਆਈ ਨਿਤਾਪ੍ਰਤੀ ਸਵਾਈ ਚੜ੍ਹ ਰਹੀ ਹੈ। ਸਤਿਗੁਰੂ ਰਾਮਦਾਸ ਸਾਹਿਬ ਜੀ ਆਖਦੇ ਹਨ, ਸ੍ਰੀ ਗੁਰੂ ਅਮਰਦਾਸ ਜੀ ਨੇ ਹਰੀ ਨੂੰ ਅਰਾਧਿਆ ਹੈ, ਇਸ ਕਰ ਕੇ ਉਸ ਹਰੀ ਨੇ ਸਾਰੀ ਦੁਨੀਆਂ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨੀ ਲਿਆ ਪਾਈ ਹੈ॥ ੧ ॥

ਮਃ ੪ ॥

ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ॥

ਜਿਹੜਾ ਪੁਰਸ਼ ਸਤਿਗੁਰਾਂ ਨਾਲ ਗਿਣਤੀ ਰਖਦਾ ਹੈ, ਕਿ ਇਤਨੀ ਹੀ ਸੇਵਾ ਕਰਨੀ ਹੈ ਵਾਧੂ ਨਹੀਂ ਕਰਨੀ ਉਸ ਦਾ ਹਲਤੁ ਪਲਤੁ=ਲੋਕ ਪ੍ਰਲੋਕ ਸਾਰਾ ਨਿਸਫਲ ਚਲਾ ਗਿਆ ਹੈ, ਵਾ:-ਲੋਕ ਪ੍ਰਲੋਕ ਦਾ ਸਾਰਾ ਸੁਖ ਤਿਸ

ਦਾ ਦੂਰ ਹੋ ਗਿਆ ।

ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥

ਦੇਖੋ ਮਰਵਾਹਾ ਲੋਭ ਦੇ ਵਸ ਹੋ ਕੇ ਨਿਤਾਪ੍ਰਤੀ ਝਹੀਆ ਪਾਏ=ਕਚੀਚੀਆਂ ਪਾ ਕੇ ਨਿੰਦਿਆ ਰੂਪੀ ਝੱਗ ਸੁਟਦਾ ਸੀ, ਪਰ ਅੰਤ ਨੂੰ ਖਪਦਾ ਖਪਦਾ ਝੜ ਹੀ ਪਿਆ,

ਵਾ:-ਝਖਾਂ ਨੂੰ ਝਖਦਾ ਹੋਇਆ ਝੜਿ=ਮਿਰਤੂ ਹੋ ਗਿਆ।

ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ ॥

ਮਾਇਆ=ਛਲ ਰੂਪ ਧਨ ਦੀ ਪ੍ਰਾਪਤੀ ਵਾਸਤੇ ਨਿਤ ਹੀ ਕਈ ਤਰ੍ਹਾਂ ਦੇ ਯਤਨ ਕਰਦਾ ਸੀ ਭਾਵ ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਮਾਮਲਾ ਲੈਣ ਵਾਸਤੇ ਕਈ ਯਤਨ ਕਰਦਾ ਸੀ। ਪਰ ਉਸ ਦੇ ਪਾਸ ਜੋ ਅਗਲਾ=ਪਹਿਲਾ ਧਨ ਸੀ ਉਹ ਭੀ ਵਢੀਆਂ ਖੁਆਣ ਵਿਚ ਉੱਡ ਗਿਆ, ਭਾਵ ਨਾਸ ਹੋ ਗਿਆ।

ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ ॥

ਉਸ ਪੁਰਸ਼ ਨੇ ਖਟਣਾ ਕੀ ਹੈ? ਅਤੇ ਉਸ ਨੇ ਖਾਣਾ ਕੀ ਹੈ ? ਜਿਸ ਦੇ ਅੰਦਰ ਦੁਖਦਾਈ ਸੰਸਾ ਪਿਆ ਹੋਇਆ ਹੈ।

ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥

ਨਿਰਵੈਰ ਜੋ ਗੁਰੂ ਹਨ ਉਨ੍ਹਾਂ ਨਾਲ ਜਿਹੜਾਂ ਪੁਰਸ਼ ਵੈਰ ਰਚਾਂਵਦਾ ਹੈ, ਉਸ ਨੇ ਸਾਰੇ ਜਗਤ ਦਾ ਪਾਪ ਆਪਣੇ ਸਿਰ ਉੱਤੇ ਚੁਕ ਲਿਆ ਹੈ।

ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥

ਉਸ ਪੁਰਸ਼ ਨੂੰ ਅਗੈ=ਪ੍ਰਲੋਕ ਪਿਛੈ=ਇਸ ਲੋਕ ਵਿਚ ਢੋਈ=ਜਗ੍ਹਾ ਨਹੀਂ ਮਿਲਦੀ, ਜਿਸ ਦੇ ਮੂੰਹ ਅੰਦਰ ਨਿੰਦਿਆ ਰੂਪੀ ਅੰਬ ਫਲ ਪਿਆ ਹੈ, ਉਹ ਨਿੰਦਿਆ ਕਰਨੇ ਰੂਪੀ ਅੰਬ ਨੂੰ ਹੀ ਚੂਸਦਾ ਰਹਿੰਦਾ ਹੈ।

ਅਥਵਾ:-ਜਿਸ ਦੇ ਮੂੰਹ ਅੰਦਰ ਨਿੰਦਿਆ ਰੂਪੀ ਅੰਬੁ=ਜਲ ਪਿਆ ਹੈ।

ਅਥਵਾ:-ਜਿਸ ਦੇ ਅੰਦਰ ਨਿੰਦਿਆ ਹੈ ਉਸ ਦਾ ਮੂੰਹ ਅੰਬੁ=ਪੱਕ ਗਿਆ ਹੈ।

ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ ॥

ਜੇਕਰ ਉਹ ਨਿੰਦਕ ਪੁਰਸ਼ ਸੋਨੇ ਨੂੰ ਭੀ ਹੱਥ ਪਾਵੇ, ਤਾਂ ਸੋਨਾਂ ਮਿਟੀ ਨਾਲ ਮਿਲ ਜਾਂਦਾ ਹੈ ਭਾਵ ਉਸ ਦਾ ਕੋਈ ਵਿਹਾਰ ਸਿਧ ਨਹੀਂ ਹੁੰਦਾ।

ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ ॥

ਜੇਕਰ ਗੁਰਾਂ ਦੀ ਸ਼ਰਨ ਵਿਚ ਉਹ ਪੁਰਸ਼ ਮੁੜ ਭੀ ਆ ਜਾਵੇ, ਤਾਂ ਗੁਰੂ ਜੀ ਉਸ ਦੇ ਪਿਛਲੇ ਔਗੁਣਾਂ ਨੂੰ ਬਖਸ਼ ਲੈਂਦੇ ਹਨ।

ਯਥਾ:- ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥

ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥ *(ਪੰਨਾ ੮੫੫)*

ਜਨ ਨਾਨਕ ਅਨਦਿਨੁ ਨਾਮੁ ਧਿਆਇਆ
ਹਰਿ ਸਿਮਰਤ ਕਿਲਵਿਖ ਪਾਪ ਗਇਆ ॥ ੨ ॥

ਗੁਰੂ ਜੀ ਆਖਦੇ ਹਨ-ਗੁਰਮੁਖ ਜਨ ਨੇ ਰਾਤ ਦਿਨ ਨਾਮ ਨੂੰ ਧਿਆਉਣਾ ਕੀਤਾ ਹੈ, ਹਰੀ ਨਾਮ ਸਿਮਰਨ ਨਾਲ ਵਡਿਆਂ ਛੋਟਿਆਂ ਪਾਪਾਂ ਦਾ ਸਮੁਦਾਇ ਦੂਰ ਹੋ ਗਿਆ ਹੈ। ਵਾ:-ਕਿਲ=ਨਿਸਚੇ ਕਰਕੇ ਵਿਖ=ਵਿਹੁ ਵਾਂਗੂੰ ਮਾਰਣ ਵਾਲਾ ਪਾਪ ਦੂਰ ਹੋ ਗਿਆ ਹੈ॥ ੨ ॥

ਪਉੜੀ ॥ ਤੂਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ ॥
ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥

ਹੇ ਸਚੇ ! ਪਿਛੇ ਭੀ ਤੂੰ ਹੀ ਸੀ, ਹੇ ਸਚੇ ! ਹੁਣ ਭੀ ਤੂੰ ਹੀ ਹੈਂ, ਹੇ ਸਚੇ ! ਸਾਰਿਆਂ ਦੇ ਉੱਪਰ ਤੂੰ ਹੀ ਦੀਬਾਣੁ=ਆਸਰਾ ਰੂਪ ਹੈਂ। ਹੇ ਸਚੇ ! ਜੋ ਪੁਰਸ਼ ਤੈਨੂੰ ਧਿਆਉਂਦੇ ਹਨ ਅਤੇ ਸਚੁ ਸੇਵਨਿ=ਸਚਨਾਮ ਨੂੰ ਜਪਦੇ ਹਨ, ਉਨ੍ਹਾਂ ਸਚਿਆਂ ਨੂੰ ਹੇ ਸਚੇ ! ਇਕ ਤੇਰਾ ਹੀ ਮਾਣ ਹੈ।

ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥
ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥

ਜਿਨਾਂ ਦੇ ਅੰਦਰ ਸਚ ਹੈ, ਅਤੇ ਬਾਹਰੋਂ ਭੀ ਸਚ ਨੂੰ ਬੋਲਦੇ ਹਨ, ਪੁਨਾ ਹੇ ਸਚੇ ! ਜਿਨ੍ਹਾਂ ਨੂੰ ਤੇਰਾ ਹੀ ਸੱਚਾ ਬਲ ਹੈ, ਉਨ੍ਹਾਂ ਦੇ ਮੂੰਹ ਉਜਲੇ ਹਨ। ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮ ਨੂੰ ਸਲਾਹਿਆ ਹੈ, ਉਹ ਅਸਲੀ ਭਗਤ ਹਨ, ਉਨ੍ਹਾਂ ਨੂੰ ਸਚੁ ਸਬਦੁ=ਸਚਾ ਬ੍ਰਹਮ ਨੀਸਾਣੁ=ਪ੍ਰਗਟ ਹੋਇਆ ਹੈ।

ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥ ੧੩ ॥

ਜਿਹੜੇ ਪੁਰਸ਼ ਸਚੇ ਵਾਹਿਗੁਰੂ ਨੂੰ ਸੇਂਵਦੇ ਹਨ, ਉਹ ਸਚੇ ਹਨ, ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਤੇ ਕੁਰਬਾਣ ਜਾਂਦਾ ਹਾਂ ॥ ੧੩ ॥

ਸਲੋਕ ਮਃ ੪ ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ-ਹੇ ਪ੍ਰਭੂ ! ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸਾਂ ਦਿਸ਼ਾਤਰਾਂ ਵਿਚ ਰਟਨ ਕਰਦੇ ਹੋਏ ਲਾਹੌਰ ਪਹੁੰਚੇ, ਤਾਂ ਉਨ੍ਹਾਂ ਨੇ ਕੀ ਬਚਨ ਫੁਰਮਾਇਆ ਸੀ? *ਗੁਰ ਉੱਤਰ:*-ਉਸ ਵੇਲੇ ਲਾਹੌਰ ਵਿਚ ਗਊਆਂ ਦਾ ਬਧ ਹੋ ਰਿਹਾ ਸੀ, ਬੁਚੜਖਾਨੇ ਖੁਲ੍ਹੇ ਪਏ ਸਨ, ਦੇਖ ਕੇ ਨਾ ਸਹਾਰ ਸਕੇ। ਉਸ ਵੇਲੇ ਲਾਹੌਰੀਆਂ ਨੂੰ ਸਰਾਪ ਦੇ ਦਿੱਤਾ ਜੋ ਕਿ ਵਾਰਾਂ ਤੋਂ ਵਧੀਕ ਸਲੋਕਾਂ ਵਿਚ ਲਿਖਿਆ ਹੋਇਆ ਹੈ।

'ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥' *(ਪੰਨਾ ੧੪੧੨)*

ਫਿਰ ਸਿੱਖਾਂ ਨੇ ਪੁਛਿਆ ਉਨ੍ਹਾਂ ਲਾਹੌਰੀਆਂ ਨੂੰ ਦੂਜੇ ਪਾਤਸ਼ਾਹ ਜੀ ਨੇ ਬਖਸ਼ਿਆ ਹੈ, ਜਾਂ ਤੀਜੇ ਪਾਤਸ਼ਾਹ ਜੀ ਨੇ । ਆਪ ਕਿਰਪਾ ਕਰਕੇ ਇਨ੍ਹਾਂ ਲਾਹੌਰੀਆਂ ਦਾ ਸਾਰਾ ਪ੍ਰਸੰਗ ਸ੍ਰਵਨ ਕਰਾਓ। ਤਾਂ ਹਜ਼ੂਰ ਨੇ ਫੁਰਮਾਇਆ-

ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ ॥

'ਹੁਣਿ', ਪਦ ਨੂੰ ਰਹਿਣ ਦੇਣਾ, ਸਤਵੀਂ ਤੁਕ ਵਿਚ ਜਾ ਕੇ ਲਗਾਵਣਾ।

ਪੂਰੈ ਸਤਿਗੁਰੁ=ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਧੁਰਿ=ਸ਼ੁਰੂ ਤੋਂ ਹੀ ਮਾਰੇ=ਸਰਾਪੇ ਹਨ, 'ਸੇਈ ਸਤਿਗੁਰਿ ਮਾਰੇ' ਉਹੀ ਲਾਹੌਰੀਏ ਸਤਿਗੁਰ ਅੰਗਦ ਦੇਵ ਜੀ ਨੇ ਮਾਰੇ=ਸਰਾਪਨਾ ਕੀਤੇ। ਕਿਉਂਕਿ ਜਿਸ ਵੇਲੇ ਲਾਹੌਰੀਏ ਖਡੂਰ ਸਾਹਿਬ ਬਖਸ਼ਾਣ ਵਾਸਤੇ ਆਏ, ਤਾਂ ਗੁਰੂ ਜੀ ਨੇ ਕਿਹਾ ਵਡਿਆਂ ਦਾ ਦਿੱਤਾ ਹੋਇਆ ਸਰਾਪ ਅਸੀਂ ਨਹੀਂ ਹਟਾ ਸਕਦੇ, ਤੁਸਾਂ ਨੇ ਜੋ ਪਾਪ ਕਰਮ ਕੀਤੇ ਹਨ, ਇਸ ਲਈ ਉਨ੍ਹਾਂ ਦਾ ਫਲ ਤੁਹਾਨੂੰ ਹੀ ਭੋਗਣਾ ਚਾਹੀਦਾ ਹੈ।

ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ॥

ਜੇ ਕੋਈ ! ਲਾਹੌਰੀਆਂ ਨੂੰ ਗੁਰੂ ਜੀ ਨਾਲ ਮੇਲਣ ਵਾਸਤੇ ਬਹੁਤਾ ਚਾਹੁੰਣਾ ਭੀ ਕਰੇ, ਤਾਂ ਭੀ ਕਰਤਾਰ ਵਾਹਿਗੁਰੂ ਉਨ੍ਹਾਂ ਨੂੰ ਮਿਲਣ ਨਹੀਂ ਦਿੰਦਾ।

ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ॥

ਗੁਰਾਂ ਨੇ ਸਤਸੰਗਤ ਵਿਚ ਇਸਥਿਤ ਹੋ ਕੇ ਵਿਚਾਰ ਕੀਤਾ ਹੈ, ਕਿ ਇਹ ਲਾਹੌਰੀਏ ਗੁਰੂ ਦੀ ਸਤਸੰਗਤ ਵਿਚ 'ਢੋਈ ਨਾ ਲਹਨਿ'=ਢੁਕਣਾ, ਵਾ:-ਆਸਰਾ ਨਾ ਲੈਣ।

ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ॥

ਜਿਹੜਾ ਕੋਈ ਪੁਰਸ਼ ਹੁਣ ਉਹਨਾਂ ਲਾਹੌਰੀਆਂ ਨੂੰ ਜਾ ਕੇ ਮਿਲੇਗਾ, ਉਸ ਪੁਰਸ਼ ਨੂੰ ਜਮ ਜੰਦਾਰੇ=ਡੰਡਾ ਲੈ ਕੇ ਮਾਰੇਗਾ, ਵਾ:-ਜਮ ਜੋ ਜਿੰਦ ਦਾ ਅਰੀ ਹੈ ਉਹ ਮਾਰੇਗਾ।

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥

ਸਭ ਦੇ ਬਾਬੇ ਗੁਰੂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਨੇ ਜਿਨ੍ਹਾਂ ਨੂੰ ਫਿਟਕਾਰਿਆ ਹੈ, ਉਹ ਫਿਟ ਗਏ ਹਨ, ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭੀ ਉਨ੍ਹਾਂ ਨੂੰ ਕੂੜਿਆਂ ਕੀਤਾ ਹੈ।

*ਅਥਵਾ:-*ਜੋ ਪੁਰਸ਼ ''ਬਾਬੇ ਗੁਰੂ'' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਿਟਕਾਰੇ ਹਨ ਓਹੀ ਪੁਰਸ਼ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੂੜਿਆਂ ਕਰ ਕੇ ਫਿਟਕਾਰੇ ਹਨ। ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ਗੱਦੀ ਪਰ ਬਿਰਾਜਮਾਨ ਹੋਏ ਉਸ ਵੇਲੇ ਲਾਹੌਰੀਆਂ ਨੇ ਫਿਰ ਗੋਇੰਦਵਾਲ ਆ ਕੇ ਦੋ ਹੱਥ ਜੋੜਕੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ ਕਿ ਤੁਸੀਂ ਆਪਣੇ ਬਿਰਦ ਦੀ ਲਜਾ ਰਖਦਿਆਂ ਹੋਇਆਂ ਅਸਾਂ ਔਗੁਣਹਾਰਿਆਂ ਨੂੰ ਬਖਸ਼ ਦਿਓ।

ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥

ਉਸ ਵੇਲੇ ਤੀਜੀ ਪੀੜੀ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਵਿਚਾਰਿਆ। ਇਨ੍ਹਾਂ ਵਿਚਾਰਿਆਂ ਦੇ ਹਥਿ=ਅਧੀਨ ਕੀ ਹੈ, ਇਹ ਪਾਪ ਕਰਮ ਤਾਂ ਕਰ ਬੈਠੇ ਹਨ, ਪਰ ਹੁਣ ਸਾਡੇ ਅਨਿਨ ਸੇਵਕ ਰਾਮਦਾਸ ਲਾਹੌਰ ਦੇ ਹਨ, ਉਨ੍ਹਾਂ ਦੇ ਪਿਛੇ ਇਨ੍ਹਾਂ ਨੂੰ ਬਖਸ਼ ਦੇਣਾ ਚਾਹੀਦਾ ਹੈ। ਇਹ ਗਲ ਵਿਚਾਰ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ:-

ਮਹਲਾ ੩ ॥ ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ (ਪੰਨਾ ੧੪੧੨)

ਅੰਮ੍ਰਿਤਸਰ ਨਾਲ ਸਿਫਤੀ ਦਾ ਘਰ ਹੋਣ ਕਰਕੇ ਲਾਹੌਰ ਸ਼ਹਿਰ ਸੁਖੀ ਸਾਂਦੀ ਵਸੇਗਾ, ਵਿਚੋਂ ਜ਼ਹਿਰ ਕਹਿਰ ਵਾਲਾ ਸ਼ਬਦ ਹਟਾ ਦਿਤਾ।

ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥

ਜਿਸ ਗੁਰੂ ਨੇ ਸਾਨੂੰ ਚੌਥੀ ਪੀੜੀ ਤੇ ਟਿਕਾਇਆ ਹੈ, ਤਿਸ ਸ੍ਰੀ ਗੁਰੂ ਅਮਰਦਾਸ ਜੀ ਨੇ ਹੁਣ ਨਿੰਦਕ ਦੁਸ਼ਟ ਸਭ ਤਾਰ ਦਿਤੇ ਹਨ। ਨੋਟ:-ਪਹਿਲੀ ਤੁਕ ਵਿਚ ਜੋ 'ਹੁਣਿ' ਪਦ ਛਡਿਆ ਸੀ ਉਹ ਇਸ ਸਤਵੀਂ ਤੁਕ ਵਿਚ ਲਗਾ ਦਿਤਾ ਹੈ।

ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥

ਜਿਹੜਾ ਕੋਈ ਪੁੱਤ੍ਰ ਯਾਂ ਸਿਖ ਸਤਿਗੁਰਾਂ ਦੀ ਸੇਵਾ ਕਰਦਾ ਹੈ, ਉਸ ਦੇ ਸਾਰੇ ਕਾਰਜ ਗੁਰੂ ਸਾਹਿਬ ਜੀ ਸਵਾਰ ਦਿੰਦੇ ਹਨ।

ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥

ਪੁਨਾ ਜੋ ਭੀ ਇੱਛਾ ਕਰਦਾ ਹੈ, ਓਹੀ ਫਲ ਪਾਂਦਾ ਹੈ, ਜੋ ਸਿਖ ਆਪਣੇ ਪੁੱਤ੍ਰ ਧਨ ਤੇ ਲਖਮੀ=ਇਸਤ੍ਰੀ ਨੂੰ ਖੜਿ=ਲਿਜਾਕੇ ਗੁਰ ਚਰਨਾਂ ਨਾਲ ਮੇਲਦਾ ਹੈ, ਭਾਵ ਗੁਰੂ ਅਗੇ ਭੇਟਾ ਅਰਪਨ ਕਰਦਾ ਹੈ, ਉਸਨੂੰ ਹਰੀ ਸਰੂਪ ਗੁਰੂ ਜੀ ਹਰੀ ਨਾਲ ਮੇਲਕੇ ਸੰਸਾਰ ਤੋਂ ਤਾਰ ਦਿੰਦੇ ਹਨ।

ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰ ਧਾਰੇ॥

ਸਾਰੇ ਖਜ਼ਾਨੇ ਸਤਿਗੁਰਾਂ ਵਿਚ ਹਨ, ਜਿਸ ਗੁਰੂ ਨੇ ਹਿਰਦੇ ਅੰਦਰ ਹਰੀ ਨੂੰ ਧਾਰਿਆ ਹੋਇਆ ਹੈ।

ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ॥

ਪੂਰਿਆਂ ਸਤਿਗੁਰਾਂ ਨੂੰ ਓਹੀ ਪੁਰਸ਼ ਪਾਂਵਦਾ ਹੈ, ਜਿਸ ਦੇ ਲਿਲਾਰੇ=ਮੱਥੇ ਪਰ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ।

ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ॥ ੧॥

ਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਜਨ ਉਨ੍ਹਾਂ ਦੀ ਚਰਨ ਧੂੜ ਮੰਗਦਾ ਹਾਂ, ਜੋ ਗੁਰਸਿਖਾਂ ਦੇ ਪਿਆਰੇ ਮਿਤ੍ਰ ਹਨ॥ ੧॥

[ਪੰਨਾ ੩੦੮]

ਮਃ ੪॥ ਜਿਨ ਕਉ ਆਪਿ ਦੇਇ ਵਡਿਆਈ
ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ॥

ਉਹ ਪਰਮਾਤਮਾ ਜਿਨ੍ਹਾਂ ਨੂੰ ਆਪ ਹੀ ਵਡਿਆਈ ਦੇਣੀ ਚਾਹੁੰਦਾ ਹੈ, ਉਨ੍ਹਾਂ ਦੇ ਚਰਨਾਂ ਉਤੇ ਸਾਰੇ ਜਗਤ ਨੂੰ ਆਪੇ ਹੀ ਆਣਿ=ਲਿਆ ਪਾਉਂਦਾ ਹੈ।

ਡਰੀਐ ਤਾਂ ਜੇ ਕਿਛੁ ਆਪਦੂ ਕੀਚੈ ਸਭੁ ਕਰਤਾ ਆਪਣੀ ਕਲਾ ਵਧਾਏ॥

ਡਰੀਏ ਤਾਂ ਜੇ ਕੁਝ ਆਪਣੇ ਆਪ ਕੀਚੈ=ਕਰੀਏ, ਇਹ ਤਾਂ ਕਰਤਾ ਪੁਰਖ ਵਾਹਿਗੁਰੂ ਆਪ ਹੀ ਸਾਰੇ ਆਪਣੀ ਕਲਾ=ਸ਼ਕਤੀ ਵਧਾ ਰਿਹਾ ਹੈ।

ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ

ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ॥

ਹੇ ਭਾਈ! ਹਰੀ ਸਚੇ ਪ੍ਰੀਤਮ ਦਾ ਇਹ ਅਖਾੜਾ=ਸੰਸਾਰ ਦੇਖੋ ਜਿਸ ਨੇ ਆਪਣੇ ਜੋਰਿ=ਬਲ ਨਾਲ ਸਾਰੇ ਜੀਅ ਜੰਤ ਸਤਿਗੁਰਾਂ ਅਗੇ ਆਣਿ ਨਿਵਾਏ=ਲਿਆਕੇ ਝੁਕਾਏ ਹਨ।

ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ
ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ॥

ਹਰੀ ਸੁਆਮੀ ਆਪਣਿਆਂ ਭਗਤਾਂ ਦੀ ਆਪ ਹੀ ਰਖਿਆ ਕਰਦਾ ਹੈ ਅਤੇ ਨਿੰਦਕ ਦੁਸ਼ਟਾਂ ਦੇ ਮੂੰਹ ਕਾਲੇ ਕਰਾਉਂਦਾ ਹੈ।

ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ
ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ॥

ਸੰਸਾਰ ਵਿਚ ਸਤਿਗੁਰਾਂ ਦੀ ਵਡਿਆਈ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹ ਰਹੀ ਹੈ, ਕਿਉਂਕਿ ਸਤਿਗੁਰਾਂ ਪਾਸੋਂ ਹਰੀ ਆਪ ਹੀ ਕੀਰਤੀ ਤੇ ਭਗਤੀ, ਵਾ:-ਕੀਰਤਨ ਭਗਤੀ ਨਿਤਾ ਪ੍ਰਤੀ ਕਰਾਉਂਦਾ ਹੈ।

ਅਨਦਿਨੁ ਨਾਮੁ ਜਪਹੁ ਗੁਰ ਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ॥

ਹੇ ਗੁਰਸਿਖੋ! ਰਾਤ ਦਿਨੇ ਹਰੀ ਦਾ ਨਾਮ ਜਪੋ, ਹਰੀ ਕਰਤੇ ਦੇ ਸਰੂਪ ਜੋ ਸਤਿਗੁਰੂ ਹੈਂ ਉਹ ਸਿਖ ਨੂੰ ਸਰੂਪ ਰੂਪੀ ਘਰ ਵਿਚ ਵਸਾ ਦਿੰਦੇ ਹਨ।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥

ਹੇ ਗੁਰਸਿਖੋ! ਸਤਿਗੁਰਾਂ ਦੀ ਬਾਣੀ ਨੂੰ ਸਚ ਸਚ ਕਰਕੇ ਜਾਣੋ, ਕਿਉਂਕਿ ਹਰੀ ਕਰਤਾ ਆਪ ਹੀ ਸਤਿਗੁਰਾਂ ਦੇ ਮੂੰਹ ਵਿਚੋਂ ਕਢਾਉਂਦਾ ਹੈ।

ਗੁਰਬਾਣੀ ਗਾਵਹ ਭਾਈ ਉਹ ਸਫਲ ਸਦਾ ਸੁਖਦਾਈ॥

ਤਥਾ:- ਆਵਹੁ ਸਿਖ ਸਤਿਗੁਰ ਕੇ ਪਿਆਰਿਓ ਗਾਵਹੁ ਸਚੀ ਬਾਣੀ॥

ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ॥

ਹਰੀ ਪਿਆਰਾ ਗੁਰਸਿਖਾਂ ਦੇ ਮੂੰਹ ਉਜਲੇ ਕਰਦਾ ਹੈ, ਅਤੇ ਸਾਰੇ ਸੰਸਾਰ ਵਿਚ ਗੁਰਾਂ ਦਾ ਜੈਜੈਕਾਰ ਕਰਾਉਂਦਾ ਹੈ।

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ॥ ੨॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਹਰੀ ਦਾ ਦਾਸ ਹੈ, ਅਤੇ ਹਰੀ ਆਪਣਿਆਂ ਦਾਸਾਂ ਦੀ ਹਰ ਤਰ੍ਹਾਂ ਕਰਕੇ ਪੈਜ=ਇਜ਼ਤ ਰਖਾਉਂਦਾ ਹੈ॥੨॥

ਪਉੜੀ॥ ਤੂ ਸਚਾ ਸਾਹਿਬੁ ਆਪਿ ਹੈ ਸਚੁ ਸਾਹ ਹਮਾਰੇ॥

ਹੇ ਸਾਡੇ ਸਚੇ ਸ਼ਾਹ! ਤੂੰ ਆਪ ਹੀ ਸਚਾ ਸਾਹਿਬ ਹੈਂ।

ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ॥

ਹੇ ਪ੍ਰਭੂ ! ਸਾਨੂੰ ਸਚ ਨਾਮ ਰੂਪੀ ਪੂੰਜੀ ਦ੍ਰਿੜ ਕਰਵਾਓ, ਕਿਉਂਕਿ ਅਸੀਂ ਥਾਰੇ=ਆਪ ਜੀ ਦੇ ਵਣਜਾਰੇ ਹਾਂ।

ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ॥

ਜੋ ਪੁਰਸ਼ ਸਚ ਨਾਮ ਨੂੰ ਸੇਵਹਿ=ਜਪਦੇ ਹਨ, ਸਚ ਨਾਮ ਨੂੰ ਵਣੰਜਿ ਲੈਹਿ=ਖਰੀਦ ਲੈਂਦੇ ਹਨ, ਅਤੇ ਗੁਣਾਂ ਨੂੰ ਕਥਨ ਕਰਦੇ ਹਨ ਉਹ ਸੰਸਾਰ ਤੋਂ ਨਿਰਾਰੇ=ਅਸੰਗ ਹੋਏ ਹਨ।

ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ॥

ਉਹ ਪੁਰਸ਼ ਸੇਵਕੀ ਭਾ ਕਰਕੇ ਵਾਹਿਗੁਰੂ ਨਾਲ ਮਿਲੇ ਹਨ, ਜਿਨ੍ਹਾਂ ਨੇ ਗੁਰ ਉਪਦੇਸ਼ ਦੁਆਰਾ ਮਨ ਚਿੱਤ ਆਦਿਕਾਂ ਨੂੰ ਸਵਾਰਿਆ ਹੈ।

ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ॥ ੧੪॥

ਹੇ ਵਾਹਿਗੁਰੂ ! ਤੂੰ ਸਚਾ ਸਾਹਿਬ ਹੈਂ, ਤੇ ਅਲਖੁ=ਲਖਣੇ ਤੋਂ ਰਹਿਤ ਹੈਂ, ਗੁਰਾਂ ਨੇ ਸ਼ਬਦ ਦੇ ਕੇ ਆਪ ਜੀ ਦਾ ਸਰੂਪ ਲਖਾਰੇ=ਜਣਾਵਣਾ ਕੀਤਾ ਹੈ॥ ੧੪॥

ਸਲੋਕ ਮਃ ੪॥

ਜਿਸੁ ਅੰਦਰਿ ਭਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਪਰਾਈ ਭਾਤਿ=ਦੂਜੇ ਨੂੰ ਦੁਖ ਦੇਣ ਦੀ ਇਛਿਆ ਹੁੰਦੀ ਹੈ, ਤਿਸ ਪੁਰਸ਼ ਦਾ ਕਦੇ ਵੀ ਭਲਾ ਨਹੀਂ ਹੁੰਦਾ। ਏਸੇ ਵਾਸਤੇ ਕਿਹਾ ਹੈ-

ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀਂ ਭਾਈ ਮੀਤ॥੩॥

ਤਥਾ:- ਝੂਠਾ ਮੰਗਣੁ ਜੇ ਕੋਈ ਮਾਗੈ॥ ਤਿਸ ਕਉ ਮਰਤੇ ਘੜੀ ਨ ਲਾਗੈ॥

ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ॥

ਉਸ ਪੁਰਸ਼ ਦੇ ਆਖੇ ਕੋਈ ਲਗਦਾ ਨਹੀਂ, ਨਿਤ ਹੀ ਸੰਸਾਰ ਉਜਾੜ ਵਿਚ ਖਲੋਤਾ ਪੁਕਾਰਦਾ ਹੈ।

ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਚੁਗਲੀ ਵਾਲਾ ਸੁਭਾਵ ਹੈ ਉਹ ਚੁਗਲ ਚੁਗਲ ਕਰਕੇ ਵਜੈ=ਪ੍ਰਗਟ ਹੁੰਦਾ ਹੈ। ਉਸ ਦਾ ਕੀਤਾ ਕਤਰਿਆ ਸਭ ਨਿਸਫਲ ਚਲਾ ਗਿਆ ਹੈ।

ਨਿਤ ਚੁਗਲੀ ਕਰੇ ਅਣਹੋਦੀ ਪਰਾਈ
ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ॥

ਜੋ ਪੁਰਸ਼ ਨਿਤਾਪ੍ਰਤੀ ਅਣਹੋਦੀ=ਹੋਣੀ ਕੋਈ ਨਾ ਫਿਰ ਵੀ ਪਰਾਈ ਚੁਗਲੀ ਕਰਦਾ ਹੈ, ਉਹ ਪੁਰਸ਼

ਆਪਣਾ ਮੂੰਹ ਕਢਕੇ ਵਿਖਾ ਨਹੀਂ ਸਕਦਾ, ਕਿਉਂਕਿ ਉਸ ਦਾ ਮੂੰਹ ਕਾਲਾ ਹੋ ਜਾਂਦਾ ਹੈ।

ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ॥

ਕਲਜੁਗ ਵਿਚ ਇਹ ਸਰੀਰ ਕਰਮਾਂ ਦੀ ਧਰਤੀ ਹੈ, ਇਸ ਵਿਚ ਜੇਹੋ ਜੇਹਾ ਕੋਈ ਬੀਜ ਬੀਜਦਾ ਹੈ ਤੇਹੋ ਜੇਹਾ ਫਲ ਖਾਂਦਾ ਹੈ। *ਯਥਾ:*-ਜੇਹਾ ਬੀਜੇ ਸੋ ਲੁਣੈ ਕਰਮਾ ਸੰਦੜਾ ਖੇਤ॥

ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ॥

ਐਵੇਂ ਗਲਾਂ ਉੱਤੇ ਕਦੇ ਤਪਾਵਸੁ=ਨਿਆਂ ਨਹੀਂ ਹੁੰਦਾ, ਵਿਹੁ ਖਾਣ ਨਾਲ ਜਲਦੀ ਮਰ ਜਾਂਦਾ ਹੈ।

ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥

ਹੇ ਭਾਈ ! ਕਰਤੇ ਪੁਰਖ ਦਾ ਸੱਚਾ ਨਿਆਂ ਦੇਖੋ, ਕਿ ਜੇਹਾ ਕੋਈ ਕਰੇਗਾ ਤੇਹੋ ਜੇਹਾ ਕੋਈ ਫਲ ਪਾ ਲਵੇਗਾ।

ਜਨ ਨਾਨਕ ਕਉ ਸਭ ਸੋਝੀ ਪਾਈ
ਹਰਿ ਦਰ ਕੀਆ ਬਾਤਾ ਆਖਿ ਸੁਣਾਏ॥ ੧॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸਭ ਜਨਾਂ ਨੂੰ ਸੋਝੀ=ਗਿਆਨ ਪਾਈ ਹੈ, ਹਰੀ ਦੇ ਦਰਵਾਜ਼ੇ ਦੀਆਂ ਗੱਲਾਂ ਆਖਕੇ ਤੁਹਾਨੂੰ ਸੁਣਾਈਆਂ ਹਨ॥ ੧॥

ਮਃ ੪॥ ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਕਰਿ ਢੋਈ ਨਾਹੀ॥

ਜੋ ਪੁਰਸ਼ ਗੁਰਾਂ ਦੇ ਪ੍ਰਤੱਖ ਹੁੰਦਿਆਂ ਹੀ ਵਿਛੜ ਗਏ ਹਨ, ਉਨ੍ਹਾਂ ਨੂੰ ਪਰਮੇਸ਼ਰ ਦੇ ਦਰਵਾਜ਼ੇ ਢੋਈ ਨਾਹੀ=ਜਗ੍ਹਾ ਨਹੀਂ ਮਿਲਦੀ। ਇਹ ਇਸ਼ਾਰਾ ਮਰਵਾਹਿਆਂ ਵਲ ਹੈ ਕਿਉਂਕਿ ਮਰਵਾਹਿਆਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਛੱਡਕੇ ਤਪੇ ਨੂੰ ਜਾਕੇ ਗੁਰੂ ਧਾਰ ਲਿਆ ਸੀ।

ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥

ਜਿਹੜਾ ਕੋਈ ਉਨ੍ਹਾਂ ਨਿੰਦਕਾਂ ਨੂੰ ਜਾਕੇ ਮਿਲਦਾ ਹੈ, ਉਹ ਮੂੰਹੋਂ ਫਿਕੇ ਬਚਨ ਬੋਲਦਾ ਹੈ। ਵਾ:-ਮੂੰਹ ਦੇ ਰੰਗ ਫਿਕੇ ਪੈ ਜਾਂਦੇ ਹਨ ਅਤੇ ਮੂੰਹ ਉੱਤੇ ਲਾਹਲਤਾਂ ਰੂਪੀ ਥੁੱਕਾਂ ਹੀ ਥੁੱਕਾਂ ਪੈਂਦੀਆਂ ਹਨ।

ਯਥਾ:- ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ ੧॥ *(ਪੰਨਾ ੪੭੩)*

ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥

ਜੋ ਸਤਿਗੁਰੂ ਅਮਰਦਾਸ ਜੀ ਦੇ ਫਿਟਕਾਰੇ ਹੋਏ ਹਨ, ਉਹ ਸਾਰੇ ਜਗਤ ਦੇ ਫਿਟਕਾਰੇ ਹੋਏ ਹਨ, ਉਹ ਨਿਤਾਪ੍ਰਤੀ ਭੰਭਲ ਭੂਸੇ=ਧਕੇ ਧੋੜੇ ਖਾਂਦੇ ਹਨ। ਵਾ:-ਜਿਵੇਂ ਭੰਭਲ=ਤਤੀ ਸੁਆਹ ਉੱਤੇ ਜਲ ਪਾਈਏ ਤੇ ਉਹ ਭੁਸ ਭੁਸ ਕਰਦੀ ਹੈ ਐਸੇ ਮਨੁੱਖਾਂ ਦੇ ਹਿਰਦੇ ਸੜਦੇ ਰਹਿੰਦੇ ਹਨ।

ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ॥

ਜਿਨ੍ਹਾਂ ਨੇ ਆਪਣਾ ਗੁਰੂ ਗੋਪਿਆ=ਛਪਾਇਆ ਹੈ, ਉਹ ਕਈਆਂ ਦੇ ਢਹਾ=ਆਸਰੇ ਲੈਂਦੇ ਫਿਰਦੇ ਹਨ, ਵਾ:-ਢਾਹਾਂ ਮਾਰਦੇ ਫਿਰਦੇ ਹਨ।

ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ॥

ਉਨ੍ਹਾਂ ਦੀ ਤ੍ਰਿਸ਼ਨਾਂ ਰੂਪੀ ਭੁਖ ਕਦੇ ਉਤਰਦੀ ਨਹੀਂ, ਉਹ ਨਿਤਾਪ੍ਰਤੀ ਭੁਖਾ ਹੀ ਭੁਖਾ ਕੂਕਦੇ ਹਨ। ਅਥਵਾ:-ਭੂ=ਪ੍ਰਿਥਵੀ, ਤੇ ਖਾ=ਅਕਾਸ਼ ਦੇ ਪਦਾਰਥਾਂ ਲਈ ਭੁਖੇ ਹੋ ਕੇ ਕੂਕਦੇ ਹਨ।

ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਹੀ॥

ਉਨ੍ਹਾਂ ਦਾ ਕਿਹਾ ਹੋਇਆ ਬਚਨ ਕੋਈ ਸੁਣਦਾ ਨਹੀਂ, ਇਸ ਲਈ ਉਹ ਨਿਤਾਪ੍ਰਤੀ ਹੌਲ ਹੀ ਹੌਲ ਵਿਚ ਭਾਵ ਦਿਲ ਧੜਕਨ ਵਿਚ ਮਰਦੇ ਹਨ। ਵਾ:-ਤੁਛ ਹੀ ਤੁਛਤਾਈ ਵਿਖੇ ਮਰਦੇ ਹਨ।

ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ॥

ਜੋ ਪੁਰਸ਼ ਸਤਿਗੁਰੂ ਅਮਰਦਾਸ ਜੀ ਦੀ ਵਡਿਆਈ ਨੂੰ ਦੇਖ ਨਹੀਂ ਸਕਦੇ,
ਉਨ੍ਹਾਂ ਨੂੰ ਅਗੈ ਪਿਛੈ=ਲੋਕ ਪ੍ਰਲੋਕ ਵਿਚ ਜਗ੍ਹਾ ਨਹੀਂ ਮਿਲਦੀ।

[ਪੰਨਾ ੩੦੯]

ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ॥

ਜੋ ਪੁਰਸ਼ ਸਤਿਗੁਰਾਂ ਦੇ ਮਾਰੇ=ਸਰਾਪੇ ਹੋਏ ਹਨ, ਉਨ੍ਹਾਂ ਨੂੰ ਜੋ ਪੁਰਸ਼ ਜਾ ਕੇ ਮਿਲਦਾ ਹੈ, ਉਹ ਆਪਣੀ ਰਹਦੀ ਖੁਹਦੀ=ਖੁਚੀ ਬੁਚੀ ਹੋਈ ਸਾਰੀ ਪਤਆਬਰੋ ਗੁਆ ਲੈਂਦਾ ਹੈ।

ਅਥਵਾ:-ਰਹਿਕੇ ਜੋ ਖੁਹਦੀ=ਖਹਿੰਦੇ ਹਨ, ਉਨ੍ਹਾਂ ਨੇ ਸਾਰੀ ਪਤਆਬਰੋ ਗੁਆ ਲੀਤੀ ਹੈ।

ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥

ਉਹ ਗੁਰਾਂ ਦੇ ਫਿਟਕਾਰੇ ਹੋਏ ਪੁਰਸ਼ ਪਹਿਲੇ ਹੀ ਕੁਸਟੀ=ਕੋਹੜੀ ਸਨ, ਜਿਹੜਾ ਭੀ ਉਸ ਨੂੰ ਮਿਲਦਾ ਹੈ, ਉਸ ਨੂੰ ਭੀ ਕੋਹੜ ਉੱਠਦਾ ਹੈ।

ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ॥

ਹਰ ਪ੍ਰਕਾਰ ਸੇ ਭਾਵ ਜਿਥੋਂ ਤਕ ਚਾਰਾ ਚਲੇ ਓਥੋਂ ਤਕ ਉਨ੍ਹਾਂ ਦਾ ਦਰਸ਼ਨ ਨਾ ਕਰੋ।

ਅਥਵਾ:-ਹੇ ਹਰੀ ! ਉਨ੍ਹਾਂ ਮਨਮੁਖਾਂ ਦਾ ਦਰਸ਼ਨ ਨਾ ਕਰਵਾਓ, ਜੋ ਦ੍ਵੈਤ ਭਾ ਵਿਖੇ ਚਿੱਤ ਨੂੰ ਲਗਾਂਦੇ ਹਨ।

ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ॥

ਕਰਤੇ ਪੁਰਖ ਵਾਹਿਗੁਰੂ ਨੇ ਜੋ ਲੇਖ ਧੁਰ ਤੋਂ ਹੀ ਜੀਵਾਂ ਦੇ ਮੱਥੇ ਪਰ ਲਿਖ ਪਾਇਆ ਹੈ, ਉਸ ਨਾਲ ਕਿਸੇ ਦਾ ਕੁਝ ਚਾਰਾ=ਜ਼ੋਰ ਨਹੀਂ ਚਲਦਾ।

ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਤੂੰ ਨਾਮ ਨੂੰ ਅਰਾਧਨਾ ਕਰ, ਕਿਉਂਕਿ ਤਿਸ ਪ੍ਰਲੋਕ ਦਰਗਾਹ ਵਿਚ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਧਰਮ ਅਪੜਿ=ਪਹੁੰਚ ਨਹੀਂ ਸਕਦਾ।

ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ॥ ੨ ॥

ਪਰਮੇਸ਼ਰ ਦੇ ਨਾਮ ਦੀ ਵਡਿਆਈ ਸਭ ਤੋਂ ਵੱਡੀ ਹੈ, ਨਿਤਾਪ੍ਰਤੀ ਪਰਮੇਸ਼ਰ ਦੀ ਚੜ੍ਹਾਈ ਹੋਈ ਵਡਿਆਈ ਸਵਾਈ ਹੋ ਕੇ ਚੜ੍ਹਦੀ ਹੈ॥ ੨ ॥

ਮਃ ੪ ॥ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਹੁੰਦਿਆਂ ਹੀ ਜਿਸ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਗਦੀ ਪਰ ਬਿਠਾ ਕੇ ਟਿਕਾਇਆ ਹੈ, ਉਸ ਜਨ ਦੀ ਵਡਿਆਈ ਸਭ ਤੋਂ ਵੱਡੀ ਹੋ ਰਹੀ ਹੈ।

ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ॥

ਤਿਸ ਗੁਰੂ ਅਮਰਦਾਸ ਜੀ ਨੂੰ ਸਾਰਾ ਜਗਤ ਝੁਕਿਆ ਤੇ ਚਰਨੀਂ ਪਿਆ ਹੈ ਅਤੇ ਸਾਰੀ ਲੁਕਾਈ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਜਸ ਵਰਤ ਗਿਆ ਹੈ।

ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ
ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥

ਉਸ ਨੂੰ ਖੰਡਾਂ ਬ੍ਰਹਿਮੰਡਾਂ ਦੇ ਸਾਰੇ ਜੀਵ ਨਮਸ਼ਕਾਰ ਕਰਦੇ ਹਨ, ਜਿਸ ਦੇ ਮੱਥੇ ਪਰ ਪੂਰਿਆਂ ਗੁਰਾਂ ਨੇ ਹੱਥ ਰਖਿਆ ਹੈ ਉਹ ਪੁਰਸ਼ ਸ਼ੁਭ ਗੁਣਾਂ ਨਾਲ ਪੂਰਨ ਹੁੰਦਾ ਹੈ।

ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ॥

ਗੁਰਾਂ ਦੀ ਵਡਿਆਈ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹਦੀ ਹੈ ਉਸ ਦੇ ਬਰਾਬਰ ਕੋਈ ਅਪੜਿ ਨ ਸਕੋਈ= ਪਹੁੰਚ ਨਹੀਂ ਸਕਦਾ।

ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ ॥ ੩ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ-ਜਿਸ ਹਰੀ ਕਰਤੇ ਦੇ ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਹੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਗੱਦੀ ਤੇ ਬਿਠਾ ਕੇ ਟਿਕਾਇਆ ਹੈ, ਉਹ ਮੇਰਾ ਪ੍ਰਭੂ ਆਪ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਇੱਜ਼ਤ ਰਖਦਾ ਹੈ॥ ੩ ॥

ਪਉੜੀ॥ ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ॥

ਕਾਇਆ ਰੂਪੀ ਕੋਟੁ=ਕਿਲ੍ਹਾ ਅਪਾਰੁ=ਸ੍ਰੇਸ਼ਟ ਹੈ, ਇਸ ਦੇ ਅੰਦਰ ਇੰਦ੍ਰੀਆਂ ਰੂਪੀ ਹਟਨਾਲੇ=ਬਜ਼ਾਰ ਹਨ।

ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ॥

ਜੋ ਗੁਰਮੁਖ ਜਨ ਗੁਰਾਂ ਦੁਆਰੇ ਇੰਦ੍ਰੀਆਂ ਰੂਪੀ ਬਜ਼ਾਰ ਵਿਚੋਂ ਨਾਮ ਰੂਪੀ ਸੋਦਾ ਖਰੀਦਦੇ ਹਨ, ਉਹ ਹਰੀ ਰੂਪ ਵਸਤੂ ਨੂੰ ਸੰਭਾਲਦੇ ਹਨ।

ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ॥

ਹਰੀ ਨਾਮ ਰੂਪੀ ਨਿਧਾਨੁ=ਖਜ਼ਾਨੇ ਨੂੰ ਜੋ ਵਣਜਦੇ ਹਨ ਏਹੀ ਹੀਰੇ ਤੇ ਪਰਵਾਲੇ=ਮੂੰਗੇ ਹਨ।

ਅਥਵਾ:-ਹੀਰਾ ਨਾਮ ਹੈ, ਵਾਲ=ਦੁੱਖਾਂ ਤੋਂ ਜਿਹੜਾ ਪਰੇ ਹੋਣਾ ਹੈ ਏਹੋ ਪਰਵਾਲੇ=ਮੂੰਗੇ ਹਨ।

ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥

ਜਿਹੜੇ ਪੁਰਸ਼ ਕਾਇਆਂ ਰੂਪੀ ਕਿਲ੍ਹੇ ਬਿਨਾਂ ਹੋਰ ਜਗ੍ਹਾਂ ਤੋਂ ਆਤਮ ਧਨ ਜਾਂ ਨਾਮ ਧਨ ਨੂੰ ਖੋਜਦੇ ਹਨ ਉਹ ਮੂਰਖ ਪੁਰਸ਼ ਬੇਤਾਲੇ=ਭੂਤਨੇ ਹਨ।

ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥ ੧੫॥

ਉਹ ਪੁਰਸ਼ ਭਰਮ ਕਰਕੇ ਸੰਸਾਰ ਉਜਾੜ ਵਿਚ ਇਸ ਤਰ੍ਹਾਂ ਭੁਆਏ ਜਾਂਦੇ ਹਨ, ਜਿਵੇਂ ਮਿਰਗੁ=ਹਰਨ ਕਸਤੂਰੀ ਪਿਛੇ ਝਾੜੀਆਂ ਨੂੰ ਭਾਲਦਾ ਫਿਰਦਾ ਹੈ, ਕਸਤੂਰੀ ਦਾ ਨਾਪਾ ਹੈ ਤਾਂ ਉਸ ਦੀ ਆਪਣੀ ਧੁੰਨੀ ਵਿਖੇ ਪਰ ਭਰਮ ਕਰਕੇ ਬਾਹਰ ਝਾੜੀਆਂ ਵਿਚ ਭਾਲਦਾ ਫਿਰਦਾ ਹੈ, ਇਸ ਪ੍ਰਕਾਰ ਜੀਵ ਨੂੰ ਸੁਖ ਤਾਂ ਆਪਣੀ ਬ੍ਰਿਤੀ ਦੀ ਇਕਾਗਰਤਾ ਵਿਚੋਂ ਮਿਲ ਰਿਹਾ ਹੈ ਪਰ ਇਹ ਬਾਹਰਲੇ ਪਦਾਰਥਾਂ ਵਿਚੋਂ ਮੰਨੀ ਬੈਠਾ ਹੈ॥ ੧੫॥

ਸਲੋਕ ਮਃ ੪॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੁ ਅਉਖਾ ਜਗ ਮਹਿ ਹੋਇਆ॥

ਜਿਹੜਾ ਪੁਰਸ਼ ਪੂਰਿਆਂ ਸਤਿਗੁਰਾਂ ਦੀ ਨਿੰਦਿਆ ਕਰਦਾ ਹੈ, ਉਹ ਪੁਰਸ਼ ਜਗਤ ਵਿਚ ਅਉਖਾ=ਦੁਖੀ ਹੁੰਦਾ ਹੈ।

ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥

ਦੁਖਾਂ ਦਾ ਖੂਹ ਜੋ ਕੁੰਭੀ ਨਰਕ ਹੈ, ਉਸ ਨੂੰ ਫੜ ਕੇ ਉਸ ਜਗ੍ਹਾ ਢੋਇਆ=ਮੇਲਿਆ ਭਾਵ ਸੁਟਿਆ ਜਾਂਦਾ ਹੈ।

ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥

ਉਸਦੀਆਂ ਕੂਕ=ਉਚੀਆਂ ਪੁਕਾਰਾਂ ਕੋਈ ਸੁਣਦਾ ਨਹੀਂ, ਉਹ ਦੁਖੀ ਹੋ ਹੋ ਕੇ ਰੋਂਦਾ ਹੈ।

ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ॥

ਉਸ ਨੇ ਹਲਤੁ ਪਲਤੁ=ਲੋਕ ਪ੍ਰਲੋਕ ਦਾ ਸਾਰਾ ਸੁਖ ਗਵਾ ਲਿਆ ਹੈ ਮੂਲੁ=ਸ੍ਵਾਸ ਲਾਹਾ=ਲਾਭ ਨਾਮ ਦਾ, ਅਥਵਾ:-ਮੂਲੁ=ਨਾਮ, ਤੇ ਆਤਮ ਸੁਖ ਦਾ ਲਾਹਾ=ਲਾਭ ਸਾਰਾ ਖੋਇਆ=ਗੁਆ ਦਿੱਤਾ ਹੈ।

ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥

ਅੰਤ ਨੂੰ ਉਹ ਪੁਰਸ਼ ਤੇਲੀ ਸੰਦਾ=ਦਾ ਬਲਦ ਕੀਤਾ ਜਾਂਦਾ ਹੈ, ਤੇ ਪ੍ਰਭੂ ਜੋ ਤੇਲੀ ਹੈ ਬਲਦ ਦਾ ਮਾਲਕ, ਉਹ ਨਿਤਾਪ੍ਰਤੀ ਭਲਕੇ=ਸਵੇਰੇ ਉੱਠ ਕੇ ਉਸ ਬਲਦ ਨੂੰ ਕੋਹਲੂ ਨਾਲ ਜੋਇਆ=ਜੋੜਦਾ ਹੈ।

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ॥

ਉਹ ਹਰੀ ਨਿਤਾਪ੍ਰਤੀ ਜੀਵਾਂ ਦੇ ਸਭ ਕੁਝ ਕਰਤੱਬ ਵੇਖਦਾ ਸੁਣਦਾ ਹੈ, ਤਿਦੂ=ਉਸ ਤੋਂ ਕੁਝ ਗੁਝਾ=ਛਿਪਿਆ (ਲੁਕਿਆ) ਹੋਇਆ ਨਹੀਂ ਹੁੰਦਾ।

ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ॥

ਜੈਸਾ ਕਿਸੀ ਨੇ ਪੂਰਬ ਜਨਮ ਵਿਚ ਬੀਜ ਬੋਇਆ ਸੀ, ਤੈਸਾ ਹੁਣ ਲੁਣੈ=ਕਟਦਾ ਹੈ, ਜਿਸ ਤਰ੍ਹਾਂ ਦਾ

ਹੁਣ ਬੀਜੇਗਾ, ਉਸ ਤਰ੍ਹਾਂ ਦਾ ਅਗੇ ਲੁਣੈ=ਵੱਡੇਗਾ।

ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥

ਜਿਸ ਉੱਤੇ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਨੇ ਸਤਿਗੁਰਾਂ ਦੇ ਚਰਨਾਂ ਨੂੰ ਧੋਣਾ ਕੀਤਾ ਹੈ।

ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥

ਉਹ ਗੁਰ=ਪੂਜਨੀਕ ਸਤਿਗੁਰਾਂ ਦੇ ਪਿਛੇ ਲਗ ਕੇ ਇਸ ਤਰ੍ਹਾਂ ਤਰ ਗਿਆ ਹੈ, ਜਿਵੇਂ ਕਾਠ=ਬੇੜੀ ਦਾ ਸੰਗ ਕਰਕੇ ਲੋਹਾ ਤਰ ਜਾਂਦਾ ਹੈ।

ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਤੂੰ ਹਰਿ ਹਰਿ ਨਾਮ ਨੂੰ ਧਿਆਉਣਾ ਕਰ, ਜਿਨ੍ਹਾਂ ਨੇ ਹਰਿ ਹਰਿ ਨਾਮੀ ਨੂੰ ਜਪਿਆ ਹੈ ਉਨ੍ਹਾਂ ਨੂੰ ਹੀ ਸੁਖ ਪ੍ਰਾਪਤ ਹੋਇਆ ਹੈ॥ ੧॥

ਮਃ ੪ ॥ ਵਡਭਾਗੀਆ ਸੋਹਾਗਣੀ
ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥

ਉਹ ਸੁਹਾਗਵੰਤੀਆਂ ਵਡੇ ਭਾਗਾਂ ਵਾਲੀਆਂ ਹਨ ਜਿਨ੍ਹਾਂ ਗੁਰਮੁਖ ਇਸਤ੍ਰੀਆਂ ਨੂੰ ਹਰੀ ਰਾਜਾ ਪਤੀ ਮਿਲਿਆ ਹੈ।

ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਅੰਦਰ ਗਿਆਨ ਦੀ ਜੋਤ ਪ੍ਰਕਾਸ਼ੀ ਹੈ ਉਹ ਨਾਮੀ ਪ੍ਰਭੂ ਵਿਖੇ ਸਮਾਈਆਂ ਹਨ॥ ੨॥

ਪਉੜੀ ॥ ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥

ਸਾਰਿਆਂ ਸਰੀਰਾਂ ਵਿਚੋਂ ਇਹ ਮਨੁਖਾ ਸਰੀਰ ਧਰਮ ਰੂਪ ਹੈ ਜਿਸ ਮਨੁਖਾ ਸਰੀਰ ਦੇ ਅੰਦਰ ਸਚੇ ਦੀ ਜੋਤਿ ਹੈ।

ਅਥਵਾ:-ਸਚੇ ਪ੍ਰਭੂ ਦੀ ਜੋਤਿ=ਗਿਆਤ ਹੈ।

ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥

ਰਤਨ=ਵੈਰਾਗ ਆਦਿਕ ਸ਼ੁਭ ਗੁਣ ਇਸ ਵਿਚ ਗੁਹਜ=ਗੁਪਤ ਲੁਕ ਰਹੇ ਹਨ, ਪਰ ਕੋਈ ਵਿਰਲਾ ਸੇਵਕ ਗੁਰਮੁਖਿ=ਗੁਰਾਂ ਦੁਆਰੇ ਖੋਤਿ=ਵਿਚਾਰ ਕੇ, ਵਾ:-ਖੋਜ ਕੇ (ਢੂੰਢ ਕੇ) ਕਢਦਾ ਹੈ।

ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥

ਜਾਂ ਜੀਵਾਤਮਾ ਨੂੰ ਰਾਮ ਰੂਪ ਕਰਕੇ ਪਛਾਣਿਆਂ ਤਾਂ ਇਕੋ ਇਕ ਪਰਮਾਤਮਾ ਨੂੰ ਓਤਿ ਪੋਤਿ=ਤਾਣੇ ਪੇਟੇ ਵਾਂਗੂੰ ਸਾਰਿਆਂ ਵਿਚ ਰਵਿਆ ਨਿਸਚੇ ਕੀਤਾ।

ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥

ਫਿਰ ਇਕ ਨੂੰ ਅੱਖਾਂ ਨਾਲ ਦੇਖਿਆ, ਇਕ ਨੂੰ ਹੀ ਮਨ ਵਿਚ ਮਨਨ ਕੀਤਾ ਅਤੇ ਸ੍ਰਵਣ=ਕੰਨਾਂ ਦੀ ਸਰੋਤ ਸ਼ਕਤੀ ਦਵਾਰਾ ਇਕ ਨੂੰ ਹੀ ਸੁਣਨਾ ਕੀਤਾ ਹੈ।

ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ॥ ੧੬॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ- ਹੇ ਭਾਈ ! ਤੂੰ ਨਾਮ ਨੂੰ ਜਪਣਾ ਕਰ, ਤਾਂ ਤੇਰੀ ਵਲੋਂ ਸਚੁ=ਨਿਸਚੇ ਕਰਕੇ ਸਚੇ ਦੀ ਸੇਵਾ ਹੋਤਿ=ਹੁੰਦੀ ਰਹੇਗੀ॥ ੧੬॥

[ਪੰਨਾ ੩੧੦]

ਸਲੋਕ ਮਃ ੪॥

ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ॥

ਜਿਨ੍ਹਾਂ ਦੇ ਮਨ ਵਿਚ ਹਰੀ ਨਾਮ ਵੱਸਿਆ ਹੈ ਉਨ੍ਹਾਂ ਦੇ ਹਿਰਦੇ ਵਿਚ ਸਾਰੇ ਰਸ=ਅਨੰਦ ਹਨ।

ਵਾ:-ਸਾਰਿਆਂ ਰਸਾਂ ਦਾ ਮਾਲਕ ਪ੍ਰਭੂ ਉਨ੍ਹਾਂ ਦੇ ਹਿਰਦੇ ਵਿਚ ਹੈ।

ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ॥

ਹਰੀ ਦੀ ਦਰਗਹ ਵਿਚ ਉਨ੍ਹਾਂ ਦੇ ਮੂੰਹ ਉਜਲੇ ਹਨ ਅਤੇ ਸਾਰੇ ਲੋਕ ਉਨ੍ਹਾਂ ਦਾ ਦਰਸ਼ਨ ਵੇਖਣ ਵਾਸਤੇ ਜਾਂਦੇ ਹਨ।

ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ॥

ਜਿਨ੍ਹਾਂ ਨੇ ਨਿਰਭਉ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕੀਤਾ ਹੈ ਉਨ੍ਹਾਂ ਨੂੰ ਕੋਈ ਭਉ=ਡਰ ਨਹੀਂ ਹੁੰਦਾ।

ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ॥

ਜਿਨ੍ਹਾਂ ਨੂੰ ਧੁਰ ਦਾ ਸ਼ੁਭ ਲੇਖ ਲਿਖਿਆ ਆਇਆ ਹੈ ਉਨ੍ਹਾਂ ਨੇ ਉਤਮ ਹਰੀ ਨੂੰ ਸੇਵਨਾ ਕੀਤਾ ਹੈ।

ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ॥

ਜਿਨ੍ਹਾਂ ਦੇ ਮਨ ਵਿਚ ਹਰੀ ਵਸਿਆ ਹੈ, ਤਿਨ੍ਹਾਂ ਨੂੰ ਹਰੀ ਦੀ ਦਰਗਹ ਵਿਚ ਜਸ ਰੂਪੀ ਪੁਸ਼ਾਕ ਪਹਿਨਾਈ ਜਾਂਦੀ ਹੈ।

ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ॥

ਉਹ ਆਪ ਤਾਂ ਸਾਰੇ ਕੁਟੰਬ ਸਮੇਤ ਤਰ ਗਏ ਹਨ ਅਤੇ ਉਨ੍ਹਾਂ ਦੇ ਪਿਛੇ ਲਗਕੇ ਸਾਰਾ ਜਗਤ ਜਮਾਂ ਤੋਂ ਛੁਟ ਜਾਂਦਾ ਹੈ।

ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ॥ ੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਐਸੇ ਬੇਨਤੀ ਕਰੋ ਹੇ ਹਰੀ ! ਮੈਂ ਜਨ ਨੂੰ ਗੁਰਮੁਖ ਜਨਾਂ ਨਾਲ ਮੇਲਣਾ ਕਰ, ਅਸੀਂ ਉਨ੍ਹਾਂ ਗੁਰਮੁਖ ਜਨਾਂ ਨੂੰ ਵੇਖ ਵੇਖਕੇ ਜਿਉਂਦੇ ਹਾਂ॥ ੧॥

ਮਃ ੪॥ ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

ਉਹ ਪ੍ਰਤੱਖ ਧਰਤੀ ਹਰੀਆਵਲੀ=ਰੌਣਕ ਵਾਲੀ ਹੋਈ ਹੈ ਜਿਸ ਧਰਤੀ ਪਰ ਮੇਰਾ ਸਤਿਗੁਰੂ ਆ ਕੇ ਬੈਠਾ ਹੈ। *ਅਥਵਾ*-ਉਹ ਬੁੱਧੀ ਰੂਪੀ ਧਰਤੀ ਸ਼ੁਭਗੁਣਾਂ ਕਰਕੇ ਹਰਿਆਵਲੀ ਹੋਈ ਹੈ ਜਿਸ ਬੁੱਧੀ ਵਿਖੇ ਮੇਰੇ ਸਤਿਗੁਰਾਂ

ਦਾ ਉਪਦੇਸ਼ ਆ ਕੇ ਬੈਠਾ ਹੈ।

ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥

ਉਹ ਮਨੁੱਖ ਵੀ ਹਰੀਆਵਲੇ=ਆਨੰਦ ਹੋਏ ਹਨ ਜਿਨ੍ਹਾਂ ਨੇ ਮੇਰੇ ਸਤਿਗੁਰਾਂ ਦਾ ਦਰਸ਼ਨ ਜਾਕੇ ਦੇਖਿਆ ਹੈ।

ਧਨੁ ਧੰਨੁ ਪਿਤਾ ਪਿਤਾ ਬਾਬਾ "ਤੇਜ ਭਾਨ" ਜੀ ਧੰਨਤਾ ਦੇ ਜੋਗ ਹਨ।

ਧਨੁ ਧੰਨੁ ਕੁਲੁ ਉਹ ਭਲਿਆਂ ਦੀ ਕੁਲ ਵੀ ਧੰਨਤਾ ਦੇ ਜੋਗ ਹੈ।

ਧਨੁ ਧਨੁ ਸੁ ਜਨਨੀ ਉਹ ਮਾਤਾ "ਬਖਤ ਕੌਰ" ਵੀ ਧੰਨਤਾ ਦੇ ਜੋਗ ਹੈ।

ਜਿਨਿ ਗੁਰੁ ਜਣਿਆ ਮਾਇ॥ ਜਿਸ ਮਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਜਣਿਆ=ਪੈਦਾ ਕੀਤਾ ਹੈ।

ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ

ਸ੍ਰੀ ਗੁਰੂ ਅਮਰਦਾਸ ਜੀ ਧੰਨਤਾ ਦੇ ਜੋਗ ਹਨ ਜਿਨ੍ਹਾਂ ਨੇ ਪ੍ਰਭੂ ਦੇ ਨਾਮ ਨੂੰ ਜਪਿਆ ਹੈ।

ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ॥

ਉਹ ਆਪ ਭੀ ਤਰੇ ਹਨ ਅਤੇ ਜਿਨ੍ਹਾਂ ਗੁਰਮੁਖਾਂ ਨੇ ਉਨ੍ਹਾਂ ਦਾ ਦਰਸ਼ਨ ਵੇਖਿਆ ਹੈ ਉਨ੍ਹਾਂ ਨੂੰ ਭੀ ਗੁਰਾਂ ਨੇ ਜਮਾਂ ਤੋਂ ਛੁਡਾ ਲਿਆ ਹੈ।

ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ॥ ੨॥

ਹੇ ਹਰੀ! ਦਇਆ ਕਰਕੇ ਸਾਨੂੰ ਸਤਿਗੁਰਾਂ ਨਾਲ ਮੇਲਣਾ ਕਰ, ਜੋ ਅਸੀਂ ਜਨ ਉਨ੍ਹਾਂ ਦੇ ਪਵਿਤ੍ਰ ਪਾਇ=ਚਰਨ ਧੋਣਾ ਕਰੀਏ॥ ੨॥

ਪਉੜੀ॥ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ॥

ਸਚੁ=ਨਿਸਚੇ ਕਰਕੇ ਸਚੇ ਸਤਿਗੁਰ ਦੇਵ ਜੀ ਅਮਰੁ=ਮਰਨ ਤੋਂ ਰਹਿਤ ਹਨ, ਜਿਸ ਗੁਰੂ ਨੇ ਉਰਿ ਅੰਦਰਿ=ਹਿਰਦੇ ਵਿਚ ਹਰੀ ਨੂੰ ਧਾਰਿਆ ਹੋਇਆ ਹੈ।

ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ॥

ਸਚ ਮੁਚ ਸਤਿਗੁਰ ਦੇਵ ਜੀ ਸਚੇ ਪੁਰਖ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ ਕਾਮ ਕ੍ਰੋਧ ਆਦਿਕ ਵਿਸ਼ਿਆਂ ਨੂੰ ਮਾਰਿਆ ਹੋਇਆ ਹੈ।

ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ॥

ਜਾਂ ਪੂਰਿਆਂ ਸਤਿਗੁਰਾਂ ਨੂੰ ਵੇਖਿਆ ਤਾਂ ਜਗਿਆਸੂ ਦਾ ਮਨ ਅੰਦਰੋਂ ਸਾਧਾਰਿਆ=ਸ+ਅਧਾਰਿਆ= ਮਹਿਤ ਆਸਰੇ ਦੇ ਹੋ ਗਿਆ।

ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ॥

ਆਪਣੇ ਗੁਰਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਇਕ ਵਾਰੀ ਨਹੀਂ, ਸਦਾ ਸਦਾ ਮੈਂ ਘੁਮਿ ਵਾਰਿਆ=ਵਾਰਨੇ ਫੇਰਨੇ ਜਾਂਦਾ ਹਾਂ।

ਗੁਰਮੁਖਿ ਜਿਤਾ ਮਨਮੁਖਿ ਹਾਰਿਆ॥ ੧੭॥

ਗੁਰਮੁਖਾਂ ਨੇ ਮਨੁੱਖਾ ਜਨਮ ਜਿਤ ਲਿਆ ਭਾਵ ਸਫਲਾ ਕਰ ਲਿਆ ਹੈ ਅਤੇ ਮਨਮੁਖਾਂ ਨੇ ਮਨੁੱਖਾ ਜਨਮ ਹਾਰ ਦਿਤਾ ਭਾਵ ਨਿਸਫਲ ਗਵਾ ਲਿਆ ਹੈ॥ ੧੭॥

ਸਲੋਕ ਮਃ ੪ ॥

ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ॥

ਪ੍ਰਭੂ ਨੇ ਕਿਰਪਾ ਕਰਕੇ ਜਿਸਨੂੰ ਸਤਿਗੁਰਾਂ ਨਾਲ ਮੇਲਣਾ ਕੀਤਾ ਹੈ, ਉਹ ਗੁਰਮੁਖ ਜਨ ਮੂੰਹ ਨਾਲ ਪਰਮੇਸ਼ਰ ਦੇ ਨਾਮ ਨੂੰ ਧਿਆਉਂਦਾ ਹੈ।

ਅਥਵਾ:-ਮੁਖਿ ਗੁਰਮੁਖਿ=ਮੁਖੀ ਗੁਰਾਂ ਦਵਾਰੇ ਨਾਮ ਨੂੰ ਧਿਆਉਂਦਾ ਹੈ।

ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ ਵਸਾਇਸੀ॥

ਉਹ ਗੁਰਮੁਖ ਓਹੀ ਕੰਮ ਕਰਦਾ ਹੈ ਜਿਹੜਾ ਕੰਮ ਸਤਿਗੁਰਾਂ ਨੂੰ ਭਾਉਂਦਾ ਹੈ,

ਇਸ ਲਈ ਪੂਰੇ ਗੁਰੂ ਉਸ ਨੂੰ ਸਰੂਪ ਘਰ ਵਿਚ ਵਸਾਂਵਦੇ ਹਨ।

ਜਿਨ ਅੰਦਰਿ ਨਾਮੁ ਨਿਧਾਨੁ ਹੈ ਤਿਨ ਕਾ ਭਉ ਸਭੁ ਗਵਾਇਸੀ॥

ਜਿਨ੍ਹਾਂ ਦੇ ਅੰਦਰ ਨਾਮ ਨਿਧੀਆਂ ਦਾ ਖਜ਼ਾਨਾ ਹੈ ਪ੍ਰਭੂ ਉਨ੍ਹਾਂ ਦਾ ਸਾਰਾ ਡਰ ਗਵਾ ਦਿੰਦਾ ਹੈ।

ਜਿਨ ਰਖਣ ਕਉ ਹਰਿ ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ॥

ਜਿਸਨੂੰ ਰਖਣ ਵਾਲਾ ਹਰੀ ਆਪ ਹੁੰਦਾ ਹੈਂ, ਉਸਨੂੰ ਮਾਰਨ ਵਾਲੀ ਹੋਰ ਕਿਤਨੀ ਹੀ ਦੁਨੀਆਂ ਝਖਿ ਝਖਿ=ਖਪ ਖਪਕੇ ਚਲੀ ਜਾਂਦੀ ਹੈ ਪਰ ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦੀ।

ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛਡਾਇਸੀ॥ ੧॥

ਗੁਰੂ ਜੀ ਕਥਨ ਕਰਦੇ ਹਨ ਹੇ ਭਾਈ ! ਤੂੰ ਪ੍ਰਭੂ ਦੇ ਨਾਮ ਨੂੰ ਧਿਆਉਨਾ ਕਰ, ਜੋ ਹਰੀ ਦਾ ਨਾਮ ਹੀ ਤੈਨੂੰ ਹਲਤਿ ਪਲਤਿ=ਲੋਕ ਪ੍ਰਲੋਕ ਦੇ ਦੁਖਾਂ ਤੋਂ ਛੁਡਾ ਲਵੇਗਾ॥ ੧॥

ਮਃ ੪ ॥ ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ॥

ਗੁਰ ਸਿਖਾਂ ਦੇ ਮਨ ਵਿਚ ਗੁਰ=ਪੂਜਨੀਕ ਸਤਿਗੁਰਾਂ ਦੀ ਵਡਿਆਈ ਭਾਉਂਦੀ ਹੈ।

ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ॥

ਹਰੀ ਆਪ ਹੀ ਸਤਿਗੁਰਾਂ ਦੀ ਪੈਜ ਰਖਦਾ ਹੈ ਇਸ ਕਰਕੇ ਸਤਿਗੁਰਾਂ ਦੀ ਵਡਿਆਈ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹ ਰਹੀ ਹੈ।

ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਛਡਾਈ॥

ਸਤਿਗੁਰਾਂ ਦੇ ਮਨ ਵਿਚ ਪਾਰਬ੍ਰਹਮ ਵਸ ਰਿਹਾ ਹੈ, ਇਸ ਕਰਕੇ ਪਾਰਬ੍ਰਹਮ ਆਪ ਹੀ ਗੁਰਾਂ ਨੂੰ ਦੁਸ਼ਟਾਂ ਦੋਖੀਆਂ ਤੋਂ ਛੁਡਾਉਂਦਾ ਹੈ।

ਗੁਰ ਸਤਿਗੁਰ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ ਨਿਵਾਈ॥

ਗੁਰੂ=ਪੂਜਨੀਕ ਸਤਿਗੁਰਾਂ ਦੇ ਸਰੀਰ ਦਾ ਤਾਣੁ=ਬਲ ਅਤੇ ਮਨ ਦਾ ਦੀਬਾਣੁ=ਆਸਰਾ ਹਰੀ ਆਪ ਹੀ

ਹੈ। ਤਿਸ ਹਰੀ ਨੇ ਸਾਰੀ ਦੁਨੀਆਂ ਲਿਆਕੇ ਗੁਰਾਂ ਅਗੇ ਨਿਵਾਈ ਹੈ।

ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ ਤਿਨ ਕੇ ਸਭਿ ਪਾਪ ਗਵਾਈ॥

ਜਿਨ੍ਹਾਂ ਨੇ ਪ੍ਰੇਮ ਕਰਕੇ ਮੇਰੇ ਸਤਿਗੁਰਾਂ ਦਾ ਦਰਸ਼ਨ ਵੇਖਿਆ ਹੈ, ਉਨ੍ਹਾਂ ਦੇ ਸਾਰੇ ਪਾਪ ਗਵਾਚ ਗਏ ਹਨ।

ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ॥

ਹਰੀ ਦੀ ਦਰਗਾਹ ਵਿਚ ਉਨ੍ਹਾਂ ਦੇ ਮੂੰਹ ਉਜਲੇ ਹੋਏ ਹਨ ਅਤੇ ਉਨ੍ਹਾਂ ਨੇ ਬਹੁਤ ਹੀ ਸੋਭਾ ਪਾਉਣਾ ਕੀਤੀ ਹੈ।

ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ॥ ੨॥

ਗੁਰੂ ਜੀ ਕਥਨ ਕਰਦੇ ਹਨ ਮੈਂ ਜਨ ਉਨ੍ਹਾਂ ਦੀ ਚਰਨ ਧੂੜੀ ਮੰਗਦਾ ਹਾਂ, ਜੋ ਗੁਰੂ ਦੇ ਸਿਖ ਮੇਰੇ ਭਰਾ ਹਨ॥ ੨॥

ਪਉੜੀ॥ ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ॥

ਸਚੁ=ਨਿਸਚੇ ਕਰਕੇ ਜਿਸ ਸਚੇ ਪ੍ਰਭੂ ਦੀ ਵਡਿਆਈ ਸਾਰੇ ਹੋ ਰਹੀ ਹੈ, ਉਸ ਸਚੇ ਦੀ ਸਿਫਤ ਨੂੰ ਹਉ=ਮੈਂ ਆਖਿ=ਮੂੰਹ ਦਵਾਰੇ ਸਲਾਹੁੰਦਾ ਹਾਂ।

ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ॥

ਸਚਾ ਜੋ ਸਲਾਹਣੇ ਜੋਗ ਪਰਮਾਤਮਾ ਹੈ ਉਸ ਸਚੇ ਨੂੰ ਭਗਤ ਜਨ ਸਲਾਹੁੰਦੇ ਹਨ ਪਰ ਉਸ ਸਚੇ ਦੀ ਕੀਮਤ ਕਿਸੇ ਨੇ ਭੀ ਨਹੀਂ ਪਾਈ।

[ਪੰਨਾ ੩੧੧]

ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ॥

ਜਿਨ੍ਹਾਂ ਗੁਰਮੁਖਾਂ ਨੇ ਸਚ ਨਾਮ ਜਪ ਕੇ ਸਚਾ ਆਤਮ ਰਸ ਚੱਖਣਾ ਕੀਤਾ ਹੈ, ਉਹ ਸੰਸਾਰਕ ਪਦਾਰਥਾਂ ਵਲੋਂ ਤ੍ਰਿਪਤ ਹੋ ਕੇ ਆਘਾਈ=ਰੱਜ ਰਹੇ ਹਨ। *ਅਥਵਾ:*-ਇਸ ਲੋਕ ਦੇ ਪਦਾਰਥਾਂ ਵਲੋਂ ਵੀ ਤ੍ਰਿਪਤ ਅਤੇ ਪਰਲੋਕ ਦੇ ਪਦਾਰਥਾਂ ਵਲੋਂ ਵੀ ਆਘਾਈ=ਰੱਜ ਰਹੇ ਹਨ।

ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ॥

ਇਸ ਹਰੀ ਰਸ ਦੇ ਅਨੰਦ ਨੂੰ ਓਹੀ ਗੁਰਮੁਖ ਜਾਣਦੇ ਹਨ ਜਿਨ੍ਹਾਂ ਨੇ ਇਹ ਰਸ ਚੱਖਿਆ ਹੈ। ਜਿਵੇਂ ਗੁੰਗੇ ਦੀ ਖਾਧੀ ਹੋਈ ਮਿਠਿਆਈ ਦੇ ਸ੍ਵਾਦ ਨੂੰ ਉਹ ਗੁੰਗਾ ਹੀ ਜਾਣਦਾ ਹੈ ਹੋਰ ਕੋਈ ਨਹੀਂ ਜਾਣ ਸਕਦਾ।

ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ॥ ੧੮॥

ਜਿਸ ਨੇ ਪੂਰੇ ਗੁਰਾਂ ਦੁਆਰੇ ਹਰੀ ਪ੍ਰਭੂ ਨੂੰ ਸੇਵਣਾ ਕੀਤਾ ਹੈ ਉਸ ਦੇ ਮਨ ਵਿਚ ਅਨੰਦ ਦੀ ਵਧਾਈ ਵਜੀ=ਪ੍ਰਗਟ ਹੋਈ ਹੈ॥ ੧੮॥

ਸਲੋਕ ਮਃ ੪॥ ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ॥

ਜਿਨ੍ਹਾਂ ਦੇ ਸਰੀਰ ਅੰਦਰ ਉਮਰਥਲ=ਗਦ ਦਾਨਾ ਫੋੜਾ* ਹੈ ਉਸ ਦੀ ਸੂਲੀਆ=ਪੀੜਾ ਨੂੰ ਓਹੀ ਮਨੁੱਖ

---

*ਇਸ ਫੋੜੇ ਦੇ ਤਿੰਨ ਨਾਂ ਹਨ-ਗਦੋ ਦਾਨਾ, ਅਦ੍ਰਿਸ਼ਟ ਫੋੜਾ, ਮੁੰਗਲੀ ਫੋੜਾ।

ਜਾਣਦੇ ਹਨ। ਏਸੇ ਤਰ੍ਹਾਂ ਜਿਨ੍ਹਾਂ ਜਗਿਆਸੂਆਂ ਦੇ ਅੰਦਰ ਪ੍ਰਭੂ ਦਾ ਵਿਛੋੜਾ ਹੈ ਉਸ ਦੇ ਦੁਖ ਨੂੰ ਉਹ ਜਗਿਆਸੂ ਹੀ ਜਾਣਦੇ ਹਨ।

ਅਥਵਾ:-ਜਿਨ੍ਹਾਂ ਦੀ ਉਮਰਾ ਦਾ ਥੱਲਾ ਆ ਗਿਆ ਹੈ ਭਾਵ ਜੋ ਅਤੀਅੰਤ ਬੁਢੇ ਹੋ ਗਏ ਹਨ ਉਨ੍ਹਾਂ ਦੇ ਅੰਦਰ ਜੋ ਪੀੜਾ ਹੁੰਦੀ ਹੈ ਉਸ ਪੀੜਾ ਨੂੰ ਉਹ ਬਿਰਧ ਪੁਰਸ਼ ਹੀ ਜਾਣਦੇ ਹਨ।

ਅਥਵਾ:-ਜਿਨ੍ਹਾਂ ਦੇ ਅੰਦਰੋਂ ਅੰਤਹਕਰਣ ਰੂਪ ਥਲ=ਅਸਥਾਨ ਉਮਰ=ਉਮਗਿਆ ਭਾਵ ਅਤੀਅੰਤ ਪ੍ਰੇਮ ਦੇ ਸਹਿਤ ਹੋਇਆ ਹੈ ਤੇ ਪ੍ਰਭੂ ਨਾਲ ਮਿਲਾਪ ਨਹੀਂ ਹੋਇਆ ਉਸ ਨੂੰ ਜੋ ਦੁਖ ਅਨੁਭਵ ਹੁੰਦਾ ਹੈ ਉਸ ਸੂਲੀਆ=ਦੁਖ ਨੂੰ ਓਹੀ ਜਾਣਦਾ ਹੈ।

ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥

ਜਾਂ ਉਹ ਹਰੀ ਉਸ ਵਿਛੋੜੇ ਦੇ ਦੁਖ ਨੂੰ ਜਾਣਦਾ ਹੈ ਤਾਂ ਮੈਂ ਤਿਨ ਵਿਟਹੁ=ਤਿਸ ਹਰੀ ਉਤੋਂ ਸਦਾ ਹੀ ਘੁਮਿ ਘੋਲੀਆ=ਵਾਰੀ ਘੋਲੀ ਜਾਂਦਾ ਹਾਂ।

ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥

ਹੇ ਹਰੀ ! ਮੈਨੂੰ ਸੰਤਾਂ ਸਜਣ ਪੁਰਖਾਂ ਨਾਲ ਮੇਲਣਾ ਕਰੋ, ਮੇਰਾ ਸਿਰ ਉਨ੍ਹਾਂ ਉਤੋਂ ਕੁਰਬਾਨ ਹੋ ਕੇ ਉਹਨਾਂ ਦੇ ਚਰਨਾਂ ਤਲੇ ਰੁਲਦਾ ਹੈ।

ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥

ਜਿਹੜਾ ਸਿਖ ਗੁਰਾਂ ਦੀ ਦਸੀ ਹੋਈ ਕਾਰ ਨੂੰ ਕਮਾਉਂਦਾ ਹੈ, ਮੈਂ ਉਸ ਦੇ ਦਾਸਾਂ ਦਾ ਗੋਲੀਆ=ਦਾਸ ਹਾਂ।

ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ ॥

ਜਿਹੜੇ ਮਨੁੱਖ ਹਰੀ ਦੇ ਚਲੂਲੈ=ਗਾਹੜੇ ਰੰਗਿ=ਪ੍ਰੇਮ ਵਿਚ ਰਤੇ ਹਨ, ਉਨ੍ਹਾਂ ਦੀ ਬੁੱਧੀ ਰੂਪੀ ਚੋਲੀ ਹਰੀ ਦੇ ਰੰਗਿ=ਅਨੰਦ ਵਿਚ ਭਿੱਜੀ ਹੈ।

ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਹਰੀ ਨੇ ਕਿਰਪਾ ਕਰਕੇ ਮੈਨੂੰ ਗਰਾਂ ਨਾਲ ਮੇਲਣਾ ਕੀਤਾ, ਤਾਂ ਮੈਂ ਆਪਣਾ ਸਿਰ ਗੁਰਾਂ ਪਾਸ ਮੁਲ ਵੇਚ ਦਿਤਾ।

ਭਾਵ ਹੰਕਾਰ ਨੂੰ ਛੱਡ ਕੇ ਗੁਰਾਂ ਪਾਸੋਂ ਨਾਮ ਲੈ ਲੀਤਾ॥ ੧ ॥ ਜਗਿਆਸੂ ਬੇਨਤੀ ਕਰਦਾ ਹੈ:-

ਮਃ ੪ ॥ ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ ॥

ਇਹ ਸਰੀਰ ਔਗੁਣਾਂ ਨਾਲ ਭਰਿਆ ਹੋਇਆ ਹੈ, ਹੇ ਸੰਤੋ ! ਇਹ ਕਿਸ ਤਰ੍ਹਾਂ ਨਿਰਮਲ ਹੋਵੇ? ਉੱਤਰ:-

ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ ॥

ਮੁਖੀ ਗੁਰਾਂ ਪਾਸੋਂ ਸ਼ੁਭ ਗੁਣਾਂ ਨੂੰ ਵੇਹਾਝੀਅਹਿ=ਖਰੀਦਣਾ ਕਰ ਅਤੇ ਹਉਮੈ ਦੀ ਮੈਲ ਨੂੰ ਧੋ ਕੇ ਕਢ ਦੇਹ ਤਾਂ ਇਹ ਮਨ ਨਿਰਮਲ ਹੋਵੇਗਾ।

ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ ॥

ਪ੍ਰੇਮ ਨਾਲ ਸਚ ਨਾਮ ਨੂੰ ਖਰੀਦਣਾ ਕਰ, ਤਾਂ ਤੈਨੂੰ ਸਚ ਦੀ ਪ੍ਰਾਪਤੀ ਰੂਪ ਸੋਦਾ ਪ੍ਰਾਪਤ ਹੋਵੇਗਾ।

ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ॥

ਜਿਸ ਨੂੰ ਉਸ ਹਰੀ ਦਾ ਲਾਭਦਾਇਕ ਨਾਮ ਭਾਉਂਦਾ ਹੈ ਉਸ ਨੂੰ ਮੂਲਿ=ਕਦੇ ਵੀ ਘਾਟਾ ਨਹੀਂ ਆਉਂਦਾ।

ਨਾਨਕ ਤਿਨ ਸਚੁ ਵਣੰਜਿਆ ਜਿਨਾ ਧੁਰਿ ਲਿਖਿਆ ਪਰਾਪਤਿ ਹੋਇ॥੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਧੁਰ ਦਾ ਲੇਖ ਲਿਖਿਆ ਹੋਇਆ ਫਲ ਦੇਣ ਨੂੰ ਪ੍ਰਾਪਤ ਹੁੰਦਾ ਹੈ, ਤਿਨ੍ਹਾਂ ਨੇ ਸਚ ਨਾਮ ਨੂੰ ਵਣੰਜਿਆ=ਖਰੀਦਿਆ ਹੈ॥ ੨॥

ਪਉੜੀ॥ ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ॥

ਸਚਾ ਜੋ ਸਲਾਹੁਣੇ ਜੋਗ ਹੈ ਉਸ ਸਚੇ ਨੂੰ ਸਲਾਹੁਣਾ ਕਰ, ਉਹ ਸਚਾ ਪੁਰਖ ਸਾਰਿਆਂ ਤੋਂ ਨਿਰਾਲੇ=ਵਖਰਾ ਭਾਵ ਅਸੰਗ ਹੈ।

ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ॥

ਸਚਾਨਾਮ ਸੇਵੀ=ਜਪਣ ਕਰਕੇ ਸਚਾ ਵਾਹਿਗੁਰੂ ਮਨ ਵਿਚ ਵਸਦਾ ਹੈ ਅਤੇ ਇਹ ਨਿਸਚੇ ਹੁੰਦਾ ਹੈ ਕਿ ਸਚਾ ਹਰੀ ਸਚਮੁਚ ਰਖਿਆ ਕਰਨ ਵਾਲਾ ਹੈ।

ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ॥

ਜਿਨ੍ਹਾਂ ਨੇ ਸਚੁ=ਨਿਸਚੇ ਸਹਿਤ ਸਚੇ ਵਾਹਿਗੁਰੂ ਨੂੰ ਅਰਾਧਨਾ ਕੀਤਾ ਹੈ, ਉਹ ਸਚੇ ਪ੍ਰਭੂ ਦੇ ਨਾਲ ਜਾ ਕੇ ਰਲਦੇ ਹਨ।

ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ॥

ਜਿਨ੍ਹਾਂ ਨੇ ਸਚੁ=ਨਿਸਚੇ ਕਰਕੇ ਸਚੇ ਪ੍ਰਭੂ ਨੂੰ ਨਹੀਂ ਜਪਿਆ, ਉਹ ਮਨਮੁਖ ਮੂਰਖ ਤੇ ਬੇਤਾਲੇ=ਭੂਤਨੇ, ਵਾ:-ਤਾਲ=ਸਰੂਪ ਤੋਂ ਬੇ=ਰਹਿਤ ਹਨ।

ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ॥੧੯॥

ਉਹ ਮੂੰਹ 'ਚੋਂ ਇਸ ਤਰ੍ਹਾਂ ਆਲੁ ਪਤਾਲੁ=ਅਸਤ ਵਿਅਸਤ ਭਾਵ ਅਰਲ ਬਰਲ ਬਚਨ ਬੋਲਦੇ ਹਨ, ਜਿਵੇਂ ਮਦਿ=ਸ਼ਰਾਬ ਪੀ ਕੇ ਮਤਵਾਲੇ=ਨਸ਼ਈ ਪੁਰਸ਼ ਵਿਅਰਥ ਬਚਨ ਬੋਲਦੇ ਹਨ॥ ੧੯॥

ਸਲੋਕ ਮਹਲਾ ੩॥

ਕਿਸੇ ਗਵੱਈਏ ਨੇ ਆ ਕੇ ਗਉੜੀ ਰਾਗਣੀ ਅਲਾਪੀ, ਲੋਕਾਂ ਨੇ ਸੁਣ ਕੇ ਉਸ ਦੀ ਬਹੁਤ ਪ੍ਰਸੰਸਾ ਕੀਤੀ ਤੇ ਗੁਰੂ ਸਾਹਿਬਾਂ ਨੂੰ ਆ ਕੇ ਕਿਹਾ ਅਜ ਫਲਾਣੇ ਗਵੱਈਏ ਨੇ ਬੜੀ ਚੰਗੀ ਸੁਰ ਵਿਚ ਗਉੜੀ ਰਾਗਣੀ ਅਲਾਪੀ ਹੈ ਇਹ ਗੱਲ ਸੁਣ ਕੇ ਹਜ਼ੂਰ ਨੇ ਕਿਹਾ-

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥

ਗਉੜੀ ਰਾਗਣੀ ਗਾਇਣ ਕੀਤੀ ਹੋਈ ਤਾਂ ਸੁਲਖਣੀ=ਸੋਹਣੀ ਹੈ ਜੇਕਰ ਗਵੱਈਆ ਆਪਣੇ ਚਿੱਤ ਵਿਚ

ਪਰਮੇਸ਼ਰ ਨੂੰ ਯਾਦ ਕਰੇ। ਅਥਵਾ:-ਉਹ ਗਉੜੀ=ਬੁੱਧੀ ਸ੍ਰੇਸ਼ਟ ਲਖਣਾਂ ਵਾਲੀ ਹੈ ਜਿਹੜੀ ਬੁੱਧੀ ਰਾਗਿ=ਪ੍ਰੇਮ ਨਾਲ ਖਸਮ ਪਰਮਾਤਮਾ ਨੂੰ ਚਿਤਿ ਕਰੇਇ=ਯਾਦ ਕਰਦੀ ਹੈ।

ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥

ਸਤਿਗੁਰਾਂ ਦੇ ਭਾਣੇ ਮੰਨਣ ਵਿਚ ਚਲਣਾ ਕਰੇ ਇਸ ਤਰ੍ਹਾਂ ਦਾ ਸ਼ਿੰਗਾਰ ਕਰੇ। ਅਥਵਾ:-ਜਿਵੇਂ ਮਹਾਤਮਾ ਜਪ ਤਪ ਰੂਪੀ ਸ਼ਿੰਗਾਰ ਕਰਦੇ ਹਨ ਐਸਾ ਇਹ ਜੀਵ ਰੂਪ ਇਸਤ੍ਰੀ ਜਪ ਤਪ ਰੂਪੀ ਸ਼ਿੰਗਾਰ ਕਰੇ।

ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ॥

ਤਾਂ ਇਸ ਦਾ ਸਚੇ ਬ੍ਰਹਮ ਰੂਪ ਪਤੀ ਨਾਲ ਮਿਲਾਪ ਹੁੰਦਾ ਹੈ ਤੇ ਸਦਾ ਸਦਾ ਉਸ ਦੇ ਅਨੰਦ ਨੂੰ ਰਾਵੇਇ=ਭੋਗਦੀ ਹੈ।

ਜਿਉ ਉਬਲੀ ਮਜੀਠੈ ਰੰਗੁ ਗਹਗਹਾ ਤਿਉ ਸਚੇ ਨੋ ਜੀਉ ਦੇਇ॥

ਜਿਵੇਂ ਉਬਲੀ ਹੋਈ=ਕਾਹੜੀ ਹੋਈ ਮਜੀਠ ਦਾ ਰੰਗ ਗਹਗਚ ਭਾਵ ਗੁੜ੍ਹਾ ਹੁੰਦਾ ਹੈ, ਤਿਵੇਂ ਸਚੇ ਅਕਾਲ ਪੁਰਖ ਨੂੰ ਜੋ ਆਪਣਾ ਜੀਉ ਦਿੰਦਾ ਹੈ, ਉਸ ਨੂੰ ਵੀ ਬ੍ਰਹਮ ਦਾ ਗੂੜ੍ਹਾ ਅਨੰਦ ਹੁੰਦਾ ਹੈ।

ਰੰਗਿ ਚਲੂਲੈ ਅਤਿ ਰਤੀ ਸਚੇ ਸਿਉ ਲਗਾ ਨੇਹੁ॥

ਜਿਸ ਦਾ ਸਚੇ ਵਾਹਿਗੁਰੂ ਨਾਲ ਨੇਹੁ=ਪ੍ਰੇਮ ਲਗਾ ਹੈ ਉਹ ਅਤੀਅੰਤ ਚਲੂਲੈ=ਗਾਹੜੇ ਰੰਗ ਵਿਚ ਰਤੀ ਗਈ ਹੈ।

ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ॥

ਜਿਵੇਂ ਕੂੜੇ ਮੁਲੰਮੇ ਦਾ ਪਲੇਟਿ=ਪੜਦਾ ਧਰਿਆ ਹੋਇਆ ਅੰਤ ਨੂੰ ਲਹਿ ਜਾਂਦਾ ਹੈ, ਤਿਵੇਂ ਝੂਠ ਦੀ ਠਗੀ ਕੀਤੀ ਹੋਈ ਗੁਝੀ=ਲੁਕੀ ਨਹੀਂ ਰਹਿੰਦੀ।

ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ॥

ਜਿਨ੍ਹਾਂ ਦਾ ਝੂਠੇ ਪਦਾਰਥਾਂ ਨਾਲ ਪ੍ਰੇਮ ਲਗਾ ਹੈ, ਉਹ ਦੁਨੀਆਂ ਦੀਆਂ ਝੂਠੀਆਂ ਹੀ ਵਡਿਆਈਆਂ ਕਰਦੇ ਹਨ।

ਨਾਨਕ ਸਚਾ ਆਪਿ ਹੈ ਆਪੇ ਨਦਰਿ ਕਰੇਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹ ਪਰਮੇਸ਼ਰ ਆਪ ਸਚਾ ਹੈ, ਉਹ ਆਪ ਹੀ ਆਪਣਿਆਂ ਸੇਵਕਾਂ ਪਰ ਕਿਰਪਾ ਦ੍ਰਿਸ਼ਟੀ ਕਰਦਾ ਹੈ॥ ੧॥

ਮਃ ੪ ॥ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ॥

ਸਤਸੰਗਤ ਵਿਚ ਹਰੀ ਦੀ ਉਸਤਤੀ ਹੁੰਦੀ ਹੈ, ਇਸ ਕਰਕੇ ਮੈਨੂੰ ਪਿਆਰਿਆਂ ਸਾਧੂਆਂ ਦਾ ਸਤਸੰਗ ਮਿਲੇ।

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ॥

ਉਹ ਪ੍ਰਾਣਧਾਰੀ ਪੁਰਖ ਜਨ ਧੰਨਤਾ ਦੇ ਜੋਗ ਹਨ, ਜੋ ਪਰਉਪਕਾਰ ਲਈ ਜੀਵਾਂ ਨੂੰ ਉਪਦੇਸ਼ ਦੇਣਾ ਕਰਦੇ ਹਨ।

ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥

ਜੀਵਾਂ ਨੂੰ ਹਰੀ ਨਾਮ ਦਿੜ੍ਹਾਉਂਦੇ ਹਨ, ਅਤੇ ਹਰੀ ਨਾਮ ਸੁਣਾਉਂਦੇ ਹਨ, ਹਰੀ ਨਾਮ ਦੇ ਕੇ ਹੀ ਜੀਵਾਂ ਨੂੰ ਜਗਤ ਤੋਂ ਤਾਰਨਾ ਕਰਦੇ ਹਨ।

ਗੁਰ ਵੇਖਣ ਕਉ ਸਭੁ ਕੋਈ ਲੋਚੈ ਨਵ ਖੰਡ ਜਗਤਿ ਨਮਸਕਾਰਿਆ ॥

ਗੁਰਾਂ ਦਾ ਦਰਸ਼ਨ ਦੇਖਣ ਨੂੰ ਸਭ ਕੋਈ ਚਾਹੁੰਦਾ ਹੈ ਅਤੇ ਸੰਸਾਰ ਵਿਚ ਨੌਂ ਖੰਡਾਂ ਦੇ ਜੀਵਾਂ ਨੇ ਗੁਰਾਂ ਨੂੰ ਮੱਥਾ ਟੇਕਿਆ ਹੈ।

ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚਿ ਗੁਰੁ ਆਪੇ ਤੁਧੁ ਸਵਾਰਿਆ ॥

ਹੇ ਵਾਹਿਗੁਰੂ ! ਤੁਸਾਂ ਨੇ ਆਪਣਾ ਆਪ ਸਤਿਗੁਰਾਂ ਵਿਚ ਰਖਿਆ ਹੋਇਆ ਹੈ, ਤੁਸਾਂ ਨੇ ਆਪ ਹੀ ਗੁਰਾਂ ਨੂੰ ਸਵਾਰਿਆ=ਬਣਾਇਆ ਹੈ, ਵਾ:-ਗੁਰਾਂ ਦੇ ਅੰਤਹਕਰਣ ਨੂੰ ਸਵਾਰਣਾ ਕੀਤਾ ਹੈ।

ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ ॥

ਹੇ ਸਤਿਗੁਰਾਂ ਨੂੰ ਸਿਰਜਣਹਾਰਿਆ=ਪੈਦਾ ਕਰਨ ਵਾਲੇ ਅਕਾਲ ਪੁਰਖ ! ਤੂੰ ਆਪ ਹੀ ਜਗਿਆਸੂ ਰੂਪ ਹੋ ਕੇ ਸਤਿਗੁਰਾਂ ਨੂੰ ਪੂਜਦਾ ਹੈਂ ਅਤੇ ਆਪ ਹੀ ਪ੍ਰੇਰਕ ਹੋ ਕੇ ਪੂਜਾ ਕਰਾਉਂਦਾ ਹੈਂ।

[ਪੰਨਾ ੩੧੨]

ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹੁ ਜਮਿ ਮਾਰਿਆ ॥

ਜਿਹੜਾ ਕੋਈ ਸਤਿਗੁਰਾਂ ਪਾਸੋਂ ਵਿਛੜ ਜਾਂਦਾ ਹੈ, ਉਸ ਦਾ ਮੂੰਹ ਕਾਲਾ ਕਰਕੇ ਜਮਾਂ ਨੇ ਉਸ ਨੂੰ ਮਾਰਨਾ ਕੀਤਾ ਹੈ।

ਤਿਸੁ ਅਗੈ ਪਿਛੈ ਢੋਈ ਨਾਹੀ ਗੁਰਸਿਖੀ ਮਨਿ ਵੀਚਾਰਿਆ ॥

ਗੁਰਸਿਖਾਂ ਨੇ ਆਪਣੇ ਮਨ ਵਿਚ ਵਿਚਾਰਨਾ ਕੀਤਾ ਹੈ ਕਿ ਉਸਨੂੰ ਅਗੈ ਪਿਛੈ=ਲੋਕ ਪ੍ਰਲੋਕ ਵਿਚ ਢੋਈ=ਜਗ੍ਹਾ ਨਹੀਂ ਮਿਲਦੀ।

ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ ਜਿਨ ਹਿਰਦੈ ਨਾਮੁ ਸਮਾਰਿਆ ॥

ਜਿਨ੍ਹਾਂ ਨੇ ਸਤਿਗੁਰਾਂ ਨਾਲ ਮਿਲਕੇ ਆਪਣੇ ਹਿਰਦੇ ਵਿਚ ਪ੍ਰਭੂ ਦੇ ਨਾਮ ਨੂੰ ਯਾਦ ਕੀਤਾ ਹੈ, ਓਹੀ ਮਨੁੱਖ ਜਮਾਂ ਦੀ ਮਾਰ ਤੋਂ ਉਬਰੇ=ਬਚ ਗਏ ਹਨ। ਗੁਰੂ ਸਾਹਿਬਾਂ ਨੇ ਨਾ ਸਿਖਾਂ ਦਾ ਪਖ ਕੀਤਾ ਹੈ, ਨਾ ਹੀ ਪੁੱਤਰਾਂ ਦਾ ਕੀਤਾ ਹੈ, ਸਭਾ ਵਿਚ ਬੈਠਕੇ ਸਭਨਾਂ ਨੂੰ ਆਖਦੇ ਹਨ।

ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥੨॥

ਹੇ ਭਾਈ! ਚਾਹੇ ਗੁਰੂ ਦੇ ਸਿਖ ਹੋ, ਚਾਹੇ ਗੁਰਾਂ ਦੇ ਪੁੱਤਰ ਹੋ, ਹਰੀ ਨਾਮ ਨੂੰ ਜਪਣਾ ਕਰੋ ਤਾਂ ਤੁਹਾਨੂੰ ਹਰੀ ਸੰਸਾਰ ਸਾਗਰ ਤੋਂ ਤਾਰੇਗਾ॥ ੨॥

ਮਹਲਾ ੩ ॥ ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥

ਹਉਮੈ ਦੀ ਦੁਰਮਤਿ=ਖੋਟੀ ਬੁੱਧੀ ਨੇ ਸਾਰੇ ਜਗਤ ਨੂੰ ਵਿਸ਼ੇ ਵਿਕਾਰਾਂ ਵਿਚ ਭੁਲਾਇਆ ਹੋਇਆ ਹੈ।

ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ॥

ਸ਼ਰਧਾ ਨਾਲ ਪੂਰੇ ਸਤਿਗੁਰਾਂ ਨੂੰ ਮਿਲੇ ਤਾਂ ਪ੍ਰਭੂ ਦੇ ਪਛਾਨਣ ਦੀ ਨਜ਼ਰ ਪ੍ਰਾਪਤ ਹੁੰਦੀ ਹੈ, ਨਹੀਂ ਤਾਂ ਮਨਮੁਖ ਅੰਨ੍ਹਿਆਂ ਨੂੰ ਅਗਿਆਨ ਰੂਪੀ ਹਨੇਰਾ ਹੀ ਰਹਿੰਦਾ ਹੈ।

ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜਿਸਨੂੰ ਗੁਰਸ਼ਬਦ ਦਾ ਪਿਆਰ ਲਗਾਂਵਦਾ ਹੈ ਉਸ ਨੂੰ ਪਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ॥ ੩॥

ਪਉੜੀ॥ ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰਿ ਭਿਜੈ॥

ਸਚੇ ਪਰਮਾਤਮਾ ਦੀ ਸਿਫਤ ਸਚੁ=ਨਿਸਚੇ ਕਰਕੇ ਸਲਾਹੁਣੇ ਜੋਗ ਹੈ, ਪਰ ਸਿਫਤ ਨੂੰ ਉਹ ਪੁਰਸ਼ ਕਰਦਾ ਹੈ ਜਿਸ ਦਾ ਅੰਦਰ ਪ੍ਰੇਮ ਨਾਲ ਭਿਜਾ ਹੋਇਆ ਹੈ।

ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ॥

ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਇਕ ਪ੍ਰਭੂ ਨੂੰ ਯਾਦ ਕੀਤਾ ਹੈ, ਉਨ੍ਹਾਂ ਦਾ ਕੰਧੁ=ਸਰੀਰ ਨ ਕਬਹੂ ਛਿਜੈ=ਕਦੇ ਭੀ ਨਾਸ ਨਹੀਂ ਹੁੰਦਾ।

ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ॥

ਜਿਸਨੇ ਆਪਣੀ ਰਸਨਾ ਦੁਆਰੇ ਸਚ ਨਾਮ ਰੂਪ ਅੰਮ੍ਰਿਤ ਨੂੰ ਪੀਣਾ ਕੀਤਾ ਹੈ ਉਹ ਮਨੁੱਖ ਪਿਛੇ ਵੀ ਧੰਨ ਸੀ ਹੁਣ ਵੀ ਧੰਨ ਹੈ ਅਗੇ ਵੀ ਸਾਬਾਸਿ=ਧੰਨਤਾ ਦੇ ਜੋਗ ਹੋਵੇਗਾ।

ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ॥

ਜਿਨ੍ਹਾਂ ਦੇ ਮਨ ਵਿਚ ਸਚਮੁਚ ਸਚਾ ਨਾਮ ਭਾਂਵਦਾ ਹੈ, ਉਹ ਮਨੁਖ ਸਚੀ ਦਰਗਾਹ ਵਿਚ ਉੱਤਮ ਮੰਨ ਲਏ ਜਾਂਦੇ ਹਨ, ਵਾ:-ਮਾਨ ਲੈਂਦੇ ਹਨ।

ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ॥ ੨੦ ॥

ਸਚ ਨਾਮ ਜਪਣ ਵਾਲਿਆਂ ਦਾ ਜਨਮ ਧਨੁ ਧੰਨੁ=ਧੰਨਤਾ ਦੇ ਜੋਗ ਹੈ, ਸਚ ਨਾਮ ਨੂੰ ਜਪ ਕੇ ਉਨ੍ਹਾਂ ਨੇ ਆਪਣਾ ਮੂੰਹ ਉਜਲਾ ਕਰ ਲਿਆ ਹੈ॥ ੨੦॥

ਸਲੋਕ ਮਃ ੪ ॥ ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ॥

ਸਾਕਤ=ਦੁਸ਼ਟ ਪੁਰਸ਼ ਚਾਹੇ ਗੁਰਾਂ ਅਗੇ ਜਾ ਦੇ ਨਿਵ ਭੀ ਜਾਣ ਤੋ ਭੀ ਉਹ ਮਨ ਦੇ ਖੋਟੇ ਹੋਣ ਕਰਕੇ ਝੂਠਿਆਂ ਦੇ ਝੂਠੇ ਹਨ।

ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ॥

ਜਾਂ ਗੁਰੂ ਸਾਹਿਬ ਜੀ ਕਹਿਣ ਕਿ ਹੇ ਮੇਰੇ ਭਾਈ ! ਉਠਕੇ ਫਲਾਣੀ ਸੇਵਾ ਕਰੋ, ਤਾਂ ਉਹ ਬਗੁਲਾਰੇ= ਬਗਲੇ (ਪਖੰਡੀ) ਕਿਸੇ ਬਗੁਲਾਰੇ=ਕੋਨੇ ਭਾਵ ਨੁਕਰ ਵਿਚ ਘੁਸਰਿ=ਲੁਕ ਕੇ ਬਹਿ ਜਾਂਦੇ ਹਨ।

ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ॥

ਜਿਸ ਵੇਲੇ ਗੁਰਸਿੱਖਾਂ ਦੇ ਅੰਦਰ ਸਤਿਗੁਰਾਂ ਦਾ ਹੁਕਮ ਵਰਤਦਾ ਹੈ, ਤਾਂ ਉਹ ਲਧੋਵਾਰੇ=ਲਭਣ ਵਾਲੇ ਗੁਰੂ ਕੇ ਸਿੱਖ ਉਨ੍ਹਾਂ ਦੁਸ਼ਟਾਂ ਨੂੰ ਚੁਣ ਕੇ ਬਾਹਰ ਕਢ ਦਿੰਦੇ ਹਨ।

ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ॥

ਕਿਉਂਕਿ ਉਹ ਦੁਸ਼ਟ ਲੰਗਰ ਛਕਣ ਵੇਲੇ ਤਾਂ ਅਗੇ ਹੋ ਜਾਂਦੇ ਹਨ, ਤੇ ਸੇਵਾ ਕਰਨ ਵੇਲੇ ਮੂੰਹ ਛੁਪਾ ਕੇ ਪਿਛੇ ਬਹਿੰਦੇ ਹਨ, ਇਸ ਲਈ ਖੋਟੇ ਪੁਰਸ਼ ਸਤਸੰਗਤ ਵਿਚ ਨਹੀਂ ਰਲ ਸਕਦੇ।

ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ॥

ਅਸਲ ਵਿਚ ਉਹਨਾਂ ਦਾ ਖਾਣਾ ਜੋ ਮਾਸ ਸ਼ਰਾਬ ਆਦਿਕ ਹੈ ਉਹ ਤਾਂ ਓਥੇ ਹੁੰਦਾ ਹੀ ਨਹੀਂ ਹੈ, ਇਸ ਲਈ ਉਹ ਭੇਡਾਰੇ=ਛੱਤਰੇ ਹੋਰਥੇ ਜਾ ਕੇ ਝੂਠ ਰੂਪੀ ਵਿਸ਼ਟਾ ਨੂੰ ਖਾ ਲੈਂਦੇ ਹਨ।

ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ॥

ਜੇਕਰ ਸਾਕਤੁ=ਦੁਸ਼ਟ ਪੁਰਸ਼ ਨੂੰ ਚੰਗੇ ਪਦਾਰਥ ਖੁਆ ਕੇ ਭਲਾ ਲੋਕ ਬਣਾਇਆ ਚਾਹੀਏ ਤਾਂ ਭੀ ਉਹ ਚੰਗਾ ਨਹੀਂ ਬਣਦੇ ਉਹ ਮੂੰਹੋਂ ਜ਼ੈਹਰ ਹੀ ਉਗਲਦੇ ਹਨ, ਕਿ ਗੁਰੂ ਸਾਹਿਬ ਜੀ ਸਾਥੋਂ ਡਰ ਕੇ ਸਾਨੂੰ ਪਦਾਰਥ ਪੁਆਉਂਦੇ ਹਨ।

ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ॥

ਇਸ ਲਈ ਹੇ ਪਿਆਰਿਓ ਸਾਕਤਾਂ ਦੇ ਨਾਲ ਮੇਲ ਜੋਲ ਨਾ ਕਰੋ ਕਿਉਂਕਿ ਉਨ੍ਹਾਂ ਨੂੰ ਹਰੀ ਸਿਰਜਣਹਾਰ ਨੇ ਮਾਰ ਦਿਤਾ ਹੈ।

ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ॥ ੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਸ ਪ੍ਰਭੂ ਦਾ ਇਹ ਸੰਸਾਰ ਖੇਲੁ=ਤਮਾਸ਼ਾ ਹੈ ਉਹ ਆਪ ਹੀ ਇਸ ਨੂੰ ਉਤਪੰਨ ਕਰਕੇ ਵੇਖਦਾ ਹੈ। ਗੁਰਮੁਖ ਜਨ ਤਾਂ ਓਸੇ ਦੇ ਨਾਮਾਂ ਨੂੰ ਸੰਭਾਲਦੇ ਹਨ॥ ੧॥

ਮਃ ੪॥ ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ॥

ਅੰਨਵੇਂ:-ਜਿਸ ਸਤਿਗੁਰੂ ਨੇ ਆਪਣੇ ਹਿਰਦੇ ਅੰਦਰ ਹਰੀ ਅਗੰਮ ਪੁਰਖ ਨੂੰ ਧਾਰਿਆ ਹੋਇਆ ਹੈ।

ਸਤਿਗੁਰੂ ਨੋ ਅਪੜਿ ਕੋਇ ਨ ਸਕਈ ਜਿਸੁ ਵਲਿ ਸਿਰਜਣਹਾਰਿਆ॥

ਉਸ ਸਤਿਗੁਰੂ ਨੂੰ ਕੋਈ ਅਪੜਿ=ਪਹੁੰਚ ਨਹੀਂ ਸਕਦਾ ਭਾਵ ਉਨ੍ਹਾਂ ਦੀ ਬਰੋਬਰੀ ਕੋਈ ਨਹੀਂ ਕਰ ਸਕਦਾ, ਜਿਸ ਗੁਰੂ ਦੇ ਵਲ ਸਿਰਜਣਹਾਰ ਪ੍ਰਭੂ ਆਪ ਹੈ।

ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ

ਹਰੀ ਦੀ ਭਗਤੀ ਹੀ ਸਤਿਗੁਰਾਂ ਦਾ ਖੰਡਾ ਅਤੇ ਸੰਜੋਅ ਹੈ।

ਅਥਵਾ-ਸਤਿਗੁਰਾਂ ਦਾ ਗਿਆਨ ਰੂਪ ਖੰਡਾ ਹੈ ਅਤੇ ਹਰੀ ਦੀ ਭਗਤੀ ਰੂਪੀ ਸੰਜੋਅ ਹੈ।

ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥

ਜਿਸ ਗਿਆਨ ਰੂਪ ਖੰਡੇ ਕਰਕੇ ਕੰਟਕੁ=ਦੁਖਦਾਈ ਕਾਲ ਨੂੰ ਮਾਰ ਕੇ ਵਿਡੀਰਨ ਕਰ ਦਿਤਾ ਹੈ।

ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ
ਸਤਿਗਰੂ ਕੈ ਪਿਛੈ ਹਰਿ ਸਭਿ ਉਬਾਰਿਆ ॥

ਸਤਿਗੁਰਾਂ ਦੀ ਰਖਿਆ ਵਾਲਾ ਹਰੀ ਆਪ ਹੈ, ਸਤਿਗੁਰਾਂ ਦੇ ਪਿਛੇ ਜਿਤਨੇ ਕੁ ਤੁਰਨ ਵਾਲੇ ਹਨ ਉਨ੍ਹਾਂ ਸਾਰਿਆਂ ਨੂੰ ਹਰੀ ਨੇ ਆਪ ਹੀ ਉਬਾਰਿਆ=ਬਚਾ ਲਿਆ ਹੈ।

ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ ॥

ਪੂਰਿਆਂ ਸਤਿਗੁਰਾਂ ਦਾ ਜੋ ਭੀ ਕੋਈ ਬੁਰਾ ਚਿਤਵਦਾ ਹੈ, ਉਸ ਨੂੰ ਪੈਦਾ ਕਰਨ ਵਾਲੇ ਹਰੀ ਨੇ ਆਪ ਹੀ ਮਾਰਣਾ ਕੀਤਾ ਹੈ।

ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ ॥੨ ॥

ਸਚੇ ਹਰੀ ਦੀ ਦਰਗਹ ਵਿਚ ਇਹ ਗੱਲ ਹੁੰਦੀ ਹੈ, ਗੁਰੂ ਜੀ ਕਥਨ ਕਰਦੇ ਹਨ, ਜੋ ਅਗਮੁ=ਅਗੇ ਆਉਣ ਵਾਲਾ ਵਿਚਾਰ ਅਸਾਂ ਨੇ ਪਹਿਲੇ ਹੀ ਜੀਵਾਂ ਨੂੰ ਸੁਣਾ ਦਿਤਾ ਹੈ॥ ੨ ॥

ਪਉੜੀ ॥ ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ ॥

ਜਿਨ੍ਹਾਂ ਨੇ ਸੁਤਿਆਂ ਪਿਆਂ ਵੀ ਸਚ ਨਾਮ ਨੂੰ ਅਰਾਧਿਆ ਹੈ ਵਾ:-ਸੌਣ ਸਮੇਂ ਭੀ ਸਚ ਨਾਮ ਨੂੰ ਅਰਾਧਿਆ ਹੈ ਤੇ ਜਦ ਉਠਦੇ ਹਨ ਤਾਂ ਭੀ ਸਚ ਨੂੰ ਚਵੇ=ਉਚਾਰਦੇ ਹਨ।

ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ ॥

ਉਹ ਕਲਜੁਗ ਵਿਚ ਵਿਰਲੇ ਹੀ ਜਾਣੇ ਜਾਂਦੇ ਹਨ, ਜੋ ਗੁਰਮੁਖ ਸਚਨਾਮ ਨੂੰ ਰਵੇ=ਉਚਾਰਦੇ ਹਨ।

ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ ॥

ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਹੜੇ ਰਾਤ ਦਿਨੇ ਸਚ ਨਾਮ ਨੂੰ ਲਵੇ=ਬੋਲਦੇ ਹਨ।

ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ ॥

ਜਿਨ੍ਹਾਂ ਦੇ ਮਨ ਤਨ ਵਿਚ ਸਚਾ ਪ੍ਰਭੂ ਭਾਉਂਦਾ ਹੈ ਓਹੀ ਸਚੀ ਦਰਗਾਹ ਵਿਚ ਗਵੇ=ਗਵਨ ਭਾਵ ਚਲਣਾ ਕਰਦੇ ਹਨ।

ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਹਮੇਸ਼ਾਂ ਹੀ ਸਚ ਨਾਮ ਨੂੰ ਬੋਲਦੇ ਰਹਿੰਦੇ ਹਨ ਸਚੁ=ਨਿਸਚੇ ਕਰਕੇ ਸਚਾ ਪ੍ਰਭੂ ਸਦਾ ਹੀ ਨਵੇ=ਨਵੀਨ ਹੈ॥ ੨੧ ॥

[ਪੰਨਾ ੩੧੩]

ਸਲੋਕੁ ਮਃ ੪ ॥

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥

ਗੁਰਮੁਖਾਂ ਨੇ ਸੌਣਾ ਕੀ ਹੈ, ਤੇ ਜਾਗਣਾ ਕੀ ਹੈ, ਸੁਤੇ ਸਿਧ ਜੋ ਹੋ ਜਾਵੇ ਗੁਰਮੁਖਾਂ ਦਾ ਓਹੀ ਪਰਵਾਣ ਹੈ।

ਜਿਨ੍ਹਾਂ ਗੁਰਮੁਖਾਂ ਨੂੰ ਸ੍ਵਾਸ ਲੈਂਦਿਆਂ, ਗਿਰਾਸਿ=ਭੋਜਨ ਖਾਂਦਿਆਂ ਵਾਹਿਗੁਰੂ ਨਾਮ ਨਹੀਂ ਵਿਸਰਦਾ, ਉਹ ਪੁਰਖ ਪੂਰੇ ਤੇ ਪਰਧਾਨ=ਮੁਖੀ ਹਨ।

ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ॥
ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ॥

ਪੂਰਬਲੇ ਸ੍ਰੇਸ਼ਟ ਕਰਮਾਂ ਕਰਕੇ ਕਿਰਪਾ ਕਰਨ ਵਾਲੇ ਸਤਿਗੁਰੂ ਪਾਈਏ ਤਾਂ ਰਾਤ ਦਿਨ ਇਕ ਰਸ ਪਰਮੇਸ਼ਰ ਵਿਚ ਧਿਆਨ ਲਗਦਾ ਹੈ। ਤਿਨ੍ਹਾਂ ਗੁਰਸਿਖਾਂ ਦੀ ਸੰਗਤਿ ਵਿਚ ਮਿਲ ਰਹਿਣਾ ਕਰੇ, ਤਾਂ ਸੰਸਾਰ

ਵਾ:-ਪ੍ਰਲੋਕ ਦਰਗਾਹ ਵਿਚ ਮਾਨ=ਆਦਰ ਪਾਉਂਦਾ ਹੈ।

ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ॥ ੧॥

ਗੁਰਮੁਖ ਪੁਰਖ ਸੌਣ ਲਗਿਆਂ ਵੀ ਵਾਹਿਗੁਰੂ ਵਾਹਿਗੁਰੂ. ਉਚਾਰਦੇ ਹਨ, ਵਾ:-ਧੰਨ ਧੰਨ ਉਚਾਰਦੇ ਹਨ, ਉਠਦੇ ਹੋਏ ਭੀ ਵਾਹਿਗੁਰੂ ਵਾਹਿਗੁਰੂ, ਵਾ:-ਧੰਨ ਧੰਨ ਕਰਦੇ ਹਨ। ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਪੁਰਖਾਂ ਦੇ ਮੂੰਹ ਉਜਲੇ ਹਨ, ਜਿਹੜੇ ਨਿਤਾਪ੍ਰਤੀ (ਰੋਜ਼) ਸਵੇਰੇ ਉੱਠ ਕੇ ਪਰਮੇਸ਼ਰ ਨੂੰ ਸਮਾਲਦੇ ਹਨ॥ ੧॥

ਮਃ ੪॥ ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ॥
ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ॥

ਆਪਣੇ ਸਰੂਪ ਦੀ ਪ੍ਰਾਪਤੀ ਕਰਨ ਵਾਲੇ ਸਤਿਗੁਰਾਂ ਨੂੰ ਸੇਵਣਾ ਕਰੀਏ ਤਾਂ ਅਪਾਰੁ=ਬਿਅੰਤ ਰੂਪ ਪਰਮਾਤਮਾ ਦਾ ਨਾਮ ਪਾਈਦਾ ਹੈ।

ਧੰਨ ਗੁਰੂ ਸਾਹਿਬ ਜੀ ਹਨ ਜੋ ਸੰਸਾਰ ਸਮੁੰਦ੍ਰ ਵਿਚ ਡੁਬਦਿਆਂ ਨੂੰ ਬਾਹਰ ਕਢ ਲੈਂਦੇ ਹਨ, ਅਤੇ ਜੋ ਗੁਰੂ ਹਰੀ ਦਾਤਾਰ ਦੀ ਨਾਮ ਦਾਤ ਦੇਣਾ ਕਰਦੇ ਹਨ।

ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ॥
ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ॥

ਜਿਹੜੇ ਪੁਰਸ਼ ਨਾਮ ਦਾ ਵਪਾਰ ਕਰਦੇ ਹਨ, ਉਹ ਸ਼ਾਹ ਧੰਨ ਹਨ ਧੰਨ। ਜੋ ਸਿਖਾਂ ਰੂਪ ਵਣਜਾਰੇ ਨਾਮ ਸੌਦਾ ਖਰੀਦਣ ਵਾਸਤੇ ਗੁਰੂ ਸ਼ਾਹ ਪਾਸ ਆਉਂਦੇ ਹਨ, ਉਨ੍ਹਾਂ ਨੂੰ ਗੁਰੂ ਸੰਸਾਰ ਸਮੁੰਦ੍ਰ ਤੋਂ ਪਾਰ ਲੰਘਾਵਣ ਵਾਲੇ ਆਪਣੇ ਸਬਦਿ=ਉਪਦੇਸ਼ ਦੁਆਰਾ ਨਾਮ ਸੌਦਾ ਦਿੰਦੇ ਹਨ।

ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਸਤ੍ਗੁਰਾਂ ਦੀ ਕਿਰਪਾ ਹੋਈ ਹੈ, ਤਿਨ੍ਹਾਂ ਨੇ ਪੈਦਾ ਕਰਨ ਵਾਲੇ ਪਰਮੇਸ਼ਰ ਨੂੰ ਸੇਵਿਆ ਹੈ॥ ੨॥

ਪਉੜੀ॥ ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ॥
ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥

ਸਚੁ=ਨਿਸਚੇ ਕਰਕੇ ਉਹ ਪੁਰਖ ਸਚੇ ਪਰਮਾਤਮਾ ਦੇ ਭਗਤ ਜਨ ਹੈਂ, ਜਿਨ੍ਹਾਂ ਨੇ ਸਚੁ=ਨਿਸਚੇ ਕਰਕੇ

ਸਚੇ ਪਰਮੇਸ਼ਰ ਨੂੰ ਅਰਾਧਿਆ ਹੈ। ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਓਸਦੇ ਖੋਜ=ਰਸਤੇ ਨੂੰ ਢੂੰਢਿਆ ਹੈ ਤਿਨ੍ਹਾਂ ਨੇ ਹਿਰਦੇ ਅੰਦਰੋਂ ਹੀ ਸਚ ਨੂੰ ਲਭ ਲਿਆ ਹੈ।

ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥
ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ ॥

ਜਿਨ੍ਹਾਂ ਨੇ ਸਚੁ=ਨਿਸਚੇ ਕਰਕੇ ਸਚੇ ਸਾਹਿਬ ਪਰਮਾਤਮਾ ਨੂੰ ਸੇਵਿਆ ਹੈ, ਤਿਨ੍ਹਾਂ ਨੇ ਕੰਟਕੁ=ਦੁਖਦਾਈ ਕਾਲ ਨੂੰ ਮਾਰ ਕੇ ਸਾਧ ਲੀਤਾ ਹੈ। ਸਚਾ ਪਰਮੇਸ਼ਰ ਸਚੁ=ਨਿਸਚੇ ਕਰਕੇ ਸਾਰਿਆਂ ਤੋਂ ਵੱਡਾ ਹੈ, ਜੋ ਸਚ ਨੂੰ ਸੇਂਵਦੇ ਹਨ, ਉਹ ਸਚ ਸਰੂਪ ਦੇ ਨਾਲ ਰਲ ਜਾਂਦੇ ਹਨ।

ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ ॥ ੨੨ ॥

ਸਚੁ=ਨਿਸਚੇ ਕਰਕੇ ਸਚ ਨਾਮ ਜਪਨ ਵਾਲਿਆਂ ਨੂੰ ਧੰਨਤਾ ਜੋਗ ਹੈ,

ਵਾ:-ਸਚੇ ਪਰਮਾਤਮਾ ਨੂੰ ਧੰਨਤਾ ਜੋਗ ਹੈ, ਜਿਨ੍ਹਾਂ ਨੇ ਸਚੁ=ਨਿਸਚੇ ਸਚਾ ਪਰਮੇਸ਼ਰ ਸੇਵਿਆ ਹੈ ਤਿਨ੍ਹਾਂ ਨੂੰ ਫਲਾਧਿਆ=ਅਧਿਕ ਫਲ ਹੁੰਦਾ ਹੈ॥ ੨੨ ॥

ਸਲੋਕ ਮਃ ੪ ॥ ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥
ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥

ਮਨਮੁਖ ਪੁਰਖ ਮੁਗਧੁ=ਮੂਰਖ ਹੈ, ਜੋ ਨਾਮ ਜਪੇ ਤੋਂ ਬਿਨਾਂ ਭਰਮਾਇ=ਭਟਕਦਾ ਫਿਰਦਾ ਹੈ। ਸਤਿਗੁਰਾਂ ਦੇ ਉਪਦੇਸ਼ ਬਿਨਾਂ ਮਨ ਟਿਕਦਾ ਨਹੀਂ, ਇਸਤੇ ਮੁੜ ਮੁੜ ਕੇ ਜੂਨੀਆਂ ਵਿਚ ਪੈਂਦਾ ਹੈ।

ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥
ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥ ੧ ॥

ਹਰੀ ਪ੍ਰਭੁ ਆਪ ਦਿਆਲੂ ਹੋਵੇ, ਤਾਂ ਇਸ ਨੂੰ ਸਤਿਗੁਰੂ ਆ ਕੇ ਮਿਲਦੇ ਹਨ। ਗੁਰੂ ਜੀ ਕਥਨ ਕਰਦੇ ਹਨ ਹੇ ਪੁਰਖਾ ! ਤੂੰ ਨਾਮ ਨੂੰ ਸਲਾਹੁਣਾ ਕਰ, ਤਦ ਤੇਰਾ ਜਨਮ ਮਰਣ ਦਾ ਦੁਖ ਚਲਿਆ ਜਾਏਗਾ॥ ੧ ॥

ਮਃ ੪ ॥ ਗੁਰੁ ਸਾਲਾਹੀ ਆਪਣਾ ਬਹੁ ਬਿਧਿ ਰੰਗਿ ਸੁਭਾਇ ॥
ਸਤਿਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ ॥

ਆਪਣੇ ਗੁਰਾਂ ਨੂੰ ਬਹੁ ਬਿਧਿ=ਬਹੁਤ ਪ੍ਰਕਾਰ ਨਾਲ ਰੰਗਿ=ਪ੍ਰੇਮ ਪੂਰਬਕ ਸਲਾਹੁਣਾ ਕਰੇ ਤਾਂ ਸੁਭਾਇ=ਸੋਭਨੀਕ ਹੁੰਦਾ ਹੈ। ਜਿਸ ਦਾ ਮਨ ਸਤਿਗੁਰਾਂ ਨਾਲ ਤਦਾਕਾਰ ਹੋਇਆ ਹੈ, ਉਸਨੇ ਸ਼ੁਭ ਗੁਣਾਂ ਦੀ ਬਨਾਵਟ ਨੂੰ ਚੰਗੀ ਤਰ੍ਹਾਂ ਬਣਾ ਰਖਿਆ ਹੈ।

ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥
ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥ ੨ ॥

ਗੁਰਮੁਖਾਂ ਦੀ ਜੀਭ ਪਰਮੇਸ਼ਰ ਨੂੰ ਸਲਾਹੁੰਦੀ ਹੋਈ ਰਜਦੀ ਨਹੀਂ ਅਤੇ ਚਿੱਤ ਨੂੰ ਹਰੀ ਪ੍ਰੀਤਮ ਵਲ ਲਗਾਇਆ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਦੇ ਮਨ ਵਿਚ ਨਾਮ ਦੀ ਭੁਖ ਹੈ, ਗੁਰਮੁਖਾਂ

ਦਾ ਮਨ ਹਰੀ ਨਾਮ ਰਸ ਨੂੰ ਖਾ ਕੇ ਤ੍ਰਿਪਤ ਹੁੰਦਾ ਹੈ॥ ੨॥

ਪਉੜੀ॥ ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ॥
ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ॥

ਸਚਾ ਪਰਮੇਸ਼ਰ ਸਚੁ=ਨਿਸਚੇ ਕਰ ਕੇ ਕੁਦਰਤਾਂ ਦੁਆਰੇ ਜਾਣਿਆਂ ਜਾਂਦਾ ਹੈ, ਜਿਸ ਪਰਮੇਸ਼ਰ ਨੇ ਦਿਨ ਤੇ ਰਾਤਾਂ ਬਣਾਈਆਂ ਹਨ। ਉਸ ਸਚੇ ਨੂੰ ਸਦਾ ਸਦਾ ਸਲਾਹੁਣਾ ਕਰੇ, ਜਿਸ ਸਚ ਦੀਆਂ ਵਡਿਆਈਆਂ ਸਚ ਹੀ ਹਨ।

ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ॥
ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ॥

ਸਚਾ ਜੋ ਸਲਾਹੁਣੇ ਜੋਗ ਹੈ ਉਸ ਸਚੇ ਨੂੰ ਸਲਾਹੁਣਾ ਕਰੇ, ਉਸ ਸਚੇ ਦੀ ਕੀਮਤ ਕਿਸੇ ਨੇ ਪਾਈ ਨਹੀਂ ਜਦ ਪੂਰਾ ਸਤਿਗੁਰੂ ਮਿਲਿਆ ਤਾਂ ਉਹ ਪਰਮੇਸ਼ਰ ਹਾਜ਼ਰਾ ਹਜ਼ੂਰ ਨਦਰੀ=ਨਿਗਾਹ ਆਇਆ।

ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ॥ ੨੩॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਸਚ ਨੂੰ ਸਲਾਹਿਆ ਹੈ, ਤਿਨ੍ਹਾਂ ਨੇ ਆਪਣੀਆਂ ਸਾਰੀਆਂ ਭੁਖਾਂ ਗਵਾ ਲਈਆਂ ਹਨ॥ ੨੩॥

ਸਲੋਕ ਮਃ ੪॥ ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ॥
ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ॥ ੧॥

ਉਸ ਪਰਮੇਸ਼ਰ ਦੇ ਖੋਜਿ=ਰਸਤੇ ਨੂੰ ਖੋਜਦਿਆਂ ਖੋਜਦਿਆਂ ਮੈਨੇ ਤਨ ਮਨ ਦੇ ਵਿਚ ਹੀ ਉਸ ਪ੍ਰਭੂ ਨੂੰ ਲੋੜਿ=ਚਾਹ ਕੇ ਲਧਾ=ਲਭ ਲਿਆ ਹੈ। ਪਰ ਪਹਿਲੇ ਮੈਂ ਗੁਰੂ ਸਾਹਿਬ ਜੀ ਨੂੰ ਵਿਸਟੁ=ਵਕੀਲ ਪਾਇਆ, ਜਿਸ ਗੁਰੂ ਨੇ ਹਰੀ ਪ੍ਰਭੂ ਦੇ ਨਾਲ ਜੋੜ ਦਿਤਾ॥ ੧॥

ਮਃ ੩ ॥ ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

ਮਾਇਆਧਾਰੀ ਪੁਰਸ਼ ਅਤਿਅੰਤ ਅੰਨ੍ਹਾਂ ਤੇ ਬੋਲਾ ਹੈ, ਅੰਨਾ ਇਸ ਕਰਕੇ ਹੈ ਜੋ ਸ਼ਰਧਾ ਨਾਲ ਗੁਰਾਂ ਦਾ ਦਰਸ਼ਨ ਨਹੀਂ ਕਰਦਾ। ਬੋਲਾ ਇਸ ਕਰਕੇ ਹੈ ਜੋ ਸ਼ਰਧਾ ਨਾਲ ਗੁਰੂ ਪਰਮੇਸ਼ਰ ਦਾ ਜਸ ਨਹੀਂ ਸੁਣਦਾ। ਪਹਿਲੇ ਤਾਂ ਉਹ ਸਤਿਸੰਗ ਵਿਚ ਜਾਂਦਾ ਹੀ ਨਹੀਂ, ਜੇ ਕਿਸੇ ਸਬਬ ਨਾਲ ਸਤਿਸੰਗ ਵਿਚ ਚਲਿਆ ਭੀ ਜਾਵੇ ਤਾਂ ਗੁਰ ਉਪਦੇਸ਼ ਨੂੰ ਸੁਣਦਾ ਨਹੀਂ, ਆਪਣਾ ਹੀ ਬਹੁਤਾ ਰੌਲਾ ਗੌਲਾ ਪਾਂਦਾ ਹੈ ਭਾਵ ਆਪਣੀਆਂ ਹੀ ਗੱਪਾਂ ਮਾਰਦਾ ਹੈ।

ਦੂਜਾ ਅਰਥ-ਮਾਇਆਧਾਰੀ ਪੁਰਸ਼ ਗਿਆਨ ਵੈਰਾਗ ਰੂਪੀ ਅੱਖਾਂ ਤੋਂ ਬਿਨਾਂ ਹੋਣ ਕਰਕੇ ਅੰਨ੍ਹਾ ਹੈ ਨਿਸਚਾ ਵਿਚਾਰ ਰੂਪੀ ਕੰਨਾਂ ਤੋਂ ਬਿਨਾਂ ਹੋਣ ਕਰ ਕੇ ਬੋਲਾ ਹੈ। ਗੁਰਾਂ ਦੇ ਉਪਦੇਸ਼ ਨੂੰ ਸੁਣਦਾ ਨਹੀਂ, ਬਹੁਤ ਰੌਲਾ ਰੂਪ ਜੋ ਸੰਸਾਰ ਹੈ ਤਿਸ ਵਿਚ ਘਚੋਲਾ=ਖਚਤ ਭਾਵ ਮਿਲਿਆ ਰਹਿੰਦਾ ਹੈ।

ਗੁਰਮੁਖਿ ਜਾਪੈ ਸਬਦਿ ਲਿਵ ਲਾਇ॥
ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ॥

ਜੋ ਗੁਰ ਉਪਦੇਸ਼ ਵਿਚ ਲਿਵ ਲਗਾਂਦਾ ਹੈ ਉਹ ਗੁਰਮੁਖ ਜਾਪੈ=ਜਾਣਿਆ ਜਾਂਦਾ ਹੈ।

ਵਾ:-ਜੋ ਗੁਰਉਪਦੇਸ਼ ਨਾਲ ਲਿਵ ਲਗਾਂਦਾ ਹੈ ਓਹੀ ਗੁਰਮੁਖ ਪਰਮੇਸ਼ਰ ਨੂੰ ਜਾਪੈ=ਜਾਣਦਾ ਹੈ। ਹਰੀ ਨਾਮ ਨੂੰ ਸ੍ਰਵਣ ਕਰਕੇ ਮੰਨੇ=ਮਨਨ ਕਰੇ, ਤਾਂ ਹਰੀ ਨਾਮ ਵਿਚ ਅਭੇਦ ਹੁੰਦਾ ਹੈ।

ਜੋ ਤਿਸੁ ਭਾਵੈ ਸੁ ਕਰੇ ਕਰਾਇਆ ॥ ਨਾਨਕ ਵਜਦਾ ਜੰਤੁ ਵਜਾਇਆ ॥ ੨ ॥

ਉਸ ਵਾਹਿਗੁਰੂ ਨੂੰ ਜੋ ਕਰਾਇਆ ਭਾਉਂਦਾ ਹੈ ਜੀਵ ਓਹੀ ਕਰਮ ਕਰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਜਿਵੇਂ ਜੰਤੁ=ਵਾਜਾ ਵਜਾਇਆ ਹੋਇਆ ਵਜਦਾ ਹੈ ਤਿਵੇਂ ਜੀਵ ਉਸ ਪਰਮੇਸ਼ਰ ਦਾ ਬੁਲਾਇਆ ਹੋਇਆ ਬੋਲਦਾ ਹੈ, ਆਪਣੇ ਆਪ ਜੀਵ ਕੁਝ ਨਹੀਂ ਕਰ ਸਕਦਾ॥ ੨ ॥

ਯਥਾ-ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ॥ *(ਪੰਨਾ ੭੯੮)*

[ਪੰਨਾ ੩੧੪]

ਪਉੜੀ ॥ ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥
ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥

ਹੇ ਕਰਤਾ ਵਾਹਿਗੁਰੂ ! ਤੂੰ ਸਭ ਕੁਝ ਜਾਣਦਾ ਹੈਂ, ਜੋ ਜੀਵਾਂ ਦੇ ਅੰਦਰ ਗਲ ਬਾਤ ਵਰਤ ਰਹੀ ਹੈ।
ਹੇ ਕਰਤਾ ਵਾਹਿਗੁਰੂ ! ਤੂੰ ਆਪ ਗਿਣਤੀਆਂ ਤੋਂ ਰਹਿਤ ਹੈਂ, ਹੋਰ ਸਾਰਾ ਜਗਤ ਗਿਣਤੀ ਵਿਚ ਹੈ।

ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ ॥
ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥

ਸਭ ਕੁਛ ਤੇਰਾ ਕੀਤਾ ਹੋਇਆ ਵਰਤ ਰਿਹਾ ਹੈ, ਕਿਉਂਕਿ ਏਹ ਸਾਰਾ ਸੰਸਾਰ ਤੇਰੀ ਹੀ ਬਨਾਵਟ ਹੈ।
ਹੇ ਸਚੇ ਸਾਹਿਬ ! ਚਲਤੈ=ਕੌਤਕਾਂ ਦੇ ਕਰਨ ਵਾਲੇ ਸਭ ਘਟਾਂ ਘਟਾਂ ਵਿਚ ਇਕ ਤੂੰ ਆਪ ਹੀ ਵਰਤਦਾ ਹੈਂ।

ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥ ੨੪ ॥

ਜਿਹੜੇ ਪੁਰਖ ਸਤਿਗੁਰਾਂ ਨੂੰ ਮਿਲੇ ਹਨ, ਓਹੀ ਹਰੀ ਨਾਲ ਮਿਲੇ ਹਨ, ਕਿਸੀ ਦੇ ਪਰਤੈ=ਮੋੜਿਆਂ ਉਹ ਮੁੜੇ ਨਹੀਂ ॥ ੨੪॥

ਸਲੋਕੁ ਮਃ ੪ ॥ ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ ॥
ਕਿਉ ਸਾਸਿ ਗਿਰਾਸਿ ਵਿਸਾਰੀਐ ਬਹਦਿਆ ਉਠਦਿਆ ਨਿਤ ॥

ਹੇ ਵਾਹਿਗੁਰੂ ! ਕਿਰਪਾ ਕਰ ਜੋ ਗੁਰਾਂ ਦੁਆਰੇ ਚਿੱਤ ਨੂੰ ਲਗਾਕੇ ਇਸ ਚੰਚਲ ਮਨ ਨੂੰ ਦ੍ਰਿੜ੍ਹ ਕਰਕੇ ਕਾਬੂ ਕਰ ਰਖੀਏ। ਸ੍ਵਾਸ ਲੈਂਦਿਆਂ ਤੇ ਗਿਰਾਸਿ=ਭੋਜਨ ਖਾਂਦਿਆਂ, ਤੈਨੂੰ ਕਿਉਂ ਭੁਲਾਈਏ, ਏਹ ਕਿਰਪਾ ਕਰੋ ਬੈਠਦਿਆਂ ਉਠਦਿਆਂ ਨਿਤਾਪ੍ਰਤੀ ਤੈਨੂੰ ਯਾਦ ਕਰੀਏ।

ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ ॥
ਜਿਉ ਭਾਵੈ ਤਿਉ ਰਖੁ ਤੂ ਜਨ ਨਾਨਕ ਨਾਮੁ ਬਖਸਿ ॥ ੧ ॥

ਹੇ ਹਰੀ ਪ੍ਰਭੂ ! ਜਿਸ ਵੇਲੇ ਇਹ ਜੀਵ ਤੇਰੇ ਵਸੀਕਾਰ ਹੋ ਗਿਆ, ਤਾਂ ਜਨਮ ਮਰਨ ਦੀ ਚਿੰਤਾ ਚਲੀ ਗਈ। ਗੁਰੂ ਜੀ ਕਥਨ ਕਰਦੇ ਹਨ-ਨਾਮ ਦੀ ਦਾਤ ਬਖਸ਼ ਕਰਕੇ ਜਿਵੇਂ ਆਪ ਨੂੰ ਭਾਵੇਂ ਤਿਵੇਂ ਰਖ ਲੈ॥ ੧ ॥

ਮਃ ੩ ॥ ਮਨਮੁਖੁ ਅਹੰਕਾਰੀਂ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ ॥
ਸਦਾ ਬੁਲਾਈਐ ਮਹਲਿ ਨ ਆਵੈ ਕਿਉ ਕਰਿ ਦਰਗਹ ਸੀਝੈ ॥

ਮਨਮੁਖ ਹੰਕਾਰੀ ਪੁਰਸ਼ ਮਹਲੁ=ਸਰੂਪ, ਵਾ:-ਸਤਿਸੰਗ ਦੇ ਪਰਤਾਪ ਨੂੰ ਨਹੀਂ ਜਾਣਦੇ, ਖਾਣ ਪੀਣ ਦੇ ਪਦਾਰਥ ਮਿਲਦੇ ਵੇਖਕੇ ਤਾਂ ਉਸ ਸਮੇਂ ਅੱਗੇ ਹੋ ਬੈਠਦੇ ਹਨ, ਜਦ ਸੇਵਾ ਕਰਨ ਦਾ ਮੌਕਾ ਆਉਂਦਾ ਹੈ ਤਾਂ ਉਸ ਛਿਨ ਵਿਚ ਪਿਛਾਂਹ ਹੋ ਜਾਂਦੇ ਹਨ।

ਵਿਆਕਰਣ ਦੇ ਮੱਤ ਅਨੁਸਾਰ 'ਘਟ' ਸ਼ਬਦ ਉਚਾਰਨ ਨਾਲ ਦੋ ਖਿਨ ਹੋ ਜਾਂਦੇ ਹਨ। ਤੇ ਨਿਆਇਕਾਂ ਦੇ ਮੱਤ ਅਨੁਸਾਰ ਪਿੱਪਲ ਦੇ ਪੱਤੇ ਵਿਚ ਸੂਈ ਚੋਭਣ ਵੇਲੇ ਜਿਤਨਾ ਟਾਇਮ ਲਗਦਾ ਹੈ, ਉਤਨੇ ਸਮੇਂ ਵਿਚ ਚਾਰ ਖਿਨ ਹੋ ਜਾਂਦੇ ਹਨ।

ਜੇਕਰ ਸਦਾ ਬੁਲਾਈਐ=ਸਦਾ ਹੀ ਭਾਵ ਰੋਜ਼ ਬੁਲਾਈਏ ਤਾਂ ਹਲਿ ਨ ਆਵੈ=ਸਤਿਸੰਗ ਵਿਚ ਨਹੀਂ ਆਉਂਦੇ, ਇਸ ਤੇ ਦਰਗਾਹ ਵਿਚ ਕਿਸ ਪ੍ਰਕਾਰ ਕਰਕੇ ਸੀਝੈ=ਕਲਿਆਣ ਭਾਵ ਮੁਕਤ ਹੋਣਗੇ।

ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ ਜੋੜਿ ॥
ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ ॥ ੨ ॥

ਸਤਿਗੁਰਾਂ ਦਾ ਮਹਲੁ=ਸਰੂਪ ਅਰਥਾਤ ਦਰਸ਼ਨ, ਵਾ ਸਤਿਗੁਰਾਂ ਦਾ ਮਹਲੁ=ਸਤਿਸੰਗ, ਵਾ:-ਸਤਿਗੁਰਾਂ ਦੁਆਰੇ ਮਹਲੁ=ਸਰੂਪ ਨੂੰ ਕੋਈ ਵਿਰਲਾ ਹੀ ਜਾਣਦਾ ਹੈ, ਜੋ ਹਮੇਸ਼ਾਂ ਹੱਥ ਜੋੜਕੇ ਖੜਾ ਰਹਿੰਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਮੇਰਾ ਹਰੀ ਜਿਨ੍ਹਾਂ ਉੱਤੇ ਆਪਣੀ ਕਿਰਪਾ ਕਰਦਾ ਹੈ, ਉਨ੍ਹਾਂ ਨੂੰ ਮਾਇਆ ਵਲੋਂ ਬਹੋੜਿ=ਮੋੜ ਲੈਂਦਾ ਹੈ॥ ੨ ॥

ਪਉੜੀ ॥ ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥

ਓਹੀ ਸੇਵਾ ਕੀਤੀ ਹੋਈ ਸਫਲੀ ਹੈ, ਜਿਸ ਦੇ ਕੀਤਿਆਂ ਸਤਿਗੁਰਾਂ ਦਾ ਮਨ ਮੰਨਿਆ ਜਾਵੇ। ਜਦ ਸਤਿਗੁਰਾਂ ਦਾ ਮਨ ਮੰਨਿਆਂ ਗਿਆ, ਤਾਂ ਛੋਟੇ ਪਾਪ ਤੇ ਕਸੰਮਲ=ਵਡੇ ਪਾਪ ਭੰਨ ਦਿਤੇ।

ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥
ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥

ਜਿਹੜਾ ਵੀ ਉਪਦੇਸ਼ ਸਤਿਗੁਰਾਂ ਨੇ ਦਿੱਤਾ ਹੈ, ਸਿੱਖਾਂ ਨੇ ਕੰਨ ਦੇ ਕੇ ਉਸੇ ਨੂੰ ਸੁਣਨਾ ਕੀਤਾ ਹੈ।

ਜਿਨ੍ਹਾਂ ਨੇ ਸਤਿਗੁਰਾਂ ਦਾ ਭਾਣਾ ਮੰਨਿਆ ਹੈ, ਤਿਨ੍ਹਾਂ ਨੂੰ ਚਵਗਣਿ ਵੰਨੇ=ਚਤੁਰਥ ਭੂਮਿਕਾ ਦੀ ਰੰਗਣ ਚੜ੍ਹੀ ਹੈ।

ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥

ਗੁਰਮੁਖਾਂ ਦੀ ਇਹ ਚਾਲ ਸੰਸਾਰੀ ਜੀਵਾਂ ਨਾਲੋਂ ਨਿਰਾਲੀ=ਵਖਰੀ ਹੈ, ਜੋ ਗੁਰ ਸਿਖਿਆ ਸੁਣਨ ਵਿਚ ਮਨ ਨੂੰ ਤਦਾਕਾਰ ਕਰਦੇ ਹਨ।

ਵਾ:-ਗੁਰਸਿਖਿਆ ਨੂੰ ਸੁਣਕੇ ਮਨ ਕਰਕੇ ਪਰਮਾਤਮਾ ਵਿਚ ਭਿੰਨੇ=ਭਿੱਜੇ ਰਹਿੰਦੇ ਹਨ॥ ੨੫॥

ਸਲੋਕੁ ਮਃ ੩ ॥ ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥
ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥

ਜਿਸ ਪੁਰਸ਼ ਨੇ ਆਪਣੇ ਗੁਰੂ ਨੂੰ ਗੋਪਿਆ=ਛਪਾਇਆ ਹੈ, ਭਾਵ ਆਪਣੇ ਗੁਰੂ ਦਾ ਨਾਮ ਰੋਸ਼ਨ ਨਹੀਂ ਕੀਤਾ, ਜੇ ਕਿਸੀ ਨੇ ਪੁਛਿਆ ਤੂੰ ਕਿਥੋਂ ਪੜ੍ਹਿਆ ਹੈਂ? ਇਹ ਦਾਤ ਤੈਨੂੰ ਕਿਥੋਂ ਪ੍ਰਾਪਤ ਹੋਈ ਹੈ? ਝਾਂ ਆਖਦਾ ਹੈ ਸੁਤੇ ਹੀ ਪ੍ਰਾਪਤ ਹੋਈ ਹੈ, ਆਪਣੇ ਗੁਰੂ ਦਾ ਨਾਮ ਨਹੀਂ ਦਸਦਾ ਇਸ ਵਜ੍ਹਾ ਨਾਲ ਜਿਸਨੇ ਆਪਣੇ ਗੁਰੂ ਨੂੰ ਛਪਾਇਆ ਹੈ, ਤਿਸਨੂੰ ਠਹਿਰਨ ਦੀ ਕੋਈ ਠਾਉ=ਜਗ੍ਹਾ ਨਹੀਂ ਮਿਲਦੀ। ਉਸ ਦੇ ਹਲਤੁ ਪਲਤੁ=ਲੋਕ ਪ੍ਰਲੋਕ ਦੋਵੇਂ ਹੀ ਨਿਸਫਲ ਚਲੇ ਗਏ ਅਤੇ ਵਾਹਿਗੁਰੂ ਦੀ ਦਰਗਾਹ ਵਿਚ ਉਸਨੂੰ ਥਾਂ ਨਹੀਂ ਮਿਲਦੀ।

ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ ॥
ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ ॥

ਫਿਰ ਉਹ ਵੇਲਾ ਓਨ੍ਹਾਂ ਦੇ ਹੱਥ ਵਿਚ ਨਹੀਂ ਆਉਂਦਾ, ਜੋ ਸਤਿਗੁਰਾਂ ਦੀ ਚਰਨੀ ਜਾ ਕੇ ਲਗਣ। ਸਤਿਗੁਰਾਂ ਦੀ ਗਿਣਤੀ ਵਿਚੋਂ ਘੁਸਣ ਕਰਕੇ ਦੁਖ ਹੀ ਦੁਖ ਵਿਚ ਸਾਰੀ ਉਮਰਾ ਵਿਹਾਇ=ਬਤੀਤ ਹੁੰਦੀ ਹੈ।

ਨੋਟ:-ਸਤਿਗਰਾਂ ਦੀ ਗਿਣਤੀ ਵਿਚੋਂ ਘੁਸਣਾ ਏਹੀ ਹੈ ਜਿਹੜਾ ਗੁਰੂ ਨੇ ਕਹਿ ਦੇਣਾ ਹੈ ਕਿ ਇਹ ਸਾਡਾ ਸਿਖ ਨਹੀਂ ਹੈ। ਵਾ ਆਤਮਾ ਅਨਾਤਮਾ ਦੇ ਵਿਚਾਰ ਦੀ ਜੋ ਗਿਣਤੀ ਗੁਰਾਂ ਨੇ ਕਰਨੀ ਦਸੀ ਹੈ, ਇਸ ਗਿਣਤੀ ਤੋਂ ਜਿਹੜਾ ਘੁੱਸ ਗਿਆ ਹੈ, ਉਸ ਦੀ ਸਾਰੀ ਉਮਰਾ ਦੁਖ ਹੀ ਦੁਖ ਵਿਚ ਵਿਹਾਇ=ਬੀਤਦੀ ਹੈ।

ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥
ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ ॥ ੧ ॥

ਸਤਿਗੁਰੂ ਨਿਰਵੈਰ ਪੁਰਖ ਹਨ, ਜਿਸਨੂੰ ਆਪ ਹੀ ਆਪਣੀ ਚਰਨੀ ਲਗਾ ਲੈਂਦੇ ਹਨ ਓਹੀ ਲਗਦਾ ਹੈ। ਗੁਰੂ ਜੀ ਕਥਲ ਕਰਦੇ ਹਨ, ਜਿਨ੍ਹਾਂ ਨੂੰ ਆਪਣਾ ਦਰਸ਼ਨ ਗੁਰਾਂ ਨੇ ਵਿਖਾਇਆ ਹੈ, ਤਿਨ੍ਹਾਂ ਨੂੰ ਪ੍ਰਲੋਕ ਦਰਗਾਹ ਵਿਚ ਸਤਿਗੁਰੂ ਛੁਡਾ ਲੈਂਦੇ ਹਨ॥ ੧॥

ਮਃ ੩ ॥ ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥

ਮਨਮੁਖ ਹੰਕਾਰੀ ਦੀ ਅਗਿਆਨ ਕਰਕੇ ਦੁਰਮਤਿ=ਖੋਟੀ ਬੁੱਧੀ ਹੋ ਰਹੀ ਹੈ।

ਜਿਸ ਦੇ ਹਿਰਦੇ ਅੰਦਰ ਕ੍ਰੋਧ ਹੈ ਉਸਨੇ ਸੰਸਾਰ ਜੂਏ ਵਿਚ ਆਪਣੀ ਬੁੱਧੀ ਹਾਰ ਦਿੱਤੀ ਹੈ।

ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥

ਕੂੜੁ=ਝੂਠ, ਕੁਸਤੁ=ਕੁਹੱਠ, ਅਤੇ ਪਾਪ ਕਰਮਾਂ ਨੂੰ ਉਹ ਕਮਾਉਂਦਾ ਹੈ।

ਉਸਨੇ ਸੁਣਨਾ ਕੀ ਹੈ, ਅਤੇ ਆਖਕੇ ਕੀ ਸੁਣਾਉਣਾ ਹੈ।

ਅੰਨਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥

ਗਿਆਨ ਵੈਰਾਗ ਰੂਪੀ ਨੇਤ੍ਰਾਂ ਤੋਂ ਹੀਣ ਅੰਨਾਂ, ਨਿਸਚਾ ਵਿਚਾਰ ਰੂਪੀ ਕੰਨਾਂ ਤੋਂ ਰਹਿਤ ਬੋਲਾ ਪੁਰਸ਼ ਖੁਇ=ਭੁਲਕੇ ਸੰਸਾਰ ਉਜਾੜ ਵਿਚ ਪੈਂਦਾ ਹੈ। ਇਸੇ ਕਰਕੇ ਮਨਮੁਖ ਪੁਰਖ ਅੰਨ੍ਹਾਂ ਬੋਲਾ ਹੋਣ ਕਰਕੇ ਸੰਸਾਰ ਵਿਚ ਆਉਂਦਾ ਜਾਂਦਾ ਹੈ।

ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥੨ ॥

ਸਤਿਗੁਰਾਂ ਦੇ ਮਿਲੇ ਬਿਨਾਂ ਕੋਈ ਕਰਮ ਕੀਤਾ ਹੋਇਆ ਥਾਂ ਵਿਚ ਨਹੀਂ ਪੈਂਦਾ।

*ਅਥਵਾ:-*ਸਰੂਪ ਰੂਪੀ ਥਾਂ ਨੂੰ ਨਹੀਂ ਪਾਂਵਦਾ।

ਗੁਰੂ ਜੀ ਕਥਨ ਕਰਦੇ ਹਨ, ਜੈਸਾ ਪੂਰਬਲਾ ਲੇਖ ਲਿਖਿਆ ਹੋਇਆ ਹੈ, ਤੈਸੇ ਹੀ ਕਰਮ ਕਮਾਉਂਦਾ ਹੈ॥ ੨ ॥

ਪਉੜੀ ॥ ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥
ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥

ਜਿਨ੍ਹਾਂ ਦੇ ਚਿੱਤ ਕਰੜੇ ਹਨ, ਉਹ ਸਤਿਗੁਰਾਂ ਦੇ ਪਾਸ ਨਹੀਂ ਬੈਠਦੇ। ਕਿਉਂਕਿ ਓਥੇ ਗੁਰਾਂ ਦੇ ਪਾਸ ਸਚ ਹੀ ਵਰਤਦਾ ਹੈ, ਤੇ ਝੂਠਿਆਂ ਦੇ ਚਿੱਤ ਉਦਾਸੀਨ ਰਹਿੰਦੇ ਹਨ।

ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥
ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥

ਜੇਕਰ ਕਰੜੇ ਪੁਰਸ਼ ਭੁਲ ਭੁਲੇਖੇ ਗੁਰਾਂ ਦੇ ਪਾਸ ਚਲੇ ਭੀ ਜਾਣ ਤਾਂ ਉਹ ਵਲਛਲ ਦੀਆਂ ਗੱਲਾਂ ਕਰਕੇ ਝਤਿ ਕਢਦੇ=ਸਮਾਂ ਬਤੀਤ ਕਰਦੇ ਹਨ ਭਾਵ ਵੇਲੇ ਨੂੰ ਟਪਾਉਂਦੇ ਹਨ। ਫਿਰਿ=ਮੁੜਕੇ ਉਹ ਝੂਠਿਆਂ ਦੇ ਪਾਸ ਜਾਕੇ ਬਹਿੰਦੇ ਹਨ। ਸਚਿਆਂ ਦੇ ਵਿਚ ਝੂਠੇ ਪੁਰਸ਼ ਕਦੇ ਵੀ ਗਡਈ=ਮਿਲਦੇ ਨਹੀਂ ਹਨ, ਮਨ ਵਿਚ ਕੋਈ ਨਿਰਜਾਸਿ=ਨਿਰਨਾ ਕਰਕੇ ਦੇਖ ਲਓ।

ਕੂੜਿਆਰ ਕੂੜਿਆਰੀ ਜਾਇ ਰਲੇ
ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ ੨੬ ॥

ਝੂਠੇ ਪੁਰਸ਼ ਝੂਠਿਆਂ ਵਿਚ ਜਾ ਰਲਦੇ ਹਨ, ਅਤੇ ਸਚਿਆਰ ਸਿਖ ਸਤਿਗੁਰਾਂ ਦੇ ਪਾਸ ਬੈਠਦੇ ਹਨ॥ ੨੬॥

[ਪੰਨਾ ੩੧੫]

ਸਲੋਕ ਮਃ ੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਮੁਖਾਰਬਿੰਦ ਤੋਂ ਕਥਨ ਕਰਦੇ ਹਨ:-

ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ ॥
ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ ॥ ੧ ॥

ਸ੍ਰੀ ਗੁਰੂ ਅਮਰਦਾਸ ਜੀ, ਤੇ ਸ੍ਰੀ ਰਾਮਦਾਸ ਸਾਹਿਬ ਜੀ ਪਾਸੋਂ ਰਹਦੇ ਖੁਹਦੇ=ਬਚੇ ਖੁਚੇ ਨਿੰਦਕ, ਵਾ:- ਜੋ ਰਹਿਕੇ ਖਹਿੰਦੇ ਰਹਿੰਦੇ ਸਨ ਸੁਲਹੀ ਸੁਲਬੀ ਆਦਿਕ ਉਹ ਸਾਰੇ ਦੇ ਸਾਰੇ ਵਾਹਿਗੁਰੂ ਨੇ ਆਪ ਆਹਰੁ=ਉੱਦਮ ਕਰਕੇ ਮਾਰ ਦਿਤੇ ਹਨ।

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੀ ਸਹਾਇਤਾ ਕਰਨ ਵਾਲਾ ਪਰਮੇਸ਼ਰ ਸਾਰੇ ਸੰਸਾਰ ਵਿਚ ਜਾਹਰੁ= ਪ੍ਰਗਟ ਵਰਤ ਰਿਹਾ ਹੈ॥ ੧॥

ਮਃ ੫॥ ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ॥
ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ॥ ੨॥

ਜਿਹੜੇ ਪੁਰਸ਼ ਮੁੰਢਹੁ=ਆਦ ਤੋਂ ਭਾਵ ਬਾਲਕ ਅਵੱਸਥਾ ਤੋਂ ਹੀ ਮੁੱਢ ਰੂਪ ਪਰਮਾਤਮਾ ਤੋਂ ਭੁਲ ਗਏ ਹਨ, ਉਹ ਫਿਰ ਕਿਥੇ ਹੱਥ ਪਾਉਣਗੇ ਭਾਵ ਉਨ੍ਹਾਂ ਦੇ ਬਚਾਉ ਦਾ ਕੋਈ ਟਿਕਾਣਾ ਨਹੀਂ। ਕਿਉਂਕਿ ਸਤਿਗੁਰਦੇਵ ਜੀ ਕਥਨ ਕਰਦੇ ਹਨ-ਉਹਨਾਂ ਨੂੰ ਤਿਸ ਪਰਮੇਸ਼ਰ ਨੇ ਮਾਰਨਾ ਕੀਤਾ ਹੈ, ਜਿਹੜਾ ਪ੍ਰਭੂ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ॥ ੨॥

ਪਉੜੀ ੫॥

ਪੰਚਮ ਪਾਤਸ਼ਾਹ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਪਉੜੀ ਉਚਾਰਦੇ ਹਨ-

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥

ਅਗਿਆਨੀ ਚੋਰ ਪੁਰਸ਼ ਪ੍ਰਤੱਖ ਫਾਹਾ ਵਗੈਰਾ ਲੈ ਕੇ ਰਾਤ ਨੂੰ ਤੁਰਦੇ ਹਨ, ਹੇ ਪ੍ਰਾਣੀ ! ਪ੍ਰਭੂ ਤਾਂ ਜਾਣੀਜਾਣ ਸਭ ਗੱਲਾਂ ਜਾਣਦਾ ਹੈ ਉਸ ਪਾਸੋਂ ਕਿਵੇਂ ਲੁਕਾ ਕਰ ਸਕਦੇ ਹੋ।

ਪਰਾਈ ਨਾਰੀ ਮਾਇਆ ਨੂੰ ਤਕਦੇ ਹੋ, ਜੋ ਠਾਣੀ=ਜਗ੍ਹਾ ਦੇ ਅੰਦਰ ਲੁਕੀ ਹੋਈ ਹੈ, ਭਾਵ ਜੋ ਜ਼ਮੀਨ ਵਿਚ ਦਬਾ ਕੇ ਰਖੀ ਹੋਈ ਹੈ। ਵਾ:-ਪ੍ਰਤੱਖ ਨਾਰਿ.ਪਰਾਈਆ=ਪਰ ਇਸਤ੍ਰੀਆਂ ਵਲ ਤਕਦੇ ਹੋ ਜੋ ਠਾਣੀ=ਸਤਰਾਂ ਦੇ ਅੰਦਰ ਲੁਕੀਆਂ ਹੋਈਆਂ ਹਨ।

ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥

ਵਿਖੰਮ=ਕਠਨ ਅਸਥਾਨਾਂ ਪਰ ਜਾ ਕੇ ਸੰਨ੍ਹ ਲਗਾ ਦਿੰਦੇ ਹਨ, ਜੋ ਮਾਇਆ ਪ੍ਰਾਪਤ ਹੋ ਜਾਵੇ ਤਾਂ ਉਸ ਮਾਇਆ ਦਾ ਮਦ ਮਿਠਾ ਜਾਣ ਕੇ ਭੋਗਦੇ ਹੋ। ਅੰਤ ਨੂੰ ਆਪੋ ਆਪਣੇ ਕਰਮਾਂ ਅਨੁਸਾਰ ਆਪ ਹੀ ਪਸ਼ਚਾਤਾਪ ਕਰੋਗੇ।

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ ੨੭॥

ਉਹਨਾਂ ਚੋਰਾਂ ਯਾਰਾਂ ਨੂੰ 'ਅਜਰਾਈਲ ਫਰਿਸ਼ਤਾ' ਇਸ ਤਰ੍ਹਾਂ ਪੀੜੇਗਾ, ਜਿਵੇਂ ਤੇਲੀ ਤਿਲਾਂ ਨੂੰ ਘਾਣੀ ਵਿਚ ਪੀੜਦਾ ਹੈ॥ ੨੭॥

ਸਲੋਕ ਮਃ ੫॥ ਸੇਵਕ ਸਚੇ ਸਾਹ ਕੇ ਸੇਈ ਪਰਵਾਣੁ॥
ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ॥ ੧॥

ਸਚੇ ਸਾਹ=ਪਰਾਤਮਾ ਦੇ ਜੋ ਸੇਵਕ ਹਨ, ਓਹੀ ਸੰਸਾਰ ਵਿਚ ਪ੍ਰਮਾਣੀਕ ਹਨ।

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਦੂਜਿਆਂ ਦੀ ਸੇਵਾ ਕਰਦੇ ਹਨ ਉਹ ਅਨਜਾਣ ਅਗਿਆਤ ਪੁਰਸ਼ ਪਚਿ ਪਚਿ=ਚੁੜ ਚੁੜ ਕੇ ਖਰਾਬ ਹੀ ਖਰਾਬ ਹੋ ਕੇ ਮਰਦੇ ਹਨ॥ ੧॥

ਮਃ ੫॥ ਜੋ ਧੁਰਿ ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ॥
ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ॥ ੨॥

ਪ੍ਰਭੂ ਪ੍ਰਮਾਤਮਾ ਨੇ ਜੋ ਧੁਰ ਤੋਂ ਲੇਖ ਲਿਖਿਆ ਹੈ ਉਹ ਭੋਗੇ ਤੋਂ ਬਗੈਰ ਮੇਟਿਆ ਨਹੀਂ ਜਾਂਦਾ। ਗੁਰੂ ਜੀ ਕਥਨ ਕਰਦੇ ਹਨ-ਰਾਮ ਨਾਮ ਰੂਪੀ ਵਖਰ ਜੋ ਧੰਨਤਾ ਜੋਗ ਹੈ ਉਸਨੂੰ ਸਦੀਵ ਕਾਲ ਧਿਆਉਣਾ ਕਰ॥ ੨॥

ਪਉੜੀ ੫॥ ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ॥

ਜਿਸ ਪੁਰਸ਼ ਨੇ ਨਰਾਇਣ ਪਰਮਾਤਮਾ ਵਲੋਂ ਨਾਠੂੰਗੜਾ=ਨਸਣਾ ਕੀਤਾ ਹੈ। ਭਾਵ ਉਸ ਦਾ ਭਜਨ ਨਹੀਂ ਕਰਦਾ। ਵਾ:-ਪਰਮਾਤਮਾ ਨੇ ਜਿਸ ਨਾ=ਪੁਰਸ਼ ਨੂੰ ਮਾਇਆ ਦਾ ਮੋਹ ਰੂਪੀ ਠੂੰਗਣਾ=ਠੋਲਾ ਲਗਵਾਇਆ ਹੈ, ਉਹ ਫਿਰ ਕਿਥੇ ਪੈਰ ਰਖੇਗਾ।

ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ॥
ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ॥

ਇਹ ਜੀਵ ਅਮਿਤਿਆ=ਬਿਅੰਤ ਪਾਪ ਕ਼ਰਮ ਕਰਦਾ ਹੈ, ਨਿਤ ਹੀ ਵਿਸ਼ਿਆਂ ਰੂਪੀ ਵਿਹੁ ਨੂੰ ਚਖਦਾ ਹੈ। ਨਿੰਦਿਆ ਕਰਦਾ ਹੋਇਆ ਪਚਿ=ਖਰਾਬ ਹੋ ਕੇ ਮਰ ਗਿਆ, ਦੇਹ ਵਿਚ ਹੀ ਭਖੈ=ਦੁਖੀ ਹੁੰਦਾ ਹੈ।

ਸਚੈ ਸਾਹਿਬ ਮਾਰਿਆ ਕਉਣੁ ਤਿਸ ਨੋ ਰਖੈ॥
ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ॥ ੨੮॥

ਜਿਸਨੂੰ ਸਚੇ ਸਾਹਿਬ ਨੇ ਆਪ ਮਾਰਿਆ ਹੈ, ਤਿਸ ਨੂੰ ਭਲਾ ਕੌਣ ਰਖ ਸਕਦਾ ਹੈ।

ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ॥
ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ॥
ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥ ੭॥ (ਪੰਨਾ ੧੩੫੪)

ਗੁਰੂ ਜੀ ਕਥਨ ਕਰਦੇ ਹਨ ਜੋ ਪਰਮਾਤਮਾ ਅਲਖ ਪੁਰਖ ਹੈ ਤਿਸ ਦੀ ਸ਼ਰਨ ਵਿਚ ਪ੍ਰਾਪਤ ਹੋ॥ ੨੮॥

ਸਲੋਕ ਮਃ ੫॥ ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥ ੧॥

ਜਿਸ ਘੋਰ=ਕੁੰਭੀ ਨਰਕ ਵਿਚ ਬਹੁ ਘਣੇ=ਬਹੁਤ ਤੋਂ ਬਹੁਤ ਦੁੱਖ ਹਨ, ਉਹ ਨਰਕ ਅਕ੍ਰਿਤਘਣਾਂ ਦਾ ਅਸਥਾਨ ਹੈ। (ਅਕ੍ਰਿਤਘਣ* ਉਨ੍ਹਾਂ ਨੂੰ ਕਹਿੰਦੇ ਹਨ, ਜੋ ਪਦਾਰਥਾਂ ਦੇ ਦੇਣ ਵਾਲੇ ਪਰਮਾਤਮਾ ਨੂੰ ਨਹੀਂ

---

*ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ। ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ। ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ। ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ। ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ। ਭਾਰੇ ਭੁਈਂ ਅਕ੍ਰਿਤਘਣ ਮੰਦੀ ਹੂੰ ਮੰਦੇ॥ ੮॥ ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ। ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ। ਰਤੁ ਭਰਿਆ ਕਪੜਾ ਕਰਿ ਕਜਣੁ ਤਾਸੁ। ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ। ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ। ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ॥ ੯॥ (ਭਾ: ਗੁਰਦਾਸ ਜੀ)

ਜਾਣਦੇ) ਗੁਰੂ ਜੀ ਕਥਨ ਕਰਦੇ ਹਨ-ਤਿਨ੍ਹਾਂ ਅਕ੍ਰਿਤਘਣਾਂ ਨੂੰ ਪ੍ਰਭੂ ਨੇ ਮਾਰਿਆ ਹੈ, ਉਹ ਹਰਾਮੁ=ਅਧਰਮੀ ਹੋ ਹੋ ਕੇ ਮਰਦੇ ਹਨ॥ ੧॥

ਮਃ ੫॥ ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥
ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥ ੨॥

ਪਰਮੇਸ਼ਰ ਨੇ ਸਭ ਰੋਗਾਂ ਦੇ ਅਵਖਧ=ਦਾਰੂ ਕੀਤੇ ਹਨ, ਪਰ ਨਿੰਦਿਆ ਕਰਨ ਵਾਲੇ ਪੁਰਸ਼ ਦਾ ਕੋਈ ਦਾਰੂ ਨਹੀਂ ਕੀਤਾ। ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਆਪ ਪਰਮੇਸ਼ਰ ਭੁਲਾਂਵਦਾ ਹੈ, ਉਹ ਪਚਿ ਪਚਿ=ਖਰਾਬ ਤੋਂ ਖਰਾਬ ਹੋ ਕੇ ਜੂਨੀਆਂ ਵਿਚ ਪੈਂਦੇ ਹਨ॥ ੨॥

ਪਉੜੀ ੫॥ ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ॥
ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ॥

ਜਿਸ ਪੁਰਸ਼ ਨੂੰ ਪੂਰੇ ਸਤਿਗੁਰਾਂ ਨੇ ਤੁਸਿ=ਪ੍ਰਸੰਨ ਹੋ ਕੇ ਅਖੁਟੁ=ਨਾ ਮੁਕਣ ਵਾਲਾ ਹਰੀ ਦਾ ਸਚਨਾਮ ਰੂਪੀ ਧਨ ਦਿੱਤਾ ਹੈ।

ਉਸ ਦੇ ਸਾਰੇ ਅੰਦੇਸੇ=ਸੰਸੇ ਮਿਟ ਗਏ ਹਨ ਅਤੇ ਜਮ ਦਾ ਖੌਫ ਵੀ ਛੁਟ ਗਿਆ ਹੈ।

ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ॥
ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ॥

ਕਾਮ ਕ੍ਰੋਧ ਆਦਿਕ ਬੁਰਿਆਈਆਂ ਸੰਤਾਂ ਦੇ ਸੰਗ ਕਰ ਕੇ ਟੁਟ ਗਈਆਂ ਹਨ।

ਸਚੇ ਵਾਹਿਗੁਰੂ ਤੋਂ ਬਿਨਾਂ ਜੋ ਪੁਰਸ਼ ਦੂਜਿਆਂ ਨੂੰ ਸੇਂਵਦੇ ਹਨ ਉਹ ਪੁਰਸ਼ ਬੁਟ ਹੋ ਕੇ ਅਰਥਾਤ ਅੰਗ ਪਤੰਗ ਤੋਂ ਝੜ ਕੇ ਮਰਦੇ ਹਨ। ਵਾ:-ਬੁਟੁ=ਜ਼ਬਾਨ ਬੰਦ ਹੋ ਕੇ ਮਰਦੇ ਹਨ।

ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ॥ ੨੯॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਗੁਰਾਂ ਨੇ ਬਖਸ਼ਿਆ ਹੈ, ਉਹ ਨਾਮ ਦੇ ਨਾਲ ਜੁਟੁ=ਜੁੜ ਗਏ ਹਨ॥ ੨੯॥

ਸਲੋਕ ਮਃ ੪॥

ਉਥਾਨਕਾ:-ਜਿਸ ਵੇਲੇ ਸ੍ਰੀ ਬਾਉਲੀ ਸਾਹਿਬ ਤਿਆਰ ਹੋ ਗਈ ਤਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਉਸ ਦੀ ਚੱਠ ਵਾਸਤੇ ਬੜਾ ਭਾਰੀ ਯੱਗ ਰਚਨਾ ਕੀਤਾ। ਜਿਸ ਵਿਚ ਬੜੇ ਬੜੇ ਰਿਸ਼ੀ ਮੁਨੀ, ਭਗਤ, ਸੰਤ ਜਨ ਅਤੇ ਬ੍ਰਾਹਮਣ ਬੁਲਾਏ ਗਏ। ਤਪੇ ਨੂੰ ਵੀ ਸੱਦਿਆ, ਪਰ ਉਸ ਨੇ ਈਰਖਾ ਦੀ ਅੱਗ ਵਿਚ ਸੜੇ ਨੇ ਜਵਾਬ ਦੇ ਦਿੱਤਾ ਫਿਰ ਗੁਰੂ ਸਾਹਿਬ ਜੀ ਨੇ ਡੌਂਡੀ ਪਿਟਵਾ ਦਿਤੀ ਕਿ ਜੋ ਪੁਰਸ਼ ਇਸ ਯੱਗ ਵਿਚ ਆ ਕੇ ਪ੍ਰਸ਼ਾਦ ਛਕੇਗਾ, ਉਸ ਨੂੰ ਪੰਜ ਪੰਜ ਮੋਹਰਾਂ ਦਿਤੀਆਂ ਜਾਣਗੀਆਂ। ਜਦ ਤਪੇ ਨੇ ਇਹ ਗੱਲ ਸੁਣੀ ਤਾਂ ਮਨ ਰਹਿ ਨਾ ਸਕਿਆ। ਉਸ ਵੇਲੇ ਦਸ ਮੋਹਰਾਂ ਦੇ ਲਾਲਚ ਪਿਛੇ ਆਪਣੇ ਪੁੱਤ੍ਰ ਨੂੰ ਨਾਲ ਲੈ ਆਇਆ। ਜਦ ਅਗੇ ਆਇਆ ਤਾਂ ਦਰਵਾਜ਼ੇ ਪਰ ਸਾਨੂੰ ਖਲੋਤਾ ਵੇਖ ਕੇ ਪਿਛਾਂਹ ਹਟ ਗਿਆ। ਉਸ ਵੇਲੇ ਤਪੇ ਦੀ ਹੋਰ ਵਾਹ ਕੋਈ ਨਾ ਗਈ ਤੇ ਪੁੱਤਰ ਨੂੰ ਕੰਧ ਤੋਂ ਟਪਾ ਕੇ ਅੰਦਰ ਕਰ ਦਿੱਤਾ। ਉਸ ਵੇਲੇ ਉਸ ਨੂੰ ਸੱਟ ਵੀ ਲਗ ਗਈ ਸੀ ਪਰ ਬੱਚਾ

ਸਮਝ ਕੇ ਅਸੀਂ ਉਸ ਨੂੰ ਤਾਂ ਕੁਝ ਨਾ ਕਿਹਾ ਤੇ ਤਪਾ ਬਾਹਰ ਫਿਰਦਾ ਹੋਇਆ ਕਈਆਂ ਨੂੰ ਆਖੇ ਮੈਨੂੰ ਅੰਦਰ ਲੰਘਾ ਦਿਉ। ਸਿੱਖਾਂ ਨੇ ਗੁਰੂ ਜੀ ਨੂੰ ਕਿਹਾ ਇਸ ਨੂੰ ਵੀ ਅੰਦਰ ਲੰਘਣ ਦਿਓ। ਤਾਂ ਉਸ ਵੇਲੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ, ਹੇ ਸਿਖੋ-

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥

ਜੋ ਅੰਦਰੋਂ ਲੋਭੀ ਹੋਵੇ, ਉਹ ਤਪਾ ਨਹੀਂ ਹੋ ਸਕਦਾ, ਇਹ ਤਾਂ ਨਿਤਾਪ੍ਰਤੀ ਮਾਇਆ ਦੇ ਵਾਸਤੇ ਜਜਮਾਲਿਆ=ਦੁਖੀ ਹੋਇਆ ਫਿਰਦਾ ਹੈ। *ਅਥਵਾ:*-ਮਾਇਆ ਦਾ ਜਜਮਾਲਿਆ=ਦਬਾਇਆ ਹੋਇਆ ਫਿਰਦਾ ਹੈ। ਅਗੋ ਦੇ ਸਦਿਆ=ਪਹਿਲੇ ਨਿਮੰਤ੍ਰਣ ਦੇ ਕੇ ਇਸ ਨੂੰ ਸੱਦ ਭੇਜਿਆ ਸੀ, ਪਰ ਇਸ ਨੇ ਸਤ ਧਰਮ ਦੀ ਭਿਖਿਆ ਨਾ ਲੀਤੀ।

ਨੋਟ:-(ਸਤ ਧਰਮ ਦੀ ਭਿਖਿਆ ਉਸ ਨੂੰ ਆਖਦੇ ਹਨ ਜਿਹੜੀ ਆਪਸ ਵਿਚ ਪ੍ਰਸੰਨਤਾ ਨਾਲ ਲਈ ਦਿੱਤੀ ਜਾਵੇ) ਜਦ ਗੁਰੂ ਜੀ ਨੇ ਪੰਜ ਪੰਜ ਮੋਹਰਾਂ ਦਖਣਾ ਦੇਣੀ ਕਹੀ ਤਾਂ ਪਿਛੋਂ ਪਸ਼ਚਾਤਾਪ ਕਰ ਕੇ ਤਪੇ ਨੇ ਪੁੱਤ੍ਰ ਨੂੰ ਲਿਆ ਕੇ ਪੰਗਤ ਦੇ ਵਿਚ ਬਿਠਾ ਦੇਣਾ ਕੀਤਾ।

ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥

ਉਸ ਵੇਲੇ ਪੰਚ ਲੋਗ=ਨੰਬਰਦਾਰ ਤੇ ਸ਼੍ਰੇਸਟ ਮਹਾਤਮਾ ਲੋਕ, ਵਾ:-ਪੰਚਾਇਤ ਦੇ ਲੋਕ ਸਾਰੇ ਹਸਣ ਲਗ ਪਏ, ਇਹ ਤਪਾ ਤਾਂ ਲੋਭ ਦੀ ਲਹਿਰ ਵਿਚ ਗਲਿਆ ਹੋਇਆ ਹੈ। ਜਿਥੇ ਥੋੜਾ ਧਨ ਵੇਖਦਾ ਹੈ, ਤਿਥੇ ਤਪਾ ਛੋਂਹਦਾ ਨਹੀਂ, ਬਹੁਤੇ ਧਨ ਨੂੰ ਵੇਖ ਕੇ ਤਪੇ ਨੇ ਆਪਣਾ ਧਰਮ ਹਾਰ ਦਿਤਾ ਹੈ।

ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥

ਹੇ ਭਾਈ ! ਲਾਲਚੀ ਪੁਰਸ਼ ਤਪਾ ਨਹੀਂ ਹੁੰਦਾ, ਇਸ ਨੂੰ ਧਨ ਦਾ ਬਹੁਤ ਲਾਲਚ ਹੈ ਇਸ ਕਰਕੇ ਇਹ ਤਪਾ ਨਹੀਂ ਹੈ ਇਹ ਤਾਂ ਬਗੁਲਾ=ਪਖੰਡੀ ਹੈ, ਸੰਤ ਜਨਾਂ ਨੇ ਆਪਸ ਵਿਚ ਬੈਠ ਕੇ ਇਹ ਵਿਚਾਰਿਆ ਹੈ।

ਸਤ ਪੁਰਖ ਕੀ ਤਪਾ ਨਿੰਦਾ ਕਰੈ
ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਖਿ ਮਾਰਿਆ॥

ਸਚ ਪੁਰਖ ਦੇ ਸਰੂਪ ਜੋ ਗੁਰੂ ਅਮਰਦਾਸ ਜੀ ਹਨ ਉਨ੍ਹਾਂ ਦੀ ਨਿੰਦਿਆ ਇਹ ਤਪਾ ਕਰਦਾ ਹੈ। ਸੰਸਾਰੀ ਜੀਵਾਂ ਦੀ ਉਸਤਤੀ ਵਿਚ ਲਗਾ ਹੋਇਆ ਹੈ, ਇਸ ਦੋਸ਼ ਕਰਕੇ ਦਖਿ=ਪ੍ਰੇਰਕ ਪਰਮੇਸ਼ਰ ਨੇ ਤਪੇ ਨੂੰ ਮਾਰਿਆ ਹੈ।

ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ॥

ਮਹਾਂ ਪੁਰਸ਼ਾਂ ਦੀ ਨਿੰਦਿਆ ਕਰਨ ਨਾਲ ਵੇਖੋ ਜੋ ਤਪੇ ਨੂੰ ਫਲ ਲਗਾ ਹੈ, ਤਪੇ ਦਾ ਸਭ ਘਾਲਿਆ=ਕੀਤਾ ਕਤਰਿਆ ਵਿਅਰਥ ਚਲਾ ਗਿਆ।

ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥

ਬਾਹਰ ਪੰਚਾ=ਨੰਬਰਦਾਰਾਂ ਵਿਚ ਬੈਠਕੇ ਇਹ ਆਪਣੇ ਆਪ ਨੂੰ ਤਪਾ ਸਦਵਾਉਂਦਾ ਹੈ ਤੇ ਅੰਦਰ ਬੈਠਕੇ ਤਪਾ ਪਾਪ ਕਰਮਾਂ ਨੂੰ ਕਮਾਉਂਦਾ ਹੈ।

[ਪੰਨਾ ੩੧੬]

ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥

ਹਰੀ ਨੇ ਅੰਦ੍ਰਲਾ ਪਾਪ ਪੰਚਾ ਨੋ=ਨੰਬਰਦਾਰਾਂ ਨੂੰ, ਵਾ:-ਸਾਰੀ ਪੰਚਾਇਤ ਨੂੰ ਉਘਾ=ਪ੍ਰਗਟ ਕਰਕੇ ਦਿਖਾ ਦਿਤਾ। ਇਕ ਸਮੇਂ ਮਰਵਾਹਿਆਂ ਨੇ ਕਿਧਰੇ ਪਰਦੇਸ਼ ਜਾਣਾ ਸੀ ਤਾਂ ਉਨ੍ਹਾਂ ਨੇ ਵਿਚਾਰਿਆ ਬਾਹਰ ਗਿਆਂ ਪਤਾ ਨਹੀਂ ਕਿਤਨਾ ਕੁ ਸਮਾਂ ਲਗ ਜਾਣਾ ਹੈ, ਇਸ ਤੇ ਪਹਿਲੇ ਤਪੇ ਜੀ ਦਾ ਦਰਸ਼ਨ ਕਰਕੇ ਆਗਿਆ ਲੈ ਕੇ ਚਲੀਏ, ਜਦ ਉਹ ਦਰਸ਼ਨ ਕਰਨ ਆਏ, ਤਾਂ ਅਗੇ ਬੂਹੇ ਬੰਦ ਸਨ, ਬਥੇਰਾ ਖੜਕਾਇਆ ਅੰਦਰੋਂ ਕੋਈ ਅਵਾਜ਼ ਨਾ ਆਈ ਤਾਂ ਗੁਸੇ ਵਿਚ ਆ ਕੇ ਬੂਹੇ ਦੀਆਂ ਚੂਥੀਆਂ ਭੰਨਕੇ ਅੰਦਰ ਵੜ ਗਏ, ਜਾਕੇ ਕੀ ਵੇਖਿਆ ਕਿ ਤਪਾ ਜੀ ਪਰ ਇਸਤ੍ਰੀ ਲੰਪਟ ਹੋ ਰਹੇ ਹਨ। ਉਸ ਵੇਲੇ ਮਰਵਾਹਿਆਂ ਨੇ ਬੜਾ ਕੁਟਿਆ ਤੇ ਤਪੇ ਜੀ ਦਾ ਸਾਰਾ ਪਾਜ ਖੁਲ੍ਹ ਗਿਆ।

ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥

ਉਸ ਵੇਲੇ ਧਰਮਰਾਜਾ ਨੇ ਭੀ ਜਮਦੂਤਾਂ ਨੂੰ ਆਖ ਛਡਿਆ, ਕਿ ਇਸ ਤਪੇ ਨੂੰ ਓਥੇ ਲਿਜਾ ਕੇ ਪਾਣਾ, ਜਿਥੇ ਬੜੇ ਬੜੇ ਹਤਿਆਰੇ ਪਾਏ ਹੋਏ ਹਨ।

ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ ॥

ਫਿਰਿ=ਮੁੜ ਕੇ ਇਸ ਤਪੇ ਦੇ ਮੂੰਹ ਕਿਸੇ ਨੇ ਭੀ ਲਗਣਾ ਨਹੀਂ, ਕਿਉਂਕਿ ਇਹ ਸਤਿਗਰਾਂ ਦਾ ਫਿਟਕਾਰਿਆ ਹੋਇਆ ਹੈ।

ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥

ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ ਹਰੀ ਸਰੂਪ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਜੋ ਵਰਤਿਆ ਹੈ ਉਹ ਅਸਾਂ ਨੇ ਆਖਕੇ ਤੁਹਾਨੂੰ ਸੁਣਾਇਆ ਹੈ।

ਸੋ ਬੂਝੈ ਜੁ ਦਖਿ ਸਵਾਰਿਆ ॥ ੧ ॥

ਪਰ ਇਸ ਸਿਧਾਂਤ ਨੂੰ ਉਹ ਬੁਝਦਾ ਹੈ, ਜੋ ਦਖਿ=ਪ੍ਰੇਰਕ ਪਰਮਾਤਮਾ ਦਾ ਸਵਾਰਿਆ ਹੋਇਆ ਹੈ॥ ੧ ॥

ਮਃ ੪ ॥ ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥

ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ॥

ਹਰੀ ਦੇ ਭਗਤਾਂ ਨੇ ਹਰੀ ਨੂੰ ਅਰਾਧਿਆ ਹੈ ਮਨ ਕਰਕੇ ਅਤੇ ਹਰੀ ਦੀ ਵਡਿਆਈ ਕੀਤੀ ਹੈ ਬਾਣੀ ਕਰਕੇ। ਭਗਤ ਨਿਤਾਪ੍ਰਤੀ ਹਰੀ ਦੇ ਕੀਰਤਨੁ=ਜਸ ਨੂੰ ਗਾਂਵਦੇ ਹਨ। ਅਤੇ ਸੁਖਦਾਈ ਹਰੀ ਦੇ ਨਾਮ ਨੂੰ ਜਪਦੇ ਹਨ।

ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ॥
ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ॥

ਹਰੀ ਨੇ ਆਪਣਿਆਂ ਭਗਤਾਂ ਨੂੰ ਨਿਤਾਪ੍ਰਤੀ ਨਾਮ ਦੀ ਵਡਿਆਈ ਬਖਸ਼ੀ ਹੈ, ਜੋ ਨਿਤ ਹੀ ਸਵਾਈ ਤੋਂ ਸਵਾਈ ਚੜ੍ਹ ਰਹੀ ਹੈ। ਹਰੀ ਨੇ ਆਪਣਿਆਂ ਭਗਤਾਂ ਨੂੰ ਥਿਰੁ ਘਰੀ=ਅਚਲ ਸਰੂਪ ਘਰ ਵਿਚ ਬਿਠਾਇਆ ਹੈ, ਹਰੀ ਨੇ ਜਿਹੜੀ ਭਗਤਾਂ ਦੀ ਪੈਜ ਰਖੀ ਹੈ ਇਹ ਆਪਣੀ ਹੀ ਪਤ ਅਬਰੋ ਰਖੀ ਹੈ।

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ॥

ਉਹ ਹਰੀ ਨਿੰਦਕ ਪੁਰਸ਼ਾਂ ਪਾਸੋਂ ਲੇਖਾ ਮੰਗਦਾ ਹੈ, ਕਰਮਾਂ ਦੇ ਅਨੁਸਾਰ ਉਨ੍ਹਾਂ ਨੂੰ ਬਹੁਤ ਸਾਰੀ ਸਜ਼ਾ ਦਿੰਦਾ ਹੈ। ਨਿੰਦਕ ਪੁਰਸ਼ ਜੇਹੋ ਜੇਹਾ ਕਰਮ ਆਪਣੇ ਜੀਅ ਅੰਦਰ ਕਮਾਉਂਦੇ ਹਨ ਤਿਸ ਅਨੁਸਾਰ ਤੇਹੋ ਜੇਹਾ ਫਲ ਪਾਂਵਦੇ ਹਨ।

ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥

ਜੋ ਅੰਦਰ ਵੜਕੇ ਭਾਵ ਲੁਕ ਕੇ ਕਰਮ ਕਮਾਇਆ ਹੈ, ਉਹ ਸਰਪਰ=ਜ਼ਰੂਰ ਉਘੜੈ=ਪਰਗਟ ਹੋ ਜਾਂਦਾ ਹੈ। ਭਾਵੇਂ ਕੋਈ ਧਰਤੀ ਦੇ ਵਿਚ ਭਾਵ ਗੁਫਾ ਵਿਚ ਬੈਠਕੇ ਕਰਮ ਕਮਾਉਣਾ ਕਰੇ।

ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥ ੨ ॥

ਗੁਰੂ ਜੀ ਕਥਨ ਕਰਦੇ ਹੋਨ ਹਰੀ ਦੀ ਵਡਿਆਈ ਨੂੰ ਦੇਖਕੇ ਭਗਤ ਜਨਾਂ ਦਾ ਮਨ ਵਿਗਸਿਆ=ਖਿੜਿਆ ਰਹਿੰਦਾ ਹੈ॥ ੨॥

ਪਉੜੀ ਮਃ ੫ ॥ ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ ਕਿਆ ਪਾਪੀ ਕਰੀਐ॥

ਜਦ ਕਿ ! ਭਗਤ ਜਨਾਂ ਦਾ ਰਾਖਾ ਹਰੀ ਆਪ ਹੈ, ਤਾਂ ਭਗਤ ਜਨਾਂ ਦਾ ਪਾਪੀ ਕੀ ਵਿਗਾੜ ਕਰੇਗਾ

ਗੁਮਾਨੁ ਕਰਹਿ ਮੂੜ ਗੁਮਾਨੀਆ ਵਿਸੁ ਖਾਧੀ ਮਰੀਐ॥

ਇਹ ਮੂਰਖ ਹੰਕਾਰੀ ਪੁਰਸ਼ ਗੁਮਾਨ ਨੂੰ ਕਰਦੇ ਹਨ ਤੇ ਵਿਸ਼ਿਆਂ ਰੂਪੀ ਵਿਹੁ ਨੂੰ ਖਾ ਕੇ ਮਰਦੇ ਹਨ।

ਆਇ ਲਗੋਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ॥

ਹੇ ਭਾਈ ! ਤੇਰੀ ਉਮਰਾ ਦੇ ਹੁਣ ਥੋੜ੍ਹੇ ਦਿਨ ਆ ਲਗੋਨੀ=ਲੱਗੇ ਹਨ, ਭਾਵ ਤੇਰੇ ਮਰਨੇ ਨੂੰ ਥੋੜ੍ਹੇ ਦਿਨ ਰਹਿ ਗਏ ਹਨ, ਜਿਸ ਤਰ੍ਹਾਂ ਖੇਤ ਪੱਕ ਜਾਵੇ ਤਾਂ ਉਹ ਲੁਣੀਐ=ਕਟ ਲਈਦਾ ਹੈ। ਇਸੇ ਤਰ੍ਹਾਂ ਤੇਰੀ ਬ੍ਰਿਧ ਅਵਸਥਾ ਹੋ ਗਈ ਹੈ ਤੂੰ ਮਰਨ ਨੂੰ ਤਿਆਰ ਹੈਂ।

ਯਥਾ -ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ॥

ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ॥ (ਪੰਨਾ ੧੪੨)

ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ॥

ਇਹ ਜੀਵ ਜੇਹੋ ਜੇਹੇ ਕਰਮ ਕਮਾਉਂਦੇ ਹਨ, ਤੇਹੋ ਜੇਹੇ ਕਥਨ ਕੀਤੇ ਜਾਂਦੇ ਹਨ।

ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ॥ ੩੦॥

ਗੁਰੂ ਜੀ ਕਥਨ ਕਰਦੇ ਹਨ- ਭਗਤ ਜਨਾਂ ਦਾ ਸੁਆਮੀ ਸਭ ਤੋਂ ਵੱਡਾ ਹੈ।

ਅਤੇ ਸਾਰਿਆਂ ਦਾ ਧਣੀਐ=ਮਾਲਕ ਹੈ॥ ੩੦॥

ਸਲੋਕ ਮਃ ੪॥ ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥

ਮਨਮੁਖ ਪੁਰਸ਼ ਮੂਲ ਰੂਪ ਪਰਮਾਤਮਾ ਤੋਂ ਭੁਲਿਆ ਹੋਇਆ ਪਦਾਰਥਾਂ ਦੇ ਇੱਕਠੇ ਕਰਨ ਦੇ ਲਬ ਵਿਚ, ਪਦਾਰਥਾਂ ਦੇ ਖਾਣ ਦੇ ਲੋਭ ਵਿਚ ਅਤੇ ਹੰਕਾਰ ਵਿਚ ਲਗ ਰਿਹਾ ਹੈ।

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥

ਝਗੜਾ ਕਰਦਿਆਂ ਹੋਇਆਂ ਰਾਤ ਦਿਨ ਨੂੰ ਗੁਦਰੈ=ਬਤੀਤ ਕਰਦਾ ਹੈ,

ਗੁਰ ਉਪਦੇਸ਼ ਦੀ ਵਿਚਾਰ ਨਹੀਂ ਕਰਦਾ ।

ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ॥

ਕਰਤੇ ਵਾਹਿਗੁਰੂ ਨੇ ਉਨ੍ਹਾਂ ਦੀ ਸ਼ੁਭ ਮਤੀ ਸਾਰੀ ਖੋਹ ਲੀਤੀ ਹੈ ਜੋ ਭੀ ਬਚਨ ਬੋਲਦੇ ਹਨ ਉਹ ਸਭ ਵਿਕਾਰਾਂ ਦੀ ਉਤਪਤੀ ਕਰਨ ਵਾਲੇ ਬੋਲਦੇ ਹਨ।

ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥

ਕਿਤੈ=ਕਿਤਨੇ ਹੀ ਪਦਾਰਥ ਵਾਹਿਗੁਰੂ ਦੇ ਦਿਤੇ ਹੋਏ ਹਨ ਪਰ ਇਹ ਲੈ ਕੇ ਭੀ ਸੰਤੋਖ ਨਹੀਂ ਕਰਦਾ ਕਿਉਂਕਿ ਇਸ ਅਗਿਆਨੀ ਅੰਨ੍ਹੇ ਦੇ ਅੰਦਰ ਬਹੁਤੇ ਅਗਿਆਨ ਰੂਪ ਹਨੇਰੇ ਕਰਕੇ ਤ੍ਰਿਸ਼ਨਾਂ ਬਹੁਤ ਹੈ।

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ ੧॥

ਗੁਰੂ ਜੀ ਕਥਨ ਕਰਦੇ ਹਨ- ਉਨ੍ਹਾਂ ਮਨਮੁਖਾਂ ਨਾਲੋਂ ਪ੍ਰੀਤੀ ਟੁਟੀ ਹੀ ਚੰਗੀ ਹੈ,

ਜਿਨ੍ਹਾਂ ਦਾ ਮਾਇਆ ਨਾਲ ਮੋਹ ਪਿਆਰ ਹੈ॥ ੧॥

ਮਃ ੪॥ ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਹਾ ਗੁਰਮੁਖਿ ਪ੍ਰੀਤਿ ਨ ਹੋਇ॥

ਜਿਨ੍ਹਾਂ ਪੁਰਸ਼ਾਂ ਦੇ ਅੰਦਰ ਦ੍ਵੈਤ ਭਾ ਹੈ, ਤਿਨ੍ਹਾਂ ਦੀ ਮੁਖੀ ਗੁਰਾਂ ਨਾਲ ਪ੍ਰੀਤੀ ਨਹੀਂ ਹੁੰਦੀ ।

ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ॥

ਉਹ ਆਉਣੇ ਜਾਣੇ ਵਿਚ ਫੇਰੇ ਜਾਂਦੇ ਹਨ, ਉਨ੍ਹਾਂ ਨੂੰ ਸੰਸਾਰ ਸੁਪਨੇ ਵਿਚ, ਵਾ:-ਸੁਪਨੇ ਮਾਤ੍ਰ ਵੀ,

ਵਾ:-ਕਦਾਚਿਤ ਵੀ ਕੋਈ ਸੁਖ ਨਹੀਂ ਹੁੰਦਾ।

ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ॥

ਝੂਠ ਨੂੰ ਕਮਾਉਂਦਾ ਹੈ, ਝੂਠ ਨੂੰ ਉਚਾਰਦਾ ਹੈ, ਝੂਠ ਵਿਚ ਲਗਿਆ ਹੋਣ ਕਰਕੇ ਝੂਠਾ ਹੀ ਫਲ ਪ੍ਰਾਪਤ ਹੁੰਦਾ ਹੈ।

ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ॥

ਮਾਇਆ ਦਾ ਮੋਹ ਹੀ ਸਭ ਦੁਖਾਂ ਦਾ ਕਾਰਨ ਹੈ, ਇਸ ਕਰਕੇ ਦੁਖਾਂ ਵਿਚ ਬਿਨਸਦਾ ਹੈ ਤੇ ਦੁਖ ਵਿਚ ਹੀ ਰੋਂਦਾ ਹੈ।

ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ॥

ਗੁਰੂ ਜੀ ਕਥਨ ਕਰਦੇ ਹਨ, ਧਾਤੁ=ਮਾਇਆ ਧਾਰੀ, ਤੇ ਪਰਮਾਤਮਾ ਵਿਚ ਜੋ ਲਿਵ ਲਗਾਉਣ ਵਾਲੇ ਹਨ, ਇਨ੍ਹਾਂ ਦੋਹਾਂ ਦਾ ਆਪਸ ਵਿਚ ਜੋੜ ਨਹੀਂ ਆਉਂਦਾ। ਜੇਕਰ ਸਭ ਕੋਈ ਚਾਹੁਣਾ ਭੀ ਕਰੇ।

ਯਥਾ- ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ *(ਪੰਨਾ ੧੪੫)*

ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ॥ ੨॥

ਜਿਨ੍ਹਾਂ ਦੇ ਅੰਤਹਕਰਣ ਰੂਪੀ ਪੋਤੈ=ਖਜ਼ਾਨੇ ਵਿਚ ਪੁੰਨ ਪਿਆ ਹੋਇਆ ਹੈ,

ਉਨ੍ਹਾਂ ਗੁਰ ਸ਼ਬਦੀਆਂ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੨॥

ਪਉੜੀ ਮਃ ੫॥ ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥

ਗੁਰੂ ਜੀ ਕਥਨ ਕਰਦੇ ਹਨ-ਬੜੇ ਬੜੇ ਸੰਤ ਤੇ ਮੁਨੀ ਜਨ ਵਿਚਾਰਦੇ ਹਨ ਅਤੇ ਚਾਰ ਵੇਦ ਵੀ ਏਹੋ ਕਹਿੰਦੇ ਹਨ ਕਿ ਭਗਤ ਜਨ ਜੋ ਭੀ ਆਪਣੇ ਮੁੰਹ 'ਚੋਂ ਬੋਲਦੇ ਹਨ, ਉਹ ਬਚਨ ਪੂਰੇ ਹੁੰਦੇ ਹਨ।

ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥

ਉਹ ਬਚਨ ਸੰਸਾਰ ਪਾਹਾਰੈ=ਪਸਾਰੇ ਵਿਚ ਪਰਗਟ ਜਾਪਦੇ=ਜਾਣੀਂਦੇ ਹਨ।

ਅਤੇ ਉਹਨਾਂ ਬਚਨਾਂ ਨੂੰ ਸਾਰੇ ਲੋਕ ਸੁਣਦੇ ਹਨ।

ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥
ਓਇ ਲੋਚਨਿ ਓਨਾ ਗੁਣਾ ਨੋ ਓਇ ਅਹੰਕਾਰਿ ਸੜੰਦੇ॥

ਜੋ ਮੂਰਖ ਪੁਰਸ਼ ਹਨ ਉਹ ਸੁਖ ਨਹੀਂ ਪਾਂਵਦੇ, ਕਿਉਂਕਿ ਉਹ ਹਰ ਵੇਲੇ ਸੰਤਾਂ ਨਾਲ ਖਹਿੰਦੇ ਰਹਿੰਦੇ ਹਨ। ਉਹ ਸੰਤ ਤਾਂ ਉਨ੍ਹਾਂ ਮੂਰਖਾਂ ਨੂੰ ਗੁਣ ਦੇਣਾ ਹੀ ਲੋਚਨਿ=ਚਾਹੁੰਦੇ ਹਨ, ਪਰ ਉਹ ਮੂਰਖ ਹੰਕਾਰ ਦੀ ਅੱਗ ਵਿਚ ਹੀ ਸੜਦੇ ਰਹਿੰਦੇ ਹਨ।

[ਪੰਨਾ ੩੧੭]

ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ॥

ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ॥

ਉਹ ਮੂਰਖ ਵਿਚਾਰੇ ਕੀ ਕਰਨ, ਜਾਂ ਧੁਰ ਤੋਂ ਹੀ ਉਨ੍ਹਾਂ ਦੇ ਭਾਗ ਮੰਦੇ ਹਨ।

ਜੋ ਪੁਰਸ਼ ਤਿਸ ਪਾਰਬ੍ਰਹਮ ਨੇ ਮਾਰੇ ਹਨ, ਉਹ ਕਿਸੀ ਸੰਦੇ=ਦੇ ਵੀ ਨਹੀਂ ਹਨ।

ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ॥

ਜੋ ਮੂਰਖ ਪੁਰਸ਼ ਨਿਰਵੈਰ=ਮਹਾਤਮਾ ਨਾਲ ਵੈਰ ਕਰਦੇ ਹਨ, ਉਹ ਧਰਮ ਦੇ ਨਿਆਇ=ਇਨਸਾਫ ਅਨੁਸਾਰ ਪਚੰਦੇ=ਖਰਾਬ ਹੁੰਦੇ ਹਨ।

ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥
ਪੇੜੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ॥ ੩੧॥

ਜੋ ਜੋ ਪੁਰਸ਼ ਸੰਤਾਂ ਦੇ ਸਰਾਪੇ ਹੋਇ ਹਨ, ਉਹ ਉਹ ਪੁਰਸ਼ ਭੌਂਦੇ ਫਿਰਦੇ ਹਨ।

ਜਿਵੇਂ ਜੋ ਪੇੜੁ=ਬ੍ਰਿੱਛ ਮੁੰਢਾਹੂ=ਮੁਢ ਤੋਂ ਵਢਿਆ ਜਾਵੇ, ਤਿਸ ਦੇ ਸਾਰੇ ਡਾਲ=ਟਾਹਣ ਸੁਕ ਜਾਂਦੇ ਹਨ ਐਸੇ ਹੀ ਪੇੜੁ=ਮੰਢਾਹੂ ਕਟਿਆ=ਜਿਸ ਦੇ ਪੁੰਨਾਂ ਦਾ ਅਭਾਵ ਹੋਇਆ ਹੈ, ਤਿਸੁ ਡਾਲ ਸੁਕੰਦੇ=ਤਿਸ ਦੇ ਸਾਰੇ ਸੰਸਾਰਕ ਸੁਖਾਂ ਦਾ ਅਭਾਵ ਹੋ ਜਾਂਦਾ ਹੈ। ਵਾ:-ਪੇੜੁ ਮੁੰਢਾਹੂ ਕਟਿਆ=ਜਿਨ੍ਹਾਂ ਨੇ ਮੁੱਢੋਂ ਹੀ ਸ੍ਵਾਸਾਂ ਨਾਲ ਨਾਮ ਨਹੀਂ ਜਪਿਆ, ਤਿਸੁ ਡਾਲ ਸੁਕੰਦੇ=ਉਸ ਦੇ ਸ਼ੁਭ ਗੁਣਾਂ ਦਾ ਅਭਾਵਾਂ ਵਾ:-ਲੋਕ ਪ੍ਰਲੋਕ ਦੇ ਸੁਖਾਂ ਦਾ ਅਭਾਵ ਹੋ ਜਾਂਦਾ ਹੈ। ਵਾ:-ਜਦ ਪੇਡ ਮੁਢ ਤੋਂ ਕਟਿਆ ਗਿਆ ਕਿ ਗਿਆਨ ਦਾ ਅਭਾਵ ਹੋ ਗਿਆ, ਤਾਂ ਡਾਲ ਸੁਕੰਦੇ=ਜੀਵਨ ਮੁਕਤ ਤੇ ਵਿਦੇਹ ਮੁਕਤ, ਇਨ੍ਹਾਂ ਦੋਹਾਂ ਮੁਕਤੀਆਂ ਦਾ ਅਭਾਵ ਹੋ ਜਾਂਦਾ ਹੈ॥ ੩੧॥

ਸਲੋਕ ਮਃ ੫॥

ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ॥

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਨੇ ਹਰੀ ਨਾਮ ਦ੍ਰਿੜਾਇਆ ਹੈ, ਫਿਰ ਗੁਰੂ ਨਾਨਕ ਦੇਵ ਜੀ ਭੰਨਣ ਘੜਣ ਨੂੰ ਸਮਰੱਥ ਹਨ। ਵਾ:-ਗੁਰੂ ਨਾਨਕ ਦੇਵ ਜੀ ਨੇ ਉਸ ਹਰੀ ਦਾ ਨਾਮ ਦ੍ਰਿੜਾਇਆ ਹੈ, ਜੋ ਹਰੀ ਜਗਤ ਦੇ ਭੰਨਣ ਘੜਣ ਨੂੰ ਸਮਰੱਥ ਹੈ।

ਵਾ:-ਗੁਰੂ ਨਾਨਕ ਦੇਵ ਜੀ ਨੇ ਜੋ ਹਰੀ ਦਾ ਨਾਮ ਦ੍ਰਿੜਾਇਆ ਹੈ, ਉਹ ਨਾਮ ਸ਼ੁਭ ਗੁਣਾਂ ਦੇ ਘੜਣੇ ਨੂੰ ਤੇ ਕਾਮ ਆਦਿਕਾਂ ਦੇ ਭੰਨਣੇ ਨੂੰ ਸਮਰੱਥ ਹੈ।

ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ॥ ੧॥

ਹੇ ਮਿਤ੍ਰ ! ਜੇਕਰ ਤੂੰ ਸਦਾ ਹੀ ਪਰਮਾਤਮਾ ਨੂੰ ਸਮਾਲਹਿ=ਯਾਦ ਕਰੇਂ, ਤਾਂ ਤੇਰਾ ਸਾਰਾ ਦੁਖ ਲਹਿ ਜਾਵੇਗਾ॥ ੧॥

ਮਃ ੫॥ ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ॥

ਜਿਵੇਂ ਖੁਧਿਆਵੰਤੁ=ਭੁਖ ਵਾਲਾ ਭੁਖਾ ਪੁਰਸ਼ ਲਾਜ ਕੁਲਾਜ=ਸ਼ਰਮ ਕੁਸ਼ਰਮ ਅਤੇ ਬੋਲ ਕੁਬੋਲ ਨੂੰ ਨਹੀਂ ਜਾਣਦਾ ਚਾਹੇ ਉਸ ਨੂੰ ਕੋਈ ਕੁਝ ਪਿਆ ਆਖੇ ਉਹ ਸਭ ਸਹਾਰੀ ਜਾਂਦਾ ਹੈ। ਐਸੇ ਹੀ ਸ਼ਰਮ ਕੁਸ਼ਰਮ ਨੂੰ ਦੂਰ ਕਰਕੇ-

ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ॥ ੨॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨਾਮ ਨੂੰ ਮੰਗਣਾ ਕਰੇ ਤਾਂ ਗੁਰੂ ਜੀ ਕਿਰਪਾ ਕਰਕੇ ਨਾਮ ਨਾਲ ਸੰਜੋਗ ਕਰ ਦਿੰਦੇ ਹਨ॥ ੨॥

ਪਉੜੀ॥ ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ॥
ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ॥

ਇਹ ਜੀਵ ਜੇਹੋ ਜੇਹੇ ਕਰਮ ਕਮਾਉਂਦਾ ਹੈ, ਤੇਹੋ ਜੇਹੇ ਫਲ ਉਸ ਨੂੰ ਮਿਲਦੇ ਹਨ।

ਜੇਕਰ ਕੋਈ ਸਾਰੁ=ਰੇਤਿਆ ਹੋਇਆ ਤਤਾ ਲੋਹਾ ਚਬੇ ਤਾਂ ਸੰਘ ਦੇ ਵਿਚ ਹੀ ਪਲਤੇ=ਫਸ ਜਾਂਦਾ ਹੈ। ਇਸੇ ਤਰ੍ਹਾਂ ਜੋ ਪੁਰਸ਼ ਖੋਟੇ ਕਰਮ ਕਰਦਾ ਹੈ ਉਹ ਅੰਤ ਨੂੰ ਦੁਖੀ ਹੁੰਦਾ ਹੈ।

ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲਤੇ॥
ਕਾਈ ਆਸ ਨ ਪੁੰਨੀਆ ਨਿਤ ਪਰ ਮਲੁ ਹਿਰਤੇ॥

ਤਿਨ੍ਹਾਂ ਜਮਦੂਤਾਂ ਨੇ ਅਮਲਤੇ=ਕਰਮਾਂ ਅਨੁਸਾਰ ਗਲਾਵਾਂ ਘਤਿ=ਫਾਹ ਪਾ ਕੇ ਇਸ ਜੀਵ ਨੂੰ ਪ੍ਰਲੋਕ ਰਸਤੇ ਪਰ ਚਲਾਵਣਾ ਕੀਤਾ। ਉਸ ਜੀਵ ਦੀ ਕੋਈ ਭੀ ਆਸਾ ਪੂਰਨ ਨਾ ਹੋਈ, ਜੋ ਨਿੰਦਿਆ ਰੂਪੀ ਪਰਾਈ ਮੈਲ ਨੂੰ ਹਿਰਤੈ=ਚੁਰਾ ਲੈਂਦੇ ਹਨ।

ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ॥
ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ॥

ਜੋ ਵਾਹਿਗੁਰੂ ਨੇ ਪਰਉਪਕਾਰ ਕੀਤਾ ਹੈ ਉਸ ਨੂੰ ਇਹ ਅਕ੍ਰਿਤਘਣ ਪੁਰਸ਼ ਜਾਣਦੇ ਨਹੀਂ। ਇਸ ਕਰ ਕੇ ਉਹ ਜੂਨੀਆਂ ਵਿਚ ਫਿਰਦੇ ਹਨ। ਉਸ ਪੁਰਸ਼ ਦੇ ਸਾਰੇ ਹੀ ਧਿਰਾਂ=ਆਸਰੇ ਨਿਖੁਟੀਅਸੁ=ਨਿਖੁਟ ਗਏ, ਭਾਵ ਮੁਕ ਗਏ, ਜੋ ਧਰਤੇ=ਪ੍ਰਿਥਵੀ ਤੋਂ ਹਿਰਿ ਲਈਅਸੁ=ਚੁਕ ਲੀਤੇ, ਅਰਥਾਤ ਮਾਰ ਲੀਤੇ ਹਨ। ਵਾ:-ਧਰਤੇ=ਧੜ ਤੋਂ ਜੋ ਮਾਰ ਲੀਤੇ ਹਨ ਭਾਵ ਸਿਰ ਵਖਰਾ ਤੇ ਧੜ ਵਖਰਾ ਕਰ ਦਿਤਾ ਹੈ।

ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ॥
ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ॥ ੩੨॥

ਕਿਉਂਕਿ ਉਹ ਪੁਰਸ਼ ਕਲਹਿ=ਲੜਾਈ ਨੂੰ ਵਿਝਣ=ਬੁਝਣ ਨਹੀਂ ਦਿੰਦਾ, ਤਾਂ ਹੀ ਕਰਤੇ=ਪਰਮੇਸ਼ਰ ਨੇ ਇਸ ਨੂੰ ਮਾਰ ਲਿਆ। ਜੋ ਜੋ ਪੁਰਸ਼ ਅਹੰ+ਮੇਉ=ਏਵ=ਨਿਸਚੇ ਕਰਕੇ ਹੰਕਾਰ ਨੂੰ ਕਰਦੇ ਹਨ ਉਹ ਝੜ ਕੇ ਧਰਤੀ ਉੱਤੇ ਡਿਗ ਪੈਂਦੇ ਹਨ॥ ੩੨॥

ਸਲੋਕ ਮਃ ੩॥ ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ॥
ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ॥

ਗੁਰਮੁਖਾਂ ਦੀ ਬੁੱਧੀ ਵਿਚ ਬਿਬ+ਏਕ=ਦੋ ਤੋਂ ਇਕ ਹੋਣ ਦਾ ਗਿਆਨ ਹੁੰਦਾ ਹੈ।

ਗੁਰਮੁਖ ਹਰੀ ਗੁਣਾਂ ਨੂੰ ਗਾਂਵਦੇ ਹਨ ਤੇ ਹਰਿ ਹਰਿ ਕਰਨੇ ਰੂਪੀ ਹਾਰ ਨੂੰ ਹਿਰਦੇ ਵਿਚ ਪ੍ਰੋਂਦੇ ਹਨ।

ਪਵਿਤੁ ਪਾਵਨੁ ਪਰਮ ਬੀਚਾਰੀ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ॥

ਉਹ ਪਵਿੱਤ੍ਰ ਤੋਂ ਪਵਿੱਤ੍ਰ ਹਨ ਅਤੇ ਬੜੇ ਵਿਚਾਰਵਾਨ ਹਨ, ਜਿਹੜਾ ਮਨੁੱਖ ਉਨ੍ਹਾਂ ਨੂੰ ਮਿਲਦਾ ਹੈ ਤਿਸਨੂੰ ਉਹ ਸੰਸਾਰ ਸਮੁੰਦ੍ਰ ਤੋਂ ਪਾਰ ਉਤਾਰਦੇ ਹਨ।

ਅੰਤਰਿ ਹਰਿ ਨਾਮੁ ਬਾਸਨਾ ਸਮਾਣੀ॥
ਹਰਿ ਦਰਿ ਸੋਭਾ ਮਹਾ ਉਤਮ ਬਾਣੀ॥

ਉਨ੍ਹਾਂ ਦੇ ਅੰਦਰ ਹਰੀ ਨਾਮ ਦੀ ਵਾਸ਼ਨਾਂ ਸਮਾ ਰਹੀ ਹੈ। ਵਾ:-ਨਾਮ ਕਰਕੇ ਅੰਦਰੋਂ ਹਰਿ=ਤਮਾਮ ਵਾਸ਼ਨਾਂ ਸਮਾਣੀ=ਅਭਾਵ ਹੋ ਗਈਆਂ ਹਨ। ਉਹ ਗੁਰਮੁਖ ਹਰੀ ਦੇ ਸੰਸਾਰ ਦਰਵਾਜ਼ੇ ਵਿਚ ਸ਼ੋਭਾ ਪਾਂਵਦੇ ਹਨ ਅਤੇ ਬੜੀ ਉੱਤਮ ਬਾਣੀ ਬੋਲਦੇ ਹਨ।

ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ॥
ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ॥ ੧॥

ਉਨ੍ਹਾਂ ਦੀ ਬਾਣੀ ਨੂੰ ਜਿਹੜਾ ਪੁਰਸ਼ ਸੁਣਦਾ ਹੈ ਉਹ ਨਿਹਾਲ ਹੋ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੇ ਸਤਿਗੁਰਾਂ ਨਾਲ ਮਿਲ ਕੇ ਧੰਨਤਾ ਜੋਗ ਰੂਪੀ ਮਾਲ ਨੂੰ ਪਾਇਆ ਹੈ॥ ੧॥

ਮਃ ੪॥ ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ॥

ਸਤਿਗੁਰਾਂ ਦੇ ਦਿਲ ਦੀ ਸਾਰ ਨਹੀਂ ਜਾਣੀ ਜਾਂਦੀ, ਕਿ ਪੂਰੇ ਸਤਿਗੁਰਾਂ ਨੂੰ ਕੀ ਭਾਉਂਦਾ ਹੈ।

ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥

ਗੁਰਸਿੱਖਾਂ ਦੇ ਹਿਰਦੇ ਅੰਦਰ ਸਤਿਗੁਰੂ ਆਪ ਵਰਤਦਾ ਹੈ, ਜੋ ਕੋਈ ਸਿਖਾਂ ਦੀ ਸੇਵਾ ਕਰਨ ਨੂੰ ਲੋਚੈ=ਚਾਹੁੰਦਾ ਹੈ, ਉਸ ਉੱਪਰ ਗੁਰਾਂ ਦੀ ਖੁਸੀ=ਪ੍ਰਸੰਨਤਾ ਆਉਂਦੀ ਹੈ। ਵਾ:-ਉਸ ਉੱਪਰ ਗੁਰੂ ਖੁਸ਼ੀ ਹੋ ਆਂਵਦੇ ਹਨ।

ਯਥਾ:- ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ॥
ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਰੌ ਫਲੈ ਇਨ ਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥ ੩॥ *(ਦਸਮ ਗ੍ਰੰਥ ਪੰ: ੭੧੬)*

ਸਤਿਗੁਰੁ ਆਖੈ ਸੁ ਕਾਰ ਕਮਾਵਨਿ
ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥

ਸਤਿਗੁਰੂ ਦੇਵ ਜੀ ਜੋ ਭੀ ਆਖਣ, ਗੁਰਸਿਖ ਉਸੀ ਕਾਰ ਨੂੰ ਕਮਾਂਵਦੇ ਹਨ, ਅਤੇ ਗੁਰੂ ਸਾਹਿਬ ਜੀ ਜੋ ਜਪ ਕਰਨਾ ਦਸਦੇ ਹਨ ਓਸੇ ਜਪ ਨੂੰ ਉਹ ਕਮਾਂਵਦੇ ਹਨ, ਇਸ ਕਰਕੇ ਗੁਰਸਿੱਖਾਂ ਦੀ ਘਾਲ=ਕਮਾਈ ਕੀਤੀ ਹੋਈ ਨੂੰ ਸਚਾ ਪਰਮੇਸ਼ਰ ਥਾਂ ਪਾਂਦਾ ਭਾਵ ਸਫਲ ਕਰਦਾ ਹੈ।

ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥

ਸਤਿਗੁਰਾਂ ਦੇ ਹੁਕਮ ਤੋਂ ਬਿਨਾਂ, ਜੋ ਮਨੁੱਖ ਬਦੋਬਦੀ ਗੁਰਸਿੱਖਾਂ ਪਾਸੋਂ ਕੰਮ ਕਰਾਇਆ ਲੋੜੇ=ਚਾਹੁੰਦਾ ਹੈ, ਤਿਸ ਦੇ ਨੇੜੇ ਫਿਰ ਗੁਰੂ ਦੇ ਸਿਖ ਨਹੀਂ ਆਉਂਦੇ।

ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ
ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥

ਜੋ ਪੁਰਸ਼ ਗੁਰ=ਪੂਜਨੀਕ ਸਤਿਗੁਰਾਂ ਦੇ ਅਗੇ ਜੀਉ ਲਾਇ=ਦਿਲ ਲਗਾ ਕੇ ਘਾਲੈ=ਸੇਵਾ ਕਰਦੇ ਹਨ, ਉਹਨਾਂ ਦੇ ਅਗੇ ਗੁਰਸਿਖ ਖੁਸ਼ ਹੋ ਕੇ ਕਾਰ ਨੂੰ ਕਮਾਉਂਦੇ ਹਨ।

ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥

ਜਿਹੜਾ ਠੱਗੀ ਮਾਤ੍ਰ ਆਉਂਦਾ ਹੈ ਤੇ ਠੱਗੀ ਮਾਤ੍ਰ ਹੀ ਉੱਠ ਕੇ ਚਲਾ ਜਾਂਦਾ ਹੈ, ਤਿਸ ਦੇ ਪਾਸ ਗੁਰੂ ਦੇ ਸਿਖ ਮੂਲਿ=ਕਦਾਚਿਤ ਨਹੀਂ ਆਉਂਦੇ।

ਨੋਟ:-ਠੱਗੀ ਮਾਤ੍ਰ ਇਸ ਤਰ੍ਹਾਂ ਆਉਂਦੇ ਹਨ ਕਿ ਦਰਸ਼ਨ ਕੀਤਿਆਂ ਦੇਰ ਹੋ ਗਈ ਹੈ ਅੱਜ ਜਾਕੇ ਦਰਸ਼ਨ ਕਰ ਆਈਏ।

ਤੇ ਠੱਗੀ ਮਾਤ੍ਰ ਐਸੇ ਉੱਠਕੇ ਜਾਂਦੇ ਹਨ ਜਦ ਕਿ ਸੇਵਾ ਦਾ ਮੌਕਾ ਆ ਬਣੇ ਤਾਂ ਕਹਿਣਾ ਕਿ ਗਊ ਧੁੱਪੇ ਬੱਧੀ ਹੋਈ ਹੈ ਜੇ ਜਾਕੇ ਉਸਨੂੰ ਨਾ ਖੋਲ੍ਹਾਂ ਤਾਂ ਪਾਪ ਹੋਵੇਗਾ ਐਸੇ ਠੱਗੀ ਦੇ ਬਚਨ ਕਹਿ ਕੇ ਉੱਠ ਕੇ ਨਸ ਜਾਣਾ।

ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥

ਗੁਰੂ ਜੀ ਕਥਨ ਕਰਦੇ ਹਨ-ਇਹ ਅਸੀਂ ਬ੍ਰਹਮ ਦੀ ਪ੍ਰਾਪਤੀ ਦਾ ਵਿਚਾਰ ਆਖਕੇ ਸੁਣਾਇਆ ਹੈ।

ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ॥੨॥

ਸਤਿਗੁਰਾਂ ਦੇ ਮਨੁ=ਮੰਤਰ ਮੰਨੇ ਬਿਨਾਂ, ਵਾ ਸਤਿਗੁਰਾਂ ਦੇ ਮਨ ਮੰਨੇ ਬਿਨਾਂ ਜਿਹੜਾ ਪੁਰਸ਼ ਗੁਰਸਿਖਾਂ ਪਾਸੋਂ ਕੰਮ ਨੂੰ ਕਰਾਏਗਾ, ਉਹ ਪੁਰਸ਼ ਮਹਾ=ਬੜਾ ਭਾਰੀ ਦੁਖ ਪਾਵੇਗਾ॥ ੨॥

ਪਉੜੀ॥ ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ॥

ਹੇ ਵੱਡੇ ਪਰਮਾਤਮਾ! ਤੂੰ ਸਚਾ ਸਾਹਿਬ ਹੈਂ ਤੇ ਅਤਿਅੰਤ ਵੱਡਾ ਹੈਂ, ਤੇਰੇ ਜੇਡਾ ਵੱਡਾ ਤੂੰ ਆਪ ਹੀ ਵੱਡਾ ਹੈਂ ਹੋਰ ਕੋਈ ਨਹੀਂ।

ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡੇ॥

ਜਿਸਨੂੰ ਤੂੰ ਆਪਣੇ ਨਾਲ ਮੇਲਦਾ ਹੈਂ ਉਹੀ ਤੈਨੂੰ ਮਿਲਦਾ ਹੈ,
ਤੂੰ ਆਪ ਹੀ ਲੇਖਾ ਛਡਕੇ ਬਖਸ਼ ਲੈਂਦਾ ਹੈ।

ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ॥

ਹੇ ਪਰਮੇਸ਼ਰ ! ਜਿਸਨੂੰ ਤੂੰ ਆਪ ਗੁਰਾਂ ਨਾਲ ਮਿਲਾਂਵਦਾ ਹੈਂ, ਉਹ ਪੁਰਸ਼ ਮਨ ਨੂੰ ਗੱਡੇ ਦੀ ਨਿਆਈਂ

ਗੱਡਕੇ ਸਤਿਗੁਰਾਂ ਨੂੰ ਸੇਂਵਦਾ ਹੈ। ਜਿਵੇਂ ਗੱਡਾ ਖੁਭਨ ਵਿਚ ਫਸਿਆ ਹੋਇਆ ਨਿਕਲਦਾ ਨਹੀਂ ਐਸੇ ਹੀ ਮਨ ਨੂੰ ਖੁਭਾ ਕੇ ਗੁਰਾਂ ਨੂੰ ਸੇਂਵਦਾ ਹੈ।

ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ॥

ਪਿਛੇ ਵੀ ਤੂੰ ਸਚਾ ਸਾਹਿਬ ਸੀ, ਹੁਣ ਵੀ ਤੂੰ ਸਚਾ ਸਾਹਿਬ ਹੈਂ, ਜੀਵ ਨੂੰ ਪਿੰਡੁ=ਸਰੀਰ, ਚੰਮ, ਤੇ ਹੱਡ ਇਹ ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ।

ਜਿਉ ਭਾਵੈ ਤਿਉ ਰਖੁ ਤੂੰ ਸਚਿਆ
ਨਾਨਕ ਮਨਿ ਆਸ ਤੇਰੀ ਵਡ ਵਡੇ॥ ੩੩॥ ੧ ਸੁਧੁ

ਗੁਰੂ ਜੀ ਕਥਨ ਕਰਦੇ ਹਨ, ਹੇ ਸਚੇ ਪਰਮਾਤਮਾ ! ਜਿਵੇਂ ਆਪ ਜੀ ਨੂੰ ਭਾਵੇਂ ਤਿਵੇਂ ਤੂੰ ਸਾਨੂੰ ਰਖ ਲੈ, ਹੇ ਵੱਡਿਆਂ ਤੋਂ ਵੱਡੇ! ਮੇਰੇ ਮਨ ਵਿਚ ਇਕ ਆਪ ਜੀ ਦੀ ਹੀ ਆਸ ਹੈ॥ ੩੩॥ ੧ ॥ਸੁਧੁ॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਹੇ ਭਾਈ ! ਇਹ ਵਾਰ ਬਿਲਕੁਲ ਸ਼ੁਧ ਹੈ ਇਸ ਵਿਚ ਕਿਸੇ ਕਿਸਮ ਦੀ ਅਦਲਾ ਬਦਲੀ ਨਹੀਂ ਕਰਨੀ।

ਗਉੜੀ ਦੀ ਪਹਿਲੀ ਵਾਰ ਸਮਾਪਤ॥



[ਪੰਨਾ ੩੧੮]

ਗਉੜੀ ਕੀ ਵਾਰ ਮਹਲਾ ੫

ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

੧ਓ ਸਤਿਗੁਰ ਪ੍ਰਸਾਦਿ॥

ਇਹ ਗਉੜੀ ਦੀ ਦੂਜੀ ਵਾਰ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਉਚਾਰੀ ਹੈ। ਸਲੋਕ ਅਤੇ ਵਾਰ=ਪਉੜੀਆਂ ਸਭ ਪੰਚਮ ਪਾਤਸ਼ਾਹ ਜੀ ਦੀਆਂ ਆਉਣਗੀਆਂ।

(ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ)

ਇਹ ਅਖਰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਏ ਹਨ।

ਰਾਇ ਕਮਾਲਦੀ ਤੇ ਰਾਇ ਸਾਰਿੰਗ ਦੋਨੋਂ ਸਕੇ ਭਰਾ ਸਨ। ਇਹ ਦੋਵੇਂ ਹੀ ਦਿਲੀ ਵਿਚ ਅਕਬਰ ਬਾਦਸ਼ਾਹ ਦੇ ਪਾਸ ਟਕੇ ਭਰਦੇ ਹੁੰਦੇ ਸਨ। ਰਾਇ ਸਾਰਿੰਗ ਦਿਲੋਂ ਸਾਫ ਸੀ ਤੇ ਰਾਇ ਕਮਾਲਦੀ ਦਿਲ ਦਾ ਕਪਟੀ ਸੀ। ਜਿਸ ਵੇਲੇ ਟਕੇ ਭਰਨ ਦਾ ਵੇਲਾ ਆਵੇ ਤਾਂ 'ਰਾਇ ਕਮਾਲਦੀ' 'ਰਾਇ ਸਾਰਿੰਗ' ਪਾਸੋਂ ਟਕੇ ਲੈ ਕੇ ਦਿਲੀ ਚਲਿਆ ਜਾਵੇ। ਬਾਦਸ਼ਾਹੀ ਕਚਹਿਰੀ ਵਿਚ ਜਾਕੇ ਆਪਣੇ ਵਲੋਂ ਟਕੇ ਦੇ ਕੇ ਆਪਣੇ ਆਪ ਨੂੰ ਹਾਜ਼ਰ ਲਿਖਵਾ ਦੇਵੇ ਤੇ 'ਰਾਇ ਸਾਰਿੰਗ' ਵਲੋਂ ਟਕੇ ਨ ਦੇਵੇ ਤੇ ਉਸਨੂੰ ਗੈਰ ਹਾਜ਼ਰ ਲਿਖਵਾ ਦਿਤਾ ਕਰੇ।

ਜਦ ਦੋ ਤਿੰਨ ਸਾਲ ਗੈਰ ਹਾਜ਼ਰ ਲਿਖਵਾਂਦਾ ਰਿਹਾ ਤਾਂ ਅਕਬਰ ਨੇ ਸੋਚੇ ਵਿਚਾਰੇ ਤੋਂ ਬਿਨਾਂ ਹੀ ਸਿਪਾਹੀ ਭੇਜਕੇ ਰਾਇ ਸਾਰਿੰਗ ਨੂੰ ਸ਼ਾਹੀ ਕੈਦ ਵਿਚ ਬੰਦ ਕਰਵਾ ਦਿੱਤਾ।

ਇਕ ਉਮਰਾਵ 'ਰਾਇ ਸਾਰਿੰਗ' ਦਾ ਬੜਾ ਮਿਤਰ ਸੀ। ਜਦ ਉਸਨੇ ਸੁਣਿਆ ਕਿ ਮੇਰਾ ਮਿੱਤਰ ਸ਼ਾਹੀ ਕੈਦ ਅੰਦਰ ਹੈ ਤਾਂ ਉਹ ਉਸਨੂੰ ਆ ਕੇ ਮਿਲਿਆ। ਸਾਰਾ ਹਾਲ ਪੁੱਛ ਕੇ ਤੇ ਬਿਦੋਸ਼ਾ ਵਿਚਾਰ ਕੇ ਅਕਬਰ ਬਾਦਸ਼ਾਹ ਨੂੰ ਆਖਕੇ ਛੁਡਵਾ ਦਿਤਾ। ਜਦ ਛੁੱਟ ਕੇ ਬਾਹਰ ਆਇਆ ਤਾਂ 'ਰਾਇ ਕਮਾਲਦੀ' ਨੂੰ ਪਤਾ ਲੱਗ ਗਿਆ। ਉਸੀ ਵੇਲੇ ਇਕ ਸ਼ਰਾਬ ਦੀ ਤੇ ਦੂਜੀ ਮੋਹਰੇ ਦੀ ਬੋਤਲ ਲੈ ਕੇ ਅਗੇ ਆ ਮਿਲਿਆ ਤੇ ਚਰਨੀ ਪੈ ਕੇ ਆਪਣੀ ਭੁੱਲ ਬਖਸ਼ਾਈ। ਰਾਇ ਸਾਰਿੰਗ ਨੇ ਕਿਹਾ ਮੈਂ ਤੇਰੇ ਪਰ ਪ੍ਰਸੰਨ ਹਾਂ ਤੂੰ ਕੋਈ ਫਿਕਰ ਨਾ ਕਰ।

ਰਾਇ ਕਮਾਲਦੀ ਨੇ ਕਿਹਾ ਮੈਂ ਤਦ ਪ੍ਰਸੰਨ ਸਮਝਾਂਗਾ, ਜੇ ਤੂੰ ਮੇਰੇ ਹੱਥੋ ਸ਼ਰਾਬ ਪੀਵੇਂ ਤੇ ਮੈਂ ਤੇਰੇ ਹੱਥੋਂ ਪੀਵਾਂ, ਰਾਇ ਸਾਰਿੰਗ ਮੰਨ ਗਿਆ। ਰਾਇ ਕਮਾਲਦੀ ਨੇ ਸ਼ਰਾਬ ਦੀ ਬੋਤਲ ਰਾਇ ਸਾਰਿੰਗ ਦੇ ਹੱਥ ਦਿਤੀ ਤੇ ਮੋਹਰੇ ਵਾਲੀ ਬੋਤਲ ਆਪਣੇ ਹੱਥ ਵਿਚ ਰਖੀ। ਜਿਸ ਵੇਲੇ ਆਪਸ ਵਿਚ ਮਿਲਕੇ ਕੁਝ ਖਾਣਾ ਖਾ ਚੁਕੇ ਤਾਂ 'ਰਾਇ ਸਾਰਿੰਗ' ਨੇ ਸ਼ਰਾਬ ਵਾਲੀ ਬੋਤਲ ਖੋਲ੍ਹਕੇ ਰਾਇ ਕਮਾਲਦੀ ਨੂੰ ਦੇ ਦਿਤੀ ਤੇ 'ਰਾਇ ਕਮਾਲਦੀ' ਨੇ ਮੋਹਰੇ ਵਾਲੀ ਬੋਤਲ ਖੋਲ੍ਹਕੇ ਰਾਇ ਸਾਰਿੰਗ ਨੂੰ ਪਿਲਾ ਦਿੱਤੀ। ਉਹ ਪੀਂਦਿਆਂ ਸਾਰ ਹੀ ਮ੍ਰਿਤੂ ਹੋ ਗਿਆ। ਜਿਸ ਵੇਲੇ 'ਰਾਇ ਸਾਰਿੰਗ' ਦੇ ਪੁੱਤਰ ਮੋਜਦੀ ਨੇ ਆਪਣੇ ਪਿਤਾ ਦਾ ਮਰਨਾ ਸੁਣਿਆਂ ਤਾਂ ਉਸਨੇ ਆਪਣੇ ਨਾਨਕਿਆਂ ਦੀ ਮਦਦ ਲੈ ਕੇ ਆਪਣੇ ਚਾਚੇ 'ਰਾਇ ਕਮਾਲਦੀ' ਨਾਲ ਜੰਗ ਸ਼ੁਰੂ ਕਰ ਦਿੱਤਾ। ਮੋਜਦੀ ਅਜੇਹੀ ਬਹਾਦਰੀ ਨਾਲ ਲੜਿਆ ਕਿ 'ਰਾਇ ਕਮਾਲਦੀ' ਜੰਗ ਕਰਦਾ ਹੋਇਆ ਮਰ ਗਿਆ 'ਮੋਜਦੀ' ਨੇ ਆਪ ਤਖ਼ਤ ਉੱਤੇ

ਬੈਠਕੇ ਰਾਜ ਭਾਗ ਦਾ ਕੰਮ ਸੋਹਣੀ ਰਾਜਨੀਤੀ ਨਾਲ ਚਲਾਇਆ ਅਤੇ ਰਾਇ ਕਮਾਲਦੀ ਦਾ ਪੁੱਤਰ ਜੋ ਰਣਧੀਰਾ ਨਾਮ ਕਰਕੇ ਸੀ, ਉਸਨੂੰ ਵੀ ਅੱਧਾ ਰਾਜ ਦੇ ਦਿਤਾ। ਢਾਢੀਆਂ ਨੇ ਇਨ੍ਹਾਂ ਦੀ ਬਹਾਦਰੀ ਦੀ ਵਾਰ ਅਕਾਲ ਤਖ਼ਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਸਾਜ਼ਾਂ ਨਾਲ ਗਾ ਕੇ ਸੁਣਾਈ, ਮਹਾਰਾਜ ਜੀ ਸੁਣਕੇ ਬਹੁਤ ਪ੍ਰਸੰਨ ਹੋਏ ਤੇ ਰਾਗੀਆਂ ਨੂੰ ਗਉੜੀ ਦੀ ਵਾਰ ਨੂੰ ਇਸੇ ਧੁਨ ਵਿਚ ਗਾਉਣ ਦਾ ਹੁਕਮ ਦਿੱਤਾ। ਰਾਇ ਮੋਜਦੀ ਵਾਲੀ ਵਾਰ ਦੀ ਪਉੜੀ ਢਾਢੀਆਂ ਨੇ ਪੰਜ ਤੁਕੀ ਉਚਾਰਨਾ ਕੀਤੀ ਹੈ* ਤੇ ਗਉੜੀ ਦੀ ਵਾਰ ਦੀਆਂ ਪਉੜੀਆਂ ਵੀ ਪੰਜਾਂ ਤੁਕਾਂ ਵਾਲੀਆਂ ਹਨ।

ਯਥਾ-ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ॥

ਸਲੋਕ ਮਃ ੫॥ ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ॥

ਜੋ ਪੁਰਸ਼ ਹਰਿ ਹਰਿ ਨਾਮ ਨੂੰ ਜਪਦਾ ਹੈ, ਸੰਸਾਰ ਵਿਚ ਓਹੀ ਪੁਰਸ਼ ਆਇਆ ਹੋਇਆ ਪ੍ਰਮਾਣੀਕ ਹੈ।

ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ॥

ਮੈਂ ਤਿਸ ਪੁਰਸ਼ ਉਤੋਂ ਬਲਿਹਾਰ ਜਾਂਦਾ ਹਾਂ, ਜਿਸਨੇ ਨਿਰਬੰਧ ਪ੍ਰਭੂ ਨੂੰ ਭਜਿਆ=ਜਪਣਾ ਕੀਤਾ ਹੈ।

ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ॥

ਹਰੀ ਸੁਜਾਣ ਪੁਰਖ ਜਿਸ ਨੂੰ ਭੇਟਿਆ=ਮਿਲਿਆ ਹੈ ਉਸ ਦਾ ਜਨਮ ਮਰਣ ਦਾ ਦੁਖ ਕਟਿਆ ਗਿਆ ਹੈ।

ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ॥ ੧॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਸੰਗ ਵਿਚ ਰਹਿਣ ਕਰਕੇ ਜਿਨ੍ਹਾਂ ਨੂੰ ਸੱਚਾ ਗਿਆਨ ਦਾ ਤਾਣੁ=ਬਲ ਪ੍ਰਾਪਤ ਹੋਇਆ ਹੈ ਉਹ ਪੁਰਸ਼ ਸੰਸਾਰ ਸਮੁੰਦ੍ਰ ਨੂੰ ਤਰ ਗਏ ਹਨ॥ ੧॥

ਮਃ ੫॥ ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥

ਹੇ ਭਗਵਾਨ ! ਜਿਸ ਸੰਤ ਨੇ ਆਪਣੇ ਆਪ ਨੂੰ ਸੰਸਾਰ ਵਿਚ ਪ੍ਰਾਹੁਣਾ ਰੂਪ ਨਿਸਚੇ ਕੀਤਾ ਹੈ ਵਾ:-ਜੋ ਸੰਤ ਪਰਾਹੁਣਾ=ਪੂਜਨੀਕ ਹੈ ਉਹ ਭਲਕੇ=ਸਵੇਰੇ ਉਠਦਿਆਂ ਹੀ ਮੇਰੇ ਘਰ ਵਿਚ ਆਵੇ।

ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ॥

ਮੈਂ ਉਸ ਦੇ ਪਾਉ ਪਖਾਲਾ=ਚਰਨ ਧੋਵਾਂ, ਮੇਰੇ ਮਨ ਤਨ ਵਿਚ ਏਹੀ ਕਰਤੱਬ ਕਰਨਾ ਭਾਉਂਦਾ ਹੈ।

ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ॥

ਫਿਰ ਉਨ੍ਹਾਂ ਪਾਸੋਂ ਨਾਮ ਨੂੰ ਸੁਣਾਂ, ਨਾਮ ਨੂੰ ਹੀ ਸੰਗ੍ਰਹੈ=ਇਕੱਠਾ ਕਰਾਂ, ਅਤੇ ਨਾਮ ਦੇ ਵਿਚ ਹੀ ਲਿਵ=ਬਿਰਤੀ ਲਗਾਵਾਂ।

ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ॥

ਕਿਉਂਕਿ ਹਰੀ ਦੇ ਗੁਣ ਗਾਉਣ ਕਰਕੇ, ਘਰ ਤੇ ਧਨ ਸਭ ਪਵਿੱਤਰ ਹੋ ਜਾਣਗੇ।

**ਰਾਣਾ ਰਾਇ ਕਮਾਲਦੀ ਰਣ ਭਾਰਾਬਾਹੀ। ਮੋਜਦੀ ਤਲਵੰਡੀਓਂ ਚੜ੍ਹਿਆ ਜਾ ਬਾਹੀ।*
ਢਾਲੀ ਅੰਬਰ ਛਾਇਆ ਫੁੱਲੇ ਅੱਕ ਕਾਹੀ। ਜੁੱਟੇ ਆਹਮੋ ਸਾਹਮਣੇ ਨੇਜੇ ਝਲਕਾਹੀ।
ਮੋਜੇ ਘਰ ਵਧਾਈਆਂ ਘਰ ਚਾਚੇ ਧਾਹੀ।

ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨਾਮ ਦਾ ਵਪਾਰੀ ਜੋ ਸੰਤ ਹੈ ਉਸਨੂੰ ਵਡਿਆਂ ਭਾਗਾਂ ਨਾਲ ਪਾਣਾ ਕਰੋ ॥ ੨ ॥

ਪਉੜੀ ॥ ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥
ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ ॥

ਹੇ ਹਰੀ ! ਜੋ ਤੈਨੂੰ ਭਾਂਵਦਾ ਹੈ ਉਹ ਭਲਾ ਹੈ, ਅਤੇ ਤੇਰਾ ਭਾਣਾ ਸੱਚਾ ਹੈ। ਪਿਛੇ ਵੀ ਸਾਰਿਆਂ ਵਿਚ ਇਕ ਤੂੰ ਹੀ ਵਰਤ ਰਿਹਾ ਸੀ, ਹੁਣ ਵੀ ਇਕ ਤੂੰ ਹੀ ਸਾਰਿਆਂ ਵਿਚ ਸਮਾ ਰਿਹਾ ਹੈਂ।

ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ ॥
ਸਾਧਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ ॥

ਮੈਂ ਆਪਣੇ ਜੀਅ ਅੰਦਰਿ ਜਾਣਾ=ਦਿਲ ਵਿਚ ਜਾਣਿਆਂ ਹੈ, ਕਿ ਇਕ ਤੂੰ ਹੀ ਥਾਨਾ ਤੇ ਥਨੰਤਰਿ=ਜੀਵਾਂ ਵਿਚ ਰਵ ਰਿਹਾ ਹੈਂ।

ਹੇ ਸਚੇ ! ਸਤਸੰਗ ਵਿਚ ਮਿਲਕੇ ਤੇਰਾ ਭਾਣਾ ਮੰਨਣਾ ਪਾਈਦਾ ਹੈ।

ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤੇਰੀ ਸ਼ਰਨ ਵਿਚ ਗਤੀ=ਪ੍ਰਾਪਤੀ ਹੋ ਕੇ ਤੇਰੇ ਉੱਪਰੋਂ ਮੈਂ ਸਦੀਵ ਕਾਲ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੧ ॥

ਸਲੋਕ ਮਃ ੫ ॥ ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥

ਹੇ ਪੁਰਸ਼ਾ ! ਚੇਤਾ ਈ=ਬੁੱਧੀ ਹੋਈ ਤਾਂ ਉਸ ਵਾਹਿਗੁਰੂ ਨੂੰ ਚੇਤ, ਵਾ:-ਮਾਂ ਦੇ ਗਰਭ ਵਿਚ ਜੋ ਤੈਨੇ ਨਾਮ ਜਪਣ ਦਾ ਇਕਰਾਰ ਕੀਤਾ ਸੀ ਉਸ ਦਾ ਚੇਤਾ ਹੈਈ ਤਾਂ ਚੇਤਨਾ ਕਰ। ਵਾ:-ਤੈਨੂੰ ਇਹ ਗੱਲ ਚੇਤਾਈ=ਯਾਦ ਕਰਵਾਈ ਹੈ ਹੁਣ ਤਾਂ ਚੇਤਨਾ ਕਰ, ਉਹ ਸਾਹਿਬ ਸਚਾ ਧਣੀ=ਮਾਲਕ ਹੈ।

ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦੀ ਸੇਵਾ ਕਰ ਕੇ ਨਾਮ ਗਿਆਨ ਰੂਪੀ ਜਹਾਜ਼ ਪਰ ਚੜ੍ਹ ਕੇ ਸੰਸਾਰ ਸਮੁੰਦ੍ ਤੋਂ ਪਾਰ ਪੈਣਾ ਕਰ ॥ ੧ ॥

ਮਃ ੫ ॥ ਵਾਉ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥

ਵਾਉ ਸੰਦੇ=ਹਵਾ ਦੇ ਕਪੜੇ, ਮਲਮਲਾਂ ਆਦਿਕ ਜੋ ਵਾਯੂ ਕਰ ਕੇ ਉੱਡ ਜਾਣ ਵਾਲੇ ਹਨ ਉਨ੍ਹਾਂ ਨੂੰ ਪਹਿਰ ਕੇ ਇਹ ਗਵਾਰ=ਮੂਰਖ ਪੁਰਸ਼ ਗਰਬਿ=ਹੰਕਾਰੀ ਹੋ ਰਿਹਾ ਹੈ।

ਵਾ:-ਵਾਯੂ ਆਦਿਕ ਤਤਾਂ ਦੇ ਰਚੇ ਹੋਏ ਜੋ ਸਰੀਰ ਰੂਪੀ ਕਪੜੇ ਹਨ, ਇਹ ਮੂਰਖ ਪੁਰਸ਼ ਤਿਨ੍ਹਾਂ ਸਰੀਰਾਂ ਰੂਪੀ ਕਪੜਿਆਂ ਨੂੰ ਪਹਿਨ ਕੇ ਗਰਬੀ ਹੋ ਰਿਹਾ ਹੈ।

ਨਾਨਕ ਨਾਲਿ ਨ ਚਲਨੀ ਜਲਿ ਬਾਲ ਹੋਏ ਛਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇਹ ਪ੍ਰਤੱਖ ਅਤੇ ਸਰੀਰਾਂ ਰੂਪੀ ਕਪੜੇ ਪ੍ਰਲੋਕ ਵਿਚ ਕਿਸੀ ਦੇ ਨਾਲ ਨਹੀਂ ਚਲਣਗੇ, ਇਥੇ ਹੀ ਸੜ ਬਲ ਕੇ ਛਾਰੁ=ਸੁਆਹ ਹੋ ਜਾਣਗੇ॥ ੨ ॥

ਪਉੜੀ ॥ ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥
ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥

ਜਿਹੜੇ ਪੁਰਸ਼ ਸਚੇ ਵਾਹਿਗੁਰੂ ਨੇ ਆਪ ਹੱਥ ਦੇ ਕੇ ਰਖੇ ਹਨ, ਓਹੀ ਜਗਤ ਵਿਚੋਂ ਉਬਰੇ=ਬਚੇ ਹਨ। ਜੋ ਹਰੀ ਨਾਮ ਅੰਮ੍ਰਿਤ ਨੂੰ ਚਖਦੇ ਭਾਵ ਜਪਦੇ ਹਨ, ਤਿਨ੍ਹਾਂ ਦਾ ਮੂੰਹ ਦੇਖਣ ਨਾਲ ਭਾਵ ਦਰਸ਼ਨ ਕਰਨ ਨਾਲ ਜੀਵੀਦਾ ਹੈ।

ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥
ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥

ਸੰਤਾਂ ਦੇ ਸੰਗ ਵਿਚ ਇਸਥਿੱਤ ਹੋ ਕੇ ਕਾਮ, ਕਰੋਧ, ਲੋਭ, ਮੋਹ ਆਦਿਕਾਂ ਨੂੰ ਭਖੇ=ਅਭਾਵ ਕਰੇ। ਜਿਨ੍ਹਾਂ ਉਤੇ ਪ੍ਰਭੂ ਆਪਣੀ ਕਿਰੁਪਾ ਕਰਦਾ ਹੈ, ਉਨ੍ਹਾਂ ਨੂੰ ਹਰੀ ਆਪ ਹੀ ਪਰਖਦਾ ਹੈ।

ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਚਲਤ=ਕੌਤਕ ਜਾਣੇ ਨਹੀਂ ਜਾਂਦੇ ਅਤੇ ਨਾਹੀ ਇਦੰ ਰੂਪ ਕਰਕੇ ਉਸ ਦੇ ਸਰੂਪ ਨੂੰ ਕੋਈ ਲਖੇ=ਜਾਣ ਸਕਦਾ ਹੈ॥ ੨ ॥

ਸਲੋਕ ਮਃ ੫ ॥ ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਓਹੀ ਦਿਨ ਸੋਹਣਾ ਹੈ, ਜਿਸ ਦਿਨ ਪ੍ਰਭੂ ਚੇਤੇ ਆਉਂਦਾ ਹੈ। ਅਤੇ ਜਿਸ ਦਿਨ ਪਾਰਬ੍ਰਹਮ ਵਿਸਰ ਜਾਂਦਾ ਹੈ ਭਾਵੇਂ ਉਹ ਭਲੀ ਬਸੰਤ ਰੁਤ ਭੀ ਹੈ ਤਾਂ ਭੀ ਉਸ ਨੂੰ ਫਿਟੇ ਮੂੰਹ ਹੈ।

ਵਾ:-ਭਾਵੇਂ ਮਨੁੱਖਾ ਦੇਹ ਰੂਪੀ ਵਾ:-ਜੋਬਨ ਅਵਸਥਾ ਰੂਪੀ, ਵਾ:-ਕਲਜੁਗ ਸਮਾ ਰੂਪੀ ਭਲੀ ਰੁਤ ਵੀ ਹੈ ਤਾਂ ਭੀ ਉਸ ਨੂੰ ਫਿਟੇ ਮੂੰਹ ਹੈ॥ ੧ ॥

ਮਃ ੫ ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਤਿਸ ਪਰਮਾਤਮਾ ਨਾਲ ਮਿਤ੍ਰਤਾ ਕਰ, ਜਿਸ ਦੇ ਹੱਥ ਵਿਚ ਸਭ ਕੁਝ ਹੈ।

ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ ॥ ੨ ॥

ਉਹ ਸਬੰਧੀ ਵਗੈਰਾ ਤਾਂ ਖੋਟੇ ਮਿਤਰ ਕਹਿੰਦੇ ਹਨ ਜੋ ਵਿਪਦਾ ਕਾਲ,

ਵਾ:-ਪ੍ਰਲੋਕ ਰਸਤੇ ਵਿਚ ਇਕ ਵਿਖ=ਕਦਮ ਭਰ ਵੀ ਨਾਲ ਨਹੀਂ ਚਲਦੇ॥ ੨ ॥

ਪਉੜੀ ॥ ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥
ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ॥

ਪਰਮੇਸ਼ਰ ਦਾ ਨਾਮ ਅੰਮ੍ਰਿਤ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈ, ਹੇ ਭਾਈ ! ਉਸ ਨੂੰ ਮਿਲ ਕੇ ਪੀਣਾ ਕਰੋ। ਜਿਸ ਨਾਮ ਦੇ ਸਿਮਰਨ ਕਰਕੇ ਸੁਖ ਪਾਈਦਾ ਹੈ ਅਤੇ ਵਿਸ਼ੇ ਵਿਕਾਰਾਂ ਦੀ ਸਾਰੀ ਤ੍ਰੇਹ ਬੁਝ ਜਾਂਦੀ ਹੈ।

ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ॥
ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ॥

ਪਾਰਬ੍ਰਹਮ ਗੁਰਾਂ ਦੀ ਸੇਵਾ ਕਰ, ਤਦ ਕੋਈ ਭੁਖ ਨਹੀਂ ਰਹੇਗੀ।

ਤੇਰੇ ਮਨ ਦੇ ਮਨੋਰਥ ਸਾਰੇ ਪੂਰਨ ਹੋ ਜਾਣਗੇ ਅਤੇ ਅਮਰ ਪਦਵੀ ਪਾਏਂਗਾ।

ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪਾਰਬ੍ਰਹਮ ! ਤੇਰੇ ਜੇਡਾ ਵੱਡਾ ਤੂੰਹੀਂ ਹੈਂ, ਅਸਾਂ ਨੇ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ॥ ੩ ॥

ਸਲੋਕ ਮਃ ੫ ॥ ਡਿਠੜੋ ਹਭ ਠਾਇ ਊਣ ਨ ਕਾਈ ਜਾਇ॥

ਹਭ ਠਾਇ=ਸਭ ਜਗ੍ਹਾਂ ਤੇ ਵੇਖਿਆ ਹੈ, ਕੋਈ ਜਗ੍ਹਾ ਊਣ=ਖਾਲੀ ਨਹੀਂ।

ਨਾਨਕ ਲਧਾ ਤਿਨ ਸੁਆਉ ਜਿਨਾ ਸਤਿਗੁਰੁ ਭੇਟਿਆ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਸਤਿਗੁਰੁ ਭੇਟਿਆ=ਮਿਲਿਆ ਹੈ, ਉਨ੍ਹਾਂ ਨੂੰ ਸੁਆਉ=ਪ੍ਰਯੋਜਨ ਵਾ:-ਅਨੰਦ ਪ੍ਰਾਪਤ ਹੋਇਆ ਹੈ॥ ੧ ॥

[ਪੰਨਾ ੩੧੯]

ਮਃ ੫ ॥ ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ॥

ਜਿਵੇਂ ਖੇ=ਅਕਾਸ਼ ਵਿਚ ਦਾਮਨੀ=ਬਿਜਲੀ ਦਾ ਚਮਤਕਾਰਾ ਥੋੜ੍ਹਾ ਚਿਰ ਹੁੰਦਾ ਹੈ, ਤਿਉ ਵਰਤਾਰਾ ਜਗ=ਤਿਵੇਂ ਹੀ ਜਗਤ ਦਾ ਵਰਤਾਰਾ ਥੋੜ੍ਹਾ ਚਿਰ ਰਹਿਣ ਵਾਲਾ ਹੈ।

ਵਥੁ ਸੁਹਾਵੀ ਸਾਇ ਨਾਨਕ ਨਾਉ ਜਪੰਦੋ ਤਿਸੁ ਧਣੀ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਸਾਇ=ਉਹ ਵਸਤੂ ਸੋਭਨੀਕ ਹੈ, ਕਿਹੜੀ ? ਕਿ ਜਿਹੜਾ ਤਿਸ ਧਣੀ ਪਰਮਾਤਮਾ ਦਾ ਨਾਮ ਜਪਣਾ ਹੈ। ਵਾ:-ਸਾਇ=ਉਸ ਪੁਰਸ਼ ਦੀ ਪਦਾਰਥਾਂ ਰੂਪੀ ਸਾਰੀ ਵਸਤੂ ਸੋਭਨੀਕ ਭਾਵ ਸਫਲ ਹੈ, ਜਿਹੜਾ ਪੁਰਸ਼ ਤਿਸ ਧਣੀ ਦੇ ਨਾਮ ਨੂੰ ਜਪਦਾ ਹੈ॥ ੨ ॥

ਪਉੜੀ॥ ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ॥
ਜੋ ਜਨੁ ਭੇਟੈ ਸਾਧਸੰਗਿ ਸੋ ਹਰਿ ਰੰਗੁ ਮਾਣੀ॥

ਸਾਰੀਆਂ ਸਿੰਮ੍ਰਿਤੀਆਂ ਸ਼ਾਸਤ੍ਰਾਂ ਨੂੰ ਸੋਧਿਆ ਭੀ ਹੈ, ਪਰ ਉਸ ਪਰਮਾਤਮਾ ਦੀ ਕੀਮਤ ਕਿਸੀ ਨੇ ਭੀ ਨਹੀਂ

ਜਾਣੀ। ਜੋ ਮਨੁੱਖ ਸੰਤਾਂ ਦੇ ਸੰਗ ਵਿਚ ਮਿਲਦਾ ਹੈ, ਉਹ ਹਰੀ ਦੇ ਰੰਗੁ ਮਾਣੀ=ਅਨੰਦ ਨੂੰ ਭੋਗਦਾ ਹੈ।

ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥
ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ॥

ਕਰਤੇ ਪੁਰਖ ਪਰਮਾਤਮਾ ਦਾ ਜੋ ਸਚ ਨਾਮ ਹੈ ਏਹੀ ਇਕ ਰਤਨਾਂ ਦੀ ਖਾਣ ਹੈ।

ਜਿਸ ਦੇ ਮੱਥੇ ਪਰ ਪੂਰਬਲਾ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੋਵੇ, ਉਹ ਪ੍ਰਾਣੀ ਹਰੀ ਨੂੰ ਸਿਮਰਦਾ ਹੈ।

ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ॥ ੪॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਜੋ ਇਸ ਸੰਸਾਰ ਵਿਚ ਮਿਹਮਾਣੀ=ਪ੍ਰਾਹੁਣੇ ਹਾਂ, ਸਾਨੂੰ ਪ੍ਰਲੋਕ ਰਸਤੇ ਦਾ ਸਚ ਨਾਮ ਰੂਪੀ 'ਤੋਸਾ ਦਿਚੈ'=ਖਰਚਾ ਦਿਓ।

ਵਾ:-ਸਚ ਨਾਮ ਰੂਪੀ ਚਰਚਾ ਦਿਓ ਤਾਂ ਅਸੀਂ ਮਿਹਮਾਣੀ=ਪੂਜਯ ਹੋਵਾਂਗੇ॥ ੪॥

ਸਲੋਕ ਮਃ ੫॥

ਉਥਾਨਕਾ-ਸਿੱਖਾਂ ਨੇ ਬੇਨਤੀ ਕੀਤੀ, ਧਨਾਢ ਲੋਕ ਤਾਂ ਬਹੁਤ ਹੀ ਸੁਖੀ ਹੋਣਗੇ, ਇਹ ਗੱਲ ਸੁਣ ਕੇ ਗੁਰੂ ਜੀ ਕਥਨ ਕਰਦੇ ਹਨ-

ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ॥

ਜੋ ਪੁਰਸ਼ ਨੇਤਰਾਂ ਕਰਕੇ ਸੁਖੀ ਦਿਸਦੇ ਹਨ, ਉਨ੍ਹਾਂ ਦੇ ਅੰਦਰ ਸਗੋਂ ਬਹੁਤ ਹੀ ਚਿੰਤਾ ਰਹਿੰਦੀ ਹੈ। ਮੂਲਿ=ਕਦਾਚਿਤ ਉਨ੍ਹਾਂ ਦੀ ਤ੍ਰਿਸ਼ਨਾ ਰੂਪੀ ਭੁਖ ਉਤਰਦੀ ਨਹੀਂ।

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ॥ ੧॥

ਗੁਰੂ ਜੀ ਕਥਨ ਕਰਦੇ ਹਨ-ਸਚੇ ਨਾਮ ਤੋਂ ਬਿਨਾਂ ਕਿਸੇ ਦਾ ਦੁਖ ਨਹੀ ਲੱਥਾ॥ ੧॥

ਯਥਾ- ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥ *(ਪੰਨਾ ੧੦੧੯)*
ਦੋਊ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥

ਮਃ ੫॥ ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ॥

ਜਿਨ੍ਹਾਂ ਨੇ ਸਚ ਨਾਮ ਰੂਪੀ ਭੋਸੇ ਨੂੰ ਨਹੀਂ ਲਦਿਆ, ਉਹ ਸਾਥਾਂ ਦੇ ਸਾਥ ਮੁਠੜੇ=ਲੁਟੇ ਗਏ।

ਨਾਨਕ ਸੇ ਸਾਬਾਸਿ ਜਿਨੀ ਗੁਰ ਮਿਲਿ ਇਕੁ ਪਛਾਣਿਆ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਧੰਨਤਾ ਜੋਗ ਹਨ, ਜਿਨ੍ਹਾਂ ਨੇ ਗੁਰਾਂ ਨਾਲ ਮਿਲ ਕੇ ਇਕ ਪ੍ਰਭੂ ਨੂੰ ਪਛਾਣਿਆ ਹੈ॥ ੨॥

ਪਉੜੀ॥ ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥

ਜਿਸ ਜਗ੍ਹਾ ਪਰ ਸੰਤ ਜਨ ਬੈਠਦੇ ਹਨ, ਉਹ ਅਸਥਾਨ ਸੋਭਨੀਕ ਹੁੰਦਾ ਹੈ। ਕਿਉਂਕਿ ਉਹ ਸੰਤ ਜਨ ਆਪਣੇ ਸਮਰੱਥ ਸੁਆਮੀ ਪਰਮਾਤਮਾ ਨੂੰ ਸੇਂਵਦੇ ਹਨ, ਉਨ੍ਹਾਂ ਦਾ ਮੰਦਾ ਸੁਭਾਵ ਸਾਰਾ ਬਿਨਸ ਗਿਆ ਹੈ।

ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥
ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥

ਸੰਤ ਅਤੇ ਬੇਦ ਉਸ ਪਾਰਬ੍ਰਹਮ ਨੂੰ ਪਤਿਤ=ਪਾਪੀਆਂ ਦੇ ਉਧਾਰਨ ਵਾਲਾ ਕਹਿੰਦੇ ਹਨ।

ਤਿਸ ਪਰਮਾਤਮਾ ਦਾ ਬਿਰਦੁ=ਧਰਮ ਭਗਤਾਂ ਦਾ ਵਛਲੁ=ਪਿਆਰਾ ਜੁਗਾਂ ਜੁਗਾਂ ਵਿਚ ਵਰਤ ਰਿਹਾ ਹੈ।

ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਤਾਂ ਇਕ ਨਾਮ ਨੂੰ ਹੀ ਜਾਚੈ=ਮੰਗਦੇ ਹਾਂ, ਕਿਉਂਕਿ ਮੇਰੇ ਮਨ ਤਨ ਦੇ ਵਿਚ ਇਕ ਨਾਮ ਹੀ ਭਾਵੰਦਾ=ਚੰਗਾ ਲਗਦਾ ਹੈ॥ ੫॥

ਸਲੋਕ ਮਃ ੫ ॥

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥ ੧ ॥

ਪਹਿਲਾ ਅਰਥ-

ਜਿਸ ਵੇਲੇ ਪਹੁ ਫੁਟਦੀ ਹੈ, ਭਾਵ ਥੋੜ੍ਹਾ ੨ ਚਾਨਣ ਹੁੰਦਾ ਹੈ, ਤਾਂ ਚਿੜੀਆਂ ਚੁਹਕੀ=ਬੋਲਦੀਆਂ ਹਨ, ਉਸ ਵੇਲੇ ਸੰਸਾਰੀ ਜੀਵਾਂ ਦੇ ਹਿਰਦਿਆਂ ਵਿਚ ਕਾਰ-ਵਿਹਾਰ ਦੇ ਬਹੁਤ ਹੀ ਤਰੰਗ=ਸੰਕਲਪ ਵਿਕਲਪ ਵਗਨਿ=ਫੁਰਦੇ ਹਨ ਤੇ ਸੰਤ ਮਹਾਤਮਾਂ ਅਸਚਰਜ ਰੂਪ ਪਰਮਾਤਮਾ ਦੇ ਨਾਮ ਰੰਗ ਵਿਚ ਰਚੇ=ਰਚਦੇ ਭਾਵ ਤਦਾਕਾਰ ਹੁੰਦੇ ਹਨ।

ਦੂਜਾ ਅਰਥ-

ਪ੍ਰਸ਼ਨ-ਅੰਤ ਵੇਲੇ ਸੰਸਾਰੀ ਜੀਵਾਂ ਦੀ ਬਿਰਤੀ, ਅਤੇ ਸੰਤਾਂ ਦੀ ਬਿਰਤੀ ਕਿਥੇ ਕਿਥੇ ਲਗਦੀ ਹੈ? *ਉੱਤਰ*:-ਜਿਸ ਵੇਲੇ ਪਹੁ ਫੁਟੀ=ਕਾਲ ਰੂਪੀ ਪਹੁ ਫੁਟਦੀ ਹੈ, ਤਾਂ ਸੰਸਾਰੀ ਜੀਵਾਂ ਦੀ ਚਿੜੀ ਚੁਹਕੀ=ਰਸਨਾਂ ਬੋਲਦੀ ਹੈ ਕਿ ਫਲਾਣਾ ਪਦਾਰਥ ਖਾ ਲਵਾਂ, ਅਮਕਾ ਪਦਾਰਥ ਛਕ ਲਵਾਂ, ਤੇ ਮਨ ਵਗਨਿ ਬਹੁਤ ਤਰੰਗ=ਬਹੁਤ ਹੀ ਸੰਕਲਪਾਂ ਵਿਕਲਪਾਂ ਵਿਚ ਚਲਦਾ ਹੈ।

ਅਤੇ ਜਿਸ ਵੇਲੇ ਕਾਲ ਰੂਪੀ ਪਹੁ ਫੁਟੀ, ਤਾਂ ਸੰਤਾਂ ਦੀ ਚਿੜੀ ਚੁਹਕੀ=ਰਸਨਾਂ ਬੋਲਦੀ ਹੈ, 'ਸਤਿਨਾਮੁ ਸ੍ਰੀ ਵਾਹਿਗੁਰੂ'।

ਤੇ ਬਹੁਤ ਤਰ੍ਹਾਂ ਦੇ ਜੋ ਤਰੰਗ=ਸੰਕਲਪ ਵਿਕਲਪ ਹਨ ਉਹ ਵਗਨਿ=ਅਭਾਵ ਹੋ ਜਾਂਦੇ ਹਨ।

ਤੀਜਾ ਅਰਥ-

ਸੰਤ ਉਸ ਪਰਮਾਤਮਾ ਵਿਚ ਕਿਵੇਂ ਅਭੇਦ ਹੁੰਦੇ ਹਨ? *ਉੱਤਰ*:-

ਨਾਨਕ ਨਾਮਹਿ ਰੰਗ=ਗੁਰੂ ਜੀ ਕਥਨ ਕਰਦੇ ਹਨ-ਪਰਮਾਤਮਾ ਦੇ ਨਾਮ ਵਿਚ ਪ੍ਰੇਮ ਕਰਨ ਨਾਲ ਜਿਸ ਵੇਲੇ ਪਹੁ ਫੁਟੀ=ਗਿਆਨ ਰੂਪੀ ਪਹੁ ਫੁਟੀ, ਤਾਂ ਚਿੜੀ=ਬੁੱਧੀ ਚੁਹਕੀ=ਖਿੜ ਆਈ, ਵਾ:-ਬੋਲੀ ਅਹੰ ਬ੍ਰਹਮਾਸਿਮੀ ਕਰਤਬਾਭਾਵ, ਤੇ ਬਹੁਤੇ ਤਰੰਗ=ਸੰਕਲਪ ਵਿਕਲਪ ਵਗ ਗਏ ਭਾਵ ਨਾਸ ਹੋ ਗਏ ਤਾਂ 'ਅਚਰਜ ਰੂਪ ਸੰਤਨ ਰਚੇ'=ਸੰਤ ਅਚਰਜ ਰੂਪ ਪਰਮਾਤਮਾ ਵਿਚ ਰਚੇ=ਤਦਾਕਾਰ ਹੋਏ॥ ੧॥

ਮਃ ੫ ॥ ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥ ੨ ॥

ਘਰ ਕਚੇ, ਮੰਦਰ ਪਕੇ, ਵਾ:-ਉਨ੍ਹਾਂ ਘਰਾਂ ਦੇ ਮੰਦਰ=ਅੰਦਰ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਘਰਾਂ ਤੇ ਮੰਦਰਾਂ ਵਿਚ ਹੇ ਵਾਹਿਗੁਰੂ ! ਤੂੰ ਚੇਤੇ ਆਉਂਦਾ ਹੈਂ।

ਯਥਾ- ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਲ ਸੋਇਨ ਚਉਬਾਰੇ ॥ *(ਪੰਨਾ ੧੦੫)*

ਗੁਰੂ ਜੀ ਕਥਨ ਕਰਦੇ ਹਨ-ਨਾਮ ਸਿਮਰਨ ਤੋਂ ਬਿਨਾਂ ਸੰਸਾਰ ਦੀਆਂ ਜੋ ਵਡਿਆਈਆਂ ਹਨ ਇਹ ਸਭ ਖੋਟੇ ਮਿਤ੍ਰਾਂ ਵਾਂਗੂੰ ਦੁਖਦਾਈ ਹਨ ॥ ੨ ॥

ਪਉੜੀ ॥ ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥
ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ ॥

ਹੇ ਭਾਈ ! ਹਰੀ ਨਾਮ ਧਨ ਇਕ ਸਚੀ ਰਾਸਿ=ਪੂੰਜੀ ਹੈ, ਪਰ ਇਸ ਗੱਲ ਨੂੰ ਕਿਸੀ ਵਿਰਲੇ ਗੁਰਮੁਖ ਨੇ ਜਾਣਿਆਂ ਹੈ। ਹੇ ਭਾਇਰਹੁ=ਭਾਈ ! ਇਹ ਨਾਮ-ਧਨ ਤਿਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੂੰ ਬਿਧਾਤਾ=ਫਲਬਰ ਦਾਤਾ ਪਰਮੇਸ਼ਰ ਦਿੰਦਾ ਹੈ।

ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ ॥
ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥

ਜੋ ਦਾਸ ਜਨ ਹਰੀ ਦੇ ਰੰਗਿ=ਪ੍ਰੇਮ ਵਿਚ ਰਤਾ ਹੈ, ਉਸਦਾ ਤਨ ਦੇ ਭੀਤਰਿ=ਵਿਚੋਂ ਮਨ ਮਉਲਿਆ= ਖਿੜਿਆ ਰਹਿੰਦਾ ਹੈ। ਜਿਸਨੇ ਸੰਤਸੰਗਤ ਦੁਆਰੇ ਪਰਮੇਸ਼ਰ ਦੇ ਗੁਣਾਂ ਨੂੰ ਗਾਇਆ ਹੈ ਉਸਨੇ ਸਾਰਿਆਂ ਦੋਸ਼ਾਂ ਨੂੰ ਖਾ ਲਿਆ ਹੈ।

ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਸੰਸਾਰ ਵਿਚ ਓਹੀ ਪੁਰਸ਼ ਜਿਉਂਦਾ ਹੈ, ਜਿਸ ਨੇ ਇਕ ਪਰਮੇਸ਼ਰ ਨੂੰ ਪਛਾਣਿਆ ਹੈ ॥ ੬ ॥

ਸਲੋਕ ਮਃ ੫ ॥ ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥ ੧ ॥

ਉਹ ਖਖੜੀਆਂ ਸੋਭਨੀਕ ਹਨ, ਜੋ ਅੱਕ ਦੇ ਗਲ ਨਾਲ ਲਗੀਆਂ ਹੋਈਆਂ ਹਨ। ਜਿਨ੍ਹਾਂ ਖਖੜੀਆਂ ਦਾ ਬਿਰਹ=ਪਿਆਰੇ ਧਣੀ=ਅੱਕ ਦੇ ਨਾਲੋਂ ਵਿਛੋੜਾ ਹੋਇਆ ਹੈ,ਉਨ੍ਹਾਂ ਦੇ ਸਹਸੈ=ਸੈਂਕੜੇ ਗੰਠਿ=ਤੁੰਬੇ ਹੋ ਕੇ ਉਡਦੇ ਹਨ। ਇਸੇ ਤਰ੍ਹਾਂ:-ਉਹ ਜੀਵ ਰੂਪੀ ਖਖੜੀਆਂ ਸੋਭਨੀਕ ਹਨ, ਜੋ ਅਕ=ਇਕ ਪਰਮਾਤਮਾ ਦੇ ਗਲ ਨਾਲ ਲਗੀਆਂ ਹੋਈਆਂ ਹਨ। ਜਿਨ੍ਹਾਂ ਜੀਵਾਂ ਦਾ ਧਣੀ=ਪਰਮਾਤਮਾ ਦੇ ਬਿਰਹ=ਪ੍ਰੇਮ ਨਾਲੋਂ ਵਿਛੋੜਾ ਹੋਇਆ ਹੈ, ਉਨ੍ਹਾਂ ਨੂੰ ਸੰਸਿਆਂ ਰੂਪੀ ਗੰਢਾਂ ਪਈਆਂ ਹੀ ਰਹਿੰਦੀਆਂ ਹਨ।

ਵਾ:-ਸਹਸੈ ਗੰਠਿ=ਸੈਂਕੜੇ ਰੂਪ ਧਾਰਕੇ ਦੁਖ ਪਾਉਂਦਾ ਹੈ।

ਮਃ ੫ ॥ ਵਿਸਾਰੇਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ ॥
ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ ॥ ੨ ॥

ਜੋ ਪਰਮੇਸ਼ਰ ਦੇ ਨਾਮ੍ ਨੂੰ ਵਿਸਾਰੇ=ਭੁਲਾਂਵਦੇ ਹਨ, ਉਹ ਮਰ ਗਏ ਹਨ, ਕਿੰਤੂ ਮੂਲ ਤੋਂ ਉਹ ਕਦੇ ਨਹੀਂ ਮਰ ਸਕਦੇ। ਜੇਕਰ ਮੂਲ ਤੋਂ ਮਰ ਜਾਣ ਤਾਂ ਕਰਮਾਂ ਦਾ ਫਲ ਕੌਣ ਭੋਗੇਗਾ ਮੂਲ ਤੋਂ ਉਹ ਮਰਦੇ ਹਨ ਜਿਹੜੇ ਸਿਮਰਨ ਕਰਕੇ ਪਰਮੇਸ਼ਰ ਵਿਚ ਅਭੇਦ ਹੁੰਦੇ ਹਨ। ਜੋ ਰਾਮ ਤੋਂ ਬੇਮੁਖ ਹੁੰਦੇ ਹਨ ਉਹ ਇਸ ਤਰ੍ਹਾਂ ਦੁਖ ਭੋਗਦੇ ਹਨ ਜਿਵੇਂ ਤਸਕਰ=ਚੋਰ ਸੂਲੀ ਉੱਤੇ ਚੜੇ ਹੋਏ ਦੁਖ ਭੋਗਦੇ ਹਨ॥ ੨ ॥

ਪਉੜੀ ॥ ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥
ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ ॥

ਇਕ ਅਬਿਨਾਸੀ ਪ੍ਰਭੂ ਹੀ ਸੁਖਾਂ ਦਾ ਨਿਧਾਨੁ=ਖਜ਼ਾਨਾ ਸੁਣਿਆਂ ਜਾਂਦਾ ਹੈ। ਵੇਦਾਂ ਅਤੇ ਮਹਾਤਮਾਂ ਨੇ ਭਣਿਆ=ਕਥਨ ਕੀਤਾ ਹੈ ਕਿ ਹਰੀ ਜਲ, ਥਲ, ਮਹੀ=ਪ੍ਰਿਥਵੀ, ਅਲਿ=ਅਕਾਸ਼ ਤਥਾ ਸਾਰਿਆਂ ਘਟਾਂ ਘਟਾਂ ਵਿਚ ਪੂਰਨ ਹੈ।

ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥
ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ ॥

ਕੀੜੀ ਤੋਂ ਲੈ ਕੇ ਹਾਥੀ ਤਕ ਸਭ ਊਚ ਨੀਚ ਵਿਚ ਇਕ ਸਮਾਨਿ=ਇਕੋ ਜੇਹਾ ਬਣਿਆ ਹੋਇਆ ਹੈ। ਮਿਤਰ, ਸਖਾ, ਪੁੱਤਰ, ਤੇ ਸਬੰਧੀ ਆਦਿਕ ਸਾਰੇ ਉਸ ਪ੍ਰਭੂ ਦੇ ਹੀ ਜਣਿਆ=ਪੈਦਾ ਕੀਤੇ ਹੋਏ ਹਨ।

ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ ॥ ੭ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪਰਮੇਸ਼ਰ ਤੁਸਿ=ਪ੍ਰਸੰਨ ਹੋ ਕੇ ਜਿਸਨੂੰ ਆਪਣਾ ਨਾਮ ਦਿੰਦਾ ਹੈ, ਤਿਸਨੇ ਹਰੀ ਦਾ ਰੰਗੁ=ਅਨੰਦ ਮਣਿਆ=ਭੋਗਿਆ ਹੈ॥ ੭ ॥

ਸਲੋਕ ਮਃ ੫ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥

ਜਿਨ੍ਹਾਂ ਦੇ ਮਨ ਵਿਚੋਂ ਹਰੀ ਨਾਮ ਮੰਤ੍ਰ ਸ੍ਵਾਸ ਲੈਂਦਿਆਂ ਤੇ ਗਿਰਾਸਿ=ਭੋਜਨ ਖਾਦਿਆਂ ਨਹੀਂ ਵਿਸਰਦਾ। ਗੁਰੂ ਜੀ ਕਥਨ ਕਰਦੇ ਹਨ ਉਹ ਪੁਰਸ਼ ਸਿ=ਤਿੰਨਾ ਲੋਕਾਂ ਵਿਚ ਧੰਨਤਾ ਜੋਗ ਹਨ, ਅਤੇ ਓਹੀ ਪੂਰਨ ਸੰਤ ਹਨ॥ ੧ ॥

ਮਃ ੫ ॥ ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ ॥
ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ ॥ ੨ ॥

ਜੋ ਪੁਰਸ਼ ਅੱਠੇ ਪਹਿਰ ਖਾਣ ਪੀਣ ਸੰਦੜੈ=ਦੇ ਸੂਲਿ=ਦੁੱਖ ਵਿਚ ਭੌਂਦਾ ਫਿਰਦਾ ਹੈ ਤੇ ਚਿਤ ਵਿਚ ਰਸੂਲਿ=ਰਸ+ਊਲ=ਰਸਾਂ ਦੇ ਘਰ (ਪਰਮਾਤਮਾ) ਦਾ ਸਿਮਰਨ ਨਹੀਂ ਹੈ, ਤਾਂ ਉਹ ਪੁਰਸ਼ ਦੋਜਕਿ=ਨਰਕ

ਵਿਚ ਪੈਣ ਵਲੋਂ ਕਿਸ ਤਰ੍ਹਾਂ ਬਚ ਰਹੇਗਾ। ਭਾਵ ਜ਼ਰੂਰ ਨਰਕ ਵਿਚ ਪਵੇਗਾ॥ ੨॥

ਅਥਵਾ:-ਰਸੂਲ ਨਾਮ ਪੈਗੰਬਰ ਦਾ ਹੈ ਪੈਗੰਬਰ ਵਿਚੋਂ ਗੁਰੂ ਲੈਣੇ ਜਾਂ ਚਿਤ ਦੇ ਵਿਚ ਗੁਰੂ ਸਾਹਿਬ ਜੀ ਯਾਦ ਨਾ ਹੋਵਣ ਤਾਂ ਨਰਕਾਂ ਵਿਚ ਪੈਣ ਤੋਂ ਕਿਵੇਂ ਬਚ ਰਹੇਗਾ॥ ੨॥

[ਪੰਨਾ ੩੨੦]

ਪਉੜੀ॥ ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ॥
ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ॥

ਹੇ ਪ੍ਰਾਣ ਧਾਰੀ ਜੀਵੋ ! ਤਿਸ ਸੰਤ ਦੀ ਸੇਵਾ ਕਰੋ, ਜਿਸਦੇ ਹਿਰਦੇ ਰੂਪ ਪਲੇ ਵਿਚ ਪਰਮੇਸ਼ਰ ਦਾ ਨਾਮ ਹੈ। ਤਾਂ ਐਥੈ=ਇਸ ਲੋਕ ਵਿਚ ਸੁਹੇਲਿਆ=ਸੁਖੀ ਰਹੋਗੇ ਅਤੇ ਅਗੈ=ਪ੍ਰਲੋਕ ਵਿਚ ਵੀ ਉਹ ਸੁਖ ਤੁਹਾਡੇ ਨਾਲ ਚਲੇਗਾ।

ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ॥
ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ॥

ਪ੍ਰਤੱਖ ਘਰ ਬਨਾਣੇ ਛਡ ਦਿਉ ! ਅਹਲੈ=ਨਿਰਹਲ, ਅਡੋਲ ਨਿਸਚੇ ਰੂਪੀ ਥੰਭੇ ਨੂੰ ਗਡਕੇ ਸਚੇ ਧਰਮ ਦਾ ਘਰ ਬਣਾਓ ਅਤੇ ਨਰਾਇਣ ਪਰਮਾਤਮਾ ਦੀ ਓਟ ਨੂੰ ਲੈਣਾ ਕਰੋ, ਜੋ ਨਰਾਇਣ ਦੀਨ ਦੁਨੀਆ=ਲੋਕ ਪ੍ਰਲੋਕ ਵਿਚ ਝਲੈ=ਰਖਿਆ ਕਰਦਾ ਹੈ।

ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ॥ ੮॥

ਗੁਰੂ ਜੀ ਕਥਨ ਕਰਦੇ ਹਨ, ਜਿਸਨੇ ਹਰੀ ਦੇ ਚਰਨ ਫੜੇ ਹਨ, ਤਿਸਨੇ ਅੰਤਹਕਰਣ ਰੂਪੀ ਗਹ=ਜਗ੍ਹਾ ਦੇ ਅੰਦਰੋਂ ਕਾਮ ਕ੍ਰੋਧ ਆਦਿਕ ਸਾਰੇ ਵੈਰੀ ਮਲ ਦਿਤੇ ਹਨ। ਵਾ:-ਉਹ ਦਰਗਾਹ ਦਾ ਮਲੈ= ਪਹਿਲਵਾਨ ਹੋਇਆ ਹੈ। ਵਾ:-ਦਰਗਹ ਨੂੰ ਮੱਲਿਆ ਹੈ॥ ੮॥

ਸਲੋਕ ਮਃ ੫॥ ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ॥
ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ॥

ਮੈਂ ਜਾਚਕੁ=ਮੰਗਤਾ ਜਨ ਦਾਨ ਮੰਗਦਾ ਹਾਂ, ਹੇ ਪਿਆਰੇ ! ਪਰਮੇਸ਼ਰ ਤੂੰ ਦੇਣਾ ਕਰ।
ਹੇ ਦੇਵਣ ਵਾਲੇ ਦਾਤੇ ! ਮੈਂ ਤੈਨੂੰ ਨਿਤ ਹੀ ਚਿਤਾਰਿਆ=ਯਾਦ ਕਰਦਾ ਹਾਂ।

ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ॥
ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ॥ ੧॥

ਹੇ ਭੰਡਾਰਿਆਂ ਦੇ ਮਾਲਕ ਪਰਮੇਸ਼ਰ ! ਆਪ ਜੀ ਦਾ ਭੰਡਾਰਾ ਅਤੁਲ ਹੈ, ਜੋ ਮੂਲਿ=ਕਦਾਚਿਤ ਵੀ ਨਿਖੁਟਿ=ਮੁਕ ਨਹੀਂ ਜਾਂਦਾ। ਗੁਰੂ ਜੀ ਕਥਨ ਕਰਦੇ ਹਨ-ਜਿਸਨੇ ਗੁਰਾਂ ਦੇ ਅਪਾਰੁ=ਸ੍ਰੇਸ਼ਟ ਸ਼ਬਦ ਨੂੰ ਗ੍ਰਹਿਣ ਕੀਤਾ ਹੈ ਤਿਸਨੇ ਆਪਣਾ ਆਪ ਸਭ ਕੁਛ ਸਾਰਿਆ=ਸਵਾਰ ਲੀਤਾ ਹੈ॥ ੧॥

ਮਃ ੫ ॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥
ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥ ੨ ॥

ਹੇ ਪਿਆਰਿਓ ! ਗੁਰ ਸ਼ਬਦ ਨੂੰ ਧਾਰਨਾ ਸਿਖੋ, ਜੋ ਜਨਮ ਮਰਨ ਦੀ ਨਵਿਰਤੀ ਦਾ ਟੇਕ=ਆਸਰਾ ਰੂਪ ਹੈ। ਵਾ:-ਹੇ ਪਿਆਰਿਓ ਸ਼ਬਦ ਦਾ ਗਾਇਣ ਕਰਨਾ ਸਿਖੋ, ਕੀ ਜਨਮ ਮਰਨ ਦੇ ਵਿਚ ਟਿਕ ਰਹੇ ਹੋ। ਗੁਰੂ ਜੀ ਕਥਨ ਕਰਦੇ ਹਨ-ਇਕ ਪਰਮੇਸ਼ਰ ਦੇ ਸਿਮਰਨ ਕਰਕੇ ਮੁਖ ਉਜਲਾ ਹੁੰਦਾ ਹੈ ਤੇ ਸਦੀਵ ਕਾਲ ਸੁਖੀ ਹੁੰਦਾ ਹੈ॥ ੨ ॥

ਪਉੜੀ ॥ ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥
ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥

ਓਥੈ=ਉਸ ਜਗ੍ਹਾ ਭਾਵ ਸਤਿਸੰਗ ਵਿਚ ਹਰ ਇਕ ਨੂੰ ਸੁਖੀ ਕਰਨ ਵਾਲਾ ਨਾਮ ਅੰਮ੍ਰਿਤ ਵੰਡੀਂਦਾ ਹੈ। ਉਸ ਅੰਮ੍ਰਿਤ ਨੂੰ ਜੋ ਪੀਂਦਾ ਹੈ, ਉਹ ਜਮਾਂ ਦੇ ਰਸਤੇ ਨਹੀਂ ਪੈਂਦਾ, ਫਿਰ ਉਸ ਦਾ ਮਰਣਾ ਵੀ ਨਹੀਂ ਹੁੰਦਾ।

ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੋ ॥
ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥

ਜਿਸ ਪੁਰਸ਼ ਨੂੰ ਪ੍ਰੇਮ-ਰਸ ਆ ਕੇ ਪ੍ਰਾਪਤ ਹੋਇਆ ਹੈ, ਤਿਸਨੇ ਹੀ ਉਸਨੂੰ ਜਰਣੇ=ਸਹਾਰਨਾ ਕੀਤਾ ਹੈ। ਸੰਤ ਜਨ ਜੋ ਬਾਣੀ ਆਪਣੇ ਮੁਖ ਤੋਂ ਉਚਾਰਦੇ ਹਨ, ਇਹ ਮਾਨੋ ਇਕ ਅੰਮ੍ਰਿਤ ਦੇ ਝਰਣੇ ਚਲਦੇ ਹਨ।

ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥ ੯ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਨੇ ਸੰਤਾਂ ਦੇ ਦਰਸ਼ਨ ਨੂੰ ਦੇਖਕੇ, ਉਨ੍ਹਾਂ ਦੇ ਬਚਨ ਮਨ ਅੰਦਰ ਧਾਰਨ ਕੀਤੇ ਹਨ ਉਹ ਜਿਉਂਦਾ ਹੈ॥ ੯ ॥

ਸਲੋਕ ਮਃ ੫ ॥ ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ ॥
ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥ ੧ ॥

ਪੂਰੇ ਸਤਿਗੁਰਾਂ ਨੂੰ ਸੇਵਨੇ ਕਰਕੇ ਸਾਰਿਆਂ ਦੁਖਾਂ ਦਾ ਨਾਸ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਦੇ ਅਰਾਧਣ ਕਰਕੇ ਸਾਰੇ ਕਾਰਜ ਰਾਸ ਆਉਂਦੇ ਹਨ॥ ੧ ॥

ਮਃ ੫ ॥ ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥
ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥ ੨ ॥

ਜਿਸ ਪਰਮੇਸ਼ਰ ਦੇ ਸਿਮਰਨੇ ਕਰਕੇ ਸਾਰੇ ਸੰਕਟ=ਦੁਖ ਛੁਟ ਜਾਂਦੇ ਹਨ ਅਤੇ ਅਨੰਦ ਦਾਇਕ ਮੰਗਲਾਂ ਵਿਚ ਇਸਥਿਤੀ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਹਰੀ ਨੂੰ ਸਦਾ ਜਪਣਾ ਕਰੋ ਇਕ ਨਿਮਖ ਮਾਤ੍ਰ ਵੀ ਨਾਮ ਨੂੰ ਨਾ ਵਿਸਾਰੋ॥ ੨ ॥

ਪਉੜੀ ॥ ਤਿਨ ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ ॥
ਸਾਧਾ ਸਰਣੀ ਜੋ ਪਵੈ ਸੋ ਛੁਟੈ ਬਧਾ ॥

ਉਨ੍ਹਾਂ ਗੁਰਮੁਖਾਂ ਦੀ ਸੋਭਾ ਕਿਹੜੀ ੨ ਗਿਣੀਏ, ਜਿਨ੍ਹਾਂ ਨੇ ਹਰਿ ਹਰਿ ਨੂੰ ਲਭਿਆ ਹੈ, ਜੋ ਮਨੁੱਖ ਸੰਤਾਂ ਦੀ ਸ਼ਰਨ ਵਿਚ ਪੈਂਦਾ ਹੈ, ਉਹ ਜਮਾਂ ਦੇ ਬੰਧਨਾਂ ਵਿਚ ਬਧਾ ਹੋਇਆ ਵੀ ਛੁਟ ਜਾਂਦਾ ਹੈ।

ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ॥
ਗੁਰੁ ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ॥

ਜੋ ਅਬਿਨਾਸੀ ਪਰਮਾਤਮਾ ਦੇ ਗੁਣ ਗਾਇਣ ਕਰਦਾ ਹੈ ਉਹ ਜੂਨੀਆਂ ਦੁਆਰੇ ਮਾਤਾ ਦੇ ਗਰਭ ਵਿਚ ਦਧਾ=ਸੜਦਾ ਨਹੀਂ। ਪਾਰਬ੍ਰਹਮ ਰੂਪ ਗੁਰੂ ਜਿਸ ਨੂੰ ਮਿਲਿਆ ਹੈ, ਉਹ ਹਰੀ ਸਬੰਧੀ ਗ੍ਰੰਥਾਂ ਨੂੰ ਪੜ੍ਹਕੇ ਤੇ ਗੁਰਾਂ ਪਾਸੋਂ ਬੁਝਕੇ ਸਮਧਾ=ਸਮਝਿਆ ਹੈ,

ਵਾ:-ਸਮਧਾ=ਗਿਆਨਵਾਨ ਹੋਇਆ ਹੈ, ਵਾ:-ਪਰਮੇਸ਼ਰ ਵਿਚ ਸਮਧਾ=ਸਮਾਇਆ ਹੈ।

ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਧਾ॥ ੧੦॥

ਗੁਰੂ ਜੀ ਕਥਨ ਕਰਦੇ ਹਨ-ਉਸ ਧਣੀ=ਪਰਮਾਤਮਾ ਨੂੰ ਪਾਉਣਾ ਕੀਤਾ ਹੈ,
ਜੋ ਹਰੀ ਅਗਮ=ਬੇਅੰਤ ਤੇ ਅਗਧਾ=ਅਗਾਧ ਹੈ॥ ੧੦॥

ਸਲੋਕ ਮਃ ੫॥ ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ॥

ਆਪਣੇ ਸਰੂਪ ਦੀ ਪ੍ਰਾਪਤੀ ਦਾ ਜੋ ਆਪਣਾ ਭਜਨ ਸਿਮਰਨ ਰੂਪੀ ਕੰਮ ਹੈ ਉਸਨੂੰ ਤਾਂ ਇਹ ਜੀਵ ਕਰਦਾ ਹੀ ਨਹੀਂ ਤੇ ਲੋਕਾਂ ਵਿਚ ਅਵਤਾ=ਅਵੈੜਾ (ਕੱਬਾ) ਹੋਇਆ ਫਿਰਦਾ ਹੈ।

ਨਾਨਕ ਨਾਇ ਵਿਸਾਰਿਐ ਸੁਖੁ ਕਿਨੇਹਾ ਹੋਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਨਾਮ ਦੇ ਵਿਸਾਰਨ ਕਰਕੇ ਸੁਖ ਕਿਨੇਹਾ=ਕਿਸ ਪ੍ਰਕਾਰ ਹੋ ਸਕਦਾ ਹੈ? ਭਾਵ ਕਦੇ ਸੁਖ ਨਹੀਂ ਹੁੰਦਾ ॥ ੧॥

ਮਃ ੫॥ ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ॥
ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ॥ ੨॥

ਸਗਲ ਜਗਤਿ ਮਾਹਿ=ਸਾਰੇ ਹੀ ਜਗਤ ਦੇ ਵਿਚ ਵਿਸ਼ਿਆਂ ਰੂਪੀ ਕੌੜੱਤਣਤਾ ਲਪਟ ਰਹੀ ਹੈ ਗੁਰੂ ਜੀ ਕਥਨ ਕਰਦੇ ਹਨ-ਮਹਾਤਮਾਂ ਜਨਾਂ ਨੇ ਵਿਚਾਰਿਆ ਹੈ, ਕਿ ਮਿੱਠਾ ਜੇ ਹੈ ਤਾਂ ਹਰੀ ਦਾ ਨਾਮ ਹੈ॥ ੨॥

ਪਉੜੀ॥ ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥
ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥

ਪੂਰਨ ਸੰਤ ਦੀ ਇਹ ਅਸਲ ਨਿਸ਼ਾਨੀ ਹੈ, ਕਿਹੜੀ ? ਕਿ ਜਿਸ ਦੇ ਮਿਲਣ ਕਰਕੇ ਸੰਸਾਰ ਸਮੁੰਦ੍ਰ ਤੋਂ ਤਰ ਜਾਈਦਾ ਹੈ। ਜਮਕੰਕਰੁ=ਜਮਦੂਤ ਨੇੜੇ ਨਹੀਂ ਆਉਂਦਾ ਅਤੇ ਫਿਰਿ ਬਹੁੜਿ=ਬਾਰ ਬਾਰ ਮਰਦਾ ਨਹੀਂ।

ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥
ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥

ਸੰਸਾਰ ਸਮੁੰਦ੍ਰ ਵਿਚ ਜੋ ਵਿਸ਼ਿਆਂ ਰੂਪੀ ਵਿਹੁ ਭਵ=ਉਤਪੰਨ ਹੋ ਰਹੀ ਹੈ, ਉਸ ਤੋਂ ਪਾਰ ਉਤਰ ਜਾਈਦਾ

ਹੈ। ਮਨ ਰੂਪੀ ਧਾਗੇ ਵਿਚ ਹਰੀ ਦੇ ਗੁਣਾਂ ਰੂਪੀ ਮਾਲਾ ਨੂੰ ਗੁੰਫਹੁ=ਗੁੰਦਣਾ ਕਰੋ ਤੇ ਨਿੰਦਿਆ ਰੂਪ ਸਾਰੀ ਮੈਲ ਨੂੰ ਪਰਹਰੀਐ=ਦੂਰ ਕਰੋ।

ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਸ਼ੁਭ ਗੁਣਾਂ ਰੂਪੀ ਮਾਲਾ ਗੁੰਦਣਾ ਕੀਤੀ ਹੈ, ਉਹ ਗੁਰਮੁਖ ਜਨ ਪਾਰਬ੍ਰਹਮ ਜੋ ਨਰਾਂ ਦੇ ਹਰੇ ਕਰਨ ਵਾਲਾ ਪ੍ਰੀਤਮ ਹੈ ਉਸ ਨਾਲ ਮਿਲ ਰਹੇ ਹਨ॥ ੧੧ ॥

ਸਲੋਕ ਮਃ ੫ ॥ ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ ॥

ਗੁਰੂ ਜੀ ਕਥਨ ਕਰਦੇ ਹਨ-ਉਹ ਗੁਰਮੁਖ ਜਨ ਸੰਸਾਰ ਵਿਚ ਆਏ ਹੋਏ ਪ੍ਰਮਾਣੀਕ ਹਨ। ਜਿਨ੍ਹਾਂ ਦੇ ਚਿਤ ਵਿਚ ਹਰੀ ਪਰਮਾਤਮਾ ਵੁਠਾ=ਵਸਿਆ ਹੈ।

ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥ ੧ ॥

ਹੇ ਮਿਤਰ ! ਨਾਮ ਤੋਂ ਬਿਨਾਂ ਜੋ ਅਲ ਪਲਾਲੀਆ=ਅਸਤ ਵਿਅਸਤ ਗੱਲਾਂ ਹਨ ਉਹ ਕਿਸੇ ਕੰਮ ਨਹੀਂ ਆਉਂਦੀਆਂ॥ ੧ ॥

ਮ:੫ ॥ ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੁਰਨ ਅਗਮ ਬਿਸਮਾਦ ॥

ਜੋ ਪਰਾ ਰੂਪ ਬ੍ਰਹਮੁ=ਬਿਆਪਕ ਪਰਮਾਤਮਾ ਅਗਮ ਹੈ ਅਤੇ ਬਿਸਮਾਦ=ਅਸਚਰਜ ਰੂਪ ਹੈ। ਉਹ ਪ੍ਰਭੂ ਸਾਰਿਆਂ ਵਿਚ ਪੂਰਨ ਦ੍ਰਿਸਟੀ=ਨਜ਼ਰ ਆਇਆ।

[ਪੰਨਾ ੩੨੧]

ਨਾਨਕ ਰਾਮ ਨਾਮੁ ਧਨੁ ਕੀਤਾ ਪੂਰੇ ਗੁਰ ਪਰਸਾਦਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਦ ਪੂਰੇ ਗੁਰਾਂ ਦੀ ਕਿਰਪਾ ਨਾਲ ਰਾਮ ਨਾਮ ਰੂਪੀ ਧਨ ਨੂੰ ਇਕੱਠਾ ਕੀਤਾ, ਤਾਂ ਉਹ ਪਰਮਾਤਮਾ ਸਾਰੇ ਪੂਰਨ ਨਿਗਾਹ ਆਇਆ॥ ੨ ॥

ਪਉੜੀ ॥ ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥

ਜੋ ਪੁਰਸ਼ ਲਬ ਤੇ ਮੋਹ ਆਦਿਕ ਵਿਕਾਰਾਂ ਕਰਕੇ ਵਿਗੁਤੇ=ਖਰਾਬ ਕੀਤੇ ਹੋਏ ਹਨ,ਉਨ੍ਹਾਂ ਦਾ ਖਸਮ=ਪਰਮਾਤਮਾ ਦੇ ਨਾਲ ਧੋਹੁ=ਛਲ ਨਹੀਂ ਚਲ ਸਕਦਾ।

ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥

ਉਹ ਭਲੇਰਿਆ=ਬੁਰੇ ਕਰਤੱਬਾਂ ਨੂੰ ਕਰਦੇ ਹਨ ਅਤੇ ਮਾਇਆ ਦੇ ਮਦ ਵਿਚ ਸੁਤੇ ਹੋਏ ਹਨ।

ਅਥਵਾ:-ਦਿਖਲਾਵੇ ਵਾਸਤੇ ਤਾਂ ਉਹ ਭਲੇਰੇ=ਚੰਗੇ ਕਰਤੱਬ ਕਰਦੇ ਹਨ ਪਰ ਮਨ ਬੁਰੇ ਕੰਮਾਂ ਵਿਚ ਲਗਾ ਹੋਇਆ ਹੈ ਤੇ ਮਾਇਆ ਦੀ ਮਸਤੀ ਵਿਚ ਸੁਤੇ ਹੋਏ ਹਨ।

ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ ਮੁਤੇ ॥
ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ ॥

ਉਨ੍ਹਾਂ ਨੂੰ ਮੁੜ ਮੁੜ ਕੇ ਜੂਨਾਂ ਵਿਚ ਭੁਆਇਆ ਜਾਂਦਾ ਹੈ ਅਤੇ ਜਮ ਰਸਤੇ ਵਿਚ ਮੁਤੇ=ਛਡਿਆ ਜਾਂਦਾ

ਭਾਵ ਭੇਜਿਆ ਜਾਂਦਾ ਹੈ। ਉਹ ਆਪਣੇ ਕੀਤੇ ਕਰਮਾਂ ਦਾ ਫਲ ਆਪ ਹੀ ਪਾਂਵਦੇ ਹਨ ਤੇ ਦੁਖਾਂ ਦੇ ਨਾਲ ਜੁਤੇ=ਜੋੜਿਆ ਜਾਂਦਾ ਹੈ। ਵਾ:-ਜੁਤੀਆਂ ਦੀ ਉਪਰੋਂ ਮਾਰ ਪੈਂਦੀ ਹੈ

ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨਾਮ ਦੇ ਭੁਲਾਣੇ ਕਰਕੇ ਸਭ ਰੁਤਾਂ ਮੰਦੀਆਂ ਹਨ॥ ੧੨ ॥

ਸਲੋਕ ਮਃ ੫ ॥ ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥

ਜਿਨ੍ਹਾਂ ਨੇ ਨਾਮ ਨੂੰ ਜਪਿਆ ਹੈ ਉਨ੍ਹਾਂ ਨੂੰ ਉੱਠਦਿਆਂ ਬਹਿੰਦਿਆਂ ਤੇ ਸੁਤਿਆਂ ਭੀ ਸੁਖ ਹੁੰਦਾ ਹੈ।

ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਨੂੰ ਸਲਾਹਿਐ=ਜਪੀਏ, ਤਾਂ ਮਨ ਤਨ ਠੰਢਾ ਹੁੰਦਾ ਹੈ॥ ੧ ॥

ਮਃ ੫ ॥ ਲਾਲਚਿ ਅਟਿਆ ਨਿਤ ਫਿਰੈ ਸੁਆਰਥੁ ਕਰੇ ਨ ਕੋਇ ॥

ਇਹ ਜੀਵ ਪਦਾਰਥਾਂ ਦੇ ਲਾਲਚ ਵਿਚ ਅਟਿਆ=ਦਬਿਆ ਹੋਇਆ ਨਿਤ ਹੀ ਭੌਂਦਾ ਫਿਰਦਾ ਹੈ, ਸੁਆਰਥੁ=ਆਪਣਾ ਪ੍ਰਯੋਜਨ ਜੋ ਨਾਮ ਜਪਣ ਦਾ ਹੈ, ਉਸਨੂੰ ਕੋਈ ਨਹੀਂ ਕਰਦਾ ।

ਜਿਸੁ ਗੁਰੁ ਭੇਟੈ ਨਾਨਕਾ ਤਿਸੁ ਮਨਿ ਵਸਿਆ ਸੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸਨੂੰ ਗੁਰੂ ਮਿਲਦਾ ਹੈ, ਤਿਸ੍ਦੇ ਮਨ ਵਿਚ ਉਹ ਪਰਮਾਤਮਾ ਵਸਿਆ ਹੈ॥ ੨ ॥

ਪਉੜੀ ॥ ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥
ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥

ਹੋਰ ਸੰਸਾਰਕ ਸਭ ਚੀਜਾਂ ਕਉੜੀਆ=ਦੁਖਦਾਈ ਹਨ, ਇਕ ਸਚੇ ਪਰਮੇਸ਼ਰ ਦਾ ਨਾਮ ਮਿੱਠਾ ਹੈ। ਤਿਨ੍ਹਾਂ ਹਰੀ ਜਨਾਂ ਨੂੰ ਨਾਮ ਦਾ ਸੁਆਦ ਆਇਆ ਹੈ, ਜਿਨ੍ਹਾਂ ਨੇ ਸੰਤਾਂ ਨਾਲ ਮਿਲਕੇ ਚਖ ਵੇਖਿਆ ਹੈ।

ਪਾਰਬ੍ਰਹਮਿ ਜਿਸੁ ਲਿਖਿਆ ਮਨਿ ਤਿਸੈ ਵੁਠਾ ॥
ਇਕੁ ਨਿਰੰਜਨੁ ਰਵਿ ਰਹਿਆ ਭਾਉ ਦੁਯਾ ਕੁਠਾ ॥

ਜਿਸ ਦੇ ਮੱਥੇ ਪਰ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ, ਤਿਸ ਦੇ ਮਨ ਵਿਚ ਪਾਰਬ੍ਰਹਮ ਵਸਿਆ ਹੈ। ਇਸ ਲਈ ਉਸ ਨੇ ਭਾਉ ਦੁਯਾ=ਦ੍ਵੈਤ ਭਾ ਨੂੰ ਕੋਹ ਕੇ ਅਰਥਾਤ ਮਾਰ ਕੇ ਇਕ ਨਿਰੰਜਨੁ=ਮਾਇਆ ਮਲ ਤੋਂ ਰਹਿਤ ਪਰਮੇਸ਼ਰ ਨੂੰ ਹੀ ਸਭਨਾ ਵਿਚ ਰਵਿ ਰਿਹਾ ਦੇਖਿਆ ਹੈ।

ਹਰਿ ਨਾਨਕੁ ਮੰਗੈ ਜੋੜਿ ਕਰ ਪ੍ਰਭੁ ਦੇਵੈ ਤੁਠਾ ॥ ੧੩ ॥

ਸਤਿਗੁਰੂ ਜੀ ਕਥਨ ਕਰਦੇ ਹਨ-ਜਿਹੜਾ ਪੁਰਸ਼ ਹਰੀ ਦੇ ਪਾਸੋਂ ਕਰ=ਹੱਥ ਜੋੜ ਕੇ ਏਕਤਾ ਨੂੰ ਮੰਗਦਾ ਹੈ, ਪ੍ਰਭੂ ਉਸ ਨੂੰ ਤੁਠਾ=ਪ੍ਰਸੰਨ ਹੋ ਕੇ ਦਿੰਦਾ ਹੈ॥ ੧੩ ॥

ਸਲੋਕ ਮਃ ੫ ॥ ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ ॥

ਜਾਚੜੀ=ਮੰਗਣੀ ਸਾ ਸਾਰੁ=ਓਹੀ ਸ੍ਰੇਸ਼ਟ ਹੈ ਜਿਹੜੀ ਗੁਰਾਂ ਪਾਸੋਂ ਹੇਕੜੋ=ਇਕ ਪਰਮੇਸ਼ਰ ਦੀ ਪ੍ਰਾਪਤੀ

ਜਾਚੰਦੀ=ਮੰਗਣੀ ਹੈ।

ਗਾਲੀ ਬਿਆ ਵਿਕਾਰ ਨਾਨਕ ਧਣੀ ਵਿਹੂਣੀਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਕ ਧਣੀ=ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਬਿਆ=ਦੂਜੀਆਂ ਗੱਲਾਂ ਸਭ ਵਿਕਾਰ ਰੂਪ ਹਨ॥ ੧॥

ਮਃ ੫ ॥ ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ ॥

ਜਿਸ ਨੇ ਆਪਣੇ ਮਨ ਨੂੰ ਪਰਮੇਸ਼ਰ ਦੇ ਨੀਹਿ=ਪ੍ਰੇਮ ਵਿਚ ਵਿਧਾ=ਤਦਾਕਾਰ ਕੀਤਾ ਹੈ ਉਸ ਦਾ ਪਛਾਣੂ ਕੋਈ ਵਿਰਲਾ ਹੀ ਹੈ।

ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਪਰਮੇਸ਼ਰ ਪ੍ਰਾਪਤੀ ਦੇ ਪਧਰੋ=ਖੁਲ੍ਹੇ ਪਾਧਰੁ=ਰਸਤੇ ਵਿਚ ਜੋੜਨਹਾਰਾ ਕੋਈ ਵਿਰਲਾ ਹੀ ਸੰਤ ਹੈ॥ ੨॥

ਪਉੜੀ ॥ ਸੋਈ ਸੇਵਿਹੁ ਜੀਅੜੇ ਦਾਤਾ ਬਖਸਿੰਦੁ ॥
ਕਿਲਵਿਖ ਸਭਿ ਬਿਨਾਸੁ ਹੋਨਿ ਸਿਮਰਤ ਗੋਵਿੰਦੁ ॥

ਹੇ ਜੀਵੋ ! ਉਸ ਬਖਸ਼ਣ ਵਾਲੇ ਦਾਤੇ ਨੂੰ ਸੇਵਣਾ ਕਰੋ।

ਜਿਸ ਗੋਵਿੰਦ ਨੂੰ ਸਿਮਰਦਿਆਂ ਹੀ ਸਾਰੇ ਕਿਲਵਿਖ=ਪਾਪ ਨਾਸ ਹੋ ਜਾਂਦੇ ਹਨ।

ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ ॥
ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ ॥

ਹਰੀ ਦੇ ਰਸਤੇ ਨੂੰ ਸੰਤਾਂ ਨੇ ਹੀ ਦਸਿਆ ਹੈ, ਤਾਂ ਤੇ ਗੁਰਾਂ ਦੇ ਮੰਤਰ ਨੂੰ ਜਪਣਾ ਕਰੀਏ। ਜਿਸ ਦੇ ਮਨ ਵਿਚ ਹਰੀ ਭਾਉਂਦਾ ਹੈ, ਉਸ ਨੇ ਮਾਇਆ ਦੇ ਸਭ ਸੁਆਦਾਂ ਨੂੰ ਫਿੱਕਾ ਸਮਝਿਆ ਹੈ।

ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਉਸ ਪਰਮੇਸ਼ਰ ਨੂੰ ਧਿਆਉਣਾ ਕਰ,

ਜਿਸ ਨੇ ਜਿੰਦੁ=ਬੁੱਧੀ, ਵਾ:-ਜੀਵਣ ਕਲਾ ਦਿੱਤੀ ਹੈ॥ ੧੪॥

ਸਲੋਕ ਮਃ ੫ ॥ ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥

ਹੇ ਪੁਰਖਾ ! ਮਨੁੱਖਾ ਜਨਮ, ਕਲਜੁਗ ਦਾ ਸਮਾਂ, ਭਾਰਥ ਖੰਡ ਦੀ ਭੂਮੀ ਜਿਹੜੀ ਪ੍ਰਾਪਤ ਹੋਈ ਹੈ ਏਹੋ ਇਕ ਸਚੇ ਨਾਮ ਬੀਜਣ ਦੀ ਵਤ੍ਰ ਲਗੀ ਹੋਈ ਹੈ, ਇਸ ਵਿਚ ਜੋ ਬੀਜੇਂਗਾ ਓਹੀ ਖਾਵੇਂਗਾ।

ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਹ ਵਤ੍ਰ ਤਿਸ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਸ੍ਰੇਸ਼ਟ ਲੇਖ ਲਿਖੇ ਹੋਏ ਦਾ ਫਲ ਆ ਕੇ ਪ੍ਰਾਪਤ ਹੁੰਦਾ ਹੈ॥ ੧॥

ਮਃ ੫ ॥ ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਨਾਨਕ ਸਾਹਿਬ ਦਾਤਿ ॥ ੨ ॥

ਹੇ ਭਾਈ ! ਅਵਲ ਤਾਂ ਮੰਗ ਹੀ ਨਾ ਜੇ ਤੂੰ ਮੰਗਣਾ ਹੈ ਤਾਂ ਇਕ ਸਚ ਨਾਮ ਨੂੰ ਮੰਗ, ਪਰ ਮਿਲਦਾ ਉਸਨੂੰ ਹੈ ਜਿਸ ਨੂੰ ਆਪ ਪਰਮੇਸ਼ਰ ਤੁਸਿ=ਪ੍ਰਸੰਨ ਹੋ ਕੇ ਦਿੰਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਖਾਣ ਕਰਕੇ ਮਨ ਰੱਜ ਜਾਂਦਾ ਹੈ ਉਹ ਸਾਹਿਬ ਦੀ ਨਾਮ ਦਾਤ ਹੈ॥ ੨ ॥

ਪਉੜੀ ॥ ਲਾਹਾ ਜਗ ਮਹਿ ਸੇ ਖਟਹਿ ਜਿਨ ਹਰਿ ਧਨੁ ਰਾਸਿ ॥
ਦੁਤੀਆ ਭਾਉ ਨ ਜਾਣਨੀ ਸਚੇ ਦੀ ਆਸ ॥

ਜਗਤ ਦੇ ਵਿਚ ਲਾਹਾ=ਲਾਭ ਓਹੀ ਖਟਦੇ ਹਨ ਜਿਨ੍ਹਾਂ ਦੇ ਪਾਸ ਰਾਸਿ=ਸਚਾ ਹਰੀ ਨਾਮ ਧਨ ਹੈ ਅਤੇ ਉਹ ਸਚੇ ਦੀ ਆਸਾ ਕਰਕੇ ਦ੍ਵੈਤ ਭਾ ਨੂੰ ਜਾਣਦੇ ਨਹੀਂ।

ਨਿਹਚਲੁ ਏਕੁ ਸਰੇਵਿਆ ਹੋਰੁ ਸਭ ਵਿਣਾਸੁ ॥
ਪਾਰਬ੍ਰਹਮੁ ਜਿਸੁ ਵਿਸਰੈ ਤਿਸੁ ਬਿਰਥਾ ਸਾਸੁ ॥

ਉਨ੍ਹਾਂ ਨੇ ਹੋਰ ਸਾਰੇ ਜਗਤ ਨੂੰ ਨਾਸ ਰੂਪ ਸਮਝਕੇ ਇਕ ਅਚੁੱਲ ਪਰਮੇਸ਼ਰ ਨੂੰ ਸਰੇਵਿਆ=ਜਪਿਆ ਹੈ। ਜਿਸ ਨੂੰ ਪਰਾਰੂਪ ਬ੍ਰਹਮੁ=ਵਿਆਪਕ ਪਰਮੇਸ਼ਰ ਵਿਸਰਿਆ ਹੈ, ਤਿਸ ਦੇ ਸ੍ਵਾਸ ਵਿਅਰਥ ਜਾਂਦੇ ਹਨ।

ਕੰਠਿ ਲਾਇ ਜਨ ਰਖਿਆ ਨਾਨਕ ਬਲਿ ਜਾਸੁ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਸੰਤ ਜਨਾਂ ਨੇ ਪਰਮੇਸ਼ਰ ਨੂੰ ਗਲ ਨਾਲ ਲਗ ਰਖਿਆ ਹੈ, ਉਨ੍ਹਾਂ ਉਤੋਂ ਅਸੀਂ ਬਲਿਹਾਰ ਕੁਰਬਾਣ ਜਾਂਦੇ ਹਾਂ॥ ੧੫ ॥

ਉਥਾਨਕਾ:-ਇਕ ਸਮੇਂ ਵਰਖਾ ਨਾ ਹੋਣ ਕਰ ਕੇ ਬਹੁਤ ਸਾਰੀ ਔੜ ਲਗ ਗਈ। ਸਿੱਖਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਆਪ ਮੀਂਹ ਜ਼ਰੂਰ ਪੁਆਓ। ਉਸ ਵੇਲੇ ਗੁਰੂ ਅਰਜਨ ਦੇਵ ਜੀ ਨੇ ਪਰਮੇਸ਼ਰ ਅੱਗੇ ਅਰਦਾਸ ਕਰਕੇ ਬਹੁਤ ਹੀ ਜਲ ਦੀ ਵਰਖਾ ਕਰਵਾ ਦਿੱਤੀ ਜਾਂ ਵਰਖਾ ਹੋਈ ਤਾਂ ਗੁਰੂ ਸਾਹਿਬ ਜੀ ਨੇ ਇਹ ਸਲੋਕ ਉਚਾਰਿਆ-

ਸਲੋਕ ਮਃ ੫ ॥ ਪਾਰਬ੍ਰਹਮਿ ਫੁਰਮਾਇਆ ਮੀਹੁ ਵੁਠਾ ਸਹਜਿ ਸੁਭਾਇ ॥
ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ ॥

ਪਹਿਲਾ ਅਰਥ-ਹੇ ਭਾਈ ! ਜਿਸ ਵੇਲੇ ਪਾਰਬ੍ਰਹਮ ਪਰਮਾਤਮਾ ਨੇ ਹੁਕਮ ਦਿਤਾ ਤਾਂ ਸੁਤੇ ਸਿਧ ਹੀ ਮੀਂਹ ਵਸ ਪਿਆ, ਪ੍ਰਿਥਵੀ ਜਲ ਨੂੰ ਪਾਕੇ 'ਰਜੀ ਤਿਪਤਿ ਅਘਾਇ'=ਅਤਿਅੰਤ ਤ੍ਰਿਪਤ ਹੋ ਗਈ, ਜਦ ਬਹੁਤ ਸਾਰੀ ਰਜ ਗਈ ਤਾਂ ਅੰਨ ਬਹੁਤਾ ਉਪਜਿਆ, ਜਾਂ ਅੰਨ ਬਹੁਤਾ ਉਪਜਿਆ ਤਾਂ ਧਨ ਵੀ ਬਹੁਤ ਸਾਰਾ ਹੋ ਗਿਆ।

ਦੂਜਾ ਅਰਥ:-ਜਿਸ ਵੇਲੇ ਪ੍ਰਿਥਵੀ ਨੇ ਬ੍ਰਹਮਾ ਨੂੰ ਨਾਲ ਲੈ ਕੇ ਭਗਵਾਨ ਅਗੇ ਬੇਨਤੀ ਕੀਤੀ ਤਿਸ ਵੇਲੇ ਪਾਰਬ੍ਰਹਮ ਨੇ ਹੁਕਮ ਦਿਤਾ ਤਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਰੂਪੀ ਬੱਦਲ ਨੇ ਸੁਤੇ ਸਿੱਧ ਉਪਦੇਸ਼ ਜਲ ਦੀ

ਵਰਖਾ ਕੀਤੀ ਤਾਂ ਸ਼ੁਭ ਗੁਣਾਂ ਰੂਪੀ ਅੰਨ ਤੇ ਨਾਮ ਰੂਪੀ ਧਨ ਬਹੁਤ ਸਾਰਾ ਉਤਪੰਨ ਹੋਇਆ, ਪ੍ਰਿਥਵੀ=ਬੁੱਧੀ ਇਸ ਲੋਕ ਦੇ ਪਦਾਰਥਾਂ ਵਲੋਂ ਰਜੀ, ਪ੍ਰਲੋਕ ਦੇ ਪਦਾਰਥਾਂ ਵਲੋਂ ਵੀ ਤ੍ਰਿਪਤ ਹੋਈ ਅਤੇ ਬ੍ਰਹਮ ਲੋਕ ਦੇ ਪਦਾਰਥਾਂ ਵਲੋਂ ਵੀ ਅਘਾਇ=ਰੱਜ ਗਈ।

ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ॥
ਪੂਰਬਿ ਲਿਖਿਆ ਪਾਇਆ ਮਿਲਿਆ ਤਿਸੈ ਰਜਾਇ॥

ਜੋ ਪੁਰਸ਼ ਸਦਾ ਸਦਾ ਪਰਮੇਸ਼ਰ ਦੇ ਗੁਣਾਂ ਨੂੰ ਉਚਾਰਦਾ ਹੈ ਉਸ ਦਾ ਦੁਖ ਤੇ ਦਲਿਦ੍ਰ ਬਿਲਾਇ=ਨਾਸ ਹੋ ਗਿਆ ਹੈ, ਜਿਸ ਨੇ ਪੂਰਬਲਾ ਲਿਖਿਆ ਹੋਇਆ ਲੇਖ ਪਾਇਆ ਹੈ, ਤਿਸ ਨੂੰ ਰਜਾਇ=ਆਗਿਆ ਕਰਨ ਵਾਲਾ ਪਰਮਾਤਮਾ ਮਿਲਿਆ ਹੈ।

ਪਰਮੇਸਰਿ ਜੀਵਾਲਿਆ ਨਾਨਕ ਤਿਸੈ ਧਿਆਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਤਿਸ ਪਰਮੇਸ਼ਰ ਨੂੰ ਧਿਆਇਆ ਹੈ,
ਉਸ ਨੂੰ ਪਰਮੇਸ਼ਰ ਨੇ ਜਿਵਾਇਆ ਹੈ॥ ੧॥

[ਪੰਨਾ ੩੨੨]

ਮਃ ੫॥ ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ॥
ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ॥

ਹੇ ਭਾਈ ! ਜੀਵਨ ਪਦਵੀ ਪਾਣ ਵਾਸਤੇ, ਇਕ ਨਿਰਬਾਣੁ=ਨਿਰਬੰਧ ਭਾਵ ਬੰਧਨਾਂ ਤੋਂ ਰਹਿਤ ਪਰਮੇਸ਼ਰ ਨੂੰ ਸਿਮਰਨਾ ਕਰੋ ਕਿਉਂਕਿ ਉਸ ਪਰਮੇਸ਼ਰ ਤੋਂ ਬਿਨਾਂ ਆਸਰੇ ਵਾਲੀ ਦੂਜੀ ਕੋਈ ਜਗ੍ਹਾ ਨਹੀਂ, ਮਨ ਨੂੰ ਕਿਸ ਵਿਧੀ ਕਰਕੇ ਧੀਰਜ ਹੋਵੇ।

ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥

ਨਿਗਾਹ ਕਰ ਕੇ ਸਾਰੇ ਸੰਸਾਰ ਨੂੰ ਵੇਖਿਆ ਹੈ ਪਰ ਨਾਮ ਤੋਂ ਬਿਨਾਂ ਸੁਖ ਕਿਧਰੇ ਭੀ ਨਹੀਂ। ਇਸ ਤਨ ਤੇ ਧਨ ਨੇ ਛਾਰੁ=ਨਾਸ ਹੋ ਜਾਣਾ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ।

ਰੰਗ ਰੂਪ ਰਸ ਬਾਦਿ ਕਿ ਕਰਹਿ ਪਰਾਣੀਆ॥
ਜਿਸੁ ਭੁਲਾਏ ਆਪਿ ਤਿਸੁ ਕਲ ਨਹੀ ਜਾਣੀਆ॥

ਹੇ ਪੁਰਖਾ ! ਤੂੰ ਰੰਗ ਰੂਪ ਤੇ ਰਸ ਦਾ ਬਾਦਿ=ਵਿਅਰਥ ਮਾਣ ਕਿਉਂ ਕਰਦਾ ਹੈਂ।
ਜਿਸ ਨੂੰ ਆਪ ਪਰਮੇਸ਼ਰ ਭੁਲਾਂਵਦਾ ਹੈ, ਤਿਸ ਨੇ ਕਲ=ਸ਼ਾਂਤੀ ਨਹੀਂ ਜਾਣੀ।

ਰੰਗਿ ਰਤੇ ਨਿਰਬਾਣੁ ਸਚਾ ਗਾਵਹੀ॥
ਨਾਨਕ ਸਰਣਿ ਦੁਆਰਿ ਜੇ ਤੁਧੁ ਭਾਵਹੀ॥ ੨॥

ਜੋ ਪੁਰਸ਼ ਨਿਰਬਾਣੁ=ਪਰਮਾਤਮਾ ਦੇ ਰੰਗਿ ਵਿਚ ਰਤੇ ਹਨ, ਉਹ ਸਚਾ ਨਾਮ ਗਾਂਵਦੇ ਹਨ। ਗੁਰੂ ਜੀ

ਕਥਨ ਕਰਦੇ ਹਨ-ਹੇ ਪਰਮਾਤਮਾ ! ਤੇਰੇ ਦੁਆਰੇ ਸਤਿਸੰਗ ਦੀ ਸ਼ਰਨ ਵਿਚ ਪਏ ਹਾਂ, ਜੇ ਤੈਨੂੰ ਭਾ ਜਾਵੇ ਤਾਂ ਮੈਨੂੰ ਤਾਰ ਲਵੀਂ ॥ ੨ ॥

ਪਉੜੀ ॥ ਜੰਮਣੁ ਮਰਣੁ ਨ ਤਿਨ ਕਉ ਜੋ ਹਰਿ ਲੜਿ ਲਾਗੇ ॥
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥

ਜੋ ਪੁਰਸ਼ ਹਰੀ ਦੇ ਨਾਮ ਪੱਲੇ ਨਾਲ ਲਗੇ ਹਨ ਤਿਨ੍ਹਾਂ ਨੂੰ ਜਨਮ ਮਰਨ ਨਹੀਂ ਹੁੰਦਾ।

ਜੋ ਪੁਰਸ਼ ਹਰੀ ਦੇ ਕੀਰਤਨ ਵਿਚ ਜਾਗੇ ਹਨ, ਉਹ ਜਿਉਂਦੇ ਹੀ ਪ੍ਰਮਾਣੀਕ ਹੋਏ ਹਨ।

ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥
ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥

ਜਿਨ੍ਹਾਂ ਨੇ ਸੰਤਾਂ ਦਾ ਸੰਗ ਕਰਣਾ ਪਾਇਆ ਹੈ, ਉਹ ਵਡਿਆਂ ਭਾਗਾਂ ਵਾਲੇ ਹਨ।

ਜਿਨ੍ਹਾਂ ਨੇ ਹਰੀ ਦਾ ਨਾਮ ਵਿਸਾਰਿਆ ਹੈ, ਉਨ੍ਹਾਂ ਦੇ ਜੀਵਣ ਨੂੰ ਧ੍ਰਿਗਾਕਾਰ ਹੈ, ਉਹ ਕਚੇ ਧਾਂਗੇ ਵਾਂਗ ਛੇਤੀ ਟੁਟ ਜਾਣਗੇ।

ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ-ਲਖਾਂ ਕ੍ਰੋੜਾਂ ਪਰਾਗ ਰਾਜ ਤੀਰਥਾਂ ਨਾਲੋਂ ਵੀ ਸੰਤਾਂ ਦੀ ਚਰਨ ਧੂੜੀ ਪਵਿੱਤ੍ਰ ਹੈ। ਵਾ:-ਲੱਖਾਂ ਕ੍ਰੋੜਾਂ ਪਰਾਗ ਰਾਜ ਆਦਿਕ ਤੀਰਥਾਂ ਨੂੰ ਪਵਿੱਤ੍ਰ ਕਰਨ ਵਾਲੀ ਹੈ॥ ੧੬ ॥

ਸਲੋਕੁ ਮਃ ੫ ॥

ਇਕ ਸਮੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਾਸ ਸਿੱਖਾਂ ਨੇ ਮੀਂਹ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਸਿੱਖਾਂ ਦੀ ਬੇਨਤੀ ਪਰਵਾਨ ਕਰਕੇ ਖੂਬ ਜਲ ਦੀ ਵਰਖਾ ਵਰਖਾਈ ਉਸ ਗੱਲ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-

ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥ ੧ ॥

ਪਹਿਲਾ ਅਰਥ-ਗੁਰੁ ਨਾਨਕੁ ਸਤਿਗੁਰੁ ਤੁਠਾ:-ਗੁਰੁ=ਪੂਜਨੀਕ ਸਤਿਗੁਰੂ ਰਾਮਦਾਸ ਸਾਹਿਬ ਜੀ ਜਦ ਤੁਠਾ=ਪ੍ਰਸੰਨ ਹੋਏ। ਤੇ ਹਰਿ ਪ੍ਰੇਮ ਪੁਰਖੁ ਮਨਿ ਵੁਠਾ:-ਹਰੀ ਪੁਰਖ ਦਾ ਪ੍ਰੇਮ ਮਨ ਵਿਚ ਵਸਿਆ ਤਾਂ ਹਰੀ ਤੁਠਾ=ਪ੍ਰਸੰਨ ਹੋਇਆ ਜਾਂ ਹਰੀ ਪ੍ਰਸੰਨ ਹੋਇਆ ਤ੍ਹਾਂ ਬੱਦਲ ਵੁਠਾ=ਵਸਿਆ, ਜਾਂ ਬੱਦਲ ਵਸਿਆ ਤਾਂ ਧਰਣਿ ਸੁਵੰਨੀ ਖੜ ਰਤਨ ਜੜਾਵੀ:- ਖੜ=ਘਾਹ ਆਦੀ ਰਤਨਾਂ ਨਾਲ ਜੜਤਕਾਰੀ ਹੋ ਕੇ ਪ੍ਰਿਥਵੀ ਸੁਵੰਨੀ=ਸ੍ਰੇਸ਼ਟ ਰੰਗ ਵਾਲੀ ਭਾਵ ਸੋਭਨੀਕ ਹੋਈ ਫੇਰ ਸਭੇ ਕਾਜ ਸੁਹੇਲੜੇ ਥੀਏ=ਸਾਰੇ ਕਾਰਜ ਸੋਭਨੀਕ ਹੋਏ।

ਦੂਜਾ ਅਰਥ-ਜਿਸ ਵੇਲੇ ਗੁਰੁ ਨਾਨਕੁ ਸਤਿਗੁਰੁ ਤੁਠਾ=ਪੂਜਨੀਕ ਸਤਿਗੁਰਦੇਵ ਜੀ ਤੁਠਾ=ਪ੍ਰਸੰਨ ਹੋਏ, ਤੇ ਹਰਿ ਪ੍ਰੇਮ ਪੁਰਖੁ ਮਨਿ ਵੁਠਾ=ਹਰੀ ਪੁਰਖ ਦਾ ਪ੍ਰੇਮ ਮਨ ਵਿਚ ਵਸਿਆ; ਤਾਂ ਧਰਣਿ ਸੁਵੰਨੀ ਖੜ ਰਤਨ ਜੜਾਵੀ=ਬੁੱਧੀ ਰੂਪੀ ਧਰਤੀ ਖੜ=ਖਟ ਸੰਪਤੀ ਤੇ ਰਤਨ=ਵੈਰਾਗ ਆਦੀ ਸ਼ੁਭ ਗੁਣਾਂ ਨਾਲ ਜੜਤਕਾਰੀ ਹੋ ਕੇ ਸੁਵੰਨੀ=ਸ੍ਰੇਸ਼ਟ ਰੰਗ ਵਾਲੀ ਹੋਈ,

ਸਭੇ ਕਾਜ ਸੁਹੇਲੜੇ ਥੀਏ=ਤਾਂ ਸਾਰੇ ਕੰਮ ਸੋਭਨੀਕ ਥੀਏ=ਹੋ ਗਏ॥ ੧॥

ਹੁਣ ਇੱਲ ਦਾ ਦ੍ਰਿਸ਼ਟਾਂਤ ਦੇ ਕੇ ਮੰਦ ਵੈਰਾਗੀ ਦੀ ਗੱਲ ਦਸਦੇ ਹਨ-

ਮਃ ੫॥ ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥ ੨॥

ਜਿਵੇਂ ਇੱਲ ਦਸੋ ਦਿਸ਼ਾਂ ਦਰਿਆਵਾਂ, ਪਰਬਤ-ਪਹਾੜਾਂ ਅਤੇ ਬਨਰਾਇ=ਬਨਾਸਪਤੀ ਵਿਚ ਫਿਰਦਿਆਂ ਫਿਰਦਿਆਂ ਜਿਸ ਜਗ੍ਹਾਂ ਮੁਰਦੇ ਨੂੰ ਵੇਖਦੀ ਹੈ, ਤਿਸ ਜਗ੍ਹਾਂ ਆਕੇ ਬੈਠਦੀ ਹੈ।

ਇਸੀ ਤ੍ਰਹਾਂ ਮੰਦ ਵੈਰਾਗੀ ਪੁਰਸ਼ ਨੇ ਦਸੋ ਦਿਸ਼ਾਂ, ਜਲ ਅਸਥਾਨੀ ਤੀਰਥ, ਪਹਾੜ ਤੇ ਬਨਰਾਇ= ਬਨਾਸਪਤੀ, ਵਾ:-ਬਾਨ ਪ੍ਰਸਤੀ ਆਦਿਕ ਭੇਖਾਂ ਵਿਚ ਭੌਂਦਿਆਂ ੨, ਜਿਸ ਜਗ੍ਹਾਂ ਮਿਰਤਕੋ=ਮੁਰਦਾ (ਪਦਾਰਥ, ਵਾ:-ਪਰ ਇਸਤ੍ਰੀ) ਵੇਖੀ ਓਥੇ ਹੀ ਡਿਗ ਪਿਆ।

ਨੋਟ:-ਪਦਾਰਥ ਅਤੇ ਪਰ ਇਸਤ੍ਰੀ ਪਰਮੇਸ਼ਰ ਵਲੋਂ ਜੀਵ ਨੂੰ ਮਾਰ ਦਿੰਦੇ ਹਨ, ਇਸ ਕਰਕੇ ਇਨ੍ਹਾਂ ਨੂੰ ਮਿਰਤਕ ਸ਼ਬਦ ਕਿਹਾ ਹੈ।

ਪਉੜੀ॥ ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ॥
ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ॥

ਜਿਸ ਨੂੰ ਸਾਰੇ ਸੁਖਦਾਈ ਫਲਾਂ ਦੀ ਲੋੜੀਅਹਿ=ਚਾਹ ਹੈ, ਉਸਨੂੰ ਸਚ ਨਾਮ ਕਮਾਉਣਾ ਚਾਹੀਦਾ ਹੈ। ਇਕ ਨਾਮ ਨੂੰ ਧਿਆਉਂਦਿਆਂ ਹੋਇਆਂ ਉਸ ਪਾਰਬ੍ਰਹਮ ਨੂੰ ਨੇੜੇ ਦੇਖੇ।

ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥

ਸਾਰਿਆਂ ਦੀ ਰੇਣੁਕਾ=ਚਰਨ ਧੂੜੀ ਹੋ ਕੇ, ਹਰੀ ਦੇ ਨਾਲ ਸਮਾਵਉ=ਅਭੇਦ ਹੋਵੇ।

ਕਿਸੇ ਜੀਵ ਨੂੰ ਦੁਖ ਨਾ ਦੇਣਾ ਕਰ, ਪਤਿਸ਼ਟਾ ਵਾ:-ਪਤੀ ਪਰਮਾਤਮਾ ਦੇ ਨਾਲ ਸਰੂਪ ਘਰ ਵਿਚ ਜਾਣਾ ਕਰੋ।

ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ॥ ੧੭॥

ਗੁਰੂ ਜੀ ਸੁਣਾਂਵਦੇ ਹਨ-ਕਿ ਉਹ ਕਰਤਾ ਪੁਰਖ ਵਾਹਿਗੁਰੂ ਪਤਿਤ ਪੁਨੀਤ=ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਹੈ॥ ੧੭॥

ਸਲੋਕ ਦੋਹਾ ਮਃ ੫॥

ਇਸ ਸਲੋਕ ਨੂੰ ਗੁਰੂ ਸਾਹਿਬ ਜੀ ਦੋਹਾ=ਦੋਹਰੇ ਦੀ ਚਾਲ ਵਿਚ ਕਥਨ ਕਰਦੇ ਹਨ-

ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ॥
ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ॥ ੧॥

ਇਕ ਜੋ ਪਰਮੇਸ਼ਰ ਹੈ ਉਸ ਨੂੰ ਮੈਂ ਆਪਣਾ ਸਾਜਨੁ=ਮਿਤ੍ਰ ਬਣਾਇਆ ਹੈ, ਉਹ ਸਾਰੀਆਂ ਸ਼ਕਤੀਆਂ ਵਿਚ ਸਮਰੱਥ ਹੈ। ਸਾਡਾ ਜੀਉ=ਦਿਲ ਉਸ ਤੋਂ ਬਲਿਹਾਰ ਜਾਂਦਾ ਹੈ, ਮੇਰੇ ਮਨ ਤਨ ਸੰਦੜੀ=ਦੀ ਹਰ ਇਕ ਵਸਤੂ

ਉਹ ਇਕ ਹਰੀ ਹੀ ਹੈ॥ ੧॥

ਮਃ ੫॥ ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ॥
ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ॥ ੨॥

ਹੇ ਪਿਆਰੇ ਵਾਹਿਗੁਰੂ ! ਜੇ ਆਪ ਮੇਰੇ ਮਨ ਰੂਪੀ ਕਰੁ=ਹੱਥ ਨੂੰ ਗਹਹਿ=ਫੜ ਲਵੋ, ਤਾਂ ਮੈਂ ਆਪ ਜੀ ਨੂੰ ਕਦੇ ਭੀ ਨਾ ਛਡਾਂ। ਕਿਉਂਕਿ ਜੋ ਪੁਰੁਸ਼ ਹਰੀ ਨੂੰ ਛਡਦੇ ਹਨ, ਉਹ ਦੁਰਜਨਾ=ਖੋਟੇ ਪੁਰਸ਼ ਹਨ ਉਹ ਅੰਤ ਨੂੰ ਦੋਜਕ=ਨਰਕਾਂ ਦੇ ਸੂਲਿ=ਦੁੱਖਾਂ ਵਿਚ ਪੈਂਦੇ ਹਨ॥ ੨॥

ਪਉੜੀ॥ ਸਭਿ ਨਿਧਾਨ ਘਰਿ ਜਿਸ ਦੈ ਹਰਿ ਕਰੇ ਸੁ ਹੋਵੈ॥
ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ॥

ਜਿਸ ਦੇ ਘਰ ਵਿਚ ਸਾਰੇ ਖਜ਼ਾਨੇ ਹਨ, ਉਹ ਹਰੀ ਜੋ ਕਰਦਾ ਹੈ, ਓਹੀ ਹੁੰਦਾ ਹੈ।

ਸੰਤ ਜਨ ਉਸ ਹਰੀ ਨਾਮ ਨੂੰ ਜਪ ਜਪ ਕੇ ਜਿਉਂਦੇ ਹਨ, ਅਤੇ ਪਾਪਾਂ ਰੂਪੀ ਮੈਲ ਨੂੰ ਧੋਂਦੇ ਹਨ।

ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ॥
ਗੁਰੁ ਪੂਰਾ ਜਿਸੁ ਭੇਟੀਐ ਮਰਿ ਜਨਮਿ ਨ ਰੋਵੈ॥

ਜਿਸ ਦੇ ਹਿਰਦੇ ਵਿਚ ਗੁਰਾਂ ਦੇ ਚਰਨ ਕਮਲ ਵਸਦੇ ਹਨ, ਉਹ ਪੁਰਸ਼ ਸਾਰੇ ਸੰਕਟ=ਦੁੱਖਾਂ ਨੂੰ ਖੋਹ ਲੈਂਦਾ ਹੈ। ਜਿਸ ਨੂੰ ਪੂਰਾ ਗੁਰੂ ਮਿਲਦਾ ਹੈ, ਉਹ ਪੁਰਸ਼ ਜਨਮ ਮਰਣ ਵਿਚ ਪੈ ਕੇ ਰੋਂਦਾ ਨਹੀਂ।

ਪ੍ਰਭ ਦਰਸ ਪਿਆਸ ਨਾਨਕ ਘਣੀ ਕਿਰਪਾ ਕਰਿ ਦੇਵੈ॥ ੧੮॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਦਰਸ਼ਨ ਦੀ ਘਣੀ ਪਿਆਸਾ ਲਗ ਰਹੀ ਹੈ,

ਜਿਸ ਉੱਤੇ ਕਿਰਪਾ ਕਰਦਾ ਹੈ ਉਸ ਨੂੰ ਦਰਸ਼ਨ ਦਿੰਦਾ ਹੈ॥ ੧੮॥

ਸਲੋਕ ਛਖਣਾ ਮਃ ੫॥

ਛਖਣਾ ਛੰਦ ਦੀ ਚਾਲ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-

ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ॥
ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ॥ ੧॥

ਹੇ ਭੋਰੀ=ਭੋਲੀ ! ਤੂੰ ਇਕ ਪਿਰੀ ਪਰਮਾਤਮਾ ਵਿਚ ਮੁਹਬਤਿ=ਪ੍ਰੇਮ ਕਰਕੇ ਭੋਰੀ ਭਰਮੁ ਵਞਾਇ=ਰੰਚਕ ਮਾਤ੍ਰ ਭਰਮ ਨੂੰ ਦੂਰ ਕਰ ਦੇਵੇਂ ਤਾਂ ਤੈਨੂੰ ਗਿਆਨ ਰੂਪੀ ਭੋਰੀ=ਦਿਨ ਉਦੇ ਹੋਵੇਗਾ।

(ਭੋਰੀ ਪਦ ਦੇ ਤਿੰਨੇ ਸੰਪ੍ਰਦਾਈ ਅਰਥ ਹਨ-੧ ਭੋਲੀ, ੨ ਰੰਚਕ ਮਾਤ੍ਰ, ੩ ਦਿਨ)

ਜਿਥਹੁ ਵੰਞੈ=ਜਿਸ ਜਗ੍ਹਾ ਤੋਂ ਚਲੇਂ, ਅਤੇ ਜਿਸ ਜਗ੍ਹਾ ਪਰ ਜਾਵੇਂ, ਵਾ:-ਜਿਸ ਅੰਤਹਕਰਣ ਰੂਪੀ ਜਾਇ=ਜਗ੍ਹਾਂ ਵਿਚੋਂ ਭਰਮ ਵੰਞੈ=ਚਲਿਆ ਜਾਵੇ, ਉਹ ਪਰਮਾਤਮਾ ਤਿਥੇ ਹੀ ਮਉਜੂਦੁ=ਪਰਗਟ ਹੈ॥ ੧॥

ਮਃ ੫ ॥ ਚੜਿ ਕੈ ਘੋੜੜੈ ਕੁੰਦੇ ਪਕੜਹਿ ਖੁੰਡੀ ਦੀ ਖੇਡਾਰੀ ॥
ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ॥ ੨ ॥

ਜਿਵੇਂ ਕੋਈ ਪੁਰਸ਼ ਹੈ ਤਾਂ ਖਿਦੋ-ਖੁੰਡੀ ਦੀ ਖੇਡ ਦਾ ਖਿਡਾਰ, ਤੇ ਜੇਕਰ ਉਹ ਘੋੜੇ ਉੱਤੇ ਚੜ੍ਹ ਕੇ ਬੰਦੂਕਾਂ ਦੇ ਕੁੰਦੇ ਫੜਕੇ ਚਲਾਣਾ ਚਾਹੇ ਤਾਂ ਕਿਵੇਂ ਚਲਾ ਸਕਦਾ ਹੈ।

ਹੋਰ ਦ੍ਰਿਸ਼ਟਾਂਤ ਸੁਣੋ:-ਹੈ ਤਾਂ ਕੁਕੜ ਦੀ ਉਡਾਰੀ ਜਿਤਨਾ ਉਡਣੇ ਵਾਲਾ ਤੇ ਹੰਸਾਂ ਦੇ ਨਾਲ ਉਡਣ ਵਾਸਤੇ ਚਿੱਤ ਵਿਚ ਉਲਾਸਹਿ=ਉਤਸ਼ਾਹ ਕਰੇ ਤਾਂ ਕਿਵੇਂ ਉੱਡ ਸਕਦਾ ਹੈ?

ਤਿਵੇਂ ਖੁੰਡੀ ਦਾ ਖੇਡਾਰੀ=ਹੈ ਤਾਂ ਸੰਸਾਰਕ ਵਿਹਾਰਾਂ ਦੇ ਕਰਨ ਵਾਲਾ ਤੇ ਗਿਆਨ ਰੂਪੀ ਘੋੜੇ ਉੱਤੇ ਚੜ੍ਹਕੇ ਬੇਦਾਂ ਰੂਪੀ ਬੰਦੂਕਾਂ ਦੇ ਮਹਾਂਵਾਕਾਂ ਰੂਪੀ ਕੁੰਦਿਆਂ ਨੂੰ ਫੜ ਕੇ ਉਪਦੇਸ਼ ਕਰਨਾ ਚਾਹੇ ਤਾਂ ਕਿਵੇਂ ਕਰ ਸਕਦਾ ਹੈ? ਕੁਕੜ ਦੀ ਉਡਾਰੀ=ਹੈ ਤਾਂ ਸ਼ਕਾਮ ਕਰਮਾਂ ਦੇ ਕਰਣ ਵਾਲਾ, ਅਰਥਾਤ ਸ਼ਕਾਮ ਕਰਮਾਂ ਨੂੰ ਕਰਕੇ ਸੁਰਗ ਆਦਿਕਾਂ ਨੂੰ ਪਹੁੰਚਣੇ ਵਾਲਾ, ਤੇ 'ਹੰਸਾ ਸੇਤੀ ਚਿਤੁ ਉਲਾਸਹਿ' =ਮਹਾਤਮਾਂ ਨਾਲ ਮਿਲ ਕੇ ਅਨੰਦ ਲੈਣਾ ਚਾਹੇ, ਅਰਥਾਤ ਤਤ ਮਿਥਿਆ ਦਾ ਵਿਵੇਚਨ ਕਰਨਾ ਚਾਹੇ, ਤਾਂ ਕਿਵੇਂ ਕਰ ਸਕਦਾ ਹੈ? ॥ ੨ ॥

ਪਉੜੀ ॥ ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥
ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥

ਹੇ ਮਿਤਰਾ ! ਜੋ ਪੁਰਸ਼ ਰਸਨਾਂ ਦੁਆਰੇ ਪ੍ਰਮੇਸ਼ਰ ਨਾਮ ਨੂੰ ਉਚਾਰਦਾ ਹੈ, ਤੇ ਸ੍ਰਵਣੀ=ਕੰਨਾਂ ਨਾਲ ਹਰੀ ਜਸ ਨੂੰ ਸੁਣਦਾ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

ਜੋ ਭਾਵਨੀ=ਸ਼ਰਧਾ ਨੂੰ ਲਗਾਕੇ ਹਰੀ ਜਸ ਨੂੰ ਲਿਖਦੇ ਹਨ, ਸੇ ਹਸਤ=ਉਹ ਹੱਥ ਪਵਿੱਤ੍ਰ ਹਨ।

ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ ॥
ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ ॥

ਜਿਸਨੇ ਉਪਰਲੇ ਕਹੇ ਹੋਏ ਉਪਦੇਸ਼ ਨੂੰ ਧਾਰਿਆ ਹੈ ! ਉਸਨੇ ੬੮ ਤੀਰਥਾਂ ਦਾ ਮਜਨਾ=ਇਸ਼ਨਾਨ ਤੇ ਸਭ ਤਰ੍ਹਾਂ ਦਾ ਪੁੰਨ ਕਿਤਾ=ਕਰ ਲਿਆ ਹੈ।

ਜਿਸਨੇ ਵਿਸ਼ਿਆਂ ਦੇ ਕਿਲ੍ਹੇ ਨੂੰ ਜਿਤਿਆ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ।

[ਪੰਨਾ ੩੨੩]

ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਸੰਤਾਂ ਨੇ ਅਮਿਤਾ=ਮਰਯਾਦਾ ਤੋਂ ਰਹਿਤ ਅਤੇ ਸਭ ਦੇ ਦਯੁ=ਪ੍ਰੇਰਕ ਵਾਹਿਗੁਰੂ ਨੂੰ ਸੇਵਿਆ ਹੈ, ਉਨ੍ਹਾਂ ਨੇ ਆਪਣੇ ਉਪਦੇਸ਼ ਰੂਪੀ ਲੜਿ=ਪਲੇ ਨਾਲ ਲਗਾਕੇ ਕਈ ਜੀਵਾਂ ਨੂੰ ਤਾਰਨਾਂ ਕੀਤਾ ਹੈ॥ ੧੯ ॥

ਸਲੋਕ ਮਃ ੫ ॥ ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ ॥

ਹੇ ਭਾਈ ਸੰਸਾਰਕ ਧੰਧਿਆਂ ਨੂੰ ਲਾਹ ਦੇਹ ਕਿਉਂਕਿ ਇਹ ਧੰਧੇ ਕੁਲਾਹ=ਖੋਟਾ ਲਾਭ ਦੇਣ ਵਾਲੇ ਹਨ।

ਇਨ੍ਹਾਂ ਵਿਚ ਲਗਿਆਂ ਹੋਇਆਂ ਇਕ ਵਾਹਿਗੁਰੂ ਚੇਤੇ ਨਹੀਂ ਆਉਂਦਾ।

ਨਾਨਕ ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੈ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਓਹੀ ਸਰੀਰ ਫੁਟੰਨਿ=ਫੁਟਦੇ, ਦੁਖੀ, ਭਾਵ ਕੋਹੜੀ ਹੁੰਦੇ ਹਨ, ਜਿਨ੍ਹਾਂ ਨੂੰ ਸਾਂਈ=ਪਰਮਾਤਮਾ ਭੁਲ ਜਾਂਦਾ ਹੈ।

ਮਃ ੫ ॥ ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥
ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥

ਤਿਸ ਕਰਣੈਹਾਰੇ=ਪਰਮਾਤਮਾ ਨੇ ਪ੍ਰੇਤਾਂ ਤੋਂ ਦੇਵਤਾ ਕੀਤਾ ਹੈ। ਪ੍ਰਭੂ ਨੇ ਆਪ ਹੀ ਸਾਰਿਆਂ ਸਿਖਾਂ ਦੇ ਕਾਰਜ ਸਵਾਰਕੇ ਸਭਨਾਂ ਨੂੰ ਸੰਸਾਰ ਤੋਂ, ਵਾ:-ਜਮਾਂ ਤੋਂ ਉਬਾਰਿਅਨੁ=ਬਚਾ ਲਿਆ ਹੈ।

ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥
ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥ ੨ ॥

ਨਿੰਦਕਾਂ ਨੂੰ ਦਰਬਾਰ ਵਿਚ ਝੂਠਾ ਕਰਕੇ ਪਛਾੜਿਅਨੁ=ਮਾਰਨਾ ਕੀਤਾ ਹੈ।
ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਦਾ ਪ੍ਰਭੂ ਸੁਆਮੀ ਸਭ ਤੋਂ ਵੱਡਾ ਹੈ,
ਜੋ ਆਪ ਹੀ ਸਾਜਦਾ ਤੇ ਆਪ ਹੀ ਸੁਆਰਦਾ ਹੈ॥ ੨ ॥

ਪਉੜੀ ॥ ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ ਸਭੁ ਤਿਸੈ ਕਰਣਾ ॥

ਬਿਅੰਤ ਪ੍ਰਭੂ ਦਾ ਕੁਛ ਅੰਤ ਨਹੀਂ ਆਉਂਦਾ, ਸਭ ਦੇ ਉੱਪਰ ਉਸ ਦੀ ਕਰਣਾ=ਕਿਰਪਾ ਹੈ।
ਅਥਵਾ:-ਸਾਰੇ ਕਰਣਾ=ਕਰਤੱਬ ਉਸ ਨੇ ਆਪ ਹੀ ਕੀਤੇ ਹਨ।

ਅਗਮ ਅਗੋਚਰੁ ਸਾਹਿਬੋ ਜੀਆਂ ਕਾ ਪਰਣਾ ॥

ਮਨ ਕਰਕੇ ਅਗਮ ਇੰਦ੍ਰੀਆਂ ਕਰਕੇ ਅਵਿਸ਼ੇ ਜੋ ਸਾਹਿਬ ਪਰਮਾਤਮਾ ਹੈ
ਉਹ ਸਾਰਿਆਂ ਜੀਵਾਂ ਦਾ ਪਰਣਾ=ਆਸਰਾ ਰੂਪ ਹੈ।

ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ ਕਰਣਾ ॥

ਕਿਰਪਾ ਰੂਪੀ ਹਸਤ=ਹਥ ਦੇ ਕੇ ਸਭਨਾਂ ਦੀ ਪ੍ਰਤਿਪਾਲਾ ਕਰਦਾ ਹੈ
ਅਤੇ ਭਰਕੇ ਪੋਖਣੁ=ਪੁਸ਼ਟੀ ਕਰਦਾ ਹੈ।

ਮਿਹਰਵਾਨੁ ਬਖਸਿੰਦੁ ਆਪਿ ਜਪਿ ਸਚੇ ਤਰਣਾ ॥

ਉਹ ਆਪ ਹੀ ਮੇਹਰਵਾਨ ਤੇ ਔਗੁਣਾਂ ਦੇ ਬਖਸ਼ਣ ਵਾਲਾ ਹੈ, ਉਸ ਸਚੇ ਦੇ ਜਪਣ ਕਰਕੇ ਸੰਸਾਰ ਸਮੁੰਦ੍ਰ ਤੋਂ ਤਰਨਾ ਹੁੰਦਾ ਹੈ।

ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ ਹੇ ਪੁਰਖ਼ਾ ! ਤੂੰ ਐਸੇ ਬੇਨਤੀ ਕਰ, ਹੇ ਪ੍ਰਭੂ ! ਜੋ ਆਪ ਜੀ ਨੂੰ ਭਾਉਂਦਾ ਹੈ ਉਹ ਭਲਾ=ਚੰਗਾ ਹੈ, ਮੈਂ ਦਾਸ ਨੇ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ॥ ੨੦ ॥

ਸਲੋਕ ਮਃ ੫ ॥ ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ ॥
ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ ॥ ੧ ॥

ਜਿਸ ਦਾ ਆਸਰਾ ਉਹ ਪ੍ਰਭੂ ਪਰਮਾਤਮਾ ਹੈ ਉਸ ਨੂੰ ਕੋਈ ਭੀ ਭੁੱਖ ਨਹੀਂ ਰਹੀ। ਗੁਰੂ ਜੀ ਕਥਨ ਕਰਦੇ ਹਨ-ਉਸ ਦੀ ਚਰਨੀ ਲਗਿਆਂ ਸਭ ਕੋਈ ਤਰ ਜਾਂਦਾ ਹੈ॥ ੧ ॥

ਮਃ ੫ ॥ ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ ॥
ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ ॥ ੨ ॥

ਹੇ ਵਾਹਿਗੁਰੂ ! ਮੈਂ ਮੰਗਤਾ ਹੋ ਕੇ ਨਿਤਾਪ੍ਰਤੀ ਨਾਮ ਦਾਨ ਮੰਗਦਾ ਹਾਂ ਹੇ ਸਾਹਿਬ ਤੂੰ ਮੇਰੀ ਬੇਨਤੀ ਪ੍ਰਵਾਨ ਕਰ ਲਵੀਂ। ਵਾ:-ਜੇਕਰ ਜੀਵ ਜਾਚਿਕੁ=ਮੰਗਤਾ ਹੋ ਕੇ ਨਿਤ ਹੀ ਅਰਥਾਤ ਰੋਜ਼ਾਨਾ ਨਾਮ ਨੂੰ ਮੰਗੇ, ਤਾਂ ਸਾਹਿਬੁ=ਮਾਲਕ ਪਰਮਾਤਮਾ ਇਸ ਦੀ ਅਰਦਾਸ ਨੂੰ ਕਬੂਲੁ=ਮਨਜ਼ੂਰ ਕਰ ਲੈਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਜਜਮਾਨ ਪਰਮਾਤਮਾ ਹੈ, ਤਿਸਨੂੰ ਮੂਲ=ਕਦਾਚਿਤ ਭੁੱਖ ਨਹੀਂ ਰਹਿੰਦੀ।

ਯਥਾ:- ਕਰਤਾ ਤੂ ਮੇਰਾ ਜਜਮਾਨੁ ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥ ੧ ॥

(ਪ੍ਰਭਾਤੀ ਮ: ੧, ਪੰਨਾ ੧੩੨੯)

ਪਉੜੀ ॥ ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ॥

ਜਿਹੜਾ ਗੋਵਿੰਦ ਦੇ ਨਾਲ ਮਨ ਰੱਤਾ ਹੈ, ਏਹੋ ਸਚਾ ਭੋਜਨ ਤੇ ਕਪੜਿਆਂ ਦੇ ਜੋੜੇ=ਪੁਸ਼ਾਕੇ ਹਨ।

ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ ॥

ਜਿਹੜਾ ਹਰੀ ਨਾਮ ਨਾਲ ਪ੍ਰੀਤੀ ਲਗੀ ਹੈ, ਏਹੋ ਹਸਤੀ=ਹਾਥੀ ਤੇ ਘੋੜੇ ਹਨ।

ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ ॥

ਜੋ ਹਰੀ ਨਾਮ ਧਿਆਉਣ ਵਲੋਂ ਮੂੰਹ ਨਹੀਂ ਮੋੜਦਾ ਏਹੋ ਰਾਜ ਭਾਗ ਤੇ ਮਿਲਖ=ਜਗੀਰਾਂ ਦੀਆਂ ਘਣੀਆਂ ਖੁਸ਼ੀਆਂ ਹਨ।

ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥

ਮੈਂ ਢਾਢੀ=ਵਾਰ ਦੇ ਕਰਨ ਵਾਲਾ ਪ੍ਰਭੂ ਦੇ ਦਰਵਾਜ਼ੇ ਤੋਂ ਮੰਗਦਾ ਹਾਂ, ਦਾਨ ਲੀਤੇ ਬਗੈਰ ਮੈਂ ਦਰਵਾਜ਼ੇ ਨੂੰ ਕਦੀ ਨਹੀਂ ਛਡਾਂਗਾ।

ਨਾਨਕ ਮਨਿ ਤਨਿ ਚਾਉ ਏਹੁ
ਨਿਤ ਪ੍ਰਭ ਕਉ ਲੋੜੇ ॥ ੨੧ ॥ ੧ ॥ ਸੁਧੁ ਕੀਚੇ ॥

ਗੁਰੂ ਜੀ ਕਥਨ ਕਰਦੇ ਹਨ-ਮੇਰੇ ਮਨ ਤਨ ਵਿਚ ਇਹੋ ਚਾਉ=ਉਤਸ਼ਾਹ ਹੈ, ਜੋ ਮੈਂ ਨਿਤਾਪ੍ਰਤੀ ਪ੍ਰਭੂ ਪਰਮਾਤਮਾ ਨੂੰ ਲੋੜੇ=ਚਾਹੁੰਦਾ ਹਾਂ॥ ੨੧ ॥ ੧ ॥

ਇਹ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਰਚੀ ਹੈ, ਇਸ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਇਸ ਵਾਰ ਨੂੰ ਆਪ ਸੁਧੁ ਕੀਚੇ=ਸ਼ੁਧ ਕਰ ਲੈਣਾ।

ਜੇਕਰ ਪਹਿਲੇ ਪਾਤਸ਼ਾਹ ਜਾਂ ਚੌਥੇ ਪਾਤਸ਼ਾਹ ਜੀ ਦੀ ਵਾਰ ਹੋਵੇਗੀ ਤਾਂ ਓਥੇ 'ਸੁਧੁ' ਪਦ ਲਿਖਣਗੇ ਕਿ ਇਹ ਵਾਰ ਸ਼ੁਧ ਹੈ। ਆਪਣੀ ਵਾਰ ਹੋਣ ਕਰਕੇ 'ਸੁਧੁ ਕੀਚੇ' ਪਦ ਆਇਆ ਹੈ।

-ਗਉੜੀ ਦੀ ਦੂਜੀ ਵਾਰ ਸਮਾਪਤ-

ਰਾਗੁ ਗਉੜੀ

ਭਗਤਾਂ ਕੀ ਬਾਣੀ

੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪॥

ਗਉੜੀ ਰਾਗ ਵਿਖੇ ਕਬੀਰ ਜੀ ਦੇ ਉਚਾਰਣ ਕੀਤੇ ਚਾਰ ਚਾਰ ਪਦਾਂ ਦੇ ਚੌਦਾਂ ਸ਼ਬਦ ਆਉਣਗੇ

ਉਥਾਨਕਾ-ਇਕ ਵਾਰ ਕਬੀਰ ਜੀ ਦੇ ਪਾਸ ਗੋਵਿੰਦ ਲੋਕ ਆਏ। ਅਗੇ ਨਾਲੋਂ ਕਬੀਰ ਜੀ ਦਾ ਸ਼ਾਂਤੀ ਸੁਭਾਵ ਵੇਖ ਕੇ ਬੇਨਤੀ ਕੀਤੀ ਮਹਾਰਾਜ ਜੀ ! ਅਗੇ ਆਪ ਜੀ ਦਾ ਸੁਭਾਵ ਬੜਾ ਤਮੋਗੁਣੀ ਸੀ, ਹੁਣ ਆਪ ਜੀ ਦਾ ਦਿਲ ਸ਼ਾਂਤਿ ਸੁਭਾਅ ਨੂੰ ਕਿਵੇਂ ਪ੍ਰਾਪਤ ਹੋਇਆ ਹੈ? *ਉੱਤਰ-*

ਅਬ ਮੋਹਿ ਜਲਤ ਰਾਮ ਜਲੁ ਪਾਇਆ॥

ਰਾਮ ਉਦਕਿ ਤਨੁ ਜਲਤ ਬੁਝਾਇਆ॥ ੧॥ ਰਹਾਉ॥

ਅਬ=ਹੁਣ ਇਸ ਮਨੁੱਖ ਜਨਮ ਵਿਚ ਵਾ:-ਵਿਚਾਰਕਾਲ ਵਿਚ ਮੈਂ ਤ੍ਰਿਸ਼ਨਾਂ ਰੂਪੀ ਜਲਤ=ਅੱਗ ਵਿਚ ਜਲਤ=ਸੜਦੇ ਹੋਏ ਨੇ ਜਲਤ=ਸ਼ੀਘਰ ਹੀ ਰਾਮ ਨਾਮ ਰੂਪੀ ਜਲ ਪਾ ਲਿਆ ਹੈ। ਉਸ ਰਾਮ ਨਾਮ ਰੂਪੀ ਜਲ ਨੇ ਮੇਰੇ ਜਲਤ=ਸੜਦੇ ਹੋਏ ਤਨੁ=ਸੂਖਮ ਸਰੀਰ ਭਾਵ ਅੰਤਹਕਰਣ ਨੂੰ ਜਲਤ=ਜਲਦੀ, ਛੇਤੀ ਬੁਝਾਇਆ=ਸੀਤਲ, ਭਾਵ ਠੰਢਾ ਕਰ ਦਿਤਾ ਹੈ। *ਯਥਾ-*

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥ ੨॥ *(ਮਲਾਰ ਵਾਰ ਪੰਨਾ ੧੨੮੧)*

ਗੋਵਿੰਦ ਲੋਕਾਂ ਆਖਿਆ ਨਾਮ ਜਪਣ ਦੀ ਕੋਈ ਲੋੜ ਨਹੀਂ। ਜੰਗਲਾਂ ਵਿਚ ਰਹਿਣ ਤੀਰਥਾਂ ਪਰ ਫਿਰਨ ਅਤੇ ਭੇਖ ਧਾਰਨ ਕਰਣ ਨਾਲ ਮਨ ਮਰ ਜਾਂਦਾ ਹੈ। ਕਬੀਰ ਜੀ ਨੇ ਕਿਹਾ:-

ਮਨੁ ਮਾਰਣ ਕਾਰਣਿ ਬਨ ਜਾਈਐ॥

ਸੋ ਜਲੁ ਬਿਨੁ ਭਗਵੰਤ ਨ ਪਾਈਐ॥ ੧॥

ਮਨ ਨੂੰ ਮਾਰਨ ਕਾਰਣਿ=ਵਾਸਤੇ ਜੰਗਲਾਂ ਵਿਚ ਚਲੇ ਜਾਈਏ, ਵਾ:-ਬਨ=ਜਲ ਭਾਵ ਤੀਰਥਾਂ ਪਰ ਚਲੇ ਜਾਈਏ, ਵਾ:-ਬਨ=ਭੇਖ ਬਣਾ ਲਈਏ, ਤਦ ਭੀ ਇਹ ਮਨ ਮਰਦਾ ਨਹੀਂ।

ਯਥਾ:- ਮਃ ੩॥ ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ॥

(ਸੋਰਠਿ ਵਾਰ, ਪੰਨਾ ੬੫੦)

ਫਿਰ ਗੋਵਿੰਦ ਲੋਕਾਂ ਨੇ ਆਖਿਆ ਨਾਮ ਜਲ ਮਿਲਦਾ ਕਿਸ ਤਰ੍ਹਾਂ ਹੈ?

ਉੱਤਰ-ਉਹ ਨਾਮ ਰੂਪ ਜਲ ਭਗਵੰਤ ਦੀ ਕਿਰਪਾ ਬਿਨਾਂ ਨਹੀਂ ਪਾਇਆ ਜਾਂਦਾ।

ਵਾ:-ਭਗਵੰਤ ਰੂਪ ਜਲ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਨਹੀਂ ਪਾਇਆ ਜਾਂਦਾ॥ ੧॥

ਜਿਹ ਪਾਵਕ ਸੁਰਿ ਨਰ ਹੈ ਜਾਰੇ॥ ਰਾਮ ਉਦਕਿ ਜਨ ਜਲਤ ਉਬਾਰੇ॥ ੨॥

ਜਿਸ ਮਾਇਆ ਦੀ ਤ੍ਰਿਸ਼ਨਾਂ ਰੂਪੀ ਪਾਵਕ=ਅੱਗ ਨੇ ਦੇਵਤੇ ਮਨੁੱਖ ਜਾਰੇ=ਸਾੜੇ ਹਨ। ਰਾਮ ਨਾਮ ਰੂਪ ਉਦਕਿ=ਜਲ ਨੇ ਗੁਰਮੁਖ ਜਨ ਉਸ ਤ੍ਰਿਸ਼ਨਾ ਰੂਪੀ ਜਲਤ=ਅਗਨੀ ਤੋਂ ਜਲਤ=ਜਲਦੀ, ਉਬਾਰੇ=ਬਚਾ ਲਏ ਹਨ। ਵਾ:-ਮੈਂ ਜਨ=ਦਾਸ ਨੂੰ ਜਲਦੀ ਬਚਾ ਲਿਆ ਹੈ॥ ੨॥ *ਪ੍ਰਸ਼ਨ*-ਇਹ ਰਾਮ ਨਾਮ ਰੂਪੀ ਜਲ ਰਹਿੰਦਾ ਕਿਥੇ ਹੈ? *ਉੱਤਰ*-

ਭਵ ਸਾਗਰ ਸੁਖ ਸਾਗਰ ਮਾਹੀ॥ ਪੀਵਿ ਰਹੇ ਜਲ ਨਿਖੁਟਤ ਨਾਹੀ॥ ੩॥

ਭਵ ਸਾਗਰ ਮਾਹੀ=ਸੰਸਾਰ ਸਮੁੰਦਰ ਦੇ ਵਿਚ ਸੁਖ ਸਾਗਰ ਪਰਮਾਤਮਾ ਰੂਪ ਜਲ। ਵਾ:-ਪਰਮਾਤਮਾ ਦਾ ਨਾਮ ਰੂਪ ਜਲ ਹੈ।

ਪ੍ਰਸ਼ਨ-ਪੀਂਦਿਆਂ ਪੀਂਦਿਆਂ ਇਹ ਜਲ ਮੁਕ ਜਾਂਦਾ ਹੋਵੇਗਾ?

ਉੱਤਰ-ਅਸੀਂ ਪੀ ਰਹੇ ਹਾਂ, ਅਤੇ ਹੋਰ ਅਨੇਕਾਂ ਗੁਰਮੁਖ ਜਨ ਵੀ ਪੀ ਰਹੇ ਹਨ, ਪਰ ਇਹ ਨਾਮ ਜਲ ਨਿਖੁਅਤ ਨਾਹੀ=ਮੁਕਦਾ ਨਹੀਂ ॥ ੩॥

ਯਥਾ:-ਤੋਟਿ ਨ ਆਵੈ ਨਿਖੁਟਿ ਨ ਜਾਇ॥ ਖਾਇ ਖਰਚਿ ਮਨੁ ਰਹਿਆ ਅਘਾਇ॥

(ਆਸਾ ਮਹਲਾ ੫, ਪੰਨਾ ੩੭੫)

ਕਹਿ ਕਬੀਰ ਭਜੁ ਸਾਰਿੰਗਪਾਨੀ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ॥ ੪॥ ੧॥

ਕਬੀਰ ਜੀ ਕਹਿੰਦੇ ਹਨ-ਜਿਵੇਂ ਸਾਰਿੰਗ=ਪਪੀਹਾ ਪਾਨੀ=ਸ੍ਵਾਂਤੀ ਬੂੰਦ ਨੂੰ ਭਜਦਾ ਹੈ, ਹੇ ਗੋਵਿੰਦ ਲੋਕੋ ਤਿਵੇਂ ਤੁਸੀਂ ਭੀ ਜਿਸਦੇ ਸਾਰਿੰਗ ਪਾਨੀ=ਹੱਥਾਂ ਵਿਚ ਸਾਰਿੰਗ ਨਾਮਾਂ ਧਨਖ ਫੜਿਆ ਹੋਇਆ ਹੈ ਉਸ ਪਰਮਾਤਮਾ ਨੂੰ ਭਜਨਾ ਕਰੋ। ਰਾਮ ਨਾਮ ਰੂਪ ਉਦਕਿ=ਜਲ ਨੇ ਮੇਰੀ ਤਿਖਾ ਬੁਝਾਨੀ=ਤ੍ਰੇਹ ਦੂਰ ਕਰ ਦਿੱਤੀ ਹੈ॥ ੪॥ ੧॥

ਗਉੜੀ ਕਬੀਰ ਜੀ॥

ਇਸ ਸ਼ਬਦ ਦੁਆਰਾ ਨਾਮ ਦੀ ਮਹਿਮਾ ਥੁਣੀ ਖੰਡਣ ਨਜਾਇ ਸੇ ਕਥਨ ਕਰਦੇ ਹੋਏ ਪਰਮਾਤਮਾ ਅਗੇ ਬੇਨਤੀ ਕਰਦੇ ਹਨ।

ਮਾਧਉ ਜਲ ਕੀ ਪਿਆਸ ਨ ਜਾਇ॥
ਜਲ ਮਹਿ ਅਗਨਿ ਉਠੀ ਅਧਿਕਾਇ॥ ੧॥ ਰਹਾਉ॥

ਹੇ ਮਾਧਉ=ਮਾਇਆਪਤੀ ਪਰਮਾਤਮਾ ! ਆਪ ਦੇ ਨਾਮ ਜਲ ਦੀ ਤਰੇਹ ਮੇਰੇ ਹਿਰਦੇ ਵਿਚੋਂ ਜਾਂਦੀ ਨਹੀਂ। ਨਾਮ ਜਲ ਦੇ ਜਪਣ ਵਿਚ ਅਧਕਾਇ=ਬੜੀ ਅਗਨਿ ਉਠੀ=ਇੱਛਾ ਲਗ ਰਹੀ ਹੈ, ਹੋਰ ਜਪੀਏ ਹੋਰ ਜਪੀਏ। ਵਾ:-ਪਦਾਰਥਾਂ ਰੂਪ ਜਲ ਵਿਚ ਜਿਹੜੀ ਬੜੀ ਅਗਨਿ=ਤ੍ਰਿਸ਼ਨਾਂ ਸੀ ਉਹ ਅਬ ਉਠੀ=ਦੂਰ ਹੋ ਗਈ

ਹੈ। ਅਥਵਾ:-ਦੁਸ਼ਟ ਪੁਰਸ਼ ਦੇ ਦਿਲ ਅੰਦਰ ਪਰਮਾਤਮਾ ਦੇ ਨਾਮ ਜਲ ਦੀ ਤਰੇਹ ਨੇ ਜਾਇ=ਨਹੀਂ ਉਤਪੰਨ ਹੁੰਦੀ। ਕਿਉਂਕਿ ਪਦਾਰਥਾਂ ਰੂਪੀ ਜਲ ਵਿਚ ਉਨ੍ਹਾਂ ਦੀ ਤ੍ਰਿਸ਼ਨਾਂ ਰੂਪ ਅੱਗ ਬਹੁਤ ਉੱਠ ਰਹੀ ਹੈ। ਵਾ:-ਅਧਿਕ ਤ੍ਰਿਸਨਾਂ ਰੂਪ ਅੱਗ ਦੇ ਉੱਠਣ ਕਰਕੇ ਉਨ੍ਹਾਂ ਦਾ ਮਹਿ=ਅੰਤਹਕਰਣ ਜਲਦਾ=ਸੜਦਾ ਰਹਿੰਦਾ ਹੈ।

ਵਾ:-ਸਨਮੁਖ ਬੇਨਤੀ, ਹੇ ਮਾਧੋ ! ਸਾਡੇ ਹਿਰਦੇ ਵਿਚੋਂ ਪਦਾਰਥਾਂ ਰੂਪ ਜਲ ਦੀ ਤ੍ਰੇਹ ਨਹੀਂ ਜਾਂਦੀ, ਤਾਂ ਭਗਵਾਨ ਨੇ ਕਿਹਾ ਹੋਰ ਪਦਾਰਥ ਦੇ ਦੇਈਏ ਤਾਂ ਫਿਰ ਤ੍ਰੇਹ ਚਲੀ ਜਾਏਗੀ? ਕਬੀਰ ਜੀ ਕਹਿੰਦੇ ਹਨ ਇਨ੍ਹਾਂ ਪਦਾਰਥਾਂ ਰੂਪ ਜਲ ਵਿਚ ਲਗਣ ਕਰਕੇ ਸਗੋਂ ਹੋਰ ਬਹੁਤੀ ਤ੍ਰਿਸ਼ਨਾਂ ਰੂਪੀ ਅੱਗ ਉੱਠਦੀ ਹੈ, ਤਾਂ ਤੇ ਤੁਸੀਂ ਨਾਮ ਦੀ ਦਾਤ ਦਿਉ।

ਤੂੰ ਜਲਨਿਧਿ ਹਉ ਜਲ ਕਾ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥੧ ॥

ਹੇ ਪਰਮਾਤਮਾ ! ਤੂੰ ਜਲ ਨਿਧਿ=ਜਲ ਦਾ ਖਜ਼ਾਨਾ ਸਮੁੰਦਰ ਰੂਪ ਹੈ, ਮੈਂ ਤੇਰੇ ਨਾਮ ਜਲ ਦਾ ਨਿਵਾਸੀ ਮੀਨੁ=ਮੱਛ ਰੂਪ ਹਾਂ।

ਯਥਾ:- ਤੂੰ ਜਲਨਿਧਿ ਹਮ ਮੀਨ ਤੁਮਾਰੇ॥ ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ॥

(ਮਾਝ ਮ: ੫, ਪੰਨਾ ੧੦੦)

ਤਥਾ:- ਤੁਮ ਜਲਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ॥ ੩॥

(ਕਲਿਆਨ ਮਹਲਾ ੪, ਪੰਨਾ ੧੩੧੯)

ਤਥਾ:- ਤੂ ਜਲਨਿਧਿ ਮੀਨ ਹਮ ਤੇਰੇ ਕਰਿ ਕਿਰਪਾ ਸੰਗਿ ਰਖੀਜੈ॥ ੮॥ ੩॥

(ਕਲਿਆਨ ਮਹਲਾ ੪, ਪੰਨਾ ੧੩੨੫)

ਜਿਵੇਂ ਮੱਛ ਜਲ ਵਿਚ ਰਹਿ ਕੇ ਖੁਸ਼ ਹੁੰਦਾ ਹੈ ਤੇ ਜਲ ਤੋਂ ਬਿਨਾਂ ਮਰ ਜਾਂਦਾ ਹੈ, ਤਿਵੇਂ ਨਾਮ ਜਲ ਵਿਚ ਰਹਿ ਕੇ ਮੈਂ ਅਨੰਦ ਹਾਂ, ਨਾਮ ਜਲ ਤੋਂ ਬਿਨਾਂ ਮੇਰਾ ਖੀਨੁ=ਮਰਣਾ ਹੁੰਦਾ ਹੈ।

ਯਥਾ:- ਆਖਾ ਜੀਵਾ ਵਿਸਰੈ ਮਰਿ ਜੀਉ॥

ਤਥਾ:- ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ॥ *(ਸਿਰੀਰਾਗ ਮ: ੫, ਪੰਨਾ ੮੦)*

ਤਥਾ:- ਜਿਉ ਜਲ ਮੀਨ ਜਲੰ ਜਲ ਪ੍ਰੀਤਿ ਹੈ ਖਿਨੁ ਜਲ ਬਿਨੁ ਫੂਟਿ ਮਰੀਜੈ॥ ੫॥

(ਕਲਿਆਨ ਮਹਲਾ ੪, ਪੰਨਾ ੧੩੨੪)

ਤੂੰ ਪਿੰਜਰੁ ਹਉ ਸੂਅਟਾ ਤੋਰ ॥ ਜਮੁ ਮੰਜਾਰੁ ਕਹਾ ਕਰੈ ਮੋਰ ॥ ੨ ॥

ਆਪ ਪਿੰਜਰੇ ਵਾਂਗੂੰ ਹੋ, ਮੈਂ ਤੋਰ=ਆਪ ਜੀ ਵਿਚ ਰਹਿਣ ਵਾਲਾ ਸੂਅਟਾ=ਤੋਤਾ ਹਾਂ। ਜਮ ਰੂਪ ਮੰਜਾਰੁ=ਬਿੱਲਾ ਹੁਣ ਮੇਰਾ ਕੀ ਵਿਗਾੜ ਕਰੇਗਾ ਭਾਵ ਜਿਵੇਂ ਪਿੰਜਰੇ ਵਿਚ ਤੋਤੇ ਨੂੰ ਬਿੱਲਾ ਮਾਰ ਨਹੀਂ ਸਕਦਾ, ਤਿਵੇਂ ਆਪ ਜੀ ਦੇ ਆਸਰੇ ਹੋਣ ਕਰਕੇ ਜਮ ਦੁੱਖ ਨਹੀਂ ਦੇ ਸਕਦਾ॥ ੨॥

*ਯਥਾ:-*ਹਰਿ ਮੇਰਾ ਸਾਥੀ ਸੰਗਿ ਸਖਾਈ॥

ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋ ਕਉ ਕਹਾ ਡਰਾਈ॥ *(ਆਸਾ ਮਹਲਾ ੫, ਪੰਨਾ ੩੭੫)*

ਤੂੰ ਤਰਵਰੁ ਹਉ ਪੰਖੀ ਆਹਿ॥ ਮੰਦਭਾਗੀ ਤੇਰੋ ਦਰਸਨੁ ਨਾਹਿ॥ ੩॥

ਹੇ ਪਰਮਾਤਮਾ ! ਆਪ ਤਰਵਰੁ=ਬ੍ਰਿੱਛ ਰੂਪ ਹੋ ਮੈਂ ਆਪ ਦੇ ਆਸਰੇ ਰਹਿਣ ਵਾਲਾ ਪੰਛੀ ਹਾਂ। ਮੰਦ ਭਾਗੀ=ਖੋਟੇ ਭਾਗਾਂ ਵਾਲਿਆਂ ਨੂੰ ਤੇਰਾ ਦਰਸ਼ਨ ਨਹੀਂ ਹੁੰਦਾ। ਵਾ:-ਹੇ ਨਾਹਿ=ਪਤੀ ਪ੍ਰਮਾਤਮਾ ! ਜਿਨ੍ਹਾਂ ਨੂੰ ਤੇਰਾ ਦਰਸ਼ਨ ਹੋਇਆ ਹੈ ਉਨ੍ਹਾਂ ਦੀ ਮੰਦਭਾਈ ਭਾਗੀ=ਦੌੜ ਗਈ ਹੈ॥ ੩॥

[ਪੰਨਾ ੩੨੪]

ਤੂੰ ਸਤਿਗੁਰੁ ਹਉ ਤਉਤਨੁ ਚੇਲਾ॥
ਕਹਿ ਕਬੀਰ ਮਿਲੁ ਅੰਤ ਕੀ ਬੇਲਾ॥ ੪॥ ੨॥

ਹੇ ਪ੍ਰਭੂ ! ਤੂੰ ਸਤਿਗੁਰੂ ਹੈਂ ਮੈਂ ਆਪ ਜੀ ਦਾ ਨਉਤਨੁ=ਨਵੀਨ, ਨਵਾਂ ਚੇਲਾ ਹਾਂ। ਜਿਵੇਂ ਗੁਰੂ ਆਪਣੇ ਨਵੇਂ ਚੇਲੇ ਦੀ ਰਾਖੀ ਬਹੁਤ ਕਰਦੇ ਹਨ, ਤਿਵੇਂ ਮੇਰੀ ਆਪ ਦੁਸ਼ਟਾਂ ਪਾਸੋਂ ਰਾਖੀ ਕਰਦੇ ਹੋ। ਕਬੀਰ ਜੀ ਕਹਿੰਦੇ ਹਨ-ਇਹ ਮਨੁਖਾ ਜਨਮ ਅੰਤ ਦੀ ਵਾਰੀ ਹੈ। ਹੁਣ ਆਪ ਕ੍ਰਿਪਾ ਕਰ ਕੇ ਮਿਲੋ। ਜੇ ਆਪ ਮਿਲ ਗਏ ਤਾਂ ਫਿਰ ਅੰਤ ਕੀ=ਭਾਵ ਫਿਰ ਜਨਮ ਮਰਨ ਨਹੀਂ ਹੋਵੇਗਾ॥ ੪॥ ੨॥

ਗਉੜੀ ਕਬੀਰ ਜੀ॥

ਇਸ ਸ਼ਬਦ ਦੁਆਰਾ ਸੰਤ ਸੇਵਾ, ਜੀਵ ਰਖਿਆ ਅਤੇ ਪਰਉਪਕਾਰ ਕਰਨ ਦਾ ਉਪਦੇਸ਼ ਕਰਦੇ ਹਨ।

ਉਥਾਨਕਾ:-ਇਕ ਵਾਰ ਕਾਂਸ਼ੀ ਸ਼ਹਿਰ ਕਿਸੇ ਸ਼ਾਹੂਕਾਰ ਦੇ ਘਰ ਚੋਰੀ ਕਰਨ ਲਈ ਚੋਰ ਆ ਪਏ। ਘਰ ਵਾਲਿਆਂ ਨੂੰ ਪਤਾ ਲਗ ਗਿਆ, ਰੌਲਾ ਪੈਣ ਤੇ ਸਭ ਚੋਰ ਦੌੜ ਗਏ ਕੁਝ ਪਤਾ ਨਾ ਲੱਗਾ। ਇਕ ਚੋਰ ਕਮਜ਼ੋਰ ਸੀ ਉਸ ਦੇ ਮਗਰ ਲੋਕ ਲਗ ਗਏ, ਜਦੋਂ ਉਸ ਚੋਰ ਨੂੰ ਹੋਰ ਕੋਈ ਬਚਾਉ ਦੀ ਸੂਰਤ ਨਾ ਲਭੀ ਤਾਂ ਕਬੀਰ ਜੀ ਦੇ ਘਰ ਆ ਗਿਆ ਤੇ ਕਹਿਣ ਲਗਾ, ਮੈਂ ਚੋਰ ਹਾਂ ਮੇਰੇ ਪਿਛੇ ਬਹੁਤ ਆਦਮੀ ਲਗੇ ਹੋਏ ਹਨ। ਮੈਂ ਆਪ ਦੀ ਸ਼ਰਨ ਆਇਆ ਹਾਂ, ਜਿਵੇਂ ਸਮਝੋ ਬਚਾ ਲਓ। ਉਸ ਦੀ ਦੀਨ ਬੇਨਤੀ ਸੁਣ ਕੇ ਭਗਤ ਜੀ ਨੇ ਸ਼ਰਨ ਪਾਲ ਧਰਮ ਵਿਚਾਰਕੇ ਜੀਵ ਦੀ ਰਖਿਆ ਕਰਨੀ ਪਰਮ ਧਰਮ ਸਮਝ ਕੇ ਕਿਹਾ-ਔਹ ਮੇਰੀ ਪੁਤਰੀ ਸੁਤੀ ਪਈ ਹੈ, ਉਸ ਨਾਲ ਸੌਂ ਜਾਹ, ਪਰਮਾਤਮਾ ਭਲੀ ਕਰੇਗਾ।

ਚੋਰ ਹੁਕਮ ਮੰਨ ਕੇ ਕਮਾਲੀ ਨਾਲ ਜਾ ਲੰਮਾ ਪਿਆ। ਇਤਨੇ ਨੂੰ ਲੋਕ ਉਸ ਦਾ ਖੁਰਾ ਲੈ ਕੇ ਕਬੀਰ ਜੀ ਦੇ ਘਰ ਆ ਪਹੁੰਚੇ ਆਖਦੇ ਹਨ-'ਕਬੀਰ ਤੇਰੇ ਘਰ ਚੋਰ ਵੜਿਆ ਹੈ ਦੱਸ ਕਿਥੇ ਹੈ?' ਭਗਤ ਜੀ ਨੇ ਕਿਹਾ, ਮੇਰੇ ਘਰ ਚੋਰ ਨਹੀਂ ਹੈ ਆਪ ਤਲਾਸ਼ੀ ਲੈ ਲਓ। ਇਕ ਮੰਜੇ ਪਰ ਮੇਰੀ ਧੀ ਜਵਾਈ ਸੁਤਾ ਹੋਇਆ ਹੈ। ਇਸ ਤੋਂ ਛੁਟ ਸਭ ਜਗ੍ਹਾ ਵੇਖ ਲਓ। ਲੋਕਾਂ ਨੇ ਬਥੇਰਾ ਵੇਖਿਆ ਪਰ ਚੋਰ ਨਾ ਲੱਭਾ। ਆਖਰਕਾਰ ਉਹ ਲੋਕ ਚਲੇ ਗਏ, ਪਿਛੋਂ ਉਸ ਚੋਰ ਨੇ ਉੱਠ ਕੇ ਕਬੀਰ ਜੀ ਦੇ ਚਰਨ ਫੜ ਲਏ ਤਾਂ ਭਗਤ ਜੀ ਨੇ ਅਗੋਂ ਵਾਸਤੇ ਉਸ ਨੂੰ ਸ਼ੁਭ ਸਿਖਿਆ ਦੇ ਕੇ ਚੋਰੀ ਤੋਂ ਹਟਾ ਕੇ ਪਰਮਾਤਮਾ ਦੀ ਬੰਦਗੀ ਵਿਚ ਜੋੜ ਦਿਤਾ। ਦਿਨ ਚੜ੍ਹੇ ਉਹ ਚੋਰ ਕਬੀਰ ਭਗਤ ਜੀ ਦੀ ਆਗਿਆ ਲੈ ਕੇ ਚਲਾ ਗਿਆ। ਜਦ ਲੋਕਾਂ ਨੂੰ ਇਸ ਅਸਲੀਅਤ ਦਾ ਪਤਾ ਲਗਾ ਕਿ ਭਗਤ ਨੇ ਆਪਣੀ ਧੀ ਨਾਲ ਚੋਰ ਨੂੰ ਸੁਆ ਕੇ ਉਸ ਦੀ ਰਖਿਆ ਕੀਤੀ ਹੈ ਤਾਂ ਸਭ ਲੋਕ ਨਿੰਦਿਆ ਕਰਨ ਲੱਗ ਪਏ ਕਿ ਇਹ ਕਾਹਦਾ ਭਗਤ ਹੈ ਇਹ ਤਾਂ ਚੋਰਾਂ ਦਾ ਭਾਈਵਾਲ ਹੈ ਇਸ ਨੇ ਆਪਣੀ ਲੜਕੀ ਨਾਲ ਚੋਰ ਨੂੰ ਸੁਆਇਆ ਹੈ, ਇਹ ਗੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ-

ਜਬ ਹਮ ਏਕੋ ਏਕੁ ਕਰਿ ਜਾਨਿਆ ॥ ਤਬ ਲੋਗਹ ਕਾਹੇ ਦੁਖੁ ਮਾਨਿਆ ॥੧ ॥

ਜਦ ਗੁਰ ਉਪਦੇਸ਼ ਦੁਆਰਾ ਅਸਾਂ ਨੇ ਇਕ ਅਦੁਤੀ ਬ੍ਰਹਮ ਨੂੰ ਸਾਰਿਆਂ ਵਿਚ ਇਕ ਕਰਕੇ ਜਾਣਿਆਂ ਹੈ ਅਤੇ ਚੋਰ ਨੂੰ ਲੜਕੀ ਨਾਲ ਸੁਆ ਦਿਤਾ ਹੈ, ਤਦ ਤੁਸੀਂ ਲੋਕਾਂ ਨੇ ਇਸ ਗੱਲ ਵਿਚ ਕਿਉਂ ਦੁਖ ਮੰਨਿਆ ਹੈ॥ ੧ ॥

ਪੁਨਾ-ਲੋਕਾਂ ਨੇ ਆਖਿਆ, ਤੂੰ ਬੜਾ ਬੇਪੱਤਾ ਹੈਂ ਜੋ ਆਪਣੀ ਇਸਤ੍ਰੀ ਨੂੰ ਬਾਣੀਏਂ ਦੀ ਦੁਕਾਨ ਤੇ ਛੱਡ ਆਇਆ ਹੈਂ।

ਯਥਾ:-ਸੰਤਨ ਹਿਤ ਬੇਚੀ ਨਿਜ ਤੀਆ। ਚੋਰ ਸੁਆਲ ਦੀਓ ਸੰਗ ਧੀਆ। (ਪੰਥ ਪ੍ਰਕਾਸ਼) ਇਹ ਪ੍ਰਸੰਗ ਇਸ ਤਰ੍ਹਾਂ ਹੈ-

ਕਬੀਰ ਜੀ ਸ਼ੁਰੂ ਤੋਂ ਸੰਤ ਸੇਵੀ ਸਨ, ਜੋ ਭੀ ਮਹਾਤਮਾ ਘਰ ਆ ਜਾਵੇ ਉਸ ਨੂੰ ਖਾਲੀ ਨਹੀਂ ਭੇਜਦੇ ਸਨ ਜੈਸਾ ਕਿਸੇ ਨੂੰ ਅਨਕੂਲ ਹੋਵੇ ਓਸੇ ਤਰ੍ਹਾਂ ਦੁਧ, ਚਾਹ, ਸ਼ਰਦਾਈ ਲੱਸੀ ਅਤੇ ਅੰਨ ਪਾਣੀ ਦੀ ਸੇਵਾ ਕ੍ਰਦੇ ਸਨ। ਇਥੋਂ ਤੱਕ ਸੇਵਾ ਕੀਤੀ ਜੋ ਆਖਿਰਕਾਰ ਆਪਣੇ ਘਰ ਦਾ ਸਾਰਾ ਸਮਾਨ ਵੀ ਵੇਚ ਦਿਤਾ, ਜੋ ਇਸ ਸ਼ਬਦ ਤੋਂ ਸਪੱਸ਼ਟ ਹੈ-

ਤੂਟੇ ਤਾਗੇ ਨਿਖੁਟੀ ਪਾਨਿ॥ ਦੁਆਰ ਊਪਰਿ ਝਿਲਕਾਵਹਿ ਕਾਨ॥
ਕੂਚ ਬਿਚਾਰੇ ਫੂਏ ਫਾਲ ॥ ਇਆ ਮੁੰਡੀਆ ਸਿਰਿ ਚਢਿਬੋ ਕਾਲ॥ ੧॥
ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥ ਆਵਤ ਜਾਤ ਨਾਕ ਸਰ ਹੋਈ॥

(ਗੌਂਡ ਕਬੀਰ ਜੀ, ਪੰਨਾ ੮੭੧)

ਇਕ ਵਾਰ ਜਦ ਸੰਤ ਮੰਡਲੀ ਘਰ ਵਿਚ ਆਈ ਤਾਂ ਉਸ ਦਿਨ ਘਰ ਵਿਚ ਕੁਝ ਵੀ ਨਹੀਂ ਸੀ ਤਾਂ ਭਗਤ ਜੀ ਨੇ ਆਪਣੀ ਧਰਮ ਪਤਨੀ ਨੂੰ ਕਿਹਾ ਭਲੀਏ ਲੋਕੇ ! ਜੇ ਸੰਤ ਖਾਲੀ ਚਲੇ ਗਏ ਤਾਂ ਦੋਸ਼ ਦੇ ਭਾਗੀ ਹੋਵਾਂਗੇ ਕਿਉਂਕਿ-

ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥ ਆਵਤ ਪਹੀਆ ਖੂਧੇ ਜਾਹਿ॥
ਵਾ ਕੈ ਅੰਤਰਿ ਨਹੀ ਸੰਤੋਖੁ॥ ਬਿਨੁ ਸੋਹਾਗਨਿ ਲਾਗੈ ਦੋਖੁ॥ ੧॥

(ਗੌਂਡ ਕਬੀਰ ਜੀ, ਪੰਨਾ ੮੭੨)

ਇਸ ਵਾਸਤੇ ਸੰਤਾਂ ਨੂੰ ਅੰਨ ਛਕਾਉਣ ਦਾ ਬੰਦੋਬਸਤ ਤੂੰ ਜ਼ਰੂਰ ਕਰ। ਉਸ ਵੇਲੇ ਲੋਈ ਇਕ ਬਾਣੀਏਂ ਦੀ ਦੁਕਾਨ ਪਰ ਚਲ ਕੇ ਗਈ। ਇਹ ਬਾਣੀਆਂ ਲੋਈ ਵਲ ਹਮੇਸ਼ਾਂ ਖੋਟੀ ਨਜ਼ਰ ਨਾਲ ਤੱਕਦਾ ਹੁੰਦਾ ਸੀ। ਅਜਿਹੇ ਸਮੇਂ ਲੋਈ ਨੂੰ ਆਪਣੀ ਹੱਟੀ ਪਰ ਖਲੋਤੀ ਵੇਖ ਕੇ ਬਾਣੀਆਂ ਬਹੁਤ ਪ੍ਰਸੰਨ ਹੋਇਆ ਤੇ ਵਿਚਾਰਦਾ ਹੈ, ਹੁਣ ਮੇਰੇ ਦਿਲ ਦੀ ਮੁਰਾਦ ਪੂਰੀ ਹੋਵੇਗੀ, ਕਿਉਂਕਿ ਅਗੇ ਤਾਂ ਇਹ ਮੇਰੇ ਵੱਲ ਤੱਕਦੀ ਹੀ ਨਹੀਂ ਸੀ ਤੇ ਅੱਜ ਆਪੇ ਆ ਗਈ ਹੈ। ਪੁਛਿਆ ਆਪ ਕਿਵੇਂ ਆਏ ਹੋ? ਕਿਸ ਚੀਜ਼ ਦੀ ਜ਼ਰੂਰਤ ਹੈ, ਜੋ ਮੂੰਹੋਂ ਮੰਗੋ ਦੇਣ ਨੂੰ ਤਿਆਰ ਹਾਂ। ਪਰ ਮੇਰੇ ਦਿਲ ਦੀ ਇੱਛਾ ਜ਼ਰੂਰ ਪੂਰੀ ਕਰਨੀ, ਤਾਂ ਲੋਈ ਨੇ ਲੋੜ ਅਨੁਸਾਰ ਆਖ ਦਿਤਾ। ਇਹ ਚੀਜ਼ਾਂ ਤੂੰ ਪਾ ਦੇ, ਰਾਤ ਨੂੰ ਮੈਂ ਤੇਰੇ ਪਾਸ ਆਵਾਂਗੀ। ਬਾਣੀਆਂ ਬਹੁਤ ਖੁਸ਼ ਹੋਇਆ, ਚੀਜ਼ਾਂ ਚੁਕਾ ਕੇ ਭੇਜ ਦਿਤੀਆਂ ਘਰ ਆ ਕੇ ਲੋਈ ਨੇ ਪ੍ਰਸ਼ਾਦ ਤਿਆਰ ਕੀਤਾ ਤੇ ਭਗਤ ਜੀ ਨੇ ਹੱਥ ਧੁਆ ਕੇ ਸਾਰਿਆਂ ਸੰਤਾਂ ਨੂੰ

ਛਕਾਇਆ। ਪ੍ਰਸ਼ਾਦ ਛਕ ਕੇ ਸੰਤ ਮੰਡਲੀ ਚਲੀ ਗਈ, ਪਿਛੋਂ ਲੋਈ ਨੇ ਪਤੀ ਦੇਵ ਨੂੰ ਆਖਿਆ ਕਿ ਮੈਂ ਬਾਣੀਏ ਨੂੰ ਬਚਨ ਦੇ ਆਈ ਹਾਂ ਕਿ ਰਾਤ ਨੂੰ ਤੇਰੇ ਪਾਸ ਜ਼ਰੂਰ ਪਹੁੰਚਾਂਗੀ, ਹੁਣ ਮੀਂਹ ਪੈ ਰਿਹਾ ਹੈ। ਜੇ ਨਾ ਜਾਵਾਂ ਤਾਂ ਬਚਨ ਤੋਂ ਝੂਠੀ ਹੁੰਦੀ ਹਾਂ ਆਪ ਹੀ ਮਿਹਰ ਕਰੋ। ਤਿਸ ਵੇਲੇ ਕਬੀਰ ਜੀ ਆਪ ਲੋਈ ਨੂੰ ਉਠਾਂ ਕੇ ਉੱਪਰ ਖੇਸ ਪਾ ਕੇ ਬਾਣੀਏਂ ਦੀ ਦੁਕਾਨ ਤੇ ਛੱਡ ਆਏ। ਅਗੇ ਬਾਣੀਆਂ ਦੀਪਕ ਜਗਾ ਕੇ ਅੰਦਰ ਬੈਠਾ ਉਡੀਕ ਰਿਹਾ ਸੀ, ਇਤਨੇ ਨੂੰ ਲੋਈ ਨੇ ਜਾ ਕੁੰਡਾ ਖੜਕਾਇਆ। ਬਾਣੀਏ ਨੇ ਕੁੰਡਾ ਖੋਲ੍ਹਿਆ ਤਾਂ ਕੀ ਵੇਖਿਆ ਮੀਂਹ ਮੋਹਲੇਧਾਰ ਵੱਸ ਰਿਹਾ ਹੈ ਤੇ ਬਜ਼ਾਰਾਂ ਵਿਚ ਪਾਣੀ ਚੱਲ ਰਿਹਾ ਹੈ ਤੇ ਲੋਈ ਦੇ ਕਪੜੇ ਬਿਲਕੁਲ ਸੁਕੇ ਹਨ, ਬੜੀ ਹੈਰਾਨੀ ਵਿਚ ਹੋ ਕੇ ਸੁਕੇ ਕਪੜਿਆਂ ਦਾ ਕਾਰਨ ਪੁਛਿਆ? ਤਾਂ ਲੋਈ ਨੇ ਕਿਹਾ, ਤੈਨੂੰ ਇਸ ਗੱਲ ਨਾਲ ਕੀ ਤੂੰ ਆਪਣਾ ਕੰਮ ਕਰ, ਮੈਂ ਆਪਣੇ ਬਚਨਾਂ ਅਨੁਸਾਰ ਪੁਜ ਗਈ ਹਾਂ, ਕਿਉਂਕਿ ਇਸ ਸਾਈਂ ਲੋਕ ਨੇ ਕਿਹਾ ਹੈ-

ਬਚਨ ਹੇਤ ਸ੍ਰੀ ਰਾਮਚੰਦ ਲੰਕਪਤਿ ਕੀਯੋ ਭਭੀਛਣ।
ਬਚਨ ਹੇਤ ਬਲਰਾਉ ਗਇਓ ਪਾਤਾਲ ਸੁ ਤਤਛਿਣ।
ਬਚਨ ਹੇਤ ਹਰੀ ਚੰਦ ਨੀਚ ਘਰ ਨੀਰ ਭਰਾਇਓ।
ਬਚਨ ਹੇਤ ਬਨਬਾਸ ਪਾਡਵਾਂ ਕਸ਼ਟ ਉਠਾਇਓ।
ਕਹਿ ਕੇ ਬਚਨ ਜੁ ਟਲ ਜਾਇ ਫੜ ਕਟਾਰ ਤਿਹ ਕਟੀਏ।
ਸਾਂਈਂ ਲੋਕ ਕਹੇ ਸੁਣ ਸਜਣਾ ਬਚਨੋਂ ਮੂਲ ਨ ਹਟੀਏ।

ਆਦਮੀ ਆਪ ਦੇ ਮੂੰਹੋਂ ਜੋ ਬਚਨ ਕਹੇ ਉਸ ਨੂੰ ਪੂਰਾ ਕਰੇ। ਇਸ ਤਰ੍ਹਾਂ ਦੇ ਬਚਨ ਸੁਣ ਕੇ ਅਤੇ ਲੋਈ ਤੋਂ ਆਉਣ ਦਾ ਕਾਰਨ ਪੁਛ ਕੇ ਬਾਣੀਏਂ ਦਾ ਮਨ ਸ਼ੁਧ ਹੋ ਗਿਆ ਤੇ ਚਰਨੀਂ ਢਹਿ, ਪਿਆ, ਆਖਿਆ ਅਜ ਤੋਂ ਤੂੰ ਮੇਰੀ ਧਰਮ ਦੀ ਮਾਤਾ ਹੈਂ। ਮੇਰੇ ਪਿਛਲੇ ਔਗੁਣ ਬਖ਼ਸ਼ ਦੇ, ਮੈਂ ਬੜਾ ਗੁਨਾਹਗਾਰ ਹਾਂ। ਤਿਸ ਵੇਲੇ ਲੋਈ ਨੇ ਉਸ ਬਾਣੀਏਂ ਨੂੰ ਪੁੱਤਰ ਸਮਝ ਕੇ ਪਿਆਰ ਦਿਤਾ ਤੇ ਆਪ ਆਪਣੇ ਘਰ ਪਤੀ ਦੇਵ ਦੇ ਪਾਸ ਆ ਪਹੁੰਚੀ। ਇਸ ਗੱਲ ਨੂੰ ਸਾਹਮਣੇ ਰਖ ਕੇ ਲੋਕਾਂ ਆਖਿਆ ਹੇ ਕਬੀਰ ! ਤੂੰ ਬੜਾ ਬੇਪੱਤਾ ਹੈਂ। *ਉੱਤਰ:-*

ਹਮ ਅਪਤਹ ਅਪੁਨੀ ਪਤਿ ਖੋਈ॥
ਹਮਰੈ ਖੋਜਿ ਪਰਹੁ ਮਤਿ ਕੋਈ॥ ੧ ॥ ਰਹਾਉ ॥

(੧) ਜੇ ਅਸੀਂ ਬੇਪੱਤੇ ਹਾਂ, ਤਾਂ ਆਪਣੀ ਹੀ ਇਜ਼ਤ ਨਾਸ ਕੀਤੀ ਹੈ ਤੁਹਾਡੀ ਤਾਂ ਨਹੀਂ ਵਿਗਾੜੀ, ਤੁਸੀਂ ਅਨੰਦ ਲਵੋ। ਸੰਤ ਸੇਵਾ ਕਰਨੀ, ਜੀਵ ਦੀ ਰਖਿਆ ਕਰਨੀ, ਪਰਉਪਕਾਰ ਕਰਨਾ, ਇਸ ਤਰ੍ਹਾਂ ਦੇ ਸਾਡੇ ਰਾਹ ਵਿਚ ਤੁਸੀ ਕੋਈ ਮਤਾਂ ਪੈਣਾ ਕਰੋ॥ ੧॥ ਰਹਾਉ॥

(੨) ਅਸੀਂ ਕੋਈ ਬੇਪੱਤੇ ਹਾਂ? ਆਪਣੀ ਇਜ਼ਤ ਖੋ ਸਕਦੇ ਹਾਂ। ਸਾਡੀ ਮਤਿ=ਅਕਲ ਦੀ ਖੋਜ ਵਿਚ ਪੈ ਕੇ ਕੋਈ ਵੇਖ ਤਾਂ ਲਵੇ। ਫਿਰ ਤੁਹਾਨੂੰ ਪਤਾ ਲਗੇਗਾ ਕਿ ਕਬੀਰ ਦਾ ਕੀ ਖਿਆਲ ਹੈ।*

ਫਿਰ ਲੋਕਾਂ ਨੇ ਆਖਿਆ ਤੁਸੀਂ ਬੜੇ ਮੰਦੇ ਹੋ। ਕਬੀਰ ਜੀ ਉੱਤਰ ਦੇਂਦੇ ਹਨ-

**ਨੋਟ-ਪਰਉਪਕਾਰ ਦੀ ਖਾਤਰ, ਵਿਸ਼ਨੂੰ ਨੇ ਕਿਹੜਾ ਕੰਮ ਨਹੀਂ ਕੀਤਾ? ਵੇਖੋ ਸ਼ਿਵਾਂ ਦੀ ਸਹਾਇਤਾ ਵਾਸਤੇ ਵਿਸ਼ਨੂੰ ਨੇ ਜਲੰਧਰ ਦੈਂਤ ਦਾ ਰੂਪ ਧਾਰਕੇ ਉਸ ਦੀ ਇਸਤ੍ਰੀ ਬਿੰਦ੍ਰਾ ਦਾ ਸਤ ਧਰਮ ਤੋੜਿਆ। ਪੁਨਾ-ਚਾਰ ਵੇਦਾਂ ਦੇ ਟੀਕਾਕਾਰ ਬਿਆਸ ਭਗਵਾਨ ਜੀ ਨੇ ਬਚਿੱਤ੍ਰ ਬੀਰਜ ਦੀ ਇਸਤ੍ਰੀ ਨਾਲ ਭੋਗ ਕਰਕੇ ਸੰਤਾਨ ਪੈਦਾ ਕੀਤੀ। ਫਿਰ ਦਧੀਚ ਰਿਖੀ ਨੇ ਪਰਉਪਕਾਰ ਖਾਤਰ ਆਪਣਾ ਸਾਰਾ ਸਰੀਰ ਕੁਰਬਾਨ ਕਰ ਦਿਤਾ।*

ਹਮ ਮੰਦੇ ਮੰਦੇ ਮਨ ਮਾਹੀ॥ ਸਾਝ ਪਾਤਿ ਕਾਹੂ ਸਿਉ ਨਾਹੀ॥ ੨॥

ਜੇ ਅਸੀਂ ਬੁਰੇ ਹਾਂ ਤਾਂ ਆਪਣੇ ਮਨ ਵਿਚ ਹੀ ਬੁਰੇ ਹਾਂ। ਤੁਹਾਡੇ ਵਿਚੋਂ ਕਿਸੀ ਪਾਤਿ=ਪੰਗਤ ਨਾਲ ਭੀ ਸਾਡੀ ਸਾਂਝ ਨਹੀਂ ਭਾਵ ਵਰਤਣ ਵਿਹਾਰ ਨਹੀਂ ਹੈ॥ ੨॥

ਪਤਿ ਅਪਤਿ ਤਾ ਕੀ ਨਹੀ ਲਾਜ॥ ਤਬ ਜਾਨਹੁਗੇ ਜਬ ਉਘਰੈਗੋ ਪਾਜ॥ ੩॥

ਪੱਤਅਬਰੋ ਦੇਣ ਵਾਲੇ ਭਗਤੀ ਆਦਿ ਸ਼ੁਭ ਕਰਮਾਂ ਨੂੰ ਤੁਸੀਂ ਕਰਦੇ ਨਹੀਂ ਅਤੇ ਬੇਇਜ਼ਤੀ ਦੇਣ ਵਾਲੇ ਜੋ ਖੋਟੇ ਕਰਮ ਹਨ ਉਨ੍ਹਾਂ ਦੀ ਤੁਹਾਨੂੰ ਸ਼ਰਮ ਨਹੀਂ ਆਉਂਦੀ ਭਾਵ ਮੰਦ ਕਰਮਾਂ ਨੂੰ ਤੁਸੀਂ ਬੇਫਿਕਰ ਹੋ ਕੇ ਕਰਦੇ ਹੋ। ਤਦ ਤੁਸੀਂ ਜਾਣੋਗੇ ਜਦ ਤੁਹਾਡਾ ਪਾਜ=ਪੜਦਾ ਉਘਰੈਗੋ=ਖੁਲ੍ਹੇਗਾ॥ ੩॥

ਸਭਾ ਵਿਚ ਇਕ ਚੰਗਾ ਮਨੁੱਖ ਬੈਠਾ ਸੀ ਉਸਨੇ ਆਖਿਆ ਪੱਤਅਬਰੋ ਕਿਹੜੀ ਸ੍ਰੇਸ਼ਟ ਹੈ? *ਉੱਤਰ:-*

ਕਹੁ ਕਬੀਰ ਪਤਿ ਹਰਿ ਪਰਵਾਨੁ॥
ਸਰਬ ਤਿਆਗਿ ਭਜੁ ਕੇਵਲ ਰਾਮੁ॥ ੪॥ ੩॥

ਕਬੀਰ ਜੀ ਕਹਿੰਦੇ ਹਨ ਉਹ ਇਜ਼ਤ ਸ੍ਰੇਸ਼ਟ ਹੈ ਜਿਸ ਨੂੰ ਹਰੀ ਪ੍ਰਵਾਨ ਕਰਦਾ ਹੈ।
ਇਸ ਤੇ ਸਭ ਪਰਵਿਰਤੀ ਨੂੰ ਤਿਆਗ ਕੇ ਤੂੰ ਕੇਵਲ ਵਾਹਿਗੁਰੂ ਨੂੰ ਭਜਨਾ ਕਰ॥ ੪॥ ੩॥

ਗਉੜੀ ਕਬੀਰ ਜੀ॥

ਉਥਾਨਕਾ-ਕਿਸੀ ਮੌਕੇ ਨਾਂਗਾ ਚਮਰਪੋਸ਼, ਪਰਮਹੰਸ, ਜਤੀ ਇਹ ਚਾਰੇ ਭੇਖਾਂ ਦੇ ਸੰਤ ਇਕੱਠੇ ਹੋ ਕੇ ਆਪੋ ਆਪਣੇ ਮਤ ਨੂੰ ਵਡਿਆਣ ਲਗ ਪਏ, ਆਖਿਰਕਾਰ 'ਬੋਲਤ ਬੋਲਤ ਬਢਹਿ ਬਿਕਾਰਾ' ਦੇ ਅਨੁਸਾਰ ਇਨ੍ਹਾਂ ਦਾ ਆਪਸ ਵਿਚ ਝਗੜਾ ਵਧ ਗਿਆ ਤਾਂ ਲੋਕਾਂ ਨੇ ਆਖਿਆ ਇਹ ਫੈਸਲਾ ਤੁਹਾਡੇ ਪਾਸੋਂ ਨਹੀਂ ਮੁਕਣਾ। ਤੁਸੀਂ ਕਬੀਰ ਜੀ ਪਾਸ ਜਾਓ। ਉਸ ਵੇਲੇ ਸਭ ਭੇਖੀਆਂ ਨੇ ਆ ਕੇ ਕਬੀਰ ਜੀ ਨੂੰ ਆਪੋ ਆਪਣੇ ਮਤ ਦੀ ਵਿਸ਼ੇਸ਼ਤਾ ਕਹੀ, ਤਾਂ ਕਬੀਰ ਜੀ ਸਭ ਭੇਖਾਂ ਦਾ ਖੰਡਨ ਕਰਦੇ ਹੋਏ ਉਪਦੇਸ਼ ਦੇਂਦੇ ਹਨ:-

ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥ ੧॥

ਪਹਿਲੇ ਨਾਂਗੇ ਨੂੰ ਉਪਦੇਸ਼ ਕਰਦੇ ਹਨ, ਹੇ ਦਿਗੰਬਰ ! ਜੇਕਰ ਕੇਵਲ ਨੰਗੇ ਫਿਰਣ ਨਾਲ ਹੀ ਪਰਮਾਤਮਾ ਨਾਲ ਜੋਗੁ=ਜੁੜਨਾ ਪਾਈਏ ਤਾਂ ਜੰਗਲ ਦੇ ਸਾਰੇ ਹਰਨ ਮੋਖ ਹੋਣੇ ਚਾਹੀਦੇ ਹਨ। ਵਾ:-ਜੰਗਲ ਦੇ ਸਾਰੇ ਹਰਨ ਆਦੀ ਜਾਨਵਰ ਮੋਖ ਹੋਣੇ ਚਾਹੀਦੇ ਹਨ, ਪਰ ਹੁੰਦੇ ਨਹੀਂ। ਇਸ ਤੇ ਇਹ ਨਿਯਮ ਸਮਝ ਲੈ, ਨਾਮ ਸਿਮਰਨ ਤੋਂ ਬਿਨਾਂ ਨੰਗੇ ਫਿਰਣ ਵਿਚ ਕੋਈ ਸਿੱਧੀ ਨਹੀਂ। ਇਤਨੀ ਗੱਲ ਸੁਣ ਕੇ ਚਮਰਪੋਸ਼ ਕਹਿੰਦਾ ਹੈ, 'ਕਿਉਂ ਭਈ ਲੈ ਲਿਆ ਟਕਾ? ਬਸ ਮੇਰਾ ਮਤ ਵੱਡਾ ਹੈ' ਹੁਣ ਕਬੀਰ ਜੀ ਚਮਰਪੋਸ਼ ਨੂੰ ਕਹਿੰਦੇ ਹਨ-

ਕਿਆ ਨਾਗੇ ਕਿਆ ਬਾਧੇ ਚਾਮ॥
ਜਬ ਨਹੀ ਚੀਨਸਿ ਆਤਮ ਰਾਮ॥ ੧॥ ਰਹਾਉ॥

ਨੰਗੇ ਫਿਰਨ ਨਾਲ ਕੀ ਹੈ ਅਤੇ ਚਾਮ=ਚਮੜੇ ਦੇ ਬੰਨ੍ਹ ਲੈਣ ਨਾਲ ਕੀ ਹੈ। ਜਦ ਤਦ ਆਤਮ=ਆਪਣੇ ਆਪ ਨੂੰ ਰਾਮ ਰੂਪ ਕਰਕੇ ਜਾਣਿਆ ਨਹੀਂ ਭਾਵ ਅਭੇਦ ਚਿੰਤਨ ਨਹੀਂ ਕੀਤਾ। *ਯਥਾ:-* ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥ *(ਭੈਰਉ ਮਹਲਾ: ੧, ਪੰਨਾ ੧੧੫੩)*

ਜਦ ਦੋਨੋਂ ਮਤ ਖੰਡਨ ਹੋ ਗਏ ਤਾਂ 'ਪਰਮਹੰਸ' ਨੇ ਕਿਹਾ, ਕਿਉਂ ਭਈ ਲੈ ਲਿਆ ਟਕਾ? ਦੇਖ ਮੇਰਾ ਮੱਤ ਵੱਡਾ ਹੈ। ਕਿਉਂਕਿ ਜਦ ਤਕ ਵਾਲ ਜੰਜਾਲ ਹਨ, ਤਦ ਤਕ ਬੰਧਨ ਨਹੀਂ ਟੁਟਦੇ। ਇਹ ਗੱਲ ਸੁਣ ਕੇ ਕਬੀਰ ਜੀ ਪਰਮਹੰਸ ਨੂੰ ਕਹਿੰਦੇ ਹਨ:-

ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ॥ ੨॥

ਜੇਕਰ ਮੂਡ=ਸਿਰ ਮੁੰਡਾਏ=ਮੁਨਾਉਣ ਨਾਲ ਹੀ ਸਿਧਿ=ਮੁਕਤੀ ਪਾਈਦੀ ਹੈ, ਤਾਂ ਕੋਈ ਭੇਡ ਸਿਰ ਮੂੰਹ ਮੁਨਾਏ ਬਿਨਾਂ ਮੁਕਤੀ=ਖਾਲੀ ਨਹੀਂ ਗਈ। ਹਰ ਛੇ ਮਹੀਨੇ ਪਿਛੋਂ ਭੇਡਾਂ ਮੁੰਨੀਆਂ ਜਾਂਦੀਆਂ ਹਨ। ਪਰ ਕੋਈ ਭੇਡ ਵੀ ਮੁਕਤੀ ਨੂੰ ਪ੍ਰਾਪਤ ਹੋ ਕੇ ਬਿਬਾਨ ਪਰ ਚੜ੍ਹਕੇ ਵਾਜਿਆਂ ਦੇ ਸਹਿਤ ਸੁਰਗ ਨੂੰ ਨਹੀਂ ਗਈ॥ ੨॥

ਯਥਾ:- ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਇ॥
ਜੋ ਕਿਛੁ ਕੀਆ ਸੋ ਮਨੂ ਕੀਆ ਮੂੰਡਾ ਮੂੰਡੁ ਅਜਾਂਇ॥ ੧੦੧॥

(ਸਲੋਕ ਕਬੀਰ, ਪੰਨਾ ੧੩੬੯)

ਇਹ ਗੱਲ ਸੁਣ ਕੇ 'ਜਤੀ' ਖੁਸ਼ ਹੋਇਆ,ਆਖਦਾ ਹੈ ਹੋਰ ਸਭ ਮਤ ਖੰਡਨ ਹੋ ਗਏ ਹਨ ਤੇ ਮੇਰਾ ਹੀ ਮਤ ਰਹਿ ਗਿਆ ਹੈ, ਏਹੀ ਸਭ ਤੋਂ ਵੱਡਾ ਹੈ। ਹੁਣ ਕਬੀਰ ਜੀ ਉਸਨੂੰ ਭੀ ਟਕਾ ਦੇਂਦੇ ਹਨ-

ਬਿੰਦੁ ਰਾਖਿ ਜੌ ਤਰੀਐ ਭਾਈ॥ ਖੁਸਰੈ ਕਿਉ ਨ ਪਰਮ ਗਤਿ ਪਾਈ॥ ੩॥

ਹੇ ਭਾਈ ! ਜੇਕਰ ਬੀਰਜ ਨੂੰ ਰੋਕਿਆਂ ਹੀ ਸੰਸਾਰ ਤੋਂ ਤਰਨਾਂ ਹੋਵੇ, ਤਾਂ ਇਹ ਦੱਸ ਖੁਸਰੈ=ਹੀਜੜੇ ਨੇ ਮੁਕਤੀ ਕਿਉਂ ਨਾ ਪਾ ਲਈ? ਖੁਸਰੇ ਨੂੰ ਤਾਂ ਅੱਵਲ ਦਰਜੇ ਦੀ ਮੁਕਤੀ ਮਿਲਣੀ ਚਾਹੀਦੀ ਸੀ ਪਰ ਹੁੰਦੀ ਨਹੀਂ। ਯਥਾ-ਕਲਗੀਧਰ ਜੀ ਨੇ ਕਿਹਾ ਹੈ-

ਖੂਕ ਮਲਹਾਰੀ ਗਜ ਗਦਹਾ ਬਿਭੂਤ ਧਾਰੀ, ਗਿਦ੍ਵਆ ਮਸਾਨ ਬਾਸ ਕਰਿਓਈ ਕਰਤ ਹੈ।
ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ ਮ੍ਰਿਗ, ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ।
ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਡੱਯਾ ਦੇਭ, ਬੰਦਰਾ ਸਦੀਵ ਪਾਇ ਨਾਗੇ ਈ ਫਿਰਤ ਹੈ।
ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ ਏਕ ਗਜਾਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ॥ ੧॥ ੭੧॥

(ਅਕਾਲ ਉਸਤਤਿ, ਪੰਨਾ ੧੭)

ਤਥਾ:- ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥ *(ਆਸਾ ਮਹਲਾ ੧, ਪੰਨਾ ੪੧੯)*

ਹੁਣ ਕਬੀਰ ਜੀ ਆਪਣਾ ਸਿਧਾਂਤ ਦੱਸਦੇ ਹਨ-

ਕਹੁ ਕਬੀਰ ਸੁਨਹੁ ਨਰ ਭਾਈ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ॥ ੪॥ ੪॥

ਕਬੀਰ ਜੀ ਕਹਿੰਦੇ ਹਨ, ਹੇ ਨਰ=ਪੁਰਸ਼ੋ ! ਇਕ ਭਾਈ=ਪ੍ਰੇਮ ਪੂਰਬਕ ਚੰਗੀ ਗੱਲ ਸੁਣੋ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਕਿਸ ਨੇ ਮੋਖ ਪਾਈ ਹੈ ਭਾਵ ਕਿਸੀ ਨੇ ਨਹੀਂ ਪਾਈ। ਇਸ ਤੇ ਇਕਾਗਰ ਮਨ ਹੋ ਕੇ

ਵਾਹਿਗੁਰੂ ਦਾ ਜਾਪ ਕਰੋ॥ ੪॥ ੪॥

ਗਉੜੀ ਕਬੀਰ ਜੀ॥

ਉਥਾਨਕਾ-ਇਕ ਬ੍ਰਾਹਮਣ ਨੇ ਆ ਕੇ ਕਿਹਾ 'ਤ੍ਰਿਕਾਲ ਸੰਧਿਆ' ਕਰਨ ਨਾਲ ਮੋਖਸ਼ ਹੁੰਦੀ ਹੈ ਨਾਮ ਜਪਣ ਦੀ ਕੋਈ ਲੋੜ ਨਹੀਂ। ਕਬੀਰ ਜੀ ਉੱਤਰ ਦੇਂਦੇ ਹਨ-

ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ॥ ਜਿਉ ਭਏ ਦਾਦੁਰ ਪਾਂਨੀ ਮਾਹੀ॥ ੧॥

ਜੋ ਕਰਮਚਾਰੀ ਮਨੁਖ ਸੰਧਿਆ=ਸ਼ਾਮ ਵੇਲੇ ਪ੍ਰਾਤ=ਸਵੇਰ ਨੂੰ ਅਤੇ ਦੁਪਹਿਰੇ ਤਿੰਨ ਸਮਿਆਂ ਵਿਚ ਮੁਖ ਸਮਝਕੇ ਇਸ਼ਨਾਨ ਨੂੰ ਕਰਦੇ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਪਾਣੀ ਦੇ ਜੰਤ ਸਮਝੋ, ਜਿਸ ਤਰ੍ਹਾਂ ਪਾਣੀ ਵਿਚ ਦਾਦੁਰ=ਡੱਡੂ ਹੁੰਦੇ ਹਨ॥ ੧॥

ਯਥਾ:- ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥ *(ਆਸਾ ਪੰਨਾ ੪੮੪)*

ਜਉ ਪੈ ਰਾਮ ਰਾਮ ਰਤਿ ਨਾਹੀ॥
ਤੇ ਸਭਿ ਧਰਮ ਰਾਇ ਕੈ ਜਾਹੀ॥ ੧॥ ਰਹਾਉ॥

ਜੇਕਰ ਪੈ=ਬਹੁਤੋਂ ਸਾਰਿਆਂ ਵਿਚ ਰਮੇ ਹੋਏ ਰਾਮ ਵਿਚ ਜਿਨ੍ਹਾਂ ਦੀ ਪ੍ਰੀਤੀ ਨਹੀਂ ਹੈ।
ਉਹ ਸਾਰੇ ਮਨੁੱਖ ਕਰਮਾਂ ਦਾ ਫਲ ਭੋਗਣ ਵਾਸਤੇ ਧਰਮ ਰਾਜਾ ਦੇ ਪਾਸ ਜਾਂਦੇ ਹਨ॥ ੧॥

ਯਥਾ- ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ॥
ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥ *(ਸਲੋਕ ਮਹਲਾ ੩, ਪੰਨਾ ੧੪੧੪)*

ਕਾਇਆ ਰਤਿ ਬਹੁ ਰੂਪ ਰਚਾਹੀ॥
ਤਿਨ ਕਉ ਦਇਆ ਸੁਪਨੈ ਭੀ ਨਾਹੀ॥ ੨॥

ਜੋ ਪੁਰਸ਼ ਸਰੀਰ ਨਾਲ ਪ੍ਰੀਤੀ ਕਰਕੇ ਧੋਤੀ ਬੰਨ੍ਹਣੀ ਜੰਞੂ ਪਾਣਾ, ਹੱਥ ਵਿਚ ਮਾਲਾ ਰੱਖਣੀ, ਤਿਲਕ ਲਗਾਣਾ ਇਤਆਦਿ ਬਹੁਤੇ ਰੂਪ ਬਨਾਉਣ ਵਿਚ ਤਦਾਕਾਰ ਹਨ, ਤਿਨ੍ਹਾਂ ਨੂੰ ਸੁਪਨੇ ਵਿਚ ਭੀ ਦਇਆ ਨਹੀਂ ਹੁੰਦੀ।

ਵਾ:-ਸੰਸਾਰ ਸੁਪਨੇ ਵਿਚ ਤਿਨ੍ਹਾਂ ਨੂੰ ਸੁਪਨੈ=ਕਦਾਚਿਤ ਦਇਆ ਨਹੀਂ ਹੁੰਦੀ॥ ੨॥

ਚਾਰਿ ਚਰਨ ਕਹਹਿ ਬਹੁ ਆਗਰ॥ ਸਾਧੂ ਸੁਖੁ ਪਾਵਹਿ ਕਲਿ ਸਾਗਰ॥ ੩॥

ਬਹੁ ਆਗਰ=ਬਹੁਤ ਸ੍ਰੇਸ਼ਟ ਤਤਵੇਤਾ ਮਹਾਤਮਾਂ ਤਿਨ੍ਹਾਂ ਨਿਰਦਈ ਪੁਰਸ਼ਾਂ ਨੂੰ ਚਾਰਿ ਚਰਨ=ਚਾਰ ਪੈਰਾਂ ਵਾਲੇ ਪਸ਼ੂ ਕਹਿੰਦੇ ਹਨ। ਵਾ:-ਚਾਰਿ ਚਰਨ=ਚਾਰ ਵੇਦ ਤੇ ਬਹੁਤ ਆਗਰ=ਤਤਵੇਤਾ ਮਹਾਤਮਾਂ ਐਸੇ ਕਹਿੰਦੇ ਹਨ ਕਿ ਕਲਿਜੁਗ ਰੂਪ ਸਮੁੰਦਰ ਵਿਚ ਸੰਤ ਹੀ ਸੁਖ ਪਾਉਂਦੇ ਹਨ। ਪਰ ਇਹ ਜੀਵ ਦੋਹਾਂ ਦੇ ਕਹਿਣੇ ਨੂੰ ਸਮਝਦਾ ਨਹੀਂ ਹੈ।

ਯਥਾ- ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ॥ (ਟੋਡੀ ਮਹਲਾ ੫, ਪੰਨਾ ੭੧੭)

ਵਾ-ਚਾਰਿ=ਸੁੰਦਰ ਚਰਨ=ਕਰਤੱਬਾਂ ਦੇ ਕਰਨ ਵਾਲੇ ਬਹੁ ਆਗਰ=ਬਹੁਤ ਸ੍ਰੇਸ਼ਟ ਤਤਵੇਤਾ ਮਹਾਤਮਾਂ ਕਹਿੰਦੇ ਹਨ ਕਿ ਸੰਤ ਜਨ ਹੀ ਕਲੇਸ਼ ਰੂਪ ਸੰਸਾਰ ਵਿਚ ਸੁਖ ਪਾਉਂਦੇ ਹਨ॥ ੩॥

ਕਹੁ ਕਬੀਰ ਬਹੁ ਕਾਇ ਕਰੀਜੈ॥ ਸਰਬਸੁ ਛੋਡਿ ਮਹਾ ਰਸੁ ਪੀਜੈ॥ ੪॥ ੫॥

ਕਬੀਰ ਜੀ ਕਹਿੰਦੇ ਹਨ, ਬਹੁਤੀਆਂ ਫਜ਼ੂਲ ਗੱਲਾਂ ਕਿਸ ਵਾਸਤੇ ਕਰਦੇ ਹੋ। ਸੁਖਾਂ ਦੀ ਪ੍ਰਾਪਤੀ ਲਈ ਸਾਰਾ ਕੁਝ ਤਿਆਗ ਕੇ ਮਹਾ ਰਸੁ=ਬਹੁਤ ਅਨੰਦ ਦਾਇਕ ਨਾਮ ਅੰਮ੍ਰਿਤਰਸ ਨੂੰ ਪੀਣਾ ਕਰੋ॥ ੪॥ ੫॥

ਕਬੀਰ ਜੀ ਗਉੜੀ॥

ਉਥਾਨਕਾ-ਕਿਸੀ ਨੇ ਕਿਹਾ ਜਪ ਤਪ ਵਰਤ ਆਦਿਕ ਰਖਣ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ, ਇਸੀ ਤੇ ਜਪ ਤਪ ਕਰਨੇ ਜ਼ਰੂਰੀ ਹਨ। ਉੱਤਰ:-

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥
ਜਾ ਕੈ ਰਿਦੈ ਭਾਉ ਹੈ ਦੂਜਾ॥ ੧॥

ਜਿਸ ਪੁਰਸ਼ ਦੇ ਹਿਰਦੇ ਵਿਚ ਦ੍ਵੈਤ ਭਾਉ ਹੈ ਉਨ੍ਹਾਂ ਨੂੰ ਜਪ ਕਰਨੇ ਸੇ ਕੀ ਹੈ, ਤਪ ਕਰਨ ਸੇ ਕੀ ਹੈ ਵਰਤ ਰਖਣੇ ਸੇ ਕੀ ਹੈ ਅਤੇ ਠਾਕੁਰ ਪੂਜਾ ਆਦਿ ਕਰਮ ਕਰਨੇ ਸੇ ਕੀ ਮੁਕਤੀ ਦਾ ਲਾਭ ਹੈ ਭਾਵ ਕੁਝ ਲਾਭ ਨਹੀਂ॥ ੨॥

ਯਥਾ:- ਤੀਰਥ ਕੋਟ ਕੀਏ ਇਸ਼ਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥
ਦੇਸ ਫਿਰਿਓ ਕਰਿ ਭੇਸ ਤਪੋਧਨ ਕੇਸ ਧਰੇ ਨ ਮਿਲੇ ਹਰਿ ਪਜਾਰੇ॥
ਆਸਨ ਕੋਟ ਕਰੇ ਅਸ਼ਟਾਂਗ ਧਰੇ ਬਹੁ ਨਜਾਸ ਕਰੇ ਮੁਖ ਕਾਰੇ॥
ਦੀਨਦਇਆਲ ਅਕਾਲ ਭਜੇ ਬਿਨੁ ਅੰਤ ਕੌ ਅੰਤ ਕੇ ਧਾਮ ਸਿਧਾਰੇ॥ ੧੦॥ ੨੫੨॥

(ਦਸਮ ਗ੍ਰੰਥ, ਪੰਨਾ ੩੫)

ਰੇ ਜਨ ਮਨੁ ਮਾਧਉ ਸਿਉ ਲਾਈਐ॥
ਚਤੁਰਾਈ ਨ ਚਤੁਰਭੁਜੁ ਪਾਈਐ॥ ੧॥ ਰਹਾਉ॥

ਹੇ ਭਾਈ ! ਮਨ ਨੂੰ ਪਰਮਾਤਮਾ ਨਾਲ ਲਗਾਉਣਾ ਕਰੋ। ਚਤੁਰਾਈ ਕਰਨਨਾਲ ਚਤੁਰਭੁਜੁ=ਪਰਮਾਤਮਾ ਨਹੀਂ ਪਾਇਆ ਜਾਂਦਾ।

ਯਥਾ- ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥ (ਅਨੰਦੁ ਸਾਹਿਬ, ਪੰਨਾ ੯੧੮)

ਪ੍ਰਸ਼ਨ-ਮੈਨੂੰ ਕੀ ਕਰਤੱਬ ਕਰਨੇ ਯੋਗ ਹਨ? ਉੱਤਰ-

ਪਰਹਰੁ ਲੋਭੁ ਅਰੁ ਲੋਕਾਚਾਰੁ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥ ੨॥

ਪਦਾਰਥਾਂ ਦੇ ਇਕੱਠੇ ਕਰਨ ਦਾ ਲੋਭ ਅਤੇ ਲੋਕਾਚਾਰੁ=ਲੋਕ ਵਿਖਾਵੇ ਵਾਲੇ ਕਰਮਾਂ ਨੂੰ ਪਰਹਰੁ=ਛਡ ਦੇ। ਸਰੀਰ ਨੂੰ ਕਮਜ਼ੋਰ ਕਰਨ ਵਾਲੇ ਕਾਮ, ਅੰਤਹਕਰਣ ਨੂੰ ਸਾੜਨ ਵਾਲੇ ਕ੍ਰੋਧ ਤੇ ਪੁੰਨਾਂ ਦੇ ਅਭਾਵ ਕਰਨ

ਵਾਲੇ ਹੰਕਾਰ ਨੂੰ ਤਿਆਗ ਦੇ ॥ ੨ ॥

ਯਥਾ- ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥

(ਸੋਰਠਿ ਮਹਲਾ ੧, ਪੰਨਾ ੫੯੮)

ਤਥਾ- ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥

(ਮਾਰੂ ਮਹਲਾ ੧, ਪੰਨਾ ੧੦੪੧)

ਤਥਾ:- ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ ॥ ੫੯ ॥

ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥ ੩ ॥

ਯੱਗ ਆਦੀ ਕਰਮ ਕਰਨ ਨਾਲ ਸੇਵ=ਨਿਸ਼ਚੇ ਕਰਕੇ ਹੰਕਾਰ ਵਧਦਾ ਹੈ। ਤੁਸੀਂ ਆਪਸ ਵਿਚ ਮਿਲ ਕੇ ਜੋ ਪੱਥਰ ਦੀ ਸੇਵਾ ਕਰਦੇ ਹੋ, ਅਸੀਂ ਤੁਹਾਡੇ ਪਾਸੋਂ ਪੁੱਛਦੇ ਹਾਂ ਪੱਥਰ ਦੀ ਸੇਵਾ ਕਰਨ ਨਾਲ ਤੁਹਾਨੂੰ ਕੀ ਮਿਲਦਾ ਹੈ? ਯਥਾ-ਦਸਮੇਸ਼ ਪਿਤਾ ਜੀ ਨੇ ਕਿਹਾ ਹੈ- 'ਜਿਉਂ ਆਪ ਟੰਗੇ ਤਿਉਂ ਤੋਹਿ ਟੰਗੇ ਹੈ।'

ਤਥਾ- ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥ ੧੩੬ ॥

ਯਥਾ- ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈਂ ਪਰਮੇਸਰ ਨਾਹੀ ॥
ਤਾਹੀ ਕੋ ਪੂਜ ਪ੍ਰਭੂ ਕਰਕੇ ਜਿਹ ਪੂਜਤ ਹੀ ਅਘ ਓਘ ਮਿਟਾਹੀ ॥
ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੇ ਲੇਤ ਸਭੈ ਛੁਟ ਜਾਹੀ ॥
ਆਹੀ ਕੋ ਧਿਆਨ ਪ੍ਰਮਾਨ ਸਦਾ ਇਨ ਫੋਕਟ ਧਰਮ ਕਰੇ ਫਲ ਨਾਹੀ ॥ ੨੦ ॥

(ਪਾਤਸ਼ਾਹੀ ੧੦)

ਤਥਾ- ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ ੧ ॥
ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥ ੧ ॥ ਰਹਾਉ ॥
ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥
ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥ ੨ ॥ (ਪੰਨਾ ੧੧੬੦)

ਤਥਾ- ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ ੨ ॥ (ਬਿਹਾਗੜੇ ਕੀ ਵਾਰ, ਪੰਨਾ ੫੫੬)

ਤਥਾ- ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥ ੬ ॥ (ਸੋਰਠਿ ਮਹਲਾ ੧, ਪੰਨਾ ੬੩੭)

ਤਥਾ:- ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੈ ਨਾਵਾਲਿ ॥
ਕੁੰਗੂ ਚੰਨਣੁ ਫੁਲ ਚੜਾਏ ॥ ਪੈਰਾਂ ਪੈ ਪੈ ਬਹੁਤੁ ਮਨਾਏ ॥

ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ॥ ਅੰਧੀ ਕੰਮੀ ਅੰਧ ਸਜਾਇ॥
ਭੁਖਿਆ ਦੇਇ ਨ ਮਰਦਿਆ ਰਖੇ॥ ਅੰਧਾ ਝਗੜਾ ਅੰਧੀ ਸਥੈ॥ ੧॥

(ਸਾਰੰਗ ਕੀ ਵਾਰ, ਪੰਨਾ ੧੨੪੦)

ਤਥਾ:- ਪਾਹਨ ਕੌ ਸ਼ਿਵ ਤੂੰ ਜੋ ਕਹੈ ਪਸੁ ਯਾ ਤੇ ਕਛੂ ਤੁਹਿ ਹਾਥ ਨ ਐਹੈ॥
ਤਿਰਜਕ ਜੋਨਿ ਸੁ ਆਪ ਪਰਾ ਰਸਕੇ ਤੁਹਿ ਕੌ ਕਹੁ ਕਾ ਵਰ ਦੈਹੈ॥
ਆਪਨ ਸੋ ਕਰਹੈ ਕਬਹੂੰ ਤੁਹਿ ਪਾਹਨ ਕੀ ਪਦਵੀ ਤਬ ਪੈਹੈ॥
ਜਾਨ ਰੇ ਜਾਨ ਅਜਾਨ ਮਹਾਂ ਫਿਰ ਜਾਨ ਗਈ ਕਛੁ ਜਾਨਿ ਨ ਜੈਹੈ॥ ੩॥

ਪੁਨਾ-ਬੇਨਤੀ ਕੀਤੀ, ਧੰਨੇ ਭਗਤ ਨੇ ਪਥਰ ਪੂਜਾ ਕਰਕੇ ਪਰਮਾਤਮਾ ਨੂੰ ਕਿਵੇਂ ਪਾਇਆ ਹੈ। *ਉੱਤਰ:-*

ਕਹੁ ਕਬੀਰ ਭਗਤਿ ਕਰਿ ਪਾਇਆ॥
ਭੋਲੇ ਭਾਇ ਮਿਲੇ ਰਘੁਰਾਇਆ॥ ੪॥ ੬॥

ਕਬੀਰ ਜੀ ਕਹਿੰਦੇ ਹਨ- ਧੰਨੇ ਨੇ ਪਰਮਾਤਮਾ ਨੂੰ ਪਾਇਆ ਹੈ, ਤਾਂ ਭਗਤੀ ਕਰਕੇ ਪਾਇਆ ਹੈ। ਕੋਈ ਪੱਥਰ ਪੂਜਾ ਕਰਕੇ ਨਹੀਂ ਪਾਇਆ। ਜੇ ਪੱਥਰ ਪੂਜਾ ਕਰਨ ਨਾਲ ਭਗਵਾਨ ਮਿਲਦਾ ਹੋਵੇ ਤਾਂ ਤ੍ਰਿਲੋਚਨ ਸਾਰੀ ਉਮਰ ਠਾਕੁਰ ਪੂਜਾ ਕਰਦਾ ਰਿਹਾ ਪਰ ਉਸ ਨੂੰ ਦਰਸ਼ਨ ਨਾ ਹੋਇਆ। ਇਸਤੇ ਇਹ ਨਿਯਮ ਹੈ ਹੇ ਭੋਲੇ=ਮੂਰਖ! ਉਹ ਰਘੁਰਾਇਆ=ਪਰਮਾਤਮਾ ਭਾਇ=ਪ੍ਰੇਮ ਨਾਲ ਮਿਲਦਾ ਹੈ।

ਯਥਾ- ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥ ੯॥

(ਦਸਮ ਗ੍ਰੰਥ, ਪੰਨਾ ੧੪)

ਵਾ:-ਭੋਲੇ ਭਾਇ=ਸਿਧੇ ਸਾਦੇ ਸੁਭਾਅ ਕਰਕੇ ਰਘੁ=ਇੰਦ੍ਰੀਆਂ ਦਾ ਰਾਇਆ=ਰਾਜਾ ਪਰਮਾਤਮਾ ਮਿਲਦਾ ਹੈ।

ਯਥਾ:- ਸਹਜ ਸੁਭਾਏ ਆਪਨ ਆਏ॥ ਕਛੂ ਨ ਜਾਨੌ ਕਛੂ ਦਿਖਾਏ॥
ਪ੍ਰਭੁ ਮਿਲਿਓ ਸੁਖ ਬਾਲੇ ਭੋਲੇ*॥ *(ਕਾਨੜਾ ਮਹਲਾ ੫, ਪੰਨਾ ੧੩੦੭)*

ਗਉੜੀ ਕਬੀਰ ਜੀ॥

ਉਥਾਨਕਾ-ਇਕ ਹੰਕਾਰੀ ਬ੍ਰਾਹਮਣ ਨੇ ਆਕੇ ਕਿਹਾ, ਹੇ ਜੁਲਾਹੇ ! ਤੂੰ ਭਾਵੇਂ ਕਿੰਨੇ ਨਾਮ ਜਪ ਲੈ ਤੇਰੀ ਮੁਕਤੀ ਕਦੇ ਨਹੀਂ ਹੋਣੀ, ਮੁਕਤੀ ਪ੍ਰਾਪਤ ਕਰਨੇ ਨੂੰ ਇਕ ਬ੍ਰਾਹਮਣ ਜਾਤੀ ਹੀ ਸਭ ਤੋਂ ਮੁਖ ਹੈ।

ਇਹ ਗੱਲ ਸੁਣਕੇ ਹੁਣ ਕਬੀਰ ਜੀ 'ਪ੍ਰਧਾਨ ਮਲ ਜੀਤ ਨਿਆਇ' ਸੇ ਕਥਨ ਕਰਦੇ ਹਨ। ਪਹਿਲੇ ਰਹਾਉ ਦੀ ਤੁਕ ਉਠਾਣੀ- 'ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥'

ਹੇ ਪੰਡਿਤ ! ਇਹ ਤੂੰ ਦੱਸ, ਆਪ ਕਦੋਂ ਦੇ ਬ੍ਰਾਹਮਣ ਹੋਏ ਹੋ? ਆਪ ਕਿਧਰੇ ਦੋ ਚਾਰ ਸਾਲ ਦੇ ਬ੍ਰਾਹਮਣ ਤਾਂ ਨਹੀਂ ਹੋ? ਸਾਖੀ ਸੁਣੋ-

ਹਿੰਦੂ ਲੋਕ ਤੀਰਥ ਯਾਤਰਾ ਕਰਨ ਜਾਂਦੇ ਹੁੰਦੇ ਸਨ। ਰੇਲ ਗੱਡੀਆਂ ਮੋਟਰਾਂ ਵਗੈਰਾ ਨਾ ਹੋਣ ਕਰਕੇ ਅਗਲੇ ਸਮਿਆਂ ਵਿਚ ਸਾਰੇ ਲੋਕ ਪੈਦਲ ਯਾਤਰਾ ਕਰਦੇ ਸਨ। ਰਾਤ ਜਿਥੇ ਆ ਜਾਵੇ ਓਥੇ ਆਰਾਮ ਕਰ ਲੈਂਦੇ ਸਨ।

**(ਸਾਖੀ ਟਿਡੇ ਸਟ ਦੀ ਸਟੀਕ ਭਗਤ ਬਾਣੀ ਵਿਚ ਵੇਖੋ)*

ਇਕ ਪਿੰਡ ਐਸਾ ਸੀ ਜੋ ਓਥੇ ਹਿੰਦੂ ਦਾ ਘਰ ਕੋਈ ਨਹੀਂ ਸੀ ਸਭ ਮੁਸਲਮਾਨ ਹੀ ਵੱਸਦੇ ਸਨ ਤੇ ਖਾਸ ਤੌਰ ਤੇ ਹਿੰਦੂਆਂ ਨੂੰ ਓਥੇ ਜ਼ਰੂਰ ਰਾਤ ਆ ਜਾਂਦੀ ਸੀ ਤੇ ਬਹੁਤ ਔਖੇ ਹੁੰਦੇ ਸਨ। ਸਮੇਂ ਦੇ ਚੱਕਰ ਅਨੁਸਾਰ ਇਕ ਸੱਯਦ ਮਰ ਗਿਆ ਤੇ ਉਸ ਦੀ ਔਰਤ ਨੂੰ ਮੁਸਲਮਾਨਾਂ ਨੇ ਇਕੱਠਿਆਂ ਹੋਕੇ ਗੌਮੂਤ੍ਰ ਪਿਲਾਕੇ ਉਸ ਨੂੰ ਹਿੰਦਣੀ ਬਣਾਕੇ ਵੱਖਰਾ ਮਕਾਨ ਦੇ ਦਿਤਾ ਤੇ ਆਖਿਆ ਤੂੰ ਆਏ ਗਏ ਸਭ ਹਿੰਦੂਆਂ ਦੀ ਸੇਵਾ ਕੀਤਾ ਕਰ। ਉਸ ਦਿਨ ਤੋਂ ਪਿੰਡ ਵਿਚ ਕੋਈ ਭੀ ਯਾਤਰੂ ਆਵੇ ਤਾਂ ਮੁਸਲਮਾਨ ਉਸਦੇ ਘਰ ਭੇਜ ਦੇਣ। ਉਸਦਾ ਕੁਝ ਕੁ ਸਮਾਂ ਇਸ ਪ੍ਰਕਾਰ ਆਏ ਗਏ ਹਿੰਦੂਆਂ ਦੀ ਰੋਟੀ ਪਾਣੀ ਦੀ ਸੇਵਾ ਕਰਦਿਆਂ ਲੰਘ ਗਿਆ। ਇਕ ਰਾਤ ਉਸਦੇ ਘਰ ਇਕ ਬ੍ਰਾਹਮਣ ਬ੍ਰਾਹਮਣੀ ਆ ਉਤਰੇ, ਤਾਂ ਉਸ ਨਵੀਂ ਹਿੰਦਣੀ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਜਦ ਉਹ ਰੋਟੀ ਖੁਆਕੇ ਤੇ ਆਪ ਖਾ ਕੇ ਭਾਡੇਂ ਮਾਂਜਣ ਲੱਗੀ ਤਾਂ ਦੋਨੋਂ ਬ੍ਰਾਹਮਣੀਆਂ ਇਕੱਠੀਆਂ ਹੋ ਕੇ ਗੱਲਾਂ ਕਰਨ ਲਗ ਪਈਆਂ। ਨਵੀਂ ਨੇ ਪੁਛਿਆ ਭੈਣ ਜੀ ਆਪ ਕਦੋਂ ਕੁ ਦੇ ਬ੍ਰਾਹਮਣ ਬਣੇ ਹੋ? ਉਹ ਬ੍ਰਾਹਮਣੀ ਸੁਣ ਕੇ ਹੈਰਾਨ ਹੋ ਗਈ ਤੇ ਆਖਦੀ ਹੈ ਕਦੋ ਕੁ ਦਾ ਕੀ ਭਾਵ ਹੈ? ਤਾਂ ਨਵੀਂ ਬ੍ਰਾਹਮਣੀ ਨੇ ਕਿਹਾ ਮੈਂ ਪਹਿਲੇ ਸੱਯਦ ਦੇ ਘਰ ਵਿਆਹੀ ਹੋਈ ਮੁਸਲਮਨੀ ਸਾਂ, ਮੇਰੇ ਪਤੀ ਦੇ ਮਰ ਜਾਣ ਪਿਛੋਂ ਮੈਨੂੰ ਗੌਮੂਤ੍ਰ ਪਿਲਾ ਕੇ ਬ੍ਰਾਹਮਣੀ ਬਣਾ ਦਿਤਾ ਹੈ ਜਿਸ ਨੂੰ ਸਾਲ ਕੁ ਹੋ ਗਿਆ ਹੈ। ਇਹ ਗੱਲ ਸੁਣ ਕੇ ਉਹ ਬ੍ਰਾਹਮਣ ਤੇ ਬ੍ਰਾਹਮਣੀ ਆਪਣੇ ਆਪ ਨੂੰ ਧਿਰਕਾਰਾਂ ਦੇਂਦੇ ਚਲੇ ਗਏ। ਹੁਣ ਕਬੀਰ ਜੀ ਕਹਿੰਦੇ ਹਨ, ਹੇ ਪੰਡਿਤ ਜੀ ! ਤੁਸੀਂ ਭੀ ਉਸ ਸੱਯਦਾਣੀ ਵਾਗੂੰ ਬ੍ਰਾਹਮਣ ਤਾਂ ਨਹੀਂ, ਆਪ ਕਦੋਂ ਦੇ ਬ੍ਰਾਹਮਣ ਹੋਏ ਹੋ?

ਪੰਡਿਤ ਨੇ ਕਿਹਾ-ਸਾਡਾ ਖਾਨਦਾਨ ਹੀ ਬ੍ਰਾਹਮਣਾਂ ਦਾ ਹੈ। ਸਾਡਾ ਪਿਤਾ ਬ੍ਰਾਹਮਣ ਹੈ ਉਸ ਦੇ ਪੁੱਤਰ ਹੋਣ ਕਰਕੇ ਅਸੀਂ ਵੀ ਬ੍ਰਾਹਮਣ ਹਾਂ। ਕਬੀਰ ਨੇ ਕਿਹਾ ਤੁਹਾਡਾ ਪਿਤਾ ਕਿਸ ਦਾ ਪੁੱਤ੍ਰ ਹੈ? ਪੰਡਿਤ ਨੇ ਕਿਹਾ-ਫਲਾਣੇ ਦਾ ਪੁੱਤ੍ਰ ਹੈ। ਕਬੀਰ ਨੇ ਕਿਹਾ ਉਹ ਕਿਸ ਦਾ ਪੁੱਤ੍ਰ ਹੈ? ਪੰਡਿਤ ਨੇ ਕਿਹਾ ਉਹ ਅਗਲੇ ਬ੍ਰਾਹਮਣ ਦਾ ਪੁੱਤ੍ਰ ਹੈ। ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਚਲਦਿਆਂ ਚਲਦਿਆਂ ਬ੍ਰਹਮਾ ਤਕ ਗਿਣਤੀ ਚਲੀ ਗਈ, ਤਾਂ ਕਬੀਰ ਜੀ ਨੇ ਕਿਹਾ ਬ੍ਰਹਮਾ ਜੀ ਦੀ ਉਤਪਤੀ ਵਿਸ਼ਨੂੰ ਦੀ ਨਾਭੀ ਕੰਵਲ ਤੋਂ ਹੋਈ ਹੈ ਤੇ ਵਿਸ਼ਨੂੰ ਜੀ ਮਹਾਂ ਛਤ੍ਰੀ ਹਨ। ਕਿਉਂਕਿ ਛਤ੍ਰੀਆਂ ਦਾ ਕਰਮ ਹੈ ਜੁਧ ਕਰਨਾ ਤੇ ਵਿਸ਼ਨੂੰ ਜੀ ਅਵਤਾਰ ਧਾਰ ਕੇ ਰਾਖਸ਼ਾਂ ਦਾ ਨਾਸ ਕਰਦੇ ਹਨ। ਇਸ ਕਰਕੇ ਵੀ ਹੇ ਪੰਡਿਤ ਜੀ ! ਤੁਹਾਡਾ ਬ੍ਰਾਹਮਣਪਣਾ ਸਿਧ ਨਾ ਹੋ ਸਕਿਆ। ਕਿਉਂਕਿ ਇਹ ਸ੍ਰੀ ਮੁਖ ਵਾਕਜ ਹੈ। 'ਕਰਮ ਦੇਵਤਾ ਨਾਮ ਕਹਾਵੈ।' ਆਦਮੀ ਜੈਸਾ ਕਰਮ ਕਰਦਾ ਹੈ ਤੈਸਾ ਉਸਦਾ ਨਾਮ ਪੈ ਜਾਂਦਾ ਹੈ। ਵਿਸ਼ਨੂੰ ਨੇ ਜੁਧ ਜੰਗ ਬਹੁਤ ਕੀਤੇ ਹਨ ਇਸ ਤੇ ਉਹ ਛਤ੍ਰੀ ਹਨ। ਪੁਨਾ-ਪੰਡਿਤ ਨੇ ਕਿਹਾ, ਮਾਂ ਦੇ ਗਰਭ ਵਿਚੋਂ ਪੈਦਾ ਹੋਣ ਕਰਕੇ ਅਸੀਂ ਬ੍ਰਾਹਮਣ ਹਾਂ। ਤਾਂ ਕਬੀਰ ਜੀ ਨੇ ਕਿਹਾ-

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥

ਮਾਂ ਦੇ ਗਰਭ ਵਿਚ ਵੱਸਣ ਕਰਕੇ ਕੁਲ ਨਹੀਂ ਜਾਣੀ ਜਾਂਦੀ, ਵਾ:-ਕੁਲ ਅਤੇ ਜਾਤੀ ਦੀ ਕੋਈ ਪ੍ਰਤੀਤੀ ਨਹੀਂ ਹੁੰਦੀ। ਜਦ ਬੱਚਾ ਜਨਮਦਾ ਹੈ ਤਾਂ ਮਾਂ ਉਸ ਨੂੰ ਸੰਸਕਾਰ ਪਾਂਦੀ ਹੈ ਕਿ ਤੂੰ ਬ੍ਰਾਹਮਣ ਹੈਂ ਜਾਂ ਛੱਤਰੀ ਹੈਂ ਜਾਂ ਸ਼ੂਦਰ ਹੈਂ। ਜੈਸੇ ਜੰਗਲ ਨਿਵਾਸੀ ਜੋ ਤੋਤਾ ਹੈ, ਉਹ ਗੰਗਾ ਰਾਮ ਅਤੇ ਮੀਆਂ ਮਿਠੂ ਆਦਿ ਸੰਸਕਾਰਾਂ ਤੋਂ ਰਹਿਤ ਹੁੰਦਾ ਹੈ। ਫਿਰ ਜਿਸ ਵੇਲੇ ਉਹ ਹਿੰਦੂ ਦੇ ਹੱਥ ਆ ਜਾਵੇ ਤਾਂ ਉਹ ਉਸਦਾ ਨਾਂ ਗੰਗਾਂ ਰਾਮ ਕਹਿੰਦੇ ਹਨ। ਜੇ ਮੁਸਲਮਾਨ ਦੇ ਹੱਥ ਆ ਜਾਵੇ ਤਾਂ ਉਹ ਮੀਆਂ ਮਿਠੂ ਕਹਿੰਦੇ ਹਨ। ਉਨ੍ਹਾਂ ਮਜ਼ਬੀਆਂ ਦੇ ਕਹੇ ਅਨੁਸਾਰ ਤੋਤਾ ਬੋਲਦਾ ਤੇ ਸਮਝਦਾ ਹੈ ਠੀਕ ਇਸੇ ਤਰ੍ਹਾਂ ਮਨੁੱਖ ਦੇ ਬੱਚੇ ਦਾ ਹਾਲ ਹੈ।

ਜੇਕਰ ਗਰਭ ਵਿਚ ਵੱਸਣ ਕਰਕੇ ਹੀ ਬ੍ਰਾਹਮਣ ਹੋ ਜਾਂਦਾ ਹੋਵੇ ਤਾਂ ਬਿਆਸ, ਵਸਿਸ਼ਟ ਆਦਿਕ ਰਿਖੀ ਬ੍ਰਾਹਮਣ ਨਹੀਂ ਹੋ ਸਕਦੇ। ਕਿਉਂਕਿ ਬਿਆਸ ਜੀ ਮਛੋਦ੍ਰੀ ਦੇ ਗਰਭ ਤੋਂ ਪੈਦਾ ਹੋਏ ਹਨ। ਵਸਿਸ਼ਟ ਜੀ ਕੰਚਕਾ=ਵੇਸਵਾ ਦੇ ਗਰਭ ਤੋਂ ਪ੍ਰੈਦਾ ਹੋਏ ਹਨ।

ਪਰਾਸਰ ਰਿਖੀ ਜੀ ਚੰਡਾਲਣੀ ਦੇ ਗਰਭ ਤੋਂ ਪੈਦਾ ਹੋਏ ਹਨ।

ਹਸਤਾਮਲ ਮੁਨੀ ਜੀ ਹਥਣੀ ਦੇ ਪੇਟੋਂ ਪੈਦਾ ਹੋਏ ਹਨ।

ਗੌਤਮ ਰਿਖੀ ਜੀ ਸਹੀ ਦੇ ਗਰਭ ਤੋਂ ਪੈਦਾ ਹੋਏ ਹਨ।

ਮਾਂਡਵ ਰਿਖੀ ਜੀ ਮੇਂਡਕ=ਡੱਡ ਦੇ ਗਰਭ ਤੋਂ ਪੈਂਦਾ ਹੋਏ ਹਨ। *ਯਥਾ-*

ਸਵੈਯਾ- ਰਿਖਵ ਸ੍ਰਿੰਗ ਮ੍ਰਿਗੀ ਕੁਸ ਕੋਸਕ ਔ ਗਜਿਨੀ ਹਸਤਾਮਲ ਜੂ ਉਪਜਾਏ॥

ਵਾਰਿਵਧੂ ਸੁ ਵਸਿਸ਼ਟ ਜਏ ਦੁਹਿਤਾ ਪੁਨ ਝੀਵਰ ਬਜਾਸ ਉਪਾਏ॥

ਸਸਿ ਨਾਰ ਵਿਖੇ ਰਿਖ ਗੌਤਮ ਜੂ ਪੁਨ ਮਾਂਡਵ ਮੇਂਡਕੀ ਤੇ ਨਿਕਸਾਏ॥

ਤਨਿਯਾ ਸੁ ਚੰਡਾਲ ਪਰਾਸਰ ਜੂ ਰਿਖ ਔਰ ਮਤੰਗ ਮਤੰਗਨ ਜਾਏ॥ ੪੫॥

(ਪ੍ਰਬੰਧ ਚੰਦ੍ਰ ਨਾਟਕ ਧਿਆਇ ੨)

ਅਤੇ ਇਨ੍ਹਾਂ ਸਾਰਿਆਂ ਦੇ ਵਿਸਥਾਰ ਸਹਿਤ ਹਾਲ ਪੁਰਾਣਾਂ ਵਿਚ ਵੀ ਲਿਖੇ ਹੋਏ ਹਨ। ਇਸ ਤੇ ਆਪ ਨਿਸਚੇ ਕਰੋ, ਮਾਂ ਦੇ ਗਰਭ ਵਿਚ ਵੱਸਣ ਕਰਕੇ ਕੁਲ ਨਹੀਂ ਜਾਣੀ ਜਾਂਦੀ। ਤਾਂ ਤੇ ਇਹ ਨਿਸਚੇ ਕਰ-

ਬ੍ਰਹਮ ਬਿੰਦੁ ਤੇ ਸਭ ਉਤਪਾਤੀ॥ ੧॥

ਹੇ ਬ੍ਰਾਹਮਣ ! ਸਾਰਿਆਂ ਦੀ ਉਤਪਤੀ ਆਪੋ ਆਪਣੇ ਮਾਤਾ ਪਿਤਾ ਦੇ ਬਿੰਦੁ=ਬੀਰਜ ਤੋਂ ਹੈ।

ਵਾ:-ਹੇ ਬ੍ਰਾਹਮਣ ! ਸਭਨਾਂ ਦੀ ਉਤਪਤੀ ਬਿੰਦੁ=ਜਲ ਤੋਂ ਹੈ !

ਯਥਾ:- ਪਾਣੀ ਪਿਤਾ ਜਗਤ ਕਾ..... *(ਸਾਰੰਗ ਵਾਰ, ਪੰਨਾ ੧੨੪੦)*

ਵਾ:-ਸਭਨਾਂ ਦੀ ਉਤਪਤੀ ਬ੍ਰਹਮਾ ਦੇ ਬੀਰਜ ਤੋਂ ਹੈ।

ਵਾ:-ਬਿੰਦੁ=ਜਾਨਣਾ ਕਰ ਸਾਰਿਆਂ ਦੀ ਉਤਪਤੀ ਬ੍ਰਹਮ=ਵਿਆਪਕ ਪਰਮਾਤਮਾ ਤੋਂ ਹੈ।

ਯਥਾ- ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥ ੨॥

(ਭੈਰਉ ਮਹਲਾ ੩, ਪੰਨਾ ੧੧੨੮)

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥ ੧॥ ਰਹਾਉ॥

ਹੇ ਪੰਡਿਤ ਜੀ ! ਕਹੋ ਆਪ ਕਦੋਂ ਦੇ ਬ੍ਰਾਹਮਣ ਹੋਏ ਹੋ। ਆਪਣੇ ਆਪ ਨੂੰ ਬ੍ਰਾਹਮਣ ਕਹਿ ਕਹਿ ਕੇ ਮਨੁੱਖ ਜਨਮ ਨੂੰ ਮਤਾਂ ਖੋਹਣਾ ਕਰ ਭਾਵ ਵਿਅਰਥ ਨਾ ਗੁਆ।

ਯਥਾ- ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥

(ਭੈਰਉ ਮਹਲਾ ੩, ਪੰਨਾ ੧੧੨੭)

ਫਿਰ ਉਸ ਨੇ ਕਿਹਾ ਮੈਂ ਬ੍ਰਾਹਮਣੀ ਦਾ ਪੈਦਾ ਕੀਤਾ ਹੋਇਆ ਬ੍ਰਾਹਮਣ ਹਾਂ, ਤਾਂ ਕਬੀਰ ਜੀ ਕਹਿੰਦੇ ਹਨ-

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥ ੨ ॥

ਹੇ ਪੰਡਿਤ! ਜੇਕਰ ਤੂੰ ਬ੍ਰਾਹਮਣੀ ਦਾ ਪੈਦਾ ਕੀਤਾ ਹੋਇਆ ਹੋਣ ਕਰਕੇ ਬ੍ਰਾਹਮਣ ਹੈਂ ਤਾਂ ਤੂੰ ਹੋਰ ਰਸਤੇ ਕਿਉਂ ਨਹੀਂ ਆਇਆ? ਅਰਥਾਤ ਜਿਸ ਰਸਤਿਓਂ ਬ੍ਰਹਮਾ ਆਇਆ ਸੀ ਨਾਭੀ ਕੌਲ ਵਿਚੋਂ, ਉਸੇ ਰਸਤੇ ਤੈਨੂੰ ਆਉਣਾ ਚਾਹੀਦਾ ਸੀ, ਪਰ ਰਸਤਿਓਂ ਨੀਚ ਜਾਤੀਆਂ ਵਾਲੇ ਸ਼ੂਦਰ, ਵੈਸਜ, ਚਮਿਆਰ ਆਦਿਕ ਜੰਮੇ ਹਨ ਤੂੰ ਭੀ ਓਸੇ ਅਪਵਿੱਤ੍ਰ ਭਗ ਥਾਈ ਜੰਮਿਆਂ ਹੈਂ। ਇਸ ਕਰਕੇ-

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥ ੩ ॥

ਤੇਰੇ ਵਿਚ ਕੀ ਬ੍ਰਾਹਮਣ ਪੁਣਾ ਹੈ, ਸਾਡੇ ਵਿਚ ਕੀ ਸ਼ੂਦਰ ਪੁਣਾ ਹੈ, ਦੋਨੋਂ ਅਸੀਂ ਇਕ ਬਰਾਬਰ ਹਾਂ। ਫਿਰ ਵੀ ਬ੍ਰਾਹਮਣ ਦੇ ਹਠ ਨੂੰ ਵੇਖ ਕੇ ਕਬੀਰ ਜੀ ਨੇ ਕਮਾਲੇ ਨੂੰ ਕਿਹਾ ਲਿਆ ਛੁਰਾ, ਸਰੀਰ ਵਿਚ ਮਾਰ ਕੇ ਵੇਖੀਏ, ਹੇ ਪੰਡਿਤ ! ਸਾਡੇ ਵਿਚ ਕੀ ਲਹੂ ਹੈ, ਤੁਹਾਡੇ ਵਿਚ ਕੀ ਦੁੱਧ ਹੈ? ਜਿਹਾ ਲਹੂ ਤੇਰੇ ਵਿਚ ਹੈ, ਤੇਹਾ ਮੇਰੇ ਵਿਚ ਹੈ॥ ੩ ॥

ਇਹ ਸੁਣ ਪੰਡਿਤ ਨੇ ਕਿਹਾ ਕੀ ਤੁਹਾਡੇ ਮਤ ਵਿਚ ਬ੍ਰਾਹਮਣ ਕੋਈ ਨਹੀਂ? *ਉੱਤਰ-*

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ ੪ ॥ ੭ ॥

ਕਬੀਰ ਜੀ ਕਹਿੰਦੇ ਹਨ-ਜੋ ਪੁਰਸ਼ ਬ੍ਰਹਮ ਦੀ ਵਿਚਾਰ ਕਰਦਾ ਹੈ, ਸਾਡੇ ਮਤ ਵਿਚ ਉਹ ਪੁਰਸ਼ ਹੀ ਬ੍ਰਾਹਮਣ ਕਿਹਾ ਜਾਂਦਾ ਹੈ।

ਯਥਾ- ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥

(ਭੈਰਉ ਮਹਲਾ ੩, ਪੰਨਾ ੧੧੨੭)

[ਪੰਨਾ ੩੨੫]

ਗਉੜੀ ਕਬੀਰ ਜੀ॥

*ਪ੍ਰਸ਼ਨ:-*ਪਰਮੇਸ਼ਰ ਭਗਤੀ ਬਿਨਾਂ ਕਿਸੇ ਨੂੰ ਸੁਖ ਹੁੰਦਾ ਹੈ ਜਾਂ ਨਹੀਂ? *ਉੱਤਰ:-*

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ ੧ ॥

ਜਿਵੇਂ ਪ੍ਰਤੱਖ ਹਨੇਰੇ ਵਿਚ ਸੁਖ ਪੂਰਬਕ ਕੋਈ ਸੌਂਦਾ ਨਹੀਂ। ਚਾਹੇ ਰਾਜਾ, ਚਾਹੇ ਕੰਗਾਲ ਹੈ, ਦੋਨੋਂ ਹਨੇਰੇ ਨਾਲ ਮਿਲ ਕੇ ਰੋਂਦੇ ਹਨ। ਇਸ ਪਰਕਾਰ ਈਸ਼ਵਰ ਭਗਤੀ ਤੋਂ ਰਹਿਤ ਹੋਣੇ ਰੂਪ ਅੰਧਕਾਰ ਵਿਚ, ਵਾ-ਅਗਿਆਨ ਰੂਪ ਹਨੇਰੇ ਵਿਚ ਸੁਖ ਸਹਿਤ ਕਦੇ ਸੌਂਦਾ ਨਹੀਂ।

ਯਥਾ:- ਸੁਖ ਨਾਹੀ ਰੇ ਹਰਿ ਭਗਤਿ ਬਿਨਾ॥

ਰਾਜਾ ਰੰਕੁ=ਪੰਡਿਤ ਅਪੰਡਿਤ, ਬ੍ਰਾਹਮਣ ਸ਼ੂਦਰ, ਸਾਧੂ ਗ੍ਰਹਿਸਤੀ, ਪੜ੍ਹਿਆ ਅਨਪੜ੍ਹਿਆ ਇਹ ਦੋਨੋਂ ਅਗਿਆਨ ਰੂਪ ਹਨੇਰੇ ਨਾਲ ਮਿਲ ਕੇ ਰੋਂਦੇ ਹਨ॥ ੪ ॥

ਜਉ ਪੈ ਰਸਨਾ ਰਾਮੁ ਨ ਕਹਿਬੋ॥
ਉਪਜਤ ਬਿਨਸਤ ਰੋਵਤ ਰਹਿਬੋ॥ ੧॥ ਰਹਾਉ॥

ਜੇਕਰ ਪੈ=ਬਹੁੜੋਂ ਜਿਹਵਾ ਨਾਲ ਰਾਮ ਨਾਮ ਨਹੀਂ ਜਪੇਂਗਾ ਤਾਂ ਜੰਮਦਿਆਂ ਮਰਦਿਆਂ ਅਤੇ ਮਧ ਕਾਲ ਵਿਚ ਰੋਂਦਾ ਰਹੇਂਗਾ॥ ੧॥ ਰਹਾਉ॥

ਬੇਨਤੀ ਕੀਤੀ-ਤੁਹਾਡੇ ਕਹੇ ਅਨੁਸਾਰ ਜੇ ਨਾਮ ਵਿਚ ਲਗ ਜਾਈਏ ਤੇ ਆਪਣੀ ਕਿਰਤ ਵਿਰਤ ਨਾ ਕਰੀਏ ਤਾਂ ਧਨ ਪ੍ਰਾਪਤ ਨਹੀਂ ਹੋ ਸਕਦਾ, ਜਿਸ ਧਨ ਤੋਂ ਬਿਨਾਂ ਗੁਜ਼ਾਰਾ ਹੋਣਾ ਮੁਸ਼ਕਲ ਹੈ। ਤਾਂ ਕਬੀਰ ਜੀ ਨੇ ਕਿਹਾ-

ਜਸ ਦੇਖੀਐ ਤਰਵਰ ਕੀ ਛਾਇਆ॥ਪ੍ਰਾਨ ਗਏ ਕਹੁ ਕਾ ਕੀ ਮਾਇਆ॥੨॥

ਜਿਸ ਤਰ੍ਹਾਂ ਦਰੱਖਤ ਦੀ ਛਾਂ ਵੇਖਣ ਵਿਚ ਆਉਂਦੀ ਹੈ ਉਹ ਇਕ ਥਾਂ ਟਿਕਦੀ ਨਹੀਂ। ਯਥਾ-ਜਿਉ ਟਿਕੈ ਨ ਬਿਰਖ ਕੀ ਛਾਉ॥ ਐਸੇ ਇਹ ਧਨ ਇਕ ਦੇ ਪਾਸ ਹਮੇਸ਼ਾਂ ਨਹੀਂ ਰਹਿੰਦਾ, ਤਾਂ ਤੇ ਇਸ ਵਲ ਧਿਆਨ ਨਾ ਦੇ। ਜਦ ਸ੍ਵਾਸ ਨਿਕਲ ਗਏ ਤਾਂ ਕਹੁ ਖਾਂ ਫਿਰ ਮਾਇਆ ਕਿਸ ਦੀ ਹੋਵੇਗੀ ? ਭਾਵ ਇਹ ਮਾਇਆ ਫਿਰ ਤੇਰੀ ਨਹੀਂ ਹੋਵੇਗੀ॥ ੨॥

ਜਸ ਜੰਤੀ ਮਹਿ ਜੀਉ ਸਮਾਨਾ॥ਮੂਏ ਮਰਮੁ ਕੋ ਕਾ ਕਰ ਜਾਨਾ॥ ੩॥

ਜਿਸ ਤਰ੍ਹਾਂ ਜੰਤੀ=ਵਾਜੇ ਵਿਚ ਜੀਉ=ਸ਼ਬਦ ਸਮਾ ਰਿਹਾ ਹੈ। ਜਿਸ ਵੇਲੇ ਉਹ ਵਾਜਾ ਮਰਦਾ ਭਾਵ ਟੁਟ ਜਾਂਦਾ ਹੈ ਤੇ ਤਾਰਾਂ ਦਾ ਵਿਯੋਗ ਹੁੰਦਾ ਹੈ ਤਦੋਂ ਉਸ ਦੇ ਮਰਮੁ=ਭੇਦ ਨੂੰ ਕੋਈ ਕੀ ਕਰਕੇ ਜਾਣਦਾ ਹੈ ਕਿ ਸ਼ਬਦ ਕਿਥੇ ਸਮਾ ਗਿਆ ਹੈ। ਅਰਥਾਤ ਇਸ ਗੱਲ ਨੂੰ ਕੋਈ ਨਹੀਂ ਜਾਣਦਾ।

ਯਥਾ:- ਕਾਸੀ ਤੇ ਧੁਨ ਊਪਜੈ ਧੁਨ ਕਾਸੀ ਜਾਈ॥ ਕਾਸੀ ਫੂਟੀ ਪੰਡਤਾ ਧੁਨ ਕਹਾ ਸਮਾਈ॥

ਇਸ ਪ੍ਰਕਾਰ ਜੰਤੀ=ਸਰੀਰ ਵਿਚ ਜੀਵਾਤਮਾ ਸਮਾ ਰਿਹਾ ਹੈ। ਜਿਸ ਵੇਲੇ ਇਹ ਸਰੀਰ ਮਰਦਾ ਭਾਵ ਪ੍ਰਾਣਾਂ ਦਾ ਵਿਯੋਗ ਹੁੰਦਾ ਹੈ, ਤਦੋਂ ਉਸਦੇ ਭੇਦ ਨੂੰ ਕੋਈ ਕੀ ਕਰ ਕੇ ਜਾਣਦਾ ਹੈ ਕਿ ਕਰਮਾਂ ਅਨੁਸਾਰ ਜੀਵ ਕਿਸ ਜੂਨ ਵਿਚ ਗਿਆ ਹੈ।

ਯਥਾ:- ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥ ੨॥ *(ਸੋਰਠਿ ਵਾਰ, ਪੰਨਾ ੬੪੮)*

ਤਥਾ:- ਮੋਹਿ ਬੈਰਾਗੁ ਭਇਓ॥ ਇਹੁ ਜੀਉ ਆਇ ਕਹਾ ਗਇਓ॥ *(ਗੌਂਡ, ਪੰਨਾ ੮੭੦)*

ਇਹ ਗੱਲ ਸੁਣ ਕੇ ਕਿਸੀ ਨੇ ਕਿਹਾ ਮੈਂ ਤਾਂ ਮਰਨਾ ਹੀ ਨਹੀਂ, ਤਾਂ ਕਬੀਰ ਜੀ ਨੇ ਕਿਹਾ ਜੈਸੇ ਇਹ ਨਿਯਮ ਹੈ-

ਹੰਸਾ ਸਰਵਰੁ ਕਾਲੁ ਸਰੀਰ॥

ਹੰਸਾਂ ਦਾ ਮਾਨ ਸਰੋਵਰ ਉੱਪਰ ਰਹਿਣਾ ਜ਼ਰੂਰੀ ਹੈ। ਤੈਸੇ ਸਰੀਰਾਂ ਉੱਪਰ ਹਰ ਵੇਲੇ ਕਾਲ ਖੜਾ ਰਹਿੰਦਾ ਹੈ। ਤੈਨੂੰ ਉਹ ਭਲਾ, ਕਿਵੇਂ ਛਡੇਗਾ।

ਯਥਾ:- ਕਾਲ ਲੀਓ ਅਸ ਗਾਜਤ ਹੈ ਛਾਜਤ ਹੈ ਜਹਿ ਤੇ ਨਸ ਅਈਏ॥ *(ਪਾਤਿਸ਼ਾਹੀ ੧੦)*

ਪ੍ਰਸ਼ਨ:- ਸਰੀਰ ਉੱਪਰ ਕਾਲ ਨੂੰ ਕਦੋਂ ਆਇਆ ਸਮਝੀਏ?

*ਉੱਤਰ :-*ਜਿਸ ਵੇਲੇ ਸਰ=ਸਿਰ ਦੇ ਵਰੁ=ਉੱਪਰ ਹੰਸਾ=ਚਿਟੇ ਵਾਲ ਆ ਜਾਣ, ਤਦ ਸਮਝੋ ਕਿ ਮੇਰੇ

ਸਰੀਰ ਉੱਤੇ ਕਾਲ ਆ ਗਿਆ ਹੈ।

ਪ੍ਰਸ਼ਨ :- ਕਾਲ ਤੋਂ ਬਚਣ ਵਾਸਤੇ ਸਾਨੂੰ ਕੀ ਕਰਤੱਬ ਕਰਨਾ ਯੋਗ ਹੈ? *ਉੱਤਰ-*ਜਿਸ ਤਰ੍ਹਾਂ ਹੰਸ ਦੁੱਧ ਤੇ ਪਾਣੀ ਨੂੰ ਵੱਖੋ ਵੱਖਰਾ ਕਰਕੇ ਪਾਣੀ ਤਿਆਗ ਕੇ ਦੁੱਧ ਨੂੰ ਗ੍ਰਹਿਣ ਕਰਦੇ ਹਨ, ਏਸੇ ਤਰ੍ਹਾਂ ਹੰਸ ਵਾਂਗੂੰ ਜੋ ਤਤਵੇਤਾ ਮਹਾਤਮਾਂ ਹਨ ਜਿਨ੍ਹਾਂ ਨੇ ਆਤਮਾ ਅਨਾਤਮਾ ਦਾ ਵਿਚਾਰ ਕਰਕੇ ਅਨਾਤਮ ਵਰਗ ਸੰਸਾਰ ਨੂੰ ਤਿਆਗ ਕੇ ਆਤਮਾ ਨੂੰ ਗ੍ਰਹਿਣ ਕੀਤਾ ਹੈ, ਤਿਨ੍ਹਾਂ ਮਹਾਤਮਾਂ ਦੇ ਸਤਸੰਗ ਰੂਪ ਸਰੋਵਰ ਵਿਚ ਆਪਣੇ ਸਰੀਰ ਦਾ ਕਾਲੁ=ਸਮਾਂ ਬਤੀਤ ਕਰ।

*ਪ੍ਰਸ਼ਨ :-*ਬ੍ਰਹਮ ਗਿਆਨੀ ਦਾ ਜੀਵਾਤਮਾ ਕਿਸ ਥਾਂ ਤੇ ਗਮਨ ਕਰਦਾ ਹੈ?

*ਉੱਤਰ:-*ਬ੍ਰਹਮ ਗਿਆਨੀਆਂ ਦਾ ਹੰਸਾ=ਜੀਵਾਤਮਾ ਬ੍ਰਹਮਰੂਪ ਸਰੋਵਰ ਵਿਚ ਸਮਾਂਦਾ ਹੈ। ਬਾਕੀ ਦਿਆਂ ਸਰੀਰਾਂ ਨੂੰ ਕਾਲ ਹੈ।

ਯਥਾ- ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥ ਸਬਦਿ ਅਤੀਤਿ ਅਨਾਹਦਿ ਰਾਤਾ॥

(ਗਉੜੀ ਕਬੀਰ, ਪੰਨਾ ੩੨੭)

ਰਾਮ ਰਸਾਇਨ ਪੀਉ ਰੇ ਕਬੀਰ ॥੪॥੮॥

ਕਬੀਰ ਜੀ ਕਹਿੰਦੇ ਹਨ ਸਮੂਹ ਰਸਾਂ ਦਾ ਆਇਨ=ਘਰ ਜੋ ਰਾਮ ਹੈ ਉਸ ਦੇ ਨਾਮ ਅੰਮ੍ਰਿਤ ਨੂੰ ਪੀਣਾ ਕਰ॥ ੪॥ ੮॥

ਗਉੜੀ ਕਬੀਰ ਜੀ॥

*ਪ੍ਰਸ਼ਨ :-*ਸੰਸਾਰੀ ਜੀਵਾਂ ਨੂੰ ਸ਼ੁਭ ਗੁਣਾਂ ਦੀ ਪ੍ਰਾਪਤੀ ਹੈ ਕਿ ਅਸ਼ੁਭ ਗੁਣਾਂ ਰੂਪ ਫਲ ਦੀ ਪ੍ਰਾਪਤੀ ਹੈ?

ਉੱਤਰ :-

ਜੋਤਿ ਕੀ ਜਾਤਿ ਜਾਤਿ ਕੀ ਜੋਤੀ॥ ਤਿਤੁ ਲਾਗੇ ਕੰਚੂਆ ਫਲ ਮੋਤੀ॥੧॥

ਜੋਤੀ=ਪਰਮਾਤਮਾ ਨੇ ਜੋ ਕੀ=ਕੀਤੀ ਹੈ ਜਾਤਿ=ਸ੍ਰਿਸ਼ਟੀ, ਤਿਤੁ=ਤਿਸ ਜਾਤਿ=ਸ੍ਰਿਸ਼ਟੀ ਦੀ ਜੋਤਿ=ਬੁੱਧੀ ਨੂੰ ਕਿਸੇ ਨੂੰ ਕੱਚ ਫਲ ਲਗੇ ਕਿਸੇ ਨੂੰ ਮੋਤੀ ਫਲ ਲਗ ਰਹੇ ਹਨ ਭਾਵ ਆਪੋ ਆਪਣੇ ਕਰਮਾ ਅਨੁਸਾਰ ਕਿਸੇ ਨੂੰ ਅਸ਼ੁਭ ਗੁਣਾਂ ਦੀ ਪ੍ਰਾਪਤੀ ਅਤੇ ਕਿਸੇ ਨੂੰ ਸ਼ੁਭ ਗੁਣਾਂ ਦੀ ਪ੍ਰਾਪਤੀ ਹੈ॥ ੧॥

ਯਥਾ- ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥

ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥ ੨॥ *(ਆਸਾ ਕਬੀਰ ਜੀ, ਪੰਨਾ ੪੭੯)*

ਹੁਣ ਉਪ੍ਰੋਕਤ ਅੱਖਰਾਂ ਦੇ ਵਿਚ ਹੀ ਜਗਿਆਸੂ ਪ੍ਰਸ਼ਨ ਕਰਦਾ ਹੈ:-

ਜੋਤੀ=ਪਰਮਾਤਮਾ ਨੇ ਜੋ ਕੀ=ਕੀਤੀਆਂ ਹਨ ਜਾਤਾਂ, ਉਸ ਜੋਤੀ ਦੀ ਕੀ ਜਾਤ ਪਾਤ ਹੈ?

*ਉੱਤਰ-*ਜੋਤੀ ਪਰਮਾਤਮਾ ਨੇ ਜੋ ਜੀਆਂ ਦੀਆਂ ਜਾਤਾਂ ਕੀਤੀਆਂ ਹਨ, ਉਸ ਜੋਤੀ ਦੀ ਕੀ ਜਾਤ ਪਾਤ ਕਹੀਏ ਕਿਉਂਕਿ ਉਹ ਜਾਤ ਪਾਤ ਤੋਂ ਰਹਿਤ ਹੈ।

ਯਥਾ- ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥

ਜਿਹੜੇ ਮਨੁਖ ਉਨ੍ਹਾਂ ਜਾਤਾਂ ਵਿਚ ਲਗੇ ਹਨ, ਉਨ੍ਹਾਂ ਨੂੰ ਕੱਚ ਵਾਂਗੂੰ ਨਿਕੰਮੇ ਪਦਾਰਥ ਮੋਤੀਆਂ ਵਾਂਗੂੰ ਚੰਗੇ

ਮਾਲੂਮ ਹੁੰਦੇ ਹਨ ਅਤੇ ਜਿਹੜੇ ਮਨੁੱਖ ਤਿਤੁ ਲਾਗੇ=ਤਿਸ ਪਰਮਾਤਮਾ ਵਿਚ ਲਗੇ ਹਨ ਉਨ੍ਹਾਂ ਨੂੰ ਮੋਤੀ, ਹੀਰੇ, ਮੂੰਗੇ, ਜਵਾਹਰ, ਰਤਨ ਆਦਿਕ ਪਦਾਰਥ ਕੱਚ ਵਾਂਗੂੰ ਝੂਠੇ ਪ੍ਰਤੀਤ ਹੁੰਦੇ ਹਨ।

ਪ੍ਰਸ਼ਨ-ਜੋਤੀ ਦਾ ਜਾਤੀ ਨਾਲ ਕੀ ਸਬੰਧ ਹੈ? ਅਤੇ ਜਾਤੀ=ਸ੍ਰਿਸ਼ਟੀ ਦਾ ਜੋਤੀ=ਪਰਮਾਤਮਾ ਨਾਲ ਕੀ ਸਬੰਧ ਹੈ?

ਉੱਤਰ-ਜੋਤੀ=ਪਰਮਾਤਮਾ ਦਾ ਜਾਤੀ=ਸ੍ਰਿਸ਼ਟੀ ਵਿਚ ਅਧਿਸ਼ਠੇਤਾ ਸਬੰਧ ਹੈ ਅਤੇ ਜਾਤੀ=ਸ੍ਰਿਸ਼ਟੀ ਦਾ ਜੋਤੀ=ਪਰਮਾਤਮਾ ਵਿਚ ਅਧਿਸ਼ਠਾਨਤਾ ਸਬੰਧ ਹੈ ਪਰਮਾਤਮਾ ਅਧਿਸ਼ਠਾਨ ਹੈ, ਸ੍ਰਿਸ਼ਟੀ ਅਧਿਸ਼ਠੇਤਾ ਹੈ। ਲੇਕਿਨ ਪਰਮਾਤਮਾ ਵਿਚ ਜਿਹੜੀ ਅਧਿਸ਼ਠਾਨਤਾ ਹੈ, ਇਹ ਸ੍ਰਿਸ਼ਟੀ ਦੀ ਕੀਤੀ ਹੋਈ ਹੈ।

ਜਿਸ ਤਰ੍ਹਾਂ ਪਿਤਾ ਵਿਚ ਜਨਕਤਾ ਪੁੱਤ੍ਰ ਦੀ ਕੀਤੀ ਹੋਈ ਹੈ, ਪੁੱਤ੍ਰ ਨਾ ਹੋਵੇ ਤਾਂ ਪਿਤਾ ਕੌਣ ਕਹੇ ਅਤੇ ਪੁੱਤਰ ਵਿਚ ਜਿਹੜੀ ਜਨਜਤਾ ਹੈ ਇਹ ਬਾਪ ਦੀ ਕੀਤੀ ਹੋਈ ਹੈ। ਜੇ ਬਾਪ ਨਾ ਹੋਵੇ ਤਾਂ ਪੁੱਤ੍ਰ ਕਿਸ ਤਰ੍ਹਾਂ ਹੋ ਸਕਦਾ ਹੈ? ਇਸੀ ਪ੍ਰਕਾਰ ਜੇ ਸ੍ਰਿਸ਼ਟੀ ਨਾ ਹੋਵੇ ਤਾਂ ਪਰਮੇਸ਼ਰ ਨੂੰ ਅਧਿਸ਼ਠਾਨ ਕੌਣ ਆਖੇ। ਜੇ ਪਰਮੇਸ਼ਰ ਨਾ ਹੋਵੇ ਤਾਂ ਅਧਿਸ਼ਠੇਤਾ ਰੂਪ ਪਰਪੰਚ ਕਿਸ ਪ੍ਰਕਾਰ ਹੋਵੇ।

ਸੁਖੈਨ ਅਰਥ=ਜੋਤੀ ਦਾ ਜਾਤੀ=ਸ੍ਰਿਸ਼ਟੀ ਵਿਚ ਅਧਿਸ਼ਠਾਨਤਾ ਸਬੰਧ ਹੈ ਅਤੇ ਜਾਤੀ=ਸ੍ਰਿਸ਼ਟੀ ਦਾ ਜੋਤੀ=ਪਰਮਾਤਮਾ ਵਿਚ ਕਲਪਤ ਸਬੰਧ ਹੈ।

ਜਿਹੜੇ ਮਨੁੱਖ ਤਿਸ ਅਧਿਸ਼ਠਾਨ ਰੂਪ ਬ੍ਰਹਮ ਵਿਚ ਲਗੇ ਹਨ, ਉਹਨਾਂ ਨੂੰ ਸਾਰੇ ਕੱਚ ਫਲ ਮੋਤੀਆਂ ਵਾਂਗੂੰ ਸਚੇ ਪ੍ਰਤੀਤ ਹੁੰਦੇ ਹਨ।

ਯਥਾ- ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥

ਤਿਸ ਕੈ ਭਾਣੈ ਕੋਇ ਨ ਭੁਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ (ਸੋਰਠਿ ਮਹਲਾ ੫, ਪੰਨਾ ੬੧੦)

ਜਗਿਆਸੂ ਪ੍ਰਸ਼ਨ ਕਰਦਾ ਹੈ-

ਕਵਨੁ ਸੁ ਘਰੁ ਜੋ ਨਿਰਭਉ ਕਹੀਐ॥
ਭਉ ਭਜਿ ਜਾਇ ਅਭੈ ਹੋਇ ਰਹੀਐ॥ ੧॥ ਰਹਾਉ॥

ਉਹ ਕਿਹੜਾ ਘਰ ਹੈ ਜੋ ਡਰ ਤੋਂ ਰਹਿਤ ਕਹੀਦਾ ਹੈ? ਜਿਸ ਵਿਚ ਬੈਠਣ ਕਰਕੇ ਡਰ ਭਜ ਜਾਵੇ ਤੇ ਅਸੀਂ ਨਿਰਭੈ ਹੋ ਕੇ ਵਸਦੇ ਰਹੀਏ, ਜਗਿਆਸੂ ਸਿਆਣਾ ਸੀ, ਆਖਦਾ ਹੈ ਆਪ ਤੀਰਥਾਂ ਰੂਪ ਘਰ ਨਾ ਕਹਿਣਾ ਕਿਉਂਕਿ-

ਤਟਿ ਤੀਰਥਿ ਨਹੀ ਮਨੁ ਪਤੀਆਇ॥

ਤੀਰਥਾਂ ਦੇ ਕਿਨਾਰਿਆਂ ਪਰ ਰਹਿਣ ਵਾਸਤੇ ਸਾਡਾ ਮਨ ਨਹੀਂ ਪਤਿਆਉਂਦਾ, ਕਿਉਂਕਿ ਤੀਰਥਾਂ ਪਰ ਜੋ ਵਸਦੇ ਹਨ ਉਹ ਮਹਾਂ ਠਗ ਤੇ ਕਪਟੀ ਹੁੰਦੇ ਹਨ।

ਚਾਰ ਅਚਾਰ ਰਹੇ ਉਰਝਾਇ॥ ੨॥

ਜੋ ਪੁਰਸ਼ ਚਾਰ ਅਚਾਰ=ਸੁੰਦਰ ਕਰਤੱਬਾਂ ਵਿਚ ਵਾ:-ਚਾਰ ਵੇਦਾਂ ਦੇ ਦਸੇ ਹੋਏ ਅਚਾਰ=ਕਰਮਾਂ ਵਿਚ ਲਗੇ ਹੋਏ ਹਨ ਉਹ ਉਨ੍ਹਾਂ ਵਿਚ ਹੀ ਉਰਝਾਇ=ਉਲਝ ਰਹੇ ਹਨ। ਉਨ੍ਹਾਂ ਦੇ ਉਲਝੇਵੇਂ ਨੂੰ ਵੇਖ ਕੇ ਮੇਰਾ ਮਨ ਇਨ੍ਹਾਂ ਸੁੰਦਰ ਕਰਤੱਬਾ ਰੂਪ ਘਰ ਨੂੰ ਵੀ ਪਸੰਦ ਨਹੀਂ ਕਰਦਾ॥ ੨॥

ਪਾਪ ਪੁੰਨ ਦੁਇ ਏਕ ਸਮਾਨ॥

ਪੁੰਨਾਂ ਰੂਪ ਘਰ ਭੀ ਆਪ ਨਹੀਂ ਕਹਿ ਸਕਦੇ, ਕਿਉਂਕਿ ਪਾਪ ਅਤੇ ਪੁੰਨ ਦੋਨੋਂ ਇਕੋ ਜਿਹੇ ਬੰਧਨ ਰੂਪ ਹਨ। *ਯਥਾ-*

ਪਾਪ ਕਰਮ ਹੈ ਲੋਹ ਕੀ, ਪੁੰਨ ਸਵਰਨ ਕੀ ਜਾਨ॥ ਦੋਨੋਂ ਬੰਧਨ ਰੂਪ ਹੈਂ ਨਿਸਚੇ ਲੋਹੁ ਪਛਾਨ॥

ਪਾਪ ਕਰਮ ਲੋਹੇ ਦੀ ਬੇੜੀ ਹਨ ਅਤੇ ਪੁੰਨ ਕਰਮ ਸੋਨੇ ਦੀ ਬੇੜੀ ਹਨ। ਪੁੰਨ ਕਰਮ ਕਰਕੇ ਜਦ ਸੁਰਗ ਸੁਖ ਭੋਗ ਲੈਂਦਾ ਹੈ ਤਾਂ ਫਿਰ ਓਥੋਂ ਗਿਰਾਇਮਾਨ ਹੁੰਦਾ ਹੈ ਇਸ ਤੇ ਪੁੰਨ ਵੀ ਸੁਖ ਰੂਪ ਨਹੀਂ ਹਨ। ਸ੍ਰਿਸ਼ਟ ਅਧਿਕਾਰੀ ਜਗਿਆਸੂ ਦੀ ਵਿਚਾਰ ਵਾਲੀ ਇੱਛਾ ਵੇਖ ਕੇ ਹੁਣ ਕਬੀਰ ਜੀ ਨਿਰਭਉ ਘਰ ਦਸਦੇ ਹਨ:-

ਨਿਜ ਘਰਿ ਪਾਰਸੁ ਤਜਹੁ ਗੁਨ ਆਨ॥ ੩॥

ਸਤਸੰਗ ਰੂਪ ਨਿਜ ਘਰ ਵਿਚ ਵਾ:-ਅੰਤਰਮੁਖ ਬਿਰਤੀ ਕਰਨੇ ਰੂਪ ਨਿਜ ਘਰ ਵਿਚ ਹੀ ਪਾਰਸ ਰੂਪ ਪਰਮਾਤਮਾ ਹੈ ਉਸ ਦੀ ਪ੍ਰਾਪਤੀ ਲਈ ਆਨ=ਦ੍ਵੈਤ ਰੂਪ ਗੁਣਾਂ ਨੂੰ ਤਿਆਗ ਦਿਓ।

ਵਾ:-ਪਾਰਸ ਰੂਪ ਪਰਮਾਤਮਾ ਹੀ ਨਿਜ ਘਰ ਹੈ ਉਸ ਵਿਚ ਟਿਕ ਕੇ ਆਨ=ਹੋਰ ਗੁਣਾਂ ਨੂੰ ਛੱਡ ਦਿਓ॥੩॥

ਕਬੀਰ ਨਿਰਗੁਣ ਨਾਮ ਨ ਰੋਸੁ॥

ਕਬੀਰ ਜੀ ਕਹਿੰਦੇ ਹਨ-ਹੇ ਨਿਰਗੁਣ ਜੀਵ ! ਨਾਮ ਜਪਣ ਵਲੋਂ ਗੁੱਸਾ ਨਾ ਕਰ, ਕਿ ਇਤਨਾ ਚਿਰ ਭਜਨ ਕਰਦਿਆਂ ਬੀਤ ਗਿਆ ਹੈ ਤੇ ਮਿਲਿਆ ਕੁਝ ਨਹੀਂ, ਐਸਾ ਖਿਆਲ ਨਾ ਕਰ। ਬੰਦੇ ਨੂੰ ਹਰ ਵੇਲੇ ਬੰਦਗੀ ਦਾ ਖਿਆਲ ਰਖਣਾ ਚਾਹੀਦਾ ਹੈ।

ਯਥਾ- ਬੰਦੇ ਬੰਦਗੀ ਇਕਤੀਆਰ॥ ਸਾਹਿਬੁ ਰੋਸੁ ਧਰਉ ਕਿ ਪਿਆਰੁ॥ *(ਗਉੜੀ ਕਬੀਰ ਜੀ ਪੰਨਾ ੩੩੮)*

ਤਥਾ- ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥

ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥ ੨੨੩॥ *(ਪੰਨਾ ੧੩੭੬)*

ਵਾ:-ਹੇ ਨਿਰਗੁਣ ਜੀਵ ! ਨਾਮ ਜਪਣ ਵਾਲੇ ਮਹਾਤਮਾ ਨਾਲ ਗੁੱਸਾ ਨਾ ਕਰ।

ਵਾ:-ਨਿਰਗੁਣ ਬ੍ਰਹਮ ਦਾ ਨਾਮ ਨਰੋਸ=ਨਰ+ਓਸ=ਮਨੱਖਾਂ ਨੂੰ ਉਸ ਨਿਰਗੁਣ ਬ੍ਰਹਮ ਵਾਂਗੂੰ ਕਰਨ ਵਾਲਾ ਹੈ।

ਇਸੁ ਪਰਚਾਇ ਪਰਚਿ ਰਹੁ ਏਸੁ॥ ੪॥ ੯॥

ਇਸ ਪਰਚਾਇ=ਸਬੱਬ ਕਰਕੇ ਵਾ:-ਉਪਦੇਸ਼ ਵਾ:-ਪ੍ਰੇਮ ਕਰਕੇ ਏਸੁ=ਈਸ਼ਵਰ ਨਾਲ ਪਰਚ ਰਹਿਣਾ ਕਰ॥ ੪॥ ੯॥

ਗਉੜੀ ਕਬੀਰ ਜੀ॥

ਉਥਾਨਕਾ-ਕਬੀਰ ਜੀ ਦੇ ਸਤਸੰਗ ਵਿਚ ਹੀ ਬ੍ਰਾਹਮਣ ਬੈਠੇ ਸਨ, ਉਹਨਾਂ ਕਿਹਾ ਹੇ ਕਬੀਰ ! ਜੁਲਾਹਾ ਜਾਤੀ ਹੋਣ ਕਰਕੇ ਤੂੰ ਬੈਕੁੰਠ ਵਿਚ ਨਹੀਂ ਜਾ ਸਕਦਾ। ਬੈਕੁੰਠ ਅਸਾਂ ਬ੍ਰਾਹਮਣਾਂ ਵਾਸਤੇ ਹੈ। ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ-

ਜੋ ਜਨ ਪਰਮਿਤਿ ਪਰਮਨੁ ਜਾਨਾ॥

ਜਿਸ ਮਨੁੱਖ ਨੇ ਮਰਯਾਦਾ ਤੋਂ ਪਰੇ ਅਤੇ ਮਨ ਆਦਿਕ ਇੰਦ੍ਰੀਆਂ ਤੋਂ ਪਰੇ ਜੋ ਪਰਮਾਤਮਾ ਹੈ ਉਸ ਨੂੰ ਪਰ=ਭਲੀ ਪ੍ਰਕਾਰ ਜਾਣਿਆ ਹੈ।

ਬਾਤਨ ਹੀ ਬੈਕੁੰਠ ਸਮਾਨਾ॥ ੧॥

ਉਹ ਬੇਕੁੰਠ ਵਿਚ ਸਮਾਉਣ ਦੀ ਬਾਤ=ਇੱਛਾ ਹੀ ਨਹੀਂ ਕਰਦੇ। ਬੈਕੁੰਠ ਛੱਡ ਉਹ ਮੁਕਤੀ ਦੀ ਪ੍ਰਵਾਹ ਭੀ ਨਹੀਂ ਕਰਦੇ। *ਯਥਾ-*ਕਈ ਬੈਕੁੰਠ ਨਾਹੀ ਲਵੈ ਲਾਗੇ॥

ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥ *(ਮਾਰੂ ਮਹਲਾ ੫, ਪੰਨਾ ੧੦੭੮)*

ਵਾ:-ਉਨ੍ਹਾਂ ਦੀਆਂ ਗੱਲਾਂ ਜਗਿਆਸੂ ਨੂੰ ਬੈਕੁੰਠ=ਆਕੁੰਠਤ ਪਦ ਵਿਚ ਸਮਾਉਣ ਵਾਲੀਆਂ ਹਨ।

ਨਾ ਜਾਨਾ ਬੈਕੁੰਠ ਕਹਾ ਹੀ॥
ਜਾਨੁ ਜਾਨੁ ਸਭਿ ਕਹਹਿ ਤਹਾ ਹੀ॥ ੧॥ ਰਹਾਉ॥

ਤੁਹਾਡਾ ਕਲਪਿਆ ਹੋਇਆ ਬੈਕੁੰਠ ਅਸੀਂ ਨਹੀਂ ਜਾਣਦੇ ਜੋ ਕਿਥੇ ਹੈ।
ਤੁਸੀਂ ਸਭ ਲੋਕ ਤਿਥੇ ਬੈਕੁੰਠ ਵਿਚ ਜਾਣਾ ਜਾਣਾ ਕਹਿੰਦੇ ਹੋ॥ ੧॥ ਰਹਾਉ॥

ਕਹਨ ਕਹਾਵਨ ਨਹ ਪਤੀਅਈ ਹੈ॥

ਆਪ ਕਹਿ ਲਿਆ ਅਸੀਂ ਵੱਡੇ ਮਹਾਤਮਾ ਹਾਂ, ਦੂਜਿਆਂ ਪਾਸੋਂ ਵੀ ਕਹਾ ਲਿਆ ਕਿ ਇਹ ਵੱਡੇ ਮਹਾਤਮਾ ਹਨ। ਇਸ ਪਰ ਸਾਡਾ ਮਨ ਨਹੀਂ ਪਤੀਜਦਾ।

ਜੈਸਾ ਕਿ-ਪ੍ਰਿਥੀ ਚੰਦ ਦੇ ਪੁੱਤ੍ਰ ਮਿਹਰਵਾਨ ਨੇ ਗਰੀਬਾਂ ਨੂੰ ਕੁਝ ਪੈਸੇ ਦੇ ਕੇ ਕਿਹਾ, ਤੁਸੀਂ ਸਭ ਗਲੀਆਂ ਮਹੱਲੇ ਬਾਜ਼ਾਰਾਂ ਵਿਚ ਉੱਚੀ ਉੱਚੀ ਆਖੀ ਜਾਓ ਕਿ ਮਿਹਰਵਾਨ ਸੱਚਾ ਗੁਰੂ, ਮਿਹਰਵਾਨ ਸੱਚਾ ਗੁਰੂ, ਇਸ ਤਰ੍ਹਾਂ ਕਹਾਉਣ ਨਾਲ ਭਲਾ ਸੱਚਾ ਗੁਰੂ ਕਿਵੇਂ ਬਣ ਸਕਦਾ ਹੈ।

ਯਥਾ- ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ॥ ਨਚਣੁ ਨਚਿ ਨ ਜਾਨਣੀ ਆਖੈ ਭੁਇ ਸਉੜੀ॥
ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ॥ ਹੰਸਾਂ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ॥

(ਵਾਰ ੩੪ ਪਉੜੀ ੬)

ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥ ੨॥

ਜਾਂ ਗੁਰਾਂ ਦੇ ਮਨੁ=ਮੰਤ੍ਰ ਨੂੰ ਮੰਨੇ ਤਾਂ ਹਉਮੈ ਜਾਂਦੀ ਹੈ, ਜਾਂ ਹਉਮੈ ਗਈ ਤਾਂ ਆਕੁੰਠਤ ਪਦ ਵਿਚ ਸਮਾਉਂਦਾ ਹੈ॥ ੨॥

ਜਬ ਲਗੁ ਮਨਿ ਬੈਕੁੰਠ ਕੀ ਆਸ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ ੩॥

ਜਦ ਤਕ ਮਨ ਵਿਚ ਬੈਕੁੰਠ ਜਾਣ ਦੀ ਆਸਾ ਹੈ। ਤਦ ਤਕ ਚਰਨ ਨਿਵਾਸੁ=ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਚਰਨਾਂ ਦਾ ਦੇਵਤਾ ਵਿਸ਼ਨੂੰ ਭਗਵਾਨ ਹੈ ਇਸ ਕਰਕੇ ਚਰਨ ਨਿਵਾਸੁ ਪਰਮਾਤਮਾ ਦਾ ਬੋਧਕ ਹੈ।

ਵਾ:-ਚਰਨ=ਬੇਦਾਂ ਕਰਕੇ ਕਥਨ ਕਰਨ ਜੋਗ ਜੋ ਪਰਮਾਤਮਾ ਹੈ ਉਸ ਵਿਚ ਨਿਵਾਸ ਹੁੰਦਾ ਹੈ॥ ੩॥

ਪ੍ਰਸ਼ਨ-ਆਪ ਜੀ ਦੇ ਮੱਤ ਵਿਚ ਬੈਕੁੰਠ ਕੋਈ ਨਹੀਂ? ਉੱਤਰ-

ਕਹੁ ਕਬੀਰ ਇਹ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥ ੪॥ ੧੦॥

ਕਬੀਰ ਜੀ ਕਹਿੰਦੇ ਹਨ-ਇਹ ਗੱਲ ਭਲਾ ਕੀ ਆਖਣੀ ਹੈ ਕਿ ਬੈਕੁੰਠ ਕੋਈ ਨਹੀਂ।

ਸਾਡੇ ਮੱਤ ਵਿਚ ਸਾਧਸੰਗਤ ਹੀ ਬੈਕੁੰਠ ਹੈ।

*ਯਥਾ-*ਬੈਕੁੰਠ ਨਗਰੁ ਜਹਾ ਸੰਤ ਵਾਸਾ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥

(ਸੂਹੀ ਮਹਲਾ ੫, ਪੰਨਾ ੭੪੨)

ਦੂਜਾ ਅਰਥ:- ***ਜੋ ਜਨ ਪਰਮਿਤਿ ਪਰਮਨੁ ਜਾਨਾ॥ ਬਾਤਨ ਹੀ ਬੈਕੁੰਠ ਸਮਾਨਾ॥ ੧॥***

ਜਿਸ ਪੁਰਸ਼ ਨੇ ਮਰਯਾਦਾ ਤੋਂ ਪਰੇ ਪਰਮ=ਉਤਕ੍ਰਿਸ਼ਟ ਪਰਮਾਤਮਾ ਨੂੰ ਜਾਣਿਆ ਨਹੀਂ, ਉਹ ਤੁਹਾਡੇ ਵਾਂਗੂੰ ਗੱਲਾਂ ਕਰਕੇ ਹੀ ਬੈਕੁੰਠ ਵਿਚ ਸਮਾਇਆ ਚਾਹੁੰਦੇ ਹਨ, ਪਰ ਉਹ ਬੈਕੁੰਠ ਵਿਚ ਸਮਾ ਨਹੀਂ ਸਕਦੇ॥ ੧॥

ਨਾ ਜਾਨਾ ਬੈਕੁੰਠ ਕਹਾ ਹੀ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥ ੧॥ ਰਹਾਉ॥

ਇਹ ਗੱਲ ਤੁਸੀਂ ਜਾਣਦੇ ਹੀ ਨਹੀਂ ਕਿ ਬੈਕੁੰਠ ਕਿਥੇ ਹੈ। ਐਵੇਂ ਜ਼ਬਾਨੀ ਤੁਸੀਂ ਸਾਰੇ ਉਥੇ ਬੈਕੁੰਠ ਵਿਚ ਜਾਣਾ ਜਾਣਾ ਕਹੀ ਜਾਂਦੇ ਹੋ॥ ੧॥ ਰਹਾਉ॥

ਕਹਨ ਕਹਾਵਨ ਨਹ ਪਤੀਅਈ ਹੈ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥ ੨॥

ਆਪ ਕਹਿੰਦੇ ਰਹੇ ਅਸਾਂ ਬੈਕੁੰਠ ਵਿਚ ਜਾਣਾ ਹੈ। ਹੋਰਨਾਂ ਪਾਸੋਂ ਭੀ ਕਹਾਂਦੇ ਰਹੇ ਕਿ ਇਸ ਨੇ ਜ਼ਰੂਰ ਬੈਕੁੰਠ ਵਿਚ ਜਾਣਾ ਹੈ ਇਸ ਤਰ੍ਹਾਂ ਸਾਡਾ ਮਨ ਨਹੀਂ ਪਤੀਜਦਾ॥ ੨॥

*ਪ੍ਰਸ਼ਨ:-*ਬੈਕੁੰਠ ਵਿਚ ਫਿਰ ਕਿਵੇਂ ਜਾਈਦਾ ਹੈ?

*ਉੱਤਰ:-*ਜਾਂ ਪਰਮਾਤਮਾ ਦੀ ਭਗਤੀ ਉਤੇ ਮਨ ਮੰਨਿਆ ਜਾਏ ਤਾਂ ਹਉਮੈ ਜਾਂਦੀ ਹੈ। ਜਾਂ ਹਉਮੈ ਜਾਵੇ ਤਾਂ ਬੈਕੁੰਠ ਵਿਚ ਜਾਂਦਾ ਹੈ।

ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ ੩॥

ਅੰਨਵੇਂ — ***ਜਬ ਲਗੁ ਹੋਇ ਨਹੀ ਚਰਨ ਨਿਵਾਸੁ॥ ਤਬ ਲਗੁ ਮਨਿ ਬੈਕੁੰਠ ਕੀ ਆਸ॥***

ਜਦ ਤਕ ਸਤਿਗੁਰ ਦਿਆਂ ਚਰਨਾਂ ਵਿਚ ਨਿਵਾਸ ਨਹੀਂ ਹੁੰਦਾ ਤਦ ਤੱਕ ਜੀਵ ਦੇ ਮਨ ਵਿਚ ਬੈਕੁੰਠ ਦੀ ਆਸਾ ਰਹਿੰਦੀ ਹੈ॥ ੩॥

*ਪ੍ਰਸ਼ਨ:-*ਤੁਹਾਡੇ ਮਤ ਵਿਚ ਬੈਕੁੰਠ ਪ੍ਰਾਪਤੀ ਦਾ ਕੋਈ ਸਾਧਨ ਨਹੀਂ? *ਉੱਤਰ-*

ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥ ੪॥ ੧੦॥

ਕਬੀਰ ਜੀ ਕਹਿੰਦੇ ਹਨ ਇਹ ਗੱਲ ਭਲਾ ਕੀ ਕਹਿਣੀ ਹੈ ਕਿ ਬੈਕੁੰਠ ਪ੍ਰਾਪਤੀ ਦਾ ਸਾਧਨ ਕੋਈ ਨਹੀਂ। ਅਸੀਂ ਪਿਛੇ ਕਹਿ ਆਏ ਹਾਂ ਕਿ ਈਸ਼ਵਰ ਦੀ ਭਗਤੀ ਕਰਕੇ ਹੰਗਤਾ ਨੂੰ ਦੂਰ ਕਰੇ ਤਾਂ ਬੈਕੁੰਠ ਵਿਚ ਜਾਂਦਾ ਹੈ।

ਅਥਵਾ:-ਸਾਧਸੰਗਤ ਦੀ ਜਿਹੜੀ ਸੇਵਾ ਕਰਨੀ ਹੈ ਏਹੀ ਬੈਕੁੰਠ ਪ੍ਰਾਪਤੀ ਦਾ ਮੁਖ ਸਾਧਨ ਹੈ॥ ੪॥ ੧੦॥

ਗਉੜੀ ਕਬੀਰ ਜੀ॥

ਉਥਾਨਕਾ-ਦੋ ਭਰਾ ਕਬੀਰ ਜੀ ਦੇ ਸਤਸੰਗੀ ਸਨ ਉਨ੍ਹਾਂ ਦਾ ਪਿਤਾ ਮਰ ਗਿਆ ਮਕਾਨ ਦੀ ਵੰਡ ਕਰਨ ਸਮੇਂ ਝਗੜਦੇ ਝਗੜਦੇ ਲੜ ਪਏ ਲੋਕਾਂ ਨੇ ਉਨ੍ਹਾਂ ਨੂੰ ਕਬੀਰ ਜੀ ਪਾਸ ਲਿਆ ਕੇ ਸਾਰੀ ਗੱਲ ਦੱਸੀ ਤਾਂ ਕਬੀਰ ਜੀ ਉਨ੍ਹਾਂ ਪ੍ਰਤੀ ਉਪਦੇਸ਼ ਕਰਦੇ ਹਨ-

ਲਾਜ ਨ ਮਰਹੁ ਕਹਹੁ ਘਰੁ ਮੇਰਾ॥ ਅੰਤ ਕੀ ਬਾਰ ਨਹੀ ਕਛੁ ਤੇਰਾ॥

ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ॥ ੧॥

ਇਹ ਜਗਤ ਭੂਤ ਕਾਲ ਵਿਚ ਉਤਪੰਨ ਹੋ ਕੇ ਸਮਾ ਗਿਆ ਸੀ, ਵਰਤਮਾਨ ਵਿਚ ਉਤਪਤ ਹੋ ਕੇ ਸਮਾ ਰਿਹਾ ਹੈ। ਭਵਿੱਖਤ ਕਾਲ ਵਿਚ ਵੀ ਉਤਪੰਨ ਹੋ ਕੇ ਸਮਾ ਜਾਵੇਗਾ।

ਵਾ:-ਸੂਰਜ, ਚੰਦ੍ਰਮਾਂ ਦੀਆਂ ਕਿਰਨਾਂ ਦੁਆਰੇ ਪਹਿਲੇ ਇਹ ਜੀਵ ਰਸ ਰੂਪ ਹੋ ਕੇ ਧਾਨਾ (ਅੰਨ) ਵਿਚ ਉਤਪੰਨ ਹੁੰਦਾ ਹੈ, ਜਿਸ ਵੇਲੇ ਪਿਤਾ ਨੇ ਅੰਨ ਖਾਧਾ ਤਾਂ ਪਿਤਾ ਦੇ ਬੀਰਜ ਦੁਆਰਾ ਮਾਂ ਦੇ ਗਰਭ ਵਿਚ ਉਪਜਦਾ ਹੈ, ਨੌਂ ਮਹੀਨੇ ਕੁਝ ਦਿਨਾਂ ਉਪਰੰਤ ਫਿਰ ਮਾਂ ਦੇ ਉਦਰ ਤੋਂ ਬਾਹਰ ਨਿਪਜਿ=ਜੰਮਦਾ ਹੈ। ਪ੍ਰਾਰਬਧ ਅਨੁਸਾਰ ਪਦਾਰਥ ਭੋਗਦਾ ਹੋਇਆ ਅੰਤ ਨੂੰ ਸਮਾਈ=ਮਰ ਜਾਂਦਾ ਹੈ। ਨੈਨਹ=ਅੱਖਾਂ ਨਾਲ ਵੇਖਦਿਆਂ ੨ ਇਹ ਜਗਤ ਏਸੇ ਤਰ੍ਹਾਂ ਤੁਰਿਆ ਜਾ ਰਿਹਾ ਹੈ॥ ੧॥

ਯਥਾ- ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ॥

ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ॥ ੯੪॥ *(ਸਲੋਕ ਫਰੀਦ, ਪੰਨਾ ੧੩੮੨)*

ਲਾਜ ਨ ਮਰਹੁ ਕਹਹੁ ਘਰੁ ਮੇਰਾ॥
ਅੰਤ ਕੀ ਬਾਰ ਨਹੀ ਕਛੁ ਤੇਰਾ॥ ੧॥ ਰਹਾਉ॥

ਸ਼ਰਮ ਵਿਚ ਨਹੀਂ ਮਰਦੇ ਜੋ ਕਹਿੰਦੇ ਹੋ ਮੇਰਾ ਘਰ ! ਮੇਰਾ ਘਰ ! ਅੰਤ ਵੇਲੇ ਤੁਹਾਡਾ ਦੋਹਾਂ ਦਾ ਕੁਝ ਨਹੀਂ ਹੈ॥ ੧॥ ਰਹਾਉ॥

ਅਨਿਕ ਜਤਨ ਕਰਿ ਕਾਇਆ ਪਾਲੀ॥
ਮਰਤੀ ਬਾਰ ਅਗਨਿ ਸੰਗਿ ਜਾਲੀ॥ ੨॥

ਅਨੇਕ ਤਰ੍ਹਾਂ ਦੇ ਜਤਨ ਕਰਕੇ ਤੁਸੀਂ ਆਪਣੇ ਪਿਤਾ ਦੀ ਦੇਹ ਪਾਲੀ ਸੀ ਭਾਵ ਕਈ ਤਰ੍ਹਾਂ ਦੀਆਂ ਦਵਾਈਆਂ ਦਿਤੀਆਂ ਤੇ ਚੰਗੇ ਚੰਗੇ ਪਦਾਰਥ ਖੁਆਏ ਸਨ। ਓਹੀਓ ਪਿਤਾ ਦੀ ਦੇਹ ਤੁਸੀਂ ਮਰ ਜਾਣ ਤੇ ਅੱਗ ਨਾਲ ਜਾਲੀ=ਸਾੜਨਾ ਕੀਤੀ ਹੈ॥ ੨॥

ਚੋਆ ਚੰਦਨੁ ਮਰਦਨ ਅੰਗਾ॥ ਸੋ ਤਨੁ ਜਲੈ ਕਾਠ ਕੈ ਸੰਗਾ॥ ੩॥

ਚੰਦਨ ਨੂੰ ਚੁਆ ਕੇ ਜਿਸ ਪਿਤਾ ਦੇ ਅੰਗਾਂ ਪਰ ਮਲਦੇ ਸੀ ਉਹ ਸਰੀਰ ਹੁਣ ਲੱਕੜੀਆਂ ਦੇ ਨਾਲ ਮਸਾਣ ਭੂਮਿਕਾ ਵਿਚ ਸੜ ਰਿਹਾ ਹੈ। ਵਾ:-ਅਨੇਕ ਜਤਨਾਂ ਕਰਕੇ ਤੁਸੀਂ ਆਪਣੀ ਦੇਹ ਪਾਲੀ ਹੈ, ਮਰਦੀ ਵਾਰੀ ਇਹ

ਭੀ ਅੱਗ ਨਾਲ ਸੜ ਜਾਣੀ ਹੈ। ਚੰਦਨ ਨੂੰ ਚੁਆ ਕੇ ਤੁਸੀਂ ਆਪਣੇ ਅੰਗਾਂ ਉੱਪਰ ਮਲਦੇ ਹੋ। ਨਿਯਮ ਸਮਝ ਲਓ, ਇਹ ਤੁਹਾਡਾ ਸਰੀਰ ਵੀ ਅੰਤ ਨੂੰ ਮਸਾਣਾਂ ਵਿਚ ਜਾ ਕੇ ਲੱਕੜੀਆਂ ਨਾਲ ਸੜ ਜਾਏਗਾ॥ ੩॥

ਕਹੁ ਕਬੀਰ ਸੁਨਹੁ ਰੇ ਗੁਨੀਆ॥
ਬਿਨਸੈਗੋ ਰੂਪੁ ਦੇਖੈ ਸਭ ਦੁਨੀਆ॥ ੪॥ ੧੧॥

ਕਬੀਰ ਜੀ ਕਹਿੰਦੇ ਹਨ ਹੇ ਗੁਣਵਾਨੋ ! ਸੁਣੋ, ਵਾ:-ਸੁਣਕੇ ਵਿਚਾਰਨਾ ਕਰੋ ਸਭ ਦੁਨੀਆਂ ਦੇ ਵੇਖਦਿਆਂ ਵੇਖਦਿਆਂ ਤੁਹਾਡਾ ਰੂਪ ਬਿਨਸ ਜਾਏਗਾ। ਵਾ:-ਤੁਹਾਡੇ ਵੇਖਦਿਆਂ ਵੇਖਦਿਆਂ ਸਭ ਦੁਨੀਆਂ ਦਾ ਰੂਪ ਬਿਨਸ ਜਾਏਗਾ॥ ੪॥ ੧੧॥

ਗਉੜੀ ਕਬੀਰ ਜੀ॥

ਉਥਾਨਕਾ-ਕਬੀਰ ਜੀ ਦੀ ਬਰਾਦਰੀ ਵਿਚੋਂ ਕੋਈ ਮਰ ਗਿਆ। ਲੋਕਾਂ ਆਖਿਆ ਆਪ ਉਨ੍ਹਾਂ ਨੂੰ ਪਰਚਾ ਆਓ, ਤਾਂ ਕਬੀਰ ਜੀ ਕਹਿੰਦੇ ਹਨ-

ਅਵਰ ਮੂਏ ਕਿਆ ਸੋਗੁ ਕਰੀਜੈ॥ ਤਉ ਕੀਜੈ ਜਉ ਆਪ ਨ ਜੀਜੈ॥ ੧॥

ਹੋਰਨਾਂ ਦੇ ਮਰ ਜਾਣ ਦਾ ਕੀ ਸੋਗ ਕਰਨਾ ਹੈ। ਸੋਗ ਤਾਂ ਕਰੀਏ ਜੇਕਰ ਆਪ ਜਿਉਣਾ ਹੋਵੇ, ਅਸਾਂ ਨੇ ਭੀ ਤਾਂ ਮਰ ਜਾਣਾ ਹੈ। ਵਾ:-ਸੋਗ ਤਾਂ ਕਰੀਏ ਜੇ ਆਪ ਨਾ ਜਿਉਂਦੇ ਰਹਿਣਾ ਹੋਵੇ ਭਾਵ ਅਸਾਂ ਨੇ ਤਾਂ ਸਦਾ ਜੀਵਣਾ ਹੈ। *ਪਾਠ:-ਆਪ ਨ ਜੀਜੈ ਹੀ ਹੈ।*

*ਪ੍ਰਸ਼ਨ-*ਅਵਰ-ਝੱਲੇ ਆਦਮੀ ਮਰ ਜਾਣ ਤਾਂ ਕੀ ਕਰਨਾ ਚਾਹੀਦਾ ਹੈ ?

*ਉੱਤਰ:-*ਸੋਗ ਕਰਨਾ ਚਾਹੀਦਾ ਹੈ, ਕਿਉਂਕਿ ਮਨੁੱਖਾ ਜਨਮ ਨੂੰ ਨਿਸਫਲ ਗੁਆ ਕੇ ਗਏ ਹਨ। ਵਾ:-ਝੱਲਿਆਂ ਦੇ ਮਰ ਜਾਣ ਦਾ ਕੀ ਸੋਗ ਕਰਨਾ ਹੈ, ਚੰਗਾ ਹੋਇਆ ਸਗੋਂ ਮਰ ਗਏ ਕਿਉਂਕਿ ਪਾਪ ਕਰਮਾਂ ਵਲੋਂ ਤਾਂ ਹਟ ਗਏ।

ਵਾ:-ਅ=ਵਿਸ਼ੇਸ਼ ਕਰਕੇ ਵਰ=ਸ੍ਰੇਸ਼ਟ ਮਹਾਤਮਾ ਮਰ ਜਾਣ ਤਾਂ ਸੋਗ ਕੀ ਕਰਨਾ ਹੈ ਕਿਉਂਕਿ ਉਹ ਤਾਂ ਬ੍ਰਹਮਾਨੰਦ ਵਿਚ ਲੀਨ ਹੋ ਗਏ ਹਨ॥ ੧॥

ਯਥਾ- ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥ ੧੬॥ *(ਸਲੋਕ ਕਬੀਰ, ਪੰਨਾ ੧੩੬੫)*

ਮੈ ਨ ਮਰਉ ਮਰਿਬੋ ਸੰਸਾਰਾ॥
ਅਬ ਮੋਹਿ ਮਿਲਿਓ ਹੈ ਜੀਆਵਨਹਾਰਾ॥ ੧॥ ਰਹਾਉ॥

ਮੈਂ ਨਹੀਂ ਮਰਨਾ ਸੰਸਾਰ ਥੋੜ੍ਹਾ ਮਰਨ ਵਾਸਤੇ ਰਖਿਆ ਹੈ। ਵਾ:-ਮੈਂ ਨਹੀਂ ਮਰਨਾ ਮੇਰਾ ਸੰਸਾਰ ਫੁਰਨਾ ਜੋ ਮਰ ਗਿਆ ਹੈ। ਇਹ ਮਨ ਦਾ ਫੁਰਨਾ ਹੀ ਦੁਖਦਾਈ ਹੈ। ਹੁਣ ਮੈਨੂੰ ਜਿਵਾਣ ਵਾਲਾ ਗੁਰੂ ਰਾਮਾਨੰਦ ਮਿਲ ਗਿਆ ਹੈ, ਵਾ:-ਸਰਬ ਦੇ ਜਿਵਾਲਣ ਵਾਲਾ ਪਰਮਾਤਮਾ ਹੁਣ ਮੈਨੂੰ ਮਿਲ ਗਿਆ ਹੈ॥ ੧॥ ਰਹਾਉ॥

ਇਆ ਦੇਹੀ ਪਰਮਲ ਮਹਕੰਦਾ॥ ਤਾ ਸੁਖ ਬਿਸਰੇ ਪਰਮਾਨੰਦਾ॥ ੨॥

ਇਹ ਦੇਹ ਉੱਤੇ ਜਿਹੜਾ ਪਰਮਲ=ਚੰਦਨ ਆਦਿਕ ਸੁਗੰਧੀਆਂ ਦਾ ਲਗਾਉਣਾ ਹੈ। ਤਿਨ੍ਹਾਂ ਸੰਸਾਰਕ

ਵਿਸ਼ੇ ਸੁਖਾਂ ਕਰਕੇ ਪਰਮਾਨੰਦ=ਪਰਮ ਅਨੰਦ ਸਰੂਪ ਪਰਮੇਸ਼ਰ ਦਾ ਨਾਮ ਭੁਲ ਜਾਂਦਾ ਹੈ॥ ੨॥

ਕੂਅਟਾ ਏਕੁ ਪੰਚ ਪਨਿਹਾਰੀ॥ ਟੂਟੀ ਲਾਜੁ ਭਰੈ ਮਤਿ ਹਾਰੀ॥ ੩॥

ਪਹਿਲਾ ਅਰਥ-ਸੰਸਾਰ ਰੂਪ ਇਕ ਖੂਹਾ ਹੈ, ਪੰਜ ਗਿਆਨ ਇੰਦ੍ਰੀਆਂ ਪਨਿਹਾਰੀ=ਚਰਖੜੀਆਂ ਹਨ। ਜਿਸ ਵੇਲੇ ਵਿਸ਼ਈ ਆਦਮੀ ਦੀ ਉਮਰਾ, ਵਾ:-ਪ੍ਰਾਣਾਂ ਰੂਪੀ ਲੱਜ ਟੁਟ ਗਈ ਤਾਂ ਬੁੱਧੀ ਰੂਪੀ ਝਿਉਰੀ ਵਿਸ਼ਿਆਂ ਰੂਪ ਜਲ ਭਰਨ ਵਲੋਂ ਹਾਰ ਗਈ ਭਾਵ ਇਸ ਜੂਨ ਨੂੰ ਛੱਡ ਕੇ ਹੋਰ ਜੂਨ ਵਿਚ ਜਾ ਪਈ।

ਦੂਜਾ ਅਰਥ-ਹੁਣ ਨਾਮ ਜਪਣ ਵਾਲੇ ਗੁਰਮੁਖਾਂ ਦੀ ਅਵਸਥਾ ਦੱਸਦੇ ਹਨ:-ਸੰਸਾਰ ਰੂਪ ਇਕ ਖੂਹਾ ਹੈ, ਪੰਜ ਗਿਆਨ ਇੰਦ੍ਰੀਆਂ ਚਰਖੀਆਂ ਹਨ। ਇਸ ਸੰਸਾਰ ਵਿਚ ਗੁਰਮੁਖਾਂ ਦੀ ਜਦ ਵਿਸ਼ੇ ਵਾਸ਼ਨਾਂ, ਵਾ:-ਅਵਿੱਦਿਆ ਰੂਪੀ ਲੱਜ ਟੁਟ ਗਈ ਤਾਂ ਬੁੱਧੀ ਰੂਪੀ ਝਿਉਰੀ ਪਦਾਰਥਾਂ, ਵਾ-ਵਿਸ਼ਿਆਂ ਰੂਪ ਜਲ ਭਰਨ ਤੋਂ ਹਾਰ ਗਈ ਭਾਵ ਰਹਿਤ ਹੋ ਗਈ॥ ੩॥

ਪ੍ਰਸ਼ਨ-ਪੂਰਬੋਕਤ ਸਾਰਿਆਂ ਦੇ ਅਭਾਵ ਦਾ ਬੀਜ ਕਾਰਨ ਕੋਣ ਹੈ?

ਉੱਤਰ-ਇਕ ਅਦ੍ਵੈਵ ਗਿਆਨ ਹੀ ਸਭ ਦੇ ਅਭਾਵ ਦਾ ਕਾਰਨ ਹੈ।

ਕਹੁ ਕਬੀਰ ਇਕ ਬੁਧਿ ਬੀਚਾਰੀ॥
ਨਾ ਓਹੁ ਕੂਅਟਾ ਨਾ ਪਨਿਹਾਰੀ॥ ੪॥ ੧੨॥

ਕਬੀਰ ਜੀ ਕਹਿੰਦੇ ਹਨ- ਜਿਸ ਵੇਲੇ ਬ੍ਰਹਮਗਿਆਨ ਹੋਣ ਸਮੇਂ ਬੁੱਧੀ ਵਿਚ ਏਕਤਾ ਦਾ ਵਿਚਾਰ ਕੀਤਾ ਤਦ ਨਾ ਉਹ ਸੰਸਾਰ ਰੂਪ ਖੂਹਾ ਅਤੇ ਨਾ ਹੀ ਪੰਜ ਗਿਆਨ ਇੰਦ੍ਰੀਆਂ ਰੂਪੀ ਪਨਿਹਾਰੀ=ਚਰਖੜੀਆਂ ਰਹੀਆਂ॥ ੪॥ ੧੨॥

[ਪੰਨਾ ੩੨੬]

ਗਉੜੀ ਕਬੀਰ ਜੀ॥

ਉਥਾਨਕਾ-ਇਸ ਸ਼ਬਦ ਦੁਆਰਾ ਕਬੀਰ ਜੀ ਆਪਣੀ ਬਿਵਸਥਾ ਕਥਨ ਕਰਦੇ ਹਨ-

ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁ ਰੰਗਾ॥ ੧॥

ਪਰਮਾਤਮਾ ਤੋਂ ਭੁੱਲਕੇ ਅਸਥਾਵਰ=ਸਥਿਰ ਰਹਿਣ ਵਾਲੇ ਬਿਰਛ ਪਰਬਤ ਆਦਿ ਜੰਗਮ=ਲੱਤਾਂ ਨਾਲ ਤੁਰਨ ਫਿਰਨ ਵਾਲੇ ਪਸ਼ੂ ਜੂਨੀ, ਕੀੜੇ ਅਤੇ ਪਤੰਗੇ ਇਸ ਤਰ੍ਹਾਂ ਦੇ ਅਨੇਕਾਂ ਜਨਮ ਬਹੁਤ ਰੰਗਾ=ਪ੍ਰਕਾਰ ਦੇ ਧਾਰਨਾ ਕੀਤੇ॥ ੧॥

ਯਥਾ- ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥

(ਗਉੜੀ ਮਹਲਾ ੫, ਪੰਨਾ ੧੭੬)

ਐਸੇ ਘਰ ਹਮ ਬਹੁਤੁ ਬਸਾਏ॥
ਜਬ ਹਮ ਰਾਮ ਗਰਭ ਹੋਇ ਆਏ॥ ੧॥ ਰਹਾਉ॥

ਜੈਸੇ ਪਿਛੇ ਕਹੇ ਹਨ ਇਸ ਤਰ੍ਹਾਂ ਦੇ ਜੂਨੀਆਂ ਰੂਪ ਘਰ ਅਸਾਂ ਨੇ ਕਿੰਨੇ ਹੀ ਵਸਾਏ ਹਨ। ਜਦ ਅਸੀਂ ਰਾਮ ਤੋਂ ਭੁਲੇ ਹੋਏ ਮਾਤਾ ਦੇ ਉਦਰ ਵਿਚ ਹੋ ਆਏ॥ ੧॥ ਰਹਾਉ॥

ਜੋਗੀ ਜਤੀ ਤਪੀ ਬ੍ਰਹਮਚਾਰੀ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥ ੨॥

ਪਰਮਾਤਮਾ ਤੋਂ ਭੁੱਲ ਕੇ ਕਰਮਾਂ ਅਨੁਸਾਰ ਕਦੇ ਜੋਗੀ, ਕਦੇ ਜਤੀ, ਕਦੇ ਤਪੀ, ਕਦੇ ਬ੍ਰਹਮਚਾਰੀ ਬਣੇ। ਕਦੇ ਛਤ੍ਰਪਤੀ ਰਾਜੇ ਅਤੇ ਕਦੇ ਭੇਖਾਰੀ=ਮੰਗਤੇ ਬਣੇ॥ ੨॥

ਪੁਨਾ-ਸਿਖਾਂ ਨੇ ਬੇਨਤੀ ਕੀਤੀ ਮਹਾਰਾਜ ! ਆਪ ਜੂਨੀਆਂ ਵਿਚ ਕਿਉਂ ਗਏ ਅਤੇ ਆਪ ਨੂੰ ਫਿਰ ਬ੍ਰਹਮ ਗਿਆਨ ਕਿਵੇਂ ਪ੍ਰਾਪਤ ਹੋਇਆ ?

ਉੱਤਰ-ਸਾਕਤਾਂ ਦੇ ਸੰਗ ਕਰਕੇ ਜੂਨੀਆਂ ਵਿਚ ਗਏ ਅਤੇ ਸੰਤਾਂ ਦੀ ਕਿਰਪਾ ਨਾਲ ਬ੍ਰਹਮਗਿਆਨ ਪ੍ਰਾਪਤ ਹੋਇਆ ਹੈ। ਇਸ ਕਰਕੇ ਸਾਕਤਾਂ ਨੂੰ ਸਰਾਪ ਅਤੇ ਸੰਤਾਂ ਨੂੰ ਵਰ ਦੇਂਦੇ ਹਾਂ-

ਸਾਕਤ ਮਰਹਿ ਸੰਤ ਸਭਿ ਜੀਵਹਿ॥ ਰਾਮ ਰਸਾਇਨੁ ਰਸਨਾ ਪੀਵਹਿ॥ ੩॥

ਦੁਸ਼ਟ ਆਦਮੀ ਸਾਰੇ ਮਰ ਜਾਣ ਅਤੇ ਸੰਤ ਹਮੇਸ਼ਾਂ ਜਿਉਂਦੇ ਰਹਿਣ ਜੋ ਸੰਤ ਰਸਾਂ ਦੇ ਘਰ ਵਾਹਿਗੁਰੂ ਦੇ ਨਾਮ ਅੰਮ੍ਰਿਤ ਨੂੰ ਪੀਂਦੇ ਹਨ॥ ੩॥

ਕਹੁ ਕਬੀਰ ਪ੍ਰਭ ਕਿਰਪਾ ਕੀਜੈ॥ ਹਾਰਿ ਪਰੇ ਅਬ ਪੂਰਾ ਦੀਜੈ॥ ੪॥ ੧੩॥

ਕਬੀਰ ਜੀ ਕਹਿੰਦੇ ਹਨ, ਹੇ ਭਗਵਾਨ ! ਕਿਰਪਾ ਕਰੋ, ਚੁਰਾਸੀ ਲੱਖ ਜੂਨੀਆਂ ਵਿਚ ਫਿਰ ਫਿਰ ਕੇ ਹਾਰ ਪਏ ਹਾਂ, ਵਾ:-ਹਾਰ ਕੇ ਤੇਰੀ ਸ਼ਰਨ ਪਏ ਹਾਂ, ਹੁਣ ਇਸ ਮਨੁੱਖਾ ਜਨਮ ਵਿਚ ਪੂਰਾ ਨਾਮ ਗਿਆਨ ਦੇਣਾ ਕਰੋ॥ ੪॥ ੧੩॥

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫॥

ਕਬੀਰ ਜੀ ਨੇ ਆਪਣੀ ਬਾਣੀ ਉਚਾਰਕੇ ਸਾਰੀ ਗੁਰੂ ਸਾਹਿਬ ਜੀ ਦੇ ਅਗੇ ਭੇਟਾ ਰਖੀ ਹੈ। ਅਗੋਂ ਸਤਿਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰ ਕੇ ਕਬੀਰ ਜੀ ਨੂੰ ਸਿਰੋਪਾਉ ਦਿੱਤਾ ਹੈ।

ਇਸ ਕਰਕੇ 'ਨਾਲਿ ਰਲਾਇ ਲਿਖਿਆ ਮਹਲਾ ੫' ਲਿਖਿਆ ਹੈ। ਸਿਰੋਪਾ ਜਿਸ ਨੂੰ ਦਿੱਤਾ ਜਾਂਦਾ ਹੈ ਉਹ ਉਸੇ ਦਾ ਹੋ ਜਾਂਦਾ ਹੈ ਇਸ ਲਈ ਇਹ ਸ਼ਬਦ ਹੁਣ ਕਬੀਰ ਜੀ ਦਾ ਹੈ।

ਸਿੱਖਾਂ ਨੇ ਕਬੀਰ ਜੀ ਪਾਸ ਬੇਨਤੀ ਕੀਤੀ। ਮਹਾਰਾਜ ਜੀ ਕੋਈ ਆਖੇਗਾ ਭਾਵ ਕਥਾ ਸੁਣਾਓ ਇਹ ਗੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ।

ਪਹਿਲਾ ਅਰਥ-

ਮਸਿਆ ਵਾਲੇ ਦਿਨ ਅਸੀਂ ਕਾਂਸ਼ੀ ਤੋਂ ਸੈਲ ਕਰਨ ਗਏ, ਰਾਤ ਬਾਹਰ ਹੀ ਕਿਸੀ ਪਿੰਡ ਵਿਚ ਰਹੇ। ਜਿਸ ਘਰ ਵਿਚ ਟਿਕੇ ਸਾਂ ਉਸ ਘਰ ਵਿਚ:-

ਐਸੋ ਅਚਰਜੁ ਦੇਖਿਓ ਕਬੀਰ॥

ਕਬੀਰ ਜੀ ਕਹਿੰਦੇ ਹਨ-ਅਸਾਂ ਨੇ ਇਕ ਐਸਾ ਅਸਚਰਜ ਕੌਤਕ ਵੇਖਿਆ।

ਦਧਿ ਕੈ ਭੋਲੈ ਬਿਰੋਲੈ ਨੀਰੁ॥ ੧॥ ਰਹਾਉ॥

ਜੋ ਦਹੀਂ ਦੇ ਭੁਲੇਖੇ ਇਕ ਬ੍ਰਿਧਾ ਮਾਈ ਜਲ ਨੂੰ ਮੱਥਦੀ ਰਹੀ। ਉਸ ਦੇਸ਼ ਦਾ ਰਿਵਾਜ ਸੀ ਮੱਸਿਆ ਨੂੰ ਦਹੀਂ ਨਾ ਰਿੜਕਣੀ। ਮੱਸਿਆ ਦੀ ਅਤੇ ਏਕਮ ਦੀ ਦੋਹਾਂ ਦਿਨਾਂ ਦੀ ਦਹੀਂ ਇਕ ਚਾਟੀ ਵਿਚ ਇਕੱਠੀ ਕਰ ਕੇ ਅਤੇ ਦੂਜੀ ਚਾਟੀ ਜਲ ਦੀ ਭਰ ਕੇ ਦੋਨੋਂ ਇਕੱਠੀਆਂ ਰੱਖ ਦਿਤੀਆਂ। ਨੂੰਹ ਨੇ ਸੱਸ ਨੂੰ ਕਿਹਾ ਸਵੇਰੇ ਦਹੀਂ ਤੁਸਾਂ ਨੇ ਮੱਥਣੀ ਹੈ। ਉਸ ਆਖਿਆ ਚੰਗਾ। ਜਿਸ ਵੇਲੇ ਉਹ ਬ੍ਰਿਧਾ ਮਾਈ ਸਵੇਰੇ ਧੋਲਾ ਰਿੜਕਣ ਵਾਸਤੇ ਉੱਠੀ ਤਾਂ ਉਸ ਨੂੰ ਦੀਵਾ ਜਗਾਣ ਵਾਸਤੇ ਡੱਬੀ ਨਾ ਲੱਭੀ, ਹਨੇਰੇ ਵਿਚ ਹੀ ਦਹੀਂ ਵਾਲੀ ਚਾਟੀ ਦੇ ਭੁਲੇਖੇ ਪਾਣੀ ਵਾਲੀ ਚਾਟੀ ਵਿਚ ਮਧਾਣੀ ਪਾ ਕੇ ਰਿੜਕਦੀ ਰਹੀ। ਉਸ ਵਿਚੋਂ ਭਲਾ ਕੀ ਨਿਕਲਣਾ ਸੀ।

ਯਥਾ- ਨੀਰ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ॥

ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ॥ *(ਸਾਰੰਗ ਮਹਲਾ ੫, ਪੰਨਾ ੧੨੦੫)*

ਤਥਾ- ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥

(ਸੂਹੀ ਮਹਲਾ ੫, ਪੰਨਾ ੭੩੯)

ਦਿਨ ਚੜ੍ਹਨ ਨਾਲ ਜਦ ਅਸੀਂ ਅਗੇ ਤੁਰੇ ਤਾਂ ਕੀ ਵੇਖਿਆ-

ਹਰੀ ਅੰਗੂਰੀ ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਰੈ॥ ੧॥

ਇਕ ਗਦਹਾ=ਖੋਤਾ, ਹਰੀ ਹਰੀ ਅੰਗੂਰੀ=ਨਵੀਂ ਫੁੱਟੀ ਹੋਈ ਹਰਿਆਈ ਨੂੰ ਚਰੈ=ਚਰਦਾ ਭਾਵ ਖਾਂਦਾ ਹੈ। ਨਿਤਾਪ੍ਰਤੀ ਉੱਠ ਕੇ ਭਾਵ ਗਿਚੀ ਉੱਚੀ ਕਰਕੇ ਹੱਸਦਾ ਤੇ ਹੀਗੈ=ਹਿਣਕਦਾ ਹੈ ਅੰਤ ਨੂੰ ਅੱਡੀਆਂ ਖੁਰ ਮਾਰ ਕੇ ਮਰ ਜਾਂਦਾ ਹੈ (ਕਿਉਂਕਿ ਹਰੀ ਅੰਗੂਰੀ ਖਾਣ ਨਾਲ ਗਲ ਨੂੰ ਪਠਾ ਰੋਗ ਲੱਗ ਜਾਂਦਾ ਹੈ)॥ ੧॥

ਅੱਗੇ ਤੁਰੇ ਜਾਂਦਿਆਂ ਇਕ ਹੋਰ ਅਸਚਰਜ ਕੌਤਕ ਵੇਖਿਆ ਉਹ ਇਹ ਹੈ-

ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸਾਤਲਿ ਪਾਇ॥ ੨॥

ਇਕ ਮਸਤਿਆ ਭੈਸਾ=ਸੰਢਾ (ਝੋਟਾ) ਅਮੋੜ ਜਾਂਦਾ ਹੈ, ਕਿਸੇ ਦੇ ਵਸ ਨਹੀਂ ਆਉਂਦਾ। ਉਸ ਦੇ ਫੜਨ ਵਾਲਿਆਂ ਨੇ ਇਕ ਡੁੰਘਾ ਟੋਆ ਪੁਟ ਕੇ ਉਤੇ ਨਿਕੀਆਂ ਤੇ ਪਤਲੀਆਂ ਮਨਛਿਟੀਆਂ ਪਾ ਕੇ ਉੱਪਰ ਹਰਾ ਹਰਾ ਘਾਹ ਰੱਖ ਦਿਤਾ। ਉਸ ਹਰੇ ਘਾਹ ਨੂੰ ਵੇਖ ਕੇ ਜਿਸ ਵੇਲੇ ਉਹ ਸੰਢਾ ਕੁਦ ਕੁਦ ਕੇ ਚਰਨ ਵਾਸਤੇ ਆਇਆ ਤਾਂ ਉਸ ਰਸਾਤਲਿ=ਟੋਏ ਵਿਚ ਪੈ ਗਿਆ॥ ੨॥

ਕਹੁ ਕਬੀਰ ਪਰਗਟੁ ਭਈ ਖੇਡ॥ ਲੇਲੇ ਕਉ ਚੁਘੈ ਨਿਤ ਭੇਡ॥ ੩॥

ਕਬੀਰ ਜੀ ਕਹਿੰਦੇ ਹਨ-ਅਗੇ ਤੁਰੇ ਤਾਂ ਅਗੇ ਇਕ ਹੋਰ ਖੇਡ ਪਰਗਟ ਹੋਈ। ਚੁੰਘਣਾ ਤਾਂ ਲੇਲੇ ਨੇ ਭੇਡ ਨੂੰ ਸੀ ਪਰ ਭੇਡ ਨਿਤਾਪ੍ਰਤੀ ਲੇਲੇ ਨੂੰ ਚੁੰਘ ਰਹੀ ਹੈ॥ ੩॥

ਇਹ ਬਾਹਰਲੇ ਕੌਤਕ ਦੱਸ ਕੇ ਹੁਣ ਕਬੀਰ ਜੀ ਅੰਤ੍ਰੀਵ ਭਾਵ ਸੁਣਾਂਦੇ ਹਨ।

ਦੂਜਾ ਅਰਥ-

ਐਸੋ ਅਚਰਜੁ ਦੇਖਿਓ ਕਬੀਰ॥ ਦਧਿ ਕੈ ਭੋਲੈ ਬਿਰੋਲੈ ਨੀਰੁ॥ ੧॥ ਰਹਾਉ॥

ਇਸ ਪ੍ਰਕਾਰ ਪ੍ਰਮਾਦੀ ਜੀਵ ਨਿਸ਼ਕਾਮ ਕਰਮਾਂ ਰੂਪ ਦਹੀਂ ਦੇ ਭੁਲੇਖੇ ਸ਼ਕਾਮ ਕਰਮਾਂ ਰੂਪ ਪਾਣੀ ਨੂੰ ਰਿੜਕ ਰਿਹਾ ਹੈ। ਫਿਰ ਕਹਿੰਦਾ ਹੈ ਮੈਨੂੰ ਬ੍ਰਹਮ ਗਿਆਨ ਹੋਵੇ, ਭਲਾ ਉਸ ਨੂੰ ਬ੍ਰਹਮ ਗਿਆਨ ਕਿਵੇਂ ਹੋ ਸਕਦਾ ਹੈ॥ ੧॥ ਰਹਾਉ॥

ਹਰੀ ਅੰਗੁਰੀ ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਰੈ॥ ੧॥

ਗਦਹਾ=ਖੋਤਾ ਕਾਮੀ ਜੀਵ ਵਿਸ਼ਿਆਂ ਰੂਪੀ ਹਰੀ ਅੰਗੂਰੀ ਨੂੰ ਚਰਦਾ ਭਾਵ ਭੋਗਦਾ ਹੈ। ਨਿਤਾਪ੍ਰਤੀ ਉੱਠ ਕੇ ਹੱਸਦਾ ਭਾਵ ਅਨੰਦ ਹੁੰਦਾ ਹੈ, ਤੇ ਹੀਗੈ=ਹੰਕਾਰ ਕਰਦਾ ਹੈ ਕਿ ਮੇਰੇ ਜਿੰਨੇ ਵਿਸ਼ੇ ਭੋਗ ਕਿਸੇ ਨੇ ਨਹੀਂ ਭੋਗਣੇ, ਅੰਤ ਨੂੰ ਨਿਸਫਲ ਹੀ ਮਰ ਜਾਂਦਾ ਹੈ। ਪਰ ਇਨ੍ਹਾਂ ਭੋਗਾਂ ਦਾ ਇਸ ਨੂੰ ਮਿਲਦਾ ਕੁਝ ਨਹੀਂ॥ ੧॥

ਯਥਾ:- ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ॥

ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ॥ ੪੪॥

ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸਾਤਲਿ ਪਾਇ॥ ੨॥

ਭੈਸਾ=ਸੰਢਾ ਲੋਭੀ ਜੀਵ ਪਦਾਰਥਾਂ ਵਿਚ ਮਾਤਾ=ਮਸਤ ਹੋ ਕੇ ਗੁਰ ਉਪਦੇਸ਼ ਅਤੇ ਸ਼ਾਸਤ੍ਰਾਂ ਦੇ ਕਹੇ ਹੋਏ ਬਚਨਾਂ ਤੋਂ ਅੰਮੁਹਾ=ਅਮੋੜ ਜਾਂਦਾ ਹੈ।

ਪਰ ਇਹ ਗੁਰ ਉਪਦੇਸ਼ ਨੂੰ ਮੰਨਦਾ ਹੀ ਨਹੀਂ ਭਾਵ ਗੁਰੂ ਅਤੇ ਸ਼ਾਸਤ੍ਰ ਜੋ ਆਖਦੇ ਹਨ ਉਸ ਅਨੁਸਾਰ ਨਹੀਂ ਚਲਦਾ ਬਲਕਿ ਇਹ ਬ੍ਰਹਮਾ ਦਾ ਕਿਹਾ ਹੋਇਆ ਬਚਨ ਵੀ ਨਹੀਂ ਮੰਨਦਾ।

ਯਥਾ:- ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥ ੪॥ *(ਗਉੜੀ ਚੇਤੀ, ਪੰਨਾ ੩੩੨)*

ਕੁਦਿ ਕੁਦਿ=ਉਛਲ ਉਛਲ ਕੇ ਵਿਸ਼ੇ ਵਿਕਾਰ ਭੋਗਦਾ ਹੈ। ਅੰਤ ਨੂੰ ਨਰਕਾਂ ਰੂਪ ਟੋਏ ਵਿਚ ਪੈਂਦਾ ਹੈ। ਵਾ:-ਸ਼ਕਾਮ ਕਰਮਾਂ ਦੇ ਕਰਨੇ ਰੂਪ ਛਾਲਾਂ ਮਾਰ ਮਾਰ ਕੇ ਸੁਰਗ ਨੂੰ ਚੜ੍ਹਦਾ ਹੈ। ਅੰਤ ਨੂੰ ਫਿਰ ਰਸਾਤਲਿ=ਧਰਤੀ ਪਰ ਡਿਗ ਪੈਂਦਾ ਹੈ ਭਾਵ ਜਦ ਪੁੰਨਾਂ ਦਾ ਫਲ ਭੋਗ ਲੈਂਦਾ ਹੈ ਤਾਂ ਧਰਤੀ ਤੇ ਸੁਟਿਆ ਜਾਂਦਾ ਹੈ॥ ੨॥

ਕਹੁ ਕਬੀਰ ਪਰਗਟੁ ਭਈ ਖੇਡ॥ ਲੇਲੇ ਕਉ ਚੁਘੈ ਨਿਤ ਭੇਡ॥ ੩॥

ਕਬੀਰ ਜੀ ਕਹਿੰਦੇ ਹਨ-ਇਕ ਹੋਰ ਖੇਡ ਪਰਗਟ ਹੋ ਰਹੀ ਹੈ। ਭੇਡ=ਬੁੱਧੀ ਲੇਲੇ=ਪਦਾਰਥਾਂ ਨੂੰ ਚੁੰਘ ਰਹੀ ਭਾਵ ਗ੍ਰਹਿਣ ਕਰ ਰਹੀ ਹੈ। ਵਾ:-ਭੇਡ=ਮਾਇਆ ਲੇਲੇ=ਜੀਵਾਂ ਦੇ ਸ਼ੁਭ ਗੁਣਾਂ ਨੂੰ ਚੁੰਘ ਰਹੀ ਹੈ। ਵਾ:-ਭੇਡ=ਮਾਤਾ ਪਿਤਾ ਲੇਲੇ=ਲੜਕੀ ਨੂੰ ਚੁੰਘ ਰਹੇ ਭਾਵ ਲੜਕੀ ਦਾ ਪੈਸਾ ਖਾ ਰਹੇ ਹਨ। ਲੜਕੀ ਨੂੰ ਵਿਆਹ ਕੇ ਜੋ ਮਾਤਾ ਪਿਤਾ ਉਸ ਦੇ ਘਰ ਦਾ ਅੰਨ ਜਾਂ ਰੁਪਿਆ ਲੈ ਕੇ ਖਾਂਦੇ ਹਨ, ਉਹਨਾਂ ਦਾ ਜਨਮ ਨਿਸਫਲ ਚਲਿਆ ਜਾਂਦਾ ਹੈ। ਬਲਕਿ ਲੜਕੀ ਤੇ ਲੜਕੇ ਦਾ ਸੰਜੋਗ ਕਰਾਉਣ ਵੇਲੇ ਜੋ ਵਿਚੋਲੇ ਬਣ ਕੇ ਪੰਜ ਸੌ ਜਾਂ ਹਜ਼ਾਰ ਰੁਪਿਆ ਵਿਚੋਂ ਖਾ ਜਾਂਦੇ ਹਨ ਉਨ੍ਹਾਂ ਦਾ ਜਨਮ ਵੀ ਨਿਸਫਲ ਚਲਿਆ ਜਾਂਦਾ ਹੈ॥ ੩॥

ਯਥਾ- ਸਸੈ ਸੰਜਮੁ ਗਇਓ ਮੂੜੇ ਏਕੁ ਦਾਨੂ ਤੁਧੁ ਕੁਥਾਇ ਲਇਆ॥

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥

(ਆਸਾ ਮਹਲਾ ੩ ਪਟੀ, ਪੰਨਾ ੪੩੫)

*ਪ੍ਰਸ਼ਨ-*ਜੀਵ ਦਾ ਤਰਨਾ ਕੈਸੇ ਹੋਵੇ? *ਉੱਤਰ-*

ਰਾਮ ਰਮਤ ਮਤਿ ਪਰਗਟੀ ਆਈ॥
ਕਹੁ ਕਬੀਰ ਗੁਰਿ ਸੋਝੀ ਪਾਈ॥ ੪॥ ੧॥ ੧੪॥

ਕਬੀਰ ਜੀ ਕਹਿੰਦੇ ਹਨ-ਜਿਸ ਵੇਲੇ ਗੁਰਾਂ ਨੇ ਗਿਆਤ ਪਾਈ ਤੇ ਰਾਮ ਦੇ ਉਚਾਰਨ ਵਾਲੀ ਮਤੀ ਆ

ਕੇ ਪ੍ਰਗਟੀ ਤਾਂ ਇਸ ਦਾ ਤਰਨਾ ਹੋਇਆ।

ਤੀਜਾ ਅਰਥ:-

ਜਿੰਨਾ ਚਿਰ ਗੁਰਾਂ ਨੇ ਸੋਝੀ ਨਹੀਂ ਸੀ ਪਾਈ ਅਤੇ ਰਾਮ ਦੇ ਉਚਾਰਨ ਵਾਲੀ ਮੱਤ ਨਹੀਂ ਆ ਕੇ ਸੀ ਪ੍ਰਗਟੀ ਓਨਾ ਚਿਰ ਇਹ ਜੀਵ ਦਧਿ ਕੈ ਭੋਲੈ ਬਿਰੋਲੈ ਨੀਰੁ॥

ਆਤਮਾ ਦੇ ਭੁਲੇਖੇ ਅਨਾਤਮਾ ਦਾ ਵਿਚਾਰ ਕਰਦਾ ਸੀ। ਜਿਸ ਵੇਲੇ ਗੁਰਾਂ ਨੇ ਗਿਆਤ ਪਾਈ ਤੇ ਰਾਮ ਦੇ ਉਚਾਰਨ ਵਾਲੀ ਮਤੀ ਆ ਕੇ ਪ੍ਰਗਟੀ ਤਾਂ-

ਐਸੋ ਅਚਰਜੁ ਦੇਖਿਓ ਕਬੀਰ॥

ਐਸਾ ਜੋ ਅਸਚਰਜ ਰੂਪ ਪਰਮਾਤਮਾ ਹੈ, ਜਿਸ ਨੇ ਬੱਦਲਾਂ ਵਿਚ ਬਿਜਲੀ ਤੇ ਮਲੀਨ ਪਾਣੀ ਦੇ ਬੁਦਬੁਦੇ ਤੋਂ ਸੁੰਦਰ ਸਰੀਰ ਰਚਿਆ ਹੈ।

ਯਥਾ- ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧॥

(ਗਉੜੀ, ਪੰਨਾ ੩੩੬)

ਕਬੀਰ=ਸਭ ਤੋਂ ਵੱਡਾ ਉਸ ਨੂੰ ਵੇਖਣਾ ਕੀਤਾ॥ ਹਰੀ ਅੰਗੂਰੀ ਗਦਹਾ* ਚਰੈ॥

ਹੇ ਅੰਗੁ=ਪਿਆਰੇ ਉਹ ਹਰੀ ਪਰਮਾਤਮਾ ਉਰੀ=ਹਿਰਦੇ ਵਿਚ ਹੈ। ਉਸ ਦੇ ਚਰੈ=ਵਿਚਾਰਨ ਕਰਕੇ ਸਾਰੇ ਗਦ=ਰੋਗ ਹਾ=ਹਤ ਭਾਵ ਨਾਸ ਹੋ ਜਾਂਦੇ ਹਨ।

*ਪ੍ਰਸ਼ਨ-*ਵਿਸ਼ੇਸ਼ ਕਰਕੇ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ ?

*ਉੱਤਰ-*ਨਿਤ ਉਠਿ ਹਾਸੈ ਹੀਗੈ ਮਰੈ॥ ੧॥

ਪਦਾਰਥਾਂ ਵਿਚੋਂ ਨਿਤਤਾ ਬੁੱਧੀ ਉੱਠ ਜਾਂਦੀ ਹੈ, ਹਾਸੈ=ਅਨੰਦ ਹੁੰਦਾ ਹੈ ਹੀਗੈ=ਹੰਕਾਰ ਮਰ ਜਾਂਦਾ ਹੈ।

ਮਾਤਾ ਭੈਸਾ ਅੰਮੁਹਾ ਜਾਇ॥

ਪਰਮਾਤਮਾ ਦੇ ਭੈ+ਸਾ=ਡਰ ਦੇ ਸਹਿਤ ਮਸਤ ਹੋਣ ਕਰਕੇ ਅੰਮੁਹਾ ਜਾਇ=ਵੈਰਾਗ ਉਤਪੰਨ ਹੁੰਦਾ ਹੈ। ਇਹ ਵੈਰਾਗ ਹੀ ਨਿਤਤਾ ਬੁੱਧੀ ਦੇ ਅਭਾਵ ਦਾ ਕਾਰਨ ਹੈ।

*ਪ੍ਰਸ਼ਨ-*ਕਿਸੀ ਵੇਲੇ ਵੈਰਾਗ ਦੂਰ ਹੋਣ ਕਰਕੇ ਵਿਸ਼ੇ ਆਪਣਾ ਜ਼ੋਰ ਪਾ ਕੇ ਦਬਾ ਲੈਂਦੇ ਹੋਣਗੇ ?

*ਉੱਤਰ-*ਕੁਦਿ ਕੁਦਿ ਚਰੈ ਰਸਾਤਲਿ ਪਾਇ॥ ੨॥

ਸਾਧਨਾਂ ਰੂਪ ਪੈਰਾਂ ਦੀਆਂ ਕਰਣ ਮੈਤ੍ਰੀ ਮੁਦਤਾ ਆਦਿ ਤਲੀਆਂ ਹੇਠ ਵਿਸ਼ੇ ਰਸਾਂ ਨੂੰ ਪਾ ਕੇ ਭਾਵ ਦਬਾ ਕੇ ਕੁਦਿ ਕੁਦਿ ਚਰੈ=ਪ੍ਰਸੰਨ ਹੋ ਹੋ ਕੇ ਵਿਚਰਦਾ ਹੈ।

ਕਾਮ ਨੂੰ ਵਸਤ ਵਿਚਾਰ ਹੇਠਾਂ ਦਬਾਂਦਾ ਹੈ।

ਕ੍ਰੋਧ ਨੂੰ ਖਿਮਾਂ ਹੇਠ ਲਤਾੜਦਾ ਹੈ। ਲੋਭ ਨੂੰ ਸੰਤੋਖ ਹੇਠ ਦਬਾਂਦਾ ਹੈ।

ਮੋਹ ਨੂੰ ਗਿਆਨ ਹੇਠ ਦਬਾਂਦਾ ਹੈ। ਹੰਕਾਰ ਨੂੰ ਨਿੰਮ੍ਰਤਾ ਹੇਠ ਦਬਾਂਦਾ ਹੈ।

ਇਸ ਪ੍ਰਕਾਰ ਸਾਰੀ ਆਸੁਰੀ ਸੰਪਦਾ ਦਾ ਅਭਾਵ ਕਰਦਾ ਰਹਿੰਦਾ ਹੈ। ਕਿਉਂਕਿ ਬ੍ਰਹਮ ਗਿਆਨ ਤੋਂ

**ਪਾਠਕਾਂ ਦੇ ਧਿਆਨ ਯੋਗ ਨੋਟ-'ਗਦਹਾ' ਪਦ ਇਕ ਦਫ਼ਾ ਅਗੇ ਆਸਾ ਰਾਗੁ ਦੀ ਭਗਤ ਬਾਣੀ ਵਿਚ ਵੀ ਆਵੇਗਾ, 'ਪਹਿਰ ਚੋਲਨਾ 'ਗਦਹਾ' ਨਾਚੈ।'*

ਉਪਰੰਤ ਜਿਹੜਾ ਪ੍ਰਵਿਰਤੀ ਵਿਚ ਲੱਗਣਾ ਹੈ ਇਹ ਮਖੀਆਂ ਦੀ ਭਿਣਭਿਣ ਹੈ। ਜੀਵਨ ਮੁਕਤੀ ਦਾ ਅਨੰਦ ਤਾਂ ਹੀ ਆ ਸਕਦਾ ਹੈ ਜੇ ਗਿਆਨ ਦੇ ਅਨੰਤਰ ਫਿਰ ਵੀ ਵੈਰਾਗ ਵਿਵੇਕ ਆਦਿ ਸਾਧਨਾਂ ਨੂੰ ਕਰਦਾ ਰਹੇ।

ਪ੍ਰਸ਼ਨ-ਉਸ ਦੀ ਬੁੱਧੀ ਪਦਾਰਥਾਂ ਵਿਚ ਕਦੇ ਸੱਤ ਹੁੰਦੀ ਹੋਵੇਗੀ ? *ਉੱਤਰ*-

ਕਹੁ ਕਬੀਰ ਪਰਗਟੁ ਭਈ ਖੇਡ ॥

ਕਬੀਰ ਜੀ ਕਹਿੰਦੇ ਹਨ-ਜਿਸ ਤਰ੍ਹਾਂ ਬਾਜੀਗਰ ਦੀ ਖੇਡ ਪ੍ਰਗਟ ਹੁੰਦੀ ਹੈ ਤਿਵੇਂ ਉਹ ਪਦਾਰਥਾਂ ਨੂੰ ਮਿਥਿਆ ਰੂਪ ਨਿਸਚੇ ਕਰਦਾ ਹੈ ਭਾਵ ਕਿਸੀ ਵੇਲੇ ਭੀ ਉਸ ਦੀ ਪਦਾਰਥਾਂ ਵਿਚ ਸਤਤਾ ਬੁੱਧੀ ਨਹੀਂ ਹੁੰਦੀ। ਲੇਲੇ ਕਉ ਚੁਘੈ ਨਿਤ ਭੇਡ ॥

ਭੇਡ ਦਾ ਭੇਟ ਬਣਾ ਲੈਣਾ, ਕਿਉਂਕਿ ਟ,ਠ,ਡ,ਢ,ਣ, ਇਹ ਇਕੋ ਵਰਗ ਦੇ ਅੱਖਰ ਹਨ। ਸਾਰਿਆਂ ਵਿਚ ਭੇਟ=ਮਿਲਿਆ ਹੋਇਆ ਜੋ ਪਰਮੇਸ਼ਰ ਹੈ ਉਸ ਵਿਚ ਲੇ+ਲੇ=ਲਿਵ ਲਗਾ ਕੇ ਉਸ ਦੇ ਅਨੰਦ ਨੂੰ ਚੁੰਘਦਾ ਹੈ॥ ੩ ॥

ਪ੍ਰਸ਼ਨ-ਇਹ ਸਾਧਨ ਕਰਨੇ ਕਦੋਂ ਪ੍ਰਾਪਤ ਹੁੰਦੇ ਹਨ ? *ਉੱਤਰ*-

ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥ ੪ ॥ ੧ ॥ ੧੪ ॥

ਕਬੀਰ ਜੀ ਕਹਿੰਦੇ ਹਨ ਜਿਸ ਵੇਲੇ ਗੁਰਾਂ ਨੇ ਗਿਆਤ ਪਾਈ ਤੇ ਰਾਮ ਦੇ ਉਚਾਰਨ ਵਾਲੀ ਸ਼ੁਭ ਬੁੱਧੀ ਆ ਕੇ ਪ੍ਰਗਟ ਹੋਈ ਤਾਂ ਇਹ ਸਾਧਨ ਕਰਨੇ ਪ੍ਰਾਪਤ ਹੁੰਦੇ ਹਨ॥ ੪ ॥ ੧ ॥ ੧੪ ॥

ਗਉੜੀ ਕਬੀਰ ਜੀ ਪੰਚਪਦੇ ॥

ਪੰਚਪਦੇ ਦੇ ਹੇਠ ਜਿਹੜਾ ਦੂਆ ਲੱਗਾ ਹੋਇਆ ਹੈ ਇਸ ਦਾ ਭਾਵ ਇਹ ਹੈ ਕਿ ਪੰਚਪਦੇ ਦੇ ਦੋ ਸ਼ਬਦ ਆਉਣਗੇ।

ਉਥਾਨਕਾ-ਕਬੀਰ ਜੀ ਕਾਂਸ਼ੀ ਪੁਰੀ ਵਿਚ ਬੈਠੇ ਸਨ ਤਾਂ ਪੰਡਿਤਾਂ ਨੇ ਆ ਕੇ ਕਿਹਾ ਹੇ ਕਬੀਰ ! ਤੇਰੇ ਵਿਚ ਪਰਮਾਤਮਾ ਦੀ ਭਗਤੀ ਕੋਈ ਨਹੀਂ। ਸ਼ਿਵਾਂ ਨੇ ਜੋ ਸਾਲੋਕ ਮੁਕਤੀ ਦਾ ਸਦਾ ਵਰਤ ਲਗਾਇਆ ਹੋਇਆ ਹੈ ਉਸ ਦੇ ਲੈਣ ਵਾਸਤੇ ਤੂੰ ਇਥੇ ਬੈਠਾ ਹੈਂ। ਇਹ ਗੱਲ ਸੁਣਕੇ ਭਗਤ ਜੀ ਨੇ ਵਿਚਾਰਿਆ ਮੈਨੂੰ ਤਾਂ ਸ਼ਿਵ ਲੋਕ ਵਿਚ ਜਾਣ ਦੀ ਇੱਛਾ ਹੀ ਨਹੀਂ ਹੈ ਅਤੇ ਮੇਰੇ ਪਾਸ ਈਸ਼ਵਰ ਭਗਤੀ ਰੂਪੀ ਧਨ ਬਿਅੰਤ ਹੈ, ਇਸ ਵਾਸਤੇ ਮੈਨੂੰ ਇਥੇ ਰਹਿਣ ਦੀ ਕੀ ਲੋੜ ਹੈ। ਉਸੀ ਵੇਲੇ ਭਗਤ ਜੀ ਉੱਠਕੇ ਹੜੰਬੇ ਵਾਲੀ ਧਰਤੀ ਤੇ ਆ ਵਸੇ। ਤਦ ਭਗਵਾਨ ਨੇ ਪ੍ਰੀਖਿਆ ਲੈਣ ਵਾਸਤੇ ਅਕਾਸ਼ ਬਾਣੀ ਦੁਆਰੇ ਕਿਹਾ ਹੇ ਕਬੀਰ !

ਜਿਉ ਜਲ ਛੋਡਿ ਬਾਹਰਿ ਭਇਓ ਮੀਨਾ ॥
ਪੂਰਬ ਜਨਮ ਹਉ ਤਪ ਕਾ ਹੀਨਾ ॥ ੧ ॥

ਹਉ=ਮੈਂ ਜਾਣਦਾ ਹਾਂ ਕਿ ਤੂੰ ਪਿਛਲੇ ਜਨਮ ਤਪ ਦਾ ਹੀਣਾ ਹੈਂ ਭਾਵ ਪਿਛਲੇ ਜਨਮ ਵਿਚ ਤੂੰ ਕੋਈ ਤਪ ਨਹੀਂ ਕੀਤਾ। ਕਾਂਸ਼ੀਪੁਰੀ ਤਿਆਗਣ ਕਰਕੇ ਹੁਣ ਤੂੰ ਐਸਾ ਦੁਖੀ ਹੋਵੇਂਗਾ, ਜਿਵੇਂ ਜਲ ਨੂੰ ਛੱਡ ਕੇ ਮੱਛ ਬਾਹਰ ਹੁੰਦਾ ਹੈ ਤੇ ਉਹ ਤੜਫ ਤੜਫ ਕੇ ਮਰਦਾ ਹੈ॥ ੧ ॥ ਇਹ ਗੱਲ ਸੁਣਕੇ ਕਬੀਰ ਜੀ ਨੇ ਕਿਹਾ-

ਅਬ ਕਹੁ ਰਾਮ ਕਵਨ ਗਤਿ ਮੋਰੀ ॥

ਹੇ ਰਾਮ ! ਦੱਸ ਖਾਂ ਹੁਣ ਮੇਰੀ ਕੀ ਹਾਲਤ ਹੋਵੇਗੀ ?

ਤਜੀ ਲੇ ਬਨਾਰਸ ਮਤਿ ਭਈ ਥੋਰੀ॥ ੧॥ ਰਹਾਉ॥

ਭਗਵਾਨ ਨੇ ਕਿਹਾ ਤੂੰ ਕਾਸ਼ੀ ਪੁਰੀ ਤਿਆਗ ਦਿਤੀ ਹੈ। ਇਸ ਤੇ ਮੈਂ ਸਮਝਦਾ ਹਾਂ ਤੇਰੀ ਬੁੱਧੀ ਥੋੜ੍ਹੀ ਹੋ ਗਈ ਹੈ॥ ੧॥ ਰਹਾਉ॥

ਸਗਲ ਜਨਮੁ ਸਿਵ ਪੁਰੀ ਗਵਾਇਆ॥
ਮਰਤੀ ਬਾਰ ਮਗਹਰਿ ਉਠਿ ਆਇਆ॥ ੨॥

ਸਾਰਾ ਜਨਮ ਤੂੰ ਸ਼ਿਵ ਪੁਰੀ ਵਿਚ ਗਵਾਇਆ=ਬਿਤਾਇਆ ਹੈ, ਪਰ ਹੁਣ ਮਰਣ ਵੇਲੇ ਤੂੰ ਹੜੰਬੇ ਵਿਚ ਉੱਠ ਕੇ ਆ ਗਿਆ ਹੈਂ॥ ੨॥

ਬਹੁਤੁ ਬਰਸ ਤਪੁ ਕੀਆ ਕਾਸੀ॥ ਮਰਨੁ ਭਇਆ ਮਗਹਰ ਕੀ ਬਾਸੀ॥ ੩॥

ਹੇ ਕਬੀਰ ! ਬਹੁਤੇ ਸਾਲ ਤੂੰ ਕਾਂਸ਼ੀ ਵਿਚ ਰਹਿ ਕੇ ਜਪ ਤਪ ਕੀਤਾ ਹੈ। ਹੁਣ ਤੇਰੇ ਮਰਨ ਦਾ ਸਮਾਂ ਹੜੰਬੇ ਦੇਸ ਦੀ ਵਸਤੀ ਵਿਚ ਹੋ ਰਿਹਾ ਹੈ। ਵਾ:-ਹੁਣ ਮਰਨ ਦਾ ਸਮਾਂ ਨੇੜੇ ਆਇਆ ਸਮਝ ਕੇ ਹੜੰਬੇ ਦੇਸ ਦੀ ਵਸਤੀ ਵਿਚ ਆ ਵਸਿਆ ਹੈਂ॥ ੩॥

ਉਸ ਵੇਲੇ ਕਬੀਰ ਜੀ ਨੇ ਕਿਹਾ ਹੇ ਭਗਵਾਨ ! ਆਪ ਮੈਨੂੰ ਐਵੇਂ ਨਾ ਦਬਾਈ ਜਾਓ। ਮੈਂ ਭੀ ਤਾਂ ਕਿਸੇ ਕਾਰਨ ਕਰਕੇ ਇਥੇ ਆਇਆ ਹਾਂ।

ਕਾਸੀ ਮਗਹਰ ਸਮ ਬੀਚਾਰੀ॥

ਮੈਂ ਕਾਂਸ਼ੀ ਪੁਰੀ ਤੇ ਹੜੰਬੇ ਸ਼ਹਿਰ ਨੂੰ ਇਕੋ ਜਿਹਾ ਵਿਚਾਰਿਆ ਹੈ। ਕਿਉਂਕਿ ਤੂੰ ਦੋਹੀਂ ਥਾਈਂ ਪਰੀਪੂਰਨ ਹੈਂ ਇਸ ਲਈ ਇਥੇ ਆ ਕੇ ਵਸਿਆ ਹਾਂ। ਜਾਂ ਆਪ ਕਹੋ ਕਿ ਮੈਂ ਸਰਬ ਵਿਆਪੀ ਨਹੀਂ ਹਾਂ।

ਹੁਣ ਭਗਵਾਨ ਇਹ ਕਿਸ ਤਰ੍ਹਾਂ ਆਖੇ ਕਿ ਮੈਂ ਪਰੀਪੂਰਨ ਨਹੀਂ ਹਾਂ। ਕਿਉਂਕਿ ਜੇ ਭਗਵਾਨ ਇਕ ਦੇਸੀ ਹੋ ਜਾਏ ਤਾਂ ਸਭ ਵੇਦ ਸ਼ਾਸਤ੍ਰ ਨਿਸਫਲ ਹੋ ਜਾਣਗੇ।

ਦੂਜਾ ਭਾਵ ਇਹ ਹੈ-ਜਿਸ ਵੇਲੇ ਬਿਆਸ ਭਗਵਾਨ ਜੀ ਨੇ ਸੁਣਿਆਂ ਕਿ ਕਾਂਸ਼ੀ ਪੁਰੀ ਭੋਗ ਮੋਖ ਦਾ ਦਾਤਾ ਹੈ, ਤਾਂ ਉਹ ਆਪਣੇ ਨਾਲ ੬੦੦੦੦ ਸੱਠ ਹਜ਼ਾਰ ਵਿਦਿਆਰਥੀਆਂ ਨੂੰ ਲੈ ਕੇ ਕਾਂਸ਼ੀ ਵਿਚ ਆ ਪਹੁੰਚੇ*। ਇਕ ਦੋ ਦਿਨ ਤਾਂ ਸਭਨਾਂ ਸ਼ਾਹੂਕਾਰਾਂ ਨੇ ਮਿਲ ਕੇ ਰੋਟੀ ਖੁਆ ਦਿਤੀ, ਹੁਣ ਸੱਠ ਹਜ਼ਾਰ ਨੂੰ ਰੋਜ਼ ਕੌਣ ਖੁਆਏ। ਜਦ ਐਡੇ ਵੱਡੇ ਸ਼ਹਿਰ ਵਿਚੋਂ ਰੋਟੀ ਨਾ ਮਿਲੀ ਤਾਂ ਕਈ ਵਿਦਿਆਰਥੀ ਭੁੱਖ ਦੇ ਦੁਖੋਂ ਮਰਨ ਲਗ ਪਏ ਤਾਂ ਬਿਆਸ ਭਗਵਾਨ ਨੇ ਆਖਿਆ, ਇਹ ਕਾਸ਼ੀ ਪੁਰੀ ਭੋਗ ਦੀ ਦਾਤਾ ਨਹੀਂ, ਇਹ ਤਾਂ ਭੁੱਖ ਦੀ ਦਾਤਾ ਹੈ। ਵਿਦਿਆਰਥੀਆਂ ਨੂੰ ਕਿਹਾ ਚਲੋ ਹੁਣ ਅਸੀਂ ਆਪਣੀ ਵੱਖਰੀ ਪੁਰੀ ਰਚਦੇ ਹਾਂ।

ਉਸੀ ਵੇਲੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਹੜੰਬੇ ਧਰਤੀ ਆ ਵਸੇ ਤੇ ਖੂਬ ਪਕਵਾਨ ਪੱਕਣ ਲਗ ਪਏ।

ਫਿਰ ਬਿਆਸ ਜੀ ਨੇ ਕਿਹਾ-ਕਾਂਸ਼ੀ ਪੁਰੀ ਵਿਚ ਤਾਂ ਮਰ ਕੇ ਸਾਲੋਕ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ, ਇਥੋਂ ਜਿਹੜਾ ਪੰਛੀ ਵੀ ਉੱਡਦਾ ਲੰਘ ਜਾਏਗਾ ਉਹ ਵੀ ਮੋਖਸ਼ ਹੋ ਜਾਏਗਾ। ਇਹ ਬਚਨ ਸੁਣ ਕੇ ਆਮ ਲੋਕ ਓਥੇ ਆ ਕੇ ਵੱਸਣ ਲੱਗ ਪਏ। ਕਾਂਸ਼ੀ ਪੁਰੀ ਉਜੜਨ ਲੱਗ ਪਈ। ਜਦ ਕਾਂਸ਼ੀ ਪੁਰੀ ਉਜੜਨ ਲੱਗੀ ਤਾਂ ਸ਼ਿਵਾਂ ਨੂੰ

---

*ਕਈ ਗਿਆਨੀ ਆਖਦੇ ਹਨ ਕਿ ਇਕ ਲੱਖ ਵਿਦਿਆਰਥੀਆਂ ਸਮੇਤ ਪਹੁੰਚੇ ਹਨ।

ਬੜਾ ਫਿਕਰ ਹੋ ਗਿਆ ਕਿ ਮੇਰੀ ਵਸਾਈ ਹੋਈ ਨਗਰੀ ਹੁਣ ਤਬਾਹ ਹੋਣ ਲੱਗੀ ਹੈ। ਇਹ ਚੰਗੀ ਗੱਲ ਨਹੀਂ। ਸੋਚਾਂ ਸੋਚਦੇ ਹੋਏ ਬੜੇ ਵਹਿਣ ਵਿਚ ਪੈ ਗਏ । ਇਤਨੇ ਨੂੰ ਗਣੇਸ਼ ਜੀ ਆ ਗਏ। ਪਿਤਾ ਜੀ ਨੂੰ ਉਦਾਸੀ ਦਾ ਕਾਰਨ ਪੁਛਿਆ। ਪਹਿਲੇ ਤਾਂ ਸ਼ਿਵ ਜੀ ਚੁਪ ਰਹੇ, ਗਣੇਸ਼ ਜੀ ਦੇ ਦੋ ਤਿੰਨ ਵਾਰ ਪੁਛਣ ਤੇ ਸ਼ਿਵਾਂ ਨੇ ਆਪਣੀ ਕਾਂਸ਼ੀ ਪੁਰੀ ਦੇ ਉਜੜਨ ਦੀ ਕਹਾਣੀ ਸੁਣਾਈ। ਤਦ ਗਣੇਸ਼ ਜੀ ਨੇ ਕਿਹਾ ਪਿਤਾ ਜੀ ! ਇਹ ਤਾਂ ਮਾਮੂਲੀ ਗੱਲ ਹੈ ਆਪ ਕੋਈ ਫਿਕਰ ਨਾ ਕਰੋ, ਮੈਂ ਸਾਰਾ ਬੰਦੋਬਸਤ ਕਰ ਆਉਂਦਾ ਹਾਂ। ਉਸੀ ਵੇਲੇ ਗਣੇਸ਼ ਜੀ ਆਪਣੇ ਵਿਦਿਆ ਦਾਤੇ ਬਿਆਸ ਜੀ ਪਾਸੋਂ ਆ ਕੇ ਪੁਛਦੇ ਹਨ। ਗੁਰੂ ਜੀ ! ਇਸ ਧਰਤੀ ਨੂੰ ਆਪ ਜੀ ਨੇ ਕੀ ਵਰ ਦਿਤਾ ਹੈ ? ਬਿਆਸ ਜੀ ਨੇ ਕਿਹਾ, ਜੋ ਪੰਛੀ ਭੀ ਉੱਡਦਾ ਲੰਗੇਗਾ ਉਹ ਮੁਕਤ ਹੋ ਜਾਏਗਾ ਫਿਰ ਗਣੇਸ਼ ਨੇ ਆਖਿਆ 'ਕੀ ਕਿਹਾ ਜੇ ?' ਤਦ ਵੀ ਬਿਆਸ ਜੀ ਨੇ ਓਹੀ ਉੱਤਰ ਦਿਤਾ। ਫਿਰ ਗਣੇਸ਼ ਜੀ ਨੇ ਕਿਹਾ, 'ਜੀ ਮੈਂ ਸੁਣਿਆ ਨਹੀਂ। ਜਦ ਇਸ ਤਰ੍ਹਾਂ ਚਾਰ ਪੰਜ ਵੇਰੀ ਪੁਛਿਆ ਤਾਂ ਬਿਆਸ ਜੀ ਨੇ ਗੁੱਸੇ ਵਿਚ ਹੋ ਕੇ ਕਿਹਾ ਹੱਛਾ ! ਜੇ ਮੁਕਤ ਨਾ ਹੋਏਗਾ ਤਾਂ ਖੋਤਾ ਬਣੇਗਾ। ਗਣੇਸ਼ ਜੀ ਨੇ ਕਿਹਾ ਤਥਾਅਸਤੂ, ਆਪ ਜੀ ਦਾ ਇਹ ਬਚਨ ਅਟੱਲ ਰਹੇ। ਜੋ ਇਥੇ ਆ ਕੇ ਵਸੇ ਜਾਂ ਮਰੇ ਉਹ ਖੋਤੇ ਜੂਨ ਨੂੰ ਪ੍ਰਾਪਤ ਹੋਵੇ।

ਕਬੀਰ ਜੀ ਕਹਿੰਦੇ ਹਨ ਅਸੀਂ ਪਹਿਲੀ ਗੱਲ ਨੂੰ ਵਿਚਾਰ ਕੇ ਕਾਂਸ਼ੀ ਅਤੇ ਹੜੰਬੇ ਦੀ ਧਰਤੀ ਨੂੰ ਇਕੋ ਜਿਹਾ ਜਾਣ ਕੇ ਇਥੇ ਆਏ ਹਾਂ।

ਓਛੀ ਭਗਤਿ ਕੈਸੇ ਉਤਰਸਿ ਪਾਰੀ॥ ੪ ॥

ਹੇ ਭਗਵਾਨ ! ਭਾਵੇਂ ਕਾਂਸ਼ੀ ਵਿਚ ਭੀ ਵਸੀਏ ਤਾਂ ਭੀ ਓਛੀ=ਤੁਛ ਭੰਗਤੀ ਕਰਕੇ ਮਨੁੱਖ ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਉਤਰ ਸਕਦਾ ਹੈ ? ਮੇਰੇ ਵਿਚ ਤਾਂ ਪੂਰਨ ਭਗਤੀ ਹੈ ਮੈਂ ਭਾਵੇਂ ਕਿਥਾਂਹੀ ਮਰਾਂ, ਮੈਂ ਮੋਖਸ਼ ਰੂਪ ਹਾਂ, ਕਿਉਂਕਿ ਪੂਰਨ ਭਗਤੀ ਵਾਲਾ ਮਨੁੱਖ ਭਾਵੇਂ ਕੋਠਿਆਂ, ਮੰਜਿਆਂ ਉੱਤੇ, ਕੱਲਰ ਵਾਲੀ ਭੂਮੀ ਤੇ ਚਾਹੇ ਮਗਹਰ ਵਿਚ ਮਰੇ ਉਹ ਮੋਖ ਰੂਪ ਹੈ। ਉਸ ਵਾਸਤੇ ਦੇਸ ਕਾਲ ਵਸਤੂ ਦੀ ਕੋਈ ਲੋੜ ਨਹੀਂ। ਹਾਂ ! ਜੋਗਾ ਅਭਿਆਸੀ ਮਨੁੱਖ ਵਾਸਤੇ ਚੰਗੀ ਧਰਤੀ ਅਤੇ ਕਾਲ ਦੀ ਲੋੜ ਹੁੰਦੀ ਹੈ। ਜੈਸਾ ਕਿ-

ਮਹਾਂ ਭਾਰਥ ਦੇ ਜੁਧ ਸਮੇਂ ਅਰਜਨ ਦਾ ਮਾਰਿਆ ਹੋਇਆ ਬਾਣ ਭੀਸ਼ਮ ਪਿਤਾਮਾ ਨੂੰ ਲੱਗਾ ਤਾਂ ਉਸ ਵੇਲੇ ਭੀਸ਼ਮ ਪਿਤਾਮਾ ਨੂੰ ਚੁਕ ਕੇ ਘਰ ਲਿਆਉਣ ਲੱਗੇ ਤਾਂ ਭੀਸ਼ਮ ਪਿਤਾਮਾ ਨੇ ਕਿਹਾ ਇਹ ਸੂਰਬੀਰਾਂ ਦਾ ਕੰਮ ਨਹੀਂ। ਰਣਭੂਮੀ ਨੂੰ ਛੱਡ ਕੇ ਜਿਹੜਾ ਘਰ ਜਾਣਾ ਹੈ, ਇਹ ਕਾਇਰਾਂ ਦਾ ਕੰਮ ਹੈ। ਯਥਾ-

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ *(੧੧੦੫)*

ਤਥਾ- ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਣ ਮੈਂ ਤਬ ਜੂਝ ਮਰੋਂ॥

ਹੇ ਅਰਜਨ ! ਤੂੰ ਮੈਨੂੰ ਸੇਜਾ ਦੇ ਮੈਂ ਇਥੇ ਹੀ ਲੰਮਾ ਪੈਣਾ ਹੈ, ਤਾਂ ਅਰਜਨ ਨੇ ਆਪਣੇ ਸੂਰਮੇ ਨੂੰ ਹੁਕਮ ਦਿੱਤਾ, ਘਰੋਂ ਜਾ ਕੇ ਪਲੰਘ ਲਿਆ, ਤਾਂ ਭੀਸ਼ਮ ਪਿਤਾਮਾ ਨੇ ਕਿਹਾ ਪਲੰਘ ਦੀ ਕੋਈ ਲੋੜ ਨਹੀਂ, ਤੂੰ ਮੈਨੂੰ ਬਾਣਾਂ ਦੀ ਸੇਜਾ ਦੇ। ਉਸ ਵੇਲੇ ਅਰਜਨ ਨੇ ਬਾਣਾਂ ਨਾਲ ਬਾਣ ਜੋੜਕੇ ਰਣ ਭੂਮਿਕਾ ਵਿਚ ਸੇਜਾ ਬਣਾ ਦਿਤੀ। ਉਸ ਉੱਤੇ ਜੋਗਾ ਅਭਿਆਸੀ ਭੀਸ਼ਮ ਪਿਤਾਮਾ ਜੀ ਛੇ ਮਹੀਨੇ ਪ੍ਰਾਣਾਯਾਮ ਵਿਚ ਟਿਕੇ ਰਹੇ, ਕਿਉਂਕਿ ਉਸ ਵੇਲੇ ਸੂਰਜ ਦਖਨਾਇਣ ਸੀ। ਜਦ ਪੋਹ ਦੀ ੯ ਨੂੰ ਸੂਰਜ ਉਤਰਾਇਣ ਹੋਇਆ ਤਾਂ ਭੀਸ਼ਮ ਪਿਤਾਮਾ ਨੇ ਆਪਣੇ ਪ੍ਰਾਣ ਤਿਆਗੇ। ਦਖਨਾਇਣ ਸੂਰਜ ਵਿਚ ਪ੍ਰਾਣਯਾਮੀ ਆਪਣੇ ਪ੍ਰਾਣਾਂ ਨੂੰ ਨਹੀਂ ਤਿਆਗਦੇ।

ਕਹੁ ਗੁਰ ਗਜ ਸਿਵ ਸਭੁ ਕੋ ਜਾਨੈ॥
ਮੁਆ ਕਬੀਰੁ ਰਮਤ ਸ੍ਰੀ ਰਾਮੈ॥ ੫॥ ੧੫॥

ਕਬੀਰ ਜੀ ਕਹਿੰਦੇ ਹਨ ਦੇਵਤਿਆਂ ਦੇ ਗੁਰੂ ਬ੍ਰਹਸਪਤਿ ਜੀ ਨਾਮ ਦੇ ਪ੍ਰਤਾਪ ਕਹੁ=ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਜਿਸ ਨਾਮ ਨਾਲ ਇੰਦਰ ਦੀਆਂ ਹਜ਼ਾਰ ਭਗਾਂ ਨੂੰ ਹਟਾ ਕੇ ਹਜ਼ਾਰ ਨੇਤਰ ਕਰ ਦਿਤੇ ਸਨ। ਫਿਰ ਜਿਸ ਨਾਮ ਨੂੰ ਮੇਰੇ ਗੁਰੂ ਰਾਮਾਨੰਦ ਜੀ ਵੀ ਜਾਣਦੇ ਹਨ। ਗਜਿ=ਗਣੇਸ਼ ਅਤੇ ਸ਼ਿਵ ਆਦਿ ਸਭ ਕੋਈ ਜਾਣਦੇ ਹਨ। ਉਸੇ ਸ੍ਰੀ ਰਾਮ ਨੂੰ ਉਚਾਰਨ ਕਰਦਾ ਹੋਇਆ ਜੇ ਮੈਂ ਕਬੀਰ ਮਰਿਆ ਤਾਂ ਫਿਰ ਕਿਵੇਂ ਬੇ ਗਤਾ ਜਾਵਾਂਗਾ?

ਸਾਖੀ-ਗਣੇਸ਼ ਜੀ ਦੀ

ਇਕ ਸਮੇਂ ਦੇਵਤਿਆਂ ਦਾ ਆਪਸ ਵਿਚ ਵਿਵਾਦ ਹੋ ਗਿਆ। ਇਕ ਕਹੇ ਮੈਂ ਸਭ ਤੋਂ ਵੱਡਾ ਹਾਂ, ਦੂਜਾ ਕਹੇ ਮੈਂ ਵੱਡਾ ਹਾਂ ਅਤੇ ਤੀਜਾ ਕਹੇ ਮੈਂ ਵੱਡਾ ਹਾਂ। ਇਕ ਨੇ ਕਿਹਾ ਜਿਵੇਂ ਸ਼ਿਵ ਜੀ ਕਹਿਣ ਉਸ ਅਨੁਸਾਰ ਚਲੋ। ਸਰਬ ਸੰਮਤੀ ਅਨੁਸਾਰ ਜਦ ਸ਼ਿਵਾਂ ਪਾਸ ਆਏ ਤੇ ਪ੍ਰਾਰਥਨਾ ਕੀਤੀ ਤਾਂ ਸ਼ਿਵ ਜੀ ਨੇ ਕਿਹਾ ਜੋ ਤ੍ਰਿਲੋਕੀ ਦੀ ਪ੍ਰਕਰਮਾ ਪਹਿਲੇ ਕਰ ਆਵੇ, ਓਹੀ ਦੇਵਤਾ ਜਗਤ ਦਾ ਪੂਜਨੀਕ ਹੋਵੇਗਾ। ਇਹ ਗੱਲ ਸੁਣ ਕੇ ਸਭ ਦੇਵਤੇ ਆਪੋ ਆਪਣੇ ਵਾਹਨਾਂ ਪਰ ਅਸਵਾਰ ਹੋ ਕੇ ਤੁਰ ਪਏ ਤੇ ਰਾਹ ਵਿਚ ਆਪੋ ਆਪਣੀਆਂ ਨਿਸ਼ਾਨੀਆਂ ਕੋਈ ਸਰ੍ਹੋਂ ਤੇ ਕੋਈ ਤਿਲ ਆਦਿਕ ਸੁਟਦੇ ਗਏ। ਗਣੇਸ਼ ਵੀ ਗਿਆ, ਪਰ ਇਹ ਆਪਣੀ ਅਸਮ੍ਰਥਾ ਦੇਖ ਕੇ ਅੱਧ ਵਿਚਕਾਰੋਂ ਮੁੜ ਆਇਆ। ਸ਼ਿਵਜੀ ਤਾਂ ਸਮਾਧੀ ਵਿਚ ਇਸਥਿਤ ਸਨ ਤੇ ਮਾਤਾ ਪਾਰਬਤੀ ਪਾਸ ਬੈਠੀ ਸੀ। ਉਸ ਦੇ ਚਰਨੀਂ ਆ ਪਿਆ ਤੇ ਬੇਨਤੀ ਕੀਤੀ ਹੇ ਮਾਤਾ ! ਮੇਰੀ ਲੱਜਿਆ ਤੈਨੂੰ ਹੈ। ਮੇਰਾ ਖਿਆਲ ਤੁਸਾਂ ਨੇ ਕਰਨਾ ਹੈ। ਹੋਰ ਸਾਰੇ ਅਗੇ ਅਗੇ ਦੌੜ ਗਏ ਹਨ, ਮੈਂ ਪਿਛੇ ਰਹਿ ਗਿਆ ਸੀ ਅੱਧ ਵਿਚਕਾਰੋਂ ਮੁੜ ਆਇਆ ਹਾਂ। ਉਸ ਵੇਲੇ ਮਾਤਾ ਨੇ ਸ਼ਰਨ ਵਿਚ ਆਇਆ ਸਮਝ ਕੇ ਰਾਮ ਨਾਮ ਲਿਖ ਦਿਤਾ ਤੇ ਕਿਹਾ ਹੇ ਪੁੱਤਰ ! ਤੂੰ ਆਪਣੇ ਵਾਹਨ ਤੇ ਬੈਠ ਕੇ ਏਸੇ ਨਾਮ ਨੂੰ ਜਪੀ ਜਾ ਤੇ ਏਸੇ ਦੀ ਪ੍ਰਕਰਮਾ ਕੀਤੀ ਜਾ, ਨਾਲ ਚਾਵਲ ਸੁੱਟਦਾ ਜਾ। ਗਣੇਸ਼ ਨੇ ਓਸੇ ਤਰ੍ਹਾਂ ਕੀਤਾ। ਇਸ ਗੱਲ ਦਾ ਇਹ ਅਸਰ ਹੋਇਆ ਕਿ ਜਿਹੜੇ ਦੇਵਤੇ ਪ੍ਰਕਰਮਾ ਨੂੰ ਤੁਰੇ ਹੋਏ ਸਨ ਉਨ੍ਹਾਂ ਨੇ ਕੀ ਤੱਕਿਆ ਕਿ ਗਣੇਸ਼ ਦਾ ਵਾਹਨ ਜੋ ਚੂਹਾ ਹੈ ਉਸ ਦੇ ਪੈਰ ਅਗੇ ਲੱਗੇ ਹੋਏ ਹਨ ਤੇ ਚਾਵਲਾਂ ਦੀ ਨਿਸ਼ਾਨੀ ਭੀ ਹੈ। ਵਿਚਾਰਿਆ ਕਿ ਗਣੇਸ਼ ਜੀ ਸਭ ਤੋਂ ਅਗੇ ਜਾ ਰਹੇ ਹਨ। ਜਦ ਸਾਰੇ ਦੇਵਤੇ ਪ੍ਰਕਰਮਾ ਕਰਕੇ ਆਏ ਗਣੇਸ਼ ਜੀ ਸਭ ਤੋਂ ਪਹਿਲੇ ਬੈਠੇ ਸਨ। ਸ਼ਿਵਾਂ ਨੇ ਸਮਾਧੀ ਤੋਂ ਉੱਠ ਕੇ ਕੀ ਦੇਖਿਆ ਕਿ ਗਣੇਸ਼ ਜੀ ਸਭ ਤੋਂ ਪਹਿਲਾਂ ਪ੍ਰਕਰਮਾ ਕਰ ਆਏ ਹਨ। ਉਸ ਵੇਲੇ ਗਣੇਸ਼ ਸਭ ਦਾ ਪੂਜਜ ਬਣਾ ਦਿਤਾ। ਇਹ ਸਾਖੀ ਸ਼ਿਵ ਸੰਘਤਾ ਗ੍ਰੰਥ ਵਿਚ ਲਿਖੀ ਹੋਈ ਹੈ।

ਅਥਵਾ:-ਗਜਿ=ਗਣੇਸ਼ ਦੇ ਗੁਰੂ ਸ਼ਿਵ ਜੀ ਚੰਗੀ ਤਰ੍ਹਾਂ ਨਾਮ ਦੇ ਪ੍ਰਤਾਪ ਨੂੰ ਜਾਣਦੇ ਹਨ ਜਿਨ੍ਹਾਂ ਨੇ ਤ੍ਰਿਲੋਕੀ ਦੀ ਰਖਿਆ ਵਾਸਤੇ ਸਮੁੰਦਰ ਵਿਚੋਂ ਨਿਕਲੀ ਹੋਈ ਵਿਹੁ ਨੂੰ ਰਾਮ ਨਾਮ ਕਹਿ ਕੇ ਕੰਠ ਵਿਚ ਪਚਾ ਲੀਤਾ ਹੈ।

ਵਾ:-ਇਸ ਗੱਲ ਨੂੰ ਸਭ ਕੋਈ ਜਾਣਦਾ ਹੈ ਕਿ ਜਿਹੜਾ ਗੁਰਾਂ ਦੁਆਰੇ ਪਰਮੇਸ਼ਰ ਨਾਮ ਨੂੰ ਗਜਿ=ਉਚਾਰਦਾ ਹੈ ਉਹ ਸ਼ਿਵ=ਕਲਿਆਣ ਨੂੰ ਪ੍ਰਾਪਤ ਹੁੰਦਾ ਹੈ ਅਤੇ ਸ੍ਰੀ ਰਾਮ ਦੇ ਨਾਮ ਨੂੰ ਉਚਾਰ ਕੇ ਮੁਆ=ਵਿਦੇਹ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ॥ ੫॥ ੧੫॥

ਗਉੜੀ ਕਬੀਰ ਜੀ॥

ਉਥਾਨਕਾ–ਉਮਰਾ ਪੂਰੀ ਹੋਣ ਤੇ ਇਕ ਰਾਜਾ ਮਿਰਤੂ ਹੋ ਗਿਆ। ਕਬੀਰ ਜੀ ਨਾਲ ਗਏ। ਜਿਸ ਵੇਲੇ ਮਸਾਣ ਭੂਮਿਕਾ ਵਿਚ ਸਸਕਾਰ ਕਰਕੇ ਸਭ ਲੋਕ ਇਕੱਠੇ ਹੋ ਕੇ ਬੈਠੇ ਤਾਂ ਕਬੀਰ ਜੀ ਵੈਰਾਗ ਜਨਕ ਉਪਦੇਸ਼ ਦਿੰਦੇ ਹਨ-

ਚੋਆ ਚੰਦਨ ਮਰਦਨ ਅੰਗਾ॥ ਸੋ ਤਨੂ ਜਲੈ ਕਾਠ ਕੈ ਸੰਗਾ॥ ੧॥

ਚੰਦਨ ਆਦਿਕ ਸੁਗੰਧੀਆਂ ਨੂੰ ਚੁਆ ਕੇ ਜਿਸ ਰਾਜਾ ਦੇ ਅੰਗਾਂ ਪਰ ਮਲਦੇ ਸੀ, ਉਹ ਤਨੁ=ਸਰੀਰ ਹੁਣ ਕਾਠ=ਲੱਕੜੀਆਂ ਦੇ ਨਾਲ ਸੜ ਰਿਹਾ ਹੈ॥ ੧॥

ਇਸੁ ਤਨ ਧਨ ਕੀ ਕਵਨ ਬਡਾਈ॥
ਧਰਨਿ ਪਰੈ ਉਰਵਾਰਿ ਨ ਜਾਈ॥ ੧॥ ਰਹਾਉ॥

ਇਸ ਤਨ ਧਨ ਦੀ ਕੀ ਵਡਿਆਈ ਹੈ। ਧਨ ਧਰਤੀ ਵਿਚ ਦਬਿਆ ਪਿਆ ਰਹਿੰਦਾ ਹੈ ਅਤੇ ਅਸਥੂਲ ਸਰੀਰ ਨੇ ਭੀ ਉਰਵਾਰਿ=ਇਥੇ ਰਹਿਣਾ ਹੈ। ਪਰਲੋਕ ਵਿਚ ਦੋਹਾਂ ਨੇ ਨਾਲ ਨਹੀਂ ਜਾਣਾ॥ ੧॥ ਰਹਾਉ॥

ਰਾਤਿ ਜਿ ਸੋਵਹਿ ਦਿਨ ਕਰਹਿ ਕਾਮ॥
ਇਕੁ ਖਿਨੁ ਲੇਹਿ ਨ ਹਰਿ ਕੋ ਨਾਮ॥ ੨॥

ਜਿਹੜੇ ਪੁਰਸ਼ ਰਾਤੀ ਸੁਤੇ ਰਹਿੰਦੇ ਹਨ ਅਤੇ ਦਿਨੇ ਉੱਠ ਕੇ ਕੰਮ ਕਰਦੇ ਰਹਿੰਦੇ ਹਨ, ਉਹ ਮਨੁੱਖ ਇਕ ਖਿਨ ਭਰ ਭੀ ਹਰੀ ਦਾ ਨਾਮ ਨਹੀਂ ਲੈਂਦੇ॥ ੨॥

ਹਾਥਿਤ ਡੋਰ ਮੁਖਿ ਖਾਇਓ ਤੰਬੋਰ॥ ਮਰਤੀ ਬਾਰ ਕਸਿ ਬਾਧਿਓ ਚੋਰ॥ ੩॥

ਹੁਣ ਤਾਂ ਹਾਥਿਤ=ਹੱਥ ਵਿਚ ਬੁਲਬੁਲਾਂ, ਘੋੜਿਆਂ ਅਤੇ ਬਾਜਾਂ ਦੀਆਂ ਡੋਰਾਂ ਫੜ ਕੇ ਸ਼ਿਕਾਰ ਖੇਡਦੇ ਹਨ। ਵਾ:-ਹੱਥਾਂ ਵਿਚ ਡੋਰ ਫੜ ਕੇ ਗੁਡੀਆਂ ਉਡਾਂਦੇ ਹਨ ਅਤੇ ਮੂੰਹ ਵਿਚ ਤੰਬੋਰ=ਪਾਨ ਖਾਂਦੇ ਹਨ। ਵਾ:-ਮੰਗਣ ਵਾਸਤੇ ਹੱਥ ਤਡੋਰ=ਤਡਦੇ ਹਨ ਤੇ ਮੂੰਹ ਵਿਚ ਪਾਨ ਖਾਂਦੇ ਹਨ। ਮਰਦੀ ਵਾਰੀ ਉਨ੍ਹਾਂ ਨੂੰ ਜਮਦੂਤ ਕਸਿ=ਖਿੱਚ ਕੇ ਚੋਰ ਵਾਂਗੂੰ ਬੰਨ੍ਹਦੇ ਹਨ।

ਯਥਾ- ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥ ਚੋਰ ਕੀ ਨਿਆਈ ਜਮ ਪੁਰਿ ਬਾਧਾ॥

(ਗਉੜੀ ਮ: ੫, ਪੰਨਾ ੨੪੦)

ਵਾ:- ਉਹ ਚੋਰ ਮਰਨ ਵੇਲੇ ਖਿੱਚ ਕੇ ਬੱਧਾ ਜਾਂਦਾ ਹੈ॥ ੩॥

ਯਥਾ- ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥ ੧॥

(ਧਨਾਸਰੀ ਮ: ੧, ਪੰਨਾ ੬੬੨)

ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ॥ ਰਾਮੈ ਰਾਮ ਰਮਤ ਸੁਖੁ ਪਾਵੈ॥ ੪॥

ਜੋ ਮਨੁਖ ਗੁਰਾਂ ਦੀ ਸਿਖਿਆ ਵਿਚ ਰਸ ਕੇ ਰਸਿ=ਪ੍ਰੇਮ ਨਾਲ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ ਬਾਣੀ ਦੁਆਰਾ ਅਤੇ ਰਾਮ ਹੀ ਰਾਮ ਨੂੰ ਮਨ ਕਰਕੇ ਰਮਦਾ ਹੈ ਉਹ ਆਤਮ ਸੁਖ ਨੂੰ ਪਾਂਦਾ ਹੈ॥ ੪॥

ਕਿਰਪਾ ਕਰਿ ਕੈ ਨਾਮੁ ਦ੍ਰਿੜਾਈ॥ ਹਰਿ ਹਰਿ ਬਾਸੁ ਸੁਗੰਧ ਬਸਾਈ॥ ੫॥

ਪੂਰਨ ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਜਿਨ੍ਹਾਂ ਨੂੰ ਸਤਿਨਾਮੁ ਦੀ ਸਿਖਿਆ ਦ੍ਰਿੜ੍ਹ ਕਰਾਈ ਹੈ, ਉਨ੍ਹਾਂ ਮਨੁਖਾਂ ਨੇ ਆਪਣੇ ਦਿਲ ਅੰਦਰ ਹਰਿ ਹਰਿ ਦੀ ਭਗਤੀ ਰੂਪੀ ਸੁਗੰਧੀ ਦੀ ਸ੍ਰੇਸ਼ਟ ਵਾਸ਼ਨਾ ਵਸਾਈ ਹੈ।

*ਅਥਵਾ:-*ਦੁਨਿਆਵੀ ਹਰਿ=ਤਮਾਮ ਵਾਸ਼ਨਾਂ ਹਰਿ=ਦੂਰ ਕਰ ਕੇ ਭਗਤੀ ਰੂਪੀ ਸੁਗੰਧੀ ਵਸਾਈ ਹੈ॥ ੫॥

ਕਹਤ ਕਬੀਰ ਚੇਤਿ ਰੇ ਅੰਧਾ॥ ਸਤਿ ਰਾਮੁ ਝੂਠਾ ਸਭੁ ਧੰਧਾ॥ ੬॥ ੧੬॥

ਕਬੀਰ ਜੀ ਕਹਿੰਦੇ ਹਨ-ਹੇ ਅੰਨ੍ਹੇ ਜੀਵ ! ਤੂੰ ਪਰਮਾਤਮਾ ਨੂੰ ਯਾਦ ਕਰ। ਉਹ ਰਾਮ ਪ੍ਰਮਾਤਮਾ ਹੀ ਇਕ ਸੱਚਾ ਹੈ, ਹੋਰ ਸਭ ਧੰਦੇ ਝੂਠੇ ਹਨ॥ ੬॥ ੧੬॥

ਗਉੜੀ ਕਬੀਰ ਜੀ ਤਿਪਦੇ ਚਾਰਤੁਕੇ॥

ਚਾਰ ਤੁਕੇ ਦੇ ਹੇਠਾਂ ਜੋ ਦੁੱਕਾ ਹੈ ਉਸ ਦਾ ਭਾਵ ਇਹ ਹੈ ਕਿ ਚਾਰ ਤੁਕਾਂ ਵਾਲੇ ਦੋ ਸ਼ਬਦ ਆਉਣਗੇ, ਇਕ ਤਿਪਦੇ ਦੀ ਸ਼ਕਲ ਭਾਵ ਤਿੰਨ ਪਦਿਆਂ ਦਾ ਸ਼ਬਦ ਆਵੇਗਾ। ਦੂਜਾ ਚਾਰ ਪਦਿਆਂ ਵਾਲਾ ਸ਼ਬਦ ਆਵੇਗਾ।

ਇਸ ਸ਼ਬਦ ਦੁਆਰੇ ਨਾਮ ਦੀ ਵਡਿਆਈ ਦੱਸਦੇ ਹਨ।

ਜਮ ਤੇ ਉਲਟਿ ਭਏ ਹੈ ਰਾਮ॥

ਜੋ ਵਾਹਿਗੁਰੂ ਦਾ ਭਜਨ ਕਰਦੇ ਹਨ, ਉਨ੍ਹਾਂ ਲਈ ਜਮਾਂ ਤੋਂ ਉਲਟ ਕੇ ਰਾਮ ਗਣ ਹੋਏ ਹਨ। ਜਿਵੇਂ ਸੰਤਾਂ ਦੀ ਕਿਰਪਾ ਕਰਕੇ 'ਅਜਾਮਲ' ਨੂੰ ਪਹਿਲੇ ਜਮ ਫੜਨ ਆਏ ਸੀ ਫਿਰ ਰਾਮ ਗਣਾਂ ਨੇ ਉਨ੍ਹਾਂ ਨੂੰ ਮਾਰ ਕੇ ਕੱਢ ਦਿੱਤਾ ਤੇ ਰਾਮ ਗਣ ਆਪ ਹੀ ਅਜਾਮਲ ਨੂੰ ਲੈ ਗਏ ਸਨ। *ਯਥਾ-*

ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ।
ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।
ਬਿਰਥਾ ਜਨਮੁ ਗਵਾਹਿ ਭਵਜਲ ਅੰਦਰਿ ਫਿਰਦਾ ਵਹਿਆ।
ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।
ਪੁਤੁ ਉਪੰਨਾਂ ਸਤਵਾਂ ਨਾਉਂ ਧਰਨ ਨੋ ਚਿਤਿ ਉਮਹਿਆ।
ਗੁਰੁ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।
ਅੰਤਕਾਲ ਜਮਦੂਤ ਵੇਖਿ ਪੁਤ ਨਾਰਾਇਣੁ ਬੋਲੈ ਛਹਿਆ।
ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ।
ਨਾਇ ਲਏ ਦੁਖੁ ਡੇਰਾ ਢਹਿਆ॥ ੨੦॥ *(ਭਾਈ ਗੁਰਦਾਸ ਜੀ, ਵਾਰ ੧੦)*

ਦੁਖ ਬਿਨਸੇ ਸੁਖ ਕੀਓ ਬਿਸਰਾਮ॥

ਇਸ ਲਈ ਉਨ੍ਹਾ ਦੇ ਸਰੀਰਕ ਦੁਖ ਅਤੇ ਜਮ ਮਾਰਗ ਦੇ ਦੁਖ ਨਸ਼ਟ ਹੋ ਗਏ ਹਨ ਅਤੇ ਉਹ ਸੁਖਾਂ ਵਿਚ ਅਰਾਮ ਕਰਦੇ ਹਨ।

ਬੈਰੀ ਉਲਟਿ ਭਏ ਹੈ ਮੀਤਾ॥

ਨਾਮ ਦੇ ਪ੍ਰਤਾਪ ਕਰਕੇ ਅਨਾਦੀ ਵੈਰ ਵਾਲੇ ਵੈਰੀ ਕਾਮ ਕ੍ਰੋਧ ਆਦਿਕ ਉਲਟ ਕੇ ਮਿੱਤਰ ਹੋ ਗਏ ਹਨ।

ਸਾਕਤ ਉਲਟਿ ਸੁਜਨ ਭਏ ਚੀਤਾ ॥ ੧ ॥

ਪ੍ਰਤੱਖ ਦੁਸ਼ਟ ਆਦਮੀ ਭੀ ਉਲਟ ਕੇ ਸ੍ਰੇਸ਼ਟ ਚਿੱਤ ਵਾਲੇ ਹੋ ਗਏ ਹਨ ॥ ੧ ॥

ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥
ਸਾਂਤਿ ਭਈ ਜਬ ਗੋਬਿਦੁ ਜਾਨਿਆ ॥ ੧ ॥ ਰਹਾਉ ॥

ਹੁਣ ਮੈਂ ਭੀ ਨਾਮ ਸਿਮਰਨ ਕਰਕੇ ਸਭ ਤਰ੍ਹਾਂ ਦਾ ਕੁਸਲ=ਸੁਖ ਅਨੰਦ ਮੰਨਿਆਂ ਹੈ। ਜਦ ਤੋਂ ਗੋਬਿੰਦ ਨੂੰ ਜਾਣਿਆ ਹੈ ਤਦ ਤੋਂ ਸ਼ਾਂਤੀ ਪ੍ਰਾਪਤੀ ਹੋਈ ਹੈ ॥ ੧ ॥ ਰਹਾਉ ॥

[ਪੰਨਾ ੩੨੭]

ਤਨ ਮਹਿ ਹੋਤੀ ਕੋਟਿ ਉਪਾਧਿ ॥ ਉਲਟਿ ਭਈ ਸੁਖ ਸਹਜਿ ਸਮਾਧਿ ॥

ਇਸ ਸਰੀਰ ਵਿਚ ਪਹਿਲਾਂ ਕ੍ਰੋੜਾਂ ਉਪਾਧਿ=ਬੀਮਾਰੀਆਂ, ਤਕਲੀਫਾਂ ਸਨ। ਉਹ ਵੀ ਉਲਟ ਕੇ ਸਹਜਿ ਸਮਾਧਿ=ਨਿਰਵਿਕਲਪ ਸਮਾਧੀ ਦੇ ਅਨੰਦ ਵਾਂਗੂੰ ਸੁਖ ਰੂਪ ਹੋ ਗਈਆਂ ਹਨ।

ਆਪੁ ਪਛਾਨੈ ਆਪੈ ਆਪ ॥ ਰੋਗੁ ਨ ਬਿਆਪੈ ਤੀਨੌ ਤਾਪ ॥ ੨ ॥

ਅਭੇਦ ਚਿੰਤਨ ਦੁਆਰਾ ਆਪਣੇ ਸ਼ੁਧ ਅੰਤਹਕਰਣ ਨਾਲ ਆਪਣੇ ਸ੍ਵੈ ਸਰੂਪ ਨੂੰ ਪਛਾਣੇ। ਵਾ:-ਆਪਣੇ ਗੁਰਾਂ ਪਾਸ ਆ ਕੇ ਆਪਣੇ ਪ੍ਰੇਮ ਭਾਵ ਦੁਆਰਾ ਆਪਣਾ ਮਨ ਇਕਾਗਰ ਕਰਨਾ ਪਛਾਣੇ, ਤਾਂ ਆਧ, ਬਿਆਧ, ਉਪਾਧ ਰੂਪ ਤਿੰਨਾਂ ਤਾਪਾਂ ਵਿਚੋਂ ਕੋਈ ਤਾਪ ਨਹੀਂ ਵਿਆਪਦਾ ॥ ੨ ॥

ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥

ਹੁਣ ਮੇਰਾ ਮਨ ਸੰਸਾਰਕ ਪਦਾਰਥਾਂ ਵਲੋਂ ਉਲਟ ਕੇ ਸਨਾਤਨੁ=ਆਦਿ ਰੂਪ ਭਾਵ ਬ੍ਰਹਮ ਸਰੂਪ ਹੋ ਗਿਆ ਹੈ। ਏਸ ਅਨੰਦ ਨੂੰ ਤਦ ਜਾਣਿਆਂ ਜਦ ਜੀਵਤ ਭਾਵ ਤੋਂ ਮਰ ਗਿਆ।

ਕਹੁ ਕਬੀਰ ਸੁਖਿ ਸਹਜਿ ਸਮਾਵਉ ॥
ਆਪਿ ਨ ਡਰਉ ਨ ਅਵਰ ਡਰਾਵਉ ॥ ੩ ॥ ੧੭ ॥

ਕਬੀਰ ਜੀ ਕਹਿੰਦੇ ਹਨ-ਹੁਣ ਮੈਂ ਸਹਜਿ ਸੁਖਿ=ਆਤਮ ਸੁਖ ਵਿਚ,

ਅਥਵਾ:-ਸਹਜੇ ਹੀ ਸੁਖ ਸਰੂਪ ਪਰਮਾਤਮਾ ਵਿਚ ਸਮਾ ਗਿਆ ਹਾਂ। ਇਸ ਲਈ ਨਾ ਆਪ ਡਰਦਾ ਹਾਂ ਨਾ ਕਿਸੇ ਹੋਰ ਨੂੰ ਡਰਾਉਂਦਾ ਹੈ ॥ ੩ ॥ ੧੭ ॥

ਯਥਾ- ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ ੧੬ ॥ *(ਸਲੋਕ ਮ: ੯, ਪੰਨਾ ੧੪੨੭)*

ਗਉੜੀ ਕਬੀਰ ਜੀ ॥ ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥

ਪ੍ਰਸ਼ਨ-ਬ੍ਰਹਮ ਗਿਆਨੀ ਦਾ ਸਰੀਰ ਮਰ ਜਾਵੇ ਤਾਂ ਉਸ ਦਾ ਜੀਅ ਕਿਹੜੇ ਘਰ ਵਿਚ ਜਾਂਦਾ ਹੈ ? ਤੇ ਅਗਿਆਨੀ ਦਾ ਸਰੀਰ ਮਰ ਜਾਵੇ ਤਾਂ ਉਸ ਦਾ ਜੀਅ ਕਿਹੜੇ ਘਰ ਵਿਚ ਜਾਂਦਾ ਹੈ? *ਉੱਤਰ-*

ਸਬਦਿ ਅਤੀਤਿ ਅਨਾਹਦਿ ਰਾਤਾ ॥

ਬ੍ਰਹਮ ਗਿਆਨੀ ਦਾ ਜੀਵਾਤਮਾ ਅਤੀਤਿ=ਤਿੰਨਾਂ ਗੁਣਾਂ ਤੋਂ ਰਹਿਤ ਅਨਾਹਦਿ=ਇਕ ਰਸ ਸਬਦਿ= ਬ੍ਰਹਮ ਵਿਚ ਤਦਾਕਾਰ ਹੁੰਦਾ ਹੈ। ਵਾ:-ਸ਼ਬਦ, ਸਪਰਸ਼, ਰੂਪ, ਰਸ, ਗੰਧ ਤੋਂ ਰਹਿਤ ਅਤੇ ਹੱਦ ਤੋਂ ਰਹਿਤ ਜੋ ਅਕਾਲ ਪੁਰਖ ਹੈ ਉਸ ਵਿਚ ਤਦਾਕਾਰ ਹੁੰਦਾ ਹੈ ਤੇ ਅਗਿਆਨੀ ਦਾ ਜੀਵ-ਆਤਮਾ ਗੁਰ ਸ਼ਬਦ ਤੋਂ ਰਹਿਤ ਹੋਣ ਕਰ ਕੇ ਇਕ ਰਸ ਸਬਦਿ=ਸੰਸਾਰ ਅਰਥਾਤ ਜੂਨੀਆਂ ਦੇ ਭੋਗਣ ਵਿਚ ਤਦਾਕਾਰ ਹੁੰਦਾ ਹੈ।

ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥
ਜਿਉ ਗੂੰਗੇ ਸਾਕਰ ਮਨੁ ਮਾਨਿਆ ॥ ੧ ॥

ਜਿਸਨੇ ਰਾਮ ਨੂੰ ਜਾਣਿਆਂ ਹੈ ਤਿਸਨੇ ਉਸ ਵਾਹਿਗੁਰੂ ਦੇ ਅਨੰਦ ਨੂੰ ਪਛਾਣਿਆਂ ਹੈ। ਉਹ ਅਨੰਦ ਐਸੇ ਅਕਹਿ ਹੈ ਜਿਵੇਂ ਗੂੰਗੇ ਦਾ ਸ਼ੱਕਰ ਖਾਣ ਉੱਪਰ ਮਨ ਮੰਨਿਆ ਜਾਂਦਾ ਹੈ ਤੇ ਉਸ ਪਾਸੋਂ ਪੁਛੀਏ ਤਾਂ ਉਹ ਅਨੰਦ ਕਹਿ ਨਹੀਂ ਸਕਦਾ, ਕੱਛਾਂ ਹੀ ਮਾਰਦਾ ਰਹਿੰਦਾ ਹੈ।

ਯਥਾ- ਹਰਿ ਗੁਨ ਕਹਤੇ ਕਹਨੁ ਨ ਜਾਈ ॥ ਜੈਸੇ ਗੂੰਗੇ ਕੀ ਮਿਠਿਆਈ ॥

(ਸੋਰਠ ਭਗਤ ਭੀਖਨ, ਪੰਨਾ ੬੫੯)

*ਪ੍ਰਸ਼ਨ-*ਉਸ ਪਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਕਿਹੜਾ ਹੈ ?

*ਉੱਤਰ-*ਉਸ ਦੀ ਪ੍ਰਾਪਤੀ ਦੇ ਦੋ ਰਸਤੇ ਹਨ, ਇਕ ਹਠ ਜੋਗ ਤੇ ਦੂਜਾ ਰਾਜ ਜੋਗ ਹੈ। ਪਹਿਲੇ ਹਠ ਜੋਗ ਦੀ ਰੀਤੀ ਦਸਦੇ ਹਨ:-

ਐਸਾ ਗਿਆਨੁ ਕਥੈ ਬਨਵਾਰੀ ॥
ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥ ੧ ॥ ਰਹਾਉ ॥

ਬਨਵਾਰੀ=ਬਜੰਤੀ ਮਾਲਾ* ਵਾਲੇ ਜੋ ਕ੍ਰਿਸ਼ਨ ਜੀ ਹਨ ਉਨ੍ਹਾਂ ਨੇ ਗੀਤਾ ਵਿਚ ਅਰਜਨ ਪ੍ਰਤੀ ਐਸਾ ਗਿਆਨ ਕਥਨ ਕੀਤਾ ਹੈ। ਮਨ ਰੇ=ਹੇ ਪਿਆਰੇ ਅਰਜਨ ! ਸੁਖਮਨਾ ਨਾੜੀ ਦੁਆਰਾ ਸ੍ਵਾਸਾਂ ਨੂੰ ਦਸਵੇਂ ਦੁਆਰ ਦ੍ਰਿੜ੍ਹ ਕਰ।

ਦੂਜਾ ਅਰਥ:-ਰਾਜ ਜੋਗ ਦੀ ਰੀਤੀ ਅਨੁਸਾਰ ਕਥਨ ਕਰਦੇ ਹਨ-

ਬਨਵਾਰੀ=ਸੰਸਾਰ ਬਨ ਦਾ ਮਾਲੀ ਜੋ ਪਰਮਾਤਮਾ ਹੈ ਉਸ ਨੇ ਬੇਦਾਂ ਵਿਚ ਐਸਾ ਗਿਆਨ ਕਥਨ ਕੀਤਾ ਹੈ ਕਿ ਪੌਣ ਦੀ ਨਿਆਈਂ ਜੋ ਚੰਚਲ ਮਨ ਹੈ ਇਸ ਨੂੰ ਸੁਖਮਨੀ ਨਾਰੀ=ਮਨ ਨੂੰ ਸੁਖ ਦੇਣ ਵਾਲੀ ਨਾਰੀ ਜੋ ਭਗਤੀ ਹੈ ਉਸ ਵਿਚ ਇਸਥਿਤ ਕਰ। ਲੇਕਿਨ ਇਨ੍ਹਾਂ ਰਸਤਿਆਂ ਦਾ ਗਿਆਨ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ ॥ ੧ ॥ ਰਹਾਉ ॥ ਇਸ ਕਰਕੇ-

---

**ਛੇ ਮੋਤੀਆਂ ਦੀ ਮਾਲਾ ਦਾ ਨਾਂ ਬਜੰਤੀ ਮਾਲਾ ਹੈ। ਯਥਾ-*

ਬਾਂਸੀ ਸੀਪੀ ਸੂਕਰੀ ਕਰੀ ਗਿਰੀ ਮਠਸਾਲ। ਇਹ ਖਟ ਮੋਤੀ ਪ੍ਰੋਈਐ ਬਣੇ ਬਜੰਤੀ ਮਾਲ ॥ ਸੰਸਕ੍ਰਿਤ ਗ੍ਰੰਥਾਂ ਵਿਚ ਪੰਜ ਪ੍ਰਕਾਰ ਦੇ ਫੁੱਲਾਂ ਤੋਂ ਬਣੀ ਹੋਈ ਮਾਲਾ ਦਾ ਨਾਂ ਬਜੰਤੀ ਮਾਲਾ ਹੈ। ਉਹ ਪੰਜ ਫੁਲ ਇਹ ਹਨ-ਤੁਲਸੀ ਕੰਦ, ਮਦਾਰ, ਹਾਰਸਿੰਗਾਰ, ਕਮਲ।

ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥

ਉਹ ਪੂਰਨ ਗੁਰੂ ਧਾਰਨਾ ਕਰੋ ਜਿਹੜਾ ਇਕ ਵਾਰ ਧਾਰ ਕੇ ਮੁੜ ਕੇ ਹੋਰ ਧਾਰਨਾ ਨਾ ਪਵੇ ਭਾਵ ਬ੍ਰਹਮ ਨੇਸ਼ਟੀ ਸ੍ਰੋਤਰੀ ਗੁਰੂ ਧਾਰੋ।

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ

ਮੁਖਿ ਸੰਚਹੁ ਤਿਸੁ ਪੁੰਨ ਕੀ ਢਿਰਿ ਤੋਟਿ ਨ ਆਵੈ॥ ੪॥

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥ *(ਮਲਾਰ ਮ: ੪, ਪੰਨਾ ੧੨੬੪)*

ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥

ਉਸ ਪਦ ਨੂੰ ਉਚਾਰਨਾ ਕਰੋ, ਜਿਸ ਨੂੰ ਉਚਾਰ ਕੇ ਫਿਰ ਹੋਰ ਕੋਈ ਨਾ ਉਚਾਰਨਾ ਪਵੇ, ਉਹ ਆਤਮ ਪਦ ਹੈ।

ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥
ਐਸੇ ਮਰਹੁ ਜਿ ਬਹੁਰਿ ਨ ਮਰਨਾ ॥ ੨ ॥

ਉਸ ਧਿਆਨ ਨੂੰ ਧਾਰਨਾ ਕਰੋ ਜੋ ਮੁੜ ਕੇ ਹੋਰ ਨਾ ਧਾਰਨਾ ਪਵੇ ਭਾਵ ਪਰਮੇਸ਼ਰ ਦਾ ਧਿਆਨ ਧਾਰੋ। ਜਿਸ ਤਰ੍ਹਾਂ ਮਹਾਤਮਾ ਜੀਵਤ ਭਾ ਤੋਂ ਮਰੇ ਹਨ ਐਸੇ ਤੁਸੀਂ ਭੀ ਜੀਵਤ ਭਾ ਤੋਂ ਮਰ ਜਾਓ। ਜੋ ਮੁੜ ਕੇ ਮਰਨਾ ਜੰਮਣਾ ਨਾ ਹੋਵੇ। ਵਾ ਐਸੇ=ਐਸ਼ਾਂ ਲੁੱਟਣ ਵਲੋਂ ਮਰ ਜਾਓ। ਬਹੁਤੀ ਐਸ਼-ਪ੍ਰਸਤੀ ਨਾ ਕਰੋ, ਜੋ ਮੁੜ ਕੇ ਮਰਨਾ ਜੰਮਣਾ ਨਾ ਹੋਵੇ॥ ੨॥

ਉਲਟੀ ਗੰਗਾ ਜਮੁਨ ਮਿਲਾਵਉ ॥ ਬਿਨੁ ਜਲ ਸੰਗਮ ਮਨ ਮਹਿ ਨਾਵਉ ॥

ਹਠ ਜੋਗ ਅਨੁਸਾਰ-ਗੰਗਾ=ਇੜਾ ਦੁਆਰੇ ਉਲਟਾ ਕੇ ਜਮੁਨ=ਪਿੰਗਲਾ ਸੁਰ ਦੁਆਰੇ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਮਿਲਾਵੋ। ਜਲ ਆਦਿ ਸੰਗਮ=ਸਬੰਧ ਤੋਂ ਬਿਨਾਂ ਜੋ ਮਨ=ਸ਼੍ਰੋਮਣੀ ਦਸਮ ਦੁਆਰ ਹੈ ਉਸ ਵਿਚ ਜੋ ਯੋਗਾਨੰਦ ਰੂਪ ਅੰਮ੍ਰਿਤ ਹੈ ਉਸ ਵਿਚ ਇਸ਼ਨਾਨ ਕਰੋ।

ਰਾਜ ਜੋਗ ਅਨੁਸਾਰ-ਸੰਸਾਰ ਵਲੋਂ ਗੰਗਾ=ਬਿਰਤੀ ਨੂੰ ਉਲਟਾ ਕੇ, ਜਿਸ ਪਰਮਾਤਮਾ ਵਿਚ ਜਮੁਨ=ਜੰਮਣਾ ਮਰਣਾ ਨਹੀਂ ਹੈ, ਉਸ ਵਿਚ ਮਿਲਾਵੋ ਅਤੇ ਪਦਾਰਥਾਂ ਰੂਪੀ ਵਾ:-ਜੜ੍ਹਤਾ ਰੂਪੀ ਜਲ ਸਬੰਧ ਤੋਂ ਬਿਨਾਂ ਜੋ ਮਨ ਸ਼੍ਰੋਮਣੀ ਪਰਮਾਤਮਾ ਹੈ ਉਸ ਦੇ ਬ੍ਰਹਮਾਨੰਦ ਰੂਪ ਅੰਮ੍ਰਿਤ ਵਿਚ ਇਸ਼ਨਾਨ ਕਰੋ।

ਪ੍ਰਸ਼ਨ-ਇਹ ਅੰਤ੍ਰੀਵ ਸਾਧਨ ਕਰਨ ਦਾ ਵਿਉਹਾਰ ਕਿਸ ਨੂੰ ਪ੍ਰਾਪਤ ਹੁੰਦਾ ਹੈ ? *ਉੱਤਰ*-

ਲੋਚਾ ਸਮਸਰਿ ਇਹੁ ਬਿਉਹਾਰਾ ॥
ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥ ੩ ॥

ਜਿਸ ਦੀ ਲੋਚਾ=ਦ੍ਰਿਸ਼ਟੀ ਸਮਸਰਿ=ਇਕ ਸਮਾਨ ਹੋਈ ਭਾਵ ਜਿਸ ਨੂੰ ਕੋਈ ਹਰਖ ਸੋਗ ਨਹੀਂ, ਉਸ ਨੂੰ ਇੰਸ ਸਾਧਨ ਕਰਨ ਦਾ ਵਿਵਹਾਰ ਪ੍ਰਾਪਤ ਹੁੰਦਾ ਹੈ। ਵਾ:-ਜਿਸ ਨੂੰ ਇਹ ਵਿਹਾਰ ਪ੍ਰਾਪਤ ਹੋਇਆ ਹੈ।

ਉਸ ਦੀ ਦ੍ਰਿਸ਼ਟੀ ਸਮਸਰਿ=ਇਕੋ ਜਿਹੀ ਹੋਈ ਹੈ। ਜਿਸ ਨੇ ਸਭ ਸਾਧਨਾਂ ਦੇ ਤਤ ਰੂਪ ਨਾਮ ਦਾ ਵਿਚਾਰ ਕੀਤਾ ਹੈ। ਉਸ ਨੇ ਭਲਾ ਹੋਰ ਕੀ ਵਿਚਾਰ ਕਰਨਾ ਹੈ।

ਯਥਾ- ਕਹੁ ਨਾਨਕ ਇਹੁ ਤਤੁ ਬੀਚਾਰਾ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ॥ ੩॥

(ਗਉੜੀ ਮ: ੫, ਪੰਨਾ ੧੮੮)

ਵਾ:-ਜਿਸ ਨੇ ਤਤੁ=ਸਿਧਾਂਤ ਰੂਪ ਪਰਮਾਤਮਾ ਦਾ ਵਿਚਾਰ ਕੀਤਾ ਹੈ ਉਸ ਨੇ ਭਲਾ ਹੋਰ ਕੀ ਵਿਚਾਰ ਕਰਨਾ ਹੈ ?॥ ੩॥

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥ ਐਸੀ ਰਹਤ ਰਹਉ ਹਰਿ ਪਾਸਾ॥

ਅਪੁ=ਜਲ, ਤੇਜੁ=ਅਗਨੀ, ਬਾਇ=ਹਵਾ, ਪ੍ਰਿਥਮੀ=ਧਰਤੀ ਅਤੇ ਅਕਾਸ਼, ਇਨ੍ਹਾਂ ਪੰਜਾਂ ਤੱਤਾਂ ਦੀ ਜੈਸੇ ਰਹਿਣੀ ਹੈ-ਜਲ ਵਿਚੋਂ ਸੀਤਲਤਾ, ਅਗਨੀ ਵਿਚੋਂ ਪ੍ਰਕਾਸ਼ਤਾ, ਹਵਾ ਵਿਚੋਂ ਸਮਤਾ, ਧਰਤੀ ਵਿਚੋਂ ਧੀਰਜਤਾ ਵਾ:-ਖਿਮਾ, ਅਕਾਸ਼ ਵਿਚੋਂ ਅਸੰਗਤਾ=ਨਿਰਲੇਪਤਾ ਐਸੀ ਰਹਿਣੀ ਨੂੰ ਧਾਰਨਾ ਕਰੋ ਤਾਂ ਹੀ ਹਰੀ ਦੇ ਪਾਸ ਰਹੋਗੇ। ਜੇ ਐਸੀ ਰਹਿਣੀ ਦੇ ਧਾਰਨ ਵਲੋਂ ਰਹਉ=ਰਹਿ ਗਏ ਤਾਂ ਹਰੀ ਤੁਹਾਡੇ ਤੋਂ ਪਾਸਾ=ਲਾਂਭੇ ਰਹੇਗਾ।

ਕਹੈ ਕਬੀਰ ਨਿਰੰਜਨ ਧਿਆਵਉ॥
ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ॥ ੪॥ ੧੮॥

ਕਬੀਰ ਜੀ ਕਹਿੰਦੇ ਹਨ-ਨਿਰੰਜਨ=ਮਾਇਆ ਮਲ ਅਵਿਦਿਆ ਤੋਂ ਰਹਿਤ ਜੋ ਅਕਾਲ ਪੁਰਖ ਹੈ ਉਸ ਨੂੰ ਧਿਆਉਣਾ ਕਰੋ ਤਾਂ ਤਿਸ ਸਰੂਪ ਰੂਪੀ ਘਰ ਵਿਚ ਜਾਓਗੇ, ਜਿਥੋਂ ਮੁੜ ਕੇ ਨਾ ਆਉਗੇ॥ ੪॥ ੧੮॥

ਗਉੜੀ ਕਬੀਰ ਜੀ ਤਿਪਦੇ॥ ੧੫

ਉਥਾਨਕਾ-ਇਕ ਰਾਜੇ ਨੇ ਕਬੀਰ ਜੀ ਅਗੇ ਮੋਹਰਾਂ ਦਾ ਥਾਲ ਰੱਖ ਕੇ ਬੇਨਤੀ ਕੀਤੀ ਮਹਾਰਾਜ ਜੀ ਇਸ ਭੇਟਾ ਨੂੰ ਸ੍ਵੀਕਾਰ ਕਰ ਕੇ ਮੈਨੂੰ ਪਰਮਾਤਮਾ ਦੀ ਪ੍ਰਾਪਤੀ ਕਰ ਦਿਓ। ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥ ੧॥

ਹੇ ਰਾਜਨ ! ਸੋਨੇ ਨਾਲ ਤੋਲ ਕੇ ਪਰਮਾਤਮਾ ਨਹੀਂ ਪਾਇਆ ਜਾਂਦਾ।

ਯਥਾ- ਹਰਿ ਰਸ ਕੀ ਕੀਮਤਿ ਕਹੀ ਨ ਜਾਇ॥ ਹਰਿ ਰਸੁ ਸਾਧੂ ਹਾਟਿ ਸਮਾਇ॥ *(ਪੰਨਾ ੩੭੭)*

ਲਾਖ ਕਰੋਰੀ ਮਿਲੈ ਨ ਕੇਹ॥ *(ਆਸਾ ਮਹਲਾ ੫, ਪੰਨਾ ੩੭੭)*

*ਪ੍ਰਸ਼ਨ-*ਆਪ ਜੀ ਨੇ ਪਰਮਾਤਮਾ ਨੂੰ ਕਿਵੇਂ ਲਿਆ ਹੈ ?

*ਉੱਤਰ-*ਮੈਂ ਤਾਂ ਗੁਰਾਂ ਨੂੰ ਆਪਣਾ ਤਨ ਮਨ ਦੇ ਕੇ ਰਾਮ ਨੂੰ ਮੁੱਲ ਲੀਤਾ ਹੈ। ਜੇ ਤੈਨੂੰ ਲੋੜ ਹੈ ਤਾਂ ਤੂੰ ਭੀ ਤਨ ਮਨ ਦੇ ਕੇ ਰਾਮ ਨੂੰ ਲੈ ਸਕਦਾ ਹੈਂ। ਨਾਲੇ ਚੀਜ਼ ਉਹ ਦਿਤੀ ਜਾਂਦੀ ਹੈ ਜਿਹੜੀ ਆਪ ਤੋਂ ਭਿੰਨ ਹੋਵੇ ਅਤੇ ਜਿਸ ਉੱਤੇ ਮਨ ਨਾ ਮੰਨਿਆ ਜਾਵੇ॥ ੧॥

ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ॥

ਸਹਜ ਸੁਭਾਇ ਮੇਰਾ ਮਨੁ ਮਾਨਿਆ ॥ ੧ ॥ ਰਹਾਉ ॥

ਹੁਣ ਰਾਮ ਨੂੰ ਮੈਂ ਆਪਣਾ ਕਰ ਕੇ ਜਾਣ ਲਿਆ ਹੈ। ਮੇਰੇ ਤੋਂ ਉਹ ਭਿੰਨ ਨਹੀਂ ਹੈ। ਸਹਜ ਸੁਭਾਇ=ਸੁਤੇ ਸਿਧ ਅਰਥਾਤ ਨਿਰਜਤਨ ਹੀ ਮੇਰਾ ਮਨ ਰਾਮ ਨਾਲ ਮੰਨਿਆ ਗਿਆ ਹੈ, ਇਸ ਕਰਕੇ ਮੈਂ ਨਹੀਂ ਦੇ ਸਕਦਾ ॥ ੧ ॥ ਰਹਾਉ ॥

ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥
ਰਾਮ ਭਗਤਿ ਬੈਠੇ ਘਰਿ ਆਇਆ ॥ ੨ ॥

ਹੇ ਰਾਜਨ ! ਬ੍ਰਹਮਾ ਨੇ ਵੇਦਾਂ ਨੂੰ ਕਥ ਕਥ ਕੇ ਭੀ ਜਿਸ ਰਾਮ ਦਾ ਅੰਤ ਨਹੀਂ ਪਾਇਆ, ਉਹ ਰਾਮ ਘਰ ਬੈਠਿਆਂ ਹੀ ਭਗਤਾਂ ਨੂੰ ਆ ਕੇ ਪ੍ਰਾਪਤ ਹੋਇਆ ਹੈ॥ ੨ ॥

੧. ਸ੍ਰੀ ਰਾਮ ਚੰਦਰ ਰੂਪ ਹੋ ਕੇ ਪੰਪਾ ਸਰ ਵਾਲੇ ਹੰਕਾਰੀ ਰਿਖੀਆਂ ਨੂੰ ਛੱਡ ਕੇ ਭੀਲਣੀ ਦੇ ਘਰ ਆਇਆ।

੨. ਸ੍ਰੀ ਕ੍ਰਿਸ਼ਨ ਜੀ ਰੂਪ ਹੋ ਕੇ ਦੁਰਜੋਧਨ ਰਾਜੇ ਨੂੰ ਛੱਡ ਕੇ ਬਿਦਰ ਦੇ ਘਰ ਆਇਆ।

੩. ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਹੋ ਕੇ ਮਲਕ ਭਾਗੋ ਨੂੰ ਤਿਆਗ ਕੇ ਲਾਲੋ ਦੇ ਘਰ ਆਇਆ।

੪. ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਹੋ ਕੇ ਸੰਗਲਾ ਦੀਪ ਦੇ ਰਾਜੇ ਸ਼ਿਵਨਾਭ ਦੇ ਘਰ ਆਇਆ।

੫. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਰੂਪ ਹੋ ਕੇ ਕਸ਼ਮੀਰ ਵਿਚ ਮਾਈ ਭਾਗ ਭਰੀ ਦੇ ਘਰ ਆਇਆ ॥

੬. ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਰੂਪ ਹੋ ਕੇ ਢਾਕੇ ਬੰਗਾਲੇ ਬੁਲਾਕੀ ਦਾਸ ਦੀ ਮਾਤਾ ਦੇ ਘਰ ਆਇਆ ਤੇ ਆਪਣੀ ਫੋਟੋ ਉਤਾਰ ਕੇ ਦਿਤੀ।

੭. ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਰੂਪ ਹੋ ਕੇ ਸੰਸਰਾਮ ਸ਼ਹਿਰ ਚਾਚੇ ਫਗੂ ਦੇ ਘਰ ਘੋੜ ਅਸਵਾਰ ਹੋ ਕੇ ਆਇਆ।

ਹੇ ਰਾਜਨ ! ਇਹ ਸਭ ਭਗਤੀ ਦਾ ਪ੍ਰਤਾਪ ਹੈ। ਤੈਨੂੰ ਇੱਛਾ ਹੈ ਤਾਂ ਤੂੰ ਭੀ ਭਗਤੀ ਕਰ, ਵਾ:-ਚੱਕ੍ਰਕਾ-ਸਤਸੰਗ ਰੂਪ ਘਰ ਵਿਚ ਆ ਕੇ ਜੋ ਰਾਮ ਦੀ ਭਗਤੀ ਵਿਚ ਬੈਠੇ ਹਨ ਉਹ ਅੰਤਰਮੁਖਤਾ ਰੂਪੀ ਘਰ ਵਿਚ ਆਏ। ਜੋ ਅੰਤਰਮੁਖਤਾ ਰੂਪੀ ਘਰ ਵਿਚ ਆਏ ਉਹਨਾਂ ਭਗਤਾਂ ਦੇ ਹਿਰਦੇ ਵਿਚ ਰਾਮ ਬੈਠਾ ਸਾਖਿਆਤ ਹੋਇਆ ਹੈ। ਜਿਨ੍ਹਾਂ ਨੂੰ ਰਾਮ ਸਾਖਿਆਤ ਹੋਇਆ ਹੈ ਉਹ ਸਰੂਪ ਰੂਪੀ ਘਰ ਵਿਚ ਆਏ। ਜੋ ਸਰੂਪ ਰੂਪੀ ਘਰ ਵਿਚ ਆਏ, ਉਨ੍ਹਾਂ ਭਗਤਾਂ ਨੇ ਰਾਮ ਨੂੰ ਸੰਸਾਰ ਘਰ ਵਿਚ ਬੈਠਾ ਨਿਸਚੇ ਕੀਤਾ ਹੈ॥ ੨ ॥

ਕਹੁ ਕਬੀਰ ਚੰਚਲ ਮਤਿ ਤਿਆਗੀ ॥
ਕੇਵਲ ਰਾਮ ਭਗਤਿ ਨਿਜ ਭਾਗੀ ॥ ੩ ॥ ੧ ॥ ੧੯ ॥

ਕਬੀਰ ਜੀ ਕਹਿੰਦੇ ਹਨ-ਹੇ ਰਾਜਨ ! ਚੰਚਲ ਬੁੱਧੀ ਤਿਆਗ ਕੇ ਕੇਵਲ ਰਾਮ ਦੀ ਭਗਤੀ ਦਾ ਤੂੰ ਆਪ ਭਾਗੀ=ਹਿੱਸੇਦਾਰੀ ਹੈਂ ॥ ੩ ॥ ੧ ॥ ੧੯ ॥

ਗਉੜੀ ਕਬੀਰ ਜੀ ॥

ਉਥਾਨਕਾ-ਇਕ ਵਾਰ ਕਾਂਸ਼ੀ ਪੁਰੀ ਵਿਚ ਹੈਜ਼ਾ ਪੈ ਗਿਆ। ਲੋਕ ਬਹੁਤ ਸਾਰੇ ਮਰਨ ਲੱਗ ਪਏ। ਉਸ

ਵੇਲੇ ਆਪੋ ਆਪਣੇ ਘਰ ਛੱਡ ਕੇ ਸ਼ਹਿਰੋਂ ਬਾਹਰ ਤੁਰ ਗਏ। ਕਈਆਂ ਨੇ ਕਬੀਰ ਨੂੰ ਕਿਹਾ ਆਪ ਭੀ ਤੁਰ ਚਲੋ, ਤਾਂ ਕਬੀਰ ਜੀ ਨੇ ਕਿਹਾ-

ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧ ॥

ਜਿਸ ਪ੍ਰਤੱਖ ਮਰਨ ਤੋਂ ਸਾਰਾ ਸੰਸਾਰ ਡਰ ਰਿਹਾ ਹੈ, ਉਹ ਮਰਨਾ ਗੁਰ ਸ਼ਬਦ ਦੁਆਰਾ ਮੈਨੂੰ ਸ੍ਰੇਸ਼ਟ ਪ੍ਰਕਾਸ਼ਿਆ ਹੈ। ਕਿਉਂਕਿ ਵਿਦੇਹ ਮੁਕਤੀ ਦਾ ਅਨੰਦ ਸਰੀਰ ਤਿਆਗਣ ਕਰ ਕੇ ਹੀ ਮਿਲਦਾ ਹੈ। ਵਾ:-ਜਿਸ ਜੀਵਤ ਭਾ ਦੇ ਮਰਨ ਤੋਂ ਸਾਰਾ ਸੰਸਾਰ ਡਰ ਰਿਹਾ ਹੈ, ਉਹ ਜੀਵਤ ਭਾ ਤੋਂ ਮਰਨਾ ਗੁਰ ਸ਼ਬਦ ਦੁਆਰਾ ਮੈਨੂੰ ਸ੍ਰੇਸ਼ਟ ਪ੍ਰਕਾਸ਼ਿਆ ਹੈ। ਕਿਉਂਕਿ ਜੀਵਨ ਮੁਕਤੀ ਦਾ ਅਨੰਦ ਜੀਵਤ ਭਾ ਦੇ ਮਰਨ ਨਾਲ ਹੀ ਆਉਂਦਾ ਹੈ ॥ ੧ ॥

ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥ ੧ ॥ ਰਹਾਉ ॥

ਹੁਣ ਮੈਂ ਕਿਵੇਂ ਮਰਾਂਗਾ ? ਕਿਉਂਕਿ ਮਰਨ ਲਈ ਮੇਰਾ ਮਨ ਮੰਨਿਆਂ ਗਿਆ ਹੈ। ਕਬੀਰ ਜੀ ਨਿਧੜਕ ਹੋਏ ਬੈਠੇ ਹਨ। ਜਿਹੜਾ ਆਦਮੀ ਨਿਸ਼ੰਗ ਹੋ ਜਾਵੇ, ਦਿਲ ਨਾ ਧੜਕੇ, ਉਸ ਦੇ ਨੇੜੇ ਫਿਰ ਕੋਈ ਹੈਜ਼ਾ ਵਗੈਰਾ ਬੀਮਾਰੀ ਨਹੀਂ ਆਉਂਦੀ। ਉਹ ਆਦਮੀ ਮਰ ਮਰ ਜਾਂਦੇ ਹਨ, ਜਿਨ੍ਹਾਂ ਨੇ ਰਾਮ ਨੂੰ ਨਹੀਂ ਜਾਣਿਆਂ। ਵਾ:-ਹੁਣ ਕਿਵੇਂ ਮਰਾਂਗਾ? ਕਿਉਂਕਿ ਜੀਵਤ ਭਾ ਦੇ ਮਰਨ ਉੱਪਰ ਮੇਰਾ ਮਨ ਮੰਨਿਆ ਗਿਆ ਹੈ। ਮਰਿ=ਤਹਿਕੀਕ (ਨਿਸਚੇ) ਕਰਕੇ ਉਹ ਪੁਰਸ਼ ਨਿਸਫਲ ਹੀ ਮਰ ਜਾਂਦੇ ਹਨ, ਜਿਨ੍ਹਾਂ ਨੇ ਰਾਮ ਨੂੰ ਨਹੀਂ ਜਾਣਿਆਂ ॥ ੧ ॥ ਰਹਾਉ ॥

ਮਰਨੌ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥ ੨ ॥

ਉਪਰਲੇ ਦਿਲੋਂ ਤਾਂ ਸਭ ਕੋਈ ਮਰਨ ਮਰਨ ਕਹਿੰਦਾ ਹੈ। ਵਾ:-ਜੀਵਤ ਭਾ ਤੋਂ ਮਰਨਾ ਮਰਨਾ ਸਭ ਕੋਈ ਕਹਿੰਦਾ ਹੈ ਪਰ ਮਰਦਾ ਕੋਈ ਨਹੀਂ। ਜੋ ਸ਼ਾਸਤ੍ਰ ਸਹਜੇ=ਗਿਆਨ ਦੁਆਰਾ ਜੀਵਤ ਭਾ ਤੋਂ ਮਰਦਾ ਹੈ ਉਹ ਅਮਰ ਹੁੰਦਾ ਹੈ ॥ ੨ ॥

ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥ ੩ ॥ ੨੦ ॥

ਕਬੀਰ ਜੀ ਕਹਿੰਦੇ ਹਨ-ਮੇਰੇ ਮਨ ਵਿਚ ਬਹੁਤ ਅਨੰਦ ਹੋਇਆ ਹੈ। ਭਰਮ ਦੂਰ ਹੋ ਗਿਆ ਹੈ ਅਤੇ ਪਰਮਾਨੰਦ ਪਰਮਾਤਮਾ ਮੇਰੇ ਹਿਰਦੇ ਅੰਦਰ ਆ ਕੇ ਇਸਥਿਤ ਹੋ ਰਿਹਾ ਹੈ ॥ ੩ ॥ ੨੦ ॥

ਗਉੜੀ ਕਬੀਰ ਜੀ ॥

ਉਥਾਨਕਾ:-ਜਦ ਕਬੀਰ ਜੀ ਦੇ ਪਾਸ ਲੋਕਾਂ ਦੀ ਬਹੁਤ ਸਾਰੀ ਆਵਾਜਾਈ ਹੋ ਗਈ ਤਾਂ ਭਗਤੀ ਵਿਚ ਵਿਘਨ ਪੈਂਦਾ ਵੇਖ ਕੇ ਇਕੱਲਵਾਂਜੇ ਹੋ ਕੇ ਬੈਠ ਗਏ। ਖਾਣਾ ਪੀਣਾ ਸਭ ਛਡ ਦਿਤਾ। ਤਦ ਮਾਪਿਆਂ ਨੇ ਸਮਝਿਆ ਸਾਡਾ ਪੁੱਤਰ ਬੀਮਾਰ ਹੋ ਗਿਆ ਹੈ, ਤਿਸ ਵੇਲੇ ਇਕ ਵੈਦ ਬੁਲਾਇਆ। ਉਸ ਵੈਦ ਨੇ ਹੱਥ ਦੀ ਨਬਜ਼ ਵੇਖ ਕੇ ਕਿਹਾ-

ਕਤ ਨਹੀ ਠਉਰ ਮੂਲੁ ਕਤ ਲਾਵਉ ॥
ਖੋਜਤ ਤਨ ਮਹਿ ਠਉਰ ਨ ਪਾਵਉ ॥ ੧ ॥

ਇਸ ਸਰੀਰ ਵਿਚ ਦੁਖ ਦੀ ਕੋਈ ਥਾਂ ਨਹੀਂ, ਮੈਂ ਮੂਲੁ=ਦਵਾਈ ਬੂਟੀ ਕਿੱਥੇ ਲਾਵਾਂ। ਮਾਪਿਆਂ ਨੇ ਕਿਹਾ ਵੈਦ ਜੀ ਚੰਗੀ ਤਰ੍ਹਾਂ ਵੇਖੋ। ਵੈਦ ਨੇ ਚੰਗੀ ਤਰ੍ਹਾਂ ਵੇਖ ਕੇ ਮੁੜ ਕਿਹਾ ਮੈ ਤਾਂ ਚੰਗੀ ਤ੍ਹਰ੍ਹਾਂ ਸਰੀਰ ਵਿਚ ਖੋਜ ਕੀਤੀ ਹੈ, ਪਰ ਦੁਖ ਦੀ ਕੋਈ ਥਾਂ ਮੈਨੂੰ ਨਹੀਂ ਲੱਭੀ।

ਤਿਸ ਵੇਲੇ ਭਗਤ ਜੀ ਨੇ ਉਠ ਕੇ ਕਿਹਾ-ਹੇ ਵੈਦ ਜੀ ! ਮੇਰੇ ਸਰੀਰ ਵਿਚ ਤਾਂ ਸੁਖ ਦੀ ਕੋਈ ਥਾਂ ਨਹੀਂ, ਆਪ ਦਵਾਈ ਬੂਟੀ ਕਿਥੇ ਕਿਥੇ ਲਗਾਓਗੇ, ਮੈਂ ਬਥੇਰਾ ਸਰੀਰ ਵਿਚ ਖੋਜਣਾ ਕੀਤਾ ਹੈ, ਲੇਕਿਨ ਸੁਖ ਦੀ ਥਾਂ ਕੋਈ ਪਾਉਂਦਾ ਨਹੀਂ ਹਾਂ॥ ੧ ॥

ਜਾਂ ਵੈਦ ਅਤੇ ਮਾਪਿਆਂ ਨੇ ਕਿਹਾ ਤੂੰ ਤਾਂ ਐਵੇਂ ਕਹਿੰਦਾ ਹੈਂ? ਤਾਂ ਭਗਤ ਜੀ ਨੇ ਕਿਹਾ-

ਲਾਗੀ ਹੋਇ ਸੁ ਜਾਨੈ ਪੀਰ॥
ਰਾਮ ਭਗਤਿ ਅਨੀਆਲੇ ਤੀਰ॥ ੧ ॥ ਰਹਾਉ ॥

ਜਿਸ ਨੂੰ ਤਕਲੀਫ ਲੱਗੀ ਹੋਈ ਹੁੰਦੀ ਹੈ ਉਸ ਦੀ ਪੀੜਾ ਨੂੰ ਓਹੀ ਜਾਣਦਾ ਹੈ। ਦੂਜਾ ਕੋਈ ਨਹੀਂ ਜਾਣ ਸਕਦਾ।

ਯਥਾ- ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥

(ਸੂਹੀ ਰਵਿਦਾਸ ਜੀ, ਪੰਨਾ ੭੯੩)

ਵੈਦ ਨੇ ਕਿਹਾ ਤੈਨੂੰ ਕਿਹੜਾ ਦੁਖ ਹੈ ਮੈਨੂੰ ਦੱਸ ਤਾਂ ਸਹੀ ? ਕਬੀਰ ਜੀ ਕਹਿੰਦੇ ਹਨ ਮੈਨੂੰ ਰਾਮ ਦੀ ਭਗਤੀ ਰੂਪੀ ਬਾਣ ਅਨੀਆਲੇ=ਕੁੰਡਲੀਆਂ ਵਾਲੇ ਵੱਜੇ ਹਨ। ਇਸ ਦਾ ਦਾਰੂ ਤੁਹਾਡੇ ਪਾਸ ਕੋਈ ਨਹੀਂ ਹੈ। (ਕਰੁਣਾ ਮੈਤ੍ਰੀ ਮੁਦਤਾ ਤਤਿਖਿਆ ਆਦਿ ਕੁੰਡਲੀਆਂ ਹਨ)

ਯਥਾ- ਹਰਿ ਪ੍ਰੇਮ ਬਾਣੀ ਮਨੁ ਮਾਰਿਆ॥ ਅਣੀਆਲੇ ਮਣੀਆ ਰਾਮ ਰਾਜੇ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥ *(ਆਸਾ ਮਹਲਾ ੪, ਪੰਨਾ ੪੪੯)*

ਜਿਵੇਂ ਸ੍ਰੀ ਰਾਮ ਚੰਦ੍ਰ ਜੀ ਦੇ ਬਾਣ ਕੁੰਡਲੀਆਂ ਸਹਿਤ ਹੋਣ ਕਰ ਕੇ ਅਮੋਘ ਕਹੇ ਜਾਂਦੇ ਸਨ, ਜਿਸ ਨੂੰ ਉਹ ਬਾਣ ਲਗਦੇ ਸਨ ਉਸ ਦੀਆਂ ਆਂਦਰਾਂ ਕੱਢ ਕੇ ਬਾਹਰ ਲੈ ਆਉਂਦੇ ਸਨ ਤਿਵੇਂ ਇਹ ਭਗਤੀ ਰੂਪੀ ਬਾਣ ਵੀ ਆਸੁਰੀ ਸੰਪਦਾ ਦਾ ਅਭਾਵ ਕਰ ਦਿੰਦੇ ਹਨ॥ ੧ ॥ ਰਹਾਉ ॥

ਮਾਤਾ ਪਿਤਾ ਨੇ ਕਿਹਾ ਤੂੰ ਕੋਈ ਅਨੋਖਾ ਭਗਤ ਬਣਿਆ ਹੈਂ ਜੋ ਸਾਰਾ ਕਾਰ ਵਿਹਾਰ, ਖਾਣਾ ਪੀਣਾ, ਬੋਲਣਾ ਚਲਣਾ, ਹੱਸਣਾ ਖੇਡਣਾ, ਤਿਆਗ ਬੈਠਾ ਹੈਂ? ਅੱਧੀ ਕਾਸ਼ੀ ਪੂਰੀ ਭਗਤਾਂ ਦੀ ਹੈ। ਉਹ ਤਾਂ ਸਾਰੇ ਕਾਰ ਵਿਹਾਰ ਕਰਦੇ ਹਨ। ਇਹ ਗੱਲ ਸੁਣਕੇ ਭਗਤ ਕਬੀਰ ਜੀ ਕਹਿੰਦੇ ਹਨ-

ਏਕ ਭਾਇ ਦੇਖਉ ਸਭ ਨਾਰੀ॥ ਕਿਆ ਜਾਨਉ ਸਹ ਕਉਨ ਪਿਆਰੀ॥ ੨ ॥

ਜਿਸ ਤਰ੍ਹਾਂ ਇਕ ਰਾਜੇ ਦੀਆਂ ਸਭ ਰਾਣੀਆਂ ਇਕੋ ਜੇਹੀਆਂ ਵੇਖਣ ਵਿਚ ਆਉਂਦੀਆਂ ਹਨ ਪਰ ਇਸ ਗੱਲ ਨੂੰ ਕਿਵੇਂ ਜਾਣੀਏਂ ਜੋ ਸਭਨਾਂ ਵਿਚੋਂ ਸਹ=ਪਤੀ ਨੂੰ ਕਿਹੜੀ ਪਿਆਰੀ ਹੈ ? ॥ ੨ ॥

ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥
ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥ ੩ ॥ ੨੧ ॥

ਕਬੀਰ ਜੀ ਕਹਿੰਦੇ ਹਨ-ਜਿਸ ਦੇ ਮੱਥੇ ਦੇ ਭਾਗ ਚੰਗੇ ਹਨ, ਸਭਨਾਂ ਨੂੰ ਤਿਆਗ ਕੇ ਸੁਹਾਗੁ=ਪਤੀ ਉਸੇ ਨੂੰ ਆ ਕੇ ਮਿਲਦਾ ਹੈ॥ ੩ ॥ ੨੧ ॥

ਯਥਾ- ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥ *(ਦੇਵਗੰਧਾਰੀ ਮ: ੪, ਪੰਨਾ ੫੨੭)*

ਸਾਖੀ-ਜਸਵੰਤ ਸਿੰਘ ਰਾਜੇ ਦੀ

ਇਕ ਜਸਵੰਤ ਸਿੰਘ ਨਾਮ ਕਰਕੇ ਰਿਆਸਤ ਜੋਧਪੁਰ ਦਾ ਰਾਜਾ ਸੀ। ਇਕ ਸਮੇਂ ਮੁਹਿੰਮ ਦਾ ਮੌਕਾ ਆ ਬਣਿਆ ਤਾਂ ਔਰੰਗਜ਼ੇਬ ਬਾਦਸ਼ਾਹ ਨੇ ਇਸ ਨੂੰ ਦਿਲੀ ਸਦ ਕੇ ਸਾਰੀ ਫੌਜ ਦਾ ਜਰਨੈਲ ਬਣਾ ਕੇ ਸਾਰੇ ਹੱਕ ਦੇ ਕੇ ਇਸ ਨੂੰ ਜਮਰੌਦ ਦਾ ਇਲਾਕਾ ਫਤੇ ਕਰਨ ਵਾਸਤੇ ਭੇਜਿਆ। ਓਥੇ ਜਾ ਕੇ ਇਸਨੇ ਚੰਗੇ ਹੱਥ ਵਿਖਾ ਕੇ ਆਕੀਆਂ ਦੇ ਬਹੁਤ ਸਾਰੇ ਆਹੂ ਲਾਹੇ ਤੇ ਆਪਣਾ ਜ਼ੋਰਦਾਰ ਕਬਜ਼ਾ ਜਮਾਇਆ। ਜਮਰੌਦ ਨੂੰ ਫਤੇ ਕਰ ਲੈਣ ਦੀ ਖੁਸ਼ੀ ਵਿਚ ਆਪਣੇ ਪਰਵਾਰ ਵੱਲ ਚਿੱਠੀਆਂ ਲਿਖੀਆਂ ਕਿ ਜਿਸ ਜਿਸ ਚੀਜ਼ ਦੀ ਤੁਹਾਨੂੰ ਜ਼ਰੂਰਤ ਹੈ ਉਹ ਲਿਖ ਭੇਜੋ। ਸਭ ਰਾਣੀਆਂ ਨੇ ਆਪੋ ਆਪਣੀ ਮਰਜ਼ੀ ਨਾਲ ਚੀਜ਼ਾਂ ਲਿਖ ਭੇਜੀਆਂ। ਇਕ ਨਵੀ ਵਿਆਹੀ ਰਾਣੀ ਬੜੀ ਅਕਲਮੰਦ ਸੀ ਉਸ ਨੇ 'ਲਾਲ' ਕਾਗਜ਼ ਲੈ ਕੇ ਉਪਰ 'ਸਾ' ਅਖਰ ਲਿਖ ਕੇ ਲਫਾਫੇ ਵਿਚ ਬੰਦ ਕਰਕੇ ਭੇਜ ਦਿਤਾ। ਜਦ ਰਾਜੇ ਪਾਸ ਸਭ ਚਿੱਠੀਆਂ ਪਹੁੰਚੀਆਂ ਤਾਂ ਉਨ੍ਹਾਂ ਚਿੱਠੀਆਂ ਨੂੰ ਪੜ੍ਹ ਕੇ ਸਭ ਰਾਣੀਆਂ ਵਲ ਚੀਜ਼ਾਂ ਭੇਜ ਦਿਤੀਆਂ। ਜਦ ਨਵੀਂ ਵਿਆਹੀ ਰਾਣੀ ਦੀ ਚਿਠੀ ਖੋਲ੍ਹੀ ਤਾਂ ਇਕ 'ਸਾ' ਅਖਰ ਲਿਖਿਆ ਪੜ੍ਹ ਕੇ ਰਾਜੇ ਨੂੰ ਕੁਝ ਸਮਝ ਨਾ ਆਵੇ। ਆਖਰਕਾਰ ਮੰਤ੍ਰੀ ਨੇ ਸਮਝਾਇਆ ਕਿ ਹੇ ਰਾਜਨ ! ਲਾਲ ਕਾਗਜ਼ ਦੇ ਉੱਪਰ 'ਸਾ' ਅਖਰ ਹੈ, ਇਸ ਦਾ ਭਾਵ ਲਾਲਸਾ, ਰਾਣੀ ਕਹਿੰਦੀ ਹੈ ਮੈਨੂੰ ਹੋਰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ, ਇਕ ਤੇਰੀ 'ਲਾਲਸਾ' ਹੈ। ਉਸ ਦੀ ਸਿਆਣਪ ਵੇਖ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਸਭ ਰਾਣੀਆਂ ਨੂੰ ਛਡ ਕੇ ਰਾਜਾ ਆਪ ਉਸ ਦੇ ਘਰ ਗਿਆ। ਉਸ ਨੂੰ ਪ੍ਰੇਮ ਨਾਲ ਮਿਲ ਕੇ ਆਖਦਾ ਹੈ ਤੂੰ ਚੀਜ਼ ਕੋਈ ਨਹੀਂ ਲਿਖੀ। ਅਗੋਂ ਉਸ ਨੇ ਕਿਹਾ ਤੁਹਾਡੇ ਆ ਕੇ ਮਿਲ ਜਾਣ ਨਾਲ ਮੈਨੂੰ ਸਾਰੇ ਪਦਾਰਥ ਮਿਲ ਗਏ ਹਨ। ਮੇਰੇ ਨੇਤਰਾਂ ਨੂੰ ਕੇਵਲ ਆਪ ਦੇ ਮਿਲਣ ਦੀ ਸਿੱਕ ਸੀ।

ਇਸੇ ਦ੍ਰਿਸ਼ਟਾਂਤ ਅਨੁਸਾਰ

ਦੂਜਾ ਅਰਥ-

ਏਕ ਭਾਇ ਦੇਖਉ ਸਭ ਨਾਰੀ॥ ਕਿਆ ਜਾਨਉ ਸਹ ਕਉਨ ਪਿਆਰੀ॥ ੨ ॥

ਸਾਰੀਆਂ ਮਹਾਤਮਾਂ ਰੂਪੀ ਨਾਰੀਆਂ ਇਕੋ ਜੇਹੀਆਂ ਵੇਖਣ ਵਿਚ ਆਉਂਦੀਆਂ ਹਨ ਪਰ ਇਸ ਗੱਲ ਨੂੰ ਕਿਵੇਂ ਜਾਣੀਏ ਜੋ ਸਭਨਾਂ ਮਹਾਤਮਾਂ ਵਿਚੋਂ ਪਤੀ ਪਰਮਾਤਮਾ ਨੂੰ ਕਿਹੜੀ ਪਿਆਰੀ ਹੈ॥ ੨ ॥

ਕਹੁ ਕਬੀਰ ਜਾ ਕੈ ਮਸਤਕਿ ਭਾਗੁ॥ ਸਭ ਪਰਹਰਿ ਤਾਕਉ ਮਿਲੈ ਸੁਹਾਗੁ॥ ੩ ॥ ੨੧ ॥

ਕਬੀਰ ਜੀ ਕਹਿੰਦੇ ਹਨ-ਜਿਸ ਦੇ ਮੱਥੇ ਦੇ ਭਾਗ ਚੰਗੇ ਹਨ, ਸਭ ਭਗਤਾਂ ਨੂੰ ਛੱਡ ਕੇ ਪ੍ਰਮਾਤਮਾ ਪਤੀ ਉਸੇ ਭਗਤ ਨੂੰ ਆ ਕੇ ਮਿਲਦਾ ਹੈ॥ ੩ ॥ ੨੧ ॥

[ਪੰਨਾ ੩੨੮]

ਗਉੜੀ ਕਬੀਰ ਜੀ॥

ਉਥਾਨਕਾ:-ਇਕ ਭਗਤ ਪਰਮੇਸ਼ਰ ਦਾ ਉਪਾਸ਼ਕ ਕਬੀਰ ਜੀ ਦਾ ਸਿੱਖ ਸੀ। ਉਹ ਕਬੀਰ ਜੀ ਦੇ ਪਾਸ ਰਹਿ ਕੇ ਭਗਤੀ ਕਰਦਾ ਹੁੰਦਾ ਸੀ। ਇਕ ਦਿਨ ਉਹ ਅਨਮਤੀਆਂ ਦੀ ਸੰਗਤ ਵਿਚ ਚਲਾ ਗਿਆ। ਉਨ੍ਹਾਂ ਕਰਮ ਕਾਂਡੀਆਂ ਨੇ ਆਖਿਆ ਤੈਨੂੰ ਇਤਨਾ ਚਿਰ ਈਸ਼ਵਰ ਭਗਤੀ ਕਰਦਿਆਂ ਹੋ ਗਿਆ ਹੈ ਭਗਤੀ ਕਰਦਿਆਂ ਕੀ ਮਿਲਿਆ ਹੈ? ਛੱਡ ਪ੍ਰਮੇਸ਼ਰ ਨੂੰ ਤੇ ਸ਼ਿਵਾਂ ਦੀ ਉਪਾਸ਼ਨਾਂ ਕਰ ਵੇਖ! ਫਿਰ ਮਨ ਭਾਉਂਦੇ ਪਦਾਰਥ ਤੇ ਸੁਖ ਫਲ ਮਿਲਦੇ ਹਨ ਕਿ ਨਹੀਂ। ਤਿਸ ਵੇਲੇ ਉਹ ਭਗਤ ਕਬੀਰ ਜੀ ਦੇ ਸਤਸੰਗ ਨੂੰ ਛੱਡ ਕੇ ਸ਼ਿਵ ਉਪਾਸ਼ਨਾਂ ਵਿਚ ਲੱਗ ਗਿਆ। ਇਕ ਦਿਨ ਉਸ ਦਾ ਤੇ ਕਬੀਰ ਜੀ ਦਾ ਰਾਹ ਵਿਚ ਮੇਲ ਹੋ ਗਿਆ। ਕਬੀਰ ਜੀ ਨੇ ਬੁਲਾ ਕੇ ਆਖਿਆ ਭਲਿਆ ਲੋਕਾ ! ਉਹ ਭੀ ਦਿਨ ਸਨ ਜਦੋਂ ਸਾਡੇ ਪਾਸ ਰਹਿ ਕੇ ਭਗਤੀ ਕਰਦਾ ਹੁੰਦਾ ਸੈਂ। ਹੁਣ ਮੂੰਹ ਫੇਰ ਕੇ ਕੋਲੋਂ ਦੀ ਲੰਘ ਚਲਿਆ ਹੈਂ। ਭਲਾ ਹੋਰ ਕੁਝ ਨਹੀਂ, ਰਾਮ ਰਾਮ ਤਾਂ ਕਰ ਛਡਿਆ ਕਰ, ਮੂੰਹ ਦਾ ਬੋਲਣਾ ਕਿਉਂ ਬੰਦ ਕੀਤਾ ਹੈ? ਉਸ ਨੇ ਆਖਿਆ ਮਹਾਰਾਜ ਜੀ ! ਤੁਹਾਡੇ ਪਾਸ ਆਈਏ ਤਾਂ ਤੁਸੀਂ ਆਖਣਾ ਹੋਇਆ ਈਸ਼ਵਰ ਭਗਤੀ ਕਰੋ, ਪਰ ਮੈਨੂੰ ਤਾਂ ਭਗਤੀ ਕਰਨ ਨਾਲ ਅਜ ਤਕ ਕੁਝ ਨਹੀਂ ਮਿਲਿਆ। ਜਦੋਂ ਦੀ ਮੈਂ ਸ਼ਿਵ ਉਪਾਸ਼ਨਾ ਆਰੰਭੀ ਹੈ ਉਸ ਦਿਨ ਤੋਂ ਮੇਰਾ ਕੰਮ ਸੋਹਣਾ ਚਲ ਪਿਆ ਹੈ। ਇਹ ਗ਼ੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ:-

ਜਾ ਕੈ ਹਰਿ ਸਾ ਠਾਕੁਰੁ ਭਾਈ॥ ਮੁਕਤਿ ਅਨੰਤ ਪੁਕਾਰਣਿ ਜਾਈ॥ ੧॥

ਹੇ ਭਾਈ ! ਜਿਨ੍ਹਾਂ ਦੇ ਸਿਰ ਉਤੇ ਉਹ ਹਰੀ ਮਾਲਕ ਆਪ ਸਾਖਿਆਤ ਹੋ ਕੇ ਬੈਠਾ ਹੈ, ਉਨਾਂ ਦੇ ਅੱਗੇ ਜਾ ਕੇ ਬਿਅੰਤ ਮੁਕਤੀਆਂ ਪੁਕਾਰਦੀਆਂ ਹਨ ਕਿ ਮੈਨੂੰ ਵਰੋ ਮੈਨੂੰ ਵਰੋ, ਵਾ:-ਮੁਕਤੀ ਬਿਅੰਤ ਵਾਰੀ ਜਾ ਕੇ ਪੁਕਾਰਦੀ ਹੈ। ਵਾ:-ਮੁਕਤੀ ਅਤੇ ਬਿਅੰਤ ਪਦਾਰਥ ਜਾ ਕੇ ਪੁਕਾਰਦੇ ਹਨ ਕਿ ਆਪਣੀ ਚਰਨੀਂ ਲਾ ਕੇ ਸਾਨੂੰ ਸਫਲ ਕਰੋ॥ ੧॥

ਅਬ ਕਹੁ* ਰਾਮ ਭਰੋਸਾ ਤੋਰਾ॥ਤਬ ਕਾਹੂ ਕਾ ਕਵਨੁ ਨਿਹੋਰਾ॥੧॥ ਰਹਾਉ॥

ਹੇ ਰਾਮ ! ਜਦ ਹੁਣ ਮੋਕਹੁ=ਮੈਨੂੰ ਤੇਰਾ ਭਰੋਸਾ ਹੈ, ਤਦ ਕਿਸੇ ਦਾ ਕੀ ਨਿਹੋਰਾ=ਹਿਸਾਨ ਮੁਥਾਜੀ ਹੈ। ਵਾ:- ਤਦ ਕਿਸੇ ਅੱਗੇ ਕੀ ਨਿਹੋਰਾ=ਬੇਨਤੀਆਂ ਕਰਨੀਆਂ ਹਨ॥ ੧॥ ਰਹਾਉ॥

ਪ੍ਰਸ਼ਨ-ਜੇ ਸਾਰਾ ਦਿਨ ਭਜਨ ਕਰਦੇ ਰਹੇ, ਕਾਰ ਵਿਹਾਰ ਨਾ ਕਰੀਏ, ਤਾਂ ਖਾਵਾਗੇ ਕਿਥੋਂ?

ਉੱਤਰ--

ਤੀਨਿ ਲੋਕ ਜਾ ਕੈ ਹਰਿ ਭਾਰ॥ ਸੋ ਕਾਹੇ ਨ ਕਰੈ ਪ੍ਰਤਿਪਾਰ॥ ੨॥

ਹੇ ਭਾਈ ! ਸੁਰਗ ਲੋਕ, ਮਾਤ ਲੋਕ, ਪਾਤਾਲ ਲੋਕ, ਇਹ ਤਿੰਨੇ ਲੋਕਾਂ ਦੇ ਜੀਵ ਜਿਸ ਦੇ ਭਾਰ=ਆਸਰੇ ਵਸਦੇ ਹਨ, ਉਹ ਪਰਮਾਤਮਾ ਕ੍ਰੀ ਤੇਰੀ ਪ੍ਰਤਿਪਾਲਾ ਨਹੀਂ ਕਰੇਗਾ? ਭਾਵ ਜ਼ਰੂਰ ਕਰੇਗਾ॥ ੨॥

ਯਥਾ- ਕੁੰਮੀ ਜਲ ਮਾਹਿ ਤੁਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥

---

*(ਸੰਪ੍ਰਦਾ ਦੀ ਇਹ ਗੱਲ ਚੇਤੇ ਰੱਖਣੀ 'ਕਹੁ' ਦੀ ਜਗ਼ਾ ਮੋਕਹੁ ਅਰਥ ਕਰਨਾ।)

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥ ੨॥

ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥ ੩॥ ੩॥ *(ਆਸਾ, ਪੰਨਾ ੪੮੮)*

ਕਹੁ ਕਬੀਰ ਇਕ ਬੁਧਿ ਬੀਚਾਰੀ॥
ਕਿਆ ਬਸੁ ਜਉ ਬਿਖੁ ਦੇ ਮਹਤਾਰੀ॥ ੩॥ ੨੨॥

ਕਬੀਰ ਜੀ ਕਹਿੰਦੇ ਹਨ ਬੁੱਧੀ ਵਿਚ ਮੈਂ ਇਕ ਇਹ ਗੱਲ ਵਿਚਾਰੀ ਹੈ ਕਿ ਜੇ ਮਹਤਾਰੀ=ਮਾਂ ਵਿਹੁ ਦੇ ਕੇ ਬੱਚੇ ਨੂੰ ਮਾਰਨਾ ਚਾਹੇ, ਤਾਂ ਫਿਰ ਕਿਸੇ ਦਾ ਕੀ ਵੱਸ ਚਲਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ। ਜੇ ਘਰ ਭੰਨੈ ਪਾਹਰੂ ਕਉਣੁ ਰਖਣਹਾਰਾ।
ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ। ਆਗੂ ਲੈ ਉਝੜਿ ਪਵੇ ਕਿਸੁ ਕਰੈ ਪੁਕਾਰਾ।
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ। ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥ ੨੨॥

(ਵਾਰ ੩੫, ਪਉੜੀ ੨੨)

ਐਸੇ ਜੇਕਰ ਪਰਮਾਤਮਾ ਆਪ ਮਾਰਨਾ ਚਾਹੇ ਤਾਂ ਇਸ ਨੂੰ ਕੋਈ ਭੀ ਰਖ ਨਹੀਂ ਸਕਦਾ। ਜਿਵੇਂ ਰਾਜਾ ਪ੍ਰੀਛਤ ਨੇ ਆਪਣੇ ਜਿਉਣ ਵਾਸਤੇ ਗੰਗਾ ਦੇ ਚਲਦੇ ਪ੍ਰਵਾਹ ਵਿਚ ਸ਼ੀਸ਼ ਮਹੱਲ ਬਣਵਾ ਕੇ ਬੜੇ ਬੜੇ ਯਤਨ ਕੀਤੇ, ਆਖਰ ਉਹ ਮਰ ਹੀ ਗਿਆ। ਇਸ ਪਰ ਪੰਚਮ ਪਿਤਾ ਜੀ ਨੇ ਸਹਸਕ੍ਰਿਤੀ ਵਿਚ ਲਿਖਿਆ ਹੈ।

ਯਥਾ- ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ॥

ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ॥

ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥ ੭॥

(ਸਹਸਕ੍ਰਿਤੀ ਮਹਲਾ ੫, ਪੰਨਾ ੧੩੫੪)

ਪਰ ਜੇ ਮਾਂ ਰੱਖਜਕ ਹੋਵੇ ਤਾਂ ਕਿਸੇ ਦਾ ਕੀ ਵੱਸ ਚਲਦਾ ਹੈ ਜੋ ਬੱਚੇ ਨੂੰ ਜ਼ਹਿਰ ਦੇ ਦੇਵੇ। ਦੇਖੋ ਛੇਵੇਂ ਪਾਤਸ਼ਾਹ ਜੀ ਦੇ ਰੱਖਜਕ ਮਾਤਾ ਗੰਗਾ ਜੀ ਸਨ ਤਾਂ ਖਿਡਾਵਾ ਬ੍ਰਾਹਮਣ ਵਿਹੁ ਦੇ ਕੇ ਮਾਰ ਨਾ ਸਕਿਆ। ਏਸੇ ਤਰ੍ਹਾਂ ਜੇ ਅਕਾਲ ਪੁਰਖ ਆਪ ਰਖਜਕ ਹੋਵੇ ਤਾਂ ਕੋਈ ਮਾਰ ਨਹੀਂ ਸਕਦਾ॥ ੩॥ ੨੨॥

ਯਥਾ- ਹਕੇ ਯਾਰ ਬਾਸ਼ਦ ਚਿ ਦੁਸ਼ਮਨ ਦੁਨਦ॥ ਅਗਰ ਦੁਸ਼ਮਨੀਰਾ ਬਾਸਦ ਤਨ ਕੁਨਦ॥

ਗਉੜੀ ਕਬੀਰ ਜੀ॥

ਉਥਾਨਕਾ:-ਕੋਈ ਪੰਡਿਤ ਆਪਣੇ ਆਪ ਨੂੰ ਸਤਵਾਦੀ ਕਹਿ ਰਿਹਾ ਸੀ ਉਸ ਨੂੰ ਉਪਦੇਸ਼ ਦਿੰਦੇ ਹਨ:-

ਬਿਨੁ ਸਤ ਸਤੀ ਹੋਇ ਕੈਸੇ ਨਾਰਿ॥ ਪੰਡਿਤ ਦੇਖਹੁ ਰਿਦੈ ਬੀਚਾਰਿ॥ ੧॥

ਸਤ=ਪਤਿਬ੍ਰਤ ਧਰਮ ਧਾਰੇ ਤੋਂ ਬਿਨਾਂ ਇਸਤ੍ਰੀ ਕਿਵੇਂ ਸਤੀ ਹੋ ਸਕਦੀ ਹੈ। ਇਸੇ ਤਰ੍ਹਾਂ ਹੇ ਪੰਡਿਤ ਜੀ! ਸਚ ਬੋਲੇ ਬਿਨਾਂ ਸਤਿਨਾਮੁ ਜਪੇ ਬਿਨਾਂ ਆਪ ਕੈਸੇ ਸਤਵਾਦੀ ਹੋ ਸਕਦੇ ਹੋ। ਹੇ ਪੰਡਿਤ ਜੀ ! ਤੁਸੀਂ ਆਪਣੇ ਹਿਰਦੇ ਵਿਚ ਵਿਚਾਰ ਕੇ ਦੇਖੋ॥ ੧॥

ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ॥
ਜਬ ਲਗੁ ਰਸੁ ਤਬ ਲਗੁ ਨਹੀ ਨੇਹੁ॥ ੧॥ ਰਹਾਉ॥

ਗੁਰਾਂ ਵਿਚ ਪ੍ਰੀਤੀ ਕੀਤੇ ਬਿਨਾਂ ਪਰਮਾਤਮਾ ਨਾਲ ਕਿਸ ਤਰ੍ਹਾਂ ਪ੍ਰੇਮ ਵਧ ਸਕਦਾ ਹੈ? ਅਤੇ ਜਦ ਤਕ ਵਿਸ਼ੇ ਰਸ ਹਨ, ਤਦ ਤਕ ਵਾਹਿਗੁਰੂ ਨਾਲ ਪਰੇਮ ਨਹੀਂ ਹੁੰਦਾ॥ ੧॥ ਰਹਾਉ॥

ਸਾਹਨਿ ਸਤੁ ਕਰੈ ਜੀਅ ਅਪਨੈ॥ ਸੋ ਰਮਯੇ ਕਉ ਮਿਲੈ ਨ ਸੁਪਨੈ॥ ੨॥

ਪਹਿਲਾ ਅਰਥ-ਸ਼ਹਿਨਸ਼ਾਹ ਪਰਮਾਤਮਾ ਉਸ ਦੀ ਸ਼ਾਹਨੀ ਮਾਇਆ ਨੂੰ ਜੋ ਮਨੁੱਖ ਆਪਣੇ ਜੀਅ ਵਿਚ ਸਤ ਕਰਕੇ ਮੰਨਦਾ ਹੈ, ਉਹ ਮਨੁੱਖ ਪਰਮਾਤਮਾ ਨੂੰ ਸੁਪਨੇ ਵਿਚ, ਵਾ:-ਸੰਸਾਰ ਸੁਪਨੇ ਵਿਚ, ਵਾ:-ਕਦਾਚਿਤ ਭੀ ਨਹੀਂ ਮਿਲ ਸਕਦਾ॥ ੨॥

ਦੂਜਾ ਅਰਥ-ਸ਼ਹਿਨਸ਼ਾਹ ਪਰਮਾਤਮਾ ਨੂੰ ਜੋ ਮਨੁੱਖ ਆਪਣੇ ਹਿਰਦੇ ਵਿਚ ਸੱਚ ਸਰੂਪ ਜਾਨਣਾ ਕਰਦਾ ਹੈ, ਓਹੀਓ ਪਰਮਾਤਮਾ ਨੂੰ ਮਿਲਦਾ ਹੈ। ਉਹ ਮੁੜਕੇ ਸੰਸਾਰ ਸੁਪਨੇ ਵਿਚ ਨਹੀਂ ਪੈਂਦਾ॥ ੨॥

ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ॥
ਸੋਈ ਸੁਹਾਗਨਿ ਕਹੈ ਕਬੀਰੁ॥ ੩॥ ੨੩॥

ਕਬੀਰ ਜੀ ਕਹਿੰਦੇ ਹਨ-ਜਿਸ ਨੇ ਮਨ ਧਨ ਘਰ ਦੇ ਤਨੁ=ਨਾਲ ਆਪਣਾ ਸਰੀਰ ਆਪਣੇ ਪਤੀ ਨੂੰ ਸੌਂਪ ਦਿਤਾ ਹੈ ਓਹੀ ਇਸਤ੍ਰੀ ਸੁਹਾਗਣ ਕਹੀ ਜਾਂਦੀ ਹੈ॥ ੩॥ ੨੩॥

ਗਉੜੀ ਕਬੀਰ ਜੀ॥

ਉਥਾਨਕਾ-ਹਿਤ ਉਪਦੇਸ਼ ਦੇਂਦੇ ਦੇਂਦੇ ਥਕ ਗਏ, ਹੁਣ ਕਬੀਰ ਜੀ ਡਾਂਟ ਕੇ ਉਪਦੇਸ਼ ਦਿੰਦੇ ਹਨ। ਰਹਾਉ ਦੀ ਪੰਗਤੀ ਤੋਂ ਅਰਥ ਸ਼ੁਰੂ ਕਰਨਾ।

ਰੇ ਨਰ ਨਾਵ ਚਉੜਿ ਕਤ ਬੋੜੀ॥

ਹੇ ਚਤੁਰ ਚਪੱਟੂ ਨਰ! ਤੂੰ ਬਿਰਤੀ ਰੂਪੀ ਨੌਕਾ ਕਿਥੇ ਡੋਬ ਰੱਖੀ ਹੈ। ਵਾ:-ਹੇ ਮਨੁੱਖ ਤੂੰ ਚਉੜਿ= ਚੰਚਲਤਾਈਆਂ ਵਿਚ ਕਿਸ ਵਾਸਤੇ ਬਿਰਤੀ ਰੂਪ ਨੌਕਾ ਡੋਬ ਰੱਖੀ ਹੈ। ਵਾ:-ਜਿਵੇਂ ਚੋਰੇ ਸਥਾਨ ਪਰ ਪਈਆਂ ਸਭ ਚੀਜ਼ਾਂ ਦਾ ਗਿਆਨ ਹੁੰਦਾ ਰਹਿੰਦਾ ਹੈ, ਤਿਵੇਂ ਭਲੇ ਬੁਰੇ ਕਰਮਾਂ ਦਾ ਗਿਆਨ ਕਰਾਉਣ ਵਾਲੀ ਜੋ ਮਨੁੱਖਾ ਦੇਹੀ ਹੈ, ਉਹ ਮਨੁੱਖਾ ਦੇਹੀ ਰੂਪ ਨੌਕਾ ਕਿਥੇ ਡੋਬ ਰੱਖੀ ਹੈ।

ਵਾ:-ਚਉੜਿ=ਰੜੇ ਮੈਦਾਨ ਵਾਗੂੰ ਅਰਥਾਤ ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਂਗੂੰ ਝੂਠੇ ਪਦਾਰਥਾਂ ਵਿਚ ਤੂੰ ਬਿਰਤੀ ਰੂਪੀ ਨੌਕਾ ਕਿਸ ਵਾਸਤੇ ਡੋਬ ਰੱਖੀ ਹੈ।

ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ॥

ਪਰਮਾਤਮਾ ਨਾਲੋਂ ਪ੍ਰੀਤੀ ਤੋੜ ਕੇ ਬਿਖਿਆ=ਮਾਇਆ ਵਾ:-ਵਿਸ਼ੇ ਵਿਕਾਰਾਂ ਨਾਲ ਜੋੜ ਲਈ ਹੈ।

ਬਿਖਿਆ ਬਿਆਪਿਆ ਸਗਲ ਸੰਸਾਰੁ॥ ਬਿਖਿਆ ਲੈ ਡੂਬੀ ਪਰਵਾਰੁ॥ ੧॥

ਸਾਰਾ ਸੰਸਾਰ ਬਿਖਿਆ=ਮਾਇਆ ਵਿਚ ਵਿਆਪ ਰਿਹਾ ਹੈ। ਬਿਖਿਆ=ਮਾਇਆ ਸਾਰੇ ਪ੍ਰਵਾਰ ਨੂੰ ਨਾਲ ਲੈ ਕੇ ਸੰਸਾਰ ਸਮੁੰਦ੍ਰ ਵਿਚ ਡੁਬ ਰਹੀ ਹੈ॥ ੧॥

ਪ੍ਰਸ਼ਨ-ਮਾਇਆ ਦਾ ਪ੍ਰਵਾਰ ਕਿਹੜਾ ਹੈ?

ਉੱਤਰ-ਮਾਇਆਧਾਰੀ ਜਿਹੜੇ ਹਨ ਓਹੀਓ ਮਾਇਆ ਦਾ ਪ੍ਰਵਾਰ ਹੈ।

ਰੇ ਨਰ ਨਾਵ ਚਉੜਿ ਕਤ ਬੋੜੀ॥
ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ॥ ੧॥ ਰਹਾਉ॥

ਇਨ੍ਹਾਂ ਤੁਕਾਂ ਦਾ ਅਰਥ ਪਹਿਲੇ ਹੋ ਚੁਕਾ ਹੈ।

ਸੁਰਿ ਨਰ ਦਾਧੇ ਲਾਗੀ ਆਗਿ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ॥ ੨॥

ਜਿਸ ਮਾਇਆ ਰੂਪੀ ਵਾ:-ਵਿਸ਼ੇ ਵਾਸ਼ਨਾ ਰੂਪੀ ਅੱਗ ਦੇ ਲੱਗਣ ਕਰਕੇ ਦੇਵਤੇ ਤੇ ਮਨੁੱਖ ਦਾਧੇ=ਸੜ ਰਹੇ ਹਨ, ਉਹ ਅੱਗ ਤੈਨੂੰ ਭੀ ਲੱਗ ਰਹੀ ਹੈ। ਉਸ ਅੱਗ ਦੇ ਬੁਝਾਣ ਵਾਸਤੇ ਨਾਮ ਰੂਪ ਜਲ ਤੇਰੇ ਪਾਸ ਹੈ। ਹੇ ਪਸ਼ੂ ! ਤੂੰ ਹੰਗਤਾ ਮਮਤਾ ਰੂਪੀ ਬੂਰ ਨੂੰ ਝਾਗਿ=ਲੰਘ ਕੇ ਭਾਵ ਪਰੇ ਕਰਕੇ ਕਿਉਂ ਨਹੀਂ ਪੀਂਦਾ। ਵਾ:-ਆਤਮਾ ਰੂਪ ਜਲ ਤੇਰੇ ਪਾਸ ਹੈ ਹੇ ਪਸ਼ੂ ! ਤੂੰ ਪੰਜਾਂ ਕੋਸ਼ਾਂ ਰੂਪ ਬੂਰ ਨੂੰ ਲੰਘ ਕੇ ਭਾਵ ਪਰੇ ਹਟਾ ਕੇ ਕਿਉਂ ਨਹੀਂ ਪੀਂਦਾ? ਵਾ:-ਸਤਸੰਗਤਿ ਰੂਪ ਸਰੋਵਰ ਜਿਸ ਵਿਚ ਨਾਮ ਜਲ ਦਾ ਪ੍ਰਵਾਹ ਚੱਲ ਰਿਹਾ ਹੈ ਉਹ ਤੇਰੇ ਪਾਸ ਹੈ, ਹੇ ਪਸ਼ੂ ਅਗਿਆਤ ਜੀਵ ! ਤੂੰ ਝਾਗਿ=ਝਾਖ=ਵੇਖ ਕੇ ਕਿਉਂ ਨਹੀਂ ਪੀਂਦਾ॥ ੨॥

ਚੇਤਤ ਚੇਤਤ ਨਿਕਸਿਓ ਨੀਰੁ॥
ਸੋ ਜਲੁ ਨਿਰਮਲੁ ਕਥਤ ਕਬੀਰੁ॥ ੩॥ ੨੪॥

ਚਿੰਤਨ ਹੀ ਚਿੰਤਨ ਕਰਦਿਆਂ ਭਾਵ ਪੁਨਾ ਪੁਨਾ ਅਭਿਆਸ ਕਰਦਿਆਂ ਨਾਮ ਰੂਪ ਜਲ ਨਿਕਲਿਆ। ਵਾ:-ਨਾ ਮੈਂ ਅਨਮਯ ਕੋਸ਼ ਹਾਂ, ਨਾ ਮੈਂ ਮਨੋਮਯ ਕੋਸ਼ ਹਾਂ, ਨਾ ਮੈਂ ਪ੍ਰਾਨਾਮਯ ਕੋਸ਼ ਹਾਂ, ਨਾ ਮੈਂ ਵਿਗਜਾਨਮਯ ਕੋਸ਼ ਹਾਂ, ਨਾ ਮੈਂ ਆਨੰਦਮਯ ਕੋਸ਼ ਹਾਂ, ਐਸੇ ਚੇਤਦਿਆਂ ਚੇਤਦਿਆਂ ਬ੍ਰਹਮਾਤਮਾ ਦੀ ਪ੍ਰਾਪਤੀ ਰੂਪੀ ਜਲ ਨਿਕਲਿਆ ਹੈ। ਕਬੀਰ ਜੀ ਉਸ ਜਲ ਨੂੰ ਸਭ ਤੋਂ ਸ਼ੁਧ ਕਹਿੰਦੇ ਹਨ॥ ੩॥ ੨੪॥

ਗਉੜੀ ਕਬੀਰ ਜੀ॥

ਉਥਾਨਕਾ-ਇਸ ਸ਼ਬਦ ਦੁਆਰੇ ਭਗਤ ਕਬੀਰ ਜੀ ਸਭ ਇਸਤ੍ਰੀਆਂ ਅਤੇ ਮਨੁੱਖਾਂ ਪ੍ਰਤੀ ਤਾੜ ਕੇ ਉਪਦੇਸ਼ ਕਰਦੇ ਹਨ।

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥
ਬਿਧਵਾ ਕਸ ਨ ਭਈ ਮਹਤਾਰੀ॥ ੧॥

ਜਿਸ ਕੁਲ ਦੇ ਵਿਚ ਗਿਆਨ ਦੀ ਵਿਚਾਰ ਕਰਨ ਵਾਲਾ ਪੁੱਤ੍ਰ ਨਹੀਂ ਹੋਇਆ, ਤਿਸ ਲੜਕੇ ਦੀ ਮਹਤਾਰੀ=ਮਾਂ ਬਿਧਵਾ=ਰੰਡੀ ਕਿਉਂ ਨਾ ਹੋ ਗਈ। ਅਰਥਾਤ ਜੇ ਰੰਡੀ ਹੋ ਜਾਂਦੀ ਤਾਂ ਆਪਣੀ ਕੁੱਖ ਤੋਂ ਅਜਿਹੇ ਲੜਕੇ ਨੂੰ ਜੰਮਦੀ ਤਾਂ ਨਾ ॥ ੧॥

ਯਥਾ- ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ॥ ੨॥

(ਮਲਾਰ ਮ: ੪, ਪੰਨਾ ੧੨੬੩)

ਤਥਾ- ਜਨਨੀ ਜਨੈ ਤ ਭਗਤ ਜਨ ਕੈ ਦਾਤਾ ਕੈ ਸੂਰ॥
ਨਾਹਿ ਤ ਜਨਨੀ ਬਾਝ ਰਹਿ ਕਾਹਿ ਗਵਾਵੈ ਨੂਰ॥

ਜਿਹ ਨਰ ਰਾਮ ਭਗਤਿ ਨਹਿ ਸਾਧੀ॥
ਜਨਮਤ ਕਸ ਨ ਮੁਓ ਅਪਰਾਧੀ॥ ੧॥ ਰਹਾਉ॥

ਜਿਸ ਮਨੁੱਖ ਨੇ ਰਾਮ ਦੀ ਭਗਤੀ ਨਹੀਂ ਸਾਧੀ=ਕੀਤੀ, ਉਹ ਪਾਪੀ ਜੰਮਦਾ ਹੀ ਕਿਉਂ ਨਾ ਮਰ ਗਿਆ॥ ੧॥ ਰਹਾਉ॥

ਮੁਚੁ ਮੁਚੁ ਗਰਭ ਗਏ ਕੀਨ ਬਚਿਆ॥
ਬੁਡਭੁਜ ਰੂਪ ਜੀਵੇ ਜਗ ਮਝਿਆ॥ ੨॥

ਮੁਚੁ=ਬਹੁਤੇ ਜੀਅ ਮਾਂ ਦੇ ਗਰਭ ਵਿਚ ਹੀ ਮੁਚੁ=ਛਣ ਗਏ ਭਾਵ ਗਿਰ ਗਏ ਹਨ। ਇਹ ਕੀਨ ਬਚਿਆ=ਕਿਉਂ ਬਚ ਗਿਆ ਹੈ ਇਹ ਭੀ ਮਰ ਜਾਂਦਾ ਤਾਂ ਚੰਗਾ ਸੀ, ਤਾਂ ਜੋ ਪਾਪ ਕਰਮਾਂ ਨੂੰ ਨਾ ਕਰਦਾ।

ਦੂਜਾ ਅਰਥ-ਮੁਚੁ=ਬਹੁਤੇ ਜੀਵ ਮੁਚੁ=ਬਹੁਤੇ ਗਰਭਾਂ ਵਿਚ ਗਏ ਹਨ, ਇਹ ਕਿਉਂ ਨਹੀਂ ਬਚਿਆ ਭਾਵ ਇਸ ਨੂੰ ਮਾਤਾ ਦੇ ਗਰਭ ਤੋਂ ਬਚਣਾ ਚਾਹੀਦਾ ਸੀ। (ਪਾਠ ਸੰਪ੍ਰਦਾਈ ਇਕੱਠਾ ਹੀ ਹੈ 'ਕੀਨ'।) ਐਸਾ ਮਨੁਖ ਜਗਤ ਵਿਚ ਬੁਡਭੁਜ ਰੂਪ=ਕੋਹੜੀ ਰੂਪ ਹੋ ਕੇ ਜਿਉਂਦਾ ਹੈ। ਵਾ:-ਸੁੰਦਰ ਰੂਪ ਆਦਿ ਵਿਸ਼ਿਆਂ ਵਿਚ ਬਾਹਾਂ ਤਕ ਡੁੱਬਾ ਹੋਇਆ ਹੈ ਤੇ ਮੂੰਹੋਂ ਕਹਿੰਦਾ ਹੈ ਮੈਂ ਜਿਉਂਦਾ ਹਾਂ॥ ੨॥

ਕਹੁ ਕਬੀਰ ਜੈਸੇ ਸੁੰਦਰ ਸਰੂਪ॥ ਨਾਮ ਬਿਨਾ ਜੈਸੇ ਕੁਬਜ ਕੁਰੂਪ॥ ੩॥ ੨੫॥

ਕਬੀਰ ਜੀ ਕਹਿੰਦੇ ਹਨ ਜਿਸ ਤਰ੍ਹਾਂ ਸਰੀਰ ਦਾ ਭਾਵੇਂ ਸਾਰਾ ਸਰੂਪ ਸੁੰਦਰ ਭੀ ਹੋਵੇ, ਤੇ ਜੇ ਕੁਬ ਨਿਕਲਿਆ ਹੋਵੇ ਤਾਂ ਉਹ ਕਰੂਪ ਹੁੰਦਾ ਹੈ। ਐਸੇ ਹੋਰ ਭਾਵੇਂ ਕਿਤਨੇ ਹੀ ਸਾਧਨਾਂ ਸਪੰਨ ਹੋਵੇ ਜੇ ਵਾਹਿਗੁਰੂ ਨਾਮ ਤੋਂ ਬਿਨਾਂ ਹੈ ਤਾਂ ਉਹ ਸਾਰੇ ਸਾਧਨ ਨਿਸਫਲ ਹਨ। ਕਿਉਂਕਿ ਨਾਮ ਤੋਂ ਬਿਨਾ ਮੋਖ ਨਹੀਂ ਹੋ ਸਕਦਾ॥ ੩॥ ੨੫॥

ਗਉੜੀ ਕਬੀਰ ਜੀ॥

ਇਸ ਸ਼ਬਦ ਦੁਆਰਾ ਭਗਤ ਕਬੀਰ ਜੀ ਨਾਮ ਦੀ ਮਹਿਮਾ ਕਥਨ ਕਰਦੇ ਹਨ।

ਜੋ ਜਨ ਲੇਹਿ ਖਸਮ ਕਾ ਨਾਉ॥ ਤਿਨ ਕੈ ਸਦ ਬਲਿਹਾਰੈ ਜਾਉ॥ ੧॥

ਜਿਹੜਾ ਮਨੁੱਖ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਲੈਂਦਾ ਹੈ, ਮੈਂ ਉਸ ਦੇ ਉਪਰੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ॥
ਸੋ ਭਾਈ ਮੇਰੈ ਮਨਿ ਭਾਵੈ॥ ੧॥ ਰਹਾਉ॥

ਜੋ ਨਿਰਮਲ=ਸ਼ੁਧ ਸਰੂਪ ਹਰੀ ਦੇ ਗੁਣ ਗਾਉਂਦਾ ਹੈ ਉਹ ਮਨੁੱਖ ਪਾਪਾਂ ਰੂਪੀ ਮੈਲ ਤੋਂ ਰਹਿਤ ਹੋਣ ਕਰਕੇ ਨਿਰਮਲ ਹੈ। ਓਹੀਓ ਪਿਆਰਾ ਵੀਰ ਮੇਰੇ ਮਨ ਨੂੰ ਭਾਵੈ=ਚੰਗਾ ਲਗਦਾ ਹੈ ॥ ੧॥ ਰਹਾਉ॥

ਜਿਹ ਘਟ ਰਾਮੁ ਰਹਿਆ ਭਰਪੂਰਿ॥ ਤਿਨ ਕੀ ਪਗ ਪੰਕਜ ਹਮ ਧੂਰਿ॥ ੨॥

ਹਨੂੰਮਾਨ ਵਾਂਗੂੰ ਜਿਸ ਦੇ ਹਿਰਦੇ ਵਿਚ ਰਾਮ ਦਾ ਨਾਮ ਪੂਰਨ ਹੋ ਰਿਹਾ ਹੈ, ਤਿਸਦੇ ਚਰਨ ਕਮਲਾਂ ਦੀ ਧੂੜੀ ਅਸੀਂ ਚਾਹੁੰਦੇ ਹਾਂ॥ ੨॥

ਜਾਤਿ ਜੁਲਾਹਾ ਮਤਿ ਕਾ ਧੀਰੁ॥
ਸਹਜਿ ਸਹਜਿ ਗੁਣ ਰਮੈ ਕਬੀਰੁ॥ ੩॥ ੨੬॥

ਜੁਲਾਹਾ ਜਾਤੀ ਹੋਣ ਕਰਕੇ ਭਾਵੇਂ ਮੈਂ ਸਭ ਜਾਤੀਆਂ ਤੋਂ ਨੀਚ ਹਾਂ, ਪਰ ਬੁੱਧੀ ਦਾ ਮੈਂ ਧੀਰਜਵਾਨ ਹਾਂ। ਵਾ:-ਜੁ+ਲਾਹਾ=ਜੋ ਲਾਭਦਾਇਕ ਆਤਮਪਦ ਹੈ ਤਿਸ ਨੂੰ ਜਾਤਿ=ਜਾਣ ਕੇ ਮੈਂ ਬੁੱਧੀ ਦਾ ਧੀਰਜਵਾਨ ਹਾਂ। ਕਬੀਰ ਜੀ ਕਹਿੰਦੇ ਹਨ-ਜਿਸ ਤੇ ਗਿਆਨ ਰੂਪੀ ਮੱਖਣ ਦਾ ਅਭਾਵ ਨਾ ਹੋ ਜਾਏ, ਇਸ ਲਈ ਮੈਂ ਸਹਿਜੇ ਸਹਿਜੇ ਪਰਮੇਸ਼ਰ ਦੇ ਗੁਣਾਂ ਨੂੰ ਉਚਾਰਦਾ ਹਾਂ। ਵਾ:-ਸਹਜਿ=ਸ਼ਾਂਤੀ ਅਤੇ ਸਹਜਿ=ਗਿਆਨ ਦੀ ਪ੍ਰਾਪਤੀ ਕਰਨ ਵਾਲੇ ਗੁਣਾਂ ਨੂੰ ਮੈਂ ਰਮੈ=ਉਚਾਰਨ ਕਰਦਾ ਹਾਂ॥ ੩॥ ੨੬॥

ਗਉੜੀ ਕਬੀਰ ਜੀ॥

ਉਥਾਨਕਾ-ਇਕ ਜੋਗੀ ਨੇ ਕਬੀਰ ਜੀ ਨੂੰ ਆ ਕੇ ਕਿਹਾ, ਆਪ ਥੋੜੀ ਥੋੜੀ ਸ਼ਰਾਬ ਪੀਤਾ ਕਰੋ ਤਾਂ ਕਿ ਆਪ ਜੀ ਦੀ ਸਮਾਧੀ ਇਕਰਸ ਲਗੀ ਰਹੇ। ਇਹ ਗੱਲ ਸੁਣ ਕੇ ਭਗਤ ਜੀ ਨੇ ਕਿਹਾ ਅਸੀਂ ਤਾਂ ਸਦਾ ਅੰਤ੍ਰੀਵ ਸ਼ਰਾਬ ਪੀਂਦੇ ਹਾਂ।

ਗਗਨਿ ਰਸਾਲ ਚੁਐ ਮੇਰੀ ਭਾਠੀ॥
ਸੰਚਿ ਮਹਾ ਰਸੁ ਤਨੁ ਭਇਆ ਕਾਠੀ॥ ੧॥

ਰਸਾਲ=ਰਸਾਂ ਦਾ ਘਰ ਜੋ ਦਸਮ ਦੁਆਰ ਹੈ ਇਹ ਮੇਰੀ ਭੱਠੀ ਚੋ ਰਹੀ ਹੈ, ਕਿਉਂਕਿ ਇਸ ਵਿਚੋਂ ਹੀ ਉਹ ਅਨੰਦ ਆ ਕੇ ਪ੍ਰਾਪਤ ਹੁੰਦਾਹੈ।

ਇਸ ਭੱਠੀ ਦੀਆਂ ਇੜਾ ਪਿੰਗਲਾ ਦੋ ਨਾਲਾਂ ਹਨ। ਯੋਗਾ ਅਭਿਆਸ ਕਰਨ ਨਾਲ ਜੋ ਸਰੀਰ ਕ੍ਰਿਸ (ਲਿੱਸਾ) ਹੋ ਗਿਆ ਹੈ ਇਹ ਕਾਠੀ=ਲਕੜੀਆਂ ਹਨ। ਸ਼ੁਧ ਅੰਤਹਕਰਣ ਰੂਪ ਕਲਸ ਹੈ। ਪ੍ਰਾਣਾਯਾਮ ਰੂਪ ਪਿਆਲਾ ਹੈ। ਇਸ ਸਮੱਗ੍ਰੀ ਨਾਲ ਜੋਗਾਨੰਦ ਰੂਪ ਮਹਾਰਸ ਨੂੰ ਸੰਚਿਆ ਹੈ।

ਯਥਾ- ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ॥
ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨੁ ਚੁਆਇਆ॥ ੨॥

(ਸ੍ਰੀ ਰਾਗੁ ਕਬੀਰ ਜੀ, ਪੰਨਾ ੯੨)

ਫਿਰ ਜੋਗੀ ਨੇ ਕਿਹਾ ਸਾਡੇ ਮੱਤ ਵਿਚ ਅਸਲ ਸ਼ਰਾਬ ਭੀ ਹੈ ਜਿਸ ਨੂੰ ਜੋਗੀ ਕਦੇ ਕਦੇ ਪੀਂਦੇ ਹਨ। ਤੁਹਾਡੇ ਮੱਤ ਵਿਚ ਅਸਲ ਸ਼ਰਾਬ ਕਿਹੜੀ ਹੈ? *ਉੱਤਰ-*

ਗਗਨਿ ਰਸਾਲ=ਸੁੰਦਰ ਜੋ ਚੇਤਨ ਦੇਵ ਹੈ, ਇਹ ਮੇਰੀ ਭੱਠੀ ਚੋ ਰਹੀ ਹੈ। ਆਸੁਰੀ ਸੰਪਦਾ ਵਾਲੇ ਗੁਣਾਂ ਨੂੰ ਤਿਆਗਣਾ ਤੇ ਦੈਵੀ ਸੰਪਦਾ ਵਾਲੇ ਗੁਣਾਂ ਨੂੰ ਚੁੰਘਣਾ ਇਹ ਦੋ ਨਾਲਾਂ ਹਨ। ਤਨੁ ਭਇਆ ਕਾਠੀ=ਦੇਹ ਅਧਿਆਸ ਦਾ ਤਿਆਗ ਕਰਨਾ ਇਹ ਲਕੜੀਆਂ ਬਾਲੀਆਂ ਹਨ। ਸ਼ੁਧ ਵਿਚਾਰ ਰੂਪ ਘੜਾ ਹੈ। ਸ੍ਵਾਸ ਸ੍ਵਾਸ ਭਜਨ ਕਰਨਾ ਇਹ ਪਿਆਲਾ ਹੈ ਇਸ ਸਮਗਰੀ ਦੁਆਰਾ ਮੈਂ ਬ੍ਰਹਮਾਨੰਦ ਰੂਪੀ ਸ਼ਰਾਬ ਨੂੰ ਇਕੱਠਾ ਕੀਤਾ ਹੈ॥ ੧॥

ਉਆ ਕਉ ਕਹੀਐ ਸਹਜ ਮਤਵਾਰਾ ॥
ਪੀਵਤ ਰਾਮ ਰਸੁ ਗਿਆਨ ਬੀਚਾਰਾ ॥ ੧ ॥ ਰਹਾਉ ॥

ਜੋ ਮਨੁੱਖ ਪ੍ਰਤੱਖ ਸ਼ਰਾਬ ਪੀਂਦਾ ਹੈ ਉਆ ਕਉ=ਉਸ ਨੂੰ ਨਿਰਜਤਨ ਹੀ ਮਤਵਾਰਾ=ਝੱਲਾ ਆਖੀਦਾ ਹੈ ਅਤੇ ਜੋ ਇਸ ਅੰਤਰੀਵ ਸ਼ਰਾਬ ਨੂੰ ਪੀਂਦਾ ਹੈ ਉਸ ਨੂੰ ਨਿਰਜਤਨ ਹੀ ਮਤਵਾਰਾ=ਮਤੀ ਵਾਲਾ ਭਾਵ ਅਕਲ ਵਾਲਾ ਕਹੀਦਾ ਹੈ। ਜੋ ਇਸ ਰਾਮ ਰਸ ਰੂਪੀ ਸ਼ਰਾਬ ਨੂੰ ਪੀਂਦਾ ਹੈ, ਉਹ ਸ੍ਵੈ ਸਰੂਪ ਦੀ ਪ੍ਰਾਪਤੀ ਦੇ ਗਿਆਨ ਨੂੰ ਵਿਚਾਰਦਾ ਹੈ॥ ੧ ॥ ਰਹਾਉ ॥

ਸਹਜ ਕਲਾਲਨਿ ਜਉ ਮਿਲਿ ਆਈ ॥
ਆਨੰਦਿ ਮਾਤੇ ਅਨਦਿਨੁ ਜਾਈ ॥ ੨ ॥

ਜਿਵੇਂ ਸ਼ਰਾਬੀ ਨੂੰ ਸ਼ਰਾਬ ਪੀਣ ਮਗਰੋਂ ਕਲਾਲਨਿ=ਵੇਸ਼ਵਾ ਜਾਂ ਸ਼ਰਾਬ ਵੇਚਣ ਵਾਲੇ ਦੀ ਇਸਤ੍ਰੀ ਆ ਕੇ ਮਿਲਦੀ ਹੈ, ਤਾਂ ਉਸ ਦੇ ਅਨੰਦ ਵਿਚ ਮਸਤ ਹੋਇਆਂ ਹੋਇਆਂ ਸਾਰੀ ਰਾਤ ਲੰਘ ਜਾਂਦੀ ਹੈ।

ਇਸੇ ਤਰ੍ਹਾਂ ਇਸ ਬ੍ਰਹਮਾਨੰਦ ਰੂਪੀ ਸ਼ਰਾਬ ਦੇ ਪੀਣ ਮਗਰੋਂ ਜਦ ਸਹਜ=ਸ਼ਾਂਤੀ ਰੂਪੀ ਕਲਾਲਨਿ ਆ ਕੇ ਮਿਲਦੀ ਹੈ, ਤਾਂ ਉਸ ਦੇ ਆਨੰਦ ਵਿਚ ਮਸਤ ਹੋਇਆਂ ਰਾਤ ਦਿਨ ਸਫਲੇ ਲੰਘ ਜਾਂਦੇ ਹਨ॥ ੨ ॥

ਚੀਨਤ ਚੀਤੁ ਨਿਰੰਜਨ ਲਾਇਆ ॥
ਕਹੁ ਕਬੀਰ ਤੌ ਅਨਭਉ ਪਾਇਆ ॥ ੩ ॥ ੨੭ ॥

ਜਿਸ ਵੇਲੇ ਨਿਰੰਜਨ ਦੇ ਚੀਨਤ=ਜਾਨਣ ਵਿਚ ਚਿਤ ਨੂੰ ਲਗਾਇਆ। ਕਬੀਰ ਜੀ ਕਹਿੰਦੇ ਹਨ ਤਿਸ ਵੇਲੇ ਅਨਭਉ=ਗਿਆਨ ਸਰੂਪ ਵਾ:-ਡਰ ਰਹਿਤ ਪਰਮਾਤਮਾ ਨੂੰ ਪਾਇਆ॥ ੩ ॥ ੨੭ ॥

ਗਉੜੀ ਕਬੀਰ ਜੀ ॥

ਉਥਾਨਕਾ-ਦੋ ਪੰਡਿਤ ਝਗੜਦੇ ਹੋਏ ਕਬੀਰ ਜੀ ਪਾਸ ਆਏ। ਇਕ ਕਹੇ ਜੀਵ ਨੂੰ ਮਾਰਨਾ ਚਾਹੀਦਾ ਹੈ, ਦੂਜਾ ਕਹੇ ਜੀਵ ਦੇ ਜੀਵਤ ਭਾ ਨੂੰ ਮਾਰਨਾ ਚਾਹੀਦਾ ਹੈ। ਇਹ ਗੱਲ ਸੁਣ ਕੇ ਕਬੀਰ ਜੀ ਉੱਤਰ ਦੇਂਦੇ ਹਨ-

[ਪੰਨਾ ੩੨੯]

ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ ਕਵਨ ਸਿਧਿ ਥਾਪੀ ॥ ੧ ॥

ਪਹਿਲਾ ਅਰਥ:-ਮਨ ਵਸਿਸ਼ਟ ਜੀਵ ਦਾ ਸੁਭਾਉ=ਸਰੂਪ ਜੋ ਸਤ ਚਿਤ ਆਨੰਦ ਹੈ ਉਹ ਮਨਹਿ ਬਿਆਪੀ=ਜੀਵ ਨੂੰ ਹੀ ਵਿਆਪ ਰਿਹਾ ਹੈ। ਕਿਉਂਕਿ ਬ੍ਰਹਮ ਭੀ ਅਨਾਦੀ ਹੈ ਅਤੇ ਜੀਵ ਭੀ ਅਨਾਦੀ ਹੈ।

ਯਥਾ-

ਬ੍ਰਹਮ ਮਾਯਾ ਸਬੰਧ ਰੁ ਜੀਵ ਈਸ਼ ਭੇਦ ਤਿੰਨ ਖਟ ਏਹ ਅਨਾਦੀ ਤਾ ਮੇ ਬ੍ਰਹਮ ਅਨੰਤ ਮਾਨੀਏ।

(ਵਿਚਾਰ ਚੰਦ੍ਰੋਦੇ ਦੁਤੀ ਕਲਾ, ਪੰਨਾ ੨੦)

੧. ਬ੍ਰਹਮ, ੨. ਮਾਇਆ, ੩. ਇਨ੍ਹਾਂ ਦਾ ਜੋ ਆਪਸ ਵਿਚ ਸਬੰਧ ਹੈ, ੪. ਜੀਵ, ੫. ਈਸ਼ਰ, ੬. ਜੀਵ ਈਸ਼ਵਰ ਦਾ ਜੋ ਭੇਦ। ਇਹ ਖਟ ਪਦਾਰਥ ਅਨਾਦੀ ਹਨ। ਇਨ੍ਹਾਂ ਵਿਚੋਂ ਬ੍ਰਹਮ ਅਨੰਤ ਅਨਾਦੀ ਹੈ ਤੇ ਬਾਕੀ ਪੰਜ ਪਦਾਰਥ ਸ਼ਾਂਤਿ ਅਨਾਦੀ ਹਨ।

ਜੀਵ ਦਾ ਮਰਨਾ ਨਾ ਸ਼ਾਸਤ੍ਰ ਮਤ ਕਰਕੇ ਹੈ, ਨਾਹੀਂ ਹੀ ਲੌਕਿਕ ਮਤ ਕਰਕੇ ਹੈ।

ਹੇ ਪੰਡਿਤ ਜੀ ! ਜੇਕਰ ਮਨ ਵਸਿਸ਼ਟ ਜੀਵ ਨੂੰ ਮਾਰ ਦਿਤਾ ਤਾਂ ਸਿਧਿ=ਮੋਖਸ਼ ਕਿਸ ਨੂੰ ਥਾਪਣੀ ਹੈ॥ ੧॥ *ਯਥਾ=*ਮੋਖ ਬਧੂ ਤਬ ਕੌਣ ਗਹੇ। ਅਰਥਾਤ ਮੋਖਸ਼ ਰੂਪੀ ਲਾੜੀ ਨੂੰ ਤਾਂ ਫਿਰ ਕਿਸ ਨੇ ਵਰਨਾ ਹੈ। ਇਸ ਮੋਖਸ਼ ਰੂਪੀ ਲਾੜੀ ਨੂੰ ਤਾਂ ਜੀਵ ਨੇ ਹੀ ਵਿਆਹੁਣਾ ਹੈ। ਤਾਂਤੇ ਜੀਵ ਦਾ ਮਾਰਨਾ ਬਿਲਕੁਲ ਗਲਤ ਖਿਆਲ ਹੈ।

ਕਵਨੁ ਸੁ ਮੁਨਿ ਜੋ ਮਨੁ ਮਾਰੈ॥
ਮਨ ਕਉ ਮਾਰਿ ਕਹਹੁ ਕਿਸੁ ਤਾਰੈ॥ ੧॥ ਰਹਾਉ॥

ਉਹ ਕਿਹੜਾ ਮੁਨੀ ਹੈ ਜਿਹੜਾ ਮਨ ਵਸਿਸ਼ਟ ਜੀਵ ਨੂੰ ਮਾਰਨਾ ਚਾਹੁੰਦਾ ਹੈ। ਅਰਥਾਤ ਉਹ ਮੁਨੀ ਨਹੀਂ ਉਹ ਤਾਂ ਮੂਰਖ ਹੈ। ਮਨ=ਜੀਵ ਨੂੰ ਮਾਰ ਕੇ ਦਸੋ ਪੰਡਿਤ ਜੀ ! ਫਿਰ ਤਾਰਨਾ ਕਿਸ ਨੂੰ ਹੋਇਆ॥ ੧॥ ਰਹਾਉ॥

ਮਨ ਅੰਤਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨ ਹੋਈ॥ ੨॥

ਇਸ ਸਰੀਰ ਦੇ ਵਿਚ ਮਨ=ਜੀਵ ਆਤਮਾ ਦੇ ਹੋਣ ਆਤਮਾ ਦੇ ਹੋਣ ਕਰ ਕੇ ਹੀ ਸਭ ਕੋਈ ਬੋਲਦਾ ਚਲਦਾ ਹੈ ਅਰਥਾਤ ਜੀਵ ਤੋਂ ਬਿਨਾਂ ਗੁਜ਼ਾਰਾਂ ਨਹੀਂ ਹੋ ਸਕਦਾ। ਇਹ ਅਸਲੀ ਮਤ ਹੈ ਜੋ ਮਨ=ਜੀਵ ਦੇ ਜੀਵਤ ਭਾਵ ਦੇ ਮਾਰੇ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੋ ਸਕਦੀ ॥ ੨।

ਯਥਾ:- ਕਹਿ ਕਹਿ ਕਹਣੁ ਕਹੈ ਸਭੁ ਕੋਇ॥ ਬਿਨੁ ਮਨ ਮੂਏ ਭਗਤਿ ਨ ਹੋਇ॥

(ਮਲਾਰ ਮਹਲਾ ੩, ਪੰਨਾ ੧੨੭੭)

ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ॥ ੩॥ ੨੮॥

ਕਬੀਰ ਜੀ ਕਹਿੰਦੇ ਹਨ- ਜੋ ਪੁਰਸ਼ ਜੀਵ ਦੇ ਜੀਵਤ ਭਾਵ ਨੂੰ ਮਾਰਨ ਦਾ ਭੇਤ ਜਾਣਦਾ ਹੈ। ਉਹ ਮਨੁ=ਜੀਵ ਮਧੁਸੂਦਨੁ ਤ੍ਰਿਭਵਣ ਦੇਵ ਪਰਮਾਤਮਾ ਦਾ ਸਰੂਪ ਹੁੰਦਾ ਹੈ॥ ੩॥ ੨੮॥

ਪੁਨਾ-ਪੰਡਿਤ ਨੇ ਪ੍ਰਸ਼ਨ ਕੀਤਾ, ਇਹ ਤਾਂ ਅਸੀਂ ਠੀਕ ਜਾਣ ਲਿਆ ਹੈ ਕਿ ਜੀਵ ਨੂੰ ਨਹੀਂ ਮਾਰਨਾ ਚਾਹੀਦਾ। ਜੀਵ ਦੇ ਜੀਵਤ ਭਾਵ ਨੂੰ ਮਾਰਨਾ ਚਾਹੀਦਾ ਹੈ। ਪਰ ਇਹ ਦਸੋ ਜੀਵਤ ਭਾਵ ਦਾ ਕੀ ਸਰੂਪ ਹੈ? *ਉੱਤਰ-*

ਦੂਜਾ ਅਰਥ:- ਮਨ ਕਾ ਸੁਭਾਉ ਮਨਹਿ ਬਿਆਪੀ॥

ਜਿਸ ਪ੍ਰਕਾਰ ਅੱਗ ਦਾ ਗਰਮ ਸੁਭਾਉ ਅੱਗ ਨੂੰ ਹੀ ਵਿਆਪ ਰਿਹਾ ਹੈ। ਇਸੇ ਪ੍ਰਕਾਰ ਮਨ ਦਾ ਸੁਭਾਉ=ਸਰੂਪ ਜੋ ਸੰਕਲਪ ਵਿਕਲਪ ਹਨ ਉਹ ਮਨ ਨੂੰ ਹੀ ਵਿਆਪ ਰਹੇ ਹਨ। ਇਨ੍ਹਾਂ ਸੰਕਲਪਾਂ ਦਾ ਹਟਾਉਣਾ ਹੀ ਜੀਵਤ ਭਾਵ ਦਾ ਮਾਰਨਾ ਹੈ।

ਮਨਹਿ ਮਾਰਿ ਕਵਨ ਸਿਧਿ ਥਾਪੀ॥ ੧॥

ਜਿਸ ਨੇ ਮਨ ਨੂੰ ਮਾਰ ਲਿਆ ਹੈ ਅਰਥਾਤ ਸਾਰੇ ਸੰਕਲਪ ਦੂਰ ਕਰ ਦਿਤੇ ਹਨ, ਉਸ ਨੂੰ ਸਭ ਪਦਾਰਥ

ਮਿਲ ਗਏ ਹਨ। ਬਾਕੀ ਕੋਣ ਸੀ ਸਿੱਧੀ ਥਾਪਣ ਜੋਗ ਰਹਿ ਗਈ ਹੈ। ਏਸੇ ਵਾਸਤੇ ਕਿਹਾ ਹੈ-

ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ॥
ਭਲੋ ਭਲੋ ਸਭ ਕੋ ਕਹੈ ਬੁਰੋ ਨ ਮਾਨੈ ਕੋਇ ॥ ੯॥

....

ਕਵਨੁ ਸੁ ਮੁਨਿ ਜੋ ਮਨੁ ਮਾਰੈ॥

ਜਿਹੜਾ ਆਪਣੇ ਮਨ ਦੇ ਸੰਕਲਪ ਵਿਕਲਪ ਕਰਦਾ ਹੈ, ਉਸ ਵਰਗਾ ਹੋਰ ਕਿਹੜਾ ਸ੍ਰੇਸ਼ਟ ਮੁਨੀ ਹੈ? *ਅਥਵਾ—* ਜਿਹੜਾ ਮਨ ਦਿਆਂ ਸੰਕਲਪਾਂ ਨੂੰ ਮਾਰਦਾ ਹੈ ਉਹ ਕੋਈ ਕੋਈ ਮੁਨੀ ਹੈ ਬਹੁਤੇ ਨਹੀਂ ਹਨ।

ਮਨ ਕਉ ਮਾਰਿ ਕਹਹੁ ਕਿਸੁ ਤਾਰੈ॥ ੧॥ ਰਹਾਉ॥

ਜਿਸ ਨੇ ਆਪਣੇ ਮਨ ਨੂੰ ਮਾਰਨਾ ਕੀਤਾ ਹੈ ਅਰਥਾਤ ਸੰਕਲਪ ਵਿਕਲਪ ਦੂਰ ਕੀਤੇ ਹਨ ਕਹੁ ਖਾਂ ਉਹ ਕਿਸ ਨੂੰ ਤਾਰਦਾ ਤੇ ਕਿਸ ਨੂੰ ਡੋਬਦਾ ਹੈ ਭਾਵ ਉਹ ਨਾ ਕਿਸੇ ਨੂੰ ਤਾਰਦਾ ਤੇ ਨਾ ਕਿਸੇ ਨੂੰ ਡੋਬਦਾ ਹੈ।

ਯਥਾ:- ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥

*ਅਥਵਾ:-*ਜਿਸ ਨੇ ਇਕ ਆਪਣੇ ਮਨ ਨੂੰ ਮਾਰਿਆ ਭਾਵ ਕਾਬੂ ਕਰ ਲਿਆ ਹੈ ਉਹ ਫਿਰ ਕਹੁ ਖਾਂ ਕਿਸ ਕਿਸ ਇੰਦ੍ਰੀ ਨੂੰ ਤਾੜਦਾ ਹੈ। ਅਰਥਾਤ ਫਿਰ ਉਹ ਕਿਸੇ ਇੰਦ੍ਰੀ ਨੂੰ ਨਹੀਂ ਤਾੜਦਾ। ਕਿਉਂਕਿ ਇਕ ਮਨ ਦੇ ਕਾਬੂ ਹੋ ਜਾਣ ਕਰਕੇ ਸਾਰੇ ਇੰਦ੍ਰੀਏ ਆਪੇ ਹੀ ਅਧੀਨ ਹੋ ਜਾਦੇ ਹਨ। ਮਨ ਅੰਤਰਿ ਬੋਲੈ ਸਭੁ ਕੋਈ॥

*ਪ੍ਰਸ਼ਨ-*ਮਨ ਮਾਰੇ ਤੋਂ ਬਿਨਾਂ ਜੀਵ ਦਾ ਕੀ ਬੁੜਿਆ ਪਿਆ ਹੈ?

*ਉੱਤਰ-*ਮਨ ਦੇ ਮਾਰੇ ਬਿੰਨਾਂ ਇਸ ਦਾ ਸਭੋ ਕੁਝ ਬੁੜਿਆ ਪਿਆ ਹੈ। ਮਨ ਦੇ ਮਾਰੇ ਤੋਂ ਬਿਨਾਂ ਕੋਈ ਕੰਮ ਨਹੀਂ ਸੋਰਦਾ ਅਤੇ ਪ੍ਰਮਾਰਥ ਭੀ ਸਿਧ ਨਹੀਂ ਹੁੰਦਾ। ਇਸ ਲਈ ਇਸ ਸਰੀਰ ਦੇ ਅੰਦਰ ਹੀ ਮਨ ਰਹੇ ਤਾਂ ਹੀ ਸਭ ਕੋਈ ਬੋਲਦਾ ਹੈ ਭਾਵ ਮਨ ਦੀ ਥ੍ਰਿਤੀ ਟਿਕਣ ਤੋਂ ਬਿਨਾਂ ਕੋਈ ਸੁਆਲ ਹੱਲ ਨਹੀਂ ਹੋ ਸਕਦਾ। ਜਿਵੇਂ ਕੋਈ ਆਦਮੀ ਰੋਟੀ ਖਾ ਰਿਹਾ ਹੈ ਅਤੇ ਦੂਜੇ ਆਦਮੀ ਨਾਲ ਗੱਲਾਂ ਭੀ ਕਰੀ ਜਾਂਦਾ ਹੈ। ਜਦੋਂ ਲਾਂਗਰੀ ਆ ਕੇ ਪੁਛਦਾ ਹੈ ਕਿ ਮਹਾਰਾਜ ਜੀ ! ਦਾਲ ਭਾਜੀ ਵਿਚ ਲੂਣ ਠੀਕ ਹੈ? ਤਾਂ ਅਗੋਂ ਉੱਤਰ ਮਿਲਦਾ ਹੈ ਰਤੀ ਭਰ ਠਹਿਰ ਜਾਹ, ਮੈਂ ਹੁਣੇ ਖਾ ਕੇ ਤੈਨੂੰ ਦਸਦਾ ਹਾਂ ਕਿਉਂਕਿ ਮੇਰਾ ਖਿਆਲ ਹੋਰ ਪਾਸੇ ਗਿਆ ਹੋਇਆ ਸੀ।

ਹੋਰ ਦ੍ਰਿਸ਼ਟਾਂਤ ਵੇਖ ਲਓ-ਜਦੋਂ ਤਕ ਮਨ ਇਸਥਿਤ ਨਹੀਂ ਹੁੰਦਾ, ਤਦੋਂ ਤਕ ਇਹ ਜੀਵ ਇਸ਼ਨਾਨ ਵੇਲੇ ਸੁਣਿਐ ਤੇ ਮੰਨਿਐ ਦੀਆਂ ਪਉੜੀਆਂ ਪੜ੍ਹਦਾ ਹੋਇਆ ਘੰਟਾ ਬਤੀਤ ਕਰ ਦਿੰਦਾ ਹੈ ਜਪੁਜੀ ਸਾਹਿਬ ਦਾ ਭੋਗ ਨਹੀਂ ਪਾ ਸਕਦਾ ਕਿਉਂਕਿ ਮਨ ਜੋ ਵਿੱਚ ਨਹੀਂ। ਇਸ ਪੰਗਤੀ ਦਾ ਅਰਥ ਇਸ ਪਰਕਾਰ ਨਿਸਚੇ ਹੋਇਆ ਕਿ ਮਨ ਦੇ ਅੰਦਰ ਹੋਣ ਕਰਕੇ ਹੀ ਸਭ ਕਿਸੇ ਦਾ ਬੋਲਿਆ ਸਫਲ ਹੁੰਦਾ ਹੈ।

ਮਨ ਮਾਰੇ ਬਿਨੁ ਭਗਤਿ ਨ ਹੋਈ॥ ੨॥

ਮਨ ਦੇ ਮਾਰੇ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੋ ਸਕਦੀ। ਮਨ ਦਾ ਮਾਰਨਾ ਏਹੀ ਹੈ ਜੋ ਸੰਕਲਪਾਂ ਦਾ ਦੂਰ ਕਰਨਾ ਹੈ। ਜੇ ਤੁਸੀਂ ਉਸ ਤਰ੍ਹਾਂ ਮਨ ਨੂੰ ਮਾਰਨਾ ਚਾਹੋ ਤਾਂ ਇਹ ਸਰੀਰ ਮੁਰਦੇ ਦੇ ਤੁਲ ਹੋ ਜਾਵੇਗਾ। ਮਨ ਸਰੂਪ ਕਰਕੇ ਨਹੀਂ ਮਰਦਾ। ਬ੍ਰਹਮ ਦਾ ਸਰੂਪ ਹੋ ਜਾਣ ਨਾਲ ਮਨ ਵਿਚ ਹੋਰ ਚੀਜ਼ ਦਾ ਸੰਕਲਪ ਨਹੀਂ ਫੁਰਦਾ॥ ੨॥

ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ॥ ੩॥

ਕਬੀਰ ਜੀ ਕਥਨ ਕਰਦੇ ਹਨ ਇਸ ਪ੍ਰਕਾਰ ਦੇ ਭੇਦ ਨੂੰ ਜੋ ਜਾਣਦਾ ਹੈ, ਉਹ ਮਨ ਰੂਪ ਮਧੂ ਦੈਂਤ ਨੂੰ

ਸੁਦਨੁ=ਨਾਸ ਕਰਕੇ ਤ੍ਰਿਭਵਣ ਦੇਉ=ਪਰਮਾਤਮਾ ਦਾ ਸਰੂਪ ਹੁੰਦਾ ਹੈ। ਤੀਜੇ ਅਰਥ ਵਿਚ ਪ੍ਰਸ਼ਨ-ਉੱਤਰ ਨਾਲ ਸੰਬਾਦ ਕਥਨ ਕਰਦੇ ਹਨ-

ਪ੍ਰਸ਼ਨ- ਕਵਨ ਸੁ ਮੁਨਿ:-ਸੁ=ਸ੍ਰੇਸ਼ਟ ਮੁਨੀ ਦੁਨੀਆਂ ਵਿਚ ਕਿਹੜਾ ਹੈ?

ਉੱਤਰ-ਜੋ ਮਨੁ ਮਾਰੈ-ਜਿਹੜਾ ਮਨ ਦਿਆਂ ਸੰਕਲਪਾਂ ਵਿਕਲਪਾਂ ਨੂੰ ਮਾਰਦਾ ਹੈ।

ਓਹੀਓ ਸ੍ਰੇਸ਼ਟ ਮੁਨੀ ਹੈ।

ਯਥਾ- ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥ ੨॥

(ਭੈਰਉ ਮ: ੩, ਪੰਨਾ ੧੧੨੮)

ਪ੍ਰਸ਼ਨ-ਮਨ ਕਹੁ ਮਾਰਿ ਕਹਹੁ ਕਿਸੁ=ਜਿਸ ਨੇ ਆਪਣੇ ਮਨ ਨੂੰ ਮਾਰਿਆ ਹੈ ਕਹੁ ਖਾਂ ਉਹ ਕਿਸ ਦੇ ਕੰਮ ਕਰਨ ਵਿਚ ਪਰਵਿਰਤ ਹੋਇਆ ਹੈ?

ਉੱਤਰ-ਤਾਰੇ: ਸਾਰਿਆ ਜੀਵਾਂ ਦੇ ਤਾਰਨ ਦੇ ਕੰਮਾਂ ਵਿਚ ਪ੍ਰਵਿਰਤ ਹੋਇਆ ਹੈ? ਵਾ:-ਉਹ ਤਾੜਨ ਦਿਆ ਕੰਮਾ ਵਿਚ ਪ੍ਰਵਿਰਤ ਹੋਇਆ ਹੈ ਕਿ ਇਹ ਕੰਮ ਨਾ ਕਰੋ। ਇਸ ਕੰਮ ਦੇ ਕਰਨ ਕਰਕੇ ਭੈੜਾ ਫਲ ਹੋਵੇਗਾ। ਇਸ ਕੰਮ ਦੇ ਕਰਨ ਕਰਕੇ ਚੰਗਾ ਫਲ ਮਿਲੇਗਾ।

ਪ੍ਰਸ਼ਨ-ਮਨ ਕਾ ਸੁਭਾਉ-ਮਨ ਦਾ ਕੀ ਸਰੂਪ ਹੈ? ਕਬੀਰ ਜੀ ਨੇ ਕਿਹਾ-ਸਮਾਨ ਸੇ ਪੁਛਦੇ ਹੋ ਜਾਂ ਵਿਸ਼ੇਸ਼ਤਾ ਸੇ।

ਪੰਡਤ ਨੇ ਕਿਹਾ-ਦੋਨੋਂ ਪ੍ਰਕਾਰ ਕਰਕੇ ਦਸੋ।

ਉੱਤਰ- ਮਨਹਿ ਬਿਆਪੀ- ਸਮਾਨਤਾ ਕਰਕੇ ਇਹ ਮਨ ਸਾਰੇ ਵਿਆਪ ਰਿਹਾ ਹੈ ਅਤੇ ਮਨ ਅੰਤਰਿ:-ਵਿਸ਼ੇਸ਼ਤਾ ਕਰਕੇ ਇਹ ਮਨ ਸਰੀਰ ਦੇ ਅੰਦਰ ਹੈ।

ਪੰਡਤ ਵਾਚ-ਇਸ ਗੱਲ ਨੂੰ ਤੁਸੀਂ ਹੀ ਆਖਦੇ ਹੋ ਜਾਂ ਹੋਰ ਭੀ ਕੋਈ ਕਥਨ ਕਰਦਾ ਹੈ?

ਉੱਤਰ-ਬੋਲੈ ਸਭੁ ਕੋਈ-ਸਭ ਕੋਈ ਬੇਦ ਸ਼ਾਸਤ੍ਰ ਅਤੇ ਮਹਾਤਮਾਂ ਕਥਨ ਕਰਦੇ ਹਨ ਕਿ ਸਮਾਨ ਕਰਕੇ ਸਾਰੇ ਬਿਆਪਕ ਹੈ ਅਤੇ ਵਿਸ਼ੇਸ਼ ਕਰਕੇ ਮਨ ਸਰੀਰ ਦੇ ਅੰਦਰ ਹੈ।

ਪ੍ਰਸ਼ਨ-ਮਨਹਿ ਮਾਰਿ ਕਵਨ-ਜਿਸ ਨੇ ਆਪਣੇ ਮਨ ਨੂੰ ਮਾਰਿਆ ਹੈ ਉਸ ਨੂੰ ਕਿਹੜਾ ਫਲ ਹੋਇਆ ਹੈ। ਕਬੀਰ ਜੀ ਨੇ ਕਿਹਾ-ਸਮਾਨ ਕਰਕੇ ਪੁਛਦੇ ਹੋ ਜਾਂ ਵਿਸ਼ੇਸ਼ ਕਰਕੇ ਪੁਛਦੇ? ਪੰਡਤ ਨੇ ਆਖਿਆ ਸਮਾਨ ਰੂਪ ਕਰਕੇ ਤੇ ਵਿਸ਼ੇਸ਼ ਰੂਪ ਕਰਕੇ ਭੀ ਕਥਨ ਕਰੋ।

ਉੱਤਰ-ਸਿਧਿਥਾਪੀ-ਸਮਾਨ ਰੂਪ ਕਰਕੇ ਤਾਂ ਉਸ ਨੂੰ ਰਿੱਧੀਆਂ ਸਿੱਧੀਆਂ, ਨਿਧੀਆਂ ਥਾਪਣ ਕੀਤੀਆਂ ਹਨ ਅਤੇ ਵਿਸ਼ੇਸ਼ ਰੂਪ ਕਰਕੇ ਕੇਵਲ ਮੋਖ ਥਾਪਣਾ ਕੀਤੀ ਹੈ।

ਪ੍ਰਸ਼ਨ-ਮਨ ਮਾਰੇ:-ਇਹ ਮਨ ਕਿਸ ਪ੍ਰਕਾਰ ਮਰਦਾ ਹੈ?

ਉੱਤਰ-ਬਿਨੁ=ਨਿੰਮ੍ਰਤਾ ਗੁਣ ਧਾਰਨ ਕਰਨ ਕਰਕੇ ਮਨ ਮਰਦਾ ਹੈ।

ਪ੍ਰਸ਼ਨ-ਨਿੰਮ੍ਰਤਾ ਗੁਣ ਕਿਸ ਪ੍ਰਕਾਰ ਆਕੇ ਪ੍ਰਾਪਤ ਹੁੰਦਾ ਹੈ?

ਉੱਤਰ-ਵਾਹਿਗੁਰੂ ਦੀ ਭਗਤੀ ਕਰਨ ਨਾਲ ਨਿੰਮ੍ਰਤਾ ਗੁਣ ਆ ਜਾਂਦਾ ਹੈ।

ਪ੍ਰਸ਼ਨ-ਭਗਤਿ-ਭਗਤੀ ਦਾ ਕੀ ਸਰੂਪ ਹੈ?

ਉੱਤਰ-ਨ ਹੋਈ॥ ੨॥ ਜਿਹੜਾ ਦਿਲ ਵਿਚ ਆਪਾ ਭਾਵ ਹੰਕਾਰ ਨਹੀਂ ਹਣਾ, ਏਹੀਓ ਭਗਤੀ ਦਾ ਸਰੂਪ ਹੈ॥ ੨॥

ਪ੍ਰਸ਼ਨ-ਮਨੁ-ਮਨ ਦੀ ਉਤਪਤੀ ਕਿਥੋਂ ਹੁੰਦੀ ਹੈ?

ਉੱਤਰ-ਮਧੁਸੂਦਨੁ-ਈਸ਼ਵਰ ਤੋਂ ਹੁੰਦੀ ਹੈ।

ਪੰਡਤ ਨੇ ਕਿਹਾ-ਜਿਸ ਈਸ਼ਵਰ ਤੋਂ ਮਨ ਦੀ ਉਤਪਤੀ ਹੋਈ ਹੈ ਉਹ ਦਾਤਾ ਕਿ ਅਦਾਤਾ ਹੈ?

ਕਬੀਰ ਜੀ ਵਾਚ=ਉਹ ਦਾਤਾ ਹੈ।

ਪੰਡਤ ਵਾਚ-ਸਮਾਨ ਦਾਤਾ ਹੈ ਕਿ ਵਿਸ਼ੇਸ਼ ਦਾਤਾ ਹੈ?

ਉੱਤਰ- ਤ੍ਰਿਭੁਵਣ ਦੇਉ-ਕਿਉਂਕਿ ਉਹ ਤਿੰਨਾਂ ਭਵਨਾਂ ਦਿਆਂ ਜੀਵਾਂ ਨੂੰ ਖਾਣਾ ਪੀਣਾ ਦੇ ਰਿਹਾ ਹੈ, ਇਸ ਲਈ ਉਹ ਵਿਸ਼ੇਸ਼ ਦਾਤਾ ਹੈ।

ਪੁਨਾ-ਪੰਡਿਤ ਨੇ ਬੇਨਤੀ ਕੀਤੀ, ਹੇ ਕਬੀਰ ਜੀ ! ਜਿਸ ਮਦੁਸੂਦਨ ਤੋਂ ਮਨ ਦੀ ਉਤਪਤੀ ਹੋਈ ਹੈ ਉਹ ਪ੍ਰਕਾਸ਼ ਰੂਪ ਹੈ ਜਾਂ ਅਪ੍ਰਕਾਸ਼ ਰੂਪ?

ਉੱਤਰ-ਪ੍ਰਕਾਸ਼ ਰੂਪ ਹੈ।

ਪੰਡਤ ਨੇ ਕਿਹਾ-ਸਮਾਨ ਪ੍ਰਕਾਸ਼ ਰੂਪ ਹੈ ਜਾਂ ਵਿਸ਼ੇਸ਼ ਪ੍ਰਕਾਸ਼ ਰੂਪ ਹੈ?

ਉੱਤਰ:- ਤ੍ਰਿਭੁਵਣ ਦੇਉ-ਕਿਉਂਕਿ ਉਹ ਤਿੰਨਾਂ ਭਵਨਾਂ ਦੇ ਪ੍ਰਕਾਸ਼ਨੇ ਵਾਲਾ ਹੈ, ਇਸ ਲਈ ਉਹ ਵਿਸ਼ੇਸ਼ ਪ੍ਰਕਾਸ਼ ਰੂਪ ਹੈ।

ਫਿਰ ਪੰਡਤ ਨੇ ਬੇਨਤੀ ਕੀਤੀ ਕਿ ਜਿਸ ਮਧੁਸੂਦਨ ਤੋਂ ਮਨ ਦੀ ਉਤਪਤੀ ਕਹੀ ਹੈ, ਉਹ ਪੂਜਣ ਯੋਗ ਹੈ ਜਾਂ ਨਹੀਂ ਪੂਜਣ ਯੋਗ?

ਉੱਤਰ-ਉਹ ਪੂਜਨੀਕ ਹੈ।

ਪੰਡਤ ਨੇ ਕਿਹਾ-ਸਮਾਨ ਪੂਜਨੀਕ ਹੈ ਜਾਂ ਵਿਸ਼ੇਸ਼ ਪੂਜਣ ਯੋਗ ਹੈ?

ਉੱਤਰ- ਤ੍ਰਿਭੁਵਣ ਦੇਉ-ਕਿਉਂਕਿ ਉਹ ਪਰਮਾਤਮਾ ਤਿੰਨਾ ਲੋਕਾਂ ਦਿਆਂ ਜੀਵਾਂ ਕਰਕੇ ਪੂਜਨੀਕ ਹੈ, ਇਸ ਲਈ ਉਹ ਵਿਸ਼ੇਸ਼ ਪੂਜਨੀਕ ਹੈ, ਸਮਾਨ ਨਹੀਂ ਹੈ।

ਪਰ ਇਹ ਅਰਥ ਲਕਸ਼ ਦੀ ਨਿਗ੍ਹਾ ਨੂੰ ਛੱਡਕੇ ਕਰਨਾ। ਯਥਾ-

ਬਹੁ ਬਿਆਪਕੰ-ਸਮਾਨਿਯੰ ਅਲਪ ਬਿਆਪਕੰ ਵਿਸ਼ੇਸ਼ਃ॥

ਪੁਨਾ-ਪੰਡਤ ਨੇ ਬੇਨਤੀ ਕੀਤੀ ਕਿ ਅਜਿਹੇ ਪਰਮਾਤਮਾ ਨੂੰ ਕਿਸ ਵਜ਼ਾ ਕਰਕੇ ਕੋਈ ਜਾਣਦਾ ਹੈ,

ਉੱਤਰ- ਕਹੁ ਕਬੀਰ ਜੋ ਜਾਨੈ ਭੇਉ॥ ੩॥ ੨੮॥

ਕਬੀਰ ਜੀ ਕਥਨ ਕਰਦੇ ਹਨ, ਜਿਹੜੇ ਗੁਰ ਉਪਦੇਸ਼ ਦੇ ਭੇਦ ਨੂੰ ਜਾਣਦੇ ਹਨ ਉਹ ਕਬੀਰ=ਸਭ ਤੋਂ ਵੱਡੇ ਅਕਾਲ ਪੁਰਖ ਨੂੰ ਸਾਖਿਆਤਕਾਰ ਕਰ ਲੈਂਦੇ ਹਨ॥ ੩॥ ੨੮॥

ਯਥਾ- ਕਹਤ ਨਾਨਕੁ ਜੋ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥ (ਭੈਰਉ ਮਹਲਾ ੩. ਪੰਨਾ ੧੧੨੯)

ਗਉੜੀ ਕਬੀਰ ਜੀ॥

ਉਥਾਨਕਾ-ਇਕ ਨਾਸਤਕ ਖਿਆਲ ਦਾ ਪੰਡਤ ਕਬੀਰ ਜੀ ਪਾਸ ਆਕ ਆਖਦਾ ਹੈ, ਤੁਸੀਂ ਸਾਰਿਆਂ ਨੂੰ ਕਿਉਂ ਪੁੱਠੇ ਰਸਤੇ ਪਾ ਰਹੇ ਹੋ। ਐਵੇਂ ਆਪਣੀ ਸਿਰ ਦਰਦੀ ਕਰਦੇ ਹੋ, ਪਰਮਾਤਮਾ ਤਾਂ ਕੁਝ ਚੀਜ਼ ਹੀ ਨਹੀਂ। ਇਹ ਤਾਂ ਆਪਣੇ ਆਪ ਹੀ ਸਭ ਕੁਝ ਹੋ ਰਿਹਾ ਹੈ। ਯਥਾ-

ਅੰਨਿ ਅੰਨਿ ਤੇ ਹੋਤ ਜਯੋਂ ਘਾਸਿ ਘਾਸਿ ਤੇ ਹੋਇ॥ ਤੈਸੇ ਮਨੁਛ, ਮਨੁਛ ਤੇ ਅਵਰ ਨ ਕਰਤਾ ਕੋਇ॥

(ਦਸਮ ਗ੍ਰੰਥ, ਪੰਨਾ ੧੮੩)

ਅਥਵਾ-ਜੈਸੇ ਬ੍ਰਿਖ ਬੀਜ ਤੇ ਜਾਮਹਿ॥ ਬੀਜ ਬ੍ਰਿਖ ਤੇ ਹੋਇ ਅਭਰਾਮਹਿ॥

ਤਿਉ ਮਾਨੁਛ ਮਾਨੁਛ ਤੇ ਹੋਇ॥ ਅਪਰ ਨ ਕਰਤਾ ਲਖੀਏ ਕੋਇ॥

ਇਸ ਪਰਕਾਰ ਆਪਸ ਵਿਚ ਚਰਚਾ ਕਰਦਿਆਂ ਕਰਦਿਆਂ ਸੰਧਿਆਂ ਪੈ ਗਈ। ਤਦੋਂ ਕਬੀਰ ਜੀ ਦੀ ਨਿਗਾਹ ਉਪਰ ਚਲੀ ਗਈ। ਅਕਾਸ਼ ਵਿਚ ਤਾਰੇ ਚਮਕਦੇ ਵੇਖਕੇ ਉਂਗਲੀ ਦਾ ਇਸ਼ਾਰਾ ਕਰਕੇ ਆਖਦੇ ਹਨ:-

ਓਇ ਜੁ ਦੀਸਹਿ ਅੰਬਰਿ ਤਾਰੇ॥ ਕਿਨਿ ਓਇ ਚੀਤੇ ਚੀਤਨਹਾਰੇ॥ ੧॥

ਉਹ ਜਿਹੜੇ ਅੰਬਰਿ=ਅਕਾਸ਼ ਵਿਚ ਤਾਰੇ ਨਜ਼ਰ ਆ ਰਹੇ ਹਨ, ਹੇ ਪੰਡਿਤ ! ਉਹ ਕਿਸ ਚਿੱਤ੍ਰਣ ਵਾਲੇ ਨੇ ਚੀਤੇ=ਚਿੱਤਰੇ ਭਾਵ ਬਣਾਏ ਹਨ? ॥ ੧॥ ਉਸਨੇ ਆਖਿਆ ਤਾਰੇ ਤਾਂ ਅਸਮਾਨ ਨਾਲ ਲਗੇ ਹੋਏ ਹਨ, ਇਹ ਸੁਣਕੇ ਕਬੀਰ ਜੀ ਆਖਦੇ ਹਨ-

ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ॥
ਬੂਝੈ ਬੂਝਨਹਾਰੁ ਸਭਾਗਾ॥ ੧॥ ਰਹਾਉ॥

ਹੇ ਪੰਡਤ ! ਹੁਣ ਇਹ ਦੱਸ ਕਿ ਅੰਬਰੁ=ਅਕਾਸ਼ ਕਿਸਦੇ ਨਾਲ ਲੱਗਾ ਹੋਇਆ ਹੈ? ਪਰ ਇਸ ਗੱਲ ਨੂੰ ਕੋਈ ਸ੍ਰੇਸ਼ਟ ਭਾਗਾਂ ਵਾਲਾ ਹੀ ਬੁਝਣੇ ਵਾਲਾ ਹੋ ਕੇ ਬੁਝ ਸਕਦਾ ਹੈ।

ਪੰਡਤ ਨੇ ਸੋਚ ਕੇ ਆਖਿਆ ਅਕਾਸ਼ ਤਾ ਆਪਣੇ ਆਸਰੇ ਖੜਾ ਹੈ। ਕਬੀਰ ਜੀ ਨੇ ਕਿਹਾ ਇਸ ਵਿਚ 'ਆਤਮ ਆਸਰੇ' ਦੋਸ਼ ਆਉਂਦਾ ਹੈ। ਕੋਈ ਚੀਜ਼ ਆਪਣੇ ਆਸਰੇ ਨਹੀਂ ਰਹਿ ਸਕਦੀ। ਕਾਰਜ ਨੂੰ ਵੇਖ ਕੇ ਕਾਰਨ ਦਾ ਅਨੁਮਾਨ ਕੀਤਾ ਜਾਂਦਾ ਹੈ। ਜਿਵੇਂ ਚਿਤਰੇ ਹੋਏ ਮਕਾਨ ਨੂੰ ਵੇਖ ਕੇ ਚਿੱਤ੍ਰਕਾਰ ਦਾ ਅਨੁਮਾਨ ਕਰ ਲਈਦਾ ਹੈ।

ਨਾਸਤਕ ਨੇ ਆਖਿਆ ਤਾਂ ਅਸੀਂ ਇਕ ਹੋਰ ਅਕਾਸ਼ ਮੰਨ ਲਵਾਂਗੇ। ਪਹਿਲਾ ਦੂਜੇ ਦੇ ਆਸਰੇ ਤੇ ਦੂਜਾ ਪਹਿਲੇ ਦੇ ਆਸਰੇ ਹੈ। ਕਬੀਰ ਜੀ ਨੇ ਆਖਿਆ ਇਸ ਵਿਚ 'ਅੰਨਿਓ ਅੰਨ ਆਸਰੇ' ਦੋਸ਼ ਆਉਂਦਾ ਹੈ। ਤੂੰ ਮੇਰੇ ਆਸਰੇ ਮੈਂ ਤੇਰੇ ਆਸਰੇ। ਇਸ ਦੋਸ਼ ਨੂੰ ਹਟਾਉਣ ਲਈ ਪੰਡਤ ਨੇ ਤੀਸਰਾ ਅਕਾਸ਼ ਮੰਨਿਆ। ਕਬੀਰ ਜੀ ਨੇ ਆਖਿਆ ਇਸ ਖਿਆਲ ਅਨੁਸਾਰ 'ਚੱਕ੍ਰਕਾ ਦੋਸ਼' ਆਉਂਦਾ ਹੈ। ਫਿਰ ਪੰਡਤ ਚੌਥਾ, ਪੰਜਵਾਂ, ਛੇਵਾਂ, ਸੱਤਵਾਂ, ਅੱਠਵਾਂ, ਨੌਵਾਂ, ਦਸਵਾਂ ਮੰਨੀ ਗਿਆ। ਤਦ ਕਬੀਰ ਜੀ ਨੇ ਕਿਹਾ ਕਿ ਇਸ ਵਿਚ 'ਅਨਅਵੱਸਥਾ' ਦੋਸ਼ ਆ ਜਾਂਦਾ ਹੈ। ਇਸ ਦੋਸ਼ ਦੇ ਦੂਰ ਕਰਨ ਲਈ ਪੰਡਤ ਨੇ ਇਕ ਅਕਾਸ਼ ਨੂੰ ਚੁਣ ਕੇ ਆਖਿਆ, ਬੱਸ ਇਹੋ ਸਭ ਦਾ ਆਸਰਾ ਹੈ, ਤਾਂ ਕਬੀਰ ਜੀ ਨੇ ਕਿਹਾ ਇਸ ਪਰਕਾਰ ਅਸੀਂ ਹੋਰ ਚੁਣ ਲਵਾਂਗੇ। ਅਸੀਂ ਕਹਾਗੇ ਇਹ ਅਕਾਸ਼ ਸਾਰਿਆਂ ਦਾ ਆਸਰਾ ਹੈ, ਭਾਵ ਅਸੀਂ ਹੋਰ ਚੁਣ ਲਿਆ ਤੁਸੀਂ ਹੋਰ ਚੁਣ ਲਿਆ, ਤਾਂ ਇਸ ਵਿਚ 'ਬਿਨ ਗਮਨੇ ਬਰੇਹ' ਦੋਸ਼ ਆਉਂਦਾ ਹੈ। ਯੁਕਤੀ ਦਾ ਅਭਾਵ ਹੋ ਜਾਵੇਗਾ।

ਫਿਰ ਪੰਡਤ ਨੇ ਪਿਛਲਾ ਅਕਾਸ਼ ਆਸਰਾ ਰੂਪ ਮੰਨ ਲਿਆ। ਕਬੀਰ ਜੀ ਨੇ ਕਿਹਾ ਇਸ ਵਿਚ 'ਪ੍ਰਾਗ ਲੋਪ ਦੋਸ਼' ਆਉਂਦਾ ਹੈ। ਕਿਉਂਕਿ ਇਸ ਦਾ ਮਤਲਬ ਇਹ ਹੋਇਆ ਕਿ ਪਹਿਲਿਆਂ ਦਾ ਅਭਾਵ ਕਰਕੇ ਪਿਛਲਾ ਆਸਰਾ ਰੂਪ ਮੰਨ ਲਿਆ।

ਤਦ ਪੰਡਤ ਜੀ ਚੁਪ ਚਾਪ ਹੋ ਕੇ ਨਿਰੁੱਤਰ ਹੋ ਗਏ। ਤਾਂ ਕਬੀਰ ਜੀ ਨੇ ਕਿਹਾ ਪੰਡਤ ਜੀ ! ਉਸ ਅਕਾਲ ਪੁਰਖ ਨੂੰ ਹੀ ਸਭ ਦਾ ਆਸਰਾ ਰੂਪ ਮੰਨੋ ਓਹੀ ਅਕਾਸ਼ ਧਰਤੀ ਆਦਿਕ ਸਭ ਨੂੰ ਆਸਰਾ ਦੇਣ ਵਾਲਾ ਹੈ॥ ੧ ॥ ਰਹਾਉ ॥

ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥ ੨ ॥

ਜਿਸ ਨਿਰੰਕਾਰ ਦੀ ਤਾਕਤ ਨਾਲ ਸੂਰਜ ਤੇ ਚੰਦ੍ਰਮਾਂ ਉਜੀਆਰਾ=ਪ੍ਰਕਾਸ਼ ਕਰ ਰਹੇ ਹਨ, ਓਹੀ ਬ੍ਰਹਮ ਸਾਰੇ ਸੰਸਾਰ ਪਸਾਰੇ ਵਿਚ ਪਸਰਿਆ ਹੋਇਆ ਹੈ॥ ੨ ॥

ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥ ੩ ॥ ੨੯ ॥

ਕਬੀਰ ਜੀ ਕਹਿੰਦੇ ਹਨ ਇਸ ਮਹਾਂ ਗਿਆਨ ਨੂੰ, ਵਾ:-ਪਰਮਾਤਮਾ ਨੂੰ ਓਹੀ ਪੁਰਸ਼ ਜਾਣੇਗਾ, ਜਿਸ ਦੇ ਹਿਰਦੇ ਵਿਚ ਮੁਖੀ ਰਾਮ ਰਮਿਆ ਹੋਇਆ ਹੋਵੇ। ਵਾ:-ਜਿਸ ਦੇ ਹਿਰਦੇ ਵਿਚ ਅਤੇ ਮੂੰਹ ਵਿਚ ਭੀ ਰਾਮ ਨਾਮ ਸਮਾਇਆ ਹੋਇਆ ਹੋਵੇ॥ ੩ ॥ ੨੯ ॥

ਬਹੁਤੇ ਰਾਮ ਹੋਣ ਕਰਕੇ ਮੁਖੀ ਰਾਮ ਆਖਿਆ ਹੈ। ਜਿਵੇਂ-

ਏਕ ਰਾਮ ਦਸਰਥ ਕਾ ਬੇਟਾ॥ ਏਕ ਰਾਮ ਘਟ ਘਟ ਮਹਿ ਲੇਟਾ॥

ਏਕ ਰਾਮ ਕਾ ਸਗਲ ਪਸਾਰਾ॥ ਏਕ ਰਾਮ ਸਭਹੂੰ ਤੇ ਨਿਆਰਾ॥

ਗਉੜੀ ਕਬੀਰ ਜੀ ॥ ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥

ਉਥਾਨਕਾ-ਇਸ ਸ਼ਬਦ ਰਾਹੀਂ ਮਾਇਆ ਦਾ ਪ੍ਰਤਾਪ ਕਥਨ ਕਰਦੇ ਹਨ-ਇਕ ਵਾਰ ਕਿਸੇ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ! ਇਹ ਮਾਇਆ ਕਿਹੋ ਜਿਹੀ ਹੈ? ਕਬੀਰ ਸਾਹਿਬ ਜੀ ਕਹਿੰਦੇ ਹਨ ਭਾਈ ! ਮਾਇਆ ਦਾ ਤਿਆਗ ਬੜਾ ਔਖਾ ਹੈ। ਇਸ ਨੇ ਬੜੇ ਬੜੇ ਤਿਆਗੀਆਂ ਦਾ ਬੁਰਾ ਹਾਲ ਕੀਤਾ ਹੈ। ਇਕ ਵਾਰ ਦਾ ਜ਼ਿਕਰ ਹੈ ਕਿ ਮਾਇਆ ਔਰਤ ਦਾ ਰੂਪ ਧਾਰ ਕੇ ਮਾਤ ਲੋਕ ਦੀ ਧਰਤੀ ਉੱਤੇ-

ਸਾਂਕਲ ਜੇਵਰੀ ਲੈ ਹੈ ਆਈ ॥ ੧ ॥

ਸੰਗਲ ਤੇ ਜੇਵਰੀ=ਰਸੀਆਂ ਲੈ ਕੇ ਆ ਰਹੀ ਸੀ। ਅਗੋਂ ਇਕ ਸੰਤ ਮਿਲ ਪਏ।

ਸੰਤਾਂ ਨੇ ਪੁਛਿਆ ਬੀਬੀ ਤੂੰ ਕੋਣ ਹੈਂ? ਤੇ ਤੂੰ ਇਹ ਕੀ ਰੂਪ ਧਾਰਿਆ ਹੈ? ਅਤੇ ਅਜਿਹੀ ਭਿਆਨਕ ਉਜਾੜ ਵਿਚ ਤੂੰ ਚਲੀ ਜਾ ਰਹੀ ਹੈਂ, ਤਾਂ ਉਸ ਨੇ ਆਖਿਆ ਕਿ ਮਹਾਰਾਜ ਜੀ ! ਮੈਂ ਮਾਇਆ ਹਾਂ। ਵੱਡੇ ਵੱਡੇ ਸੰਗਲਾਂ ਨਾਲ ਤਾਂ ਮੈਂ ਤਿਆਗੀ ਵਿਰੱਕਤਾਂ ਨੂੰ ਬੰਨ੍ਹ ਲੈਂਦੀ ਹਾਂ ਤੇ ਇਹਨਾਂ ਰਸੀਆਂ ਨਾਲ ਸੰਸਾਰੀ ਜੀਵਾਂ ਨੂੰ ਬੰਨ੍ਹਦੀ ਹਾਂ, ਕਿਉਂਕਿ ਇਹ ਛੇਤੀ ਵੱਸ ਹੋ ਜਾਂਦੇ ਹਨ। ਵਿਰੱਕਤ ਮਹਾਤਮਾਂ ਕਦੇ ਨਿਕਲ ਭੀ ਜਾਂਦੇ ਹਨ, ਇਸ ਲਈ ਮੈਂ ਉਨ੍ਹਾਂ ਵਾਸਤੇ ਸੰਗਲ ਲਿਆਂਦੇ ਹੋਏ ਹਨ। ਜੋ ਇਕ ਵਾਰ ਫਸ ਜਾਣ ਤੇ ਫਿਰ ਨਿਕਲ ਨਾ ਸਕਣ।

ਇਹ ਕੁਝ ਸੁਣ ਕੇ ਸੰਤਾਂ ਨੇ ਆਖਿਆ, ਹੇ ਮਾਇਆ ! ਤੂੰ ਮੇਰੇ ਵਾਸਤੇ ਕੀ ਲਿਆਂਦਾਂ ਹੈ? ਤਾਂ ਮਾਇਆ ਨੇ ਆਖਿਆ ਟੱਟੂ ਦੇ ਬੰਨ੍ਹਣ ਲਈ ਤਾਂ ਮਾਮੂਲੀ ਰਸੀ ਦੀ ਲੋੜ ਹੁੰਦੀ ਹੈ। ਸੰਤ ਜੀ ! ਤੁਹਾਨੂੰ ਤਾਂ ਮੈਂ ਐਵੇਂ ਹੀ ਬੰਨ੍ਹ ਸਕਦੀ ਹਾਂ।

ਇਹ ਕੁਝ ਸੁਣ ਕੇ ਸੰਤ ਆਪਣੀ ਕੁਟੀਆ ਨੂੰ ਚਲੇ ਗਏ। ਮਾਇਆ ਆਪਣੇ ਰਾਹ ਤੁਰ ਗਈ। ਸਮੇਂ ਨੂੰ

ਛਲ ਕੇ ਉਹ ਮਾਇਆ ਬੜੀ ਸੁੰਦਰ ਨੌਜੁਆਨ ਲੜਕੀ ਗਹਿਣਿਆਂ ਨਾਲ ਲਦੀ ਹੋਈ ਬਣ ਕੇ ਸੰਤ ਜੀ ਦੇ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਕੁਟੀਆਂ ਦੇ ਅਗੇ ਬੜੀ ਚਿੰਤਾਤੁਰ ਸ਼ਕਲ ਬਣਾ ਕੇ ਜਾ ਬੈਠੀ। ਇਤਨੇ ਨੂੰ ਸੰਤ ਜੀ ਆ ਪਹੁੰਚੇ। ਉਸ ਨੂੰ ਚਿੰਤਾਤੁਰ ਵੇਖਕੇ ਪੁਛਦੇ ਹਨ:-

ਹੇ ਭਲੀ ਲੋਕੇ ! ਤੂੰ ਕੋਣ ਹੈਂ? ਇਥੇ ਕਿਉਂ ਬੈਠੀ ਹੈਂ? ਪਰੇ ਹੋ ਜਾਹ, ਮੈਨੂੰ ਦਰਵਾਜ਼ਾ ਖੋਲ੍ਹਣ ਦੇ, ਮੈਂ ਅੰਦਰ ਜਾਣਾ ਹੈ। ਇਹ ਗੱਲ ਸੁਣਦਿਆਂ ਸਾਰ ਹੀ ਉਹ ਲੜਕੀ ਰੋਣ ਲੱਗ ਪਈ। ਉਸਨੂੰ ਦੁਖੀ ਦੇਖਕੇ ਮਹਾਤਮਾਂ ਦਾ ਦਿਲ ਨਰਮ ਹੋ ਗਿਆ ਉਨ੍ਹਾਂ ਨੇ ਕਾਰਣ ਪੁਛਿਆ ਤਾਂ ਉਸਨੇ ਹੌਲੀ ਹੌਲੀ ਹਟਕੋਰੇ ਭਰਦਿਆਂ ਭਰਦਿਆਂ ਧੀਰਜ ਕਰਕੇ ਆਪਣੀ ਬਿਵਸਥਾ ਸੁਣਾਈ।

ਮਹਾਰਾਜ ਜੀ ! ਮੇਰੇ ਮਾਪੇ ਅਤੇ ਹੋਰ ਸਨਬੰਧੀ ਮੇਰੇ ਨਾਲੋਂ ਨਿਖੜ ਗਏ ਹਨ। ਮੈਂ ਭੁਲ ਗਈ ਹਾਂ। ਮੈਨੂੰ ਹੋਰ ਕੋਈ ਥਹੁ ਟਿਕਾਣਾ ਨਹੀਂ ਲੱਭਾ। ਤੁਹਾਡੀ ਕੁਟੀਆ ਵੇਖ ਕੇ ਆ ਗਈ ਹਾਂ। ਤੁਸੀਂ ਹੁਣ ਕ੍ਰਿਪਾ ਕਰਕੇ ਮੈਨੂੰ ਸ਼ਹਿਰ ਦਾ ਰਸਤਾ ਦਸ ਦਿਓ। ਉਸ ਵੇਲੇ ਸੰਤ ਉਸਨੂੰ ਨਾਲ ਲੈ ਕੇ ਰਸਤਾ ਦੱਸਣ ਵਾਸਤੇ ਤੁਰ ਪਏ। ਥੋੜ੍ਹੀ ਦੂਰ ਜਾ ਕੇ ਲੜਕੀ ਨੇ ਆਖਿਆ ਮਹਾਰਾਜ ਜੀ ! ਜੇ ਕੋਈ ਪਿਛੋਂ ਆਕੇ ਮੈਨੂੰ ਚੁੱਕ ਕੇ ਲੈ ਗਿਆ ਤਾਂ ਤੁਹਾਡੀ ਦਇਆ ਕਿਸ ਕੰਮ ਆਏਗੀ। ਇਸ ਵਾਸਤੇ ਤੁਸੀਂ ਮੈਨੂੰ ਆਪਣੀ ਉਂਗਲ ਫੜਾ ਕੇ ਨਾਲ ਲੈ ਤੁਰੋ।

ਸੰਤਾਂ ਨੇ ਉਸ ਦੀ ਗੱਲ ਮੰਨ ਲਈ, ਉਂਗਲ ਫੜਾ ਕੇ ਨਾਲ ਲੈ ਤੁਰੇ। ਇਕ ਮੀਲ ਉੱਤੇ ਜਾ ਕੇ ਮਾਇਆ ਨੇ ਆਪਣੀ ਤਾਕਤ ਨਾਲ ਰਾਹ ਵਿਚ ਨਦੀ ਰਚ ਲਈ, ਉਹ ਲੜਕੀ ਮਹਾਤਮਾਂ ਨੂੰ ਕਹਿਣ ਲੱਗੀ ਆਪ ਨੇ ਜਿਵੇਂ ਅਗੇ ਮੇਰੇ ਤੇ ਦਇਆ ਕੀਤੀ ਹੈ ਤਿਵੇਂ ਹੁਣ ਭੀ ਕਰੋ, ਭਾਵ ਮੈਨੂੰ ਮੋਢਿਆਂ ਤੇ ਚੁੱਕ ਕੇ ਨਦੀਓ ਪਾਰ ਕਰ ਆਓ। ਫਿਰ ਤੁਸੀਂ ਮੁੜ ਆਉਣਾ, ਅਗੋਂ ਮੈਂ ਰਸਤਾ ਜਾਣਦੀ ਹਾਂ, ਘਰ ਪਹੁੰਚ ਜਾਵਾਂਗੀ।

ਸੰਤ ਉਸ ਦੀ ਗੱਲ ਮੰਨ ਕੇ ਮੋਢੇ ਪਰ ਚੁੱਕ ਕੇ ਨਦੀਓ ਪਾਰ ਕਰਨ ਲਗੇ। ਜਿਸ ਵੇਲੇ ਨਦੀ ਦੇ ਵਿਚਕਾਰ ਪਹੁੰਚੇ ਉਸ ਵੇਲੇ ਮਾਇਆ ਅੱਡੀਆਂ ਮਾਰਨ ਲਗ ਪਈ, ਸੰਤਾਂ ਨੇ ਆਖਿਆ ਇਹ ਕੀ ਕਰਦੀ ਹੈਂ? ਉਸ ਵੇਲੇ ਮਾਇਆ ਨੇ ਚੇਤੇ ਕਰਾ ਕੇ ਆਖਿਆ ਕਿ ਸੰਤ ਜੀ ਹੁਣ ਦਸੋ ਮੈਂ ਤੁਹਾਨੂੰ ਟੱਟੂ ਬਣਾਇਆ ਹੈ ਜਾਂ ਨਹੀਂ? ਤੁਸੀਂ ਉਸ ਵੇਲੇ ਮੰਨਦੇ ਨਹੀਂ ਸਓ।

ਸੰਤਾਂ ਨੂੰ ਬੜਾ ਕ੍ਰੋਧ ਆਇਆ, ਉਸ ਨੂੰ ਭੁਆਕੇ ਮਾਰਿਆ, ਤਦ ਕੀ ਵੇਖਦੇ ਹਨ, ਨਾ ਕੋਈ ਨਦੀ ਹੈ ਅਤੇ ਨਾ ਹੀ ਉਹ ਲੜਕੀ ਹੈ। ਇਹ ਤਾਂ ਇਕ ਕੌਤਕ ਸੀ। ਕਬੀਰ ਜੀ ਕਹਿੰਦੇ ਹਨ ਇਹ ਮਾਇਆ ਤਾਂ ਇਸ ਪ੍ਰਕਾਰ ਦੀ ਹੈ:-ਸਾਂਕਲ ਜੇਵਰੀ ਲੈ ਹੈ ਆਈ॥ ੧॥

ਕਾਮ ਰੂਪ ਸੰਗਲ ਅਤੇ ਵਾਸ਼ਨਾ ਰੂਪੀ ਜੇਵੜੀਆਂ ਲੈ ਕੇ ਆਈ=ਆ ਰਹੀ ਹੈ॥ ੧॥

ਆਪਨ ਨਗਰੁ ਆਪ ਤੇ ਬਾਧਿਆ॥

ਇਸ ਮਾਇਆ ਨੇ ਆਪਣਾ ਸੰਸਾਰ ਰੂਪੀ ਨਗਰ ਆਪਣੇ ਆਪ ਤੋਂ ਹੀ ਬਣਾਇਆ ਹੈ, ਫਿਰ ਆਪਣੇ ਵਿਚ ਹੀ ਬੰਨ੍ਹ ਲਿਆ ਹੈ।

ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥ ੧॥ ਰਹਾਉ॥

ਮਾਇਆ ਦੇ ਮੋਹ ਵਿਚ ਫਸਣ ਕਰਕੇ ਅੰਤ ਨੂੰ ਕਾਲ ਭਗਵਾਨ ਨੇ ਸਰੁ ਸਾਂਧਿਆ=ਬਾਣ ਖਿਚਕੇ ਮਾਰਨਾ ਕੀਤਾ॥ ੧॥ ਰਹਾਉ॥

ਕਟੀ ਨ ਕਟੈ ਤ੍ਰੁਟਿ ਨਹ ਜਾਈ॥

ਬ੍ਰਹਮ ਗਿਆਨ ਤੋਂ ਬਿਨਾਂ ਇਹ ਮਾਇਆ ਰੂਪੀ ਫਾਹੀ ਹੋਰ ਸਾਧਨਾਂ ਰੂਪ ਸ਼ਸਤ੍ਰਾਂ ਨਾਲ ਕਟੀਏ ਤਾਂ ਕੱਟੀ ਨਹੀਂ ਜਾਂਦੀ ਅਤੇ ਪੁਰਾਣੀ ਹੋ ਕੇ ਆਪਣੇ ਆਪ ਟੁਟਦੀ ਭੀ ਨਹੀਂ।

ਯਥਾ- ਮੋਹਨੀ ਮੋਹਤ ਰਹੈ ਨ ਹੋਰੀ॥ ਸਾਧਿਕ ਸਿਧ ਸਗਲ ਕੀ ਪਿਆਰੀ ਤ੍ਰੁਟੈ ਨ ਕਾਹੂ ਤੋਰੀ॥

(ਸਾਰਗ ਮਹਲਾ ੫, ਪੰਨਾ ੧੨੧੬)

ਸਾ ਸਾਪਨਿ ਹੋਇ ਜਗ ਕਉ ਖਾਈ॥ ੨॥

ਉਹ ਮਾਇਆ ਸੱਪਣੀ ਵਾਂਗੂੰ ਹੋ ਕੇ ਸਾਰੇ ਜਗਤ ਨੂੰ ਖਾਈ ਜਾ ਰਹੀ ਹੈ। ਜਿਵੇਂ ਸੱਪਣੀ ਆਪਣੇ ਬਚਿਆਂ ਨੂੰ ਚਟਦੀ ਹੋਈ ਅੰਦਰ ਲੰਘਾਈ ਜਾਂਦੀ ਹੈ॥ ੨॥

ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥

ਸਾਡੇ ਵੇਖਦਿਆਂ ਵੇਖਦਿਆਂ ਜਿਸ ਮਾਇਆ ਨੇ ਸਾਰੇ ਸੰਸਾਰ ਨੂੰ ਲੁਟ ਲਿਆ ਹੈ।

ਯਥਾ- ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ॥

ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ॥ ੧॥ *(ਸਾਰਗ ਮਹਲਾ ੫, ਪੰਨਾ ੧੨੧੬)*

*ਪ੍ਰਸ਼ਨ-*ਇਹ ਗੱਲ ਤੁਸੀਂ ਹੀ ਆਖਦੇ ਹੋ ਜਾਂ ਹੋਰ ਭੀ ਕੋਈ ਆਖਦਾ ਹੈ? *ਉੱਤਰ-*

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥

ਹੇ ਭਾਈ ! ਬੇਦਾਂ ਦੀਆਂ ਪੁਤ੍ਰੀਆਂ ਜਿਹੜੀਆਂ ਸਿੰਮ੍ਰਿਤੀਆਂ ਹਨ ਉਹ ਸਾਰੀਆਂ ਇਸ ਗੱਲ ਨੂੰ ਕਥਨ ਕਰਦੀਆਂ ਹਨ ਕਿ ਮਾਇਆ ਤਰਨੀ ਬੜੀ ਔਖੀ ਹੈ। ਗੀਤਾ ਦੇ ਸੱਤਵੇਂ ਧਿਆਇ ਚੌਦਵੇਂ ਸਲੋਕ ਅੰਦਰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਜੀ ਨੇ ਅਰਜਨ ਨੂੰ ਕਿਹਾ ਕਿ ਹੇ ਅਰਜਨ ! ਤੂੰ ਮੇਰੀ ਮਾਇਆ ਵੇਖਣ ਦੀ ਇੱਛਿਆ ਨਾ ਕਰ। ਕਿਉਂਕਿ-

ਦੈਵੀ ਹੀ ਏਸ਼ਾ ਗੁਣਮਈ ਮਮ ਮਾਇਆ ਦਰੱਤਿਆ।

ਮਾਮੇਵ ਯੇ "ਪ੍ਰਪਦਜੰਤੇ" ਮਾਇਆ ਮੇਤਾਂ ਤਰੰਤੀ ਤੇ।

ਹੀ=ਕਿਉਂਕਿ ਏਸ਼ਾ=ਇਹ ਦੈਵੀ=ਅਦਭੁਤ ਗੁਣਮਈ=ਤ੍ਰਿਗੁਣਮਈ ਮਮ=ਮੇਰੀ ਜੋ ਯੋਗ ਮਾਇਆ ਇਹ ਬਹੁਤ ਦੁਰੱਤਿਆ=ਕਠਨ ਹੈ। ਪਰੰਤੁ ਯੇ=ਜੋ ਪੁਰਸ਼ ਮਮ ਏਵ=ਮੇਰੇ ਕੋ ਹੀ ਪ੍ਰਪਦਜੰਤੇ=ਨਿਰੰਤਰ ਯਾਨੇ ਇਕਰਸ ਭਜਤੇ ਹੈਂ, ਤੇ=ਉਹ ਪੁਰਸ਼ ਮਾਇਆ ਮੇਤਾਂ=ਇਸ ਮਾਇਆ ਕੋ ਤਰ ਜਾਤੇ ਹੈਂ।

ਯਥਾ:- ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇ ਆਛੈ॥

(ਦੇਵਗੰਧਾਰੀ, ਪੰਨਾ ੫੩੪)

ਤਥਾ- ਭਰਮਤ ਭਰਮਤ ਮਹਾ ਦੁਖੁ ਪਾਇਆ॥ ਤਰੀ ਨ ਜਾਈ ਦੁਤਰ ਮਾਇਆ॥ ੨॥

(ਰਾਮਕਲੀ ਮ: ੫, ਪੰਨਾ ੯੯੮)

ਫਿਰ ਬੇਨਤੀ ਕੀਤੀ-ਆਪ ਇਸ ਮਾਇਆ ਤੋਂ ਕਿਸ ਪ੍ਰਕਾਰ ਬਚੇ ਹੋ? *ਉੱਤਰ-*

ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥ ੩ ॥ ੩੦ ॥

ਕਬੀਰ ਜੀ ਕਹਿੰਦੇ ਹਨ ਮੈਂ ਤਾਂ ਇਕ ਰਾਮ ਦੇ ਨਾਮ ਨੂੰ ਜਪਕੇ ਇਸ ਮਾਇਆਂ ਕੋਲੋਂ ਛੁਟ ਗਿਆ ਹਾਂ ॥ ੩ ॥ ੩੦ ॥

ਦੂਸਰੇ ਅਰਥ ਵਿਚ ਉੱਚ ਕੋਟੀ ਦਾ ਉਪਦੇਸ਼ ਦਿੰਦੇ ਹੋਏ ਕਰਮ ਕਾਂਡ ਦਾ ਤਿਆਗ ਕਥਨ ਕਰਦੇ ਹਨ।

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥

ਹੇ ਭਾਈ ! ਬੇਦਾਂ ਦੀਆਂ ਪੁਤ੍ਰੀਆਂ ਜਿਹੜੀਆਂ ੨੭ ਸਿੰਮ੍ਰਿਤੀਆਂ ਹਨ।

ਸਾਂਕਲ ਜੇਵਰੀ ਲੈ ਹੈ ਆਈ ॥ ੧ ॥ ਉਹ ਜੀਵਾਂ ਨੂੰ ਫਸਾਣ ਲਈ ਸੰਗਲ ਤੇ ਰਸੀਆਂ ਲੈਕੇ ਆਈਆਂ ਹੋਈਆਂ ਹਨ। ਸਿੰਮ੍ਰਿਤੀਆਂ ਵਿਚ ਜਿਹੜੇ ਵੱਡੇ ਵੱਡੇ ਯੱਗ ਆਦਿਕ ਕਰਮ ਹਨ, ਇਹ ਤਾਂ ਸੰਗਲ ਹਨ ਅਤੇ ਜਿਹੜੇ ਸਰਾਧ ਆਦਿਕ ਛੋਟੇ ਕਰਮ ਹਨ ਇਹ ਰੱਸੀਆਂ ਹਨ। ਰਿਖੀ ਮੁਨੀ ਤੇ ਪੰਡਤ ਆਦਿਕ ਸਾਰੇ ਅਹੇੜੀ ਭਾਵ ਸ਼ਿਕਾਰੀ ਹਨ। ਕਿਉਂਕਿ ਇਹੋ ਹੀ ਜੀਵਾਂ ਨੂੰ ਇਨ੍ਹਾਂ ਕਰਮ ਕਾਂਡਾ ਵਿਚ ਫਸਾ ਦਿੰਦੇ ਹਨ। ਫਿਰ ਜਦੋਂ ਜੀਵ ਕਰਮ ਕਰਨ ਲੱਗ ਪੈਂਦਾ ਹੈ, ਫਿਰ ਨਾ ਕਰਮ ਕਦੇ ਮੁਕਦੇ ਹਨ, ਨਾ ਇਹ ਛੁਟ ਸਕਦਾ ਹੈ।

ਬੇਦ ਦਾ ਇਕ ਲਖ ਸਲੋਕ ਹੈ। ਜਿਨ੍ਹਾਂ ਵਿਚੋਂ ੮੦ ਹਜ਼ਾਰ ਕਰਮ ਕਾਂਡ ਨੂੰ ਕਥਨ ਕਰਦਾ ਹੈ। ੧੬ ਹਜ਼ਾਰ ਉਪਾਸ਼ਨਾ ਕਾਂਡ ਦਾ ਹੈ। ਬਾਕੀ ੪ ਹਜ਼ਾਰ ਸਲੋਕ ਸਿਧਾਂਤ ਦਾ ਹੈ। ਉਨ੍ਹਾਂ ੮੦ ਹਜ਼ਾਰ ਸਲੋਕਾਂ ਤੋਂ ਅਗੇ ੨੭ ਸਿੰਮ੍ਰਿਤੀਆਂ ਬਣੀਆਂ ਹਨ। ਇਸ ਲਈ ਕਲਗੀਧਰ ਜੀ ਨੇ ਲਿਖਿਆ ਹੈ:-

ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨ ਤਿਨ ਕ੍ਯਿਆ ਬ੍ਰਹਮ ਕੀ ਤਿਆਗੀ ॥
ਜਿਨ ਮਨੁ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਆਯੋ ॥ ੧੮ ॥
ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੌਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥ ੧੯ ॥

(ਦਸਮ ਗ੍ਰੰਥ, ਪੰਨਾ ੫੦)

ਆਪਨ ਨਗਰੁ ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥ ੧ ॥ ਰਹਾਉ ॥

ਇਸ ਕਰਮ ਫਾਹੀ ਨੇ ਆਪਣਾ ਸਰੀਰ ਰੂਪ ਨਗਰ ਆਪਣੇ ਵਿਚ ਬੰਨ੍ਹਿਆਂ ਹੋਇਆ ਹੈ। ਸਾਰੀ ਉਮਰ ਇਹ ਜੀਵ ਮੋਹ ਵਿਚ ਹੀ ਫਸਿਆ ਰਿਹਾ। ਨਿਸ਼ਕਾਮ ਹੋ ਕੇ ਪੁੰਨ ਦਾਨ ਨਾ ਕੀਤਾ। ਇਸ ਵਾਸਤੇ ਕਾਲ ਨੇ ਬਾਣ ਖਿੱਚ ਕੇ ਮਾਰਿਆ। ਉਸ ਵੇਲੇ ਪ੍ਰਲੋਕ ਦੇ ਰਸਤੇ ਵਿਚ ਜਾਂਦਾ ਹੋਇਆ ਪਸ਼ਚਾਤਾਪ ਕਰਦਾ ਹੈ ॥ ੧ ॥ ਰਹਾਉ ॥

ਕਟੀ ਨ ਕਟੈ ਤੁਟਿ ਨਹ ਜਾਈ ॥ ਸਾ ਸਾਪਨਿ ਹੋਇ ਜਗ ਕਉ ਖਾਈ ॥ ੨ ॥

ਇਹ ਕਰਮਾਂ ਦੀ ਫਾਹੀ ਬ੍ਰਹਮ ਗਿਆਨ ਤੋਂ ਬਿਨਾਂ ਕਟਿਆ ਕਟੀ ਨਹੀਂ ਜਾਂਦੀ ਤੇ ਤੋੜਿਆਂ ਟੁਟਦੀ ਭੀ ਨਹੀਂ। ਇਹ ਕਰਮ ਫਾਹੀ ਸੱਪਣੀ ਵਾਂਗੂੰ ਸਾਰੇ ਸੰਸਾਰ ਨੂੰ ਖਾਈ ਜਾਂਦੀ ਹੈ ॥ ੨ ॥

ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥

ਸਾਡੇ ਵੇਖਦਿਆਂ ਵੇਖਦਿਆਂ ਇਸ ਕਰਮ ਫਾਹੀ ਨੇ ਸਾਰੇ ਸੰਸਾਰ ਨੂੰ ਲੁਟ ਲਿਆ ਹੈ।

ਪ੍ਰਸ਼ਨ-ਤੁਸੀਂ ਇਸ ਕਰਮ ਫਾਹੀ ਤੋਂ ਕਿਵੇਂ ਛੁਟੇ ਹੋ? ਉੱਤਰ-

ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥ ੩ ॥ ੩੦ ॥

ਕਬੀਰ ਜੀ ਕਹਿੰਦੇ ਹਨ-ਮੈਂ ਤਾਂ ਇਕ ਰਾਮ ਨਾਮ ਨੂੰ ਕਹਿ ਕੇ ਛੁਟ ਗਿਆ ਹਾਂ। ਕਿਉਂਕਿ ਇਹ ਰਾਮ

ਨਾਮ ਐਸਾ ਤਾਕਤ ਵਾਲਾ ਹੈ ਜਿਸ ਦੇ ਅਗੇ ਹੋਰ ਕਿਸੇ ਦੀ ਅਪੇਖਿਆ ਨਹੀਂ ਬਣਦੀ॥ ੩॥ ੩੦॥

ਗਉੜੀ ਕਬੀਰ ਜੀ॥

ਉਥਾਨਕਾ:-ਇਕ ਰਾਜਾ ਕਬੀਰ ਜੀ ਦਾ ਜਸ ਸੁਣ ਕੇ ਕਾਂਸ਼ੀ ਵਿਚ ਆਇਆ। ਨਮਸ਼ਕਾਰ ਕਰ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਮੈਂ ਤੁਹਾਡੇ ਲਈ ਇਕ ਘੋੜਾ ਲਿਆਂਦਾ ਹੈ। ਤੁਸੀਂ ਉਸ ਉੱਤੇ ਅਸਵਾਰੀ ਕਰਕੇ ਬਾਹਰ ਜਾ ਕੇ ਸੰਗਤਾਂ ਨੂੰ ਉਪਦੇਸ਼ ਦਿਤਾ ਕਰੋ। ਕਬੀਰ ਜੀ ਨੇ ਕਿਹਾ ਹੇ ਰਾਜਨ ! ਅਸੀਂ ਤਾਂ ਅਗੇ ਹੀ ਘੋੜੇ ਤੇ ਅਸਵਾਰ ਹੋਏ ਹੋਏ ਹਾਂ। ਜੇ ਤੁਹਾਨੂੰ ਭੀ ਇੱਛਾ ਹੈ ਤਾਂ ਉਸ ਘੋੜੇ ਪਰ ਚੜ੍ਹਾ ਦਿੰਦੇ ਹਾਂ। ਉਸ ਉਤੇ ਚੜ੍ਹਨ ਕਰਕੇ ਤੁਸੀਂ ਥਕੋਗੇ ਨਹੀਂ ਅਤੇ ਕੋਈ ਦੁਸ਼ਮਨ ਭੀ ਆਪ ਨਾਲ ਟਾਕਰਾ ਨਹੀਂ ਕਰ ਸਕੇਗਾ। ਰਾਜੇ ਨੇ ਆਖਿਆ ਮਹਾਰਾਜ ਜੀ ਉਹ ਅਜਿਹਾ ਘੋੜਾ ਕਿਹੜਾ ਹੈ? ਤਾਂ ਕਬੀਰ ਜੀ ਨੇ ਕਿਹਾ ਹੇ ਰਾਜਨ ! ਉਹ ਮਨ ਰੂਪੀ ਘੋੜਾ ਹੈ।

ਦੇਇ ਮੁਹਾਰ ਲਗਾਮੁ ਪਹਿਰਾਵਉ॥

ਸਰੀਰ ਵਿਚ ਜੋ ਮੋਹ ਹੈ ਉਸ ਦਾ ਅਰੀ=ਦੁਸ਼ਮਨ ਜੋ ਵੈਰਾਗ ਹੈ ਇਹ ਉਸ ਮਨ ਰੂਪੀ, ਘੋੜੇ ਨੂੰ ਲਗਾਮ ਪਾਉਣੀ ਕੀਤੀ ਹੈ। ਤਾਂ ਰਾਜੇ ਨੇ ਕਿਹਾ-ਲਗਾਮਾਂ ਤਾਂ ਦੋ ਹੁੰਦੀਆਂ ਹਨ, ਇਕ ਢਿਲੀ ਅਤੇ ਦੂਜੀ ਖਿਚੀ ਹੋਈ ਪਰ ਤੁਸੀਂ ਇਕੋ ਕਹੀ ਹੈ ਫਿਰ ਕਬੀਰ ਜੀ ਕਹਿੰਦੇ ਹਨ-ਦੇਹ ਵਿਚ ਜਿਹੜਾ ਮੋਹ ਹੈ ਉਸ ਮੋਹ ਦਾ ਦੁਸ਼ਮਨ ਵੈਰਾਗ ਇਹ ਢਿੱਲੀ ਲਗਾਮ ਹੈ। ਨਿਰੰਕਾਰ ਵਿਚ ਜੋ ਲਿਵ ਲਾਈ ਹੈ ਇਹ ਖਿੱਚੀ ਹੋਈ ਲਗਾਮ ਹੈ। *ਅਥਵਾ:*- ਦੇਹ ਵਿਚ ਜਿਹੜਾ ਮੋਹ ਹੈ ਉਸ ਦਾ ਦੁਸ਼ਮਨ ਜੋ ਵਿਵੇਕ ਹੈ, ਇਹ ਅਸੀਂ ਮਨ ਰੂਪੀ ਘੋੜੇ ਨੂੰ ਮੁਹਾਰ=ਪੂਜੀ ਪਾਈ ਹੈ ਅਤੇ ਪਰਮਾਤਮਾ ਵਿਚ ਜੋ ਲਿਵ ਲਾਈ ਹੈ ਇਹ ਮਨ ਰੂਪੀ ਘੋੜੇ ਨੂੰ ਲਗਾਮ ਪਹਿਰਾਈ ਹੈ।

ਸਗਲ ਤਜੀਨੁ ਗਗਨ ਦਉਰਾਵਉ॥ ੧॥

ਸਾਰਿਆਂ ਪਦਾਰਥਾਂ ਦਾ ਤਜੀਨੁ=ਤਿਆਗਣਾ ਇਹ ਉਸ ਘੋੜੇ ਜੀਨੁ=ਕਾਠੀ ਪਾਈ ਹੈ ਅਤੇ ਚਿਤਾਕਾਸ਼ ਰੂਪ ਸੜਕ ਉੱਤੇ ਉਸੇ ਨੂੰ ਦੌੜਾਂਦੇ ਹਾਂ॥ ੧॥

ਅਪਨੈ ਬੀਚਾਰਿ ਅਸਵਾਰੀ ਕੀਜੈ॥

ਆਪਣੇ ਸ੍ਵੈ ਸਰੂਪ ਦਾ ਵਿਚਾਰ ਕਰਨਾ ਇਹ ਮਨ ਰੂਪੀ ਘੋੜੇ ਉੱਤੇ ਅਸੀਂ ਅਸਵਾਰੀ ਕੀਤੀ ਹੈ।

ਸਹਜ ਕੈ ਪਾਵੜੈ ਪਗੁ ਧਰਿ ਲੀਜੈ॥ ੧॥ ਰਹਾਉ॥

ਸਹਜ=ਸ਼ਾਂਤੀ। ਪਾਵੜੈ=ਰਕਾਬਾਂ। ਪਗੁ=ਪੈਰ।

ਜਿਹੜੀ ਸਾਨੂੰ ਅੰਦਰੋਂ ਬਾਹਰੋਂ ਸ਼ਾਂਤੀ ਪ੍ਰਾਪਤ ਹੋਈ ਹੈ। ਇਨ੍ਹਾਂ ਦੋ ਰਕਾਬਾਂ ਵਿਚ ਅਸੀਂ ਚਿੱਤ ਅਤੇ ਬੁੱਧੀ ਰੂਪ ਦੋ ਪੈਰ ਧਰ ਲੀਤੇ ਹਨ॥ ੧॥ ਰਹਾਉ॥

ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ॥ ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ॥ ੨॥

ਫਿਰ ਅਸੀਂ ਉਸ ਮਨ ਰੂਪੀ ਘੋੜੇ ਨੂੰ ਇਸ ਪ੍ਰਕਾਰ ਕਹਿੰਦੇ ਹਾਂ। ਹੇ ਮਨ ਰੂਪੀ ਘੋੜੇ ! ਤੂੰ ਚਲ, ਤੈਨੂੰ ਸੰਸਾਰ ਸਮੁੰਦਰ ਤੋਂ ਤਾਰ ਕੇ ਬੈਕੁੰਠ, ਅਰਥਾਤ ਬ੍ਰਹਮ ਰੂਪ ਮੰਦਰ ਵਿਚ ਲੈ ਚਲੀਏ। ਹੇ ਮਨ ਰੂਪੀ ਘੋੜੇ ! ਜੇ ਤੂੰ ਹਿਚਹਿ=ਅੜੀ ਕਰੇਂਗਾ ਤਾਂ ਮੈਂ ਤੈਨੂੰ ਪ੍ਰੇਮ ਰੂਪ ਚਾਬਕ ਮਾਰਾਂਗਾ॥ ੨॥

ਯਥਾ- ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥ ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ॥

(ਵਡਹੰਸ ਮ: ੪, ਪੰਨਾ ੫੭੫)

ਕਹਤ ਕਬੀਰ ਭਲੇ ਅਸਵਾਰਾ ॥ਬੇਦ ਕਤੇਬ ਤੇ ਰਹਹਿ ਨਿਰਾਰਾ ॥੩ ॥ ੩੧ ॥

ਕਬੀਰ ਜੀ ਕਹਿੰਦੇ ਹਨ-ਇਸ ਤਰੀਕੇ ਨਾਲ ਅਸੀਂ ਸਭ ਤੋਂ ਚੰਗੇ ਮਨ ਰੂਪ ਘੋੜੇ ਉੱਤੇ ਅਸਵਾਰ ਹੋ ਰਹੇ ਹਾਂ। ਵਾਹਿਗੁਰੂ ਦੀ ਦਇਆ ਕਰ ਕੇ ਹੁਣ ਸਾਡਾ ਮਨ ਬੇਦਾਂ ਦੇ ਦਸੇ ਹੋਏ ਕਰਮ ਕਾਂਡ ਅਤੇ ਕਤੇਬਾਂ ਦੇ ਮੱਤ ਕੋਲੋਂ ਸਦਾ ਹੀ ਨਿਰਾਲਾ ਰਹਿੰਦਾ ਹੈ॥ ੩॥ ੩੧॥

ਯਥਾ- ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ ੩॥

(ਭੈਰਉ ਕਬੀਰ ਜੀ, ਪੰਨਾ ੧੧੫੯)

ਗਉੜੀ ਕਬੀਰ ਜੀ॥

ਇਸ ਸ਼ਬਦ ਦੁਆਰਾ ਵੈਰਾਗ ਮਈ ਉਪਦੇਸ਼ ਕਰਦੇ ਹਨ। ਇਕ ਵਾਰ ਕੋਈ ਆਦਮੀ ਪਰਮੇਸ਼ਰ ਦੇ ਭਾਣੇ ਅੰਦਰ ਚੜ੍ਹਾਈ ਕਰ ਗਿਆ। ਉਸ ਦੇ ਨੜੋਏ ਨਾਲ ਮਸਾਣਾਂ ਵਿਚ ਕਬੀਰ ਜੀ ਭੀ ਗਏ। ਉਸ ਨੂੰ ਚਿਖਾ ਵਿਚ ਰੱਖ ਅੱਗ ਲਾ ਕੇ ਸਾਰੇ ਇਕੱਠੇ ਹੋ ਕੇ ਬੈਠ ਗਏ। ਤਦੋਂ ਕਬੀਰ ਜੀ ਨੇ ਉਸ ਮੌਕੇ ਉਪਦੇਸ਼ ਕਰਨਾ ਸ਼ੁਰੂ ਕਰ ਦਿਤਾ:-

ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ॥ ਤਿਹ ਮੁਖ ਦੇਖਤ ਲੂਕਟ ਲਾਏ॥ ੧॥

ਜਿਸ ਮੂੰਹ ਨਾਲ ਇਹ ਜੀਵ ਪੰਜ ਪ੍ਰਕਾਰ ਦੇ ਅੰਮ੍ਰਿਤ ਦੁਧ, ਦਹੀਂ, ਘਿਉ, ਮਿਸ਼ਰੀ, ਸ਼ਹਿਤ ਵਾ:-ਪੰਚਾਮ੍ਰਿਤ=ਕੜਾਹ ਪ੍ਰਸ਼ਾਦ ਖਾਂਦਾ ਸੀ ਵਾ:-ਜਿਸ ਮੂੰਹ ਨਾਲ ਕਈ ਪ੍ਰਕਾਰ ਦੇ ਅੰਮ੍ਰਿਤ ਭੋਜਨ ਖਾਂਦਾ ਸੀ।

ਯਥਾ- ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ (ਪੰਨਾ ੨੬੯)

ਉਸੇ ਮੁਖ ਨੂੰ ਵੇਖ ਕੇ ਹੁਣ ਤੁਸੀਂ ਅੱਗ ਦੇ ਮੁਆਤੇ ਲਾ ਰਹੇ ਹੋ। ਵਾ:-ਲਾ ਦਿਤੇ ਹਨ।

ਅਥਵਾ-ਸਭਨਾਂ ਦੇ ਵੇਖਦਿਆਂ ਵੇਖਦਿਆਂ ਉਸ ਦੇ ਮੂੰਹ ਵਲੋਂ ਲੂਕਟ=ਚੁਆਤਾ ਲਾ ਦਿਤਾ ਹੈ। ਇਸ ਲਈ ਤੁਸੀਂ ਇਸ ਪੰਜ ਭੂਤਕ ਸਰੀਰ ਦਾ ਹੰਕਾਰ ਕਦੇ ਨਾ ਕਰਿਆ ਕਰੋ। ਸਗੋਂ ਹਿਰਦੈ ਵਿਚ ਨਿੰਮ੍ਰਤਾ ਧਾਰ ਕੇ ਵਾਹਿਗੁਰੂ ਅਗੇ ਇਸ ਪ੍ਰਕਾਰ ਪ੍ਰਾਰਥਨਾ ਕਰੋ-

ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥

ਹੇ ਪੁਕਾਸ਼ ਰੂਪ ਵਾਹਿਗੁਰੂ ਜੀ ! ਆਪ ਕਿਰਪਾ ਕਰਕੇ ਮੇਰਾ ਇਕ ਦੁਖ ਕੱਟ ਦਿਓ।

ਅਗਨਿ ਦਹੈ ਅਰੁ ਗਰਭ ਬਸੇਰਾ॥ ੧॥ ਰਹਾਉ॥

ਮਾਂ ਦੇ ਗਰਭ ਵਿਚ ਵੱਸ ਕੇ ਜਿਹੜਾ ਜਠਰ ਅਗਨੀ ਵਿਚ ਸੜਨਾ ਹੈ, ਇਹ ਦੁਖ ਕੱਟਣਾ ਕਰੋ। ਵਾ:-ਹੇ ਰਾਮਰਾਇ ! ਇਕੋ ਜਿਹਾ ਜਿਹੜਾ ਮਰਨ ਅਤੇ ਜੰਮਣ ਦਾ ਦੁੱਖ ਹੈ ਇਹ ਮੇਰਾ ਨਵਿਰਤ ਕਰ ਦਿਓ। ਅੰਤ ਨੂੰ ਅੱਗ ਵਿਚ ਸੜਨ ਦਾ ਅਤੇ ਮਾਤਾ ਦੇ ਪੇਟ ਵਿਚ ਵਸਣ ਦਾ। ਅਗਨ ਦਹੈ ਤੋਂ ਮੁਰਾਦ ਮਰਨ ਦੀ ਹੈ, ਗਰਭ ਬਸੇਰਾ ਤੋਂ ਮੁਰਾਦ ਜੰਮਣ ਦੀ ਹੈ। ਜਨਮ ਮਰਨ ਦਾ ਦੁਖ ਇਕੋ ਜਿਹਾ ਇਸ ਕਰਕੇ ਕਿਹਾ ਹੈ ਜੋ

ਕਿ ਜਨਮ ਕਾਲ ਵਿਚ ਭੀ ਹਜ਼ਾਰ ਬਿਛੂ ਦੇ ਲੜਨ ਜਿਤਨਾ ਦੁਖ ਹੁੰਦਾ ਹੈ ਤੇ ਮਰਨ ਵਿਚ ਭੀ ਹਜ਼ਾਰ ਬਿਛੂ ਦੇ ਲੜਨ ਜਿੰਨਾ ਦੁਖ ਹੁੰਦਾ ਹੈ ਪਰੰਤੂ ਭਾਗਵਤ ਦੇ ਪਹਿਲੇ ਸਕੰਧ ਦਸਵੇਂ ਧਿਆ ਵਿਖੇ ਮਰਨ ਕਾਲ ਵਿਚ ੬੦ ਹਜ਼ਾਰ ਬਿਛੂ ਦੇ ਲੜਨ ਜਿੰਨਾ ਦੁਖ ਲਿਖਿਆ ਹੈ। ਇਤਨਾ ਹੀ ਦੁਖ ਜਨਮ ਕਾਲ ਵਿਚ ਹੁੰਦਾ ਹੈ। ਇਸ ਕਰਕੇ ਇਕੋ ਜਿਹਾ ਦੁਖ ਕਿਹਾ। ਸ੍ਰੀ ਗੁਰੂ ਨਾਨਕ ਦੇਵ ਜੀ ਲਿਖਦੇ ਹਨ-

ਜਿਉ ਆਇਆ ਤਿਉ ਜਾਵਹਿ ਬਉਰੇ ਜਿਉ ਜਨਮੇ ਤਿਉ ਮਰਣੁ ਭਇਆ॥

(ਰਾਮਕਲੀ ਮਹਲਾ ੧, ਪੰਨਾ ੯੦੬)

ਕਾਇਆ ਬਿਗੂਤੀ ਬਹੁ ਬਿਧਿ ਭਾਤੀ॥ ਕੋ ਜਾਰੇ ਕੋ ਗਡਿ ਲੇ ਮਾਟੀ॥ ੨॥

ਬਹੁਤ ਪ੍ਰਕਾਰ ਦੀ ਜੋ ਕਾਇਆ ਹੈ ਉਹ ਬਹੁਤ ਪ੍ਰਕਾਰ ਕਰ ਕੇ ਖਰਾਬ ਹੋ ਰਹੀ ਹੈ।

ਯਥਾ- ਹਿਕ ਦਝਹਿ ਹਿਕ ਦਬੀਅਹਿ ਇਕਨਾ ਕੁਤੇ ਖਾਹਿ॥

ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥ *(ਪੰਨਾ ੬੪੮)*

ਕੋਈ ਹਿੰਦੂ ਅੱਗ ਵਿਚ ਪਾ ਕੇ ਸਾੜ ਦਿੰਦਾ ਹੈ ਅਤੇ ਕੋਈ ਮੁਸਲਮਾਨ ਮਿਟੀ ਵਿਚ ਗੱਡ ਦਿੰਦਾ ਹੈ॥ ੨॥

ਯਥਾ - ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗੰਤਿ ਦੁਹੂ ਨ ਪਾਈ॥ *(ਸੋਰਠਿ ਕਬੀਰ ਜੀ, ਪੰਨਾ ੬੫੪)*

ਕਹੁ ਕਬੀਰ ਹਰਿ ਚਰਣ ਦਿਖਾਵਹੁ॥
ਪਾਛੈ ਤੇ ਜਮੁ ਕਿਉ ਨ ਪਠਾਵਹੁ॥ ੩॥ ੩੨॥

ਕਬੀਰ ਜੀ ਕਥਨ ਕਰਦੇ ਹਨ-ਕਿ ਹੇ ਹਰੀ ! ਪਹਿਲੇ ਆਪ ਆਪਣੇ ਚਰਨ ਵਿਖਾਉਣਾ ਕਰੋ।

*ਅਥਵਾ-*ਇਸ ਪ੍ਰਕਾਰ ਬੇਨਤੀ ਕਰੋ ਹੇ ਹਰੀ ਚਰਣ=ਪੂਜਨੀਕ ਵਾ:-ਬੇਦ ਪ੍ਰਤਿਪਾਦਜ ! ਹੁਣ ਤੁਸੀਂ ਆਪਣਾ ਸ੍ਵੈ-ਸਰੂਪ ਮੈਨੂੰ ਵਿਖਾਉਣਾ ਕਰੋ।

ਪਿਛੋਂ ਫਿਰ ਆਪ ਜਮ ਨੂੰ ਕਿਉਂ ਨਹੀਂ ਭੇਜੋਗੇ ਭਾਵ ਪਿਛੋਂ ਜਮ ਨੂੰ ਭੇਜ ਹੀ ਦੇਣਾ ਫਿਰ ਉਸ ਨੇ ਮੇਰਾ ਕੀ ਕਰ ਲੈਣਾ ਹੈ। *ਅਥਵਾ:-*ਪਿਛੋਂ ਫਿਰ ਆਪ ਕਦੇ ਭੀ ਧਰਮਰਾਜ ਨੂੰ ਨਹੀਂ ਭੇਜੋਗੇ॥ ੩॥ ੩੨॥

ਯਥਾ- ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥

ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥ ੩॥ *(ਸੋਰਠਿ ਮ: ੫, ਪੰਨਾ ੬੧੪)*

ਗਉੜੀ ਕਬੀਰ ਜੀ॥

ਉਥਾਨਕਾ— ਕਾਂਸ਼ੀ ਵਿਚ ਇਕ ਥਾਂ ਉੱਤੇ ਕਬੀਰ ਜੀ ਦਾ ਮਕਾਨ ਬਣਿਆਂ ਹੋਇਆ ਸੀ। ਉਸ ਦੇ ਨਾਲ ਇਕ ਵੇਸ਼ਵਾ ਦਾ ਮਕਾਨ ਭੀ ਸੀ। ਕਬੀਰ ਜੀ ਦੇ ਘਰ ਅੱਠੇ ਪਹਿਰ ਸਤਿਸੰਗ ਹੁੰਦਾ ਰਹਿੰਦਾ ਸੀ। ਢੋਲਕੀਆਂ, ਛੈਣੇ ਮ੍ਰਿਦੰਗ ਆਦਿਕ ਸਾਜ਼ਾਂ ਨਾਲ ਹਰੀ ਕੀਰਤਨ ਕੀਤਾ ਜਾਂਦਾ ਸੀ। ਉਧਰ ਵੇਸ਼ਵਾ ਪਾਸ ਜਦੋਂ ਭੀ ਕਾਮ ਚੇਸ਼ਟਾ ਕਰਨ ਵਾਸਤੇ ਲੰਪਟ ਪੁਰਸ਼ ਆਉਂਦੇ ਤਾਂ ਉਨ੍ਹਾਂ ਦਿਆਂ ਕੰਨਾਂ ਵਿਚ ਇਹ ਕੀਰਤਨ ਅਤੇ ਸਾਜ਼ਾਂ ਦੀ ਅਵਾਜ਼ ਪੁਜਦੀ ਸੀ। ਵੇਸ਼ਵਾ ਦੇ ਪ੍ਰੇਮੀ ਇਸ ਨੂੰ ਸਹਾਰ ਨਾ ਸਕੇ।

ਯਥਾ- ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ॥

ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ॥ ੩॥

(ਗੂਜਰੀ ਮ: ੪, ਪੰਨਾ ੪੯੩)

ਯਥਾ:- ਕੂੜਿ ਕਪਟਿ ਅਹੰਕਾਰਿ ਰੀਝਾਨਾ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ॥ ੨॥

(ਰਾਮਕਲੀ ਮ: ੫, ਪੰਨਾ ੯੬੩)

ਇਕ ਦਿਨ ਉਨ੍ਹਾਂ ਨੇ ਸ਼ਰਾਬਾਂ ਪੀ ਕੇ ਮਸਤ ਹੋ ਕੇ ਮਿੱਟੀ ਦੇ ਤੇਲ ਦਾ ਪੀਪਾ ਲਿਆ ਕੇ ਕਬੀਰ ਜੀ ਦੇ ਘਰ ਨੂੰ ਤੇਲ ਪਾ ਕੇ ਅੱਗ ਲਾ ਦਿਤੀ। ਖੂਬ ਭਾਂਬੜ ਨਿਕਲਣ ਲਗੇ, ਲਾਟਾਂ ਅਸਮਾਨ ਤਕ ਜਾਣ ਲੱਗੀਆਂ। ਕਬੀਰ ਜੀ ਦਿਆਂ ਸਤਸੰਗੀਆਂ ਨੂੰ ਪਤਾ ਲੱਗਾ, ਹਾਲ ਦੁਹਾਈ ਮੱਚ ਗਈ। ਅੱਗ ਬੁਝਾਣ ਦਾ ਉਪਰਾਲਾ ਹੋਣ ਲੱਗਾ। ਅੱਗ ਵਿਚ ਘਿਰਿਆਂ ਹੋਇਆਂ ਨੂੰ ਬਚਾਉਣ ਦੇ ਉਪਰਾਲੇ ਸੋਚੇ ਜਾਣ ਲੱਗੇ। ਕਬੀਰ ਜੀ ਪਾਸ ਅਰਜ਼ ਕੀਤੀ, ਮਹਾਰਾਜ ਜੀ ! ਆਪ ਕੋਈ ਉਪਾਉ ਕਰੋ ! ਉਸ ਵੇਲੇ ਕਬੀਰ ਜੀ ਨੇ ਆਖਿਆ ਭਾਈ ਤੁਸੀਂ ਡਰੋ ਨਾ ਅੱਗ ਹੁਣੇ ਬੁਝ ਜਾਵੇਗੀ। ਕਬੀਰ ਜੀ ਦੀ ਪ੍ਰੀਖਿਆ ਕਰਨ ਲਈ ਕੁਦਰਤ ਵਲੋਂ ਹਨੇਰੀ ਆ ਗਈ। ਅੱਗ ਹੋਰ ਭੀ ਤੇਜ਼ ਹੋ ਗਈ। ਸਤਸੰਗੀਆਂ ਨੇ ਆਖਿਆ ਬੜੀ ਭੈੜੀ ਮੌਤੇ ਮਰ ਜਾਵਾਂਗੇ। ਤਦੋਂ ਕਬੀਰ ਜੀ ਇਹ ਸ਼ਬਦ ਉਚਾਰਨ ਕਰਕੇ ਉਨ੍ਹਾਂ ਦੇ ਹੌਂਸਲੇ ਵਧਾਉਂਦੇ ਹਨ।

ਆਪੇ ਪਾਵਕੁ ਆਪੇ ਪਵਨਾ॥ ਜਾਰੈ ਖਸਮੁ ਤ ਰਾਖੈ ਕਵਨਾ॥ ੧॥

ਉਹ ਪਰਮੇਸ਼ਰ ਆਪ ਹੀ ਅਗਨੀ ਦੇਵਤਾ ਅਤੇ ਆਪ ਹੀ ਪਵਨ ਦੇਵਤਾ ਰੂਪ ਹੋ ਕੇ ਵਰਤ ਰਿਹਾ ਹੈ। ਜੇਕਰ ਉਹ ਖਸਮੁ=ਪਰਮਾਤਮਾ ਆਪ ਹੀ ਸਾੜਨਾ ਚਾਹੇ ਤਾਂ ਫਿਰ ਕੌਣ ਰੱਖ ਸਕਦਾ ਹੈ॥ ੧॥

ਰਾਮ ਜਪਤ ਤਨੁ ਜਰਿ ਕੀ ਨ ਜਾਇ॥
ਰਾਮ ਨਾਮ ਚਿਤੁ ਰਹਿਆ ਸਮਾਇ॥ ੧॥ ਰਹਾਉ॥

ਰਾਮ ਨਾਮ ਜਪਦਿਆਂ ਹੋਇਆਂ ਭਾਵੇਂ ਸਰੀਰ ਕਿਉਂ ਨਾ ਸੜ ਜਾਵੇ। ਬੇਸ਼ਕ ਸੜ ਜਾਵੇ, ਕੋਈ ਪਰਵਾਹ ਨਹੀਂ ਕਿਉਂਕਿ ਵਿਦੇਹ ਮੁਕਤੀ ਦਾ ਅਨੰਦ ਤਾਂ ਹੀ ਮਿਲਣਾ ਹੈ ਜਿਸ ਵੇਲੇ ਇਸ ਪੰਜ ਭੂਤਕ ਸਰੀਰ ਨੇ ਸੜ ਜਾਣਾ ਹੈ।

ਸਾਡਾ ਚਿੱਤ ਤਾਂ ਰਾਮ ਨਾਮ ਦੇ ਸਿਮਰਨ ਕਰਨ ਵਿਚ ਸਮਾ ਰਿਹਾ ਹੈ॥ ੧॥ ਰਹਾਉ॥

ਫਿਰ ਸਿਖਾਂ ਨੇ ਬੇਨਤੀ ਕੀਤੀ, ਭਗਤ ਜੀ ! ਆਪ ਇਤਨੀ ਅਣਗਹਿਲੀ ਨਾ ਕਰੋ। ਅਗੇ ਤਾਂ ਮਸਾਂ ਮਸਾਂ ਗੁਜ਼ਾਰਾ ਚੱਲ ਰਿਹਾ ਹੈ। ਹੁਣ ਜੋ ਕੁਝ ਘਰ ਵਿਚ ਪਿਆ ਹੈ ਉਹ ਸੜ ਬਲ ਕੇ ਸੁਆਹ ਹੋ ਜਾਵੇਗਾ। ਇਹ ਗੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ-

ਕਾ ਕੋ ਜਰੈ ਕਾਹਿ ਹੋਇ ਹਾਨਿ॥ ਨਟ ਵਟ ਖੇਲੈ ਸਾਰਿਗਪਾਨਿ॥ ੨॥

ਕਿਸ ਦਾ ਸੜਦਾ ਹੈ ? ਅਤੇ ਕਿਸ ਦਾ ਕੁਝ ਨੁਕਸਾਨ ਹੁੰਦਾ ਹੈ?

ਸਾਡਾ ਤਾਂ ਕੁਝ ਭੀ ਨਹੀਂ। ਇਹ ਤਾਂ ਸਭ ਕੁਝ ਉਸ ਅਕਾਲ ਪੁਰਖ ਦਾ ਹੀ ਹੈ।

ਉਹ ਅਕਾਲ ਪੁਰਖ ਆਪ ਹੀ ਨਟ ਦੀ ਨਿਆਈਂ ਸਾਰੀਆਂ ਖੇਡਾਂ ਖੇਲ ਰਿਹਾ ਹੈ।

ਅਥਵਾ:-ਨਟ ਦੇ ਵੱਟੇ ਭਾਵ ਜਮੂਰੇ ਵਾਂਗਰ ਖੇਡ ਰਿਹਾ ਹੈ॥ ੨॥

ਫਿਰ ਬੇਨਤੀ ਕੀਤੀ ਕਿ ਮਹਾਰਾਜ ! ਜੇਕਰ ਆਪ ਨੂੰ ਕੁਝ ਪ੍ਰਵਾਹ ਨਹੀਂ ਹੈ ਤਾਂ ਸਾਡੀ ਜ਼ਿੰਦਗੀ ਬਰਬਾਦ ਨਾ ਕਰੋ, ਸਾਨੂੰ ਤਾਂ ਬਚਾ ਲਓ। ਇਹ ਗੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ-

ਕਹੁ ਕਬੀਰ ਅਖਰ ਦੁਇ ਭਾਖਿ॥

ਹੇ ਪਿਆਰਿਓ ! ਤੁਸੀਂ ਦੋ ਆਖਰ 'ਰਾ-ਮ' ਨਾਮ ਉਚਾਰਨ ਕਰੀ ਜਾਓ, ਡਰੋ ਨਾ, ਗੁਰਮੁਖ ਬਣੋ।

ਯਥਾ- ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ॥

ਏ ਦੁਇ ਅਖਰ ਨਾ ਖਿਸਹਿ ਸੋ ਗਹਿ ਰਹਿਓ ਕਬੀਰ॥ ੧੭੧॥ *(ਸਲੋਕ ਕਬੀਰ, ਪੰਨਾ ੧੩੭੩)*

ਵਾ:-ਹਰਿ ਹਰਿ ਰੂਪ ਦੋ ਅੱਖਰ ਕਥਨ ਕਰੋ।

ਯਥਾ- ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ॥ ੧॥

(ਆਸਾ ਮਹਲਾ ੫, ਪੰਨਾ ੩੯੬)

ਹੋਇਗਾ ਖਸਮੁ ਤ ਲੇਇਗਾ ਰਾਖਿ॥ ੩॥ ੩੩॥

ਜੇਕਰ ਇਨ੍ਹਾਂ ਦੋ ਅਖਰਾਂ ਦਾ ਕੋਈ ਖਸਮੁ=ਗੁਸਾਈਂ (ਮਾਲਕ) ਹੋਵੇਗਾ, ਤਾਂ ਤੁਹਾਨੂੰ ਉਹ ਵਾਹਿਗੁਰੂ ਰੱਖ ਲਏਗਾ।

ਤਦੋਂ ਸਾਰੇ ਸਿਖ ਸੇਵਕ ਮਿਲ ਕੇ ਰਾਮ ਨਾਮ ਉਚਾਰਨ ਕਰਨ ਲਗ ਪਏ। ਉਸ ਵੇਲੇ ਨਿਰੰਕਾਰ ਦੇ ਹੁਕਮ ਨਾਲ ਅਪੁੱਠੀ ਹਨੇਰੀ ਚੱਲਣ ਲੱਗ ਪਈ। ਕਬੀਰ ਜੀ ਦੇ ਮਕਾਨ ਤੋਂ ਅੱਗ ਬੁਝ ਗਈ, ਵੇਸ਼ਵਾ ਦੇ ਮਕਾਨ ਨੂੰ ਜਾ ਲੱਗੀ। ਵੇਸ਼ਵਾ ਘਬਰਾਈ ਹੋਈ ਕਬੀਰ ਜੀ ਪਾਸ ਆਈ। ਹੱਥ ਜੋੜ ਗਲ ਪੱਲਾ ਪਾ ਅਰਜ਼ ਕਰਨ ਲਗੀ, ਆਪ ਦਿਆਲੂ ਹੋ ਮੇਰੇ ਉੱਤੇ ਕਿਰਪਾ ਕਰੋ। ਅੰਮ੍ਰਿਤ ਦਾ ਛਿੱਟਾ ਮਾਰੋ ਅੱਗ ਬੁਝ ਜਾਵੇ, ਤਾਂ ਕਬੀਰ ਜੀ ਕਹਿਣ ਲੱਗੇ ਭਲੀਏ ਲੋਕੇ ! ਇਸ ਵਿਚ ਮੇਰਾ ਅਤੇ ਤੇਰਾ ਕੋਈ ਹੱਥ ਨਹੀਂ, ਇਹ ਤਾਂ ਯਾਰਾਂ ਯਾਰਾਂ ਦਾ ਮੁਕਾਬਲਾ ਹੋ ਰਿਹਾ ਹੈ। ਤੇਰੇ ਯਾਰਾਂ ਨੇ ਮੇਰੇ ਮਕਾਨ ਨੂੰ ਅੱਗ ਲਾ ਦਿਤੀ ਸੀ, ਹੁਣ ਮੇਰੇ ਯਾਰ ਨੇ ਤੇਰੇ ਮਕਾਨ ਨੂੰ ਅੱਗ ਲਾ ਦਿਤੀ ਹੈ। ਇਸ ਵਿਚ ਮੈਂ ਕੋਈ ਫੈਸਲਾ ਨਹੀਂ ਕਰ ਸਕਦਾ॥ ੩॥ ੩੩॥

ਗਉੜੀ ਕਬੀਰ ਜੀ ਦੁਪਦੇ॥

(ਦੁਪਦੇ ਹੇਠ ਜੋ ਦੂਣੀ ਲੱਗੀ ਹੈ ਇਸ ਦਾ ਭਾਵ ਹੈ ਕਿ ਦੁਪਦਿਆਂ ਦੇ ਦੋ ਸ਼ਬਦ ਆਉਣਗੇ) ਆਪਣੀ ਨਿੰਮ੍ਰਤਾ ਦੱਸਦੇ ਹੋਏ ਪਰਮੇਸ਼ੁਰ ਦੇ ਸਨਮੁਖ ਬੇਨਤੀ ਕਰਦੇ ਹਨ-

ਨਾ ਮੈ ਜੋਗ ਧਿਆਨ ਚਿਤੁ ਲਾਇਆ॥
ਬਿਨੁ ਬੈਰਾਗ ਨ ਛੂਟਸਿ ਮਾਇਆ॥ ੧॥

ਹੇ ਅਕਾਲ ਪੁਰਖ ਜੀਓ ! ਜੋ ਆਪ ਜੀ ਦੀ ਪ੍ਰਾਪਤੀ ਦਾ ਸਾਧਨ ਹਠ ਜੋਗ ਹੈ, ਮੈਂ ਉਸ ਵਿਚ ਚਿੱਤ ਦਾ ਧਿਆਨ ਨਹੀਂ ਲਾਇਆ। ਵਾ:-ਨਾ ਮੈਂ ਹਠ ਜੋਗ ਕੀਤਾ ਅਤੇ ਨਾ ਹੀ ਮੈਂ ਆਪ ਦੇ ਧਿਆਨ ਵਿਚ ਚਿੱਤ ਨੂੰ ਲਾਇਆ ਹੈ।

ਆਪ ਦੀ ਪ੍ਰਾਪਤੀ ਦਾ ਦੂਸਰਾ ਸਾਧਨ ਰਾਜ ਜੋਗ ਹੈ, ਉਸ ਦਾ ਪ੍ਰਿਥਮ ਅੰਗ ਵੈਰਾਗ ਹੈ। ਉਸਨੂੰ ਭੀ ਮੈਂ ਧਾਰਨ ਨਹੀਂ ਕੀਤਾ। ਵੈਰਾਗ ਤੋਂ ਬਿਨਾਂ ਮਾਇਆ ਤੋਂ ਛੁਟਕਾਰਾ ਨਹੀਂ ਹੁੰਦਾ ॥ ੧॥

[ਪੰਨਾ ੩੩੦]

ਕੈਸੇ ਜੀਵਨੁ ਹੋਇ ਹਮਾਰਾ ॥ਜਬ ਨ ਹੋਇ ਰਾਮ ਨਾਮ ਅਧਾਰਾ ॥੧ ॥ ਰਹਾਉ ॥

ਇਸ ਲਈ ਹੇ ਵਾਹਿਗੁਰੂ ! ਹੁਣ ਸਾਡਾ ਜੀਵਨ ਸਫਲਾ ਕਿਸ ਪ੍ਰਕਾਰ ਹੋਵੇਗਾ? ਜਦ ਤਕ ਦੋਹਾਂ ਸਾਧਨਾਂ 'ਚੋਂ ਮੁਖ ਸਾਧਨ ਰਾਮ ਨਾਮ ਦਾ ਆਸਰਾ ਪ੍ਰਾਪਤ ਨਹੀਂ ਹੁੰਦਾ॥ ੧॥ ਰਹਾਉ॥

ਕਹੁ ਕਬੀਰ ਖੋਜਉ ਅਸਮਾਨ ॥ਰਾਮ ਸਮਾਨ ਨ ਦੇਖਉ ਆਨ ॥੨ ॥੩੪ ॥

ਕਬੀਰ ਜੀ ਕਥਨ ਕਰਦੇ ਹਨ, ਮੈਂ ਬੇਦਾਂ ਸ਼ਾਸਤ੍ਰਾਂ ਦੁਆਰਾ ਇਸ ਧਰਤੀ ਤੋਂ ਲੈ ਕੇ ਅਸਮਾਨ ਤੱਕ ਖੋਜ ਕੇ ਵੇਖਿਆ ਹੈ ਪਰ ਰਾਮ ਦੇ ਬਰਾਬਰ ਕੋਈ ਹੋਰ ਦੇਵੀ ਦੇਵਤਾ ਸਾਰਿਆਂ ਕਾਰਨਾਂ ਦੇ ਕਰਨ ਵਾਲਾ ਨਹੀਂ ਵੇਖਿਆ। ਵਾ:-ਮਾਨ=ਮੰਨਣ ਕਰਨੇ ਯੋਗ ਜਿਹੜਾ ਵਾਹਿਗੁਰੂ ਅਸ=ਹੈ ਉਸ ਨੂੰ ਖੋਜਣਾ ਕਰੋ। ਉਸ ਰਾਮ ਵਰਗਾ ਹੋਰ ਕਿਸੇ ਨੂੰ ਨਾ ਤਕੋ॥ ੨॥ ੩੪॥

ਗਉੜੀ ਕਬੀਰ ਜੀ॥

ਉਥਾਨਕਾ–ਜਿਸ ਵੇਲੇ ਕਬੀਰ ਜੀ ੪-੫ ਵਜੇ ਬਾਹਰ ਸੈਰ ਕਰਨ ਜਾਂਦੇ ਹੁੰਦੇ ਸਨ, ਉਸ ਵੇਲੇ ਇਕ ਆਦਮੀ ਚੁਣ ਚੁਣ ਕੇ ਪੱਗ ਬੰਨ੍ਹਣ ਲਗਦਾ ਸੀ ਕਬੀਰ ਜੀ ਦੋ ਘੰਟੇ ਤਕ ਫਿਰ ਤੁਰ ਕੇ ਮੁੜ ਕੇ ਆਉਂਦੇ ਸਨ ਪਰ ਉਹ ਸ਼ੌਕੀਨ ਪੱਠਾ ਅਜੇ ਪੱਗ ਸੁਆਰਨ ਵਿਚ ਹੀ ਲੱਗਾ ਹੁੰਦਾ ਸੀ। ਉਸ ਨੂੰ ਕਬੀਰ ਜੀ ਸਮਝਾਂਦੇ ਭੀ ਸਨ, ਭਲਿਆ ਲੋਕਾ ! ਜਿੰਨਾ ਚਿਰ ਪੱਗ ਬੰਨ੍ਹਣ ਵਿਚ ਲਾਉਂਦਾ ਹੈਂ ਉਤਨਾ ਚਿਰ ਤੂੰ ਬੰਦਗੀ ਕਰਿਆ ਕਰ, ਤੇਰਾ ਲੋਕ ਪਰਲੋਕ ਸੁਧਰ ਜਾਵੇਗਾ ਪਰ ਉਸ ਨੂੰ ਇਕ ਭੀ ਪੋਂਹਦੀ ਨਹੀਂ ਸੀ। ਕਬੀਰ ਜੀ ਸਮਝਾਣੋਂ ਹਟ ਗਏ। ਜਦੋਂ ਉਸ ਦੇ ਸ੍ਵਾਸ ਪੂਰੇ ਹੋ ਗਏ ਤਾਂ ਉਹ ਕਿਧਰੇ ਬਾਹਰ ਗਿਆ ਜੰਗਲ ਵਿਚ ਹੀ ਮਰ ਗਿਆ।

ਅਜ ਉਸ ਦੇ ਸਿਰ ਉੱਤੇ ਕਾਂ ਬੈਠੇ ਚੁੰਝਾਂ ਮਾਰ ਰਹੇ ਸਨ। ਅਜਿਹੀ ਹਾਲਤ ਵੇਖਕੇ ਕਬੀਰ ਜੀ ਆਪਣੇ ਸਾਥੀਆਂ ਨੂੰ ਸਮਝਾਉਂਦੇ ਹਨ-

ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥ ੧ ॥

ਜਿਸ ਸਿਰ ਉੱਤੇ ਇਹ ਖੂਬ ਤਦਾਕਾਰ ਹੋ ਕੇ ਸਵਾਰ ਸਵਾਰ ਕੇ ਪੱਗ ਬੰਨ੍ਹਦਾ ਹੁੰਦਾ ਸੀ। ਅਥਵਾ:-ਪੌੜੀਆਂ ਬਣਾ ਬਣਾ ਕੇ ਪਗੜੀ ਬੰਨ੍ਹਿਆਂ ਕਰਦਾ ਸੀ। ਉਸੇ ਸਿਰ ਦੇ ਨਾਲ ਹੁਣ ਕਾਂ, ਪਖਾਨਾ ਖਾ ਕੇ ਆਪਣੀਆਂ ਚੁੰਜਾਂ ਸੁਆਰ ਰਹੇ ਹਨ, *ਅਥਵਾ:-*ਕਾਂ ਆਪਣੀਆਂ ਚੁੰਜਾਂ ਨਾਲ ਸਿਰ ਦੀ ਖੋਪਰੀ ਨੂੰ ਸਵਾਰ ਰਹੇ ਹਨ ਭਾਵ ਸਿਰ ਵਿਚੋਂ ਮਿਝ ਕੱਢ ਕੇ ਖਾ ਰਹੇ ਹਨ।

ਯਥਾ- ਏਕਨ ਕੇ ਮੁਖ ਓਠਨ ਆਂਖਨ ਕਾਗ ਸੁ ਚੋਚਨ ਸਿਉ ਟਕ ਟੋਲਤ॥ *(ਦਸਮ ਗ੍ਰੰਥ)*

ਇਸੁ ਤਨ ਧਨ ਕੋ ਕਿਆ ਗਰਬਈਆ ॥
ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ ॥ ੧ ॥ ਰਹਾਉ ॥

ਤਾਂਤੇ ਇਸ ਤਨ ਅਤੇ ਧਨ ਦਾ ਹੰਕਾਰ ਕੀ ਰਚਨਾ ਹੈ ਕਿ ਮੇਰਾ ਬੜਾ ਸੁੰਦਰ ਰੰਗ ਹੈ, ਨਿਯਮ ਸਮਝ ਲਓ ਇਹ ਤਨ ਧਨ ਕਿਸੇ ਦੇ ਨਾਲ ਨਹੀਂ ਗਿਆ।

ਮੁਕਤੀ ਦੀ ਪ੍ਰਾਪਤੀ ਲਈ ਰਾਮ ਨਾਮ ਨੂੰ ਕਿਉਂ ਨਹੀਂ ਦ੍ਰਿੜ੍ਹ ਕਰਦੇ।

ਅਰਥਾਤ ਇਸ ਜੀਵ ਦੇ ਸਿਰ ਦੇ ਹਾਲਾਤ ਨੂੰ ਵੇਖ ਕੇ ਤਨ ਅਤੇ ਧਨ ਦਾ ਹੰਕਾਰ ਛੱਡ ਕੇ ਰਾਮ ਨਾਮ ਦਾ ਅਰਾਧਨ ਕਰੋ। ਜੇ ਨਾ ਕਰੋਗੇ ਤਾਂ-

ਕਹਤ ਕਬੀਰ ਸੁਨਹੁ ਮਨ ਮੇਰੇ॥ ਇਹੀ ਹਵਾਲ ਹੋਹਿਗੇ ਤੇਰੇ॥ ੨॥ ੩੫॥

ਕਬੀਰ ਜੀ ਕਹਿੰਦੇ ਹਨ ਹੇ ਮੇਰੇ ਮਨ=ਪਿਆਰਿਓ ਕੰਨ ਖੋਲ੍ਹਕੇ ਸੁਣੋ। ਜੇ ਨਾਮ ਨਹੀਂ ਜਪੋਗੇ ਤਾਂ ਤੁਹਾਡੇ ਆਪਣੇ ਹਾਲ ਭੀ ਇਹੋ ਜਿਹੇ ਹੋਣਗੇ। *ਯਥਾ-*

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ ਮਹਿ ਕਿਆ ਜਾਨਉ ਕਿਆ ਹੋਇ॥ ੩੯॥

ਤਥਾ- ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥
ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ॥ ੩੪॥

ਗਉੜੀ ਗੁਆਰੇਰੀ ਕੇ ਪਦੇ ਪੈਤੀਸ॥

ਨੌਂ ਪ੍ਰਕਾਰ ਦੀ ਗਉੜੀ ਵਿਚੋਂ ਗੁਆਰੇਰੀ ਗਉੜੀ ਦੇ ਇਥੋਂ ਤਕ (੩੫) ਪੈਂਤੀ ਸ਼ਬਦ ਆਏ ਹਨ

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
੧ੴ ਸਤਿਗੁਰ ਪ੍ਰਸਾਦਿ॥

ਕਬੀਰ ਜੀ ਪਾਸ ਸਿਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ! ਤੁਹਾਡੇ ਪਾਸ ਨਿਤਾਪ੍ਰਤੀ ਸੰਤਾਂ ਦੀ ਮੰਡਲੀ ਉਤਰੀ ਰਹਿੰਦੀ ਹੈ, ਉਨ੍ਹਾਂ ਨੂੰ ਛਕਾਉਣ ਲਈ ਤੁਹਾਡੇ ਪਾਸ ਪੂਰਾ ਰਾਸ਼ਨ ਨਹੀਂ ਹੁੰਦਾ। ਸੋ ਤੁਸੀਂ ਪਰਮਾਤਮਾ ਪਾਸੋਂ ਕੁਝ ਮੰਗ ਲਓ। ਤਾਂ ਕਬੀਰ ਜੀ ਕਹਿੰਦੇ ਹਨ-

ਸੁਖੁ ਮਾਂਗਤ ਦੁਖੁ ਆਗੈ ਆਵੈ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥ ੧॥

ਸੰਸਾਰਕ ਸੁਖ ਮੰਗਣ ਕਰਕੇ ਪਹਿਲਾਂ ਜ਼ਰੂਰ ਦੁੱਖ ਆਉਂਦਾ ਹੈ। ਜਿਵੇਂ ਵਾਸੁਦੇਵ ਨੇ ਸੰਕਲਪ ਕੀਤਾ ਸੀ ਕਿ ਭਗਵਾਨ ਮੇਰੇ ਘਰ ਜਨਮ ਲੈਣ, ਪਰ ਕ੍ਰਿਸ਼ਨ ਜੀ ਦੇ ਜਨਮ ਤੋਂ ਪਹਿਲਾਂ ਹੀ ਮਾਂ ਬਾਪ ਕੈਦ ਕੀਤੇ ਗਏ।

ਸੋ ਸੁਖੁ=ਉਹ ਸੰਸਾਰਕ ਸੁਖ ਸਾਨੂੰ ਮੰਗਣਾ ਨਹੀਂ ਭਾਉਂਦਾ। ਕਿਉਂਕਿ ਸੰਸਾਰਕ ਸੁਖ ਥੋੜ੍ਹੇ ਚਿਰ ਪਿਛੋਂ ਨਾਸ ਹੋ ਜਾਣ ਕਰਕੇ ਦੁਖ ਰੂਪ ਹਨ॥ ੧॥ *ਯਥਾ-*

ਸੁਖੁ ਮਾਂਗਤ ਦੁਖੁ ਆਗਲ ਹੋਇ॥ ਸਗਲ ਵਿਕਾਰੀ ਹਾਰੁ ਪਰੋਇ॥ *(ਪੰਨਾ ੨੨੨)*

ਤਥਾ- ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥ *(ਪੰਨਾ ੫੭)*
ਸੁਖ ਸਮੂਹਾ ਭੋਗ ਭੂਮਿ ਸਬਾਈ ਕੋ ਧਣੀ॥ ਨਾਨਕ ਹਭੋ ਰੋਗੁ ਮਿਰਤਕ ਨਾਮ ਵਿਹੂਣਿਆ॥
(ਮਾਰੂ ਵਾਰ ਡਖਣੇ ਪੰਨਾ ੧੧੦੧)

ਬਿਖਿਆ ਅਜਹੁ ਸੁਰਤਿ ਸੁਖ ਆਸਾ॥
ਕੈਸੇ ਹੋਈਹੈ ਰਾਜਾ ਰਾਮ ਨਿਵਾਸਾ॥ ੧॥ ਰਹਾਉ॥

ਵਿਸ਼ਿਆਂ ਵਿਚ ਸੁਰਤ ਹੈ ਤੇ ਅਜਹੁ=ਅਜੇ ਸੁਖਾਂ ਦੀ ਆਸਾ ਕਰਦਾ ਹੈ।

ਵਾ:-ਇਹ ਜੀਵ ਅਜਿਹਾ ਪ੍ਰਸਾਦੀ ਹੈ ਕਿ ਬੁੱਢਾ ਹੋ ਜਾਣ ਤੇ ਭੀ ਵਿਸ਼ਿਆਂ ਵਿਚ ਧਿਆਨ ਅਤੇ ਸੁਖ ਦੀ ਆਸ ਕਰਦਾ ਹੈ।

ਅਥਵਾ-ਅਜੇ ਭੀ ਸੁਰਤ ਪੂਰਬਕ ਵਿਸ਼ੇ ਸੁਖਾਂ ਦੀ ਆਸਾ ਕਰਦਾ ਹੈ।

ਇਨ੍ਹਾਂ ਵਿਸ਼ੇ ਸੁਖਾਂ ਦੀ ਆਸ ਕਰਨ ਨਾਲ ਰਾਜਾ ਰਾਮ=ਪਰਮਾਤਮਾ ਵਿਚ ਕਿਸ ਤਰ੍ਹਾਂ ਨਿਵਾਸ ਹੋਵੇਗਾ।

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥ ੨ ॥

ਇਸ ਵਿਸ਼ੇ ਸੁਖ ਕੋਲੋਂ ਸ਼ਿਵ ਅਤੇ ਬ੍ਰਹਮਾ ਭੀ ਡਰਦੇ ਹਨ। ਇਨ੍ਹਾਂ ਤੋਂ ਡਰਦਿਆਂ ਹੀ ਸ਼ਿਵ ੮੮ ਹਜ਼ਾਰ ਜੁਗਾਂ ਦੀ ਚੌਕੜੀ (ਸਮਾਧੀ) ਲਾਈ ਰਖਦਾ ਹੈ। ਤੇ ਬ੍ਰਹਮਾ ਚੌਹਾਂ ਮੂੰਹਾਂ ਨਾਲ ਹਰ ਵੇਲੇ ਬੇਦਾਂ ਦਾ ਪਾਠ ਕਰਦਾ ਰਹਿੰਦਾ ਹੈ।

ਇਨ੍ਹਾਂ ਵਿਸ਼ੇ ਸੁਖਾਂ ਨੂੰ ਅਸੀਂ ਸਾਰਿਆਂ ਜੀਵਾਂ ਨੇ ਸੱਚਾ ਕਰ ਕੇ ਜਾਣ ਲਿਆ ਹੈ॥ ੨॥

ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥ ੩ ॥

ਬ੍ਰਹਮਾ ਦੇ ਚਾਰ ਪੁਤ੍ਰ (੧. ਸਨਕ, ੨. ਸਨੰਦਨ, ੩. ਸਨਾਤਨ, ੪. ਸਨਤ ਕੁਮਾਰ) ਨਾਰਦ ਮੁਨੀ ਤੇ ਸ਼ੇਸ਼ਨਾਗ।

ਤਿਨ੍ਹਾਂ ਸਾਰਿਆਂ ਨੇ ਸਰੀਰ ਦੇ ਦੇਹ ਅਧਿਆਸ ਵਿਚ ਲੱਗ ਕੇ ਮਨ ਦਾ ਵਸੀਕਾਰ ਕਰਨਾ ਨਹੀਂ ਵੇਖਿਆ। ਵਾ:-ਮਨ=ਸ਼ੁਧ ਸਰੂਪ ਪ੍ਰਮਾਤਮਾ ਨੂੰ ਨਹੀਂ ਵੇਖਿਆ ਅਰਥਾਤ ਜੇ ਇਨ੍ਹਾਂ ਨੇ ਵੇਖਿਆ ਹੈ ਤਾਂ ਵਿਸ਼ਿਆਂ ਤੋਂ ਉਪਰਾਮ ਹੋ ਕੇ ਵੇਖਿਆ ਹੈ।

ਇਨ੍ਹਾਂ ਵਿਸ਼ਿਆਂ ਤੋਂ ਡਰ ਕੇ ਹੀ ਸਨਕਾਦਿਕਾਂ ਨੇ ਨਿਰੰਕਾਰ ਪਾਸੋਂ ਆਪਣੀ ਉਮਰ ਪੰਜ ਸਾਲ ਦੀ ਲਈ ਸੀ ਕਿ ਹੇ ਅਕਾਲ ਪੁਰਖ ! ਅਸੀਂ ਵੱਡੀ ਉਮਰ ਦੇ ਨਾ ਹੋਈਏ।

ਪੰਜਾਂ ਸਾਲਾਂ ਦੇ ਹੀ ਰਹੀਏ, ਤਾਂ ਜੋ ਕਾਮ ਕ੍ਰੋਧ ਆਦਿਕ ਸਾਨੂੰ ਦੁੱਖ ਨਾ ਦੇ ਸਕਣ।

ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥ ੪ ॥

ਹੇ ਭਾਈ ! ਇਸ ਮਨ ਨੂੰ ਵੱਸ ਕਰਨ ਦੇ ਤਰੀਕਿਆਂ ਨੂੰ ਲਭੋ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਹੈ। *ਯਥਾ*- ਇਸੁ ਮਨ ਕਉ ਕੋਈ ਖੋਜਹੁ ਭਾਈ ॥

ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥ *(ਭੈਰਉ ਮਹਲਾ ੩. ਪੰਨਾ ੧੧੨੮)*

ਕਿਉਂਕਿ ਇਹ ਮਨ ਬੜਾ ਅਵੈੜਾ ਹੈ। ਕਿਤੇ ਤਾਂ ਇਹ ਰਾਜ ਭਾਗ ਸਣੇ ਮੰਦਰਾਂ ਨੂੰ ਤਿਆਗਦਾ ਹੈ ਪਰ ਕਿਸੇ ਦੂਸਰੀ ਥਾਂ ਤੇ ਲਾਲ ਦੇ ਭੁਲੇਖੇ ਪੀਕ ਵਿਚ ਹੱਥ ਭਰ ਲੈਂਦਾ ਹੈ।

ਯਥਾ- ਰਤਨ ਜੜਤ ਮੰਦਰ ਤਜੇ ਅਰ ਸਖੀਅਨ ਕੇ ਸਾਥ।

ਰੇ ਮਨ ਧੋਖੇ ਲਾਲ ਕੇ ਭਰੇ ਪੀਕ ਸੋਂ ਹਾਥ ॥ ੪ ॥

ਤਥਾ- ਮਨ ਲੋਭੀ ਮਨ ਲਾਲਚੀ ਮਨ ਚੰਚਲ ਮਨ ਚੋਰ।

ਇਸ ਕੇ ਮਤ ਨਾ ਚਾਲੀਐ ਪਲਕ ਪਲਕ ਮਹਿ ਔਰ।

ਤਥਾ- ਮਨ ਮਾਰਨ ਅਤ ਕਰ ਬਹੁ ਔਖਾ, ਕੋਈ ਵਿਰਲਾ ਮਨ ਕਉ ਮਾਰੇ।

ਰਾਵਨ ਕਾ ਇਹ ਜੇਠਾ ਭਾਈ, ਰਾਖਤ ਸੀਸ ਅਪਾਰੇ।

ਜਿਉਂ ਜਿਉਂ ਔਖਾ ਤਿਉਂ ਫਲ ਬਹੁਤਾ, ਯੇਹ ਨੇਤ ਰਚੀ ਕਰਤਾਰੇ।

ਨਿਰੀਕਾਰ ਸਾਰ ਕਉ ਚਬ ਚਬ, ਪਾਇਆ ਸਾਰ ਮੁਰਾਰੇ॥

ਤਥਾ- ਕਬੀਰ ਇਹ ਮਨ ਚੋਰ ਹੈ, ਭਲੀ ਬਸਤ ਲੇ ਜਾਹਿ।

ਸੂਤੇ ਕਉ ਏਹ ਲੂਟ ਲੈ, ਜਾਗਤ ਸੇ ਡਰ ਪਾਹਿ।

ਇਸੁ ਮਨ ਕਉ ਕੋਈ ਖੋਜਹੁ ਭਾਈ॥

ਵਾ-ਹੇ ਭਾਈ ! ਕੋਈ ਇਸ ਮਨ=ਸ਼ਰੋਮਣੀ ਪ੍ਰਮਾਤਮਾ ਨੂੰ ਖੋਜਣਾ ਕਰੋ। ਭਾਵ ਸਾਖਿਆਤਕਾਰ ਕਰੋ। ਕਿਉਂਕਿ ਇਸ ਤਨ ਦੇ ਛੁਟ ਜਾਣ ਕਰਕੇ ਭਾਵ ਪ੍ਰਾਣਾਂ ਦਾ ਵਿਜੋਗ ਹੋ ਜਾਣ ਤੋਂ ਪਿਛੋਂ ਫਿਰ ਪਤਾ ਨਹੀਂ ਲਗਦਾ ਜੋ ਮਨ=ਜੀਵ ਕਿਸ ਜੂਨ ਵਿਚ ਜਾ ਕੇ ਸਮਾਉਂਦਾ ਹੈ।

ਵਾ:-ਤਨ=ਅੰਨਮਯ ਕੋਸ਼ ਆਦਿਕ ਪੰਜਾਂ ਕੋਸ਼ਾਂ ਦੇ ਛੁਟ ਜਾਣ ਕਰਕੇ ਇਹ ਜੀਵ ਫਿਰ ਕਿਸੇ ਜਾ ਕੇ ਸਮਾ ਜਾਂਦਾ ਹੈ।

*ਉੱਤਰ:-*ਮਨ=ਸ਼ੁਧ ਰੂਪ ਪਰਮਾਤਮਾ ਵਿਚ ਸਮਾ ਜਾਂਦਾ ਹੈ। ਵਾ:-ਸ਼ੁਧ ਰੂਪ ਪਰਮਾਤਮਾ ਨੂੰ ਕਿਸ ਦੇ ਆਸਰੇ ਸਮਾਇਆ ਹੋਇਆ ਨਿਸਚੇ ਕਰਦਾ ਹੈ। ਅਰਥਾਤ ਫਿਰ ਉਸ ਨੂੰ ਨਿਆਸਰੇ ਨਿਸਚੇ ਕਰਦਾ ਹੈ॥ ੪॥

*ਪ੍ਰਸ਼ਨ-*ਭਗਤਾਂ ਨੇ ਉਸ ਪ੍ਰਮਾਤਮਾ ਨੂੰ ਕਿਸ ਤਰ੍ਹਾਂ ਜਾਣਿਆਂ ਹੈ? *ਉੱਤਰ-*

ਗੁਰ ਪਰਸਾਦੀ ਜੈਦੇਉ ਨਾਮਾਂ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥ ੫॥

ਗੁਰਾਂ ਦੀ ਕਿਰਪਾ ਕਰਕੇ ਜੈਦੇਵ ਤੇ ਨਾਮਦੇਵ ਆਦਿਕ ਸ਼ੁਭ ਕਰਨੀਆਂ ਵਾਲੇ ਜੋ ਭਗਤ ਹਨ ਇਨ੍ਹਾਂ ਨੇ ਹੀ ਪ੍ਰੇਮਾ ਭਗਤੀ ਕਰ ਕੇ ਪ੍ਰਮਾਤਮਾ ਨੂੰ ਜਾਣਿਆਂ ਹੈ।

ਇਸੁ ਮਨ ਕਉ ਨਹੀ ਆਵਨ ਜਾਨਾ॥

ਇਸ ਮਨ=ਸ਼ੁਧ ਰੂਪ ਪ੍ਰਮਾਤਮਾ ਦੇ ਵਿਚ ਆਉਣਾ ਅਤੇ ਜਾਣਾ ਭਾਵ ਜੰਮਣਾ ਮਰਨਾ ਨਹੀਂ ਹੈ।

ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥ ੬॥

ਗੁਰਾਂ ਦੀ ਕਿਰਪਾ ਨਾਲ ਜਿਸ ਪੁਰਸ਼ ਦਾ ਭਰਮ ਦੂਰ ਹੋ ਗਿਆ ਹੈ, ਉਸ ਨੇ ਸੱਚ ਨੂੰ ਪਛਾਣ ਲਿਆ ਹੈ।

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥ ੭॥

ਇਸ ਮਨ=ਸ਼ੁਧ ਰੂਪ ਪ੍ਰਮਾਤਮਾ ਕਉ=ਦਾ ਨਾ ਕੋਈ ਰੂਪ ਹੈ ਅਤੇ ਨਾ ਕੋਈ ਮੱਛ ਕੱਛ ਆਦਿ ਰੇਖਾ ਹੈ। ਯਥਾ ਪ੍ਰਮਾਣ:-

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥ (ਦਸਮ ਗ੍ਰੰਥ, ਪੰਨਾ ੧)

ਤਥਾ- ਦੇਵ ਭੇਵ ਨ ਜਾਨਈ ਜਿਹ ਬੇਦ ਅਉਰ ਕਤੇਬ॥

ਰੂਪ ਰੰਗ ਨ ਜਾਤਿ ਪਾਤਿ ਸੁ ਜਾਨਹੀ ਕਿਹ ਜੇਬ॥ (ਦਸਮ ਗ੍ਰੰਥ, ਪੰਨਾ ੪)

ਤਥਾ- ਰੂਪ ਰਾਗ ਨ ਰੇਖ ਰੰਗ ਨ ਜਨਮ ਮਰਨ ਬਿਹੀਨ॥ ੧੮੧॥ (ਪੰਨਾ ੨੫)

ਪ੍ਰਸ਼ਨ-ਇਹ ਜੀਵ ਉਸ ਪ੍ਰਮਾਤਮਾਂ ਤੋਂ ਭਿੰਨ ਕਿਉਂ ਹੋਇਆ ਹੈ? ਉੱਤਰ-

ਹੁਕਮ ਦੇ ਨਾ ਮੰਨਣ ਕਰ ਕੇ ਇਹ ਜੀਵ ਪਰਮੇਸ਼ਰ ਤੋਂ ਭਿੰਨ ਹੋਇਆ ਹੈ। ਤੇ ਹੁਕਮ ਬੁਝਣੇ ਕਰਕੇ ਉਸ ਦੇ ਵਿਚ ਸਮਾ ਜਾਂਦਾ ਹੈ। ਵਾ:-ਉਸਦਾ ਹੁਕਮ ਨਾ ਮੰਨਣ ਕਰ ਕੇ ਇਹ ਜਗਤ ਭਿੰਨ (ਅਡਰਾ) ਨਜ਼ਰ ਆਉਂਦਾ ਹੈ। ਪਰ ਉਸ ਦੇ ਹੁਕਮ ਨੂੰ ਮੰਨ ਲੈਣ ਨਾਲ ਉਸ ਦੇ ਵਿਚ ਸਾਰਾ ਜਗਤ ਸਮਾਇਆ ਹੋਇਆ ਨਿਸਚੇ ਕਰਦਾ ਹੈ।

ਅਥਵਾ:-ਪ੍ਰਮੇਸ਼ਵਰ ਦੇ ਹੁਕਮ ਨਾਲ ਜਗਤ ਅਧਿਆਰੋਪ ਵਿਚ ਹੋਇਆ ਹੈ।

ਜਾਨਣਾ ਕਰੋ ਕਿ ਉਸ ਦੇ ਹੁਕਮ ਨਾਲ ਅਪਵਾਦ ਕਾਲ ਵਿਚ ਸਮਾ ਜਾਂਦਾ ਹੈ।

ਪ੍ਰਸ਼ਨ-ਅਧਿਆਰੋਪ ਅਤੇ ਅਪਵਾਦ ਕਾਲ ਕਿਸ ਨੂੰ ਕਹਿੰਦੇ ਹਨ? ਉੱਤਰ-

ਵਸਤੂ ਮੈਂ ਅਵਸਤੂ ਕਰ ਕਥਨ ਆਰੋਪ ਵਾਧ, ਅਵਸਤੂ ਵਸਤੂ ਕਥਨ ਅਪਵਾਦ ਜਾਨੀਏ।

ਅਰਥ-ਵਸਤੂ ਜੋ ਬ੍ਰਹਮ ਹੈ ਉਸ ਵਿਖੇ ਅਵਸਤੂ=ਸੰਸਾਰ ਦਾ ਜੋ ਕ੍ਰਮ ਪੂਰਬਕ ਕਥਨ ਕਰਨਾ ਹੈ ਇਸ ਨੂੰ ਆਰੋਪ=ਅਧਿਆ ਰੋਪ ਕਹਿੰਦੇ ਹਨ। ਅਤੇ ਵਸਤੂ=ਬ੍ਰਹਮ ਵਿਖੇ ਅਵਸਤੂ=ਸੰਸਾਰ ਦਾ ਕ੍ਰਮ ਪੂਰਬਕ ਜੋ ਵਾਧ=ਨਾਸ ਕਰਨਾ ਹੈ ਇਸ ਨੂੰ ਅਪਵਾਦ ਵਾਦ ਕਹਿੰਦੇ ਹਨ।

ਅਧਿਆਰੋਪ ਵਿਚ ਇਸ ਲਈ ਹੋਇਆ ਹੈ ਜੋ ਜਗਿਆਸੂ ਨੂੰ ਸਮਝਾਇਆ ਜਾਵੇ-ਮਾਇਆ ਸਬਲ ਦੇ ਫੁਰਨੇ ਤੋਂ ਅਕਾਸ਼, ਅਕਾਸ਼ ਤੋਂ ਪੌਣ, ਪੌਣ ਤੋਂ ਅਗਨੀ, ਅਗਨੀ ਤੋਂ ਜਲ। ਜਲ ਤੋਂ ਧਰਤੀ ਹੋਈ ਹੈ। ਧਰਤੀ ਤੋਂ ਉਪਰੰਤ ਸਾਰੇ ਸੰਸਾਰ ਦੀ ਰਚਨਾ ਹੋਈ ਹੈ।

ਦੂਜਾ ਅਪਵਾਦ ਕਾਲ ਦੀ ਰੀਤ ਇਸ ਪ੍ਰਕਾਰ ਹੈ-ਜੋ ਸਾਰਾ ਪ੍ਰਪੰਚ ਧਰਤੀ ਉੱਤੇ ਨਾਸ ਹੋ ਜਾਂਦਾ ਹੈ। ਧਰਤੀ ਪਾਣੀ ਵਿਚ। ਪਾਣੀ ਅਗਨੀ ਵਿਚ। ਅੱਗ ਹਵਾ ਵਿਚ। ਹਵਾ ਆਕਾਸ਼ ਵਿਚ ਲੋਪ ਹੋ ਜਾਂਦੀ ਹੈ। ਆਕਾਸ਼ ਮਾਇਆ ਵਿਚ। ਮਾਇਆ ਬ੍ਰਹਮ ਵਿਚ ਲੋਪ ਹੋ ਜਾਂਦੀ ਹੈ॥ ੭॥ ਇਸ ਲੈ ਚਿਤੰਨ ਨੂੰ ਅਪਵਾਦ ਕਾਲ ਕਹਿੰਦੇ ਹਨ।

ਇਸ ਮਨ ਕਾ ਕੋਈ ਜਾਨੈ ਭੇਉ॥ ਇਹ ਮਨਿ ਲੀਣ ਭਏ ਸੁਖਦੇਉ॥ ੮॥

ਇਸ ਅਧਿਆਰੋਪ ਤੇ ਅਪਵਾਦ ਦੁਆਰਾ ਸ਼ੁਧ ਰੂਪ ਪਰਮਾਤਮਾ ਦਾ ਕੋਈ ਵਿਰਲਾ ਹੀ ਵਿਵੇਕੀ ਪੁਰਸ਼ ਭੇਦ ਜਾਣਦਾ ਹੈ। ਵਾ:-ਇਸ ਮਨ ਚੰਚਲ ਨੂੰ ਵੱਸ ਕਰਨ ਦਾ ਭੇਤ ਕੋਈ ਵਿਰਲਾ ਭਗਤ ਜਨ ਹੀ ਜਾਣਦਾ ਹੈ।

ਜਿਹੜਾ ਕੋਈ ਭੇਦ ਜਾਣਦਾ ਹੈ ਉਹ ਇਸ ਮਨਿ-ਸ਼ੁਧ ਰੂਪ ਪਰਮਾਤਮਾ ਵਿਚ ਇਸ ਪ੍ਰਕਾਰ ਲੀਨ ਹੋਇਆ ਹੈ, ਜਿਸ ਪ੍ਰਕਾਰ ਸੁਖਦੇਉ=ਸੁਕਦੇਵ ਆਦਿਕ ਰਿਖੀ ਪਰਮਾਤਮਾ ਵਿਚ ਅਭੇਦ ਹੋ ਗਏ ਹਨ। ਵਾ:-ਇਸ ਮਨ ਨੂੰ ਵੱਸ ਕਰਨ ਵਿਚ ਇਉਂ ਲੱਗਣਾ ਚਾਹੀਦਾ ਹੈ, ਜਿਵੇਂ ਸੁਕਦੇਵ ਰਿਖੀ ਤਤਪਰ ਹੋਇਆ ਹੈ। ਜਿਹੜਾ ਬਾਰਾਂ ਬਰਸ ਮਾਂ ਦੇ ਪੇਟ ਵਿਚ ਮੋਹ ਆਦਿਕਾਂ ਪਾਸੋਂ ਡਰਦਾ ਬੈਠਾ ਰਿਹਾ॥ ੮॥

ਇਕ ਰੂਪ ਪਰਮਾਤਮਾ ਨੂੰ ਸਿਧ ਕਰਦੇ ਹੋਏ ਹੁਣ ਆਪਣਾ ਨਿਸਚਾ ਦੱਸਦੇ ਹਨ:-

ਜੀਉ ਏਕੁ ਅਰੁ ਸਗਲ ਸਰੀਰਾ ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥ ੯ ॥ ੧ ॥ ੩੬ ॥

ਸਾਰਿਆਂ ਸਰੀਰਾਂ ਵਿਚ ਜੀਵਾਤਮਾ ਵਾਸਤਵ ਰੀਤੀ ਨਾਲ ਇਕੋ ਹੀ ਹੈ।

ਯਥਾ- ਸਹਸ ਘਟਾ ਮਹਿ ਏਕੁ ਅਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥

(ਸੂਹੀ ਮਹਲਾ ੫, ਪੰਨਾ ੭੩੬)

ਇਥੇ ਜੇ ਕੋਈ ਪ੍ਰਸ਼ਨ ਕਰੇ ਕਿ ਅਵਛੇਦ ਵਾਦ ਕੀ ਰੀਤੀ ਸੇ ਹੈ ਯਾਂ ਅਭਾਸਵਾਦ ਕੀ ਰੀਤੀ ਸੇ ਹੈ, ਉੱਤਰ:- ਅਭਾਸਵਾਦ ਕੀ ਰੀਤੀ ਸੇ ਸਾਰਿਆਂ ਸਰੀਰਾਂ ਮੇਂ ਜੀਵ ਇਕ ਹੀ ਹੈ।

ਕਬੀਰ ਜੀ ਕਥਨ ਕਰਦੇ ਹਨ-ਕਿ ਅਸੀਂ ਤਾਂ ਇਸ ਸ਼ੁਧ ਰੂਪ ਪਰਮਾਤਮਾ ਨੂੰ ਹੀ ਉਚਾਰਨ ਕਰ ਰਹੇ ਹਾਂ ॥ ੯ ॥ ੧ ॥ ੩੬ ॥

ਗਉੜੀ ਗੁਆਰੇਰੀ ॥ ਅਹਿਨਿਸਿ ਏਕ ਨਾਮ ਜੋ ਜਾਗੇ ॥

ਨਾਮ ਦਾ ਮਹਾਤਮ ਦਸਦੇ ਹੋਏ ਕਹਿੰਦੇ ਹਨ-ਕਿ ਜਿਹੜੇ ਪੁਰਸ਼ ਅਹਿਨਿਸਿ=ਰਾਤ ਦਿਨ ਨਿਰੰਕਾਰ ਦੇ ਚਿੰਤਨ ਵਿਚ ਲਗੇ ਹੋਏ ਹਨ, ਓਹੀਓ ਜਾਗਦੇ ਹਨ। ਵਾ:-ਜੋ ਦਿਨ ਰਾਤ ਇਕ ਨਾਮ ਜਪਣ ਵਿਚ ਜਾਗਦੇ ਹਨ।

ਕੇਤਕ ਸਿਧ ਭਏ ਲਿਵ ਲਾਗੇ ॥ ੧ ॥ ਰਹਾਉ ॥

ਉਹ ਬਿਰਤੀ ਦੇ ਲੱਗ ਜਾਣ ਕਰ ਕੇ ਕਿਤਨੇ ਹੀ ਜੀਵਨ ਮੁਕਤ ਹੋ ਕੇ ਬਿਦੇਹ ਮੁਕਤ ਹੋ ਗਏ ਹਨ। *ਅਥਵਾ-*ਲਿਵ ਲੱਗ ਜਾਣ ਕਰਕੇ ਕਿਤਨੇ ਹੀ ਸਿਧੀਆਂ ਸੰਯੁਕਤ ਹੋ ਗਏ ਹਨ ॥ ੧ ॥ ਰਹਾਉ ॥

ਸਾਧਕ ਸਿਧ ਸਗਲ ਮੁਨਿ ਹਾਰੇ ॥ ਏਕ ਨਾਮ ਕਲਿਪ ਤਰ ਤਾਰੇ ॥ ੧ ॥

ਵਾਹਿਗੁਰੂ ਨਾਮ ਚਿੰਤਨ ਕਰਨ ਤੋਂ ਬਿਨਾਂ ਵਰਤ ਆਦਿਕ ਸਾਧਨਾਂ ਕਰਨ ਵਾਲੇ ਸਾਧਕ ਅਤੇ ਅਣਮਾ ਮਹਿਮਾ ਆਦਿਕ ਸਿਧੀਆਂ ਸਪੰਨ ਜਿਹੜੇ ਮੁਨੀ ਹਨ ਇਹ ਸਭ ਹਾਰ ਗਏ ਹਨ।

ਇਕ ਪਰਮੇਸ਼ਰ ਦਾ ਨਾਮ ਹੀ ਮਨ ਭਾਉਂਦੇ ਫਲ ਦੇਣ ਵਾਲਾ ਕਲਿਪ ਤਰ=ਕਲਪ ਬ੍ਰਿੱਛ ਹੈ ਅਤੇ ਤਾਰਨ ਵਾਸਤੇ ਜਹਾਜ਼ ਵਾਂਗੂੰ ਹੈ। *ਅਥਵਾ:-*ਇਕ ਨਿਰੰਕਾਰ ਜੀ ਦਾ ਨਾਮ ਹੀ ਕਲਪਤ ਰੂਪ ਸੰਸਾਰ ਸਮੁੰਦਰ ਤੋਂ ਤਰ=ਅਤਿਅੰਤ ਕਰਕੇ ਤਾਰਨ ਵਾਲਾ ਹੈ ॥ ੧ ॥

ਜੋ ਹਰਿ ਹਰੇ ਸੁ ਹੋਹਿ ਨ ਆਨਾ ॥
ਕਹਿ ਕਬੀਰ ਰਾਮ ਨਾਮ ਪਛਾਨਾ ॥ ੨ ॥ ੩੭ ॥

ਜਿਹੜੇ ਪੁਰਸ਼ ਹਰੀ ਨੇ ਆਪਣੇ ਵੱਲ ਹਰੇ=ਖਿਚ ਲਏ ਹਨ, ਅਰਥਾਤ ਨਾਮ ਜਪਣ ਵਿਚ ਲਾ ਕੇ ਮੁਕਤ ਰੂਪ ਕਰ ਲਏ ਹਨ ਉਹ ਆਨਾ=ਦੂਸਰਿਆਂ ਜਨਮਾਂ ਦੇ ਵੱਸ ਨਹੀਂ ਪੈਂਦੇ।

*ਅਥਵਾ:-*ਜਿਹੜੇ ਹਰੀ ਨੇ ਸ਼ੁਭ ਗੁਣਾਂ ਕਰਕੇ ਹਰੇ ਕੀਤੇ ਹਨ ਉਹ ਫਿਰ ਆਨਾ=ਦ੍ਵੈਤ ਵਿਚ ਤਤਪਰ ਨਹੀਂ ਹੁੰਦੇ।

ਕਬੀਰ ਜੀ ਕਹਿੰਦੇ ਹਨ-ਅਸਾਂ ਨੇ ਇਕ ਰਾਮ ਨਾਮ ਨੂੰ ਹੀ ਮੁਕਤੀ ਦਾ ਸਾਧਨ ਪਛਾਣਨਾ ਕੀਤਾ ਹੈ॥ ੨॥ ੩੭॥

ਗਉੜੀ ਭੀ ਸੋਰਠਿ ਭੀ॥

ਇਹ ਸ਼ਬਦ ਗਉੜੀ ਰਾਗ ਵਿਚ ਵੀ ਅਤੇ ਸੋਰਠ ਰਾਗ ਵਿਚ ਵੀ ਗਾਇਆ ਜਾਂਦਾ ਹੈ। ਇਸ ਵਾਸਤੇ ਦੋਹਾਂ ਰਾਗਾਂ ਦੇ ਨਾਮ ਲਿਖ ਦਿਤੇ ਹਨ।

ਉਥਾਨਕਾ-ਇਕ ਪੁਰਸ਼ ਕਬੀਰ ਜੀ ਦਾ ਸੇਵਕ ਬਣ ਕੇ ਰੋਜ਼ਾਨਾ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਵਗੈਰਾ ਕਰਕੇ ਈਸ਼ਵਰ ਦੀ ਭਗਤੀ ਕਰਦਾ ਹੁੰਦਾ ਸੀ। ਇਕ ਦਿਨ ਅਨਮੱਤ ਵਾਲਿਆਂ ਨੇ ਉਸ ਨੂੰ ਆਪਣੀ ਤਰਫ ਭਰਮਾ ਲਿਆ ਕਿ ਤੂੰ ਸਵੇਰੇ ਉੱਠ ਕੇ ਐਵੇਂ ਔਖਾ ਹੁੰਦਾ ਹੈਂ। ਤੈਨੂੰ ਹੁਣ ਤਕ ਮਿਲਿਆ ਤਾਂ ਕੁਝ ਨਹੀਂ ਹੈ। ਕਬੀਰ ਦੀ ਸੰਗਤ ਛੱਡ ਕੇ ਸਾਡੇ ਨਾਲ ਰਲ ਕੇ ਸ਼ਿਵਾਂ ਦੀ ਉਪਾਸ਼ਨਾਂ ਕਰ, ਦੇਖ ਤੈਨੂੰ ਛੇਤੀ ਛੇਤੀ ਮਾਇਆ ਮਿਲ ਜਾਏਗੀ। ਇਹ ਗੱਲਾ ਸੁਣ ਕੇ ਉਸ ਦਾ ਮਨ ਭਰਮ ਗਿਆ। ਕਬੀਰ ਦੀ ਸੰਗਤ ਅਤੇ ਈਸ਼ਵਰ ਭਗਤੀ ਛੱਡ ਕੇ ਅਨ ਮਤੀਆਂ ਦੇ ਆਖੇ ਲੱਗ ਕੇ ਦਿਨ ਚੜ੍ਹੇ ਉੱਠ ਕੇ ਸ਼ਿਵਾਂ ਦੀ ਉਪਾਸ਼ਨਾਂ ਵਿਚ ਜੁੜ ਗਿਆ। ਇਕ ਦਿਨ ਕਬੀਰ ਜੀ ਬਾਹਰ ਸੈਰ ਨੂੰ ਜਾ ਰਹੇ ਸਨ ਤੇ ਉਹ ਆਦਮੀ ਅਗੋਂ ਮਿਲ ਪਿਆ। ਕਬੀਰ ਜੀ ਨੂੰ ਦੇਖ ਕੇ ਪਰੇ ਮੂੰਹ ਕਰ ਕੇ ਲੰਘਣ ਲੱਗਾ ਤਾਂ ਕਬੀਰ ਜੀ ਨੇ ਬੁਲਾ ਕੇ ਕਿਹਾ, ਕਿਉਂ ਭਾਈ ! ਕੀ ਗੱਲ ਹੈ? ਅਗੇ ਤਾਂ ਸਾਡੇ ਨਾਲ ਰਲ ਕੇ ਈਸ਼ਵਰ ਭਗਤੀ ਕਰਦਾ ਹੁੰਦਾ ਸੈਂ ਤੇ ਹੁਣ ਮੂੰਹ ਫੇਰ ਕੇ ਲੰਘਣ ਲੱਗਾ ਹੈਂ, ਰਾਮ ਰਮਈਆ ਵੀ ਛੱਡ ਦਿਤਾ ਹੈ, ਕੀ ਕਾਰਨ ਹੈ? ਉਸ ਨੇ ਕਿਹਾ ਆਪ ਜੀ ਦੀ ਸੰਗਤ ਕਰਕੇ ਬੜਾ ਚਿਰ ਈਸ਼ਵਰ ਭਗਤੀ ਕੀਤੀ ਹੈ, ਪਰ ਜਿਸ ਵਾਸਤੇ ਭਗਤੀ ਕਰਦਾ ਸਾਂ ਉਹ ਮੇਰਾ ਕੰਮ ਤਾਂ ਪੂਰਾ ਹੋਇਆ ਨਹੀਂ, ਇਸ ਕਰਕੇ ਮੈਂ ਹੁਣ ਸ਼ਿਵਾਂ ਦੀ ਉਪਾਸ਼ਨਾ ਕੀਤੀ ਹੈ ਤੇ ਮੇਰਾ ਕੰਮ ਅੱਗੇ ਨਾਲੋਂ ਸਰਕ ਪਿਆ ਹੈ। ਇਸ ਵਜ੍ਹਾ ਕਰ ਕੇ ਮੈਂ ਆਪ ਦੀ ਸੰਗਤ ਕਰਨੀ ਛੱਡ ਦਿੱਤੀ ਹੈ। ਇਹ ਗੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ-

ਰੇ ਜੀਅ ਨਿਲਜ ਲਾਜ ਤੁਹਿ ਨਾਹੀ॥
ਹਰਿ ਤਜਿ ਕਤ ਕਾਹੂ ਕੇ ਜਾਂਹੀ॥ ੧॥ ਰਹਾਉ॥

ਹੇ ਬੇਸ਼ਰਮ ਪੁਰਸ਼ਾ ! ਤੈਨੂੰ ਸ਼ਰਮ ਨਹੀਂ ਆਉਂਦੀ ?

ਸਭ ਤੋਂ ਬੜੇ ਅਤੇ ਸਮਰੱਥ ਹਰੀ ਨੂੰ ਤਿਆਗ ਕੇ ਕਿਸ ਵਾਸਤੇ ਕਿਸੇ ਦੇਵੀ ਦੇਵਤੇ ਜਾਂ ਮਨੁੱਖ ਦੇ ਪਿਛੇ ਜਾਂਦਾ ਭਾਵ ਭੌਂਦਾ ਫਿਰਦਾ ਹੈਂ॥ ੧॥ ਰਹਾਉ॥

ਜਾ ਕੋ ਠਾਕੁਰੁ ਊਚਾ ਹੋਈ॥ ਸੋ ਜਨੁ ਪਰ ਘਰ ਜਾਤ ਨ ਸੋਹੀ॥ ੧॥

ਜਿਸ ਸੇਵਕ ਦਾ ਠਾਕੁਰ=ਸੁਆਮੀ ਮਾਲਕ ਸਾਰਿਆਂ ਤੋਂ ਉੱਚਾ ਹੋਵੇ।

ਉਹ ਪੁਰਸ਼ ਪਰਾਏ ਘਰੀਂ ਜਾਂਦਾ ਸੋਭਾ ਨਹੀਂ ਪਾਉਂਦਾ॥ ੧॥

ਸੋ ਸਾਹਿਬੁ ਰਹਿਆ ਭਰਪੂਰਿ॥ ਸਦਾ ਸੰਗਿ ਨਾਹੀ ਹਰਿ ਦੂਰਿ॥ ੨॥

ਜਿਸ ਪ੍ਰਮੇਸ਼ਵਰ ਨੂੰ ਤੁਸੀਂ ਦੂਰ ਦੱਸ ਰਹੇ ਹੋ, ਉਹ ਸਾਹਿਬ ਤਾਂ ਸਾਰਿਆਂ ਵਿਚ ਪਰੀਪੂਰਨ ਹੋ ਰਿਹਾ ਹੈ। ਪੁਨਾ-ਉਹ ਇਕ ਕਾਲ ਨਹੀਂ, ਸਦਾ=ਹਮੇਸ਼ਾਂ ਹੀ ਸਭ ਨਾਲ ਹੈ। ਉਹ ਕਿਸੇ ਤੋਂ ਦੂਰ ਨਹੀਂ, ਸਿਰਫ ਸਾਡੇ ਵੇਖਣ

ਵਿਚ ਕਮਜ਼ੋਰੀ ਹੈ॥ ੨॥

ਕਵਲਾ ਚਰਨ ਸਰਨ ਹੈ ਜਾ ਕੇ॥ ਕਹੁ ਜਨ ਕਾ ਨਾਹੀ ਘਰ ਤਾ ਕੇ॥ ੩॥

ਧਰਮ, ਅਰਥ ਅਤੇ ਕਾਮ ਇਨ੍ਹਾਂ ਤਿੰਨਾਂ ਪਦਾਰਥਾਂ ਦਾ ਮੂਲ ਜੋ ਲੱਛਮੀ ਹੈ, ਉਹ ਜਿਸ ਭਗਵਾਨ ਦੇ ਚਰਨਾਂ ਦੀ ਸ਼ਰਨ ਵਿਚ ਹਰ ਦਮ ਲੇਟਦੀ ਰਹਿੰਦੀ ਹੈ।

ਹੇ ਮਨੁੱਖ! ਤੂੰ ਆਪ ਹੀ ਕਹੁ ਖਾਂ, ਤਿਸ ਦੇ ਘਰ ਵਿਚ ਭਲਾ ਕਿਹੜੀ ਚੀਜ਼ ਨਹੀਂ ਹੈ॥ ੩॥

ਸਭੁ ਕੋਊ ਕਹੈ ਜਾਸੁ ਕੀ ਬਾਤਾ॥ ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ॥ ੪॥

ਜਿਸ ਨਿਰੰਕਾਰ ਦੇ ਜਸ ਦੀਆਂ ਬਾਤਾਂ=ਗੱਲਾਂ ਸਭ ਕੋਈ ਕਹਿ ਰਿਹਾ ਹੈ।

ਉਹ ਆਪ ਹਰ ਪ੍ਰਕਾਰ ਕਰਕੇ ਸਾਰਿਆਂ ਕੰਮਾਂ ਦੇ ਕਰਨ ਨੂੰ ਸਮਰੱਥ ਹੈ। ਫਿਰ ਉਹ ਸਾਰਿਆਂ ਦਾ ਪਤੀ ਹੈ ਤੇ ਸਭ ਦਾ ਦਾਤਾ ਭੀ ਓਹੀ ਹੈ॥ ੪॥

ਕਹੈ ਕਬੀਰੁ ਪੂਰਨ ਜਗ ਸੋਈ॥ ਜਾ ਕੇ ਹਿਰਦੈ ਅਵਰੁ ਨ ਹੋਈ॥ ੫॥ ੩੮॥

ਕਬੀਰ ਜੀ ਕਹਿੰਦੇ ਹਨ- ਸੰਪੂਰਨ ਜਸ ਵਾਲਾ ਓਹੀ ਪੁਰਸ਼ ਜਗਤ ਵਿਚ ਹੈ।

ਜਿਸ ਸੇਵਕ ਦੇ ਹਿਰਦੇ ਵਿਚ ਪਰਮਾਤਮਾ ਤੋਂ ਬਿਨਾਂ ਹੋਰ ਦੇਵੀ ਦੇਵਤਿਆਂ ਦੀ ਉਪਾਸ਼ਨਾ ਨਹੀਂ ਹੁੰਦੀ॥ ੫॥ ੩੮॥

ਉਥਾਨਕਾ:-ਇਸ ਸ਼ਬਦ ਦੁਆਰਾ ਵੈਰਾਗ ਜਨਕ ਉਪਦੇਸ਼ ਦਿੰਦੇ ਹਨ। ਟੱਬਰ ਵਿਚੋਂ ਕਿਸੇ ਦਾ ਕੋਈ ਬੰਦਾ ਮਰ ਗਿਆ, ਉਹ ਬਹੁਤ ਰੋ ਰਿਹਾ ਸੀ। ਲੋਕਾਂ ਦੇ ਸਮਝਾਣ ਤੇ ਭੀ ਚੁੱਪ ਨਾ ਕਰੇ। ਕਬੀਰ ਸਾਹਿਬ ਜੀ ਨੂੰ ਸੱਦ ਕੇ ਲਿਆਏ, ਕਬੀਰ ਜੀ ਦੇ ਆਉਣ ਨਾਲ ਹੀ ਉਹ ਚੁਪ ਕਰ ਗਿਆ। ਤਦੋਂ ਕਬੀਰ ਜੀ ਉਸਨੂੰ ਸਮਝਾਉਂਦੇ ਹਨ:-

[ਪੰਨਾ ੩੩੧]

ਕਉਨੁ ਕੋ ਪੂਤੁ ਪਿਤਾ ਕੋ ਕਾ ਕੋ॥ ਕਉਨੁ ਮਰੈ ਕੋ ਦੇਇ ਸੰਤਾਪੋ॥ ੧॥

ਕੌਣ ਕੋਈ ਕਿਸੇ ਦਾ ਪੁਤਰ ਹੈ ਤੇ ਕੌਣ ਕੋਈ ਕਿਸੇ ਦਾ ਪਿਉ ਹੈ। ਅਰਥਾਤ ਕੋਈ ਕਿਸੇ ਦਾ ਰਖਜਕ ਨਹੀਂ। ਇਹ ਤਾਂ ਸਭ ਆਪੋ ਆਪਣੇ ਮਤਲਬੀ ਯਾਰ ਹਨ।

ਯਥਾ- ਕਾ ਕੀ ਮਾਈ ਕਾ ਕੋ ਬਾਪ॥ ਨਾਮ ਧਾਰੀਕ ਝੂਠੇ ਸਭਿ ਸਾਕ॥ *(ਪੰਨਾ ੧੮੮)*

ਤਥਾ- ਹਰਿ ਬਿਨੁ ਤੇਰੋ ਕੋ ਨ ਸਹਾਈ॥

ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ॥ *(ਸਾਰੰਗ ਮ੍ਹਲਾ ੯, ਪੰਨਾ ੧੨੩੧)*

*ਤਥਾ-*ਕਾ ਕੋ ਮਾਤ ਪਿਤਾ ਸੁਤ ਧੀਆ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ॥ *(ਪੰਨਾ ੨੫੩)*

ਕੌਣ ਕੋਈ ਮਰਦਾ ਹੈ ਅਤੇ ਕੌਣ ਕੋਈ ਕਿਸੇ ਨੂੰ ਦੁੱਖ ਦਿੰਦਾ ਹੈ ਅਰਥਾਤ ਨਾ ਕੋਈ ਮਰਦਾ ਹੈ ਤੇ ਨਾ ਕੋਈ ਕਿਸ ਨੂੰ ਦੁੱਖ ਦਿੰਦਾ ਹੈ, ਇਹ ਜੀਵ ਤਾਂ ਸਾਰੇ ਨਿਜ ਪ੍ਰਯੋਜਨੀ ਹਨ॥ ੧॥

*ਪ੍ਰਸ਼ਨ-*ਜੇ ਕੋਈ ਕਿਸੇ ਦਾ ਨਹੀਂ ਤਾਂ ਇਹ ਮਮਤਾ ਕਿਉਂ ਕਰਦੇ ਹਨ? *ਉੱਤਰ-*

ਹਰਿ ਠਗ ਜਗ ਕਉ ਠਗਉਰੀ ਲਾਈ॥

ਹਰੀ ਰੂਪੀ ਠੱਗ ਨੇ ਜਗਤ ਦਿਆਂ ਸਾਰਿਆਂ ਜੀਵਾਂ ਨੂੰ ਮੋਹ ਰੂਪੀ ਠੱਗ ਬੂਟੀ ਲਾ ਦਿਤੀ ਹੈ ਉਸ ਮੋਹ ਦੇ ਪ੍ਰਤਾਪ ਕਰਕੇ ਇਹ ਜੀਵ ਮੇਰ ਤੇਰ ਕਰਦੇ ਹਨ।

ਪ੍ਰਸ਼ਨ-ਤੁਸੀਂ ਮੇਰੇ ਤੇਰ ਕਿਉਂ ਨਹੀਂ ਕਰਦੇ? *ਉੱਤਰ*-

ਜੇਕਰ ਮੈਂ ਇਨ੍ਹਾਂ ਪਦਾਰਥਾਂ ਵਿਚ ਮੋਹ ਪਾ ਲਵਾਂ ਤਾਂ ਰਾਮ ਦੀ ਤਰਫੋਂ ਬਿਰਤੀ ਉੱਖੜ ਜਾਵੇਗੀ। ਜਦ ਬਿਰਤੀ ਉੱਖੜ ਗਈ ਤਾਂ ਰਾਮ ਨਾਲੋਂ ਵਿਛੋੜਾ ਹੋ ਜਾਵੇਗਾ, ਵਿਛੋੜਾ ਪੈ ਗਿਆ ਤਾਂ ਬੁਰਾ ਹਾਲ ਹੋ ਜਾਵੇਗਾ।

ਯਥਾ-ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥ ੭੬॥ *(ਸਲੋਕ ਕਬੀਰ ਜੀ, ਪੰਨਾ ੧੩੭੮)*

ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ॥ ੧॥ ਰਹਾਉ॥

ਹੇ ਮੇਰੇ ਮਾਈ=ਭਾਈ ! ਮੈਂ ਉਸ ਹਰੀ ਦੇ ਵਿਛੋੜੇ ਵਿਚ ਫਿਰ ਕਿਸ ਤਰ੍ਹਾਂ ਜੀਵਾਂਗਾ ਅਰਥਾਤ ਫਿਰ ਤਾਂ ਮੱਛੀ ਦੀ ਨਿਆਈਂ ਮਰਨਾ ਹੀ ਹੋਵੇਗਾ॥ ੧॥ ਰਹਾਉ॥

ਪੁਨਾ-ਪਿਛਲੇ ਪ੍ਰਸੰਗ ਅਨੁਸਾਰ ਕਥਨ ਕਰਦੇ ਹਨ-

ਕਉਨ ਕੋ ਪੁਰਖੁ ਕਉਨ ਕੀ ਨਾਰੀ॥ ਇਆ ਤਤ ਲੇਹੁ ਸਰੀਰ ਬਿਚਾਰੀ॥ ੨॥

ਕੌਣ ਕੋਈ ਕਿਸੇ ਦਾ ਪੁਰਖੁ=ਪਤੀ ਹੈ ਅਤੇ ਕੌਣ ਕੋਈ ਕਿਸੇ ਦੀ ਇਸਤ੍ਰੀ ਹੈ। ਸਾਰੇ ਆਪਣੇ ਲਾਭ ਦੇ ਸਬੰਧੀ ਹਨ।

ਯਥਾ- ਪ੍ਰੀਤਮ ਜਾਨਿ ਲੇਹੁ ਮਨ ਮਾਹੀਂ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ ੧॥ ਰਹਾਉ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥ ੨॥ *(ਸੋਰਠਿ ਮਹਲਾ ੫, ਪੰਨਾ ੬੩੪)*

ਤਥਾ- ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ॥
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ॥ ੨॥ *(ਆਸਾ ਕਬੀਰ ਜੀ, ਪੰਨਾ ੪੭੮)*

ਇਸ ਤਤ=ਯਥਾਰਥ ਗੱਲ ਨੂੰ ਆਪਣੇ ਸਰੀਰ ਅੰਦਰ ਵਿਚਾਰ ਲੈਣਾ ਕਰੋ॥ ੨॥

ਕਹਿ ਕਬੀਰ ਠਗ ਸਿਉ ਮਨੁ ਮਾਨਿਆ॥
ਗਈ ਠਗਉਰੀ ਠਗੁ ਪਹਿਚਾਨਿਆ॥ ੩॥ ੩੯॥

ਕਬੀਰ ਜੀ ਕਥਨ ਕਰਦੇ ਹਨ— ਜਿਸ ਵੇਲੇ ਮੇਰਾ ਮਨ ਠਗ=ਪਰਮਾਤਮਾ ਦੇ ਨਾਲ ਮੰਨਿਆ ਗਿਆ ਤਾਂ ਮੋਹ ਰੂਪੀ ਠੱਗ ਬੂਟੀ ਚਲੀ ਗਈ, ਤਦੋਂ ਠਗੁ=ਪਰਮਾਤਮਾ ਨੂੰ ਅੰਤਹਕਰਣ ਵਿਚ ਸਾਖਿਆਤ ਜਾਨਣਾ ਕੀਤਾ॥ ੩॥ ੩੯॥

ਅਵਾਂਤ੍ਰ ਉੱਤਰ ਪ੍ਰਸ਼ਨ ਕਰ ਕੇ

ਦੂਜਾ ਅਰਥ-

*ਪ੍ਰਸ਼ਨ-*ਕਉਨੁ ਕੋ ਪੂਤੁ=ਇਸ ਜਗਤ ਵਿਚ ਕੌਣ ਕੋਈ ਪੂਤੁ=ਪਵਿੱਤਰ ਹੈ?

*ਉੱਤਰ-*ਪਿਤਾ ਕੋ ਕਾਕੋ=ਪਿਤਾ ਰੂਪ ਪਰਮਾਤਮਾ ਦੇ ਭਜਨ ਸਿਮਰਨ ਕਰਨ ਦੀ ਜਿਸ ਨੂੰ ਕਾਕੋ=ਕਾਂਖੋ (ਇਛਜਾ) ਹੈ ਓਹੀਓ ਮਨੁੱਖ ਸੰਸਾਰ ਵਿਚ ਪਵਿੱਤ੍ਰ ਹੈ।

*ਪ੍ਰਸ਼ਨ-*ਕਉਨੁ ਮਰੈ=ਜੀਵਤ ਭਾਵ ਤੋਂ ਕੌਣ ਮਰਦਾ ਹੈ?

*ਉੱਤਰ-*ਕੋ ਦੇਇ ਸੰਤਾਪੈ=ਜਿਹੜਾ ਕੋਈ ਆਪਣੀ ਦੇਹ ਨੂੰ ਸੰ=ਭਲੀ ਪ੍ਰਕਾਰ ਤਪ ਰੂਪ ਅਗਨੀ ਨਾਲ ਤਪਾਂਵਦਾ ਹੈ ਓਹੋ ਹੀ ਕੋਈ ਜੀਵਤ ਭਾ ਤੋਂ ਮਰਦਾ ਹੈ।

*ਪ੍ਰਸ਼ਨ-*ਠਗ=ਇਸ ਸੰਸਾਰ ਵਿਚ ਸਭ ਤੋਂ ਵੱਡਾ ਠਗ ਕੌਣ ਹੈ? *ਉੱਤਰ-*

ਹਰਿ ਠਗ ਜਗਕਉ ਠਗਉਰੀ ਲਾਈ=ਹਰੀ ਅਸਲੀ ਠਗ ਹੈ ਕਿਉਂਕਿ ਉਸ ਨੇ ਹੀ ਸਾਰਿਆਂ ਜੀਵਾਂ ਨੂੰ ਠੱਗਣ ਲਈ ਮੋਹ ਰੂਪੀ ਠੱਗਾਂ ਵਾਲੀ ਬੂਟੀ ਲਾਈ ਹੋਈ ਹੈ।

*ਪ੍ਰਸ਼ਨ-*ਹਰਿ ਕੇ ਬਿਓਗ ਕੈਸੇ=ਅਜਿਹੇ ਹਰੀ ਨਾਲੋਂ ਇਸ ਜੀਵ ਦਾ ਵਿਛੋੜਾ ਕਿਸ ਤਰ੍ਹਾ ਹੋ ਗਿਆ?

*ਉੱਤਰ-*ਜੀਅਉ ਮੇਰੀ ਮਾਈ-ਜੀਅਉ=ਚਿੱਤ ਕਰਕੇ ਇਹ ਕਹਿੰਦਾ ਹੈ ਕਿ ਇਹ ਮੇਰੀ ਮਾਇਆ ਹੈ, ਇਹ ਮੇਰੀ ਜਾਇਦਾਦ ਹੈ। ਇਸ ਮਮਤਾ ਕਰਕੇ ਇਸ ਜੀਵ ਦਾ ਹਰੀ ਨਾਲੋਂ ਵਿਛੋੜਾ ਪੈ ਰਿਹਾ ਹੈ, ਇਹ ਕਹਿੰਦਾ ਹੈ-

*ਯਥਾ-*ਹਮਰੀ ਭੂਮਿ ਕਉਣ ਘਾਲੈ ਪੈਰ॥ ਇਹੋ ਮਮਤਾ ਦਾ ਸ੍ਵਰੂਪ ਹੈ।

*ਪ੍ਰਸ਼ਨ-*ਕਉਨ ਕੋ ਪੁਰਖੁ=ਪੁਰਖ ਰੂਪ ਪਰਮਾਤਮਾ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ?

*ਉੱਤਰ-*ਕਉਨ ਕੀ ਨਾਰੀ=ਜਿਸ ਪੁਰਸ਼ ਨੇ ਨਾਰੀ=ਮਾਇਆ ਦੀ ਇੱਛਿਆ ਕਉਨ=ਲਾਂਭੇ ਕਰ ਦਿਤੀ ਹੈ, ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

*ਪ੍ਰਸ਼ਨ-*ਤਤ=ਸਿਧਾਂਤ ਨੂੰ ਕਿਥੇ ਲਈਏ?

*ਉੱਤਰ-*ਇਆ ਤਤ ਲੇਹੁ ਸਰੀਰ ਬਿਚਾਰੀ=

ਇਸ ਮਨੁੱਖਾ ਜਨਮ ਵਿਚ ਹੀ ਤਤ=ਸਿਧਾਂਤ ਨੂੰ ਵਿਚਾਰ ਲੈਣਾ ਕਰੋ।

*ਪ੍ਰਸ਼ਨ-*ਠਗੁ ਪਹਿਚਾਨਿਆ=ਤੁਸੀਂ ਉਸ ਪਰਮਾਤਮਾ ਰੂਪੀ ਠੱਗ ਨੂੰ ਕਿਸ ਤਰ੍ਹਾਂ ਜਾਣ ਲਿਆ ਹੈ? *ਉੱਤਰ-*

ਕਹਿ ਕਬੀਰ ਠਗ ਸਿਉ ਮਨੁ ਮਾਨਿਆ॥ ਗਈ ਠਗਉਰੀ ਠਗੁ ਪਹਿਚਾਨਿਆ॥ ੩॥ ੩੯॥

ਕਬੀਰ ਜੀ ਕਥਨ ਕਰਦੇ ਹਨ ਕਿ ਠਗ ਰੂਪ ਪਰਮਾਤਮਾ ਨਾਲ ਮਿਲਾ ਦੇਣ ਵਾਲੇ ਜੋ ਗੁਰੂ ਹਨ ਜਦੋਂ ਉਨ੍ਹਾਂ ਗੁਰਾਂ ਦੇ ਮਨੁ=ਮੰਤ੍ਰ ਉਪਰ ਮੇਰਾ ਮਨ ਮੰਨਿਆ ਗਿਆ, ਤਦੋਂ ਮੇਰੇ ਚਿਤ ਵਿਚੋਂ ਮੋਹ ਰੂਪੀ ਠੱਗਬੂਟੀ ਚਲੀ ਗਈ। ਬੱਸ ਮੋਹ ਦੇ ਦੂਰ ਹੁੰਦਿਆਂ ਹੀ ਮੈਂ ਠੱਗਰੂਪ ਪਰਮਾਤਮਾ ਨੂੰ ਜਾਣ ਲਿਆ ਹੈ॥ ੩॥ ੩੯॥

ਉਥਾਨਕਾ-ਇਸ ਸ਼ਬਦ ਦੁਆਰਾ ਆਪਣੇ ਉੱਤੇ ਵਾਹਿਗੁਰੂ ਦੀ ਅਪਾਰ ਕਿਰਪਾ ਸਮਝ ਕੇ ਉਸਦੀ ਵਡਿਆਈ ਵਰਣਨ ਕਰਦੇ ਹਨ। ਕਿਸੇ ਸਿਖ ਨੇ ਆ ਕੇ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ ! ਤੁਹਾਡਾ ਸੁਆਮੀ ਕਿਹੋ ਜਿਹਾ ਹੈ? *ਉੱਤਰ-*ਕਬੀਰ ਕੋ ਸੁਆਮੀ ਗਰੀਬ ਨਿਵਾਜ॥

ਕਬੀਰ ਜੀ ਆਖਦੇ ਹਨ— ਕਿ ਸਾਡਾ ਸੁਆਮੀ ਗਰੀਬਾਂ ਨੂੰ ਵਡਿਆਉਣ ਵਾਲਾ ਹੈ। ਹੁਣ ਜਿਸ ਤਰ੍ਹਾਂ

ਆਪਣੇ ਉੱਤੇ ਪਰਮਾਤਮਾ ਦੀ ਮੇਹਰ ਹੋਈ ਹੈ ਉਹ ਵਾਰਤਾ ਦੱਸਦੇ ਹਨ।

ਅਬ ਮੋ ਕਉ ਭਏ ਰਾਜਾ ਰਾਮ ਸਹਾਈ॥

ਹੁਣ ਇਸ ਮਨੁੱਖਾ ਜਨਮ ਵਿਚ ਰਾਜਾ=ਪ੍ਰਕਾਸ਼ ਰੂਪ ਵਾਹਿਗੁਰੂ ਮੇਰੇ ਉੱਪਰ ਸਹਾਈ ਹੋਇਆ ਹੈ।

ਜਨਮ ਮਰਨ ਕਟਿ ਪ੍ਰਮ ਗਤਿ ਪਾਈ॥ ੧ ॥ ਰਹਾਉ॥

ਉਹਦੀ ਸਹਾਇਤਾ ਦੁਆਰੇ ਜੰਮਣਾ ਮਰਨਾ ਕੱਟਕੇ ਕੇਵਲ ਮੁੱਕਤੀ ਪਾ ਲੀਤੀ ਹੈ॥ ੧॥ ਰਹਾਉ॥

ਸਾਧੂ ਸੰਗਤਿ ਦੀਓ ਰਲਾਇ॥ ਪੰਚ ਦੂਤ ਤੇ ਲੀਓ ਛਡਾਇ॥

ਜਿਸ ਵੇਲੇ ਪਰਮਾਤਮਾ ਨੇ ਕਿਰਪਾ ਕਰ ਕੇ ਪੂਰਨ ਮਹਾਂ ਪੁਰਖਾਂ ਦੀ ਸੰਗਤ ਵਿਚ ਸਾਨੂੰ ਰਲਾ ਦਿਤਾ ਤਦ ਪੂਰਨ ਸਤਿਗੁਰਾਂ ਦੀ ਪ੍ਰਾਪਤੀ ਹੋਈ ਉਨ੍ਹਾਂ ਨੇ ਆਪਣੀ ਮਿਹਰ ਦੁਆਰਾ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਕੋਲੋਂ ਸਾਨੂੰ ਛੁਡਾ ਲਿਆ।

ਯਥਾ- ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ॥ *(ਪੰਨਾ ੧੨੨੩)*

ਤਥਾ- ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ॥

ਮੰਤ੍ਰੁ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ॥ *(ਪੰਨਾ ੧੨੧੦)*

ਅੰਮ੍ਰਿਤ ਨਾਮੁ ਜਪਉ ਜਪੁ ਰਸਨਾ॥ ਅਮੋਲ ਦਾਸੁ ਕਰਿ ਲੀਨੋ ਅਪਨਾ॥ ੧ ॥

ਜਦੋਂ ਮੈਨੈ ਅੰਮ੍ਰਿਤ ਰੂਪ ਨਾਲ ਨੂੰ ਜੀਭ ਦੁਆਰਾ ਜਪਣੇ ਵਾਲਾ ਹੋ ਕੇ ਜਪਣਾ ਕੀਤਾ ਤਾਂ ਸਤਿਗੁਰਾਂ ਨੇ ਮੈਨੂੰ ਭਲਾਮਾਨਸ ਸਮਝ ਕੇ ਆਪਣਾ ਅਮੋਲਕ ਦਾਸ (ਚੇਲਾ) ਬਣਾ ਲਿਆ॥ ੧॥

ਸਤਿਗੁਰ ਕੀਨੋ ਪਰਉਪਕਾਰੁ॥ ਕਾਢਿ ਲੀਨ ਸਾਗਰ ਸੰਸਾਰ॥

ਪਰਮੇਸ਼ਰ ਦੀ ਕ੍ਰਿਪਾ ਦੇ ਸਬੱਬ ਕਰਕੇ ਸਤਿਗੁਰਾਂ ਨੇ ਮੇਰੇ ਉੱਪਰ ਬੜਾ ਭਾਰੀ ਪਰਉਪਕਾਰ ਕੀਤਾ। ਜੋ ਅਨੰਤ ਕਾਲ ਦੇ ਡੁਬੇ ਹੋਏ ਨੂੰ ਸੰਸਾਰ ਸਮੁੰਦਰ ਵਿਚੋਂ ਕਢ ਲਿਆ ਹੈ।

ਚਰਨ ਕਮਲ ਸਿਉ ਲਾਗੀ ਪ੍ਰੀਤਿ॥ ਗੋਬਿੰਦੁ ਬਸੈ ਨਿਤਾ ਨਿਤ ਚੀਤ॥ ੨ ॥

ਹੁਣ ਮੇਰੀ ਸਤਿਗੁਰਾਂ ਦੇ ਚਰਨ ਕਮਲਾਂ ਨਾਲ ਪ੍ਰੀਤੀ ਲਗ ਗਈ ਹੈ।

ਜਿਸ ਪ੍ਰੀਤੀ ਦੇ ਪ੍ਰਤਾਪ ਕਰਕੇ ਮੇਰੇ ਚਿੱਤ ਵਿਚ ਨਿਤਾਪ੍ਰਤੀ ਗੋਬਿੰਦ ਵੱਸ ਰਿਹਾ ਹੈ॥ ੨॥

ਮਾਇਆ ਤਪਤਿ ਬੁਝਿਆ ਅੰਗਿਆਰੁ॥ ਮਨਿ ਸੰਤੋਖੁ ਨਾਮੁ ਆਧਾਰੁ॥

ਗੋਬਿੰਦ ਦੇ ਵੱਸ ਜਾਣ ਕਰਕੇ ਮਾਇਆ ਰੂਪ ਅੱਗ ਦਾ ਅੰਗਿਆਰ ਜਿਹੜਾ ਪਹਿਲਾਂ ਮਨ ਨੂੰ ਸਾੜ ਰਿਹਾ ਸੀ, ਉਹ ਹੁਣ ਬੁਝ ਗਿਆ ਹੈ। ਵਾ:-ਮਾਇਆ ਅਗਨੀ ਦਾ ਅੰਗਿਆਰ ਜਿਹੜਾ ਪਰਜੁਲਤ ਹੋ ਰਿਹਾ ਸੀ ਉਹ ਬੁਝ ਗਿਆ ਹੈ। ਅਰਥਾਤ ਪਦਾਰਥਾਂ ਦੀ ਵਾਸ਼ਨਾ ਨਹੀਂ ਰਹੀ। ਨਾਮ ਦੇ ਆਸਰੇ ਕਰਕੇ ਮੇਰਾ ਮਨ ਸੰਤੋਖ ਨੂੰ ਪ੍ਰਾਪਤ ਹੋਇਆ ਹੈ। ਹੁਣ ਨਾਮ ਦੇ ਪ੍ਰਤਾਪ ਕਰਕੇ ਅਜਿਹੀ ਦ੍ਰਿਸ਼ਟੀ ਹੋ ਗਈ ਹੈ ਕਿ:-

ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ॥ ਜਤ ਪੇਖਉ ਤਤ ਅੰਤਰਜਾਮੀ॥ ੩ ॥

ਜਲਾਂ ਥਲਾਂ ਤੋਂ ਆਦਿ ਚੌਦਾਂ ਭਵਨਾਂ ਵਿਚ ਉਹ ਪ੍ਰਭੂ ਸੁਆਮੀ ਪਰੀਪੂਰਨ ਹੋ ਰਹੇ ਹਨ। ਜਿਸ ਪਾਸੇ

ਨਿਗਾਹ ਕਰ ਕੇ ਵੇਖਦੇ ਹਾਂ ਉਸੇ ਪਾਸੇ ਅੰਤਰਜਾਮੀ ਭਗਵਾਨ ਹੈ॥ ੩॥

ਅਪਨੀ ਭਗਤਿ ਆਪ ਹੀ ਦ੍ਰਿੜਾਈ॥
ਪੂਰਬ ਲਿਖਤੁ ਮਿਲਿਆ ਮੇਰੇ ਭਾਈ॥

ਵਾਹਿਗੁਰੂ ਨੇ ਆਪਣੀ ਭਗਤੀ ਆਪ ਹੀ ਕ੍ਰਿਪਾ ਦ੍ਰਿਸ਼ਟੀ ਕਰਕੇ ਦ੍ਰਿੜ੍ਹਾ ਦ੍ਰਿਤੀ ਹੈ। ਹੇ ਮੇਰੇ ਭਾਈ ! ਇਹ ਪੂਰਬਲੇ ਲਿਖੇ ਹੋਏ ਕਰਮਾਂ ਦਾ ਫਲ ਆ ਕੇ ਮਿਲਿਆ ਹੈ, ਪਰ ਨਿਰੀ ਲਿਖਤ ਭੀ ਕੁਝ ਨਹੀਂ ਕਰ ਸਕਦੀ। ਨਿਰੰਕਾਰ ਦੀ ਕਿਰਪਾ ਹੀ ਸਾਰਿਆਂ ਨਾਲੋਂ ਉੱਤਮ ਵਸਤੂ ਹੈ।

ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ॥
ਕਬੀਰ ਕੋ ਸੁਆਮੀ ਗਰੀਬ ਨਿਵਾਜ॥ ੪॥ ੪੦॥

ਜਿਸ ਪੁਰਸ਼ ਉੱਤੇ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਉਸ ਪੁਰਸ਼ ਦੇ ਭੋਗ ਮੋਖ ਰੂਪੀ ਸਰਬ ਕਾਰਜ ਪੂਰਨ ਹੁੰਦੇ ਹਨ।

ਕਬੀਰ ਜੀ ਆਖਦੇ ਹਨ- ਮੇਰਾ ਸੁਆਮੀ ਅਕਾਲ ਪੁਰਖ ਗਰੀਬ ਨਿਵਾਜ ਹੈ॥ ੪॥ ੪੦॥

ਉਥਾਨਕਾ-ਕਾਸ਼ੀ ਵਿਚ ਕਿਸੇ ਪਰੇਮੀ ਨੇ ਬ੍ਰਾਹਮਣਾਂ ਨੂੰ ਭੋਜਨ ਮਨਾਇਆ ਹੋਇਆ ਸੀ ਤੇ ਰਾਤ ਨੂੰ ਉਸਦੇ ਘਰ ਬਾਲਕ ਜੰਮ ਪਿਆ। ਬ੍ਰਾਹਮਣਾਂ ਨੂੰ ਪਤਾ ਲੱਗ ਜਾਣ ਕਰਕੇ ਉਸਦੇ ਘਰ ਰੋਟੀ ਖਾਣ ਨਾ ਆਏ। ਉਸ ਵੇਲੇ ਉਹ ਬੜਾ ਘਬਰਾਇਆ ਕਿ ਬ੍ਰਾਹਮਣ ਰੋਟੀ ਖਾਣ ਨਹੀਂ ਆਉਂਦੇ ਤੇ ਮੇਰਾ ਅੰਨ ਤਿਆਰ ਕੀਤਾ ਨਿਸਫਲ ਜਾਂਦਾ ਪਿਆ ਹੈ। ਉਸ ਵੇਲੇ ਕਿਸੇ ਨੇ ਕਿਹਾ ਜੇ ਉਹ ਨਹੀਂ ਆਉਂਦੇ ਤਾਂ ਤੂੰ ਅਫਸੋਸ ਨਾ ਕਰ, ਭਗਤ ਕਬੀਰ ਜੀ ਦੇ ਪਾਸ ਜਾ ਕੇ ਬੇਨਤੀ ਕਰ ਉਹ ਸੰਤਾਂ ਨੂੰ ਭੇਜ ਦੇਣਗੇ। ਉਸ ਪਰੇਮੀ ਨੇ ਉਸੀ ਵੇਲੇ ਕਬੀਰ ਜੀ ਪਾਸ ਆਕੇ ਬੇਨਤੀ ਕੀਤੀ ਤਾਂ ਕੁਦਰਤਨ ਕਬੀਰ ਜੀ ਦੇ ਪਾਸ ਸੰਤ ਮੰਡਲੀ ਆਕੇ ਉਤਰੀ ਹੋਈ ਸੀ। ਭਗਤ ਜੀ ਨੇ ਕਹਿਕੇ ਸਾਰਿਆਂ ਸੰਤਾਂ ਨੂੰ ਭੇਜ ਕੇ ਉਸਦਾ ਮਨੋਰਥ ਪੂਰਾ ਕਰ ਦਿੱਤਾ। ਪਿਛੋਂ ਬ੍ਰਾਹਮਣਾਂ ਨੇ ਕਬੀਰ ਜੀ ਨੂੰ ਆ ਕੇ ਆਖਿਆ ਹੇ ਕਬੀਰ ! ਤੈਂ ਇਹ ਚੰਗਾ ਕੰਮ ਨਹੀਂ ਕੀਤਾ ਐਡਾ ਵੱਡਾ ਅਚਾਰਜ ਹੋ ਕੇ ਫਿਰ ਤੂੰ ਸੂਤਕ ਪਾਤਕ ਦਾ ਕੋਈ ਵਿਚਾਰ ਨਹੀਂ ਕਰਦਾ। ਪਰਮੇਸ਼ਰ ਦੀ ਕਿਰਪਾ ਉਸ ਉੱਤੇ ਹੁੰਦੀ ਹੈ ਜਿਹੜਾ ਸੂਤਕ ਅਤੇ ਪਾਤਕ ਤੋਂ ਬਚਿਆ ਰਹੇ। ਤੁਸੀਂ ਇਸਦੀ ਪਰਵਾਹ ਨਹੀਂ ਕਰਦੇ। ਤੁਸੀਂ ਸੂਤਕ ਅਤੇ ਪਾਤਕ ਵਾਲੇ ਘਰੋਂ ਖਾ ਆਉਂਦੇ ਹੋ। ਇਹ ਗੱਲ ਸੁਣਕੇ ਕਬੀਰ ਜੀ ਕਹਿੰਦੇ ਹਨ-

ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ॥

ਹੇ ਪੰਡਤ ਜੀ ! ਜੇ ਇਸ ਪਰਕਾਰ ਵਿਚਾਰ ਕਰੀਏ ਤਾਂ ਸੂਤਕ ਤੋਂ ਬਿਨਾਂ ਕੋਈ ਭੀ ਥਾਂ ਨਹੀਂ। ਜਿਸ ਪਾਣੀ ਨੂੰ ਤੁਸੀਂ ਪਵਿੱਤ੍ਰ ਮੰਨੀ ਬੈਠੇ ਹੋ ਉਸ ਵਿਚ ਭੀ ਸੂਤਕ ਹੈ। ਪਾਣੀ ਵਿਚ ਲੱਖਾਂ ਜੀਵ ਰੋਜ਼ ਪੈਦਾ ਹੁੰਦੇ ਹਨ ਅਤੇ ਮਰਦੇ ਹਨ।

ਯਥਾ:-ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥ *(ਪੰਨਾ ੪੮੫)*

ਅਤੇ ਥਲਾਂ ਵਿਚ ਭੀ ਸੂਤਕ ਹੈ ਕਿਉਂਕਿ ਅਨੇਕਾਂ ਜੀਵ ਜ਼ਮੀਨ ਵਿਚ ਪੈਦਾ ਹੁੰਦੇ ਹਨ। ਖੇਤੀ ਪੈਦਾ ਕਰਨ ਲਈ ਬੀਜ ਬੀਜੀਦਾ ਹੈ ਉਸ ਦੇ ਉਗਣ ਵੇਲੇ ਭੀ ਤੁਹਾਡੇ ਖਿਆਲ ਅਨੁਸਾਰ ਸੂਤਕ ਹੁੰਦਾ ਹੈ।

ਅਥਵਾ:-ਹਰ ਜਗ੍ਹਾਂ ਸੂਤਕ ਦੀ ਉਤਪਤੀ ਹੋ ਰਹੀ ਹੈ।

ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ॥ ੧॥

ਤੁਹਾਡੇ ਖਿਆਲ ਅਨੁਸਾਰ ਜਨਮ ਸਮੇਂ ਭੀ ਸੂਤਕ ਅਤੇ ਮਰਨ ਸਮੇਂ ਭੀ ਸੂਤਕ ਹੁੰਦਾ ਹੈ। ਸੋ ਤੁਸੀਂ ਸੂਤਕ ਦੱਸਣ ਵਾਲਿਆਂ ਨੇ ਸਾਰੀ ਦੁਨੀਆਂ ਸੂਤਕ ਪਾਤਕ ਨਾਲ ਬਿਗੋਈ=ਵਿਗਾੜ ਛੱਡੀ ਹੈ॥ ੧॥

ਕਹੁ ਰੇ ਪੰਡੀਆ ਕਉਨ ਪਵੀਤਾ॥
ਐਸਾ ਗਿਆਨੁ ਜਪਹੁ ਮੇਰੇ ਮੀਤਾ॥ ੧॥ ਰਹਾਉ॥

ਹੇ ਪੰਡਿਤ! ਤੂੰ ਵਿਚਾਰ ਕੇ ਦੱਸ, ਇਸ ਦੁਨੀਆਂ ਵਿਚ ਕੌਣ ਪਵਿੱਤ੍ਰ ਹੈ?

ਅਰਥਾਤ ਕੋਈ ਭੀ ਪਵਿੱਤ੍ਰ ਨਹੀਂ।

ਹੇ ਮੇਰੇ ਮਿੱਤਰੋ! ਐਸੇ ਗਿਆਨੁ=ਜਾਣ ਕੇ ਉਸ ਅਕਾਲ ਪੁਰਖ ਨੂੰ ਜਪਣਾ ਕਰੋ ਕਿਸੇ ਵਹਿਮ ਵਿਚ ਨਾ ਫਸੋ॥ ੧॥ ਰਹਾਉ॥

ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ॥

ਅੱਖਾਂ ਵਿਚ ਪਰਾਈ ਔਰਤ ਦੇ ਸੁੰਦਰ ਰੂਪ ਨੂੰ ਵੇਖਣ ਦਾ ਸੂਤਕ ਹੈ, ਬਚਨਾਂ ਵਿਚ ਨਿੰਦਿਆ ਦਾ ਸੂਤਕ ਹੈ, ਕੰਨਾਂ ਵਿਚ ਚੁਗਲੀ ਸੁਣਨ ਦਾ ਸੂਤਕ ਚਿੰਬੜਿਆ ਹੋਇਆ ਹੈ।

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥ *(ਆਸਾ ਦੀ ਵਾਰ, ਪੰਨਾ ੪੭੨)*

ਊਠਤ ਬੈਠਤ ਸੂਤਕੁ ਲਾਗੈ* ਸੂਤਕੁ ਪਰੈ ਰਸੋਈ॥ ੨॥

ਉਠਦਿਆਂ ਬੈਠਦਿਆਂ ਵੀ ਸੂਤਕ ਚਿੰਬੜਦਾ ਹੈ, ਕਿਉਂਕਿ ਉਠਦਿਆਂ ਬਹਿੰਦਿਆਂ ਕਈ ਕੀੜੇ ਮਰ ਜਾਂਦੇ ਹਨ, ਰਸੋਈ ਵਿਚ ਤਾਂ ਅੱਵਲ ਦਰਜੇ ਦਾ ਸੂਤਕ ਪੈਂਦਾ ਹੈ। ਭਾਵ ਸੂਖਮ ਜੀਵ ਮਰਦੇ ਰਹਿੰਦੇ ਹਨ। ਜੇ ਇਸ ਵਹਿਮ ਵਿਚ ਪੈ ਜਾਈਏ ਤਾਂ ਰੋਟੀ ਨਹੀਂ ਖਾਣੀ ਚਾਹੀਦੀ ॥ ੨॥

ਹਜ਼ੂਰ ਨੇ ਲਿਖਿਆ ਹੈ-

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥ *(ਆਸਾ ਦੀ ਵਾਰ, ਪੰਨਾ ੪੭੨)*

ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥

ਕਰਮ ਕਾਂਡ ਵਿਚ ਫਸਣ ਦੀ ਰੀਤ ਨੂੰ ਤਾਂ ਸਭ ਕੋਈ ਜਾਣਦਾ ਹੈ, ਪਰ ਸੰਸਾਰ ਵਿਚੋਂ ਛੁੱਟਣ ਦੀ ਰੀਤੀ

**ਨੋਟ-ਇਥੇ ਸੂਤਕ ਪਾਤਰ ਦੀ ਅਭੇਦਤਾ ਚੱਲ ਰਹੀ ਹੈ। ਦੋਹਾਂ ਨੂੰ ਅਪਵਿੱਤ੍ਰ ਰੂਪ ਸਮਝ ਕੇ ਇਕ ਸੂਤਕ ਨਾਮ ਹੀ ਰੱਖ ਦਿਤਾ ਹੈ।*

ਨੂੰ ਕੋਈ ਇਕ ਅੱਧਾ ਗੁਰਮੁਖ ਹੀ ਜਾਣਦਾ ਹੈ।

ਪੁਨਾ-ਬੇਨਤੀ ਕੀਤੀ ਮਹਾਰਾਜ ਜੀ ! ਫਿਰ ਸੂਤਕ ਨਵਿਰਤ ਕਿਵੇਂ ਹੁੰਦਾ ਹੈ? *ਉੱਤਰ-*

ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ॥ ੩ ॥ ੪੧ ॥

ਕਬੀਰ ਜੀ ਆਖਦੇ ਹਨ ਜੋ ਮਨੁੱਖ ਹਿਰਦੇ ਅੰਦਰ ਰਾਮ ਨਾਮ ਦਾ ਚਿੰਤਨ ਕਰਦੇ ਹਨ ਉਨ੍ਹਾਂ ਨੂੰ ਸੂਤਕ ਨਹੀਂ ਹੁੰਦਾ॥ ੩ ॥ ੪੧ ॥

ਗਉੜੀ॥

ਉਥਾਨਕਾ-ਕਬੀਰ ਜੀ ਪਾਸ ਬੈਰਾਗੀ ਆਏ ਤੇ ਆਖਣ ਲਗੇ ਕਬੀਰ ਸਾਹਿਬ ਜੀ ! ਚਲੋ ਤੁਹਾਨੂੰ ਤੀਰਥ ਯਾਤਰਾ ਕਰਵਾ ਲਿਆਈਏ। ਕਬੀਰ ਜੀ ਨੇ ਆਖਿਆ ਭਾਈ ਅਸੀਂ ਇਥੇ ਹੀ ਚੰਗੇ ਹਾਂ ਜੋ ਪਰਮੇਸ਼ਰ ਦਿਆਂ ਸੇਵਕਾਂ ਦੇ ਦਰਸ਼ਨ ਅਤੇ ਸੇਵਾ ਕਰਦੇ ਹਾਂ। ਇਸ ਦਾ ਫਲ ਤੀਰਥਾਂ ਨਾਲੋਂ ਬਹੁਤਾ ਹੈ। ਇਸ ਗੱਲ ਨੂੰ ਬੈਰਾਗੀ ਮੰਨਣ ਨਾ। ਕਬੀਰ ਜੀ ਆਖਦੇ ਸਨ ਕਿ ਹਰੀ ਦੇ ਭਗਤ ਵੱਡੇ ਹਨ, ਬੈਰਾਗੀ ਕਹਿੰਦੇ ਸਨ ਤੀਰਥ ਵੱਡੇ ਹਨ। ਜਿਸ ਵੇਲੇ ਮਨਮਨੌਤੀ ਨਾ ਹੋਈ ਤਿਸ ਵੇਲੇ ਝਗੜਾ ਨਵਿਰਤ ਕਰਨ ਲਈ ਦੋਵੇਂ ਰਾਮਾਨੰਦ ਜੀ ਪਾਸ ਆਏ, ਪਹਿਲੇ ਨਮਸ਼ਕਾਰ ਕਰਕੇ ਫੇਰ ਬੇਨਤੀ ਕਰਦੇ ਹਨ-

ਝਗਰਾ ਏਕੁ ਨਿਬੇਰਹੁ ਰਾਮ॥
ਜਉ ਤੁਮ ਅਪਨੇ ਜਨ ਸੌ ਕਾਮੁ॥ ੧ ॥ ਰਹਾਉ॥

ਹੇ ਨਾਮ ਸਰੂਪ ਸਤਿਗੁਰੋ ! ਕਿਰਪਾ ਕਰਕੇ ਅਸਾਡਾ ਇਕ ਝਗੜਾ ਨਿਬੇੜ ਦਿਓ।

ਜੇਕਰ ਆਪ ਨੂੰ ਆਪਣਿਆਂ ਦਾਸਾਂ ਦੀ ਮੁਕਤੀ ਕਰਨ ਦਾ ਕੰਮ ਹੈ, *ਅਥਵਾ:-*ਪ੍ਰੇਮ ਦਾ ਕੰਮ ਹੈ ਤਾਂ ਸਾਡਾ ਸੰਦੇਹ ਨਿਵਰਤ ਕਰੋ।

ਰਾਮਾਨੰਦ ਜੀ ਨੇ ਕਿਹਾ ਤੁਸੀਂ ਆਪਣਾ ਸੰਸਾ ਦਸੋ, ਤਾਂ ਕਬੀਰ ਜੀ ਕਹਿੰਦੇ ਹਨ-

ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ॥
ਰਾਮੁ ਬਡਾ ਕੈ ਰਾਮਹਿ ਜਾਨਿਆ॥ ੧ ॥

ਹੇ ਸਤਿਗੁਰੋ ! ਇਹ ਮਨ ਵੱਡਾ ਹੈ ਕਿ ਕਿਸ ਚੀਜ਼ ਨਾਲ ਮਨ ਮੰਨਿਆ ਜਾਵੇ ਉਹ ਚੀਜ਼ ਵੱਡੀ ਹੁੰਦੀ ਹੈ? *ਉੱਤਰ-*

ਉਹ ਚੀਜ਼ ਵੱਡੀ ਹੈ ਜਿਸ ਨੇ ਇਸ ਮਨ ਨੂੰ ਆਪਣੀ ਤਰਫ ਖਿੱਚ ਲਿਆ ਹੈ। *ਪ੍ਰਸ਼ਨ-*

ਪਰਮਾਤਮਾ ਵੱਡਾ ਹੈ ਜਾਂ ਉਸ ਦੇ ਜਾਨਣ ਵਾਲੇ ਭਗਤ ਜਨ ਵੱਡੇ ਹਨ?

*ਗੁਰ ਉੱਤਰ-*ਹੇ ਕਬੀਰ ! ਰਾਮ ਨੂੰ ਜਾਨਣ ਵਾਲੇ ਭਗਤ ਹੀ ਵੱਡੇ ਹਨ।

ਯਥਾ- ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥
ਏਕ ਸਮੈ ਮੋ ਕਉ ਗਹਿ ਬਾਂਧੇ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ *(ਪੰਨਾ ੧੨੫੨)*

(ਵਿਸ਼ੇਸ਼ ਵਿਆਖਿਆ ਸਟੀਕ ਭਗਤ ਬਾਣੀ ਵਿਚ ਵੇਖੋ।)

ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥ ੨ ॥

ਬ੍ਰਹਮਾ ਵੱਡਾ ਹੈ ਕਿ ਜਿਸ ਵਿਸ਼ਨੂੰ ਨੇ ਆਪਣੀ ਨਾਭੀ ਕਵਲ ਤੋਂ ਉਤਪੰਨ ਕੀਤਾ ਹੈ ਉਹ ਵਿਸ਼ਨੂੰ ਵੱਡਾ ਹੈ?

ਉੱਤਰ-ਉਹ ਵਿਸ਼ਨੂੰ ਹੀ ਵੱਡਾ ਹੈ ਜਿਸ ਨੇ ਬ੍ਰਹਮਾ ਨੂੰ ਉਤਪੰਨ ਕੀਤਾ ਹੈ।

ਵੇਦ ਵੱਡਾ ਹੈ ਕਿ ਜਹਾਂ=ਜਿਸ ਪਰਮਾਤਮਾ ਤੋਂ ਵੇਦ ਆਇਆ ਹੈ ਉਹ ਵੱਡਾ ਹੈ?

ਉੱਤਰ:-ਉਹ ਪਰਮਾਤਮਾ ਹੀ ਵੱਡਾ ਹੈ॥ ੨॥

ਕਹਿ ਕਬੀਰ ਹਉ ਭਇਆ ਉਦਾਸੁ ॥
ਤੀਰਥੁ ਬਡਾ ਕਿ ਹਰਿ ਕਾ ਦਾਸੁ ॥ ੩ ॥ ੪੨ ॥

ਕਬੀਰ ਜੀ ਕਹਿੰਦੇ ਹਨ-ਕਿ ਹੇ ਸਤਿਗੁਰੁ ਜੀ ! ਮੈਂ ਹੁਣ ਉਦਾਸ ਹੋ ਗਿਆ ਹਾਂ। ਤਾਂ ਰਾਮਾਨੰਦ ਜੀ ਨੇ ਕਿਹਾ ਕਬੀਰ ਜੀ ਤੁਸੀਂ ਕਿਉਂ ਉਦਾਸ ਹੋ ਗਏ ਹੋ? ਤੁਹਾਡਿਆਂ ਪ੍ਰਸ਼ਨਾਂ ਦਾ ਉੱਤਰ ਨਾਲੋ ਨਾਲ ਦਿੰਦੇ ਗਏ ਹਾਂ, ਫਿਰ ਉਦਾਸ ਹੋਣ ਦਾ ਕੀ ਕਾਰਣ ਹੈ? ਕਬੀਰ ਜੀ ਕਹਿੰਦੇ ਹਨ ਮੈਂ ਹੁਣ ਹੋਰ ਪ੍ਰਸ਼ਨ ਕਰਨ ਵਲੋਂ ਉਦਾਸ ਹੋ ਗਿਆ ਹਾਂ ਹੁਣ ਮੇਰਾ ਇਕ ਅਸਲੀ ਪ੍ਰਸ਼ਨ ਹੀ ਰਹਿ ਗਿਆ ਹੈ, ਉਸ ਪ੍ਰਸ਼ਨ ਦਾ ਉੱਤਰ ਲੈਣ ਲਈ ਮੈਂ ਇਨ੍ਹਾਂ ਵੈਰਾਗੀਆਂ ਨਾਲ ਮਿਲ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਤਦ ਰਾਮਾਨੰਦ ਜੀ ਨੇ ਆਖਿਆ ਉਹ ਭੀ ਪੁੱਛ ਲੈ। ਫਿਰ ਕਬੀਰ ਜੀ ਨੇ ਕਿਹਾ-

ਹੇ ਗੁਰੂ ਜੀ ! ਕਿਰਪਾ ਕਰਕੇ ਦਸੋ ਕਿ ਤੀਰਥ ਵੱਡਾ ਹੈ ਜਾਂ ਹਰੀ ਦੇ ਦਾਸ ਵੱਡੇ ਹਨ। ਤਾਂ ਰਾਮਾਨੰਦ ਜੀ ਨੇ ਆਖਿਆ ਹਰੀ ਦੇ ਦਾਸ ਹੀ ਵੱਡੇ ਹਨ, ਕਿਉਂਕਿ ਉਹ ਹਰੀ ਦਾਸਾਂ ਨੂੰ ਆਪਣੇ ਗਲ ਨਾਲ ਲਗਾ ਕੇ ਰਖਦਾ ਹੈ।

ਯਥਾ- ਜਿਨਹਿ ਨਿਵਾਜੇ ਤਿਨ ਹੀ ਸਾਜੇ ਆਪੇ ਕੀਨੇ ਸੰਤ ਜਇਆ॥
ਨਾਨਕ ਦਾਸ ਕੰਠਿ ਲਾਇ ਰਾਖੇ ਕਰਿ ਕਿਰਪਾ ਪਾਰਬ੍ਰਹਮ ਮਇਆ॥ *(ਪੰਨਾ ੯੦੦)*

ਰਾਗੁ ਗਉੜੀ ਚੇਤੀ॥

ਉਥਾਨਕਾ-ਇਕ ਸਮੇਂ ਗਰਮੀ ਦੀ ਰੁਤ ਵਿਚ ਕਬੀਰ ਜੀ ਬਰਾਂਡਿਓਂ ਬਾਹਰ ਬੈਠ ਕੇ ਕਥਾ ਕਰ ਰਹੇ ਸਨ। ਖੁਲ੍ਹਾ ਮੈਦਾਨ ਹੋਣ ਕਰਕੇ ਅੰਧੇਰੀ ਨਾਲ ਗਰਦਾ ਹੀ ਗਰਦਾ ਹੋ ਗਿਆ, ਸਭ ਦੇ ਮੂੰਹਾਂ ਉੱਤੇ ਮਿੱਟੀ ਪੈ ਗਈ। ਸਤਸੰਗੀਆਂ ਨੇ ਭੋਗ ਪਾਉਣ ਲਈ ਆਖਿਆ। ਕਬੀਰ ਜੀ ਕਹਿਣ ਲਗੇ ਤੁਸੀਂ ਬਾਹਰਲੀ ਅੰਧੇਰੀ ਦਾ ਤਾਂ ਖਿਆਲ ਕਰ ਰਹੇ ਹੋ ਪਰ ਜਿਹੜੀ ਸਰੀਰ ਅੰਦਰ ਅੰਧੇਰੀ ਚੱਲ ਰਹੀ ਹੈ ਉਸ ਦੀ ਤਰਫ ਵੀ ਧਿਆਨ ਕਰੋ। ਸਿੱਖਾਂ ਨੇ ਆਖਿਆ ਮਹਾਰਾਜ ਜੀ ! ਉਹ ਕਿਹੜੀ ਅੰਧੇਰੀ ਹੈ? ਤਾਂ ਕਬੀਰ ਜੀ ਅੰਧੇਰੀ ਦਾ ਪ੍ਰਕਰਣ ਬੰਨ੍ਹ ਕੇ ਵਿਖਾਂਦੇ ਹਨ।

ਪਹਿਲੇ ਪ੍ਰਕਰਣ ਵਿਚ ਕਰਮਾਂ ਨਾਲੋਂ ਉਪਾਸ਼ਨਾਂ ਵਿਚ ਵਾਧਾ ਦਸਿਆ ਸੀ, ਹੁਣ ਉਪਾਸ਼ਨਾਂ ਨਾਲੋਂ ਬ੍ਰਹਮ ਵਿਆਨ ਵਿਚ ਵਿਸ਼ੇਸ਼ਤਾ ਵਿਖਾਉਂਦੇ ਹਨ।

ਦੇਖੋ ਭਾਈ ਗ੍ਯਾਨ ਕੀ ਆਈ ਆਂਧੀ॥

ਹੇ ਭਾਈ ! ਗੁਰੂ ਦੇ ਉਪਦੇਸ਼ ਨਾਲ ਦੇਖੋ ਗਿਆਨ ਪ੍ਰਾਪਤ ਕਰਨ ਵਾਲੀ ਵੈਰਾਗ ਰੂਪੀ ਅੰਧੇਰੀ,

ਵਾ:-ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਗਿਆਨ ਰੂਪੀ ਅੰਧੇਰੀ ਸਾਡੇ ਚਿੱਤ ਵਿਚ ਆਈ ਹੈ, ਹੁਣ ਉਸ ਦਾ ਪ੍ਰਤਾਪ ਸੁਣੋ ਉਸ ਨੇ ਕਿਹੜਾ ਕਿਹੜਾ ਕੰਮ ਕੀਤਾ ਹੈ।

ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥ ੧ ॥ ਰਹਾਉ ॥

ਜਿਵੇਂ ਪ੍ਰਤੱਖ ਅੰਧੇਰੀ ਆਉਣ ਨਾਲ ਸਭ ਛੱਪਰੀਆਂ ਉੱਡ ਜਾਂਦੀਆਂ ਹਨ, ਰਸੀਆਂ ਟੁੱਟ ਜਾਂਦੀਆਂ ਹਨ, ਥੰਮੀਆਂ ਡਿਗ ਪੈਂਦੀਆਂ ਹਨ। ਹੇਠਾਂ ਪਏ ਭਾਂਡੇ ਟੁੱਟ ਭਜ ਜਾਂਦੇ ਹਨ। ਇਸੇ ਪ੍ਰਕਾਰ ਬ੍ਰਹਮ ਗਿਆਨ ਰੂਪੀ ਅੰਧੇਰੀ ਆ ਜਾਣ ਨਾਲ ਪ੍ਰਮੇਸ਼ਵਰ ਦੀ ਤਰਫ ਪੜਦਾ ਰੂਪ ਜੋ ਭਰਮ ਹੈ ਉਹ ਭਰਮ ਰੂਪੀ ਟੱਟੀਆਂ ਸਭ ਉੱਡ ਗਈਆਂ ਹਨ।

ਭਰਮ ਦੀ ਪਰਤੀਤੀ ਆਤਮਾ ਦੇ ਅਗਿਆਨ ਕਰਕੇ ਹੁੰਦੀ ਹੈ, ਇਸ ਵਾਸਤੇ ਇਸਦੇ ਦੂਰ ਕਰਨ ਲਈ ਆਤਮ ਗਿਆਨ ਦੀ ਜ਼ਰੂਰਤ ਹੈ।

ਯਥਾ- ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ *(ਪੰਨਾ ੬੮੪)*

ਹੋਰ ਵਿਚ ਹੋਰ ਵਸਤੂ ਦੀ ਜਿਹੜੀ ਪ੍ਰਤੀਤੀ ਹੁੰਦੀ ਹੈ ਇਹੋ ਭਰਮ ਦਾ ਲੱਛਣ ਹੈ।

ਯਥਾ- ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥ *(ਪੰਨਾ ੬੫੭)*

ਅਰਥਾਤ ਜਿਹੋ ਜਿਹਾ ਪ੍ਰਤੀਤ ਹੋਵੇ ਉਹੋ ਜਿਹਾ ਨਾ ਹੋਵੇ, ਉਸ ਨੂੰ ਭਰਮ ਆਖਦੇ ਹਨ। ਜਿਵੇਂ ਰੱਸੀ ਵਿਚ ਸੱਪ ਪ੍ਰਤੀਤ ਹੁੰਦਾ ਹੈ ਪਰ ਅਸਲ ਵਿਚ ਉਹ ਸੱਪ ਨਹੀਂ, ਰੱਸੀ ਹੈ। ਇਸ ਲਈ ਭਰਮ ਹੈ, ਸੋ ਭਰਮ ਪੰਜ ਪ੍ਰਕਾਰ ਦਾ ਹੈ।

ਯਥਾ- ਭੇਦ ਭਰਮ ਕਰਤੱਤ ਭਰਮ, ਪੁਨ ਸੰਗ ਭਰਮ ਵਿਕਾਰ ॥
ਬ੍ਰਹਮ ਇਤਰ ਜਗ ਸਤ ਹੈ, ਪਾਂਚੋ ਭਰਮ ਸੰਸਾਰ ॥

੧. ਭੇਦ ਭਰਮ-ਭੇਦ ਰਹਿਤ ਆਤਮਾ ਵਿਚ ਭੇਦ ਦੀ ਪ੍ਰਤੀਤੀ। ਪੁਨਾ-ਉਹ ਭੇਦ ਵੀ ਪੰਜ ਪ੍ਰਕਾਰ ਦਾ ਹੈ।
੧. ਜੀਵ ਈਸ਼ਵਰ ਦਾ ਭੇਦ। ੨. ਜੀਵ ਜੀਵ ਦਾ ਭੇਦ। ੩. ਜੀਵ ਜੜ੍ਹ ਦਾ ਭੇਦ।
੪. ਜੜ੍ਹ ਜੜ੍ਹ ਦਾ ਭੇਦ। ੫. ਜੜ੍ਹ ਈਸ਼ ਦਾ ਭੇਦ।

੨. ਕਰਤੱਤ ਭਰਮ-ਕਰਤਾ ਭੋਗਤਾ ਆਦਿਕ ਧਰਮਾਂ ਤੋਂ ਰਹਿਤ ਆਤਮਾ ਵਿਚ ਕਰਤਾ ਭੋਗਤਾ ਆਦਿਕ ਧਰਮਾਂ ਦੀ ਪ੍ਰਤੀਤੀ ਹੋਣੀ ਇਹ ਦੂਸਰਾ ਕਰਤੱਤ ਭਰਮ ਹੈ।

੩. ਸੰਗ ਭਰਮ-ਪੁਨਾ ਬਹੁੜੋਂ ਅਸੰਗ ਆਤਮਾ ਵਿਚ ਦੇਹ ਆਦਿਕਾਂ ਦੇ ਸੰਗ ਦੀ ਪਰਤੀਤੀ ਹੋਣੀ ਇਹ ਤੀਸਰਾ ਭਰਮ ਹੈ।

੪. ਵਿਕਾਰ ਭਰਮ-ਜਗਤ ਅਤੇ ਜੀਵ ਵਿਚ ਬ੍ਰਹਮ ਦੇ ਵਿਕਾਰ=ਪ੍ਰਣਾਮ ਦੀ ਪ੍ਰਤੀਤੀ ਹੋਣੀ ਇਹ ਚੌਥਾ ਭਰਮ ਹੈ।

੫. ਬ੍ਰਹਮ ਇਤਰ ਜਗ ਸਤ ਹੈ -ਬ੍ਰਹਮ ਤੋਂ ਬਿਨਾਂ ਸੱਤਾ ਰਹਿਤ ਜਗਤ ਵਿਚ ਸ਼ੱਤਤਾ ਦੀ ਪ੍ਰਤੀਤੀ ਹੋਣੀ ਇਹ ਪੰਜਵਾਂ ਭਰਮ ਹੈ। ਇਹ ਪੰਜੇ ਭਰਮ ਪੰਜਾਂ ਦ੍ਰਿਸ਼ਟਾਤਾਂ ਨਾਲ ਦੂਰ ਹੁੰਦੇ ਹਨ। ਉਹ ਪੰਜ ਦ੍ਰਿਸ਼ਟਾਂਤ ਇਹ ਹਨ:-

ਦੋਹਰਾ-ਬਿੰਬ ਪ੍ਰਤਿਬਿੰਬ ਲੋਹਰ ਸਫੱਟਕ ਘਟਾਕਾਸ ਗੁਣ ਮਾਰ॥

ਕਨਕ ਕੁੰਡਲ ਦ੍ਰਿਸ਼ਟਾਤ ਦੋ ਪਾਂਚੋ ਭਰਮ ਨਿਵਾਰ॥

ਪਹਿਲਾ-ਬਿੰਬ ਪ੍ਰਤਿਬਿੰਬ ਦੇ ਦ੍ਰਿਸ਼ਟਾਂਤ ਕਰਕੇ ਭੇਦ ਭਰਮ ਦੀ ਨਵਿਰਤੀ ਇਸ ਪਰਕਾਰ ਕਰੋ, ਜਿਵੇਂ ਸ਼ੀਸ਼ੇ ਦੀ ਉਪਾਧੀ ਕਰ ਕੇ ਮੂੰਹ ਦਾ ਅਕਸ ਸ਼ੀਸ਼ੇ ਵਿਚ ਨਜ਼ਰ ਆਉਂਦਾ ਹੈ। ਉਹ ਅਕਸ ਮੂੰਹ ਨਾਲੋਂ ਅੱਡਰਾ ਨਹੀਂ, ਕਿਉਂਕਿ ਸ਼ੀਸ਼ੇ ਦੇ ਨਾ ਹੋਣ ਕਰਕੇ ਭਾਵ ਪਰੇ ਕਰ ਲੈਣ ਕਰਕੇ ਉਹ ਅਕਸ ਨਜ਼ਰ ਨਹੀਂ ਆਉਦਾ। ਇਸ ਵਾਸਤੇ ਉਸ ਦਾ ਵੱਖਰਾ ਪ੍ਰਤੀਤ ਹੋਣਾ ਸ਼ੀਸ਼ੇ ਕਰਕੇ ਸੀ ਜਿਹੜਾ ਕਿ ਭਰਮ ਰੂਪ ਸੀ। ਸੋ ਉਸ ਪ੍ਰਤਿਬੰਬ ਦੀ ਭਿੰਨ ਪ੍ਰਤੀਤੀ ਦਾ ਮਿਥਿਆ ਰੂਪ ਬਾਧ ਕਰ ਕੇ ਬਿੰਬ ਪ੍ਰਤਿਬਿੰਬ ਦਾ ਅਭੇਦ ਨਿਸਚੇ ਹੋ ਰਿਹਾ ਹੈ।

ਇਸੇ ਤਰ੍ਹਾਂ ਅਗਿਆਨ ਰੂਪ ਸ਼ੀਸ਼ੇ ਵਿਚ ਬਿੰਬ ਰੂਪ ਬ੍ਰਹਮ ਦਾ ਪ੍ਰਤਿਬਿੰਬ ਰੂਪ ਜੀ ਭਾਸਦਾ ਹੈ। ਇਸ ਲਈ ਪ੍ਰਤਿਬਿੰਬ ਰੂਪ ਜੀਵ, ਬਿੰਬ ਰੂਪ ਬ੍ਰਹਮ ਕੋਲੋਂ ਵੱਖਰਾ ਨਹੀਂ। ਉਸ ਦਾ ਵੱਖਰਾ-ਪਨ ਪਰਮ ਕਰਕੇ ਪਰਤੀਤ ਹੁੰਦਾ ਹੈ।

ਯਥਾ- ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ *(ਪੰਨਾ ੬੮੪)*

ਤਥਾ- ਐਸੋ ਰਾਮ ਰਾਇ ਅੰਤਰਜਾਮੀ॥ ਜੈਸੇ ਦਰਪਨ ਮਾਹਿ ਬਦਨ ਪਰਵਾਨੀ॥ *(ਪੰਨਾ ੧੩੧੮)*

ਦੂਜਾ ਦ੍ਰਿਸ਼ਟਾਂਤ ਹੋਰ ਭੀ ਹੈ, ਜਿਵੇਂ ਸੂਰਜ ਦਾ ਪ੍ਰਤਿਬਿੰਬ ਘਟ ਉਪਾਧੀ ਕਰਕੇ ਭਿੰਨ ਪਰਤੀਤ ਹੁੰਦਾ ਹੈ ਜਿਸ ਵੇਲੇ ਡੰਡੇ ਨਾਲ ਘਟ ਫੋੜ ਦੇਈਏ ਤਾਂ ਉਹ ਪ੍ਰਤਿਬਿੰਬ ਸੂਰਜ ਨਾਲ ਮਿਲ ਜਾਂਦਾ ਹੈ, ਤਿਵੇਂ ਅੰਤਹਕਰਣ ਰੂਪ ਘਟ ਉਪਾਧੀ ਕਰ ਕੇ ਬ੍ਰਹਮ ਨਾਲੋਂ ਜੀਵ ਭਿੰਨ ਪ੍ਰਤੀਤ ਹੁੰਦਾ ਹੈ। ਜਦ ਗਿਆਨ ਰੂਪ ਡੰਡੇ ਦੁਆਰਾ ਅੰਤਹਕਰਣ ਰੂਪ ਘਟ ਦੀ ਨਵਿਰਤੀ ਕਰ ਦੇਈਏ, ਤਦ ਜੀਵ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ।

ਯਥਾ- ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥

ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ॥ *(ਪੰਨਾ ੪੭੫)*

ਵਾਸਤਵ ਵਿਚ- ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥ *(ਪੰਨਾ ੧੧੫੩)*

ਇਤਿਆਦਿਕ ਗੁਰ ਵਾਕਾਂ ਅਨੁਸਾਰ ਜੀਵ ਬ੍ਰਹਮ ਦੇ ਭੇਦ ਨੂੰ ਮਿਥਿਆ ਜਾਣ ਕੇ ਅਭੇਦ ਨਿਸਚੇ ਕਰੇ। ਇਸ ਤਰੀਕੇ ਨਾਲ ਸਾਰਿਆਂ ਭੇਦਾਂ ਨੂੰ ਨਵਿਰਤ ਕਰੇ। ਕਿਉਂਕਿ ਸਾਰੇ ਭੇਦ ਉਪਾਧਕ ਹਨ। ਉਪਾਧੀ ਦੀ ਦ੍ਰਿਸ਼ਟੀ ਤਿਆਗ ਕੇ ਉਹਨਾਂ ਦਾ ਅਭੇਦ ਜਾਣ ਲਵੇ। ਜੀਵ ਈਸ਼ਵਰ ਦਾ ਭੇਦ ਅਵਿਦਿਆ, ਮਾਇਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ। ਜੀਵ ਜੀਵ ਦਾ ਭੇਦ-ਨਾਨਾ ਅਵਿਦਿਆ ਅਕਸ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ। ਜੀਵ ਜੜ੍ਹ ਦਾ ਭੇਦ-ਮਲਨ ਸਤ ਪ੍ਰਧਾਨ ਅਵਿਦਿਆ ਅਤੇ ਕੇਵਲ ਤਮ ਪ੍ਰਧਾਨ ਅਵਿਦਿਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ ਅਤੇ ਇਸੇ ਪ੍ਰਕਾਰ ਹੀ ਜੜ੍ਹ ਜੜ੍ਹ ਦਾ ਭੇਦ-ਕੇਵਲ ਤਮ ਪ੍ਰਧਾਨ ਅਵਿਦਿਆ ਅਤੇ ਸਤੋ ਪ੍ਰਧਾਨ ਮਾਇਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ। ਇਨ੍ਹਾਂ ਸਾਰੀਆਂ ਉਪਾਧੀਆਂ ਦੀ ਦ੍ਰਿਸ਼ਟੀ ਤਿਆਗ ਕਰਕੇ ਸਭ ਪਦਾਰਥਾਂ ਦਾ ਚੇਤਨ ਨਾਲ ਅਭੇਦ ਨਿਸਚੇ ਕਰੇ। ਇਸ ਤਰ੍ਹਾਂ ਬਿੰਬ ਪ੍ਰਤਿਬਿੰਬ ਦੇ ਦ੍ਰਿਸ਼ਟਾਂਤ ਦੁਆਰਾ ਭੇਦ ਭਰਮ ਨਵਿਰਤੀ ਕਰੇ॥ ੧॥

ਦੂਜੇ ਕਰਤੱਤ ਭਰਮ ਦੀ ਨਵਿਰਤੀ-ਲੋਹਤ ਯਾਨੇ ਜਪਾ ਪੁਸ਼ਪ\ਅਤੇ ਸਫਟਕ ਮਣੀ ਦੇ ਦ੍ਰਿਸ਼ਟਾਂਤ ਦੁਆਰਾ ਕਰੇ।

ਜਿਵੇਂ ਲਾਲ ਰੰਗ ਦੇ ਕਪੜੇ ਉਪਰ ਧਰੇ ਸਫਟਕ ਮਣੀ ਵਿਚੇ ਕਪੜੇ ਦਾ ਲਾਲ ਰੰਗ ਸੰਜੋਗ ਸਬੰਧ ਸੇ ਭਾਸਦਾ ਹੈ ਪਰ ਉਹ ਕਪੜੇ ਦਾ ਧਰਮ ਹੈ।

ਕਪੜੇ ਅਤੇ ਸਫਟਕ ਮਣੀ ਦੇ ਵਿਯੋਗ ਹੋਣ ਕਰਕੇ ਸਫਟਕ ਮਣੀ ਵਿਖੇ ਲਾਲ ਰੰਗ ਭਾਸਦਾ ਨਹੀਂ। ਇਸ ਕਰਕੇ ਲਾਲ ਰੰਗ ਸਫਟਕ ਮਣੀ ਦਾ ਧਰਮ ਨਹੀਂ, ਕਿੰਤੂ ਸਫਟਕ ਮਣੀ ਵਿਖੇ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਤੈਸੇ ਅੰਤਹਕਰਣ ਦਾ ਧਰਮ ਜੋ ਕਰਤਾ ਭੋਗਤਾ ਪਣਾ ਹੈ, ਸੋ 'ਆਤਮਾਂ ਵਿਖੇ ਤਦਾਤਮ ਸਬੰਧ ਕਰ ਕੇ ਭਾਸਦਾ ਹੈ' ਪਰ ਉਹ ਅੰਤਹਕਰਣ ਦਾ ਧਰਮ ਹੈ। ਸਖੇਪਤ ਅਵਸਥਾ ਵਿਚ ਅੰਤਹਕਰਣ ਅਤੇ ਆਤਮਾਂ ਦੇ ਵਿਯੋਗ ਹੋਣ ਕਰਕੇ ਆਂਤਮਾਂ ਵਿਖੇ ਭਾਸਦਾ ਨਹੀਂ ਇਸ ਕਰਕੇ ਆਤਮਾਂ ਦਾ ਧਰਮ ਨਹੀਂ। ਕਿੰਤੂ ਆਤਮਾਂ ਵਿਖੇ ਕਰਤਾ ਭੋਗਤਾ ਪਦਾ ਭਰਮ ਕਰਕੇ ਭਾਸਦਾ ਹੈ। ਇਸ ਰੀਤੀ ਸੇ ਸਫਟਕ ਮਣੀ ਵਿਖੇ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਦੁਆਰਾ ਕਰਤਾ ਭੋਗਤਾ ਪਣੇ ਦੇ ਭਰਮ ਦੀ ਨਵਿਰਤੀ ਹੁੰਦੀ ਹੈ॥ ੨॥

ਤੀਸਰੇ ਸੰਗ ਭਰਮ ਦੀ ਨਵਿਰਤੀ ਘਟਾ ਕਾਸ਼ ਦੇ ਦ੍ਰਿਸ਼ਟਾਂਤ ਨਾਲ ਕਰੇ।

ਜਿਸ ਪ੍ਰਕਾਰ ਘਟ ਉਪਾਧੀ ਵਾਲਾ ਅਕਾਸ਼, ਘਟਾਕਾਸ਼ ਹੈ। ਸੋ ਅਕਾਸ਼ ਘੜੇ ਦੇ ਸੰਗ ਕਰਕੇ ਪਰਤੀਤ ਹੁੰਦਾ ਹੈ। ਤਦ ਭੀ ਘੜੇ ਦੇ ਧਰਮ ਉਤਪਤੀ, ਨਾਸ, ਗਮਨ ਆਦਿਕ ਹਨ। ਉਹ ਅਕਾਸ਼ ਨੂੰ ਸਪਰਸ਼ ਨਹੀਂ ਕਰਦੇ, ਇਸੇ ਲਈ ਅਕਾਸ਼ ਅਸੰਗ ਹੈ। ਜਿਹੜਾ ਅਕਾਸ਼ ਦਾ ਸੰਬੰਧ ਘੜੇ ਨਾਲ ਪਰਤੀਤ ਹੋ ਰਿਹਾ ਹੈ ਉਹ ਭਰਮ ਕਰਕੇ ਹੈ। ਇਸੇ ਪ੍ਰਕਾਰ ਦੇਹ ਆਦਿਕ ਸੰਘਾਤ ਰੂਪ ਉਪਾਧੀ ਵਾਲਾ ਆਤਮਾਂ ਜੀਵ ਆਖੀਦਾ ਹੈ। ਆਤਮਾਂ ਦੇਹ ਆਦਿਕ੍ਰਾਂ ਦੇ ਨਾਲ ਭਾਸਦਾ ਹੈ। ਤਦ ਭੀ ਦੇਹ ਆਦਿਕਾਂ ਦੇ ਜੋ ਜਨਮ ਮਰਨ ਆਦਿਕ ਧਰਮ ਹਨ ਉਹ ਆਤਮਾਂ ਨਾਲ ਸਪਰਸ਼ ਨਹੀਂ ਕਰਦੇ। ਕਿਉਂਕਿ ਦੇਹ ਆਦਿਕ ਸੰਘਾਤ ਦ੍ਰਿਸ਼ ਭਾਵ ਦਿਸਣੇ ਵਾਲੇ ਹਨ ਤੇ ਆਤਮਾਂ ਦ੍ਰਿਸ਼ਟਾ ਦੇਖਣੇ ਵਾਲਾ ਹੈ। ਇਸ ਕਰਕੇ ਆਤਮਾਂ ਸੰਘਾਤ ਤਿੰਨ ਸਰੀਰਾਂ ਤੋਂ ਨਿਆਰਾ ਭਾਵ ਅਸੰਗ ਹੈ।

ਯਥਾ- ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ *(ਪੰਨਾ ੬੮੪)*

ਜਿਸ ਕਰਕੇ ਆਤਮਾਂ ਸੰਘਾਤ ਰੂਪ ਨਹੀਂ। ਇਸ ਕਰਨ ਆਤਮਾਂ ਦਾ ਸੰਘਾਤ ਨਾਲ ਹੰਗਤਾ ਰੂਪ ਸੰਬੰਧ ਨਹੀਂ ਔਰ ਆਤਮਾਂ ਦਾ ਸੰਘਾਤ ਨਹੀਂ। ਕਿੰਤੂ ਪੰਜ ਮਹਾਂ ਭੂਤਾਂ ਦਾ ਸੰਘਾਤ ਹੈ। ਇਸ ਕਰਕੇ ਆਤਮਾਂ ਦਾ ਸੰਘਾਤ ਨਾਲ ਮਮਤਾ ਰੂਪ ਸੰਬੰਧ ਵੀ ਨਹੀਂ। ਇਸ ਕਰਕੇ ਆਤਮਾਂ ਸੰਘਾਤ ਤਿੰਨਾਂ ਸਰੀਰਾਂ ਤੋਂ ਨਿਆਰਾ ਹੈ। ਤਾਂਤੇ ਆਤਮਾਂ ਦਾ ਸੰਘਾਤ ਦੇ ਸੰਬੰਧੀ ਇਸਤ੍ਰੀ ਪੁਤਰ ਘਰ ਆਦਿਕਾਂ ਨਾਲ ਭੀ ਮਮਤਾ ਰੂਪ ਸੰਬੰਧ ਨਹੀਂ ਹੈ। ਐਸੇ ਆਤਮਾਂ ਅਸੰਗ ਹੈ ਪਰ ਹੰਗਤਾ ਮਮਤਾ ਰੂਪ ਸੰਬੰਧ ਦੇਹ ਆਦਿਕਾਂ ਦਾ ਆਤਮਾਂ ਵਿਖੇ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਇਸ ਪਰਕਾਰ ਆਤਮਾਂ ਨੂੰ ਅਸਲ ਵਿਚ ਅਸੰਗ ਜਾਣ ਕੇ ਘਟਾਕਾਸ਼ ਦੇ ਦ੍ਰਿਸ਼ਟਾਂਤ ਦੁਆਰਾ 'ਸੰਗ ਭਰਮ' ਦੀ ਨਵਿਰਤੀ ਕਰੇ॥ ੩॥

ਚੌਥੇ ਵਿਕਾਰ ਭਰਮ ਦੀ ਨਵਿਰਤੀ ਰੱਸੀ ਵਿਚ ਕਲਪਤ ਸੱਪ ਦੇ ਦ੍ਰਿਸ਼ਟਾਂਤ ਨਾਲ ਦੂਰ ਕਰੇ।

ਜਿਸ ਪਰਕਾਰ ਰੱਸੀ ਨੂੰ ਵਿਸ਼ੇ ਕਰਨ ਵਾਸਤੇ ਨਿਕਲੀ ਜਿਹੜੀ ਅੰਤਹਕਰਣ ਦੀ ਬਿਰਤੀ, ਉਹ ਥੋੜੇ ਅੰਧਰੇ ਕਰਕੇ ਰੱਸੀ ਦੇ ਅਵਰਨ ਨੂੰ ਦੂਰ ਨਹੀਂ ਕਰ ਸਕਦੀ ਤਦੋਂ ਰੱਸੀ ਅਵਛਿੰਨ ਚੇਤਨ ਵਿਚ ਇਸਥਿਤ ਤੂਲਾ ਅਵਿੱਦਿਆ ਵਿਚ ਖੋਭ ਹੋ ਕਰਕੇ ਉਹ ਅਵਿੱਦਿਆ ਸਰਪਾਕਾਰ ਪ੍ਰਣਾਮ ਨੂੰ ਪ੍ਰਾਪਤ ਹੁੰਦੀ ਹੈ। ਉਹ ਸੱਪ ਅਵਿੱਦਿਆ ਦਾ ਪ੍ਰਣਾਮ ਹੈ ਅਤੇ ਰੱਸੀ ਅਵਛਿੰਨ ਚੇਤਨ ਦਾ ਵਿਵੱਰਤ ਹੈ, ਪ੍ਰਣਾਮ ਨਹੀਂ ਹੈ। ਇਸੀ ਪ੍ਰਕਾਰ ਬ੍ਰਹਮ ਚੇਤਨ ਦੇ ਆਸ੍ਰਿਤ ਜੋ ਮੂਲਾ ਅਵਿੱਦਿਆ ਹੈ ਸੋ ਪ੍ਰਾਰਬਧ ਰੂਪ ਨਮਿਤ ਨੂੰ ਪਾ ਕੇ ਜੜ੍ਹ ਚੇਤਨ ਪ੍ਰਪੰਚ

ਰੂਪ ਵਿਕਾਰ ਨੂੰ ਧਾਰਨ ਕਰਦੀ ਹੈ। ਸੋ ਪ੍ਰਪੰਚ ਅਵਿੱਦਿਆ ਦਾ ਪ੍ਰਣਾਮ ਹੈ ਅਤੇ ਬ੍ਰਹਮ ਚੇਤਨ ਦਾ ਵਿਵੱਰਤ ਹੈ, ਪ੍ਰਣਾਮ ਨਹੀਂ।

ਸੋ ਇਸ ਪ੍ਰਪੰਚ ਦਾ ਅਧਿਸ਼ਠਾਨ ਬ੍ਰਹਮ ਹੈ, ਉਸ ਦੇ ਗਿਆਨ ਕਰਕੇ ਹੀ ਭਰਮ ਦੀ ਨਵਿਰਤੀ ਹੁੰਦੀ ਹੈ। ਜਿਸ ਪ੍ਰਕਾਰ-

ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥ ਅਨਦ ਰੂਪੁ ਸਭੁ ਨੈਨ ਅਲੋਇਆ॥ *(ਪੰਨਾ ੩੮੭)*

ਇਸ ਪ੍ਰਕਾਰ ਗੁਰਵਾਕਾਂ ਦੁਆਰਾਂ ਬ੍ਰਹਮ ਆਤਮਾਂ ਨੂੰ ਨਿਰਵਿਕਾਰ ਜਾਣਕੇ ਰੱਸੀ ਅਤੇ ਸੱਪ ਦੇ ਦ੍ਰਿਸ਼ਟਾਂਤ ਸੇ ਵਿਕਾਰ ਭਰਮ ਦੀ ਨਵਿਰਤੀ ਕਰੇ॥ ੪॥

ਬ੍ਰਹਮ ਇਤਰ ਜਗ ਸਤ ਹੈ-

ਇਸ ਪੰਜਵੇਂ ਭਰਮ ਦੀ ਨਵਿਰਤੀ ਕੰਨਕ ਕੁੰਡਲ ਦੇ ਦ੍ਰਿਸ਼ਟਾਂਤ ਦੁਆਰਾ ਕਰੇ।

ਜਿਸ ਤਰ੍ਹਾਂ ਕਨਕ ਅਤੇ ਕੁੰਡਲ ਦਾ ਕਾਰਨ ਕਾਰਜ ਭਾਵ ਕਰਕੇ ਭੇਦ ਪ੍ਰਤੀਤ ਹੁੰਦਾ ਹੈ, ਪਰ ਉਹ ਕਲਪਤ ਹੈ। ਕਿਉਂਕਿ ਕਨਕ ਤੋਂ ਭਿੰਨ ਕੁੰਡਲ ਦਾ ਭਿੰਨ ਸਰੂਪ ਦੇਖਣ ਵਿਚ ਨਹੀਂ ਆਉਂਦਾ। ਸੋ ਇਸ ਤੇ ਇਹ ਵਾਸਤਵ ਅਭੇਦ ਹੈ। ਤਾਂਤੇ ਸੁਵਰਨ ਨਾਲੋਂ ਕੁੰਡਲ ਦੀ ਵੱਖਰੀ ਸਤਿਆ ਕੁਝ ਭੀ ਨਹੀਂ। ਇਸੇ ਤਰ੍ਹਾਂ ਬ੍ਰਹਮ ਅਤੇ ਜਗਤ ਦਾ ਕਾਰਨ ਕਾਰਜ ਭਾਵ ਕਰਕੇ ਭੇਦ ਪ੍ਰਤੀਤ ਹੁੰਦਾ ਹੈ, ਪਰ ਭੇਦ ਕਲਪਤ ਹੈ। ਵਾਸਤਵ ਸੇ ਅਸਤਿ ਭਾਂਤੀ, ਪ੍ਰੋਯ ਤੋਂ ਭਿੰਨ ਨਾਮ ਰੂਪ ਜੋ ਪ੍ਰਪੰਚ ਹੈ ਉਹ ਵਖਰਾ ਸਤ ਸਿਧ ਨਹੀਂ ਹੁੰਦਾ, ਪਰ ਕਲਪਤ ਸਿਧ ਹੁੰਦਾ ਹੈ। ਜਿਸ ਪ੍ਰਕਾਰ-

ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ *(ਪੰਨਾ ੧੧੮੬)*

*ਅਥਵਾ-*ਰੇ ਨਰ ਇਹ ਸਾਚੀ ਜੀਅ ਧਾਰਿ॥

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥ *(ਪੰਨਾ ੬੩੩)*

ਸੋ ਕਲਪਤ ਦੀ ਸੱਤਾ ਅਧਿਸ਼ਠਾਨ ਤੋਂ ਭਿੰਨ ਸਿਧ ਨਹੀਂ ਹੁੰਦੀ, ਕਿੰਤੂ ਅਧਿਸ਼ਠਾਨ ਦੀ ਸੱਤਾ ਕਰਕੇ ਤਿਸਦੀ ਸੱਤਾ ਹੁੰਦੀ ਹੈ। ਇਸ ਪ੍ਰਕਾਰ ਕਨਕ ਕੁੰਡਲ ਦੇ ਦ੍ਰਿਸ਼ਟਾਂਤ ਦੁਆਰਾ ਬ੍ਰਹਮ ਤੋਂ ਭਿੰਨ ਜਗਤ ਦੇ ਸਤੱਜਤ=ਸਤਪਨੇ ਦੇ ਭਰਮ ਦੀ ਨਵਿਰਤੀ ਕਰੇ॥ ੫॥

ਰਹੈ ਨ ਮਾਇਆ ਬਾਂਧੀ॥ ੧॥ ਰਹਾਉ॥

ਜਿਵੇਂ ਪ੍ਰਤੱਖ ਟਟੀਆਂ ਦੇ ਅਭਾਵ ਹੋ ਜਾਣ ਨਾਲ ਰੱਸੀਆਂ ਦਾ ਭੀ ਅਭਾਵ ਹੋ ਜਾਂਦਾ ਹੈ। ਇਸ ਪਰਕਾਰ ਜਿਹੜੀਆਂ ਮਾਇਆ ਰੂਪੀ ਰੱਸੀਆਂ ਕਰਕੇ ਭਰਮ ਰੂਪੀ ਟਟੀਆਂ ਬੰਨ੍ਹੀਆਂ ਹੋਈਆਂ ਸਨ, ਉਹ ਮਾਇਆ ਰੂਪੀ ਰੱਸੀਆਂ ਦਾ ਭੀ ਅਭਾਵ ਹੋ ਗਿਆ।

ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਂਡਾ ਟੂਟਾ॥

ਚਿੱਤ ਦੀਆਂ ਜਿਹੜੀਆਂ ਦੋ ਬਿਰਤੀਆਂ ਹਨ ਇਕ ਸੁਮੱਤ, ਦੂਜੀ ਕੁਮੱਤ ਇਹ ਦੋ ਥੰਮ੍ਹੀਆਂ ਡਿਗ ਪਈਆਂ ਹਨ ਅਤੇ ਮੋਹ ਰੂਪ ਵਲਾ ਭੀ ਟੁਟ ਗਿਆ ਹੈ।

ਇਹ ਦੋਨੋਂ ਬਿਰਤੀਆਂ ਦੁਖਦਾਇਕ ਹਨ।

ਯਥਾ- ਕਬਹੂੰ ਸੁਮਤਿ ਪ੍ਰਕਾਸ਼ ਚਿਤ, ਕਬਹੂੰ ਕੁਮਤਿ ਅਧੀਨ।

ਬਿਬ ਨਾਰੀ ਕੇ ਕੰਤ ਜਿਉ, ਰਹਿਤ ਸਦਾ ਅਤਿ ਦੀਨ।

ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥ ੧ ॥

ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਛਪਰੀ ਧਰਤੀ ਉੱਤੇ ਡਿਗ ਪਈ ਹੈ ਅਤੇ ਖੋਟੀਆਂ ਮਤੀਆਂ ਰੂਪੀ ਭਾਂਡਿਆਂ ਦਾ ਢੇਰ ਟੁਟ ਭਜ ਗਿਆ ਹੈ, ਭਾਵ ਜਿਤਨੀਆਂ ਖੋਟੀਆਂ ਸਿਖਿਆ ਸਨ ਉਹ ਸਭ ਮਿਟ ਗਈਆਂ ਹਨ॥ ੧ ॥

ਨੋਟ-ਧਰ ਨਾਮ ਧਰਤੀ ਦਾ, ਧਰਤੀ ਨਾਮ ਭੂਮਾ ਦਾ, ਭੂਮਾ ਨਾਮ ਬ੍ਰਹਮ ਦਾ, ਭਾਵ ਦੇ ਵਿਚ ਲੋਪ ਹੋ ਗਈ।

[ਪੰਨਾ ੩੩੨]

ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥

ਬ੍ਰਹਮ ਗਿਆਨ ਦੀ ਅੰਧੇਰੀ ਪਿਛੋਂ ਜਿਹੜਾ ਚਿੱਤ ਵਿਚ ਬ੍ਰਹਮਾਨੰਦ ਰੂਪ ਜਾਂ ਨਿਰਸੰਕਲਪ ਹੋਣ ਦਾ ਜਲ ਵਰਸਦਾ ਹੈ, ਉਸ ਜਲ ਦੇ ਪ੍ਰਾਪਤ ਹੋਣ ਕਰਕੇ ਤਿਸ ਵਿਚ ਮੇਂ ਸੇਵਕ ਜਨ ਦਾ ਮਨ ਭਿਜ ਗਿਆ ਹੈ।

ਜਿਵੇਂ ਪ੍ਰਤੱਖ ਪਹਿਲੇ ਹਨੇਰੀ ਆਉਂਦੀ ਹੈ ਫੇਰ ਬੱਦਲ ਵਰਖਾ ਕਰਦੇ ਹਨ। ਉਸ ਤੋਂ ਪਿਛੋਂ ਫਿਰ ਸੂਰਜ ਨਿਕਲਦਾ ਹੈ ਏਹੋ ਅਲੰਕਾਰ ਅੰਤ੍ਰੀਵ ਕਥਨ ਕੀਤਾ ਹੈ।

ਕਹਿ ਕਬੀਰ ਮਨਿ ਭਇਆ ਪ੍ਰਗਾਸਾ ਊਦੈ ਭਾਨੁ ਜਬ ਚੀਨਾ ॥ ੨ ॥ ੪੩ ॥

ਕਬੀਰ ਜੀ ਕਹਿੰਦੇ ਹਨ-ਜਿਸ ਵੇਲੇ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਬ੍ਰਹਮ ਰੂਪ ਸੂਰਜ ਨੂੰ ਸਾਰੇ ਪ੍ਰਗਟ ਹੋਇਆ ਜਾਣ ਲਿਆ ਤਾਂ ਮਨ ਵਿਚ ਪੰਜਵੀਂ ਤੇ ਛੇਵੀਂ ਭੂਮਕਾ ਦਾ ਅਨੰਦ ਪ੍ਰਾਪਤ ਹੋਇਆ।

ਗਉੜੀ ਚੇਤੀ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ-ਇਕ ਵਾਰ ਕਬੀਰ ਜੀ ਦੇ ਸੇਵਕ ਵਿਹਾਰਕ ਕੰਮ ਕਾਰ ਲਈ ਬਾਹਰ ਜਾਣ ਲਗੇ, ਉਨ੍ਹਾਂ ਨੇ ਮਨ ਵਿਚ ਇਹ ਸੰਕਲਪ ਧਾਰ ਕੇ ਬੇਨਤੀ ਕੀਤੀ ਕਿ ਆਪ ਦੀ ਕਿਰਪਾ ਨਾਲ ਅਸੀਂ ਕਾਰੋਬਾਰ ਕਰਨ ਲਈ ਬਾਹਰ ਚਲੇ ਹਾਂ। ਜੇ ਸਾਨੂੰ ਚੰਗਾ ਨਫਾ ਹੋ ਗਿਆ ਤਾਂ ਅਸੀਂ ਆਪ ਜੀ ਅਗੇ ਦਸਵੰਧ ਭੇਟ ਕਰਾਂਗੇ। ਬਾਹਰ ਜਾਕੇ ਪੰਜ ਸੱਤ ਮਹੀਨੇ ਕੰਮ ਕਾਰ ਕੀਤਾ ਤਾਂ ਸ਼ੁਭ ਸੰਕਲਪ ਦੇ ਹੋਣ ਕਰਕੇ ਉਨ੍ਹਾਂ ਵਿਉਪਾਰੀਆਂ ਨੂੰ ਬੜਾ ਲਾਭ ਹੋਇਆ। ਅਗੇ ਵਾਸਤੇ ਉਨ੍ਹਾਂ ਦੀ ਸ਼ਰਧਾ ਕਬੀਰ ਜੀ ਉੱਪਰ ਹੋਰ ਵਧ ਗਈ। ਜਦੋਂ ਉਹ ਮੁੜ ਕੇ ਕਾਂਸ਼ੀਪੁਰੀ ਵਿਚ ਆਏ ਤਾਂ ਉਨ੍ਹਾਂ ਆਖਿਆ ਘਰ ਫੇਰ ਚਲਾਂਗੇ, ਪਹਿਲਾਂ ਗੰਗਾ ਵਿਚ ਇਸ਼ਨਾਨ ਕਰਕੇ ਕਬੀਰ ਜੀ ਦੀ ਭੇਟਾ ਦੇ ਚਲੀਏ। ਜੇ ਪਹਿਲਾ ਘਰ ਚਲੇ ਗਏ ਫੇਰ ਦਸਵੰਧ ਦੇਣਾ ਔਖਾ ਹੋ ਜਾਵੇਗਾ।

ਉਹ ਗੰਗਾ ਵਿਚ ਇਸ਼ਨਾਨ ਕਰਨ ਤੋਂ ਪਹਿਲਾਂ ਕਿਨਾਰੇ ਉਤੇ ਬੈਠੇ ਪੰਡਿਆਂ ਕੋਲ ਕਪੜੇ ਉਤਾਰ ਗਏ। ਪੰਡਿਆਂ ਨੇ ਕਪੜੇ ਫੋਲ ਕੇ ਮਾਇਆ ਸਾਰੀ ਕੱਢ ਲਈ। ਜਦੋਂ ਇਹ ਕਪੜੇ ਪਾਉਣ ਲਗੇ ਤਾਂ ਖੀਸੇ ਖਾਲੀ ਵੇਖਕੇ ਹੈਰਾਨ ਪਰੇਸ਼ਾਨ ਹੋਏ। ਪੰਡਿਆਂ ਨੂੰ ਕਿਹਾ ਤੁਸੀਂ ਸਾਡੀ ਦੌਲਤ ਚੁਰਾਈ ਹੈ। ਪਰ ਪੰਡੇ ਕਿਹੜੇ ਕੂਲੇ ਸਨ ਜੋ ਮੰਨ ਜਾਂਦੇ। ਉਨ੍ਹਾਂ ਬਥੇਰੇ ਦਬਕੇ ਮਾਰੇ ਪਰ ਪੰਡਿਤਾਂ ਨੇ ਉਨ੍ਹਾਂ ਦੀ ਜ਼ਰਾ ਪਰਵਾਹ ਨਾ ਕੀਤੀ। ਤਦੋਂ ਵਿਚਾਰੇ ਵਪਾਰੀ ਨਿੰਮੋਝੂਣੇ ਹੋ ਕੇ ਕਬੀਰ ਜੀ ਪਾਸ ਆਏ ਤੇ ਸਾਰੀ ਹੱਡਬੀਤੀ ਗੱਲ ਦੱਸੀ।

ਉਸ ਸਮੇਂ ਕਬੀਰ ਜੀ ਨੇ ਉਨ੍ਹਾਂ ਦੀ ਹਾਲਤ ਵੇਖ ਕੇ ਇਹ ਸ਼ਬਦ ਉਚਾਰਿਆ ਅਤੇ ਵਿਉਪਾਰੀਆਂ ਨੂੰ

ਧੀਰਜ ਦਿਤਾ। ਆਖਿਆ ਭਾਈ ਸ਼ੁਕਰ ਕਰੋ ਤੁਸੀਂ ਆਪਣਾ ਆਪ ਤਾਂ ਬਚਾ ਕੇ ਆ ਗਏ ਹੋ, ਨਹੀਂ ਤਾਂ ਇਹ ਪੰਡੇ ਅਜਿਹੇ ਨਿਧੱੜਕ ਕਸਾਈ ਹਨ ਜੋ ਜਾਨੋਂ ਮਾਰਨ ਤੋਂ ਭੀ ਘੱਟ ਨਹੀਂ ਗੁਜ਼ਾਰਦੇ। ਵਪਾਰੀਆਂ ਨੇ ਆਖਿਆ ਜੀ ਆਪ ਚਲ ਕੇ ਉਨ੍ਹਾਂ ਨੂੰ ਕੁਝ ਆਖੋ ਤਾਂ ਸਹੀ, ਤਾਂ ਕਬੀਰ ਜੀ ਆਖਦੇ ਹਨ-

ਐਸੇ ਲੋਗਨ ਸਿਉ ਕਿਆ ਕਹੀਐ॥

ਹੇ ਭਾਈ ! ਅਜਿਹੇ ਭੈੜਿਆਂ ਲੋਕਾਂ ਨੂੰ ਕੀ ਆਖੀਏ, ਉਨ੍ਹਾਂ ਨਾਲ ਕੀ ਮੱਥਾ ਲਾਈਏ।

ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥ ੧॥ ਰਹਾਉ॥

ਜਿਨ੍ਹਾਂ ਨੂੰ ਪਰਮਾਤਮਾ ਨੇ ਆਪਣੀ ਭਗਤੀ ਕਰਾਉਣ ਤੋਂ ਬਾਹਰ ਕਰ ਦਿਤਾ ਹੈ, ਉਨ੍ਹਾਂ ਦੁਸ਼ਟਾਂ ਪਾਸੋਂ ਤਾਂ ਹਮੇਸ਼ਾਂ ਡਰਦੇ ਰਹਿਣਾ ਚਾਹੀਦਾ ਹੈ। ਕਿਉਂਕਿ ਉਨ੍ਹਾਂ ਨੇ ਆਪਣੀ ਇੱਜ਼ਤ ਲਾਹ ਲਈ ਹੁੰਦੀ ਹੈ। ਹੋਰਨਾਂ ਦੀ ਇੱਜ਼ਤ ਲਾਹੁਣ ਲਈ ਤਿਆਰ ਰਹਿੰਦੇ ਹਨ। ਇਸ ਲਈ ਉਨ੍ਹਾਂ ਪਾਸੋਂ ਡਰਨਾ ਹੀ ਚਾਹੀਦਾ ਹੈ॥ ੧॥ ਰਹਾਉ॥

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥
ਬਾਤਨ ਹੀ ਅਸਮਾਨੁ ਗਿਰਾਵਹਿ॥ ੧॥

ਉਹ ਮੰਦੇ ਆਦਮੀ ਸਤਿਸੰਗ ਵਿਚ ਬੈਠ ਕੇ ਨਾ ਤਾਂ ਹਰੀ ਜਸ ਨੂੰ ਆਪਣੇ ਕੰਨਾਂ ਵਿਚ ਸੁਣਦੇ ਹਨ ਅਤੇ ਨਾ ਹੀ ਜੀਭ ਦੁਆਰਾ ਹਰੀ ਗੁਣ ਗਾਉਂਦੇ ਹਨ।

ਸਗੋਂ ਗੱਲਾਂ ਬਾਤਾਂ ਕਰਕੇ ਅਸਮਾਨ ਨੂੰ ਗਿਰਾਉਂਦੇ ਹਨ ਭਾਵ ਉਹ ਆਖਦੇ ਹਨ ਨਾ ਸੁਰਗ ਹੈ ਨਾ ਨਰਕ ਹੈ। ਇਸ ਲਈ ਅਜਿਹੇ ਚਾਰ ਵਾਕੀਏ (ਨਾਸਤਕਾਂ) ਨੂੰ ਕੀ ਆਖਣਾ ਹੈ।

ਐਸੇ ਲੋਗਨ ਸਿਉ ਕਿਆ ਕਹੀਐ॥
ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥੧॥ਰਹਾਉ॥

ਇਨ੍ਹਾਂ ਤੁਕਾਂ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਆਪਿ ਨ ਦੇਹਿ ਚੁਰੂ ਭਰਿ ਪਾਨੀ॥ਤਿਹ ਨਿੰਦਹਿ ਜਿਹ ਗੰਗਾ ਆਨੀ॥ ੨॥

ਆਪ ਤਾਂ ਕਿਸੇ ਪਿਆਸੇ ਤੇ ਲੋੜਵੰਦ ਦੁਖੀ ਆਦਮੀ ਨੂੰ ਚੁਲੀ ਭਰ ਪਾਣੀ ਭੀ ਨਹੀ ਦਿੰਦੇ ਭਾਵੇਂ ਉਹ ਸਾਹਮਣੇ ਤਿਹਾਇਆ ਮਰ ਜਾਏ।

ਸਗੋਂ ਉਸ ਦੀ ਨਿੰਦਿਆ ਕਰਦੇ ਹਨ ਜਿਸ ਭਗੀਰਥ ਨੇ ਇਸ ਮਾਤ ਲੋਕ ਵਿਚ ਪਰਉਪਕਾਰ ਲਈ ਗੰਗਾ ਲਿਆਂਦੀ ਹੈ॥ ੨॥

ਬੈਠਤ ਉਠਤ ਕੁਟਿਲਤਾਂ ਚਾਲਹਿ॥ਆਪੁ ਗਏ ਅਉਰਨ ਹੂ ਘਾਲਹਿ॥ ੩॥

ਉਠਦਿਆਂ, ਬਹਿੰਦਿਆਂ ਹਰ ਵੇਲੇ ਕੁਟਲਤਾਈਆਂ ਵਿਚ ਹੀ ਤੁਰਦੇ ਹਨ। ਆਪ ਤਾਂ ਸੰਸਾਰ ਦੀ ਤਰਫ ਗਏ ਹਨ ਅਤੇ ਹੋਰਨਾਂ ਨੂੰ ਭੀ ਸੰਸਾਰ ਵੱਲ ਹੀ ਘਾਲਹਿ=ਪਾਉਂਦੇ ਹਨ॥ ੩॥

ਛਾਡਿ ਕੁਚਰਚਾ ਆਨ ਨ ਜਾਨਹਿ॥ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥ ੪॥

ਉਨ੍ਹਾਂ ਨੇ ਇਕ ਖੋਟੀ ਚਰਚਾ ਨੂੰ ਹੀ ਮੁਖ ਰਖਿਆ ਹੋਇਆ ਹੈ। ਉਸ ਕੁਚਰਚਾ=ਖੋਟੀ ਚਰਚਾ ਨੂੰ ਛੱਡਕੇ

ਆਨ ਨ ਜਾਨਹਿ=ਹੋਰ ਕੋਈ ਭਜਨ ਸਿਮਰਨ ਦੀ ਗੱਲ ਨਹੀਂ ਜਾਣਦੇ।

ਬ੍ਰਹਮ ਦਾ ਕਿਹਾ ਹੋਇਆ ਜੋ ਬੇਦ ਹੈ ਉਸ ਨੂੰ ਤਾਂ ਮੰਨਦੇ ਹੀ ਨਹੀਂ, ਆਖਦੇ ਹਨ ਏਹ ਤਾਂ ਗਪੌੜੇ ਮਾਰੇ ਹੋਏ ਹਨ। ਵਾ:-ਜੇਕਰ ਬ੍ਰਹਮਾ ਵੀ ਆਪ ਆ ਕੇ ਕਹੇ ਕਿ ਤੁਸੀਂ ਚੰਗੇ ਕਰਮ ਕਰੋ, ਤਾਂ ਉਸ ਦਾ ਕਿਹਾ ਵੀ ਇਹ ਪੰਡੇ ਨਹੀਂ ਮੰਨਦੇ॥ ੪॥

ਆਪੁ ਗਏ ਅਉਰਨ ਹੂ ਖੋਵਹਿ॥ ਆਗਿ ਲਗਾਇ ਮੰਦਰ ਮੈ ਸੋਵਹਿ॥ ੫॥

ਇਹ ਠੱਗ ਲੋਕ ਆਪ ਪਰਮੇਸ਼ਰ ਵਲੋਂ ਹਟ ਗਏ ਹਨ ਅਤੇ ਅਉਰਨ=ਹੋਰਨਾਂ ਨੂੰ ਭੀ ਪਰਮੇਸ਼ਰ ਵਲੋਂ ਖੋਵਹਿ=ਹਟਾਉਂਦੇ ਹਨ। ਜੇ ਕੋਈ ਮੰਦਰ ਵਿਚ ਸੁੱਤਾ ਪਿਆ ਹੋਵੇ ਤਾਂ ਉਸ ਨੂੰ ਮਾਰਨ ਵਾਸਤੇ ਅੱਗ ਲਗਾ ਦਿੰਦੇ ਹਨ, ਐਸੀ ਅਤਤਾਈ ਕਰਦੇ ਹਨ।

ਅਥਵਾ:-ਤ੍ਰਿਸ਼ਨਾਂ ਰੂਪੀ ਅੱਗ ਲਗਾ ਕੇ ਸਰੀਰ ਰੂਪੀ ਮੰਦਰ ਵਿਚ ਸੌਂ ਰਹੇ ਹਨ।

ਵਾ-ਕਾਲ ਰੂਪ ਅਗਨੀ ਲਗਾ ਕੇ ਸਰੀਰ ਰੂਪੀ ਮੰਦਰ ਵਿਚ ਅਵਿੱਦਿਆ ਰੂਪੀ ਨੀਂਦ ਵਿਚ ਸੁਤੇ ਹੋਏ ਹਨ॥ ੫॥

ਅਵਰਨ ਹਸਤ ਆਪ ਹਹਿ ਕਾਂਨੇ॥
ਤਿਨ ਕਉ ਦੇਖਿ ਕਬੀਰ ਲਜਾਨੇ॥ ੬॥ ੧॥ ੪੪॥

ਐਸੇ ਉਲਟ ਲੱਛਣਾਂ ਵਾਲੇ ਪੁਰਸ਼ ਅਵਰਨ ਹਸਤ=ਹੋਰਨਾਂ ਨੂੰ ਹੱਸਦੇ ਹਨ, ਪਰ ਆਪ ਕਾਣੇ ਹਨ, ਕਿਉਂਕਿ ਇਨ੍ਹਾਂ ਦੀ ਇਕ ਵਿਹਾਰਕ ਅੱਖ ਹੈ, ਪਰਮਾਰਥਕ ਅੱਖ ਬੰਦ ਹੈ। ਕਬੀਰ ਜੀ ਕਥਨ ਕਰਦੇ ਹਨ ਤਿਨ੍ਹਾਂ ਐਸੇ ਪੁਰਸ਼ਾਂ ਨੂੰ ਦੇਖ ਕੇ ਅਸੀਂ ਸ਼ਰਮਸਾਰ ਹੁੰਦੇ ਹਾਂ।

ਜੋ ਮਨੁੱਖਾ ਦੇਹ ਨੂੰ ਨਿਸਫਲ ਗਵਾ ਰਹੇ ਹਨ॥ ੬॥ ੧॥ ੪੪॥

ਦੂਜਾ ਅਰਥ-ਪੁਨਾ ਬੇਨਤੀ ਕੀਤੀ ਕਾਂਸ਼ੀ ਨਿਵਾਸੀ ਜੋ ਮਹਾਤਮਾ ਹਨ ਉਹਨਾਂ ਦੀ ਬਿਵਸਥਾ ਕਥਨ ਕਰੋ, ਉਹ ਕੈਸੇ ਹਨ?

ਉੱਤਰ:- ਐਸੇ ਲੌਗਨ ਸਿਉ ਕਿਆ ਕਹੀਐ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥ ੧॥ ਰਹਾਉ॥

ਅਜੇਹੇ ਮਹਾਤਮਾ ਲੋਕਾਂ ਨਾਲ ਕੀ ਕੁਛ ਕਹਿਣਾ ਹੈ। ਜਿਨ੍ਹਾਂ ਮਹਾਤਮਾਂ ਨੂੰ ਪ੍ਰਭੂ ਪਰਮਾਤਮਾ ਨੇ ਆਪਣੀ ਭਗਤੀ ਕਰਾ ਕੇ ਸੰਸਾਰ ਤੋਂ ਬਾਹਰ ਕੀਤਾ ਹੈ, ਉਹਨਾਂ ਮਹਾਤਮਾਂ ਪਾਸੋਂ ਨਿਤ ਹੀ ਡਰਦੇ ਰਹੀਏ। ਕਿਉਂਕਿ ਕਿਸੀ ਬੇਅਦਬੀ ਦੇ ਕਾਰਨ ਕਿਧਰੇ ਸਰਾਪ ਨਾ ਦੇ ਦੇਵਣ। ਹੁਣ ਮਹਾਤਮਾਂ ਦੇ ਗੁਣ ਸੁਣੋ-

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥ ਬਾਤਨ ਹੀ ਅਸਮਾਨੁ ਗਿਰਾਵਹਿ॥ ੧॥

ਉਹ ਮਹਾਤਮਾਂ ਕੰਨਾਂ ਦੁਆਰੇ ਹਰੀ ਜਸ ਨੂੰ ਸੁਨਹਿਨ=ਸੁਣਦੇ ਹਨ ਅਤੇ ਜੀਭਾ ਦੁਆਰੇ ਹਰੀ ਗੁਣਾਂ ਨੂੰ ਗਾਂਵਦੇ ਹਨ।

ਵਾ:-ਹਰੀ ਜਸ ਨੂੰ ਹੀ ਨਹੀਂ ਸੁਣਦੇ ਅਰਥਾਤ ਸੁਣਦੇ ਹਨ, ਤੇ ਹਰੀ ਗੁਣਾਂ ਨੂੰ ਨਹੀਂ ਗਾਂਵਦੇ ਕਿੰਤੂ ਗਾਂਵਦੇ ਹਨ।

ਪੁਨਾ-ਉਹ ਮਹਾਤਮਾਂ ਆਪਣੀਆਂ ਗੱਲਾਂ ਬਾਤਾਂ ਦੁਆਰੇ ਜਗਿਆਸੂ ਦੀ ਅਸਮਾਨੁ=ਸ੍ਵਰਗ ਵਿਚ ਜਾਣ

ਦੀ ਇੱਛਾ ਨੂੰ ਗਿਰਾ ਦਿੰਦੇ ਹਨ। ਵਾ:-ਬਾ=ਸਾਕ ਤਨ ਦੇ ਜੋ ਮਾਨੁ=ਹੰਕਾਰ ਅਸ=ਹੈ ਉਸ ਨੂੰ ਗਿਰਾ ਦਿੰਦੇ ਹਨ। ਵਾ:-ਉਹ ਮਹਾਤਮਾਂ ਅਸਮਾਨੁ=ਸੁਰਗ ਵਿਚ ਜਾਣ ਦੀ ਬਾਤ+ਨਹੀਂ ਇੱਛਾ ਹੀ ਨਹੀਂ ਕਰਦੇ. ਕਿਉਂਕਿ ਉਨ੍ਹਾਂ ਨੇ ਸੁਰਗ ਵਿਚ ਜਾਣ ਦੀ ਇੱਛਾ ਨੂੰ ਗਿਰਾ ਦਿਤਾ ਹੋਇਆ ਹੈ।

ਆਪਿ ਨ ਦੇਹਿ ਚੁਰੂ ਭਰਿ ਪਾਨੀ॥

ਉਹ ਮਹਾਤਮਾਂ ਆਪਣੀ ਮੰਨ ਕੇ ਕਿਸੇ ਲੋੜਵੰਦ ਨੂੰ ਪਾਣੀ ਦੀ ਚੁਲੀ ਭਰ ਕੇ ਨਹੀਂ ਦਿੰਦੇ ਅਰਥਾਤ ਪਰਮੇਸ਼ਰ ਦੀ ਮੰਨ ਕੇ ਦਿੰਦੇ ਹਨ। ਵਾ:-ਆਪਿਨ ਦੇਹਿ=ਆਪਣੀ ਦੇਹ ਹੰਗਤਾ ਉਨ੍ਹਾਂ ਨੇ ਐਸੇ ਅਭਾਵ ਕੀਤੀ ਹੈ, ਜਿਵੇਂ ਕੋਈ ਪਾਣੀ ਦੀ ਚੁਲੀ ਲੈ ਕੇ ਚੀਜ਼ ਮਣਸ ਦੇਵੇ ਤੇ ਫੇਰ ਉਸ ਨੂੰ ਅੰਗੀਕਾਰ ਨਹੀਂ ਕਰਦਾ।

ਵਾ:-ਨਾਮ ਰੂਪੀ ਪਾਣੀ ਦੇ ਭਰਨੇ ਵਿਚ ਚੁਰੂ=ਬਿਰਤੀ ਲਗਾ ਕੇ ਦੇਹ ਵਿਚ ਆਪਾ ਭਾ ਹੰਕਾਰ ਨਹੀਂ ਕਰਦੇ।

ਤਿਹ ਨਿੰਦਹ ਜਿਹ ਗੰਗਾ ਆਨੀ॥ ੨॥

ਤਿਸ ਪੁਰਸ਼ ਦੀ ਨਿੰਦਿਆ ਕਰਦੇ ਹਨ ਜਿਸ ਨੇ ਗੰਗਾ=ਬਿਰਤੀ ਸੰਸਾਰ ਵਲ ਲਿਆਂਦੀ ਹੈ।

ਬੈਠਤ ਉਠਤ ਕੁਟਿਲਤਾ ਚਾਲਹਿ॥ ਆਪੁ ਗਏ ਅਉਰਨ ਹੂ ਘਾਲਹਿ॥ ੩॥

ਬਹਿੰਦਿਆਂ ਉਠਦਿਆਂ ਕੁਟਲਤਾਈਆਂ ਨੂੰ ਚਾਲਹਿ=ਅਭਾਵ ਕਰਦੇ ਹਨ।

ਵਾ:-ਜਿਹੜੇ ਜਗਿਆਸੂ ਉਨ੍ਹਾਂ ਦੇ ਪਾਸ ਉਠਦੇ ਬੈਠਦੇ ਹਨ ਉਨ੍ਹਾਂ ਦੀਆਂ ਟੇਢਤਾਈਆਂ ਅਭਾਵ ਕਰਦੇ ਹਨ। ਵਾ:-ਸਤਸੰਗਤ ਦੀ ਤਰਫ ਚਲ ਕੇ ਗਰਾਂ ਪਾਸ ਬੈਠ ਕੇ ਜਿਨ੍ਹਾਂ ਨੇ ਮੋਹ ਰੂਪੀ ਲਤਾ=ਵੇਲ ਨੂੰ ਕੁਟ ਦਿਤਾ ਯਾਨੇ ਅਭਾਵ ਕੀਤਾ ਹੈ ਉਨ੍ਹਾਂ ਨੇ ਸੰਸਾਰ ਨੂੰ ਉਠ ਜਾਣ ਵਾਲਾ ਨਿਸਚੇ ਕੀਤਾ ਹੈ।

ਉਹ ਮਹਾਤਮਾਂ ਆਪ ਪਰਮੇਸ਼ਰ ਦੀ ਤਰਫ ਗਏ ਹਨ ਅਤੇ ਹੋਰਨਾਂ ਨੂੰ ਪਰਮੇਸ਼ਰ ਦੀ ਤਰਫ ਘਾਲਹਿ= ਪਾਂਵਦੇ ਹਨ॥ ੩॥

ਛਾਡਿ ਕੁਚਰਚਾ ਆਨ ਨ ਜਾਨਹਿ॥ ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥ ੪॥

ਉਨ੍ਹਾਂ ਮਹਾਤਮਾਂ ਨੇ ਕੁਚਰਚਾ=ਖੋਟੀ ਚਰਚਾ ਕਰਨੀ ਛੱਡ ਦਿਤੀ ਹੈ, ਆਨ=ਦ੍ਵੈਤ ਵਾ:-ਹੋਰ ਦੇਵੀ ਦੇਵਤਿਆਂ ਦੀ ਉਪਾਸ਼ਨਾਂ ਕਰਨੀ ਨਹੀਂ ਜਾਣਦੇ। ਬ੍ਰਹਮਾ ਦਾ ਕਿਹਾ ਹੋਇਆ ਜੋ ਕਰਮਕਾਂਡ ਹੈ ਉਸ ਨੂੰ ਉਹ ਮਹਾਤਮਾ ਨਹੀਂ ਮੰਨਦੇ। ਵਾ-ਬ੍ਰਹਮਾ=ਮਨ ਦਾ ਕਿਹਾ ਨਹੀਂ ਮੰਨਦੇ ਭਾਵ ਮਨ ਦੇ ਅਨੁਸਾਰ ਨਹੀਂ ਚਲਦੇ।

ਏਹ ਅਰਥ ਗਉਣੀ ਬਿਰਤੀ ਸੇ ਹੈ ਜੈਸੇ ਬ੍ਰਹਮਾ ਸ੍ਰਿਸ਼ਟੀ ਦੀ ਉਤਪਤੀ ਕਰਦਾ ਹੈ, ਤੈਸੇ ਮਨ ਵੀ ਆਪਣੇ ਸੰਕਲਪਾਂ ਦੁਆਰੇ ਕਈਆਂ ਚੀਜ਼ਾਂ ਦੀ ਉਤਪਤੀ ਕਰਦਾ ਹੈ॥ ੪॥

ਆਪੁ ਗਏ ਅਉਰਨ ਹੂ ਖੋਵਹਿ॥ ਆਗਿ ਲਗਾਇ ਮੰਦਰ ਮੈ ਸੋਵਹਿ॥ ੫॥

ਉਹ ਮਹਾਤਮਾਂ ਆਪ ਸੰਸਾਰ ਵਲੋਂ ਹਟ ਗਏ ਹਨ ਅਤੇ ਅਉਰਨ=ਹੋਰਨਾਂ ਨੂੰ ਭੀ ਸੰਸਾਰ ਵਲੋਂ ਖੋਵਹਿ=ਹਟਾਉਂਦੇ ਹਨ। ਬ੍ਰਹਮ ਦ੍ਰਿਸ਼ਟੀ ਰੂਪੀ ਅਗਨੀ ਲਗਾ ਕੇ ਅਧਿਸ਼ਠਾਨ ਰੂਪੀ ਮੰਦਰ ਵਿਚ ਸੋਵਹਿ= ਇਸਥਿਤ ਹਨ। ਵਾ:-ਪ੍ਰੇਮ ਰੂਪੀ ਅਗਨੀ ਲਗਾ ਕੇ ਸਤਸੰਗਤ ਰੂਪੀ ਮੰਦਰ ਵਿਚ ਸੋਵਹਿ=ਇਸਥਿਤ ਹਨ॥ ੫॥

ਅਵਰਨ ਹਸਤ ਆਪਿ ਹਹਿ ਕਾਂਨੇ॥ ਤਿਨ ਕਉ ਦੇਖਿ ਕਬੀਰ ਲਜਾਨੇ॥ ੬॥ ੧॥ ੪੪॥

ਅਵਰਨ=ਹੋਰਨਾਂ ਨੂੰ ਧੰਧਿਆਂ ਵਿਚ ਫਸਿਆ ਵੇਖ ਕੇ ਹੱਸਦੇ ਹਨ ਤੇ ਆਪ ਸੰਸਾਰ ਤੋਂ ਕਾਂਨੇ=ਕਿਨਾਰੇ

ਹਨ। ਵਾ:-ਹੋਰਨਾਂ ਨੂੰ ਹੱਸਦੇ ਹਨ ਤੇ ਆਪ ਕਾਣੇ ਹਨ ਕਿਉਂਕਿ ਵਿਹਾਰਕ ਅੱਖ ਉਨ੍ਹਾਂ ਦੀ ਬੰਦ ਹੈ ਅਤੇ ਇਕ ਪ੍ਰਮਾਰਥਕ ਅੱਖ ਖੁਲ੍ਹੀ ਹੈ।

ਵਾ:-ਅਵਰ ਨ ਹਸਤ=ਹੋਰਨਾਂ ਨੂੰ ਨਹੀਂ ਹੱਸਦੇ ਕਿਉਂਕਿ ਆਪ ਕਿਨਾਰੇ ਜੋ ਹੋਏ। ਪਾਠ ਇਕੱਠਾ ਹੈ ਅਵਰਨ॥

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥

ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ *(ਸੋਰਠਿ ਮਹਲਾ ੫, ਪੰਨਾ ੬੧੦)*

ਕਬੀਰ ਜੀ ਕਥਨ ਕਰਦੇ ਹਨ-ਤਿਨ੍ਹਾਂ ਐਸੇ ਗੁਰਮੁਖ ਮਹਾਤਮਾਂ ਨੂੰ ਦੇਖ ਕੇ ਅਸੀਂ ਲਜਾਇਮਾਨ ਹੁੰਦੇ ਹਾਂ ਕਿ ਐਸੇ ਗੁਣ ਸਾਡੇ ਵਿਚ ਤਾਂ ਰਤੀ ਭਰ ਵੀ ਨਹੀਂ ਹਨ॥ ੬॥ ੧॥ ੪੪॥

ਰਾਗੁ ਗਉੜੀ ਬੈਰਾਗਣਿ ਕਬੀਰ ਜੀ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਕਬੀਰ ਜੀ ਦੇ ਘਰ ਦੇ ਨਾਲ ਹੀ ਇਕ ਪੁਰਸ਼ ਆਪਣੇ ਬੁੱਢੇ ਪਿਤਾ ਨੂੰ ਗਾਲ੍ਹਾਂ ਕੱਢਦਾ ਤੇ ਮਾਰਦਾ ਹੁੰਦਾ ਸੀ। ਪਰ ਜਿਸ ਵੇਲੇ ਉਹ ਮਰ ਗਿਆ ਤਾਂ ਪਿਛੋਂ ਆਪਣੇ ਨੱਕ ਰੱਖਣ ਵਾਸਤੇ ਪੁੱਤਰ ਨੇ ਉਸਦੇ ਨਮਿਤ ਸਰਾਧ, ਵਗੈਰਾ ਸਭ ਕੰਮ ਕੀਤੇ ਇਹ ਵਾਰਤਾ ਦੇਖ ਕੇ ਕਬੀਰ ਜੀ ਨੇ ਕਿਹਾ-

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥

ਜੀਂਵਦਿਆਂ ਤਾਂ ਪਿਤਰਾਂ ਨੂੰ ਕੋਈ ਮੰਨਦਾ ਨਹੀਂ, ਸਗੋਂ ਰੋਟੀ ਕਪੜਾ ਤਰਸਾ ਤਰਸਾ ਕੇ ਦਿੰਦੇ ਹਨ ਅਤੇ ਮੰਨਤਾਂ ਮੰਨਦੇ ਹਨ ਕਿ ਏਹ ਛੇਤੀ ਮਰੇ ਜਦ ਉਹ ਮਰ ਜਾਂਦੇ ਹਨ ਤਾਂ ਪਿਛੋਂ ਲੋਕ ਦਿਖਾਵੇ ਲਈ ਉਸ ਦੇ ਨਮਿਤ ਸਰਾਧ ਕਰਦੇ ਹਨ।

ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥ ੧॥

ਕਹੁ ਖਾਂ ! ਬਪੁਰੇ=ਵਿਚਾਰੇ ਪਿਤਰ ਵੀ ਉਸ ਨਲਾਇਕ ਪੁੱਤਰ ਦੇ ਕੀਤੇ ਹੋਏ ਸਰਾਧ ਦੇ ਅੰਨ ਨੂੰ ਕਿਸ ਪ੍ਰਕਾਰ ਪਾ ਸਕਦੇ ਹਨ। ਕਿਉਂਕਿ ਉਹ ਅੰਨ ਨੂੰ ਤਾਂ ਕਊਆ ਕੂਕਰ=ਕਾਂ ਕੁੱਤੇ ਤੇ ਬ੍ਰਾਹਮਣ ਵਗੈਰਾ ਖਾ ਜਾਂਦੇ ਹਨ।

ਅਥਵਾ-ਜੀਂਵਦਾ ਪਿਤਰ ਜੋ ਪਰਮੇਸ਼ਰ ਹੈ ਉਸ ਨੂੰ ਤਾਂ ਕੋਈ ਮੰਨਦਾ ਨਹੀਂ ਉਸ ਦੀ ਨਿਗਾਹ ਵਿਚ ਮਰੇ ਹੋਏ ਜੋ ਦੇਵੀ ਦੇਵਤਾ ਹਨ ਉਨ੍ਹਾਂ ਦੇ ਨਮਿਤ ਸਰਾਧ ਕਰਦੇ ਹਨ।

ਕਹੁ ਖਾਂ ! ਬਪੁਰੇ=ਵਿਚਾਰੇ ਪਿਤਰ ਜੋ ਦੇਵੀ ਦੇਵਤਾ ਹਨ ਉਹ ਉਸ ਦਾ ਦਿਤਾ ਹੋਇਆ ਕਿਸ ਪਰਕਾਰ ਪਾ ਸਕਦੇ ਹਨ। ਕਿਉਕਿ ਉਸ ਅੰਨ ਨੂੰ ਤਾਂ ਕਾਂ ਕੁੱਤੇ ਹੀ ਖਾ ਜਾਂਦੇ ਹਨ। ਉਲਟਾ ਉਨ੍ਹਾਂ ਦੇਵੀ ਦੇਵਤਿਆਂ ਦੇ ਮੂੰਹ ਵਿਚ ਖਾਕ ਹੀ ਪੈਂਦੀ ਹੈ। ਕਿਉਂਕਿ ਦੇਵੀ ਦੇਵਤਿਆਂ ਦੇ ਮੰਨਣ ਵਾਲੇ ਪੁਰਸ਼ ਜੰਡੀ ਆਦਿ ਦੇਵੀ ਦੇ ਮੂੰਹ ਨਾਲ ਤਾਂ ਮਿੱਠਾ ਵਗੈਰਾ ਚੜ੍ਹਾ ਕੇ ਚਲੇ ਜਾਂਦੇ ਹਨ ਤੇ ਪਿਛੋਂ ਪੁਜਾਰੀ ਲੋਕ ਆ ਕੇ ਉਸ ਮੂੰਹ ਨੂੰ ਸੁਆਹ ਨਾਲ ਮਾਂਜਦੇ ਹਨ, ਇਸ ਤਰ੍ਹਾਂ ਨਾਲ ਮੂੰਹ ਵਿਚ ਖਾਕ ਪੈਂਦੀ ਹੈ।

ਯਥਾ:- ਭਾਤ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥

ਭੇਗਨ ਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥

ਮੋ ਕਉ ਕੁਸਲੁ ਬਤਾਵਹੁ ਕੋਈ॥

ਜਿਸ ਵੇਲੇ ਸਰਾਧ ਛਕਾਉਂਦੇ ਹਨ ਤਾਂ ਬ੍ਰਾਹਮਣ ਵਿਚ ਆ ਕੇ ਬੈਠਾ ਹੁੰਦਾ ਹੈ, ਜਦ ਸਾਰੇ ਪ੍ਰਸ਼ਾਦ ਛਕ ਲੈਂਦੇ ਹਨ ਤਾਂ ਪਿਛੋਂ ਬ੍ਰਹਮਣ ਆਖਦਾ ਹੈ ਹੇ ਜਜਮਾਨ ! ਤੈਨੂੰ ਸੁਖ ਹੋਵੇ। ਅਗੋਂ ਜਜਮਾਨ ਕਹਿੰਦਾ ਹੈ ਕਿ ਆਪ ਜੀ ਦੀ ਕਿਰਪਾ ਨਾਲ ਸੁਖ ਹੈ। ਕਬੀਰ ਜੀ ਪੁਛਦੇ ਹਨ-ਹੇ ਪਰਸ਼ਾ ! ਉਹ ਜਿਹੜਾ ਤੈਨੂੰ ਸੁਖ ਪ੍ਰਾਪਤ ਹੋਇਆ ਹੈ ਉਹ ਸੁਖ ਮੈਨੂੰ ਕੋਈ ਦਸੋ। ਐਵੇਂ ਇਕ ਬ੍ਰਾਹਮਣ ਦੇ ਆਖਣ ਕਰਕੇ ਭੇਡਾਂ ਚਾਲ ਵਾਗੂੰ-

ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ॥ ੧ ॥ ਰਹਾਉ॥

ਸੁਖ ਸੁਖ ਕਰਦਿਆਂ ਸਾਰਾ ਸੰਸਾਰ ਨਾਸ ਹੋ ਰਿਹਾ ਹੈ, ਭਲਾ ਦਸੋ ਇਸ ਤਰ੍ਹਾਂ ਕਰਨ ਨਾਲ ਯਥਾਰਥ ਕੁਸਲੁ =ਸੁਖ ਦੀ ਪਰਾਪਤੀ ਕਿਵੇਂ ਹੋ ਸਕਦੀ ਹੈ॥ ੧ ॥ ਰਹਾਉ॥

ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥

ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਤਿਸ ਜੜ੍ਹ ਦੇਵਤਿਆਂ ਅਗੇ ਆਪਣੇ ਜੀਅ ਨੂੰ ਦਿੰਦੇ ਭਾਵ ਨਮਸ਼ਕਾਰਾਂ ਕਰਦੇ ਹਨ, ਵਾ:-ਤਿਸ ਜੜ੍ਹ ਮਿੱਟੀ ਦੇ ਦੇਵੀ ਦੇਵਤਿਆਂ ਅਗੇ ਸੰਢਾ ਬਕਰਾ ਮਨੁੱਖ ਆਦਿ ਜੀਵਾਂ ਨੂੰ ਬਲੀਦਾਨ ਦਿੰਦੇ ਹਨ।

ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ॥ ੨ ॥

ਤੁਹਾਡੇ ਪਿਤਰ ਐਸੇ=ਇਸ ਤਰ੍ਹਾਂ ਦੇ ਕਹੇ ਜਾਂਦੇ ਹਨ ਜੋ ਆਪ ਕਹਿ ਕੇ ਨਹੀਂ ਲੈਂਦੇ ਕਿ ਸਾਨੂੰ ਭੁੱਖ ਲਗੀ ਹੈ ਤੁਸੀਂ ਦੇਣਾ ਕਰੋ। ਵਾ:-ਤੁਹਾਡੇ ਪਿਤਰ ਇਸ ਤਰ੍ਹਾਂ ਦੇ ਕਹੀਂਦੇ ਹਨ, ਜੋ ਆਪਣਾ ਕਿਹਾ ਹੋਇਆ ਭੋਜਨ ਵੀ ਨਹੀਂ ਲੈਂਦੇ। ਕਿਉਂਕਿ ਜੋਤਸ਼ ਸ਼ਾਸਤ੍ਰ ਵਿਚ ਸਭ ਦੇਵੀ ਦੇਵਤਿਆਂ ਦੀ ਭੇਟਾ ਲਿਖੀ ਹੋਈ ਹੈ ਕਿ ਅਮਕੇ ਦੇਵਤੇ ਦੀ ਇਹ ਭੇਟਾ ਹੈ, ਫਲਾਣੇ ਦੇਵਤੇ ਦੀ ਏਹ ਵਸਤੂ ਹੈ। ਜਿਸ ਤਰ੍ਹਾਂ ਵੈਸ਼ਨਵ ਦੇਵੀ ਦੀ ਭੇਟਾ ਕੜਾਹੀ ਦੀ ਹੈ। ਸੂਰਜ ਦੀ ਭੇਟਾ ਖੀਰ ਦੀ ਹੈ ਹਨੂੰਮਾਨ ਦੀ ਭੇਟਾ ਲਡੂਆਂ ਦੀ ਹੈ।

ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ॥

ਯਾਦ ਰਖੋ ਜਿਹੜੇ ਮਨੁੱਖ ਜੀਅ ਦੇ ਸਹਿਤ ਬਕਰੇ, ਛਤਰੇ, ਦੁੰਬੇ ਆਦਿਕਾਂ ਨੂੰ ਕੱਟਦੇ ਹਨ ਤੇ ਨਿਰਜੀਉ=ਜੀਅ ਤੋਂ ਰਹਿਤ ਪੱਥਰ ਆਦਿਕਾਂ ਨੂੰ ਪੂਜਦੇ ਹਨ ਅੰਤ ਸਮੇਂ ਉਹਨਾਂ ਨੂੰ ਭਾਰੀ ਦੁਖ ਹੋਵੇਗਾ।

ਯਥਾ- ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥ *(ਪੰਨਾ ੧੨੬੪)*

ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ॥ ੩ ॥

ਰਾਮ ਨਾਮ ਜਪਣ ਦੀ ਗਤਿ=ਰੀਤੀ (ਮਰਯਾਦਾ) ਨਾ ਜਾਣੀ, ਇਸ ਕਰਕੇ ਭੈਦਾਇਕ ਸੰਸਾਰ ਸਮੁੰਦਰ ਵਿਚ ਡੁਬ ਗਏ॥ ੩ ॥

ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ॥

ਦੇਵੀ ਦੇਵਤਿਆਂ ਦੀਆਂ ਮੂਰਤਾਂ ਨੂੰ ਪੂਜਦੇ ਫਿਰਦੇ ਹਨ ਪਰ ਪਾਰਬ੍ਰਹਮ ਦਾ ਸਿਮਰਨ ਕਰਨਾ ਨਹੀਂ ਜਾਣਿਆ। ਵਾ:-ਪਾਰਬ੍ਰਹਮ ਨੂੰ ਆਪਣਾ ਆਪ ਰੂਪ ਕਰਕੇ ਨਹੀਂ ਜਾਣਦੇ।

ਕਹਤ ਕਬੀਰ ਅਕੁਲੁ ਨਹੀ ਚੇਤਿਆ
ਬਿਖਿਆ ਸਿਉ ਲਪਟਾਨਾ ॥ ੪ ॥ ੧ ॥ ੪੫ ॥

ਕਬੀਰ ਜੀ ਕਥਨ ਕਰਦੇ ਹਨ ਕੁਲਾਂ ਤੋਂ ਰਹਿਤ ਪਰਮੇਸ਼ਰ ਨੂੰ ਯਾਦ ਨਹੀਂ ਕੀਤਾ ਅਤੇ ਵਿਸ਼ੇ ਵਿਕਾਰਾਂ ਨਾਲ ਲੰਪਟ ਹੋ ਰਿਹਾ ਹੈ॥ ੪॥ ੧॥ ੪੫॥

ਗਉੜੀ ॥

ਪ੍ਰਸ਼ਨ-ਇਕ ਜਗਿਆਸੂ ਨੇ ਬੇਨਤੀ ਕੀਤੀ ਕਿ ਅਫੁਰ ਪਰਮਾਤਮਾ ਵਿਚ ਕਿਵੇਂ ਅਭੇਦ ਹੋਵੇ? *ਉੱਤਰ*:-

ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥

ਜਿਧਰ ਸੰਸਾਰ ਦੀ ਤਰਫ ਜਿਉਂਦਾ ਹੈ ਉਧਰੋਂ ਮਰੇ, ਤੇ ਜਿਧਰੋਂ ਮਰਿਆ ਹੋਇਆ ਹੈ ਭਾਵ ਪਰਮੇਸ਼ਰ ਵਲੋਂ, ਉਸ ਤਰਫ ਫਿਰ ਜਿਉਣਾ ਕਰੇ, ਇਸ ਤਰ੍ਹਾਂ ਕਰਨ ਨਾਲ ਸੁੰਨਿ=ਅਫੁਰ ਪਰਮੇਸ਼ਰ ਵਿਚ ਸਮਾਂਵਦਾ ਹੈ।

ਵਾ:-ਜੋ ਮਹਾਤਮਾਂ ਜੀਵਤ ਭਾ ਤੋਂ ਮਰੇ ਹਨ ਉਨ੍ਹਾ ਦੁਆਰੇ ਇਹ ਜਗਿਆਸੂ ਵੀ ਫੁਨਿ=ਬਹੁੜੋਂ ਜੀਵਤ ਭਾ ਤੋਂ ਮਰੇ ਐਸੇ ਸਾਧਨ ਕਰਨ ਨਾਲ ਸੁੰਨਿ=ਅਫੁਰ ਪਰਮੇਸ਼ਰ ਵਿਚ ਸਮਾਇਆ=ਅਭੇਦ ਹੁੰਦਾ ਹੈ।

ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥ ੧ ॥

ਅੰਜਨ=ਮਾਇਆ ਵਿਚ ਰਹਿੰਦੇ ਹੋਏ ਨਿਰੰਜਨਿ=ਮਾਇਆ ਮਲ ਤੋਂ ਰਹਿਤ ਹੋ ਰਹੀਏ ਤਾਂ ਬਹੁੜਿ=ਫਿਰ ਸੰਸਾਰ ਵਿਚ ਜਨਮ ਮਰਨ ਨਹੀਂ ਪਾਇਆ ਜਾਂਦਾ ਹੈ॥ ੧॥

ਮੇਰੇ ਰਾਮ ਐਸਾ ਖੀਰੁ ਬਿਲੋਈਐ ॥

ਹੇ ਮੇਰੇ ਰਾਮ=ਭਾਈ ! ਐਸਾ ਨਿਸ਼ਕਾਮ ਕਰਮਾਂ ਰੂਪੀ ਖੀਰੁ=ਦੁਧ ਬਿਲੋਈਐ=ਮਥਨਾ ਕਰੀਏ ਜਿਸਤੇ ਗਿਆਨ ਰੂਪ ਮੱਖਣ ਦਾ ਅਭਾਵ ਨਾ ਹੋਵੇ।

ਯਥਾ:- ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥

(ਪੰਨਾ ੪੭੮)

ਗੁਰਮਤਿ ਮਨੂਆ ਅਸਥਿਰੁ ਰਾਖਹੁ
ਇਨ ਬਿਧਿ ਅੰਮ੍ਰਿਤੁ ਪੀਓਈਐ ॥ ੧ ॥ ਰਹਾਉ ॥

ਗੁਰਾਂ ਦੀ ਸਿਖਿਆ ਦੁਆਰੇ ਮਨ ਨੂੰ ਇਸਥਿਤ ਕਰਕੇ ਰਖੋ, ਇਸ ਵਿਧੀ ਨਾਲ ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ ਪੀਣਾ ਕਰੋ।

ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥

ਜਿਸਨੇ ਗੁਰਾਂ ਦੇ ਬਾਣਿ=ਉਪਦੇਸ਼ ਰੂਪ ਬਜਰ ਸ਼ਸਤ੍ਰ ਕਰਕੇ ਕਲਪਣਾ ਅਰਥਾਤ ਅਵਿੱਦਿਆ ਰੂਪੀ ਪਹਾੜੀ ਛੇਦੀ=ਕੱਟੀ ਹੈ ਵਾ:-ਜਿਸਨੇ ਗੁਰਾਂ ਦੀ ਬਾਣੀ ਦੁਆਰਾ ਬਜਰ ਵਾਂਗੂੰ ਅਛੇਦ ਅਵਿੱਦਿਆ ਰੂਪੀ ਪਹਾੜੀ ਕੱਟੀ ਹੈ, ਤਿਸਨੂੰ ਪ੍ਰਕਾਸ਼ ਵਾਲਾ ਆਤਮ ਪਦ ਪ੍ਰਗਟਿਆ ਹੈ, ਵਾ:-ਪਰਗਾਸਾ=ਗਿਆਨ ਕਰਕੇ ਆਤਮ ਪਦ ਪ੍ਰਗਟਿਆ ਹੈ।

ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥ ੨ ॥

ਜਿਵੇਂ ਪ੍ਰਤੱਖ ਹਨੇਰੇ ਦੀ ਸ਼ਕਤੀ ਕਰਕੇ ਜੇਵੜੀ=ਰਸੀ ਵਿਚ ਸੱਪ ਦਾ ਭਰਮ ਹੁੰਦਾ ਹੈ ਜਦ ਦੀਵੇ ਦੇ ਪ੍ਰਕਾਸ਼ ਨਾਲ ਉਹ ਹਨੇਰਾ ਦੂਰ ਹੁੰਦਾ ਹੈ ਤਾਂ ਰਸੀ ਵਿਚ ਸੱਪ ਦਾ ਭਰਮ ਚੁੱਕ ਜਾਂਦਾ ਹੈ ਤੇ ਸੁਖ ਘਰ ਵਿਚ ਨਿਵਾਸ ਹੁੰਦਾ ਹੈ। ਤਿਵੇਂ ਅਗਿਆਨ ਰੂਪ ਹਨੇਰੇ ਦੀ ਅਵਰਨ ਸ਼ਕਤੀ ਕਰਕੇ ਬ੍ਰਹਮਰੂਪ ਰਜੂ=ਰਸੀ ਵਿਖੇ ਜਗਤ ਰੂਪ ਸੱਪ ਭਰਮ ਦੀ ਪ੍ਰਤੀਤੀ ਹੋ ਰਹੀ ਸੀ, ਜਦ ਗਿਆਨ ਰੂਪ ਦੀਵੇ ਦੇ ਪ੍ਰਕਾਸ਼ ਨਾਲ ਉਹ ਭਰਮ ਚੂਕਾ=ਦੂਰ ਹੋਇਆ ਤਾਂ ਨਿਸਚਲ ਜੋ ਸਿਵ=ਕਲਿਆਣ ਰੂਪ ਘਰ ਹੈ ਤਿਸ ਵਿਚ ਨਿਵਾਸ ਹੋਇਆ ॥ ੨ ॥

ਪ੍ਰਸ਼ਨ -ਜਿਸ ਮਾਇਆ ਦੇ ਪ੍ਰਭਾਵ ਕਰਕੇ ਬ੍ਰਹਮ ਰੂਪੀ ਰਜੂ ਵਿਚ ਜਗਤ ਰੂਪ ਸੱਪ ਦੀ ਭਰਮ ਕਰਕੇ ਪ੍ਰਤੀਤੀ ਹੋ ਰਹੀ ਹੈ ਉਹ ਮਾਇਆ ਕੈਸੀ ਹੈ? *ਉੱਤਰ*-

[ਪੰਨਾ ੩੩੩]

ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥

ਤਿਸ ਮਾਇਆ ਨੇ ਪ੍ਰਤੱਖ ਧਨੁੱਖ ਬਾਣ ਚੜ੍ਹਾਏ ਤੋਂ ਬਿਨਾਂ ਹੀ ਅੰਤ੍ਰੀਵ ਧਨੁੱਖ ਬਾਣ ਚੜ੍ਹਾਕੇ ਹੇ ਭਾਈ! ਇਸ ਸਾਰੇ ਸੰਸਾਰ ਨੂੰ ਵਿੰਨ੍ਹ ਦਿਤਾ ਹੈ।

ਅਸ਼ੁਧ ਮਨ ਧਨੁੱਖ ਹੈ, ਅਵਿਚਾਰ ਰੂਪ ਚਿੱਲਾ ਹੈ। ਅਪ੍ਰੇਮ ਰੂਪ ਬਾਣ ਹੈ।

ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥ ੩ ॥

ਜੀਵਾਂ ਦੀ ਦੇਹ ਰੂਪੀ ਬੂਡੀ=ਗੁੱਡੀ ਨੂੰ ਮਾਇਆ ਦੀ ਵਾਸ਼ਨਾਂ ਰੂਪੀ ਪੌਣ ਦਸੋ ਦਿਸਾਂ ਵਿਚ ਫਿਰਾ ਰਹੀ ਹੈ ਇਸ ਕਰਕੇ ਜੀਵਾਂ ਦੀ ਲਿਵ ਰੂਪੀ ਡੋਰੀ ਤਿਸ ਮਾਇਆ ਵਿਚ ਲਗ ਰਹੀ ਹੈ ॥ ੩ ॥

ਪ੍ਰਸ਼ਨ-ਜਿਨ੍ਹਾਂ ਦਾ ਨਿਸਚਲ ਕਲਿਆਣ ਰੂਪੀ ਘਰ ਵਿਚ ਵਾਸਾ ਹੋਇਆ ਹੈ ਉਹ ਮਾਇਆ ਤੋਂ ਕਿਵੇਂ ਬਚੇ ਹਨ? *ਉੱਤਰ*-

ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥

ਤਿਨ੍ਹਾਂ ਮਹਾਤਮਾਂ ਨੇ ਪ੍ਰਤੱਖ ਧਨੁੱਖ ਬਾਣ ਚੜ੍ਹਾਏ ਤੋਂ ਬਿਨਾਂ ਹੀ, ਅੰਤਰੀਵ ਧਨੁੱਖ ਬਾਣ ਚੜ੍ਹਾ ਕੇ ਹੇ ਭਾਈ! ਇਸ ਜਗਤ ਨੂੰ ਬੇਧਿਆ=ਮਿਥਿਆ ਰੂਪ ਨਿਸਚੇ ਕੀਤਾ ਹੈ। ਸ਼ੁਧ ਮਨ ਧਨੁੱਖ, ਅਦ੍ਵੈਤ ਨਿਸਚਾ ਵਾ:-ਵਿਚਾਰ ਰੂਪ ਚਿੱਲਾ ਤੇ ਪ੍ਰੇਮ ਰੂਪੀ ਬਾਣ ਹੈ। ਯਥਾ:-ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥

ਪ੍ਰਸ਼ਨ-ਜਿਨ੍ਹਾਂ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋਈ ਹੈ ਉਹ ਪਰਵਿਰਤੀ ਪੱਖ ਨੂੰ ਗ੍ਰਹਿਣ ਕਰਦੇ ਹਨ ਯਾਂ ਨਵਿਰਤੀ ਪੱਖ ਨੂੰ?

ਉੱਤਰ:-ਪ੍ਰਾਰਬਧ ਦੇ ਅਧੀਨ ਹੋਣ ਕਰਕੇ ਏਹ ਉਨ੍ਹਾਂ ਦਾ ਬੇਨਿਯਮਾ ਵਿਉਹਾਰ ਹੈ। ਜੇਕਰ ਉਨ੍ਹਾਂ ਦੀ ਨਵਿਰਤੀ ਵਾਲੀ ਪ੍ਰਾਰਬਧ ਹੋਵੇ ਤਾਂ ਉਹ ਹੱਥ ਵਿਚ ਤੁੰਬੀ ਫੜ ਕੇ ਸੁਕਦੇਵ ਵਾਂਗੂੰ ਬਨ ਨੂੰ ਨਿਕਲ ਜਾਂਦੇ ਹਨ। ਜੇ ਉਨ੍ਹਾਂ ਦੀ ਪਰਵਿਰਤੀ ਵਾਲੀ ਪ੍ਰਾਰਬਧ ਹੋਵੇ ਤਾਂ ਉਹ ਰਾਜ ਤਖਤ ਉਤੇ ਬੈਠ ਕੇ ਰਾਜੇ ਜਨਕ ਵਾਗੂੰ ਹੁਕਮ ਹਾਸਲ ਕਰਦੇ ਹਨ।

ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥ ੩ ॥

ਮਹਾਤਮਾਂ ਦੀ ਦੇਹ ਰੂਪੀ ਬੂਡੀ=ਗੁੱਡੀ ਨੂੰ ਪ੍ਰਾਰਬਧ ਰੂਪੀ ਪੌਣ ਦਸੋਂ ਦਿਸ਼ਾਂ ਵਿਚ ਝੁਲਾਂਵਦੀ ਹੈ, ਪਰ

ਉਨ੍ਹਾਂ ਗਿਆਨੀਆਂ ਦੀ ਲਿਵ ਰੂਪੀ ਡੋਰੀ ਪਰਮੇਸ਼ਰ ਵਿਚ ਲਗੀ ਰਹਿੰਦੀ ਹੈ। ਪਰਵਿਰਤੀ ਤੇ ਨਵਿਰਤੀ ਪੱਖ ਹੋਣ ਕਰਕੇ ਜੀਵਨ ਮੁਕਤੀ ਦੇਂ ਅਨੰਦ ਵਿਚ ਫਰਕ ਰਹਿੰਦਾ ਹੈ ਪਰੰਤੂ ਵਿਦੇਹ ਮੁੱਕਤੀ ਦਾ ਅਨੰਦ ਦੋਹਾਂ ਗਿਆਨੀਆਂ ਨੂੰ ਇਕੋ ਜੇਹਾ ਹੁੰਦਾ ਹੈ।

ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ॥

ਉਨ੍ਹਾਂ ਦਾ ਮਨ ਮਨੂਆ=ਮਨੋਂਤ ਵਲੋਂ ਹਟਕੇ ਉਨਮਨਿ=ਤੁਰੀਆ ਪਦ ਜੋ ਸੁੰਨਿ=ਅਫੁਰ ਹੈ ਤਿਸ ਵਿਚ ਸਮਾਇਆ ਹੈ। ਦੁਬਿਧਾ ਦੇ ਸਹਿਤ ਖੋਟੀ ਬੁੱਧੀ ਭਜ ਗਈ ਹੈ।

ਕਹੁ ਕਬੀਰ ਅਨਭਉ ਇਕੁ ਦੇਖਿਆ
ਰਾਮ ਨਾਮਿ ਲਿਵ ਲਾਗੀ॥ ੪॥ ੨॥ ੪੬॥

ਕਬੀਰ ਜੀ ਕਥਨ ਕਰਦੇ ਹਨ-ਜਿਨ੍ਹਾਂ ਦੀ ਰਾਮ ਨਾਮ ਵਿਚ ਲਿਵ ਲਗੀ ਹੈ ਉਹਨਾਂ ਨੇ ਇਕ ਅਨਭਉ=ਗਿਆਨ ਰੂਪ ਪਰਮੇਸ਼ਰ ਨੂੰ ਦੇਖਿਆ ਹੈ॥ ੪॥ ੨॥ ੪੬॥

ਗਉੜੀ ਬੈਰਾਗਣਿ ਤਿਪਦੇ॥

ਉਥਾਨਕਾ-ਇਕ ਬੈਰਾਗੀ ਨੇ ਆ ਕੇ ਬੇਨਤੀ ਕੀਤੀ ਕਿ ਪਰਮੇਸ਼ਰ ਦੀ ਪਰਾਪਤੀ ਦਾ ਰਸਤਾ ਕਿਹੜਾ ਹੈ? ਕਬੀਰ ਜੀ ਨੇ ਕਿਹਾ-ਉਹਦੀ ਪ੍ਰਾਪਤੀ ਦੇ ਦੋ ਰਸਤੇ ਹਨ, ਇਕ ਹਠ ਜੋਗ ਦੂਜਾ ਭਗਤੀ ਜੋਗ। ਤੂੰ ਕਿਸ ਰਸਤੇ ਚਲਿਆ ਚਾਹੁੰਦਾ ਹੈਂ? ਉਸ ਨੇ ਕਿਹਾ ਦੋਨੋਂ ਰਸਤੇ ਆਪ ਸ੍ਰਵਣ ਕਰਾਓ। ਸੋ ਕਬੀਰ ਜੀ ਪਹਿਲੇ ਹਠ ਜੋਗ ਦਾ ਰਸਤਾ ਦਸਦੇ ਹਨ-

ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ॥

ਗੁਦਾ ਰਾਹੀਂ ਜਾ ਰਹੀ ਅਪਾਨ ਵਾਯੂ ਨੂੰ ਉਲਟਾ ਕੇ ਦਸਮ ਦੁਆਰ ਦੀ ਤਰਫ ਲਿਜਾ ਕੇ *ਛੇ ਚਕ੍ਰ ਭੇਦੇ=ਵਿੰਨ੍ਹ ਦੇਵੇ ਤਾਂ ਸੁਰਤਿ=ਗਿਆਨ, ਵਾ:-ਬਿਰਤੀ ਸੁੰਨ=ਅਫੁਰ ਪਦ ਵਿਚ ਅਨਰਾਗੀ=ਪ੍ਰੇਮ ਵਾਲੀ ਹੁੰਦੀ ਹੈ।

ਦੂਜਾ ਰਸਤਾ ਏਹ ਹੈ ਕਿ-ਸੰਸਾਰ ਵਲ ਜਾਂਦੇ ਹੋਏ ਪਵਨ=ਸੁਆਸਾਂ ਨੂੰ ਪਰਮੇਸ਼ਰ ਦੀ ਤਰਫ ਉਲਟਾ ਕੇ ਛੇ ਚਕ੍ਰ=ਪੰਜ ਕਾਮ ਆਦਿਕ ਤੇ ਇਕ ਮਨ ਇਨ੍ਹਾਂ ਨੂੰ ਵਿੰਨ੍ਹੇ ਭਾਵ ਕਾਬੂ ਕਰੇ, ਤਾਂ ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਸੁੰਨ=ਅਫੁਰ ਪਰਮਾਤਮਾ ਹੈ ਉਸ ਵਿਚ ਬਿਰਤੀ ਅਨਰਾਗੀ=ਪ੍ਰੇਮ ਵਾਲੀ ਹੁੰਦੀ ਹੈ।

ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ॥ ੧॥

ਜੋ ਪਰਮੇਸ਼ਰ ਨਾ ਆਉਂਦਾ ਜਾਂਦਾ ਹੈ ਅਤੇ ਨਾ ਹੀ ਜੰਮਦਾ ਮਰਦਾ ਹੈ, ਹੇ ਬੈਰਾਗੀ ! ਤੂੰ ਤਿਸ ਪਰਮਾਤਮਾ ਨੂੰ ਖੋਜਨਾ ਕਰ॥ ੧॥

---

*੧. ਮੂਲਾਧਾਰ (ਗੁਦਾ ਵਿਚ ਹੈ)
੨. ਸ੍ਵੈਧਿਸ਼ਠਾਨ ਚਕਰ (ਲਿੰਗ ਵਿਚ ਹੈ)
੩. ਮਣੀ ਪੂਰਕ ਚਕਰ (ਨਾਭੀ ਵਿਚ ਹੈ)
੪. ਅਨਾਹਤ ਚਰ (ਹਿਰਦੇ ਵਿਚ ਹੈ)
੫. ਵਿਸ਼ੁਧ ਚਕਰ (ਕੰਨ ਵਿਚ ਹੈ)
੬. ਆਗਜਾ ਚਕਰ (ਭਰਵੱਟਿਆਂ ਵਿਚ ਹੈ)

ਯਥਾ:- ਤਾਤ ਮਾਤ ਨ ਜਾਤ ਜਾਕਰਿ ਜਨਮ ਮਰਨ ਬਿਹੀਨ॥ ੨॥ (ਦਸਮ ਗ੍ਰੰਥ, ਪੰਨਾ ੫)

ਮੇਰੇ ਮਨ ਮਨ ਹੀ ਉਲਟਿ ਸਮਾਨਾ॥

ਪਹਿਲੇ ਮੈਂ ਭੀ ਭਟਕਦਾ ਫਿਰਦਾ ਸੀ। ਹੁਣ ਮੇਰੇ ਮਨ ਨੇ ਮਨ ਹੀਂ=ਮਨੌਤ ਵਲੋਂ ਉਲਟਕੇ ਪਰਮੇਸ਼ਰ ਵਿਚ ਸਮਾਉਣਾ ਕੀਤਾ ਹੈ।

ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ॥ ੧॥ ਰਹਾਉ॥

ਹੁਣ ਗੁਰਾਂ ਦੀ ਕਿਰਪਾ ਕਰਕੇ ਮੇਰੀ ਹੋਰ ਹੀ ਤਰ੍ਹਾਂ ਦੀ ਅਕਲ ਹੋ ਗਈ ਹੈ, ਨਾਤਰੁ=ਨਹੀਂ ਤਾਂ ਮੈਂ ਬੇਗਾਨਾ=ਬੇ ਗਿਆਤ ਵਾ:-ਬੇ ਗਾਨਾ=ਦ੍ਵੈਤ ਦੇ ਗਾਇਣ ਕਰਨ ਵਾਲਾ ਸੀ, ਵਾ:-ਬੇਗਾਨਾ=ਦੂਜਿਆਂ ਦੇ ਭਾਵ ਜਮਾਂ ਦੇ ਹਵਾਲੇ ਹੋਣੇ ਯੋਗ ਸੀ।

ਨਿਵਰੈ ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ॥

ਜਿਨ੍ਹਾਂ ਨੇ ਗੁਰਾਂ ਦਾ ਸਰੂਪ ਬ੍ਰਹਮ ਜੈਸਾ ਕਰਕੇ ਮੰਨਿਆ ਹੈ ਉਨ੍ਹਾਂ ਦੇ ਨਿਵਰੈ=ਨੇੜੇ ਜੋ ਕਾਮ ਆਦਿਕ ਦੂਤ ਸਨ ਉਹ ਦੂਰ ਹੋ ਗਏ, ਪੁਨਾ ਦੂਰ ਜੋ ਸਤ ਸੰਤੋਖ ਆਦੀ ਸ਼ੁਭ ਗੁਣ ਸਨ ਉਹ ਨਿਵਰੈ=ਨੇੜੇ ਰੋ ਗਏ।

ਵਾ:-ਜਿਨ੍ਹਾਂ ਨੇ ਗੁਰਾਂ ਦਾ ਸਰੂਪ ਮਨੁੱਖ ਜੈਸਾ ਕਰਕੇ ਮੰਨਿਆ ਹੈ ਕਿ ਜੈਸੇ ਅਸੀਂ ਹਾਂ ਤੈਸੇ ਗੁਰੂ ਸਾਹਿਬ ਜੀ ਹਨ, ਉਨ੍ਹਾਂ ਨੂੰ ਐਸੇ ਉਲਟਾ ਫਲ ਹੋਇਆ ਹੈ ਕਿ ਉਨ੍ਹਾਂ ਦੇ ਨੇੜੇ ਰਹਿਣ ਵਾਲੇ ਜੋ ਸਤ ਸੰਤੋਖ ਆਦੀ ਸ਼ੁਭ ਗੁਣ ਸਨ ਉਹ ਦੂਰ ਹੋ ਗਏ ਅਤੇ ਦੂਰ ਹੋਏ ਹੋਏ ਜੋ ਕਾਮ ਆਦਿਕ ਸਨ ਉਹ ਨੇੜੇ ਹੋ ਗਏ।

ਕਿਉਂਕਿ ਇਹ ਨਿਯਮ ਹੈ ਜੇਹੋ ਜੇਹਾ ਗੁਰਾਂ ਨੂੰ ਸਮਝੇਗਾ ਤੇਹੋ ਜੇਹਾ ਸੁਖ ਹੋਵੇਗਾ।

ਯਥਾ- ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ॥

ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ॥ (ਸਿਰੀਰਾਗੁ ਮਹਲਾ ੩, ਪੰਨਾ ੩੦)

ਤਥਾ- ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ॥ (ਪੰਨਾ ੫੯੦)

ਗੁਰੂ ਸਾਹਿਬ ਜੀ ਇੰਵ ਫੁਰਮਾਂਦੇ ਹਨ-

ਦੂਜਾ ਨਹੀ ਜਾਨੈ ਕੋਇ॥ ਸਤਗੁਰੁ ਨਿਰੰਜਨੁ ਸੋਇ॥

ਮਾਨੁਖ ਕਾ ਕਰਿ ਰੂਪੁ ਨ ਜਾਨੁ॥ ਮਿਲੀ ਨਿਮਾਨੇ ਮਾਨੁ॥ ੨॥ (ਰਾਮਕਲੀ ਮਹਲਾ ੫, ਪੰਨਾ ੮੯੫)

ਵਾ:-ਜਿਸ ਨੇ ਗੁਰਾਂ ਦਾ ਸਰੂਪ ਬ੍ਰਹਮ ਜੈਸਾ ਕਰਕੇ ਮੰਨਿਆ ਹੈ, ਉਸ ਦੇ ਨੇੜੇ ਜੋ ਅਨਾਤਮ ਵਿਚਾਰ ਸੀ ਉਹ ਦੂਰ ਹੋ ਗਿਆ ਅਤੇ ਦੂਰ ਜੋ ਆਤਮ ਵਿਚਾਰ ਸੀ ਉਹ ਨੇੜੇ ਹੋ ਗਿਆ। ਉਸ ਆਤਮ ਅਨੰਦ ਵਾਲੇ ਨੂੰ ਐਸਾ ਅਕਹਿ ਅਨੰਦ ਪ੍ਰਾਪਤ ਹੋਇਆ ਹੈ ਜੋ ਕਥਨ ਨਹੀਂ ਕੀਤਾ ਜਾਂਦਾ।

ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ॥ ੨॥

ਜੈਸੇ ਅਲਉਤੀ=ਗਲੋ ਦਾ ਬਰੇਡਾ=ਰਸ, ਸਤ ਤਿਆਰ ਹੁੰਦਾ ਹੈ, ਉਸ ਰਸ ਨੂੰ ਜਿਸਨੇ ਪੀਤਾ ਹੈ ਉਸ ਦੇ ਅਨੰਦ ਨੂੰ ਉਸੀ ਨੇ ਜਾਣਿਆ ਹੈ।

ਪ੍ਰਸ਼ਨ-ਗਲੋ ਤਾਂ ਕੌੜੀ ਹੁੰਦੀ ਹੈ ਉਸ ਦਾ ਅਨੰਦ ਕੀ ਆਉਣਾ ਹੈ?

ਉੱਤਰ-ਗਲੋ ਕੌੜੀ ਤਾਂ ਠੀਕ ਹੈ, ਪਰ ਉਸ ਵਿਚ ਜਿਹੜਾ ਗੁਣ ਹੈ ਰੋਗ ਦੀ ਨਵਿਰਤੀ ਦਾ, ਉਸ ਗੁਣ

ਨੂੰ ਓਹੀ ਜਾਣਦਾ ਹੈ ਜਿਹੜਾ ਉਸ ਗਲੋ ਦੇ ਰਸ ਨੂੰ ਪੀਂਦਾ ਹੈ।

ਅਥਵਾ:-ਜੈਸੇ ਅਲਉਤੀ=ਮਹੂਏ ਦੇ ਫੁਲਾਂ ਦੀ ਸ਼ਰਾਬ ਦਾ ਬਰੇਡਾ=ਪਿਆਲਾ ਭਰਿਆ ਹੋਇਆ ਹੋਵੇ, ਉਸ ਸ਼ਰਾਬ ਨੂੰ ਜਿਸਨੇ ਪੀਤਾ ਹੈ ਉਸ ਦੀ ਮਸਤੀ ਦੇ ਅਨੰਦ ਨੂੰ ਉਸੀ ਨੇ ਜਾਣਿਆ ਹੈ।

ਅਥਵਾ:-ਜੈਸੇ ਮੁਲਤਾਨੀ ਅਲਉਤੀ=ਮਿਸ਼ਰੀ ਦਾ ਬਰੇਡਾ=ਸ਼ਰਬਤ ਤਿਆਰ ਹੁੰਦਾ ਹੈ। ਸਾਵਣ ਦੇ ਦਿਨਾਂ ਵਿਚ ਨਿਕੀਆਂ ਨਿਕੀਆਂ ਬੂੰਦਾਂ ਪੈਂਦੀਆਂ ਹੋਣ ਤੇ ਸਵਾ ਗਜ ਮਲਮਲ ਦੇ ਚਾਰੇ ਕੋਨੇ ਬੰਨ੍ਹਕੇ ਵਿਚ ਮਿਸ਼ਰੀ ਰਖੀ ਜਾਵੇ ਤੇ ਹੇਠਾਂ ਮਿੱਟੀ ਦਾ ਕੋਰਾ ਭਾਂਡਾ ਪਿਆ ਹੋਵੇ ਉਸ ਦੇ ਵਿਚ ਜੋ ਸ਼ਰਬਤ ਦੀਆਂ ਬੂੰਦਾਂ ਪੈ ਕੇ ਇਕੱਠੀਆਂ ਹੁੰਦੀਆਂ ਹਨ ਉਸ ਸ਼ਰਬਤ ਨੂੰ ਜਿਸ ਨੇ ਪੀਤਾ ਹੈ ਉਸ ਦੇ ਮਿਠਾਸ ਅਤੇ ਠੰਢਕ ਦੇ ਅਨੰਦ ਨੂੰ ਉਸੀ ਨੇ ਜਾਣਿਆ ਹੈ॥ ੨॥

ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ॥

ਤਿਸ ਨਿਰਗੁਣ ਬ੍ਰਹਮ ਦੀ ਕਥਾ ਜਿਸ ਦੇ ਸਾਥ ਕਥਨ ਕਰੀਏ ਕਿਉਂਕਿ ਐਸਾ ਕੋਈ ਕੋਈ ਵਿਵੇਕੀ ਹੈ ਭਾਵ ਦੁਰਲੱਭ ਪੁਰਖ ਹੈ।

ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ॥੩॥੩॥੪੭॥

ਕਬੀਰ ਜੀ ਕਥਨ ਕਰਦੇ ਹਨ-ਜਿਸ ਜਿਸ ਪੁਰਸ਼ ਨੇ ਜੈਸਾ ਜੈਸਾ ਪ੍ਰੇਮ ਰੂਪ ਪਲੀਤਾ ਦਿੱਤਾ ਹੈ ਤਿਸ ਨੇ ਤੈਸੀ ਹੀ ਝਲ=ਪ੍ਰਕਾਸ਼ਤਾ ਦੇਖੀ ਹੈ॥ ੩॥ ੩॥ ੪੭॥

ਯਥਾ- ਪ੍ਰੇਮ ਪਲੀਤਾ ਸੁਰਤਿ ਹਵਾਈ ਗੱਲਾ ਗਿਆਨੁ ਚਲਾਇਆ॥ *(ਪੰਨਾ ੧੧੬੧)*

ਗਉੜੀ॥

ਉਥਾਨਕਾ-ਜਿੰਸ ਵੇਲੇ ਕਬੀਰ ਜੀ ਦੇ ਗੁਰੂ ਰਾਮਾਨੰਦ ਜੀ ਸੰਸਾਰ ਤੋਂ ਚਲਾਣਾ ਕਰ ਗਏ ਤਾਂ ਸਿਖਾਂ ਨੇ ਬੇਨਤੀ ਕੀਤੀ ਕਿ ਆਪ ਜੀ ਦੇ ਗੁਰੂ ਪੰਜਭੂਤਕ ਦੇਹ ਨੂੰ ਤਿਆਗਕੇ ਕਿਸ ਜਗ੍ਹਾ ਜਾ ਕੇ ਸਮਾਏ ਹਨ? *ਉੱਤਰ-*

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥

ਤਿਸ ਜਗ੍ਹਾ ਮੇਰੇ ਗੁਰੂ ਜਾ ਕੇ ਸਮਾਏ ਹਨ ਜਿਸ ਬ੍ਰਹਮ ਵਿਚ ਪਾਵਸ ਆਦਿਕ ਛੇ ਰੁੱਤਾਂ ਸੱਤ ਸਮੁੰਦਰ, ਅਤੇ ਧੁੱਪ ਛਾਂ ਵਗੈਰਾ ਕੋਈ ਨਹੀਂ, ਵਾ-ਧੂਪ=ਤਮੋਗੁਣ ਨਹੀਂ, ਛਹੀਆ=ਸ਼ਾਂਤੀ ਹੈ। ਵਾ:-ਧੂਪ=ਪ੍ਰਕਾਸ਼ ਹੀ ਹੈ। ਛਹੀਆ=ਜੜ੍ਹਤਾ ਨਹੀਂ ਅਤੇ ਜਿਸ ਬ੍ਰਹਮ ਵਿਚ ਉਤਪਤੀ ਤੇ ਪਰਲੋ ਭੀ ਨਹੀਂ ਹੈ।

ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥੧॥

ਜਿਉਣਾ ਮਰਨਾ ਅਤੇ ਦੁਖ ਸੁਖ ਜਿਸਦੇ ਵਿਚ ਨਹੀਂ ਵਿਆਪਦੇ, ਸੁੰਨ ਸਮਾਧਿ=ਨਿਰ ਵਿਕਲਪ ਸਮਾਧੀ ਤੇ ਸਾਵਿਕਲਪ ਸਮਾਧੀ ਇਹ ਦੋਨੋਂ ਜਿਸ ਵਿਚ ਨਹੀਂ ਹਨ, ਮੇਰੇ ਗੁਰੂ ਤਿਸ ਬ੍ਰਹਮ ਦੇ ਵਿਚ ਸਮਾਏ ਹਨ॥ ੧॥

ਸਹਜ ਕੀ ਅਰਥ ਕਥਾ ਹੈ ਨਿਰਾਰੀ॥

ਸਹਜ=ਗਿਆਨ ਸਰੂਪ ਪਰਮਾਤਮਾ ਦੀ ਕਥਾ ਅਕੱਥ ਹੈ ਅਤੇ ਸਭ ਤੋਂ ਨਿਰਾਰੀ=ਨਿਰਾਲੀ ਹੈ।

ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥੧॥ਰਹਾਉ॥

ਤਕੜੀ ਉੱਤੇ ਚੜ੍ਹਕੇ ਤੁਲਦੀ ਨਹੀਂ ਅਤੇ ਮੁਕ ਭੀ ਨਹੀਂ ਜਾਂਦੀ, ਨਾ ਹੀ ਹਲਕੀ ਲਗਦੀ ਹੈ ਨਾ ਹੀ ਭਾਰੀ ਲਗਦੀ ਹੈ। ਕਿਉਂਕਿ ਉਸ ਵਿਚ ਦੁੰਦਵਾਦ ਨਹੀਂ ਹੈ। ਵਾ:-ਆਪਣਾ ਆਪ ਰੂਪ ਹੋਣ ਕਰਕੇ ਹਲਕੀ ਭਾਰੀ ਨਹੀਂ ਲਗਦੀ। ਜੇ ਆਪਣੇ ਆਪ ਤੋਂ ਭਿੰਨ ਹੋਵੇ ਤਾਂ ਹਲਕੀ ਭਾਰੀ ਲੱਗੇ।

ਵਾ:-ਬੁੱਧੀ ਰੂਪੀ ਤਕੜੀ ਵਿਚ ਚੜ੍ਹ ਕੇ ਵਿਚਾਰ ਰੂਪ ਵੱਟੇ ਦੁਆਰਾ ਤੁਲਦੀ ਨਹੀਂ ਮੁਕ ਵੀ ਨਹੀਂ ਜਾਂਦੀ। ਹਲਕੀ ਨਹੀਂ, ਭਾਰੀ ਲਗਦੀ ਹੈ ਕਿਉਂਕਿ ਹਰ ਏਕ ਮਨੁੱਖ ਇਸ ਨੂੰ ਧਾਰਨ ਨਹੀਂ ਕਰ ਸਕਦਾ।

ਵਾ:-ਹਲਕੀ ਹੈ, ਭਾਰੀ ਨਹੀਂ ਲਗਦੀ ਕਿਉਂਕਿ ਅੰਤਹਕਰਣ ਰੂਪ ਪ੍ਰਛਿੰਨ ਜਗ੍ਹਾ ਪਰ ਇਸਥਿਤ ਹੈ।

ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ॥

ਜਿਸ ਬ੍ਰਹਮ ਵਿਚ ਅਰਧ ਉਰਧ=ਜੀਵ ਈਸ਼ਵਰ, ਪਤਾਲ ਅਕਾਸ਼, ਵਾ:-ਲੋਕ ਪਰਲੋਕ ਇਨ੍ਹਾਂ ਦੋਹਾਂ ਦੀ ਕਲਪਣਾ ਨਹੀਂ ਹੈ ਤਿਸ ਬ੍ਰਹਮ ਵਿਚ ਮੇਰੇ ਗੁਰੂ ਸਮਾਏ ਹਨ ਅਤੇ ਰਾਤ ਦਿਨ ਦੀ ਕਲਪਨਾ ਵੀ ਜਿਸ ਬ੍ਰਹਮ ਵਿਚ ਨਹੀਂ ਹੈ ਤਿਸ ਵਿਚ ਮੇਰੇ ਗੁਰੂ ਸਮਾਏ ਹਨ।

ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ॥ ੨॥

ਜਿਸ ਬ੍ਰਹਮ ਵਿਚ ਜਲ ਤੇ ਪੌਣ ਦੀ ਕਲਪਣਾ ਨਹੀਂ, ਪੁਨਾ ਪਾਵਕੁ=ਅਗਨੀ ਤਤ ਦੀ ਵੀ ਕਲਪਣਾ ਨਹੀਂ।

ਵਾ:-ਜਲੁ ਪਵਨੁ ਪਾਵਕੁ=ਸਤੋ, ਰਜੋ, ਤਮੋ, ਇਨ੍ਹਾਂ ਤਿੰਨਾਂ ਗੁਣਾਂ ਦੀ ਕਲਪਣਾ ਜਿਸ ਵਿਚ ਨਹੀਂ ਹੈ, ਤਿਸ ਬ੍ਰਹਮ ਦੇ ਵਿਚ ਮੇਰੇ ਸਤਿਗੁਰੂ ਰਾਮਾਨੰਦ ਜੀ ਸਮਾਏ ਹਨ॥ ੨॥

ਯਥਾ- ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ॥

ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ॥ ੩॥ *(ਪੰਨਾ ੮੮੩)*

ਦੂਜਾ ਪਰਕਰਣ ਇਸ ਤਰ੍ਹਾਂ ਭੀ ਕਥਨ ਕਰਦੇ ਹਨ ਕਿ-ਪਰਮੇਸ਼ਰ ਦੀ ਪਰਾਪਤੀ ਦੇ ਦੋ ਪੱਖ ਹਨ, ਇਕ ਵਿਧੀ ਪੱਖ, ਦੂਜਾ ਨਿਖੇਧ ਪੱਖ। ਜਿਵੇਂ ਇਕ ਪੁਰਸ਼ ਤੁਰਦਾ ਫਿਰਦਾ ਓਥੇ ਜਾ ਪਹੁੰਚਾ ਜਿਥੇ ਚਰਾਵਾ ਗਊਆਂ ਚਰਾ ਰਿਹਾ ਸੀ ਉਥੇ ਜਾ ਕੇ ਬੜੀ ਕੋਸ਼ਿਸ਼ ਕੀਤੀ ਪਰ ਉਸ ਨੂੰ ਆਪਣੀ ਗਊ ਦਾ ਪਤਾ ਨਾ ਲੱਗਾ, ਜਦ ਉਸਨੇ ਗੁਆਲੇ ਤੋਂ ਪੁਛਿਆ ਕਿ ਮੇਰੀ ਗਊ ਕਿਹੜੀ ਹੈ ਤਾਂ ਝਟ ਉਸਨੇ ਸਿੰਙਾਂ ਤੋਂ ਫੜਕੇ ਦਸ ਦਿਤਾ ਕਿ ਤੇਰੀ ਗਊ ਏਹ ਹੈ।

ਏਸੇ ਤਰ੍ਹਾਂ ਜਦ ਜਗਿਆਸੂ ਨੇ ਗੁਰਾਂ ਤੋਂ ਪੁਛਿਆ ਕਿ ਬ੍ਰਹਮ ਕੌਣ ਹੈ? ਤਾਂ ਗੁਰਾਂ ਨੇ ਵਿਧੀ ਪੱਖ ਸੇ ਉਪਦੇਸ਼ ਦਿਤਾ ਕਿ ਜੋ ਸਤ ਚਿਤ ਅਨੰਦ ਸਰੂਪ ਹੈ ਓਹੀ ਬ੍ਰਹਮ ਹੈ। ਇਹ ਵਿਧੀ ਪੱਖ ਦਾ ਉਪਦੇਸ਼ ਹੈ ਅਤੇ ਜੋ ਬਚਨ ਸਭ ਦਾ ਨਿਖੇਧ ਕਰਕੇ ਬਾਕੀ ਰਹੀ ਵਸਤੂ ਦਾ ਬੋਧਨ ਕਰੇ, ਉਹ ਨਿਖੇਧ ਪੱਖ ਹੈ। ਜੈਸੇ ਅਨੇਕਾਂ ਸੂਰਮੇਂ ਰਾਜੇ ਸ਼੍ਰੀਖੇ ਪਹਿਰਾਵੇ ਨੂੰ ਧਾਰਕੇ ਜਾ ਰਹੇ ਸਨ, ਤਾਂ ਰਸਤੇ ਵਿਚ ਕਿਸੀ ਪੁਰਸ਼ ਨੇ ਪੁਛਿਆ ਇਨ੍ਹਾਂ ਸਭ ਪੁਰਸ਼ਾਂ ਵਿਚੋਂ ਰਾਜਾ ਕੌਣ ਹੈ? ਉਸ ਦਾ ਬਚਨ ਸੁਣ ਕੇ ਦਸਣ ਵਾਲੇ ਨੇ ਕਿਹਾ ਕਿ-ਜਿਸ ਦੇ ਹੱਥ ਵਿਚ ਸੋਨੇ ਚਾਂਦੀ ਦੀਆਂ ਸੋਟੀਆਂ ਹਨ ਉਹ ਭੀ ਰਾਜਾ ਨਹੀਂ। ਜਿਸ ਦੇ ਹੱਥ ਵਿਚ ਛਤ੍ਰ ਚਮਰ ਹੈ ਉਹ ਭੀ ਰਾਜਾ ਨਹੀਂ। ਜੋ ਇਨ੍ਹਾਂ ਸਭਨਾਂ ਤੋਂ ਬਾਕੀ ਰਿਹਾ ਹੈ ਉਹ ਰਾਜਾ ਹੈ। ਐਸੇ ਹੀ ਜਦ ਜਗਿਆਸੂ ਨੇ ਪੁਛਿਆ ਕਿ ਬ੍ਰਹਮ ਕੌਣ ਹੈ? ਤਾਂ ਗੁਰਾਂ ਨੇ ਕਿਹਾ ਕਿ ਜਿਸ ਵਿਚ ਰੂਪ ਰੇਖ ਹੈ ਉਹ ਭੀ ਪਰਮੇਸ਼ਰ ਨਹੀਂ ਹੈ। ਜਿਸ ਵਿਚ ਰੰਗ ਭੇਖ ਹੈ ਉਹ ਭੀ ਪਰਮਾਤਮਾ

ਨਹੀਂ ਹੈ। ਜਿਸ ਵਿਚ ਚਾਰ ਵਰਨ, ਚਾਰ ਆਸ਼ਰਮ ਤੇ ਗੁਣ ਕਿਰਿਆ ਵਗੈਰਾ ਹਨ ਉਹ ਭੀ ਪਰਮੇਸ਼ਰ ਨਹੀਂ ਹੈ। ਏਸੇ ਤਰ੍ਹਾਂ ਨਿਖੇਧ ਪੱਖ ਸੇ ਕਬੀਰ ਜੀ ਉਪਦੇਸ਼ ਕਰਦੇ ਹਨ-

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥

ਜਿਸ ਵਿਚ ਪਾਵਸ ਆਦਿ ਛੇ ਰੁਤਾਂ ਹਨ ਉਹ ਭੀ ਬ੍ਰਹਮ ਨਹੀਂ ਹੈ। ਜਿਸ ਵਿਚ ਸੱਤ ਸਮੁੰਦਰ ਹਨ ਉਹ ਭੀ ਬ੍ਰਹਮ ਨਹੀਂ ਹੈ, ਜਿਸ ਵਿਚ ਧੁੱਪ ਛਾਂ ਹੈ ਉਹ ਭੀ ਬ੍ਰਹਮ ਨਹੀ ਹੈ। ਜਿਸ ਵਿਚ ਉਤਪਤੀ ਪਰਲੋ ਹੈ ਉਹ ਭੀ ਬ੍ਰਹਮ ਨਹੀਂ ਹੈ। ਇਸ ਢੰਗ ਨਾਲ ਸਾਰਾ ਅਰਥ ਕਰ ਲੈਣਾ। ਦੂਜੀ ਰੀਤੀ ਇਹ ਭੀ ਹੈ ਤਿਸ ਬ੍ਰਹਮ ਵਿਚ ਪਾਵਸ ਆਦਿਕ ਖਟ ਰੁਤਾਂ ਸੱਤ ਸਮੁੰਦਰ ਤੇ ਧੁੱਪ ਛਾਂ ਵਗੈਰਾ ਕੋਈ ਨਹੀਂ, ਤਿਸ ਬ੍ਰਹਮ ਵਿਚ ਉਤਪਤੀ ਪਰਲੋ ਭੀ ਨਹੀਂ ਹੈ।

ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥ ੧॥

ਜੰਮਣਾ ਮਰਨਾ ਦੁਖ ਸੁਖ ਕੋਈ ਭੀ ਨਹੀਂ ਵਿਆਪਦਾ, ਨਿਰਵਿਕਲਪ ਤੇ ਸਾਵਿਕਲਪ ਸਮਾਧੀ ਦੋਨੋਂ ਤਿਸ ਬ੍ਰਹਮ ਵਿਚ ਨਹੀਂ ਹਨ। ਹੋਰ ਸਭ ਤੁਕਾਂ ਦਾ ਅਰਥ ਓਹੀ ਹੈ।

ਸਤਿਗੁਰ ਤਹਾ ਸਮਾਹੀ॥ ੨॥

ਸਤਿਗੁਰੂ ਤੇ ਚੇਲਾ ਭਾਵ ਏਹ ਭੀ ਤਿਸ ਬ੍ਰਹਮ ਵਿਚ ਸਮਾਹੀ=ਅਭਾਵ ਹਨ॥ ੨॥

ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ॥

ਜੋ ਮਨ ਦੀ ਪਹੁੰਚ ਤੋਂ ਅਗਮ ਤੇ ਅਗੋਚਰੁ ਕਹੀਏ ਇੰਦ੍ਰੀਆਂ ਦੇ ਵਿਸ਼ੇ ਤੋਂ ਰਹਿਤ, ਨਿਰੰਤਰਿ=ਇਕਰਸ ਸਾਰੇ ਰਹਿੰਦਾ ਹੈ, ਉਹ ਪਰਮੇਸ਼ਰ ਗੁਰਾਂ ਦੀ ਕਿਰਪਾ ਨਾਲ ਲਹੀਐ=ਜਾਣਿਆ ਜਾਂਦਾ ਹੈ।

ਕਹੁ ਕਬੀਰ ਬਲਿ ਜਾਉ ਗੁਰ ਅਪੁਨੇ
ਸਤਸੰਗਤਿ ਮਿਲਿ ਰਹੀਐ॥ ੩॥ ੪॥ ੪੮॥

ਕਬੀਰ ਜੀ ਕਹਿੰਦੇ ਹਨ-ਭਾਂ ਤੇ ਆਪਣੇ ਗੁਰਾਂ ਤੋਂ ਬਲਿਹਾਰ ਕੁਰਬਾਨ ਜਾਣਾ ਕਰੋ ਅਤੇ ਸਤਸੰਗਤ ਵਿਚ ਮਿਲ ਕੇ ਰਹਿਣਾ ਕਰੋ॥ ੩॥ ੪॥ ੪੮॥

ਗਉੜੀ

ਉਥਾਨਕਾ-ਕਬੀਰ ਜੀ ਪਾਸ ਵਣਜਾਰਿਆਂ ਨੇ ਆ ਕੇ ਕਿਹਾ ਕਿ ਭਗਤ ਜੀ ! ਆਪ ਸਾਨੂੰ ਬੈਲ ਖਰੀਦ ਦਿਉ, ਉਨ੍ਹਾਂ ਰਾਹੀਂ ਸਾਰਾ ਕੰਮ ਕਾਰ ਅਸੀਂ ਆਪ ਕਰਾਂਗੇ, ਤੁਹਾਨੂੰ ਕਿਸੇ ਕਿਸਮ ਦਾ ਫਿਕਰ ਨਹੀਂ ਹੋਣ ਦਿਆਂਗੇ ਜੋ ਆਮਦਨ ਆਵੇਗੀ ਉਹ ਸਾਰੀ ਆਪ ਜੀ ਦੇ ਅਗੇ ਲਿਆ ਰਖਾਂਗੇ ਉਸ ਵਿਚੋਂ ਕੁਝ ਸਾਡੇ ਗੁਜਾਰੇ ਵਾਸਤੇ ਸਾਨੂੰ ਦੇ ਦੇਣੀ ਬਾਕੀ ਸੰਤਾਂ ਦੇ ਲੰਗਰ ਵਾਸਤੇ ਆਪਣੇ ਪਾਸ ਰਖ ਲੈਣੀ। ਇਹ ਗੱਲ ਸੁਣ ਕੇ ਕਬੀਰ ਨੇ ਕਿਹਾ-ਹੇ ਭਾਈ ! ਤੁਹਾਡੇ ਆਖਣ ਤੋਂ ਪਹਿਲਾਂ ਹੀ ਅਸਾਂ ਤੁਸਾਂ ਸਾਰਿਆਂ ਨੇ ਆਪੋ ਆਪਣੇ ਬੈਲ ਖਰੀਦੇ ਹੋਏ ਹਨ।

ਹੁਣ ਪਹਿਲਾ ਅਰਥ ਸੁਣੋ-

ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ॥

ਦੋ ਜੋ ਪਾਪ ਪੁੰਨ ਹਨ ਇਨ੍ਹਾਂ ਦੁਆਰੇ ਸਭਨਾਂ ਨੇ ਸਰੀਰਾਂ ਰੂਪੀ ਬੈਲ ਬਿਸਾਹੇ=ਖਰੀਦੇ ਹੋਏ ਹਨ। ਕਿਉਂਕਿ ਤਮਾਮ ਸਰੀਰਾਂ ਦੀ ਉਤਪਤੀ ਪਾਪ ਪੁੰਨ ਦੁਆਰਾ ਹੀ ਹੁੰਦੀ ਹੈ।

ਯਥਾ- ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ॥ *(ਪੰਨਾ ੧੨੬)*

ਪੁੰਨ ਥੋੜ੍ਹੇ ਹੋਣ ਤੇ ਪਾਪ ਬਹੁਤੇ ਹੋਵਣ ਤਾਂ ਪਸ਼ੂ ਸਰੀਰ ਦੀ ਪ੍ਰਾਪਤੀ ਹੁੰਦੀ ਹੈ। ਜੇਕਰ ਪੁੰਨ ਬਹੁਤੇ ਹੋਣ ਤੇ ਪਾਪ ਥੋੜ੍ਹੇ ਹੋਵਣ ਤਾਂ ਦੇਵ ਸਰੀਰ ਦੀ ਪ੍ਰਾਪਤੀ ਹੁੰਦੀ ਹੈ। ਜੇਕਰ ਪਾਪ ਪੁੰਨ ਦੋਨੋਂ ਇਕ ਸਮਾਨ ਹੋਣ ਤਾਂ ਮਨੁੱਖ ਸਰੀਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਚੰਗੀ ਮਾੜੀ ਵਸਤੂ ਦੇ ਖਰੀਦਣ ਵਾਸਤੇ ਹਰ ਇਕ ਦੇ ਪਾਸ ਪਵਨੁ=ਸਵਾਸਾਂ ਰੂਪੀ ਪੂੰਜੀ ਪਰਗਾਸਿਓ=ਪ੍ਰਗਟ ਹੀ ਹੈ।

ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ॥੧॥

ਘਟ ਰੂਪੀ ਗੂਣਿ=ਬੋਰੀ ਦੇ ਵਿਚ ਕਿਸੀ ਨੇ ਚੰਗੀ ਤੇ ਕਿਸੇ ਨੇ ਮਾੜੀ ਤ੍ਰਿਸ਼ਨਾਂ ਰੂਪੀ ਵਸਤੂ ਭਰੀ ਹੋਈ ਹੈ, ਪਰੰਤੂ ਅਸਾਂ ਨੇ ਤਾਂ ਘਟ ਰੂਪੀ ਗੂਣ ਦੇ ਵਿਚ ਸ੍ਰੇਸ਼ਟ ਤ੍ਰਿਸ਼ਨਾਂ ਰੂਪੀ ਵਸਤੂ ਭਰੀ ਹੋਈ ਹੈ। ਇਹ ਵਿਧੀ ਹੈ ਟਾਂਡੇ ਦੇ ਬਿਸਾਹਿਓ=ਖਰੀਦਣ ਦੀ ॥ ੧॥

ਪੁਨਾ-ਵਣਜਾਰਿਆਂ ਨੇ ਕਿਹਾ-ਅਸਾਡੇ ਮੱਤ ਵਿਚ ਇਕ ਨਾਇਕ ਹੁੰਦਾ ਹੈ ਜਿਸ ਪਾਸੋਂ ਰੁਪਿਆ ਲੈ ਕੇ ਅਸੀਂ ਵਣਜ ਕਰਦੇ ਹਾਂ, ਆਪ ਜੀ ਦੇ ਮੱਤ ਵਿਚ ਨਾਇਕ ਕੌਣ ਹੈ? *ਉੱਤਰ-*

ਐਸਾ ਨਾਇਕੁ ਰਾਮੁ ਹਮਾਰਾ॥ਸਗਲ ਸੰਸਾਰੁ ਕੀਓ ਬਨਜਾਰਾ॥੧॥ਰਹਾਉ॥

ਇਕ ਰਾਮ ਪਰਮੇਸ਼ਰ ਹੀ ਅਸਾਡਾ ਐਸਾ ਨਾਇਕ ਹੈ ਜਿਸ ਨੇ ਸਾਰੇ ਸੰਸਾਰ ਨੂੰ ਆਪਣਾ ਵਣਜਾਰਾ ਕੀਤਾ ਹੋਇਆ ਹੈ॥ ੧॥ ਰਹਾਉ॥

ਜਿਸ ਵੇਲੇ ਵਣਜਾਰੇ ਸੌਦਾ ਖਰੀਦ ਕੇ ਚਲਦੇ ਹਨ ਤਾਂ ਰਾਹ ਵਿਚ ਚੁੰਗੀ ਪਰ ਜਗਾਤੀਏ ਜਗਾਤ ਲਗਾਂਵਦੇ ਹਨ ਅਤੇ ਰਾਹ ਵਿਚ ਕਈ ਦਫਾ ਠੱਗ ਵੀ ਮਿਲ ਪੈਂਦੇ ਹਨ। ਇਸ ਤਰਫ-

ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ॥

ਕਾਮ ਤੇ ਕਰੋਧ ਇਹ ਦੋਨੋਂ ਮਸੂਲੀਏ ਹੋਏ ਹਨ। ਜਿਸ ਵੇਲੇ ਜੀਵ ਪਰਮੇਸ਼ਰ ਦੀ ਤਰਫ ਚਲਦਾ ਹੈ ਤਾਂ ਇਸ ਦੇ ਕੁਛਕੁ ਪੁੰਨ ਤਾਂ ਕਾਮਦੇਵ ਨਸ਼ਟ ਕਰਦਾ ਹੈ ਅਤੇ ਕੁਛਕੁ ਪੁੰਨ ਕਰੋਧ ਨਾਸ ਕਰ ਦਿੰਦਾ ਹੈ, ਏਹੀ ਮਸੂਲ ਲੈਂਦੇ ਹਨ। ਤਰੰਗ=ਸੰਕਲਪਾਂ ਦੇ ਕਰਨ ਵਾਲਾ ਜੋ ਮਨ ਹੈ ਇਹ ਬਟਵਾਰਾ=ਰਾਹਮਾਰ ਠੱਗ ਭਾਵ ਧਾੜਵੀ ਹੈ।

ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ॥੨॥

ਜੈਸੇ ਪ੍ਰਤੱਖ ਕੋਈ ਵੱਡਾ ਅਫਸਰ ਰਾਹਦਾਰੀ ਲਿਖ ਦੇਵੇ ਤਾਂ ਫਿਰ ਮਸੂਲ ਨਹੀਂ ਲਗਦਾ। ਇਸੀ ਪ੍ਰਕਾਰ ਤਤਮਿਥਿਆ ਦੇ ਵਵੇਚਨ ਕਰਨ ਵਾਲੇ ਪੰਚ=ਸ੍ਰੇਸ਼ਟ ਮਹਾਤਮਾਂ ਮਿਲ ਜਾਣ ਤਾਂ ਉਹ ਰਿਖੀ ਦੰਡ, ਪਿਤਰ ਦੰਡ, ਦੇਵ ਦੰਡ, ਜਮ ਦੰਡ, ਸਭ ਨਿਬੇੜ ਦਿੰਦੇ ਹਨ। ਇਸ ਵਿਧੀ ਸੇ ਟਾਂਡਾ ਪਾਰ ਉਤਰ ਜਾਂਦਾ ਹੈ ਭਾਵ ਸਭ ਸਾਧਨ ਵਗੈਰਾ ਕੀਤੇ ਹੋਏ ਸਫਲ ਹੋ ਜਾਂਦੇ ਹਨ॥ ੨॥

ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ॥

ਕਬੀਰ ਜੀ ਕਥਨ ਕਰਦੇ ਹਨ-ਹੇ ਸੰਤ ਜਨੋਂ ! ਸੁਣਨਾ ਕਰੋ, ਹੁਣ ਮਨੁੱਖਾ ਜਨਮ ਦੇ ਵਿਚ ਐਸੀ ਵਾਰਤਾ

ਬਣ ਆਈ ਹੈ।

ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ॥ ੩ ॥ ੫ ॥ ੪੯ ॥

ਬ੍ਰਹਮ ਗਿਆਨ ਰੂਪੀ ਘਾਟੀ ਉੱਤੇ ਚੜ੍ਹਣ ਕਰ ਕੇ ਸਰੀਰ ਰੂਪੀ ਬੈਲ ਇਕ ਵਿਸ਼ਿਆਂ ਦੇ ਭੋਗਣ ਵਲੋਂ ਥਕ ਗਿਆ ਤੇ ਘਟ ਰੂਪੀ ਗੂਣ ਵਿਚੋਂ ਮੰਦ ਤ੍ਰਿਸ਼ਨਾਂ ਰੂਪੀ ਵਸਤੂ ਨੂੰ ਛੱਡ ਕੇ ਪਰਮਾਤਮਾ ਦੀ ਤਰਫ ਚਲਿਆ। ਇਹ ਅਰਥ ਜੀਵਨ ਮੁਕਤ ਅਵਸਥਾ ਵਾਲਾ ਹੈ।

ਵਾ:-ਬ੍ਰਹਮ ਗਿਆਨ ਰੂਪੀ ਘਾਟੀ ਤੇ ਚੜ੍ਹਣ ਕਰਕੇ ਇਕ ਅਸਥੂਲ ਸਰੀਰ ਰੂਪੀ ਬੈਲ ਥਕ ਗਿਆ ਭਾਵ ਮਿਰਤੂ ਹੋ ਗਿਆ ਅਤੇ ਸੂਖਮ ਸਰੀਰ ਦੇ ਕਾਰਨ ਸਰੀਰ ਰੂਪੀ ਗੂਣ ਨੂੰ ਵੀ ਛੱਡ ਕੇ ਚਲਿਆ ਭਾਵ ਵਿਦੇਹ ਮੁਕਤੀ ਕਾਲ ਵਿਚ ਤਿੰਨੇ ਸਰੀਰਾਂ ਦਾ ਅਭਾਵ ਹੋ ਗਿਆ॥ ੩ ॥ ੫ ॥ ੪੯ ॥

ਦੂਜਾ ਅਰਥ-

ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ॥

ਹਰ ਇਕ ਨੇ ਦੋ ਪਾਪਾਂ ਪੁੰਨਾਂ ਰੂਪੀ ਬੈਲ ਬਿਸਾਹੇ=ਖਰੀਦੇ ਹੋਏ ਹਨ।

ਯਥਾ:- ਕਿਆ ਮੁਹੁ ਲੈ ਕੀਚੈ ਅਰਦਾਸਿ॥ ਪਾਪੁ ਪੁੰਨੁ ਦੁਇ ਸਾਖੀ ਪਾਸਿ॥ ੨ ॥ *(ਪੰਨਾ ੩੫੧)*

ਅਤੇ ਹਰ ਇਕ ਦੇ ਪਾਸ ਪਰਗਾਸਿਓ=ਪ੍ਰਗਟ ਸ੍ਵਾਸਾਂ ਰੂਪੀ ਪੂੰਜੀ ਹੈ।

ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ॥ ੧ ॥

ਘਟ ਰੂਪ ਜਗ੍ਹਾ ਤੇ ਰਖ ਕੇ ਤ੍ਰਿਸ਼ਨਾਂ ਰੂਪੀ ਗੂਣ ਵਿਚ ਕਿਸੀ ਨੇ ਸ਼ੁਭ ਇੱਛਾ ਰੂਪੀ ਵਸਤੂ ਤੇ ਕਿਸੀ ਨੇ ਅਸ਼ੁਭ ਇੱਛਾ ਰੂਪੀ ਵਸਤੂ ਭਰੀ ਹੈ, ਇਸੀ ਵਿਧੀ ਸੇ ਟਾਂਡੇ ਨੂੰ ਖਰੀਦਿਆ ਹੈ।

ਐਸਾ ਨਾਇਕੁ ਰਾਮੁ ਹਮਾਰਾ॥ ਸਗਲ ਸੰਸਾਰੁ ਕੀਓ ਬਨਜਾਰਾ॥ ੧ ॥ ਰਹਾਉ ॥

ਉਹ ਰਾਮ ਹੀ ਸਾਡਾ ਐਸਾ ਨਾਇਕ ਹੈ ਜਿਸ ਨੇ ਸਾਰੇ ਸੰਸਾਰ ਨੂੰ ਵਣਜਾਰਾ ਕੀਤਾ ਹੋਇਆ ਹੈ।

ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ॥

ਕਾਮ ਤੇ ਕ੍ਰੋਧ ਇਹ ਦੋ ਮਸੂਲੀਏ ਹਨ। ਮਨ ਦੇ ਸੰਕਲਪ ਵਿਕਲਪ ਇਹ ਧਾੜਵੀ ਹਨ।

ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ॥ ੨ ॥

ਤਤੁ ਕਹੀਏ ਸੋ ਜੋ ਪੰਜ ਗੁਣ ਹਨ, ਸਤ ਸੰਤੋਖ ਧੀਰਜ ਧਰਮ ਵਿਚਾਰ ਇਨ੍ਹਾਂ ਨਾਲ ਮਿਲ ਜਾਵੇ ਤਾਂ ਸਭ ਦੰਡ ਨਿਬੜ ਜਾਂਦੇ ਹਨ। ਇਸ ਵਿਧੀ ਨਾਲ ਸ਼ੁਭ ਗੁਣਾਂ ਰੂਪੀ ਟਾਂਡਾ ਪਾਰ ਉਤਰ ਜਾਂਦਾ ਹੈ ਭਾਵ ਸ਼ੁਭ ਗੁਣ ਧਾਰੇ ਹੋਏ ਸਫਲ ਹੋ ਜਾਂਦੇ ਹਨ॥ ੨ ॥

ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ॥

ਕਬੀਰ ਜੀ ਕਹਿੰਦੇ ਹਨ-ਹੇ ਸੰਤ ਜਨੋਂ ! ਸੁਣਨਾ ਕਰੋ ਹੁਣ ਐਸੀ ਵਾਰਤਾ ਬਣ ਆਈ ਹੈ ਕਿ-

ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਰਈ ॥ ੩ ॥ ੫ ॥ ੪੯ ॥

ਪ੍ਰੇਮ ਰੂਪੀ ਘਾਟੀ ਉੱਤੇ ਚੜ੍ਹਣ ਕਰਕੇ ਪਾਪਾਂ ਰੂਪੀ ਇਕ ਬੈਲ ਥਕ ਗਿਆ ਅਤੇ ਤ੍ਰਿਸ਼ਨਾਂ ਰੂਪੀ ਗੂਣ ਨੂੰ ਅਸ਼ੁਭ ਇੱਛਾ ਰੂਪੀ ਵਸਤੂ ਦੇ ਸਹਿਤ ਛੱਡ ਕੇ ਚਲਿਆ ਕਿਉਂਕਿ ਪ੍ਰੇਮ ਕਰ ਕੇ ਹੀ ਸਾਰੇ ਕਾਰਜ ਰਾਸ ਆਉਂਦੇ

ਹਨ ਅਤੇ ਪ੍ਰੇਮ ਕਰ ਕੇ ਹੀ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

ਯਥਾ- ਸਾਚ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ॥ ੯॥

(ਦਸਮ ਗ੍ਰੰਥ, ਪੰਨਾ ੧੩)

ਤੀਜਾ ਅਰਥ:-

ਪ੍ਰਸ਼ਨ-ਜਨਮ ਮਰਨ ਦੇ ਦੇਣ ਵਾਲੇ ਜੋ ਪਾਪ ਪੁੰਨ ਹਨ ਇਹ ਪਾਪਾਂ ਪੁੰਨਾਂ ਰੂਪੀ ਦੋਨੋਂ ਬੈਲ ਕਿਸ ਤਰ੍ਹਾਂ ਬਿਸੱਤੇ ਹੋਣ? ਉੱਤਰ:-

ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂੰਜੀ ਪਰਗਾਸਿਓ॥ ੧॥

ਜਿਸ ਪਾਸ ਪਵਨੁ=ਪ੍ਰਣਵ ਓਅੰਕਾਰ ਦੀ ਉਪਾਸ਼ਨਾ ਰੂਪੀ ਪੂੰਜੀ ਪਰਗਾਸਿਓ=ਪਰਗਟ ਹੈ, ਉਸ ਨੇ ਦੋ ਪਾਪਾਂ ਪੁੰਨਾਂ ਰੂਪੀ ਬੈਲਾਂ ਨੂੰ ਬਿਸਾਹੇ=ਬਿਸੱਤਾ (ਸਾਹ ਸਤ ਤੋਂ ਬਿਨਾਂ) ਕਰ ਦਿਤਾ ਹੈ।

ਤ੍ਰਿਸਨਾ ਗੂਣਿ ਪਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ॥ ੧॥

ਘਟ ਰੂਪੀ ਗੂਣ ਦੇ ਭੀਤਰ ਜੋ ਤ੍ਰਿਸ਼ਨਾਂ ਰੂਪੀ ਵਸਤੂ ਭਰੀ ਹੋਈ ਸੀ। ਗੁਰਮੁਖਾਂ ਨੇ ਇਸ ਪ੍ਰਣਵ ਓਅੰਕਾਰ ਦੀ ਉਪਾਸ਼ਨਾ ਰੂਪੀ ਵਿਧੀ ਨਾਲ ਇਸ ਟਾਂਡੇ ਨੂੰ ਬਿਸਾਹਿਓ=ਬਿਸੱਤਾ (ਸਾਹ ਸਤ ਤੋਂ ਬਿਨਾਂ) ਕਰ ਦਿੱਤਾ ਹੈ।

ਐਸਾ ਨਾਇਕੁ ਰਾਮੁ ਹਮਾਰਾ॥

ਹਮਾਰਾ ਨਾਇਕੁ=ਸੁਆਮੀ ਜੋ ਰਾਮ ਹੈ ਉਸ ਦਾ ਨਾਮ ਐਸਾ ਸਮਰੱਥ ਹੈ।

ਜਿਸ ਨੇ ਉਸ ਦੇ ਨਾਮ ਨੂੰ ਜਪਿਆ ਹੈ:- ਸਗਲ ਸੰਸਾਰੁ ਕੀਓ ਬਨਜਾਰਾ॥ ੧॥ ਰਹਾਉ॥

ਉਸ ਨੇ ਸਾਰੇ ਸੰਸਾਰ ਬਨ ਨੂੰ ਜਾਰਾ=ਜਾਲਨਾ ਭਾਵ ਸਾੜਨਾ ਕੀਤਾ ਹੈ ਅਰਥਾਤ ਮਿਥਿਆ ਰੂਪ ਨਿਸਚੇ ਕੀਤਾ ਹੈ। ਕਾਮੁ ਕ੍ਰੋਧੁ ਦੁਇ ਭਏ ਜਗਾਤੀ

ਦੋ ਕਾਮ ਕ੍ਰੋਧ ਜੋ ਅੰਤਹਕਰਣ ਵਿਚ ਜ=ਉਤਪੰਨ ਹੋ ਰਹੇ ਸਨ ਉਹ ਗਾਤੀ=ਨਾਸ ਹੋ ਗਏ। ਮਨ ਤਰੰਗ ਬਟਵਾਰਾ॥

ਅਤੇ ਮਨ ਦਿਆਂ ਸੰਕਲਪਾਂ ਨੂੰ ਬਟ ਵਾਰਾ=ਰਸਤੇ ਵਿਚ ਹੀ ਵਰਜ ਦਿਤਾ ਹੈ।

ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ॥ ੨॥

ਪੰਜਾਂ ਤਤਾਂ ਦੀ ਰਹਿਣੀ ਨਾਲ ਮਿਲ ਕੇ ਦਾਨੁ=ਦੰਡ ਨੂੰ ਨਿਬੇੜ ਦਿਤਾ। ਇਸ ਵਜ੍ਹਾ ਨਾਲ ਸਰੀਰ ਰੂਪੀ ਟਾਂਡਾ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਿਆ॥ ੨॥

ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ॥

ਕਬੀਰ ਜੀ ਕਹਿੰਦੇ ਹਨ-ਹੇ ਸੰਤੋ ! ਸੁਣਨਾ ਕਰੋ, ਹੁਣ ਐਸੀ ਵਾਰਤਾ ਬਣ ਆਈ ਹੈ ਕਿ-ਘਾਟੀ ਚਢਤ ਬੈਲੁ ਇਕੁ ਥਾਕਾ

ਅਗਿਆਨੁ ਰੂਪੀ ਘਾਟੀ ਉਤੇ ਚੜ੍ਹਣ ਕਰ ਕੇ ਇਕ ਬ੍ਰਹਮ ਗਿਆਨ ਰੂਪੀ ਬੈਲ ਵੀ ਥਕ ਗਿਆ ਭਾਵ ਗਿਆਨ ਦਾ ਵੀ ਅਭਾਵ ਹੋ ਗਿਆ। ਯਥਾ-

ਬਾਹਰਿ ਬੈਲੁ ਗੋਨਿ ਘਰਿ ਆਈ॥ ੪॥ (ਆਸਾ ਕਬੀਰ, ਪੰਨਾ ੪੮੧)

ਮੁਕਤੀ ਦੀ ਪ੍ਰਾਪਤੀ ਪਿਛੋਂ ਗਿਆਨ ਦਾ ਅਭਾਵ ਵੀ ਹੋ ਜਾਵੇ ਤਾਂ ਕੋਈ ਡਰ ਨਹੀਂ।

ਜੈਸੇ ਕਪੜੇ ਦੀ ਮੈਲ ਦਾ ਅਭਾਵ ਕਰਕੇ ਸਾਬਨ ਆਪ ਵੀ ਬਾਹਰ ਨਿਕਲ ਜਾਂਦਾ ਹੈ। ਚਲੋ ਗੋਨਿ ਛਿਟਕਾਈ॥ ੩॥ ੫॥ ੪੯॥

ਘਟ ਰੂਪੀ ਗੂਣ ਵਿਚੋਂ ਤ੍ਰਿਸ਼ਨਾ ਰੂਪੀ ਵਸਤੂ ਨੂੰ ਛੰਡਕੇ ਪਰਮਾਤਮਾ ਦੀ ਤਰਫ ਚਲਿਆ॥ ੩॥ ੫॥ ੪੯॥

ਗਉੜੀ ਪੰਚਪਦਾ॥ ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥
ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ॥ ੧॥

ਜੈਸੇ ਲੜਕੀ ਦਾ ਪੇਵਕੜੈ=ਪੇਕੇ ਘਰ ਵਿਚ ਰਹਿਣਾ ਚਾਰ ਕੁ ਦਿਨਾਂ ਦਾ ਹੁੰਦਾ ਹੈ,

ਯਥਾ- ਪੇਈਅੜੈ ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ॥ *(ਪੰਨਾ ੧੬੨)*

ਅੰਤ ਨੂੰ ਉਸ ਨੇ ਆਪਣੇ ਸਾਹੁਰੇ ਘਰ ਜ਼ਰੂਰ ਜਾਣਾ ਹੈ। ਪਰ ਮੂਰਖ ਅਗਿਆਤ ਅੰਧਾ ਪੁਰਸ਼ ਜਾਣਦਾ ਨਹੀਂ ਐਵੇਂ ਉਸ ਨਾਲ ਪ੍ਰੇਮ ਕਰਦਾ ਹੈ॥ ੧॥

ਇਸ ਤੁਕ ਦੁਆਰਾ ਕਬੀਰ ਜੀ ਉਪਦੇਸ਼ ਦਿੰਦੇ ਹਨ ਕਿ ਮਾਪਿਆਂ ਨੂੰ ਲੜਕੀ ਨਾਲ ਬਹੁਤਾ ਪ੍ਰੇਮ ਨਹੀਂ ਕਰਨਾ ਚਾਹੀਦਾ।

*ਪ੍ਰਸ਼ਨ-*ਕਿਸ ਲੜਕੀ ਨੇ ਸਾਹੁਰੇ ਘਰ ਜਾਣਾ ਹੈ? ਕਬੀਰ ਜੀ ਕਥਨ ਕਰਦੇ ਹਨ-

ਕਹੁ ਡਡੀਆ ਬਾਧੈ ਧਨ ਖੜੀ॥
ਪਾਹੂ ਘਰਿ ਆਏ ਮੁਕਲਾਊ ਆਏ॥ ੧॥ ਰਹਾਉ॥

ਜੋ ਧਨ=ਇਸਤ੍ਰੀ ਖੜੋ ਕੇ ਡਡੀਆ=ਸਾੜ੍ਹੀ ਨੂੰ ਬੰਨ੍ਹ ਰਹੀ ਹੈ। ਉਸ ਦੇ ਘਰ ਵਿਚ ਪਾਹੂ=ਪ੍ਰਾਹੁਣੇ ਆਏ ਹਨ। ਪ੍ਰਾਹੁਣੇ ਭੀ ਕੈਸੇ ਆਏ ਕਿ ਮੁਕਲਾਵਾ ਲੈਣ ਵਾਸਤੇ ਆਏ ਹਨ।

*ਪ੍ਰਸ਼ਨ=*ਪਤਾ ਨਹੀਂ ਲਗਾ ਕਿਸ ਦਾ ਮੁਕਲਾਵਾ ਲੈ ਕੇ ਜਾਣਾ ਹੈ। *ਉੱਤਰ-*

ਉਂਗਲ ਨਿਰਦੇਸ਼ ਸੇ ਕਥਨ ਕਰਦੇ ਹਨ ਕਿ-

ਓਹ ਜਿ ਦਿਸੈ ਖੂਹੜੀ

ਔਹ ਜਿਹੜੀ ਖੂਹੀ ਉੱਤੇ ਖਲੋਤੀ ਨਿਗਾਹ ਆ ਰਹੀ ਹੈ ਉਸ ਦਾ ਮੁਕਲਾਵਾ ਲੈ ਜਾਣਾ ਹੈ। ਪ੍ਰਸ਼ਨ- ਖੂਹੀ ਉੱਤੇ ਤਾਂ ਬਹੁਤ ਸਾਰੀਆਂ ਲੜਕੀਆਂ ਖਲੋਤੀਆਂ ਹਨ ਇਨ੍ਹਾਂ ਵਿਚੋਂ **ਕਉਨ**-ਕਿਸ ਨੇ ਜਾਣਾ ਹੈ?

ਉੱਤਰ:- **ਲਾਜੁ ਵਹਾਰੀ॥**

ਜੋ ਪਾਣੀ ਭਰਨ ਵਾਸਤੇ ਲਜ ਨੂੰ ਵਹਾ ਰਹੀ ਹੈ ਉਸ ਨੇ ਜਾਣਾ ਹੈ। ਇਤਨੇ ਨੂੰ ਉਸ ਵਲ ਸੱਦਾ ਆ ਗਿਆ ਕਿ ਛੇਤੀ ਘਰ ਚਲ। ਜਿਸ ਵੇਲੇ ਉਸ ਨੇ ਜਲਦੀ ਕੀਤੀ ਤਾਂ-

ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ॥ ੨॥

ਲਜ ਨਾਲੋਂ ਘੜੀ ਟੁਟ ਕੇ ਖੂਹ ਵਿਚ ਪੈ ਗਈ ਤੇ ਉਹ ਪਾਣੀ ਭਰਨ ਵਾਲੀ ਖਾਲੀ ਹੱਥੀਂ ਉੱਠ ਕੇ ਘਰ ਨੂੰ ਚਲ ਪਈ॥ ੨॥

ਏਹ ਹੈ ਦ੍ਰਿਸ਼ਟਾਂਤ, ਹੁਣ ਦਾ ਦ੍ਰਿਸ਼ਟਾਂਤ ਸੁਣੋ। ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥ ਮਾਤ ਲੋਕ ਰੂਪੀ ਪੇਕੇ ਘਰ ਵਿਚ ਜੀਵ ਰੂਪੀ ਇਸਤ੍ਰੀ ਦਾ ਰਹਿਣਾ ਚਾਰ ਕੁ ਦਿਨ ਭਾਵ ਕੋਈ ਦਿਨ ਦਾ ਹੈ। ਅੰਤ ਨੂੰ ਪਰਲੋਕ ਰੂਪੀ ਸਾਹੁਰੇ ਘਰ ਵਿਚ ਚਲਿਆ ਜਾਣਾ ਹੈ।

ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ॥ ੧॥

ਮਨ ਬਾਣੀ ਸਰੀਰ ਕਰਕੇ ਅੰਧਾ ਮੂਰਖ ਅਗਿਆਤ ਜਾਣਦਾਂ ਨਹੀਂ, ਵਾ:-ਪ੍ਰਮਾਰਥ ਤੋਂ ਰਹਿਤ ਹੋਣ ਕਰ ਕੇ ਅੰਧਾ ਹੈ, ਸ਼ਾਸਤ੍ਰ ਗਿਆਨ ਤੋਂ ਰਹਿਤ ਹੋਣ ਕਰਕੇ ਮੂਰਖ ਹੈ, ਵਿਹਾਰਕ ਗਿਆਨ ਤੋਂ ਰਹਿਤ ਹੋਣ ਕਰਕੇ ਏਆਣਾ ਹੈ। ਇਸ ਕਰਕੇ ਇਹ ਕੁਝ ਜਾਣਦਾ ਨਹੀਂ ਹੈ।

ਕਹੁ ਡਡੀਆ ਬਾਧੈ ਘਨ ਖੜੀ॥ ਇਸ ਜੀਵ ਰੂਪੀ ਇਸਤ੍ਰੀ ਕਹੁ=ਨੂੰ ਡਡੀਆ=ਦੰਡ ਦੇਣ ਵਾਲੇ ਜਮਦੂਤ ਬੰਨ੍ਹ ਕੇ ਖੜੀ=ਖੜਣਗੇ। ਵਾ:-ਜੀਵ ਰੂਪੀ ਇਸਤ੍ਰੀ ਕਹੁ=ਨੂੰ ਬੰਨ੍ਹ ਕੇ ਪ੍ਰਲੋਕ ਦੀ ਡਡੀਆ=ਪਗਡੰਡੀ ਵਿਚ ਖੜਣਗੇ।

ਪ੍ਰਸ਼ਨ-ਕਿਸ ਜੀਵ ਰੂਪੀ ਇਸਤ੍ਰੀ ਨੂੰ ਲਿਜਾਣਗੇ? *ਉੱਤਰ*-

ਜੋ ਜੀਵ ਰੂਪੀ ਧਨ=ਇਸਤ੍ਰੀ ਪਾਪਾਂ ਪੁੰਨਾਂ ਰੂਪੀ ਡਡੀਆ=ਸਾੜ੍ਹੀ ਨੂੰ ਬੰਨ੍ਹ ਰਹੀ ਹੈ ਉਸ ਨੂੰ ਖੜੀ=ਲਿਜਾਣਗੇ। ***ਪਾਹੂ ਘਰਿ ਆਏ ਮੁਕਲਾਊ ਆਏ॥ ੧॥ ਰਹਾਉ॥***

ਇਸ ਦੇ ਸਰੀਰ ਰੂਪੀ ਘਰ ਵਿਚ ਜਮਦੂਤਾਂ ਰੂਪੀ ਪ੍ਰਾਹੁਣੇ ਆਏ, ਪ੍ਰਾਹੁਣੇ ਭੀ ਕੈਸੇ ਆਏ ਕਿ ਮੁਕਲਾਵਾ ਲੈਣ ਵਾਸਤੇ ਆਏ।

ਪ੍ਰਸ਼ਨ-ਕਿਹੜੀ ਇਸਤ੍ਰੀ ਨੇ ਜਾਣਾ ਹੈ?

ਉੱਤਰ- ***ਓਹ ਜਿ ਦਿਸੈ ਖੂਹੜੀ*** ਔਹ ਜਿਹੜੀ ਸੰਸਾਰ ਰੂਪੀ ਖੂੰਹੀ ਉੱਤੇ ਖਲੋਤੀ ਨਿਗਾਹ ਆ ਰਹੀ ਹੈ।

ਨੋਟ- ਸੰਸਾਰ ਹੈ ਤਾਂ ਅਪ੍ਰੋਖ ਲੇਕਿਨ ਇਸ ਨੂੰ ਪ੍ਰੋਖ ਸ਼ਬਦ 'ਔਹ' ਕਰਕੇ ਤਾਂ ਦਿਤਾ ਹੈ ਜੋ ਕਿ ਗਿਆਨਵਾਨਾਂ ਨੂੰ ਸੰਸਾਰ ਪ੍ਰੋਖ ਹੈ, ਤੇ ਪਰਮਾਤਮਾ ਅਪ੍ਰੋਖ ਹੈ।

ਪ੍ਰਸ਼ਨ-ਸੰਸਾਰ ਰੂਪੀ ਖੂਹੀ ਉੱਤੇ ਤਾਂ ਬਹੁਤ ਸਾਰੀਆਂ ਖਲੋਤੀਆਂ ਹਨ, ਇਨ੍ਹਾਂ ਵਿਚੋਂ **ਕਉਨ**=ਕਿਸ ਨੇ ਜਾਣਾ ਹੈ? *ਉੱਤਰ*- ***ਲਾਜੁ ਵਹਾਰੀ॥***

ਜੋ ਸ੍ਵਾਸਾਂ ਰੂਪੀ ਲਜ ਵਿਸ਼ਿਆਂ ਰੂਪੀ ਜਲ ਦੇ ਭਰਨ ਵਾਸਤੇ ਵਹਾ ਰਹੀ ਹੈ ਉਸ ਨੇ ਜਾਣਾ ਹੈ।

ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ॥ ੨॥

ਜਿਸ ਵੇਲੇ ਦੇਹ ਰੂਪੀ ਘੜੀ ਨਾਲੋਂ ਸ੍ਵਾਸਾਂ ਰੂਪੀ ਲਜ ਟੁਟ ਗਈ ਤਾਂ ਪਦਾਰਥਾਂ ਰੂਪੀ ਜਲ ਵਾ:-ਕਰਮਾਂ ਧਰਮਾਂ ਰੂਪੀ ਜਲ ਦੇ ਭਰਨ ਵਾਲੀ ਜੀਵ ਰੂਪੀ ਇਸਤ੍ਰੀ ਇਸ ਸੰਸਾਰ ਧਰਤੀ ਤੋਂ ਉੱਠ ਕੇ ਜਮ ਮਾਰਗ ਵਿਚ ਚਲ ਪਈ।

ਇਨ੍ਹਾਂ ਦੋ ਤੁਕਾਂ ਦਾ ਅਰਥ ਇਸ ਤਰ੍ਹਾਂ ਭੀ ਕਰਦੇ ਹਨ ਕਿ-

ਓਹ ਜਿ ਦਿਸੈ ਖੂਹੜੀ ਔਹ ਜਿਹੜੀ ਸਤਸੰਗ ਰੂਪੀ ਖੂਹੀ ਨਜ਼ਰ ਆ ਰਹੀ ਹੈ ਉਸ ਉੱਤੇ ਜਿਹੜੀ ਖੜੀ ਹੈ ਉਹ ਤਰਦੀ ਹੈ।

ਪ੍ਰਸ਼ਨ-ਉਥੇ ਤਾਂ ਬਹੁਤ ਖੜੀਆਂ ਹਨ, ਉਹਨਾਂ ਵਿਚੋਂ ਕਉਨ=ਕਿਸ ਨੇ ਤਰਨਾ ਹੈ।

ਉੱਤਰ- ***ਲਾਜੁ ਵਹਾਰੀ॥***

ਜਿਸ ਨੇ ਸੁਆਸਾਂ ਰੂਪੀ ਲਜ ਨਾਮ ਜਲ ਭਰਨ ਵਾਸਤੇ ਵਹਾਈ ਹੈ ਉਸ ਨੇ ਤਰਨਾ ਹੈ।

ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ॥ ੨॥

ਜਿਸ ਵੇਲੇ ਦੇਹ ਰੂਪੀ ਘੜੀ ਨਾਲੋਂ ਅਵਿੱਦਿਆ, ਮੋਹ, ਵਾ-ਵਿਸ਼ੇ ਵਾਸ਼ਨਾਂ ਰੂਪੀ ਲਜ ਟੁਟ ਗਈ ਤਾਂ ਨਾਮ ਰੂਪੀ ਜਲ ਦੇ ਭਰਨ ਵਾਲੀ ਜੀਵ ਰੂਪ ਇਸਤ੍ਰੀ ਪਰਮਾਤਮਾ ਵਿਚ ਅਭੇਦ ਹੋ ਚਲੀ॥ ੨॥

[ਪੰਨਾ ੩੩੪]

ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ॥
ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ॥ ੩॥

ਸਾਹਿਬੁ=ਪਰਮੇਸ਼ਰ ਦਿਆਲੂ ਹੋਵੇ ਤੇ ਗੁਰੂ ਸਾਹਿਬ ਜੀ ਵੀ ਕਿਰਪਾ ਕਰਨ ਤਾਂ ਇਹ ਮੁਕਤੀ ਦੀ ਪ੍ਰਾਪਤੀ ਰੂਪ ਆਪਣੇ ਕਾਰਜ ਨੂੰ ਸਵਾਰਦੀ ਹੈ। ਜਾਂ ਗੁਰਾਂ ਦੇ ਦਿਤੇ ਹੋਏ ਉਪਦੇਸ਼ ਨੂੰ ਵਿਚਾਰੇ ਤਾਂ ਇਹ ਜੀਵ ਰੂਪੀ ਇਸਤ੍ਰੀ ਸੁਹਾਗਣ ਜਾਣੀ ਜਾਂਦੀ ਹੈ॥ ੩॥

ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ॥
ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ॥ ੪॥

ਕਿਰਤ=ਕਰਮਾਂ ਦੀ ਬਧੀ ਹੋਈ ਸਾਰੀ ਸ੍ਰਿਸ਼ਟੀ ਭੌਂਦੀ ਫਿਰਦੀ ਹੈ, ਇਸ ਗੱਲ ਨੂੰ ਵਿਚਾਰ ਕੇ ਦੇਖੋ। ਇਸ ਜੀਵ ਰੂਪੀ ਇਸਤ੍ਰੀ ਨੂੰ ਕੀ ਆਖਣਾ ਕਰੀਏ, ਜੇ ਕੁਝ ਆਖੀਏ ਵੀ ਸਹੀ ਤਾਂ ਇਹ ਵਿਚਾਰੀ ਆਪਣੇ ਆਪ ਕਰ ਕੀ ਸਕਦੀ ਹੈ॥ ੪॥

ਯਥਾ- ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥
ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥ *(ਪੰਨਾ ੨੦੬)*

ਇਸ ਨਿਗਾਹ ਉਪਾਸ਼ਨਾਂ ਕਾਂਡ ਵਾਲਿਆਂ ਦੀ ਹੈ ਕਿਉਂਕਿ ਉਪਾਸ਼ਨਾਂ ਕਾਂਡ ਵਾਲੇ ਪੁਰਸ਼ ਇਸ ਤਰ੍ਹਾਂ ਮੰਨਦੇ ਹਨ ਕਿ ਜੋ ਕੁਝ ਹੁੰਦਾ ਉਹ ਪਰਮੇਸ਼ਰ ਦੇ ਹੁਕਮ ਅੰਦਰ ਹੀ ਹੁੰਦਾ ਹੈ।

ਭਈ ਨਿਰਾਸੀ ਉਠਿ ਚਲੀ ਚਿਤ ਬੰਧਿ ਨ ਧੀਰਾ॥

ਜਿਸ ਵੇਲੇ ਇਹ ਜੀਵ ਰੂਪੀ ਇਸਤ੍ਰੀ ਨਿਰਾਸ ਹੋ ਕੇ ਉੱਠ ਚਲਦੀ ਹੈ ਤਾਂ ਜਮਾਂ ਦੇ ਡਰ ਕਰਕੇ ਚਿੱਤ ਵਿਚ ਧੀਰਜ ਨਹੀਂ ਬੰਨ੍ਹਦੀ।

ਹਰਿ ਕੀ ਚਰਣੀ ਲਾਗਿ ਰਹੁ ਭਜੁ ਸਰਣਿ ਕਬੀਰ॥ ੫॥ ੬॥ ੫੦॥

ਕਬੀਰ ਜੀ ਕਥਨ ਕਰਦੇ ਹਨ-ਸੰਸਾਰ ਵਲੋਂ ਭਜ ਕੇ ਹਰੀ ਸਰੂਪ ਸਤਿਗੁਰਾਂ ਦੀ ਚਰਨ ਸ਼ਰਨ ਵਿਚ ਲਗ ਰਹਿਣਾ ਕਰੋ॥ ੫॥ ੬॥ ੫੦॥

ਗਉੜੀ॥

ਉਥਾਨਕਾ-ਇਕ ਮਾਈ ਦਾ ਪਤੀ ਮਿਰਤੂ ਹੋ ਗਿਆ ਹੋਇਆ ਸੀ ਤੇ ਧਨ ਉਸ ਦੇ ਪਾਸ ਬਹੁਤ ਸੀ, ਜਦ ਉਸ ਨੇ ਵਰ੍ਹੀਣਾ ਕਰਨਾ ਚਾਹਿਆ ਤਾਂ ਕੁੰਭ ਦਾ ਮੌਕਾ ਆ ਗਿਆ ਤਦ ਉਸ ਨੇ ਵਿਚਾਰਿਆ ਕਿ ਕੁੰਭ

ਦੇ ਮੌਕੇ ਹਰ ਭੇਖਾਂ ਦੇ ਸਾਧੂ ਗੰਗਾ ਪਰ ਇਕੱਠੇ ਹੁੰਦੇ ਹਨ ਸੋ ਓਥੇ ਜਾ ਕੇ ਪਤੀ ਦੇ ਨਮਿਤ ਸੰਤਾਂ ਨੂੰ ਭੰਡਾਰਾ ਛਕਾਇ ਆਵਾਂ। ਇਸ ਵਿਚਾਰ ਨੂੰ ਮੁਖ ਰਖ ਕੇ ਉਹ ਮਾਈ ਹਰਿਦੁਆਰ ਪਹੁੰਚ ਗਈ ਤੇ ਵਖੋ ਵਖਰੇ ਭੇਖਾਂ ਦੇ ਅਸਥਾਨਾਂ ਤੇ ਪਹੁੰਚ ਕੇ ਆਪਣੀ ਰਾਇ ਪਰਗਟ ਕੀਤੀ ਕਿ ਮੈਂ ਸਭ ਸੰਤਾਂ ਨੂੰ ਭੰਡਾਰਾ ਛਕਾਇਆ ਚਾਹੁੰਦੀ ਹਾਂ। ਭੰਡਾਰੇ ਦਾ ਨਾਮ ਸੁਣਕੇ ਸੰਨਿਆਸੀਆਂ ਨੇ ਕਿਹਾ ਕਿ ਤੂੰ ਸੰਨਿਆਸੀਆਂ ਨੂੰ ਹੀ ਖੁਆ ਹੋਰ ਸਾਰੇ ਪੰਥਾਈ ਹਨ। ਜਦ ਉਦਾਸੀਆਂ ਪਾਸ ਆਈ ਤਾਂ ਉਨ੍ਹਾਂ ਨੇ ਕਿਹਾ ਉਦਾਸੀ ਭੇਖ ਹੀ ਸਭ ਤੋਂ ਸ੍ਰੇਸ਼ਟ ਹੈ ਉਦਾਸੀਆਂ ਨੂੰ ਖੁਆ। ਪੁਨਾ ਜੋਗੀਆਂ ਪਾਸ ਆਈ ਤਾਂ ਉਨ੍ਹਾਂ ਨੇ ਆਪਣੇ ਭੇਖ ਦੀ ਸਿਫਤ ਕਰਨੀ ਸ਼ੁਰੂ ਕਰ ਦਿਤੀ। ਜਦ ਸਰੇਵੜਿਆਂ ਪਾਸ ਗਈ ਤਾਂ ਉਨ੍ਹਾਂ ਨੇ ਕਿਹਾ ਸਾਨੂੰ ਛਕਾਵੇਂਗੀ ਤਾਂ ਤੇਰੇ ਪਤੀ ਨੂੰ ਮਿਲੇਗਾ ਨਹੀਂ ਤਾਂ ਨਹੀਂ। ਜਦ ਸਾਰਿਆਂ ਪਾਸੋਂ ਉਸ ਨੇ ਐਸੇ ਸੁਣਿਆਂ ਤਾਂ ਉਸ ਮਾਈ ਨੇ ਵਿਚਾਰਿਆ ਕਿ ਜੇਕਰ ਇਹ ਸਾਰੇ ਸੰਤ ਆਪੋ ਆਪਣੇ ਭੇਖ ਦੀ ਮਾਨਤਾ ਕਥਨ ਕਰਦੇ ਹਨ ਤਾਂ ਮੈਂ ਭੀ ਆਪਣੇ ਭੇਖ ਨੂੰ ਕਿਉਂ ਨਾ ਛਕਾਵਾਂ। ਉਸ ਵੇਲੇ ਮਾਈ ਨੇ ਸਭ ਵਿਧਵਾ ਔਰਤਾਂ ਨੂੰ ਨਿਮੰਤ੍ਰਣ ਦੇ ਕੇ ਭੰਡਾਰਾ ਛਕਾ ਦਿਤਾ।

ਯਥਾ:- ਦੋਹਰਾ॥ ਆਪੋ ਆਪਣੇ ਮਤ ਕੀ ਸਭੀ ਮਨਾਵੇ ਟੇਕ॥

ਸਭ ਵਿਧਾਵਾ ਨੂੰ ਨਿਉਤਾ ਦੀਆ, ਮਨ ਮੇ ਧਾਰ ਵਿਵੇਕ॥

ਜਿਸ ਵੇਲੇ ਉਸ ਮਾਈ ਨੇ ਉਨ੍ਹਾਂ ਸਾਧੂਆਂ ਦਾ ਸਾਰਾ ਹਾਲ ਕਬੀਰ ਜੀ ਨੂੰ ਆ ਕੇ ਦਸਿਆ ਤਾਂ ਕਬੀਰ ਜੀ ਨੇ ਕਿਹਾ-

ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ॥

ਗੋਰਖ ਮੱਤ ਦੇ ਜੋਗੀ ਕਹਿੰਦੇ ਹਨ ਕਿ ਜੋਗ ਭੇਖ ਹੀ ਸਭ ਤੋਂ ਭਲ=ਉੱਤਮ ਤੇ ਮੀਠਾ=ਪਿਆਰਾ ਹੈ। ਹੇ ਭਾਈ ! ਇਸ ਵਰਗਾ ਹੋਰ ਕੋਈ ਦੂਜਾ ਭੇਖ ਉੱਤਮ ਨਹੀਂ।

ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ॥ ੧ ॥

ਰੁੰਡਿਤ=ਸਰੇਵੜੇ, ਮੁੰਡਿਤ=ਪਰਮਹੰਸ, ਏਕੈ ਸਬਦੀ=ਇਕ ਅਲਖ ਦੇ ਜਗਾਉਣ ਵਾਲੇ ਇਹ ਸਾਰੇ ਇਸ ਤਰ੍ਹਾਂ ਕਹਿੰਦੇ ਹਨ ਕਿ ਅਸਾਂ ਨੇ ਹੀ ਸਿਧਿ=ਮੁਕਤੀ ਪਾਈ ਹੈ। ਹੋਰ ਕਿਸੀ ਨੂੰ ਮੁਕਤੀ ਨਹੀਂ ਮਿਲੀ॥ ੧॥

ਯਥਾ:- ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥

ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥ *(ਪੰਨਾ ੫੮)*

ਨੋਟ:-ਸਰੇਵੜੇ ਉਹ ਹਨ ਜੋ ਜਗਿਆਸੂ ਨੂੰ ਆਪਣਾ ਸ਼ਿਸ਼ ਕਰਨ ਵੇਲੇ ਸਿਰ ਵਿਚ ਸੁਆਹ ਪਾ ਕੇ ਵਾਲ ਪੁਟਦੇ ਤੇ ਕਹਿੰਦੇ ਹਨ-ਪ੍ਰੇਮ ਚਟਾਕਾ ਅਗੋਂ ਸ਼ਿਸ਼ ਕਹਿੰਦਾ ਹੈ-ਅਬ ਸੁਖ ਜਾਤਾ।

ਹਰਿ ਬਿਨੁ ਭਰਮਿ ਭੁਲਾਨੇ ਅੰਧਾ॥
ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ॥ ੧ ॥ ਰਹਾਉ ॥

ਅੰਧੇ ਅਗਿਆਨੀਆਂ ਦਾ ਪੁੰਜ ਹਰੀ ਤੋਂ ਬਿਨਾਂ ਭਰਮ ਵਿਚ ਭੁਲਿਆਂ ਫਿਰਦਾ ਹੈ, ਜਾ ਪਹਿ=ਜਿਨ੍ਹਾਂ ਦੇ ਪਾਸ ਆਪਣੇ ਆਪ ਨੂੰ ਧੰਧਿਆਂ ਤੋਂ ਵਾ:-ਜਮਾਂ ਤੋਂ ਛੁਡਾਣ ਵਾਸਤੇ ਜਾਈਏ, ਅਗੋਂ ਉਹ ਭੇਖੀ ਸੰਤ ਆਪ ਹੀ ਬਹੁਤੇ ਫੰਧਿਆਂ ਵਿਚ ਬਧੇ ਹੋਏ ਨਿਗਾਹ ਆਉਂਦੇ ਹਨ॥ ੧॥ ਰਹਾਉ॥

ਯਥਾ:- ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ॥

ਜੋਗੀ ਕਾਪੜੀਆ ਸਿਰਖੂਬੇ ਬਿਨੁ ਸਬਦੈ ਗਲਿ ਫਾਸੀ॥ ੧॥ (ਪੰਨਾ ੧੩੩੨)

ਜਹ ਤੇ ਉਪਜੀ ਤਹੀ ਸਮਾਨੀ ਇਹ ਬਿਧਿ ਬਿਸਰੀ ਤਬ ਹੀ॥
ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ॥ ੨॥

ਪੰਡਿਤ ਕਹਿੰਦੇ ਹਨ ਅਸੀਂ ਸਭ ਤੋਂ ਵਡੇ ਹਾਂ, ਗੁਣੀ ਕਹਿੰਦੇ ਹਨ ਅਸੀਂ ਸਭ ਤੋਂ ਵੱਡੇ ਹਾਂ। ਸੂਰਬੀਰ ਕਹਿੰਦੇ ਹਨ ਅਸੀਂ ਵੱਡੇ ਹਾਂ ਤੇ ਦਾਤੇ ਕਹਿੰਦੇ ਹਨ ਅਸੀਂ ਸਭ ਤੋਂ ਵੱਡੇ ਹਾਂ।

ਯਥਾ:- ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥ ੨॥ (ਪੰਨਾ ੯੭੪)

ਤਥਾ:- ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥ (ਪੰਨਾ ੬੨)

ਜੋਗੀ ਕਹਿੰਦੇ ਹਨ ਅਸੀਂ ਵੱਡੇ ਹਾਂ, ਸਨੇਵੜੇ ਕਹਿੰਦੇ ਹਨ ਅਸੀਂ ਸਭ ਤੋਂ ਸ੍ਰੇਸ਼ਟ ਹਾਂ। ਪਰਮਹੰਸ ਕਹਿੰਦੇ ਹਨ ਅਸੀਂ ਉੱਤਮ ਹਾਂ। ਲੇਕਿਨ ''ਇਹ ਬਿਧਿ ਬਿਸਰੀ ਜਬਹੀ''=ਜਿਸ ਵੇਲੇ ਇਹ ਹੰਗਤਾ ਮਮਤਾ ਵਾਲੀ ਵਿਧੀ ਵਿਸਰ ਗਈ, ਤਾਂ ਜਹ ਤੇ ਉਪਜੀ ਤਹੀ ਸਮਾਨੀ ਤਬਹੀ'' ਜਿਸ ਬ੍ਰਹਮ ਤੋਂ ਇਹ ਜੀਵ ਰੂਪੀ ਇਸਤ੍ਰੀ ਉਤਪੰਨ ਹੋਈ ਸੀ ਉਸੀ ਬ੍ਰਹਮ ਵਿਚ ਤਿਸ ਵੇਲੇ ਸਮਾ ਗਈ ਅਰਥਾਤ ਅਭੇਦ ਹੋ ਗਈ॥ ੨॥

ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ॥
ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ॥ ੩॥

ਉਹ ਪਰਮੇਸ਼ਰ ਗੁਰੂ ਰੂਪ ਹੋ ਕੇ ਜਿਸ ਨੂੰ ਇਹ ਭੇਦ ਬੁਝਾਏ=ਸਮਝਾਉਂਦਾ ਹੈ ਉਹੀ ਪੁਰਸ਼ ਬੁਝਦਾ ਹੈ, ਗੁਰਾਂ ਪਾਸੋਂ ਬੁਝੇ ਤੋਂ ਬਿਨਾਂ ਹੰਕਾਰ ਆਦਿਕਾਂ ਵਲੋਂ ਕੈਸੇ ਰਹਿ ਸਕਦਾ ਹੈ। ਵਾ:-ਜਨਮ ਮਰਨ ਵਲੋਂ ਕੈਸੇ ਰਹਿ ਸਕਦਾ ਹੈ। ਸਤਿਗੁਰੂ ਮਿਲ ਜਾਣ ਤਾਂ ਅਗਿਆਨ ਰੂਪ ਹਨ੍ਹੇਰਾ ਦੂਰ ਹੁੰਦਾ ਹੈ, ਇਸ ਵਿਧੀ ਸੇ ਮਾਣਕ ਰੂਪ ਪਰਮੇਸ਼ਰ ਨੂੰ ਲਭ ਲੈਂਦਾ ਹੈ॥ ੩॥

ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ॥

ਸਾਰੇ ਵਿਕਾਰਾਂ ਨੂੰ ਬਾਵੇ ਦਾਹਨੇ=ਖੱਬੇ ਸੱਜੇ ਭਾਵ ਇਧਰ ਉਧਰ ਤਿਆਗ ਕੇ ਹਰੀ ਪਦ ਨੂੰ ਦ੍ਰਿੜ ਕਰ ਰਹੀਏ। ਵਾ:-ਬਾਵੇ=ਖੱਬੇ ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਦਾਹਨੇ=ਸੱਜੇ ਜੋ ਹਰੀ ਪਦ ਹੈ ਉਸ ਨੂੰ ਦ੍ਰਿੜ ਕਰਿ ਰਹੀਏ=ਨਿਸ਼ਚਿਤ ਕਰ ਕੇ ਗ੍ਰਹਿਣ ਕਰ ਰਹੀਏ।

ਵਾ:-ਬਾਵੇ=ਪਾਪ, ਦਾਹਨੇ=ਪੁੰਨ ਇਨ੍ਹਾਂ ਦੋਹਾਂ ਪਾਪਾਂ ਪੁੰਨਾਂ ਨੂੰ ਵਿਕਾਰ ਰੂਪ ਜਾਣ ਕੇ ਤਿਆਗਣਾ ਕਰ, ਕਿਉਂਕਿ ਪਾਪ ਲੋਹੇ ਦੀ ਬੇੜੀ ਹੈ ਤੇ ਪੁੰਨ ਸੋਨੇ ਦੀ ਬੇੜੀ ਹੈ ਬੰਧਨ ਵਿਚ ਦੋਨੋਂ ਇਕ ਰੂਪ ਹਨ।

ਯਥਾ:- ਪਾਪ ਬੇੜੀ ਹੈ ਲੋਹਿ ਕੀ ਪੁੰਨ ਸ੍ਵਰਨ ਕੀ ਜਾਨ।

ਦੋਨੋਂ ਬੰਧਨ ਰੂਪ ਹੈਂ ਨਿਸਚੇ ਲੇਹੁ ਪਛਾਨ।

ਮੁਸਲਮਾਨ ਲੋਕ ਇਹ ਗੱਲ ਆਖਦੇ ਹਨ ਕਿ ਖੱਬੇ ਪਾਸੇ ਪਾਪ ਰਹਿੰਦੇ ਹਨ ਤੇ ਸੱਜੇ ਪਾਸੇ ਪੁੰਨ ਰਹਿੰਦੇ ਹਨ। ਪਰ ਇਹ ਦੋਨੋਂ ਨਰਕ ਸੁਰਗ ਦਾ ਬੀਜ ਹੈ।

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥ ੪॥ ੭॥ ੫੧॥

ਕਬੀਰ ਜੀ ਕਥਨ ਕਰਦੇ ਹਨ-ਉਸ ਬ੍ਰਹਮ ਦਾ ਅਨੰਦ ਐਸਾ ਹੈ, ਜੈਸੇ ਗੂੰਗੇ ਨੇ ਗੁੜ ਖਾਧਾ ਹੋਵੇ ਤੇ ਉਸ ਦੇ ਪਾਸੋਂ ਕੋਈ ਸੁਆਦ ਪੁਛੇ ਤਾਂ ਉਸ ਨੇ ਕੀ ਕਹਿਣਾ ਹੈ। ਐਸੇ ਹੀ ਹਰੀ ਪਦ ਨੂੰ ਦ੍ਰਿੜ ਰਖਣ ਦਾ ਜੋ ਸੁਆਦ ਹੈ ਉਹ ਕਿਸੇ ਪਾਸੋਂ ਕਿਹਾ ਨਹੀਂ ਜਾਂਦਾ॥ ੪॥ ੭॥ ੫੧॥

ਯਥਾ- ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥
ਰਤਨੁ ਲੁਕਾਇਆ ਲੁਕੈ ਨਾਹੀ ਜੇ ਕੋ ਰਖੈ ਲੁਕਾਈ॥ ੪॥ *(ਪੰਨਾ ੬੦੭)*

ਰਾਗੁ ਗਉੜੀ ਪੂਰਬੀ ਕਬੀਰ ਜੀ॥

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਇਕ ਪ੍ਰਾਣਾਯਾਮ ਦੇ ਕਰਨ ਵਾਲੇ ਜੋਗੀ ਸਾਹਿਬ ਕਬੀਰ ਜੀ ਦੇ ਪਰਮ ਮਿੱਤਰ ਸਨ ਜੋ ਆਪਸ ਵਿਚ ਵਾਰੋ ਵਾਰੀ ਇਕ ਦੂਜੇ ਪਾਸ ਆ ਜਾ ਕੇ ਮਿਲਿਆ ਕਰਦੇ ਸਨ, ਕਿਉਂਕਿ ਕਬੀਰ ਜੀ ਨੇ ਜੋਗੀ ਜੀ ਪਾਸੋਂ ਹਠਯੋਗ ਦੀ ਪ੍ਰਕਿਰਿਆ ਸਿਖੀ ਸੀ ਅਤੇ ਜੋਗੀ ਜੀ ਨੇ ਕਬੀਰ ਸਾਹਿਬ ਪਾਸੋਂ ਭਗਤੀ ਯੋਗ ਦੀ ਪ੍ਰਕਿਰਿਆ ਸਿਖੀ ਸੀ। ਹੁਣ ਕਬੀਰ ਜੀ ਦੇ ਪਾਸ ਜੋਗੀ ਜੀ ਦੇ ਆਉਣ ਦੀ ਵਾਰੀ ਸੀ। ਜਦ ਜੋਗੀ ਜੀ ਨਾ ਆਏ ਤਾਂ ਕਬੀਰ ਜੀ ਬੜੇ ਚਿੰਤਾਤੁਰ ਹੋ ਕੇ ਵਿਚਾਰਦੇ ਹਨ ਕਿ ਜੋਗੀ ਜੀ ਨੇ ਅਜ ਤਕ ਕੋਈ ਨਾਗਾ ਨਹੀਂ ਪਾਇਆ ਆਪਣੇ ਨਿਯਮ ਅਨੁਸਾਰ ਰੋਜ਼ਾਨਾ ਆਉਂਦੇ ਰਹੇ ਹਨ ਅਜ ਕੀ ਕਾਰਣ ਬਣ ਗਿਆ ਹੈ, ਕੋਈ ਅਜੇਹਾ ਕੰਮ ਪੈ ਗਿਆ ਹੈ, ਜਾਂ ਬੀਮਾਰ ਹੋ ਗਏ ਹਨ ਜਿਸ ਕਰਕੇ ਨਹੀਂ ਆਏ। ਚਲੋ ਆਪ ਚਲਕੇ ਪਤਾ ਲੈ ਆਉਂਦੇ ਹਾਂ। ਜਦ ਕਬੀਰ ਜੀ ਕਈ ਤਰਾਂ ਦੀਆਂ ਗਿਣਤੀਆਂ ਗਿਣਦੇ ਹੋਏ ਜੋਗੀ ਜੀ ਦੇ ਘਰ ਪਹੁੰਚੇ ਤਾਂ ਕੀ ਵੇਖਿਆ ਕਿ ਜੋਗੀ ਸਾਹਿਬ ਜੀ ਤਾਂ ਸੰਸਾਰ ਤੋਂ ਚਲਾਣਾ ਕਰ ਗਏ ਹਨ ਤੇ ਓਥੇ ਹੀ ਬੈਠ ਕੇ ਕਰੁਣਾ ਰਸ ਵਿਚ ਕਬੀਰ ਜੀ ਨੇ ਇਕ ਗਉੜੀ ਰਾਗ ਵਿਚ ਤੇ ਦੂਜਾ ਆਸਾ ਰਾਗ ਵਿਚ ਗਗਨ ਨਗਰ ਇਕ ਬੂੰਦ ਨ ਵਰਖੈ ਵਾਲਾ ਸ਼ਬਦ ਉਚਾਰਨ ਕੀਤਾ।

ਪਹਿਲਾ ਅਰਥ-

ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ॥

ਜਹ=ਜਿਸ ਜਗ੍ਹਾ ਕੁਝ ਗਦੇਲੇ ਤਕੀਏ ਵਗੈਰਾ ਵਿਛੇ ਹੋਏ ਸਨ ਤਿਸ ਜਗ੍ਹਾ ਹੁਣ ਕੁਝ ਵੀ ਨਹੀਂ ਹੈ, ਹੋਰ ਭਲਾ ਕੀ ਕਹਿਣਾ ਹੈ ਪੰਜਾਂ ਤਤਾਂ ਰਚਿਤ ਦੇਹ ਭੀ ਤਿਸ ਜਗ੍ਹਾ ਨਹੀਂ ਹੈ। ਕਿਉਂਕਿ ਜੋਗੀ ਜੀ ਦੇ ਮਰ ਜਾਣ ਨਾਲ ਚੇਲੇ ਬਾਲਿਆਂ ਨੇ ਉਹ ਤਕੀਏ ਵਗੈਰਾ ਸਭ ਚੁਕ ਦਿਤੇ ਹੋਏ ਸਨ ਅਤੇ ਸਰੀਰ ਵੀ ਹੋਰ ਜਗ੍ਹਾ ਪਰ ਰਖਿਆ ਹੋਇਆ ਸੀ।

ਵਾ:-ਜਿਸ ਜਗ੍ਹਾ ਕੁਝ ਬਚਨ ਬਿਲਾਸ, ਮੰਗਲਾਚਾਰ ਵਗੈਰਾ ਹੁੰਦੇ ਸ਼ਨ, ਤਿਸ ਜਗ੍ਹਾ ਹੁਣ ਕੁਝ ਭੀ ਨਹੀਂ ਹੈ। ਹੁਣ ਤਾਂ ਸਿਰਫ ਰੋਣੇ ਪਿਟਣੇ ਪੈ ਰਹੇ ਹਨ। ਹੋਰ ਕੀ ਆਖਣਾ ਹੈ ਪੰਜਾਂ ਤਤਾਂ ਰਚਿਤ ਦੇਹ ਵੀ ਤਿਥੇ ਨਹੀਂ ਹੈ ਉਹ ਵੀ ਅੰਦਰ ਰਖੀ ਹੋਈ ਹੈ।

ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥ ੧॥

ਇੜਾ=ਸੱਜੀ ਸੁਰ ਦੁਆਰਾ ਪ੍ਰਾਣਾਂ ਦਾ ਚਾੜ੍ਹਨਾ, ਪਿੰਗੁਲਾ=ਖੱਬੀ ਸੁਰ ਦੁਆਰਾ ਪ੍ਰਾਣਾਂ ਦਾ ਉਤਾਰਨਾ ਤੇ ਸੁਖਮਨਾ ਨਾੜੀ ਵਿਚ ਪ੍ਰਾਣਾਂ ਦਾ ਠਹਿਰਾਵਨਾ, ਇਸ ਤਰ੍ਹਾਂ ਦਾ ਜੋ ਬੰਦੇ=ਬੰਧੇਜ ਭਾਵ ਨਿਯਮ ਸੀ ਉਹ ਅਵ=ਵਿਸ਼ੇਸ਼ ਕਰਕੇ ਇਸ ਗਨ=ਗਿਣਤੀ ਦਾ ਕੁਝ ਪਤਾ ਨਹੀਂ ਜੋ ਕਿਥੇ ਚਲੀ ਗਈ ਹੈ॥ ੧॥

ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ॥

ਤਾਗਾ=ਨੇਤੀ ਧੌਤੀ* ਕਰਨੇ ਰੂਪ ਤਾਗਾ, ਵਾ:-ਪ੍ਰਾਣਾਯਾਮ ਰੂਪ ਤਾਗਾ ਟੁਟ ਗਿਆ ਹੈ, ਗਗਨੁ=ਦਸਮ ਦੁਆਰ ਵੀ ਨਾਸ ਹੋ ਗਿਆ ਹੈ, ਹੇ ਜੋਗੀ ! ਤੇਰਾ ਮਿੱਠਾ ਬੋਲ ਵੀ ਪਤਾ ਨਹੀਂ ਜੋ ਕਿਥੇ ਸਮਾ ਗਿਆ ਹੈ। ਜੋ ਹਰ ਇਕ ਆਏ ਗਏ ਨੂੰ ਆਪ ਮਿੱਠਾ ਬਚਨ ਬੋਲਦੇ ਸੀ ਕਿ ਆਓ ਮਾਧੋ ਜੀ, ਆਓ ਪਾਰਬ੍ਰਹਮ ਜੀ, ਆਓ ਪਰਮੇਸ਼ਵਰ ਜੀ, ਆਓ ਪਰਮਹੰਸ ਜੀ।

ਯਥਾ- ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ॥ ੧॥ ਬਾਬਾ ਬੋਲਤੇ ਤੇ ਕਹਾ ਗਏ।

(ਆਸਾ ਕਬੀਰ, ਪੰਨਾ ੪੮੦)

ਏਹ ਸੰਸਾ ਮੋ ਕਉ ਅਨਦਿਨੁ ਬਿਆਪੈ
ਮੋ ਕਉ ਕੋ ਨ ਕਹੈ ਸਮਝਾਈ॥ ੧॥ ਰਹਾਉ॥

ਇਹ ਸੰਸਾ ਮੈਨੂੰ ਰਾਤ ਦਿਨ ਵਿਆਪ ਰਿਹਾ ਹੈ ਕਿ ਜਿਸ ਪ੍ਰਕਾਰ ਜੋਗੀ ਜੀ ਮੈਨੂੰ ਹਠ ਜੋਗ ਦੀ ਪ੍ਰਕਿਰਿਆ ਦਸਦੇ ਸਨ, ਹੁਣ ਉਸ ਤਰ੍ਹਾਂ ਮੋ ਕਉ=ਮੈਨੂੰ ਕੋਈ ਭੀ ਸਮਝਾਕੇ ਨਹੀਂ ਕਹੇਗਾ॥ ੧॥ ਰਹਾਉ॥

ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ॥

ਜਿਥੇ ਜੋਗੀ ਜੀ ਅੰਤਰਜਾਮਤਾ ਨਾਲ ਬ੍ਰਹਮੰਡਾਂ ਦੀ ਖਬਰ ਦਸਦੇ ਸੀ, ਤਿਥੇ ਹੁਣ ਇਕ ਪਿੰਡ ਦੀ ਵੀ ਖਬਰ ਕੋਈ ਦਸਦਾ ਨਹੀਂ ਕਿਉਂਕਿ ਅੰਤਰਜਾਮਤਾ ਦੇ ਰਚਨੇ ਵਾਲਾ ਜੋਗੀ ਜੋ ਤਿਥੇ ਨਹੀਂ ਹੈ।

ਜੋੜਣਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ॥ ੨॥

ਦਸਮ ਦੁਆਰ ਵਿਚ ਪ੍ਰਾਣਾਂ ਦੇ ਜੋੜਨ ਵਾਲਾ ਜੋਗੀ ਹੁਣ ਤੋਂ ਸਦਾ ਲਈ ਅਤੀਤਾ=ਰਹਿਤ ਹੋ ਚੁਕਾ ਹੈ ਇਹ ਪ੍ਰਾਣਾਂ ਦਾ ਚਾੜ੍ਹਨਾ ਉਤਾਰਨਾ ਤੇ ਠਹਿਰਾਵਨਾ ਜੋਗੀ ਤੋਂ ਬਗੈਰ ਹੋਰ ਕਿਸ ਦੇ ਵਿਚ ਕਹੀਏ ਭਾਵ ਹੋਰ ਕਿਸੀ ਦੇ ਵਿਚ ਨਹੀਂ ਕਿਹਾ ਜਾਂਦਾ। ਜੈਸੇ ਇਹ ਅਖੋਤ ਚਲੀ ਆ ਰਹੀ ਹੈ ਮਰਦ ਦੀ ਮਾਇਆ ਮਰਦ ਨਾਲ, ਬ੍ਰਿੱਛ ਦੀ ਛਾਇਆ ਬ੍ਰਿੱਛ ਨਾਲ ਤੈਸੇ ਜੋਗੀ ਦੀ ਪ੍ਰਕਿਰਿਆ ਜੋਗੀ ਦੇ ਨਾਲ ਹੀ ਚਲੀ ਗਈ ਹੈ॥ ੨॥

ਤਿਸ ਵੇਲੇ ਜੋਗੀ ਦੇ ਚੇਲਿਆਂ ਨੇ ਕਬੀਰ ਜੀ ਨੂੰ ਕਿਹਾ ਕਿ ਮਹਾਰਾਜ ਜੀ ! ਆਪ ਭੀ ਸਰਬ ਕਲਾ ਸਮਰੱਥ ਹੋ, ਤੁਸੀਂ ਆਪਣੀ ਤਾਕਤ ਨਾਲ ਜੋਗੀ ਜੀ ਦੇ ਸਰੀਰ ਵਿਚ ਪ੍ਰਾਣ ਕਲਾ ਜੋੜ ਦਿਓ, ਤਾਂ ਫਿਰ ਵੈਸੇ ਦੇ ਵੈਸੇ

**ਨੋਟ-ਤਾਗਾ ਬਣਾਕੇ ਨਾਸਕਾ ਵਿਚ ਪਾ ਕੇ ਪ੍ਰਾਣਾ ਦੇ ਬਲ ਨਾਲ ਉੱਪਰ ਚੜ੍ਹਾਣਾ ਤੇ ਮੂੰਹ ਰਾਹ ਕਢਕੇ ਦੋਵੇਂ ਸਿਰੇ ਜੜ ਕੇ ਨਾੜੀ ਦੀ ਸਫਾਈ ਕਰਨੀ ਇਸ ਨੂੰ ਨੇਤੀ ਕਹਿੰਦੇ ਹਨ। ਬਰੀਕ ਕਪੜਾ ਤਿੰਨ ਉਂਗਲ ਚੌੜਾ ਤੇ ਪੰਦ੍ਰਾਂ ਹੱਥ ਲੰਮਾ ਕੋਸੇ ਪਾਣੀ ਵਿਚ ਭਿਉਂਕੇ ਇਕ ਇਕ ਹੱਥ ਰੋਜ਼ ਨਿਗਲਣ ਦਾ ਅਭਿਆਸ ਕਰਨਾ ਤੇ ਪੰਦਰਾਂ ਦਿਨਾ ਵਿਚ ਸਾਰਾ ਨਿਗਲ ਜਾਣਾ ਪਿਛਲਾ ਸਿਰਾ ਦੰਦਾ ਵਿਚ ਦਬਕੇ ਰਖਣਾ ਤੇ ਹੌਲੀ ਹੌਲੀ ਮੂੰਹ ਵਿਚੋਂ ਬਾਹਰ ਕਢਣਾ ਇਸ ਤਰ੍ਹਾਂ ਅੰਦਾਰਲੀਆਂ ਸਭ ਨਾੜੀਆਂ ਸਾਫ ਕਰਨੀਆਂ ਇਸ ਨੂੰ ਧੌਤੀ ਆਖਦੇ ਹਨ।*

ਅਨੰਦ ਮੰਗਲਾਚਾਰ ਹੋਣਗੇ। ਇਹ ਗੱਲ ਸੁਣਕੇ ਕਬੀਰ ਜੀ ਨੇ ਕਿਹਾ ਇਹ ਪ੍ਰਾਣਕਲਾ ਪ੍ਰਾਰਬਧ ਦੇ ਅਨੁਸਾਰ ਹੈ।

ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ॥

ਪ੍ਰਾਰਬਧ ਮੁਕ ਜਾਏ ਤਾਂ ਕਿਸੀ ਜਤਨ ਨਾਲ ਭੀ ਇਹ ਪ੍ਰਾਣਕਲਾ ਦੇਹ ਨਾਲ ਜੋੜੀ ਹੋਈ ਜੁੜ ਨਹੀਂ ਸਕਦੀ, ਜੇਕਰ ਪ੍ਰਾਰਬਧ ਹੈ ਤਾਂ ਪ੍ਰਾਣਕਲਾ ਦੇਹ ਨਾਲੋਂ ਤੋੜੀ ਹੋਈ ਤੁਟਦੀ ਨਹੀਂ। ਤਾਂਤੇ ਜਬ ਤਕ ਇਹ ਦੇਹ ਇਸਥਿਤ ਹੋਵੇ ਤਬ ਤਕ ਇਸਨੂੰ ਬਿਨਾਸੀ=ਨਾਸ ਰੂਪ ਹੀ ਨਿਸਚੇ ਕਰੇ। ਇਨ੍ਹਾਂ ਦੋ ਤੁਕਾਂ ਦਾ ਦੁਬਾਰਾ ਅਰਥ ਕਰਨਾ।

ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ॥ ੨॥

ਇਸ ਦੇਹ ਦੇ ਜੋੜਨ ਵਾਲਾ ਸਾਖੀ ਚੇਤਨ ਤਾਂ ਸਦਾ ਹੀ ਅਤੀਤਾ=ਅਸੰਗ ਹੈ, ਤਾਂ ਇਹ ਦੇਹ ਫਿਰ ਕਿਸ ਦੇ ਵਿਚ ਕਹੀਏ?

ਉੱਤਰ-ਉਸ ਸਾਖੀ ਚੇਤਨ ਵਿਚ ਕਲਪਤ ਕਹੀਏ।

ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ॥

ਇਹ ਦੇਹ ਚੇਤਨ ਨਾਲ ਜੋੜੀ ਹੋਈ ਜੁੜਦੀ ਨਹੀਂ ਕਿਉਂਕਿ ਅਸੱਤ ਜੜ ਦੁਖ ਰੂਪ ਹੈ ਅਤੇ ਚੇਤਨ ਨਾਲੋਂ ਤੋੜੀ ਹੋਈ ਟੁਟਦੀ ਨਹੀਂ ਕਿਉਂਕਿ ਉਸ ਦੇ ਆਸਰੇ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ। ਜੀਵ ਨੂੰ ਚਾਹੀਦਾ ਹੈ ਕਿ ਜਦ ਤੀਕ ਚਾਰਾ ਚਲੇ ਤਦ ਤੀਕ ਇਸ ਦੇਹ ਦੀ ਬਿਨ+ਆਸੀ=ਆਸਾ ਤੋਂ ਬਿਨਾਂ ਹੋਵੇ।

ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ॥ ੩॥

ਕੌਣ ਕੋਈ ਕਿਸੇ ਦਾ ਸੁਆਮੀ ਹੈ, ਕੌਣ ਕੋਈ ਕਿਸੇ ਦਾ ਸੇਵਕ ਹੈ, ਕੌਣ ਕੋਈ ਕਿਸੇ ਦੇ ਪਾਸ ਆਵੇਗਾ ਅਤੇ ਕੌਣ ਕੋਈ ਕਿਸੇ ਦੇ ਪਾਸ ਜਾਵੇਗਾ ਭਾਵ-ਹੁਣ ਸਾਡਾ ਆਉਣਾ ਜਾਣਾ ਰਹਿ ਚੁਕਾ ਹੈ। ਕਿਉਂਕਿ ਮਿਤ੍ਰਾਂ ਦੀ ਬਹਾਰ ਮਿਤਰਾਂ ਨਾਲ ਹੁੰਦੀ ਹੈ। ਹੁਣ ਸਾਡੇ ਮਿਤਰ ਜੋਗੀ ਜੀ ਤਾਂ ਚਲੇ ਗਏ ਹਨ॥ ੩॥

ਜੋਗੀ ਦੇ ਚੇਲਿਆਂ ਨੇ ਪੁਛਿਆ-ਹੁਣ ਜੋਗੀ ਜੀ ਦੀ ਲਿਵ ਕਿਥੇ ਲਗ ਰਹੀ ਹੈ? *ਉੱਤਰ-*

ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥

ਕਬੀਰ ਜੀ ਕਥਨ ਕਰਦੇ ਹਨ-ਜੋਗੀ ਸਾਹਿਬ ਜੀ ਦੀ ਲਿਵ ਉਸ ਥਾਂ ਤੇ ਲਗ ਰਹੀ ਹੈ, ਜਿਥੇ ਦਿਨ ਰਾਤ ਬਸ ਹੋ ਚੁਕੇ ਹਨ ਭਾਵ ਦਿਨ ਰਾਤ ਦੀ ਉਥੇ ਖੇਡ ਨਹੀਂ।

ਯਥਾ:- ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ॥ *(ਪੰਨਾ ੪੮੪)*

ਉਆ ਕਾ ਮਰਮੁ ਓਹੀ ਪਰੁ ਜਾਨੈ
ਓਹੁ ਤਉ ਸਦਾ ਅਬਿਨਾਸੀ॥ ੪॥ ੧॥ ੫੨॥

ਉਆ ਕਾ=ਉਸ ਜੋਗੀ ਦਾ ਜੋ ਮਰਮੁ=ਭੇਦ ਹੈ ਉਸ ਨੂੰ ਉਹ ਜੋਗੀ ਜੀ ਆਪ ਹੀ ਪਰੁ=ਭਲੀ ਪਰਕਾਰ ਜਾਣਦੇ ਹਨ। ਉਹ ਤਾਂ ਸਦਾ ਵਾਸਤੇ ਅਬਿਨਾਸੀ=ਨਾਸ ਤੋਂ ਰਹਿਤ ਹੋ ਗਏ ਹਨ॥ ੪॥ ੧॥ ੫੨॥

ਦੂਜਾ ਅਰਥ-ਇਸ ਅਰਥ ਦੁਆਰਾ ਅਗਿਆਨ ਤੇ ਗਿਆਨ ਦੀਆਂ ਦੋਵੇਂ ਬਿਵਸਥਾ ਦਸਦੇ ਹਨ।

ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ॥

ਜਿਸ ਅਗਿਆਨ ਕਾਲ ਵਿਖੇ ਬ੍ਰਹਮ ਦੇ ਵਿਚ ਕੁਝ ਜਗਤ ਭਾਸਦਾ ਸੀ, ਬ੍ਰਹਮ ਗਿਆਨ ਕਾਲ ਵਿਖੇ ਤਿਸ ਬ੍ਰਹਮ ਵਿਚ ਕੁਝ ਵੀ ਨਹੀਂ ਭਾਸਦਾ। ਪੰਜਾਂ ਤਤਾਂ ਦੀ ਕਲਪਨਾ ਭੀ ਤਿਸ ਬ੍ਰਹਮ ਵਿਚ ਪਰਤੀਤ ਨਹੀਂ ਹੁੰਦੀ।

ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥ ੧॥

ਅਗਿਆਨ ਕਾਲ ਵਿਖੇ ਇੜਾ=ਗੰਗਾ, ਪਿੰਗਲਾ=ਜਮਨਾ, ਸੁਖਮਨਾ=ਸਰੁਸਤੀ ਇਤਿਆਦੀ ਤੀਰਥਾਂ ਪਰ ਇਸ਼ਨਾਨ ਕਰਨ ਦਾ ਬੰਧਨ ਪਿਆ ਹੋਇਆ ਸੀ। ਹੁਣ ਬ੍ਰਹਮ ਗਿਆਨ ਹੋਣ ਕਾਲ ਵਿਚ ਇਨ੍ਹਾਂ ਤੀਰਥਾਂ ਪਰ ਇਸ਼ਨਾਨ ਕਰਨੇ ਦੀ ਗਿਣਤੀ ਅਵ=ਵਿਸ਼ੇਸ਼ ਕਰਕੇ ਪਤਾ ਨਹੀਂ ਕਿਥੇ ਚਲੀ ਗਈ ਹੈ।

ਅਥਵਾ-ਇੜਾ=ਗੰਗਾ, ਗੰਗਾ ਵਿਚੋਂ ਲੈਣੀ ਭਗਤੀ, ਪਿੰਗਲਾ=ਜਮਨਾ, ਜਮਨਾ ਵਿਚੋਂ ਲੈਣੀ ਕਰਮ ਕਥਾ, ਸੁਖਮਨਾ=ਸਰੁਸਤੀ, ਸਰੁਸਤੀ ਵਿਚੋਂ ਲੈਣੀ ਬ੍ਰਹਮ ਵਿਦਿਆ।

ਅਥਵਾ-ਇੜਾ=ਸਤੋਗੁਣ, ਪਿੰਗਲਾ=ਤਮੋਗੁਣ, ਸੁਖਮਨਾ=ਰਜੋਗੁਣ ਇਨ੍ਹਾਂ ਗੁਣਾਂ ਵਿਚ ਜੋ ਅਗਿਆਨ ਕਾਲ ਵਿਖੇ ਮਨ ਆਦਿਕ ਇੰਦ੍ਰੀਏ ਬਧੇ ਹੋਏ ਸਨ, ਸੋ ਏਹ ਤਿੰਨੇ ਗੁਣ ਅਵਗੁਣ ਰੂਪ ਹੋ ਕੇ ਬ੍ਰਹਮਗਿਆਨ ਤੋਂ ਉਪਰੰਤ ਪਤਾ ਨਹੀਂ ਜੋ ਕਿਥੇ ਚਲੇ ਗਏ।

ਤਾਗਾ ਤੂਟਾ-ਮੋਹ ਟੁਟ ਗਿਆ। ਗਗਨੁ ਬਿਨਸਿ ਗਇਆ-ਗਗਨੁ=ਲੋਭ ਵੀ ਬਿਨਸ ਗਿਆ (ਏਹ ਅਰਥ ਗਉਣੀ ਬਿਰਤੀ ਸੇ ਕੀਤਾ ਹੈ। ਜਿਵੇਂ ਤਾਗਾ ਬੰਨ੍ਹ ਲੈਂਦਾ ਹੈ ਤਿਵੇਂ ਮੋਹ ਬੰਨ੍ਹ ਲੈਂਦਾ ਹੈ। ਜਿਵੇਂ ਆਕਾਸ਼ ਨਹੀਂ ਭਰੀਂਦਾ ਤਿਵੇਂ ਲੋਭੀ ਵੀ ਨਹੀਂ ਰਜਦਾ ।

ਤੇਰਾ ਬੋਲਤੁ ਕਹਾ ਸਮਾਈ॥ ਅਤੇ ਤੇਰ ਮੇਰ ਦਾ ਬਚਨ ਭੀ ਪਤਾ ਨਹੀਂ ਜੋ ਕਿਥੇ ਸਮਾ ਗਿਆ ਹੈ ਭਾਵ ਬ੍ਰਹਮ ਦੇ ਵਿਚ ਹੀ ਲੋਪ ਹੋ ਗਿਆ ਹੈ।

ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ॥

ਅਗਿਆਨ ਕਾਲ ਵਿਚ ਏਹ ਸੰਸਾ ਮੈਨੂੰ ਰਾਤ ਦਿਨੇ ਵਿਆਪ ਰਿਹਾ ਸੀ ਕਿ ਮੈਂ ਬ੍ਰਹਮ ਹਾਂ ਕਿ ਅਨ ਹਾਂ। ਅਥਵਾ-ਏਹ ਸੰਸਾ ਵਿਆਪ ਰਿਹਾ ਸੀ ਕਿ ਮੈਂ ਅਨਮਯ ਕੋਸ਼ ਹਾਂ ਕਿ ਪ੍ਰਾਨਮਯ ਕੋਸ਼ ਹਾਂ ਕਿ ਮਨੋਮਯ ਕੋਸ਼ ਹਾਂ ਕਿ ਵਿਗਜਾਨਮਯ ਕੋਸ਼ ਹਾਂ ਕਿ ਅਨੰਦਮਯ ਕੋਸ਼ ਹਾਂ ਅਤੇ ਮੈਨੂੰ ਕੋਈ ਭੀ ਸਮਝਾ ਕ ਨਹੀਂ ਕਹਿੰਦਾ ਸੀ। ਪਰ ਬ੍ਰਹਮਗਿਆਨ ਕਾਲ ਵਿਚ ਇਹ ਸਾਰੇ ਸੰਸੇ ਦੂਰ ਹੋ ਗਏ ਹਨ।

ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ॥

ਅਗਿਆਨ ਕਾਲ ਵਿਚ ਜਿਸ ਬ੍ਰਹਮ ਵਿਚ ਬ੍ਰਹਮੰਡਾਂ ਦੀ ਕਲਪਨਾ ਹੁੰਦੀ ਸੀ, ਹੁਣ ਬ੍ਰਹਮ ਗਿਆਨ ਕਾਲ ਵਿਚ ਤਿਸ ਬ੍ਰਹਮ ਵਿਚ ਇਕ ਪਿੰਡ ਦੀ ਕਲਪਨਾ ਭੀ ਨਹੀਂ ਹੈ। ਕਿਉਂਕਿ ਕਲਪਨਾ ਦੇ ਰਚਨੇਹਾਰਾ ਅਗਿਆਨ ਜੋ ਤਿਥੇ ਨਹੀਂ ਹੈ।

ਜੋੜਣਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ॥ ੨॥

ਬਿਰਤੀ ਦੇ ਜੋੜਨ ਵਾਲਾ ਬ੍ਰਹਮ ਗਿਆਨੀ ਸਦਾ ਹੀ ਤਿੰਨਾਂ ਗੁਣਾਂ ਤੋਂ ਅਤੀਤਾ=ਰਹਿਤ ਹੈ। ਇਹ ਜਗਤ ਕਿਸ ਦੇ ਮਾਹੀ=ਵਿਚ ਕਹੀਏ? ਉੱਤਰ-ਅਗਿਆਨ ਦੇ ਵਿਚ ਕਹੀਏ।

ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ॥

ਜਿੰਨਾ ਚਿਰ ਅਗਿਆਨ ਹੈ ਉਤਨਾ ਚਿਰ ਬਿਰਤੀ ਜੋੜੀ ਹੋਈ ਬ੍ਰਹਮ ਵਿਚ ਜੁੜਦੀ ਨਹੀਂ। ਜਿਸ ਵੇਲੇ ਬ੍ਰਹਮਗਿਆਨ ਹੋ ਜਾਂਦਾ ਹੈ ਤਾਂ ਫਿਰ ਬਿਰਤੀ ਤੋੜੀ ਹੋਈ ਟੁਟਦੀ ਨਹੀਂ। ਪ੍ਰਾਰਬਧ ਦੇ ਅਨੁਸਾਰ ਜਿੰਨਾ ਚਿਰ ਬ੍ਰਹਮਗਿਆਨੀ ਦਾ ਸਰੀਰ ਰਹਿੰਦਾ ਹੈ, ਉਨਾ ਚਿਰ ਉਹ ਜੀਵਨ ਮੁਕਤੀ ਦੇ ਅਨੰਦ ਵਾਸਤੇ ਬਿਨ+ਆਸੀ= ਆਸਾ ਤੋਂ ਬਿਨਾਂ ਰਹਿੰਦਾ ਹੈ। ਇਨ੍ਹਾਂ ਦੋ, ਤੁਕਾਂ ਦਾ ਫੇਰ ਦੂਜਾ ਅਰਥ ਕਰਨਾ-

ਜੋੜਣਹਾਰੋ ਸਦਾ ਅਤੀਤਾ

ਇਸ ਸੰਸਾਰ ਦੇ ਜੋੜਨ ਵਾਲਾ ਚੇਤਨ ਸਦਾ ਹੀ ਅਤੀਤਾ=ਅਸੰਗ ਹੈ।

ਇਹ ਕਹੀਐ ਕਿਸੁ ਮਾਹੀ॥ ੨॥

ਪ੍ਰਸ਼ਨ-ਜੇਕਰ ਉਹ ਚੇਤਨ ਅਸੰਗ ਹੈ ਤਾਂ ਫਿਰ ਏਹ ਸੰਸਾਰ ਕਿਸ ਦੇ ਵਿਚ ਕਹੀਏ?

ਉੱਤਰ-ਏਹ ਸੰਸਾਰ ਮਾਇਆ ਵਿਚ ਕਹੀਏ। ਪ੍ਰਸ਼ਨ-ਉਹ ਮਾਇਆ ਕੈਸੀ ਹੈ? ਬ੍ਰਹਮ ਸੇ ਭਿੰਨ ਹੈ ਕਿ ਅਭਿੰਨ ਹੈ?

ਉੱਤਰ-ਨਾ/ਭਿੰਨ ਹੈ ਨਾ ਅਭਿੰਨ ਹੈ, ਨਾ ਭਿੰਨਾਭਿੰਨ ਉਭੇ ਹੈ, ਏਹ ਮਾਇਆ ਤਾਂ ਅਨਰਵਚਨੀ ਹੈ।

ਜੋੜੀ ਜੁੜੈ ਨ ਤੋੜੀ ਤੂਟੈ—ਏਹ ਮਾਇਆ ਬ੍ਰਹਮ ਨਾਲ ਜੋੜੀ ਹੋਈ ਜੁੜਦੀ ਨਹੀਂ ਕਿਉਂਕਿ ਬ੍ਰਹਮ ਸ਼ੁਧ ਹੈ ਤੇ ਮਾਇਆ ਮਲੀਨ ਹੈ ਇਸ ਕਰਕੇ ਉਹ ਅਭਿੰਨ ਨਹੀਂ ਅਤੇ ਬ੍ਰਹਮ ਨਾਲੋਂ ਤੋੜੀ ਹੋਈ ਟੁਟਦੀ ਭੀ ਨਹੀਂ ਕਿਉਂਕਿ ਬ੍ਰਹਮ ਤੋਂ ਬਿਨਾਂ ਇਸ ਨੂੰ ਹੋਰ ਕੋਈ ਆਸਰਾ ਨਹੀਂ ਇਸ ਕਰਕੇ ਉਸ ਤੋਂ ਭਿੰਨ ਵੀ ਨਹੀਂ।

ਜਬ ਲਗੁ ਹੋਇ ਬਿਨਾਸੀ॥

ਜਿਤਨਾ ਚਿਰ ਵੱਸ ਚਲੇ ਉਤਨਾਂ ਚਿਰ ਮਾਇਆ ਨੂੰ ਬਿਨਾਸੀ=ਮਿਥਿਆ ਰੂਪ ਨਿਸਚੇ ਕਰੇ।

ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ॥ ੩॥

ਬ੍ਰਹਮਗਿਆਨ ਤੋਂ ਉਪਰੰਤ ਕੌਣ ਕੋਈ ਕਿਸੇ ਦਾ ਠਾਕੁਰ=ਸੁਆਮੀ ਹੈ। ਕੌਣ ਕੋਈ ਕਿਸੇ ਦਾ ਸੇਵਕ ਹੈ, ਕੌਣ ਕੋਈ ਕਿਸੇ ਪਾਸ ਆਉਂਦਾ ਤੇ ਕੌਣ ਕੋਈ ਕਿਸੇ ਪਾਸ ਜਾਂਦਾ ਹੈ।

ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥

ਕਬੀਰ ਜੀ ਕਥਨ ਕਰਦੇ ਹਨ-ਬ੍ਰਹਮਗਿਆਨੀ ਦੀ ਲਿਵ=ਬਿਰਤੀ ਉਸ ਨਿਰੰਕਾਰ ਵਿਚ ਲਗ ਰਹੀ ਹੈ, ਜਿਸ ਦੇ ਵਿਚ ਰਾਤ ਦਿਨ ਕਲਪਤ ਹੋਏ ਵਸ ਰਹੇ ਹਨ।

ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ॥ ੪॥

ਉਸ ਬ੍ਰਹਮਗਿਆਨੀ ਦਾ ਮਰਮੁ=ਭੇਦ ਉਹ ਬ੍ਰਹਮਗਿਆਨੀ ਆਪ ਜੀ ਜਾਣਦਾ ਹੈ।

ਯਥਾ:- ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ॥

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥ *(ਗਉੜੀ ਸੁਖਮਨੀ, ਪੰਨਾ ੨੭੩)*

ਉਹ ਬ੍ਰਹਮਗਿਆਨੀ ਤਾਂ ਹਮੇਸ਼ਾਂ ਹੀ ਨਾਸ ਤੋਂ ਰਹਿਤ ਹੈ॥ ੪॥ ੧॥ ੫੨॥

ਯਥਾ:- ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥ ੫॥

ਗਉੜੀ ॥

ਉਥਾਨਕਾ–ਜੋਗੀ ਜੀ ਦੇ ਮਰਨ ਪਿਛੋਂ ਜੋਗੀ ਜੀ ਦੇ ਚੇਲਿਆਂ ਨੇ ਇਕੱਠਿਆਂ ਹੋ ਕੇ ਕਬੀਰ ਜੀ ਨੂੰ ਕਿਹਾ ਕਿ ਹੁਣ ਆਪ ਜੋਗ ਭੇਖ ਧਾਰਨ ਕਰਕੇ ਏਸੇ ਗੱਦੀ ਪਰ ਬੈਠ ਜਾਵੋ ਤਾਂ ਉਸੇ ਤਰ੍ਹਾਂ ਫੇਰ ਰੌਣਕਾਂ ਹੋ ਜਾਣਗੀਆਂ। ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ- (ਰਹਾਉ ਦੀ ਪੰਗਤੀ ਉਠਾਣੀ)

ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥ ੧ ॥ ਰਹਾਉ ॥

ਹੇ ਮੇਰੇ ਰਾਜਨ=ਪਿਆਰੇ ! ਮੈਂ ਤਾਂ ਪਹਿਲਾਂ ਹੀ ਵੈਰਾਗਵਾਨ ਜੋਗੀ ਹਾਂ। ਤੁਸੀਂ ਤਾਂ ਪਦਾਰਥਾਂ ਦੇ ਵਿਜੋਗ ਜਨ ਸੋਗ ਕਰਕੇ ਮਰਦੇ ਹੋ, ਭਾਵ ਦੁਖੀ ਹੁੰਦੇ ਹੋ, ਮੈਂ ਪਦਾਰਥਾਂ ਦੇ ਵਿਜੋਗ ਜਨ ਸੋਗ ਕਰਕੇ ਨਹੀਂ ਮਰਦਾ ਭਾਵ ਮੈਂ ਨਹੀਂ ਦੁਖੀ ਹੁੰਦਾ ਇਸ ਕਰਕੇ ਮੈਂ ਸਭ ਤੋਂ ਸ੍ਰੇਸ਼ਟ ਜੋਗੀ ਹਾਂ ॥ ੧ ॥ ਰਹਾਉ ॥ ਪੁਨਾ–ਜੋਗੀ ਦੇ ਚੇਲਿਆਂ ਨੇ ਕਿਹਾ ਅਸੀਂ ਕਿਵੇਂ ਮੰਨੀਏ ਕਿ ਆਪ ਸ੍ਰੇਸ਼ਟ ਜੋਗੀ ਹੋ ਕਿਉਂਕਿ ਆਪ ਜੀ ਨੇ ਜੋਗੀਆਂ ਵਾਲੇ ਚਿੰਨ੍ਹ ਕੋਈ ਧਾਰਨ ਨਹੀਂ ਕੀਤੇ ਹੋਏ। ਇਹ ਗੱਲ ਸੁਣਕੇ ਕਬੀਰ ਜੀ ਨੇ ਕਿਹਾ–

ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ ॥

ਨਿਸਚਾ ਵਿਚਾਰ ਰੂਪ ਦੋ ਕੰਨਾਂ ਵਿਚ ਸੁਰਤੀ ਸਿਮ੍ਰਿਤੀ ਦੇ ਸਿਧਾਂਤ ਰੂਪ ਮੁੰਦ੍ਰਾਂ ਪਾਈਆਂ ਹੋਈਆਂ ਹਨ। ਪਰ=ਭਲੀ ਪਰਕਾਰ ਸੰਸਾਰ ਮਰਯਾਦਾ ਤੋਂ ਬਾਹਰ ਹੋਣਾ ਇਹ ਅਸਾਂ ਨੇ ਖਿੰਥਾ=ਗੋਦੜੀ ਪਾਈ ਹੋਈ ਹੈ।

ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ ॥ ੧ ॥

ਸੁੰਨ=ਅਫੁਰ ਪਰਮਾਤਮ ਦੇਵ ਰੂਪ ਗੁਫਾ ਵਿਚ ਜਿਹੜਾ ਬੈਠਣਾ ਕੀਤਾ ਹੈ, ਏਹੋ ਸਾਡਾ ਆਸਣ ਹੈ। ਕਲਪਣਾ ਤੋਂ ਬਿਬਰਜਿਤ=ਰਹਿਤ ਹੋਣਾ ਇਹ ਸਾਡਾ ਬਾਰਾਂ ਪੰਥਾਂ ਵਿਚੋਂ ਵੱਡਾ ਤੇ ਉੱਚਾ ਆਈ ਪੰਥ ਹੈ ॥ ੧ ॥

ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥ ੧ ॥ ਰਹਾਉ ॥

ਹੇ ਮੇਰੇ ਭਾਈ ! ਮੈਂ ਵੈਰਾਗਵਾਨ ਜੋਗੀ ਹਾਂ। ਪਦਾਰਥਾਂ ਦੇ ਵਿਜੋਗ ਜਨ ਸੋਗ ਕਰਕੇ ਮੈਂ ਦੁਖੀ ਨਹੀਂ ਹੁੰਦਾ ॥ ੧ ॥

ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥

ਨੌਂ ਖੰਡ ਰੂਪ ਸਾਰੇ ਬ੍ਰਹਮੰਡ ਅੰਦਰ ਜਿਹੜਾ ਸ਼ਬਦ ਹੋ ਰਿਹਾ ਹੈ ਇਹ ਸਾਡੀ ਸਿੰਙੀ ਵਜ ਰਹੀ ਹੈ ਸਤਿਨਾਮੁ ਰੂਪੀ ਮੇਰਾ ਬਟੂਆ ਹੈ। ਸਾਰੇ ਸੰਸਾਰ ਨੂੰ ਭਸਮਾਧਾਰੀ=ਭਸਮ+ਅਧਾਰੀ ਭਸਮ ਵਾਂਗੂੰ ਮਿਥਿਆ ਸਮਝਣਾ ਇਹ ਅਸਾਂ ਨੇ ਅਧਾਰੀ=ਝੋਲੀ ਫੜੀ ਹੋਈ ਹੈ।

ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥ ੨ ॥

ਤ੍ਰਿਪਲੁ=ਤਿੰਨ ਗੁਣ, ਪਲਟੀਐ=ਹਟ ਜਾਣਾ, ਤਾੜੀ=ਸਮਾਧੀ।

ਤਿੰਨਾਂ ਗੁਣਾਂ ਵਲੋਂ ਹਟਣਾ ਏਹੀ ਸਾਡੀ ਸਮਾਧੀ ਲਗੀ ਹੋਈ ਹੈ ਇਸ ਰੀਤੀ ਕਰਕੇ ਅਸੀਂ ਬਾਹਰਲੇ ਪਸਾਰੇ ਵਲੋਂ ਛੁਟੇ ਹੋਏ ਹਾਂ ॥ ੨ ॥

ਮਨੁ ਪਵਨੁ ਦੁਇ ਤੁੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥

ਮਨ ਅਤੇ ਸ੍ਵਾਸ ਇਹ ਅਸੀਂ ਦੋ ਤੁੰਬੇ ਬਣਾਉਣੇ ਕੀਤੇ ਹਨ। ਸਾਰਿਆਂ ਜੁਗਾਂ ਵਿਚ ਨਿਰੰਕਾਰ ਦੀ ਚੇਤਨ

ਸੱਤਾ ਜਿਹੜੀ ਜੁਗ=ਜੁੜੀ ਹੋਈ ਨਿਸਚੇ ਕੀਤੀ ਹੈ ਇਹ ਅਸੀਂ ਇਕ ਸਾਰਦ=ਡੰਡੀ ਸਜਾ ਰਖੀ ਹੈ। ਇਸੇ ਡੰਡੀ ਨਾਲ ਉਪਰੋਕਤ ਮਨ ਅਤੇ ਸ੍ਵਾਸਾਂ ਰੂਪੀ ਦੋ ਤੂੰਬੇ ਲਗਾਏ ਹੋਏ ਹਨ।

[ਪੰਨਾ ੩੩੫]

ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ॥ ੩॥

ਬ੍ਰਹਮਾਕਾਰ ਬਿਰਤੀ ਰੂਪ ਤੰਤੀ=ਤਾਰ ਅਜੇਹੀ ਇਸਥਿਤ ਹੋਈ ਹੈ, ਜਿਹੜੀ ਕਦੇ ਵੀ ਟੁੱਟਦੀ ਨਹੀਂ। ਇਸ ਰੀਤੀ ਨਾਲ ਕਿੰਗ ਦੀ ਅਨਹਦ=ਇਕ ਰਸ ਅਹੰਬ੍ਰਹਮਾਂਸਮੀ ਰੂਪੀ ਧੁਨੀ ਵਜ ਰਹੀ ਹੈ॥ ੩॥

ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ॥

ਇਸ ਧੁਨ ਨੂੰ ਸੁਣ ਕੇ ਮਨ ਆਦਿਕ ਇੰਦਰੇ ਪੂਰੇ=ਪੂਰਨ ਪਰਮਾਤਮਾ ਵਿਚ ਮਸਤ ਹੋ ਰਹੇ ਹਨ। ਇਸ ਲਈ ਹੁਣ ਮਾਇਆ ਦਾ ਡੋਲ=ਧੱਕਾ ਨਹੀਂ ਲਗਦਾ।

ਸੰਪ੍ਰਦਾਈ ਪਾਠ ਡੋਲ-ਨ-ਲਾਗੀ ਹੈ। ਵਾ:-ਮਾਇਆ ਪਿਛੇ ਪਿਛੇ ਡੋਲਨ=ਫਿਰਨ ਲਗਦੀ ਹੈ।

ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ
ਖੇਲਿ ਗਇਓ ਬੈਰਾਗੀ॥ ੪॥ ੨॥ ੫੩॥

ਕਬੀਰ ਜੀ ਆਖਦੇ ਹਨ-ਉਸ ਪੁਰਖ ਨੂੰ ਪੁਨ੍ਰਪਿ=ਪੁਨਰ+ਅਪਿ=ਪੁਨਾ=ਫਿਰ, ਅਪਿ=ਨਿਸਚੇ ਕਰਕੇ ਜਨਮ ਮਰਨ ਨਹੀਂ ਹੁੰਦਾ, ਜਿਹੜਾ ਵੈਰਾਗੀ ਉੱਪਰ ਦਸੀ ਹੋਈ ਖੇਡ ਨੂੰ ਖੇਡ ਕੇ ਇਥੋਂ ਗਿਆ ਹੈ॥ ੪॥ ੨॥ ੫੩॥

ਗਉੜੀ ॥

ਉਥਾਨਕਾ-ਇਕ ਹੰਕਾਰੀ ਪੰਡਤ ਸਭ ਦੇਸ਼ਾਂ ਦਿਆਂ ਪੰਡਤਾਂ ਨੂੰ ਸ਼ਾਸਤ੍ਰ ਅਰਥ ਕਰਕੇ ਜਿਤਦਾ ਹੋਇਆ ਬਨਾਰਸ ਅੰਦਰ ਆਇਆ। ਢੰਡੋਰਾ ਫਿਰਾ ਕੇ ਸਰਿਆਂ ਪੰਡਤਾਂ ਨੂੰ ਚੈਲੰਜ ਕਰ ਦਿਤਾ ਕਿ ਕਲ ਨੂੰ ਸਾਰੇ ਪੰਡਤ ਆ ਕੇ ਮੇਰੇ ਨਾਲ ਸ਼ਾਸਤ੍ਰ ਅਰਥ ਕਰਨ ਜਾਂ ਸਾਰੇ ਮੇਰੇ ਅਗੇ ਆ ਕੇ ਹਾਰ ਮੰਨਣ। ਢੰਡੋਰਾ ਸੁਣਕੇ ਸਭ ਪੰਡਤ ਚੌਕੰਨੇ ਹੋ ਗਏ। ਸੋਚਣ ਲਗੇ ਕਿ ਹੁਣ ਕੀ ਕੀਤਾ ਜਾਵੇ। ਜੇ ਹਾਰ ਗਏ ਤਾਂ ਸਾਰੀ ਕਾਂਸ਼ੀ ਪੁਰੀ ਨੂੰ ਹਮੇਸ਼ਾਂ ਵਾਸਤੇ ਕਲੰਕ ਲਗ ਜਾਵੇਗਾ। ਸਾਰੇ ਪੰਡਤ ਇਕੱਠੇ ਹੋ ਕੇ ਆਪੋ ਆਪਣੀਆਂ ਸਲਾਹਾਂ ਦੇਣ ਲਗੇ, ਸਾਰਿਆਂ ਦੀ ਰਾਇ ਅਨੁਸਾਰ ਇਹ ਫੈਸਲਾ ਹੋਇਆ ਕਿ ਕਬੀਰ ਜੀ ਨੂੰ ਅਗੇ ਲਾਓ, ਜੇ ਕਬੀਰ ਜੀ ਹਾਰ ਗਏ ਤਾਂ ਸਾਡੇ ਅਗੇ ਬੋਲਣ ਜੋਗੇ ਨਾ ਰਹਿਣਗੇ। ਜੇ ਜਿਤ ਗਏ ਤਾਂ ਕਾਸ਼ੀ ਪੁਰੀ ਦੀ ਜੈ ਹੋਵੇਗੀ। ਇਸ ਤਜਵੀਜ਼ ਅਨੁਸਾਰ ਸਾਡੇ ਦੋਹੀਂ ਹੱਥੀ ਲੱਡੂ ਵਾਲੀ ਗੱਲ ਬਣਦੀ ਹੈ। ਇਹ ਮਤਾ ਕਰਕੇ ਸਾਰੇ ਕਬੀਰ ਜੀ ਪਾਸ ਆਏ ਤੇ ਆਖਿਆ, ਕਬੀਰ ਜੀ ! ਕਲ ਤੁਸੀਂ ਬਾਹਰੋਂ ਆਏ ਹੋਏ ਪੰਡਤ ਨਾਲ ਚਰਚਾ ਕਰਨੀ ਹੋਵੇਗੀ। ਕਬੀਰ ਜੀ ਨੇ ਆਖਿਆ ਅਸੀਂ ਵਿਚਾਰ ਕਰਨ ਲਈ ਸਦਾ ਹਾਜ਼ਰ ਹਾਂ, ਜਦੋਂ ਜ਼ਰੂਰਤ ਪਵੇ ਸਾਨੂੰ ਬੁਲਾ ਲੈਣਾ।

ਪੰਡਤ ਖੁਸ਼ੀ ਖੁਸ਼ੀ ਕੱਛਾ ਵਜਾਉਂਦੇ ਘਰੋ ਘਰੀ ਚਲੇ ਗਏ। ਅਗਲੇ ਦਿਨ ਸਾਰੇ ਪੰਡਤ ਇਕੱਠੇ ਹੋ ਕੇ ਕਬੀਰ ਜੀ ਪਾਸ ਆਏ, ਕਬੀਰ ਜੀ ਨੂੰ ਆਪਣੇ ਨਾਲ ਲੈ ਕੇ ਉਸ ਵਿਦਵਾਨ ਪੰਡਤ ਕੋਲ ਪਹੁੰਚ ਗਏ। ਉਸ ਨੇ ਕਬੀਰ ਜੀ ਨੂੰ ਆਦਰ ਸਤਿਕਾਰ ਕਰਕੇ ਬਿਠਾ ਲਿਆ। ਬਚਨ ਬਿਲਾਸ ਆਰੰਭ ਹੋ ਗਿਆ।

ਪੰਡਤ ਜੀ ਨੇ ਆਖਿਆ ਤੁਸੀਂ ਪਹਿਲਾਂ ਆਪਣੀ ਜਾਤ ਦਾ ਨਿਰੂਪਣ ਕਰ ਦਿਓ ਪੁਸ਼ਕਰਨੇ ਹੋ? ਗੌਡ ਹੋ? ਸਾਰਸੁਤੀਏ ਹੋ? ਫਿਰ ਸ਼ਾਸਤ੍ਰ ਅਰਥ ਆਪ ਨਾਲ ਆਰੰਭ ਕਰਾਂਗੇ। ਕਬੀਰ ਜੀ ਨੇ ਸੱਚ ਆਖ ਦਿਤਾ ਕਿ ਮੇਰੀ ਜਾਤ ਜੁਲਾਹਾ ਹੈ। ਜੁਲਾਹਾ ਸ਼ਬਦ ਸੁਣਦਿਆਂ ਹੀ ਪੰਡਤ ਜੀ ਨੂੰ ਜਾਤੀ ਅਭਿਮਾਨ ਦਾ ਸੱਪ ਡੰਗ ਮਾਰ ਗਿਆ। ਮੂੰਹ ਮੋੜ ਕੇ ਆਖਣ ਲਗਾ ਕਿ ਅਸੀਂ ਤਾਂ ਨੀਚ ਜਾਤੀ ਵਾਲੇ ਨਾਲ ਚਰਚਾ ਕਰਨੀ ਪਸੰਦ ਹੀ ਨਹੀਂ ਕਰਦੇ ਕਿਉਂਕਿ ਜੁਲਾਹਾ ਜਾਤੀ ਸਭ ਤੋਂ ਨੀਵੀਂ ਹੈ। ਕਬੀਰ ਜੀ ਕਹਿਣ ਲਗੇ ਹੇ ਪੰਡਤ ਜੀ ! ਆਪ ਮੂੰਹ ਨਾ ਪਰੇ ਕਰੋ ਹੌਸਲੇ ਨਾਲ ਗੱਲ ਬਾਤ ਕਰੋ ਤੁਸੀਂ ਆਪ ਜੁਲਾਹੇ ਹੋ ਤੁਹਾਡਾ ਪਿਉ, ਦਾਦਾ, ਪੜਦਾਦਾ ਆਦਿ ਸਾਰਾ ਪਰਵਾਰ ਹੀ ਜੁਲਾਹਿਆਂ ਦਾ ਹੈ। ਤੁਸੀਂ ਜੁਲਾਹੇਪਨ ਤੋਂ ਕਿਸੇ ਪਰਕਾਰ ਭੀ ਦੂਰ ਨਹੀਂ ਹੋ ਸਕਦੇ ਕਿਉਂਕਿ ਸਾਰਿਆਂ ਦੀ ਉਤਪਤੀ ਬ੍ਰਹਮਾ ਜੀ ਤੋਂ ਹੋਈ ਹੈ। ਬ੍ਰਹਮਾ ਆਪ ਖੁਦ ਜੁਲਾਹਾ ਹੈ, ਕਿਉਂਕਿ ਉਸ ਦਾ ਹਰਦਮ ਕੰਮ ਹੀ ਏਹੋ ਹੈ, ਸੰਸਾਰ ਦੀ ਤਾਣੀ ਨੂੰ ਉਣੀ ਜਾਣਾ। ਆਦਮੀ ਜਿਹੋ ਜਿਹਾ ਕੰਮ ਕਰਦਾ ਹੈ ਉਹੋ ਜੇਹਾ ਨਾਮ ਪੈ ਜਾਂਦਾ ਹੈ।

ਯਥਾ- ਕਰਮ ਦੇਵਤਾ ਨਾਮ ਕਹਾਵੈ॥

ਜੇਕਰ ਇਹ ਗੱਲ ਨਾ ਹੋਵੇ ਤਾਂ ਫਿਰ ਬਿਆਸ ਵਸਿਸ਼ਟ ਪਰਾਸਰ ਆਦਿਕ ਰਿਖੀ ਬ੍ਰਾਹਮਣ ਨਹੀਂ ਸਿਧ ਹੋਣੇ ਚਾਹੀਦੇ ਪਰ ਕਰਨੇ ਜ਼ਰੂਰ ਪੈਂਦੇ ਹਨ। ਕਿਉਂਕਿ ਉਹਨਾਂ ਨੂੰ ਬ੍ਰਹਮਣ ਸਿਧ ਕਰਨ ਤੋਂ ਬਿਨਾਂ ਸਾਰੇ ਗ੍ਰੰਥ ਨਿਸਫਲ ਚਲੇ ਜਾਂਦੇ ਹਨ। ਜੇ ਉਤਪਤੀ ਵਲ ਖਿਆਲ ਕਰੀਏ ਤਾਂ ਬਿਆਸ ਭਗਵਾਨ ਦੀ ਉਤਪਤੀ ਮਛੋਂਦ੍ਰੀ ਦੇ ਪੇਟੋਂ ਹੋਈ ਹੈ। ਵਸਿਸ਼ਟ ਦੀ ਉਤਪਤੀ ਵੇਸ਼ਵਾ ਤੋਂ ਹੋਈ ਹੈ। ਪਰਾਸਰ ਦੀ ਉਤਪਤੀ ਚੰਡਾਲਣੀ ਤੋਂ ਹੋਈ ਹੈ। ਅਖੀਰ ਸਾਰੀ ਗੱਲ ਦਾ ਸਿੱਟਾ ਏਹੀ ਨਿਕਲਿਆ ਕਿ ਕਰਮਾਂ ਉੱਤੇ ਮਨੁਖ ਦੀ ਅਲ ਪੈ ਜਾਂਦੀ ਹੈ। ਜੇ ਕਪੜੇ ਧੋਵੇ ਤਾਂ ਧੋਬੀ, ਜੇਕਰ ਕਪੜੇ ਸਿਊਣ ਦਾ ਕੰਮ ਕਰੇ ਤਾਂ ਦਰਜੀ ਨਾਮ ਪੈ ਜਾਂਦਾ ਹੈ। ਕਪੜੇ ਵੇਚਣ ਕਰਕੇ ਬਜਾਜ਼, ਅਤੇ ਰੰਗਣ ਕਰਕੇ ਲਿਲਾਰੀ ਪੈ ਜਾਂਦਾ ਹੈ। ਇਸੇ ਪਰਕਾਰ ਸੰਸਾਰ ਦੀ ਉਤਪਤੀ ਕਰਨ ਕਰਕੇ ਬ੍ਰਹਮਾ ਜੀ ਜੁਲਾਹੇ ਹਨ ਤੇ ਬ੍ਰਹਮਾ ਦੇ ਉਤਪੰਨ ਕੀਤੇ ਹੋਏ ਸਾਰੇ ਜੀਵ ਭੀ ਜੁਲਾਹੇ ਹਨ। ਪੰਡਿਤ ਜੀ ! ਆਪ ਭਲਾ ਜੁਲਾਹਾ ਜਾਤੀ ਤੋਂ ਦੂਰ ਕਿਵੇਂ ਹਟ ਸਕਦੇ ਹੋ?

ਹੁਣ ਪਹਿਲੇ ਅਰਥ ਵਿਚ ਬ੍ਰਹਮਾ ਨੂੰ ਜੀਵ ਕੋਟੀ ਵਿਚ ਲਿਆ ਕੇ ਜੁਲਾਹਾ ਸਿਧ ਕਰਦੇ ਹਨ। ਕਿਉਂਕਿ ''ਪ੍ਰਥਮ ਸਰੀਰੀ ਬ੍ਰਹਮਾ ਹਈਏ'' ॥

ਪਹਿਲਾ ਵੱਡਾ ਜੀਵ ਜੋ ਹੈਂ ਤਾਂ ਬ੍ਰਹਮਾ ਹੈ ਨਾਲੇ ਇਸ ਅਰਥ ਵਿਚ ਤੁਯੰਪਦ ਦਾ ਸੋਧਨ ਭੀ ਚਲੇਗਾ। ਰਹਾਉ ਤੋਂ ਪੰਗਤੀ ਉਠਾਉਣੀ। ਗਈ ਬੁਨਾਵਨ ਮਾਹੋ॥

ਆਤਮਾ ਨੂੰ ਜਾਨਣੇ ਵਾਲੀ ਮਾਹੋ=ਸ਼ੁਧ ਬੁੱਧੀ ਰੂਪੀ ਇਸਤ੍ਰੀ, ਜੀਵ ਰੂਪ ਜੁਲਾਹੇ ਪਾਸ ਦੇਹ ਰੂਪੀ ਤਾਣੀ ਨੂੰ ਉਠਾਉਣ ਵਾਸਤੇ ਭਾਵ ਸਫਲ ਕਰਾਉਣ ਵਾਸਤੇ ਗਈ।

ਘਰ ਛੋਡਿਐ ਜਾਇ ਜੁਲਾਹੋ॥ ੧॥ ਰਹਾਉ॥

ਅਗੋਂ ਜੀਵ ਰੂਪੀ ਜੁਲਾਹਾ ਲਾਭ ਵਾਲੀ ਸਰੂਪ ਰੂਪੀ ਘਰ ਦੀ ਜਗ੍ਹਾ ਨੂੰ ਛਡ ਕੇ ਬਾਹਰ ਮੁਖ ਹੋ ਰਿਹਾ ਹੈ। ਪਰ ਬੁੱਧੀ ਦੇ ਆਖਣ ਕਰਕੇ ਜੀਵ ਪੁਛਦਾ ਹੈ ਕਿ ਜਿਸ ਤਾਣੀ ਨੂੰ ਤੂੰ ਸਫਲ ਕਰਾਉਣਾ ਹੈ ਉਹ ਤਾਣੀ ਕਿਤਨੀ ਕੁ ਹੈ? ਤਾਂ ਸ਼ੁਧ ਬੁੱਧੀ ਆਖਦੀ ਹੈ-

ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ॥

ਨੌਂ ਗਜ=ਨੌਂ ਗੋਲਕਾਂ, ਗਜ ਦਸ=ਇੰਦ੍ਰੀਏ, ਗਜ ਇਕੀਸ=੨੧ ਗਜ (ਪੰਜ ਸੂਖਮ ਤਤ, ਪੰਜ ਅਸਥੂਲ

ਤਤ, ਪੰਜ ਪ੍ਰਾਣ, ਪੰਜ ਅਪ੍ਰਾਣ ਅਤੇ ਇਕ ਮਨ) ਇਹ ਇੱਕੀ ਗਜ ਰਲ ਕੇ ਪੂਰੀ ਚਾਲੀਆਂ ਗਜਾਂ ਦੀ ਇਕ ਤਾਣੀ ਤਣੀ ਹੋਈ ਹੈ। *ਅਥਵਾ:*-ਇਹ ਪੁਰੀਆ=ਪੂਰੀ ਚਾਲੀ ਗਜਾਂ ਦੀ ਤਾਣੀ ਇਕ ਪਰਮਾਤਮਾ ਨੇ ਬ੍ਰਹਮਾ ਪਾਸੋਂ ਬਣਵਾਈ ਹੈ।

ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥ ੧॥

ਸਰੀਰ ਅੰਦਰ ਜਿਹੜੀਆਂ ੬੦ ਅਸਥੂਲ ਨਾੜੀਆਂ ਹਨ ਇਹ ਸੂਤਰ ਹੈ ਅਤੇ ਸਭ ਤੋਂ ਵੱਡੇ ਨਵ=ਨੌਂ ਜੋੜ ੪ ਲਤਾਂ ਦੇ, ੪ ਬਾਹਾਂ ਦੇ, ਇਕ ਗਿਚੀ ਦਾ। ਇਹ ਕਾਨੇ ਹਨ।

੪੦ ਸਿਰਾ, ੪ ਸਨਾਯੂ, ੨੪ ਧਮਨੀਆਂ, ੪ ਰਜੂ ਇਹ ੭੨ ਜਿਹੜੀਆਂ ਮਨ ਦੀਆਂ ਕੋਠੀਆਂ ਹਨ ਇਹ ਅਧਿਕਾਈ=ਅਧਿਕਤਾ ਕਰਕੇ ਪਾਟੁ=ਪੇਟਾ ਲਗਾ ਹੋਇਆ ਹੈ।

ਗਈ ਬੁਨਾਵਨ ਮਾਹੋ॥ ਘਰ ਛੋਡਿਐ ਜਾਇ ਜੁਲਾਹੋ॥ ੧॥ ਰਹਾਉ॥

ਇਸ ਦਾ ਅਰਥ ਪਹਿਲੇ ਹੋ ਚੁਕਾ ਹੈ। ਪੁਨਾ-ਜੀਵ ਨੇ ਆਖਿਆ ਇਹ ਤਾਣੀ ਗਜਾਂ ਕਰਕੇ ਨਹੀਂ ਮਿਣੀ ਹੋਈ ਹੋਵੇਗੀ ਅਤੇ ਤੋਲ ਕਰ ਨਹੀਂ ਤੁਲੀ ਹੋਈ ਹੋਵੇਗੀ। ਤਾਂ ਸ਼ੁੱਧ ਬੁੱਧੀ ਨੇ ਆਖਿਆ-

ਗਜੀ ਨ ਮਿਨੀਐ ਤੋਲਿ ਨ ਤੋਲੀਐ ਪਾਚਨੁ ਸੇਰ ਅਢਾਈ॥

ਗਜਾਂ ਕਰਕੇ ਨਹੀਂ ਮਿਣੀ ਹੋਈ ? ਭਾਵ ਮਿਣੀ ਹੋਈ ਹੈ। ਤੋਲ ਕਰਕੇ ਨਹੀਂ ਤੁਲੀ ਹੋਈ ? ਭਾਵ ਤੁਲੀ ਹੋਈ ਹੈ। ਗਜਾਂ ਕਰਕੇ ੪੦ ਗਜ ਹੈ ਅਤੇ ਤੋਲ ਕਰਕੇ ਸਾਢੇ ਤਿੰਨ ਮਣ ਹੈ।

ਯਥਾ:- ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥ *(ਪੰਨਾ ੧੩੮੩)*

ਅਥਵਾ:-ਗਜਾਂ ਕਰਕੇ ਮਿਣੀ ਹੋਈ ਹੈ ਆਪੇ ਆਪਣੇ ਸਾਢੇ ਤਿੰਨ ਤਿੰਨ ਹੱਥ ਹੈ ਅਤੇ ਤੋਲ ਕਰ ਕੇ ਤੁਲੀ ਹੋਈ ਹੈ। ਅਸੱਤ ਜੜ੍ਹ ਦੁਖ ਰੂਪ ਹੈ। ਇਤਨੀ ਲੰਮੀ ਤਾਣੀ ਦੀ ਪੈਮਾਇਸ਼ ਸੁਣ ਕੇ ਜੀਵ ਸਫਲ ਕਰਨ ਵਲੋਂ ਡਰ ਗਿਆ ਤਾਂ ਬੁੱਧੀ ਨੇ ਆਖਿਆ-

ਹੇ ਜੀਵ ! ਤੈਨੂੰ ਰੋਜ਼ ਦੀ ਢਾਈ ਸੇਰ ਕੱਚੀ ਪਾਚਨੁ=ਪਾਣ ਭਾਵ ਖੁਰਾਕ ਮਿਲ ਰਹੀ ਹੈ। ਕਿਧਰੇ ਤਿੰਨ ਸੇਰ ਭੀ ਕਹੀ ਹੈ।

ਯਥਾ- ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥ ਅਵਰ ਵਸਤੁ ਤੁਝ ਪਾਹਿ ਅਮਾਨ॥ ੨॥

(ਪੰਨਾ ੩੭੪)

ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ॥ ੨॥

ਜੇਕਰ ਤੂੰ ਆਪਣੀ ਪਾਚਨੁ=ਖੁਰਾਕ, ਬੇਗਿ=ਜਲਦੀ ਨਾ ਪਾਵੇਂ ਤਾਂ ਹੇ ਸਰੂਪ ਰੂਪੀ ਘਰ ਨੂੰ ਹਾਈ=ਹਤ (ਨਾਸ) ਕਰਨ ਵਾਲੇ ਪਤੀ ! ਤੂੰ ਝਗੜਾ ਕਰੇਂ ਕਿ ਮੈਂ ਸਫਲ ਨਹੀਂ ਕਰਦਾ॥ ੨॥

ਪੁਨਾ-ਜੀਵ ਨੇ ਆਖਿਆ, ਹਛਾ ਮੈਂ ਠਹਿਰ ਕੇ ਸਫਲੀ ਕਰ ਦਿਆਂਗਾ ਤਾਂ ਫਿਰ ਬੁੱਧੀ ਨੇ ਆਖਿਆ-

ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ॥

ਹੇ ਪਤੀ ! ਜਦ ਤੇਰੀ ਆਯੂ ਰੂਪ ਦਿਨਾਂ ਦੀ ਬੈਠ=ਸਮਾਪਤੀ ਹੋਈ ਤੇ ਖਸਮ=ਪਰਮਾਤਮਾ ਨੇ ਤੇਰੇ ਬਰ=ਉੱਪਰ ਕਸ=ਤਾੜਨਾ ਕੀਤੀ ਤਾਂ ਫਿਰ ਇਹ ਮਨੁੱਖਾ ਦੇਹ ਦੀ ਪ੍ਰਾਪਤੀ ਦਾ ਵੇਲਾ ਕਦੋਂ ਆਵੇਗਾ ਭਾਵ

ਫਿਰ ਨਹੀਂ ਆਵੇਗਾ। ਇਸ ਵਾਸਤੇ ਹੁਣੇ ਹੀ ਜੋ ਕੁਝ ਕਰਨਾ ਹੈ ਕਰ ਲੈ।

ਯਥਾ:- ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥

ਪਾਛੈ ਕਛੂ ਨ ਹੋਇਗਾ ਜਉ ਸਿਰ ਪਰ ਆਵੈ ਕਾਲੁ॥ ੧੩੮॥ (ਪੰਨਾ ੧੩੭੧)

ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ॥ ੩॥

ਜਿਨ੍ਹਾਂ ਪਦਾਰਥਾਂ ਦੀ ਮਸਤੀ ਕਰਕੇ ਤੂੰ ਹੰਕਾਰ ਕਰਦਾ ਹੈਂ ਉਹ ਕੂੰਡੇ=ਪਦਾਰਥ ਅੰਤ ਸਮੇਂ ਤੇਰੇ ਕੋਲੋਂ ਛੁਟ ਜਾਣਗੇ ਤੇ ਪੁਰੀਆ=ਵਾਸ਼ਨਾਂ ਭਿਜੀਆਂ ਰਹਿਣਗੀਆਂ। ਹੇ ਜੁਲਾਹੋ=ਜੀਵ! ਤਿਸ ਵੇਲੇ ਤੂੰ ਰੀਸਾਈ=ਸ਼ੋਕਾਤੁਰ ਹੋਇਆ ਹੋਇਆ ਚਲਿਆ ਜਾਏਂਗਾ॥ ੩॥

ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ॥

ਜਦੋਂ ਜਿਹੜਾ ਰੂਪੀ ਨਲੀ ਛੋਛੀ ਖਾਲੀ ਹੋ ਗਈ ਭਾਵ ਬੋਲਣ ਦੀ ਤਾਕਤ ਨਾ ਰਹੀ ਤਾਂ ਬਚਨਾਂ ਰੂਪੀ ਤੰਦ ਨਹੀਂ ਨਿਕਲੇਗੀ। ਅਥਵਾ:-ਜਦੋਂ ਸ਼ਾਹ ਰੰਗ ਰੂਪੀ ਨਲੀ ਖਾਲੀ ਹੋ ਗਈ ਤਾਂ ਸ੍ਵਾਸਾਂ ਰੂਪੀ ਤੰਦ ਨਹੀਂ ਨਿਕਲੇਗੀ।

ਅਤੇ ਪਾਨ ਅਪਾਨ ਦੀ ਤੁਰ ਵੀ ਨਹੀਂ ਉਲਝੀ ਰਹੇਗੀ ਭਾਵ ਦੋਹਾਂ ਹਵਾਵਾਂ ਦੀ ਗੰਢ ਖੁਲ੍ਹ ਜਾਵੇਗੀ। ਤਦੋਂ ਜੀਵ ਨੇ ਆਖਿਆ ਹੇ ਬੁੱਧੀ ! ਇਹ ਸਾਰਾ ਪੁਆੜਾ ਤੇਰਾ ਆਪਣਾ ਹੀ ਹੈ।

ਯਥਾ:- ਚੰਚਲ ਚਪਲ ਬੁਧਿ ਕਾ ਖੇਲੁ॥ (ਪੰਨਾ ੧੫੨)

ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ॥ ੪॥ ੩॥ ੫੪॥

ਇਸ ਲਈ ਹੇ ਵਿਚਾਰ ਵਾਲੀ ਬੁੱਧੀ ! ਤੂੰ ਸਾਰੇ ਪਸਾਰੇ ਛਡ ਦੇਹ। ਇਥੇ ਮੇਰੇ ਵਿਚ ਟਿਕ ਕੇ ਰਹੁ।

ਬੁੱਧੀ ਨੇ ਆਖਿਆ ਹੇ ਸੁਆਮੀ ਜੀ ! ਮੈਂ ਤਾਂ ਪਹਿਲਾਂ ਹੀ ਸ਼ੁੱਧ ਹਾਂ, ਤੁਸੀਂ ਬਪੁ=ਸਰੀਰ, ਰੀ=ਇੰਦ੍ਰੀਆਂ ਦੀ ਈਹਾ=ਇੱਛਾ ਨੂੰ ਦੂਰ ਕਰਕੇ ਮੇਰੇ ਵਿਚ ਹੀ ਰਹਿਣਾ ਕਰੋ ਭਾਵ ਅੰਤਰਮੁਖ ਬਿਰਤੀ ਕਰ ਲਓ।

ਜਦੋਂ ਇਸ ਪ੍ਰਕਾਰ ਬੁੱਧੀ ਨੇ ਸਮਝਾਇਆ ਤਾਂ ਜੀਵ ਨੂੰ ਸਮਝ ਆਈ, ਤਾਂ ਫਿਰ ਦੇਹ ਰੂਪੀ ਤਾਣੀ ਨੂੰ ਸਫਲ ਕਰਨ ਵਾਸਤੇ ਤਿਆਰ ਹੋ ਗਿਆ॥ ੪॥ ੩॥ ੫੪॥

ਇਸ ਰੀਤੀ ਕਰਕੇ ਵੱਡਾ ਜੀਵ ਹੋਣ ਦੇ ਸਬੱਬ ਕਰਕੇ ਬ੍ਰਹਮਾ ਨੂੰ ਜੁਲਾਹਾ ਸਿੱਧ ਕੀਤਾ ਹੈ। ਨਾਲੇ ਇਸ ਸ਼ਬਦ ਨਾਲ ਇਹ ਗੱਲ ਪ੍ਰਗਟ ਕੀਤੀ ਗਈ ਹੈ ਕਿ ਭਲੀ ਇਸਤ੍ਰੀ ਆਪਣੇ ਸਾਰੇ ਪਰਵਾਰ ਨੂੰ ਸੁਆਰ ਸਕਦੀ ਹੈ। ਜਿਵੇਂ ਮੰਦਾਲਸਾ ਨੇ ਆਪਣਿਆਂ ਪੁੱਤਰਾਂ ਨੂੰ ਗਿਆਨ ਦੇ ਕੇ ਸੁਆਰਿਆ ਸੀ। ਬਚਪਨ ਤੋਂ ਹੀ ਅਜੇਹੀਆਂ ਲੋਰੀਆਂ ਦਿਤੀਆਂ ਜਿਹੋ ਜੇਹੀਆਂ ਨਾ ਕਿਸੇ ਹੋਰ ਨੇ ਦਿਤੀਆਂ ਅਤੇ ਨਾ ਦੇਣੀਆਂ ਹਨ।

ਯਥਾ:-ਸੁਧੋ ਸੀ ਬੁਧੋ ਸੀ ਨਿਰੰਜਨੋ ਸੀ ਸੰਸਾਰ ਮਾਇਆ ਪਰੀਵਰਜਤੋ ਸੀ।

ਸੰਸਾਰ ਸੁਪਨ ਤਜਯੰ ਮੋਹਿ ਨਿੰਦ੍ਰਾ ਮੰਦਾਲਸਾ ਵਾਕਯੰ ਉਵਾਚ ਪੁਤ੍ਰੰ॥

(ਸ੍ਰੀ ਨਾਰਾਇਣ ਹਰੀ ਉਪਦੇਸ਼ ਪੰਨਾ ੩੫੨)

ਪੁਨਾ ਚੁੜਾਲਾਂ ਨੇ ਆਪਣੀਆਂ ਉੱਤਮ ਸਿਖਿਆਵਾਂ ਨਾਲ ਆਪਣੇ ਪਤੀ ਸਿਖਰਧੁਜ ਨੂੰ ਗਿਆਨ ਦਾ ਉਪਦੇਸ਼ ਕੀਤਾ ਸੀ।

ਦੂਜਾ ਅਰਥ:-

ਦੂਜੇ ਅਰਥ ਵਿਚ ਈਸ਼ਵਰ ਨੂੰ ਜੁਲਾਹਾ ਸਿਧ ਕਰਦੇ ਹੋਏ ਤਤ ਪਦ ਦਾ ਵਿਚਾਰ ਕਰਦੇ ਹਨ। ਗਈ ਬੁਨਾਵਨ ਮਾਹੋ॥

ਮਾਹੋ=ਮਾਇਆ ਪਰਮੇਸ਼ਰ ਪਾਸ ਸ੍ਰਿਸ਼ਟੀ ਰੂਪੀ ਤਾਣੀ ਦੇ ਬੁਣਵਾਉਣ ਵਾਸਤੇ ਗਈ। ਮਾਇਆ ਦਾ ਜਾਣਾ ਇਹੋ ਹੈ ਜਿਹੜਾ ਪਰਮੇਸ਼ਰ ਅੰਦਰ ਫੁਰਨਾ ਕਰ ਦੇਣਾ ਹੈ ਕਿ ਸੰਸਾਰ ਰਚਨਾ ਕੀਤੀ ਜਾਵੇ। ਘਰ ਛੋਡਿਐ ਜਾਇ ਜੁਲਾਹੋ॥ ੧॥ ਰਹਾਉ॥

ਉਸੇ ਵੇਲੇ ਨਿਰੰਕਾਰ ਨੇ ਅਕ੍ਰੇ ਅਤੇ ਨਿਰਵਿਕਾਰ ਰੂਪੀ ਲਾਭਦਾਇਕ ਘਰ ਦੀ ਥਾਂ ਛਡ ਦਿਤੀ ਪਰ ਜੀਵ ਨਾਲੋਂ ਫਿਰ ਭੀ ਬ੍ਰਹਮ ਸ੍ਰੇਸ਼ਟ ਹੈ। ਕਿਉਂਕਿ ਵਿਕਾਰੀ ਹੋਣ ਕਰਕੇ ਜੀਵ ਵਿਚ ਤਾਂ ਵਿਖੇਪ ਤੇ ਅਵਰਨ ਇਹ ਦੋਵੇਂ ਸ਼ਕਤੀਆਂ ਆ ਜਾਂਦੀਆਂ ਹਨ, ਪਰ ਬ੍ਰਹਮ ਵਿਚ ਇਕ ਵਿਖੇਪ ਸ਼ਕਤੀ ਹੁੰਦੀ ਹੈ, ਉਹ ਭੀ ਕਲਪਤ ਮਾਤਰ ਹੁੰਦੀ ਹੈ। ਉਸ ਵੇਲੇ ਨਿਰੰਕਾਰ ਨੇ ਕਿਹਾ ਇਹ ਸ੍ਰਿਸ਼ਟੀ ਰੂਪੀ ਤਾਣੀ ਕਿਤਨੀ ਕੁ ਹੈ? ਤਾਂ ਮਾਇਆ ਨੇ ਆਖਿਆ-

ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ॥

ਗਜ ਨਵ=ਨੌਂ ਗਜ-੧. ਪੁਰਖ, ੨. ਪ੍ਰਕਿਰਤੀ , ੩. ਮਹਿਤਤ, ੪. ਤ੍ਰਿਧਾ ਹੰਕਾਰ ਤੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪ ਪੰਜ ਤਨ ਮਾਤ੍ਰਾਂ।

ਅਥਵਾ:-ਪੁਰਖ ਤੇ ਪ੍ਰਕਿਰਤੀ ਦਾ ਆਪਸ ਵਿਚ ਸੰਬਾਦ ਹੈ, ਇਸ ਕਰਕੇ ਇਹ ਦੋਵੇਂ ਨਹੀਂ ਗਿਣਨੇ। ਇੱਕ ਮਹਤਤ, ਤ੍ਰਿਧਾ ਹੰਕਾਰ ਵਿਚੋਂ ਤਿੰਨ ਲੈਣੇ ਤੇ ਪੰਜ ਤਨ ਮਾਤ੍ਰਾ ਵਿਚੋਂ ਪੰਜ ਲੈਣੇ। ਇਹ ਸਾਰੇ ਨੌਂ ਗਜ ਹਨ।

ਦਸ ਗਜ=ਦਸੌਂ ਦਿਸ਼ਾ, ਇਕੀ ਗਜ=ਸੱਤ ਅਕਾਸ਼, ਸੱਤ ਪਤਾਲ, ਸੱਤ ਦੀਪ, ਵਾ:-ਸੱਤ ਸਮੁੰਦਰ ਇਹ ਪੂਰੀ ੪੦ ਗਜ ਦੀ ਤਾਣੀ ਆਪ ਅਗੇ ਭੀ ਤਣਦੇ ਆਏ ਹੋ ਤੇ ਹੁਣ ਤੁਸੀਂ ਤਣਨ ਵਿਚ ਕਿਉਂ ਦੇਰ ਲਾਈ ਹੈ।

ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੌ ਅਧਿਕਾਈ॥ ੧॥

ਜਿਹੜੀ ੬੦ ਸੰਮਤੀ ਹੈ ਜਿਸ ਵਿਚ ੨੦ ਵਰ੍ਹੇ ਬ੍ਰਹਮਾ, ੨੦ ਵਰ੍ਹੇ ਵਿਸ਼ਨੂੰ ਤੇ ੨੦ ਵਰ੍ਹੇ ਸ਼ਿਵ ਜੀ ਰਾਜ ਕਰਦਾ ਹੈ।

ਜਿਸ ਬੀਸੀ ਵਿਚ ਬਹੁਤੇ ਜੀਵ ਉਤਪੰਨ ਹੋਣ ਉਹ ਬ੍ਰਹਮਾ ਦੀ ਬੀਸੀ ਹੈ। ਜਿਸ ਬੀਸੀ ਵਿਚ ਅਨਾਜ ਬਹੁਤਾ ਹੋਵੇ ਉਹ ਵਿਸ਼ਨੂੰ ਦੀ ਬੀਸੀ ਹੈ। ਜਿਸ ਬੀਸੀ ਵਿਚ ਬਹੁਤੇ ਜੀਵ ਮਿਰਤੂ ਹੋਵਨ ਉਹ ਸ਼ਿਵਾਂ ਦੀ ਬੀਸੀ ਹੈ। ਇਹ ਸੰਸਾਰਕ ਤਾਣੀ ਨੂੰ ਸੂਤ੍ਰ ਲਗਾ ਹੋਇਆ ਹੈ। ਭਾਰਤ ਖੰਡ, ਇਲਾਖ੍ਰਤ ਆਦਿਕ ਜੋ ਨੌਂ ਖੰਡ ਹਨ ਇਹ ਕਾਨੇ ਹਨ।

੭੨ ਜੁਗ ਚੌਂਕੜੀ ਜੋ ਇਕ ਇੰਦ੍ਰ ਰਾਜ ਕਰਦਾ ਹੈ ਇਹ ਅਧਿਕਤਾ ਕਰਕੇ ਪੇਟਾ ਲਗ ਰਿਹਾ ਹੈ॥ ੧॥ ਰਹਾਉ॥

ਗਜੀ ਨ ਮਿਨੀਐ ਤੋਲਿ ਨ ਤੁਲੀਐ

ਗਜਾਂ ਕਰਕੇ ਨਹੀਂ ਮਿਣੀ ਹੋਈ? ਭਾਵ ੪੦ ਗਜ ਮਿਣੀ ਹੋਈ ਹੈ। ਤੋਲ ਕਰਕੇ ਨਹੀਂ ਤੁਲੀ ਹੋਈ? ਭਾਵ ਤੁਲੀ ਹੋਈ ਹੈ ਨਾਮ ਰੂਪ ਆਤਮਕ ਹੈ।

ਅਥਵਾ:-ਗਜਾਂ ਕਰਕੇ ਮਿਣੀ ਹੋਈ ਹੈ। ਉਣੰਜਾ ਕਰੋੜ ਜੋਜਨ ਪ੍ਰਿਥਵੀ, ਵਾ-ਪੰਜਾਹ ਕਰੋੜ ਜੋਜਨ ਪ੍ਰਿਥਵੀ ਹੈ ਅਤੇ ਤੋਲ ਕਰਕੇ ਤੁਲੀ ਹੋਈ ਹੈ ਭਾਵ ਸ਼ੇਸ਼ਨਾਗ ਨੇ ਚੁੱਕੀ ਹੋਈ ਹੈ।

ਪਾਚਨੁ ਸੇਰ ਅਢਾਈ॥ ਅਢਾਈ ਮਾਤ੍ਰਾਂ ਜੋ ਓਅੰਕਾਰ ਮੰਤ੍ਰ ਹੈ ਵੇਦ ਦਾ ਸੇਰ ਕਹੀਏ ਸ਼ਰੋਮਣੀ ਉਸ ਦਾ ਜੋ ਲਖਸ਼ ਭਾਗ ਹੈ।

ਪੁਨਾ-ਉਸ ਦੀ ਜੋ ਸੱਤਾ ਸਫੁਰਤੀ ਹੈ ਇਹ ਆਪ ਨੂੰ ਪਾਚਨੁ=ਪਾਣ ਮਿਲ ਰਹੀ ਹੈ ਭਾਵ ਉਸ ਦੀ ਸੱਤਾ ਸਫੁਰਤੀ ਕਰਕੇ ਅਪ ਦਾ ਹੋਣਾ ਦੁਨੀਆਂ ਵਿਚ ਪ੍ਰਸਿਧ ਹੋ ਰਿਹਾ ਹੈ ਉਸ ਤੋਂ ਬਿਨਾਂ ਤਾਂ ਆਪ ਦਾ ਸਰੂਪ ਸਿਧ ਹੀ ਨਹੀਂ ਹੋ ਸਕਦਾ।

ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ॥ ੨॥

ਉਸ ਓਅੰਕਾਰ ਮੰਤ੍ਰ ਦੇ ਲਖਸ਼ ਭਾਗ ਦੇ ਸੱਤਾ ਸਫੁਰਤੀ ਰੂਪੀ ਪਾਣ ਜੇਕਰ ਆਪ ਨੂੰ ਛੇਤੀ ਨਾ ਮਿਲੇ ਤਾਂ ਹੇ ਸਰੂਪ ਰੂਪੀ ਘਰ ਵਾਲੇ ! ਆਪ ਬੇਸ਼ੱਕ ਮੇਰੇ ਨਾਲ ਝਗੜਾ ਕਰੋ ਕਿ ਮੈਂ ਸ੍ਰਿਸ਼ਟੀ ਨਹੀਂ ਰਚਦਾ। ਜੇਕਰ ਆਪ ਨੂੰ ਪਾਣ ਮਿਲ ਰਹੀ ਹੈ ਤਾਂ ਫਿਰ ਆਪ ਕਿਉਂ ਨਹੀਂ ਉੱਦਮ ਕਰਦੇ। ਪੁਨਾ-ਕਬੀਰ ਜੀ ਦੇ ਪਾਸ ਪੰਡਤ ਨੇ ਸ਼ੰਕਾ ਕੀਤੀ ਕਿ ਨਿਰੰਕਾਰ ਦੀ ਰਚੀ ਹੋਈ ਸ੍ਰਿਸ਼ਟੀ ਦਾ ਕੋਈ ਹਿਸਾਬ ਭੀ ਹੈ ਕਿ ਨਹੀਂ?

ਤਾਂ ਕਬੀਰ ਜੀ ਕਥਨ ਕਰਦੇ ਹਨ- ***ਗਜੀ ਨ ਮਿਨੀਐ ਤੋਲਿ ਨ ਤੁਲੀਐ***

ਇਹ ਸ੍ਰਿਸ਼ਟੀ ਪ੍ਰਤੱਖ ਗਜਾਂ ਨਾਲ ਮਿਣੀ ਨਹੀਂ ਜਾਂਦੀ ਤੇ ਪ੍ਰਤੱਖ ਵਟਿਆਂ ਨਾਲ ਤੋਲਿਆਂ ਤੋਲੀ ਨਹੀਂ ਜਾਂਦੀ ।

ਸ਼ੰਕਾ-ਤਾਂ ਫਿਰ ਇਸ ਨੂੰ ਕੀ ਕੁਝ ਕਰਕੇ ਜਾਣੇ? ਉੱਤਰ-

ਮਿਥਿਆ ਰੂਪ ਜਾਨਣਾ ਕਰੇ। ਸ਼ੰਕਾ-ਮਿਥਿਆ ਕਿਸ ਤਰ੍ਹਾਂ ਨਿਸਚੇ ਕਰੇ?

ਉੱਤਰ-ਪਾਚਨੁ ਸੇਰ ਅਢਾਈ॥ ਅਢਾਈ ਮਾਤ੍ਰਾਂ ਜੋ ਓਅੰਕਾਰ ਮੰਤ੍ਰ ਹੈ ਵੇਦ ਦਾ ਸ਼ਰੋਮਣੀ,

ਅਥਵਾ:-ਜੋ ਸੇਰ=ਸ਼ਰੋਮਣੀ ਸਭਨਾਂ ਦਾ ਅਢਾਈ=ਆਸਰਾ ਰੂਪ ਹੈ। ਉਸ ਦੀ ਉਪਾਸ਼ਨਾਂ ਕਰੇ ਤਾਂ ਇਸ ਸੰਸਾਰ ਨੂੰ ਮਿਥਿਆ ਪਾਚਨੁ=ਪ੍ਰਪੱਕ ਕਰਨਾ ਜਾਣਦਾ ਹੈ। ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ॥ ੨॥

ਹੇ ਪੰਡਤ ! ਜੇਕਰ ਤੂੰ ਆਪਣੀ ਵਿਦਿਆ ਦੇ ਹੰਕਾਰ ਕਰਕੇ ਇਸ ਸੰਸਾਰ ਨੂੰ ਮਿਥਿਆ ਪਾਚਨੁ=ਪ੍ਰਪੱਕ ਕਰਨਾ ਸ਼ੀਘਰ ਨਹੀਂ ਪਾਵੇਂਗਾ ਤਾਂ ਕਾਮ ਆਦਿਕ ਝਗੜਾ ਕਰ ਕੇ ਤੇਰੇ ਸਰੂਪ ਰੂਪੀ ਘਰ ਨੂੰ ਹਾਈ=ਨਾਸ ਕਰ ਦੇਣਗੇ॥ ੨॥ ਸ਼ੰਕਾ-ਇਹ ਬੇਲਾ ਕਤ ਆਈ॥ ਇਸ ਦੁਨੀਆਂ ਦੀ ਉਤਪਤੀ ਦਾ ਵੇਲਾ ਕਦੋਂ ਆਣ ਕੇ ਪ੍ਰਾਪਤ ਹੁੰਦਾ ਹੈ?

ਉੱਤਰ:- ***ਦਿਨ ਕੀ ਬੈਠ***

ਜਿਸ ਵੇਲੇ ਬ੍ਰਹਮਾ ਦੇ ਆਯੂ ਰੂਪੀ ਦਿਨਾਂ ਦੀ ਬੈਠ=ਸਮਾਪਤੀ ਹੁੰਦੀ ਹੈ।

ਛੁਟੇ ਕੁੰਡੇ-ਸਮੁੰਦਰ ਆਪਣੀ ਮਰਯਾਦਾ ਨੂੰ ਛੋੜ ਦਿੰਦੇ ਹਨ।

ਭੀਗੈ ਪੁਰੀਆਂ-ਬ੍ਰਹਮਪੁਰੀ, ਵਿਸ਼ਨਪੁਰੀ, ਸ਼ਿਵਪੁਰੀ, ਇੰਦ੍ਰਪੁਰੀ ਆਦਿਕ ਤਮਾਮ ਪੁਰੀਆਂ ਜਲ ਨਾਲ ਭਿਜ ਜਾਂਦੀਆਂ ਹਨ।

ਛਿਛੀ ਨਲੀ-ਸੂਰਜ ਅਤੇ ਚੰਦ੍ਰਮਾ ਰੂਪੀ ਨਲੀਆਂ ਖਾਲੀ ਹੋ ਜਾਂਦੀਆਂ ਹਨ।

ਤੰਤੁ ਨਹੀ ਨਿਕਸੈ-ਕਿਰਨਾਂ ਰੂਪੀ ਤੰਦਾਂ ਨਹੀਂ ਨਿਕਲਦੀਆਂ।

ਨਤਰ ਰਹੀ ਉਰਝਾਈ-ਇਸ ਸੰਸਾਰ ਰੂਪੀ ਚੱਕਰ ਦੀ ਤੁਰ ਭੀ ਉਰਝੀ ਨਹੀਂ ਰਹਿੰਦੀ ਭਾਵ ਸਿਸਮਾਰ ਚੱਕਰ ਆਪਣੀ ਮਹਯਾਦਾ ਤੋਂ ਹਟ ਜਾਏਗਾ।

ਖਸਮ ਕੀ ਬਰਕਸ--ਖਸਮ=ਪਰਮੇਸ਼ਰ ਨੇ ਸੰਸਾਰ ਸਭਾ ਬਰਕਸ=ਬਰਖਾਸਤ ਭਾਵ ਉਠਾਉਣਾ ਕੀਤੀ ਚਲਿਓ ਜੁਲਾਹੋ ਰੀਸਾਈ॥ ਤਾਂ ਫਿਰ ਜੁਲਾਹਾ=ਬ੍ਰਹਮ ਰੀਸਾਈ=ਰੁਸਕੇ ਕ੍ਰੋਧ ਦੇ ਸਹਿਤ ਹੋਇਆ ਚਲੇਗਾ। ਇਹ ਵੇਲਾ ਤਦ ਆਈ=ਤਿਸ ਵੇਲੇ ਇਹ ਉਤਪਤੀ ਦਾ ਵੇਲਾ ਆਵੇਗਾ।

ਹੁਣ ਅਖੀਰਲੀ ਪੰਗਤੀ ਪਿਛੇ ਦੂਸਰੇ ਅੰਗ ਨਾਲ ਮੇਲ ਖਾਂਦੀ ਹੈ। ਜਦੋਂ ਕਿਹਾ ਸੀ ਕਿ ਆਪ ਨੇ ਦੁਨੀਆਂ ਦੀ ਰਚਨਾ ਕਰਨ ਵਿਚ ਦੇਰ ਕਿਉਂ ਲਾਈ ਹੈ? ਤਾਂ ਮਾਇਆ ਨੇ ਆਖਿਆ ਜੇਕਰ ਆਪ ਨਾ ਰਚੋਗੇ ਤਾਂ ਮੈਂ ਆਪੇ ਰਚ ਲਵਾਂਗੀ। ਇਸ ਪਰਕਾਰ ਸੁਣਕੇ ਪਰਮੇਸ਼ਰ ਨੇ ਆਖਿਆ-ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ॥ ੪॥ ੩॥ ੫੪॥

ਹੇ ਮਾਇਆ ! ਤੂੰ ਇਸ ਇਛਿਆ ਰੂਪ ਪਸਾਰੇ ਨੂੰ ਛਡਕੇ ਮੇਰੇ ਵਿਚ ਰਹਿਣਾ ਕਰ ਕਿਉਂਕਿ ਤੂੰ ਮੇਰੇ ਬਿਨਾਂ ਕੁਝ ਨਹੀਂ ਕਰ ਸਕਦੀ। ਜਦੋਂ ਇਸ ਪ੍ਰਕਾਰ ਸਮਝਾਇਆ ਤਾਂ ਮਾਇਆ ਨੂੰ ਸਮਝ ਆਈ ਕਿਉਂਕਿ ਇਹ ਇਕ ਨਿਯਮ ਹੈ ਕਿ ਮਾਤਾ ਪਿਤਾ ਬਿਨਾਂ ਬਾਲ ਨਹੀਂ ਹੁੰਦਾ। ਇਸ ਤਰੀਕੇ ਨਾਲ ਹੇ ਪੰਡਤ ਜੀ ! ਨਿਰੰਕਾਰ ਆਪ ਸਭ ਤੋਂ ਵੱਡਾ ਜੁਲਾਹਾ ਹੈ। ਕਿਉਂਕਿ ਉਹ ਮਾਇਆ ਨਾਲ ਮਿਲਕੇ ਜਗਤ ਰੂਪੀ ਤਾਣੀ ਨੂੰ ਤਣਦਾ ਅਤੇ ਬੁਣਦਾ ਹੈ।

ਯਥਾ:- ਕੋਰੀ ਕੋ ਕਾਹੂ ਮਰਮੁ ਨ ਜਾਨਾਂ॥ ਸਭੁ ਜਗੁ ਆਨਿ ਤਨਾਇਓ ਤਾਨਾਂ॥ ੧॥ ਰਹਾਉ॥

ਜਬ ਤੁਮ ਸੁਨਿ ਲੇ ਬੇਦ ਪੁਰਾਨਾਂ॥ ਤਬ ਹਮ ਇਤਨਕੁ ਪਸਰਿਓ ਤਾਨਾਂ॥ ੧॥ *(ਪੰਨਾ ੪੮੪)*

ਨੋਟ-ਪਹਿਲਾ ਅਰਥ ਸਰੀਰ ਰੂਪ ਵਯੱਸ਼ਟੀ ਤਾਣੀ ਦਾ ਬੋਧਕ ਹੈ। ਦੂਜਾ ਅਰਥ- ਜਗਤ ਰੂਪ ਸਮੱਸ਼ਟੀ ਤਾਣੀ ਦਾ ਬੋਧਕ ਹੈ। ਨੰਬਰ ੨-ਪਹਿਲਾ ਅਰਥ ਤ੍ਰੈ ਪਦੁ ਦਾ ਬੋਧਕ ਹੈ। ਦੂਜਾ ਅਰਥ- ਤਤ ਪਦ ਦਾ ਬੋਧਕ ਹੈ ਇਹ ਦੋਨੋਂ ਅਰਥ ਸੰਪ੍ਰਦਾਈ ਹਨ। ਮਹਾਤਮਾ ਹੋਰ ਅਰਥ ਭੀ ਕਰਦੇ ਹਨ।

ਤੀਸਰਾ ਅਰਥ-

ਪੁਨਾ-ਉਸ ਪੰਡਤ ਨੇ ਕਿਹਾ ਕਿ ਸੰਸਾਰ ਦੀ ਉਤਪਤੀ ਸਾਂਖ ਸ਼ਾਸਤ੍ਰ ਵਾਲੇ ਤਾਂ ਪ੍ਰਧਾਨ ਤੋਂ ਮੰਨਦੇ ਹਨ। ਨਿਆਇਕ ਪ੍ਰਮਾਣੂਆਂ ਤੋਂ ਮੰਨਦੇ ਹਨ। ਚਾਰ ਵਾਕੀਏ ਸੁਭਾਵ ਤੋਂ ਮੰਨਦੇ ਹਨ। ਮੀਮਾਂਸਾ ਵਾਲੇ ਕਰਮਾਂ ਤੋਂ ਮੰਨਦੇ ਹਨ। ਵਿਸ਼ੇਸ਼ਕ ਮੱਤ ਵਾਲੇ ਜਗਤ ਦੀ ਉਤਪਤੀ ਕਾਲ ਤੋਂ ਮੰਨਦੇ ਹਨ। ਇਸੇ ਤਰ੍ਹਾਂ ਹੋਰ ਅਨੇਕਾਂ ਮੱਤ ਹਨ ਉਹ ਆਪੋ ਆਪਣੇ ਅਕੀਦੇ ਅਨੁਸਾਰ ਜਗਤ ਦੀ ਉਤਪਤੀ ਮੰਨੀ ਬੈਠੇ ਹਨ। ਆਪ ਕਿਰਪਾ ਕਰਕੇ ਦਸੋ ਜਗਤ ਦੀ ਉਤਪਤੀ ਕਿਸ ਪਰਕਾਰ ਹੋਈ ਹੈ? *ਉੱਤਰ:-* ਗਜ ਗਜ ਗਜ ਇਕੀਸ

ਗ=ਗਿਆਨ ਸਰੂਪ ਜੋ ਪਰਮਾਤਮਾ ਹੈ ਉਸ ਤੋਂ ਜ=ਉਤਪਤ ਹੋਇਆ ਹੋਇਆ ਜੋ ਵੇਦ ਹੈ ਉਹ ਐਸੇ ਗਜ=ਉਚਾਰਦਾ ਹੈ ਕਿ ਗ=ਗਿਆਨ ਸਰੂਪ ਜੋ ਇਕੀਸ=ਇਕ ਈਸ਼ਵਰ ਹੈ ਓਹੀ ਜਗਤ ਦੀ ਜ=ਉਤਪਤੀ ਦਾ ਕਾਰਨ ਹੈ।

ਸ਼ੰਕਾ-ਉਹ ਨਮਿਤ ਕਾਰਨ ਹੈ ਜਾਂ ਉਪਾਦਾਨ ਕਾਰਨ ਹੈ? ਜਿਵੇਂ ਘੜੇ ਦਾ ਨਮਿਤ ਕਾਰਨ ਘੁਮਿਆਰ ਹੈ ਅਤੇ ਉਪਾਦਾਨ ਕਾਰਨ ਮਿੱਟੀ ਹੈ?

*ਉੱਤਰ:- **ਪੁਰੀਆ ਏਕ ਤਨਾਈ॥***

ਇਕ ਜੋ ਪਰਮਾਤਮਾ ਸਜਾਤੀ ਵਿਜਾਤੀ ਸੁੱਗਤ ਭੇਦ ਤੋਂ ਰਹਿੰਤ ਜਿਸ ਕਰਕੇ ਉਹ ਸਾਰਿਆਂ ਤਨਾਈਂ=ਸਰੀਰਾਂ ਵਿਚ ਪੂਰੀਆ=ਪੂਰਨ ਹੈ ਇਸ ਕਰਕੇ ਉਹ ਪਰਮਾਤਮਾ ਅਭਿੰਨ ਨਮਿਤ ਉਪਾਦਾਨ ਕਾਰਨ ਹੈ। ਭਾਵ ਨਮਿਤ ਕਾਰਨ ਭੀ ਓਹੀ ਹੈ ਅਤੇ ਉਪਾਦਾਨ ਕਾਰਨ ਭੀ ਓਹੀ ਹੈ। ਜਿਵੇਂ ਮਕੜੀ ਜਾਲੇ ਦਾ ਨਮਿਤ ਕਾਰਨ ਭੀ ਆਪ ਹੈ ਤੇ ਉਪਾਦਾਨ ਕਾਰਨ ਭੀ ਆਪ ਹੀ ਹੈ। (ਸ਼ੁਧ ਮਾਇਆ, ਚੇਤਨ ਤੇ ਚੇਤਨ ਦਾ ਪ੍ਰਤਿਬਿੰਬ ਇਨ੍ਹਾਂ ਤਿੰਨਾਂ ਦੇ ਮਿਲਾਪ ਦਾ ਨਾਮ ਹੀ ਈਸ਼ਵਰ ਹੈ। ਇਸ ਈਸ਼ਵਰ ਦੇ ਸਰੂਪ ਵਿਚ ਜੋ ਸ਼ੁਧ ਮਾਇਆ ਭਾਗ ਹੈ ਉਹ ਤਾਂ ਸ੍ਰਿਸ਼ਟੀ ਦੀ ਉਤਪਤੀ ਦਾ ਉਪਾਦਾਨ ਕਾਰਨ ਹੈ ਤੇ ਚੇਤਨ ਭਾਗ ਨਮਿਤ ਕਾਰਨ ਹੈ।

ਪ੍ਰਸ਼ਨ:-ਉਸ ਪਰਮਾਤਮਾ ਦੀ ਪ੍ਰਾਪਤੀ ਕਿਸ ਪ੍ਰਕਾਰ ਹੁੰਦੀ ਹੈ? *ਉੱਤਰ:*-

ਨਵ=ਪਹਿਲੇ ਨੌਧਾ ਭਗਤੀ ਕਰੇ ਫਿਰ ਦਸ=ਦਸਦਾ ਭਗਤੀ ਕਰੇ ਭਾਵ ਅਭੇਦ ਭਗਤੀ ਕਰੇ ਤਾਂ ਉਸ ਦੀ ਪ੍ਰਾਪਤੀ ਹੁੰਦੀ ਹੈ।

ਸ਼ੰਕਾ-ਉਸ ਦੀ ਪ੍ਰਾਪਤੀ ਦਾ ਹੋਰ ਭੀ ਕੋਈ ਸਾਧਨ ਹੈ ਜਾਂ ਨਹੀਂ? *ਉੱਤਰ:*-

ਸਾਠ ਸੂਤ ਨਵ ਖੰਡ-ਸਾਠ=ਮੂਰਖਤਾ ਦੇ ਸੂਤ=ਸਹਿਤ ਪੰਜ ਕਾਮ ਆਦਿਕ ਅਤੇ ਚਾਰ ਰਾਗ ਦ੍ਵੈਖ ਹਰਖ ਸੋਗ ਇਨ੍ਹਾਂ ਨੌਆਂ ਦਾ ਖੰਡ=ਅਭਾਵ ਕਰੇ।

ਬਹਤਰਿ ਪਾਟੁ ਲਗੀ ਅਧਿਕਾਈ॥ ੧॥ ਤਰਿ=ਅਤਿਸੇ ਕਰਕੇ ਬਹ=ਵਿਭੂ ਯਾਨੇ ਵਿਆਪਕ ਪਰਮਾਤਮਾ ਵਿਚ ਜਿਸ ਦੀ ਅਧਿਕਾਈ=ਵਿਸ਼ੇਸ਼ਤਾ ਕਰਕੇ ਬਿਰਤੀ ਲਗੀ ਹੈ ਉਹ ਪਾਟੁ=ਪਟੁ ਭਾਵ ਚਤੁਰ ਹੋ ਜਾਂਦਾ ਹੈ।

ਸ਼ੰਕਾ=ਜਿਵੇਂ ਦੀਵੇ ਦੇ ਜਗਣ ਨਾਲ ਅੰਧੇਰਾ ਦੂਰ ਹੋ ਜਾਂਦਾ ਹੈ ਪਰ ਬੁਝ ਜਾਣ ਨਾਲ ਅੰਧੇਰਾ ਫਿਰ ਆ ਜਾਂਦਾ ਹੈ, ਇਸੇ ਪ੍ਰਕਾਰ ਵਿਹਾਰ ਕਰੰਨ ਸਮੇਂ ਬ੍ਰਹਮ ਗਿਆਨੀ ਦੀ ਮਾਇਆ ਗਈ ਹੋਈ ਫਿਰ ਆ ਜਾਂਦੀ ਹੋਵੇਗੀ? *ਉੱਤਰ:-* ***ਗਈ ਬੁਨਾਵਨ ਮਾਹੋ॥***

ਇਹ ਇਕ ਵੱਡਾ ਮਾਹੋ=ਅਸਚਰਜ ਹੈ ਕਿ ਬੁਨ=ਜੜ੍ਹ ਤੋਂ ਗਈ ਹੋਈ ਮਾਇਆ ਬ੍ਰਹਮ ਗਿਆਨੀ ਦੇ ਪਾਸ ਫਿਰ ਨਹੀਂ ਆਉਂਦੀ।

ਸ਼ੰਕਾ-ਕਿਉਂ ਨਹੀਂ ਆਉਂਦੀ? *ਉੱਤਰ-****ਘਰ ਛੋਡਿਐ ਜਾਇ ਜੁਲਾਹੋ॥ ੧॥ ਰਹਾਉ॥***

ਲਾਭ ਵਾਲੀ ਜੋ ਸਰੂਪ ਘਰ ਦੀ ਜਾਇ=ਜਗ੍ਹਾ ਹੈ ਉਸ ਵਿਚ ਇਸਥਿਤ ਹੋ ਕੇ ਉਸ ਨੇ ਮਾਇਆ ਦੇ ਘਰ ਸੰਸਾਰ ਨੂੰ ਛਡ ਦਿਤਾ ਹੈ। ਇਸ ਕਰਕੇ ਫਿਰ ਮਾਇਆ ਉਸ ਦੇ ਪਾਸ ਨਹੀਂ ਆਉਂਦੀ।

ਸ਼ੰਕਾ-ਸਰੂਪ ਥਾਂ ਤੇ ਰਹਿਣ ਕਰਕੇ ਜਿਹੜਾ ਬ੍ਰਹਮਾਨੰਦ ਆ ਕੇ ਪ੍ਰਾਪਤ ਹੁੰਦਾ ਹੈ ਉਹ ਗਜਾਂ ਕਰਕੇ ਮਿਣਿਆਂ ਜਾਂਦਾ ਅਤੇ ਤੋਲ ਕਰਕੇ ਤੁਲਿਆ ਜਾਂਦਾ ਹੈ ਜਾਂ ਨਹੀਂ? *ਉੱਤਰ:-* ***ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ॥***

ਉਹ ਬ੍ਰਹਮਾਨੰਦ ਪ੍ਰਤੱਖ ਗਜਾਂ ਨਾਲ ਮਿਣਿਆਂ ਨਹੀਂ ਜਾਂਦਾ ਅਤੇ ਤੱਕੜੀ ਵਿਚ ਪਾ ਕੇ ਵਟਿਆਂ ਨਾਲ ਤੋਲਿਆ ਭੀ ਨਹੀਂ ਜਾਂਦਾ।

ਕਿਉਂਕਿ ਪਾਚਨੁ=ਪੰਜ ਸੇਰ ਅਥਵਾ ਢਾਈ ਸੇਰ, ਪੰਜ ਮਣ ਜਾਂ ਢਾਈ ਮਣ ਹੋਵੇ ਤਾਂ ਤੋਲਿਆ ਭੀ ਜਾਵੇ।

ਦੂਜਾ ਅਰਥ-

ਗਜੀ ਨਾਮ ਉਚਾਰਨੇ ਦਾ ਹੈ। ਉਚਾਰਨਾ ਨਾਮ ਬਾਣੀ ਦਾ ਹੈ। ਬਾਣੀ ਨਾਮ ਸ਼ਬਦ ਦਾ ਹੈ। ਸ਼ਬਦ ਵਿਚੋਂ ਵੇਦ ਦਾ ਗ੍ਰਹਿਣ ਕਰਨਾ, ਉਹ ਬ੍ਰਹਮਾਨੰਦ ਵੇਦ ਕਰਕੇ ਭੀ ਕਥਨ ਨਹੀਂ ਕੀਤਾ ਜਾਂਦਾ ਅਤੇ ਬੁੱਧੀ ਰੂਪੀ

ਤੋਲਿ=ਤਕੜੀ ਵਿਚ ਪਾ ਕੇ ਉਹ ਬ੍ਰਹਮਾਨੰਦ ਤੋਲਿਆ ਨਹੀਂ ਜਾਂਦਾ। ਫਿਰ ਉਹ ਪਾਚਨੁ=ਪੰਜਾਂ ਗਿਆਨ ਇੰਦ੍ਰੀਆਂ ਦਾ ਵਿਸ਼ਾ ਨਹੀਂ ਹੈ ਅਤੇ ਸੇਰ=ਬਿਰਤੀ ਅਰੂੜ ਚੇਤਨ ਹੋ ਕੇ ਸਾਰੇ ਸੰਸਾਰ ਨੂੰ ਅਭਾਵ ਕਰਦਾ ਹੈ ਅਤੇ ਸਭ ਦਾ ਅਢਾਈ=ਆਸਰਾ ਰੂਪ ਹੈ।

ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ॥ ੨॥

ਹੇ ਪੰਡਤ ! ਜੇਕਰ ਤੂੰ ਪੰਜਾਂ ਗਿਆਨ ਇੰਦ੍ਰੀਆਂ ਦੇ ਵਿਸ਼ਿਆਂ ਦੇ ਬੇਗਿ=ਪ੍ਰਵਾਹ ਨੂੰ ਰੋਕਣਾ ਨਹੀਂ ਪਾਵੇਂਗਾ ਤਾਂ ਫਿਰ ਕਾਮ ਕ੍ਰੋਧ ਆਦਿਕ ਵੈਰੀ ਝਗੜਾ ਕਰਕੇ ਤੇਰੇ ਸਰੂਪ ਘਰ ਨੂੰ ਨਾਸ ਕਰ ਦੇਣਗੇ॥ ੨॥

ਪ੍ਰਸ਼ਨ-ਉਸ ਪਰਮੇਸ਼ਰ ਦਾ ਪ੍ਰਕਾਸ਼ ਸੂਰਜ ਵਰਗਾ ਹੋਵੇਗਾ? *ਉੱਤਰ*:- ਦਿਨ ਕੀ=ਉਸ ਪਰਮੇਸ਼ਰ ਦੇ ਸਾਹਮਣੇ ਦਿਨ ਦੇ ਸੂਰਜ ਦਾ ਪ੍ਰਕਾਸ਼ ਭਲਾ ਕੀ ਹੈ ਭਾਵ ਮਾਮੂਲੀ ਹੈ।

ਬੈਠ ਖਸਮ ਕੀ-ਉਹ ਪਰਮਾਤਮਾ ਬੈਠ=ਇਸਥਿਤੀ ਦਾ ਖਸਮ=ਮਾਲਕ ਹੈ।

ਬਰਕਸ-ਤੇ ਸਭ ਨੂੰ ਬਰਕਸ=ਬਖਸ਼ਣੇ ਵਾਲਾ ਹੈ। *ਅਥਵਾ*:-ਬਰ=ਸ੍ਰਿਸ਼ਟੀ ਨੂੰ ਕਸ=ਤਾੜਨਾਂ ਵਿਚ ਰਖਣ ਵਾਲਾ ਹੈ। ਬਰ ਨਾਮ ਸ੍ਰੇਸ਼ਟ ਦਾ ਬੋਧਕ ਹੈ ਪਰ ਇਸੇ ਸ੍ਰਿਸ਼ਟੀ ਦਾ ਵਾਚਿਕ ਗ੍ਰਹਿਣ ਕਰਨਾ॥

ਇਹ ਬੇਲਾ ਕਤ ਆਈ॥

ਇਹ ਬੇਲਾ=ਸੰਸਾਰ ਉਸ ਦੇ ਵਿਚ ਕਤ ਆਈ=ਕਹਾਂ ਆਉਂਦਾ ਹੈ ਭਾਵ ਤਿੰਨ ਕਾਲ ਹੀ ਜਗਤ ਉਸ ਦੇ ਵਿਚ ਨਹੀਂ ਹੈ। ***ਛੂਟੇ ਕੁੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ॥ ੩॥***

ਪੁਰੀਆ=ਪੂਰਨ ਪਰਮਾਤਮਾ ਵਿਚ ਬਿਰਤੀ ਦੇ ਭਿਜ ਜਾਣ ਕਰਕੇ ਜਿਨ੍ਹਾਂ ਗੁਰਮੁਖਾਂ ਦੀ ਕੁੰਡੇ=ਚਿਦ ਜੜ ਦੀ ਗੰਢ ਛੁਟ ਗਈ ਹੈ ਉਨ੍ਹਾਂ ਮਹਾਤਮਾਂ ਦੀ ਸੇਵਾ ਕਰਨ ਵਿਚ ਜਿਹੜਾ ਮਨੁੱਖ ਚਲਿਆ ਹੈ, ਉਸਨੂੰ ਭੀ ਲਾਭ ਵਾਲੇ ਪਦ ਦੀ ਰੀਸ ਆਈ ਹੈ।

ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ॥

ਅਵਿੱਦਿਆ ਰੂਪੀ ਨਲੀ ਦੇ ਖਾਲੀ ਹੋਣ ਤੇ ਜਗਤ ਰੂਪ ਤੰਤੂ ਨਹੀਂ ਨਿਕਲਦੀਆਂ।

ਅਥਵਾ:-ਅੰਤਹਕਰਣ ਰੂਪੀ ਨਲੀ ਦੇ ਖਾਲੀ ਹੋ ਜਾਣ ਨਾਲ ਜਿਸ ਦੇ ਅੰਦਰੋਂ ਵਾਸ਼ਨਾਂ ਰੂਪੀ ਤੰਦਾਂ ਨਹੀਂ ਨਿਕਲਦੀਆਂ ਉਸ ਨ=ਪੁਰਸ਼ ਦੀ ਬਿਰਤੀ ਤਰ ਤੁਰੀਆ ਪਦ ਵਿਚ ਉਰਝਾਈ=ਮਿਲ ਗਈ ਹੈ।

ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ॥ ੪॥ ੩॥ ੫੪॥

ਇਸ ਲਈ ਹੇ ਪੰਡਤ ਜੀ ! ਬਪੁ=ਸਰੀਰ ਤੇ ਰੀ=ਇੰਦ੍ਰੀਆਂ ਦੀ ਈਹਾ=ਇਛਿਆ ਰੂਪ ਪਸਾਰੇ ਨੂੰ ਛਡ ਕੇ ਅੰਤਰਮੁਖ ਬਿਰਤੀ ਕਰਕੇ ਰਹੁ।

ਕਬੀਰ ਜੀ ਕਹਿੰਦੇ ਹਨ-ਜਦੋਂ ਇਸ ਪ੍ਰਕਾਰ ਪੰਡਤ ਜੀ ਨੂੰ ਸਮਝਾਇਆ ਤਾਂ ਉਸ ਨੂੰ ਸਮਝ ਆਈ॥ ੪॥ ੩॥ ੫੪॥

ਗਉੜੀ॥ ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ॥

ਹੁਣ ਅਭੇਦਤਾ ਦਾ ਸਬਦੁ ਨਿਰੂਪਣ ਕਰਦੇ ਹਨ:-

ਇਕ ਜੋਤੀ ਪਰਮਾਤਮਾ ਦੇ ਨਾਲ ਜਿਸ ਮਨੁੱਖ ਦੀ ਇਕ ਜੋਤ ਮਿਲ ਗਈ ਹੈ ਉਹ ਫਿਰ ਭਿੰਨ ਹੁੰਦੀ ਹੈ ਕਿੰਬਾ=ਅਥਵਾ ਨਹੀਂ?

ਉੱਤਰ-ਮਹੋਇ=ਮਤ ਹੋਇ, ਯਾਨੇ ਫਿਰ ਭਿੰਨ ਨਹੀਂ ਹੁੰਦੀ।

ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥ ੧ ॥

ਜਿਸ ਮਨੁੱਖ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਉਤਪੰਨ ਨਹੀਂ ਹੁੰਦਾ ਉਹ ਮਨੁਖ ਫੂਟਿ=ਦੁਖੀ ਹੋ ਕੇ ਮਰਦਾ ਹੈ॥ ੧ ॥

ਮਨੁੱਖ ਨੂੰ ਪਹਿਲਾਂ ਚਾਹੀਦਾ ਹੈ ਕਿ ਨਿਰਗੁਣ ਬ੍ਰਹਮ ਦੀ ਉਪਾਸ਼ਨਾਂ ਕਰੇ, ਜੇ ਉਸ ਦੀ ਉਪਾਸ਼ਨਾਂ ਨਾ ਹੋ ਸਕੇ ਤਾਂ ਸਰਬ ਸ਼ਕਤੀਮਾਨ ਸਰਗੁਣ ਦੀ ਉਪਾਸ਼ਨਾਂ ਕਰੇ ਤੇ ਜੇ ਇਹ ਭੀ ਨਾ ਹੋ ਸਕੇ ਤਾਂ ਅਵਤਾਰਾਂ ਦੀ ਉਪਾਸ਼ਨਾਂ ਕਰੇ ਨਾਲੇ ਇਸ ਪ੍ਰਕਾਰ ਬੇਨਤੀ ਭੀ ਕਰੇ:-

ਸਾਵਲ ਸੁੰਦਰ ਰਾਮਈਆ ॥ ਮੇਰਾ ਮਨੁ ਲਾਗਾ ਤੋਹਿ ॥ ੧ ॥ ਰਹਾਉ ॥

ਹੇ ਸੁੰਦਰ ਸਾਂਵਲੇ ਰੰਗ ਵਾਲੇ ਪਰਮਾਤਮਾ ! ਮੇਰਾ ਮਨ ਆਪ ਦੇ ਚਰਨਾਂ ਵਿਚ ਲਗ ਰਿਹਾ ਹੈ। ਆਪ ਮੇਰੇ ਉਤੇ ਕਿਰਪਾ ਦ੍ਰਿਸ਼ਟੀ ਕਰੋ॥ ੧ ॥ ਰਹਾਉ ॥

ਪ੍ਰਸ਼ਨ-ਗੁਰੂ ਕਿਸ ਤਰ੍ਹਾਂ ਦਾ ਹੋਵੇ, ਗ੍ਰਹਿਸਤੀ ਹੋਵੇ ਕਿ ਸਾਧੂ ਹੋਵੇ? ਉੱਤਰ:-

ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ ॥

ਜਿਨ੍ਹਾਂ ਸੰਤਾਂ ਦੇ ਮਿਲਣ ਨਾਲ ਸਿਧਿ ਪਾਈਐ=ਮੁਕਤੀ ਦੀ ਪ੍ਰਾਪਤੀ ਹੋ ਜਾਵੇ, ਇਨ੍ਹਾਂ ਲੱਛਣਾਂ ਵਾਲੇ ਉਪਦੇਸ਼ਕ ਗੁਰੂ ਭਾਵੇਂ ਸਾਧੂ ਹੋਣ ਤੇ ਭਾਵੇਂ ਗ੍ਰਹਿਸਤੀ ਹੋਣ ਕੋਈ ਡਰ ਨਹੀਂ।

(ਨੋਟ-ਯਾਗ ਵਲਕ ਆਦਿਕ ਸਭ ਗ੍ਰਹਿਸਤੀ ਗੁਰੂ ਹੋਏ ਹਨ, ਦਸ ਪਾਤਸ਼ਾਹੀਆਂ ਭੀ ਗ੍ਰਹਿਸਤੀ ਗੁਰੂ ਹੋਏ ਹਨ।)

ਸ਼ੰਕਾ-ਜਗਿਆਸੂ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਗ੍ਰਹਿਸਤੀ ਹੋਵੇ ਕਿ ਸਾਧੂ ਹੋਵੇ?

ਉੱਤਰ-ਚਾਰ ਸਾਧਨ ਸਪੰਨ ਹੋ ਕੇ ਜਿਹੜਾ ਜਗਿਆਸੂ ਗੁਰੂ ਨੂੰ ਮਿਲਕੇ ਸਿਧਿ=ਆਤਮ ਵਸਤੂ ਪ੍ਰਾਪਤ ਕਰ ਸਕਦਾ ਹੈ, ਉਹ ਜਗਿਆਸੂ ਚਾਹੇ ਸਾਧੂ ਹੋਵੇ, ਚਾਹੇ ਗ੍ਰਹਿਸਤੀ ਹੋਵੇ ਕੋਈ ਡਰ ਨਹੀਂ, ਕਿਉਂਕਿ ਆਪਣਾ ਕਾਰਜ ਸਿਧ ਕਰਨ ਦੀ ਲੋੜ ਹੈ, ਭੇਖ ਦੀ ਤਾਂ ਕੋਈ ਲੋੜ ਹੀ ਨਹੀਂ।

ਯਥਾ:- ਸਾਧੁ ਮਿਲੈ ਸਾਧੁ ਜਨੈ ਸੰਤੋਖੁ ਵਸੈ ਗੁਰ ਭਾਇ ॥ (ਸਿਰੀਰਾਗੁ ਮਹਲਾ ੧, ਪੰਨਾ ੬੨)

ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥ ੨ ॥

ਜਿਵੇਂ ਦੁਨੀਆਦਾਰੀ ਇਹ ਸੰਕੇਤ ਹੈ ਕਿ ਪਤੀ ਪਤਨੀ ਕੋਹਾਂ ਦੇ ਮਿਲਾਪ ਤੋਂ ਸੰਤਾਨ ਦੇ ਉਤਪੰਨ ਹੋਣ ਦਾ ਕਾਰਜ ਹੁੰਦਾ ਹੈ ਇਸੇ ਪਰਕਾਰ ਗੁਰੂ ਅਤੇ ਸਿਖ ਆਪਸ ਵਿਚ ਦੋਨੋਂ ਮਿਲਣ ਤਾਂ ਰਾਮ ਨਾਮ ਦੇ ਸੰਜੋਗ ਦਾ ਕਾਰਜ ਉਤਪੰਨ ਹੁੰਦਾ ਹੈ। ਅਥਵਾ:-ਦੋ ਹੋਠ ਮਿਲਣ ਤਾਂ ਰਾਮ ਨਾਮ ਦੇ ਸੰਜੋਗ ਦਾ ਕਾਰਜ ਉਤਪੰਨ ਹੁੰਦਾ ਹੈ। ਅਥਵਾ:-ਦੋ ਵੈਰਾਗ ਤੇ ਗਿਆਨ ਮਿਲਣ ਤਾਂ ਰਾਮ ਹੈ ਨਾਮ ਜਿਸਦਾ ਉਸ ਦੇ ਨਾਲ ਸੰਜੋਗ ਹੋਣ ਦਾ ਕਾਰਜ ਉਤਪੰਨ ਹੁੰਦਾ ਹੈ।

ਬੇਨਤੀ ਕੀਤੀ ਫਿਰ ਗਡਵਾ ਲੈ ਕੇ ਹੱਥ ਹੀ ਧੁਆਂਦਾ ਰਹੇਗਾ? ਉੱਤਰ:-

ਜੀਵ ਤੇ ਈਸ਼ਵਰ ਇਨ੍ਹਾਂ ਦੋਹਾਂ ਦੇ ਮਿਲ ਜਾਣ ਦਾ ਭਾਵ ਅਭੇਦਤਾ ਦਾ ਕਾਰਜ ਉਤਪੰਨ ਹੁੰਦਾ ਹੈ ਤੇ ਰਾਮ ਹੈ ਨਾਮ ਜਿਸ ਦਾ ਉਸ ਨੂੰ ਸਾਰਿਆਂ ਦਾ ਸੰਜੋਗੀ ਨਿਸਚੇ ਕਰਦਾ ਹੈ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥

ਲੋਕ ਤਾ ਜਾਣਦੇ ਹਨ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਅਥਵਾ:-ਰਾਮ ਨਾਮ ਦੀ ਬਾਣੀ ਆਮ ਗੀਤਾਂ ਵਾਗ ਹੈ ਪਰ ਜੇ ਵਿਚਾਰ ਕੇ ਵੇਖੀਏ ਤਾਂ ਇਹ ਕੇਵਲ ਇਕ ਬ੍ਰਹਮ ਦਾ ਹੀ ਵਿਚਾਰ ਹੈ।

ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ ੩॥

ਸ਼ਿਵਾਂ ਦੀ ਕਿਰਪਾ ਕਰਕੇ ਜਿਵੇਂ ਕਾਂਸ਼ੀ ਪੁਰੀ ਵਿਚ ਮਰਨ ਸਮੇਂ ਮਨੁੱਖ ਨੂੰ ਤਾਰਕ਼ਾ ਮੰਤਰ ਦਾ ਉਪਦੇਸ਼ ਹੁੰਦਾ ਹੈ ਤੇ ਉਸ ਮੰਤਰ ਬਾਬਤ ਲਿਖਿਆ ਹੈ ਕਿ ਸ਼ਿਵ ਲੋਕ ਵਿਚ ਪਹੁੰਚਾ ਦਿੰਦਾ ਹੈ॥ ੩॥

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥

ਇਸੇ ਪਰਕਾਰ ਸ਼ਰਧਾ ਨਾਲ ਚਾਹੇ ਕੋਈ ਚਿਤ ਲਾ ਕੇ ਹਰੀ ਨਾਮਾਂ ਨੂੰ ਗਾਵੇ ਚਾਹੇ ਕੋਈ ਕੰਨਾਂ ਦੁਆਰੇ ਸੁਣੇ।

ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥ ੪॥ ੧॥ ੪॥ ੫੫॥

ਕਬੀਰ ਜੀ ਆਖਦੇ ਹਨ-ਇਸ ਗੱਲ ਵਿਚ ਕੋਈ ਸੰਸਾ ਨਹੀਂ ਉਹ ਮਨੁੱਖ ਪ੍ਰਾਣਾਂ ਦੇ ਵਿਯੋਗ ਹੋ ਜਾਣ ਤੋਂ ਉਪਰੰਤ ਜ਼ਰੂਰ ਪਰਮ ਗਤਿ=ਕੇਵਲ ਮੁਕਤੀ ਨੂੰ ਪਾਂਵਦਾ ਹੈ।

ਗਉੜੀ॥ ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ॥

ਨਾਮ ਸਿਮਰਨ ਤੋਂ ਬਿਨਾਂ ਹੋਰ ਜਿਤਨੇ ਜਤਨ ਕਰਨ ਵਾਲੇ ਹਨ ਉਹ ਸਭ ਸੰਸਾਰ ਸਮੁੰਦਰ ਵਿਚ ਡੁਬ ਰਹੇ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਸੰਸਾਰ ਸਮੁੰਦਰ ਤੋਂ ਤਾਰਨਾ ਨਹੀਂ ਕੀਤਾ।

ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ॥ ੧॥

ਬਹੁਤੇ ਖਾਣ ਪੀਣ ਦੀ ਤਰਫੋਂ ਸੰਜਮ ਰਖਕੇ ਇਹ ਜੀਵ ਬਹੁਤ ਹੀ ਕਰਮ ਧਰਮ ਤਾਂ ਕਰਦੇ ਹਨ ਪਰ ਕਰਮਾਂ ਦੀ ਹੰਗਤਾ ਨੇ ਬੁੱਧੀ ਅਤੇ ਮਨ ਨੂੰ ਸਾੜਨਾ ਕੀਤਾ ਹੈ॥ ੧॥

ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ॥

ਹੇ ਭਾਈ ! ਸ੍ਵਾਸਾਂ ਅਤੇ ਭੋਜਨਾਂ ਦਾ ਦਾਤਾ ਜੋ ਨਿਰੰਕਾਰ ਹੈ ਉਸਨੂੰ ਤੂੰ ਮਨ ਵਿਚੋਂ ਕਿਉਂ ਭੁਲਾਇਆ ਹੈ?

ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ॥ ੧॥ ਰਹਾਉ॥

ਹੇ ਭਾਈ ! ਹੀਰਿਆਂ ਅਤੇ ਲਾਲਾਂ ਵਾਂਗ ਅਮੋਲਕ ਮਨੁੱਖਾ ਜਨਮ ਹੈ, ਤੂੰ ਇਸ ਨੂੰ ਵਿਸ਼ੇ ਵਿਕਾਰਾਂ ਰੂਪੀ ਕੌਡੀ ਦੇ ਬਦਲੇ ਨਿਸਫਲ ਗੁਆ ਰਿਹਾ ਹੈਂ॥ ੧॥ ਰਹਾਉ॥

ਯਥਾ- ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ *(ਪੰਨਾ ੧੫੬)*

ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ॥

ਭਰਮ ਕਰਕੇ ਪਦਾਰਥਾਂ ਦੇ ਇਕੱਠੇ ਕਰਨ ਦੀ ਤ੍ਰਿਸ਼ਨਾ ਤੇ ਪਦਾਰਥਾਂ ਦੇ ਪੀਣ ਦੀ ਤਰੇਹ ਅਤੇ ਪਦਾਰਥਾਂ ਦੇ ਖਾਣ ਦੀ ਭੁਖ ਲਗ ਰਹੀ ਹੈ। ਇਸੇ ਕਰਕੇ ਹੇ ਭਾਈ ! ਤੂੰ ਬੁਰਾ ਕੁਝ ਭੀ ਹਿਰਦੇ ਵਿਚ ਵਿਚਾਰਿਆ ਨਹੀਂ।

ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ॥ ੨॥

ਹੇ ਭਾਈ ! ਤੂੰ ਮਨ ਵਿਚ ਗੁਰੂ ਦੇ ਉਪਦੇਸ਼ ਨੂੰ ਧਾਰਨ ਨਹੀਂ ਕੀਤਾ, ਇਸੇ ਲਈ ਹੰਕਾਰ ਦੀ ਉਨਮਤ=

ਮਸਤੀ ਨੇ ਤੇਰੇ ਸ਼ੁਭ ਗੁਣਾਂ ਦੇ ਪੁੰਜ ਨੂੰ ਹਿਰਿਓ=ਚੁਰਾ ਲਿਆ ਹੈ॥ ੨॥

ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ॥

ਇੰਦ੍ਰੀਆਂ ਦਾ ਪ੍ਰੇਰਿਆ ਹੋਇਆ ਤੂੰ ਰਸਾਂ ਦੇ ਸੁਆਦਾਂ ਵਿਚ ਲੁਭਾਇਮਾਨ ਹੈਂ ਤੇ ਵਿਕਾਰਾਂ ਦੀ ਉਤਪਤੀ ਕਰਨ ਵਾਲੇ ਮਦ ਆਦਿਕਾਂ ਦੇ ਰਸ ਨੂੰ ਲੈ ਰਿਹਾ ਹੈਂ।

ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ॥ ੩॥

ਹੇ ਭਾਈ ! ਕਰਮਾਂ ਦੇ ਹਿਸੇ ਕਰਕੇ ਸੰਤਾਂ ਦਾ ਸੰਗ ਮਿਲਦਾ ਹੈ। ਜਾਂ ਪੂਹਬਲੇ ਜਨਮ ਦੇ ਕਰਮ ਹੋਣ ਅਤੇ ਹੁਣ ਦੇ ਜਨਮ ਦੇ ਭਾਗ ਹੋਣ ਤਾਂ ਸੰਤਾਂ ਦਾ ਸੰਗ ਮਿਲਦਾ ਹੈ।

ਅਥਵਾ:-ਚੰਗੇ ਕਰਮ ਹੋਣ ਤਾਂ ਭਾਗਾਂ ਵਾਲੇ ਸੰਤਾਂ ਦਾ ਸੰਗ ਮਿਲਦਾ ਹੈ।

ਵਾ:-ਈਸ਼ਵਰ ਦੀ ਕਰਮ=ਅਨੁਗ੍ਰਹਿ ਭੀ ਹੋਵੇ ਆਪਣੇ ਭਾਗ ਵੀ ਹੋਣ ਤਾਂ ਸੰਤਾਂ ਦਾ ਸੰਗ ਮਿਲਦਾ ਹੈ। ਜਿਵੇਂ ਕਾਸਟ=ਲਕੜੀ ਲੋਹੇ ਨੂੰ ਤਾਰ ਦਿੰਦੀ ਹੈ, ਇਸੀ ਤਰ੍ਹਾਂ ਹੀ ਸੰਤਾਂ ਦਾ ਸੰਗ ਇਸ ਜੀਵ ਨੂੰ ਤਾਰ ਦਿੰਦਾ ਹੈ॥ ੩॥

ਇਸ ਲਈ ਜੀਵ ਨੂੰ ਚਾਹੀਦਾ ਹੈ ਪਰਮਾਤਮਾ ਅਗੇ ਇਸ ਪਰਕਾਰ ਬੇਨਤੀ ਕਰੇ:-

ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ॥

ਹੇ ਨਿਰੰਕਾਰ ! ਅਸੀਂ ਭਰਮ ਵਿਚ ਪਏ ਹੋਏ ਜੂਨੀਆਂ ਦੁਆਰੇ ਜਨਮਾਂ ਵਿਚ ਧਾਂਵਦੇ ਹੋਏ ਥੱਕ ਗਏ ਹਾਂ। ਹੁਣ ਦੁਖਾਂ ਨੂੰ ਪਾ ਪਾ ਕੇ ਅਸੀਂ ਹਾਰ ਗਏ ਹਾਂ ਆਪ ਆਪਣੀ ਮਿਹਰ ਕਰੋ।

ਕਹਿ ਕਬੀਰ ਗੁਰ ਮਿਲਤ ਮਹਾ ਰਸੁ
ਪ੍ਰੇਮ ਭਗਤਿ ਨਿਸਤਾਰਿਓ ਰੇ॥ ੪॥ ੧॥ ੫॥ ੫੬॥

ਕਬੀਰ ਜੀ ਕਹਿੰਦੇ ਹਨ- ਜਿਨ੍ਹਾਂ ਨੇ ਗੁਰਾਂ ਨਾਲ ਮਿਲ ਕੇ ਉਸ ਨਾਮ ਰੂਪ ਮਹਾਂ ਰਸ ਨੂੰ ਪੀ ਕੇ ਪ੍ਰੇਮਾ ਭਗਤੀ ਕੀਤੀ ਹੈ ਉਨ੍ਹਾਂ ਨੂੰ ਨਿਰੰਕਾਰ ਨੇ ਸੰਸਾਰ ਸਮੁੰਦਰ ਤੋਂ ਤਾਰਨਾ ਕੀਤਾ ਹੈ॥ ੪॥ ੧॥ ੫॥ ੫੬॥

ਹੁਣ ਕਬੀਰ ਜੀ ਤਾੜ ਕੇ ਉਪਦੇਸ਼ ਕਰਦੇ ਹਨ-

ਗਉੜੀ॥ ਕਾਲਬੂਤ ਕੀ ਹਸਤਨੀ ਮਨ
ਬਉਰਾ ਰੇ ਚਲਤੁ ਰਚਿਓ ਜਗਦੀਸ॥

ਹੇ ਝਲੇ ਮਨ ! ਕਾਲਬੂਤ=ਕਾਗਜ਼ਾਂ ਦੀ ਹਸਤਨੀ=ਹਥਨੀ ਵਾਂਗੂੰ ਇਹ ਸੰਸਾਰ ਦਾ ਕੌਤਕ ਨਿਰੰਕਾਰ ਨੇ ਰਚਨਾ ਕੀਤਾ ਹੈ।

ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ॥ ੧॥

ਹੇ ਝਲੇ ਮਨ ! ਜਿਵੇਂ ਹਾਥੀ ਕਾਮ ਦੇ ਸੁਆਦ ਕਰਕੇ ਟੋਏ ਵਿਚ ਡਿੱਗ ਕੇ ਵਸੀਕਾਰ ਹੋ ਜਾਂਦਾ ਹੈ ਫਿਰ ਸਾਰੀ ਉਮਰ ਆਪਣੇ ਸਿਰ ਉੱਤੇ ਅੰਕਸੁ=ਕੁੰਡੇ ਸਹਾਰਦਾ ਹੈ। ਇਸੇ ਤਰ੍ਹਾਂ ਇਹ ਜੀਵ ਮੋਹ ਦੇ ਖਾਤੇ ਵਿਚ ਪਿਆ ਹੋਇਆ ਸਾਰੀ ਉਮਰ ਬੋਲ ਕੁਬੋਲ ਦੇ ਕੁੰਡੇ ਸਹਾਰਦਾ ਹੈ।

ਨੋਟ-ਕਾਲਬੂਤ ਦਾ ਅਰਥ 'ਸੰਪ੍ਰਦਾਈ ਗਿਆਨੀ' ਕਾਗਜ਼ ਕਰਦੇ ਹਨ, ਪਰ ਕੋਸ਼ ਅਨੁਸਾਰ ਅਰਥ ਕਲਬੂਤ ਹੈ। ਕਲਬੂਤ ਬਣਾਉਟੀ ਦੇਹ ਨੂੰ ਆਖਦੇ ਹਨ। ਭਾਵੇਂ ਉਹ ਮਿੱਟੀ ਦੀ ਹੋਵੇ ਤੇ ਭਾਵੇਂ ਕਾਗਜ਼ ਦੀ ਹੋਵੇ। ਹਾਥੀ ਫੜਨ ਵਾਲੇ ਜੰਗਲਾਂ ਵਿਚ ਵੱਡੇ ਵੱਡੇ ਟੋਏ ਪੁਟ ਕੇ ਪਤਲੀਆਂ ਛਮਕਾਂ ਪਾ ਕੇ ਛੱਤ ਕੇ ਉਤੇ ਹਰਾ ਘਾਹ ਖਿਲਾਰਕੇ ਉੱਤੇ ਕਾਗਜ਼ਾਂ ਦੀ ਬਣਾਈ ਹੋਈ ਹਥਨੀ ਖੜੀ ਕਰ ਦਿੰਦੇ ਹਨ। ਹਾਥੀ ਉਸ ਨੂੰ ਸਚਮੁਚ ਦੀ ਹਥਨੀ ਸਮਝ ਕੇ ਭੋਗਣ ਲਈ ਦੌੜਦਾ ਹੈ ਤੇ ਟੋਏ ਵਿਚ ਡਿੱਗ ਕੇ ਸਾਰੀ ਉਮਰ ਲਈ ਕੈਦੀ ਬਣ ਜਾਂਦਾ ਹੈ।

ਇਸੇ ਲਈ ਇਥੇ ਇਹ ਅਰਥ ਕਰਨਾ-ਕਾਲਬੂਤ ਕੀ ਹਸਤਨੀ=ਹਥਨੀ ਦੀ ਬਨਾਵਟੀ ਦੇਹ ਵਾਂਗੂੰ ਇਹ ਇਸਤ੍ਰੀ ਰੂਪ ਕੌਤਕ ਪਰਮਾਤਮਾ ਨੇ ਰਚਿਆ ਹੈ।

ਜੀਵ ਰੂਪ ਹਾਥੀ ਕਾਮ ਦਾ ਸੁਆਦ ਲੈਣ ਵਾਸਤੇ ਔਰਤ ਦੇ ਪਿਛੇ ਗ੍ਰਹਿਸਤ ਰੂਪ ਟੋਏ ਵਿਚ ਡਿੱਗ ਪੈਂਦਾ ਹੈ ਤੇ ਸਾਰੀ ਉਮਰ ਔਰਤ ਦੇ ਬੋਲੀ ਕਬੋਲੀ ਰੂਪੀ ਕੁੰਡੇ ਸਹਾਰਦਾ ਹੈ॥ ੧॥

[ਪੰਨਾ ੩੩੬]

ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ॥

ਹੇ ਝਲੇ ਮਨ ! ਆਪਣੇ ਦਿਲ ਵਿਚ ਸਮਝਕੇ ਵਿਸ਼ੇ ਵਿਕਾਰਾਂ ਤੋਂ ਬਚ ਕੇ ਹਰੀ ਨਾਮ ਦੇ ਸਿਮਰਨ ਕਰਨ ਵਿਖੇ ਰਚ ਜਾਹ।

ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ
ਗਹਿਓ ਨ ਰਾਮ ਜਹਾਜੁ॥ ੧॥ ਰਹਾਉ॥

ਹੇ ਝਲੇ ਮਨ ! ਸੰਸਾਰ ਵਲੋਂ ਬੇਖੌਫ ਹੋ ਕੇ ਹਰੀ ਨਾਮ ਨੂੰ ਕਿਉਂ ਨਹੀਂ ਜਪਦਾ ਅਤੇ ਨਾ ਹੀ ਤੂੰ ਰਾਮ ਨਾਮ ਰੂਪੀ ਜਹਾਜ਼ ਨੂੰ ਫੜਨਾ ਕੀਤਾ ਹੈ। ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਤੂੰ ਹਰੀ ਦਾ ਚਿੰਤਨ ਕਰ॥ ੧॥ ਰਹਾਉ॥

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥

ਹੇ ਝੱਲੇ ਮਨ ! ਜਿਵੇਂ ਮਰਕਟ=ਬਾਂਦਰ ਨੇ ਕਲੰਦਰ ਦੀ ਘੜੀ ਵਿਚੋਂ ਅੰਨ ਦੀ ਭਾਵ ਛੋਲਿਆਂ ਦੀ ਮੁਠੀ ਹੱਥ ਪਸਾਰ ਕੇ ਭਰ ਲਈ।

ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥ ੨॥

ਹੇ ਝਲੇ ਮਨ ! ਪਰ ਜਦੋਂ ਕਲੰਦਰ ਆ ਕੇ ਸਿਰੋਂ ਫੜ ਲੈਂਦਾ ਹੈ ਤਾਂ ਫਿਰ ਛੁਟਕਾਰੇ ਦਾ ਸੰਸਾ ਪੈ ਜਾਂਦਾ ਹੈ। ਘਰਾਂ ਘਰਾਂ ਦੇ ਬਾਰਿ=ਦਰਵਾਜ਼ਿਆਂ ਅਗੇ ਨੱਚਦਾ ਟੱਪਦਾ ਹੈ। ਭਾਈ ਗੁਰਦਾਸ ਜੀ ਨੇ ੩੨ਵੀਂ ਵਾਰ ਵਿਚ ਲਿਖਿਆ ਹੈ-

ਬਾਂਦਰੁ ਮੁਠਿ ਨ ਛਡਈ ਘਰਿ ਘਰਿ ਨਚੈ ਝੀਕਣੁ ਝੀਕੈ॥

ਇਸ ਤਰ੍ਹਾਂ ਹੀ-ਇਸ ਜੀਵ ਰੂਪ ਬਾਂਦਰ ਨੇ ਇਸਤ੍ਰੀ ਰੂਪੀ ਘੜੀ ਵਿਚੋਂ ਵਿਸ਼ੇ ਵਿਕਾਰ ਰੂਪ ਛੋਲਿਆਂ ਦੀ ਮੁਠੀ ਮਨ ਅਤੇ ਬੁੱਧੀ ਰੂਪੀ ਹੱਥ ਪਸਾਰ ਕੇ ਲੈਣਾ ਕੀਤੀ ਹੈ। ਪਰ ਜਦੋਂ ਜਮ ਰੂਪ ਕਲੰਦਰ ਨੇ ਆ ਕੇ ਫੜ ਲਿਆ ਤਾਂ ਫਿਰ ਇਸ ਜੀਵ ਰੂਪ ਬਾਂਦਰ ਨੂੰ ਛੁਟਕਾਰੇ ਦਾ ਸੰਸਾ ਯਾਨੇ ਫਿਕਰ ਪੈ ਜਾਂਦਾ ਹੈ। ਚੌਰਾਸੀ ਲੱਖ ਜੂਨੀਆਂ ਰੂਪੀ ਘਰਾਂ ਘਰਾਂ ਦੇ ਦਰਵਾਜ਼ੇ ਦਰਵਾਜ਼ੇ ਉੱਤੇ ਨੱਚਦਾ ਫਿਰਦ ਹੈ॥ ੨॥

ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ॥

ਹੇ ਝਲੇ ਮਨ ! ਜਿਵੇਂ ਸੂਅਟਾ=ਤੋਤਾ ਭਰਮ ਕਰਕੇ ਨਲਨੀ ਨੂੰ ਫੜਦਾ ਹੈ ਤੇ ਨਾਲ ਹੀ ਆਪ ਫਸ ਜਾਂਦਾ ਹੈ। ਤੋਤੇ ਦੇ ਫੜਨ ਵਾਲੇ ਪੁਰਸ਼ ਦੋ ਲੱਕੜਾਂ ਜ਼ਮੀਨ ਵਿਚ ਗੱਡ ਕੇ ਵਿਚ ਇਕ ਸੂਏ ਵਿਚ ਨਲਨੀ ਪ੍ਰੋਕੇ ਤੇ ਹੇਠਾਂ ਪਾਣੀ ਦੀ ਠੂਠੀ ਭਰਕੇ ਰਖ ਦਿੰਦੇ ਹਨ। ਜਦ ਉਸ ਨਲਨੀ ਉੱਤੇ ਤੋਤਾ ਆ ਕੇ ਬੈਠਦਾ ਹੈ ਤਾਂ ਨਲਨੀ ਫਿਰ ਜਾਂਦੀ ਹੈ ਤੇ ਤੋਤਾ ਪੁੱਠਾ ਲਟਕ ਜਾਂਦਾ ਹੈ। ਨੀਚੇ ਉਸ ਨੂੰ ਨਦੀ ਦਾ ਜਲ ਪਰਤੀਤ ਹੁੰਦਾ ਹੈ, ਸਮਝਦਾ ਹੈ ਜੇ ਮੈਂ ਨਲਨੀ ਨੂੰ ਛਡਾਂਗਾ ਤਾਂ ਡੁਬ ਜਾਵਾਂਗਾ। ਇਤਨੇ ਨੂੰ ਫੜਨ ਵਾਲੇ ਆ ਕੇ ਫੜ ਲੈਂਦੇ ਹਨ। ਐਸੇ ਹੀ ਜੀਵ ਰੂਪ ਤੋਤਾ ਮਾਇਆ ਵਿਚ ਫਸਿਆ ਹੋਇਆ ਸਾਰੀ ਉਮਰ ਦੁਖ ਸਹਾਰਦਾ ਰਹਿੰਦਾ ਹੈ।

ਹੇ ਝੱਲੇ ਪੁਰਸ਼ਾ ! ਮਾਇਆ ਦਾ ਭੀ ਇਸੇ ਤਰ੍ਹਾਂ ਦਾ ਵਿਉਹਾਰ ਹੈ। ਇਹ ਜੀਵ ਰੂਪੀ ਤੋਤਾ ਭਰਮ ਕੇ ਮਾਇਆ ਨੂੰ ਆਪ ਫੜੀ ਬੈਠਾ ਹੈ ਤੇ ਮੂੰਹੋਂ ਆਖਦਾ ਹੈ ਕਿ ਮੈਨੂੰ ਮਾਇਆ ਫੜੀ ਬੈਠੀ ਹੈ।

ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ॥ ੩॥

ਹੇ ਝੱਲੇ ਪੁਰਸ਼ਾ ! ਜਿਵੇਂ ਕਸੁੰਭੇ ਦਾ ਰੰਗ ਕੱਚਾ ਹੁੰਦਾ ਹੈ ਤਿਵੇਂ ਹੀ ਮਾਇਆ ਦਾ ਪਸਾਰਾ ਪਸਰਿਆ ਹੋਇਆ ਝੂਠਾ ਹੈ॥ ੩॥

ਸ਼ੰਕਾ-ਕੀ ਤੀਰਥਾਂ ਤੇ ਇਸ਼ਨਾਨ ਕਰਨ ਅਤੇ ਦੇਵਤਿਆਂ ਦੀ ਪੂਜਾ ਕਰਨ ਨਾਲ ਮੁਕਤੀ ਹੋ ਜਾਂਦੀ ਹੈ?

ਉੱਤਰ-

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ॥

ਹੇ ਝਲਿਆ ਪੁਰਸ਼ਾ ! ਇਸ ਵਿਚ ਕੋਈ ਸ਼ੱਕ ਨਹੀਂ ਕਿ ਨਹਾਉਣ ਵਾਸਤੇ ਤੀਰਥ ਬਹੁਤ ਸਾਰੇ ਹਨ ਅਤੇ ਪੂਜਣ ਵਾਸਤੇ ਦੇਵਤਿਆਂ ਦੇ ਬੁਤ ਭੀ ਬੜੇ ਹਨ।

ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ
ਛੂਟਨੁ ਹਰਿ ਕੀ ਸੇਵ॥ ੪॥ ੧॥ ੬॥ ੫੭॥

ਪਰ ਕਬੀਰ ਜੀ ਆਖਦੇ ਹਨ ਹੇ ਝੱਲੇ ਪੁਰਸ਼ਾ ! ਇਨ੍ਹਾਂ ਗੱਲਾਂ ਦੇ ਕਰਨ ਨਾਲ ਛੁਟਕਾਰਾ ਨਹੀਂ ਹੁੰਦਾ। ਜਮਾਂ ਤੋਂ ਛੁਟਕਾਰਾ ਹਰੀ ਦੀ ਸੇਵਾ ਕਰਨ ਕਰਕੇ ਹੁੰਦਾ ਹੈ। ਇਸ ਲਈ ਹਰ ਮਨੁੱਖ ਨੂੰ ਤਨ, ਮਨ ਤੇ ਧਨ ਕਰਕੇ ਸੰਤਾਂ ਦੀ ਸੇਵਾ ਕਰਨੀ ਚਾਹੀਦੀ ਹੈ॥ ੪॥ ੧॥ ੬॥ ੫੭॥

ਗਉੜੀ

ਉਥਾਨਕਾ-ਕੋਈ ਰਾਜਾ ਕਬੀਰ ਜੀ ਦੀ ਉਸਤਤ ਸੁਣ ਕੇ ਦਰਸ਼ਨ ਕਰਨ ਆਇਆ ਅਤੇ ਬਹੁਤ ਸਾਰਾ ਧਨ ਅਗੇ ਰਖ ਕੇ ਨਮਸ਼ਕਾਰ ਕੀਤੀ ਤਾਂ ਕਬੀਰ ਜੀ ਨੇ ਆਖਿਆ ਇਸ ਧਨ ਦੀ ਸਾਨੂੰ ਲੋੜ ਨਹੀਂ ਸਾਡੇ ਪਾਸ ਬਹੁਤ ਹੀ ਉੱਤਮ ਧਨ ਦੇ ਖਜ਼ਾਨੇ ਭਰੇ ਪਏ ਹਨ, ਤਾਂ ਰਾਜਾ ਹੈਰਾਨ ਹੋ ਕੇ ਪੁਛਦਾ ਹੈ ਕਿ ਮਹਾਰਾਜ ਜੀ ! ਉਹ ਧਨ ਕਿਹੋ ਜੇਹਾ ਹੈ ਇਹ ਗੱਲ ਸੁਣਕੇ ਕਬੀਰ ਜੀ ਕਥਨ ਕਰਦੇ ਹਨ।

ਰਹਾਉ ਤੋਂ ਪੰਗਤੀ ਉਠਾਉਣੀ।

ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥

ਹੇ ਰਾਜਨ ! ਸਾਡਾ ਧਨ ਮਾਧਉ, ਗੋਬਿੰਦ, ਧਰਣੀਧਰ, ਪਰਮਾਤਮਾ ਰੂਪ ਹੈ। ਮਾਇਆ ਦੇ ਪਦਾਰਥਾਂ ਨਾਲੋਂ ਇਹ ਧਨ ਸੈਂਕੜੇ ਹਿਸੇ ਸਾਰ=ਸ੍ਰੇਸ਼ਟ ਕਥਨ ਕੀਤਾ ਹੈ। ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥ ੧ ॥ ਰਹਾਉ॥

ਪ੍ਰਭੂ ਗੋਬਿੰਦ ਦੀ ਸੇਵਾ ਕਰਨ ਕਰਕੇ ਜਿਹੜਾ ਆਤਮ ਸੁਖ ਮਿਲਦਾ ਹੈ, ਉਹ ਸੁਖ ਰਾਜ ਭਾਗ ਵਿਚ ਰਾਜਿਆਂ ਨੂੰ ਨਹੀਂ ਮਿਲ ਸਕਦਾ। ਫੇਰ ਪ੍ਰਤੱਖ ਧਨ ਨਾਸ ਹੋ ਜਾਂਦਾ ਹੈ ਅੱਗ ਸਾੜ ਦਿੰਦੀ ਹੈ, ਚੋਰਾਂ ਦਾ ਡਰ ਹੁੰਦਾ ਹੈ ਪਰ ਇਹ ਧਨ ਅਜੇਹਾ ਹੈ:-

ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ॥

ਇਸ ਨੂੰ ਅੱਗ ਨਹੀਂ ਦਹੈ=ਸਾੜ ਸਕਦੀ, ਪੌਣ ਨਹੀਂ ਮਗਨੈ=ਉਡਾ ਸਕਦੀ ਅਤੇ ਚੋਰ ਉਚੱਕਾ ਵੀ ਇਸ ਦੇ ਨੇੜੇ ਨਹੀਂ ਆਉਂਦਾ।

ਅਥਵਾ:-ਇਸ ਧਨ ਨੂੰ ਤ੍ਰਿਸ਼ਨਾਂ ਦੀ ਅੱਗ ਨਹੀਂ ਸਾੜ ਸਕਦੀ, ਵਾਸ਼ਨਾਂ ਦੀ ਪੌਣ ਭੀ ਨਹੀਂ ਉਡਾ ਸਕਦੀ ਅਤੇ ਕਾਮ, ਕ੍ਰੋਧ, ਆਦਿਕ ਚੋਰ ਭੀ ਨੇੜੇ ਨਹੀਂ ਆ ਸਕਦੇ।

ਯਥਾ- ਐਸਾ ਹਰਿ ਧਨੁ ਸੰਚੀਐ ਭਾਈ॥

ਭਾਹਿ ਨ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ॥

ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ॥ ੧ ॥

ਇਸ ਲਈ ਹੇ ਰਾਜਨ ! ਤੂੰ ਭੀ ਰਾਮ ਨਾਮ ਰੂਪੀ ਧਨ ਨੂੰ ਇਕੱਤਰ ਕਰ ਕਿਉਂਕਿ ਇਸ ਧਨ ਨੂੰ ਇਕੱਤਰ ਕਰਨ ਵਾਲਾ ਪੁਰਸ਼ ਕਿਸੇ ਜੂਨੀਆਂ ਅੰਦਰ ਨਹੀਂ ਜਾਂਦਾ।

ਅਥਵਾ:-ਰਾਮ ਨਾਮ ਧਨ ਇਕੱਠਾ ਕਰੋ ਕਿਉਂਕਿ ਇਹ ਧਨ ਕਿਧਰੇ ਭੀ ਨਹੀਂ ਜਾਂਦਾ॥ ੧ ॥

ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥ ੧ ॥ ਰਹਾਉ॥

ਇਨ੍ਹਾਂ ਤੁਕਾਂ ਦੇ ਅਰਥ ਸ਼ਬਦ ਦੇ ਆਰੰਭ ਵਿਚ ਹੋ ਚੁਕੇ ਹਨ।

ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ॥

ਇਸ ਧਨ ਦੇ ਵਾਸਤੇ ਸ਼ਿਵ ਜੀ ਤੇ ਸਨਕ ਸਨੰਦਨ ਆਦਿਕ ਚਾਰੇ ਭਾਈ ਉਦਾਸ ਹੋ ਕੇ ਢੂੰਡਦੇ ਫਿਰਦੇ ਹਨ।

ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ॥ ੨ ॥

ਜਿਸ ਦੇ ਮਨ ਵਿਚ ਮੁਕਤੀ ਦਾਤਾ ਮੁਕੰਦ ਨਾਮ ਹੈ ਅਤੇ ਜੀਭ ਉੱਤੇ ਭੀ ਨਾਰਾਇਣ ਦਾ ਨਾਮ ਵੱਸ ਰਿਹਾ ਹੈ ਭਾਵ ਜੋ ਸ੍ਵਾਸ ਸ੍ਵਾਸ ਨਾਮ ਜਪਦਾ ਹੈ, ਉਸ ਨੂੰ ਫਿਰ ਜਮਾਂ ਦੀ ਫਾਹੀ ਨਹੀਂ ਪੈਂਦੀ॥ ੨ ॥

ਯਥਾ- ਮੁਕੰਦ ਮੁਕੰਦ ਜਪਹੁ ਸੰਸਾਰ॥ ਬਿਨੁ ਮੁਕੰਦ ਤਨੁ ਹੋਇ ਅਉਹਾਰ॥

ਸੋਈ ਮੁਕੰਦੁ ਮੁਕਤਿ ਕਾ ਦਾਤਾ॥ ਸੋਈ ਮੁਕੰਦੁ ਹਮਰਾ ਪਿਤ ਮਾਤਾ॥ (ਪੰਨਾ ੮੭੫)

ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥

ਗਿਆਨ ਅਤੇ ਭਗਤੀ ਰੂਪੀ ਆਪਣੇ ਧਨ ਨੂੰ ਪਰਾਪਤ ਕਰਨ ਦੀ ਸਿਖਿਆ ਜਦੋਂ ਸਤਿਗੁਰੂ ਜੀ ਨੇ ਦਿਤੀ, ਤਾਂ ਸ੍ਰੇਸ਼ਟ ਮੱਤ ਵਾਲਿਆਂ ਦਾ ਮਨ ਉਸ ਵਿਚ ਲਗ ਗਿਆ।

ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥ ੩ ॥

ਤ੍ਰਿਸ਼ਨਾਂ ਦੀ ਅੱਗ ਵਿਚ ਜਲਤ=ਸੜਦੇ ਹੋਏ ਮਨ ਨੂੰ ਸੀਤਲ ਕਰਨ ਲਈ ਰਾਮ ਨਾਮ ਅੰਭ=ਜਲ ਵਾਂਗੂੰ ਹੈ ਤੇ ਦੌੜਦੇ ਹੋਏ ਮਨ ਨੂੰ ਰੋਕਣ ਲਈ ਥੰਮੇ ਵਾਂਗੂੰ ਹੈ।

ਰਾਮ ਨਾਮ ਦਾ ਚਿੰਤਨ ਕਰਨ ਕਰਕੇ ਗੁਰਮੁਖਾਂ ਦੇ ਚਿਤ ਵਿਚੋਂ ਭਰਮ, ਬੰਧਨ ਅਤੇ ਜਮਾਂ ਦਾ ਡਰ ਭਾਗਾ=ਭੱਜ ਗਿਆ ਹੈ॥ ੩ ॥

ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥

ਕਬੀਰ ਜੀ ਕਹਿੰਦੇ ਹਨ-ਹੇ ਮਦਨ=ਕਾਮਦੇਵ ਵਿਚ ਮਸਤ ਹੋਏ ਹੋਏ ਰਾਜਨ ! ਤੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਦੇਖ, ਸੁਖ ਕਿਹੜੀ ਗੱਲ ਵਿਚ ਹੈ। ਰਾਜ ਭਾਗ ਕਰਨ ਵਿਚ ਸੁਖ ਹੈ ਜਾਂ ਰਾਮ ਨਾਮ ਸਿਮਰਨ ਵਿਚ ਸੁਖ ਹੈ।

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ
ਹਮ ਘਰਿ ਏਕੁ ਮੁਰਾਰੀ ॥ ੪ ॥ ੧ ॥ ੭ ॥ ੫੮ ॥

ਹੇ ਰਾਜਨ ! ਤੁਹਾਡੇ ਘਰ ਵਿਚ ਤਾਂ ਲੱਖਾਂ ਕਰੋੜਾਂ ਘੋੜੇ ਹਾਥੀ ਹਨ, ਪਰ ਸਾਡੇ ਘਰ ਵਿਚ ਇਨ੍ਹਾਂ ਸਾਰਿਆਂ ਪਦਾਰਥਾਂ ਦਾ ਦਾਤਾ ਇਕ ਵਾਹਿਗੁਰੂ ਹੈ। ਇਸ ਲਈ ਮੈਂ ਤੇਰੇ ਨਾਲੋਂ ਜ਼ਿਆਦਾ ਬਿਭੂਤੀ ਵਾਲਾ ਹਾਂ ਫਿਰ ਤੂੰ ਝੂਠਾ ਬਾਦਸ਼ਾਹ ਹੈਂ ਮੈਂ ਸੱਚਾ ਪਾਤਸ਼ਾਹ ਹਾਂ॥ ੪॥ ੧ ॥ ੭ ॥ ੫੮ ॥

ਯਥਾ:- ਕੋਉਨ ਵਡਾ ਮਾਇਆ ਵਡਿਆਈ॥ ਸੋ ਵਡਾ ਜਿਨਿ ਰਾਮ ਲਿਵ ਲਾਈ॥ *(ਪੰਨਾ ੧੮੮)*

ਤਥਾ:- ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ॥ *(ਪੰਨਾ ੩੯੬)*

ਗਉੜੀ ॥ ਜਿਉ ਕਪਿ ਕੇ ਕਰ ਮੁਸਟਿ ਚਨਨ ਕੀ
ਲੁਬਧਿ ਨ ਤਿਆਗੁ ਦਇਓ ॥

ਜਿਵੇਂ ਬਾਂਦਰ ਦੇ ਹੱਥ ਵਿਚ ਜਦੋਂ ਛੋਲਿਆਂ ਦੀ ਮੁਠੀ ਆਉਂਦੀ ਹੈ ਤਾਂ ਉਹ ਲੋਭ ਕਰ ਕੇ ਉਸ ਨੂੰ ਛਡ ਨਹੀਂ ਸਕਦਾ ਤੇ ਫੜਨ ਵਾਲੇ ਆ ਕੇ ਫੜ ਲੈਂਦੇ ਹਨ।

ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ ॥ ੧ ॥

ਇਸੇ ਪਰਕਾਰ ਇਸ ਜੀਵ ਰੂਪ ਬਾਂਦਰ ਨੇ ਜਿਹੜੇ ਜਿਹੜੇ ਭੀ ਕਰਮ ਕੀਤੇ ਹਨ ਉਹ ਪਦਾਰਥਾਂ ਦੀ ਪ੍ਰਾਪਤੀ ਦੇ ਲਾਲਚ ਵਿਚ ਲਗ ਕੇ ਕੀਤੇ ਹਨ। ਇਸੇ ਲਈ ਉਹ ਕਰਮ ਫਿਰ ਇਸ ਦੇ ਗਲ ਵਿਚ ਫਾਹੀ ਰੂਪ ਬਣਕੇ ਪੈ ਗਏ ਹਨ॥ ੧ ॥

ਭਗਤਿ ਬਿਨੁ ਬਿਰਥੇ ਜਨਮੁ ਗਇਓ ॥

ਨਿਰੰਕਾਰ ਦੀ ਭਗਤੀ ਤੋਂ ਬਿਨਾਂ ਵਿਅਰਥ ਕਰਮਾਂ ਦੇ ਕਰਨ ਵਿਚ ਮਨੁੱਖ ਜਨਮ ਐਵੇਂ ਹੀ ਚਲਾ ਗਿਆ।

ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥ ੧ ॥ ਰਹਾਉ ॥

ਸਤਸੰਗਤ ਵਿਚ ਜਾ ਕੇ ਭਗਵਾਨ ਦੇ ਭਜਨ ਤੋਂ ਬਿਨਾਂ ਇਹ ਜੀਵ ਕਿਸੇ ਤਰ੍ਹਾਂ ਭੀ ਸਚੁ=ਸੁਖ ਵਿਚ ਨਹੀਂ ਰਹਿੰਦਾ ॥ ੧ ॥ ਰਹਾਉ ॥

ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥

ਜਿਵੇਂ ਜੰਗਲ ਬੀਆਬਾਨ ਵਿਚ ਖਿੜੇ ਹੋਏ ਫੁਲਾਂ ਦੀ ਘ੍ਰਾਉ=ਖੁਸ਼ਬੋ ਕਿਸੇ ਨੇ ਭੀ ਘ੍ਰਾਉ=ਘ੍ਰਾਣ ਇੰਦ੍ਰੀਏ ਭਾਵ ਨੱਕ ਦੁਆਰਾ ਨਹੀਂ ਲਈ। ਇਸੇ ਤਰ੍ਹਾਂ ਹੀ ਉਨ੍ਹਾਂ ਮਨਮੁਖਾਂ ਦਾ ਜਨ੍ਮ ਵਿਅਰਥ ਹੀ ਚਲਾ ਜਾਂਦਾ ਹੈ।

ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ ॥ ੨ ॥

ਤਿਵੇਂ ਹੀ ਇਹ ਜੀਵ ਨਾਮ ਸਿਮਰਨ ਤੋਂ ਬਿਨਾਂ ਅਨੇਕਾਂ ਜੋਨੀਆਂ ਵਿਚ ਫਿਰਦਾ ਹੈ ਅਤੇ ਕਾਲ ਭਗਵਾਨ ਇਸ ਨੂੰ ਵਾਰ ਵਾਰ ਹਇਓ=ਮਾਰਦਾ ਹੈ ॥ ੨ ॥

ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥

ਇਹ ਧਨ, ਜੁਆਨੀ ਪੁੱਤਰ ਇਸਤ੍ਰੀ ਆਦਿਕ ਸਾਰੇ ਪਦਾਰਥ ਜੋ ਵਾਹਿਗੁਰੂ ਨੇ ਦਿਤੇ ਹਨ ਉਹ ਪੇਖਨ ਕਹੀਏ ਅਜ਼ਮਾਇਸ਼ ਕਰਨ ਵਾਸਤੇ ਦਿਤੇ ਹਨ ਕਿ ਵੇਖਾਂ ਜੀਵ ਇਨ੍ਹਾਂ ਵਿਚ ਲਗਦਾ ਹੈ ਜਾਂ ਮੇਰਾ ਭਜਨ ਕਰਦਾ ਹੈ। ਇਸ ਕਰਕੇ ਹੇ ਪੁਰਸ਼ਾ ! ਤੂੰ ਇਨ੍ਹਾਂ ਨੂੰ ਪੇਖ+ਨ=ਵੇਖ ਨਾ।

ਅਥਵਾ-ਇਹ ਜਿਤਨੇ ਕੁ ਪਦਾਰਥ ਦਿਤੇ ਹਨ ਉਹ ਪੇਖਨ=ਬਾਜੀਗਰ ਦੀ ਮਾਇਆ ਵਾਂਗੂੰ ਝੂਠੇ ਹਨ।

ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥ ੩ ॥

ਤਿਨ੍ਹਾਂ ਪਦਾਰਥਾਂ ਵਿਚ ਜੋ ਪੁਰਸ਼ ਅਟਕ ਕੇ ਉਰਝੇ=ਫਸੇ ਪਏ ਹਨ, ਉਨ੍ਹਾਂ ਨੂੰ ਇੰਦ੍ਰੀਆਂ ਨੇ ਆਪਣੀ ਤਰਫ ਪ੍ਰੇਰ ਲੀਤਾ ਹੈ।

ਵਾ:-ਇੰਦ੍ਰੀਆਂ ਦਾ ਪ੍ਰੇਰ ਲਿਆ ਹੋਇਆ ਜੋ ਪੁਰਸ਼ ਤਿਨ੍ਹਾਂ ਸਬੰਧੀਆਂ ਵਿਚ, ਵਾ:-ਪਦਾਰਥਾਂ ਵਿਚ ਅਟਕ ਕੇ ਜੋ ਫਸ ਰਿਹਾ ਹੈ ਉਹ ਜੰਮਦਾ ਮਰਦਾ ਹੈ ॥ ੩ ॥

ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ ॥

ਸਰੀਰ ਇਕ ਤਿਨ=ਕੱਖਾਂ ਕੋ=ਦਾ ਮੰਦਰ ਹੈ, ਇਸ ਦੇ ਚੌਹੀਂ ਪਾਸੀਂ ਅਉਧ=ਉਮਰ ਰੂਪੀ ਅਨਲ= ਅਗਨੀ ਦਾ ਬਣਾਉ ਬਣਿਆਂ ਹੋਇਆ ਹੈ। ਵਾ:-ਉਮਰਾ ਸਹਿਤ ਜੋ ਸਰੀਰ ਹੈ ਏਹੀ ਕੱਖਾਂ ਦਾ ਮੰਦਰ ਹੈ ਇਸ ਦੇ ਚੌਹੀਂ ਪਾਸੀਂ ਕਾਲ ਰੂਪੀ ਅਗਨੀ ਦਾ ਬਣਾਉ ਬਣਿਆਂ ਹੋਇਆ ਹੈ।

ਯਥਾ:- ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥ *(ਪੰਨਾ ੮੨੧)*

ਕਹਿ ਕਬੀਰ ਭੈ ਸਾਗਰ ਤਰਨ ਕਉ
ਮੈ ਸਤਿਗੁਰ ਓਟ ਲਇਓ ॥ ੪ ॥ ੧ ॥ ੮ ॥ ੫੯ ॥

ਕਬੀਰ ਜੀ ਕਥਨ ਕਰਦੇ ਹਨ-ਭੈਦਾਇਕ ਸੰਸਾਰ ਸਮੁੰਦਰ ਦੇ ਤਰਨੇ ਨੂੰ ਮੈਂ ਸਤਿਗੁਰਾਂ ਦੀ ਓਟ ਨੂੰ ਲੈਣਾ ਕੀਤਾ ਹੈ ॥ ੪ ॥ ੧ ॥ ੮ ॥ ੫੯ ॥

ਗਉੜੀ

ਕੋਈ ਅਹੰਕਾਰੀ ਪੁਰਸ਼ ਆਇਆ ਹੈ ਉਸ ਨੂੰ ਉਪਦੇਸ਼ ਕਰਦੇ ਹਨ।

ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧॥

ਪਾਨੀ ਮੈਲਾ=ਪਿਤਾ ਦਾ ਵੀਰਜ ਅਪਵਿੱਤ੍ਰ ਹੈ ਅਤੇ ਮਾਟੀ ਗੌਰੀ=ਮਾਤਾ ਦੀ ਰਕਤ ਗੌਰੀ=ਲਾਲ ਉਹ ਵੀ ਅਪਵਿੱਤ੍ਰ ਹੈ।

ਇਸ ਅਪਵਿੱਤ੍ਰ ਵੀਰਜ ਦੇ ਮਿਲਾਪ ਕਰਕੇ ਇਹ ਦੇਹ ਦੀ ਪੁਤਲੀ ਜੋੜਨਾ ਕੀਤੀ ਹੈ।

ਯਥਾ:- ਸਾ ਕੀ ਰਕਤੁ ਪਿਤਾ ਬਿਦੁ ਧਾਰਾ॥ ਮੂਰਤਿ ਸੂਰਤਿ ਕਰਿ ਆਪਾਰਾ॥ *(ਪੰਨਾ ੧੦੨੨)*

ਤੂੰ ਵਾਹਿਗੁਰੂ ਅਗੇ ਐਸੇ ਪ੍ਰਾਰਥਨਾ ਕਰ-

ਮੈ ਨਾਹੀ ਕਛੁ ਆਹਿ ਨ ਮੋਰਾ॥
ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ॥ ੧॥ ਰਹਾਉ॥

ਮੈਂ ਕੁਝ ਚੀਜ਼ ਨਹੀਂ ਹਾਂ ਅਤੇ ਨਾ ਹੀ ਮੇਰਾ ਕੁਝ ਪਦਾਰਥ ਆਹਿ=ਹੈ ਹੇ ਗੋਬਿੰਦ ! ਸਰੀਰ, ਦੌਲਤ ਸਾਰਿਆਂ ਰਸਾਂ ਦਾ ਸੁਆਦ ਇਹ ਸਭ ਆਪ ਦਾ ਦਿਤਾ ਹੋਇਆ ਹੈ॥ ੧॥ ਰਹਾਉ॥

[ਪੰਨਾ ੩੩੭]

ਇਸ ਮਾਟੀ ਮਹਿ ਪਵਨੁ ਸਮਾਇਆ॥ ਝੂਠਾ ਪਰਪੰਚੁ ਜੋਰਿ ਚਲਾਇਆ॥ ੨॥

ਇਸ ਮਿੱਟੀ ਰੂਪ ਦੇਹ ਵਿਚ ਉਸ ਵਾਹਿਗੁਰੂ ਦੇ ਹੁਕਮ ਨਾਲ ਪਵਨੁ=ਸ੍ਵਾਸ ਸਮਾ ਰਹੇ ਹਨ। ਜਿਸ ਵਾਹਿਗੁਰੂ ਨੇ ਆਪਣੇ ਜ਼ੋਰ ਨਾਲ ਝੂਠੇ ਸੰਸਾਰ ਨੂੰ ਸੱਚਾ ਕਰਕੇ ਚਲਾਇਆ ਹੈ। *ਅਥਵਾ:-*ਇਸ ਸੰਸਾਰ ਵਿਚ ਜੀਵ ਨੇ ਆਪਣਾ ਝੂਠਾ ਜੋਰਿ=ਹੁਕਮ ਚਲਾਉਣਾ ਕੀਤਾ ਹੈ।

ਕਿਨਹੂ ਲਾਖ ਪਾਂਚ ਕੀ ਜੋਰੀ॥ ਅੰਤ ਕੀ ਬਾਰ ਗਗਰੀਆ ਫੋਰੀ॥ ੩॥

ਜੇ ਕਿਸੇ ਨੇ ਹਿੰਮਤ ਕਰਕੇ ਕਰਮਾਂ ਅਨੁਸਾਰ ਪੰਜ ਲੱਖ ਰੁਪਇਆਂ ਦੀ ਕੁੰਨੀ ਜੋੜ ਲਈ ਹੈ ਤਾਂ ਕੀ ਲਾਭ ਹੈ। ਕਿਉਕਿ ਪ੍ਰਾਣਾਂ ਦੇ ਵਿਯੋਗ ਸਮੇਂ ਤਾਂ ਸਭ ਦੇ ਸਿਰ ਕੋਲ ਦੋ ਪੈਸਿਆਂ ਦੀ ਮਿੱਟੀ ਦੀ ਘੜੀ ਹੀ ਭੰਨੀ ਜਾਂਦੀ ਹੈ, ਸੋਨੇ ਦੀ ਘੜੀ ਨੂੰ ਕਈ ਨਹੀਂ ਭੰਨਦਾ।

*ਅਥਵਾ:-*ਹੇ ਮਨੁੱਖ ! ਜਿਸ ਦੇਹ ਦਾ ਤੂੰ ਹੰਕਾਰ ਕਰਦਾ ਹੈਂ ਇਹ ਦੇਹ ਤਾਂ ਇਉਂ ਨਾਸ ਹੋ ਜਾਣ ਵਾਲੀ ਹੈ, ਜਿਸ ਤਰ੍ਹਾਂ ਕਿਸੇ ਨੇ ਲਾਖ ਦੇ ਟਾਂਕੇ ਨਾਲ ਟੁਟੀ ਹੋਈ ਗਾਗਰ ਜੋੜ ਤਾਂ ਲਈ, ਪਰ ਅਖੀਰ ਨੂੰ ਉਹ ਗਾਗਰ ਛੇਤੀ ਤੋਂ ਛੇਤੀ ਟੁਟ ਜਾਂਦੀ ਹੈ। ਇਸੇ ਤਰ੍ਹਾਂ ਬੜੀਆਂ ਬੜੀਆਂ ਦੁਆਈਆਂ ਖੁਆ ਕੇ ਇਸ ਦੇਹ ਨੂੰ ਖੜਿਆਂ ਤਾਂ ਕਰ ਲਿਆ ਪਰ ਅੰਤ ਨੂੰ ਇਸ ਨੇ ਜ਼ਰੂਰ ਨਾਸ ਹੋ ਜਾਣਾ ਹੈ।

*ਅਥਵਾ:-*ਕਿਸੇ ਨੇ ਤਾਂ ਲਾਖ=ਜਾਣ ਲਿਆ ਹੈ ਕਿ ਇਹ ਦੇਹ ਪੰਜ ਤਤਾਂ ਦੀ ਜੋੜੀ ਹੋਈ ਹੈ ਤੇ ਕਿਸੇ ਨੇ ਜਾਣ ਲਿਆ ਹੈ ਕਿ-

ਨਾਮ ਤੇ ਰੂਪ ਇਹ ਦੋ ਅੰਸਾਂ ਮਾਇਆ ਦੀਆਂ ਹਨ। ਅਸਤੀ, ਭਾਂਤੀ, ਪ੍ਰਿਯ ਰੂਪ ਤਿੰਨ ਅੰਸਾਂ ਪਰਮੇਸ਼ਰ ਦੀਆਂ ਹਨ ਇਨ੍ਹਾਂ ਪੰਜਾਂ ਅੰਸਾਂ ਕਰਕੇ ਇਹ ਦੇਹ ਜੋੜੀ ਹੋਈ ਹੈ ਪਰ ਇਹ ਦੇਹ ਰੂਪੀ ਗਾਗਰ ਅੰਤ ਨੂੰ ਟੁਟ

ਜਾਣ ਵਾਲੀ ਹੈ॥ ੩॥

ਕਹਿ ਕਬੀਰ ਇਕ ਨੀਵ ਉਸਾਰੀ॥
ਖਿਨ ਮਹਿ ਬਿਨਸਿ ਜਾਇ ਅਹੰਕਾਰੀ॥ ੪॥ ੧॥ ੯॥ ੬੦॥

ਕਬੀਰ ਜੀ ਆਖਦੇ ਹਨ-ਹੇ ਹੰਕਾਰੀ ਪੁਰਸ਼ਾ ! ਇਹ ਜਿਹੜੀ ਤੂੰ ਦੇਹ ਰੂਪੀ ਨੀਂਹ ਪਦਾਰਥਾਂ ਦਾ ਚਿੱਕੜ (ਗਾਰਾ) ਲਗਾ ਕੇ ਉਸਾਰੀ ਹੈ ਇਹ ਤਾਂ ਇਕ ਖਿਨ ਵਿਚ ਨਾਸ ਹੋ ਜਾਣ ਵਾਲੀ ਹੈ।

ਪ੍ਰਸ਼ਨ- ਤਰਦਾ ਕੌਣ ਹੈ?

*ਉੱਤਰ-*ਕਬੀਰ ਜੀ ਆਖਦੇ ਹਨ-ਬ੍ਰਹਮ ਰੂਪ, ਕੋਟ ਦੇ ਉਸਾਰਨ ਲਈ ਜਿਨ੍ਹਾਂ ਨੇ ਸ਼ਰਧਾ ਰੂਪੀ ਨੀਂਹ ਰਖ ਕੇ ਭਗਤੀ ਰੂਪੀ ਕੰਧ ਪ੍ਰੇਮ ਰੂਪੀ ਚੂਨਾ ਲਾ ਕੇ ਉਸਾਰਨਾ ਕੀਤੀ ਹੈ, ਉਨ੍ਹਾਂ ਦੇ ਅੰਤਹਕਰਣ ਵਿਚੋਂ ਹੰਕਾਰ ਆਦਿਕ ਵਿਕਾਰ ਇਕ ਖਿਨ ਵਿਚ ਦੂਰ ਹੋ ਜਾਂਦੇ ਹਨ॥ ੪॥

ਗਉੜੀ॥ ਰਾਮ ਜਪਉ ਜੀਅ ਐਸੇ ਐਸੇ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ੧॥

ਅਜੇਹੇ ਰਾਮ ਨੂੰ ਜੀਅ ਵਿਚ ਇਸ ਪਰਕਾਰ ਜਪਣਾ ਕਰੋ, ਜਿਵੇਂ ਧ੍ਰੂ ਭਗਤ ਅਤੇ ਪ੍ਰਹਿਲਾਦ ਭਗਤ ਨੇ ਜਗਤ ਤੋਂ ਉਪਰਾਮ ਹੋ ਕੇ ਤੇ ਪੂਰਨ ਵਿਸ਼ਵਾਸ ਰਖ ਕੇ ਜਪਿਆ ਸੀ॥ ੧॥

ਵਾ:-ਐਸੇ ਐਸੇ ਪਦ ਦੋ ਹਨ ਅਤੇ ਦੋ ਹੀ ਭਗਤਾਂ ਦੇ ਨਾਂ ਹਨ ਇਸ ਲਈ ਇੰਞ ਅਰਥ ਕਰਨਾ। ਜੀਅ ਵਿਖੇ ਰਾਮ ਨੂੰ ਐਸੇ ਜਪੋ, ਜਿਵੇਂ ਧ੍ਰੂ ਭਗਤ ਨੇ ਹਰੀ ਨੂੰ ਜਪਿਆ ਹੈ। ਜੀਅ ਵਿਖੇ ਰਾਮ ਨੂੰ ਐਸੇ ਜਪੋ, ਜਿਵੇਂ ਪ੍ਰਹਿਲਾਦ ਭਗਤ ਨੇ ਹਰੀ ਨੂੰ ਜਪਿਆ ਹੈ। ਅਤੇ ਇਸ ਪ੍ਰਕਾਰ ਪ੍ਰਾਰਥਨਾ ਕਰੋ।

ਦੀਨ ਦਇਆਲ ਭਰੋਸੇ ਤੇਰੇ॥ਸਭੁ ਪਰਵਾਰੁ ਚੜਾਇਆ ਬੇੜੇ॥੧॥ਰਹਾਉ॥

ਹੇ ਦੀਨ ਦਇਆਲ ਪਰਮਾਤਮਾ ! ਤੇਰੇ ਭਰੋਸੇ ਕਰਕੇ ਹੀ ਅਸਾਂ ਨੇ ਸਾਰੇ ਇੰਦ੍ਰੀਆਂ ਆਦਿਕ ਪਰਵਾਰ ਨੂੰ ਨਾਮ ਰੂਪ ਬੇੜੇ=ਜਹਾਜ਼ ਉੱਤੇ ਚੜ੍ਹਾਇਆ ਹੈ॥ ੧॥ ਰਹਾਉ॥

ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ॥ ਇਸ ਬੇੜੇ ਕਉ ਪਾਰਿ ਲਘਾਵੈ॥ ੨॥

ਜਾਂ ਤਿਸ ਨਿਰੰਕਾਰ ਨੂੰ ਇਹ ਜੀਵ ਭਾ ਜਾਵੇ ਤਾਂ ਉਹ ਆਪਣਾ ਹੁਕਮ ਮਨਾਉਂਦਾ ਹੈ ਤਾਂ ਫਿਰ ਇਸ ਮਨੁਖਾ ਦੇਹ ਰੂਪ ਬੇੜੇ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਾ ਦਿੰਦਾ ਹੈ॥ ੨॥

ਗੁਰ ਪਰਸਾਦਿ ਐਸੀ ਬੁਧਿ ਸਮਾਨੀ॥ਚੂਕਿ ਗਈ ਫਿਰਿ ਆਵਨ ਜਾਨੀ॥ ੩॥

ਸਤਿਗੁਰਾਂ ਦੀ ਕਿਰਪਾ ਕਰਕੇ ਜਿਨ੍ਹਾਂ ਦੇ ਹਿਰਦੇ ਅੰਦਰ ਇਸ ਪ੍ਰਕਾਰ ਦੀ ਬੁੱਧੀ ਆ ਕੇ ਸਮਾਈ ਹੈ। ਉਨ੍ਹਾਂ ਦੀ ਆਵਨ ਜਾਨੀ=ਜੰਮਣ ਮਰਨ ਦੀ ਕਹਾਣੀ ਚੂਕਿ=ਮੁਕ ਗਈ ਹੈ॥ ੩॥

ਕਹੁ ਕਬੀਰ ਭਜੁ ਸਾਰਿਗਪਾਨੀ॥
ਉਰਵਾਰਿ ਪਾਰਿ ਸਭ ਏਕੋ ਦਾਨੀ॥ ੪॥ ੨॥ ੧੦॥ ੬੧॥

ਕਬੀਰ ਜੀ ਕਹਿੰਦੇ ਹਨ-ਹੇ ਜੀਵ ! ਤੂੰ ਸਾਰਿਗਪਾਨੀ=ਪਰਮਾਤਮਾ ਨੂੰ ਇਸ ਪਰਕਾਰ ਭਜਨਾ ਕਰ, ਜਿਵੇਂ

ਸਾਰਿਗ=ਪਪੀਹਾ ਪਾਨੀ=ਸ਼੍ਰਾਂਤੀ ਬੂੰਦ ਨੂੰ ਭਜਦਾ ਹੈ।

ਉਰਵਾਰਿ=ਇਹ ਲੋਕ, ਪਾਰਿ=ਪ੍ਰਲੋਕ ਤੇ ਸਭ ਜਗ੍ਹਾ ਪਰ ਇਕ ਨੂੰ ਦਾਨੀ=ਜਾਨਣਾ ਕਰ। ਵਾ:-ਲੋਕ ਪ੍ਰਲੋਕ ਦੇ ਸਾਰਿਆਂ ਜੀਵਾਂ ਨੂੰ ਇਕ ਪ੍ਰਮਾਤਮਾ ਹੀ ਦਾਨ ਦੇਣੇ ਵਾਲਾ ਜਾਨਣਾ ਕਰ॥ ੪॥ ੨॥ ੧੦॥ ੬੧॥

ਗਉੜੀ ੯॥

ਜੋਨਿ ਛਾਡਿ ਜਉ ਜਗ ਮਹਿ ਆਇਓ॥
ਲਾਗਤ ਪਵਨ ਖਸਮੁ ਬਿਸਰਾਇਓ॥ ੧॥

ਹੇ ਜੀਵ ! ਮਾਂ ਦੀ ਗਰਭ ਜੋਨੀ ਨੂੰ ਛਡ ਕੇ ਜਦੋਂ ਤੂੰ ਸੰਸਾਰ ਵਿਚ ਆਇਆ ਹੈਂ।

ਤਦੋਂ ਮਾਇਆ ਦੀ ਵਾਸ਼ਨਾਂ ਰੂਪੀ ਪਵਨ=ਹਵਾ ਲਗਦਿਆਂ ਨਾਲ ਹੀ ਤੂੰ ਖਸਮ ਨੂੰ ਭੁਲਾ ਦਿਤਾ ਹੈ॥ ੧॥

ਜੀਅਰਾ ਹਰਿ ਕੇ ਗੁਨਾ ਗਾਉ॥ ੧॥ ਰਹਾਉ॥

ਹੇ ਜੀਵ ! ਹੁਣ ਭੀ ਤੂੰ ਨਿਰੰਕਾਰ ਦੇ ਗੁਣਾਂ ਨੂੰ ਗਾਉਣਾ ਕਰ॥ ੧॥ ਰਹਾਉ॥

ਗਰਭ ਜੋਨਿ ਮਹਿ ਉਰਧ ਤਪੁ ਕਰਤਾ॥
ਤਉ ਜਠਰ ਅਗਨਿ ਮਹਿ ਰਹਤਾ॥ ੨॥

ਮਾਂ ਦੀ ਗਰਭ ਜੋਨੀ ਵਿਚ ਤੂੰ ਉਰਧ=ਉਲਟਾ ਹੋਇਆ ਹੋਇਆ ਤਪ ਕਰ ਰਿਹਾ ਸੀ। ਤਾਂ ਹੀ ਤੂੰ ਮਾਤਾ ਦੀ ਜਠਰ ਅਗਨਿ=ਪੇਟ ਦੀ ਅੱਗ ਵਿਚ ਸੜਨ ਤੋਂ ਬਚਿਆ ਰਹਿੰਦਾ ਸੀ॥ ੨॥

ਲਖ ਚਉਰਾਸੀਹ ਜੋਨਿ ਭ੍ਰਮਿ ਆਇਓ॥
ਅਬ ਕੇ ਛੁਟਕੇ ਠਉਰ ਨ ਠਾਇਓ॥ ੩॥

ਹੇ ਪੁਰਖ਼ਾ ! ਤੂੰ ਚੌਰਾਸੀ ਲੱਖ ਜੂਨਾਂ ਵਿਚ ਭ੍ਰਮਦਾ ਭ੍ਰਮਦਾ ਮਨੁੱਖਾ ਦੇਹ ਵਿਚ ਆਇਆ ਹੈਂ। ਅਬ ਕੇ=ਹੁਣ ਦੇ ਸਮੇਂ ਤੋਂ ਛੁਟਣ ਕਰ ਕੇ ਭਾਵ ਮਨੁੱਖਾ ਦੇਹ ਨੂੰ ਨਿਸਫਲ ਗੁਆਣ ਕਰਕੇ ਠਹਿਰਣ ਨੂੰ ਕੋਈ ਠਉਰ=ਜਗ੍ਹਾ ਨਹੀ ਮਿਲੇਗੀ॥ ੩॥

ਕਹੁ ਕਬੀਰ ਭਜੁ ਸਾਰਿਗਪਾਨੀ॥
ਆਵਤ ਦੀਸੈ ਜਾਤ ਨ ਜਾਨੀ॥ ੪॥ ੧॥ ੧੧॥ ੬੨॥

ਕਬੀਰ ਜੀ ਕਹਿੰਦੇ ਹਨ-ਹੇ ਪੁਰਖ਼ਾ ! ਜਿਸ ਦੇ ਪਾਨੀ=ਹੱਥਾਂ ਵਿਚ ਸਾਰੰਗ ਨਾਮਾ ਧਨੁਖ ਫੜਿਆ ਹੋਇਆ ਹੈ ਉਸ ਨੂੰ ਭਜਨਾ ਕਰ।

ਜੋ ਪਰਮਾਤਮਾ ਨਾ ਆਂਵਦਾ ਦਿਸਦਾ ਹੈ, ਨਾ ਹੀ ਜਾਂਦਾ ਹੋਇਆ ਜਾਨੀ=ਜਾਣਿਆ ਜਾਂਦਾ ਹੈ।

ਯਥਾ:- ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ॥ ੧॥

ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ॥ ੧॥ *(ਗੂਜਰੀ, ਪੰਨਾ ੫੨੫)*

*ਅਥਵਾ-*ਇਹ ਜੀਵ ਆਂਵਦਾ ਤਾਂ ਦਿਸਦਾ ਹੈ ਪਰ ਜਾਂਦਾ ਨਹੀਂ ਜਾਣਿਆਂ ਜਾਂਦਾ ਜੋ ਕਿਧਰ ਗਿਆ ਹੈ॥ ੪॥ ੧॥ ੧੧॥ ੬੨॥

ਗਉੜੀ ਪੂਰਬੀ॥ ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥

ਸੁਰਗਾਂ ਵਿਚ ਵਸਣ ਦੀ ਇਛਿਆ ਨਾ ਕਰੀਏ ਅਤੇ ਨਰਕਾਂ ਵਿਚ ਵਸਣ ਤੋਂ ਭੀ ਨਾ ਡਰੀਏ ਕਿਉਂਕਿ-

ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥ ੧॥

ਵਾਹਿਗੁਰੂ ਦੇ ਹੁਕਮ ਅਨੁਸਾਰ ਜੋ ਕੁਝ ਹੋਣਾ ਹੈ ਉਹ ਜ਼ਰੂਰ ਹੋ ਜਾਣਾ ਹੈ। ਸਾਡੀ ਮਰਜ਼ੀ ਅਨੁਸਾਰ ਕੁਝ ਨਹੀਂ ਹੋਣਾ।

ਯਥਾ:- ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥

ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥ ੨੧੯॥ *(ਪੰਨਾ ੧੩੭੬)*

ਇਸ ਲਈ ਆਪਣੇ ਮਨ ਵਿਚ ਕੋਈ ਭੀ ਆਸਾ ਨਾ ਕਰੀਏ॥ ੧॥

*ਪ੍ਰਸ਼ਨ-*ਫਿਰ ਮੇਰੇ ਲਈ ਕਿਹੜਾ ਕਰਤੱਬ ਕਰਨ ਯੋਗ ਹੈ? *ਉੱਤਰ-*

ਰਮਈਆ ਗੁਨ ਗਾਈਐ॥ ਜਾ ਤੇ ਪਾਈਐ ਪਰਮ ਨਿਧਾਨੁ॥ ੧॥ ਰਹਾਉ॥

ਉਸ ਵਾਹਿਗੁਰੂ ਦੇ ਗੁਣਾਂ ਨੂੰ ਗਾਉਣਾ ਕਰੋ। ਜਿਸ ਕਰਕੇ ਉਸ ਪਰਮ ਨਿਧਾਨੁ=ਵੱਡਿਆਂ ਖਜ਼ਾਨਿਆਂ ਦੇ ਮਾਲਕ ਪਰੀਪੂਰਨ ਪਰਮਾਤਮਾ ਨੂੰ ਪ੍ਰਾਪਤ ਕਰ ਲਈਏ॥ ੧॥ ਰਹਾਉ॥

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ॥
ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ॥ ੨॥

ਜਦ ਤਕ ਇਹ ਜੀਵ ਭਗਵਾਨ ਦੀ ਪ੍ਰੇਮਾ ਭਗਤੀ ਵਿਚ ਜੁਗਤਿ=ਜੁੜਨਾ ਨਹੀਂ ਜਾਣਦਾ ਤਦ ਤਕ ਜਪ ਕਰਨੇ ਸੇ ਕੀ ਹੈ, ਤਪ ਕਰਨੇ ਸੇ ਕੀ ਹੈ, ਸੰਜਮੋ=ਖਾਣ ਪੀਣ ਦੇ ਸੰਕੋਚ ਕਰਨੇ ਸੇ ਕੀ ਹੈ, ਵਰਤ ਰਖਣੇ ਸੇ ਕੀ ਹੈ, ਤੀਰਥ ਇਸ਼ਨਾਨ ਕਰਨੇ ਸੇ ਕੀ ਫਲ ਹੈ ਭਾਵ ਕੁਛ ਫਾਇਦਾ ਨਹੀਂ॥ ੨॥

ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥

ਬਹੁਤੀ ਰਾਜ ਬਿਭੂਤੀ ਅਤੇ ਦੌਲਤ ਨੂੰ ਵੇਖ ਕੇ ਖੁਸ਼ ਨਾ ਹੋਈਏ ਅਤੇ ਅਨੇਕ ਪਰਕਾਰ ਦੀ ਬਿਪਤਾ ਆਈ ਹੋਈ ਨੂੰ ਵੇਖ ਕੇ ਰੋਣ ਨਾ ਲਗ ਜਾਈਏ ਭਾਵ ਇਹ ਹੈ ਕਿ ਦੁੱਖਾਂ ਅਤੇ ਸੁਖਾਂ ਵਿਚ ਚਿੱਤ ਬਿਰਤੀ ਨੂੰ ਇਕੋ ਜੇਹੀ ਅਡੋਲ ਅਵਸਥਾ ਵਿਚ ਰਖਣਾ ਕਰੀਏ।

ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥ ੩॥

ਜਿਵੇਂ ਦੌਲਤ ਦੀ ਹਾਲਤ ਹੈ, ਤਿਵੇਂ ਹੀ ਬਿਪਤਾ ਦੀ ਹਾਲਤ ਹੈ ਭਾਵ ਜਿਵੇਂ ਤੇਰੇ ਪਾਸ ਦੌਲਤ ਨਹੀਂ ਰਹੀ ਤਿਵੇਂ ਹੀ ਬਿਪਤਾ ਨੇ ਭੀ ਨਹੀਂ ਰਹਿਣਾ। ਉਸ ਦੇ ਭਾਣੇ ਨੂੰ ਮਿਠਾ ਕਰ ਕੇ ਮੰਨ। ਕਿਉਂਕਿ ਫਲ ਬਰ ਦਾਤੇ ਵਾਹਿਗੁਰੂ ਨੇ ਜੋ ਕੁਝ ਰਚਿਆ ਹੈ। ਉਹ ਜ਼ਰੂਰ ਹੋ ਕੇ ਹੀ ਰਹਿਣਾ ਹੈ॥ ੩॥

ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ॥

ਕਬੀਰ ਜੀ ਆਖਦੇ ਹਨ-ਕਿ ਅਸੀਂ ਸੰਤਾਂ ਦੀ ਸੰਗਤ ਕਰਕੇ ਹੁਣ ਆਪਣੇ ਹਿਰਦੇ ਮਝਾਰਿ=ਵਿਚ ਇਹ ਜਾਣ ਲਿਆ ਹੈ ਕਿ-

ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ॥ ੪॥ ੧॥ ੧੨॥ ੬੩॥

ਸੇਵਕ ਓਹੀ ਚੰਗਾ ਹੈ ਜਿਹੜਾ ਭਲੀ ਪਰਕਾਰ ਸੇਵਾ ਕਰਦਾ ਹੈ ਅਤੇ ਜਿਸ ਦੇ ਹਿਰਦੇ ਅੰਦਰ ਮੁਰਾਰੀ ਦਾ ਨਾਮ ਵਸਦਾ ਹੈ॥ ੪॥ ੧॥ ੧੨॥ ੬੩॥

ਗਉੜੀ॥

ਉਥਾਨਕਾ-ਇਕ ਲੜਕਾ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਪਾਠ ਕਰ ਕੇ ਕਬੀਰ ਜੀ ਦੇ ਸਤਸੰਗ ਵਿਚ ਬਿਨਾਂ ਨਾਗਾ ਆਉਂਦਾ ਹੁੰਦਾ ਸੀ। ਜਦੋਂ ਜੁਆਨ ਹੋਇਆ ਤਾਂ ਵਿਆਹ ਹੋ ਜਾਣ ਕਰਕੇ ਇਸਤ੍ਰੀ ਦੇ ਪਿਆਰ ਵਿਚ ਫਸ ਕੇ ਸਤਸੰਗ ਛਡ ਬੈਠਾ। ਪੁੱਤਰ ਧੀਆਂ ਹੋ ਜਾਣ ਨਾਲ ਕੁਟੰਬ ਦੀ ਜ਼ਿਮੇਂਵਾਰੀ ਦਾ ਭਾਰ ਪੈ ਗਿਆ ਫਿਰ ਭਲਾ ਸਤਸੰਗ ਲਈ ਵਿਹਲ ਹੀ ਕਿਥੋਂ ਮਿਲਣਾ ਸੀ। ਬਹੁਤ ਸਾਰੇ ਸਮੇਂ ਤੋਂ ਉਪਰੰਤ ਇਕ ਦਿਨ ਕਬੀਰ ਸਾਹਿਬ ਜੀ ਦਾ ਮੇਲ ਹੋ ਗਿਆ। ਉਸ ਪ੍ਰੇਮੀ ਨੇ ਨਮਸ਼ਕਾਰ ਕੀਤੀ ਤਾਂ ਕਬੀਰ ਜੀ ਨੇ ਆਖਿਆ ਭਾਈ ਗੁਰਮੁਖਾ ! ਤੂੰ ਸਤਸੰਗੀ ਸੈਂ। ਹੁਣ ਸਤਸੰਗ ਵਿਚ ਕਿਉਂ ਨਹੀਂ ਆਉਂਦਾ? ਉੱਤਰ ਵਿਚ ਉਸਨੇ ਆਖਿਆ ਮਹਾਰਾਜ ! ਹੁਣ ਤਾਂ ਵਿਹਲ ਨਹੀਂ ਮਿਲਦਾ, ਬਸ ਰਾਤ ਦਿਨ ਪ੍ਰਵਾਰ ਦੇ ਪਾਲਣ ਵਿਚ ਹੀ ਬਤੀਤ ਹੋ ਜਾਂਦਾ ਹੈ। ਇਤਨੀ ਗੱਲ ਸੁਣ ਕੇ ਉਸ ਨੂੰ ਸਮਝਾਂਦੇ ਹਨ-

ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ॥

ਹੇ ਪਿਆਰੇ ! ਇਸ ਦੁਨੀਆਂ ਵਿਚ ਤੇਰਾ ਕੋਈ ਸਹਾਈ ਨਹੀਂ। ਇਸ ਲਈ ਤੂੰ ਇਨ੍ਹਾਂ ਸਬੰਧੀਆਂ ਦੇ ਪਾਲਣ ਪੋਸਣ ਦਾ ਭਾਰ ਆਪਣੇ ਉੱਤੇ ਜਿਨਿ=ਮਤਾਂ ਖਿਚ ਲਵੇਂ ਭਾਵ ਅਜੇਹਾ ਖਿਆਲ ਨਾ ਕਰ ਕਿ ਮੈਂ ਪਾਲਦਾ ਹਾਂ।

ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥ ੧॥

ਜਿਵੇਂ ਪੰਖਿ ਕੋ=ਪੰਛਿਆਂ ਦਾ ਰਾਤ ਨੂੰ ਬਿਰਖ=ਦਰੱਖਤਾਂ ਉੱਪਰ ਵਾਸਾ ਹੁੰਦਾ ਹੈ। ਦਿਨ ਚੜੇ ਸਾਰੇ ਆਪੋ ਆਪਣੇ ਰਾਹ ਪੈ ਜਾਂਦੇ ਹਨ। ਤਿਵੇਂ ਹੀ ਇਹ ਸੰਸਰ ਹੈ। ਅਵਸਥਾ ਰੂਪੀ ਰਾਤ ਦੇ ਸੰਜੋਗ ਕਰਕੇ ਜੀਵਾਂ ਰੂਪੀ ਪੰਛੀ ਸੰਸਾਰ ਰੂਪ ਦਰੱਖਤ ਉੱਤੇ ਆ ਕੇ ਬੈਠਦੇ ਹਨ, ਜਿਸ ਵੇਲੇ ਕਾਲ ਰੂਪੀ ਦਿਨ ਚੜ੍ਹਦਾ ਹੈ ਤਾ ਕਰਮਾਂ ਅਨੁਸਾਰ ਜੀਵਾਂ ਰੂਪੀ ਪੰਛੀਆਂ ਦਾ ਝੁੰਡ ਕੋਈ ਕਿਸੇ ਬੰਨੇ ਤੇ ਕੋਈ ਕਿਸੇ ਪਾਸੇ ਉਡ ਜਾਦਾ ਹੈ।

ਯਥਾ:- ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥

ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥ ੧॥ *(ਪੰਨਾ ੧੦੧੯)*

ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥ ੧॥ ਰਹਾਉ॥

ਇਸੀ ਕਰਕੇ ਹੇ ਪਿਆਰੇ ਅਸਾਂ ਨੇ ਤਾਂ ਰਾਮ ਨਾਮ ਰੂਪੀ ਰਸ ਨੂੰ ਪੀਤਾ ਹੈ।

ਜਿਸ ਰਾਮ ਨਾਮ ਰੂਪੀ ਅੰਮ੍ਰਿਤ ਰਸ ਦੇ ਪੀਣ ਕਰ ਕੇ ਬਾਕੀ ਦੇ ਹੋਰ ਸੰਸਾਰਕ ਰਸ ਬਿਸਰਿ ਗਏ=ਭੁਲ ਗਏ ਹਨ॥ ੧॥ ਰਹਾਉ॥

ਅਜੇ ਇਸ ਨੂੰ ਇਹ ਉਪਦੇਸ਼ ਕਰ ਹੀ ਰਹੇ ਸਨ ਜੋ ਕਿਸੇ ਨੇ ਆਖਿਆ ਮਹਾਰਾਜ ਜੀ ! ਤੁਹਾਡੀ ਬਰਾਦਰੀ ਵਿਚੋਂ ਫਲਾਣਾ ਆਦਮੀ ਮਰ ਗਿਆ ਹੈ। ਆਪ ਜਾ ਕੇ ਕੁਝ ਅਫਸੋਸ ਕਰ ਆਓ ਤਾਂ ਕਬੀਰ ਜੀ ਨੇ ਆਖਿਆ:-

ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ॥

ਹੋਰਨਾਂ ਦੇ ਮਰਨ ਤੇ ਕੀ ਰੋਣਾ ਹੈ। ਜੇਕਰ ਅਸੀਂ ਆਪ ਹੀ ਥਿਰ ਨਹੀਂ ਰਹਿਣਾ ਭਾਵ ਰੋਣ ਦੀ ਕੋਈ ਜ਼ਰੂਰਤ ਨਹੀਂ।

ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ॥ ੨॥

ਕਿਉਂਕਿ ਸੰਸਾਰ ਵਿਚ ਜੋ ਭੀ ਉਤਪੰਨ ਹੋਇਆ ਹੈ ਉਸ ਨੇ ਜ਼ਰੂਰ ਮਰ ਜਾਣਾਂ ਹੈ।

ਯਥਾ:- ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥ *(ਪੰਨਾ ੧੪੨੯)*

ਇਹ ਕੋਈ ਅਸਚਰਜ ਗੱਲ ਨਹੀਂ। ਇਸ ਵਾਸਤੇ ਰੋਣ ਦੀ ਕੋਈ ਲੋੜ ਨਹੀਂ। ਦੁਖਾਂ ਨੂੰ ਪਾ ਕੇ ਉਹ ਰੋਵੇ ਜਿਸ ਨੂੰ ਅਵਿੱਦਿਆ ਰੂਪੀ ਬਲਾ ਚਿੰਬੜੀ ਹੋਈ ਹੈ। ਸਾਡੀ ਅਵਿੱਦਿਆ ਤਾਂ ਦੂਰ ਹੋ ਚੁਕੀ ਹੈ।

ਵਾ-ਦੁਖ ਕਰਕੇ ਸਾਡੀ ਬਲਾ ਰੋਵੇ ਅਸੀਂ ਕਿਉਂ ਰੋਈਏ॥ ੨॥

ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ॥

ਜੀਵਾਂ ਦੀ ਜਮਾਤ ਜਿਸ ਭਗ (ਜੂਨੀ) ਤੋਂ ਉਤਪੰਨ ਹੋਈ ਹੈ, ਜੁਆਨੀ ਦੀ ਮਸਤੀ ਕਰਕੇ ਫਿਰ ਉਸੇ ਭਗ (ਜੂਨੀ) ਨੂੰ ਭੋਗਣ ਵਿਚ ਲਗ ਜਾਂਦੀ ਹੈ ਤੇ ਬਾਲਕ ਅਵਸਥਾ ਵਿਚ ਜਿਨ੍ਹਾਂ ਥਣਾਂ ਤੋਂ ਦੁਧ ਪੀਂਦੀ ਸੀ ਜੁਆਨੀ ਵਿਚ ਆ ਕੇ ਉਨ੍ਹਾਂ ਹੀ ਅਸਥਨਾਂ ਨੂੰ ਮਲਣ ਲਗ ਜਾਂਦੀ ਹੈ।

ਦੂਜਾ ਅਰਥ ਇੰਜ ਸਾਂਝਾ ਵੀ ਕਰਦੇ ਹਨ।

ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ॥

ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ॥ ੩॥੨॥੧੩॥੬੪॥

ਕਬੀਰ ਜੀ ਕਥਨ ਕਰਦੇ ਹਨ-ਪੀਵਤ=ਤਿਸ ਪਤੀ ਪਰਮਾਤਮਾ ਦੇ ਮਰਦ ਜੋ ਮਹਾਤਮਾਂ ਹਨ ਉਨ੍ਹਾਂ ਦੀ ਚਰਨੀ ਲਗ ਕੇ ਜਿਸ ਪੁਰਸ਼ ਨੇ ਵੈਰਾਗ ਆਦਿਕ ਸਾਧਨਾਂ ਨੂੰ ਧਾਰ ਕੇ ਉਸ ਰਾਮ ਨੂੰ ਚਿੱਤ ਵਿਚ ਚੇਤਿਆ ਹੈ ਅਤੇ ਬਾਣੀ ਦੁਆਰਾ ਰਾਮ ਨੂੰ ਸਿਮਰਿਆ ਹੈ ਉਹ ਜੀਵ ਰੂਪੀ ਇਸਤ੍ਰੀ ਜਹ ਕੀ ਉਪਜੀ ਤਹ ਗਈ=ਜਿਸ ਬ੍ਰਹਮ ਤੋਂ ਉਤਪੰਨ ਹੋਈ ਸੀ ਉਸੀ ਬ੍ਰਹਮ ਦੇ ਵਿਚ ਹੀ ਰਚ ਗਈ ਭਾਵ ਅਭੇਦ ਹੋ ਗਈ ਹੈ।

ਯਥਾ- ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ ੧੧॥ *(ਪੰਨਾ ੧੪੨੭)*

ਰਾਗੁ ਗਉੜੀ॥

ਉਥਾਨਕਾ-ਪਰਮੇਸ਼ਰ ਪ੍ਰਾਪਤੀ ਦੀ ਤੀਬਰ ਇੱਛਾ ਵਾਲਾ ਇਕ ਜਗਿਆਸੂ ਕਬੀਰ ਜੀ ਪਾਸ ਆ ਕੇ ਕਹਿੰਦਾ ਹੈ ਮੈਨੂੰ ਉਸ ਦੀ ਪ੍ਰਾਪਤੀ ਦਾ ਰਾਹ ਦਸੋ।

ਇਹ ਗੱਲ ਸੁਣ ਕੇ ਕਬੀਰ ਸਾਹਿਬ ਜੀ ਇਸ ਸ਼ਬਦ ਦੁਆਰਾ ਪਤੀਬ੍ਰਤ ਧਰਮ ਵਾਲੀ ਇਸਤ੍ਰੀ ਦਾ ਦ੍ਰਿਸ਼ਟਾਂਤ ਦੇ ਕੇ ਜਗਿਆਸੂ ਦੀ ਬਿਵਸਥਾ ਕਥਨ ਕਰਦੇ ਹੋਏ ਉਸਨੂੰ ਪਰਮੇਸ਼ਰ ਪਰਾਪਤੀ ਦਾ ਰਾਹ ਦਸਦੇ ਹਨ।

ਜਿਸ ਵੇਲੇ ਪਤੀਬ੍ਰਤ ਧਰਮ ਵਾਲੀ ਔਰਤ ਦਾ ਪਤੀ ਕਿਸੇ ਕੰਮ ਕਾਰ ਨੂੰ ਬਾਹਰ ਚਲਿਆ ਜਾਂਦਾ ਹੈ ਤੇ ਆਪਣੇ ਇਕਰਾਰ ਅਨੁਸਾਰ ਨਹੀਂ ਆਉਂਦਾ ਤਿਸ ਵੇਲੇ-

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥

ਉਹ ਕਾਮਨੀ=ਇਸਤ੍ਰੀ ਆਪਣੇ ਪਤੀ ਦੇ ਪੰਥੁ=ਰਾਹ ਨੂੰ ਨਿਹਾਰੈ=ਦੇਖਦੀ ਹੈ ਕਿ ਹੁਣ ਭੀ ਆ ਜਾਂਦਾ ਹੈ। ਜਦ ਬਹੁਤ ਸਮਾਂ ਗੁਜ਼ਰ ਜਾਣ ਪਰ ਵੀ ਨਹੀਂ ਆਉਂਦਾ ਤਾਂ ਫਿਰ ਲੋਚਨ=ਅੱਖਾਂ ਵਿਚ ਜਲ ਭਰ ਲੈਂਦੀ ਹੈ ਤੇ ਉਸਾਸਾ=ਠੰਢੇ ਹੌਕੇ ਲੈਂਦੀ ਹੈ।

ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਵਿਖੇ ਕੋਠੇ ਤੇ ਚੜ੍ਹ ਕੇ ਸ੍ਰੀ ਅੰਮ੍ਰਿਤਸਰ ਦੀ ਤਰਫ ਦੇਖਦੇ ਸਨ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਭੇਜਿਆ ਹੋਇਆ ਕੋਈ ਸਿਖ ਸਾਨੂੰ ਸੱਦਣ ਵਾਸਤੇ ਸ਼ਾਇਦ ਆਂਵਦਾ ਹੋਵੇ, ਪਰ ਜਿਸ ਵੇਲੇ ਕੋਈ ਭੀ ਨਜ਼ਰ ਨਾ ਆਇਆ ਤਾਂ ਉਸ ਵੇਲੇ ਅੱਖਾਂ ਵਿਚ ਜਲ ਭਰ ਆਇਆ।

ਯਥਾ:- ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ॥

ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ॥ ੨॥ *(ਪੰਨਾ ੬੨੪)*

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਨੇਤਰਾਂ ਵਿਚੋਂ ਭੀ ਵੈਰਾਗ ਦੇ ਕਾਰਨ ਹਰ ਵੇਲੇ ਨੀਰ ਚਲਦਾ ਰਹਿੰਦਾ ਸੀ।

ਯਥਾ- ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥ ੩॥ *(ਪੰਨਾ ੯੪)*

[ਪੰਨਾ ੩੩੮]

ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥ ੧ ॥

ਉਸ ਪਤੀਬ੍ਰਤ ਧਰਮ ਵਾਲੀ ਇਸਤ੍ਰੀ ਦਾ ਹਿਰਦਾ ਪਤੀ ਤੋਂ ਬਗੈਰ ਹੋਰ ਦੂਜੇ ਪੁਰਸ਼ ਉੱਤੇ ਨਹੀਂ ਭਿਜਦਾ, ਵਾ:-ਘਰ ਦੇ ਕਿਸੇ ਹੋਰ ਕੰਮ ਨਹੀਂ ਭਿਜਦਾ ਅਤੇ ਜਿਸ ਜਗ੍ਹਾ ਖਲੋ ਕੇ ਪਤੀ ਨੂੰ ਵੇਖਦੀ ਹੈ ਉਸ ਜਗ੍ਹਾਂ ਤੋਂ ਪੈਰ ਵੀ ਨਹੀਂ ਖਿਸਕਦਾ, ਇਕ ਹਰਿ=ਪਤੀ ਦੇ ਦਰਸ਼ਨ ਦੀ ਹੀ ਆਸਾ ਲਗ ਰਹੀ ਹੈ॥ ੧॥

ਜਿਵੇਂ ਪੱਟੀ ਵਾਲੇ ਰਾਜੇ ਦੀ ਸਪੁਤ੍ਰੀ 'ਰਜਨੀ' ਦੀ ਹਾਲਤ ਹੋਈ ਸੀ। ਜਦ ਉਹ ਆਪਣੇ ਲੂਲ੍ਹੇ ਪਤੀ ਨੂੰ ਖਾਰੇ ਵਿਚ ਬਿਠਾ ਕੇ ਤੁੰਗ ਪਿੰਡ ਵਿਚ ਗਈ ਤੇ ਉਥੋਂ ਰੋਟੀ ਮੰਗ ਕੇ ਆਈ ਤਾਂ ਕੀ ਵੇਖਿਆ ਕਿ ਮੇਰਾ ਪਤੀ ਤਾਂ ਕੋਈ ਨਹੀਂ ਬੈਠਾ ਇਹ ਤਾਂ ਕੋਈ ਹੋਰ ਸੁੰਦਰ ਪੁਰਸ਼ ਮੇਰੇ ਪਤੀ ਨੂੰ ਮਾਰ ਕੇ ਮੇਰੇ ਵਾਸਤੇ ਬੈਠਾ ਹੈ, ਉਹ ਕਹੇ-ਹੇ ਸੁਭੱਦਰੇ ! ਮੈਂ ਹੀ ਤੇਰਾ ਪਤੀ ਹਾਂ, ਪਰ ਉਸ ਰਜਨੀ ਦਾ ਹਿਰਦਾ ਉਸ ਵਿਚ ਭਿਜਿਆ ਨਾ ਅਤੇ ਪੈਰ ਵੀ ਉਸ ਥਾਂ ਤੋਂ ਖਿਸਕਿਆ ਨਾ, ਕਿਉਂਕਿ ਉਸ ਨੂੰ ਇਕ ਪਤੀ ਦੇ ਦਰਸ਼ਨ ਦੀ ਆਸਾ ਲਗ ਰਹੀ ਸੀ।

(ਇਹ ਸਾਖੀ ਸੂਰਜ ਪ੍ਰਤਾਪ ਰਾਸ ੨ ਅੰਸੂ ੨੭ ਵਿਚ ਹੈ)

ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ ੧ ॥ ਰਹਾਉ ॥

ਉਥੇ ਹੀ ਖਲੋਤੀ ਹੋਈ ਸਗਨ ਮਨਾਉਂਦੀ ਹੈ, ਹੇ ਕਾਲੇ ਕਾਵੋਂ! ਤੁਸੀਂ ਉਡਦੇ ਨਹੀਂ ਭਾਵ ਉੱਡ ਜਾਵੋ। ਜੇ ਤੁਸੀਂ ਉੱਡ ਜਾਓਗੇ ਤਾਂ ਬੇਗਿ=ਸ਼ੀਘਰ ਹੀ ਮੈਂ ਆਪਣੇ ਪਿਆਰੇ ਰਾਮ=ਪਤੀ ਨੂੰ ਮਿਲ ਜਾਵਾਂਗੀ॥ ੧॥ ਰਹਾਉ॥

ਕਾਵਾਂ ਦੇ ਉਡਾਣ ਦਾ ਪ੍ਰਸੰਗ ਅਗੇ ਜਾ ਕੇ ਭੀ ਲਿਖਿਆ ਹੈ।

ਯਥਾ- ਕਾਗ ਉਡਾਵਤ ਭੁਜਾ ਪਿਰਾਨੀ॥ ਕਹਿ ਕਬੀਰ ਇਹ ਕਥਾ ਸਿਰਾਨੀ॥ *(ਪੰਨਾ ੭੯੨)*

ਹੁਣ ਦਾ ਦ੍ਰਿਸ਼ਟਾਂਤ ਸੁਣੋ-ਇਸੀ ਤਰ੍ਹਾਂ ਜਗਿਆਸੂ ਰੂਪੀ ਇਸਤ੍ਰੀ ਪਰਮੇਸ਼ਰ ਪਤੀ ਦੇ ਭਗਤੀ ਤੇ ਗਿਆਨ ਰੂਪੀ 'ਪੰਥੁ ਨਿਹਾਰੈ'=ਰਸਤੇ ਨੂੰ ਦੇਖਦੀ ਹੈ ਅਤੇ ਬੁੱਧੀ ਰੂਪੀ ਨੇਤਰਾਂ ਵਿਚ ਵੈਰਾਗ ਰੂਪੀ ਜਲ ਭਰਦੀ ਹੈ ਕਿ ਕਿਧਰੇ ਵੈਰਾਗ ਵਿਚ ਨਜ਼ੂਨਤਾ ਨਾ ਹੋਵੇ ਤੇ ਉਸਾਸਾ=ਠੰਢੇ ਹੌਕੇ ਕਿਹੜੇ ਭਰਦੀ ਹੈ ਜੋ ਕਿ ਪ੍ਰਾਰਥਨਾ ਕਰਦੀ ਹੈ।

ਵਾ:-ਪ੍ਰਤੱਖ ਲੰਮੇ ਸਾਹ ਲੈ ਕੇ ਅਫਸੋਸ ਕਰਦੀ ਹੈ।

ਉਰ ਨ ਭੀਜੈ=ਪਰਮੇਸ਼ਰ ਪਤੀ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਵਿਚ ਹਿਰਦਾ ਨਹੀਂ ਭਿਜਦਾ। ਮਨ ਬੁੱਧੀ ਰੂਪੀ ਪੈਰ ਨਹੀਂ ਖਿਸਕਦਾ, ਕਿਉਂਕਿ ਪਤੀ ਪਰਮੇਸ਼ਰ ਦੇ ਦਰਸ਼ਨ ਦੀ ਆਸਾ ਲਗ ਰਹੀ ਹੈ। ਸਗਨ ਮਨਾਉਂਦੀ ਹੈ-ਹੇ ਕਾਮ ਆਦਿਕਾਂ ਰੂਪੀ ਕਾਲੇ ਕਾਵੋਂ ! ਤੁਸੀਂ ਉੱਡਦੇ ਨਹੀਂ, ਉੱਡ ਜਾਓ, ਜਿਸ ਕਰਕੇ ਮੈਂ ਆਪਣੇ ਪਿਆਰੇ ਰਾਮ ਪਤੀ ਨੂੰ ਸ਼ੀਘਰ ਹੀ ਮਿਲਣਾ ਕਰਾਂ।

ਅਥਵਾ:- ਉਡਹੁ ਨ ਕਾਗਾ ਕਾਰੇ=ਹੇ ਕਾਲੇ ਕੇਸੋ ! ਤੁਸੀਂ ਉਡੋ ਨਾ, ਤਾਂਕਿ ਮੈਂ ਜੁਆਨੀ ਅਵਸਥਾ ਵਿਚ ਹੀ ਆਪਣੇ ਪਿਆਰੇ ਰਾਮ ਪਤੀ ਪਰਮਾਤਮਾ ਨੂੰ ਬੇਗਿ=ਜਲਦੀ ਮਿਲਣਾ ਕਰਾਂ॥ ੧॥ ਰਹਾਉ॥

ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥

ਕਬੀਰ ਜੀ ਕਥਨ ਕਰਦੇ ਹਨ-ਜੀਵਨ ਪਦਵੀ ਦੀ ਪ੍ਰਾਪਤੀ ਵਾਸਤੇ ਹਰੀ ਦੀ ਭਗਤੀ ਕਰੋ।

ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥੨॥੧॥੧੪॥੬੫॥

ਇਕ ਨਾਰਾਇਣ ਦੇ ਨਾਮ ਦਾ ਆਸਰਾ ਲਵੋ ਅਤੇ ਜਿਹਵਾ ਨਾਲ ਰਾਮ ਨਾਮ ਨੂੰ ਰਵੀਜੈ=ਉਚਾਰਨਾ ਕਰੋ॥ ੨॥ ੧॥ ੧੪॥ ੬੫॥

ਰਾਗੁ ਗਉੜੀ ੧੧॥

'ਗਉੜੀ ੧੧' ਦਾ ਭਾਵ ਹੈ ਕਿ ਗਿਆਰਵੇਂ ਘਰ ਵਿਚ ਇਹ ਗਉੜੀ ਗਾਇਣ ਕਰਨੀ।

ਉਥਾਨਕਾ-ਇਕ ਕ੍ਰਿਸ਼ਨ ਉਪਾਸ਼ਕ ਭਗ਼ਤ ਨੇ ਕਬੀਰ ਜੀ ਦੇ ਪਾਸ ਆ ਕੇ ਕਿਹਾ ਕਿ ਕਿਰਪਾ ਕਰ ਕੇ ਕੁਝ ਕੁ ਕ੍ਰਿਸ਼ਨ ਭਗਵਾਨ ਜੀ ਦੀ ਲੀਲ੍ਹਾ ਸੁਣਾਓ।

ਇਹ ਗੱਲ ਸੁਣ ਕੇ ਕਬੀਰ ਜੀ ਕਥਨ ਕਰਦੇ ਹਨ-

ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ॥

ਜਿਸ ਦੇ ਆਸ ਪਾਸ=ਆਲੇ ਦੁਆਲੇ ਚਾਰੋਂ ਤਰਫ ਘਨ=ਬਹੁਤੇ ਤੁਰਸੀ=ਤੁਲਸੀ ਦੇਂ ਬਿਰਵਾ=ਬੂਟੇ ਹਨ ਉਸ ਦੇ ਮਾਝ=ਵਿਚ ਇਕ 'ਬਨਾਰਸਿ ਗਾਊ ਰੇ'=ਬਰਸਾਨਾ ਨਾਮੇ ਪਿੰਡ ਹੈ।

ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ
ਮੋ ਕਉ ਛੋਡਿ ਨ ਆਉ ਨ ਜਾਹੂ ਰੇ॥੧॥

ਉਸ ਬਰਸਾਨੇ ਪਿੰਡ ਦੇ ਰਹਿਣ ਵਾਲੀ ਗੁਆਰਨਿ=ਗੋਪੀ 'ਰਾਧਕਾ' ਕ੍ਰਿਸ਼ਨ ਜੀ ਦੇ ਸੁੰਦਰ ਸਰੂਪ ਨੂੰ ਵੇਖ ਕੇ ਮੋਹਿਤ ਹੋ ਗਈ ਤੇ ਕਹਿੰਦੀ ਹੈ ਕਿ ਹੁਣ ਆਪ ਮੈਨੂੰ ਛਡ ਕੇ ਹੋਰ ਕਿਧਰੇ ਨਾ ਆਓ, ਨਾ ਜਾਓ॥ ੧॥

ਤੋਹਿ ਚਰਨ ਮਨੁ ਲਾਗੋ ਸਾਰਿੰਗਧਰ॥ ਸੋ ਮਿਲੈ ਜੋ ਬਡਭਾਗੋ॥੧॥ਰਹਾਉ॥

ਹੇ ਸਾਰਿੰਗ ਨਾਮੇ ਧਨੁੱਖ ਦੇ ਧਾਰਨ ਵਾਲੇ ਸੁਆਮੀ ਜੀ ! ਆਪ ਜੀ ਦੇ ਚਰਨਾਂ ਵਿਚ ਮੈਂ ਦਾਸੀ ਦਾ ਮਨ

ਲਗ ਗਿਆ ਹੈ। ਇਹ ਸੱਚ ਹੈ ਕਿ ਆਪ ਨੂੰ ਓਹੀਓ ਮਿਲ ਸਕਦਾ ਹੈ ਜਿਸ ਦੇ ਵੱਡੇ ਭਾਗ ਹੋਣ। ਆਪ ਜੀ ਦੇ ਨਾਲ ਮਿਲ ਕੇ ਮੈਂ ਭੀ ਅੱਜ ਵਡਭਾਗਣ ਹੋਈ ਹਾਂ॥ ੧॥ ਰਹਾਉ॥

ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥

ਹੇ ਮਨ ਦੇ ਹਰਨ ਵਾਲੇ ਮਨੋਹਰ=ਸੁੰਦਰ ਬਿੰਦ੍ਰਾਬਨ ਵਿਖੇ ਗਊਆਂ ਦੇ ਚਰਾਨ ਵਾਲੇ ਅਤੇ-

ਜਾ ਕਾ ਠਾਕੁਰੁ ਤੁਹੀ ਸਾਰਿੰਗਧਰ
ਮੋਹਿ ਕਬੀਰਾ ਨਾਊ ਰੇ॥ ੨॥ ੨॥ ੧੫॥ ੬੬॥

ਸਾਰਿੰਗ ਨਾਮੇ ਧਨੁੱਖ ਦੇ ਧਾਰਨ ਵਾਲੇ ਕ੍ਰਿਸ਼ਨ ਜੀ ! ਜਿਸ ਰਾਧਕਾ ਦੇ ਸੁਆਮੀ ਤੁਸੀਂ ਆਪ ਹੋ ਉਸੇ ਪਰਕਾਰ ਮੈਂ ਕਬੀਰ ਦਾ ਨਾਮ ਭੀ ਸਫਲ ਕਰੋ॥ ੨॥ ੨॥ ੧੫॥ ੬੬॥

ਦੂਜਾ ਅਰਥ:-

ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ॥

ਜਿਸ ਅੰਤਹਕਰਣ ਦੇ ਆਲੇ ਦੁਆਲੇ ਘਨ=ਬਹੁਤ ਸਾਰੇ ਤੁਰਸੀ=ਤੁਲਤਾ ਸ੍ਰੀਖੇ ਵੈਰਾਗ, ਵਿਵੇਕ ਕਰੁਣਾ ਮੈਤ੍ਰੀ ਮੁਦਤਾ ਆਦਿਕ ਇਕੋ ਜਿਹੇ ਬਿਰਵਾ=ਬੂਟੇ ਲਗੇ ਹੋਏ ਹਨ, ਉਸ ਅੰਤਹਕਰਣ ਦੇ ਵਿਚ ਰਸ ਦਾ ਗਾਊਂ=ਪਿੰਡ 'ਸਾਖੀ ਚੇਤਨ' ਬਣਿਆਂ ਹੋਇਆ ਹੈ।

ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੁ ਰੇ॥ ੧॥

ਉਸ ਸਾਖੀ ਚੇਤਨ ਦੇ ਸੋਹਣੇ ਸਰੂਪ ਨੂੰ ਵੇਖ ਕੇ ਗੁਆਰਨਿ=ਬੁੱਧੀ ਮੋਹਿਤ ਹੋ ਗਈ ਹੈ, ਫਿਰ ਬੁੱਧੀ ਇਸ ਪ੍ਰਕਾਰ ਆਖਦੀ ਹੈ ਕਿ ਮੈਨੂੰ ਛੱਡ ਕੇ ਨਾ ਕਿਧਰੇ ਜਾਓ ਤੇ ਨਾ ਆਓ, ਭਾਵ ਇਕ ਮੈਨੂੰ ਹੀ ਪ੍ਰਕਾਸ਼ਦੇ ਰਹੋ।

ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ਸੋ ਮਿਲੈ ਜੋ ਬਡਭਾਗੋ॥ ੧॥ ਰਹਾਉ॥

ਸ਼ੁਧ ਬੁੱਧੀ ਆਖਦੀ ਹੈ-ਹੇ ਸਾਰਿੰਗ=ਅਨਾਤਮ ਵਰਗ ਸੰਸਾਰ ਦੇ ਧਾਰਨ ਵਾਲੇ ਚਰਨ=ਵੇਦਾਂ ਕਰਕੇ ਪ੍ਰਤਿਪਾਦਜ ਮਨੁ=ਸ਼੍ਰੋਮਣੀ 'ਸਾਖੀ ਚੇਤਨ' ਮੇਰਾ ਪ੍ਰੇਮ ਆਪ ਜੀ ਵਿਚ ਲਗ ਰਿਹਾ ਹੈ। ਆਪ ਜੀ ਨੂੰ ਮਿਲਦਾ ਓਹੀ ਹੈ ਜੋ ਵਡਿਆਂ ਭਾਗਾਂ ਵਾਲਾ ਹੁੰਦਾ ਹੈ।

ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥

ਬਿੰਦ੍ਰਾ=ਸਮੂਹ ਗੁਣਾਂ ਕਰਕੇ ਬਣਿਆ ਹੋਇਆ ਜੋ ਇਕ ਮਨੋਹਰ=ਸੁੰਦਰ ਅੰਤਹਕਰਣ ਰੂਪੀ ਬਿੰਦਰਾਬਨ ਹੈ, ਉਸ ਦੇ ਵਿਚ ਮਨਹਰਨ ਜੋ ਕ੍ਰਿਸਨ=ਸਾਖੀ ਚੇਤਨ ਹੈ ਜਿਸ ਵਿਚ ਕ੍ਰਿਸਤਾਈ ਨਹੀਂ ਓਹੀਓ ਗਾਊ=ਇੰਦ੍ਰੀਆਂ ਨੂੰ ਵਿਚਰਾ ਰਿਹਾ ਭਾਵ ਸੱਤਾ ਸਫੁਰਤੀ ਦੇ ਰਿਹਾ ਹੈ।

ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ॥ ੨॥ ੨॥ ੧੫॥ ੬੬॥

ਹੁਣ ਚਿਦਾਭਾਸ ਆਖਦਾ ਹੈ-ਹੇ ਸਾਰਿੰਗਧਰ=ਅਨਾਤਮ ਵਰਗ ਸੰਸਾਰ ਦੇ ਧਾਰਨ ਵਾਲੇ ਸਾਖੀ ਚੇਤਨ! ਜਿਸ ਸ਼ੁਧ ਬੁਧੀ ਦਾ ਤੂੰ ਠਾਕੁਰ ਹੈਂ, ਉਸ ਵਾਂਗੂੰ ਮੈਨੂੰ ਵੀ ਸਫਲ ਕਰ ਕਿਉਂਕਿ ਆਪ ਦਾ ਨਾਮ ਭੀ ਕਬੀਰ ਤੇ ਮੇਰਾ ਨਾਮ ਭੀ ਕਬੀਰ ਹੈ। ਤੁਸੀਂ ਆਪਣੇ ਨਾਮ ਦੀ ਲਜਿਆ ਜ਼ਰੂਰ ਰਖੋ। ਆਪ ਭੀ ਪ੍ਰਕਾਸ਼ ਕਰਨ ਵਾਲੇ ਹੋ ਮੈਂ ਭੀ ਪ੍ਰਕਾਸ਼ ਕਰਨ ਵਾਲਾ ਹਾਂ। ਜਿਵੇਂ ਸ਼ਮਸ਼ ਤਬਰੇਜ਼ ਨੇ ਸੂਰਜ ਨੂੰ ਕਿਹਾ ਸੀ ਕਿ ਮੇਰਾ ਨਾਮ ਸ਼ਮਸ਼ ਹੈ ਤੇਰਾ ਨਾਮ ਭੀ ਸ਼ਮਸ਼ ਹੈ ਤੂੰ ਨੀਚੇ ਹੋ ਕੇ ਮੱਛੀ ਨੂੰ ਭੁੰਨ ਦੇਹ। ਉਸੇ ਵੇਲੇ ਸੂਰਜ ਨੇ ਨੀਵੇਂ ਹੋ ਕੇ ਸ਼ਮਸ਼ ਤੇਬਰੇਜ

ਦਾ ਕੰਮ ਕਰ ਦਿਤਾ। ਇਸੇ ਕਰ·ਕੇ ਮੁਲਤਾਨ ਵਿਚ ਗਰਮੀ ਬਹੁਤ ਪੈਂਦੀ ਹੈ।

ਇਸ ਦੀ ਸਾਖੀ ਭਗਤ ਬਾਣੀ ਸਟੀਕ ਵਿਚ ਪੜ੍ਹੋ।

ਗਉੜੀ ਪੂਰਬੀ ੧੨ ॥

ਇਸ ਗਉੜੀ ਨੂੰ ਬਾਰ੍ਹਵੇਂ ਘਰ ਵਿਚ ਗਾਵਣਾ।

ਇਸ ਸ਼ਬਦ ਦੁਆਰਾ ਪਖੰਡ ਦੀ ਨਿਖੇਧੀ ਕਰਦੇ ਹਨ।

ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ ॥

ਬਿਪਲ=ਬਲਕਲ (ਭੋਜ ਪੱਤ੍ਰ) ਆਦਿਕਾਂ ਦੇ ਕੱਪੜੇ ਕਿਤਨੇ ਪਹਿਨ ਲਏ ਤਾਂ ਕੀ ਹੋ ਗਿਆ ਅਤੇ ਗਲ ਵਿਚ ਵਾਸਾ ਕਰ ਲਿਆ ਤਾਂ ਕੀ ਹੋਇਆ।

ਯਥਾ- ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥ *(ਪੰਨਾ ੧੧੦੩)*

ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ ॥ ੧ ॥

ਕੀ ਹੋਇਆ ਜੇ ਮਨੁੱਖ ਨੇ ਧੂਪ ਧੁਖਾ ਕੇ ਪੂਜਾ ਦੀ ਸਾਮੱਗ੍ਰੀ ਅੱਗੇ ਰਖ ਕੇ ਦੇਵਤਿਆਂ ਨੂੰ ਧੋਖੇ=ਪੂਜ ਲਿਆ ਅਤੇ ਗੰਗਾ ਆਦਿਕ ਪਵਿੱਤਰ ਨਦੀਆਂ ਵਿਚ ਗਿਆਤਾ=ਸਰੀਰ ਨੂੰ ਡਬੋ ਲਿਆ ਭਾਵ ਤੀਰਥਾਂ ਵਿਚ ਇਸ਼ਨਾਨ ਕਰ ਲਿਆ ਤਾਂ ਕੀ ਹੋ ਗਿਆ ॥ ੧ ॥

ਜੀਅਰੇ ਜਾਹਿਗਾ ਮੈ ਜਾਨਾਂ ॥ ਅਬਿਗਤ ਸਮਝੁ ਇਆਨਾ ॥

ਹੇ ਜੀਵ ! ਮੈਂ ਜਾਣ ਲਿਆ ਹੈ ਕਿ ਤੂੰ ਇਸ ਸੰਸਾਰ ਤੋਂ ਬਿਗੱਤਾ ਚਲਿਆ ਜਾਏਂਗਾ।

ਇਸ ਲਈ ਹੇ ਇਆਨਾ=ਅਗਿਆਤ ਜੀਵ ! ਤੂੰ ਉਸ ਅਬਿਗਤ=ਪਰਮੇਸ਼ਰ ਨੂੰ ਸਮਝਣਾ ਕਰ।

ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥ ੧ ॥ ਰਹਾਉ ॥

ਜਿਸ ਮਾਇਆ ਨਾਲ ਤੂੰ ਚਿੰਬੜਿਆ ਪਿਆ ਹੈਂ ਉਹ ਮਾਇਆ ਦੇ ਅਨੰਦ ਇਕ ਵਾਰ ਜਿਧਰ ਜਿਧਰ ਦੇਖੀਦੇ ਹਨ ਸਮਾਂ ਪਾ ਕੇ ਫਿਰ ਉਸ ਤਰਫ ਦੇਖਣ ਵਿਚ ਨਹੀਂ ਆਉਂਦੇ ॥ ੧ ॥ ਰਹਾਉ ॥

ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥

ਇਸ ਜਗਤ ਵਿਚ ਜਿਤਨੇ ਕੁ ਗਿਆਨੀ ਧਿਆਨੀ ਤੇ ਬਹੁਤੇ ਉਪਦੇਸ਼ਕ ਹਨ

ਇਨ੍ਹਾਂ ਸਾਰਿਆਂ ਦਾ ਮਨ ਧੰਧਿਆਂ ਵਿਚ ਫਸਿਆ ਪਿਆ ਹੈ, ਇਸ ਕਰਕੇ ਪਰਮੇਸ਼ਰ ਦੇ ਦਰਬਾਰ ਵਿਚ ਕਬੂਲ ਨਹੀਂ ਪੈਂਦੇ। *ਯਥਾ:-*

ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀਂ ਮਾਨੀ ॥

ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥ *(ਪੰਨਾ ੨੫੫)*

*ਅਥਵਾ:-*ਗਿਆਨੀ ਧਿਆਨੀ ਅਤੇ ਉਪਦੇਸ਼ਕ ਬਹੁਤ ਸਾਰੇ ਇੰਞ ਕਹਿੰਦੇ ਹਨ

ਕਿ ਹੇ ਭਾਈ ! ਇਹ ਸਾਰਾ ਸੰਸਾਰ ਇਕ ਗੋਰਖ ਧੰਧਾ ਹੀ ਹੈ।

ਕਹਿ ਕਬੀਰ ਇਕ ਰਾਮ ਨਾਮ ਬਿਨੁ
ਇਆ ਜਗੁ ਮਾਇਆ ਅੰਧਾ ॥ ੨ ॥ ੧ ॥ ੧੬ ॥ ੬੭ ॥

ਕਬੀਰ ਜੀ ਆਖਦੇ ਹਨ-ਇਕ ਰਾਮ ਨਾਮ ਦੇ ਸਿਮਰਨ ਕਰਨ ਤੋਂ ਬਿਨਾਂ ਇਹ ਜੀਵ ਮਾਇਆ ਵਿਚ ਲਗ ਕੇ ਅੰਨ੍ਹਾਂ ਹੋ ਰਿਹਾ ਹੈ॥ ੨ ॥ ੧ ॥ ੧੬ ॥ ੬੭ ॥

ਗਉੜੀ ੧੨ ॥

ਉਥਾਨਕਾ-ਇਕ ਆਦਮੀ ਸਾਧੂਆਂ ਵਾਲਾ ਭੇਖ ਧਾਰ ਕੇ ਬਹੁਤ ਚਿਰ ਸੰਤਾਂ ਦੀਆਂ ਮੰਡਲੀਆਂ ਵਿਚ ਫਿਰਦਾ ਰਿਹਾ, ਉਸ ਪਾਸ ਕੁਝ ਮਾਇਆ ਜੁੜ ਜਾਣ ਕਰਕੇ ਉਹ ਵਿਆਹ ਕਰਾਉਣ ਲਈ ਤਿਆਰ ਹੋ ਗਿਆ। ਜਿਸ ਵੇਲੇ ਕਬੀਰ ਜੀ ਨੂੰ ਪਤਾ ਲਗਾ ਤਾਂ ਉਸ ਨੂੰ ਸਦ ਕੇ ਸਮਝਾਉਂਦੇ ਹਨ:-

ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥

ਹੇ ਪਿਆਰੇ ! ਵਿਸ਼ਿਆਂ ਨੂੰ ਸੁਖ ਰੂਪ ਸਮਝਣ ਵਾਲਾ ਭਰਮ ਛਡ ਦੇਹ, ਪ੍ਰਗਟ ਰੂਪ ਵਿਚ ਹੋ ਕੇ ਸੰਤਾਂ ਦੀ ਸੰਗਤ ਵਿਚ ਬੈਠ ਕੇ ਇਸ ਗੱਲ ਦਾ ਨਾਚਹੁ=ਨਿਰਨਾ ਕਰੋ ਕਿ ਸਤ ਵਸਤੂ ਕਿਹੜੀ ਹੈ ਤੇ ਅਸਤ ਕਿਹੜੀ ਹੈ। ਇਸ ਮਾਇਆ ਵਿਚ ਜੋ ਭੀ ਲਗੇ ਹਨ ਉਹ ਸਭ ਡੰਡ ਰੋਲਿਆਂ ਵਿਚ ਹੀ ਪਏ ਹੋਏ ਹਨ।

ਅਥਵਾ:-ਇਹ ਸਭ ਮਾਇਆ ਦੇ ਹੀ ਡਾਂਡੇ=ਝਗੜੇ ਹਨ। ਵਾ:-ਇਸ ਮਾਇਆ ਦੇ ਡਾਂਡੇ=ਡੰਗੇ ਹੋਏ, ਕੀਲੇ ਹੋਏ, ਸੜੇ ਹੋਏ ਪੁਰਸ਼ੋ ! ਤੁਸੀਂ ਇਸ ਮਾਇਆ ਤੋਂ ਬਚਣਾ ਕਰੋ।

ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥ ੧ ॥

ਦ੍ਰਿਸ਼ਟਾਂਤ-ਉਹ ਸੂਰਮਾ ਕਾਹਦਾ ਹੈ ਜੋ ਰਣ ਦੇ ਸਾਹਮਣੇ ਜਾ ਕੇ ਡਰ ਜਾਵੇ। ਉਹ ਸਤੀ ਕਾਹਦੀ ਹੈ ਜੋ ਘਰ ਦੇ ਭਾਂਡਿਆਂ ਨੂੰ ਸਾਂਚੈ=ਇਕੱਠੇ ਕਰਕੇ ਸਤੀ ਹੋਣਾ ਚਾਹੇ। ਇਸੇ ਪ੍ਰਕਾਰ ਉਹ ਸੰਤ ਕੀ ਹੋਇਆ ਜੋ ਕਾਮ ਆਦਿਕਾਂ ਨਾਲ ਜੰਗ ਕਰਨ ਤੋਂ ਡਰ ਜਾਵੇ ਤੇ ਉਹ ਵੈਰਾਗੀ ਕਾਹਦਾ ਹੋਇਆ ਜਿਹੜਾ ਭਾਂਡੇ=ਪਦਾਰਥਾਂ ਨੂੰ ਸਾਂਭਣ ਲਗ ਜਾਵੇ॥ ੧ ॥

ਡਗਮਗ ਛਾਡਿ ਰੇ ਮਨ ਬਉਰਾ ॥

ਇਸ ਲਈ ਹੇ ਭਲੇ ਮਨ ! ਤੂੰ ਡਗਮਗ=ਡਾਂਵਾਂਡੋਲ ਹੋਣਾ ਭਾਵ ਭਟਕਣਾ ਛਡ ਦੇਹ ਅਤੇ ਦਿਲ ਨੂੰ ਪੱਕਾ ਕਰ।

ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥ ੧ ॥ ਰਹਾਉ ॥

ਜਿਸ ਔਰਤ ਨੇ ਆਪਣੇ ਪਤੀ ਦੇ ਨਾਲ ਸਤੀ ਹੋ ਜਾਣ ਵਾਸਤੇ ਹੱਥ ਵਿਚ ਸੰਧਉਰਾ=ਨਾਰੀਏਲ ਫਲ ਫੜ ਲਿਆ ਹੈ ਉਹ ਭਾਂ ਹੁਣ ਚਿਖਾ ਉੱਤੇ ਚੜ੍ਹ ਕੇ ਸੜ ਮਰੇ ਤਾਹੀਂ ਮੋਖ ਪਾ ਸਕਦੀ ਹੈ। ਪਰ ਚਿਖਾ ਦੀ ਅੱਗ ਨਾਲੋਂ ਵਿਛੋੜੇ ਦੀ ਅੱਗ ਵਿਚ ਸੜ ਕੇ ਮਰ ਜਾਣ ਨੂੰ ਚੰਗਾ ਆਖਿਆ ਹੈ।

ਯਥਾ:- ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥ (ਪੰਨਾ ੭੬੭)

ਜਿਵੇ 'ਅਜ' ਰਾਜੇ ਦੀ ਰਾਣੀ 'ਇੰਦੁਮਤੀ' ਨੇ ਪਤੀ ਦੇ ਵਿਛੋੜੇ ਨੂੰ ਸੁਣ ਕੇ ਹੀ ਪ੍ਰਾਣ ਤਿਆਗ ਦਿਤੇ ਸਨ।

ਅਥਵਾ-ਜਿਸ ਸੂਰਮੇ ਨੇ ਆਪਣੇ ਹੱਥ ਵਿਚ ਸੰਧਉਰਾ=ਖੰਡਾ ਫੜ ਲਿਆ ਹੈ ਉਹ ਰਣ ਭੂਮੀ ਵਿਚ ਜਾ ਕੇ ਧਰਮ ਜੁਧ ਕਰਕੇ ਹੋਰਨਾਂ ਨੂੰ ਮਾਰਦਾ ਹੋਇਆ ਆਪ ਸ਼ਹੀਦੀ ਪਾ ਲਵੇ ਤਾਂ ਉਹ ਮੁਕਤੀ ਪਾ ਸਕਦਾ ਹੈ। ਇਸੇ ਤਰ੍ਹਾਂ ਜਿਸ ਪੁਰਸ਼ ਨੇ ਇਕ ਵਾਰ ਆਪਣੇ ਮਨ ਰੂਪੀ ਹੱਥ ਵਿਚ ਵੈਰਾਗ ਰੂਪੀ ਨਾਰੀਏਲ ਫੜ ਲਿਆ ਹੈ ਜਾਂ ਭੇਖ ਰੂਪੀ ਨਾਰੀਅਲ ਫੜ ਲਿਆ ਹੈ ਉਹ ਆਪਣੀ ਜੁਆਨੀ ਨੂੰ ਸਾਰੇ ਭਾਵ ਬਿਰਤੀ ਨੂੰ ਵਿਸ਼ੇ ਵਿਕਾਰਾਂ ਵਲੋਂ ਹਟਾਵੇ ਅਤੇ ਜੀਵਤ ਭਾਵ ਤੋਂ ਮਰੇ ਤਾਂ ਮੁਕਤੀ ਪਾ ਸਕਦਾ ਹੈ ਅਤੇ ਜਿਸ ਨੇ ਮਨ ਰੂਪੀ ਹੱਥ ਵਿਚ ਗਿਆਨ ਰੂਪੀ ਖੰਡਾ ਫੜਿਆ ਹੈ ਉਹ ਆਪ ਜੀਵਤ ਭਾਵ ਤੋਂ ਮਰੇ ਤੇ ਹੋਰਨਾਂ ਨੂੰ ਭੀ ਜੀਵਤ ਭਾਵ ਤੋਂ ਮਰਨ ਦਾ ਉਪਦੇਸ਼ ਦੇਵੇ ਤਾਂ ਮੁਕਤੀ ਪਾ ਸਕਦਾ ਹੈ ॥ ੧॥ ਰਹਾਉ॥

ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ॥

ਇਹ ਜੀਵ ਮਾਇਆ ਦੇ ਪ੍ਰਤਾਪ ਦੁਆਰਾ ਕਾਮ ਕ੍ਰੋਧ ਆਦਿਕਾਂ ਵਿਚ ਲੀਨੇ=ਫਸੇ ਹੋਏ ਹਨ। ਹੇ ਪੁਰਖਾ ! ਇਸ ਤਰੀਕੇ ਨਾਲ ਸਾਰਾ ਜਗਤ ਹੀ ਬਿਗੂਤਾ=ਖਰਾਬ ਹੋ ਰਿਹਾ ਹੈ।

ਕਹਿ ਕਬੀਰ ਰਾਜਾ ਰਾਮ ਨ ਛੋਡਉ
ਸਗਲ ਊਚ ਤੇ ਊਚਾ॥ ੨॥ ੨॥ ੧੭॥ ੬੮॥

ਕਬੀਰ ਜੀ ਕਹਿੰਦੇ ਹਨ-ਇਸ ਲਈ ਹੇ ਭਾਈ ! ਰਾਜਾ=ਪ੍ਰਕਾਸ਼ ਰੂਪ ਨਿਰੰਕਾਰ ਦਾ ਸਿਮਰਨ ਕਰਨਾ ਨਾ ਤਿਆਗੋ ਜੋ ਪ੍ਰਭੂ ਸਾਰੇ ਉਚਿਆਂ ਤੋਂ ਉਚਾ ਹੈ॥ ੨॥ ੨॥ ੧੭॥ ੬੮॥

ਗਉੜੀ ੧੩॥

ਇਸ ਗਉੜੀ ਨੂੰ ਤੇਰਵੇਂ ਘਰ ਵਿਚ ਗਾਇਨ ਕਰਨਾ।

ਕਬੀਰ ਜੀ ਇਕ ਦਿਨ ਆਪਣੇ ਖਿਆਲ ਅੰਦਰ ਬੈਠੇ ਹੋਏ ਸਨ। ਭਗਵਾਨ ਵਲੋਂ ਅਕਾਸ਼ ਬਾਣੀ ਹੋਈ ਕਿ ਕਬੀਰ ! ਤੂੰ ਐਸ ਵੇਲੇ ਬੈਠਾ ਹੋਇਆ ਕੀ ਕਰ ਰਿਹਾ ਹੈਂ? ਤਾਂ ਕਬੀਰ ਜੀ ਆਖਦੇ ਹਨ-

ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ॥

ਹੇ ਨਿਰੰਕਾਰ ! ਆਪ ਜੀ ਦਾ ਹੁਕਮ ਸਿਰ ਮੱਥੇ ਤੇ ਹੈ, ਇਸ ਹੁਕਮ ਤੋਂ ਬਿਨਾਂ ਹੋਰ ਕੋਈ ਦੂਸਰਾ ਵਿਚਾਰ ਨਹੀਂ ਕਰਦੇ।

ਅਥਵਾ-ਆਪ ਦੇ ਹੁਕਮ ਨੂੰ ਫੇਰਨ ਦਾ ਕੋਈ ਵਿਚਾਰ ਨਹੀਂ ਕਰ ਰਹੇ, ਸਗੋਂ ਪਕੇ ਇਰਾਦੇ ਨਾਲ ਆਪ ਦੇ ਹੁਕਮ ਦੀ ਤਾਮੀਲ ਕਰ ਰਹੇ ਹਾਂ।

ਯਥਾ- ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ॥ ਕਾਰਣ ਕਰਣ ਕਰੀਮ ਕੁਦਰਤਿ ਤੇਰੀਐ॥

(ਰਾਮਕਲੀ ਵਾਰ ਦੂਜੀ ਪਉੜੀ ੧੬, ਪੰਨਾ ੯੬੪)

ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ॥ ੧॥

ਤੂੰ ਆਪ ਹੀ ਦਰਿਆ ਰੂਪ ਹੈ, ਤੂੰ ਆਪ ਹੀ ਕਰੀਆ=ਮਲਾਹ ਰੂਪ ਹੈਂ,
ਆਪ ਦੀ ਕ੍ਰਿਪਾ ਨਾਲ ਹੀ ਸੰਸਾਰ ਸਮੁੰਦਰ ਤੋਂ ਤਰੀਦਾ ਹੈ।

ਅਥਵਾ:-ਤੂੰ ਆਪ ਹੀ ਸੰਸਾਰ ਰੂਪੀ ਦਰਿਆ ਹੈ, ਤੂੰ ਆਪ ਹੀ ਗੁਰੂ ਰੂਪ ਮਲਾਹ ਹੈਂ।

ਅਥਵਾ:-ਤੂੰ ਆਪ ਹੀ ਦਰੀਆ=ਦ੍ਰਵੀਭੂਤ ਭਾਵ ਕ੍ਰਿਪਾਲੂ ਹੈਂ ਤੂੰ ਆਪ ਹੀ ਸਾਰਿਆਂ ਦੀ ਉਤਪਤੀ ਕਰਨ ਵਾਲਾ ਹੈਂ ਆਪ ਦੀ ਕ੍ਰਿਪਾ ਕਰਕੇ ਹੀ ਸੰਸਾਰ ਰੂਪੀ ਦਰਿਆ ਤੋਂ ਤਰਨਾ ਹੁੰਦਾ ਹੈ॥ ੧॥

ਬੰਦੇ ਬੰਦਗੀ ਇਕਤੀਆਰ॥

ਸਾਹਿਬੁ ਰੋਸੁ ਧਰਉ ਕਿ ਪਿਆਰੁ॥ ੧॥ ਰਹਾਉ॥

ਬੰਦੇ ਨੂੰ ਚਾਹੀਦਾ ਹੈ ਕਿ ਇਕ ਆਪ ਦੀ ਬੰਦਗੀ ਕਰਨ ਵਿਚ *ਇਕਤੀਆਰ=ਤਿਆਰ-ਬਰ-ਤਿਆਰ ਰਹੇ, ਕਿਉਂਕਿ ਸਰੀਰ ਦਾ ਕੋਈ ਭਰੋਸਾ ਨਹੀਂ।

ਅਗੋਂ ਹੀ ਸਾਹਿਬ ਜੀ ! ਆਪ ਮਰਜ਼ੀ ਹੈ ਚਾਹੇ ਆਪ ਗੁਸਾ ਕਰੋ ਤੇ ਚਾਹੇ ਪਿਆਰ ਕਰੋ॥ ੧॥ ਰਹਾਉ॥

ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ॥

ਹੇ ਨਿਰੰਕਾਰ ! ਆਪ ਜੀ ਦਾ ਨਾਮ ਹੀ ਮੇਰਾ ਆਸਰਾ ਹੈ। ਨਾਮ ਜਪ ਕੇ ਮੇਰਾ ਦਿਲ ਇਉਂ ਖਿੜ ਗਿਆ ਹੈ ਜਿਵੇਂ ਨਾਰਿ=ਜਲ ਵਿਚ ਕੌਲ ਫੁੱਲ ਖਿੜ ਜਾਂਦਾ ਹੈ।

ਵਾ:-ਜਿਵੇਂ ਨਾਰਿ=ਮਾਤਾ ਆਪਣੇ ਜਈ=ਜੰਮੇ ਹੋਏ ਪੁੱਤ੍ਰ ਨੂੰ ਵੇਖ ਕੇ ਪ੍ਰਫੁਲਤ ਹੁੰਦੀ ਹੈ।

ਅਥਵਾ-ਜਿਵੇਂ ਪਤੀਬ੍ਰਤਾ ਨਾਰਿ=ਇਸਤ੍ਰੀ ਪਤੀ ਨੂੰ ਪਾ ਕੇ ਖਿੜ ਜਾਂਦੀ ਹੈ ਤਿਵੇਂ ਨਾਮ ਨੂੰ ਪਾ ਕੇ ਮੈਂ ਪ੍ਰਸੰਨ ਹੁੰਦਾ ਹਾਂ।

ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ॥ ੨॥ ੧੮॥ ੬੯॥

ਕਬੀਰ ਜੀ ਕਹਿੰਦੇ ਹਨ-ਹੇ ਨਿਰੰਕਾਰ ਜੀਓ ! ਮੈਂ ਤਾਂ ਆਪ ਦੇ ਘਰ ਦਾ ਸੇਵਾਦਾਰ ਹਾਂ। ਆਪ ਦੀ ਮਰਜ਼ੀ ਹੈ ਭਾਵੇਂ ਜੀਵਾਓ ਤੇ ਭਾਵੇਂ ਮਾਰੋ, ਮੇਰਾ ਕੋਈ ਉਜਰ ਨਹੀਂ॥ ੨॥ ੧੮॥ ੬੯॥

ਗਉੜੀ॥

ਕਬੀਰ ਜੀ ਤੀਰਥ ਯਾਤ੍ਰਾ ਕਰਦੇ ਹੋਏ ਬਿੰਦ੍ਰਾਬਨ ਪਹੁੰਚੇ। ਕਿਸੇ ਮੰਦਰ ਅੰਦਰ ਰਹਿਣ ਲਈ ਪ੍ਰਬੰਧ ਕੀਤਾ। ਜਦੋਂ ਸਵੇਰ ਹੋਈ ਤਾਂ ਮੰਦਰ ਅੰਦਰ ਬਹੁਤ ਸਾਰੇ ਭਗਤ ਇਕੱਠੇ ਹੋ ਕੇ 'ਧੰਨ ਨੰਦ ਕੋ ਨੰਦਨ, ਧੰਨ ਨੰਦ ਕੋ ਨੰਦਨ' ਜਾਪ ਰਟਨ ਲਗੇ। ਇਕੋ ਸਾਹ ਲਗਾਤਾਰ ਘੰਟਿਆਂ ਬੰਧੀ ਰਟੀ ਗਏ। ਕਬੀਰ ਜੀ ਇਸੁਣ ਕੇ ਬੜਾ ਅਫਸੋਸ ਕਰਦੇ ਹੋਏ, ਉਨ੍ਹਾਂ ਨੂੰ ਸਮਝਾਉਣ ਲਗੇ। ਹੇ ਪਿਆਰਿਓ ! ਤੁਸੀਂ ਜੋ ਸਾਰੇ ਮਿਲ ਕੇ ਆਖ ਰਹੇ ਹੋ ਕਿ 'ਨੰਦ ਕੋ ਨੰਦਨ' ਭਾਵ ਕ੍ਰਿਸ਼ਨ ਬਾਬੇ ਨੰਦ ਦਾ ਪੁੱਤ੍ਰ ਹੈ, ਸੋ ਅਸੀਂ ਤੁਸਾਂ ਤੋਂ ਇਹ ਪੁਛਦੇ ਹਾਂ ਕਿ ਬਾਬਾ ਨੰਦ ਕਿਸ ਦਾ ਪੁੱਤਰ ਹੈ? ਤਾਂ ਉਨ੍ਹਾਂ ਨੇ ਕਿਹਾ ਕਿ ਮਹਾਰਾਜ ਜੀ ! ਉਹ ਆਪਣੇ ਬਾਪ ਦਾ ਪੁੱਤ੍ਰ ਹੈ। ਕਬੀਰ ਜੀ ਨੇ ਕਿਹਾ ਉਹ ਕਿਸ ਦਾ ਪੁੱਤ੍ਰ ਹੈ? ਉਨ੍ਹਾਂ ਕਿਹਾ ਜੀ ਉਹ ਆਪਣੇ ਬਾਪ ਦਾ ਪੁੱਤ੍ਰ ਹੈ। ਗੱਲ ਕੀ ਇਸ ਪ੍ਰਕਾਰ ਪ੍ਰਸ਼ਨ ਉੱਤਰ ਕਰਦਿਆਂ ਕਰਦਿਆਂ ਬ੍ਰਹਮਾ ਤਕ ਉਤਪਤੀ ਚਲੀ ਗਈ। ਕਬੀਰ ਜੀ ਨੇ ਕਿਹਾ ਬ੍ਰਹਮਾ

---

*ਅਰਬੀ ਭਾਸ਼ਾ ਵਿਚ ਇਖਤਜਾਰ ਪਾਠ ਹੁੰਦਾ ਹੈ ਇਖਤਜ਼ਾਰ ਦਾ ਅਰਥ ਕਬੂਲ ਹੈ। ਬੰਦੇ ਨੂੰ ਚਾਹੀਦਾ ਹੈ ਕਿ ਇਕ ਬੰਦਗੀ ਨੂੰ ਕਬੂਲ ਕਰੇ।

ਯਥਾ- ਰੋਜ਼ ਸਬ ਦਰ ਬੰਦਗੀ ਬਾਸ਼ੰਦ ਸਾਦ॥ ਬੰਦਗੀ ਓ ਬੰਦਗੀ ਓ ਯਾਦ ਯਾਦ॥

ਤਥਾ- ਦੌਲਤੇ ਜਾਵੇਦ ਬਾਸ਼ਦ ਬੰਦਗੀ॥ ਬੰਦਗੀ ਕੁਨ ਬੰਦਗੀ ਕੁਨ ਬੰਦਗੀ॥

ਕਿਸ ਦਾ ਪੁੱਤ੍ਰ ਹੈ? ਸਭਨਾ ਨੇ ਉੱਤਰ ਵਿਚ ਕਿਹਾ ਕਿ ਉਹ ਵਿਸ਼ਨੂੰ ਦਾ ਪੁਤਰ ਹੈ। ਤਾਂ ਕਬੀਰ ਜੀ ਨੇ ਆਖਿਆ ਕਿ ਹੇ ਭਲੇ ਪੁਰਸ਼ੋ ! ਤੁਸੀਂ ਦਿਲ ਵਿਚ ਵਿਚਾਰ ਕੇ ਵੇਖੋ ਇਸ ਤਰੀਕੇ ਨਾਲ ਵਿਸ਼ਨੂੰ ਸਭ ਦਾ ਬਾਪ ਹੈ। ਓਹੀ ਰਾਮ ਕ੍ਰਿਸ਼ਨ ਆਦਿਕ ਅਵਤਾਰ ਧਾਰਦਾ ਹੈ, ਫਿਰ ਨੰਦ ਦਾ ਨੰਦਨ ਨਹੀਂ ਆਖਣਾ ਚਾਹੀਦਾ, ਸਗੋਂ 'ਨੰਦ ਦਾ ਬਾਪੂ' ਆਖਣਾ ਚਾਹੀਦਾ ਹੈ। ਜੇ ਤੁਸੀਂ ਸਿਆਣੇ ਅਕਲਵੰਦ ਹੋਵੇਗੇ ਤਾਂ ਅਜ ਤੋਂ ਲੈ ਕੇ ਕ੍ਰਿਸ਼ਨ ਜੀ ਨੂੰ ਕਦੇ ਨੰਦ ਦਾ ਪੁੱਤ੍ਰ ਨਾ ਆਖੋਗੇ, ਕਿਉਂਕਿ ਉਸ ਪ੍ਰਮਾਤਮਾ ਨੂੰ ਕਿਸੇ ਜੀਵ ਦਾ ਪੁੱਤ੍ਰ ਆਖਣਾ ਵੱਡਾ ਭਾਰਾ ਦੋਸ਼ ਹੈ। ਇਹ ਨੰਦ ਤਾਂ ਵਿਚਾਰਾ ਜੀਵ ਕੋਟੀ ਵਿਚ ਹੈ, ਜੂਨਾਂ ਵਿਚ ਫਿਰਦਾ ਫਿਰ੍ਦਾ ਹੁਣ ਕਿਧਰੇ ਮਨੁੱਖ ਜਨਮ ਵਿਚ ਆਇਆ ਹੈ।

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ॥

ਜੋ ਚੌਰਾਸੀ ਲੱਖ ਜੀਆਂ ਦੀਆਂ ਜੂਨੀਆਂ ਹਨ ਉਨ੍ਹਾਂ ਵਿਚ ਕਰਮ ਫਲ ਭੋਗਣ ਵਾਸਤੇ ਫਿਰਦਾ ਫਿਰਦਾ ਨੰਦ ਗੁਆਲਾ ਬਹੁਤ ਹੀ ਥਕ ਗਿਆ, ਅਖੀਰ ਉਸ ਨੇ ਇਨ੍ਹਾਂ ਗੁਆਲਿਆਂ ਦੇ ਘਰ ਆ ਜਨਮ ਲਿਆ। ਇਥੇ ਆ ਕੇ ਅਤੇ ਇਸ ਤੋਂ ਪਹਿਲੇ ਕਈ ਜਨਮਾਂ ਵਿਚ ਬਹੁਤ ਭਗਤੀ ਕੀਤੀ।

ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ॥ ੧ ॥

ਇਸ ਭਗਤੀ ਦੇ ਸਬੱਬ ਕਰਕੇ ਭਗਵਾਨ ਨੇ ਇਸ ਦੇ ਘਰ ਆ ਕੇ ਅਵਤਾਰ ਲਿਆ ਹੈ, ਇਸ ਲਈ ਤੁਸੀਂ ਇਸ ਵਿਚਾਰੇ ਨੰਦ ਦ ਬੜੇ ਉਤਮ ਭਾਗ ਸਮਝਣਾ ਕਰੋ॥ ੧॥

ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥

ਤੁਸੀਂ ਜੋ ਕ੍ਰਿਸ਼ਨ ਮਹਾਰਾਜ ਜੀ ਨੂੰ ਬਾਬੇ ਨੰਦ ਦਾ ਨੰਦਨੁ=ਪੁੱਤਰ ਕਹਿੰਦੇ ਹੋ, ਅਸੀਂ ਤੁਹਾਡੇ ਪਾਸੋਂ ਇਹ ਪੁਛਦੇ ਹਾਂ ਬਾਬਾ ਨੰਦ ਕਿਸ ਦਾ ਪੁੱਤ੍ਰ ਹੈ? ਜੇ ਤੁਸੀਂ ਨੰਦ ਨੂੰ ਕਿਸੇ ਦਾ ਪੁੱਤਰ ਨਾ ਮੰਨੋਗੇ ਭਾਵ ਸੁਤੇ ਪ੍ਰਕਾਸ਼ ਮੰਨੋਗੇ ਤਾਂ ਮੈਂ ਇਹ ਗੱਲ ਪੁਛਦਾ ਹਾਂ-

ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੋ॥੧ ॥ਰਹਾਉ॥

ਜਿਸ ਮਹਾਂ ਪਰਲੋ ਦੇ ਸਮੇਂ ਧਰਤੀ, ਅਕਾਸ਼ ਅਤੇ ਦਸੋ ਦਿਸ਼ਾਂ ਭੀ ਨਹੀਂ ਸਨ, ਕੇਵਲ ਅੰਧਧੁੰਦ ਹੀ ਸੀ, ਉਸ ਵੇਲੇ ਇਹ ਨੰਦ ਕਿਥੇ ਰਹਿੰਦਾ ਸੀ, ਭਾਵ ਤਦੋਂ ਕੋਈ ਭੀ ਨਹੀਂ ਸੀ ਤੇ ਨਿਰੰਕਾਰ ਉਸ ਸਮੇਂ ਭੀ ਸੀ, ਇਸ ਲਈ ਕ੍ਰਿਸ਼ਨ ਜੀ ਨੂੰ 'ਨੰਦ ਕੋ ਬਾਪੂ, ਨੰਦ ਕੋ ਬਾਪੂ' ਆਖਣਾ ਹੀ ਬਣਦਾ ਹੈ। 'ਨੰਦ ਕੋ ਨੰਦਨ' ਕਹਿਣਾ ਨਹੀਂ ਬਣਦਾ॥ ੧॥ ਰਹਾਉ॥

[ਪੰਨਾ ੩੩੯]

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥

ਹੇ ਪਿਆਰਿਓ ! ਨਾ ਉਹ ਦੁੱਖਾਂ ਵਿਚ ਪੈਂਦਾ ਹੈ ਅਤੇ ਨਾ ਉਹ ਚੌਰਾਸੀ ਲੱਖ ਜੂਨੀਆਂ ਵਿਚ ਹੀ ਆਉਂਦਾ ਹੈ, ਜਿਸ ਦਾ ਨਾਮ ਨਿਰੰਜਨ=ਮਾਇਆ ਮਲ ਤੋਂ ਰਹਿਤ ਭਾਵ ਨਿਰਲੇਪ ਕਥਨ ਕੀਤਾ ਹੈ।

ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥੨ ॥੧੯ ॥੭੦ ॥

ਕਬੀਰ ਜੀ ਕਥਨ ਕਰਦੇ ਹਨ-ਐਸਾ ਠਾਕੁਰ ਮੇਰਾ ਸੁਆਮੀ ਹੈ ਜਿਸ ਠਾਕੁਰ ਦਾ ਨਾ ਕੋਈ ਪਿਤਾ ਤੇ

ਨਾ ਹੀ ਕੋਈ ਮਾਤਾ ਹੈ। ਅਸੀਂ ਤਾਂ ਉਸ ਦੀ ਉਪਾਸ਼ਨਾਂ ਕਰਦੇ ਹਾਂ।

ਯਥਾ- ਸੋ ਸੇਵਹੁ ਜਿਸੁ ਮਾਈ ਨ ਬਾਪੁ॥ ਵਿਚਹੁ ਚੂਕੈ ਤਿਸਨਾ ਅਰੁ ਆਪੁ॥ ੫॥ *(ਪੰਨਾ ੧੩੪੩)*

ਗਉੜੀ॥

ਉਥਾਨਕਾ-ਜਿਸ ਵੇਲੇ ਕਬੀਰ ਜੀ ਨੇ ਕਿਹਾ ਕਿ ਕ੍ਰਿਸ਼ਨ ਦਾ ਨਾ ਕੋਈ ਬਾਪ ਅਤੇ ਨਾ ਕੋਈ ਮਾਂ ਹੈ ਤਾਂ ਬਿੰਦਰਾਬਨ ਵਾਸੀਆਂ ਨੇ ਸਮਝਿਆ ਕਿ ਕਬੀਰ ਨੇ ਕ੍ਰਿਸ਼ਨ ਜੀ ਨੂੰ ਹਰਾਮੀ ਜਾਂ ਅਜਗੈਬੀ ਗੋਲਾ ਸਮਝ ਲਿਆ ਹੈ। ਇਸ ਕਰਕੇ ਉਹ ਨਿੰਦਿਆ ਕਰਨ ਲਗ ਪਏ ਤਾਂ ਕਬੀਰ ਜੀ ਨੇ ਬੜੇ ਹੌਂਸਲੇ ਨਾਲ ਆਖਿਆ।

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥ ਨਿੰਦਾ ਜਨ ਕਉ ਖਰੀ ਪਿਆਰੀ॥

ਹੇ ਨਿੰਦਿਆ ਕਰਨ ਵਾਲੇ ਲੋਗੋ ! ਤੁਸੀ ਨਿੰਦਕ ਬਣ ਕੇ ਬੇਸ਼ਕ ਮੇਰੀ ਨਿੰਦਿਆ ਕਰੋ। ਮੈਂ ਸੇਵਕ ਨੂੰ ਨਿੰਦਿਆ ਬੜੀ ਪਿਆਰੀ ਲਗ ਰਹੀ ਹੈ।

ਇਥੇ ਇਸ ਸ਼ਬਦ ਦੀ ਦੂਜੀ ਉਥਾਨਕਾ ਇਹ ਭੀ ਲਾਉਂਦੇ ਹਨ ਕਿ ਕਬੀਰ ਸਾਹਿਬ ਜੀ ਦਾ ਪ੍ਰਤਾਪ ਬਹੁਤ ਵਧ ਗਿਆ। ਭਜਨ ਸਿਮਰਨ ਤੇ ਭਗਤੀ ਕਰਨ ਕਰ ਕੇ ਸਾਰਾ ਸਾਰਾ ਦਿਨ ਸੈਂਕੜੇ ਆਦਮੀਆਂ ਦੀ ਆਵਾਜਾਈ ਲਗੀ ਰਿਹਾ ਕਰੇ। ਜਿਸ ਤੇ ਕਬੀਰ ਜੀ ਅੱਕ ਗਏ, ਤਾਂ ਆਪ ਜੀ ਨੇ ਸੋਚਿਆ ਕਿ ਇਹ ਲੋਕ ਸਾਡੇ ਕੋਲ ਆਉਣ ਤੋਂ ਕਿਵੇਂ ਹਟ ਜਾਣ। ਸੋਚ ਵਿਚਾਰ ਤੋਂ ਉਪਰੰਤ ਆਪ ਜੀ ਨੇ ਆਪਣੀ ਹਾਲਤ ਸ਼ਰਾਬੀਆਂ ਵਰਗੀ ਬਣਾ ਲਈ। ਹੱਥ ਵਿਚ ਲਾਲ ਰੰਗ ਵਾਲੇ ਪਾਣੀ ਦੀ ਬੋਤਲ ਤੇ ਨਾਲ ਲੋਈਂ ਨੂੰ ਵੇਸ਼ਵਾ ਵਾਲੇ ਕਪੜੇ ਪੁਆ ਕੇ ਬਜ਼ਾਰਾਂ, ਗਲੀਆਂ, ਮਹੱਲਿਆਂ ਵਿਚ ਲਈ ਫਿਰੇ। ਲੋਕ ਵੇਖ ਵੇਖਕੇ ਨਿੰਦਿਆ ਕਰਨ ਲਗ ਪਏ ਕਿ ਆਖਰ ਜੁਲਾਹਾ ਹੀ ਨਿਕਲਿਆ ਨਾ, ਕੁਤੇ ਨੂੰ ਖੀਰ ਨਹੀਂ ਪਚਦੀ। ਤਾਂ ਕਬੀਰ ਜੀ ਨੇ ਅਗੋਂ ਆਖਿਆ-

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥

ਹੇ ਲੋਕੋ ! ਬੇਸ਼ਕ ਮੈਨੂੰ ਤੁਸੀਂ ਨਿੰਦੋ, ਨਿੰਦੋ, ਜ਼ਰੂਰ ਨਿੰਦੋ ਤਿੰਨ ਵਾਰ ਆਖਣ ਕਰ ਕੇ ਇਹ ਨਿਸਚੇ ਅਰਥ ਹੋ ਗਿਆ ਹੈ।

ਅਥਵਾ:-ਮਨ ਬਾਣੀ ਸਰੀਰ ਕਰਕੇ ਬੇਸ਼ਕ ਮੈਨੂੰ ਨਿੰਦਣਾ ਕਰੋ, ਮੈਨੂੰ ਕੋਈ ਪ੍ਰਵਾਹ ਨਹੀਂ। ਮੈਂ ਸੇਵਕ ਨੂੰ ਨਿੰਦਿਆ ਬੜੀ ਪਿਆਰੀ ਅਤੇ ਚੰਗੀ ਲਗਦੀ ਹੈ।

ਨਿੰਦਾ ਬਾਪੁ ਨਿੰਦਾ ਮਹਤਾਰੀ॥ ੧॥ ਰਹਾਉ॥

ਨਿੰਦਿਆ ਹੀ ਮੇਰਾ ਪਿਤਾ ਹੈ, ਨਿੰਦਿਆ ਹੀ ਮੇਰੀ ਮਹਤਾਰੀ=ਮਾਤਾ ਹੈ, ਕਿਉਂਕਿ ਨਿੰਦਿਆ ਕਰਨ ਵਾਲਾ ਪੁਰਸ਼ ਨਿੰਦਿਆ ਕਰਕੇ ਸਾਡੇ ਸੰਚਿਤ ਪਾਪ ਰੂਪ ਕਰਮਾਂ ਨੂੰ ਦੂਰ ਕਰਕੇ ਪਿਤਾ ਦੀ ਨਿਆਈਂ ਨਰਕਾਂ ਵਲੋਂ ਰਖਿਆ ਕਰਦਾ ਹੈ, ਇਸ ਤੇ ਨਿੰਦਿਆ ਪਿਤਾ ਦੇ ਤੁਲ ਹੈ।

ਅਤੇ ਮਾਤਾ ਜਿਵੇਂ ਮਲ ਮੂਤਰ ਨੂੰ ਦੂਰ ਕਰਕੇ ਆਪਣੇ ਬੱਚੇ ਨੂੰ ਸ਼ੁਧ ਰਖਦੀ ਹੈ ਉਸੇ ਤਰ੍ਹਾਂ ਹੀ ਇਹ ਨਿੰਦਿਆ ਅੰਤਹਕਰਣ ਨੂੰ ਸ਼ੁਧ ਰਖਦੀ ਹੈ, ਇਸ ਲਈ ਨਿੰਦਿਆ ਮਾਤਾ ਦੇ ਤੁਲ ਹੈ॥ ੧॥ ਰਹਾਉ॥

ਨਿੰਦਾ ਹੋਇ ਤ ਬੈਕੁੰਠਿ ਜਾਈਐ॥ ਨਾਮੁ ਪਦਾਰਥੁ ਮਨਹਿ ਬਸਾਈਐ॥

ਨਿੰਦਿਆ ਹੋਵੇ ਤਾਂ ਹੀ ਬੈਕੁੰਠ ਧਾਮ ਵਿਚ ਜਾਣਾ ਹੁੰਦਾ ਹੈ।

ਪਰ ਪਹਿਲੇ ਨਾਮ ਪਦਾਰਥ ਨੂੰ ਆਪਣੇ ਮਨ ਵਿਚ ਵਸਾ ਰਖੀਏ, ਫਿਰ ਚਾਹੇ ਕਿਤਨੀ ਨਿੰਦਿਆ ਹੋਵੇ ਉਸ ਕਰ ਕੇ ਸਾਰੇ ਪਾਪ ਨਾਸ ਹੁੰਦੇ ਜਾਂਦੇ ਹਨ।

ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥ ੧॥

ਜੇਕਰ ਆਪਣਾ ਅੰਤਹਕਰਣ ਸ਼ੁਧ ਹੋਵੇ ਤਾਂ ਬੇਸ਼ਕ ਨਿੰਦਿਆ ਹੋਵੇ, ਕੋਈ ਹਰਜ ਨਹੀਂ। ਸ਼ੁਧ ਦਿਲ ਵਾਲੇ ਦੀ ਜੇ ਕੋਈ ਨਿੰਦਿਆ ਕਰੇ ਭੀ ਉਹ ਇਉਂ ਨਿਸਚੇ ਕਰਦਾ ਹੈ ਕਿ- ਸਾਡੇ ਚਤੁਸ਼ਟੇ ਅੰਤਹਕਰਣ ਰੂਪ ਮੈਲੇ ਕਪੜਿਆਂ ਨੂੰ ਨਿੰਦਕ ਪੁਰਸ਼ ਧੋ ਰਿਹਾ ਹੈ॥ ੧॥

ਨਿੰਦਾ ਕਰੈ ਸੁ ਹਮਰਾ ਮੀਤੁ॥ ਨਿੰਦਕ ਮਾਹਿ ਹਮਾਰਾ ਚੀਤੁ॥

ਜੋ ਸਾਡੀ ਨਿੰਦਿਆਂ ਨੂੰ ਕਰਦਾ ਹੈ ਓਹੀ ਸਾਡਾ ਅਸਲੀ ਮਿੱਤ੍ਰ ਹੈ।

ਇਸ ਲਈ ਨਿੰਦਕ ਪੁਰਸ਼ ਵਿਚ ਸਾਡਾ ਚਿਤ ਲਗ ਰਿਹਾ ਹੈ।

ਪ੍ਰਸ਼ਨ-ਫਿਰ ਆਪ ਦੇ ਖਿਆਲ ਅਨੁਸਾਰ ਨਿੰਦਕ ਪੁਰਸ਼ ਕੌਣ ਹੈ? *ਉੱਤਰ*:-

ਨਿੰਦਕੁ ਸੋ ਜੋ ਨਿੰਦਾ ਹੋਰੈ॥ ਹਮਰਾ ਜੀਵਨੁ ਨਿੰਦਕੁ ਲੋਰੈ॥ ੨॥

ਸਾਡੇ ਖਿਆਲ ਅਨੁਸਾਰ ਨਿੰਦਕ ਉਹ ਪੁਰਸ਼ ਹੈ ਜਿਹੜਾ ਨਿੰਦਿਆ ਕਰਨ ਵਾਲੇ ਨੂੰ ਨਿੰਦਿਆ ਕਰਨ ਵਲੋਂ ਹੋਰੈ=ਰੋਕਦਾ ਹੈ, ਕਿਉਂਕਿ ਉਹ ਸਾਡੇ ਅੰਤਹਕਰਣ ਰੂਪ ਥਾਂ ਨੂੰ ਪਵਿੱਤਰ ਜੋ ਨਹੀਂ ਕਰਨ ਦਿੰਦਾ।

ਸਾਡਾ ਜੀਵਣ ਨਿੰਦਕ ਪੁਰਸ਼ ਲੋਚਦਾ ਹੈ ਭਾਵ ਉਹ ਸਾਡੇ ਜੀਵਨ ਨੂੰ ਚੰਗਾ ਬਣਾਉਣਾ ਚਾਹੁੰਦਾ ਹੈ।

ਨਿੰਦਾ ਹਮਰੀ ਪ੍ਰੇਮ ਪਿਆਰੁ॥ ਨਿੰਦਾ ਹਮਰਾ ਕਰੈ ਉਧਾਰੁ॥

ਇਸ ਕਰਕੇ ਸਾਡੀ ਨਿੰਦਿਆ ਕਰਨ ਵਿਚ ਜਿਸ ਦਾ ਪ੍ਰੇਮ ਹੈ ਉਸੇ ਨਾਲ ਸਾਡਾ ਪਿਆਰ ਹੈ।

ਯਥਾ- ਐਸੇ ਝੂਠਿ ਮੁਠੇ ਸੰਸਾਰਾ॥ ਨਿੰਦਕੁ ਨਿੰਦੈ ਮੁਝੈ ਪਿਆਰਾ॥ *(ਪੰਨਾ ੧੩੩੦)*

ਨਿੰਦਿਆ ਹੀ ਸਾਡਾ ਉਧਾਰ ਕਰਨ ਵਾਲੀ ਹੈ।

ਜਨ ਕਬੀਰ ਕਉ ਨਿੰਦਾ ਸਾਰੁ॥
ਨਿੰਦਕੁ ਡੂਬਾ ਹਮ ਉਤਰੇ ਪਾਰਿ॥ ੩॥ ੨੦॥ ੭੧॥

ਕਬੀਰ ਜੀ ਆਖਦੇ ਹਨ-ਕਿ ਮੈਂ ਦਾਸ ਨੂੰ ਤਾਂ ਨਿੰਦਿਆ ਕਰਾਉਣੀ ਹੀ ਸ੍ਰੇਸ਼ਟ ਹੈ।

ਜਿਸ ਸਮੇਂ ਇਉਂ ਆਖਿਆ ਤਾਂ ਨਿਰੰਕਾਰ ਵਲੋਂ ਅਕਾਸ਼ ਬਾਣੀ ਹੋਈ ਕਿ ਹੇ ਕਬੀਰ ਤੂੰ ਸੰਸਾਰ ਵਿਚ ਚੰਗਾ ਪ੍ਰਚਾਰ ਕਰ ਰਿਹਾ ਹੈਂ ਜੋ ਨਿੰਦਿਆ ਕਰਨ ਦੀ ਵਡਿਆਈ ਦਸ ਕੇ ਸਾਰਿਆਂ ਨੂੰ ਡੋਬਣ ਲਗਾ ਹੈਂ। ਇਹ ਗੱਲ ਸੁਣ ਕੇ ਕਬੀਰ ਨੇ ਕਿਹਾ-

ਨਿੰਦਿਆ ਕਰਨ ਵਾਲਾ ਨਿੰਦਕ ਪੁਰਸ਼ ਸੰਸਾਰ ਸਮੁੰਦਰ ਵਿਚ ਡੁਬੇਗਾ ਤੇ ਅਸੀਂ ਪਾਰ ਉਤਰ ਜਾਵਾਂਗੇ, ਕਿਉਂਕਿ ਨਿੰਦਕ ਦੀ ਮੁਕਤੀ ਕਦੇ ਨਹੀਂ ਹੋ ਸਕਦੀ।

ਯਥਾ:- ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥
ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ॥ ੧॥
ਨਿੰਦਕਿ ਅਹਿਲਾ ਜਨਮੁ ਗਵਾਇਆ॥

ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ॥ ੧॥ ਰਹਾਉ॥
ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ॥
ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ॥ ੨॥
ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ॥
ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ॥ ੩॥
ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ॥
ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ॥ ੪॥ ੨॥ ੪੧॥ (ਪੰਨਾ ੩੮੦)

ਉਸ ਵੇਲੇ ਕਬੀਰ ਜੀ ਨੇ ਕਚਹਿਰੀ ਵਿਚ ਜਾ ਕੇ ਰੰਗੀਨ ਗੰਗਾ ਜਲ ਵਾਲੇ ਪਾਣੀ ਦੀ ਬੋਤਲ ਤੋੜ ਦਿਤੀ। ਲੋਕਾਂ ਨੇ ਪੁਛਿਆ ਇਹ ਆਪ ਨੇ ਕੀ ਕੀਤਾ ਹੈ? ਕਬੀਰ ਨੇ ਕਿਹਾ ਜਗਨ ਨਾਥ ਦੇ ਮੰਦਰ ਵਿਚ ਚੰਦੋਏ ਨੂੰ ਅੱਗ ਲੱਗ ਗਈ ਸੀ ਉਸ ਨੂੰ ਬੁਝਾਇਆ ਹੈ। ਬਾਦਸ਼ਾਹ ਨੇ ਉਹ ਟਾਇਮ ਲਿਖ ਕੇ ਰਖ ਲਿਆ ਤੇ ਜਗਨ ਨਾਥ ਆਦਮੀ ਭੇਜ ਕੇ ਖਬਰ ਮੰਗਵਾਈ ਕਿ ਮੰਦਰ ਵਿਖੇ ਚੰਦੋਏ ਨੂੰ ਅੱਗ ਲੱਗੀ ਹੈ ਕਿ ਨਹੀਂ ? ਜੇ ਲਗੀ ਹੈ ਤਾਂ ਕਿਸ ਸਮੇਂ ਲਗੀ ਹੈ ਅਤੇ ਕਿਸ ਨੇ ਬੁਝਾਈ ਹੈ? ਜਿਸ ਵੇਲੇ ਜਗਨ ਨਾਥ ਜਾ ਕੇ ਆਦਮੀ ਨੇ ਪੁਛਿਆ ਤਾਂ ਪੰਡਿਆਂ ਨੇ ਕਿਹਾ-ਹਾਂ ਜੀ ! ਫਲਾਣੇ ਦਿਨ ਅਮਕੇ ਟਾਈਮ ਪਰ ਚੰਦੋਏ ਨੂੰ ਅੱਗ ਲੱਗੀ ਸੀ ਅਤੇ ਕਬੀਰ ਜੀ ਨੇ ਬੁਝਾਈ ਹੈ। ਇਹ ਪਤਾ ਲੈ ਕੇ ਜਦ ਉਸ ਆਦਮੀ ਨੇ ਸਾਰੀ ਗੱਲ ਬਾਦਸ਼ਾਹ ਨੂੰ ਦੱਸੀ ਤਾਂ ਸੁਣ ਕੇ ਬੜਾ ਪ੍ਰਸੰਨ ਹੋਇਆ। ਕਬੀਰ ਜੀ ਦਾ ਫਿਰ ਉਸੇ ਤਰ੍ਹਾਂ ਪ੍ਰਤਾਪ ਵਧ ਗਿਆ।

ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ॥੧॥ਰਹਾਉ॥

ਇਸ ਸ਼ਬਦ ਵਿਚ ਨਿਰੰਕਾਰ ਦੀ ਉਸਤਤ ਕਰਦੇ ਹੋਏ ਆਪਣੇ ਤਰਨ ਦੀ ਬਿਵਸਥਾ ਆਖਦੇ ਹਨ-ਹੇ ਪ੍ਰਕਾਸ਼ ਰੂਪ ਰਾਮ ! ਆਪ ਐਸੇ ਨਿਰਖੌਫ ਹੋ ਜੋ ਆਪ ਦਾ ਭੈ ਨਹੀਂ ਹੈ ਅਤੇ ਆਪ ਭਗਤ ਜਨਾਂ ਨੂੰ ਤਾਰਨ ਵਾਸਤੇ ਤਰਨ=ਜਹਾਜ਼ ਰੂਪ ਹੋ।

ਪੁਨਾ-ਹੇ ਰਾਮ ! ਤੁਸੀਂ ਰਾਇਆ=ਪ੍ਰਕਾਸ਼ ਰੂਪ ਭੀ ਹੋ॥ ੧॥ ਰਹਾਉ॥

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥

ਹੇ ਸੁਆਮੀ ! ਜਤ ਅਗਿਆਨ ਕਾਲ ਵਿਚ ਅਸੀਂ ਹੰਕਾਰ ਸਹਿਤ ਸੀ, ਉਸ ਸਮੇਂ ਆਪ ਦੀ ਪ੍ਰਾਪਤੀ ਨਹੀਂ ਸੀ। ਹੁਣ ਜਦੋਂ ਗਜਾਨ ਕਾਲ ਵਿਚ ਆਪ ਪ੍ਰਾਪਤ ਹੋ ਗਏ ਹੋ ਤਾਂ ਸਾਡੇ ਵਿਚ ਹੰਕਾਰ ਨਹੀਂ ਰਿਹਾ।

ਯਥਾ- ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੋ ਨਾਹੀ॥ (ਪੰਨਾ ੬੫੭)

ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ॥ ੧॥

ਹੁਣ ਵਿਚਾਰ ਕਾਲ ਵਿਚ ਅਸੀਂ ਇਕ ਰੂਪੀ ਹੋ ਗਏ ਹਾਂ,
ਹੁਣ ਇਕ ਆਪ ਜੀ ਨੂੰ ਵੇਖ ਕੇ ਮੇਰਾ ਮਨ ਭਰੋਸੇ ਵਾਲਾ ਹੋ ਗਿਆ ਹੈ॥ ੧॥

ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ॥

ਜਦ ਤਕ ਸੰਸਾਰਾਕਾਰ ਬੁੱਧੀ ਸੀ, ਤਦ ਤਕ ਆਪ ਜੀ ਦੀ ਪ੍ਰਾਪਤੀ ਦੇ ਕਰਨ ਵਾਲਾ ਵਿਵੇਕ ਰੂਪ ਬਲ ਕੈਸਾ ਸੀ ਭਾਵ ਨਹੀਂ ਸੀ, ਹੁਣ ਜਿਸ ਸਮੇਂ ਆਤਮਾਂ ਦੇ ਜਾਨਣ ਵਾਲੀ ਬੁੱਧੀ ਹੋਈ ਤਾਂ ਸੰਸਾਰਕ ਪਦਾਰਥਾਂ

ਨੂੰ ਇੱਕਠੇ ਕਰਨ ਦੇ ਬਲ ਨੂੰ ਪ੍ਰਾਪਤ ਨਹੀਂ ਕਰਦੀ।

ਕਹਿ ਕਬੀਰ ਬੁਧਿ ਹਰਿ ਲਈ ਮੇਰੀ
ਬੁਧਿ ਬਦਲੀ ਸਿਧਿ ਪਾਈ॥ ੨॥ ੨੧॥ ੭੨॥

ਕਬੀਰ ਜੀ ਕਹਿੰਦੇ ਹਨ-ਹੇ ਹਰੀ ! ਜਦੋਂ ਆਪ ਨੇ ਮੇਰੀ ਬੁੱਧੀ ਆਪਣੇ ਵਿਚ ਅਭੇਦ ਕਰ ਲਈ ਤਾਂ ਮੇਰੀ ਖੋਟੀ ਅਕਲ ਬਦਲ ਗਈ ਅਤੇ ਮੈਂ ਮੁਕਤੀ ਪ੍ਰਾਪਤ ਕਰ ਲਈ। ਵਾ:-ਬੁੱਧੀ ਦੇ ਬਦਲੇ ਮੁਕਤੀ ਪਾਵਣਾ ਕੀਤੀ ਹੈ॥ ੨॥ ੨੧॥ ੭੨॥

ਗਉੜੀ॥

ਉਥਾਨਕਾ-ਕਿਸੇ ਜੋਗੀ ਨੇ ਪ੍ਰਸ਼ਨ ਕੀਤਾ ਕਿ ਇਹ ਦੇਹ ਕਿਤਨੀਆਂ ਚੀਜ਼ਾਂ ਨਾਲ ਬਣੀ ਹੋਈ ਹੈ? ਅਤੇ ਇਸ ਵਿਚ ਅਨੂਪਮ ਵਸਤੂ ਕਿਹੜੀ ਹੈ ਤੇ ਇਸ ਜੀਵ ਦਾ ਉਧਾਰ ਕਿਸ ਤਰ੍ਹਾਂ ਹੋ ਸਕਦਾ ਹੈ? ਉੱਤਰ-

ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ॥

ਇਹ ਮਨੁੱਖਾ ਦੇਹ ਰੂਪੀ ਖਟ ਨੇਮ=ਛਿਆਂ ਚੱਕਰਾਂ ਕਰਕੇ ਬਣੀ ਹੋਈ ਹੈ। ਤੇ ਇਸ ਦੇ ਵਿਚ ਹੀ ਜੋਗਾਨੰਦ ਰੂਪ ਅਨੂਪਮ ਵਸਤੂ ਪਾਈ ਹੋਈ ਹੈ।

ਨੋਟ:-ਛੇ ਚੱਕਰਾਂ ਦਾ ਵੇਰਵਾ ਇਸੇ ਪੋਥੀ ਦੇ ੯੩੨ ਪੰਨੇ ਦੇ ਫੁਟ ਨੋਟ ਵਿਚ ਦੇਖੋ।

ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ॥ ੧॥

ਇਨ੍ਹਾਂ ਛਿਆਂ ਚੱਕਰਾਂ ਰੂਪੀ ਕੁਲਫੁ=ਜੰਦਰਿਆਂ ਨੂੰ ਖੋਲ੍ਹਣ ਵਾਸਤੇ ਪ੍ਰਾਣਾਯਾਮ ਰੂਪੀ ਕੁੰਜੀ ਤਿਆਰ ਕਰਕੇ ਰਖੀ ਹੋਈ ਹੈ। ਜਿਨ੍ਹਾਂ ਪੁਰਸ਼ਾਂ ਨੇ ਪ੍ਰਾਣਾਯਾਮ ਰੂਪੀ ਕੁੰਜੀ ਵਰਤੀ ਹੈ ਭਾਵ ਦਸਵੇਂ ਦਵਾਰ ਤਕ ਪ੍ਰਾਣ ਚਾੜ੍ਹੇ ਹਨ ਉਨ੍ਹਾਂ ਦੇ ਇਹ ਛੇ ਚੱਕ੍ਰਾਂ ਰੂਪ ਜੰਦਰੇ ਖੋਲ੍ਹਣ ਵਿਚ ਕਰਤੇ=ਵਾਹਿਗੁਰੂ ਨੇ ਬਾਰ=ਦੇਰ ਨਹੀਂ ਲਗਾਈ।

ਦੂਜਾ ਅਰਥ- *ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ॥*

ਨੇਮ=ਨਿਯਮ ਨਾਲ ਪੰਜ ਤਤ ਤੇ ਛੇਵਾਂ ਮਨ ਇਨ੍ਹਾਂ ਛਿਆਂ ਕਰਕੇ ਦੇਹ ਰੂਪ ਕੋਠੀ ਬਣਾਈ ਹੋਈ ਹੈ। ਇਸ ਵਿਚ ਬ੍ਰਹਮਾਨੰਦ ਰੂਪੀ ਉਪਮਾ ਤੋਂ ਰਹਿਤ ਵਸਤੂ ਪਾਈ ਹੋਈ ਹੈ। ਪ੍ਰਾਪਤ ਇਸ ਲਈ ਨਹੀਂ ਹੁੰਦੀ, ਕਿਉਂਕਿ ਉਸ ਦੇ ਪ੍ਰਤੱਖ ਹੋਣ ਦਾ ਕੋਈ ਰਸਤਾ ਸਿਧ ਨਹੀਂ। ਪਪੁੰਨ ਰੂਪ ਦਰਵਾਜ਼ੇ ਹਨ, ਆਸਾ ਤੇ ਅੰਦੇਸਾ ਇਹ ਦੋ ਤਖਤੇ ਜੜੇ ਹੋਏ ਹਨ, ਕਾਮ ਕ੍ਰੋਧ ਰੂਪ ਦੋ ਕੁੰਡੇ ਹਨ, ਆਸਾ ਤੇ ਤ੍ਰਿਸ਼ਨਾਂ ਦੀਆਂ ਸੰਗਲੀਆਂ ਹਨ। ਅਗਿਆਨ ਰੂਪ ਜੰਦਰਾਂ ਵਜਿਆ ਹੋਇਆ ਹੈ।

ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ॥ ੧॥

ਉਸ ਅਗਿਆਨ ਰੂਪ ਕੁਲਫੁ=ਜੰਦਰੇ ਦੇ ਖੋਲ੍ਹਣੇ ਨੂੰ ਪ੍ਰਾਨ=ਪਛਾਨਣਾ ਕਰੋ ਬ੍ਰਹਮ ਵਿਦਿਆ ਦੀ ਕੁੰਜੀ ਤਿਆਰ ਕਰ ਰਖੀ ਹੈ।

ਅਥਵਾ:-ਪ੍ਰਾਨ=ਸ੍ਵਾਸ ਸ੍ਵਾਸ ਜੋ ਭਜਨ ਕਰਨਾ ਹੈ ਇਹੋ ਅਗਿਆਨ ਰੂਪ ਜੰਦਰੇ ਦੇ ਖੋਲ੍ਹਣ ਲਈ ਇਕ ਕੁੰਜੀ ਬਣਾਈ ਹੈ।

ਗੁਰੂ ਦੀ ਸ਼ਰਨ ਵਿਚ ਜਾ ਕੇ ਜਿਸ ਨੇ ਬ੍ਰਹਮ ਵਿਦਿਆ ਰੂਪੀ ਕੁੰਜੀ ਲਈ ਹੈ ਉਸੇ ਦੇ ਅਗਿਆਨ ਰੂਪ

ਜੰਦਰੇ ਦੇ ਖੋਲ੍ਹਣ ਵਿਚ ਵਾਹਿਗੁਰੂ ਨੇ ਬਾਰ=ਦੇਰੀ ਨਹੀਂ ਲਗਾਈ।

ਯਥਾ- ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥

ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ੩॥ *(ਪੰਨਾ ੨੦੫)*

ਅਬ ਮਨ ਜਾਗਤ ਰਹੁ ਰੇ ਭਾਈ॥

ਹੇ ਭਾਈ ! ਮਨ ਕਰਕੇ ਹੁਣ ਗਿਆਨ ਜਾਗ੍ਰਤ ਵਿਚ ਜਾਗਦਾ ਰਹੁ।

ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ॥ ੧॥ ਰਹਾਉ॥

ਤੈਨੇ ਪਿਛਲਾ ਜਨਮ ਗਾਫਲੁ=ਬੇਖਬਰ ਹੋ ਕੇ ਗਵਾ ਲਿਆ ਹੈ ਅਤੇ ਕਾਮਾਦਿਕ ਚੋਰ ਤੇਰੇ ਸਰੀਰ ਰੂਪੀ ਘਰ ਦੇ ਅੰਤਹਕਰਣ ਦੀ ਜਾਈ=ਜਗ੍ਹਾ ਵਿਚੋਂ ਸ਼ੁਭਗੁਣਾਂ ਨੂੰ ਮੁਸੈ=ਲੁਟੀ ਜਾਂਦੇ ਹਨ, ਇਸ ਲਈ ਤੈਨੂੰ ਆਪਣੀ ਰਖਿਆ ਲਈ ਸਤਸੰਗ ਰੂਪ ਘਰ ਵਿਚ, *ਅਥਵਾ:-* ਅੰਤਰਮੁਖ ਬਿਰਤੀ ਕਰਕੇ ਆਪਣੇ ਸਰੂਪ ਘਰ ਵਿਚ ਜਾਣਾ ਚਾਹੀਦਾ ਹੈ, ਫਿਰ ਤੂੰ ਕਾਮਾਦਿਕ ਚੋਰਾਂ ਨੂੰ ਮੁਸੈ=ਲੁਟ ਲਵੇਂਗਾ, ਭਾਵ ਆਪਣੇ ਕਾਬੂ ਕਰ ਲਵੇਂਗਾ॥ ੧॥ ਰਹਾਉ॥

ਜੀਵ ਨੇ ਕਿਹਾ-ਦਰਵਾਜ਼ੇ ਪਰ ਪਹਿਰੇਦਾਰ ਹੋਣ ਕਰ ਕੇ ਸਾਨੂੰ ਕਿਸੇ ਕਿਸਮ ਦਾ ਕੋਈ ਡਰ ਨਹੀਂ ਹੈ। ਕਬੀਰ ਜੀ ਨੇ ਕਿਹਾ ਠੀਕ ਹੈ:-

ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ॥

ਭਾਵੇਂ ਪੰਜ ਗਿਆਨ ਇੰਦ੍ਰੀਆਂ ਰੂਪ ਪਹਰੂਆ=ਪਹਿਰੇਦਾਰ ਦਰ ਮਹਿ=ਗੋਲਕਾਂ ਵਿਚ ਰਹਿੰਦੇ ਹਨ ਪਰ ਤਿਨ ਕਾ=ਉਨ੍ਹਾਂ ਦਾ ਕੋਈ ਪਤੀਆਰਾ=ਭਰੋਸਾ ਨਹੀਂ ਹੈ, ਕਿਉਂਕਿ ਉਹ ਕਾਮਆਦਿਕ ਚੋਰਾਂ ਦੇ ਮੇਲੀ ਹਨ, ਜਦ ਪਹਿਰੇਦਾਰ ਚੋਰਾਂ ਨਾਲ ਮਿਲ ਜਾਣ ਤਾਂ ਚੋਰੀ ਕਰਨੀ ਸੌਖੀ ਹੋ ਜਾਂਦੀ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਜੇ ਘਰ ਭੰਨੈ ਪਾਹਰੂ ਕਉਣ ਰਖਣਹਾਰਾ॥

ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ॥ ੨॥

ਤਾਂਤੇ ਹੇ ਭਾਈ ! ਸੁਚੇਤ=ਸਾਵਧਾਨ ਚਿਤ ਹੋ ਕੇ ਉਸ ਪਰਮਾਤਮਾ ਨੂੰ ਯਾਦ ਕਰਦਾ ਰਹੁ ਜਿਸ ਪਰਮੇਸ਼ਰ ਦਾ ਸਾਰੇ ਉਜਾਰਾ=ਚਾਨਣ ਹੋ ਰਿਹਾ ਹੈ, ਤਾਂ ਤੂੰ ਉਸ ਦੇ ਪਰਗਾਸੁ=ਗਿਆਨ ਨੂੰ ਪ੍ਰਾਪਤ ਕਰ ਲਵੇਂਗਾ॥ ੨॥

ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥

ਨੌਂ ਗੋਲਕਾਂ ਵਾਲੇ ਸਰੀਰ ਘਰ ਨੂੰ ਸੋਹਣਾ ਵੇਖਕੇ ਜੋ ਜੀਵ ਰੂਪੀ ਇਸਤ੍ਰੀ ਇਸ ਵਿਚ ਭੁਲ ਗਈ ਹੈ ਭਾਵ ਜੋ ਇਸੇ ਦੇ ਸ਼ਿੰਗਾਰਨ ਵਿਚ ਲਗ ਗਈ ਹੈ, ਉਸ ਨੇ ਅਨੂਪ=ਉਪਮਾ ਤੋਂ ਰਹਿਤ ਆਤਮ ਵਸਤੂ ਨਹੀਂ ਪਾਈ।

ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ॥ ੩॥ ੨੨॥ ੭੩॥

ਕਬੀਰ ਜੀ ਕਹਿੰਦੇ ਹਨ-ਨਵੈ ਘਰ=ਨੌਂ ਗੋਲਕਾਂ ਵਾਲੇ ਸਰੀਰ ਘਰ ਵਿਚ ਜੋ ਜੀਵ ਲਗੇ ਹਨ ਅਰਥਾਤ ਦੇਹ ਅਧਿਆਸ ਕਰਦੇ ਹਨ ਉਹ ਮੂਸੇ=ਲੁਟੇ ਗਏ ਹਨ ਅਤੇ ਜਿਸ ਨੇ ਦਸਮ ਦੁਆਰ ਵਿਚ ਪ੍ਰਾਣ ਚਾੜ੍ਹੇ ਹਨ ਤਿਸ ਨੇ ਤਤੁ=ਸਿਧਾਂਤ ਰੂਪ ਪਰਮੇਸ਼ਰ ਵਿਚ ਸਮਾਈ ਕੀਤੀ ਹੈ।

ਅਥਵਾ:-ਨਵੈ ਘਰ=ਨੌਂ ਗੋਲਕਾਂ ਵਿਚ ਜਿਸ ਨੇ ਦਸਵੇਂ=ਦਸ ਇੰਦ੍ਰੀਆਂ ਨੂੰ ਵਿਸ਼ੇ ਵਿਕਾਰਾਂ ਵਲੋਂ ਮੂਸੇ= ਰੋਕਿਆ ਹੈ, ਉਸ ਨੇ ਸਭ ਵੇਦਾਂ ਸ਼ਾਸਤ੍ਰਾਂ ਦੇ ਤਤੁ=ਸਿਧਾਂਤ ਰੂਪ ਪਰਮਾਤਮਾ ਵਿਚ ਸਮਾਈ ਕੀਤੀ ਹੈ॥ ੩॥ ੨੨॥ ੭੩॥

ਗਉੜੀ॥

ਉਥਾਨਕਾ-ਕਿਸੇ ਪ੍ਰੇਮੀ ਨੇ ਕਬੀਰ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਆਪ ਜੀ ਦਾ ਪੂਰਨ ਭਰੋਸਾ ਕਿਸ ਉੱਤੇ ਹੈ? ਤਾਂ ਕਬੀਰ ਜੀ ਨੇ ਕਿਹਾ- .

ਮਾਈ ਮੋਹਿ ਅਵਰੁ ਨ ਜਾਨਿਓ ਆਨਾਂ॥

ਮਾਈ=ਹੇ ਭਾਈ ! ਮੈਨੇ ਅਵਰੁ=ਵਿਸ਼ੇਸ਼ ਕਰ ਕੇ ਸ੍ਰੇਸ਼ਟ ਜੋ ਪਰਮਾਤਮਾ ਹੈ ਉਸ ਤੋਂ ਬਿਨਾਂ ਆ=ਹੋਰ ਕਿਸੇ ਨੂੰ ਨਹੀਂ ਜਾਣਿਆਂ ਭਾਵ ਮੇਰਾ ਪੂਰਨ ਭਰੋਸਾ ਤਾਂ ਇਕ ਪਰਮਾਤਮਾ ਉੱਤੇ ਹੀ ਹੈ ਉਸ ਤੋਂ ਬਿਨਾਂ ਮੈਂ ਕਿਸੇ ਹੋਰ ਦੀ ਆਸ ਨਹੀਂ ਰਖੀ।

ਅਥਵਾ-ਹੇ ਭਾਈ ! ਉਸ ਪਰਮਾਤਮਾ ਤੋਂ ਬਿਨਾਂ ਨਾ=ਨਿਸਚੇ ਸਹਿਤ ਅਵਰੁ=ਹੋਰ ਕਿਸੇ ਨੂੰ ਆਨਾ=ਹੋਰ ਅਸਥਾਨ ਪਰ ਨਹੀਂ ਜਾਣਿਆਂ।

ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਂ॥ ਰਹਾਉ॥

ਸਿਵ ਜੀ ਸਨਕਾਦਿ=ਸਨਕਆਦਿਕ ਚਾਰੇ ਭਰਾ ਜਿਸ ਪਰਮਾਤਮਾ ਦੇ ਗੁਣਾਂ ਨੂੰ ਗਾਉਂਦੇ ਹਨ, ਨਾਂ=ਨਿਸਚੇ ਸਹਿਤ ਉਸ ਪਰਮਾਤਮਾ ਵਿਚ ਮੇਰੇ ਪ੍ਰਾਣ ਵਸ ਰਹੇ ਹਨ।

ਪ੍ਰਸ਼ਨ-ਅਜਿਹਾ ਨਿਸਚਾ ਆਪ ਜੀ ਨੂੰ ਪ੍ਰਾਪਤ ਹੋਇਆ ਹੈ? ਉੱਤਰ-

ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਂ॥

ਗਿਆਨ ਵਿਖੇ ਜਿਨ੍ਹਾਂ ਦੀ ਗੰਮਤਾ ਹੈ ਐਸੇ ਗਿਆਨਵਾਨ ਜੋ ਗੁਰੂ ਹਨ, ਉਨ੍ਹਾਂ ਦੁਆਰੇ ਜਿਸ ਵੇਲੇ ਰਿਦੇ ਵਿਚ ਚਾਨਣ ਹੋਇਆ ਤਾਂ ਸਭ ਮੰਡਲਾਂ ਵਿਚ ਪੂਰਨ ਜੋ ਗਗਨ=ਚੇਤਨ ਦੇਵ ਪਰਮਾਤਮਾ ਹੈ ਨਾਂ=ਨਿਸਚੇ ਕਰਕੇ ਉਸ ਵਲ ਧਿਆਨ ਲਗ ਗਿਆ।

ਭਾਵ-ਗੁਰਾਂ ਦੀ ਕਿਰਪਾ ਨਾਲ ਉਸ ਪਰਮਾਤਮਾ ਵਿਚ ਮੇਰਾ ਦ੍ਰਿੜ ਨਿਸਚਾ ਹੋ ਗਿਆ ਹੈ।

ਪ੍ਰਸ਼ਨ-ਉਸ ਦ੍ਰਿੜ ਨਿਸਚੇ ਦਾ ਫਲ ਆਪ ਜੀ ਨੂੰ ਕੀ ਹੋਇਆ ਹੈ? ਉੱਤਰ-

ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ॥ ੧॥

ਉਸ ਨਿਸਚੇ ਨਾਲ ਰੋਗ ਰੂਪ ਵਿਸ਼ੇ ਵਿਕਾਰ ਕਈ ਤਰ੍ਹਾਂ ਦੇ ਡਰ ਅਤੇ ਬੰਧਨ ਇਹ ਸਾਰੇ ਭਾਗੇ=ਦੂਰ ਹੋ ਗਏ ਹਨ, ਜਿਸ ਨਿਸਚੇ ਕਰਕੇ ਮਨ ਨੇ ਆਪਣੇ ਸ੍ਵੈ ਸਰੂਪ ਰੂਪੀ ਘਰ ਦਾ ਸੁਖ ਜਾਣਿਆ ਹੈ॥ ੧॥

ਪ੍ਰਸ਼ਨ-ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਦੇਵੀ ਦੇਵਤੇ ਦੀ ਉਪਾਸ਼ਨਾਂ ਤੁਸੀਂ ਕੀਤੀ ਹੈ ਜਾਂ ਨਹੀਂ?

ਉੱਤਰ-

ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ॥

ਜਿਸ ਦਿਨ ਤੋਂ ਮੈਂ ਏਕ ਸੁਮਤਿ=ਇਕ ਸ੍ਰੇਸ਼ਟ ਮਤੀ ਵਿਚ ਰਤਿ=ਪ੍ਰੀਤੀ ਕਰ ਕੇ ਮਾਨਿ=ਮੰਨਣ ਯੋਗ

ਪ੍ਰਭੂ ਦੀ ਪ੍ਰੇਮਾ ਭਗਤੀ ਕਰਨੀ ਜਾਣੀ ਹੈ, ਉਸ ਦਿਨ ਤੋਂ ਕਿਸੇ ਹੋਰ ਦੂਜੇ ਦੀ ਉਪਾਸ਼ਨਾਂ ਨੂੰ ਮੈਨੇ ਆਪਣੇ ਮਨ ਵਿਚ ਨਾ=ਨਿਸਚੇ ਕਰਕੇ ਨ ਆਨਾ=ਨਹੀਂ ਲਿਆਂਦਾ ਭਾਵ ਇਕ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਦੀ ਉਪਾਸ਼ਨਾਂ ਨਹੀਂ ਕੀਤੀ।

*ਪ੍ਰਸ਼ਨ-*ਆਪ ਜੀ ਦਾ ਹੰਕਾਰ ਕਿਵੇਂ ਦੂਰ ਹੋਇਆ ਹੈ? *ਉੱਤਰ-*

ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ ॥ ੨ ॥

ਜਿਵੇਂ ਪ੍ਰਤੱਖ ਚੰਦਨ ਦੀ ਵਾਸ਼ਨਾਂ ਨਾਲ ਹੋਰ ਬਨਾਸਪਤੀ ਸੁਗੰਧਤ ਹੋ ਜਾਂਦੀ ਹੈ, ਤਿਵੇਂ ਗੁਰੂ ਸਾਹਿਬ ਰੂਪ ਚੰਦਨ ਦੀ ਸ਼ੁਭ ਸਿਖਿਆ ਭਰੀ ਵਾਸ਼ਨਾਂ ਦੇ ਪਰਾਪਤ ਹੋਣ ਨਾਲ ਮਨ ਆਦਿਕ ਇੰਦਰੇ ਭਗਤੀ ਰੂਪੀ ਵਾਸ਼ਨਾਂ ਸਹਿਤ ਹੋ ਗਏ ਹਨ ਅਤੇ ਸ਼ੁਭ ਗੁਣਾਂ ਦੇ ਘਟਿਓ=ਘਟਾਉਣ ਵਾਲਾ ਜੋ ਹੰਕਾਰ ਸੀ ਉਸ ਨੂੰ ਨਿਸਚੇ ਕਰ ਕੇ ਮੈਂ ਤਿਆਗ ਦਿਤਾ ਹੈ॥ ੨ ॥

ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ ॥

ਜਿਹੜਾ ਭੀ ਕੋਈ ਨਾਂ=ਨਿਸਚੇ ਨਾਲ ਠਾਕੁਰ ਜੀ ਦੇ ਜਸ ਨੂੰ ਗਾਉਂਦਾ ਅਤੇ ਮਨ ਵਿਚ ਉਸ ਦਾ ਧਿਆਨ ਕਰਦਾ ਹੈ, ਉਸ ਪੁਰਸ਼ ਦੀ ਪਰਮਾਤਮਾ ਵਿਚ ਥਾਨਾ=ਇਸਥਿਤੀ ਹੁੰਦੀ ਹੈ।

ਤਿਹ ਬਡਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ ॥ ੩ ॥

ਜਾ ਕੈ=ਜਿਸ ਪੁਰਸ਼ ਦੇ ਮਨ ਵਿਚ ਉਹ ਪਰਮਾਤਮਾ ਵਸਿਆ ਹੈ ਉਸਦੇ ਬੜੇ ਉੱਤਮ ਭਾਗ ਹਨ। ਉਸ ਵਾਹਿਗੁਰੂ ਨਾਲ ਮਿਲਾਪ ਕਰਾਉਣ ਲਈ ਨਾ=ਨਿਸਚੇ ਕਰਕੇ ਮਥੇ ਦੇ ਕਰਮ ਹੀ ਪ੍ਰਧਾਨ=ਮੁਖੀ ਹਨ।

*ਅਥਵਾ:-*ਗੁਰਾਂ ਦੀ ਕਰਮ=ਕਿਰਪਾ ਨਾਲ ਜਿਸ ਦੇ ਮਨ ਵਿਚ ਪਰਮਾਤਮਾ ਵੱਸਿਆ ਹੈ, ਤਿਸ ਵਡਭਾਗੀ ਨੂੰ ਪ੍ਰਧਾਨ=ਧਰਮ ਰਾਜਾ ਪਾਪੀਆਂ ਵਾਂਗੂੰ ਮਥਾਨਾ ਨਾ=ਮਥਦਾ ਨਹੀਂ ਭਾਵ ਦੁੱਖ ਨਹੀਂ ਦਿੰਦਾ॥ ੩ ॥

ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥

ਜਿਸ ਨੇ ਸਕਤਿ=ਪਾਰਬ੍ਰਤੀ ਤੇ ਸ਼ਿਵ ਜੀ ਆਦਿਕ ਦੇਵੀ ਦੇਵਤਿਆਂ ਦੀ ਉਪਾਸ਼ਨਾਂ ਨੂੰ ਕੱਟ ਕੇ ਨਿਸਚੇ ਨਾਲ ਵਾਹਿਗੁਰੂ ਨਾਮ ਨੂੰ ਪ੍ਰਗਾਸਿਓ=ਉਚਾਰਨ ਕੀਤਾ ਹੈ, ਉਹ ਸੁਤੇ ਹੀ ਇਕ ਰੂਪ ਹੋ ਕੇ ਇਕ ਪਰਮਾਤਮਾ ਵਿਚ ਸਮਾ ਜਾਂਦਾ ਹੈ।

*ਅਥਵਾ:-*ਸਕਤਿ=ਮਾਇਆ ਦੀ ਇੱਛਾ ਅਰਥਾਤ ਤਮੋ ਗੁਣ ਬਿਰਤੀ ਨੂੰ ਕੱਟ ਕੇ ਜਿਸ ਨੇ ਸਿਵ=ਕਲਿਆਣ ਸਰੂਪ ਪਰਮਾਤਮਾ ਨੂੰ ਪ੍ਰਗਾਸਿਓ=ਪ੍ਰਗਟ ਕੀਤਾ ਹੈ, ਉਹ ਸਹਿਜੇ ਹੀ ਇਕ ਰੂਪ ਵਿਚ ਸਮਾ ਕੇ ਇਕ ਪਰਮਾਤਮਾ ਨਾਲ ਅਭੇਦ ਹੋ ਗਿਆ ਹੈ।

ਕਹਿ ਕਬੀਰ ਗੁਰ ਭੇਟਿ ਮਹਾ ਸੁਖ
ਭ੍ਰਮਤ ਰਹੇ ਮਨੁ ਮਾਨਾਨਾਂ ॥ ੪ ॥ ੨੩ ॥ ੭੪ ॥

ਕਬੀਰ ਜੀ ਕਥਨ ਕਰਦੇ ਹਨ-ਗੁਰਾਂ ਨਾਲ ਮਿਲ ਕੇ ਜਦ ਉਨ੍ਹਾਂ ਦੇ ਮਨੁ ਮਾਨਾ=ਮੰਤਰ ਨੂੰ ਮੰਨਿਆ ਤਾਂ ਭ੍ਰਮਣੇ ਦੀ ਤਰਫੋਂ ਰਹਿ ਗਏ, ਜਾਂ ਭਰਮਣੇ ਦੀ ਤਰਫੋਂ ਰਹੇ ਤਾਂ ਮਹਾ ਸੁਖ=ਬੜੇ ਆਤਮ ਸੁੱਖ ਦੀ ਪ੍ਰਾਪਤੀ ਹੋਈ॥ ੪ ॥ ੨੩ ॥ ੭੪ ॥

[ਪੰਨਾ ੩੪੦]

ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ

੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਉਥਾਨਕਾ-ਕਾਜ਼ੀ ਤੇ ਪੰਡਤ ਦੋਨੋਂ ਆਪਣਾ ਸਿਧਾਂਤ ਦਸਣ ਵਾਸਤੇ ਤੇ ਕਬੀਰ ਜੀ ਦਾ ਸਿਧਾਂਤ ਜਾਨਣ ਵਾਸਤੇ ਚਲ ਕੇ ਕਬੀਰ ਜੀ ਪਾਸ ਆਏ। ਪਹਿਲੇ ਪੰਡਤ ਨੇ ਪ੍ਰਸ਼ਨ ਕੀਤਾ ਕਿ ਸੰਸਕ੍ਰਿਤ ਦੇ ਬਵੰਜਾ ਅੱਖਰਾਂ ਦਾ ਸਿਧਾਂਤ ਕੀ ਹੈ? ਅਤੇ ਇਨ੍ਹਾਂ ਅੱਖਰਾਂ ਵਿਚ ਕੀ ਹੈ? *ਉੱਤਰ-*

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥

ਸੰਸਕ੍ਰਿਤ ਦੇ ਜੋ ਬਵੰਜਾ ਅੱਖਰ ਅਤੇ ਤਿੰਨ ਲੋਕ ਹਨ ਇਨ੍ਹਾਂ ਦੇ ਵਿਚ ਹੀ ਸਭ ਕੁਝ ਹੈ ਅਰਥਾਤ ਰੂਪ ਤਾਂ ਤ੍ਰਿਲੋਕੀ ਵਿਚ ਹੈ ਅਤੇ ਨਾਮ ਅੱਖਰਾਂ ਵਿਚ ਹੈ।

ਵਾ-ਤ੍ਰਿਲੋਕੀ ਤੋਂ ਲੈ ਕੇ ਸਭ ਕੁਝ ਜੋ ਪਦਾਰਥ ਹਨ ਉਹ ਇਨ੍ਹਾਂ ਬਵੰਜਾ ਅੱਖਰਾਂ ਦੇ ਵਿਚ ਹੀ ਹਨ।

ਯਥਾ- ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ॥ ਅਖਰ ਕਰਿ ਕਰਿ ਬੰਦ ਬੀਚਾਰੇ॥

ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ॥ ਅਖਰ ਨਾਦ ਕਥਨ ਵਖ੍ਯਾਨਾ॥

ਅਖਰ ਮੁਕਤਿ ਜੁਗਤਿ ਭੈ ਭਰਮਾ॥ ਅਖਰ ਕਰਮ ਕਿਰਤਿ ਸੁਚ ਧਰਮਾ॥ *(ਪੰਨਾ ੨੬੧)*

ਪ੍ਰਸ਼ਨ- ਇਹ ਬਵੰਜਾ ਅੱਖਰ ਇਸਥਿਤ ਹੋਣਗੇ? *ਉੱਤਰ-*

ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥ ੧॥

ਹੇ ਪੰਡਤ ! ਇਹ ਬਵੰਜਾ ਅੱਖਰ ਖਿਰਿ ਜਾਹਿਗੇ=ਨਾਸ ਹੋ ਜਾਣਗੇ।

*ਪ੍ਰਸ਼ਨ-*ਆਪ ਨੇ ਕਿਹਾ ਹੈ ਤਿੰਨਾਂ ਲੋਕਾਂ ਤੋਂ ਲੈ ਕੇ ਸਭ ਕੁਝ ਇਨ੍ਹਾਂ ਬਵੰਜਾ ਅੱਖਰਾਂ ਵਿਚ ਹੈ ਤਾਂ ਫਿਰ ਪਰਮੇਸ਼ਰ ਵੀ ਇਨ੍ਹਾਂ ਅੱਖਰਾਂ ਦੇ ਵਿਚ ਹੀ ਹੋਵੇਗਾ ਇਸ ਤੇ ਉਹ ਭੀ ਨਾਸ ਰੂਪ ਸਿਧ ਹੋਇਆ?

*ਉੱਤਰ-*ਹੇ ਪੰਡਤ ! ਉਹ ਅਖਰ=ਖਿਰਨੇ ਤੋਂ ਰਹਿਤ ਪਰਮੇਸ਼ਰ ਇਨ੍ਹਾਂ ਅੱਖਰਾਂ ਦੇ ਵਿਚ ਨਹੀਂ ਹੈ।

ਵਾ:-ਇਨ੍ਹਾਂ ਅੱਖਰਾਂ ਦਾ ਮਹਿ=ਰੂਪ ਨਹੀਂ ਹੈ॥ ੧॥

ਯਥਾ- ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥ ੫੪॥ *(ਪੰਨਾ ੨੬੧)*

*ਪ੍ਰਸ਼ਨ-*ਉਹ ਪਰਮੇਸ਼ਰ ਕੈਸਾ ਹੈ? *ਉੱਤਰ-*

ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥

ਪਹਿਲਾ ਅਰਥ-

ਹੇ ਪੰਡਤ ! ਜਹਾਂ ਬੋਲੀਦਾ ਹੈ ਤਹਾਂ ਅਖਰ ਆਉਂਦਾ ਹੈ, ਜਹ ਅਬੋਲ=ਜਿਥੇ ਅਬੋਲ ਹੈ ਬਾਣੀ ਦੀ ਗੰਮਤਾ ਨਹੀਂ ਹੈ, ਉਥੇ ਮਨ ਨਹੀਂ ਰਹਿੰਦਾ।

ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥ ੨॥

ਇਕ ਬਚਨ ਤਾਂ ਬੋਲਿਆ ਹੈ, ਦੂਜਾ ਅਤੇ ਅਬੋਲ ਹੈ ਅਰਥਾਤ ਬੋਲਿਆ ਨਹੀਂ ਬੋਲਣ ਨੂੰ ਤਿਆਰ ਹੈ। ਤਿਸ ਦੇ ਵਿਚ ਜੋ ਪ੍ਰਕਾਸ਼ ਕਰਨ ਵਾਲਾ ਪਰਮੇਸ਼ਰ ਹੈ ਜੈਸਾ ਉਸਦਾ ਸਰੂਪ ਹੈ ਸਤ ਚਿਤ ਅਨੰਦ ਰੂਪ ਤੈਸਾ ਆਪਣੇ ਆਪ ਕੋਈ ਲਖੈ ਨ=ਜਾਣ ਨਹੀਂ ਸਕਦਾ॥ ੨॥

ਦੂਜਾ ਅਰਥ-

ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥

ਜਿਥੇ ਬੋਲ=ਜਾਗ੍ਰਤ ਹੈ ਤਿਥੇ ਜ਼ਰੂਰ ਅਖਰ ਆਉਂਦਾ ਹੈ। ਜਹ ਅਬੋਲ=ਜਿਥੇ ਸੁਪਨ ਹੈ ਤਿਥੇ ਜਾਗ੍ਰਤ ਵਾਲਾ ਮਨ ਨਹੀਂ ਰੰਹਿਦਾ।

ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥ ੨॥

ਬੋਲ=ਜਾਗ੍ਰਤ ਅਵਸਥਾ ਬੀਤ ਗਈ ਹੈ ਤੇ ਅਬੋਲ=ਸੁਪਨ ਅਵੱਸਥਾ ਅਜੇ ਆਈ ਨਹੀਂ, ਤਿਸ ਦੇ ਵਿਚ ਜੋ ਪ੍ਰਕਾਸ਼ਨੇ ਵਾਲਾ ਪਰਮੇਸ਼ਰ ਹੈ, ਜੈਸਾ ਉਸ ਦਾ ਸਰੂਪ ਹੈ, ਤੈਸਾ ਉਸ ਨੂੰ ਆਪਣੇ ਆਪ ਕੋਈ ਜਾਣ ਨਹੀਂ ਸਕਦਾ॥ ੨॥

ਤੀਜਾ ਅਰਥ-

ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥

ਜਿਥੇ ਬੋਲ=ਸੁਪਨ ਅਵਸਥਾ ਹੈ ਤਿਥੇ ਜ਼ਰੂਰ ਅਖਰ ਆਉਂਦਾ ਹੈ।

ਜਿਥੇ ਅਬੋਲ=ਸਖੋਪਤੀ ਹੈ ਤਿਥੇ ਮਨ ਨਹੀਂ ਰਹਿੰਦਾ॥

ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥ ੨॥

ਬੋਲ=ਸੁਪਨ ਅਵਸਥਾ ਬੀਤ ਗਈ ਹੈ ਤੇ ਅਬੋਲ=ਸਖੋਪਤੀ ਅਵਸਥਾ ਅਜੇ ਪੂਰੀ ਪੂਰੀ ਆਈ ਨਹੀਂ, ਤਿਸ ਸੰਧੀ ਦੇ ਵਿਚ ਜੋ ਪ੍ਰਕਾਸ਼ ਕਰਨ ਵਾਲਾ ਪਰਮੇਸ਼ਰ ਹੈ ਜੈਸਾ ਉਸ ਦਾ ਸਰੂਪ ਹੈ ਤੈਸਾ ਆਪਣੇ ਆਪ ਉਸ ਨੂੰ ਕੋਈ ਜਾਣ ਨਹੀਂ ਸਕਦਾ।

ਚੌਥਾ ਅਰਥ-

ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥

ਜਿਥੇ ਬੋਲ=ਚੇਤਨ ਜੀਵ ਹੈ ਤਿਥੇ ਅਖਰ ਆਉਂਦਾ ਹੈ। ਜਿਥੇ ਅਬੋਲ=ਜੜ੍ਹ ਪੱਥਰ ਆਦਿਕ ਹਨ ਤ੍ਰਿਥੇ ਮਨ ਹੀ ਨਹੀਂ ਰਹਿੰਦਾ।

ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥ ੨॥

ਬੋਲ ਅਬੋਲ=ਚੇਤਨ ਜੜ ਦੇ ਵਿਚ ਜੋ ਪ੍ਰਕਾਸ਼ਕ ਪਰਮੇਸ਼ਰ ਹੈ, ਜੈਸਾ ਉਸ ਦਾ ਸਰੂਪ ਹੈ ਤੈਸਾ ਆਪਣੇ ਆਪ ਕੋਈ ਜਾਣ ਨਹੀਂ ਸਕਦਾ॥ ੨॥

ਪੰਜਵਾਂ ਅਰਥ-

ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥

ਜਹਾ ਬੋਲ=ਜਿਥੇ ਸਾ ਵਿਕਲਪ ਸਮਾਧੀ ਹੈ, ਤਿਥੇ ਜ਼ਰੂਰ ਅਖਰ ਆਉਂਦਾ ਹੈ।

ਜਹ ਅਬੋਲ=ਜਿਥੇ ਨਿਰਵਿਕਲਪ ਸਮਾਧੀ ਹੈ ਤਿਥੇ ਮਨ ਨਹੀਂ ਰਹਿੰਦਾ।

ਬੋਲ ਅਬੋਲ ਮਧਿ ਹੈ ਸੋਈ॥ ਜਸ ਓਹੁ ਹੈ ਤਸ ਲਖੈ ਨ ਕੋਈ॥ ੨॥

ਬੋਲ=ਸਾਵਿਕਲਪ ਸਮਾਧੀ ਬਤੀਤ ਹੋ ਗਈ ਹੈ ਤੇ ਅਬੋਲ=ਨਿਰਵਿਕਲਪ ਸਮਾਧੀ ਪੂਰੀ ਪੂਰੀ ਆਈ ਨਹੀਂ, ਤਿਸ ਸੰਧੀ ਵਿਚ ਪ੍ਰਕਾਸ਼ ਕਰਨ ਵਾਲਾ ਜੋ ਪਰਮੇਸ਼ਰ ਹੈ ਜੈਸਾ ਉਸ ਦਾ ਸਰੂਪ ਹੈ ਤੈਸਾ ਕੋਈ ਗੁਰਾਂ ਤੋਂ ਬਗੈਰ ਜਾਣ ਨਹੀਂ ਸਕਦਾ॥ ੨॥

ਛੇਵਾਂ ਅਰਥ-

ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥

ਜਿਥੇ ਬੋਲ=ਦ੍ਵੈਤ ਹੈ ਤਿਥੇ ਅਖਰ ਆਂਵਦਾ ਹੈ। ਜਿਥੇ ਅਬੋਲ=ਅਦ੍ਵੈਤ ਹੈ ਤਿਥੇ ਮਨ ਨਹੀਂ ਰਹਿੰਦਾ।

ਬੋਲ ਅਬੋਲ ਮਧਿ ਹੈ ਸੋਈ॥ ਜਸ ਓਹ ਹੈ ਤਸ ਲਖੈ ਨ ਕੋਈ॥ ੨॥

ਬੋਲ=ਦ੍ਵੈਤ ਬੀਤ ਗਈ ਹੈ ਤੇ ਅਬੋਲ=ਅਦ੍ਵੈਤ ਅਜੇ ਆਈ ਨਹੀਂ, ਤਿਸ ਸੰਧੀ ਵਿਚ ਜੋ ਪ੍ਰਕਾਸ਼ ਕਰਨ ਵਾਲਾ ਪਰਮੇਸ਼ਰ ਹੈ, ਜੈਸਾ ਉਸ ਦਾ ਸਰੂਪ ਹੈ, ਤੈਸਾ ਗੁਰਾਂ ਤੋਂ ਬਿਨਾਂ ਕੋਈ ਜਾਣ ਨਹੀਂ ਸਕਦਾ॥ ੨॥

ਪੁਨਾ-ਕਾਜ਼ੀ ਨੇ ਕਿਹਾ ਕਿ ਹੇ ਭਗਤ ਜੀ ! ਇਨ੍ਹਾਂ ਗੱਲਾਂ ਤੋਂ ਮਾਲੂਮ ਹੁੰਦਾ ਹੈ ਕਿ ਤੁਸਾਂ ਨੇ ਅੱਲਾ ਨੂੰ ਜਾਣ ਲਿਆ ਹੈ। ਇਸ ਗੱਲ ਨੂੰ ਸੁਣ ਕੇ ਕਬੀਰ ਜੀ ਨੇ ਕਿਹਾ-

ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ॥

ਹੇ ਕਾਜ਼ੀ ! ਜੇਕਰ ਮੈਨੇ ਅੱਲਾ ਨੂੰ ਲਹਉ=ਲਖ ਲਿਆ ਹੈ ਤਾਂ ਮੈਂ ਤੈਨੂੰ ਕੀ ਕਹਾਂ, ਜੇ ਕਹਾਂ ਭੀ ਸਹੀ ਤਾਂ ਤੈਨੇ ਕੋਈ ਉਪਕਾਰ ਥੋੜ੍ਹਾ ਨਿਸਚੇ ਕਰਨਾ ਹੈ, ਤੈਨੇ ਤਾਂ ਏਹੀ ਆਖਣਾ ਹੈ ਇਹ ਜੁਲਾਹਿਆ ਐਵੇਂ ਬੋਲਦਾ ਹੈ।

ਵਾ:-ਜੇ ਕਹੀਏ ਤਾਂ ਕਿਸੇ ਉੱਤੇ ਉਪਕਾਰ ਥੋੜ੍ਹਾ ਕਰਨਾ ਹੈ, ਆਪਣੇ ਭਲੇ ਵਾਸਤੇ ਕਹਿਣਾ ਹੈ। ਵਾ:-ਜੇ ਕਹੀਏਂ ਤਾਂ ਕਿਸੇ ਉੱਤੇ ਉਪਕਾਰ ਕਰਕੇ ਕਹੀਏ।

ਵਾ:-ਜੇ ਕੁਝ ਕਹੀਏ ਤਾਂ ਪਰਮੇਸ਼ਰ ਦਾ ਕੋਈ ਉਪਕਾਰ ਹੀ ਕਹੀਏ।

ਯਥਾ- ਜਿਨਿ ਦੀਆ ਤੁਧੁ ਪਵਨੁ ਅਮੋਲਾ॥ ਜਿਨਿ ਦੀਆ ਤੁਧੁ ਨੀਰੁ ਨਿਰਮੋਲਾ॥

ਜਿਨਿ ਦੀਆ ਤੁਧੁ ਪਾਵਕੁ ਬਲਨਾ॥ ਤਿਸੁ ਠਾਕੁਰ ਕੀ ਰਹੁ ਮਨ ਸਰਨਾ॥ ੩॥

(ਪੰਨਾ ੯੧੩)

*ਪ੍ਰਸ਼ਨ-*ਜਿਸ ਅੱਲਾ ਨੂੰ ਆਪ ਨੇ ਪਾਇਆ ਹੈ ਉਹ ਕਿਥੇ ਰਹਿੰਦਾ ਹੈ? *ਉੱਤਰ-*

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥ ੩॥

ਹੇ ਕਾਜ਼ੀ ! ਜਾਕੋ=ਜਿਸ ਪਰਮੇਸ਼ਰ ਦਾ ਤ੍ਰਿਲੋਕੀ ਆਦਿਕ ਵਿਸਥਾਰ ਕੀਤਾ ਹੋਇਆ ਹੈ ਉਹ ਸੰਸਾਰ ਵਿਚ ਐਸੇ ਮਿਲ ਰਿਹਾ ਹੈ ਜਿਵੇਂ ਬੋਹੜ ਦੇ ਵਿਚ ਬੀਜ ਤੇ ਬੀਜ ਦੇ ਵਿਚ ਬੋਹੜ ਰਵਿ ਰਿਹਾ ਹੈ॥ ੩॥

ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ॥

ਜਿਸ ਵੇਲੇ ਕੁਝ ਸ਼ਾਸਤ੍ਰਾਂ ਦੁਆਰੇ ਤੇ ਕੁਝ ਗੁਰਾਂ ਦੁਆਰੇ ਭੇਦ ਪਾਇਆ ਤਾਂ ਅੱਲਾ ਵਿਚ ਤੇ ਅੱਲਾ ਦੇ

ਲਹੰਤਾ=ਜਾਨਣ ਵਾਲੇ ਫਕੀਰਾਂ ਵਿਚ ਜੋ ਭੇਦ ਮੰਨਿਆਂ ਹੋਇਆ ਸੀ ਉਹ ਛੈ=ਨਾਸ ਹੋ ਗਿਆ।

ਯਥਾ:- ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥

ਅਥਵਾ:-ਜਿਸ ਵੇਲੇ ਗੁਰਾਂ ਦੁਆਰੇ ਪਰਮੇਸ਼ਰ ਦੀ ਪ੍ਰਾਪਤੀ ਦਾ ਕੁਝ ਭੇਦ ਪਾਇਆ ਤੇ ਅੱਲਾ ਨੂੰ ਆਪਣਾ ਸਰੂਪ ਕਰਕੇ ਲਹੰਤਾ=ਲਖਿਆ ਤਾਂ ਕਛੁ=ਤੁਛ ਭੇਦ ਸਾਰੇ ਛੈ=ਨਾਸ ਹੋ ਗਏ।

ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ॥ ੪॥

ਜਿਸ ਵੇਲੇ ਮਨ ਭੇਦਾਂ ਵਲੋਂ ਉਲਟਿ=ਹਟ ਕੇ ਪਰਮੇਸ਼ਰ ਦੇ ਭਜਨ ਵਿਚ ਬੇਧਿਓ=ਮਿਲਿਆ ਤਾਂ ਅਭੰਗ=ਨਾਸ ਤੋਂ ਰਹਿਤ, ਅਛੇਦ=ਕਟਣ ਤੋਂ ਰਹਿਤ ਪਰਮਾਤਮਾ ਨੂੰ ਪਾ ਲਿਆ ॥ ੪॥

ਪ੍ਰਸ਼ਨ-ਤੁਰਕ ਅੱਲਾ ਨੂੰ ਕਿਸ ਦੁਆਰੇ ਜਾਣਦੇ ਹਨ ਅਤੇ ਹਿੰਦੂ ਲੋਕ ਪਰਮੇਸ਼ਰ ਨੂੰ ਕਿਸ ਤਰ੍ਹਾਂ ਜਾਣਦੇ ਹਨ? ਉੱਤਰ-

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ॥

ਤੁਰਕ=ਮੁਸਲਮਾਨ ਤਾਂ ਤਰੀਕਤ ਕਿਤਾਬ ਦੁਆਰਾ ਅੱਲਾ ਨੂੰ ਜਾਣਦੇ ਹਨ ਤੇ ਹਿੰਦੂ ਲੋਕ ਬੇਦਾਂ ਪੁਰਾਨਾਂ ਦੁਆਰੇ ਪਰਮੇਸ਼ਰ ਨੂੰ ਜਾਣਦੇ ਹਨ।

ਪ੍ਰਸ਼ਨ-ਬੇਦਾਂ ਨੂੰ ਤਾਂ ਬਨ ਰੂਪ ਕਥਨ ਕੀਤਾ ਹੈ, ਇਸ ਦੇ ਵਿਚ ਜੋ ਪੈਂਦਾ ਹੈ ਉਹ ਤਾਂ ਵਿਚੇ ਹੀ ਭੁਲਿਆ ਫਿਰਦਾ ਹੈ, ਕਿਉਂਕਿ ਇਸਦਾ ੮੦ ਹਜ਼ਾਰ ਸਲੋਕ ਕਰਮ ਕਾਂਡ ਦਾ ਕਥਨ ਕੀਤਾ ਹੈ। ਇਸ ਕਰਮ ਕਾਂਡ ਵਿਚ ਜੋ ਫਸਿਆ ਹੈ ਉਹ ਤਾਂ ਮੁੜ ਕੇ ਨਿਕਲਦਾ ਹੀ ਨਹੀਂ, ਇਸ ਤੇ ਆਪ ਦਸੋ ਕਿ ਵੇਦਾਂ ਨੂੰ ਪੜ੍ਹਨਾ ਚਾਹੀਦਾ ਹੈ ਕਿ ਨਹੀਂ? ਉੱਤਰ-

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥ ੫॥

ਆਪਣੇ ਚੰਚਲ ਮਨ ਨੂੰ ਸਮਝਾਉਣ ਵਾਸਤੇ ਕੁਝ ਕੁ ਵੇਦਾਂ ਨੂੰ ਪੜ੍ਹਨਾ ਚਾਹੀਦਾ ਹੈ ਜੋ ੧੬ ਹਜ਼ਾਰ ਸਲੋਕ ਉਪਾਸ਼ਨਾਂ ਕਾਂਡ ਦਾ ਹੈ ਉਹ ਜ਼ਰੂਰ ਪੜ੍ਹਨਾ ਚਾਹੀਦਾ ਹੈ। ਜਿਸ ਤੇ ਗਿਆਨ ਦੀ ਪ੍ਰਾਪਤੀ ਹੋ ਜਾਵੇ॥ ੫॥

ਪ੍ਰਸ਼ਨ-ਆਪ ਜੀ ਨੇ ਕਿਸ ਦੀ ਉਪਾਸ਼ਨਾਂ ਕੀਤੀ ਹੈ ਅਤੇ ਕਿਸ ਨੂੰ ਜਾਣਿਆਂ ਹੈ। ਉੱਤਰ-

ਓਅੰਕਾਰ ਆਦਿ ਮੈ ਜਾਨਾ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ॥

ਸਾਰਿਆਂ ਦੀ ਆਦਿ ਜੋ ਓਅੰਕਾਰ=ਮੰਗਲ ਸਰੂਪ ਪਰਮਾਤਮਾ ਹੈ ਤਿਸ ਨੂੰ ਮੈਨੇ ਜਾਣਿਆਂ ਹੈ। ਜੋ ਓਅੰਕਾਰ ਅੱਖਰਾਂ ਵਿਚ ਲਿਖਿਆ ਤੇ ਮੇਟਿਆ ਜਾਂਦਾ ਹੈ ਤਿਸ ਨੂੰ ਮੈਂ ਨਹੀਂ ਮੰਨਦਾ।

ਅਥਵਾ:-ਓਅੰਕਾਰ ਦਾ ਅ.ਾਦਿ ਜੋ ਲਖਸ਼ ਭਾਗ ਹੈ ਤਿਸ ਨੂੰ ਮੈਂ ਜਾਣ ਲਿਆ ਹੈ, ਲਿਖਣੇ ਵਾਲਾ ਬ੍ਰਹਮਾ ਅਤੇ ਮੇਟਣੇ ਵਾਲਾ ਸ਼ਿਵ ਤਿਨ੍ਹਾਂ ਨੂੰ ਮੈਂ ਨਹੀਂ ਮੰਨਦਾ।

ਓਅੰਕਾਰ ਲਖੈ ਜਉ ਕੋਈ॥ ਸੋਈ ਲਖਿ ਮੇਟਣਾ ਨ ਹੋਈ॥ ੬॥

ਜਿਹੜਾ ਕੋਈ ਪੁਰਸ਼ ਓਅੰਕਾਰ ਦੇ ਲਖਸ਼ ਸਰੂਪ ਨੂੰ ਜਾਣਦਾ ਹੈ।

ਵਾ:-ਮੰਗਲ ਸਰੂਪ ਪਰਮੇਸ਼ਰ ਨੂੰ ਜਾਣਦਾ ਹੈ। ਓਹੀ ਲਖਸ਼ ਸਰੂਪ ਹੁੰਦਾ ਹੈ, ਉਸ ਦਾ ਫਿਰ ਮੇਟਣਾ=ਨਾਸ ਨਹੀਂ ਹੁੰਦਾ॥ ੬॥

ਕਕਾ ਕਿਰਣਿ ਕਮਲ ਮਹਿ ਪਾਵਾ ॥ ਸਸਿ ਬਿਗਾਸ ਸੰਪਟ ਨਹੀ ਆਵਾ ॥

ਕਕੇ ਦੁਆਰਾ ਕਥਨ ਕਰਦੇ ਹਨ-ਜਿਵੇਂ ਪ੍ਰਤੱਖ ਸੂਰਜ ਦੇ ਉਦੇ ਹੋਣ ਨਾਲ ਕਵਲ ਫੁਲ ਖਿੜ ਜਾਂਦਾ ਹੈ ਤੇ ਚੰਦ੍ਰਮਾ ਦੇ ਚੜ੍ਹਨ ਨਾਲ ਕਵਲ ਫੁੱਲ ਮੁੰਦਿਆ ਜਾਂਦਾ ਹੈ, ਪਰੰਤੂ ਇਸ ਪ੍ਰਤੱਖ ਸੂਰਜ ਨਾਲੋਂ ਗੁਰੂ ਸਾਹਿਬ ਜੀ ਰੂਪੀ ਸੂਰਜ ਬੜੇ ਪ੍ਰਤਾਪੀ ਹਨ, ਕਿਉਂਕਿ ਜਿਸ ਵੇਲੇ ਗੁਰੂ ਸਾਹਿਬ ਜੀ ਰੂਪ ਸੂਰਜ ਆਪਣੀਆਂ ਉਪਦੇਸ਼ ਰੂਪੀ ਕਿਰਨਾਂ ਨੂੰ ਜਗਿਆਸੂ ਦੇ ਹਿਰਦੇ ਰੂਪ ਕਵਲ ਫੁੱਲ ਵਿਚ ਪਾਂਵਦੇ ਹਨ ਤਾਂ ਤ੍ਰਿਗੁਣ ਆਤਮਕ ਮਾਇਆ ਰੂਪੀ 'ਸਸਿ ਬਿਗਾਸ'=ਚੰਦ੍ਰਮਾ ਦੇ ਪ੍ਰਗਟ ਹੋਣ ਪਰ ਭੀ ਜਗਿਆਸੂ ਦਾ ਹਿਰਦਾ ਕਵਲ ਰਾਜੇ ਜਨਕ ਵਤ 'ਸੰਪਟ ਨਹੀ ਆਵਾ'=ਮੁੰਦਨੇ ਵਿਚ ਨਹੀਂ ਆਉਂਦਾ।

ਅਥਵਾ:- ਜਦ ਤੋਂ ਗੁਰੂ ਰੂਪੀ ਸਸਿ=ਚੰਦ੍ਰਮਾ ਆਪਣੀਆਂ ਉਪਦੇਸ਼ ਰੂਪੀ ਕਿਰਨਾਂ ਨੂੰ ਜਗਿਆਸੂ ਦੀ ਬੁੱਧੀ ਰੂਪ ਕਮਲ ਮਹਿ ਪਾਵਾ=ਕਵੀ ਵਿਚ ਪਾਂਵਦੇ ਹਨ, ਤਦ ਕਾਲ ਤੋਂ ਤਮੋਗੁਣ ਰੂਪੀ ਸੂਰਜ ਦੇ ਬਿਗਾਸ=ਉਦੇ ਹੋਣ ਪਰ ਵੀ ਉਹ ਬੁੱਧੀ ਰੂਪੀ ਕਵੀ ਸੰਪਟ ਨਹੀਂ ਆਵਾ=ਮੁੰਦਨੇ ਵਿਚ ਨਹੀਂ ਆਉਂਦੀ। ਜਿਵੇਂ ਦੁਰਬਾਸ਼ਾ ਰਿਖੀ ਜੀ ਸਾਰੀ ਉਮਰਾ ਤਮੋਗੁਣੀ ਰਹੇ ਹਨ ਪਰ ਬ੍ਰਹਮ ਗਿਆਨ ਵਿਚ ਕੋਈ ਫਰਕ ਨਹੀਂ ਆਇਆ।

ਅਰੁ ਜੇ ਤਹਾ ਕੁਸਮ ਰਸੁ ਪਾਵਾ ॥ ਅਕਹ ਕਹਾ ਕਹਿ ਕਾ ਸਮਝਾਵਾ ॥ ੭ ॥

ਅਰੁ-ਬਹੁੜੋ ਗੁਰਾਂ ਨੇ ਤਿਸ ਹਿਰਦੇ ਰੂਪ ਕਵਲ ਫੁਲ ਵਿਚ, ਵਾ:-ਬੁੱਧੀ ਰੂਪ ਕਵੀ ਵਿਚ ਜਿਹੜਾ ਆਤਮ ਰਸ ਪਾਇਆ ਹੈ, ਉਹ ਰਸ ਕਹਿਣੇ ਤੋਂ ਅਕਹਿ ਹੈ, ਭਾਵ ਕਥਨ ਨਹੀਂ ਕੀਤਾ ਜਾਂਦਾ। ਮੈਂ ਕਿਸੇ ਨੂੰ ਕੀ ਕਹਿ ਕੇ ਸਮਝਾਵਾਂ? ਕਿਉਂਕਿ ਇਹ ਰਸ ਐਸਾ ਹੈ ਜੋ ਕਿਹਾ ਨਹੀਂ ਜਾਂਦਾ।

ਯਥਾ- ਕਹੁ ਕਬੀਰ ਗੁੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥ *(ਪੰਨਾ ੩੩੪)*

ਖਖਾ ਇਹੈ ਖੋੜਿ ਮਨ ਆਵਾ ॥ ਖੋੜੇ ਛਾਡਿ ਨ ਦਹ ਦਿਸ ਧਾਵਾ ॥

ਪਹਿਲਾ ਅਰਥ—ਖਖੇ ਦੁਆਰਾ ਕਥਨ ਕਰਦੇ ਹਨ-ਜਿਸ ਗੁਰਮੁਖ ਦਾ ਇਹ ਮਨ ਬ੍ਰਹਮ ਰੂਪ ਖੋੜ ਵਿਚ, ਆਇਆ ਹੈ ਉਸ ਦਾ ਮਨ ਫਿਰ ਬ੍ਰਹਮ ਰੂਪੀ ਖੋੜੇ=ਗੁਫਾ ਨੂੰ ਛਡ ਕੇ ਦਸੋ ਦਿਸਾਂ ਵਿਖੇ ਨਹੀਂ ਧਾਂਵਦਾ।

ਦੂਜਾ ਅਰਥ— ਵਿਚ ਚਕ੍ਰਕਾ ਲਗਦੀ ਹੈ--ਖਖੇ ਦੁਆਰਾ ਕਥਨ ਕਰਦੇ ਹਨ-ਇਸ ਜੀਵ ਦਾ ਮਨ ਜਦੋਂ ਸਤਸੰਗਤ ਰੂਪੀ ਖੋੜ ਵਿਚ ਆਇਆ ਤਾਂ ਪ੍ਰੇਮ ਰੂਪੀ ਖੋੜ ਵਿਚ ਆਇਆ ਜਾਂ ਪ੍ਰੇਮ ਰੂਪੀ ਖੋੜ ਵਿਚ ਆਇਆ ਤਾਂ ਗੁਰ ਉਪਦੇਸ਼ ਰੂਪੀ ਖੋੜ ਵਿਚ ਆਇਆ ਤਾਂ ਹੀ ਨਾਮ ਰੂਪੀ ਖੋੜ ਵਿਚ ਆਇਆ। ਜਾਂ ਨਾਮ ਰੂਪੀ ਖੋੜ ਵਿਚ ਆਇਆ ਤਾਂ ਅੰਤ੍ਰਮੁਖਤਾ ਰੂਪੀ ਖੋੜ ਵਿਚ ਆਇਆ, ਜਾਂ ਅੰਤ੍ਰਮੁਖਤਾ ਰੂਪੀ ਖੋੜ ਵਿਚ ਆਇਆ ਤਾਂ ਗਿਆਨ ਰੂਪੀ ਖੋੜ ਵਿਚ ਆਇਆ। ਜਾਂ ਗਿਆਨ ਰੂਪੀ ਖੋੜ ਵਿਚ ਆਇਆ ਤਾਂ ਆਤਮਾ ਰੂਪੀ ਖੋੜ ਵਿਚ ਆਇਆ। ਜਾਂ ਆਤਮਾ ਰੂਪੀ ਖੋੜ ਵਿਚ ਆਇਆ ਤਾਂ ਬ੍ਰਹਮ ਰੂਪੀ ਖੋੜ ਵਿਚ ਆਇਆ ਭਾਵ ਬ੍ਰਹਮ ਆਤਮਾ ਦਾ ਅਭੇਦ ਨਿਸਚੇ ਕੀਤਾ ਤਾਂ ਫਿਰ ਉਸ ਬ੍ਰਹਮ ਰੂਪੀ ਖੋੜ ਨੂੰ ਛਡ ਕੇ ਦਸੋ ਦਿਸ਼ਾ ਵਿਚ ਨਹੀਂ ਦੌੜਦਾ।

ਖਸਮਹਿ ਜਾਣਿ ਖਿਮਾ ਕਰਿ ਰਹੈ ॥ ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥੮ ॥

ਜੀਵਨ ਮੁਕਤੀ ਦੇ ਅਨੰਦ ਵਾਸਤੇ ਖਸਮਹਿ=ਪਰਮਾਤਮਾ ਨੂੰ ਪਰੀਪੂਰਨ ਜਾਣ ਕੇ ਸਭ ਉਤੇ ਖਿਮਾ ਕਰ ਰਹੇ ਤਾਂ ਫਿਰ ਵਿਦੇਹ ਮੁਕਤੀ ਕਾਲ ਵਿਚ ਅਖੈ ਪਦੁ ਲਹੈ=ਨਾਸ ਤੋਂ ਰਹਿਤ ਆਤਮਪਦ ਨੂੰ ਲੈ ਕੇ ਨਿ+ਖਿਅਉ=ਨਾਸ ਤੋਂ ਰਹਿਤ ਭਾਵ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ॥ ੮॥

ਗਗਾ ਗੁਰ ਕੇ ਬਚਨ ਪਛਾਨਾ॥ ਦੂਜੀ ਬਾਤ ਨ ਧਰਈ ਕਾਨਾ॥

ਗਗੇ ਦੁਆਰਾ ਕਥਨ ਕਰਦੇ ਹਨ-ਗੁਰਾਂ ਦੇ ਬਚਨ=ਉਪਦੇਸ਼ ਨੂੰ ਪਛਾਣਨਾ ਕਰੇ। ਗੁਰ ਉਪਦੇਸ਼ ਤੋਂ ਬਿਨਾਂ ਹੋਰ ਕੋਈ ਦੂਜੀ ਗੱਲ ਵਾ:-ਦੂਜੀ=ਦ੍ਵੈਤ ਦੀ ਗੱਲ ਕਾਨਾ=ਕੰਨਾਂ ਵਿਚ ਨਾ ਧਾਰਨਾ ਕਰੇ।

ਰਹੈ ਬਿਹੰਗਮ ਕਤਹਿ ਨ ਜਾਈ॥ ਅਗਹ ਗਹੈ ਗਹਿ ਗਗਨ ਰਹਾਈ॥ ੯॥

ਬਿਹੰਗਮ=ਪੰਛੀ ਵਾਂਗੂੰ ਸਹਾਰੇ ਵਾਲੀ ਬਿਰਤੀ ਕਰ ਰਹੇ।

ਯਥਾ- ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥ *(ਪੰਨਾ ੧੪੪)*

ਸਹਿਜ ਸੁਭਾਵਕ ਜੋ ਮਿਲ ਜਾਵੇ ਉਸ ਨੂੰ ਸੰਤੋਖ ਨਾਲ ਖਾ ਲਵੇ, ਵਾਸ਼ਨਾਂ ਦੇ ਬਲ ਕਰਕੇ ਕਤਹਿ=ਕਿਸੇ ਤਰਫ ਨਾ ਜਾਵੇ।

ਵਾ:-ਬਿ+ਹੰਗਮ=ਹੰਗਤਾ ਤੋਂ ਰਹਿਤ ਹੋ ਰਹੇ ਤਾਂ ਕਤਹਿ ਨ ਜਾਈ=ਕਿਸੇ ਜੂਨ ਵਿਚ ਨਹੀਂ ਜਾਂਦਾ।

ਜੋ ਚੇਤਨ ਅਸ਼ੁਧ ਮਨ ਕਰਕੇ ਪਕੜਨੇ ਸੇ ਅਗਹ=ਅਪਕੜ ਹੈ ਉਸ ਚੇਤਨ ਦੇਵ ਨੂੰ ਸ਼ੁਧ ਮਨ ਕਰਕੇ ਗਹਿ ਰਹਾਈ=ਪਕੜ ਰਖਦਾ ਹੈ, ਕਿਉਂਕਿ ਇਹ ਨਿਯਮ ਹੈ ਕਿ ਸ਼ੁਧ ਮਨ ਤੋਂ ਬਿਨਾਂ ਉਸ ਦੀ ਪ੍ਰਾਪਤੀ ਨਹੀਂ ਹੁੰਦੀ।

ਯਥਾ- ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥ ੫॥ *(ਪੰਨਾ ੪੬੯)*

ਸੰਪ੍ਰਦਾਈ ਗਿਆਨੀ ਅਰਥ ਇਸ ਤਰ੍ਹਾਂ ਕਰਦੇ ਹਨ ਕਿ ਗਿਆਨ ਦਾ ਬਧਾ ਹੋਇਆ ਮਨ ਇਸਥਿਤ ਰਹਿੰਦਾ ਹੈ, ਪਰੰਤੂ ਗੁਰ ਬਿਨੁ=ਸ਼ੁਧ ਮਨ ਤੋਂ ਬਿਨਾਂ ਗਿਆਨ ਨਹੀਂ ਹੁੰਦਾ। ਕਈ ਲੋਕ ਇਹ ਵੀ ਅਰਥ ਕਰਦੇ ਹਨ ਕਿ ਗੁਰਾਂ ਤੋਂ ਬਿਨਾਂ ਗਿਆਨ ਨਹੀਂ ਹੁੰਦਾ। ਇਸ ਦਾ ਭਾਵ ਇਹ ਹੈ ਗਿਆਨ ਦੀ ਪ੍ਰਾਪਤੀ ਵਿਚ ਗੁਰੂ ਸਾਹਿਬ ਜੀ ਤਾਂ ਨਮਿਤ ਕਾਰਨ ਹਨ ਤੇ ਜਿਹੜਾ ਸ਼ੁਧ ਮਨ ਹੈ ਗਿਆਨ ਦੀ ਪ੍ਰਾਪਤੀ ਵਿਖੇ ਉਪਾਦਨ ਕਾਰਨ ਹੈ।

*ਅਥਵਾ:-*ਸ਼ਕਤੀ ਬਿਰਤੀ ਕਰਕੇ ਪਕੜ ਤੋਂ ਅਪਕੜ ਜੋ ਚੇਤਨ ਹੈ ਉਸ ਨੂੰ ਲਖਸ਼ਣਾ ਬਿਰਤੀ ਕਰ ਗਹਿ ਰਹਾਈ=ਪਕੜ ਰਖਦਾ ਹੈ ਅਰਥਾਤ ਭਾਗ ਤਿਆਗ ਲਖਸ਼ਣਾ ਦੁਆਰਾ ਵਾਚ ਵਾਚ ਦਾ ਤਿਆਗ ਕਰਕੇ ਤੇ ਲਖਸ਼ ਲਖਸ਼ ਦੀ ਏਕਤਾ ਦੁਆਰਾ ਸਾਖਿਆਤਕਾਰ ਕਰਦਾ ਹੈ॥ ੯॥

ਘਘਾ ਘਟਿ ਘਟਿ ਨਿਮਸੈ ਸੋਈ॥ ਘਟ ਫੂਟੇ ਘਟਿ ਕਬਹਿ ਨ ਹੋਈ॥

ਘਘੇ ਅੱਖਰ ਦੁਆਰਾ ਕਥਨ ਕਰਦੇ ਹਨ-ਉਹ ਪਰਮੇਸ਼ਰ ਹਰ ਇਕ ਘਟ ਘਟ ਵਿਚ ਨਿਮਸੈ=ਇਸਥਿਤ ਹੋ ਰਿਹਾ ਹੈ। ਵਾ:-ਨਿਮਸੈ=ਪ੍ਰਕਾਸ਼ ਰਿਹਾ ਹੈ।

*ਪ੍ਰਸ਼ਨ-*ਜੇ ਪਰਮਾਤਮਾ ਸਾਰੇ ਸਰੀਰਾਂ ਵਿਚ ਪੂਰਨ ਹੈ ਤਾਂ ਸਰੀਰਾਂ ਦੇ ਨਾਸ ਹੋਣ ਤੇ ਉਸ ਦਾ ਵੀ ਨਾਸ ਹੋ ਜਾਂਦਾ ਹੋਵੇਗਾ? *ਉੱਤਰ-*

ਘਟ ਫੂਟੇ=ਸਰੀਰ ਦੇ ਨਾਸ ਹੋਣੇ ਤੇ ਉਸ ਪਰਮਾਤਮਾ ਦਾ ਘਟਿ=ਨਾਸ ਕਦੇ ਨਹੀਂ ਹੁੰਦਾ। ਜਿਵੇਂ ਮਿੱਟੀ ਦੇ ਘੜੇ ਫੁਟਣ ਨਾਲ ਮਹਾਂਕਾਸ਼ ਦਾ ਨਾਸ ਨਹੀ ਹੁੰਦਾ।

ਨ ਜਾਯਤੇ ਮ੍ਰਿਯਤੇ ਵਾ ਕਦਾਚਿੰਨ ਨਯੰ ਭੂਤਵਾ ਭਵੀਤਾ ਵਾ ਨ ਭੂਸਹ॥

ਅਜੋ ਨਿਤਜਹ ਸ਼ਾਸ਼ਤੋਜੰ ਪੁਰਾਣੋ ਨ ਹਨੱਜਤੇ ਹਨਜਮਾਨੇ ਸ਼ਰੀਰੇ॥ ੨੦॥ *(ਗੀਤਾ ਧਿਆ ਦੂਜਾ)*

ਅਰਥ-ਇਹ ਆਤਮਾ ਕਿਸੀ ਕਾਲ ਵਿਚ ਵੀ ਕਦੇ ਜਾਯਤੇ ਵਾ ਮ੍ਰਿਯਤੇ=ਜੰਮਦਾ ਅਤੇ ਮਰਦਾ ਨਹੀਂ ਹੈ। ਇਹ ਆਤਮਾ ਅਜੋ=ਅਜਨਮਾ ਹੈ। ਨਿਤਯਹ=ਨਿਤ ਹੈ। ਅਯੰ=ਇਹ ਆਤਮਾ ਸ਼ਾਸ਼ਵਤੋ=ਸਰਬ ਕਾਲ ਵਿਚ ਹੈ। ਪੁਰਾਣੋ=ਅਨਾਦੀ ਕਾਲ ਦਾ ਹੈ। ਚਿੰਨ ਨਾਯੰ=ਨਵਾਂ ਨਹੀਂ ਭੂਤਵਾ=ਹੋਇਆ। ਵਾ=ਅਤੇ ਭੂਯਹ=ਫਿਰ ਭਵੀਤਾ ਨ =ਅਗੇ ਹੋਣੇ ਵਾਲਾ ਭੀ ਨਹੀਂ ਹੈ ਭਾਵ ਜੰਮਣੇ ਵਾਲਾ ਭੀ ਨਹੀਂ ਹੈ। ਸਰੀਰ ਦੇ ਹਨਯਮਾਨੇ=ਮਰਨੇ ਪਰ ਭੀ ਉਹ ਆਤਮ ਨ ਹਨੱਯਤੇ=ਨਹੀਂ ਮਰਦਾ।

ਤਾ ਘਟ ਮਾਹਿ ਘਾਟ ਜਉ ਪਾਵਾ॥
ਸੋ ਘਟੁ ਛਾਡਿ ਅਵਘਟ ਕਤ ਧਾਵਾ॥ ੧੦॥

ਤਾ ਘਟ ਮਾਹਿ=ਤਿਸ ਸਰੀਰ ਦੇ ਵਿਚ ਜੋ ਪੁਰਸ਼ ਪਰਮੇਸ਼ਰ ਦੀ ਪ੍ਰਾਪਤੀ ਦੇ ਘਾਟ=ਰਸਤੇ ਨੂੰ ਜਦ ਪਾਂਵਦਾ ਹੈ ਤਾਂ-

ਉਹ ਪੁਰਸ਼ ਉਸ ਸਰੀਰ ਘਟ ਨੂੰ ਛਡ ਕੇ ਜੰਗਲ ਆਦਿਕ ਅਵਘਟ=ਕਠਨ ਰਸਤਿਆਂ ਵਿਚ ਕਤ ਧਾਵਾ=ਕਿਸ ਵਾਸਤੇ ਦੌੜਦਾ ਹੈ ਅਰਥਾਤ ਨਹੀਂ ਦੌੜਦਾ॥ ੧੦॥

ਛੰਡਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ॥

ਛੰਡੇ ਦੁਆਰਾ ਕਥਨ ਕਰਦੇ ਹਨ-ਹੇ ਭਾਈ ! ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਨਿਗ੍ਰਹਿ=ਰੋਕ ਕੇ ਭਾਵ ਦਮਨ ਕਰ ਕੇ ਪਰਮਾਤਮਾ ਵਿਚ ਸਨੇਹੁ ਕਰਿ=ਪ੍ਰੇਮ ਕਰ, ਪਰਮੇਸ਼ਰ ਪ੍ਰਾਪਤ ਹੋਵੇਗਾ ਕਿ ਨਹੀਂ? ਇਸ ਸੰਦੇਹ= ਸੰਸੇ ਨੂੰ ਨਵਿਰਤ ਕਰ।

ਵਾ:-ਹੇ ਭਾਈ ! ਪਰਮੇਸ਼ਰ ਦੇ ਸਨੇਹੁ=ਪ੍ਰੇਮ ਨੂੰ ਨਿ+ਗ੍ਰਹਿ ਕਰਿ=ਵਿਸ਼ੇਸ਼ ਕਰਕੇ ਗ੍ਰਹਿਣ ਕਰ, ਬਹੁਤਾ ਭਜਨ ਕਰਦਿਆਂ ਕਰਦਿਆਂ ਜੋ ਸੰਸਾ ਉੱਠਦਾ ਹੈ ਕਿ ਅਜੇ ਤਕ ਪਰਮੇਸ਼ਰ ਨਹੀਂ ਮਿਲਿਆ ਤੇ ਅਗੋਂ ਕਿਸ ਤਰ੍ਹਾਂ ਮਿਲੇਗਾ? ਇਸ ਸੰਸੇ ਨੂੰ ਨਵਿਰਤ ਕਰ ਕੇ ਭਜਨ ਕੀਤੀ ਜਾਹ।

ਯਥਾ- ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥ ੨੨੩॥ *(ਪੰਨਾ ੧੩੭੬)*

ਜਿਵੇਂ ਫਰੀਦ ਭਗਤ ੩੬ ਬਰਸ ਤਪ ਕਰਦਾ ਰਿਹਾ ਪਰ ਉਸ ਨੇ ਆਪਣੇ ਮਨ ਨੂੰ ਨਹੀਂ ਢਾਹਿਆ।

ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ॥ ੧੧॥

ਇਹ ਗੱਲ ਦੇਖ ਕੇ ਦੌੜ ਨਾ ਜਾਵੇ, ਕਿ ਇਤਨਾ ਭਜਨ ਕੀਤਾ ਹੈ ਤੇ ਅਜੇ ਪਰਮੇਸ਼ਰ ਪ੍ਰਾਪਤ ਨਹੀਂ ਹੋਇਆ। ਇਹ ਬੜੀ ਭਾਰੀ ਸਿਆਣਪ ਹੈ॥ ੧੧॥

ਪਾਰਬਤੀ ਵਾਂਗੂੰ ਹਠ ਧਾਰ ਲਵੇਂ ਜਿਵੇਂ ਪਾਰਬਤੀ ਨੇ ਕਿਹਾ ਸੀ-

ਜਨਮ ਕੋਟਿ ਲਗਿ ਰਗਰ ਹਮਾਰੀ॥ ਰਵਉਂ ਸ਼ੰਭੁ ਨਤਿ ਰਹਉ ਕੁਆਰੀ॥ ੮੧॥

(ਤੁਲਸੀ ਰਮਾਇਣ ਬਾਲਕਾਂਡ)

ਚਚਾ ਰਚਿਤ ਚਿਤ੍ਰ ਹੈ ਭਾਰੀ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ॥

ਚਚੇ ਦੁਆਰਾ ਕਥਨ ਕਰਦੇ ਹਨ-ਇਹ ਸੰਸਾਰ ਇਕ ਵੱਡਾ ਭਾਰੀ ਚਿੱਤ੍ਰ ਰਚਿਆ ਹੋਇਆ ਹੈ। ਇਸ

ਚਿਤ੍ਰੈ=ਸੰਸਾਰ ਨੂੰ ਤਿਆਗ ਕੇ ਚਿਤ੍ਰਕਾਰੀ ਕਰਨ ਵਾਲੇ ਪਰਮੇਸ਼ਰ ਨੂੰ ਚੇਤਨਾ ਕਰ।

ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥ ੧੨ ॥

ਬਚਿਤ੍ਰ=ਨਾਨਾ ਪ੍ਰਕਾਰ ਦਾ ਜੋ ਚਿਤ੍ਰ=ਸੰਸਾਰ ਹੈ, ਇਹ ਅਵਝੇਰਾ=ਝਗੜਾ ਰੂਪ ਹੈ।

ਵਾ:-ਅਵ+ਝੇਰਾ=ਅਬੀ ਝੜ ਜਾਣੇ ਵਾਲਾ ਹੈ ਵਾ:-ਅਵਝੇਰਾ=ਖਾਤਾ ਭਾਵ ਟੋਆ ਰੂਪ ਹੈ।

ਵਾ:-ਅਵਝੇਰਾ=ਝਲ ਰੂਪ ਹੈ ਭਾਵ ਬੀਆਬਾਨ ਜੰਗਲ ਰੂਪੀ ਹੈ, ਜੋ ਇਸ ਵਿਚ ਪਿਆ ਹੈ ਉਸ ਦਾ ਨਿਕਲਣਾ ਬੜਾ ਮੁਸ਼ਕਲ ਹੈ।

ਤਾਂਤੇ ਹੇ ਪੁਰਸ਼ਾ ! ਤੂੰ ਚਿਤ੍ਰੈ=ਸੰਸਾਰ ਨੂੰ ਤਿਆਗ ਕੇ ਆਪਣੇ ਚਿਤ ਨੂੰ ਚਿਤੇਰਾ=ਚਿੱਤ੍ਰਕਾਰੀ ਕਰਨ ਵਾਲੇ ਪਰਮੇਸ਼ਰ ਵਿਚ ਰਖਣਾ ਕਰ॥ ੧੨ ॥

ਛਛਾ ਇਹੈ ਛਤ੍ਰਪਤਿ ਪਾਸਾ ॥ ਛਕਿ ਕਿ ਨ ਰਹਹੁ ਛਾਡਿ ਕਿਨ ਆਸਾ ॥

ਛਛੇ ਦੁਆਰਾ ਕਥਨ ਕਰਦੇ ਹਨ-ਇਹ ਆਤਮਾ ਅਭਿੰਨ ਛਤ੍ਰਪਤੀ ਪਰਮਾਤਮਾ ਤੇਰੇ ਪਾਸ ਹੀ ਹੈ।

ਵਾ:-ਹੇ ਪੁਰਸ਼ਾ ! ਤੂੰ ਇਹ ਨਿਸਚੇ ਕਰ ਕਿ ਛਤ੍ਰਪਤੀ ਪਰਮਾਤਮਾ ਮੇਰੇ ਪਾਸ ਹੀ ਹੈ। ਤੂੰ ਆਸਾ ਨੂੰ ਛਾਡਿ ਕਿਨ=ਛਡ ਕਰਕੇ ਉਸ ਵਿਚ ਛਕਿ ਕਿ ਨ ਰਹਹੁ=ਤਦਾਕਾਰ

ਵਾ:-ਪ੍ਰਸੰਨ ਵਾ:-ਫਬ ਕਿਉਂ ਨਹੀਂ ਰਹਿੰਦਾ।

ਵਾ:-ਉਸ ਪਰਮਾਤਮਾ ਵਿਚ ਹੇ ਜੀਵ ! ਤੂੰ ਤਦਾਕਾਰ ਕਿਉਂ ਨਹੀਂ ਰਹਿੰਦਾ ਅਤੇ ਛਾਡਿ ਕਿ ਨ ਆਸਾ= ਪਦਾਰਥਾਂ ਦੀ ਆਸਾ ਨੂੰ ਕਿਉਂ ਨਹੀਂ ਛੱਡਦਾ।

ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥
ਤਾਹਿ ਛਾਡਿ ਕਤ ਆਪੁ ਬਧਾਵਾ ॥ ੧੩ ॥

ਹੇ ਮਨ=ਪਿਆਰੇ ! ਮੈਂ ਤਾਂ ਛਿਨ ਛਿਨ ਕਾਲ ਵਿਚ ਤੈਨੂੰ ਸਮਝਾਂਦਾ ਹਾਂ। ਤੂੰ ਤਿਸ ਪ੍ਰਮਾਤਮਾ ਨੂੰ ਛੱਡ ਕੇ ਆਪਣੇ ਆਪ ਨੂੰ ਧੰਧਿਆਂ ਵਿਚ ਕਿਸ ਵਾਸਤੇ ਬਧਾਵਾ=ਫਸਾਂਵਦਾ ਹੈਂ॥ ੧੩ ॥

ਜਜਾ ਜਉ ਤਨ ਜੀਵਤ ਜਰਾਵੈ ॥ ਜੋਬਨ ਜਾਰਿ ਜੁਗਤਿ ਸੋ ਪਾਵੈ ॥

ਜਜੇ ਦੁਆਰਾ ਕਥਨ ਕਰਦੇ ਹਨ-ਜਉ=ਜਦੀ ਤਨ ਨੂੰ ਜੀਂਵਦਿਆਂ ਜਰਾਵੈ=ਸਾੜ ਦੇਵੇ, ਜੀਂਵਦਿਆਂ ਸਾੜਨਾ ਏਹੀ ਹੈ ਜਿਹੜੀ ਬੋਲੀ ਕਬੋਲੀ ਸਹਾਰਨੀ ਹੈ ਅਤੇ-

ਜੋਬਨ ਅਵਸਥਾ ਨੂੰ ਭੀ ਨਾਮ ਅਗਨੀ ਨਾਲ ਜਾਰਿ=ਸਾੜਨਾ ਕਰੇ ਅਰਥਾਤ ਵਿਸ਼ਿਆਂ ਤੋਂ ਰਹਿਤ ਕਰੇ।

ਵਾ:-ਜੋ+ਬਨ=ਜੰਗਲ ਰੂਪ ਜੋ ਸੰਸਾਰ ਬਣ ਰਿਹਾ ਹੈ ਤਿਸ ਨੂੰ ਬ੍ਰਹਮ ਦ੍ਰਿਸ਼ਟੀ ਰੂਪੀ ਅਗਨੀ ਨਾਲ ਸਾੜਨਾ ਕਰੇ ਤਾਂ ਸੋ=ਉਸ ਪਰਮਾਤਮਾ ਵਿਚ ਜੁਗਤਿ=ਜੁੜਨਾ ਪਾਂਵਦਾ ਹੈ। *ਪ੍ਰਸ਼ਨ*-ਉਸ ਜੋਤੀ ਦੇ ਪ੍ਰਕਾਸ਼ ਨੂੰ ਕਿਵੇਂ ਲੈ ਸਕਦਾ ਹੈ? *ਉੱਤਰ*-

ਅਸ ਜਰਿ ਪਰ ਜਰਿ ਜਰਿ ਜਬ ਰਹੈ ॥ਤਬ ਜਾਇ ਜੋਤਿ ਉਜਾਰਉ ਲਹੈ ॥੧੪ ॥

ਆਪਣਾ ਜੋ ਜਰਿ=ਧਨ ਅਸ ਕਹੀਏ ਹੈ ਤੇ ਜੋ ਪਰ ਜਰਿ=ਪਰਾਇਆ ਧਨ ਹੈ,

ਇਨ੍ਹਾਂ ਦੋਹਾਂ ਦੀ ਇੱਛਾ ਨੂੰ ਜਦ ਜਰਿ ਰਹੈ=ਸਾੜ ਦੇਵੇ।

ਵਾ:-ਅਸ ਜਰਿ=ਇਸ ਲੋਕ ਦੇ ਧਨ ਦੀ ਇਛਿਆ ਅਤੇ ਪਰ ਜਰਿ=ਪ੍ਰਲੋਕ ਦੇ ਧਨ ਦੀ ਜੋ ਇੱਛਾ ਹੈ ਇਨ੍ਹਾਂ ਦੋਹਾਂ ਨੂੰ ਜਦ ਜਰਿ ਰਹੈ=ਸਾੜ ਰਹੇ।

ਵਾ:-ਅਸ ਜਰਿ=ਇਸ ਜੀਵ ਦੀ ਵਿਭੂਤੀ ਜੋ ਅਵਿਦਿਆ ਤੇ ਅਲਪਗਤਾ ਹੈ, ਪਰ ਜਰਿ=ਪਰਮੇਸ਼ਰ ਦੀ ਵਿਭੂਤੀ ਜੋ ਸ੍ਰਬਗਤਾ ਤੇ ਸ਼ੁਧ ਮਾਇਆ ਹੈ ਇਨ੍ਹਾਂ ਦੋਹਾਂ ਨੂੰ ਬ੍ਰਹਮ ਦ੍ਰਿਸ਼ਟੀ ਰੂਪੀ ਅਗਨੀ ਦੁਆਰਾ ਜਦ ਸਾੜ ਰਹੇ ਅਰਥਾਤ ਵਾਚ ਵਾਚ ਭਾਗ ਨੂੰ ਤਿਆਗ ਕੇ ਲਖਸ਼ ਲਖਸ਼ ਭਾਗ ਨੂੰ ਗ੍ਰਹਿਣ ਕਰ ਰਹੇ, ਤਦ ਅੰਤਹਕਰਣ ਰੂਪ ਜਾਇ=ਜਗ੍ਹਾ ਵਿਚ ਜੋਤੀ ਪਰਮੇਸ਼ਰ ਦਾ ਉਜਾਰਉ ਲਹੈ=ਪ੍ਰਕਾਸ਼ ਲੈਂਦਾ ਹੈ॥ ੧੪॥

[ਪੰਨਾ ੩੪੧]

ਝਝਾ ਉਰਝਿ ਸੁਰਝਿ ਨਹੀ ਜਾਨਾ॥ ਰਹਿਓ ਝਝਕਿ ਨਾਹੀ ਪਰਵਾਨਾ॥

ਝਝੇ ਦੁਆਰਾ ਕਥਨ ਕਰਦੇ ਹਨ-ਜੀਵ ਨੇ ਸੰਸਾਰਕ ਪਦਾਰਥਾਂ ਵਿਚ ਉਰਝਿ=ਫਸਣਾ ਹੀ ਜਾਣਿਆ ਹੈ, ਸੁਰਝਿ=ਛੁਟਣਾ ਨਹੀਂ ਜਾਣਿਆ।

ਪਦਾਰਥਾਂ ਵਿਚ ਹੀ ਝਝਕਿ=ਅਟਕ ਰਿਹਾ ਹੈ ਪ੍ਰਮਾਣੀਕ ਨਹੀਂ ਹੋਇਆ।

ਕਤ ਝਖਿ ਝਖਿ ਅਉਰਨ ਸਮਝਾਵਾ॥ ਝਗਰੁ ਕੀਏ ਝਗਰਉ ਹੀ ਪਾਵਾ॥੧੫॥

ਇਹ ਜੀਵ ਆਪ ਤਾਂ ਸਮਝਿਆ ਨਹੀ ਤੇ ਕਿਸ ਵਾਸਤੇ ਝਖਿ ਝਖਿ=ਗੱਪਾਂ ਨੂੰ ਮਾਰ ਕੇ ਅਉਰਨ=ਹੋਰਨਾਂ ਨੂੰ ਸਮਝਾਂਦਾ ਹੈ।

ਕਰਮ ਜਾਲ ਰੂਪੀ ਝਗੜੇ ਦੇ ਕਰਨ ਨਾਲ ਦੁਖ,

ਵਾ:-ਜਨਮ ਮਰਨ ਰੂਪੀ ਝਗੜੇ ਨੂੰ ਪਾਂਵਦਾ ਹੈ॥ ੧੫॥

ਵੰਵਾ ਨਿਕਟਿ ਜੁ ਘਟ ਰਹਿਓ ਦੂਰਿ ਕਹਾ ਤਜਿ ਜਾਇ॥

ਵੰਵੇ ਦੁਆਰਾ ਕਥਨ ਕਰਦੇ ਹਨ-ਜੋ ਪਰਮੇਸ਼ਰ ਘਟ=ਅੰਤਹਕਰਣ ਦੇ ਨਿਕਟ ਇਸਥਿਤ ਹੋ ਰਿਹਾ ਹੈ, ਤਿਸ ਦੀ ਪ੍ਰਾਪਤੀ ਲਈ ਅੰਤਹਕਰਣ ਨੂੰ ਤਿਆਗ ਕੇ ਤੂੰ ਦੁਆਰਕਾ, ਥਨੇਸਰ, ਪ੍ਰਾਗਰਾਜ, ਹਰਿਦੁਆਰ ਆਦਿਕ ਤੀਰਥਾਂ ਪਰ ਦੂਰ ਕਿਥੇ ਜਾਂਦਾ ਹੈਂ?

ਜਾ ਕਾਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ॥ ੧੬॥

ਜਿਸ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਸਾਰੇ ਜਗਤ ਨੂੰ ਢੂੰਡਿਆ ਹੈ ਪਰ ਉਹ ਨਹੀਂ ਲੱਭਾ, ਜਦ ਗੁਰਾਂ ਦੀ ਸ਼ਰਨ ਫੜੀ ਤਾਂ ਤਿਸ ਪਰਮੇਸ਼ਰ ਨੂੰ ਨੇੜੇ ਹੀ ਪਾ ਲਿਆ॥ ੧੬॥

ਟਟਾ ਬਿਕਟ ਘਾਟ ਘਟ ਮਾਹੀ॥ ਖੋਲਿ ਕਪਾਟ ਮਹਲਿ ਕਿ ਨ ਜਾਹੀ॥

ਟੈਂਕੇ ਦੁਆਰਾ ਕਥਨ ਕਰਦੇ ਹਨ-ਉਹ ਪਰਮੇਸ਼ਰ ਹੈ ਤਾਂ ਘਟ ਮਾਹੀ=ਅੰਤਹਕਰਣ ਦੇ ਵਿਚ ਹੀ, ਪਰ ਉਸ ਦੀ ਪ੍ਰਾਪਤੀ ਦਾ ਘਾਟ=ਰਸਤਾ ਬੜਾ ਬਿਕਟ=ਕਠਨ ਹੈ। ਗੁਰਾਂ ਪਾਸੋਂ ਬ੍ਰਹਮ-ਵਿਦਿਆ ਰੂਪੀ ਕੁੰਜੀ ਲੈ ਕੇ ਅਗਿਆਨ ਰੂਪ ਜੰਦਰੇ ਨੂੰ ਲਗਾ ਕੇ ਤੇ ਪੰਜਾਂ ਕੋਸ਼ਾਂ ਰੂਪੀ ਕਪਾਟ=ਤਖਤੇ ਖੋਲ੍ਹ ਕੇ ਮਹਲਿ=ਸਰੂਪ ਦੇ ਵਿਚ ਕਿਉਂ ਨਹੀਂ ਜਾਂਦਾ।

ਦੇਖਿ ਅਟਲ ਟਲਿ ਕਤਹਿ ਨ ਜਾਵਾ॥
ਰਹੈ ਲਪਟਿ ਘਟ ਪਰਚਉ ਪਾਵਾ॥੧੭॥

ਇਕ ਵੇਰ ਜੇ ਤੂੰ ਅਟੱਲ ਸਰੂਪ ਪਰਮਾਤਮਾ ਨੂੰ ਦੇਖੇਂਗਾ ਤਾਂ ਫਿਰ ਹਟ ਕੇ ਹੋਰ ਕਿਸੇ ਪਾਸੇ ਨਹੀਂ ਜਾਵੇਂਗਾ। ਜੋ ਪੁਰਸ਼ ਆਪਣੇ ਘਟ=ਹਿਰਦੇ ਵਿਚ ਪਰਚਉ=ਉਪਦੇਸ਼, ਵਾ:-ਪ੍ਰੇਮ, ਵਾ:-ਗਿਆਨ ਨੂੰ ਪਾਂਵਦਾ ਹੈ ਉਹ ਪਰਮੇਸ਼ਰ ਵਿਚ ਲਪਟ ਰਹਿੰਦਾ ਭਾਵ ਮਿਲ ਰਹਿੰਦਾ ਹੈ॥ ੧੭॥

ਠਠਾ ਇਹੈ ਦੂਰਿ ਠਗ ਨੀਰਾ॥ ਨੀਠਿ ਨੀਠਿ ਮਨੁ ਕੀਆ ਧੀਰਾ॥

ਠਠੇ ਦੁਆਰਾ ਕਥਨ ਕਰਦੇ ਹਨ-ਜਿਸ ਨੇ ਠੱਗੀ ਦੇ ਨੀਰ ਭਾਵ ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਂਗੂੰ ਇਸ ਸੰਸਾਰ ਨੂੰ ਮਿਥਿਆ ਜਾਣ ਕੇ ਦੂਰ ਕੀਤਾ ਹੈ ਉਸ ਨੇ ਆਪਣੇ ਮਨ ਨੂੰ ਨੀਠਿ ਨੀਠਿ=ਸਣੇ ਸਣੇ ਵਾ:-ਮਸਾਂ ਮਸਾਂ, ਵਾ:-ਰੋਕ ਰੋਕ ਕੇ ਧੀਰਜਵਾਨ ਕੀਤਾ ਹੈ।

ਜਿਨਿ ਠਗਿ ਠਗਿਆ ਸਗਲ ਜਗੁ ਖਾਵਾ॥
ਸੋ ਠਗੁ ਠਗਿਆ ਠਉਰ ਮਨੁ ਆਵਾ॥੧੮॥

ਜਿਸ ਮੋਹ, ਵਾ:-ਅਗਿਆਨ ਠਗ ਨੇ ਠੱਗ ਕਰਕੇ ਸਾਰੇ ਜਗਤ ਨੂੰ ਖਾਧਾ ਹੈ ਅਰਥਾਤ ਜੀਵਾਂ ਦੇ ਸ਼ੁਭ ਗੁਣਾਂ ਦਾ ਅਭਾਵ ਕੀਤਾ ਹੈ, ਜਿਸ ਵੇਲੇ ਉਹ ਮੋਹ, ਵਾ:-ਅਗਿਆਨ ਠੱਗ ਨੂੰ ਠੱਗਿਆ ਤਾਂ ਗੁਰਮੁਖਾਂ ਦਾ ਮਨ ਇਸਥਿਤੀ ਵਿਚ ਆਇਆ॥

ਵਾ:-ਜਿਸ ਈਸ਼ਵਰ ਠੱਗ ਨੇ ਮਾਇਆ ਦੁਆਰੇ ਠੱਗ ਕੇ ਸਾਰੇ ਸੰਸਾਰ ਨੂੰ ਖਾਵਾ=ਅਭਾਵ ਕੀਤਾ ਹੈ, ਜਦ ਉਸ ਪਰਮੇਸ਼ਰ ਠੱਗ ਨੂੰ ਪ੍ਰੇਮ ਰੂਪੀ ਠੱਗ ਬੂਟੀ ਲਗਾ ਕੇ ਠੱਗਿਆ ਤਾਂ ਮਨ ਇਸਥਿਤੀ ਵਿਚ ਆਇਆ॥ ੧੮॥

ਡਡਾ ਡਰ ਉਪਜੇ ਡਰੁ ਜਾਈ॥ ਤਾ ਡਰ ਮਹਿ ਡਰੁ ਰਹਿਆ ਸਮਾਈ॥

ਡਡੇ ਦੁਆਰਾ ਕਥਨ ਕਰਦੇ ਹਨ-ਹਿਰਦੇ ਵਿਚ ਵਾਹਿਗੁਰੂ ਦਾ ਡਰ ਉਤਪੰਨ ਹੋਵੇ ਤਾਂ ਜਮਾਂ ਦਾ ਡਰ ਦੂਰ ਹੋ ਜਾਂਦਾ ਹੈ।

ਪ੍ਰਸ਼ਨ-ਜਮਾਂ ਦਾ ਡਰ ਕਿਧਰੇ ਜਾਂਦਾ ਹੋਇਆ ਅੱਜ ਤੀਕ ਕਿਸੀ ਨੇ ਦੇਖਿਆ ਨਹੀਂ ਜੋ ਕਿਥੇ ਜਾਂਦਾ ਹੈ?

ਉੱਤਰ- ਤਾ ਡਰ ਮਹਿ=ਤਿਸ ਪਰਮੇਸ਼ਰ ਦੇ ਭੈ ਵਿਚ ਹੀ ਜਮਾਂ ਦਾ ਡਰ ਸਮਾ ਰਹਿੰਦਾ ਹੈ, ਕਿਉਂਕਿ ਸ਼ਾਸਤ੍ਰਕਾਰਾਂ'ਦਾ ਇਹ ਨਿਯਮ ਹੈ ਕਿ ਜਿਸ ਦੇ ਆਉਣ ਨਾਲ ਪਹਿਲੀ ਵਸਤੂ ਦਾ ਨਾਸ ਹੋ ਜਾਵੇ ਤਾਂ ਜਾਣੋ ਉਹ ਵਸਤੂ ਉਸ ਦੇ ਵਿਚ ਹੀ ਲੀਨ ਹੋ ਜਾਂਦੀ ਹੈ, ਜਿਵੇਂ ਰੱਸੀ ਦਾ ਗਿਆਨ ਹੋਣ ਨਾਲ ਸੱਪ ਰੱਸੀ ਦੇ ਵਿਚ ਹੀ ਲੀਨ ਹੋ ਜਾਂਦਾ ਹੈ, ਬਾਹਰ ਦੌੜ ਕੇ ਕਿਧਰੇ ਨਹੀਂ ਜਾਂਦਾ।

ਜਉ ਡਰ ਡਰੈ ਤ ਫਿਰਿ ਡਰੁ ਲਾਗੈ॥
ਨਿਡਰ ਹੂਆ ਡਰੁ ਉਰ ਹੋਇ ਭਾਗੈ॥੧੯॥

ਜਦ ਪਰਮੇਸ਼ਰ ਦੇ ਡਰ ਧਾਰਨ ਵਲੋਂ ਡਰ ਜਾਵੇ ਤਾਂ ਇਸ ਜੀਵ ਨੂੰ ਫਿਰ ਜਮਾਂ ਦਾ ਡਰ ਲਗਦਾ ਹੈ। ਜੋ ਪੁਰਸ਼ ਪਰਮੇਸ਼ਰ ਦੇ ਡਰ ਨੂੰ ਧਾਰ ਕੇ ਨਿਡਰ ਹੋਇਆ ਹੈ ਉਸ ਦੇ ਹਿਰਦੇ ਵਿਚ ਜੋ ਜਮਾਂ ਦਾ ਡਰ ਹੋ ਰਿਹਾ ਸੀ ਉਹ ਭਾਗੈ=ਭੱਜ ਜਾਂਦਾ ਹੈ॥ ੧੯॥

ਢਢਾ ਢਿਗ ਢੂਢਹਿ ਕਤ ਆਨਾ॥ ਢੂਢਤ ਹੀ ਢਹਿ ਗਏ ਪਰਾਨਾ॥

ਢਢੇ ਦੁਆਰਾ ਕਥਨ ਕਰਦੇ ਹਨ-ਹੇ ਪੁਰਸ਼ਾ ! ਉਹ ਪਰਮੇਸ਼ਰ ਤੇਰੇ ਢਿਗ=ਸਮੀਪ ਹੈ, ਤੂੰ ਕਿਸ ਵਾਸਤੇ ਆਨਾ=ਹੋਰ ਥਾਂਵਾਂ ਤੇ ਢੂੰਡਦਾ ਹੈਂ, ਕਈਆਂ ਦੇ ਤਾਂ ਬਾਹਰ ਢੂੰਢਦਿਆਂ ਢੂੰਢਦਿਆਂ ਪ੍ਰਾਣ ਭੀ ਢਹਿ ਗਏ-ਅੰਤ ਹੋ ਗਏ ਹਨ।

ਚੜਿ ਸੁਮੇਰਿ ਢੂਢਿ ਜਬ ਆਵਾ॥
ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ॥ ੨੦॥

ਜਦ ਸੁਮੇਰ ਪਰਬਤ ਉੱਤੇ ਚੜ੍ਹ ਕੇ ਵੀ ਢੂੰਡ ਆਇਆ ਤਾਂ ਭੀ ਨਾ ਲੱਭਾ।

ਵਾ:-ਸੁਮੇਰ ਪਰਬਤ ਉੱਤੇ ਚੜ੍ਹ ਕੇ ਵੀ ਢੂੰਡਿਆ ਪਰ ਉਹ ਨਾ ਲੱਭਾ, ਪਰ ਜਿਸ ਵੇਲੇ ਗੁਰਾਂ ਦੀ ਸ਼ਰਨ ਵਿਚ ਆਇਆ ਤਾਂ ਗੁਰਾਂ ਦੀ ਕਿਰਪਾ ਨਾਲ-

ਜਿਸ ਪਰਮਾਤਮਾ ਨੇ ਇਸ ਸਰੀਰ ਰੂਪੀ ਕਿਲ੍ਹੇ ਨੂੰ ਘੜਿਆ ਹੈ ਉਸ ਨੂੰ ਇਸ ਸਰੀਰ ਰੂਪੀ ਕਿਲ੍ਹੇ ਵਿਚੋਂ ਹੀ ਪਾਵਣਾ ਕੀਤਾ॥ ੨੦॥

ਣਾਣਾ ਰਣਿ ਰੂਤਉ ਨਰ ਨੇਹੀ ਕਰੈ॥ ਨਾ ਨਿਵੈ ਨਾ ਫੁਨਿ ਸੰਚਰੈ॥

ਣਾਣੇ ਦੁਆਰਾ ਕਥਨ ਕਰਦੇ ਹਨ-ਜਿਸ ਵੇਲੇ ਮਨੁੱਖ ਰਣ-ਭੂਮਿਕਾ ਵਿਚ ਆ ਕੇ ਰੂਤਉ=ਰੁਕ ਜਾਵੇ ਤਾਂ ਫਿਰ ਪੁਰਸ਼ ਨੂੰ ਚਾਹੀਦਾ ਹੈ ਕਿ ਨੇਹੀ=ਹਠਤਾਈ ਕਰੇ।

ਦੁਸ਼ਮਨਾਂ ਅਗੇ ਨਿਵੇਂ ਨਾ ਅਤੇ ਨਾ ਹੀ ਪੁਨਾ ਉਨ੍ਹਾਂ ਨਾਲ ਸੰਚਰੈ=ਮਿਲ ਜਾਵੇ।

ਧੰਨਿ ਜਨਮੁ ਤਾਹੀ ਕੋ ਗਣੈ॥ ਮਾਰੈ ਏਕਹਿ ਤਜਿ ਜਾਇ ਘਣੈ॥ ੨੧॥

ਤਾਹੀ=ਤਾਂ ਹੀ ਫਿਰ ਉਸ ਪੁਰਸ਼ ਦਾ ਜਨਮ ਧੰਨਤਾ ਯੋਗ ਗਿਣਿਆਂ ਜਾਂਦਾ ਹੈ।

ਇਕ ਮੁਖੀ ਨੂੰ ਮਾਰ ਦੇਵੇ ਤਾਂ ਫਿਰ ਬਾਕੀ ਦੇ ਘਣੈ=ਬਹੁਤੇ ਸੂਰਮੇ ਰਣਭੂਮਿਕਾ ਨੂੰ ਛਡ ਜਾਂਦੇ ਹਨ। ਇਸੇ ਤਰ੍ਹਾਂ ਜਦ ਕਾਮ ਆਦਿਕਾਂ ਦੇ ਰਣ ਵਿਚ ਆ ਕੇ ਰੁਕ ਜਾਵੇ ਤਾਂ ਪੁਰਸ਼ ਨੂੰ ਚਾਹੀਦਾ ਹੈ ਕਿ ਨੇਹੀ=ਹਠਤਾਈ ਕਰੇ ਤੇ ਧੀਰਜ ਰਖੇ। ਨਾ ਇਸਤ੍ਰੀ ਅਗੇ ਨਿਵੇਂ ਅਤੇ ਨਾਹੀ ਇਸਤ੍ਰੀ ਨਾਲ ਮਿਲੇ। ਉਸ ਪੁਰਸ਼ ਦਾ ਜਨਮ ਧੰਨਤਾ ਯੋਗ ਗਿਣੀਦਾ ਹੈ।

ਇਕ ਮਨ, *ਅਥਵਾ*:-ਅਗਿਆਨ ਜਾਂ ਮੋਹ ਨੂੰ ਮਾਰ ਦੇਵੇ ਤਾਂ ਬਾਕੀ ਦੇ ਘਣੇ ਦੁਸ਼ਮਨ ਕਾਮ ਆਦਿਕ ਤਿਆਗ ਕੇ ਛਡ ਜਾਂਦੇ ਹਨ॥ ੨੧॥

ਤਤਾ ਅਤਰ ਤਰਿਓ ਨਹ ਜਾਈ॥ ਤਨ ਤ੍ਰਿਭਵਣ ਮਹਿ ਰਹਿਓ ਸਮਾਈ॥

ਤਤੇ ਅੱਖਰ ਦੁਆਰਾ ਆਖਦੇ ਹਨ--ਇਹ ਸੰਸਾਰ ਤਰਨਾ ਬੜਾ ਅਤਰ=ਦੁਸਤਰ ਭਾਵ ਔਖਾ ਹੈ। ਆਪਣੇ ਆਪ ਇਸ ਦੇ ਉੱਪਰੋਂ ਤਰਿਆ ਨਹੀਂ ਜਾਂਦਾ।

ਪ੍ਰਸ਼ਨ-ਕਿਉਂ ਨਹੀਂ ਤਰਿਆ ਜਾਂਦਾ? *ਉੱਤਰ*-

ਤਨ=ਸੂਖਮ ਸਰੀਰ ਭਾਵ ਮਨ ਤ੍ਰਿੰਨ ਭੁਵਨ ਰੂਪ ਸੰਸਾਰ ਵਿਚ ਸਮਾਈ=ਮਿਲ ਰਿਹਾ ਹੈ ਇਸ ਕਰਕੇ ਤਰਨਾ ਔਖਾ ਹੈ। *ਪ੍ਰਸ਼ਨ*-ਤਰੇ ਕਿਸ ਤਰ੍ਹਾਂ? *ਉੱਤਰ*-

ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥
ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥ ੨੨ ॥

ਜੇਕਰ ਤਿੰਨ ਭਵਨਾਂ ਦੇ ਮਾਲਕ ਪਰਮੇਸ਼ਰ ਦਾ ਨਾਮ ਤਨ ਦੇ ਵਿਚ ਸਮਾ ਜਾਵੇ।

ਅਥਵਾ:-ਜੇਕਰ ਤਿੰਨ ਭਵਨ ਰੂਪ ਸੰਸਾਰ ਨੂੰ ਆਪਣੇ ਤਨ=ਸੂਖਮ ਸਰੀਰ ਭਾਵ ਮਨ ਦੇ ਵਿਚ ਹੀ ਸਮਾਣਾ=ਲੈ ਕਰ ਦੇਵੇ ਭਾਵ ਸੰਸਾਰ ਨੂੰ ਮਿਥਿਆ ਰੂਪੀ ਨਿਸਚੇ ਕਰੇ।

ਤਾਂ ਇਹ ਜੀਵ ਤਤ ਰੂਪ ਹੋ ਕੇ ਤਤ=ਸਿਧਾਂਤ ਰੂਪ ਵਾਹਿਗੁਰੂ ਨਾਲ ਮਿਲ ਕੇ ਸਚੁ=ਸੁਖ ਨੂੰ ਪਾਂਵਦਾ ਹੈ॥ ੨੨ ॥

ਥਥਾ ਅਥਾਹ ਥਾਹ ਨਹੀ ਪਾਵਾ ॥ ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥

ਥ਼ਥੇ ਅਖਰ ਦੁਆਰਾ ਆਖਦੇ ਹਨ-ਕਿ ਉਹ ਪਰਮਾਤਮਾ ਅਥਾਹ ਹੈ ਉਸ ਦਾ ਓੜਕ ਨਹੀਂ ਪਾਇਆ ਜਾਂਦਾ।

ਉਹ ਪਰਮਾਤਮਾ ਅਥਾਹ=ਬੇਅੰਤ ਹੈ ਤੇ ਇਸ ਜੀਵ ਦਾ ਮਨ ਇਸਥਿਤ ਨਹੀਂ ਰਹਿੰਦਾ । ਇਸ ਕਰਕੇ ਪਰਮਾਤਮਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਥੋੜੈ ਥਲਿ ਥਾਨਕ ਆਰੰਭੈ ॥ ਬਿਨੁ ਹੀ ਥਾਭਹ ਮੰਦਿਰੁ ਥੰਭੈ ॥ ੨੩ ॥

ਕਿਉਂਕਿ ਥੋੜੇ ਜੇਹੇ ਥਲਿ=ਅਸਥਾਨ ਪਰ ਭਾਵ ਛੋਟੀ ਜਿਹੀ ਜ਼ਮੀਨ ਪਰ ਕਈ ਤਰ੍ਹਾਂ ਦੇ ਬਹੁਤੇ ਚੁਬਾਰਿਆਂ ਨੂੰ ਆਰੰਭੈ=ਬਣਾਵਣਾ ਚਾਹੇ ਤਾਂ ਕੈਸੇ ਬਣਾ ਸਕਦਾ ਹੈ।

ਇਸ ਤ੍ਰਹਾਂ ਉਮਰਾ ਤਾਂ ਥੋੜ੍ਹੀ ਹੈ ਤੇ ਆਖਦਾ ਹੈ ਮੇਰੇ ਸਾਰੇ ਕੰਮ ਪੂਰਨ ਹੋ ਜਾਣ ਤਾਂ ਸਾਰੇ ਕੰਮ ਕਿਵੇਂ ਪੂਰਨ ਹੋ ਸਕਦੇ ਹਨ। ਅਤੇ- ਥਾਭਹ=ਥੰਮੀਆਂ ਤੋਂ ਬਿਨਾਂ ਹੀ ਮੰਦਰ ਨੂੰ ਥੰਮਿਆ ਚਾਹੇ ਤਾਂ ਮੰਦਰ ਕਿਵੇਂ ਠਹਿਰ ਸਕਦਾ ਹੈ।

ਇਸੇ ਤਰ੍ਹਾਂ ਸ੍ਵਾਸਾਂ ਰੂਪੀ ਥੰਮੀਆਂ ਤੋਂ ਬਿਨਾਂ ਹੀ ਕਲਛ਼ਾਂ ਦੁਆਰੇ ਆਪਣੇ ਸਰੀਰ ਰੂਪ ਮੰਦਰ ਨੂੰ ਇਸਥਿਤ ਰਖਿਆ ਚਾਹੇ ਤਾਂ ਸ਼ਰੀਰ ਕਿਵੇਂ ਠਹਿਰ ਸਕਦਾ ਹੈ॥ ੨੩ ॥

ਦਦਾ ਦੇਖਿ ਜੁ ਬਿਨਸਨਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥

ਦਦੇ ਅਖਰ ਦੁਆਰਾ ਆਖਦੇ ਹਨ-ਕਿ ਹੇ ਪੁਰਸ਼ਾ ! ਜੋ ਸੰਸਾਰ ਵੇਖਣ ਵਿਚ ਆ ਰਿਹਾ ਹੈ ਇਹ ਨਾਸ ਹੋ ਜਾਣ ਵਾਲਾ ਹੈ।

ਜੈਸੇ ਉਹ ਪਰਮਾਤਮਾ ਇਨ੍ਹਾਂ ਨੇਤਰਾਂ ਕਰ ਕੇ ਅਦੇਖਿ=ਦੇਖਣ ਤੋਂ ਰਹਿਤ ਹੈ, ਉਸ ਦੀ ਪ੍ਰਾਪਤੀ ਲਈ ਤੂੰ ਤੈਸਾ ਹੀ ਵਿਚਾਰ ਰਖਣਾ ਕਰ ਭਾਵ ਗਿਆਨ ਵੈਰਾਗ ਰੂਪੀ ਨੇਤਰਾਂ ਦੀ ਪ੍ਰਾਪਤੀ ਕਰ।

ਅਥਵਾ:-ਜੈਸੇ ਉਹ ਪਰਮਾਤਮਾ ਅਦੇਖ ਹੈ, ਉਸ ਦੀ ਪ੍ਰਾਪਤੀ ਲਈ ਤੈਸਾ ਹੀ ਸੂਖਮ ਵਿਚਾਰ ਰਖਣਾ ਕਰ।

ਪ੍ਰਸ਼ਨ-ਉਸ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ?

ਉੱਤਰ-ਉਸ ਦੀ ਪ੍ਰਾਪਤੀ ਦੇ ਦੋ ਰਸਤੇ ਹਨ-ਇਕ ਹਠ ਜੋਗ, ਦੂਜਾ ਭਗਤੀ ਜੋਗ। ਤਾਂ ਜਗਿਆਸੂਆਂ ਨੇ ਕਿਹਾ ਕਿ ਆਪ ਕਿਰਪਾ ਕਰਕੇ ਦੋਵੇਂ ਰਸਤੇ ਦਸੋ? ਹੁਣ ਕਬੀਰ ਜੀ ਪਹਿਲੇ ਹਠ ਜੋਗ ਦੀ ਪ੍ਰਕਿਰਿਆ

ਦਸ ਕੇ ਫਿਰ ਭਗਤੀ ਜੋਗ ਦਸਣਗੇ।

ਦਸਵੈ ਦੁਆਰਿ ਕੁੰਚੀ ਜਬ ਦੀਜੈ॥
ਤਉ ਦਇਆਲ ਕੋ ਦਰਸਨੁ ਕੀਜੈ॥ ੨੪॥

ਜਿਸ ਵੇਲੇ ਖਟ ਚੱਕਰਾਂ ਰੂਪੀ ਜੰਦਰਿਆਂ ਦੇ ਖੋਲ੍ਹਣ ਵਾਸਤੇ ਪ੍ਰਾਣਾਯਾਮ ਰੂਪੀ ਕੁੰਜੀ ਦੇਣਾ ਕਰਦਾ ਹੈ ਤਾਂ ਫਿਰ ਦਸਮ ਦੁਆਰ ਦੇ ਵਿਚ ਦਿਆਲੂ ਪਰਮਾਤਮਾ ਦੇ ਦਰਸ਼ਨ ਨੂੰ ਕਰਦਾ ਹੈ।

ਅਥਵਾ:-ਅਗਿਆਨ ਰੂਪ ਜੰਦਰੇ ਦੇ ਖੋਲ੍ਹਣ ਵਾਸਤੇ ਜਦ ਬ੍ਰਹਮ ਵਿਦਿਆ ਰੂਪੀ ਚਾਬੀ ਦੇਣਾ ਕਰੇ ਤਾਂ ਦਸਾਂ ਦੁਆਰਿਆਂ ਵਿਖੇ ਪੂਰਨੇ ਜੋ ਦਿਆਲੂ ਹੈ ਤਿਸ ਦੇ ਦਰਸ਼ਨ ਨੂੰ ਕਰਦਾ ਹੈ॥ ੨੪॥

ਪ੍ਰਸ਼ਨ-ਇਸ ਦੇ ਜਨਮ ਮਰਨ ਦੀ ਨਵਿਰਤੀ ਕਿਸ ਤਰ੍ਹਾਂ ਹੋਵੇ? *ਉੱਤਰ*-

ਧਧਾ ਅਰਧਹਿ ਉਰਧ ਨਿਬੇਰਾ॥ ਅਰਧਹਿ ਉਰਧਹ ਮੰਝਿ ਬਸੇਰਾ॥

ਧਧੇ ਦੁਆਰਾ ਕਥਨ ਕਰਦੇ ਹਨ-ਅਰਧਹਿ=ਜੀਵ, ਉਰਧ=ਉਤਕ੍ਰਿਸ਼ਟ ਪਰਮਾਤਮਾ ਨਾਲ ਮਿਲੇ ਤਾਂ ਜਨਮ ਮਰਨ ਦਾ ਨਿਬੇੜਾ ਹੁੰਦਾ ਹੈ, ਇਸ ਤੇ ਚਾਹੀਦਾ ਹੈ ਕਿ-

ਅਰਧਹਿਾ=ਜੀਵ ਉਰਧਹ=ਪਰਮੇਸ਼ਰ ਦੀ ਉਪਾਸ਼ਨਾਂ ਵਿਚ ਵਾਸਾ ਕਰੇ।

ਅਰਧਹ ਛਾਡਿ ਉਰਧ ਜਉ ਆਵਾ॥

ਜਿਸ ਵੇਲੇ ਅਰਧਹ=ਜੀਵਤ ਭਾਵ ਨੂੰ ਛਡ ਕੇ ਉਰਧ=ਪਰਮਾਤਮਾ ਵਿਚ ਆਇਆ-

ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ॥ ੨੫॥

ਤਾਂ ਅਰਧਹਿ=ਜੀਵ, ਉਰਧ=ਪਰਮਾਤਮਾ ਨਾਲ ਮਿਲ ਕੇ ਸੁਖ ਪਾਉਂਦਾ ਹੈ।

ਨੰਨਾ ਨਿਸਿ ਦਿਨੁ ਨਿਰਖਤ ਜਾਈ॥ ਨਿਰਖਤ ਨੈਨ ਰਹੇ ਰਤਵਾਈ॥

ਨਨੇ ਦੁਆਰਾ ਕਥਨ ਕਰਦੇ ਹਨ-ਪ੍ਰੇਮੀ ਪੁਰਸ਼ਾਂ ਦਾ ਰਾਤ ਦਿਨ ਪਰਮੇਸ਼ਰ ਦਾ ਰਾਹ ਵੇਖਦਿਆਂ ਹੀ ਬਤੀਤ ਹੁੰਦਾ ਜਾਂਦਾ ਹੈ।

ਨਿਰਖਤ=ਵੇਖਦਿਆਂ ਵੇਖਦਿਆਂ ਨੇਤਰ ਭੀ ਰਤਵਾਈ=ਲਾਲ ਵਾ:-ਪ੍ਰੀਤੀ ਵਾਲੇ ਹੋ ਰਹੇ ਹਨ।

ਨਿਰਖਤ ਨਿਰਖਤ ਜਬ ਜਾਇ ਪਾਵਾ॥
ਤਬ ਲੇ ਨਿਰਖਹਿ ਨਿਰਖ ਮਿਲਾਵਾ॥ ੨੬॥

ਨਿਰਖਤ=ਵੇਖਦਿਆਂ ਵੇਖਦਿਆਂ ਜਦ ਸਰੂਪ ਰੂਪੀ ਜਾਇ=ਜਗ੍ਹਾ ਨੂੰ ਪਾਵਣਾ ਕੀਤਾ। ਤਦ ਨਿਰਖਹਿ= ਵੇਖਣ ਵਾਲੇ ਜੀਵ ਨੂੰ ਲੈ ਕੇ ਨਿਰਖ=ਵੇਖਣੇ ਜੋਗ ਪਰਮਾਤਮਾ ਨੇ ਆਪਣੇ ਨਾਲ ਮਿਲਾ ਲੀਤਾ।

ਵਾ:-ਦੋਨੋਂ ਵੇਖਣੇ ਵਾਲੇ ਹਨ। ਪਰਮਾਤਮਾ ਸੰਸਾਰ ਨੂੰ ਵੇਖਦਾ ਹੈ। ਜੀਵ ਇੰਦ੍ਰੀਆਂ ਤੇ ਅੰਤਹਕਰਣ ਨੂੰ ਵੇਖਦਾ ਹੈ। ਇਸ ਤੇ ਐਸੇ ਅਰਥ ਕਰਨਾ ਕਿ ਵੇਖਣੇ ਵਾਲੇ ਜੀਵ ਨੂੰ ਲੈ ਕੇ ਵੇਖਣੇ ਵਾਲੇ ਪਰਮੇਸ਼ਰ ਨੇ ਆਪਣੇ ਨਾਲ ਮਿਲਾ ਲੀਤਾ॥ ੨੬॥

ਪਪਾ ਅਪਰ ਪਾਰੁ ਨਹੀ ਪਾਵਾ॥ ਪਰਮ ਜੋਤਿ ਸਿਉ ਪਰਚਉ ਲਾਵਾ॥

ਪਪੇ ਦੁਆਰਾ ਕਥਨ ਕਰਦੇ ਹਨ-ਅਪਰ=ਬ੍ਰਹਮਾ ਆਦਿਕਾਂ ਨੇ ਵੀ ਉਸ ਪਰਮੇਸ਼ਰ ਦਾ ਪਾਰਾਵਾਰ ਨਹੀਂ ਪਾਇਆ।

ਵਾ:-ਤਿਸ ਅਪਰ=ਬਿਅੰਤ ਰੂਪ ਪਰਮਾਤਮਾ ਦਾ ਕਿਸੇ ਨੇ ਪਾਰਾਵਾਰ ਨਹੀਂ ਪਾਇਆ।

ਤਿਸ ਪਰਮ ਜੋਤੀ ਪਰਮੇਸ਼ਰ ਨਾਲ ਪਰਚਉ ਲਾਵਾ=ਪ੍ਰੇਮ ਨੂੰ ਲਗਾਣਾ ਕਰੇ।

ਪਾਂਚਉ ਇੰਦ੍ਰੀ ਨਿਗ੍ਰਹ ਕਰਈ॥ ਪਾਪੁ ਪੁੰਨੁ ਦੋਊ ਨਿਰਵਰਈ॥ ੨੭॥

ਪੰਜ ਗਿਆਨ ਇੰਦ੍ਰੀਆਂ ਨੂੰ ਸ਼ਬਦ ਸਪਰਸ਼ ਆਦਿਕ ਵਿਸ਼ਿਆਂ ਵਲੋਂ ਨਿਗ੍ਰਹ ਕਰਈ=ਰੋਕਣਾ ਕਰੇ ਤਾਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਾਂ ਗਿਆਨ ਦੀ ਪ੍ਰਾਪਤੀ ਹੋਈ ਤਾਂ ਪਾਪ ਅਤੇ ਪੁੰਨ ਦੋਨੋਂ ਨਿਰਵਰਈ= ਨਵਿਰਤ ਭਾਵ ਦੂਰ ਹੋ ਜਾਂਦੇ ਹਨ॥ ੨੭॥

ਫਫਾ ਬਿਨੁ ਫੂਲਹ ਫਲੁ ਹੋਈ॥ ਤਾ ਫਲ ਫੰਕ ਲਖੈ ਜਉ ਕੋਈ॥

ਫਫੇ ਦੁਆਰਾ ਕਥਨ ਕਰਦੇ ਹਨ-ਜਿਵੇਂ ਕਟੈਲ ਆਦਿਕ ਬ੍ਰਿੱਛਾਂ ਨੂੰ ਫੁੱਲਾਂ ਤੋਂ ਬਿਨਾਂ ਹੀ ਫਲ ਲਗ ਜਾਂਦਾ ਹੈ, ਇਸੇ ਤਰ੍ਹਾਂ ਪਿਛਲੇ ਜਨਮ ਦੇ ਚੰਗੇ ਭਾਗਾਂ ਕਰਕੇ ਅਤੇ ਸਤਿਗੁਰਾਂ ਦੀ ਪ੍ਰਸੰਨਤਾ ਨਾਲ ਕਰਮ ਧਰਮ ਰੂਪ ਫੁਲਾਂ ਤੋਂ ਬਿਨਾਂ ਹੀ ਬ੍ਰਹਮ ਗਿਆਨ ਰੂਪੀ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ। ਕਿਉਂਕਿ ਸਤਿਗੁਰਾਂ ਦੀ ਕਿਰਪਾ ਸਭ ਤੋਂ ਉੱਚੀ ਹੈ।

ਅਥਵਾ:-ਫਫੇ ਦੁਆਰਾ ਕਥਨ ਕਰਦੇ ਹਨ-ਜਦ ਬ੍ਰਿੱਛ ਨੂੰ ਫਲ ਦੀ ਪ੍ਰਾਪਤੀ ਹੁੰਦੀ ਹੈ ਤਾਂ ਫੁਲਾਂ ਤੋਂ ਬਿਨਾਂ ਹੋ ਜਾਂਦਾ ਹੈ। ਇਸੀ ਤਰ੍ਹਾਂ ਬ੍ਰਹਮ ਗਿਆਨ ਰੂਪੀ ਫਲ ਦੀ ਪ੍ਰਾਪਤੀ ਹੁੰਦੀ ਹੈ ਤਦ ਕਰਮਾਂ ਧਰਮਾਂ ਰੂਪੀ ਫਲਾਂ ਤੋਂ ਬਿਨਾਂ ਹੋ ਜਾਂਦਾ ਹੈ। ਕਿਉਂਕਿ ਕਰਮ ਧਰਮ ਉਤਨੇ ਚਿਰ ਤਕ ਹੁੰਦੇ ਹਨ ਜਦ ਤਕ ਬ੍ਰਹਮ ਗਿਆਨ ਦੀ ਪ੍ਰਾਪਤੀ ਨਾ ਹੋਵੇ। *ਯਥਾ-*

ਫਲ ਕਾਰਨ ਫੂਲੀ ਬਨਰਾਇ॥ ਫਲੁ ਲਾਗਾ ਤਬ ਫੂਲੁ ਬਿਲਾਇ॥

ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥ *(ਪੰਨਾ ੧੧੬੭)*

ਤਾਂ ਫਲ ਫੰਕ=ਤਿਸ ਬ੍ਰਹਮ ਗਿਆਨ ਰੂਪੀ ਫਲ ਦੀ ਚਤੁਰਥ ਭੂਮਿਕਾ ਰੂਪੀ ਫੰਕ=ਫਾੜੀ ਨੂੰ ਜਿਹੜਾ ਕੋਈ ਲਖੈ=ਜਾਣਦਾ ਹੈ, ਉਹ ਸੰਸਾਰ ਤੋਂ ਤਰ ਜਾਂਦਾ ਹੈ।

ਦੂਣਿ ਨ ਪਰਈ ਫੰਕ ਬਿਚਾਰੈ॥ ਤਾ ਫਲ ਫੰਕ ਸਭੈ ਤਨ ਫਾਰੈ॥ ੨੮॥

ਇਧਰ ਵੀ ਪਹਾੜ, ਉਧਰ ਵੀ ਪਹਾੜ ਹੋਣ ਤੇ ਵਿਚਲੀ ਜੋ ਜਗ੍ਹਾ ਹੈ ਉਸ ਨੂੰ ਦੂਣ ਆਖਦੇ ਹਨ। ਜਿਵੇਂ ਅਨੰਦਪੁਰ ਸਾਹਿਬ ਜਾਈਏ ਤੇ ਰਸਤੇ ਵਿਚ ਕਈ ਦੂਣਾਂ ਆਉਂਦੀਆਂ ਹਨ, ਜਿਨ੍ਹਾਂ ਵਿਚੋਂ ਲੰਘ ਕੇ ਸ੍ਰੀ ਅਨੰਦਪਰ ਸਾਹਿਬ ਜਾਈਦਾ ਹੈ। ਇਸੀ ਪ੍ਰਕਾਰ ਜੋ ਪੁਰਸ਼ ਬ੍ਰਹਮ ਗਿਆਨ ਰੂਪੀ ਫਲ ਦੀ ਚਤੁਰਥ ਭੂਮਿਕਾ ਰੂਪੀ ਫੰਕ=ਫਾੜੀ ਦਾ ਵਿਚਾਰ ਕਰਦਾ ਹੈ ਉਹ ਪੁਰਸ਼ ਜਨਮ ਮਰਨ ਰੂਪ ਦੋਹਾਂ ਪਹਾੜਾਂ ਦੇ ਮਧ ਦੀ ਜਗ੍ਹਾ ਜੋ ਚੋਰਾਸੀ ਲੱਖ ਜੂਨ ਹੈ, ਉਸ ਚੌਰਾਸੀ ਲੱਖ ਜੂਨ ਰੂਪੀ ਦੂਣ ਵਿਚ ਨਹੀਂ ਪੈਂਦਾ।

ਅਥਵਾ:-ਦੂਣਿ ਨ ਪਰਈ=ਦ੍ਵੈਤ ਦੇ ਵਿਚ ਨਹੀਂ ਪੈਂਦਾ।

ਵਾ:-ਦੂਣਿ ਕਹੀਏ ਦੋ ਜੋ ਜਨਮ ਮਰਨ ਹਨ ਉਹਨਾਂ ਦੇ ਵਿਚ ਨਹੀਂ ਪੈਂਦਾ,

ਤਾਂ ਫਲ ਫੰਕ=ਤਿਸ ਬ੍ਰਹਮ ਗਿਆਨ ਰੂਪੀ ਫਲ ਦੀ ਚਤੁਰਥ ਭੂਮਿਕਾ ਰੂਪੀ ਫਾੜੀ ਨੇ ਕਾਰਨ, ਸੂਖਮ,

ਸਥੂਲ ਰੂਪ ਸਾਰੇ ਤਨ ਫਾਰੈ=ਪਾੜ ਦਿਤੇ ਅਰਥਾਤ ਅਭਾਵ ਕਰ ਦਿਤੇ ਹਨ॥ ੨੮॥

ਬਬਾ ਬਿੰਦਹਿ ਬਿੰਦ ਮਿਲਾਵਾ॥ ਬਿੰਦਹਿ ਬਿੰਦਿ ਨ ਬਿਛੁਰਨ ਪਾਵਾ॥

ਬਬੇ ਦੁਆਰਾ ਕਥਨ ਕਰਦੇ ਹਨ-ਜਦ ਬਿੰਦਹਿ=ਜਾਣਨੇ ਵਾਲੇ ਜੀਵ ਨੂੰ ਬਿੰਦ=ਜਾਨਣ ਯੋਗ ਪਰਮਾਤਮਾ ਨੇ ਆਪਣੇ ਨਾਲ ਮਿਲਾਇਆ ਤਾਂ ਬਿੰਦਹਿ=ਜੀਵ, ਬਿੰਦਿ=ਬ੍ਰਹਮ ਨਾਲੋਂ ਵਿਛੁੜਨਾ ਨਹੀਂ ਪਾਂਵਦਾ।

ਵਾ:-ਦੋਨੋਂ ਜਾਣਨੇ ਯੋਗ ਹਨ। ਪਰਮੇਸ਼ਰ ਸੰਸਾਰ ਨੂੰ ਜਾਣਦਾ ਹੈ, ਜੀਵ ਇੰਦ੍ਰੀਆਂ ਤੇ ਅੰਤਹਕਰਣ ਨੂੰ ਜਾਣਦਾ ਹੈ। ਇਸ ਕਰਕੇ ਇੰਞ ਅਰਥ ਕਰਨਾ ਕਿ ਜਾਨਣੇ ਯੋਗ ਪਰਮਾਤਮਾ ਨੇ ਜਾਨਣੇ ਯੋਗ ਜੀਵ ਨੂੰ ਆਪਣੇ ਨਾਲ ਮਿਲਾਇਆ ਤਾਂ ਬਿੰਦਹਿ=ਜੀਵ ਬਿੰਦਿ=ਬ੍ਰਹਮ ਨਾਲੋਂ ਵਿਛੁੜਨਾ ਨਹੀਂ ਪਾਂਵਦਾ।

ਬੰਦਉ ਹੋਇ ਬੰਦਗੀ ਗਹੈ॥ ਬੰਦਕ ਹੋਇ ਬੰਧ ਸੁਧਿ ਲਹੈ॥ ੨੯॥

ਬੰਦਉ ਹੋਇ=ਦਾਸ ਹੋ ਕੇ ਵਾਹਿਗੁਰੂ ਦੀ ਬੰਦਗੀ ਨੂੰ ਗ੍ਰਹਿਣ ਕਰੇ, ਕਿਉਂਕਿ-

ਬੰਦਕ=ਬੰਦਗੀ ਕਰਨ ਵਾਲੇ ਬੰਦੇ ਦੀ ਉਹ ਪਰਮੇਸ਼ਰ ਬੰਧ ਹੋਇ=ਸਬੰਧੀ ਵਾਗੂੰ ਹੋ ਕੇ ਸੁਧਿ ਲਹੈ=ਖਬਰ ਲੈਂਦਾ ਹੈ॥ ੨੯॥

ਜਿਵੇਂ ਪ੍ਰਹਿਲਾਦ ਭਗਤ ਦ੍ਰੌਪਤੀ ਤੇ ਬਿਧੀ ਚੰਦ ਆਦਿਕ ਬੰਦਿਆਂ ਦੀ ਪਰਮਾਤਮਾ ਨੇ ਸਬੰਧੀ ਵਾਗੂੰ ਹੋ ਕੇ ਖਬਰ ਲੀਤੀ ਸੀ।

ਯਥਾ:- ਦੌਲਤੇ ਜਾਵੇਦ ਬਾਸ਼ਦ ਬੰਦਗੀ॥ ਬੰਦਗੀ ਕੁਨ ਬੰਦਗੀ ਕੁਨ ਬੰਦਗੀ॥

*ਅਰਥ-*ਹਮੇਸ਼ਾਂ ਦੀ ਰਹਿਣ ਵਾਲੀ ਦੌਲਤ ਬੰਦਗੀ ਹੈ, ਇਸ ਤੇ ਹੇ ਪੁਰਸ਼ਾ ! ਤੂੰ ਬੰਦਗੀ ਨੂੰ ਕਰ ਬੰਦਗੀ ਨੂੰ ਕਰ ਬੰਦਗੀ ਨੂੰ ਕਰ।

ਤਥਾ:- ਯਾਦਿ ਓ ਸਰਮਾਯਹੇ ਈਮਾਂ ਬਵਦ॥ ਹਰ ਗਦਾ ਅਜ਼ ਯਾਦ ਓ ਸੁਲਤਾਂ ਬਵਦ॥

ਉਹ ਵਾਹਿਗੁਰੂ ਦੀ ਜਿਹੜੀ ਯਾਦ ਭਾਵ ਬੰਦਗੀ ਹੈ, ਏਹੀ ਈਮਾਂ=ਧਰਮ ਦੀ ਸਰਮਾਯਹੇ=ਪੂੰਜੀ ਹੈ। ਹਰ ਗਦਾ=ਹਰ ਇਕ ਗਰੀਬ ਉਸ ਦੀ ਬੰਦਗੀ ਕਰਨ ਨਾਲ ਸੁਲਤਾਂ ਬਵਦ=ਬਾਦਸ਼ਾਹ ਹੁੰਦਾ ਹੈ।

[ਪੰਨਾ ੩੪੨]

ਭਭਾ ਭੇਦਹਿ ਭੇਦ ਮਿਲਾਵਾ॥ ਅਬ ਭਉ ਭਾਨਿ ਭਰੋਸਉ ਆਵਾ॥

ਭਭੇ ਦੁਆਰਾ ਕਥਨ ਕਰਦੇ ਹਨ--ਜੀਵ ਈਸ਼ਵਰ ਦੇ ਭੇਦ ਨੂੰ ਭੇਦਹਿ=ਨਾਸ ਭਾਵ ਦੂਰ ਕਰੇ ਤਾਂ ਪ੍ਰਮੇਸ਼ਰ ਨਾਲ ਮਿਲਾਪ ਹੁੰਦਾ ਹੈ। ਜਿਸ ਵੇਲੇ ਹੁਣ ਗੁਰਾਂ ਦੀ ਕਿਰਪਾ ਨਾਲ ਮਨ ਭਰੋਸੇ ਵਿਚ ਆਇਆ ਤੇ ਗਿਆਨ ਰੂਪੀ ਭਾਨਿ=ਸੂਰਜ ਉਦੇ ਹੋਇਆ ਤਾਂ ਜਮਾਂ ਦਾ ਭਉ=ਖੌਫ ਭੰਨ ਦਿਤਾ।

ਜੋ ਬਾਹਰਿ ਸੋ ਭੀਤਰਿ ਜਾਨਿਆ॥
ਭਇਆ ਭੇਦੁ ਭੂਪਤਿ ਪਹਿਚਾਨਿਆ॥ ੩੦॥

ਜੋ ਬਾਹਰਿ=ਜਿਸ ਨੂੰ ਬਾਹਰ ਮੰਨਦੇ ਸਾਂ, ਉਸ ਵਾਹਿਗੁਰੂ ਨੂੰ ਸਰੀਰ ਦੇ ਅੰਦਰ ਹੀ ਜਾਣ ਲਿਆ। ਜਦ ਗੁਰਾਂ ਦੀ ਕ੍ਰਿਪਾ ਨਾਲ ਉਸ ਦੀ ਪ੍ਰਾਪਤੀ ਦਾ ਭੇਦ ਪ੍ਰਾਪਤ ਹੋਇਆ ਤਾਂ ਭੂ+ਪਤਿ=ਪ੍ਰਿਥਵੀ ਦੇ ਪਤੀ

ਪਰਮਾਤਮਾ ਨੂੰ ਪਛਾਣ ਲਿਆ ॥ ੩੦॥

ਮਮਾ ਮੂਲ ਗਹਿਆ ਮਨੁ ਮਾਨੈ॥ ਮਰਮੀ ਹੋਇ ਸੁ ਮਨ ਕਉ ਜਾਨੈ॥

ਮਮੇ ਦੁਆਰਾ ਕਥਨ ਕਰਦੇ ਹਨ-ਜਿਸ ਨੇ ਗੁਰਾਂ ਦੇ ਮਨੁ ਮਾਨੈ=ਮੰਤ੍ਰ ਨੂੰ ਮੰਨਿਆਂ ਹੈ ਉਸ ਨੇ ਮੂਲ=ਮੁੱਢ ਰੂਪ ਪਰਮਾਤਮਾ ਨੂੰ ਗਹਿਆ=ਫੜ ਲਿਆ ਹੈ।

ਜੋ ਪੁਰਸ਼ ਗੁਰ ਉਪਦੇਸ਼ ਦਾ ਮਰਮੀ ਹੋਇ=ਭੇਤੀ ਹੁੰਦਾ ਹੈ, ਉਹ ਮਨ=ਸ਼ੁਧ ਸਰੂਪ, ਵਾ:-ਸ਼੍ਰੋਮਣੀ ਪਰਮੇਸ਼ਰ ਨੂੰ ਜਾਣਦਾ ਹੈ। ਵਾ:-ਮਨ ਨੂੰ ਵਸੀਕਾਰ ਕਰਨਾ ਜਾਣਦਾ ਹੈ।

ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥੩੧ ॥

ਜਿਸ ਵੇਲੇ ਮਨ ਪਰਮੇਸ਼ਰ ਨਾਲ ਮਿਲਦਾ ਹੋਵੇ ਤਾਂ ਫਿਰ ਮਤਾਂ ਕੋਈ ਬਿਲਮਾਵੈ=ਦੇਰੀ ਕਰ, ਝਟਪਟ ਲਗਣ ਦੇਵੇ ਕਿਉਂਕਿ ਮਨ ਦੇ ਮਗਨ=ਮਸਤ ਹੋਇਆ ਤੇ ਹੀ ਉਸ ਸੱਚੇ ਨੂੰ, ਵਾ:-ਸੁਖ ਨੂੰ ਪਾਂਵਦਾ ਹੈ॥ ੩੧ ॥

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥

ਮਮੇ ਦਵਾਰਾ ਕਥਨ ਕਰਦੇ ਹੰਨ-ਸਾਰਿਆਂ ਦਾ ਮਨ ਨਾਲ ਹੀ ਕੰਮ ਹੈ, ਕਿਉਂਕਿ ਮਨ ਨੂੰ ਸਾਧੇ=ਕਾਬੂ ਕਰ ਲਿਆ ਜਾਵੇ ਤਾਂ ਸਿਧਿ ਹੋਇ=ਮੁਕਤੀ ਪ੍ਰਾਪਤੀ ਹੁੰਦੀ ਹੈ।

ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥ ੩੨ ॥

ਕਬੀਰ ਜੀ ਕਥਨ ਕਰਦੇ ਹਨ-ਸ਼ੁਧ ਮਨ ਹੀ ਮਲੀਨ ਮਨ ਨੂੰ ਕੋਈ ਸਿਖਿਆ ਕਹੇ ਤਾਂ ਉਹ ਸਮਝਦਾ ਹੈ, ਇਸ ਲਈ ਮਨ ਸਾ=ਮਨ ਸਰੀਖਾ ਭਾਵ ਮਨ ਵਰਗਾ ਹੋਰ ਕੋਈ ਸਲਾਹਕਾਰ ਗੁਰੂ ਨਹੀਂ ਮਿਲਿਆ॥ ੩੨ ॥

ਇਹੁ ਮਨੁ ਸਕਤੀ ਇਹੁ ਮਨੁ ਸੀਉ॥ ਇਹੁ ਮਨੁ ਪੰਚ ਤਤ ਕੋ ਜੀਉ॥

ਇਹ ਮਨ ਸਕਤੀ=ਮਾਇਆ ਨਾਲ ਮਿਲ ਕੇ ਮਾਇਆ ਰੂਪ ਹੋ ਜਾਂਦਾ ਹੈ ਅਤੇ ਇਹ ਮਨ ਸੀਉ=ਕਲਿਆਣ ਸਰੂਪ ਪਰਮਾਤਮਾ ਨਾਲ ਮਿਲ ਕੇ ਪਰਮੇਸ਼ਰ ਰੂਪ ਹੋ ਜਾਂਦਾ ਹੈ, ਕਿਉਂਕਿ ਸਤੋਗੁਣ ਅੰਸ ਤੋਂ ਉਤਪੰਨ ਹੋਣ ਕਰਕੇ ਸ਼ੁਧ ਜੋ ਹੋਇਆ, ਸ਼ੁਧ ਵਸਤੂ ਜਿਸ ਨਾਲ ਮਿਲੇ ਓਹੀ ਰੂਪ ਹੋ ਜਾਂਦੀ ਹੈ।

ਯਥਾ- ਮਨੁ ਜੋਗੀ ਮਨੁ ਭੋਗਿਆ ਮਨੁ ਮੂਰਖੁ ਗਾਵਾਰੁ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥ *(ਪੰਨਾ ੧੩੩੦)*

ਪੁਨਾ-ਇਹ ਮਨ ਪੰਜਾਂ ਤਤਾਂ ਦੀ ਸਤੋ ਗੁਣ ਅੰਸ ਨਾਲ ਮਿਲ ਕੇ ਜੀਉ=ਜੀਵ ਰੂਪ ਹੋ ਰਿਹਾ ਹੈ।

ਇਹੁ ਮਨੁ ਲੇ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ॥ ੩੩ ॥

ਇਸ ਮਨ ਨੂੰ ਆਪਣੇ ਵਸ ਵਿਚ ਲੈ ਕੇ ਜਦ ਉਨਮਨਿ ਰਹੈ=ਤੁਰੀਆ ਅਵਸਥਾ ਵਿਚ ਇਸਥਿਤ ਰਹਿਣਾ ਕਰੇ ਤਾਂ ਫਿਰ ਉਹ ਪੁਰਸ਼ ਅੰਤਰਜਾਮਤਾ ਕਰਕੇ ਤਿੰਨ ਲੋਕਾਂ ਦੀਆਂ ਗੱਲਾਂ ਕਹਿਣ ਲਗ ਪੈਂਦਾ ਹੈ॥ ੩੩॥

ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ॥

ਯਯੇ ਅੱਖਰ ਦੁਆਰਾ ਕਥਨ ਕਰਦੇ ਹਨ-ਹੇ ਪੁਰਸ਼ਾ ! ਜੇਕਰ ਤੂੰ ਪਰਮਾਤਮਾ ਨੂੰ ਜਾਣਿਆਂ ਚਾਹੁੰਦਾ ਹੈਂ ਤਾਂ ਦੁਰਮਤਿ ਹਨਿ=ਖੋਟੀ ਬੁੱਧੀ ਨੂੰ ਨਾਸ ਕਰ ਅਤੇ ਕਾਇਆ ਗਾਉ=ਦੇਹ ਰੂਪ ਪਿੰਡ ਨੂੰ ਵਸੀਕਾਰ ਕਰ ਲੈ।

ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥ ੩੪ ॥

ਰਣ-ਭੂਮਿਕਾ ਵਿਚ ਆ ਕੇ ਰੂਤਉ=ਰੁਕ ਜਾਵੇ ਤਾਂ ਪਿੱਠ ਦਿਖਾ ਕੇ ਦੌੜੇ ਨਾ,

ਥਾਰਉ=ਤਿਸ ਦਾ ਨਾਮ ਸੂਰਬੀਰ ਹੈ। ਐਸੇ ਹੀ ਜਦ ਕਾਮ ਆਦਿਕਾਂ ਦੇ ਰਣ ਵਿਚ ਆ ਕੇ ਰੁਕ ਜਾਵੇ ਤਾਂ ਫਿਰ ਵਿਸ਼ਿਆਂ ਵਲ ਦੌੜੇ ਨਾ, ਉਸ ਦਾ ਨਾਮ ਸੂਰਬੀਰ ਮਹਾਤਮਾ ਹੈ॥ ੩੪ ॥

ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥

ਰਾਰੇ ਅੱਖਰ ਦੁਵਾਰਾ ਕਥਨ ਕਰਦੇ ਹਨ-ਜਿਸ ਨੇ ਵਿਸ਼ੇ ਰਸਾਂ ਨੂੰ ਨਿਰੱਸ ਕਰ ਕੇ ਅਰਥਾਤ ਬੇ-ਸੁਆਦਾ ਕਰਕੇ ਜਾਣਿਆਂ ਹੈ।

ਉਸਨੇ ਵਿਸ਼ੇ ਰਸਾਂ ਤੋਂ ਰਹਿਤ ਹੋ ਕੇ 'ਸੁ ਰਸੁ ਪਹਿਚਾਨਿਆ'=ਸ੍ਰੇਸ਼ਟ ਆਤਮ ਰਸ ਨੂੰ ਪਛਾਣਿਆਂ ਹੈ।

ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ੩੫ ॥

ਜਿਸ ਨੇ ਇਹ ਵਿਸ਼ੇ ਰਸ ਛਡੇ ਹਨ, ਉਸ ਨੂੰ ਇਹ ਆਤਮ ਰਸ ਆਇਆ ਹੈ।

ਜਿਸ ਨੇ ਉਹ ਆਤਮ ਰਸ ਪੀਤਾ ਹੈ, ਉਸ ਨੂੰ ਇਹ ਵਿਸ਼ੇ ਰਸ ਨਹੀ ਭਾਵਾ=ਚੰਗੇ ਨਹੀਂ ਲਗਦੇ॥ ੩੫ ॥

ਯਥਾ- ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ ੨੭॥ *(ਪੰਨਾ ੧੩੭੯)*

ਲਲਾ ਐਸੇ ਲਿਵ ਮਨੁ ਲਾਵੈ ॥ ਅਨਤ ਨ ਜਾਇ ਪਰਮ ਸਚੁ ਪਾਵੈ ॥

ਲਲੇ ਅਖਰ ਦੁਆਰਾ ਕਥਨ ਕਰਦੇ ਹਨ-ਮਨ ਦੀ ਬਿਰਤੀ ਇਸ ਪਰਕਾਰ ਲਗਾਣਾ ਕਰੇ ਕਿ-ਅਨਤ=ਹੋਰ ਪਾਸੇ ਨਾ ਜਾਵੇ ਤਾਂ ਪਰਮ ਸਚੁ=ਉਤਕ੍ਰਿਸ਼ਟ ਸੁਖ ਨੂੰ ਪਾਂਦਾ ਹੈ।

ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥
ਤਉ ਅਲਹ ਲਹੈ ਲਹਿ ਚਰਨ ਸਮਾਵੈ ॥ ੩੬ ॥

ਅਰੁ=ਪੁਨਾ ਜਉ=ਜੇਕਰ ਤਿਸ ਪਰਮੇਸ਼ਰ ਦੇ ਪ੍ਰੇਮ ਵਿਚ ਬਿਰਤੀ ਲਗਾਣਾ ਕਰੋ-

ਤਾਂ ਅਸ਼ੁਧ ਮਨ ਕਰਕੇ ਲਖਣੇ ਸੇ ਅਲਹ=ਅਲਖ ਜੋ ਪਰਮਾਤਮਾ ਹੈ ਉਸ ਨੂੰ ਸ਼ੁਧ ਮਨ ਦੁਆਰਾ ਲਹਿ=ਲਖ ਕੇ ਉਸ ਚਰਨ=ਪੂਜਨੀਕ ਪਰਮਾਤਮਾ ਵਿਚ ਸਮਾ ਜਾਂਦਾ ਹੈ॥ ੩੬ ॥

ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥

ਵਵੇ ਅਖਰ ਦੁਆਰਾ ਕਥਨ ਕਰਦੇ ਹਨ-ਵਾਰੰਵਾਰ ਵਿਸ਼ਨੂੰ ਨੂੰ ਸੰਭਾਲਣਾ ਕਰ।

ਕਿਉਂਕਿ ਵਿਸ਼ਨੂੰ ਦੇ ਸੰਭਾਲਣ ਕਰਕੇ ਫੇਰ ਕਾਮ ਆਦਿਕਾਂ ਵਲੋਂ ਕਦੇ ਹਾਰ ਨਹੀਂ ਆਉਂਦੀ।

ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ ॥
ਵਿਸਨ ਮਿਲੇ ਸਭ ਹੀ ਸਚੁ ਪਾਵੈ ॥ ੩੭ ॥

ਜੋ ਵਿਸ਼ਨੂੰ ਸਰੂਪ ਦੇ ਜਸ ਨੂੰ ਗਾਂਵਦੇ ਹਨ ਮੈਂ ਉਨ੍ਹਾਂ ਉਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ। ਵਾ:-ਵਿਸ਼ਨੂੰ ਦੇ ਤਨਾ=ਪੁੱਤ੍ਰ ਜੋ ਭਗਤ ਮਹਾਤਮਾਂ ਜਨ ਹਨ ਉਨ੍ਹਾਂ ਦੇ ਜਸ ਨੂੰ ਜੋ ਗਾਂਵਦੇ ਹਨ ਉਨ੍ਹਾਂ ਉੱਪਰੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਵਾ:-ਵਿਸ਼ਨੂੰ ਨੇ ਜੋ ਤਨ ਧਾਰੇ ਹਨ ਅਰਥਾਤ ਅਵਤਾਰ ਲੀਤੇ ਹਨ ਉਨ੍ਹਾਂ ਅਵਤਾਰਾਂ ਦੇ ਜਸ ਨੂੰ ਜੋ ਗਾਂਵਦੇ ਹਨ ਉਨ੍ਹਾਂ ਉੱਪਰੋਂ ਮੈਂ ਬਲਿਹਾਰ ਕੁਰਬਾਣ ਜਾਂਦਾ ਹਾਂ। ਜੋ ਵਿਸ਼ਨੂੰ ਨਾਲ ਮਿਲੇ ਹਨ ਉਹ ਸਭ ਤਰ੍ਹਾਂ ਦੇ ਸਚੁ=ਸੁਖ ਨੂੰ ਪਾਂਦੇ ਹਨ॥ ੩੭॥

ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ॥

ਵਵੇ ਅਖਰ ਦੁਆਰਾ ਕਥਨ ਕਰਦੇ ਹਨ ਵਾਹੀ=ਨਿਯੰਤਾ ਅਰਥਾਤ ਪ੍ਰੇਰਕ ਜੋ ਪਰਮੇਸ਼ਰ ਹੈ, ਵਾਹੀ=ਉਸ ਨੂੰ ਜਾਣਨਾ ਕਰੀਏ।

ਵਾ:-ਜਿਸਨੇ ਸੰਸਾਰ ਰੂਪੀ ਵਾਹੀ=ਖੇਤੀ ਕੀਤੀ ਹੈ।

ਵਾ:-ਜਿਸਨੇ ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਹੋ ਕੇ ਵੀ ਵਾਹੀ=ਖੇਤੀ ਕੀਤੀ ਹੈ, ਉਸਨੂੰ ਜਾਣਨਾ ਕਰੀਏ।

ਵਾ ਜਾਨੇ=ਉਸ ਦੇ ਜਾਨਣੇ ਕਰਕੇ ਇਹ ਜੀਵ ਉਸ ਦਾ ਰੂਪ ਹੋ ਜਾਂਦਾ ਹੈ।

ਇਹੁ ਅਰੁ ਓਹੁ ਜਬ ਮਿਲੈ ਤਬ ਮਿਲਤ ਨ ਜਾਨੈ ਕੋਇ॥ ੩੮॥

ਜਿਸ ਵੇਲੇ ਇਹ ਜੀਵ ਅਤੇ ਉਹ ਬ੍ਰਹਮ ਆਪਸ ਵਿਚ ਮਿਲ ਜਾਂਦੇ ਹਨ, ਤਿਸ ਵੇਲੇ ਮਿਲਣੇ ਦੇ ਅਨੰਦ ਨੂੰ ਹੋਰ ਕੋਈ ਨਹੀਂ ਜਾਣ ਸਕਦਾ॥ ੩੮॥

ਯਥਾ- ਕਹੁ ਕਬੀਰ ਗੂੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ॥ *(ਪੰਨਾ ੩੩੪)*

ਸਸਾ ਸੋ ਨੀਕਾ ਕਰਿ ਸੋਧਹੁ॥ ਘਟ ਪਰਚਾ ਕੀ ਬਾਤ ਨਿਰੋਧਹੁ॥

ਸਸੇ ਅੱਖਰ ਦੁਆਰਾ ਕਥਨ ਕਰਦੇ ਹਨ, ਸੋ=ਉਹ ਵੇਦ ਪ੍ਰਤਿਪਾਦਜ ਤੇ ਮਾਤਾ ਦੇ ਉਦਰ ਵਿਚ ਰਖਿਆ ਕਰਨ ਵਾਲਾ ਜੋ ਪਰਮੇਸ਼ਰ ਹੈ ਉਸਨੂੰ ਨੀਕਾ=ਭਲੀ ਪ੍ਰਕਾਰ ਸੋਧਹੁ=ਵਿਚਾਰਨਾ ਕਰੋ।

ਘਟ=ਹਿਰਦੇ ਵਿਚ ਭਗਵੰਤ ਦੇ ਪ੍ਰੇਮ ਦੀ ਗੱਲ ਨਿਰੋਧਹੁ=ਧਾਰਨਾ ਕਰੋ।

ਵਾ:-ਹਿਰਦੇ ਵਿਚ ਪ੍ਰੇਮ ਦੀ ਗੱਲ ਧਾਰ ਕੇ ਇੰਦ੍ਰੀਆਂ ਦਾ ਨਿਰੋਧਹੁ=ਦਮਨ ਕਰੋ।

ਘਟ ਪਰਚੈ ਜਉ ਉਪਜੈ ਭਾਉ॥ ਪੂਰਿ ਰਹਿਆ ਤਹ ਤ੍ਰਿਭਵਣ ਰਾਉ॥ ੩੯॥

ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ ਜਦ ਹਿਰਦੇ ਵਿਚ ਭਾਉ=ਪਰੇਮ ਉਤਪੰਨ ਹੋਵੇ ਤਾਂ ਤਿਸ ਹਿਰਦੇ ਵਿਚ ਤਿੰਨਾਂ ਭਵਨਾਂ ਦਾ ਰਾਜਾ ਪਰਮੇਸ਼ਰ ਪੂਰਨ ਹੋ ਰਿਹਾ ਨਿਗ੍ਹਾ ਆਉਂਦਾ ਹੈ॥ ੩੯॥

ਖਖਾ ਖੋਜਿ ਪਰੈ ਜਉ ਕੋਈ॥ ਜੋ ਖੋਜੈ ਸੋ ਬਹੁਰਿ ਨ ਹੋਈ॥

ਖਖੇ ਅੱਖਰ ਦੁਆਰਾ ਕਥਨ ਕਰਦੇ ਹਨ-ਜਿਹੜਾ ਕੋਈ ਉਸ ਪਰਮੇਸ਼ਰ ਦੀ ਖੋਜ ਵਿਚ ਪੈਂਦਾ ਹੈ ਓਹੀ ਉਸ ਨੂੰ ਲੱਭ ਲੈਂਦਾ ਹੈ।

ਜੋ ਪੁਰਸ਼ ਉਸ ਨੂੰ ਖੋਜ ਲੈਂਦਾ ਹੈ ਉਹ ਫਿਰ ਉਸ ਤੋਂ ਭਿਨ ਨਹੀਂ ਹੁੰਦਾ।

ਖੋਜ ਬੂਝਿ ਜਉ ਕਰੈ ਬੀਚਾਰਾ॥ ਤਉ ਭਵਜਲ ਤਰਤ ਨ ਲਾਵੈ ਬਾਰਾ॥ ੪੦॥

ਜਦ ਗੁਰਾਂ ਤੋਂ ਬੂਝਿ=ਪੁਛ ਕੇ ਉਸ ਪਰਮੇਸ਼ਰ ਦੀ ਖੋਜ ਦਾ ਵਿਚਾਰ ਕਰਦਾ ਹੈ, ਤਾਂ ਇਹ ਜੀਵ ਭਵਜਲ=ਸੰਸਾਰ ਸਮੁੰਦਰ ਤੋਂ ਤਰਦਿਆਂ ਹੋਇਆਂ ਬਾਰਾ=ਦੇਰੀ ਨਹੀਂ ਲਗਾਂਦਾ॥ ੪੦॥

ਸਸਾ ਸੋ ਸਹ ਸੇਜ ਸਵਾਰੈ॥ ਸੋਈ ਸਹੀ ਸੰਦੇਹ ਨਿਵਾਰੈ॥

ਸਸੇ ਅੱਖਰ ਦੁਆਰਾ ਕਥਨ ਕਰਦੇ ਹਨ ਸੋ ਸਹ=ਉਸ ਪਤੀ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਜੋ ਸਹ=ਸਖੀ, ਸਹ=ਨਿਸਚੇ ਸਹਿਤ ਅੰਤਹਕਰਣ ਰੂਪ ਸੇਜਾ ਨੂੰ ਸਵਾਰਦੀ ਹੈ ਅਰਥਾਤ ਸ਼ਰਧਾ ਵਸਿਸ਼ਟ ਕਰਦੀ ਹੈ।

ਅਥਵਾ:-ਉਸ ਸਹ=ਪਤੀ ਦੀ ਪ੍ਰਾਪਤੀ ਵਾਸਤੇ ਜੋ ਸਖੀ ਵੈਰਾਗ ਵਿਵੇਕ ਆਦਿਕ ਫੁਲਾਂ ਕਰ ਕੇ, ਪ੍ਰੇਮ ਰੂਪ ਪਟੰਬਰ ਤੇ ਕਰੁਣਾ, ਮੈਤ੍ਰੀ ਮੁਦਤਾ ਰੂਪ ਰੇਸ਼ਮ ਦੀਆਂ ਤਣੀਆਂ ਕਰ ਕੇ ਸਰਵਣ, ਮਨਨ, ਨਿਧਿਆਸਨ, ਤਤ ਤੁਯੰ ਕਾ ਸੋਧਨ ਰੂਪ ਗੁੰਫਿਆਂ ਨਾਲ ਅੰਤਹਕਰਣ ਰੂਪ ਸੇਜਾ ਨੂੰ ਸਵਾਰਦੀ ਹੈ। ਓਹੀ ਸਖੀ ਸਹੀ=ਨਿਸਚੇ ਕਰਕੇ ਪਤੀ ਪਰਮਾਤਮਾ ਦੀ ਨਾ ਪ੍ਰਾਪਤੀ ਰੂਪ ਸੰਸੇ ਨੂੰ ਨਵਿਰਤ ਕਰਦੀ ਹੈ।

ਅਲਪ ਸੁਖ ਛਾਡਿ ਪਰਮ ਸੁਖ ਪਾਵਾ॥
ਤਬ ਇਹ ਤ੍ਰੀਅ ਉਹੁ ਕੰਤੁ ਕਹਾਵਾ॥ ੪੧॥

ਜਿਸ ਵੇਲੇ ਸੰਸਾਰ ਦੇ ਅਲਪ=ਤੁਛ ਵਿਸ਼ੇ ਸੁਖਾਂ ਨੂੰ ਛਡ ਕੇ, ਪਰਮ ਸੁਖ=ਬ੍ਰਹਮ ਸੁਖ ਪਾਵਣਾ ਕੀਤਾ, ਤਿਸ ਵੇਲੇ ਇਹ ਜੀਵ ਉਸ ਦੀ ਇਸਤ੍ਰੀ ਅਤੇ ਉਹ ਇਸ ਦਾ ਪਤੀ ਕਿਹਾ ਜਾਂਦਾ ਹੈ।

ਅਥਵਾ: ਤਿਸ ਵੇਲੇ ਇਹ ਜੀਵ ਰੂਪੀ ਇਸਤ੍ਰੀ ਅਤੇ ਪਰਮੇਸ਼ਰ ਰੂਪ ਪਤੀ ਕਹਿਣੇ ਮਾਤ੍ਰ ਆਖੇ ਜਾਂਦੇ ਹਨ, ਵਾਸਤਵ ਵਿਚ ਅਭੇਦ ਹੋ ਜਾਂਦੇ ਹਨ॥ ੪੧॥

ਹਾਹਾ ਹੋਤ ਹੋਇ ਨਹੀ ਜਾਨਾ॥ ਜਬ ਹੀ ਹੋਇ ਤਬਹਿ ਮਨੁ ਮਾਨਾ॥

ਹਾਹੇ ਅੱਖਰ ਦੁਆਰਾ ਕਥਨ ਕਰਦੇ ਹਨ ਇਸ ਨੇ ਬ੍ਰਹਮ ਰੂਪ ਹੋਤ=ਹੋਣਾ ਸੀ, ਪਰ ਦੁਨੀਆਂ ਦੇ ਲਾਲਚ ਵਿਚ ਲਗਾ ਕੇ ਇਸਨੇ ਬ੍ਰਹਮ ਰੂਪ ਹੋਣਾ ਜਾਣਿਆਂ ਨਹੀਂ।

ਅੰਨਵੇਂ ! ਜੰਦ ਗੁਰਾਂ ਦੇ ਮਨੁ ਮਾਨਾ=ਮੰਤਰ ਨੂੰ ਮੰਨਣਾ ਕਰੇ ਤਦ ਹੀ ਬ੍ਰਹਮ ਸਰੂਪ ਹੁੰਦਾ ਹੈ।

ਹੈ ਤਉ ਸਹੀ ਲਖੈ ਜਉ ਕੋਈ॥ ਤਬ ਓਹੀ ਉਹੁ ਏਹੁ ਨ ਹੋਈ॥ ੪੨॥

ਸਹੀ=ਨਿਸਚੇ ਕਰਕੇ ਹੈ ਤਾਂ ਬ੍ਰਹਮ ਸਰੂਪ ਪਰ ਜੇ ਕੋਈ ਜਾਨਣਾ ਕਰੇ।

ਤਦ ਓਹੀ ਉਹੁ=ਉਹ ਬ੍ਰਹਮ ਹੀ ਬ੍ਰਹਮ ਹੈ, ਇਹ ਜੀਵ ਰੂਪ ਨਹੀਂ ਹੁੰਦਾ॥ ੪੨॥

ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ॥ ਤਾ ਕਾਰਣਿ ਬਿਆਪੈ ਬਹੁ ਸੋਗੁ॥

ਸਾਰੇ ਲੋਕ ਲਿੰਉ ਲਿੰਉ=ਲਊਂ ਲਊਂ ਭਾਵ ਟਊਂ ਟਊਂ ਕਰਦੇ ਫਿਰਦੇ ਹਨ।

ਵਾ:-ਲਿੰਉ ਲਿੰਉ=ਇਹ ਵੀ ਲੈ ਲਵਾਂ, ਇਹ ਵੀ ਲੈ ਲਵਾਂ, ਐਸੇ ਕਰਦੇ ਹਨ।

ਵਾ:-ਲਿੰਉ=ਲਿਵ ਨੂੰ ਪਦਾਰਥਾਂ ਵਿਚ ਲਿੰਉ=ਲਗਾਕੇ ਭੰਦੇ ਫਿਰਦੇ ਹਨ।

ਤਾ ਕਾਰਣਿ=ਤਿਸ ਵਾਸਤੇ ਲੋਕਾਂ ਨੂੰ ਬਹੁਤ ਦੁਖ ਤੇ ਚਿੰਤਾ ਫਿਕਰ ਵਗੈਰਾ ਵਿਆਪਦੇ ਹਨ।

ਲਖਿਮੀ ਬਰ ਸਿਉ ਜਉ ਲਿਉ ਲਾਵੈ॥ ਸੋਗੁ ਮਿਟੈ ਸਭ ਹੀ ਸੁਖ ਪਾਵੈ॥ ੪੩॥

ਲਖਮੀ ਦੇ ਬਰ=ਪਤੀ ਪਰਮਾਤਮਾ ਦੇ ਨਾਲ ਜਦ ਲਿਵ ਨੂੰ ਲਗਾਉਣਾ ਕਰੇ ਤਾਂ ਸਾਰੇ ਸੋਗ ਮਿਟ ਜਾਂਦੇ

ਹਨ ਤੇ ਬਿਅੰਤ ਸੁਖਾਂ ਨੂੰ ਪਾਂਵਦਾ ਹੈ॥ ੪੩॥

ਖਖਾ ਖਿਰਤ ਖਪਤ ਗਏ ਕੇਤੇ॥ ਖਿਰਤ ਖਪਤ ਅਜਹੂੰ ਨਹ ਚੇਤੇ॥

ਖਖੇ ਅੱਖਰ ਦੁਆਰਾ ਕਥਨ ਕਰਦੇ ਹਨ--ਖਿਰਤ=ਸੰਸਾਰ ਵਿਚ ਕਿਤਨੇ ਹੀ ਪੁਰਸ਼ ਮਰ ਖਪ ਗਏ ਹਨ ਅਤੇ ਹੁਣ ਵੀ ਖਿਰਤ=ਸੰਸਾਰ ਵਿਚ ਖਪਤ=ਨਾਸ ਹੁੰਦੇ ਜਾ ਰਹੇ ਹਨ, ਪਿਤਾ ਪਿਤਾਮਾ ਸਭ ਹਰੀਹਰ ਹੋ ਗਏ ਹਨ, ਪਰ ਇਹ ਪ੍ਰਮਾਦੀ ਜੀਵ ਅਜੇ ਭੀ ਵਾਹਿਗੁਰੂ ਨੂੰ ਨਹੀਂ ਚੇਤਦੇ, ਵਾ:-ਮੌਤ ਨੂੰ ਯਾਦ ਨਹੀਂ ਕਰਦੇ।

ਅਬ ਜਗੁ ਜਾਨਿ ਜਉ ਮਨਾ ਰਹੈ॥ ਜਹ ਕਾ ਬਿਛੁਰਾ ਤਹ ਥਿਰੁ ਲਹੈ॥ ੪੪॥

ਹੁਣ ਵੀ ਜਗਤ ਨੂੰ ਮਿਥਿਆ ਰੂਪ ਜਾਣ ਕੇ ਜੇਕਰ ਮਨ ਇਸਥਿਤ ਹੋ ਰਹੇ।

ਵਾ:-ਹੁਣ ਵੀ ਜਗਤ ਨੂੰ ਨਾਸ ਰੂਪ ਜਾਣ ਕੇ 'ਜਉ ਮਨਾ ਰਹੈ'=ਜਿਹੜਾ ਪੁਰਸ਼ ਸੰਸਾਰ ਵਲੋਂ ਹਟ ਰਹੇ, ਤਾਂ ਜਿਸ ਬ੍ਰਹਮ ਦਾ ਵਿਛੜਿਆ ਹੋਇਆ ਸੀ ਤਿਸੀ ਬ੍ਰਹਮ ਵਿਚ ਇਸਥਿਤੀ ਕਰ ਲੈਂਦਾ ਹੈ॥ ੪੪॥

[ਪੰਨਾ ੩੪੩]

ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥

ਕਬੀਰ ਜੀ ਕਥਨ ਕਰਦੇ ਹਨ, ਇਹ ਅਸਾਂ ਨੇ ਬਵੰਜਾ ਅੱਖਰਾਂ ਦਾ ਸਿਧਾਂਤ ਆ ਕੇ ਜੋੜਿਆ ਹੈ ਅਤੇ ਭੇਦ ਵਾਦੀਆਂ ਨੇ ਇਨ੍ਹਾਂ ਅੱਖਰਾਂ ਨੂੰ ਆਨਿ=ਦ੍ਵੈਤ ਵਿਚ ਜੋੜਿਆ ਹੈ। ਭੇਦ ਵਾਦੀ ਤਾਂ ਇਕ ਅੱਖਰ ਦਾ ਸਿਧਾਂਤ ਵੀ ਨਹੀਂ ਪਛਾਣ ਸਕਿਆ।

ਵਾ:-ਅਖਰੁ=ਖਿਰਨੇ ਤੋਂ ਰਹਿਤ ਜੋ ਇਕ ਪਰਮਾਤਮਾ ਹੈ ਉਸਨੂੰ ਪਛਾਣ ਨਹੀਂ ਸਕਿਆ।

ਸਤ ਕਾ ਸਬਦੁ ਕਬੀਰਾ ਕਹੈ॥ ਪੰਡਿਤ ਹੋਇ ਸੁ ਅਨਭੈ ਰਹੈ॥

ਕਬੀਰ ਜੀ ਕਹਿੰਦੇ ਹਨ-ਅਸਾਂ ਨੇ ਸੱਚ ਦੀ ਪ੍ਰਾਪਤੀ ਦਾ ਇਹ ਸ਼ਬਦ ਕਿਹਾ ਹੈ।

ਜੋ ਸ੍ਰੇਸ਼ਟ ਪੰਡਤ ਹੋਵੇਗਾ ਉਹ ਤਾਂ ਇਸ ਸਿਧਾਂਤ ਨੂੰ ਗ੍ਰਹਿਣ ਕਰ ਕੇ ਅਨਭੈ=ਗਿਆਨ ਸਰੂਪ ਪਰਮੇਸ਼ਰ ਵਿਚ ਇਸਥਿਤ ਹੋਂ ਰਹੇਗਾ।

ਪੰਡਿਤ ਲੋਗਹ ਕਉ ਬਿਉਹਾਰ॥ ਗਿਆਨਵੰਤ ਕਉ ਤਤੁ ਬੀਚਾਰ॥

ਮਾਇਆ ਨਾਲ ਪਿਆਰ ਕਰਨੇ ਵਾਲੇ ਕਥਾ ਵਾਚੀ ਪੰਡਤ ਲੋਕਾਂ ਨੂੰ ਇਹ ਬਾਣੀ ਵਿਹਾਰ ਮਾਤ੍ਰ ਪ੍ਰਤੀਤ ਹੋਵੇਗੀ ਅਰਥਾਤ ਇਸ ਬਾਣੀ ਨੂੰ ਵਾਚ ਕੇ ਮਾਇਆ ਇਕੱਤ੍ਰ ਕਰਨਗੇ।

*ਯਥਾ-*ਬੇਦ ਪਾਠ ਸੰਸਾਰ ਕੀ ਕਾਰ॥ ਪੜਿ ਪੜਿ ਪੰਡਿਤ ਕਰਹਿ ਬੀਚਾਰ॥ *(ਪੰਨਾ ੭੯੧)*

ਗਿਆਨਵੰਤ=ਬੁਧੀਵਾਨਾਂ ਨੂੰ ਵਾ:-ਗਿਆਨ ਦੀ ਪ੍ਰਾਪਤੀ ਵਾਲਿਆਂ ਨੂੰ ਏਹੀ ਬਾਣੀ ਤਤੁ=ਸਿਧਾਂਤ ਦਾ ਵਿਚਾਰ ਹੈ।

ਜਾ ਕੈ ਜੀਅ ਜੈਸੀ ਬੁਧਿ ਹੋਈ॥ ਕਹਿ ਕਬੀਰ ਜਾਨੈਗਾ ਸੋਈ॥ ੪੫॥

ਮੁਕਦੀ ਗੱਲ ਕੀ, ਜਿਸ ਪੁਰਸ਼ ਦੇ ਜੀਅ ਵਿਖੇ ਜੈਸੀ ਬੁੱਧੀ ਹੋਵੇਗੀ,

ਕਬੀਰ ਜੀ ਕਥਨ ਕਰਦੇ ਹਨ ਉਹ ਪੁਰਸ਼ ਇਸ ਬਾਣੀ ਨੂੰ ਵੈਸੇ ਹੀ ਜਾਣੇਗਾ॥ ੪੫॥

(ਬਾਵਨ ਅਖਰੀ ਸਟੀਕ ਸਮਾਪਤ)

੧ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਥਿਤੀ ਕਬੀਰ ਜੀ ਕੀ ॥

ਉਥਾਨਕਾ=ਕਬੀਰ ਜੀ ਪਾਸ ਪੰਡਤ ਨੇ ਆ ਕੇ ਬੇਨਤੀ ਕੀਤੀ ਪੰਦਰਾਂ ਥਿੱਤਾਂ ਅਤੇ ਸੱਤਾਂ ਵਾਰਾਂ ਵਿਚੋਂ ਕਿਸ ਥਿਤ ਅਤੇ ਕਿਸ ਵਾਰ ਦਾ ਪੂਜਨ ਕਰਨਾ ਚਾਹੀਦਾ ਹੈ ਜਾਂ ਕਿਸ ਦੇਵੀ ਦੇਵਤੇ ਦਾ ਪੂਜਨ ਕਰਨਾ ਚਾਹੀਦਾ ਹੈ? ਉੱਤਰ-

ਸਲੋਕੁ ॥ ਪੰਦ੍ਰਹ ਥਿਤੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥

ਕਬੀਰ ਜੀ ਕਥਨ ਕਰਦੇ ਹਨ-ਪੰਦਰਾਂ ਥਿੱਤਾਂ ਅਤੇ ਸੱਤਾਂ ਵਾਰਾਂ ਵਿਚ ਉਸ ਵਾਹਿਗੁਰੂ ਦਾ ਪੂਜਨ ਕਰੋ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ। ਜਿਹੜੇ ਮਨੁੱਖ ਪਰਮਾਤਮਾ ਦਾ ਪੂਜਨ ਕਰਨਾ ਛੱਡ ਕੇ, ਪੰਦਰਾਂ ਥਿੱਤਾਂ ਅਤੇ ਸੱਤਾਂ ਵਾਰਾਂ ਦਾ ਪੂਜਨ ਕਰਦੇ ਹਨ। ਕਬੀਰ ਜੀ ਕਹਿੰਦੇ ਹਨ-ਜਿਸ ਤਰ੍ਹਾਂ ਪੰਦਰਾਂ ਥਿੱਤਾਂ ਅਤੇ ਸੱਤਾਂ ਵਾਰਾਂ ਦੇ ਉਰਵਾਰ ਪਾਰ ਦਾ ਅੰਤ ਨਹੀਂ ਆਉਂਦਾ। ਇਸੇ ਤਰ੍ਹਾਂ ਉਸ ਮਨੁੱਖ ਦੇ ਜੂਨੀਆਂ ਵਿਚ ਭਉਣ ਦੇ ਉਰਵਾਰ ਪਾਰ ਦਾ ਅੰਤ ਨਹੀਂ ਆਉਂਦਾ। ਵਾ:-ਨਾ ਉਸ ਨੂੰ ਉਰਵਾਰ=ਬ੍ਰਹਮ ਲੋਕ ਦਾ ਸੁਖ ਨਾ ਹੀ ਪਾਰ=ਬ੍ਰਹਮ ਗਿਆਨ ਦਾ ਤੇ ਨਾ ਹੀ ਮੁਕਤੀ ਦਾ ਸੁਖ ਪ੍ਰਾਪਤ ਹੁੰਦਾ ਹੈ।

ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥ ੧ ॥

ਜੋ ਸਾਧਿਕ=ਜਗਿਆਸੂ ਸਿਧ=ਮਹਾਤਮਾ ਦੁਆਰੇ ਇਸ ਭੇਦ ਨੂੰ ਜਾਣਦਾ ਹੈ,

ਉਹ ਆਪੇ ਆਪ ਕਰਤਾ ਦੇਉ=ਪਰਮਾਤਮਾ ਦਾ ਰੂਪ ਹੋਇਆ ਹੈ।

ਵਾ:-ਉਹ ਐਸੇ ਨਿਸਚੇ ਕਰਦਾ ਹੈ ਕਿ ਪਰਮਾਤਮਾ ਆਪ ਹੀ ਜਗਤ ਦਾ ਕਰਤਾ ਸਰਗੁਣ ਰੂਪ ਹੈ ਅਤੇ ਆਪ ਹੀ ਸਭ ਦਾ ਦੇਉ=ਪ੍ਰਕਾਸ਼ਕ ਨਿਰਗੁਣ ਰੂਪ ਹੈ॥ ੧ ॥

ਥਿਤੀ ॥ ਅੰਮਾਵਸ ਮਹਿ ਆਸ ਨਿਵਾਰਹੁ ॥ ਅੰਤਰਜਾਮੀ ਰਾਮੁ ਸਮਾਰਹੁ ॥

ਮਸਿਆ ਦੁਆਰੇ ਕਹਿੰਦੇ ਹਨ ਹਿਰਦੇ ਵਿਚੋਂ ਲੋਕ ਪ੍ਰਲੋਕ ਦੇ ਪਦਾਰਥਾਂ ਦੀ ਆਸਾ ਦੂਰ ਕਰੋ ਅਤੇ ਅੰਤਰਜਾਮੀ ਰਾਮ ਨੂੰ ਸਮਾਰਹੁ=ਚੇਤੇ ਕਰੋ, ਤਾਂ-

ਜੀਵਤ ਪਾਵਹੁ ਮੋਖ ਦੁਆਰ ॥ ਅਨਭਉ ਸਬਦੁ ਤਤੁ ਨਿਜੁ ਸਾਰ ॥ ੧ ॥

ਜਿਉਂਦਿਆਂ ਹੀ ਮੁਕਤੀ ਦਾ ਦਰਵਾਜ਼ਾ ਬ੍ਰਹਮ ਗਿਆਨ ਪਾ ਲਵੋਗੇ।

ਅਨਭਉ=ਡਰ ਤੋਂ ਰਹਿਤ ਜੋ ਸਬਦੁ=ਬ੍ਰਹਮ ਹੈ ਸਭ ਵੇਦਾਂ ਦਾ ਤਤੁ=ਸਿਧਾਂਤ ਰੂਪ, ਤਿਸ ਨੂੰ ਆਪਣੇ ਹਿਰਦੇ ਵਿਚ ਸੰਭਾਲਣਾ ਕਰੋ॥ ੧ ॥

ਚਰਨ ਕਮਲ ਗੋਬਿੰਦ ਰੰਗੁ ਲਾਗਾ ॥ ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥ ੧ ॥ ਰਹਾਉ ॥

ਜਿਨ੍ਹਾਂ ਸੰਤਾਂ ਦਾ ਗੋਬਿੰਦ ਦੇ ਚਰਨ ਕਮਲਾਂ ਨਾਲ ਰੰਗੁ=ਪ੍ਰੇਮ ਲਗਾ ਹੋਇਆ ਹੈ, ਉਨ੍ਹਾਂ ਸੰਤਾਂ ਦੀ ਕਿਰਪਾ ਨਾਲ ਮਨ ਦੇ ਸ਼ੁਧ ਹੋਣ ਨਾਲ ਹਰੀ ਦੇ ਕੀਰਤਨ ਕਰਨ ਵਿਚ ਸਾਡਾ ਮਨ ਰਾਤ ਦਿਨੇ ਜਾਗਿਆ ਹੈ॥ ੧ ॥ ਰਹਾਉ ॥

ਪਰਿਵਾ ਪ੍ਰੀਤਮ ਕਰਹੁ ਬੀਚਾਰ॥ ਘਟ ਮਹਿ ਖੇਲੈ ਅੰਘਟ ਅਪਾਰ॥

ਪਰਿਵਾ=ਏਕਮ ਥਿੱਤ ਦੁਆਰਾ ਕਹਿੰਦੇ ਹਨ ਲੋਕ ਪ੍ਰਲੋਕ ਦਾ ਪ੍ਰੀਤਮ ਜੋ ਪ੍ਰਮਾਤਮਾ ਹੈ ਉਸ ਦਾ ਵਿਚਾਰ ਕਰੋ। *ਪ੍ਰਸ਼ਨ*-ਉਹ ਪ੍ਰੀਤਮ ਰਹਿੰਦਾ ਕਿਥੇ ਹੈ?

ਉੱਤਰ- ਉਹ ਅਪਾਰ=ਬਿਅੰਤ ਰੂਪ ਪਰਮਾਤਮਾ ਅਘਟ=ਇਕਰਸ ਸਾਰੇ ਸਰੀਰਾਂ ਵਿਚ ਖੇਲ ਰਿਹਾ ਹੈ।

ਕਾਲ ਕਲਪਨਾ ਕਦੇ ਨ ਖਾਇ॥ ਆਦਿ ਪੁਰਖ ਮਹਿ ਰਹੈ ਸਮਾਇ॥ ੨॥

ਜੋ ਮਨੁੱਖ ਉਸ ਦਾ ਵਿਚਾਰ ਕਰਦਾ ਹੈ ਉਸ ਨੂੰ ਕਾਲ ਦੀ ਕਲਪਨਾ, ਵਾ:-ਜਮਕਾਲ ਅਤੇ ਕਲਪਨਾ ਕਦੇ ਨਹੀਂ ਖਾਂਦੀ, ਕਿਉਂਕਿ ਉਹ ਆਦਿ ਪੁਰਖ=ਸਭ ਪੁਰਸ਼ਾਂ ਦੀ ਆਦਿ ਰੂਪ ਪਰਮਾਤਮਾ ਵਿਚ ਸਮਾ ਰਹਿੰਦਾ ਹੈ॥ ੨॥

ਦੁਤੀਆ ਦੁਹ ਕਰਿ ਜਾਨੈ ਅੰਗ॥ ਮਾਇਆ ਬ੍ਰਹਮ ਰਮੈ ਸਭ ਸੰਗ॥

ਦੂਜ ਥਿੱਤ ਦੁਆਰਾ ਕਥਨ ਕਰਦੇ ਹਨ-ਹੇ ਅੰਗ=ਪਿਆਰੇ ! ਉਸ ਦਾ ਜਾਨਣਾ ਬੜਾ ਦੁਹ ਕਰਿ=ਕਠਨ ਭਾਵ ਔਖਾ ਹੈ, ਕਿਉਂਕਿ ਮਾਇਆ ਅਤੇ ਬ੍ਰਹਮ ਸਾਰਿਆਂ ਨਾਲ ਰਮੈ=ਮਿਲੇ ਹੋਏ ਹਨ ਭਾਵ ਆਤਮਾ ਅਨਾਤਮਾ ਦੋਨੋਂ ਮਿਲੇ ਹੋਏ ਹਨ। ਇਨ੍ਹਾਂ ਦਾ ਵਿਵੇਚਨ ਕਰਨਾ ਬਹੁਤ ਮੁਸ਼ਕਲ ਹੈ, ਜਿਵੇਂ ਦੁਧ ਤੇ ਪਾਣੀ ਆਪਸ ਵਿਚ ਮਿਲ ਜਾਣ ਤਾਂ ਉਨ੍ਹਾਂ ਦਾ ਵਖੋ ਵਖ ਕਰਨਾ ਮੁਸ਼ਕਲ ਹੈ। ਇਕ ਹੰਸ ਹੀ ਹਨ ਜੋ ਚੁੰਝ ਮਾਰ ਕੇ ਦੁਧ ਤੇ ਪਾਣੀ ਨੂੰ ਵਖੋ ਵਖਰਾ ਕਰ ਦਿੰਦੇ ਹਨ ਤੇ ਪਾਣੀ ਤਿਆਗ ਕੇ ਦੁਧ ਪੀ ਲੈਂਦੇ ਹਨ। ਐਸੇ ਇੱਕ ਤਤਵੇਤਾ ਮਹਾਤਮਾਂ ਹੀ ਹਨ ਜੋ ਆਪਣੀ ਰਸਨਾਂ ਰੂਪ ਚੁੰਝ ਮਾਰ ਕੇ ਅਰਥਾਤ ਰਸਨਾਂ ਨਾਲ ਨਾਮ ਉਚਾਰ ਕੇ ਆਤਮਾ ਅਨਾਤਮਾ ਦਾ ਵਿਵੇਚਨ ਕਹਦੇ ਹਨ। ਆਤਮਾ ਰੂਪ ਦੁਧ ਨੂੰ ਪੀ ਲੈਂਦੇ ਹਨ, ਅਨਾਤਮਾ ਰੂਪ ਜਲ ਦਾ ਤਿਆਗ ਕਰਦੇ ਹਨ।

ਇਸ ਪ੍ਰਕਰਣ ਨਾਲ ਭੀ ਉਸ ਦੀ ਪ੍ਰਾਪਤੀ ਕਠਨ ਹੈ, ਜਿਵੇਂ ਖੰਡ ਰੇਤ ਵਿਖੇ ਡੁਲ੍ਹ ਜਾਵੇ ਤਾਂ ਉਹ ਹਾਥੀ ਪਾਸੋਂ, ਵਾ:-ਹੱਥਾਂ ਨਾਲ ਨਹੀਂ ਚੁਣੀ ਜਾਂਦੀ, ਪਰ ਕੀੜੀ ਉਸ ਨੂੰ ਚੁਣ ਕੇ ਖਾ ਲੈਂਦੀ ਹੈ।

ਯਥਾ- ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥ ੨੩੮॥ *(ਪੰਨਾ ੧੩੭੭)*

ਇਸੀ ਪ੍ਰਕਾਰ ਖੰਡ ਰੂਪੀ ਹਰੀ ਹੈ ਜਿਵੇਂ ਖੰਡ ਮਿੱਠੀ ਹੈ ਤਿਵੇਂ ਹਰੀ ਮਿੱਠਾ ਹੈ, ਜਿਵੇਂ ਰੇਤ ਖੁਸ਼ਕ ਹੈ ਤਿਵੇਂ ਸੰਸਾਰ ਖੁਸ਼ਕ ਹੈ। ਸੰਸਾਰ ਰੂਪ ਰੇਤ ਵਿਖੇਂ ਹਰੀ ਰੂਪ ਖੰਡ ਖਿਲਰੀ ਹੋਈ ਹੈ ਉਹ ਹੰਕਾਰੀ ਪੁਰਸ਼ ਰੂਪ ਹਾਥੀ ਪਾਸੋਂ ਨਹੀਂ ਚੁਣੀ ਜਾਂਦੀ।

ਵਾ:-ਸ਼ਕਾਮ ਕਰਮਾਂ ਰੂਪੀ ਹੱਥਾਂ ਨਾਲ ਨਹੀਂ ਚੁਣੀ ਜਾਂਦੀ।

ਕਬੀਰ ਜੀ ਕਥਨ ਕਰਦੇ ਹਨ-ਗੁਰਾਂ ਨੇ ਸਭ ਤੋਂ ਚੰਗੀ ਗੱਲ ਸਮਝਾਈ ਹੈ ਕਿ ਕੀੜੀ ਵਾਂਗੂੰ ਨਿੰਮ੍ਰਤਾ ਧਾਰੇ ਤਾਂ ਹਰੀ ਰੂਪ ਖੰਡ ਨੂੰ ਖਾ ਸਕਦਾ ਹੈ।

ਅਥਵਾ:-ਮਾਇਆ ਤੇ ਬ੍ਰਹਮ ਇਹ ਦੋਨੋਂ ਹੀ ਸਾਰਿਆਂ ਨਾਲ ਮਿਲ ਰਹੇ ਹਨ।

ਮਾਇਆ ਨਾਮ, ਰੂਪ ਹੋ ਕੇ ਅਤੇ ਬ੍ਰਹਮ ਅਸਤੀ, ਭਾਂਤੀ ਪ੍ਰੇਯ ਰੂਪ ਹੋ ਕੇ ਸਾਰਿਆਂ ਨਾਲ ਮਿਲ ਰਹੇ ਹਨ ਇਨ੍ਹਾਂ ਦੋਹਾਂ ਕਰਕੇ ਹੀ ਅੰਗ=ਸਰੀਰ ਨੂੰ ਬਣਿਆਂ ਹੋਇਆ ਜਾਣੇ।

ਤੀਜਾ ਅਰਥ-ਅੰਗ=ਹੇ ਪਿਆਰੇ ! ਉਸ ਦੀ ਪ੍ਰਾਪਤੀ ਵੈਰਾਗ ਤੇ ਗਿਆਨ ਇਨ੍ਹਾਂ ਦੋਹਾਂ ਦੁਆਰਾ ਜਾਨਣਾ ਕਰ। ਜੋ ਮਾਇਆ ਤੇ ਬ੍ਰਹਮ ਸਾਰਿਆਂ ਦੇ ਨਾਲ ਮਿਲ ਰਹੇ ਹਨ, ਇਨ੍ਹਾਂ ਵਿਚੋਂ ਹੀ ਦੋ ਸਾਧਨਾਂ ਦਾ ਗ੍ਰਹਿਣ ਕਰਨਾ।

ਮਾਇਆ ਦੇ ਤਿਆਗ ਵਿਚੋਂ ਵੈਰਾਗ ਦਾ ਗ੍ਰਹਿਣ ਕਰਨਾ, ਬ੍ਰਹਮ ਦੇ ਪ੍ਰਕਾਸ਼ ਵਿਚੋਂ ਗਿਆਨ ਦਾ ਗ੍ਰਹਿਣ ਕਰਨਾ।

ਨਾ ਓਹੁ ਬਢੈ ਨ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥ ੩ ॥

ਸਰੀਰ ਦੇ ਵਧਣ ਨਾਲ ਉਹ ਪਰਮਾਤਮਾ ਵਧਦਾ ਨਹੀਂ, ਸਰੀਰ ਦੇ ਘਟਣ ਨਾਲ ਉਹ ਘਟ ਨਹੀਂ ਜਾਂਦਾ।

ਅਕੁਲ=ਕੁਲਾਂ ਤੋਂ ਰਹਿਤ, ਨਿਰੰਜਨ=ਮਾਇਆ ਮਲ ਤੋਂ ਰਹਿਤ ਪਰਮਾਤਮਾ ਸਦਾ ਹੀ, ਏਕੈ ਭਾਇ=ਇਕ ਰਸ ਰਹਿੰਦਾ ਹੈ।

ਵਾ:-ਉਸ ਇਕ ਅਕੁਲ ਨਿਰੰਜਨ ਪਰਮਾਤਮਾ ਵਿਚ ਭਾਇ=ਪ੍ਰੇਮ ਕਰ॥ ੩ ॥

ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ ਆਨਦ ਮੂਲ ਪਰਮ ਪਦੁ ਪਾਵੈ ॥

ਪਹਿਲਾ ਅਰਥ-ਤੀਜ ਥਿੱਤ ਦੁਆਰਾ ਕਥਨ ਕਰਦੇ ਹਨ ਤਿੰਨਾਂ ਦੇਵਤਿਆਂ ਵਿਚ ਸਮਤਾ ਕਰਨੀ ਲਿਆਵੇ ਭਾਵ ਇਨ੍ਹਾਂ ਦੇਵਤਿਆਂ ਨੂੰ ਇਕ ਸਮਾਨ ਜਾਣੇ।

ਦੂਜਾ ਅਰਥ-ਜਾਗ੍ਰਤ ਸੁਪਨ ਸਖੋਪਤਿ ਰੂਪ ਤਿੰਨਾਂ ਅਵਸਥਾ ਵਿਚ ਸਮਤਾ ਕਰਨੀ ਲਿਆਵੇ ਭਾਵ ਇਨ੍ਹਾਂ ਦੇ ਅਭਿਮਾਨ ਨੂੰ ਤਿਆਗ ਕੇ ਤੁਰੀਆ ਪਦ ਵਿਚ ਥਿਰਤੀ ਟਿਕਾਵੇ।

ਤੀਜਾ ਅਰਥ-ਤੀਨੇ=ਤ੍ਰਿਕਾਂਡ ਵੇਦ ਵਿਚ ਸਮਤਾ ਕਰਨੀ ਲਿਆਵੇ ਅਰਥਾਤ ਇਹ ਨਿਸਚੇ ਕਰੇ ਕਿ ਤ੍ਰਿਕਾਂਡ ਵੇਦ ਪਰਮਾਤਮਾ ਦੇ ਜਸ ਨੂੰ ਹੀ ਕਥਨ ਕਰਦਾ ਹੈ।

ਨੋਟ-ਤ੍ਰਿਕਾਂਡ ਵੇਦ ਕੋਈ ਵਖਰਾ ਵੇਦ ਨਹੀਂ। ਕਰਮ, ਉਪਾਸ਼ਨਾ, ਗਿਆਨ, ਇਹ ਤਿੰਨ ਪਰਕਰਣ ਜਿਸ ਵਿਚ ਹੋਣ ਉਸ ਨੂੰ ਤ੍ਰਿਕਾਂਡ ਵੇਦ ਕਹਿੰਦੇ ਹਨ।

ਕਰਮ ਅੰਤਹਕਰਣ ਦੀ ਸ਼ੁਧੀ ਦਾ ਸਾਧਨ ਹੈ। ਉਪਾਸ਼ਨਾ ਮਨ ਦੀ ਵਿਖੇਪਤਾ ਦੂਰ ਕਰਨ ਦਾ ਸਾਧਨ ਹੈ। ਗਿਆਨ ਅਗਿਆਨ ਦੀ ਨਵਿਰਤੀ ਦਾ ਸਾਧਨ ਹੈ।

ਚੌਥਾ ਅਰਥ-ਤਿੰਨਾਂ ਲੋਕਾਂ ਵਿਚ ਸਮਤੀ ਕਰਨੀ ਲਿਆਵੇ।

ਭਾਵ ਤਿੰਨਾਂ ਲੋਕਾਂ ਵਿਚ ਪਰਮੇਸ਼ਰ ਨੂੰ ਪਰੀਪੂਰਨ ਜਾਣੇ।

ਪੰਜਵਾਂ ਅਰਥ-ਵਿਸ ਤੈਜਸ ਪ੍ਰਾਗਜ ਇਨ੍ਹਾਂ ਤਿੰਨਾਂ ਵਿਚ ਸਮਤਾ ਕਰਨੀ ਲਿਆਵੇ।

ਜੀਵ ਤਿੰਨ ਪਰਕਾਰ ਦਾ ਹੈ-

ਜਾਗ੍ਰਤ ਅਵਾਥਾ ਦਾ ਅਭਿਮਾਨੀ ਜੋ ਜੀਵ ਹੈ ਉਸ ਨੂੰ 'ਵਿਸ' ਕਹਿੰਦੇ ਹਨ।

ਸੁਪਨ ਅਵਸਥਾ ਦਾ ਅਭਿਮਾਨੀ ਜੋ ਜੀਵ ਹੈ ਉਸ ਨੂੰ 'ਤੈਜਸ' ਕਹਿੰਦੇ ਹਨ।

ਸਖੋਪਤ ਅਵਸਥਾ ਦਾ ਅਭਿਮਾਨੀ ਜੋ ਜੀਵ ਹੈ ਉਸ ਨੂੰ 'ਪ੍ਰਾਗਜ' ਕਹਿੰਦੇ ਹਨ।

ਇਸ ਵਿਖੇ ਸਮਤਾ ਕਰਨੀ ਲਿਆਵੇ ਭਾਵ ਇਕ ਰੂਪ ਨਿਸਚੇ ਕਰੇ।

ਛੇਵਾਂ ਅਰਥ-ਵੈਰਾਟ, ਹਿਰਣਜ ਗਰਭ, ਈਸ਼ਵਰ ਇਨ੍ਹਾਂ ਤਿੰਨਾਂ ਵਿਚ ਸਮਤਾ ਕਰਨੀ ਲਿਆਵੇ।

ਚੇਤਨ ਭੀ ਤਿੰਨ ਪ੍ਰਕਾਰ ਦਾ ਹੈ- ਸਮਸ਼ਟੀ ਅਸਥੂਲ ਸ੍ਰਿਸ਼ਟੀ ਦਾ ਜੋ ਅਭਿਮਾਨੀ ਹੈ ਉਸ ਨੂੰ 'ਵੈਰਾਟ' ਕਹਿੰਦੇ ਹਨ। ਸਮਸ਼ਟੀ ਸੂਖਮ ਸ੍ਰਿਸ਼ਟੀ ਦਾ ਜੋ ਅਭਿਮਾਨੀ ਹੈ ਉਸ ਨੂੰ 'ਹਿਰਣਯ ਗਰਭ' ਕਹਿੰਦੇ ਹਨ। ਸਮਸ਼ਟੀ ਕਾਰਨ ਸ੍ਰਿਸ਼ਟੀ ਦਾ ਜੋ ਅਭਿਮਾਨੀ ਹੈ ਉਸ ਨੂੰ ਈਸ਼੍ਵਰ ਕਹਿੰਦੇ ਹਨ।

ਸੱਤਵਾਂ ਅਰਥ-ਤਿੰਨਾਂ ਕਾਲਾਂ ਵਿਚ ਸਮਤਾ ਕਰਨੀ ਲਿਆਵੇ ਅਰਥਾਤ,

ਭੂਤ, ਭਵਿਖਤ, ਵਰਤਮਾਨ ਵਿਚ ਪਰਮੇਸ਼ਰ ਨੂੰ ਪਰੀਪੂਰਨ ਨਿਸਚੇ ਕਰੇ-ਤਾਂ-

ਅਨੰਦ ਦੇ ਮੂਲ ਰੂਪ ਪਰਮ ਪਦੁ=ਆਤਮ ਪਦ ਨੂੰ ਪਾ ਲੈਂਦਾ ਹੈ।

ਸਾਧਸੰਗਤਿ ਉਪਜੈ ਬਿਸ੍ਵਾਸ ॥ ਬਾਹਰਿ ਭੀਤਰਿ ਸਦਾ ਪ੍ਰਗਾਸ ॥ ੪ ॥

ਸਤਸੰਗਤ ਦੁਆਰਾ ਮਨ ਵਿਚ ਭਰੋਸਾ ਪੈਦਾ ਹੋਵੇ ਤਾਂ ਸਰੀਰ ਦੇ, *ਅਥਵਾ*:-ਬ੍ਰਹਮਾਂਡ ਦੇ ਅੰਦਰ ਬਾਹਰ ਸਦਾ ਉਸ ਪਰਮਾਤਮਾ ਦਾ ਪ੍ਰਕਾਸ਼ ਦਿਸਦਾ ਹੈ॥ ੪॥

ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥

ਚੌਥ ਥਿੱਤ ਦੁਆਰਾ ਕਥਨ ਕਰਦੇ ਹਨ-ਚੰਚਲ ਮਨ ਨੂੰ ਗਹਹੁ=ਫੜ ਰਖ ਭਾਵ ਕਾਬੂ ਕਰੋ। ਕਾਮ, ਕ੍ਰੋਧ ਆਦਿਕਾਂ ਦੀ ਸੰਗਤ ਵਿਚ ਕਦੇ ਨਾ ਬੈਠੋ।

ਵਾ:-ਕਾਮ ਕ੍ਰੋਧ ਆਦਿਕਾਂ ਨਾਲ ਲਗ ਕੇ ਸੰਸਾਰ ਸਮੁੰਦਰ ਵਿਚ ਬਹਹੁ=ਰੁੜ੍ਹੋ ਨਾ।

ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥ ੫ ॥

ਜਲਾਂ ਵਿਚ ਭੀ ਆਪ ਹੈ, ਥਲਾਂ ਵਿਚ ਭੀ ਆਪ ਹੈ। ਆਪਣੇ ਜਾਪ ਨੂੰ ਆਪ ਹੀ ਜਪਣਾ ਕਰੋ।

ਵਾ:-ਜਲਾਂ ਥਲਾਂ ਵਿਚ ਜੋ ਪਰਮਾਤਮਾ ਆਪੇ ਆਪ ਇਸਥਿਤ ਹੋ ਰਿਹਾ ਹੈ, ਉਸ ਨੂੰ ਆਪਣਾ ਆਪ ਰੂਪ ਨਿਸਚੇ ਕਰ ਕੇ ਅਭੇਦ ਚਿੰਤਨ ਰੂਪ ਜਾਪ ਜਪਣਾ ਕਰੋ॥ ੫॥

ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਿਨੀ ਜੁਗ ਬਿਉਹਾਰ ॥

ਪੰਚਮੀ ਥਿੱਤ ਦੁਆਰਾ ਕਥਨ ਕਰਦੇ ਹਨ-ਪੰਜਾਂ ਤੱਤਾਂ ਦਾ ਵਿਸਥਾਰ ਜੋ ਸੰਸਾਰ ਹੈ ਇਸ ਵਿਚ ਲਗ ਕੇ ਇਹ ਜੀਵ ਕਨਿਕ=ਸੋਨਾ ਭਾਵ ਮਾਇਆ ਅਤੇ ਕਾਮਿਨੀ=ਇਸਤ੍ਰੀ ਇਨ੍ਹਾਂ ਜੁਗ=ਦੋਹਾਂ ਦੀ ਪ੍ਰਾਪਤੀ ਦਾ ਵਿਹਾਰ ਕਰਦਾ ਹੈ।

ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥ ੬ ॥

ਜਿਹੜਾ ਕੋਈ ਵਾਹਿਗੁਰੂ ਦੇ ਪ੍ਰੇਮ ਰੂਪੀ ਅੰਮ੍ਰਿਤ ਰਸ ਨੂੰ ਪੀਂਦਾ ਹੈ, ਉਸ ਨੂੰ ਮੁੜ ਕੇ ਬੁਢੇਪੇ ਅਤੇ ਮਰਨ ਦਾ ਦੁਖ ਨਹੀਂ ਹੁੰਦਾ॥ ੬॥

ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥ ਬਿਨੁ ਪਰਚੈ ਨਹੀ ਥਿਰਾ ਰਹਾਇ ॥

ਖਸ਼ਟਮੀ ਥਿੱਤ ਦੁਆਰਾ ਕਥਨ ਕਰਦੇ ਹਨ-੧. ਮੂਲਾਧਾਰ, ੨. ਸ੍ਵੈਧਿਸ਼ਠਾਨ, ੩. ਮਨੀ ਪੂਰਕ, ੪. ਅਨਾਹਤ, ੫. ਵਿਸ਼ੁਧ, ੬. ਆਗਿਆ ਇਨ੍ਹਾਂ ਛਿਆਂ ਚੱਕ੍ਰਾਂ ਕਰ ਕੇ ਵਾ:-ਪੰਜ ਗਿਆਨ ਇੰਦ੍ਰੀਏ ਅਤੇ ਇਕ ਮਨ ਇਨ੍ਹਾਂ ਛਿਆਂ ਚੱਕ੍ਰਾਂ ਕਰ ਕੇ ਜੋ ਸਰੀਰ ਬਣਿਆਂ ਹੈ, ਉਹ ਛਹੂੰ ਦਿਸ ਧਾਇ=ਛਿਆਂ ਪਾਸਿਆਂ-ਪੂਰਬ, ਪੱਛਮ, ਉਤਰ, ਦੱਖਣ, ਅਕਾਸ਼ ਪਾਤਾਲ ਵਲ ਦੌੜਦਾ ਹੈ। ਇਕ ਗੁਰ ਉਪਦੇਸ਼, ਵਾ:-ਪਰਚੈ=ਪ੍ਰੇਮ ਤੋਂ ਬਿਨਾਂ ਇਸਥਿਤ ਨਹੀਂ ਰਹਿੰਦਾ।

ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥ ੭ ॥

ਤਾਂ ਗੁਰ ਉਪਦੇਸ਼ ਦੁਆਰਾ ਦੁਬਿਧਾ=ਦ੍ਵੈਤ ਨੂੰ ਮਿਟਾ ਕੇ ਖਿਮਾਂ ਨੂੰ ਗ੍ਰਹਿਣ ਕਰਦੇ ਰਹੋ। ਕਰਮਾਂ ਧਰਮਾਂ ਦੇ ਕਰਨ ਦੀ ਸੂਲ=ਪੀੜਾ (ਤਕਲੀਫ ਨੂੰ ਨਾ ਸਹਾਰੋ ਭਾਵ ਹੋਰ ਕਰਮ ਧਰਮ ਕਰਨ ਦੀ ਕੋਈ ਲੋੜ ਨਹੀਂ)॥ ੭॥

ਸਾਤੈਂ ਸਤਿ ਕਰਿ ਬਾਚਾ ਜਾਣਿ ॥ ਆਤਮ ਰਾਮੁ ਲੇਹੁ ਪਰਵਾਣਿ ॥

ਸੱਤਵੀਂ ਥਿੱਤ ਦੁਆਰਾ ਕਥਨ ਕਰਦੇ ਹਨ-ਗੁਰਾਂ ਦੀ ਕਹੀ ਹੋਈ ਬਾਣੀ ਨੂੰ ਸੱਚੀ ਕਰ ਕੇ ਜਾਣੋ।

ਗੁਰਬਾਣੀ ਦੁਆਰਾ ਹੀ ਆਤਮ=ਆਪਣੇ ਆਪ ਨੂੰ ਰਾਮ ਰੂਪ ਪਰਵਾਣਿ=ਪਛਾਣ ਲਓ। ਵਾ:-ਨਿਸਚੇ ਕਰ ਲਵੋ ਕਿ ਮੇਰਾ ਆਪਣਾ ਆਪ ਬ੍ਰਹਮ ਰੂਪ ਹੈ ਮੈਂ ਹੀ ਬ੍ਰਹਮ ਹਾਂ।

ਛੂਟੈ ਸੰਸਾ ਮਿਟਿ ਜਾਹਿ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥ ੮ ॥

ਅੰਨਵੇਂ-ਮੈਂ ਬ੍ਰਹਮ ਹਾਂ ਕਿ ਜੀਵ ? ਇਸ ਸੰਸੇ ਦੇ ਛੁਟ ਜਾਣ ਤੇ ਜਦ ਸੁੰਨ=ਅਫੁਰ ਬ੍ਰਹਮ ਰੂਪ ਸਰੋਵਰ ਦੇ ਸੁਖ ਨੂੰ ਪਾਓਗੇ ਤਾਂ ਜਨਮ ਮਰਨ ਰੂਪ ਦੁਖ ਮਿਟ ਜਾਏਗਾ॥ ੮॥

ਅਸਟਮੀ ਅਸਟ ਧਾਤੁ ਕੀ ਕਾਇਆ ॥
ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥

ਅਸਟਮੀ ਥਿੱਤ ਦੁਆਰਾ ਕਥਨ ਕਰਦੇ ਹਨ-ਇਹ ਜੋ ਅੱਠਾਂ ਧਾਤਾਂ ਦੀ ਦੇਹ ਹੈ (ਭਾਵ ਚਾਰ ਮਾਤਾ ਦੀਆਂ-੧. ਰਕਤ, ੨. ਰੋਮ, ੩. ਨਾੜੀ, ੪. ਤੁਚਾ। ਚਾਰ ਪਿਤਾ ਦੀਆਂ-੫. ਅਸਤ, ੬. ਬੀਰਜ, ੭. ਮਿਝ, ੮. ਚਰਬੀ, ਵਾ:-੧. ਪ੍ਰਿਕ੍ਰਿਤੀ, ੨. ਮਹਿਤਤ, ੩. ਤ੍ਰਿਧਾ ਹੰਕਾਰ ਅਤੇ ਪੰਜ ਤਨ ਮਾਤ੍ਰਾ, ਸ਼ਬਦ, ਸਪਰਸ਼, ਰੂਪ, ਰਸ, ਗੰਧ।)

ਤਾ ਮਹਿ=ਤਿਸ ਦੇ ਵਿਚ ਹੀ ਅਕੁਲ=ਕੁਲਾਂ ਤੋਂ ਰਹਿਤ ਮਹਾਂ ਨਿਧੀਆਂ ਦਾ ਖਜ਼ਾਨਾ ਰਾਇਆ=ਪ੍ਰਕਾਸ਼ ਰੂਪ ਪਰਮਾਤਮਾ ਹੈ।

ਪ੍ਰਸ਼ਨ-ਉਸ ਨਾਲ ਮੇਲ ਕਿਵੇਂ ਹੋਵੇ? *ਉੱਤਰ:-*

ਗੁਰ ਗਮ ਗਿਆਨ ਬਤਾਵੈ ਭੇਦ ॥ ਉਲਟਾ ਰਹੈ ਅਭੰਗ ਅਛੇਦ ॥ ੯ ॥

ਗਿਆਨ ਵਿਚ ਗੰਮਤਾ ਰਖਣ ਵਾਲੇ ਗੁਰੂ ਸਾਹਿਬ ਜੀ ਜਦ ਭੇਦ ਨੂੰ ਬਤਾਣ ਤਾਂ ਇਹ ਜੀਵ ਆਪਣੇ ਮਨ ਨੂੰ ਸੰਸਾਰ ਵਲੋਂ ਉਲਟਾ ਕੇ, ਅਭੰਗ ਅਛੇਦ=ਪਰਮਾਤਮਾ ਵਿਚ ਇਸਥਿਤ ਹੋ ਰਹਿੰਦਾ ਹੈ॥ ੯॥

ਨਉਮੀ ਨਵੈ ਦੁਆਰ ਕਉ ਸਾਧਿ ॥ ਬਹਤੀ ਮਨਸਾ ਰਾਖਹੁ ਬਾਂਧਿ ॥

ਨੌਮੀ ਥਿੱਤ ਦੁਆਰਾ ਕਥਨ ਕਰਦੇ ਹਨ-ਕਿ ਨੌਂ ਗੋਲਕਾਂ ਵਿਚ ਦਸ ਇੰਦ੍ਰੀਆਂ ਨੂੰ ਵਿਸ਼ੇ ਵਿਕਾਰਾਂ ਵਲੋਂ ਸਾਧਿ=ਰੋਕ ਕੇ ਪਦਾਰਥਾਂ ਦੀ ਮਨਸਾ=ਵਾਸ਼ਨਾਂ ਵਿਚ ਬਹਤੀ=ਰੁੜ੍ਹੀ ਜਾਂਦੀ ਹੋਈ ਬਿਰਤੀ ਨੂੰ ਬੰਨ੍ਹ ਰਖੋ।

ਲੋਭ ਮੋਹ ਸਭ ਬੀਸਰਿ ਜਾਹੁ ॥
ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥ ੧੦ ॥

ਕਾਮ ਕ੍ਰੋਧ, ਲੋਭ, ਮੋਹ ਆਦਿਕ ਸਾਰੇ ਵੈਰੀਆਂ ਨੂੰ ਭੁਲ ਜਾਓ। ਅਮਰ ਕਰਨ ਵਾਲੇ ਗਿਆਨ ਰੂਪ ਫਲ

ਨੂੰ ਖਾ ਕੇ ਜੁਗਾਂ ਜੁਗਾਂ ਪ੍ਰਯੰਤ ਜਿਉਂਦੇ ਰਹੋ॥ ੧੦॥

[ਪੰਨਾ ੩੪੪]

ਦਸਮੀ ਦਹ ਦਿਸ ਹੋਇ ਅਨੰਦ॥ ਛੂਟੈ ਭਰਮੁ ਮਿਲੈ ਗੋਬਿੰਦ॥

ਦਸਮੀ ਥਿੱਤ ਦੁਆਰਾ ਕਥਨ ਕਰਦੇ ਹਨ-ਤਿਸ ਵੇਲੇ ਦਸੋ ਦਿਸ਼ਾ ਭਾਵ ਦਸਾਂ ਪਾਸਿਆਂ ਵਲੋਂ ਅਨੰਦ ਪ੍ਰਾਪਤ ਹੁੰਦਾ ਹੈ, ਜਿਸ ਵੇਲੇ ਭਰਮ ਦੇ ਛੁਟ ਜਾਣ ਨਾਲ ਗੋਬਿੰਦ ਪਰਮਾਤਮਾ ਮਿਲਦਾ ਹੈ।

ਜੋਤਿ ਸਰੂਪੀ ਤਤ ਅਨੂਪ॥ ਅਮਲ ਨ ਮਲਨ ਛਾਹ ਨਹੀ ਧੂਪ॥ ੧੧॥

ਉਹ ਜੋਤਿ ਸਰੂਪੀ=ਪ੍ਰਕਾਸ਼ ਰੂਪ ਪਰਮਾਤਮਾ ਸਭ ਵੇਦਾਂ ਦਾ ਸਿਧਾਂਤ ਰੂਪ ਅਤੇ ਅਨੂਪ=ਉਪਮਾਂ ਤੋਂ ਰਹਿਤ ਹੈ। ਅਮਲ=ਨਿਰਮਲ ਹੈ, ਤੇ ਉਸ ਵਿਚ ਨ ਮਲਨ=ਰਾਗ ਦ੍ਵੈਸ਼ ਜਾਂ ਅਵਿੱਦਿਆ ਰੂਪੀ ਮੈਲ ਨਹੀਂ, ਛਾਹ=ਸ਼ਾਂਤੀ ਸਰੂਪ ਹੈ, ਨਹੀਂ ਧੂਪ=ਤਮੋਗੁਣ ਨਹੀਂ।

ਵਾ:-ਛਾਹ ਨਹੀ=ਜੜ੍ਹਤਾ ਨਹੀਂ, ਧੂਪ=ਪ੍ਰਕਾਸ਼ ਰੂਪ ਹੈ।

ਵਾ:-ਉਸ ਵਿਚ ਦੁੰਦਵਾਦ ਹੀ ਨਹੀਂ ਕਿਉਂਕਿ ਨਾ ਅਮਲ=ਨਿਰਮਲ ਹੈ, ਨਾ ਮੈਲਾ ਹੈ, ਨਾ ਛਾਂ ਹੈ, ਨਾ ਧੁਪ ਹੈ।

ਏਕਾਦਸੀ ਏਕ ਦਿਸ ਧਾਵੈ॥ ਤਉ ਜੋਨੀ ਸੰਕਟ ਬਹੁਰਿ ਨ ਆਵੈ॥

ਇਕਾਦਸ਼ੀ ਥਿੱਤ ਦੁਆਰਾ ਕਥਨ ਕਰਦੇ ਹਨ--ਸਭ ਧੰਧੇ ਛਡ ਕੇ ਇਕ ਪਰਮਾਤਮਾ ਦੀ ਤਰਫ ਦੌੜੇ ਅਰਥਾਤ ਭਗਤ ਨਾਮਦੇਵ ਅਤੇ ਅੰਬ੍ਰੀਕ ਰਾਜੇ ਦੀ ਨਿਆਈਂ ਪਰਮਾਤਮਾ ਵਲ ਰੁਚੀ ਕਰੇ ਤਾਂ ਇਹ ਜੀਵ ਬਹੁਰਿ=ਮੁੜ ਕੇ ਚੌਰਾਸੀ ਲੱਖ ਜੂਨੀਆਂ ਦੇ ਸੰਕਟ=ਦੁਖਾਂ ਵਿਚ ਨਹੀਂ ਆਉਂਦਾ।

ਸੀਤਲ ਨਿਰਮਲ ਭਇਆ ਸਰੀਰਾ॥ ਦੂਰਿ ਬਤਾਵਤ ਪਾਇਆ ਨੀਰਾ॥ ੧੨॥

ਸਰੀਰ=ਅੰਤਹਕਰਣ ਸੀਤਲ=ਸ਼ਾਂਤ ਸਰੂਪ ਅਤੇ ਸ਼ੁਧ ਹੋ ਗਿਆ। ਅਗਿਆਨੀ ਲੋਕ ਜਿਸ ਪਰਮਾਤਮਾ ਨੂੰ ਦੂਰ ਬਤਾਂਦੇ ਸਨ, ਉਸ ਪਰਮਾਤਮਾ ਨੂੰ ਗੁਰ ਉਪਦੇਸ਼ ਦੁਆਰਾ ਆਪਣੇ ਨੀਰਾ=ਨਜ਼ਦੀਕ ਭਾਵ ਅੰਤਹ-ਕਰਣ ਦੇ ਵਿਚ ਪਾ ਲਿਆ ਹੈ॥ ੧੨॥

ਬਾਰਸਿ ਬਾਰਹ ਉਗਵੈ ਸੂਰ॥ ਅਹਿਨਿਸਿ ਬਾਜੇ ਅਨਹਦ ਤੂਰ॥

ਦੁਆਦਸੀ ਥਿੱਤ ਦੁਆਰਾ ਕਥਨ ਕਰਦੇ ਹਨ-ਜਿਸ ਵੇਲੇ ਹਿਰਦੇ ਰੂਪ ਅਕਾਸ਼ ਵਿਚ ਬਾਰਾਂ ਸੂਰਜਾਂ ਵਾਗੂੰ ਗਿਆਨ ਰੂਪ ਸੂਰਜ ਉਦੇ ਹੁੰਦਾ ਹੈ, ਤਿਸ ਵੇਲੇ ਅਨਹਦ=ਇਕਰਸ ਅਹੰਬ੍ਰਹਮਸਮੀ ਰੂਪ ਤੂਰ=ਵਾਜੇ ਦਿਨ ਰਾਤ ਵਜਦੇ ਹਨ।

ਦੇਖਿਆ ਤਿਹੂੰ ਲੋਕ ਕਾ ਪੀਉ॥ ਅਚਰਜੁ ਭਇਆ ਜੀਵ ਤੇ ਸੀਉ॥ ੧੩॥

ਜਿਸ ਨੇ ਤਿੰਨਾਂ ਲੋਕਾਂ ਦਾ ਪਤੀ ਪਰਮਾਤਮਾ ਵੇਖਿਆ ਹੈ ਉਹ ਜੀਵ ਤੋਂ ਅਸਚਰਜ ਸੀਉ=ਕਲਿਆਣ ਰੂਪ ਜੋ ਬ੍ਰਹਮ ਹੈ, ਉਸ ਦਾ ਸਰੂਪ ਹੋ ਗਿਆ ਹੈ॥ ੧੩॥

ਤੇਰਸਿ ਤੇਰਹ ਅਗਮ ਬਖਾਣਿ॥ ਅਰਧ ਉਰਧ ਬਿਚਿ ਸਮ ਪਹਿਚਾਣਿ॥

ਤ੍ਰੈਦਸੀ ਥਿੱਤ ਦੁਆਰਾ ਕਥਨ ਕਰਦੇ ਹਨ ਕਿ ਨੌਂ ਵਿਆਕਰਣ, ਚਾਰ ਵੇਦ, ਇਹ ਤੇਰ੍ਹਾਂ ਗ੍ਰੰਥ ਅਤੇ ਛੇ

ਅਗਮ=ਸ਼ਾਸਤ੍ਰ ਸਭ ਉਸ ਪਰਮਾਤਮਾ ਨੂੰ ਕਥਨ ਕਰਦੇ ਹਨ।

ਵਾ:-ਤੇ+ਰਹ=ਉਹ ਮਨੁੱਖ ਜਨਮ ਮਰਨ ਤੋਂ ਰਹਿਤ ਹੋਏ ਹਨ, ਜਿਨ੍ਹਾਂ ਨੇ ਅਗਮ ਰੂਪ ਪਰਮਾਤਮਾ ਨੂੰ ਕਥਨ ਕੀਤਾ ਹੈ ਅਤੇ ਅਰਧ ਉਰਧ=ਹੇਠਾਂ ਉੱਤੇ ਭਾਵ ਲੋਕ ਪ੍ਰਲੋਕ ਵਿਚ ਸਾਰੇ ਪਰਮਾਤਮਾ ਨੂੰ ਇਕ ਸਮਾਨ ਪਛਾਣਿਆਂ ਹੈ।

ਨੀਚ ਊਚ ਨਹੀ ਮਾਨ ਅਮਾਨ ॥ ਬਿਆਪਿਕ ਰਾਮ ਸਗਲ ਸਾਮਾਨ ॥ ੧੪ ॥

ਉਨ੍ਹਾਂ ਸੰਤਾਂ ਦੀ ਦ੍ਰਿਸ਼ਟੀ ਵਿਚ ਨੀਚ ਊਚ ਤੇ ਮਾਨ ਅਪਮਾਨ ਦਾ ਕੋਈ ਵਿਚਾਰ ਨਹੀਂ ਹੈ ਅਤੇ ਉਨ੍ਹਾਂ ਨੇ ਸਾਰਿਆਂ ਵਿਚ ਰਾਮ ਨੂੰ ਸਮਾਨ=ਇਕੋ ਜੇਹਾ ਵਿਆਪਕ ਜਾਣਿਆਂ ਹੈ॥ ੧੪॥

ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥

ਚੌਦਸ ਥਿੱਤ ਦੁਆਰਾ ਕਥਨ ਕਰਦੇ ਹਨ-ਕਿ ਚੌਦਾਂ ਲੋਕਾਂ ਦੇ ਮਝਾਰਿ=ਵਿਚ ਅਤੇ ਸਾਰਿਆਂ ਜੀਆਂ ਦੇ ਰੋਮ ਰੋਮ ਵਿਚ ਮੁਰਾਰਿ=ਪਰਮੇਸ਼ਰ ਵਸਦਾ ਹੈ।

ਸਤ ਸੰਤੋਖ ਕਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨ ॥ ੧੫ ॥

ਸਤ ਸੰਤੋਖ ਆਦਿਕ ਸ਼ੁਭ ਗੁਣਾਂ ਦੇ ਸਹਿਤ ਹੋ ਕੇ ਪਰਮਾਤਮਾ ਦਾ ਧਿਆਨ ਧਾਰੋ ਅਤੇ ਕਥਨੀ ਦੁਆਰਾ ਬ੍ਰਹਮ ਗਿਆਨ ਦਾ ਕਥਨ ਕਰੋ।

ਯਥਾ- ਸਾਜਨੁ ਦੁਸਟੁ ਜਾ ਕੈ ਏਕ ਸਮਾਨੈ॥ ਜੇਤਾ ਬੋਲਣੁ ਤੇਤਾ ਗਿਆਨੈ॥ *(ਪੰਨਾ ੨੩੬)*

ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥

ਪੂਰਨਮਾਸ਼ੀ ਥਿੱਤ ਦੁਆਰਾ ਕਥਨ ਕਰਦੇ ਹਨ-ਜਿਵੇਂ ਪੂਰਨਮਾਸ਼ੀ ਵਾਲੀ ਰਾਤ ਅਕਾਸ਼ ਵਿਚ ਚੰਦ੍ਰਮਾ ਪੂਰਨ ਹੁੰਦਾ ਹੈ। ਕਲਾ=ਕਿਰਨਾਂ ਦੇ ਪਸਰਨ ਕਰਕੇ ਸੁਤੇ ਹੀ ਪ੍ਰਕਾਸ਼ ਹੁੰਦਾ ਹੈ, ਤੈਸੇ ਹੀ ਪੂਰਨ ਗੁਰਾਂ ਨਾਲ ਜਿਹੜਾ ਮੇਲ ਹੋਣਾ ਹੈ ਏਹੀ ਇਕ ਪੂਰਨ-ਮਾਸ਼ੀ ਦੀ ਰਾਤ ਹੈ। ਇਸ ਮੌਕੇ ਜਦ ਰਿਦੇ ਰੂਪ ਅਕਾਸ਼ ਵਿਚ ਪੂਰਨ ਗਿਆਨ ਰੂਪ ਚੰਦ੍ਰਮਾ ਚੜ੍ਹਿਆ ਤਾ ਸ਼ਾਂਤੀ ਆਦਿ ਗੁਣਾਂ ਦਾ ਜੋ ਪ੍ਰਕਾਸ਼ ਹੈ ਏਹੀ ਕਲਾਂ ਪਸਰੀਆਂ।

ਵਾ:-ਦਸ ਇੰਦ੍ਰੀਏ, ਪੰਜ ਪ੍ਰਾਣ ਤੇ ਇਕ ਮਨ ਇਹ ਸੋਲਾਂ ਇੰਦ੍ਰੀਆਂ ਦੇ ਦਮਨ ਕਰਨੇ ਰੂਪ ਸੋਲਾਂ ਕਿਰਨਾਂ ਦੇ ਪਸਰਨੇ ਕਰ ਕੇ ਸੁਤੇ ਹੀ ਪੰਜਵੀਂ, ਛੇਵੀਂ, ਸੱਤਵੀਂ ਭੂਮਿਕਾ ਦਾ ਅਨੰਦ ਪ੍ਰਕਾਸ਼ ਆਉਂਦਾ ਹੈ।

ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥
ਸੁਖ ਸਾਗਰ ਮਹਿ ਰਮਹਿ ਕਬੀਰ ॥ ੧੬ ॥

ਜੋ ਪਰਮਾਤਮਾ ਆਦਿ ਮਧ ਅੰਤ ਤਿੰਨਾਂ ਕਾਲਾਂ ਵਿਚ ਥੀਰ=ਇਸਥਿਤ ਹੋ ਰਿਹਾ ਹੈ। ਕਬੀਰ ਜੀ ਕਥਨ ਕਰਦੇ ਹਨ-ਉਸ ਸੁਖਾਂ ਦੇ ਸਮੁੰਦਰ ਰੂਪ ਪਰਮਾਤਮਾ ਵਿਚ ਰਮਹਿ=ਅਭੇਦ ਹੋਣਾ ਕਰੋ॥ ੧੬॥

੧ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭ ॥

ਕਿਸੇ ਨੇ ਆ ਕੇ ਕਿਹਾ-ਸੱਤਾਂ ਵਾਰਾਂ ਵਿਚ ਸਾਨੂੰ ਕੀ ਕਰਤੱਬ ਕਰਨਾ ਯੋਗ ਹੈ? ਕਬੀਰ ਜੀ ਨੇ ਕਿਹਾ-

ਬਾਰ ਬਾਰ ਹਰਿ ਕੇ ਗੁਨ ਗਾਵਉ ॥

ਦੋ ਵਾਰ ਵਿਚ ਲਿਖੇ ਹਨ ਪੰਜ ਵਾਰ ਉਪਰੋਂ ਲਓ ਭਾਵ ਸੱਤਾਂ ਵਾਰਾਂ ਵਿਚ ਹਰੀ ਦੇ ਗੁਣ ਗਾਇਣ ਕਰੋ।

ਵਾ:-ਬਾਰ ਬਾਰ=ਮੁੜ ਮੁੜ ਕੇ ਹਰੀ ਦੇ ਗੁਣ ਗਾਇਣ ਕਰੋ।

ਵਾ:-ਬਾਰ ਬਾਰ=ਰੋਮ ਰੋਮ, ਵਾ:-ਬਾਲਕੇ ਬਾਲਕੀਆਂ ਦੇ ਸਹਿਤ ਹੋ ਕੇ, ਅਥਵਾ:-ਇੰਦ੍ਰੀਆਂ ਨੂੰ ਬਾਰ ਬਾਰ=ਵਰਜ ਵਰਜ ਭਾਵ ਰੋਕ ਰੋਕ ਕੇ ਹਰੀ ਦੇ ਗੁਣ ਗਾਇਨ ਕਰੋ।

ਵਾ:-ਸੰਤਾਂ ਦੇ ਬਾਰ ਬਾਰ=ਦਰਵਾਜ਼ੇ ਦਰਵਾਜ਼ੇ ਖਲੋ ਕੇ।

ਵਾ:-ਹੰਗਤਾ ਮਮਤਾ ਰੂਪੀ ਬਾਰ=ਵਾੜ ਨੂੰ ਬਾਰ=ਸਾੜ ਫੂਕ ਕੇ।

ਵਾ:-ਬਾਰ=ਜਲ ਵਿਚ ਆਪਣੇ ਆਪ ਨੂੰ ਬਾਰ=ਵਾੜ ਕੇ ਅਰਥਾਤ ਜਲ ਵਿਚ ਇਸ਼ਨਾਨ ਕਰਕੇ ਹਰੀ ਦੇ ਗੁਣ ਗਾਇਨ ਕਰੋ।

ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥ ੧ ॥ ਰਹਾਉ ॥

ਗਿਆਨ ਗੰਮ ਜੋ ਗੁਰੂ ਹਨ ਤਿਨ੍ਹਾਂ ਦੁਆਰੇ ਉਸ ਹਰੀ ਦੀ ਪ੍ਰਾਪਤੀ ਦਾ ਭੇਦ ਪਾਉਣਾ ਕਰੋ॥ ੧ ॥ ਰਹਾਉ ॥

ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥

ਆਦਿਤ=ਐਤਵਾਰ ਵਾਲੇ ਦਿਨ ਪਰਮਾਤਮਾ ਦੀ ਭਗਤੀ ਦਾ ਆਰੰਭ ਕਰੇ।

ਦੇਹ ਰੂਪ ਮੰਦਰ ਵਿਚੋਂ ਮਨਸਾ ਥੰਭ=ਵਾਸ਼ਨਾਂ ਨੂੰ ਰੋਕੇ।

ਅਹਿਨਿਸਿ ਅਖੰਡ ਸੁਰਹੀ ਜਾਇ ॥
ਤਉ ਅਨਹਦ ਬੇਣੁ ਸਹਜ ਮਹਿ ਬਾਇ ॥ ੧ ॥

ਵਾਹਿਗੁਰੂ ਦੀ ਭਗਤੀ ਵਿਚ ਦਿਨ ਰਾਤ ਅਖੰਡ=ਇਕਰਸ ਸੁਰਹੀ=ਬਿਰਤੀ ਜਾ ਕੇ ਲੀਨ ਹੋ ਜਾਵੇ।

ਵਾ:-ਅਖੰਡ=ਸਜਾਤੀ ਵਿਜਾਤੀ ਸੁਗਤ ਭੇਦ ਤੋਂ ਰਹਿਤ ਪਰਮਾਤਮਾ ਵਿਚ ਜਾ ਕੇ ਦਿਨ ਰਾਤ ਰਹਿਣਾ ਕਰੇ।

ਤਾਂ ਜਿਸ ਪਰਮਾਤਮਾ ਦੀ ਇਹ ਸਾਰੀ ਸ੍ਰਿਸ਼ਟੀ ਆਪਣੀ=ਬੇਣੁ ਬਨਾਵਟ ਹੈ ਉਹ ਪਰਮਾਤਮਾ ਅਨਹਦ=ਇਕਰਸ ਰਿਦੇ ਵਿਚ ਸਹਜ=ਗਿਆਨ ਨਾਲ,

ਵਾ:-ਸਹਜ=ਨਿਰਜਤਨ ਭਾਵ ਸੁਖੈਨ ਹੀ ਬਾਇ=ਪ੍ਰਗਟ ਹੁੰਦਾ ਹੈ॥ ੧ ॥

ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥ ਚਾਖਤ ਬੇਗਿ ਬਗਲ ਬਿਖ ਹਰੈ ॥

ਸੋਮਵਾਰ ਦੁਆਰਾ ਕਥਨ ਕਰਦੇ ਹਨ-ਕਿ ਗੁਰੂ ਸਾਹਿਬ ਜੀ ਰੂਪ ਚੰਦ੍ਰਮਾ ਉਪਦੇਸ਼ ਰੂਪ ਅੰਮ੍ਰਿਤ ਨੂੰ ਝਰੈ=ਵਰਸਦੇ ਹਨ।

ਜੋ ਮਨੁੱਖ ਉਸ ਉਪਦੇਸ਼ ਰੂਪ ਅੰਮ੍ਰਿਤ, ਵਾ:-ਉਪਦੇਸ਼ ਦੁਆਰਾ ਬ੍ਰਹਮਾਨੰਦ ਰੂਪ ਅੰਮ੍ਰਿਤ ਨੂੰ ਚਖਦਾ ਭਾਵ ਪੀਂਦਾ ਹੈ ਉਹ ਛੇਤੀ ਨਾਲ ਸਭ ਵਿਸ਼ਿਆਂ ਰੂਪ ਜ਼ਹਿਰ ਨੂੰ ਨਾਸ ਕਰਦਾ ਹੈ।

ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ ਪੀਵਨਹਾਰ ॥ ੨ ॥

ਬਾਣੀ ਆਦਿਕ ਦੁਆਰ=ਇੰਦ੍ਰੀਆਂ ਨੂੰ ਗੋਲਕਾਂ ਸਮੇਤ ਰੋਕ ਰਹਿਣਾ ਕਰੇ ਭਾਵ ਵਿਸ਼ਿਆਂ ਵਲ ਨਾ ਜਾਣ ਦੇਵੇ।

ਵਾ:-ਗੁਰਾਂ ਦੀ ਉਪਦੇਸ਼ ਬਾਣੀ ਨਾਲ ਸਤਸੰਗਤ ਰੂਪ ਦਰਵਾਜ਼ੇ ਪਰ ਰੁਕ ਰਹਿਣਾ ਕਰੇ ਭਾਵ ਸਤਸੰਗਤ ਦੀ ਸੇਵਾ ਵਿਚ ਰੁਝਿਆ ਰਹੇ ਤਾਂ ਇਹ ਮਨ ਨਾਮ ਅੰਮ੍ਰਿਤ ਨੂੰ ਪੀਣ ਵਾਲਾ ਹੋ ਕੇ ਮਤਵਾਰੋ=ਮਸਤ ਹੋ ਜਾਂਦਾ ਹੈ॥ ੨॥

ਮੰਗਲਵਾਰੇ ਲੇ ਮਾਹੀਤਿ॥ ਪੰਚ ਚੋਰ ਕੀ ਜਾਣੈ ਰੀਤਿ॥

ਮੰਗਲਵਾਰ ਦੁਆਰਾ ਕਥਨ ਕਰਦੇ ਹਨ-ਮਾਹੀਤਿ=ਮਹਾਤਮਾ ਨੂੰ ਮਾਹੀਤਿ=ਘੇਰਾ ਪਾ ਕੇ ਮਾਹੀਤਿ=ਸਿਖਿਆ ਲੈਣਾ ਕਰੇ ਅਤੇ-ਕਾਮਾਦਿਕ ਪੰਜ ਚੋਰਾਂ ਦੇ ਵਸੀਕਾਰ ਕਰਨ ਦੀ ਰੀਤੀ ਨੂੰ ਜਾਣੇ।

ਘਰ ਛੋਡੇਂ ਬਾਹਰਿ ਜਿਨਿ ਜਾਇ॥ ਨਾਤਰੁ ਖਰਾ ਰਿਸੈ ਹੈ ਰਾਇ॥ ੩॥

ਸਤਿਸੰਗ, ਅੰਤ ਮੁਖ ਬਿਰਤੀ ਅਤੇ ਸਰੂਪ ਰੂਪੀ ਘਰ ਨੂੰ ਛਡਕੇ ਬਾਹਰ ਮਤਾਂ ਜਾਵੇ।

ਨਾਤਰੁ=ਨਹੀਂ ਤਾਂ ਅਰਥਾਤ ਜੇ ਬਾਹਰ ਮੁਖ ਬਿਰਤੀ ਕਰੇਂਗਾ ਤਾਂ ਰਾਇ=ਪ੍ਰਕਾਸ਼ ਰੂਪ ਰਾਜਾ ਪਰਮਾਤਮਾ ਚੰਗਾ ਕ੍ਰੋਧ ਕਰੇਗਾ ਭਾਵ ਬਹੁਤ ਗੁਸੇ ਹੋਵੇਗਾ॥ ੩॥

ਬੁਧਵਾਰਿ ਬੁਧਿ ਕਰੈ ਪ੍ਰਗਾਸ॥ ਹਿਰਦੈ ਕਮਲ ਮਹਿ ਹਰਿ ਕਾ ਬਾਸ॥

ਬੁਧਵਾਰ ਦੁਆਰਾ ਕਥਨ ਕਰਦੇ ਹਨ-ਪ੍ਰਕਾਸ਼ ਵਾਲੀ ਆਤਮ ਵਿਸ਼ੈਣੀ ਬੁੱਧੀ ਨੂੰ ਧਾਰਨਾ ਕਰੇ ਅਤੇ-ਹਿਰਦੇ ਰੂਪ ਕਮਲ ਵਿਚ ਹਰੀ ਦਾ ਵਾਸਾ ਨਿਸਚੇ ਕਰੇ।

ਗੁਰ ਮਿਲਿ ਦੋਊ ਏਕ ਸਮ ਧਰੈ॥ ਊਰਧ ਪੰਕ ਲੈ ਸੂਧਾ ਕਰੈ॥ ੪॥

ਗੁਰਾਂ ਨਾਲ ਮਿਲਕੇ ਵੈਰਾਗ, ਗਿਆਨ ਦੋਹਾਂ ਨੂੰ ਇਕ ਸਮਾਨ ਸਮਝ ਕੇ ਧਾਰੇ ਕਿਉਂਕਿ ਇਨ੍ਹਾਂ ਦੋਹਾਂ ਤੋਂ ਬਿਨਾਂ ਤਰ ਨਹੀਂ ਸਕਦਾ, ਜਿਵੇਂ ਦੋ ਖੰਭਾਂ ਬਿਨਾਂ ਪੰਛੀ ਉੱਡ ਨਹੀਂ ਸਕਦਾ।

ਵਾ:-ਗੁਰਾਂ ਨਾਲ ਮਿਲ ਕੇ ਦੋ ਜੀਵ ਈਸ਼ਰ ਇਨ੍ਹਾਂ ਵਿਚ ਇਕ ਸਮਦ੍ਰਿਸ਼ਟੀ ਧਾਰਨਾ ਕਰ ਭਾਵ ਇਨ੍ਹਾਂ ਦੀਆਂ ਉਪਾਧੀਆਂ ਦੂਰ ਕਰਕੇ ਦੋਹਾਂ ਨੂੰ ਮਿਲਾ ਦੇਵੇ।

ਊਰਧ ਪੰਕ ਲੈ=ਉਲਟੇ ਹੋਏ ਹਿਰਦੇ ਕਮਲ ਨੂੰ ਲੈ ਕੇ ਸਿਧਾ ਕਰੇ ਭਾਵ ਸੰਸਾਰ ਵਲੋਂ ਹਟਾਕੇ ਪਰਮਾਤਮਾ ਨਾਲ ਜੋੜੇ।

ਵਾ:-ਗੁਰਾਂ ਦੇ ਚਰਨਾਂ ਦੀ ਪੰਕ ਲੈ=ਧੂੜ ਲੈ ਕੇ ਉਲਟੇ ਹਿਰਦੇ ਨੂੰ ਸਿਧਾ ਕਰੇ॥ ੪॥

ਬ੍ਰਿਹਸਪਤਿ ਬਿਖਿਆ ਦੇਇ ਬਹਾਇ॥ ਤੀਨਿ ਦੇਵ ਏਕ ਸੰਗਿ ਲਾਇ॥

ਬ੍ਰਿਹਸਪਤਿ=ਵੀਰਵਾਰ ਦੁਆਰਾ ਕਥਨ ਕਰਦੇ ਹਨ ਹੇ ਪੁਰਸ਼ਾ ! ਵੈਰਾਗ ਰੂਪ ਨਦੀ ਦੇ ਪ੍ਰਵਾਹ ਵਿਚ ਵਿਸ਼ੇ ਵਿਕਾਰਾਂ ਨੂੰ ਬਹਾਇ=ਰੋੜ੍ਹ ਦੇਹ ਅਤੇ ਬ੍ਰਹਮਾ, ਵਿਸ਼ਨੂੰ, ਸ਼ਿਵ ਤਿੰਨਾਂ ਦੇਵਤਿਆਂ ਨੂੰ ਇਕ ਦੇ ਨਾਲ ਲਗਾਣਾ ਕਰ, ਭਾਵ ਇਕ ਪਰਮਾਤਮਾ ਰੂਪ ਨਿਸਚੇ ਕਰ।

ਵਾ:-ਤੀਨਿ ਦੇਵ=ਵੈਰਾਟ, ਹਿਰਣਯ ਗਰਭ, ਈਸ਼ੁਰ ਇਨ੍ਹਾਂ ਤਿੰਨਾਂ ਨੂੰ ਇਕ ਬ੍ਰਹਮ ਦੇ ਨਾਲ ਲਗਾਉਣਾ ਕਰ ਭਾਵ ਬ੍ਰਹਮ ਵਿਚ ਅਭੇਦ ਕਰ।

ਵਾ:-ਤੀਨਿ ਦੇਵ=ਵਿਸ, ਤੈਜਸ, ਪਰਾਗਯ ਇਨ੍ਹਾਂ ਤਿੰਨਾਂ ਜੀਵਾਂ ਨੂੰ ਇਕ ਸਾਖੀ ਦੇ ਨਾਲ ਲਗਾਣਾ ਕਰ।

ਤੀਨਿ ਨਦੀ ਤਹ ਤ੍ਰਿਕੁਟੀ ਮਾਹਿ॥ ਅਹਿਨਿਸਿ ਕਸਮਲ ਧੋਵਹਿ ਨਾਹਿ॥ ੫॥

ਜਿਥੇ ਇੜਾ, ਪਿੰਗਲਾ, ਸੁਖਮਨਾ ਰੂਪ ਤਿੰਨ ਨਦੀਆਂ ਚਲ ਰਹੀਆਂ ਹਨ,

ਤਿਸ ਦਸਮ ਦੁਆਰ ਰੂਪ ਤ੍ਰਿਕੁਟੀ ਦੇ ਵਿਚ ਜੋਗਾਨੰਦ ਰੂਪ ਅੰਮ੍ਰਿਤ ਵਿਚ ਨਾਹਿ=ਇਸ਼ਨਾਨ ਕਰਕੇ ਦਿਨ ਰਾਤ ਕਸਮਲ=ਪਾਪਾਂ ਨੂੰ ਧੋਣਾ ਕਰ।

*ਅਥਵਾ:-*ਜਿਥੇ ਕਰਮ ਉਪਾਸ਼ਨਾ, ਗਿਆਨ ਰੂਪ ਤਿੰਨ ਨਦੀਆਂ ਚਲ ਰਹੀਆਂ ਹਨ, ਤਿਸ ਸਤਿਸੰਗ ਰੂਪ ਤ੍ਰਿਕੁਟੀ ਦੇ ਵਿਚ ਬ੍ਰਹਮਾਨੰਦ ਰੂਪ ਅੰਮ੍ਰਿਤ ਵਿਚ ਦਿਨ ਰਾਤ ਨਾਹਿ=ਨਹਾ ਕੇ ਪਾਪਾਂ ਨੂੰ ਧੋਣਾ ਕਰ॥ ੫॥

ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ॥ ਅਨਦਿਨ ਆਪਿ ਆਪ ਸਿਉ ਲੜੈ॥

ਸੁਕ੍ਰਿਤੁ=ਸ਼ੁਕਰਵਾਰ ਦੁਆਰਾ ਕਥਨ ਕਰਦੇ ਹਨ- ਜੋ ਮਨੁੱਖ ਸੁਕ੍ਰਿਤ=ਪੁੰਨ ਕਰਮਾਂ ਨੂੰ ਸਹਾਰੈ=ਕਰਦਾ ਹੈ, ਓਹੀ ਇਸ ਪੂਰਬ ਕਹੇ ਹੋਏ ਵਰਤ ਉੱਪਰ ਚੜ੍ਹਦਾ ਹੈ ਅਤੇ ਰਾਤ ਦਿਨ ਆਪਣੇ ਬਲ ਨਾਲ ਆਪਾ ਭਾ ਹੰਕਾਰ ਨਾਲ ਲੜਦਾ ਹੈ ਅਰਥਾਤ ਆਪਾ ਭਾ ਨੂੰ ਦੂਰ ਕਰਦਾ ਹੈ।

ਸੁਰਖੀ ਪਾਂਚਉ ਰਾਖੈ ਸਬੈ॥ ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ॥ ੬॥

ਪੰਜ ਜੇ ਸੁਰਖੀ=ਗਿਆਨ ਇੰਦ੍ਰੀਆਂ ਹਨ, ਤਿਨ੍ਹਾਂ ਸਾਰੀਆਂ ਨੂੰ ਸ਼ਬਦ ਸਪਰਸ਼ ਰੂਪ ਰਸ ਗੰਧ ਆਦਿਕ ਵਿਸ਼ਿਆਂ ਵਲੋਂ ਰੋਕ ਰਖੇ ਤਾਂ ਦ੍ਵੈਤ ਦ੍ਰਿਸ਼ਟੀ ਵਿਚ ਕਦੇ ਭੀ ਪ੍ਰਵੇਸ਼ ਨਹੀਂ ਕਰਦਾ॥ ੬॥

ਥਾਵਰ ਥਿਰੁ ਕਰਿ ਰਾਖੈ ਸੋਇ॥ ਜੋਤਿ ਦੀ ਵਟੀ ਘਟ ਮਹਿ ਜੋਇ॥

ਥਾਵਰ=ਛਨਿਛਰਵਾਰ ਦੁਆਰਾ ਕਥਨ ਕਰਦੇ ਹਨ- ਉਸ ਪਰਮਾਤਮਾ ਵਿਚ ਥਿਰਤੀ ਨੂੰ ਇਸਥਿਤ ਕਰ ਰਖੇ।

ਵਾ:-ਉਸ ਚੰਚਲ ਮਨ ਨੂੰ ਇਸਥਿਤ ਕਰਕੇ ਰਖੇ। ਜੋਤਿ=ਗਿਆਤ ਦੀ ਵੱਟੀ ਨੂੰ ਅੰਤਹਕਰਣ ਵਿਚ ਜੋੜੇ।

ਵਾ:-ਸਰੀਰ ਰੂਪ ਦੀ ਵਟੀ ਉੱਤੇ ਜੋ ਅੰਤਹਕਰਣ ਰੂਪ ਦੀਵਾ ਹੈ, ਤਿਸ ਵਿਖੇ ਪ੍ਰੇਮ ਰੂਪ ਤੇਲ ਪਾ ਕੇ ਗਿਆਨ ਦੀ ਵੱਟੀ ਜੋੜ ਕੇ, 'ਸਚੁ ਬੂਝਣੁ ਆਣਿ ਜਲਾਈਐ॥' ਸੱਚ ਦਾ ਬੁਝਣਾ ਹੀ ਆ ਕੇ ਉਸ ਦੀਵੇ ਦਾ ਜਗਾਣਾ ਕਰੇ ਇਸ ਵਜ੍ਹਾ ਨਾਲ ਦੀਵੇ ਦੇ ਜਗਾਉਣ ਕਰਕੇ-

ਬਾਹਰਿ ਭੀਤਰਿ ਭਇਆ ਪ੍ਰਗਾਸੁ॥ ਤਬ ਹੂਆ ਸਗਲ ਕਰਮ ਕਾ ਨਾਸੁ॥ ੭॥

ਜਿਸ ਵੇਲੇ ਸਰੀਰ ਦੇ, ਵਾ:-ਬ੍ਰਹਮਾਂਡ ਦੇ ਬਾਹਰ ਅੰਦਰ ਉਸ ਪਰਮਾਤਮਾ ਦਾ ਪ੍ਰਕਾਸ਼ ਹੋਇਆ ਤਿਸ ਵੇਲੇ ਸਾਰੇ ਕਰਮਾਂ ਦਾ ਨਾਸ ਹੋ ਗਿਆ, ਕਿਉਂਕਿ ਗਿਆਨ ਦੇ ਅਨੰਤ੍ਰ ਫਿਰ ਕੋਈ ਕਰਮ ਕਰਨ ਦੀ ਲੋੜ ਨਹੀਂ ਪੈਂਦੀ ॥ ੭॥

ਯਥਾ- ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥ ੩॥ *(ਪੰਨਾ ੧੧੬੭)*

[ਪੰਨਾ ੩੪੫]

ਜਬ ਲਗੁ ਘਟ ਮਹਿ ਦੂਜੀ ਆਨ॥ ਤਉ ਲਉ ਮਹਲਿ ਨ ਲਾਭੈ ਜਾਨ॥

ਜਦ ਤਕ ਹਿਰਦੇ ਵਿਚ ਦ੍ਵੈਤ ਆਈ ਹੋਈ ਹੈ, ਜਾਨਣਾ ਕਰੋ ਉਨਾ ਚਿਰ ਮਹਲਿ=ਸਰੂਪ ਨੂੰ ਨਹੀਂ ਲਾਭ ਸਕਦਾ। ਵਾ:-ਸਰੂਪ ਦਾ ਲਾਭ ਨਹੀਂ ਹੁੰਦਾ।

ਰਮਤ ਰਾਮ ਸਿਉ ਲਾਗੋ ਰੰਗੁ॥ ਕਹਿ ਕਬੀਰ ਤਬ ਨਿਰਮਲ ਅੰਗ॥ ੮॥ ੧॥

ਰਾਮ ਕਈ ਹਨ।

*ਯਥਾ- **ਏਕ ਰਾਮ ਦਸਰਥ ਕਾ ਬੇਟਾ॥ ਏਕ ਰਾਮ ਘਟ ਘਟ ਮਹਿ ਲੇਟਾ॥***

ਏਕ ਰਾਮ ਕਾ ਸਗਲ ਪਸਾਰਾ॥ ਏਕ ਰਾਮ ਸਭਹੂੰ ਤੇ ਨਿਆਰਾ॥

ਇਸ ਜਗ੍ਹਾ ਉਹ ਰਾਮ ਸਮਝਣਾ ਜੋ ਸਾਰੇ ਵਿਆਪਕ ਹੈ। ਜਿਸ ਵੇਲੇ ਰਮਤ ਰਾਮ=ਪਰੀਪੂਰਨ ਰਾਮ ਦੇ ਨਾਲ ਰੰਗੁ=ਪ੍ਰੇਮ ਲਗਦਾ ਹੈ। ਕਬੀਰ ਜੀ ਕਹਿੰਦੇ ਹਨ ਤਿਸ ਵੇਲੇ ਅੰਗ=ਅੰਤਹਕਰਣ ਸ਼ੁਧ ਹੁੰਦਾ ਹੈ॥ ੮॥ ੧॥

ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ ੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ-ਇਕ ਸਿੱਖ ਨੇ ਆ ਕੇ ਬੇਨਤੀ ਕੀਤੀ ਆਪ ਹਰ ਵੇਲੇ ਰਾਮ ਨਾਮ ਦਾ ਉਪਦੇਸ਼ ਦਿੰਦੇ ਰਹਿੰਦੇ ਹੋ, ਪਰ ਇਹ ਦਸੋ ਰਾਮ ਨਾਮ ਕਿਸੇ ਨੂੰ ਤਾਰਦਾ ਭੀ ਹੈ ਨਹੀਂ? ਉੱਤਰ-

ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥ ੧॥ ਰਹਾਉ॥

ਜਦ ਕਿ ਪਾਹਨ=ਪੱਥਰ ਦੀ ਮੂਰਤੀ ਨੇ ਦੇਵਾ ਪੰਡੇ ਨੂੰ ਤਾਰ ਦਿਤਾ ਹੈ ਤਾਂ ਸਾਖਿਆਤ ਸ਼ਰਧਾ ਭਾਵ ਨਾਲ ਰਾਮ ਨਾਮ ਕਹਿਣ ਨਾਲ ਇਹ ਜੀਵ ਭਲਾ ਕਿਉਂ ਨਹੀਂ ਤਰੇਗਾ ਭਾਵ ਜ਼ਰੂਰ ਤਰੇਗਾ॥ ੧॥

ਸਾਖੀ-ਦੇਵਾ ਪੰਡੇ ਦੀ

ਉਦਯਪੁਰ ਦੇ ਨੇੜੇ ਚਤੁਰਭੁਜ ਸਵਾਮੀ ਦਾ ਮੰਦਰ ਹੈ, ਉਥੋਂ ਦਾ ਪੁਜਾਰੀ ਇਕ ਦੇਵਾ ਨਾਮ ਦਾ ਪੰਡਾ ਸੀ। ਦੋ ਵੇਲੇ ਕਥਾ ਭੀ ਕਰਦਾ ਸੀ, ਨਿਤਨੇਮ ਦਾ ਪੱਕਾ ਸੀ। ਉਦਯਪੁਰ ਦਾ ਰਾਜਾ ਹਰ ਰੋਜ਼ ਸ਼ਾਮ ਨੂੰ ਆਰਤੀ ਦੀ ਸਮਾਪਤੀ ਵੇਲੇ ਚਤੁਰਭੁਜ ਮੂਰਤੀ ਦੇ ਦਰਸ਼ਨ ਨੂੰ ਆਇਆ ਕਰਦਾ ਸੀ। ਰਾਜੇ ਵਲੋਂ ਇਕ ਫੁਲਾਂ ਦੀ ਮਾਲਾ ਰੋਜ਼ ਮੂਰਤੀ ਪਰ ਚੜ੍ਹਦੀ ਸੀ, ਓਹੀ ਮਾਲਾ ਰਾਜਾ ਦੇ ਆਉਣ ਪਰ ਪ੍ਰਸ਼ਾਦ ਦੇ ਤੌਰ ਤੇ ਰਾਜੇ ਦੇ ਗਲ ਪਹਿਨਾਈ ਜਾਂਦੀ ਸੀ।

ਇਕ ਦਿਨ ਕਿਸੇ ਕਾਰਨ ਕਰਕੇ ਰਾਜੇ ਨੂੰ ਮੰਦਰ ਵਿਚ ਆਉਣ ਤੋਂ ਦੇਰ ਹੋ ਗਈ ਤਾਂ ਪੁਜਾਰੀ ਨੇ ਉਡੀਕ ਕੇ ਮੰਦਰ ਦੇ ਬੂਹੇ ਬੰਦ ਕਰ ਦਿਤੇ ਅਤੇ ਠਾਕੁਰ ਜੀ ਦੇ ਗਲੋਂ ਫੁਲਾਂ ਦੀ ਮਾਲਾ ਉਤਾਰ ਕੇ ਆਪਣੇ ਗਲ ਪਾ ਕੇ ਸੌਂ ਗਿਆ। ਇਤਨੇ ਚਿਰ ਨੂੰ ਰਾਜਾ ਜੀ ਦੇ ਰਥ ਆਉਣ ਦੀ ਆਵਾਜ਼ ਕੰਨੀਂ ਪੈ ਗਈ। ਪੰਡਤ ਜੀ ਨੇ ਝਟ ਉੱਠ ਕੇ ਆਪਣੇ ਗਲੋਂ ਮਾਲਾ ਲਾਹ ਕੇ ਮੁੜ ਠਾਕੁਰ ਜੀ ਦੇ ਗਲ ਪਾ ਦਿਤੀ, ਪਰ ਕਾਹਲੀ ਕਰਨ ਵਿਚ ਅਜੇਹਾ ਹੋਇਆ ਜੋ ਪੰਡਤ ਜੀ ਦੀ ਦਾੜੀ ਦਾ ਇਕ ਚਿੱਟਾ ਵਾਲ ਮਾਲਾ ਦੇ ਨਾਲ ਲਗ ਗਿਆ। ਇਤਨੇ ਨੂੰ ਰਾਜਾ ਜੀ ਨੇ ਬੂਹਾ ਆ ਖੜਕਾਇਆ ਤਾਂ ਪੰਡਤ ਜੀ ਨੇ ਝਟ ਆ ਕੇ ਦਰਵਾਜ਼ਾ ਖੋਲ੍ਹਿਆ। ਰਾਜਾ ਜੀ ਅੰਦਰ ਪ੍ਰਵੇਸ਼ ਕਰਕੇ ਠਾਕੁਰ ਜੀ ਦੀ ਮੂਰਤੀ ਅਗੇ ਡੰਡਵਤ ਪ੍ਰਣਾਮ ਕਰਕੇ ਬੈਠ ਗਏ। ਦੇਵਾ ਬ੍ਰਾਹਮਣ ਨੇ ਠਾਕੁਰ ਜੀ ਦੇ ਗਲ 'ਚੋਂ ਮਾਲਾ ਉਤਾਰ ਕੇ ਰਾਜਾ ਨੂੰ ਪ੍ਰਸ਼ਾਦ ਦਿਤਾ। ਮਾਲਾ ਨਾਲ ਚਿੱਟਾ ਵਾਲ ਲਗਾ ਹੋਇਆ ਵੇਖਕੇ ਰਾਜਾ ਜੀ ਤਾੜ ਗਏ ਕਿ ਇਹ ਫੁਲਾਂ ਦੀ ਮਾਲਾ ਬੁਢੇ ਬ੍ਰਾਹਮਣ ਨੇ ਆਪਣੇ ਗਲ 'ਚੋਂ ਲਾਹ ਕੇ ਪ੍ਰਭੂ ਦੇ ਗਲ ਪਾਈ ਹੈ, ਹੁਣ ਇਸ ਨੇ ਮੇਰੇ ਗਲ ਪਾ ਦਿਤੀ ਹੈ।

ਤਦ ਰਾਜਾ ਜੀ ਨੇ ਵਿਅੰਗ ਬਚਨਾਂ ਨਾਲ ਕਿਹਾ-ਪੁਜਾਰੀ ਜੀ ! ਕੀ ਠਾਕੁਰ ਜੀ ਨੂੰ ਧੋਲੇ ਆ ਗਏ ਹਨ? ਇਸ ਦੇ ਉੱਤਰ ਵਿਚ ਪੰਡਤ ਜੀ ਨੇ ਕਿਹਾ-ਜੀ ਹਾਂ ਠਾਕੁਰ ਜੀ ਨੂੰ ਧੋਲੇ ਆ ਗਏ ਹਨ। ਤਾਂ ਰਾਜੇ ਨੇ ਕਿਹਾ, ਚੰਗਾ ਮੈਂ ਕਲ ਸਵੇਰੇ ਆ ਕੇ ਵੇਖਾਂਗਾ। ਇਹ ਕਹਿ ਕੇ ਰਾਜਾ ਜੀ ਤਾਂ ਚਲੇ ਗਏ, ਪਿਛੋਂ ਪੰਡਤ ਜੀ ਕਈ ਤਰ੍ਹਾਂ

ਦੀਆਂ ਸੋਚਾਂ ਸੋਚਣ ਲਗ ਪਏ, ਦਿਲ ਵਿਚ ਆਖਦੇ ਹਨ ਕਿ ਜੇ ਇਹ ਮੇਰੀ ਭੁਲ ਜ਼ਾਹਰ ਹੋ ਗਈ ਤਾਂ ਬਸ ਫੇਰ ਕੀ ਹੋਣਾ ਹੈ ਕਿ ਫਾਂਸੀ ਦੀ ਸਜ਼ਾ ਭੁਗਤਣੀ ਪਏਗੀ।

ਜਿਸ ਵੇਲੇ ਦੇਵਾ ਬ੍ਰਾਹਮਣ ਨੂੰ ਆਪਣੀ ਮੌਤ ਨੇੜੇ ਆਈ ਦਿਸ੍ਹੀ ਤਾਂ ਇਕ ਮਨ ਹੋ ਕੇ ਪ੍ਰਭੂ ਦੇ ਦਰ ਤੇ ਡਿਗ ਪਿਆ ਅਰ ਸਾਰੀ ਰਾਤ ਬੇਨਤੀ ਕਰਦਿਆਂ ਗੁਜ਼ਾਰੀ, ਅੰਤ ਵਿਚ ਕਿਹਾ-ਹੇ ਪ੍ਰਭੂ!-

ਭਗਤ ਵਛਲ ਜਬ ਮੈਂ ਸੁਣਿਓ, ਤਬ ਮੈਂ ਦੀਨੋ ਰੋਇ॥
ਪਤਿਤ ਪਾਵਨ ਜਬ ਹਰਿ ਸੁਣਿਓ, ਰਹਿਓ ਭਰੋਸੇ ਸੋਇ॥

ਤਥਾ- ਭਗਤ ਵਛਲ ਸੁਨਿ ਹੋਤ ਨਿਰਾਸ ਰਿਦੈ, ਪਤਿਤ ਪਾਵਨ ਸੁਨਿ ਆਸਾ ਉਰਿਧਾਰਿ ਹੌਂ॥
ਅੰਤਰਜਾਮੀ ਸੁਨਿ ਕੰਪਤ ਹੌਂ ਅੰਤਰਿ ਗਤਿ, ਦੀਨ ਕੈ ਦਇਆਲ ਸੁਨਿ ਭੈ ਭ੍ਰਮ ਟਾਰ ਹੌਂ॥
ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ, ਚੰਦਨ ਸੁਗੰਧ ਸਨਬੰਧ ਮਲਗਾਰ ਹੌਂ॥
ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ,
ਤੁਮਰੇ ਬਿਰਦ ਕਰਿ ਆਸਰੋ ਸ੍ਮ੍ਹਾਰ ਹੌਂ॥ ੫੦੩॥ (ਭਾਈ ਗੁਰਦਾਸ ਜੀ)

ਜਿਸ ਵੇਲੇ ਦੇਵੇ ਬ੍ਰਾਹਮਣ ਦੀ ਕੀਤੀ ਹੋਈ ਅਰਜ਼ੋਈ ਪ੍ਰਵਾਨ ਹੋਈ ਤਾਂ ਪ੍ਰਭੂ ਨੇ ਠਾਕੁਰ ਦੀ ਮੂਰਤੀ ਪਰ ਰੋਮ ਧਾਰਨ ਕਰ ਦਿਤੇ। ਜਦ ਦਿਨ ਚੜ੍ਹਿਆ ਤਾਂ ਪੰਡਤ ਨੇ ਉਦਾਸ-ਭਾਈ ਵਿਚ ਹੀ ਇਸ਼ਨਾਨ ਵਗੈਰਾ ਵਾਲੀ ਨਿਤ ਕਿਰਿਆ ਕੀਤੀ, ਪਰੰਤੂ ਸਿਮਰਨ ਵਿਚ ਅਗੇ ਨਾਲੋਂ ਡਾਢਾ ਸਵਾਦ ਆਇਆ ਕਿਉਂਕਿ ਮਨ ਇਕਾਗਰਤਾ ਵਿਚ ਸੀ। ਜਦ ਆਪਣੀ ਨਿਤ ਕਿਰਿਆ ਤੋਂ ਵਿਹਲਾ ਹੋ ਕੇ ਠਾਕੁਰ ਜੀ ਨੂੰ ਇਸ਼ਨਾਨ ਕਰਾਉਣ ਲਈ ਮੰਦਰ ਦਾ ਬੂਹਾ ਖੋਲ੍ਹਿਆ ਫਿਰ ਤਾਂ ਦੇਵਾ ਪੰਡਤ ਨੂੰ ਉਹ ਸੁਖ ਪ੍ਰਾਪਤ ਹੋਇਆ ਜੋ ਗੁੰਗੇ ਦੇ ਗੁੜ ਖਾਣ ਮਨਿੰਦ ਕਿਹਾ ਨਹੀਂ ਜਾਂਦਾ।

ਠਾਕੁਰ ਜੀ ਦੇ ਮੂੰਹ ਤੇ ਲੰਮਾ ਤੇ ਧੌਲਾ ਦਾੜ੍ਹਾ ਵੇਖ ਕੇ ਅਨੰਦ ਦੀ ਹੱਦ ਨਾ ਰਹੀ ਤੇ ਰਾਜਾ ਭੀ ਆਰਤੀ ਤੋਂ ਪਹਿਲੇ ਆ ਪਹੁੰਚਾ। ਠਾਕੁਰ ਦੀ ਮੂਰਤੀ ਦਾੜ੍ਹੀ ਸੰਜੁਗਤ ਵੇਖ ਕੇ ਹੈਰਾਨ ਹੋ ਗਏ। ਰਾਜੇ ਨੇ ਸਮਝਿਆ ਇਹ ਬੁਢੇ ਬ੍ਰਾਹਮਣ ਦੀ ਚਲਾਕੀ ਹੈ ਜੋ ਇਸ ਨੇ ਆਪਣੀ ਗੱਲ ਸੱਚੀ ਕਰਨ ਵਾਸਤੇ ਕਿਸੀ ਤਰ੍ਹਾਂ ਪੱਥਰ ਨਾਲ ਰੋਮ ਚਿਮੜਾ ਦਿਤੇ ਹਨ, ਨਹੀਂ ਤਾਂ ਪੱਥਰ ਨੂੰ ਵਾਲ ਕਿਵੇਂ ਉੱਗ ਸਕਦੇ ਹਨ। ਇਸ ਗੱਲ ਦੀ ਤਸੱਲੀ ਕਰਨ ਵਾਸਤੇ ਜਦ ਰਾਜਾ ਨੇ ਉਹ ਰੋਮ ਖਿਚੇ ਤਾਂ ਕਈ ਵਾਲਾਂ ਵਿਚੋਂ ਪੁੱਟੇ ਗਏ ਜਿਨ੍ਹਾਂ ਚੋਂ ਲਹੂ ਨਿਕਲ ਆਇਆ। ਉਸੀ ਵੇਲੇ ਰਾਜਾ ਆਪ ਗਸ਼ ਖਾ ਕੇ ਡਿਗ ਪਿਆ। ਕੁਝ ਕੁ ਸਮੇਂ ਬਾਅਦ ਜਦ ਸੁਰਤ ਆਈ ਤਾਂ ਰਾਜੇ ਨੇ ਮਾਫੀ ਮੰਗੀ। ਉਸ ਵੇਲੇ ਚਤੁਰਭੁਜ ਸੁਆਮੀ ਨੇ ਕਿਹਾ ਅੱਜ ਤੋਂ ਲੈ ਕੇ ਕੋਈ ਰਾਜਾ ਇਸ ਮੰਦਰ ਵਿਚ ਨਾ ਆਵੇ। ਜਦ ਤਕ ਰਾਮਕੁਮਾਰ ਰਹੇ ਤਦ ਤਕ ਦਰਸ਼ਨ ਕਰਨ ਆਵੇ। ਜਦ ਗੱਦੀ ਤੇ ਬੈਠ ਜਾਏ ਫੇਰ ਮੰਦਰ ਵਿਚ ਨਾ ਆਵੇ, ਏਨਾ ਹੀ ਦੰਡ ਬਹੁਤ ਹੈ। ਉਸ ਦਿਨ ਤੋਂ ਲੈ ਕੇ ਉਦਯਪੁਰ ਦਾ ਕੋਈ ਭੀ ਰਾਜਾ ਅੱਜ ਤਕ ਉਸ ਮੰਦਰ ਵਿਚ ਨਹੀਂ ਜਾਂਦਾ ਕੇਵਲ ਰਾਜਕੁਮਾਰ ਹੀ ਜਾ ਕੇ ਦਰਸ਼ਨ ਕਰਕੇ ਭੇਟਾ ਚੜ੍ਹਾਉਂਦੇ ਤੇ ਪ੍ਰਸ਼ਾਦਿ ਲੈਂਦੇ ਹਨ।

ਇਸ ਗੱਲ ਦਾ ਇਸ਼ਾਰਾ ਦੇ ਕੇ ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਪੱਥਰ ਦੀ ਮੂਰਤੀ ਨੇ ਦੇਵਾ ਪੰਡੇ ਨੂੰ ਤਾਰ ਦਿਤਾ ਤੇ ਸਾਖਿਆਤ ਰਾਮ ਨਾਮ ਕਹਿਣ ਨਾਲ ਭਲਾ ਇਹ ਜਨ ਕਿਉਂ ਨਹੀਂ ਤਰੇਗਾ ਭਾਵ ਜ਼ਰੂਰ ਤਰੇਗਾ।

ਅਥਵਾ:-ਜਿਸ ਦੇਵਾ=ਪ੍ਰਕਾਸ਼ ਰੂਪ ਰਾਮਚੰਦ੍ਰ ਜੀ ਨੇ ਪੁਲ ਬੰਨ੍ਹਣ ਸਮੇਂ ਪਾਹਨ=ਪੱਥਰ ਅਤੇ ਬੜੇ ਬੜੇ ਪਹਾੜ ਤਾਰਨਾ ਕੀਤੇ ਸਨ, ਤਿਸ ਰਾਮ ਦਾ ਨਾਮ ਕਹਿਣ ਨਾਲ ਮਨੁਖ ਕਿਉਂ ਨਹੀਂ ਤਰੇਗਾ ਭਾਵ ਜ਼ਰੂਰ ਤਰੇਗਾ।

ਪ੍ਰਸ਼ਨ-ਰਾਮ ਨੇ ਕਿਸੇ ਨੂੰ ਤਾਰਿਆ ਭੀ ਹੈ ਕਿ ਨਹੀਂ? ਉੱਤਰ-

ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥

ਗਨਿਕਾ=ਵੇਸ਼ਵਾ ਨੂੰ ਤਾਰਿਆ, ਬਿਨੁ ਰੂਪ ਕੁਬਿਜਾ=ਸੁੰਦਰ ਰੂਪ ਤੋਂ ਬਿਨਾਂ ਜੋ ਕੁੱਬੀ ਹੈ ਉਸ ਨੂੰ ਤਾਰਿਆ। ਜਿਸ ਬਿਆਧ ਨੇ ਚਤੁਰਭੁਜ ਪੰਛੀ ਫੜ ਕੇ ਸੰਤਾਂ ਨੂੰ ਲਿਆ ਕੇ ਦਿਤਾ ਸੀ ਉਸ ਬਿਆਧ ਨੂੰ ਭੀ ਤਾਰਿਆ, ਅਜਾਮਲ ਪਾਪੀ ਨੂੰ ਭੀ ਤਾਰਿਆ।

ਜਿਸ ਵੇਲੇ ਕ੍ਰਿਸ਼ਨ ਭਗਵਾਨ ਜੀ ਪ੍ਰਭਾਸ ਛੇਤ੍ਰ ਵਿਚ ਜਾਦਵਾਂ ਨੂੰ ਮੁਕਾ ਕੇ ਪਿੱਪਲ ਥਲੇ ਗੋਡੇ ਉੱਤੇ ਲਤ ਰਖ ਕੇ ਆ ਬਿਰਾਜੇ ਤਾਂ ਉਨ੍ਹਾਂ ਦੇ ਚਰਨਾਂ ਵਿਚ ਪਦਮ ਲਿਸ਼ਕਦਾ ਵੇਖ ਕੇ ਬਧਿਕ ਨੇ ਸਮਝਿਆ ਹਰਨ ਦੇ ਨੇਤ੍ਰ ਚਮਕਦੇ ਹਨ। ਉਸ ਨੇ ਨਿਸ਼ਾਨਾ ਰਖ ਕੇ ਬਾਣ ਮਾਰਿਆ। ਜਦ ਉਸ ਨੇ ਪਾਸ ਆ ਕੇ ਵੇਖਿਆ ਤੇ ਕ੍ਰਿਸ਼ਨ ਜੀ ਦੀ ਸੁੰਦਰ ਮੂਰਤ ਵੇਖ ਕੇ ਬੜਾ ਪਛੁਤਾਇਆ ਤੇ ਮੁਆਫੀਆਂ ਮੰਗੀਆਂ ਤਦ ਕ੍ਰਿਸ਼ਨ ਜੀ ਨੇ ਕਿਹਾ ਤੂੰ ਪਸਚਾਤਾਪ ਨਾ ਕਰ ਸਾਡੀ ਭਵਿਖਤ ਹੀ ਐਸੀ ਸੀ ਅਸਾਂ ਨੇ ਤੇਰੇ ਹਥੋਂ ਹੀ ਮਰਨਾ ਸੀ। ਯਥਾ-

ਜਾਇ ਸੁਤਾ ਪਰਭਾਸ ਵਿਚ, ਗੋਡੇ ਉਤੇ ਪੈਰ ਪਸਾਰੇ॥ ਚਰਨ ਕਮਲ ਵਿਚ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ॥ ਬਧਕ ਆਇਆ ਭਾਲਦਾ, ਮਿਰਗੈ ਜਾਣ ਬਾਣੁ ਲੈ ਮਾਰੇ॥ ਦਰਸਨੁ ਡਿਠੋਸੁ ਜਾਇ ਕੈ, ਕਰਣ ਪਲਾਵ ਕਰੇ ਪੁਕਾਰੇ॥ ਗਲਿ ਵਿਚਿ ਲੀਤਾ ਕ੍ਰਿਸਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ॥ ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ॥ ਭਲੇ ਭਲੇ ਕਰ ਮੰਨੀਅਨਿ, ਬੁਰਿਆਂ ਦੇ ਹਰਿ ਕਾਜ ਸਵਾਰੇ॥ ਪਾਪ ਕਰੇਦੇਂ ਪਤਿਤ ਉਧਾਰੇ॥ ੨੩॥ ੧੦॥

ਉਸੀ ਗੱਲ ਦਾ ਨਾਮਦੇਵ ਜੀ ਇਸ਼ਾਰਾ ਕਰਦੇ ਹਨ-

ਚਰਨ ਬਧਿਕ ਜਨ ਤੇਊ ਮੁਕਤਿ ਭਏ॥
ਹਉ ਬਲਿ ਬਲਿ ਜਿਨ ਰਾਮ ਕਹੇ॥ ੧॥

ਜਿਸ ਬਧਿਕ=ਸ਼ਿਕਾਰੀ ਜਨ ਨੇ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਬਾਣ ਮਾਰਿਆ ਸੀ, ਉਹ ਭੀ ਮੁਕਤ ਰੂਪ ਹੋ ਗਿਆ ਹੈ। ਨਾਮਦੇਵ ਜੀ ਕਥਨ ਕਰਦੇ ਹਨ ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ, ਜਿਨ੍ਹਾਂ ਨੇ ਰਾਮ ਦਾ ਨਾਮ ਕਿਹਾ ਹੈ॥ ੧॥

ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥

ਦਾਸੀ ਪੁਤ੍ਰ ਜੋ ਬਿਦਰ ਜਨ, ਵਾ:-ਨਾਰਦ ਹੈ ਇਨ੍ਹਾਂ ਦੋਹਾਂ ਨੂੰ ਤਾਰਿਆ। ਦਲਿੱਦ੍ਰੀ ਸੁਦਾਮੇ ਨੂੰ ਭੀ ਤਾਰਿਆ ਤੇ ਕੰਸ ਨੂੰ ਮਾਰ ਕੇ ਉਗ੍ਰਸੈਨ ਨੂੰ ਰਾਜ ਭਾਗ ਦੇਣਾ ਕੀਤਾ ਹੈ।

ਨੋਟ:-ਉਗ੍ਰਸੈਨ ਕ੍ਰਿਸ਼ਨ ਜੀ ਦਾ ਨਾਨਾ ਸੀ।

ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ
ਨਾਮੇ ਕੇ ਸੁਆਮੀ ਤੇਊ ਤਰੇ॥ ੨॥ ੧॥

ਨਾਮਦੇਵ ਜੀ ਕਥਨ ਕਰਦੇ ਹਨ-ਜਪ ਹੀਨ-ਕੁਬੀ, ਤਪ ਹੀਨ-ਗਨਿਕਾ, ਕੁਲ ਹੀਨ-ਬਿਆਧ, ਬਧਿਕ ਅਤੇ ਬਿਦਰ ਆਦਿਕ, ਕ੍ਰਮਹੀਨ-ਅਜਾਮਲ ਇਤਿਆਦਿਕ ਸਾਰੇ ਮੇਰੇ ਸੁਆਮੀ ਪਰਮਾਤਮਾ ਨੇ ਤਾਰ ਦਿਤੇ ਹਨ॥ ੨॥ ੧॥

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਇਸ ਸ਼ਬਦ ਦੁਆਰਾ ਰਵਿਦਾਸ ਭਗਤ ਜੀ ਪਰਮਾਤਮਾ ਅਗੇ ਪ੍ਰਾਰਥਨਾ ਕਰਦੇ ਹਨ।

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥ ੧॥

ਹੇ ਵਾਹਿਗੁਰੂ ! ਮੈਨੂੰ ਦਿਨੇ ਰਾਤ ਇਹੋ ਸੋਚ=ਚਿੰਤਾ ਹੈ ਕਿ ਮੇਰੀ ਸੰਗਤ ਪੋਚ=ਨੀਚਾਂ ਦੀ ਹੈ ਅਤੇ ਚੰਮ ਦੇ ਕੱਟਣੇ ਵਢਣੇ ਵਾਲਾ ਮੇਰਾ ਕਰਮ ਵੀ ਕੁਟਿਲਤਾ=ਖੋਟਾ ਹੈ, ਜਨਮ ਵੀ ਕੁਭਾਤੀ=ਖੋਟੇ ਲਗਨ ਦਾ ਹੈ ਜਿਸ ਤੇ ਮੈਂ ਸ਼ੂਦਰ ਜ਼ਾਤੀ ਵਿਚ ਪੈਦਾ ਹੋਇਆ ਹਾਂ॥ ੧॥

ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥ ੧॥ ਰਹਾਉ॥

ਹੇ ਜੀਵਾਂ ਦੇ ਜੀਵਨ ਰੂਪ, ਮੇਰੇ ਰਾਮ ਗੁਸਈਆ=ਪ੍ਰਿਥਵੀ ਦੇ ਮਾਲਕ ! ਮੈਨੂੰ ਨਾ ਭੁਲਾਓ, ਮੈਂ ਆਪ ਜੀ ਦਾ ਸੇਵਕ ਜਨ ਹਾਂ॥ ੧॥ ਰਹਾਉ॥

ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥
ਚਰਣ ਨ ਛਾਡਉ ਸਰੀਰ ਕਲ ਜਾਈ॥ ੨॥

ਮੇਰੀ ਜਨਮ ਮਰਨ ਰੂਪ ਬਿਪਤਾ ਨੂੰ ਨਾਸ ਕਰੋ ਅਤੇ ਮੈਂ ਸੇਵਕ ਜਨ ਦੀ ਸੁਭਾਈ=ਸਹਾਇਤਾ ਕਰੋ।

ਵਾ:-ਮੈਂ ਸੇਵਕ ਜਨ ਨੂੰ ਸੋਭਨੀਕ ਕਰੋ। ਮੈਂ ਆਪ ਜੀ ਦੇ ਚਰਨਾਂ ਦਾ ਧਿਆਨ ਨਹੀਂ ਛਡਾਂਗਾ, ਕਲ=ਸੁੰਦਰ ਸਰੀਰ ਭਾਵੇਂ ਚਲਿਆ ਜਾਵੇ।

ਵਾ:-ਮੈਂ ਤੁਹਾਡੇ ਚਰਨ ਨਹੀਂ ਛਡਾਂਗਾ ਕਲ ਦਾ ਜਾਂਦਾ ਸਰੀਰ ਭਾਵੇਂ ਅੱਜ ਚਲਿਆ ਜਾਏ।.

ਵਾ:-ਸੁੰਦਰ ਚਰਨ ਨਹੀਂ ਛਡਾਂਗਾ ਸਰੀਰ ਭਾਵੇਂ ਚਲਿਆ ਜਾਵੇ, ਕਿਉਂਕਿ ਚਰਨਾਂ ਦਾ ਧਿਆਨ ਕਰਨ ਨਾਲ ਮਨ ਨੂੰ ਅਜੇਹਾ ਅਨੰਦ ਆਉਂਦਾ ਹੈ ਜੋ ਕਥਨ ਤੋਂ ਬਾਹਰ ਹੈ॥ ੨॥

ਕਹੁ ਰਵਿਦਾਸ ਪਰਉ ਤੇਰੀ ਸਾਭਾ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥ ੩॥ ੧॥

ਰਵਿਦਾਸ ਜੀ ਕਥਨ ਕਰਦੇ ਹਨ-ਹੇ ਪਰਮਾਤਮਾ ! ਮੈਂ ਤੇਰੀ ਸਾਭਾ=ਸ਼ਰਨ ਵਿਚ ਪਿਆ ਹਾਂ।

ਮੈਂ ਦਾਸ ਨੂੰ ਛੇਤੀ ਆ ਕੇ ਮਿਲੋ, ਆਪ ਬਿਲਾਂਬਾ=ਦੇਰੀ ਨਾ ਕਰੋ॥ ੩॥ ੧॥

ਉਥਾਨਕਾ-ਕਿਸੇ ਸਿੱਖ ਨੇ ਪੁੱਛਿਆ, ਭਗਤ ਜੀ ! ਜਿਸ ਸ਼ਹਿਰ ਵਿਚ ਆਪ ਰਹਿੰਦੇ ਹੋ ਉਸ ਸ਼ਹਿਰ ਦਾ ਨਾਮ ਕੀ ਹੈ ਤੇ ਉਥੇ ਕੀ ਕੀ ਸੁਖ ਹਨ ਅਤੇ ਉਥੋਂ ਦੀ ਅਬਾਦੀ ਕਿਸ ਤਰ੍ਹਾਂ ਦੀ ਹੈ? *ਉੱਤਰ-*

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥

ਜਿਸ ਸ਼ਹਿਰ ਵਿਚ ਮੈਂ ਨਿਵਾਸ ਕਰਦਾ ਹਾਂ ਤਿਸ ਸ਼ਹਿਰ ਦਾ ਨਾਮ 'ਬੇਗਮਪੁਰਾ' ਹੈ।

ਭਾਵ ਖੋਫ ਤੋਂ ਰਹਿਤ ਹੈ। ਉਸ ਜਗ੍ਹਾ ਤੇ ਦੁਖ ਅਤੇ ਅੰਦੋਹੁ=ਸੰਸਾ ਕੋਈ ਨਹੀਂ ਹੈ।

ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥

ਉਥੇ ਤਸਵੀਸ=ਸ਼ਰਮਿੰਦਗੀ, ਵਾ:-ਖਰਾਬੀ ਨਹੀਂ ਅਤੇ ਨਾ ਹੀ ਮਾਲ ਦਾ ਖਿਰਾਜੁ=ਛਿਲਨਾ ਹੈ ਭਾਵ ਮਸੂਲ ਨਹੀਂ। ਪਾਸ ਰੂਪ ਸੰਚਤ ਕਰਮਾਂ ਰੂਪੀ ਮਾਲ ਨਹੀਂ ਇਸ ਤੇ ਜਗਾਤ ਭੀ ਨਹੀਂ ਹੈ। ਨਾ ਖਉਫੁ+ਡਰ ਹੈ, ਨਾ ਹੀ ਖਤਾ=ਗੁਨਾਹ ਹੈ, ਨਾ ਤਰਸੁ=ਦਇਆ ਹੈ ਤੇ ਨਾ ਹੀ ਜਵਾਲੁ=ਪੀੜਾ ਵਾ:-ਘਾਟਾ ਹੈ॥ ੧ ॥

ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥

ਹੁਣ ਮੈਂ ਚੰਗੇ ਵਤਨ=ਦੇਸ ਦੀ ਗਹ=ਜਗ੍ਹਾ ਪ੍ਰਾਪਤ ਕਰ ਲਈ ਹੈ।

ਹੇ ਮੇਰੇ ਭਾਈ ! ਉਥੇ ਹਮੇਸ਼ਾਂ ਹੀ ਖੈਰਿ=ਸੁਖ ਅਨੰਦ ਹੈ॥ ੧ ॥ ਰਹਾਉ ॥

ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥

ਉਥੋਂ ਦੀ ਸਦਾ=ਸ੍ਰੇਸ਼ਟ ਪਾਤਿਸ਼ਾਹੀ ਦਾਇਮੁ=ਹਮੇਸ਼ਾ ਕਾਇਮੁ=ਇਸਥਿਤ ਰੂਪ ਹੈ। ਉਸ ਪਰਮਾਤਮਾ ਦਾ ਦੋਮ=ਦੂਜਾ ਵਜ਼ੀਰ ਨਹੀਂ, ਸੇਮ=ਤੀਜਾ ਬਖਸ਼ੀ ਭਾਵ ਮੁਨਸ਼ੀ ਨਹੀਂ। ਵਾ:-ਉਸ ਵਿਚ ਦੋਮ=ਦ੍ਵੈਤ, ਸੇਮ=ਤਿੰਨੇ ਗੁਣ ਨਹੀਂ ਹਨ।

ਏਕ ਸੋ ਆਹੀ=ਉਹ ਇਕੋ ਇਕ ਪਰਮਾਤਮਾ ਆਪ ਹੀ ਹੈ।

ਯਥਾ- ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ ੨ ॥ *(ਪੰਨਾ ੮੬੩)*

ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥ ੨ ॥

ਉਹ ਬੇਗਮ ਪੁਰਾ ਸ਼ਹਿਰ ਆਬਾਦਾਨੁ=ਚੰਗੀ ਅਬਾਦੀ ਵਾਲਾ ਭਾਵ ਸੰਘਣੀ ਵਸੋਂ ਵਾਲਾ ਅਤੇ ਸਦਾ ਹੀ ਮਸਹੂਰ=ਪ੍ਰਗਟ ਹੈ। ਉਸ ਸ਼ਹਿਰ ਵਿਚ ਨਾਮ ਧਨ ਵਾਲੇ ਗਨੀ=ਧਨਾਢ ਲੋਕ ਮਾਮੂਰ=ਲਬਾ-ਲਬ ਵਸਦੇ ਹਨ। (ਗਨੀ ਤੇ ਮਾਮੂਰ ਦੋਨੋਂ ਅਰਬੀ ਭਾਸ਼ਾ ਦੇ ਸ਼ਬਦ ਹਨ)

*ਪ੍ਰਸ਼ਨ-*ਉਹ ਜਗ੍ਹਾ ਕੈਸੀ ਹੈ? *ਉੱਤ੍ਰਰ-*

ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥

ਜਿਉਂ ਜਿਉਂ ਕਿਸੇ ਨੂੰ ਭਾਉਂਦਾ ਹੈ, ਤਿਵੇਂ ਤਿਵੇਂ ਉਹ ਆਤਮ ਧਨ ਵਾਲੇ ਧਨਾਢ ਲੋਕ ਸੈਰ ਕਰਦੇ ਹਨ, ਕਿਉਂਕਿ ਜੋ ਮਹਲ=ਸਰੂਪ ਦੇ ਮਹਰਮ=ਜਾਣਨ ਵਾਲੇ ਹੋਏ ਹਨ ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ।

(ਮਹਰਮ ਅਰਬੀ ਭਾਸ਼ਾ ਹੈ)

ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥ ੩ ॥ ੨ ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਚਮਾਰਾ=ਚਮ+ਆਲਾ=ਚੰਮੜੇ ਦਾ ਘਰ ਜੋ ਸਰੀਰ ਹੈ, ਤਿਸ ਤੋਂ ਮੈਂ ਹੁਣ ਖਲਾਸ=ਛੁਟ ਗਿਆ ਹਾਂ।

ਵਾ:-ਚਮਾਰਾਂ ਤੋਂ ਮੈਂ ਹੁਣ ਛੁਟ ਗਿਆ ਹਾਂ। ਜੋ ਮਨੁੱਖ ਸਾਡੇ ਸ਼ਹਿਰ ਦਾ ਵਸਨੀਕ ਹੈ ਓਹੀ ਸਾਡਾ ਮਿਤਰ ਹੈ॥ ੩॥ ੨॥

ੴ ਸਤਿਗੁਰ ਪ੍ਰਸਾਦਿ ॥ ਗਉੜੀ ਬੈਰਾਗਣਿ ਰਵਿਦਾਸ ਜੀਉ ॥

ਉਥਾਨਕਾ-ਇਕ ਵਣਜਾਰਾ ਰਵਿਦਾਸ ਜੀ ਦਾ ਸੇਵਕ ਸੀ, ਉਸ ਨੇ ਆ ਕੇ ਕਿਹਾ ਭਗਤ ਜੀ ! ਆਪ ਇਕ ਬੈਲ ਖਰੀਦ ਲਓ, ਉਸ ਰਾਹੀਂ ਸਾਰਾ ਕੰਮ ਅਸੀਂ ਕਰ ਕੇ ਆਮਦਨ ਆਪ ਜੀ ਨੂੰ ਦਿਆ ਕਰਾਂਗੇ। ਇਹ ਗੱਲ ਸੁਣ ਕੇ ਰਵਿਦਾਸ ਜੀ ਨੇ ਕਿਹਾ, ਅਸਾਂ ਨੇ ਤਾਂ ਅਗੇ ਹੀ ਬੈਲ ਖਰੀਦਿਆ ਹੋਇਆ ਹੈ। ਵਣਜਾਰੇ ਨੇ ਪੁਛਿਆ-ਆਪ ਜੀ ਨੇ ਕਿਹੜਾ ਬੈਲ ਖਰੀਦਿਆ ਹੋਇਆ ਹੈ? *ਉੱਤਰ-*

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥

ਘਟ=ਸਰੀਰ ਵਿਚ ਅਵਘਟ=ਕਠਨ ਜੋ ਕਾਮ ਆਦਿਕ ਹਨ ਏਹੀ ਘਣਾ=ਬਹੁਤੇ ਡੂਗਰ=ਪਹਾੜ ਹਨ, ਇਨ੍ਹਾਂ ਤੋਂ ਨਾ ਲੰਘ ਸਕਣ ਵਾਲਾ ਇਕ ਨਿਰਗੁਣੁ=ਮਾੜਾ ਜਿਹਾ ਲਿੱਸਾ ਭਾਵ ਕਮਜ਼ੋਰ ਹਾਲਤ ਵਾਲਾ ਸਾਡਾ ਸਰੀਰ, ਵਾ:-ਮਨ ਰੂਪੀ ਬੈਲ ਹੈ।

ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥

ਪਰਮਾਤਮਾ ਪਾਸ ਇਕ ਮੇਰੀ ਬੇਨਤੀ ਹੈ ਕਿ ਹੇ ਮੁਰਾਰਿ=ਮੁਰ ਦੈਂਤ ਦੇ ਅਰੀ ਵਾਹਿਗੁਰੂ ! ਤੂੰ ਹੀ ਇਨ੍ਹਾਂ ਕਾਮ ਆਦਿਕ ਚੋਰਾਂ ਤੋਂ ਮੇਰੀ ਸ੍ਵਾਸਾਂ ਰੂਪੀ, ਵਾ:-ਸ਼ਰਧਾ ਰੂਪੀ ਪੂੰਜੀ ਪੂਰੀ ਰਖਣਾ ਕਰ॥ ੧॥

ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥ ੧ ॥ ਰਹਾਉ ॥

ਹੇ ਭਾਈਓ ! ਤੁਹਾਡੇ ਵਿਚੋਂ ਕੋਈ ਰਾਮ ਨਾਮ ਦੇ ਵਣਜ ਕਰਨ ਵਾਲਾ ਵਣਵਾਰਾ ਹੈ?

ਜੇ ਕੋਈ ਹੈ ਤਾਂ ਮੇਰੇ ਕੋਲ ਆ ਜਾਵੇ ਕਿਉਂਕਿ ਮੇਰਾ ਟਾਂਡਾ ਲੱਦਿਆ ਜਾ ਰਿਹਾ ਹੈ॥ ੧॥ ਰਹਾਉ॥

*ਪ੍ਰਸ਼ਨ-*ਟਾਂਡਾ ਕਿਸ ਨੂੰ ਆਖਦੇ ਹਨ?

*ਉੱਤਰ-*ਬੈਲ, ਗੁਣ, ਵਸਤੂ ਸਭ ਕੁਝ ਲੱਦੇ ਲਦਾਏ ਦਾ ਨਾਮ ਟਾਂਡਾ ਹੈ।

[ਪੰਨਾ ੩੪੬]

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ ॥

ਹਉ=ਮੈਂ ਆਪ ਭੀ ਰਾਮ ਨਾਮ ਦਾ ਵਣਜਾਰਾ ਹਾਂ, ਸਹਜ=ਸ਼ਾਂਤੀ ਦੇ ਨਾਲ ਗਿਆਨ ਦਾ ਵਾਪਾਰ ਕਰਦਾ ਹਾਂ।

ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥ ੨ ॥

ਮੈਂ ਰਾਮ ਨਾਮ ਰੂਪ ਧਨ ਲਦਿਆ ਹੋਇਆ ਹੈ ਅਤੇ ਸੰਸਾਰੀ ਲੋਕਾਂ ਨੇ ਵਿਸ਼ੇ ਵਿਕਾਰਾਂ ਰੂਪ ਜ਼ਹਿਰ ਲੱਦੀ ਹੋਈ ਹੈ॥ ੨॥

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥

ਉਰਵਾਰ=ਇਹ ਲੋਕ, ਪਾਰ=ਪ੍ਰਲੋਕ ਦੋਹਾਂ ਲੋਕਾਂ ਦੀ ਗੱਲ ਦੇ ਦਾਨੀਆ=ਜਾਨਣ ਵਾਲੇ ਹੇ ਚਿੱਤ੍ਰ ਗੁਪਤੋ ! ਮੇਰੇ ਲੇਖੇ ਦੀ ਥਾਂ ਤੇ ਤੁਸੀਂ ਬੇਸ਼ਕ ਆਲ ਪਤਾਲੁ=ਅਲਪਲ ਲਿਖ ਲਵੋ।

ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ॥ ੩॥

ਮੈਨੂੰ ਜਮਾਂ ਦਾ ਡੰਡਾ ਤਾਂ ਲਗਣਾ ਹੀ ਨਹੀਂ ਕਿਉਂਕਿ ਦੁਨੀਆਂ ਦੇ ਸਾਰੇ ਜੰਜਾਲਾਂ ਨੂੰ ਮੈਂਨੇ ਤਿਆਗ ਦਿਤਾ ਹੈ॥ ੩॥

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥

ਜਿਸ ਤਰ੍ਹਾਂ ਕਸੁੰਭੇ ਦਾ ਰੰਗ ਕੋਈ ਕੁ ਦਿਨ ਸੁਹਾਵਣਾ ਹੈ ਪਰ ਹੁੰਦਾ ਕੱਚਾ ਹੈ, ਉਸੇ ਤਰ੍ਹਾਂ ਹੀ ਇਹ ਸਾਰਾ ਸੰਸਾਰ ਨਾਸਵੰਤ ਹੈ। ਇਸ ਦੇ ਨਾਸ ਹੁੰਦਿਆਂ ਦੇਰ ਨਹੀਂ ਲਗਦੀ।

ਯਥਾ- ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ॥ *(ਪੰਨਾ ੭੭੬)*

ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥

ਰਵਿਦਾਸ ਚਮਾਰ ਜੀ ਕਥਨ ਕਰਦੇ ਹਨ-ਮੇਰੇ ਰਮਈਏ ਪਰਮਾਤਮਾ ਦੇ ਨਾਮ ਦਾ ਰੰਗ ਮਜੀਠੇ ਰੰਗ ਵਾਂਗੂੰ ਪੱਕਾ ਹੈ॥ ੪॥ ੧॥

ਗਉੜੀ ਪੂਰਬੀ ਰਵਿਦਾਸ ਜੀਉ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਇਕ ਜਗ੍ਹਾ ਖੂਹ ਸੀ ਉਸ ਵਿਚ ਡੱਡੂ ਪਿਆ ਹੋਇਆ ਸੀ। ਉਸ ਖੂਹ ਦੇ ਉੱਤੇ ਇਕ ਬ੍ਰਿੱਛ ਸੀ। ਉੱਡਦਾ ਉੱਡਦਾ ਹੰਸ ਤਿਸ ਬ੍ਰਿੱਛ ਉੱਪਰ ਆ ਬੈਠਾ। ਖੂਹ ਵਿਚ ਪਏ ਹੋਏ ਡੱਡੂ ਨੂੰ ਵੇਖ ਕੇ ਦਇਆ ਆਈ। ਉਹ ਹੰਸ ਡੱਡੂ ਨੂੰ ਕਹਿੰਦਾ ਹੈ ਕਿ ਚਲ ਭਾਈ ਤੈਨੂੰ ਸਰੋਵਰ ਪਰ ਲੈ ਚਲੀਏ, ਉਥੇ ਦੁੱਧ ਪੀ ਕੇ ਹੀਰੇ ਮੋਤੀ ਚੁਗ ਕੇ ਸੁਖੀ ਹੋਵੇਂਗਾ, ਉਹ ਬੜਾ ਰਮਣੀਕ ਅਸਥਾਨ ਹੈ। ਅਗੋਂ ਡੱਡੂ ਬੋਲਿਆ ਮਾਨ ਸਰੋਵਰ ਦਾ ਕਿਤਨਾ ਕੁ ਵਿਸਥਾਰ ਹੈ? ਹੰਸ ਨੇ ਕਿਹਾ ਉਸ ਦਾ ਵਿਸਥਾਰ ਤਾਂ ਬੜਾ ਭਾਰੀ ਹੈ। ਡੱਡੂ ਨੇ ਛਾਲ ਮਾਰ ਕੇ ਕਿਹਾ ਇਤਨਾ ਵੱਡਾ? ਹੰਸ ਨੇ ਕਿਹਾ ਨਹੀਂ ਉਹ ਤਾਂ ਬਹੁਤ ਵੱਡਾ ਹੈ, ਤਦ ਡੱਡੂ ਨੇ ਦੂਜੀ ਛਾਲ ਮਾਰੀ, ਖੂਹ ਦੇ ਵਿਚਕਾਰ ਆ ਕੇ ਕਿਹਾ ਤੇਰਾ ਮਾਨ ਸਰੋਵਰ ਏਡਾ ਹੈ? ਤਾਂ ਹੰਸ ਨੇ ਕਿਹਾ ਨਹੀਂ। ਫਿਰ ਡੱਡੂ ਨੇ ਤੀਜੀ ਛਾਲ ਮਾਰੀ, ਮਣ ਦੇ ਨਾਲ ਆ ਲਗਾ ਤੇ ਪੁਛਿਆ, ਤੇਰਾ ਮਾਨ ਸਰੋਵਰ ਏਡਾ ਹੈ? ਤਾਂ ਹੰਸ ਨੇ ਕਿਹਾ, ਭਾਈ ਇਹੋ ਜਿਹੇ ਕਈ ਖੂਹ ਉਸ ਵਿਚ ਪ੍ਰਵੇਸ਼ ਕਰ ਜਾਂਦੇ ਹਨ ਤੇਰੀਆਂ ਛਾਲਾਂ ਕੀ ਹਨ। ਤਾਂ ਡੱਡੂ ਨੇ ਕਿਹਾ, ਜਾਹ, ਫਿਰ ਤੇਰਾ ਮਾਨ ਸਰੋਵਰ ਹੀ ਕੋਈ ਨਹੀਂ।

ਹੁਣ ਦਾ ਦ੍ਰਿਸ਼ਟਾਂਤ ਸੁਣੋ-ਐਸੇ ਹੀ ਸੰਸਾਰ ਰੂਪ ਖੂਹ ਹੈ ਤਿਸ ਵਿਚ ਜੀਵ ਰੂਪ ਡੱਡੂ ਪਿਆ ਦੁਖੀ ਹੋ ਰਿਹਾ ਹੈ। ਵੈਰਾਗ ਰੂਪ ਬ੍ਰਿੱਛ ਪਰ ਮਹਾਤਮਾਂ ਰੂਪ ਹੰਸ ਆ ਬੈਠੇ, ਸੰਸਾਰ ਖੂਹ ਵਿਚ ਜੀਵ ਰੂਪ ਡੱਡੂ ਨੂੰ ਦੇਖ ਕੇ ਦਇਆ

ਆ ਗਈ। ਆਖਦੇ ਹਨ-ਹੇ ਜੀਵ ! ਚਲ ਤੈਨੂੰ ਬ੍ਰਹਮਾਨੰਦ ਰੂਪ ਮਾਨ ਸਰੋਵਰ ਪਰ ਲੈ ਚਲੀਏ।

(੧) ਜੀਵ ਨੇ ਪਹਿਲੀ ਛਾਲ ਮਾਰੀ ਕਿ ਬ੍ਰਹਮਾਨੰਦ ਦਾ ਸੁਖ ਧਨ ਜੈਸਾ ਹੈ?

ਸੰਤਾਂ ਕਿਹਾ ਧਨ ਤਾਂ ਤਿੰਨ ਕਾਲ ਦੁਖ ਰੂਪ ਹੈ। ਧਨ ਦੇ ਸੁਖ ਜੈਸਾ ਉਹ ਬ੍ਰਹਮਾਨੰਦ ਦਾ ਸੁਖ ਨਹੀਂ ਹੈ।

ਯਥਾ:- ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ॥

ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ॥

ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ॥

ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰ ਭਵਾਇਆ॥

ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ॥

(੨) ਫਿਰ ਜੀਵ ਨੇ ਦੂਜੀ ਛਾਲ ਮਾਰੀ ਕਿ ਬ੍ਰਹਮਾਨੰਦ ਦਾ ਸੁਖ ਪੁੱਤ੍ਰ ਜੈਸਾ ਹੈ? ਸੰਤਾਂ ਆਖਿਆ ਪੁੱਤ੍ਰ ਤਾਂ ਸਦਾ ਦੁਖ ਰੂਪ ਹੈ। ਪੁੱਤ੍ਰ ਨਾ ਹੋਵੇ ਤਾਂ ਭੀ ਮਾਪਿਆਂ ਨੂੰ ਦੁੱਖ ਹੁੰਦਾ ਹੈ; ਪੁੱਤ੍ਰ ਪ੍ਰਾਪਤੀ ਵਾਸਤੇ ਮਾਪੇ ਧਰਮ ਤੋਂ ਅਧਰਮ ਕਰਮਾਂ ਨੂੰ ਕਰਦੇ ਹਨ, ਜੇ ਪੁੱਤਰ ਹੋ ਕੇ ਨਾਲਾਇਕ ਹੋ ਜਾਵੇ ਤਾਂ ਸਾਰੀਆਂ ਕੁਲਾਂ ਕਲੰਕਤ ਕਰ ਦਿੰਦਾ ਹੈ, ਇਸ ਤੇ ਪੁੱਤਰ ਸਦਾ ਦੁੱਖ ਰੂਪ ਹੈ।

ਯਥਾ- ਕਰ ਵਿਚਾਰ ਯੋਂ ਦੇਖੀਏ ਪੁਤ੍ਰ ਸਦਾ ਦੁਖ ਰੂਪ॥

ਸੁਖ ਚਾਹਤ ਜੇ ਪੁਤ੍ਰ ਤੇ ਸੇ ਮੂਢਨ ਕੇ ਭੂਪ॥ ੧੦੯॥ *(ਵਿਚਾਰ ਸਾਗਰ ਪਿਤਾਂਬਰੀ ਪੰਨਾ ੧੩੪)*

(੩) ਫਿਰ ਜੀਵ ਨੇ ਤੀਜੀ ਛਾਲ ਮਾਰੀ ਕਿ ਬ੍ਰਹਮਾਨੰਦ ਦਾ ਸੁਖ ਇਸਤ੍ਰੀ ਜੈਸਾ ਹੈ? ਸੰਤਾਂ ਆਖਿਆ ਇਸਤ੍ਰੀ ਤਾਂ ਮਹਾਂ ਅਪਵਿਤ੍ਰ ਅਤੇ ਦੁਰਗੰਧੀ ਦਾ ਥੈਲਾ ਕਹੀ ਹੈ।

ਯਥਾ- ਅਸਥ ਮਾਸ ਅਰ ਰੁਧਰ ਭੁਚ ਕਸਮਲ ਨਖ ਸਿਖ ਪੂਰ॥

ਨਿਰਗੁਣ ਅਸੁਚ ਮਲੀਨ ਤਨ ਤਿਆਗ ਆਗ ਜਿਉਂ ਦੂਰ॥ ੫॥ *(ਵਿਚਾਰ ਮਾਲਾ ਧਿਆ ੪)*

ਅਤੇ ਉਹ ਬ੍ਰਹਮਾਨੰਦ ਸਤ ਚਿਤ ਅਨੰਦ ਅਕ੍ਰੈ ਅਬਿਨਾਸੀ ਨਿਰਵਿਕਾਰ ਨਿਰਮਲ ਮਹਾਂ ਪਵਿੱਤ੍ਰ ਰੂਪ ਕਥਨ ਕੀਤਾ ਹੈ।

ਇਹ ਨਿਯਮ ਸਮਝ ਲਓ ਇਨ੍ਹਾਂ ਤਿੰਨਾਂ ਵਿਚ ਲਗ ਕੇ ਸੰਸਾਰ ਵਿਚ ਕੋਈ ਸੁਖੀ ਨਹੀਂ।

ਯਥਾ- ਪੁਤ੍ਰ ਕਲਤ੍ਰ ਲਛਮੀ ਮਾਇਆ॥ ਇਨ ਤੇ ਕਹੁ ਕਵਨੈ ਸੁਖੁ ਪਾਇਆ॥ ੩॥

(ਧਨਾਸਰੀ ਕਬੀਰ ਜੀ, ਪੰਨਾ ੬੯੨)

ਤਥਾ- ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥ ਹੋਨੁ ਨ ਪਾਈਐ ਰਾਮ ਕੇ ਦਾਸਾ॥

(ਗਉੜੀ ਮਹਲਾ ੫, ਪੰਨਾ ੧੮੦)

ਇਹ ਗੱਲ ਸੁਣ ਕੇ ਜੀਵ ਨੇ ਕਿਹਾ, ਜਾਓ ਤੁਹਾਡਾ ਬ੍ਰਹਮਾਨੰਦ ਰੂਪ ਮਾਨ-ਸਰੋਵਰ ਹੀ ਕੋਈ ਨਹੀਂ। ਏਹੀ ਗੱਲ ਹੁਣ ਰਵਿਦਾਸ ਭਗਤ ਜੀ ਕਥਨ ਕਰਦੇ ਹਨ।

ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥

ਜੈਸੇ=ਜਿਸ ਤਰ੍ਹਾਂ ਖੂਹ ਵਿਚ ਭਰਿਓ=ਪਿਆ ਹੋਇਆ ਦਾਦਿਰਾ=ਡੱਡੂ ਆਪਣੇ ਦੇਸ ਨੂੰ ਛਡ ਕੇ ਮਾਨ

ਸਰੋਵਰ ਰੂਪ ਬਿਦੇਸੁ=ਪ੍ਰਦੇਸ ਨੂੰ ਕੁਝ ਬੁਝਦਾ ਨਹੀਂ, ਤੈਸੇ ਜੀਵ ਰੂਪ ਡੱਡੂ ਸੰਸਾਰ ਰੂਪ ਖੂਹ ਵਿਚ ਪਿਆ ਹੋਇਆ ਆਪਣੇ ਦੇਸ=ਗ੍ਰਹਿਸਤ ਨੂੰ ਛਡ ਕੇ ਬ੍ਰਹਮਾਨੰਦ ਰੂਪ ਪ੍ਰਦੇਸ਼ ਨੂੰ ਕੁਝ ਜਾਣਦਾ ਨਹੀਂ।

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥ ੧ ॥

ਇਸੇ ਤਰ੍ਹਾਂ ਮੇਰਾ ਮਨ ਵਿਸ਼ੇ ਵਿਕਾਰਾਂ ਵਿਚ ਬਿ+ਮੋਹਿਆ=ਵਿਸ਼ੇਸ਼ ਕਰਕੇ ਮੋਹਿਆ ਹੋਇਆ ਹੈ ਤੇ ਆਰਾ ਪਾਰੁ=ਲੋਕ ਪ੍ਰਲੋਕ ਦੇ ਸਵਾਰਨ ਦੀ ਕੁਝ ਸੂਝ=ਗਿਆਤ ਨਹੀਂ ॥ ੧ ॥

ਸਗਲ ਭਗਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥

ਹੇ ਸਾਰੇ ਲੋਕਾਂ ਦੇ ਮਾਲਕ ਪਰਮਾਤਮਾ ! ਮੈਨੂੰ ਇਕ ਛਿਨ ਭਰ ਤਾਂ ਆਪਣਾ ਦਰਸ਼ਨ ਵਿਖਾ ਦੇਹ ॥ ੧ ॥ ਰਹਾਉ ॥

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥

ਹੇ ਮਾਧਵਾ=ਮਾਇਆ ਪਤੀ ਪਰਮਾਤਮਾ ਰਾਗ ਦ੍ਵੈਸ਼, ਵਾ:-ਪਾਪਾਂ ਰੂਪ ਮੈਲ ਕਰ ਕੇ ਮੇਰੀ ਬੁੱਧੀ ਮਲੀਨ ਹੋ ਰਹੀ ਹੈ ਇਸ ਲਈ ਤੇਰੀ ਗਤਿ=ਰੀਤੀ ਜਾਣੀ ਨਹੀਂ ਜਾਂਦੀ।

ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ ੨ ॥

ਕ੍ਰਿਪਾ ਦ੍ਰਿਸ਼ਟੀ ਕਰੋ ਜਿਸ ਤੇ ਮੇਰਾ ਭਰਮ ਦੂਰ ਹੋ ਜਾਵੇ ਅਤੇ ਮੈਨੂੰ ਸ਼ੁਭ ਆਤਮ ਵਸ਼ੈਣੀ ਬੁੱਧੀ ਸਮਝਾ ਦਿਓ ॥ ੨ ॥

ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥

ਬੜੇ ਬੜੇ ਜੋਗੀਆਂ ਦੇ ਈਸ਼ਰ ਮਹੰਤ ਭੀ ਤੇਰੇ ਭੇਦ ਨੂੰ ਪਾ ਨਹੀਂ ਸਕਦੇ, ਆਪ ਜੀ ਦੇ ਗੁਣਾਂ ਦਾ ਕਥਨ ਕਰਨਾ ਬਹੁਤ ਬਿਅੰਤ ਹੈ।

ਯਥਾ:- ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥

ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥ ੭ ॥

(ਆਸਾ ਮਹਲਾ ੩, ਪੰਨਾ ੪੨੩)

ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥ ੩ ॥ ੧ ॥

ਰਵਿਦਾਸ ਚਮਾਰ ਜੀ ਕਥਨ ਕਰਦੇ ਹਨ-ਹੇ ਨਿਰੰਕਾਰ ! ਮੈਂ ਤਾਂ ਕੇਵਲ ਆਪ ਜੀ ਦੀ ਪ੍ਰੇਮਾ ਭਗਤੀ ਦੇ ਵਾਸਤੇ ਆਪ ਦੇ ਗੁਣ ਕਹਿ ਰਿਹਾ ਹਾਂ, ਮੈਂ ਕੋਈ ਅੰਤ ਨਹੀਂ ਲੈਣਾ ਚਾਹੁੰਦਾ ॥ ੩ ॥ ੧ ॥

ਗਉੜੀ ਬੈਰਾਗਣਿ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ-ਇਕ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਚਾਰੇ ਜੁਗਾਂ ਦਾ ਆਪੋ ਆਪਣਾ ਧਰਮ ਕੀ ਹੈ?

ਉੱਤਰ-

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥

ਸਤਜੁਗ ਵਿਚ ਸੱਚ ਬੋਲਣ ਦੀ ਪ੍ਰਧਾਨਤਾ, ਤ੍ਰੇਤੇ ਜੁਗ ਵਿਚ ਯੱਗ ਆਦਿਕਾਂ ਦੀ ਵਿਸ਼ੇਸ਼ਤਾ ਤੇ ਦੁਆਪੁਰ

ਜੁਗ ਵਿਚ ਠਾਕੁਰ ਪੂਜਾ ਅਤੇ ਸ੍ਰੇਸ਼ਟ ਕਰਤੱਬਾਂ ਦੀ ਮੁਖਤਾ ਸੀ।

ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥ ੧॥

ਪਿਛਲੇ ਤਿੰਨਾਂ ਜੁਗਾਂ ਦੇ ਤਿੰਨ ਧਰਮ ਦ੍ਰਿੜ੍ਹ ਕੀਤੇ ਹਨ ਪਰ ਕਲਜੁਗ ਵਿਚ ਕੇਵਲ ਨਾਮ ਦਾ ਹੀ ਆਸਰਾ ਹੈ॥ ੧॥

ਪਾਰੁ ਕੈਸੇ ਪਾਇਬੋ ਰੇ॥ ਮੋ ਸਉ ਕੋਊ ਨ ਕਹੈ ਸਮਝਾਇ॥
ਜਾ ਤੇ ਆਵਾ ਗਵਨੁ ਬਿਲਾਇ॥ ੧॥ ਰਹਾਉ॥

ਹੇ ਭਾਈ ! ਨਾਮ ਜਪੇ ਤੋਂ ਬਿਨਾਂ ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਹੋਣਾ ਪਾਏਂਗਾ, ਇਹ ਗੱਲ ਮੈਨੂੰ ਕੋਈ ਸਮਝਾ ਕੇ ਨਹੀਂ ਕਹਿੰਦਾ, ਜਿਸ ਕਰ ਕੇ ਆਵਾਗਵਨੁ=ਜੰਮਣਾ ਮਰਨਾ ਬਿਲਾਇ=ਦੂਰ ਹੋ ਜਾਏ॥ ੧॥ ਰਹਾਉ॥

ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥

ਸ਼ਾਸਤ੍ਰਾਂ ਵਿਚ ਬਹੁਤ ਪ੍ਰਕਾਰ ਦੇ ਕਰਮਾਂ ਦਾ ਨਿਰੂਪਣ ਕੀਤਾ ਹੋਇਆ ਹੈ ਅਤੇ ਉਨ੍ਹਾਂ ਕੰਰਮਾਂ ਨੂੰ ਸਭ ਕੋਈ ਲੋਕ ਕਰਦਾ ਨਿਗਾਹ ਭੀ ਆਉਂਦਾ ਹੈ। ਪਰ

ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥ ੨॥

ਕਿਸ ਕਰਮ ਦੇ ਕਰਨ ਨਾਲ ਸੰਸਾਰਕ ਬੰਧਨਾਂ ਤੋਂ ਛੁਟੀਦਾ ਹੈ ਅਤੇ ਕਿਸ ਕਰਮ ਦੇ ਕਰਨ ਨਾਲ ਸਭ ਮੁਕਤੀਆਂ ਪ੍ਰਾਪਤ ਹੁੰਦੀਆਂ ਹਨ ਇਸ ਗੱਲ ਦਾ ਨਿਸਚਾ ਕਿਸੇ ਨੂੰ ਭੀ ਨਹੀਂ ਹੈ। ਕਿਉਂਕਿ ਵੇਦ ਦਾ ਕੁਲ ਇੱਕ ਲੱਖ ਸਲੋਕ ਕਥਨ ਕੀਤਾ ਹੈ। ਜਿਸ ਵਿਚੋਂ ਅੱਸੀ ਹਜ਼ਾਰ ਸਲੋਕ ਕਰਮ ਕਾਂਡ ਦਾ ਹੈ, ੧੬ ਹਜ਼ਾਰ ਸਲੋਕ ਉਪਾਸ਼ਨਾਂ ਕਾਂਡ ਦਾ ਹੈ ਤੇ ਚਾਰ ਹਜ਼ਾਰ ਸਲੋਕ ਸਿਧਾਂਤ ਦਾ ਹੈ।

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥

ਜੇਕਰ ਚੰਗੇ ਮੰਦੇ ਕਰਮਾਂ ਦੀ ਵਿਚਾਰ ਕਰਨ ਵਾਸਤੇ ਵੇਦਾਂ ਪੁਰਾਣਾਂ ਨੂੰ ਸੁਣੀਏ ਪੜ੍ਹੀਏ ਤਾਂ ਹੋਰ ਵਧੇਰੇ ਸੰਕਾ=ਸੰਸਾ ਹੁੰਦਾ ਹੈ, ਕਿਉਂਕਿ ਸ਼ਾਸਤ੍ਰ ਵਿਚ ਲਿਖਿਆ ਹੈ-

ਯੱਗ ਕਰਮ ਕਰਨ ਵਾਲਾ ਆਦਮੀ ਹੱਥ ਵਿਚ ਹਰਨ ਦਾ ਸਿੰਗ ਰਖੇ। ਜਦ ਸਰੀਰ ਵਿਚ ਕਿਥਾਹੀਂ ਖੁਰਕ ਹੋਵੇ ਤਾਂ ਹਰਨ ਦੇ ਸਿੰਗ ਨਾਲ ਖੁਰਕੇ। ਜੇ ਨਖ ਨਾਲ ਖੁਰਕਣ ਕਰ ਕੇ ਲਹੂ ਨਿਕਲ ਪਏ ਤਾਂ ਯੱਗ ਭ੍ਰਿਸ਼ਟ ਹੋ ਜਾਂਦਾ ਹੈ, ਪੁਨਾਂ ਯੱਗ ਕਰ ਕੇ ਜੇ ਹੰਕਾਰ ਕਰ ਲਵੇ ਤਾਂ ਯੱਗ ਦਾ ਫਲ ਨਵਿਰਤ ਹੋ ਜਾਂਦਾ ਹੈ।

ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥ ੩॥

ਜਦ ਸੰਸਾ ਹੀ ਹਮੇਸ਼ਾਂ ਹਿਰਦੇ ਵਿਚ ਵਸਦਾ ਰਿਹਾ ਤਾਂ ਅਭਿਮਾਨੁ=ਹੰਕਾਰ ਨੂੰ ਕੌਣ ਹਿਰੈ=ਨਾਸ ਕਰੇਗਾ॥ ੩॥

ਜਿੰਨਾ ਚਿਰ ਹੰਕਾਰ ਹੈ ਉਤਨਾ ਚਿਰ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਜੇਕਰ ਤੀਰਥ ਇਸ਼ਨਾਨ ਨੂੰ ਮੁਕਤੀ ਦਾ ਸਾਧਨ ਮੰਨ ਲਈਏ ਤਾਂ-

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥

ਬਾਹਰੋਂ ਅਸਥੂਲ ਦੇਹ ਨੂੰ ਤੀਰਥਾਂ ਦੇ ਉਦਕਿ=ਜਲ ਨਾਲ ਪਖਾਰੀਐ=ਧੋ ਲਿਆ ਤਾਂ ਕੀ ਹੋਇਆ, ਜੇਕਰ ਅੰਤਹਕਰਣ ਦੇ ਵਿਚ ਨਾਨਾ ਤਰ੍ਹਾਂ ਦੇ ਵਿਕਾਰ ਹਨ।

ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥ ੪॥

ਪਰ=ਭਲੀ ਪ੍ਰਕਾਰ ਅੰਤਹਕਰਣ ਕਿਸ ਤਰ੍ਹਾਂ ਸ਼ੁਧ ਹੋਵੇਗਾ, ਕਿਉਂਕਿ ਇਸ ਜੀਵ ਦੀ ਬਾਹਰਲੀ ਸੁਚ=ਪਵਿੱਤ੍ਰਤਾ ਵਾਲਾ ਵਿਹਾਰ 'ਕੁੰਚਰ ਬਿਧਿ'=ਹਾਥੀ ਦੀ ਵਿਧੀ ਵਾਗੂੰ ਹੈ। ਜੈਸੇ ਹਾਥੀ ਇਸ਼ਨਾਨ ਕਰ ਕੇ ਫਿਰ ਆਪਣੇ ਉੱਤੇ ਮਿੱਟੀ ਪਾ ਲੈਂਦਾ ਹੈ, ਐਸੇ ਇਹ ਜੀਵ ਸ਼ੁਭ ਕਰਮ ਕਰ ਕੇ ਫਿਰ ਹੰਕਾਰ ਰੂਪ ਮਿੱਟੀ ਪਾਕੇ ਆਪਣੇ ਆਪ ਨੂੰ ਗੰਦਾ ਕਰ ਲੈਂਦਾ ਹੈ॥ ੪॥

ਯਥਾ- ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ੪੬॥ *(ਪੰਨਾ ੧੪੨੮)*

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥

ਇਸ ਗੱਲ ਨੂੰ ਸਾਰਾ ਸੰਸਾਰ ਚੰਗੀ ਤਰ੍ਹਾਂ ਜਾਣਦਾ ਹੈ। ਕਿ ਜੈਸੇ ਸੂਰਜ ਦੇ ਪ੍ਰਕਾਸ਼ ਨਾਲ ਰਜਨੀ=ਰਾਤ ਗਤਿ=ਨਾਸ ਹੋ ਜਾਂਦੀ ਹੈ, ਤੈਸੇ ਗਿਆਨ ਦੇ ਪ੍ਰਕਾਸ਼ ਕਰ ਕੇ ਅਵਿੱਦਿਆ ਰੂਪੀ ਰਾਤ ਨਾਸ ਹੋ ਜਾਂਦੀ ਹੈ।

ਹੋਰ ਦ੍ਰਿਸ਼ਟਾਂਤ ਸੁਣੋ-

ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ੫॥

ਮੰਨਣਾ ਕਰੋ ਜਿਸ ਤਰ੍ਹਾਂ ਪਾਰਸ ਨਾਲ ਤਾਂਬਾ ਛੋਹ ਜਾਵੇ ਤਾਂ ਉਸ ਨੂੰ ਕਨਕ=ਸੋਨਾ ਹੁੰਦਿਆਂ ਦੇਰ ਨਹੀਂ ਲਗਦੀ। ਇਸੇ ਤਰ੍ਹਾਂ ਗੁਰੂ ਸਾਹਿਬ ਰੂਪ ਪਾਰਸ ਨਾਲ ਛੋਹਣ ਕਰਕੇ ਤਾਬੋ=ਜੀਵ ਸੋਨੇ ਵਾਂਗ ਸ਼ੁਧ ਹੋ ਜਾਂਦਾ ਹੈ, ਜਗਿਆਸੂ ਨੂੰ ਸੋਨੇ ਵਾਗੂੰ ਸ਼ੁਧ ਹੁੰਦਿਆਂ ਕੋਈ ਬਾਰ=ਦੇਰ ਨਹੀਂ ਲਗਦੀ॥ ੫॥

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥

ਪਰਮ ਪਾਰਸ ਰੂਪ ਪੂਰਨ ਗੁਰੂ ਤਾਂ ਮਿਲਦੇ ਹਨ ਜੇਕਰ ਲਿਲਾਟ=ਮਥੇ ਪਰ ਪੂਰਬਲੇ ਕਰਮਾਂ ਦੀ ਲਿਖਤ ਚੰਗੀ ਹੋਵੇ। ਪ੍ਰਤੱਖ ਪਾਰਸ ਨਾਲੋਂ ਗੁਰੂ ਪਾਰਸ ਇਸ ਵਾਸਤੇ ਸ੍ਰੇਸ਼ਟ ਕਹੇ ਹਨ ਕਿ ਪ੍ਰਤੱਖ ਪਾਰਸ ਤਾਂਬੇ ਨੂੰ ਸੋਨਾ ਤਾਂ ਕਰਦਾ ਹੈ ਲੇਕਿਨ ਪਾਰਸ ਨਹੀਂ ਕਰ ਸਕਦਾ ਤੇ ਗੁਰੂ ਸਾਹਿਬ ਜੀ ਜਗਿਆਸੂ ਨੂੰ ਆਪਣੇ ਜੈਸਾ ਕਰ ਦਿੰਦੇ ਹਨ। ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਆਪਣੇ ਜੈਸਾ ਕੀਤਾ ਹੈ।

ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥ ੬॥

ਪੂਰਨ ਗੁਰਾਂ ਦੇ ਮਨ ਹੀ=ਅੰਤਰ ਕਰ ਕੇ ਮਨ=ਸ਼੍ਰੋਮਣੀ ਉਨਮਨ=ਤੁਰੀਆ ਪਦ ਵਿਚ ਮਿਲਣਾ ਕਰੇ ਤਾਂ ਬਜਰ ਵਾਂਗੂੰ ਪੰਜਾਂ ਕੋਸ਼ਾਂ ਰੂਪ ਕਪਾਟ=ਤੁਖਤੇ ਖੁਲ੍ਹ ਜਾਂਦੇ ਹਨ॥ ੬॥

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ॥

ਜਿਸ ਨੇ ਗੁਰ ਉਪਦੇਸ਼ ਦੁਆਰਾ ਭਗਤੀ ਦੀ ਜੁਗਤੀ ਬੁੱਧੀ ਵਿਚ ਸੱਚੀ ਜਾਣ ਕੇ ਧਾਰਨ ਕੀਤੀ ਹੈ, ਤਿਸ ਦੇ ਭਰਮ ਅਤੇ ਬੰਧਨ ਰੂਪ ਸਭ ਵਿਸ਼ੇ ਵਿਕਾਰ ਕਟੇ ਗਏ ਹਨ।

ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ॥ ੭॥

ਜਿਹੜੇ ਰਸਿ ਬਸਿ=ਪ੍ਰੇਮ ਵਿਚ ਵਸੇ ਹਨ, ਵਾ:-ਜਿਨ੍ਹਾਂ ਨੇ ਵਿਸ਼ੇ ਰਸਾਂ ਵਲੋਂ ਬਸ ਕੀਤੀ ਹੈ ਓਹੀ ਮਨ ਮਿਲੇ=ਸ਼੍ਰੋਮਣੀ ਪਰਮਾਤਮਾ ਨਾਲ ਮਿਲੇ ਹਨ, ਉਨ੍ਹਾਂ ਨੇ ਹੀ ਸਰੱਗੁਣ ਦਾ ਇਕ ਵਿਚਾਰ ਕੀਤਾ ਹੈ।

ਵਾ:-ਜਿਨ੍ਹਾਂ ਨੇ ਮਨ ਵਸੀਕਾਰ ਕੀਤਾ ਹੈ ਉਹ ਆਤਮ ਰਸ ਨਾਲ ਮਿਲੇ ਹਨ। ਜੋ ਆਤਮ ਰਸ ਨਾਲ ਮਿਲੇ ਹਨ ਉਨ੍ਹਾਂ ਨੇ ਨਿਰਗੁਨ=ਜੀਵ ਅਤੇ ਗੁਨ=ਸਰਗੁਣ. ਈਸ਼ਵਰ ਦੋਹਾਂ ਨੂੰ ਇਕ ਅਭੇਦ ਰੂਪ ਵਿਚਾਰਿਆ ਹੈ॥ ੭॥

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥

ਗੁਰ ਉਪਦੇਸ਼ ਤੋਂ ਬਿਨਾਂ ਹੋਰ ਕਰਮ ਧਰਮ ਰੂਪ ਅਨੇਕ ਜਤਨਾਂ ਦੇ ਨਿਗ੍ਰਹ=ਵਿਸ਼ੇਸ਼ ਗ੍ਰਹਿਣ ਕਰਨ ਨਾਲ, ਵਾ:-ਅਨੇਕ ਜਤਨਾਂ ਦੇ ਅਤੇ ਨਿਗ੍ਰਹ=ਇੰਦ੍ਰੀਆਂ ਦੇ ਦਮਨ ਕਰਨ ਨਾਲ ਭਰਮ ਰੂਪ ਫਾਹੀ ਟਾਲੀ ਹੋਈ ਟਲਦੀ ਭਾਵ ਹਟਦੀ ਨਹੀਂ। ਅਤੇ-

ਪ੍ਰੇਮ ਭਗਤਿ ਨਹੀਂ ਊਪਜੈ ਤਾ ਤੇ ਰਵਿਦਾਸ ਉਦਾਸ॥ ੮॥ ੧॥

ਵਾਹਿਗੁਰੂ ਦੀ ਪ੍ਰੇਮਾ ਭਗਤੀ ਉਤਪੰਨ ਨਹੀਂ ਹੁੰਦੀ, ਇਸ ਕਰ ਕੇ ਰਵਿਦਾਸ ਭਗਤ ਜੀ ਕਥਨ ਕਰਦੇ ਹਨ ਕਿ ਮੈਂ ਉਹਨਾਂ ਕਰਮਾਂ ਦੇ ਕਰਨ ਤੋਂ ਉਦਾਸ ਹੋ ਗਿਆ ਹਾਂ॥ ੮॥ ੧॥

ਗਉੜੀ ਰਾਗੁ ਵਿਖੇ ਕਬੀਰ ਜੀ ਦੇ ਸ਼ਬਦ	੭੪ ਹਨ
ਅਤੇ ਬਾਵਨ ਅਖਰੀ ਦੇ ਸਲੋਕ	੪੫ ਹਨ
ਪੰਦ੍ਰਾਂ ਥਿਤਾਂ ਦੇ ਸਲੋਕ	੧੬ ਹਨ
ਸਤ ਵਾਰਾਂ ਦੇ ਸਲੋਕ	੮ ਹਨ
ਨਾਮਦੇਵ ਜੀ ਦਾ ਸ਼ਬਦ	੧ ਹੈ
ਰਵਿਦਾਸ ਜੀ ਦੇ ਸ਼ਬਦ	੫ ਹਨ

ਕੁਲ ਸ਼ਬਦ ਭਗਤਾਂ ਦੇ	੧੪੯ ਹਨ

ਗਉੜੀ ਰਾਗ ਸਟੀਕ ਸਮਾਪਤੰ

ਪਤਾ:-ਡੇਰਾ ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਦੇ ਪਰਮ ਸ਼ਿਸ਼

ਕਿਰਪਾਲ ਸਿੰਘ

ਬਜ਼ਾਰ ਸੱਤੋਵਾਲਾ, ਅੰਮ੍ਰਿਤਸਰ।

ਸੰਤ ਸੇਵਾ ਸਿੰਘ ਜੀ ਨੇ ੨੮ ਇਤਿਹਾਸਕ ਗੁਰਧਾਮਾਂ ਦੀ ਸੇਵਾ ਕਰਵਾਈ

੨੨ ਜਨਵਰੀ ੧੯੮੨ ਮੁ: ੯ ਮਾਘ ਸ਼ੁਕਰਵਾਰ ਬਾਅਦ ਦੁਪਹਿਰ ਸਦੀਵੀ ਵਿਛੋੜਾ ਦੇ ਕੇ ਸਚਖੰਡ ਜਾ ਬਿਰਾਜੇ ਹਨ। ਗੁਰੂ ਮਹਾਰਾਜ ਅਗੇ ਅਰਦਾਸ ਹੈ ਕਿ ਉਹਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

—ਗਿਆਨੀ ਕਿਰਪਾਲ ਸਿੰਘ

ੴ ਸਤਿਗੁਰ ਪ੍ਰਸਾਦਿ ॥

ਆਦਿ


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸੈਂਚੀ ਚੌਥੀ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਧੋਤਿ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਚੌਥੀ

ਸੰਪੂਰਣ ਆਸਾ ਰਾਗ

ਜਿਸ ਵਿਚ ਸਾਰੇ ਸ਼ਬਦ, ਦੋ ਪਟੀਆਂ, ਆਸਾ ਦੀ ਵਾਰ ਅਤੇ ਭਗਤ ਬਾਣੀ ਸਾਖੀਆਂ, ਉਥਾਨਕਾਂ, ਪ੍ਰਮਾਣਾਂ ਸਹਿਤ ਦਰਜ ਹਨ।

ਟੀਕਾਕਾਰ :

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)

ਡੇਰਾ ਸ੍ਰੀ ਮਾਨ 108 ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਨਿਮਕ ਮੰਡੀ,
ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂ ਪੁਰਸ਼, ਸ਼੍ਰੀ ਮਾਨ 108 ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾਂ ਨਾਲ ਇਹ ਡੇਰਾ 1945 ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹ ਹੈ।

ISBN 81-7601-227-0
ISBN 81-7601-104-5 (ਸੈੱਟ ਦਸ ਭਾਗ)

ਐਡੀਸ਼ਨ ਵੇਰਵਾ :-
ਤੇਰ੍ਹਵੀਂ ਐਡੀਸ਼ਨ ਫਰਵਰੀ 2012

ਭੇਟਾ : 350-00



ਪ੍ਰਕਾਸ਼ਕ:

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
csjsexports@vsnl.com,
Visit us at : www.csjs.com

ਇਸ ਤੇਰ੍ਹਵੀਂ ਐਡੀਸ਼ਨ ਨੂੰ ਛਾਪਣੇ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : (0183) 2705003, 5095774

ੴ ਸਤਿਗੁਰ ਪ੍ਰਸਾਦਿ॥

ਰਾਗੁ ਆਸਾ ਦਾ ਤਤਕਰਾ

ਰਾਗੁ ਆਸਾ ਮਹਲਾ ੧

ਘਰੁ ੧ ਸੋਦਰੁ॥ ---------- ੧੧

ਆਸਾ ਮਹਲਾ ੪॥

ਸੋ ਪੁਰਖੁ ਨਿਰੰਜਨੁ॥ ---------- ੧੪

ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨॥

ਸੁਣਿ ਵਡਾ ਆਖੈ ---------- ੧੮
ਆਖਾ ਜੀਵਾ ਵਿਸਰੈ ਮਰਿ ਜਾਉ ---------- ੨੧
ਜੇ ਦਰਿ ਮਾਂਗਤੁ ਕੂਕ ਕਰੇ ---------- ੨੩
ਤਾਲ ਮਦੀਰੇ ਘਟ ਕੇ ਘਾਟ ---------- ੨੫
ਜੇਤਾ ਸਬਦੁ ਸੁਰਤਿ ਧੁਨਿ ਤੇਤੀ ---------- ੨੯
ਵਾਜਾ ਮਤਿ ਪਖਾਵਜੁ ਭਾਉ ---------- ੨੮
ਪਉਣੁ ਉਪਾਇ ਧਰੀ ਸਭ ਧਰਤੀ ---------- ੨੯
ਕਰਮ ਕਰਤੂਤਿ ਬੋਲਿ ਬਿਸਥਾਰੀ ---------- ੩੩
ਮੈ ਗੁਣ ਗਲਾ ਕੇ ਸਿਰਿ ਭਾਰ ---------- ੩੪
ਕਰਿ ਕਿਰਪਾ ਅਪਨੈ ਘਰਿ ਆਇਆ ---------- ੩੬
ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ---------- ੩੭
ਏਕੋ ਸਰਵਰੁ ਕਮਲ ਅਨੂਪ ---------- ੩੯
ਗੁਰਮਤਿ ਸਾਚੀ ਹੁਜਤਿ ਦੂਰਿ ---------- ੪੦
ਜੋ ਤਿਨਿ ਕੀਆ ਸੋ ਸਚੁ ਥੀਆ ---------- ੪੧
ਇਕਿ ਆਵਹਿ ਇਕਿ ਜਾਵਹਿ ਆਈ ---------- ੪੩
ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ---------- ੪੪
ਕਿਸ ਕਉ ਕਹਹਿ ਸੁਣਾਵਹਿ ਕਿਸ ---------- ੪੬
ਕੋਈ ਭੀਖਕੁ ਭੀਖਿਆ ਖਾਇ ---------- ੪੮
ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ---------- ੪੯
ਕਾਇਆ ਬ੍ਰਹਮਾ ਮਨੁ ਹੈ ਧੋਤੀ ---------- ੫੧
ਸੇਵਕੁ ਦਾਸੁ ਭਗਤੁ ਜਨੁ ਸੋਈ ---------- ੫੩
ਕਾਚੀ ਗਾਗਰਿ ਦੇਹ ਦੁਹੇਲੀ ---------- ੫੪
ਮੋਹੁ ਕੁਟੰਬੁ ਮੋਹੁ ਸਭ ਕਾਰ ---------- ੫੫
ਆਪਿ ਕਰੇ ਸਚੁ ਅਲਖ ਅਪਾਰੁ ---------- ੫੭
ਘੁੰਘਰੁ ਵਾਜੈ ਜੇ ਮਨੁ ਲਾਗੈ ---------- ੫੮
ਏਕ ਨ ਭਰੀਆ ਗੁਣ ਕਰਿ ਧੋਵਾ ---------- ੫੮
ਪੋਵਕੜੈ ਧਨ ਖਰੀ ਇਆਣੀ ---------- ੬੦
ਤਿਤੁ ਸਰਵਰੜੈ ਭਈਲੇ ਨਿਵਾਸਾ ---------- ੬੧
ਛਿਅ ਘਰ ਛਿਅ ਗੁਰ ਛਿਅ ਉਪਦੇਸ ---------- ੬੩
ਲਖ ਲਸਕਰ ਲਖ ਵਾਜੇ ਨੇਜੇ ---------- ੬੫
ਦੀਵਾ ਮੇਰਾ ਏਕੁ ਨਾਮੁ ---------- ੬੬
ਦੇਵਤਿਆ ਦਰਸਨ ਕੈ ਤਾਈ ---------- ੬੭
ਭੀਤਰਿ ਪੰਚ ਗੁਪਤ ਮਨਿ ਵਾਸੇ ---------- ੬੯
ਮਨੁ ਮੋਤੀ ਜੇ ਗਹਣਾ ਹੋਵੈ ---------- ੭੦
ਕੀਤਾ ਹੋਵੈ ਕਰੇ ਕਰਾਇਆ॥ ---------- ੭੧
ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ---------- ੭੩
ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ॥ ----- ੭੪
ਖੁਰਾਸਾਨ ਖਸਮਾਨਾ ਕੀਆ ---------- ੭੭

ਰਾਗੁ ਆਸਾ ਘਰੁ ੨ ਮਹਲਾ ੩

ਹਰਿ ਦਰਸਨੁ ਪਾਵੈ ਵਡਭਾਗਿ ---------- ੭੮
ਸਬਦਿ ਮੁਆ ਵਿਚਹੁ ਆਪੁ ਗਵਾਇ ---------- ੮੦
ਸਤਿਗੁਰ ਵਿਚਿ ਵਡੀ ਵਡਿਆਈ ---------- ੮੧
ਮੇਰਾ ਪ੍ਰਭੁ ਸਾਚਾ ਗਹਿਰ ਗੰਭੀਰ ---------- ੮੨
ਦੂਜੈ ਭਾਇ ਲਗੇ ਦੁਖੁ ਪਾਇਆ ---------- ੮੩
ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ ------- ੮੪
ਲਾਲੈ ਆਪਣੀ ਜਾਤਿ ਗਵਾਈ ---------- ੮੬

ਮਨਮੁਖਿ ਝੂਠੋ ਝੂਠੁ ਕਮਾਵੈ ---------- ੮੭
ਭਗਤਿ ਰਤਾ ਜਨੁ ਸਹਜਿ ਸੁਭਾਇ ---------- ੮੮
ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ---------- ੮੯
ਸਬਦਿ ਮਰੈ ਤਿਸੁ ਸਦਾ ਅਨੰਦ ---------- ੯੧
ਨਿਰਤਿ ਕਰੇ ਬਹੁ ਵਾਜੇ ਵਜਾਏ ---------- ੯੨
ਹਰਿ ਕੈ ਭਾਣੈ ਸਤਿਗੁਰੁ ਮਿਲੈ ---------- ੯੪
ਤੂੰ ਕਰਤਾ ਸਚਿਆਰੁ ਮੈਡਾ ਸਾਂਈ ---------- ੯੫
ਕਿਸ ਹੀ ਧੜਾ ਕੀਆ ਮ੍ਰਿਤ ਸੁਤ ਨਾਲਿ ------ ੯੬
ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ---------- ੯੮
ਮੇਰੈ ਮਨਿ ਤਨਿ ਪ੍ਰੇਮੁ ਨਾਮੁ ਅਧਾਰਾ ॥ -------- ੯੯
ਗੁਣ ਗਾਵਾ ਗੁਣ ਬੋਲੀ ਬਾਣੀ ॥ ---------- ੧੦੦
ਨਾਮੁ ਸੁਣੀ ਨਾਮੇ ਮਨਿ ਭਾਵੈ ॥ ---------- ੧੦੧
ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥ ------- ੧੦੨
ਹਥਿ ਕਰਿ ਤੰਤੁ ਵਜਾਵੈ ਜੋਗੀ ---------- ੧੦੩
ਕਬ ਕੋ ਭਾਲੈ ਘੁੰਘਰੂ ਤਾਲਾ ---------- ੧੦੫
ਸਤਸੰਗਤਿ ਮਿਲੀਐ ਹਰਿ ਸਾਧੂ ---------- ੧੦੬
ਆਇਆ ਮਰਣੁ ਧੁਰਾਹੁ ॥ ---------- ੧੦੮
ਜਨਮੁ ਪਦਾਰਥ ਪਾਇ ---------- ੧੦੮
ਹਉ ਅਨਦਿਨੁ ਹਰਿਨਾਮੁ ਕੀਰਤਨੁ ---------- ੧੧੦

ਰਾਗੁ ਆਸਾ ਘਰੁ ੨ ਮਹਲਾ ੫ ॥

ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ---- ੧੧੨
ਸਸੂ ਤੇ ਪਿਰਿ ਕੀਨੀ ਵਾਖਿ ---------- ੧੧੩
ਨਿਜ ਭਗਤੀ ਸੀਲਵੰਤੀ ---------- ੧੧੫
ਸਾਖੀ ਭਗਤ ਭਗਤਨੀ ਦੀ ---------- ੧੧੫
ਮਤਾ ਕਰਉ ਸੋ ਪਕਨਿ ਨ ਦੇਈ ---------- ੧੧੭
ਪ੍ਰਥਮੇ ਮਤਾ ਜਿ ਪੜ੍ਹੀ ਚਲਾਵਉ ---------- ੧੨੦
ਪਰਦੇਸੁ ਝਾਗਿ ਸਉਦੇ ਕਉ ਆਇਆ ------- ੧੨੨
ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ -------- ੧੨੪
ਦਾਨੁ ਦੇਇ ਕਰਿ ਪੂਜਾ ਕਰਨਾ ---------- ੧੨੬
ਦੂਖ ਰੋਗ ਭਏ ਗਤੁ ਤਨ ਤੇ ---------- ੧੨੭
ਅਰੜਾਵੈ ਬਿਲਲਾਵੈ ਨਿੰਦਕੁ ---------- ੧੨੮
ਜਉ ਮੈ ਕੀਓ ਸਗਲ ਸੀਗਾਰਾ ---------- ੧੨੯
ਪ੍ਰਥਮੇ ਤੇਰੀ ਨੀਕੀ ਜਾਤਿ ---------- ੧੩੧
ਜੀਵਤ ਦੀਸੈ ਤਿਸੁ ਸਰਪਰ ਮਰਣਾ --------- ੧੩੩
ਪੁਤਰੀ ਤੇਰੀ ਬਿਧਿ ਕਰਿ ਥਾਟੀ ---------- ੧੩੪
ਇਕ ਘੜੀ ਦਿਨਸੁ ਮੋ ਕਉ ---------- ੧੩੫
ਹਰਿ ਸੇਵਾ ਮਹਿ ਪਰਮ ਨਿਧਾਨੁ ---------- ੧੩੬
ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ ----- ੧੩੭
ਕਰਿ ਕਿਰਪਾ ਹਰਿ ਪਰਗਟੀ ਆਇਆ ------ ੧੩੮
ਜੈਸੇ ਕਿਰਸਾਣੁ ਬੋਵੈ ਕਿਰਸਾਨੀ ---------- ੧੩੯
ਨਉ ਨਿਧਿ ਤੇਰੈ ਸਗਲ ਨਿਧਾਨ ---------- ੧੪੦
ਨਿਕਟਿ ਜੀਅ ਕੈ ਸਦ ਹੀ ਸੰਗਾ ---------- ੧੪੧
ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ---------- ੧੪੨
ਜੀਅ ਪ੍ਰਾਨ ਧਨੁ ਹਰਿ ਕੋ ਨਾਮੁ ---------- ੧੪੩
ਅਨਦ ਬਿਨੋਦ ਭਰੇਪੁਰਿ ਧਾਰਿਆ---------- ੧੪੩
ਗੁਰ ਕੈ ਸਬਦਿ ਬਨਾਵਹੁ ਇਹੁ ਮਨੁ -------- ੧੪੪
ਬੁਧਿ ਪ੍ਰਗਾਸ ਭਈ ਮਤਿ ਪੂਰੀ ---------- ੧੪੫
ਹਰਿ ਰਸੁ ਪੀਵਤ ਸਦ ਹੀ ਰਾਤਾ ---------- ੧੪੬
ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ---------- ੧੪੭
ਭਈ ਪਰਾਪਤਿ ਮਾਨੁਖ ਦੇਹੁਰੀਆ --------- ੧੪੮
ਤੁਝ ਬਿਨੁ ਅਵਰੁ ਨਾਹੀ ਮੈ ਦੂਜਾ---------- ੧੪੯
ਹਰਿ ਜਨ ਲੀਨੇ ਪ੍ਰਭੁ ਛਡਾਇ ---------- ੧੫੦
ਅਉਖਧੁ ਖਾਇਓ ਹਰਿ ਕੋ ਨਾਉ ---------- ੧੫੧
ਬਾਂਛਤ ਨਾਹੀ ਸੁ ਬੇਲਾ ਆਈ ---------- ੧੫੨
ਸਦਾ ਸਦਾ ਆਤਮ ਪਰਗਾਸੁ ---------- ੧੫੩
ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ ---------- ੧੫੪
ਕਾਮ ਕ੍ਰੋਧ ਮਾਇਆ ਮਦ ਮਤਸਰ --------- ੧੫੪
ਤੂੰ ਬਿਅੰਤੁ ਅਵਿਗਤੁ ਅਗੋਚਰੁ ---------- ੧੫੬
ਰਾਜ ਮਿਲਕ ਜੋਬਨ ਗ੍ਰਿਹ ਸੋਭਾ---------- ੧੫੭
ਭ੍ਰਮ ਮਹਿ ਸੋਈ ਸਗਲ ਜਗਤ ਧੰਧ -------- ੧੫੯

ਜੋ ਤੁਧੁ ਭਾਵੈ ਸੋ ਪਰਵਾਨਾ ---------- ੧੫੯
ਜਨਮ ਜਨਮ ਕੀ ਮਲੁ ਧੋਵੈ ---------- ੧੬੧
ਬਾਹਰੁ ਧੋਇ ਅੰਤਰੁ ਮਨੁ ਮੈਲਾ ---------- ੧੬੨
ਉਦਮੁ ਕਰਤ ਹੋਵੈ ਮਨੁ ਨਿਰਮਲੁ---------- ੧੬੩
ਅਧਮ ਚੰਡਾਲੀ ਭਈ ਬ੍ਰਹਮਣੀ---------- ੧੬੫
ਬੰਧਨ ਕਾਟਿ ਬਿਸਾਰੇ ਅਉਗਨ ---------- ੧੬੭
ਜਾ ਤੂੰ ਸਾਹਿਬੁ ਤਾ ਭਉ ਕੇਹਾ---------- ੧੬੮
ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ---------- ੧੭੦
ਆਗੈ ਹੀ ਤੇ ਸਭੁ ਕਿਛੁ ਹੂਆ ---------- ੧੭੧
ਤੂ ਵਿਸਰਹਿ ਤਾਂ ਸਭੁ ਕੋ ਲਾਗੂ ---------- ੧੭੨
ਕਰਿ ਕਿਰਪਾ ਪ੍ਰਭ ਅੰਤਰਜਾਮੀ ---------- ੧੭੩
ਮੋਹ ਮਲਨ ਨੀਦ ਤੇ ਛੁਟਕੀ---------- ੧੭੪
ਲਾਲੁ ਚੋਲਨਾ ਤੈ ਤਨਿ ਸੋਹਿਆ---------- ੧੭੬
ਦੂਖੁ ਘਨੋ ਜਬ ਹੋਤੇ ਦੂਰਿ ---------- ੧੭੭
ਸਾਚਿ ਨਾਮਿ ਮੇਰਾ ਮਨੁ ਲਾਗਾ ---------- ੧੭੭
ਪਾਵਤੁ ਰਲੀਆ ਜੋਬਨਿ ਬਲੀਆ ---------- ੧੭੮
ਏਕੁ ਬਗੀਚਾ ਪੇਡ ਘਨ ਕਰਿਆ ---------- ੧੭੯
ਰਾਜ ਲੀਲਾ ਤੇਰੈ ਨਾਮਿ ਬਨਾਈ ---------- ੧੮੦
ਤੀਰਥਿ ਜਾਉ ਤ ਹਉ ਹਉ ਕਰਤੇ ---------- ੧੮੧
ਘਰ ਮਹਿ ਸੂਖ ਬਾਹਰਿ ਫੁਨਿ ਸੂਖਾ---------- ੧੮੨
ਜਹਾ ਪਠਾਵਹੁ ਤਹ ਤਹ ਜਾਈਂ---------- ੧੮੩
ਊਠਤ ਬੈਠਤ ਸੋਵਤ ਧਿਆਈਐ ---------- ੧੮੩
ਜਾ ਕੈ ਸਿਮਰਨਿ ਸੂਖ ਨਿਵਾਸੁ---------- ੧੮੪
ਜਿਸੁ ਨੀਚ ਕਉ ਕੋਈ ਨ ਜਾਨੈ---------- ੧੮੫
ਏਕੋ ਏਕੀ ਨੈਨ ਨਿਹਾਰਉ---------- ੧੮੬
ਕੋਟਿ ਜਨਮ ਕੇ ਰਹੇ ਭਵਾਰੇ ---------- ੧੮੬
ਮਿਟੀ ਤਿਆਸ ਅਗਿਆਨ ਅੰਧੇਰੇ ---------- ੧੮੭
ਸਤਿਗੁਰੁ ਅਪਨਾ ਸਦ ਸਦਾ ਸਮਾਰੇ -------- ੧੮੮
ਆਪੇ ਪੇਡੁ ਬਿਸਥਾਰੀ ਸਾਖ ---------- ੧੮੯
ਉਕਤਿ ਸਿਆਨਪ ਕਿਛੁ ਨ ਜਾਨਾ --------- ੧੮੯
ਹਰਿ ਹਰਿ ਅਖਰ ਦੁਇ ਇਹ ਮਾਲਾ -------- ੧੯੦
ਜਿਸ ਕਾ ਸਭੁ ਕਿਛੁ ਤਿਸ ਕਾ ਹੋਇ -------- ੧੯੧
ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ---------- ੧੯੨
ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ---------- ੧੯੩
ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ---------- ੧੯੪
ਰੋਵਨਹਾਰੈ ਝੂਠੁ ਕਮਾਨਾ ---------- ੧੯੪
ਸੋਇ ਰਹੀ ਪ੍ਰਭ ਖਬਰਿ ਨ ਜਾਨੀ ---------- ੧੯੫
ਚਰਨ ਕਮਲ ਕੀ ਆਸ ਪਿਆਰੇ---------- ੧੯੭
ਮਨੁ ਤ੍ਰਿਪਤਾਨੋ ਮਿਟੇ ਜੰਜਾਲ---------- ੧੯੮
ਠਾਕੁਰ ਸਿਉ ਜਾ ਕੀ ਬਨਿ ਆਈ --------- ੧੯੯
ਜਉ ਮੈ ਅਪੁਨਾ ਸਤਿਗੁਰੁ ਧਿਆਇਆ ------ ੧੯੯
ਅਨਦਿਨੁ ਮੂਸਾ ਲਾਜੁ ਟੁਕਾਈ---------- ੨੦੦
ਉਨ ਕੈ ਸੰਗਿ ਤੂ ਕਰਤੀ ਕੇਲ---------- ੨੦੨
ਨਾ ਓਹੁ ਮਰਤਾ ਨਾ ਹਮ ਡਰਿਆ --------- ੨੦੩
ਅਨਿਕ ਭਾਂਤਿ ਕਰਿ ਸੇਵਾ ਕਰੀਐ --------- ੨੦੫
ਪ੍ਰਭ ਦੀ ਪ੍ਰੀਤਿ ਸਦਾ ਸੁਖੁ ਹੋਇ---------- ੨੦੬
ਭੂਪਤਿ ਹੋਇ ਕੈ ਰਾਜੁ ਕਮਾਇਆ ---------- ੨੦੭
ਇਨ੍ ਸਿਉ ਪ੍ਰੀਤਿ ਕਰੀ ਘਨੇਰੀ ---------- ੨੦੯
ਆਠ ਪਹਰ ਨਿਕਟਿ ਕਰਿ ਜਾਨੈ ---------- ੨੧੦
ਸਗਲ ਸੂਖ ਜਪਿ ਏਕੈ ਨਾਮ ---------- ੨੧੧
ਆਠ ਪਹਰ ਉਦਕ ਇਸਨਾਨੀ ---------- ੨੧੩
ਜਿਹ ਪੈਡੈ ਲੂਟੀ ਪਨਿਹਾਰੀ---------- ੨੧੪
ਸਾਧੂ ਸੰਗਿ ਸਿਖਾਇਓ ਨਾਮੁ ---------- ੨੧੫
ਸਾਧੂ ਸੰਗਿ ਤਰਿਆ ਸੰਸਾਰੁ ---------- ੨੧੬
ਮੀਠੀ ਆਗਿਆ ਪਿਰ ਕੀ ਲਾਗੀ---------- ੨੧੭
ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ---------- ੨੧੮
ਸਰਬ ਦੂਖ ਜਬ ਬਿਸਰਹਿ ਸੁਆਮੀ--------- ੨੧੯
ਨਾਮੁ ਜਪਤ ਮਨੁ ਤਨੁ ਸਭੁ ਹਰਿਆ -------- ੨੨੦
ਗਾਵਿ ਲੇਹਿ ਤੂ ਗਾਵਨਹਾਰੇ ---------- ੨੨੧
ਪ੍ਰਥਮੇ ਮਿਟਿਆ ਤਨ ਕਾ ਦੂਖ---------- ੨੨੨

ਸਤਿਗੁਰ ਸਾਚੈ ਦੀਆ ਭੇਜਿ ---------- ੨੨੪
ਗੁਰ ਪੂਰੇ ਰਾਖਿਆ ਦੇ ਹਾਥ ---------- ੨੨੭
ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ------ ੨੨੮
ਸਾਈ ਅਲਖੁ ਅਪਾਰੁ ---------- ੨੩੦
ਲਾਖ ਭਗਤ ਆਰਾਧਹਿ ---------- ੨੩੧
ਹਭੇ ਥੋਕ ਵਿਸਾਰਿ ---------- ੨੩੨
ਜਿਨ੍ਹਾ ਨ ਵਿਸਰੈ ਨਾਮੁ ---------- ੨੩੩
ਪੂਰਿ ਰਹਿਆ ਸਰਬ ਠਾਇ ---------- ੨੩੪
ਕਿਆ ਸੋਵਹਿ ਨਾਮੁ ਵਿਸਾਰਿ ---------- ੨੩੪
ਕੋਇ ਨ ਕਿਸ ਹੀ ਸੰਗਿ ---------- ੨੩੬
ਜਿਸੁ ਸਿਮਰਤ ਦੁਖੁ ਜਾਇ ---------- ੨੩੬
ਗੋਬਿੰਦੁ ਗੁਣੀ ਨਿਧਾਨੁ ---------- ੨੩੭
ਆਵਹੁ ਮੀਤ ਇਕਤ੍ਰ ਹੋਇ ---------- ੨੩੮
ਉਦਮੁ ਕੀਆ ਕਰਾਇਆ ---------- ੨੪੦
ਜਾ ਕਾ ਠਾਕੁਰੁ ਤੁਹੀ ਪ੍ਰਭ ---------- ੨੪੧
ਜਾ ਪ੍ਰਭ ਕੀ ਹਉ ਚੇਰੁਲੀ ---------- ੨੪੨
ਸੰਤਾ ਕੀ ਹੋਇ ਦਾਸਰੀ ---------- ੨੪੩
ਡੀਗਨ ਡੋਲਾ ਤਉ ਲਉ ---------- ੨੪੪
ਸੂਖ ਸਹਜ ਆਨਦੁ ਘਣਾ ---------- ੨੪੫
ਚਿਤਵਉ ਚਿਤਵਿ ਸਰਬ ਸੁਖ ਪਾਵਉ ------- ੨੪੬
ਅੰਤਰਿ ਗਾਵਉ ਬਾਹਰਿ ਗਾਵਉ ---------- ੨੪੭
ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ -------- ੨੪੮
ਅਪੁਸਟ ਬਾਤ ਤੇ ਭਈ ਸੀਧਰੀ ---------- ੨੫੦
ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ------- ੨੫੨
ਮਿਥਿਆ ਸੰਗਿ ਸੰਗਿ ਲਪਟਾਏ ---------- ੨੫੪
ਨਿਮਖ ਕਾਮ ਸੁਆਦ ਕਾਰਣਿ ---------- ੨੫੫
ਲੂਕਿ ਕਮਾਨੋ ਸੋਈ ਤੁਮ੍ ਪੇਖਿਓ ---------- ੨੫੬
ਅਪੁਨੇ ਸੇਵਕ ਕੀ ਆਪੇ ਰਾਖੈ ---------- ੨੫੭
ਨਟੂਆ ਭੇਖ ਦਿਖਾਵੈ ਬਹੁ ਬਿਧਿ ---------- ੨੫੮
ਗੁਰ ਪਰਸਾਦਿ ਮੇਰੈ ਮਨਿ ਵਸਿਆ ---------- ੨੫੯
ਚਾਰਿ ਬਰਨ ਚਉਹਾ ਕੇ ਮਰਦਨ ---------- ੨੬੦
ਨੀਕੀ ਜੀਅ ਕੀ ਹਰਿ ਕਥਾ ਊਤਮ -------- ੨੬੧
ਹਮਾਰੀ ਪਿਆਰੀ ਅੰਮ੍ਰਿਤ ਧਾਰੀ ---------- ੨੬੨
ਨੀਕੀ ਸਾਧ ਸੰਗਾਨੀ ---------- ੨੬੩
ਤਿਆਗਿ ਸਗਲ ਸਿਆਨਪਾ ---------- ੨੬੩
ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ---------- ੨੬੪
ਡੋਲਿ ਡੋਲਿ ਮਹਾ ਦੁਖੁ ਪਾਇਆ ---------- ੨੬੫
ਉਦਮੁ ਕਰਉ ਕਰਾਵਹੁ ਠਾਕੁਰ ---------- ੨੬੬
ਅਗਮ ਅਗੋਚਰੁ ਦਰਸੁ ਤੇਰਾ ---------- ੨੬੭
ਸਤਿਗੁਰ ਬਚਨ ਤੁਮਾਰੇ ---------- ੨੬੯
ਬਾਵਰ ਸੋਇ ਰਹੇ ---------- ੨੭੦
ਓਹਾ ਪ੍ਰੇਮ ਪਿਰੀ ---------- ੨੭੧
ਗੁਰਹਿ ਦਿਖਾਇਓ ਲੋਣਿਣਾ ---------- ੨੭੧
ਹਰਿ ਹਰਿ ਨਾਮੁ ਅਮੋਲਾ ---------- ੨੭੨
ਅਪੁਨੀ ਭਗਤਿ ਨਿਬਾਹਿ ---------- ੨੭੩
ਠਾਕੁਰ ਚਰਣ ਸੁਹਾਵੇ ---------- ੨੭੪
ਏਕੁ ਸਿਮਰਿ ਮਨ ਮਾਹੀ ---------- ੨੭੪
ਹਰਿ ਬਿਸਰਤ ਸੋ ਮੂਆ ---------- ੨੭੪
ਓਹੁ ਨੇਹੁ ਨਵੇਲਾ ---------- ੨੭੫
ਬਿਕਾਰ ਮਾਇਆ ਮਾਦਿ ਸੋਇਓ ---------- ੨੭੬
ਬਾਪਾਰਿ ਗੋਬਿੰਦ ਨਾਏ ---------- ੨੭੭
ਕੋਊ ਬਿਖਮ ਗਾਰ ਤੋਰੈ ---------- ੨੭੮
ਕਾਮੁ ਕ੍ਰੋਧੁ ਲੋਭੁ ਤਿਆਗੁ ---------- ੨੭੯
ਹਰਖ ਸੋਗ ਬੈਰਾਗ ਅਨੰਦੀ ---------- ੨੮੦

ਆਸਾਵਰੀ

ਗੋਬਿੰਦ ਗੋਬਿੰਦ ਕਰਿ ਹਾਂ ---------- ੨੮੦
ਮਨਸਾ ਏਕ ਮਾਨਿ ਹਾਂ ---------- ੨੮੧
ਹਰਿ ਹਰਿ ਹਰਿ ਗੁਨੀ ਹਾਂ ---------- ੨੮੩
ਏਕਾ ਓਟ ਗਹੁ ਹਾਂ ---------- ੨੮੪
ਮਿਲਿ ਹਰਿ ਜਸੁ ਗਾਈਐ ਹਾਂ ---------- ੨੮੪

ਕਾਰਨ ਕਰਨ ਤੂੰ ਹਾਂ ---------- ੨੮੬
ਸੁਨਤ ਸੰਦੇਸਿਆ ਹਾਂ ---------- ੨੮੭

ਰਾਗੁ ਆਸਾ ਮਹਲਾ ੯

ਬਿਰਥਾ ਕਹਉ ਕਉਨ ਸਿਉ ਮਨ ਕੀ ------- ੨੮੮

ਰਾਗੁ ਆਸਾ ਮਹਲਾ ੧
ਅਸਟਪਦੀਆ ਘਰੁ ੨

ੴ ਸਤਿਗੁਰ ਪ੍ਰਸਾਦਿ॥

ਉਤਰਿ ਅਵਘਟਿ ਸਰਵਰਿ ਨ੍ਹਾਵੈ ---------- ੨੮੯
ਸਭਿ ਜਪ ਸਭਿ ਤਪ ਸਭ ਚਤੁਰਾਈ -------- ੨੯੬
ਲੇਖ ਅਸੰਖ ਲਿਖਿ ਲਿਖਿ ਮਾਨੁ ---------- ੨੯੮
ਏਕੁ ਮਰੈ ਪੰਚੇ ਮਿਲਿ ਰੋਵਹਿ ---------- ੩੦੧
ਆਪੁ ਵੀਚਾਰੈ ਸੁ ਪਰਖੇ ਹੀਰਾ ---------- ੩੦੪
ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ------ ੩੦੬
ਗਾਵਹਿ ਗੀਤੇ ਚੀਤਿ ਅਨੀਤੇ ---------- ੩੦੯
ਮਨੁ ਮੈਗਲੁ ਸਾਕਤੁ ਦੇਵਾਨਾ ---------- ੩੧੧
ਤਨੁ ਬਿਨਸੈ ਧਨੁ ਕਾ ਕੋ ਕਹੀਐ ---------- ੩੧੪
ਗੁਰੁ ਸੇਵੇ ਸੋ ਠਾਕੁਰ ਜਾਨੈ ---------- ੩੧੬
ਜਿਨ ਸਿਰਿ ਸੋਹਨਿ ਪਟੀਆ ---------- ੩੧੮
ਕਹਾ ਸੁ ਖੇਲ ਤਬੇਲਾ ਘੋੜੇ ---------- ੩੨੧
ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ -------- ੩੨੫
ਚਾਰੇ ਕੁੰਡਾ ਢੂਢੀਆ ---------- ੩੨੭
ਮਨਸਾ ਮਨਹਿ ਸਮਾਇਲੇ ---------- ੩੨੯
ਚਲੇ ਚਲਣਹਾਰ ਵਾਟ ਵਟਾਇਆ ---------- ੩੩੧
ਕਿਆ ਜੰਗਲੁ ਢੂਢੀ ਜਾਇ ---------- ੩੩੪
ਜਿਨੀ ਨਾਮੁ ਵਿਸਾਰਿਆ ---------- ੩੩੬
ਰੂੜੋ ਠਾਕੁਰ ਮਾਹਰੋ ---------- ੩੩੮
ਕੇਤਾ ਆਖਣੁ ਆਖੀਐ ---------- ੩੪੦
ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ---- ੩੪੨
ਆਵਣ ਜਾਣਾ ਕਿਉ ਰਹੈ ---------- ੩੪੩

ਆਸਾ ਮ: ੩ ਅਸਟਪਦੀਆ ਘਰੁ ੨

ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ---------- ੩੪੫
ਸਤਿਗੁਰ ਹਮਰਾ ਭਰਮੁ ਗਵਾਇਆ --------- ੩੪੮
ਆਸਾ ਆਸ ਕਰੇ ਸਭੁ ਕੋਈ ---------- ੩੫੦
ਗੁਰ ਤੇ ਸਾਂਤਿ ਊਪਜੈ ਜਿਨਿ ---------- ੩੫੨
ਸੁਣਿ ਮਨ ਮੰਨਿ ਵਸਾਇ ਤੂੰ ---------- ੩੫੪
ਘਰੈ ਅੰਦਰਿ ਸਭੁ ਵਥੁ ਹੈ ---------- ੩੫੬
ਆਪੈ ਆਪੁ ਪਛਾਣਿਆ ---------- ੩੫੮
ਦੋਹਾਗਣੀ ਮਹਲੁ ਨ ਪਾਇਨ੍ਹੀ ---------- ੩੫੯
ਸਚੇ ਰਤੇ ਸੇ ਨਿਰਮਲੇ ---------- ੩੬੧
ਸਭ ਨਾਵੈ ਨੋ ਲੋਚਦੀ ---------- ੩੬੩
ਸਚਿ ਰਤੀਆ ਸੋਹਾਗਣੀ ---------- ੩੬੫
ਅੰਮ੍ਰਿਤੁ ਜਿਨਾ ਚਖਾਇਓਨੁ ---------- ੩੬੭
ਸਤਿਗੁਰ ਤੇ ਗੁਣ ਊਪਜੈ ---------- ੩੬੯
ਸਬਦੌ ਹੀ ਭਗਤ ਜਾਪਦੇ ---------- ੩੭੧
ਅਨ ਰਸ ਮਹਿ ਭੋਲਾਇਆ ---------- ੩੭੩

ਆਸਾ ਮਹਲਾ ੫ ਅਸਟਪਦੀਆ ਘਰੁ ੨

ਪੰਚ ਮਨਾਏ ਪੰਚ ਰੁਸਾਏ ---------- ੩੭੫
ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ --------- ੩੭੭

ਆਸਾ ਮਹਲਾ ੫ ਬਿਰਹੜੇ ਘਰੁ ੪
ਛੰਤਾ ਕੀ ਜਤਿ

ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ -------- ੩੭੯

ਰਾਗੁ ਆਸਾ ਮਹਲਾ ੧ ਪਟੀ ਲਿਖੀ

ੴ ਸਤਿਗੁਰ ਪ੍ਰਸਾਦਿ॥

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ---------- ੩੮੨

ਰਾਗੁ ਆਸਾ ਮਹਲਾ ੩ ਪਟੀ

ੴ ਸਤਿਗੁਰ ਪ੍ਰਸਾਦਿ॥

ਅਯੋ ਅੰਡੈ ਸਭੁ ਜਗੁ ਆਇਆ ---------- ੩੯੧

ਰਾਗੁ ਆਸਾ ਮਹਲਾ ੧ ਛੰਤ ਘਰੁ ੧

ਮੁੰਧ ਜੋਬਨਿ ਬਾਲੜੀਏ ---------- ੩੯੬
ਅਨਹਦੋ ਅਨਹਦੁ ਵਾਜੈ ---------- ੩੯੮
ਮੇਰਾ ਮਨੋ ਮੇਰਾ ਮਨੁ ---------- ੪੦੨
ਤੂੰ ਸਭਨੀ ਥਾਈ ਜਿਥੈ ਹਉ ਜਾਈ ---------- ੪੦੫
ਤੂੰ ਸੁਣਿ ਹਰਣਾ ਕਾਲਿਆ ---------- ੪੦੮

ਆਸਾ ਮਹਲਾ ੩ ਛੰਤ ਘਰੁ ੧

ਹਮ ਘਰੇ ਸਾਚਾ ਸੋਹਿਲਾ ---------- ੪੧੧
ਸਾਜਣ ਮੇਰੇ ਪ੍ਰੀਤਮਹੁ ---------- ੪੧੪

ਰਾਗੁ ਆਸਾ ਛੰਤ ਮਹਲਾ ੪ ਘਰੁ ੧

ਜੀਵਨੋ ਮੈ ਜੀਵਨੁ ਪਾਇਆ ---------- ੪੨੦
ਝਿਮਿ ਝਿਮੇ ਝਿਮਿ ਝਿਮਿ ਵਰਸੈ ---------- ੪੨੩
ਹਰਿ ਹਰਿ ਕਰਤਾ ਦੁਖ ਬਿਨਾਸਨੁ ---------- ੪੨੯
ਸਤਜੁਗਿ ਸਭੁ ਸੰਤੋਖ ਸਰੀਰਾ ---------- ੪੩੨
ਹਰਿ ਕੀਰਤਿ ਮਨਿ ਭਾਈ ---------- ੪੩੫
ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ---------- ੪੩੮
ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ---------- ੪੪੨
ਹਰਿ ਅੰਮ੍ਰਿਤ ਭਿੰਨੇ ਲੋਇਣਾ ---------- ੪੪੫
ਗੁਰਮੁੱਖਿ ਢੂੰਢਿ ਢੂਢੇਦਿਆ ---------- ੪੪੮
ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ---------- ੪੫੦
ਜਿਨ ਮਸਤਕਿ ਧੁਰਿ ਹਰਿ ਲਿਖਿਆ ---------- ੪੫੨
ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ---------- ੪੫੪
ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੁ ---------- ੪੫੭
ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ---------- ੪੬੦

ਰਾਗੁ ਆਸਾ ਮਹਲਾ ੫ ਘਰੁ ੧

ਅਨਦੋ ਅਨਦੁ ਘਣਾ ---------- ੪੬੩
ਅਕਥਾ ਹਰਿ ਅਕਥ ਕਥਾ ---------- ੪੬੬
ਹਰਿ ਚਰਨ ਕਮਲ ਮਨੁ ਬੇਧਿਆ ---------- ੪੬੯
ਜਾ ਕਉ ਭਏ ਕ੍ਰਿਪਾਲ ਪ੍ਰਭ ---------- ੪੭੧
ਬਨੁ ਬਨੁ ਫਿਰਤੀ ਖੋਜਤੀ ---------- ੪੭੬
ਉਦਮੁ ਕਰਹੁ ਵਡਭਾਗੀਹੋ ---------- ੪੭੯
ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ---------- ੪੮੨
ਹਰਿ ਹਰਿ ਨਾਮੁ ਜਪੰਤਿਆ ---------- ੪੮੫
ਪੁਰਖ ਪਤੇ ਭਗਵਾਨ ---------- ੪੮੮
ਸੁਭ ਚਿੰਤਨ ਗੋਬਿੰਦ ਰਮਣ ---------- ੪੯੦
ਉਠਿ ਵੰਞੁ ਵਟਾਊੜਿਆ ---------- ੪੯੩
ਵੰਞੁ ਮੇਰੇ ਆਲਸਾ ---------- ੪੯੬
ਦਿਨੁ ਰਾਤਿ ਕਮਾਇਅੜੋ ---------- ੪੯੯
ਕਮਲਾ ਕ੍ਰਮ ਭੀਤਿ ---------- ੫੦੧

ਸ੍ਰੀ ਆਸਾ ਦੀ ਵਾਰ

ਆਸਾ ਮਹਲਾ ੧ ਵਾਰ ਸਲੋਕਾ ਨਾਲਿ ------ ੫੦੮
ਪਹਿਲੀ ਸਾਖੀ ---------- ੫੦੯
ਦੂਸਰੀ-ਉਥਾਨਕਾ ---------- ੫੧੩
ਤੀਸਰੀ-ਉਥਾਨਕਾ ---------- ੫੧੪
ਬਲਿਹਾਰੀ ਗੁਰ ਆਪਣੇ ---------- ੫੧੪
ਸਚੇ ਤੇਰੇ ਖੰਡ ਸਚੇ ਬ੍ਰਹਮੰਡ ---------- ੫੨੨
ਵਿਸਮਾਦੁ ਨਾਦ ---------- ੫੨੮
ਭੈ ਵਿਚਿ ਪਵਣੁ ਵਹੈ ਸਦਵਾਉ ---------- ੫੩੩
ਘੜੀਆ ਸਭੇ ਗੋਪੀਆ ---------- ੫੩੯
ਮੁਸਲਮਾਨਾ ਸਿਫਤਿ ਸਰੀਅਤਿ ---------- ੫੫੦
ਸਾਖੀ-ਰਾਮ ਰਾਇ ਜੀ ਦੀ ---------- ੫੫੪
ਹਉ ਵਿਚਿ ਆਇਆ ---------- ੫੫੮
ਪੁਰਖਾਂ ਬਿਰਖਾਂ ਤੀਰਥਾਂ ---------- ੫੬੩
ਪੜਿ ਪੜਿ ਗਡੀ ਲਦੀਅਹਿ ---------- ੫੬੭
ਕੂੜੁ ਰਾਜਾ ਕੂੜੁ ਪਰਜਾ ---------- ੫੭੫
ਸਾਖੀ-ਰਾਜੇ ਤੇ ਪੰਡਤ ਦੀ ---------- ੫੭੭
ਸਾਖੀ-ਰੈਬਾਂ ਦੀ ---------- ੫੮੦
ਸਾਖੀ-ਨੰਦ ਚੰਦ ਦੀ ---------- ੫੮੩
ਸਚਿ ਕਾਲੁ ਕੂੜੁ ਵਰਤਿਆ ---------- ੫੮੪

ਦੁਖੁ ਦਾਰੂ ਸੁਖੁ ਰੋਗੁ ਭਇਆ ---------- ੫੯੧
ਨਾਨਕ ਮੇਰੁ ਸਰੀਰ ਕਾ ---------- ੫੯੭
ਸਾਖੀ-ਚੰਦ੍ਰਾਵਲਿ ਗੋਪੀ ਦੀ ---------- ੬੦੦
ਸਾਖੀ ਨੀਲੇ ਬਸਤ੍ਰ ਪਾੜਨ ਦੀ ---------- ੬੦੩
ਸਿੰਮਲ ਰੁਖੁ ਸਰਾਇਰਾ ---------- ੬੦੭
ਸਾਖੀ ਰਾਜੇ ਦੀ ---------- ੬੧੦
ਦਇਆ ਕਪਾਹ ਸੰਤੋਖੁ ਸੂਤੁ ---------- ੬੧੩
ਸਾਖੀ-ਦਇਆ 'ਪਰ ਯੁਧਿਸ਼ਟਰ ਦੀ ---------- ੬੧੩
ਸਾਖੀ-ਪਰਮਹੰਸ ਬ੍ਰਾਹਮਣ ਦੀ ---------- ੬੧੯
ਸਾਖੀ-ਇਕ ਸਿੱਖ ਦੀ ---------- ੬੨੦
ਗਉ ਬਿਰਾਹਮਣ ਕਉ ਕਰੁ ਲਾਵਹੁ ---------- ੬੨੨
ਸਾਖੀ-ਦਾਰਾ ਸ਼ਕੋਹ ਦੀ ---------- ੬੨੬
ਜੇ ਮੋਹਾਕਾ ਘਰੁ ਮੁਹੈ ---------- ੬੨੮
ਜੇ ਕਰਿ ਸੂਤਕੁ ਮੰਨੀਐ ---------- ੬੩੩
ਪਹਿਲਾ ਸੁਚਾ ਆਪਿ ਹੋਇ ---------- ੬੩੬
ਸਾਖੀ-ਚਾਰ ਪਰੌਠਿਆਂ ਦੀ ---------- ੬੪੪
ਨਾਨਕ ਫਿਕੈ ਬੋਲਿਐ ---------- ੬੪੫
ਸਾਖੀ-ਜੈ ਬਿਜੈ ਦੀ ---------- ੬੪੬

ਸਲੋਕੁ ਮਹਲਾ ੨

ਏਹ ਕਿਨੇਹੀ ਆਸਕੀ ---------- ੬੪੯
ਸਾਖੀ-ਭਾਈ ਭਿਖਾਰੀ ਜੀ ਦੀ ---------- ੬੫੦
ਚਾਕਰੁ ਲਗੈ ਚਾਕਰੀ ---------- ੬੫੪
ਸਾਖੀ-ਸ਼ੇਖ ਚਿਲੀ ਦੀ ---------- ੬੫੭
ਏਹ ਕਿਨੇਹੀ ਦਾਤਿ ---------- ੬੬੦
ਸਲੋਕ ਮਃ ੧ ----------
ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ---- ੬੬੨
''ਸੁਹੁ'' ਪਦੁ ਦਾ ਨਿਰਣਾ ---------- ੬੬੪

ਰਾਗੁ ਆਸਾ ਬਾਣੀ ਭਗਤਾ ਕੀ

ਗੁਰ ਚਰਣ ਲਾਗਿ ਹਮ ਬਿਨਵਤਾ ---------- ੬੬੭
ਗਜ ਸਾਢੇ ਤੈ ਤੈ ਧੋਤੀਆ ---------- ੬੭੨
ਬਾਪਿ ਦਿਲਾਸਾ ਮੇਰੋ ਕੀਨ੍ਹਾ ---------- ੬੭੬
ਇਕਤੁ ਪਤਰਿ ਭਰਿ ਉਰਕਟ ਕੁਰਕਟ ---------- ੬੮੧
ਸਾਖੀ-ਤਪਸਵੀ ਸੰਤਾਂ ਦੀ ---------- ੬੮੨
ਸਾਖੀ-ਸਿੰਙੀ ਰਿਖੀ ਦੀ ---------- ੬੮੪
ਸਾਖੀ-ਸੋਰਭ ਰਿਖੀ ਦੀ ---------- ੬੮੫
ਜੋਗੀ ਜਤੀ ਤਪੀ ਸੰਨਿਆਸੀ ---------- ੬੮੯
ਫੀਲੁ ਰਬਾਬੀ ਬਲਦੁ ਪਖਾਵਜ ---------- ੬੯੧
ਬਟੂਆ ਏਕੁ ਬਹਤਰਿ ਆਧਾਰੀ ---------- ੬੯੫
ਹਿੰਦੂ ਤੁਰਕ ਕਹਾ ਤੇ ਆਏ ---------- ੬੯੭
ਸਾਖੀ-ਇਬਰਾਹੀਮ ਪੈਗੰਬਰ ਦੀ ---------- ੬੯੮
'ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ---------- ੭੦੦
ਸਨਕ ਸਨੰਦ ਅੰਤੁ ਨਹੀ ਪਾਇਆ ---------- ੭੦੧
ਬਾਤੀ ਸੂਕੀ ਤੇਲੁ ਨਿਖੂਟਾ ---------- ੭੦੩
ਸੁਤੁ ਅਪਰਾਧ ਕਰਤ ਹੈ ਜੇਤੇ ---------- ੭੦੪
ਹਜ ਹਮਾਰੀ ਗੋਮਤੀ ਤੀਰ ---------- ੭੦੬
ਪਾਤੀ ਤੋਰੈ ਮਾਲਿਨੀ ---------- ੭੦੮
ਬਾਰਹ ਬਰਸ ਬਾਲਪਨ ਬੀਤੇ ---------- ੭੧੦
ਕਾਹੂ ਦੀਨੇ ਪਾਟ ਪਟੰਬਰ ---------- ੭੧੩
ਸਾਖੀ-ਸ਼ੂਮ ਦੀ ---------- ੭੧੫
ਹਮ ਮਸਕੀਨ ਖੁਦਾਈ ਬੰਦੇ ---------- ੭੧੮
ਗਗਨ ਨਗਰਿ ਇਕ ਬੂੰਦ ਨ ਬਰਖੈ ---------- ੭੨੧
ਸਰਪਨੀ ਤੇ ਊਪਰਿ ਨਹੀ ਬਲੀਆ ---------- ੭੨੫
ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ---------- ੭੨੯
ਲੰਕਾ ਸਾ ਕੋਟੁ ਸਮੁੰਦ ਸੀ ਖਾਈ ---------- ੭੩੨
ਪਹਿਲਾ ਪੂਤੁ ਪਿਛੈਰੀ ਮਾਈ ---------- ੭੩੫
ਬਿੰਦੁ ਤੇ ਜਿਨਿ ਪਿੰਡੁ ਕੀਆ ---------- ੭੪੦
ਤਨੁ ਰੈਨੀ ਮਨੁ ਪੁਨਰਪਿ ਕਰਿ ਹਉ ---------- ੭੪੧
ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ---------- ੭੪੩
ਹਮ ਘਰਿ ਸੂਤੁ ਤਨਹਿ ਨਿਤ ਤਾਨਾ ---------- ੭੪੭
ਜਗਿ ਜੀਵਨੁ ਐਸਾ ਸੁਪਨੇ ਜੈਸਾ ---------- ੭੪੮

ਜਉ ਮੈ ਰੂਪੁ ਕੀਏ ਬਹੁਤੇਰੇ ---------- ੧੪੯
ਰੋਜਾ ਧਰੈ ਮਨਾਵੈ ਅਲਹੁ ---------- ੧੫੦
ਹੀਰੈ ਹੀਰਾ ਬੇਧਿ ਪਵਨ ਮਨੁ---------- ੧੫੨
ਪਹਿਲੀ ਕੁਰੂਪਿ ਕੁਜਾਤਿ ਕੁਲਖਨੀ --------- ੧੫੩
ਮੇਰੀ ਬਹੁਰੀਆ ਕੋ ਧਨੀਆ ਨਾਉ ---------- ੧੫੬
ਰਹੁ ਰਹੁ ਰੀ ਬਹੁਰੀਆ ---------- ੧੫੭
ਕਰਵਤੁ ਭਲਾ ਨ ਕਰਵੇਟ ਤੇਰੀ ---------- ੧੫੯
ਕੋਰੀ ਕੋ ਕਾਹੂ ਮਰਮੁ ਨ ਜਾਨਾਂ ---------- ੧੬੨
ਅੰਤਰਿ ਮੈਲੁ ਜੇ ਤੀਰਥ ਨਾਵੈ ---------- ੧੬੩

ਬਾਣੀ ਸ੍ਰੀ ਨਾਮਦੇਉ ਜੀ ਕੀ

ਏਕ ਅਨੇਕ ਬਿਆਪਕ ਪੂਰਕ ---------- ੧੬੫
ਆਨੀਲੇ ਕੁੰਭ ਭਰਾਈਲੇ ਊਦਕ---------- ੧੬੭
ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ -------- ੧੬੯
ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ---------- ੧੭੨
ਪਾਰਬ੍ਰਹਮੁ ਜਿ ਚੀਨ੍ਹਸੀ---------- ੧੭੩

ਬਾਣੀ ਸ੍ਰੀ ਰਵਿਦਾਸ ਜੀ ਕੀ

ਮ੍ਰਿਗ ਮੀਨ ਭ੍ਰਿੰਗ ਪਤੰਗ---------- ੧੭੩
ਸੰਤ ਤੁਝੀ ਤਨੁ ਸੰਗਤਿ ---------- ੧੭੫
ਤੁਮ ਚੰਦਨ ਹਮ ਇਰੰਡ ਬਾਪੁਰੇ ---------- ੧੭੬
ਕਹਾ ਭਇਓ ਜਉ ਤਨੁ ਭਇਓ ਛਿਨੁ------- ੧੭੮
ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ------- ੧੭੯
ਮਾਟੀ ਕੋ ਪੁਤਰਾ ਕੈਸੇ ਨਚਤੁ ਹੈ---------- ੧੮੦

ਬਾਣੀ ਭਗਤ ਧੰਨੇ ਜੀ ਕੀ

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ --------- ੧੮੧
ਗੋਬਿੰਦ ਗੋਬਿੰਦ ਗੋਬਿੰਦ ਸੰਗਿ---------- ੧੮੩
ਰੇ ਚਿਤ ਚੇਤਸਿ ਕੀ ਨ ਦਯਾਲ---------- ੧੮੫

ਸੇਖ ਫਰੀਦ ਜੀਉ ਕੀ ਬਾਣੀ

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ------- ੧੮੬
ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ------ ੧੮੭
ਵਿਸ਼ੇਸ਼ ਸੂਚਨਾ ---------- ੧੯੧

[ਪੰਨਾ ੩੪੭]

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ॥

ਉਥਾਨਕਾ- ਜਿਸ ਵੇਲੇ ਗੁਰੂ ਸਾਹਿਬ ਜੀ ਸੁਮੇਰ ਪਰਬਤ ਤੋਂ ਸਿੱਧਾਂ ਨਾਲ ਚਰਚਾ ਕਰਕੇ ਕਾਗਭਸੁੰਭ, ਦਤਾਤ੍ਰੇਅ, ਪ੍ਰਹਿਲਾਦ, ਧ੍ਰੂਅ ਭਗਤ ਆਦਿਕਾਂ ਨਾਲ ਬਚਨ ਬਿਲਾਸ ਕਰਦੇ ਹੋਏ ਸੱਚਖੰਡ ਵਿਖੇ ਪਹੁੰਚ ਕੇ ਅਕਾਲ ਪੁਰਖ ਪਾਸ ਨਮਸ਼ਕਾਰ ਕਰਕੇ ਬੈਠ ਗਏ, ਤਾਂ ਅਕਾਲ ਪੁਰਖ ਨੇ ਕਿਹਾ: ਸਾਡਾ ਦਰਵਾਜ਼ਾ ਅਤੇ ਘਰ ਤੁਸਾਂ ਨੇ ਕਿਹੜਾ ਨਿਸਚੇ ਕੀਤਾ ਹੈ ? ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਅੰਮ੍ਰਿਤ ਵੇਲਾ ਵਿਚਾਰ ਕੇ ਆਸਾ ਰਾਗ ਵਿਚ ਸੋਦਰ ਦਾ ਸ਼ਬਦ ਉਚਾਰਿਆ, ਕਿਉਂਕਿ ਆਸਾ ਰਾਗ ਦੇ ਗਾਇਣ ਦਾ ਸਮਾਂ ਅੰਮ੍ਰਿਤ ਵੇਲਾ ਹੈ।

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ॥

ਹੇ ਪ੍ਰਭੂ ! ਉਹ ਆਪ ਜੀ ਦਾ ਦਰਵਾਜ਼ਾ ਕਿਹੜਾ ਕਹੀਏ ਅਤੇ ਸੋ ਆਪ ਜੀ ਦਾ ਘਰ ਇਦੰ ਮਿਥ ਕਰਕੇ ਕਿਹੜਾ ਕਹੀਏ ? ਭਾਵ ਸਾਰੇ ਹੀ ਆਪ ਜੀ ਦੇ ਦਰਵਾਜ਼ੇ ਹਨ ਅਤੇ ਸਾਰੇ ਹੀ ਆਪ ਜੀ ਦੇ ਘਰ ਹਨ। ਪੁਨਾ- ਅਕਾਲ ਪੁਰਖ ਨੇ ਕਿਹਾ ਕਿ ਆਪ ਨੇ ਸਿੱਖਾਂ ਨੂੰ ਸਮਝਾਉਣ ਵਾਸਤੇ ਕੀ ਨਿਸਚੇ ਕੀਤਾ ਹੋਇਆ ਹੈ ? ਗੁਰੂ ਜੀ ਨੇ ਉੱਤਰ ਦਿਤਾ-ਸੋ ਆਪ ਜੀ ਦਾ ਸੰਸਾਰ ਰੂਪੀ ਦਰਵਾਜ਼ਾ ਕਥਨ ਕੀਤਾ ਹੈ ਅਤੇ ਸੋ ਸੱਚਖੰਡ ਰੂਪੀ ਘਰ ਕਿਹਾ ਹੈ, ਜਿਥੇ ਬੈਠ ਕੇ ਆਪ ਸਾਰਿਆਂ ਜੀਵਾਂ ਦੀ ਸੰਭਾਲ ਕਰਦੇ ਹੋ, ਭਾਵ-ਖਾਣ ਪਾਣ ਦਿੰਦੇ ਹੋ।

ਅਥਵਾ:-ਸਤਿਸੰਗਤ ਰੂਪੀ ਦਰਵਾਜ਼ਾ ਕਥਨ ਕੀਤਾ ਹੈ, ਅਤੇ ਸੋ=ਉਹ ਸਰੂਪ ਰੂਪੀ ਘਰ ਕਿਹਾ ਹੈ, ਜਿਸ ਸਤਿਸੰਗ ਰੂਪੀ ਦਰਵਾਜ਼ੇ ਤੇ ਬੈਠ ਕੇ ਸਾਰੇ ਜੀਵ ਆਪ ਜੀ ਨੂੰ ਸਮ੍ਹਾਲੇ=ਯਾਦ ਕਰਦੇ ਹਨ। ਪੁਨਾ ਅਕਾਲ ਪੁਰਖ ਨੇ ਕਿਹਾ: ਇਨ੍ਹਾਂ ਘਰਾਂ ਅਤੇ ਦਰਵਾਜ਼ਿਆਂ ਦੀ ਆਪ ਉਪਮਾ ਕਥਨ ਕਰੋ। ਗੁਰੂ ਜੀ ਨੇ ਕਿਹਾ: ਸਰੂਪ ਰੂਪੀ ਘਰ ਤਾਂ ਅਕਹਿ ਹੈ, ਸੱਚਖੰਡ ਰੂਪੀ ਘਰ ਅਤੇ ਸੰਸਾਰ,

ਅਥਵਾ:-ਸਤਿਸੰਗ ਰੂਪੀ ਦਰਵਾਜ਼ੇ ਦੀ ਉਪਮਾ ਕਰਦੇ ਹਾਂ-

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥

ਹੇ ਅਸੰਖਾ=ਬਿਅੰਤ ਰੂਪ ਪਰਮਾਤਮਾ ! ਆਪ ਜੀ ਦੇ ਦਰਵਾਜ਼ੇ ਤੇ ਅਨੇਕਾਂ ਨਾਦ ਆਦਿ ਵਾਜੇ ਵੱਜ ਰਹੇ ਹਨ ਅਤੇ ਕਿਤਨੇ ਹੀ ਉਹਨਾਂ ਵਾਜਿਆਂ ਦੇ ਵਾਵਣਹਾਰੇ=ਵਜਾਉਣ ਵਾਲੇ ਹਨ।

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥

ਕਿਤਨੇ ਰਾਗ, ਪਰੀ=ਰਾਗਣੀਆਂ ਅਤੇ ਸਿਉ=ਪੁੱਤਰਾਂ ਦੇ ਸਹਿਤ ਕਹੇ ਜਾਂਦੇ ਹਨ।

ਅਥਵਾ:-ਕਿਤਨੇ ਹੀ ਰਾਗ ਪਰੀ ਸਿਉ=ਰਾਗਣੀਆਂ ਦੇ ਸਹਿਤ ਕਹੀਦੇ ਹਨ।

ਅਤੇ ਕਿਤਨੇ ਹੀ ਉਹਨਾਂ ਰਾਗਾਂ ਦੇ ਗਾਇਨ ਕਰਨ ਵਾਲੇ ਗੱਵਈਏ ਹਨ।

ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ॥

ਤੁਧਨੋ=ਆਪ ਜੀ ਦਾ ਜਸ ਪੌਣ, ਪਾਣੀ, ਬੈਸੰਤਰੁ=ਅਗਨਿ ਦੇਵਤਾ ਸਭ ਗਾਉਂਦੇ ਹਨ, ਧਰਮ ਰਾਜਾ ਵੀ ਦਰਵਾਜ਼ੇ 'ਚ ਖੜਾ ਹੋ ਕੇ ਆਪ ਦੇ ਜਸ ਨੂੰ ਗਾਉਂਦਾ ਹੈ।

ਗਾਵਨਿ੍ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ॥

ਜੀਵਾਂ ਦੇ ਲੇਖੇ ਨੂੰ ਲਿਖ ਜਾਨਣ ਵਾਲੇ ਜੋ ਚਿਤ੍ਰ ਗੁਪਤ ਹਨ, ਉਹ ਵੀ ਆਪ ਦੇ ਜਸ ਨੂੰ ਗਾਇਣ ਕਰਦੇ ਹਨ, ਜੋ ਧਰਮ ਅਧਰਮ ਦੇ ਲੇਖੇ ਨੂੰ ਵਿਚਾਰ ਕੇ ਲਿਖਦੇ ਹਨ।

ਗਾਵਨਿ੍ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥

ਈਸਰੁ=ਸ਼ਿਵ, ਬ੍ਰਹਮਾ ਅਤੇ ਛਿਆਨਵੇਂ ਕਰੋੜ ਦੇਵੀਆਂ, ਸਭ ਆਪ ਦੇ ਜਸ ਨੂੰ ਗਾਇਣ ਕਰਦੇ ਹਨ। ਤੇਰੇ ਸਵਾਰੇ=ਬਣਾਏ ਹੋਏ ਸਦਾ ਹੀ ਸ਼ੋਭਨੀਕ ਹੋ ਰਹੇ ਹਨ।

ਗਾਵਨਿ੍ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥

ਦੇਵਤਿਆਂ ਦਾ ਰਾਜਾ ਇੰਦ੍ਰਾਸਣਿ=ਸਿੰਘਾਸਣ ਉੱਤੇ ਬੈਠਾ ਹੋਇਆ ਦੇਵਤਿਆਂ ਦੇ ਦਲ ਸਹਿਤ ਆਪ ਦੇ ਜਸ ਨੂੰ ਗਾਇਣ ਕਰਦਾ ਹੈ।

ਗਾਵਨਿ੍ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ੍ ਤੁਧਨੋ ਸਾਧ ਬੀਚਾਰੇ॥

ਚੁਰਾਸੀਹ ਸਿੱਧ ਸਮਾਧੀਆਂ ਅੰਦਰ ਇਸਥਿਤ ਹੋ ਕੇ ਆਪ ਦੇ ਜਸ ਨੂੰ ਗਾਇਣ ਕਰਦੇ ਹਨ ਅਤੇ ਵਿਚਾਰਵਾਨ ਸਾਧੂ, *ਅਥਵਾ:*-ਵਿਚਾਰੇ ਗਰੀਬੜੇ ਸਾਧੂ ਵੀ ਆਪ ਜੀ ਦੇ ਜਸ ਨੂੰ ਗਾਇਣ ਕਰਦੇ ਹਨ।

ਗਾਵਨਿ੍ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥

ਜਤੀ, ਸਤੀ, ਸੰਤੋਖੀ ਸਭ ਆਪ ਦੇ ਜਸ ਨੂੰ ਗਾਉਂਦੇ ਹਨ, ਕਰਾਰੇ=ਤਕੜੇ ਬਵੰਜਾ ਬੀਰ ਵੀ ਆਪ ਦੇ ਜਸ ਨੂੰ ਗਾਇਣ ਕਰਦੇ ਹਨ।

ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ॥

ਪੰਡਿਤ ਲੋਕ, ਪੜ੍ਹਨ ਵਾਲੇ ਵਿਦਿਆਰਥੀ ਤੇ ਰਖੀਸੁਰ=ਮਹਾਤਮਾ ਸਭ ਆਪ ਦੇ ਜਸ ਨੂੰ ਗਾਇਣ ਕਰਦੇ ਹਨ, ਚਾਰੇ ਜੁਗ, ਚਾਰੇ ਵੇਦਾਂ ਤੇ ਚਾਰੇ ਅਵਤਾਰਾਂ ਦੀ ਉਪਾਸ਼ਨਾ ਸਹਿਤ ਆਪ ਦੇ ਜਸ ਨੂੰ ਗਾਂਵਦੇ ਹਨ।

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥

ਮਨ ਦੇ ਮੋਹਣ ਵਾਲੀਆਂ ਮੋਹਣੀਆਂ=ਇਸਤਰੀਆਂ ਵੀ ਆਪ ਦੇ ਜਸ ਨੂੰ ਗਾਇਣ ਕਰਦੀਆਂ ਹਨ, ਜਿਹੜੀਆਂ ਸੁਰਗ, ਮਛੁ=ਮਾਤ ਲੋਕ ਅਤੇ ਪਇਆਲੇ=ਪਤਾਲ ਲੋਕ ਵਿਚ ਰਹਿਣ ਵਾਲੀਆਂ ਹਨ।

ਗਾਵਨਿ੍ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ॥

ਆਪ ਜੀ ਦੇ ਉਤਪੰਨ ਕੀਤੇ ਹੋਏ ਚੌਦਾਂ ਰਤਨ ਵੀ ਆਪ ਜੀ ਦੇ ਜਸ ਨੂੰ ਗਾਇਣ ਕਰਦੇ ਹਨ, ਅਠਾਹਠ ਤੀਰਥਾਂ ਦੇ ਨਾਲ ਰਹਿਣ ਵਾਲੇ ਮਹਾਤਮਾਂ ਜਨ ਵੀ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

ਗਾਵਨਿ੍ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ੍ ਤੁਧਨੋ ਖਾਣੀ ਚਾਰੇ॥

ਜੋਧੇ, ਮਹਾਂਬਲੀ ਅਤੇ ਸੂਰਮੇ ਸਭ ਆਪ ਦੇ ਜਸ ਨੂੰ ਗਾਂਵਦੇ ਹਨ।

ਜੋਧਾ ਉਸ ਨੂੰ ਕਹਿੰਦੇ ਹਨ ਜੋ ਇਕ ਨਾਲ ਲੜੇ, ਮਹਾਂਬਲੀ ਉਸ ਨੂੰ ਕਹਿੰਦੇ ਹਨ ਜੋ ਦਸ ਹਜ਼ਾਰ ਨਾਲ ਇਕੱਲਾ ਲੜੇ ਅਤੇ ਸੂਰਮਾ ਉਸ ਨੂੰ ਕਹਿੰਦੇ ਹਨ ਜੋ ਅਨਗਿਣਤਾਂ ਨਾਲ ਲੜੇ।

ਜੋਧਾ ਉਹ ਹੈ ਜਿਸ ਨੇ ਇਕ ਸਰੀਰ ਨੂੰ ਵੱਸ ਕੀਤਾ ਹੈ, ਮਹਾਂਬਲੀ ਉਹ ਹੈ ਜਿਸ ਨੇ ਦਸ ਇੰਦ੍ਰੀਆਂ ਨੂੰ ਵੱਸ ਕੀਤਾ ਹੈ, ਸੂਰਮਾ ਉਹ ਹੈ ਜਿਸ ਨੇ ਮਨ ਦੀਆਂ ਅਨੇਕਾਂ ਵਾਸ਼ਨਾਂ ਦੂਰ ਕੀਤੀਆਂ ਹਨ। ਅੰਡਜ, ਜੇਰਜ, ਸੇਤਜ, ਉਤਭੁਜ ਰੂਪ ਚਾਰ ਖਾਣੀਆਂ ਵੀ ਆਪ ਦੇ ਜਸ ਨੂੰ ਗਾਇਣ ਕਰਦੀਆਂ ਹਨ।

ਗਾਵਨਿ੍ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥

ਨੌਂ ਖੰਡ, (ਚਾਰ ਸੌ ਕੋਹਾਂ ਦਾ) ਮੰਡਲ ਅਤੇ ਸਾਰਾ ਬ੍ਰਹਿਮੰਡ ਆਪ ਦੇ ਜਸ ਨੂੰ ਗਾਇਣ ਕਰਦਾ ਹੈ, ਇਹ ਸਾਰੇ ਉਤਪਤੀ ਕਰਕੇ ਤੇਰੇ ਹੁਕਮ ਅੰਦਰ ਮਰਯਾਦਾ ਵਿਚ ਧਾਰ ਰੱਖੇ ਹਨ।

ਸੇਈ ਤੁਧਨੋ ਗਾਵਨਿ੍ ਜੋ ਤੁਧੁ ਭਾਵਨਿ੍ ਰਤੇ ਤੇਰੇ ਭਗਤ ਰਸਾਲੇ॥

ਉਹ ਹੀ ਪੁਰਸ਼ ਆਪ ਦੇ ਜਸ ਨੂੰ ਗਾਂਵਦੇ ਹਨ, ਜਿਹੜੇ ਆਪ ਨੂੰ ਭਾਂਵਦੇ ਹਨ।

ਹੇ ਰਸਾਲੇ=ਸੁੰਦਰ ਪਰਮਾਤਮਾ ! ਰਸਾਲੇ=ਸਮੂਹ ਭਗਤ ਤੇਰੇ ਸਿਮਰਨ ਵਿਚ ਰੱਤੇ ਹੋਏ ਹਨ।

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥

ਹੋਰ ਕਿਤਨੇ ਹੀ ਤੇਰੇ ਜਸ ਨੂੰ ਗਾਇਣ ਕਰਦੇ ਹਨ, ਜਿਹੜੇ ਕਿ ਮੈਨੂੰ ਚੇਤੇ ਨਹੀਂ ਆਉਂਦੇ, ਮੈਂ ਨਾਨਕ ਵਿਚਾਰਾ ਕੀ ਹਾਂ ?*

ਜਿਸ ਵੇਲੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਵਾਪਸ ਫਿਰ ਪ੍ਰਾਣ ਭਗਤ ਪਾਸ ਆਏ ਹਨ ਅਤੇ ਭਾਈ ਬਾਲੇ, ਮਰਦਾਨੇ ਨੂੰ ਮਿਲੇ ਹਨ, ਤਾਂ ਉਹਨਾਂ ਨੇ ਬੇਨਤੀ ਕੀਤੀ ਕਿ ਜਿਸ ਅਕਾਲ ਪੁਰਖ ਦੇ ਪਾਸ ਗਏ ਹੋ, ਉਹ ਕੈਸਾ ਹੈ ?

ਉੱਤਰ:-

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥

ਉਹ ਪਰਮਾਤਮਾ ਵਰਤਮਾਨ ਕਾਲ ਵਿਖੇ ਵੀ ਸੱਚਾ ਸਾਹਿਬ ਹੈ, ਉਹ ਪਰਮਾਤਮਾ ਪਿਛੇ ਵੀ ਸੱਚਾ ਸਾਹਿਬ ਸੀ, ਉਹ ਪਰਮਾਤਮਾ ਅੱਗੇ ਵੀ ਸਦਾ ਸੱਚਾ ਸਾਹਿਬ ਹੋਸੀ=ਹੋਵੇਗਾ। ਉਹ ਪਰਮਾਤਮਾ ਆਪ ਭੀ ਸੱਚਾ ਹੈ, ਉਸ ਦੀ ਨਾਈ=ਵਡਿਆਈ ਵੀ ਸੱਚੀ ਹੈ। ਜਿਸ ਵਾਹਿਗੁਰੂ ਨੇ ਇਹ ਰਚਨਾ ਰਚਾਈ=ਪੈਦਾ ਕੀਤੀ ਹੈ, ਉਹ ਜਾਇ ਨ ਜਾਸੀ=ਨਾ ਜੰਮਦਾ ਹੈ, ਨਾ ਮਰਦਾ ਹੈ।

ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ॥

**ਨੋਟ-ਇਥੋਂ ਤਕ ਪਾਠ ਸੱਚਖੰਡ ਵਿਚ ਅਕਾਲ ਪੁਰਖ ਦੇ ਸਾਹਮਣੇ ਉਚਾਰਿਆ ਹੈ।*

ਰੰਗਾਂ ਰੰਗਾਂ ਦੀ, ਭਾਤੀ=ਤਰ੍ਹਾਂ ਤਰ੍ਹਾਂ ਦੀ, ਜਿਨਸੀ=ਜਿਨਸਾਂ-ਹਾਥੀ, ਊਠ, ਘੋੜਾ ਆਦਿਕ ਇਹ ਸਾਰੀ ਸ੍ਰਿਸ਼ਟੀ ਜਿਸ ਨੇ ਮਾਇਆ ਦੁਆਰਾ ਉਤਪੰਨ ਕੀਤੀ ਹੈ। ਜਿਵੇਂ ਉਸ ਦੀ ਵਡਿਆਈ=ਇਛਾ ਹੁੰਦੀ ਹੈ, ਉਹ ਆਪਣੇ ਕੀਤੇ ਹੋਏ ਪ੍ਰਪੰਚ ਦੀ ਆਪ ਹੀ ਦੇਖੈ=ਪਾਲਣਾ ਕਰਦਾ ਹੈ। *ਅਥਵਾ-* ਆਪਣੀ ਵਡਿਆਈ=ਇੱਛਾ ਅਨੁਸਾਰ ਫਿਰ ਆਪ ਹੀ ਲੈਤਾ ਕਰਦਾ ਹੈ।

ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥

ਜੋ ਗੱਲ ਤਿਸ ਪਰਮੇਸ਼ਰ ਨੂੰ ਭਾਂਵਦੀ ਹੈ, ਓਹੀ ਕਰਦਾ ਹੈ; ਫਿਰਿ=ਪੁਨਾ ਉਸ ਦੇ ਉੱਪਰ ਹੁਕਮ ਨਹੀਂ ਕੀਤਾ ਜਾਂਦਾ, *ਅਥਵਾ-*ਉਸ ਦਾ ਹੁਕਮ ਫੇਰਨਾ ਨਹੀਂ ਕੀਤਾ ਜਾਂਦਾ।*

[ਪੰਨਾ ੩੪੮]

ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ॥ ੧॥ ੧॥

ਉਹ ਸਾਹਿਬ ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ-

ਹੇ ਧ੍ਰੂਅ ਭਗਤ ਜੀ, ਤੇ ਭਾਈ ਬਾਲੇ ਮਰਦਾਨੇ ! ਉਸ ਪਰਮਾਤਮਾ ਦੀ ਰਜਾਈ=ਆਗਿਆ ਵਿਚ ਹੀ ਰਹਿਣਾ ਚਾਹੀਦਾ ਹੈ॥ ੧॥ ੧॥

ਆਸਾ ਮਹਲਾ ੪॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥

ਸੋ ਹਰੀ ਨਿਰੰਜਨ ਪੁਰਖ ਪਿਛੇ ਵੀ ਅਗਮ ਸੀ, ਸੋ ਹਰੀ ਨਿਰੰਜਨ ਪੁਰਖ ਹੁਣ ਵੀ ਅਗਮ ਹੈ,

ਸੋ ਹਰੀ ਨਿਰੰਜਨ ਪੁਰਖ ਅੱਗੇ ਵੀ ਅਗਮ ਹੋਵੇਗਾ। *ਅਥਵਾ-*'ਸੋ ਪੁਰਖੁ ਨਿਰੰਜਨੁ' ਹੀ ਕਹਿ ਦੇਂਦੇ, 'ਹਰਿ ਪੁਰਖੁ ਨਿਰੰਜਨੁ' ਕਿਉਂ ਕਿਹਾ ?

*ਉੱਤਰ:-*ਨਿਰੰਜਨ ਪੁਰਖ ਤਾਂ ਬਹੁਤ ਸੰਤ ਜਨ ਵੀ ਹਨ। ਲਖਸ਼ਣ ਕੀਤਾ ਬ੍ਰਹਮ ਦਾ ਤੇ ਸੰਤਾਂ ਵਿਚ ਜਾ ਕੇ ਪ੍ਰਵਿਰਤ ਹੋ ਗਿਆ, ਇਸ ਲਈ 'ਹਰਿ ਪੁਰਖੁ ਨਿਰੰਜਨ' ਕਿਹਾ ਹੈ ?,

ਪ੍ਰਸ਼ਨ:-'ਹਰਿ ਪੁਰਖ ਨਿਰੰਜਨੁ' ਹੀ ਕਹਿ ਦੇਂਦੇ; 'ਹਰਿ ਅਗਮਾ' ਕਿਉਂ ਕਿਹਾ ਹੈ ?

ਉੱਤਰ:-'ਹਰਿ ਪੁਰਖੁ ਨਿਰੰਜਨੁ' ਤਾਂ ਸ੍ਰੀ ਰਾਮ ਚੰਦਰ ਜੀ ਵੀ ਹੋਏ ਹਨ, ਲਖਸ਼ਣ ਕੀਤਾ ਬ੍ਰਹਮ ਦਾ ਤੇ ਸ੍ਰੀ ਰਾਮ ਚੰਦਰ ਜੀ ਵਿਚ ਪ੍ਰਵਿਰਤ ਹੋ ਗਿਆ, ਇਸ ਲਈ ਹਰਿ ਅਗਮਾ ਕਿਹਾ ਹੈ, ਕਿਉਂਕਿ ਸ੍ਰੀ ਰਾਮ ਚੰਦਰ ਦੀ ਖੋਫ ਦੇ ਸਹਿਤ ਹੋਏ ਹਨ ਤੇ ਹਰੀ ਖੋਫ ਤੋਂ ਰਹਿਤ ਹੈ।

ਨੋਟ:-ਸੋਦਰ ਤਿੰਨ ਵੇਰ ਉਚਾਰਿਆ ਗਿਆ ਹੈ-ਜਪੁ ਜੀ ਵਿਖੇ, ਰਹਰਾਸਿ ਵਿਖੇ, ਆਸਾ ਰਾਗ ਵਿਖੇ। ਤਿੰਨਾਂ ਦੀ ਉਥਾਨਕਾ ਵਖੋ ਵਖਰੀ ਹੈ। ਪਹਿਲਾ ਸੋਦਰ ਜਪੁ ਜੀ ਸਾਹਿਬ ਵਾਲਾ ਸੁਮੇਰ ਪਰਬਤ ਉੱਤੇ ਸਿੱਧਾਂ ਨਾਲ ਗੋਸ਼ਟਿ ਕਰਦਿਆਂ ਉਚਾਰਿਆ ਹੈ। ਦੂਜਾ ਸੋਦਰ ਰਹਰਾਸਿ ਵਾਲਾ ਉਸ ਵੇਲੇ ਅਕਾਲ ਪੁਰਖੁ ਦੇ ਸਨਮੁਖ ਉਚਾਰਿਆ ਗਿਆ ਹੈ ਜਦ ਵੇਈਂ ਨਦੀ ਵਿਚ ਚੁੱਭੀ ਮਾਰ ਕੇ ਗੁਰੂ ਜੀ ਸੱਚਖੰਡ ਵਿਚ ਗਏ। ਤੀਜਾ ਸੋਦਰ ਤਿਸ ਵੇਲੇ ਅਕਾਲ ਪੁਰਖ ਦੇ ਸਨਮੁਖ ਉਚਾਰਿਆ ਹੈ, ਜਦ ਗੁਰੂ ਜੀ ਧ੍ਰੂਅ ਭਗਤ ਨੂੰ ਮਿਲ ਕੇ ਸੱਚਖੰਡ ਵਿਖੇ ਗਏ ਹਨ।

ਜਪੁ ਜੀ ਸਾਹਿਬ ਅਤੇ ਰਹਰਾਸਿ ਵਾਲੇ ਸੋਦਰਾਂ ਦਾ ਆਪਸ ਵਿਚ ਬਹੁਤ ਫਰਕ ਹੈ। ਰਹਰਾਸਿ ਵਾਲੇ ਅਤੇ ਆਸਾ ਰਾਗ ਵਾਲੇ ਸੋਦਰਾਂ ਦਾ ਥੋੜ੍ਹਾ ਕੁ ਭੇਦ ਹੈ।

ਪ੍ਰਸ਼ਨ:-ਹਰਿ ਅਗਮਾ' ਹੀ ਕਹਿ ਦੇਂਦੇ, 'ਅਗਮ ਅਪਾਰਾ' ਕਿਉਂ ਕਿਹਾ ਹੈ ?

ਉੱਤਰ:-'ਹਰਿ ਅਗਮਾ' ਖੋਫ਼ ਤੋਂ ਰਹਿਤ ਤਾਂ ਹਰਨਾਖਸ਼ ਆਦਿਕ ਵੀ ਹੋਏ ਹਨ,

ਜਿਸ ਨੇ ਹਰ ਥਾਂ ਆਪਣਾ ਨਾਮ ਜਪਾਇਆ ਹੈ, 'ਜਲੇ ਹਰਨਾਖਸ਼, ਥਲੇ ਹਰਨਾਖਸ਼। ਹੈ ਭੀ ਹਰਨਾਖਸ਼, ਹੋਸੀ ਭੀ ਹਰਨਾਖਸ਼'। ਪ੍ਰੰਤੂ ਉਹ ਸ਼ਾਸਤਰਾਂ ਕਰਕੇ ਅਗਮ ਨਹੀਂ, ਇਸ ਕਰਕੇ ਅਸੀਂ 'ਅਗਮ ਅਪਾਰਾ' ਕਿਹਾ ਹੈ, ਕਿਉਂਕਿ ਉਹ ਪਰਮਾਤਮਾ ਅਗਮ=ਸ਼ਾਸਤਰਾਂ ਕਰਕੇ ਅਪਾਰ=ਬਿਅੰਤ ਹੈ।

ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥

ਹੇ ਸਾਰਿਆਂ ਦੇ ਸਿਰਜਨ ਵਾਲੇ ਸਚੇ ਹਰੀ ! ਪਿਛੇ ਵੀ ਸਾਰੇ ਆਪ ਨੂੰ ਧਿਆਉਂਦੇ ਸਨ, ਹੁਣ ਵੀ ਸਾਰੇ ਜੀਵ ਆਪ ਨੂੰ ਧਿਆਉਂਦੇ ਹਨ। *ਅਥਵਾ*-ਮਨ, ਬਾਣੀ, ਸਰੀਰ ਕਰਕੇ ਸਾਰੇ ਜੀਵ ਆਪ ਨੂੰ ਧਿਆਉਂਦੇ ਹਨ। *ਅਥਵਾ*-(ਸ ਭਿ) ਸਹਿਤ ਭੈ ਦੇ ਹੋ ਕੇ ਆਪ ਨੂੰ ਧਿਆਉਂਦੇ ਹਨ, *ਅਥਵਾ*-ਧਿਆਵਣੇ ਵਾਲੇ ਹੋ ਕੇ ਸਾਰੇ ਪੁਰਸ਼ ਆਪ ਨੂੰ ਧਿਆਉਂਦੇ ਹਨ।

ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥

ਹੇ ਹਰਿ ਜੀ ! ਸਾਰੇ ਜੀਵ ਆਪ ਜੀ ਦੇ ਪੈਦਾ ਕੀਤੇ ਹੋਏ ਹਨ, *ਅਥਵਾ*-ਆਪ ਜੀ ਦੇ ਦਾਸ ਹਨ। ਸੋ ਹੇ ਹਰੀ ! ਤੂੰ ਸਾਰਿਆਂ ਜੀਵਾਂ ਦਾ ਦਾਤਾ ਹੈਂ।

ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥

ਹੇ ਸੰਤ ਜੀ ! ਤੁਸੀਂ ਹਰੀ ਨੂੰ ਧਿਆਵਣਾ ਕਰੋ, *ਅਥਵਾ*-ਸੰਤਾਂ ਨਾਲ ਮਿਲ ਕੇ ਹਰੀ ਨੂੰ ਧਿਆਵਣਾ ਕਰੋ, ਜੋ ਹਰੀ ਸਾਰਿਆਂ ਦੇ ਦੁਖਾਂ ਨੂੰ ਨਾਸ਼ ਕਰਨ ਵਾਲਾ ਹੈ।

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧ ॥

ਹਰੀ ਆਪ ਹੀ ਸਾਰਿਆਂ ਦਾ ਠਾਕੁਰ=ਸ੍ਵਾਮੀ ਹੈ, ਹਰੀ ਆਪ ਹੀ ਸਭ ਭਗਤਾਂ ਦਾ ਸੇਵਕ ਹੈ।

ਇਹ ਜੰਤ ਵਿਚਾਰਾ ਕੀ ਹੈ, ਜੋ ਪਰਮੇਸ਼ਰ ਦੇ ਸੰਪੂਰਨ ਜਸ ਨੂੰ ਕਹਿ ਸਕੇ॥ ੧ ॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥

ਹੇ ਹਰੀ ਪੁਰਖ ! ਨਿਰੰਤਰਿ=ਇਕ ਰਸ ਸਭ ਘਟਾਂ ਦੇ ਅੰਦਰ ਇਕ ਤੂੰ ਹੀ ਸਮਾ ਰਿਹਾ ਹੈਂ।

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥

ਸੰਸਾਰ ਵਿਚ ਇਕ ਤਾਂ ਆਪ ਨੇ ਪੁੰਨੀ ਪੁਰਸ਼ (ਦਾਤੇ) ਬਣਾਏ ਹਨ ਅਤੇ ਇਕ ਭਿਖਿਆ ਮੰਗਣ ਵਾਲੇ (ਭਿਖਾਰੀ) ਬਣਾਏ ਹਨ, ਇਹ ਵਿਡਾਣਾ=ਅਸਚਰਜ ਚੋਜ=ਕੌਤਕ ਸਾਰੇ ਆਪ ਦੇ ਹੀ ਹਨ।

ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥

ਹੇ ਹਰੀ ! ਤੂੰ ਆਪ ਹੀ ਸਾਰਿਆਂ ਦਾ ਦਾਤਾ ਹੈਂ, ਆਪ ਹੀ ਤੂੰ ਪਦਾਰਥਾਂ ਦੇ ਭੋਗਣ ਵਾਲਾ ਹੈਂ, ਤੇਰੇ ਬਿਨਾਂ ਮੈਂ ਹੋਰ ਕਿਸੇ ਨੂੰ ਜਾਣਿਆਂ ਨਹੀਂ ਹੈ।

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥

ਹੇ ਪਾਰਬ੍ਰਹਮ ! ਤੂੰ ਪਿਛੇ ਵੀ ਬਿਅੰਤ ਸੀ, ਤੂੰ ਹੁਣ ਵੀ ਬਿਅੰਤ ਹੈਂ, ਅੱਗੇ ਵੀ ਬਿਅੰਤ ਹੋਵੇਂਗਾ।

ਅਥਵਾ:-ਹੇ ਪਾਰਬ੍ਰਹਮ ! ਤੂੰ ਆਪ ਵੀ ਬਿਅੰਤ ਹੈਂ, ਤੇਰੇ ਗੁਣ ਵੀ ਬਿਅੰਤ ਹਨ, ਮੈਂ ਆਪ ਦੇ ਕਿਹੜੇ-ਕਿਹੜੇ ਗੁਣ ਆਖ ਕੇ, ਅਥਵਾ-ਮੂੰਹ ਨਾਲ ਕਥਨ ਕਰਾਂ ?

ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ੍ ਕੁਰਬਾਣਾ॥ ੨ ॥

ਹੇ ਹਰਿ ਜੀ ! ਮਨ ਕਰਕੇ ਜੋ ਆਪ ਨੂੰ ਧਿਆਉਂਦੇ ਹਨ, ਹੇ ਹਰਿ ਜੀ ! ਤਨ ਕਰਕੇ ਜੋ ਆਪ ਜੀ ਨੂੰ ਸੇਂਵਦੇ ਹਨ, ਅਥਵਾ-ਹੇ ਸੇਵਨੇ ਜੋਗ ਹਰੀ ! ਜੋ ਜੋ ਪੁਰਸ਼ ਆਪ ਜੀ ਨੂੰ ਸੇਂਵਦੇ ਹਨ, ਮੈਂ ਜਨ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ॥ ੨ ॥

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ॥

ਹੇ ਹਰਿ ਜੀ ! ਮਨ ਕਰਕੇ ਜੋ ਆਪ ਜੀ ਨੂੰ ਧਿਆਉਂਦੇ ਹਨ, ਹੇ ਹਰਿ ਜੀ ! ਤਨ ਕਰਕੇ ਜੋ ਆਪ ਜੀ ਨੂੰ ਧਿਆਉਂਦੇ ਹਨ, ਅਥਵਾ-ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ:-ਹੇ ਹਰਿ ਜੀ ! ਜੋ ਆਪ ਨੂੰ ਧਿਆਉਂਦੇ ਹਨ, ਹੇ ਹਰਿ ਜੀ ! ਜੋ ਆਪ ਨੂੰ ਧਿਆਉਂਦੇ ਹਨ।

ਅਥਵਾ:-ਹੇ ਧਿਆਉਣ ਜੋਗ ਹਰਿ ਹਰਿ ! ਜੋ ਆਪ ਨੂੰ ਧਿਆਉਂਦੇ ਹਨ, ਉਹ ਪੁਰਸ਼ ਕਲਜੁਗ ਵਿਖੇ ਸੁਖ ਪੂਰਬਕ ਵੱਸਦੇ ਹਨ।

ਸੇ ਮੁਕਤੁ ਸੇ ਮੁਕਤੁ ਭਏ ਜਿਨ੍ ਹਰਿ ਧਿਆਇਆ ਜੀਉ
ਤਿਨ ਟੂਟੀ ਜਮ ਕੀ ਫਾਸੀ॥

ਜਿਨ੍ਹਾਂ ਨੇ ਹਰੀ ਨੂੰ ਧਿਆਇਆ ਹੈ ਉਹ ਪਿਛੇ ਵੀ ਮੁਕਤ ਰੂਪ ਹੋਏ ਹਨ ਅਤੇ ਹੁਣ ਵੀ ਮੁਕਤ ਰੂਪ ਹੋਏ ਹਨ। ਅਥਵਾ- ਜਿਨ੍ਹਾਂ ਨੇ ਮੁਕਤ ਰੂਪ ਹਰੀ ਨੂੰ ਧਿਆਇਆ ਹੈ, ਸੇ= ਉਹ ਪੁਰਸ਼ ਸੇ ਤਿੰਨਾਂ= ਲੋਕਾਂ ਵਿਚ ਮੁਕਤ ਰੂਪ ਹੋਏ ਹਨ, ਉਹਨਾਂ ਨੂੰ ਜੋ ਜਮਾਂ ਦੀ ਫਾਹੀ ਪੈਣੀ ਸੀ ਉਹ ਟੁੱਟ ਗਈ ਹੈ।

ਜਿਨ ਨਿਰਭਉ ਜਿਨ੍ ਹਰਿ ਨਿਰਭਉ ਧਿਆਇਆ ਜੀਉ
ਤਿਨ ਕਾ ਭਉ ਸਭੁ ਗਵਾਸੀ॥

ਜਿਨ੍ਹਾਂ ਨੇ ਪਿਛੇ ਨਿਰਭਉ ਹਰੀ ਨੂੰ ਧਿਆਇਆ ਸੀ, ਜਿਨ੍ਹਾਂ ਨੇ ਹੁਣ ਨਿਰਭਉ ਹਰੀ ਨੂੰ ਧਿਆਇਆ ਹੈ, ਅਥਵਾ-ਮਨ ਕਰਕੇ ਜਿਨ੍ਹਾਂ ਨੇ ਨਿਰਭਉ ਹਰੀ ਨੂੰ ਧਿਆਇਆ ਹੈ ਅਤੇ ਤਨ ਕਰਕੇ ਜਿਨ੍ਹਾਂ ਨੇ ਨਿਰਭਉ ਹਰੀ ਨੂੰ ਧਿਆਇਆ ਹੈ, ਅਥਵਾ-ਜਿਨ੍ਹਾਂ ਜਿਨ੍ਹਾਂ ਨੇ ਨਿਰਭਾਉ ਹੋਣ ਵਾਸਤੇ ਨਿਰਭਉ ਹਰੀ ਨੂੰ ਧਿਆਇਆ ਹੈ, ਉਹਨਾਂ ਸਭਨਾਂ ਦਾ ਸਭ ਪ੍ਰਕਾਰ ਦਾ ਭਉ ਹਰੀ ਨੇ ਗੁਆ ਦਿਤਾ ਹੈ।

ਜਿਨ੍ ਸੇਵਿਆ ਜਿਨ੍ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ॥

ਜਿਨ੍ਹਾਂ ਨੇ ਪਿਛੇ ਮੇਰੇ ਹਰਿ ਜੀ ਨੂੰ ਸੇਵਿਆ ਸੀ, ਜਿਨ੍ਹਾਂ ਨੇ ਹੁਣ ਮੇਰੇ ਹਰਿ ਜੀ ਨੂੰ ਸੇਵਿਆ ਹੈ;

ਅਥਵਾ:-ਜਿਨ੍ਹਾਂ ਜਿਨ੍ਹਾਂ ਨੇ ਸੇਵਣੇ ਜੋਗ ਮੇਰੇ ਹਰਿ ਜੀ ਨੂੰ ਸੇਵਿਆ ਹੈ, ਉਹ ਹਰਿ ਹਰਿ ਦੇ ਸਰੂਪ ਵਿਖੇ ਅਭੇਦ ਹੋ ਗਏ ਹਨ।

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ
ਜਨੁ ਨਾਨਕੁ ਤਿਨ ਬਲਿ ਜਾਸੀ॥ ੩ ॥

ਨਿਸ਼ਚੇ ਕਰਕੇ ਉਹ ਪੁਰਸ਼ ਧੰਨ ਹਨ, ਉਹ ਪੁਰਸ਼ ਧੰਨ ਹਨ, ਉਹ ਪੁਰਸ਼ ਧੰਨ ਹਨ।

ਅਥਵਾ-ਜਿਨ੍ਹਾਂ ਨੇ ਧੰਨਤਾ ਯੋਗ ਹਰੀ ਨੂੰ ਧਿਆਉਣਾ ਕੀਤਾ ਹੈ, ਸੇ=ਉਹ ਪੁਰਸ਼ ਸੇ=ਤਿੰਨਾਂ ਦੇਵਤਿਆਂ ਕਰਕੇ ਧੰਨਤਾ-ਯੋਗ ਹਨ; ਉਨ੍ਹਾਂ ਪੁਰਸ਼ਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ॥ ੩॥

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ॥

ਹੇ ਹਰਿ ਜੀ ! ਤੇਰੀ ਭਗਤੀ ਦੇ ਪਿਛੇ ਵੀ ਭੰਡਾਰੇ ਭਰੇ ਹੋਏ ਸਨ, ਹੁਣ ਭੀ ਤੇਰੀ ਭਗਤੀ ਦੇ ਬੇਅੰਤ ਭੰਡਾਰੇ ਭਰੇ ਹੋਏ ਹਨ, ਅੱਗੇ ਵੀ ਤੇਰੀ ਭਗਤੀ ਦੇ ਬੇਅੰਤ ਭੰਡਾਰੇ ਭਰੇ ਹੋਏ ਹੋਣਗੇ।

ਅਥਵਾ-ਹੇ ਬੇਅੰਤ ਰੂਪ ਰਹੀ ! ਤੇਰੀ ਪ੍ਰਾਪਤੀ ਕਰਾਉਣ ਵਾਲੀ ਜੋ ਤੇਰੀ ਭਗਤੀ ਹੈ, ਤਿਸ ਭਗਤੀ ਦੇ ਬੇਅੰਤ ਭੰਡਾਰੇ ਭਰੇ ਹੋਏ ਹਨ।

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥

ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ :-ਹੇ ਹਰਿ ਜੀ ! ਤੁਹਾਡੇ ਭਗਤ ਤੁਹਾਡੀ ਸ਼ਲਾਘਾ ਕਰਦੇ ਹਨ, ਤੁਹਾਡੇ ਭਗਤ ਤੁਹਾਡੀ ਸ਼ਲਾਘਾ ਕਰਦੇ ਹਨ। *ਅਥਵਾ*-ਹੇ ਹਰਿ ਜੀ ਪਿਛੇ ਵੀ ਭਗਤ ਆਪ ਨੂੰ ਸਲਾਹੁੰਦੇ ਸਨ, ਹੁਣ ਵੀ ਭਗਤ ਆਪ ਨੂੰ ਸਲਾਹੁੰਦੇ ਹਨ। *ਅਥਵਾ*-ਆਪ ਦੇ ਗੁਣ ਉਚਾਰਨ ਵਾਲੇ ਭਗਤ ਆਪ ਨੂੰ ਸਲਾਹੁੰਦੇ ਹਨ। ਹੇ ਅਨੰਤਤਾ=ਬੇਅੰਤ ਹਰੀ ! ਤੇਰੇ ਗੁਣ ਅਨੇਕਾ ਹਨ ਅਤੇ ਤੇਰੇ ਗੁਣਾਂ ਦੇ ਉਚਾਰਨ ਵਾਲੇ ਵੀ ਅਨੇਕਾਂ ਹਨ।

ਅਥਵਾ:-ਹੇ ਹਰੀ ! ਤੂੰ ਆਪ ਬੇਅੰਤ ਹੈਂ, ਤੇਰੇ ਗੁਣ ਵੀ ਅਨੇਕਾਂ ਹਨ ਅਤੇ ਤੇਰੀ ਮਹਿਮਾ ਵੀ ਬੇਅੰਤ ਹੈ।

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ
ਤਪੁ ਤਾਪਹਿ ਜਪਹਿ ਬੇਅੰਤਾ॥

ਹੇ ਹਰੀ ਜੀ ! ਪਿਛੇ ਵੀ ਅਨੇਕਾਂ ਪੁਰਸ਼ ਆਪ ਦੀ ਪੂਜਾ ਕਰਦੇ ਸਨ, ਹੁਣ ਵੀ ਅਨੇਕਾਂ ਪੁਰਸ਼ ਆਪ ਦੀ ਪੂਜਾ ਕਰਦੇ ਹਨ, ਅੱਗੇ ਵੀ ਅਨੇਕਾਂ ਪੁਰਸ਼ ਆਪ ਦੀ ਪੂਜਾ ਕਰਨਗੇ।

ਅਥਵਾ:-ਹੇ ਹਰੀ ਜੀ ! ਤੇਰੀ ਪੂਜਾ ਵੀ ਅਨੇਕ ਪ੍ਰਕਾਰ ਦੀ ਹੈ ਅਤੇ ਤੇਰੀ ਪੂਜਾ ਦੇ ਕਰਨ ਵਾਲੇ ਪੁਰਸ਼ ਵੀ ਅਨੇਕਾਂ ਹੀ ਹਨ। ਬੇਅੰਤ ਪੁਰਸ਼ ਤਪ ਨੂੰ ਤਪਦੇ ਹਨ ਅਤੇ ਬੇਅੰਤ ਹੀ ਜਪ ਨੂੰ ਜਪਦੇ ਹਨ।

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿੰਮ੍ਰਿਤਿ ਸਾਸਤ ਜੀ
ਕਰਿ ਕਿਰਿਆ ਖਟੁ ਕਰਮ ਕਰੰਤਾ॥

ਹੇ ਹਰਿ ਜੀ ! ਤੇਰੇ ਸਰੂਪ ਦੇ ਕਥਨ ਕਰਨ ਵਾਲੇ ਸਿੰਮ੍ਰਿਤੀਆਂ ਆਦਿ ਗ੍ਰੰਥ ਵੀ ਅਨੇਕ ਹਨ, ਤੇਰੇ ਸਰੂਪ ਦੇ ਕਥਨ ਕਰਨ ਵਾਲੇ ਸ਼ਾਸਤ੍ਰ ਵੀ ਅਨੇਕ ਹਨ। ਉਹਨਾਂ ਨੂੰ ਪੜ੍ਹਨ ਵਾਲੇ ਪੁਰਸ਼ ਵੀ ਅਨੇਕਾਂ ਹਨ। ਉਹ ਕਰੰਤਾ ਹੋ ਕੇ ਖਟੁ=ਛੇ ਪ੍ਰਕਾਰ ਦੇ ਕਰਮਾਂ* ਦੀ ਪਰਕਿਰਿਆ ਨੂੰ ਕਰਦੇ ਹਨ।

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ

**ਨੋਟ:-ਛੇ ਪ੍ਰਕਾਰ ਦੇ ਕਰਮ ਇਹ ਹਨ-੧. ਸੰਧਿਆ, ੨. ਤਰਪਣ, ੩. ਹੋਮ, ੪. ਯਗ, ੫. ਅਥਿਤਿ ਪੂਜਾ ੬. ਦੇਵ ਅਰਚਾ।*

ਜੋ ਭਾਵਹਿ ਮੇਰੇ ਹਰਿ ਭਗਵੰਤਾ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਉਹ ਭਗਤ ਜਨ ਪਿਛੇ ਭਲੇ ਸਨ, ਹੁਣ ਵੀ ਉਹ ਭਗਤ ਜਨ ਭਲੇ ਹਨ, ਅੱਗੇ ਵੀ ਉਹ ਭਗਤਜਨ ਭਲੇ ਹੋਣਗੇ। *ਅਥਵਾ:*-ਸੇਈ ਸੇਈ ਭਗਤ ਭਗਤੀ ਦੇ ਕਰਨ ਵਾਲੇ ਭਲੇ ਹਨ;

ਅਥਵਾ:- ਜੋ ਭਗਤ ਮੇਰੇ ਹਰੀ ਭਗੰਵਤ ਨੂੰ ਭਾਂਵਦੇ ਹਨ, ਉਹ ਸੇ=ਤਿੰਨਾਂ ਲੋਕਾਂ ਵਿਚ ਭਲੇ ਹਨ ॥ ੪ ॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥

ਹੇ ਕਰਤਾ ਪੁਰਖ ! ਤੂੰ ਸਭ ਪੁਰਖਾਂ ਦੀ ਆਦ ਹੈਂ ਅਤੇ ਸੰਸਾਰ ਤੋਂ ਅਪਰ=ਪਰਾ ਰੂਪ ਹੈਂ,
ਤੇਰੇ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥

ਸਾਰਿਆਂ ਜੁਗਾਂ ਵਿਖੇ ਸ਼ਦਾ ਸਦਾ ਇਕ ਤੂੰ ਹੀ ਤੂੰ ਹੈਂ। ਸੋ ਤੂੰ ਨਿਸਚਲ ਕਰਤਾ ਪੁਰਖ ਹੈਂ।

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥

ਜੋ ਤੈਨੂੰ ਆਪ ਨੂੰ ਭਾਂਵਦਾ ਹੈ ਉਹੀ ਵਰਤਾਰਾ ਸਾਰੇ ਸੰਸਾਰ ਵਿਚ ਵਰਤਦਾ ਹੈ। ਜੋ ਤੂੰ ਆਪ ਕਰਦਾ ਹੈਂ ਉਹੀ ਕੁਝ ਹੁੰਦਾ ਹੈ।

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥

ਹੇ ਹਰਿ ਜੀ ! ਤੁਸੀਂ ਆਪ ਹੀ ਸਾਰੀ ਸ੍ਰਿਸ਼ਟੀ ਉਤਪੰਨ ਕੀਤੀ ਹੈ, ਪੁਨਾ ਤੁਸੀਂ ਆਪ ਹੀ ਸਾਰੀ ਸ੍ਰਿਸ਼ਟੀ ਦੀ ਸਿਰਜਿ=ਪਾਲਣਾ ਕੀਤੀ ਹੈ। ਅੰਤ ਵਿਚ ਆਪ ਨੇ ਹੀ ਸਾਰੀ ਸ੍ਰਿਸ਼ਟੀ ਗੋਈ=ਬੁਲਾਈ, ਮਿਲਾਈ ਤੇ ਛਪਾਈ ਹੈ।

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥ ੫ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਜਨੋ ! ਉਸ ਕਰਤੇ ਪੁਰਖ ਦੇ ਗੁਣਾਂ ਨੂੰ ਗਾਵਣਾ ਕਰੋ, ਜੋ ਪ੍ਰਭੂ ਸਾਰਿਆਂ ਦੇ ਜਾਣੋਈ=ਉਤਪੰਨ ਕਰਨ ਵਾਲਾ ਹੈ, *ਅਥਵਾ:*-ਸਭ ਦੇ ਦਿਲਾਂ ਦੀਆਂ ਗੱਲਾਂ ਜਾਨਣ ਵਾਲਾ ਹੈ ॥ ੫ ॥ ੨ ॥

ੴ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥

ਕਿਸੀ ਸੰਤ ਨੇ ਬੇਨਤੀ ਕੀਤੀ, ਹੇ ਪ੍ਰਭੂ ! ਉਹ ਪਰਮਾਤਮਾ ਕੇਡਾ ਕੁ ਵੱਡਾ ਹੈ ? *ਉੱਤਰ:*-

ਸੁਣਿ ਵਡਾ ਆਖੈ ਸਭ ਕੋਈ ॥ ਕੇਵਡੁ ਵਡਾ ਡੀਠਾ ਹੋਈ ॥

ਇਕ ਦੂਜੇ ਤੋਂ ਸੁਣਕੇ,

ਅਥਵਾ:-ਸ਼ਾਸਤ੍ਰਾਂ ਦੁਆਰੇ ਸੁਣ ਕੇ ਸਭ ਕੋਈ ਪਰਮਾਤਮਾ ਨੂੰ ਵੱਡਾ ਕਰਕੇ ਆਖਦਾ ਹੈ। ਇਦੰ ਮਿਥ ਕਰਕੇ ਕੇਡਾ ਕੁ ਵੱਡਾ ਕੋਈ ਕਹੇ। ਕਿਸੇ ਦਾ ਦੇਖਿਆ ਹੋਇਆ ਹੋਵੇ ਤਾਂ ਕੋਈ ਪੂਰੀ ਤਰ੍ਹਾਂ ਕਹਿ ਸਕੇ ਕਿ ਉਹ ਪਰਮਾਤਮਾ ਏਡਾ ਕੁ ਵੱਡਾ ਹੈ। ਜੇ ਕਿਸੇ ਨੇ ਦੇਖਿਆਂ ਹੀ ਨਹੀਂ ਤਾਂ ਕੋਈ ਕੇਡਾ ਕੁ ਵੱਡਾ ਕਹੇ।

[ਪੰਨਾ ੩੪੯]

ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥ ੧॥

ਨਾ ਉਸ ਦੀ ਕੀਮਤ ਪਾਈ ਜਾ ਸਕਦੀ ਹੈ, ਨਾ ਹੀ ਉਸ ਦਾ ਸਮਗ੍ਰ ਜਸ ਕਿਹਾ ਜਾਂਦਾ ਹੈ।

ਅਥਵਾ:-ਜਿਨ੍ਹਾਂ ਨੇ ਉਸ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਇਆ ਹੈ, ਉਨ੍ਹਾਂ ਸੰਤਾਂ ਪਾਸੋਂ ਵੀ ਉਸ ਦਾ ਸਮਗ੍ਰ ਜਸ ਕਥਨ ਨਹੀਂ ਕੀਤਾ ਜਾਂਦਾ। ਤੇਰੇ=ਤਿਸ ਪਰਮਾਤਮਾ ਦੇ ਜਸ ਨੂੰ ਕਹਿਣ ਵਾਲੇ ਜਨ ਤਿਸਦੇ ਵਿਚ ਹੀ ਅਭੇਦ ਹੋ ਰਹਿੰਦੇ ਹਨ॥ ੧॥

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥

ਹੇ ਮੇਰੇ ਸਾਹਿਬਾ ! ਤੂੰ ਸਾਰਿਆਂ ਤੋਂ ਵੱਡਾ ਗਹਿਰ=ਡੂੰਘਾ, ਗੰਭੀਰਾ=ਨਿਰਹਲ ਅਤੇ ਸ਼ੁਭ ਗੁਣਾਂ ਦਾ ਗਹੀਰਾ=ਸਮੁੰਦਰ ਹੈਂ।

ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ ੧॥ ਰਹਾਉ॥

ਕੋਈ ਭੀ ਜਾਣਦਾ ਨਹੀਂ ਹੈ ਜੋ ਤੇਰਾ ਕੇਡਾ ਕੁ ਵੱਡਾ ਚੀਰਾ=ਵਿਸਤਾਰ ਹੈ;

ਅਥਵਾ:- ਚੀਰਾ=ਦਫ਼ਤਰ ਹੈ; *ਅਥਵਾ:*- ਚੀਰਾ=ਹਦ ਹੈ॥ ੧॥ ਰਹਾਉ॥

ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥

ਸਭ ਸੁਰਤੀ=ਵੇਦ ਪਾਠੀਆਂ ਨੇ ਮਿਲ ਕੇ ਸੁਰਤਿ ਕਮਾਈ=ਬਿਰਤੀ ਲਗਾਈ ਹੈ,

ਵਾ:-ਸਭ ਗਿਆਤ ਗੋਯਾਂ ਨੇ ਮਿਲ ਕੇ ਸੁਰਤਿ ਕਮਾਈ=ਗਿਆਤ ਲਗਾਈ ਹੈ।

ਅਥਵਾ:-ਸਭ ਸ੍ਰੇਸ਼ਟ ਪ੍ਰੀਤੀ ਵਾਲਿਆਂ ਨੇ ਮਿਲ ਕੇ ਸੁਰਤਿ=ਸ੍ਰੇਸ਼ਟ ਪ੍ਰੀਤੀ ਲਗਾਈ ਹੈ। ਪਰ ਕਮਾਈ=ਕਮ ਹੀ ਆਈ ਹੈ। ਸਭ ਕੀਮਤਿ=ਜੋਤਸ਼ੀਆਂ ਨੇ, *ਅਥਵਾ:*-ਜਵਾਹਰੀਆਂ ਨੇ ਮਿਲ ਕੇ ਉਸ ਦੀ ਕੀਮਤ ਪਾਈ ਹੈ। ਪਰ ਕੀ ਮਰਯਾਦਾ ਪਾਈ ਹੈ ? ਅਰਥਾਤ ਕੋਈ ਨਹੀਂ ਪਾਈ।

ਗਿਆਨੀ ਧਿਆਨੀ ਗੁਰ ਗੁਰ ਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥ ੨॥

ਗਿਆਨ ਦੀਆਂ ਗੱਲਾਂ ਕਰਨ ਵਾਲੇ ਜੋ ਗਿਆਨੀ ਹਨ, ਧਿਆਨ ਲਗਾਉਣ ਵਾਲੇ ਜੋ ਧਿਆਨੀ ਹਨ, ਗੁਰੂ ਅਤੇ ਗੁਰੂਆਂ ਦੇ ਜੋ ਵੱਡੇ ਗੁਰੂ ਦਾਦਾ ਗੁਰੂ ਹਨ।

ਅਥਵਾ:-ਗੁਰੂ ਅਤੇ ਗੁਰੂਆਂ ਦੇ ਜੋ ਗੁਰ ਹਾਈ=ਗੁਰ-ਭਾਈ ਹਨ ਭਾਵ ਜੋ ਚਾਚੇ ਗੁਰੂ ਹਨ।

ਅਥਵਾ:-ਗੁਰੂ ਅਤੇ ਆਪਣੇ ਜੋ ਗੁਰ ਹਾਈ=ਗੁਰ ਭਾਈ ਹਨ। *ਅਥਵਾ:*-ਗੁਰ ਵੱਡੇ ਜੋ ਪਰਬਤ ਹਨ, ਉਹਨਾਂ ਗੁਰ=ਪਰਬਤਾਂ ਦੇ ਹਾਈ=ਹਤ ਕਰਨ ਵਾਲਾ ਜੋ ਇੰਦਰ ਹੈ।

ਅਥਵਾ:-ਗੁਰ ਨਾਮ ਬ੍ਰਹਸਪਤਿ ਦਾ ਹੈ, ਉਸ ਬ੍ਰਹਸਪਤਿ ਦਾ ਗੁਰੂ ਜੋ ਬ੍ਰਹਮਾ ਹੈ।

ਇਨ੍ਹਾਂ ਸਾਰਿਆਂ ਪਾਸੋਂ ਹੇ ਪ੍ਰਭੂ ! ਤੇਰੀ ਤਿਲ ਜਿਤਨੀ ਵਡਿਆਈ ਵੀ ਕਥਨ ਨਹੀਂ ਕੀਤੀ ਜਾਂਦੀ ॥ ੨॥

ਪ੍ਰਸ਼ਨ-ਸਤੀਆਂ ਨੂੰ ਸਤ ਦੀ ਪ੍ਰਾਪਤੀ, ਤਪੀਆਂ ਨੂੰ ਤਪ ਦੀ ਪ੍ਰਾਪਤੀ, ਗੁਰਮੁਖਾਂ ਨੂੰ ਚੰਗਿਆਈਆਂ ਦੀ ਪ੍ਰਾਪਤੀ, ਸਿੱਧਾਂ ਨੂੰ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਆਪਣੇ ਆਪ ਹੁੰਦੀ ਹੈ ਜਾਂ ਉਸ ਦੀ ਕਿਰਪਾ ਨਾਲ ਹੁੰਦੀ ਹੈ ?

ਗੁਰ ਉੱਤਰ-

ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆਂ ॥

ਸਾਰੇ ਸਤਵਾਦੀਆਂ ਨੂੰ ਜੋ ਸਤ ਦੀ ਪ੍ਰਾਪਤੀ ਹੈ, ਸਭ ਤਪੀਆਂ ਨੂੰ ਜੋ ਤਪ ਦੀ ਪ੍ਰਾਪਤੀ ਹੈ, ਸਾਰੇ ਗੁਰਮੁਖਾਂ ਨੂੰ ਜੋ ਚੰਗਿਆਈਆਂ ਦੀ ਪ੍ਰਾਪਤੀ ਹੈ, ਸਿੱਧਾਂ ਨੂੰ ਜੋ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੈ, ਪੁਰਸ਼ਾਂ ਨੂੰ ਜੋ ਵਡਿਆਈਆਂ ਦੀ ਪ੍ਰਾਪਤੀ ਹੈ, ਇਹ ਸਭ ਉਸ ਪਰਮਾਤਮਾ ਦੀ ਕਿਰਪਾ ਕਰਕੇ ਹੈ।

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥ ੩ ॥

ਤਿਸ ਪਰਮੇਸ਼ਰ ਦੀ ਕਿਰਪਾ ਬਿਨਾਂ ਰਿਧੀ ਸਿਧੀ ਕਿਸੇ ਨੇ ਨਹੀਂ ਪਾਈ। ਉਸ ਪਰਮਾਤਮਾ ਦੀ ਕਰਮਿ=ਕਿਰਪਾ ਨਾਲ ਜਿਸ ਨੂੰ ਰਿਧੀਆਂ ਸਿਧੀਆਂ ਮਿਲਦੀਆਂ ਹਨ, ਉਹ ਫਿਰ ਕਿਸੇ ਦੀਆਂ ਠਾਕਿ=ਰੋਕੀਆਂ ਹੋਈਆਂ ਰੁਕ ਨਹੀਂ ਰਹਿੰਦੀਆਂ। ਜੇਕਰ ਪਰਮਾਤਮਾ ਦੀ ਕਿਰਪਾ ਨਾ ਮਿਲੇ ਤਾਂ ਮਿਲਦੀਆਂ ਹੋਈਆਂ ਵੀ ਰੁਕ ਜਾਂਦੀਆਂ ਹਨ।

(ਇਥੇ ਰਾਮ ਰਾਇ ਜੀ ਦੀ ਸਾਖੀ ਲਗਦੀ ਹੈ, ਅਮੀਰ ਭੰਡਾਰ ਗ੍ਰੰਥ ਵਿੱਚੋਂ ੪੨੫ ਪੰਨੇ ਤੇ ਪੜ੍ਹ ਲੈਣੀ)

ਆਖਣ ਵਾਲਾ ਕਿਆ ਬੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥

ਪਰਮਾਤਮਾ ਦੇ ਜਸ ਨੂੰ ਆਖਣ ਵਾਲਾ ਇਹ ਜੀਵ ਵਿਚਾਰਾ ਕੀ ਹੈ, ਜੋ ਉਸ ਦੇ ਸਮਗ੍ਰ ਜਸ ਨੂੰ ਕਹਿ ਸਕੇ। ਤਿਸ ਸਿੰਫਤੀ=ਪਰਮਾਤਮਾ ਦੀ ਸਿਫ਼ਤ ਦੇ ਭੰਡਾਰੇ ਵੇਦ, ਸ਼ਾਸਤ੍ਰ,

ਵਾ:-ਮਹਾਤਮਾ ਦੇ ਅੰਤਹਕਰਣ ਭਰੇ ਪਏ ਹਨ।

ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥ ੪ ॥ ੧ ॥

ਤੂੰ=ਪੂਰਾ ਜਿਸ ਪੁਰਸ਼ ਨੂੰ ਪਰਮਾਤਮਾ ਆਪਣਾ ਆਪ ਦੇਂਦਾ ਹੈ, *ਅਥਵਾ:-* ਆਪਣਾ ਆਸਰਾ ਦੇਂਦਾ ਹੈ, *ਅਥਵਾ:-* ਪਦਾਰਥ ਆਦਿ ਦੇਂਦਾ ਹੈ, ਤਿਸਦੇ ਨਾਲ ਕਿਸੇ ਦਾ ਕੀ ਚਾਰਾ=ਜ਼ੋਰ ਚਲ ਸਕਦਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਸੱਚਾ ਪਰਮਾਤਮਾ ਆਪ ਉਸ ਦੇ ਸਵਾਰਨ ਵਾਲਾ ਹੁੰਦਾ ਹੈ।

ਅਥਵਾ:- ਤੂੰ=ਪੂੰਨਾ ਜਿਸ ਨੂੰ ਪਰਮਾਤਮਾ ਆਪਣਾ ਆਪ ਦੇਂਦਾ ਹੈ, ਤਿਸ ਦਾ ਕੀ ਦਾਰਾ=ਚਾਲ ਚਲਨ ਹੈ ?

ਗੁਰ ਉੱਤਰ- ਉਹ ਸਚ ਦੇ ਸਵਾਰਨ ਵਾਲਾ ਹੁੰਦਾ ਹੈ, ਭਾਵ ਆਤਮਾ ਅਨਾਤਮਾ ਦੇ ਵਿਚਾਰ ਵਾਲਾ ਹੋ ਕੇ ਅਨਾਤਮ ਪਦਾਰਥਾਂ ਦਾ ਤਿਆਗ ਕਰਦਾ ਹੈ ਅਤੇ ਆਤਮ ਵਸਤੂ ਨੂੰ ਗ੍ਰਹਿਣ ਕਰਦਾ ਹੈ॥ ੪ ॥ ੧ ॥

ਆਸਾ ਮਹਲਾ ੧ ॥

ਉਥਾਨਕਾ- ਜਿਸ ਵੇਲੇ ਦੇਸ਼ਾਂ ਦਿਸਾਂਤਰਾਂ ਦਾ ਰਟਨ ਕਰਕੇ ਗੁਰੂ ਜੀ ਵਾਪਸ ਤਲਵੰਡੀ ਪਹੁੰਚੇ ਹਨ ਅਤੇ ਮਾਤਾ ਪਿਤਾ ਜੀ ਨੂੰ ਘਰ ਆ ਕੇ ਮਿਲੇ ਹਨ, ਉਸ ਵੇਲੇ ਮਾਤਾ ਜੀ ਬਹੁਤ ਖੁਸ਼ੀ ਵਿਚ ਬਾਰ-ਬਾਰ ਆਪਣੇ ਪੁੱਤਰ ਨੂੰ ਬੁਲਾਉਣ, ਪਰ ਗੁਰੂ ਜੀ ਬਹੁਤਾ ਨਾ ਬੋਲਣ; ਹਰ ਵੇਲੇ ਪਰਮਾਤਮਾ ਦਾ ਨਾਮ ਉਚਾਰਦੇ ਰਹਿਣ। ਤਾਂ ਮਾਤਾ

ਜੀ ਨੇ ਕਿਹਾ- ਪੁੱਤਰ ! ਇਤਨਾ ਪਰਮੇਸ਼ਰ ਦਾ ਨਾਮ ਕਿਉਂ ਜਪਦੇ ਹੋ, ਜੋ ਸਾਡੇ ਨਾਲ ਬੋਲਦੇ ਭੀ ਨਹੀਂ ? ਤਾਂ ਗੁਰੂ ਜੀ ਨੇ ਕਿਹਾ-

ਆਖਾ ਜੀਵਾ ਵਿਸਰੈ ਮਰਿ ਜਾਉ॥

ਹੇ ਮਾਤਾ ਜੀ ! ਮੈਂ ਪਰਮੇਸ਼ਰ ਦੇ ਨਾਮ ਨੂੰ ਉਚਾਰਦਾ ਰਹਾਂ, ਤਦ ਹੀ ਮੇਰਾ ਜੀਵਣਾ ਹੈ, ਜੇਕਰ ਵਿਸਰੈ=ਭੁਲ ਜਾਵੇ ਤਾਂ ਮੇਰਾ ਮਰ ਜਾਣਾ ਹੁੰਦਾ ਹੈ।

ਮਾਤਾ ਜੀ ਨੇ ਕਿਹਾ-ਜਿਵੇਂ ਹੋਰ ਲੋਕੀਂ ਨਾਮ ਜਪਦੇ ਹਨ ਅਤੇ ਆਪਣਾ ਵਿਹਾਰ ਵੀ ਕਰਦੇ ਹਨ, ਤਿਵੇਂ ਤੁਸੀਂ ਵੀ ਨਾਮ ਜਪ ਕੇ ਸਾਡੇ ਨਾਲ ਬੋਲਿਆ ਕਰੋ। *ਗੁਰ ਉੱਤਰ-*

ਆਖਣਿ ਅਉਖਾ ਸਾਚਾ ਨਾਉ॥

ਹੇ ਮਾਤਾ ਜੀ ! ਇਕਾਗਰ ਮਨ ਹੋ ਕੇ ਜਿਹੜਾ ਸੱਚੇ ਨਾਮ ਦਾ ਆਖਣਾ ਹੈ, ਇਹ ਬਹੁਤ ਹੀ ਅਉਖਾ= ਕਠਨ ਹੈ।

ਸਾਚੇ ਨਾਮ ਕੀ ਲਾਗੈ ਭੂਖ॥

ਸਾਨੂੰ ਹਰ ਵੇਲੇ ਸੱਚੇ ਨਾਮ ਜਪਣ ਦੀ ਭੂਖ=ਚਾਹ ਲੱਗੀ ਰਹਿੰਦੀ ਹੈ।

ਤਿਤੁ ਭੂਖੈ ਖਾਇ ਚਲੀਅਹਿ ਦੂਖ॥ ੧॥

ਤਿਸ ਭੁਖ ਦੇ ਖਾਣ ਨਾਲ ਭਾਵ ਨਾਮ ਜਪਣ ਨਾਲ ਸਾਰੇ ਦੁਖ ਚਲੇ ਜਾਂਦੇ ਹਨ।

ਯਥਾ- ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ॥

(ਸਿਰੀਰਾਗੁ ਮ: ੫, ਪੰਨਾ ੪੩)

ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥ ੧॥ ਰਹਾਉ॥

ਹੇ ਮਾਤਾ ਜੀ ! ਉਸ ਪਰਮੇਸ਼ਰ ਦਾ ਨਾਮ ਮੈਨੂੰ ਕਿਵੇਂ ਭੁਲੇ ? ਜੋ ਸਾਹਿਬ ਆਪ ਵੀ ਸੱਚਾ ਹੈ ਅਤੇ ਜਿਸਦਾ ਨਾਮ ਵੀ ਸੱਚਾ ਹੈ॥ ੧॥ ਰਹਾਉ॥

ਸਾਚੇ ਨਾਮ ਕੀ ਤਿਲੁ ਵਡਿਆਈ॥ ਆਖਿ ਥਕੇ ਕੀਮਤਿ ਨਹੀ ਪਾਈ॥

ਹੇ ਮਾਤਾ ਜੀ ! ਸੱਚੇ ਪਰਮੇਸ਼ਰ ਦੇ ਨਾਮ ਦੀ ਵਡਿਆਈ ਨੂੰ ਸਾਰੇ ਲੋਕੀਂ ਆਖ ਆਖ ਕੇ ਥੱਕ ਗਏ ਹਨ, ਪਰ ਇਕ ਤਿਲ ਮਾਤਰ ਵੀ ਉਸ ਦੀ ਕੀਮਤ ਕਿਸੇ ਨੇ ਨਹੀਂ ਪਾਈ।

ਪੁਨਾ ਮਾਤਾ ਜੀ ਨੇ ਕਿਹਾ- ਜੇ ਸਾਰੇ ਇਕੱਠੇ ਹੋ ਕੇ ਉਸ ਦੀ ਵਡਿਆਈ ਨੂੰ ਕਹਿਣ ਤਦ ਤਾਂ ਉਸ ਦੀ ਕੀਮਤ ਪੈ ਜਾਂਦੀ ਹੋਵੇਗੀ ? *ਗੁਰ ਉੱਤਰ-*

ਜੇ ਸਭਿ ਮਿਲਿ ਕੈ ਆਖਣ ਪਾਹਿ॥

ਜੇ ਸਾਰੇ ਪੁਰਸ਼ ਭੀ ਮਿਲ ਕੇ ਉਸ ਦੀ ਵਡਿਆਈ ਨੂੰ ਆਖਣਾ ਪਾਣ, ਤਾਂ ਵੀ ਉਸ ਦੀ ਕੀਮਤ ਨਹੀਂ ਪੈਂਦੀ।

ਫਿਰ ਮਾਤਾ ਜੀ ਨੇ ਕਿਹਾ-ਜਿਵੇਂ ਸੰਸਾਰ ਵਿਚ ਕਿਸੇ ਦੀ ਵਡਿਆਈ ਨੂੰ ਕਰੀਏ ਤਾਂ ਉਹ ਫੁਲ ਕੇ ਵੱਡਾ ਜਾਂਦਾ ਹੈ। ਜੇ ਕਿਸੇ ਦੀ ਨਿੰਦਾ ਕਰੀਏ ਤਾਂ ਉਸ ਦਾ ਜਸ ਘਟ ਜਾਂਦਾ ਹੈ।

ਪਰਮੇਸ਼ਰ ਵੀ ਵੈਸੇ ਹੀ ਹੋਵੇਗਾ। *ਗੁਰ ਉੱਤਰ-*

ਵਡਾ ਨ ਹੋਵੈ ਘਾਟਿ ਨ ਜਾਇ॥ ੨॥

ਹੇ ਮਾਤਾ ਜੀ ! ਉਸਤਤ ਕਰਨ ਨਾਲ ਉਹ ਪਰਮਾਤਮਾ ਵੱਡਾ ਨਹੀਂ ਹੁੰਦਾ ਅਤੇ ਨਿੰਦਾ ਦੇ ਕਰਨ ਨਾਲ ਉਹ ਘਟ ਨਹੀਂ ਜਾਂਦਾ॥ ੨॥

ਯਥਾ:- ਜ਼ਿਮੀ ਜ਼ਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥

ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥ *(ਦਸਮ ਗ੍ਰੰਥ, ਪੰਨਾ ੨੬)*

ਫਿਰ ਮਾਤਾ ਜੀ ਨੇ ਕਿਹਾ-ਜੋ ਪ੍ਰੇਮ ਨਾਲ ਪਰਮਾਤਮਾ ਦਾ ਜਸ ਕਥਨ ਕਰਦੇ ਹਨ, ਉਨ੍ਹਾਂ ਨੂੰ ਕੀ ਫਲ ਮਿਲਦਾ ਹੈ ਅਤੇ ਜੋ ਨਿੰਦਾ ਕਰਦੇ ਹਲ, ਉਨ੍ਹਾਂ ਨੂੰ ਕੀ ਫਲ ਮਿਲਦਾ ਹੈ ?

ਗੁਰ ਉੱਤਰ- ਵਡਾ ਨ ਹੋਵੈ ਘਾਟਿ ਨ ਜਾਇ॥ ੨॥

ਜੋ ਪੁਰਸ਼ ਪ੍ਰੇਮ ਭਾਵ ਨਾਲ ਪਰਮਾਤਮਾ ਦੇ ਜਸ ਨੂੰ ਆਖਦਾ ਹੈ, ਉਹ ਵੱਡਾ ਨਹੀਂ ਹੁੰਦਾ। ਕਿੰਤੂ ਜ਼ਰੂਰ ਹੁੰਦਾ ਹੈ। ਜੋ ਨਿੰਦਿਆ ਕਰਦਾ ਹੈ, ਉਸ ਦਾ ਜਸ ਘਟ ਨਹੀਂ ਜਾਂਦਾ। ਕਿੰਤੂ ਘਟ ਜਾਂਦਾ ਹੈ।

ਫਿਰ ਮਾਤਾ ਜੀ ਨੇ ਕਿਹਾ-ਜਿਵੇਂ ਕਿਸੇ ਪੁਰਸ਼ ਦਾ ਮਰਨਾ ਨੇੜੇ ਆ ਜਾਵੇ ਤਾਂ ਉਹ ਆਪਣੇ ਮਰਨੇ ਨੂੰ ਸੁਣ ਕੇ ਸੋਗ ਪ੍ਰਗਟ ਕਰਦਾ ਹੈ। ਤਿਵੇਂ ਆਪਣਾ ਮਰਨਾ ਸੁਣ ਕੇ ਪਰਮਾਤਮਾ ਨੂੰ ਵੀ ਸੋਗ ਹੁੰਦਾ ਹੋਵੇਗਾ ?

ਗੁਰ ਉੱਤਰ-

ਨਾ ਓਹੁ ਮਰੈ ਨ ਹੋਵੈ ਸੋਗੁ॥

ਹੇ ਮਾਤਾ ਜੀ ! ਨਾ ਉਹ ਪਰਮੇਸ਼ਰ ਮਰਦਾ ਹੈ, ਨਾ ਹੀ ਉਸ ਨੂੰ ਸੋਗ ਹੁੰਦਾ ਹੈ।

ਫਿਰ ਮਾਤਾ ਜੀ ਨੇ ਕਿਹਾ-ਜਿਵੇਂ ਕਿਸੇ ਦਾ ਪਿਉ ਮਰ ਜਾਵੇ ਤਾਂ ਪੁੱਤਰ ਨੂੰ ਸੋਗ ਹੁੰਦਾ ਹੈ। ਤਿਵੇਂ ਪਰਮੇਸ਼ਰ ਦੇ ਮਰਨ ਕਰਕੇ ਭਗਤ ਜਨਾਂ ਨੂੰ ਸੋਗ ਹੁੰਦਾ ਹੋਵੇਗਾ ?

ਗੁਰ ਉੱਤਰ- ਨਾ ਓਹੁ ਮਰੈ ਨ ਹੋਵੈ ਸੋਗੁ॥

ਨਾ ਉਹ ਪਰਮੇਸ਼ਰ ਮਰਦਾ ਹੈ, ਨਾ ਹੀ ਭਗਤ ਜਨਾਂ ਨੂੰ ਸੋਗ ਹੁੰਦਾ ਹੈ।

ਫਿਰ ਮਾਤਾ ਜੀ ਨੇ ਕਿਹਾ- ਜਿਵੇਂ ਮਨੁੱਖ ਪ੍ਰਸ਼ਾਦ ਵੰਡਦਾ-ਵੰਡਦਾ ਕਈਆਂ ਨੂੰ ਦੇਣਾ ਭੁਲ ਜਾਂਦਾ ਹੈ, ਤਿਵੇਂ ਪਰਮਾਤਮਾ ਵੀ ਸਾਰਿਆਂ ਨੂੰ ਖੁਰਾਕ ਦੇਂਦਾ ਦੇਂਦਾ ਭੁਲ ਜਾਂਦਾ ਹੋਵਗਾ? *ਗੁਰ ਉੱਤਰ-* ਹੇ ਮਾਤਾ ਜੀ !

ਦੇਂਦਾ ਰਹੈ ਨ ਚੁਕੈ ਭੋਗੁ॥

ਉਹ ਪਰਮਾਤਮਾ ਸਾਰਿਆਂ ਨੂੰ ਖੁਰਾਕ ਦੇਂਦਾ ਰਹਿੰਦਾ ਹੈ, ਪਰ ਭੋਗੁ=ਪਦਾਰਥ ਦੇਂਦਿਆਂ ਚੁਕੈ ਨ= ਭੁਲਦਾ ਨਹੀਂ। ਫਿਰ ਮਾਤਾ ਜੀ ਨੇ ਕਿਹਾ— ਜਿਵੇਂ ਭੰਡਾਰੇ ਵਿਚੋਂ ਪਦਾਰਥ ਵੰਡਦਿਆਂ ਵੰਡਦਿਆਂ ਮੁਕ ਜਾਂਦੇ ਹਨ, ਤਿਵੇਂ ਸਾਰਿਆਂ ਨੂੰ ! ਪਦਾਰਥਾਂ ਦੀਆਂ ਦਾਤਾਂ ਦੇਂਦਿਆਂ ਪਰਮੇਸ਼ਰ ਦੇ ਭੰਡਾਰੇ ਵਿਚੋਂ ਵੀ ਪਦਾਰਥ ਮੁਕ ਜਾਂਦੇ ਹੋਣਗੇ ? *ਗੁਰ ਉੱਤਰ—*

ਦੇਂਦਾ ਰਹੈ ਨ ਚੁਕੈ ਭੋਗੁ॥ ਉਹ ਪਰਮੇਸ਼ਰ ਹਮੇਸ਼ਾਂ ਸਾਰਿਆਂ ਨੂੰ ਦੇਂਦਾ ਰਹਿੰਦਾ ਹੈ; ਪਰੰਤੂ, ਉਸ ਦੇ ਖਜ਼ਾਨੇ ਵਿਚੋਂ ਭੋਗ=ਪਦਾਰਥ ਮੁੱਕਦੇ ਨਹੀਂ ਹਨ।

ਫਿਰ ਮਾਤਾ ਜੀ ਨੇ ਕਿਹਾ- ਇਹੋ ਜਿਹੇ ਗੁਣ ਕਿਸੇ ਹੋਰ ਵਿਚ ਵੀ ਹਨ ਜਾਂ ਨਹੀਂ ?

ਗੁਰ ਉੱਤਰ-

ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥ ੩॥

ਹੇ ਮਾਤਾ ਜੀ ! ਇਹੋ ਜਿਹਾ ਗੁਣ ਹੋਰ ਕਿਸੇ ਵਿਚ ਨਹੀਂ ਹੈ। ਪਰਮੇਸ਼ਰ ਜਿਹਾ ਨਾ ਕੋਈ ਪਿਛੇ ਸੀ, ਨਾ ਕੋਈ ਅੱਗੇ ਹੋਵੇਗਾ॥ ੩॥

ਜੇਵਡੁ ਆਪਿ ਤੇਵਡ ਤੇਰੀ ਦਾਤਿ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥

ਜਿੱਡਾ ਵੱਡਾ ਉਹ ਪਰਮਾਤਮਾ ਆਪ ਹੈ, ਉਤਨੀਆਂ ਹੀ ਵੱਡੀਆਂ ਉਸ ਦੀਆਂ ਦਾਤਾਂ ਹਨ।

ਪ੍ਰਸ਼ਨ-ਕਿਹੜੀਆਂ ਦਾਤਾਂ ਹਨ ?

ਗੁਰ ਉੱਤਰ- ਜਿਸ ਪਰਮੇਸ਼ਰ ਨੇ ਕਾਰ-ਵਿਹਾਰ ਲਈ ਦਿਨ ਬਣਾ ਕੇ ਫਿਰ ਜੀਵਾਂ ਦੇ ਅਰਾਮ ਕਰਨ ਲਈ ਰਾਤ ਬਣਾਈ ਹੈ। ਜੇ ਕੇਵਲ ਦਿਨ ਹੀ ਰਹਿੰਦਾ ਤਾਂ ਲੋਕਾਂ ਨੇ ਧੰਦਿਆਂ ਵਿਚ ਹੀ ਮਰ ਜਾਣਾ ਸੀ। ਜੇ ਰਾਤ ਹੀ ਰਹਿੰਦੀ ਤਾਂ ਅੰਧ ਧੁੰਦ ਵਿਚ ਹੀ ਵਿਆਕੁਲ ਹੋ ਜਾਣਾ ਸੀ।

ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥ ੪॥ ੨॥

ਹੇ ਮਾਤਾ ਜੀ ! ਐਸੇ ਖਸਮੁ=ਪਰਮਾਤਮਾ ਨੂੰ ਜਿਹੜੇ ਪੁਰਸ਼ ਭੁਲਾਂਵਦੇ ਹਨ, ਉਹ ਨੀਵੀਂ ਜਾਤੀ ਵਾਲੇ ਹਨ। ਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਨਾਮ ਜਪੇ ਤੋਂ ਬਿਨਾਂ ਇਹ ਜੀਵ ਸਨਾਤਿ=ਭੂਤਨਾ ਹੋ ਰਿਹਾ ਹੈ॥ ੪॥ ੨॥

ਆਸਾ ਮਹਲਾ ੧॥

ਸਿੱਖਾਂ ਨੇ ਬੇਨਤੀ ਕੀਤੀ- ਹੇ ਪ੍ਰਭੂ ! ਜੇ ਕੁਝ ਮੰਗਣਾ ਹੋਵੇ ਤਾਂ ਕਿਸ ਪਾਸੋਂ ਮੰਗਣਾ ਕਰੀਏ ? ਤਾਂ ਗੁਰੂ ਜੀ ਨੇ ਕਿਹਾ- ਪਹਿਲੇ ਤਾਂ ਕਿਸੀ ਕੋਲੋਂ ਮੰਗਣਾ ਹੀ ਨਹੀਂ ਚਾਹੀਦਾ, ਜੇ ਮੰਗਣ ਦੀ ਆਦਤ ਹੋਵੇ ਤਾਂ ਪਰਮੇਸ਼ਰ ਕੋਲੋਂ ਮੰਗਣਾ ਕਰੇ।

ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ॥
ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ॥ ੧॥

ਜਿਹੜਾ ਕੋਈ ਪੁਰਸ਼ ਕਿਸੇ ਦੇ ਦਰਵਾਜ਼ੇ ਤੇ ਜਾ ਕੇ ਕੂਕ ਕਰੇ=ਉਚੀਆਂ ਫਰਿਆਦਾਂ ਕਰਕੇ ਮੰਗਣਾ ਕਰਦਾ ਹੈ, ਤੇ ਮਹਲੀ=ਮੰਦਰਾਂ ਵਾਲਾ ਮਾਲਕ ਉਨ੍ਹਾਂ ਫ਼ਰਿਆਦਾਂ ਨੂੰ ਸੁਣਦਾ ਹੈ। ਹੁਣ ਇਹ ਉਸਦੀ ਮਰਜ਼ੀ ਹੈ ਕਿ ਭਾਵੇਂ ਧੀਰਕ=ਧੀਰਜ ਦੇਵੇ ਭਾਵੇਂ ਧੱਕੇ। ਜੇਕਰ ਤਾਂ ਉਹ ਭਲਾ ਲੋਕ ਹੋਵੇਗਾ ਤਾਂ ਧੀਰਜ ਦੇਵੇਗਾ ਕਿ ਠਹਿਰ ਜਾ ਤੈਨੂੰ ਦੇਂਦਾ ਹਾਂ, ਜੇਕਰ ਲੜਾਕਾ ਹੋਵੇਗਾ ਤਾਂ ਧੱਕੇ ਮਾਰ ਕੇ ਬਾਹਰ ਕੱਢ ਦੇਵੇਗਾ। ਜੇਕਰ ਪਰਮੇਸ਼ਰ ਪਾਸੋਂ ਮੰਗੇਗਾ ਤਾਂ ਉਹ ਇਕ ਵਡਿਆਈ ਹੀ ਦੇਵੇਗਾ। ਇਸੀ ਤੇ ਕਿਹਾ ਹੈ-

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥ *(ਸੁਖਮਨੀ, ਪੰਨਾ ੨੮੧)*

ਅਥਵਾ-ਕਰਮਾਂ ਅਨੁਸਾਰ ਭਾਵੇਂ ਧੀਰਕ=ਸੁਖ ਦੇਵੇ, ਭਾਵੇਂ ਧਕੇ=ਦੁਖ ਦੇਵੇ; ਇਕ ਵਡਿਆਈ ਤਾਂ ਜ਼ਰੂਰ ਹੀ ਦੇਵੇਗਾ।

ਪ੍ਰਸ਼ਨ-ਧੱਕਿਆਂ ਨੂੰ ਵਡਿਆਈ ਕਿਉਂ ਕਿਹਾ ਹੈ ?

ਸਾਖੀ—ਲੈਲਾ ਮਜਨੂੰ ਦੀ

ਉੱਤਰ- ਜਿਸ ਵੇਲੇ ਲੈਲਾ ਨੇ ਫ਼ਕੀਰਾਂ ਨੂੰ ਦਾਨ ਵੰਡਿਆ ਤਾਂ ਸਭ ਫ਼ਕੀਰ ਆਪੋ ਆਪਣੇ ਲੋਟੇ ਭਰ ਭਰ ਕੇ ਲਿਆਂਵਦੇ ਸਨ। ਇਕ ਜਾਂਦੇ ਫ਼ਕੀਰ ਨੂੰ ਮਜਨੂੰ ਨੇ ਕਿਹਾ ਕਿ ਮੇਰਾ ਵੀ ਲੋਟਾ ਲੈ ਕੇ ਭਰਾ ਲਿਆ। ਉਹ ਫ਼ਕੀਰ ਦੋਵੇਂ ਲੋਟੇ ਲੈ ਕੇ ਚਲਾ ਗਿਆ। ਜਦ ਲੈਲਾ ਪਾਸ ਜਾ ਕੇ ਆਪਣਾ ਲੋਟਾ ਭਰਾਇਆ ਤਾਂ ਨਾਲ ਹੀ ਦੂਜਾ ਲੋਟਾ ਵੀ ਅੱਗੇ ਕਰ ਦਿਤਾ ਅਤੇ ਕਿਹਾ ਕਿ ਇਹ ਮਜਨੂੰ ਦਾ ਹੈ। ਲੈਲਾ ਨੇ ਮਜਨੂੰ ਦਾ ਨਾਮ ਸੁਣ ਕੇ ਉਸੀ ਵੇਲੇ ਉਹ ਲੋਟਾ ਭੰਨ ਦਿਤਾ। ਫ਼ਕੀਰ ਨੇ ਵਾਪਸ ਆ ਕੇ ਮਜਨੂੰ ਨੂੰ ਕਿਹਾ ਕਿ ਜਿਸ ਲੈਲਾ ਦਾ ਤੂੰ ਆਸ਼ਕ ਹੈਂ ਉਸ ਨੂੰ ਤੇਰੀ ਪਰਵਾਹ ਹੀ ਨਹੀਂ, ਉਸ ਨੇ ਤਾਂ ਤੇਰਾ ਠੂਠਾ ਭੰਨ ਦਿਤਾ ਹੈ। ਇਹ ਗੱਲ ਸੁਣ ਕੇ ਮਜਨੂੰ ਨੱਚਣ ਲਗ ਪਿਆ। ਫ਼ਕੀਰ ਨੇ ਕਿਹਾ, ਬਾਵਰਿਆ ! ਤੈਨੂੰ ਤਾਂ ਸਗੋਂ ਅਫ਼ਸੋਸ ਕਰਨਾ ਚਾਹੀਦਾ ਸੀ ਤੂੰ ਨੱਚਦਾ ਕਿਉਂ ਹੈਂ ? ਤਾਂ ਮਜਨੂੰ ਨੇ ਕਿਹਾ, ਭਾਵੇਂ ਉਸ ਨੇ ਮੇਰਾ ਠੂਠਾ ਭੰਨ ਦਿੱਤਾ ਹੈ, ਪਰ ਮੈਂ ਉਸ ਨੂੰ ਯਾਦ ਤਾਂ ਹਾਂ।

ਇਸੇ ਤਰ੍ਹਾਂ ਪਰਮੇਸ਼ਰ ਚਾਹੇ ਦੁਖ ਵੀ ਦੇਵੇ ਤਾਂ ਵੀ ਸਾਨੂੰ ਵਡਿਆਈ ਹੀ ਪ੍ਰਤੀਤ ਹੁੰਦੀ ਹੈ ਕਿ ਅਸੀਂ ਉਸ ਨੂੰ ਯਾਦ ਤਾਂ ਹਾਂ।

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ ੧ ॥ ਰਹਾਉ ॥

ਐਸੇ ਜੋਤੀ ਪਰਮੇਸ਼ਰ ਨੂੰ ਗੁਰਾਂ ਦੁਆਰੇ ਜਾਨਣਾ ਕਰੋ, ਗੁਰਾਂ ਦੀ ਜਾਤੀ ਕੁਜਾਤੀ ਨਾ ਪੁਛਣਾ ਕਰੋ, ਕਿਉਂਕਿ ਅੱਗੇ ਪਰਲੋਕ ਵਿਚ ਜਾਤੀ ਨੇ ਨਾਲ ਨਹੀਂ ਜਾਣਾ। ਅੱਗੇ ਜਾਤੀ ਦਾ ਹੇ=ਤਿਆਗ ਹੈ॥ ੧ ॥ ਰਹਾਉ ॥

ਆਪਿ ਕਰਾਏ ਆਪਿ ਕਰੇਇ ॥ ਆਪਿ ਉਲਾਮ੍ਹੇ ਚਿਤਿ ਧਰੇਇ ॥
ਜਾ ਤੂੰ ਕਰਣਹਾਰੁ ਕਰਤਾਰੁ ॥ ਕਿਆ ਮੁਹਤਾਜੀ ਕਿਆ ਸੰਸਾਰੁ ॥ ੨ ॥

ਕਿਸੀ ਵੇਲੇ ਆਪ ਉਤਪੰਨ ਕਰਦਾ ਹੈ, ਕਿਸੇ ਵੇਲੇ ਬ੍ਰਹਮਾ ਪਾਸੋਂ ਆਪ ਉਤਪੰਨ ਕਰਾਉਂਦਾ ਹੈ।

ਅਥਵਾ:-ਆਪ ਹੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ ਅਤੇ ਆਪ ਹੀ ਉਹਨਾਂ ਕਰਮਾਂ ਦਾ ਫਲ ਦੇਣਾ ਕਰਦਾ ਹੈ। ਆਪ ਹੀ ਗੁਰੂ ਰੂਪ ਹੋ ਕੇ ਜਗਿਆਸੂਆਂ ਦੇ ਉਲਾਂਭੇ ਚਿਤ ਵਿਚ ਧਾਰਦਾ ਹੈ। ਹੇ ਕਰਤਾਰ ! ਜਾਂ ਤੂੰ ਹੀ ਸਭ ਕੁਝ ਕਰਨੇ ਵਾਲਾ ਹੈਂ ਤਾਂ ਕਿਸੇ ਦੀ ਮੁਹਤਾਜੀ ਕਿਵੇਂ ਹੋ ਸਕਦੀ ਹੈ ਅਤੇ ਸੰਸਾਰ ਕੀ ਹੈ ?

ਆਪਿ ਉਪਾਏ ਆਪੇ ਦੇਇ ॥ ਆਪੇ ਦੁਰਮਤਿ ਮਨਹਿ ਕਰੇਇ ॥
ਗੁਰ ਪਰਸਾਦਿ ਵਸੈ ਮਨਿ ਆਇ ॥ ਦੁਖੁ ਅਨ੍ਹੇਰਾ ਵਿਚਹੁ ਜਾਇ ॥ ੩ ॥

ਆਪ ਹੀ ਜੀਵਾਂ ਦੀ ਉਤਪਤੀ ਕਰਦਾ ਹੈ, ਫਿਰ ਆਪ ਹੀ ਖਾਣ ਪਾਣ ਦੇਂਦਾ ਹੈ। ਆਪ ਹੀ ਦੁਰਮਤਿ= ਖੋਟੀ ਬੁਧੀ ਨੂੰ ਹਟਾਵਣਾ ਕਰਦਾ ਹੈ। ਉਹ ਗੁਰਾਂ ਦੀ ਕਿਰਪਾ ਨਾਲ ਮਨ ਵਿਚ ਆ ਕੇ ਵੱਸਦਾ ਹੈ। ਗੁਰਾਂ ਦੀ ਕਿਰਪਾ ਨਾਲ ਹੀ ਦੁਖਦਾਈ ਅਗਿਆਨ ਰੂਪੀ ਹਨੇਰਾ ਹਿਰਦੇ ਵਿਚੋਂ ਚਲਿਆ ਜਾਂਦਾ ਹੈ ॥ ੩ ॥

ਸਾਚੁ ਪਿਆਰਾ ਆਪਿ ਕਰੇਇ ॥ ਅਵਰੀ ਕਉ ਸਾਚੁ ਨ ਦੇਇ ॥
ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ ॥ ੪ ॥ ੩ ॥

ਪਰਮੇਸ਼ਰ ਨੇ ਆਪ ਹੀ ਸੱਚਾ ਨਾਮ ਪਿਆਰਾ ਭਾਵ ਮਹਿੰਗਾ ਕੀਤਾ ਹੋਇਆ ਹੈ (ਜਿਵੇਂ ਦਲਾਲ ਵੀ ਜਦ ਕੋਈ ਚੀਜ਼ ਮਹਿੰਗੀ ਹੋ ਜਾਵੇ ਤਾਂ ਆਖਦੇ ਹਨ ਕਿ ਅੱਜ-ਕਲ੍ਹ ਚੀਜ਼ ਪਿਆਰੀ ਹੋ ਗਈ ਹੈ, ਭਾਵ ਮਹਿੰਗੀ ਹੋ

ਗਈ ਹੈ)।

ਅਵਰੀ=ਝੱਲਿਆਂ ਪੁਰਸ਼ਾਂ ਨੂੰ ਆਪਣਾ ਸੱਚ ਨਾਮ ਜਪਣਾ ਨਹੀਂ ਦਿੰਦਾ। ਵਖਾਣੈ ਨਾਨਕੁ=ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜੇਕਰ ਪਰਮਾਤਮਾ ਕਿਸੇ ਨੂੰ ਨਾਮ ਜਪਣਾ ਦਿੰਦਾ ਹੈ ਤਾਂ ਉਸ ਪਾਸੋਂ ਫਿਰ ਆਗੈ= ਪਰਲੋਕ ਵਿਚ ਹਿਸਾਬ ਨਹੀਂ ਪੁਛ ਲੈਂਦਾ॥ ੪॥ ੩॥

ਆਸਾ ਮਹਲਾ ੧॥

ਉਥਾਨਕਾ-ਕਿਸੀ ਸਮੇਂ ਰਾਸ ਪਈ ਤਾਂ ਲੋਕਾਂ ਨੇ ਆ ਕੇ ਕਿਹਾ ਕਿ ਆਪ ਰਾਸ ਦੇਖੋ, ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਪ੍ਰਤੱਖ ਰਾਸਾਂ ਕੀ ਦੇਖਣੀਆਂ ਹਨ, ਸਾਰਾ ਸੰਸਾਰ ਹੀ ਰਾਸ ਰੂਪ ਹੈ, ਹੁਣ ਰਾਸ ਦਾ ਰੂਪੰ ਅਲੰਕਾਰ ਸੁਣੋ-

ਤਾਲ ਮਦੀਰੇ ਘਟ ਕੇ ਘਾਟ॥ ਦੋਲਕ ਦੁਨੀਆ ਵਾਜਹਿ ਵਾਜ॥
ਨਾਰਦੁ ਨਾਚੈ ਕਲਿ ਕਾ ਭਾਉ॥ ਜਤੀ ਸਤੀ ਕਹ ਰਾਖਹਿ ਪਾਉ॥ ੧॥

ਘਟ ਕੇ ਘਾਟ=ਹਿਰਦੇ ਰੂਪੀ ਅਸਥਾਨ ਵਿਚ ਆਸਾ ਤ੍ਰਿਸ਼ਨਾ ਰੂਪੀ ਤਾਲ=ਕੈਸੀਆਂ ਵੱਜ ਰਹੀਆਂ ਹਨ ਅਤੇ ਸੰਕਲਪਾਂ ਵਿਕਲਪਾਂ ਰੂਪੀ, *ਅਥਵਾ*-ਰਾਗ ਦ੍ਵੈਸ਼ ਰੂਪੀ ਮਦੀਰੇ=ਛੈਣੇ ਖੜਕ ਰਹੇ ਹਨ। ਦੁਨੀਆਂ ਰੂਪੀ ਦੋਲਕ=ਢੋਲ ਦਾ ਵਾਜਾ ਵੱਜ ਰਿਹਾ ਹੈ। ਦੁਨੀਆਂ ਵਿਚ ਦ੍ਵੈਤ ਰੂਪੀ ਢੋਲ ਦਾ ਵਾਜਾ ਵੱਜ ਰਿਹਾ ਹੈ। ਕਲਿਜੁਗ ਦਾ ਜਿਹੜਾ ਭਾਉ=ਪ੍ਰਕਾਰ ਹੈ ਇਹ ਹੀ ਨਾਰਦ ਮੁਨੀ ਨੱਚ ਰਿਹਾ ਹੈ। *ਅਥਵਾ*-ਕਲਿਜੁਗ ਦੇ ਭਾਉ=ਪ੍ਰਕਾਰ ਵਿਚ ਜਿਹੜਾ ਮਨ ਨੱਚ ਰਿਹਾ ਹੈ, ਇਹ ਹੀ ਨਾਰਦ ਮੁਨੀ ਨੱਚ ਰਿਹਾ ਹੈ। ਐਸੀ ਰਾਸ ਵਿਚ ਜਤੀ ਤੇ ਸਤਿਦਾਦੀ ਪੁਰਸ਼ ਆਪਣੇ ਮਨ ਬੁਧੀ ਰੂਪੀ ਪੈਰਾਂ ਨੂੰ ਕਿਥੇ ਰੱਖ ਸਕਦੇ ਹਨ॥ ੧॥

ਨਾਨਕ ਨਾਮ ਵਿਟਹੁ ਕੁਰਬਾਣੁ॥ਅੰਧੀ ਦੁਨੀਆ ਸਹਿਬੁ ਜਾਣੁ॥ ੧॥ ਰਹਾਉ॥
ਗੁਰੂ ਪਾਸਹੁ ਫਿਰਿ ਚੇਲਾ ਖਾਇ॥ ਤਾਮਿ ਪਰੀਤਿ ਵਸੈ ਘਰਿ ਆਇ॥

ਗੁਰੂ ਜੀ ਕਥਨ ਕਰਦੇ ਹਨ ਕਿ ਆਸੀਂ ਨਾਮ ਤੋਂ ਬਲਿਹਾਰ ਜਾਂਦੇ ਹਾਂ;

ਅਥਵਾ-ਨਾਮ ਜਪਣ ਵਾਲਿਆਂ ਤੋਂ ਅਸੀਂ ਬਲਿਹਾਰ ਜਾਂਦੇ ਹਾਂ। ਇਹ ਦੁਨੀਆਂ ਤਾਂ ਸਾਹਿਬ ਦੇ ਜਾਨਣ ਵਲੋਂ ਅੰਨ੍ਹੀ ਹੋ ਰਹੀ ਹੈ। *ਅਥਵਾ*-ਹੇ ਅੰਨ੍ਹੀ ਦੁਨੀਆਂ ! ਤੂੰ ਸਾਹਿਬ ਨੂੰ ਜਾਨਣਾ ਕਰ॥੧॥ ਪੁਨਾ ਬੇਨਤੀ ਕੀਤੀ ਕਿ ਆਪ ਜੀ ਨੇ ਕਿਹਾ ਹੈ 'ਨਾਰਦੁ ਨਾਚੈ ਕਲਿ ਕਾ ਭਾਉ।' ਇਸ ਤੇ ਆਪ ਕਲਜੁਗ ਦਾ ਪ੍ਰਕਾਰ ਦੱਸੋ ? ਇਹ ਗੱਲ ਸੁਣ ਕੇ ਗੁਰੂ ਜੀ ਕਲਜੁਗ ਦਾ ਪ੍ਰਕਾਰ ਦੱਸਦੇ ਹਨ ਕਿ ਗੁਰਾਂ ਪਾਸੋਂ ਚੰਗੇ-ਚੰਗੇ ਪਦਾਰਥ ਚੇਲਾ ਖਾਵੇ ਤਾਂ ਫਿਰ ਤਾਮਿ=ਭੋਜਨ ਦੀ ਪਰੀਤੀ ਕਰਕੇ ਚੇਲਾ ਗੁਰਾਂ ਦੇ ਘਰ ਵਿਚ ਆ ਕੇ ਵੱਸਦਾ ਹੈ। ਜੇਕਰ ਖਾਣ-ਪੀਣ ਨੂੰ ਕੁਝ ਨਾ ਮਿਲੇ ਤਾਂ ਚੇਲਾ ਗੁਰੂ ਦੇ ਨੇੜੇ ਹੀ ਨਹੀਂ ਢੁਕਦਾ ॥ ੧॥ ਰਹਾਉ॥

[ਪੰਨਾ ੩੫੦]

ਜੇ ਸਉ ਵਰ੍ਹਿਆ ਜੀਵਣ ਖਾਣੁ॥ ਖਸਮ ਪਛਾਣੈ ਸੋ ਦਿਨੁ ਪਰਵਾਣੁ॥ ੨॥

ਜੇਕਰ ਚੇਲਾ ਗੁਰਾਂ ਪਾਸ ਰਹਿ ਕੇ ਸੈਂਕੜੇ ਵਰ੍ਹੇ ਪਦਾਰਥ ਖਾਂਦਾ ਤੇ ਜੀਂਵਦਾ ਰਹੇ ਤਾਂ ਉਸ ਦਾ ਸਭ ਨਿਸਫਲ ਹੈ। ਚੇਲੇ ਦੇ ਲਈ ਉਹ ਦਿਨ ਪ੍ਰਮਾਣੀਕ ਹੈ, ਜਿਸ ਦਿਨ ਗੁਰਾਂ ਨੂੰ ਖਸਮ ਦਾ ਰੂਪ ਕਰਕੇ ਪਛਾਣੇ,

ਅਥਵਾ- ਗੁਰਾਂ ਦਵਾਰੇ ਖਸਮ=ਪਰਮਾਤਮਾ ਨੂੰ ਪਛਾਣੇ॥ ੨॥

ਹੁਣ ਕਲਜੁਗੀ ਗੁਰਾਂ ਦੇ ਲੱਛਣ ਕਥਨ ਕਰਦੇ ਹਨ-

ਦਰਸਨਿ ਦੇਖਿਐ ਦਇਆ ਨ ਹੋਇ॥ ਲਏ ਦਿਤੇ ਵਿਣੁ ਰਹੈ ਨ ਕੋਇ॥

ਜਦ ਚੇਲਾ ਸਾਲ ਜਾਂ ਦੋ ਸਾਲਾਂ ਪਿਛੋਂ ਗੁਰਾਂ ਦੇ ਦਰਸ਼ਨ ਨੂੰ ਆਉਂਦਾ ਹੈ ਅਤੇ ਖਾਲੀ ਹੱਥੀਂ ਆ ਕੇ ਮੱਥਾ ਟੇਕਦਾ ਹੈ ਤਾਂ ਕੇਵਲ ਦਰਸ਼ਨ ਕਰਨ ਨਾਲ ਹੀ ਗੁਰਾਂ ਦੇ ਮਨ ਵਿਚ ਦਇਆ ਨਹੀਂ ਆਉਂਦੀ। ਅਰਥਾਤ ਚੇਲੇ ਨੂੰ ਖਾਲੀ ਹੱਥੀਂ ਆਇਆ ਸਮਝ ਕੇ ਗੁਰੂ ਉਸ ਨੂੰ ਪ੍ਰੇਮ ਭਾਵ ਨਾਲ ਨਹੀਂ ਬੁਲਾਂਦੇ, ਨਾ ਹੀ ਜਲ ਪਾਣੀ ਪੁਛਦੇ ਹਨ। ਕਲਜੁਗ ਦਾ ਸਮਾਂ ਹੀ ਐਸਾ ਹੈ, ਚਾਹੇ ਗੁਰੂ ਹੋਵੇ, ਚਾਹੇ ਸਿਖ, ਆਪਸ ਵਿਚ ਲਏ ਦਿਤੇ ਬਗੈਰ ਕੋਈ ਰਹਿੰਦਾ ਨਹੀਂ ਹੈ।

ਹੁਣ ਕਲਜੁਗੀ ਰਾਜਿਆਂ ਦੀ ਦਸ਼ਾ ਦੱਸਦੇ ਹਨ :-

ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥ ੩॥

ਰਾਜਾ ਹੱਕ ਵਿਚ ਤਾਂ ਨਿਆਂ ਕਰਦਾ ਹੈ ਜੇਕਰ ਉਸ ਦੇ ਹੱਥ ਵਿਚ ਕੁਝ ਰੁਪਿਆ ਹੋ ਜਾਵੇ ਅਰਥਾਤ ਵੱਢੀ ਦਿੱਤੀ ਜਾਵੇ। ਜੇਕਰ ਕੋਈ ਕਹੇ ਕਿ ਮੈਂ ਗਰੀਬ ਹਾਂ, ਮੇਰੇ ਪਾਸ ਮਾਇਆ ਨਹੀਂ, ਇਸ ਲਈ ਤੁਸੀਂ ਖੁਦਾ ਦੇ ਨਮਿਤ ਨਿਆਂ ਕਰ ਦਿਉ, ਤਾਂ ਖੁਦਾ ਦਾ ਨਾਮ ਕਹਿਣ ਨਾਲ ਕੋਈ ਮੰਨਦਾ ਨਹੀਂ ਹੈ॥ ੩॥

ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ॥

ਗੁਰੂ ਜੀ ਕਥਨ ਕਰਦੇ ਹਨ-ਕਿ ਇਹ ਕਲਜੁਗੀ ਜੀਵ ਨਾਮ-ਮਾਤਰ ਮਨੁਖ ਮੂਰਤੀ ਹਨ, ਕਿਉਂਕਿ ਇਨ੍ਹਾਂ ਜੀਵਾਂ ਦੀ ਕਰਣੀ ਕੁੱਤਿਆਂ ਵਾਂਗ ਹੈ। ਜਿਸ ਵੇਲੇ ਬ੍ਰਹਮਾ ਨੇ ਸ੍ਰਿਸ਼ਟੀ ਰਚੀ ਤਾਂ ਮਨੁਖਾਂ ਦੀ ਖੱਲ ਅਤੇ ਕੁੱਤਿਆਂ ਦਾ ਮਸਾਲਾ ਵਧ ਗਿਆ। ਉਸ ਵੇਲੇ ਉਸ ਮਸਾਲੇ ਨੂੰ ਵਿਅਰਥ ਨਾ ਗਵਾਇਆ ਤੇ ਮਨੁੱਖ ਦੀ ਖੋਪਰੀ ਵਿਚ ਭਰ ਦਿਤਾ। ਜਿਸ ਤੋਂ ਇਹ ਮਨਮੁਖ ਹੋ ਗਏ। ਇਹ ਪਰਮੇਸ਼ਰ ਦੇ ਦਰ ਦਾ ਫੁਰਮਾਨੁ=ਹੁਕਮ ਹੈ।

ਗੁਰ ਪਰਸਾਦਿ ਜਾਣੈ ਮਿਹਮਾਨੁ॥ ਤਾ ਕਿਛੁ ਦਰਗਹ ਪਾਵੈ ਮਾਨੁ॥ ੪॥ ੪॥

ਗੁਰਾਂ ਦੀ ਕਿਰਪਾ ਨਾਲ ਇਹ ਆਪਣੇ ਆਪ ਨੂੰ ਮਿਹਮਾਨੁ=ਪ੍ਰਾਹੁਣਾ ਜਾਣ ਕੇ ਦਰਿ ਫੁਰਮਾਨੁ=ਪਰਮੇਸ਼ਰ ਦੇ ਦਰ ਦਾ ਹੁਕਮ ਮੰਨੇ ਤਾਂ ਹੀ ਪਰਮਾਤਮਾ ਦੀ ਦਰਗਾਹ ਵਿਚ ਕੁਝ ਮਾਨੁ=ਆਦਰ ਪਾਂਵਦਾ ਹੈ॥ ੪॥ ੪॥

ਆਸਾ ਮਹਲਾ ੧॥

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ॥

ਜਿਤਨਾ-ਕੁ ਸੰਸਾਰ ਸ਼ਬਦ ਹੋ ਰਿਹਾ ਹੈ, *ਅਥਵਾ-*ਸਬਦੁ=ਵੇਦ, ਸੁਰਤਿ=ਗਿਆਤ,

ਅਥਵਾ- ਸ੍ਰੇਸ਼ਟ ਪ੍ਰੀਤੀ ਅਤੇ ਜਿਤਨੀ-ਕੁ ਧੁਨਿ=ਬਾਣੀ ਹੋ ਰਹੀ ਹੈ; ਜਿਤਨਾ ਕੁ ਰੂਪ ਹੈ ਅਤੇ ਜਿਤਨੀਆਂ ਕਾਇਆਂ ਹਨ, ਇਹ ਸਭ ਸਮਗਰੀਆਂ ਤੇਰੀਆਂ ਹੀ ਹਨ।

*ਅਥਵਾ-*ਜਿਤਨੀ ਕੁ ਸੁਰਤ ਹੈ, ਜਿਤਨਾ ਕੁ ਰੂਪ ਹੈ, ਜਿਤਨੀਆਂ ਕਾਇਆਂ ਹਨ, ਉਤਨੀਆਂ ਹੀ ਤੇਰੀ ਸ਼ਬਦ ਦੀ ਧੁਨੀ ਤੋਂ ਉਤਪੰਨ ਹੋਈਆਂ ਹਨ।

ਯਥਾ- ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ॥

ਤਥਾ- ਏਕੋ ਹੰ ਬਹੁ ਸ਼ਜਾਮ ਪਰਜਾਯੇਜ॥

ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ॥ ੧॥

ਤੂੰ ਆਪ ਹੀ ਰਸਨਾ ਰੂਪ ਹੈਂ ਅਤੇ ਆਪੇ ਹੀ ਰਸਨਾ ਉਪਰ ਵੱਸਣ ਵਾਲਾ ਵਾਕ ਰੂਪ ਹੈਂ।

*ਅਥਵਾ-ਨਾ=*ਨਿਸਚੇ ਕਰਕੇ ਤੂੰ ਆਪ ਹੀ ਰਸ ਰੂਪ ਹੈਂ ਅਤੇ ਆਪ ਹੀ ਰਸਾਂ ਵਿਚ ਬਸਨਾ=ਵੱਸ ਰਿਹਾ ਹੈਂ। *ਅਥਵਾ-*ਤੂੰ ਆਪ ਹੀ ਮਹਾਤਮਾ ਰੂਪ ਹੋ ਕੇ ਰਸਨਾ=ਰਸਾਂ ਦੀ ਤਰਫੋਂ ਬਸਨਾ=ਬਸ ਕਰ ਰਿਹਾ ਹੈਂ ਭਾਵ ਰਸਾਂ ਤੋਂ ਅਸੰਗ ਹੋ ਰਿਹਾ ਹੈਂ।

ਹੇ ਮਾਈ=ਮਾਇਆ ਪਤੀ ਪਰਮਾਤਮਾ ! ਆਪ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਕਿਹਾ ਜਾਂਦਾ॥ ੧॥

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ ੧॥ ਰਹਾਉ॥

ਮੇਰਾ ਸਾਹਿਬ ਇਕ ਪ੍ਰਭੂ ਹੈ। ਹੇ ਭਾਈ ! ਪਿਛੇ ਵੀ ਮੇਰਾ ਸਾਹਿਬ ਇਕ ਪ੍ਰਭੂ ਸੀ, ਅੱਗੇ ਵੀ ਮੇਰਾ ਸਾਹਿਬ ਇਕ ਪ੍ਰਭੂ ਹੋਵੇਗਾ ॥ ੧॥ ਰਹਾਉ॥

ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥

ਕਰਮਾਂ ਅਨੁਸਾਰ ਆਪ ਮਾਰਦਾ ਹੈ, ਫਿਰ ਆਪ ਹੀ ਛੱਡ ਦਿੰਦਾ ਹੈ, ਆਪ ਹੀ ਜੀਵਾਂ ਨੂੰ ਪਦਾਰਥ ਦੇਂਦਾ ਹੈ, ਆਪ ਹੀ ਕਰਮਾਂ ਅਨੁਸਾਰ ਖੋਹ ਲੈਂਦਾ ਹੈ।

ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥ ੨॥

ਆਪ ਹੀ ਜੀਵਾਂ ਦੇ ਕਰਮਾਂ ਨੂੰ ਵੇਖਦਾ ਹੈ, ਫਿਰ ਆਪ ਹੀ ਸਾਰਿਆਂ ਵਿਚ ਬੈਠਾ ਅਨੰਦ ਹੋ ਰਿਹਾ ਹੈ, ਅਤੇ ਆਪ ਹੀ ਗੁਰਮੁਖਾਂ ਉਤੇ ਕਿਰਪਾ-ਦ੍ਰਿਸ਼ਟੀ ਕਰਦਾ ਹੈ॥ ੨॥

ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ॥

ਜੋ ਕੁਝ ਉਸ ਨੇ ਕਰਨਾ ਹੈ ਉਹ ਕਰ ਹੀ ਰਿਹਾ ਹੈ, ਅਵਰੁ=ਹੋਰ ਕਿਸੇ ਪਾਸੋਂ ਕੁਝ ਕੀਤਾ ਨਹੀਂ ਜਾਂਦਾ।

ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ॥ ੩॥

ਜਿਸ ਤਰ੍ਹਾਂ ਪਰਮੇਸ਼ਰ ਦਾ ਹੁਕਮ ਵਰਤਦਾ ਹੈ, ਤੈਸਾ ਹੀ ਕਿਹਾ ਜਾਂਦਾ ਹੈ। *ਅਥਵਾ-* ਇਹ ਜੀਵ ਜਿਸ ਤਰ੍ਹਾਂ ਦੇ ਕਰਮਾਂ ਵਿਚ ਵਰਤਦਾ ਹੈ, ਉਸੇ ਤਰ੍ਹਾਂ ਦਾ ਇਸ ਦਾ ਨਾਮ ਕਿਹਾ ਜਾਂਦਾ ਹੈ। ਸਭ ਕੁਝ ਤੇਰੀ ਵਡਿਆਈ=ਤਿਸ ਪਰਮਾਤਮਾ ਦੀ ਇੱਛਾ ਵਿਚ ਹੁੰਦਾ ਹੈ॥ ੩॥

ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ॥
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕ ਬਪੁੜਾ ਏਵ ਕਹੈ॥ ੪॥ ੫॥

ਕਲਜੁਗ ਦੀ ਜੋ ਕਲਾ ਵਾਲੀ ਕਿਰਿਆ ਹੈ ਇਹ ਹੀ ਇਕ ਸ਼ਰਾਬ ਦੀ ਕਲਵਾਲੀ=ਮੱਟੀ ਹੈ, ਮਾਇਆ ਰੂਪੀ ਮਿੱਠਾ ਮਦੁ=ਸ਼ਰਾਬ ਹੈ, ਇਸ ਸ਼ਰਾਬ ਨੂੰ ਪੀ ਕੇ ਮਨ ਮਤਵਾਲਾ=ਝੱਲਾ ਹੋ ਰਿਹਾ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਬਪੁੜਾ ਵਿਚਾਰੇ ਜੀਵ ! ਉਹ ਪਰਮਾਤਮਾ ਆਪ ਹੀ ਇਸ ਤਰ੍ਹਾਂ ਦੇ ਬਹੁ ਰੂਪ ਧਾਰਨ ਕਰਦਾ ਹੈ। *ਅਥਵਾ-* ਉਹ ਪਰਮਾਤਮਾ ਆਪ ਹੀ ਬਹੁਤ ਤਰ੍ਹਾਂ ਦੇ ਰੂਪ ਬਣਾ ਲੈਣਾ ਕਰਦਾ ਹੈ, ਗੁਰੂ ਜੀ ਕਥਨ

ਕਰਦੇ ਹਨ-ਮੈਂ ਬਪੁੜਾ=ਵਿਚਾਰਾ ਦਾਸ ਇਸ ਤਰ੍ਹਾਂ ਪਰਮੇਸ਼ਰ ਅੱਗੇ ਬੇਨਤੀ ਕਹਿੰਦਾ ਹਾਂ॥ ੪॥ ੫॥

ਆਸਾ ਮਹਲਾ ੧॥

ਗੁਰੂ ਸਾਹਿਬ ਜੀ ਇਸ ਸ਼ਬਦ ਦੁਆਰਾ ਗੁਰਮੁਖਾਂ ਦੀ ਰਾਸ ਕਥਨ ਕਰਦੇ ਹਨ-

ਵਾਜਾ ਮਤਿ ਪਖਾਵਜੁ ਭਾਉ॥ ਹੋਇ ਅਨੰਦੁ ਸਦਾ ਮਨਿ ਚਾਉ॥

ਮਤੀ ਵਿਚ ਭਾਉ=ਪ੍ਰੇਮ ਧਾਰਨਾ ਹੀ ਪਖਾਵਜੀ ਵਾਜਾ ਹੈ। *ਅਥਵਾ*-ਆਤਮ ਵਿਸ਼ੈਣੀ ਬਧੀ ਧਾਰਨੀ ਏਹ ਵਾਜਾ ਹੈ, ਪ੍ਰੇਮ ਰੂਪੀ ਪਖਾਵਜੁ=ਜੋੜੀ ਹੈ, ਜੀਵ ਜੋੜੀ ਦੇ ਵਜਾਵਣ ਵਾਲਾ ਪਖਾਵਜੀ ਹੈ। ਇਸ ਕਰਕੇ ਮਨਿ ਚਾਉ=ਪਰਮਾਤਮਾ ਦਾ ਸਦਾ ਹੀ ਆਨੰਦ ਹੁੰਦਾ ਹੈ, *ਅਥਵਾ*-ਤਨ ਵਿਖੇ ਆਨੰਦ ਹੁੰਦਾ ਹੈ ਅਤੇ ਮਨ ਵਿਚ ਵੀ ਸਦਾ ਚਾਉ=ਉਤਸ਼ਾਹ ਹੁੰਦਾ ਹੈ।

ਏਹਾ ਭਗਤਿ ਏਹੋ ਤਪ ਤਾਉ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥੧॥

ਏਹੋ ਭਗਤੀ ਹੈ, ਤੇ ਏਹੋ ਤਪ ਦਾ ਤਪਣਾ ਹੈ। ਇਤੁ ਰੰਗਿ=ਇਸ ਪ੍ਰਕਾਰ ਮਨ, ਬੁਧੀ ਰੂਪੀ ਪੈਰਾਂ ਨੂੰ ਰੋਕ-ਰੋਕ ਕੇ ਨੱਚਣਾ ਕਰੋ॥ ੧॥

ਪੂਰੇ ਤਾਲ ਜਾਣੈ ਸਾਲਾਹ॥ ਹੋਰੁ ਨਚਣਾ ਖੁਸੀਆ ਮਨ ਮਾਹ॥੧॥ ਰਹਾਉ॥

ਤਾਲਾਂ ਦਾ ਪੂਰਨਾ ਕਿਹੜਾ ਹੈ ? ਜਿਹੜੀ ਉਸ ਪਰਮੇਸ਼ਰ ਦੀ ਸ਼ਲਾਘਾ ਕਰਨੀ ਜਾਨਣੀ ਹੈ ਏਹੋ ਹੀ ਤਾਲਾਂ ਦਾ ਪੂਰਨਾ ਹੈ। ਹੋਰ ਮਨ ਦੀਆਂ ਖੁਸ਼ੀਆਂ ਕਰਕੇ ਜਿਹੜਾ ਨੱਚਣਾ ਹੈ, ਉਹ ਸਭ ਨਿਸਫਲ ਹੈ॥ ੧॥ ਰਹਾਉ॥

ਸਤੁ ਸੰਤੋਖੁ ਵਜਹਿ ਦੁਇ ਤਾਲ॥ ਪੈਰੀ ਵਾਜਾ ਸਦਾ ਨਿਹਾਲ॥

ਸੱਤ ਤੇ ਸੰਤੋਖ ਇਹ ਦੋ ਤਾਲ=ਕੈਸੀਆਂ ਵੱਜ ਰਹੀਆਂ ਹਨ। ਪੈਰਾਂ ਦਾ ਵਾਜਾ ਘੁੰਘਰੂ ਕਿਹੜਾ ਹੈ ?

ਉੱਤਰ- ਸਦਾ ਰੂਪ ਪਰਮਾਤਮਾ ਨੂੰ ਨਿਹਾਲ=ਵੇਖ ਕੇ ਦੁਖਾਂ ਤੋਂ ਰਹਿਤ ਹੋਣਾ ਹੀ ਪੈਰਾਂ ਦਾ ਵਾਜਾ ਘੁੰਘਰੂ ਹੈ।

ਰਾਗੁ ਨਾਦੁ ਨਹੀ ਦੂਜਾ ਭਾਉ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥੨॥

ਪ੍ਰਸ਼ਨ:- ਰਾਗ ਦੀ ਨਾਦੁ=ਅਲਾਪਚਾਰੀ ਕਿਹੜੀ ਹੈ ? *ਉੱਤਰ*:-ਦ੍ਵੈਤ ਭਾਉ ਦਾ ਨਾ ਹੋਣਾ ਹੀ ਰਾਗ ਦੀ ਅਲਾਪਚਾਰੀ ਹੈ। ਇਸ ਪ੍ਰਕਾਰ ਮਨ ਬੁਧੀ ਰੂਪੀ ਪੈਰਾਂ ਨੂੰ ਰੋਕ-ਰੋਕ ਕੇ ਨਾਚਹੁ=ਤਤਪਰ ਹੋਵੋ॥ ੨॥

ਭਉ ਫੇਰੀ ਹੋਵੈ ਮਨ ਚੀਤਿ॥ ਬਹਦਿਆ ਉਠਦਿਆ ਨੀਤਾ ਨੀਤਿ॥

ਨੀਤਾ ਨੀਤਿ=ਨਿਤਾਪ੍ਰਤੀ ਉਠਦਿਆਂ-ਬਹਿੰਦਿਆਂ ਜਿਹੜਾ ਮਨ ਵਿਚ ਚੇਤਨ ਪਰਮੇਸ਼ਰ ਦਾ ਖੌਫ ਹੋਣਾ ਹੈ, ਏਹੋ ਫੇਰੀ ਦਾ ਲੈਣਾ ਹੈ। ਅਰਥਾਤ ਨੱਚਦਿਆਂ-ਨੱਚਦਿਆਂ ਅਖਾੜੇ ਦਾ ਚੱਕਰ ਕੱਟਣਾ।

ਲੇਟਣਿ ਲੇਟਿ ਜਾਣੈ ਤਨੁ ਸੁਆਹੁ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥੩॥

ਪ੍ਰਸ਼ਨ:-ਲੇਟੜੀਆਂ ਦਾ ਲੇਟਣਾ ਕਿਹੜਾ ਹੈ ?

ਉੱਤਰ:-ਜਿਹੜਾ ਤਨ ਨੂੰ ਸੁਆਹ ਰੂਪ ਜਾਨਣਾ ਹੈ। ਏਹੋ ਜ਼ਮੀਨ ਤੇ ਪੈ ਕੇ ਘੁੰਮਣਾ ਹੈ। ਇਸ ਪ੍ਰਕਾਰ ਮਨ ਬੁਧੀ ਰੂਪ ਪੈਰਾਂ ਨੂੰ ਰੋਕ-ਰੋਕ ਕੇ ਨਾਚਹੁ=ਤਤਪਰ ਹੋਵੋ॥ ੩॥

ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥

ਭਾਉ=ਪ੍ਰੇਮ ਪੂਰਬਕ ਦੀਖਿਆ=ਸਿਖਿਆ ਦਾ ਜਿਹੜਾ ਸਿੱਖਣਾ ਹੈ ਏਹੋ ਹੀ ਸਭਾ=ਅਖਾੜਾ ਹੈ। *ਅਥਵਾ*-ਸਿੱਖਾਂ ਦਾ ਇਕੱਠੇ ਹੋਣਾ ਹੀ ਸਭਾ ਹੈ ਅਤੇ ਜਿਹੜਾ ਦੀਖਿਆ ਦਾ ਗ੍ਰਹਿਣ ਕਰਨਾ ਹੈ, ਇਹ ਹਾਵ-ਭਾਵ ਹਨ। ਗੁਰਮੁਖ ਇਕ ਸਚੇ ਨਾਮ ਨੂੰ ਹੀ ਸੁਣਦੇ ਹਨ।

ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥ ੪ ॥ ੬ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜਾ ਬਾਰ-ਬਾਰ ਉਸ ਦੇ ਨਾਮ ਦਾ ਆਖਣਾ ਹੈ, ਇਹ ਹੀ ਵੇਰ=ਵੇਲ ਹੈ। ਜਿਵੇਂ ਰਾਸਧਾਰੀ ਰਾਸ ਪਾ ਕੇ ਪਿਛੋਂ ਕਹਿੰਦੇ ਹਨ ਕਿ ਇਹ ਅਮਕੇ ਦੀ ਵੇਲ ਹੈ, ਇਹ ਫ਼ਲਾਣੇ ਦੀ ਵੇਲ ਹੈ। ਇਸ ਪ੍ਰਕਾਰ ਮਨ ਬੁਧੀ ਰੂਪੀ ਪੈਰਾਂ ਨੂੰ ਰੋਕ ਰੋਕ ਕੇ ਨਾਚਹੁ=ਭਤਪਰ ਹੋਵੋ॥ ੪॥ ੬॥

ਆਸਾ ਮਹਲਾ ੧ ॥

ਉਥਾਨਕਾ-ਸਿੱਖਾਂ ਨੇ ਬੇਨਤੀ ਕੀਤੀ, ਹੇ ਪ੍ਰਭੂ ! ਕੋਈ ਕਹਿੰਦਾ ਹੈ ਕਿ ਉਹ ਪਰਮਾਤਮਾ ਰਾਵਣ ਨੂੰ ਮਾਰ ਕੇ ਵੱਡਾ ਹੋਇਆ ਹੈ; ਕੋਈ ਆਖਦਾ ਹੈ ਕਿ ਕੰਸ ਨੂੰ ਮਾਰ ਕੇ ਵੱਡਾ ਹੋਇਆ ਹੈ, ਕੋਈ ਕਹਿੰਦਾ ਹੈ ਕਿ ਕਾਲੀ ਨਾਗ ਨੂੰ ਨਥ ਕੇ ਵੱਡਾ ਹੋਇਆ ਹੈ। ਆਪ ਦੱਸੋ ਕਿ ਉਹ ਪਰਮਾਤਮਾ ਕਿਵੇਂ ਵੱਡਾ ਹੋਇਆ ਹੈ ? *ਗੁਰ ਉੱਤਰ*-

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥

ਜਿਸ ਪਰਮਾਤਮਾ ਨੇ ਅਕਾਸ਼, ਪਉਣ, ਅਗਨੀ, ਜਲ ਇਨ੍ਹਾਂ ਤੱਤਾਂ ਦਾ ਬੰਧੇਜ ਕਰਕੇ "ਉਪਾਇ ਧਰੀ ਸਭ ਧਰਤੀ" ਸਾਰੀ ਪ੍ਰਿਥਵੀ ਉਤਪੰਨ ਕਰ ਰੱਖੀ ਹੈ।

ਅਥਵਾ-ਅਕਾਸ਼, ਪਉਣ, ਅਗਨੀ, ਜਲ, ਧਰਤੀ, ਇਨ੍ਹਾਂ ਵਿਰੋਧੀ ਤੱਤਾਂ ਦਾ ਬੰਧੇਜ ਕਰਕੇ ਅਰਥਾਤ ਪੰਚੀ ਕਰਨ ਕਰਕੇ ਸਾਰੀ ਸ੍ਰਿਸ਼ਟੀ ਉਤਪੰਨ ਕਰ ਰੱਖੀ ਹੈ।

ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥ ੧ ॥

ਅੰਧੇ ਅਗਿਆਨੀ ਦਹਸਿਰਿ=ਦਸ ਸਿਰਾਂ ਵਾਲੇ ਰਾਵਣ ਨੇ ਜੋ ਮੂੰਡੁ=ਸਿਰ ਕਟਾਇਆ ਹੈ ਤਾਂ ਆਪਣੀ ਮੂਰਖਤਾ ਕਰਕੇ ਕਟਾਇਆ ਹੈ। ਰਾਵਣ ਨੂੰ ਮਾਰ ਕੇ ਉਸ ਪਰਮੇਸ਼ਰ ਨੇ ਭਲਾ ਕੀ ਵੱਡਾ ਹੋਣਾ ਹੈ ? ਉਹ ਤਾਂ ਅੱਗੇ ਹੀ ਵੱਡਾ ਹੈ॥ ੧॥

ਕਿਆ ਉਪਮਾ ਤੇਰੀ ਆਖੀ ਜਾਇ ॥
ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥ ੧ ॥ ਰਹਾਉ ॥

ਹੇ ਅਕਾਲ ਪੁਰਖ ! ਤੇਰੀ ਉਪਮਾ ਕੀ ਕਥਨ ਕੀਤੀ ਜਾਵੇ। ਲਿਵ ਲਗਾ ਕੇ ਵੇਖੀਏ ਤਾਂ ਤੂੰ ਸਾਰੇ ਪਰੀਪੂਰਨ ਹੋ ਰਿਹਾ ਹੈਂ।

ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥

ਜਿਸ ਪਰਮਾਤਮਾ ਨੇ ਜੀਆਂ ਨੂੰ ਉਤਪੰਨ ਕਰਕੇ ਸਭ ਦੇ ਖਾਣ ਪਾਣ ਦੀ ਜੁਗਤੀ ਆਪਣੇ ਹੱਥ ਕੀਤੀ ਹੋਈ ਹੈ, ਉਸ ਨੇ 'ਕਾਲੀਨਾਗ' ਨੂੰ ਨੱਥ ਕੇ ਭਲਾ ਕੀ ਵੱਡਾ ਹੋਣਾ ਹੈ ? ਉਹ ਤਾਂ ਅੱਗੇ ਹੀ ਵੱਡਾ ਹੈ।

ਇਕ ਸਮੇਂ 'ਕਾਲੀਨਾਗ' ਨੇ ਜਮਨਾ ਦੇ ਜਲ ਵਿਚ ਵਿਹੁ ਘੋਲ ਦਿਤੀ। ਉਸ ਜਲ ਨੂੰ ਜਿਸ-ਜਿਸ ਗਵਾਲੇ

ਅਤੇ ਵੱਛੇ ਨੇ ਪੀਤਾ ਉਹੀ ਮਰ ਗਿਆ। ਇਸ ਕੌਤਕ ਨੂੰ ਵੇਖ ਕੇ ਕ੍ਰਿਸ਼ਨ ਜੀ ਬਹੁਤ ਹੈਰਾਨ ਹੋਏ ਅਤੇ ਵਿਚਾਰ ਕੇ ਆਖਦੇ ਹਨ ਕਿ ਇਸ ਗੱਲ ਦਾ ਬੰਦੋਬਸਤ ਕਰਨਾ ਚਾਹੀਦਾ ਹੈ, ਜਦੋਂ ਬ੍ਰਿਛ ਉਤੇ ਚੜ੍ਹ ਕੇ ਜਮਨਾ ਵਿਚ ਕਾਲੀਨਾਗ ਨੂੰ ਦੇਖਿਆ ਤਾਂ ਉਸੀ ਵੇਲੇ ਬ੍ਰਿਛ ਤੋਂ ਜਮਨਾ ਵਿਚ ਛਾਲ ਮਾਰ ਕੇ ਕ੍ਰਿਸ਼ਨ ਜੀ ਨੇ ਕਾਲੀਨਾਗ ਨੂੰ ਨਥਣਾ ਕੀਤਾ। ਜਦ ਉਹ ਬੜਾ ਦੁਖੀ ਹੋਇਆ ਤਾਂ ਨਾਗਣੀਆਂ ਨੇ ਪਤਾਲ ਵਿਚੋਂ ਮੋਤੀ ਆਦਿਕਾਂ ਦਾ ਥਾਲ ਲਿਆ ਕੇ ਕ੍ਰਿਸ਼ਨ ਜੀ ਅੱਗੇ ਭੇਟਾ ਰਖ ਕੇ ਮਾਫੀ ਮੰਗੀ। ਤਾਂ ਕ੍ਰਿਸ਼ਨ ਜੀ ਨੇ ਕਿਹਾ, ਜੇ ਤੁਸੀਂ ਆਪਣਾ ਬਚਾਉ ਚਾਹੁੰਦੀਆਂ ਹੋ ਤਾਂ ਜਮਨਾ ਨੂੰ ਛੱਡ ਕੇ ਕਾਲੀਨਾਗ ਦੇ ਸਮੇਤ ਸਮੁੰਦਰ ਵਿਚ ਚਲੀਆਂ ਜਾਓ। ਉਹ ਉਸੀ ਵੇਲੇ ਸਤਿ ਬਚਨ ਕਹਿ ਕੇ ਸਮੁੰਦਰ ਵਿਚ ਚਲੀਆਂ ਗਈਆਂ। ਇਥੇ ਉਹੋ ਗੱਲ ਜਣਾਈ ਹੈ ਕਿ ਕਾਲੀਨਾਗ ਨੂੰ ਨਥ ਕੇ ਭਲਾ ਉਸ ਨੇ ਕੀ ਵੱਡਾ ਹੋਣਾ ਹੈ ? ਉਹ ਤਾਂ ਅੱਗੇ ਹੀ ਵੱਡਾ ਹੈ।

ਕਿਸੁ ਤੂੰ ਪੁਰਖੁ ਜੋਰੁ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥ ੨ ॥

ਕਿਸ ਦਾ ਤੂੰ ਪੁਰਖੁ=ਪਤੀ ਕਹੀਂਦਾ ਹੈਂ ਅਤੇ ਤੇਰੀ ਜੋਰੁ=ਇਸਤਰੀ ਕਉਣ=ਕਿਹੜੀ ਕਹੀਏ ?

ਅਥਵਾ- ਕਿਸ ਪੁਰਖੁ=ਪਿਤਾ ਦਾ ਅਤੇ ਕਿਸ ਜੋਰੁ=ਇਸਤਰੀ ਭਾਵ ਮਾਤਾ ਦਾ ਤੈਨੂੰ ਪੁੱਤਰ ਕਹਿਣਾ ਕਰੀਏ ? ਭਾਵ ਤੇਰਾ ਮਾਤਾ ਪਿਤਾ ਕੋਈ ਨਹੀਂ ਹੈਂ।

ਅਥਵਾ- ਕਿਸ ਪ੍ਰਕਾਰ ਤੈਨੂੰ ਪੁਰਖ ਤੇ ਕਿਸ ਪ੍ਰਕਾਰ ਤੈਨੂੰ ਇਸਤਰੀ ਕਹੀਏ ? ਭਾਵ ਪੁਰਸ਼ ਅਤੇ ਇਸਤ੍ਰੀਪਨ ਤੋਂ ਤੂੰ ਰਹਿਤ ਹੈਂ ਅਰਥਾਤ ਹੀਜੜਾ ਹੈਂ ਅਤੇ ਸਾਰਿਆਂ ਵਿਚ ਇਕ ਰਸ ਤੂੰ ਰਵਿ ਰਹਿਆ=ਵਿਆਪਕ ਹੋ ਰਿਹਾ ਹੈਂ॥ ੨॥

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥
ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥ ੩ ॥

ਇਕ ਵਾਰੀ ਕ੍ਰਿਸ਼ਨ ਜੀ ਨੇ ਗਵਾਲਿਆਂ ਨੂੰ ਕਿਹਾ ਕਿ ਕਲ੍ਹ ਸਭ ਗਵਾਲੇ ਆਪੋ ਆਪਣੇ ਪਕਵਾਣ ਨਾਲ ਲੈ ਕੇ ਵੱਛੇ ਚਰਾਣ ਵਾਸਤੇ ਆਉਣ। ਕ੍ਰਿਸ਼ਨ ਜੀ ਦੇ ਹੁਕਮ ਨੂੰ ਮੰਨ ਕੇ ਅਗਲੇ ਦਿਨ ਜਦ ਸਾਰੇ ਗਵਾਲੇ ਆਪੋ-ਆਪਣੀ ਮਰਜ਼ੀ ਅਨੁਸਾਰ ਕਈ ਤਰ੍ਹਾਂ ਦੇ ਪਕਵਾਨ ਲੈ ਕੇ ਵੱਛੇ ਚਰਾਵਣ ਲਈ ਬਾਹਰ ਆਏ ਤਾਂ ਵੱਛੇ ਚਰਨ ਲਈ ਖੁੱਲ੍ਹੇ ਛੱਡ ਦਿਤੇ। ਆਪ ਇਕੱਠੇ ਹੋ ਕੇ ਬੈਠ ਗਏ। ਕਿਸੇ ਨੇ ਲੱਡੂ ਕੱਢ ਲਏ, ਕਿਸੇ ਨੇ ਰੋਟੀ ਕੱਢ ਲਈ, ਕਿਸੇ ਨੇ ਪਕਵਾਣ ਕੱਢ ਲਿਆ ਤੇ ਛਕਣ ਲੱਗ ਪਏ। ਕ੍ਰਿਸ਼ਨ ਜੀ ਸਭ ਦੇ ਵਿਚਕਾਰ ਬੈਠੇ ਸਨ, ਇਨ੍ਹਾਂ ਪਾਸ ਕੁਝ ਵੀ ਨਹੀਂ ਸੀ ਅਤੇ ਸਭ ਦੇ ਮੂੰਹ ਵਲ ਵੇਖਣ। ਤਾਂ ਗਵਾਲਿਆਂ ਨੇ ਕਿਹਾ ਕਿ ਇਨ੍ਹਾਂ ਪਾਸ ਕੁਝ ਵੀ ਨਹੀਂ ਸੀ ਅਤੇ ਸਭ ਦੇ ਮੂੰਹ ਵਲ ਵੇਖਣ। ਤਾਂ ਗਵਾਲਿਆਂ ਨੇ ਕਿਹਾ ਕਿ ਇਨ੍ਹਾਂ ਨੂੰ ਵੀ ਕੁਝ ਖਾਣ ਲਈ ਦਿਉ। ਸਭ ਨੇ ਥੋੜ੍ਹਾ ਥੋੜ੍ਹਾ ਦੇ ਦਿੱਤਾ। ਵਿਚੋਂ ਹੀ ਇਕ ਲੜਕੇ ਨੇ ਕ੍ਰਿਸ਼ਨ ਜੀ ਨੂੰ ਕਿਹਾ, ਮੂੰਹ ਟੱਡ ਤੇਰੇ ਮੂੰਹ ਵਿਚ ਲੱਡੂ ਪਾਵਾਂ। ਜਦ ਕ੍ਰਿਸ਼ਨ ਨੇ ਮੂੰਹ ਟੱਡਿਆ ਤਾਂ ਲੜਕੇ ਨੇ ਠੁਠ ਵਿਖਾ ਕੇ ਲੱਡੂ ਆਪਣੇ ਮੂੰਹ ਵਿਚ ਪਾ ਲੀਤਾ। ਕ੍ਰਿਸ਼ਨ ਨੂੰ ਗੁੱਸਾ ਚੜ੍ਹਿਆ ਤੇ ਉਸ ਨੂੰ ਚਪੇੜ ਕੱਢ ਮਾਰੀ। ਲੱਡੂ ਉਸ ਦੇ ਮੂੰਹ ਵਿਚੋਂ ਬਹਾਰ ਨਿਕਲ ਆਇਆ। ਉਸ ਦੇ ਚਗਲੇ ਹੋਏ ਲੱਡੂ ਨੂੰ ਕ੍ਰਿਸ਼ਨ ਨੇ ਫਿਰ ਆਪਣੇ ਮੂੰਹ ਵਿਚ ਪਾ ਲਿਆ। ਇਸ ਕੌਤਕ ਨੂੰ ਬ੍ਰਹਮਾ ਜੀ ਵੇਖ ਰਹੇ ਸਨ। ਜਦ ਕ੍ਰਿਸ਼ਨ ਨੂੰ ਜੂਠਾ ਲੱਡੂ ਖਾਂਦਿਆਂ ਵੇਖਿਆ ਤਾਂ ਬ੍ਰਹਮਾ ਦੇ ਮਨ ਵਿਚ ਸੰਸਾ ਹੋ ਗਿਆ ਕਿ ਇਹ ਕਾਹਦਾ ਅਵਤਾਰ ਹੈ, ਇਸ ਵਿਚ ਤਾਂ ਅਵਤਾਰਾਂ ਵਾਲਾ ਗੁਣ ਹੀ ਕੋਈ ਨਹੀਂ ਹੈ। ਉਸ ਵੇਲੇ ਬ੍ਰਹਮਾ

ਨੇ ਪ੍ਰੀਖਿਆ ਲੈਣ ਲਈ ਸਾਰੇ ਵੱਛੇ ਪਹਾੜਾਂ ਦੀਆਂ ਗੁਫਾਵਾਂ ਵਿਚ ਲੁਕਾ ਦਿਤੇ। ਜਦ ਗਵਾਲੇ ਖਾ ਪੀ ਕੇ ਵਿਹਲੇ ਹੋ ਗਏ ਅਤੇ ਆਪੋ ਆਪਣੇ ਵੱਛੇ ਸੰਭਾਲਣ ਲਈ ਆਏ ਤਾਂ ਕਿਸੇ ਨੂੰ ਕੋਈ ਵੱਛਾ ਨਾ ਲੱਭਾ। ਹੈਰਾਨ ਹੋ ਗਏ ਅਤੇ ਕ੍ਰਿਸ਼ਨ ਜੀ ਨੂੰ ਕਹਿਣ ਲੱਗੇ ਕਿ ਸਾਡੇ ਵੱਛੇ ਲੱਭ ਕੇ ਦਿਓ। ਜਦ ਕ੍ਰਿਸ਼ਨ ਜੀ ਵੱਛਿਆਂ ਨੂੰ ਲੱਭਣ ਲਈ ਗਏ ਤਾਂ ਬ੍ਰਹਮਾ ਨੇ ਸਾਰੇ ਗਵਾਲਿਆਂ ਨੂੰ ਵੀ ਚੁਕ ਕੇ ਪਹਾੜ ਦੀਆਂ ਕੰਦਰਾਂ ਵਿਚ ਲੁਕਾ ਦਿੱਤਾ। ਜਦ ਕ੍ਰਿਸ਼ਨ ਜੀ ਤੁਰਦੇ ਫਿਰਦੇ ਫਿਰ ਉਸ ਟਿਕਾਣੇ ਪਾਹੁੰਚੇ ਤਾਂ ਕੀ ਵੇਖਦੇ ਹਨ ਕਿ ਗਵਾਲੇ ਵੀ ਕੋਈ ਨਹੀਂ, ਤਾਂ ਸੋਚਿਆ ਕਿ ਇਹ ਸਾਰਾ ਚਲਿਤ੍ਰ ਬ੍ਰਹਮਾ ਦਾ ਹੈ। ਉਸ ਵੇਲੇ ਕ੍ਰਿਸ਼ਨ ਜੀ ਨੇ ਆਪਣੀ ਤਾਕਤ ਨਾਲ ਉਹੋ ਜਿਹੇ ਗਵਾਲੇ ਤੇ ਵੱਛੇ ਹੋਰ ਰਚ ਲੀਤੇ ਅਤੇ ਘਰ ਨੂੰ ਆ ਗਏ। ਮਾਵਾਂ ਨੇ ਉਸੇ ਤਰ੍ਹਾਂ ਬੱਚਿਆਂ ਨਾਲ ਪ੍ਰੇਮ ਕੀਤਾ ਅਤੇ ਗਊਆਂ ਨੇ ਵੱਛਿਆਂ ਨਾਲ ਕੀਤਾ। ਇਸ ਸਾਲ ਏਹੋ ਹੀ ਵੱਛੇ ਤੇ ਗਵਾਲੇ ਰਹੇ। ਜਦ ਬ੍ਰਹਮਾ ਫੇਰ ਆਇਆ ਤਾਂ ਉਸੇ ਤਰ੍ਹਾਂ ਉਸ ਨੇ ਵੱਛੇ ਅਤੇ ਗਵਾਲੇ ਵੇਖਣਾ ਕੀਤੇ। ਬ੍ਰਹਮਾ ਨੇ ਸੋਚਿਆ ਕਿ ਕਿਧਰੇ ਕੰਦਰਾਂ ਵਿਚੋਂ ਨਾ ਕੱਢ ਲਿਆਇਆ ਹੋਵੇ। ਜਦ ਕੰਦਰਾਂ ਵਿਚ ਜਾ ਕੇ ਵੇਖਿਆ ਤਾਂ ਉਹ ਉਸੇ ਤਰ੍ਹਾਂ ਉਥੇ ਮੌਜੂਦ ਸਨ। ਤਦ ਬ੍ਰਹਮਾ ਨੇ ਸਾਰੇ ਗਵਾਲੇ ਅਤੇ ਵੱਛੇ ਪਹਾੜ ਦੀਆਂ ਕੰਦਰਾਂ ਵਿਚੋਂ ਕੱਢ ਕੇ ਉਸੇ ਜਗ੍ਹਾ ਪਹੁੰਚਾਏ, ਜਿਥੇ ਕ੍ਰਿਸ਼ਨ ਜੀ ਸਨ। ਇਹ ਵੇਖ ਕੇ ਕ੍ਰਿਸ਼ਨ ਜੀ ਨੇ ਨਵੇਂ ਬਣਾਏ ਹੋਏ ਗਵਾਲੇ ਅਤੇ ਵੱਛੇ ਅਲੋਪ ਕਰ ਦਿੱਤੇ। ਇਸ ਗੱਲ ਨੂੰ ਹੁਣ ਇਸ ਪੰਗਤੀ ਦੁਆਰਾ ਸਪੱਸ਼ਟ ਕਰਦੇ ਹਨ।

ਪਹਿਲਾ ਅਰਥ-

ਜਿਨ੍ਹਾਂ ਦੇ ਨਾਲ ਗਵਾਲਿਆਂ ਦਾ ਕੁਟੰਬ ਹੈ ਅਤੇ ਉਨ੍ਹਾਂ ਦੇ ਨਾਲ ਜੋ ਵਰਦਾਤਾ=ਕ੍ਰਿਸ਼ਨ ਜੀ ਹਨ, ਉਨ੍ਹਾਂ ਦੀ ਸ਼ਰੇਸਟਤਾਈ ਭਾਲਣ ਵਾਸਤੇ ਇਕ ਦਿਨ ਬ੍ਰਹਮਾ ਗਿਆ। ਅੱਗੋਂ ਬ੍ਰਹਮਾ ਨੇ ਤਾ ਕਾ=ਤਿਸ ਕ੍ਰਿਸ਼ਨ ਜੀ ਦਾ ਅੰਤ ਨਾ ਪਾਵਣਾ ਕੀਤਾ ਤੇ ਕੰਸ ਨੂੰ ਛੇਦ ਕੇ ਉਸ ਨੇ ਭਲਾ ਕੀ ਵੱਡਾ ਹੋਣਾ ਹੈ।

ਦੂਜਾ ਅਰਥ-

ਵਰ ਦਾਤਾ ਜੋ ਵਿਸ਼ਨੂੰ ਜੀ ਹਨ, ਉਨ੍ਹਾਂ ਦੀ ਨਾਭੀ ਸਾਥ ਜੋ ਕਵਲ ਦੀ ਨਾਲ ਹੈ, ਉਸ ਦਾ ਕੁਟੰਬੁ=ਪੁਤਰ ਜੋ ਬ੍ਰਹਮਾ ਹੈ, ਉਹ ਆਪਣੀ ਸ੍ਰਿਸਟਿ=ਉਤਪਤੀ ਦੇ ਭਾਲਣੇ ਨੂੰ ਗਿਆ। ਜਦ ਬ੍ਰਹਮਾ ਦੀ ਉਤਪਤੀ ਹੋਈ ਤਾਂ ਉਸ ਨੂੰ ਹੰਕਾਰ ਹੋ ਗਿਆ ਕਿ ਮੈਂ ਸੁਤੇ-ਸਿਧ ਹਾਂ, ਮੇਰੀ ਉਤਪਤੀ ਕਰਨ ਵਾਲਾ ਕੋਈ ਨਹੀਂ, ਤਾਂ ਉਸ ਵੇਲੇ ਅਕਾਸ਼ ਬਾਣੀ ਹੋਈ ਕਿ ਤੇਰਾ ਕਾਰਨ ਇਹ ਕਵਲ ਹੈ, ਜਿਸ ਤੋਂ ਤੇਰੀ ਉਤਪਤੀ ਹੋਈ ਹੈ। ਨਾਲੀ ਨੂੰ ਵੇਖ ਕੇ ਬ੍ਰਹਮਾ ਨੂੰ ਬੜਾ ਗੁੱਸਾ ਚੜ੍ਹਿਆ ਤੇ ਕਵਲ ਨੂੰ ਲੱਤ ਮਾਰੀ ਤਾਂ ਉਸ ਵੇਲੇ ਉਸ ਕੰਵਲ ਦੀ ਨਾਲੀ ਵਿਚ ਹੀ ਡਿੱਗ ਗਿਆ ਅਤੇ ਅਠਾਸੀ ਹਜ਼ਾਰ ਜੁਗਾਂ ਦੀ ਚੌਕੜੀ ਵਿਚ ਹੀ ਭ੍ਰਮਦਾ ਰਿਹਾ ।

'ਆਗੈ ਅੰਤੁ ਨ ਪਾਇਓ ਤਾ ਕਾ'

ਅੱਗੇ ਤਿਸ ਕਵਲ ਦੀ ਨਾਲੀ ਦਾ ਅੰਤ ਨਾ ਪਾਵਣਾ ਕੀਤਾ।

ਤੀਜਾ ਅਰਥ-

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥

ਕੰਵਲ ਦੀ ਨਾਲੀ ਦਾ ਕੁਟੰਬ ਪੁੱਤਰ ਜੋ ਬ੍ਰਹਮਾ ਹੈ, ਉਸ ਦੇ ਨਾਲ ਵਰਦਾਤਾ ਜੋ ਸ਼ਿਵ ਜੀ ਹਨ। ਇਹ ਦੋਵੇਂ ਆਪਣੀ ਉਤਪਤੀ ਦੇ ਭਾਲਣ ਨੂੰ ਗਏ, ਕਿਉਂਕਿ ਗ੍ਰੰਥਾਂ ਵਿਚ ਲਿਖਿਆ ਹੈ ਕਿ ਕਿਸੇ ਕਲਪ ਵਿਚ ਬ੍ਰਹਮਾ ਤੇ ਸ਼ਿਵ ਇਨ੍ਹਾਂ ਦੋਹਾਂ ਦੀ ਉਤਪਤੀ ਵਿਸ਼ਨੂੰ ਜੀ ਦੀ ਨਾਭੀ ਕੰਵਲ ਤੋਂ ਹੋਈ ਹੈ। ਜਦ ਇਨ੍ਹਾਂ ਦੋਹਾਂ ਨੂੰ ਹੰਕਾਰ

ਹੋ ਗਿਆ ਤਾਂ ਦੋਨੋਂ ਹੀ ਕੰਵਲ ਦੀ ਨਾਲੀ ਵਿਚ ਡਿੱਗ ਪਏ। ਸ਼ਿਵ ਤਾਂ ਕੰਵਲ ਦੇ ਉਪਰਲੇ ਪੱਤਿਆਂ ਦਾ ਅੰਤ ਲੈਂਦਾ ਥੱਕ ਗਿਆ ਅਤੇ ਬ੍ਰਹਮਾ ਹੇਠਾਂ ਦਾ ਅੰਤ ਲੈਂਦਾ ਥੱਕ ਗਿਆ। ਲੇਕਿਨ ਅੱਗੇ ਨਾ ਤਾਂ ਬ੍ਰਹਮਾ ਨੇ ਅਤੇ ਨਾ ਹੀ ਸ਼ਿਵ ਨੇ ਤਿਸ ਕੰਵਲ ਦੀ ਨਾਲੀ ਦਾ ਅੰਤ ਪਾਇਆ।

ਚੌਥਾ ਅਰਥ–

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥

ਬ੍ਰਹਮਾ ਜੀ ਦਾ ਪੁੱਤਰ 'ਬਗਦਾਲਭ' ਨਾਮੇ ਰਿਖੀ ਬਨ ਵਿਚ ਬੈਠਾ ਤਪ ਕਰ ਰਿਹਾ ਸੀ। ਉਸੇ ਅਸਥਾਨ ਤੇ ਬ੍ਰਹਮਾ ਜੀ ਚਲੇ ਗਏ। ਅੱਗੋਂ ਬਗਦਾਲਭ ਰਿਖੀ ਜੀ ਨੇ ਉਠ ਕੇ ਨਮਸ਼ਕਾਰ ਨਾ ਕੀਤੀ। ਤਾਂ ਬ੍ਰਹਮਾ ਜੀ ਬੜੇ ਹੰਕਾਰ ਵਿਚ ਹੋ ਕੇ ਗੱਜੇ ਕਿ ਤੂੰ ਮੇਰਾ ਲੜਕਾ ਹੋ ਕੇ ਸਨਮਾਨ ਨਹੀਂ ਕਰਦਾ। ਨਾਲੇ ਮੈਂ ਸਭ ਤੋਂ ਵੱਡਾ ਹਾਂ, ਚਾਰ ਮੇਰੇ ਮੂੰਹ ਹਨ ਅਤੇ ਸਾਰੀ ਸ੍ਰਿਸ਼ਟੀ ਦਾ ਕਰਤਾ ਹਾਂ, ਇਸ ਲਈ ਮੇਰੇ ਜਿੱਡਾ ਵੱਡਾ ਹੋਰ ਕੋਈ ਨਹੀਂ। ਤਾਂ 'ਬਗਦਾਲਭ' ਰਿਖੀ ਨੇ ਸੋਚਿਆ ਕਿ ਇਸ ਨੂੰ ਬੜਾ ਹੰਕਾਰ ਹੈ, ਇਹ ਦੂਰ ਕਰਨਾ ਚਾਹੀਦਾ ਹੈ। 'ਬਗਦਾਲਭ' ਰਿਖੀ ਜੀ ਨੇ ਅੰਤਰ ਧਿਆਨ ਹੋ ਕੇ ਭਗਵਾਨ ਨੂੰ ਯਾਦ ਕੀਤਾ ਤਾਂ ਐਸੀ ਪਉਣ ਚੱਲੀ ਜੋ ਬਗਦਾਲਭ ਰਿਖੀ ਅਤੇ ਚਾਰ ਮੁਖਾਂ ਵਾਲੇ ਬ੍ਰਹਮਾ ਨੂੰ ਉਡਾ ਕੇ ਦੂਸਰੇ ਬ੍ਰਹਿਮੰਡ ਵਿਚ ਲੈ ਗਈ। ਉਥੇ ਜਦ ਅੱਠਾਂ ਮੂੰਹਾਂ ਵਾਲੇ ਅਤੇ ਆਪਣੇ ਨਾਲੋਂ ਦੁਗਣੀ ਵਿਭੂਤੀ ਵਾਲੇ ਬ੍ਰਹਮਾ ਨੂੰ ਦੇਖਿਆ ਤਾਂ ਚਾਰ ਮੂੰਹਾਂ ਵਾਲੇ ਬ੍ਰਹਮਾ ਦਾ ਹੰਕਾਰ ਦੂਰ ਹੋ ਗਿਆ। ਫਿਰ ਅੱਠ ਮੂੰਹਾਂ ਵਾਲੇ ਬ੍ਰਹਮਾ ਨੂੰ ਹੰਕਾਰ ਹੋ ਗਿਆ। ਫਿਰ ਪਉਣ ਚੱਲੀ ਤਾਂ ਦੋਹਾਂ ਬ੍ਰਹਮਾ ਨੂੰ ਅਤੇ ਬਗਦਾਲਭ ਰਿਖੀ, ਇਨ੍ਹਾਂ ਤਿੰਨਾਂ ਨੂੰ ਉਡਾ ਕੇ ਤੀਸਰੇ ਬ੍ਰਹਿਮੰਡ ਵਿਚ ਲੈ ਗਈ। ਉਥੇ ਜਦ ਸੋਲ੍ਹਾਂ ਮੂੰਹਾਂ ਵਾਲੇ ਬ੍ਰਹਮਾ ਨੂੰ ਅਤੇ ਚੌਗੁਣੀ ਵਿਭੂਤੀ ਵੇਖੀ ਤਾਂ ਸਭ ਦਾ ਹੰਕਾਰ ਦੂਰ ਹੋ ਗਿਆ। ਅੱਗੇ ਗਏ ਤਾਂ ੩੨ ਮੁਖਾਂ ਵਾਲਾ ਬ੍ਰਹਮਾ ਦੇਖਿਆ। ਬੱਸ ਇਸੇ ਤਰ੍ਹਾਂ ਪਰ੍ਹੇ ਤੋਂ ਪਰ੍ਹੇ ਬ੍ਰਹਮਾ ਦੇਖੇ, ਪਰ ਅੰਤ ਨਾ ਆਇਆ। ਇਹ ਵਾਰਤਾ ਹੁਣ ਸਪੱਸ਼ਟ ਕਰਦੇ ਹਨ ਕਿ-

ਵਰ ਦਾਤਾ ਜੋ ਬਗਦਾਲਭ ਰਿਖੀ ਜੀ ਹਨ ਉਹਨਾਂ ਦੇ ਸਾਥ, ਨਾਲੀ ਦਾ ਕੁਟੰਬੁ=ਪੁੱਤਰ ਜੋ ਬ੍ਰਹਮਾ ਹੈ, ਉਹ ਪਰਮੇਸ਼ਰ ਦੀ ਸ੍ਰਿਸ਼ਟੀ ਨੂੰ ਭਾਲਣ ਲਈ ਗਿਆ।

ਅੱਗੇ ਤਿਸ ਸ੍ਰਿਸ਼ਟੀ ਦਾ ਅੰਤ ਨਾ ਪਾਇਆ, ਤੇ ਕੰਸ ਨੂੰ ਛੇਦ ਕੇ ਭਲਾ ਉਸ ਨੇ ਕੀ ਵੱਡਾ ਹੋਣਾ ਹੈ ?

ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥ ੪ ॥ ੭ ॥

ਪਹਿਲੇ ਤਾਂ ਖਾਰਾ ਸਮੁੰਦਰ ਮਥਿਆ ਸੀ, ਫੇਰ ਜਦ ਇੰਦਰ ਆਪਣੇ ਰਾਜ-ਭਾਗ ਦਾ ਧਨ ਗੁਆ ਬੈਠਾ ਤਾਂ ਦੁਬਾਰਾ ਖੀਰ ਸਮੁੰਦਰ ਮਥਿਆ ਸੀ। ਜਦ ਇੰਦਰ ਹਾਥੀ ਦੀ ਸਵਾਰੀ ਕਰਕੇ ਚਲਾ ਜਾ ਰਿਹਾ ਸੀ ਤਾਂ ਦੁਰਬਾਸ਼ਾ ਰਿਖੀ ਨੂੰ ਪਤਾ ਲੱਗਾ ਕਿ ਸਭ ਦੇਵਤਿਆਂ ਦਾ ਰਾਜਾ ਚਲਾ ਜਾ ਰਿਹਾ ਹੈ ਅਤੇ ਸਾਡਾ ਵੀ ਰਾਜਾ ਹੋਇਆ। ਇਸ ਲਈ ਦੁਰਬਾਸ਼ਾ ਰਿਖੀ ਜੀ ਨੇ ਸਨਮਾਨ ਵਾਸਤੇ ਸੋਹਣੇ ਫੁੱਲਾਂ ਦੀ ਇਕ ਮਾਲਾ ਤਿਆਰ ਕਰ ਕੇ ਰੱਖੀ। ਜਦ ਇੰਦਰ ਜੀ ਲੰਘੇ ਤਾਂ ਦੁਰਬਾਸ਼ਾ ਰਿਖੀ ਜੀ ਨੇ ਸਨਮਾਨ ਕਰਨ ਲਈ ਉਹ ਮਾਲਾ ਇੰਦਰ ਦੇ ਗਲ ਵਿਚ ਪਾ ਦਿੱਤੀ। ਇੰਦਰ ਨੇ ਉਸੇ ਵੇਲੇ ਉਹ ਮਾਲਾ ਹਾਥੀ ਦੇ ਗਲ ਪਾ ਦਿੱਤੀ। ਦੁਰਬਾਸ਼ਾ ਰਿਖੀ ਨੇ ਜਦ ਇਹ ਗੱਲ ਦੇਖੀ ਤਾਂ ਗੁੱਸਾ ਆ ਗਿਆ ਕਿ ਮੈਂ ਤਪ ਵਲੋਂ ਹਟ ਕੇ ਇਸ ਦਾ ਸਨਮਾਨ ਕੀਤਾ ਹੈ, ਲੇਕਿਨ ਇਸ ਨੇ ਪਰਵਾਹ ਹੀ ਨਹੀਂ ਕੀਤੀ। ਉਨ੍ਹਾਂ ਨੇ ਸਰਾਪ ਦੇ ਦਿੱਤਾ ਕਿ ਜਿਨ੍ਹਾਂ ਰਤਨਾਂ ਦਾ ਤੈਨੂੰ ਮਾਣ ਹੈ ਉਹ

ਤੇਰੇ ਪਾਸ ਕੋਈ ਵੀ ਨਹੀਂ ਰਹੇਗਾ। ਕੁਦਰਤ ਕਰਤਾਰ ਦੀ ਉਸੇ ਤਰ੍ਹਾਂ ਹੀ ਹੋਇਆ। ਉਹਨਾਂ ਰਤਨਾਂ ਦੇ ਅਭਾਵ ਹੋਣ ਤੇ ਜਦ ਇੰਦਰ ਨੇ ਵਾਹਿਗੁਰੂ ਅੱਗੇ ਬੇਨਤੀ ਕੀਤੀ।

ਤਾਂ ਭਗਵਾਨ ਨੇ ਖੀਰ ਸਮੁੰਦਰ ਮਥ ਕੇ ਚੌਦਾਂ ਰਤਨ ਉਤਪੰਨ ਕਰ ਧਰੇ ਅਤੇ ਹੋਰ ਸਾਰੇ ਦੇਵਤੇ ਦੈਂਤ ਭਖਲਾਏ=ਭੜਕਾ ਦਿਤੇ। ਦੇਵਤੇ ਕਹਿੰਦੇ ਹਨ ਕਿ ਅਸੀਂ ਸਮੁੰਦਰ ਮਥਨਾ ਕੀਤਾ ਹੈ, ਇਸ ਲਈ ਸਾਨੂੰ ਅੰਮ੍ਰਿਤ ਮਿਲਣਾ ਚਾਹੀਦਾ ਹੈ, ਦੈਂਤ ਕਹਿੰਦੇ ਹਨ ਕਿ ਅਸੀਂ ਸਮੁੰਦਰ ਰਿੜਕਨਾ ਕੀਤਾ ਹੈ, ਅੰਮ੍ਰਿਤ ਸਾਨੂੰ ਮਿਲਣਾ ਚਾਹੀਦਾ ਹੈ। ਉਸ ਵੇਲੇ ਭਗਵਾਨ ਨੇ ਮੋਹਣੀ ਅਵਤਾਰ ਧਾਰ ਕੇ ਆਪਣੀ ਮਰਜ਼ੀ ਨਾਲ-

'ਏਕੀ ਏਕੀ ਵੰਡਿ ਦੀਆ'=ਇਕ ਇਕ ਰਤਨ, ਸਭ ਨੂੰ ਵੰਡ ਦਿੱਤਾ। ਜੋ ਕੁਝ ਭਗਵਾਨ ਨੇ ਵੰਡਿਆ ਹੈ ਉਹ ਛੁਪਾਇਆ ਹੋਇਆ ਕਿਵੇਂ ਛੁਪ ਸਕਦਾ ਹੈ ? ਜਦ ਮੋਹਣੀ ਅਵਤਾਰ ਦਾ ਦਰਸ਼ਨ ਕੀਤਾ, ਫਿਰ ਤਾਂ ਸਾਰੇ ਮੋਹਿਤ ਹੋ ਗਏ ਅਤੇ ਆਖਣ ਲੱਗੇ ਕਿ ਜੋ ਦਿਓਗੇ, ਸਾਨੂੰ ਮਨਜ਼ੂਰ ਹੈ।

ਉਸ ਵੇਲੇ ਦੇਵਤਿਆਂ ਨੂੰ ਅੰਮ੍ਰਿਤ, ਦੈਂਤਾਂ ਨੂੰ ਸ਼ਰਾਬ, ਸ਼ਿਵ ਜੀ ਨੂੰ ਵਿਹੁ, ਐਰਾਵਤ ਹਾਥੀ, ਰੰਭਾ, ਤੇ ਕਲਪ ਬ੍ਰਿਛ ਇਹ ਇੰਦਰ ਨੂੰ ਦਿਤੇ, ਉਚ ਸ੍ਰਵਾ ਘੋੜਾ ਸੂਰਜ ਨੂੰ ਦਿਤਾ, ਕਾਮਧੇਨ ਗਊ ਰਿਖੀਸ਼ੁਰਾਂ ਨੂੰ ਦਿੱਤੀ, ਦੁੱਖਾਂ ਦੀ ਨਵਿਰਤੀ ਲਈ ਸਾਰੇ ਸੰਸਾਰ ਨੂੰ ਧਨੰਤਰ ਵੈਦ ਦਿਤਾ। ਇਸ ਤਰ੍ਹਾਂ ਸਾਰੇ ਪਦਾਰਥ ਸਭਨਾਂ ਨੂੰ ਵੰਡ ਦਿਤੇ॥ ੪॥ ੭॥

[ਪੰਨਾ ੩੫੧]

ਆਸਾ ਮਹਲਾ ੧ ॥

ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥

ਨਿਸ਼ਕਾਮ ਕਰਮਾਂ ਦੀ ਜੋ ਕਰਤੂਤਿ ਕਰਤੱਬਤਾ ਹੈ, ਇਹ ਉਤਮ ਵੇਲ ਬਿਸਥਾਰੀ=ਫੈਲੀ ਹੈ, ਰਾਮ ਨਾਮ ਜਪਣਾ ਇਹ ਉਸ ਵੇਲੇ ਤੋਂ ਫਲ ਪ੍ਰਾਪਤ ਹੋਇਆ ਹੈ।

ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥ ੧ ॥

ਜਿਸ ਨੇ ਅਨਾਹਦੁ=ਇਕ ਰਸ ਗੁਰ ਸ਼ਬਦ ਨੂੰ ਵਾਜੈ=ਉਚਾਰਿਆ ਹੈ, ਜਿਸ ਨਿਰੰਜਨ ਪਰਮਾਤਮਾ ਦੀ ਕੋਈ ਰੂਪ ਰੇਖ ਨਹੀਂ ਹੈ, ਉਹ ਪਰਮਾਤਮਾ ਤਿਸ ਜਗਿਆਸੂ ਨੂੰ ਪ੍ਰਾਪਤ ਹੋਇਆ ਹੈ।

ਦੂਜੀ ਬਦਲ-ਨਿਸ਼ਕਾਮ ਕਰਮਾਂ ਦੀ ਜੋ ਕਰਤੱਬਤਾ ਹੈ, ਇਹ ਉਤਮ ਵੇਲ ਵਿਸਤਾਰੀ ਹੈ। ਰਾਮ ਨਾਮ ਜਪਣਾ ਫੁੱਲ ਲੱਗਾ ਹੈ, ਬ੍ਰਹਮ-ਗਿਆਨ ਰੂਪ ਫਲ ਪ੍ਰਾਪਤ ਹੋਇਆ ਹੈ।

ਜਿਸ ਨਿਰੰਜਨ ਦਾ ਕੋਈ ਰੂਪ ਰੇਖਾ ਨਹੀਂ ਹੈ, ਪੁਨਾ ਅਨਾ+ਹਦ=ਹੱਦ ਤੋਂ ਰਹਿਤ ਹੈ, ਐਸਾ ਜੋ ਸਬਦੁ=ਬ੍ਰਹਮ ਵਾਜੈ=ਪਰਗਟ ਕੀਤਾ ਹੈ, ਇਹ ਉਸ ਫਲ ਦਾ ਰਸ ਪ੍ਰਾਪਤ ਹੋਇਆ ਹੈ॥ ੧ ॥

ਕਰੇ ਵਖਿਆਣੁ ਜਾਣੈ ਜੇ ਕੋਈ॥ ਅੰਮ੍ਰਿਤੁ ਪੀਵੈ ਸੋਈ॥ ੧ ॥ ਰਹਾਉ ॥

ਜਿਹੜਾ ਕੋਈ ਪੁਰਸ਼ ਰਾਮ ਨਾਮ ਨੂੰ ਕਥਨ ਕਰਨਾ ਜਾਣਦਾ ਹੈ, ਉਹੀ ਬ੍ਰਹਮਾਨੰਦ ਰੂਪੀ ਅੰਮ੍ਰਿਤ ਪੀਂਦਾ ਹੈ॥ ੧ ॥ ਰਹਾਉ॥

ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ॥

ਜਿਸ ਨੇ ਉਹ ਬ੍ਰਹਮਾਨੰਦ ਰੂਪੀ ਅੰਮ੍ਰਿਤ ਪੀਤਾ ਹੈ, ਉਹ ਮਸਤ ਹੋ ਗਏ ਹਨ; ਉਨ੍ਹਾਂ ਦੇ ਫਾਹੇ ਰੂਪ ਦੁਨਿਆਵੀ ਬੰਧਨ ਸਭ ਟੁੱਟ ਗਏ ਹਨ।

ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥ ੨ ॥

ਜਾ ਜੋਤੀ ਪਰਮਾਤਮਾ ਦੇ ਭੀਤਰਿ=ਅੰਦਰ ਇਸ ਦੀ ਜੋਤ ਅਭੇਦ ਹੋਈ, ਤਾਂ ਮਾਇਆਵੀ ਲਾਭ ਸਭ ਛੱਡ ਦਿਤੇ॥ ੨॥

ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥

ਸਭ ਜੋਤੀਆਂ ਵਿਚ ਤੇਰੇ ਹੀ ਰੂਪ ਨੂੰ ਦੇਖਿਆ ਹੈ ਅਤੇ ਸਾਰੇ ਚੌਦਾਂ ਭਵਨਾਂ ਵਿਚ ਤੇਰੀ ਹੀ ਮਾਇਆ=ਦਇਆ ਹੈ।

ਅਥਵਾ:-ਸਭ ਜੋਤੀਆਂ ਵਿਚ ਅਤੇ ਸਾਰਿਆਂ ਰੂਪਾਂ ਵਿਚ ਤੈਨੂੰ ਹੀ ਦੇਖਿਆ ਹੈ, ਸਾਰੇ ਭਵਨ ਤੇਰੀ ਮਾਇਆ ਰਚਿਤ ਹਨ। ਵਾ:-ਸਾਰਿਆਂ ਭਵਨਾਂ ਵਿਚ ਨਾਮ ਰੂਪ ਕਰਕੇ ਤੇਰੀ ਮਾਇਆ ਵਿਆਪਕ ਹੈ।

ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ॥ ੩ ॥

ਰਾਰੇ ਦੁਆਰਾ ਕਥਨ ਕਰਦੇ ਹਨ- ਲੇਕਿਨ ਅੱਗੇ ਅੱਖਰਾਂ ਦਾ ਕੋਈ ਪ੍ਰਕਰਨ ਨਹੀਂ ਚਲਦਾ, ਇਸ ਲਈ ਇਹ ਅਰਥ ਕਰਨਾ:-ਉਸ ਗਿਆਨਵਾਨ ਦਾ ਰੂਪ ਦੁਨਿਆਵੀ ਰਾਰੈ=ਝਗੜਿਆਂ ਤੋਂ ਨਿਰਾਲਮੁ=ਅਸੰਗ ਬੈਠਾ ਹੈ, ਜਿਸ ਉਤੇ ਗੁਰੂ ਸਾਹਿਬ ਜੀ ਕਿਰਪਾ ਕਰਦੇ ਹਨ, ਉਹ ਹਿਰਦੇ ਵਿਚ ਪਰਮੇਸ਼ਰ ਨੂੰ ਛਾਇਆ=ਨਿਸਚੇ ਕਰਦਾ ਹੈ॥ ੩॥

ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ॥ ੪ ॥ ੮ ॥

ਜੋ ਜੋਗੀ=ਸਾਧੂ 'ਬੀਣਾ ਸਬਦੁ ਵਜਾਵੈ'=ਸੁੰਦਰ ਗੁਰਾਂ ਦੇ ਉਪਦੇਸ਼ ਨੂੰ ਉਚਾਰਦਾ ਹੈ ਉਸ ਨੂੰ ਅਪਾਰ ਸਰੂਪ ਪਰਮੇਸ਼ਰ ਦਾ ਦਰਸ਼ਨ ਹੁੰਦਾ ਹੈ ਅਤੇ ਹੱਦ ਤੋਂ ਰਹਿਤ ਜੋ ਸਬਦਿ=ਬ੍ਰਹਮ ਹੈ ਉਸ ਸਹੁ ਵਿਖੇ ਉਹ ਰਤਾ ਰਹਿੰਦਾ ਹੈ, ਗੁਰੂ ਜੀ ਕਹਿੰਦੇ ਹਨ ਕਿ ਅਸਾਂ ਨੇ ਵਿਚਾਰ ਕੇ ਕਿਹਾ ਹੈ।

ਆਸਾ ਮਹਲਾ ੧ ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ-

ਜਗਿਆਸੂ ਨੇ ਆ ਕੇ ਮਹਾਤਮਾ ਪਾਸ ਬੇਨਤੀ ਕੀਤੀ ਕਿ ਸੰਸਾਰ ਤੋਂ ਤਰਨਾ ਕਿਵੇਂ ਹੁੰਦਾ ਹੈ ? ਮਹਾਤਮਾ ਨੇ ਕਿਹਾ-ਸ਼ੁਭ ਗੁਣਾਂ ਕਰਕੇ ਤਰਨਾ ਹੁੰਦਾ ਹੈ, ਲੇਕਿਨ ਇਹ ਦੱਸ ਕਿ ਤੇਰੇ ਵਿਚ ਕੋਈ ਗੁਣ ਹੈ ਜਾਂ ਨਹੀਂ ? ਜਗਿਆਸੂ ਆਖਦਾ ਹੈ-

ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥

ਮੇਰੇ ਵਿਚ ਇਹੋ ਗੁਣ ਹੈ ਜੋ ਗੱਲਾਂ ਕਰਨ ਦੇ ਭਾਰ ਨੂੰ ਸਿਰ ਤੇ ਚੁਕਿਆ ਹੋਇਆ ਹੈ। ਸੰਸਾਰਕ ਗੱਲਾਂ ਹੀ ਗੱਲਾਂ ਦੇ ਸਿਰਜਨ ਵਾਲਾ ਹੋ ਰਿਹਾ ਹਾਂ। ਵਾ:-ਗਲੀਆਂ ਵਿਚ ਜਾਂਦਾ ਹੋਇਆ ਗੱਲਾਂ ਦੇ ਸਿਰਜਨ ਵਾਲਾ ਹੋ ਰਿਹਾ ਹਾਂ। ਵਾ:-ਗਾਲਨ ਵਾਲੀਆਂ ਗੱਲਾਂ ਦੇ ਸਿਰਜਨ ਵਾਲਾ ਹੋ ਰਿਹਾ ਹਾਂ। ਇਹ ਸੁਣ ਕੇ ਮਹਾਤਮਾ ਨੇ ਕਿਹਾ- ਜੇ ਤਰਨ ਦੀ ਇੱਛਾ ਹੈ ਤਾਂ ਗੱਲਾਂ ਵਿਚੋਂ ਸਿਰਜਨਹਾਰ ਦੀਆਂ ਭਜਨ ਸਿਮਰਨ ਰੂਪੀ ਗੱਲਾਂ ਕਰ।

ਖਾਣਾ ਪੀਣਾ ਹਸਣਾ ਬਾਦਿ॥ ਜਬ ਲਗੁ ਰਿਦੈ ਨ ਆਵਹਿ ਯਾਦਿ॥ ੧ ॥

ਅੰਨ੍ਹੈ:-ਜਦ ਤਕ ਹਿਰਦੇ ਵਿਚ ਉਹ ਪ੍ਰਭੂ ਚੇਤੇ ਨਹੀਂ ਆਉਂਦਾ, ਤਦ ਤਕ ਪਦਾਰਥਾਂ ਦਾ ਖਾਣਾ ਪੀਣਾ

ਅਤੇ ਹੱਸਣਾ-ਖੇਡਣਾ ਬਾਦਿ=ਨਿਸਫਲ ਹੈ॥ ੧॥

ਤਉ ਪਰਵਾਹ ਕੇਹੀ ਕਿਆ ਕੀਜੈ॥
ਜਨਮਿ ਜਨਮਿ ਕਿਛੁ ਲੀਜੀ ਲੀਜੈ॥ ੧॥ ਰਹਾਉ॥

ਜਨਮਾਂ-ਜਨਮਾਤਰਾਂ ਵਿਖੇ ਲੈਣੇ ਜੋਗ ਪਰਮਾਤਮਾ ਦੇ ਨਾਮ ਨੂੰ ਕੁਝ ਸਮਾਂ ਲੈਣਾ ਕਰੋ। ਵਾ:-ਜਿਸ ਦੀ ਸਾਰੇ ਜੈ ਹੋ ਰਹੀ ਹੈ, ਤਿਸ ਨਾਲ ਲੀ=ਲਿਵ ਲਗਾ ਕੇ ਤਿਸ ਦਾ ਨਾਮ ਲੈਣਾ ਕਰੋ, ਤਾਂ ਫਿਰ ਕਿਸੇ ਦੀ ਕੀ ਪਰਵਾਹ ਹੈ ਅਤੇ ਕੀ ਜਤਨ ਕਰਨਾ ਹੈ॥ ੧॥ ਰਹਾਉ॥

ਮਨ ਕੀ ਮਤਿ ਮਤਾਗਲੁ ਮਤਾ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ॥

ਮਨ ਦੀ ਜੋ ਖੋਟੀ ਮਤੀ ਹੈ, ਏਹੋ ਹੀ ਇਕ ਮਸਤਿਆ ਹੋਇਆ ਮਤਾਗਲੁ=ਹਾਥੀ ਹੈ। ਜੋ ਕੁਝ ਉਹ ਬੋਲਦਾ ਹੈ, ਸਭ ਗੁਨਾਹ ਹੀ ਗੁਨਾਹ ਬੋਲਦਾ ਹੈ। ਵਾ:-ਜੋ ਕੁਝ ਵੀ ਬੋਲਦਾ ਹੈ ਸਭ ਗੁਨਾਹ ਦੇ ਬਚਨ ਬੋਲਦਾ ਹੈ। ਇਸ ਕਰਕੇ ਉਹ ਖਤਾ=ਟੋਏ ਵਿਚ ਭਾਵ ਨਰਕਾਂ ਵਿਚ ਪੈਂਦਾ ਹੈ।

ਕਿਆ ਮੁਹੁ ਲੈ ਕੀਚੈ ਅਰਦਾਸਿ॥ ਪਾਪੁ ਪੁੰਨੁ ਦੁਇ ਸਾਖੀ ਪਾਸਿ॥ ੨॥

ਹੇ ਪੁਰਸ਼ਾ ! ਤੂੰ ਕੀ ਮੂੰਹ ਲੈ ਕੇ ਬੇਨਤੀ ਕਰੇਂਗਾ ? ਕਿਉਂਕਿ ਤੇਰੇ ਕੀਤੇ ਹੋਏ ਜੋ ਪਾਪ ਅਤੇ ਪੁੰਨ ਕਰਮ ਹਨ, ਉਹ ਤੇਰੇ ਪਾਸ ਸਾਖੀ=ਉਗਾਹੀ ਦੇਣ ਵਾਸਤੇ ਖੜੇ ਹੋਣਗੇ।

ਅਥਵਾ:-ਸਾਖੀ=ਪਰਮੇਸ਼ਰ ਨੇ ਪਾਪ ਅਤੇ ਪੁੰਨ ਦੋਨੋਂ ਤੇਰੇ ਪਾਸ ਕੀਤੇ ਹੋਏ ਹਨ, ਉਨ੍ਹਾਂ ਅਨੁਸਾਰ ਤੈਨੂੰ ਫਲ ਮਿਲਣਾ ਹੈ।

ਅਥਵਾ:-ਜੇ ਤੂੰ ਬਚਣਾ ਚਾਹੁੰਦਾ ਹੈਂ ਤਾਂ ਆਪਣੇ ਕੀਤੇ ਹੋਏ ਸਾਰੇ ਪਾਪ ਪੁੰਨ ਬੇਨਤੀ ਸਹਿਤ ਸਾਖੀ=ਪਰਮੇਸ਼ਰ ਨੂੰ ਕਹਿ ਦੇ ॥ ੨॥

ਜੈਸਾ ਤੂੰ ਕਰਹਿ ਤੈਸਾ ਕੋ ਹੋਇ॥ ਤੁਝ ਬਿਨੁ ਦੂਜਾ ਨਾਹੀ ਕੋਇ॥

ਹੇ ਹਰੀ ! ਤੂੰ ਜਿਸ ਤਰ੍ਹਾਂ ਦਾ ਕਿਸੇ ਨੂੰ ਕਰਦਾ ਹੈਂ, ਉਸੇ ਤਰ੍ਹਾਂ ਦਾ ਕੋਈ ਹੋ ਜਾਂਦਾ ਹੈ। ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਕੁਝ ਕਰਨ ਜੋਗਾ ਨਹੀਂ ਹੈ।

ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ॥ ਤੁਧੁ ਆਪੇ ਭਾਵੈ ਤਿਵੈ ਚਲਾਵੈ॥ ੩॥

ਜਿਹੋ ਜਿਹੀ ਤੂੰ ਅਕਲ ਦੇਂਦਾ ਹੈ, ਤੇਹੋ ਜਿਹੀ ਸਭ ਕੋਈ ਪਾਂਦਾ ਹੈ। ਜਿਵੇਂ ਤੈਨੂੰ ਆਪ ਭਾਂਵਦਾ ਹੈ ਤਿਵੇਂ ਤੂੰ ਜੀਵਾਂ ਨੂੰ ਚਲਾਉਂਦਾ ਹੈਂ॥ ੩॥

ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥

ਰਤਨ ਰੂਪ ਜੋ ਰਾਗ ਹੈ, ਪਰੀਆ=ਰਾਗਾਂ ਦੀਆਂ ਇਸਤਰੀਆਂ, ਪਰਵਾਰ=ਰਾਗਾਂ ਦੇ ਪੁੱਤਰ, ਤਿਸ ਰਾਗ ਵਿਚ ਜੋ ਪੁਰਸ਼ ਪ੍ਰੇਮਾ ਭਗਤੀ ਕਰਦਾ ਹੈ ਉਸ ਨੂੰ ਸਾਰ=ਸ੍ਰੇਸ਼ਟ ਅੰਮ੍ਰਿਤ ਉਪਜਦਾ ਹੈ।

ਅਥਵਾ:- ਰਾਗ=ਪ੍ਰੇਮ, ਰਤਨ=ਵੈਰਾਗ, ਪਰੀਆ=ਕਰੁਣਾ, ਮੈਤ੍ਰੀ, ਮੁਦਤਾ, ਪਰਵਾਰ=ਸਤ ਸੰਤੋਖ ਆਦਿਕ ਸ਼ੁਭ ਗੁਣ ਜਿਸ ਪੁਰਸ਼ ਦੇ ਹਿਰਦੇ ਵਿਚ ਹਨ, ਤਿਸ ਪੁਰਸ਼ ਦੇ ਮਨ ਵਿਚ ਸ੍ਰੇਸ਼ਟ ਬ੍ਰਹਮਾਨੰਦ ਰੂਪੀ

ਅੰਮ੍ਰਿਤ ਉਪਜਦਾ ਹੈ।

ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੂਝੈ ਏਹੁ ਬੀਚਾਰੁ॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ-ਕਿ ਕਰਤੇ ਪੁਰਖ ਦੀ ਪ੍ਰਾਪਤੀ ਦਾ ਏਹੀ ਧਨ ਮਾਲ ਹੈ, ਵਾ ਧੰਨਤਾ ਜੋਗ ਮਾਲ ਹੈ। ਜਿਹੜਾ ਕੋਈ ਇਸ ਵਿਚਾਰ ਨੂੰ ਬੁਝਦਾ ਹੈ, ਉਹ ਸੰਸਾਰ ਤੋਂ ਤਰਦਾ ਹੈ॥ ੪॥ ੯॥

ਆਸਾ ਮਹਲਾ ੧॥

ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ॥

ਜਿਸ ਵੇਲੇ ਪਰਮੇਸ਼ਰ ਨੇ ਕਿਰਪਾ ਕੀਤੀ ਤਾਂ ਆਪਣੇ ਸਤਿਸੰਗ ਰੂਪੀ ਘਰ ਵਿਚ ਆਇਆ; ਜਾਂ ਸਤਿਸੰਗ ਰੂਪੀ ਘਰ ਵਿਚ ਆਇਆ ਤਾਂ ਮਹਾਤਮਾਂ ਰੂਪ ਸਖੀਆਂ ਨਾਲ ਮਿਲ ਕੇ ਭਜਨ ਸਿਮਰਨ ਰੂਪੀ ਕਾਜ ਰਚਾਇਆ ਤਾਂ ਸੰਤਾਂ ਨੇ ਕਿਰਪਾ ਕੀਤੀ। ਜਾਂ ਸੰਤਾਂ ਨੇ ਕਿਰਪਾ ਕੀਤੀ ਤਾਂ ਆਪਣੇ ਅੰਤਰ-ਮੁਖਤਾ ਰੂਪੀ ਘਰ ਵਿਚ ਆਇਆ; ਜਾਂ ਅੰਤਰ-ਮੁਖਤਾ ਰੂਪੀ ਘਰ ਵਿਚ ਆਇਆ ਤਾਂ ਸਖੀਆ=ਇੰਦ੍ਰੀਆਂ ਨੇ ਮਿਲ ਕੇ ਕਾਜ ਰਚਾਇਆ ਭਾਵ ਸਭ ਇੰਦ੍ਰੀਆਂ ਪਰਮੇਸ਼ਰ ਪ੍ਰਾਇਣ ਹੋ ਗਈਆਂ। ਜਾਂ ਇੰਦ੍ਰੀਆਂ ਪਰਮੇਸ਼ਰ ਪ੍ਰਾਇਣ ਹੋ ਗਈਆਂ ਤਾਂ ਕਿਰਪਾ ਕਰਨ ਵਾਲਾ ਜੋ ਪਰਮੇਸ਼ਰ ਹੈ, ਉਸ ਦੇ ਆਪਣੇ ਸਰੂਪ-ਘਰ ਵਿਚ ਆਇਆ; ਜਾਂ ਸਰੂਪ-ਘਰ ਵਿਚ ਆਇਆ ਤਾਂ ਫਿਰ ਹੋਰਨਾਂ ਸਖੀਆਂ ਦਾ ਪਰਮੇਸ਼ਰ ਨਾਲ ਮਿਲਾਵਣ ਲਈ ਕਾਜ ਰਚਾਇਆ ਅਤੇ ਇਹ ਨਿਸ਼ਚੇ ਕਰ ਲਿਆ ਕਿ ਕਿਰਪਾ ਕਰਨ ਵਾਲਾ ਪਰਮੇਸ਼ਰ ਆਪਣੇ ਸੰਸਾਰ ਰੂਪੀ ਘਰ ਵਿਚ ਆਇਆ ਹੋਇਆ ਹੈ।

ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ॥ ੧॥

ਜਗਿਆਸੂ ਰੂਪੀ ਇਸਤ੍ਰੀ ਦੇ ਭਜਨ ਸਿਮਰਨ ਰੂਪੀ ਖੇਲ ਨੂੰ ਦੇਖ ਕੇ ਜਦ ਪਰਮੇਸ਼ਰ ਦੇ ਮਨ ਵਿਚ ਅਨੰਦ ਹੋਇਆ, ਤਦ ਉਹ ਪਤੀ-ਪਰਮੇਸ਼ਰ ਆਪ ਇਸ ਦੇ ਵਿਆਹੁਣੇ ਨੂੰ ਆਇਆ ਭਾਵ ਅਭੇਦ ਕਰਨ ਲਈ ਤਿਆਰ ਹੋ ਗਿਆ ॥ ੧॥

ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥

ਹੇ ਸ਼ਰਧਾਵਾਨ ਜਗਿਆਸੂ ਰੂਪ ਇਸਤਰੀਓ ! ਤੁਸੀਂ ਉਸ ਪਤੀ-ਪਰਮੇਸ਼ਰ ਦੇ ਜਸ ਨੂੰ ਗਾਵਣਾ ਕਰੋ। *ਅਥਵਾ:*-ਗਾਵਣੇ ਜੋਗ ਦੇ ਜਸ ਨੂੰ ਗਾਵਣਾ ਕਰੋ। *ਅਥਵਾ*-ਮਨ ਕਰਕੇ ਵੀ ਗਾਵੋ, ਬਾਣੀ ਦੁਆਰਾ ਵੀ ਗਾਵੋ ਤਾਂ ਬਿਬ+ਏਕ=ਦੋ ਤੋਂ ਇਕ ਹੋਣ ਦਾ ਵਿਚਾਰ ਪ੍ਰਾਪਤ ਹੋਵੇਗਾ।

ਹਮਰੈ ਘਰਿ ਆਇਆ ਜਗਜੀਵਨੁ ਭਤਾਰੁ॥ ੧॥ ਰਹਾਉ॥

ਇਸ ਤਰ੍ਹਾਂ ਸਾਡੇ ਹਿਰਦੇ ਰੂਪੀ ਘਰ ਵਿਚ ਜਗਜੀਵਨੁ=ਪਰਮਾਤਮਾ ਰੂਪ ਪਤੀ ਆ ਕੇ ਸਾਖਿਆਤਕਾਰ ਹੋਇਆ ਹੈ॥ ੧॥ ਰਹਾਉ॥

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥

ਮਹਾਤਮਾ ਨੇ ਕਿਹਾ-ਸਾਡਾ ਜੋ ਪਰਮੇਸ਼ਰ ਨਾਲ ਵਿਆਹ ਹੋਇਆ ਹੈ, ਤਾਂ ਗੁਰਾਂ ਦੁਆਰੇ ਹੀ ਹੋਇਆ ਹੈ। ਜਾਂ ਪਰਮੇਸ਼ਰ-ਪਤੀ ਮਿਲਿਆ ਤਾਂ ਹੀ ਉਸ ਦੇ ਅਨੰਦ ਨੂੰ ਜਾਣਿਆ।

ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥ ੨ ॥

ਜਿਸ ਵੇਲੇ ਗੁਰਾਂ ਨਾਲ ਮਨ ਮੰਨਿਆਂ ਗਿਆ, *ਅਥਵਾ*-ਗੁਰਾਂ ਦੇ ਮਨੁ=ਮੰਤਰ ਨੂੰ ਮੰਨਿਆ ਤਾਂ ਆਪੁ=ਹੰਕਾਰ ਚਲਿਆ ਗਿਆ ਜਾਂ ਹੰਕਾਰ ਚਲਾ ਗਿਆ ਤਾਂ ਤਿੰਨਾਂ ਲੋਕਾਂ ਵਿਚ ਸਬਦੁ=ਬ੍ਰਹਮ ਨੂੰ ਰਵਿਆ ਹੋਇਆ ਨਿਸ਼ਚੇ ਕੀਤਾ ॥ ੨ ॥

ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥

ਜਗਤ ਦੀ ਉਤਪਤੀ, ਪਾਲਣਾ, ਲੈਤਾ ਰੂਪ ਆਪਣੇ ਕਾਰਜਾਂ ਨੂੰ ਉਹ ਪਰਮੇਸ਼ਰ ਆਪ ਹੀ ਸਵਾਰਦਾ ਹੈ। ਉਸ ਤੋਂ ਬਿਨਾਂ ਹੋਰ ਕਿਸੇ ਪਾਸੋਂ ਵੀ ਇਹ ਉਤਪਤੀ, ਪਾਲਣਾ, ਲੈਤਾ ਰੂਪ ਕਾਰਜ ਨਹੀਂ ਹੋ ਸਕਦਾ।

ਅਥਵਾ-ਜਗਿਆਸੂ ਜਨ ਆਪਣੇ ਸਰੂਪ ਦੀ ਪ੍ਰਾਪਤੀ ਦੇ ਕਾਰਜ ਨੂੰ ਆਪ ਹੀ ਗੁਰਾਂ ਦੁਆਰੇ ਸਵਾਰਦਾ ਹੈ, ਗੁਰਾਂ ਤੋਂ ਬਿਨਾਂ ਹੋਰ ਕਿਸੇ ਪਾਸੋਂ ਵੀ ਸਰੂਪ ਦੀ ਪ੍ਰਾਪਤੀ ਰੂਪ ਕਾਰਜ ਨਹੀਂ ਹੋ ਸਕਦਾ।

ਅਥਵਾ-ਨਾਮ ਜਪਣੇ ਰੂਪ ਕਾਰਜ ਨੂੰ ਆਪ ਸਵਾਰਦਾ ਹੈ, ਗੁਰਾਂ ਤੋਂ ਬਿਨਾਂ ਹੋਰ ਕਿਸੇ ਪਾਸੋਂ ਇਹ ਕਾਰਜ ਨਹੀਂ ਹੋ ਸਕਦਾ।

ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥ ੩ ॥

ਜਿਸ ਨਾਮ ਜਪਣੇ ਰੂਪ ਕਾਰਜ ਵਿਖੇ ਸਤ, ਸੰਤੋਖ, ਦਇਆ, ਧਰਮ ਆਦਿਕ ਸ਼ੁਭ ਗੁਣਾਂ ਦੀ ਪ੍ਰਾਪਤੀ ਹੈ, ਉਸ ਰਾਮ ਨਾਮ ਜਪਣੇ ਰੂਪੀ ਕਾਰਜ ਨੂੰ ਕੋਈ ਵਿਰਲਾ ਗੁਰਮੁਖ ਹੀ ਬੁਝਣਾ ਕਰਦਾ ਹੈ ॥ ੩ ॥

ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥
ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ-ਕਿ ਸਾਰਿਆਂ ਦਾ ਪਤੀ ਉਹ ਇਕ ਪਰਮਾਤਮਾ ਹੀ ਹੈ। ਜਿਸ ਉਪਰ ਉਹ ਕਿਰਪਾ-ਦ੍ਰਿਸ਼ਟੀ ਕਰਦਾ ਹੈ, ਓਹੀ ਜੀਵ ਰੂਪੀ ਇਸਤ੍ਰੀ ਸੁਹਾਗਣ ਹੁੰਦੀ ਹੈ ॥ ੪ ॥ ੧੦ ॥

ਆਸਾ ਮਹਲਾ ੧ ॥

ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥ ਦੁਰਮਤਿ ਗਤੁ ਭਈ ਕੀਰਤਿ ਠਾਇ ॥

ਜਿਸ ਦੇ ਹਿਰਦੇ ਅੰਦਰ ਵਾਹਿਗੁਰੂ ਦੀ ਕੀਰਤੀ ਨੇ ਠਾਇ=ਥਾਂ ਭਾਵ ਟਿਕਾਣਾ ਬਣਾ ਲੀਤਾ ਹੈ, ਉਸ ਦੇ ਅੰਦਰੋਂ 'ਦੁਰਮਤਿ ਗਤੁ ਭਈ' ਖੋਟੀ ਬੁਧੀ ਨਾਸ ਹੋਈ ਹੈ। ਉਸ ਦੀ ਦ੍ਰਿਸ਼ਟੀ ਵਿਚ ਘਰ ਅਤੇ ਬਨ ਸਹਜਿ=ਸੁਭਾਵਕ ਹੀ ਇਕ ਸਮਾਨ ਪ੍ਰਤੀਤ ਹੁੰਦੇ ਹਨ।

ਅਥਵਾ-ਉਸ ਦੇ ਹਿਰਦੇ ਰੂਪੀ ਘਰ ਵਿਚ ਸਮ੍ਸਰਿ=ਸਮਦ੍ਰਿਸ਼ਟੀ ਅਤੇ ਸਹਜਿ=ਸ਼ਾਂਤੀ ਆਦਿਕ ਸ਼ੁਭ ਗੁਣ ਸੁਭਾਵਕ ਹੀ ਆ ਬਣੇ ਹਨ।

ਸਚੁ ਪਉੜੀ ਸਾਚਉ ਮੁਖਿ ਨਾਂਉ ॥

ਮੂੰਹ ਨਾਲ ਜਿਹੜਾ ਸੱਚਾ ਨਾਮ ਜਪਣਾ ਹੈ, ਇਹੀ ਸੱਚ ਦੀ ਪ੍ਰਾਪਤੀ ਦੀਆਂ ਪਉੜੀਆਂ ਹਨ।

ਯਥਾ- ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ ੩੨॥ (ਜਪੁ ਜੀ ਸਾਹਿਬ)

[ਪੰਨਾ ੩੫੨]

ਸਤਿਗੁਰੁ ਸੇਵਿ ਪਾਏ ਨਿਜ ਥਾਉ॥ ੧॥

ਪੂਰਨ ਸਤਿਗੁਰਾ ਦੀ ਸੇਵਾ ਕਰੇ ਤਾਂ ਨਿਜ ਥਾਉ=ਸਰੂਪ ਨੂੰ ਪਾਂਵਦਾ ਹੈ।

ਮਨ ਚੂਰੇ ਖਟੁ ਦਰਸਨ ਜਾਣੁ॥ ਸਰਬ ਜੋਤਿ ਪੂਰਨ ਭਗਵਾਨੁ॥ ੧॥ ਰਹਾਉ॥

'ਖਟੁ ਦਰਸਨ'=ਛੇ ਭੇਖਾਂ ਦੇ, *ਅਥਵਾ:-* ਛੇ ਸ਼ਾਸਤ੍ਰਾਂ ਦੇ ਸਿਧਾਂਤ ਨੂੰ ਜਾਣੇ ਤਾਂ ਇਹ ਮਨ ਚੂਰੇ=ਗਦ ਗਦ ਹੁੰਦਾ ਹੈ, *ਅਥਵਾ:-* ਚੂਰੇ=ਚੂਰਨ ਭਾਵ ਵਸੀਕਾਰ ਹੁੰਦਾ ਹੈ।

ਪੁਨਾ ਸਭ ਜੋਤੀਆਂ ਵਿਖੇ ਭਗਵਾਨ ਨੂੰ ਪੂਰਨ ਜਾਣਦਾ ਹੈ। *ਅਥਵਾ* ਸਾਰਿਆਂ ਵਿਖੇ ਪਰਮਾਤਮਾ ਦੀ ਜੋਤ ਨੂੰ ਨਿਸ਼ਚੇ ਕਰਦਾ ਹੈ॥ ੧॥ ਰਹਾਉ॥

ਅਧਿਕ ਤਿਆਸ ਭੇਖ ਬਹੁ ਕਰੈ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ॥

ਇਹ ਜੀਵ ਪਦਾਰਥਾਂ ਦੀ ਅਧਿਕ ਤਿਆਸ=ਬਹੁਤੀ ਪਿਆਸ ਕਰਕੇ ਬਹੁਤੇ ਹੀ ਭੇਖਾਂ ਨੂੰ ਧਾਰਨ ਕਰਦਾ ਹੈ। ਬਿਖਿਆ=ਮਾਇਆ ਦੇ ਦੁੱਖ ਕਰਕੇ ਆਤਮ ਸੁਖ ਨੂੰ ਤਨ ਵਿਚੋਂ ਤਿਆਗ ਦਿੰਦਾ ਹੈ।

ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ॥ ਦੁਬਿਧਾ ਛੋਡਿ ਨਾਮਿ ਨਿਸਤਰੈ॥ ੨॥

ਕਾਮ, ਕ੍ਰੋਧ ਆਦਿਕ ਚੋਰ ਇਹ ਜੀਵ ਦੇ ਅੰਦਰਲੇ ਸ਼ੁਭ ਗੁਣਾਂ ਰੂਪੀ ਧਨ ਨੂੰ ਹਿਰੈ=ਚੁਰਾਂਵਦੇ ਹਨ।

ਉਹਨਾਂ ਕਾਮਾਦਿਕਾਂ ਦੇ ਸਹਿਤ ਦੁਬਿਧਾ ਨੂੰ ਛੱਡ ਦੇਵੇ ਅਤੇ ਨਾਮ ਨੂੰ ਜਪੇ ਤਾਂ ਨਾਮੀ ਪਰਮੇਸ਼ਰ ਇਸ ਨੂੰ ਤਾਰਦਾ ਹੈ॥ ੨॥

ਸਿਫਤਿ ਸਲਾਹਣੁ ਸਹਜ ਅਨੰਦ॥ ਸਖਾ ਸੈਨੁ ਪ੍ਰੇਮੁ ਗੋਬਿੰਦ॥

ਸਿਫਤੀ ਪਰਮਾਤਮਾ ਦੀ ਸ਼ਲਾਘਾ ਕਰੇ ਤਾਂ ਸੁਭਾਵਕ ਹੀ ਅਨੰਦ ਪ੍ਰਾਪਤ ਹੁੰਦਾ ਹੈ। ਪੁਨਾ ਗੋਬਿੰਦ ਵਿਖੇ ਪ੍ਰੇਮ ਕਰੇ, ਕਿਉਂਕਿ ਗੋਬਿੰਦ ਦਾ ਪ੍ਰੇਮ ਇਸ ਲੋਕ ਵਿਚ ਸਖਾ=ਮਿੱਤਰ ਬਣ ਕੇ ਸਹਾਇਤਾ ਕਰਦਾ ਹੈ ਅਤੇ ਪਰਲੋਕ-ਰਸਤੇ ਵਿਚ ਜੀਵ ਦਾ ਸੈਨੁ=ਸਾਥੀ ਹੁੰਦਾ ਹੈ।

*ਅਥਵਾ:-*ਸੈਨੁ=ਸਾਥੀ ਹੋ ਕੇ ਮਿੱਤਰਤਾ ਕਰਦਾ ਹੈ।

ਆਪੇ ਕਰੇ ਆਪੇ ਬਖਸਿੰਦੁ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ॥ ੩॥

ਜੀਵ ਰੂਪ ਹੋ ਕੇ ਆਪ ਹੀ ਕਰਮਾਂ ਨੂੰ ਕਰਦਾ ਹੈ, ਗੁਰੂ ਰੂਪ ਹੋ ਕੇ ਆਪ ਹੀ ਔਗੁਣਾਂ ਨੂੰ ਬਖਸ਼ਦਾ ਹੈ। ਗੁਰਮੁਖਾਂ ਨੇ ਆਪਣਾ ਤਨ ਮਨ ਹਰੀ ਪਾਸ ਅਰਪਨ ਕੀਤਾ ਹੈ ਅਤੇ ਆਪਣੀ ਜਿੰਦੁ=ਬੁਧੀ, *ਅਥਵਾ:-*ਜੀਵਨ ਕਲਾ ਵੀ ਹਰੀ ਅੱਗੇ ਅਰਪਨ ਕੀਤੀ ਹੈ॥ ੩॥

ਝੂਠ ਵਿਕਾਰ ਮਹਾ ਦੁਖੁ ਦੇਹ॥ ਭੇਖ ਵਰਨ ਦੀਸਹਿ ਸਭਿ ਖੇਹ॥

ਝੂਠ ਬੋਲਣ ਕਰਕੇ, *ਅਥਵਾ:-*ਝੂਠੇ ਪਦਾਰਥਾਂ ਵਿਚ ਲੱਗਣ ਕਰਕੇ ਅਤੇ ਵਿਸ਼ੇ ਵਿਕਾਰ ਭੋਗਣ ਕਰਕੇ ਜਮਦੂਤ 'ਮਹਾ ਦੁਖੁ ਦੇਹ'= ਭਾਰੀ ਦੁਖ ਦੇਣਾ ਕਰਦੇ ਹਨ। ਇਹ ਜੀਵ ਜਿਨ੍ਹਾਂ ਭੇਖਾਂ ਦਾ ਹੰਕਾਰ ਕਰਦਾ

ਹੈ, ਇਹ ਭੇਖ ਅਤੇ ਅਠਾਰਾਂ ਵਰਨ ਸਭ ਖੇਹ ਰੂਪ ਨਿਗਾਹ ਆਉਂਦੇ ਹਨ।

ਜੋ ਉਪਜੈ ਸੋ ਆਵੈ ਜਾਇ ॥ ਨਾਨਕ ਅਸਥਿਰੁ ਨਾਮੁ ਰਜਾਇ ॥ ੪ ॥ ੧੧ ॥

ਜੋ ਸੰਸਾਰ ਵਿਚ ਉਪਜਿਆ ਹੈ, ਉਹ ਆਵੈ ਜਾਇ=ਆਉਂਦਾ ਤੇ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਜੋ ਰਜਾਇ=ਪਰਮੇਸ਼ਰ ਦੇ ਨਾਮ ਨੂੰ ਜਪਦਾ ਹੈ, ਉਹ ਇਸਥਿਤ ਰੂਪ ਹੈ॥ ੪॥ ੧੧॥

ਆਸਾ ਮਹਲਾ ੧ ॥

ਏਕੋ ਸਰਵਰੁ ਕਮਲ ਅਨੂਪ ॥ ਸਦਾ ਬਿਗਾਸੈ ਪਰਮਲ ਰੂਪ ॥

ਸੰਸਾਰ ਇਕ ਸਰੋਵਰ ਹੈ, ਇਸ ਵਿਚ ਅਨੂਪੰ ਕੌਲ ਤਤਵੇਤਾ ਮਹਾਤਮਾਂ ਹਨ, ਜੋ ਪਰਮਲ=ਸੂਰਜ ਰੂਪ ਪਰਮਾਤਮਾ ਨੂੰ ਦੇਖ ਕੇ ਹਮੇਸ਼ਾਂ ਬਿਗਾਸੈ=ਖਿੜੇ ਰਹਿੰਦੇ ਹਨ।

ਅਥਵਾ:-ਸਤਿਸੰਗ ਇਕ ਸਰੋਵਰ ਹੈ, ਇਸ ਵਿਚ ਅਨੂਪੰ ਕੌਲ ਜਗਿਆਸੂ ਹਨ; ਪਰ+ਮਲ=ਰਾਗ, ਦ੍ਵੈਸ਼; ਵਾ:-ਅਵਿਦਿਆ ਰੂਪੀ ਮੈਲ ਤੋਂ ਪਰ੍ਹੇ ਜੋ ਗੁਰੂ ਸਾਹਿਬ ਜੀ ਹਨ, ਉਨ੍ਹਾਂ ਦੇ ਸੁੰਦਰ ਸਰੂਪ ਨੂੰ ਦੇਖ ਕੇ ਸਦਾ ਖਿੜੇ ਰਹਿੰਦੇ ਹਨ।

ਊਜਲ ਮੋਤੀ ਚੁਗਹਿ ਹੰਸ ॥ ਸਰਬ ਕਲਾ ਜਗਦੀਸੈ ਅੰਸ ॥ ੧ ॥

ਹੰਸ=ਤਤਵੇਤਾ ਮਹਾਤਮਾਂ ਸ਼ੁਭ ਗੁਣਾਂ ਰੂਪੀ ਉਜਲ ਮੋਤੀਆਂ ਦੀ ਚੋਗ ਚੁਗਦੇ ਹਨ। ਸਭ ਸ਼ਕਤੀਆਂ ਸੰਪੰਨ ਜੋ ਜਗਦੀਸ਼ੁਰ ਹੈ, ਮਹਾਤਮਾਂ ਉਸ ਦੀ ਅੰਸ਼ ਹਨ।

ਅਥਵਾ:-ਸੰਸਾਰ ਵਿਖੇ ਜਿਤਨੀਆਂ ਕੁ ਕਲਾਂ ਹਨ, ਉਹ ਸਾਰੀਆਂ ਜਗਦੀਸ਼ ਦੀਆਂ ਅੰਸ਼ਾਂ ਹਨ॥ ੧॥

ਜੋ ਦੀਸੈ ਸੋ ਉਪਜੈ ਬਿਨਸੈ ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ ॥੧ ॥ਰਹਾਉ ॥

ਸੰਸਾਰ ਵਿਚ ਜੋ ਭੀ ਦਿੱਸਦਾ ਹੈ , ਉਹ ਉਪਜੈ ਬਿਨਸੈ=ਜੰਮਦਾ ਮਰਦਾ ਹੈ। ਪਦਾਰਥਾਂ ਰੂਪ ਜਲ ਤੋਂ ਬਿਨਾਂ ਸੰਸਾਰ-ਸਰੋਵਰ ਨਹੀਂ ਦਿੱਸਦਾ, ਸੰਸਾਰ-ਸਰੋਵਰ ਤੋਂ ਬਿਨਾਂ ਮਹਾਤਮਾਂ ਰੂਪ ਕੌਲ ਫੁਲ ਨਿਗਾਹ ਨਹੀਂ ਆਉਂਦੇ।

ਅਥਵਾ:-ਨਾਮ-ਜਲ ਤੋਂ ਬਿਨਾਂ ਸਤਿਸੰਗ ਰੂਪ ਸਰੋਵਰ ਨਹੀਂ ਦਿੱਸਦਾ। ਸਤਿਸੰਗ ਸਰੋਵਰ ਤੋਂ ਬਿਨਾਂ ਗੁਰਮੁਖਾਂ ਰੂਪੀ ਕੌਲ ਫੁਲ ਨਿਗਾਹ ਨਹੀਂ ਆਉਂਦ॥ ੧॥ ਰਹਾਉ॥

ਬਿਰਲਾ ਬੂਝੈ ਪਾਵੈ ਭੇਦੁ ॥ ਸਾਖਾ ਤੀਨਿ ਕਹੈ ਨਿਤ ਬੇਦੁ ॥

ਇਸ ਭੇਦ ਨੂੰ ਕੋਈ ਵਿਰਲਾ ਹੀ ਗੁਰਮੁਖ ਬੁਝਣਾ ਪਾਂਵਦਾ ਹੈ। ਵੇਦ ਨਿਤਾਪ੍ਰਤੀ ਇਹ ਕਹਿੰਦਾ ਹੈ ਕਿ ਸੰਸਾਰ ਰੂਪ ਬ੍ਰਿਛ ਦੀਆਂ (ਰਜੋ, ਤਮੋ, ਸਤੋ, ਰੂਪ) ਤਿੰਨ ਸ਼ਾਖਾਂ ਹਨ।

ਅਥਵਾ:-ਕਰਮ ਉਪਾਸ਼ਨਾ ਗਿਆਨ ਰੂਪ ਤਿੰਨ ਸ਼ਾਖਾਂ ਵਾਲਾ ਜੋ ਵੇਦ ਹੈ, ਉਹ ਨਿਤਾਪ੍ਰਤੀ ਐਸੇ ਕਹਿੰਦਾ ਹੈ ਕਿ ਕੋਈ ਵਿਰਲਾ ਹੀ ਗੁਰਮੁਖ ਇਸ ਭੇਦ ਨੂੰ ਬੁਝਣਾ ਪਾਂਵਦਾ ਹੈ।

ਨਾਦ ਬਿੰਦ ਕੀ ਸੁਰਤਿ ਸਮਾਇ ॥ ਸਤਿਗੁਰੁ ਸੇਵਿ ਪਰਮ ਪਦੁ ਪਾਇ ॥ ੨ ॥

ਬਿੰਦ=ਜਾਨਣੇ ਜੋਗ ਗੁਰਾਂ ਦੇ ਨਾਦ=ਉਪਦੇਸ਼ ਦੀ ਸੁਰਤ ਵਿਚ ਬਿੰਦ=ਰੰਚਕ ਮਾਤਰ ਵੀ ਸਮਾਈ ਕਰੇ। *ਅਥਵਾ*-ਜਾਨਣੇ ਜੋਗ ਨਾਦ=ਬ੍ਰਹਮ ਦੀ ਸੁਰਤ ਵਿਚ ਸਮਾਈ ਕਰੇ ਅਤੇ ਸਤਿਗੁਰਾਂ ਦੀ ਸੇਵਾ ਕਰੇ ਤਾਂ ਪਰਮ ਪਦ ਨੂੰ ਪਾਂਵਦਾ ਹੈ॥ ੨॥

ਮੁਕਤੋ ਰਾਤਉ ਰੰਗਿ ਰਵਾਂਤਉ ॥ ਰਾਜਨ ਰਾਜਿ ਸਦਾ ਬਿਗਸਾਂਤਉ ॥

ਜੋ ਗੁਰਮੁਖ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਆਪ ਤਦਾਕਾਰ ਹਨ ਅਤੇ ਹੋਰਨਾਂ ਨੂੰ ਪ੍ਰੇਮ ਵਿਚ ਜੋੜਦੇ ਹਨ, ਉਹ ਮੁਕਤ ਰੂਪ ਹਨ। *ਅਥਵਾ*-ਮੁਕਤ ਰੂਪ ਪਰਮੇਸ਼ਰ ਦੇ ਪ੍ਰੇਮ ਵਿਖੇ ਜੋ ਆਪ ਰੱਤੇ ਹਨ ਅਤੇ ਹੋਰਨਾਂ ਨੂੰ ਰੰਗਦੇ ਹਨ, ਉਹ ਰਾਜਿਆਂ ਦੇ ਰਾਜੇ ਪਰਮੇਸ਼ਰ ਨੂੰ ਜਾਣ ਕੇ ਸਦਾ ਅਨੰਦ ਹੋਏ ਹਨ।

ਜਿਸੁ ਤੂੰ ਰਾਖਹਿ ਕਿਰਪਾ ਧਾਰਿ ॥ ਬੂਡਤ ਪਾਹਨ ਤਾਰਹਿ ਤਾਰਿ ॥ ੩ ॥

ਹੇ ਵਾਹਿਗੁਰੂ ! ਆਪ ਕਿਰਪਾ-ਦ੍ਰਿਸ਼ਟੀ ਧਾਰ ਕੇ ਜਿਸ ਦੀ ਰੱਖਿਆ ਕਰਦੇ ਹੋ, ਭਾਵੇਂ ਉਹ ਪਾਹਨ=ਪੱਥਰਾਂ ਦੀ ਤਰ੍ਹਾਂ ਡੁਬ ਰਹੇ ਹਨ, ਤਾਂ ਵੀ ਉਸ ਨੂੰ ਭਗਤੀ ਰੂਪ ਤਾਰਿ=ਬੇੜੀ ਦੇ ਕੇ ਤਾਰ ਲੈਂਦੇ ਹੋ।

ਅਥਵਾ-ਹੇ ਤਾਰਨਹਾਰ ਵਾਹਿਗੁਰੂ ! ਉਸ ਨੂੰ ਆਪ ਤਾਰ ਲੈਂਦੇ ਹੋ॥ ੩॥

ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥
ਉਲਟ ਭਈ ਘਰੁ ਘਰ ਮਹਿ ਆਣਿਆ ॥

ਜਿਨ੍ਹਾਂ ਨੇ ਤਿੰਨਾਂ ਭੁਵਨਾਂ ਵਿਚ ਜੋਤੀ ਨੂੰ ਆਸਰਾ ਰੂਪ ਅਤੇ ਜੋਤੀ ਵਿਖੇ ਤਿੰਨਾਂ ਭੁਵਨਾਂ ਨੂੰ ਕਲਪਤ ਜਾਣਿਆ ਹੈ ਅਤੇ ਸੰਸਾਰ ਵਲੋਂ ਬਿਰਤੀ ਦੇ ਉਲਟ ਹੋਣੇ ਤੇ ਘਰੁ=ਹਿਰਦੇ ਨੂੰ ਸਰੂਪ-ਘਰ ਵਿਚ ਲਿਆਂਦਾ ਹੈ।

ਅਹਿਨਿਸਿ ਭਗਤਿ ਕਰੇ ਲਿਵ ਲਾਇ ॥
ਨਾਨਕੁ ਤਿਨ ਕੈ ਲਾਗੈ ਪਾਇ ॥ ੪ ॥ ੧੨ ॥

ਪੁਨਾ-ਜੋ ਲਿਵ ਲਗਾ ਕੇ ਦਿਨ ਰਾਤ ਭਗਤੀ ਨੂੰ ਕਰਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਤਿਨ੍ਹਾਂ ਦੇ ਪਾਇ=ਚਰਨੀਂ ਲਗਣਾ ਕਰੇ॥ ੪॥ ੧੨।

ਆਸਾ ਮਹਲਾ ੧ ॥

ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥

ਸੱਚੀ ਗੁਰ ਸਿੱਖਿਆ ਗ੍ਰਹਿਣ ਕਰਨ ਨਾਲ ਸਭ ਹੁਜਤਾਂ ਦੂਰ ਹੋ ਜਾਂਦੀਆਂ ਹਨ। ਬਹੁਤੀਆਂ ਸੰਸਾਰਕ ਸਿਆਣਪਾਂ ਕਰਕੇ ਧੂਰਿ=ਕਲੰਕ ਲਗਦਾ ਹੈ, *ਅਥਵਾ*-ਲਾਹਨਤਾਂ ਰੂਪੀ ਧੂੜ ਲਗਦੀ ਹੈ।

ਅਥਵਾ-ਹੇ ਪੁਰਸ਼ਾ ! ਹੁੱਜਤਾਂ ਭਾਵ ਢੁੱਚਰਾਂ ਦੂਰ ਕਰਕੇ ਸੱਚੀ ਗੁਰ ਸਿੱਖਿਆ ਧਾਰਨਾ ਕਰ। ਕਿਉਂਕਿ ਬਹੁਤੀ ਸਿਆਣਪ ਕਰਕੇ ਹਿਰਦੇ ਰੂਪ ਕਪੜੇ ਨੂੰ ਹੰਕਾਰ ਰੂਪੀ ਮੈਲ ਲੱਗਦੀ ਹੈ।

ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥ ੧ ॥

ਸੱਚ ਨਾਮ ਜਪਣ ਨਾਲ ਮੈਲ ਲੱਗੀ ਹੋਈ ਮਿਟ ਜਾਂਦੀ ਹੈ। ਪ੍ਰਸਾਦੀ ਗੁਰਾਂ ਦੁਆਰੇ, ਭਾਵ ਕਿਰਪਾ ਕਰਨ ਵਾਲੇ ਜੋ ਗੁਰੂ ਜੀ ਹਨ, ਉਨ੍ਹਾਂ ਦੁਆਰੇ ਲਿਵ ਨੂੰ ਲਗਾ ਰੱਖੋ॥ ੧॥

ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧ ॥ਰਹਾਉ ॥

ਜੋ ਪਰਮੇਸ਼ਰ ਹਜੂਰਿ=ਪਰਪੰਚ ਵਿਚ ਹਾਜ਼ਰ ਹੈ, ਉਸ ਅੱਗੇ ਅਰਦਾਸਿ=ਬੇਨਤੀਆਂ ਕਰੇ। ਆਪਣੇ ਦੁਖ ਸੁਖ ਸੱਚੇ ਪ੍ਰਭੂ ਕਰਤੇ ਦੇ ਪਾਸ ਨਿਵੇਦਨ ਕਰੇ।

ਅਥਵਾ:-ਸੱਚੇ ਪ੍ਰਭੂ ਕਰਤੇ ਨੇ ਕਰਮਾਂ ਅਨੁਸਾਰ ਦੁਖ-ਸੁਖ ਜੀਵ ਦੇ ਪਾਸ ਕੀਤੇ ਹੋਏ ਹਨ॥ ੧ ॥ ਰਹਾਉ ॥

ਕੂੜੁ ਕਮਾਵੈ ਆਵੈ ਜਾਵੈ॥ ਕਹਣਿ ਕਥਨਿ ਵਾਰਾ ਨਹੀ ਆਵੈ॥

ਕੂੜੁ ਕਮਾਵੈ=ਝੂਠ ਦੇ ਬੋਲਣ ਕਰਕੇ ਜੀਵ ਜੰਮਦਾ-ਮਰਦਾ ਹੈ। ਕਥਨੀਆਂ ਦੇ ਕਹਿਣ ਨਾਲ ਉਸ ਪ੍ਰਭੂ ਦਾ ਵਾਰਾ=ਅੰਤ ਨਹੀਂ ਆਉਂਦਾ।

ਕਿਆ ਦੇਖਾ ਸੂਝ ਬੂਝ ਨ ਪਾਵੈ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ॥ ੨ ॥

ਇਸ ਜੀਵ ਨੇ ਗੁਰਾਂ ਪਾਸੋਂ ਬੁਝਿਆ ਨਹੀਂ, ਇਸ ਲਈ ਕੁਝ 'ਸੂਝ ਨ ਪਾਵੈ'=ਸਮਝ ਨਹੀਂ ਪਾਂਵਦਾ। ਸਮਝ ਨਾ ਪਾਉਣ ਕਰਕੇ 'ਕਿਆ ਦੇਖਾ'=ਇਸ ਨੇ ਪਰਮੇਸ਼ਰ ਨੂੰ ਕੀ ਦੇਖਣਾ ਹੈ ?

ਨਾਮ ਸਿਮਰਨ ਤੋਂ ਬਿਨਾਂ ਮਨ ਵਿਖੇ ਤ੍ਰਿਪਤੀ ਭਾਵ ਸੰਤੋਖ ਨਹੀਂ ਆਉਂਦਾ॥ ੨ ॥

ਜੋ ਜਨਮੇ ਸੇ ਰੋਗਿ ਵਿਆਪੇ॥ ਹਉਮੈ ਮਾਇਆ ਦੂਖਿ ਸੰਤਾਪੇ॥

ਸੰਸਾਰ ਵਿਖੇ ਜੋ ਵੀ ਜਨਮੇ ਹਨ ਉਹ ਪ੍ਰਤੱਖ, ਅਥਵਾ:- ਜਨਮ ਮਰਨ ਰੂਪੀ ਰੋਗ ਵਿਖੇ ਵਿਆਪ ਰਹੇ ਹਨ। ਮਾਇਆ ਦੀ ਹੰਗਤਾ ਮਮਤਾ ਜੀਵ ਨੂੰ ਦੁਖਾਂ ਵਿਖੇ ਸੰ=ਭਲੀ ਪ੍ਰਕਾਰ ਤਪਾਂਵਦੀ ਹੈ।

ਸੇ ਜਨ ਬਾਚੇ ਜੋ ਪ੍ਰਭਿ ਰਾਖੇ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ॥ ੩ ॥

ਜਿਨ੍ਹਾਂ ਨੂੰ ਪ੍ਰਭੂ ਨੇ ਰਖਿਆ ਹੈ, ਉਹ ਪੁਰਸ਼ ਜਮਦੂਤਾਂ ਤੋਂ ਬਚੇ ਹਨ।

ਪ੍ਰਸ਼ਨ- ਪ੍ਰਭੂ ਕਿਨ੍ਹਾਂ ਨੂੰ ਰੱਖਦਾ ਹੈ ?

ਉੱਤਰ—ਜਿਹੜੇ ਸਤਿਗੁਰਾਂ ਨੂੰ ਸੇਵ ਕੇ ਨਾਮ-ਅੰਮ੍ਰਿਤ-ਰਸ ਨੂੰ ਚਖਦੇ ਹਨ, ਉਹਨਾਂ ਨੂੰ ਪ੍ਰਭੂ ਰੱਖਦਾ ਹੈ॥ ੩ ॥

ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ॥

ਨਾਮ-ਅੰਮ੍ਰਿਤ ਨੂੰ ਚਖ ਕੇ ਚੰਚਲ ਮਨ ਨੂੰ ਰੋਕ ਰੱਖੇ ਅਤੇ ਸਤਿਗੁਰਾਂ ਦੀ ਸੇਵਾ ਕਰਕੇ ਅੰਮ੍ਰਿਤੁ=ਆ ਮਿਰਤੂ ਜੋ ਸਬਦੁ=ਬ੍ਰਹਮ ਹੈ, ਉਸ ਨੂੰ ਭਾਖੈ=ਕਥਨ ਕਰੇ।

ਸਾਚੈ ਸਬਦਿ ਮੁਕਤਿ ਗਤਿ ਪਾਏ॥ ਨਾਨਕ ਵਿਚਹੁ ਆਪੁ ਗਵਾਏ॥ ੪ ॥ ੧੩ ॥

ਗੁਰੂ ਜੀ ਕਹਿੰਦੇ ਹਨ—ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਹਿਰਦੇ ਵਿਚੋਂ ਆਪੁ=ਹੰਕਾਰ ਨੂੰ ਗੁਆਉਣਾ ਕਰੇ ਤਾਂ ਮੁਕਤੀ ਦੀ ਪ੍ਰਾਪਤੀ ਨੂੰ ਪਾਂਵਦਾ ਹੈ॥ ੪॥ ੧੩॥

ਆਸਾ ਮਹਲਾ ੧ ॥

ਜੋ ਤਿਨਿ ਕੀਆ ਸੋ ਸਚੁ ਥੀਆ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ॥

ਜਿਸ ਵੇਲੇ ਸਤਿਗੁਰਾਂ ਨੇ ਨਾਮ-ਅੰਮ੍ਰਿਤ ਦਿੱਤਾਂ ਤਾਂ ਇਹ ਨਿਸ਼ਚੇ ਕੀਤਾ ਕਿ ਜੋ ਕੁਝ ਭੀ ਤਿਸ ਪਰਮੇਸ਼ਰ ਨੇ ਕੀਤਾ ਹੈ, ਉਹ ਸੱਚਾ ਹੀ ਹੋਇਆ ਹੈ।

ਹਿਰਦੈ ਨਾਮੁ ਨਾਹੀ ਮਨਿ ਭੰਗੁ॥ ਅਨਦਿਨੁ ਨਾਲਿ ਪਿਆਰੇ ਸੰਗੁ॥ ੧ ॥

ਜਿਸ ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਹੈ, ਉਸ ਦੇ ਮਨ ਵਿਖੇ ਕੋਈ ਭੰਗੁ=ਵਿਘਨ ਨਹੀਂ ਹੁੰਦਾ। ਜੋ ਪਿਆਰਾ ਪ੍ਰਭੂ ਨਾਲ ਹੈ, ਉਸ ਦੇ ਸੰਗ ਉਹ ਰਾਤ ਦਿਨੇ ਰਹਿੰਦਾ ਹੈ।

ਅਥਵਾ:- ਜਿਸ ਦੇ ਹਿਰਦੇ ਵਿਚ ਨਾਮ ਨਹੀਂ ਹੈ, ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਭੰਗੁ=ਵਿਘਨ ਪੈਂਦੇ ਹਨ ਅਤੇ ਉਹ ਰਾਤ ਦਿਨੇ ਪਿਆਰੇ ਪ੍ਰਭੂ ਨਾਲੋਂ ਸੰਗੁ=ਸੰਗਦਾ ਭਾਵ ਸੰਕੋਚ ਕਰਦਾ ਰਹਿੰਦਾ ਹੈ॥ ੧॥

ਹਰਿ ਜੀਉ ਰਾਖਹੁ ਅਪਨੀ ਸਰਣਾਈ॥

ਹੇ ਹਰਿ ਜੀਉ ! ਆਪਣੇ ਚਰਨਾਂ ਦੀ ਸ਼ਰਨ ਵਿਖੇ ਦਾਸ ਨੂੰ ਰੱਖਣਾ ਕਰੋ।

[ਪੰਨਾ ੩੫੩]

ਗੁਰ ਪਰਸਾਦੀ ਹਰਿ ਰਸੁ ਪਾਇਆ
ਨਾਮੁ ਪਦਾਰਥੁ ਨਉ ਨਿਧਿ ਪਾਈ॥ ੧॥ ਰਹਾਉ॥

ਗੁਰਾਂ ਦੀ ਕਿਰਪਾ ਦੁਆਰੇ ਜਿਸ ਨੇ ਨੌਂ ਨਿਧੀਆਂ ਦੇ ਦਾਤੇ ਨਾਮ-ਪਦਾਰਥ ਨੂੰ ਪਾਇਆ ਹੈ, ਉਸ ਨੇ ਹਰੀ-ਰਸ ਦੀ ਪ੍ਰਾਪਤੀ ਪਾਈ ਹੈ॥ ੧॥ ਰਹਾਉ॥

ਕਰਮ ਧਰਮ ਸਚੁ ਸਾਚਾ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥

ਜਿਨ੍ਹਾਂ ਨੇ ਕਰਮ ਧਰਮ ਰੂਪ ਸਚੁ=ਨਿਸ਼ਚੇ ਕਰਕੇ ਸਚ ਨਾਮ ਨੂੰ ਜਪਣਾ ਕੀਤਾ ਹੈ, ਉਨ੍ਹਾਂ ਤੋਂ ਸਦਾ ਅਸੀਂ ਬਲਿਹਾਰ, ਕੁਰਬਾਨ ਜਾਂਦੇ ਹਾਂ।

ਜੋ ਹਰਿ ਰਾਤੇ ਸੇ ਜਨ ਪਰਵਾਣੁ॥ ਤਿਨ ਕੀ ਸੰਗਤਿ ਪਰਮ ਨਿਧਾਨੁ॥ ੨॥

ਜਿਹੜੇ ਜਨ ਹਰੀ ਨਾਮ ਜਪਣ ਵਿਚ ਤਦਾਕਾਰ ਹੋਏ ਹਨ, ਉਹ ਪੁਰਸ਼ ਪ੍ਰਮਾਣੀਕ ਹਨ। ਉਹਨਾਂ ਗੁਰਮੁਖਾਂ ਦੀ ਸੰਗਤ ਕਰਕੇ ਪਰਮ ਨਿਧੀਆਂ ਦਾ ਖਜ਼ਾਨਾ ਪਰਮੇਸ਼ਰ ਮਿਲਦਾ ਹੈ॥ ੨॥

ਹਰਿ ਵਰੁ ਜਿਨਿ ਪਾਇਆ ਧਨ ਨਾਰੀ॥ ਹਰਿ ਸਿਉ ਰਾਤੀ ਸਬਦੁ ਵੀਚਾਰੀ॥

ਜਿਸ ਜੀਵ ਰੂਪੀ ਨਾਰੀ ਨੇ ਧੰਨਤਾ-ਯੋਗ ਹਰੀ ਰੂਪ ਪਤੀ ਨੂੰ ਪਾਇਆ ਹੈ, ਅਥਵਾ:-ਜਿਸ ਨਾਰੀ ਨੇ ਹਰੀ ਰੂਪ ਪਤੀ ਨੂੰ ਪਾਇਆ ਹੈ, ਉਹ ਧੰਨਤਾ-ਯੋਗ ਹੈ। ਜੋ ਗੁਰ ਉਪਦੇਸ਼ ਨੂੰ ਵਿਚਾਰਦੀ ਹੈ, ਉਹ ਹਰੀ ਦੇ ਨਾਲ ਤਦਾਕਾਰ ਹੋਈ ਹੈ।

ਆਪਿ ਤਰੈ ਸੰਗਤਿ ਕੁਲ ਤਾਰੈ॥ ਸਤਿਗੁਰੁ ਸੇਵਿ ਤਤੁ ਵੀਚਾਰੈ॥ ੩॥

ਉਹ ਆਪ ਤਰਦੀ ਹੈ ਅਤੇ ਕੁਲ ਸੰਗਤ ਨੂੰ ਤਾਰਦੀ ਹੈ। ਜੀਵਨ ਮੁਕਤੀ ਦੇ ਅਨੰਦ ਲਈ ਸਤਿਗੁਰਾਂ ਨੂੰ ਸੇਵ ਕੇ ਤਤੁ=ਸਿਧਾਂਤ ਨੂੰ ਵਿਚਾਰਦੀ ਹੈ॥ ੩॥

ਹਮਰੀ ਜਾਤਿ ਪਤਿ ਸਚੁ ਨਾਉ॥ ਕਰਮ ਧਰਮ ਸੰਜਮੁ ਸਤ ਭਾਉ॥

ਸਾਡੀ ਜਾਤੀ ਅਤੇ ਪਤਿ=ਪੰਗਤੀ, ਅਥਵਾ:-ਪਤਆਬਰੋ ਇਕ ਸੱਚਾ ਨਾਮ ਹੀ ਹੈ। ਸਤਿ ਸਰੂਪ ਪਰਮਾਤਮਾ ਵਿਖੇ ਭਾਉ=ਪ੍ਰੇਮ ਕਰਨ ਨਾਲ ਸਭ ਕਰਮ ਧਰਮ ਅਤੇ ਸੰਜਮੁ=ਇੰਦ੍ਰੀਆਂ ਦਾ ਦਮਨ ਕਰਨਾ ਸਫਲ ਹੈ।

ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥ ੪ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਵਾਹਿਗੁਰੂ ਬਖਸ਼ਦਾ ਹੈ, ਉਸ ਨੂੰ ਫਿਰ ਪੁੱਛ-ਗਿੱਛ ਨਹੀਂ ਹੁੰਦੀ। *ਅਥਵਾ:*-ਫਿਰ ਉਸ ਦੀ ਪੂਛ ਨਹੀਂ ਹੁੰਦੀ, ਪੂਛ ਪਸ਼ੂ ਦੀ ਹੁੰਦੀ ਹੈ, ਭਾਵ ਉਹ ਪਸ਼ੂ ਨਹੀਂ ਬਣਦਾ। ਜੋ ਦ੍ਵੈਤ ਭਾਵ ਨੂੰ ਮੇਟਦਾ ਹੈ, ਉਹ ਇਕ ਦਾ ਸਰੂਪ ਹੁੰਦਾ ਹੈ॥ ੪ ॥੧੪ ॥

ਆਸਾ ਮਹਲਾ ੧ ॥

ਇਕਿ ਆਵਹਿ ਇਕਿ ਜਾਵਹਿ ਆਈ ॥ ਇਕਿ ਹਰਿ ਰਾਤੇ ਰਹਹਿ ਸਮਾਈ ॥

ਇਸ ਸੰਸਾਰ ਵਿਚ ਜੋ ਪੁਰਸ਼ ਆਈ=ਮਾਇਆ ਵਿਚ ਲੱਗੇ ਰਹਿੰਦੇ ਹਨ, ਉਹ ਇਕ ਜੰਮ ਕੇ ਆਉਂਦੇ ਹਨ, ਇਕ ਮਰ ਕੇ ਜਾਂਦੇ ਹਨ।

ਅਥਵਾ:- ਜੋ ਪੁਰਸ਼ ਇਕ ਪ੍ਰਭੂ ਦੀ ਆਈ=ਮਾਇਆ ਵਿਚ ਰੱਤੇ ਹਨ, ਉਹ ਇਕ ਪ੍ਰਭੂ ਦੀ ਆਗਿਆ ਅਨੁਸਾਰ ਆਵਹਿ ਜਾਵਹਿ=ਜੰਮਦੇ-ਮਰਦੇ, ਰਹਿੰਦੇ ਹਨ।

ਅਥਵਾ:- ਇਕ ਸੰਸਾਰ ਵਿਚ ਆਂਵਦੇ ਹਨ, ਉਹ ਜਿਹੜੇ ਇਕ ਆਏ ਹੋਏ ਹੁੰਦੇ ਹਨ, ਸਮਾਂ ਪਾ ਕੇ ਉਹੀ ਇਕ ਚਲੇ ਜਾਂਦੇ ਹਨ।

*ਅਥਵਾ:-*ਇਕ ਪੁਰਸ਼ ਕਰਮਾਂ ਅਨੁਸਾਰ ਸੰਸਾਰ ਵਿਚ ਆਂਵਦੇ ਹਨ, ਇਕ ਮਰ ਕੇ ਜਾਂਵਦੇ ਹਨ, ਫੇਰ ਆਂਵਦੇ ਹਨ ਅਤੇ ਫੇਰ ਚਲੇ ਜਾਂਦੇ ਹਨ, ਇਸੇ ਤਰ੍ਹਾਂ ਉਹਨਾਂ ਦਾ ਗੇੜ ਬੱਧਾ ਰਹਿੰਦਾ ਹੈ। ਜੋ ਇਕ ਗੁਰਮੁਖ ਗੁਰ ਉਪਦੇਸ਼ ਦੁਆਰਾ ਹਰੀ ਨਾਮ ਵਿਚ ਤਦਾਕਾਰ ਹੋਏ ਹਨ, ਉਹ ਹਰੀ ਵਿਚ ਸਮਾ ਰਹਿੰਦੇ ਹਨ।

ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥
ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ ॥ ੧ ॥

ਇਕ ਮਨਮੁਖ ਪੁਰਸ਼ ਧਰਤੀ ਅਕਾਸ਼ ਵਿਚ ਠਹਿਰਣਾ ਨਹੀਂ ਪਾਂਵਦੇ, ਕਿਉਂਕਿ ਉਹ ਸ੍ਰੇਸ਼ਟ ਕਰਮਾਂ ਤੋਂ ਰਹਿਤ ਹਰੀ ਨਾਮ ਨੂੰ ਨਹੀਂ ਧਿਆਉਂਦੇ ॥ ੧ ॥

ਗੁਰ ਪੂਰੇ ਤੇ ਗਤਿ ਮਿਤਿ ਪਾਈ ॥ ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ
ਗੁਰ ਸਬਦੀ ਹਰਿ ਪਾਰਿ ਲੰਘਾਈ ॥ ੧ ॥ ਰਹਾਉ ॥

ਜਿਸ ਵੇਲੇ ਪੂਰੇ ਗੁਰਾਂ ਪਾਸੋਂ ਨਾਮ ਜਪਣ ਦੀ ਗਤਿ ਮਿਤਿ=ਪ੍ਰਾਪਤੀ ਦੀ ਮਰਯਾਦਾ ਪਾਈ, ਤਾਂ ਭਉਜਲੁ=ਜਨਮ ਮਰਨ ਰੂਪ ਜਲ ਕਰਕੇ ਪੂਰਤ ਜੋ ਸੰਸਾਰ ਸਮੁੰਦਰ ਵਿਹੁ ਵਾਂਗੂ ਅਤਿਅੰਤ ਦੁਖਦਾਈ ਹੈ, ਇਸ ਤੋਂ ਗੁਰ ਸ਼ਬਦ ਦੇ ਅਭਿਆਸੀ ਨੂੰ ਹਰੀ ਪਾਰ ਲੰਘਾਉਂਦਾ ਹੈ॥ ੧ ॥ ਰਹਾਉ ॥

ਜਿਨ੍ ਕਉ ਆਪਿ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥

ਜਿਨ੍ਹਾਂ ਨੂੰ ਪ੍ਰਭੂ ਆਪਣੇ ਨਾਲ ਮੇਲ ਲੈਂਦਾ ਹੈ, ਉਨ੍ਹਾਂ ਨੂੰ ਕਾਲ ਫਿਰ ਪੇਲਿ=ਦਬਾ ਨਹੀਂ ਸਕਦਾ।

ਗੁਰਮੁਖਿ ਨਿਰਮਲ ਰਹਹਿ ਪਿਆਰੇ ॥
ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥ ੨ ॥

ਪਰਮੇਸ਼ਰ ਦੇ ਪਿਆਰੇ ਗੁਰਮੁਖ ਪਦਾਰਥਾਂ ਵਿਚ ਰਹਿੰਦੇ ਹੋਏ ਵੀ ਨਿਰਮਲ ਤੋਂ ਨਿਰਮਲ ਹਨ। ਜਿਵੇਂ ਕੰਵਲ ਫੁੱਲ ਜਲ ਦੇ ਅੰਭ=ਵਿਚ ਰਹਿੰਦਾ ਹੋਇਆ ਫਿਰ ਜਲ ਤੋਂ ਉੱਪਰ ਹੋ ਕੇ ਨਿਰਾਰੇ=ਅਸੰਗ ਰਹਿੰਦਾ ਹੈ। *ਅਥਵਾ:-* ਜਿਵੇਂ ਕੰਵਲ ਫੁੱਲ ਸਰੋਵਰ ਦੇ ਵਿਚਲੇ ਜਲ ਤੋਂ ਵੀ ਅਸੰਗ ਅਤੇ ਉਪਰੋਂ ਜੋ ਮੀਂਹ ਦਾ ਜਲ ਪੈਂਦਾ ਹੈ ਉਸ ਤੋਂ ਵੀ ਅਸੰਗ ਰਹਿੰਦਾ ਹੈ। ਇਸੀ ਤਰ੍ਹਾਂ ਮਹਾਤਮਾਂ ਪਾਸ ਜੋ ਪਦਾਰਥਾਂ ਰੂਪੀ ਜਲ ਹੈ ਉਸ ਤੋਂ ਉਹ ਅਸੰਗ ਰਹਿੰਦੇ ਹਨ ਅਤੇ ਉਪਰੋਂ ਜੋ ਪਦਾਰਥ ਆਉਂਦੇ ਹਨ, ਉਸ ਤੋਂ ਵੀ ਉਹ ਅਸੰਗ ਰਹਿੰਦੇ ਹਨ।

*ਅਥਵਾ:-*ਇਕ ਪਦ ਦ੍ਰਿਸ਼ਟਾਂਤ ਵੱਲ ਲਗਾਉਣਾ, ਦੂਜਾ ਪਦ ਦਾ-ਦ੍ਰਿਸ਼ਟਾਂਤ ਵੱਲ ਲਗਾਉਣਾ-

ਜਿਵੇਂ ਕੰਵਲ ਫੁੱਲ ਜਲ ਤੋਂ ਨਿਰਾਲਾ ਰਹਿੰਦਾ ਹੈ, ਤਿਵੇਂ ਮਹਾਤਮਾਂ ਵੀ ਪਦਾਰਥਾਂ ਰੂਪੀ ਅੰਭ=ਜਲ ਤੋਂ ਉਪਰਾਮ ਰਹਿੰਦੇ ਹਨ।

ਬੁਰਾ ਭਲਾ ਕਹੁ ਕਿਸ ਨੋ ਕਹੀਐ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ॥

ਕਹੋ ਖਾਂ ਉਹ ਗੁਰਮੁਖ ਬੁਰਾ ਭਲਾ ਕਿਸ ਨੂੰ ਕਹਿੰਦੇ ਹਨ ਭਾਵ ਕਿਸੇ ਨੂੰ ਨਹੀਂ ਕਹਿੰਦੇ। ਕਿਉਂਕਿ ਗੁਰਮੁਖਾਂ ਨੇ ਸੱਚ ਨੂੰ ਲਖ ਲਿਆ ਹੈ, ਇਸ ਲਈ ਉਹ ਸਾਰੇ ਬ੍ਰਹਮ ਨੂੰ ਹੀ ਦੇਖਦੇ ਹਨ।

ਅਕਥੁ ਕਥਉ ਗੁਰਮਤਿ ਵੀਚਾਰੁ॥ ਮਿਲਿ ਗੁਰ ਸੰਗਤਿ ਪਾਵਉ ਪਾਰੁ॥ ੩॥

ਗੁਰ-ਸਿਖਿਆ ਨੂੰ ਵਿਚਾਰ ਕੇ ਅਕਥੁ=ਪਰਮਾਤਮਾ ਦੇ ਨਾਮ ਨੂੰ ਕਥਨ ਕਰੋ। ਗੁਰਾਂ ਦੀ ਸੰਗਤ ਵਿਚ ਮਿਲ ਕੇ ਸੰਸਾਰ-ਸਮੁੰਦਰ ਤੋਂ ਪਾਰ ਹੋਣਾ ਪਾਵੋ॥ ੩॥

ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ॥ ਅਠਸਠਿ ਮਜਨੁ ਹਰਿ ਰਸੁ ਰੇਦ॥

ਛੇ ਸ਼ਾਸਤਰ, ਚਾਰ ਵੇਦ, ਸਤਾਈ ਸਿੰਮ੍ਰਿਤੀਆਂ, ਹੋਰ ਬਹੁਤੇ ਗ੍ਰੰਥ ਇਸ ਭੇਦ ਨੂੰ ਕਥਨ ਕਰਦੇ ਹਨ ਕਿ ਜੋ ਪੁਰਸ਼ ਰੇਦ=ਹਿਰਦੇ ਵਿਚ ਹਰੀ-ਰਸ ਨੂੰ ਧਾਰਦਾ ਹੈ, ਉਸ ਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ। *ਅਥਵਾ-*ਜੋ ਪੁਰਸ਼ ਹਰੀ ਨਾਮ-ਰਸ ਦੇ ਰੇਦ=ਹਿਰਦੇ ਭਾਵ ਤਲਾਵ ਹੋਏ ਹਨ, ਉਨ੍ਹਾਂ ਨੂੰ ੬੮ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ।

ਗੁਰਮੁਖਿ ਨਿਰਮਲੁ ਮੈਲੁ ਨ ਲਾਗੈ॥
ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ॥ ੪॥ ੧੫॥

ਗੁਰਮੁਖ ਨਿਰਮਲ ਹਨ, ਉਨ੍ਹਾਂ ਨੂੰ ਕੋਈ ਰਾਗ ਦ੍ਵੈਸ਼ ਰੂਪੀ ਮੈਲ ਨਹੀਂ ਲੱਗਦੀ। ਗੁਰੂ ਜੀ ਕਥਨ ਕਰਦੇ ਹਨ- ਕਿ ਜੋ ਮਨੁੱਖ ਧੁਰ ਤੋਂ ਹੀ ਹਿਰਦੇ ਵਿਚ ਨਾਮ ਨੂੰ ਜਪਦੇ ਹਨ, ਉਹ ਵਡੇ ਭਾਗੈ=ਵੱਡਿਆਂ ਭਾਗਾਂ ਵਾਲੇ ਹਨ॥ ੪॥ ੧੫॥

ਆਸਾ ਮਹਲਾ ੧॥

ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ॥
ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ॥ ੧॥

ਅੰਨ੍ਹੇ :-ਜਿਨ੍ਹਾਂ ਗੁਰਾਂ ਨੇ ਬਾਣੀ ਦੁਆਰਾ ਕਰਤ ਬੀਚਾਰ=ਵਿਚਾਰ ਕੀਤਾ ਹੈ 'ਹਿਰਦੈ ਹਰਿ ਰਵਿਆ'=

ਹਿਰਦੇ ਵਿਚ ਹਰੀ ਨੂੰ ਉਚਾਰਿਆ ਅਤੇ 'ਆਤਮੁ ਰਾਮੁ ਨਿਹਾਰਿਆ'=ਆਪਣੇ ਆਪ ਨੂੰ ਰਾਮ ਰੂਪ ਕਰਕੇ ਦੇਖਿਆ ਹੈ, ਐਸੇ ਲਕਛਣਾਂ ਵਾਲੇ ਆਪਣੇ ਗੁਰਾਂ ਦੇ ਚਰਨਾਂ ਵਿਚ ਨਿਵ-ਨਿਵ ਕੇ ਲਗਣਾ ਕਰੋ, ਜਿਨ੍ਹਾਂ ਦੀ ਕਿਰਪਾ ਨਾਲ ਅਸੀਂ ਸਤ-ਅਸਤ ਨੂੰ ਵਿਚਾਰ ਕੇ ਹਿਰਦੇ ਵਿਚ ਹੀ ਉਸ ਹਰੀ ਨੂੰ ਦੇਖਣਾ ਕੀਤਾ ਹੈ॥ ੧॥

ਬੋਲਹੁ ਰਾਮੁ ਕਰੇ ਨਿਸਤਾਰਾ॥ ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ॥ ੧॥ ਰਹਾਉ॥

ਉਸ ਰਾਮ ਨੂੰ ਬੋਲਹੁ=ਜਪਣਾ ਕਰੋ ਜੋ ਸੰਸਾਰ-ਸਮੁੰਦਰ ਤੋਂ ਤਾਰਨਾ ਕਰਦਾ ਹੈ।

ਅਥਵਾ:- ਹੇ ਭਾਈ ! ਰਾਮ ਨੂੰ ਬੋਲਹੁ, ਜੋ ਤੁਹਾਡਾ ਨਿਸਤਾਰਾ ਕਰੇ। ਗੁਰਾਂ ਦੀ ਕਿਰਪਾ ਨਾਲ ਅਗਿਆਨ ਰੂਪ ਹਨੇਰਾ ਮਿਟੇ ਤੇ ਗਿਆਨ ਦਾ ਉਜੀਆਰਾ=ਪ੍ਰਕਾਸ਼ ਹੋਵੇ ਤਾਂ ਰਤਨ ਰੂਪ ਹਰੀ ਲਭਦਾ ਹੈ॥ ੧॥ ਰਹਾਉ।

ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ॥

ਰਵਨੀ ਰਵੈ=ਕਥਨੀਆਂ ਦੇ ਉਚਾਰਨ ਨਾਲ, *ਅਥਵਾ:-*ਕਵੀਸ਼ਰੀਆਂ ਦੇ ਬੋਲਣ ਨਾਲ,

ਅਥਵਾ:- ਰਵਨੀ=ਇਸਤ੍ਰੀ, *ਅਥਵਾ:-*ਮਾਇਆ ਦੇ ਭੋਗਣ ਨਾਲ ਮਾਇਆਵਕੀ ਬੰਧਨ ਨਹੀਂ ਟੁੱਟਦੇ ਅਤੇ ਹਿਰਦੇ ਵਿਚੋਂ ਹੰਗਤਾ-ਮਮਤਾ ਤੇ ਭਰਮ ਨਹੀਂ ਜਾਂਦਾ ।

ਅਥਵਾ:- ਹਉਮੈ ਦੇ ਵਿਚ ਕੁਝ ਕਰਨ ਨਾਲ ਭਰਮ ਦੂਰ ਨਹੀਂ ਹੁੰਦਾ।

ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ॥ ੨॥

ਜਾਂ ਸਤਿਗੁਰ ਦੇਵ ਜੀ ਮਿਲਣ ਤਾਂ ਹੰਗਤਾ ਮਮਤਾ ਟੁੱਟਦੀ ਹੈ ਅਤੇ ਤਾਂ ਹੀ ਕੋਈ ਕੀਤਾ ਹੋਇਆ ਕਰਮ ਲੇਖੇ ਵਿਚ ਪੈਂਦਾ ਹੈ॥ ੨॥

ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ॥

ਸੁਖ ਸਾਗਰੁ=ਸੁਖਾਂ ਦਾ ਸਮੁੰਦਰ ਜੋ ਹਰਿ ਹਰਿ ਹੈ, ਭਗਤਾਂ ਦਾ ਪਿਆਰਾ ਪ੍ਰੀਤਮ ਉਸ ਦੇ ਨਾਮ ਨੂੰ ਹਿਰਦੇ ਵਿਚ ਧਾਰਨ ਕਰੇ।

ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ॥ ੩॥

ਭਗਤਾਂ ਦਾ ਪਿਆਰਾ ਜਗਜੀਵਨ ਦਾਤਾ ਹਰੀ, ਮਤੀ ਵਿਚ ਗੁਰ ਸਿਖਿਆ ਦੇ ਧਾਰਨ ਵਾਲਿਆਂ ਨੂੰ ਤਾਰਦਾ ਹੈ॥ ੩॥

ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ॥

ਪਦਾਰਥਾਂ ਦੀਆਂ ਮਨਸਾ=ਵਾਸ਼ਨਾ ਮਨ ਦੇ ਵਿਚ ਸਮਾਏ=ਅਭਾਵ ਕਰਕੇ, ਮਨ ਰੂਪੀ ਸ਼ਤਰੂ ਨਾਲ ਜੂਝਿ=ਲੜ ਕੇ ਜੀਵਤ ਭਾ ਤੋਂ ਮਰੇ ਤਾਂ ਪ੍ਰਭੂ ਨੂੰ ਪਾਂਵਦਾ ਹੈ।

ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ॥ ੪॥ ੧੬॥

ਗੁਰੂ ਜੀ ਕਥਨ ਕਰਦੇ ਹਨ- ਕਿ ਜਗਜੀਵਨੁ=ਪਰਮਾਤਮਾ ਕਿਰਪਾ-ਦ੍ਰਿਸ਼ਟੀ ਕਰੇ ਤਾਂ ਸਹਜ ਭਾਇ=ਸੁਤੇ ਸਿਧ ਇਹ ਜੀਵ ਉਸ ਵਿਚ ਲਿਵ=ਬਿਰਤੀ ਨੂੰ ਲਗਾਂਵਦਾ ਹੈ॥੪॥ ੧੬॥

ਆਸਾ ਮਹਲਾ ੧ ॥

ਜੋ ਗੁਰਮੁਖ ਨਾਮ ਜਪ ਕੇ ਸਮਝ ਰਹੇ ਹਨ, ਉਹਨਾਂ ਦੀ ਰੀਤੀ ਕਹੋ। *ਉੱਤਰ:-*

ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ ॥

ਜੋ ਮਹਾਤਮਾ ਆਪਣੇ ਸਰੂਪ ਨੂੰ ਆਪ ਸਮਝ ਰਹੇ ਹਨ, ਉਹ ਕਿਸ ਵਾਸਤੇ ਕਿਸੇ ਨੂੰ ਕੁਝ ਕਹਿੰਦੇ ਹਨ ਅਤੇ ਕਿਸ ਵਾਸਤੇ ਕਿਸੇ ਨੂੰ ਕੁਝ ਸੁਣਾਉਂਦੇ ਹਨ, ਪੁਨਾ ਕਿਸ ਵਾਸਤੇ ਕਿਸੇ ਨੂੰ ਸਮਝਾਂਦੇ ਹਨ ? ਅਰਥਾਤ ਉਹ ਨਾ ਕਿਸੇ ਨੂੰ ਕੁਝ ਕਹਿੰਦੇ ਹਨ, ਨਾ ਸੁਣਾਂਦੇ ਹਨ, ਨਾ ਹੀ ਸਮਝਾਂਦੇ ਹਨ, ਕਿਉਂਕਿ ਉਹ ਅਵਧੂਤ ਮਹਾਤਮਾਂ ਆਪਣੇ ਵਿਚ ਹੀ ਅਲਮਸਤ ਰਹਿੰਦੇ ਹਨ, ਕਿਸੇ ਨਾਲ ਮਗਜ਼-ਮਾਰੀ ਨਹੀਂ ਕਰਦੇ।

ਕਿਸੈ ਪੜਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ ॥ ੧ ॥

ਜੋ ਸਤਿਗੁਰਾਂ ਦੇ ਉਪਦੇਸ਼ ਨੂੰ ਗ੍ਰਹਿਣ ਕਰਕੇ ਸੰਤੋਖ ਵਿਚ ਇਸਥਿਤ ਹੋ ਰਹੇ ਹਨ, ਉਹ ਕਿਸ ਵਾਸਤੇ ਕਿਸੇ ਨੂੰ ਪੜ੍ਹਾਂਦੇ ਹਨ ਅਤੇ ਕਿਸ ਵਾਸਤੇ ਇਸ ਤਰ੍ਹਾਂ ਕਹਿੰਦੇ ਹਨ ਕਿ ਤੂੰ ਪੜ੍ਹ ਕੇ ਗੁਣ ਕਹੀਏ ਵਿਚਾਰ ਤੇ ਵਿਚਾਰ ਕੇ ਬੁਝਣਾ ਕਰ। ਭਾਵ ਉਹ ਕਿਸੇ ਨੂੰ ਕੁਝ ਨਹੀਂ ਕਹਿੰਦੇ ॥ ੧ ॥

ਪ੍ਰਸ਼ਨ:- ਫਿਰ ਸੰਸਾਰ-ਸਾਗਰ ਤੋਂ ਕੌਣ ਤਾਰੇਗਾ ?

ਉੱਤਰ:- ਜੋ ਮਹਾਤਮਾਂ ਆਪ ਸਮਝ ਰਹੇ ਹਨ ਉਹ ਕਿਸੇ ਨੂੰ ਤਾਂ ਕਹਿੰਦੇ ਹਨ ਕਿ ਤੂੰ ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੀ ਨਵਿਰਤੀ ਕਰ, ਕਿਸੇ ਨੂੰ ਸੁਣਾਉਂਦੇ ਹਨ ਕਿ ਤੂੰ ਉਪਾਸ਼ਨਾ ਕਰਕੇ ਵਿਖੇਪ ਦੋਸ਼ ਦੀ ਨਵਿਰਤੀ ਕਰ ਅਤੇ ਕਿਸੇ ਨੂੰ ਸਮਝਾਂਦੇ ਹਨ ਕਿ ਤੂੰ ਚਾਰ ਸਾਧਨਾਂ ਨੂੰ ਕਰਕੇ ਬ੍ਰਹਮ ਗਿਆਨ ਦੇ ਸਹਿਤ ਹੋ।

ਅਥਵਾ:- ਕਿਸੇ ਨੂੰ ਕਹਿੰਦੇ ਹਨ ਕਿ ਤੂੰ ਸ੍ਰਵਨ ਕਰ, ਕਿਸੇ ਨੂੰ ਸੁਣਾਂਦੇ ਹਨ ਕਿ ਤੂੰ ਮੰਨਣ ਕਰ ਅਤੇ ਕਿਸੇ ਨੂੰ ਸਮਝਾਂਦੇ ਹਨ ਕਿ ਤੂੰ ਨਿਧਿਆਸਣ ਕਰ।

ਅਥਵਾ:- ਕਿਸੇ ਨੂੰ ਕਹਿੰਦੇ ਹਨ ਕਿ ਤੂੰ ਤੁਯੰ ਪਦ ਦਾ ਵਿਚਾਰ ਕਰ, ਕਿਸੇ ਨੂੰ ਸੁਣਾਂਦੇ ਹਨ ਕਿ ਤੂੰ ਤਤ ਪਦ ਦਾ ਵਿਚਾਰ ਕਰ ਅਤੇ ਕਿਸੇ ਨੂੰ ਸਮਝਾਂਦੇ ਹਨ ਕਿ ਤੂੰ ਤਤ ਤੁਯੰ ਤੁਯੰ ਤਤ ਦੀ ਅਭੇਦਤਾ ਕਰ।

ਜੋ ਸਤਿਗੁਰਾਂ ਦੇ ਸਬਦਿ=ਉਪਦੇਸ਼ ਨੂੰ ਗ੍ਰਹਿਣ ਕਰਕੇ ਸੰਤੋਖ ਵਿਚ ਇਸਥਿਤ ਹੋ ਰਹੇ ਹਨ, ਉਹ ਕਿਸੇ ਨੂੰ ਤਾਂ ਪਰਮੇਸ਼ਰ ਸਬੰਧੀ ਗ੍ਰੰਥ ਪੜ੍ਹਾਂਵਦੇ ਹਨ, ਪੜ੍ਹਾ ਕੇ ਫੇਰ ਇਸ ਤਰ੍ਹਾਂ ਕਹਿੰਦੇ ਹਨ ਕਿ ਤੂੰ ਸਤ ਅਸਤ ਦਾ ਨਿਰਣਾ ਗੁਣਿ=ਵਿਚਾਰ ਕੇ ਸਿਧਾਂਤ ਨੂੰ ਬੁਝਣਾ ਕਰ।

[ਪੰਨਾ ੩੫੪]

ਐਸਾ ਗੁਰਮਤਿ ਰਮਤੁ ਸਰੀਰਾ ॥
ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ ॥ ੧ ॥ ਰਹਾਉ ॥

ਅੰਨ੍ਵੈ :-'ਗਹਿਰ ਗੰਭੀਰਾ ਰਮਤੁ ਸਰੀਰਾ'=ਜੋ ਗਹਿਰ ਡੂੰਘਾ ਅਤੇ ਗੰਭੀਰਾ=ਨਿਰਹਲ, ਸਾਰਿਆਂ ਸਰੀਰਾਂ ਵਿਚ ਰਮ ਰਿਹਾ ਹੈ, ਐਸੇ ਹਰੀ ਨੂੰ ਹੇ ਮੇਰੇ ਮਨ=ਪਿਆਰੇ ! ਗੁਰਾਂ ਦੀ ਸਿਖਿਆ ਲੈ ਕੇ ਭਜਨਾ ਕਰ ॥ ੧ ॥ ਰਹਾਉ ॥

ਅਨਤ ਤਰੰਗ ਭਗਤਿ ਹਰਿ ਰੰਗਾ ॥ ਅਨਦਿਨੁ ਸੂਚੇ ਹਰਿ ਗੁਣ ਸੰਗਾ ॥

ਜਿਸ ਹਰੀ ਵਿਚੋਂ ਬ੍ਰਹਮਾ, ਵਿਸ਼ਨੂੰ ਆਦਿਕ ਅਨੇਕਾਂ ਤਰੰਗ ਉਠ ਰਹੇ ਹਨ, ਭਗਤ ਉਸ ਹਰੀ ਵਿਚ ਰੰਗਾ=ਪ੍ਰੇਮ ਕਰਦੇ ਹਨ।

ਅਥਵਾ:- ਅਨੇਕਾਂ ਤਰੰਗ=ਸੰਕਲਪਾਂ ਵਿਕਲਪਾਂ ਨੂੰ ਦੂਰ ਕਰ ਕੇ ਜਿਸ ਨੇ ਹਰੀ ਦੀ ਭਗਤੀ ਵਿਚ ਮਨ ਨੂੰ ਰੰਗਿਆ ਹੈ, ਉਹ ਰਾਤ ਦਿਨੇ ਹਰੀ ਦੇ ਗੁਣਾਂ ਦਾ ਸੰਗ ਕਰਕੇ ਸੂਚੇ=ਪਵਿੱਤਰ ਹੋਏ ਹਨ।

ਮਿਥਿਆ ਜਨਮੁ ਸਾਕਤ ਸੰਸਾਰਾ ॥ ਰਾਮ ਭਗਤਿ ਜਨੁ ਰਹੈ ਨਿਰਾਰਾ ॥ ੨ ॥

ਸਾਕਤਾਂ ਦਾ ਜਨਮ ਸੰਸਾਰ ਵਿਚ ਮਿਥਿਆ=ਝੂਠਾ ਹੈ। ਤੇ ਰਾਮ ਦੀ ਭਗਤੀ ਕਰਨ ਵਾਲਾ ਪੁਰਸ਼ ਸੰਸਾਰ ਤੋਂ ਨਿਰਾਲਾ ਹੀ ਰਹਿੰਦਾ ਹੈ।

ਅਥਵਾ:—ਸਾਕਤ ਪੁਰਸ਼ ਨੇ ਸੰਸਾਰ ਵਿਚ ਮਨੁਖਾ ਜਨਮ ਨੂੰ ਮਿਥਿਆ=ਵਿਅਰਥ ਗਵਾ ਲਿਆ ਹੈ, ਕਿਉਂਕਿ ਉਹ ਪੁਰਸ਼ ਰਾਮ ਦੀ ਭਗਤੀ ਤੋਂ ਨਿਰਾਰਾ=ਵੱਖਰਾ ਰਹਿੰਦਾ ਹੈ। ਅਰਥਾਤ ਰਾਮ ਦੀ ਭਗਤੀ ਨਹੀਂ ਕਰਦਾ ॥ ੨ ॥

ਸੂਚੀ ਕਾਇਆ ਹਰਿ ਗੁਣ ਗਾਇਆ ॥ ਆਤਮੁ ਚੀਨਿ ਰਹੈ ਲਿਵ ਲਾਇਆ ॥

ਜਿਸ ਨੇ ਹਰੀ ਦੇ ਗੁਣਾਂ ਨੂੰ ਗਾਇਣ ਕੀਤਾ ਹੈ, ਉਸ ਦੀ ਕਾਇਆ=ਦੇਹ ਪਵਿੱਤਰ ਹੈ। ਅਥਵਾ-ਕਾਇਆ, ਬੁਧੀ ਪਵਿੱਤਰ ਹੈ। ਉਹ ਲਿਵ ਬਿਰਤੀ ਨੂੰ ਲਗਾ ਕੇ ਆਤਮਾ ਨੂੰ ਚੀਨਿ ਰਹੈ=ਜਾਣ ਰਹੇ ਹਨ।

ਆਦਿ ਅਪਾਰੁ ਅਪਰੰਪਰੁ ਹੀਰਾ ॥ ਲਾਲਿ ਰਤਾ ਮੇਰਾ ਮਨੁ ਧੀਰਾ ॥ ੩ ॥

ਜੋ ਪਰਮੇਸ਼ਰ ਸਭ ਦੀ ਆਦ ਹੈ, ਅਪਾਰੁ=ਬੇਅੰਤ ਗੁਣਾਂ ਵਾਲਾ ਹੈ, ਅਪਰੰਪਰੁ=ਅਪਰ ਸੰਸਾਰ ਤੋਂ ਪਰਾ ਰੂਪ ਹੈ, ਹੀਰੇ ਵਤ ਨਿਰਮਲ ਹੈ। ਤਿਸ ਲਾਲਿ=ਪਿਆਰੇ ਪਰਮੇਸ਼ਰ ਵਿਚ ਤਦਾਕਾਰ ਹੋਇਆ-ਹੋਇਆ ਮੇਰਾ ਮਨ ਧੀਰਜਵਾਨ ਹੋਇਆ ਹੈ॥ ੩ ॥

ਕਥਨੀ ਕਹਹਿ ਕਹਹਿ ਸੇ ਮੂਏ ॥ ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥

ਧਾਰੇ ਤੋਂ ਬਿਨਾਂ ਜੋ ਪਖੰਡ ਪੂਰਬਕ ਕਹੀਆਂ ਹੋਈਆਂ ਕਥਨੀਆਂ ਨੂੰ ਕਹਿੰਦੇ ਹਨ, ਉਹ ਨਿਸਫਲ ਹੀ ਮਰ ਗਏ ਹਨ। ਉਹ ਪ੍ਰਭੂ ਤੋਂ ਦੂਰ ਰਹਿੰਦੇ ਹਨ, ਹੇ ਪ੍ਰਭੂ ! ਤੂੰ ਉਹਨਾਂ ਨੂੰ ਪ੍ਰਾਪਤ ਨਹੀਂ ਹੁੰਦਾ।

ਅਥਵਾ:-ਜੋ ਪੁਰਸ਼ ਕਹੀਆਂ ਹੋਈਆਂ ਕਥਨੀਆਂ ਨੂੰ ਸ਼ਰਧਾ ਭਾਵ ਨਾਲ ਕਹਿ ਕੇ ਜੀਵਤ ਭਾ ਤੋਂ ਮਰੇ ਹਨ, ਉਹਨਾਂ ਤੋਂ ਉਹ ਪ੍ਰਭੂ ਦੂਰ ਨਹੀਂ। ਹੇ ਪ੍ਰਭੂ ! ਉਹਨਾਂ ਨੂੰ ਤੂੰ ਪ੍ਰਾਪਤ ਹੋਇਆ ਹੈਂ।

ਸਭੁ ਜਗੁ ਦੇਖਿਆ ਮਾਇਆ ਛਾਇਆ ॥
ਨਾਨਕ ਗੁਰਮਤਿ ਨਾਮੁ ਧਿਆਇਆ ॥ ੪ ॥ ੧੭ ॥

ਮਨਮੁਖਾਂ ਨੇ ਸਾਰੇ ਜਗਤ ਵਿਚ ਮਾਇਆ ਨੂੰ ਹੀ ਛਾਇਆ ਹੋਇਆ ਦੇਖਿਆ ਹੈ।

ਅਥਵਾ:- ਗੁਰਮੁਖਾਂ ਨੇ ਸਾਰਾ ਜਗਤ ਮਾਇਆ ਦਾ ਛਾਇਆ=ਬਣਾਇਆ ਹੋਇਆ ਦੇਖਿਆ ਹੈ।

ਅਥਵਾ:- ਮਾਇਆ ਵਿਖੇ ਜੋ ਚੇਤਨ ਦਾ ਛਾਇਆ=ਪ੍ਰਤੀਬਿੰਬ ਹੈ, ਅਰਥਾਤ ਜੋ ਪਰਮਾਤਮਾ ਹੈ; ਉਸ ਦੁਆਰਾ ਇਹ ਜਗਤ ਬਣਾਇਆ ਹੋਇਆ ਦੇਖਿਆ ਹੈ।

ਗੁਰੂ ਜੀ ਕਥਨ ਕਰਦੇ ਹਨ-ਗੁਰਮਤੀਆਂ ਨੇ ਗੁਰ ਸਿਖਿਆ ਦੁਆਰਾ ਨਾਮ ਨੂੰ ਧਿਆਇਆ ਹੈ॥ ੪॥ ੧੭॥

ਆਸਾ ਮਹਲਾ ੧ ਤਿਤੁਕਾ॥

ਆਪਣੇ ਨਿਸ਼ਚੇ ਸਹਿਤ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ-

ਕੋਈ ਭੀਖਕੁ ਭੀਖਿਆ ਖਾਇ॥ ਕੋਈ ਰਾਜਾ ਰਹਿਆ ਸਮਾਇ॥

ਜਿਸ ਤਰ੍ਹਾਂ ਕੋਈ ਭੀਖਕੁ=ਮੰਗਤਾ ਭਿਖਿਆ ਖਾਣ ਵਿਚ ਮਸਤ ਹੋ ਰਿਹਾ ਹੈ, ਕੋਈ ਰਾਜਾ ਰਾਜ ਦੇ ਅਨੰਦ ਵਿਚ ਸਮਾ ਰਿਹਾ ਹੈ।

ਕਿਸ ਹੀ ਮਾਨੁ ਕਿਸੈ ਅਪਮਾਨੁ॥ ਢਾਹਿ ਉਸਾਰੇ ਧਰੇ ਧਿਆਨੁ॥

ਕਿਸੇ ਨੂੰ ਮਾਨੁ=ਆਦਰ ਚੰਗਾ ਲਗ ਰਿਹਾ ਹੈ, ਕਿਸੇ ਨੂੰ ਅਪਮਾਨੁ=ਨਿਰਾਦਰ ਕਰਾਉਣਾ ਚੰਗਾ ਲਗ ਰਿਹਾ ਹੈ। ਹੇ ਪਰਮਾਤਮਾ ! ਤੂੰ ਆਪ ਹੀ ਜੀਵਾਂ ਨੂੰ ਉਸਾਰਦਾ ਹੈਂ, ਆਪ ਹੀ ਧਿਆਨ ਧਾਰ ਕੇ ਪਾਲਦਾ ਹੈਂ, ਫਿਰ ਆਪ ਹੀ ਢਾਹਿ=ਲੈਂਤਾ ਕਰਦਾ ਹੈਂ।

ਅਥਵਾ:- ਜੋ ਗੁਰਮੁਖ ਧਿਆਨ ਨੂੰ ਧਾਰਦੇ ਹਨ, ਉਹ ਢੱਠੇ ਹੋਏ ਸਤ ਸੰਤੋਖ ਆਦਿਕਾਂ ਨੂੰ ਉਸਾਰਦੇ ਹਨ ਅਤੇ ਉਸਰੇ ਹੋਏ ਕਾਮ ਆਦਿਕਾਂ ਨੂੰ ਢਾਹੁੰਦੇ ਹਨ।

ਤੁਝ ਤੇ ਵਡਾ ਨਾਹੀ ਕੋਇ॥ ਕਿਸੁ ਵੇਖਾਲੀ ਚੰਗਾ ਹੋਇ॥ ੧॥

ਹੇ ਵਾਹਿਗੁਰੂ ! ਤੇਰੇ ਨਾਲੋਂ ਵੱਡਾ ਹੋਰ ਕੋਈ ਨਹੀਂ, ਅਸੀਂ ਚੰਗੇ ਹੋ ਕੇ ਕਿਸ ਨੂੰ ਵਿਖਾਲਣਾ ਕਰੀਏ।

ਅਥਵਾ: ਜੇ ਕੋਈ ਚੰਗਾ ਹੋਵੇ ਤਾਂ ਕਿਸੇ ਨੂੰ ਵੇਖਾਲਣਾ ਕਰੀਏ।

ਮੈ ਤਾਂ ਨਾਮੁ ਤੇਰਾ ਆਧਾਰੁ॥ ਤੂੰ ਦਾਤਾ ਕਰਣਹਾਰੁ ਕਰਤਾਰੁ॥ ੧॥ ਰਹਾਉ॥

ਮੈਨੂੰ ਤਾਂ ਤੇਰੇ ਨਾਮ ਦਾ ਹੀ ਆਧਾਰੁ=ਆਸਰਾ ਹੈ। ਹੇ ਕਰਤਾਰ ! ਤੂੰ ਆਪ ਹੀ ਸਭ ਦੇ ਕਰਨੇ ਵਾਲਾ ਹੈਂ ਅਤੇ ਸਭ ਦਾ ਦਾਤਾ ਹੈਂ॥ ੧॥ ਰਹਾਉ॥

ਵਾਟ ਨ ਪਾਵਉ ਵੀਗਾ ਜਾਉ॥ ਦਰਗਹ ਬੈਸਣ ਨਾਹੀ ਥਾਉ॥

ਹੇ ਵਾਹਿਗੁਰੂ ! ਤੇਰੀ ਵਾਟ=ਭਗਤੀ ਨੂੰ ਨਹੀਂ ਪਾਂਵਦਾ, ਸੰਸਾਰਕ ਧੰਦਿਆਂ ਵਿਚ ਵੀਗਾ=ਟੇਢਾ ਹੋਇਆ ਜਾਂਦਾ ਹਾਂ। ਇਸ ਲਈ ਦਰਗਾਹ ਵਿਚ ਮੈਨੂੰ ਬੈਠਣ ਨੂੰ ਭੀ ਜਗ੍ਹਾ ਨਹੀਂ ਮਿਲਣੀ।

ਮਨ ਕਾ ਅੰਧੁਲਾ ਮਾਇਆ ਕਾ ਬੰਧੁ॥ ਖੀਨ ਖਰਾਬੁ ਹੋਵੈ ਨਿਤ ਕੰਧੁ॥

ਮਾਇਆ ਦਾ ਬੱਧਾ ਹੋਇਆ ਹੋਣ ਕਰਕੇ ਮੈਂ ਮਨ ਦਾ ਅੰਨ੍ਹਾਂ (ਅਗਿਆਨੀ) ਹੋ ਰਿਹਾ ਹਾਂ।

ਕੰਧੁ=ਸਰੀਰ ਨਿਤਾਪ੍ਰਤੀ ਖੀਨ=ਪ੍ਰਣੱਮ ਕੇ ਵਿਸ਼ਿਆਂ ਵਿਚ ਲੱਗ ਕੇ ਖਰਾਬ ਹੋ ਰਿਹਾ ਹੈ।

ਅਥਵਾ:- ਖੀਨ ਕਰਨ ਵਾਲੇ ਜੋ ਕਾਮ, ਕਰਧ ਆਦਿਕ ਵਿਸ਼ੇ ਹਨ, ਉਹਨਾਂ ਕਰਕੇ ਸਰੀਰ ਖਰਾਬ ਹੋ ਰਿਹਾ ਹੈ, ਇਸੀ ਤੇ ਨਿਤਾਪ੍ਰਤੀ ਕੰਧੁ=ਸਰੀਰਾਂ ਵਿਚ ਪੈਂਦਾ ਹੈ।

ਖਾਣਾ ਜੀਵਣ ਕੀ ਬਹੁਤੀ ਆਸ॥ ਲੇਖੈ ਤੇਰੈ ਸਾਸ ਗਿਰਾਸ ॥ ੨॥

ਪਦਾਰਥਾਂ ਦੇ ਖਾਣ-ਪੀਣ ਦੀ ਤੇ ਜਿਉਣੇ ਦੀ ਆਸਾ ਬਹੁਤ ਲਗ ਰਹੀ ਹੈ। ਪਰ ਸ੍ਵਾਸ ਲੈਣੇ;

ਗਿਰਾਸ=ਭੋਜਨ ਖਾਣਾ ਸਭ ਤੇਰੇ ਲੇਖੇ ਵਿਚ ਹੈ॥ ੨॥

ਅਹਿਨਿਸਿ ਅੰਧੁਲੇ ਦੀਪਕੁ ਦੇਇ॥ ਭਉਜਲ ਡੂਬਤ ਚਿੰਤ ਕਰੇਇ॥

ਹੁਣ ਗੁਰੂ ਸਾਹਿਬ ਜੀ ਦਰਦ ਖਾਹੀ ਬਚਨ ਕਹਿੰਦੇ ਹਨ-ਕਿ ਹੇ ਪਰਮੇਸ਼ਰ ! ਇਹ ਜੀਵ ਆਪ ਤੋਂ ਭੁੱਲ ਕੇ ਦਿਨ ਰਾਤ ਅੰਨ੍ਹੇ ਹੋ ਰਹੇ ਹਨ। ਆਪ ਇਨ੍ਹਾਂ ਨੂੰ ਗਿਆਨ ਰੂਪੀ ਦੀਪਕ ਦੇਣਾ ਕਰੋ। ਸੰਸਾਰ-ਸਮੁੰਦਰ ਵਿਚ ਡੁੱਬਿਆਂ ਹੋਇਆਂ ਦੀ ਚਿੰਤਾ ਕਰੋ।

ਅਥਵਾ:- ਜਗਿਆਸੂ ਬੇਨਤੀ ਕਰਦਾ ਹੈ- ਕਿ ਹੇ ਪਰਮਾਤਮਾ ! ਅਸੀਂ ਦਿਨ ਰਾਤ ਅੰਨ੍ਹੇ ਹੋ ਰਹੇ ਹਾਂ, ਸਾਨੂੰ ਗਿਆਨ ਰੂਪੀ ਦੀਪਕੁ ਦਾ ਪ੍ਰਕਾਸ਼ ਦੇਣਾ ਕਰੋ। ਸੰਸਾਰ-ਸਮੁੰਦਰ ਵਿਚ ਡੁਬ ਰਹੇ ਹਾਂ; ਆਪ ਸਾਡੇ ਤਾਰਨ ਦੀ ਚਿੰਤਾ ਕਰੋ।

ਕਹਹਿ ਸੁਣਹਿ ਜੋ ਮਾਨਹਿ ਨਾਉ॥ ਹਉ ਬਲਿਹਾਰੈ ਤਾ ਕੈ ਜਾਉ॥

ਜੋ ਪੁਰਸ਼ ਆਪਣੇ ਮੁਖ ਨਾਲ ਨਾਮ ਨੂੰ ਕਹਿੰਦੇ ਹਨ, ਕੰਨਾਂ ਦੁਆਰਾ ਸੁਣਦੇ ਹਨ ਅਤੇ ਮਨ ਵਿਚ ਨਾਮ ਦਾ ਮੰਨਣ ਕਰਦੇ ਹਨ, ਤਿਨ੍ਹਾਂ ਉਪਰੋਂ ਅਸੀਂ ਬਲਿਹਾਰ ਜਾਂਦੇ ਹਾਂ।

ਨਾਨਕੁ ਏਕ ਕਹੈ ਅਰਦਾਸਿ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥ ੩॥

ਗੁਰੂ ਜੀ ਕਹਿੰਦੇ ਹਨ- ਅਸੀਂ ਇਕ ਏਹੋ ਹੀ ਅਰਦਾਸਾਂ ਕਰਦੇ ਹਾਂ ਕਿ ਸਾਡਾ ਜੀਅ ਪਿੰਡ ਸਭ ਤੇਰੇ ਪਾਸ ਹੀ ਹੈ॥ ੩॥

ਜਾਂ ਤੂੰ ਦੇਹਿ ਜਪੀ ਤੇਰਾ ਨਾਉ॥ ਦਰਗਹ ਬੈਸਣ ਹੋਵੈ ਥਾਉ॥

ਹੇ ਵਾਹਿਗੁਰੂ ! ਜਾਂ ਤੂੰ ਕਿਰਪਾ ਕਰਕੇ ਦੇਵੇਂ ਤਾਂ ਮੈਂ ਤੇਰਾ ਨਾਮ ਜਪਣਾ ਕਰਾਂ, ਕਿਉਂਕਿ ਨਾਮ ਜਪਣ ਨਾਲ ਹੀ ਦਰਗਾਹ ਵਿਚ ਬੈਠਣ ਨੂੰ ਥਾਂ ਹੁੰਦੀ ਹੈ।

ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ॥ ਗਿਆਨ ਰਤਨੁ ਮਨਿ ਵਸੈ ਆਇ॥

ਜਾਂ ਆਪ ਨੂੰ ਭਾਵੇ ਤਾਂ ਦੁਰਮਤਿ=ਖੋਟੀ ਬੁਧੀ ਦੂਰ ਹੋ ਜਾਂਦੀ ਹੈ ਅਤੇ ਮਨ ਵਿਚ ਰਤਨੁ=ਵੈਰਾਗ ਤੇ ਗਿਆਨ ਆ ਕੇ ਵੱਸਦਾ ਹੈ।

ਨਦਰਿ ਕਰੇ ਤਾ ਸਤਿਗੁਰੁ ਮਿਲੈ॥ ਪ੍ਰਣਵਤਿ ਨਾਨਕੁ ਭਵਜਲੁ ਤਰੈ॥੪॥੧੮॥

ਜੇ ਤੂੰ ਕਿਰਪਾ ਦੀ ਨਜ਼ਰ ਕਰੇਂ ਤਾਂ ਪੂਰਨ ਸਤਿਗੁਰੂ ਮਿਲਦੇ ਹਨ। ਗੁਰੂ ਜੀ ਪ੍ਰਣਵਤਿ=ਉਚਾਰਦੇ ਹਨ ਕਿ ਇਸ ਤਰ੍ਹਾਂ ਪੂਰਨ ਸਤਿਗੁਰਾਂ ਦੇ ਮਿਲਣ ਨਾਲ ਇਹ ਜੀਵ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ॥ ੪॥ ੧੮॥

ਆਸਾ ਮਹਲਾ ੧ ਪੰਚਪਦੇ॥

ਨੋਟ-ਪੰਜ ਪੰਜ ਪਉੜੀਆਂ ਦੇ ਛੇ ਸ਼ਬਦ ਆਉਣਗੇ, ਇਸ ਲਈ ਪੰਜ ਪਦੇ ਦੇ ਹੇਠਾਂ ੬ ਅੰਕ ਲਿਖਿਆ ਹੈ।

ਪਹਿਲੇ ਦ੍ਰਿਸ਼ਟਾਂਤ ਦੇਂਦੇ ਹਨ-

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ॥
ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ॥ ੧॥

ਜਿਵੇਂ ਦੁੱਧ ਤੋਂ ਬਿਨਾਂ ਧੇਨੁ=ਗਊ ਨਿਸ਼ਫਲ ਹੈ, ਪੰਖ=ਖੰਭਾਂ ਤੋਂ ਬਿਨਾਂ ਪੰਛੀ ਵਿਅਰਥ ਹੈ, ਜਲ ਤੋਂ ਬਿਨਾਂ

ਉਤਭੁਜ=ਖੇਤੀ ਬ੍ਰਿਛ ਆਦਿਕ ਕਿਸੇ ਕੰਮ ਨਹੀਂ। ਉਹ ਚੱਕਰਵਤੀ ਬਾਦਸ਼ਾਹੀ ਕੀ ਹੈ ? ਜੋ ਸਲਾਮਾਂ ਤੋਂ ਬਿਨਾਂ ਹੈ ਅਰਥਾਤ ਜਿਸ ਨੂੰ ਕੋਈ ਸਲਾਮ ਨਹੀਂ ਕਰਦਾ। ਉਹ ਕੋਠੀ ਵੀ ਅੰਧੀ=ਜੜ੍ਹ ਹੈ, ਜਿਸ ਵਿਚ ਤੇਰਾ ਨਾਮ ਨਹੀਂ ਹੈ।

ਹੁਣ ਦਾ-ਦ੍ਰਿਸ਼ਟਾਂਤ ਸੁਣੋ-ਨਿਸ਼ਕਾਮ ਕਰਮਾਂ ਰੂਪੀ ਦੁੱਧ ਤੋਂ ਬਿਨਾਂ ਬੁਧੀ ਰੂਪੀ ਧੇਨ ਕਿਸੇ ਕੰਮ ਨਹੀਂ। ਗਿਆਨ ਵੈਰਾਗ ਰੂਪੀ ਖੰਭਾਂ ਤੋਂ ਬਿਨਾਂ ਜੀਵ ਰੂਪੀ ਪੰਛੀ ਨਿਕੰਮਾ ਹੈ। ਨਾਮ ਰੂਪੀ ਜਲ ਤੋਂ ਬਿਨਾਂ ਸ਼ੁਭ ਗੁਣਾਂ ਰੂਪੀ ਖੇਤੀ ਕਿਸੇ ਕੰਮ ਨਹੀਂ। ਜੋ ਸਲਾਮ=ਇਸਥਿਤੀ ਤੋਂ ਬਿਨਾਂ ਹੈ, ਉਹ ਸੁਲਤਾਨੁ=ਗਿਆਨਵਾਨ ਕੀ ਹੈ ? ਜਿਸ ਸਰੀਰ ਰੂਪੀ ਕੋਠੀ ਵਿਚ ਤੇਰਾ ਨਾਮ ਨਹੀਂ ਹੈ, ਉਹ ਸਰੀਰ ਰੂਪੀ ਕੋਠੀ ਵੀ ਅੰਧੀ ਹੈ॥ ੧॥

ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧ ॥ਰਹਾਉ ॥

ਹੇ ਪਰਮੇਸ਼ਰ ! ਤੂੰ ਕਿਉਂ ਵਿਸਰਹਿ=ਭੁਲਦਾ ਹੈਂ, ਅਰਥਾਤ ਤੂੰ ਸਾਨੂੰ ਨਾ ਭੁੱਲ; ਕਿਉਂਕਿ ਤੇਰੇ ਭੁੱਲਣ ਕਰਕੇ ਬਹੁਤ ਦੁੱਖ ਆ ਕੇ ਲਗਦਾ ਹੈ। *ਅਥਵਾ-* ਸਾਨੂੰ ਬੜਾ ਦੁੱਖ ਲਗਦਾ ਹੈ, ਇਸ ਕਰਕੇ ਤੂੰ ਭੁੱਲ ਨਾ। ਜੇ ਤੂੰ ਵਿਸਰੇਂਗਾ ਨਹੀਂ, ਤਾਂ ਸਾਰੇ ਦੁੱਖ ਲਾਗੈ=ਲਾਂਭੇ ਹੋ ਜਾਣਗੇ॥ ੧॥ ਰਹਾਉ॥

ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ॥
ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ॥ ੨ ॥

ਬੁਢਾਪੇ ਵਿਚ ਅੱਖਾਂ ਤੋਂ ਅੰਨ੍ਹਾਂ ਹੋ ਜਾਂਦਾ ਹੈ, ਜੀਭਾ ਵਿਚ ਸੁਆਦ ਲੈਣ ਦੀ ਸ਼ਕਤੀ ਨਹੀਂ ਰਹਿੰਦੀ ਅਤੇ ਕੰਨਾਂ ਵਿਚ ਪਵਣੁ=ਸ਼ਬਦ ਵਾਜੈ=ਪ੍ਰਗਟ ਨਹੀਂ ਹੁੰਦਾ। ਵਾ ਕੰਨਾਂ ਵਿਚ ਵਾਜੈ=ਸ਼ਬਦ ਪਵਣੁ=ਪ੍ਰਵੇਸ਼ ਨਹੀਂ ਕਰਦਾ। ਅੱਗੋਂ ਕਿਸੇ ਨੇ ਪਜੂਤਾ=ਪਕੜਿਆ ਭਾਵ ਫੜਿਆ ਹੋਇਆ ਹੋਵੇ ਤਾਂ ਹੀ ਪੈਰਾਂ ਨਾਲ ਤੁਰ ਸਕਦਾ ਹੈ। ਪਰ ਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਅਜੇਹੇ ਫਲ ਆ ਕੇ ਲੱਗਦੇ ਹਨ॥ ੨॥

ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ॥
ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ॥ ੩ ॥

ਜਿਵੇਂ ਬਾਗ ਦੀ ਭੁਇ=ਪ੍ਰਿਥਵੀ ਚੋਖੀ=ਸਫ਼ਾ ਕਰਕੇ ਬ੍ਰਿਛ ਲਗਾਵੇ ਤੇ ਪ੍ਰੇਮ ਨਾਲ ਜਲ ਦੇਵੇ ਤਾਂ ਸਾਰਿਆਂ ਬ੍ਰਿਛਾਂ ਨੂੰ ਫਲ ਲਗਦਾ ਹੈ, ਤੈਸੇ ਹੀ ਅੰਤਹਕਰਣ ਰੂਪੀ ਬਾਗ ਦੀ ਬੁਧੀ ਰੂਪੀ ਪ੍ਰਿਥਵੀ ਚੋਖੀ=ਸਾਫ ਭਾਵ ਸ਼ੁਧ ਕਰਕੇ ਗੁਰਮੁਖੀ ਦੇ ਪੈਂਤੀ ਅੱਖਰ ਜਾਂ ਸੰਸਕ੍ਰਿਤ ਦੇ ਬਵੰਜਾ ਪੜ੍ਹਨ ਰੂਪੀ ਬ੍ਰਿਛਾਂ ਨੂੰ ਲਗਾਵੇ ਅਤੇ ਸਤਿਗੁਰਾਂ ਦੇ ਨਾਲ ਭਾਉ=ਪ੍ਰੇਮ ਕਰਨੇ ਰੂਪ ਜਲ ਨੂੰ ਸਿੰਚੇ ਤਾਂ ਸਭਨਾਂ ਨੂੰ ਇਕ ਨਾਮ ਜਪਣ ਰੂਪੀ ਫਲ ਲੱਗਦਾ ਹੈ। ਅਰਥਾਤ ਸ਼ੁਧ ਬੁਧੀ ਦੁਆਰਾ ਸ਼ਾਸਤ੍ਰਾਂ ਦੇ ਅੱਖਰ ਪੜ੍ਹਨ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ।

ਅਥਵਾ:- ਅੰਤਹਕਰਣ ਰੂਪੀ ਬਾਗ ਦੀ ਬੁਧੀ ਰੂਪੀ ਪ੍ਰਿਥਵੀ ਸਫ਼ਾ ਕਰਕੇ ਗੁਰਾਂ ਦੇ ਅੱਖਰ=ਉਪਦੇਸ਼ ਰੂਪੀ ਬ੍ਰਿਛ ਨੂੰ ਲਗਾਵੇ, ਅਤੇ ਭਾਉ ਕਰੇਹੀ=ਪ੍ਰੇਮ ਕਰਨੇ ਰੂਪ ਜਲ ਨੂੰ ਸਿੰਚੇ, "ਸਭਨਾ ਫਲੁ ਲਾਗੈ ਨਾਮੁ ਏਕੋ" ਤਾਂ ਸਾਰਿਆਂ ਨੂੰ ਨਾ+ਆਮ=ਆਮ ਖਾਸ ਪ੍ਰਪੰਚ ਜਿਸ ਵਿਚ ਨਾ ਹੋਵੇ, ਐਸਾ ਜੋ ਪਰਮੇਸ਼ਰ ਹੈ, ਉਸ ਦੀ ਪ੍ਰਾਪਤੀ ਰੂਪੀ ਫਲ ਲੱਗਦਾ ਹੈ। ਜਾਂ ਇਸ ਤਰ੍ਹਾਂ ਕਰ ਦਿਓ ਕਿ ਇਕ ਨਾਮ ਦੀ ਪ੍ਰਾਪਤੀ ਰੂਪੀ ਫਲ ਸਾਰਿਆਂ ਨੂੰ ਲੱਗਦਾ ਹੈ, ਸ੍ਰੇਸ਼ਟ ਕਰਮਾਂ ਤੋਂ ਬਿਨਾਂ ਇਸ ਫਲ ਨੂੰ ਕਿਵੇਂ ਲੈ ਸਕਦਾ ਹੈ ?॥ ੩॥

ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ॥
ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥

ਜਿੰਨੇ ਕੁ ਜੀਵ ਹਨ, ਹੇ ਪ੍ਰਭੂ ! ਇਹ ਸਾਰੇ ਦੇ ਸਾਰੇ ਤੇਰੇ ਹਨ, ਪਰ ਗੁਰ ਸੇਵਾ ਕੀਤੇ ਤੋਂ ਬਿਨਾਂ ਗਿਆਨ ਰੂਪੀ ਫਲ ਕਿਸੇ ਨੂੰ ਭੀ ਨਹੀਂ ਮਿਲਦਾ। ਤੇਰੇ ਭਾਣੇ ਵਿਚ ਹੀ ਕਦੇ ਸੁਖ ਤੇ ਕਦੇ ਦੁਖ ਹੁੰਦਾ ਹੈ, ਨਾਮ ਜਪੇ ਤੋਂ ਬਿਨਾਂ ਇਹ ਜੀਵ ਕਦੇ ਵੀ ਦੁਖਾਂ-ਸੁਖਾਂ ਤੋਂ ਰਹਿਤ ਨਹੀਂ ਹੋ ਸਕਦਾ॥ ੪॥

ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ॥

ਜੇਕਰ ਮਤਿ ਵਿਚ ਪਰਮੇਸ਼ਰ ਦਾ ਨਾਮ ਹੈ ਤਾਂ ਮਰੰਨਾ ਜੀਵਣਾ ਸਫਲ ਹੈ। ਜੇਕਰ ਬੁੱਧੀ ਵਿਚ ਪਰਮੇਸ਼ਰ ਦਾ ਨਾਮ ਨਹੀਂ ਤਦ ਹੋਰ ਮਰਨਾ ਜਿਊਣਾ ਕੈਸਾ ਹੈ, ਭਾਵ ਨਿਸਫਲ ਹੈ। ਨਾਮ ਤੋਂ ਬਿਨਾਂ ਜੇਕਰ ਜਿਊਂਦਾ ਭੀ ਹੈ ਤਾਂ ਜੁਗਤੀ ਪੂਰਬਕ ਨਹੀਂ ਜੀਂਵਦਾ। ਭਾਵ ਸੁਖ ਦਾ ਜੀਵਨ ਬਤੀਤ ਨਹੀਂ ਕਰਦਾ।

[ਪੰਨਾ ੩੫੫]

ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ॥ ੫॥ ੧੯॥

ਗੁਰੂ ਜੀ ਕਹਿੰਦੇ ਹਨ-ਕਿ ਹੇ ਪੁਰਖਾ ! ਉਸ ਪਰਮੇਸ਼ਰ ਅੱਗੇ ਇਸ ਤਰ੍ਹਾਂ ਬੇਨਤੀਆਂ ਕਰ-ਕਿ ਹੇ ਵਾਹਿਗੁਰੂ ! ਤੂੰ ਆਪ ਹੀ ਜੀਵਾਂ ਨੂੰ ਜਿਵਾਲਣ ਵਾਲਾ ਹੈਂ, ਜਿਥੇ ਤੈਨੂੰ ਭਾਵੇ ਤਿਥੇ ਤੂੰ ਰੱਖ ਲੈ॥ ੫॥ ੧੯॥

ਆਸਾ ਮਹਲਾ ੧॥

ਉਥਾਨਕਾ- ਜਿਸ ਵੇਲੇ ਗੁਰੂ ਨਾਨਕ ਦੇਵ ਜੀ 'ਗਇਆ' ਗਏ ਤਾਂ ਪੰਡਿਆਂ ਨੇ ਕਿਹਾ ਕਿ ਆਪ ਬ੍ਰਾਹਮਣਾਂ ਵਾਲਾ ਭੇਸ ਧਾਰੋ ਅਤੇ ਪਿੰਡ ਭਰਾਓ। ਤਾਂ ਗੁਰੂ ਜੀ ਨੇ ਕਿਹਾ, ਤੁਸੀਂ ਤਾਂ ਨਕਲੀ ਭੇਖਧਾਰੀ ਬ੍ਰਾਹਮਣ ਹੋ, ਅਸੀਂ ਅਸਲੀ ਬ੍ਰਾਹਮਣ ਹਾਂ। ਪੁਨਾ ਪੰਡਿਆਂ ਨੇ ਕਿਹਾ ਕਿ ਆਪ ਜੀ ਨੇ ਬ੍ਰਾਹਮਣਾਂ ਵਾਲੇ ਚਿੰਨ੍ਹ ਤਾਂ ਕੋਈ ਵੀ ਨਹੀਂ ਧਾਰੇ ਹੋਏ, ਇਸ ਲਈ ਬ੍ਰਾਹਮਣ ਕਿਵੇਂ ਹੋ ਸਕਦੇ ਹੋ ? ਤਾਂ ਗੁਰੂ ਜੀ ਕਥਨ ਕਰਦੇ ਹਨ-

ਕਾਇਆ ਬ੍ਰਹਮਾ ਮਨੁ ਹੈ ਧੋਤੀ॥ ਗਿਆਨੁ ਜਨੇਊ ਧਿਆਨੁ ਕੁਸਪਾਤੀ॥

ਕਾਇਆ=ਬੁਧੀ ਨੂੰ ਧੋਤੀ=ਧੋ ਕੇ ਮਨ ਨੂੰ ਬ੍ਰਾਹਮਣ ਕੀਤਾ ਹੈ। *ਅਥਵਾ:-* ਨਾਮ ਰੂਪੀ ਜਲ ਨਾਲ ਜੋ ਕਾਇਆ=ਬੁੱਧੀ ਅਤੇ ਮਨ ਨੂੰ ਧੋਣਾ ਕੀਤਾ ਹੈ, ਇਸ ਤਰ੍ਹਾਂ ਅਸੀਂ ਬ੍ਰਹਮਾ=ਬ੍ਰਾਹਮਣ ਹੋਏ ਹਾਂ। ਗਿਆਨ ਰੂਪੀ ਜਨੇਊ ਪਹਿਰਿਆ ਹੈ ਅਤੇ ਧਿਆਨ ਰੂਪੀ ਕੁਸ਼ਾ ਦੇ ਛਲੇ ਪਾਤੀ=ਪਾਏ ਹੋਏ ਹਨ।

ਹਰਿ ਨਾਮਾ ਜਸੁ ਜਾਚਉ ਨਾਉ॥ ਗੁਰ ਪਰਸਾਦੀ ਬ੍ਰਹਮਿ ਸਮਾਉ॥ ੧॥

ਨਾਉ=ਪ੍ਰਸਿਧ ਹਰੀ ਨਾਮਾ ਦਾ ਜਸ ਕਰਨਾ ਮੰਗਦੇ ਹਾਂ। *ਅਥਵਾ:-* ਹਰੀ ਨਾਮ ਦੇ ਜਸ ਕਰਨੇ ਰੂਪੀ ਨਾਉ=ਨੌਕਾ ਨੂੰ ਅਸੀਂ ਜਾਚਉ=ਮੰਗਦੇ ਹਾਂ। ਗੁਰਾਂ ਦੀ ਕਿਰਪਾ ਕਰਕੇ ਅਸੀਂ ਬ੍ਰਹਮ ਵਿਚ ਸਮਾਏ ਹਾਂ, ਤੂੰ ਵੀ ਇਸ ਪ੍ਰਕਾਰ ਸਮਾਉਣਾ ਕਰ॥ ੧॥

ਪਾਂਡੇ ਐਸਾ ਬ੍ਰਹਮ ਬੀਚਾਰੁ॥
ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ॥ ੧॥ ਰਹਾਉ॥

ਹੇ ਪੰਡੇ ! ਤੂੰ ਵੀ ਐਸਾ ਹੋ ਕੇ ਬ੍ਰਹਮ ਦੀ ਵਿਚਾਰ ਕਰ। ਨਾਮ ਸਬੰਧੀ ਪਵਿੱਤਰਤਾ ਨੂੰ ਧਾਰ, ਨਾਮ ਸਬੰਧੀ

ਗ੍ਰੰਥਾਂ ਨੂੰ ਪੜ੍ਹ ਕੇ ਨਾਮ ਜਪਣ ਰੂਪੀ ਚਜੁ ਆਚਾਰੁ=ਸ੍ਰੇਸ਼ਟ ਕਰਤੱਬ ਕਰ ॥ ੧ ॥ ਰਹਾਉ।

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥

ਬਾਹਰਲਾ ਜਨੇਊ ਤਦ ਤਕ ਨਾਲ ਰਹਿੰਦਾ ਹੈ ਜਦ ਤਕ ਸਰੀਰ ਦੇ ਨਾਲ ਜੋਤਿ=ਚੇਤਨ ਸੱਤਾ ਹੈ। ਇਸ ਕਰਕੇ ਅਸੀਂ ਬਾਹਰਲੇ ਜਨੇਊ ਦਾ ਪਹਿਰਣਾ ਛੱਡ ਕੇ ਗਿਆਨ ਰੂਪੀ ਜੰਞੂ ਪਹਿਰਿਆ ਹੈ। ਟਿਕਾ=ਸ਼ਰੋਮਣੀ ਪਰਮੇਸ਼ਰ ਦਾ ਨਾਮ ਜੋ ਸਮ੍ਹਾਲਣਾ ਕੀਤਾ ਹੈ, ਇਹ ਹੀ ਅਸੀਂ ਧੋਤੀ ਬੰਨ੍ਹੀ ਹੈ।

ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥ ੨ ॥

ਸ਼੍ਰੋਮਣੀ ਪਰਮੇਸ਼ਰ ਦਾ ਨਾਮ ਐਥੈ=ਇਸ ਲੋਕ ਵਿਚ ਅਤੇ ਓਥੈ=ਪਰਲੋਕ ਵਿਚ ਜੀਵ ਦੇ ਨਾਲ ਨਿਭਦਾ ਹੈ। ਇਸ ਲਈ ਨਾਮ ਤੋਂ ਬਿਨਾਂ ਹੋਰ ਪ੍ਰਤੱਖ ਕਰਮਾਂ ਨੂੰ ਨਾ ਭਾਲ ॥ ੨ ॥

ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥

ਪ੍ਰੇਮ ਰੂਪੀ ਪੂਜਾ ਕਰ, ਤੇ ਮਾਇਆ ਦੀ ਇੱਛਾ ਨੂੰ ਪਰ ਜਾਲਿ=ਭਲੀ ਪ੍ਰਕਾਰ ਸਾੜਨਾ, ਇਹ ਧੂਪ ਧੁਖਾਣਾ ਕਰ। ਸਭਨਾਂ ਵਿਚ ਇਕ ਪਰਮਾਤਮਾ ਨੂੰ ਦੇਖਣਾ ਕਰੋ। ਉਸ ਤੋਂ ਬਿਨਾਂ 'ਅਵਰੁ ਨ ਭਾਲਿ'=ਹੋਰ ਨਾ ਲੱਭ।

ਚੀਨੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥ ੩ ॥

ਸਭ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਜੋ ਚੇਤਨਾ ਦਸਾਂ ਦੁਆਰਿਆਂ ਵਿਚ ਪੂਰਨ ਹੈ, ਉਸ ਨੂੰ ਚੀਨੈ=ਜਾਨਣਾ ਕਰ। ਜੋ ਹਰੀ ਦਾ ਵਿਚਾਰ ਕਰਨਾ ਹੈ, ਇਹੋ ਹੀ ਮੁਖ ਨਾਲ ਪਾਠ ਪੜ੍ਹਨਾ ਕਰ ॥ ੩ ॥

ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅ ਰਾਛਬਿ ਚੋਰੁ ਨ ਲਾਗੈ ॥

ਭਾਉ=ਗਿਆਨ ਰੂਪੀ ਭੋਜਨ ਨੂੰ ਛਕੇ ਤਾਂ ਭਰਮ ਤੇ ਜਮਾਂ ਦਾ ਡਰ ਜਾਂਦਾ ਹੈ। ਗੁਰੂ ਸਾਹਿਬ ਜੀ ਰੂਪੀ ਪਹਿਰੇਦਾਰ ਜਿਸ ਦੀ ਰਾਛਬਿ=ਰਖਿਆ ਕਰਨ ਵਾਲੇ ਹੋਏ ਹਨ, ਤਿਸਨੂੰ ਫਿਰ ਕਾਮ ਆਦਿਕਾਂ ਰੂਪੀ ਚੋਰ ਨਹੀਂ ਲਗਦੇ।

ਅਥਵਾ-ਜਿਸ ਦੇ ਪਾਹਰੂਅਰਾ=ਪਹਿਰੇਦਾਰ ਗੁਰੂ ਸਾਹਿਬ ਜੀ ਹਨ, ਤਿਸ ਦੀ ਛਬਿ=ਸ਼ੋਭਾ ਨੂੰ ਚੋਰ ਨਹੀਂ ਲਗਦੇ। ਜਿਵੇਂ :-ਭਾਈ ਜੋਗਾ ਸਿੰਘ ਜੀ ਦੇ ਪਹਿਰੇਦਾਰ ਗੁਰੂ ਗੋਬਿੰਦ ਸਿੰਘ ਜੀ ਹੋਏ ਤਾਂ ਉਸ ਦੀ ਸ਼ੋਭਾ ਨੂੰ ਚੋਰ ਨਾ ਲੱਗੇ, ਅਰਥਾਤ ਉਸ ਦੀ ਸ਼ੋਭਾ ਜਿਉਂ ਦੀ ਤਿਉਂ ਬਣੀ ਰਹੀ।

ਪਾਠ ਸੰਪ੍ਰਦਾਈ 'ਰਾਛਬਿ' ਹੈ।

ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥ ੪ ॥

ਇਕ ਪ੍ਰਭੂ ਦਾ ਜੋ ਜਾਨਣਾ ਹੈ ਇਹ ਹੀ ਲਿਲਾਟਿ=ਮੱਥੇ ਤੇ ਤਿਲਕ ਲਗਾਵੇ। ਬਿਬੇਕ ਨੂੰ ਵਿਚਾਰ ਕੇ ਬ੍ਰਹਮ ਨੂੰ ਹਿਰਦੇ ਅੰਦਰ ਬੁਝਣਾ ਕਰੇ ॥ ੪ ॥

ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥

ਨਾਮ ਜਪੇ ਤੋਂ ਬਿਨਾਂ ਹੋਰ ਕਰਤਬਾਂ ਦੇ ਕਰਨ ਨਾਲ ਪਰਮਾਤਮਾ ਜਿੱਤਿਆ ਨਹੀਂ ਜਾਂਦਾ ਭਾਵ ਪ੍ਰਾਪਤ ਨਹੀਂ ਹੁੰਦਾ। ਤੇ ਪਾਠਾਂ ਦੇ ਪੜ੍ਹਨ ਨਾਲ ਵੀ ਉਸ ਦੀ ਪ੍ਰਾਪਤੀ ਰੂਪੀ ਕੀਮਤ ਨਹੀਂ ਪੈਂਦੀ।

ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥ ੫ ॥ ੨੦ ॥

ਅਸਟ ਚਸੀ=ਅਠਾਰਾਂ ਪੁਰਾਣਾਂ ਦੇ ਅਤੇ ਚਾਰ ਵੇਦਾਂ ਦੇ ਪੜ੍ਹਨ ਵਾਲਿਆਂ ਨੇ ਵੀ ਉਸ ਦੀ ਪ੍ਰਾਪਤੀ ਦਾ ਭੇਦ ਨਹੀਂ ਪਾਇਆ। ਇਕ ਸਤਿਗੁਰੂ ਹੀ ਧੰਨ ਹਨ, ਜਿਨ੍ਹਾਂ ਨੇ ਬ੍ਰਹਮ ਨੂੰ ਦਿਖਾਇਆ ਹੈ॥ ੫॥ ੨੦॥

ਆਸਾ ਮਹਲਾ ੧ ॥

ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥

ਸੇਵਕ ਵੀ ਓਹੀ ਹੈ, ਦਾਸ ਵੀ ਓਹੀ ਹੈ, ਭਗਤ ਜਨ ਵੀ ਓਹੀ ਹੈ, ਜੋ ਗੁਰਮੁਖ ਹੁੰਦਾ ਹੈ ਓਹੀ ਠਾਕੁਰ ਦਾ ਅਸਲੀ ਦਾਸ ਹੈ।

ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧ ॥

ਜਿਸ ਪਰਮੇਸ਼ਰ ਨੇ 'ਸਿਰਿ ਸਾਜੀ'=ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਸੀ ਨੇ ਹੀ ਪੁਨਾ ਗੋਈ=ਮਿਲਾਈ, ਬੁਲਾਈ, ਛਪਾਈ ਹੈ। ਤਿਸ ਪਰਮੇਸ਼ਰ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਹੈ॥ ੧॥

ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥ ੧ ॥ ਰਹਾਉ ॥

ਗੁਰਮੁਖ ਪੁਰਸ਼ ਗੁਰ ਉਪਦੇਸ਼ ਨੂੰ ਵਿਚਾਰ ਕੇ ਸੱਚ ਨਾਮ ਜਪਦੇ ਹਨ। ਇਸੀ ਦੇ ਗੁਰਮੁਖ ਜਨ ਸੱਚੇ ਦਰਬਾਰ ਵਿਚ ਸੱਚੇ ਹੁੰਦੇ ਹਨ॥ ੧॥ ਰਹਾਉ॥

ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥

ਜਿਸ ਦਾ ਅਰਜੁ=ਵਿਸਤਾਰ ਸੱਚਾ ਹੈ, ਉਸ ਅੱਗੇ ਸੱਚੀ ਅਰਦਾਸ ਕਰੇ ਭਾਵ ਨਿਸ਼ਕਪਟ ਹੋ ਕੇ ਬੇਨਤੀ ਕਰੇ। *ਅਥਵਾ:-* ਅਰਜ਼ਾਂ ਦੇ ਸੁਨਣ ਵਾਲਾ ਜੋ ਪਰਮੇਸ਼ਰ ਹੈ, ਉਸ ਅੱਗੇ ਸੱਚੀ ਅਰਦਾਸ ਕਰੇ ਤਾਂ ਮਹਲਾਂ ਵਾਲਾ ਖਸਮੁ=ਮਾਲਕ (ਪਰਮੇਸ਼ਰ) ਸੁਣ ਕੇ ਸਾਬਾਸਿ=ਧੰਨਤਾ-ਯੋਗ ਕਰਦਾ ਹੈ।

ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥ ੨ ॥

ਉਸ ਨੂੰ ਸੱਚੇ ਸਰੂਪ ਰੂਪੀ ਤਖਤ ਅੰਦਰ ਬੁਲਾਂਵਦਾ ਹੈ ਅਤੇ ਉਸ ਨੂੰ ਐਸੀ ਵਡਿਆਈ ਦੇਂਦਾ ਹੈ ਕਿ ਜੋ ਗੱਲ ਉਹ ਕਰਦਾ ਹੈ, ਓਹੀ ਗੱਲ ਪੂਰੀ ਹੁੰਦੀ ਹੈ॥ ੧॥

ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥

ਹੇ ਵਾਹਿਗੁਰੂ ! ਤਨ ਕਰਕੇ ਤੇਰਾ ਹੀ ਤਾਣੁ=ਬਲ ਹੈ ਅਤੇ ਤੂੰ ਹੀ ਦੀਬਾਣੁ=ਆਸਰਾ ਰੂਪ ਹੈਂ। ਗੁਰਾਂ ਦਾ ਉਪਦੇਸ਼ ਧਾਰਨ ਕਰਕੈ ਸੱਚੇ ਨਾਮ ਰੂਪੀ ਨੀਸਾਣੁ=-ਪ੍ਰਵਾਨਾ ਮਿਲਦਾ ਹੈ,

ਅਥਵਾ:- ਹੇ ਸੱਚ ਸਰੂਪ ਪਰਮਾਤਮਾ ! ਤੂੰ ਨੀਸਾਣੁ=ਪਰਗਟ ਹੁੰਦਾ ਹੈਂ।

ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥ ੩ ॥

ਜੋ ਪੁਰਸ਼ ਹੁਕਮ ਨੂੰ ਮੰਨਦਾ ਹੈ ਉਹ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ। *ਅਥਵਾ:-* ਓਹ ਪ੍ਰਗਟ ਹੋ ਕੇ

ਪ੍ਰਭੂ ਦੇ ਕੋਲ ਜਾਂਦਾ ਹੈ। ਕਿਉਂਕਿ ਸੱਚ ਨਾਮ ਰੂਪ ਨੀਸਾਣੈ=ਪ੍ਰਵਾਨੇ ਵਾਲੇ ਨੂੰ ਕਿਤੇ ਭੀ 'ਠਾਕਿ ਨ ਪਾਇ'=ਰੁਕਾਵਟ ਨਹੀਂ ਪੈਂਦੀ॥ ੩॥

ਪੰਡਿਤ ਪੜਹਿ ਵਖਾਣਹਿ ਵੇਦੁ॥ ਅੰਤਰਿ ਵਸਤੁ ਨ ਜਾਣਹਿ ਭੇਦੁ॥
ਗੁਰ ਬਿਨੁ ਸੋਝੀ ਬੂਝ ਨ ਹੋਇ॥ ਸਾਚਾ ਰਵਿ ਰਹਿਆ ਪ੍ਰਭੁ ਸੋਇ॥ ੪॥

ਮਾਇਆਧਾਰੀ ਪੰਡਿਤ ਪੜ੍ਹ ਕਰਕੇ ਵੇਦਾਂ ਨੂੰ ਕਥਨ ਕਰਦੇ ਹਨ; ਪਰੰਤੂ, ਜੋ ਆਤਮ ਵਸਤੂ ਅੰਦਰ ਹੈ, ਉਸ ਦੀ ਪ੍ਰਾਪਤੀ ਦੇ ਭੇਦ ਨੂੰ ਨਹੀਂ ਜਾਣਦੇ। ਕਿਉਂਕਿ ਗੁਰਾ ਤੋਂ ਸੋਝੀ=ਗਿਆਤ ਮਿਲੇ ਤੋਂ ਬਿਨਾਂ ਪਰਮੇਸ਼ਰ ਪ੍ਰਾਪਤੀ ਦੀ ਬੂਝ=ਸਮਝ ਨਹੀਂ ਹੁੰਦੀ ਕਿ ਉਹ ਸੱਚਾ ਪ੍ਰਭੂ ਸਾਰਿਆਂ ਵਿਚ 'ਰਵਿ ਰਹਿਆ'=ਮਿਲ ਰਿਹਾ ਹੈ॥ ੪॥

ਕਿਆ ਹਉ ਆਖਾ ਆਖਿ ਵਖਾਣੀ॥ ਤੂੰ ਆਪੇ ਜਾਣਹਿ ਸਰਬ ਵਿਡਾਣੀ॥

ਆਖਿ ਵਖਾਣੀ=ਮੁਖ ਨਾਲ ਕਥਨ ਕਰਕੇ, ਹਉ=ਮੈਂ ਕੀ ਆਖਾਂ ? ਹੇ ਵਿਡਾਣੀ=ਅਸਚਰਜ ਰੂਪ ਪਰਮਾਤਮਾ ! ਤੂੰ ਆਪ ਹੀ ਸਭ ਗੱਲਾਂ ਨੂੰ ਜਾਣਦਾ ਹੈਂ।

ਨਾਨਕ ਏਕੋ ਦਰੁ ਦੀਬਾਣੁ॥ ਗੁਰਮੁਖਿ ਸਾਚੁ ਤਹਾ ਗੁਦਰਾਣੁ॥ ੫॥ ੨੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਕਿ ਸਭ ਦੀਬਾਣਾਂ ਦੇ ਦਰੁ=ਅੰਦਰ ਇਕ ਵਾਹਿਗੁਰੂ ਹੀ ਹੈ। ਗੁਰਮੁਖ ਜਨ ਤਿਸ ਸੱਚੇ ਪਰਮਾਤਮਾ ਵਿਖੇ ਸਮੇਂ ਨੂੰ ਗੁਦਰਾਣੁ=ਬਤੀਤ ਕਰਦੇ ਹਨ,

ਅਥਵਾ:- ਇਕ ਪ੍ਰਭੂ ਦੀ ਪ੍ਰਾਪਤੀ ਦਾ ਦਰੁ=ਦਰਵਾਜ਼ਾ ਦੀਬਾਣੁ=ਸਤਸੰਗ ਹੈ। ਗੁਰਮੁਖ ਜਨ ਤਹਾ=ਤਿਸ ਸਤਿਸੰਗ ਵਿਚ ਸੱਚ ਨਾਮ ਜਪਦੇ ਹੋਏ ਆਪਣੀ ਜ਼ਿੰਦਗੀ ਦੇ ਸਮੇਂ ਨੂੰ ਗੁਦਰਾਣੁ=ਬਤੀਤ ਕਰਦੇ ਹਨ॥ ੫॥ ੨੧॥

ਆਸਾ ਮਹਲਾ ੧ ॥

ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ॥

ਇਹ ਦੇਹ 'ਕਾਚੀ ਗਾਗਰਿ'=ਕੱਚੀ ਘੜੀ ਦੀ ਤਰ੍ਹਾਂ ਮਿਥਿਆ ਅਤੇ ਦੁਹੇਲੀ=ਦੁਖਦਾਈ ਹੈ। ਇਸ ਵਿਚ ਲੱਗ ਕੇ ਜੀਵ ਰੂਪੀ ਇਸਤ੍ਰੀ ਜਨਮ ਮਰਨ ਦੇ ਦੁਖਾਂ ਨੂੰ ਪਾ ਰਹੀ ਹੈ।

ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ॥੧॥

ਇਹ ਜਗਤ ਰੂਪੀ ਸਮੁੰਦਰ ਬੜਾ ਦੁਤਰੁ=ਦੁਸਤਰ (ਕਠਿਨ) ਹੈ, ਇਸ ਤੋਂ ਕਿਵੇਂ ਤਰਨਾ ਕਰੀਏ ? *ਉੱਤਰ:-*ਹਰੀ ਸਰੂਪ ਗੁਰਾਂ ਤੋਂ ਬਿਨਾਂ ਜੀਵ ਰੂਪੀ ਇਸਤ੍ਰੀ ਪਾਰ ਹੋਣਾ ਨਹੀਂ ਪਾਂਵਦੀ ॥ ੧॥

ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ॥

ਹੇ ਮੇਰੇ ਪਿਆਰੇ ਵਾਹਿਗੁਰੂ ! ਪਿਛੇ ਵੀ ਆਪ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਸੀ, ਹੁਣ ਵੀ ਆਪ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੈ।

ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ॥ ੧॥ ਰਹਾਉ॥

ਸਾਰਿਆਂ ਰੰਗਾਂ ਰੂਪਾਂ ਵਿਚ ਤੂੰ ਹੀ ਹੈਂ। ਲੇਕਿਨ ਬਖਸ਼ਦਾ ਤਿਸਨੂੰ ਹੈ, ਜਿਸ ਉਤੇ ਕਿਰਪਾ-ਦ੍ਰਿਸ਼ਟੀ ਕਰਦਾ

ਹੈਂ॥ ੧ ॥ ਰਹਾਉ ॥

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥

ਸੰਸੇ ਆਤਮਕ ਬਿਰਤੀ, *ਅਥਵਾ*-ਅਵਿਦਿਆ ਰੂਪੀ ਸੱਸ ਬੁਰੀ=ਭੈੜੀ ਹੈ। ਜੋ ਅੰਤਰ ਮੁਖ ਬਿਰਤੀ ਕਰਨ ਰੂਪੀ ਘਰ ਵਿਚ, *ਅਥਵਾ*- ਸਰੂਪ ਰੂਪੀ ਘਰ ਵਿਚ ਵੱਸਣ ਨਹੀਂ ਦੇਂਦੀ, ਫਿਰ ਇਹ ਐਸੀ ਬੁਰੀ ਹੈ, ਜੋ ਪਤੀ (ਪਰਮਾਤਮਾ) ਨਾਲ ਮਿਲਣ ਨਹੀਂ ਦੇਂਦੀ।

[ਪੰਨਾ ੩੫੬]

ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ ॥੨ ॥

ਇਸ ਲਈ ਮੈਂ ਸਾਜਨੀ=ਪਿਆਰੀਆਂ ਮਹਾਂਤਮਾਂ ਰੂਪ ਸਖੀਆਂ ਦੇ ਚਰਨਾਂ ਨੂੰ ਸੇਂਵਦੀ ਹਾਂ, ਸੇਵਾ ਕਰਨ ਨਾਲ ਹਰੀ ਨੇ ਵੀ ਕਿਰਪਾ ਕੀਤੀ ਹੈ ਅਤੇ ਗੁਰਾਂ ਨੇ ਵੀ ਨਦਰਿ ਧਰੀ=ਕ੍ਰਿਪਾ-ਦ੍ਰਿਸ਼ਟੀ ਕੀਤੀ ਹੈ,

ਅਥਵਾ-ਗੁਰਾਂ ਦੀ ਕਿਰਪਾ ਹੋ ਜਾਣ ਤੇ ਹੇ ਹਰੀ ! ਤੁਸੀਂ ਵੀ ਮੇਰੇ ਉਤੇ ਕ੍ਰਿਪਾ-ਦ੍ਰਿਸ਼ਟੀ ਕੀਤੀ ਹੈ॥ ੨ ॥

ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ ॥

ਮਨ ਨੂੰ ਮਾਰ ਕੇ ਆਪਣੇ ਸਰੂਪ ਨੂੰ ਵਿਚਾਰ ਕੇ ਦੇਖਿਆ ਹੈ, ਕਿ ਹੇ ਵਾਹਿਗੁਰੂ ! ਤੁਹਾਡੇ ਵਰਗਾ ਮੇਰਾ ਹੋਰ ਕੋਈ ਮਿੱਤਰ ਨਹੀਂ।

ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ॥ ੩ ॥

ਜਿਸ ਤਰ੍ਹਾਂ ਤੂੰ ਰੱਖਦਾ ਹੈਂ, ਉਸੀ ਤਰ੍ਹਾਂ ਹੀ ਮੈਂ ਰਹਿੰਦਾ ਹਾਂ। ਜੋ ਆਪ ਦੁਖ-ਸੁਖ ਦੇਣ ਕਰਦੇ ਹੋ, ਉਸ ਨੂੰ ਮੈਂ ਚੰਗਾ ਕਰਕੇ ਮੰਨਦਾ ਹਾਂ॥ ੩ ॥

ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥ ੪ ॥

ਗੁਰਮੁਖਾਂ ਨੇ ਆਸਾ ਅਤੇ ਮਨਸਾ=ਵਾਸ਼ਨਾ ਦੋਹਾਂ ਨੂੰ ਬਿਨਾਸ ਕੀਤਾ ਹੈ ਅਤੇ ਗੁਰਮੁਖਾਂ ਦੀ ਬੁੱਧੀ ਤਿੰਨਾਂ ਗੁਣਾਂ ਦੀ ਆਸਾ ਤੋਂ ਨਿਰਾਸ ਹੋਈ ਹੈ। ਗੁਰਮੁਖਾਂ ਨੇ ਸੰਤਾਂ ਦੀ ਸਭਾ ਵਿਚ ਜਾ ਕੇ ਗੁਰਾਂ ਦੀ ਓਟ ਲੈ ਕੇ ਚੌਥੀ ਭੂਮਿਕਾ ਰੂਪ ਜੋ ਤੁਰੀ ਅਵਸਥਾ ਹੈ, ਉਸ ਨੂੰ ਪਾਵਣਾ ਕੀਤਾ ਹੈ॥ ੪ ॥

ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥
ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫ ॥੨੨ ॥

ਉਸ ਪੁਰਸ਼ ਦੇ ਸਾਰੇ ਗਿਆਨ-ਧਿਆਨ ਅਤੇ ਜਪ ਤਪ ਕੀਤੇ ਹੋਏ ਸਫਲ ਹਨ, ਜਿਸ ਦੇ ਹਿਰਦੇ ਵਿਚ ਅਲਖ ਅਭੇਵ ਹਰੀ ਹੈ। ਗੁਰੂ ਜੀ ਕਥਨ ਕਰਦੇ ਹਨ-ਕਿ ਸਹਿਜੇ ਹੀ ਸੇਵਾ ਕਰਕੇ ਗੁਰ ਸਿਖਿਆ ਨੂੰ ਪਾ ਕੇ ਰਾਮ ਨਾਮ ਵਿਖੇ ਸਾਡਾ ਮਨ ਤਦਾਕਾਰ ਹੋਇਆ ਹੈ॥ ੫ ॥ ੨੨ ॥

ਆਸਾ ਮਹਲਾ ੧ ਪੰਚਪਦੇ

ਮੋਹੁ ਕੁਟੰਬੁ ਮੋਹੁ ਸਭ ਕਾਰ॥ ਮੋਹੁ ਤੁਮ ਤਜਹੁ ਸਗਲ ਵੇਕਾਰ॥ ੧ ॥

ਕੁਟੰਬ ਵਿਖੇ ਜਿਹੜਾ ਮੋਹ ਕਰਨਾ ਹੈ, ਇਹ ਸਭ ਮੋਹੁ ਕਾਰ=ਮੂੰਹ ਉਤੇ ਕਾਲਖ ਰੂਪ ਹੈ।

ਅਥਵਾ:- ਇਹ ਮੋਹ ਸਭ ਕਾਲਖ ਰੂਪ ਹੈ। ਸਭ ਵਿਕਾਰਾਂ ਦੀ ਉਤਪਤੀ ਕਰਨ ਵਾਲੇ ਮੋਹ ਨੂੰ ਤੁਸੀਂ ਤਿਆਗਣਾ ਕਰੋ। ਦੂਜੀ ਲਵੰਤਾ:- ਕੁਟੰਬ ਦਾ ਮੋਹ ਤੇ ਸਾਰੇ ਕਾਰ=ਵਿਹਾਰਾਂ ਦਾ ਜੋ ਮੋਹ ਹੈ। ਉਸ ਮੋਹ ਨੂੰ ਤੁਸੀਂ ਤਿਆਗ ਦਿਓ, ਕਿਉਂਕਿ ਏਹੋ ਸਾਰਿਆਂ ਵਿਕਾਰਾਂ ਦਾ ਕਾਰਨ ਹੈ॥ ੧॥

ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧ ॥ਰਹਾਉ॥

ਹੇ ਬੀਰ=ਭਾਈ ! ਮੋਹ ਅਤੇ ਭਰਮ ਨੂੰ ਤੁਸੀਂ ਤਿਆਗਣਾ ਕਰੋ। ਸੱਚ ਨਾਮ ਨੂੰ ਹਿਰਦੇ ਅਤੇ ਸਰੀਰ ਅੰਦਰ ਰਵੈ=ਉਚਾਰਨਾ ਕਰੋ। *ਅਥਵਾ:-* ਸਰੀਰ ਵਿਖੇ ਜੋ ਹਿਰਦਾ ਹੈ, ਉਸ ਵਿਚ ਸੱਚ ਨਾਮ ਨੂੰ ਜਪਣਾ ਕਰੋ॥ ੧॥ ਰਹਾਉ॥

ਸਚੁ ਨਾਮੁ ਜਾ ਨਵ ਨਿਧਿ ਪਾਈ॥ ਰੋਵੈ ਪੂਤੁ ਨ ਕਲਪੈ ਮਾਈ॥ ੨॥

ਨੌਂ ਨਿਧੀਆਂ ਦੇ ਦਾਤੇ ਸੱਚ ਨਾਮ ਦੀ ਜਦ ਪ੍ਰਾਪਤੀ ਪਾਈ ਤਾਂ ਪ੍ਰਤੱਖ ਪੁੱਤਰ ਨਹੀਂ ਰੋਂਦਾ ਅਤੇ ਮਾਈ=ਮਾਂ ਵੀ ਨਹੀਂ ਕਲਪਦੀ । *ਅਥਵਾ:-* ਮਨ ਰੂਪੀ ਪੁੱਤਰ ਰੋਂਦਾ ਨਹੀਂ, ਮਾਇਆ ਨੂੰ ਜੋ ਕਲਪਤ ਜਾਣਿਆ ਹੈ।

ਅਥਵਾ:- ਮਾਇਆ ਜੋ ਨਹੀਂ ਕਲਪਾਉਂਦੀ, *ਅਥਵਾ:-* ਮਾਈ=ਮਾਇਆ ਵਾਲੇ ਈਸ਼ੂਰ ਨੂੰ ਭੀ ਕਲਪਿਤ ਜਾਣਿਆਂ,

*ਅਥਵਾ:-*ਮਾਇਆ ਦੀ ਕਲਪੈ=ਕਲਪਨਾ ਭਾਵ ਸੰਕਲਪਾਂ ਵਿਚ ਮਨ ਰੂਪੀ ਪੁਤ੍ਰ ਨਹੀਂ ਰੋਂਦਾ॥ ੨॥

ਏਤੁ ਮੋਹਿ ਡੂਬਾ ਸੰਸਾਰੁ॥ ਗੁਰਮੁਖਿ ਕੋਈ ਉਤਰੈ ਪਾਰਿ॥ ੩॥

ਇਸ ਮੋਹ ਵਿਚ ਸਾਰਾ ਸੰਸਾਰ ਡੁੱਬਾ ਹੋਇਆ ਹੈ। ਕੋਈ ਵਿਰਲਾ ਹੀ ਗੁਰਮੁਖ ਗੁਰਾਂ ਦੁਆਰੇ ਇਸ ਤੋਂ ਪਾਰ ਉਤਰਿਆ ਹੈ॥ ੩॥

ਏਤੁ ਮੋਹਿ ਫਿਰਿ ਜੂਨੀ ਪਾਹਿ॥ ਮੋਹੇ ਲਾਗਾ ਜਮ ਪੁਰਿ ਜਾਹਿ॥ ੪॥

ਇਸ ਮੋਹ ਕਰਕੇ ਜੀਵ ਮੁੜ-ਮੁੜ ਕੇ ਜੂਨੀਆਂ ਵਿਚ ਪੈਂਦਾ ਹੈ।

ਮੋਹ ਵਿਚ ਲੱਗਾ ਹੋਣ ਕਰਕੇ ਹੀ ਇਹ ਜੀਵ ਜਮ-ਲੋਕ ਵਿਚ ਜਾਂਦਾ ਹੈ॥ ੪॥

ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥ ੫॥

ਜੋ ਪੁਰਸ਼ ਗੁਰਾਂ ਦੀ ਦੀਖਿਆ=ਸਿਖਿਆ ਲੈ ਕੇ ਜਪ ਤਪ ਨੂੰ ਕਮਾਂਵਦਾ ਹੈ, ਉਸ ਦਾ ਮੋਹ ਨਹੀਂ ਟੁਟਦਾ ? ਕਿੰਤੂ ਟੁਟ ਜਾਂਦਾ ਹੈ ਅਤੇ ਸਰੂਪ ਰੂਪੀ ਥਾਂ ਨੂੰ ਨਹੀਂ ਪਾਂਵਦਾ ? ਕਿੰਤੂ ਪਾਂਵਦਾ ਹੈ। ਇਹ ਅਰਥ ਕਾਕੋਕ ਅਲੰਕਾਰ ਦੀ ਰੀਤੀ ਅਨੁਸਾਰ ਕੀਤਾ ਗਿਆ ਹੈ।

ਅਥਵਾ:- ਜੋ ਪੁਰਸ਼ ਗੁਰ-ਸਿਖਿਆ ਨੂੰ ਲੈ ਕੇ ਜਪ ਤਪ ਨਹੀਂ ਕਮਾਂਵਦਾ, ਨਾ ਤਾਂ ਉਸ ਦਾ ਮੋਹ ਟੁਟਦਾ ਹੈ, ਨਾ ਹੀ ਉਹ ਸਰੂਪ-ਥਾਂ ਨੂੰ ਪਾਂਵਦਾ ਹੈ।

ਅਥਵਾ:- ਗੁਰ-ਸਿਖਿਆ ਨੂੰ ਲੈ ਕੇ ਨਿਸ਼ਕਾਮ ਜਪ ਤਪ ਨੂੰ ਕਮਾਉਣਾ ਕਰੇ। ਮੋਹ ਦੇ ਨਾ ਟੁਟਣ ਕਰਕੇ ਇਸ ਦੇ ਕੀਤੇ ਹੋਏ ਕਰਤਬ ਥਾਂ ਨਹੀਂ ਪੈਂਦੇ, ਭਾਵ ਸਫਲ ਨਹੀਂ ਹੁੰਦੇ॥ ੫॥

ਨਦਰਿ ਕਰੇ ਤਾ ਏਹੁ ਮੋਹੁ ਜਾਇ॥ ਨਾਨਕ ਹਰਿ ਸਿਉ ਰਹੈ ਸਮਾਇ॥੬॥੨੩॥

ਪਰਮਾਤਮਾ ਕਿਰਪਾ-ਦ੍ਰਿਸ਼ਟੀ ਕਰੇ ਤਾਂ ਇਹ ਮੋਹ ਦੂਰ ਹੋ ਜਾਂਦਾ ਹੈ ਅਤੇ ਹਰੀ ਦੇ ਨਾਲ ਸਮਾ ਰਹਿੰਦਾ ਹੈ॥ ੬॥ ੨੩॥

ਆਸਾ ਮਹਲਾ ੧ ॥

ਆਪਿ ਕਰੇ ਸਚੁ ਅਲਖ ਅਪਾਰੁ॥ ਹਉ ਪਾਪੀ ਤੂੰ ਬਖਸਣਹਾਰੁ॥ ੧ ॥

ਹੇ ਸੱਚੇ ਅਲਖ=ਜਾਨਣੇ ਤੋਂ ਰਹਿਤ ਅਪਾਰੁ=ਬਿਅੰਤ ਗੁਣਾਂ ਵਾਲੇ ! ਤੂੰ ਆਪ ਹੀ ਸਭ ਕੁਝ ਕਰਦਾ ਹੈ। ਹਉ=ਮੈਂ ਪਾਪੀ ਗੁਨਾਹਗਾਰ ਹਾਂ, ਤੂ ਔਗੁਣ ਬਖਸ਼ਣ ਵਾਲਾ ਹੈਂ॥ ੧॥

ਤੇਰਾ ਭਾਣਾ ਸਭੁ ਕਿਛੁ ਹੋਵੈ॥ ਮਨਹਠਿ ਕੀਚੈ ਅੰਤਿ ਵਿਗੋਵੈ॥ ੧॥ ਰਹਾਉ॥

ਤੇਰੇ ਭਾਣੇ ਵਿਚ ਹੀ ਸਭ ਕੁਝ ਹੁੰਦਾ ਹੈ। ਜੋ ਮਨ ਦੇ ਹਠ ਕਰਕੇ ਕਰਮ ਕੀਚੈ=ਕਰਦੇ ਹਨ, ਉਹ ਅੰਤ ਨੂੰ ਵਿਗੋਵੈ=ਖਰਾਬ ਹੁੰਦੇ ਹਨ।

ਮਨਮੁਖ ਕੀ ਮਤਿ ਕੂੜਿ ਵਿਆਪੀ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥ ੨ ॥

ਮਨਮੁਖ ਦੀ ਬੁਧੀ ਝੂਠ ਵਿਚ ਵਿਆਪੀ=ਲੱਗੀ ਹੋਈ ਹੈ। ਹਰੀ ਸਿਮਰਨ ਤੋਂ ਬਿਨਾਂ ਪਾਪਾਂ ਕਰਕੇ ਸੰਤਾਪੀ=ਦੁਖੀ ਹੁੰਦਾ ਹੈ॥ ੨॥

ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ॥ ਜੋ ਉਪਜੈ ਸੋ ਅਲਖ ਅਭੇਵਹੁ॥ ੩ ॥

ਦੁਰਮਤਿ=ਖੋਟੀ ਮਤ ਛੱਡ ਕੇ ਮਨੁੱਖ ਜਨਮ ਦਾ ਲਾਭ, *ਅਥਵਾ:-* ਕੁਝ ਆਤਮ ਲਾਭ ਲੈਣਾ ਕਰੋ। ਜੋ ਭੀ ਉਤਪੰਨ ਹੋ ਰਿਹਾ ਹੈ, ਸੋ ਅਲਖ ਅਭੇਵ ਤੋਂ ਉਪਜਿਆ ਨਿਸ਼ਚੇ ਕਰੋ।

ਅਥਵਾ:- ਜੋ ਭੀ ਸ੍ਵਾਸ ਉਪਜੈ=ਆਉਂਦਾ ਹੈ, ਉਸ ਵਿਚ ਅਲਖ ਅਭੇਵ ਨੂੰ ਜਪਣਾ ਕਰੋ॥ ੩॥

ਐਸਾ ਹਮਰਾ ਸਖਾ ਸਹਾਈ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ॥ ੪ ॥

ਸਾਡਾ ਸਖਾ=ਮਿੱਤਰ ਵਾਹਿਗੁਰੂ ਐਸਾ ਸਹਾਇਕ ਹੈ, ਜਿਸ ਵੇਲੇ ਗੁਰਾਂ ਨੇ ਭਗਤੀ ਦ੍ਰਿੜ੍ਹਾਈ ਤਾਂ ਹਰੀ ਮਿਲਿਆ॥ ੪॥

ਸਗਲੰ੍ਹੀ ਸਉਦੰ੍ਹੀ ਤੋਟਾ ਆਵੈ॥ ਨਾਨਕ ਰਾਮ ਨਾਮੁ ਮਨਿ ਭਾਵੈ॥ ੫॥ ੨੪॥

ਨਾਮ ਤੋਂ ਬਿਨਾਂ ਪ੍ਰਤੱਖ ਸਾਰਿਆਂ ਸੌਦਿਆਂ ਵਿਚ ਤੋਟਾ=ਘਾਟਾ ਆਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਇਸ ਲਈ ਸਾਡੇ ਮਨ ਵਿਚ ਰਾਮ ਨਾਮ ਭਾਉਂਦਾ ਹੈ॥ ੫॥ ੨੪॥

ਆਸਾ ਮਹਲਾ ੧ ਚਉਪਦੇ ॥

ਉਥਾਨਕਾ- ਸਿੱਖਾਂ ਨੇ ਬੇਨਤੀ ਕੀਤੀ: ਹੇ ਪ੍ਰਭੂ ! ਵਿਦਿਆ ਪੜ੍ਹੀ ਹੋਈ ਕਿਵੇਂ ਸਫ਼ਲ ਹੁੰਦੀ ਹੈ ਅਤੇ ਤੀਰਥਾਂ ਤੇ ਵੱਸਣਾ ਕਿਵੇਂ ਸ੍ਰੇਸ਼ਟ ਹੁੰਦਾ ਹੈ ?

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥ ੧॥

ਵਿਦਿਆ ਪੜ੍ਹੀ ਅਤੇ ਵਿਚਾਰੀ ਹੋਈ ਤਾਂ ਸਫ਼ਲ ਹੈ ਜਾਂ ਪਰਉਪਕਾਰ ਕਰੇ। ਤੀਰਥਾਂ ਤੇ ਵੱਸਣਾ ਤਾਂ ਸ੍ਰੇਸ਼ਟ

ਹੈ ਜਾਂ ਪੰਜ ਕਾਮ ਆਦਿਕਾਂ ਨੂੰ ਰਾਸ ਕਰੇ॥ ੧॥

ਘੁੰਘਰੂ ਵਾਜੈ ਜੇ ਮਨੁ ਲਾਗੈ॥
ਤਉ ਜਮੁ ਕਹਾ ਕਰੇ ਮੋ ਸਿਉ ਆਗੈ॥ ੧॥ ਰਹਾਉ॥

ਘੁੰਘਰੂ ਵਜਾਉਣੇ ਤਾਂ ਸਫ਼ਲੇ ਹਨ ਜੇਕਰ ਭਜਨ ਸਿਮਰਨ ਵਿਚ ਮਨ ਲੱਗ ਜਾਵੇ।

ਅਥਵਾ:- ਘੁੰਘਰੂ=ਘੋਰੜੂ ਵੱਜਣ ਵੇਲੇ ਵੀ ਜੇਕਰ ਨਾਮ ਵਿਚ ਮਨ ਲੱਗ ਜਾਵੇ ਤਾ ਜਮ ਅੱਗੇ ਆ ਕੇ ਮੇਰੇ ਨਾਲ ਕੀ ਕਰੇਗਾ ? ਭਾਵ ਕੁਝ ਨਹੀਂ ਕਰੇਗਾ। *ਅਥਵਾ:-* ਅੱਗੇ ਗਿਆ ਜਮ ਮੇਰੇ ਨਾਲ ਕੀ ਕਰੇਗਾ, ਅਰਥਾਤ ਜਮ ਮੇਰੇ ਨਾਲ ਕੀ ਕਰੇਗਾ, ਅਰਥਾਤ ਜਮ ਦਾ ਜ਼ੋਰ ਨਹੀਂ ਚਲੇਗਾ॥ ੧॥ ਰਹਾਉ॥

ਆਸ ਨਿਰਾਸੀ ਤਉ ਸੰਨਿਆਸੀ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥

ਜੇਕਰ ਪਦਾਰਥਾਂ ਦੀ ਆਸਾ ਤੋਂ ਨਿਰਾਸ ਹੋਵੇ ਤਾਂ ਸੰਨਿਆਸੀ ਹੋਣਾ ਸਫ਼ਲਾ ਹੈ। ਜੇਕਰ ਕਾਇਆ ਭੋਗੀ=ਦੇਹ ਅਧਿਆਸ ਦੇ ਨਾਸ ਕਰਨ ਵਾਲਾ ਹੋਵੇ, *ਅਥਵਾ:-* ਕਾਇਆ=ਬੁੱਧੀ ਵਿਚ ਬ੍ਰਹਮਾਨੰਦ ਦੇ ਭੋਗਣ ਵਾਲਾ ਹੋਵੇ ਤਾਂ ਜਤੀ ਜੋਗੀ ਹੋਣਾ ਸਫ਼ਲਾ ਹੈ॥ ੨॥

ਦਇਆ ਦਿਗੰਬਰੁ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ॥ ੩॥

ਜੇਕਰ ਦੇਹ ਵਿਚ ਦਇਆ ਦਾ ਵੀਚਾਰ ਕਰੇ ਤਾਂ ਦਿਗੰਬਰੁ=ਨਾਂਗਾ ਹੋਣਾ ਸਫ਼ਲਾ ਹੈ। ਆਪਿ ਮਰੈ=ਆਪ ਦੁਖ ਸਹਾਰ ਲਵੇ 'ਅਵਰਾ ਨਹ ਮਾਰੀ'=ਹੋਰਨਾਂ ਨੂੰ ਦੁਖ ਨਾ ਦੇਵੇ।

ਅਥਵਾ:- ਆਪਿ=ਆਪਾ ਭਾ ਹੰਕਾਰ ਨੂੰ ਮਾਰਨਾ ਕਰੇ, ਹੋਰ ਪ੍ਰਤੱਖ ਕਿਸੇ ਨੂੰ ਨਾ ਮਾਰਨਾ ਕਰੇ।

ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕ ਜਾਣੈ ਚੋਜ ਨ ਤੇਰੇ ॥੪॥੨੫॥

ਹੇ ਅਕਾਲ ਪੁਰਖ ! ਵਾਸਤਵ ਦ੍ਰਿਸ਼ਟੀ ਵਿਚ ਇਕ ਤੂੰ ਹੀ ਹੈਂ, ਹੋਰ ਤੇਰੇ ਬਹੁਤੇ ਭੇਖ ਹਨ। ਗੁਰੂ ਜੀ ਕਥਨ ਕਰਦੇ ਹਨ-ਕਿ ਹੇ ਵਾਹਿਗੁਰੂ ! ਤੇਰੇ ਚੋਜ=ਕੌਤਕ ਨਹੀਂ ਜਾਣੇ ਜਾਂਦੇ॥ ੪॥ ੨੫॥

ਆਸਾ ਮਹਲਾ ੧॥

ਏਕ ਨ ਭਰੀਆ ਗੁਣ ਕਰਿ ਧੋਵਾ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ॥੧॥

ਹੁਣ ਜਗਿਆਸੂ ਰੂਪ ਇਸਤ੍ਰੀ ਮਹਾਤਮਾ ਅੱਗੇ ਬੇਨਤੀ ਕਰਦੀ ਹੈ ਕਿ ਹੇ ਸੰਤ ਜਨੋ ! ਮੈਂ ਇਕ ਔਗੁਣ ਕਰਕੇ ਨਹੀਂ ਭਰੀ ਹੋਈ ਜੋ ਕਿਸੇ ਗੁਣ ਕਰਕੇ ਧੋ ਲਵਾਂ। ਮੇਰੇ ਵਿਚ ਤਾਂ ਬਹੁਤ ਹੀ ਔਗੁਣ ਹਨ, ਜੋ ਗੁਣਾਂ ਕਰਕੇ ਧੋ ਨਹੀਂ ਸਕਦੀ। ਮੇਰਾ ਸਹੁ=ਪਤੀ (ਪਰਮਾਤਮਾ) ਜਾਗਦਾ ਹੈ ਅਤੇ ਮੈਂ ਅਵਸਥਾ ਰੂਪੀ ਰਾਤ ਵਿਚ ਅਵਿੱਦਿਆ ਰੂਪੀ ਨਿੰਦ੍ਰਾ ਵਿਚ ਭਰ ਕੇ ਸੁੱਤੀ ਪਈ ਹਾਂ॥ ੧॥

ਇਉ ਕਿਉ ਕੰਤ ਪਿਆਰੀ ਹੋਵਾ॥
ਸਹੁ ਜਾਗੈ ਹਉ ਨਿਸ ਭਰਿ ਸੋਵਾ॥ ੧॥ ਰਹਾਉ॥

ਇਸ ਕਾਰਨ ਕਰਕੇ ਮੈਂ ਪਤੀ (ਪਰਮਾਤਮਾ) ਨੂੰ ਕਿਸ ਤਰ੍ਹਾਂ ਪਿਆਰੀ ਹੋਵਾਂਗੀ ? ਸਹੁ=ਪਤੀ (ਪਰਮਾਤਮਾ) ਤਾਂ ਹਰ ਵੇਲੇ ਜਾਗਦਾ ਹੈ ਅਤੇ ਮੈਂ ਸਾਰੀ ਅਵਸਥਾ ਰੂਪੀ ਨਿਸ=ਰਾਤ ਅਵਿਦਿਆ ਰੂਪੀ ਨਿੰਦ੍ਰਾ

ਵਿਚ ਭਰ ਕੇ ਸੋਵਾ=ਸੌਂ ਰਹੀ ਹਾਂ॥ ੧॥ ਰਹਾਉ॥

[ਪੰਨਾ ੩੫੭]

ਆਸ ਪਿਆਸੀ ਸੇਜੈ ਆਵਾ॥ ਆਗੈ ਸਹ ਭਾਵਾ ਕਿ ਨ ਭਾਵਾ॥ ੨॥

ਪਤੀ ਨਾਲ ਮਿਲਣ ਦੀ ਆਸਾ ਦੀ ਪਿਆਸੀ=ਚਾਹਵਾਨ ਹੋਈ-ਹੋਈ ਸ਼ਰਧਾ ਵਿਸ਼ਿਸ਼ਟ ਅੰਤਹਕਰਣ ਰੂਪੀ ਸੇਜਾ ਉਤੇ ਆਂਵਦੀ ਹਾਂ। ਭਾਵ ਸ਼ਰਧਾ ਦੇ ਸਹਿਤ ਅੰਤਰਮੁਖ ਬਿਰਤੀ ਕਰਦੀ ਹਾਂ, ਪਰ ਨਾਲ ਹੀ ਇਹ ਸ਼ੱਕ ਉਠਦਾ ਹੈ ਕਿ ਅੱਗੇ ਪਰਮਾਤਮਾ ਨੂੰ 'ਭਾਵਾ ਕਿ ਨ ਭਾਵਾ'=ਚੰਗੀ ਲੱਗਾਂ ਕਿ ਨਾ ਚੰਗੀ ਲੱਗਾਂ, ਕਿਉਂਕਿ ਮੇਰੇ ਵਿਚ ਅਪਰਾਧ ਬਹੁਤ ਹਨ॥ ੨॥

ਕਿਆ ਜਾਨਾ ਕਿਆ ਹੋਇਗਾ ਰੀ ਮਾਈ॥
ਹਰਿ ਦਰਸਨ ਬਿਨੁ ਰਹਨੁ ਨ ਜਾਈ॥ ੧॥ ਰਹਾਉ॥

ਰੀ ਮਾਈ=ਹੇ ਸੰਤ ਜਨੋ ! ਮੈਂ ਕੀ ਜਾਣਾ ਜੋ ਮੇਰਾ ਕੀ ਹਾਲ ਹੋਵੇਗਾ। ਹਰੀ ਦੇ ਦਰਸ਼ਨ ਕੀਤੇ ਬਿਨਾਂ ਮੇਰੇ ਤੋਂ ਰਿਹਾ ਨਹੀਂ ਜਾਂਦਾ॥ ੧॥ ਰਹਾਉ॥

ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ॥
ਗਇਆ ਸੁ ਜੋਬਨੁ ਧਨ ਪਛੁਤਾਨੀ॥ ੩॥

ਮੈਂ ਪ੍ਰੇਮ-ਰਸ ਨੂੰ ਨਹੀਂ ਚਖਿਆ=ਧਾਰਿਆ, ਇਸ ਲਈ ਮੇਰੀ 'ਤਿਸ ਨ ਬੁਝਾਨੀ'=ਤ੍ਰਿਸ਼ਨਾ ਦੂਰ ਨਹੀਂ ਹੋਈ। ਜਿਸ ਵੇਲੇ ਮੇਰਾ ਸ਼ੌਕ ਅਵਸਥਾ ਰੂਪੀ ਜੋਬਨ ਚਲਾ ਗਿਆ ਤਾਂ ਮੈਂ ਧਨ ਪਸ਼ਚਾਤਾਪ ਕਰਦੀ ਰਹਾਂਗੀ॥ ੩॥

ਅਜੈ ਸੁ ਜਾਗਉ ਆਸ ਪਿਆਸੀ॥
ਭਈਲੇ ਉਦਾਸੀ ਰਹਉ ਨਿਰਾਸੀ॥ ੧॥ ਰਹਾਉ॥

ਅਜੇ ਤਕ ਤਾਂ ਮੈਂ ਦਰਸ਼ਨ ਦੀ ਆਸਾ ਦੀ ਪਿਆਸੀ=ਚਾਹਵਾਨ ਹੋਈ-ਹੋਈ ਭਜਨ ਸਿਮਰਨ ਵਿਚ ਜਾਗਦੀ ਹਾਂ। ਉਦਾਸੀਨ ਭਈਲੇ=ਹੋ ਕੇ ਸੰਸਾਰ ਵਲੋਂ ਨਿਰਾਸ ਰਹਿੰਦੀ ਹਾਂ। ਇਸ ਵੇਲੇ ਸੰਸਾਰ ਦਾ ਕੋਈ ਵੀ ਪਦਾਰਥ ਮੈਨੂੰ ਚੰਗਾ ਨਹੀਂ ਲਗਦਾ। ਇਸ ਲਈ ਆਪ ਕਿਰਪਾ ਕਰੋ॥ ੧॥ ਰਹਾਉ॥

ਇਥੋਂ ਤਕ ਤਿੰਨ ਪਉੜੀਆਂ ਵਿਚ ਜਗਿਆਸੂ ਰੂਪ ਸਖੀ ਨੇ ਆਪਣੀ ਬਿਵਸਥਾ ਦੱਸੀ ਹੈ, ਅਗਲੀ ਚੌਥੀ ਪਉੜੀ ਵਿਚ ਮਹਾਤਮਾਂ ਉੱਤਰ ਦਿੰਦੇ ਹਨ:-

ਹਉਮੈ ਖੋਇ ਕਰੇ ਸੀਗਾਰੁ॥ ਤਉ ਕਾਮਣਿ ਸੇਜੈ ਰਵੈ ਭਤਾਰੁ॥ ੪॥

ਜੇਕਰ ਜਗਿਆਸੂ ਰੂਪ ਸਖੀ ਹੰਗਤਾ-ਮਮਤਾ ਨੂੰ ਖੋਹ ਕੇਂ ਭਾਵ ਦੂਰ ਕਰਕੇ ਜਪ ਤਪ,

ਅਥਵਾ:- ਸਤ, ਸੰਤੋਖ ਆਦਿ ਸ਼ੁਭ ਗੁਣਾਂ ਦਾ ਸ਼ਿੰਗਾਰ ਕਰੇ, ਤਦ ਜਗਿਆਸੂ ਰੂਪ ਇਸਤਰੀ ਦੀ ਸ਼ਰਧਾ ਵਿਸ਼ਿਸ਼ਟ ਅੰਤਹਕਰਣ ਰੂਪ ਸੇਜਾ ਉਤੇ ਭਤਾਰੁ=ਪਤੀ (ਸਾਖੀ ਚੇਤਨ) ਰਾਂਵਦਾ ਭਾਵ ਸਾਖਿਆਤਕਾਰ ਹੁੰਦਾ ਹੈ॥ ੪॥

ਤਉ ਨਾਨਕ ਕੰਤੈ ਮਨਿ ਭਾਵੈ ॥
ਛੋਡਿ ਵਡਾਈ ਅਪਣੇ ਖਸਮ ਸਮਾਵੈ ॥ ੧ ॥ ਰਹਾਉ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ-ਜਗਿਆਸੂ ਰੂਪ ਇਸਤ੍ਰੀ ਕੰਤੈ=ਪਤੀ (ਪਰਮਾਤਮਾ) ਦੇ ਮਨ ਵਿਚ ਤਦ ਭਾਂਵਦੀ ਹੈ, ਜੇਕਰ ਵਡਿਆਈ ਨੂੰ ਛੱਡ ਕੇ ਆਪਣੇ ਖਸਮ ਵਿਚ ਸਮਾ ਜਾਵੇ ॥ ੧ ॥ ਰਹਾਉ ॥ ੨੬ ॥

ਆਸਾ ਮਹਲਾ ੧ ॥

ਪੇਵਕੜੈ ਧਨ ਖਰੀ ਇਆਣੀ ॥ ਤਿਸੁ ਸਹ ਕੀ ਮੈ ਸਾਰ ਨ ਜਾਣੀ ॥ ੧ ॥

ਮੈਂ ਧਨ=ਇਸਤ੍ਰੀ ਮਾਤ-ਲੋਕ ਰੂਪੀ ਪੇਵਕੜੈ=ਪੇਕੇ ਘਰ ਵਿਚ ਖਰੀ ਇਆਣੀ=ਚੰਗੀ ਅਗਿਆਤ ਹੋ ਰਹੀ ਹਾਂ ! ਜੋ ਮੈਂ ਤਿਸ ਸਹ=ਪਤੀ (ਪਰਮਾਤਮਾ) ਦੀ ਸਾਰ ਨਹੀਂ ਜਾਣੀ।

ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ ॥ ੧ ॥ ਰਹਾਉ ॥

ਇਕ ਵਾਹਿਗੁਰੂ ਹੀ ਮੇਰਾ ਪਤੀ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਜਦ ਉਹ ਕਿਰਪਾ-ਦ੍ਰਿਸ਼ਟੀ ਕਰੇ ਤਾਂ ਮਿਲਾਪ ਹੁੰਦਾ ਹੈ॥ ੧ ॥ ਰਹਾਉ ॥

ਸਾਹੁਰੜੈ ਧਨ ਸਾਚੁ ਪਛਾਣਿਆ ॥
ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥ ੨ ॥

ਜਿਸ ਧਨ=ਜੀਵ ਰੂਪੀ ਇਸਤ੍ਰੀ ਨੇ ਸਾਹੁਰੜੈ=ਪ੍ਰਲੋਕ ਘਰ ਵਿਚ ਸੁਖ ਪੂਰਬਕ ਵੱਸਣ ਵਾਸਤੇ ਮਾਤ-ਲੋਕ ਵਿਚ ਸੱਚ ਨਾਮ ਨੂੰ ਪਛਾਣਿਆ ਹੈ, ਉਸ ਨੇ ਸਹਜਿ ਸੁਭਾਇ=ਸੁਤੇ-ਸਿਧ ਆਪਣੇ ਪਤੀ ਨੂੰ ਜਾਣ ਲਿਆ ਹੈ॥ ੨ ॥

ਗੁਰ ਪਰਸਾਦੀ ਐਸੀ ਮਤਿ ਆਵੈ ॥ ਤਾਂ ਕਾਮਣਿ ਕੰਤੈ ਮਨਿ ਭਾਵੈ ॥ ੩ ॥

ਜਦ ਗੁਰਾਂ ਦੀ ਕਿਰਪਾ ਨਾਲ ਅਜੇਹੀ ਬੁਧੀ ਆ ਕੇ ਪ੍ਰਾਪਤ ਹੋਵੇ।
ਤਦ ਜੀਵ ਰੂਪੀ ਇਸਤ੍ਰੀ ਪਤੀ-ਪਰਮਾਤਮਾ ਦੇ ਮਨ ਵਿਚ ਭਾਉਂਦੀ ਹੈ॥ ੩ ॥

ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥
ਸਦ ਹੀ ਸੇਜੈ ਰਵੈ ਭਤਾਰੁ ॥ ੪ ॥ ੨੭ ॥

ਸਤਿਗੁਰੂ ਜੀ ਕਥਨ ਕਰਦੇ ਹਨ-ਭੈ ਅਤੇ ਭਾਵ=ਪ੍ਰੇਮ ਦਾ ਸ਼ਿੰਗਾਰ ਧਾਰਨਾ ਕਰੇ। ਤਾਂ ਭਤਾਰੁ=ਪਤੀ (ਸਾਖੀ ਚੇਤਨ) ਤਿਸਦੀ (ਅੰਤਹਕਰਣ ਰੂਪੀ) ਸੇਜਾ ਉਤੇ ਸਦਾ ਰਮਣ ਕਰਦਾ ਭਾਵ ਸਾਖਿਆਤਕਾਰ ਹੁੰਦਾ ਹੈ॥ ੪ ॥ ੨੭ ॥

ਆਸਾ ਮਹਲਾ ੧ ॥

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥ ੧ ॥

ਨਾ ਕਿਸੇ ਦਾ ਕੋਈ ਪੁੱਤ੍ਰ ਹੈ, ਨਾ ਕਿਸੇ ਦੀ ਕੋਈ ਮਾਂ ਹੈ।

ਝੂਠੇ ਜਗਤ ਦੇ ਮੋਹ ਨੇ ਸਾਰੀ ਦੁਨੀਆਂ ਭਰਮ ਵਿਚ ਭੁਲਾਈ ਹੋਈ ਹੈ॥ ੧॥

ਮੇਰੇ ਸਾਹਿਬ ਹਉ ਕੀਤਾ ਤੇਰਾ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ॥੧॥ਰਹਾਉ॥

ਹੇ ਮੇਰੇ ਮਾਲਕ ਪ੍ਰਭੂ ! ਮੈਂ ਤੇਰਾ ਪੈਦਾ ਕੀਤਾ ਹੋਇਆ ਹਾਂ।

ਜਾਂ ਤੂੰ ਕਿਰਪਾ ਕਰਕੇ ਦੇਵੇਂਗਾ ਤਾਂ ਹੀ ਮੈਂ ਤੇਰਾ ਨਾਮ ਜਪਾਂਗਾ॥ ੧॥ ਰਹਾਉ॥

ਬਹੁਤੇ ਅਉਗਣ ਕੂਕੈ ਕੋਈ॥ ਜਾ ਤਿਸੁ ਭਾਵੈ ਬਖਸੇ ਸੋਈ॥ ੨॥

ਜੇ ਕੋਈ ਬਹੁਤੇ ਔਗੁਣਾਂ ਵਾਲਾ ਭੀ ਤੇਰੇ ਅੱਗੇ ਕੂਕੇ=ਪੁਕਾਰ ਭਾਵ ਬੇਨਤੀ ਕਰੇ।

ਜਾਂ ਤਿਸ ਦਾ ਕਹਿਣਾ ਆਪ ਜੀ ਨੂੰ ਭਾ ਜਾਵੇ ਤਾਂ ਤੂੰ ਉਸ ਨੂੰ ਬਖਸ਼ ਲੈਂਦਾ ਹੈਂ॥ ੨॥

ਗੁਰ ਪਰਸਾਦੀ ਦੁਰਮਤਿ ਖੋਈ॥ ਜਹ ਦੇਖਾ ਤਹ ਏਕੋ ਸੋਈ॥ ੩॥

ਗੁਰਾਂ ਦੀ ਕਿਰਪਾ ਨਾਲ ਮੈਂ ਦੁਰਮਤਿ=ਖੋਟੀ ਬੁਧੀ ਨਾਸ ਕੀਤੀ ਹੈ, ਹੁਣ ਜਿਥੇ ਵੀ ਵੇਖਦਾ ਹਾਂ, ਤਿਥੇ ਇਕ ਆਪ ਨੂੰ ਹੀ ਵੇਖਦਾ ਹਾਂ ॥ ੩॥

ਕਹਤ ਨਾਨਕ ਐਸੀ ਮਤਿ ਆਵੈ॥ ਤਾਂ ਕੋ ਸਚੇ ਸਚਿ ਸਮਾਵੈ॥ ੪॥ ੨੮॥

ਗੁਰੂ ਜੀ ਕਥਨ ਕਰਦੇ ਹਨ-ਜਦ ਅਜੇਹੀ ਬੁਧੀ ਆਉਂਦੀ ਹੈ,

ਤਦ ਕੋਈ ਸਚਿ=ਨਿਸਚੇ ਕਰਕੇ ਸੱਚੇ ਪਰਮਾਤਮਾ ਵਿਚ ਸਮਾਵੈ=ਅਭੇਦ ਹੁੰਦਾ ਹੈ॥ ੪॥ ੨੮॥

ਆਸਾ ਮਹਲਾ ੧ ਦੁਪਦੇ॥

ਉਥਾਨਕਾ-ਸਿੱਖਾਂ ਨੇ ਬੇਨਤੀ ਕੀਤੀ ਕਿ ਸੰਸਾਰ-ਸਮੁੰਦਰ ਵਿਚ ਕਿਹੜੇ ਪੁਰਸ਼ ਡੁਬਦੇ ਹਨ ਅਤੇ ਕਿਹੜੇ ਪੁਰਸ਼ ਤਰਦੇ ਹਨ? *ਗੁਰ ਉੱਤਰ-*

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥

ਤਿਤੁ=ਤਿਸ ਸੰਸਾਰ ਰੂਪੀ ਸਰਵਰੜੈ=ਸਰੋਵਰ ਵਿਚ ਜਿਸ ਦਾ ਨਿਵਾਸ ਭਈਲੇ=ਹੋਇਆ ਹੈ, ਤਿਸ ਨੇ ਪਾਣੀ ਦੀ ਨਿਆਂਈਂ ਜੋ ਪਦਾਰਥ ਸੀਤਲ ਸਨ, ਉਨ੍ਹਾਂ ਨੂੰ ਪਾਵਕੁ=ਅੱਗ ਵਾਂਗੂੰ ਸਾੜਨ ਵਾਲਾ ਕਰ ਦਿੱਤਾ। ਅਰਥਾਤ ਮੰਦ ਪਾਸੇ ਪਦਾਰਥ ਲਗਾ ਕੇ ਦੁਖਦਾਈ ਬਣਾ ਲੀਤਾ।

ਪਹਿਲਾ ਪ੍ਰਸ਼ਨ-ਇਸ ਸੰਸਾਰ ਨੂੰ ਕਿਸ ਨੇ ਉਤਪੰਨ ਕੀਤਾ ਹੈ ?

ਉੱਤਰ-ਤਿਨਹਿ ਕੀਆ=ਤਿਸ ਪਰਮੇਸ਼ਰ ਨੇ ਉਤਪੰਨ ਕੀਤਾ ਹੈ।

ਦੂਜਾ ਪ੍ਰਸ਼ਨ-ਆਪਣੇ ਆਪ ਉਤਪੰਨ ਕੀਤਾ ਹੈ ਜਾਂ ਕਿਸੀ ਦੁਆਰਾ ?

ਉੱਤਰ-ਪਾਣੀ ਪਾਵਕੁ ਤਿਨਹਿ ਕੀਆ=ਤਿਸ ਪਰਮੇਸ਼ਰ ਨੇ ਪਾਣੀ, ਅੱਗ ਆਦਿਕ ਤੱਤਾਂ ਦੁਆਰੇ ਸੰਸਾਰ ਨੂੰ ਉਤਪੰਨ ਕੀਤਾ ਹੈ।

ਤੀਜਾ ਪ੍ਰਸ਼ਨ-ਇਸ ਸੰਸਾਰ ਵਿਚ ਕੀ ਕੀ ਉਤਪੰਨ ਕੀਤਾ ਹੈ ?

ਉੱਤਰ-ਪਦਾਰਥਾਂ ਰੂਪੀ ਪਾਣੀ ਅਤੇ ਤ੍ਰਿਸ਼ਨਾ ਰੂਪੀ ਬੜਵਾ ਅਗਨੀ ਉਤਪੰਨ ਕੀਤੀ ਹੈ।

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥ ੧॥

ਮੋਹ ਰੂਪੀ ਪੰਕ=ਚਿੱਕੜ ਜੋ 'ਜੁ'=ਉਤਪੰਨ ਹੋ ਰਿਹਾ ਹੈ ਤਿਸ ਵਿਚ ਜਿਸ ਦਾ ਮਨ ਰੂਪੀ ਪੈਰ ਖੁਭਿਆ

ਹੈ, ਉਹ ਪੁਰਸ਼ ਪ੍ਰਮੇਸ਼ਰ ਦੀ ਤਰਫ ਨਹੀਂ ਚਲਦਾ। ਗੁਰੂ ਜੀ ਕਹਿੰਦੇ ਹਨ-ਸਾਡੇ ਵੇਖਦਿਆਂ ਉਹ ਪੁਰਸ਼ ਤਿਸ ਸੰਸਾਰ-ਸਰੋਵਰ ਵਿਚ ਡੁਬ ਰਹੇ ਹਨ। *ਅਥਵਾ:-* ਹਮ ਕਹੀਏ ਹੰਗਤਾ ਵਾਲੇ ਪੁਰਸ਼ ਤਿਸ ਸੰਸਾਰ-ਸਰੋਵਰ ਵਿਚ ਡੁਬ ਰਹੇ ਹਨ॥ ੧॥

ਮਨ ਏਕੁ ਨ ਚੇਤਸਿ ਮੂੜ ਮਨਾ॥
ਹਰਿ ਬਿਸਰਤ ਤੇਰੇ ਗੁਣ ਗਲਿਆ॥ ੧॥ ਰਹਾਉ॥

ਹੇ ਮੂਰਖ ਮਨ ! ਤੂੰ ਮਨ ਵਿਚ ਇਕ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ। ਹਰੀ ਦੇ ਵਿਸਰਨੇ ਕਰਕੇ ਤੇਰੇ ਸਾਰੇ ਸ਼ੁਭ ਗੁਣ ਗਲ ਜਾਣਗੇ। *ਅਥਵਾ:-* ਹਰ ਪ੍ਰਕਾਰ ਦੇ ਵਿਸ਼ਿਆਂ ਵਿਚ ਰਤ=ਪ੍ਰੀਤੀ ਕਰਨ ਨਾਲ 'ਆ'=ਚੌਂਹੇ ਤਰਫੋਂ ਤੇਰੇ ਗਲ ਵਿਚ ਆ ਕੇ ਗੁਣ=ਰੱਸੀ ਅਰਥਾਤ ਫਾਹੀ ਪਵੇਗੀ॥ ੧॥ ਰਹਾਉ।

ਦੂਜਾ ਅੱਰਥ-

ਦੂੱਜਾ ਪ੍ਰਸ਼ਨ ਸੀ, ਸੰਸਾਰ ਤੋਂ ਕਿਹੜੇ ਪੁਰਸ਼ ਤਰਦੇ ਹਨ ? *ਗੁਰ ਉੱਤਰ:-*

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥

ਤਿੱਤੁ=ਤਿਸ ਸਾਧ ਸੰਗਤ ਰੂਪੀ ਸਰਵਰੜੈ=ਸਰੋਵਰ ਵਿਚ ਜਿਸ ਦਾ ਨਿਵਾਸ ਹੋਇਆ ਹੈ, ਤਿਸ ਪੁਰਸ਼ ਨੇ ਪਾਵਕੁ=ਅਗਨੀ ਵਾਂਗ ਸਾੜਨ ਵਾਲੇ ਜੋ ਪਦਾਰਥ ਸਨ, ਉਹ ਪਾਣੀ ਵਤ ਸੀਤਲ ਕਰ ਦਿਤੇ, ਭਾਵ ਚੰਗੇ ਪਾਸੇ ਲਗਾ ਕੇ ਸੁਖਦਾਈ ਬਣਾ ਦਿਤੇ।

ਪ੍ਰਸ਼ਨ:- ਇਸ ਸਤਸੰਗਤ ਰੂਪੀ ਸਰੋਵਰ ਵਿਚ ਕੀ ਕੀ ਉਤਪੰਨ ਕੀਤਾ ਹੈ ?

*ਗੁਰ ਉੱਤਰ:-*ਪਾਣੀ ਪਾਵਕੁ=ਨਾਮ ਰੂਪੀ ਪਾਣੀ ਅਤੇ ਬ੍ਰਹਮ ਦ੍ਰਿਸ਼ਟੀ ਰੂਪੀ ਬੜਵਾ ਅਗਨੀ ਉਤਪੰਨ ਕੀਤੀ ਹੈ।

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੁਬੀਅਲੈ॥ ੧॥

ਜਿਸ ਪੁਰਸ਼ ਦਾ ਮਨ ਗੁਰਾਂ ਦੇ ਪਗੁ ਪੰਕਜੁ=ਚਰਨ ਕਵਲਾਂ ਦੇ ਮੋਹ=ਵਿਚ ਇਸਥਿਤ ਹੋਇਆ ਹੈ, ਉਹ ਫਿਰ ਸੰਸਾਰ ਦੀ ਤਰਫ ਨਹੀਂ ਚਲਦਾ। ਸਤਸੰਗਤਿ ਰੂਪੀ ਸਰੋਵਰ ਜੋ ਨਾਮ ਜਲ ਨਾਲ ਭਰਿਆ ਹੋਇਆ ਹੈ, ਸਾਡੇ ਵੇਖੰਦਿਆਂ-ਵੇਖਦਿਆਂ ਤਿਸ ਵਿਚ ਉਹ ਡੁਬਕੀਆਂ ਲਗਾਉਂਦੇ ਹਨ॥ ੧॥

ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧॥ ਰਹਾਉ।

ਜੋ ਪੁਰਸ਼ ਮਨ ਵਿਚ ਇਕ ਵਾਹਿਗੁਰੂ ਨੂੰ ਚੇਤਦਾ ਹੈ ਉਹ ਫਿਰ ਮੂੜਤਾ ਅਤੇ ਮਨਾ=ਮਨੌਤਤਾ ਨਹੀਂ ਕਰਦਾ। ਬਿਸ=ਪ੍ਰਪੰਚ ਨੂੰ ਹਰੀ ਰੂਪ ਜਾਣ ਕੇ ਰਤ=ਪ੍ਰੀਤੀ ਕਰਦਾ ਹੈ, ਤੇਰ, ਮੇਰ ਦੇ ਗੁਣ ਗਲ ਗਏ ਹਨ॥ ੧॥ ਰਹਾਉ॥

ਪੁਨਾ ਬੇਨਤੀ ਕੀਤੀ ਕਿ ਤਰਨ ਦਾ ਕੋਈ ਸੁਖੈਨ ਉਪਾਅ ਦਸੋ।

*ਗੁਰ ਉੱਤਰ:-*ਵਾਹਿਗੁਰੂ ਅੱਗੇ ਐਸੇ ਬੇਨਤੀ ਕਰੋ:-

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥

ਕਿ ਨਾ ਮੈਂ ਜਤੀ ਹਾਂ, ਨਾ ਸਤੀ=ਸਤਵਾਦੀ ਹਾਂ, ਨਾ ਹੀ ਮੈਂ ਪੜ੍ਹਿਆ ਹੋਇਆ ਹਾਂ, ਮੈਂ ਮੂਰਖ ਦਾ ਮਨੁੱਖਾ ਜਨਮ ਮੁਗਧਾ=ਨਿਸਫਲ ਹੋ ਗਿਆ ਹੈ।

ਪ੍ਰਣਵਤਿ ਨਾਨਕ ਤਿਨ੍ ਕੀ ਸਰਣਾ ਜਿਨ੍ ਤੂੰ ਨਾਹੀ ਵੀਸਰਿਆ ॥੨॥੨੯॥

ਗੁਰੂ ਜੀ ਪ੍ਰਣਵਤਿ=ਉਚਾਰਦੇ ਹਨ-ਮੈਂ ਤਿਨ੍ਹਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ, ਜਿਨ੍ਹਾਂ ਗੁਰਮੁਖਾਂ ਨੂੰ ਤੂੰ ਵਿਸਰਦਾ ਨਹੀਂ॥ ੨॥ ੨੯॥

ਆਸਾ ਮਹਲਾ ੧॥

ਉਥਾਨਕਾ- ਸਿੱਖਾਂ ਨੇ ਬੇਨਤੀ ਕੀਤੀ, ਕਿ ਹੇ ਪ੍ਰਭੂ ! ਆਪ ਕਹਿੰਦੇ ਹੋ ਕਿ ਸ਼ਾਸਤਰਾਂ ਦੁਆਰੇ ਨਾਮ ਜਪੋ; ਸ਼ਾਸਤਰਾਂ ਦੁਆਰੇ ਨਾਮ ਕਿਵੇਂ ਜਪੀਏ, ਸ਼ਾਸਤਰਾਂ ਵਿਚ ਤਾਂ ਬਹੁਤ ਸਾਰੇ ਬਿਬਾਦ ਹਨ। ਗੁਰੂ ਜੀ ਨੇ ਕਿਹਾ, ਹੇ ਭਾਈ ! ਜਿਵੇਂ ਕੋਈ ਸ਼ਾਹੂਕਾਰ ਬਾਹਰ ਗਿਆ ਤੇ ਜਾਂਦਿਆਂ ਜਾਂਦਿਆਂ ਰਾਹ ਵਿਚ ਉਸ ਨੂੰ ਭੁੱਖ ਲਗ ਗਈ। ਉਸ ਨੇ ਆਪਣੇ ਨੌਕਰਾਂ ਨੂੰ ਕਿਹਾ। ਉਸ ਨਾਲ ਛੇ ਆਦਮੀ ਸਨ। ਉਹ ਛੇ ਦੇ ਛੇ ਹੀ ਰੋਟੀ ਨੂੰ ਲਗ ਪਏ। ਇਕ ਨੇ ਕਿਹਾ, ਮੈਂ ਬਾਲਣ ਲੱਭ ਲਿਆਉਂਦਾ ਹਾਂ। ਦੂਜੇ ਨੇ ਕਿਹਾ, ਮੈਂ ਆਟਾ, ਘਿਉ, ਵਗੈਰਾ ਲਿਆਉਂਦਾ ਹਾਂ। ਤੀਜੇ ਨੇ ਕਿਹਾ, ਮੈਂ ਚੁੱਲ੍ਹਾ ਚੌਂਕਾ ਬਣਾ ਕੇ ਪੋਚਾ ਫੇਰ ਕੇ ਜਗ੍ਹਾ ਸਾਫ਼ ਕਰ ਛੱਡਦਾ ਹਾਂ। ਚੌਥੇ ਨੇ ਕਿਹਾ- ਮੈਂ ਸਬਜ਼ੀ ਵਗੈਰਾ ਲਿਆ ਕੇ ਬਣਾ ਦਿੰਦਾ ਹਾਂ। ਪੰਜਵੇਂ ਨੇ ਕਿਹਾ-ਮੈਂ ਪਾਣੀ ਲਿਆ ਕੇ ਰੱਖਦਾ ਹਾਂ। ਛੇਵੇਂ ਨੇ ਕਿਹਾ- ਮੈਂ ਛਕਾ ਦੇਵਾਂਗਾ।

ਦੇਖੋ ! ਆਦਮੀ ਸਭ ਵੱਖੋ ਵੱਖਰੇ ਕੰਮ ਤੇ ਲੱਗੇ ਹਨ, ਪਰ ਸਭ ਦਾ ਮਤਲਬ ਇਕ ਰੋਟੀ ਖੁਆਉਣ ਪਰ ਹੈ। ਜਿਵੇਂ ਸ੍ਰੀ ਦਰਬਾਰ ਸਾਹਿਬ ਜਾਣ ਨੂੰ ਰਸਤੇ ਬਹੁਤ ਸਾਰੇ ਹਨ, ਲੇਕਿਨ ਸਾਰੇ ਹੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਪਹੁੰਚਾ ਦਿੰਦੇ ਹਨ। ਇਸੇ ਤਰ੍ਹਾਂ ਛੇ ਸ਼ਾਸਤਰਾਂ ਦੇ ਤਰੀਕੇ ਚਾਹੇ ਵੱਖੋ-ਵੱਖਰੇ ਭੀ ਹਨ, ਪਰ ਸਭ ਦਾ ਸਿਧਾਂਤ ਇਕ ਪਰਮੇਸ਼ਰ ਪ੍ਰਾਪਤੀ ਦਾ ਹੈ।

ਛਿਅ ਘਰ ਛਿਅ ਗੁਰ ਛਿਅ ਉਪਦੇਸ॥ ਗੁਰੁ ਗੁਰੁ ਏਕੋ ਵੇਸ ਅਨੇਕ॥ ੧॥

ਛਿਅ ਘਰ=ਛੇ ਸ਼ਾਸਤਰ ਹਨ, ਛੇ ਹੀ ਉਹਨਾਂ ਦੇ ਗੁਰੂ ਕਰਤਾ ਹਨ, ਛੇ ਹੀ ਉਹਨਾਂ ਦੇ ਭਿੰਨ-ਭਿੰਨ ਉਪਦੇਸ਼ ਹਨ, ਛਿਆਂ ਸ਼ਾਸਤਰਾਂ ਦੇ ਗੁਰੂਆਂ ਦਾ ਗੁਰੂ ਇਕ ਪਰਮਾਤਮਾ ਹੈ।

ਚਾਹੇ ਵੇਸ=ਉਪਦੇਸ਼ ਅਨੇਕ ਪ੍ਰਕਾਰ ਦੇ ਹਨ। *ਅਥਵਾ:*-ਦਸਮੇਸ਼ ਪਿਤਾ ਜੀ ਨੇ ਬ੍ਰਹਮ ਅਵਤਾਰ ਵਿਚ ਲਿਖਿਆ ਹੈ ਕਿ ਜਿਸ ਵੇਲੇ ਪੁਰਾਣਾਂ ਦੇ ਰਚਨ ਕਰਕੇ ਬਿਆਸ ਜੀ ਨੂੰ ਹੰਕਾਰ ਹੋਇਆ ਹੈ ਤਾਂ ਅਕਾਸ਼ ਤੋਂ ਅਗੈਬੀ ਤਲਵਾਰ ਆ ਕੇ ਪਈ। ਤਿਸ ਵੇਲੇ ਬਿਆਸ ਦੇ ਛੇ ਟੁਕੜੇ ਹੋ ਗਏ, ਉਹਨਾਂ ਤੋਂ ਛੇ ਰਿਖੀ ਹੋ ਗਏ।

ਯਥਾ:-ਨਹੀ ਲੀਨ ਪ੍ਰਾਨ ਨਿਕਾਰ॥ ਭਏ ਖਸਟ ਰਿਖੈ ਅਪਾਰ॥

ਤਿਨ ਸਾਸਤ੍ਰਗ ਬਿਚਾਰ॥ ਖਟ ਸਾਸਤ੍ਰ ਨਾਮ ਸੁ ਡਾਰ॥ *(ਪੰਨਾ ੬੩੪)*

ਇਸ ਦੇ ਅਨੁਸਾਰ ਐਸੇ ਅਰਥ ਕਰਨਾ ਕਿ ਗੁਰੁ ਗੁਰੁ ਏਕੋ=ਛੇ ਸ਼ਾਸਤ੍ਰਾਂ ਦੇ ਗੁਰੂਆਂ ਦਾ ਗੁਰੂ ਇਕ ਬਿਆਸ ਹੈ, ਵੇਸ ਅਨੇਕ=ਉਪਦੇਸ਼ ਚਾਹੇ ਅਨੇਕ ਹਨ।

ਛੇ ਸ਼ਾਸਤਰਾਂ ਦੇ ਨਾਮ-੧. ਸ਼ਾਖਯ, ੨. ਨਯਾਇ, ੩. ਵਿਸ਼ੇਸ਼ਕ, ੪. ਮੀਮਾਂਸਾ, ੫. ਯੋਗ ਸ਼ਾਸਤਰ, ੬. ਵੇਦਾਂਤ ਸ਼ਾਸਤਰ।

ਛੇ ਸ਼ਾਸਤਰ ਦੇ ਕਰਤਾ:-ਕਪਲ, ਗੌਤਮ, ਕਣਭੁਕ, ਜੈਮਿਨੀ, ਪਤੰਜਲੀ, ਬਿਆਸ।

ਛੇ ਉਪਦੇਸ਼ :-

(੧) ਸ਼ਾਖ ਸ਼ਾਸਤ੍ਰ-ਤਿੰਨਾਂ ਗੁਣਾਂ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਦਾ ਹੈ, ਤਿੰਨਾਂ ਗੁਣਾਂ ਤੋਂ ਜੁਦਾ ਹੋਣਾ ਹੀ ਮੋਖ ਹੈ।

(੨) ਨਯਾਇ ਸ਼ਾਸਤ੍ਰ-ਪ੍ਰਮਾਣੂਆਂ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਦਾ ਹੈ, ਇਸ ਵਿਚ ਯੁਕਤੀ ਤੇ ਤਰਨ ਦੀ ਪ੍ਰਣਾਲੀ ਬੜੇ ਵਿਸਥਾਰ ਨਾਲ ਕਥਨ ਕੀਤੀ ਗਈ ਹੈ।

(੩) ਵਿਸ਼ੇਸ਼ਕ ਸ਼ਾਸਤ੍ਰ-ਸਮੇਂ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਦਾ ਹੈ, ਨਯਾਇ ਤੇ ਵਿਸ਼ੇਸ਼ਕ ਮਤ ਵਾਲੇ ਛੇ ਇੰਦ੍ਰੀਏ, ਛੇ ਵਿਸ਼ੇ, ਛੇ ਗਿਆਨ, ਸਰੀਰ, ਸੁਖ, ਦੁਖ, ਇਨ੍ਹਾਂ ਇਕੀਆਂ ਦੇ ਨਾਸ਼ ਅਤੇ ਜੜ੍ਹ ਵਤ ਸਥਿਤ ਹੋਣਾ ਹੀ ਮੋਖ ਮੰਨਦੇ ਹਨ।

(੪) ਮੀਮਾਂਸਾ-ਕਰਮਾਂ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਦਾ ਹੈ। ਤੇ ਸ੍ਵਰਗ ਦੀ ਪ੍ਰਾਪਤੀ ਨੂੰ ਮੋਖ ਮੰਨਦਾ ਹੈ, ਜਿਸ ਸੁਖ ਦਾ ਕਦੇ ਨਾਸ ਨਾ ਹੋਵੇ ਉਸ ਸੁਖ ਨੂੰ ਸ੍ਵਰਗ ਮੰਨਦਾ ਹੈ।

(੫) ਯੋਗ ਸ਼ਾਸਤ੍ਰ ਵਿਚ ਕਿਸੇ ਮਤ ਮਤਾਂਤ੍ਰ ਦਾ ਖੰਡਨ ਮੰਡਨ ਨਹੀਂ ਹੈ, ਯਮ, ਨਿਯਮ, ਪ੍ਰਾਣਾਯਾਮ, ਸਮਾਧੀ, ਅਭ੍ਯਾਸ, ਧਯਾਨ ਆਦਿਕ ਯੋਗ ਦੇ ਅੱਠ ਅੰਗ ਹੀ ਮੋਖ ਦਾ ਕਾਰਨ ਹਨ।

(੬) ਵੇਦਾਂਤ ਸ਼ਾਸਤ੍ਰ ਵਿਚ-ਮਾਇਆ ਸਬਲ ਤੋਂ ਜਗਤ ਦੀ ਉਤਪਤੀ ਮੰਨੀ ਹੈ, ਤੇ ਬ੍ਰਹਮ ਨੂੰ ਜਗਤ ਦਾ ਅਭਿੰਨ ਨਿਮਤ ਉਪਾਦਾਨ ਕਾਰਨ ਮੰਨਿਆ ਹੈ। ਇਸ ਵਿਚ ਆਤਮਾ ਤੇ ਪ੍ਰਮਾਤਮਾ ਦੀ ਏਕਤਾ ਸਿੱਧ ਕੀਤੀ ਗਈ ਹੈ।

ਪੁਨਾ-ਬੇਨਤੀ ਕੀਤੀ ਕਿ ਹੇ ਪ੍ਰਭੂ ! ਮੈਂ ਕਿਸ ਸ਼ਾਸਤ੍ਰ ਨੂੰ ਪੜ੍ਹਾਂ? *ਗੁਰ ਉੱਤਰ:-*

ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਹਿ ॥ ੧ ॥ ਰਹਾਉ ॥

ਜਿਸ ਘਰਿ=ਸ਼ਾਸਤਰ ਵਿਚ ਕਰਤੇ ਵਾਹਿਗੁਰੂ ਦੀ ਵਿਸ਼ੇਸ਼ ਕੀਰਤੀ ਹੋਵੇ, ਉਸ ਵੇਦਾਂਤ ਘਰੁ=ਸ਼ਾਸਤ੍ਰ ਵਿਚ ਆਪਣੇ ਆਪ ਨੂੰ ਰੱਖ ਤਾਂ ਤੇਰੀ ਵਡਿਆਈ ਹੋਵੇਗੀ ॥ ੧ ॥ ਰਹਾਉ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ ॥

ਪੰਦਰਾਂ ਵੇਰ ਅੱਖਾਂ ਦਾ ਮੀਟਣਾ ਤੇ ਖੋਲ੍ਹਣਾ=ਇਕ ਵਿੱਸਾ। ਪੰਦਰਾਂ ਵਿੱਸਿਆਂ ਦਾ ਇਕ ਚੱਸਾ। ਤੀਹ ਚੱਸਿਆਂ ਦਾ ਇਕ ਪਲ। ਸੱਠਾਂ ਪਲਾਂ ਦੀ ਇਕ ਘੜੀ। ਸਾਢੇ ਸੱਤ ਘੜੀਆਂ ਦਾ ਇਕ ਪਹਿਰ। ਅੱਠ ਪਹਿਰਾਂ ਦਾ ਇਕ ਰਾਤ ਤੇ ਦਿਨ। ਫਿਰ ੧੫ ਥਿੱਤਾਂ ਤੇ ਸੱਤ ਵਾਰ ਤੇ ਤੀਹ ਦਿਨਾਂ ਦਾ ਇਕ ਮਾਹੁ ਭਇਆ=ਮਹੀਨਾ ਹੋਇਆ। ਬਾਰਾਂ ਮਹੀਨਿਆਂ ਦਾ ਇਕ ਬਰਸ ਹੋਇਆ ਤੇ ਬਾਰਾਂ ਬਰਸਾਂ ਦਾ ਇਕ ਕੁੰਭ ਹੋਇਆ।

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥ ੨ ॥ ੩੦ ॥

ਇਤਿਆਦੀ ਸਮੇਂ ਵਿਚ ਸੂਰਜ ਦਾ ਸੂਰਜੱਤ ਭਾਵ ਇਕ ਹੈ, ਰੁੱਤਾਂ ਚਾਹੇ ਅਨੇਕਾਂ ਹਨ। ਇਸੀ ਪ੍ਰਕਾਰ ਪਰਮਾਤਮਾ ਇਕ ਹੈ, ਤੇ ਉਸ ਦੀ ਪ੍ਰਾਪਤੀ ਦੇ ਵੇਸ=ਉਪਦੇਸ਼ ਚਾਹੇ ਕਿਤਨੇ ਹੀ ਹਨ ॥ ੨ ॥ ੩੦ ॥

[ਪੰਨਾ ੩੫੮]

ੴ ਸਤਿਗੁਰ ਪ੍ਰਸਾਦਿ ॥ ਆਸਾ ਘਰੁ ੩ ਮਹਲਾ ੧ ॥

ਕੋਈ ਰਾਜਾ ਚਲ ਕੇ ਆਇਆ ਹੈ, ਉਸ ਨੂੰ ਮਾਇਆ ਵਿਚ ਫਸਿਆ ਵੇਖ ਕੇ ਨਾਮ ਜਪਣ ਦਾ ਉਪਦੇਸ਼ ਦੇਂਦੇ ਹਨ-

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥

ਹੇ ਰਾਜਨ ! ਲੱਖਾਂ ਲਸ਼ਕਰ ਰੱਖ ਲਏ ਤਾਂ ਕੀ ਹੋਇਆ, ਲੱਖਾਂ ਬੂਹੇ ਅੱਗੇ ਵਾਜੇ ਵਜਵਾ ਲਏ ਤਾਂ ਕੀ ਹੋਇਆ ਨੇਜੇ ਝੁਲਾ ਲਏ ਤਾਂ ਕੀ ਹੋਇਆ, ਚਾਹੇ ਲੱਖਾਂ ਜੀਵ ਅੱਗੋਂ ਉਠ ਕੇ ਸਲਾਮਾਂ ਕਰਨ ਤਾਂ ਕੀ ਹੋਇਆ।

ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥

ਹੇ ਰਾਜਨ ! ਲੱਖਾਂ ਜੀਵਾਂ ਉਤੇ ਤੇਰੀ ਫੁਰਮਾਇਸਿ=ਆਗਿਆ ਚਲ ਰਹੀ ਹੈ, ਅਤੇ ਲੱਖਾਂ ਆਦਮੀ ਉਠ ਕੇ ਤੇਰਾ ਮਾਨੁ=ਆਦਰ ਰੱਖਦੇ ਹਨ।

ਜਾਂ ਪਤਿ ਲੇਖੈ ਨਾ ਪਵੇ ਤਾਂ ਸਭਿ ਨਿਰਾਫਲ ਕਾਮ ॥ ੧ ॥

ਜੇਕਰ ਤੇਰੀ ਪਤ ਆਬਰੁ ਲੇਖੇ ਵਿਚ ਨਾ ਪਈ ਤਾਂ ਇਹ ਰਾਜ-ਭਾਗ ਦੇ ਸਾਰੇ ਕੰਮ ਨਿਰਾਫਲ=ਨਿਸਫਲ ਹਨ॥ ੧॥

ਹਰਿ ਕੇ ਨਾਮ ਬਿਨਾ ਜਗੁ ਧੰਧਾ ॥

ਇਕ ਹਰੀ ਦੇ ਨਾਮ ਤੋਂ ਬਿਨਾਂ ਜਗਤ ਦਾ ਸਾਰਾ ਵਿਹਾਰ ਧੰਧਾ ਰੂਪ ਹੈ।

ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ ॥ ੧ ॥ ਰਹਾਉ ॥

ਇਸ ਭੋਲਾ=ਮੂਰਖ ਨੂੰ ਜੇਕਰ ਬਹੁਤਾ ਸਮਝਾਣਾ ਵੀ ਕਰੀਏ, ਤਾਂ ਭੀ ਉਹ ਅੰਧਤਾਈਆਂ ਵਿਚ ਲੱਗ ਕੇ, *ਅਥਵਾ:-* ਅੰਧੇ ਕਰਨ ਵਾਲੇ ਪਦਾਰਥਾਂ ਵਿਚ ਲੱਗ ਕੇ ਅੰਨ੍ਹਾਂ ਹੋ ਰਿਹਾ ਹੈ॥ ੧ ॥

ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ ॥

ਹੁਣ ਤਾਂ ਤੂੰ ਲੱਖਾਂ ਰੁਪਏ ਖੱਟਦਾ ਹੈਂ, ਲੱਖਾਂ ਰੁਪਏ ਸੰਜੀਅਹਿ=ਇਕੱਠੇ ਕਰਦਾ ਹੈਂ, ਲੱਖਾਂ ਪਦਾਰਥ ਖਾਜਹਿ=ਖਾਂਦਾ ਹੈਂ, ਅਤੇ ਲੱਖਾਂ ਪਦਾਰਥ ਆਉਂਦੇ ਹਨ, ਤੇ ਲੱਖਾਂ ਹੀ ਪਦਾਰਥ ਜਾਂਦੇ ਹਨ।

ਜਾਂ ਪਤਿ ਲੇਖੈ ਨਾ ਪਵੈ ਤਾਂ ਜੀਅ ਕਿਥੈ ਫਿਰ�ि ਪਾਹਿ ॥ ੨ ॥

ਏਨਾ ਕੁਝ ਹੁੰਦੇ ਹੋਏ ਭੀ ਜੇਕਰ ਪਤ-ਆਬਰੋ ਲੇਖੇ ਵਿਚ ਨਾ ਪਵੇ, ਤਾਂ ਫਿਰ ਪਤਾ ਨਹੀਂ ਕਿ ਜੀਵ ਨੇ ਕਿਥੇ ਜਾ ਕੇ ਪੈਣਾ ਹੈ। ਭਾਵ ਨਰਕਾਂ ਵਿਚ ਹੀ ਪੈਣਾ ਹੈ। *ਅਥਵਾ:-*ਆਈਏ ਮਹਾਰਾਜ ਜੀ, ਇਸ ਤਰ੍ਹਾਂ ਦਾ ਸਤਿਕਾਰ ਵਾਲਾ 'ਜੀ' ਸ਼ਬਦ ਫਿਰ ਕਿਥੇ ਪਵੇਗਾ ਭਾਵ ਫਿਰ ਨਹੀਂ ਪਵੇਗਾ॥ ੨।

ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥

ਚਾਹੇ ਲੱਖਾਂ ਸ਼ਾਸਤ੍ਰ ਪੜ੍ਹ ਕੇ ਸਮਝਾਣਾ ਕਰੇ, ਚਾਹੇ ਲੱਖਾਂ ਪੁਰਾਣਾਂ ਨੂੰ ਪੰਡਿਤ ਹੋ ਕੇ ਪੜ੍ਹਨਾ ਕਰੇ।

ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥ ੩ ॥

ਜੇਕਰ ਪਤਆਬਰੋ ਲੇਖੇ ਵਿਚ ਨਹੀਂ ਪੈਂਦੀ, ਤਾਂ ਇਹ ਸਾਰੇ ਸ਼ਾਸਤ੍ਰ ਅਤੇ ਪੁਰਾਣ ਪੜ੍ਹਨੇ ਕੁ ਪਰਵਾਣ= ਅਪ੍ਰਵਾਨ ਹਨ, ਅਰਥਾਤ ਕਬੂਲ ਨਹੀਂ ਹਨ॥ ੩ ॥

ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥

ਸੱਚ ਨਾਮ ਜਪਣ ਨਾਲ ਪਤ-ਆਬਰੋ ਉਤਪੰਨ ਹੁੰਦੀ ਹੈ, ਲੇਕਿਨ ਕਰਤਾਰ ਦਾ ਸੱਚਾ ਨਾਮ ਗੁਰਾਂ ਦੀ ਕਰਮਿ=ਅਨੁਗ੍ਰਹੁ ਕਰਕੇ ਮਿਲਦਾ ਹੈ।

ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥ ੪ ॥ ੧ ॥ ੩੧ ॥

ਜੇਕਰ ਰਾਤ ਦਿਨੇ ਹਿਰਦੇ ਵਿਚ ਨਾਮ ਵੱਸ ਜਾਵੇ ਤਾਂ ਨਦਰੀ=ਪਰਮਾਤਮਾ ਆਪਣੀ ਨਦਰੀ=ਕ੍ਰਿਪਾ-ਦ੍ਰਿਸ਼ਟੀ ਕਰਕੇ ਸੰਸਾਰ ਤੋਂ ਪਾਰ ਕਰ ਦੇਂਦਾ ਹੈ॥ ੪॥ ੧॥ ੩੧॥

ਆਸਾ ਮਹਲਾ ੧ ॥

ਉਥਾਨਕਾ- ਜਿਸ ਵੇਲੇ ਪਿਤਾ ਕਾਲੂ ਜੀ ਅਕਾਲ ਚਲਾਣਾ ਕਰਨ ਲੱਗੇ ਤਾਂ ਕਿਸੀ ਨੇ ਕਿਹਾ 'ਦੀਵਾ ਮਣਸ ਦਿਉ।' ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥

ਇਕ ਪਰਮੇਸ਼ਰ ਦਾ ਨਾਮ ਹੀ ਮੇਰਾ ਦੀਵਾ ਹੈ, ਜਨਮ ਮਰਨ ਦਾ ਜੋ ਦੁਖ ਹੈ ਏਹੀ ਉਸ ਦੀਵੇ ਵਿਚ ਤੇਲ ਪਾਇਆ ਹੈ।

ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ੧ ॥

ਜਿਸ ਵੇਲੇ ਉਸ ਨਾਮ ਰੂਪ ਦੀਵੇ ਨੇ ਪ੍ਰਕਾਸ਼ ਕੀਤਾ, ਤਾਂ ਜਨਮ ਮਰਨ ਦਾ ਦੁਖ ਰੂਪੀ ਜੋ ਤੇਲ ਸੀ ਉਹ ਸੋਖਿਆ=ਸੁਕ ਗਿਆ ਅਤੇ ਜਮਾਂ ਨਾਲ ਜਿਹੜਾ ਮੇਲ ਹੋਣਾ ਸੀ ਉਹ ਵੀ ਚੂਕਾ=ਮਿਟ ਗਿਆ ਹੈ॥ ੧ ॥

ਲੋਕਾ ਮਤ ਕੋ ਫਕੜਿ ਪਾਇ ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥ ੧ ॥ ਰਹਾਉ ॥

ਹੇ ਲੋਕੋ ! ਸਾਨੂੰ ਮਤਾਂ ਕੋਈ ਫਕੜਿ=ਖਰਾਬੜ ਤਾਈਆਂ ਵਾਲੇ ਕਰਮਾਂ ਵਿਚ ਪਾਉਣਾ ਕਰੋ।

*ਅਥਵਾ:-*ਹੇ ਲੋਕੋ ! ਨਿਕੰਮੇ ਭਰਮਾਂ ਵਿਚ ਨਾ ਪਵੋ। ਜਿਵੇਂ ਲੱਖਾਂ ਮੜਿਆ=ਮੁਰਦਿਆਂ, *ਅਥਵਾ:-* ਲੱਕੜੀਆਂ ਨੂੰ ਇਕੱਠਾ ਕਰਕੇ, ਉਹਨਾਂ ਵਿਚ ਇਕ ਰਤੀ ਭਰ ਅੱਗ ਲੈ ਕੇ ਪਾ ਦੇਈਏ ਤਾਂ ਉਹ ਸਭ ਭਸਮ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਇਕ ਨਾਮ ਰੂਪ ਅਗਨੀ ਕਰਕੇ ਜਨਮਾਂ-ਜਨਮਾਂਤਰਾਂ ਦੇ ਸਾਰੇ ਪਾਪ ਭਸਮ ਹੋ ਜਾਂਦੇ ਹਨ।

ਯਥਾ- ਘੋਰ ਦੁਖੰ ਅਨਿਕ ਹਤ੍ਹੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ
ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥ ੧੮ ॥ *(ਸਲੋਕ ਸਹਸਕ੍ਰਿਤੀ; ਪੰਨਾ ੧੩੫੫)*

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥

ਕੇਸਉ ਕੇਸਉ ਨਾਮ ਉਚਾਰਨਾ ਇਹ ਤਾਂ ਅਸੀਂ ਪਿਤਾ ਜੀ ਦੇ ਨਮਿੱਤ ਪਿੰਡ ਭਰਾਏ ਹਨ। ਸੱਚ ਨਾਮ ਜਪਣਾ-ਇਹ ਪੱਤਲਾਂ ਦਿੱਤੀਆਂ ਹਨ, ਕਰਤਾਰ ਕਰਤਾਰ ਉਚਾਰਨ ਕਰਨਾ ਇਹ ਅਸੀਂ ਕਿਰਿਆ ਕੀਤੀ ਹੈ।

ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥ ੨ ॥

ਐਥੈ=ਇਸ ਲੋਕ ਵਿਚ ਤੇ ਓਥੈ=ਪ੍ਰਲੋਕ ਵਿਚ ਅਤੇ ਅੱਗੇ ਪਿੱਛੇ ਇਹ ਨਾਮ ਹੀ ਮੇਰਾ ਆਸਰਾ ਰੂਪ ਹੈ। *ਅਥਵਾ:-* ਐਥੈ=ਪਿੱਛੇ, ਓਥੈ=ਅੱਗੇ ਇਹ ਨਾਮ ਹੀ ਮੇਰਾ ਆਧਾਰੁ=ਆਸਰਾ ਰੂਪ ਹੈ॥ ੨ ॥

ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥

ਪ੍ਰਤੱਖ ਕਾਸ਼ੀ ਗੰਗਾ ਜਾਣ ਦੀ ਕੋਈ ਲੋੜ ਨਹੀਂ ! ਹੇ ਪਰਮੇਸ਼ਰ ! ਆਪ ਦੀ ਜਿਹੜੀ ਸਿਫਤ ਕਰਨੀ ਹੈ ਏਹੀ ਬਨਾਰਸਿ=ਕਾਸ਼ੀ ਗੰਗਾ ਹੈ, ਇਸ ਵਿਚ ਹੀ ਸਾਡਾ ਆਤਮ ਰਾਉ=ਜੀਵ ਇਸ਼ਨਾਨ ਕਰਦਾ ਹੈ।

ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥ ੩॥

ਇਸ ਪ੍ਰਕਾਰ ਸੱਚਾ ਨ੍ਹਾਵਣ ਤਦ ਹੁੰਦਾ ਹੈ, ਜਦ ਅਹਿਨਿਸਿ=ਦਿਨ ਰਾਤ ਪਰਮਾਤਮਾ ਨਾਲ ਭਾਉ=ਪ੍ਰੇਮ ਲੱਗਾ ਰਹੇ।

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥

ਇਕ ਤਾਂ ਲੋਕੀ=ਪਿੱਤਰਾਂ ਦੇ ਨਮਿੱਤ ਪਿੰਡ ਭਰਾਂਦੇ ਹਨ, ਅਤੇ ਇਕ ਹੋਰ ਛਮਿਛਰੀ=ਦੇਵਤਿਆਂ ਦੇ ਨਮਿੱਤ ਪਿੰਡ ਭਰਾਂਦੇ ਹਨ। *ਅਥਵਾ:-* ਇਕ ਤਾਂ ਲੋਕੀ=ਪੱਕੇ, ਪੂੜੀ ਲੱਡੂ ਜਲੇਬੀ ਆਦਿਕਾਂ ਦੇ, ਅਤੇ ਇਕ ਹੋਰ ਛਮਿਛਰੀ=ਕੱਚੇ ਭਾਵ ਰੇਤੇ ਦੇ ਪਿੰਡ ਭਰਾਂਦੇ ਹਨ। *ਅਥਵਾ:-* ਇਕ ਤਾਂ ਲੋਕੀ=ਖੀਰ ਦੇ, ਅਤੇ ਇਕ ਹੋਰ ਛਮਿਛਰੀ=ਜਵਾਂ ਦੇ ਆਟੇ ਦੇ ਪਿੰਡ ਭਰਾਂਦੇ ਹਨ। ਬ੍ਰਾਹਮਣ ਉਹਨਾਂ ਪਿੰਡਾਂ ਦਾ ਮੁੱਲ ਵੱਟ ਕੇ ਖਾਂਦੇ ਹਨ; ਅਰਥਾਤ ਪਿੰਡ ਭਰਨ ਲੱਗਿਆ ਪਹਿਲੇ ਚੁਕਾਵਾ ਚੁਕਾ ਲੈਂਦੇ ਹਨ ਕਿ ਅਸੀਂ ਇਤਨਾ ਲੈਣਾ ਹੈ।

ਨਾਨਕ ਪਿੰਡੁ ਬਖਸੀਸ ਕਾ ਕਬਹੁੰ ਨਿਖੂਟਸਿ ਨਾਹਿ॥ ੪॥ ੨॥ ੩੨॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਪ੍ਰਤੱਖ ਪਿੰਡ ਭਰਾਏ ਹੋਏ ਖਾਲੀ ਹੋ ਜਾਂਦੇ ਹਨ। ਅਸੀਂ ਪਿਤਾ ਜੀ ਦੇ ਨਮਿੱਤ ਵਾਹਿਗੁਰੂ ਦੀ ਬਖਸ਼ਿਸ਼ ਦਾ ਐਸਾ ਪਿੰਡ ਭਰਾਇਆ ਹੈ, ਜੋ ਕਦੇ ਭੀ ਨਿਖੂਟਸਿ ਨਾਹਿ=ਮੁਕਦਾ ਨਹੀਂ ਹੈ॥ ੪॥ ੨॥ ੩੨॥

ਆਸਾ ਘਰੁ ੪ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਇਕ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਪੰਜੇ ਸਾਹਿਬ ਤੋਂ ਅੱਗੇ ਜੰਗਲਾਂ ਵਿਚ ਰਟਨ ਕਰਦੇ ਤਪੱਸ੍ਵੀ ਮੂਰਤੀ ਵਾਂਗੂ ਫਿਰ ਰਹੇ ਸਨ। ਤਿਸ ਸਮੇਂ ਭਾਈ ਮਰਦਾਨੇ ਨੇ ਆਖਿਆ, ਕਿ ਹੇ ਗਰੀਬ ਨਿਵਾਜ਼ ! ਆਪ ਜੰਗਲਾਂ ਅਤੇ ਤੀਰਥਾਂ ਉਤੇ ਹੀ ਫਿਰਦੇ ਰਹਿੰਦੇ ਹੋ, ਆਪ ਜੀ ਨੂੰ ਚਾਹੀਦਾ ਹੈ ਕਿ ਆਪ ਕਿਸੇ ਸੁੰਦਰ ਦੇਸ਼ ਵਿਚ ਠਹਿਰਣਾ ਕਰੋ। ਉਸ ਵੇਲੇ ਗੁਰੂ ਜੀ ਨੇ ਇਸ ਸ਼ਬਦ ਦੁਆਰਾ ਭਾਈ ਮਰਦਾਨੇ ਨੂੰ ਸਮਝਾਇਆ ਕਿ ਹੇ ਭਾਈ ਮਰਦਾਨੇ !

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥

ਦੇਵਤਿਆਂ ਨੇ ਭੀ ਪਰਮੇਸ਼ਰ ਦੇ ਦਰਸ਼ਨ ਕਰਨ ਦੇ ਤਾਈ=ਵਾਸਤੇ ਦੁਖ ਭੁਖ ਸਹਾਰ ਕੇ ਤੀਰਥਾਂ ਉਪਰ ਨਿਵਾਸ ਕੀਤਾ ਹੈ, *ਅਥਵਾ:-*ਤੀਰਥਾਂ ਨੂੰ ਰਚਨਾ ਕੀਤਾ ਹੈ, ਇਸ ਕਰਕੇ ਤੈਨੂੰ ਭੀ ਚਾਹੀਦਾ ਹੈ ਕਿ ਤੂੰ ਭੀ ਦੁੱਖ ਭੁੱਖ ਨੂੰ ਸਹਾਰ ਕੇ ਭਾਰੀ ਤਪੱਸਿਆ ਕਰ।

ਅਥਵਾ:- ਦੇਵਤਿਆਂ ਦੇ ਦਰਸ਼ਨ ਕਰਨ ਵਾਸਤੇ ਕਈ ਜੀਵ ਦੁੱਖ ਭੁੱਖ ਸਹਾਰ ਕੇ ਤੀਰਥਾਂ ਪਰ ਨਿਵਾਸ ਕਰਦੇ ਹਨ।

ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥ ੧॥

ਜੋਗੀ ਜੋਗ ਦੀ ਜੁਗਤੀ ਵਿਚ ਰਹਿੰਦੇ ਹਨ, ਜਤੀ ਜਤ ਦੀ ਜੁਗਤੀ ਵਿਚ ਰਹਿੰਦੇ ਹਨ; ਸਾਰੇ ਕਪੜੇ ਭਗਵੇ ਕਰਕੇ ਭੇਖ ਸਹਿਤ ਹੋਏ ਹਨ।

ਤਉ ਕਾਰਣਿ ਸਾਹਿਬਾ ਰੰਗਿ ਰਤੇ ॥

ਹੇ ਸਾਹਿਬ ! ਤਉ ਕਾਰਣਿ=ਤੇਰੀ ਪ੍ਰਾਪਤੀ ਦੇ ਵਾਸਤੇ ਰੰਗਿ ਰਤੇ=ਪ੍ਰੇਮ ਵਿਚ ਰੱਤੇ ਹੋਏ ਹਨ।

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧ ॥ਰਹਾਉ ॥

ਤੇਰੇ ਨਾਮ ਅਨੇਕਾ=ਅਣਗਿਣਤ ਹਨ, ਰੂਪ ਵੀ ਬੇਅੰਤ ਹਨ, ਮੂੰਹ ਦਵਾਰਾ ਕਥਨ ਨਹੀਂ ਕੀਤੇ ਜਾਂਦੇ, ਜੋ ਆਪ ਦੇ ਗੁਣ ਕਿਤਨੇ-ਕੁ ਹਨ॥ ੧॥ ਰਾਹਉ।

ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥

ਹੇ ਭਾਈ ਮਰਦਾਨੇ ! ਪਰਮੇਸ਼ੁਰ ਦੀ ਪ੍ਰਾਪਤੀ ਵਾਸਤੇ ਕਈ ਸੁੰਦਰ ਦਰਵਾਜ਼ੇ, ਘਰ, ਮਹਲਾ=ਇਸਤ੍ਰੀਆਂ, *ਅਥਵਾ:-* ਮਹਿਲਾਵਟਾਂ, ਹਸਤੀ=ਹਾਥੀ, ਘੋੜੇ ਅਤੇ ਵਲਾਇਤਾਂ ਨੂੰ ਛੱਡ ਕੇ ਹੋਰ ਦੇਸ਼ਾਂ ਵਿਚ ਚਲੇ ਗਏ ਹਨ।

ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥ ੨ ॥

ਪੀਰ, ਪੈਗੰਬਰ, ਸਾਲਿਕ=ਗਿਆਨਵਾਨ, ਸਾਦਿਕ=ਜਗਿਆਸੂ। ਇਹ ਸਾਰੇ ਉਸ ਪਰਮੇਸ਼ੁਰ ਪ੍ਰਾਪਤੀ ਦੀ ਇੱਛਿਆ ਕਰਦੇ ਹਨ॥ ੨ ॥

ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥

ਕਈ ਸਹਜੇ ਸੁਆਦਾਂ ਨੂੰ, ਸੁੱਖਾਂ ਨੂੰ ਅਤੇ ਰਸਾਂ ਕਸਾਂ ਨੂੰ *ਅਥਵਾ:-* ਕਸੀਸ ਦੇ ਕੇ ਜੋ ਰਸ ਕੱਢੇ ਹੋਏ ਹਨ ਉਨ੍ਹਾਂ ਨੂੰ ਤਿਆਗਦੇ ਹਨ, ਅਤੇ ਕਪੜਿਆਂ ਦਾ ਪਹਿਰਣਾ ਛੱਡ ਕੇ ਤਨ ਉਤੇ ਚਮੜਾ ਲੀਤਾ ਹੋਇਆ ਹੈ,

ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ੩ ॥

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥

ਕਿਸੀ ਨੇ ਖਲੜੀ=ਚਮੜੇ ਦੀ ਝੋਲੀ ਭਿਛਿਆ ਵਾਸਤੇ ਮੋਢੇ ਉਤੇ ਰੱਖੀ ਹੋਈ ਹੈ।

ਕਿਸੀ ਨੇ ਚਿੱਪੀ ਦਾ ਹੇਠਲਾ ਹਿੱਸਾ ਖੱਪਰੀ=ਖੱਪਰ ਹੱਥ ਵਿਚ ਰੱਖਿਆ ਹੋਇਆ ਹੈ।

ਕਿਸੀ ਨੇ ਸੰਨਿਆਸੀਆਂ ਵਾਲੀ ਲੱਕੜੀ ਭਾਵ ਤ੍ਰਿਦੰਡ ਨੂੰ ਫੜਨਾ ਕੀਤਾ ਹੈ।

ਕਿਸੀ ਨੇ ਹਰਨ ਦੀ ਚਮੜੀ ਭਾਵ ਮ੍ਰਿਗਾਨ ਪਹਿਰੀ ਹੋਈ ਹੈ।

ਕਿਸੀ ਨੇ ਸਿਖਾ=ਬੋਦੀ, ਸੂਤੁ=ਜਨੇਊ ਅਤੇ ਧੋਤੀ ਤੇੜ ਬੰਨ੍ਹਣਾ ਕੀਤੀ ਹੈ।

ਪ੍ਰਸ਼ਨ- ਇਨ੍ਹਾਂ ਵਿਚੋਂ ਤਰਿਆ ਕੌਣ ? *ਉੱਤਰ:-*

ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ੩ ॥

ਐ ਦਰਦਵੰਦ=ਦਰਦਾਂ ਦੇ ਜਾਨਣ ਵਾਲੇ ਵਾਹਿਗੁਰੂ ਜੋ ਦੁਖੀ ਹੋ ਕੇ *ਅਥਵਾ:-* ਸੰਸਾਰ ਨੂੰ ਦੁੱਖ ਰੂਪ ਜਾਣ ਕੇ ਤੇਰੇ ਦਰ ਦੇ ਦਰਵੇਸ=ਫਕੀਰ ਹੋਏ ਹਨ, ਅਤੇ ਨਾਮ ਵਿਚ ਰੱਤੇ ਹਨ।

ਛੋਡੀ ਦੁਨੀਆ ਥਾਇ ਪਏ ॥ ਤੇ ਦੁਨੀਆ=ਮਾਇਆ ਛੱਡੀ ਹੈ, ਉਹ ਸਰੂਪ ਰੂਪੀ ਥਾਂ ਵਿਚ

ਪਏ ਹਨ। ਅਥਵਾ:- ਥਾਇ ਪਏ=ਕਬੂਲ ਹੋਏ ਹਨ।

ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ ੪ ॥ ੧ ॥ ੩੩ ॥

ਹੇ ਵਾਹਿਗੁਰੂ ! ਤੂੰ ਸਾਰਿਆਂ ਦਾ ਮਾਲਕ ਹੈਂ, ਹਉ=ਸਾਰੇ ਜੀਵ ਤੇਰੇ ਸਾਂਗੀ=ਸ੍ਵਾਂਗਧਾਰੀ ਅਰਥਾਤ ਭੇਖ-ਧਾਰੀ ਹਨ। ਗੁਰੂ ਜੀ ਪ੍ਰਣਵੈ=ਉਚਾਰਦੇ ਹਨ-ਜੋ ਪੁਰਸ਼ ਥਾਂ ਪਏ ਹਨ, ਉਨ੍ਹਾਂ ਦੀ ਜਾਤੀ ਪਾਤੀ ਕੈਸੀ ਹੈ? ਕਿੰਤੂ ਕੋਈ ਨਹੀਂ ਹੈ॥ ੪॥ ੧॥ ੩੩॥

[ਪੰਨਾ ੩੫੯]

ਆਸਾ ਘਰੁ ੫ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥

ਭੀਤਰਿ ਪੰਚ ਗੁਪਤ ਮਨਿ ਵਾਸੇ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥ ੧ ॥

ਮਨ ਵਿਚ ਹੀ ਪੰਜ ਕਾਮ ਕਰੋਧ ਆਦਿਕ ਗੁਪਤ=ਲੁਕ ਕੇ ਵੱਸ ਰਹੇ ਹਨ। ਇਸ ਕਰਕੇ ਮਨ ਥਿਰੁ ਨ ਰਹਹਿ=ਇਸਥਿਤ ਨਹੀਂ ਰਹਿੰਦਾ, ਉਦਾਸੀਆਂ ਜੈਸੇ=ਵਾਂਙ ਭਵਹਿ=ਭਟਕਦਾ ਫਿਰਦਾ ਹੈ॥ ੧॥

ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥

ਮੇਰਾ ਮਨ ਦਿਆਲੂ ਪਰਮਾਤਮਾ ਦੇ ਨਾਲ ਮਿਲ ਕੇ ਇਸਥਿਤ ਨਹੀਂ ਰਹਿੰਦਾ।

ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ॥ ੧ ॥ ਰਹਾਉ॥

ਲੋਭੀ, ਕਪਟੀ, ਪਾਪੀ ਅਤੇ ਪਖੰਡੀ ਹੋਣ ਕਰਕੇ ਮਾਇਆ ਵਿਚ ਬਹੁਤਾ ਲੱਗਾ ਰਹਿੰਦਾ ਹੈ।

ਫੂਲ ਮਾਲਾ ਗਲਿ ਪਹਿਰਉਗੀ ਹਾਰੋ॥

(ਜਗਿਆਸੂ ਰੂਪੀ ਇਸਤ੍ਰੀ ਕਥਨ ਕਰਦੀ ਹੈ-ਕਿ) ਪ੍ਰਫੁਲਤ ਹੋ ਕੇ ਗੁਣਾਂ ਦੇ ਗਾਇਣ ਕਰਨੇ ਰੂਪੀ ਫੁੱਲਾਂ ਦੀ ਮਾਲਾ ਦਾ ਹਾਰ ਬੁਧੀ ਰੂਪ ਗਲ ਵਿਚ ਪਹਿਰਾਂਗੀ। ਅਥਵਾ:- ਪ੍ਰਫੁਲਤ ਹੋ ਕੇ ਗੁਣਾਂ ਦੇ ਗਾਇਣ ਕਰਨੇ ਰੂਪੀ ਫੁੱਲਾਂ ਦੀ ਮਾਲਾ ਪਹਿਰਾਂਗੀ, ਅਤੇ ਹਰਿ ਹਰਿ ਕਰਨੇ ਰੂਪੀ ਹਾਰ ਨੂੰ ਪਹਿਰਾਂਗੀ।

ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ॥ ੨ ॥

ਜਦ ਇਸ ਪ੍ਰਕਾਰ ਸ਼ਿੰਗਾਰ ਕਰਾਂਗੀ ਤਦ ਪ੍ਰੀਤਮੁ=ਪਰਮਾਤਮਾ ਮਿਲੇਗਾ॥ ੨॥

ਪੰਚ ਸਖੀ ਹਮ ਏਕੁ ਭਤਾਰੋ॥ ਪੇਡਿ ਲਗੀ ਹੈ ਜੀਅੜਾ ਚਾਲਣਹਾਰੋ॥ ੩ ॥

ਪੰਜ ਸਖੀਆਂ ਗਿਆਨ ਇੰਦ੍ਰੀਆਂ ਹਨ, ਹਮ=ਹੰਗਤਾ ਵਸਿਸਟ ਜੋ ਜੀਵ ਹੈ, ਇਹ ਇਕ ਭਤਾਰੋ=ਪਤੀ ਹੈ। ਇਹ ਗੱਲ ਪੇਡਿ=ਆਦ ਤੋਂ ਲੱਗੀ ਆਈ ਹੈ, ਕਿ ਜੀਵ ਚਲਣੇ ਵਾਲਾ ਹੈ॥ ੩॥

ਪੰਚ ਸਖੀ ਮਿਲਿ ਰੁਦਨੁ ਕਰੇਹਾ॥

ਜਿਸ ਵੇਲੇ ਸਰੀਰ ਵਿਚੋਂ ਜੀਵਾਤਮਾ ਨਿਕਲਦਾ ਹੈ ਤਾਂ ਪੰਜ ਸਖੀ=ਗਿਆਨ ਇੰਦ੍ਰੀਆਂ ਮਿਲ ਕੇ ਰੋਣਾ ਕਰਦੀਆਂ ਹਨ, ਅਰਥਾਤ ਨੇਤ੍ਰ ਆਦਿਕਾਂ 'ਚੋਂ ਜਲ ਨਿਕਲਦਾ ਹੈ।

ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ॥ ੪ ॥ ੧ ॥ ੩੪ ॥

ਗੁਰੂ ਸਾਹਿਬ ਜੀ ਪ੍ਰਣਵਤਿ=ਉਚਾਰਦੇ ਹਨ-ਸਾਹੁ ਪਜੂਤਾ=ਪਰਮਾਤਮਾ ਦਾ, ਅਥਵਾ:- ਧਰਮ ਰਾਜੇ ਦਾ

ਫੜਿਆ ਹੋਇਆ ਇਹ ਜੀਵ ਲੇਖਾ ਦੇਹਾ=ਹਿਸਾਬ ਦੇਂਦਾ ਹੈ॥ ੪॥ ੧॥ ੩੪॥

੧ਓ ਸਤਿਗੁਰ ਪ੍ਰਸਾਦਿ॥ ਆਸਾ ਘਰੁ ੬ ਮਹਲਾ ੧॥

ਉਥਾਨਕਾ- ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਸੰਗਲਾ ਦੀਪ ਵਿਖੇ ਰਾਜੇ ਸ਼ਿਵਨਾਭ ਦੇ ਸੁੱਕੇ ਬਾਗ ਵਿਚ ਜਾਂ ਕੇ ਠਹਿਰੇ ਸਨ ਤਾਂ ਪਹਿਲੇ ਸੁੱਕਾ ਬਾਗ ਹਰਿਆ ਹੋ ਗਿਆ । ਫਿਰ ਜਦ ਰਾਜਾ ਨੇ ਪ੍ਰੀਖਿਆ ਲੈਣ ਵਾਸਤੇ ਅਪੱਛਰਾਂ ਭੇਜੀਆਂ ਤੇ ਉਨ੍ਹਾਂ ਨੇ ਆ ਕੇ ਬਹੁਤ ਤਰ੍ਹਾਂ ਦੇ ਹਾਵ-ਭਾਵ ਕੀਤੇ, ਪਰ ਗੁਰੂ ਸਾਹਿਬ ਜੀ ਅਡੋਲ ਰਹੇ।

ਪੁਨਾ-ਗੁਰੂ ਜੀ ਨੇ ਕਿਹਾ, ਗਾਛਹੁ ਪੁਤ੍ਰੀ ਰਾਜ ਕੁਆਰ॥ ਹੇ ਰਾਜ ਦਾਸੀ ਪੁਤਰੀਓ ! ਤੁਸੀਂ ਇਥੋਂ ਚਲੀਆਂ ਜਾਵੋ, ਜਦ ਉਨ੍ਹਾਂ ਨੂੰ ਪੁਤ੍ਰੀ ਪਦ ਦਿਤਾ ਤਿਸ ਵੇਲੇ ਉਹ ਸ਼ਰਮਸਾਰ ਹੋ ਗਈਆਂ। ਤੇ ਗੁਰੂ ਜੀ ਨੇ ਪੁਛਿਆ, ਤੁਸੀਂ ਕਿਸ ਵਾਸਤੇ ਆਈਆਂ ਹੋ ? ਤਾਂ ਉਨ੍ਹਾਂ ਆਖਿਆ, ਤੁਹਾਨੂੰ ਮੋਹਤ ਕਰਨ ਆਈਆਂ ਹਾਂ। ਤਦ ਗੁਰੂ ਜੀ ਨੇ ਕਿਹਾ, ਤੁਸੀਂ ਭੀ ਔਰਤਾਂ, ਮੈਂ ਭੀ ਔਰਤ। ਔਰਤ, ਔਰਤ ਨੂੰ ਮੋਹਤ ਨਹੀਂ ਕਰ ਸਕਦੀ। ਔਰਤ ਪੁਰਸ਼ ਨੂੰ, ਤੇ ਪੁਰਸ਼ ਔਰਤ ਨੂੰ ਮੋਹਤ ਕਰ ਸਕਦਾ ਹੈ। ਅਸਾਂ ਸਾਰਿਆਂ ਦਾ ਪਤੀ ਪਰਮਾਤਮਾ ਹੈ, ਤੁਸੀਂ ਮੇਰੇ ਕਹੇ ਲੱਗ ਕੇ ਐਸਾ ਸੀਗਾਰ ਕਰੋ, ਜਿਸ ਕਰਕੇ ਪਰਮੇਸ਼ਰ-ਪਤੀ ਪ੍ਰਸੰਨ ਹੋ ਜਾਵੇ।

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥

ਮਨ ਨੂੰ ਮੋਤੀ ਵਾਂਗ ਸ਼ੁਧ ਕਰਨਾ ਇਹ ਜੇਕਰ ਮੋਤੀ ਚੂਰ ਗਹਿਣਾ ਹੋਵੇ, ਅਤੇ ਪਉਣੁ=ਸ੍ਵਾਸ-ਸ੍ਵਾਸ ਭਜਨ ਕਰਨਾ ਇਸ ਸੂਤ ਵਿਚ ਉਹ ਗਹਿਣਾ ਧਾਰਿਆ ਹੋਇਆ ਹੋਵੇ।

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥ ੧॥

ਅਤੇ ਜੀਵ ਰੂਪੀ ਇਸਤ੍ਰੀ ਖਿਮਾਂ ਰੂਪੀ ਸ਼ਿੰਗਾਰ ਨੂੰ ਤਨ ਉਤੇ ਪਹਿਰੇ, ਤਾਂ ਲਾਲ ਵਤ ਬੇਕੀਮਤਾ ਜੋ ਪਰਮੇਸ਼ਰ ਹੈ, ਉਸ ਦੇ ਆਨੰਦ ਨੂੰ ਇਹ ਪਿਆਰੀ ਇਸਤਰੀ ਰਾਵੈ=ਭੋਗਦੀ ਹੈ।

ਲਾਲ ਬਹੁ ਗੁਣਿ ਕਾਮਣਿ ਮੋਹੀ॥ ਤੇਰੇ ਗੁਣ ਹੋਹਿ ਨ ਅਵਰੀ॥ ੧॥ ਰਹਾਉ॥

ਹੇ ਲਾਲ ਵਤ ਅਣਮੁੱਲੇ ਬਹੁਤ ਗੁਣਾਂ ਵਾਲੇ ਪਰਮੇਸ਼ਰ ! ਆਪ ਦੇ ਵਿਚ ਮੈਂ ਕਾਮਣਿ=ਇਸਤਰੀ ਦੀ ਬੁਧੀ ਮੋਹਤ ਹੋ ਗਈ ਹੈ। ਤੇਰੇ ਵਰਗੇ ਸੁੰਦਰ ਗੁਣ ਹੋਰ ਕਿਸੇ ਵਿਚ ਨਹੀਂ ਹੁੰਦੇ।

ਅਥਵਾ:- ਅਵਰੀ=ਆਵਰਿਆਂ, ਭਾਵ ਝੱਲਿਆਂ ਵਿਚ ਤੇਰੇ ਗੁਣ ਨਹੀਂ ਹੁੰਦੇ॥ ੧॥ ਰਹਾਉ।

ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥

ਹਰਿ ਹਰਿ ਕਰਨੇ ਰੂਪੀ ਹਾਰ ਨੂੰ ਲੈ ਕੇ ਗਲ ਵਿਚ ਪਹਿਰੇ, ਦਾਮੋਦਰ ਦਾਮੋਦਰ ਕਰਨੇ ਰੂਪੀ ਦੰਦਾਸਾ ਦੰਦਾਂ ਵਿਚ ਲੈਣਾ ਕਰੇ।

ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥ ੨॥

ਕਰਤਾਰ ਕਰਤਾਰ ਕਰਨਾ ਇਹ ਕੰਗਨ ਹੱਥ ਵਿਚ ਪਹਿਰਣਾ ਕਰੇ, ਇਸ ਵਿਧੀ ਦਵਾਰਾ ਚਿਤ ਵਿਚ ਹਰੀ ਨੂੰ ਧਾਰਨਾ ਕਰੇ। *ਅਥਵਾ:-* ਇਸ ਵਿਧੀ ਨਾਲ ਚਿਤ ਧੀਰਜ ਨੂੰ ਧਾਰਦਾ ਹੈ॥ ੨॥

ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥

ਮਧੁ ਸੂਦਨ ਮਧੁ ਸੂਦਨ ਕਰਨਾ ਇਹ ਹੱਥ ਵਿਚ ਮੁੰਦਰੀ ਪਹਿਰੇ, ਪਰਮੇਸ਼ਰ ਪਰਮੇਸ਼ਰ ਕਰਨਾ ਇਹ ਪਟੁ

ਲੇਈ=ਬਸਤ੍ਰ ਲੈਣਾ ਕਰੇ।

ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥ ੩ ॥

ਕਾਮਣਿ=ਇਸਤ੍ਰੀ ਨੂੰ ਚਾਹੀਦਾ ਹੈ ਕਿ ਧੀਰਜਤਾ ਰੂਪੀ ਧੜੀ=ਮੇਡੀਆਂ ਦੇ ਬੰਧਾਵੈ=ਗੁੰਦਨੇ ਵਿਚ ਆਵੇ। *ਅਥਵਾ:-* ਧੁੜਾ ਇਕ ਗਹਿਣਾ ਭੀ ਹੈ। ਸ੍ਰੀ ਰੰਗ ਸ੍ਰੀ ਰੰਗ ਦਾ ਜਾਪ ਕਰਨਾ ਇਹ ਸੁਰਮਾ ਬੁੱਧੀ ਰੂਪ ਅੱਖਾਂ ਵਿਚ ਪਾ ਲਵੇ ॥ ੩॥

ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥

ਮਨ ਰੂਪੀ ਮੰਦਰ ਵਿਚ ਜੇਕਰ ਗੁਰ ਉਪਦੇਸ਼ ਰੂਪ ਦੀਵੇ ਨੂੰ ਬਾਲੇ, ਅਤੇ ਕਾਇਆ=ਬੁੱਧੀ ਨੂੰ ਸ਼ਰਧਾ ਵਿਸ਼ਿਸ਼ਟ ਸੇਜਾ ਕਰੇ।

ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥ ੪ ॥ ੧ ॥ ੩੫ ॥

ਜਿਸ ਵੇਲੇ ਗਿਆਨ ਰਾਉ=ਗਿਆਨ ਸਰੂਪ ਪਰਮੇਸ਼ਰ ਸ਼ਰਧਾ ਵਿਸ਼ਿਸ਼ਟ ਅੰਤਹਕਰਨ ਰੂਪ ਸੇਜਾ ਉਤੇ ਆਉਂਦਾ ਹੈ ਤਾਂ ਇਹ ਇਸਤਰੀ ਉਸ ਦੇ ਅਨੰਦ ਨੂੰ ਭੋਗਣਾ ਕਰਦੀ ਹੈ॥ ੪॥ ੧ ॥ ੩੫॥

ਆਸਾ ਮਹਲਾ ੧ ॥

ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ॥

ਕੀਤਾ ਹੋਇਆ ਜੀਵ ਪਰਮੇਸ਼ਰ ਦਾ ਕਰਾਇਆ ਹੋਇਆ ਸਭ ਕੰਮ ਕਰਦਾ ਹੈ, ਹੇ ਭਾਈ ! ਤਿਸ ਪਰਮੇਸ਼ਰ ਨੂੰ ਭਲਾ ਕੀ ਕਹਿਣਾ ਹੈ।

ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ॥ ੧ ॥

ਜੋ ਕੁਛ ਪਰਮੇਸ਼ਰ ਨੇ ਕਰਨਾ ਹੈ, ਓਹੀ ਕਰ ਰਿਹਾ ਹੈ। ਕੀਤੇ ਹੋਏ ਜੀਵ ਵਿਚ ਭਲਾ ਕੀ ਚਤੁਰਾਈ ਹੈ॥ ੧ ॥

ਤੇਰਾ ਹੁਕਮੁ ਭਲਾ ਤੁਧੁ ਭਾਵੈ॥
ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ॥ ੧ ॥ ਰਹਾਉ ॥

ਹੇ ਵਾਹਿਗੁਰੂ ਤੇਰਾ ਹੁਕਮ ਮੰਨਣਾ ਭਲਾ ਹੈ, ਹੁਕਮ ਮੰਨਣ ਵਾਲਾ ਜੀਵ ਆਪ ਨੂੰ ਭਾਂਵਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਤਿਸ ਪੁਰਸ਼ ਨੂੰ ਵਡਿਆਈ ਮਿਲਦੀ ਹੈ, ਜੋ ਸੱਚੇ ਨਾਮ, ਵਾ ਨਾਮੀ ਵਿਚ ਸਮਾਂਵਦਾ ਹੈ॥ ੧ ॥ ਰਹਾਉ।

ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ॥

ਕਿਰਤੁ ਪਇਆ=ਕਰਮਾਂ ਦੇ ਪਏ ਅਨੁਸਾਰ ਜੈਸਾ ਪਰਵਾਣਾ=ਚਿੱਠਾ ਲਿਖਿਆ ਗਿਆ ਹੈ ਤਿਸਦੇ ਉਪਰ ਫਿਰ ਹੋਰ ਕੋਈ ਨਵਾਂ ਹੁਕਮ ਨਹੀਂ ਹੁੰਦਾ।

ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ॥ ੨ ॥

ਈਸ਼ੂਰ ਨੇ ਜੈਸਾ ਲੇਖ ਲਿਖਿਆ ਹੈ ਤੈਸਾ ਹੀ ਮੱਥੇ ਤੇ ਪਿਆ ਹੈ, *ਅਥਵਾ:-*ਜੀਵ ਤੈਸੇ ਹੀ ਕਰਮਾਂ ਦੇ ਕਰਨ

ਵਿਚ ਪਿਆ ਹੈ, ਭੋਗੇ ਤੋਂ ਬਗੈਰ ਲੇਖ ਨੂੰ ਕੋਈ ਮੇਟ ਨਹੀਂ ਸਕਦਾ ॥ ੨ ॥

ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥

ਜਿਹੜਾ ਕੋਈ ਸਤਿਸੰਗ ਦਰਗਾਹ ਵਿਚ ਬਹੁਤਾ ਬੋਲਦਾ ਹੈ, ਉਸ ਦਾ ਨਾਂ ਬਾਜਾਰੀ=ਮਸ਼ਕਰਾ ਪੈਂਦਾ ਹੈ।

ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ ॥ ੩ ॥

ਦ੍ਰਿਸ਼ਟਾਂਤ ਜੈਸੇ ਸ਼ਤਰੰਜ ਬਾਜ਼ੀ=ਚੌਪੜ ਦੀ ਬਾਜ਼ੀ ਵਿਚ ਜਿਹੜੀ ਨਰਦ ਪੁਗਦੀ ਨਹੀਂ, ਉਹ ਕੱਚੀ ਨਰਦ ਬਾਰ-ਬਾਰ ਆਉਂਦੀ ਹੈ। ਤੈਸੇ ਚੌਪੜ ਦੀ ਬਾਜ਼ੀ ਇਹ ਸੰਸਾਰ ਹੈ, ਇਸ ਵਿਚ ਜੋ ਜੀਵ ਰੂਪੀ ਨਰਦ ਗਿਆਨ ਨਾਲ ਪੱਕਦੀ ਨਹੀਂ, ਸਾਧਨ ਸੰਪਤੀ ਤੋਂ ਰਹਿਤ ਹੋਣ ਕਰਕੇ ਜਿਹੜੀ ਕੱਚੀ ਹੈ; ਉਹ ਜੀਵ ਰੂਪੀ ਨਰਦ ਚੌਰਾਸੀ ਲੱਖ ਜੂਨਾਂ ਰੂਪੀ ਖਾਨਿਆਂ ਵਿਚ ਆਉਂਦੀ ਜਾਂਦੀ ਹੈ। ਚੌਪੜ ਵਿਚ ਇਕ ਖਾਨੇ ਦਾ ਨਾਮ ਚੀਰਾ ਹੈ, ਉਸ ਵਿਚ ਜਿਹੜੀ ਗੋਟੀ ਆ ਜਾਵੇ; ਉਹ ਫਿਰ ਨਹੀਂ ਮਰਦੀ । ਇਸੇ ਤਰ੍ਹਾਂ ਜਿਹੜੀ ਜੀਵ ਰੂਪੀ ਗੋਟੀ ਸਤਸੰਗਤਿ ਰੂਪੀ ਚੀਰੇ ਵਿਚ ਆ ਜਾਵੇ, ਉਹ ਫਿਰ ਨਹੀਂ ਮਰਦੀ ॥ ੩ ॥

ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥

ਆਪਣੇ ਆਪ ਨਾ ਕੋਈ ਪੜ੍ਹਿਆ ਹੋਇਆ ਹੈ, ਨਾ ਹੀ ਕੋਈ ਪੰਡਿਤ ਹੈ, ਨਾ ਹੀ ਕੋਈ ਬੀਨਾ=ਦ੍ਰਿਸ਼ਟਾ ਹੈ, ਨਾ ਹੀ ਕੋਈ ਮੂਰਖ ਹੈ, ਨਾ ਹੀ ਕੋਈ ਮੰਦੇ ਸੰਕਲਪਾਂ ਦੇ ਚਿਤਵਨ ਵਾਲਾ ਹੈ।

ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥ ੪ ॥ ੨ ॥ ੩੬ ॥

ਬੰਦੀ=ਮਾਇਆ ਦੇ ਵਿਚ ਹੀ ਜਿਸ ਦੇ ਪਾਸੋਂ ਸਿਫਤ ਕਰਾਂਵਦਾ ਹੈ। *ਅਥਵਾ:-* ਬੰਦੀ=ਬੰਦਗੀ ਦੇ ਅੰਦਰ ਇਸਥਿਤ ਕਰਾ ਕੇ ਜਿਸ ਪਾਸੋਂ ਆਪਣੀ ਸਿਫਤ ਕਰਾਂਵਦਾ ਹੈ, ਉਸ ਨੂੰ ਬੰਦਾ=ਦਾਸ ਕਹਿਣਾ ਚਾਹੀਦਾ ਹੈ ॥ ੪ ॥ ੨ ॥ ੩੬ ॥

ਆਸਾ ਮਹਲਾ ੧ ॥

ਉਥਾਨਕਾ- ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਤ੍ਰਿਯਾ ਰਾਜ ਤੋਂ ਹੋ ਕੇ ਅੱਗੇ ਭਰਥਰੀ ਆਸ਼੍ਰਮ ਪਹੁੰਚੇ, ਉਥੇ ਜਾ ਕੇ ਅਜੇ ਇਸਥਿਤ ਹੀ ਹੋਏ ਸਨ। ਉਸ ਵੇਲੇ ਕਿਸੇ ਕੰਮ ਵਾਸਤੇ ਭਰਥਰੀ ਬਾਹਰ ਨਿਕਲਿਆ, ਤੇ ਗੁਰੂ ਜੀ ਦੇ ਚੇਹਰੇ ਦਾ ਦਰਸ਼ਨ ਕਰਦੇ ਬਹੁਤ ਪ੍ਰਸੰਨ ਹੋਇਆ, ਫਿਰ ਤਾਂ ਉਸ ਨੂੰ ਆਪਣਾ ਕੰਮ ਹੀ ਭੁੱਲ ਗਿਆ, ਤੇ ਪਾਸ ਆ ਕੇ ਆਖਦਾ ਹੈ, ਆਪ ਕਿਸ ਦੇਸ਼ ਤੋਂ ਆਏ ਹੋ ਅਤੇ ਕਿਥੇ ਜਾ ਰਹੇ ਹੋ? ਤੁਹਾਡਾ ਨਾਮ ਕੀ ਹੈ ? ਉਸ ਵੇਲੇ ਗੁਰੂ ਜੀ ਦਾ ਰੁਖ ਵੇਖ ਕੇ ਭਾਈ ਬਾਲੇ ਨੇ ਕਿਹਾ, ਸਾਡਾ ਪੰਜਾਬ ਦੇਸ਼ ਹੈ, ਅਤੇ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਗੁਰੂ ਜੀ ਦਾ ਨਾਮ ਸੁਣ ਕੇ ਭਰਥਰੀ ਬੜਾ ਪ੍ਰਸੰਨ ਹੋਇਆ, ਚਰਨਾਂ ਉੱਤੇ ਡਿੱਗ ਪਿਆ, ਤੇ ਕਹਿੰਦਾ ਹੈ, ਮੇਰੇ ਧੰਨ ਭਾਗ ਹਨ, ਮੈਂ ਤਾਂ ਚਿਰੰਕਾਲ ਦਾ ਆਪ ਜੀ ਨੂੰ ਉਡੀਕਦਾ ਸੀ, ਆਪ ਜੀ ਦੇ ਦਰਸ਼ਨ ਕੀਤਿਆਂ ਅੱਜ ਮੇਰੇ ਸਭ ਸਾਧਨ ਸਫਲ ਹੋ ਗਏ ਹਨ।

ਤਿਸ ਵੇਲੇ ਗੁਰੂ ਜੀ ਨੇ ਪੁਛਿਆ, ਭਰਥਰੀ ! ਤੂੰ ਸਾਨੂੰ ਕਿਵੇਂ ਜਾਣਦਾ ਹੈਂ ? ਤਾਂ ਭਰਥਰੀ ਨੇ ਕਿਹਾ, ਇਕ ਸਮੇਂ ਮੈਨੂੰ ਨਾਰਦ ਮੁਨੀ ਜੀ ਮਿਲੇ ਸਨ, ਮੈਂ ਉਹਨਾਂ ਦੇ ਚਰਨਾਂ ਪਰ ਮੱਥਾ ਟੇਕ ਕੇ ਕੁਝ ਪੁਛਣ ਵਾਸਤੇ ਬੇਨਤੀ ਕੀਤੀ ਤਾਂ ਨਾਰਦ ਜੀ ਨੇ ਕਿਹਾ-

ਯਥਾ- ਸੁਨਤ ਦੇਵ ਰਿਖ ਮੁਝ ਸੋਂ ਭਾਖਾ। ਜੋ ਕੁਝ ਤੁਮਹਿਂ ਰਿਦੈ ਅਭਿਲਾਖਾ ॥ ੧੪॥
ਸਰਬ ਬਤਾਵਹਿਂ ਸ਼੍ਰੀ ਜਗ ਸਾਈਂ। ਛਿਤ ਅਵਤਾਰ ਲੀਨ ਅਬ ਜਾਈ।
ਸ਼੍ਰੀ ਨਾਨਕ ਨਿਜ ਨਾਮ ਧਰਾਵਹਿਂ। ਭਗਤਿ ਜਗਤਿ ਮਹਿ ਮਗ ਪ੍ਰਗਟਾਵਹਿਂ॥ ੧੫॥

(ਪੂਰਬ: ਅਧਿ: ੫੦)

ਅਤੇ ਸਾਰੀ ਪ੍ਰਿਥਵੀ ਪਰ ਚੱਕਰ ਲਗਾ ਕੇ ਸਿੱਧਾਂ ਨਾਲ ਚਰਚਾ ਕਰਨਗੇ ਤੇ ਤੈਨੂੰ ਪਹਿਲੇ ਆ ਕੇ ਮਿਲਣਗੇ, ਸੋ ਨਾਰਦ ਜੀ ਦੇ ਬਚਨਾਂ ਅਨੁਸਾਰ ਅੱਜ ਆਪ ਜੀ ਦਾ ਦਰਸ਼ਨ ਕੀਤਾ ਹੈ।

ਤਿਸ ਵੇਲੇ ਗੁਰੂ ਜੀ ਨੇ ਕਿਹਾ, ਹੇ ਭਰਥਰੀ ! ਜੋ ਪੁਛਣ ਦੀ 'ਇਛਾ' ਹੈ, ਉਹ ਤੂੰ ਪੁਛ ਲੈ। ਤਾਂ ਭਰਥਰੀ ਨੇ ਕਿਹਾ ਕਿ ਮੈਂ ਹਠ ਜੋਗ ਦੀ ਮਹਾਨ ਪਰਕਿਰਿਆ ਕਰਕੇ ਮਨ ਨੂੰ ਵੱਸ ਕੀਤਾ ਹੈ, ਕਿਉਂਕਿ ਮਨ ਦੇ ਵੱਸ ਕਰਨ ਨਾਲ ਹੀ ਸ਼ੁਭਗਤੀ ਹੁੰਦੀ ਹੈ। ਪਰ ਇਹ ਦਸੋ: ਭਗਤੀ ਵਿਖੇ ਮਨ ਕਿਵੇਂ ਵਸੀਕਾਰ ਹੁੰਦਾ ਹੈ ? ਇਕ ਸੰਸਾ ਮੈਨੂੰ ਇਹ ਹੈ। ਅਤੇ ਦੂਜਾ ਸੰਸਾ ਇਹ ਹੈ ਕਿ- ਸਿਧ ਲੋਕ ਤਾਂ ਸ਼ਰਾਬ ਦੇ ਪਿਆਲੇ ਨੂੰ ਪੀ ਕੇ ਮਸਤ ਹੁੰਦੇ ਹਨ ਤੇ ਰਾਤ ਦਿਨੇ ਲਿਵ ਲੱਗੀ ਰਹਿੰਦੀ ਹੈ। ਪਰੰਤੂ ਭਗਤੀ ਮਾਰਗ ਵਿਚ ਕਿਸ ਦੇ ਬਲ ਕਰਕੇ ਇਕ ਹਰੀ ਦੇ ਰੰਗ ਵਿਚ ਲਿਵ ਲਗਦੀ ਹੈ।

ਤਾਂ ਗੁਰੂ ਜੀ ਨੇ ਕਿਹਾ, ਹੇ ਭਰਥਰੀ ! ਜੋ ਤੂੰ ਕਿਹਾ ਹੈ ਠੀਕ ਹੈ ਕਿ ਯੋਗ ਤੋਂ ਬਿਨਾਂ ਮਨ ਨਿਰਮਲ ਨਹੀਂ ਹੁੰਦਾ। ਪਰ ਕਲਜੁਗ ਵਿਚ ਯੋਗ ਕਰਨਾ ਬੜਾ ਕਠਨ ਹੈ; ਇਸੀ ਕਰਕੇ ਭਗਤੀ ਮਾਰਗ ਇਕ ਸੁਖੈਣ ਰਸਤਾ ਚਲਾਇਆ ਹੈ। ਜਿਹੜੇ ਪੁਰਸ਼ ਮੁਕਤੀ ਚਾਹੁੰਦੇ ਹਨ ਅਤੇ ਹਰੀ-ਰੰਗ ਵਿਚ ਰੰਗਿਆ ਚਾਹੁੰਦੇ ਹਨ, ਉਹ ਇਸ ਪ੍ਰਕਾਰ ਜੋਗ ਦੇ ਲੱਛਣ ਧਾਰਦੇ ਹਨ-

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥

ਗੁਰਾਂ ਦਾ ਉਪਦੇਸ਼ ਜਿਹੜਾ ਧਾਰਨਾ ਹੈ ਇਹੀ ਮਨ ਚਿਤ ਰੂਪ ਦੋ ਕੰਨਾਂ ਵਿਚ ਮੁੰਦਰਾਂ ਪਹਿਰਨਾ ਕਰੋ, ਖਿਮਾ ਰੂਪੀ ਖਿੰਥਾ=ਗੋਦੜੀ ਨੂੰ ਹੰਢਾਵੋ।

ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ॥ ੧॥

ਜੋ ਕੁਝ ਵਾਹਿਗੁਰੂ ਕਰਦਾ ਹੈ ਉਸ ਨੂੰ ਚੰਗਾ ਕਰਕੇ ਮੰਨੋ, ਤਾਂ ਸਹਿਜੇ ਹੀ, *ਅਥਵਾ:-* ਸਹਜ=ਗਿਆਨ ਜੋਗ ਦੀ ਨਿਧੀ ਰੂਪ ਪਰਮੇਸ਼ਰ ਨੂੰ ਪਾਉਗੇ॥ ੧॥

[ਪੰਨਾ ੩੬੦]

ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥

ਬਾਬਾ=ਹੇ ਭਰਥਰੀ ਜੀ ! ਜੁਗਾਂ ਜੁਗਾਂ ਦੀਆਂ ਜੁਗਤੀਆਂ ਵਿਖੇ ਜੋ ਜੀਉ=ਜੀਵ ਜੋਗੀ=ਜੁੜ ਰਿਹਾ ਸੀ, ਉਸ ਵਲੋਂ ਹਟਾ ਕੇ ਹੁਣ ਅਸੀਂ ਜੀਵ ਨੂੰ ਪਰਮ ਤੰਤ=ਸਿਧਾਂਤ ਰੂਪ ਪਰਮਾਤਮਾ ਵਿਚ ਜੋਗੰ=ਜੋੜਿਆ ਹੈ।

ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ॥੧॥ਰਹਾਉ॥

ਨਿਰੰਜਨ ਮਾਇਆ ਮਲ ਤੋਂ ਰਹਿਤ ਸ਼ੁਧ ਵਾਹਿਗੁਰੂ ਦਾ ਨਾਮ-ਅੰਮ੍ਰਿਤ ਮੈਂ ਪਾਇਆ ਹੈ, ਅਤੇ ਕਾਇਆ=ਬੁੱਧੀ ਅੰਦਰ ਗਿਆਨ-ਰਸ ਨੂੰ, *ਅਥਵਾ:-* ਗਿਆਨ ਦੁਆਰਾ ਆਤਮ-ਰਸ ਨੂੰ ਭੋਗਣਾ ਕੀਤਾ ਹੈ। ਏਹੀ ਭੁਗਤ ਛਕੀ ਹੈ॥ ੧॥ ਰਹਾਉ॥

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥

ਸ਼ਿਵ ਨਗਰੀ, ਅਰਥਾਤ ਪਰਮਾਤਮਾ ਵਿਖੇ ਜਿਹੜਾ ਬੈਠੇ ਹਾਂ ਏਹੀ ਸਾਡਾ ਆਸਣ ਹੈ, ਬਾਦੰ=ਵਿਅਰਥ ਕਲਪਣਾ ਅਸੀਂ ਤਿਆਗ ਦਿੱਤੀ ਹੈ।

ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥ ੨ ॥

ਸਿੰਙੀ ਦੇ ਸ਼ਬਦ ਦੀ ਧੁਨੀ ਸਦਾ ਕਿਹੜੀ ਸ਼ੋਭਨੀਕ ਹੋ ਰਹੀ ਹੈ?

ਉੱਤਰ:-ਜਿਹੜਾ ਦਿਨ ਰਾਤ ਇਕ ਰਸ ਗੁਰਾਂ ਦੇ ਨਾਦੰ=ਉਪਦੇਸ਼ ਦਾ ਪੂਰੈ=ਉਚਾਰਨਾ ਹੈ, ਇਹ ਸਿੰਙੀ ਦੇ ਸ਼ਬਦ ਦੀ ਧੁਨੀ ਸਦਾ ਸੋਭ ਰਹੀ ਹੈ।

ਅਥਵਾ:- ਸਿੰਙੀ ਹੋਰ ਹੁੰਦੀ ਹੈ, ਨਾਦ ਹੋਰ ਹੁੰਦਾ ਹੈ, ਦੋਨੋਂ ਵੱਖੋ-ਵੱਖਰੇ ਹਨ, ਇਸ ਲਈ ਇਸ ਤਰ੍ਹਾਂ ਅਰਥ ਕਰਨਾ, ਕਿ-ਸਬਦੁ=ਬ੍ਰਹਮ ਦਾ ਜਿਹੜਾ ਉਚਾਰਨਾ ਹੈ ਇਹ ਤਾਂ ਸਿੰਙੀ ਦੀ ਧੁਨ ਸਦਾ ਸੋਭ ਰਹੀ ਹੈ। ਅਤੇ ਗੁਰਾਂ ਦੇ ਉਪਦੇਸ਼ ਦਾ ਜਿਹੜਾ ਉਚਾਰਨਾ ਹੈ ਇਹ ਨਾਦ ਦਾ ਪੂਰਨਾ ਹੈ।

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥

ਵੀਚਾਰ ਰੂਪੀ ਪਾਤ੍ਰ ਭਾਵ ਚਿਪੀ ਹੈ, ਮਤੀ ਵਿਚ ਜੋ ਗਿਆਨ ਹੈ, ਇਹ ਡੰਡਾ ਹੈ। ਵਰਤਮਾਨ ਤੋਂ ਲੈ ਕੇ ਤਿੰਨਾਂ ਸਮਿਆਂ ਵਿਚ ਜੋ ਜਗਤ ਨੂੰ ਮਿਥਿਆ ਰੂਪ ਜਾਣਿਆ ਹੈ, ਇਹ ਵਿਭੂਤੀ (ਸੁਆਹ) ਮਲੀ ਹੈ।

ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥ ੩ ॥

ਹਰੀ ਦੀ ਕੀਰਤੀ ਕਰਨੀ ਏਹੀ ਸਾਡੀ ਰਹਰਾਸਿ=ਰਹੁ-ਰੀਤੀ ਭਾਵ ਮਰਯਾਦਾ ਹੈ। *ਅਥਵਾ:*-ਇਹੀ ਸਾਡੀ ਰਾਸਿ=ਪੂੰਜੀ ਰਹਿ ਆਈ ਹੈ, ਗੁਰਾਂ ਦੁਆਰੇ ਜੋ ਤਿੰਨਾਂ ਗੁਣਾਂ ਤੋਂ ਅਤੀਤੰ=ਰਹਿਤ ਹੋਏ ਹਾਂ ਏਹੀ ਸਾਡਾ ਆਈ ਪੰਥ ਹੈ॥ ੩ ॥

ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥

ਅੰਨ੍ਹੈ ! ਨਾਨਾ ਵਰਨ ਤੇ ਅਨੇਕ ਆਸ਼੍ਰਮ ਇਨ੍ਹਾਂ ਸਾਰਿਆਂ ਵਿਖੇ ਜਿਹੜੀ ਪਰਮਾਤਮਾ ਦੀ ਜੋਤ ਨਿਸ਼ਚੇ ਕੀਤੀ ਹੈ, ਏਹੀ ਸਾਡੀ ਸੰਮਿਆ=ਸੰਗਿਆ ਹੈ।

ਅਥਵਾ:- ਗਿਆਨ=ਚੰਦੋਆ ਹੈ। *ਅਥਵਾ:*- ਸੰਮਿਆ=ਚਾਦਰਾ ਹੈ।

ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥ ੪ ॥ ੩ ॥ ੩੭ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਰਥਰੀ ! ਇਸ ਤਰ੍ਹਾਂ ਤੂੰ ਵੀ ਇਕ ਪਾਰਬ੍ਰਹਮ ਵਿਚ ਲਿਵ ਨੂੰ ਲਗਾਵਣਾ ਕਰ ॥ ੪ ॥ ੩ ॥ ੩੭ ॥

ਆਸਾ ਮਹਲਾ ੧ ॥

ਉਥਾਨਕਾ-ਸਾਡੇ ਮਤ ਵਿਚ ਸ਼ਰਾਬ ਦੇ ਪਿਆਲੇ ਨੂੰ ਪੀ ਕੇ ਸਿਧ ਲੋਕ ਮਸਤ ਹੁੰਦੇ ਹਨ, ਆਪ ਦੇ ਮਤ ਵਿਚ ਸ਼ਰਾਬ ਕਿਹੜੀ ਹੈ ? *ਗੁਰ ਉੱਤਰ-*

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥

ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥ ੧ ॥

ਸ਼ਾਸਤ੍ਰ ਗਿਆਨ ਨੂੰ ਗੁੜ ਕਰੇ, ਜੋ ਧਿਆਨ ਲਵਾਉਣਾ ਹੈ ਇਹੀ ਧਾਵੇ ਦਾ ਫੁਲ ਪਾਉਣਾ ਕਰੇ, ਅਤੇ ਨਿਸ਼ਕਾਮ ਕਰਮਾਂ ਦੀ ਕਰਣੀ ਇਹ ਕਸੁ=ਕਿੱਕਰ ਦਾ ਸੱਕ ਪਾਵੇ।

ਚੌਦਾ ਭਵਨਾਂ ਨੂੰ ਨਾਸ ਰੂਪ ਸਮਝਣਾ ਇਹ ਭੱਠੀ, *ਅਥਵਾ:-* ਚੌਦਾਂ ਭਵਨਾਂ ਵਿਚ ਪੂਰਨ ਜੋ ਚੇਤਨ ਹੈ, ਉਸ ਚੇਤਨ ਦੇਵ ਨੂੰ ਭੱਠੀ ਕਰੇ, ਭਗਤੀ ਰੂਪ ਘੜੀ, ਤੇ ਪ੍ਰੇਮ ਦਾ ਪੋਚਾ ਪਾਵੇ, ਇਸ ਪ੍ਰਕਾਰ ਬ੍ਰਹਮਾਨੰਦ ਰੂਪੀ ਅੰਮ੍ਰਿਤ-ਰਸ ਚੁਆਣਾ ਕਰੇ।

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥

ਬਾਬਾ=ਹੇ ਭਰਥਰੀ ! ਨਾਮ-ਰਸ ਨੂੰ ਪੀਵੇ ਤਾਂ ਮਨ ਮਤਵਾਰੋ=ਮਸਤ ਹੁੰਦਾ ਹੈ, ਅਤੇ ਸੁੱਤੇ ਹੀ ਉਸ ਦੇ ਰੰਗਿ=ਅਨੰਦ ਵਿਚ ਰਚ ਰਹਿੰਦਾ ਹੈ।

ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧ ॥ਰਹਾਉ ॥

ਦਿਨ ਰਾਤ ਜਿਹੜੀ ਪ੍ਰੇਮ ਵਿਚ ਲਿਵ ਲੱਗੀ ਹੈ ਇਹੀ ਇਕ ਬਨੀ=ਬਰੀਚੀ ਹੈ, *ਅਥਵਾ:-*ਦਿਨ ਰਾਤ ਪ੍ਰੇਮ ਵਿਖੇ ਲਿਵ ਲੱਗਣੀ ਬਣ ਆਈ ਹੈ, ਅਤੇ ਅਨਾ+ਹਦ=ਹਦ ਤੋਂ ਰਹਿਤ ਜੋ ਸਬਦੁ=ਬ੍ਰਹਮ ਹੈ ਉਸ ਨੂੰ ਗ੍ਰਹਿਣ ਕੀਤਾ ਹੈ॥ ੧ ॥ ਰਹਾਉ॥

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥

ਸੱਚ ਨਾਮ ਰੂਪੀ ਪਿਆਲਾ ਬ੍ਰਹਮਾਨੰਦ ਰੂਪੀ ਸ਼ਰਾਬ ਕਰਕੇ ਪੂਰਨ ਹੈ, ਤਿਸ ਨੂੰ ਸੁੱਤੇ ਹੀ ਪਿਲਾਂਵਦਾ ਹੈ, ਜਿਸ ਉਤੇ ਕਿਰਪਾ-ਦ੍ਰਿਸ਼ਟੀ ਕਰਦਾ ਹੈ।

ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ ੨ ॥

ਜੋ ਪੁਰਸ਼ ਨਾਮ, *ਅਥਵਾ:-* ਬ੍ਰਹਮਾਨੰਦ ਰੂਪੀ ਅੰਮ੍ਰਿਤ ਦਾ ਵਾਪਾਰੀ ਹੁੰਦਾ ਹੈ, ਉਹ ਫਿਰ ਤੁਹਾਡੇ ਛੂਛੈ= ਤੁਛ ਮਦ ਵਿਚ ਕੀ ਪ੍ਰੇਮ ਧਾਰਦਾ ਹੈ, ਕਿੰਤੂ ਨਹੀਂ ਧਾਰਦਾ॥ ੨ ॥

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥

ਗੁਰਾਂ ਦੀ ਸਾਖੀ=ਸਿਖਿਆ ਦੁਆਰੇ ਜਿਸ ਨੇ ਨਾਮ ਅੰਮ੍ਰਿਤ ਬਾਣੀ ਨੂੰ ਪੀਤਾ ਹੈ, ਉਹ ਪੀਂਦਿਆਂ ਹੀ ਪ੍ਰਮਾਣੀਕ ਹੋ ਗਿਆ ਹੈ।

ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥ ੩ ॥

ਦਰ=ਅੰਦਰ ਜੋ ਪਰਮਾਤਮਾ ਹੈ ਉਸ ਦੇ ਦਰਸ਼ਨ ਦਾ ਜੋ ਪ੍ਰੀਤਮ ਹੁੰਦਾ ਹੈ, ਉਹ ਫਿਰ ਬੈਕੁੰਠ ਦੀਆਂ ਮੁਕਤੀਆਂ ਨੂੰ ਕੀ ਕਰਦਾ ਹੈ ਭਾਵ ਬੈਕੁੰਠ ਦੀਆਂ ਮੁਕਤੀਆਂ ਨੂੰ ਉਹ ਨਹੀਂ ਚਾਹੁੰਦਾ ॥ ੩ ॥

ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥

ਜੋ ਸਦਾ ਬੈਰਾਗੀ=ਪ੍ਰੇਮੀ ਹੋ ਕੇ ਸਿਫਤੀ=ਪਰਮਾਤਮਾ ਦੀ ਸਿਫਤ ਵਿਚ ਰੱਤਾ ਹੈ, ਉਹ ਜੂਐ=ਸੰਸਾਰ ਵਿਚ ਆਪਣੇ ਮਨੁਖਾ ਜਨਮ ਨੂੰ ਨਹੀਂ ਹਾਰਦਾ ।

ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ॥ ੪॥ ੪॥ ੩੮॥

ਗੁਰੂ ਕਥਨ ਕਰਦੇ ਹਨ-ਹੇ ਭਰਥਰੀ ਜੋਗੀ ! ਸੁਣਨਾ ਕਰ, ਜੋ ਇਸ ਪ੍ਰਕਾਰ ਦੇ ਅੰਮ੍ਰਿਤ ਨੂੰ ਧਾਰਦਾ ਅਰਥਾਤ ਪੀਂਦਾ ਹੈ ਉਹ ਖੀਵਾ=ਮਸਤ ਹੁੰਦਾ ਹੈ॥ ੪॥ ੪॥ ੩੮॥

ਆਸਾ ਮਹਲਾ ੧ ॥

ਉਥਾਨਕਾ-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਸੰਤ ਮੰਡਲੀ ਨਾਲ ਬਚਨ-ਬਿਲਾਸ ਕਰਦੇ ਹੋਏ ਏਮਨਾਵਾਦ ਪਹੁੰਚੇ, ਤਾਂ ਸ਼ਹਿਰ ਤੋਂ ਬਾਹਰ-ਵਾਰ ਇਕ ਬੜਾ ਰਮਣੀਕ ਉੱਚਾ ਸਥਾਨ ਵੇਖ ਕੇ ਰੋੜਾਂ ਦਾ ਚੌਂਤਰਾ ਬਣਾ ਕੇ ਉਪਰ ਗੁਰੂ ਜੀ ਬੈਠ ਗਏ, ਤੇ ਫਕੀਰ ਲੋਕ ਚਾਰੋਂ ਤਰਫ਼ ਸੋਭਦੇ ਹਨ। ਓਥੇ ਬੈਠਿਆਂ ਸਾਰਾ ਦਿਨ ਗੁਜ਼ਰ ਗਿਆ, ਪਰ ਕਿਸੇ ਨੇ ਆ ਕੇ ਰੋਟੀ ਲਈ ਨਾ ਪੁਛਿਆ। ਰੋਟੀ ਤੋਂ ਬਿਨਾਂ ਫੱਕੀਰਾਂ ਦੇ ਮੂੰਹ ਕੁਮਲਾ ਗਏ, ਤਾਂ ਗੁਰੂ ਜੀ ਨੇ ਕੁਛ ਕੁ ਫ਼ਕੀਰਾਂ ਨੂੰ ਕਿਹਾ-

ਹੇ ਸੰਤਹੁ ਦ੍ਵੈ ਉਠਿ ਕਰਿ ਜਾਵਹੁ। ਪੁਰਿ ਤੇ ਜਾਚਿ ਅਸਨ ਕੋ ਖਾਵਹੁ।
ਜੇ ਬੈਠਜੋ ਦੇਵੈ ਕੋ ਨਾਂਹੀ॥ ਘਰ ਮਹਿਂ ਜਾਇ ਜਾਚ ਕਿਨ ਖਾਹੀ॥ ੧੦॥

ਮਰਦਾਨੇ ! ਤੂੰ ਜਾਹਿ ਸੰਗਾਰੇ॥ ਆਵਤਿ ਲਾਲੋ ਲੇਹੁ ਹਕਾਰੇ॥

ਜਿਸ ਵੇਲੇ ਗੁਰੂ ਜੀ ਦਾ ਹੁਕਮ ਮੰਨ ਕੇ ਸੰਤਾਂ ਦੇ ਨਾਲ ਭਾਈ ਮਰਦਾਨਾ ਸ਼ਹਿਰ ਗਿਆ ਤਾਂ ਓਥੋਂ ਦੇ ਪਠਾਣਾਂ ਦੇ ਇਕ ਰਾਜੇ ਦੇ ਘਰ ਵਿਵਾਹ ਸੀ। ਓਸੇ ਘਰ ਵਿਚ ਜਾ ਕੇ ਸੰਤਾਂ ਨੇ ਭਿਖਿਆ ਮੰਗੀ। ਪਹਿਲੇ ਤਾਂ ਉਨ੍ਹਾਂ ਨੇ ਕੋਈ ਜਵਾਬ ਹੀਂ ਨਾ ਦਿਤਾ। ਆਪਣੀਆਂ ਖੁਸ਼ੀਆਂ ਵਿਚ ਹੀ ਮਤੇ ਰਹੇ। ਜਦ ਸੰਤਾਂ ਨੇ ਕਈ ਵਾਰ ਮੰਗਿਆ ਤਾਂ ਉਨ੍ਹਾਂ ਮਦ ਮਤਿਆ ਨੇ ਉਠ ਕੇ ਧੱਕੇ ਦੇਣੇ ਸ਼ੁਰੂ ਕਰ ਦਿਤੇ ਅਤੇ ਕਈ ਸੰਤਾਂ ਨੂੰ ਤਾਂ ਧੂੜ ਵਿਚ ਮੇਲ ਦਿਤਾ, ਜਿਸਤੇ ਬਹੁਤੀਆਂ ਸੱਟਾਂ ਲਗਣ ਕਰਕੇ ਉਹਨਾਂ ਦੇ ਤਨ ਬੜੇ ਪੀੜਤ ਹੋਏ। ਤੇ ਵਾਪਸ ਹਟਦੇ ਹੋਏ ਭਾਈ ਲਾਲੋ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆ ਪਹੁੰਚੇ। ਤਾਂ ਗੁਰੂ ਜੀ ਨੇ ਕਿਹਾ, ਤੁਸੀਂ ਛੇਤੀ ਨਾਲ ਖਾਲੀ ਕਿਉਂ ਹਟ ਆਏ ਹੋ ? ਫਕੀਰਾਂ ਨੇ ਆਪਣਾ ਹੱਡ ਬੀਤਿਆ ਸਾਰਾ ਹਾਲ ਸੁਣਾਇਆ । ਉਸ ਵੇਲੇ-

ਸੁਨਤਿ ਅਵੱਗਜਾ ਸੰਤਨ ਕੇਰੀ। ਰਿਸ ਉਪਜੀ ਮਨ ਮਾਂਹਿ ਘਨੇਰੀ।
ਤਿਹ ਛਿਨ ਲਾਲੋ ਸਨਮੁਖ ਬੈਸਾ। ਤਿਹ ਸੋਂ ਕਹਜੋ ਸ਼ਬਦ ਮੁਖ ਐਸਾ॥ ੨੦॥

(ਨਾਨਕ ਪ੍ਰਕਾਸ਼ ਉਤ੍ਰਾ: ਅ: ੨੭)

ਪਹਿਲੇ ਗੁਰੂ ਜੀ ਨੇ ਤਿਲੰਗ ਰਾਗ ਵਿਚ ਸ਼ਬਦ ਉਚਾਰਿਆ:-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ *(੭੨੨)*

ਫੇਰ ਜਿਸ ਵੇਲੇ ਬਾਬਰਕਿਆਂ ਨੇ ਆ ਕੇ ਚੜ੍ਹਾਈ ਕੀਤੀ, ਤੇ ਸ਼ਹਿਰ ਵਾਸੀਆਂ ਦਾ ਬੁਰਾ ਹਾਲ ਕੀਤਾ ਤਾਂ ਆਸਾ ਰਾਗ ਵਿਚ ਅਸ਼ਟਪਦੀ ਉਚਾਰੀ:-

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥ *(ਪੰਨਾ ੪੧੭)*

ਪੁਨਾ- ਜਿਸ ਵੇਲੇ ਸਾਰੀ ਤਬਾਹੀ ਹੋ ਗਈ ਤਾਂ ਫਿਰ ਦੂਜੀ ਅਸ਼ਟਪਦੀ ਉਚਾਰੀ-

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥

ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ॥ (੪੧੭)

ਤੇ ਇਹ ਸ਼ਬਦ ਬਿਲਕੁਲ ਅਖੀਰ ਤੇ ਸੁਣਾਇਆ ਹੈ-

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥

ਖੁਰਾਸਾਨ=ਕਾਬਲ ਵਾਲਿਆਂ ਦਾ ਖਸਮਾਨਾ=ਪੱਖ ਕੀਤਾ ਹੈ, ਅਤੇ ਹਿੰਦੁਸਤਾਨ ਵਿਚ ਜੋ ਏਮਨਾਬਾਦ ਹੈ ਇਸ ਨੂੰ ਡਰੌਣਾ ਕੀਤਾ ਹੈ। *ਪ੍ਰਸ਼ਨ:-* ਇਹ ਜੋ ਇਤਨਾ ਫਸਾਦ ਪਵਾਇਆ ਹੈ, ਇਹ ਪਰਮੇਸ਼ਰ ਨੇ ਪਾਇਆ ਹੋਵੇਗਾ ? *ਗੁਰ ਉੱਤਰ:-*

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥

ਉਹ ਕਰਤਾ ਵਾਹਿਗੁਰੂ ਆਪਣੇ ਆਪ ਨੂੰ ਦੋਸ਼ ਨਹੀਂ ਦੇਂਦਾ, ਉਸ ਨੇ ਮੁਗਲਾਂ ਨੂੰ ਜਮ ਰੂਪ ਕਰਕੇ ਚੜ੍ਹਾਇਆ ਹੈ।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ ੧॥

ਏਮਨਾਬਾਦ ਵਾਸੀ ਪਠਾਣਾਂ ਨੂੰ ਇੰਨੀ ਮਾਰ ਪਈ ਜੋ ਸਾਰੇ ਕੁਰਲਾ ਉਠੇ, ਹੇ ਵਾਹਿਗੁਰੂ ! ਕੀ ਤੈਨੂੰ ਇਨ੍ਹਾਂ ਦੀ ਹਾਲਤ ਉਤੇ ਰਤਾ ਜਿੰਨਾ ਭੀ ਦਰਦੁ=ਤਰਸ ਨਹੀਂ ਆਇਆ॥ ੧॥

ਹੁਣ ਆਪ ਹੀ ਉੱਤਰ ਦੇਂਦੇ ਹਨ ਕਿ-

ਕਰਤਾ ਤੂੰ ਸਭਨਾ ਕਾ ਸੋਈ॥

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ੧॥ ਰਹਾਉ॥

ਹੇ ਕਰਤਾ ਪਰਮੇਸ਼ਰ ! ਸੋ ਤੂੰ ਤਾਂ ਸਾਰਿਆਂ ਦਾ ਮਾਲਕ ਹੈਂ ਤੇ ਜੇਕਰ ਸਕਤਾ=ਤਾਕਤਵਾਨ ਪੁਰਸ਼ ਸਕਤੇ=ਬਲਵਾਨ ਨੂੰ ਮਾਰੇ ਤਾਂ ਮਨ ਵਿਚ ਰੋਸ=ਗੁੱਸਾ ਨਹੀਂ ਹੁੰਦਾ, ਕਿਉਂਕਿ ਦੋਨੋਂ ਬਰਾਬਰ ਦੇ ਹੁੰਦੇ ਹਨ।

ਭਾਵ ਮੁਗਲ ਤੇ ਪਠਾਣ ਦੋਨੋਂ ਬਲਵਾਨ ਹਨ, ਦੋਹਾਂ ਬਲਵਾਨਾਂ ਦਾ ਆਪਸ ਵਿਚ ਜੰਗ ਹੋਣ ਕਰਕੇ ਪਰਮਾਤਮਾ ਨੇ ਗੁੱਸਾ ਨਹੀਂ ਕੀਤਾ।

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

ਜੇਕਰ ਸਕਤਾ=ਬਲ ਵਾਲਾ ਸੀਹੁ=ਸ਼ੇਰ, ਗਊਆ ਦੇ ਵੱਗ ਉਤੇ ਜਾ ਕੇ ਗਊਆਂ ਨੂੰ ਮਾਰਨਾ ਕਰੇ, ਤਦ ਖਸਮ ਨੂੰ ਚਾਹੀਦਾ ਹੈ, ਕਿ ਸਾ ਪੁਰਸਾਈ=ਪੌਰਸ਼ਤਾਈ ਭਾਵ ਬਲਤਾਈ ਕਰੇ, ਨਹੀਂ ਤਾਂ ਕੋਈ ਲੋੜ ਨਹੀਂ। ਇਸੇ ਤਰ੍ਹਾਂ ਜੇਕਰ ਮੁਗਲ ਕਿਸੇ ਗਰੀਬ ਨੂੰ ਮਾਰਦੇ ਤਾਂ ਪਰਮੇਸ਼ਰ ਜ਼ਰੂਰ ਰੱਖਿਆ ਕਰਦਾ ।

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥

ਇਨ੍ਹਾਂ ਕੁਤੀ=ਕੁੱਤਿਆਂ (ਪਠਾਣਾਂ) ਨੇ ਰਤਨ ਰੂਪ ਮਨੁੱਖਾ ਦੇਹ ਨੂੰ ਮਦ ਵਿਚ ਮਸਤ ਹੋ ਕੇ ਵਿਗੋਇ=ਖਰਾਬ ਕਰ ਦਿੱਤਾ ਹੈ, ਇਸੀ ਤੇ ਇਨ੍ਹਾਂ ਦੀ ਮਰਿਆਂ ਹੋਇਆਂ ਦੀ ਵੀ ਕੋਈ ਸਾਰ=ਸੰਭਾਲ ਨਹੀਂ ਲੈਂਦਾ।

ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥ ੨॥

ਉਹ ਪਰਮੇਸ਼ਰ ਆਪ ਹੀ ਸੰਬੰਧੀਆਂ, *ਅਥਵਾ:-* ਦੇਹ, *ਅਥਵਾ:-* ਪਦਾਰਥਾਂ ਨਾਲ ਜੋੜਦਾ ਹੈ, ਫੇਰ

ਆਪ ਹੀ ਵਿਛੋੜਦਾ ਹੈ। ਹੇ ਪਰਮਾਤਮਾ ! ਅਸੀਂ ਤਾਂ ਇਕ ਤੇਰੀ ਵਡਿਆਈ ਨੂੰ ਹੀ ਵੇਖਦੇ ਹਾਂ॥ ੨॥

ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥

ਜਿਹੜਾ ਕੋਈ ਪੁਰਸ਼ ਆਪਣਾ ਨਾਂ ਸਭ ਤੋਂ ਵੱਡਾ ਧਰੌਂਦਾ ਹੈ, ਅਤੇ ਮਨ ਭਾਉਂਦੇ ਸੁਆਦ ਲੈਣਾ ਕਰਦਾ ਹੈ।

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥

ਉਹ ਪੁਰਸ਼ ਖਸਮ ਦੀ ਨਜ਼ਰ ਵਿਚ ਕੀੜਾ ਨਿਗਾਹ ਆਉਂਦਾ ਹੈ, ਚਾਹੇ ਜਿੰਨੇ ਵੀ ਦਾਣੇ=ਪਦਾਰਥਾਂ ਨੂੰ ਖਾਣਾ ਕਰੇ। *ਅਥਵਾ:-* ਜੋ ਪੁਰਸ਼ ਦੂਜਿਆਂ ਪਾਸੋਂ ਲੁਕਾ-ਲੁਕਾ ਕੇ ਜਿਤਨੇ ਕੁ ਦਾਣਿਆਂ ਨੂੰ ਚੁਗਦਾ ਹੈ, ਉਹ ਖਸਮ ਦੀ ਨਿਗਾਹ ਵਿਚ ਆਂਵਦਾ ਹੈ ਕਿ ਇਹ ਕੀੜੇ ਖਾਂਦਾ ਹੈ।

ਪੁਜਾਰੀ ਦੀ ਸਾਖੀ

ਜਿਵੇਂ ਇਕ ਪੁਜਾਰੀ ਮੰਦਰ ਵਿਚ ਠਾਕੁਰਾਂ ਨੂੰ ਭੋਗ ਲਗਾ ਕੇ ਪ੍ਰਸ਼ਾਦ ਵਰਤਾਉਂਦਾ ਨਹੀਂ ਸੀ ਤੇ ਲੁਕਾ ਕੇ ਸਾਰਾ ਆਪ ਖਾ ਜਾਂਦਾ ਸੀ। ਇਕ ਸਮੇਂ ਇਕ ਮਹਾਤਮਾ ਉਸ ਮੰਦਰ ਵਿਚ ਆ ਗਏ। ਉਹਨਾਂ ਨੇ ਉਸ ਪੰਡਿਤ ਦੀ ਇਹ ਪ੍ਰਸ਼ਾਦ ਚੁਰਾ ਕੇ ਖਾਣ ਵਾਲੀ ਕਿਰਿਆ ਵੇਖ ਕੇ ਕਿਹਾ, "ਹੇ ਪੰਡਿਤ ਸਾਹਿਬ ! ਆਪ ਲਈ ਇਹ ਵਾਰਤਾ ਕਰਨ ਯੋਗ ਨਹੀਂ ਹੈ।" ਫੇਰ ਵੀ ਉਸ ਨੇ ਆਪਣੀ ਕਿਰਿਆ ਨੂੰ ਨਾ ਛੱਡਿਆ। ਫੇਰ ਇਕ ਦਿਨ ਮਹਾਤਮਾ ਨੇ ਕਿਹਾ ਕਿ ਅੱਗੇ ਤਾਂ ਤੂੰ ਸਾਡਾ ਕਹਿਣਾ ਨਹੀਂ ਮੰਨਿਆ ਪਰ ਇਕ ਵਾਰ ਹੁਣ ਮੰਨ ਲੈ। ਉਸ ਨੇ ਕਿਹਾ, 'ਚੰਗਾ ਜੀ !' ਤਾਂ ਮਹਾਤਮਾ ਨੇ ਕਿਹਾ, 'ਜਿਹੜਾ ਤੂੰ ਪ੍ਰਸ਼ਾਦ ਚੁਰਾ ਕੇ ਖਾਂਦਾ ਹੈਂ, ਇਹ ਤੂੰ ਅੱਜ ਰਾਤ ਨੂੰ ਨਾ ਖਾਵੀਂ, ਬੰਨ੍ਹ ਕੇ ਰੱਖ ਦੇ ਤੇ ਸਵੇਰੇ ਉਠ ਕੇ ਖਾ ਲਵੀਂ।' ਉਸ ਨੇ ਓਵੇਂ ਹੀ ਕੀਤਾ। ਜਦ ਉਹ ਸਵੇਰੇ ਉਠ ਕੇ ਖਾਣ ਲੱਗਾ ਤਾਂ ਕੀ ਵੇਖਦਾ ਹੈ ਕਿ ਸਾਰੇ ਕੀੜੇ ਹੀ ਕੀੜੇ ਹੋਏ ਪਏ ਹਨ। ਇਸ ਵਾਸਤੇ ਪ੍ਰਸ਼ਾਦ ਸਾਧ ਸੰਗਤ ਜੀ ! ਗੁਰੂ ਮਹਾਰਾਜ ਜੀ ਨੂੰ ਭੋਗ ਲਗਾ ਕੇ ਵੰਡ ਕੇ ਖਾਣਾ ਚਾਹੀਦਾ ਹੈ, ਇਕੱਲਿਆਂ ਸਾਰਾ ਨਹੀਂ ਛਕਣਾ ਚਾਹੀਦਾ।

ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥ ੩॥ ੫॥ ੩੯॥

ਜਿਸ ਤਰਫ ਜੀਂਵਦਾ ਹੈ, ਉਸ ਤਰਫੋਂ ਮਰੇ; ਜਿਧਰੋਂ ਮਰਿਆ ਹੋਇਆ ਹੈ, ਉਸ ਤਰਫ ਜੀਵੇ ਤਾਂ ਕੁਛ ਪਾਉਂਦਾ ਹੈ। ਗੁਰੂ ਜੀ ਕਥਨ. ਕਰਦੇ ਹਨ-ਵਾਹਿਗੁਰੂ ਨਾਮ ਨੂੰ ਵਖਾਣੇ=ਕਥਨ ਕਰੇ॥ ੩॥ ੫॥ ੩੯॥

ਇਸ ਸ਼ਬਦ ਵਿਚ ਸਤਿਗੁਰਾਂ ਦੀ ਉਸਤਤੀ ਕਰਦੇ ਹਨ-

ਰਾਗੁ ਆਸਾ ਘਰੁ ੨ ਮਹਲਾ ੩ ੧ੴ ਸਤਿਗੁਰ ਪ੍ਰਸਾਦਿ॥

ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸਬਦਿ ਸਚੈ ਬੈਰਾਗਿ॥

ਜੋ ਪੁਰਸ਼ ! ਗੁਰਾਂ ਦੇ ਉਪਦੇਸ਼ ਕਰਕੇ ਸੱਚੇ ਵੈਰਾਗ ਨੂੰ ਧਾਰਦਾ ਹੈ, ਉਹ ਵਡਭਾਗੀ ਪੁਰਸ਼ ਹਰੀ ਦੇ ਦਰਸ਼ਨ ਨੂੰ ਪਾਂਵਦਾ ਹੈ।

ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥ ੧॥

ਸੰਸਾਰ ਵਿੱਚ (ਜੋਗੀ, ਜੰਗਮ, ਸਰੇਵੜੇ, ਸੰਨਿਆਸੀ ਦਰਵੇਸ਼, ਮਦਾਰੀ ਇਨ੍ਹਾਂ) ਛੇ ਦਰਸਨੁ=ਭੇਖਾਂ ਦਾ ਵਰਤਾਰਾ ਵਰਤ ਰਿਹਾ ਹੈ। ਸੋ ਇਨ੍ਹਾਂ ਸਭਨਾਂ ਨੇ ਜੇਹੜਾ ਗੁਰਾਂ ਦਾ ਦਰਸ਼ਨ ਹੈ, ਇਹੋ ਅਗਮ ਅਪਾਰਾ=ਪਰਮੇਸ਼ਰ

ਦਾ ਦਰਸ਼ਨ ਮੰਨਿਆ ਹੈ। ਭਾਵ ਸਭ ਤੋਂ ਉੱਚਾ ਗੁਰਾਂ ਦਾ ਦਰਸ਼ਨ ਮੰਨਿਆ ਹੈ, ਗੁਰਾਂ ਦਾ ਹੀ ਸਤਿਕਾਰ ਕਰਦੇ ਹਨ। ਬਲਕਿ ਗੁਰਾਂ ਨੂੰ ਪਰਮੇਸ਼ਰ ਰੂਪ ਮੰਨਦੇ ਹਨ।

[ਪੰਨਾ ੩੬੧]

ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥
ਸਾਚਾ ਆਪਿ ਵਸੈ ਮਨਿ ਸੋਇ॥ ੧॥ ਰਹਾਉ॥

ਗੁਰਾਂ ਦੇ ਦਰਸ਼ਨ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰਾਂ ਦੇ ਦਰਸ਼ਨ ਕਰਕੇ ਹੀ ਉਹ ਸੱਚਾ ਪ੍ਰਭੂ ਮਨ ਵਿਖੇ ਆ ਕੇ ਵੱਸਦਾ (ਭਾਵ ਸਾਖਿਆਤਕਾਰ ਹੁੰਦਾ) ਹੈ॥ ੧॥ ਰਹਾਉ॥

ਗੁਰ ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥

ਜਿਹੜਾ ਕੋਈ ਪੁਰਸ਼ ! ਪਿਆਰੇ ਗੁਰਾ ਵਿਖੇ ਭਾਉ=ਪਰੇਮ ਲਗਾਉਂਦਾ ਹੈ। ਉਹ ਪੁਰਸ਼ ਗੁਰਾਂ ਦੇ ਦਰਸ਼ਨ ਕਰਕੇ ਸੰਸਾਰ ਤੋਂ ਤਰ ਜਾਂਦਾ ਹੈ।

ਭਾਉ ਪਿਆਰਾ ਲਾਏ ਵਿਰਲਾ ਕੋਇ॥ ਗੁਰ ਕੈ ਦਰਸਨਿ ਸਦਾ ਸੁਖੁ ਹੋਇ॥੨॥

ਕੋਈ ਵਿਰਲਾ ਪੁਰਸ਼ ਹੀ ਪਿਆਰੇ ਗੁਰੂ ਨਾਲ ਪਰੇਮ ਲਗਾਂਦਾ ਹੈ। ਜਿਹੜਾ ਕੋਈ ਪ੍ਰੇਮ ਲਗਾਂਦਾ ਹੈ, ਓਹੀ ਗੁਰਾਂ ਦੇ ਦਰਸ਼ਨ ਕਰਕੇ ਨਿਤ ਸੁਖ ਨੂੰ ਪ੍ਰਾਪਤ ਹੁੰਦਾ ਹੈ॥ ੨ ॥

ਗੁਰ ਕੈ ਦਰਸਨਿ ਮੋਖ ਦੁਆਰੁ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ॥

ਗੁਰਾਂ ਦੇ ਦਰਸ਼ਨ ਕਰਕੇ ਮੁਕਤੀ ਦਾ ਦਰਵਾਜ਼ਾ (ਗਿਆਨ) ਮਿਲਦਾ ਹੈ। ਜੋ ਸਤਿਗੁਰਾਂ ਨੂੰ ਸੇਂਵਦਾ ਹੈ, ਉਹ ਆਪਣੇ ਪਰਵਾਰ ਨੂੰ ਸੁਧਾਰ ਲੈਂਦਾ ਹੈ ਪਰਤਖ, *ਅਥਵਾ:-* ਇੰਦ੍ਰੀਆਂ ਰੂਪ ਪ੍ਰਵਾਰ ਨੂੰ ਸੁਧਾਰ ਲੈਂਦਾ ਹੈ।

ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾ ਖਾਹੀ॥ ੩॥

ਜੋ ਨਿਗੁਰਾ ਪੁਰਸ਼ ਹੈ, ਉਸ ਨੂੰ ਚਾਰੇ ਮੁਕਤੀਆਂ 'ਚੋਂ ਕੋਈ ਮੁਕਤੀ ਪ੍ਰਾਪਤ ਨਹੀਂ ਹੁੰਦੀ। ਉਹ ਔਗੁਣਾਂ ਕਰਕੇ ਮੁਠੇ=ਠੱਗਿਆ ਹੋਇਆ ਜਮਾਂ ਦੀਆਂ ਸੱਟਾਂ ਖਾਂਦਾ ਹੈ॥ ੩॥

ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥ ਗੁਰਮੁਖਿ ਤਾ ਕਉ ਲਗੈ ਨ ਪੀਰ॥

ਗੁਰਾਂ ਦੇ ਉਪਦੇਸ਼ ਕਰਕੇ ਸਰੀਰ ਵਿਖੇ ਸ਼ਾਂਤੀ ਸੁਖ ਪ੍ਰਾਪਤ ਹੁੰਦਾ ਹੈ। ਜੋ ਗੁਰਮੁਖ ਹੈ, ਉਸ ਨੂੰ ਪੀਰ=ਦੁੱਖ ਨਹੀਂ ਲੱਗਦਾ।

ਜਮਕਾਲੁ ਤਿਸੁ ਨੇੜਿ ਨ ਆਵੈ॥
ਨਾਨਕ ਗੁਰਮੁਖਿ ਸਾਚਿ ਸਮਾਵੈ॥ ੪॥ ੧॥ ੪੦॥

ਤਿਸ ਨੇ ਨੇੜੇ ਜਮ ਕਾਲੁ=ਜੰਮਣਾ ਮਰਣਾ ਨਹੀਂ ਆਉਂਦਾ । *ਅਥਵਾ:-* ਜਨਮ ਮਰਨ ਦਾ ਦੁਖ ਨਹੀਂ ਆਉਂਦਾ। ਗੁਰੂ ਜੀ ਕਥਨ ਕਰਦੇ ਹਨ=ਗੁਰਮੁਖ ਪੁਰਸ਼ ਸੱਚੇ ਪਰਮਾਤਮਾ ਵਿਖੇ ਸਮਾਵੈ=ਅਭੇਦ ਹੁੰਦਾ ਹੈ॥ ੪॥ ੧॥ ੪੦॥

ਆਸਾ ਮਹਲਾ ੩ ॥

ਸਬਦਿ ਮੁਆ ਵਿਚਹੁ ਆਪੁ ਗਵਾਇ ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥

ਜੋ ਪੁਰਸ਼ ਗੁਰਾਂ ਦੇ ਉਪਦੇਸ਼ ਕਰਕੇ ਹਿਰਦੇ 'ਚੋਂ ਆਪੁ =ਹੰਕਾਰ ਗਵਾ ਕੇ ਜੀਵਤ ਭਾਵ ਤੋਂ ਮਰਿਆ ਹੈ ਅਤੇ ਸਤਿਗੁਰਾਂ ਨੂੰ ਸੇਂਵਦਾ ਹੈ, ਫੇਰ ਜਿਸ ਦੇ ਹਿਰਦੇ ਵਿਚ ਥੋੜਾ ਜਿੰਨਾ ਵੀ ਤਮੋ ਗੁਣ ਨੁਹੀਂ ਹੈ।

ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥ ੧ ॥

ਪੁਨਾ-ਜਿਸ ਦੇ ਮਨ ਵਿਖੇ ਨਿਰਭਉ ਦਾਤਾ ਜੋ ਪਰਮੇਸ਼ਰ ਹੈ, ਉਸ ਦਾ ਸਦਾ ਮੰਨਣ ਹੋ ਰਿਹਾ ਹੈ। ਉਸ ਦੀ ਬਾਣੀ ਸੱਚੀ ਹੈ, ਉਹ ਪੁਰਸ਼ ਜੋ ਬਾਣੀ ਉਚਾਰਦਾ ਹੈ; ਸੱਚੀ ਹੁੰਦੀ ਜਾਂਦੀ ਹੈ, ਪ੍ਰੰਤੂ ਉਹਨਾਂ ਦੀ ਸਿਖਿਆ ਨੂੰ ਕੋਈ ਭਾਗਾਂ ਵਾਲਾ ਜੀਵ ਪਾਂਵਦਾ ਹੈ॥ ੧॥

ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥
ਪੂਰੇ ਗੁਰ ਕੈ ਸਬਦਿ ਸਮਾਹਿ ॥ ੧ ॥ ਰਹਾਉ ॥

ਸ਼ੁਭ ਗੁਣਾਂ ਨੂੰ ਇਕੱਤ੍ਰ ਕਰੋ ! ਜਿਸ ਤੇ ਹਿਰਦੇ 'ਚੋਂ ਔਗੁਣ ਚਲੇ ਜਾਣ।

ਅਤੇ ਪੂਰਿਆਂ ਗੁਰਾਂ ਦੇ ਉਪਦੇਸ਼ ਵਿਖੇ ਮਨ ਸਮਾ ਜਾਵੇ॥ ੧॥ ਰਹਾਉ॥

ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥

ਜੋ ਪੁਰਸ਼ ਸ਼ੁਭ ਗੁਣਾਂ ਦਾ ਗਾਹਕ ਹੁੰਦਾ ਹੈ, ਓਹੀ ਸ਼ੁਭ ਗੁਣਾਂ ਨੂੰ ਇਕੱਠੇ ਕਰਨਾ ਜਾਣਦਾ ਹੈ।

ਅਥਵਾ:-ਗੁਣਾਂ ਦੀ ਕਦਰ ਜਾਣਦਾ ਹੈ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਅੰਮ੍ਰਿਤ ਰੂਪ ਨਾਮ ਦਾ ਜਾਪ ਕਰਦਾ ਹੈ।

ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥ ੨ ॥

ਸੱਚੀ ਉਪਦੇਸ਼, *ਅਥਵਾ:*- ਨਾਮ ਬਾਣੀ ਕਰਕੇ, ਮਨ ਸੂਚਾ=ਪਵਿੱਤਰ ਹੁੰਦਾ ਹੈ। ਅਤੇ ਸ਼ੁਭ ਗੁਣਾਂ ਕਰਕੇ ਨਾਮ ਜਪਣਾ ਪ੍ਰਾਪਤ ਹੁੰਦਾ ਹੈ॥ ੨॥

ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥

ਇਹ ਅਮੋਲਕ ਗੁਣ ਆਪਣੇ ਆਪ ਕਿਸੇ ਜਤਨ ਨਾਲ ਨਹੀਂ ਪਾਏ ਜਾਂਦੇ। ਸੱਚੇ ਗੁਰਾਂ ਦੇ ਉਪਦੇਸ਼ ਵਿਚ ਸਮਾਉਣ ਕਰਕੇ ਮਨ ਨਿਰਮਲ=ਸੁਥਰਾ ਹੁੰਦਾ ਹੈ।

ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥ ਸਦਾ ਗੁਣਦਾਤਾ ਮੰਨਿ ਵਸਾਇਆ ॥ ੩ ॥

ਜਿਨ੍ਹਾਂ ਨੇ ਨਾਮ ਧਿਆਉਣਾ ਕੀਤਾ ਹੈ, ਉਹ ਵਡਭਾਗੀ ਪੁਰਸ਼ ਹਨ। ਕਿਉਂਕਿ ਉਹਨਾਂ ਨੇ ਸਦਾ ਹੀ ਗੁਣਾਂ ਦੇ ਦਾਤੇ ਪਰਮੇਸ਼ਰ ਨੂੰ ਮਨ ਵਿਖੇ ਵਸਾਇਆ ਹੈ॥ ੩॥

ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥ ਦਰਿ ਸਾਚੈ ਸਾਚੇ ਗੁਣ ਗਾਉ ॥

ਅੰਨਵੇ:-ਜੋ ਪੁਰਸ਼ ਸ਼ੁਭ ਗੁਣਾਂ ਨੂੰ ਇਕੱਠੇ ਕਰਦਾ ਹੈ, ਅਤੇ ਸੱਚੇ ਦਰਿ=ਸਤਿਸੰਗ ਵਿਚ ਜਾ ਕੇ ਸੱਚੇ ਦੇ ਗੁਣਾਂ ਨੂੰ ਗਾਉਂਦਾ ਹੈ ਉਸ ਤੋਂ ਮੈਂ ਬਲਿਹਾਰ ਜਾਂਦਾ ਹਾਂ।

ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥ ੪ ॥ ੨ ॥ ੪੧ ॥

ਜਿਸ ਨੂੰ ਆਪ ਪਰਮਾਤਮਾ ਸਹਜਿ ਸੁਭਾਇ=ਸ਼ਾਂਤ ਸੁਭਾਅ ਦੇਂਦਾ ਹੈ। ਗੁਰੂ ਜੀ ਆਖਦੇ ਹਨ- ਉਸ ਦੀ ਕੀਮਤ ਕਹੀ ਨਹੀਂ ਜਾਂਦੀ ॥ ੪ ॥ ੨ ॥ ੪੧ ॥

ਆਸਾ ਮਹਲਾ ੩ ॥

ਸਤਿਗੁਰ ਵਿਚਿ ਵਡੀ ਵਡਿਆਈ ॥ ਚਿਰੀ ਵਿਛੁੰਨੇ ਮੇਲਿ ਮਿਲਾਈ ॥

ਸਤਿਗੁਰਾਂ ਵਿਚ ਇਹ ਸਭ ਤੋਂ ਵੱਡੀ ਵਡਿਆਈ ਹੈ। ਜੋ ਬੜੇ ਚਿਰ ਦੇ ਵਿਛੁੜੇ ਹੋਏ ਜੀਵ ਨੂੰ ਪਰਮੇਸ਼ਰ ਦੇ ਮੇਲ ਨਾਲ ਮਿਲਾਉਂਦੇ ਹਨ।

ਆਪੇ ਮੇਲੇ ਮੇਲਿ ਮਿਲਾਏ ॥ ਆਪਣੀ ਕੀਮਤਿ ਆਪੇ ਪਾਏ ॥ ੧ ॥

ਜਿਸ ਨੂੰ ਪਰਮੇਸ਼ਰ ਗੁਰਾਂ ਦੇ ਮੇਲ ਨਾਲ ਮਿਲਾਂਵਦਾ ਹੈ, ਉਸ ਨੂੰ ਫਿਰ ਆਪਣੇ ਨਾਲ ਮੇਲਦਾ ਹੈ। ਉਹ ਆਪਣੀ ਕੀਮਤ ਨੂੰ ਆਪ ਹੀ ਪਾਂਵਦਾ ਹੈ ॥੧ ॥

ਹਰਿ ਕੀ ਕੀਮਤਿ ਕਿਨ ਬਿਧਿ ਹੋਇ ॥

ਪ੍ਰਸ਼ਨ:- ਹਰੀ ਦੀ ਕੀਮਤ ਕਿਸ ਪ੍ਰਕਾਰ ਹੋ ਸਕਦੀ ਹੈ? *ਗੁਰ ਉੱਤਰ :-*

ਹਰਿ ਅਪਰੰਪਰੁ ਅਗਮ ਅਗੋਚਰੁ
ਗੁਰ ਕੈ ਸਬਦਿ ਮਿਲੈ ਜਨੁ ਕੋਇ ॥ ੧ ॥ ਰਹਾਉ ॥

ਉਹ ਹਰੀ ਅਪਰ=ਸੰਸਾਰ ਤੋਂ ਪਰ੍ਹਾ ਰੂਪ ਹੈ, ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ ਅਤੇ ਸ਼ਬਦ ਕਰਕੇ ਕੋਈ ਵਿਰਲਾ ਜਨ ਉਸ ਨੂੰ ਮਿਲਦਾ ਹੈ ॥ ੧ ॥ ਰਹਾਉ ॥

ਗੁਰਮੁਖਿ ਕੀਮਤਿ ਜਾਣੈ ਕੋਇ ॥ ਵਿਰਲੇ ਕਰਮਿ ਪਰਾਪਤਿ ਹੋਇ ॥

ਕੋਈ ਵਿਰਲਾ ਗੁਰਮੁਖ ਹੀ ਉਸ ਦੀ ਪ੍ਰਾਪਤੀ ਰੂਪ ਕੀਮਤ ਨੂੰ ਜਾਣਦਾ ਹੈ, ਕਿਸੇ ਵਿਰਲੇ ਕਰਮਿ=ਭਾਗਾਂ ਵਾਲੇ ਨੂੰ ਉਹ ਪ੍ਰਭੂ ਪ੍ਰਾਪਤ ਹੁੰਦਾ ਹੈ।

ਊਚੀ ਬਾਣੀ ਊਚਾ ਹੋਇ ॥ ਗੁਰਮੁਖਿ ਸਬਦਿ ਵਖਾਣੈ ਕੋਇ ॥ ੨ ॥

ਉੱਚੀ ਨਾਮ ਬਾਣੀ ਦੇ ਸੁਣਨ ਕਰਕੇ ਇਹ ਜੀਵ ਉੱਚਾ ਹੁੰਦਾ ਹੈ। ਕੋਈ ਵਿਰਲਾ ਗੁਰਮੁਖ ਹੀ ਸ਼ਬਦ ਨੂੰ ਵਖਾਣੈ=ਕਥਨ ਕਰਦਾ ਹੈ ॥ ੨ ॥

ਵਿਣੁ ਨਾਵੈ ਦੁਖੁ ਦਰਦੁ ਸਰੀਰਿ ॥ ਸਤਿਗੁਰੁ ਭੇਟੇ ਤਾ ਉਤਰੈ ਪੀਰ ॥

ਨਾਮ ਤੋਂ ਬਿਨਾਂ ਸਰੀਰ ਵਿਖੇ ਦੁਖ ਜਨਮ ਮਰਨ ਦਾ ਅਤੇ ਦਰਦ ਈਰਖਾ ਦਾ ਬਣਿਆਂ ਰਹਿੰਦਾ ਹੈ। ਸਤਿਗੁਰ ਦੇਵ ਜੀ ਮਿਲਣ ਤਾਂ ਇਹ ਪੀੜਾ ਉਤਰ ਜਾਂਦੀ ਹੈ।

ਬਿਨੁ ਗੁਰ ਭੇਟੇ ਦੁਖੁ ਕਮਾਇ ॥ ਮਨਮੁਖਿ ਬਹੁਤੀ ਮਿਲੈ ਸਜਾਇ ॥ ੩ ॥

ਗੁਰਾਂ ਨਾਲ ਮਿਲੇ ਤੋਂ ਬਿਨਾਂ, ਦੁੱਖਾਂ ਵਾਲੇ ਕਰਮ ਕਮਾਉਂਦਾ ਹੈ। ਇਸ ਕਰਕੇ ਮਨਮੁਖ ਨੂੰ ਬਹੁਤ ਸਾਰੀ

ਸਜ਼ਾ ਮਿਲਦੀ ਹੈ॥ ੩॥

ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ॥ ਪੀਵਤ ਰਹੈ ਪੀਆਏ ਸੋਇ॥

ਅਤਿਅੰਤ ਮਿੱਠਾ ਹਰੀ ਦਾ ਨਾਮ-ਰਸ ਜਿਸ ਨੂੰ ਪ੍ਰਾਪਤ ਹੁੰਦਾ ਹੈ, ਉਹ ਆਪ ਪੀਂਦਾ ਅਤੇ ਹੋਰਨਾਂ ਨੂੰ ਪਿਲਾਉਂਦਾ ਹੈ।

ਗੁਰ ਕਿਰਪਾ ਤੇ ਹਰਿ ਰਸੁ ਪਾਏ॥
ਨਾਨਕ ਨਾਮਿ ਰਤੇ ਗਤਿ ਪਾਏ॥ ੪॥ ੩॥ ੪੨॥

ਹਰੀ ਨਾਮ-ਰਸ ਗੁਰਾਂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਗੁਰੂ ਜੀ ਆਖਦੇ ਹਨ-ਜੋ ਨਾਮ ਵਿਚ ਰੱਤੇ= ਜੁੜੇ ਹਨ, ਉਹ ਮੁਕਤੀ ਪਾਉਂਦੇ ਹਨ॥ ੪॥ ੩॥ ੪੨॥

ਆਸਾ ਮਹਲਾ ੩॥

ਮੇਰਾ ਪ੍ਰਭੁ ਸਾਚਾ ਗਹਿਰ ਗੰਭੀਰ॥ ਸੇਵਤ ਹੀ ਸੁਖੁ ਸਾਂਤਿ ਸਰੀਰ॥

ਮੇਰਾ ਸੱਚਾ ਪ੍ਰਭੂ ਗਹਿਰ=ਡੂੰਘਾ ਗੰਭੀਰ=ਨਿਰਹਲ ਹੈ। ਉਸ ਨੂੰ ਸੇਂਵਦਿਆਂ ਹੀ ਸਰੀਰ ਨੂੰ ਸ਼ਾਂਤੀ ਸੁਖ ਪ੍ਰਾਪਤ ਹੁੰਦਾ ਹੈ।

ਸਬਦਿ ਤਰੇ ਜਨ ਸਹਜਿ ਸੁਭਾਇ॥ ਤਿਨਕੈ ਹਮ ਸਦ ਲਾਗਹ ਪਾਇ॥ ੧॥

ਜੋ ਪੁਰਸ਼ ਸਹਜਿ ਸੁਭਾਇ=ਸ਼ਾਂਤ ਸੁਭਾਅ ਅਤੇ ਗੁਰਾਂ ਦੇ ਸ਼ਬਦ ਕਰਕੇ ਸੰਸਾਰ ਤੋਂ ਤਰੇ ਹਨ, ਅਸੀਂ ਸਦਾ ਹੀ ਉਨ੍ਹਾਂ ਦੇ ਚਰਨੀਂ ਲੱਗਦੇ ਹਾਂ॥ ੧॥

[ਪੰਨਾ ੩੬੨]

ਜੋ ਮਨਿ ਰਾਤੇ ਹਰਿ ਰੰਗੁ ਲਾਇ॥

ਹਰੀ ਵਿਚ ਰੰਗੁ ਲਾਇ=ਪ੍ਰੇਮ ਲਗਾ ਕੇ ਜੋ ਪੁਰਸ਼ ਮਨ ਕਰਕੇ ਰਾਤੇ=ਲੀਨ ਹੋਏ ਹਨ।

ਤਿਨ ਕਾ ਜਨਮ ਮਰਣ ਦੁਖੁ ਲਾਥਾ
ਤੇ ਹਰਿ ਦਰਗਹ ਮਿਲੇ ਸੁਭਾਇ॥ ੧॥ ਰਹਾਉ॥

ਉਨ੍ਹਾਂ ਦਾ ਜਨਮ ਮਰਨ ਰੂਪ ਦੁੱਖ ਦੂਰ ਹੋ ਗਿਆ ਹੈ ਤੇ ਉਹ ਪੁਰਸ਼ ਸ਼ੋਭਨੀਕ ਹੋ ਕੇ ਹਰੀ ਦੀ ਦਰਗਾਹ ਵਿਚ ਜਾ ਕੇ ਹਰੀ ਨਾਲ ਜਾ ਮਿਲੇ ਹਨ॥ ੧॥ ਰਹਾਉ॥

ਯਥਾ:-ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥ *(ਵਾਰ ੧੯, ਪ: ੧੪)*

ਸਬਦੁ ਚਾਖੈ ਸਾਚਾ ਸਾਦੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥

ਜੋ ਪੁਰਸ਼ ਗੁਰ ਉਪਦੇਸ਼ ਨੂੰ ਚਾਖੈ=ਧਾਰਦੇ ਹਨ, ਉਹ ਪਰਮੇਸ਼ਰ ਦੀ ਪ੍ਰਾਪਤੀ ਦੇ ਸੱਚੇ ਅਨੰਦ ਨੂੰ ਪਾਉਂਦੇ ਹਨ ਅਤੇ ਜੀਵਨ ਮੁਕਤ ਅਨੰਦ ਵਾਸਤੇ ਹਰੀ ਦੇ ਨਾਮ ਨੂੰ ਮਨ ਵਿਚ ਵਸਾਉਂਦੇ ਹਨ।

ਹਰਿ ਪ੍ਰਭੁ ਸਦਾ ਰਹਿਆ ਭਰਪੂਰਿ॥ ਆਪੇ ਨੇੜੈ ਆਪੇ ਦੂਰਿ॥ ੨॥

ਉਹ ਹਰੀ ਪ੍ਰਭੂ ਸਦਾ ਹੀ ਸਭ ਜਗ੍ਹਾ ਪਰ ਭਰਪੂਰਿ=ਪੂਰਨ ਹੋ ਰਿਹਾ ਹੈ। ਉਹ ਆਪ ਹੀ ਗੁਰਮੁਖਾਂ ਦੇ

ਨੇੜੇ ਹੈ ਅਤੇ ਆਪ ਹੀ ਮਨਮੁਖਾਂ ਤੋਂ ਦੂਰ।

ਅਥਵਾ:- ਆਪ ਹੀ ਗੁਰਮੁਖਾਂ ਨੂੰ ਨੇੜੇ ਬੁਲਾ ਲੈਂਦਾ ਹੈ, ਤੇ ਮਨਮੁਖਾਂ ਨੂੰ ਆਪਣੇ ਤੋਂ ਦੂਰ ਧੱਕ ਦੇਂਦਾ ਹੈ॥ ੨॥

ਆਖਣਿ ਆਖੈ ਬਕੈ ਸਭੁ ਕੋਇ॥ ਆਪੇ ਬਖਸਿ ਮਿਲਾਏ ਸੋਇ॥

ਪਹਿਲੇ ਰਿਖੀਆਂ ਨੇ ਜੋ ਆਖਣਿ=ਅਖਿਆਣ ਭਾਵ ਪ੍ਰਸੰਗ ਆਖੇ ਹੋਏ, ਹਨ, ਉਨ੍ਹਾਂ ਨੂੰ ਸਭ ਕੋਈ ਬਕੈ=ਉਚਾਰਦਾ ਹੈ। ਅਥਵਾ:- ਸਭ ਕੋਈ ਆਖੈ=ਮੂੰਹ ਨਾਲ ਆਖਣਿ=ਅਖਿਆਣਾਂ ਨੂੰ ਉਚਾਰਦਾ ਹੈ। ਪ੍ਰੰਤੂ, ਜਿਸ ਦੇ ਔਗੁਣਾਂ ਨੂੰ ਆਪ ਬਖਸ਼ਦਾ ਹੈ, ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਕਹਣੈ ਕਥਨਿ ਨ ਪਾਇਆ ਜਾਇ॥ ਗੁਰ ਪਰਸਾਦਿ ਵਸੈ ਮਨਿ ਆਇ॥ ੩॥

ਕਥਾਵਾਂ ਦੇ ਕਹਿਣ ਨਾਲ ਉਹ ਪਰਮਾਤਮਾ ਨਹੀਂ ਪਾਇਆ ਜਾਂਦਾ, ਗੁਰਾਂ ਦੀ ਕਿਰਪਾ ਹੋਵੇ ਤਾਂ ਹੀ ਮਨ ਵਿਚ ਆ ਕੇ ਵੱਸਦਾ ਹੈ॥ ੩॥

ਗੁਰਮੁਖਿ ਵਿਚਹੁ ਆਪੁ ਗਵਾਇ॥ ਹਰਿ ਰੰਗਿ ਰਾਤੇ ਮੋਹੁ ਚੁਕਾਇ॥

ਗੁਰਮੁਖਾਂ ਨੇ ਗੁਰਾਂ ਦੁਆਰੇ ਹਿਰਦੇ ਵਿਚੋਂ ਆਪੁ=ਹੰਕਾਰ ਗਵਾ ਦਿੱਤਾ ਹੈ ਅਤੇ ਮਾਇਆ ਦੇ ਮੋਹ ਨੂੰ ਚੁਕਾਇ=ਦੂਰ ਕਰਕੇ ਹਰੀ ਦੇ ਰੰਗ ਵਿਚ ਮਸਤ ਹੋਏ ਹਨ।

ਅਤਿ ਨਿਰਮਲੁ ਗੁਰ ਸਬਦ ਵੀਚਾਰ ॥
ਨਾਨਕ ਨਾਮਿ ਸਵਾਰਣਹਾਰ॥ ੪॥ ੪॥ ੪੩॥

ਅਤਿਅੰਤ ਸ਼ੁਧ ਗੁਰ ਸ਼ਬਦ ਨੂੰ ਵਿਚਾਰ ਕੇ, ਸਭ ਦੇ ਸਵਾਰਨ ਵਾਲਾ ਜੋ ਨਾਮੀ ਹੈ, ਗੁਰਮੁਖ ਉਸ ਵਿਚ ਅਭੇਦ ਹੋਏ ਹਨ। ਅਥਵਾ:- ਅਤਿਅੰਤ ਨਿਰਮਲ ਕਰਨ ਵਾਲੇ ਗੁਰ ਸ਼ਬਦ ਨੂੰ ਵਿਚਾਰਦੇ ਹਨ। ਇਸ ਕਰਕੇ ਨਾਮਿ=ਪਰਮਾਤਮਾ ਉਨ੍ਹਾਂ ਦੇ ਸਵਾਰਨ ਵਾਲਾ ਹੋਇਆ ਹੈ॥ ੪॥ ੪॥ ੪੩॥

ਆਸਾ ਮਹਲਾ ੩॥

ਦੂਜੈ ਭਾਇ ਲਗੇ ਦੁਖੁ ਪਾਇਆ॥ ਬਿਨੁ ਸਬਦੈ ਬਿਰਥਾ ਜਨਮੁ ਗਵਾਇਆ॥

ਜੋ ਪੁਰਸ਼ ਦ੍ਵੈਤ ਭਾ ਵਿਚ ਲੱਗੇ ਹਨ, ਉਨ੍ਹਾਂ ਨੇ ਬਹੁਤ ਸਾਰਾ ਦੁੱਖ ਹੀ ਪਾਇਆ ਹੈ। ਗੁਰ ਸ਼ਬਦ ਧਾਰੇ ਤੋਂ ਬਿਨਾਂ ਹੋਰਨਾਂ ਕਰਮਾਂ ਧਰਮਾਂ ਵਿਚ ਲੱਗ ਕੇ, ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਵਿਅਰਥ ਗਵਾ ਲਿਆ ਹੈ।

ਸਤਿਗੁਰੁ ਸੇਵੈ ਸੋਝੀ ਹੋਇ॥ ਦੂਜੈ ਭਾਇ ਨ ਲਾਗੈ ਕੋਇ॥ ੧॥

ਜੋ ਸਤਿਗੁਰਾਂ ਨੂੰ ਸੇਂਵਦੇ ਹਨ, ਤਿਨ੍ਹਾਂ ਨੂੰ ਭਲੇ ਬੁਰੇ ਦੀ ਗਿਆਤ ਹੁੰਦੀ ਹੈ। ਉਹ ਕੋਈ ਫਿਰ ਦ੍ਵੈਵ ਭਾਵ ਵਿਖੇ ਨਹੀਂ ਲਗਦਾ॥ ੧॥

ਮੂਲਿ ਲਾਗੇ ਸੇ ਜਨ ਪਰਵਾਣੁ॥

ਮੂਲ ਰੂਪ ਪਰਮਾਤ੍ਮਾ ਦੇ ਸਿਮਰਨ ਵਿਚ ਜੋ ਲੱਗੇ ਹਨ, ਉਹ ਪੁਰਸ਼ ਪ੍ਰਮਾਣੀਕ ਹਨ।

ਅਨਦਿਨੁ ਰਾਮ ਨਾਮੁ ਜਪਿ ਹਿਰਦੈ
ਗੁਰ ਸਬਦੀ ਹਰਿ ਏਕੋ ਜਾਣੁ॥ ੧॥ ਰਹਾਉ॥

ਉਹ ਰਾਤ ਦਿਨ ਹਿਰਦੇ ਵਿਚ ਰਾਮ ਨਾਮ ਜਪਦੇ ਹਨ ਅਤੇ ਗੁਰਾਂ ਦੇ ਉਪਦੇਸ਼ ਕਰਕੇ ਇਕ ਹਰੀ ਨੂੰ ਜਾਣਦੇ ਹਨ॥ ੧॥ ਰਹਾਉ॥

ਡਾਲੀ ਲਾਗੈ ਨਿਹਫਲੁ ਜਾਇ॥ ਅੰਧੀ ਕੰਮੀ ਅੰਧ ਸਜਾਇ॥

ਜੋ ਪੁਰਸ਼ ਡਾਲੀ=ਟਾਹਣੀ ਨਾਲ ਲੱਗੇ ਹਨ ਅਰਥਾਤ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਦੇ ਹਨ, ਉਨ੍ਹਾਂ ਦਾ ਜਨਮ ਨਿਸਫ਼ਲ ਜਾਂਦਾ ਹੈ। ਕਿਉਂਕਿ ਅੰਨ੍ਹੇ ਕਰਮਾਂ ਦੇ ਕਰਨ ਨਾਲ ਧਰਮ ਰਾਜਾ ਅੰਨ੍ਹੀ ਸਜ਼ਾ (ਭਾਵ ਬਹੁਤੀ ਸਜ਼ਾ) ਦੇਂਦਾ ਹੈ।

ਮਨਮੁਖੁ ਅੰਧਾ ਠਉਰ ਨ ਪਾਇ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ॥੨॥

ਅੰਨ੍ਹਾਂ ਅਗਿਆਨੀ ਜੋ ਮਨਮੁਖ ਹੈ, ਉਹ ਕਿਤੇ ਠਉਰ=ਠਹਿਰਨਾ ਨਹੀਂ ਪਾਉਂਦਾ । ਉਹ ਗੰਦਗੀ ਦਾ ਕੀੜਾ ਹੋ ਕੇ ਗੰਦਗੀ ਵਿਚ ਹੀ ਸੜਦਾ ਹੈ। *ਅਥਵਾ:-* ਜੋ ਵਿਸ਼ਿਆਂ ਰੂਪ ਵਿਸ਼ਟਾ ਦਾ ਕੀੜਾ ਹੁੰਦਾ ਹੈ, ਉਹ ਮਰ ਕੇ ਨਰਕਾਂ ਰੂਪ ਵਿਸ਼ਟਾ ਵਿਚ ਪਚਾਇ=ਖ਼ਰਾਬ ਹੁੰਦਾ ਹੈ॥ ੨।

ਗੁਰ ਕੀ ਸੇਵਾ ਸਦਾ ਸੁਖੁ ਪਾਏ॥ ਸੰਤਸੰਗਤਿ ਮਿਲਿ ਹਰਿ ਗੁਣ ਗਾਏ॥

ਜੋ ਪੁਰਸ਼ ਗੁਰਾਂ ਦੀ ਸੇਵਾ ਕਰਦਾ ਹੈ, ਉਹ ਨਿੱਤ ਸੁਖ ਪਾਉਂਦਾ ਹੈ ਅਤੇ ਉਹ ਪੁਰਸ਼ ਸਤਸੰਗਤ ਨਾਲ ਮਿਲ ਕੇ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ। ਤੇ-

ਨਾਮੇ ਨਾਮਿ ਕਰੇ ਵੀਚਾਰੁ॥ ਆਪਿ ਤਰੈ ਕੁਲ ਉਧਰਣਹਾਰੁ ॥੩॥

ਨਾਮੀ ਦੇ ਨਾਮ ਦਾ ਵਿਚਾਰ ਕਰਦਾ ਹੈ। ਉਹ ਆਪ ਤਰਦਾ ਹੈ ਤੇ ਕੁਲਾਂ ਦੇ ਉਧਾਰ ਕਰਨ ਵਾਲਾ ਹੁੰਦਾ ਹੈ॥ ੩॥

ਗੁਰ ਕੀ ਬਾਣੀ ਨਾਮਿ ਵਜਾਏ॥ ਨਾਨਕ ਮਹਲੁ ਸਬਦਿ ਘਰੁ ਪਾਏ॥

ਗੁਰਾਂ ਦੀ ਉਪਦੇਸ਼ ਬਾਣੀ ਨਾਲ ਨਾਮੀ ਦੇ ਨਾਮ ਨੂੰ ਵਜਾਏ=ਉਚਾਰਨਾ ਕਰੇ ਤਾਂ ਘਰੁ=ਅੰਤਹਕਰਣ ਦੇ ਵਿਚ ਹੀ ਸਬਦਿ=ਬ੍ਰਹਮ ਦੇ ਮਹਲੁ=ਸਰੂਪ ਨੂੰ ਪਾਉਂਦਾ ਹੈ।

ਗੁਰਮਤਿ ਸਤ ਸਰਿ ਹਰਿ ਜਲਿ ਨਾਇਆ॥
ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ॥ ੪॥ ੫॥ ੪੪॥

ਸਤ ਸੰਤੋਖ ਆਦਿਕ ਗੁਣਾਂ ਕਰਕੇ ਪੂਰਣ ਜੋ ਸਤਸੰਗਤ ਰੂਪੀ ਸਰਿ=ਸਰੋਵਰ ਹੈ, ਉਸ ਵਿਖੇ ਜਾ ਕੇ ਗੁਰ-ਸਿਖਿਆ ਦੁਆਰੇ ਜਿਸ ਨੇ ਹਰੀ ਨਾਮ-ਜਲ ਵਿਚ ਇਸ਼ਨਾਨ ਕੀਤਾ ਹੈ। ਉਸ ਨੇ ਖੋਟੀ ਬੁੱਧੀ ਰੂਪ ਮੈਲ ਨੂੰ ਅਤੇ ਸਾਰੇ ਦੁਰਤੁ=ਪਾਪਾਂ ਨੂੰ ਗਵਾਇਆ=ਦੂਰ ਕਰ ਲਿਆ ਹੈ॥ ੪॥ ੫॥ ੪੪॥

ਆਸਾ ਮਹਲਾ ੩॥

ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ॥

ਮਨਮੁਖ ਪੁਰਸ਼ ਜਦ ਮਰਦੇ ਹਨ, ਤਾਂ ਮਰਨ ਸਮੇਂ ਆਪਣੇ ਮਰਨੇ ਨੂੰ ਵਿਗਾੜ ਕੇ ਮਰਦੇ ਹਨ। ਦ੍ਵੈਤ ਭਾ ਵਿਚ ਲੱਗਕੇ ਆਤਮਾ ਨੂੰ ਸੰਘਾਰਹਿ=ਮਾਰਦੇ ਹਨ, ਆਤਮਾ ਦਾ ਮਰਨਾ ਏਹੀ ਹੈ, ਜਿਹੜਾ ਆਪਣੇ ਆਪ ਨੂੰ

ਨਹੀਂ ਜਾਣਨਾ। ਅਥਵਾ:- ਦ੍ਵੈਤ ਵਿਚ ਲੱਗ ਕੇ ਆਤਮ=ਮਨ ਨੂੰ ਸੰਘਾਰਹਿ=ਦੁਖ ਦਿੰਦੇ ਹਨ।

ਮੇਰਾ ਮੇਰਾ ਕਰਿ ਕਰਿ ਵਿਗੂਤਾ ॥ ਆਤਮੁ ਨ ਚੀਨੈ ਭਰਮੈ ਵਿਚਿ ਸੂਤਾ ॥ ੧ ॥

ਮੇਰਾ ਮੇਰਾ ਕਰਕੇ ਵਿਗੂਤਾ=ਖਰਾਬ ਹੋ ਰਿਹਾ ਹੈ। ਭਰਮ ਵਿਚ ਸੁੱਤਾ ਹੋਇਆ ਆਤਮੁ=ਆਪਣੇ ਸਰੂਪ ਨੂੰ ਜਾਣਦਾ ਨਹੀਂ ਹੈ॥ ੧ ॥

ਮਰੁ ਮੁਇਆ ਸਬਦੇ ਮਰਿ ਜਾਇ ॥

ਜੋ ਗੁਰ ਉਪਦੇਸ਼ ਕਰਕੇ ਜੀਵਤ ਭਾ ਤੋਂ ਮਰ ਜਾਂਦਾ ਹੈ, ਉਸ ਦਾ ਮਰੁ ਮੁਇਆ=ਕਾਲ ਮਰ ਜਾਂਦਾ ਹੈ।

ਉਸਤਤਿ ਨਿੰਦਾ ਗੁਰਿ ਸਮ ਜਾਣਾਈ
ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥ ੧ ॥ ਰਹਾਉ ॥

ਜਿਸ ਨੂੰ ਗੁਰਾਂ ਨੇ ਉਸਤਤੀ ਤੇ ਨਿੰਦਿਆ ਇਕ ਸਮਾਨ ਜਣਾਈ ਹੈ, ਉਹ ਪੁਰਸ਼ ਇਸ ਕਲਜੁਗ ਵਿਚ ਹਰੀ ਨਾਮ ਨੂੰ ਜਪ ਕੇ ਲਾਭ ਲੈ ਜਾਂਦਾ ਹੈ॥ ੧ ॥ ਰਹਾਉ ॥

ਨਾਮ ਵਿਹੂਣ ਗਰਭ ਗਲਿ ਜਾਇ ॥ ਬਿਰਥਾ ਜਨਮੁ ਦੂਜੈ ਲੋਭਾਇ ॥

ਜੋ ਮਨਮੁਖ ਨਾਮ ਜਪਣ ਤੋਂ ਬਿਨਾਂ ਹੈ, ਉਹ ਮਾਂ ਦੇ ਗਰਭ ਵਿਚ ਗਲ ਜਾਂਦਾ । ਦ੍ਵੈਤ ਅਤੇ ਲੋਭ ਦੇ ਆਉਣ ਕਰਕੇ ਉਸ ਦਾ ਮਨੁੱਖਾ ਜਨਮ ਨਿਸਫਲ ਹੈ।

ਨਾਮ ਬਿਹੂਣੀ ਦੁਖਿ ਜਲੈ ਸਬਾਈ ॥ ਸਤਿਗੁਰਿ ਪੂਰੈ ਬੂਝ ਬੁਝਾਈ ॥ ੨ ॥

ਨਾਮ ਤੋਂ ਬਿਨਾਂ ਸਬਾਈ=ਸਾਰੀ ਸ੍ਰਿਸ਼ਟੀ ਦੁਖੀ ਹੋ ਕੇ ਜਲੈ=ਸੜ ਰਹੀ ਹੈ । ਇਹ ਬੂਝ=ਗਿਆਤ ਪੂਰਿਆਂ ਸਤਿਗੁਰਾਂ ਨੇ ਸਮਝਾ ਦਿੱਤੀ ਹੈ॥ ੨ ॥

ਮਨੁ ਚੰਚਲੁ ਬਹੁ ਚੋਟਾ ਖਾਇ ॥ ਏਥਹੁ ਛੁੜਕਿਆ ਠਉਰ ਨ ਪਾਇ ॥

ਮਨਮੁਖਾਂ ਦਾ ਚੰਚਲ ਮਨ ਜਮਾਂ ਦੀਆਂ ਬਹੁਤੀਆਂ ਸੱਟਾਂ ਖਾਂਦਾ ਹੈ। ਇਹ ਮਨੁੱਖਾ ਦੇਹ ਅਖੀਰਲੀ ਪਉੜੀ ਹੈ, ਜੇਕਰ ਇਥੋਂ ਛੁਟ ਗਿਆ, ਭਾਵ ਇਸ ਵਿਚ ਨਾਮ ਨਾ ਜੱਪਿਆ ਤਾਂ ਫਿਰ ਠਹਿਰਣਾ ਨਹੀਂ ਪਾਵੇਗਾ।

ਗਰਭ ਜੋਨਿ ਵਿਸਟਾ ਕਾ ਵਾਸੁ ॥ ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥ ੩ ॥

ਜਿਥੇ ਵਿਸ਼ਟਾ ਦਾ ਵਾਸਾ ਹੈ, ਐਸੀ ਜੋ ਮਾਤਾ ਦੀ ਗਰਭ ਜੂਨੀ ਹੈ, ਉਸ ਘਰਿ=ਜਗ੍ਹਾ ਵਿਚ ਮਨਮੁਖ ਪੁਰਸ਼ ਨਿਵਾਸ ਕਰਦਾ ਹੈ॥ ੩ ॥

ਅਪੁਨੇ ਸਤਿਗੁਰ ਕਉ ਸਦਾ ਬਲਿ ਜਾਈ ॥ ਗੁਰਮੁਖਿ ਜੋਤੀ ਜੋਤਿ ਮਿਲਾਈ ॥

ਗੁਰਮੁਖ ਜਨ ਆਪਣੇ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਂਦੇ ਹਨ। ਗੁਰਮੁਖਾਂ ਨੇ ਆਪਣੀ ਜੋਤ, ਜੋਤੀ ਵਾਹਿਗੁਰੂ ਨਾਲ ਮਿਲਾਈ ਹੈ।

ਨਿਰਮਲ ਬਾਣੀ ਨਿਜ ਘਰਿ ਵਾਸਾ ॥
ਨਾਨਕ ਹਉਮੈ ਮਾਰੇ ਸਦਾ ਉਦਾਸਾ ॥ ੪ ॥ ੬ ॥ ੪੫ ॥

ਗੁਰਮੁਖਾਂ ਦਾ ਗੁਰਾਂ ਦੀ ਨਿਰਮਲ ਉਪਦੇਸ਼ ਬਾਣੀ ਦੁਆਰਾ ਸਰੂਪ ਰੂਪੀ ਆਪਣੇ ਘਰ ਵਿਚ ਵਾਸਾ ਹੁੰਦਾ

ਹੈ। ਗੁਰੂ ਜੀ ਕਥਨ ਕਰਦੇ ਹਨ- ਗੁਰਮੁਖ ਸੰਸਾਰ ਵਲੋਂ ਸਦਾ ਲਈ ਉਦਾਸੀਨ ਹੋ ਕੇ ਹੰਗਤਾ ਮਮਤਾ ਨੂੰ ਮਾਰਦੇ ਹਨ॥ ੪॥ ੬॥ ੪੫॥

ਆਸਾ ਮਹਲਾ ੩॥

ਲਾਲੈ ਆਪਣੀ ਜਾਤਿ ਗਵਾਈ॥ ਤਨੁ ਮਨੁ ਅਰਪੇ ਸਤਿਗੁਰ ਸਰਣਾਈ॥

ਜਿਸ ਲਾਲੈ=ਦਾਸ ਨੇ ਆਪਣੀ ਜਾਤੀ ਪਾਤੀ ਦੀ ਹੰਗਤਾ ਦੂਰ ਕਰ ਦਿਤੀ ਹੈ, ਅਤੇ ਤਨ ਮਨ ਨੂੰ ਸਤਿਗੁਰਾਂ ਦੀ ਸ਼ਰਨ ਵਿਚ ਅਰਪਣ ਕੀਤਾ ਹੈ।

[ਪੰਨਾ ੩੬੩]

ਹਿਰਦੈ ਨਾਮੁ ਵਡੀ ਵਡਿਆਈ॥ ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ॥ ੧॥

ਜਿਸ ਨਾਮ ਦੀ ਵਡਿਆਈ ਵੱਡੀ ਹੈ, ਉਸ ਨਾਮ ਨੂੰ ਜਿਸ ਨੇ ਆਪਣੇ ਹਿਰਦੇ ਵਿਚ ਧਾਰਿਆ ਹੈ, ਉਹ ਪ੍ਰੀਤਮ ਪ੍ਰਭੂ ਸਦਾ ਉਸ ਦੀ ਸਹਾਇਤਾ ਕਰਨ ਵਾਲਾ ਹੁੰਦਾ ਹੈ॥ ੧॥

ਸੋ ਲਾਲਾ ਜੀਵਤੁ ਮਰੈ॥

ਅਸਲੀ ਲਾਲਾ=ਦਾਸ ਉਹ ਹੈ, ਜੋ ਜੀਵਤ ਭਾ ਤੋਂ ਮਰਦਾ ਹੈ ਅਤੇ-

ਸੋਗੁ ਹਰਖੁ ਦੁਇ ਸਮ ਕਰਿ ਜਾਣੈ
ਗੁਰ ਪਰਸਾਦੀ ਸਬਦਿ ਉਧਰੈ॥ ੧॥ ਰਹਾਉ॥

ਹਰਖ ਸੋਗ ਇਨ੍ਹਾਂ ਦੋਹਾਂ ਨੂੰ ਸਮ=ਇਕ ਸਾਰ ਕਰਕੇ ਜਾਣਦਾ ਹੈ, ਪੁਨਾ ਜੋ ਗੁਰਾਂ ਦੀ ਕਿਰਪਾ ਨਾਲ ਸਬਦਿ=ਸੰਸਾਰ-ਸਮੁੰਦ੍ਰ ਤੋਂ ਪਾਰ ਉਤਰਦਾ ਹੈ, ਓਹੀ ਅਸਲੀ ਦਾਸ ਹੈ॥ ੧॥ ਰਹਾਉ॥

ਕਰਣੀ ਕਾਰ ਧੁਰਹੁ ਫੁਰਮਾਈ॥ ਬਿਨੁ ਸਬਦੈ ਕੋ ਥਾਇ ਨ ਪਾਈ॥

ਸ੍ਰੇਸ਼ਟ ਕਰਣੀ ਦੀ ਕਾਰ ਧੁਰ ਤੋਂ ਹੀ ਫੁਰਮਾਈ ਹੈ। *ਅਥਵਾ*-ਗੁਰ ਸੇਵਾ ਕਰਨੀ ਇਹ ਕਾਰ ਆਦੋਂ ਫੁਰਮਾਈ ਹੈ। ਗੁਰ ਸ਼ਬਦ ਤੋਂ ਬਿਨਾਂ ਕੋਈ ਪੁਰਸ਼ ਭੀ ਉਤਮ ਥਾਂ ਨੂੰ, *ਅਥਵਾ*-ਸਰੂਪ ਅਸਥਾਨ ਨੂੰ ਨਹੀਂ ਪਾਂਦਾ।

ਕਰਣੀ ਕੀਰਤਿ ਨਾਮੁ ਵਸਾਈ॥ ਆਪੇ ਦੇਵੈ ਢਿਲ ਨ ਪਾਈ॥ ੨॥

ਜਿਸ ਨੇ ਨਾਮ ਦੀ ਕੀਰਤੀ ਕਰਨੀ ਹਿਰਦੇ ਵਿਚ ਵਸਾਈ ਹੈ, ਉਸ ਨੂੰ ਪਰਮੇਸ਼ਰ ਆਪ ਹੀ ਦਰਸ਼ਨ ਦਿੰਦਾ ਹੈ. ਢਿਲ ਨ ਪਾਈ=ਦੇਰੀ ਨਹੀਂ ਪਾਉਂਦਾ । *ਅਥਵਾ*- ਜਿਸ ਨੇ ਕੀਰਤੀ ਕਰਨੀ ਅਤੇ ਨਾਮ ਦੀ ਪ੍ਰੀਤੀ ਹਿਰਦੇ ਵਿਚ ਵਸਾਈ ਹੈ, ਉਸ ਨੂੰ ਪਰਮੇਸ਼ਰ ਆਪਣਾ ਆਪ ਦੇਂਦਿਆਂ ਢਿਲ=ਦੇਰੀ ਨਹੀਂ ਪਾਉਂਦਾ ॥ ੨॥

ਮਨਮੁਖਿ ਭਰਮਿ ਭੁਲੈ ਸੰਸਾਰੁ॥ ਬਿਨੁ ਰਾਸੀ ਕੂੜਾ ਕਰੇ ਵਾਪਾਰੁ॥

ਮਨਮੁਖੀਏ ਪੁਰਸ਼ ਭਰਮ ਕਰਕੇ ਸੰਸਾਰ ਵਿਚ ਭੁਲੇ ਫਿਰਦੇ ਹਨ। ਸ਼ਰਧਾ ਰੂਪੀ ਰਾਸੀ=ਦੌਲਤ ਤੋਂ ਬਿਨਾਂ ਇਹ ਜੀਵ ਝੂਠਾ ਹੀ ਵਪਾਰ, *ਅਥਵਾ*- ਝੂਠ ਦਾ ਹੀ ਵਪਾਰ ਕਰਦਾ ਹੈ।

ਵਿਣੁ ਰਾਸੀ ਵਖਰੁ ਪਲੈ ਨ ਪਾਇ॥ ਮਨਮੁਖਿ ਭੁਲਾ ਜਨਮੁ ਗਵਾਇ॥ ੩॥

ਜਿਵੇਂ ਦੌਲਤ ਤੋਂ ਬਿਨਾਂ ਪੁਰਸ਼ ਦੀ ਝੋਲੀ ਵਿਚ ਸੌਦਾ ਨਹੀਂ ਪੈਂਦਾ। ਤਿਵੇਂ ਸ਼ਰਧਾ ਰੂਪੀ ਰਾਸ ਤੋਂ ਬਿਨਾਂ

ਨਾਮ ਰੂਪੀ ਵਖਰੁ=ਸੌਦਾ ਬੁੱਧੀ ਰੂਪੀ ਪੱਲੇ ਵਿਚ ਨਹੀਂ ਪੈਦਾ। ਮਨਮੁਖ ਪੁਰਸ਼ ਅਜਿਹਾ ਭੁੱਲਾ ਹੈ, ਜੋ ਆਪਣੇ ਮਨੁੱਖਾ ਜਨਮ ਨੂੰ ਨਿਸਫਲ ਗਵਾ ਬੈਠਾ ਹੈ॥ ੩॥

ਸਤਿਗੁਰੁ ਸੇਵੇ ਸੁ ਲਾਲਾ ਹੋਇ॥ ਊਤਮ ਜਾਤੀ ਊਤਮੁ ਸੋਇ॥

ਜੋ ਸਤਿਗੁਰਾਂ ਦੀ ਸੇਵਾ ਕਰਦਾ ਹੈ, ਓਹੀ ਲਾਲਾ=ਦਾਸ ਹੁੰਦਾ ਹੈ। ਉਸ ਦੀ ਜਾਤੀ ਵੀ ਉੱਤਮ ਹੈ ਅਤੇ ਉਸ ਦੀ ਸੋਇ=ਸੋਭਾ ਵੀ ਉੱਤਮ।

ਗੁਰ ਪਉੜੀ ਸਭ ਦੂ ਊਚਾ ਹੋਇ॥ ਨਾਨਕ ਨਾਮਿ ਵਡਾਈ ਹੋਇ॥੪॥੭॥੪੬॥

ਗੁਰਾਂ ਦੇ ਉਪਦੇਸ਼ ਰੂਪੀ ਪੌੜੀ, *ਅਥਵਾ*-ਭਗਤੀ ਰੂਪੀ ਪੌੜੀ, *ਅਥਵਾ*-ਚੌਥੀ ਭੂਮਿਕਾ ਰੂਪੀ ਪੌੜੀ ਦੇ ਗ੍ਰਹਿਣ ਕਰਨ ਨਾਲ ਸਭ ਤੋਂ ਉੱਚਾ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਣ ਨਾਲ ਵਡਿਆਈ ਹੁੰਦੀ ਹੈ॥ ੪॥ ੭॥ ੪੬॥

ਆਸਾ ਮਹਲਾ ੩ ॥

ਮਨਮੁਖਿ ਝੂਠੋ ਝੂਠੁ ਕਮਾਵੈ॥ ਖਸਮੈ ਕਾ ਮਹਲੁ ਕਦੇ ਨ ਪਾਵੈ॥

ਮਨਮੁਖ ਪੁਰਸ਼ ਝੂਠ ਹੀ ਝੂਠ ਕਮਾਉਂਦਾ ਹੈ। *ਅਥਵਾ*- ਮਨਮੁਖ ਪੁਰਸ਼ ਝੂਠੇ ਪਦਾਰਥਾਂ ਦੇ ਪਾਉਣ ਵਾਸਤੇ ਝੂਠ ਹੀ ਕਮਾਵੈ=ਕਮਾਉਂਦਾ, ਅਰਥਾਤ ਬੋਲਦਾ ਹੈ। ਇਸ ਲਈ ਉਹ ਖਸਮੈ=ਮਾਲਕ ਦੇ ਸਰੂਪ ਨੂੰ ਕਦੇ ਨਹੀਂ ਪਾਉਂਦਾ।

ਦੂਜੈ ਲਗੀ ਭਰਮਿ ਭੁਲਾਵੈ॥ ਮਮਤਾ ਬਾਧਾ ਆਵੈ ਜਾਵੈ॥ ੧॥

ਉਸ ਦੀ ਬੁੱਧੀ ਦ੍ਵੈਤ ਭਾ ਵਿਚ ਲੱਗੀ ਹੋਈ ਹੈ, ਉਹ ਭਰਮ ਵਿਚ ਆਪ ਭੁਲਦਾ ਅਤੇ ਹੋਰਨਾਂ ਨੂੰ ਭਰਮ ਵਿਚ ਭੁਲਾਉਂਦਾ ਹੈ। ਮਮਤਾ ਵਿਚ ਬੱਝਾ ਹੋਇਆ ਜੰਮ ਕੇ ਆਉਂਦਾ, ਤੇ ਮਰ ਕੇ ਜਾਂਦਾ ਹੈ॥ ੧॥

ਦੋਹਾਗਣੀ ਕਾ ਮਨ ਦੇਖੁ ਸੀਗਾਰੁ॥

ਜਿਵੇਂ ਛੁੱਟੜ ਤੀਵੀਂ ਦਾ ਸ਼ਿੰਗਾਰ ਕੀਤਾ ਹੋਇਆ ਵਿਅਰਥ ਦੇਖੀਦਾ ਹੈ, ਤਿਵੇਂ ਦੋਹਾਗਣੀ=ਛੁੱਟੜ ਜੀਵ ਰੂਪੀ ਔਰਤਾਂ ਦਾ ਸ਼ਕਾਮ ਕਰਮਾਂ ਰੂਪੀ ਸ਼ਿੰਗਾਰ ਵਿਅਰਥ ਦੇਖਣਾ ਕਰੋ। ਜੋ-

ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ
ਝੂਠੁ ਮੋਹੁ ਪਾਖੰਡ ਵਿਕਾਰੁ॥ ੧॥ ਰਹਾਉ॥

ਪੁਤਰ ਕਲਤਿ=ਇਸਤ੍ਰੀ, ਧਨ, ਮਾਇਆ, ਝੂਠ, ਮੋਹ, ਪਾਖੰਡ ਅਤੇ ਵਿਕਾਰਾਂ ਵਿਚ ਚਿੱਤ ਲਗਾਉਂਦੀ ਹੈ॥ ੧॥ ਰਹਾਉ॥

ਸਦਾ ਸੋਹਾਗਣਿ ਜੋ ਪ੍ਰਭ ਭਾਵੈ॥ ਗੁਰ ਸਬਦੀ ਸੀਗਾਰੁ ਬਣਾਵੈ॥

ਜੋ ਪ੍ਰਭ ਨੂੰ ਭਾਉਂਦੀ ਹੈ, ਉਹ ਇਸਤ੍ਰੀ ਸਦਾ ਸੁਹਾਗਣ ਹੈ। ਉਹ ਗੁਰ-ਉਪਦੇਸ਼ ਰੂਪੀ ਸ਼ਿੰਗਾਰ ਨੂੰ ਬਣਾਉਂਦੀ ਹੈ। *ਅਥਵਾ*- ਉਹ ਗੁਰ ਸਬਦੀ=ਗੁਰ-ਉਪਦੇਸ਼ ਵਾਲੀ ਇਸਤ੍ਰੀ ਸ਼ੁਭ ਗੁਣਾਂ ਰੂਪੀ ਸ਼ਿੰਗਾਰ ਬਣਾਉਂਦੀ ਹੈ।

ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥ ੨ ॥

ਸ਼ਰਧਾ ਵਿਸ਼ਿਸ਼ਟ ਅੰਤਹਕਰਣ ਰੂਪ ਸੁਖਦਾਇਕ ਸੇਜਾ ਉਤੇ ਉਹ ਰਾਤ ਦਿਨ ਹਰੀ-ਪਤੀ ਦੇ ਅਨੰਦ ਨੂੰ ਰਾਵੈ=ਭੋਗਦੀ ਹੈ। ਅਤੇ ਪ੍ਰੀਤਮ-ਵਾਹਿਗੁਰੂ ਨਾਲ ਮਿਲ ਕੇ ਨਿਤ ਸੁਖ ਪਾਉਂਦੀ ਹੈ॥ ੨ ॥

ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥
ਅਪਣਾ ਪਿਰੁ ਰਾਖੈ ਸਦਾ ਉਰ ਧਾਰਿ ॥

ਉਹ ਇਸਤ੍ਰੀ ਸੱਚੀ ਸੁਹਾਗਣ ਹੈ, ਜਿਸ ਦਾ ਸੱਚੇ ਵਾਹਿਗੁਰੂ ਨਾਲ ਪਿਆਰ ਹੈ। ਅਤੇ ਜੋ ਆਪਣੇ ਪਤੀ ਨੂੰ ਸਦਾ ਹਿਰਦੇ ਵਿਚ ਧਾਰ ਰੱਖਦੀ ਹੈ। ਪੁਨਾ-

ਨੇੜੈ ਵੇਖੈ ਸਦਾ ਹਦੂਰਿ ॥ ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥ ੩ ॥

ਨੇੜੇ ਜੋ ਪ੍ਰਭੂ ਹੈ, ਉਸ ਨੂੰ ਸਦਾ ਹਾਜ਼ਰਾ ਹਜ਼ੂਰ ਵੇਖਦੀ ਹੈ। ਫਿਰ ਇੰਜ ਨਿਸ਼ਚੇ ਕਰਦੀ ਹੈ ਕਿ ਮੇਰਾ ਪ੍ਰਭੂ ਸੁਆਮੀ ਸਾਰਿਆਂ ਵਿਚ ਭਰਪੂਰਿ=ਪੂਰਨ ਹੋ ਰਿਹਾ ਹੈ। ਇਹਨਾਂ ਚਾਰ ਗੁਣਾਂ ਸਹਿਤ ਜੋ ਇਸਤ੍ਰੀ ਹੈ, ਉਹ ਸੱਚੀ ਸੁਹਾਗਣ ਹੈ॥ ੩ ॥

ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥

ਅੱਗੇ ਪ੍ਰਲੋਕ ਵਿਖੇ ਨਾ ਜਾਤੀ ਨੇ ਜਾਣਾ ਹੈ, ਨਾ ਸੁੰਦਰ ਰੂਪ ਨੇ ਜਾਣਾ ਹੈ। ਇਸ ਲੋਕ ਵਿਚ ਜਿਹੋ ਜਿਹੇ ਕਰਮ ਕਮਾਉਂਦਾ ਹੈ, ਓਹੋ ਜਿਹਾ ਫਲ ਅੱਗੇ ਪ੍ਰਲੋਕ ਵਿਚ ਪ੍ਰਾਪਤ ਹੁੰਦਾ ਹੈ।

ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥ ੪ ॥ ੮ ॥ ੪੭ ॥

ਸਾਰਿਆਂ ਸਾਧਨਾਂ ਤੋਂ ਉੱਚਾ ਸਾਧਨ, ਜੋ ਗੁਰ ਉਪਦੇਸ਼ ਹੈ; ਉਸ ਕਰਕੇ ਇਹ ਜੀਵ ਉੱਚਾ ਹੁੰਦਾ ਹੈ। ਅਤੇ ਉਹ ਸੱਚ ਸਰੂਪ ਵਿਚ ਸਮਾ ਜਾਂਦਾ ਹੈ॥ ੪ ॥ ੮ ॥ ੪੭ ॥

ਆਸਾ ਮਹਲਾ ੩ ॥

ਭਗਤਿ ਰਤਾ ਜਨੁ ਸਹਜਿ ਸੁਭਾਇ ॥ ਗੁਰ ਕੈ ਭੈ ਸਾਚੈ ਸਾਚਿ ਸਮਾਇ ॥

ਜੋ ਜਨ ਭਗਤੀ ਵਿਚ ਰੱਤਾ ਹੈ, ਉਸ ਦਾ ਸਹਜਿ ਸੁਭਾਇ=ਸ਼ਾਂਤ ਸੁਭਾ ਹੋਇਆ ਹੈ।

ਸੱਚੇ ਗੁਰਾਂ ਦਾ ਭੈ ਧਾਰਨ ਕਰਕੇ ਸੱਚੇ ਅਕਾਲ ਪੁਰਖ ਵਿਚ ਸਮਾਇ=ਅਭੇਦ ਹੁੰਦਾ ਹੈ।

ਬਿਨੁ ਗੁਰ ਪੂਰੇ ਭਗਤਿ ਨ ਹੋਇ ॥ ਮਨਮੁਖ ਰੁੰਨੇ ਅਪਨੀ ਪਤਿ ਖੋਇ ॥ ੧ ॥

ਪੂਰਿਆਂ ਗੁਰਾਂ ਤੋਂ ਬਿਨਾਂ ਭਗਤੀ ਪ੍ਰਾਪਤ ਨਹੀਂ ਹੁੰਦੀ। ਭਗਤੀ ਤੋਂ ਬਿਨਾਂ ਮਨਮੁਖ ਪੁਰਸ਼ ਆਪਣੀ ਪਤਿ=ਇੱਜ਼ਤ ਗਵਾ ਕੇ ਰੋਂਦੇ ਹਨ॥ ੧ ॥

ਮੇਰੇ ਮਨ ਹਰਿ ਜਪਿ ਸਦਾ ਧਿਆਇ ॥

ਹੇ ਮੇਰੇ ਮਨ ! ਤੂੰ ਹਰੀ ਨਾਮ ਨੂੰ ਜਪਣਾ ਕਰ, ਅਤੇ ਹਮੇਸ਼ਾਂ ਉਸ ਨੂੰ ਮਨ ਕਰਕੇ ਧਿਆਉਣਾ ਕਰ। ਤਾਂ-

ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ ॥ ੧ ॥ ਰਹਾਉ ॥

ਰਾਤ ਦਿਨੇ ਤੈਨੂੰ ਸਦਾ ਅਨੰਦ ਪ੍ਰਾਪਤ ਹੋਵੇਗਾ ਅਤੇ ਮਨ ਵਿਚ ਜੋ ਇੱਛਾ ਕਰੇਂਗਾ, ਓਹੀ ਫਲ ਪਾਵੇਂਗਾ ॥ ੧ ॥ ਰਹਾਉ ॥

ਗੁਰ ਪੂਰੇ ਤੇ ਪੂਰਾ ਪਾਏ ॥ ਹਿਰਦੈ ਸਬਦੁ ਸਚੁ ਨਾਮੁ ਵਸਾਏ ॥

ਪੂਰਨ ਗੁਰਾਂ ਦੇ ਸਬਦੁ=ਉਪਦੇਸ਼ ਦੁਆਰਾ ਹਿਰਦੇ ਵਿਚ ਸੱਚ ਨਾਮ ਨੂੰ ਵਸਾਵੇਂ, ਤਾਂ ਪੂਰਾ=ਪਰਮਾਤਮਾ ਪ੍ਰਾਪਤ ਹੁੰਦਾ ਹੈ।

ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥ ਸਦਾ ਸੂਚੇ ਸਾਚਿ ਸਮਾਏ ॥ ੨ ॥

ਸਤਸੰਗ ਸਰੋਵਰ ਦੇ ਨਾਮ ਰੂਪ ਅੰਮ੍ਰਿਤ ਵਿਖੇ ਇਸ਼ਨਾਨ ਕਰੇ ਤਾਂ ਅੰਤਰੁ=ਅੰਤਹਕਰਣ ਸ਼ੁੱਧ ਹੁੰਦਾ ਹੈ। ਉਹ ਫਿਰ ਸਦਾ ਲਈ ਸੂਚੇ=ਪਵਿੱਤ੍ਰ ਹੋ ਕੇ ਸੱਚੇ ਵਾਹਿਗੁਰੂ ਵਿਚ ਅਭੇਦ ਹੁੰਦਾ ਹੈ॥ ੨ ॥

ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥ ਗੁਰ ਪਰਸਾਦਿ ਰਹਿਆ ਭਰਪੂਰਿ ॥

ਉਹ ਪੁਰਸ਼ ਹਰੀ ਪ੍ਰਭੂ ਨੂੰ ਸਦਾ ਆਪਣੇ ਹਜ਼ੂਰ ਦੇਖਦਾ ਹੈ, ਅਤੇ ਗੁਰਾਂ ਦੀ ਕਿਰਪਾ ਦੁਆਰਾ ਉਸ ਨੂੰ ਸਾਰੇ ਭਰਪੂਰਿ=ਪੂਰਨ ਹੋ ਰਿਹਾ ਨਿਸ਼ਚੇ ਕਰਦਾ ਹੈ।

ਜਹਾ ਜਾਉ ਤਹ ਵੇਖਾ ਸੋਇ ॥ ਗੁਰ ਬਿਨੁ ਦਾਤਾ ਅਵਰੁ ਨ ਕੋਇ ॥ ੩ ॥

ਜਿਥੇ ਭੀ ਜਾਂਦਾ ਹੈ, ਉਥੇ ਉਹ ਸੱਚੇ ਨੂੰ ਵੇਖਦਾ ਹੈ। ਪਰ ਅਜਿਹੇ ਗਿਆਨ ਦਾ ਦਾਤਾ ਗੁਰਾਂ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ॥ ੩ ॥

ਗੁਰੁ ਸਾਗਰੁ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥

ਸੰਸਾਰ-ਸਮੁੰਦਰ ਵਿਚ ਗੁਰੂ ਸਾਹਿਬ ਜੀ ਪੂਰਾ ਭੰਡਾਰਾ ਹਨ। *ਅਥਵਾ:-* ਗੁਰੂ ਸਾਗਰ ਵਾਂਗ ਗੰਭੀਰ ਹਨ, ਜਿਨ੍ਹਾਂ ਵਿਚ ਅਪਾਰ ਗੁਣ ਵੈਰਾਗ ਗਿਆਨ ਰੂਪੀ ਉੱਤਮ ਰਤਨ ਜਵਾਹਰ ਹਨ। ਫਿਰ ਉਹਨਾਂ ਦਾ ਅੰਤਹਕਰਣ ਰੂਪ ਭੰਡਾਰਾ ਪੂਰਨ ਹੈ।

ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥ ੪ ॥ ੯ ॥ ੪੮ ॥

ਨਾਮ ਦਾਤ ਦੇ ਦੇਣ ਵਾਲੇ ਗੁਰੂ ਸਾਹਿਬ ਜੀ, ਜਿਸ ਨੂੰ ਕਿਰਪਾ ਦੁਆਰਾ ਨਾਮ ਦਾਨ ਦਿੰਦੇ ਹਨ, ਉਸ ਨੂੰ ਬਖਸ਼ਣਹਾਰ ਪਰਮਾਤਮਾ ਬਖਸ਼ਦਾ ਹੈ॥ ੪ ॥ ੯ ॥ ੪੮ ॥

ਆਸਾ ਮਹਲਾ ੩ ॥

ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ ਪੂਰੈ ਭਾਗਿ ਗੁਰ ਸੇਵਾ ਹੋਇ ॥

ਸਚੁ ਸੋਇ=ਸੱਚ ਦੀ ਸੋਭਾ ਕਰਨ ਵਾਲਾ ਸਤਿਗੁਰੂ ਗੁਰੁ ਸਾਇਰੁ=ਵੱਡਾ ਸਮੁੰਦਰ ਹੈ।

ਅਥਵਾ:- ਸੋਇ=ਉਹ ਜੋ, ਸੱਚਾ ਸਤਿਗੁਰ=ਤਿੰਨਾਂ ਸਮਿਆਂ ਵਿਚ ਨਾਸ ਤੋਂ ਰਹਿਤ, ਜੋ ਚੇਤਨ ਪਰਮਾਤਮਾ ਹੈ, ਗੁਰੂ ਉਸ ਦੇ ਸਾਇਰੁ=ਕਵੀ ਹਨ। ਉਸ ਗੁਰੂ ਦੀ ਸੇਵਾ ਪੂਰੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।

[ਪੰਨਾ ੩੬੪]

ਸੋ ਬੂਝੈ ਜਿਸੁ ਆਪਿ ਬੁਝਾਏ ॥ ਗੁਰ ਪਰਸਾਦੀ ਸੇਵ ਕਰਾਏ ॥ ੧ ॥

ਇਸ ਭੇਦ ਨੂੰ ਉਹ ਬੁਝਦਾ ਹੈ, ਜਿਸ ਨੂੰ ਆਪ ਸਤਿਗੁਰ ਦੇਵ ਜੀ ਸਮਝਾਉਂਦੇ ਹਨ। ਜਿਸ ਤੇ ਕਿਰਪਾ ਕਰਦੇ ਹਨ, ਉਸ ਪਾਸੋਂ ਗੁਰੂ ਆਪਣੀ ਸੇਵਾ ਕਰਾਉਂਦੇ ਹਨ॥ ੧ ॥

ਗਿਆਨ ਰਤਨਿ ਸਭ ਸੋਝੀ ਹੋਇ॥

ਜਿਸ ਦੇ ਪਾਸ ਰਤਨ ਰੂਪ ਗਿਆਨ ਹੈ, ਉਸ ਨੂੰ ਸਭ ਸਮਝ ਹੁੰਦੀ ਹੈ।

ਗੁਰ ਪਰਸਾਦਿ ਅਗਿਆਨੁ ਬਿਨਾਸੈ
ਅਨਦਿਨੁ ਜਾਗੈ ਵੇਖੈ ਸਚੁ ਸੋਇ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਜੋ ਰਾਤ ਦਿਨ ਗਿਆਨ-ਜਾਗ੍ਰਤ ਵਿਚ ਜਾਗਦਾ ਹੈ, ਉਸ ਦਾ ਅਗਿਆਨ ਰੂਪ ਹਨੇਰਾ ਨਾਸ ਹੋ ਜਾਂਦਾ ਹੈ, ਅਗਿਆਨ ਦੇ ਨਾਸ ਹੋਣ ਕਰਕੇ ਉਹ ਉਸ ਸੱਚੇ ਨੂੰ ਵੇਖਦਾ ਰਹਿੰਦਾ ਹੈ॥ ੧ ॥

ਮੋਹੁ ਗੁਮਾਨੁ ਗੁਰ ਸਬਦਿ ਜਲਾਏ॥ ਪੂਰੇ ਗੁਰ ਤੇ ਸੋਝੀ ਪਾਏ॥

ਗੁਰ ਸ਼ਬਦ ਦੁਆਰਾ ਸੰਬੰਧੀਆਂ ਦੇ ਮੋਹ ਨੂੰ ਅਤੇ ਧਨ ਦੇ ਗੁਮਾਨੁ=ਹੰਕਾਰ ਨੂੰ ਸਾੜਨਾ ਕਰੇ, ਤਾਂ ਪੂਰਿਆਂ ਗੁਰਾਂ ਤੋਂ ਸੋਝੀ=ਗਿਆਤ ਪਾਂਵਦਾ ਹੈ।

ਅੰਤਰਿ ਮਹਲੁ ਗੁਰ ਸਬਦਿ ਪਛਾਣੈ॥
ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੈ॥ ੨ ॥

ਗੁਰ ਸ਼ਬਦ ਦੁਆਰੇ ਹਿਰਦੇ ਅੰਦਰ ਮਹਲੁ=ਸਰੂਪ ਨੂੰ ਪਛਾਣੇ। ਥਿਰ ਰੂਪ ਨਾਮੀ ਵਿਖੇ ਸਮਾਉਣ ਕਰਕੇ ਜੰਮਣਾ ਮਰਨਾ ਰਹਿ ਜਾਂਦਾ ਹੈ॥ ੨ ॥

ਜੰਮਣੁ ਮਰਣਾ ਹੈ ਸੰਸਾਰੁ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ॥

ਸੰਸਾਰ ਵਿਖੇ ਜੰਮਣਾ ਮਰਨਾ ਪ੍ਰਬਲ ਹੋ ਰਿਹਾ ਹੈ, *ਅਥਵਾ:-* ਸੰਸਾਰ ਜੰਮਣ ਮਰਨ ਰੂਪ ਹੈ। ਮਨਮੁਖ ਪੁਰਸ਼ ਮਾਇਆ ਦੇ ਮੋਹ ਰੂਪੀ ਗੁਬਾਰੁ=ਗਾਹੜੇ ਅਨ੍ਹੇਰੇ ਕਰਕੇ ਅਚੇਤੁ=ਅਗਿਆਤ ਹੋ ਰਿਹਾ ਹੈ।

ਪਰ ਨਿੰਦਾ ਬਹੁ ਕੂੜੁ ਕਮਾਵੈ॥
ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ॥ ੩ ॥

ਪਰਾਈ ਨਿੰਦਿਆ ਅਤੇ ਬਹੁਤੇ ਝੂਠ ਨੂੰ ਕਮਾਉਂਦਾ ਹੈ। ਵਿਸਟਾ=ਨਰਕ ਦਾ ਕੀੜਾ ਹੋ ਕੇ ਉਹ ਨਰਕ ਵਿਚ ਹੀ ਸਮਾਂਵਦਾ ਹੈ। *ਅਥਵਾ:-* ਗੰਦਗੀ ਦਾ ਕੀੜਾ ਹੋ ਕੇ ਗੰਦ ਵਿਚ ਸਮਾਵੈ=ਪਿਆ ਰਹਿੰਦਾ ਹੈ॥ ੩ ॥

ਸਤਸੰਗਤਿ ਮਿਲਿ ਸਭ ਸੋਝੀ ਪਾਏ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥

ਜੋ ਸਤਸੰਗਤ ਵਿਖੇ ਮਿਲਦਾ ਹੈ, ਉਹ ਸੱਚ ਝੂਠ ਦੀ ਸਭ ਗਿਆਤ ਪਾਉਂਦਾ ਹੈ। ਗੁਰਾਂ ਦਾ ਉਪਦੇਸ਼ ਐਸਾ ਹੈ, ਜੋ ਹਰੀ ਦੀ ਭਗਤੀ ਦ੍ਰਿੜ੍ਹ ਕਰਾਉਂਦਾ ਹੈ।

ਭਾਣਾ ਮੰਨੇ ਸਦਾ ਸੁਖੁ ਹੋਇ॥ ਨਾਨਕ ਸਚਿ ਸਮਾਵੈ ਸੋਇ॥ ੪ ॥ ੧੦ ॥ ੪੯ ॥

ਜੋ ਭਾਣਾ ਮਿੱਠਾ ਕਰਕੇ ਮੰਨਦਾ ਹੈ, ਉਸ ਨੂੰ ਸਦਾ ਸੁਖ ਹੁੰਦਾ ਹੈ। ਗੁਰੂ ਜੀ ਆਖਦੇ ਹਨ:-ਉਹ ਸੱਚੇ ਪਰਮਾਤਮਾ ਵਿਖੇ ਸਮਾਵੈ=ਅਭੇਦ ਹੁੰਦਾ ਹੈ॥ ੪ ॥੧੦॥ ੪੯ ॥

ਆਸਾ ਮਹਲਾ ੩ ਪੰਚਪਦ੍ਰੇ॥

ਪੰਚ ਪਦੇ ਹੇਠ ਜੋ ਦੁਆ ਅੰਕ ਹੈ, ਉਸ ਦਾ ਭਾਵ ਇਹ ਹੈ ਕਿ ਪੰਚ ਪਦੇ ਦੇ ਦੋ ਸ਼ਬਦ ਆਉਣਗੇ।

ਸਬਦਿ ਮਰੈ ਤਿਸੁ ਸਦਾ ਅਨੰਦ॥ ਸਤਿਗੁਰ ਭੇਟੇ ਗੁਰ ਗੋਬਿੰਦ॥

ਜਿਹੜਾ ਗੁਰ ਸ਼ਬਦ ਕਰਕੇ ਜੀਵਤ ਭਾ ਤੋਂ ਮਰਦਾ ਹੈ, ਉਸ ਨੂੰ ਨਿੱਤ ਆਨੰਦ ਰਹਿੰਦਾ ਹੈ। ਕਿਉਂਕਿ ਉਸ ਨੂੰ ਸਤਿਗੁਰਾਂ ਦੁਆਰੇ ਗੁਰ-ਪੂਜਨੀਕ, *ਅਥਵਾ:-* ਸਾਰਿਆਂ ਤੋਂ ਗੁਰ=ਵੱਡਾ ਗੋਵਿੰਦ ਮਿਲਦਾ ਹੈ।

ਨਾ ਫਿਰਿ ਮਰੈ ਨ ਆਵੈ ਜਾਇ॥ ਪੂਰੇ ਗੁਰ ਤੇ ਸਾਚਿ ਸਮਾਇ॥ ੧॥

ਉਹ ਫਿਰ ਨਾ ਜੰਮ ਕੇ ਆਉਂਦਾ ਹੈ, ਨਾ ਹੀ ਮਰ ਕੇ ਪ੍ਰਲੋਕ ਵਿਚ ਜਾਂਦਾ ਹੈ। ਪੂਰਿਆਂ ਗੁਰਾਂ ਦੀ ਕਿਰਪਾ ਨਾਲ ਉਹ ਸੱਚ ਸਰੂਪ ਵਿਖੇ ਸਮਾਉਂਦਾ ਹੈ॥ ੧॥

ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ॥

ਜਿਨ੍ਹਾਂ ਦੇ ਮੱਥੇ ਪਰ ਧੁਰੋਂ ਨਾਮ ਪ੍ਰਾਪਤੀ ਦਾ ਲੇਖ ਲਿਖਿਆ ਗਿਆ ਹੈ।

ਤੇ ਅਨਦਿਨੁ ਨਾਮੁ ਸਦਾ ਧਿਆਵਹਿ
ਗੁਰ ਪੂਰੇ ਤੇ ਭਗਤਿ ਵਿਸੇਖੁ॥ ੧॥ ਰਹਾਉ॥

ਉਹ ਪੁਰਸ਼ ਪੂਰਿਆਂ ਗੁਰਾਂ ਤੋਂ ਵਿਸ਼ੇਸ਼ ਭਗਤੀ, ਭਾਵ ਪ੍ਰੇਮਾ-ਭਗਤੀ ਧਾਰਨ ਕਰਕੇ, ਹਰੀ ਨਾਮ ਨੂੰ ਰਾਤ ਦਿਨੇ ਸਦਾ ਧਿਆਉਂਦੇ ਹਨ॥ ੧॥ ਰਹਾਉ।

ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ॥
ਤਿਨ੍ ਕੀ ਗਹਣ ਗਤਿ ਕਹੀ ਨ ਜਾਇ॥

ਜਿਨ੍ਹਾਂ ਨੂੰ ਹਰੀ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ, ਉਨ੍ਹਾਂ ਦੀ ਗਹਣ ਗਤਿ=ਗੁਹਜ ਰੀਤੀ ਕੁਝ ਕਹੀ ਨਹੀਂ ਜਾਂਦੀ।

ਪੂਰੈ ਸਤਿਗੁਰ ਦਿਤੀ ਵਡਿਆਈ॥ ਊਤਮ ਪਦਵੀ ਹਰਿ ਨਾਮਿ ਸਮਾਈ॥ ੨॥

ਪਰੰਤੂ ਇਹ ਵਡਿਆਈ ਪੂਰੇ ਸਤਿਗੁਰਾਂ ਨੇ ਦਿੱਤੀ ਹੈ। ਜੋ ਹਰੀ ਨਾਮ ਜਪਣ ਕਰਕੇ ਉਤਮ ਪਦਵੀ ਵਿਖੇ ਸਮਾਈ ਹੁੰਦੀ ਹੈ॥ ੨॥

ਜੋ ਕਿਛੁ ਕਰੇ ਸੁ ਆਪੇ ਆਪਿ॥ ਏਕ ਘੜੀ ਮਹਿ ਥਾਪਿ ਉਥਾਪਿ॥

ਉਹ ਪਰਮਾਤਮਾ ! ਜੋ ਕੁਝ ਭੀ ਕਰਦਾ ਹੈ, ਉਹ ਆਪਣੇ ਆਪ ਕਰਦਾ ਹੈ। ਇਕ ਘੜੀ ਵਿਖੇ ਥਾਪਿ=ਉਤਪਤੀ, ਪਾਲਣਾ ਅਤੇ ਉਥਾਪਿ=ਲੈਤਾ ਕਰਦਾ ਹੈ।

ਕਹਿ ਕਹਿ ਕਹਣਾ ਆਖਿ ਸੁਣਾਏ॥ ਜੇ ਸਉ ਘਾਲੇ ਥਾਇ ਨ ਪਾਏ॥ ੩॥

ਇਹ ਜੀਵ ਕਹਿਣੇ ਵਾਲਾ ਹੋ ਕੇ ! ਕਹੇ ਹੋਏ ਕਹਣਾ=ਵਖਿਆਣਾਂ ਨੂੰ ਕਹਿ ਕੇ ਆਮ ਜਨਤਾ ਨੂੰ ਸੁਣਾਉਂਦਾ ਹੈ। ਇਸ ਤਰ੍ਹਾਂ ਦੀਆਂ ਜੇਕਰ ਸੈਂਕੜੇ ਕਮਾਈਆਂ ਭੀ ਕਰੇ, ਤਾਂ ਭੀ ਪਰਮੇਸ਼ਰ ਥਾਂ ਵਿਖੇ ਨਹੀਂ

ਪਾਉਂਦਾ, ਭਾਵ ਕਿਸੇ ਅਰਥ ਨਹੀਂ॥ ੩॥

ਜਿਨ੍ ਕੈ ਪੋਤੈ ਪੁੰਨੁ ਤਿਨ੍ਹਾ ਗੁਰੂ ਮਿਲਾਏ॥ ਸਚੁ ਬਾਣੀ ਗੁਰੁ ਸਬਦੁ ਸੁਣਾਏ॥

ਪਹਿਲੇ ਜਨਮ ਦੇ ਕੀਤੇ ਹੋਏ ਪੁੰਨ ਜਿਨ੍ਹਾਂ ਦੇ ਪੋਤੈ=ਪੱਲੇ, *ਅਥਵਾ:-* ਖ਼ਜ਼ਾਨੇ ਵਿਚ ਹਨ, ਉਹਨਾਂ ਨੂੰ ਪਰਮੇਸ਼ਰ ਗੁਰਾਂ ਨਾਲ ਮਿਲਾਉਂਦਾ ਹੈ। ਤੇ ਗੁਰੂ ਉਨ੍ਹਾਂ ਨੂੰ ਸੱਚੀ ਉਪਦੇਸ਼ ਬਾਣੀ ਸੁਣਾਉਂਦੇ ਹਨ।

ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ॥
ਗਿਆਨਿ ਰਤਨਿ ਸਾਚੈ ਸਹਜਿ ਸਮਾਏ॥ ੪॥

ਜਿਸ ਹਿਰਦੇ ਵਿਚ ਗੁਰਾਂ ਦਾ ਉਪਦੇਸ਼ ਵੱਸਦਾ ਹੈ, ਉਸ ਹਿਰਦੇ 'ਚੋਂ ਦੁੱਖ ਜਾਂਦਾ ਰਹਿੰਦਾ ਹੈ। ਗਿਆਨ ਰਤਨ ਕਰਕੇ-ਉਹ ਸਹਜੇ ਸੱਚੇ ਵਿਚ ਅਭੇਦ ਹੁੰਦਾ ਹੈ॥ ੪॥

ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ॥ ਜਿਸ ਨੋ ਬਖਸੇ ਸਾਚਾ ਸੋਇ॥

ਨਾਮ ਜੇਡਾ ਵੱਡਾ ਹੋਰ ਕੋਈ ਧਨ ਨਹੀਂ ਹੈ। ਉਹ ਸੱਚਾ ਪ੍ਰਭੂ ਜਿਸ ਨੂੰ ਬਖਸ਼ਦਾ ਹੈ, ਉਸ ਨੂੰ ਮਿਲਦਾ ਹੈ।

ਪੂਰੈ ਸਬਦਿ ਮੰਨਿ ਵਸਾਏ॥ ਨਾਨਕ ਨਾਮਿ ਰਤੇ ਸੁਖੁ ਪਾਏ॥੫॥੧੧॥੫੦॥

ਓਹੀ ਪੂਰਿਆਂ ਗੁਰਾਂ ਦੇ ਸ਼ਬਦ ਦੁਆਰੇ ਮਨ ਵਿਖੇ ਨਾਮ ਵਸਾਉਂਦੇ ਹਨ।

ਗੁਰੂ ਜੀ ਆਖਦੇ ਹਨ- ਓਹੀ ਨਾਮੀ ਦੇ ਨਾਮ ਵਿਚ ਤਦਾਕਾਰ ਹੋਏ ਹੋਏ ਸੁਖ ਪਾਉਂਦੇ ਹਨ॥ ੫॥ ੧੧॥ ੫੦॥

ਆਸਾ ਮਹਲਾ ੩॥ ਨਿਰਤਿ ਕਰੇ ਬਹੁ ਵਾਜੇ ਵਜਾਏ॥

ਸੰਸਾਰੀ ਪੁਰਸ਼ ! ਬਹੁਤ ਸਾਰੇ ਵਾਜੇ ਵਜਾ ਕੇ ਨਿਰਤਕਾਰੀ ਕਰਦੇ ਹਨ, ਨੱਚਦੇ ਟੱਪਦੇ ਹਨ।

ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ॥

ਇਹ ਮਨ ਗਿਆਨ ਵੈਰਾਗ ਤੋਂ ਹੀਣ ਹੋਣ ਕਰਕੇ ਅੰਨ੍ਹਾਂ ਹੈ, ਨਿਸ਼ਚੇ ਵਿਚਾਰ ਤੋਂ ਰਹਿਤ ਹੋਣ ਕਰਕੇ ਬੋਲਾ ਹੈ, ਅਸੀਂ ਕਿਸ ਨੂੰ ਆਖ ਕੇ ਸੁਨਾਉਣਾ ਕਰੀਏ।

ਅੰਤਰਿ ਲੋਭੁ ਭਰਮੁ ਅਨਲ ਵਾਉ॥ ਦੀਵਾ ਬਲੈ ਨ ਸੋਝੀ ਪਾਇ॥ ੧॥

ਹਿਰਦੇ ਅੰਦਰ ਲੋਭ ਅਤੇ ਭਰਮ ਕਰਕੇ ਅਨਲ ਵਾਉ=ਸ਼ੁਦਾਈ ਹੋ ਰਿਹਾ ਹੈ।

ਅਥਵਾ:- ਹਿਰਦੇ ਅੰਦਰ ਪਦਾਰਥਾਂ ਦਾ ਲੋਭ, ਭਰਮ, ਤ੍ਰਿਸ਼ਨਾ ਰੂਪ ਅਨਲ=ਅਗਨੀ ਤੇ ਵਾਉ=ਵਾਸ਼ਨਾ ਪ੍ਰਬਲ ਹੋ ਰਹੀਆਂ ਹਨ। ਬਿਬੇਕ ਰੂਪ ਦੀਵਾ ਬਲਦਾ ਨਹੀਂ ਹੈ, ਨਾ ਹੀ ਆਤਮ ਬੋਧ ਰੂਪੀ ਸੂਝ ਪਾਉਂਦਾ ਹੈ।

ਗੁਰਮੁਖਿ ਭਗਤਿ ਘਟਿ ਚਾਨਣੁ ਹੋਇ॥
ਆਪੁ ਪਛਾਣਿ ਮਿਲੈ ਪ੍ਰਭੁ ਸੋਇ॥ ੧॥ ਰਹਾਉ॥

ਭਗਤੀ ਕਰਨ ਕਰਕੇ ਗੁਰਮੁਖਾਂ ਦੇ ਘਟ ਵਿਚ ਚਾਨਣ ਹੁੰਦਾ ਹੈ। ਆਪਣੇ ਸਰੂਪ ਨੂੰ ਪਛਾਣ ਕੇ ਉਸ ਪ੍ਰਭੂ ਨਾਲ ਮਿਲਦੇ ਹਨ॥ ੧॥ ਰਹਾਉ॥

ਗੁਰਮੁਖਿ ਨਿਰਤਿ ਹਰਿ ਲਾਗੈ ਭਾਉ ॥ ਪੂਰੇ ਤਾਲ ਵਿਚਹੁ ਆਪੁ ਗਵਾਇ ॥

ਗੁਰਮੁਖਾਂ ਦੀ ਨਿਰਤਕਾਰੀ ਏਹੋ ਹੈ, ਜਿਹੜਾ ਹਰੀ ਵਿਖੇ ਪਰੇਮ ਲੱਗਾ ਹੈ। ਹਿਰਦੇ 'ਚੋਂ ਜਿਹੜਾ ਆਪੁ= ਹੰਕਾਰ ਗਵਾ ਦਿੱਤਾ ਹੈ, ਏਹੀ ਤਾਲਾਂ ਦਾ ਪੂਰਨਾ ਹੈ।

ਮੇਰਾ ਪ੍ਰਭੁ ਸਾਚਾ ਆਪੇ ਜਾਣੁ ॥ ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ ॥ ੨ ॥

ਮੇਰਾ ਪ੍ਰਭੂ ਸੱਚਾ ਜਿਸ ਗੁਰਮੁਖ ਨੂੰ ਆਪਣਾ ਸੇਵਕ ਜਾਣਦਾ ਹੈ, ਉਹ ਗੁਰਮੁਖ ਗੁਰਾਂ ਦੇ ਸ਼ਬਦ ਕਰਕੇ ਹਿਰਦੇ ਅੰਦਰ ਬ੍ਰਹਮ ਨੂੰ ਪਛਾਣਦਾ ਹੈ॥ ੨ ॥

ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥

ਗੁਰਮੁਖ ਭਗਤੀ ਅੰਦਰ ਪਰੀਤੀ ਕਰਦੇ ਹਨ। ਇਸ ਕਰਕੇ ਪ੍ਰਭੂ ਉਹਨਾਂ ਭਗਤਾਂ ਨਾਲ ਪਿਆਰ ਕਰਦਾ ਹੈ। *ਅਥਵਾ:-* ਗੁਰਮੁਖ, ਪਿਆਰੇ ਦੀ ਭਗਤੀ ਅੰਦਰ ਪ੍ਰੀਤੀ ਕਰਦੇ ਹਨ ਅਤੇ ਸਹਿਜੇ ਗੁਰ ਸ਼ਬਦ ਦਾ ਵਿਚਾਰ ਕਰਦੇ ਹਨ।

ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥

ਅਸਲੀ ਗੁਰਮੁਖ ਓਹੀ ਹਨ, ਜੋ ਸੱਚੀ ਭਗਤੀ ਅੰਦਰ ਜੁਗਤਿ=ਜੁੜੇ ਹਨ।

ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥ ੩ ॥

ਪਖੰਡ ਵਾਲੀ ਭਗਤੀ ਅਤੇ ਨਿਰਤਕਾਰੀ ਕਰਨ ਨਾਲ ਦੁੱਖ ਹੀ ਦੁੱਖ ਹੁੰਦਾ ਹੈ।

ਅਥਵਾ:- ਨਿਰਤਕਾਰੀ ਵਾਲੀ ਭਗਤੀ ਕਰਨ ਵਾਲੇ ਪਖੰਡੀ ਨੂੰ ਜਮਪੁਰੀ ਵਿਚ ਜਾ ਕੇ ਦੁੱਖ ਹੋਵੇਗਾ ॥ ੩ ॥

[ਪੰਨਾ ੩੬੫]

ਏਹਾ ਭਗਤਿ ਜਨੁ ਜੀਵਤ ਮਰੈ ॥ ਗੁਰ ਪਰਸਾਦੀ ਭਵਜਲੁ ਤਰੈ ॥

ਜੀਵ ਦੀ ਅਸਲੀ ਭਗਤੀ ਇਹੀ ਹੈ, ਜਿਹੜਾ ਜੀਵਤ ਭਾ ਤੋਂ ਮਰ ਜਾਣਾ ਹੈ। ਗੁਰਾਂ ਦੀ ਕਿਰਪਾ ਨਾਲ ਸੰਸਾਰ-ਸਾਗਰ ਤੋਂ ਤਰ ਜਾਂਦਾ ਹੈ।

ਗੁਰ ਕੈ ਬਚਨਿ ਭਗਤਿ ਥਾਇ ਪਾਇ ॥
ਹਰਿ ਜੀਉ ਆਪਿ ਵਸੈ ਮਨਿ ਆਇ ॥ ੪ ॥

ਗੁਰਾਂ ਦੇ ਉਪਦੇਸ਼ ਦੁਆਰਾ ਭਗਤੀ ਕੀਤੀ ਥਾਂ ਪੈਂਦੀ, ਭਾਵ ਸਫਲ ਹੁੰਦੀ ਹੈ। ਭਗਤੀ ਕਰਕੇ ਹੀ ਹਰਿ ਜੀਉ ਆਪ ਮਨ ਵਿਖੇ ਆ ਵੱਸਦਾ ਹੈ॥ ੪ ॥

ਹਰਿ ਕ੍ਰਿਪਾ ਕਰੇ ਸਤਿਗੁਰੁ ਮਿਲਾਏ ॥

ਹਰੀ ਕਿਰਪਾ ਕਰੇ ਤਾਂ ਸਤਿਗੁਰਾਂ ਨਾਲ ਮਿਲਾਉਂਦਾ ਹੈ। ਤਾਂ ਫਿਰ ਇਹ ਜੀਵ-

ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ ॥

ਹਰੀ ਦੀ ਨਿਸ਼ਚਲ ਭਗਤੀ ਨਾਲ ਚਿੱਤ ਲਗਾਉਂਦਾ ਹੈ।

ਭਗਤਿ ਰਤੇ ਤਿਨ੍ ਸਚੀ ਸੋਇ॥
ਨਾਨਕ ਨਾਮਿ ਰਤੇ ਸੁਖੁ ਹੋਇ॥ ੫॥ ੧੨॥ ੫੧॥

ਅਜਿਹੀ ਭਗਤੀ ਵਿਚ ਜੋ ਰਤੇ=ਲੀਨ ਹੋਏ ਹਨ, ਉਨ੍ਹਾਂ ਦੀ ਸੱਚੀ ਸੋਇ=ਸ਼ੋਭਾ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ- ਨਾਮੀ ਦੇ ਨਾਮ ਵਿਖੇ ਲੀਨ ਹੋਣ ਨਾਲ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੫॥ ੧੨॥ ੫੧॥

ਆਸਾ ਘਰੁ ੮ ਕਾਫੀ ਮਹਲਾ ੩ ੧ੴ ਸਤਿਗੁਰ ਪ੍ਰਸਾਦਿ॥
ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ॥

ਜਿਸ ਵੇਲੇ ਹਰੀ ਦੇ ਹੁਕਮ ਨਾਲ ਸਤਿਗੁਰੂ ਮਿਲਦੇ ਹਨ, ਤਿਸ ਵੇਲੇ ਸੱਚੇ ਦੀ ਪ੍ਰਾਪਤੀ ਦੀ ਸਮਾਨ ਸੋਝੀ=ਗਿਆਤ ਹੁੰਦੀ ਹੈ, ਭਾਵ ਪ੍ਰੋਖ ਗਿਆਨ ਹੁੰਦਾ ਹੈ।

ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ॥ ੧॥

ਜਦੋਂ ਗੁਰਾਂ ਦੀ ਕਿਰਪਾ ਨਾਲ ਨਾਮ ਮਨ ਵਿਖੇ ਵੱਸਦਾ ਹੈ, ਤਦ ਉਸ ਹਰੀ ਨੂੰ ਬੁੱਝ ਲੈਂਦਾ ਹੈ॥ ੧॥

ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ॥

ਇਕ ਦਾਤਾ ਜੋ ਪ੍ਰਭੂ ਹੈ ਮੇਰਾ ਉਹੀ ਪਤੀ ਹੈ, ਉਸ ਤੋਂ ਬਗੈਰ ਹੋਰ ਕੋਈ ਨਹੀਂ ।

ਅਥਵਾ:- ਉਸ ਵਰਗਾ ਹੋਰ ਦੂਜਾ ਕੋਈ ਨਹੀਂ ਹੈ।

ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ॥ ੧॥ ਰਹਾਉ॥

ਜਦ ਗੁਰਾਂ ਦੀ ਕਿਰਪਾ ਨਾਲ ਉਹ ਮਨ ਵਿਚ ਵੱਸਦਾ ਹੈ ਤਾਂ ਨਿਤ ਸੁਖ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ॥

ਇਸ ਕਲਜੁਗ ਵਿਚ ਨਿਰਭਉ ਕਰਨ ਵਾਲਾ ਇਕ ਹਰੀ ਦਾ ਨਾਮ ਹੈ, ਗੁਰਾਂ ਦੁਆਰੇ ਸ਼ੁਭ ਵਿਚਾਰ ਕਰਨ ਨਾਲ ਪ੍ਰਾਪਤ ਹੁੰਦਾ ਹੈ।

ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥ ੨॥

ਨਾਮ ਤੋਂ ਬਿਨਾਂ ਇਹ ਮਨਮੁਖ ਅੰਧਾ ਅਗਿਆਨੀ ਗਵਾਰਿ=ਮੂਰਖ, ਜਮਾਂ ਦੇ ਵਸੀਕਾਰ ਹੁੰਦਾ ਹੈ॥ ੨।

ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ॥

ਜਿਹੜਾ ਪੁਰਸ਼ ਹਰੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਅਤੇ ਗੁਰਾਂ ਦੀ ਸੇਵਾ ਕਰਦਾ ਹੈ, ਉਹ ਸੱਚੇ ਪਰਮਾਤਮਾ ਨੂੰ ਬੁਝਦਾ ਹੈ।

ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ॥ ੩॥

ਹਰੀ ਦੇ ਭਾਣੇ ਅੰਦਰ ਹੀ ਉਸ ਦੀ ਸ਼ਲਾਘਾ ਕਰੀਏ, ਭਾਣਾ ਮੰਨਣ ਵਿਚ ਹੀ ਸੁਖ ਪ੍ਰਾਪਤ ਹੁੰਦਾ ਹੈ॥ ੩॥

ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ॥

ਹਰੀ ਦੇ ਭਾਣੇ ਅੰਦਰ ਹੀ ਤੂੰ ਜਨਮ ਪਦਾਰਥ ਪਾਇਆ ਹੈ, ਭਾਣੇ ਅੰਦਰ ਹੀ ਬੁੱਧੀ ਉੱਤਮ ਹੁੰਦੀ ਹੈ।

ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥ ੪ ॥ ੩੯ ॥ ੧੩ ॥ ੫੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਖ਼ਾ ! ਤੂੰ ਨਾਮ ਨੂੰ ਸਲਾਹੁਣਾ ਕਰ, ਜਿਸ ਨਾਮ ਕਰਕੇ ਗੁਰਮੁਖਾਂ ਨੂੰ ਮੁਕਤੀ ਪ੍ਰਾਪਤ ਹੋਈ ਹੈ॥ ੪ ॥ ੩੯ ॥ ੧੩ ॥ ੫੨ ॥

ਚੌਕਾ ਇਸ ਵਾਸਤੇ ਲਗਾਇਆ ਹੈ ਕਿ ਇਸ ਸ਼ਬਦ ਦੀਆਂ ਚਾਰ ਪਉੜੀਆਂ ਹਨ। ੩੯ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ।

੧੩ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਕੁਲ ਜੋੜ ੫੨ ਹੈ।

ਆਸਾ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥

ਹੇ ਵਾਹਿਗੁਰ ! ਤੂੰ ਸਚਿਆਰ ਕਰਤਾ ਹੈਂ ਅਤੇ ਮੈਡਾ ਸਾਂਈ=ਮੇਰਾ ਮਾਲਕ ਹੈਂ।

ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥ ੧ ॥ ਰਹਾਉ ॥

ਜੋ ਗੱਲ ਆਪ ਜੀ ਨੂੰ ਭਾਉਂਦੀ ਹੈ, ਉਹੀ ਗੱਲ ਥੀਸੀ=ਹੁੰਦੀ ਹੈ, ਜੋ ਆਪ ਦਿੰਦੇ ਹੋ, ਉਹੀ ਅਸੀਂ ਪਾਉਂਦੇ ਹਾਂ ॥ ੧ ॥ ਰਹਾਉ ॥

ਸਭ ਤੇਰੀ ਤੂੰ ਸਭਨੀ ਧਿਆਇਆ ॥

ਸਾਰੀ ਸ੍ਰਿਸ਼ਟੀ ਆਪ ਜੀ ਦੀ ਹੈ, ਸਾਰਿਆਂ ਨੇ ਆਪ ਜੀ ਨੂੰ ਧਿਆਉਣਾ ਕੀਤਾ ਹੈ।

ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥

ਜਿਸ ਤੇ ਆਪ ਕਿਰਪਾ ਕਰਦੇ ਹੋਂ, ਉਸ ਨੇ ਰਤਨ ਰੂਪ ਅਮੋਲਕ ਨਾਮ ਨੂੰ ਪਾਇਆ ਹੈ।

ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥

ਗੁਰਮੁਖਾਂ ਨੇ ਗੁਰਾਂ ਦੁਆਰੇ ਆਪ ਜੀ ਨੂੰ ਲੱਭ ਲਿਆ ਅਤੇ ਮਨਮੁਖਾਂ ਨੇ ਮਨਮੁਖਤਾ ਕਰਕੇ ਗਵਾ ਲਿਆ ਹੈ। *ਅਥਵਾ:-* ਗੁਰਮੁਖਾਂ ਨੇ ਮਨੁੱਖ ਜਨਮ ਲਾਧਾ=ਸਫਲਾ ਕੀਤਾ ਹੈ, ਮਨਮੁਖਾਂ ਨੇ ਮਨੁੱਖਾ ਜਨਮ ਨਿਸਫਲ ਗਵਾਇਆ=ਗੁਆ ਦਿੱਤਾ।

ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥ ੧ ॥

ਤੁਸੀਂ ਮਨਮੁਖਾਂ ਨੂੰ ਆਪਣੇ ਨਾਲੋਂ ਵਿਛੋੜ ਦਿੱਤਾ ਹੈ, ਗੁਰਮੁਖਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ, *ਅਥਵਾ:-* ਤੁਸੀਂ ਆਪ ਜੀ ਗੁਰਮੁਖਾਂ ਨੂੰ ਪਦਾਰਥਾਂ ਨਾਲੋਂ ਵਿਛੋੜਿਆ ਹੈ ਅਤੇ ਮਨਮੁਖਾਂ ਨੂੰ ਪਦਾਰਥਾਂ ਨਾਲ ਮਿਲਾਇਆ=ਜੋੜਿਆ ਹੈ॥ ੧ ॥

ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥

ਤੂੰ ਦਰਿਆ ਰੂਪ ਹੈਂ, ਸਾਰੇ ਜੀਵ ਤੇਰੇ ਵਿਚੋਂ ਤਰੰਗ ਰੂਪ ਹਨ। ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥

ਸੂਖਮ ਸਥੂਲ ਜੀਅ ਜੰਤ ਸਾਰਾ ਆਪ ਜੀ ਦਾ ਖੇਲ ਹੈ। ਜਿਸ ਵੇਲੇ ਵਿਜੋਗੀ ਕਰਮ ਆਉਂਦਾ ਹੈ ਤਾਂ ਮਿਲੇ ਹੋਏ ਪਦਾਰਥ, *ਅਥਵਾ:-* ਸੰਬੰਧੀ ਵਿਛੁੜ ਜਾਂਦੇ ਹਨ। ਜਦ ਸੰਜੋਗੀ ਕਰਮ ਆਉਂਦਾ ਹੈ, ਤਾਂ ਵਿਛੁੜੇ ਹੋਏ ਪਦਾਰਥਾਂ ਦਾ; *ਅਥਵਾ:-* ਸੰਬੰਧੀਆਂ ਦਾ ਮੇਲ ਹੋ ਜਾਂਦਾ ਹੈ। *ਅਥਵਾ:-* ਜੋ ਗੁਰਾਂ ਦਾ ਵਿਜੋਗੀ ਹੁੰਦਾ ਹੈ, ਉਹ ਪਰਮੇਸ਼ਰ ਨਾਲ ਮਿਲਣ ਤੋਂ ਵਿਛੁੜ ਜਾਦਾ ਹੈ, ਜੋ ਗੁਰਾਂ ਦਾ ਸੰਜੋਗੀ ਹੁੰਦਾ ਹੈ, ਉਹ ਵਿਛੁੜਿਆ ਹੋਇਆ ਭੀ ਪਰਮੇਸ਼ਰ ਨਾਲ ਮਿਲ ਜਾਂਦਾ ਹੈ॥ ੨॥

ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥
ਹਰਿ ਗੁਣ ਸਦ ਹੀ ਆਖਿ ਵਖਾਣੈ ॥

ਹੇ ਹਰੀ ! ਜਿਸ ਨੂੰ ਤੂੰ ਆਪਣਾ ਸਰੂਪ ਜਣਾਉਂਦਾ ਹੈਂ, ਓਹੀ ਪੁਰਸ਼ ਜਾਣਦਾ ਹੈ। ਅਤੇ ਉਹੀ ਪੁਰਸ਼ ਹੇ ਹਰੀ ! ਆਪ ਜੀ ਦੇ ਸ਼ੁਭ ਗੁਣਾਂ ਨੂੰ ਸਦਾ ਮੂੰਹ ਨਾਲ ਆਖਦਾ ਹੈ।

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥
ਸਹਜੇ ਹੀ ਹਰਿ ਨਾਮਿ ਸਮਾਇਆ ॥ ੩ ॥

ਹੇ ਹਰੀ ! ਜਿਸ ਨੇ ਆਪ ਜੀ ਨੂੰ ਸੇਵਿਆ ਹੈ, ਉਸੇ ਨੇ ਸੁਖ ਪਾਇਆ ਹੈ। ਹੇ ਹਰੀ ! ਉਹ ਸੁੱਤੇ ਹੀ ਨਾਮਿ=ਨਾਮ ਜਪ ਕੇ ਆਪ ਜੀ ਵਿਖੇ ਸਮਾਇਆ=ਅਭੇਦ ਹੋਇਆ ਹੈ॥ ੩॥

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥

ਤੂੰ ਆਪ ਹੀ ਸਾਰਿਆਂ ਦਾ ਕਰਤਾ ਹੈਂ, ਆਪ ਜੀ ਦਾ ਕੀਤਾ ਹੋਇਆ ਸਭ ਕੁਝ ਹੋ ਰਿਹਾ ਹੈ। ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥ ੪ ॥ ੧ ॥ ੫੩ ॥

ਹੇ ਹਰੀ ! ਤੂੰ ਆਪ ਹੀ ਜੀਵਾਂ ਨੂੰ ਕਰਿ ਕਰਿ=ਉਤਪੰਨ ਕਰਕੇ ਵੇਖਦਾ ਹੈਂ ਅਤੇ ਸਾਰਿਆਂ ਦੇ ਕਰਤੱਬਾਂ ਨੂੰ ਜਾਣਦਾ ਹੈਂ। ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਤੂੰ ਗੁਰਮੁਖਾਂ ਨੂੰ ਪਰਗਟ ਹੁੰਦਾ ਹੈਂ॥ ੪॥ ੧॥ ੫੩॥

[ਪੰਨਾ ੩੬੬]

ੴ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਘਰੁ ੨ ਮਹਲਾ ੪ ॥

ਇਕ ਦਿਨ ਲਾਹੌਰ ਨਿਵਾਸੀ ਕਿਸੇ ਆਦਮੀ ਨੇ ਆ ਕੇ ਕਿਹਾ, ਮੇਰੇ ਸਮੇਤ ਜਿਤਨੇ ਦੁਨੀਆਂ ਦੇ ਲੋਕ ਹਨ, ਸਭ ਦੇ ਆਪੋ ਆਪਣੇ ਧੜੇ ਬਣੇ ਹੋਏ ਹਨ, ਪਰ ਆਪ ਜੀ ਦਾ ਧੜਾ ਕਿਹੜਾ ਹੈ ? ਸਾਨੂੰ ਕੋਈ ਪ੍ਰਤੀਤ ਨਹੀਂ ਹੁੰਦਾ। ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਸੰਸਾਰੀ ਪੁਰਸ਼ਾਂ ਦੇ ਝੂਠੇ ਧੜੇ ਦੱਸਦੇ ਹੋਏ, ਆਪਣਾ ਦ੍ਰਿੜ੍ਹ ਭਰੋਸਾ ਪਰਮੇਸ਼ਰ ਤੇ ਦੱਸਦੇ ਹਨ-

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥

ਕਿਸੀ ਨੇ ਮਿੱਤਰਾਂ ਨਾਲ, ਕਿਸੀ ਨੇ ਪੁੱਤਰਾਂ ਨਾਲ ਤੇ ਕਿਸੇ ਨੇ ਭਰਾਵਾਂ ਨਾਲ ਧੜਾ=ਪੱਖ ਬੰਨ੍ਹਣਾ ਕੀਤਾ ਹੈ।

ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥

ਕਿਸੀ ਨੇ ਕੁੜਮਾਂ ਨਾਲ ਧੜਾ ਬੰਨ੍ਹਣਾ ਕੀਤਾ ਹੈ, ਕਿਸੀ ਨੇ ਸ਼ਕੇ ਜਵਾਈ ਨਾਲ ਧੜਾ ਬੰਨ੍ਹਣਾ ਕੀਤਾ ਹੈ।

ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥

ਕਿਸੀ ਨੇ ਸਿਕਦਾਰ=ਨੰਬਰਦਾਰ *ਅਥਵਾ:-* ਥਾਣੇਦਾਰ ਅਤੇ ਚੌਧਰੀ ਨਾਲ ਆਪਣੇ ਨਿਜ ਪ੍ਰਯੋਜਨ ਵਾਸਤੇ ਧੜਾ ਬੰਨ੍ਹਣਾ ਕੀਤਾ ਹੈ।

ਹਮਾਰਾ ਧੜਾ ਹਰਿ ਰਹਿਆ ਸਮਾਈ॥ ੧॥

ਸਾਡਾ ਧੜਾ ਉਸ ਹਰੀ ਨਾਲ ਹੈ, ਜੋ ਹਰੀ ਸਾਰੇ ਸਮਾ ਰਿਹਾ ਹੈ॥ ੧॥

ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥

ਅਸੀਂ ਹਰੀ ਨਾਲ ਹੀ ਧੜਾ ਬੰਨ੍ਹਣਾ ਕੀਤਾ ਹੈ, ਕਿਉਂਕਿ ਹਰੀ ਹੀ ਸਾਡੀ ਟੇਕ ਭਾਵ ਆਸਰਾ ਰੂਪ ਹੈ।

ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥ ੧॥ ਰਹਾਉ॥

ਮੈਂ ਹਰੀ ਤੋਂ ਬਿਨਾਂ ਹੋਰ ਕੋਈ ਧੜਾ ਨਹੀਂ ਕੀਤਾ।

*ਪ੍ਰਸ਼ਨ-*ਧੜਾ ਕਿਸ ਨੂੰ ਆਖਦੇ ਹਨ ?

*ਉੱਤਰ:-*ਧੜੇ ਦਾ ਅਰਥ ਪੱਖ ਹੈ, ਮੈਂ ਹਰੀ ਤੋਂ ਬਿਨਾਂ ਹੋਰ ਕੋਈ ਧੜਾ ਯਾਨੇ ਪੱਖ ਨਹੀਂ ਗ੍ਰਹਿਣ ਕੀਤਾ, *ਅਥਵਾ:-* ਹੋਰ ਕੋਈ ਧੜਾ ਪਖੁ=ਪੇਖਣਾ ਭਾਵ ਦੇਖਣਾ ਨਹੀਂ ਕੀਤਾ।

ਮੈਂ ਅਸੰਖ=ਬੇਅੰਤ ਰੂਪ ਹਰੀ ਦੇ ਅਨੇਕਾਂ ਗੁਣ ਗਾਂਵਦਾ ਹਾਂ॥ ੧॥ ਰਹਾਉ॥

ਜਿਨ੍ ਸਿਉ ਧੜੇ ਕਰਹਿ ਸੇ ਜਾਹਿ॥ ਝੂਠੁ ਧੜੇ ਕਰਿ ਪਛੋਤਾਹਿ॥

ਇਹ ਮੂਰਖ ਲੋਕ ਜਿਨ੍ਹਾਂ ਦੇ ਨਾਲ ਧੜੇ ਬੰਨ੍ਹਦੇ ਹਨ, ਉਹ ਸਭ ਨਾਸ ਹੋ ਜਾਂਦੇ ਹਨ। ਤੇ ਇਹ ਜੀਵ ਝੂਠੇ ਧੜੇ ਬੰਨ੍ਹ ਕੇ ਪਿਛੋਂ ਪਛੋਤਾਉਂਦੇ ਹਨ।

ਥਿਰੁ ਨ ਰਹਹਿ ਮਨਿ ਖੋਟੁ ਕਮਾਹਿ॥

ਇਹ ਸਭ ਧੜੇ ਸਥਿਰ ਰਹਿਣ ਵਾਲੇ ਨਹੀਂ ਹਨ, ਕਿਉਂਕਿ ਸਾਰੇ ਲੋਕ ਆਪੋ ਆਪਣੇ ਮਨ ਵਿਚ ਖੋਟਤਾਈਆਂ ਨੂੰ ਕਮਾਉਂਦੇ ਹਨ।

ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ॥ ੨॥

ਅਸੀਂ ਉਸ ਹਰੀ ਨਾਲ ਧੜਾ ਕੀਤਾ ਹੈ, ਜਿਸ ਦਾ ਮੁਕਾਬਲਾ ਕਰਨ ਨੂੰ ਹੋਰ ਕੋਈ ਭੀ ਸਮਰੱਥ ਨਹੀਂ ਹੈ॥ ੨॥

ਏਹ ਸਭਿ ਧੜੇ ਮਾਇਆ ਮੋਹ ਪਸਾਰੀ॥ ਮਾਇਆ ਕਉ ਲੂਝਹਿ ਗਾਵਾਰੀ॥

ਇਹ ਜਿਤਨੇ-ਕੁ ਧੜੇ ਹਨ, ਸਭ ਮਾਇਆ ਦੇ ਮੋਹ ਦੇ ਪਸਾਰੇ ਕਰਕੇ ਹਨ। ਮਾਇਆ ਦੇ ਵਾਸਤੇ ਹੀ ਇਹ ਮੂਰਖ ਲੋਕ ਆਪਸ ਵਿਚ ਲੂਝਹਿ=ਝਗੜਦੇ ਹਨ।

ਜਨਮਿ ਮਰਹਿ ਜੂਐ ਬਾਜੀ ਹਾਰੀ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ॥ ੩॥

ਸੰਸਾਰ ਜੂਏ ਵਿਖੇ ਆਪਣੀ ਮਨੁਖਾ ਦੇਹ ਰੂਪੀ ਬਾਜ਼ੀ ਹਾਰ ਦਿੱਤੀ ਹੈ। ਇਸ ਕਰਕੇ ਇਹ ਜੰਮਦੇ ਮਰਦੇ ਹਨ। ਸਾਨੂੰ ਉਸ ਹਰੀ ਦਾ ਧੜਾ=ਪੱਖ ਹੈ, ਜਿਸ ਨੇ ਲੋਕ-ਪ੍ਰਲੋਕ ਸਭ ਸਵਾਰ ਦਿੱਤਾ ਹੈ। *ਅਥਵਾ:-* ਜਿਸ ਨੇ ਲੋਕ-ਪ੍ਰਲੋਕ ਵਿਚ ਸਾਡੀ ਪੈਜ ਸਵਾਰੀ ਹੈ॥ ੩॥

ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥

ਕਲਜੁਗ ਵਿਖੇ ਜਮ ਆਦਿਕ ਪੰਜ ਚੋਰ ਧੜੇ ਬਣਵਾ ਕੇ ਜੀਵਾਂ ਨੂੰ ਝਗੜਾਂਵਦੇ ਹਨ। ਕਾਮ, ਕਰੋਧ, ਲੋਭ ਮੋਹ, ਹੰਕਾਰ ਏਹੀ ਝਗੜਿਆਂ ਨੂੰ ਵਧਾਉਂਦੇ ਹਨ।

ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ॥ ੪॥

ਜਿਸ ਤੇ ਹਰੀ ਕਿਰਪਾ ਕਰਦਾ ਹੈ, ਤਿਸਨੂੰ ਸਤਿਸੰਗ ਵਿਖੇ ਮਿਲਾਂਦਾ ਹੈ।
ਸਾਡਾ ਧੜਾ ਇਕ ਹਰੀ ਹੈ, ਜਿਸ ਨੇ ਇਹ ਸਾਰੇ ਧੜੇ ਗਵਾ ਦਿਤੇ ਹਨ॥ ੪॥

ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥
ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ॥

ਮਿਥਿਆ=ਝੂਠਾ ਪੁਰਸ਼ ਦ੍ਵੈਤ ਭਾ ਕਰਕੇ ਧੜਿਆਂ ਨੂੰ ਪਾ ਬੈਠਦਾ ਹੈ।
ਦੂਸਰਿਆਂ ਦਾ ਛਿਦ੍ਰ=ਦੋਸ਼ ਅਟਕਲੈ=ਰੜਕਾਉਂਦਾ ਹੈ ਤੇ ਆਪਣਾ ਹੰਕਾਰ ਵਧਾਉਂਦਾ ਹੈ।

ਜੈਸਾ ਬੀਜੈ ਤੈਸਾ ਖਾਵੈ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ॥੫॥੨॥੫੪॥

ਜਿਹੋ ਜੇਹਾ ਬੀਜ ਬੀਜਦਾ ਹੈ, ਉਹੋ ਜਿਹਾ ਫਲ ਖਾਂਦਾ ਹੈ। ਮੈਂ ਜਨ ਦਾ ਧੜਾ=ਪੱਖ ਧਰਮ ਰੂਪ ਹਰੀ ਹੈ, ਜਿਸ ਧੜੇ ਕਰਕੇ ਅਸੀਂ ਸਾਰੀ ਸ੍ਰਿਸ਼ਟੀ ਨੂੰ ਜਿੱਤ ਆਉਂਦੇ ਹਾਂ॥ ੪॥ ੨॥ ੫੪॥

ਆਸਾ ਮਹਲਾ ੪॥
ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ॥
ਗੁਰਬਾਣੀ ਹਰਿ ਅਲਖੁ ਲਖਾਇਆ॥ ੧॥

ਜਿਸ ਨੇ ਗੁਰ ਉਪਦੇਸ਼ ਨੂੰ ਸੁਣਿ=ਕੰਨਾਂ ਵਿਚ ਸੁਣ ਕੇ ਮਨਿ=ਮੰਨਨ ਕੀਤਾ ਹੈ, ਉਸ ਦੇ ਹਿਰਦੇ ਵਿਚ ਅੰਮ੍ਰਿਤ ਰੂਪ ਹਰੀ ਭਾ ਗਿਆ ਹੈ। *ਅਥਵਾ:-* ਨਾਮ-ਅੰਮ੍ਰਿਤ ਸੁਣ ਸੁਣ ਕੇ ਜਿਸ ਦੇ ਮਨ ਅਤੇ ਹਿਰਦੇ ਵਿਚ ਚੰਗਾ ਲੱਗਾ ਹੈ, ਉਸ ਨੂੰ ਗੁਰਬਾਣੀ ਨੇ ਅਲੱਖ ਹਰੀ ਜਣਾ ਦਿੱਤਾ ਹੈ॥ ੧॥

ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ ॥

ਹੇ ਮੇਰੀ ਭੈਨਾ=ਸੰਤਾਂ ਰੂਪ ਭੈਣੋ ! ਗੁਰਾਂ ਦੁਆਰੇ ਨਾਮ ਨੂੰ ਸਰਵਣ ਕਰੋ।

ਏਕੋ ਰਵਿ ਰਹਿਆ ਘਟ ਅੰਤਰਿ ਮੁਖਿ ਬੋਲਹੁ ਗੁਰ ਅੰਮ੍ਰਿਤ ਬੈਨਾ ॥੧ ॥ਰਹਾਉ ॥

ਸਾਰਿਆਂ ਘਟਾਂ ਅੰਦਰ ਇਕ ਪਰਮੇਸ਼ਰ ਰਵ ਰਿਹਾ ਹੈ, ਗੁਰਾਂ ਦੁਆਰੇ ਮੂੰਹ ਨਾਲ ਅੰਮ੍ਰਿਤ ਰੂਪ ਮਿੱਠੇ ਬਚਨ ਬੋਲਣਾ ਕਰੋ॥ ੧ ॥ ਰਹਾਉ ॥

ਪ੍ਰਸ਼ਨ:- ਆਪ ਜੀ ਨੇ ਸਤਿਗੁਰਾਂ ਨੂੰ ਕਿਵੇਂ ਪਾਇਆ ਹੈ ? *ਗੁਰ ਉੱਤਰ:-*

ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ ॥ ਸਤਿਗੁਰੁ ਪੁਰਖੁ ਪਾਇਆ ਵਡਭਾਗੁ ॥੨ ॥

ਮੇਰੇ ਮਨ ਵਿਚ ਅਤਿਅੰਤ ਪ੍ਰੇਮ ਸੀ ਅਤੇ ਤਨ ਵਿਚ ਵੀ ਬੜਾ ਵੈਰਾਗ ਸੀ। ਇਸ ਕਾਰਨ ਕਰਕੇ ਅਤੇ ਵੱਡਿਆਂ ਭਾਗਾਂ ਦੀ ਸਹਾਇਤਾ ਦੁਆਰੇ ਮੈਂ ਸਤਿਗੁਰ ਪੁਰਖਾਂ ਨੂੰ ਪਾਇਆ ਹੈ॥ ੨ ॥

ਦੂਜੈ ਭਾਇ ਭਵਹਿ ਬਿਖੁ ਮਾਇਆ ॥
ਭਾਗਹੀਨ ਨਹੀ ਸਤਿਗੁਰੁ ਪਾਇਆ ॥ ੩ ॥

ਜੋ ਦ੍ਵੈਤ ਭਾਵ ਵਿਚ ਲੱਗੇ ਹੋਏ ਹਨ ਅਤੇ ਬਿਖ ਰੂਪ ਮਾਇਆ ਲਈ ਭਟਕਦੇ ਫਿਰਦੇ ਹਨ, ਉਹ ਭਾਗਹੀਣ ਪੁਰਸ਼ ਹਨ, ਉਹਨਾਂ ਨੇ ਸਤਿਗੁਰ ਪੁਰਖ ਨੂੰ ਨਹੀਂ ਪਾਇਆ॥ ੩ ॥

ਅੰਮ੍ਰਿਤੁ ਹਰਿ ਰਸੁ ਹਰਿ ਆਪਿ ਪੀਆਇਆ ॥
ਗੁਰਿ ਪੂਰੈ ਨਾਨਕ ਹਰਿ ਪਾਇਆ ॥ ੪ ॥ ੩ ॥ ੫੫ ॥

ਗੁਰੂ ਜੀ ਆਖਦੇ ਹਨ-ਜਿਨ੍ਹਾਂ ਨੂੰ ਹਰੀ ਨੇ ਆਪ ਹੀ ਗੁਰਾਂ ਦੁਆਰੇ ਹਰੀ ਨਾਮ ਰੂਪ ਅੰਮ੍ਰਿਤ-ਰਸ ਪਿਲਾਇਆ ਹੈ, ਉਹਨਾਂ ਨੇ ਪੂਰਿਆਂ ਗੁਰਾਂ ਦੁਆਰੇ ਹਰੀ ਨੂੰ ਪਾਇਆ ਹੈ॥ ੪ ॥ ੩ ॥ ੫੫ ॥

ਆਸਾ ਮਹਲਾ ੪ ॥

ਪਹਿਲੇ ਰਹਾਉ ਦੀ ਤੁਕ ਦਾ ਅਰਥ ਕਰਨਾ- ਨਾਮੁ ਜਪਹੁ ਮੇਰੇ ਸਾਜਨ ਸੈਨਾ ॥ ਹੇ ਮੇਰੇ ਸੱਜਣੋਂ ਸਾਥੀਓ ! ਤੁਸੀਂ ਹਰੀ ਨਾਮ ਨੂੰ ਜਪਣਾ ਕਰੋ। ਕਿਉਂਕਿ-

ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ ॥ ਨਾਮੁ ਜਪੀ ਨਾਮੋ ਸੁਖ ਸਾਰੁ ॥ ੧ ॥

ਮੇਰੇ ਮਨ ਵਿਚ ਭੀ ਪ੍ਰੇਮ ਹੈ ਅਤੇ ਤਨ ਵਿਚ ਭੀ ਨਾਮ ਦਾ ਆਧਾਰੁ=ਆਸਾਰਾ ਹੈ। ਇਸ ਲਈ ਮੈਂ ਨਾਮ ਨੂੰ ਹੀ ਜਪਦਾ ਹਾਂ, ਨਾਮ ਕਰਕੇ ਹੀ ਮੈਂ ਸਾਰੁ=ਸ੍ਰੇਸ਼ਟ ਸੁਖ ਪਾਇਆ ਹੈ॥ ੧ ॥

ਨਾਮੁ ਜਪਹੁ ਮੇਰੇ ਸਾਜਨ ਸੈਨਾ ॥

ਹੇ ਮੇਰੇ ਸੱਜਣੋਂ ! ਹੇ ਮੇਰੇ ਸੈਨਾ=ਸਾਥੀਓ ! ਤੁਸੀਂ ਭੀ ਨਾਮ ਨੂੰ ਜਪਣਾ ਕਰੋ, ਜੋ ਪ੍ਰਲੋਕ ਵਿਚ ਜੀਵ ਦੇ ਸੈਨਾ=ਨਾਲ ਜਾਣ ਵਾਲਾ ਹੈ।

ਨਾਮ ਬਿਨਾ ਮੈ ਅਵਰੁ ਨ ਕੋਈ ਵਡੈ ਭਾਗਿ ਗੁਰਮੁਖਿ ਹਰਿ ਲੈਨਾ ॥੧ ॥ਰਹਾਉ ॥

ਨਾਮ ਤੋਂ ਬਿਨਾਂ ਮੇਰਾ ਹੋਰ ਕੋਈ ਸਹਾਇਕ ਨਹੀਂ ਹੈ, ਗੁਰਾਂ ਦੁਆਰੇ ਹਰੀ ਨਾਮ ਦਾ ਲੈਣਾ ਵੱਡਿਆਂ ਭਾਗਾਂ

ਨਾਲ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਨਾਮ ਬਿਨਾ ਨਹੀ ਜੀਵਿਆ ਜਾਇ ॥ ਵਡੈ ਭਾਗਿ ਗੁਰਮੁਖਿ ਹਰਿ ਪਾਇ ॥੨ ॥

ਸਾਡੇ ਪਾਸੋਂ ਨਾਮ ਤੋਂ ਬਿਨਾਂ ਜੀਵਿਆ ਨਹੀਂ ਜਾਂਦਾ। ਵੱਡਿਆਂ ਭਾਗਾਂ ਨਾਲ ਗੁਰਾਂ ਦੁਆਰੇ ਮੈਂ ਹਰੀ ਨਾਮ ਪਾਇਆ ਹੈ॥ ੨॥

ਨਾਮਹੀਨ ਕਾਲਖ ਮੁਖਿ ਮਾਇਆ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ ॥੩ ॥

ਨਾਮ ਜਪੇ ਤੋਂ ਬਿਨਾਂ ਜੋ ਮਾਇਆ ਵਿਚ ਲਗਦਾ ਹੈ, ਉਸ ਦੇ ਮੂੰਹ ਪਰ ਕਾਲਖ ਦਾ ਟਿੱਕਾ ਲਗਦਾ ਹੈ। *ਅਥਵਾ:-* ਨਾਮ ਹੀਣ ਪੁਰਸ਼ ਦੇ ਮੂੰਹ ਪਰ ਮਾਇਆ ਦੀ ਕਾਲਖ ਲਗਦੀ ਹੈ। ਨਾਮ ਜਪੇ ਤੋਂ ਬਿਨਾਂ ਜੋ ਜਿਉਂਦਾ ਹੈ, ਉਸ ਨੂੰ ਇਥੇ ਭੀ ਧ੍ਰਿਗਕਾਰਾਂ ਅਤੇ ਪ੍ਰਲੋਕ ਵਿਚ ਭੀ ਧ੍ਰਿਗਕਾਰਾਂ ਮਿਲਦੀਆਂ ਹਨ॥ ੩॥

[ਪੰਨਾ ੩੬੭]

ਵਡਾ ਵਡਾ ਹਰਿ ਭਾਗ ਕਰਿ ਪਾਇਆ ॥
ਨਾਨਕ ਗੁਰਮੁਖਿ ਨਾਮੁ ਦਿਵਾਇਆ ॥ ੪ ॥ ੪ ॥ ੫੬ ॥

ਗੁਰੂ ਜੀ ਆਖਦੇ ਹਨ-ਜਿਸ ਵੇਲੇ ਪ੍ਰਮਾਤਮਾ ਨੇ ਮੁਖ ਗੁਰੂ ਪਾਸੋਂ ਨਾਮ ਦਿਵਾਇਆ ਉਸ ਵੇਲੇ ਸਾਰਿਆਂ ਤੋਂ ਵੱਡਾ ਜੋ ਹਰੀ ਹੈ, ਉਸ ਨੂੰ ਵੱਡਿਆਂ ਭਾਗਾਂ ਕਰਕੇ ਪਾਇਆ॥ ੪॥ ੪॥ ੫੬॥

ਆਸਾ ਮਹਲਾ ੪ ॥

ਇਸ ਸ਼ਬਦ ਵਿਚ ਗੁਰੂ ਜੀ ਆਪਣਾ ਨਿਸ਼ਚਾ ਦਿਖਾਉਂਦੇ ਹਨ, ਕਿ-

ਗੁਣ ਗਾਵਾ ਗੁਣ ਬੋਲੀ ਬਾਣੀ ॥ ਗੁਰਮੁਖਿ ਹਰਿ ਗੁਣ ਆਖਿ ਵਖਾਣੀ ॥ ੧ ॥

ਮੈਂ ਵਾਹਿਗੁਰੂ ਦੇ ਗੁਣਾਂ ਨੂੰ ਰਾਗ ਵਿਚ ਗਾਉਂਦਾ ਹਾਂ, ਅਤੇ ਗੁਣਾਂ ਵਾਲੀ ਬਾਣੀ ਬੋਲਦਾ ਹਾਂ। ਮੁਖੀ ਗੁਰਾਂ ਪਾਸੋਂ ਜੋ ਹਰੀ ਦੇ ਗੁਣ ਪਾਏ ਹਨ, ਓਹੀ ਆਖ ਕੇ ਕਥਨ ਕਰਦਾ ਹਾਂ॥ ੧॥

ਜਪਿ ਜਪਿ ਨਾਮੁ ਮਨਿ ਭਇਆ ਅਨੰਦਾ ॥
ਸਤਿ ਸਤਿ ਸਤਿਗੁਰਿ ਨਾਮੁ ਦਿੜਾਇਆ
ਰਸਿ ਗਾਏ ਗੁਣ ਪਰਮਾਨੰਦਾ ॥ ੧ ॥ ਰਹਾਉ ॥

ਨਾਮ ਨੂੰ ਜਪਦਿਆਂ-ਜਪਦਿਆਂ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ। ਸਤਿ=ਤੈਕਾਲ ਅਬਾਧ ਪ੍ਰਭੂ ਦਾ ਨਾਮ ਸਤਿ=ਨਿਸ਼ਚੇ ਕਰਕੇ ਸਤਿਗੁਰਾਂ ਨੇ ਦ੍ਰਿੜ੍ਹ ਕਰਵਾਇਆ ਹੈ, ਇਸ ਲਈ ਮੈਂ ਪਰਮ ਅਨੰਦ ਸਰੂਪ ਦੇ ਗੁਣ ਰਸਿ=ਪ੍ਰੇਮ ਨਾਲ ਗਾਏ ਹਨ॥ ੧॥ ਰਹਾਉ॥

ਹਰਿ ਗੁਣ ਗਾਵੈ ਹਰਿ ਜਨ ਲੋਗਾ ॥
ਵਡੈ ਭਾਗਿ ਪਾਏ ਹਰਿ ਨਿਰਜੋਗਾ ॥ ੨ ॥

ਸੰਸਾਰਕ ਲੋਕਾਂ ਵਿਚੋਂ ਹਰੀ ਦੇ ਸੇਵਕ ਜਨ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ। ਵਡਭਾਗੀ ਪੁਰਸ਼ ਨਿਰਜੋਗਾ=ਨਿਰਬੰਧ (ਅਸੰਗ) ਹਰੀ ਨੂੰ ਪਾਉਂਦੇ ਹਨ॥ ੨॥

ਗੁਣ ਵਿਹੂਣ ਮਾਇਆ ਮਲੁ ਧਾਰੀ ॥ ਵਿਣੁ ਗੁਣ ਜਨਮਿ ਮੁਏ ਅਹੰਕਾਰੀ ॥ ੩ ॥

ਜੋ ਸ਼ੁਭ ਗੁਣਾਂ ਤੋਂ ਬਿਨਾਂ ਹਨ, ਉਹ ਮਾਇਆ ਰੂਪੀ ਮੈਲ ਨੂੰ ਧਾਰਦੇ ਹਨ, *ਅਥਵਾ* :-ਸ਼ੁਭ ਗੁਣਾਂ ਤੋਂ ਬਿਨਾਂ ਮਾਇਆਧਾਰੀ ਪੁਰਸ਼ ਮਲੁ=ਗੰਦੇ ਹਨ। ਸ਼ੁਭ ਗੁਣਾਂ ਤੋਂ ਬਿਨਾਂ ਹੰਕਾਰੀ ਪੁਰਸ਼ ਜੰਮਦੇ-ਮਰਦੇ ਹਨ॥ ੩ ॥

ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥
ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥ ੪ ॥ ੫ ॥ ੫੭ ॥

ਜਿਨ੍ਹਾਂ ਨੇ ਆਪਣੇ ਮਨੁੱਖ ਸਰੀਰ ਰੂਪ ਸਰੋਵਰ ਵਿਚੋਂ ਸ਼ੁਭ ਗੁਣਾਂ ਰੂਪ ਰਤਨ ਪ੍ਰਗਟ ਕਰ ਲਏ ਹਨ, ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਗੁਰਮੁਖਾਂ ਨੇ ਗੁਣਾਂ ਦੀ ਮਥਿ-ਵੀਚਾਰ ਕਰਕੇ ਤਤੁ=ਸਿਧਾਂਤ ਰੂਪ ਵਸਤੂ ਨੂੰ ਕੱਢ ਲਿਆ ਹੈ॥ ੪ ॥ ੫ ॥ ੫੭ ॥

ਆਸਾ ਮਹਲਾ ੪ ॥

ਨਾਮੁ ਸੁਣੀ ਨਾਮੋ ਮਨਿ ਭਾਵੈ ॥ ਵਡੈ ਭਾਗਿ ਗੁਰਮੁਖਿ ਹਰਿ ਪਾਵੈ ॥ ੧ ॥

ਮੈਂ ਨਾਮ ਨੂੰ ਸੁਣਦਾ ਹਾਂ, ਨਾਮ ਹੀ ਮੇਰੇ ਮਨ ਵਿਚ ਭਾਉਂਦਾ ਹੈ। ਵੱਡਿਆਂ ਭਾਗਾਂ ਕਰਕੇ ਮੁਖ ਗੁਰਾਂ ਪਾਸੋਂ ਮੈਂ ਹਰੀ ਨਾਮ ਪਾਇਆ ਹੈ। *ਅਥਵਾ* :-ਵਡਭਾਗੀ ਪੁਰਸ਼ ਗੁਰਾਂ ਦੁਆਰੇ ਹਰੀ ਨਾਮ ਨੂੰ ਪਾਉਂਦੇ ਹਨ॥ ੧ ॥

ਨਾਮੁ ਜਪਹੁ ਗੁਰਮੁਖਿ ਪਰਗਾਸਾ ॥
ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੧ ॥ਰਹਾਉ।

ਉਸ ਨਾਮ ਨੂੰ ਜਪਦਾ ਹਾਂ, ਜੋ ਮੁਖ ਗੁਰਾਂ ਦੁਆਰੇ ਪਰਗਾਸਾ=ਪ੍ਰਗਟ ਹੋਇਆ ਹੈ। ਨਾਮ ਤੋਂ ਬਿਨਾਂ ਮੇਰੀ ਹੋਰ ਕੋਈ ਧਰ=ਓਟ ਨਹੀਂ, ਸਾਰੇ ਸਵਾਸ ਤੇ ਗਿਰਾਸਾ=ਭੋਜਨ ਖਾਂਦਿਆਂ ਨਾਮ ਨੂੰ ਹੀ ਰਵਿਆ=ਉਚਾਰਿਆ ਹੈ॥ ੧ ॥ ਰਹਾਉ ॥

ਨਾਮੈ ਸੁਰਤਿ ਸੁਨੀ ਮਨਿ ਭਾਈ ॥ ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥ ੨ ॥

ਸੁਰਤਿ=ਸ੍ਰੋਸ਼ਟ ਪ੍ਰੀਤੀ ਪੂਰਬਕ, *ਅਥਵਾ* :-ਗਿਆਤ ਨਾਲ; *ਅਥਵਾ* :-ਸੁਰਤੀਆਂ ਦੁਆਰੇ ਨਾਮ ਨੂੰ ਸੁਣਦਾ ਹਾਂ, ਨਾਮ ਹੀ ਮਨ ਵਿਚ ਭਾਉਂਦਾ ਹੈ। *ਅਥਵਾ* :-ਨਾਮ ਦਾ ਸੁਨਣਾ ਹੀ ਸੁਰਤਿ=ਚਿਤ ਵਿਚ ਤੇ ਮਨ ਵਿਚ ਭਾਉਂਦਾ ਹੈ। ਜੋ ਨਾਮ ਨੂੰ ਸੁਣਾਉਂਦਾ ਹੈ, ਓਹੀ ਮੇਰਾ ਇਸ ਲੋਕ ਦਾ ਮਿੱਤ੍ਰ ਹੈ ਤੇ ਪ੍ਰਲੋਕ ਦਾ ਸਖਾ ਹੈ। *ਅਥਵਾ*:-ਮੀਤੁ ਸਖਾਈ=ਪਿਆਰਾ ਮਿੱਤਰ ਹੈ॥ ੨ ॥

ਨਾਮਹੀਣ ਗਏ ਮੂੜ ਨੰਗਾ ॥ ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ ॥ ੩ ॥

ਇਹ ਮੂਰਖ ਜੀਵ ਨਾਮ ਜਪੇ ਤੋਂ ਬਿਨਾਂ ਨੰਗੇ ਹੀ ਚਲੇ ਗਏ। ਵਿਖ ਰੂਪ ਮਾਇਆ ਨੂੰ ਦੇਖ ਕੇ ਇੰਜ ਪਚ-ਪਚ ਕੇ ਮਰੇ ਹਨ, ਜਿਸ ਤਰ੍ਹਾਂ ਪਤੰਗਾ ਦੀਵੇ ਨੂੰ ਦੇਖ ਕੇ ਸੜ-ਸੜ ਕੇ ਮਰ ਜਾਂਦਾ ਹੈ॥ ੩ ॥

ਆਪੇ ਥਾਪੇ ਥਾਪਿ ਉਥਾਪੇ ॥ ਨਾਨਕ ਨਾਮੁ ਦੇਵੈ ਹਰਿ ਆਪੇ ॥ ੪ ॥ ੬ ॥ ੫੮ ॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਆਪ ਹੀ ਸ੍ਰਿਸ਼ਟੀ ਥਾਪੇ=ਪੈਦਾ ਕਰਦਾ ਹੈ, ਥਾਪਿ=ਇਸਥਿਤ (ਭਾਵ ਪਾਲਣਾ) ਕਰਦਾ ਹੈ, ਉਥਾਪੇ=ਪਰਲੋ (ਖ਼ਤਮ) ਕਰਦਾ ਹੈ। ਉਹ ਹਰੀ ਆਪ ਹੀ ਕਿਰਪਾ ਕਰਕੇ ਗੁਰਮੁਖਾਂ ਨੂੰ ਨਾਮ ਦਾਨ ਦੇਂਦਾ ਹੈ॥ ੪ ॥ ੬ ॥ ੫੮ ॥

ਆਸਾ ਮਹਲਾ ੪ ॥

ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥ ਫਲ ਲਾਗੇ ਹਰਿ ਰਸਕ ਰਸਾਈ ॥ ੧ ॥

ਗੁਰਮੁਖਾਂ ਨੇ ਗੁਰਾਂ ਦੁਆਰੇ ਹਰਿ ਹਰਿ ਦੀ ਭਗਤੀ ਰੂਪੀ ਵੇਲ ਵਧਾਈ ਹੈ। ਹਰੀ ਰਸਕ ਵਿਚ ਜੋ ਬਿਰਤੀ ਰਸਾਈ ਹੈ, ਏਹੋ ਭਗਤੀ ਰੂਪੀ ਵੇਲ ਨਾਲ ਫਲ ਲੱਗੇ ਹਨ॥ ੧ ॥

ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥

ਅਨੇਕਾਂ ਤਰੰਗਾ=ਸੰਕਲਪ ਵਿਕਲਪ ਦੂਰ ਕਰਕੇ, ਅਨਤ ਤਰੰਗਾ=ਬਿਅੰਤ ਮੌਜਾਂ ਵਾਲੇ ਹਰਿ ਹਰਿ ਦੇ ਨਾਮ ਨੂੰ ਜਪਿਆ ਹੈ।

ਜਪਿ ਜਪਿ ਨਾਮੁ ਗੁਰਮਤਿ ਸਾਲਾਹੀ
ਮਾਰਿਆ ਕਾਲੁ ਜਮਕੰਕਰ ਭੁਇਅੰਗਾ ॥ ੧ ॥ ਰਹਾਉ ॥

ਗੁਰਮਤਿ ਸਾਲਾਹੀ=ਗੁਰ ਸਿੱਖਿਆ ਦੀ ਸ਼ਲਾਘਾ ਕਰਨ ਵਾਲਾ ਹੋ ਕੇ ਨਾਮ-ਜਪ ਨੂੰ ਜਪਿਆ ਹੈ ਤੇ ਭੁਇਅੰਗਾ=ਵਰਤਲਾ-ਕਾਰ ਜੋ ਜਮਕਾਲ ਹੈ, ਉਸ ਦੇ ਕੰਕਰ=ਦੂਤਾਂ ਰੂਪੀ ਭੁਇਅੰਗਾ=ਸੱਪ ਨੂੰ ਮਾਰ ਲਿਆ ਹੈ॥ ੧ ॥ ਰਹਾਉ ॥

ਹਰਿ ਹਰਿ ਗੁਰ ਮਹਿ ਭਗਤਿ ਰਖਾਈ ॥ ਗੁਰੁ ਤੁਠਾ ਸਿਖ ਦੇਵੈ ਮੇਰੇ ਭਾਈ ॥ ੨ ॥

ਦੁੱਖਾਂ ਦੇ ਹਰਨੇ ਵਾਲੀ ਭਗਤੀ ਹਰੀ ਨੇ ਗੁਰਾਂ ਵਿਚ ਰੱਖੀ ਹੋਈ ਹੈ। ਹੇ ਮੇਰੇ ਭਾਈ ! ਗੁਰੂ ਤੁਠਾ=ਪ੍ਰਸੰਨ ਹੋਣ ਤਾਂ ਭਗਤੀ ਦੀ ਸਿੱਖਿਆ ਦੇਂਦੇ ਹਨ॥ ੨ ॥

ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥
ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥ ੩ ॥

ਜੋ ਪੁਰਸ਼ ਹਉਮੈ ਦੇ ਸਹਿਤ ਹਨ, ਉਹ ਵਿਧੀ ਕਰਮ ਤੇ ਨਿਖੇਧ ਕਰਮ ਦੇ ਵਿਚਾਰ ਨੂੰ ਕੁਝ ਨਹੀਂ ਜਾਣਦੇ। *ਅਥਵਾ* :-ਹਉਮੈ ਦੇ ਸਹਿਤ ਕਰਮ ਕਰਨ ਵਾਲਾ ਪੁਰਸ਼ ਭਗਤੀ ਦੀ ਵਿਧੀ ਕੁਝ ਜਾਣਦਾ ਨਹੀਂ। ਉਸ ਦੇ ਕਰਮ ਕੀਤੇ ਇੰਝ ਨਿਸਫਲ ਹਨ, ਜਿਵੇਂ ਕੁੰਚਰੁ=ਹਾਥੀ ਨਹਾ ਕੇ ਫਿਰ ਖਾਕੁ=ਖੇਹ ਉਡਾ ਕੇ ਸਿਰ ਉਤੇ ਪਾ ਲੈਂਦਾ ਹੈ॥ ੩ ॥

ਜੇ ਵਡ ਭਾਗ ਹੋਵਹਿ ਵਡ ਊਚੇ ॥
ਨਾਨਕ ਨਾਮੁ ਜਪਹਿ ਸਚਿ ਸੂਚੇ ॥ ੪ ॥ ੭ ॥ ੫੯ ॥

ਜੇਕਰ ਵੱਡਿਆਂ ਤੋਂ ਭੀ ਵੱਡੇ ਉੱਚੇ ਭਾਗ ਹੋਣ, ਗੁਰੂ ਜੀ ਕਥਨ ਕਰਦੇ ਹਨ-ਤਦ ਸੁੱਚੇ ਤੇ ਸੱਚੇ ਨਾਮ ਨੂੰ ਜਪ ਸਕੀ ਦਾ ਹੈ। *ਅਥਵਾ* :-ਤਦ ਸੱਚੇ ਨਾਮ ਨੂੰ ਜਪ ਕੇ ਸੂਚੇ=ਪਵਿੱਤ੍ਰ ਹੋਈਦਾ ਹੈ॥ ੪ ॥ ੭ ॥ ੫੯ ॥

ਆਸਾ ਮਹਲਾ ੪ ॥ ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ ॥

ਹੇ ਮੇਰੇ ਭਾਈ ! ਮੇਰੇ ਮਨ ਵਿਚ ਹਰਿ ਹਰਿ ਨਾਮ ਦੀ ਭੂਖ=ਚਾਹ ਗੁਰਾਂ ਨੇ ਲਗਾਈ ਹੈ।

ਨਾਮਿ ਸੁਨਿਐ ਮਨੁ ਤ੍ਰਿਪਤੈ ਮੇਰੇ ਭਾਈ ॥ ੧ ॥

ਨਾਮ ਸੁਣਨ ਕਰਕੇ ਹੀ ਮੇਰਾ ਮਨ ਤ੍ਰਿਪਤ ਹੋਇਆ ਹੈ॥ ੧॥

ਨਾਮੁ ਜਪਹੁ ਮੇਰੇ ਗੁਰਸਿਖ ਮੀਤਾ॥

ਹੇ ਮੇਰੇ ਗੁਰਸਿੱਖ ਮਿੱਤਰੋਂ! ਨਾਮ ਜਪੋ।

ਨਾਮੁ ਜਪਹੁ ਨਾਮੇ ਸੁਖੁ ਪਾਵਹੁ ਨਾਮੁ ਰਖਹੁ ਗੁਰਮਤਿ ਮਨਿ ਚੀਤਾ॥੧॥ਰਹਾਉ॥

ਨਾਮ ਜਪੋ ਕਿਉਂਕਿ-ਨਾਮ ਦੇ ਜਪਣ ਕਰਕੇ ਹੀ ਸੁਖ ਪਾਵੋਗੇ, ਇਸ ਲਈ ਗੁਰ ਸਿੱਖਿਆ ਦੁਆਰੇ ਲਏ ਹੋਏ ਨਾਮ ਨੂੰ ਮਨ ਚਿਤ ਵਿਖੇ ਚੇਤੇ ਰੱਖੋ॥ ੧॥ ਰਹਾਉ॥

ਨਾਮੋ ਨਾਮੁ ਸੁਣੀ ਮਨੁ ਸਰਸਾ॥ ਨਾਮੁ ਲਾਹਾ ਲੈ ਗੁਰਮਤਿ ਬਿਗਸਾ॥ ੨॥

ਨਾਮ ਹੀ ਨਾਮ ਨੂੰ ਸੁਣੀਏ ਤਾਂ ਮਨ ਸਰਸਾ=ਅਧਿਕ ਪ੍ਰਸੰਨ ਹੁੰਦਾ ਹੈ। ਨਾਮ ਦਾ ਲਾਭ ਲੈਣ ਕਰਕੇ ਗੁਰਮਤੀਆਂ ਦਾ ਹਿਰਦਾ-ਕਮਲ ਬਿਗਸਾ=ਖਿੜਿਆ ਹੈ॥ ੨॥

ਨਾਮ ਬਿਨਾ ਕੁਸਟੀ ਮੋਹ ਅੰਧਾ॥ਸਭ ਨਿਹਫਲ ਕਰਮ ਕੀਏ ਦੁਖੁ ਧੰਧਾ॥੩॥

ਨਾਮ ਜਪੇ ਤੋਂ ਬਿਨਾਂ ਅੰਧਾ=ਅਗਿਆਨੀ ਜੀਵ ਮੋਹ ਕਰਕੇ ਕੁਸਟੀ=ਕੋਹੜੀ ਹੋ ਰਿਹਾ ਹੈ। ਦੁਖਦਾਈ ਧੰਦਿਆਂ ਵਾਸਤੇ ਜੋ ਭੀ ਕਰਮ ਕੀਤੇ ਹਨ, ਉਹ ਸਭ ਨਿਸਫਲ ਹਨ॥ ੩॥

ਹਰਿ ਹਰਿ ਹਰਿ ਜਸੁ ਜਪੈ ਵਡਭਾਗੀ॥

ਵਡਭਾਗੀ ਪੁਰਸ਼ ਹੀ ਹਰੀ ਦੇ ਹਰਿ ਹਰਿ ਜਸ ਨੂੰ ਜਪਦਾ ਹੈ। *ਅਥਵਾ* :-ਮਨ ਕਰਕੇ ਹਰੀ ਦੇ ਜਸ ਨੂੰ, ਬਾਣੀ ਦੁਆਰਾ ਹਰੀ ਦੇ ਜਸ ਨੂੰ, ਤਨ ਕਰਕੇ ਹਰੀ ਦੇ ਜਸ ਨੂੰ ਵਡਭਾਗੀ ਪੁਰਸ਼ ਜਪਦਾ ਹੈ।

ਅਥਵਾ:-ਵਡਭਾਗੀ ਪੁਰਸ਼ ਹਰ ਵੇਲੇ ਹਰੀ-ਜਸ ਨੂੰ ਕਰਦਾ ਹੈ ਤੇ ਹਰੀ ਨਾਮ ਨੂੰ ਜਪਦਾ ਹੈ।

ਨਾਨਕ ਗੁਰਮਤਿ ਨਾਮਿ ਲਿਵ ਲਾਗੀ॥ ੪॥ ੮॥ ੬੦॥

ਗੁਰੂ ਜੀ ਕਥਨ ਕਰਦੇ ਹਨ-ਗੁਰਮਤੀਆਂ ਦੀ ਨਾਮੀ ਪਰਮਾਤਮਾ ਵਿਚ ਲਿਵ ਲੱਗੀ ਹੈ। *ਅਥਵਾ* :-ਗੁਰ ਮਤਿ=ਗੁਰ ਸਿੱਖਿਆ ਦੁਆਰੇ ਹੀ ਨਾਮੀ ਦੇ ਨਾਮ ਜਪਣ ਵਿਚ ਲਿਵ ਲਗਦੀ ਹੈ॥ ੪॥ ੮॥ ੬੦॥

[ਪੰਨਾ ੩੬੮]

ੴ ਸਤਿਗੁਰ ਪ੍ਰਸਾਦਿ॥ ਮਹਲਾ ੪ ਰਾਗੁ ਆਸਾ ਘਰੁ ੬ ਕੇ ੩॥

ਉਥਾਨਕਾ:-ਇਕ ਭੇਖ ਦਾ ਅਭਿਮਾਨੀ ਜੋਗੀ ਗੁਰੂ ਜੀ ਪਾਸ ਆ ਕੇ ਜੋਗ ਮਾਰਗ ਦਾ ਉਪਦੇਸ਼ ਕਰਨ ਲੱਗਾ ਤਾਂ ਗੁਰੂ ਜੀ ਆਪ ਉਸ ਨੂੰ ਸਮਝਾਉਂਦੇ ਹਨ-

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ॥

ਹੇ ਜੋਗੀ ! ਜੋ ਤੂੰ ਹੱਥਾਂ ਕਰਕੇ ਤਾਰ ਨੂੰ ਵਜਾਉਂਦਾ ਹੈ, ਇਹ ਤੇਰੀ ਬੇਨ=ਤਾਰ (ਕਿੰਗ) ਸ਼ੁਭ ਗੁਣਾਂ ਤੋਂ ਥੋਥਰ=ਖਾਲੀ ਵੱਜ ਰਹੀ ਹੈ, ਇਸ ਵਿਚ ਕੋਈ ਰਸ ਨਹੀਂ ਹੈ (ਇਹ ਕਿਸੇ ਨੂੰ ਤਾਰਨ ਵਾਲੀ ਨਹੀਂ ਹੈ)।

ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ॥ ੧॥

ਹੇ ਜੋਗੀ ! ਗੁਰਾਂ ਦੀ ਸਿੱਖਿਆ ਲੈ ਕੇ ਤੂੰ ਹਰੀ ਦੇ ਗੁਣਾਂ ਨੂੰ ਬੋਲਣਾ ਕਰ ਅਤੇ ਇਸ ਆਪਣੇ ਮਨ ਨੂੰ

ਹਰੀ-ਰੰਗ ਵਿਚ ਭਿਉਂ ਲੈ (ਤਾਂ ਇਸ ਤੋਂ ਰਸ ਆਵੇਗਾ)॥ ੧॥

ਜੋਗੀ ਹਰਿ ਦੇਹੁ ਮਤੀ ਉਪਦੇਸੁ॥

ਹੇ ਜੋਗੀ ! ਤੇਰੀ ਮਤੀ ਵਿਚ ਅਸੀਂ ਹਰੀ ਦੀ ਪ੍ਰਾਪਤੀ ਦਾ ਉਪਦੇਸ਼ ਦੇਂਦੇ ਹਾਂ।

ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ॥ ੧॥ ਰਹਾਉ॥

ਜੋ ਜੁਗਾਂ ਜੁਗਾਂ ਵਿਚ ਇਕ ਹਰਿ ਹਰਿ ਵਰਤ ਰਿਹਾ ਹੈ, ਉਸ ਹਰੀ ਅੱਗੇ ਅਸੀਂ ਆਦੇਸੁ=ਨਮਸਕਾਰ ਕਰਦੇ ਹਾਂ॥ ੧॥ ਰਹਾਉ॥

ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ॥

ਹੇ ਜੋਗੀ ! ਜੋ ਤੂੰ ਰਾਗ ਗਾਉਂਦਾ ਹੈਂ ਅਤੇ ਉਸ ਵਿਚ ਬਹੁਤ ਤਰ੍ਹਾਂ ਦੇ ਬਿਸ਼ਨ ਪਦਿਆਂ ਨੂੰ ਬੋਲਦਾ ਹੈਂ ਇਹ ਸਭ ਨਿਸਫਲ ਹੈ, ਕਿਉਂਕਿ-ਤੇਰਾ ਇਹ ਮਨ ਹੋਰ ਹੀ ਖੇਡਾਂ ਨੂੰ ਖੇਡ ਰਿਹਾ ਹੈ। ਇਸ ਦੀ ਨਿਸਫਲਤਾ ਵਿਚ ਅਗਲੀ ਤੁਕ ਦ੍ਰਿਸ਼ਟਾਂਤ ਦੇਂਦੇ ਹਨ-

ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥ ੨॥

ਜਿਵੇਂ ਬੈਲ ਤਾਂ ਉਠਕੇ ਵੇਲਾਂ ਨੂੰ ਚਰ ਗਏ ਹੋਣ ਤੇ ਜੀਵ ਬਸੁਧਾ=ਜ਼ਮੀਨ ਨੂੰ ਪਾਣੀ ਸਿੰਜਣ ਵਾਸਤੇ ਖੂਹ ਜੋੜੇ ਤਾਂ ਉਸ ਦਾ ਖੂਹ ਜੋੜਨਾ ਨਿਸਫਲ ਹੈ।

ਤਿਵੇਂ ਮਨ ਤੇ ਹੰਕਾਰ ਰੂਪੀ ਬੈਲ, ਕਰੁਣਾ, ਮੈਤ੍ਰੀ, ਮੁਦਤਾ ਰੂਪ ਵੇਲਾਂ ਨੂੰ ਚਰ ਗਏ ਹੋਣ ਤਾਂ ਫਿਰ ਰਾਗ ਦੀ ਅਲਾਪਕਾਰੀ ਕਰਕੇ ਬਿਸ਼ਨ ਪਦਿਆਂ ਦਾ ਗਾਉਣਾ ਨਿਸਫਲ ਹੈ।

ਅਥਵਾ :-ਘਾਹ ਚਰਨ ਵਾਸਤੇ ਬੈਲ ਤਾਂ ਉਠਕੇ ਬੇਲੇ ਨੂੰ ਚਲੇ ਗਏ ਹੋਣ ਤਾਂ ਖੂਹ ਕਿਵੇਂ ਜੋੜੇਗਾ ਤੇ ਜ਼ਮੀਨ ਨੂੰ ਕਿਵੇਂ ਜਲ ਸਿੰਚੇਗਾ।

ਇਸੇ ਤਰ੍ਹਾਂ ਵਿਸ਼ਿਆਂ ਰੂਪੀ ਹਰੇ ਘਾਹ ਨੂੰ ਚਰਨ ਵਾਸਤੇ ਮਨ ਚਿਤ ਰੂਪੀ ਬੈਲ ਸੰਸਾਰ ਬੇਲੇ ਨੂੰ ਉਠਕੇ ਚਲੇ ਗਏ ਹੋਣ ਤਾਂ ਸਾਜ ਦੇ ਸੁਰ ਕਰਨੇ ਰੂਪ ਖੂਹ ਨੂੰ ਕਿਵੇਂ ਜੋੜੇਗਾ ਤੇ ਰਾਗ ਰੂਪੀ ਜਲ ਕਿਵੇਂ ਸਿੰਚੇਗਾ।

ਅਰਥਾਤ- ਇਸ ਮਨ ਚਿਤ ਨੇ ਇਕਾਗ੍ਰਤਾ ਵਿਚ ਆ ਕੇ ਰਾਗ ਸੁਣਾ ਕੇ ਆਤਮਾ ਪਾਸ ਪਹੁੰਚਾਣਾ ਸੀ, ਜੇਕਰ ਆਪ ਹੀ ਸੰਸਾਰ ਵੱਲ ਲੱਗ ਗਿਆ ਤਾਂ ਆਤਮਾ ਪਾਸ ਕਿਵੇਂ ਪਹੁੰਚਾਵੇਗਾ॥ ੨॥

ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ॥

ਹੇ ਜੋਗੀ ! ਇਸ ਕਾਇਆ ਰੂਪ ਨਗਰੀ ਵਿਚ ਨਿਸ਼ਕਾਮ ਕਰਮਾਂ ਰੂਪੀ ਹਲ ਫੇਰ ਕੇ ਹਰੀ ਨਾਮ ਰੂਪੀ ਬੀਜ ਬੀਜਣਾ ਕਰ, ਤਾਂ ਹਰੀ ਦੀ ਪ੍ਰਾਪਤੀ ਰੂਪ ਹਰਿਆ ਖੇਤ ਜੰਮੇਗਾ।

ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ॥ ੩॥

ਮਨੂਆ=ਮਨੋਂਤ ਵਲੋਂ ਇਸਥਿਤ ਕਰਕੇ ਮਨ ਰੂਪੀ ਬੈਲ ਨੂੰ ਜੋੜਨਾ ਕਰੋ, ਭਾਵ ਸਮਾਧੀ ਵਿਚ ਇਸਥਿਤ ਕਰੋ, ਹਰੀ ਸਰੂਪ ਗੁਰਾਂ ਦੀ ਸਿੱਖਿਆ ਰੂਪ ਜਲ ਨੂੰ ਸਿੰਚੋ ਤਾਂ ਤੇਰੀ ਜੇਤੁ=ਜਿੱਤ ਹੋਵੇਗੀ॥ ੩॥ ਤੇ ਇਸ ਤਰ੍ਹਾਂ ਬੇਨਤੀ ਕਰ-

ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ॥

ਹੇ ਹਰੀ ! ਜੋਗੀ ਜੰਗਮ ਆਦਿਕ ਸਾਰੀ ਸ੍ਰਿਸ਼ਟੀ ਆਪ ਜੀ ਦੀ ਹੈ, ਜੋ ਮਤੀ=ਸਿੱਖਿਆ (ਉਪਦੇਸ਼) ਆਪ ਦਿਓਗੇ ਉਧਰ ਹੀ ਮੈਂ ਚੇਲ=ਚਲਾਂਗਾ। ਭਾਵ—ਜਿਧਰ ਭੇਜੋਗੇ, ਓਧਰ ਹੀ ਮੈਂ ਜਾਵਾਂਗਾ।

ਅਥਵਾ :-ਗੁਰੂ ਜੀ ਆਪਣੇ ਵਲੋਂ ਕਹਿੰਦੇ ਹਨ-ਹੇ ਹਰੀ ! ਜੋਗੀ ਜੰਗਮ ਆਦਿਕ ਸਾਰੀ ਸ੍ਰਿਸ਼ਟੀ ਆਪ ਜੀ ਦੀ ਹੈ, ਜੋ ਮਤੀ=ਸਿੱਖਿਆ ਆਪ ਦੇਂਦੇ ਹੋ, ਅਸੀਂ ਉਸੇ ਤਰ੍ਹਾਂ ਚਲਦੇ ਹਾਂ।

ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪ ॥੯ ॥੬੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਅੰਤਰਜਾਮੀ ! ਮੈਂ ਦਾਸ ਦੇ ਪ੍ਰਭ=ਮਾਲਕ ਆਪ ਹੋ, ਮੇਰੇ ਮਨ ਨੂੰ ਪੇਲ=ਦਬਾਕੇ, *ਅਥਵਾ* :-ਪ੍ਰੇਰ ਕੇ ਹਰੀ ਨਾਮ ਜਪਣ ਵਿਚ ਲਗਾਵੋ॥ ੪॥ ੯॥ ੬੧॥

ਆਸਾ ਮਹਲਾ ੪ ॥

ਉਥਾਨਕਾ:-ਇਕ ਵਾਰ ਸ੍ਰੀ ਅੰਮ੍ਰਿਤਸਰ ਵਿਚ ਬ੍ਰਿੰਦਾਬਨ ਦੇ ਰਾਸਧਾਰੀ ਆਏ। ਉਹਨਾਂ ਨੇ ਘੁੰਘਰੂ ਆਦਿਕ ਸਾਜਾਂ ਸਮੇਤ ਹੋ ਕੇ ਰਾਸ ਪਾਈ। ਸਿੱਖਾਂ ਨੇ ਆ ਕੇ ਗੁਰੂ ਜੀ ਨੂੰ ਕਿਹਾ : "ਆਪ ਭੀ ਵੇਖਣ ਚਲੋ, ਉਹ ਬੜਾ ਸੋਹਣਾ ਗਾਉਂਦੇ ਹਨ।" ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ ॥

ਕਦੋਂ ਕੋਈ ਘੁੰਘਰੂ ਤੇ ਤਾਲਾ=ਕੈਂਸੀਆਂ ਨੂੰ ਭਾਲੈ=ਭਾਲਣਾ ਭਾਵ ਕੱਠਾ ਕਰੇ ਤੇ ਕਦੋਂ ਕੋਈ ਰਬਾਬ ਨੂੰ ਵਜਾਉਣਾ ਕਰੇ।

ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ॥ ੧ ॥

ਆਉਂਦਿਆਂ ਵੀ ਬਾਰ=ਦੇਰ ਲੱਗਦੀ ਹੈ ਤੇ ਜਾਂਦਿਆਂ ਵੀ ਖਿਨ ਭਰ ਸਮਾਂ ਲਗਦਾ ਹੈ, ਹਉ=ਮੈਂ ਓਨਾਂ ਚਿਰ ਪ੍ਰਭੂ ਦਾ ਨਾਮ ਸੰਭਾਲਾਂਗਾ॥ ੧॥

ਮੇਰੈ ਮਨਿ ਐਸੀ ਭਗਤਿ ਬਨਿ ਆਈ ॥

ਹੇ ਭਾਈ ! ਮੇਰੇ ਮਨ ਵਿਚ ਤਾਂ ਅਜਿਹੀ ਭਗਤੀ ਬਣ ਆਈ ਹੈ। ਕਿ-

ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ
ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥ ੧ ॥ ਰਹਾਉ ॥

ਹਉ=ਮੈਂ ਹਰਿ ਹਰਿ ਨਾਮ ਜਪੇ ਤੋਂ ਬਿਨਾਂ ਪਲ ਦਾ ਖਿਨ ਮਾਤ੍ਰ ਸਮਾਂ ਵੀ ਨਹੀਂ ਰਹਿ ਸਕਦਾ, ਜਿਵੇਂ ਪਾਣੀ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ॥ ੧॥ ਰਹਾਉ॥

ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ ॥

ਕਦੋਂ ਕੋਈ ਪੰਜ ਸਤ ਗਵੱਈਆਂ ਨੂੰ ਮੇਲੈ=ਇਕੱਠਾ ਕਰੇਗਾ ਅਤੇ ਕਦੋਂ ਕੋਈ ਰਾਗ ਦੀ ਧੁਨੀ ਨੂੰ ਉਠਾਏਗਾ।

ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ
ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ ॥ ੨ ॥

ਸੁਰਾਂ ਨੂੰ ਮੇਲਦਿਆਂ ਚੁਣਦਿਆਂ ਖਿਨ, ਪਲ ਅਤੇ ਚਸਾ ਭਰ ਦੇਰ ਲਗਦੀ ਹੈ।

ਅਥਵਾ :-ਸੁਰਾਂ ਨੂੰ ਮੇਲਦਿਆਂ ਪਲ ਦਾ ਖਿਨ ਮਾਤ੍ਰ ਦੇਰ ਲੱਗਦੀ ਹੈ ਤੇ ਰਾਗੀਆਂ ਦੇ ਚੁਣਦਿਆਂ ਭੀ

ਚਸਾ ਭਰ ਦੇਰ ਲਗਦੀ ਹੈ। ਓਨਾਂ ਚਿਰ ਮੇਰਾ ਮਨ ਰਾਮ ਦੇ ਗੁਣ ਗਾਉਂਦਾ ਹੈ॥ ੨॥

ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ॥

ਕਦੋਂ ਕੋਈ ਪੈਰਾਂ ਨੂੰ ਪਸਾਰ ਕੇ ਨੱਚੇਗਾ ਅਤੇ ਕਦੋਂ ਕੋਈ ਹੱਥਾਂ ਨੂੰ ਪਸਾਰੇਗਾ।

ਭਾਵ- ਹੱਥ ਪਸਾਰ ਕੇ ਆਰੋਹੀ ਤੇ ਅਵਰੋਹੀ ਦਾ ਗਿਆਨ ਕਰਾਵੇਗਾ।

ਨੋਟ:-ਸਾ ਤੋਂ ਲੈ ਕੇ ਨੀ ਤੱਕ ਸੁਰ ਦੇ ਚੜ੍ਹਾਓ ਨੂੰ ਅਰੋਹੀ ਕਹਿੰਦੇ ਹਨ ਤੇ ਨੀ ਤੋਂ ਲੈ ਕੇ ਸਾ ਤੱਕ ਸੁਰ ਦੇ ਲਹਾਓ ਨੂੰ ਅਵਰੋਹੀ ਕਹਿੰਦੇ ਹਨ। ਗਵੱਈਏ ਲੋਕ ਇਸ ਅਰੋਹੀ, ਅਵਰੋਹੀ ਦੇ ਜਨਾਉਣ ਵਾਸਤੇ ਹੀ ਹੱਥ ਨੂੰ ਉਤਾਂਹ ਤੇ ਹੇਠਾਂ ਕਰਦੇ ਹਨ।

ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ
ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ॥ ੩॥

ਹੱਥਾਂ ਦੇ ਪਸਾਰਤ=ਫੈਲਾਉਂਦਿਆਂ ਵੀ ਬਿਲਮੁ=ਦੇਰ ਲਗਦੀ ਹੈ ਤੇ ਪੈਰਾਂ ਦੇ ਪਸਾਰਦਿਆਂ ਵੀ ਤਿਲ ਮਾਤ੍ਰ ਸਮਾਂ ਲਗਦਾ ਹੈ, ਓਨਾਂ ਚਿਰ ਮੇਰਾ ਮਨ ਰਾਮ ਨਾਮ ਨੂੰ ਸੰਭਾਲਦਾ ਹੈ॥ ੩॥

ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ॥

ਕਦੋਂ ਕੋਈ ਵੇਖਣ ਵਾਲੇ ਲੋਕਾਂ ਨੂੰ ਪਤੀਆਵੈ=ਪ੍ਰਸੰਨ ਕਰੇਗਾ, ਪਰ ਲੋਕਾਂ ਦੇ ਪਤੀਣੈ=ਪ੍ਰਸੰਨ ਹੋਇਆਂ ਕੋਈ ਇੱਜ਼ਤ ਨਹੀਂ ਹੁੰਦੀ।

ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ
ਤਾ ਜੈ ਜੈ ਕਰੇ ਸਭੁ ਕੋਇ॥ ੪॥ ੧੦॥ ੬੨॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ੋ ! ਹਿਰਦੇ ਵਿਚ ਸਦਾ ਹਰੀ ਨਾਮ ਨੂੰ ਧਿਆਉਣਾ ਕਰੋ ਤਾਂ ਸਭ ਕੋਈ ਤੁਹਾਡਾ ਜੈ ਜੈ ਕਾਰ ਕਰੇਗਾ॥ ੪॥ ੧੦॥ ੬੨।

ਆਸਾ ਮਹਲਾ ੪॥

ਉਥਾਨਕਾ :-ਇਕ ਸਿੱਖ ਨੇ ਕਿਹਾ, ਉਪ੍ਰੋਕਤ ਸ਼ਬਦ ਵਿਚ ਆਪ ਜੀ ਨੇ ਨੱਚਣ ਦਾ ਖੰਡਣ ਕੀਤਾ ਹੈ ਪਰ ਆਪ ਜੀ ਨੇ ਇਸ ਤਰ੍ਹਾਂ ਵੀ ਫੁਰਮਾਇਆ ਹੈ ਕਿ- "ਤੇਰਾ ਜਨੁ ਨਿਰਤਿ ਕਰੇ ਗੁਣ ਗਾਵੈ॥" ਇਸ ਲਈ ਉਹ ਕੇਹੜਾ ਨਾਚ ਹੈ ? *ਗੁਰ ਉੱਤਰ :-*

ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ॥

ਹਰੀ ਦੇ ਸਾਧੂਆਂ ਦੀ ਸਤਸੰਗਤ ਵਿਚ ਮਿਲਣਾ ਕਰੀਏ ਅਤੇ ਸਤਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਉਣਾ ਕਰੀਏ।

ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ॥ ੧॥

ਤਾਂ ਘਟਿ=ਹਿਰਦੇ ਵਿਚ ਚਾਨਣ ਕਰਨ ਵਾਲਾ ਰਤਨ ਵਾਂਗ ਅਮੋਲਕ ਗਿਆਨ ਰੂਪ ਦੀਵਾ ਬਲਿਆ, ਜਿਸ ਦੇ ਚਾਨਣ ਨਾਲ ਅਗਿਆਨ ਰੂਪ ਹਨੇਰਾ ਜਾਂਦਾ ਰਿਹਾ॥ ੧॥

ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥

ਹੇ ਹਰੀ ਦੇ ਜਨੋ ! ਜੋ ਹਰਿ ਹਰਿ ਨਾਮ ਦਾ ਧਿਆਉਣਾ ਹੈ, ਏਹੀ ਨੱਚਣਾ ਕਰੋ।

ਅਥਵਾ :- ਹੇ ਹਰੀ ਜਨੋ ! ਹਰਿ ਹਰਿ ਨਾਮ ਦੇ ਧਿਆਉਣ ਦਾ ਨਾਚਹੁ=ਨਿਰਣਾ ਕਰੋ।

ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥ ੧ ॥ ਰਹਾਉ ॥

ਹੇ ਮੇਰੇ ਭਾਈ ! ਜੇਕਰ ਅਜੇਹੇ ਪੂਰੇ ਸੰਤ ਮਿਲ ਜਾਣ ਤਾਂ ਅਸੀਂ ਉਹਨਾਂ ਸੰਤ ਜਨਾਂ ਦੇ ਪਾਇ=ਚਰਨਾਂ ਨੂੰ ਧੋਵਾਂਗੇ ॥ ੧ ॥ ਰਹਾਉ ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਅਨਦਿਨੁ ਹਰਿ ਲਿਵ ਲਾਇ ॥

ਹੇ ਮੇਰੇ ਮਨ ! ਰਾਤ ਦਿਨ ਹਰੀ ਵਿਚ ਲਿਵ ਲਗਾ ਕੇ ਹਰਿ ਹਰਿ ਨਾਮ ਨੂੰ ਜਪੋ।

ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਭੂਖ ਨ ਲਾਗੈ ਆਇ ॥ ੨ ॥

ਜੋ ਭੀ ਚਿਤ ਵਿਚ ਇੱਛਾ ਕਰੋਗੇ, ਓਹੀ (ਧਰਮ, ਅਰਥ, ਕਾਮ, ਮੋਖ, ਰੂਪ) ਫਲ ਪਾਓਗੇ। ਫਿਰ ਮਾਇਆ ਦੀ ਭੂਖ=ਤ੍ਰਿਸ਼ਨਾ ਨਹੀਂ ਆ ਕੇ ਲੱਗੇਗੀ ॥ ੨ ॥

ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ ਬੋਲਿ ਬੁਲਾਇ ॥

ਹਰੀ ਕਰਤਾ ਆਪ ਹੀ ਅਪਰੰਪਰੁ=ਸੰਸਾਰ ਤੋਂ ਪਰਾ ਰੂਪ ਹੈ, ਹਰੀ ਆਪ ਹੀ ਸਭਨਾਂ ਵਿਚ ਬੋਲਦਾ ਤੇ ਆਪ ਹੀ ਬੁਲਾਉਂਦਾ ਹੈ। *ਅਥਵਾ* :-ਹਰੀ ਆਪ ਹੀ ਬੋਲਿ=ਬਚਨ ਬੁਲਾਉਂਦਾ ਹੈ।

ਸੇਈ ਸੰਤ ਭਲੇ ਤੁਧੁ ਭਾਵਹਿ ਜਿਨ੍ ਕੀ ਪਤਿ ਪਾਵਹਿ ਥਾਇ ॥ ੩ ॥

ਉਹੀ ਆਪ ਜੀ ਨੂੰ ਭਾਉਂਦੇ ਹਨ ਅਤੇ ਜਿਨ੍ਹਾਂ ਦੀ ਇੱਜ਼ਤ ਤੂੰ ਥਾਇ ਪਾਵਹਿ=ਕਬੂਲ ਪਾਉਂਦਾ ਹੈਂ, ਓਹੀ ਸੰਤ ਭਲੇ ਹਨ ॥ ੩ ॥

ਨਾਨਕੁ ਆਖਿ ਨ ਰਾਜੈ ਹਰਿ ਗੁਣ ਜਿਉ ਆਖੈ ਤਿਉ ਸੁਖੁ ਪਾਇ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਹਰੀ ਗੁਣਾਂ ਨੂੰ ਆਖਦਾ ਹੋਇਆ ਰੱਜਦਾ ਨਹੀਂ ਹਾਂ, ਜਿਉਂ-ਜਿਉਂ ਆਖਦਾ ਹਾਂ ਤਿਉਂ-ਤਿਉਂ ਸੁਖ ਪਾਉਂਦਾ ਹਾਂ।

ਭਗਤਿ ਭੰਡਾਰ ਦੀਏ ਹਰਿ ਅਪੁਨੇ
ਗੁਣ ਗਾਹਕੁ ਵਣਜਿ ਲੈ ਜਾਇ ॥ ੪ ॥ ੧੧ ॥ ੬੩ ॥

ਹਰੀ ਨੇ ਆਪਣੇ ਦਾਸ ਜਾਣ ਕੇ ਭਗਤੀ ਦੇ ਭੰਡਾਰੇ ਬਖਸ਼ ਦਿੱਤੇ ਹਨ, ਜੋ ਸ਼ੁਭ ਗੁਣਾਂ ਦੇ ਗਾਹਕੁ=ਜਗਿਆਸੂ ਹਨ, ਉਹ ਸ਼ੁਭ ਗੁਣਾਂ ਨੂੰ ਵਣਜਿ ਲੈ ਜਾਇ=ਖਰੀਦ ਕੇ ਲਈ ਜਾਂਦੇ ਹਨ ॥ ੪ ॥ ੧੧ ॥ ੬੩ ॥

[ਪੰਨਾ ੩੬੯]

ੴ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪ ॥

ਅੱਠਵੇਂ ਘਰ ਦੇ ਦੋ ਸ਼ਬਦ ਆਉਣਗੇ। ਕਾਫੀ=ਵੈਰਾਗ ਮਈ ਉਪਦੇਸ਼ ਦੇਂਦੇ ਹਨ।

ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥
ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ ॥ ੧ ॥

ਹੇ ਪੁਰਸ਼ਾ ! ਮਰਨਾ ਧੁਰਾਹੁ=ਧੁਰ ਤੋਂ ਹੀ ਚਲਿਆ ਆ ਰਿਹਾ ਹੈ, ਇਹ ਜੀਵ ਐਵੇਂ ਹਉਮੈ ਕਰਕੇ ਰੋਂਦਾ ਹੈ। ਜੋ ਗੁਰਮੁਖ ਹੋ ਕੇ ਗੁਰਾਂ ਦੁਆਰੇ ਨਾਮ ਧਿਆਉਂਦਾ ਹੈ, ਉਹ ਜੀਵ ਇਸਥਿਤ ਹੁੰਦਾ ਹੈ॥ ੧ ॥

ਗੁਰ ਪੂਰੇ ਸਾਬਾਸਿ ਚਲਣੁ ਜਾਣਿਆ ॥
ਲਾਹਾ ਨਾਮੁ ਸੁ ਸਾਰੁ ਸਬਦਿ ਸਮਾਣਿਆ ॥ ੧ ॥ ਰਹਾਉ ॥

ਅੰਨਵੇ:-ਪੂਰਿਆਂ ਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਜਿਸ ਨੇ ਸੰਸਾਰ ਤੋਂ ਚਲਣਾ ਜਾਣਿਆ ਹੈ ਅਤੇ ਸੁ ਸਾਰੁ=ਸ੍ਰੇਸ਼ਟ ਸਿਧਾਂਤ ਰੂਪ ਨਾਮ ਦੇ ਲਾਭ ਵਿਖੇ ਸਮਾਇਆ ਹੈ, ਉਸ ਨੂੰ ਸਾਬਾਸਿ=ਇੱਜ਼ਤ ਮਿਲਦੀ ਹੈ॥ ੧ ॥ ਰਹਾਉ ॥

ਪੂਰਬਿ ਲਿਖੇ ਡੇਹ ਸਿ ਆਏ ਮਾਇਆ ॥
ਚਲਣੁ ਅਜੁ ਕਿ ਕਲਿ੍ ਧੁਰਹੁ ਫੁਰਮਾਇਆ ॥ ੨ ॥

ਮਾਇਆ=ਹੇ ਭਾਈ ! ਪੂਰਬਲੇ ਲੇਖਾਂ ਦੇ ਲਿਖੇ ਅਨੁਸਾਰ ਸਿ=ਉਹ ਡੇਹ=ਦਿਨ ਮਰਨ ਵਾਲੇ ਆ ਗਏ ਹਨ। ਅੱਜ ਜਾਂ ਕੱਲ੍ਹ ਚਲੇ ਜਾਣਾ ਹੈ, ਜਿਵੇਂ ਧੁਰ ਰੂਪ ਪਰਮਾਤਮਾ ਨੇ ਆਦੋਂ ਹੁਕਮ ਫੁਰਮਾਇਆ=ਕੀਤਾ ਹੈ।

ਬਿਰਥਾ ਜਨਮੁ ਤਿਨਾ ਜਿਨ੍ੀ ਨਾਮੁ ਵਿਸਾਰਿਆ ॥
ਜੂਐ ਖੇਲਣੁ ਜਗਿ ਕਿ ਇਹੁ ਮਨੁ ਹਾਰਿਆ ॥ ੩ ॥

ਉਹਨਾਂ ਦਾ ਮਨੁੱਖਾ ਜਨਮ ਨਿਸਫਲ ਹੈ, ਜਿਨ੍ਹਾਂ ਨੇ ਨਾਮ ਭੁਲਾ ਦਿੱਤਾ ਹੈ। ਜਗਤ ਰੂਪ ਜੂਏ ਵਿਖੇ ਖੇਡਣ ਕਰਕੇ ਇਹ ਮਨ ਹਾਰ ਗਿਆ ਹੈ॥ ੩ ॥

ਜੀਵਣਿ ਮਰਣਿ ਸੁਖੁ ਹੋਇ ਜਿਨ੍ਾ ਗੁਰੁ ਪਾਇਆ ॥
ਨਾਨਕ ਸਚੇ ਸਚਿ ਸਚਿ ਸਮਾਇਆ ॥ ੪ ॥ ੧੨ ॥ ੬੪ ॥

ਜਿਨ੍ਹਾਂ ਨੇ ਪੂਰਾ ਗੁਰੂ ਪਾਇਆ ਹੈ, ਉਹਨਾਂ ਦਾ ਜੀਊਣਾ ਮਰਨਾ ਸੁਖ ਪੂਰਬਕ ਹੁੰਦਾ ਹੈ।

ਅਥਵਾ :-ਜਿਨ੍ਹਾਂ ਨੇ ਪੂਰਾ ਗੁਰੂ ਪਾਇਆ ਹੈ ਤੇ ਜੀਵਤ ਭਾ ਤੋਂ ਮਰਨਾ ਕੀਤਾ ਹੈ, ਉਹਨਾਂ ਨੂੰ ਆਤਮ ਸੁਖ ਹੁੰਦਾ ਹੈ। ਗੁਰੂ ਜੀ ਆਖਦੇ ਹਨ-ਉਹ ਸੱਚੇ ਪੁਰਸ਼ ਸਚਿ=ਨਿਸਚੇ ਕਰਕੇ ਸਚਿ ਸਰੂਪ ਪਰਮਾਤਮਾ ਵਿਖੇ ਅਭੇਦ ਹੋਏ ਹਨ॥ ੪ ॥ ੧੨ ॥ ੬੪ ॥

ਆਸਾ ਮਹਲਾ ੪ ॥
ਜਨਮੁ ਪਦਾਰਥੁ ਪਾਇ ਨਾਮੁ ਧਿਆਇਆ ॥
ਗੁਰ ਪਰਸਾਦੀ ਬੁਝਿ ਸਚਿ ਸਮਾਇਆ ॥ ੧ ॥

ਜਿਨ੍ਹਾਂ ਨੇ ਮਨੁੱਖਾ ਜਨਮ ਰੂਪ ਪਦਾਰਥ ਨੂੰ ਪਾ ਕੇ ਨਾਮ ਧਿਆਉਣਾ ਕੀਤਾ ਹੈ। ਉਹਨਾਂ ਦਾ ਮਨ ਪਰਸਾਦੀ=ਕ੍ਰਿਪਾਲੂ ਗੁਰਾਂ ਤੋਂ ਤੱਤ ਵਸਤੂ ਤੇ ਮਿਥਿਆ ਵਸਤੂ ਨੂੰ ਬੁਝ ਕੇ ਸੱਚ ਵਿਖੇ ਸਮਾਇਆ ਹੈ॥ ੧ ॥

ਜਿਨ੍ ਧੁਰਿ ਲਿਖਿਆ ਲੇਖੁ ਤਿਨ੍ੀ ਨਾਮੁ ਕਮਾਇਆ ॥
ਦਰਿ ਸਚੈ ਸਚਿਆਰ ਮਹਲਿ ਬੁਲਾਇਆ ॥ ੧ ॥ ਰਹਾਉ ॥

ਜਿਨ੍ਹਾਂ ਦੇ ਮੱਥੇ ਤੇ ਧੁਰ ਰੂਪ ਪਰਮਾਤਮਾ ਨੇ ਧੁਰ ਤੋਂ ਚੰਗਾ ਲੇਖ ਲਿਖਿਆ ਹੈ, ਉਹਨਾਂ ਨੇ ਨਾਮ ਕਮਾਇਆ ਹੈ। ਉਹ ਸਚੇ ਦਰ ਵਿਖੇ ਸਚਿਆਰ ਹੋਏ ਹਨ, ਉਹਨਾਂ ਨੂੰ ਪਰਮੇਸ਼ਰ ਨੇ ਮਹਲਿ=ਸਰੂਪ ਵਿਖੇ ਬੁਲਾਇਆ ਹੈ।

ਅਥਵਾ :-ਉਸ ਸਚਿਆਰ ਨੂੰ ਸਚੇ ਪ੍ਰਭੂ ਨੇ ਆਪਣੇ ਮਹਲਿ=ਸਰੂਪ ਦੇ ਦਰਿ=ਅੰਦਰ ਹੀ ਬੁਲਾ ਲਿਆ ਹੈ॥ ੧ ॥ ਰਹਾਉ ॥

ਅੰਤਰਿ ਨਾਮੁ ਨਿਧਾਨੁ ਗੁਰਮੁਖਿ ਪਾਈਐ ॥
ਅਨਦਿਨੁ ਨਾਮੁ ਧਿਆਇ ਹਰਿ ਗੁਣ ਗਾਈਐ ॥ ੨ ॥

ਨਾਮ ਨਿਧੀਆਂ ਦਾ ਖ਼ਜ਼ਾਨਾ ਅੰਤਰਿ=ਅੰਤਹਕਰਨ ਵਿਖੇ ਹੈ, ਪਰ ਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ। ਹੇ ਪੁਰਸ਼ਾ ! ਤੂੰ ਗੁਰਾਂ ਦੁਆਰੇ ਰਾਤ ਦਿਨ ਨਾਮ ਧਿਆਉਣਾ ਕਰ ਅਤੇ ਹਰੀ ਦੇ ਗੁਣ ਗਾਉਣਾ ਕਰ॥ ੨ ॥

ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ ॥
ਹਉਮੈ ਗਰਬੈ ਗਰਬੁ ਆਪਿ ਖੁਆਈਐ ॥ ੩ ॥

ਅਨੇਕ ਪ੍ਰਕਾਰ ਦੀ ਵਸਤੂ ਸ਼ੁਭ ਗੁਣਾਂ ਰੂਪੀ ਹਿਰਦੇ ਅੰਦਰ ਹੈ, *ਅਥਵਾ* :-ਅਨੇਕ ਵਸਤੂਆਂ ਦਾ ਮਾਲਕ (ਪਰਮੇਸ਼ਰ) ਹਿਰਦੇ ਅੰਦਰ ਹੈ ਪਰ ਮਨਮੁਖ ਪੁਰਸ਼ ਉਸ ਨੂੰ ਨਹੀਂ ਪਾਉਂਦੇ ਹਨ। ਉਸ ਦਾ ਕਾਰਨ ਇਹ ਹੈ ਕਿ ਹੰਗਤਾ ਮਮਤਾ ਕਰਕੇ ਹੰਕਾਰੀ ਹੋ ਜਾਂਦੇ ਹਨ, ਉਸੇ ਹੰਕਾਰ ਕਰਕੇ ਆਪਣੇ ਆਪ ਨੂੰ ਖੁਆਈਐ=ਭੁਲਾਈ ਬੈਠੇ ਹਨ॥ ੩ ॥

ਨਾਨਕ ਆਪੇ ਆਪਿ ਆਪਿ ਖੁਆਈਐ ॥
ਗੁਰਮਤਿ ਮਨਿ ਪਰਗਾਸੁ ਸਚਾ ਪਾਈਐ ॥ ੪ ॥ ੧੩ ॥ ੬੫ ॥

ਗੁਰੂ ਜੀ ਕਥਨ ਕਰਦੇ ਹਨ-ਆਪੇ ਆਪਿ=ਸੁਤੰਤ੍ਰ ਜੋ ਪਰਮੇਸ਼ਰ ਹੈ, ਉਹ ਤਾਂ ਪ੍ਰਾਪਤ ਹੁੰਦਾ ਹੈ। ਜੇਕਰ ਆਪੁ=ਹੰਕਾਰ ਖੁਆਈਐ=ਖੋਹ ਦੇਈਏ, ਭਾਵ ਦੂਰ ਕਰੀਏ।

ਅਥਵਾ :-ਆਪੁ=ਹੰਕਾਰ ਨੂੰ ਦੂਰ ਕਰੀਏ ਤਾਂ ਸਾਰਾ ਆਪਣਾ ਆਪ ਹੀ ਨਿਸਚੇ ਕਰਦਾ ਹੈ। ਗੁਰ ਸਿੱਖਿਆ ਦੁਆਰੇ ਮਨ ਵਿਚ ਪਰਗਾਸੁ=ਗਿਆਨ ਹੋਵੇ ਤਾਂ ਸੱਚਾ ਵਾਹਿਗੁਰੂ ਪ੍ਰਾਪਤ ਹੁੰਦਾ ਹੈ॥ ੪ ॥ ੧੩ ॥ ੬੫ ॥

ਰਾਗੁ ਆਸਾਵਰੀ ਘਰੁ ੧੬ ਕੇ ੨* ਮਹਲਾ ੪ ਸੁਧੰਗ

ੴ ਸਤਿਗੁਰ ਪ੍ਰਸਾਦਿ ॥

ਸੋਲਵੇਂ ਘਰ ਵਿਚ ਗਾਇਨ ਵਾਲੇ ਦੋ ਸ਼ਬਦ ਹਨ।

ਸੁਧੰਗ=ਛੰਦ ਦੀ ਚਾਲ ਹੈ। ੨-ਸੁਧ+ਅੰਗ=ਹੇ ਪਿਆਰੇ ! ਇਹ ਬਾਣੀ ਸਾਰੀ ਸ਼ੁੱਧ ਹੈ, ਇਸ ਵਿਚ ਕਿਸੇ

*ਪਾਠ ਕਰਨ ਵੇਲੇ-ਘਰੁ ਸੋਲਵੇਂ ਕੇ (੨) ਦੋ ਬੋਲੋ ਜੀ।

ਵੀ ਅੱਖਰ ਦੀ ਭੰਨ-ਤੋੜ ਨਹੀਂ ਕਰਨੀ ।

੩-ਇਹ ਬਾਣੀ ਸੁਧ+ਅੰਗ=ਹਿਰਦੇ ਨੂੰ ਸ਼ੁੱਧ ਕਰਨ ਵਾਲੀ ਹੈ।

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥

ਹਉ=ਮੈਂ ਰਾਤ ਦਿਨ ਹਰੀ ਨਾਮ ਦਾ ਕੀਰਤਨ ਕਰਦਾ ਹਾਂ।

ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥ ੧ ॥ ਰਹਾਉ ॥

ਸਤਿਗੁਰਾਂ ਨੇ ਮੈਨੂੰ ਹਰੀ ਨਾਮ ਦਾ ਉਪਦੇਸ਼ ਬਤਾਇਆ=ਦੱਸਿਆ ਹੈ। ਮੈਂ ਹਰੀ ਨਾਮ ਤੋਂ ਬਿਨਾਂ ਪਲ ਦਾ ਖਿਨ ਸਮਾਂ ਭੀ ਰਹਿ ਨਹੀਂ ਸਕਦਾ ॥ ੧ ॥ ਰਹਾਉ ॥

ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ
ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥

ਹਉ=ਸਾਡੇ ਘਰ ਵਿਖੇ ਸੁਨਣਾ ਭੀ ਹਰੀ ਨਾਮ ਦਾ ਹੈ ਅਤੇ ਸਿਮਰਨ ਭੀ ਹਰੀ ਦੇ ਕੀਰਤਨ ਦਾ ਹੈ, ਹਉ=ਮੈਂ ਇਕ ਖਿਨ ਸਮਾਂ ਭੀ ਹਰੀ ਨਾਮ ਤੋਂ ਬਿਨਾਂ ਰਹਿ ਨਹੀਂ ਸਕਦਾ। ਪਾਠ ਕਰਨ ਲਗਿਆਂ 'ਹਉ' ਅੱਗੇ ਜਾਵੇਗਾ, ਅਰਥ ਵੇਲੇ ਪਿੱਛੇ। ਕਈ ਸੱਜਣ ਇੰਝ ਭੀ ਅਰਥ ਕਰਦੇ ਹਨ-ਹਉ=ਮੈਂ ਹਰੀ ਤੋਂ ਬਿਨਾਂ ਇਕ ਖਿਨ ਭਰ ਵੀ ਰਹਿ ਨਹੀਂ ਸਕਦਾ ਹਉ=ਹਾਂ।

ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ
ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥ ੧ ॥

ਜਿਸ ਤਰ੍ਹਾਂ ਮਾਨ ਸਰੋਵਰ ਤੋਂ ਬਿਨਾਂ ਹੰਸ ਨਹੀਂ ਰਹਿ ਸਕਦਾ, ਓਵੇਂ ਹਰੀ ਦਾ ਸੇਵਕ ਜਨ ਹਰੀ ਦੀ ਸੇਵਾ ਤੋਂ ਬਿਨਾਂ ਕਿਵੇਂ ਰਹਿ ਸਕਦਾ ਹੈ ? ॥ ੧ ॥

ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ
ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥

ਕਿਸੀ ਪੁਰਸ਼ ਨੇ ਹਿਰਦੇ 'ਚ ਦ੍ਵੈਤ ਭਾਵ ਧਾਰਨ ਕਰਕੇ ਹੋਰਨਾਂ ਨਾਲ ਪ੍ਰੀਤੀ ਲਗਾਈ ਹੈ ਅਤੇ ਕਿਸੀ ਨੇ ਮੋਹ ਕਰਕੇ ਦੂਜਿਆਂ ਦੇ ਅਪਮਾਨ=ਨਿਰਾਦਰ ਕਰਨ ਵਿਖੇ ਪ੍ਰੀਤੀ ਲਗਾਈ ਹੈ। *ਅਥਵਾ* :-ਕਿਸੀ ਨੇ ਮੋਹ ਵਿਖੇ ਤੇ ਕਿਸੀ ਨੇ ਨਿਰਾਦਰ ਕਰਨ ਵਿਖੇ ਪ੍ਰੀਤੀ ਲਗਾਈ ਹੈ।

ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ
ਨਾਨਕ ਸਿਮਰਤ ਹਰਿ ਹਰਿ ਭਗਵਾਨ ॥ ੨ ॥ ੧੪ ॥ ੬੬ ॥

ਹਰੀ ਜਨਾਂ ਨੇ ਨਿਰਬੰਧ ਪਦ ਰੂਪ ਹਰੀ ਵਿਖੇ ਪ੍ਰੀਤੀ ਲਗਾਈ ਹੈ-ਹਰੀ ਜਨ ਹਰ ਵੇਲੇ ਖਟਾਂ ਭਗਾਂ ਸਹਿਤ ਜੋ ਹਰਿ ਹਰਿ ਹੈ, ਉਸ ਨੂੰ ਸਿਮਰਨ ਕਰਦੇ ਹਨ ॥ ੨ ॥ ੧੪ ॥ ੬੬ ॥

ਆਸਾਵਰੀ ਮਹਲਾ ੪ ॥ ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥

ਰੀ ਮਾਈ=ਹੇ ਭਾਈ ! ਮੇਰਾ ਪ੍ਰੀਤਮ ਜੋ ਮਾਈ=ਮਾਇਆ ਪਤੀ ਰਾਮ ਹੈ, ਉਹ ਮੈਨੂੰ ਬਤਾਵਹੁ=ਦੱਸੋ।

ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ
ਜੈਸੇ ਕਰਹਲੁ ਬੇਲਿ ਰੀਝਾਈ॥ ੧ ॥ ਰਹਾਉ ॥

ਮੈਂ ਹਰੀ ਤੋਂ ਬਿਨਾਂ ! ਪਲ ਦਾ ਖਿਨ ਭਰ ਸਮਾਂ ਵੀ ਰਹਿ ਨਹੀਂ ਸਕਦਾ, ਜਿਵੇਂ ਕਰਹਲੁ=ਊਂਠ ਨੂੰ ਵੱਲਾਂ ਦੇਖ ਕੇ ਰੀਝ ਆਈ=ਪ੍ਰਸੰਨਤਾ ਆਉਂਦੀ ਹੈ, ਇੰਞ ਹੀ ਹਰੀ ਨੂੰ ਦੇਖ ਕੇ ਮੈਨੂੰ ਭੀ ਖ਼ੁਸ਼ੀ ਆਉਂਦੀ ਹੈ॥ ੧॥ ਰਹਾਉ॥

ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ॥

ਸਾਡਾ ਮਨ ਬੈਰਾਗੀਆਂ ਦੀ ਨਿਆਈਂ ਸੰਸਾਰ ਤੋਂ ਵੈਰਾਗਵਾਨ ਹੋ ਕੇ ਪਦਾਰਥਾਂ ਤੋਂ ਵਿਰੱਕਤ ਹੋ ਰਿਹਾ ਹੈ, ਅਸਲੀ ਮਿੱਤਰ ਜੋ ਹਰੀ ਹੈ, ਉਸ ਦੇ ਦਰਸ਼ਨਾਂ ਦੇ ਵਾਸਤੇ।

[ਪੰਨਾ ੩੭੦]

ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ
ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥

ਜਿਵੇਂ ਅਲਿ=ਭੌਰਾ ਕੌਲ ਫੁੱਲਾਂ ਤੋਂ ਬਿਨਾਂ ਰਹਿ ਨਹੀਂ ਸਕਦਾ, ਤਿਵੇਂ ਮੇਰੇ ਪਾਸੋਂ ਭੀ ਹਰੀ ਤੋਂ ਬਿਨਾਂ ਰਿਹਾ ਨਹੀਂ ਜਾਂਦਾ॥ ੧॥

ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ॥

ਹੇ ਜਗਤ ਦੇ ਈਸ਼ੁਰ, ਮੇਰੇ ਮਾਲਕ ਪਿਆਰੇ ਪ੍ਰਭੂ ! ਮੈਨੂੰ ਆਪਣੀ ਸ਼ਰਨ ਵਿਚ ਰੱਖ ਲਓ।

ਹੇ ਗੁਸਾਈ=ਪ੍ਰਿਥਵੀ ਦੇ ਮਾਲਕ ਹਰੀ ! ਮੇਰੀ ਸ਼ਰਧਾ ਨੂੰ ਪੂਰਨ ਕਰੋ।

ਜਨ ਨਾਨਕ ਕੈ ਮਨਿ ਅਨਦੁ ਹੋਤ ਹੈ
ਹਰਿ ਦਰਸਨੁ ਨਿਮਖ ਦਿਖਾਈ॥ ੨ ॥ ੩੯ ॥ ੧੩ ॥ ੧੫ ॥ ੬੭ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਜਿਸ ਵੇਲੇ ਇਕ ਨਿਮਖ ਮਾਤ੍ਰ ਵੀ ਤੂੰ ਆਪਣਾ ਦਰਸ਼ਨ ਮੈਨੂੰ ਵਿਖਾਉਂਦਾ ਹੈਂ, ਤਿਸ ਵੇਲੇ ਮੇਰੇ ਮਨ ਵਿਚ ਅਨੰਦ ਹੁੰਦਾ ਹੈ॥ ੨॥ ੩੯॥ ੧੩॥ ੧੫॥ ੬੭॥

ਦੋ ਅੰਕ ਇਸ ਸ਼ਬਦ ਦੀਆਂ ਪਉੜੀਆਂ ਦਾ ਹੈ।

੩੯ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ।

੧੩ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ।

੧੫ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਹਨ।

੬੭ ਸਾਰਿਆਂ ਸ਼ਬਦਾਂ ਦਾ ਜੋੜ ਹੈ।

ਰਾਗੁ ਆਸਾ ਘਰੁ ੨ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:--ਜਿਸ ਮਾਇਆ ਦੇ ਮਗਰ ਸਾਰੇ ਲੋਕ ਲਗੇ ਹੋਏ ਹਨ, ਉਹ ਮਾਇਆ ਕਿਹੋ ਜਿਹੀ ਹੈ ? ਇਸ ਗੱਲ ਸੁਣ ਕੇ ਗੁਰੂ ਜੀ ਮਾਇਆ ਦਾ ਪ੍ਰਤਾਪ ਦੱਸਦੇ ਹਨ-

ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥

ਜਿਸ ਮਨੁੱਖ ਨੇ ਮਾਇਆ ਨਾਲ ਪ੍ਰੀਤੀ ਲਗਾਈ ਹੈ, ਉਸੇ ਪੁਰਸ਼ ਨੂੰ ਮਾਇਆ ਨੇ ਫਿਰ ਖਾ ਲਿਆ ਹੈ। ਜਿਵੇਂ ਸੱਪਣੀ ਦੇ ਬੱਚੇ ਆਪਣੀ ਮਾਂ ਨਾਲ ਪ੍ਰੇਮ ਕਰਦੇ ਹਨ ਪਰ ਸੱਪਣੀ ਚੱਟਦੀ ਹੋਈ ਬੱਚਿਆਂ ਨੂੰ ਖਾਈ ਜਾਂਦੀ ਹੈ।

ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ ॥

ਜਿਸ ਨੇ ਸੁਖਦਾਈ ਜਾਣਗੇ *ਅਥਵਾ:*-ਸੁਖ ਪੂਰਬਕ ਮਾਇਆ ਆਪਣੇ ਘਰ ਵਿਚ ਬੈਠਾਈ ਹੈ ਭਾਵ ਚੰਗੀ ਤਰ੍ਹਾਂ ਸਾਂਭ ਸਾਂਭ ਕੇ ਰੱਖੀ ਹੈ, ਤਿਸ ਨੂੰ ਮਾਇਆ ਨੇ ਰਾਜ ਭੈ, ਚੋਰ ਭੈ, ਅਗਨੀ ਭੈ ਇਤਿਆਦਿਕ ਬਹੁਤ ਹੀ ਡਰ ਦਿਖਾਇਆ ਹੈ।

ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥ਹਮ ਆਈ ਵਸਗਤਿ ਗੁਰ ਪਰਸਾਦੇ ॥੧ ॥

ਚਾਹੇ ਭਰਾ ਹੈ, ਚਾਹੇ ਮਿੱਤਰ ਹੈ, ਚਾਹੇ ਕੋਈ ਸੰਬੰਧੀ ਹੈ ਸਭ ਮਾਇਆ ਪਿਛੇ ਬਿਬਾਦੇ=ਝਗੜੇ ਕਰਦੇ ਦੇਖੀਦੇ ਹਨ। *ਅਥਵਾ :*-ਮਾਇਆ ਨੂੰ ਦੇਖ ਕੇ ਇਹ ਸਾਰੇ ਸੰਬੰਧੀ, ਭਰਾ ਮਿੱਤਰ ਆਦਿਕ ਝਗੜਾ ਕਰਦੇ ਹਨ। ਪਰ ਗੁਰਾਂ ਦੀ ਕਿਰਪਾ ਕਰਕੇ ਉਹ ਮਾਇਆ ਸਾਡੇ ਵਸੀਕਾਰ ਹੋ ਆਈ ਹੈ॥ ੧॥

ਐਸਾ ਦੇਖਿ ਬਿਮੋਹਿਤ ਹੋਏ ॥

ਮਾਇਆ ਦਾ ਅਜਿਹਾ ਚਰਿਤ੍ਰ ਦੇਖ ਕੇ ਅਸੀਂ ਇਸ ਦੇ ਮੋਹ ਤੋਂ ਬਿ=ਰਹਿਤ ਹੋਏ ਹਾਂ। *ਅਥਵਾ:*-ਮਾਇਆ ਨੂੰ ਐਸਾ ਦੇਖ ਕੇ ਭਾਵ ਝਗੜਾ ਰੂਪ ਦੇਖ ਕੇ ਭੀ ਇਹ ਸੰਸਾਰੀ ਜੀਵ ਬਿ=ਵਿਸ਼ੇਸ਼ ਕਰ ਕੇ ਉਸ ਮਾਇਆ ਵਿਚ ਮੋਹਤ ਹੋ ਰਹੇ ਹਨ।

ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧੋ੍ਹਨਿ ਧੋ੍ਹਏ ॥੧ ॥ਰਹਾਉ ॥

ਸਾਧਿਕ=ਜਗਿਆਸੂ, ਚੁਰਾਸੀ ਸਿਧ, ਸੁਰਦੇਵ=ਇੰਦਰ, ਮਨੁਖਾ=ਇਸਤ੍ਰੀਆਂ।

ਅਥਵਾ:-ਪੁਰਸ਼, ਇਕ ਸੰਤਾਂ ਤੋਂ ਬਿਨਾਂ ਹੋਰ ਸਾਰਿਆਂ ਨੂੰ ਇਸ ਧੋ੍ਹਨਿ=ਛਲਨੀ ਮਾਇਆ ਨੇ ਧੋ੍ਹਏ=ਛਲ ਲੀਤਾ ਹੈ॥ ੧॥ ਰਹਾਉ॥

ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ ॥
ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ ॥

ਇਕ ਜਿਹੜੇ ਭੇਖੀ ਉਦਾਸੀ ਹੋਏ ਫਿਰਦੇ ਹਨ, ਤਿੰਨ੍ਹਾਂ ਨੂੰ ਕਾਮ ਚੇਸ਼ਟਾ ਰੂਪ ਹੋਈ ਮਾਇਆ ਵਿਆਪ ਰਹੀ ਹੈ। ਇਕ ਜਿਹੜੇ ਗ੍ਰਿਹਸਤੀ ਹੋ ਕੇ ਮਾਇਆ ਨੂੰ ਇਕੱਠੀ ਕਰਦੇ ਹਨ, ਤਿਨ੍ਹਾਂ ਦੀ ਭੀ ਮਾਇਆ ਆਪਣੀ ਨਹੀਂ ਹੁੰਦੀ।

ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ ॥

ਇਕ ਜਿਹੜੇ ਸਤਵਾਦੀ ਕਹਾਉਂਦੇ ਹਨ, ਉਹਨਾਂ ਨੂੰ ਭੀ ਮਾਇਆ ਬਹੁਤ ਸਾਰਾ ਕਲਪਾਂਵਦੀ ਹੈ।

ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥ ੨ ॥

ਪਰ ਸਤਿਗੁਰਾਂ ਦੀ ਚਰਨੀਂ ਲੱਗਣ ਕਰਕੇ ਸਾਨੂੰ ਹਰੀ ਨੇ ਰੱਖ ਲਿਆ ਹੈ॥ ੨॥

ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥

ਇਸ ਮਾਇਆ ਨੇ ਤਪੱਸ੍ਵੀਆਂ ਨੂੰ ਤੱਪ ਕਰਦਿਆਂ ਹੋਇਆਂ ਭੁਲਾ ਦਿੱਤਾ ਹੈ। ਪੰਡਤ ਵੀ ਸਾਰੇ ਲੋਭ ਵਿਖੇ

ਮੋਹੇ ਹੋਏ ਹਨ। ਅਥਵਾ:-ਪੰਡਤ ਵੀ ਮੋਹੇ ਹੋਏ ਹਨ ਅਤੇ ਸਬਾਏ=ਸਾਰੇ ਲੋਕ ਵੀ ਲੋਭ ਵਿਚ ਫਸੇ ਹੋਏ ਹਨ।

ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥ ੩ ॥

ਤ੍ਰੈਗੁਣੀ ਜੀਵ ਸਾਰੇ ਮੋਹਣਾ ਕੀਤੇ ਹਨ ਅਤੇ ਅਕਾਸ਼ਚਾਰੀ ਜੋ ਸੂਰਜ ਚੰਦਰਮਾ ਹਨ।

ਅਥਵਾ:-ਆਕਸੁ=ਬੈਕੁੰਠ ਧਾਮ ਵਿਚ ਰਹਿਣ ਵਾਲੇ ਜੇ ਬਿਜੈ ਇਨ੍ਹਾਂ ਨੂੰ ਭੀ ਮੋਹਣਾ ਕੀਤਾ ਹੈ।

ਅਥਵਾ:-ਇਕ ਚਿਦਾਕਾਸ ਚੇਤਨ ਕਾਸ ਆ ਮੋਹਿਆ=ਮੋਹ ਤੋਂ ਰਹਿਤ ਹੈ। ਪਰ ਸਾਨੂੰ ਸਤਿਗੁਰਾਂ ਨੇ ਕਿਰਪਾ ਰੂਪੀ ਹੱਥ ਦੇ ਕੇ ਰੱਖ ਲਿਆ ਹੈ॥ ੩॥

ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥

ਤਿੰਨਾਂ ਗੁਣਾਂ ਤੋਂ ਰਹਿਤ ਜੋ ਬ੍ਰਹਮ ਗਿਆਨੀ ਹੈ, ਉਸ ਦੀ ਦਾਸੀ ਹੋ ਕੇ ਵਰਤ ਰਹੀ ਹੈ। ਉਸ ਦੀ ਸੇਵਾ ਕਰਨ ਵਾਸਤੇ ਹੱਥ ਜੋੜ ਕੇ ਉਸ ਅੱਗੇ ਇੰਝ ਅਰਦਾਸਿ=ਬੇਨਤੀ ਕਰਦੀ ਹੈ।

ਕਿ:-ਹੇ ਮਹਾਂ ਪੁਰਸ਼ਾ !

ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥ ੪ ॥ ੧ ॥

ਜੋ ਤੂੰ ਕਹੇਂਗਾ ਮੈਂ ਉਹੀ ਕਾਰ=ਸੇਵਾ ਕਰਾਂਗੀ। ਮੈਨੂੰ ਆਪਣੇ ਚਰਨਾਂ ਵਿਚ ਨਿਵਾਸ ਦੇ। ਪਰ ਗੁਰੂ ਜੀ ਕਥਨ ਕਰਦੇ ਹਨ-ਇਹ ਮਾਇਆ ਨੂੰ ਗੁਰਮੁਖ ਆਪਣੇ ਨੇੜੇ ਨਹੀਂ ਆਉਣ ਦਿੰਦੇ॥ ੪॥ ੧॥

ਆਸਾ ਮਹਲਾ ੫ ॥

ਉਥਾਨਕਾ:-ਜਗਿਆਸੂ ਨੇ ਬੇਨਤੀ ਕੀਤੀ, ਹੇ ਸੰਤੋ ! ਆਪ ਜੀ ਨੇ ਉਹ ਕਿਹੜਾ ਸਾਧਨ ਕੀਤਾ ਹੈ, ਜਿਸ ਕਰਕੇ ਆਪ ਜੀ ਦਾ ਜੀਵਨ ਇਤਨਾ ਉੱਚਾ ਤੇ ਸੁੱਚਾ ਹੋਇਆ ਹੈ ?

ਸੰਤਾਂ ਨੇ ਕਿਹਾ, ਰਹਾਉ ਤੋਂ ਪੰਗਤੀ ਉਠਾਣੀ:-

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥
ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ ॥

ਹੇ ਅਧਿਕਾਰੀ ਪੁਰਸ਼ੋ ! ਸੁਣੋ, ਮੈਂ ਉਸ ਪਰਮਾਤਮਾ ਦਾ ਪ੍ਰੇਮ-ਰਸ ਪਾਇਆ ਹੈ, ਜਿਸ ਕਰਕੇ ਦੁਰਜਨ ਮਾਰੇ=ਖੋਟੇ ਪੁਰਸ਼ ਕੁਸੰਗੀ ਮਾਰ ਦਿੱਤੇ ਹਨ, ਵੈਰੀ ਸੰਘਾਰੇ=ਕਾਮ ਆਦਿਕ ਵੈਰੀ ਭੀ ਮਾਰ ਦਿੱਤੇ ਹਨ ਅਤੇ ਹਰੀ ਨੇ ਕਿਰਪਾ ਕਰਕੇ ਮੈਨੂੰ ਸਤਿਗੁਰਾਂ ਪਾਸੋਂ ਨਾਮ ਦਾਨ ਦਿਵਾਇਆ ਹੈ।

ਸਸੂ ਤੇ ਪਿਰਿ ਕੀਨੀ ਵਾਖਿ ॥ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥

ਸੰਸੇ ਆਤਮਕ ਬਿਰਤੀ ਰੂਪੀ ਸੱਸ, ਅਥਵਾ:-ਅਵਿੱਦਿਆ ਰੂਪੀ ਸੱਸ ਤੋਂ ਪਿਰੀ ਪਰਮਾਤਮਾ ਨੇ ਮੈਨੂੰ ਵੱਖਰਿਆਂ ਕਰ ਲਿਆ ਹੈ। ਦਿਰਾਣੀ ਵੀ ਦੁੱਖ ਦਿੰਦੀ ਸੀ, ਜਿਠਾਣੀ ਵੀ ਸੰਤਾਪਿ=ਦੁੱਖ ਦਿੰਦੀ ਸੀ। ਉਹ ਆਸਾ ਤ੍ਰਿਸ਼ਨਾ ਰੂਪ ਦਿਰਾਣੀ ਤੇ ਜਿਠਾਣੀ ਦੋਨੋਂ ਮਰ ਗਈਆਂ।

ਘਰ ਕੇ ਜਿਠੇਰੇ ਕੀ ਚੂਕੀ ਕਾਣਿ ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ ॥ ੧ ॥

ਜਾਂ ਸ੍ਰੇਸ਼ਟ ਘਾੜਤ ਦੇ ਘੜਨ ਵਾਲੇ ਸੁਜਾਣਿ=ਚਤੁਰ ਪਿਰੀ ਨੇ ਮੇਰੀ ਹਰ ਤਰ੍ਹਾਂ ਰੱਖਿਆ ਕੀਤੀ ਤਾਂ ਨਰਕਾਂ

ਰੂਪੀ ਘਰ ਦੇ ਵਿਚ ਠੇਰੇ=ਠਹਿਰਾਣ ਵਾਲਾ ਜੋ ਧਰਮ ਰਾਜਾ ਸੀ, ਉਸ ਦੀ ਕਾਨ ਕਨਡ ਮੇਰੇ ਸਿਰ ਤੋਂ ਚੁੱਕ ਗਈ।

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥

ਹੇ ਅਧਿਕਾਰੀ ਪੁਰਸ਼ੋ ! ਸੁਣੋ, ਮੈਂ ਸਭ ਤੋਂ ਉੱਚਾ ਸਾਧਨ ਇਹੀ ਕੀਤਾ ਹੈ, ਜਿਹੜਾ ਪ੍ਰੇਮ-ਰਸ ਪਾਇਆ ਹੈ।

ਦੁਰਜਨ ਮਾਰੇ ਵੈਰੀ ਸੰਘਾਰੇ
ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ ॥ ੧ ॥ ਰਹਾਉ ॥

ਦੁਰਜਨ=ਖੋਟੇ ਪੁਰਸ਼ ਜੋ ਵੈਰੀ ਕਾਮ ਆਦਿਕ ਮਾਰਨੇ ਵਾਲੇ ਸਨ, ਉਹ ਸੰਘਾਰੇ =ਮਾਰ ਦਿਤੇ ਹਨ। ਧੰਨ ਉਹ ਹਰੀ ਹੈ, ਜਿਸ ਨੇ ਸਤਿਗੁਰਾਂ ਪਾਸੋਂ ਮੈਨੂੰ ਨਾਮ ਦਾਨ ਦਿਵਾਇਆ ਹੈ॥ ੧ ॥ ਰਹਾਉ॥

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥

ਸਭ ਤੋਂ ਪਹਿਲੇ ਹੰਗਤਾ ਮਮਤਾ ਵਿਖੇ ਜੋ ਪ੍ਰੀਤੀ ਸੀ, ਉਹ ਤਿਆਗ ਦਿੱਤੀ। ਦੂਜੀ-ਲੋਕਾ ਰੀਤ ਛੱਡ ਦਿੱਤੀ, ਭਾਵ ਲੋਕਾਂ ਦੀ ਪ੍ਰਵਾਹ ਨਾ ਰੱਖੀ।

ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥
ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥ ੨ ॥

ਤੀਜੀ-ਤ੍ਰਿਗੁਣ ਆਤਮਕ ਮਾਇਆ ਦੀ ਇੱਛਾ ਤਿਆਗ ਦਿੱਤੀ, ਤਾਂ ਫਿਰ ਖੋਟੇ ਪੁਰਸ਼ ਤੇ ਮਿੱਤਰ ਇਕ ਸਮਾਨ ਪ੍ਰਤੀਤ ਹੋਣ ਲੱਗ ਪਏ। ਤੁਰੀਆ ਗੁਣੁ=ਤੁਰੀਆ ਪਦ ਚੌਥੀ ਭੂਮਿਕਾ ਨੂੰ ਸੰਤਾਂ ਨਾਲ ਮਿਲ ਕੇ ਪਛਾਨਣਾ ਕੀਤਾ ਹੈ॥ ੨ ॥

ਸਹਜ ਗੁਫਾ ਮਹਿ ਆਸਣੁ ਬਾਧਿਆ ॥ ਜੋਤਿ ਸਰੂਪ ਅਨਾਹਦੁ ਵਾਜਿਆ ॥

ਸ਼ਾਂਤੀ ਰੂਪੀ ਗੁਫਾ ਵਿਚ ਅਸੀਂ ਆਪਣਾ ਆਸਣਾ ਬੰਨ੍ਹਿਆ ਹੈ, ਭਾਵ ਸ਼ਾਂਤੀ ਵਿਚ ਮਨ ਟਿਕਾਇਆ ਹੈ। ਇਹ ਰੀਤੀ ਕਰਨ ਨਾਲ ਜੋਤੀ ਸਰੂਪ ਪਰਮਾਤਮਾ ਅਨਾਹਦੁ=ਇਕ-ਰਸ ਵਾਜਿਆ=ਪਰਗਟ ਹੋਇਆ ਹੈ।

ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥
ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥ ੩ ॥

ਗੁਰ ਸ਼ਬਦ ਦੇ ਵਿਚਾਰਨ ਨਾਲ ਮਹਾਂ ਅਨੰਦ ਦੀ ਪ੍ਰਾਪਤੀ ਹੋਈ ਹੈ। ਜੋ ਆਪਣੇ ਪਤੀ (ਪਰਮਾਤਮਾ) ਨਾਲ ਰਤੀ ਹੈ, ਉਹ ਸੁਹਾਗਣ ਨਾਰੀ ਧੰਨਤਾ ਯੋਗ ਹੈ॥ ੩ ॥

ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਇਹ ਬ੍ਰਹਮ ਦੀ ਪ੍ਰਾਪਤੀ ਦਾ ਵਿਚਾਰ ਬੋਲਿਆ ਹੈ। ਜੋ ਪੁਰਸ਼ ਇਸ ਵਿਚਾਰ ਨੂੰ ਸੁਣ ਕੇ ਕਮਾਏਗਾ, ਉਹ ਸੰਸਾਰ-ਸਾਗਰ ਤੋਂ ਪਾਰ ਉਤਰ ਜਾਏਗਾ।

ਜਨਮਿ ਨ ਮਰੈ ਨ ਆਵੈ ਨ ਜਾਇ ॥ ਹਰਿ ਸੇਤੀ ਓਹੁ ਰਹੈ ਸਮਾਇ ॥੪ ॥੨ ॥

ਉਹ ਨ=ਪੁਰਸ਼ ਜੰਮ ਕੇ ਆਵੇਗਾ ਨਹੀਂ, ਨਾ ਹੀ ਮਰ ਕੇ ਜਾਵੇਗਾ।

ਅਥਵਾ :-ਨਾ ਜਨਮੇਗਾ, ਨਾ ਮਰੇਗਾ, ਨਾ ਆਵੇਗਾ, ਨਾ ਜਾਵੇਗਾ, ਉਹ ਹਰੀ ਦੇ ਨਾਲ ਅਭੇਦ ਹੋ ਰਹੇਗਾ ॥ ੪ ॥ ੨ ॥

ਆਸਾ ਮਹਲਾ ੫ ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ, ਸਭ ਤੋਂ ਚੰਗਾ ਘਰ ਕਿਹੜਾ ਹੈ ? *ਗੁਰ ਉੱਤਰ:*- ਜਿਸ ਗ੍ਰਿਹਸਤੀ ਦੇ ਘਰ ਵਿਚ ਚੰਗੀ ਔਰਤ ਹੋਵੇ, ਉਹ ਘਰ ਸਭ ਤੋਂ ਸੋਹਣਾ ਵਸਦਾ ਹੈ ਤੇ ਜਿਸ ਦੇ ਘਰ ਵਿਚ ਕਲਹਿਣੀ ਔਰਤ ਹੋਵੇ, ਉਹ ਘਰ ਉੱਜੜ ਜਾਂਦਾ ਹੈ। ਹੁਣ ਗੁਰੂ ਜੀ ਪਹਿਲੇ ਸ਼ਬਦ ਵਿਚ ਚੰਗੀ ਇਸਤਰੀ ਦਾ ਹਾਲ ਦੱਸਦੇ ਹਨ। ਜਿਸ ਜੀਵ ਦੇ ਘਰ ਵਿਚ ਚੰਗੀ ਭਗਤੀ ਰੂਪੀ ਇਸਤ੍ਰੀ ਹੋਵੇ, ਉਸ ਪੁਰਸ਼ ਦਾ ਜੀਵਨ ਸੋਹਣਾ ਬਤੀਤ ਹੁੰਦਾ ਹੈ:-

ਨਿਜ ਭਗਤੀ ਸੀਲਵੰਤੀ ਨਾਰਿ ॥ ਰੂਪਿ ਅਨੂਪ ਪੂਰੀ ਆਚਾਰਿ ॥

ਭਗਤੀ ਜਿਹੜੀ ਹੈ, ਇਹ ਨਿੰਜ=ਆਪ ਸੀਲ ਸੁਭਾਵ ਵਾਲੀ ਇਸਤ੍ਰੀ ਹੈ। ਅਨੂਪ=ਸਫ਼ਾਈ ਰੂਪੀ ਰੂਪ ਵਾਲੀ ਹੈ ਅਤੇ ਪੂਰੀ ਆਚਾਰਿ=ਸ੍ਰੇਸ਼ਟ ਕਰਤੱਬਾਂ ਕਰਕੇ ਪੂਰਨ ਹੈ।

ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ ॥
ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥ ੧ ॥

ਜਿਸ ਅੰਤਹਕਰਣ ਰੂਪ ਘਰ ਵਿਚ ਇਹ ਭਗਤੀ ਰੂਪੀ ਇਸਤ੍ਰੀ ਵਸਦੀ ਹੈ, ਉਹ ਅੰਤਹਕਰਣ ਰੂਪੀ ਘਰ ਸੋਭਾ ਵਾਲਾ ਹੈ। ਪਰ ਕਿਸੇ ਵਿਰਲੇ ਗੁਰਮੁਖ ਪੁਰਸ਼ ਨੇ ਇਹ ਭਗਤੀ ਰੂਪੀ ਇਸਤ੍ਰੀ ਪਾਈ ਹੈ॥ ੧ ॥

[ਪੰਨਾ ੩੭੧]

ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥
ਜਜਿ ਕਾਜਿ ਪਰਥਾਇ ਸੁਹਾਈ ॥ ੧ ॥ ਰਹਾਉ ॥

ਸਰੇਸ਼ਟ ਕਰਣੀ ਭਗਤੀ ਰੂਪੀ ਇਸਤ੍ਰੀ ਅਸੀਂ ਗੁਰਾਂ ਨਾਲ ਮਿਲ ਕੇ ਪਾਈ ਹੈ। ਜਿਵੇ ਪ੍ਰਤੱਖ ਚੰਗੀ ਇਸਤ੍ਰੀ ਜਜਿ=ਝੰਡ-ਚੋਲੇ ਵੇਲੇ, ਕਾਜਿ=ਮੰਗੇਵੇਂ ਵੇਲੇ ਅਤੇ ਪਰਥਾਇ=ਵਿਆਹ ਵੇਲੇ ਸੁਭਾਇਮਾਨ ਹੁੰਦੀ ਹੈ।

ਤਿਵੇਂ-ਭਗਤੀ ਰੂਪੀ ਇਸਤ੍ਰੀ ! ਆਪਣੇ ਗੁਰੂ ਇਸ਼ਟ ਦੇਵ ਜੀ ਦੇ ਜਜਿ=ਪੂਜਣ ਵੇਲੇ ਅਤੇ ਭਜਨ ਸਿਮਰਨ ਰੂਪੀ ਕਾਰਜ ਵੇਲੇ ਤੇ ਪਰਥਾਇ=ਥਾਵਾਂ ਤੋਂ ਪਰ੍ਹੇ ਜੋ ਪਰਮਾਤਮਾ ਹੈ, ਉਸ ਦੀ ਪ੍ਰਾਪਤੀ ਵੇਲੇ ਸੁਭਾਇਮਾਨ ਹੁੰਦੀ ਹੈ।

ਸਾਖੀ:-ਭਗਤ ਤੇ ਭਗਤਣੀ ਦੀ

ਇਕ ਦਿਨ ਭਗਤ ਤੇ ਉਸ ਦੀ ਘਰ ਵਾਲੀ ਇਨ੍ਹਾਂ ਦੋਹਾਂ ਦਾ ਆਪਸ ਵਿਚ ਝਗੜਾ ਹੋ ਗਿਆ। ਭਗਤ ਕਹੇ-'ਮੈਂ ਵੱਡਾ ਹਾਂ।' ਭਗਤਣੀ ਕਹੇ-'ਮੈਂ ਵੱਡੀ ਹਾਂ।' ਭਗਤ ਜੀ ਆਏ ਗਏ ਮਹਾਤਮਾ ਦੀ ਬੜੀ ਸੇਵਾ ਕਰਦੇ

ਹੁੰਦੇ ਸਨ। ਇਕ ਦਿਨ ਭਗਤ ਜੀ ਕਿਸੇ ਕੰਮ ਬਹਾਰ ਗਏ ਹੋਏ ਸਨ। ਪਿਛੋਂ ਮਹਾਤਮਾ ਆ ਗਏ। ਉਹਨਾਂ ਪੁੱਛਿਆ, 'ਭਗਤ ਜੀ ਕਿੱਥੇ ਹਨ ?' ਭਗਤਣੀ ਨੇ ਕਿਹਾ-'ਉਹਨਾਂ ਨੂੰ ਪੁੱਛ ਕੇ ਕੀ ਕਰਨਾ ਜੇ ? ਉਨ੍ਹਾਂ ਦਾ ਸੁਭਾ ਬਦਲ ਗਿਆ ਹੋਇਆ ਹੈ, ਅੱਗੇ ਤਾਂ ਉਹ ਹਰ-ਇਕ ਆਏ ਗਏ ਸਾਧੂ ਦੀ ਸੇਵਾ ਕਰਦੇ ਸਨ, ਹੁਣ ਉਹ ਰੱਸੇ ਨਾਲ ਬੰਨ੍ਹ ਕੇ ਉਪਰੋਂ ਮੋਲ੍ਹਿਆਂ ਦੀ ਮਾਰ ਕਰਦੇ ਹਨ। ਇਸ ਵਾਸਤੇ ਆਪ ਜਲਦੀ ਚਲੇ ਜਾਉ, ਹੁਣ ਭਗਤ ਦੇ ਆਉਣ ਦਾ ਵੇਲਾ ਹੋ ਚੁੱਕਾ ਹੈ।' ਇਹ ਗੱਲ ਸੁਣ ਕੇ ਮਹਾਤਮਾ ਤਾਂ ਤੁਰ ਪਏ। ਜਦ ਭਗਤ ਘਰ ਆਇਆ ਤਾਂ ਭਗਤਣੀ ਨੇ ਕਿਹਾ, 'ਤੁਹਾਡੇ ਪਿੱਛੋਂ ਸੰਤ ਆਏ ਸਨ।' ਭਗਤ ਨੇ ਪੁੱਛਿਆ, 'ਉਹਨਾਂ ਨੇ ਕੁਝ ਮੰਗਿਆ ਸੀ ਕਿ ਨਹੀਂ ?' ਭਗਤਣੀ ਨੇ ਕਿਹਾ, 'ਉਹ ਇਕ ਰੱਸਾ ਤੇ ਮੋਹਲਾ ਮੰਗਦੇ ਸਨ।' ਇਹ ਗੱਲ ਸੁਣ ਕੇ ਭਗਤ ਜੀ ਰੱਸਾ ਤੇ ਮੋਹਲਾ ਲੈ ਕੇ ਇਸਤ੍ਰੀ ਤੋਂ ਪੁੱਛਿਆ, ਕਿਹੜੇ ਪਾਸੇ ਗਏ ਹਨ ?' ਔਰਤ ਨੇ ਕਿਹਾ, 'ਚੜ੍ਹਦੇ ਪਾਸੇ ਗਏ ਹਨ।' ਇਹ ਗੱਲ ਸੁਣ ਕੇ ਉਸੇ ਪਾਸੇ ਮਗਰ ਦੌੜ ਪਿਆ। ਜਦ ਸੰਤ ਨਿਗਾਹ ਆਏ ਤਾਂ ਉੱਚੀ ਅਵਾਜ਼ ਦਿੱਤੀ 'ਸੰਤ ਜੀ ! ਠਹਿਰ ਜਾਓ !' ਸੰਤਾਂ ਨੇ ਅਵਾਜ਼ ਸੁਣ ਕੇ ਜਦ ਪਿਛਾਂਹ ਵੇਖਿਆ ਤਾਂ ਭਗਤ ਦੇ ਹੱਥ ਰੱਸਾ ਤੇ ਮੋਹਲਾ ਵੇਖ ਕੇ ਡਰੇ ਤੇ ਸਗੋਂ ਛੇਤੀ ਛੇਤੀ ਦੌੜ ਪਏ ਆਖਿਰਕਾਰ ਥੱਕ ਕੇ ਡਿੱਗ ਪਏ ਮਗਰੋਂ ਭਗਤ ਨੇ ਆ ਕੇ ਮੱਥਾ ਟੇਕਿਆ ਤੇ ਮੁੱਠੀ ਚਾਪੀ ਕਰਕੇ ਦੋ ਹੱਥ ਜੋੜ ਕੇ ਬੇਨਤੀ ਕੀਤੀ, ਕਿ 'ਆਪ ਰੱਸਾ ਤੇ ਮੋਹਲਾ ਮੰਗ ਕੇ ਆਏ ਹੋ, ਫਿਰ ਆਪ ਦੌੜੇ ਕਿਉਂ ਹੋ ?' ਸੰਤਾਂ ਆਖਿਆ-'ਅਸੀਂ ਤਾਂ ਕੋਈ ਨਹੀਂ ਮੰਗਿਆ, ਸਾਨੂੰ ਤਾਂ ਤੁਹਾਡੀ ਔਰਤ ਨੇ ਇੰਝ ਕਿਹਾ ਹੈ ਕਿ ਹੁਣ ਤਾਂ ਭਗਤ ਦਾ ਸੁਭਾ ਬਦਲ ਗਿਆ ਹੈ। ਜਿਹੜਾ ਭੀ ਕੋਈ ਸਾਧੂ ਆਉਂਦਾ ਹੈ, ਉਸ ਨੂੰ ਰੱਸੇ ਨਾਲ ਬੰਨ੍ਹ ਕੇ ਉਪਰੋਂ ਮੋਹਲੇ ਦੀ ਮਾਰ ਕਰਦਾ ਹੈ। ਅਸੀਂ ਤ੍ਰਾਂ ਇਹ ਗੱਲ ਸਮਝ ਕੇ ਦੌੜੇ ਸਾਂ।' ਇਹ ਗੱਲ ਸੁਣ ਕੇ ਭਗਤ ਹੈਰਾਨ ਹੋ ਗਿਆ ਤੇ ਪਿਛਲੀ ਗੱਲ ਨੂੰ ਚੇਤੇ ਕਰਦਾ ਹੋਇਆ ਘਰ ਆ ਕੇ ਇਸਤ੍ਰੀ ਦੇ ਪੈਰੀਂ ਪੈ ਗਿਆ ਤੇ ਕਿਹਾ, 'ਠੀਕ ਹੈ, ਤੂੰ ਭਗਤਣੀ ਹੋਵੇਂ ਤਾਂ ਮੇਰੀ ਭਗਤੀ ਕੀਤੀ ਸਫਲ ਹੈ, ਨਹੀਂ ਤਾਂ ਨਹੀਂ।

ਇਸੇ ਤਰ੍ਹਾਂ ਅੰਤਹਕਰਣ ਰੂਪੀ ਘਰ ਵਿਚ ਪਰਮੇਸ਼ਰ ਦੀ ਭਗਤੀ ਹੋਵੇ ਤਾਂ ਜੀਵ ਸੁਭਾਇ-ਮਾਨ ਹੁੰਦਾ ਹੈ ਅਤੇ ਭਗਤੀ ਰੂਪੀ ਇਸਤ੍ਰੀ ਹਰ ਥਾਂ ਅਤੇ ਹਰ ਕਾਰਜਾਂ ਵੇਲੇ ਸੁਭਾਇਮਾਨ ਹੁੰਦੀ ਹੈ।

ਜਿਚਰੁ ਵਸੀ ਪਿਤਾ ਕੈ ਸਾਥਿ ॥ ਤਿਚਰੁ ਕੰਤੁ ਬਹੁ ਫਿਰੈ ਉਦਾਸਿ ॥

ਜਿਨਾਂ ਚਿਰ ਇਹ ਭਗਤੀ ਰੂਪੀ ਲੜਕੀ ਆਪਣੇ ਪਿਤਾ ਗੁਰਾਂ ਦੇ ਪਾਸ ਵੱਸਦੀ ਹੈ, ਉਤਨਾ ਚਿਰ ਇਸ ਦਾ ਪਤੀ (ਜੀਵ) ਬਹੁਤ ਉਦਾਸੀ ਵਿਚ ਫਿਰਦਾ ਹੈ।

ਕਰਿ ਸੇਵਾ ਸਤ ਪੁਰਖੁ ਮਨਾਇਆ ॥

ਜਿਸ ਵੇਲੇ ਜੀਵ ਨੇ ਗੁਰਾਂ ਦੇ ਸੇਵਾ ਕਰ ਕੇ ਸਤ ਪੁਰਖੁ=ਗੁਰਾਂ ਨੂੰ ਮਨਾਇਆ। ਤਾਂ-

ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ ॥ ੨ ॥

ਗੁਰਾਂ ਨੇ ਕਿਰਪਾ ਕਰਕੇ ਭਗਤੀ ਰੂਪੀ ਲੜਕੀ ਇਸ ਨਾਲ ਵਿਆਹ ਦਿੱਤੀ। ਜਦ ਜੀਵ ਨੇ ਭਗਤੀ ਰੂਪੀ ਇਸਤ੍ਰੀ ਗੁਰ ਕਿਰਪਾ ਦੁਆਰੇ ਆਪਣੇ ਅੰਤਹਕਰਣ ਰੂਪੀ ਘਰ ਵਿਚ ਆਣੀ=ਲਿਆਂਦੀ,ਤਾਂ ਇਸ ਨੇ ਸਾਰਿਆਂ ਸੁਖਾਂ ਨੂੰ ਪਾਇਆ=ਪਾ ਲਿਆ ॥ ੨ ॥

ਜਿਵੇਂ ਗੁਰੂ ਰਾਮਦਾਸ ਜੀ ਨੇ ਸੇਵਾ ਕੀਤੀ ਤਾਂ ਤੀਜੇ ਪਾਤਸ਼ਾਹ ਨੇ ਆਪਣੀ ਲੜਕੀ ਵਿਆਹ ਦਿਤੀ ਸੀ।

ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥

ਜਿਵੇਂ ਪ੍ਰਤੱਖ ਬੱਤੀ ਲੱਛਣਾਂ ਵਾਲੀ ਇਸਤ੍ਰੀ ਸੁਘੜ ਕਹੀ ਜਾਂਦੀ ਹੈ, ਤਿਵੇਂ ਭਗਤੀ ਰੂਪੀ ਇਸਤ੍ਰੀ ਸ੍ਰੇਸ਼ਟ

ਬੱਤੀ ਲੱਛਣਾਂ ਵਾਲੀ ਹੈ* ਅਤੇ ਸੱਚ ਦੀ ਪ੍ਰਾਪਤੀ ਰੂਪ ਸੰਤਾਨ ਦੇ ਪੈਦਾ ਕਰਨ ਵਾਲੀ ਹੈ, ਪੁਨਾ ਪੂਤ= ਪਵਿੱਤ੍ਰ ਹੈ।

ਅਥਵਾ :-ਭਗਤੀ ਰੂਪੀ ਇਸਤ੍ਰੀ ਵਿਚ ਬੱਤੀ ਲੱਛਣ ਇਹ ਹਨ।

ਦਸ ਇੰਦਰੀਏ, ਦਸ ਪ੍ਰਾਣ, ਪੰਜ-ਕਾਮ, ਕਰੋਧ, ਲੋਭ, ਮੋਹ, ਅਹੰਕਾਰ।

ਪੰਜ ਵਿਸ਼ੇ- ਸ਼ਬਦ, ਸਪਰਸ, ਰੂਪ, ਰਸ, ਗੰਧ ਅਤੇ ਮਨ ਬੁੱਧੀ ਇਹਨਾਂ ਦਾ ਦਮਨ ਕਰਨਾ।

ਆਗਿਆਕਾਰੀ ਸੁਘੜ ਸਰੂਪ ॥

ਪੁਨਾ-ਇਹ ਭਗਤੀ ਸਾਰਿਆਂ ਉਪਰ ਆਗਿਆ ਦੇ ਕਰਨ ਵਾਲੀ ਹੈ।

ਅਥਵਾ:-ਪਤੀ ਦੀ ਆਗਿਆ ਦਾ ਮੰਨਣ ਕਰਨ ਵਾਲੀ ਹੈ। ਸ਼ੁਭ ਗੁਣਾਂ ਰੂਪ ਸ੍ਰੇਸ਼ਟ ਘਾੜਤ ਦੇ ਘੜਨ ਵਾਲੀ ਹੈ, ਤੇ ਸੁੰਦਰ ਸਰੂਪ ਵਾਲੀ ਹੈ।

ਅਥਵਾ:-ਸਰੂਪ ਦੀ ਪ੍ਰਾਪਤੀ ਕਰਨ ਵਾਲੀ ਹੈ।

ਇਛ ਪੂਰੇ ਮਨ ਕੰਤ ਸੁਆਮੀ ॥ ਸਗਲ ਸੰਤੋਖੀ ਦੇਰ ਜੇਠਾਨੀ ॥ ੩ ॥

ਸੁਆਮੀ ਜੋ ਪਤੀ (ਜੀਵ) ਹੈ, ਉਸ ਦੇ ਮਨ ਦੀਆਂ ਇੱਛਾਂ ਪੂਰਨ ਕਰਨ ਵਾਲੀ ਹੈ। ਦਿਰਾਣੀਆਂ ਜਿਠਾਣੀਆਂ ਆਸਾ, ਤ੍ਰਿਸ਼ਨਾ ਇਹਨਾਂ ਸਾਰੀਆਂ ਨੂੰ ਸੰਤੋਖ ਦੇਣ ਵਾਲੀ ਹੈ॥ ੩ ॥

ਸਭ ਪਰਵਾਰੈ ਮਾਹਿ ਸਰੇਸਟ ॥ ਮਤੀ ਦੇਵੀ ਦੇਵਰ ਜੇਸਟ ॥

ਦੈਵੀ ਸੰਪਦਾ ਦੇ ਗੁਣਾਂ ਰੂਪ ਜੋ ਪਰਵਾਰ ਹੈ, ਉਸ ਵਿਚੋਂ ਇਹ ਭਗਤੀ ਸਰੇਸ਼ਟ ਹੈ।

ਪੁਨਾ:-ਦੇਵਰ ਜੇਸਟ=ਲਬ ਲੋਭ ਨੂੰ ਮਤੀ=ਸਿੱਖਿਆ ਦਿੰਦੀ ਹੈ।

ਅਥਵਾ:-ਇਹਨਾਂ ਨੂੰ ਸ੍ਰੇਸ਼ਟ ਮਤੀ ਦੇਣ ਵਾਲੀ ਹੈ।

ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥
ਜਨ ਨਾਨਕ ਸੁਖੇ ਸੁਖਿ ਵਿਹਾਇ ॥ ੪ ॥ ੩ ॥

ਉਹ ਅੰਤਹ ਕਰਣ ਰੂਪੀ ਘਰ ਧੰਨ ਹੈ, ਜਿਸ ਅੰਤਹਕਰਣ ਵਿਚ ਆ ਕੇ ਪਰਗਟ ਹੋਈ ਹੈ। ਉਸ ਪੁਰਸ਼ ਦੀ ਸੁਖਾਂ ਹੀ ਸੁਖਾਂ ਵਿਚ ਸਾਰੀ ਉਮਰਾ ਵਿਹਾਇ=ਬਤੀਤ ਹੁੰਦੀ ਹੈ॥ ੪ ॥ ੩ ॥

ਆਸਾ ਮਹਲਾ ੫ ॥ ਮਤਾ ਕਰਉ ਸੋ ਪਕਨਿ ਨ ਦੇਈ ॥

ਹੁਣ ਕਬੁੱਧੀ, ਅਭਗਤੀ ਤੇ ਮਾਇਆ ਆਦਿਕ ਕਲਹਿਣੀ ਔਰਤ ਦਾ ਪ੍ਰਸੰਗ ਕਥਨ ਕਰਦੇ ਹੋਂਨ। ਜਿਵੇਂ ਪ੍ਰਤੱਖ ਗ੍ਰਿਹਸਤੀ ਦੇ ਘਰ ਵਿਚ ਲੜਾਕੀ ਔਰਤ ਹੋਵੇ ਤਾਂ ਉਹ ਪਤੀ ਦੀ ਆਗਿਆ ਅਨੁਸਾਰ ਨਹੀਂ ਚਲਦੀ। ਜੇ ਪਤੀ ਆ ਕੇ ਪਾਣੀ ਮੰਗੇ ਤਾਂ ਆਖਦੀ ਹੈ : ਤੇਰੇ ਹੱਥ ਨਾਲ ਨਹੀਂ, ਤੂੰ ਆਪੇ ਪਾਣੀ ਪੀ ਲੈ। ਇਹੋ ਜਿਹੇ

ਨੋਟ:-ਬੱਤੀ ਲੱਛਣ-੧ ਸੁੰਦਰਤਾ, ੨ ਲਜਯਾ, ੩ ਸ੍ਰੇਸ਼ਟ ਬੁੱਧੀ, ੪ ਸ਼ੁਭ ਕਾਰਜ ਵਿਚ ਹੱਠ, ੫ ਸੁਹਿਰਦਤਾ, ੬ ਸਚਿਆਰ, ੭ ਸੂਰਬੀਰਤਾ, ੮ ਪਵਿਤ੍ਰਤਾ, ੯ ਸਾਵਧਾਨਤਾ, ੧੦ ਪੰਡਤਤਾ, ੧੧ ਉਦਮ, ੧੨ ਉਦਾਰਤਾ, ੧੩ ਗੁਣ ਗ੍ਰਾਹਤਾ, ੧੪ ਗੰਭੀਰਤਾ, ੧੫ ਮਨ ਦੀ ਸ਼ੁਧੀ, ੧੬ ਧਰਮ, ੧੭ ਖਿਮਾ, ੧੮ ਤਤ੍ਰ ਗਿਆਨ, ੧੯ ਇੰਦ੍ਰਯ ਜਿਤ, ੨੦ ਸ੍ਰੇਸ਼ਟ ਧਰਮ ਕਰਨ ਦਾ ਨਿਯਮ, ੨੧ ਪੁੰਨ, ੨੨ ਧੀਰਜ, ੨੩ ਨਿੰਮ੍ਰਤਾ, ੨੪ ਤੇਜ, ੨੫ ਦਇਆ, ੨੬ ਪਰਮੇਸ਼ਰ ਵਿਚ ਪ੍ਰੇਮ, ੨੭ ਅਲੋਭ, ੨੮ ਅਕੋਪ, ੨੯ ਅਹਿੰਸਾ, ੩੦ ਅਕਾਮ, ੩੧ ਅਕਪਟ, ੩੨ ਅਗਰਬ।

ਸੁਭਾ ਵਾਲੀ ਨੂੰ, ਔਰਤ ਨਹੀਂ ਕਿਹਾ, ਸ਼ੇਰਨੀ ਕਿਹਾ ਹੈ-

ਪਾਨੀ ਕੇ ਮਾਂਗਤ ਪਾਥਰ ਮਾਰਤ ਨਾਰਿ ਕਿਧੋ ਘਰ ਨਾਹਰਿ ਆਨੀ॥ *(ਚਰਿਤ੍ਰ ੪੦)*

ਘਰ ਵਿਖੇ ਪਤੀ ਜੋ ਭੀ ਮਤਾ=ਸਲਾਹ ਕਰੇ, ਉਸ ਨੂੰ ਕਲਹਿਣੀ ਔਰਤ ਪਕਨਿ ਨ ਦੇਈ=ਪੂਰਾ ਨਹੀਂ ਹੋਣ ਦੇਂਦੀ, ਪੁੱਠੀ ਚਲਣ ਵਾਲੀ ਔਰਤ ਵਾਂਗ। ਇੰਞ ਹੀ ਜੀਵ ਪਰਮੇਸ਼ਰ ਦੀ ਪ੍ਰਾਪਤੀ ਵਿਚ ਜੋ ਭੀ ਮਤਾ ਕਰਦਾ ਹੈ, ਉਸ ਨੂੰ ਕੁਬੁੱਧੀ ਪਕਣ ਨਹੀਂ ਦੇਂਦੀ।

ਸੀਲ ਸੰਜਮ ਕੈ ਨਿਕਟਿ ਖਲੋਈ॥

ਸੀਲ ਸੁਭਾ ਅਤੇ ਸੰਜਮ=ਇੰਦ੍ਰੀਆਂ ਦਾ ਦਮਨ ਕਰਨਾ, ਇਹਨਾਂ ਦੇ ਪਾਸ ਚੋਬਦਾਰ ਬਣ ਕੇ ਖਲੋਤੀ ਹੋਈ ਹੈ, ਮਨ ਨੂੰ ਇਹਨਾਂ ਦੇ ਪਾਸ ਜਾਣ ਨਹੀਂ ਦੇਂਦੀ।

ਵੇਸ ਕਰੇ ਬਹੁ ਰੂਪ ਦਿਖਾਵੈ॥

ਪਖੰਡ ਵਾਲੇ ਭੇਖ ਨੂੰ ਬਣਾ ਕੇ, ਬਹੁਤ ਪ੍ਰਕਾਰ ਦੇ ਰੂਪ ਜੀਵ ਨੂੰ ਦਿਖਾਉਂਦੀ ਹੈ।

ਗ੍ਰਿਹਿ ਬਸਨਿ ਨ ਦੇਈ ਵਿਖਿ ਵਿਖਿ ਭਰਮਾਵੈ॥ ੧॥

ਅੰਤਰ ਮੁਖਤਾ ਰੂਪੀ ਘਰ ਵਿਚ ਵੱਸਣ ਨਹੀਂ ਦੇਂਦੀ, ਇੰਦ੍ਰੀਆਂ ਨੂੰ ਵੱਖੋ ਵੱਖ ਵਿਸ਼ਿਆਂ ਵੱਲ ਭਰਮਾਉਂਦੀ ਹੈ॥ ੧॥

ਘਰ ਕੀ ਨਾਇਕਿ ਘਰ ਵਾਸੁ ਨ ਦੇਵੈ॥
ਜਤਨ ਕਰਉ ਉਰਝਾਇ ਪਰੇਵੈ॥ ੧॥ ਰਹਾਉ॥

ਆਪ ਘਰ ਦੀ ਨਾਇਕਿ=ਚੌਧਰਾਣੀ ਭਾਵ ਮਾਲਕਿਨ ਹੋ ਕੇ ਹਿਰਦੇ-ਘਰ ਵਿਚ ਸ਼ੁਭ ਗੁਣਾਂ ਸਹਿਤ ਜੀਵ ਨੂੰ ਵਸਣ ਨਹੀਂ ਦੇਂਦੀ। *ਅਥਵਾ* :-ਘਰ ਦੀ ਚੌਧਰਾਣੀ ਜੋ ਭਗਤੀ ਹੈ, ਉਸ ਨੂੰ ਹਿਰਦੇ-ਘਰ ਵਿਚ ਵਸਣ ਨਹੀਂ ਦੇਂਦੀ। ਜੇਕਰ ਭਗਤੀ ਘਰ ਵਿਚ ਵਸਣ ਵਾਸਤੇ ਜਤਨ ਕਰੇ ਵੀ ਸਹੀ, ਤਾਂ ਇਹ ਕੁਬੁੱਧੀ ਉਸ ਨੂੰ ਉਰਝਾਇ ਪਰੇਵੈ=ਉਲਟਾ ਪਾ ਦਿੰਦੀ ਹੈ। *ਅਥਵਾ*:-ਜੇਕਰ ਜੀਵ ਅੰਤ੍ਰ ਮੁਖਤਾ ਰੂਪੀ ਘਰ ਵਿਚ ਵਸਣ ਦਾ ਜਤਨ ਕਰੇ ਤਾਂ ਇਹ ਕੁਬੁੱਧੀ ਉਸ ਨੂੰ ਕੋਈ ਨਾ ਕੋਈ ਉਲਝੇਵਾਂ ਪਰੇਵੈ=ਪਾ ਦੇਂਦੀ ਹੈ॥ ੧॥ ਰਹਾਉ॥

ਧੁਰ ਕੀ ਭੇਜੀ ਆਈ ਆਮਰਿ॥
ਨਉ ਖੰਡ ਜੀਤੇ ਸਭਿ ਥਾਨ ਥਨੰਤਰ॥

ਧੁਰ ਰੂਪ ਪਰਮਾਤਮਾ ਦੇ ਆਮਰਿ=ਹੁਕਮ ਦੀ ਭੇਜੀ ਹੋਈ ਇਹ ਕੁਬੁੱਧੀ ਰੂਪੀ ਕਲਹਿਣੀ ਆਈ ਹੈ। *ਅਥਵਾ*:-ਧੁਰ=ਪਰਮਾਤਮਾ ਦੀ ਭੇਜੀ ਹੋਈ ਆਈ ਹੈ, ਇਥੇ ਆ ਕੇ ਇਹ ਆਪਣਾ ਹੀ ਆਮਰਿ=ਹੁਕਮ ਚਲਾਉਂਦੀ ਹੈ, *ਅਥਵਾ*:-ਗਿਆਨ ਤੋਂ ਬਿਨਾਂ ਇਹ ਅਮਰ ਹੈ, ਨੌਂ ਖੰਡਾਂ ਨੂੰ ਸਾਰਿਆਂ ਅਸਥਾਨਾਂ ਨੂੰ ਤੇ ਥਨੰਤਰ=ਜੀਵਾਂ ਨੂੰ ਇਸ ਨੇ ਜਿੱਤ ਲਿਆ ਹੈ।

ਤਟਿ ਤੀਰਥਿ ਨ ਛੋਡੈ ਜੋਗਿ ਸੰਨਿਆਸ॥
ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ॥ ੨॥

ਤੀਰਥਾਂ ਦੇ ਕਿਨਾਰਿਆਂ 'ਪਰ ਰਹਿਣ ਵਾਲਿਆਂ ਨੂੰ, ਜੋਗੀ ਅਤੇ ਸੰਨਿਆਸੀ ਇਹਨਾਂ ਵਿਚੋਂ ਕਿਸੇ ਨੂੰ ਨਹੀਂ ਛੱਡਿਆ। ਸਿੰਮ੍ਰਿਤੀਆਂ ਨੂੰ ਪੜ੍ਹ ਕੇ ਅਤੇ ਵੇਦਾਂ ਦਾ ਅਭਿਆਸ ਕਰਕੇ ਸਾਰੇ ਥੱਕ ਗਏ ਹਨ॥ ੨॥

ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ ॥

ਜਿਥੇ ਬੈਠਦੇ ਹਾਂ, ਉਥੇ ਨਾਲ ਹੀ ਇਹ ਕੁਬੁੱਧੀ ਬੈਠਦੀ ਹੈ। ਸਾਰਿਆਂ ਚੌਦਾਂ ਭਵਨ=ਲੋਕਾਂ ਵਿਚ ਸਬਲ=ਬੜੀ ਤਾਕਤ ਨਾਲ ਪ੍ਰਵੇਸ਼ ਕਰ ਰਹੀ ਹੈ।

ਹੋਛੀ ਸਰਣਿ ਪਇਆ ਰਹਣੁ ਨ ਪਾਈ ॥
ਕਹੁ ਮੀਤਾ ਹਉ ਕੈ ਪਹਿ ਜਾਈ ॥ ੩ ॥

ਤੁਛ ਆਦਮੀ ਦੀ ਸ਼ਰਨ ਵਿਚ ਪੈਣ ਨਾਲ, ਇਸ ਕੁਬੁੱਧੀ, *ਅਥਵਾ* :-ਮਾਇਆ ਵਲੋਂ ਰਹਣੁ=ਰਿਹਾਈ ਭਾਵ ਛੁਟਕਾਰਾ ਨਹੀਂ ਪਾਉਂਦਾ। ਜਗਿਆਸੂ ਕਹਿੰਦਾ ਹੈ:-ਹੇ ਮਿੱਤਰ ਸੰਤੋ ! ਦੱਸੋ, ਮੈਂ ਹੁਣ ਕਿਸ ਪਾਸ ਜਾਵਾਂ? ਜੋ ਮੈਨੂੰ ਇਸ ਤੋਂ ਛੁਡਾ ਦੇਵੇ॥ ੩ ॥ *ਉੱਤਰ:-*

ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥

ਹੇ ਜਗਿਆਸੂ ! ਤੂੰ ਸੁਣ, ਜਿਸ ਵੇਲੇ ਉਪਦੇਸ਼ ਦੇ ਸੁਨਣ ਵਾਸਤੇ ਮੈਂ ਸਤਿਗੁਰਾਂ ਪਾਸ ਆਇਆ। ਤਾਂ-

ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥

ਗੁਰਾਂ ਨੇ ਮੇਰਾ ਪ੍ਰੇਮ ਦੇਖ ਕੇ ਮੈਨੂੰ ਹਰਿ ਹਰਿ ਨਾਮ ਦਾ ਮੰਤ੍ਰ ਦ੍ਰਿੜ ਕਰਵਾਇਆ।

ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥
ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥ ੪ ॥

ਅਨੰਤ ਰੂਪ ਪਰਮਾਤਮਾ ਦੇ ਗੁਣ ਗਾਏ ਤਾਂ ਸਰੂਪ-ਘਰ ਵਿਚ ਵਸਿਆ। ਜਾਂ ਸਰੂਪ-ਘਰ ਵਿਚ ਵਸਿਆ ਤਾਂ ਪ੍ਰਭੂ ਆਪ ਮਿਲਿਆ, ਫਿਰ ਅਸੀਂ ਬੇ-ਫਿਕਰ ਹੋ ਗਏ॥ ੪ ॥

ਘਰੁ ਮੇਰਾ ਇਹ ਨਾਇਕਿ ਹਮਾਰੀ ॥
ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ॥ ੧ ॥ ਰਹਾਉ ਦੂਜਾ ॥ ੪ ॥ ੪ ॥

ਇਕ ਕੁਬੁੱਧੀ *ਅਥਵਾ*:-ਮਾਇਆ ਸਾਡੀ ਨਾਇਕਿ=ਦਾਸੀ ਹੋ ਗਈ ਹੈ ਭਾਵ ਅਧੀਨ ਹੋ ਗਈ ਹੈ ਤੇ ਘਰ-ਹਿਰਦਾ ਵੀ ਮੇਰਾ ਹੋ ਗਿਆ ਹੈ। ਇਸ ਕੁਬੁੱਧੀ, *ਅਥਵਾ* :-ਮਾਇਆ ਉਤੇ ਸਾਡਾ ਆਮਰਿ=ਹੁਕਮ ਕਰ ਦਿੱਤਾ ਹੈ, ਸਾਨੂੰ ਗੁਰਾਂ ਨੇ ਸਰੂਪ-ਦਰਬਾਰ ਵਾਲਾ ਕਰ ਦਿੱਤਾ ਹੈ ॥ ੧ ॥ ਰਹਾਉ ਦੂਜਾ ॥ ੪ ॥ ੪ ॥

ਆਸਾ ਮਹਲਾ ੫ ॥

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ੧੬੩੮ ਬਿਕ੍ਰਮੀ ਭਾਦਰੋਂ ਸੁਦੀ ਦੂਜ ਨੂੰ ਗੁਰਿਆਈ ਗੱਦੀ ਦੇ ਕੇ ਚੌਥੇ ਪਾਤਸ਼ਾਹ ੧੬੩੮ ਭਾਦਰੋਂ ਸੁਦੀ ਤੀਜ ਨੂੰ ਆਪ ਜੋਤੀ ਜੋਤ ਸਮਾ ਗਏ। ਬਾਅਦ ਵਿਚ ਪ੍ਰਿਥੀ ਚੰਦ ਨੇ ਦਿੱਲੀ ਜਹਾਂਗੀਰ ਬਾਦਸ਼ਾਹ ਅੱਗੇ ਫਰਯਾਦ ਕੀਤੀ ਕਿ ਗੱਦੀ ਤੇ ਬੈਠਣ ਦਾ ਹੱਕ ਮੇਰਾ ਸੀ ਤੇ ਛੋਟਾ ਵੀਰ ਅਰਜਨ ਬੈਠ ਗਿਆ ਹੈ, ਮੇਰਾ ਨਿਆਂ ਕਰੋ। ਬਾਦਸ਼ਾਹ ਨੇ ਪੁੱਛਿਆ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪ ਗੱਦੀ ਦੇ ਗਏ ਹਨ ਜਾਂ ਪਿਛੋਂ ਉਹ ਜਬਰਨ ਬੈਠਾ ਹੈ ਉਸ ਵੇਲੇ ਪ੍ਰਿਥੀ ਚੰਦ ਠਠੰਬਰ ਗਿਆ ਤੇ ਹੌਲੇ ਜੇਹੇ ਆਖਦਾ ਹੈ ਕਿ ਪਿਤਾ ਜੀ ਆਪ ਦੇ ਗਏ ਹਨ। ਤਾਂ ਬਾਦਸ਼ਾਹ ਨੇ ਕਿਹਾ, ਜੇਕਰ ਪਿਤਾ ਜੀ ਆਪ

ਦੇ ਗਏ ਹਨ ਤਾਂ ਉਹ ਖੁਦ ਮਾਲਕ ਸਨ, ਉਹਨਾਂ ਦੇ ਕੀਤੇ ਉਪਰ ਮੈਂ ਕੁਝ ਨਹੀਂ ਕਰ ਸਕਦਾ।

ਫਿਰ ਪ੍ਰਿਥੀ ਚੰਦ ਨੇ ਸੁਲਹੀ ਪਾਸ ਜਾ ਕੇ ਉਸ ਨਾਲ ਮਿਤ੍ਰ ਚਾਰਾ ਪਾ ਕੇ ਆਪਣਾ ਸਾਰਾ ਹਾਲ ਸੁਣਾਇਆ। ਸੁਲਹੀ ਨੇ ਕਿਹਾ, 'ਕੋਈ ਫਿਕਰ ਨਾ ਕਰ, ਮੈਂ ਤੈਨੂੰ ਗੱਦੀ ਲੈ ਦਿਆਂਗਾ।'

ਇਹ ਗੱਲ ਦਿੱਲੀ ਨਿਵਾਸੀ ਸਿੱਖਾਂ ਨੇ ਸੁਣ ਕੇ ਅੰਮ੍ਰਿਤਸਰ ਚਿੱਠੀ ਲਿਖ ਭੇਜੀ ਕਿ ਇਸ ਤਰ੍ਹਾਂ ਸੁਲਹੀ ਆਪ ਜੀ ਦੇ ਖਿਲਾਫ ਹੋ ਗਿਆ ਹੈ, ਉਸ ਨੇ ਆ ਕੇ ਆਪ ਜੀ ਨੂੰ ਦੁਖ ਦੇਣਾ ਹੈ, ਆਪ ਕੋਈ ਬੰਦੋਬਸਤ ਕਰ ਲਵੋ। ਇਹ ਚਿੱਠੀ ਜਦ ਅੰਮ੍ਰਿਤਸਰ ਆਈ ਤਾਂ ਸੰਗਤ ਦੇ ਵਿਚ ਹੀ ਸਿੱਖ ਨੇ ਪੜ੍ਹ ਕੇ ਹਜ਼ੂਰ ਨੂੰ ਸੁਣਾਈ। ਉਸ ਵੇਲੇ ਅੰਮ੍ਰਿਤਸਰ ਨਿਵਾਸੀ ਸਿੱਖਾਂ ਨੇ ਬੈਠ ਕੇ:-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥

ਪਹਿਲੇ ਇਹ ਮਤਾ ਪਕਾਇਆ ਕਿ ਇਕ ਪਤ੍ਰਕਾ ਲਿਖ ਕੇ ਉਸ ਉਪਰ ਸਾਰਿਆਂ ਦੇ ਦਸਤਖਤ ਕਰਾ ਕੇ ਜਹਾਂਗੀਰ ਬਾਦਸ਼ਾਹ ਦੀ ਤਰਫ ਚਲਾਵਉ=ਭੇਜੀਏ।

ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥

ਦੂਜਾ ਇਹ ਮਤਾ ਪਕਾਇਆ-ਕਿ ਜਹਾਂਗੀਰ ਬਾਦਸ਼ਾਹ ਵੱਲ ਦੋ ਮਨੁੱਖ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਪਹੁੰਚਾਈਏ ਭਾਵ ਭੇਜੀਏ, ਉਹ ਜਾ ਕੇ ਬਾਦਸ਼ਾਹ ਨੂੰ ਸਮਝਾ ਆਉਣ।

ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥

ਤੀਜਾ ਇਹ ਮਤਾ ਪਕਾਇਆ ਕਿ ਕੁਝ ਧਨ ਭੇਜਣ ਦਾ ਉਪਾ ਕਰੀਏ, ਭਾਵ ਰਿਸ਼ਵਤ ਦੇ ਕੇ ਬਾਦਸ਼ਾਹ ਨੂੰ ਆਪਣੀ ਮਦਦ ਵਿਚ ਕਰ ਲਈਏ। ਇਹ ਗੱਲਾਂ ਸੁਣ ਕੇ ਗਰੀਬ ਨਿਵਾਜ਼ ਪੰਚਮ ਪਿਤਾ ਜੀ ਨੇ ਕਿਹਾ-

ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥ ੧ ॥

ਮੈਂ ਸਭ ਕੁਝ ਛੱਡ ਕੇ ਤੁਹੀਂ=ਤਿਸ.ਪ੍ਰਭੂ ਨੂੰ ਧਿਆਉਣਾ ਕੀਤਾ ਹੈ। ਭਾਵ ਮੈਨੂੰ ਇਕ ਪਰਮੇਸ਼ਰ ਦੀ ਓਟ ਹੈ, ਹੋਰ ਕੋਈ ਜਤਨ ਕਰਨ ਦੀ ਲੋੜ ਨਹੀਂ।

ਦੂਜਾ ਅਰਥ-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥

ਸ੍ਰਿਸ਼ਟੀ ਦੇ ਵਧਾਉਣ ਵਾਸਤੇ ਈਸ਼ੂਰ ਨੇ ਪਹਿਲੇ ਇਹ ਮਤਾ ਪਕਾਇਆ ਕਿ ਪਤ੍ਰੀ-ਵੇਦਾਂ ਨੂੰ ਚਲਾਉਣਾ ਕਰਾਂ, ਜਿਉਂ ਜਿਉਂ ਲੋਕ ਵੇਦਾਂ ਨੂੰ ਪੜ੍ਹ ਕੇ ਕਰਮ ਧਰਮ ਕਰਨਗੇ, ਤਿਉਂ ਤਿਉਂ ਸ੍ਰਿਸ਼ਟੀ ਵਧੇਗੀ। ਕਿਉਂਕਿ:- ਕਰਮੀ ਆਵੈ ਕਪੜਾ ॥ (ਜਪੁ ਜੀ)

ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥

ਦੂਜਾ ਇਹ ਮਤਾ ਪਕਾਇਆ ਕਿ ਦੋ ਮਨੁਖ-ਸ਼ੰਭੂਮੁਨ ਤੇ ਸਤਰੂਪਾਂ ਨੂੰ ਭੇਜਣਾ ਕਰਾਂ। ਇਹਨਾਂ ਦੁਆਰੇ ਮੈਥਨੀ ਸ੍ਰਿਸ਼ਟੀ ਭਾਵ ਆਪਸ ਵਿਚ ਭੋਗ ਕਰਕੇ ਦੁਨੀਆਂ ਵਧੇਗੀ।

ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥

ਤੀਜਾ ਇਹ ਮਤਾ ਪਕਾਇਆ-ਕਿ ਕੁਝ ਹੋਰ ਜਤਨ ਕਰਾਂ ਭਾਵ ਦਛ ਪ੍ਰਜਾ ਪਤਿ ਅਤੇ ਭ੍ਰਿਗੂ ਆਦਿਕ ਰਿਖੀਆਂ ਨੂੰ ਭੇਜਾਂ ਇਹ ਆਪੇ ਜਾ ਕੇ ਸ਼ਕਤੀ ਨਾਲ ਸ੍ਰਿਸ਼ਟੀ ਪੈਦਾ ਕਰਨ।

ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥ ੧॥

ਆਖਿਰਕਾਰ ਇਹ ਵਿਚਾਰ ਪੈਦਾ ਹੋਈ ਕਿ ਇੰਹਨਾਂ ਦੁਆਰੇ ਸ੍ਰਿਸ਼ਟੀ ਵਧਾਉਣ ਦੀ ਕੀ ਲੋੜ ਹੈ। ਪ੍ਰਭੂ ਅੱਗੇ ਪ੍ਰਾਰਥਨਾ ਕਰੀਏ ਉਹ ਆਪ ਸ੍ਰਿਸ਼ਟੀ ਨੂੰ ਵਾਧਾਵੇਗਾ। ਤਦ ਈਸ਼ੂਰ ਨੇ ਮੈ-ਹੰਗਤਾ ਮਮਤਾ ਦੇ ਅਤੇ ਪ੍ਰਾਧੀਨਤਾ ਦੇ ਸਭ ਕੁਝ ਖਿਆਲਾਂ ਨੂੰ ਛੱਡ ਕੇ, ਪ੍ਰਭੂ ਦੇ ਤੂੰਹੀ ਤੂੰਹੀ ਜਾਪ ਨੂੰ ਧਿਆਇਆ=ਧਿਆਉਣਾ ਕੀਤਾ ਤਾਂ ਫਿਰ ਈਸ਼ੂਰ ਦੇ ਸੰਕਲਪ ਪੂਰਿਆਂ ਕਰਨ ਲਈ ਅਕਾਲ ਪੁਰਖ ਨੇ ਆਪਣੇ 'ਏਕੋ ਅਹੰ ਬਹੁ ਸ਼ਜਾਮ ਪਰਜਾਯੇਯ ਦੇ ਵਾਕ ਨਾਲ ਸ੍ਰਿਸ਼ਟੀ ਵਧਾ ਦਿੱਤੀ॥ ੧॥

ਤੀਜਾ ਅਰਥ-

ਜਗਿਆਸੂ ਨੇ ਪਰਮੇਸ਼ਰ ਪ੍ਰਾਪਤੀ ਦੀ ਇੱਛਾ ਕਰਕੇ-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥

ਪਹਿਲੇ ਇਹ ਮਤਾ ਪਕਾਇਆ, ਕਿ ਪਰਮੇਸ਼ਰ ਦੀ ਪ੍ਰਾਪਤੀ ਵੇਦਾਂ ਦੁਆਰੇ ਸੁਣੀ ਹੈ, ਇਸ ਤੇ ਮੈਂ ਪਤ੍ਰੀ= ਵੇਦਾਂ ਦੁਆਰੇ ਆਪਣੇ ਆਪ ਨੂੰ ਪਰਮੇਸ਼ਰ ਦੀ ਤਰਫ ਚਲਾਂਵਾਂ।

ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥

ਦੂਜਾ ਇਹ ਮਤਾ ਪਕਾਇਆ-ਕਿ ਪਰਮੇਸ਼ਰ ਪਾਸ ਪਹੁੰਚਾਉਣ ਵਾਲੇ ਦੋ ਮਨੁੱਖ ਹਨ, ਵੈਰਾਗ ਤੇ ਬਿਬੇਕ- ਇਹਨਾਂ ਨੂੰ ਮੈਂ ਧਾਰਨ ਕਰਾਂ।

ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥

ਤੀਜਾ ਇਹ ਮਤਾ ਪਕਾਇਆ ਭਾਵ ਸਲਾਹ ਕੀਤੀ ਕਿ ਕੁਝ ਹੋਰ ਸਾਧਨਾਂ ਦਾ ਉਪਾਅ ਕਰਾਂ।

ਪਰ ਗੁਰੂ ਜੀ ਫੁਰਮਾਉਂਦੇ ਹਨ ਕਿ-ਕਲਜੁਗ ਦਾ ਸਮਾਂ ਦੇਖ ਕੇ-

ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥ ੧॥

ਮੈਂ ਹੋਰ ਸਭ ਕੁਝ ਛੱਡ ਕੇ-ਹੇ ਪ੍ਰਭੂ ! ਆਪ ਜੀ ਨੂੰ ਧਿਆਉਣਾ ਕੀਤਾ। ਇਸ ਤੇ ਹੇ ਭਾਈ ! ਤੂੰ ਭੀ ਪਰਮੇਸ਼ਰ ਦੇ ਨਾਮ ਨੂੰ ਜਪਣਾ ਕਰ॥ ੧॥

ਮਹਾ ਅਨੰਦ ਅਚਿੰਤ ਸਹਜਾਇਆ॥
ਦੁਸਮਨ ਦੂਤ ਮੁਏ ਸੁਖੁ ਪਾਇਆ॥ ੧॥ ਰਹਾਉ॥

ਨਾਮ ਧਿਆਉਣ ਕਰਕੇ ਮੈਂ ਬੜਾ ਖੁਸ਼ ਅਤੇ ਸਹਜੇ ਹੀ ਪ੍ਰਸੰਨ ਹੋ ਕੇ ਅਚਿੰਤ=ਬੇ-ਫ਼ਿਕਰ ਹੋ ਗਿਆ ਹਾਂ। ਦੁਸ਼ਮਨੀ ਕਰਨ ਵਾਲੇ ਕਾਮ ਆਦਿਕ ਦੂਤਾਂ ਦੇ ਮਰਨ ਨਾਲ ਮੈਂ ਵੱਡਾ ਸੁਖ ਪਾਉਣਾ ਕੀਤਾ ਹੈ॥ ੧॥ ਰਹਾਉ॥

ਸਤਿਗੁਰਿ ਮੋ ਕਉ ਦੀਆ ਉਪਦੇਸੁ॥ ਜੀਉ ਪਿੰਡੁ ਸਭੁ ਹਰਿ ਕਾ ਦੇਸੁ॥

ਸਤਿਗੁਰਾਂ ਨੇ ਮੈਨੂੰ ਇਹ ਉਪਦੇਸ਼ ਦਿੱਤਾ ਹੈ ਕਿ ਜੀਉ=ਜੀਵ-ਆਤਮਾ, ਪਿੰਡੁ=ਸਰੀਰ ਅਤੇ ਦੇਸੁ= ਇੰਦ੍ਰੀਆਂ ਦਾ ਸਮੁਦਾਅ, ਇਹ ਸਭ ਕੁਝ ਹਰੀ ਦਾ ਦਿੱਤਾ ਹੋਇਆ ਹੈ।

ਜੋ ਕਿਛੁ ਕਰੀ ਸੁ ਤੇਰਾ ਤਾਣੁ॥ ਤੂੰ ਮੇਰੀ ਓਟ ਤੂੰਹੈ ਦੀਬਾਣੁ॥ ੨॥

ਹੇ ਪ੍ਰਭੂ ! ਮੈਂ ਜੋ ਕੁਝ ਭੀ ਕਰਦਾ ਹਾਂ, ਉਹ ਤੇਰੇ ਤਾਣੁ=ਬਲ ਨਾਲ ਹੀ ਕਰਦਾ ਹਾਂ। ਇਸ ਲੋਕ ਵਿਚ ਭੀ ਤੂੰ ਹੀ ਮੇਰੀ ਓਟ ਰੂਪ ਹੈਂ, ਪ੍ਰਲੋਕ ਵਿਚ ਭੀ ਤੂੰ ਹੀ ਮੇਰਾ ਦੀਬਾਣੁ=ਆਸਰਾ ਰੂਪ ਹੈਂ॥ ੨॥

ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ॥

ਹੇ ਪ੍ਰਭੂ ! ਤੈਨੂੰ ਛੱਡ ਕੇ ਅਸੀਂ ਕੈਂ ਧਰਿ=ਕਿਸ ਤਰਫ ਜਾਈਏ। *ਅਥਵਾ :-*ਕੈਂ ਧਰਿ=ਕਿਸ ਦੇ ਆਸਰੇ ਕਿਧਰੇ ਜਾਈਏ। ਤੇਰੇ ਸਮਸਰਿ=ਬਰਾਬਰ ਦਾ ਹੋਰ ਕੋਈ ਬੀਆ=ਦੂਜਾ ਦਿੱਸਦਾ ਨਹੀਂ ਹੈ।

ਤੇਰੇ ਸੇਵਕ ਕਉ ਕਿਸ ਕੀ ਕਾਣਿ॥ ਸਾਕਤੁ ਭੂਲਾ ਫਿਰੈ ਬੇਬਾਣਿ॥ ੩॥

ਹੇ ਪ੍ਰਭੂ ! ਤੇਰੇ ਸੇਵਕ ਨੂੰ ਕਿਸ ਦੀ ਕਾਨ-ਕਨੌਡ ਹੈ, ਭਾਵ ਕਿਸੇ ਦੀ ਮੁਥਾਜੀ ਨਹੀਂ ਹੈ। ਜੋ ਸਾਕਤ ਪੁਰਸ਼ ਹੈ, ਉਹ ਸੰਸਾਰ-ਉਜਾੜ ਵਿਚ ਭੁਲਿਆ ਫਿਰਦਾ ਹੈ।

*ਅਥਵਾ:-*ਸਾਕਤ ਪੁਰਸ਼ ਇਸ ਗੱਲ ਤੋਂ ਭੁਲਿਆ ਹੋਇਆ ਬੇਬਾਣਿ=ਉਜਾੜਾਂ ਵਿਚ ਟੱਕਰਾਂ ਮਾਰਦਾ ਫਿਰਦਾ ਹੈ॥ ੩॥

ਤੇਰੀ ਵਡਿਆਈ ਕਹੀ ਨ ਜਾਇ॥ ਜਹ ਕਹ ਰਾਖਿ ਲੈਹਿ ਗਲਿ ਲਾਇ॥

ਹੇ ਪ੍ਰਭੂ ! ਆਪ ਜੀ ਦੀ ਵਡਿਆਈ ਮੈਥੋਂ ਕਹੀ ਨਹੀਂ ਜਾਂਦੀ। ਤੂੰ ਆਪਣੇ ਦਾਸ ਨੂੰ ਜਿਥੇ ਕਿਥੇ ਆਪ ਹੀ ਗਲ ਨਾਲ ਲਗਾ ਕੇ ਰੱਖ ਲੈਂਦਾ ਹੈਂ।

ਨਾਨਕ ਦਾਸ ਤੇਰੀ ਸਰਣਾਈ॥
ਪ੍ਰਭਿ ਰਾਖੀ ਪੈਜ ਵਜੀ ਵਾਧਾਈ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਦਾਸ ਤੇਰੀ ਸ਼ਰਨ ਵਿਚ ਆਇਆ ਹੈ। ਹੇ ਪ੍ਰਭੂ ! ਆਪ ਜੀ ਨੇ ਮੇਰੀ ਪਤ ਰੱਖੀ ਹੈ-ਜਿਸ ਕਰਕੇ ਅਨੰਦ ਦੀ ਵਧਾਈ ਵਜੀ=ਪ੍ਰਗਟ ਹੋਈ ਹੈ॥ ੪॥ ੫॥

[ਪੰਨਾ ੩੭੨]

ਆਸਾ ਮਹਲਾ ੫॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਕਥਨ ਕਰਦੇ ਹਨ। ਜਗਿਆਸੂ ਆਪਣੀ ਪੂਰਬਲੀ ਬਿਵਸਥਾ ਮਹਾਤਮਾ ਨੂੰ ਸੁਣਾਦਾ ਹੈ, ਕਿ ਹੇ ਸੰਤੋ !

ਪਰਦੇਸੁ ਭਾਗਿ ਸਉਦੇ ਕਉ ਆਇਆ॥ ਵਸਤੁ ਅਨੂਪ ਸੁਣੀ ਲਾਭਾਇਆ॥

ਮੈਂ ਪ੍ਰਤੱਖ ਦੇਸਾਂ ਪ੍ਰਦੇਸ਼ਾ ਨੂੰ ਲੰਘ ਕੇ ਨਾਮ ਸਉਦੇ ਦੇ ਖਰੀਦਣ ਵਾਸਤੇ ਆਪ ਜੀ ਪਾਸ ਆਇਆ ਹਾਂ।

*ਅਥਵਾ:-*ਚੁਰਾਸੀ ਲੱਖ ਜੂਨੀਆਂ ਰੂਪ ਪ੍ਰਦੇਸ਼ਾਂ ਨੂੰ ਭਾਗਿ=ਲੰਘ ਕੇ, ਨਾਮ-ਸੌਦੇ ਦੇ ਖਰੀਦਣ ਵਾਸਤੇ ਇਸ ਮਨੁੱਖ-ਸਰੀਰ ਵਿਚ ਆਇਆ ਹਾਂ ਕਿਉਂਕਿ ਆਪ ਜੀ ਦੇ ਪਾਸ ਉਪਮਾ ਤੋਂ ਰਹਿਤ ਲਾਭਦਾਇਕ ਵਸਤੂ ਸੁਣੀ ਹੈ।

ਗੁਣ ਰਾਸਿ ਬੰਨਿ੍ ਪਲੈ ਆਨੀ॥ ਦੇਖਿ ਰਤਨੁ ਇਹੁ ਮਨੁ ਲਪਟਾਨੀ॥ ੧॥

ਸ਼ਰਧਾ ਆਦਿਕ ਸ਼ੁਭ ਗੁਣਾਂ ਰੂਪੀ ਰਾਸਿ=ਪੂੰਜੀ ਬੁੱਧੀ ਰੂਪੀ ਪੱਲੇ ਵਿਚ ਬੰਨ੍ਹ ਕੇ ਲਿਆਂਦੀ ਹੈ। ਰਤਨ ਰੂਪ ਪਰਮਾਤਮਾ ਦੇ ਦੇਖਣ ਵਾਸਤੇ ਇਹ ਮਨ ਦੀ ਬਿਰਤੀ ਲੰਪਟ ਹੋਈ ਹੈ। *ਅਥਵਾ:-*ਆਪ ਜੀ ਦੇ ਪਾਸ ਰਤਨ ਰੂਪ ਜੋ ਨਾਮ ਹੈ, ਉਸ ਨੂੰ ਦੇਖ ਕੇ ਮੇਰੇ ਇਹ ਮਨ ਦੀ ਬਿਰਤੀ ਖੱਚਤ ਹੋ ਗਈ ਹੈ॥ ੧॥

ਸਾਹ ਵਾਪਾਰੀ ਦੁਆਰੈ ਆਏ ॥
ਵਖਰੁ ਕਾਢਹੁ ਸਉਦਾ ਕਰਾਏ ॥ ੧ ॥ ਰਹਾਉ ॥

ਹੇ ਸਾਹ=ਸੰਤੋ ! ਅਸੀਂ ਵਾਪਾਰੀ ਹੋ ਕੇ ਆਪ ਜੀ ਦੇ ਸਤਸੰਗਤਿ ਰੂਪ ਦਰਵਾਜ਼ੇ ਤੇ ਆਏ ਹਾਂ। ਆਪ ਆਪਣੇ ਮੁਖ ਚੋਂ ਨਾਮ-ਸੌਦੇ ਨੂੰ ਕਾਢਹੁ=ਕਢੋ ਭਾਵ ਉਚਾਰੋ, ਅਸੀਂ ਸੌਦਾ ਕਰਨ ਵਾਸਤੇ ਆਏ ਹਾਂ॥ ੧ ॥ ਰਹਾਉ ॥

ਸੰਤਾਂ ਪੁੱਛਿਆ, 'ਸਾਡੇ ਪਾਸ ਤੁਹਾਨੂੰ ਕਿਸ ਨੇ ਭੇਜਿਆ ਹੈ ?' ਜਗਿਆਸੂ ਨੇ ਕਿਹਾ:-

ਸਾਹਿ ਪਠਾਇਆ ਸਾਹੈ ਪਾਸਿ ॥ ਅਮੋਲ ਰਤਨ ਅਮੋਲਾ ਰਾਸਿ ॥

ਹੇ ਸਾਹਿ=ਸੰਤੋ ! ਆਪ ਜੀ ਦੇ ਪਾਸ ਸਾਨੂੰ ਪਰਮੇਸ਼ਰ-ਸ਼ਾਹ ਨੇ ਪਠਾਇਆ=ਭੇਜਿਆ ਹੈ। ਆਪ ਜੀ ਦੇ ਪਾਸ ਅਮੋਲਕ ਰਤਨ-ਨਾਮ ਹੈ ਤੇ ਸਾਡੇ ਪਾਸ ਅਮੋਲਾ=ਬੇ ਕੀਮਤੀ-ਸ਼ਰਧਾ ਰੂਪੀ ਰਾਸਿ=ਦੌਲਤ ਹੈ। ਹੁਣ ਗੁਰੂ ਜੀ ਕਥਨ ਕਰਦੇ ਹਨ-

ਵਿਸਟੁ ਸੁਭਾਈ ਪਾਇਆ ਮੀਤ ॥ ਸਉਦਾ ਮਿਲਿਆ ਨਿਹਚਲ ਚੀਤ ॥ ੨ ॥

ਜਿਸ ਵੇਲੇ ਜਗਿਆਸੂ ਨੇ ਸੁਭਾਵਕ ਹੀ ਸ਼ੋਭਨੀਕ ਮਿੱਤਰ ਜੋ ਮਹਾਤਮਾਂ ਹਨ। ਉਹਨਾਂ ਨੂੰ ਵਿਚ ਵਿਸਟੁ=ਵਕੀਲ ਪਾਇਆ । ਤਾਂ ਨਾਮ-ਸੌਦਾ ਮਿਲਿਆ, ਤਾਂ ਚਿਤ ਨਿਹਚਲ=ਟਿਕ ਗਿਆ॥ ੨ ॥

ਭਉ ਨਹੀ ਤਸਕਰ ਪਉਣ ਨ ਪਾਨੀ ॥
ਸਹਜਿ ਵਿਹਾਝੀ ਸਹਜਿ ਲੈ ਜਾਨੀ ॥

ਇਸ ਨਾਮ-ਸੌਦੇ ਨੂੰ ਨਾ ਤਸਕਰ=ਚੋਰਾਂ ਦਾ ਡਰ ਹੈ, ਨਾ ਹੀ ਪੌਣ, ਪਾਣੀ ਦਾ ਖਤਰਾ ਹੈ। *ਅਥਵਾ:*-ਨਾ ਕਾਮ ਆਦਿਕ ਚੋਰਾਂ ਦਾ ਡਰ ਹੈ, ਨਾ ਵਾਸ਼ਨਾ ਰੂਪ ਪੌਣ ਦਾ ਭੈ ਹੈ, ਨਾ ਪਦਾਰਥਾਂ ਰੂਪ ਪਾਣੀ ਦਾ ਖਤਰਾ ਹੈ। ਜਿਸ ਤਰ੍ਹਾਂ ਹੋਰ ਜਗਿਆਸੂ ਸ਼ਾਂਤੀ ਪੂਰਬਕ 'ਲੈ ਜਾਨੀ'=ਲੈ ਜਾਂਦੇ ਹਨ, ਓਵੇਂ ਮੈਂ ਭੀ ਇਹ ਵਸਤੂ ਸ਼ਾਂਤੀ ਨਾਲ ਖਰੀਦੀ ਹੈ।

ਅਥਵਾ:-ਸਹਜੇ ਹੀ ਇਹ ਵਸਤੂ ਖਰੀਦੀ ਤਾਂ ਸਹਜੇ ਹੀ ਜਾਨੀ=ਪਿਆਰੇ ਪ੍ਰਭੂ ਵਿਚ ਲੈ=ਅਭੇਦ ਹੋ ਗਏ।

ਸਤ ਕੈ ਖਟਿਐ ਦੁਖੁ ਨਹੀ ਪਾਇਆ ॥
ਸਹੀ ਸਲਾਮਤਿ ਘਰਿ ਲੈ ਆਇਆ ॥ ੩ ॥

ਇਸ ਨਾਮ ਰੂਪੀ ਸੱਚੀ ਵਸਤੂ ਦੇ ਖੱਟਣ ਕਰਕੇ ਦੁੱਖ ਨਹੀਂ ਪਾਣਾ ਕੀਤਾ। ਸਹੀ ਸਲਾਮਤਿ=ਸੁਖ ਅਨੰਦ ਦੇ ਸਹਿਤ ਹਿਰਦੇ-ਘਰ ਵਿਚ ਨਾਮ-ਵਸਤੂ ਲੈ ਆਇਆ ਹਾਂ। *ਅਥਵਾ:*-ਇਸ ਸਤ ਦੇ ਵਿਹਾਰ ਵਿਚ ਸਦਾ ਹੀ ਖੱਟੀ ਹੈ, ਦੁੱਖ ਨਹੀਂ ਪਾਇਆ ਜਾਂਦਾ ਸੁਖ ਅਨੰਦ ਦੇ ਸਹਿਤ ਨਫਾ ਲੈ ਕੇ ਸਰੂਪ-ਘਰ ਵਿਚ ਆਇਆ ਹਾਂ॥ ੩ ॥

ਮਿਲਿਆ ਲਾਹਾ ਭਏ ਅਨੰਦ ॥ ਧੰਨੁ ਸਾਹ ਪੂਰੇ ਬਖਸਿੰਦ ॥

ਲਾਭ ਮਿਲਣ ਕਰਕੇ ਅਨੰਦ ਪ੍ਰਾਪਤ ਹੋਇਆ ਹੈ। ਔਗੁਣ ਬਖਸ਼ਣ ਵਾਲੇ ਪੂਰੇ ਸ਼ਾਹ ਗੁਰੂ ਜੀ ਧੰਨਤਾ

ਦੇ ਯੋਗ ਹਨ।

ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥

ਇਹ ਨਾਮ ਰੂਪੀ ਉਤਮ ਸੌਦਾ ਕਿਸੇ ਵਿਰਲੇ ਗੁਰਮੁਖ ਨੇ ਹੀ ਗੁਰਾਂ ਪਾਸੋਂ ਪਾਇਆ ਹੈ।

ਸਹਲੀ ਖੇਪ ਨਾਨਕੁ ਲੈ ਆਇਆ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਤਾਂ ਇਹ ਸਹਲੀ=ਸਵੱਲੀ ਭਾਵ ਸਸਤੀ, ਅਥਵਾ-ਸਹਿਤ ਲਾਭ ਦੇ ਸੁਖਦਾਇਕ ਖੇਪ=ਵਸਤੂ ਗੁਰਾਂ ਦੀ ਕਿਰਪਾ ਨਾਲ ਹਿਰਦੇ-ਘਰ ਵਿਚ ਲੈ ਆਇਆ ਹਾਂ॥ ੪॥ ੬॥

ਆਸਾ ਮਹਲਾ ੫ ॥

ਇਸ ਸ਼ਬਦ ਵਿਚ ਪਰਮੇਸ਼ਰ ਦੇ ਉਪਕਾਰ ਦੱਸਦੇ ਹਨ, ਕਿ-ਉਹ ਪਰਮੇਸ਼ਰ ਅਜਿਹਾ ਦਿਆਲੂ ਹੈ, ਜੋ-

ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ ॥
ਨਹ ਦੇਖਿਓ ਰੂਪ ਰੰਗ ਸੀਗਾਰੋ ॥

ਗੁਣ ਮੇਰੇ ਵਿਚ ਨਹੀਂ ਸੀ, ਤੇ ਔਗੁਣ ਉਸ ਨੇ ਕੁਝ ਵਿਚਾਰਨਾ ਨਾ ਕੀਤਾ, ਨਾ ਮੇਰਾ ਸਫਾਈ ਰੂਪੀ ਰੂਪ ਦੇਖਿਆ, ਨਾ ਮੇਰੇ ਅੰਦਰਲਾ ਰੰਗ=ਪ੍ਰੇਮ ਦੇਖਿਆ ਤੇ ਨਾ ਹੀ ਜਪ ਤਪ ਰੂਪੀ ਕੋਈ ਸ਼ਿੰਗਾਰ ਦੇਖਿਆ ਹੈ।

ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥
ਬਾਹ ਪਕਰਿ ਪ੍ਰਿਅ ਸੇਜੈ ਆਨੀ ॥ ੧ ॥

ਮੈਂ ਸ੍ਰੇਸ਼ਟ ਕਰਤੱਬਾਂ ਦੀ ਵਿਧੀ ਭੀ ਕੁਝ ਜਾਣਦੀ ਨਹੀਂ ਸੀ। ਪ੍ਰਿਆ=ਪਰਮਾਤਮਾ ਨੇ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਅੰਤਰ ਮੁਖਤਾ ਰੂਪੀ ਸੇਜਾ ਤੇ ਲੈ ਆਂਦੀ ਹੈ॥ ੧॥

ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥

ਹੇ ਸਖੀ ! ਸੁਣਨਾ ਕਰ, ਉਸ ਕੰਤਿ=ਪਰਮਾਤਮਾ ਨੇ ਸਾਡਾ ਖਸਮਾਨਾ=ਪੱਖ ਕੀਤਾ ਹੈ।

ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ
ਕਿਆ ਜਾਨੈ ਇਹੁ ਲੋਕੁ ਅਜਾਨਾ ॥ ੧ ॥ ਰਹਾਉ ॥

ਆਪਣਾ ਦਾਸ ਜਾਣ ਕੇ ਮੱਥੇ ਤੇ ਆਪਣਾ ਕਿਰਪਾ ਰੂਪੀ ਹੱਥ ਧਾਰ ਕੇ ਰੱਖਣਾ ਕੀਤਾ ਹੈ, ਇਸ ਗੱਲ ਨੂੰ ਇਹ ਅਨਜਾਣ ਪੁਰਸ਼ ਕੀ ਜਾਣ ਸਕਦਾ ਹੈ? ॥ ੧॥ ਰਹਾਉ॥

ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥
ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥

ਹੁਣ ਇਸ ਵੇਲੇ ਹਮਾਰੋ=ਸਾਨੂੰ ਸੋਭਨੀਕ ਅਬ=ਅਬਿਨਾਸੀ ਸੁਹਾਗੁ=ਸੁਖ ਪ੍ਰਾਪਤ ਹੋਇਆ ਹੈ। ਕੰਤ=ਪਤੀ ਦੇ ਮਿਲਣ ਕਰਕੇ ਮੇਰੇ ਸਾਰੇ ਦੁਖ ਜੋਹਿਓ=ਅਭਾਵ ਹੋ ਗਏ ਹਨ।

ਆਂਗਨਿ ਮੇਰੈ ਸੋਭਾ ਚੰਦ ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥ ੨ ॥

ਮੇਰੇ ਹਿਰਦੇ ਰੂਪ ਆਂਗਨਿ=ਵਿਹੜੇ ਵਿਚ ਸੋਭਾ ਦਾਇਕ ਵੈਰਾਗ, *ਅਥਵਾ:*-ਸਤੋ ਗੁਣ ਰੂਪ ਚੰਦ੍ਰਮਾ ਪ੍ਰਕਾਸ਼ਿਆ ਹੈ। ਉਸ ਕਰਕੇ ਰਾਤ ਦਿਨ ਪਿਰੀ ਦੇ ਸੰਗਿ=ਮਿਲਾਪ ਦਾ ਅਨੰਦ ਪ੍ਰਾਪਤ ਹੋਇਆ ਹੈ॥ ੨॥

ਬਸਤ੍ਰ ਹਮਾਰੇ ਰੰਗਿ ਚਲੂਲ॥ ਸਗਲ ਆਭਰਣ ਸੋਭਾ ਕੰਠਿ ਫੂਲ॥

ਸਾਡੇ ਅੰਤਹਕਰਣ ਰੂਪ ਕਪੜੇ ਚਲੂਲ=ਗਾਹੜੇ ਰੰਗ ਵਾਲੇ ਹੋਏ ਹਨ।

ਅਥਵਾ:-ਖਿਮਾ ਰੂਪ ਬਸਤ੍ਰ, *ਅਥਵਾ:*-ਪਰਮੇਸਰ ਪਟ ਲਈ, *ਅਥਵਾ:*-ਪ੍ਰੇਮ ਪਟੋਲਾ=ਪ੍ਰੇਮ ਰੂਪ ਕਪੜੇ ਗਾਹੜੇ ਰੰਗ ਵਾਲੇ ਹੋਏ ਹਨ। ਸ਼ੁਭ ਗੁਣਾਂ ਰੂਪੀ ਸਾਰੇ ਆਭਰਣ=ਗਹਿਣੇ ਸ਼ੋਭ ਰਹੇ ਹਨ।

ਯਥਾ:-ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥
ਖਿਮਾ ਸੀਗਾਰੁ ਕਾਮਣਿ ਭਨਿ ਪਹਿਰੈ ਰਾਵੈ ਲਾਲ ਪਿਆਰੀ॥ ੧॥
....
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥ ੨॥

(ਆਸਾ ਮਹਲਾ ੧, ਪੰਨਾ ੩੫੯)

ਇਤਿਆਦੀ ਗਹਿਣੇ ਸ਼ੋਭ ਰਹੇ ਹਨ। ਫੂਲ ਕੰਠਿ=ਪ੍ਰਫੁਲਤ ਹਿਰਦੇ ਨਾਲ ਜਿਹੜੀ ਉਸ ਦੀ ਸ਼ੋਭਾ ਕਰਨੀ ਹੈ, ਇਹ ਗਲੇ ਦਾ 'ਕੰਠ ਫੂਲ' ਗਹਿਣਾ ਹੈ।

ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ॥
ਦੁਸਟ ਦੂਤ ਕੀ ਚੂਕੀ ਕਾਨਿ॥ ੩॥

ਜਿਸ ਵੇਲੇ ਪਿਰੀ ਨੇ ਕਿਰਪਾ ਦ੍ਰਿਸ਼ਟੀ ਨਾਲ ਦੇਖਿਆ ਤਾਂ ਸਾਰੇ ਨਿਧਾਨ=ਖਜ਼ਾਨੇ ਪਾਏ।

ਦੁਸ਼ਟ ਦੂਤ ਜੋ ਕਾਮ ਕਰੋਧ ਆਦਿਕ ਹਨ, ਉਹਨਾਂ ਦੀ ਕਾਨ-ਕਨੌਡ ਚੁੱਕ ਗਈ ਹੈ॥ ੩॥

ਸਦ ਖੁਸੀਆ ਸਦਾ ਰੰਗ ਮਾਣੇ॥
ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ॥

ਸਦ ਖੁਸੀਆ=ਪਰਮਾਤਮਾ ਦੇ ਸਦਾ ਅਨੰਦ ਨੂੰ ਮਾਣਦੇ ਹਾਂ। ਨੌ ਨਿਧਿਆਂ ਦਾ ਦਾਤਾ ਜੋ ਪਰਮੇਸ਼ਰ ਦਾ ਨਾਮ ਹੈ, ਉਸ ਦੀ ਪ੍ਰਾਪਤੀ ਹਿਰਦੇ-ਘਰ ਵਿਚ ਹੋਣ ਕਰਕੇ ਤ੍ਰਿਪਤ ਹੋਏ ਹਾਂ।

ਕਹੁ ਨਾਨਕ ਜਉ ਪਿਰਹਿ ਸੀਗਾਰੀ॥
ਥਿਰੁ ਸੋਹਾਗਨਿ ਸੰਗਿ ਭਤਾਰੀ॥ ੪॥ ੭॥

ਗੁਰੂ ਜੀ ਆਖਦੇ ਹਨ-ਜਦ ਭਤਾਰ=ਪਰਮਾਤਮਾ ਨੇ ਸ਼ੁਭ ਗੁਣਾਂ ਰੂਪੀ ਸ਼ਿੰਗਾਰਾਂ ਨਾਲ ਸ਼ਿੰਗਾਰਿਆਂ ਤਾਂ ਪਤੀ ਨਾਲ ਇਸਥਿਤ ਹੋ ਕੇ ਸੁਹਾਗਵੰਤੀ ਹੋਈ ਹਾਂ॥ ੪॥ ੭॥

ਆਸਾ ਮਹਲਾ ੫॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਦਰਸ਼ਨੀ ਡਿਉੜੀ ਲੰਘ ਕੇ ਅੰਦਰੋਂ ਦਰਸ਼ਨ ਕਰਕੇ ਵਾਪਸ ਮੁੜ ਕੇ ਵੱਡੀ ਪ੍ਰਕਰਮਾ ਕਰਨ ਚਲੇ ਸਨ ਤਾਂ ਰਾਹ ਵਿਚ ਇਕ ਬ੍ਰਾਹਮਣ ਬੈਠਾ ਸੀ, ਉਸ ਨੇ ਗੁਰੂ ਜੀ ਨੂੰ ਵਧ ਘਟ ਬਚਨ ਕਹੇ, ਪਰ ਗੁਰੂ ਜੀ ਲੰਘ ਗਏ। ਜਦ ਦੂਜੀ ਵਾਰ ਪ੍ਰਕਰਮਾ ਵਿਚ ਆਏ ਤਾਂ ਬ੍ਰਾਹਮਣ ਨੇ

ਫਿਰ ਕਿਹਾ ਕਿ ਦੇਖੋ ਅਸੀਂ ਇਹਨਾਂ ਦੇ ਗੁਰੂ ਹਾਂ, ਇਹ ਖੱਤਰੀ ਹੋ ਕੇ ਸਾਨੂੰ ਮੱਥਾ ਨਹੀਂ ਟੇਕਦੇ। ਉਸ ਵੇਲੇ ਗੁਰੂ ਜੀ ਨੇ ਖਲੋ ਕੇ ਕਿਹਾ। ਰਹਾਉ ਤੋ ਪੰਗਤੀ ਉਠਾਣੀ:-

ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾ ਪਰਾਧ ਚਿਤਵਹਿ ਬੁਰਿਆਈ॥

ਹੇ ਭਾਈ ! ਇਹੋ ਜਿਹੇ ਬ੍ਰਾਹਮਣ ਤਾਂ ਸੰਸਾਰ-ਸਾਗਰ ਦੇ ਵਿਚ ਹੀ ਡੁਬੇ ਰਹਿਣਗੇ, ਜੋ ਦੂਜੇ ਵਿਚ ਅਪਰਾਧ ਹੋਏ ਤੋਂ ਬਗੈਰ ਹੀ ਬੁਰਿਆਈਆਂ ਨੂੰ ਚਿਤਵਦੇ ਹਨ।

ਦਾਨੁ ਦੇਇ ਕਰਿ ਪੂਜਾ ਕਰਨਾ॥ ਲੈਤ ਦੇਤ ਉਨ੍ ਮੂਕਰਿ ਪਰਨਾ॥

ਹੇ ਬ੍ਰਾਹਮਣ ! ਤੈਨੂੰ ਦਾਨ ਭੀ ਦੇਣਾ ਕਰਦੇ ਹਾਂ, ਤੇਰੀ ਪੂਜਾ ਭੀ ਕਰਦੇ ਹਾਂ, ਅਸੀਂ ਸਭ ਕੁਝ ਦਿੰਦੇ ਹਾਂ, ਤੇ ਤੂੰ ਉਸ ਦਾਨ ਨੂੰ ਲੈ ਕੇ ਮੁਕਰ ਪੈਂਦਾ ਹੈਂ।

ਅਥਵਾ:-ਜਿਨ੍ਹਾਂ ਬ੍ਰਾਹਮਣਾਂ ਦਾ ਦਾਨ ਦੇ ਕਰਕੇ ਪੂਜਨ ਕਰਨਾ ਹੁੰਦਾ ਹੈ। ਉਹਨਾਂ ਬ੍ਰਾਹਮਣਾਂ ਨੂੰ ਜਜਮਾਨ ਲੋਕ ਦਿੰਦੇ ਹਨ ਤੇ ਬ੍ਰਾਹਮਣ ਲੈਂਦੇ ਹਨ; ਪਰੰਤੂ, ਫਿਰ ਮੁੱਕਰ ਜਾਂਦੇ ਹਨ ਤੇ ਕਹਿੰਦੇ ਹਨ 'ਸਾਨੂੰ ਜਜਮਾਨ ਨੇ ਕੁਝ ਨਹੀਂ ਦਿੱਤਾ।'

ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ॥੧॥

ਹੇ ਬ੍ਰਾਹਮਣ ! ਤੂੰ ਮਰ ਕੇ ਜਿਸ ਦਰਵਾਜ਼ੇ ਜਾਣਾ ਹੈ। ਉਸ ਧਰਮਰਾਜਾ ਦੇ ਦਰਵਾਜ਼ੇ ਤੇ ਤੂੰ ਹੀ ਪਸ਼ਚਾਤਾਪ ਕਰਨਾ ਹੈ॥ ੧॥

ਐਸੇ ਬ੍ਰਾਹਮਣ ਡੂਬੇ ਭਾਈ॥
ਨਿਰਾਪਰਾਧ ਚਿਤਵਹਿ ਬੁਰਿਆਈ॥ ੧॥ ਰਹਾਉ॥

ਹੇ ਭਾਈ ! ਅਜੇਹੇ ਬ੍ਰਾਹਮਣ ਪਾਪਾਂ ਵਿਚ ਡੁੱਬੇ ਹੋਏ ਹਨ, *ਅਥਵਾ*-ਸੰਸਾਰ-ਸਮੁੰਦਰ ਵਿਚ ਡੁੱਬ ਜਾਣਗੇ, ਜੋ ਪਰਾਧ=ਕਸੂਰ ਤੋਂ ਬਿਨਾਂ ਹੀ ਦੂਜੇ ਵਿਚ ਬੁਰਿਆਈਆਂ ਚਿਤ੍ਰਵਦੇ ਹਨ॥ ੧॥ ਰਹਾਉ॥

ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥

ਇਸ ਜੀਵ ਦੇ ਹਿਰਦੇ ਅੰਦਰ ਪਦਾਰਥਾਂ ਦਾ ਲੋਭ ਹੈ, ਇਸ ਕਰਕੇ ਹਲਕੇ ਕੁੱਤੇ ਵਾਂਗ ਭਟਕਦਾ ਫਿਰਦਾ ਹੈ। ਨਿੰਦਿਆ ਕਰਕੇ ਸਿਰ ਉਤੇ ਪਾਪਾਂ ਦਾ ਬੋਝ ਉਠਾਉਂਦਾ ਹੈ।

ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤੀ ਰਾਹੀ॥ ੨॥

ਮਾਇਆ ਦਾ ਮੂਠਾ=ਠੱਗਿਆ ਹੋਇਆ, ਪਰਮੇਸ਼ਰ ਨੂੰ ਚੇਤੈ=ਯਾਦ ਨਹੀਂ ਕਰਦਾ, ਭਰਮ ਕਰਕੇ ਭੁਲਿਆ ਹੋਇਆ ਬਹੁਤ ਰਸਤਿਆਂ ਵਿਚ ਜਾਂਦਾ ਹੈ॥ ੨॥

ਬਾਹਰਿ ਭੇਖ ਕਰਹਿ ਘਨੇਰੇ॥ ਅੰਤਰਿ ਬਿਖਿਆ ਉਤਰੀ ਘੇਰੇ॥

ਲੋਕਾਂ ਨੂੰ ਠੱਗਣ ਵਾਸਤੇ ਬਾਹਰੋਂ ਤਾਂ ਸਰੀਰ ਤੇ ਬਹੁਤੇ ਤਿਲਕ ਆਦਿ ਭੇਖ ਧਾਰਨ ਕਰਦਾ ਹੈ, ਤੇ ਅੰਤਹਕਰਣ ਦੇ ਅੰਦਰ ਬਿਖਿਆ=ਮਾਇਆ ਘੇਰਾ ਪਾ ਕੇ ਉਤਰੀ ਹੋਈ ਹੈ।

ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥ ੩॥

ਜੋ ਹੋਰਨਾਂ ਨੂੰ ਉਪਦੇਸ਼ ਕਰਦਾ ਹੈ, ਉਹ ਆਪ ਨਹੀਂ ਸਮਝਦਾ। ਅਜਿਹਾ ਕੰਮ ਕਰਨ ਵਾਲਾ ਬ੍ਰਾਹਮਣ

ਕਿਸੇ ਤਰ੍ਹਾਂ ਭੀ ਮੁਕਤ ਨਹੀਂ ਹੋਵੇਗਾ॥ ੩॥

ਮੂਰਖ ਬਾਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥

ਹੇ ਮੂਰਖ ਬ੍ਰਾਹਮਣ ! ਤੂੰ ਪ੍ਰਭੂ ਨੂੰ ਸਾਮ੍ਹਾਲਣਾ ਕਰ, ਭਾਵ ਉਸ ਦਾ ਨਾਮ ਜਪ। ਉਹ ਤੇਰੇ ਨਾਲ ਹੀ ਤੇਰੇ ਕਰਤਬਾਂ ਨੂੰ ਦੇਖ ਰਿਹਾ ਹੈ ਅਤੇ ਤੇਰੀਆਂ ਗੱਲਾਂ ਨੂੰ ਸੁਣ ਰਿਹਾ ਹੈ। ਅੱਗੋਂ ਭਾਈ ਬੁੱਢਾ ਜੀ ਨੇ ਕਿਹਾ:-

ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰ ਚਰਣੀ ਲਾਗੁ॥ ੪॥ ੮॥

ਹੇ ਬ੍ਰਾਹਮਣ ! ਜੇਕਰ ਚੰਗੇ ਭਾਗ ਹੋਣ ਤਾਂ ਬ੍ਰਾਹਮਣ ਜਾਤੀ ਦੇ ਅਭਿਮਾਨ ਨੂੰ ਛੱਡ ਕੇ ਗੁਰੂ ਜੀ ਦੇ ਚਰਨੀਂ ਲੱਗ ਜਾ॥ ੪॥ ੮॥

[ਪੰਨਾ ੩੭੩]

ਆਸਾ ਮਹਲਾ ੫॥

ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ॥

ਹਰਿ ਹਰਿ ਦੇ ਗੁਣ ਗਾਉਣ ਨਾਲ ਜਦ ਮਨ ਨਿਰਮਲ ਹੋਇਆ, ਤਾਂ ਸਰੀਰ ਵਿਚੋਂ ਦੁੱਖ ਅਤੇ ਅਗਿਆਨ ਰੂਪੀ ਰੋਗ ਗਤੁ=ਨਾਸ ਹੋ ਗਿਆ।

ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ॥ ੧॥

ਸਾਧੂਆਂ ਦੀ ਸਤਸੰਗਤ ਵਿਚ ਮਿਲਣ ਕਰਕੇ ਬਹੁਤ ਅਨੰਦ ਪ੍ਰਾਪਤ ਹੋਏ ਹਨ। ਹੁਣ ਮੇਰਾ ਮਨ ਹੋਰ ਕਿਸੇ ਤਰਫ਼ ਨਹੀਂ ਜਾਂਦਾ ਹੈ।

ਤਪਤਿ ਬੁਝੀ ਗੁਰ ਸਬਦੀ ਮਾਇ॥

ਗੁਰਾਂ ਦੇ ਸ਼ਬਦ ਕਰਕੇ ਮੇਰੇ ਮਨ ਵਿਚੋਂ ਮਾਇਆ ਦੀ ਤਪਸ਼ ਬੁਝ ਗਈ ਹੈ।

ਬਿਨਸਿ ਗਇਓ ਤਾਪ ਸਭ ਸਹਸਾ
ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ॥ ੧॥ ਰਹਾਉ॥

ਜਿਸ ਵੇਲੇ ਸੀਤਲ=ਸ਼ਾਂਤਿ ਸਰੂਪ ਗੁਰੂ ਮਿਲੇ-ਤਾਂ ਸਾਰਾ ਸੰਸਾ ਅਤੇ ਤਾਪ ਸਹਜਿ ਸੁਭਾਇ=ਨਿਰ ਜਤਨ ਹੀ ਨਾਸ ਹੋ ਗਿਆ॥ ੧॥ ਰਹਾਉ॥

ਧਾਵਤ ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ ਨਿਹਚਲੁ ਥਾਇ॥

ਹੁਣ ਇਕੋ ਇਕ ਪਰਮਾਤਮਾ ਨੂੰ ਬੁੱਝਿਆ ਹੈ, ਇਸ ਤੇ ਮੇਰਾ ਮਨ ਭੱਜਣ ਵਲੋਂ ਰਹਿ ਗਿਆ ਹੈ, ਹੁਣ ਨਿਸਚਲ ਸਰੂਪ ਅਸਥਾਨ ਵਿਚ ਆ ਕੇ ਵੱਸੇ ਹਾਂ।

ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ॥ ੨॥

ਹੇ ਪ੍ਰਭੂ ! ਆਪ ਜੀ ਦੇ ਸੰਤ ਸੰਸਾਰ ਤੋਂ ਤਾਰਨ ਵਾਲੇ ਹਨ; ਉਹਨਾਂ ਦਾ ਦਰਸ਼ਨ ਦੇਖ ਕੇ ਅਸੀਂ ਸੰਤੁਸ਼ਟ ਹੋ ਰਹੇ ਹਾਂ॥ ੨॥

ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ॥

ਜਨਮਾਂ ਜਨਮਾਂਤਰਾਂ ਦੇ ਜੋ ਮੇਰੇ ਅਪਰਾਧ ਸਨ, ਉਹ ਪਿੱਛੇ ਪੈ ਗਏ ਭਾਵ ਨਸ਼ਟ ਹੋ ਗਏ ਹਨ। ਹੁਣ ਸੰਤਾਂ ਦੇ ਚਰਨ ਫੜ ਕੇ ਨਿਸਚਲ ਹੋ ਗਏ ਹਾਂ।

ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ॥੩॥

ਜਿਸ ਦਾ ਮਨ ਮਨੋਂਤ ਵਲੋਂ ਹਟ ਕੇ ਸਹਜ ਧੁਨਿ=ਸ਼ਾਂਤੀ ਦਾਇਕ ਬਾਣੀ ਕਰਕੇ ਪਰਮੇਸ਼ਰ ਦੇ ਮੰਗਲ ਗਾਉਂਦਾ ਹੈ, ਅਬ=ਅਬਿਨਾਸੀ ਰੂਪ ਹੋਣ ਕਰਕੇ, ਉਹਨਾਂ ਨੂੰ ਕਾਲ ਨਹੀਂ ਖਾਂਦਾ॥ ੩॥

ਕਰਨ ਕਾਰਨ ਸਮਰਥ ਹਮਾਰੇ ਸੁਖਦਾਈ ਮੇਰੇ ਹਰਿ ਹਰਿ ਰਾਇ॥

ਹੇ ਹਮਾਰੇ=ਸਾਡੇ ਸੁਆਮੀ ! ਆਪ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੋ, ਪੁਨਾ ਹੇ ਹਰੀ ਰਾਜਨ ! ਆਪ ਮੈਨੂੰ ਹਰਿ ਪ੍ਰਕਾਰ ਦੇ ਸੁਖ ਦੇਣ ਵਾਲੇ ਹੋ।

ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ॥੪॥੯॥

ਅਸੀਂ ਤੇਰੇ ਨਾਮ ਜਪ ਨੂੰ ਜਪ ਕੇ ਜਿਉਂਦੇ ਹਾਂ, ਆਪ ਤਾਣੇ-ਪੇਟੇ ਵਾਂਗ ਮੇਰੇ ਨਾਲ ਹੋ ਕੇ ਸਹਾਇਤਾ ਕਰਨ ਵਾਲੇ ਹੋ॥ ੪॥ ੯॥

ਆਸਾ ਮਹਲਾ ੫॥

ਜਿਸ ਵੇਲੇ ਪ੍ਰਿਥੀ ਚੰਦ ਕੇ ਕਹਿਣ ਤੇ ਸੁਲਹੀ ਆਵੇ ਵੇਖਣ ਵਾਸਤੇ ਗਿਆ ਤਾਂ ਠੇਡਾ ਖਾ ਕੇ ਅੱਗ ਵਿਚ ਝੁਲਸ ਕੇ ਮਰ ਗਿਆ। ਜਦ ਅੰਮ੍ਰਿਤਸਰ ਇਹ ਖ਼ਬਰ ਪਹੁੰਚੀ ਤਾਂ ਗੁਰੂ ਜੀ ਨੇ ਉਸ ਨਿੰਦਕ ਸੁਲਹੀ ਦੇ ਪ੍ਰਥਾਂਇ ਇਹ ਸ਼ਬਦ ਉਚਾਰਿਆ-

ਅਰੜਾਵੈ ਬਿਲਲਾਵੈ ਨਿੰਦਕੁ॥

ਨਿੰਦਕ ਪੁਰਸ਼! ਸੰਢੇ ਦੀ ਨਿਆਈਂ ਅਰੜਾਂਵਦਾ ਅਤੇ ਵਿਰਲਾਪ ਕਰਦਾ ਹੈ।

ਪਾਰਬ੍ਰਹਮੁ ਪਰਮੇਸਰੁ ਬਿਸਰਿਆ
ਅਪਣਾ ਕੀਤਾ ਪਾਵੈ ਨਿੰਦਕੁ॥੧॥ਰਹਾਉ॥

ਨਿੰਦਕ ਨੂੰ ਪੂਰਾ ਰੂਪ ਬ੍ਰਹਮ ਬਿਆਪਕ ਪਰਮਾਤਮਾ ਭੁਲ ਗਿਆ ਹੈ, ਇਸ ਤੇ ਨਿੰਦਕ ਪੁਰਸ਼ ਆਪਣੇ ਕੀਤੇ ਕਰਮਾਂ ਦਾ ਫਲ ਆਪ ਪਾਉਂਦਾ ਹੈ॥ ੧॥ ਰਹਾਉ॥

ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥

ਜਿਹੜਾ ਕੋਈ ਪੁਰਸ਼ ਨਿੰਦਕ ਦਾ ਸੰਗੀ ਹੁੰਦਾ ਹੈ, ਨਿੰਦਕ ਪੁਰਸ਼ ਉਸ ਨੂੰ ਭੀ ਨਾਲ ਲੈ ਕੇ ਪ੍ਰਲੋਕ ਵਿਚ ਜਾਂਦਾ ਹੈ।

ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ॥੧॥

ਦੂਜੇ ਆਦਮੀ ਵਿਖੇ ਦੋਸ਼ ਕੋਈ ਹੁੰਦਾ ਨਹੀਂ, ਪਰ ਨਿੰਦਕ ਪੁਰਸ਼ ਅਜਗਰ ਸੱਪ ਵਾਂਗ ਅਸਹਿ ਪਾਪਾਂ ਦੇ

ਭਾਰ ਨੂੰ ਉਠਾਉਂਦਾ ਹੈ। ਅਥਵਾ-ਅਣਹੋਦਾ=ਪ੍ਰਾਪਤ ਤਾਂ ਕੁਝ ਹੁੰਦਾ ਨਹੀਂ, ਭਾਵ ਲਾਭ ਤੋਂ ਬਿਨਾਂ ਹੀ ਅਸਹਿ ਪਾਪਾਂ ਦੇ ਭਾਰ ਨੂੰ ਉਠਾਂਦਾ ਹੈ। ਨਿੰਦਕ ਪੁਰਸ਼ ਆਪਣੇ ਆਪ ਨੂੰ ਨਿੰਦਿਆ ਰੂਪੀ ਅੱਗ ਵਿਚ ਸਾੜਦਾ ਹੈ। ਅਥਵਾ-ਨਿੰਦਕ ਪੁਰਸ਼ ਨੂੰ ਜਮਦੂਤ ਨਰਕ ਅਗਨੀ ਵਿਖੇ ਸਾੜਦਾ ਹੈ॥ ੧॥

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ॥

ਪਰਮੇਸ਼ਰ ਦੇ ਦੁਆਰੇ ਪਰ ਜੋ ਨਿੰਦਕਾਂ ਦਾ ਹਾਲ ਬਤੀਤ ਹੁੰਦਾ ਹੈ, ਗੁਰੂ ਜੀ ਕਹਿੰਦੇ ਹਨ- ਉਹ ਮੈਂ ਮੂੰਹੋਂ ਆਖ ਕੇ ਸੁਣਾਉਂਦਾ ਹਾਂ।

ਭਗਤ ਜਨਾ ਕਉ ਸਦਾ ਅਨੰਦੁ ਹੈ
ਹਰਿ ਕੀਰਤਨੁ ਗਾਇ ਬਿਗਸਾਵੈ॥ ੨॥ ੧੦॥

ਪਰਮੇਸ਼ਰ ਦੇ ਜੋ ਭਗਤ ਜਨ ਹਨ, ਉਨ੍ਹਾਂ ਨੂੰ ਹਮੇਸ਼ਾਂ ਅਨੰਦ ਰਹਿੰਦਾ ਹੈ, ਉਹ ਹਰੀ ਦਾ ਕੀਰਤਨ ਕਰਕੇ ਹੋਰਨਾਂ ਦੇ ਮਨ ਨੂੰ ਬਿਗਸਾਵੈ=ਪ੍ਰਸੰਨ ਕਰਦੇ ਹਨ॥ ੨॥ ੧੦॥

ਆਸਾ ਮਹਲਾ ੫॥

ਜਗਿਆਸੂ ਆਪਣੀ ਬਿਵਸਥਾ ਸੁਣਾਉਂਦਾ ਹੈ-

ਜਉ ਮੈ ਕੀਓ ਸਗਲ ਸੀਗਾਰਾ॥

ਹੇ ਸੰਤੋ ! ਜਦ ਮੈਂ ਜਪ ਤਪ ਰੂਪੀ ਸਾਰਾ ਸ਼ਿੰਗਾਰ ਭੀ ਕੀਤਾ।

ਤਉ ਭੀ ਮੇਰਾ ਮਨੁ ਨ ਪਤੀਆਰਾ॥

ਤਾਂ ਭੀ ਮੇਰਾ ਮਨ ਭਰੋਸੇ ਵਾਲਾ ਨਹੀਂ ਹੋਇਆ।

ਅਨਿਕ ਸੁਗੰਧਤ ਤਨ ਮਹਿ ਲਾਵਉ॥

ਭਾਵੇਂ ਮੈਂ ਅਨੇਕ ਪ੍ਰਕਾਰ ਦੀਆਂ ਸੁਗੰਧੀਆਂ ਤਨ 'ਪਰ ਲਗਾਉਣਾ ਕੀਤੀਆਂ ਹਨ। ਭਾਵ ਜਿਵੇਂ ਸੁਗੰਧੀ ਫੈਲਦੀ ਹੈ, ਤਿਵੇਂ ਜਸ ਦਾਇਕ ਕਰਮ ਭੀ ਕੀਤੇ ਹਨ।

ਓਹੁ ਸੁਖੁ ਤਿਲੁ ਸਮਾਨਿ ਨਹੀ ਪਾਵਉ॥

ਪਰੰਤੂ, ਉਸ ਆਤਮ ਸੁਖ ਨੂੰ-ਇਕ ਤਿਲ੍ਹ ਸਮਾਨ, ਭਾਵ ਥੋੜ੍ਹਾ ਜਿਹਾ ਭੀ ਨਹੀਂ ਪਾਂਵਦਾ।

ਮਨ ਮਹਿ ਚਿਤਵਉ ਐਸੀ ਆਸਾਈ॥

ਮੈਂ ਆਪਣੇ ਮਨ ਵਿਖੇ ਐਸੀ ਆਸਾ ਚਿਤਵਦੀ ਹਾਂ,

ਪ੍ਰਿਅ ਦੇਖਤ ਜੀਵਉ ਮੇਰੀ ਮਾਈ॥ ੧॥

ਕਿ ਹੇ ਮੇਰੇ ਸੰਤੋ ! ਮੈਂ ਤਾਂ ਪ੍ਰਿਅ=ਪਤੀ ਨੂੰ ਦੇਖ ਕੇ ਜੀਊਂਦੀ ਹਾਂ॥ ੧॥

ਮਾਈ ਕਹਾ ਕਰਉ ਇਹੁ ਮਨੁ ਨ ਧੀਰੈ॥
ਪ੍ਰਿਅ ਪ੍ਰੀਤਮ ਬੈਰਾਗੁ ਹਿਰੈ॥ ੧॥ ਰਹਾਉ॥

ਹੇ ਮਾਈ=ਸੰਤੋ ! ਕੀ ਕਰਾਂ ਇਹ ਮਨ ਮੇਰਾ ਧੀਰਜ ਨਹੀਂ ਕ਼ਰਦਾ। ਪਿਆਰਾ ਜੋ ਪਤੀ ਹੈ ਉਸਦਾ ਬੈਰਾਗ

ਮੇਰੇ ਮਨ ਨੂੰ ਆਪਣੀ ਤਰਫ਼ ਹਿਰੈ=ਖਿੱਚੀ ਜਾਂਦਾ ਹੈ। *ਅਥਵਾ*-ਮੇਰੇ ਮਨ ਦੇ ਸੁਖਾਂ ਨੂੰ ਹਿਰੈ=ਦੂਰ ਕਰਦਾ ਹੈ॥ ੧॥ ਰਹਾਉ॥

ਬਸਤ੍ਰ ਬਿਭੂਖਨ ਸੁਖ ਬਹੁਤੁ ਬਿਸੇਖੈ॥ ਓਇ ਭੀ ਜਾਨਉ ਕਿਤੈ ਨ ਲੇਖੈ॥

ਜੋ ਕਪੜਿਆਂ ਦੇ ਬਹੁਤੇ ਸੁਖ ਹਨ ਅਤੇ ਗਹਿਣਿਆਂ ਦੇ ਜੋ ਵਿਸ਼ੇਸ਼ ਸੁਖ ਹਨ। ਮੈਂ ਜਾਣਦੀ ਹਾਂ, ਉਹ ਭੀ ਕਿਸੇ ਲੇਖੇ ਨਹੀਂ ਹਨ।

ਪਤਿ ਸੋਭਾ ਅਰੁ ਮਾਨੁ ਮਹਤੁ॥ ਆਗਿਆਕਾਰੀ ਸਗਲ ਜਗਤੁ॥

ਇਸ ਲੋਕ ਦੀ ਪਤ, ਪ੍ਰਲੋਕ ਦੀ ਸੋਭਾ ਅਤੇ ਮਾਨ ਸਮਾਨ ਤੇ ਮਹਤੁ=ਮਰਾਤਬਾ ਵੱਡਾ ਇਹ ਭੀ ਕਿਸੇ ਲੇਖੇ ਨਹੀਂ। ਚਾਹੇ ਸਾਰਾ ਸੰਸਾਰ ਆਗਿਆਕਾਰੀ ਹੋਵੇ, ਓਹ ਭੀ ਕਿਸੇ ਲੇਖੇ ਨਹੀਂ।

ਗ੍ਰਿਹੁ ਐਸਾ ਹੈ ਸੁੰਦਰ ਲਾਲ॥ ਪ੍ਰਭ ਭਾਵਾ ਤਾ ਸਦਾ ਨਿਹਾਲ॥ ੨॥

ਘਰ ਅਜਿਹਾ ਸੁੰਦਰ ਹੈ ਜੋ ਕਿ ਲਾਲ ਰੰਗ ਦਾ ਰੋਗਨ ਹੋਇਆ ਹੋਇਆ ਹੈ। ਪਰ ਇਹ ਭੀ ਕਿਸੇ ਲੇਖੇ ਨਹੀਂ। ਜੇ ਪ੍ਰਭੂ ਨੂੰ ਭਾਵਾ=ਚੰਗੀ ਲੱਗਾਂ ਤਾਂ ਸਦਾ ਕ੍ਰਿਤ ਕ੍ਰਿਤ ਹੁੰਦੀ ਹਾਂ॥ ੨॥

ਬਿੰਜਨ ਭੋਜਨ ਅਨਿਕ ਪਰਕਾਰ॥ ਰੰਗ ਤਮਾਸੇ ਬਹੁਤੁ ਬਿਸਥਾਰ॥

ਅਨੇਕ ਪ੍ਰਕਾਰ ਦੇ ਬਿੰਜਨ=ਸਲੂਣਿਆਂ ਸਹਿਤ ਚਾਹੇ ਭੋਜਨ ਵੀ ਛਕਣਾ ਕਰਾਂ। ਬਹੁਤ ਵਿਸਥਾਰ ਪੂਰਬਕ ਚਾਹੇ ਰੰਗਾਂ ਰੰਗਾਂ ਦੇ ਤਮਾਸ਼ੇ ਦੇਖਣਾ ਕਰਾਂ।

ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ॥
ਮਨੁ ਨਹੀ ਧ੍ਰਾਪੈ ਤ੍ਰਿਸਨਾ ਨ ਜਾਇਸਿ॥

ਰਾਜ-ਭਾਗ ਪ੍ਰਾਪਤ ਕਰਕੇ ਮਿਲਖ=ਜਗੀਰਾਂ ਦਾ ਮਾਲਕ ਭੀ ਹੋ ਜਾਂਵਾ ਅਤੇ ਬਹੁਤੇ ਹੁਕਮ ਹਾਸਲ ਭੀ ਕਰਾਂ। ਪਰ ਇਨ੍ਹਾਂ ਕਰਕੇ ਮਨ ਰੱਜਦਾ ਨਹੀਂ ਅਤੇ ਨਾ ਹੀ ਤ੍ਰਿਸ਼ਨਾ ਜਾਂਦੀ ਹੈ।

ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ॥
ਮਿਲੈ ਪ੍ਰਭੂ ਤਾ ਸਭ ਸੁਖ ਪਾਵੈ॥ ੩॥

ਪ੍ਰਭੂ ਦੇ ਮਿਲੇ ਬਿਨਾਂ ਇਹ ਦੇਹ ਪ੍ਰਤੱਖ ਦਿਨ, *ਅਥਵਾ* :-ਮਨੁੱਖਾ ਦੇਹ ਰੂਪੀ ਦਿਨ ਬੀਤਦਾ ਨਹੀਂ। ਪ੍ਰਭੂ ਆਪ ਮਿਲੇ ਤਾਂ ਮਨ ਸਭ ਸੁਖਾਂ ਨੂੰ ਪਾਉਂਦਾ ਹੈ॥ ੩॥

ਖੋਜਤ ਖੋਜਤ ਸੁਨੀ ਇਹ ਸੋਇ॥ ਸਾਧਸੰਗਤਿ ਬਿਨੁ ਤਰਿਓ ਨ ਕੋਇ॥

ਖੋਜਦਿਆਂ ਖੋਜਦਿਆਂ ਮੈਂ ਇਹ ਸੋਇ=ਕੰਨਸੋ (ਖ਼ਬਰ) ਸੁਣੀ ਹੈ। ਕਿ ਸਤਸੰਗਤਿ ਕੀਤੇ ਤੋਂ ਬਿਨਾਂ ਕੋਈ ਤਰਿਆ ਨਹੀਂ ਹੈ।

ਜਿਸੁ ਮਸਤਕਿ ਭਾਗੁ ਤਿਨਿ ਸਤਿਗੁਰੁ ਪਾਇਆ॥
ਪੂਰੀ ਆਸਾ ਮਨੁ ਤ੍ਰਿਪਤਾਇਆ॥

ਜਿਸ ਦੇ ਮੱਥੇ ਦੇ ਚੰਗੇ ਭਾਗ ਹਨ-ਉਸ ਨੇ ਪੂਰਨ ਸਤਿਗੁਰਾਂ ਨੂੰ ਪਾਇਆ ਹੈ। ਉਸ ਦੀ ਆਸਾ ਪੂਰਨ

ਹੋਈ ਹੈ ਤੇ ਮਨ ਵਿਸ਼ੇ-ਵਾਸ਼ਨਾ ਵਲੋਂ ਤ੍ਰਿਪਤ ਹੋਇਆ ਹੈ।

ਪ੍ਰਭ ਮਿਲਿਆ ਤਾ ਚੂਕੀ ਡੰਝਾ ॥ ਨਾਨਕ ਲਧਾ ਮਨ ਤਨ ਮੰਝਾ ॥ ੪ ॥ ੧੧ ॥

ਜਿਸ ਵੇਲੇ ਪ੍ਰਭੂ ਪਰਮਾਤਮਾ ਮਿਲਿਆ ਤਾਂ ਦੁਨੀਆਂ ਦੀ ਡੰਝਾ=ਸੜਨਤਾ ਦੂਰ ਹੋ ਗਈ।

ਪ੍ਰਸ਼ਨ:-ਉਹ ਪਰਮਾਤਮਾ ਕਿਥੋਂ ਮਿਲਿਆ ਹੈ ? ਗੁਰੂ ਜੀ ਆਖਦੇ ਹਨ-ਉਹ ਪਰਮਾਤਮਾ ਮਨ ਤਨ ਦੇ ਮੰਝਾ=ਵਿਚੋਂ ਹੀ ਲਧਾ=ਲਭਿਆ ਹੈ॥ ੪ ॥ ੧੧ ॥

[ਪੰਨਾ ੩੭੪]

ਆਸਾ ਮਹਲਾ ੫ ਪੰਚਪਦੇ ॥

ਜੀਵ-ਇਸਤ੍ਰੀ ਨੂੰ ਉਲਾਂਭੇ ਸਮੇਤ ਭਾਉ ਭਗਤੀ ਦਾ ਉਪਦੇਸ਼ ਦੇਂਦੇ ਹਨ।

ਪੰਚ ਪਦੇ ਦੇ ਹੇਠ ਜੋ ਤਿੰਨ ਅੰਕ ਲਿਖਿਆ ਹੈ, ਇਸ ਦਾ ਭਾਵ ਇਹ ਹੈ ਕਿ ਪੰਚ ਪਦੇ ਦੇ ਤਿੰਨ ਸ਼ਬਦ ਆਉਣਗੇ।

ਪ੍ਰਥਮੇ ਤੇਰੀ ਨੀਕੀ ਜਾਤਿ ॥ ਦੁਤੀਆ ਤੇਰੀ ਮਨੀਐ ਪਾਂਤਿ ॥

ਹੇ ਜੀਵ ! ਸਭ ਤੋਂ ਪਹਿਲੇ ਪਰਮੇਸ਼ਰ ਨੇ ਤੇਰੀ ਚੰਗੀ ਜਾਤੀ ਬਣਾਈ ਹੈ, ਭਾਵ ਉੱਤਮ ਜਾਤੀ ਵਿਖੇ ਤੈਨੂੰ ਜਨਮ ਦਿੱਤਾ ਹੈ। ਦੂਜਾ ਤੇਰੀ ਪਾਂਤਿ=ਪੰਗਤੀ, *ਅਥਵਾ:* -ਇੱਜ਼ਤ ਭੀ ਹਰ ਜਗ੍ਹਾ ਮੰਨੀ ਜਾਂਦੀ ਹੈ।

ਤ੍ਰਿਤੀਆ ਤੇਰਾ ਸੁੰਦਰ ਥਾਨੁ ॥ ਬਿਗੜ ਰੂਪੁ ਮਨ ਮਹਿ ਅਭਿਮਾਨੁ ॥ ੧ ॥

ਤੀਜਾ ਤੇਰੇ ਰਹਿਣ ਵਾਲਾ ਅਸਥਾਨ ਭੀ ਬੜਾ ਸੁੰਦਰ ਹੈ। ਪਰ ਮਨ ਵਿਚ ਇਨ੍ਹਾਂ ਪਦਾਰਥਾਂ ਦਾ ਹੰਕਾਰ ਕਰਨ ਨਾਲ ਤੂੰ ਸਰੂਪ ਵਲੋਂ ਵਿਗੜ ਰਿਹਾ ਹੈਂ।

ਅਥਵਾ:-ਬਿਗੜ ਰੂਪੁ=ਕੋਹੜੀ ਰੂਪ ਹੋ ਰਿਹਾ ਹੈਂ॥ ੧ ॥

ਸੋਹਨੀ ਸਰੂਪਿ ਸੁਜਾਣਿ ਬਿਚਖਨਿ ॥
ਅਤਿ ਗਰਬੈ ਮੋਹਿ ਫਾਕੀ ਤੂੰ ॥ ੧ ॥ ਰਹਾਉ ॥

ਤੂੰ ਸੋਹਣੇ ਸਰੂਪ ਵਾਲੀ ਹੈਂ, ਸੁਜਾਣਿ=ਚਤੁਰ ਹੈਂ, ਬਿ=ਵਿਸ਼ੇਸ਼ ਕਰਕੇ ਸੁਰਤੀ ਸਿੰਮ੍ਰਤੀ ਰੂਪ ਚਖਨਿ=ਚਕਸ਼ੁ (ਚਕ੍ਸ਼ੂ) ਅੱਖਾਂ ਵਾਲੀ ਹੈਂ ਅਰਥਾਤ ਪੜ੍ਹੀ ਸੁਣੀ ਹੋਈ ਹੈਂ।

ਅਥਵਾ:-ਬਿ=ਦ੍ਵੈਤ ਦੇ ਚ=ਪੁਨਾ ਖਨਿ=ਖਨਣੇ ਵਾਲੀ ਹੈਂ। ਪਰ ਇਕ ਖੋਟ ਤੇਰੇ ਵਿਚ ਹੈ-ਜੋ ਹੰਕਾਰ ਅਤੇ ਮੋਹ ਨੇ ਤੈਨੂੰ ਅਤਿਅੰਤ ਫਾਕੀ=ਫਸਾ ਲਿਆ ਹੈ॥ ੧ ॥ ਰਹਾਉ ॥

ਅਤਿ ਸੂਚੀ ਤੇਰੀ ਪਾਕਸਾਲ ॥ ਕਰਿ ਇਸਨਾਨੁ ਪੂਜਾ ਤਿਲਕੁ ਲਾਲ ॥

ਤੇਰੀ ਪਾਕਸਾਲ=ਰਸੋਈ ਭੀ ਅਤਿਅੰਤ ਸੂਚੀ=ਪਵਿੱਤਰ ਹੈ। ਸਵੇਰੇ ਇਸ਼ਨਾਨ ਪਾਣੀ ਕਰਕੇ ਠਾਕੁਰ ਪੂਜਨ ਭੀ ਕਰਦਾ ਹੈਂ ਅਤੇ ਮੱਥੇ ਤੇ ਲਾਲ ਰੰਗ ਦਾ ਭਾਵ ਕੇਸਰ ਦਾ ਤਿਲਕ ਭੀ ਲਗਾਉਂਦਾ ਹੈਂ।

ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥
ਸਭ ਬਿਧਿ ਖੋਈ ਲੋਭਿ ਸੁਆਨ ॥ ੨ ॥

ਗੱਲਾਂ ਨਾਲ ਤੂੰ ਹੰਕਾਰ ਕਰਦਾ ਹੈਂ ਅਤੇ ਮੂੰਹੋਂ ਗਿਆਨ ਸੰਬੰਧੀ ਬਚਨ ਗੋਵਹਿ=ਉਚਾਰਦਾ ਹੈਂ। ਪਰ ਲੋਭ ਰੂਪੀ ਕੁੱਤੇ ਨੇ ਇਹ ਤੇਰੀਆਂ ਸਾਰੀਆਂ ਵਿਧੀਆਂ ਖੋਈ=ਨਾਸ ਕਰ ਦਿੱਤੀਆਂ ਹਨ। ਭਾਵ ਲੋਭ ਕਰਨ ਨਾਲ ਇਸ਼ਨਾਨ ਪੂਜਾ ਵਗੈਰਾ ਸਾਧਨ ਸਭ ਬੇਅਰਥ ਚਲੇ ਗਏ ਹਨ॥ ੨॥

ਕਾਪਰ ਪਹਿਰਹਿ ਭੋਗਹਿ ਭੋਗ॥ ਆਚਾਰ ਕਰਹਿ ਸੋਭਾ ਮਹਿ ਲੋਗ॥

(ਜਿਸ ਦੀ ਕਿਰਪਾ ਕਰਕੇ ਤੂੰ) ਚੰਗੇ ਚੰਗੇ ਕੱਪੜੇ ਪਹਿਰਦਾ ਹੈਂ ਅਤੇ ਭੋਗ=ਪਦਾਰਥਾਂ ਨੂੰ ਭੋਗਹਿ=ਛਕਦਾ ਹੈਂ। ਪੁਨਾ ਲੋਕਾਂ ਵਿਚ ਸੋਭਾ ਕਰਾਉਣ ਵਾਸਤੇ ਤੂੰ ਸਰੇਸ਼ਟ ਕਰਤੱਬਾਂ ਨੂੰ ਭੀ ਕਰਦਾ ਹੈਂ।

ਚੋਆ ਚੰਦਨ ਸੁਗੰਧ ਬਿਸਥਾਰ॥ ਸੰਗੀ ਖੋਟਾ ਕ੍ਰੋਧੁ ਚੰਡਾਲ॥ ੩॥

ਚੰਦਨ ਆਦਿਕਾਂ ਨੂੰ ਚੁਆ ਕੇ ਖੂਬ ਸੁਗੰਧੀਆਂ ਦਾ ਵਿਸਥਾਰ ਕਰਦਾ ਹੈਂ। ਪਰ ਕਰੋਧ ਜੋ ਚੰਡਾਲ ਹੈ ਖੋਟਾ, ਉਸ ਦਾ ਤੂੰ ਸੰਗੀ ਹੋ ਰਿਹਾ ਹੈਂ। ਕਰੋਧ ਨਾਲ ਸਾਰੇ ਕਰਮ ਨਿਸਫਲ ਹੋ ਜਾਂਦੇ ਹਨ।

ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

ਹੋਰ ਸਾਰੀਆਂ ਜੂਨਾਂ ਤੇਰੀਆਂ ਪਨਿਹਾਰੀ=ਦਾਸੀਆਂ ਹਨ। ਇਹ ਮਨੁੱਖਾ ਦੇਹ ਰੂਪ ਧਰਤੀ ਵਿਖੇ ਤੇਰੀ ਸਿਕਦਾਰੀ=ਨੰਬਰਦਾਰੀ ਭਾਵ ਹਕੂਮਤ ਹੈ। ਭਾਈ ਗੁਰਦਾਸ ਜੀ ਨੇ ਕਿਹਾ ਹੈ-

ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ। *(ਵਾਰ ੧੫, ਪਉ: ੩)*

ਸੁਇਨਾ ਰੂਪਾ ਤੁਝ ਪਹਿ ਦਾਮ॥ ਸੀਲੁ ਬਿਗਾਰਿਓ ਤੇਰਾ ਕਾਮ॥ ੪॥

ਤੇਰੇ ਪਾਸ ਸੋਨੇ ਦੇ ਗਹਿਣੇ ਰੂਪਾ=ਚਾਂਦੀ ਦੇ ਭਾਂਡੇ ਅਤੇ ਦਾਮ=ਦਮੜੇ (ਰੁਪਏ) ਬਹੁਤ ਸਾਰੇ ਹਨ। ਉਹਨਾਂ ਦੇ ਹੰਕਾਰ ਅਤੇ ਕਾਮ ਨੇ ਤੇਰੇ ਸੀਲ ਸੁਭਾ ਨੂੰ ਵਿਗਾੜ ਦਿੱਤਾ ਹੋਇਆ ਹੈ॥ ੪॥

ਜਾ ਕਉ ਦ੍ਰਿਸਟਿ ਮਇਆ ਹਰਿ ਰਾਇ॥ ਸਾ ਬੰਦੀ ਤੇ ਲਈ ਛਡਾਇ॥

ਜਿਸ ਉਤੇ ਹਰੀ ਰਾਜੇ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ। ਉਸ ਨੂੰ ਬੰਦੀ=ਕੈਦ ਤੋਂ,

ਅਥਵਾ:-ਬੰਦੀ=ਮਾਇਆ ਤੋਂ ਛੁਡਾ ਲੀਤਾ ਹੈ।

ਸਾਧਸੰਗਿ ਮਿਲਿ ਹਰਿ ਰਸੁ ਪਾਇਆ॥
ਕਹੁ ਨਾਨਕ ਸਫਲ ਓਹ ਕਾਇਆ॥ ੫॥

ਗੁਰੂ ਜੀ ਆਖਦੇ ਹਨ-ਸਤਿਸੰਗ ਵਿਖੇ ਮਿਲ ਕੇ ਜਿਸ ਨੇ ਹਰੀ ਨਾਮ-ਰਸ ਨੂੰ ਪਾਇਆ ਹੈ। ਉਹ ਕਾਇਆ=ਮਨੁੱਖਾ ਦੇਹੀ ਸਫਲੀ ਹੋਈ ਹੈ॥ ੫॥

ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ॥
ਅਤਿ ਸੁੰਦਰਿ ਬਿਚਖਨਿ ਤੂੰ॥ ੧॥ ਰਹਾਉ ਦੂਜਾ॥ ੧੨॥

ਹੇ ਪੁਰਖਾ ! ਤੂੰ ਇੰਝ ਨਿਸਚੇ ਕਰ, ਸਾਰੇ ਸ਼ੁਭ ਗੁਣ ਤੇ ਸੁੰਦਰ ਰੂਪ ਅਤੇ ਸਾਰੇ ਸੁਖ ਉਸ ਸੁਹਾਗਣ ਔਰਤ ਨੂੰ ਬਣੇ ਹਨ। ਅਤਿਅੰਤ ਸੁੰਦਰ ਅਤੇ ਬਿਚਖਨਿ=ਚਤੁਰ ਭੀ ਓਹੀ ਹੈ, ਜਿਸ ਨੇ ਸਤਿਸੰਗ ਨਾਲ ਮਿਲ ਕੇ ਹਰੀ-ਰਸ ਨੂੰ ਪਾਇਆ ਹੈ॥ ੧॥ ਰਹਾਉ ਦੂਜਾ॥ ੧੨॥

ਆਸਾ ਮਹਲਾ ੫ ਇਕਤੁਕੇ ੨ ॥

ਇਕ ਇਕ ਤੁਕ ਦੇ ਦੋ ਸ਼ਬਦ ਆਉਣਗੇ। ਅਰਥਾਤ ਇਨ੍ਹਾਂ ਦੋ ਸ਼ਬਦਾਂ ਵਿਚ ਜੋ ਅੰਕ ਹਨ, ਉਹ ਇਕ ਇਕ ਤੁਕ ਪਰ ਆਉਣਗੇ-

ਜੀਵਤ ਦੀਸੈ ਤਿਸੁ ਸਰਪਰ ਮਰਣਾ॥ ਮੁਆ ਹੋਵੈ ਤਿਸੁ ਨਿਹਚਲੁ ਰਹਣਾ॥ ੧॥

ਇਹ ਇਕ ਤੁਕ ਸਮਝਣੀ।

ਜੀਵਤ ਦੀਸੈ ਤਿਸੁ ਸਰਪਰ ਮਰਣਾ ॥
ਮੁਆ ਹੋਵੈ ਤਿਸੁ ਨਿਹਚਲੁ ਰਹਣਾ ॥ ੧ ॥

ਜੋ ਪੁਰਸ਼ ਜੀਵਤ ਭਾ ਦੇ ਸਹਿਤ ਦਿੱਸਦਾ ਹੈ, ਉਸ ਨੇ ਜ਼ਰੂਰ ਮਰਨਾ ਹੈ। ਜੋ ਜੀਵਤ ਭਾਵ ਤੋਂ ਮਰਿਆ ਹੋਇਆ ਹੈ, ਉਸ ਨੇ ਨਿਸਚਲੁ=ਅਚੱਲ ਰਹਿਣਾ ਹੈ।

ਜੀਵਤ ਮੁਏ ਮੁਏ ਸੇ ਜੀਵੇ ॥

ਜੋ ਸੰਸਾਰ ਦੀ ਤਰਫ਼ ਜਿਉਂਦੇ ਹਨ ਉਹ ਮੋਏ ਸਮਝੋ। ਜੋ ਸੰਸਾਰ ਵਲੋਂ ਮਰ ਗਏ ਹਨ ਉਹ ਜੀਉਂਦੇ ਸਮਝੋ। *ਅਥਵਾ*-ਜਿਧਰ ਜੀਉਂਦੇ ਸੀ, ਉਧਰੋਂ ਮਰ ਗਏ ਅਤੇ ਜਿਧਰੋਂ ਮਰੇ ਹੋਏ ਸੀ ਉਸ ਵੱਲ ਜੀਉਂਦੇ ਹੋ ਗਏ। *ਅਤੇ—*

ਹਰਿ ਹਰਿ ਨਾਮੁ ਅਵਖਧੁ ਮੁਖਿ ਪਾਇਆ
ਗੁਰ ਸਬਦੀ ਰਸੁ ਅੰਮ੍ਰਿਤੁ ਪੀਵੇ ॥ ੧ ॥ ਰਹਾਉ ॥

ਜਿਸ ਨੇ ਹਰਿ ਹਰਿ ਨਾਮ ਰੂਪ ਅਵਖਧੁ=ਦਵਾਈ ਨੂੰ ਮੂੰਹ ਵਿਚ ਪਾਇਆ ਹੈ। ਉਹ ਗੁਰ ਸ਼ਬਦ ਦੁਆਰਾ ਅੰਮ੍ਰਿਤ-ਰਸ ਨੂੰ ਪੀਂਦਾ ਹੈ॥ ੧॥ ਰਹਾਉ॥

ਕਾਚੀ ਮਟੁਕੀ ਬਿਨਸਿ ਬਿਨਾਸਾ ॥
ਜਿਸੁ ਛੂਟੈ ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ ॥ ੨ ॥

ਕੱਚੀ ਦੇਹ ਰੂਪੀ ਮਟੁਕੀ=ਘੜੀ, ਬਿਨਸਿ=ਸ਼ੀਘਰ ਨਾਸ ਹੋ ਜਾਣੀ ਵਾਲੀ ਹੈ। ਇਸ ਲਈ ਤੂੰ ਇਸ ਦੀ ਬਿਨਾਸਾ=ਆਸਾ ਤੋਂ ਬਿਨਾਂ ਹੋ ਜਾਹ। ਜਿਸ ਪੁਰਸ਼ ਦੀ ਰਜੋ ਤਮੋ ਸਤੋ ਰੂਪ, *ਅਥਵਾ*-ਧਿਆਤਾ ਧਜਾਨ ਧੇਅ ਰੂਪੀ ਤ੍ਰਿਕੁਟੀ ਛੁਟ ਗਈ ਹੈ, ਉਸ ਦਾ ਸਰੂਪ-ਘਰ ਵਿਚ ਨਿਵਾਸ ਹੋਇਆ ਹੈ॥ ੨॥

ਊਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨ ਕਾਲਾ ॥ ੩ ॥

ਜੋ ਪੁਰਸ਼ ਉਚਾ ਚੜ੍ਹਦਾ ਹੈ ਭਾਵ ਹੰਕਾਰ ਭਰੇ ਬਚਨ ਬੋਲਦਾ ਹੈ; ਉਹ ਪਇਆਲਾ=ਪਤਾਲ ਭਾਵ ਨਰਕਾਂ ਵਿਚ ਪੈਂਦਾ ਹੈ। ਜੋ ਪੁਰਸ਼ ਧਰਤੀ 'ਪਰ ਡਿੱਗ ਪੈਂਦਾ ਹੈ, ਭਾਵ ਨਿੰਮ੍ਰਤਾ ਧਾਰਦਾ ਹੈ, ਤਿਸ ਦੇ ਪਿੱਛੇ ਕਾਲ ਨਹੀਂ ਲਗਦਾ॥ ੩॥

ਭ੍ਰਮਤ ਫਿਰੇ ਤਿਨ ਕਿਛੂ ਨ ਪਾਇਆ ॥

ਜੋ ਪੁਰਸ਼ ਇਕ ਨੂੰ ਛੱਡ ਕੇ ਐਵੇਂ ਦੇਵੀ ਦੇਵਤਿਆਂ ਦੇ ਦਰ ਉਤੇ ਭਟਕਦੇ ਫਿਰਦੇ ਹਨ, ਉਨ੍ਹਾਂ ਨਾ ਕੁਝ

ਸੁਖ ਨਹੀਂ ਪਾਇਆ।

ਸੇ ਅਸਥਿਰ ਜਿਨ ਗੁਰ ਸਬਦੁ ਕਮਾਇਆ ॥ ੪ ॥

ਜਿਨ੍ਹਾਂ ਨੇ ਗੁਰ ਸ਼ਬਦ ਨੂੰ ਕਮਾਇਆ=ਧਾਰਿਆ ਹੈ, ਉਹ ਇਸਥਿਤ ਹੋਏ ਹਨ॥ ੪॥

ਜੀਉ ਪਿੰਡੁ ਸਭੁ ਹਰਿ ਕਾ ਮਾਲੁ ॥
ਨਾਨਕ ਗੁਰ ਮਿਲਿ ਭਏ ਨਿਹਾਲ ॥ ੫ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਨਾਲ ਮਿਲ ਕੇ ਜਿਸ ਨੇ ਇਹ ਨਿਸਚੇ ਕੀਤਾ ਹੈ ਕਿ ਜੀਵ ਨੂੰ ਪਿੰਡੁ=ਸਰੀਰ ਆਦਿਕ ਸਾਰਾ ਮਾਲ ਹਰੀ ਦਾ ਦਿੱਤਾ ਹੋਇਆ ਹੈ, ਉਹ ਨਿਹਾਲ ਹੋ ਗਏ ਹਨ॥ ੫॥ ੧੩॥

ਆਸਾ ਮਹਲਾ ੫ ॥

ਪੁਤਰੀ ਤੇਰੀ ਬਿਧਿ ਕਰਿ ਥਾਟੀ ॥ ਜਾਨੁ ਸਤਿ ਕਰਿ ਹੋਇਗੀ ਮਾਟੀ ॥ ੧ ॥

ਹੇ ਪੁਰਖ਼ਾ ! ਤੇਰੀ ਦੇਹ ਪੁਤਲੀ ਦੀ ਬਿਧਿ=ਨਿਆਈਂ ਥਾਟੀ=ਬਣਾਈ ਹੋਈ ਹੈ।

ਅਥਵਾ:-ਬਿਧਿ=ਬਿਧਾਤਾ ਨੇ ਹੀ ਤੇਰੀ ਦੇਹ ਰੂਪ ਪੁਤਲੀ ਬਣਾਈ ਹੈ। ਇਸ ਦੇਹ ਨੂੰ ਪਾ ਕੇ ਤੂੰ ਪੁ+ਤਰੀ=ਨਰਕਾਂ ਤੋਂ ਤਰਨਾ ਕਰ। ਨਹੀਂ ਤਾਂ ਤੂੰ ਨਰਕਾਂ ਦੇ ਤਰ=ਤਲੇ ਜਾਂਇਗਾ। ਫਿਰ ਤੂੰ ਸੱਚ ਕਰਕੇ ਜਾਣ-ਇਸ ਦੇਹ ਨੇ ਇਕ ਦਿਨ ਮਿੱਟੀ ਰੂਪ ਹੋ ਜਾਣਾ ਹੈ॥ ੧॥

ਮੂਲੁ ਸਮਾਲਹੁ ਅਚੇਤ ਗਵਾਰਾ ॥
ਇਤਨੇ ਕਉ ਤੁਮ੍ ਕਿਆ ਗਰਬੇ ॥ ੧ ॥ ਰਹਾਉ ॥

ਹੇ ਅਚੇਤ=ਬੇ ਸਮਝ ਮੂਰਖਾ ! ਤੂੰ ਆਪਣੇ ਮੂਲ ਨੂੰ ਸੰਭਾਲ, ਤੇਰਾ ਮੂਲ ਕਾਰਨ ਕੀ ਹੈ, ਜਿਸ ਤੋਂ ਇਹ ਦੇਹ ਪੈਦਾ ਹੋਈ ਹੈ ?

(ਉ) *ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥* *(ਪੰਨਾ ੬੩)*

(ਅ) *ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥* *(ਪੰਨਾ ੩੩੬)*

ਅਥਵਾ:-ਆਪਣੇ ਮੂਲੁ=ਆਸਰਾ ਰੂਪ ਪਰਮੇਸ਼ਰ ਨੂੰ ਯਾਦ ਕਰ। ਇਤਨੀ ਵਿਭੂਤੀ ਨੂੰ ਪਾ ਕੇ ਭਾਵ ਥੋੜ੍ਹੀ ਜੇਹੀ ਮਾਇਆ ਇਕੱਠੀ ਕਰਕੇ ਤੂੰ ਕੀ ਹੰਕਾਰ ਕਰਦਾ ਹੈਂ ?॥ ੧॥ ਰਹਾਉ॥

ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥
ਅਵਰ ਵਸਤੁ ਤੁਝ ਪਾਹਿ ਅਮਾਨ ॥ ੨ ॥

ਤੂੰ ਤਾਂ ਸਾਰੇ ਦਿਨ ਲਈ ਤਿੰਨ ਸੇਰ ਕੱਚੇ ਅਨਾਜ ਲੈਣ ਦਾ ਮਿਹਮਾਨੁ=ਪ੍ਰਾਹੁਣਾ ਹੈਂ। ਤਿੰਨ ਸੇਰ ਤੋਂ ਇਲਾਵਾ ਹੋਰ ਚੀਜ਼ਾਂ ਤੇਰੇ ਕੋਲ ਅਮਾਨਤ ਪਈਆਂ ਹਨ॥ ੨॥

ਬਿਸਟਾ ਅਸਤ ਰਕਤੁ ਪਰੇਟੇ ਚਾਮ ॥
ਇਸੁ ਊਪਰਿ ਲੇ ਰਾਖਿਓ ਗੁਮਾਨ ॥ ੩ ॥

ਜਿਸ ਸਰੀਰ ਦਾ ਤੂੰ ਮਾਣ ਕਰਦਾ ਹੈਂ, ਇਸ ਦੇ ਅੰਦਰ ਹੈ ਕੀ ? ਉੱਤਰ ਬਿਸਟਾ=ਗੰਦਗੀ ਹੈ, ਅਸਤ=ਹੱਡ ਹਨ, ਰਕਤੁ=ਲਹੂ ਹੈ, ਉਪਰੋਂ ਚਮੜਾ ਲਪੇਟਿਆ ਹੋਇਆ ਹੈ। ਇਸ ਨਿਕੰਮੇ ਗੰਦੇ ਸਰੀਰ ਉਪਰ ਤੂੰ ਹੰਕਾਰ ਨੂੰ ਲੈ ਰੱਖਿਆ ਹੈ॥ ੩॥

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥
ਬਿਨੁ ਬੂਝੇ ਤੂੰ ਸਦਾ ਨਾਪਾਕ॥ ੪॥

ਇਕ ਨਾਮ ਅਤੇ ਆਤਮ-ਵਸਤੁ ਨੂੰ ਬੁਝਣਾ ਕਰੇਂ ਤਾਂ ਤੂੰ ਪਾਕ=ਪਵਿੱਤਰ ਹੋਵੇਂਗਾ। ਨਾਮ ਦੇ ਬੁੱਝੇ ਤੋਂ ਬਿਨਾਂ ਤੂੰ ਸਦਾ ਹੀ ਨਾਪਾਕ=ਅਪਵਿੱਤਰ ਹੈਂ॥ ੪॥

ਕਹੁ ਨਾਨਕ ਗੁਰ ਕਉ ਕੁਰਬਾਨੁ॥
ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ॥ ੫॥ ੧੪॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਉਸ ਗੁਰੂ ਤੋਂ ਕੁਰਬਾਨੁ=ਸਦਕੇ ਜਾਣਾ ਕਰ। ਜਿਸ ਗੁਰੂ ਦੀ ਕਿਰਪਾ ਨਾਲ ਹਰੀ ਚਤੁਰ ਪੁਰਖ ਨੂੰ ਪਾਈਦਾ ਹੈ॥ ੫॥ ੧੪॥

ਆਸਾ ਮਹਲਾ ੫ ਇਕਤੁਕੇ ਚਉਪਦੇ॥

ਅੰਕ ਇਕ ਇਕ ਤੁਕ ਪਰ ਆਏਗਾ ਤੇ ਉੱਝ ਚਾਰ ਪਦਿਆਂ ਦੇ ਸ਼ਬਦ ਆਉਣਗੇ। ਗਿਆਨੀ ਜਨ ਇਸ ਸ਼ਬਦ ਦੀਆਂ ਦੋ ਉਥਾਨਕਾਵਾਂ ਲਗਾਉਂਦੇ ਹਨ। ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਭਾਇਆ ਸੰਹਾਰੀ ਮਲ ਜੀ ਦੇ ਨਾਲ ਵਿਆਹ ਦਾ ਕੰਮ ਭੁਗਤਾਣ ਵਾਸਤੇ ਲਾਹੌਰ ਗਏ। ਓਥੇ ਗਿਆਂ ਜਦ ਬਹੁਤ ਸਮਾਂ ਗੁਜ਼ਰ ਗਿਆ, ਪਿਤਾ ਜੀ ਨੇ ਸੱਦਿਆ ਨਾ। ਉਸ ਵੇਲੇ ਲਾਹੌਰ ਦਿਵਾਨ ਖਾਨੇ ਬੈਠ ਕੇ ਇਹ ਸ਼ਬਦ ਉਚਾਰਿਆ।

ਦੂਜੀ ਉਥਾਨਕਾ-ਇਹ ਹੈ ਕਿ-ਪ੍ਰੇਮੀਆਂ ਦੀ ਦਸ਼ਾ ਨੂੰ ਵੇਖ ਕੇ ਗੁਰੂ ਜੀ ਨੇ ਇਸ ਸ਼ਬਦ ਨੂੰ ਉਚਾਰਿਆ ਹੈ। ਪ੍ਰੇਮੀ ਇਸ ਤਰ੍ਹਾਂ ਆਖਦੇ ਹਨ-

ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥

ਹੇ ਪ੍ਰਭੂ ! ਆਪ ਜੀ ਦੇ ਵਿਜੋਗ ਵਿਚ ਜੇਹੜੀ ਦਿਨ ਦੀ ਇਕ ਘੜੀ ਬੀਤਦੀ ਹੈ, ਇਹ ਮੈਨੂੰ ਬਹੁਤ ਦਿਨ ਬੀਤੇ ਮਲੂਮ ਹੁੰਦੇ ਹਨ।

ਮਨੁ ਨ ਰਹੈ ਕੈਸੇ ਮਿਲਉ ਪਿਆਰੇ॥ ੧॥

ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਮੇਰਾ ਮਨ ਥਿਰ ਨਹੀਂ ਰਹਿੰਦਾ, ਹੇ ਪਿਆਰੇ ! ਪ੍ਰਭੂ ਆਪ ਜੀ ਨਾਲ ਕਿਵੇਂ ਮਿਲਾਂ ?॥ ੧॥

ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥

ਵਿਛੋੜੇ ਦੇ ਦਿਨ ਦਾ ਇਕ ਪਲ ਸਮਾਂ ਭੀ ਮੇਰਾ ਸੁਖ ਨਾਲ ਕਦੇ ਬਤੀਤ ਨਹੀਂ ਹੁੰਦਾ।

[ਪੰਨਾ ੩੭੫]

ਦਰਸਨ ਕੀ ਮਨਿ ਆਸ ਘਨੇਰੀ
ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ॥ ੧ ॥ ਰਹਾਉ॥

ਮਨ ਦੇ ਵਿਚ ਦਰਸ਼ਨ ਕਰਨ ਦੀ ਬੜੀ ਆਸਾ ਲੱਗ ਰਹੀ ਹੈ, ਕੋਈ ਅਜੇਹਾ ਸੰਤ ਹੈ ? ਜੋ ਮੈਨੂੰ ਪਤੀ ਦੇ ਨਾਲ ਮਿਲਾ ਦੇਵੇ॥ ੧ ॥ ਰਹਾਉ॥

ਚਾਰਿ ਪਹਰ ਚਹੁ ਜੁਗਹ ਸਮਾਨੇ॥
ਰੈਣਿ ਭਈ ਤਬ ਅੰਤੁ ਨ ਜਾਨੇ॥ ੨ ॥

ਦਿਨ ਦੇ ਚਾਰ ਪਹਿਰ ਚਹੁੰ ਜੁਗਾਂ ਦੇ ਸਮਾਨ ਬਤੀਤ ਹੁੰਦੇ ਹਨ। ਜਿਸ ਵੇਲੇ ਰਾਤ ਹੁੰਦੀ ਹੈ, ਤਦ ਜੁਗਾਂ ਦਾ ਅੰਤ ਹੀ ਨਹੀਂ ਜਾਣਿਆਂ ਜਾਂਦਾ, ਕਿ ਕਿਤਨੇ-ਕੁ ਜੁਗ ਬੀਤੇ ਹਨ॥ ੨ ॥

ਪੰਚ ਦੂਤ ਮਿਲਿ ਪਿਰਹੁ ਵਿਛੋੜੀ॥
ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ॥ ੩ ॥

ਪੰਜ ਕਾਮ ਆਦਿਕ ਦੂਤਾਂ ਨੇ ਮਿਲ ਕੇ ਮੈਨੂੰ ਪਿਰਹੁ=ਪਤੀ ਤੋਂ ਵਿਛੋੜ ਦਿੱਤਾ ਹੈ।

ਅਥਵਾ-ਪੰਜ ਦੂਤਾਂ ਨੇ ਪਿਰੀ ਦੇ ਮਿਲਾਪ ਤੋਂ ਵਿਛੋੜ ਦਿੱਤਾ ਹੈ। ਹੁਣ ਭਰਮ ਦੀ ਭਰਮਾਈ ਹੋਈ ਹੱਥਾਂ ਨੂੰ ਪਛੋੜੀ=ਮਲਦੀ ਹੋਈ ਰੋਂਦੀ ਹਾਂ॥ ੩ ॥

ਜਨ ਨਾਨਕ ਕਉ ਹਰਿ ਦਰਸੁ ਦਿਖਾਇਆ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਜਨ ਨੂੰ ਹਰੀ ਨੇ ਆਪਣਾ ਦਰਸ਼ਨ ਦਿਖਾਇਆ ਹੈ।

ਆਤਮੁ ਚੀਨਿ੍ ਪਰਮ ਸੁਖੁ ਪਾਇਆ॥ ੪ ॥ ੧੫ ॥

ਉਸ ਨੇ ਆਤਮੁ=ਆਪਣੇ ਆਪ ਨੂੰ ਬ੍ਰਹਮ ਰੂਪ ਚੀਨਿ=ਪਛਾਣ ਕੇ, ਪਰਮ ਸੁਖੁ=ਵੱਡਾ ਆਤਮ ਸੁਖ ਪਾਇਆ ਹੈ॥ ੪ ॥ ੧੫ ॥

ਆਸਾ ਮਹਲਾ ੫ ॥ ਹਰਿ ਸੇਵਾ ਮਹਿ ਪਰਮ ਨਿਧਾਨੁ॥
ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ॥ ੧ ॥

ਹਰੀ ਦੀ ਸੇਵਾ ਵਿਚ ਹੀ ਪਰਮ ਸੁਖ ਦਾ ਖਜ਼ਾਨਾ ਹੈ। ਹਰੀ ਦੀ ਸੇਵਾ ਕਰਨ ਨਾਲ ਸਭ ਤੋਂ ਮੁਖੀ ਜੋ ਨਾਮ-ਅੰਮ੍ਰਿਤ ਹੈ, ਉਸ ਦੀ ਪ੍ਰਾਪਤੀ ਹੁੰਦੀ ਹੈ। *ਅਥਵਾ* -ਮੂੰਹੋਂ ਨਾਮ ਅੰਮ੍ਰਿਤ ਦਾ ਜਪਣਾ ਹੀ ਹਰੀ ਦੀ ਸੇਵਾ ਹੈ।

ਹਰਿ ਮੇਰਾ ਸਾਥੀ ਸੰਗਿ ਸਖਾਈ॥

ਹਰੀ ਹੀ ਮੇਰੇ ਸੰਗ ਦਾ ਸਾਥੀ ਹੋ ਕੇ ਸਖਾਈ=ਸਹਾਇਤਾ ਕਰਦਾ ਹੈ।

ਦੁਖਿ ਸੁਖਿ ਸਿਮਰੀ ਤਹ ਮਉਜੂਦ
ਜਮੁ ਬਪੁਰਾ ਮੋ ਕਉ ਕਹਾ ਡਰਾਈ॥ ੧ ॥ ਰਹਾਉ॥

ਦੁੱਖ ਵਿਖੇ ਚਾਹੇ ਸੁਖ ਵਿਖੇ ਜਿਥੇ ਵੀ ਸਿਮਰੀਏ ਉਥੇ ਹੀ ਪ੍ਰਗਟ ਹੁੰਦਾ ਹੈ, ਇਉਂ ਨਿਸਚੇ ਹੋਣ ਕਰਕੇ ਵਿਚਾਰਾ ਜਮ ਮੈਨੂੰ ਕਿਵੇਂ ਡਰਾ ਸਕਦਾ ਹੈ॥ ੧॥ ਰਹਾਉ॥

ਹਰਿ ਮੇਰੀ ਓਟ ਮੈ ਹਰਿ ਕਾ ਤਾਣੁ॥
ਹਰਿ ਮੇਰਾ ਸਖਾ ਮਨ ਮਾਹਿ ਦੀਬਾਣੁ॥ ੨॥

ਹਰੀ ਮੇਰੀ ਓਟ ਹੈ ਮਨ ਕਰਕੇ, ਤਨ ਕਰਕੇ ਭੀ ਮੈਨੂੰ ਹਰੀ ਦਾ ਬਲ ਹੈ। ਹਰੀ ਮੇਰਾ ਸਖਾ=ਮਿਤ੍ਰ ਹੈ, ਹਰੀ ਦਾ ਹੀ ਮਨ ਵਿਚ ਦੀਬਾਣੁ=ਆਸਰਾ ਹੈ॥ ੨॥

ਹਰਿ ਮੇਰੀ ਪੂੰਜੀ ਮੇਰਾ ਹਰਿ ਵੇਸਾਹੁ॥
ਗੁਰਮੁਖਿ ਧਨੁ ਖਟੀ ਹਰਿ ਮੇਰਾ ਸਾਹੁ॥ ੩॥

ਮੇਰੀ ਪੂੰਜੀ ਭੀ ਹਰੀ ਹੈ, ਮੇਰਾ ਵੇਸਾਹੁ=ਭਰੋਸਾ ਭੀ ਹਰੀ ਵਿਖੇ ਹੈ। ਗੁਰਾਂ ਦੁਆਰੇ ਮੈਂ ਨਾਮ-ਧਨ ਨੂੰ ਖਟਦਾ ਹਾਂ, ਹਰੀ ਹੀ ਮੇਰਾ ਸ਼ਾਹ ਹੈ॥ ੩॥

ਗੁਰ ਕਿਰਪਾ ਤੇ ਇਹ ਮਤਿ ਆਵੈ॥
ਜਨ ਨਾਨਕੁ ਹਰਿ ਕੈ ਅੰਕਿ ਸਮਾਵੈ॥ ੪॥ ੧੬॥

ਗੁਰਾਂ ਦੀ ਕਿਰਪਾ ਨਾਲ ਜੇਕਰ ਇਹੋ ਜਿਹੀ ਬੁੱਧੀ ਆ ਕੇ ਪ੍ਰਾਪਤ ਹੋਵੇ ਤਾਂ ਉਹ ਜਨ ਹਰੀ ਦੇ ਅੰਕਿ= ਸਰੂਪ ਵਿਚ ਸਮਾਉਂਦਾ ਹੈ॥ ੪॥ ੧੬॥

ਆਸਾ ਮਹਲਾ ੫॥

ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ॥
ਸਤਿਗੁਰੁ ਸੇਵਿ ਸਭੈ ਫਲ ਪਾਈ॥ ੧॥

ਪ੍ਰਭੂ ਕਿਰਪਾਲੂ ਹੋਵੇ, ਤਾਂ ਇਹ ਚੰਚਲ ਮਨ ਸਿਮਰਨ ਵਿਖੇ ਲੱਗਦਾ ਹੈ। ਪ੍ਰਭੂ ਦੀ ਕਿਰਪਾ ਹੋਵੇ, ਤਾਂ ਹੀ ਇਹ ਜੀਵ ਸਤਿਗੁਰਾਂ ਦੀ ਸੇਵਾ ਕਰਕੇ ਸਾਰਿਆਂ ਫਲਾਂ ਨੂੰ ਪਾਉਂਦਾ ਹੈ॥ ੧॥

ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥

ਹੇ ਮਨ ! ਤੂੰ ਕਿਉਂ ਬੈਰਾਗੁ=ਰੋਵੇਂਗਾ, ਭਾਵ ਰੋਣਾ ਨਾ ਕਰ। *ਅਥਵਾ:-*ਤੂੰ ਕਿਉਂ ਸੰਸਾ ਕਰੇਂਗਾ, ਸੰਸਾ ਤੂੰ ਤਾਂ ਕਰ ਜੇਕਰ ਗੁਰੂ ਢਿਲੇ ਹੋਣ। ਮੇਰਾ ਸਤਿਗੁਰੂ ਤਾਂ ਸ਼ੁਭ ਗੁਣਾਂ ਨਾਲ *ਅਥਵਾ :-*ਸਰਬ ਸ਼ਕਤੀਆਂ ਨਾਲ ਪੂਰਾ ਹੈ।

ਮਨਸਾ ਕਾ ਦਾਤਾ ਸਭ ਸੁਖ ਨਿਧਾਨੁ
ਅੰਮ੍ਰਿਤ ਸਰਿ ਸਦ ਹੀ ਭਰਪੂਰਾ॥ ੧॥ ਰਹਾਉ॥

ਫਿਰ ਮਨ ਦੀਆਂ ਸਭ ਵਾਸ਼ਨਾ ਦਾ ਭਾਵ ਮਨ ਇੱਛਤ ਫਲਾਂ ਦਾ ਦਾਤਾ ਹੈ, ਸਾਰੇ ਸੁਖਾਂ ਦਾ ਖਜ਼ਾਨਾ ਹੈ, ਜਿਨ੍ਹਾਂ ਦਾ ਅੰਤਹਕਰਨ ਰੂਪ ਸਰੋਵਰ ਨਾਮ-ਅੰਮ੍ਰਿਤ ਨਾਲ ਸਦਾ ਭਰਪੂਰ ਹੈ। *ਅਥਵਾ :-*ਪ੍ਰਤਖ ਜਿਨ੍ਹਾਂ ਦਾ ਸਰੋਵਰ ਅੰਮ੍ਰਿਤ ਨਾਲ ਸਦਾ ਭਰਪੂਰਾ=ਨਕੋ-ਨਕ ਭਰਿਆ ਹੋਇਆ ਹੈ॥ ੧॥ ਰਹਾਉ॥

ਚਰਣ ਕਮਲ ਰਿਦ ਅੰਤਰਿ ਧਾਰੇ॥
ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ॥ ੨ ॥

ਜਿਸ ਵੇਲੇ ਗੁਰਾਂ ਦੇ ਚਰਨ ਕਵਲ ਹਿਰਦੇ ਅੰਦਰ ਧਾਰੇ ਤਾਂ ਆਤਮ ਗਿਆਤ ਪ੍ਰਗਟੀ ਜਾਂ ਆਤਮ ਗਿਆਤ ਪ੍ਰਗਟੀ ਤਾਂ ਪਿਆਰੇ ਰਾਮ ਨਾਲ ਮਿਲੇ, *ਅਥਵਾ* :-ਜਿਸ ਦੀ ਜੋਤ ਸਾਰੇ ਪ੍ਰਗਟ ਹੋ ਰਹੀ ਹੈ, ਉਸ ਪਿਆਰੇ ਰਾਮ ਨੂੰ ਮਿਲੇ॥ ੨ ॥

ਪੰਚ ਸਖੀ ਮਿਲਿ ਮੰਗਲੁ ਗਾਇਆ॥
ਅਨਹਦ ਬਾਣੀ ਨਾਦੁ ਵਜਾਇਆ॥ ੩ ॥

ਜਿਸ ਵੇਲੇ ਪੰਚ=ਸ੍ਰੇਸ਼ਟ ਮਹਾਤਮਾ ਰੂਪ ਸਖੀਆਂ ਨਾਲ ਮਿਲ ਕੇ ਵਾਹਿਗੁਰੂ ਦੇ ਮੰਗਲਾਂ ਨੂੰ ਗਾਇਆ। ਉਸ ਵੇਲੇ ਇਕ-ਰਸ ਜਿਸ ਦੀ ਸੰਸਾਰ ਬਾਣੀ=ਬਨਾਵਟ ਹੈ, ਉਹ ਨਾਦੁ=ਬ੍ਰਹਮ ਵਜਾਇਆ=ਪ੍ਰਗਟ ਹੋ ਆਇਆ॥ ੩ ॥

ਅਥਵਾ-ਸ੍ਰੇਸ਼ਟ ਮਹਾਤਮਾ ਰੂਪ ਸਖੀਆਂ ਨਾਲ ਮਿਲ ਕੇ ਉਸ ਦੇ ਮੰਗਲਾਂ ਨੂੰ ਗਾਇਆ ਤੇ ਅਨਹਦ=ਇਕ ਰਸ ਗੁਰਾਂ ਦੀ ਨਾਦੁ ਬਾਣੀ=ਉਪਦੇਸ਼ ਬਾਣੀ ਨੂੰ ਵਜਾਇਆ=ਉਚਾਰਿਆ।

ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ॥
ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ॥ ੪ ॥ ੧੭ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਤਾਂ ਹਰੀ ਰਾਜਾ ਪ੍ਰਸੰਨ ਹੋ ਕੇ ਮਿਲਿਆ। ਜਾਂ ਉਹ ਮਿਲਿਆ ਤਾਂ ਸੁਤੇ ਸਿਧ ਸਾਰੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਵਿਹਾਣੀ=ਬਤੀਤ ਹੋਈ॥ ੪॥ ੧੭॥

ਆਸਾ ਮਹਲਾ ੫॥
ਕਰਿ ਕਿਰਪਾ ਹਰਿ ਪਰਗਟੀ ਆਇਆ॥
ਮਿਲਿ ਸਤਿਗੁਰ ਧਨੁ ਪੂਰਾ ਪਾਇਆ॥ ੧ ॥

ਅੰਨਵੇਂ ! ਜਿਸ ਵੇਲੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਮਿਲ ਕੇ ਪੂਰਾ ਨਾਮ-ਧਨ ਪਾਇਆ। ਤਿਸ ਵੇਲੇ ਕਿਰਪਾ ਕਰਨ ਵਾਲਾ ਹਰੀ ਕਿਰਪਾ ਕਰਕੇ ਪ੍ਰਗਟ ਹੋ ਆਇਆ॥ ੧ ॥

ਐਸਾ ਹਰਿ ਧਨੁ ਸੰਚੀਐ ਭਾਈ॥

ਹੇ ਭਾਈ ! ਤੁਸੀਂ ਵੀ ਅਜੇਹੇ ਹਰੀ ਨਾਮ-ਧਨ ਨੂੰ ਇਕੱਠਾ ਕਰੋ।

ਭਾਹਿ ਨ ਜਾਲੈ ਜਲਿ ਨਹੀ ਡੂਬੈ
ਸੰਗੁ ਛੋਡਿ ਕਰਿ ਕਤਹੁ ਨ ਜਾਈ॥ ੧ ॥ ਰਹਾਉ॥

ਜਿਸ ਨਾਮ-ਧਨ ਨੂੰ ਪ੍ਰਤੱਖ ਅੱਗ ਨਹੀਂ ਸਾੜ ਸਕਦੀ, *ਅਥਵਾ*-ਤ੍ਰਿਸ਼ਨਾ-ਅੱਗ ਨਹੀਂ ਸਾੜ ਸਕਦੀ, ਪ੍ਰਤੱਖ ਜਲ, *ਅਥਵਾ*-ਪਦਾਰਥਾਂ ਰੂਪੀ ਜਲ ਡੋਬ ਨਹੀਂ ਸਕਦਾ। ਨਾਮ-ਧਨ ਐਸਾ ਹੈ ਜੋ ਜੀਵ ਦੇ ਸੰਗ ਨੂੰ ਛੱਡ ਕੇ ਕਿਸੇ ਹੋਰ ਤਰਫ਼ ਨਹੀਂ ਜਾਂਦਾ॥ ੧ ॥ ਰਹਾਉ॥

ਤੋਟਿ ਨ ਆਵੈ ਨਿਖੁਟਿ ਨ ਜਾਇ॥
ਖਾਇ ਖਰਚਿ ਮਨੁ ਰਹਿਆ ਅਘਾਇ॥ ੨॥

ਇਹ ਨਾਮ-ਧਨ ਤੋਟੇ ਵਿਚ ਨਹੀਂ ਆਉਂਦਾ, ਇਸ ਤੇ ਨਿਖੁਟਿ=ਮੁੱਕ ਭੀ ਨਹੀਂ ਜਾਂਦਾ। *ਅਥਵਾ :-* ਆਪਣੇ ਖਾਣ ਨਾਲ ਇਸ ਨਾਮ-ਧਨ ਦਾ ਤੋਟਾ ਨਹੀਂ ਆਉਂਦਾ। ਹੋਰਨਾਂ ਨੂੰ ਦੇਣ ਨਾਲ ਮੁੱਕ ਭੀ ਨਹੀਂ ਜਾਂਦਾ। ਆਪ ਖਾਂਦਿਆਂ ਹੋਰਨਾਂ ਨੂੰ ਖਰਚਦਿਆਂ ਸਾਡਾ ਮਨ ਅਘਾਇ=ਤ੍ਰਿਪਤ ਹੋ ਰਿਹਾ ਹੈ॥ ੨॥

ਸੋ ਸਚੁ ਸਾਹੁ ਜਿਸੁ ਘਰਿ ਹਰਿ ਧਨੁ ਸੰਚਾਣਾ॥
ਇਸੁ ਧਨ ਤੇ ਸਭੁ ਜਗੁ ਵਰਸਾਣਾ॥ ੩॥

ਉਹ ਪੁਰਸ਼ ਸੱਚਾ ਸ਼ਾਹ ਹੈ, ਜਿਸ ਨੇ ਆਪਣੇ ਅੰਤਹਕਰਨ ਰੂਪੀ ਘਰ ਵਿਚ ਹਰੀ ਨਾਮ-ਧਨ ਕੱਠਾ ਕੀਤਾ ਹੈ। ਇਸ ਨਾਮ-ਧਨ ਤੋਂ ਸਾਰਾ ਜਗਤ ਵਰਸਾਂਵਦਾ ਹੈ॥ ੩॥

ਤਿਨਿ ਹਰਿ ਧਨੁ ਪਾਇਆ ਜਿਸੁ ਪੁਰਬ ਲਿਖੇ ਕਾ ਲਹਣਾ॥
ਜਨ ਨਾਨਕ ਅੰਤਿ ਵਾਰ ਨਾਮੁ ਗਹਣਾ॥ ੪॥ ੧੮॥

ਤਿਸ ਪੁਰਸ਼ ਨੇ ਹਰੀ ਨਾਮ-ਧਨ ਪਾਇਆ ਹੈ, ਜਿਸ ਦੇ ਮੱਥੇ 'ਪਰ ਪੂਰਬਲੇ ਚੰਗੇ ਲਹਣਾ=ਲੇਖਾਂ ਦਾ ਸੰਜੋਗ ਲਿਖਿਆ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨਾਂ ਨੂੰ ਅੰਤ ਵੇਲੇ ਨਾਮ ਦਾ ਹੀ ਗਹਣਾ=ਆਸਰਾ ਹੈ, *ਅਥਵਾ :-* ਨਾਮ ਹੀ ਗੁਰਮੁਖ ਜਨਾਂ ਨੂੰ ਅੰਤ ਸਮੇਂ ਗਹਣਾ=ਖ਼ੁਸ਼ਤ ਕਰਨ ਵਾਲਾ ਹੈ॥ ੪॥ ੧੮॥

ਆਸਾ ਮਹਲਾ ੫॥

ਜੈਸੇ ਕਿਰਸਾਣੁ ਬੋਵੈ ਕਿਰਸਾਨੀ॥
ਕਾਚੀ ਪਾਕੀ ਬਾਢਿ ਪਰਾਨੀ॥ ੧॥

ਹੇ ਪ੍ਰਾਣੀ ! ਜਿਵੇਂ ਜ਼ਿਮੀਂਦਾਰ ਖੇਤੀ ਬੀਜਦਾ ਹੈ। (ਪਰਾਨੀ) ਪਛਾਨਣਾ ਕਰੋ ਇਹ ਉਸ ਦੀ ਮਰਜ਼ੀ ਹੈ ਭਾਵੇਂ ਕੱਚੀ ਖੇਤੀ ਵੱਢ ਲਵੇ ਭਾਵੇਂ ਡਡਿਆਂ ਵਾਲੀ ਵੱਢ ਲਵੇ, ਭਾਵੇਂ ਪੱਕੀ ਵੱਢ ਲਵੇ। ਇਸੇ ਤਰ੍ਹਾਂ ਪਰਮਾਤਮਾ ਰੂਪ ਜ਼ਿਮੀਂਦਾਰ ਨੇ ਇਹ ਸੰਸਾਰ ਰੂਪ ਖੇਤੀ ਬੀਜੀ ਹੈ। ਉਸ ਦੀ ਮਰਜ਼ੀ ਹੈ ਭਾਵੇਂ ਕੱਚੀ ਵੱਢ ਲਏ ਅਰਥਾਤ ਬਾਲਕ ਅਵਸਥਾ ਵਿਚ ਮਾਰ ਲਵੇ, ਭਾਵੇਂ ਡਡਿਆ ਵਾਲੀ ਵੱਢ ਲਏ ਅਰਥਾਤ ਜੁਆਨੀ ਅਵਸਥਾ ਵਿਚ ਮਾਰ ਲਵੇ, ਭਾਵੇਂ ਪੱਕੀ ਵੱਢ ਲਏ ਅਰਥਾਤ ਬ੍ਰਿਧ ਅਵਸਥਾ ਵਿਚ ਮਾਰ ਲਵੇ।

ਜੋ ਜਨਮੈ ਸੋ ਜਾਨਹੁ ਮੂਆ॥
ਗੋਵਿੰਦ ਭਗਤੁ ਅਸਥਿਰੁ ਹੈ ਥੀਆ॥ ੧॥ ਰਹਾਉ॥

ਜੋ ਸੰਸਾਰ ਵਿਖੇ ਜੰਮਿਆ ਹੈ, ਉਸ ਨੂੰ ਮਾਰਿਆ ਹੀ ਜਾਣੋ। ਜੋ ਗੋਬਿੰਦ ਦਾ ਭਗਤ ਹੈ, ਉਹ ਇਕ ਇਸਥਿਤ ਹੋਇਆ ਹੈ॥ ੧॥ ਰਹਾਉ॥

ਦਿਨ ਤੇ ਸਰਪਰ ਪਉਸੀ ਰਾਤਿ॥
ਰੈਣਿ ਗਈ ਫਿਰਿ ਹੋਇ ਪਰਭਾਤਿ॥ ੨॥

ਜਿਵੇਂ ਦਿਨ ਚੜ੍ਹਦਾ ਹੈ ਤੇ ਫਿਰ ਰਾਤ ਜ਼ਰੂਰ ਪੈ ਜਾਂਦੀ ਹੈ। ਰਾਤ ਲੰਘ ਜਾਵੇ ਤਾਂ ਫਿਰ ਸਵੇਰ ਹੋ ਜਾਂਦਾ ਹੈ। ਇਸੇ ਤਰ੍ਹਾਂ ਦਿਨ ਦੇ ਸਮਾਨ ਜੋਬਨ ਅਵਸਥਾ ਹੈ, (ਜਿਸ ਵਿਚ ਸਭ ਤਰ੍ਹਾਂ ਦਾ ਗਿਆਨ ਹੁੰਦਾ ਹੈ) ਉਸ ਦੇ ਉਪਰ ਜ਼ਰੂਰ ਰਾਤ ਪੈਂਦੀ ਹੈ ਭਾਵ ਬ੍ਰਿਧ ਅਵਸਥਾ ਆਉਂਦੀ ਹੈ। ਜਿਸ ਵੇਲੇ ਬ੍ਰਿਧ ਅਵਸਥਾ ਰੂਪੀ ਰਾਤ ਲੰਘ ਗਈ ਤਾਂ ਫਿਰ ਕਾਲ ਰੂਪੀ ਦਿਨ ਉਦੈ ਹੁੰਦਾ ਹੈ॥ ੨॥

ਮਾਇਆ ਮੋਹਿ ਸੋਇ ਰਹੇ ਅਭਾਗੇ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥ ੩॥

ਖੋਟੇ ਭਾਗਾਂ ਵਾਲੇ ਪੁਰਸ਼ ਮਾਇਆ ਦੇ ਮੋਹ ਵਿਚ ਸੌਂ ਰਹੇ ਹਨ। ਗੁਰਾਂ ਦੀ ਕਿਰਪਾ ਵਾਲਾ ਕੋਈ ਵਿਰਲਾ ਪੁਰਸ਼ ਹੀ ਵਾਹਿਗੁਰੂ ਦੀ ਤਰਫ਼ ਜਾਗਦਾ ਹੈ॥ ੩॥

[ਪੰਨਾ ੩੭੬]

ਕਹੁ ਨਾਨਕ ਗੁਣ ਗਾਈਅਹਿ ਨੀਤ॥
ਮੁਖ ਊਜਲ ਹੋਇ ਨਿਰਮਲ ਚੀਤ॥ ੪॥ ੧੯॥

ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-ਨਿਤਾਪ੍ਰਤੀ ਪਰਮਾਤਮਾ ਦੇ ਗੁਣ ਗਾਵਣਾ ਕਰੀਏ, ਤਾਂ ਮੂੰਹ ਉਜੱਲਾ ਹੁੰਦਾ ਹੈ ਅਤੇ ਚਿਤ ਭੀ ਨਿਰਮਲ ਹੁੰਦਾ ਹੈ॥ ੪॥ ੧੯॥

ਆਸਾ ਮਹਲਾ ੫॥
ਨਉ ਨਿਧਿ ਤੇਰੈ ਸਗਲ ਨਿਧਾਨ॥ ਇਛਾ ਪੂਰਕੁ ਰਖੈ ਨਿਦਾਨ॥ ੧॥

(ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-ਕਿ) ਹੇ ਪਰਮੇਸ਼ਰ ਨੌਨਿਧੀ ਆਦਿਕ ਸਾਰੇ ਪਦਾਰਥ ਤੇਰੇ ਨਿਧਾਨ=ਖਜ਼ਾਨੇ ਵਿਚ ਹਨ। ਆਪ=ਆਪਣਿਆਂ ਦਾਸਾਂ ਦੀ ਇੱਛਾ ਦੇ ਪੂਰਨ ਕਰਨ ਵਾਲੇ ਹੋ ਅਤੇ ਨਿਦਾਨ= ਅੰਤ ਨੂੰ ਰੱਖਿਆ ਕਰਨ ਵਾਲੇ ਹੋ।

ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ॥
ਤੂੰ ਮਨਿ ਵਸਿਆ ਲਗੈ ਨ ਦੂਖਾ॥ ੧॥ ਰਹਾਉ॥

ਹੇ ਪਰਮੇਸ਼ਰ ! ਜਦ ਤੂੰ ਮੇਰਾ ਪਿਆਰਾ ਮੇਰੇ ਕੋਲ ਹੈਂ ਤਾਂ ਫਿਰ ਮੈਨੂੰ ਕਿਸ ਪ੍ਰਕਾਰ ਦੀ ਭੁੱਖ ਹੈ। ਜਦ ਤੂੰ ਮਨ ਵਿਚ ਵੱਸ ਗਿਆ ਤਾਂ ਫਿਰ ਕੋਈ ਦੁੱਖ ਨਹੀਂ ਲੱਗਦਾ॥ ੧॥ ਰਹਾਉ॥

ਜੋ ਤੂੰ ਕਰਹਿ ਸੋਈ ਪਰਵਾਣੁ॥
ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ॥ ੨॥

ਹੇ ਪਰਮੇਸ਼ਰ ! ਜੋ ਤੂੰ ਕਰਦਾ ਹੈਂ, ਓਹੀਓ ਪ੍ਰਮਾਣੀਕ ਹੁੰਦਾ ਹੈ। ਸਚੇ ਸਾਹਿਬ ! ਤੇਰਾ ਫੁਰਮਾਣੁ=ਹੁਕਮ ਸੱਚਾ ਹੈ॥ ੨॥

ਜਾ ਤੁਧੁ ਭਾਵੈ ਤਾ ਹਰਿ ਗੁਣ ਗਾਉ ॥
ਤੇਰੈ ਘਰਿ ਸਦਾ ਸਦਾ ਹੈ ਨਿਆਉ ॥ ੩ ॥

ਹੇ ਹਰੀ ! ਜਾਂ ਤੈਨੂੰ ਭਾਵੇ ਤਾਂ ਹੀ ਗੁਣਾਂ ਦਾ ਗਾਇਨ ਕਰਨਾ ਹੁੰਦਾ ਹੈ। ਤੇਰੇ ਘਰ ਵਿਚ ਸਦਾ ਹੀ ਸਦਾ ਨਿਆਂ ਹੈ॥ ੩ ॥

ਸਾਚੇ ਸਾਹਿਬ ਅਲਖ ਅਭੇਵ ॥
ਨਾਨਕ ਲਾਇਆ ਲਾਗਾ ਸੇਵ ॥ ੪ ॥ ੨੦ ॥

ਹੇ ਸਚੇ ਸਾਹਿਬ ! ਅਲਖ=ਜਾਨਣ ਤੋਂ ਰਹਿਤ ਅਭੇਵ=ਭੇਦਾਂ ਤੋਂ ਰਹਿਤ ! ਮੈਂ ਤੇਰਾ ਲਗਾਇਆ ਹੋਇਆ ਹੀ ਤੇਰੀ ਸੇਵਾ ਵਿਚ ਲੱਗ ਰਿਹਾ ਹਾਂ॥ ੪॥ ੨੦॥

ਆਸਾ ਮਹਲਾ ੫ ॥

ਉਥਾਨਕਾ:-ਕਿਸੀ ਸਿੱਖ ਨੇ ਪੁੱਛਿਆ, 'ਓਹ ਹਰੀ ਕਿੱਥੇ ਰਹਿੰਦਾ ਹੈ ?' ਤਾਂ ਗੁਰੂ ਜੀ ਨੇ ਕਿਹਾ :-

ਨਿਕਟਿ ਜੀਅ ਕੈ ਸਦ ਹੀ ਸੰਗਾ ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥ ੧ ॥

ਉਹ ਹਰੀ ਇਸ ਜੀਵ ਦੇ ਨਿਕਟਿ=ਪਾਸ ਅਤੇ ਸਰੀਰ ਦੇ ਸਦਾ ਅੰਗ-ਸੰਗ ਰਹਿੰਦਾ ਹੈ। ਉਹ ਕੁਦਰਤੀ ਪਰਮਾਤਮਾ ਆਪਣੀ ਕੁਦਰਤ ਦੁਆਰਾ ਸਭ ਰੂਪਾਂ ਅਤੇ ਰੰਗਾਂ ਵਿਚ ਵਰਤ ਰਿਹਾ ਹੈ॥ ੧ ॥

ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥ ਅਵਿਨਾਸੀ ਅਵਿਗਤੁ ਅਗੋਚਰੁ
ਸਦਾ ਸਲਾਮਤਿ ਖਸਮੁ ਹਮਾਰਾ ॥ ੧ ॥ ਰਹਾਉ ॥

ਜਿਸ ਤੇ ਸਾਡਾ ਖਸਮੁ=ਪਰਮਾਤਮਾ ਅਵਿਨਾਸੀ=ਨਾਸ ਤੋਂ ਰਹਿਤ ਹੈ, ਅਵਿਗਤੁ=ਕਠਨ ਪ੍ਰਾਪਤੀ ਵਾਲਾ ਹੈ, ਅਗੋਚਰੁ=ਇੰਦ੍ਰੀਆਂ ਦੇ ਅਵਿਸ਼ੇ ਹੈ ਅਤੇ ਸਦੀਵ ਕਾਲ ਸਲਾਮਤਿ=ਇਸਥਿਤ ਹੈ। ਇਸੀ ਤੇ ਮੇਰਾ ਮਨ ਨਾ ਬੰਧਨਾਂ ਵਿਖੇ ਕਰ੍ਹੈ=ਕੜ੍ਹਦਾ ਹੈ, ਨਾ ਹੀ ਝੁਰਦਾ ਹੈ ਅਤੇ ਨਾ ਹੀ ਰੋਣ ਵਾਲਾ ਹੁੰਦਾ ਹੈ॥ ੧ ॥ ਰਹਾਉ ॥

ਤੇਰੇ ਦਾਸਰੇ ਕਉ ਕਿਸ ਕੀ ਕਾਣਿ ॥
ਜਿਸ ਕੀ ਮੀਰਾ ਰਾਖੈ ਆਣਿ ॥ ੨ ॥

ਤੇਰੇ=ਤਿਸ ਪਰਮੇਸ਼ਰ ਦੇ ਦਾਸ ਨੂੰ ਭਲਾ ਕਿਸ ਦੀ ਕਾਨ ਕਨੌਡ ਹੈ। ਜਿਸ ਦਾਸ ਦੀ ਆਣਿ=ਈਨ ਪ੍ਰਤਗਿਆ ਨੂੰ ਮੀਰਾ=ਪਾਤਸ਼ਾਹ ਵਾਹਿਗੁਰੂ ਆਪ ਰੱਖਦਾ ਹੈ॥ ੨ ॥

ਜੋ ਲਉਡਾ ਪ੍ਰਭਿ ਕੀਆ ਅਜਾਤਿ ॥
ਤਿਸੁ ਲਉਡੇ ਕਉ ਕਿਸ ਕੀ ਤਾਤਿ ॥ ੩ ॥

ਅਜਾਤਿ=ਜਾਤ ਪਾਤ ਤੋਂ ਰਹਿਤ ਜੋ ਪ੍ਰਭੂ ਹੈ, ਉਸ ਨੇ ਜੋ ਆਪਣਾ ਲਉਡਾ=ਦਾਸ ਕੀਤਾ ਹੈ।

ਅਥਵਾ :-ਪ੍ਰਭੂ ਨੇ ਜੋ ਦਾਸ ਜਾਤੀ ਅਭਿਮਾਨ ਤੋਂ ਰਹਿਤ ਕੀਤਾ ਹੈ।

ਅਥਵਾ :-ਅਜਾਤਿ=ਨੀਚ ਜਾਤੀ ਵਿਚੋਂ ਵੀ ਜੋ ਪ੍ਰਭੂ ਨੇ ਆਪਣਾ ਦਾਸ ਕੀਤਾ ਹੈ। ਤਿਸ ਲਉਡੇ=ਦਾਸ

ਨੂੰ ਭਲਾ ਕਿਸ ਦੀ ਤਾਤਿ=ਖ੍ਵਾਹਸ਼ ਹੈ॥ ੩॥

ਵੇਮੁਹਤਾਜਾ ਵੇਪਰਵਾਹੁ॥

ਨਾਨਕ ਦਾਸ ਕਹਹੁ ਗੁਰ ਵਾਹੁ॥ ੪॥ ੨੧॥

ਜੋ ਪਰਮਾਤਮਾ ਬੇ-ਮੁਹਥਾਜ ਹੈ ਅਰਥਾਤ ਕਿਸੀ ਦੇ ਅਧੀਨ ਨਹੀਂ ਅਤੇ ਜੋ ਬੇ-ਪਰਵਾਹ ਹੈ। ਗੁਰੂ ਜੀ ਕਥਨ ਕਰਦੇ ਹਨ-ਦਾਸਾ ਭਾਵ ਧਾਰ ਕੇ ਗੁਰਾਂ ਦੁਆਰੇ ਤਿਸ ਪਰਮਾਤਮਾ ਨੂੰ ਧੰਨ ਧੰਨ ਕਹੋ॥ ੪॥ ੨੧॥

ਆਸਾ ਮਹਲਾ ੫॥

ਹਰਿ ਰਸੁ ਛੋਡਿ ਹੋਛੈ ਰਸਿ ਮਾਤਾ॥ਘਰ ਮਹਿ ਵਸਤੁ ਬਾਹਰਿ ਉਠਿ ਜਾਤਾ॥੧॥

ਏਹ ਜੀਵ ਐਸਾ ਪਰਮਾਦੀ ਹੈ। ਜੋ ਹਰੀ-ਰਸ ਨੂੰ ਛੱਡ ਕੇ, ਹੋਛੈ=ਤੁਛ ਰਸਾਂ ਵਿਚ ਮਸਤ ਹੈ। ਆਤਮ ਵਸਤੂ ਤਾਂ ਅੰਤਹਕਰਨ ਰੂਪ ਘਰ ਵਿਚ ਹੈ ਤੇ ਇਹ ਜੀਵ ਉੱਠ ਕੇ ਬਾਹਰ ਜੰਗਲਾਂ ਵਿਚ ਢੂਢਣ ਜਾਂਦਾ ਹੈ॥ ੧॥

ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ॥

ਰਾਰਿ ਕਰਤ ਝੂਠੀ ਲਗਿ ਗਾਥਾ॥ ੧॥ ਰਹਾਉ॥

ਇਸ ਦੇ ਪਾਸੋਂ ਇਕ ਜਗ੍ਹਾਂ ਤੇ ਬੈਠ ਕੇ ! ਸੱਚ ਨਾਮ ਰੂਪੀ ਅੰਮ੍ਰਿਤ ਕਥਾ ਸੁਣੀ ਨਹੀਂ ਜਾਂਦੀ। ਝੂਠੀਆਂ ਕਥਾਂ ਵਿਚ *ਅਥਵਾ* :-ਗਾਥ=ਮਾਇਆ ਵਿਚ ਲੱਗ ਕੇ ਰਾਰਿ ਕਰਤ=ਝਗੜੇ ਕਰਦਾ ਹੈ॥ ੧॥ ਰਹਾਉ॥

ਵਜਹੁ ਸਾਹਿਬ ਕਾ ਸੇਵ ਬਿਰਾਨੀ॥

ਐਸੇ ਗੁਨਹ ਅਛਾਦਿਓ ਪ੍ਰਾਨੀ॥ ੨॥

ਵਜਹੁ=ਦੁਮਾਹਾ ਅਰਥਾਤ ਖਾਣ ਪਾਣ ਤਾਂ ਸਾਹਿਬ=ਪਰਮਾਤਮਾ ਦਾ ਕਰਦਾ ਹੈ ਤੇ ਸੇਵਾ ਬਿਰਾਨੀ= ਬਿਗਾਨੀ ਭਾਵ ਦੇਵੀ ਦੇਵਤਿਆਂ ਦੀ ਕਰਦਾ ਹੈ। ਏਹੋ ਜੇਹੇ ਔਗੁਣਾਂ ਕਰਕੇ ਇਹ ਪ੍ਰਾਣੀ ਅਛਾਦਿਓ=ਢੱਕਿਆ ਹੋਇਆ ਹੈ।

ਤਿਸੁ ਸਿਉ ਲੂਕ ਜੋ ਸਦ ਹੀ ਸੰਗੀ॥

ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ॥ ੩॥

ਜੋ ਪਰਮਾਤਮਾ ਸਦੀਵ ਕਾਲ ਸੰਗੀ ਹੈ, ਤਿਸ ਪਾਸੋਂ ਲੂਕ=ਛੁਪਾਉ ਕਰਦਾ ਹੈ। ਜੋ ਪਦਾਰਥ,

ਅਥਵਾ :-ਇਸਤ੍ਰੀ ਪੁਤ੍ਰ ਆਦਿਕ ਸਨਬੰਧੀ ਕਿਸੇ ਕੰਮ ਨਹੀਂ ਆਉਣੇ, ਉਨ੍ਹਾਂ ਨੂੰ ਵਾਰੋ ਵਾਰ ਮੰਗਦਾ ਹੈ॥ ੩॥

ਪ੍ਰਸ਼ਨ -ਇਸ ਦਾ ਤਰਨਾ ਕਿਵੇਂ ਹੋਵੇ? *ਉੱਤਰ*:- ਵਾਹਿਗੁਰੂ ਅੱਗੇ ਇੰਝ ਬੇਨਤੀ ਕਰੇ-

ਕਹੁ ਨਾਨਕ ਪ੍ਰਭ ਦੀਨ ਦਇਆਲਾ॥

ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ॥ ੪॥ ੨੨॥

ਗੁਰੂ ਜੀ ਕਥਨ ਕਰਦੇ ਹਨ-ਹੇ ਦੀਨਾਂ ਦਾ ਦਿਆਲੂ ਪ੍ਰਭੂ ਪਰਮਾਤਮਾ ! ਜਿਵੇਂ ਆਪ ਨੂੰ ਭਾਵੇ, ਤਿਵੇਂ ਤੂੰ ਮੇਰੀ ਪਾਲਨਾ ਕਰ॥ ੪॥ ੨੨॥

ਆਸਾ ਮਹਲਾ ੫ ॥

ਜੀਅ ਪ੍ਰਾਨ ਧਨੁ ਹਰਿ ਕੋ ਨਾਮੁ ॥ ਈਹਾ ਊਹਾਂ ਉਨ ਸੰਗਿ ਕਾਮੁ ॥ ੧ ॥

ਹਰੀ ਦਾ ਨਾਮ-ਧਨ ਹੀ ਮੇਰੇ ਜੀਅ ਦਾ ਪ੍ਰਾਨ ਰੂਪ ਹੈ। ਈਹਾ ਊਹਾਂ=ਇਥੇ ਓਥੇ *ਅਥਵਾ :-* ਲੋਕ ਪ੍ਰਲੋਕ ਵਿਚ ਉਸ ਨਾਮ ਨਾਲ ਹੀ ਮੇਰਾ ਕੰਮ ਹੈ॥ ੧ ॥

ਬਿਨੁ ਹਰਿ ਨਾਮ ਅਵਰੁ ਸਭੁ ਥੋਰਾ ॥

ਹਰੀ ਨਾਮ ਤੋਂ ਬਿਨਾਂ ਹੋਰ ਪਦਾਰਥਾਂ ਵਿਚ ਥੋਰਾ=ਤੁਛਤਾ ਹੈ।

ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ ॥ ੧ ॥ ਰਹਾਉ ॥

ਮੇਰਾ ਮਨ ਹਰੀ ਦੇ ਦਰਸ਼ਨ ਕਰਕੇ ਤ੍ਰਿਪਤ ਹੋ ਕੇ ਅਘਾਵੈ=ਰੱਜ ਗਿਆ ਹੈ॥ ੧ ॥ ਰਹਾਉ ॥

ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥ ੨ ॥

ਗੁਰਬਾਣੀ ਕੈਸੀ ਹੈ ਕਿ ਭਗਤੀ ਅਤੇ ਲਾਲ=ਪ੍ਰੇਮ ਆਦਿਕਾਂ ਦਾ ਭੰਡਾਰਾ ਹੈ। ਜੋ ਪੁਰਸ਼ ਇਸ ਗੁਰਬਾਣੀ ਨੂੰ ਰਾਗ ਦੁਆਰਾ ਗਾਉਂਦਾ ਹੈ ਅਤੇ ਕੰਨਾਂ ਦੁਆਰੇ ਸੁਣਦਾ ਹੈ ਤੇ ਹਿਰਦੇ ਵਿਚ ਕਮਾਂਵਦਾ ਹੈ ਉਹ ਨਿਹਾਲ= ਦੁੱਖਾਂ ਤੋਂ ਰਹਿਤ ਹੋ ਕੇ ਕ੍ਰਿਤ ਕ੍ਰਿਤ ਹੁੰਦਾ ਹੈ॥ ੨ ॥

ਚਰਣ ਕਮਲ ਸਿਉ ਲਾਗੋ ਮਾਨੁ ॥ ਸਤਿਗੁਰਿ ਤੂਠੈ ਕੀਨੋ ਦਾਨੁ ॥ ੩ ॥

ਜਿਸ ਵੇਲੇ ਗੁਰਾਂ ਦੇ ਚਰਨ ਕਮਲਾਂ ਨਾਲ ਮਨ ਲੱਗਾ। ਤਾਂ ਸਤਿਗੁਰਾਂ ਨੇ ਤੂਠੈ=ਪ੍ਰਸੰਨ ਹੋ ਕੇ ਨਾਮ ਦਾਨ ਦੇਣਾ ਕੀਤਾ।

ਨਾਨਕ ਕਉ ਗੁਰਿ ਦੀਖਿਆ ਦੀਨ੍ ॥
ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ ॥ ੪ ॥ ੨੩ ॥

ਜਿਸ ਵੇਲੇ ਮੈਂ ਜਨ ਨੂੰ ਗੁਰਾਂ ਕੇ ਦੀਖਿਆ=ਸਿੱਖਿਆ ਦਿੱਤੀ। ਤਾਂ ਅਬਿਨਾਸੀ ਪ੍ਰਭੂ ਨੂੰ ਹਰ-ਇਕ ਘਟ ਵਿਚ ਚੀਨ=ਜਾਨਣਾ ਕੀਤਾ॥ ੪ ॥ ੨੩ ॥

ਆਸਾ ਮਹਲਾ ੫ ॥

ਅਨਦ ਬਿਨੋਦ ਭਰੇਪੁਰਿ ਧਾਰਿਆ ॥
ਅਪੁਨਾ ਕਾਰਜੁ ਆਪਿ ਸਵਾਰਿਆ ॥ ੧ ॥

ਅਨੰਦ ਦਾਇਕ ਬਿਨੋਦ=ਕੌਤਕਾਂ ਦੇ ਕਰਨ ਵਾਲਾ ਪਰਮੇਸ਼ਰ ਸਾਰਿਆਂ ਨੂੰ ਧਾਰ ਕੇ ਭਰੇਪੁਰਿ=ਭਰਪੂਰ ਅਰਥਾਤ ਪੂਰਨ ਹੋ ਰਿਹਾ ਹੈ।

ਅਥਵਾ :- ਸਾਰਿਆਂ ਨੂੰ ਧਾਰ ਕੇ ਭੁਰੇਪੁਰਿ=ਭਰਪੂਰ ਕਰ ਰਿਹਾ ਹੈ ਭਾਵ ਪਾਲਨਾ ਕਰ ਰਿਹਾ ਹੈ। ਜਗਤ ਰੂਪੀ ਆਪਣੇ ਕਾਰਜ ਨੂੰ ਉਸ ਨੇ ਆਪ ਹੀ ਸਵਾਰਿਆ ਹੈ॥ ੧ ॥

ਪੂਰ ਸਮਗ੍ਰੀ ਪੂਰੇ ਠਾਕੁਰ ਕੀ॥
ਭਰਿਪੁਰਿ ਧਾਰਿ ਰਹੀ ਸੋਭ ਜਾ ਕੀ॥ ੧॥ ਰਹਾਉ॥

ਪੂਰੇ ਠਾਕੁਰ ਪਰਮੇਸ਼ਰ ਦੀ ਕੁਲ ਸਮੱਗਰੀ ਪੂਰਨ ਹੈ। ਜਾ ਕੀ=ਜਿਸ ਪਰਮਾਤਮਾ ਦੀ ਸੋਭ=ਚੇਤਨ ਸਤਾ ਜਗਤ ਨੂੰ ਧਾਰ ਕੇ ਸਾਰੇ ਭਰਪੂਰ ਹੋ ਰਹੀ ਹੈ॥ ੧॥ ਰਹਾਉ॥

ਨਾਮੁ ਨਿਧਾਨੁ ਜਾ ਕੀ ਨਿਰਮਲ ਸੋਇ॥
ਆਪੇ ਕਰਤਾ ਅਵਰੁ ਨ ਕੋਇ॥ ੨॥

ਅੰਨਵੇਂ ! ਜਿਸ ਪਰਮਾਤਮਾ ਦੀ ਸੋਇ=ਸੋਭਾ ਨਿਰਮਲ ਹੈ, ਉਸ ਦਾ ਨਾਮ ਨਿਧੀਆਂ ਦਾ ਖਜ਼ਾਨਾ ਹੈ। ਉਹ ਆਪ ਹੀ ਸਭ ਦਾ ਕਰੰਤਾ ਹੈ, ਉਸ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ॥ ੨॥

ਜੀਅ ਜੰਤ ਸਭਿ ਤਾ ਕੈ ਹਾਥਿ॥
ਰਵਿ ਰਹਿਆ ਪ੍ਰਭੁ ਸਭ ਕੈ ਸਾਥਿ॥ ੩॥

ਸੂਖਮ ਅਸਥੂਲ ਜਿਤਨੇ ਕੁ ਜੀਅ ਜੰਤ ਹਨ, ਇਹ ਸਾਰੇ ਤਿਸ ਪਰਮਾਤਮਾ ਦੇ ਹਾਥਿ=ਅਧੀਨ ਹਨ। ਉਹ (ਪ੍ਰਭੂ) ਪਰਮਾਤਮਾ ਸਾਰਿਆਂ ਦੇ ਨਾਲ ਹੀ ਰਵਿ ਰਹਿਆ=ਮਿਲ ਰਿਹਾ ਹੈ॥ ੩॥

[ਪੰਨਾ ੩੭੭]

ਪੂਰਾ ਗੁਰੁ ਪੂਰੀ ਬਣਤ ਬਣਾਈ॥
ਨਾਨਕ ਭਗਤ ਮਿਲੀ ਵਡਿਆਈ॥ ੪॥ ੨੪॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਸ਼ੁਭ ਗੁਣਾਂ ਦੀ ਪੂਰੀ ਬਨਾਵਟ ਬਣਾਈ। ਤਾਂ ਹੀ ਭਗਤ ਜਨ ਨੂੰ ਵਡਿਆਈ ਮਿਲੀ॥ ੪॥ ੨੪॥

ਆਸਾ ਮਹਲਾ ੫॥
ਗੁਰ ਕੈ ਸਬਦਿ ਬਨਾਵਹੁ ਇਹੁ ਮਨੁ॥
ਗੁਰ ਕਾ ਦਰਸਨੁ ਸੰਚਹੁ ਹਰਿ ਧਨੁ॥ ੧॥

ਹੇ ਭਾਈ ! ਗੁਰਾਂ ਦੇ ਉਪਦੇਸ਼ ਦੁਆਰਾ ਇਸ ਮਨ ਨੂੰ ਸ਼ੁਧ ਬਣਾਵੋ। ਗੁਰਾਂ ਦਾ ਦਰਸ਼ਨ ਕਰਕੇ ਹਰੀ ਨਾਮ-ਧਨ ਸੰਚਹੁ=ਇਕੱਠਾ ਕਰੋ।

ਊਤਮ ਮਤਿ ਮੇਰੈ ਰਿਦੈ ਤੂੰ ਆਉ॥

ਹੇ ਉਤਮ ਮਤੀ ! ਤੂੰ ਮੇਰੇ ਹਿਰਦੇ ਵਿਚ ਆ ਕੇ ਪ੍ਰਾਪਤ ਹੋ।

ਧਿਆਵਉ ਗਾਵਉ ਗੁਣ ਗੋਵਿੰਦਾ
ਅਤਿ ਪ੍ਰੀਤਮ ਮੋਹਿ ਲਾਗੈ ਨਾਉ॥ ੧॥ ਰਹਾਉ॥

ਜਿਸ ਤੇ ਮੈਂ ਗੋਬਿੰਦ ਦੇ ਗੁਣਾਂ ਨੂੰ ਧਿਆਵਾਂ ਮਨ ਕਰਕੇ ਅਤੇ ਗੋਬਿੰਦ ਦੇ ਗੁਣਾਂ ਨੂੰ ਗਾਵਾਂ ਬਾਣੀ ਦੁਆਰਾ,

ਪੁਨਾ ਗੋਬਿੰਦ ਦਾ ਨਾਮ ਹੀ ਮੈਨੂੰ ਅਤਿਅੰਤ ਪ੍ਰੀਤਮ=ਪਿਆਰਾ ਲਗੇ॥ ੧॥ ਰਹਾਉ॥

ਤ੍ਰਿਪਤਿ ਅਘਾਵਨੁ ਸਾਚੈ ਨਾਇ॥ ਅਠਸਠਿ ਮਜਨੁ ਸੰਤ ਧੂਰਾਇ॥ ੨॥

ਸੱਚੇ ਨਾਮ ਕਰਕੇ ਹੀ ਮਨ ਇਸ ਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਵੀ ਅਘਾਵਨੁ=ਰੱਜ ਜਾਂਦਾ ਹੈ। ਸੰਤਾਂ ਦੀ ਚਰਨ ਧੂੜੀ ਕਰਕੇ ਅਠਾਹਠ ਤੀਰਥਾਂ ਦੇ ਇਸ਼ਨਾਂਨ ਦਾ ਫਲ ਪ੍ਰਾਪਤ ਹੁੰਦਾ ਹੈ॥ ੨॥

ਸਭ ਮਹਿ ਜਾਨਉ ਕਰਤਾ ਏਕ॥
ਸਾਧਸੰਗਤਿ ਮਿਲਿ ਬੁਧਿ ਬਿਬੇਕ॥ ੩॥

ਸਾਰਿਆਂ ਵਿਚ ਇਕ ਕਰਤੇ ਵਾਹਿਗੁਰੂ ਨੂੰ ਜਾਨਣਾ ਕਰੋ। ਸਾਧ ਸੰਗਤ ਵਿਚ ਮਿਲਣ ਕਰਕੇ ਬੁੱਧੀ ਵਿਚ (ਬਿਬ+ਏਕ) ਦੋਂਹ ਤੋਂ ਇਕ ਹੋਣ ਦਾ ਗਿਆਨ ਹੁੰਦਾ ਹੈ॥ ੩॥

ਦਾਸੁ ਸਗਲ ਕਾ ਛੋਡਿ ਅਭਿਮਾਨੁ॥
ਨਾਨਕ ਕਉ ਗੁਰਿ ਦੀਨੋ ਦਾਨੁ॥ ੪॥ ੨੫॥

ਮੈਂ ਦਾਸ ਨੇ ਤਿਸ ਵੇਲੇ ਸਭ ਪਦਾਰਥ ਔਰ ਜਾਤੀ ਆਦਿਕਾਂ ਦਾ ਹੰਕਾਰ ਛੱਡ ਦਿੱਤਾ। ਜਿਸ ਵੇਲੇ ਮੈਂ ਜਨ ਨੂੰ ਗੁਰਾਂ ਨੇ ਨਾਮ ਦਾਨ ਦਿੱਤਾ॥ ੪॥ ੨੫॥

ਅੰਨਵੈ:-ਜਿਸ ਵੇਲੇ ਦਾਸੁ ਕਉ=ਮੈਂ ਦਾਸ ਨੂੰ ਗੁਰਾਂ ਨੇ ਨਾਮ ਦਾਨ ਦੇਣਾ ਕੀਤਾ ਤਾਂ ਸਾਰਿਆਂ ਪਦਾਰਥਾਂ ਦਾ ਹੰਕਾਰ ਛੱਡ ਦਿੱਤਾ॥ ੪॥ ੨੫॥

ਆਸਾ ਮਹਲਾ ੫॥

ਬੁਧਿ ਪ੍ਰਗਾਸ ਭਈ ਮਤਿ ਪੂਰੀ॥ ਤਾ ਤੇ ਬਿਨਸੀ ਦੁਰਮਤਿ ਦੂਰੀ॥ ੧॥

ਜਦ ਗੁਰਾਂ ਦੀ ਪੂਰੀ ਸਿੱਖਿਆ ਮਿਲੀ ਤਾਂ ਪ੍ਰਕਾਸ਼ ਵਾਲੀ ਆਤਮ ਵਿਸ਼ੈਣੀ ਬੁੱਧੀ ਹੋਈ। ਤਿਸ ਤੇ ਦੁਰਮਤਿ=ਖੋਟੀ ਬੁੱਧੀ ਦੂਰ ਬਿਨਸ ਗਈ। *ਅਥਵਾ :-*ਬਿਨਸ ਕੇ ਦੂਰ ਹੋ ਗਈ॥ ੧॥

ਐਸੀ ਗੁਰਮਤਿ ਪਾਈਅਲੇ॥

ਮੈਂ ਗੁਰਾਂ.ਦੀ ਐਸੀ ਪੂਰਨ ਸਿੱਖਿਆ ਪਰਾਪਤ ਕੀਤੀ ਹੈ।

ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ॥ ੧॥ ਰਹਾਉ॥

ਹੇ ਮੇਰੇ ਭਾਈ ! ਜਿਸ ਕਰਕੇ ਮੈਂ ਘੋਰ=ਭਿਆਨਕ ਅੰਨ੍ਹੇ ਖੂਹ-ਸੰਸਾਰ ਵਿਚ ਡੁਬਦਾ ਹੋਇਆ ਨਿਕਲ ਆਇਆ ਹਾਂ।

ਮਹਾ ਅਗਾਹ ਅਗਨਿ ਕਾ ਸਾਗਰੁ॥
ਗੁਰੁ ਬੋਹਿਥੁ ਤਾਰੇ ਰਤਨਾਗਰੁ॥ ੨॥

ਤ੍ਰਿਸ਼ਨਾਂ ਰੂਪ ਅੱਗ ਦਾ ਮਹਾ ਅਗਾਹ=ਬੜਾ ਅਗਾਧ ਸਮੁੰਦ੍ ਜੋ ਸੰਸਾਰ ਹੈ। ਇਸ ਤੋਂ ਰਤਨਾ ਸਾਗਰੁ=ਸ਼ੁਭ ਗੁਣਾਂ ਰੂਪੀ ਰਤਨਾਂ ਦੀ ਖਾਣ ਗੁਰੂ ਰੂਪੀ ਜ਼ਹਾਜ਼ ਨੇ ਤਾਰ ਦਿੱਤਾ ਹੈ।

ਅਥਵਾ :-ਨਾਮ ਰੂਪੀ ਜਹਾਜ਼ ਦੇ ਕੇ ਤਾਰ ਦਿੱਤਾ ਹੈ॥ ੨॥

ਦੁਤਰ ਅੰਧ ਬਿਖਮ ਇਹ ਮਾਇਆ॥

ਮਾਇਆ ਤਰਨੀ ਬੜੀ ਦੁਤਰ=ਦੁਸਤਰ ਭਾਵ ਕਠਿਨ ਹੈ ਅਤੇ ਇਸ ਜੀਵ ਨੂੰ ਅੰਨ੍ਹਿਆਂ ਕਰਨ ਵਾਲੀ ਹੈ ਤੇ ਨਵਿਰਤ ਹੋਣੀ ਬੜੀ ਬਿਖਮ=ਕਠਿਨ ਹੈ।

ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ॥ ੩॥

ਧੰਨ ਗੁਰੂ ਸਾਹਿਬ ਜੀ ਹਨ, ਜਿਨ੍ਹਾਂ ਨੇ ਇਸ ਮਾਇਆ ਤੋਂ ਪਾਰ ਲੰਘਣ ਦਾ, ਅਥਵਾ :-ਪਰਮੇਸ਼ਰ-ਪ੍ਰਾਪਤੀ ਦਾ ਰਸਤਾ ਪਰਗਟ ਵਿਖਾ ਦਿੱਤਾ ਹੈ॥ ੩॥

ਜਾਪ ਤਾਪ ਕਛੁ ਉਕਤਿ ਨ ਮੋਰੀ॥
ਗੁਰ ਨਾਨਕ ਸਰਣਾਗਤਿ ਤੋਰੀ॥ ੪॥ ੨੬॥

ਮੇਰੇ ਵਿਚ ਨਾ ਕੁਛ ਜਪ ਹੈ ਨਾ ਤਪ ਹੈ ਅਤੇ ਨਾ ਹੀ ਮੇਰੇ ਵਿਚ ਕੁਛ ਉਕਤਿ=ਜੁਗਤੀ ਹੈ। ਮੈਂ ਤਾਂ ਹੇ ਗੁਰੂ ਸਾਹਿਬ ਜੀ ! ਆਪ ਦੀ ਸ਼ਰਨ ਵਿਚ ਪ੍ਰਾਪਤ ਹੋ ਕੇ ਆਪ ਦੀ ਓਟ ਲੀਤੀ ਹੈ॥ ੪॥ ੨੬॥

ਆਸਾ ਮਹਲਾ ੫ ਤਿਪਦੇ ੨
ਹਰਿ ਰਸੁ ਪੀਵਤ ਸਦ ਹੀ ਰਾਤਾ॥
ਆਨ ਰਸਾ ਖਿਨ ਮਹਿ ਲਹਿ ਜਾਤਾ॥

ਜੋ ਪੁਰਸ਼ ਸਦੀਵ ਕਾਲ ਤਦਾਕਾਰ ਹੋ ਕੇ ਹਰੀ-ਰਸ ਨੂੰ ਪੀਂਦਾ ਹੈ। ਉਸ ਦੇ ਹਿਰਦੇ ਵਿਚੋਂ ਆਨ=ਹੋਰ ਦੁਨਿਆਵੀ ਰਸਾਂ ਦਾ ਸੁਆਦ ਇਕ ਖਿਨ ਵਿਚ ਲਹਿ ਜਾਂਦਾ ਹੈ।

ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ॥
ਆਨ ਰਸਾ ਮਹਿ ਵਿਆਪੈ ਚਿੰਦ॥ ੧॥

ਹਰੀ-ਰਸ ਵਿਚ ਮਸਤ ਰਹਿਣ ਵਾਲਿਆਂ ਦੇ ਮਨ ਸਦੀਵ ਕਾਲ ਅਨੰਦ ਵਿਚ ਰਹਿੰਦੇ ਹਨ। ਆਨ=ਹੋਰ ਰਸਾਂ ਵਿਚ ਲਗਨ ਕਰਕੇ ਚਿੰਦ=ਚਿੰਤਾ ਵਿਆਪਦੀ ਹੈ॥ ੧॥

ਹਰਿ ਰਸੁ ਪੀਵੈ ਅਲਮਸਤੁ ਮਤਵਾਰਾ॥
ਆਨ ਰਸਾ ਸਭਿ ਹੋਛੇ ਰੇ॥ ੧॥ ਰਹਾਉ॥

ਜੋ ਪੁਰਸ਼ ਹਰੀ-ਰਸ ਨੂੰ ਪੀਂਦਾ ਹੈ, ਉਹ ਅਲ=ਸੰਪੂਰਨ ਮਸਤੀਆਂ ਕਰਕੇ ਮਤਵਾਰਾ=ਮਸਤ ਹੁੰਦਾ ਹੈ। ਅਥਵਾ :-ਜਿਵੇਂ ਕੌਲ ਫੁਲਾਂ ਉਤੇ ਅਲ ਮਸਤੁ=ਭੌਰਾ ਮਸਤ ਹੁੰਦਾ ਹੈ। ਐਸੇ ਉਹ ਪੁਰਖ ਮਤਵਾਰਾ=ਮਸਤ ਹੁੰਦਾ ਹੈ। ਅਥਵਾ :-ਹੋਰਨਾਂ ਮਸਤੀਆਂ ਵਲੋਂ ਅਲ=ਤ੍ਰਿਪਤ ਹੋ ਕੇ ਮਤਵਾਲਾ ਹੁੰਦਾ ਹੈ। ਹੇ ਭਾਈ ! ਉਸ ਨੂੰ ਹੋਰ ਸਾਰੇ ਰਸ ਹੋਛੇ=ਤੁਛ ਪ੍ਰਤੀਤ ਹੁੰਦੇ ਹਨ॥ ੧॥ ਰਹਾਉ॥

ਹਰਿ ਰਸ ਕੀ ਕੀਮਤਿ ਕਹੀ ਨ ਜਾਇ॥
ਹਰਿ ਰਸੁ ਸਾਧੂ ਹਾਟਿ ਸਮਾਇ॥

ਹਰੀ ਨਾਮ-ਰਸ ਦੀ ਕੀਮਤ ਕਥਨ ਨਹੀਂ ਕੀਤੀ ਜਾਂਦੀ। *ਪ੍ਰਸ਼ਨ:*-ਹਰੀ-ਰਸ ਰਹਿੰਦਾ ਕਿਥੇ ਹੈ ?

ਉੱਤਰ :-ਹਰੀ ਨਾਮ ਰਸ ਸਾਧੂਆਂ ਦੀ ਹੱਟੀ ਸਤਿਸੰਗਤ ਵਿਚ ਸਮਾ ਰਿਹਾ ਹੈ। *ਪ੍ਰਸ਼ਨ:*-ਜੇ ਕੋਈ ਉਸ ਰਸ ਨੂੰ ਲੈਣਾ ਚਾਹੇ ਤਾਂ ਰੁਪੱਈਆਂ ਕਰਕੇ ਮਿਲ ਜਾਂਦਾ ਹੋਵੇਗਾ? *ਗੁਰ ਉੱਤਰ :-*

ਲਾਖ ਕਰੋਰੀ ਮਿਲੈ ਨ ਕੇਹ॥ ਜਿਸਹਿ ਪਰਾਪਤਿ ਤਿਸ ਹੀ ਦੇਹਿ॥ ੨॥

ਲੱਖਾਂ ਕਰੋੜਾਂ ਰੁਪਏ ਖਰਚਣ ਕਰਕੇ ਭੀ ਕਿਸੀ ਪ੍ਰਕਾਰ ਨਹੀਂ ਮਿਲਦਾ।

ਯਥਾ— 'ਕੰਚਨ ਸਿਉ ਪਾਈਐ ਨਹੀ ਤੋਲਿ॥'

ਜਿਸ ਨੂੰ ਪੂਰਬਲੇ ਸਰੇਸ਼ਟ ਕਰਮਾਂ ਦਾ ਫਲ ਪ੍ਰਾਪਤ ਹੁੰਦਾ ਹੈ, *ਅਥਵਾ:*-ਪਰਮੇਸ਼ਰ ਦਾ ਅਨੁਗ੍ਰਹ ਪ੍ਰਾਪਤ ਹੁੰਦਾ ਹੈ, ਤਿਸ ਨੂੰ ਗੁਰੂ ਸਾਹਿਬ ਜੀ ਨਾਮ-ਰਸ ਦੇਂਦੇ ਹਨ॥ ੨॥

ਨਾਨਕ ਚਾਖਿ ਭਏ ਬਿਸਮਾਦੁ॥ ਨਾਨਕ ਗੁਰ ਤੇ ਆਇਆ ਸਾਦੁ॥

ਜਿਸ ਵੇਲੇ ਨਾਨਕ ਗੁਰ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਉਪਦੇਸ਼ ਦਾ ਸੁਆਦ ਆਇਆ। ਤਾਂ ਨਾਨਕ=ਪਰਮਾਤਮਾ ਦੇ ਨਾਮ-ਰਸ ਨੂੰ ਚਖਕੇ ਬਿਸਮਾਦੁ=ਅਸਚਰਜ ਰੂਪ ਹੋਏ*।

ਈਤ ਊਤ ਕਤ ਛੋਡਿ ਨ ਜਾਇ॥
ਨਾਨਕ ਗੀਧਾ ਹਰਿ ਰਸ ਮਾਹਿ॥ ੩॥ ੨੭॥

ਜੋ ਹਰੀ ਈਤ ਊਤ=ਲੋਕ ਪ੍ਰਲੋਕ ਵਿਚ ਕਿਧਰੇ ਛੱਡ ਨਹੀਂ ਜਾਂਦਾ। ਇਹ ਨਾਨਕ ਪਦ ਗੱਦੀ ਦਾ ਵਾਚਕ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-ਉਸ ਹਰੀ-ਰਸ ਵਿਚ ਗੁਰਮੁਖਾਂ ਦਾ ਮਨ ਗੀਧਾ=ਗਿੱਝ ਗਿਆ ਭਾਵ ਤਦਾਕਾਰ ਹੋਇਆ ਹੈ।

ਅਥਵਾ :-ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-ਜਿਨ੍ਹਾਂ ਗੁਰਮੁਖਾਂ ਦਾ ਮਨ ਹਰੀ-ਰਸ ਵਿਚ ਗਿੱਝ ਗਿਆ ਹੈ, ਉਹ ਫਿਰ ਉਸ ਰਸ ਨੂੰ ਛੱਡ ਕੇ ਈਤ ਊਤ=ਇਧਰ ਉਧਰ ਕਿਸੀ ਤਰਫ਼ ਨਹੀਂ ਜਾਂਦਾ॥ ੩॥ ੨੭॥

ਆਸਾ ਮਹਲਾ ੫॥

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥ ੧॥

ਅੰਨਵੇਂ ! ਹੇ ਜਗਿਆਸੂ ਰੂਪੀ ਇਸਤ੍ਰੀ ! ਜੇ ਕਰ ਤੂੰ ਨਿਮਾਣੀ ਹੋ ਕੇ ਸੇਵਾ ਨੂੰ ਕਮਾਵੇਂ ਤਾਂ ਹੀ ਤੂੰ ਪ੍ਰੀਤਮ=ਪਰਮਾਤਮਾ ਦੇ ਮਨ ਵਿਚ ਪਿਆਰੀ ਲਗੇਂਗੀ ਤੇ ਕਾਮ, ਕਰੋਧ, ਲੋਭ ਮੋਹ ਆਦਿਕਾਂ ਨੂੰ ਮਿਟਾਵੇਂਗੀ ਅਤੇ ਆਪਣੀ ਧਾਰੀ ਹੋਈ ਖੋਟੀ ਬੁੱਧੀ ਛੁਟ ਜਾਵੇਗੀ।

ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥

ਹੇ ਸੁੰਦਰੀ ਸੁਨਣਾ ਕਰ, ਸੰਤਾਂ ਦੇ ਬਚਨ ਹੀ ਸੰਸਾਰ ਤੋਂ ਤਾਰਨ ਵਾਲੇ ਹਨ।

**ਨੋਟ-ਨਾਨਕ ਪਦ ਦਾ ਅਰਥ ਪਰਮਾਤਮਾ ਇਸ ਲਈ ਕੀਤਾ ਹੈ ਕਿ ਪਹਿਲਾ ਨਕਾਰ ਪੁਰਖ ਦਾ ਵਾਚਕ ਹੈ ਕੰਨੇ ਵਿਚੋਂ ਐੜਾ ਨਿਕਲ ਕੇ ਅਨਕ ਬਣੇਗਾ, ਦੂਜੇ ਨਨੇ ਵਿਚੋਂ ਐੜਾ ਨਿਕਲ ਕੇ 'ਅਨ ਅਕ' ਬਣੇਗਾ। ਅਰਥ ਇੰਵ ਕਰਨਾ ਕਿ-ਅਕ=ਦੁੱਖਾਂ ਤੋਂ ਅਨ=ਰਹਿਤ ਜੋ ਪੁਰਖ ਹੈ ਓਹੀ ਪਰਮਾਤਮਾ ਹੈ।*

ਦੂਖ ਭੂਖ ਮਿਟੈ ਤੇਰੋ ਸਹਸਾ
ਸੁਖ ਪਾਵਹਿ ਤੂੰ ਸੁਖਮਨਿ ਨਾਰੀ॥ ੧ ॥ ਰਹਾਉ ॥

ਜੇ ਤੂੰ ਸੰਤਾਂ ਦੇ ਬਚਨ ਸੁਣੇ ਤਾਂ ਤੇਰਾ ਦੁੱਖ ਭੁਖ ਅਤੇ ਸੰਸਾ ਮਿਟ ਜਾਏਗਾ. ਅਤੇ ਹੇ ਨਾਰੀ ! ਤੂੰ ਮਨ ਵਿਚ ਸੁਖ ਹੀ ਸੁਖ ਪਾਵੇਂਗੀ। *ਅਥਵਾ* :-ਸੁਖ ਮਨਿ ਨਾਰੀ ਜੋ ਭਗਤੀ ਹੈ, ਤਿਸ ਭਗਤੀ ਦੇ ਸੁਖ ਨੂੰ ਤੂੰ ਪਾਵੇਂਗੀ॥ ੧ ॥ ਰਹਾਉ ॥

ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥

ਜੇਕਰ ਤੂੰ ਗੁਰਾਂ ਦੇ ਚਰਨ (ਪਖਾਰਿ) ਧੋਣ ਦੀ ਸੇਵਾ ਨੂੰ ਕਰੇਂ ਤਾਂ ਤੇਰਾ ਆਤਮ=ਮਨ ਸ਼ੁਧ ਹੋਵੇਗਾ ਅਤੇ ਵਿਸ਼ਿਆਂ ਦੀ ਤ੍ਰੇਹ ਨਵਿਰਤ ਹੋ ਜਾਵੇਗੀ।

ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥ ੨ ॥

ਵਾਹਿਗੁਰੂ ਦੇ ਦਾਸਾਂ ਦੇ ਦਾਸਾਂ ਦੀ ਦਾਸੀ ਹੋ, *ਅਥਵਾ* :-ਦਾਸਰੀ ਭਾਵ ਧਾਰ ਕੇ ਵਾਹਿਗੁਰੂ ਦੇ ਦਾਸਾਂ ਦੀ ਦਾਸੀ ਹੋ ਤਾਂ ਹਰੀ ਦੇ ਦੁਆਰੇ ਸਤਿਸੰਗ ਵਿਚ ਤੂੰ ਸੋਭਾ ਪਾਵੇਂਗੀ॥ ੨ ॥

ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥

ਏਹੀ ਅਚਾਰ=ਸਰੇਸ਼ਟ ਕਰੱਤਬ ਹੈ ਅਤੇ ਏਹੀ ਉੱਤਮ ਵਿਉਹਾਰ ਹੈ। ਜਿਹੜੀ ਹਰੀ ਦੀ ਆਗਿਆ ਮੰਨਣੀ ਹੈ, ਆਗਿਆ ਦੇ ਮੰਨਣ ਕਰਕੇ ਹੀ ਤੁਹਾਡੀ ਭਗਤੀ ਸਫਲ ਹੋਵੇਗੀ।

ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥ ੩ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਇਸ ਮੰਤਰ ਨੂੰ ਕਮਾਉਂਦਾ ਹੈ, ਉਸ ਨੂੰ ਪਰਮਾਤਮਾ ਆਪ ਹੀ ਸੰਸਾਰ-ਸਮੁੰਦਰ ਤੋਂ ਪਾਰ ਉਤਰਦਾ ਹੈ॥ ੩ ॥ ੨੮ ॥

[ਪੰਨਾ ੩੭੮]

ਆਸਾ ਮਹਲਾ ੫ ਦੁਪਦੇ ॥

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਹੇ ਪੁਰਸ਼ਾ ! ਇਹ ਜੇਹੜੀ ਮਨੁੱਖਾ ਦੇਹੁਰੀਆ=ਦੇਹ ਤੈਨੂੰ ਪ੍ਰਾਪਤ ਹੋਈ ਹੈ। ਗੋਬਿੰਦ=ਪਰਮੇਸ਼ਰ ਨਾਲ ਮਿਲਣੇ ਦੀ ਏਹ ਤੇਰੀ ਬਰੀਆ=ਵਾਰੀ ਹੈ। *ਅਥਵਾ*-ਮਨੁੱਖਾ ਦੇਹ ਜਿਹੜੀ ਪ੍ਰਾਪਤ ਹੋਈ ਹੈ ਇਹ ਦੇਹੁਰੀਆ=ਦੇਹੁਰੀ ਵਤ ਹੈ। ਜਿਵੇਂ ਵੱਡਿਆਂ ਦੀ ਦੇਹੁਰੀ ਪੂਜਜ ਹੁੰਦੀ ਹੈ, ਤਿਵੇਂ ਇਹ ਮਨੁੱਖਾ ਦੇਹ ਪੂਜਜ ਹੈ। *ਅਥਵਾ*-ਜਿਵੇਂ ਦੇਹੁਰੀ ਵਿਚ ਹਡੀਆਂ ਤੇ ਸੁਆਹ ਹੁੰਦੀ ਹੈ ਉਤੋਂ ਚੂਨੇ ਗਚ ਬਣਾਈ ਹੁੰਦੀ ਹੈ। ਤਿਵੇਂ ਇਹ ਮਨੁੱਖਾ ਦੇਹ ਉਪਰੋਂ ਤਾਂ ਸੋਹਣੀ ਬਣਾਈ ਹੋਈ ਹੈ ਤੇ ਵਿਚ ਇਸ ਦੇ ਲਹੂ ਪਾਕ ਗੰਦਗੀ ਵਗੈਰਾ ਹੈ।

ਅਥਵਾ :-ਇਹ ਜਿਹੜੀ ਮਨੁੱਖਾ ਦੇਹ ਪ੍ਰਾਪਤ ਹੋਈ ਹੈ, ਇਹ ਦੇਹੁਰੀਆ=ਦਲੀਜ਼ ਵਤ ਹੈ-ਜਿਵੇਂ ਦਲੀਜ਼ 'ਪਰ ਰਖਿਆ ਹੋਇਆ ਦੀਵਾ ਦੋਹੀਂ ਪਾਸੇ ਪ੍ਰਕਾਸ਼ ਕਰਦਾ ਹੈ, ਤਿਵੇਂ ਇਹ ਮਨੁੱਖਾ ਦੇਹ ਦੋਹਾਂ ਅਨੰਦਾਂ ਦੇ ਦੇਣ ਵਾਲੀ ਹੈ; ਸੰਸਾਰਕ ਆਨੰਦ ਦੇ ਲੈਣ ਦਾ ਭੀ ਏਹ ਵੇਲਾ ਹੈ ਅਤੇ ਆਤਮਕ ਅਨੰਦ ਦੇ ਲੈਣ ਦਾ ਭੀ ਏਹੋ ਵੇਲਾ ਹੈ।

ਹੇ ਪੁਰਸ਼ਾ ! ਗੋਬਿੰਦ ਦੇ ਨਾਲ ਮਿਲਣ ਦਾ ਵੇਲਾ ਏਹੀ ਮਨੁੱਖਾ ਦੇਹ ਹੈ।

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ੧॥

ਹੋਰ ਜਿੰਨੇ ਭੀ ਕੰਮ ਕਰਨੇ ਹਨ, ਇਹ ਤੇਰੇ ਕਿਸੇ ਕੰਮ ਨਹੀਂ ਹਨ। ਤੈਨੂੰ ਚਾਹੀਦਾ ਹੈ ਕਿ ਸਤਿਸੰਗਤ ਨਾਲ ਮਿਲ ਅਤੇ ਸਿਰਫ ਵਾਹਿਗੁਰੂ ਨਾਮ ਨੂੰ ਭਜਨਾ ਕਰ।

ਸਰੰਜਾਮਿ ਲਾਗੁ ਭਵਜਲ ਤਰਨ ਕੈ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ੧॥ ਰਹਾਉ॥

ਸੰਸਾਰ-ਸਮੁੰਦ੍ਰ ਤੋਂ ਤਰਨ ਦੇ ਸਰੰਜਾਮਿ=ਉਦਮ, *ਅਥਵਾ* :-ਸਮਿੱਗਰੀ ਵਿਚ ਲਗਣਾ ਕਰ। ਮਾਇਆ ਵਿਚ ਰੰਗਿ=ਪ੍ਰੇਮ ਕਰਨ ਨਾਲ ਮਨੁੱਖਾ ਜਨਮ ਬ੍ਰਿਥਾ=ਨਿਸਫਲ ਜਾਦਾ ਹੈ॥ ੧॥

ਪ੍ਰਸ਼ਨ-ਤਰਨ ਦਾ ਕੋਈ ਸੁਖੇਨ ਉਪਾ ਦੱਸੋ ?

ਉੱਤਰ-ਉਸ ਵਾਹਿਗੁਰੂ ਅੱਗੇ ਇੰਝ ਬੇਨਤੀ ਕਰ—

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ॥

ਹੇ ਵਾਹਿਗੁਰੂ ! ਜਪ, ਤਪ, ਸੰਜਮ ਅਤੇ ਧਰਮ ਵਗੈਰਾ ਮੈਂ ਕੋਈ ਸਾਧਨ ਨਹੀਂ ਕਮਾਯਾ। ਨਾ ਸੰਤਾਂ ਦੀ ਸੇਵਾ ਕੀਤੀ ਹੈ ਅਤੇ ਨਾ ਹੀ ਹਰੀ ਰਾਜਾ ਨੂੰ ਜਾਣਿਆ ਹੈ।

ਕਹੁ ਨਾਨਕ ਹਮ ਨੀਚ ਕਰੰਮਾ॥
ਸਰਣਿ ਪਰੇ ਕੀ ਰਾਖਹੁ ਸਰਮਾ॥ ੨॥ ੨੯॥

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ-ਮੇਰੇ ਨੀਚ ਕਰਮ ਹਨ। ਹੇ ਵਾਹਿਗੁਰੂ ਸ਼ਰਨ ਪਏ ਦੀ ਲੱਜਿਆ ਰੱਖਣਾ ਕਰੋ॥ ੨॥ ੨੯॥

ਆਸਾ ਮਹਲਾ ੫॥

ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ॥

ਹੇ ਪਰਮੇਸ਼ਰ ! ਤੇਰੇ ਬਿਨਾਂ ਮੇਰਾ ਹੋਰ ਕੋਈ ਦੂਜਾ ਮਿੱਤਰ ਨਹੀਂ, ਤੂੰ ਹੀਂ ਮੇਰੇ ਮਨ ਵਿਚ ਵੱਸ ਰਿਹਾ ਹੈਂ।

ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ॥ ੧॥

ਹੇ ਪ੍ਰਭੂ ! ਤੂੰ ਹੀ ਮੇਰਾ ਸੱਜਣ ਇਸ ਲੋਕ ਦਾ, ਤੂੰ ਹੀ ਮੇਰਾ ਸੰਗੀ ਪ੍ਰਲੋਕ ਦਾ ਹੈਂ, ਤਾਂ ਫਿਰ ਜੀਅ ਵਿਚ ਕਿਸ ਵਾਸਤੇ ਡਰਨਾ ਹੈ॥ ੧॥

ਤੁਮਰੀ ਓਟ ਤੁਮਾਰੀ ਆਸਾ॥

ਹੇ ਪ੍ਰਭੂ ! ਮੈਨੂੰ ਤੇਰੀ ਓਟ ਹੈ ਅਤੇ ਆਪ ਦੀ ਹੀ ਆਸਾ ਹੈ।

ਬੈਠਤ ਊਠਤ ਸੋਵਤ ਜਾਗਤ
ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥ ੧ ॥ ਰਹਾਉ ॥

ਉਠਦਿਆਂ ਬੈਠਦਿਆਂ, ਸੁੱਤਿਆਂ ਜਾਗਦਿਆਂ, ਸ੍ਵਾਸ ਲੈਂਦਿਆਂ, ਗਿਰਾਸੁ=ਭੋਜਨ ਖਾਂਦਿਆਂ ਤੂੰ ਵਿਸਰੁ=ਭੁੱਲ ਨਾ ॥ ੧ ॥ ਰਹਾਉ ॥

ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਂਲਾ ॥

ਹੇ ਪ੍ਰਭੂ ! ਆਪਣੀ ਸ਼ਰਨ ਵਿਚ ਮੈਨੂੰ ਰੱਖ ਲੈ, ਰੱਖ ਲੈ। *ਅਥਵਾ* :-ਜਿਨ੍ਹਾਂ ਨੂੰ ਰੱਖਿਆ ਹੈ, ਉਹਨਾਂ ਦੁਆਰੇ ਮੈਨੂੰ ਭੀ ਰੱਖ ਲੈ। *ਅਥਵਾ*:-ਰਾਖ ਕਰਨ ਵਾਲੇ ਜੋ ਵਿਸ਼ੇ ਹਨ, ਇਨ੍ਹਾਂ ਦੀ ਤਰਫੋਂ ਮੈਨੂੰ ਰੱਖ ਲੈ।

ਅਥਵਾ :-ਚਰਨਾਂ ਦੀ ਰਾਖੁ=ਧੂੜ ਦੇ ਕੇ ਰੱਖ ਲੈ। *ਅਥਵਾ*:-ਸਤਿਨਾਮ ਰੂਪੀ ਰੱਖਿਆ ਦੇ ਕੇ ਰੱਖ ਲੈ।

ਅਥਵਾ:-ਰਾਖ ਆਦਿਕ ਤੱਤਾਂ ਕਰਕੇ ਰਚਿਤ ਜੋ ਸਰੀਰ ਹੈ, ਇਸ ਦੇ ਅਧਿਆਸ ਵਲੋਂ ਰੱਖ ਲੈ ਆਪਣੀ ਸ਼ਰਨ ਵਿਚ ਪਾ ਕੇ। ਕਿਉਂਕਿ ਅਗਨੀ ਦਾ ਸਮੁੰਦਰ ਜੋ ਸੰਸਾਰ ਹੈ ਇਹ ਬੜਾ ਭਿਆਨਕ ਹੈ ਇਸ ਵਲੋਂ ਰੱਖ ਲੈ, ਰੱਖ ਲੈ।

ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ ॥ ੨ ॥ ੩੦ ॥

ਹੇ ਸੁਖਾਂ ਦੇ ਦਾਤੇ ਸਤਿਗੁਰੂ ! ਅਸੀਂ ਆਪ ਦੇ ਬਾਲ ਗੁਪਾਲਾ=ਛੋਟੇ ਬਾਲਕੇ ਹਾਂ ॥ ੨ ॥ ੩੦ ॥

ਆਸਾ ਮਹਲਾ ੫ ॥

ਉਥਾਨਕਾ:-ਜਿਸ ਵੇਲੇ ਛੇਵੇਂ ਪਾਤਸ਼ਾਹ ਜੀ ਦਾ ਬੁਖਾਰ ਉਤਰ ਗਿਆ ਤਾਂ ਇਹ ਸ਼ਬਦ ਉਚਾਰਿਆ—

ਹਰਿ ਜਨ ਲੀਨੇ ਪ੍ਰਭੂ ਛਡਾਇ ॥

ਪ੍ਰਭੂ=ਪਰਮੇਸ਼ਰ ਨੇ 'ਜਨਾਂ ਨੂੰ ਹਰੀ ਦੇ ਜਨਾਣ' ਵਾਲੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਬੁਖਾਰ ਤੋਂ ਛੁਡਾ ਲੀਤਾ ਹੈ।

ਪ੍ਰੀਤਮ ਸਿਉ ਮੇਰੋ ਮਨੁ ਮਾਨਿਆ
ਤਾਪੁ ਮੁਆ ਬਿਖੁ ਖਾਇ ॥ ੧ ॥ ਰਹਾਉ ॥

ਜਿਸ ਵੇਲੇ ਮੇਰਾ ਮਨ ਪ੍ਰੀਤਮ=ਪਰਮੇਸ਼ਰ ਦੇ ਨਾਲ ਮੰਨਿਆ ਗਿਆ ਤਾਂ ਬੁਖਾਰ ਨਾਮ ਰੂਪ ਵਿਹੁ* ਨੂੰ ਖਾ ਕੇ ਮਰ ਗਿਆ।

ਪਾਲਾ ਤਾਉ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥
ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ ॥ ੧ ॥

ਰਾਮ ਨਾਮ ਦੇ ਗੁਨ ਗਾਇਣ ਕਰਨ ਨਾਲ ਪਾਲਾ=ਸੀਤ ਤਪ ਅਤੇ ਤਾਉ=ਤਪਤ ਤਪ ਕੁਛ ਵੀ ਵਿਆਪਦਾ ਨਹੀਂ।

**ਨੋਟ-ਨਾਮ ਕੋਈ ਵਿਹੁ ਨਹੀਂ-ਪ੍ਰੰਤੂ ਤਾਪ ਦੇ ਮਾਰਨੇ ਨੂੰ ਵਿਹੁ ਰੂਪ ਹੈ।*

ਡਾਕੀ ਕੋ=ਡਾਇਣ ਦੀ ਚਿਤਿ=ਦ੍ਰਿਸ਼ਟੀ ਭੀ ਕੁਛ ਨਹੀਂ ਲੱਗਦੀ,

*ਅਥਵਾ :-*ਡਾਕੀ=ਉਪਰ ਛਲ ਤੇ ਕੋਚਿਤਿ=ਦਸਤ ਇਤਆਦੀ ਕੋਈ ਭੀ ਦੁੱਖ ਨਹੀਂ ਲਗਦਾ, ਚਰਨ ਕਮਲਾਂ ਦੀ ਸ਼ਰਨ ਗ੍ਰਹਿਣ ਕਰਨ ਨਾਲ।

ਦੂਜਾ ਅਰਥ :-ਜਗਿਆਸੂ ਦੀ ਬਿਵਸਥਾ ਮਹਾਤਮਾ ਕਹਿੰਦੇ ਹਨ-ਪ੍ਰਭੂ ਨੇ ਹਰਿ ਜਨ=ਜਗਿਆਸੂ ਨੂੰ ਸੰਸਾਰਕ ਬੰਧਨਾਂ ਤੋਂ ਛੁਡਾ ਲੀਤਾ ਹੈ। ਮਹਾਤਮਾ ਆਖਦੇ ਹਨ-ਜਿਸ ਵੇਲੇ ਮੇਰਾ ਮਨ ਪ੍ਰੀਤਮ=ਪਰਮੇਸ਼ਰ ਨਾਲ ਮੰਨਿਆ ਗਿਆ, ਤਾਂ (ਆਧਿ, ਬਿਆਧਿ, ਉਪਾਧਿ ਰੂਪ) ਤਿੰਨ ਪ੍ਰਕਾਰ ਦਾ ਤਾਪ ਨਾਮ ਰੂਪ ਵਿਹੁ ਨੂੰ ਖਾ ਕੇ ਮਰ ਗਿਆ। ਪਾਲਾ=ਜੜਤਾ, ਤਾਊ=ਤ੍ਰਿਸ਼ਨਾ ਰੂਪ ਅਗਨੀ ਕੁਛ ਨਹੀਂ ਵਿਆਪਦੀ, ਰਾਮ ਨਾਮ ਦੇ ਗੁਣ ਗਾਉਣ ਨਾਲ ਸਤਿਗੁਰਾਂ ਦੇ ਚਰਨ ਕਮਲਾਂ ਦੀ ਸ਼ਰਨ ਗ੍ਰਹਿਣ ਕਰਨ ਨਾਲ ਮਾਇਆ ਰੂਪੀ ਡੈਣ ਦੀ ਦ੍ਰਿਸ਼ਟੀ ਕੁਛ ਭੀ ਨਹੀਂ ਲਗਦੀ॥ ੧॥

ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ॥
ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੂਖੁ ਮਿਟਾਇ॥ ੨॥ ੩੧॥

ਸੰਤਾਂ ਦੀ ਪ੍ਰਸਾਦਿ=ਅਨੁਗ੍ਰਹੁ ਕਰਕੇ ਜਦ ਪਰਮੇਸ਼ਰ ਕਿਰਪਾਲੂ ਹੋਏ, ਤਾਂ ਆਪ ਹੀ ਸਹਾਇਤਾ ਕਰਨ ਵਾਲੇ ਹੋਏ। ਗੁਰੂ ਜੀ ਕਥਨ ਕਰਦੇ ਹਨ, ਨਿਤਾਪ੍ਰਤੀ ਗੁਣਾਂ ਦੇ ਖਜ਼ਾਨੇ ਪਰਮੇਸ਼ਰ ਦੇ ਗੁਣ ਗਾਵੇ, ਤਾਂ ਸੰਸਾ ਤੇ ਦੁੱਖ ਮਿਟ ਜਾਂਦੇ ਹਨ॥ ੨॥ ੩੧॥

ਆਸਾ ਮਹਲਾ ੫॥
ਅਉਖਧੁ ਖਾਇਓ ਹਰਿ ਕੋ ਨਾਉ॥
ਸੁਖ ਪਾਏ ਦੁਖ ਬਿਨਸਿਆ ਥਾਉ॥ ੧॥

ਉਥਾਨਕਾ:- ਸਿੱਖਾਂ ਨੇ ਬੇਨਤੀ ਕੀਤੀ ਕਿ ਸੁਖ ਕਿਹੜਾ ਪੁਰਸ਼ ਪਾਂਵਦਾ ਹੈ ? *ਉੱਤਰ-*

ਜਿਸ ਪੁਰਸ਼ ਨੇ ਹਰੀ ਨਾਮ ਰੂਪੀ ਔਸ਼ੁਧੀ ਨੂੰ ਖਾਧਾ ਹੈ। ਉਸ ਦਾ ਦੁੱਖਾਂ ਦਾ ਥਾਂ ਅਗਿਆਨ ਬਿਨਸ ਗਿਆ ਹੈ, ਜਿਸ ਦਾ ਅਗਿਆਨ ਬਿਨਸਿਆ ਹੈ, ਉਸ ਨੇ ਸੁਖ ਪਾਇਆ ਹੈ॥ ੧॥

ਤਾਪੁ ਗਇਆ ਬਚਨਿ ਗੁਰ ਪੂਰੇ॥
ਅਨਦੁ ਭਇਆ ਸਭਿ ਮਿਟੇ ਵਿਸੂਰੇ॥ ੧॥ ਰਹਾਉ॥

ਜਦ ਪੂਰੇ ਗੁਰਾਂ ਦੇ ਬਚਨਾਂ ਦੁਆਰੇ (ਆਧਿ, ਬਿਆਧਿ, ਉਪਾਧਿ ਰੂਪ) ਤਾਪ ਦੂਰ ਹੋ ਗਿਆ ਤਾਂ ਆਨੰਦ ਪ੍ਰਾਪਤ ਹੋਇਆ ਤੇ ਸਾਰੇ ਵਿਸੂਰੇ=ਝੋਰੇ ਮਿਟ ਗਏ॥ ੧॥

ਜੀਅ ਜੰਤ ਸਗਲ ਸੁਖੁ ਪਾਇਆ॥
ਪਾਰਬ੍ਰਹਮੁ ਨਾਨਕ ਮਨਿ ਧਿਆਇਆ॥ ੨॥ ੩੨॥

ਸੂਖਮ ਅਸਥੂਲ ਸਭ ਜੀਅ ਜੰਤਾਂ ਨੇ ਸੁਖ ਪਾਇਆ। ਜਿਸ ਵੇਲੇ ਮਨ ਵਿਚ ਪਾਰਬ੍ਰਹਮ ਨੂੰ ਧਿਆਉਣਾ ਕੀਤਾ॥ ੨॥ ੩੨॥

ਆਸਾ ਮਹਲਾ ੫ ॥

ਬਾਂਛਤ ਨਾਹੀ ਸੁ ਬੇਲਾ ਆਈ॥ ਬਿਨੁ ਹੁਕਮੈ ਕਿਉ ਬੁਝੈ ਬੁਝਾਈ॥ ੧ ॥

ਜਿਸ ਮਰਨ ਦੇ ਵੇਲੇ ਨੂੰ ਇਹ ਜੀਵ ਬਾਂਛਤ ਨਾਹੀਂ=ਚਾਹੁੰਦਾ ਨਹੀਂ, ਓਹੀ ਮਰਨ ਦਾ ਵੇਲਾ ਇਸ ਨੂੰ ਜ਼ਰੂਰ ਆ ਕੇ ਪ੍ਰਾਪਤ ਹੁੰਦਾ ਹੈ। ਪਰਮੇਸ਼ਰ ਦੇ ਹੁਕਮ ਤੋਂ ਬਿਨਾਂ ਕਾਲ ਰੂਪੀ ਅਗਨੀ ਕਿਸ ਪ੍ਰਕਾਰ ਬੁਝਾਈ ਹੋਈ ਬੁਝ ਸਕੇ ਕਿਤੂੰ ਨਹੀਂ ਬੁਝ ਸਕਦੀ।

ਅਥਵਾ :-ਇਸ ਨੂੰ ਭਜਨ ਸਿਮਰਨ ਕਰਨ ਦੀ ਬੂਝ ਜੋ ਨਹੀਂ ਆਈ ਤਾਂ ਕਿਵੇਂ ਕਾਲ ਰੂਪ ਅਗਨੀ ਬੁਝੇ ? ॥ ੧ ॥

ਪ੍ਰਸ਼ਨ :-ਜਿਸ ਸਰੀਰ ਨੂੰ ਕਾਲ ਨੇ ਹਰੀਹਰ ਕਰਨਾ ਹੈ ਇਹ ਸਰੀਰ ਕੇਹੜਿਆਂ ਤੱਤਾਂ ਕਰਕੇ ਰਚਿਆ ਹੋਇਆ ਹੈ ? *ਉੱਤਰ :*-

ਠੰਢੀ ਤਾਤੀ ਮਿਟੀ ਖਾਈ॥

(੧) ਠੰਢੀ=ਜਲ, ਤਾਤੀ=ਅਗਨੀ, ਮਿਟੀ=ਪ੍ਰਿਥਵੀ, ਖਾ=ਅਕਾਸ਼, ਈ=ਪੌਣ, ਇਨ੍ਹਾਂ ਪੰਜ ਤੱਤਾਂ ਕਰਕੇ ਸਰੀਰ ਰਚਿਆ ਹੋਇਆ ਹੈ।

(੨) ਠੰਢੀ=ਸਤੋ ਗੁਣ, ਤਾਤੀ=ਤਮੋ ਗੁਣ, ਮਿਟੀ=ਰਜੋ ਗੁਣ, ਇਨ੍ਹਾਂ ਤਿੰਨ ਗੁਣਾਂ ਰਚਤ ਸਰੀਰ ਹੈ ਇਸ ਨੂੰ ਕਾਲ ਖਾ ਰਿਹਾ ਹੈ।

(੩) ਇਸ ਮਿੱਟੀ ਰੂਪ ਦੇਹ ਨੂੰ ਠੰਢ ਦੀ ਮੌਸਮ ਵਿਚ ਸਰਦੀ ਖਾਂਦੀ ਹੈ ਅਤੇ ਤਾਤੀ=ਗਰਮੀ ਦੇ ਮੌਸਮ ਵਿਚ ਗਰਮੀ ਖਾਂਦੀ ਹੈ ਤੇ ਉਹ ਆਤਮਾ ਨਿਰਲੇਪ ਹੈ ਨਾ ਉਸ ਨੂੰ ਠੰਢ ਖਾਂਦੀ ਹੈ, ਨਾ ਹੀ ਉਸ ਨੂੰ ਗਰਮੀ ਖਾਂਦੀ ਹੈ। ਕਿਉਂਕਿ ਉਹ ਬ੍ਰਹਮ ਨਾ ਬਾਲਕਾ ਹੈ, ਨਾ ਬੁੱਢਾ ਹੈ।

ਪ੍ਰਸ਼ਨ :-ਜਿਸ ਵੇਲੇ ਜੀਵਾਤਮਾ ਨਿਕਲਦਾ ਹੈ ਤਾਂ ਉਸ ਵੇਲੇ ਦੇਹ ਦੀ ਹਾਲਤ ਕੀ ਹੁੰਦੀ ਹੈ ?

(੪) *ਉੱਤਰ :*-ਕਈ ਤਾਂ ਠੰਢੀ=ਜਲ ਪ੍ਰਵਾਹ ਕਰਦੇ ਹਨ, ਕਈ ਤਾਤੀ=ਅੱਗ ਵਿਚ ਸਸਕਾਰ ਕਰਦੇ ਹਨ, ਕਈ ਮਿਟੀ=ਪ੍ਰਿਥਵੀ ਵਿਚ ਦਬਦੇ ਹਨ। ਇਸ ਤਰ੍ਹਾਂ ਨਾਲ ਦੇਹ ਦਾ ਖਾਈ=ਅਭਾਵ ਹੁੰਦਾ ਹੈ। ਕਿਉਂਕਿ ਜਦ ਪ੍ਰਿਥਵੀ ਵਿਚ ਦਬਦੇ ਹਨ ਤਾਂ ਮਿੱਟੀ ਖਾ ਜਾਂਦੀ ਹੈ।

(੫) *ਅਥਵਾ*-ਦੂਜੀ ਬਦਲ ਥੋੜੀ ਦੇਹੀ ਹੈ, ਕਈ ਪੁਰਸ਼ ਦੇਹ ਦੀ ਦਸ਼ਾ ਪੰਜ ਤਰ੍ਹਾਂ ਦੀ ਮੰਨਦੇ ਹਨ-

ਕਈ ਠੰਢੀ=ਜਲ ਪ੍ਰਵਾਹ ਕਰਦੇ ਹਨ, ਕਈ ਤਾਤੀ=ਅੱਗ ਵਿਚ ਸਸਕਾਰ ਕਰਦੇ ਹਨ, ਕਈ ਮਾਟੀ=ਪ੍ਰਿਥਵੀ ਵਿਚ ਦਬਦੇ ਹਨ। ਕਈ ਖਾ=ਅਕਾਸ਼ ਦਾਹ ਕਰਦੇ ਹਨ, ਜੋ ਬ੍ਰਿਛਾਂ ਨਾਲ ਟੰਗ ਦੇਂਦੇ ਹਨ। ਅਤੇ ਕਈ ਈ=ਪੌਣ ਦਾਹ ਕਰਦੇ ਹਨ ਭਾਵ ਜੰਗਲਾਂ ਵਿਚ ਮੁਰਦੇ ਨੂੰ ਰੱਖ ਆਉਂਦੇ ਹਨ ਤੇ ਉਹ ਚੇਤਨ ਇਨ੍ਹਾਂ ਗੱਲਾਂ ਤੋਂ ਰਹਿਤ ਹੈ ਕਿਉਂਕਿ ਹੇ ਭਾਈ ! ਉਹ ਚੇਤਨ ਨਾ ਬਾਲਕਾ ਹੈ, ਨਾ ਬੁੱਢਾ ਹੈ।

ਜੀਵ ਨੂੰ ਪਹਿਲੇ ਤਾਂ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ। ਜੇ ਨਾ ਹੋ ਸਕੇ ਤਾਂ ਸਰਗੁਣ ਦੀ ਉਪਾਸ਼ਨਾ ਕਰੇ। ਜੇਕਰ ਓਹ ਵੀ ਨਾ ਹੋ ਸਕੇ, ਤਾਂ ਅਵਤਾਰਾਂ ਦੀ ਉਪਾਸ਼ਨਾ ਕਰੇ।

(੬) ਤਾਤੀ=ਜਮਨਾ ਦੇ ਠੰਢੀ=ਪ੍ਰਵਾਹ ਵਿਚੋਂ ਜਿਸ ਨੇ ਮਿੱਟੀ ਖਾਧੀ ਹੈ, ਉਸ ਕ੍ਰਿਸ਼ਨ ਦੀ ਉਪਾਸਨਾ ਕਰੇ।

ਅਥਵਾ :-ਤਾਤੀ=ਜਮਨਾ ਵਿਚੋਂ ਜਿਸ ਨੇ ਠੰਢੀ ਠੰਢੀ ਮਿੱਟੀ ਖਾਧੀ ਹੈ, ਉਸ ਕ੍ਰਿਸ਼ਨ ਦੀ ਉਪਾਸਨਾ ਕਰੇ।

ਨੋਟ :-ਭਾਤੀ ਨਾਮ ਜਮਨਾ ਦਾ ਕਿਵੇਂ ਹੈ ? *ਉੱਤਰ:-* ਭਾਤੀ ਨਾਮ ਪੁਤਰੀ ਦਾ ਹੈ, ਸੂਰਜ ਦੀ ਪੁਤਰੀ ਹੋਣ ਕਰਕੇ ਭਾਤੀ ਨਾਮ ਜਮਨਾ ਦਾ ਹੈ।

*ਪ੍ਰਸ਼ਨ :-*ਜੇਹੜੇ ਪੁਰਸ਼ ਕ੍ਰਿਸ਼ਨ ਦੀ ਉਪਾਸ਼ਨਾ ਨਹੀਂ ਕਰਦੇ, ਉਹਨਾਂ ਲਈ ਕੀ ਕਰੱਤਬ ਕਰਨੇ ਯੋਗ ਹੈ ?

*ਉੱਤਰ :-*ਜਿਸ ਨੇ ਭਾਤੀ=ਤਮੋ ਗੁਣ ਨੂੰ ਖਾਈ=ਅਭਾਵ ਕਰਕੇ ਠੰਢੀ ਖਾਈ=ਸਤੋ ਗੁਣ ਨੂੰ ਧਾਰਿਆ ਹੈ, ਉਸ ਨੂੰ ਮਿਟੀ ਕਹੀਏ ਪ੍ਰਿਥਵੀ, ਪ੍ਰਿਥਵੀ ਕਹੀਏ ਭੂਮਾਂ, ਭੂਮਾਂ ਕਹੀਏ ਬ੍ਰਹਮ ਪ੍ਰਾਪਤ ਹੋਇਆ ਹੈ।

*ਪ੍ਰਸ਼ਨ:-*ਉਹ ਬ੍ਰਹਮ ਕੈਸਾ ਹੈ ? *ਉੱਤਰ :-*

ਓਹੁ ਨ ਬਾਲਾ ਬ੍ਰਿਧਾ ਭਾਈ ॥ ੧ ॥ ਰਹਾਉ ॥

ਹੇ ਭਾਈ ! ਉਹ ਬ੍ਰਹਮ ਨਾ ਬਾਲਕ, ਨਾ ਬੁੱਢਾ ਹੈ, ਉਸ ਦੇ ਸਰੂਪ ਵਿਚ ਵਧਣਾ ਘਟਣਾ ਨਹੀਂ ਹੈ॥ ੧ ॥ ਰਹਾਉ॥

ਨਾਨਕ ਦਾਸ ਸਾਧ ਸਰਣਾਈ ॥
ਗੁਰ ਪ੍ਰਸਾਦਿ ਭਉ ਪਾਰਿ ਪਰਾਈ ॥ ੨ ॥ ੩੩ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾਸ ਨੇ ਸੰਤਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ। ਉਹ ਗੁਰਾਂ ਦੀ ਕਿਰਪਾ ਵਾਲਾ ਭੈਦਾਇਕ ਸੰਸਾਰ ਤੋਂ ਪਾਰ ਪੈਂਦਾ ਹੈ॥ ੨ ॥ ੩੩ ॥

ਆਸਾ ਮਹਲਾ ੫ ॥

ਸਦਾ ਸਦਾ ਆਤਮ ਪਰਗਾਸੁ ॥ ਸਾਧਸੰਗਤਿ ਹਰਿ ਚਰਣ ਨਿਵਾਸੁ ॥ ੧ ॥

ਜਿਸ ਸਦਾ=ਨਿੱਤ ਰੂਪ ਆਤਮਾ ਦਾ ਸਦਾ ਹੀ ਪ੍ਰਕਾਸ਼ ਹੋ ਰਿਹਾ ਹੈ। ਸਾਧ ਸੰਗਤ ਦੇ ਕਰਨ ਨਾਲ ਤਿਸ ਹਰੀ ਦੇ ਚਰਨਾਂ ਵਿਚ ਨਿਵਾਸ ਹੁੰਦਾ ਹੈ। *ਅਥਵਾ :-*ਚਰਣ=ਪੂਜਨੀਕ ਹਰੀ ਵਿਚ ਨਿਵਾਸ ਹੁੰਦਾ ਹੈ।

ਰਾਮ ਨਾਮ ਨਿਤਿ ਜਪਿ ਮਨ ਮੇਰੇ ॥

ਹੇ ਮੇਰੇ ਮਨ ! ਨਿਤਾਪ੍ਰਤੀ ਤੂੰ ਰਾਮ ਨਾਮ ਜਪਣਾ ਕਰ।

ਸੀਤਲ ਸਾਂਤਿ ਸਦਾ ਸੁਖ ਪਾਵਹਿ
ਕਿਲਵਿਖ ਜਾਹਿ ਸਭੇ ਮਨ ਤੇਰੇ ॥ ੧ ॥ ਰਹਾਉ ॥

ਤਾਂ ਤੂੰ ਸੀਤਲ ਕਰਨ ਵਾਲੇ ਸ਼ਾਂਤੀ ਸੁਖ ਨੂੰ ਸਦਾ ਪਾਵੇਂਗਾ ਅਤੇ ਹੇ ਮਨ ! ਫਿਰ ਤੇਰੇ ਸਾਰੇ ਕਿਲਵਿਖ= ਪਾਪ ਦੂਰ ਹੋ ਜਾਣਗੇ॥ ੧ ॥ ਰਹਾਉ ॥

ਕਹੁ ਨਾਨਕ ਜਾ ਕੇ ਪੂਰਨ ਕਰਮ ॥
ਸਤਿਗੁਰ ਭੇਟੇ ਪੂਰਨ ਪਾਰਬ੍ਰਹਮ ॥ ੨ ॥ ੩੪ ॥ ਦੂਜੇ ਘਰ ਕੇ ਚਉਤੀਸ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਦੇ ਕਰਮ ਪੂਰਨ ਹਨ, ਤਿਸ ਨੂੰ ਪੂਰਨ ਪਾਰਬ੍ਰਹਮ ਰੂਪ ਸਤਿਗੁਰ ਦੇਵ ਜੀ ਮਿਲਦੇ ਹਨ॥ ੨ ॥ ੩੪ ॥ ਇਥੋਂ ਤੱਕ ਦੂਜੇ ਘਰ ਦੇ ਚੌਂਤੀ ਸ਼ਬਦ ਆਏ ਹਨ।

ਆਸਾ ਮਹਲਾ ੫ ॥ ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ ॥

ਜਿਸ ਜੀਵ ਰੂਪੀ ਇਸਤ੍ਰੀ ਦਾ ਹਰੀ ਪ੍ਰਭੂ ਸੁਆਮੀ ਬੇਲੀ=ਮਿਤ੍ਰ ਹੈ।

[ਪੰਨਾ ੩੭੯]

ਪੀੜ ਗਈ ਫਿਰਿ ਨਹੀ ਦੁਹੇਲੀ ॥ ੧ ॥ ਰਹਾਉ ॥

ਉਸ ਦੀ ਜਨਮ ਮਰਨ ਰੂਪ ਪੀੜਾ ਚਲੀ ਗਈ ਹੈ, ਉਹ ਜੀਵ ਰੂਪ ਇਸਤ੍ਰੀ ਫਿਰ ਕਦੇ ਦੁਹੇਲੀ=ਦੁਖੀ ਨਹੀਂ ਹੁੰਦੀ ॥ ੧ ॥ ਰਹਾਉ ॥

ਕਰਿ ਕਿਰਪਾ ਚਰਨ ਸੰਗਿ ਮੇਲੀ ॥
ਸੁਖ ਸਹਜ ਆਨੰਦ ਸੁਹੇਲੀ ॥ ੧ ॥

ਪਰਮੇਸ਼ਰ ਨੇ ਕਿਰਪਾ ਕਰਕੇ ਜੋ ਜੀਵ ਰੂਪੀ ਇਸਤ੍ਰੀ ਗੁਰਾਂ ਦੇ ਚਰਨਾਂ ਨਾਲ ਮੇਲੀ ਹੈ। ਉਹ ਸਹਜ ਸੁਖ=ਅਚੁਤ ਸੁਖ ਦੇ ਅਨੰਦ ਨੂੰ ਪਾ ਕੇ ਸੁਹੇਲੀ=ਸੋਭਨੀਕ ਹੋਈ ਹੈ ॥ ੧ ॥

ਸਾਧਸੰਗਿ ਗੁਣ ਗਾਇ ਅਤੋਲੀ ॥
ਹਰਿ ਸਿਮਰਤ ਨਾਨਕ ਭਈ ਅਮੋਲੀ ॥ ੨ ॥ ੩੫ ॥

ਸਾਧ ਸੰਗਤ ਵਿਚ ਜਾ ਕੇ ਜਿਸ ਨੇ ਅਤੋਲੀ=ਪਰਮਾਤਮਾ ਦੇ ਗੁਣ ਗਾਏ ਹਨ ਤੇ ਹਰੀ ਨੂੰ ਮਨ ਕਰਕੇ ਸਿਮਰਿਆ ਹੈ, ਉਹ ਜੀਵ ਰੂਪੀ ਇਸਤ੍ਰੀ, *ਅਥਵਾ* :-ਉਹ ਬੁੱਧੀ ਅਮੋਲਕ ਹੋਈ ਹੈ ॥ ੨ ॥ ੩੫ ॥

ਆਸਾ ਮਹਲਾ ੫ ॥

ਉਥਾਨਕਾ:-ਜਿਵੇਂ ਪ੍ਰਤੱਖ ਜੂਏ ਵਿਚ ਖੇਡਣ ਕਰਕੇ ਕਦੇ ਜਿੱਤ ਤੇ ਕਦੇ ਹਾਰ ਹੁੰਦੀ ਹੈ ਓਵੇਂ ਹੀ ਗੁਰਮੁਖਾਂ ਨੇ-

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥

ਸਤਿਸੰਗਤ ਰੂਪੀ *ਅਥਵਾ* :-ਭਜਨ ਸਿਮਰਨ ਰੂਪ ਜੂਏ ਦੀ ਖੇਡ ਨੂੰ ਖੇਡਦਿਆਂ ਹੋਇਆਂ, ਕਾਮ, ਕਰੋਧ, ਮਾਇਆ, ਮਦ ਅਤੇ ਮਤਸਰ=ਈਰਖਾ ਏਹ ਸਾਰੇ ਵਿਕਾਰ ਹਾਰ ਦਿੱਤੇ ਹਨ।

ਸਤੁ ਸੰਤੋਖੁ ਦਇਆ ਧਰਮੁ ਸਚੁ
ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥ ੧ ॥

ਅਤੇ ਸਤਿਸੰਗਤ ਰੂਪੀ ਜੂਏ ਦੀ ਖੇਡ ਨੂੰ ਖੇਡ ਕੇ ਸਤ, ਸੰਤੋਖ, ਦਇਆ, ਧਰਮ, ਸੱਚ ਨਾਮ ਜਪਣਾ ਏਹ ਸਾਰੇ ਸ਼ੁਭ ਗੁਣ ਆਪਣੇ ਅੰਤਹਕਰਨ ਰੂਪੀ ਘਰ ਦੇ ਵਿਚ ਵਾੜੇ ਹਨ ॥ ੧ ॥

ਦੂਜਾ ਅਰਥ-ਕਾਮ ਕਰੋਧ ਮਾਇਆ ਮਦ ਅਤੇ ਮਤਸਰ=ਈਰਖਾ ਇਸ ਪ੍ਰਕਾਰ ਦੇ ਜੂਏ ਦੀ ਖੇਡ ਵਿਚ ਜੋ ਖੇਡੇ ਹਨ, ਉਹਨਾਂ ਨੇ ਸਾਰੇ ਸ਼ੁਭ ਗੁਣ ਹਾਰ ਦਿਤੇ ਹਨ ਅਤੇ ਸਤੁ=ਸੱਚ ਬੋਲਣਾ, ਸੰਤੋਖ, ਦਇਆ, ਧਰਮ, ਸੱਚ ਨਾਮ ਜਪਣਾ, ਇਸ ਖੇਡ ਨੂੰ ਜਿਸ ਨੇ ਖੇਡਿਆ ਹੈ ਉਸ ਨੂੰ ਪਰਮੇਸ਼ਰ ਨੇ ਆਪਣੇ ਸਰੂਪ-ਘਰ ਦੇ ਵਿਚ

ਵਾਰੇ=ਵਾੜਿਆ ਹੈ॥ ੧॥

ਜਨਮ ਮਰਨ ਚੂਕੇ ਸਭਿ ਭਾਰੇ॥

ਜਨਮ ਮਰਨ ਦੇ ਸਾਰੇ ਭਾਰੇ=ਦੁੱਖ ਦੂਰ ਹੋ ਗਏ ਹਨ।

ਮਿਲਤ ਸੰਗਿ ਭਇਓ ਮਨੁ ਨਿਰਮਲੁ
ਗੁਰਿ ਪੂਰੈ ਲੈ ਖਿਨ ਮਹਿ ਤਾਰੇ॥ ੧॥ ਰਹਾਉ॥

ਜਿਸ ਵੇਲੇ ਸੰਤਾਂ ਦੇ ਸੰਗ ਮਿਲਣ ਕਰਕੇ ਮਨ ਨਿਰਮਲੁ=ਪਵਿਤ੍ਰ ਹੋਇਆ ਤਾਂ ਪੂਰਿਆਂ ਗੁਰਾਂ ਨੇ ਲੈ ਕੇ ਇਕ ਖਿਨ ਵਿਚ ਸੰਸਾਰ=ਸਮੁੰਦਰ ਤੋਂ ਤਾਰ ਦਿੱਤਾ॥ ੧॥ ਰਹਾਉ॥

ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥

ਜੇਕਰ ਇਹ ਮਨ ਸਾਰਿਆਂ ਦੀ ਚਰਨ ਧੂੜ ਹੋ ਰਹੇ ਤਾਂ ਫਿਰ ਇਸ ਨੂੰ ਸਾਰੇ ਜੀਵ ਪਿਆਰੇ ਮਿਤ੍ਰ ਨਿਗਾਹ ਆਉਂਦੇ ਹਨ।

ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ॥ ੨॥

ਮੇਰਾ ਠਾਕੁਰ ਸੁਆਮੀ ਸਾਰਿਆਂ ਵਿਚ ਰਵਿ ਰਿਹਾ ਹੈ, ਜੋ ਸੰਭਾਲ ਕੇ ਸਾਰਿਆਂ ਜੀਵਾਂ ਨੂੰ ਦਾਨ ਦੇਂਦਾ ਹੈ॥ ੨॥

ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ॥

ਪਿੱਛੇ ਵੀ ਉਹ ਪਰਮੇਸ਼ਰ ਇਕੋ ਇਕ ਆਪ ਸੀ, ਹੁਣ ਵੀ ਇਕੋ ਇਕ ਆਪ ਹੈ। ਆਉਣ ਵਾਲੇ ਸਮੇਂ ਦੇ ਸਾਰੇ ਪਸਾਰੇ ਵਿਚ ਭੀ ਇਕ ਹੋਵੇਗਾ। *ਅਥਵਾ* :-ਏਕੋ ਏਕ ਜੋ ਪਰਮੇਸ਼ਰ ਹੈ, ਓਹੀ ਇਕ ਸਾਰੇ ਪਸਾਰੇ ਵਿਚ ਆਪ ਏਕੈ ਏਕੈ=ਮੁਖੀ ਹੋ ਰਿਹਾ ਹੈ।

ਜਪਿ ਜਪਿ ਹੋਏ ਸਗਲ ਸਾਧ ਜਨ
ਏਕੁ ਨਾਮੁ ਧਿਆਇ ਬਹੁਤੁ ਉਧਾਰੇ॥ ੩॥

ਉਸ ਦੇ ਨਾਮ ਜਪ ਨੂੰ ਜਪ ਕੇ ਸਾਰੇ ਪੁਰਸ਼ ਸੰਤ ਹੋਏ ਹਨ, ਜੋ ਇਕ ਨਾਮ ਨੂੰ ਧਿਆਉਂਦੇ ਹਨ ਉਹ ਬਹੁਤ ਹੀ ਤਾਰਨਾ ਕੀਤੇ ਹਨ॥ ੩॥

ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ॥

ਹੇ ਗਹਿਰ=ਡੂੰਗੇ, ਗੰਭੀਰ=ਨਿਰਹਲ, ਬਿਅੰਤ ਗੁਣਾਂ ਵਾਲੇ ਗੁਸਾਈ=ਪ੍ਰਿਥਵੀ ਦੇ ਮਾਲਕ ਵਾਹਿਗੁਰੂ ! ਆਪ ਦੇ ਪਾਰ ਉਰਵਾਰ ਦਾ ਕੁਛ ਅੰਤ ਨਹੀਂ ਆਉਂਦਾ।

ਤੁਮ੍ਹਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ
ਧਿਆਇ ਧਿਆਇ ਪ੍ਰਭ ਕਉ ਨਮਸਕਾਰੇ॥ ੪॥ ੩੬॥

ਮੈਂ ਆਪ ਦੀ ਕਿਰਪਾ ਨਾਲ ਹੀ ਗੁਣਾਂ ਨੂੰ ਗਾਂਵਦਾ ਹਾਂ ਅਤੇ ਧਿਆ-ਧਿਆ ਕੇ ਪ੍ਰਭੂ ਨੂੰ ਨਮਸਕਾਰ ਕਰਦਾ ਹਾਂ॥ ੪॥ ੩੬॥

ਆਸਾ ਮਹਲਾ ੫ ॥

ਤੂ ਬਿਅੰਤੁ ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ ॥

ਹੇ ਪਰਮੇਸ਼ਰ ! ਤੂੰ ਬਿਅੰਤ ਗੁਣਾਂ ਵਾਲਾ, ਅਵਿਗਤੁ=ਕਠਨ ਪ੍ਰਾਪਤੀ ਤੇ ਅਗੋਚਰੁ=ਇੰਦ੍ਰੀਆਂ ਦੇ ਅਵਿਸ਼ੇ ਹੈਂ, ਏਹ ਜਗਤ ਰੂਪੀ ਸਾਰਾ ਅਕਾਰ ਤੇਰਾ ਆਪਣਾ ਹੀ ਧਾਰਿਆ ਹੋਇਆ ਹੈ।

ਕਿਆ ਹਮ ਜੰਤ ਕਰਹ ਚਤੁਰਾਈ ਜਾਂ ਸਭੁ ਕਿਛੁ ਤੁਝੈ ਮਝਾਰਿ ॥ ੧ ॥

ਅਸੀਂ ਵਿਚਾਰੇ ਜੰਤ ਕੀ ਚਤੁਰਾਈ ਕਰ ਸਕਦੇ ਹਾਂ, ਜਾਂ ਸਭ ਕੁਝ ਆਪ ਦੇ ਹੁਕਮ ਮਝਾਰਿ=ਵਿਚ ਹੀ ਹੋ ਰਿਹਾ ਹੈ॥ ੧ ॥

ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ ਧਾਰਿ ॥

ਹੇ ਲੀਲਾ ਧਾਰੀ ਮੇਰੇ ਸਤਿਗੁਰੋ ! ਆਪਣੇ ਬਾਲਿਕ=ਬੱਚੇ ਨੂੰ ਇਸ ਸੰਸਾਰਕ ਲੀਲ੍ਹਾ ਵਲੋਂ ਰੱਖ ਲਓ। *ਅਥਵਾ* :-ਇਹ ਜਿਹੜੀ ਸੰਸਾਰ ਲੀਲ੍ਹਾ ਧਾਰੀ ਹੋਈ ਹੈ, ਇਸ ਤਰਫੋਂ ਹੇ ਸਤਿਗੁਰੋ ! ਰੱਖ ਲਵੋ।

ਅਥਵਾ :-ਅਸੀਂ ਜੋ ਲੀਲ੍ਹਾ ਧਾਰੀ ਬਾਲਕੇ ਹਾਂ, ਹੇ ਮੇਰੇ ਸਤਿਗੁਰੋ ! ਸਾਨੂੰ ਆਪਣੇ ਬਾਲਕਾਂ ਨੂੰ ਰੱਖ ਲਓ।

ਦੇਹੁ ਸੁਮਤਿ ਸਦਾ ਗੁਣ ਗਾਵਾ
ਮੇਰੇ ਠਾਕੁਰ ਅਗਮ ਅਪਾਰ ॥ ੧ ॥ ਰਹਾਉ ॥

ਹੇ ਮੇਰੇ ਠਾਕੁਰ ! ਅਗਮ=ਖੌਫ ਤੋਂ ਰਹਿਤ ਤੇ ਅਪਾਰ=ਬਿਅੰਤ ਗੁਣਾਂ ਵਾਲੇ ਇਹ ਸੁਮਤੀ ਮੈਨੂੰ ਦੇਵੋ, ਜਿਸ ਤੇ ਮੈਂ ਸਦੀਵ ਕਾਲ ਤੇਰੇ ਗੁਣਾਂ ਨੂੰ ਗਾਵਾਂ।

ਅਥਵਾ :- ਮੈਨੂੰ ਐਸੀ ਸੁਮਤੀ ਦੇਵੋ, ਜਿਸ ਕਰਕੇ ਅਗਮ ਅਪਾਰ ਠਾਕੁਰ ਦੇ ਸਦਾ ਗੁਣ ਗਾਵਾਂ॥ ੧ ॥ ਰਹਾਉ ॥

ਜੈਸੇ ਜਨਨਿ ਜਠਰ ਮਹਿ ਪ੍ਰਾਨੀ ਓਹੁ ਰਹਤਾ ਨਾਮ ਅਧਾਰਿ ॥

ਜਿਸ ਪ੍ਰਕਾਰ ਮਾਤਾ ਦੀ ਜਠਰ ਅਗਨੀ ਵਿਚ ਪ੍ਰਾਨ ਧਾਰੀ ਜੋ ਪੁਰਖ ਹੈ, ਉਹ ਨਾਮ ਦੇ ਅਧਾਰਿ=ਆਸਰੇ ਕਰਕੇ ਬਚਿਆ ਰਹਿੰਦਾ ਹੈ।

ਅਨਦੁ ਕਰੈ ਸਾਸਿ ਸਾਸਿ ਸਮ੍ਹਾਰੈ ਨਾ ਪੋਹੈ ਅਗਨਾਰਿ ॥ ੨ ॥

ਅਨੰਦ ਲੈਣਾ ਕਰਦਾ ਹੈ ਸ੍ਵਾਸ ਸ੍ਵਾਸ ਪ੍ਰਭੂ ਨੂੰ ਸਮਾਲਦਾ ਹੈ, ਇਸੀ ਕਰਕੇ ਬੱਚੇ ਨੂੰ ਜਠਰ ਅਗਨੀ ਨਹੀਂ ਪੋਂਹਦੀ। *ਅਥਵਾ*:-ਅੱਗ ਤੇ ਨਾਰਿ ਕਹੀਏ ਜਲ,। *ਅਥਵਾ* :-ਅਗਨੀ ਦਾ ਅਰੀ ਜੋ ਜਲ ਹੈ ਉਹ ਨਹੀਂ ਪੋਂਹਦਾ, ਕਿਉਂਕਿ ਜਿਸ ਵੇਲੇ ਮਾਂ ਜਲ ਪੀਂਦੀ ਹੈ ਤਾਂ ਬੱਚਾ ਸਮਝਦਾ ਹੈ ਕਿ ਹੁਣ ਸਮੁੰਦ੍ਰ ਛੁਟਿਆ ਹੈ, ਲੇਕਿਨ ਪਰਮੇਸ਼ਰ ਉਸ ਤੋਂ ਬਚਾਈ ਰੱਖਦਾ ਹੈ॥ ੨ ॥

ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥

ਪਰਾਯਾ ਧਨ, ਪਰਾਈ ਦਾਰਾ=ਇਸਤ੍ਰੀ, ਪਰਾਈ ਨਿੰਦਿਆ ਕਰਨੀ; ਇਨ੍ਹਾਂ ਨਾਲੋਂ ਪ੍ਰੀਤੀ ਦੂਰ ਕਰ ਦੇਹੁ। ਅਤੇ ਐਸੀ ਕਿਰਪਾ ਕਰੋ ਕਿ-

ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥ ੩ ॥

ਪੂਰੇ ਗੁਰਾਂ ਦੇ ਆਧਾਰਿ=ਆਸ੍ਰਿਤ ਹੋ ਕੇ ਰਿਦੇ ਅੰਦਰ ਚਰਨ ਕੰਵਲਾਂ ਨੂੰ ਸੇਵਨਾ ਕਰਾਂ॥ ੩ ॥

ਗ੍ਰਿਹੁ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ॥

ਗ੍ਰਿਹੁ=ਘਰ ਕੱਚੇ, ਮੰਦਰ ਪੱਕੇ, ਮਹਲਾ=ਇਸਤ੍ਰੀ ਮਹਲਾ ਵਟਾਵਾਂ ਜੋ ਦਿਖਾਈ ਦੇਂਦੀ ਹੈਂ, ਇਹਨਾਂ ਵਿਚੋਂ ਕੋਈ ਭੀ ਸਾਥ ਜਾਣੇ ਵਾਲਾ ਨਹੀਂ ਹੈ।

ਜਬ ਲਗੁ ਜੀਵਹਿ ਕਲੀ ਕਾਲ ਮਹਿ
ਜਨ ਨਾਨਕ ਨਾਮੁ ਸਮ੍ਹਾਰਿ॥ ੪॥ ੩੭॥

ਹੇ ਵਾਹਿਗੁਰੂ ! ਇਹ ਕਿਰਪਾ ਕਰੋ ਜਦ ਤਕ ਅਸੀਂ ਕਲਜੁਗ ਦੇ ਸਮੇਂ ਵਿਚ ਜੀਵੀਏ ਤਦ ਤਕ ਨਾਮ ਨੂੰ ਯਾਦ ਕਰੀਏ, *ਅਥਵਾ* :-ਹੇ ਜੀਵ ! ਜਦ ਤਕ ਤੂੰ ਕਲਜੁਗ ਦੇ ਸਮੇਂ ਵਿਚ ਜੀਂਵਦਾ ਹੈਂ, ਤਦ ਤਕ ਤੂੰ ਨਾਮ ਨੂੰ ਸੰਭਾਲਣਾ ਕਰ॥ ੪॥ ੩੭॥

ਆਸਾ ਘਰੁ ੩ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ :-ਕੋਈ ਰਾਜਾ ਆਇਆ ਹੈ, ਉਸ ਨੂੰ ਉਪਦੇਸ਼ ਦੇਂਦੇ ਹਨ—

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੁਆਨੀ॥

ਰਾਜ-ਭਾਗ, ਮਿਲਕ=ਜਗੀਰਾਂ, ਜੋਬਨ ਅਵਸਥਾ, ਗ੍ਰਿਹ=ਘਰ, ਸੋਭਾ ਹੋਣੀ, ਸੁੰਦਰ ਰੂਪ ਵਾਲਾ ਹੋਣਾ ਇਤ੍ਯਾਦੀ ਜਿਤਨੀ-ਕੁ ਸਮਿਗ੍ਰੀ ਜੋ+ਆਨੀ=ਜੋ ਤੂੰ ਲਿਆਂਦੀ ਹੋਈ ਹੈ।

ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈਆਨੀ॥

ਬਹੁਤ ਸਾਰਾ ਦਰਬੁ=ਧਨ, ਹਸਤੀ=ਹਾਥੀ ਅਤੇ ਘੋੜੇ, ਜਿਨ੍ਹਾਂ ਦੀ ਲੱਖਾਂ ਲਾਲ ਬੈਆਨੀ=ਕੀਮਤ ਹੈ। *ਅਥਵਾ* :-ਲਾਲ ਵੀ ਐਸੇ ਬੇ-ਕੀਮਤੇ ਹਨ, ਲੱਖਾਂ ਰੁਪਏ ਜਿਨ੍ਹਾਂ ਦੀ ਬੈਆਨੀ=ਕੀਮਤ ਹੈ।

ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ॥ ੧॥

ਅੱਗੇ ਪ੍ਰਲੋਕ ਦਰਗਾਹ ਵਿਚ ਏਹ ਪਦਾਰਥ ਕਿਸੇ ਕੰਮ ਨਹੀਂ ਆਉਣੇ, ਹੇ ਅਭਿਮਾਨੀ ਰਾਜੇ ! ਤੂੰ ਇਨ੍ਹਾਂ ਨੂੰ ਇਥੇ ਹੀ ਛੱਡ ਕੇ ਖਾਲੀ ਚਲਿਆ ਜਾਏਂਗਾ।

ਕਾਹੇ ਏਕ ਬਿਨਾ ਚਿਤੁ ਲਾਈਐ॥

ਇਕ ਪਰਮੇਸ਼ਰ ਤੋਂ ਬਿਨਾਂ ਹੋਰਨਾਂ ਪਦਾਰਥਾਂ ਵਿਚ ਕਿਸ ਵਾਸਤੇ ਚਿਤ ਨੂੰ ਲਗਾਣਾ ਹੈ।

ਊਠਤ ਬੈਠਤ ਸੋਵਤ ਜਾਗਤ
ਸਦਾ ਸਦਾ ਹਰਿ ਧਿਆਈਐ॥ ੧॥ ਰਹਾਉ॥

ਉਠਦਿਆਂ ਬੈਠਦਿਆਂ, ਸੁੱਤਿਆਂ ਜਾਗਦਿਆਂ, ਸਦਾ ਸਦਾ ਹਰੀ ਨੂੰ ਧਿਆਉਣਾ ਕਰੀਏ॥ ੧॥ ਰਹਾਉ॥

ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ॥

ਬਚਿਤ੍ਰ=ਨਾਨਾ ਪ੍ਰਕਾਰ ਦੇ ਮਹਾ ਸੁੰਦਰ=ਬੜੇ ਚੰਗੇ ਅਖਾੜੇ ਕਰਨੇ।

ਅਤੇ ਰਣ ਭੂਮਕਾ ਵਿਚ ਪਵਾੜੇ=ਝਗੜੇ, *ਅਥਵਾ* :-ਛਤ੍ਰੂ ਜਿਤਣੇ।

[ਪੰਨਾ ੩੮੦]

ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ॥

ਅੰਨਵੇ ! ਅਤੇ ਮੁਖ ਤੋਂ ਇਸ ਪ੍ਰਕਾਰ ਬਬਾੜੇ=ਗੱਪਾਂ ਮਾਰਦਾ ਹੈ। *ਅਥਵਾ* :-ਉਚਾਰਦਾ ਹੈ-ਕਿ ਮੈਂ ਅਮਕੇ ਨੂੰ ਮਾਰਾਂਗਾ, ਮੈਂ ਫਲਾਣੇ ਨੂੰ ਬੰਨ੍ਹਾਂਗਾ, ਮੈਂ ਅਮਕੇ ਨੂੰ ਛੱਡਾਂਗਾ।

ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ॥ ੨॥

ਪਰ ਜਿਸ ਵੇਲੇ ਪਾਰਬ੍ਰਹਮ ਦਾ ਹੁਕਮ ਆਇਆ, ਤਾਂ ਇਕੋ ਦਿਹਾੜੇ=ਦਿਨ ਹੀ ਸਭ ਕੁਛ ਛੱਡ ਕੇ ਚਲਿਆ ਜਾਂਦਾ ਹੈ॥ ੨॥

ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ॥

ਕਈ ਤਰ੍ਹਾਂ ਦੇ ਕਰਮ ਧਰਮ ਅਤੇ ਬਹੁਤ ਸਾਰੀਆਂ ਜੁਗਤੀਆਂ ਨੂੰ ਕਰਦਾ ਹੈ, ਪਰ ਕਰਣੈਹਾਰੁ=ਵਾਹਿਗੁਰੂ ਨੂੰ ਜਾਣਦਾ ਨਹੀਂ।

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ॥

ਲੋਕਾਂ ਨੂੰ ਉਪਦੇਸ਼ ਕਰਦਾ ਹੈ, ਆਪ ਨਹੀਂ ਕਮਾਉਂਦਾ ਅਤੇ ਸਬਦੁ=ਵੇਦਾਂ ਦੇ ਤਤੁ=ਸਿਧਾਂਤ ਰੂਪ ਵਾਹਿਗੁਰੂ ਨੂੰ ਪਛਾਣਦਾ, ਨਹੀਂ।

ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ॥ ੩॥

ਇਹ ਜੀਵ ਨੰਗਾ ਆਉਂਦਾ ਹੈ ਅਤੇ ਨੰਗਾ ਹੀ ਜਾਂਦਾ ਹੈ। ਪਰ ਇਸ ਦੇ ਕਰਮ ਕੀਤੇ ਹੋਏ ਇੰਝ ਨਿਸਫਲ ਹਨ, ਜਿਵੇਂ ਹਾਥੀ ਇਸ਼ਨਾਨ ਕਰਨ ਮਗਰੋਂ ਖਾਕੁ ਛਾਨੈ=ਮਿੱਟੀ ਉੱਡਾ ਕੇ ਆਪਣੇ ਉੱਤੇ ਪਾ ਲੈਂਦਾ ਹੈ। ਤਿਵੇਂ ਇਹ ਜੀਵ ਕਰਮ ਕਰਕੇ ਫਿਰ ਹੰਕਾਰ ਰੂਪੀ ਸੁਆਹ ਸਿਰ 'ਚ ਪਾ ਲੈਂਦਾ ਹੈ। ਜਿਵੇਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ੪੬॥ *(ਪੰਨਾ ੧੪੨੮)*

ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ॥

ਹੇ ਮਿੱਤਰੋ ! ਸੰਤ ਸਜਣਾਂ ਨਾਲ ਮਿਲ ਕੇ ਤੁਸੀਂ ਸਾਰੇ ਸੁਣਨਾ ਕਰੋ ਕਿ ਏਹ ਸੰਸਾਰ ਪਸਾਰਾ ਸਾਰਾ ਝੂਠਾ ਹੈ।

ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ॥

ਜੋ ਮੇਰੀ ਮਾਇਆ ਮੇਰੀ ਦੌਲਤ ਕਰ ਕਰਕੇ ਸੰਸਾਰ-ਸਮੁੰਦਰ ਵਿਚ ਡੁੱਬ ਰਹੇ ਹਨ, ਉਹ ਗਵਾਰਾ=ਮੂਰਖ ਪੁਰਸ਼ ਪਦਾਰਥਾਂ ਵਿਚ ਹੀ ਖਪ-ਖਪ ਕੇ ਮਰ ਗਏ ਹਨ।

ਗੁਰਿ ਮਿਲਿ ਨਾਨਕ ਨਾਮੁ ਧਿਆਇਆ
ਸਾਚਿ ਨਾਮਿ ਨਿਸਤਾਰਾ॥ ੪॥ ੧॥ ੩੮॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰੂ ਨਾਲ ਮਿਲ ਕੇ ਨਾਮ ਨੂੰ ਧਿਆਇਆ ਹੈ, ਉਨ੍ਹਾਂ ਦਾ ਸੱਚ

ਨਾਮ ਦੇ ਜਪਣ ਕਰਕੇ ਸੰਸਾਰ ਤੋਂ ਛੁਟਕਾਰਾ ਹੋਇਆ ਹੈ।

ਰਾਗੁ ਆਸਾ ਘਰੁ ੫ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ॥

ਕੋਊ ਜਾਗੈ ਹਰਿ ਜਨੁ॥ ੧॥

ਇਥੇ 'ਜਗਤ' ਦਾ ਅਰਥ ਸ੍ਰਿਸ਼ਟੀ ਕਰਨਾ। ਸਾਰੀ ਸ੍ਰਿਸ਼ਟੀ ਧੰਦਿਆਂ ਵਿਚ ਅੰਨ੍ਹੀ ਹੋਈ-ਹੋਈ ਭਰਮ ਰੂਪੀ ਨੀਂਦ ਵਿਚ ਸੁੱਤੀ ਹੋਈ ਹੈ। *ਅਥਵਾ* :-ਭਰਮ ਕਰਕੇ ਅਵਿੱਦਿਆ ਰੂਪ ਨੀਂਦ ਵਿਚ ਸੋਈ=ਸੁੱਤੀ ਹੋਈ ਹੈ। ਕੋਈ ਵਿਰਲਾ ਹੀ ਹਰੀ ਜਨ ਗਿਆਨ-ਜਾਗ੍ਰਤ ਵਿਚ ਜਾਗਦਾ ਹੈ।

ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ॥

ਕੋਊ ਤਿਆਗੈ ਵਿਰਲਾ॥ ੨॥

ਅੰਨਵੇ ! ਪ੍ਰਾਣਾਂ ਤੋਂ ਭੀ ਪਿਆਰੀ ਜਾਣ ਕੇ ਮਹਾਂ ਮੋਹਨੀ ਜੋ ਮਾਇਆ ਹੈ, ਉਸ ਵਿਚ ਪ੍ਰੀਤੀ ਪੂਰਬਕ ਮਗਨ=ਮਸਤ ਹੋ ਰਿਹਾ ਹੈ। ਕੋਈ ਵਿਰਲਾ ਗੁਰਮੁਖ ਹੀ ਇਸ ਮਾਇਆ ਨੂੰ ਤਿਆਗਦਾ ਹੈ॥ ੨॥

ਚਰਨ ਕਮਲ ਆਨੂਪ ਹਰਿ ਸੰਤ ਮੰਤ॥ ਕੋਊ ਲਾਗੈ ਸਾਧੂ॥ ੩॥

ਸੰਤਾਂ ਦੇ ਮੰਤਰ ਦੁਆਰਾ ਕੋਈ ਵਿਰਲਾ ਹੀ ਸਾਧੂ=ਜਗਿਆਸੂ ਹਰੀ ਦੇ ਅਨੂਪੰ ਚਰਨ ਕਮਲਾਂ ਨਾਲ ਲਗਦਾ ਹੈ॥ ੩॥

ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ॥

ਵਡਭਾਗੇ ਕਿਰਪਾ॥ ੪॥ ੧॥ ੩੯॥

ਗੁਰੂ ਜੀ ਕਥਨ ਕਰਦੇ ਹਨ-ਸਾਧੂਆਂ ਦੇ ਸੰਗ ਦੁਆਰਾ ਓਹੀ ਪੁਰਸ਼ ਗਿਆਨ-ਰੰਗ ਵਿਚ ਜਾਗਦਾ ਹੈ। ਜਿਸ ਵਡਿਆਂ ਭਾਗਾਂ ਵਾਲੇ ਉੱਤੇ ਵਾਹਿਗੁਰੂ ਦੀ ਕਿਰਪਾ ਹੈ॥ ੪॥ ੧॥ ੩੯॥

੧ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਘਰੁ ੬ ਮਹਲਾ ੫॥

ਜੋ ਤੁਧੁ ਭਾਵੈ ਸੋ ਪਰਵਾਨਾ ਸੂਖੁ ਸਹਜੁ ਮਨਿ ਸੋਈ॥

ਹੇ ਪਰਮੇਸ਼ਰ ! ਜੋ ਆਪ ਨੂੰ ਭਾ ਜਾਵੇ, ਓਹੀ ਪ੍ਰਮਾਣੀਕ ਹੈ, ਸਾਡੇ ਮਨ ਵਿਚ ਭਾਂ ਓਹੀ ਸਹਜੁ ਸੂਖ=ਅਚੁਤ ਸੁਖ ਹੈ।

ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ ਕੋਈ॥ ੧॥

ਹੇ ਬੇਅੰਤ ਗੁਣਾਂ ਵਾਲੇ ਸਮਰੱਥ ਪ੍ਰਭੂ ! ਸਭ ਕਾਰਜ ਕਾਰਨ ਦੇ ਕਰਨ ਵਾਲੇ ਆਪ ਤੋਂ ਬਿਨਾਂ ਮੇਰਾ ਹੋਰ ਕੋਈ ਨਹੀਂ॥ ੧॥

ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ॥

ਹੇ ਪਰਮੇਸ਼ਰ ! ਤੇਰੇ ਰਸਕਿ ਜਨ=ਪ੍ਰੇਮੀ ਪੁਰਖ ਰਸਕਿ=ਤਦਾਕਾਰ ਹੋ ਕੇ ਤੇਰੇ ਹੀ ਗੁਣ ਗਾਉਂਦੇ ਹਨ।

ਮਸਲਤਿ ਮਤਾ ਸਿਆਣਪ ਜਨ ਕੀ
ਜੋ ਤੂੰ ਕਰਹਿ ਕਰਾਵਹਿ ॥ ੧ ॥ ਰਹਾਉ ॥

ਮਸਲਤ ਬਹੁਤਿਆਂ ਦੀ ਹੁੰਦੀ ਹੈ। ਮਤਾ ਚਹੁੰ ਨਾਲ ਹੁੰਦਾ ਹੈ। ਸਿਆਣਪ ਇਕ ਬੁੱਧੀ ਦੀ ਹੁੰਦੀ ਹੈ। ਹੇ ਪਰਮੇਸ਼ਰ ! ਜਨਾਂ ਦੀ ਮਸਲਤ, ਮਤਾ ਅਤੇ ਸਿਆਣਪ ਤੂੰ ਹੀ ਹੈ, ਜੋ ਕੁਛ ਤੂੰ ਕਰਾਉਂਦਾ ਹੈ, ਜੀਵ ਓਹੀ ਕਰਦੇ ਹਨ॥ ੧ ॥ ਰਹਾਉ ॥

ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧਸੰਗਿ ਰਸੁ ਪਾਇਆ ॥

ਹੇ ਪਿਆਰੇ ਪਰਮੇਸ਼ਰ ! ਆਪ ਦਾ ਨਾਮ ਅੰਮ੍ਰਿਤ ਰੂਪ ਹੈ, ਉਸ ਦਾ ਰਸ ਸਤਸੰਗ ਵਿਚੋਂ ਪਾਇਆ ਹੈ।

ਤ੍ਰਿਪਤਿ ਅਘਾਇ ਸੇਈ ਜਨ ਪੂਰੇ
ਸੁਖ ਨਿਧਾਨੁ ਹਰਿ ਗਾਇਆ ॥ ੨ ॥

ਉਹ ਜਨ ਪੂਰਨ ਤ੍ਰਿਪਤ ਹੋ ਕੇ ਅਘਾਇ=ਰੱਜ ਗਏ ਹਨ, ਜਿਨ੍ਹਾਂ ਨੇ ਹੇ ਸੁਖਾਂ ਦੇ ਖਜ਼ਾਨੇ ਹਰੀ ! ਆਪ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ॥ ੨ ॥

ਜਾ ਕਉ ਟੇਕ ਤੁਮ੍ਹਾਰੀ ਸੁਆਮੀ ਤਾ ਕਉ ਨਾਹੀ ਚਿੰਤਾ ॥

ਹੇ ਸੁਆਮੀ=ਪਰਮੇਸ਼ਰ ! ਜਿਨ੍ਹਾਂ ਨੂੰ ਆਪ ਦੀ ਟੇਕ ਹੈ, ਉਨ੍ਹਾਂ ਪੁਰਸ਼ਾਂ ਨੂੰ ਕਿਸੇ ਕਿਸਮ ਦੀ ਕੋਈ ਚਿੰਤਾ ਨਹੀਂ।

ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ ॥ ੩ ॥

ਹੇ ਭਗਵੰਤ ! ਜਿਨ੍ਹਾਂ 'ਪਰ ਆਪ ਦੀ ਦਇਆ ਹੋਈ ਹੈ-ਉਹ ਭਗਵੰਤਾ=ਭਾਗਾਂ ਵਾਲੇ ਚੰਗੇ ਸ਼ਾਹ ਹਨ। *ਅਥਵਾ* :-ਉਹ ਭਲੇ ਸ਼ਾਹ ਹਨ ਤੇ ਭਗਵੰਤ ਦਾ ਸਰੂਪ ਹਨ॥ ੩ ॥

ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥

ਹੇ ਭਗਵਾਨ ! ਜਦੋਂ ਦਾ ਅਸੀਂ ਆਪ ਦਾ ਦਰਸ਼ਨ ਪਾਇਆ ਹੈ ਉਦੋਂ ਤੋਂ ਹੀ ਭਰਮ ਮੋਹ ਧ੍ਰੋਹ=ਛਲ ਆਦਿ ਵਿਕਾਰ ਸਭ ਨਿਕਲ ਗਏ ਹਨ।

ਵਰਤਣਿ ਨਾਮੁ ਨਾਨਕ ਸਚੁ ਕੀਨਾ
ਹਰਿ ਨਾਮੇ ਰੰਗਿ ਸਮਾਇਆ ॥ ੪ ॥ ੧ ॥ ੪੦ ॥

ਗੁਰੂ ਜੀ ਕਥਨ ਕਰਦੇ ਹਨ-(ਸ੍ਰੇਸ਼ਟ ਜਗਿਆਸੂ ਕਹਿੰਦਾ ਹੈ) ਜਦੋਂ ਦਾ ਮੈਂ ਸੱਚ ਨਾਮ ਦਾ ਵਰਤਣਿ= ਵਸਤ ਵਲੇਵਾ (ਵਰਤਾਉ) ਕੀਤਾ ਹੈ, ਉਦੋਂ ਦਾ ਮੇਰਾ ਮਨ ਹਰੀ ਨਾਮ ਦੇ ਰੰਗਿ=ਅਨੰਦ ਵਿਚ ਸਮਾਇਆ ਹੈ॥ ੪ ॥ ੧ ॥ ੪੦ ॥

ਆਸਾ ਮਹਲਾ ੫ ॥

ਉਥਾਨਕਾ:-ਇਸ ਸ਼ਬਦ ਦੁਆਰਾ ਨਿੰਦਿਆ ਕਰਨ ਵਾਲੇ ਨਿੰਦਕਾਂ ਦੀ ਹਾਲਤ ਨੂੰ ਦੱਸਦੇ ਹਨ-

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ॥

ਨਿੰਦਕ ਪੁਰਸ਼ ਨਿੰਦਿਆ ਕਰਕੇ ਜਨਮਾਂ ਜਨਮਾਤਰਾਂ ਦੀ ਪਰਾਈ ਮੈਲ ਨੂੰ ਧੋਂਦਾ ਹੈ ਅਤੇ ਆਪਣੇ ਕੀਤੇ ਕਰਮਾਂ ਦਾ ਫਲ (ਨਰਕ) ਪਾਉਂਦਾ ਹੈ।

ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ॥ ੧॥

ਨਿੰਦਕ ਨੂੰ ਨਾ ਇਥੇ ਸੁਖ ਹੁੰਦਾ ਹੈ ਅਤੇ ਨਾ ਹੀ ਪ੍ਰਲੋਕ ਦਰਗਾਹ ਵਿੱਚ ਢੋਈਂ=ਜਗ੍ਹਾ ਮਿਲਦੀ ਹੈ, ਨਿੰਦਕ ਪੁਰਸ਼ ਜਮ ਪੁਰੀ ਵਿਚ ਜਾ ਕੇ ਪਚਾਵੈ=ਖਰਾਬ ਹੁੰਦਾ ਹੈ।

*ਅਥਵਾ :-*ਨਰਕਾਂ ਵਿਚ ਸੜਦਾ ਹੈ॥ ੧॥

ਨਿੰਦਕਿ ਅਹਿਲਾ ਜਨਮੁ ਗਵਾਇਆ॥

ਨਿੰਦਕ ਪੁਰਸ਼ ਨੇ ਅਹਿਲਾ=ਸੁੰਦਰ ਮਨੁੱਖਾ ਜਨਮ ਅਹਿਲਾ=ਨਿਸਫਲ ਗੁਆ ਲਿਆ ਹੈ।

ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ॥ ੧॥ ਰਹਾਉ॥

ਨਿੰਦਕ ਪੁਰਸ਼ ਇਸ ਲੋਕ ਵਿਚ ਭੀ ਕਿਸੇ ਗੱਲ ਨੂੰ ਤੋੜ ਤੱਕ ਪਹੁੰਚ ਨਹੀਂ ਸਕਦਾ ਅਤੇ ਅੱਗੇ ਪ੍ਰਲੋਕ ਵਿਚ ਭੀ ਠਹਿਰਨਾ ਨਹੀਂ ਪਾਉਂਦਾ॥ ੧॥ ਰਹਾਉ॥

ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ॥

ਬਪੁਰੇ=ਵਿਚਾਰੇ ਨਿੰਦਕ ਦਾ ਕਿਰਤੁ=ਕਰਮ ਹੀ ਇਸ ਤਰ੍ਹਾਂ ਦਾ ਪਿਆ ਹੋਇਆ ਹੈ, ਇਸ ਲਈ ਉਹ ਵਿਚਾਰਾ ਕੀ ਕਰਦਾ ਹੈ।

ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ॥ ੨॥

ਨਿੰਦਕ ਓਥੇ ਜਾ ਕੇ ਬਿਗੂਤਾ=ਖਰਾਬ ਹੁੰਦਾ ਹੈ, ਜਿਥੇ ਕੋਈ ਰੱਖ ਨਹੀਂ ਸਕਦਾ, ਇਸ ਲਈ ਉਹ ਕਿਸ ਦੇ ਪਾਸ ਪੁਕਾਰ ਕਰੇਗਾ॥ ੨॥

[ਪੰਨਾ ੩੮੧]

ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ॥

ਖਸਮੈ=ਮਾਲਕ ਪਰਮੇਸ਼ਰ ਨੂੰ ਏਸੇ ਤਰ੍ਹਾਂ ਭਾਉਂਦਾ ਹੈ ਕਿ ਨਿੰਦਕ ਦੀ ਗਤੀ ਕਿਤੇ ਭੀ ਨਹੀਂ ਹੋਣੀ।

ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ॥ ੩॥

ਜਿਉਂ-ਜਿਉਂ ਕੋਈ ਸੰਤਾਂ ਦੀ ਨਿੰਦਿਆ ਕਰਦਾ ਹੈ, ਤਿਉਂ-ਤਿਉਂ ਹੀ ਸੰਤਾਂ ਨੇ ਮਨ ਵਿਚ ਸੁਖ ਮੰਨਿਆ ਹੈ॥ ੩॥

ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ॥

ਹੇ ਸ੍ਵਾਮੀ ਪ੍ਰਭੂ ! ਸੰਤਾਂ ਨੂੰ ਇਕ ਆਪ ਜੀ ਦੀ ਓਟ ਹੈ ਅਤੇ ਤੂੰ ਹੀ ਸੰਤਾਂ ਦਾ ਸਹਾਈ=ਸਹਾਇਕ ਹੈਂ।

ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ॥ ੪॥ ੨॥ ੪੧॥

ਗੁਰੂ ਜੀ ਆਖਦੇ ਹਨ-ਹੇ ਹਰੀ ! ਤੁਸੀਂ ਆਪ ਹੀ ਸੰਤਾਂ ਦੀ ਰੱਖਿਆ ਕੀਤੀ ਹੈ ਅਤੇ ਨਿੰਦਕ ਚੁਰਾਸੀ ਲੱਖ ਜੂਨੀਆਂ ਰੂਪ ਨਦੀ ਵਿਚ ਰੋੜ੍ਹ ਦਿੱਤੇ ਹਨ॥ ੪॥ ੨॥ ੪੧॥

ਆਸਾ ਮਹਲਾ ੫ ॥

ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥

ਜੋ ਪੁਰਸ਼ ਬਾਹਰੋਂ ਸਰੀਰ ਨੂੰ ਚੰਗੀ ਤਰ੍ਹਾਂ ਧੋਂਦਾ ਹੈ ਤੇ ਮਨ ਅੰਦਰੋਂ ਮੈਲਾ ਹੈ, ਉਸ ਨੇ ਆਪਣੇ ਦੋਵੇਂ ਥਾਂ (ਲੋਕ ਪਰਲੋਕ) ਗੁਆ ਲਏ ਹਨ।

ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥ ੧ ॥

ਈਹਾ=ਇਸ ਲੋਕ ਵਿਚ ਉਹ ਕਾਮ, ਕਰੋਧ, ਮੋਹ ਆਦਿ ਵਿਕਾਰਾਂ ਵਿਚ ਵਿਆਪ ਰਿਹਾ ਹੈ ਤੇ ਅੱਗੇ ਪ੍ਰਲੋਕ ਵਿਚ ਮੁਸਿ ਮੁਸਿ=ਡੁਸਕ ਡੁਸਕ ਕੇ ਰੋਂਦਾ ਹੈ॥ ੧ ॥

ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥

ਹੇ ਭਾਈ ! ਗੋਬਿੰਦ ਦੇ ਭਜਨ ਸਿਮਰਨ ਕਰਨ ਦੀ ਹੋਰ ਹੀ ਮਤੀ ਹੈ।

ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥ ੧ ॥ ਰਹਾਉ ॥

ਜਿਵੇਂ ਵਰਮੀ=ਖੁੱਡ ਦੇ ਮਾਰਨ ਕੁਟਣ ਨਾਲ,

ਅਥਵਾ :-ਬੰਦ ਕਰਨ ਨਾਲ ਸੱਪ ਨਹੀਂ ਮਰਦਾ। ਤਿਵੇਂ ਸਰੀਰ ਨੂੰ ਦੁੱਖ ਦੇਣ ਨਾਲ ਮਨ ਨਹੀਂ ਮਰਦਾ। ਨਿਸਚੇ ਵਿਚਾਰ ਰੂਪੀ ਕੰਨਾਂ ਤੋਂ ਬਿਨਾਂ ਜੋ ਡੋਰਾ=ਬੋਲਾ ਪੁਰਸ਼ ਹੈ, ਉਹ ਨਾਮ ਨੂੰ ਸੁਣਦਾ ਨਹੀਂ ॥ ੧ ॥ ਰਹਾਉ ॥

ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥

ਪਖੰਡੀ ਭਗਤ ਬਣ ਕੇ ਮਾਇਆ ਦੀ ਕਿਰਤ ਵਿਰਤ ਕਰਨੀ ਤਾਂ ਛੱਡ ਕੇ ਗਵਾ ਦਿੱਤੀ, ਭਾਵ ਗ੍ਰਿਹਸਤੀ ਵੀ ਨਾ ਰਹੇ ਅਤੇ ਪਰਮੇਸ਼ਰ ਦੀ ਭਗਤੀ ਦੀ ਸਾਰ=ਸੰਭਾਲ ਵੀ ਜਾਣਦਾ ਨਹੀਂ।

ਪ੍ਰਸ਼ਨ:- ਫੇਰ ਕਰਦਾ ਕੀ ਹੈ ? *ਉੱਤਰ:-*

ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥ ੨ ॥

ਵੇਦਾਂ ਸ਼ਾਸਤਰਾਂ ਨੂੰ ਤਰਕ ਕਰਨ ਲੱਗ ਜਾਂਦਾ ਹੈ ਕਿ ਏਹ ਗਪੌੜੇ ਮਾਰੇ ਹੋਏ ਹਨ ਤੇ ਜੋਗ ਦੇ ਤਤੁ= ਸਿਧਾਂਤ ਨੂੰ ਪਛਾਣਦਾ ਨਹੀਂ। *ਅਥਵਾ* :-ਸਿਧਾਂਤ ਰੂਪ ਪਰਮੇਸ਼ਰ ਵਿਚ ਜੋਗੁ=ਜੁੜਨਾ ਪਛਾਣਦਾ ਨਹੀਂ ॥ ੨ ॥

ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥

ਜਿਵੇਂ ਖੋਟਾ ਢਬੂਆ=ਰੁਪਯਾ ਜਦ ਸਰਾਫਾਂ ਦੀ ਨਜ਼ਰ ਵਿਚ ਆਉਂਦਾ ਹੈ ਤਾਂ ਉਸ ਦਾ ਪਾਜ ਖੁਲ੍ਹ ਜਾਂਦਾ ਹੈ। ਇੰਝ ਹੀ ਜਦ ਗੁਰੂ ਸਾਹਿਬ ਰੂਪੀ ਸਰਾਫ ਦੀ ਨਜ਼ਰ ਹੇਠ ਆਉਂਦਾ ਹੈ ਤਾਂ ਇਸ ਖੋਟੇ ਪੁਰਸ਼ ਦਾ ਪਾਜ ਪਖੰਡ ਉਘਰਿ ਗਇਆ=ਖੁਲ੍ਹ ਜਾਂਦਾ ਹੈ।

ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥ ੩ ॥

ਅੰਤਰਜਾਮੀ=ਪਰਮੇਸ਼ਰ ਤਾਂ ਸਭ ਕੁਛ ਜਾਣਦਾ ਹੈ, ਉਸ ਦੇ ਪਾਸੋਂ ਭਲਾ ਕੀ ਲੁਕਾਇਆ ਜਾ ਸਕਦਾ ਹੈ ? ॥ ੩ ॥

ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ॥

ਕੂੜਿ=ਝੂਠ ਬੋਲਣ ਕਰਕੇ, ਕਪਟਿ=ਛਲ ਵਲ ਕਰਨ ਕਰਨੇ, ਬੰਚਿ=ਠੱਗੀਆਂ ਕਰਨ ਨਾਲ ਏਹ ਜੀਵ ਸਰੂਪ ਮੁਨਿਆਦ ਤੋਂ ਨਿੰ=ਬਿਨਾਂ ਹੈ, ਇਸ ਕਰਕੇ ਤਤਕਾਲੇ=ਸ਼ੀਘਰ ਹੀ ਨਾਸ ਹੋ ਗਿਆ।

ਸਤਿ ਸਤਿ ਸਤਿ ਨਾਨਕਿ ਕਹਿਆ
ਅਪਨੈ ਹਿਰਦੈ ਦੇਖੁ ਸਮਾਲੇ॥ ੪ ॥ ੩ ॥ ੪੨ ॥

ਸਤਿਗੁਰਾਂ ਨੇ ਸਤਿ=ਨਿਸਚੇ ਕਰਕੇ ਸੱਚ ਹੀ ਕਿਹਾ ਹੈ, ਹੇ ਪੁਰਖ਼ਾ ! ਤੂੰ ਆਪਣੇ ਹਿਰਦੇ ਵਿਚ ਸੰਭਾਲ ਕੇ ਦੇਖਣਾ ਕਰ, ਠੀਕ ਹੈ, ਜਾਂ ਝੂਠ॥ ੪॥ ੩॥ ੪੨।

ਆਸਾ ਮਹਲਾ ੫ ॥

ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ॥

ਪਰਮੇਸ਼ਰ ਦੀ ਤਰਫ਼ ਉਦਮ ਕਰਨ ਨਾਲ ਮਨ ਨਿਰਮਲ ਹੁੰਦਾ ਹੈ, ਆਪੁ=ਹੰਕਾਰ ਨੂੰ ਨਵਿਰਤ ਕਰਕੇ ਸਤ ਅਸਤ ਦਾ ਨਾਚੈ=ਨਿਰਣਾ ਕਰੇ। *ਅਥਵਾ* :-ਗੁਰਮੁਖਾਂ ਵਾਲੀ ਨੱਚਣ ਦੀ ਕਿਰਿਆ ਕਰਨ ਵੱਲ ਉਦਮ ਕਰਨ ਨਾਲ ਮਨ ਨਿਰਮਲ ਹੁੰਦਾ ਹੈ, ਆਪੁ=ਹੰਕਾਰ ਦਾ ਜਿਹੜਾ ਨਵਿਰਤ ਕਰਨਾ ਹੈ, ਏਹੀ ਨਾਚੈ= ਨੱਚਣਾ ਹੈ।

ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥ ੧ ॥

ਪੰਚ ਜਨਾ=ਸ੍ਰੇਸ਼ਟ ਮਹਾਤਮਾ ਪਾਸੋਂ ਉਪਦੇਸ਼ ਲੈ ਕੇ ਪੰਜਾਂ (ਕਾਮ, ਕਰੋਧ ਆਦਿਕਾਂ) ਨੂੰ ਆਪਣੇ ਵਸਗਤਿ ਰਾਖੈ=ਅਧੀਨ ਰੱਖੇ ਅਤੇ ਮਨ ਵਿਚ ਏਕੰਕਾਰੇ=ਪਰਮਾਤਮਾ ਨੂੰ ਧਾਰਨਾ ਕਰੇ॥ ੧ ॥

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ॥

ਹੇ ਪਰਮੇਸ਼ਰ ! ਤੇਰਾ ਭਗਤ ਜਨ ਗੁਣ ਗਾਉਣ ਰੂਪ ਨਿਰਤਿ=ਨੱਚਣਾ ਕਰਦਾ ਹੈ।

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥ ੧ ॥ ਰਹਾਉ॥

ਅਨਹਦ=ਇਕ ਰਸ ਗੁਰਾਂ ਦੇ ਉਪਦੇਸ਼ ਦਾ ਜਿਹੜਾ ਵਜਾਵੈ=ਉਚਾਰਨਾ ਹੈ, ਏਹੀ ਰਬਾਬ ਹੈ, ਏਹੀ ਪਖਾਵਜ=ਜੋੜੀ ਹੈ, ਏਹੀ ਤਾਲ ਹਨ, ਏਹੀ ਘੁੰਘਰੂ ਹਨ।

ਅਥਵਾ :-ਰਬ ਦੀ ਆਬੁ=ਝਾਵਟ ਵਿਚ ਜੇਹੜਾ ਆਉਣਾ ਹੈ, ਇਹ ਰਬਾਬ ਹੈ। ਉਸ ਪਰਮੇਸ਼ਰ ਦੇ ਪੱਖ ਵਿਚ, *ਅਥਵਾ* :-ਦੇਖਣੇ ਵਿਚ ਜੇਹੜਾ ਆਉਣਾ ਹੈ, ਉਹ ਪਖਾਵਜ ਹੈ। ਮਹਾਂ ਵਾਕਾਂ ਦਾ ਉਚਾਰਨ ਰੂਪ ਤਾਲ ਹਨ, ਇਕ ਰਸ ਗੁਰਾਂ ਦਾ ਉਪਦੇਸ਼ ਵਜਾਵੈ=ਉਚਾਰਨਾ ਇਹ ਘੁੰਘਰੂ ਹਨ॥ ੧ ॥ ਰਹਾਉ॥

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥

ਜੀਵ ਨੂੰ ਚਾਹੀਦਾ ਹੈ, ਪਹਿਲੇ ਆਪਣੇ ਮਨ ਨੂੰ ਪਰਬੋਧੈ=ਸਮਝਾਵੇ, ਪਿਛੋਂ ਹੋਰਨਾਂ ਨੂੰ ਉਪਦੇਸ਼ ਦੇ ਕੇ ਰੀਝਾਵੈ=ਪ੍ਰਸੰਨ ਕਰੇ।

ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥ ੨ ॥

ਪਹਿਲੇ ਆਪ ਰਾਮ ਨਾਮ ਦੇ ਜਪ ਨੂੰ ਹਿਰਦੇ ਵਿਚ ਜਪਣਾ ਕਰੇ ਅਤੇ ਮਗਰੋਂ ਮੂੰਹ ਨਾਲ ਸਾਰਿਆਂ ਨੂੰ

ਰਾਮ ਨਾਮ ਸੁਣਾਉਣਾ ਕਰੇ॥ ੨॥

ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ॥

ਕਰ ਸੰਗਿ =ਹੱਥਾਂ ਨਾਲ ਸੰਤਾਂ ਦੇ ਚਰਨ ਪਖਾਰੈ=ਧੋਵੇ ਅਤੇ ਸੰਤਾਂ ਦੀ ਚਰਨ-ਧੂੜੀ ਤਨ ਉੱਤੇ ਲਗਾਵੇ।

ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ॥ ੩॥

ਮਨ ਤਨ ਨੂੰ ਗੁਰਾਂ ਅੱਗੇ ਅੰਰਪ ਰੱਖੇ, ਤਾਂ ਸਤਿ=ਪਰਮਾਤਮਾ ਦੀ ਪ੍ਰਾਪਤੀ ਰੂਪੀ ਪਦਾਰਥ ਨੂੰ ਪਾਉਂਦਾ ਹੈ। *ਅਥਵਾ* :-ਚਾਰ ਸਾਧਨ ਤੇ ਸ੍ਰਵਣ, ਮੰਨਨ, ਨਿਧਿਆਸਣ ਰੂਪ ਸਤ ਪਦਾਰਥਾਂ ਨੂੰ ਪਾਉਂਦਾ ਹੈ।

ਅਥਵਾ :-ਸਤਿ=੧੦੦, ਭਾਵ ਅਨੇਕਾਂ ਪਦਾਰਥ ਪਾਉਂਦਾ ਹੈ। *ਅਥਵਾ* :-ਪੰਜ ਗਿਆਨ ਇੰਦਰੀਏ ਤੇ ਮਨ ਬੁੱਧੀ ਦਾ ਦਮਨ ਕਰਨੇ ਰੂਪੀ ਪਦਾਰਥਾਂ ਨੂੰ ਪਾਉਂਦਾ ਹੈ॥ ੩॥

ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ॥

ਇਸ ਨਾਚ ਨੂੰ ਜੇਹੜਾ-ਜੇਹੜਾ ਪੁਰਸ਼ ਸ਼ਰਧਾ ਨਾਲ ਸੁਣਦਾ ਅਤੇ ਦੇਖਦਾ ਹੈ, ਉਸ-ਉਸ ਪੁਰਸ਼ ਦਾ ਜਨਮ ਮਰਨ ਦਾ ਦੁਖੁ ਭਾਗੈ=ਦੂਰ ਹੋ ਜਾਂਦਾ ਹੈ।

ਐਸੀ ਨਿਰਤਿ ਨਰਕ ਨਿਵਾਰੈ
ਨਾਨਕ ਗੁਰਮੁਖਿ ਜਾਗੈ॥ ੪॥ ੪॥ ੪੩॥

ਅਜਿਹੀ ਨੱਚਣ ਦੀ ਕ੍ਰਿਯਾ ਨਰਕਾਂ ਨੂੰ ਨਵਿਰਤ ਕਰਦੀ ਹੈ; ਪਰ ਇਸ ਵਿਚ ਗੁਰਮੁਖ ਪੁਰਸ਼ ਹੀ ਜਾਗਦਾ ਹੈ॥ ੪॥ ੪॥ ੪੩॥

ਆਸਾ ਮਹਲਾ ੫॥

ਉਥਾਨਕਾ :-ਬ੍ਰਿਜ ਦੇ ਵਿਚ ਇਕ ਬਿਰਜੋ ਨਾਮੇ ਚੂਹੜੀ ਸੀ। ਪੂਰਬਲੇ ਕਰਮਾਂ ਦੇ ਸਬੰਧ ਕਰਕੇ ਉਸ ਨੂੰ ਸੰਤਾਂ ਦਾ ਸੰਗ ਹੋ ਗਿਆ। ਜਦ ਬਿਰਜੋ ਨੇ ਤਨੋਂ ਮਨੋਂ ਹੋ ਕੇ ਸੰਤਾਂ ਦੀ ਸੇਵਾ ਕੀਤੀ ਤਾਂ ਸੰਤਾਂ ਨੇ ਪ੍ਰਸੰਨ ਹੋ ਕੇ ਉਸ ਨੂੰ ਅੰਮ੍ਰਿਤ ਵੇਲੇ ਉੱਠਕੇ ਠਾਕੁਰ ਪੂਜਾ ਅਤੇ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਤਦ ਤੋਂ ਸੰਤਾਂ ਦੇ ਉਪਦੇਸ਼ ਅਨੁਸਾਰ ਬਿਰਜੋ ਚੂਹੜੀ ਨਿਤ ਹੀ ਅੰਮ੍ਰਿਤ ਵੇਲੇ ਉੱਠਕੇ ਪਹਿਲੇ ਜਮਨਾ ਵਿਚ ਇਸ਼ਨਾਨ ਕਰਕੇ ਫਿਰ ਓਥੋਂ ਜਲ ਦਾ ਗੜਵਾ ਭਰ ਕੇ ਠਾਕੁਰਾਂ ਨੂੰ ਇਸ਼ਨਾਨ ਕਰਾ ਕੇ ਪੂਜਨ ਕੀਤਾ ਕਰੇ।

ਇਕ ਦਿਨ ਬ੍ਰਿਜੋ ਨੂੰ ਦੇਰ ਹੋ ਗਈ ਪਰ ਉਸ ਨੇ ਆਪਣਾ ਨਿਯਮ ਨਾ ਛੱਡਿਆ, ਨਿਤ ਕਰਮ ਅਨੁਸਾਰ ਜਦ ਜਮਨਾ ਪਾਰ ਆਈ ਤਾਂ ਕੀ ਵੇਖਦੀ ਹੈ ਕਿ ਬ੍ਰਾਹਮਣੀਆਂ ਬੱਚਿਆਂ ਦੇ ਗੰਦੇ ਪੋਤੜੇ ਧੋ ਰਹੀਆਂ ਹਨ। ਉਸ ਵੇਲੇ ਬ੍ਰਿਜੋ ਨੇ ਉਨ੍ਹਾਂ ਬ੍ਰਾਹਮਣੀਆਂ ਤੋਂ ਉਪਰਲੇ ਪਾਸੇ ਹੋ ਕੇ ਇਸ਼ਨਾਨ ਕਰਕੇ ਜਲ ਦਾ ਗੜਵਾ ਭਰ ਲਿਆ, ਤੇ ਬ੍ਰਾਹਮਣੀਆਂ ਨੇ ਵੇਖ ਕੇ ਬੜਾ ਗੁੱਸਾ ਕੀਤਾ ਤੇ ਘਰ ਵਿਚ ਆ ਕੇ ਆਪਣਿਆਂ ਪਤੀਆਂ ਨੂੰ ਕਿਹਾ, ਉਨ੍ਹਾਂ ਨੇ ਬਾਦਸ਼ਾਹ ਪਾਸ ਪੁਕਾਰ ਕੀਤੀ ਕਿ ਬ੍ਰਿਜੋ ਚੂਹੜੀ ਨੇ ਸਾਡੇ ਧਰਮ ਨੂੰ ਭਰਿਸ਼ਟ ਕਰ ਦਿੱਤਾ ਹੈ, ਇਸ ਗੱਲ ਦਾ ਨਿਆਂ ਹੋਣਾ ਚਾਹੀਦਾ ਹੈ। ਉਸ ਵੇਲੇ ਰਾਜਾ ਨੇ ਬ੍ਰਾਹਮਣਾਂ ਨੂੰ ਕਿਹਾ ਕਿ ਇਸ ਦਾ ਨਿਆਂ ਕੱਲ੍ਹ ਕਰਾਂਗਾ। ਜਦ ਰਾਤ ਬੀਤੀ ਤਾਂ ਬਾਦਸ਼ਾਹ ਨੇ ਅੰਮ੍ਰਿਤ ਵੇਲੇ ਹੀ ਆਪਣੇ ਸਿਪਾਹੀ ਭੇਜੇ ਤੇ ਉਨ੍ਹਾਂ ਨੂੰ ਕਿਹਾ ਕਿ ਜਿਸ ਹਾਲਤ ਵਿਚ ਬ੍ਰਿਜੋ ਖੜ੍ਹੀ ਹੋਵੇ ਉਸੀ ਹਾਲਤ ਵਿਚ ਉਸ ਨੂੰ ਫੜ ਕੇ ਲਿਆਓ ਅਤੇ ਜਿਸ ਹਾਲਤ ਵਿਚ ਬ੍ਰਾਹਮਣੀਆਂ ਹੋਣ ਉਸੀ ਹਾਲਤ ਵਿਚ ਉਨ੍ਹਾਂ ਨੂੰ ਫੜ ਕੇ ਲਿਆਓ। ਜਦ ਇਹ ਗੱਲ ਸੁਣ ਕੇ ਆਪੋ ਆਪਣੇ

ਰਸਤੇ ਸਿਪਾਹੀ ਗਏ ਤਾਂ ਕੀ ਵੇਖਿਆ ਕਿ ਬ੍ਰਿਜੋ ਚੂਹੜੀ ਦੇ ਹੱਥ ਵਿਚ ਫੁੱਲਾਂ ਦੀ ਮਾਲਾ ਫੜੀ ਹੋਈ ਹੈ ਜੋ ਕਿ ਠਾਕੁਰਾਂ ਦੇ ਗਲ ਪਾਉਣ ਨੂੰ ਤਿਆਰ ਹੈ।

ਸਿਪਾਹੀ ਨੇ ਕਿਹਾ, 'ਬਾਦਸ਼ਾਹ ਜੀ ਬੁਲਾ ਰਹੇ ਹਨ, ਇਸੇ ਵੇਲੇ ਸਾਡੇ ਨਾਲ ਚਲ।' ਬ੍ਰਿਜੋ ਨੇ ਕਿਹਾ, 'ਠਾਕੁਰ ਜੀ ਦੇ ਗਲ ਸੇਹਰਾ ਪਾਉਣ ਦਿਓ, ਫੇਰ ਮੈਂ ਚਲਦੀ ਹਾਂ।' ਸਿਪਾਹੀ ਨੇ ਕਿਹਾ, ਨਹੀਂ, ਇਸੀ ਹਾਲਤ ਵਿਚ ਚਲ।' ਬ੍ਰਿਜੋ ਚੂਹੜੀ ਚਲ ਪਈ। ਉਸ ਤਰਫ ਜਦ ਸਿਪਾਹੀ ਬ੍ਰਾਹਮਣੀ ਪਾਸ ਪਹੁੰਚਾ ਤਾਂ ਉਸ ਦੇ ਹੱਥ ਵਿਚ ਗੰਦੇ ਕਪੜੇ ਫੜੇ ਹੋਏ ਸਨ। ਸਿਪਾਹੀ ਨੇ ਉਸ ਨੂੰ ਵੀ ਕਿਹਾ, 'ਇਸੀ ਹਾਲਤ ਵਿਚ ਚਲ।' ਜਦ ਦੋਨੋਂ ਰਾਜ ਦਰਬਾਰ ਵਿਚ ਪਹੁੰਚੀਆਂ ਤਾਂ ਬਾਦਸ਼ਾਹ ਨੇ ਵੇਖ ਕੇ ਕਿਹਾ-ਇਸ ਦਾ ਨਿਆਂ ਮੈਂ ਕੀ ਕਰਨਾ ਹੈ, ਇਹ ਤਾਂ ਪਰਮਾਤਮਾ ਨੇ ਪਹਿਲੇ ਹੀ ਕਰ ਦਿੱਤਾ ਹੈ।

ਤਿਸ ਪਰ ਗੁਰੂ ਜੀ ਕਥਨ ਕਰਦੇ ਹਨ, ਜਦ ਈਸ਼ਵਰ ਦੀ ਕਿਰਪਾ ਦ੍ਰਿਸ਼ਟੀ ਹੋਈ, ਤਾਂ :-

ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ॥

ਸ਼ੂਦਰਾਣੀ ਤੋਂ ਭੀ ਅਧਮ ਚੰਡਾਲਣੀ ਜੋ ਬ੍ਰਿਜੋ ਚੂਹੜੀ ਸੀ, ਉਹ ਬ੍ਰਾਹਮਣੀ ਨਾਲੋਂ ਵੀ ਸਰੇਸ਼ਟ ਹੋ ਗਈ।

['ਕਹੁ ਨਾਨਕ ਗੁਰਿ ਅਮਿਉ ਪੀਆਇਆ' ਵਾਲੀ ਤੁਕ ਨੂੰ ਹਰ-ਇਕ ਤੁਕ ਨਾਲ ਲਗਾਈ ਜਾਣਾ]

ਜਿਤਨਾਂ ਚਿਰ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਨਾਮ-ਅੰਮ੍ਰਿਤ ਨਹੀਂ ਸੀ ਪਿਲਾਇਆ ਉਤਨਾਂ ਚਿਰ ਸ਼ੂਦੀ ਤੇ ਰਜੋ ਗੁਣ ਬਿਰਤੀ ਤੋਂ ਅਧਮ ਚੰਡਾਲੀ ਭਈ=ਤਮੋ ਗੁਣ ਬਿਰਤੀ ਹੋ ਰਹੀ ਸੀ। ਜਦ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਨਾਮ ਅੰਮ੍ਰਿਤ-ਰਸ ਪਿਲਾਇਆ ਤਾਂ ਬ੍ਰਾਹਮਣੀ=ਸਤੋ ਗੁਣ ਬਿਰਤੀ ਤੋਂ ਭੀ ਸ੍ਰੇਸਟਾਈ ਰੇ=ਸਰੇਸ਼ਟ ਬਿਰਤੀ ਅਰਥਾਤ ਨਿਰਗੁਣ ਬਿਰਤੀ ਹੋ ਗਈ, ਭਾਵ ਨਿਰਗੁਣ ਬ੍ਰਹਮ ਦੇ ਜਾਨਣ ਵਾਲੀ ਹੋ ਗਈ।

ਦੂਜਾ ਅਰਥ :-ਜਿੰਨਾ ਚਿਰ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਨਾਮ ਅੰਮ੍ਰਿਤ-ਰਸ ਨਹੀਂ ਸੀ ਪਿਲਾਇਆ, ਤਦ ਤੱਕ ਬਿਰਤੀ ਸ਼ੂਦਰਾਣੀ ਤੋਂ ਭੀ ਅਧਮ=ਨੀਚ ਚੰਡਾਲਣੀ ਹੋ ਰਹੀ ਸੀ, ਭਾਵ ਪਦਾਰਥਾਂ ਦੇ ਵਿਸ਼ੇ ਕਰਨ ਵਾਲੀ ਹੋ ਰਹੀ ਸੀ। ਜਦ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਪਿਲਾਇਆ ਤਦ ਬਿਰਤੀ ਬ੍ਰਾਹਮਣੀ ਤੋਂ ਭੀ ਸਰੇਸ਼ਟ ਹੋ ਗਈ। ਭਾਵ ਬ੍ਰਹਮ ਦੇ ਵਿਸ਼ੇ ਕਰਨ ਵਾਲੀ ਹੋ ਗਈ।

ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ॥ ੧ ॥

ਜਦ ਤੱਕ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਅੰਮ੍ਰਿਤ-ਰਸ ਨਹੀਂ ਸੀ ਪਿਲਾਇਆ। ਤਦ ਤੱਕ ਪਤਾਲ ਅਤੇ ਅਕਾਸ਼ ਦੇ ਪਦਾਰਥਾਂ ਨੂੰ ਪਾ ਕੇ ਭੀ ਸਖਨੀ=ਖਾਲੀ ਹੋ ਰਹੀ ਸੀ ਅਤੇ ਜਦ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਨਾਮ ਅੰਮ੍ਰਿਤ-ਰਸ ਪਿਲਾਇਆ-ਤਦ ਤ੍ਰਿਸ਼ਨਾ ਰੂਪੀ ਅਗਨੀ ਦੀ ਲਹਬਰ=ਲਾਟ ਜੋ ਖਾਈ=ਖਾ ਜਾਣੇ ਵਾਲੀ ਸੀ, *ਅਥਵਾ* :-ਖਾਈ=ਧਾਰੀ ਹੋਈ ਸੀ, ਉਹ ਲਾਟ ਬੁਝ ਗਈ।

ਦੂਜਾ ਅਰਥ :-ਜਦ ਤੱਕ ਗੁਰਾਂ ਨੇ ਨਾਮ ਅੰਮ੍ਰਿਤ-ਰਸ ਨਹੀਂ ਸੀ ਪਿਲਾਇਆ- ਤਦ ਤੱਕ ਇਹ ਜੀਵ-ਇਸਤ੍ਰੀ ਪਤਾਲ ਅਤੇ ਅਕਾਸ਼ ਦੇ ਪਦਾਰਥਾਂ ਦੀ ਸਖਨੀ=ਸਹੇਲੀ ਬਣ ਰਹੀ ਸੀ, ਜਦ ਗੁਰਾਂ ਨੇ ਨਾਮ ਅੰਮ੍ਰਿਤ-ਰਸ ਪਿਲਾਇਆ-ਤਦ ਬਰ=ਪਤੀ ਪਰਮਾਤਮਾ ਨੂੰ ਲਹ=ਲੈਣਾ ਕੀਤਾ ਤੇ ਬੁਝਣੇ ਜੋਗ ਆਤਮ-ਵਸਤੂ ਨੂੰ ਬੁਝ ਕੇ ਖਾਈ ਰੇ=ਤ੍ਰਿਪਤ ਹੋ ਗਈ। *ਅਥਵਾ* :-ਕਾਮ ਆਦਿਕਾਂ ਨੂੰ ਖਾਈ ਰੇ=ਅਭਾਵ ਕੀਤਾ॥ ੧ ॥

ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ॥

ਜਿੰਨਾ ਚਿਰ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਨਹੀਂ ਸੀ ਕੀਤੀ ਉਨਾਂ ਚਿਰ ਘਰ ਦੀ ਬਿੱਲੀ ਨੂੰ ਹੋਰ ਹੀ ਸਿੱਖਿਆ

ਆ ਰਹੀ ਸੀ, ਜੋ ਚੂਹਿਆਂ ਨੂੰ ਖਾਈ ਜਾਂਦੀ ਸੀ; ਜਦ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਤਦ ਚੂਹਾ ਦੇਖ ਕੇ ਡਰਨ ਲੱਗ ਪਈ।

ਅਥਵਾ :-ਜਿੰਨਾ ਚਿਰ ਗੁਰਾਂ ਨੇ ਅੰਮ੍ਰਿਤ-ਰਸ ਨਹੀਂ ਸੀ ਪਿਲਾਇਆ, ਉਨਾਂ ਚਿਰ ਸਰੀਰ ਘਰ ਦੀ ਬਿਲਾਈ=ਬਿੱਲੀ-ਬੁੱਧੀ ਨੂੰ ਹੋਰ ਹੀ ਸਿੱਖਿਆ ਆ ਰਹੀ ਸੀ। ਭਾਵ ਪਦਾਰਥਾਂ ਨੂੰ ਭੋਗ ਰਹੀ ਸੀ ਤੇ ਮੂਸਾ=ਪਦਾਰਥ ਇਸ ਬੁੱਧੀ ਨੂੰ ਦੇਖ ਕੇ ਡਰਦੇ ਸਨ ਕਿ ਸਾਨੂੰ ਏਹ ਅਭਾਵ ਕੀਤੀ ਜਾਂਦੀ ਹੈ। ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਨਾਮ ਅੰਮ੍ਰਿਤ-ਰਸ ਪਿਲਾਇਆ ਤਾਂ ਘਰ ਦੀ ਬਿੱਲੀ ਬੁੱਧੀ ਨੂੰ ਹੋਰ ਹੀ ਸਿੱਖਿਆ ਆਈ ਭਾਵ ਸ੍ਰੇਸ਼ਟ ਬੁੱਧੀ ਹੋ ਗਈ ਤੇ ਮੂਸਾ=ਪਦਾਰਥਾਂ ਰੂਪ ਚੂਹਿਆਂ ਨੂੰ ਦੇਖ ਕੇ ਡਰਨ ਲੱਗ ਪਈ।

ਅਜ ਕੈ ਵਸਿ ਗੁਰਿ ਕੀਨੋ ਕੇਹਰਿ
ਕੂਕਰ ਤਿਨਹਿ ਲਗਾਈ ਰੇ॥ ੧॥ ਰਹਾਉ॥

ਜਿੰਨਾ ਚਿਰ ਗੁਰਾਂ ਨੇ ਨਾਮ-ਅੰਮ੍ਰਿਤ ਨਹੀਂ ਸੀ ਪਿਲਾਇਆ, ਤਦ ਤੱਕ ਵਿਚਾਰ ਰੂਪੀ ਅਜ=ਬੱਕਰਾ ਹੰਕਾਰ ਰੂਪੀ ਕੇਹਰਿ=ਸ਼ੇਰ ਦੇ ਵਸੀਕਾਰ ਸੀ ਅਤੇ ਕੂਕਰ=ਇੰਦ੍ਰੀਆਂ ਉਸ ਨੇ ਪਦਾਰਥਾਂ ਵਿਚ ਲਗਾ ਛੱਡੀਆਂ ਸੀ, *ਅਥਵਾ*:-ਕੂਕਰ=ਰਸਨਾ ਉਸ ਨੇ ਮਾਸ ਸ਼ਰਾਬ ਆਦਿਕਾਂ ਦੇ ਖਾਣ-ਪੀਣ ਵਿਚ ਲਗਾ ਛੱਡੀ ਸੀ।

ਪਰ ਜਿਸ ਵੇਲੇ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਨਾਮ-ਅੰਮ੍ਰਿਤ ਪਿਲਾਇਆ ਤਾਂ ਹੰਕਾਰ ਰੂਪੀ ਕੇਹਰਿ=ਸ਼ੇਰ, ਵਿਚਾਰ ਰੂਪੀ ਅਜ=ਬੱਕਰੇ ਦੇ ਵਸੀਕਾਰ ਕਰ ਦਿੱਤਾ ਅਤੇ ਫਿਰ ਉਸ ਨੇ ਕੂਕਰ=ਇੰਦ੍ਰੀਆਂ ਪਰਮਾਤਮਾ ਦੇ ਭਜਨ ਸਿਮਰਨ ਵਿਚ ਲਗਾ ਦਿੱਤੀਆਂ।

ਯਥਾ:- ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥ *(ਪੰਨਾ ੯੨੨)*

ਅਥਵਾ :-ਤਿਸ ਨੇ ਕੂਕਰ=ਰਸਨਾ ਤਿਨਹਿ=ਤ੍ਰਿਣ (ਕੰਦ ਮੂਲ) ਅਰਥਾਤ, ਫਲ ਫੁੱਲ ਆਦਿਕਾਂ ਦੇ ਖਾਣ ਵਿਚ ਲਗਾਈ ਹੈ॥ ੧॥ ਰਹਾਉ॥

ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ॥

ਜਿੰਨਾ ਚਿਰ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਨਹੀਂ ਸੀ ਪਿਲਾਇਆ, ਤਦ ਤੱਕ ਸਰੀਰ ਰੂਪ ਛਪਰੇ ਨੂੰ ਥੂਨੀਆ=ਥੰਮ੍ਹੀਆਂ ਕਰਕੇ ਥੰਮ੍ਹਦਾ ਸੀ। ਭਾਵ ਕਦੀ ਕਿਸੇ ਦਾ ਆਸਰਾ, ਕਦੀ ਕਿਸੇ ਦਾ ਆਸਰਾ ਲੈਂਦਾ ਸੀ ਅਤੇ ਨੀਘਰਿਆ=ਸਰੂਪ-ਘਰ ਤੋਂ ਰਹਿਤ ਹੋ ਰਿਹਾ ਸੀ। ਜਦ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਪਿਲਾਇਆ ਤਦ ਆਸਾ ਤ੍ਰਿਸ਼ਨਾ ਰੂਪ ਥੰਮ੍ਹੀਆਂ ਤੋਂ ਬਿਨਾਂ ਹੀ ਸਰੀਰ ਰੂਪ ਛਪਰੇ ਨੂੰ ਥੰਮ੍ਹਿਆ ਭਾਵ ਪ੍ਰਾਰਬਧ ਉਤੇ ਸ਼ਾਕਰ ਰੱਖਿਆ ਅਤੇ ਨਿਘਰਾ ਜੋ ਜੀਵ ਸੀ, ਉਸ ਨੇ ਸਰੂਪ-ਘਰ ਨੂੰ ਪਾ ਲਿਆ।

ਬਿਨੁ ਜੜੀਏ

ਜਿਨ੍ਹਾਂ ਚਿਰ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਨਹੀਂ ਸੀ ਪਿਲਾਇਆ ਤਦ ਤੱਕ ਇਹ ਜੀਵ 'ਬਿਨੁ ਜੜੀਏ ਸੀ ਭਾਵ ਸ਼ੁਭ ਗੁਣਾਂ ਰੂਪੀ ਜੜਾਊ-ਪਣੇ ਤੋਂ ਬਿਨਾਂ ਸੀ। ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਪਿਲਾਇਆ ਤਾਂ-

ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ॥ ੨ ॥

ਸ਼ੁਭ ਗੁਣਾਂ ਦਾ ਜੜਾਊ ਲੈ ਕੇ ਜੜ ਦਿੱਤਾ ਅਤੇ ਵਿਚ ਅਸਚਰਜ ਪ੍ਰੇਮ ਰੂਪੀ ਥੇਵਾ=ਨਗ ਲਗਾਇਆ।

ਦੂਜਾ ਅਰਥ :-ਬਿਨੁ ਜੜੀਏ ਜੋ ਗੁਰੂ ਹਨ, ਜਿਨ੍ਹਾਂ ਨੇ ਆਪਣਾ ਮਨ ਸੰਸਾਰ ਵਿਚ ਨਹੀਂ ਜੋੜਿਆ, ਉਹਨਾਂ ਨੇ ਜਿਸ ਵੇਲੇ ਸ਼ੁਭ ਗੁਣਾਂ ਦਾ ਜੜਾਊ ਲੈ ਕੇ ਜੜਿਆ ਤਾਂ ਗਿਆਨ ਰੂਪੀ ਅਸਚਰਜ ਥੇਵਾ ਲਾਇਆ॥ ੨ ॥

ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ॥

ਜਿੰਨਾ ਚਿਰ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਨਹੀਂ ਸੀ ਪਿਲਾਇਆ, ਉਨਾ ਚਿਰ ਦਾਦੀ= ਫਰਿਆਦੀ ਹੋ ਕੇ ਫਰਿਆਦ ਕਰਦਾ ਸੀ, ਪਰ ਉਸ ਫਰਿਆਦ ਦੇ ਪਹੁੰਚਾਉਣ ਵਾਲਾ ਕੋਈ ਨਹੀਂ ਸੀ। ਫਿਰ ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਪਿਲਾਇਆ ਤੇ ਚੂਪੀ=ਚੁਪ ਭਾਵ ਸ਼ਾਂਤੀ ਨੂੰ ਧਾਰਕੇ ਜਿਸ ਦਾ ਨਿਰਨਉ=ਨਿਰਣਾ ਕਰਦੇ ਸੀ, ਜਦ ਉਸ ਨੂੰ ਪਾਇਆ, ਤਦ ਨਾ ਫਰਿਆਦ ਰਹੀ ਤੇ ਨਾ ਹੀ ਫਰਿਆਦ ਦੇ ਕਰਨ ਵਾਲਾ ਰਿਹਾ ਤੇ ਨਾ ਹੀ ਫਰਿਆਦ ਦੇ ਪੰਹੁਚਾਉਣ ਵਾਲਾ ਰਿਹਾ।

ਅਥਵਾ :-ਨਾ ਹੀ ਦਾਦੀ ਦਾਦਾ ਰਿਹਾ।

ਮਾਲਿ ਦੁਲੀਚੈ ਬੈਠੀ ਲੇ ਮਿਰਤਕੁ
ਨੈਨ ਦਿਖਾਲਨੁ ਧਾਇਆ ਰੇ॥ ੩ ॥

ਜਿੰਨਾ ਚਿਰ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਨਹੀਂ ਸੀ ਪਿਲਾਇਆ, ਉਤਨਾ ਚਿਰ ਮਾਲ ਤੇ ਦੁਲੀਚੈ=ਗਲੀਚਿਆਂ ਨੂੰ ਲੈ ਕੇ ਬੁੱਧੀ ਬੈਠੀ ਸੀ, ਤੇ ਪਰਮਾਤਮਾ ਦੀ ਤਰਫੋਂ ਮਰੀ ਹੋਈ ਸੀ ਅਤੇ ਨੇਤਰਾਂ ਦਾ ਦਿਖਾਵਾ ਜੋ ਸੰਸਾਰ ਹੈ, ਇਸ ਵੱਲ ਮਨ ਦੌੜਦਾ ਸੀ। ਪਰ ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਨਾਮ-ਅੰਮ੍ਰਿਤ ਪਿਲਾਇਆ ਤਾਂ ਵੈਰਾਗ ਬਿਬੇਕ ਆਦਿ ਸ਼ੁਭ ਗੁਣਾਂ ਰੂਪੀ ਮਾਲ ਤੇ ਗਲੀਚਿਆਂ ਨੂੰ ਲੈ ਕੇ ਬੁੱਧੀ ਬੈਠੀ ਤੇ ਜੀਵਤ ਭਾਵ ਤੋਂ ਮਰੀ, ਤਦ ਅੱਖਾਂ ਦਾ ਦਿਖਲਾਵਾ ਜੋ ਸੰਸਾਰ ਹੈ, ਇਹ ਉਸ ਦਾ ਚਲਾ ਗਿਆ॥ ੩ ॥

[ਪੰਨਾ ੩੮੨]

ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ॥

ਜਿਹੜਾ ਪੁਰਸ਼ ਕਹਿੰਦਾ ਹੈ, ਮੈਂ ਬ੍ਰਹਮ ਨੂੰ ਜਾਣ ਲਿਆ ਹੈ, ਉਹ ਅਜਾਣੁ=ਅਗਿਆਤ ਹੈ ਕਿਉਂਕਿ ਜਾਨਣਹਾਰਾ ਪ੍ਰਭੂ ਕੋਈ ਛਾਨਾ=ਛਿਪਿਆ ਹੋਇਆ ਨਹੀਂ।

ਕਹੁ ਨਾਨਕ ਗੁਰਿ ਅਮਿਉ ਪੀਆਇਆ
ਰਸਕਿ ਰਸਕਿ ਬਿਗਸਾਨਾ ਰੇ॥ ੪ ॥ ੫ ॥ ੪੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਗੁਰਾਂ ਨੇ ਨਾਮ-ਅੰਮ੍ਰਿਤ ਪਿਲਾਇਆ ਤਾਂ ਮਨ ਰਸਕਿ=ਪ੍ਰੇਮ ਵਿਚ ਰਸਕਿ=ਤਦਾਕਾਰ ਹੋ ਕੇ ਬਿਗਸਾਨਾ=ਪ੍ਰਸੰਨ ਹੋਇਆ॥ ੪ ॥ ੫ ॥ ੪੪ ॥

ਆਸਾ ਮਹਲਾ ੫ ॥

ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮ੍ਹਾਰਿਆ॥

ਧੰਨ ਗੁਰੂ ਸਾਹਿਬ ਜੀ ਹਨ ! ਜਿਸ ਵੇਲੇ ਉਨ੍ਹਾਂ ਨੇ ਆਪਣਾ ਬਿਰਦੁ=ਧਰਮ ਸੰਭਾਲਿਆ, ਤਦ ਸਿੱਖ ਦੇ

ਔਗੁਣ ਵਿਸਾਰ ਕੇ ਜਨਮ ਮਰਨ ਰੂਪ ਸਾਰੇ ਬੰਧਨ ਕਟ ਦਿੱਤੇ।

ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ ॥ ੧ ॥

ਮਾਤਾ ਪਿਤਾ ਦੀ ਨਿਆਈਂ ਕਿਰਪਾਲੂ ਹੋ ਕੇ, ਬਾਰਿਕ=ਬੱਚੇ ਵਾਂਗ ਪਾਲਣਾ ਕੀਤੀ॥ ੧॥

ਗੁਰਸਿਖ ਰਾਖੇ ਗੁਰ ਗੋਪਾਲਿ ॥

ਗੋਪਾਲ ਰੂਪ ਗੁਰੂ ਹੀ ਗੁਰਸਿੱਖ ਦੇ ਰੱਖਜਕ ਹਨ।

ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ ॥ ੧ ॥ ਰਹਾਉ ॥

ਜਿਨ੍ਹਾਂ ਨੇ ਆਪਣੀ ਨਿਹਾਲਿ=ਕ੍ਰਿਪਾ ਦ੍ਰਿਸ਼ਟੀ ਨਾਲ ਮਹਾਂ ਭਵਜਲ=ਸੰਸਾਰ ਤੋਂ ਕੱਢ ਲਿਆ ਹੈ॥ ੧॥ ਰਹਾਉ॥

ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥

ਜਿਸ ਦੇ ਸਿਮਰਨ ਕਰਕੇ ਜਮਾਂ ਤੋਂ ਛੁਟ ਜਾਈਦਾਂ ਹੈ ਅਤੇ ਲੋਕ ਪ੍ਰਲੋਕ ਵਿਚ ਸੁਖ ਪਾਈਦਾ ਹੈ।

ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥ ੨ ॥

ਉਸ ਪਰਮੇਸ਼ਰ ਦੇ ਜਪ ਨੂੰ ਰਸਨਾ ਨਾਲ ਜਪਣਾ ਕਰੋ, ਸਵਾਸ ਅਤੇ ਗਿਰਾਸਿ=ਭੋਜਨ ਖਾਂਦਿਆਂ ਨਿਤਾ ਪ੍ਰਤੀ ਉਸ ਦੇ ਗੁਣ ਗਾਉਣਾ ਕਰੋ॥ ੨॥

ਭਗਤਿ ਪ੍ਰੇਮ ਪਰਮ ਪਦੁ ਪਾਇਆ ਸਾਧਸੰਗਿ ਦੁਖ ਨਾਠੇ ॥

ਜਿਸ ਨੇ ਸਤਿਸੰਗ ਦ੍ਵਾਰਾ ਪ੍ਰੇਮਾ ਭਗਤੀ ਕਰਕੇ ਪਰਮ ਪਦੁ=ਆਦਮ ਪਦ ਨੂੰ ਪਾਇਆ ਹੈ, ਉਸ ਦੇ ਸਾਰੇ ਦੁੱਖ ਨਸ ਗਏ ਹਨ।

ਛਿਜੈ ਨ ਜਾਇ ਕਿਛੁ ਭਉ ਨ ਬਿਆਪੇ ਹਰਿ ਧਨੁ ਨਿਰਮਲੁ ਗਾਠੇ ॥ ੩ ॥

ਜਿਸ ਦੀ ਬੁੱਧੀ ਰੂਪ ਗੰਢ ਵਿਚ ਹਰੀ ਨਾਮ ਰੂਪੀ ਨਿਰਮਲ ਧਨ ਹੈ, ਉਹ ਛਿਜੈ ਨ ਜਾਇ=ਨਾਸ ਨਹੀਂ ਹੋ ਜਾਂਦਾ ਅਤੇ ਨਾ ਹੀ ਉਸ ਨੂੰ ਕੁਛ ਡਰ ਬਿਆਪੇ=ਲੱਗਦਾ ਹੈ॥ ੩॥

ਅੰਤਿ ਕਾਲ ਪ੍ਰਭ ਭਏ ਸਹਾਈ ਇਤ ਉਤ ਰਾਖਨਹਾਰੇ ॥
ਪ੍ਰਾਨ ਮੀਤ ਹੀਤ ਧਨੁ ਮੇਰੈ ਨਾਨਕ ਸਦ ਬਲਿਹਾਰੇ ॥ ੪ ॥ ੬ ॥ ੪੫ ॥

ਇਤ ਉਤ=ਲੋਕ ਪ੍ਰਲੋਕ ਵਿਚ ਰੱਖਣ ਵਾਲੇ ਪ੍ਰਭੂ ਅੰਤ ਦੇ ਸਮੇਂ ਆਪ ਹੀ ਭਗਤਾਂ ਦੇ ਸਹਾਈ ਹੋਏ। ਗੁਰੂ ਜੀ ਕਥਨ ਕਰਦੇ ਹਨ-ਮੇਰੇ ਤਾਂ ਪ੍ਰਾਣਾਂ ਦਾ ਮਿਤ੍ਰ ਹੀਤ=ਹਿਤੂ ਅਤੇ ਧਨ ਸਭ ਹਰੀ ਪ੍ਰਭੂ ਹੀ ਹੈ, ਉਸ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ॥ ੪॥ ੬॥ ੪੫॥

ਆਸਾ ਮਹਲਾ ੫ ॥

ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸੁ ਸਾਲਾਹੀ ॥

ਹੇ ਪਰਮੇਸ਼ਰ ! ਜਦ ਤੂੰ ਮੇਰਾ ਸਾਹਿਬ ਹੈਂ ਤਾਂ ਫਿਰ (ਮੈਨੂੰ) ਕਿਸ ਦਾ ਡਰ ਹੈ, ਮੈਂ ਆਪ ਤੋਂ ਬਿਨਾਂ ਹੋਰ ਕਿਸ ਨੂੰ ਸਲਾਹਵਾਂ।

ਏਕੁ ਤੂੰ ਤਾ ਸਭੁ ਕਿਛੁ ਹੈ ਮੈ ਤੁਧੁ ਬਿਨੁ ਦੂਜਾ ਨਾਹੀ॥ ੧॥

ਜਾਂ ਤੂੰ ਇਕ ਮੈਨੂੰ ਪ੍ਰਾਪਤ ਹੈਂ, ਤਾਂ ਸਭ ਕੁਛ ਮੈਨੂੰ ਪ੍ਰਾਪਤ ਹੈ, ਮੇਰਾ ਆਪ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ॥ ੧॥

ਬਾਬਾ ਬਿਖੁ ਦੇਖਿਆ ਸੰਸਾਰੁ॥

ਹੇ ਸਰਬ ਦੇ ਬਾਬਾ=ਪਿਤਾ (ਰੂਪ ਪਰਮਾਤਮਾ) ! ਇਸ ਸੰਸਾਰ ਨੂੰ ਮੈਂ ਵਿਹੁ ਰੂਪ ਦੇਖਿਆ ਹੈ। ਇਸ ਤੇ-

ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮੁ ਤੇਰਾ ਆਧਾਰੁ॥ ੧॥ ਰਹਾਉ॥

ਹੇ ਮੇਰੇ ਗੁਸਾਈਂ ! ਆਪ ਮੇਰੀ ਰੱਖਿਆ ਕਰੋ, ਮੈਂ ਤਾਂ ਇਕ ਤੇਰੇ ਨਾਮ ਦਾ ਆਧਾਰੁ=ਆਸਰਾ ਲੀਤਾ ਹੈ॥ ੧॥ ਰਹਾਉ॥

ਜਾਣਹਿ ਬਿਰਥਾ ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ॥

ਹੇ ਪਰਮੇਸ਼ਰ ! ਤੂੰ ਮੇਰੇ ਮਨ ਦੀ ਸਭ ਹਾਲਤ ਜਾਣਦਾ ਹੈਂ, ਇਸ ਲਈ ਤੈਨੂੰ ਛੱਡ ਕੇ ਹੋਰ ਕਿਸ ਦੇ ਪਾਸ ਆਖ ਕੇ ਸੁਣਾਈਏ।

ਵਿਣੁ ਨਾਵੈ ਸਭੁ ਜਗੁ ਬਉਰਾਇਆ ਨਾਮੁ ਮਿਲੈ ਸੁਖੁ ਪਾਈਐ॥ ੨॥

ਨਾਮ ਤੋਂ ਬਿਨਾਂ ਸਾਰਾ ਜਗਤ ਬਉਰਾਇਆ=ਝੱਲਾ ਹੋ ਰਿਹਾ ਹੈ, ਆਪ ਦਾ ਨਾਮ ਜਪਣਾ ਮਿਲੇ ਤਾਂ ਹੀ ਸੁਖ ਪਾਈਦਾ ਹੈ॥ ੨॥

ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ॥

ਹੇ ਪਰਮੇਸ਼ਰ ! ਹੋਰ ਕੀ ਕਿਸ ਨੂੰ ਆਖਿ=ਮੁਖ ਦੁਆਰਾ ਕਹਿ ਕੇ ਸੁਣਾਈਏ, ਅਸੀਂ ਤਾਂ ਜੋ ਕੁਝ ਕਹਿਣਾ ਹੈ, ਉਹ ਹੇ ਪ੍ਰਭੂ ਜੀ ! ਆਪ ਜੀ ਦੇ ਪਾਸ ਹੀ ਕਹਿਣਾ ਹੈ।

ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ॥ ੩॥

ਕਿਉਂਕਿ ਤੇਰਾ ਕੀਤਾ ਹੋਇਆ ਜੋ ਹੁਕਮ ਹੈ, ਉਸ ਅਨੁਸਾਰ ਸਭ ਕੁਛ ਵਰਤ ਰਿਹਾ ਹੈ, ਇਸ ਤੇ ਮੈਨੂੰ ਸਦਾ ਸਦਾ ਇਕ ਤੇਰੀ ਹੀ ਆਸਾ ਹੈ॥ ੩॥

ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ
ਇਤ ਉਤ ਤੁਝਹਿ ਧਿਆਉ॥

ਜੇਕਰ ਤੂੰ ਵਡਿਆਈ ਸਾਨੂੰ ਦੇਵੇਂ ਤਾਂ ਏਹ ਤੇਰੀ ਹੀ ਵਡਿਆਈ ਹੈ, ਮੈਂ ਤਾਂ ਇਧਰ ਉਧਰ (ਲੋਕ ਪ੍ਰਲੋਕ ਵਿਚ) ਆਪ ਜੀ ਨੂੰ ਹੀ ਧਿਆਉਂਦਾ ਹਾਂ।

ਨਾਨਕ ਕੇ ਪ੍ਰਭ ਸਦਾ ਸੁਖਦਾਤੇ
ਮੈ ਤਾਣੁ ਤੇਰਾ ਇਕੁ ਨਾਉ॥ ੪॥ ੭॥ ੪੬॥

ਹੇ ਮੇਰੇ ਪ੍ਰਭੂ ! ਆਪ ਸਦਾ ਹੀ ਸੁਖਾਂ ਦੇ ਦੇਣ ਵਾਲੇ ਹੋ, ਮੈਨੂੰ ਤਾਂ ਇਕ ਤੇਰੇ ਨਾਮ ਦਾ ਹੀ ਤਾਣੁ=ਬਲ ਹੈ॥ ੪॥ ੭॥ ੪੬॥

ਆਸਾ ਮਹਲਾ ੫ ॥

ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥

ਹੇ ਠਾਕੁਰ=ਪਰਮਾਤਮਾ ! ਤੁਹਾਡਾ ਜੋ ਨਾਮ-ਅੰਮ੍ਰਿਤ ਹੈ, ਏਸੇ ਨੂੰ ਮਹਾਂ ਰਸ ਦਾਇਕ ਜਾਣ ਕੇ ਮੈਂ ਜਨ ਨੇ ਪੀਣਾ ਕੀਤਾ ਹੈ। ਇਸ ਨਾਮ-ਅੰਮ੍ਰਿਤ ਦੇ ਪੀਣ ਕਰਕੇ-

ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥ ੧ ॥

ਜਨਮਾਂ ਜਨਮਾਤਰਾਂ ਦੇ ਭਾਰੀ ਭੈ=ਡਰ ਚੁਕ ਗਏ ਹਨ ਅਤੇ ਦੁਰਤੁ=ਪਾਪ, ਭਰਮ, ਬੀਓ=ਦ੍ਵੈਤ ਭਾਵ ਸਭ ਨਾਸ ਹੋ ਗਿਆ ਹੈ॥ ੧ ॥

ਦਰਸਨੁ ਪੇਖਤ ਮੈ ਜੀਓ ॥

ਹੇ ਸੁਆਮੀ ਜੀ ! ਮੈਂ ਆਪ ਜੀ ਦਾ ਦਰਸ਼ਨ ਵੇਖ ਕੇ ਜਿਉਂਦਾ ਹਾਂ।

ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ
ਮਨੁ ਤਨੁ ਮੇਰਾ ਠਾਰੁ ਥੀਓ ॥ ੧ ॥ ਰਹਾਉ ॥

ਸਤਿਗੁਰਾਂ ਪਾਸੋਂ ਆਪ ਜੀ ਦੀ ਪ੍ਰਾਪਤੀ ਦੇ ਬਚਨ ਸੁਣ ਕੇ ਮੇਰਾ ਮਨ ਅਤੇ ਤਨ ਠਾਕੁ ਥੀਓ=ਠੰਢਾ ਹੋ ਗਿਆ ਹੈ॥ ੧ ॥ ਰਹਾਉ ॥

ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ ॥

ਹੇ ਸੁਆਮੀ ਜੀ ! ਆਪ ਜੀ ਦੀ ਕਿਰਪਾ ਨਾਲ ਹੀ ਸੰਤਾਂ ਦਾ ਸੰਗ ਮੈਨੂੰ ਪ੍ਰਾਪਤ ਹੋਇਆ ਹੈ, ਪਰ ਇਹ ਕਾਰਜ ਤੁਸਾਂ ਨੇ ਆਪ ਹੀ ਕੀਤਾ ਹੈ।

ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ ॥ ੨ ॥

ਹੇ ਪ੍ਰਭੂ ! ਆਪ ਜੀ ਦੇ ਚਰਣ ਕਮਲ ਮੈਂ ਤਾਂ ਦਿੜੁ=ਘੁਟ ਕੇ ਫੜੇ ਹਨ, ਇਸ ਤੇ ਵਿਸ਼ਿਆਂ ਦੀ ਵਾਸ਼ਨਾ ਸੁਤੇ ਹੀ ਨਾਸ ਹੋ ਗਈ ਹੈ॥ ੨ ॥

ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥

ਹੇ ਪ੍ਰਭੂ ! ਤੁਹਾਡਾ ਨਾਮ ਜੋ ਸੁਖਾਂ ਦਾ ਖਜ਼ਾਨਾ ਹੈ, ਏਹੀ ਨਾਮ ਰੂਪ ਅਬਿਨਾਸੀ ਮੰਤ੍ਰ ਮੈਂ ਸਤਿਗੁਰਾਂ ਪਾਸੋਂ ਲਿਆ ਹੈ।

ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ
ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥ ੩ ॥

ਜਿਸ ਵੇਲੇ ਸਤਿਗੁਰਾਂ ਨੇ ਕਿਰਪਾ ਕਰਕੇ ਇਹ ਨਾਮ ਦਾ ਮੰਤਰ ਦਿੱਤਾ, ਤਾਂ ਸੰਤਾਪੁ=ਭਲੀ ਪ੍ਰਕਾਰ ਤਪਾਉਣ ਵਾਲਾ ਤਾਪ ਅਤੇ ਵੈਰ ਮੇਰਾ ਚਲਾ ਗਿਆ॥ ੩ ॥

ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥

ਉਹ ਮਨੁੱਖਾ ਦੇਹੀ ਪਾਈ ਹੋਈ ਧੰਨਤਾ ਜੋਗਜ ਹੈ, ਜਿਸ ਕਰਕੇ ਪ੍ਰਭੂ ਨੇ ਆਪਣੇ ਨਾਲ ਮੇਲ ਲੀਤਾ ਹੈ।

ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ
ਨਾਨਕ ਨਾਮੁ ਅਧਾਰੁ ਹੀਓ ॥ ੪ ॥ ੮ ॥ ੪੭ ॥

ਹੋਰਨਾਂ ਜੁਗਾਂ ਵਿਚੋਂ ਇਹ ਕਲਜੁਗ ਧੰਨਜ ਹੈ, ਜਿਸ ਦਾ ਕੀਰਤਨੁ=ਜਸ ਪੁਰਾਣ ਗਾਉਂਦੇ ਹਨ, ਕਿਉਂਕਿ ਇਸ ਕਲਜੁਗ ਵਿਚ ਥੋੜਾ ਭਜਨ ਕੀਤਾ ਹੋਇਆ ਬਹੁਤਾ ਫਲ ਦੇਂਦਾ ਹੈ। ਇਸ ਕਰਕੇ ਇਸ ਕਲਜੁਗ ਵਿਚ ਸਤਸੰਗਤ ਦੁਆਰਾ ਮੇਰੇ ਹਿਰਦੇ ਵਿਚ ਇਕ ਨਾਮ ਦਾ ਅਧਾਰੁ=ਆਸਰਾ ਹੈ।

ਅਥਵਾ :-ਇਸ ਕਲਜੁਗ ਵਿਚ ਉਹ ਸਤਿਸੰਗ ਧੰਨ ਹੈ, ਜਿਥੇ ਵਾਹਿਗੁਰੂ ਦਾ ਕੀਰਤਨ ਗਾਈਦਾ ਹੈ। ਗੁਰੂ ਜੀ ਕਥਨ ਕਰਦੇ ਹਨ—ਮੇਰੇ ਹੀਓ=ਹਿਰਦੇ ਵਿਚ ਇਕ ਨਾਮ ਦਾ ਅਧਾਰੁ=ਆਸਰਾ ਹੈ॥ ੪॥ ੮॥ ੪੭॥

[ਪੰਨਾ ੩੮੩]

ਆਸਾ ਮਹਲਾ ੫ ॥

ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ ॥
ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ ॥ ੧ ॥

ਆਗੈ ਹੀ ਤੇ=ਪਹਿਲਾਂ ਤੋਂ ਹੀ ਭਾਵ ਸੰਸਾਰ ਦੇ ਸ਼ੁਰੂਆਤ ਤੋਂ ਹੀ ਸਭ ਕੁਝ ਹੋ ਚੁੱਕਾ ਹੈ।

ਅਥਵਾ :-ਪ੍ਰਭੂ ਦੀ ਆਗੈ=ਆਗਿਆ ਤੋਂ ਹੀ ਸਭ ਕੁਛ ਹੋਇਆ ਹੈ।

ਅਥਵਾ-ਆਗੈ-ਨਾਮ ਹੈ ਪਰਮੇਸ਼ਰ ਦਾ, ਪਰਮੇਸ਼ਰ ਤੋਂ ਹੀ ਸਭ ਕੁਛ ਹੋਇਆ ਹੈ।

ਅਵਰੁ=ਹੋਰ ਗਿਆਨ ਭਲਾ ਕੀ ਜਾਨਣਾ ਹੈ ਕਿਉਂਕਿ ਜੋ ਹੋਣਾ ਹੈ ਓਹ ਤਾਂ ਅਵੱਸ਼ ਹੋ ਕੇ ਰਹਿਣਾ ਹੈ। ਪਾਰਬ੍ਰਹਮ ਭਗਵਾਨ ਨੇ ਮੈਂ ਭੁਲਣੇ ਚੁਕਣੇ ਵਾਲੇ ਨੂੰ ਆਪਣਾ ਬਾਰਿਕੁ=ਬਾਲ ਭਾਵ ਦਾਸ ਜਾਣ ਕੇ ਬਖ਼ਸ਼ ਲਿਆ ਹੈ॥ ੧॥

ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ ॥

ਮੇਰਾ ਸਤਿਗੁਰੂ ਸਦਾ ਹੀ ਦਿਆਲੂ ਹੈ, ਜਿਸ ਨੇ ਮੈਂ ਗਰੀਬ ਨੂੰ ਸੰਸਾਰ ਵਲੋਂ ਰੱਖ ਲੀਤਾ ਹੈ।

ਕਾਟਿਆ ਰੋਗੁ ਮਹਾ ਸੁਖੁ ਪਾਇਆ
ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ ॥ ੧ ॥ ਰਹਾਉ ॥

ਜਿਸ ਵੇਲੇ ਗੁਰਾਂ ਨੇ ਮੁਖੋਂ ਹਰੀ ਨਾਮ-ਅੰਮ੍ਰਿਤ ਦਾ ਉਚਾਰਨ ਕਰਨਾ ਦਿੱਤਾ।

ਅਥਵਾ :-ਸਾਰਿਆਂ ਸਾਧਨਾਂ ਤੋਂ ਮੁਖੀ ਸਾਧਨ ਹਰੀ ਨਾਮ-ਅੰਮ੍ਰਿਤ ਦਿੱਤਾ, ਤਾਂ ਅਗਿਆਨ ਰੂਪ ਰੋਗ ਨੂੰ ਕਟਕੇ ਮਹਾਂ ਸੁਖ=ਵੱਡਾ ਆਤਮ ਸੁਖ ਪਾਇਆ॥ ੧॥ ਰਹਾਉ॥

ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥

ਜਿਸ ਵੇਲੇ ਗੁਰਾਂ ਨੇ ਸੰਸਾਰਕ ਬੰਧਨ ਕਟ ਕੇ, ਮੇਰੇ ਅਨੇਕ ਪਾਪਾਂ ਨੂੰ ਪਰਹਰਿਆ=ਦੂਰ ਕੀਤਾ ਤਾਂ ਮੈਂ ਜੀਵਨ ਮੁਕਤ ਹੋ ਗਿਆ।

ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥ ੨ ॥

ਮਹਾ ਘੋਰ=ਬੜੇ ਭਿਆਨਕ ਅੰਨ੍ਹੇ ਖੂਹ ਸੰਸਾਰ ਵਿਚੋਂ ਮੇਰੀ ਬੁੱਧੀ ਰੂਪੀ ਬਾਂਹ ਫੜ ਕੇ ਗੁਰਾਂ ਨੇ ਬਾਹਰ ਕੱਢ ਲਿਆ ਹੈ॥ ੨ ॥

ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ ॥

ਹੇ ਰੱਖਣਹਾਰੇ ਵਾਹਿਗੁਰੂ ! ਜਦ ਆਪ ਨੇ ਸਾਨੂੰ ਰੱਖ ਲਿਆ, ਤਾਂ ਸਾਰੇ ਡਰ ਮਿਟਣ ਕਰਕੇ ਅਸੀਂ ਨਿਰਖੌਫ਼ ਹੋ ਗਏ ਹਾਂ।

ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ ॥ ੩ ॥

ਹੇ ਮੇਰੇ ਪ੍ਰਭੂ ! ਤੇਰੀ ਦਾਤ ਐਸੀ ਹੈ, ਜਿਸ ਨੇ ਮੇਰੇ ਲੋਕ ਪ੍ਰਲੋਕ ਦੇ ਸਾਰੇ ਕਾਰਜ=ਕੰਮ ਸਵਾਰ ਦਿਤੇ ਹਨ॥ ੩ ॥

ਗੁਣ ਨਿਧਾਨ ਸਾਹਿਬ ਮਨਿ ਮੇਲਾ ॥
ਸਰਣਿ ਪਇਆ ਨਾਨਕ ਸੋਹੇਲਾ ॥ ੪ ॥ ੯ ॥ ੪੮ ॥

ਸ਼ੁਭ ਗੁਣਾਂ ਦਾ ਖਜ਼ਾਨਾ ਜੋ ਸਾਹਿਬ ਹੈ, ਮਨ ਕਰਕੇ ਜਦ ਉਸ ਦੀ ਸ਼ਰਨ ਵਿਚ ਪਿਆ, ਤਾਂ ਉਸ ਨਾਲ ਮੇਲਾ ਹੋਇਆ, ਜਦ ਮੇਲਾ ਹੋਇਆ ਤਾਂ ਸੋਹੇਲਾ=ਸੋਭਨੀਕ,

ਅਥਵਾ :-ਸੁਖੀ ਹੋਇਆ॥ ੪ ॥ ੯ ॥ ੪੮ ॥

ਆਸਾ ਮਹਲਾ ੫ ॥

ਤੂੰ ਵਿਸਰਹਿ ਤਾਂ ਸਭੁ ਕੋ ਲਾਗੁ ਚੀਤਿ ਆਵਹਿ ਤਾਂ ਸੇਵਾ ॥

ਹੇ ਪਰਮੇਸ਼ਰ ! ਜਦ ਤੂੰ ਵਿਸਰ ਜਾਵੇਂ ਤਾਂ ਸਭ ਕੋਈ ਲਾਗੂ=ਦੁਸ਼ਮਣ ਹੋ ਜਾਂਦਾ ਹੈ, ਜਦ ਤੂੰ ਯਾਦ ਆਏਂ ਤਾਂ ਸਭ ਕੋਈ ਸੇਵਾ ਕਰਦਾ ਹੈ।

ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ ੧ ॥

ਹੇ ਸੱਚੇ ਅਲਖ ਅਭੇਵ ! ਆਪ ਤੋਂ ਬਿਨਾਂ ਮੈਨੂੰ ਹੋਰ ਕੋਈ ਦੂਜਾ ਨਹੀਂ ਸੁੱਝਦਾ॥ ੧ ॥

ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥

ਹੇ ਸਦਾ ਦਿਆਲੂ ਪਰਮੇਸ਼ਰ ! ਜਾਂ ਤੂੰ ਯਾਦ ਆਵੇਂ, ਤਾਂ ਇਹ ਲੋਕ ਵਿਚਾਰੇ ਕੀ ਦੁਸ਼ਮਣੀ ਕਰ ਸਕਦੇ ਹਨ।

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ ॥ ੧ ॥ ਰਹਾਉ ॥

ਕਹੁ=ਦੱਸੋ ਖਾਂ ! ਬੁਰਾ ਭਲਾ ਕਿਸ ਨੂੰ ਕਹੀਏ, ਕਿਉਂਕਿ ਇਹ ਸਾਰੇ ਜੀਵ ਆਪ ਜੀ ਦੇ ਰਚੇ ਹਨ॥ ੧ ॥ ਰਹਾਉ ॥

ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥

ਸਾਨੂੰ ਤਾਂ ਮਨ ਕਰਕੇ ਤੇਰੀ ਟੇਕ ਹੈ, ਤਨ ਕਰਕੇ ਵੀ ਆਪ ਦਾ ਆਧਾਰਾ=ਆਸਰਾ ਹੈ, ਤੂੰ ਹੀ ਹੱਥ ਦੇ

ਕੇ ਰੱਖਿਆ ਕਰਦਾ ਹੈਂ।

ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ॥ ੨ ॥

ਜਿਸ ਪੁਰਸ਼ ਉੱਤੇ ਆਪ ਜੀ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਉਸ ਨੂੰ ਬਿਪੁ=ਵਿਪਰਜੇ ਬਚਨ ਕੋਈ ਨਹੀਂ ਕਹਿੰਦਾ। *ਅਥਵਾ* :-ਉਸ ਨੂੰ ਬਿਪੁ=ਬਿਪਤਾ ਕੋਈ ਨਹੀਂ ਭਾਖੈ=ਖਾਂਦੀ।

ਅਥਵਾ :-ਤਿਸ ਨੂੰ ਬ੍ਰਾਹਮਣ ਕੋਈ ਨਹੀਂ ਭਖਣ ਕਰਦਾ ਅਰਥਾਤ ਕਰਮ-ਕਾਂਡ ਵਿਚ ਨਹੀਂ ਜੋੜਦਾ।

ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥

ਸੁਖ ਵੀ ਓਹੀ ਚੰਗਾ ਹੈ ਅਤੇ ਵਡਿਆਈ ਵੀ ਓਹੋ ਸਰੇਸ਼ਟ ਹੈ, ਹੇ ਪ੍ਰਭੂ ਜੀ ! ਜੋ ਆਪ ਜੀ ਦੇ ਮਨ ਵਿਚ ਭਾਉਂਦੀ ਹੈ।

ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥ ੩ ॥

ਹੇ ਪਰਮੇਸ਼ਰ ! ਤੂੰ ਦਾਨਾ=ਅੰਦਰ ਦੀ ਗੱਲ-ਬਾਤ ਜਾਨਣ ਵਾਲਾ ਹੈਂ, ਤੂੰ ਹੀ ਸਦਾ ਮੇਹਰਵਾਨ ਹੈਂ, ਇਹ ਕ੍ਰਿਪਾ ਕਰੋ ਜਦੋਂ ਮੈਨੂੰ ਆਪ ਦਾ ਨਾਮ ਮਿਲੇ ਤੇ ਮੈਂ ਸਦਾ ਰੰਗੁ ਮਾਣੀ=ਅਨੰਦ ਭੋਗਾਂ॥ ੩ ॥

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥

ਤੇਰੇ ਅੱਗੇ ਹੀ ਸਾਡੀ ਬੇਨਤੀ ਕਰਨੀ ਬਣਦੀ ਹੈ, ਕਿਉਂਕਿ ਮੇਰੇ ਕੋਲ ਜੀਉ=ਪ੍ਰਾਣ, ਪਿੰਡੁ=ਸਰੀਰ ਤੇ ਧਨ ਪਦਾਰਥ ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ।

ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ॥ ੪ ॥ ੧੦ ॥ ੪੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਇਹ ਸਾਰੀ ਵਡਿਆਈ ਤੇਰੀ ਹੈ, ਮੇਰਾ ਤਾਂ ਕੋਈ ਨਾਮ ਭੀ ਨਹੀਂ ਜਾਣਦਾ॥ ੪ ॥ ੧੦ ॥ ੪੯ ॥

ਆਸਾ ਮਹਲਾ ੫ ॥

ਕਰਿ ਕਿਰਪਾ ਪ੍ਰਭ ਅੰਤਰਜਾਮੀ ਸਾਧਸੰਗਿ ਹਰਿ ਪਾਈਐ॥
ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ॥ ੧ ॥

ਹੇ ਹਰੀ ਪ੍ਰਭੂ ਅੰਤਰਜਾਮੀ ! ਕਿਰਪਾ ਕਰ, ਜੋ ਸਤਿਸੰਗਤ ਕਰਨਾ ਪਾਈਏ। ਪੰਜਾਂ ਕੋਸ਼ਾਂ ਰੂਪੀ ਕਿਵਾਰ=ਤਖਤੇ ਖੋਲ੍ਹ ਕੇ ਆਪਣਾ ਦਰਸ਼ਨ ਵਿਖਾਣਾ ਕਰੋ, ਜੋ ਪੁਨਰਪਿ=ਫੇਰ ਨਿਸਚੇ ਕਰਕੇ ਜਨਮ ਮਰਨ ਵਿਚ ਨਾ ਆਈਏ॥ ੧ ॥

ਮਿਲਉ ਪਰੀਤਮ ਸੁਆਮੀ ਅਪੁਨੇ ਸਗਲੇ ਦੂਖ ਹਰਉ ਰੇ॥

ਹੇ ਸੁਆਮੀ ਪ੍ਰੀਤਮ ! ਆਪਣੇ ਸੇਵਕ ਨੂੰ ਮਿਲਣਾ ਕਰੋ, ਮਿਲ ਕੇ ਆਪਣੇ ਸੇਵਕ ਦੇ ਸਾਰੇ ਦੁੱਖ ਹਰਨਾ ਕਰੋ। *ਅਥਵਾ* :-ਇਹ ਤੁਕ ਉਪਦੇਸ਼ ਵਿਚ ਰੱਖਣੀ :-ਕਿ ਹੇ ਭਾਈ ! ਆਪਣੇ ਪ੍ਰੀਤਮ ਸੁਆਮੀ ਨੂੰ ਮਿਲਣਾ ਕਰੋ ਤੇ ਸਾਰੇ ਦੁਖਾਂ ਨੂੰ ਹਰਨਾ ਕਰੋ।

ਪਾਰਬ੍ਰਹਮੁ ਜਿਨਿ੍ ਰਿਦੈ ਅਰਾਧਿਆ ਤਾ ਕੈ ਸੰਗਿ ਤਰਉ ਰੇ ॥ ੧ ॥ ਰਹਾਉ ॥

ਜਿਸ ਸੰਤ ਨੇ ਪਾਰਬ੍ਰਹਮ ਨੂੰ ਹਿਰਦੇ ਵਿਚ ਆਰਾਧਿਆ ਹੈ, ਹੇ ਭਾਈ ! ਉਸ ਦੇ ਸੰਗ ਕਰਕੇ ਤਰਨਾ ਕਰੌ ॥ ੧ ॥ ਰਹਾਉ ॥

ਮਹਾ ਉਦਿਆਨ ਪਾਵਕ ਸਾਗਰ ਭਏ ਹਰਖ ਸੋਗ ਮਹਿ ਬਸਨਾ ॥

ਇਸ਼ ਮਹਾਂ ਉਦਿਆਨ=ਉਜਾੜ ਤੇ ਤ੍ਰਿਸ਼ਨਾ ਰੂਪ ਪਾਵਕ=ਅੱਗ ਦੇ ਸਮੁੰਦ੍ (ਸੰਸਾਰ) ਵਿਚ ਪ੍ਰਾਪਤ ਹੋ ਕੇ, ਹਰਖ ਸੋਗ ਵਿਚ ਵਸਣਾ ਕਰਦੇ ਹਨ।

ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ
ਜਪਿ ਅੰਮ੍ਰਿਤੁ ਹਰਿ ਰਸਨਾ ॥ ੨ ॥

ਅੰਨਵੇ ! ਸਤਿਗੁਰਾਂ ਨੂੰ ਮਿਲ ਕੇ ਰਸਨਾ ਨਾਲ ਹਰੀ ਨਾਮ-ਅੰਮ੍ਰਿਤ ਨੂੰ ਜਪਿਆ ਤਾਂ ਭਇਆ ਮਨੁ ਨਿਰਮਲੁ=ਮਨ ਸ਼ੁਧ ਹੋ ਗਿਆ ॥ ੨ ॥

ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ ॥
ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥ ੩ ॥

ਇਸ ਜੀਵ ਨੇ ਤਨ ਅਤੇ ਧਨ ਥਾਪ ਕੇ ਸਭ ਆਪਣਾ ਕੀਤਾ ਹੋਇਆ ਹੈ, ਅਰਥਾਤ ਆਪਣਾ ਮੰਨਿਆ ਹੋਇਆ ਹੈ। ਪੁਨਾ ਇਹ ਜੀਵ, (ਇਸਤ੍ਰੀ, ਪੁੱਤਰ ਆਦਿਕ) ਕੋਮਲ ਬੰਧਨਾਂ ਕਰਕੇ ਬੱਝਾ ਹੋਇਆ ਹੈ। ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਅਰਾਧਿਆ ਹੈ, ਉਹ ਜਨ ਬੰਧਨਾਂ ਤੋਂ ਮੁਕਤੇ=ਛੁੱਟੇ ਹਨ ॥ ੩ ॥

ਰਾਖਿ ਲੀਏ ਪ੍ਰਭਿ ਰਾਖਨਹਾਰੈ ਜੋ ਪ੍ਰਭ ਅਪੁਨੇ ਭਾਣੇ ॥
ਜੀਉ ਪਿੰਡੁ ਸਭੁ ਤੁਮ੍ਰਾ ਦਾਤੇ ਨਾਨਕ ਸਦ ਕੁਰਬਾਣੇ ॥ ੪ ॥ ੧੧ ॥ ੫੦ ॥

ਜੋ ਦਾਸ ਆਪਣੇ ਪ੍ਰਭੂ ਪਰਮਾਤਮਾ ਨੂੰ ਭਾਣੇ=ਭਾ ਗਏ ਹੰਨ, ਰੱਖਣ ਵਾਲੇ ਪ੍ਰਭੂ ਨੇ ਉਹਨਾਂ ਨੂੰ ਰੱਖ ਲਿਆ ਹੈ। ਹੇ ਦਾਤੇ ! ਜੀਅ ਨੂੰ ਪਿੰਡ ਆਦਿਕ ਸਭ ਕੁਝ ਆਪ ਦਾ ਦਿੱਤਾ ਹੋਇਆ ਹੈ। ਮੈਂ ਆਪ ਤੋਂ ਸਦਾ ਕੁਰਬਾਣੇ=ਸਦਕੇ ਜਾਂਦਾ ਹਾਂ ॥ ੪ ॥ ੧੧ ॥ ੫੦ ॥

ਆਸਾ ਮਹਲਾ ੫ ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਉਪਦੇਸ਼ ਦੇਂਦੇ ਹਨ। ਜਗਿਆਸੂ ਰੂਪੀ ਸਖੀ ਮਹਾਤਮਾ ਦੇ ਪਾਸ ਆ ਕੇ ਬੇਨਤੀ ਕਰਦੀ ਹੈ, ਕਿ-

ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ ॥

ਮੋਹ ਰੂਪ ਮਲਣ ਨਿੰਦ੍ਰਾ ਤੋਂ ਜੋ ਤੂੰ ਛੁਟ ਗਈ ਹੈਂ, ਹੇ ਸਖੀ ! ਤੇਰੇ 'ਪਰ ਕਿਸ ਦੀ ਕਿਰਪਾ ਹੋਈ ਹੈ ? ॥ ੧ ॥

ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ ॥ ੧ ॥ ਰਹਾਉ ॥

ਮਹਾ ਮੋਹਨੀ=ਵਡੀ ਮੋਹਣੇ ਵਾਲੀ ਮਾਇਆ ਤੈਨੂੰ ਨਹੀਂ ਵਿਆਪਦੀ, ਤੇ ਹੇ ਸਖੀ ! ਤੇਰਾ ਆਲਸ ਕਿਥੇ

ਚਲਾ ਗਿਆ ਹੈ ?॥ ੧॥ ਰਹਾਉ॥

[ਪੰਨਾ ੩੮੪]

ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ॥

ਆਪਣੇ ਆਪ ਨਵਿਰਤ ਹੋਣੇ ਗਾਖਰੋ=ਕਠਿਨ ਜੋ ਕਾਮ ਕਰੋਧ ਹੰਕਾਰ ਆਦਿਕ ਵਿਸ਼ੇ ਹਨ, ਹੇ ਸਖੀ ! ਇਨ੍ਹਾਂ ਤੋਂ ਕਿਸ ਸੰਜਮਿ=ਸਾਧਨ ਕਰਕੇ ਤੇਰਾ ਛੁਟਕਾਰਾ ਹੋਇਆ ਹੈ।

ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ॥ ੧॥

ਹੇ ਸਖੀ ! ਜਿਸ ਮਾਇਆ ਨੇ ਸੁਰ, ਮਨੁੱਖ, ਦੇਵਤੇ, ਦੈਂਤ ਤੇ ਤ੍ਰਿਗੁਣ ਆਤਮਕ ਜੀਆਂ ਸਮੇਤ ਸਾਰੇ ਭਵਨੁ=ਸੰਸਾਰ ਨੂੰ ਲੁਟ ਲਿਆ ਹੈ, (ਉਸ ਮਾਇਆ ਤੋਂ ਤੇਰਾ ਕਿਵੇਂ ਬਚਾਉ ਹੋਇਆ ਹੈ) ?॥ ੧॥

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ
ਕੋਈ ਹਰਿਆ ਬੂਟੁ ਰਹਿਓ ਰੀ॥

ਰੀ=ਹੇ ਸਖੀ ! ਇਸ ਮਾਇਆ ਦੀ ਇੱਛਾ ਰੂਪ ਦਾਵਾ=ਡਾਵਾ ਅੱਗ ਨੇ ਬਹੁਤ ਹੀ ਜੀਵਾਂ ਰੂਪੀ ਤ੍ਰਿਣ=ਕੱਖ ਸਾੜ ਦਿੱਤੇ ਹਨ, ਇਸ ਵਿਚੋਂ ਕੋਈ ਕੋਈ ਮਹਾਤਮਾ ਰੂਪੀ ਹਰਿਆ=ਹਰਾ ਬੂਟਾ ਰਿਹਾ ਹੈ। (ਇਹ ਦੱਸ, ਤੇਰੇ ਉਪਰ ਕਿਸ ਦੀ ਕਿਰਪਾ ਹੋਈ ਹੈ, ਜੋ ਤੂੰ ਮਾਇਆ ਤੋਂ ਬਚ ਰਹੀ ਹੈਂ।)

ਐਸੋ ਸਮਰਥੁ ਵਰਨਿ ਨ ਸਾਕਉ
ਤਾ ਕੀ ਉਪਮਾ ਜਾਤ ਨ ਕਹਿਓ ਰੀ॥ ੨॥

(ਅਗਲੀ ਤੁਕ ਦਾ ਅਰਥ ਪਹਿਲੇ ਕਰਕੇ ਇਸ ਤੁਕ ਦਾ ਅਰਥ ਫਿਰ ਕਰਨਾ।)

ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥

ਰੀ=ਹੇ ਸਖੀ ! ਕਾਜਰ ਕੋਠ=ਕਾਲਖ ਦੀ ਕੋਠੀ ਜੋ ਇਹ ਸੰਸਾਰ, *ਅਥਵਾ* ਗ੍ਰਿਹਸਤ ਹੈ, ਇਸ ਵਿਚ ਰਹਿ ਕੇ ਵੀ ਤੂੰ ਕਾਰੀ=ਕਲੰਕਤ ਨਹੀਂ ਹੋਈ, ਤੇਰਾ ਨਿਰਮਲ ਹੀ ਬਰਨੁ=ਰੰਗ ਬਣਿਆ ਰਿਹਾ ਹੈ। ਇਹ ਦੱਸ ਤੇਰੇ ਤੇ-ਕਉਨੁ ਅਨੁਗ੍ਰਹੁ ਭਇਓ ਰੀ॥ ਇਹ ਗੱਲ ਸੁਣ ਕੇ ਹੁਣ ਮਹਾਤਮਾ ਰੂਪੀ ਸਖੀ ਉੱਤਰ ਦਿੰਦੀ ਹੈ ਕਿ ਹੇ ਜਗਿਆਸੂ ! ਜਿਸ ਦੀ ਕਿਰਪਾ ਮੇਰੇ ਉਤੇ ਹੋਈ ਹੈ।

ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ॥ ੨॥

ਉਹ ਪਰਮੇਸ਼ਰ ਅਜਿਹਾ ਸਮਰੱਥ ਹੈ, ਜਿਸ ਦੀ ਸਮਰੱਥਾ ਮੈਂ ਆਖ ਨਹੀਂ ਸਕਦੀ ਅਤੇ ਉਸ ਦੀ ਉਪਮਾ ਵੀ ਮੇਰੇ ਪਾਸੋਂ ਕਹੀ ਨਹੀਂ ਜਾਂਦੀ॥ ੨॥

ਮਹਾ ਮੰਤ੍ਰ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ॥ ੩॥
ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ॥
ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ॥ ੪॥ ੧੨॥ ੫੧॥

ਅੰਨਵੇ ! ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ=ਉਸ ਪ੍ਰਭੂ ਨੇ ਜਦ ਕਿਰਪਾ ਦ੍ਰਿਸ਼ਟੀ ਨਾਲ ਦੇਖਣਾ

ਕੀਤਾ। ਸਾਧੂ ਸੰਗਿ ਸਮਾਈ=ਤਾਂ ਸੰਤਾਂ ਦੇ ਸੰਗ ਸਮਾਈ। ਜਾਂ ਸੰਤਾਂ ਦੇ ਸੰਗ ਸਮਾਈ। ਅਪੁਨੈ ਚਰਣਿ ਲਗਾਈ=ਤਾਂ ਗੁਰਾਂ ਨੇ ਆਪਣੇ ਚਰਨਾਂ ਨਾਲ ਲਗਾਈ=ਲਾ ਲਿਆ। ਮਹਾ ਮੰਤ੍ਰ ਗੁਰ ਹਿਰਦੈ ਬਸਿਓ=ਤੇ ਗੁਰਾਂ ਦਾ ਮਹਾਂ ਮੂਲ ਮੰਤ੍ਰ ਹਿਰਦੇ ਵਿਚ ਵਸਿਆ ਤੇ ਅਸਚਰਜ ਰੂਪ ਪਰਮਾਤਮਾ ਦੇ ਨਾਮ ਨੂੰ ਸੁਣਿਆਂ। ਪ੍ਰੇਮ ਭਗਤਿ ਨਾਨਕ ਸੁਖੁ ਪਾਇਆ=ਤਦ ਪ੍ਰੇਮਾ ਭਗਤੀ ਕਰਕੇ ਮੈਂ ਆਤਮ ਸੁਖ ਪਾਇਆ॥ ੪॥ ੧੨॥ ੫੧॥

੧ਓ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਘਰੁ ੭ ਮਹਲਾ ੫॥

ਜਗਿਆਸੂ ਰੂਪੀ ਸਖੀ ਮਹਾਤਮਾ ਪਾਸ ਆ ਕੇ ਪੁੱਛਦੀ ਹੈ (ਰਹਾਉ ਦੀਆਂ ਤੁਕਾਂ ਤੋਂ ਅਰਥ ਉਠਾਣਾ)-

ਲਾਲੁ ਚੋਲਨਾ ਤੈ ਤਨਿ ਸੋਹਿਆ॥ਸੁਰਿਜਨ ਭਾਨੀ ਤਾਂ ਮਨੁ ਮੋਹਿਆ॥੧॥
ਕਵਨ ਬਨੀ ਰੀ ਤੇਰੀ ਲਾਲੀ॥ਕਵਨ ਰੰਗਿ ਤੂੰ ਭਈ ਗੁਲਾਲੀ॥੧॥ਰਹਾਉ॥

ਕਵਨ ਬਨੀ ਰੀ ਤੇਰੀ ਲਾਲੀ=ਰੀ=ਹੇ ਸਖੀ ! ਤੇਰੀ ਭਗਤੀ ਰੂਪੀ ਲਾਲੀ ਕਿਹੋ ਜਿਹੀ ਬਣੀ ਹੈ ? ਕਵਨ ਰੰਗਿ ਤੂੰ ਭਈ ਗੁਲਾਲੀ=ਅਤੇ ਕਵਨ ਰੰਗਿ=ਕਿਵੇਂ ਤੂੰ ਗਿਆਨ ਰੂਪੀ ਗਾਹੜੇ ਰੰਗ ਵਾਲੀ ਹੋਈ ਹੈਂ? ਲਾਲੁ ਚੋਲਨਾ ਤੈ ਤਨਿ ਸੋਹਿਆ=ਪ੍ਰੇਮ ਰੂਪੀ ਚੋਲਾ ਤੇਰਾ ਸਰੀਰ ਉੱਤੇ ਸ਼ੋਭਾਇਮਾਨ ਹੋ ਰਿਹਾ ਹੈ। ਸੁਰਿ ਜਨ=ਪਰਮਾਤਮਾ ਨੂੰ ਤੂੰ ਭਾ ਗਈਂ, ਤਾਂ ਹੀ ਤੂੰ ਉਸ ਦੇ ਮਨ ਨੂੰ ਮੋਹਤ ਕੀਤਾ ਹੈ॥ ੧॥ ਰਹਾਉ॥

ਤੁਮ ਹੀ ਸੁੰਦਰਿ ਤੁਮਹਿ ਸੁਹਾਗੁ॥ਤੁਮ ਘਰਿ ਲਾਲਨੁ ਤੁਮ ਘਰਿ ਭਾਗੁ॥੨॥

ਮੈਂ ਜਾਣਿਆਂ ਹੈ ਕਿ ਤੂੰ ਹੀ ਸੁੰਦਰ ਰੂਪ ਵਾਲੀ ਹੈਂ, ਤੈਨੂੰ ਹੀ ਸੁਹਾਗੁ=ਪਤੀ ਮਿਲਿਆ ਹੈ। ਲਾਲਨੁ=ਪਿਆਰਾ ਪਰਮੇਸ਼ਰ ਤੇਰੇ ਦਿਲ ਰੂਪ ਘਰ ਵਿਚ ਹੈ ਅਤੇ ਚੰਗਾ ਭਾਗ ਵੀ ਤੇਰੇ ਘਰ ਵਿਚ ਹੈ॥ ੨॥

ਤੂੰ ਸਤਵੰਤੀ ਤੂੰ ਪਰਧਾਨਿ॥ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ॥੩॥

ਸਤਵੰਤੀ=ਪਤੀ ਵਾਲੀ ਵੀ ਤੂੰ ਹੀ ਹੈਂ ਸਾਰਿਆਂ ਤੋਂ ਪਰਧਾਨਿ=ਮੁਖੀ ਭੀ ਤੂੰ ਹੀ ਹੈਂ। ਪ੍ਰੀਤਮ=ਪਰਮਾਤਮਾ ਨੂੰ ਭੀ ਤੂੰ ਹੀ ਭਾਈਂ ਹੈਂ, ਸੁਰ ਗਿਆਨਿ=ਦਿੱਬਜ ਗਿਆਨਨ ਵੀ ਤੂੰ ਹੀ ਹੈਂ॥ ੩॥

ਮਹਾਤਮਾ ਰੂਪੀ ਸਖੀ ਉੱਤਰ ਦਿੰਦੀ ਹੈ ਕਿ—

ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ॥ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ॥੪॥
ਸੁਨਿ ਰੀ ਸਖੀ ਇਹ ਹਮਰੀ ਘਾਲ॥
ਪ੍ਰਭ ਆਪਿ ਸੀਗਾਰਿ ਸਵਾਰਨਹਾਰ॥੧॥ਰਹਾਉ ਦੂਜਾ॥੧॥੫੨॥

ਸੁਨਿ ਰੀ ਸਖੀ ਇਹ ਹਮਰੀ ਘਾਲ=ਹੇ ਜਗਿਆਸੂ ਰੂਪੀ ਸਖੀ ! ਸੁਣਨਾ ਕਰ ਮੇਰੀ ਘਾਲ=ਕਮਾਈ ਇਹ ਹੈ ਕਿ ਪ੍ਰੀਤਮ ਭਾਨੀ=ਜਦ ਮੈਂ ਪਰਮਾਤਮਾ ਨੂੰ ਭਾ ਗਈ ਤੇ ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲਿ=ਉਸ ਨੇ ਸ਼ੁਭ ਦ੍ਰਿਸ਼ਟੀ ਕਰਕੇ ਨਿਹਾਲਿ=ਦੇਖਿਆ ਤੇ ਪ੍ਰਭ ਆਪਿ ਸੀਗਾਰਿ ਸਵਾਰਨਹਾਰ=ਸਵਾਰਨਹਾਰ (ਪ੍ਰਭੂ) ਨੇ ਆਪ ਜਪ ਤਪ ਆਦਿਕ ਸ਼ਿੰਗਾਰਾਂ ਨਾਲ ਸਵਾਰਨਾ ਕੀਤਾ।

ਤਾਂ ਰੰਗਿ ਗੁਲਾਲ=ਤਾਂ ਫਿਰ ਗਾਹੜਾ ਗਿਆਨ ਰੂਪੀ ਰੰਗ ਚੜ੍ਹਿਆ, ਤਾਂ ਹੀ ਭਗਤੀ ਰੂਪੀ ਲਾਲੀ ਬਣੀ, ਤਾਂ ਹੀ ਪ੍ਰੇਮ ਰੂਪੀ ਲਾਲ ਚੋਲਾ ਸੋਹਿਆ, ਤਾਂ ਹੀ ਸੁਰਜਨ ਨੂੰ ਭਾਨੀ, ਤਾਂ ਹੀ ਸੁੰਦਰ ਹੋਈ, ਤਾਂ ਹੀ ਸੁਹਾਗਵੰਤੀ ਹੋਈ, ਤਾਂ ਹੀ ਭਾਗਾਂ ਵਾਲੀ ਹੋਈ, ਤਾਂ ਹੀ ਸੱਤ ਪ੍ਰਤੱਗ ਹੋਈਂ, ਤਾਂ ਹੀ ਸਭ ਤੋਂ ਮੁਖੀ ਹੋਈ, ਤਾਂ ਹੀ ਪ੍ਰੀਤਮ ਨੂੰ

ਭਾਈਂ, ਤਾਂ ਹੀ ਦਿੱਬਜ ਗਿਆਨਨ ਹੋਈ॥ ੧॥ ੫੨।

ਆਸਾ ਮਹਲਾ ੫॥

ਦੂਖੁ ਘਨੋ ਜਬ ਹੋਤੇ ਦੂਰਿ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥ ੧॥

ਜਦੋਂ ਪਤੀ ਜੀ ਮੈਥੋਂ ਦੂਰ ਹੁੰਦੇ ਸੀ ਭਾਵ ਪ੍ਰੋਖ ਸਨ ਤਦ ਤੱਕ ਮੈਨੂੰ ਘਨੋ=ਬਹੁਤਾ ਦੁੱਖ ਹੁੰਦਾ ਸੀ। ਹੁਣ ਮੈਨੂੰ ਗੁਰਾਂ ਪਾਸੋਂ ਪਤੀ ਦੇ ਹਦੂਰਿ=ਕੋਲ ਰਹਿਣੇ ਦੀ ਮਸਲਤਿ=ਸਲਾਹ ਮਿਲ ਗਈ ਹੈ।

ਚੁਕਾ ਨਿਹੋਰਾ ਸਖੀ ਸਹੇਰੀ॥

ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ॥ ੧॥ ਰਹਾਉ॥

ਹੇ ਸਖੀ ਸਹੇਰੀ=ਪਿਆਰੀ ਸਖੀ ! ਹੁਣ ਮੇਰਾ ਨਿਹੋਰਾ=ਅਹਿਸਾਨ ਚੁੱਕ ਗਿਆ ਹੈ। ਕਿਉਂਕਿ ਗੁਰਾਂ ਨੇ ਪਿਰ=ਪਤੀ (ਪਰਮਾਤਮਾ) ਨਾਲ ਮੇਰੀ=ਮੇਲ ਦਿੱਤਾ ਹੈ ਤੇ ਭਰਮ ਦੂਰ ਹੋ ਗਿਆ ਹੈ॥ ੧॥ ਰਹਾਉ॥

ਨਿਕਟਿ ਆਨਿ ਪ੍ਰਿਅ ਸੇਜ ਧਰੀ॥ ਕਾਣਿ ਕਢਨ ਤੇ ਛੂਟਿ ਪਰੀ॥ ੨॥

ਪਤੀ ਨੇ ਮੈਨੂੰ ਸੇਜਾ ਦੇ ਨਿਕਟਿ=ਪਾਸ ਹੀ ਆਨਿ=ਲਿਆ ਬਿਠਾਇਆ ਹੈ, ਜਿਹੜੀ ਅੰਤਰ ਮੁਖੀ ਬਿਰਤੀ ਕਰ ਦਿੱਤੀ ਹੈ। ਇਸ ਲਈ ਮੈਂ ਹੁਣ ਲੋਕਾਂ ਦੀ ਕਾਨ-ਕਨੌਡ ਕੱਢਣ ਤੋਂ ਛੁੱਟ ਗਈ ਹਾਂ॥ ੨॥

ਮੰਦਰਿ ਮੇਰੈ ਸਬਦਿ ਉਜਾਰਾ॥ ਅਨਦ ਬਿਨੋਦੀ ਖਸਮੁ ਹਮਾਰਾ॥ ੩॥

ਜਿਸ ਵੇਲੇ ਮੇਰੇ ਸਰੀਰ-ਮੰਦਰ ਵਿਚ ਗੁਰ ਉਪਦੇਸ਼ ਰੂਪ ਦੀਪਕ ਦਾ ਉਜਾਰਾ=ਪ੍ਰਕਾਸ਼ ਹੋ ਗਿਆ। ਤਾਂ ਇਹ ਨਿਸਚੇ ਕੀਤਾ ਕਿ ਮੇਰਾ ਖਸਮੁ=ਮਾਲਕ (ਪਤੀ-ਪਰਮਾਤਮਾ) ਹੀ ਅਨੰਦ ਦਾਇਕ ਬਿਨੋਦੀ=ਕੌਤਕਾਂ ਦੇ ਕਰਨ ਵਾਲਾ ਹੈ॥ ੩॥

ਮਸਤਕਿ ਭਾਗੁ ਮੈ ਪਿਰੁ ਘਰਿ ਆਇਆ॥

ਥਿਰੁ ਸੋਹਾਗੁ ਨਾਨਕ ਜਨ ਪਾਇਆ॥ ੪॥ ੨॥ ੫੩॥

ਮੱਥੇ ਦੇ ਚੰਗੇ ਭਾਗਾਂ ਕਰਕੇ ਜਦ ਮੇਰੇ ਘਰ ਵਿਚ ਪਿਆਰਾ ਪਤੀ ਆਇਆ। ਤਾਂ ਮੈਂ ਜਨ ਨੇ ਥਿਰੁ ਸੋਹਾਗੁ=ਅਚਲ ਅਨੰਦ ਪਾਇਆ ਹੈ॥ ੪॥ ੨॥ ੫੩॥

ਆਸਾ ਮਹਲਾ ੫॥

ਉਥਾਨਕਾ :-ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਵਾਉਂਦੇ ਹੋਇਆਂ ਕਿਸੇ ਮਜ਼ਦੂਰ ਨੂੰ ਤਾੜ-ਫਾੜ ਕੀਤੀ ਤਾਂ ਸਿੱਖਾਂ ਨੇ ਕਿਹਾ-ਪ੍ਰਭੂ ਜੀ ਆਪ ਤਾਂ ਸ਼ਾਂਤੀ ਸਰੂਪ ਹੋ, ਆਪ ਕਿਉਂ ਗੁੱਸੇ ਹੁੰਦੇ ਹੋ ?

ਉਸ ਵੇਲੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਕਿ-

ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥ ੧॥

ਮੇਰਾ ਮਨ ਤਾਂ ਸੱਚੇ ਨਾਮ ਵਿਚ ਲੱਗ ਰਿਹਾ ਹੈ, ਇਹ ਤਾਂ ਉਪਰਲੇ ਵਿਹਾਰ ਚਲਾਉਣ ਵਾਸਤੇ ਲੋਕਾਂ ਨਾਲ ਮੇਰਾ ਠਾਠਾ ਬਾਗਾ=ਪੋਚਾ ਪਾਚੀ ਹੈ॥ ੧॥

ਬਾਹਰਿ ਸੂਤੁ ਸਗਲ ਸਿਉ ਮਉਲਾ ॥
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ੧ ॥ ਰਹਾਉ ॥

ਬਾਹਰੋਂ ਤਨ ਕਰਕੇ ਤਾਂ ਲੈਣ ਦੇਣ ਦੀ ਸਾਰੀ ਸੂਤੁ=ਮਰਯਾਦਾ ਨਾਲ ਮਉਲਾ=ਮਿਲਿਆ ਹੋਇਆ ਹਾਂ। ਮਨ ਕਰਕੇ ਇੰਝ ਨਿਰਲੇਪ ਰਹਿੰਦੇ ਹਾਂ, ਜਿਕੁਰ ਜਲ ਵਿਚ ਕੌਲ ਫੁੱਲ ਨਿਰਲੇਪ ਰਹਿੰਦਾ ਹੈ॥ ੧ ॥ ਰਹਾਉ।

ਮੁਖ ਕੀ ਬਾਤ ਸਗਲ ਸਿਉ ਕਰਤਾ ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ ੨ ॥

ਮੂੰਹ ਦੀ ਗੱਲ ਬਾਤ ਸਾਰਿਆਂ ਨਾਲ ਕਰਦੇ ਹਾਂ। ਤੇ ਜੀਅ ਨੂੰ ਆਪਣੇ ਪ੍ਰਭੂ ਨਾਲ ਧਰਤਾ=ਜੋੜੀ ਰੱਖਦਾ ਹਾਂ॥ ੨ ॥

ਦੀਸਿ ਆਵਤ ਹੈ ਬਹੁਤੁ ਭੀਹਾਲਾ ॥ ਸਗਲ ਚਰਨ ਕੀ ਇਹੁ ਮਨੁ ਰਾਲਾ ॥ ੩ ॥

ਉਪਰੋਂ ਮੇਰਾ ਚਿਹਰਾ ਤਾੜਨ ਫਾੜਨ ਕਰਕੇ ਬਹੁਤ ਹੀ ਭੀਹਾਲਾ=ਭਿਆਨਕ (ਡਰਾਉਣਾ) ਨਜ਼ਰ ਆਉਂਦਾ ਹੈ। ਪਰ ਇਹ ਮੇਰਾ ਮਨ ਸਗਲ=ਸਾਰੀ ਸੰਗਤ ਦੇ ਚਰਨਾਂ ਦੀ ਰਾਲਾ=ਧੂੜੀ ਹੋ ਰਿਹਾ ਹੈ॥ ੩ ॥

ਨਾਨਕ ਜਨਿ ਗੁਰੁ ਪੂਰਾ ਪਾਇਆ ॥
ਅੰਤਰਿ ਬਾਹਰਿ ਏਕੁ ਦਿਖਾਇਆ ॥ ੪ ॥ ੩ ॥ ੫੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਮੈਂ ਜਨ ਨੇ ਪੂਰਿਆਂ ਗੁਰਾਂ ਨੂੰ ਪਾਇਆ ਤਾਂ ਉਹਨਾਂ ਨੇ ਅੰਦਰ ਬਾਹਰ ਇਕ ਪਰਮਾਤਮਾ ਨੂੰ ਦਿਖਾਣਾ ਕੀਤਾ॥ ੪॥ ੩ ॥ ੫੪॥

[ਪੰਨਾ ੩੮੫]

ਆਸਾ ਮਹਲਾ ੫ ॥

ਉਥਾਨਕਾ :-ਕੋਈ ਹੰਕਾਰੀ ਪੁਰਸ਼ ਘੋੜੇ ਉਪਰ ਅਸਵਾਰ ਹੋ ਕੇ ਚਲਿਆ ਆਉਂਦਾ ਸੀ, ਉਸ ਨੂੰ ਉਪਦੇਸ਼ ਦਿੰਦੇ ਹਨ-

ਪਾਵਤੁ ਰਲੀਆ ਜੋਬਨਿ ਬਲੀਆ ॥ ਨਾਮ ਬਿਨਾ ਮਾਟੀ ਸੰਗਿ ਰਲੀਆ ॥ ੧ ॥

ਹੇ ਪੁਰਸ਼ਾ ! ਤੂੰ ਰਲੀਆ =ਖੁਸ਼ੀਆਂ ਨੂੰ ਪਾਉਂਦਾ ਆਉਂਦਾ ਹੈਂ।

ਅਥਵਾ :-ਪਾਵ+ਤੁਰਲੀਆ=ਤੇਰੇ ਪੈਰਾਂ ਹੇਠ ਘੋੜਾ ਹੈ ਤੇ ਜੋਬਨਿ ਬਲੀਆ=ਜੋਬਨ ਅਵਸਥਾ ਵਾਲਾ ਹੈਂ, *ਅਥਵਾ* :-ਜੋਬਨ ਅਵਸਥਾ ਵਿਚ ਬਲੀਆ=ਸੜ ਰਿਹਾ ਹੈਂ। ਪਰ ਹਰੀ ਨਾਮ ਜਪੇ ਤੋਂ ਬਿਨਾਂ ਅੰਤ ਨੂੰ ਤੇਰਾ ਮਿੱਟੀ ਨਾਲ ਰੁਲਣਾ ਹੋਵੇਗਾ॥ ੧ ॥

ਕਾਨ ਕੁੰਡਲੀਆ ਬਸਤ੍ਰ ਓਢਲੀਆ ॥
ਸੇਜ ਸੁਖਲੀਆ ਮਨਿ ਗਰਬਲੀਆ ॥ ੧ ॥ ਰਹਾਉ ॥

ਕੰਨਾਂ ਵਿਚ ਤੂੰ ਕੁੰਡਲੀਆ=ਵਾਲੇ ਪਾਏ ਹੋਏ ਹਨ ਤੇ ਚੰਗੇ ਚੰਗੇ ਬਸਤ੍ਰ=ਕਪੜੇ ਓਢਲੀਆ=ਪਹਿਰੇ ਹੋਏ ਹਨ। ਸੁਖਦਾਇਕ ਸੇਜਾਂ ਪ੍ਰਾਪਤ ਹਨ, ਇਨ੍ਹਾਂ ਪਦਾਰਥਾਂ ਦਾ ਮਨ ਵਿਚ ਤੂੰ ਹੰਕਾਰ ਕਰਦਾ ਹੈਂ॥ ੧ ॥ ਰਹਾਉ ॥

ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ ॥
ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥ ੨ ॥

ਸਰੀਰ ਦੇ ਤਲੇ ਕੁੰਚਰੀਆ=ਹਾਥੀ ਦੀ ਅਸਵਾਰੀ ਭੀ ਹੈ ਸਿਰ ਤੇ ਕਨਿਕ ਛਤਰੀਆ=ਸੋਨੇ ਦਾ ਛਤਰ ਝੁੱਲਦਾ ਹੈ। ਪਰ ਹਰੀ ਦੀ ਭਗਤੀ ਕੀਤੇ ਤੋਂ ਬਿਨਾਂ ਤੇਰੇ ਨਿਸਫਲ ਸਰੀਰ ਨੂੰ ਲੈ ਕੇ ਧਰਤੀ ਵਿਚ ਗਡਲੀਆ=ਦੱਬ ਦਿੱਤਾ ਜਾਏਗਾ ॥ ੨ ॥

ਰੂਪ ਸੁੰਦਰੀਆ ਅਨਿਕ ਇਸਤਰੀਆ ॥
ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥ ੩ ॥

ਸੁੰਦਰ ਰੂਪਾਂ ਵਾਲੀਆਂ ਚਾਹੇ ਅਨੇਕਾਂ ਇਸਤ੍ਰੀਆਂ ਭੀ ਹਨ। ਪਰੰਤੂ ਹਰੀ-ਰਸ ਤੋਂ ਬਿਨਾਂ ਇਹ ਸਾਰੇ ਸੁਆਦ ਫਿਕਰੀਆ=ਫਿੱਕੇ ਹਨ ॥ ੩ ॥

ਮਾਇਆ ਛਲੀਆ ਬਿਕਾਰ ਬਿਖਲੀਆ ॥
ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥ ੪ ॥ ੪ ॥ ੫੫ ॥

ਛਲ ਰੂਪ ਮਾਇਆ ਦੀ ਪ੍ਰਾਪਤੀ ਵਾਸਤੇ ਤੂੰ ਕਈ ਤਰ੍ਹਾਂ ਦੇ ਵਿਕਾਰ ਕਰਦਾ ਹੈਂ ਅਤੇ ਵਿਸ਼ਿਆਂ ਦਾ ਅਲੀਆ=ਘਰ ਹੋ ਰਿਹਾ ਹੈਂ। *ਅਥਵਾ* :-ਮਾਇਆ ਵਾਸਤੇ ਕਈ ਤਰ੍ਹਾਂ ਦੇ ਵਲ ਛਲ ਕਰਦਾ ਹੈਂ ਅਤੇ ਵਿਸ਼ੇ ਵਿਕਾਰਾਂ ਦਾ ਘਰ ਹੋ ਰਿਹਾ ਹੈਂ।

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਜੇਕਰ ਤੂੰ ਪ੍ਰਭੂ ਦਿਆਲੂ ਪੁਰਖ ਦੀ ਸ਼ਰਨ ਲੈ ਲਵੇਂ ਤਾਂ ਤੇਰਾ ਉਧਾਰ ਹੋਵੇਗਾ ॥ ੪ ॥ ੪ ॥ ੫੫ ॥

ਆਸਾ ਮਹਲਾ ੫ ॥

ਏਕੁ ਬਰੀਚਾ ਪੇਡ ਘਨ ਕਰਿਆ ॥ ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥ ੧ ॥

ਪਰਮੇਸ਼ਰ ਨੇ ਇਕ ਸੰਸਾਰ ਰੂਪ ਬਰੀਚਾ ਘਨ=ਬਹੁਤੇ ਪੇਡ=ਬ੍ਰਿਛਾਂ ਵਾਲਾ ਕੀਤਾ ਹੋਇਆ ਹੈ, ਇਸ ਸੰਸਾਰ ਰੂਪ ਬਰੀਚੇ ਵਿਚ ਦੇਵਤਾ, ਦੈਂਤ, ਗੁਰਮੁਖ, ਮਨਮੁਖ, ਪਸ਼ੂ, ਪੰਛੀ, ਇਹ ਕਈ ਤਰ੍ਹਾਂ ਦੇ ਬ੍ਰਿਛ ਹਨ। ਤਹਾ ਮਹਿ=ਉਸ ਸੰਸਾਰ ਬਰੀਚੇ ਵਿਚ ਨਾਮੀ ਅੰਮ੍ਰਿਤ ਸਾਰੇ ਪ੍ਰਫੁੱਲਤ ਹੋ ਰਿਹਾ ਹੈ ॥ ੧ ॥

ਐਸਾ ਕਰਹੁ ਬੀਚਾਰੁ ਗਿਆਨੀ ॥ ਜਾ ਤੇ ਪਾਈਐ ਪਦੁ ਨਿਰਬਾਨੀ ॥

ਗਿਆਨੀਆਂ ਨਾਲ ਮਿਲ ਕੇ ਹੇ ਬੁੱਧੀਵਾਨੋਂ ! ਅਜਿਹਾ ਵਿਚਾਰ ਕਰੋ ਜਿਸ ਕਰਕੇ ਨਿਰਬੰਧ ਪਦ ਨੂੰ ਪਾਉਣਾ ਕਰੀਏ।

ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥ ੧ ॥ ਰਹਾਉ ॥

ਸੰਸਾਰ ਰੂਪ ਬਰੀਚੇ ਦੇ ਆਸਿ ਪਾਸਿ=ਆਲੇ ਦੁਆਲੇ ਵਿਸ਼ਿਆਂ ਦੇ ਕੁੰਟ ਭਾਵੇ ਕੁਸੰਗ ਹਨ, ਹੇ ਭਾਈ ! ਇਸ ਵਿਚ ਸਤਿਸੰਗ ਰੂਪ ਅੰਮ੍ਰਿਤ ਹੈ। *ਅਥਵਾ* :-ਅੰਤਹ ਕਰਣ ਦੇ ਆਲੇ ਦੁਆਲੇ ਬਿਖੂਆ ਕੇ ਕੁੰਟਾ=ਪੰਜ ਕੋਸ਼ ਹਨ, ਹੇ ਭਾਈ ! ਇਸ ਵਿਚ ਆਤਮਾ ਰੂਪੀ ਅੰਮ੍ਰਿਤ ਹੈ।

ਅਥਵਾ :-ਆਲੇ ਦੁਆਲੇ ਬਿਖੂਆ ਕੇ ਕੁੰਟਾ=ਅਵਿੱਦਿਆ ਅਗਿਆਨ ਹੈ। ਹੇ ਭਾਈ ! ਇਸ ਦੇ ਵਿਚ ਬ੍ਰਹਮਾ ਨੰਦ ਰੂਪੀ ਅੰਮ੍ਰਿਤ ਹੈ॥ ੧॥

ਸਿੰਚਨਹਾਰੇ ਏਕੈ ਮਾਲੀ॥ ਖਬਰਿ ਕਰਤੁ ਹੈ ਪਾਤ ਪਤ ਡਾਲੀ॥ ੨॥

ਇਸ ਸੰਸਾਰ ਰੂਪ ਬਗੀਚੇ ਨੂੰ ਜਲ ਦੇ ਸਿੰਜਣ ਵਾਲਾ ਅਰਥਾਤ ਖਾਣ ਪਾਣ ਦੇਣ ਵਾਲਾ ਇਕ ਮਾਲੀ ਮਾਇਆ ਸਬਲ ਈਸ਼ੂਰ ਹੈ। ਜੋ ਪੱਤੇ ਪੱਤਿਆਂ ਦੀ ਤੇ ਡਾਲੀ ਡਾਲੀ ਦੀ ਖ਼ਬਰ ਕਰਦਾ ਹੈ। ਪੱਤੇ-ਸੂਖਮ ਜੀਵ, ਡਾਲੀ=ਅਸਥੂਲ ਜੀਵ, ਇਨ੍ਹਾਂ ਸਭਨਾਂ ਦੀ ਖ਼ਬਰ ਕਰਦਾ ਹੈ॥ ੨॥

ਸਗਲ ਬਨਸਪਤਿ ਆਣਿ ਜੜਾਈ॥ ਸਗਲੀ ਫੂਲੀ ਨਿਫਲ ਨ ਕਾਈ॥ ੩॥

ਉਸ ਪਰਮਾਤਮਾ ਨੇ ਹੀ ਜੀਵਾਂ ਰੂਪੀ ਸਾਰੀ ਬਨਾਸਪਤੀ ਆਣਿ=ਦ੍ਵੈਤ,

ਅਥਵਾ :-ਮਾਇਆ ਵਿਚ ਜੜਤ ਕੀਤੀ ਹੋਈ ਹੈ। ਜੀਵਾਂ ਰੂਪੀ ਬਨਾਸਪਤੀ ਸਾਰੀ ਸ਼ੁਭ ਅਸ਼ੁਭ ਕਰਮਾਂ ਦੇ ਕਰਨ ਵਿਚ ਪ੍ਰਫੁਲਤ ਹੋ ਰਹੀ ਹੈ, ਨਿਫਲ ਨ ਕਾਈ=ਨਿਸਫਲ ਕੋਈ ਭੀ ਨਹੀਂ ਹੈ॥ ੩॥

ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ॥
ਨਾਨਕ ਦਾਸ ਤਰੀ ਤਿਨਿ ਮਾਇਆ॥ ੪॥ ੫॥ ੫੬॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਨੇ ਦਾਸਾ ਭਾਵ ਧਾਰ ਕੇ ਗੁਰਾਂ ਪਾਸੋਂ ਨਾਮ ਅਥਵਾ :-ਨਾਮ ਰੂਪੀ ਅੰਮ੍ਰਿਤ ਫਲ ਪਾਇਆ ਹੈ, ਉਸ ਨੇ ਮਾਇਆ ਰੂਪ ਔਖੀ ਨਦੀ ਤਰਨਾ ਕੀਤੀ ਹੈ॥ ੪॥ ੫॥ ੫੬॥

ਆਸਾ ਮਹਲਾ ੫॥

ਇਕ ਸਿੱਖ ਨੇ ਬੇਨਤੀ ਕੀਤੀ, ਹੇ ਗੁਰੂ ਜੀ ! ਆਪ ਜੀ ਨੂੰ ਸਾਰਾ ਪਹਿਰਾਵਾ ਰਾਜਿਆਂ ਵਾਂਗ ਰੱਖਣਾ ਚਾਹੀਦਾ ਹੈ। ਦੂਜੇ ਸਿੱਖ ਨੇ ਕਿਹਾ, ਨਹੀਂ ਨਹੀਂ, ਆਪ ਜੀ ਨੂੰ ਜੋਗੀਆਂ ਵਾਲਾ ਪਹਿਰਾਵਾ ਚਾਹੀਦਾ ਹੈ। ਇਹ ਗੱਲ ਸੁਣ ਕੇ ਗੁਰੂ ਜੀ ਕਹਿੰਦੇ ਹਨ-

ਰਾਜ ਲੀਲਾ ਤੇਰੈ ਨਾਮਿ ਬਨਾਈ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ॥ ੧॥

ਹੇ ਪਰਮੇਸ਼ਰ ! ਅਸੀਂ ਤਾਂ ਤੇਰੇ ਨਾਮ ਦੀ ਹੀ ਰਾਜ ਲੀਲ੍ਹਾ ਬਣਾਈ ਹੈ ਅਤੇ ਤੇਰਾ ਜਿਹੜਾ ਕੀਰਤਨ ਗਾਉਂਦੇ ਹਾਂ, ਮੇਰੇ ਲਈ ਏਹੋ ਹਠ ਜੋਗ ਬਣ ਰਿਹਾ ਹੈ॥ ੧॥

ਸਰਬ ਸੁਖਾ ਬਨੇ ਤੇਰੇ ਓਲੈ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ॥ ੧॥ ਰਹਾਉ॥

ਹੇ ਪਰਮੇਸ਼ਰ ! ਤੇਰੇ ਓਲੈ=ਆਸਰੇ ਕਰਕੇ ਸਾਰੇ ਸੁਖ ਬਣੇ ਹੋਏ ਹਨ। ਭਰਮ ਦੇ ਪੜਦੇ ਸਤਿਗੁਰਾਂ ਨੇ ਖੋਲ੍ਹ ਦਿੱਤੇ ਹਨ॥ ੧॥ ਰਹਾਉ॥

ਹੁਕਮੁ ਬੂਝਿ ਰੰਗ ਰਸ ਮਾਣੇ॥ ਸਤਿਗੁਰ ਸੇਵਾ ਮਹਾ ਨਿਰਬਾਣੇ॥ ੨॥

ਹੇ ਪਰਮੇਸ਼ਰ ! ਆਪ ਦੇ ਹੁਕਮ ਨੂੰ ਬੁੱਝਕੇ ਰੰਗਾਂ ਰੰਗਾਂ ਦੇ ਰਸ ਮਾਣੇ=ਅਨੰਦ ਭੋਗੇ ਹਨ। ਸਤਿਗੁਰਾਂ ਦੀ ਸੇਵਾ ਕਰਕੇ ਮਹਾ ਨਿਰਬੰਧ ਪਦਵੀ ਤੇ ਪਹੁੰਚੇ ਹਾਂ॥ ੨॥

ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥
ਨਾਮਿ ਰਤਾ ਸੋਈ ਨਿਰਬਾਣੁ ॥ ੩ ॥

ਹੇ ਪਰਮੇਸ਼ਰ ! ਜਿਸ ਨੇ ਤੈਨੂੰ ਜਾਣ ਲਿਆ ਹੈ, ਚਾਹੇ ਉਹ ਗ੍ਰਿਹਸਤੀ ਹੈ ਤਾਂ ਭੀ ਪ੍ਰਮਾਣੀਕ ਹੈ, ਚਾਹੇ ਉਹ ਉਦਾਸੀ=ਸੰਤ ਹੈ ਤਾਂ ਭੀ ਉਹ ਪ੍ਰਮਾਣੀਕ ਹੈ। ਜੋ ਪੁਰਸ਼ ਆਪ ਦੇ ਨਾਮ ਵਿਚ ਰਤਾ=ਰਚਿਆ ਹੈ, ਉਹ ਨਿਰਬਾਣੁ=ਬੰਧਨਾਂ ਤੋਂ ਛੁਟਦਾ ਹੈ।

ਜਾ ਕਉ ਮਿਲਿਓ ਨਾਮੁ ਨਿਧਾਨਾ ॥
ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥ ੪ ॥ ੬ ॥ ੫੭ ॥

ਜਿਸ ਨੂੰ ਨਾਮ ਦਾ ਖਜ਼ਾਨਾ ਮਿਲਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਅੰਤਹਕਰਣ ਰੂਪੀ ਖਜ਼ਾਨਾ ਸ਼ੁਭ ਗੁਣਾਂ ਨਾਲ ਪੂਰਨ ਭਰ ਗਿਆ ਹੈ॥ ੪ ॥ ੬ ॥ ੫੭ ॥

ਆਸਾ ਮਹਲਾ ੫ ॥

ਤੀਰਥਿ ਜਾਉ ਤ ਹਉ ਹਉ ਕਰਤੇ ॥ ਪੰਡਿਤ ਪੂਛਉ ਤ ਮਾਇਆ ਰਾਤੇ ॥ ੧ ॥

ਜੀਵ ਪੁੱਛਦਾ ਹੈ, ਹੇ ਸਤਿਗੁਰੂ ਜੀ ! ਤੀਰਥਾਂ ਤੇ ਜਾਈਏ ਤਾਂ ਤੀਰਥਵਾਸੀ ਲੋਕ ਮੈਂ ਬੜਾ ਹਾਂ, ਦੂਜਾ ਆਖਦਾ ਹੈ ਮੈਂ ਬੜਾ ਹਾਂ ਇੰਝ ਹੀ ਕਰਦੇ ਨਿਗਾਹ ਆਉਂਦੇ ਹਨ। ਜੇਕਰ ਪੰਡਿਤਾਂ ਪਾਸੋਂ ਜਾ ਕੇ ਪੁੱਛੀਏ, ਤਾਂ ਉਹ ਵੀ ਮਾਇਆ ਵਿਚ ਰਾਤੇ=ਲੀਨ ਹੋਏ ਦਿਖਾਈ ਦਿੰਦੇ ਹਨ॥ ੧ ॥

ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ ੧ ॥ ਰਹਾਉ ॥

ਹੇ ਮਿਤ੍ਰ ਸਤਿਗੁਰੋ ! ਆਪ ਕਿਰਪਾ ਕਰਕੇ ਮੈਨੂੰ ਉਹ ਅਸਥਾਨ ਬਤਾਵਹੁ=ਦੱਸੋ ਜਿਸ ਜਗ੍ਹਾ ਹਰਿ ਹਰਿ ਦਾ ਕੀਰਤਨ ਨਿਤਾ ਪ੍ਰਤੀ ਹੋ ਰਿਹਾ ਹੈ॥ ੧ ॥ ਰਹਾਉ ॥

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥ ੨ ॥

ਜੇਕਰ ੬ ਸ਼ਾਸਤ੍ਰ ਤੇ ਚਾਰੇ ਵੇਦਾਂ ਨੂੰ ਵਿਚਾਰੀਏ ਤਾਂ ਉਸ ਵਿਚ ਤਾਂ ਕੇਵਲ ਪਾਪਾਂ ਪੁੰਨਾਂ ਦਾ ਹੀ ਵਿਚਾਰ ਹੈ, (ਪਾਪ ਪੁੰਨ ਦੋਨੋਂ ਬੰਧਨ ਰੂਪ ਹਨ। ਪਾਪ ਲੋਹੇ ਦੀ ਬੇੜੀ ਹੈ, ਪੁੰਨ ਸੋਨੇ ਦੀ ਬੇੜੀ। ਜਿਨ੍ਹਾਂ ਪਾਪਾਂ ਪੁੰਨਾਂ ਕਰਕੇ) ਇਹ ਜੀਵ ਨਰਕਾਂ ਸੁਰਗਾਂ ਵਿਚ ਬਾਰ-ਬਾਰ ਆਉਂਦਾ ਜਾਂਦਾ ਹੈ॥ ੨ ॥

ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥ ੩ ॥

ਜੇਕਰ ਗ੍ਰਿਹਸਤ ਵਿਚ ਰਹੀਏ ਤਾਂ ਚਿੰਤਾ ਵੱਧਦੀ ਹੈ, ਜੇ ਉਦਾਸ=ਸਾਧੂ-ਪਣੇ ਵਿਚ ਰਹੀਏ ਤਾਂ ਹੰਕਾਰ ਵੱਧਦਾ ਹੈ। ਜੇਕਰ ਕਰਮ ਕਰੀਏ ਤਾਂ ਜੀਅ ਨੂੰ ਜੰਜਾਲ ਪਏ ਰਹਿੰਦੇ ਹਨ॥ ੩ ॥ ਹੁਣ ਗੁਰੂ ਸਾਹਿਬ ਜੀ ਉੱਤਰ ਦਿੰਦੇ ਹਨ-

ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥
ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥ ੪ ॥

ਹੇ ਪੁਰਖਾ ! ਪ੍ਰਭੂ ਦੀ ਕਿਰਪਾ ਕਰਕੇ ਜਿਸ ਦਾ ਮਨ ਵਸੀਕਾਰ ਹੋ ਆਇਆ ਹੈ। ਉਸ ਗੁਰਮੁਖ ਨੇ

ਮਾਇਆ ਰੂਪ ਨਦੀ ਨੂੰ ਤਰ ਲਿਆ ਹੈ॥ ੪॥

ਹੁਣ ਪ੍ਰਸ਼ਨ ਦਾ ਉੱਤਰ ਦਿੰਦੇ ਹਨ ਕਿ—

ਸਾਧ ਸੰਗਿ ਹਰਿ ਕੀਰਤਨੁ ਗਾਈਐ॥
ਇਹੁ ਅਸਥਾਨੁ ਗੁਰੂ ਤੇ ਪਾਈਐ॥ ੧॥ ਰਹਾਉ ਦੂਜਾ॥ ੭॥ ੫੮॥

ਸਤਸੰਗ ਰੂਪੀ ਅਸਥਾਨ ਹੈ, ਜਿਥੇ ਹਰਿ ਹਰਿ ਦਾ ਕੀਰਤਨ ਗਾਇਆ ਜਾਂਦਾ ਹੈ। ਪਰ ਇਹ ਸਤਸੰਗ ਰੂਪੀ ਅਸਥਾਨ ਗੁਰੂ ਜੀ ਦੀ ਕਿਰਪਾ ਨਾਲ ਹੀ ਪਾਈਦਾ ਹੈ॥ ੧॥ ਰਹਾਉ ਦੂਜਾ॥ ੭॥ ੫੮॥

ਆਸਾ ਮਹਲਾ ੫॥

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ॥
ਹਰਿ ਸਿਮਰਤ ਸਗਲ ਬਿਨਾਸੇ ਦੂਖਾ॥ ੧॥

ਹਰੀ ਦੇ ਸਿਮਰਨ ਕਰਕੇ ਘਰ ਵਿਚ ਵੀ ਸੁਖ ਤੇ ਬਾਹਰ ਵੀ ਸੁਖ ਪ੍ਰਾਪਤ ਹੁੰਦਾ ਹੈ। ਕਿਉਂਕਿ ਹਰੀ ਦੇ ਸਿਮਰਨ ਨਾਲ ਸਾਰੇ ਦੁਖ ਨਾਸ ਹੋ ਜਾਂਦੇ ਹਨ॥ ੧॥

ਸਗਲ ਸੂਖ ਜਾਂ ਤੂੰ ਚਿਤਿ ਆਂਵੈਂ॥
ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ॥ ੧॥ ਰਹਾਉ॥

ਹੇ ਪਰਮੇਸ਼ਰ ! ਜਾਂ ਤੂੰ ਯਾਦ ਆਵੇਂ ਤਾਂ ਸਾਰੇ ਸੁਖ ਪ੍ਰਾਪਤ ਹੁੰਦੇ ਹਨ। ਪਰ ਉਹੀ ਪੁਰਸ਼ ਨਾਮ ਨੂੰ ਜਪਦਾ ਹੈ, ਜਿਹੜਾ ਜਨ ਤੁਧੁ=ਆਪ ਨੂੰ ਭਾਉਂਦਾ ਹੈ॥ ੧॥ ਰਹਾਉ॥

[ਪੰਨਾ ੩੮੬]

ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ॥
ਹਰਿ ਹਰਿ ਜਪਤ ਢਹੈ ਦੁਖ ਡੇਰਾ॥ ੨॥

ਤੇਰਾ ਨਾਮ ਜਪਣ ਕਰਕੇ ਤਨ ਮਨ ਸੀਤਲੁ=ਠੰਢਾ ਹੋ ਗਿਆ ਹੈ। ਹਰਿ ਹਰਿ ਨਾਮ ਜਪਦਿਆਂ ਹੀ ਦੁਖਾਂ ਦਾ ਡੇਰਾ (ਅਗਿਆਨ) ਢਹਿ ਗਿਆ ਹੈ॥ ੨॥

ਹੁਕਮੁ ਬੂਝੈ ਸੋਈ ਪਰਵਾਨੁ॥ ਸਾਚੁ ਸਬਦੁ ਜਾ ਕਾ ਨੀਸਾਨੁ॥ ੩॥

ਜੋ ਪੁਰਸ਼ ਪਰਮੇਸ਼ਰ ਦਾ ਹੁਕਮ ਬੁੱਝਦਾ ਹੈ, ਉਹੀ ਪ੍ਰਮਾਣੀਕ ਹੈ। ਪਰ ਹੁਕਮ ਉਹੀ ਬੁੱਝਦਾ ਹੈ, ਜਿਸ ਨੂੰ ਸੱਚਾ ਉਪਦੇਸ਼ ਰੂਪੀ ਨੀਸਾਨੁ=ਪਰਵਾਨਾ ਮਿਲਦਾ ਹੈ।

ਅਥਵਾ :-ਜੋ ਹੁਕਮ ਨੂੰ ਮੰਨਦਾ ਹੈ ਅਤੇ ਜਿਸ ਦਾ ਨਿਸ਼ਾਨਾ ਸੱਚਾ ਸ਼ਬਦ ਹੈ, ਉਹੀ ਦਰਗਾਹ ਵਿਚ ਪ੍ਰਵਾਣ ਹੁੰਦਾ ਹੈ॥ ੩॥

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥
ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ॥ ੪॥ ੮॥ ੫੯॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਮੈਨੂੰ ਹਰੀ ਨਾਮ ਦ੍ਰਿੜਾਇਆ। ਗੁਰੂ ਜੀ ਭਨਤਿ=ਆਖਦੇ ਹਨ-ਉਸ ਵੇਲੇ

ਮੇਰੇ ਮਨ ਨੇ ਸੁਖ ਪਾਉਣਾ ਕੀਤਾ॥ ੪॥ ੮॥ ੫੯॥

ਆਸਾ ਮਹਲਾ ੫॥

ਜਹਾ ਪਠਾਵਹੁ ਤਹ ਤਹ ਜਾਈਂ॥
ਜੋ ਤੁਮ ਦੇਹੁ ਸੋਈ ਸੁਖੁ ਪਾਈਂ॥ ੧॥

ਹੇ ਪਰਮੇਸ਼ਰ ! ਜਿਥੇ (ਜਿਥੇ) ਆਪ ਭੇਜਦੇ ਹੋ, ਉਥੇ ਉਥੇ ਮੈਂ ਜਾਂਦਾ ਹਾਂ। ਜੋ ਪਦਾਰਥ ਆਪ ਦਿੰਦੇ ਹੋ, ਉਹੀ ਮੈਂ ਸੁਖ ਪੂਰਬਕ ਮੰਨਕੇ ਪਾਉਂਦਾ ਹਾਂ॥ ੧॥

ਸਦਾ ਚੇਰੇ ਗੋਵਿੰਦ ਗੋਸਾਈ॥
ਤੁਮ੍ਰੀ ਕ੍ਰਿਪਾ ਤੇ ਤ੍ਰਿਪਤਿ ਅਘਾਈਂ॥ ੧॥ ਰਹਾਉ॥

ਹੇ ਗੋਬਿੰਦ ਗੁਸਾਈਂ ! ਅਸੀਂ ਹਮੇਸ਼ਾਂ ਆਪ ਜੀ ਦੇ ਚੇਰੇ=ਦਾਸ ਹਾਂ। ਆਪ ਜੀ ਦੀ ਕਿਰਪਾ ਨਾਲ ਤ੍ਰਿਪਤ ਹੋ ਕੇ ਰੱਜਦਾ ਹਾਂ॥ ੧॥ ਰਹਾਉ॥

ਤੁਮਰਾ ਦੀਆ ਪੈਨ੍ਹਉ ਖਾਈਂ॥ ਤਉ ਪ੍ਰਸਾਦਿ ਪ੍ਰਭ ਸੁਖੀ ਵਲਾਈਂ॥ ੨॥

ਤੇਰਾ ਦਿੱਤਾ ਹੋਇਆ ਬਸਤ੍ਰ ਪਹਿਨਦਾ ਹਾਂ, ਤੇਰਾ ਦਿੱਤਾ ਹੋਇਆ ਹੀ ਭੋਜਨ ਖਾਂਦਾ ਹਾਂ। ਹੇ ਪ੍ਰਭੂ ! ਤੇਰੀ ਕਿਰਪਾ ਕਰਕੇ ਹੀ ਉਮਰ, *ਅਥਵਾ* :-ਦਿਨਾਂ ਨੂੰ ਸੁਖ ਸਹਿਤ ਵਲਾਈਂ=ਬਤੀਤ ਕਰਦਾ ਹਾਂ॥ ੨॥

ਮਨ ਤਨ ਅੰਤਰਿ ਤੁਝੈ ਧਿਆਈਂ॥ ਤੁਮ੍ਰੈ ਲਵੈ ਨ ਕੋਊ ਲਾਈਂ॥ ੩॥

ਹੇ ਪਰਮੇਸ਼ਰ ! ਇਹ ਕਿਰਪਾ ਕਰ ਜੋ ਮਨ ਤਨ ਦੇ ਅੰਦਰ ਤੈਨੂੰ ਹੀ ਧਿਆਵਾਂ। ਤੇਰੇ ਲਵੈ=ਸਦਰਸ ਕਿਸੇ ਨੂੰ ਲਗਾਵਾ ਤਾਂ ਕੋਈ ਚੀਜ਼ ਨਹੀਂ ਲੱਗਦੀ॥ ੩॥

ਕਹੁ ਨਾਨਕ ਨਿਤ ਇਵੈ ਧਿਆਈਂ॥
ਗਤਿ ਹੋਵੈ ਸੰਤਹ ਲਗਿ ਪਾਈਂ॥ ੪॥ ੯॥ ੬੦॥

ਗੁਰੂ ਜੀ ਕਥਨ ਕਰਦੇ ਹਨ-ਹੇ ਪਰਮੇਸ਼ਰ ! ਕਿਰਪਾ ਕਰ, ਜੋ ਮੈਂ ਨਿਤਾ ਪ੍ਰਤੀ ਇੰਝ ਧਿਆਉਂਦਾ ਰਹਾਂ। ਸੰਤਾਂ ਦੇ ਪਾਈਂ=ਚਰਨੀਂ ਲੱਗਣ ਕਰਕੇ ਗਤਿ ਹੋਵੈ=ਮੁਕਤੀ ਹੁੰਦੀ ਹੈ॥ ੪॥ ੯॥ ੬੦॥

ਆਸਾ ਮਹਲਾ ੫॥

ਊਠਤ ਬੈਠਤ ਸੋਵਤ ਧਿਆਈਐ॥
ਮਾਰਗਿ ਚਲਤ ਹਰੇ ਹਰਿ ਗਾਈਐ॥ ੧॥

ਹੇ ਭਾਈ ! ਉਠਦਿਆਂ ਬਹਿੰਦਿਆਂ ਅਤੇ ਸੁੱਤਿਆਂ ਹਰੀ ਨਾਮ ਧਿਆਈਏ, ਰਾਹ ਵਿਚ ਤੁਰੇ ਜਾਂਦਿਆਂ ਵੀ ਹਰਿ ਹਰਿ ਗਾਉਂਦੇ ਰਹੀਏ॥ ੧॥

ਸ੍ਰਵਨ ਸੁਨੀਜੈ ਅੰਮ੍ਰਿਤ ਕਥਾ॥
ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ॥ ੧॥ ਰਹਾਉ॥

ਸ੍ਰਵਨ=ਕੰਨਾਂ ਨਾਲ ਅੰਮ੍ਰਿਤ ਰੂਪ ਕਥਾ ਸੁਣੀਏ। ਜਾਸੁ=ਜਿਸ ਕਥਾ ਦੇ ਸੁਣਨ ਕਰਕੇ ਮਨ ਵਿਚ ਅਨੰਦ ਹੁੰਦਾ ਹੈ ਅਤੇ ਦੁੱਖ ਰੋਗ ਵਗੈਰਾ ਸਾਰੇ ਮਨ ਵਿਚੋਂ ਲਹਿ ਜਾਂਦੇ ਹਨ॥ ੧॥ ਰਹਾਉ॥

ਕਾਰਜਿ ਕਾਮਿ ਬਾਟ ਘਾਟ ਜਪੀਜੈ॥
ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ॥ ੨॥

ਸੰਸਾਰ ਦੇ ਕਿਸੀ ਵਡੇ ਕਾਰਜ ਵਿਆਹ ਆਦਿਕਾਂ ਸਮੇਂ ਅਤੇ ਕਿਸੀ ਵਿਹਾਰ (ਕੰਮ-ਕਾਰ) ਵਿਖੇ, ਬਾਟ=ਰਸਤਿਆਂ ਵਿਚ ਚਲਣ ਸਮੇਂ ਅਤੇ ਘਾਟ=ਨਦੀਆਂ ਦੇ ਕਿਨਾਰੇ 'ਪਰ ਉਸ ਪਰਮੇਸ਼ਰ ਨੂੰ ਜਪਣਾ ਕਰੀਏ। ਭਾਵ ਕੋਈ ਭੀ ਮੌਕਾ ਬਣੇ ਹਰ ਸਮੇਂ ਵਾਹਿਗੁਰੂ ਨੂੰ ਜਪਣਾ ਕਰੀਏ।

ਅਥਵਾ :-ਜੀਵ ਈਸ਼ੂਰ ਦੀ ਏਕਤਾ ਰੂਪੀ ਕਾਰਜ ਤੇ ਸ਼ੁਭ ਗੁਣਾਂ ਦੇ ਇਕੱਠੇ ਕਰਨੇ ਰੂਪੀ ਕੰਮ ਵੇਲੇ, ਭਗਤੀ ਰੂਪੀ ਬਾਟ ਤੇ ਵੈਰਾਗ ਰੂਪੀ ਘਾਟ=ਪੱਤਣ ਤੇ ਪਰਮੇਸ਼ਰ ਨੂੰ ਜਪਣਾ ਕਰੀਏ। ਗੁਰਾਂ ਦੀ ਕਿਰਪਾ ਨਾਲ ਹੀ ਹਰੀ ਨਾਮ-ਅੰਮ੍ਰਿਤ ਨੂੰ ਪੀਣਾ ਕਰੀਏ॥ ੨॥

ਦਿਨਸੁ ਰੈਨਿ ਹਰਿ ਕੀਰਤਨੁ ਗਾਈਐ॥
ਸੋ ਜਨੁ ਜਮ ਕੀ ਵਾਟ ਨ ਪਾਈਐ॥ ੩॥

ਜੋ ਪੁਰਸ਼ ਦਿਨ ਰਾਤੀ ਹਰੀ ਦੇ ਕੀਰਤਨ ਨੂੰ ਗਾਉਂਦਾ ਹੈ। ਉਹ ਪੁਰਸ਼ ਜਮਾਂ ਦੀ ਵਾਟ ਨੂੰ ਨਹੀਂ ਪਾਉਂਦਾ॥ ੩॥

ਆਠ ਪਹਰ ਜਿਸੁ ਵਿਸਰਹਿ ਨਾਹੀ॥
ਗਤਿ ਹੋਵੈ ਨਾਨਕ ਤਿਸੁ ਲਗਿ ਪਾਈ॥ ੪॥ ੧੦॥ ੬੧॥

ਜਿਸ ਪੁਰਸ਼ ਨੂੰ ਅੱਠੇ ਪਹਿਰ ਹਰੀ ਨਾਮ ਵਿਸਰਦਾ ਨਹੀਂ। ਗੁਰੂ ਜੀ ਆਖਦੇ ਹਨ-ਉਸ ਦੀ ਪਾਈ=ਚਰਨੀਂ ਲੱਗਣ ਕਰਕੇ ਮੁਕਤੀ ਪ੍ਰਾਪਤ ਹੁੰਦੀ ਹੈ॥ ੪॥ ੧੦॥ ੬੧॥

ਆਸਾ ਮਹਲਾ ੫॥

ਜਾ ਕੈ ਸਿਮਰਨਿ ਸੂਖ ਨਿਵਾਸੁ॥ ਭਈ ਕਲਿਆਣ ਦੁਖ ਹੋਵਤ ਨਾਸੁ॥ ੧॥

ਜਿਸ ਪਰਮੇਸ਼ਰ ਦੇ ਸਿਮਰਨ ਕਰਕੇ ਸੁਖਾਂ ਵਿਚ ਨਿਵਾਸ ਹੁੰਦਾ ਹੈ। ਮੁਕਤੀ ਪ੍ਰਾਪਤ ਹੁੰਦੀ ਹੈ ਅਤੇ ਦੁੱਖ ਨਾਸ ਹੁੰਦੇ ਹਨ॥ ੧॥

ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ॥
ਸਤਿਗੁਰੁ ਅਪਨਾ ਸਦ ਸਦਾ ਮਨਾਵਹੁ॥ ੧॥ ਰਹਾਉ॥

ਹੇ ਭਾਈ ! ਪ੍ਰਭੂ ਦੇ ਤੂੰ ਗੁਣ ਗਾ ਕੇ ਅਨੰਦ ਲੈਣਾ ਕਰੋ। ਆਪਣੇ ਸਤਿਗੁਰਾਂ ਨੂੰ, *ਅਥਵਾ* :-ਆਪਣੇ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੇ ਸਤਿਗੁਰਾਂ ਨੂੰ ਸਦਾ ਸਦਾ ਮਨਾਵੋ॥ ੧॥ ਰਹਾਉ॥

ਸਤਿਗੁਰ ਕਾ ਸਚੁ ਸਬਦੁ ਕਮਾਵਹੁ॥
ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ॥ ੨॥

ਹੇ ਭਾਈ ! ਸਤਿਗੁਰਾਂ ਦਾ ਸੱਚਾ ਉਪਦੇਸ਼ ਕਮਾਵੋ ਅਤੇ ਘਰ ਵਿਚ ਬੈਠਿਆਂ ਹੀ ਥਿਰ ਰੂਪ ਆਪਣੇ ਪ੍ਰਭੂ ਨੂੰ ਪਾਉਣਾ ਕਰੋ।

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥ ੩ ॥

ਪਰਾਏ ਦਾ ਬੁਰਾ ਚਿਤ ਵਿਚ ਨਾ ਰੱਖਣਾ ਕਰੋ। ਹੇ ਭਾਈ ਮਿੱਤਰੋ ! ਤਾਂ ਤੁਹਾਨੂੰ ਕੋਈ ਦੁੱਖ ਨਹੀਂ ਹੋਵੇਗਾ॥ ੩॥

ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ ॥
ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ ॥ ੪ ॥ ੧੧ ॥ ੬੨ ॥

ਸਾਨੂੰ ਗੁਰਾਂ ਨੇ ਹਰਿ ਹਰਿ ਦਾ ਨਾਮ ਹੀ ਤੰਤਰ ਅਤੇ ਮੰਤਰ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ- ਇਸ ਨਾਮ ਨੂੰ ਹੀ ਅਸੀਂ ਰਾਤ ਦਿਨੇ ਸੁਖ ਸਰੂਪ ਜਾਣਿਆ ਹੈ॥ ੪॥ ੧੧॥ ੬੨।

ਆਸਾ ਮਹਲਾ ੫ ॥
ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥ ੧ ॥

ਜਿਸ ਨੀਚ=ਨੀਵੀਂ ਜਾਤੀ ਵਾਲੇ ਪੁਰਸ਼ ਨੂੰ ਕੋਈ ਭੀ ਨਹੀਂ ਜਾਣਦਾ। ਹਰੀ ਨਾਮ ਜਪਣੇ ਕਰਕੇ ਉਹ ਚਾਰੇ ਦਿਸ਼ਾਂ ਵਿਚ ਮਾਨਨੀਕ ਹੁੰਦਾ ਹੈ॥ ੧ ॥

ਦਰਸਨੁ ਮਾਗ਼ਉ ਦੇਹਿ ਪਿਆਰੇ ॥
ਤੁਮਰੀ ਸੇਵਾ ਕਉਨ ਕਉਨ ਨ ਤਾਰੇ ॥ ੧ ॥ ਰਹਾਉ ॥

ਹੇ ਪਿਆਰੇ ! ਮੈਂ ਆਪ ਜੀ ਦਾ ਦਰਸ਼ਨ ਕਰਨਾ ਮੰਗਦਾ ਹਾਂ, ਉਹ ਮੈਨੂੰ ਦਰਸ਼ਨ ਦੇਣਾ ਕਰੋ। ਆਪ ਦੀ ਸੇਵਾ ਕਿਸ ਕਿਸ ਨੂੰ ਨਹੀਂ ਤਾਰਦੀ ? ਭਾਵ ਸਭਨਾਂ ਨੂੰ ਤਾਰਦੀ ਹੈ॥ ੧॥ ਰਹਾਉ॥

ਜਾ ਕੈ ਨਿਕਟਿ ਨ ਆਵੈ ਕੋਈ ॥
ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥ ੨ ॥

ਜਿਸ ਦੇ ਪਾਸ ਕੋਈ ਭੀ ਆਉਂਦਾ ਨਹੀਂ ਸੀ। ਨਾਮ ਜਪਣ ਕਰਕੇ ਸਾਰੀ ਸ੍ਰਿਸ਼ਟੀ ਉਸ ਦੇ ਚਰਨ ਮਲ ਕੇ ਧੋਂਦੀ ਹੈ॥ ੨॥

ਜੋ ਪ੍ਰਾਨੀ ਕਾਹੂ ਨ ਆਵਤ ਕਾਮ ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ ॥ ੩ ॥

ਜੋ ਪੁਰਸ਼ ਕਿਸੇ ਭੀ ਕੰਮ ਨਹੀਂ ਆਉਂਦਾ। ਸੰਤਾਂ ਦੀ ਕਿਰਪਾ ਕਰਕੇ ਤਿਸ ਦਾ ਨਾਮ ਜਪਿਆ ਜਾਂਦਾ ਹੈ॥ ੩॥

ਸਾਧਸੰਗਿ ਮਨ ਸੋਵਤ ਜਾਗੇ ॥
ਤਬ ਪ੍ਰਭ ਨਾਨਕ ਮੀਠੇ ਲਾਗੇ ॥ ੪ ॥ ੧੨ ॥ ੬੩ ॥

ਸਤਿਸੰਗਤ ਦੇ ਕਰਨ ਨਾਲ ਜਦ ਮਨ ਅਵਿੱਦਿਆ ਨੀਂਦ ਵਿਚ ਸੁੱਤਾ ਹੋਇਆ ਗਿਆਨ ਜਾਗ੍ਰਤ ਵਿਚ

ਜਾਗਦਾ ਹੈ। ਤਦ ਪ੍ਰਭੂ ਜੀ ਮਨ ਵਿਚ ਮੀਠੇ ਪਿਆਰੇ ਲੱਗਦੇ ਹਨ।

ਅਥਵਾ : –ਤਦ ਪ੍ਰਭੂ ਦੇ ਨਾਮ ਗੁਣ ਮਨ ਵਿਚ ਪਿਆਰੇ ਲੱਗਦੇ ਹਨ॥ ੪॥ ੧੨॥ ੬੩॥

ਆਸਾ ਮਹਲਾ ੫॥

ਏਕੋ ਏਕੀ ਨੈਨ ਨਿਹਾਰਉ॥ ਸਦਾ ਸਦਾ ਹਰਿ ਨਾਮੁ ਸਮ੍ਹਾਰਉ॥ ੧॥

ਹੇ ਭਾਈ ! ਇਕੋ ਇਕ ਪ੍ਰਭੂ ਨੂੰ ਅੱਖਾਂ ਨਾਲ ਨਿਹਾਰਉ=ਵੇਖਣਾ ਕਰੋ ਅਤੇ ਸਦਾ ਸਦਾ ਹਰੀ ਨਾਮ ਨੂੰ ਯਾਦ ਕਰੋ॥ ੧॥

[ਪੰਨਾ ੩੮੭]

ਰਾਮ ਰਾਮਾ ਰਾਮਾ ਗੁਨ ਗਾਵਉ॥

ਰਾਮਾ=ਹੇ ਭਾਈ ! ਰਾਮ ਜੋ ਉਚਾਰਨ ਜੋਗ ਹੈ ਉਸ ਦੇ ਗੁਣ ਗਾਓ।

ਸੰਤ ਪ੍ਰਤਾਪਿ ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ॥ ੧॥ ਰਹਾਉ॥

ਪ੍ਰਤਾਪ ਵਾਲੇ ਜੋ ਸੰਤ ਹਨ, *ਅਥਵਾ* :–ਤਾਪਾਂ ਤੋਂ ਪਰ੍ਹੇ ਜੋ ਸੰਤ ਹਨ, ਉਹਨਾਂ ਸੰਤਾਂ ਦੇ ਨਾਲ ਮਿਲਣ ਕਰਕੇ ਹੇ ਭਾਈ ! ਹਰਿ ਹਰਿ ਨਾਮ ਨੂੰ ਧਿਆਵੋ॥ ੧॥

ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ॥ ਘਟ ਘਟ ਅੰਤਰਿ ਰਵਿਆ ਸੋਈ॥ ੨॥

ਜਗਤ ਰੂਪੀ ਸਾਰੀ ਸਮੱਗਰੀ ਜਿਸ ਦੇ ਹੁਕਮ ਰੂਪੀ ਸੂਤਰ ਵਿਚ ਪਰੋਤੀ ਹੋਈ ਹੈ। ਉਹ ਪਰਮਾਤਮਾ ਸਾਰਿਆਂ ਘਟਾਂ ਅੰਦਰ ਰਵ ਰਿਹਾ ਹੈ॥ ੨॥

ਓਪਤਿ ਪਰਲਉ ਖਿਨ ਮਹਿ ਕਰਤਾ॥ ਆਪਿ ਅਲੇਪਾ ਨਿਰਗੁਨੁ ਰਹਤਾ॥ ੩॥

ਉਹ ਪਰਮੇਸ਼ਰ ਇਕ ਖਿਨ ਵਿਚ ਜਗਤ ਦੀ ਉਤਪਤੀ ਤੇ ਪਰਲੋ ਕਰਦਾ ਹੈ। ਪਰ ਉਹ ਨਿਰਗੁਣ ਬ੍ਰਹਮ ਆਪ ਸਦਾ ਹੀ ਨਿਰਲੇਪ ਰਹਿੰਦਾ ਹੈ॥ ੩॥

ਕਰਨ ਕਰਾਵਨ ਅੰਤਰਜਾਮੀ॥

ਅਨੰਦ ਕਰੈ ਨਾਨਕ ਕਾ ਸੁਆਮੀ॥ ੪॥ ੧੩॥ ੬੪॥

ਉਹ ਅੰਤਰਜਾਮੀ ਪ੍ਰਭੂ ਸਭ ਵਾਰਤਾ ਦੇ ਕਰਨ ਕਰਾਉਣ ਵਾਲਾ ਹੈ। ਗੁਰੂ ਜੀ ਕਥਨ ਕਰਦੇ ਹਨ- ਮੈਂ ਦਾਸ ਦਾ ਸੁਆਮੀ=ਪਰਮੇਸ਼ਰ ਆਪ ਹੀ ਸਾਰੇ ਅਨੰਦ ਕਰ ਰਿਹਾ ਹੈ॥ ੪॥ ੧੩॥ ੬੪॥

ਆਸਾ ਮਹਲਾ ੫॥

ਕੋਟਿ ਜਨਮ ਕੇ ਰਹੇ ਭਵਾਰੇ॥ ਦੁਲਭ ਦੇਹ ਜੀਤੀ ਨਹੀ ਹਾਰੇ॥ ੧॥

ਕਰੋੜਾਂ ਜਨਮਾਂ ਦੇ ਭਾਵ ਚੁਰਾਸੀ ਲੱਖ ਜੂਨਾਂ ਦੇ ਭਵਾਰੇ=ਫੇਰੇ ਵਲੋਂ ਰਹਿ ਗਏ ਹਾਂ। ਮਨੁੱਖਾ ਦੇਹ ਜੋ ਪ੍ਰਾਪਤ ਹੋਣੀ ਬੜੀ ਦੁਰਲੱਭ ਹੈ, ਉਹ ਸਿਮਰਨ ਕਰਕੇ ਜਿੱਤ ਲਈ ਹੈ, ਸੰਸਾਰ ਰੂਪ ਜੂਏ ਵਿਚ ਹਾਰੇ ਨਹੀਂ ਹਾਂ॥ ੧॥

ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥
ਭਏ ਪੁਨੀਤ ਸੰਤਨ ਕੀ ਧੂਰਿ ॥ ੧ ॥ ਰਹਾਉ ॥

ਸੰਤਾਂ ਦੀ ਚਰਨ ਧੂੜ ਲੈਣ ਕਰਕੇ ਅੰਤਹਕਰਣ ਤੇ ਸਭ ਇੰਦ੍ਰੀਏ ਪਵਿਤ੍ਰ ਹੋ ਗਏ ਹਨ। ਕਿਉਂਕਿ ਸਾਰੇ ਕਿਲਬਿਖ ਬਿਨਾਸੇ=ਪਾਪ ਨਾਸ ਹੋ ਗਏ ਹਨ ਅਤੇ ਦੁੱਖ ਜਨ ਦਰਦ ਵੀ ਦੂਰ ਹੋ ਗਈ ਹੈ॥ ੧ ॥ ਰਹਾਉ ॥

ਪ੍ਰਭ ਕੇ ਸੰਤ ਉਧਾਰਨ ਜੋਗ ॥ ਤਿਸੁ ਭੇਟੇ ਜਿਸੁ ਧੁਰਿ ਸੰਜੋਗ ॥ ੨ ॥

ਪ੍ਰਭੂ (ਪਰਮਾਤਮਾ) ਦੇ ਜੋ ਸੰਤ ਹਨ, ਉਹ ਜੀਵਾਂ ਦੇ ਤਾਰਨੇ ਦੇ ਜੋਗ ਹਨ। ਪਰ ਸੰਤ ਤਿਸ ਨੂੰ ਮਿਲ ਦੇ ਹਨ, ਜਿਸ ਦਾ ਆਦੋਂ ਹੀ ਸਰੇਸ਼ਟ ਕਰਮਾਂ ਨਾਲ ਸੰਜੋਗ ਹੈ॥ ੨ ॥

ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥ ੩ ॥

ਜਦ ਗੁਰਾਂ ਨੇ ਮੰਤਰ ਦਿੱਤਾ ਤਦ ਮਨ ਵਿਚ ਅਨੰਦ ਹੋ ਗਿਆ। ਤ੍ਰਿਸ਼ਨਾ ਬੁੱਝ ਗਈ ਅਤੇ ਮਨ ਨਿਹਚਲੁ=ਅਚਲ ਹੋ ਗਿਆ॥ ੩ ॥

ਨਾਮੁ ਪਦਾਰਥੁ ਨਉ ਨਿਧਿ ਸਿਧਿ ॥
ਨਾਨਕ ਗੁਰ ਤੇ ਪਾਈ ਬੁਧਿ ॥ ੪ ॥ ੧੪ ॥ ੬੫ ॥

ਨਾਮ-ਪਦਾਰਥ ਕਰਕੇ ਹੀ ਨੌ ਨਿਧੀਆਂ ਤੇ ਅਠਾਰਾਂ ਸਿਧੀਆਂ ਮਿਲਦੀਆਂ ਹਨ। ਗੁਰੂ ਜੀ ਕਥਨ ਕਰਦੇ ਹਨ-ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਅਸੀਂ ਉੱਤਮ ਬੁੱਧੀ ਪਾਈ ਹੈ॥ ੪ ॥ ੧੪ ॥ ੬੫ ॥

ਆਸਾ ਮਹਲਾ ੫ ॥

ਮਿਟੀ ਤਿਆਸ ਅਗਿਆਨ ਅੰਧੇਰੇ ॥ ਸਾਧ ਸੇਵਾ ਅਘ ਕਟੇ ਘਨੇਰੇ ॥ ੧ ॥

ਅਗਿਆਨ ਰੂਪ ਹਨੇਰੇ ਕਰਕੇ ਜੋ ਪਦਾਰਥਾਂ ਦੀ ਪਿਆਸ ਲੱਗੀ ਹੋਈ ਸੀ, ਉਹ ਮਿਟ ਗਈ ਹੈ। ਸੰਤਾਂ ਦੀ ਸੇਵਾ ਕਰਨ ਨਾਲ ਘਨੇਰੇ=ਬਹੁਤ ਸਾਰੇ ਪਾਪ ਕਟੇ ਗਏ ਹਨ॥ ੧ ॥

ਸੂਖ ਸਹਜ ਆਨੰਦੁ ਘਨਾ ॥

ਸਹਜ=ਅਚੁਤ ਸੁਖ ਦਾ ਘਣਾ ਅਨੰਦ ਪ੍ਰਾਪਤ ਹੋਇਆ ਹੈ।

ਗੁਰ ਸੇਵਾ ਤੇ ਭਏ ਮਨ ਨਿਰਮਲ
ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥ ੧ ॥ ਰਹਾਉ ॥

ਗੁਰਾਂ ਦੀ ਸੇਵਾ ਕਰਨ ਨਾਲ ਮਨ ਕਰਕੇ ਸ਼ੁਧ ਹੋ ਗਏ ਅਤੇ ਹਰੀ ਜੋ ਹਰ-ਇਕ ਜੀਵਾਂ ਦੇ ਹਰੇ ਕਰਨ ਵਾਲਾ ਹੈ, ਉਸ ਹਰੀ ਦੇ ਨਾਮ ਨੂੰ ਸੁਣਨਾ ਕੀਤਾ॥ ੧ ॥ ਰਹਾਉ ॥

ਬਿਨਸਿਓ ਮਨ ਕਾ ਮੂਰਖੁ ਢੀਠਾ ॥ ਪ੍ਰਭ ਕਾ ਭਾਣਾ ਲਾਗਾ ਮੀਠਾ ॥ ੨ ॥

ਜਿਸ ਵੇਲੇ ਪ੍ਰਭੂ ਦਾ ਭਾਣਾ ਮੰਨਣਾ ਮਿੱਠਾ ਲੱਗਾ ਤਾਂ ਮੂਰਖ ਮਨ ਦਾ ਢੀਠਾ=ਕਠੋਰਪਣਾ (ਅੜਬ ਪੁਣਾ) ਬਿਨਸ ਗਿਆ॥ ੨ ॥

ਗੁਰ ਪੂਰੇ ਕੇ ਚਰਣ ਗਹੇ॥ ਕੋਟਿ ਜਨਮ ਕੇ ਪਾਪ ਲਹੇ॥ ੩॥

ਜਿਸ ਵੇਲੇ ਪੂਰਿਆਂ ਗੁਰਾਂ ਦੇ ਚਰਨ ਗਹੇ=ਫੜੇ ਤਾਂ ਕਰੋੜਾਂ ਹੀ ਜਨਮਾਂ ਦੇ ਪਾਪ ਸਾਡੇ ਮਗਰੋਂ ਲਹਿ ਗਏ॥ ੩॥

ਰਤਨ ਜਨਮੁ ਇਹੁ ਸਫਲ ਭਇਆ॥
ਕਹੁ ਨਾਨਕ ਪ੍ਰਭ ਕਰੀ ਮਇਆ॥ ੪॥ ੧੫॥ ੬੬॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪ੍ਰਭੂ ਨੇ ਮਇਆ=ਕਿਰਪਾ ਦ੍ਰਿਸ਼ਟੀ ਕੀਤੀ ਤਾਂ ਇਹ ਰਤਨ ਵਾਂਗ ਅਮੋਲਕ ਮਨੁੱਖਾ ਜਨਮ ਸਫਲਾ ਹੋ ਗਿਆ॥ ੪॥ ੧੫॥ ੬੬॥

ਆਸਾ ਮਹਲਾ ੫॥

ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ॥ ਗੁਰ ਕੇ ਚਰਨ ਕੇਸ ਸੰਗਿ ਝਾਰੇ॥ ੧॥

ਹੇ ਮਨ ! ਆਪਣੇ ਸਤਿਗੁਰਾਂ ਨੂੰ ਸਦਾ ਸਦਾ ਸਮ੍ਹਾਲਣਾ ਕਰ ਅਤੇ ਗੁਰਾਂ ਦੇ ਚਰਨਾਂ ਨੂੰ ਕੇਸਾਂ ਨਾਲ ਝਾੜਨਾ ਕਰ। *ਅਥਵਾ* :-ਕੇਸ=ਧਰਮ ਵਿਚ ਪ੍ਰਪੱਕ ਹੋ ਕੇ ਗੁਰਾਂ ਦੇ ਚਰਨ ਝਾੜਨਾ ਕਰ॥ ੧॥

ਜਾਗੁ ਰੇ ਮਨ ਜਾਗਨਹਾਰੇ॥

ਹੇ ਸੰਸਾਰ ਦੀ ਤਰਫ਼ ਜਾਗਣ ਵਾਲੇ ਮਨ ! ਤੂੰ ਪਰਮੇਸ਼ਰ ਦੀ ਤਰਫ ਜਾਗ।

ਬਿਨੁ ਹਰਿ ਅਵਰੁ ਨ ਆਵਸਿ ਕਾਮਾ
ਝੂਠਾ ਮੋਹੁ ਮਿਥਿਆ ਪਸਾਰੇ॥ ੧॥ ਰਹਾਉ॥

ਹਰੀ ਨਾਮ ਤੋਂ ਬਿਨਾਂ ਹੋਰ ਪਦਾਰਥ ਕਿਸੇ ਕੰਮ ਨਹੀਂ ਆਉਂਦੇ, ਮਿਥਿਆ ਪਸਾਰੇ ਵਿਚ ਜਿਹੜਾ ਮੋਹ ਕਰਨਾ ਹੈ, ਇਹ ਝੂਠਾ ਹੈ॥ ੧॥ ਰਹਾਉ॥

ਗੁਰ ਕੀ ਬਾਣੀ ਸਿਉ ਰੰਗੁ ਲਾਇ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ॥ ੨॥

ਹੇ ਮਨ ! ਗੁਰਾਂ ਦੀ ਬਾਣੀ ਨਾਲ ਰੰਗੁ=ਪ੍ਰੇਮ ਲਗਾਣਾ ਕਰ। ਗੁਰੂ ਕ੍ਰਿਪਾਲੂ ਹੋਣ ਤਾਂ ਦੁੱਖ ਦੂਰ ਹੋ ਜਾਂਦਾ ਹੈ॥ ੨॥

ਗੁਰ ਬਿਨੁ ਦੂਜਾ ਨਾਹੀ ਥਾਉ॥ ਗੁਰੁ ਦਾਤਾ ਗੁਰੁ ਦੇਵੈ ਨਾਉ॥ ੩॥

ਜੀਵ ਵਾਸਤੇ ਗੁਰਾਂ ਤੋਂ ਬਿਨਾਂ ਹੋਰ ਦੂਜਾ ਕੋਈ ਥਾਂ ਨਹੀਂ। ਭਾਵ ਗੁਰਾਂ ਤੋਂ ਬਿਨਾਂ ਹੋਰ ਕੋਈ ਆਸਰਾ ਨਹੀਂ। ਗੁਰੂ ਹੀ ਪਦਾਰਥਾਂ ਦੇ ਦਾਤੇ ਹਨ ਅਤੇ ਗੁਰੂ ਹੀ ਨਾਮ ਦੀ ਦਾਤ ਦਿੰਦੇ ਹਨ॥ ੩॥

ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥
ਆਠ ਪਹਰ ਨਾਨਕ ਗੁਰ ਜਾਪਿ॥ ੪॥ ੧੬॥ ੬੭॥

ਗੁਰੂ ਆਪ ਹੀ ਪਾਰਬ੍ਰਹਮ ਪਰਮੇਸ਼ਰ ਦਾ ਰੂਪ ਹਨ। ਇਸ ਲਈ ਅੱਠੇ ਪਹਿਰ ਧੰਨ ਗੁਰੂ, ਧੰਨ ਗੁਰੂ ਜਪਣਾ ਕਰੋ॥ ੪॥ ੧੬॥ ੬੭॥

ਆਸਾ ਮਹਲਾ ੫ ॥

ਆਪੇ ਪੇਡੁ ਬਿਸਥਾਰੀ ਸਾਖ ॥ ਅਪਨੀ ਖੇਤੀ ਆਪੇ ਰਾਖ ॥ ੧ ॥

ਉਹ ਪਰਮੇਸ਼ਰ ਆਪ ਹੀ ਪੇਡੁ=ਬ੍ਰਿਛ ਦਾ ਮੁੱਢ ਮਾਇਆ ਸਬਲ ਰੂਪ ਹੈ, ਆਪ ਹੀ ਬ੍ਰਿਛ ਰੂਪੀ ਸਾਖਾ ਬਿਸਥਾਰੀ=ਫੈਲਾਈ ਹੈ। ਫਿਰ ਆਪਣੀ ਸ੍ਰਿਸ਼ਟੀ ਰੂਪੀ ਖੇਤੀ ਨੂੰ ਆਪ ਹੀ ਰੱਖਦਾ ਹੈ॥ ੧ ॥

ਜਤ ਕਤ ਪੇਖਉ ਏਕੈ ਓਹੀ ॥

ਘਟ ਘਟ ਅੰਤਰਿ ਆਪੇ ਸੋਈ ॥ ੧ ॥ ਰਹਾਉ ॥

ਜਿਥੇ ਕਿਥੇ ਉਸ ਇਕ ਨੂੰ ਹੀ ਦੇਖਣਾ ਕਰੋ। ਸਭ ਘਟਾਂ ਵਿਚ ਉਹ ਆਪ ਹੀ ਪੂਰਨ ਹੈ॥ ੧ ॥ ਰਹਾਉ ॥

ਆਪੇ ਸੂਰੁ ਕਿਰਣਿ ਬਿਸਥਾਰੁ ॥ ਸੋਈ ਗੁਪਤੁ ਸੋਈ ਆਕਾਰੁ ॥ ੨ ॥

ਆਪ ਹੀ ਪ੍ਰਤਖ ਸੂਰਜ ਰੂਪ ਹੈ, ਆਪ ਹੀ ਕਿਰਣਾਂ ਦਾ ਵਿਸਥਾਰ ਕਰਦਾ ਹੈ।

*ਅਥਵਾ :-*ਆਪ ਹੀ ਗੁਰੂ ਰੂਪੀ ਸੂਰਜ ਹੈ ਅਤੇ ਆਪ ਹੀ ਉਪਦੇਸ਼ ਰੂਪੀ ਕਿਰਨਾਂ ਦਾ ਵਿਸਥਾਰ ਕਰਦਾ ਹੈ। ਓਹੀ ਪਰਮਾਤਮਾ ਗੁਪਤੁ=ਨਿਰਗੁਣ ਰੂਪ ਹੋ ਰਿਹਾ ਹੈ, ਓਹੀ ਆਕਾਰੁ=ਸਰਗੁਣ ਰੂਪ ਹੋ ਰਿਹਾ ਹੈ॥ ੨ ॥

ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥ ੩ ॥

ਸਰਗੁਣ ਤੇ ਨਿਰਗੁਣ ਇਹ ਦੋ ਨਾਂ ਪਰਮੇਸ਼ਰ ਨੇ ਆਪਣੇ ਅਸਥਾਪਨ ਕੀਤੇ ਹਨ।

*ਪ੍ਰਸ਼ਨ :-*ਇਨ੍ਹਾਂ ਦੋਹਾਂ ਵਿਚੋਂ ਕਿਸ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ ?

*ਉੱਤਰ :-*ਦੋਹਾਂ ਵਿਚੋਂ ਚਾਹੇ ਕਿਸੇ ਦੀ ਉਪਾਸ਼ਨਾ ਵਿਚ ਲੱਗੇ, ਉਹ ਫਿਰ ਇਕ ਵਿਚ ਆਪਣਾ ਥਾਂ ਕਰਦਾ ਹੈ॥ ੩ ॥

ਦੂਜਾ ਅਰਥ :-ਸਰਗੁਣ=ਈਸ਼ਵਰ, ਨਿਰਗੁਣ=ਜੀਵ ਇਨ੍ਹਾਂ ਨੂੰ ਨਾਮ ਮਾਤ੍ਰ ਅਸਥਾਪਨ ਕਰਕੇ, ਇਨ੍ਹਾਂ ਦੋਹਾਂ ਨੂੰ ਜਿਸ ਨੇ ਮਿਲਾਇਆ ਹੈ; ਭਾਵ ਜੀਵ ਈਸ਼ਵਰ ਦੀ ਅਭੇਦਤਾ ਕੀਤੀ ਹੈ, ਉਸ ਨੇ ਇਕ ਪਰਮਾਤਮਾ ਵਿਚ ਥਾਂ ਕੀਤਾ ਹੈ॥ ੩ ॥

ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥

ਅਨਦ ਰੂਪੁ ਸਭੁ ਨੈਨ ਅਲੋਇਆ ॥ ੪ ॥ ੧੭ ॥ ੬੮ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪੂਰਨ ਗੁਰਾਂ ਨੇ ਭਰਮ ਤੇ ਡਰ, ਦੂਰ ਕੀਤਾ ਤਾਂ ਅਨੰਦ ਰੂਪ ਪਰਮਾਤਮਾ ਨੂੰ ਸਾਰੇ ਪਰੀਪੂਰਨ ਅੱਖਾਂ ਨਾਲ ਅਲੋਇਆ=ਦੇਖਿਆ ॥ ੪ ॥ ੧੭ ॥ ੬੮ ॥

ਆਸਾ ਮਹਲਾ ੫ ॥

ਉਕਤਿ ਸਿਆਨਪ ਕਿਛੂ ਨ ਜਾਨਾ ॥

ਹੇ ਪ੍ਰਭੂ ! ਉਕਤਿ ਬਾਣੀ ਦੀ, ਸਿਆਣਪ ਬੁੱਧੀ ਦੀ ਇਤਿਆਦਿਕ ਮੈਂ ਕੁਝ ਭੀ ਜਾਣਦਾ ਨਹੀਂ ਹਾਂ।

[ਪੰਨਾ ੩੮੮]

ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥ ੧ ॥

ਬਸ ਰਾਤ ਦਿਨ ਕੇਵਲ ਆਪ ਜੀ ਦਾ ਨਾਮ ਹੀ ਕਥਨ ਕਰਦਾ ਹਾਂ ॥ ੧ ॥

ਮੈ ਨਿਰਗੁਨ ਗੁਣੁ ਨਾਹੀ ਕੋਇ ॥
ਕਰਨ ਕਰਾਵਨਹਾਰ ਪ੍ਰਭ ਸੋਇ ॥ ੧ ॥ ਰਹਾਉ ॥

ਮੈਂ ਜੋ ਨਿਰਗੁਣ ਹਾਂ, ਮੇਰੇ ਵਿਚ ਕੋਈ ਸ਼ੁਭ ਗੁਣ ਨਹੀਂ ਹੈ। ਹੇ ਪ੍ਰਭੂ ! ਤੂੰ ਆਪ ਹੀ ਸਭ ਕਾਰਜਾਂ ਦੇ ਕਰਨੇ ਕਰਾਉਣੇ ਵਾਲਾ ਹੈਂ ॥ ੧ ॥ ਰਹਾਉ ॥

ਮੂਰਖ ਮੁਗਧ ਅਗਿਆਨ ਅਵੀਚਾਰੀ ॥
ਨਾਮ ਤੇਰੇ ਕੀ ਆਸ ਮਨਿ ਧਾਰੀ ॥ ੨ ॥

ਵਿਹਾਰਕ ਗਿਆਤ ਤੋਂ ਰਹਿਤ ਹੋਣ ਕਰਕੇ ਮੂਰਖ ਹਾਂ, ਸਾਸਤ੍ਰ ਗਿਆਤ ਤੋਂ ਰਹਿਤ ਹੋਣ ਕਰਕੇ ਮੁਗਧ=ਜੜ੍ਹ ਹਾਂ। ਸਰੂਪ ਗਿਆਨ ਤੋਂ ਰਹਿਤ ਹੋਣ ਕਰਕੇ ਅਗਿਆਨੀ ਹਾਂ ਤੇ ਸ਼ੁਭ ਵਿਚਾਰ ਤੋਂ ਰਹਿਤ ਹੋਣ ਕਰਕੇ ਅਵਿਚਾਰੀ ਹਾਂ। ਪਰ ਇਕ ਤੇਰੇ ਨਾਮ ਦੀ ਆਸ ਮਨ ਵਿਚ ਧਾਰੀ ਹੋਈ ਹੈ ॥ ੨ ॥

ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥ ੩ ॥

ਜਪ ਤਪ ਆਦਿਕ ਮੈਂ ਕੋਈ ਸਾਧਾ=ਸਾਧਨ ਨਹੀਂ ਕੀਤਾ ਅਤੇ ਸੰਜਮ ਆਦਿ ਕੋਈ ਕਰਮ ਭੀ ਨਹੀਂ ਕੀਤਾ। ਹੇ ਪ੍ਰਭੂ ! ਕੇਵਲ ਮੈਂ ਆਪ ਦਾ ਨਾਮ ਹੀ ਮਨ ਵਿਚ ਅਰਾਧਿਆ ਹੈ ॥ ੩ ॥

ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥
ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥ ੪ ॥ ੧੮ ॥ ੬੯ ॥

ਮੇਰੀ ਬੁੱਧੀ ਤੁੱਛ ਹੈ ਮੈਂ ਆਪ ਜੀ ਦਾ ਕੁਛ ਭੀ ਜਸ ਕਰਨਾ ਨਹੀਂ ਜਾਣਦਾ। ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਨੂੰ ਕੇਵਲ ਇਕ ਆਪ ਜੀ ਦੀ ਓਟ ਹੈ ॥ ੪ ॥ ੧੮ ॥ ੬੯ ॥

ਆਸਾ ਮਹਲਾ ੫ ॥

ਹਰਿ ਹਰਿ ਅਖਰ ਦੁਇ ਇਹ ਮਾਲਾ ॥
ਜਪਤ ਜਪਤ ਭਏ ਦੀਨ ਦਇਆਲਾ ॥ ੧ ॥

ਹਰਿ ਹਰਿ ਨਾਮ ਦੇ ਜੋ ਦੋ ਅੱਖਰ ਹਨ, ਇਨ੍ਹਾਂ ਨੂੰ ਜੋ ਮਾਲਾ ਦੀ ਨਿਆਈਂ ਇਕ ਰਸ ਉਚਾਰਦੇ ਹਨ।

ਅਥਵਾ :-ਹੱਥ ਵਿਚ ਮਾਲਾ ਲੈ ਕੇ ਇਨ੍ਹਾਂ ਦੋ ਅੱਖਰਾਂ ਦਾ ਜੋ ਜਾਪ ਕਰਦੇ ਹਨ। ਉਹ ਜਪਦਿਆਂ ਜਪਦਿਆਂ ਦੀਨ ਦਿਆਲ ਪ੍ਰਭੂ ਦਾ ਰੂਪ ਹੋਏ ਹਨ।

ਅਥਵਾ :-ਜੋ ਦੀਨ ਮਨ ਹੋ ਕੇ ਜਪਦੇ ਹੀ ਜਪਦੇ ਹਨ, ਉਹਨਾਂ ਉੱਤੇ ਪ੍ਰਭੂ ਦਿਆਲੂ ਹੋਇਆ ਹੈ ॥ ੧ ॥

ਕਰਉ ਬੇਨਤੀ ਸਤਿਗੁਰ ਅਪੁਨੀ॥

ਆਪਣੀ ਜੋ ਭੀ ਬੇਨਤੀ ਹੈ, ਉਹ ਸਤਿਗੁਰਾਂ ਪਾਸ ਕਰੋ।

ਅਥਵਾ :-ਹੇ ਸਤਿਗੁਰੋ ! ਮੈਂ ਆਪਣੀ ਤਰਫੋਂ ਇਹ ਬੇਨਤੀ ਕਰਦਾ ਹਾਂ।

ਕਰਿ ਕਿਰਪਾ ਰਾਖਹੁ ਸਰਣਾਈ
ਮੋ ਕਉ ਦੇਹੁ ਹਰੇ ਹਰਿ ਜਪਨੀ॥ ੧॥ ਰਹਾਉ॥

ਕਿ ਮੈਨੂੰ ਕਿਰਪਾ ਕਰਕੇ ਆਪਣੀ ਸ਼ਰਨ ਵਿਚ ਰੱਖਣਾ ਕਰੋ ਅਤੇ ਹਰਿ ਹਰਿ ਦਾ ਜਾਪ ਕਰਨੇ ਰੂਪੀ ਜਪਨੀ=ਮਾਲਾ ਦੇਣੀ ਕਰੋ॥ ੧॥ ਰਹਾਉ॥

ਹਰਿ ਮਾਲਾ ਉਰ ਅੰਤਰਿ ਧਾਰੈ॥ ਜਨਮ ਮਰਣ ਕਾ ਦੂਖੁ ਨਿਵਾਰੈ॥ ੨॥

ਜਿਸ ਵੇਲੇ ਜੀਵ ਆਪਣੇ ਹਿਰਦੇ ਅੰਦਰ ਹਰੀ ਸਿਮਰਨ ਦੀ ਮਾਲਾ ਧਾਰਦਾ ਹੈ। ਤਿਸ ਵੇਲੇ ਜਨਮ ਮਰਨ ਦਾ ਦੁੱਖ ਨਵਿਰਤ ਕਰ ਲੈਂਦਾ ਹੈ॥ ੨॥

ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥
ਸੋ ਜਨੁ ਇਤ ਉਤ ਕਤਹਿ ਨ ਡੋਲੈ॥ ੩॥

ਜੋ ਪੁਰਸ਼ ਆਪਣੇ ਹਿਰਦੇ ਵਿਚ ਸੰਮਾਲਦਾ ਹੈ ਅਤੇ ਮੂੰਹੋਂ ਭੀ ਹਰਿ ਹਰਿ ਨੂੰ ਬੋਲਦਾ ਹੈ। ਉਹ ਪੁਰਸ਼ ਇਧਰ ਉਧਰ ਭਾਵ (ਲੋਕ ਪ੍ਰਲੋਕ ਵਿਚ) ਕਦੇ ਡੋਲੇਗਾ ਨਹੀਂ॥ ੩॥

ਕਹੁ ਨਾਨਕ ਜੋ ਰਾਚੈ ਨਾਇ॥
ਹਰਿ ਮਾਲਾ ਤਾ ਕੈ ਸੰਗਿ ਜਾਇ॥ ੪॥ ੧੯॥ ੭੦॥

ਗੁਰੂ ਜੀ ਆਖਦੇ ਹਨ-ਜਿਹੜਾ ਪੁਰਸ਼ ਹਰੀ ਨਾਮ ਵਿਚ ਰਚਦਾ ਹੈ। ਇਹ ਹਰੀ ਨਾਮ ਰੂਪ ਮਾਲਾ ਪ੍ਰਲੋਕ ਵਿਚ ਭੀ ਤਿਸ ਜੀਵ ਦੇ ਨਾਲ ਜਾਂਦੀ ਹੈ॥ ੪॥ ੧੯॥ ੭੦॥

ਆਸਾ ਮਹਲਾ ੫॥

ਜਿਸ ਕਾ ਸਭੁ ਕਿਛੁ ਤਿਸ ਕਾ ਹੋਇ॥
ਤਿਸੁ ਜਨ ਲੇਪੁ ਨ ਬਿਆਪੈ ਕੋਇ॥ ੧॥

ਜਿਸ ਪਰਮੇਸ਼ਰ ਦਾ ਸਭ ਕੁਝ ਦਿੱਤਾ ਹੋਇਆ ਹੈ, ਜੋ ਪੁਰਸ਼ ਤਿਸ ਦਾ ਹੋ ਰਹਿੰਦਾ ਹੈ, ਤਿਸ ਪੁਰਸ਼ ਨੂੰ ਪਾਪ ਪੁੰਨ ਦਾ ਕੋਈ ਲੇਪ ਨਹੀਂ ਵਿਆਪਦਾ॥ ੧॥

ਹਰਿ ਕਾ ਸੇਵਕੁ ਸਦ ਹੀ ਮੁਕਤਾ॥

ਹਰੀ ਦਾ ਸੇਵਕ ਸਦਾ ਹੀ ਮੁਕਤ ਰੂਪ ਹੈ।

ਜੋ ਕਿਛੁ ਕਰੈ ਸੋਈ ਭਲ ਜਨ ਕੈ
ਅਤਿ ਨਿਰਮਲ ਦਾਸ ਕੀ ਜੁਗਤਾ॥ ੧॥ ਰਹਾਉ॥

ਜੋ ਕੁਝ ਪਰਮੇਸ਼ਰ ਕਰਦਾ ਹੈ ਓਹੀ ਦਾਸ ਦੇ ਮਨ ਵਿਚ ਚੰਗਾ ਲੱਗਦਾ ਹੈ; ਦਾਸਾਂ ਦੀ ਇਹੀ ਅਤਿਅੰਤ ਸ਼ੁਧ ਰੀਤੀ ਹੈ॥ ੧॥ ਰਹਾਉ॥

ਸਗਲ ਤਿਆਗਿ ਹਰਿ ਸਰਣੀ ਆਇਆ॥
ਤਿਸੁ ਜਨ ਕਹਾ ਬਿਆਪੈ ਮਾਇਆ॥ ੨॥

ਜੋ ਸਾਰਿਆਂ ਦੀ ਓਟ ਛੱਡ ਕੇ ਹਰੀ ਦੀ ਸ਼ਰਨ ਵਿਚ ਆ ਕੇ ਪ੍ਰਾਪਤ ਹੋਇਆ ਹੈ। ਤਿਸ ਪੁਰਸ਼ ਨੂੰ ਭਲਾ ਮਾਇਆ ਕਹਾ ਬਿਆਪੈ=ਕਿਥੇ ਲੱਗਦੀ ਹੈ॥ ੨॥

ਨਾਮੁ ਨਿਧਾਨੁ ਜਾ ਕੇ ਮਨ ਮਾਹਿ॥ ਤਿਸ ਕਉ ਚਿੰਤਾ ਸੁਪਨੈ ਨਾਹਿ॥ ੩॥

ਜਿਸ ਦੇ ਮਨ ਵਿਚ ਨਾਮ ਨਿਧੀਆਂ ਦਾ ਖਜ਼ਾਨਾ ਵੱਸਦਾ ਹੈ। ਤਿਸ ਪੁਰਸ਼ ਨੂੰ ਸੁਪਨੇ ਵਿਚ ਭੀ ਕਿਸੇ ਗੱਲ ਦੀ ਚਿੰਤਾ ਨਹੀਂ ਹੁੰਦੀ॥ ੩॥

ਕਹੁ ਨਾਨਕ ਗੁਰੁ ਪੂਰਾ ਪਾਇਆ॥
ਭਰਮੁ ਮੋਹੁ ਸਗਲ ਬਿਨਸਾਇਆ॥ ੪॥ ੨੦॥ ੭੧॥

ਗੁਰੂ ਜੀ ਆਖਦੇ ਹਨ-ਜਿਸ ਨੇ ਪੂਰਿਆਂ ਗੁਰਾਂ ਨੂੰ ਪਾਇਆ ਹੈ। ਉਸ ਨੇ ਭਰਮ ਅਤੇ ਮੋਹ ਆਦਿਕ ਸਾਰਿਆਂ ਵਿਕਾਰਾਂ ਨੂੰ ਨਾਸ ਕਰ ਲਿਆ ਹੈ॥ ੪॥ ੨੦॥ ੭੧॥

ਆਸਾ ਮਹਲਾ ੫॥

ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ॥ ਤਾਂ ਦੂਖੁ ਭਰਮੁ ਕਹੁ ਕੈਸੇ ਨੇਰਾ॥ ੧॥

ਹੇ ਮੇਰੇ ਪ੍ਰਭੂ ! ਜਿਸ ਵੇਲੇ ਆਪ ਪ੍ਰਸੰਨ ਹੋਏ ਤਾਂ ਦੱਸੋ, ਦੁੱਖ ਭਰਮ ਮੇਰੇ ਨੇੜੇ ਕਿਵੇਂ ਆ ਸਕਦੇ ਹਨ॥ ੧॥

ਸੁਨਿ ਸੁਨਿ ਜੀਵਾ ਸੋਇ ਤੁਮ੍ਹਾਰੀ॥
ਮੋਹਿ ਨਿਰਗੁਨ ਕਉ ਲੇਹੁ ਉਧਾਰੀ॥ ੧॥ ਰਹਾਉ॥

ਹੇ ਪ੍ਰਭੂ ! ਮੈਂ ਆਪ ਜੀ ਦੀ ਸੋਇ=ਕੰਨਸੋ, *ਅਥਵਾ :-* ਸੋਭਾ ਸੁਣ ਸੁਣ ਕੇ ਜੀਊਂਦਾ ਹਾਂ। ਮੈਂ ਨਿਰਗੁਣ ਨੂੰ ਸੰਸਾਰ-ਸਾਗਰ ਤੋਂ ਬਚਾ ਲਓ॥ ੧॥ ਰਹਾਉ॥

ਮਿਟਿ ਗਇਆ ਦੂਖੁ ਬਿਸਾਰੀ ਚਿੰਤਾ॥
ਫਲੁ ਪਾਇਆ ਜਪਿ ਸਤਿਗੁਰ ਮੰਤਾ॥ ੨॥

ਸਤਿਗੁਰਾਂ ਦਾ ਮੰਤਰ ਜਪਣ ਨਾਲ ਅਸੀਂ ਇਹ ਫਲ ਪਾਇਆ ਹੈ ਕਿ ਜਨਮ ਮਰਨ ਦਾ ਦੁੱਖ ਮਿਟ ਗਿਆ ਹੈ ਅਤੇ ਚਿੰਤਾ ਬਿਸਾਰੀ=ਭਲਾ ਦਿੱਤਾ ਹੈ॥ ੨॥

ਸੋਈ ਸਤਿ ਸਤਿ ਹੈ ਸੋਇ॥ ਸਿਮਰਿ ਸਿਮਰਿ ਰਖੁ ਕੰਠਿ ਪਰੋਇ॥ ੩॥

ਉਹ ਪਰਮੇਸ਼ਰ ਪਿਛੇ ਵੀ ਸੱਤ ਸੀ, ਹੁਣ ਵੀ ਸੱਚਾ ਹੈ, ਅੱਗੇ ਵੀ ਸੱਚਾ ਹੋਵੇਗਾ। ਉਸ ਦੇ ਸਿਮਰਨ ਨੂੰ ਸਿਮਰ ਕੇ ਮੈਂ ਆਪਣੇ ਗਲ ਵਿਚ ਪਰੋ ਰੱਖਿਆ ਹੈ॥ ੩॥

ਕਹੁ ਨਾਨਕ ਕਉਨ ਉਹ ਕਰਮਾ ॥
ਜਾ ਕੈ ਮਨਿ ਵਸਿਆ ਹਰਿ ਨਾਮਾ ॥ ੪ ॥ ੨੧ ॥ ੭੨ ॥

ਗੁਰੂ ਜੀ ਕਥਨ ਕਰਦੇ ਹਨ-ਉਸ ਨੂੰ ਬਾਕੀ ਕਿਹੜਾ ਕਰਮ ਕਰਨੇ ਜੋਗ ਰਹਿ ਗਿਆ ਹੈ ਭਾਵ ਸਾਰੇ ਕਰਮ ਕਰ ਲਏ ਹਨ। ਜਿਸ ਦੇ ਮਨ ਵਿਚ ਹਰੀ ਨਾਮ ਵਸਿਆ ਹੈ।

ਅਥਵਾ :-ਜਿਸ ਦੇ ਮਨ ਵਿਚ ਹਰੀ ਨਾਮ ਵਸਿਆ ਹੈ, ਓਹ ਪੁਰਸ਼ ਕੌਣ ਹੈ ?

ਉੱਤਰ :-ਉਹ ਤਾਂ ਕਰਮਾ=ਭਾਗਾਂ ਵਾਲਾ ਹੈ॥ ੨ ॥ ੨੧ ॥ ੭੨ ॥

ਆਸਾ ਮਹਲਾ ੫ ॥

ਉਥਾਨਕਾ-ਇਸ ਸ਼ਬਦ ਵਿਚ ਮਨਮੁਖਾਂ ਦੀ ਨਿਖੇਧੀ ਅਤੇ ਗੁਰਮੁਖਾਂ ਦੀ ਉਸਤਤੀ ਕਰਦੇ ਹਨ-

ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥ ੧ ॥

ਮਨਮੁਖ ਪੁਰਸ਼ ਕਾਮ, ਕਰੋਧ, ਹੰਕਾਰ ਆਦਿਕਾਂ ਵਿਚ ਵਿਗੂਤੇ=ਖਰਾਬ ਹੋ ਰਹੇ ਹਨ। ਤੇ ਗੁਰਮੁਖ ਜਨ ਹਰਿ ਹਰਿ ਦਾ ਸਿਮਰਨ ਕਰਕੇ ਕਾਮ ਕਰੋਧ ਆਦਿਕ ਤੋਂ ਛੁੱਟ ਗਏ ਹਨ॥ ੧ ॥

ਸੋਇ ਰਹੇ ਮਾਇਆ ਮਦ ਮਾਤੇ ॥
ਜਾਗਤ ਭਗਤ ਸਿਮਰਤ ਹਰਿ ਰਾਤੇ ॥ ੧ ॥ ਰਹਾਉ ॥

ਮਨਮੁਖ ਪੁਰਸ਼ ਮਾਇਆ ਦੇ ਮਦ ਵਿਚ ਮਸਤ ਹੋ ਕੇ ਸੌਂ ਰਹੇ ਹਨ ਅਤੇ ਪਰਮੇਸ਼ਰ ਦੇ ਭਗਤ ਜਨ ਪ੍ਰੇਮ ਵਿਚ ਰੱਤੇ ਹੋਏ ਹਰੀ ਦਾ ਸਿਮਰਨ ਕਰਨ ਵਿਚ ਜਾਗਦੇ ਰਹਿੰਦੇ ਹਨ॥ ੧ ॥ ਰਹਾਉ ॥

ਮੋਹ ਭਰਮਿ ਬਹੁ ਜੋਨਿ ਭਵਾਇਆ ॥
ਅਸਥਿਰੁ ਭਗਤ ਹਰਿ ਚਰਣ ਧਿਆਇਆ ॥ ੨ ॥

ਮੋਹ ਅਤੇ ਭਰਮ ਦੇ ਸਹਿਤ ਹੋਣ ਕਰਕੇ ਮਨਮੁਖਾਂ ਨੂੰ ਪਰਮੇਸ਼ਰ ਨੇ ਬਹੁਤ ਹੀ ਜੂਨੀਆਂ ਵਿਚ ਭੁਆਇਆ ਹੈ। ਜਿਨ੍ਹਾਂ ਭਗਤਾਂ ਨੇ ਹਰੀ ਦੇ ਚਰਨਾਂ ਨੂੰ ਧਿਆਇਆ ਹੈ, ਉਹ ਸੰਸਾਰ ਵਿਚ ਇਸਥਿਤ ਹੋਏ ਹਨ॥ ੨ ॥

ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੁਝਹਿ ਹਰਿ ਨੇਰਾ ॥ ੩ ॥

ਮਨਮੁਖ ਪੁਰਸ਼ ਮੇਰਾ ਮੇਰਾ ਕਰਦਾ ਹੋਇਆ, ਗ੍ਰਿਹ=ਗ੍ਰਿਹਸਤ ਰੂਪ ਅੰਨ੍ਹੇ ਖੂਹ ਮਾਇਆਵਕੀ ਬੰਧਨਾਂ ਵਿਚ ਪੈ ਰਿਹਾ ਹੈ। ਸੰਤ ਹਰੀ ਨੂੰ ਨੇੜੇ ਬੁੱਝਦੇ ਹਨ, ਇਸ ਲਈ ਉਹ ਬੰਧਨਾਂ ਤੋਂ ਮੁਕਤ ਰੂਪ ਹਨ॥ ੩ ॥

ਕਹੁ ਨਾਨਕ ਜੋ ਪ੍ਰਭ ਸਰਣਾਈ ॥
ਈਹਾ ਸੁਖੁ ਆਗੈ ਗਤਿ ਪਾਈ ॥ ੪ ॥ ੨੨ ॥ ੭੩ ॥

ਗੁਰੂ ਜੀ ਆਖਦੇ ਹਨ-ਜੋ ਪ੍ਰਭੂ ਦੀ ਸ਼ਰਨ ਲੈਂਦੇ ਹਨ। ਉਹ ਪੁਰਸ਼ ਇਸ ਲੋਕ ਵਿਚ ਸੁਖ ਪਾਉਂਦੇ ਹਨ ਅਤੇ ਆਗੈ=ਪ੍ਰਲੋਕ ਵਿਚ ਭੀ ਮੁਕਤੀ ਪਾਉਂਦੇ ਹਨ॥ ੪ ॥ ੨੨ ॥ ੭੩ ॥

[ਪੰਨਾ ੩੮੯]

ਆਸਾ ਮਹਲਾ ੫ ॥

ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥ ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥ ੧ ॥

ਹੇ ਪਰਮੇਸ਼ਰ ! ਤੂੰ ਮੇਰਾ ਤਰੰਗੁ=ਜਲ ਦਾ ਪ੍ਰਵਾਹ ਸਮੁੰਦ੍ਰ ਰੂਪ ਹੈਂ, ਮੈਂ ਤੇਰੇ ਵਿਚ ਰਹਿਣ ਵਾਲਾ ਮੀਨ= ਮੱਛ ਹਾਂ। ਤੂੰ ਮੇਰਾ ਠਾਕੁਰੁ=ਸੁਆਮੀ ਹੈਂ, ਮੈਂ ਤੇਰੇ ਦੁਆਰੇ ਦਾ ਚਾਕਰ ਹਾਂ॥ ੧॥

ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥
ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥ ੧ ॥ ਰਹਾਉ ॥

ਹੇ ਪਰਮੇਸ਼ਰ ! ਤੂੰ ਮੇਰਾ ਕਰਤਾ ਹੈਂ, ਮੈਂ ਤੇਰਾ ਸੇਵਕੁ=ਦਾਸ ਹਾਂ। ਹੇ ਗੁਣਾਂ ਦੇ ਗਹੇਰਾ=ਸਮੁੰਦ੍ਰ ਪ੍ਰਭੂ ! ਮੈਂ ਤੇਰੀ ਸ਼ਰਨ ਲਈ ਹੈ॥ ੧ ॥ ਰਹਾਉ॥

ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ ॥ ੨ ॥

ਤੂੰ ਮੇਰਾ ਜੀਵਨੁ=ਪ੍ਰਾਣ ਰੂਪ ਹੈਂ, ਤੂੰ ਹੀ ਮੇਰਾ ਆਧਾਰੁ=ਆਸਰਾ ਰੂਪ ਹੈਂ। ਆਪ ਨੂੰ ਦੇਖ ਕੇ ਮੇਰਾ ਹਿਰਦਾ ਕਵਲ ਖਿੜ ਜਾਂਦਾ ਹੈ॥ ੨ ॥

ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥ ੩ ॥

ਤੂੰ ਹੀ ਮੇਰੀ ਗਤਿ=ਮੁਕਤੀ ਤੇ ਪਤਿ=ਇੱਜ਼ਤ ਰੂਪ ਹੈਂ ਤੂੰ ਹੀ ਪ੍ਰਵਾਣ ਕਰਨੇ ਵਾਲਾ ਹੈਂ। ਤੂੰ ਹੀ ਸਾਰੀਆਂ ਗੱਲਾਂ ਵਿਚ ਸਮਰੱਥ ਹੈਂ, ਮੈਨੂੰ ਤੇਰਾ ਹੀ ਤਾਣੁ=ਬਲ ਹੈ॥ ੩ ॥

ਅਨਦਿਨੁ ਜਪਉ ਨਾਮ ਗੁਣਤਾਸਿ ॥
ਨਾਨਕ ਕੀ ਪ੍ਰਭ ਪਹਿ ਅਰਦਾਸਿ ॥ ੪ ॥ ੨੩ ॥ ੭੪ ॥

ਹੇ ਗੁਣਾਂ ਦੇ ਤਾਸਿ=ਖਜ਼ਾਨੇ ਮੈਂ ਰਾਤ ਦਿਨੇ ਤੇਰਾ ਨਾਮ ਜਪਦਾ ਹਾਂ। ਮੈਂ ਦਾਸ ਦੀ ਹੇ ਪ੍ਰਭੂ ! ਤੇਰੇ ਪਾਸ ਅਰਦਾਸਿ=ਬੇਨਤੀ ਹੈ॥ ੪॥ ੨੩॥ ੭੪॥

ਆਸਾ ਮਹਲਾ ੫ ॥

ਉਥਾਨਕਾ :-ਸ੍ਰੀ ਗੁਰੂ ਅਰਜਨ ਦੇਵ ਜੀ ਜਿਸ ਵੇਲੇ ਗੁਰੂ ਕੇ ਮਹਿਲਾਂ ਵਿਚੋਂ ਉੱਠਕੇ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਉਂਦੇ ਸਨ ਤਾਂ ਰਸਤੇ ਵਿਚ ਇਕ ਮਾਈ ਰੋਜ਼ ਹੀ ਸਵੇਰ ਨਾਲ ਰੋਣਾ ਸ਼ੁਰੂ ਕਰ ਦੇਵੇ ਕਿਉਂਕਿ ਘਰ ਵਿਚੋਂ ਕੋਈ ਮਰ ਜਾਵੇ ਤਾਂ ਜ਼ਨਾਨੀਆਂ ਸਾਲ ਭਰ ਪੜਛਾ ਪਾ ਛੱਡਦੀਆਂ ਹਨ ਅਤੇ ਇਕ ਦੇ ਘਰ ਵਿਆਹ ਦਾ ਮੌਕਾ ਹੋਣ ਕਰਕੇ ਖੂਬ ਢੋਲਕੀ ਵਜਿਆ ਕਰਦੀ ਹੈ। ਇਸ ਗੱਲ ਨੂੰ ਵੇਖਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਕਿ-

ਰੋਵਨਹਾਰੈ ਝੂਠੁ ਕਮਾਨਾ ॥ ਹਸਿ ਹਸਿ ਸੋਗੁ ਕਰਤ ਬੇਗਾਨਾ ॥ ੧ ॥

ਜੋ ਬੇਗਾਨਾ=ਬੇਗਿਆਤ ਰੋਵਣੇ ਹਾਰਾ ਹੋ ਕੇ ਸੋਗ ਕਰਦਾ ਹੈ, ਉਸ ਨੇ ਪਰਮੇਸ਼ਰ ਨਾਮ ਤੋਂ ਬਿਨਾਂ ਝੂਠ

ਹੀ ਕਮਾਇਆ ਹੈ ਅਤੇ ਜੋ ਬੇ-ਗਿਆਤ ਹੱਸ ਹੱਸ ਕੇ ਢੋਲਕੀਆਂ ਵਜਾ ਕੇ ਹਰਖ ਕਰਦਾ ਹੈ, ਉਸ ਨੇ ਭੀ ਹਰੀ ਨਾਮ ਤੋਂ ਬਿਨਾਂ ਝੂਠ ਹੀ ਕਮਾਇਆ ਹੈ॥ ੧॥

ਦੂਜਾ ਅਰਥ :-ਪਦਾਰਥਾਂ ਦੇ, *ਅਥਵਾ* :-ਸਬੰਧੀਆਂ ਦੇ ਵਿਜੋਗ ਜਨ ਸੋਗ ਕਰਕੇ ਜੋ ਰੋਣ ਵਾਲਾ ਹੋ ਰਿਹਾ ਹੈ; ਉਸ ਬੇ-ਗਿਆਤ ਨੇ ਵੀ ਝੂਠ ਕਮਾਣਾ ਅਤੇ ਪਦਾਰਥਾਂ ਦੇ।

ਅਥਵਾ :-ਸਬੰਧੀਆਂ ਦੇ .ਸੰਜੋਗ ਕਰਕੇ ਜੋ ਹੱਸ ਹੀ ਹੱਸ ਰਿਹਾ ਹੈ, ਉਸ ਬੇ-ਗਿਆਤ ਨੇ ਭੀ ਝੂਠ ਕਮਾਉਣਾ॥ ੧॥

ਕੋ ਮੂਆ ਕਾ ਕੈ ਘਰਿ ਗਾਵਨੁ ॥ ਕੋ ਰੋਵੈ ਕੋ ਹਸਿ ਹਸਿ ਪਾਵਨੁ ॥੧ ॥ਰਹਾਉ ॥

ਕੋਈ ਤਾਂ ਮਰ ਗਿਆ ਹੈ ਅਤੇ ਕਾ ਕੈ=ਕਿਸੇ ਦੇ ਘਰ ਵਿਚ ਗਾਉਣਾ ਹੋ ਰਿਹਾ ਹੈ। ਕੋਈ ਰੋਂਦਾ ਹੈ ਅਤੇ ਕੋਈ ਹੱਸ ਹੱਸ ਪੈਂਦਾ ਹੈ॥ ੧॥ ਰਹਾਉ॥

ਬਾਲ ਬਿਵਸਥਾ ਤੇ ਬਿਰਧਾਨਾ ॥ ਪਹੁਚਿ ਨ ਮੂਕਾ ਫਿਰਿ ਪਛੁਤਾਨਾ ॥ ੨ ॥

ਹਰਖ ਸੋਗ ਵਿਚ ਲੱਗਾ ਹੋਇਆ ਬਾਲਕ ਅਵਸਥਾ ਤੋਂ ਬੁੱਢਾ ਹੋ ਗਿਆ ਪਰਮੇਸ਼ਰ ਨੂੰ ਪਹੁੰਚ ਨਹੀਂ ਮੂਕਾ=ਸਕਿਆ, *ਅਥਵਾ* :-ਪਹੁਚਿ ਨ ਮੂਕਾ=ਕੋਈ ਧੰਦਾ ਪੂਰਾ ਨਹੀਂ ਕਰ ਸਕਿਆ, ਇਸ ਤੇ ਫਿਰ ਪਸਚਾਤਾਪ ਕਰਦਾ ਹੈ॥ ੨॥

ਅਥਵਾ :-ਨਾ ਪਰਮੇਸ਼ਰ ਪਾਸ ਪਹੁੰਚਿਆ, ਨਾ ਹੀ ਜਨਮ ਮਰਨ ਮੁਕਿਆ; ਜਿਸ ਵੇਲੇ ਜਮ ਲੋਕ ਵਿਚ ਜਾਂਦਾ ਹੈ ਤਾਂ ਫਿਰ ਪਛਤਾਉਂਦਾ ਹੀ ਰਹਿੰਦਾ ਹੈ॥ ੨॥

ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥ ੩ ॥

ਸਾਰਾ ਸੰਸਾਰ ਤਿੰਨਾਂ ਗੁਣਾਂ ਵਿਚ ਵਰਤ ਰਿਹਾ ਹੈ। ਇਸੇ ਕਰਕੇ ਵਾਰ-ਵਾਰ ਨਰਕ ਸੁਰਗ ਵਿਚ ਅਉਤਾਰਾ=ਉਤਰਦਾ ਹੈ॥ ੩॥

ਕਹੁ ਨਾਨਕ ਜੋ ਲਾਇਆ ਨਾਮ ॥
ਸਫਲ ਜਨਮੁ ਤਾ ਕਾ ਪਰਵਾਨ ॥ ੪ ॥ ੨੪ ॥ ੭੫ ॥

ਗੁਰੂ ਜੀ ਕਹਿੰਦੇ ਹਨ-ਜਿਸ ਨੇ ਨਾਮ ਜਪਣ ਵਿਚ ਮਨ ਲਾਇਆ ਹੈ, ਉਸ ਦਾ ਜਨਮ ਸਫਲਾ ਤੇ ਪ੍ਰਵਾਨ ਹੋਇਆ ਹੈ॥ ੪॥ ੨੪॥ ੭੫॥

ਆਸਾ ਮਹਲਾ ੫ ॥

ਸੋਇ ਰਹੀ ਪ੍ਰਭ ਖਬਰਿ ਨ ਜਾਨੀ ॥ ਭੋਰੁ ਭਇਆ ਬਹੁਰਿ ਪਛੁਤਾਨੀ ॥ ੧ ॥

ਜੋ ਜੀਵ ਰੂਪੀ ਇਸਤ੍ਰੀ ਅਵਿੱਦਿਆ ਰੂਪੀ ਨੀਂਦ ਵਿਚ ਸੌਂ ਰਹੀ ਹੈ, ਉਸ ਨੇ ਪਿਆਰੇ ਪ੍ਰਭੂ ਦੀ ਖ਼ਬਰ ਨਹੀਂ ਜਾਣੀ। ਜਿਸ ਵੇਲੇ ਕਾਲ ਰੂਪੀ ਭੋਰੁ ਭਇਆ=ਦਿਨ ਚੜ੍ਹਿਆ ਤਾਂ ਫਿਰ ਪਛਤਾਉਂਦੀ ਹੈ॥ ੧॥

ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉ ਰੀ ॥

ਰੀ=ਹੇ ਸਖੀ ! ਪਿਆਰੇ ਪਤੀ ਨਾਲ ਪ੍ਰੇਮ ਧਾਰ ਕੇ ਸਹਜੇ ਹੀ ਮਨ ਵਿਚ ਅਨੰਦ ਧਾਰਨਾ ਕਰ।

ਪ੍ਰਭ ਮਿਲਬੇ ਕੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ ॥ ੧ ॥ ਰਹਾਉ ॥

ਜੇਕਰ ਤੈਨੂੰ ਪ੍ਰਭੂ ਦੇ ਨਾਲ ਮਿਲਣ ਦੀ ਲਾਲਸਾ=ਇੱਛਾ ਹੈ ਤਾਂ ਫਿਰ ਤਿਸ ਤੇ ਤੂੰ ਆਲਸ ਕਿਉਂ ਕਰਦੀ ਹੈਂ? ॥ ੧ ॥ ਰਹਾਉ ॥

ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥
ਖਿਸਰਿ ਗਇਓ ਭੂਮ ਪਰਿ ਡਾਰਿਓ ॥ ੨ ॥

ਇਕ ਸਮੇਂ ਸਿਕੰਦਰ ਬਾਦਸ਼ਾਹ ਲੱਭਦਾ ਲੱਭਦਾ ਅੰਮ੍ਰਿਤ ਦੇ ਚਸ਼ਮੇ ਪਾਸ ਜਾ ਪੁੱਜਾ। ਜਦ ਉਥੋਂ ਅੰਮ੍ਰਿਤ ਦਾ ਬੁਕ ਭਰਕੇ ਪੀਣ ਲੱਗਾ ਤਾਂ ਇੰਦਰ ਨੇ ਸੋਚਿਆ ਕਿ ਇਹ ਬਾਦਸ਼ਾਹ ਅੱਗੇ ਹੀ ਬੇ-ਵਸਾ ਹੈ, ਜੇਕਰ ਇਸ ਨੇ ਅੰਮ੍ਰਿਤ ਪੀ ਲਿਆ ਤਾਂ ਇਹ ਅਮਰ ਹੋ ਜਾਏਗਾ ਤੇ ਪਰਜਾ ਨੂੰ ਬੜਾ ਦੁੱਖ ਦੇਵੇਗਾ। ਇਸ ਲਈ ਕੋਈ ਯਤਨ ਕਰਨਾ ਚਾਹੀਦਾ ਹੈ। ਜਿਸ ਕਰਕੇ ਇਹ ਅੰਮ੍ਰਿਤ ਪੀ ਨਾ ਸਕੇ। ਇਸ ਚਿੰਤਾ ਵਿਚ ਬੈਠਾ ਹੀ ਸੀ, ਉਪਰੋਂ ਉਰਬਸੀ ਆ ਗਈ। ਉਸ ਨੇ ਇੰਦਰ ਨੂੰ ਘਬਰਾਇਆ ਵੇਖ ਕੇ ਪੁੱਛਿਆ, ਸੁਆਮੀ ਜੀ ! ਉਦਾਸੀ ਦਾ ਕੀ ਕਾਰਣ ਹੈ ਆਪ ਤਾਂ ਕੁਲ ਬ੍ਰਹਿਮੰਡ ਦੇ ਰਾਜਾ ਹੋ, ਆਪ ਜੀ ਨੂੰ ਕਿਸ ਗੱਲ ਦਾ ਫਿਕਰ ਹੈ ਤਾਂ ਇੰਦਰ ਨੇ ਆਪਣੀ ਉਦਾਸੀ ਦੱਸੀ, ਕਿ ਹੋਰ ਤਾਂ ਕਿਸੇ ਪਦਾਰਥਾਂ ਦੀ ਘਾਟ ਨਹੀਂ, ਇਸ ਵੇਲੇ ਇਕ ਮੁਸਲਮਾਨ ਰਾਜਾ ਆ ਕੇ ਅੰਮ੍ਰਿਤ ਪੀਣ ਲੱਗਾ ਹੈ ਮੈਂ ਸੋਚਦਾ ਹਾਂ ਜੇਕਰ ਇਸ ਨੇ ਅੰਮ੍ਰਿਤ ਪੀ ਲਿਆ ਤਾਂ ਇਹ ਅਮਰ ਹੋ ਜਾਏਗਾ। ਇਸ ਵਾਸਤੇ ਕੋਈ ਅਜੇਹਾ ਉਪਾਅ ਹੋਣਾ ਚਾਹੀਦਾ ਹੈ, ਜਿਸ ਤੇ ਇਹ ਅੰਮ੍ਰਿਤ ਪੀ ਨਾ ਸਕੇ ਤਾਂ ਉਰਬਸੀ ਨੇ ਕਿਹਾ, 'ਹੇ ਰਾਜਨ ! ਇਹ ਕੋਈ ਔਖੀ ਗੱਲ ਨਹੀਂ, ਇਸ ਗੱਲ ਨੂੰ ਪੂਰਾ ਹੋਇਆ ਹੀ ਸਮਝੋ।' ਉਸੀ ਵੇਲੇ ਉਰਬਸੀ ਇਕ ਪੰਛੀ ਦਾ ਰੂਪ ਧਾਰ ਕੇ ਜਿਸ ਦਾ ਸਾਰਾ ਸਰੀਰ ਗਲਿਆ ਹੋਇਆ ਸੀ। ਸਿਕੰਦਰ ਬਾਦਸ਼ਾਹ ਦੇ ਪਾਸ ਆ ਗਈ ਤੇ ਆ ਕੇ ਕਿਹਾ ਕਿ ਪੀ ਤਾਂ ਸਹੀ ! ਜਦ ਉਸ ਨੇ ਇਹ ਗੱਲ ਕਹੀ ਤਾਂ ਰਾਜਾ ਸ਼ੱਕੀ ਹੋ ਗਿਆ ਕਿ ਇਸ ਵਿਚ ਕੋਈ ਰਾਜ਼ ਹੈ, ਜਿਹੜਾ ਇਹ ਪੰਛੀ ਕਹਿੰਦਾ ਹੈ ਕਿ ਪੀ ਤਾਂ ਸਹੀ। ਜਦ ਰਾਜੇ ਬਦੋ-ਬਦੀ ਪੁੱਛਿਆ ਤਾਂ ਪੰਛੀ ਨੇ ਕਿਹਾ-'ਹੇ ਰਾਜਨ ਜਦੋਂ ਦਾ ਮੈਂ ਇਹ ਪਾਣੀ ਪੀਤਾ ਹੈ, ਉਦੋਂ ਦਾ ਮੇਰਾ ਇਹ ਹਾਲ ਹੋਇਆ ਹੈ। ਦੇਖ ! ਮੇਰੇ ਸਰੀਰ ਤੇ ਇਕ ਵੀ ਖੰਬ ਨਹੀਂ ਰਿਹਾ, ਮੇਰੀ ਚੜ੍ਹਦੀ ਜਵਾਨੀ ਸੀ, ਮੈਂ ਹੁਣ ਉੱਡ ਨਹੀਂ ਸਕਦੀ, ਜਾਨ ਨਿਕਲਦੀ ਨਹੀਂ, ਬੜੀ ਮੁਸ਼ਕਿਲ ਵਿਚ ਜ਼ਿੰਦਗੀ ਦੇ ਦਿਨ ਕਟ ਰਹੀ ਹਾਂ।' ਇਸ ਉਪ੍ਰੋਕਤ ਕਹਾਣੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਮ ਨਾਲ ਬੜੇ ਸੁਚੱਜੇ ਢੰਗ ਨਾਲ ਦਸਮ ਗ੍ਰੰਥ ਵਿਚ ਦਰਜ ਕੀਤਾ ਹੈ। ਆਪ ਲਿਖਦੇ ਹਨ-

ਪੱਛ ਏਕ ਤਨ ਨਾ ਰਹਯੋ ਰਕਤ ਨ ਰਹਯੋ ਸਰੀਰ ॥
ਤਰਨ ਛੁਟਤ ਦੁਖ ਸੌ ਜਿਯਤ ਜਥ ਤੇ ਪਿਯੋ ਕੁਨੀਰ ॥ ੫੦ ॥

(ਦਸਮ ਗ੍ਰੰਥ, ਚਰਿਤ੍ਰ, ੨੧੭, ਪੰਨਾ ੧੧੨੮)

ਜੇਕਰ ਤੂੰ ਵੀ ਇਸ ਪਾਣੀ ਨੂੰ ਪੀਵੇਂਗਾ ਤਾਂ ਮੇਰੇ ਵਰਗਾ ਤਾਂ ਹੋ ਜਾਏਂਗਾ, ਮੇਰਾ ਸਾਥੀ ਤੇ ਬਣ ਜਾਵੇਂਗਾ, ਇਸ ਵਾਸਤੇ ਮੈਂ ਕਹਿੰਦੀ ਹਾਂ ਕਿ ਤੂੰ ਪੀ ਤਾਂ ਸਹੀ। ਜਦ ਇਹ ਗੱਲ ਸੁਣੀ ਤਾਂ ਸਿਕੰਦਰ ਨੇ ਉਸੇ ਵੇਲੇ ਉਹ ਅੰਮ੍ਰਿਤ ਦਾ ਭਰਿਆ ਹੋਇਆ ਬੁਕ ਜ਼ਮੀਨ ਤੇ ਸੁੱਟ ਦਿੱਤਾ। ਉਸੇ ਗੱਲ ਨੂੰ ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਦੁਹਰਾਉਂਦੇ ਹਨ ਕਿ-

"ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥" ਹੱਥ ਵਿਚ ਅੰਮ੍ਰਿਤ ਆ ਕੇ ਨਿਸਾਰਿਓ=ਪ੍ਰਾਪਤ ਹੋਇਆ। ਪਰ

ਭਾਗਾਂ ਵਿਚ ਨਾ ਹੋਣ ਕਰਕੇ ਖਿਸਰਿ ਗਇਓ=ਨਿਕਲ ਗਿਆ, ਕਿਉਂਕਿ ਉਸ ਨੇ ਅੰਮ੍ਰਿਤ ਦਾ ਬੁਕ ਜ਼ਮੀਨ ਤੇ ਜੁ ਸੁੱਟ ਦਿੱਤਾ।

ਇਸੀ ਪ੍ਰਕਾਰ ਪੁੰਨਾਂ ਰੂਪੀ ਹੱਥ ਵਿਚ ਮਨੁੱਖਾ ਦੇਹ ਰੂਪੀ ਅੰਮ੍ਰਿਤ ਆ ਕੇ ਪ੍ਰਾਪਤ ਹੋਇਆ ਹੈ। ਪਰ ਸਰੇਸ਼ਟ ਭਾਗ ਨਾ ਹੋਣ ਕਰਕੇ ਉਹ ਮਨੁੱਖਾ ਦੇਹ ਰੂਪੀ ਅੰਮ੍ਰਿਤ ਖਿਸਰਿ ਗਇਓ=ਨਿਸਫਲ ਚਲਾ ਗਿਆ, ਕਿਉਂਕਿ ਪਰ ਇਸਤ੍ਰੀ ਰੂਪੀ ਭੂਮੀ ਪਰ ਜੋ ਸੁੱਟ ਦਿੱਤਾ ਅਰਥਾਤ ਪਰ-ਇਸਤਰੀ ਨਾਲ ਵਿਸ਼ੇ ਭੋਗ ਕਰਕੇ ਬੇ-ਅਰਥ ਗੁਆ ਦਿੱਤਾ।

ਅਥਵਾ :-ਮਨ ਰੂਪੀ ਹੱਥ ਵਿਚ ਨਾਮ-ਅੰਮ੍ਰਿਤ ਆ ਕੇ ਪ੍ਰਾਪਤ ਹੋਇਆ। ਪਰੰਤੂ, ਐਵੇਂ ਖਿਸਕ ਗਿਆ ਕਿਉਂਕਿ ਪਦਾਰਥਾਂ ਰੂਪੀ ਧਰਤੀ ਤੇ ਜੁ ਸੁੱਟ ਦਿਤਾ, ਅਰਥਾਤ ਪਦਾਰਥਾਂ ਦੀ ਪ੍ਰਾਪਤੀ ਦੀ ਇੱਛਾ ਵਿਚ ਲੱਗ ਕੇ ਸ਼ਕਾਮ ਕਰਮ ਕਰਕੇ ਨਾਮ ਨੂੰ ਵਿਅਰਥ ਗੁਆ ਦਿੱਤਾ॥ ੨॥

ਸਾਦਿ ਮੋਹਿ ਲਾਦੀ ਅਹੰਕਾਰੇ॥ ਦੋਸੁ ਨਾਹੀ ਪ੍ਰਭ ਕਰਣੈਹਾਰੇ॥ ੩॥

ਇਹ ਜੀਵ ਸੁਆਦ, ਮੋਹ ਅਤੇ ਹੰਕਾਰ ਆਦਿਕਾਂ ਦੇ ਲੱਦਣ ਵਾਲਾ ਹੋ ਰਿਹਾ ਹੈ, ਪ੍ਰਭੂ ਕਰਨਹਾਰ ਵਿਚ ਕੋਈ ਭੀ ਦੋਸ਼ ਨਹੀਂ॥ ੩॥

ਸਾਧਸੰਗਿ ਮਿਟੇ ਭਰਮ ਅੰਧਾਰੇ॥
ਨਾਨਕ ਮੇਲੀ ਸਿਰਜਣਹਾਰੇ॥ ੪॥ ੨੫॥ ੭੬॥

ਸਤਸੰਗਤਿ ਦੇ ਕਰਨ ਨਾਲ ਜਦ ਭਰਮ ਅਤੇ ਅੰਨ੍ਹੇਰਾ ਪਾਉਣ ਵਾਲੇ ਕਾਮ ਆਦਿਕ ਮਿਟ ਜਾਣ। ਗੁਰੂ ਜੀ ਕਥਨ ਕਰਦੇ ਹਨ-ਤਦ ਸਿਰਜਨਹਾਰ ਵਾਹਿਗੁਰੂ ਆਪਣੇ ਨਾਲ ਮੇਲ ਲੈਂਦਾ ਹੈ॥ ੪॥ ੨੫॥ ੭੬॥

ਆਸਾ ਮਹਲਾ ੫॥

ਚਰਨ ਕਮਲ ਦੀ ਆਸ ਪਿਆਰੇ॥ ਜਮਕੰਕਰ ਨਸਿ ਗਏ ਵਿਚਾਰੇ॥ ੧॥

ਹੇ ਪਿਆਰੇ ! ਜਿਨ੍ਹਾਂ ਨੂੰ ਗੁਰਾਂ ਦੇ ਚਰਨ ਕਮਲ ਦੀ ਆਸਾ ਹੈ। ਉਹਨਾਂ ਨੂੰ ਵੇਖ ਕੇ ਵਿਚਾਰੇ ਜਮ ਦੂਤ ਦੌੜ ਗਏ॥ ੧॥

ਤੂ ਚਿਤਿ ਆਵਹਿ ਤੇਰੀ ਮਇਆ॥
ਸਿਮਰਤ ਨਾਮ ਸਗਲ ਰੋਗ ਖਇਆ॥ ੧॥ ਰਹਾਉ॥

ਹੇ ਹਰੀ ! ਜਦ ਤੇਰੀ ਕਿਰਪਾ ਦ੍ਰਿਸ਼ਟੀ ਹੋਵੇ, ਤਦ ਤੂੰ ਯਾਦ ਆਉਂਦਾ ਹੈਂ। ਤੇਰੇ ਨਾਮ ਸਿਮਰਨ ਕਰਕੇ ਸਾਰੇ ਰੋਗ ਖਇਆ=ਨਾਸ਼ ਹੋ ਗਏ ਹਨ॥ ੧॥ ਰਹਾਉ।

ਅਨਿਕ ਦੂਖ ਦੇਵਹਿ ਅਵਰਾ ਕਉ॥
ਪਹੁਚਿ ਨ ਸਾਕਹਿ ਜਨ ਤੇਰੇ ਕਉ॥ ੨॥

ਜਮਦੂਤ ਹੋਰਨਾਂ ਜੀਵਾਂ ਨੂੰ ਭਾਂ ਅਨੇਕ ਪ੍ਰਕਾਰ ਦੇ ਦੁੱਖ ਦਿੰਦੇ ਹਨ। ਪਰ ਤੇਰੇ ਸੇਵਕ ਜਨ ਤੱਕ ਪਹੁੰਚ ਨਹੀਂ ਸਕਦੇ॥ ੨॥

ਦਰਸ ਤੇਰੇ ਕੀ ਪਿਆਸ ਮਨਿ ਲਾਗੀ॥ ਸਹਜ ਅਨੰਦ ਬਸੈ ਬੈਰਾਗੀ॥ ੩॥

ਹੇ ਵਾਹਿਗੁਰੂ ! ਜਿਸ ਦੇ ਮਨ ਵਿਚ ਤੇਰੇ ਦਰਸ਼ਨ ਕਰਨ ਦੀ ਪਿਆਸ ਲੱਗੀ ਹੈ। ਉਹ ਸੰਸਾਰ ਤੋਂ ਵੈਰਾਗੀ ਹੋ ਕੇ ਸਹਜੇ ਹੀ ਅਨੰਦ ਵਿਚ ਵੱਸਦਾ ਹੈ॥ ੩॥

ਨਾਨਕ ਕੀ ਅਰਦਾਸਿ ਸੁਣੀਜੈ॥
ਕੇਵਲ ਨਾਮੁ ਰਿਦੇ ਮਹਿ ਦੀਜੈ॥ ੪॥ ੨੬॥ ੭੭॥

ਗੁਰੂ ਜੀ ਕਹਿੰਦੇ ਹਨ-ਮੈਂ ਦਾਸ ਦੀ ਬੇਨਤੀ ਸੁਣਨਾ ਕਰ। ਮੇਰੇ ਹਿਰਦੇ ਵਿਚ ਕੇਵਲ ਇਕ ਨਾਮ ਹੀ ਵਸਾ ਦੇਣਾ ਕਰ॥ ੪॥ ੨੬॥ ੭੭॥

ਆਸਾ ਮਹਲਾ ੫॥

ਮਨੁ ਤ੍ਰਿਪਤਾਨੋ ਮਿਟੇ ਜੰਜਾਲ॥ ਪ੍ਰਭੁ ਅਪੁਨਾ ਹੋਇਆ ਕਿਰਪਾਲ॥ ੧॥

ਜਿਸ ਵੇਲੇ ਆਪਣਾ ਪ੍ਰਭੂ ਕਿਰਪਾਲੂ ਹੋਇਆ ਤਾਂ ਮਨ ਪਦਾਰਥਾਂ ਵਲੋਂ ਤ੍ਰਿਪਤ ਹੋਇਆ ਤੇ ਜੰਜਾਲ ਮਿਟ ਗਏ॥ ੧॥

ਸੰਤ ਪ੍ਰਸਾਦਿ ਭਲੀ ਬਨੀ॥

ਸੰਤਾਂ ਦੀ ਕਿਰਪਾ ਕਰਕੇ ਸਭ ਤੋਂ ਚੰਗੀ ਗੱਲ ਬਣੀ ਹੈ। ਕਿਹੜੀ ਕਿ-

ਜਾ ਕੈ ਗ੍ਰਿਹਿ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ॥ ੧॥ ਰਹਾਉ॥

ਜਿਸ ਦੇ ਘਰ ਵਿਚ ਸਭ ਕੁਝ ਪੂਰਨ ਹੈ, ਉਹ ਨਿਰਭੈ ਧਨੀ=ਪਰਮਾਤਮਾ ਮਿਲ ਗਿਆ ਹੈ॥ ੧॥ ਰਹਾਉ॥

ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ॥ ਮਿਟਿ ਗਈ ਭੂਖ ਮਹਾ ਬਿਕਰਾਲ॥ ੨॥

ਕ੍ਰਿਪਾਲੂ ਸੰਤਾਂ ਨੇ ਨਾਮ ਦ੍ਰਿੜ ਕਰਵਾਇਆ ਤਾਂ ਬੜੀ ਭਿਆਨਕ ਜੋ ਪਦਾਰਥਾਂ ਦੀ ਭੁਖ ਸੀ, ਉਹ ਮਿਟ ਗਈ॥ ੨॥

ਠਾਕੁਰਿ ਅਪੁਨੈ ਕੀਨੀ ਦਾਤਿ॥ ਜਲਨਿ ਬੁਝੀ ਮਨਿ ਹੋਈ ਸਾਂਤਿ॥ ੩॥

ਜਾਂ ਆਪਣੇ ਠਾਕੁਰ ਨੇ ਨਾਮ ਦੀ ਦਾਤ ਬਖ਼ਸ਼ਣਾ ਕੀਤੀ ਤਾਂ ਵਿਸ਼ੇ ਵਿਕਾਰਾਂ ਦੀ ਸੜਨ ਬੁੱਝ ਗਈ ਤੇ ਮਨ ਨੂੰ ਸ਼ਾਂਤੀ ਪ੍ਰਾਪਤ ਹੋ ਗਈ॥ ੩॥

[ਪੰਨਾ ੩੬੦]

ਮਿਟਿ ਗਈ ਭਾਲ ਮਨੁ ਸਹਜਿ ਸਮਾਨਾ॥
ਨਾਨਕ ਪਾਇਆ ਨਾਮ ਖਜਾਨਾ॥ ੪॥ ੨੭॥ ੭੮॥

ਗੁਰੂ ਜੀ ਕਹਿੰਦੇ ਹਨ-ਜਦ ਦਾ ਨਾਮ ਰੂਪੀ ਖਜ਼ਾਨਾ ਪਾਇਆ ਹੈ। ਉਦੋਂ ਤੋਂ ਮੇਰੀ ਢੂੰਢ ਮਿਟ ਗਈ ਹੈ ਅਤੇ ਮਨ ਸਹਜ ਪਦ ਵਿਚ ਸਮਾਇਆ ਹੈ॥ ੪॥ ੨੭॥ ੭੮॥

ਆਸਾ ਮਹਲਾ ੫ ॥

ਠਾਕੁਰ ਸਿਉ ਜਾ ਕੀ ਬਨਿ ਆਈ ॥ ਭੋਜਨ ਪੂਰਨ ਰਹੇ ਅਘਾਈ ॥ ੧ ॥

ਜਿਨ੍ਹਾਂ ਦੀ ਠਾਕੁਰ=ਮਾਲਕ ਪਰਮਾਤਮਾ ਨਾਲ ਪ੍ਰੀਤੀ ਬਣ ਆਈ ਹੈ, ਉਹ ਪੂਰਨ ਗਿਆਨ ਰੂਪੀ ਭੋਜਨ ਕਰਕੇ ਤ੍ਰਿਪਤ ਹੋ ਰਹੇ ਹਨ॥ ੧ ॥

ਕਛੂ ਨ ਥੋਰਾ ਹਰਿ ਭਗਤਨ ਕਉ ॥

ਹਰੀ ਦੇ ਭਗਤਾਂ ਨੂੰ ਕੋਈ ਪਦਾਰਥ ਵੀ ਥੋੜ੍ਹਾ ਨਹੀਂ, ਬਹੁਤ ਤੋਂ ਬਹੁਤ ਹੈ।

ਖਾਤ ਖਰਚਤ ਬਿਲਛਤ ਦੇਵਨ ਕਉ ॥ ੧ ॥ ਰਹਾਉ ॥

ਆਪਣੇ ਖਾਣੇ ਨੂੰ, ਸਬੰਧੀਆਂ ਵਿਚ ਖਰਚਣੇ ਨੂੰ ਅਤੇ ਬਿਲਛਤ=ਆਮ ਖਾਸ ਦੇ ਦੇਣ ਵਾਸਤੇ॥ ੧ ॥ ਰਹਾਉ॥

ਜਾ ਕਾ ਧਨੀ ਅਗਮ ਗੁਸਾਈ ॥ ਮਾਨੁਖ ਕੀ ਕਹੁ ਕੇਤ ਚਲਾਈ ॥ ੨ ॥

ਜਿਸ ਦਾ ਧਨੀ=ਮਾਲਕ ਗੁਸਾਈਂ ਪਰਮਾਤਮਾ ਆਪ ਹੈ, ਤਿਸ ਦੇ ਉਪਰ ਕਿਸੇ ਮਨੁੱਖ ਦੀ ਦੱਸੋ ਖਾਂ ! ਕੀ ਪੇਸ਼ ਚਲ ਸਕਦੀ ਹੈ॥ ੨ ॥

ਜਾ ਕੀ ਸੇਵਾ ਦਸ ਅਸਟ ਸਿਧਾਈ ॥
ਪਲਕ ਦਿਸਟਿ ਤਾ ਕੀ ਲਾਗਹੁ ਪਾਈ ॥ ੩ ॥

ਜਿਸ ਪਰਮੇਸ਼ਰ ਦੀ ਸੇਵਾ ਦਸ ਤੇ ਅਠ=ਅਠਾਰਾਂ ਸਿੱਧੀਆਂ ਕਰਦੀਆਂ ਹਨ। ਉਸ ਪਰਮੇਸ਼ਰ ਦੀ ਜਦ ਪਲਕ ਦਿਸਟਿ=ਥੋੜ੍ਹੀ ਜਿਹੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਉਹ ਅਠਾਰਾਂ ਸਿੱਧੀਆਂ ਤਿਸ ਜੀਵ ਦੀ ਚਰਨੀਂ ਲੱਗ ਜਾਂਦੀਆਂ ਹਨ।

ਅਥਵਾ :-ਦਸ ਅਸਟ ਸਿਧਾਈ=ਅਠਾਰਾਂ ਸਿੱਧੀਆਂ ਜਿਸ ਮਹਾਤਮਾ ਦੀ ਸੇਵਾ ਕਰਦੀਆਂ ਹਨ, ਤਾ ਕੀ ਲਾਗਹੁ ਪਾਈ=ਤਿਸ ਮਹਾਤਮਾ ਦੀ ਚਰਨੀਂ ਜੇਕਰ ਇਹ ਜੀਵ ਲੱਗ ਜਾਵੇ ਤਾਂ ਉਹ ਮਹਾਤਮਾ ਇਕ ਪਲਕ ਮਾਤ੍ਰ ਕਿਰਪਾ ਦ੍ਰਿਸ਼ਟੀ ਵਿਚ ਨਿਹਾਲ ਕਰ ਦਿੰਦੇ ਹਨ॥ ੩ ॥

ਜਾ ਕਉ ਦਇਆ ਕਰਹੁ ਮੇਰੇ ਸੁਆਮੀ ॥
ਕਹੁ ਨਾਨਕ ਨਾਹੀ ਤਿਨ ਕਾਮੀ ॥ ੪ ॥ ੨੮ ॥ ੭੯ ॥

ਗੁਰੂ ਜੀ ਕਹਿੰਦੇ ਹਨ-ਹੇ ਸੁਆਮੀ ! ਜਿਸ ਉੱਤੇ ਆਪ ਕਿਰਪਾ ਕਰਦੇ ਹੈਂ, ਤਿਸ ਨੂੰ ਕਿਸੇ ਪਦਾਰਥ ਦੀ ਕਾਮੀ=ਕਮੀ (ਥੁੜ) ਨਹੀਂ ਰਹਿੰਦੀ॥ ੪ ॥ ੨੮ ॥ ੭੯ ॥

ਆਸਾ ਮਹਲਾ ੫ ॥

ਜਉ ਮੈ ਅਪੁਨਾ ਸਤਿਗੁਰੁ ਧਿਆਇਆ ॥
ਤਬ ਮੇਰੈ ਮਨਿ ਮਹਾ ਸੁਖੁ ਪਾਇਆ ॥ ੧ ॥

ਜਦੋਂ ਦਾ ਮੈਂ ਆਪਣੇ ਸਤਿਗੁਰਾਂ ਨੂੰ ਧਿਆਇਆ ਹੈ, ਉਦੋਂ ਦਾ ਮੇਰੇ ਮਨ ਨੇ ਮਹਾ=ਵੱਡਾ ਸੁਖ ਪਾਇਆ॥ ੧ ॥

ਮਿਟਿ ਗਈ ਗਣਤ ਬਿਨਾਸਿਓ ਸੰਸਾ ॥
ਨਾਮਿ ਰਤੇ ਜਨ ਭਏ ਭਗਵੰਤਾ ॥ ੧ ॥ ਰਹਾਉ ॥

ਮਨ ਦੀ ਗਿਣਤੀ (ਸੋਚ) ਮਿਟ ਗਈ ਹੈ ਅਤੇ ਸੰਸਾ ਵੀ ਸਾਰਾ ਨਾਸ ਹੋ ਗਿਆ ਹੈ ਨਾਮ ਵਿਚ ਰੰਗੇ ਜਾਣ ਕਰਕੇ ਦਾਸ ਭਾਗਾਂ ਵਾਲਾ ਹੋਇਆ ਹੈ। *ਅਥਵਾ :-*ਜੋ ਪੁਰਸ਼ ਨਾਮੀ ਦੇ ਨਾਮ ਵਿਚ ਰਤੇ=ਰੰਗੇ ਗਏ ਹਨ, ਉਹ ਭਗਵੰਤ ਦਾ ਸਰੂਪ ਹੋਏ ਹਨ॥ ੧ ॥ ਰਹਾਉ॥

ਜਉ ਮੈ ਅਪੁਨਾ ਸਾਹਿਬੁ ਚੀਤਿ ॥ ਤਉ ਭਉ ਮਿਟਿਓ ਮੇਰੇ ਮੀਤ ॥ ੨ ॥

ਜਦ ਤੋਂ ਮੈਂ ਆਪਣੇ ਸਾਹਿਬੁ=ਮਾਲਕ (ਪਰਮਾਤਮਾ) ਨੂੰ ਚੇਤੇ ਕੀਤਾ ਹੈ। ਹੇ ਮੇਰੇ ਮਿੱਤਰੋ ! ਤਦ ਤੋਂ ਮੇਰਾ ਭਉ=ਡਰ ਮਿਟ ਗਿਆ ਹੈ॥ ੨ ॥

ਜਉ ਮੈ ਓਟ ਗਹੀ ਪ੍ਰਭ ਤੇਰੀ ॥ ਤਾਂ ਪੂਰਨ ਹੋਈ ਮਨਸਾ ਮੇਰੀ ॥ ੩ ॥

ਹੇ ਪ੍ਰਭੂ ! ਜਦ ਤੋਂ ਮੈਂ ਤੇਰੀ ਓਟ ਗਹੀ=ਫੜੀ ਹੈ, ਤਦ ਤੋਂ ਮੇਰੀ ਮਨਸਾ=ਵਾਸ਼ਨਾ (ਇੱਛਾ) ਪੂਰੀ ਹੋਈ ਹੈ॥ ੩ ॥

ਦੇਖਿ ਚਲਿਤ ਮਨਿ ਭਏ ਦਿਲਾਸਾ ॥
ਨਾਨਕ ਦਾਸ ਤੇਰਾ ਭਰਵਾਸਾ ॥ ੪ ॥ ੨੯ ॥ ੮੦ ॥

ਹੇ ਵਾਹਿਗੁਰੂ ! ਤੇਰੇ ਕੌਤਕਾਂ ਨੂੰ ਦੇਖ ਕੇ ਮੇਰਾ ਮਨ ਦਿਲਾਸਾ=ਧੀਰਜਵਾਨ ਹੋਇਆ ਹੈ। ਮੈਂ ਦਾਸ ਨੂੰ ਇਕ ਤੇਰਾ ਹੀ ਭਰੋਸਾ ਹੈ॥ ੪ ॥ ੨੯ ॥ ੮੦ ॥

ਆਸਾ ਮਹਲਾ ੫ ॥
ਅਨਦਿਨੁ ਮੂਸਾ ਲਾਜੁ ਟੁਕਾਈ ॥
ਗਿਰਤ ਕੂਪ ਮਹਿ ਖਾਹਿ ਮਿਠਾਈ ॥ ੧ ॥

ਉਥਾਨਕਾ :-ਇਕ ਪੁਰਸ਼ ਬਾਹਰ ਜੰਗਲ ਵਿਚ ਜਾਂਦਾ ਜਾਂਦਾ ਰਸਤਾ ਭੁੱਲ ਗਿਆ। ਉਸ ਜੰਗਲ ਵਿਚ ਸ਼ੇਰ ਸੀ, ਉਸ ਤੋਂ ਬਚਣ ਵਾਸਤੇ ਉਹ ਆਦਮੀ ਦੌੜ ਪਿਆ। ਅੱਗੇ ਇਕ ਖੂਹ ਸੀ-ਉਸ ਖੂਹ ਉਤੇ ਇਕ ਬਹੁਤ ਵੱਡਾ ਦਰਖਤ ਸੀ। ਜਿਸ ਦੀਆਂ ਟਾਹਣੀਆਂ ਬੜੀਆਂ ਲੰਬੀਆਂ ਲੰਬੀਆਂ ਖੂਹ ਵਿਚ ਲਮਕ ਰਹੀਆਂ ਸਨ। ਉਸ ਦੀ ਇਕ ਟਾਹਣੀ ਨੂੰ ਫੜ ਕੇ ਉਹ ਪੁਰਸ਼ ਖੂਹ ਵਿਚ ਲਮਕ ਗਿਆ। ਇਤਨੇ ਨੂੰ ਸ਼ੇਰ ਵੀ ਆ ਗਿਆ ਜਦੋਂ ਖੂਹ ਵਿਚ ਝਾਤੀ ਮਾਰੀ ਤਾਂ ਹੇਠਾਂ ਇਕ ਵੱਡਾ ਅਸਰਾਲ ਭਾਵ ਅਜਗਰ ਸੱਪ ਸੀ। ਉਸ ਤੋਂ ਪਹਿਲਾਂ ਜਰਾਂ ਉਪਰ ਨਿਗਾਹ ਮਾਰੀ ਤਾਂ ਕੀ ਵੇਖਿਆ ਕਿ ਉਸੇ ਟਾਹਣੀ ਨੂੰ ਚੂਹਾ ਚੂਹੀ ਟੁਕ ਰਹੇ ਹਨ। ਇਹ ਗੱਲ ਵੇਖ ਕੇ ਉਸ ਨੂੰ ਚਾਰੋਂ ਤਰਫ਼ ਡਰ ਹੀ ਡਰ ਹੋ ਗਿਆ। ਉਹ ਡਰ ਦੇ ਨਾਲ ਮੂਧਾ ਮੂੰਹ ਕਰਕੇ ਲਮਕ ਰਿਹਾ ਸੀ, ਉਸ ਦਰਖਤ ਉਤੇ ਸ਼ਹਿਤ ਦਾ ਛਾਤਾ ਲਗਾ ਹੋਇਆ ਸੀ। ਉਸ ਸ਼ਹਿਤ ਦੀਆਂ ਬੂੰਦਾਂ ਡਿਗ ਡਿਗ ਕੇ ਜਦ ਮੂੰਹ ਵਿਚ ਪਈਆਂ ਤਾਂ ਉਸ ਨੂੰ ਸਾਰੇ ਡਰ ਭੁੱਲ ਗਏ।

ਇਹ ਹੈ ਦ੍ਰਿਸ਼ਟਾਂਤ, ਇਸੀ ਪ੍ਰਕਾਰ ਗੁਰੂ ਜੀ ਦੱਸਦੇ ਹਨ :-

ਇਹ ਜੀਵ ਸੰਸਾਰ, *ਅਥਵਾ:*-ਗ੍ਰਿਹਸਤ ਰੂਪੀ ਖੂਹ ਵਿਚ ਡਿੱਗਾ ਪਿਆ ਹੈ ਤੇ ਇਸ ਦੀ ਅਵਸਥਾ ਰੂਪੀ ਲੱਜ ਨੂੰ ਰਾਤ ਦਿਨ, ਰੂਪੀ ਮੂਸਾ-ਚੂਹੀ ਚੂਹਾ ਟੁੱਕੀ ਜਾ ਰਹੇ ਹਨ। ਉਪਰੋਂ ਕਾਲ ਰੂਪੀ ਸ਼ੇਰ ਝਬਕ ਮਾਰ ਰਿਹਾ ਹੈ ਤੇ ਨਰਕਾਂ ਰੂਪੀ ਅਸਰਾਲ ਹੈ। ਇਸਤ੍ਰੀ ਆਦਿ ਤੋਂ ਜੋ ਵਿਸ਼ੇ ਅਨੰਦ ਆ ਰਿਹਾ ਹੈ, ਇਸ ਸ਼ਹਿਦ ਦੇ ਟੇਪਿਆਂ ਕਰਕੇ ਇਸ ਨੂੰ ਸਭ ਡਰ ਭੁਲ ਗਏ। ਓਹੀ ਗੱਲ ਗੁਰੂ ਜੀ ਕਹਿੰਦੇ ਹਨ ਕਿ ਇਸਤ੍ਰੀ ਪੁੱਤਰ ਆਦਿਕਾਂ ਦੇ ਮੂੰਹ ਚੁੰਮਣ ਰੂਪ ਮਿਠਾਈ=ਸ਼ਹਿਤ ਨੂੰ ਖਾ ਰਿਹਾ ਹੈ॥ ੧॥

ਸੋਚਤ ਸਾਚਤ ਰੈਨਿ ਬਿਹਾਨੀ॥

ਸੋਚਦਿਆਂ ਸੋਚਦਿਆਂ *ਅਥਵਾ* :-ਸੋਚਦਿਆਂ ਤੇ ਪਦਾਰਥਾਂ ਨੂੰ ਸਾਚਤ=ਇਕੱਠੇ ਕਰਦਿਆਂ ਸਾਰੀ ਅਵਸਥਾ ਰੂਪੀ ਰਾਤ ਬੀਤ ਗਈ।

ਅਨਿਕ ਰੰਗ ਮਾਇਆ ਕੇ ਚਿਤਵਤ
ਕਬਹੂ ਨ ਸਿਮਰੈ ਸਾਰਿੰਗਪਾਨੀ॥ ੧॥ ਰਹਾਉ॥

ਮਾਇਆ ਦੇ ਅਨੇਕ ਰੰਗਾਂ ਨੂੰ ਚਿਤਵਦਾ ਹੈ, ਸਾਰਿੰਗਪਾਨੀ=ਪਰਮਾਤਮਾ ਨੂੰ ਕਦੇ ਭੀ ਸਿਮਰਦਾ ਨਹੀਂ॥ ੧॥ ਰਹਾਉ॥

ਦ੍ਰੂਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ॥

ਪ੍ਰਤੱਖ ਘਰ, *ਅਥਵਾ:*-ਸਰੀਰ ਘਰ ਦ੍ਰੂਮ=ਬ੍ਰਿਛ ਦੀ ਛਾਇਆ ਸਮਾਨ ਅਨਿਸਥਿਰ ਹੈ, ਪਰ ਇਸ ਨੇ ਨਿਸਚਲ ਜਾਣ ਕੇ ਬੰਨ੍ਹਿਆ ਹੋਇਆ ਹੈ।

ਅਥਵਾ:-ਦ੍ਰੂਮ=ਬ੍ਰਿਛ ਵਾਂਗ ਜੋ ਬ੍ਰਹਮ ਹੈ, ਉਸ ਦੀ ਛਾਇਆ ਜੋ ਮਾਇਆ ਹੈ। ਉਸ ਨੂੰ ਨਿਸਚਲ ਜਾਣ ਕੇ ਉਸ ਦੇ ਇਕੱਠਿਆਂ ਕਰਨ ਵਿਚ ਇਸ ਜੀਵ ਨੇ ਆਪਣਾ ਸਰੀਰ-ਘਰ ਬੰਨ੍ਹਿਆਂ ਹੋਇਆ ਹੈ, ਭਾਵ ਮਾਇਆ ਦੇ ਇਕੱਠੀ ਕਰਨ ਵਿਚ ਲੱਕ ਬੰਨ੍ਹ ਕੇ ਖੜ੍ਹਾ ਹੈ।

ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ॥ ੨॥

ਸਕਤ=ਮਾਇਆ ਵਿਚ ਫਸਣ ਕਰਕੇ ਅੰਤ ਨੂੰ ਕਾਲ ਨੇ ਸਰੁ=ਬਾਣ ਸਾਂਧਿਆ=ਖਿੱਚ ਕੇ ਮਾਰਨਾ ਕੀਤਾ॥ ੨॥

ਬਾਲੂ ਕਨਾਰਾ ਤਰੰਗ ਮੁਖਿ ਆਇਆ॥
ਸੋ ਥਾਨੁ ਮੂੜਿ ਨਿਹਚਲੁ ਕਰਿ ਪਾਇਆ॥ ੩॥

ਜਿਵੇਂ ਬਾਲੂ=ਰੇਤੇ ਦਾ ਕਿਨਾਰਾ, ਨਦੀ ਦੇ ਤਰੰਗ=ਪ੍ਰਵਾਹ ਦੇ ਮੂੰਹ ਅੱਗੇ ਆਇਆ ਹੋਇਆ ਹੋਵੇ। ਪਰ ਮੂਰਖ ਨੇ ਉਸ ਥਾਂ ਨੂੰ ਨਿਸਚਲ ਪਾਵਣਾ ਕੀਤਾ ਹੋਵੇ। ਇਹ ਨਹੀਂ ਜਾਣਦਾ ਕਿ ਇਸ ਨੇ ਹੁਣੇ ਢਹਿ ਜਾਣਾ ਹੈ। ਇਸੀ ਪ੍ਰਕਾਰ-ਪੰਜਾਂ ਤੱਤਾਂ ਰੂਪੀ ਰੇਤੇ ਦਾ ਕਿਨਾਰਾ ਇਹ ਸਰੀਰ ਕਾਲ ਰੂਪੀ ਨਦੀ ਦੇ ਮੌਤ ਰੂਪ ਪ੍ਰਵਾਹ ਦੇ ਮੂੰਹ ਵਿਚ ਆ ਰਿਹਾ ਹੈ, ਚਵੀ ਹਜ਼ਾਰ ਸਵਾਸ ਰੋਜ਼ ਦੇ ਨਿਕਲ ਰਹੇ ਹਨ। ਪਰ ਮੂਰਖ ਨੇ ਉਹ ਸਰੀਰ ਰੂਪੀ ਥਾਂ ਨਿਸਚਲ ਕਰਕੇ ਜਾਣਿਆ ਹੈ॥ ੩॥

ਸਾਧਸੰਗਿ ਜਪਿਓ ਹਰਿ ਰਾਇ॥
ਨਾਨਕ ਜੀਵੈ ਹਰਿ ਗੁਣ ਗਾਇ॥ ੪॥ ੩੦॥ ੮੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਸਤਸੰਗ ਦੁਆਰਾ ਹਰੀ ਰਾਜੇ ਨੂੰ ਜਪਿਆ ਹੈ। ਉਹ ਗੁਰਮੁਖ ਹਰੀ ਦੇ ਗੁਣ ਗਾ ਕੇ ਜਿਉਂਦਾ ਹੈ॥ ੪॥ ੩੦॥ ੮੧॥

ਆਸਾ ਮਹਲਾ ੫ ਦੁਤੁਕੇ ੯॥

ਉਥਾਨਕਾ :-ਇਕ ਦਿਨ ਗੁਰੂ ਜੀ ਸਿੱਖਾਂ ਨੂੰ ਨਾਲ ਲੈ ਕੇ ਬਾਹਰ ਜਾ ਰਹੇ ਸਨ, ਰਾਹ ਵਿਚ ਇਕ ਮੁਰਦਾ ਦੇਹ ਵੇਖ ਕੇ ਵੈਰਾਗ ਮਈ ਉਪਦੇਸ਼ ਕਰਦੇ ਹਨ ਕਿ ਹੇ ਦੇਹ !

ਉਨ ਕੈ ਸੰਗਿ ਤੂ ਕਰਤੀ ਕੇਲ॥
ਉਨ ਕੈ ਸੰਗਿ ਹਮ ਤੁਮ ਸੰਗਿ ਮੇਲ॥

ਉਸ ਜੀਵਾਤਮਾ ਦੇ ਸੰਗ ਕਰਕੇ ਤੂੰ ਕੇਲ=ਖੁਸ਼ੀਆਂ ਕਰਦੀ ਸੀ। ਉਸ ਜੀਵਾਤਮਾ ਦੇ ਸੰਗ ਕਰਕੇ ਹਮਾਰੇ ਤੁਮਾਰੇ ਨਾਲ ਭਾਵ ਸਭ ਦੇ ਨਾਲ ਤੇਰਾ ਮੇਲ-ਗੇਲ ਸੀ।

ਉਨ੍ ਕੈ ਸੰਗਿ ਤੁਮ ਸਭੁ ਕੋਊ ਲੋਰੈ॥
ਓਸੁ ਬਿਨਾ ਕੋਊ ਮੁਖੁ ਨਹੀ ਜੋਰੈ॥ ੧॥

ਉਸ ਜੀਵਾਤਮਾ ਦੇ ਸੰਗ ਕਰਕੇ ਹੀ ਤੈਨੂੰ ਸਭ ਕੋਈ ਲੋਰੈ=ਚਾਹੁੰਦਾ ਸੀ। ਉਸ ਜੀਵਾਤਮਾ ਦੇ ਸੰਗ ਤੋਂ ਬਿਨਾਂ ਹੋਣ ਕਰਕੇ ਤੇਰੇ ਨਾਲ ਕੋਈ ਮੂੰਹ ਨਹੀਂ ਜੋੜਦਾ, ਭਾਵ ਤੇਰੀ ਗੱਲ ਕੋਈ ਨਹੀਂ ਪੁੱਛਦਾ॥ ੧॥

ਤੇ ਬੈਰਾਗੀ ਕਹਾ ਸਮਾਏ॥
ਤਿਸੁ ਬਿਨੁ ਤੁਹੀ ਦੁਹੇਰੀ ਰੀ॥ ੧॥ ਰਹਾਉ॥

ਹੇ ਦੇਹ ! ਉਹ ਵੈਰਾਗਵਾਨ ਜੀਵ ਹੁਣ ਕਿਥੇ ਜਾ ਕੇ ਸਮਾ ਗਏ ਹਨ? ਭਾਵ ਉਹ ਤਾਂ ਹੁਣ ਕਰਮਾਂ ਅਨੁਸਾਰ ਕਿਸੇ ਹੋਰ ਜੂਨ ਵਿਚ ਚਲੇ ਗਏ ਹਨ।

ਹੇ ਦੇਹ ! ਹੁਣ ਤੂੰ ਉਸ ਤੋਂ ਬਿਨਾਂ ਦੇਹੁਰੀ=ਦੁਖੀ ਹੋ ਰਹੀ ਹੈਂ॥ ੧॥ ਰਹਾਉ॥

ਉਨ੍ ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ॥
ਉਨ੍ ਕੈ ਸੰਗਿ ਤੂ ਹੋਈ ਹੈ ਜਾਹਰਿ॥

ਉਸ ਜੀਵਾਤਮਾ ਦੇ ਸੰਗ ਕਰਕੇ ਤੂੰ ਘਰ ਦੇ ਵਿਚ ਮਾਹਰਿ=ਚੌਧਰਾਣੀ ਬਣੀ ਹੋਈ ਸੀ। ਉਸ ਜੀਵਾਤਮਾ ਦੇ ਸੰਗ ਕਰਕੇ ਤੂੰ ਸਾਰੇ ਜਾਹਰਿ=ਪ੍ਰਸਿੱਧ ਹੋ ਰਹੀ ਸੀ।

ਉਨ੍ ਕੈ ਸੰਗਿ ਤੂ ਰਖੀ ਪਪੋਲਿ॥
ਓਸੁ ਬਿਨਾ ਤੂੰ ਛੁਟਕੀ ਰੋਲਿ॥ ੨॥

ਉਸ ਜੀਵਾਤਮਾ ਦੇ ਸੰਗ ਕਰਕੇ ਤੂੰ ਪਪੋਲਿ=ਪਲੋਸ ਕੇ ਰੱਖੀ ਜਾਂਦੀ ਸੀ। ਉਸ ਤੋਂ ਬਿਨਾਂ ਹੁਣ ਤੂੰ ਛੁਟੜ ਹੋ ਕੇ ਰੁਲ ਰਹੀ ਹੈਂ॥ ੨॥

ਉਨ੍ ਕੈ ਸੰਗਿ ਤੇਰਾ ਮਾਨੁ ਮਹਤੁ॥
ਉਨ੍ ਕੈ ਸੰਗਿ ਤੁਮ ਸਾਕੁ ਜਗਤੁ॥

ਉਸ ਜੀਵਾਤਮਾ ਦੇ ਸੰਗ ਕਰਕੇ ਸੰਸਾਰ ਵਿਚ ਤੇਰਾ ਮਾਨੁ ਸਮਾਨ ਤੇ ਅਤੇ ਵੱਡਾ ਭਾਰੀ ਮਹਤੁ=ਮਰਾਤਬਾ ਹੋ ਰਿਹਾ ਸੀ। ਉਸ ਜੀਵਾਤਮਾ ਦੇ ਸੰਗ ਕਰਕੇ ਜਗਤ ਵਿਚ ਤੇਰੇ ਕਈ ਸਾਕ ਸੰਬੰਧੀ ਸਨ।

ਉਨ੍ ਕੈ ਸੰਗਿ ਤੇਰੀ ਸਭ ਬਿਧਿ ਥਾਟੀ॥
ਓਸੁ ਬਿਨਾ ਤੂੰ ਹੋਈ ਹੈ ਮਾਟੀ॥ ੩॥

ਉਸ ਜੀਵਾਤਮਾ ਦੇ ਸੰਗ ਕਰਕੇ ਹੀ ਤੇਰੀ ਸਭ ਵਿਧੀ ਥਾਟੀ=ਬਣੀ ਹੋਈ ਸੀ। ਉਸ ਤੋਂ ਬਿਨਾਂ ਹੋਣ ਕਰਕੇ ਹੁਣ ਤੂੰ ਮਿੱਟੀ ਹੋ ਗਈ ਹੈਂ॥ ੩॥

ਓਹੁ ਬੈਰਾਗੀ ਮਰੈ ਨ ਜਾਇ॥ ਹੁਕਮੇ ਬਾਧਾ ਕਾਰ ਕਮਾਇ॥

ਉਹ ਵੈਰਾਗੀ ਜੀਵ ਮਰਦਾ ਜੰਮਦਾ ਨਹੀਂ ਹੈ। ਉਹ ਤਾਂ ਪਰਮੇਸ਼ਰ ਦੇ ਹੁਕਮ ਵਿਚ ਬੱਧਾ ਹੋਇਆ ਸਭ ਕੰਮ ਕਰਦਾ ਹੈ।

ਜੋੜਿ ਵਿਛੋੜੇ ਨਾਨਕ ਥਾਪਿ॥
ਅਪਨੀ ਕੁਦਰਤਿ ਜਾਣੈ ਆਪਿ॥ ੪॥ ੩੧॥ ੮੨॥

ਉਹ ਪਰਮੇਸ਼ਰ ਆਪ ਹੀ ਜੀਵ ਨੂੰ ਦੇਹ ਨਾਲ ਜੋੜਦਾ ਹੈ, ਆਪ ਹੀ ਥਾਪਿ=ਪਾਲਦਾ ਹੈ ਫਿਰ ਆਪ ਹੀ ਵਿਛੋੜਦਾ ਹੈ। ਉਹ ਪਰਮੇਸ਼ਰ ਆਪਣੀ ਕੁਦਰਤਿ=ਸ਼ਕਤੀ ਨੂੰ ਆਪ ਹੀ ਜਾਣਦਾ ਹੈ॥ ੪॥ ੩੧॥ ੮੨॥

ਆਸਾ ਮਹਲਾ ੫॥

ਉਥਾਨਕਾ:-ਗੁਰਾਂ ਦੀ ਕਿਰਪਾ ਨਾਲ ਬ੍ਰਹਮ ਦੀ ਪ੍ਰਾਪਤੀ ਹੋਣ ਤੇ ਉਤਮ ਜਗਿਆਸੂ ਕਹਿੰਦਾ ਹੈ-

[ਪੰਨਾ ੩੯੧]

ਨਾ ਓਹੁ ਮਰਤਾ ਨਾ ਹਮ ਡਰਿਆ॥
ਨਾ ਓਹੁ ਬਿਨਸੈ ਨਾ ਹਮ ਕੜਿਆ॥

ਨਾ ਉਹ ਅਕਾਲ ਪੁਰਖ ਮਰਦਾ ਹੈ, ਨਾ ਹੀ ਅਸੀਂ ਡਰਦੇ ਹਾਂ।

ਨਾ ਉਹ ਅਕਾਲ ਪੁਰਖ ਬਿਨਸਦਾ ਹੈ, ਨਾ ਹੀ ਅਸੀਂ ਕੜਿਆ=ਝੁਰਦੇ ਹਾਂ।

ਨਾ ਓਹੁ ਨਿਰਧਨੁ ਨਾ ਹਮ ਭੂਖੇ॥
ਨਾ ਓਸੁ ਦੂਖੁ ਨ ਹਮ ਕਉ ਦੂਖੇ॥ ੧॥

ਨਾ ਉਹ ਅਕਾਲ ਪੁਰਖ ਨਿਰਧਨੁ=ਕੰਗਾਲ ਹੈ, ਨਾ ਹੀ ਅਸੀਂ ਭੁੱਖੇ ਹਾਂ। ਨਾ ਉਸ ਨੂੰ ਕੋਈ ਦੁੱਖ ਹੈ, ਨਾ ਹੀ ਸਾਨੂੰ ਦੁੱਖ ਹੈ॥ ੧॥

ਅਵਰੁ ਨ ਕੋਊ ਮਾਰਨਵਾਰਾ ॥
ਜੀਅਉ ਹਮਾਰਾ ਜੀਉ ਦੇਨਹਾਰਾ ॥ ੧ ॥ ਰਹਾਉ ॥

ਉਸ ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਮਾਰਨ ਵਾਲਾ ਨਹੀਂ ਹੈ। ਜੋ ਸਾਨੂੰ ਜੀਵਨ ਦਾਨ ਦੇਣ ਵਾਲਾ ਹੈ, ਉਹ ਪਰਮੇਸ਼ਰ ਸਦਾ ਹੀ ਜੀਅਉ=ਜਿਉਂਦਾ ਹੈ॥ ੧ ॥ ਰਹਾਉ ॥

ਵਾ-ਜੋ ਹਮਾਰਾ ਤਮਾਮ ਜੀਵਾਂ ਤਾਈਂ, ਅਰਥਾਤ ਸਭ ਜੀਵਾਂ ਨੂੰ ਜੀਵਨ ਦਾਨ ਦੇਣ ਵਾਲਾ ਹੈ, ਉਹ ਮੇਰਾ ਸੁਆਮੀ ਸਦਾ ਜੀਉਂਦਾ ਹੈ।

ਨਾ ਉਸੁ ਬੰਧਨ ਨਾ ਹਮ ਬਾਧੇ ॥
ਨਾ ਉਸੁ ਧੰਧਾ ਨਾ ਹਮ ਧਾਧੇ ॥

ਨਾ ਉਸ ਪਰਮੇਸ਼ਰ ਨੂੰ ਕੋਈ ਬੰਧਨ ਹੈ, ਨਾ ਹੀ ਸਾਨੂੰ ਮਾਇਆ ਕਰਕੇ ਕੋਈ ਬੰਧਨ ਹੈ। ਨਾ ਉਸ ਨੂੰ ਕੋਈ ਧੰਧਾ ਹੈ ਨਾ ਹੀ ਸਾਨੂੰ ਧਾਧੇ=ਧੰਧਾ ਹੈ।

ਨਾ ਉਸੁ ਮੈਲੁ ਨ ਹਮ ਕਉ ਮੈਲਾ ॥
ਓਸੁ ਅਨੰਦੁ ਤ ਹਮ ਸਦ ਕੇਲਾ ॥ ੨ ॥

ਨਾ ਉਸ ਨੂੰ ਕੋਈ ਮੈਲ ਹੈ, ਨਾ ਹੀ ਸਾਨੂੰ ਕੋਈ ਪਾਪਾਂ ਰੂਪੀ, *ਅਥਵਾ* :-ਕਰਮਾਂ ਰੂਪੀ ਮੈਲ ਹੈ ਜਾਂ ਉਸ ਨੂੰ ਅਨੰਦ ਹੈ, ਤਾਂ ਸਾਨੂੰ ਭੀ ਸਦਾ ਕੇਲਾ=ਖੁਸ਼ੀਆਂ ਹਨ॥ ੨ ॥

ਨਾ ਉਸੁ ਸੋਚੁ ਨ ਹਮ ਕਉ ਸੋਚਾ ॥
ਨਾ ਉਸੁ ਲੇਪੁ ਨ ਹਮ ਕਉ ਪੋਚਾ ॥

ਨਾ ਉਸ ਪਰਮੇਸ਼ਰ ਨੂੰ ਕੋਈ ਸੋਚੁ=ਚਿੰਤਾ ਹੈ, ਨਾ ਸਾਨੂੰ ਸੋਚਾ=ਚਿੰਤਾ ਹੈ। ਨਾ ਉਸ ਨੂੰ ਕੋਈ ਮਾਇਆ ਦਾ ਲੇਪ ਹੈ; ਨਾ ਹੀ ਸਾਨੂੰ ਪੋਚਾ=ਨਿਊਣਤਾ ਹੈ।

ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥
ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥ ੩ ॥

ਨਾ ਉਸ ਨੂੰ ਕੋਈ ਭੁੱਖ ਹੈ, ਨਾ ਹੀ ਸਾਨੂੰ ਕਿਸੇ ਪਦਾਰਥ ਦੀ ਤ੍ਰਿਸ਼ਨਾ ਹੈ ਜਾਂ ਉਹ ਪਰਮੇਸ਼ਰ ਨਿਰਮਲ ਹੈ, ਤਾਂ ਹਮ ਭੀ ਜਚਨਾ=ਜਾਚੇ ਹੋਏ, ਭਾਵ ਵੇਦ ਪ੍ਰਮਾਣ ਕਰਕੇ ਤੋਲੇ ਹੋਏ ਹਾਂ, ਅਰਥਾਤ ਸ਼ੁਧ ਹਾਂ।

ਅਥਵਾ :-ਜਚਨਾ=ਸ੍ਰੇਸ਼ਟ ਕਰਤੱਬਾਂ ਦੇ ਕਰਨ ਵਾਲੇ ਹਾਂ॥ ੩ ॥

ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥

ਅਸੀਂ ਕੁਝ ਵੀ ਨਹੀਂ ਹਾਂ, ਸਾਰੇ ਇਕ ਓਹੀ ਓਹੀ ਹੈ। ਅੱਗੇ ਪਿਛੇ (ਲੋਕ ਪ੍ਰਲੋਕ) ਵਿਚ ਉਹ ਇਕ ਪਰਮੇਸ਼ਰ ਹੀ ਹੈ।

ਨਾਨਕ ਗੁਰਿ ਖੋਏ ਭ੍ਰਮ ਭੰਗਾ ॥
ਹਮ ਓਇ ਮਿਲਿ ਹੋਏ ਇਕ ਰੰਗਾ ॥ ੪ ॥ ੩੨ ॥ ੮੩ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਭੇਦ ਪਾਉਣ ਵਾਲੇ ਭਰਮ ਨੂੰ ਗੁਰਾਂ ਨੇ ਖੋਹਣਾ ਕੀਤਾ ਤਾਂ ਅਸੀਂ ਉਸ ਪਰਮੇਸ਼ਰ ਨਾਲ ਮਿਲ ਕੇ ਇਕ ਰੰਗਾ=ਇਕ ਸਰੂਪ ਹੋ ਗਏ ਹਾਂ॥ ੪॥ ੩੨॥ ੮੩॥

ਆਸਾ ਮਹਲਾ ੫॥

ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥

ਪਰਮੇਸ਼ਰ ਰੂਪ ਪਤੀ ਵਾਲੀ ਜੋ ਸੁਹਾਗਣ ਔਰਤ ਹੈ, ਉਸ ਦੀ ਅਨੇਕ ਪ੍ਰਕਾਰ ਕਰਕੇ ਸੇਵਾ ਕਰੀਏ। ਜੀਅ ਪ੍ਰਾਨ ਧਨ ਨੂੰ ਉਸ ਦੇ ਅੱਗੇ ਰੱਖ ਦੇਈਏ।

ਪਾਨੀ ਪਖਾ ਕਰਉ ਤਜਿ ਅਭਿਮਾਨੁ॥
ਅਨਿਕ ਬਾਰ ਜਾਈਐ ਕੁਰਬਾਨੁ॥ ੧॥

ਹੰਕਾਰ ਨੂੰ ਤਿਆਗ ਕੇ ਪਾਣੀ ਢੋਣਾ ਕਰੋ ਅਤੇ ਪੱਖਾ ਫੇਰਨਾ ਕਰੋ। ਅਨੇਕਾਂ ਵਾਰੀ ਉਸ ਤੋਂ ਬਲਿਹਾਰ ਜਾਓ॥ ੧॥

ਸਾਈ ਸੁਹਾਗਣਿ ਜੋ ਪ੍ਰਭ ਭਾਈ॥
ਤਿਸ ਕੈ ਸੰਗਿ ਮਿਲਉ ਮੇਰੀ ਮਾਈ॥ ੧॥ ਰਹਾਉ॥

ਜੋ ਪ੍ਰਭੂ ਨੂੰ ਭਾ ਗਈ ਹੈ, ਓਹੀ ਜੀਵ ਰੂਪੀ ਇਸਤ੍ਰੀ ਸੁਹਾਗਣ ਹੈ। ਹੇ ਮੇਰੇ ਭਾਈ ! ਉਸ ਨਾਲ ਤੂੰ ਮਿਲਣਾ ਕਰ॥ ੧॥ ਰਹਾਉ॥

ਦਾਸਨਿ ਦਾਸੀ ਕੀ ਪਨਿਹਾਰਿ॥ ਉਨ੍ ਕੀ ਰੇਣੁ ਬਸੈ ਜੀਅ ਨਾਲਿ॥

ਵਾਹਿਗੁਰੂ ਦੇ ਦਾਸਾਂ ਦੀ ਦਾਸੀ ਹੋ ਕੇ ਪਾਣੀ ਭਰਨੇ ਵਾਲੀ ਹੋ ਅਤੇ ਉਹਨਾਂ ਦੇ ਚਰਨਾਂ ਦੀ ਧੂੜ ਜੀਅ ਨਾਲ ਵੱਸ ਜਾਵੇ।

ਮਾਥੈ ਭਾਗੁ ਤਾ ਪਾਵਉ ਸੰਗੁ॥ ਮਿਲੈ ਸੁਆਮੀ ਅਪੁਨੈ ਰੰਗਿ॥ ੨॥

ਜੇਕਰ ਮੱਥੇ ਦੇ ਚੰਗੇ ਭਾਗ ਹੋਣ ਤਾਂ ਉਹਨਾਂ ਦਾ ਸੰਗ ਕਰਨਾ ਪਾਵੇ। ਉਹ ਸੁਆਮੀ=ਪਰਮਾਤਮਾ ਆਪਣੇ ਰੰਗਿ=ਪ੍ਰੇਮ ਕਰਕੇ ਮਿਲਦਾ ਹੈ॥ ੨॥

ਜਾਪ ਤਾਪ ਦੇਵਉ ਸਭ ਨੇਮਾ॥ ਕਰਮ ਧਰਮ ਅਰਪਉ ਸਭ ਹੋਮਾ॥

ਜਪ ਤਪ ਨੇਮ ਵਗੈਰਾ ਸਭ ਅਰਪਨ ਕਰ ਦਿਓ, ਕਰਮ ਧਰਮ ਅਤੇ ਹਵਨ ਕੀਤੇ ਹੋਏ ਵੀ ਸਭ ਅਰਪ ਦਿੰਓ।

ਗਰਬੁ ਮੋਹੁ ਤਜਿ ਹੋਵਉ ਰੇਨ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ॥ ੩॥

ਗਰਬ ਤੇ ਮੋਹ ਨੂੰ ਤਿਆਗ ਕੇ ਉਹਨਾਂ ਦੀ ਧੂੜ ਹੋਵੋ। ਉਨ੍ਹਾਂ ਦੇ ਸੰਗ ਕਰਕੇ ਪ੍ਰਭੂ ਨੂੰ ਅੱਖਾਂ ਨਾਲ ਦੇਖਣਾ ਕਰੋ॥ ੩॥

ਨਿਮਖ ਨਿਮਖ ਏਹੀ ਆਰਾਧਉ॥ ਦਿਨਸੁ ਰੈਣਿ ਏਹ ਸੇਵਾ ਸਾਧਉ॥

ਨਿਮਖ ਨਿਮਖ ਕਾਲ ਇਸ ਆਤਮਾ ਅਭਿੰਨ ਪ੍ਰਮਾਤਮਾ ਨੂੰ ਅਰਾਧੋ।

ਰਾਤ ਦਿਨੇ ਇਸ ਪ੍ਰਕਾਰ ਸੰਤਾਂ ਦੀ ਸੇਵਾ ਕਰੋ।

ਭਏ ਕ੍ਰਿਪਾਲ ਗੁਪਾਲ ਗੋਬਿੰਦ ॥
ਸਾਧਸੰਗਿ ਨਾਨਕ ਬਖਸਿੰਦ ॥ ੪ ॥ ੩੩ ॥ ੮੪ ॥

ਜਦ ਗੋਬਿੰਦ ਗੁਪਾਲ ਕਿਰਪਾਲੂ ਹੋਏ ਤਾਂ ਉਹ ਸੰਤਾਂ ਦਾ ਸੰਗ ਕਰਨਾ ਬਖਸ਼ਦੇ ਹਨ॥ ੪॥ ੩੩॥ ੮੪॥

ਆਸਾ ਮਹਲਾ ੫ ॥

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥ ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥

ਪਰਮਾਤਮਾ ਦੀ ਪ੍ਰੀਤੀ ਕਰਕੇ ਜੀਵ ਨੂੰ ਸਦਾ=ਨਿਤ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਪਰਮਾਤਮਾ ਦੀ ਪ੍ਰੀਤੀ ਕਰਕੇ ਜੀਵ ਨੂੰ ਕੋਇ=ਕੋਈ ਕਿਸੇ ਕਿਸਮ ਦਾ ਦੁੱਖ ਨਹੀਂ ਲੱਗਦਾ।

ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥ ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥ ੧ ॥

ਪਰਮੇਸ਼ਰ ਦੀ ਪ੍ਰੀਤੀ ਹੰਗਤਾ ਮਮਤਾ ਰੂਪੀ ਮੈਲ ਨੂੰ ਖੋਇ=ਦੂਰ ਕਰ ਦਿੰਦੀ ਹੈ।

ਪਰਮੇਸ਼ਰ ਦੀ ਪ੍ਰੀਤੀ ਕਰਕੇ ਜੀਵ ਦਾ ਮਨ ਸਦਾ ਨਿਰਮਲ ਹੋਇ=ਸ਼ੁਧ ਹੁੰਦਾ ਹੈ॥ ੧॥

ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥
ਜੀਅ ਪ੍ਰਾਨ ਘਟ ਘਟ ਆਧਾਰੁ ॥ ੧ ॥ ਰਹਾਉ ॥

ਹੇ ਮਿੱਤਰੋ ਸੁਣੋ ! ਪਿਆਰੇ ਵਿਚ ਐਸਾ ਪ੍ਰੇਮ ਕਰਨਾ ਚਾਹੀਦਾ ਹੈ।

ਜੋ ਜੀਵਾਂ ਦੇ ਘਟ ਘਟ ਵਿਚ ਪ੍ਰਾਣਾਂ ਦਾ ਆਸਰਾ ਰੂਪ ਹੈ॥ ੧॥ ਰਹਾਉ॥

ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥
ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥

ਪ੍ਰਭੂ ਦੀ ਪ੍ਰੀਤੀ ਕਰਕੇ ਗੁਰਮੁਖਾਂ ਨੂੰ ਸਾਰੇ ਨਿਧਾਨ=ਖਜ਼ਾਨੇ ਪ੍ਰਾਪਤ ਹੋਏ ਹਨ।

ਪ੍ਰਭੂ ਦੀ ਪ੍ਰੀਤੀ ਕਰਕੇ ਗੁਰਮੁਖਾਂ ਦੇ ਹਿਰਦੇ ਵਿਚ ਨਿਰਮਲ ਨਾਮ ਵੱਸਦਾ ਹੈ।

ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥ ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥ ੨ ॥

ਪ੍ਰਭੂ ਦੀ ਪ੍ਰੀਤੀ ਕਰਕੇ ਗੁਰਮੁਖ ਸਦਾ ਹੀ ਸੋਭਾ ਵਾਲੇ ਹਨ।

ਪ੍ਰਭੂ ਦੀ ਪ੍ਰੀਤੀ ਕਰਕੇ ਸਭ ਚਿੰਤਾ ਮਿਟ ਗਈ ਹੈ॥ ੨॥

ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥ ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ ॥

ਪ੍ਰਭੂ ਦੀ ਪ੍ਰੀਤੀ ਕਰਕੇ ਇਹ ਜੀਵ ਇਸ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ।

ਪ੍ਰਭੂ ਦੀ ਪ੍ਰੀਤੀ ਕਰਕੇ ਜਮਾਂ ਤੋਂ ਨਹੀਂ ਡਰਦਾ।

ਪ੍ਰਭ ਕੀ ਪ੍ਰੀਤਿ ਸਗਲ ਉਧਾਰੈ॥ ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ॥ ੩॥

ਪ੍ਰਭੂ ਦੀ ਪ੍ਰੀਤੀ ਸਾਰਿਆਂ ਨੂੰ ਤਾਰਦੀ ਹੈ। ਪ੍ਰਭੂ ਦੀ ਪ੍ਰੀਤੀ ਅੰਤ ਸਮੇਂ ਜੀਵ ਦੇ ਸੰਗਾਰੈ=ਨਾਲ ਚਲਦੀ ਹੈ॥ ੩॥

ਆਪਹੁ ਕੋਈ ਮਿਲੈ ਨ ਭੂਲੈ॥ ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੂਲੈ॥

ਆਪਣੇ ਆਪ ਨਾ ਕੋਈ ਪ੍ਰਭੂ ਨਾਲ ਮਿਲ ਸਕਦਾ ਹੈ ਅਤੇ ਨਾ ਕੋਈ ਭੁਲਦਾ ਹੈ। ਜਿਸ ਉਤੇ ਪ੍ਰਭੂ ਕਿਰਪਾਲੂ ਹੁੰਦਾ ਹੈ, ਤਿਸ ਨੂੰ ਸੰਤਾਂ ਦਾ ਸੰਗ ਘੂਲੈ=ਮਿਲਦਾ ਹੈ।

ਕਹੁ ਨਾਨਕ ਤੇਰੈ ਕੁਰਬਾਣੁ॥ ਸੰਤ ਓਟ ਪ੍ਰਭ ਤੇਰਾ ਤਾਣੁ॥ ੪॥ ੩੪॥ ੮੫॥

ਗੁਰੂ ਜੀ ਕਥਨ ਕਰਦੇ ਹਨ-ਹੇ ਵਾਹਿਗੁਰੂ ! ਅਸੀਂ ਤੇਰੇ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ। ਹੇ ਪ੍ਰਭੂ ! ਸੰਤਾਂ ਨੂੰ ਤੇਰੀ ਓਟ ਹੈ ਅਤੇ ਤੇਰਾ ਹੀ ਤਾਣੁ=ਬਲ ਹੈ। *ਅਥਵਾ* :-ਜਿਨ੍ਹਾਂ ਸੰਤਾਂ ਨੂੰ ਹੇ ਪ੍ਰਭੂ ! ਤੇਰਾ ਤਾਣ ਹੈ, ਮੈਂ ਉਨ੍ਹਾਂ ਸੰਤਾਂ ਦੀ ਓਟ ਲਈ ਹੈ॥ ੪॥ ੩੪॥ ੮੫॥

ਆਸਾ ਮਹਲਾ ੫॥

ਭੂਪਤਿ ਹੋਇ ਕੈ ਰਾਜੁ ਕਮਾਇਆ॥
ਕਰਿ ਕਰਿ ਅਨਰਥ ਵਿਹਾਝੀ ਮਾਇਆ॥

ਜੀਵ ਨੇ ਭੂਪਤਿ=ਪ੍ਰਿਥਵੀ ਦਾ ਮਾਲਕ ਹੋ ਕੇ ਖੂਬ ਰਾਜ-ਭਾਗ ਕਮਾਉਣਾ ਕੀਤਾ ਹੈ ਅਤੇ ਕਈ ਤਰ੍ਹਾਂ ਦੇ ਅਨਰਥ=ਪਾਪ ਕਰਮ ਕਰਕੇ ਮਾਇਆ ਵਿਹਾਝੀ=ਇਕੱਠੀ ਕੀਤੀ ਹੈ।

[ਪੰਨਾ ੩੯੨]

ਸੰਚਤ ਸੰਚਤ ਥੈਲੀ ਕੀਨ੍ਹੀ॥
ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ॥ ੧॥

ਸੰਚਤ ਸੰਚਤ=ਇਕੱਠੀ ਕਰਦਿਆਂ ਕਰਦਿਆਂ ਜਦ ਥੈਲੀ ਭਰ ਲੈਣਾ ਕੀਤੀ ਤਾਂ ਪ੍ਰਭੂ ਨੇ ਉਸ ਦੇ ਪਾਸੋਂ ਡਾਰਿ=ਖੋਹ ਕੇ ਹੋਰ ਨੂੰ ਦੇ ਦਿੱਤੀ॥ ੧॥

ਕਾਚ ਗਗਰੀਆ ਅੰਭ ਮਝਰੀਆ॥
ਗਰਬਿ ਗਰਬਿ ਉਆਹੂ ਮਹਿ ਪਰੀਆ॥ ੧॥ ਰਹਾਉ॥

ਜਿਸ ਦੇਹ ਦਾ ਹੰਕਾਰ ਕਰਦੇ ਹੋ ਇਹ ਦੇਹ ਹੈ, ਜਿਵੇਂ ਕੱਚੀ ਗਾਗਰ ਭਾਵ ਮਿੱਟੀ ਦਾ ਘੜਾ ਅੰਭ ਮਝਰੀਆ=ਜਲ ਵਿਚ ਪਿਆ ਹੋਇਆ ਖੁਰ ਜਾਂਦਾ ਹੈ। ਤਿਵੇਂ ਪਦਾਰਥਾਂ ਰੂਪੀ ਜਲ ਵਿਚ ਇਹ ਸਰੀਰ ਰੂਪੀ ਕੱਚਾ ਘੜਾ ਖੁਰ ਜਾਂਦਾ ਹੈ।

ਅਥਵਾ :-ਜਿਵੇਂ ਕੱਚੇ ਘੜੇ ਵਿਚੋਂ ਜਲ ਸਿੰਮਦਾ ਰਹਿੰਦਾ ਹੈ, ਤਿਵੇਂ ਇਸ ਸਰੀਰ ਵਿਚੋਂ ਵੀ ਚਵੀ ਹਜ਼ਾਰ ਸਵਾਸਾਂ ਰੂਪੀ ਜਲ ਰੋਜ਼ ਰੋਜ਼ ਦਾ ਸਿੰਮਦਾ ਰਹਿੰਦਾ ਹੈ।

ਲੇਕਿਨ ਇਹ ਜੀਵ ਫਿਰ ਵੀ ਹੰਕਾਰ ਹੀ ਹੰਕਾਰ ਕਰਕੇ ਉਸ ਸਰੀਰ ਦੇ ਪਾਲਣ-ਪੋਸਣ ਵਿਚ ਪਿਆ ਹੋਇਆ ਹੈ॥ ੧॥ ਰਹਾਉ॥

ਨਿਰਭਉ ਹੋਇਓ ਭਇਆ ਨਿਹੰਗਾ॥
ਚੀਤਿ ਨ ਆਇਓ ਕਰਤਾ ਸੰਗਾ॥

ਇਹ ਜੀਵ ਪਰਮਾਤਮਾ ਦੇ ਖੌਫ਼ ਤੋਂ ਰਹਿਤ ਹੋਇਆ ਹੋਇਆ ਨਿਹੰਗਾ=ਘੰਡ-ਮੂਰਖ ਹੋ ਰਿਹਾ ਹੈ। ਜੋ ਕਰਤਾ ਪੁਰਖ ਸੰਗ ਰਹਿਣ ਵਾਲਾ ਹੈ, ਉਹ ਇਸ ਨੂੰ ਕਦੇ ਭੀ ਯਾਦ ਨਾ ਆਇਆ।

ਲਸਕਰ ਜੋੜੇ ਕੀਆ ਸੰਬਾਹਾ॥
ਨਿਕਸਿਆ ਫੂਕ ਤ ਹੋਇ ਗਇਓ ਸੁਆਹਾ॥ ੨॥

ਲਸਕਰ=ਸੈਨਾਂ ਨੂੰ ਜੋੜ ਕੇ ਸੰਬਾਹਾ=ਇਕੱਠੀ ਕੀਤੀ। ਪਰ ਜਿਸ ਵੇਲੇ ਫੂਕ=ਸ੍ਵਾਸਾਂ ਰੂਪ ਹਵਾ ਦਾ ਗੋਲਾ ਬਾਹਰ ਨਿਕਲਿਆ ਤਾਂ ਸੁਆਹ ਰੂਪ ਹੋ ਗਿਆ॥ ੨॥

ਊਚੇ ਮੰਦਰ ਮਹਲ ਅਰੁ ਰਾਨੀ॥
ਹਸਤਿ ਘੋੜੇ ਜੋੜੇ ਮਨਿ ਭਾਨੀ॥

ਬੜੇ ਬੜੇ ਉਚੇ ਮੰਦਰਾਂ ਦੇ ਬਨਾਉਣ ਵਿਚ, ਮਹਲਾਵਟਾਂ ਵਿਚ ਅਤੇ ਰਾਣੀਆਂ ਵਿਚ ਲੱਗ ਰਿਹਾ ਹੈ। ਮਨਿ ਭਾਨੀ=ਮਨ ਭਾਉਂਦੇ ਹਸਤਿ=ਹਾਥੀ ਤੇ ਘੋੜੇ ਜੋੜਨਾ ਕੀਤੇ।

ਵਡ ਪਰਵਾਰੁ ਪੂਤ ਅਰੁ ਧੀਆ॥
ਮੋਹਿ ਪਚੇ ਪਚਿ ਅੰਧਾ ਮੂਆ॥ ੩॥

ਪੁੱਤਰ ਅਤੇ ਧੀਆਂ ਦੇ ਹੋਣ ਕਰਕੇ ਵੱਡੇ ਪਰਵਾਰ ਵਾਲਾ ਹੋ ਗਿਆ। ਪਰਵਾਰਿਕ ਮੋਹ ਵਿਚ ਖਪ-ਖਪ ਕੇ ਅੰਧਾ=ਅਗਿਆਨੀ ਨਿਸਫਲ ਮਰ ਰਿਹਾ ਹੈ॥ ੩॥

ਜਿਨਹਿ ਉਪਾਹਾ ਤਿਨਹਿ ਬਿਨਾਹਾ॥
ਰੰਗ ਰਸਾ ਜੈਸੇ ਸੁਪਨਾਹਾ॥

ਜਿਸ ਪਰਮੇਸ਼ਰ ਨੇ ਉਪਾਹਾ=ਪੈਦਾ ਕੀਤਾ ਸੀ, ਫਿਰ ਉਸੇ ਨੇ ਬਿਨਾਹਾ=ਮਾਰ ਦਿੱਤਾ ਹੈ। ਰੰਗਾਂ ਰੰਗਾਂ ਦੇ ਰਸ ਇਉਂ ਹਨ, ਜਿਵੇਂ ਰਾਤ ਨੂੰ ਸੁਪਨਾ ਆਉਂਦਾ ਹੈ।

ਸੋਈ ਮੁਕਤਾ ਤਿਸੁ ਰਾਜੁ ਮਾਲੁ॥
ਨਾਨਕ ਦਾਸ ਜਿਸੁ ਖਸਮੁ ਦਇਆਲੁ॥ ੪॥ ੩੫॥ ੮੬॥

ਗੁਰੂ ਜੀ ਕਥਨ ਕਰਦੇ ਹਨ-ਓਹੀ ਪੁਰਸ਼ ਜੀਵਨ ਮੁਕਤ ਹੈ ਅਤੇ ਤਿਸੀ ਦਾ ਰਾਜ-ਮਾਲ ਸਫਲਾ ਹੈ, ਜਿਸ ਦਾਸ ਉਤੇ ਖਸਮੁ=ਪਰਮਾਤਮਾ ਦਿਆਲੂ ਹੈ॥ ੪॥ ੩੫॥ ੮੬॥

ਆਸਾ ਮਹਲਾ ੫ ॥

ਇਨ੍ ਸਿਉ ਪ੍ਰੀਤਿ ਕਰੀ ਘਨੇਰੀ ॥
ਜਉ ਮਿਲੀਐ ਤਉ ਵਧੈ ਵਧੇਰੀ ॥

ਜੀਵਾਂ ਨੇ ਇਸ ਮਾਇਆ ਨਾਲ ਘਨੇਰੀ=ਬੜੀ ਪ੍ਰੀਤੀ ਕੀਤੀ ਹੈ। ਜਿਸ ਵੇਲੇ ਮਾਇਆ ਮਿਲ ਜਾਵੇ ਤਾਂ ਫਿਰ ਹੋਰ ਵਧੇਰੇ ਤ੍ਰਿਸ਼ਨਾ ਵੱਧਦੀ ਹੈ।

ਗਲਿ ਚਮੜੀ ਜਉ ਛੋਡੈ ਨਾਹੀ ॥
ਲਾਗਿ ਛੁਟੋ ਸਤਿਗੁਰ ਕੀ ਪਾਈ ॥ ੧ ॥

ਜਿਵੇਂ ਗਲ ਦੀ ਚਮੜੀ=ਚੁਚਾ ਗਲ ਨੂੰ ਛੱਡਦੀ ਨਹੀਂ। ਇੰਝ ਹੀ ਇਹ ਮਾਇਆ ਗਲ ਨਾਲ ਚਮੜੀ ਹੋਈ, ਛੱਡਦੀ ਨਹੀਂ। *ਪ੍ਰਸ਼ਨ*-ਫਿਰ ਛੁਟਕਾਰਾ ਕਿਵੇਂ ਹੋਵੇ ?

ਉੱਤਰ :-ਸਤਿਗੁਰਾਂ ਦੀ ਪਾਈ=ਚਰਨੀਂ ਲਗੇ ਤਦ ਛੁਟਕਾਰਾ ਹੁੰਦਾ ਹੈ॥ ੧ ॥

ਜਗ ਮੋਹਨੀ ਹਮ ਤਿਆਗਿ ਗਵਾਈ ॥
ਨਿਰਗੁਨੁ ਮਿਲਿਓ ਵਜੀ ਵਧਾਈ ॥ ੧ ॥ ਰਹਾਉ ॥

ਜਗਤ ਦੇ ਮੋਹਣੇ ਵਾਲੀ ਮਾਇਆ ਅਸੀਂ ਤਿਆਗਿ=ਛੱਡ ਕੇ ਗਵਾ ਦਿੱਤੀ ਹੈ। ਨਿਰਗੁਨ=ਪਰਮਾਤਮਾ ਦੇ ਮਿਲਣ ਕਰਕੇ ਅਨੰਦ ਦੀ ਵਧਾਈ ਵੱਜੀ ਹੈ॥ ੧ ॥ ਰਹਾਉ ॥

ਐਸੀ ਸੁੰਦਰਿ ਮਨ ਕਉ ਮੋਹੈ ॥
ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ ॥

ਅਜਿਹੀ ਸੁੰਦਰ ਜੋ ਮਾਇਆ ਹੈ, ਉਹ ਸਭ ਦੇ ਮਨ ਨੂੰ ਮੋਂਹਦੀ ਹੈ। ਬਾਟਿ=ਰਸਤੇ, ਘਾਟਿ=ਪੱਤਣ, ਗ੍ਰਿਹਿ=ਘਰ ਅਤੇ ਬਨਿ ਬਨਿ=ਜੰਗਲ ਜੰਗਲ ਵਿਚ ਸਭਨਾਂ ਨੂੰ ਜੋਹੈ=ਦੇਖ ਕੇ ਮਾਰਨਾ ਕਰਦੀ ਹੈ। ਪੱਤਣ ਉੱਤੇ ਤਾਂ ਪਰਾਸ਼ਰ ਰਿਖੀ ਨੂੰ ਮਾਰਿਆ, ਜਿਸ ਨੇ ਮਲਾਹ ਦੀ ਲੜਕੀ ਨਾਲ ਸਬੰਧ ਕਰਕੇ ਬਿਆਸ ਪੁਤ੍ਰ ਪੈਦਾ ਕੀਤਾ। ਜੰਗਲ ਵਿਚ ਰਹਿਣ ਵਾਲੇ ਸਿੰਙੀ ਰਿਖੀ ਨੂੰ ਮਾਰਿਆ, ਜਿਸ ਸਿੰਙੀ ਰਿਖੀ ਨੂੰ ਪਤਾ ਹੀ ਨਹੀਂ ਸੀ ਕਿ ਜ਼ਨਾਨੀ ਕਿਸ ਕੰਮ ਆਉਂਦੀ ਹੈ। ਜੇ ਫਸਿਆ ਹੈ ਤਾਂ ਤੇਰਾਂ ਧੀਆਂ ਪੁੱਤਰ ਪੈਦਾ ਕੀਤੇ।

ਮਨਿ ਤਨਿ ਲਾਗੈ ਹੋਇ ਕੈ ਮੀਠੀ ॥
ਗੁਰ ਪ੍ਰਸਾਦਿ ਮੈ ਖੋਟੀ ਡੀਠੀ ॥ ੨ ॥

ਮਨ ਤਨ ਵਿਚ ਮਿੱਠੀ ਹੋ ਕੇ ਲੱਗ ਰਹੀ ਹੈ। ਪਰ ਗੁਰਾਂ ਦੀ ਕਿਰਪਾ ਕਰਕੇ ਮੈਂ ਉਸ ਮਾਇਆ ਨੂੰ ਖੋਟੀ ਵੇਖਿਆ ਹੈ॥ ੨ ॥

ਅਗਰਕ ਉਸ ਕੇ ਵਡੇ ਠਗਾਊ ॥ ਛੋਡਹਿ ਨਾਹੀ ਬਾਪ ਨ ਮਾਊ ॥

ਉਸ ਮਾਇਆ ਦੇ ਅਗਰਕ=ਅਗਵਾਨੀ (ਮਾਇਆਧਾਰੀ) ਬਹੁਤ ਹੀ ਠੱਗ ਹਨ। ਜੋ ਮਾਤਾ ਪਿਤਾ ਦੇ

ਧਨ ਨੂੰ ਵੀ ਛੱਡਦੇ ਨਹੀਂ।

ਅਥਵਾ :-ਉਸ ਮਾਇਆ ਦੇ ਅਗਵਾਨੀ (ਕਾਮ ਆਦਿਕ) ਵੱਡੇ ਠੱਗ ਹਨ, ਮਾਤਾ ਪਿਤਾ ਦੀ ਸ਼ਰਨ ਪਿਆਂ ਵੀ ਛੱਡਦੇ ਨਹੀਂ।

ਅਥਵਾ :-ਪਿਤਾ=ਮਨ, ਮਾਤਾ=ਬੁੱਧੀ ਇਸ ਨੂੰ ਵੀ ਛੱਡਦੇ ਨਹੀਂ।

ਮੇਲੀ ਅਪਨੇ ਉਨਿ ਲੇ ਬਾਂਧੇ ॥ ਗੁਰ ਕਿਰਪਾ ਤੇ ਮੈ ਸਗਲੇ ਸਾਧੇ ॥ ੩ ॥

ਉਸ ਮਾਇਆ ਨੇ ਆਪਣੇ ਮੇਲੀ=ਮਾਇਆਧਾਰੀਆਂ ਨੂੰ ਆਪਣੇ ਵਿਖੇ ਲੈ ਕੇ ਬੰਨ੍ਹ ਲਿਆ ਹੈ। ਗੁਰਾਂ ਦੀ ਕਿਰਪਾ ਨਾਲ ਮੈਂ ਸਾਰੇ ਕਾਮ ਆਦਿਕ ਸਾਧ ਲਏ ਹਨ॥ ੩ ॥

ਅਬ ਮੋਰੈ ਮਨਿ ਭਇਆ ਅਨੰਦ ॥ ਭਉ ਚੂਕਾ ਟੂਟੇ ਸਭਿ ਫੰਦ ॥

ਹੁਣ ਮੇਰੇ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ, ਡਰ ਦੂਰ ਹੋ ਗਿਆ ਹੈ ਅਤੇ ਸਾਰੇ ਫਾਹ ਚੁਕ ਗਏ ਹਨ।

ਕਹੁ ਨਾਨਕ ਜਾ ਸਤਿਗੁਰੁ ਪਾਇਆ ॥
ਘਰੁ ਸਗਲਾ ਮੈ ਸੁਖੀ ਬਸਾਇਆ ॥ ੪ ॥ ੩੬ ॥ ੮੭ ॥

ਗੁਰੂ ਜੀ ਕਥਨ ਕਰਦੇ ਹਨ-ਜਾਂ ਸਤਿਗੁਰਾਂ ਨੂੰ ਪਾਉਣਾ ਕੀਤਾ ਤਾਂ ਪ੍ਰਤੱਖ ਘਰ *ਅਥਵਾ* :-ਸਰੀਰ-ਘਰ ਸਾਰਾ ਮੈਂ ਸੁਖ ਸਹਿਤ ਵਸਾਉਣਾ ਕੀਤਾ॥ ੪॥ ੩੬॥ ੮੭॥

ਆਸਾ ਮਹਲਾ ੫ ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਗੁਰੂ ਜੀ ! ਵਾਹਿਗੁਰੂ ਦੇ ਪਿਆਰੇ ਜੋ ਸੰਤ ਹਨ, ਉਹਨਾਂ ਦੀ ਰਹਿਣੀ ਸੁਣਾਓ। ਗੁਰੂ ਜੀ ਨੇ ਕਿਹਾ-

'ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥'

ਹੇ ਮੇਰੇ ਭਾਈ ! ਹੁਣ ਸੰਤਾਂ ਦੀ ਰਹਿਣੀ ਸੁਣਨਾ ਕਰੋ। ਉਹਨਾਂ ਸੰਤਾਂ ਦੀ ਮਹਿਮਾ ਕੁਝ ਕਹੀ ਨਹੀਂ ਜਾਂਦੀ।

ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥

ਸੰਤ ਅੱਠੇ ਪਹਿਰ ਉਸ ਪਰਮਾਤਮਾ ਨੂੰ ਨਿਕਟ ਕਰਕੇ ਜਾਣਦੇ ਹਨ ਅਤੇ ਪ੍ਰਭੂ ਦਾ ਕੀਤਾ ਹੋਇਆ ਹੁਕਮ ਮਿੱਠਾ ਕਰਕੇ ਮੰਨਦੇ ਹਨ।

ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥ ੧ ॥

ਸੰਤਾਂ ਨੂੰ ਇਕ ਨਾਮ ਦਾ ਆਸਰਾ ਹੈ। ਸੰਤ ਸਾਰਿਆਂ ਦੇ ਚਰਨਾਂ ਦੀ ਛਾਰੁ=ਧੂੜ ਹੋ ਰਹੇ ਹਨ॥ ੧ ॥

ਸੰਤ ਰਹਤ ਸੁਨਹੁ ਮੇਰੇ ਭਾਈ ॥
ਰੇਆ ਕੀ ਮਹਿਮਾ ਕਥਨੁ ਨ ਜਾਈ ॥ ੧ ॥ ਰਹਾਉ ॥

ਹੇ ਮੇਰੇ ਭਾਈ ! ਹੁਣ ਸੰਤਾਂ ਦੀ ਰਹਿਣੀ ਸੁਣਨਾ ਕਰੋ। ਉਨ੍ਹਾਂ ਸੰਤਾਂ ਦੀ ਮਹਿਮਾ ਕੁਝ ਆਖੀ ਨਹੀਂ ਜਾਂਦੀ॥ ੧ ॥ ਰਹਾਉ ॥

ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥

ਜਿਨ੍ਹਾਂ ਸੰਤਾਂ ਦਾ ਵਸਤ ਵਲੇਵਾ ਕੇਵਲ ਨਾਮ ਦਾ ਹੈ। ਉਹ ਅਨੰਦ ਰੂਪ ਪਰਮਾਤਮਾ ਦੇ ਕੀਰਤਨ ਵਿਚ ਵਿਸ਼ਰਾਮ ਕਰਦੇ ਹਨ।

ਮਿਤ੍ਰ ਸਤ੍ਰੂ ਜਾ ਕੈ ਏਕ ਸਮਾਨੈ ॥
ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ ੨ ॥

ਜਿਨ੍ਹਾਂ ਸੰਤਾਂ ਦੇ ਤਾਈਂ ਸੱਜਣ ਦੁਸ਼ਮਣ ਇਸ-ਸਾਰ ਹਨ। ਉਹ ਆਪਣੇ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ (ਕੁਝ) ਨਹੀਂ ਜਾਣਦੇ ॥ ੨ ॥

ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥

ਜਿਨ੍ਹਾਂ ਸੰਤਾਂ ਦਾ ਉਪਦੇਸ਼ ਕੋਟਾਨ ਕੋਟ ਪਾਪਾਂ ਦੇ ਕਟਣ ਵਾਲਾ ਹੈ। ਦੁੱਖਾਂ ਦੇ ਦੂਰ ਕਰਨ ਵਾਲਾ ਹੈ ਅਤੇ ਜੀਅ ਦੇ ਤਾਈਂ ਨਾਮ ਦਾ ਦਾਤਾ ਹੈ।

ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥ ੩ ॥

ਕਾਮ ਆਦਿਕ ਦੁਸ਼ਮਣਾਂ ਦੇ ਨਾਸ ਕਰਨ ਨੂੰ ਸੂਰਬੀਰ ਹਨ ਅਤੇ ਬਚਨਾਂ ਦੇ ਬਲੀ ਹਨ, ਜੋ ਬਚਨ ਕਹਿਣਾ ਉਸ ਨੂੰ ਪੂਰਾ ਕਰਨਾ। ਬਪੁਰੀ=ਵਿਚਾਰੀ ਜੋ ਕਉਲਾ=ਲਛਮੀ ਹੈ, ਉਹ ਸੰਤਾਂ ਨੇ ਛਲਨਾ ਕੀਤੀ ਹੈ, ਭਾਵ-ਝੂਠੀ ਸਮਝੀ ਹੈ ॥ ੩ ॥

ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥

ਤਿਨ੍ਹਾਂ ਦੇ ਸਤਸੰਗ ਨੂੰ ਸੁਰਦੇਵ=ਇੰਦਰ ਵੀ ਬਾਛਹਿ=ਚਾਹੁੰਦਾ ਹੈ। ਜਿਨ੍ਹਾਂ ਸੰਤਾਂ ਦਾ ਅਮੋਘ=ਸਫਲ ਦਰਸ਼ਨ ਹੈ ਅਤੇ ਜਿਨ੍ਹਾਂ ਦੀ ਸੇਵਾ ਵੀ ਸਫਲ ਹੈ।

ਕਰ ਜੋੜਿ ਨਾਨਕੁ ਕਰੇ ਅਰਦਾਸਿ ॥
ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥ ੪ ॥ ੩੭ ॥ ੮੮ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਹੱਥ ਜੋੜ ਕੇ ਅਰਦਾਸਿ=ਬੇਨਤੀ ਕਰਦਾ ਹਾਂ ਕਿ ਹੇ ਗੁਣਾਂ ਦੇ ਤਾਸਿ=ਖਜ਼ਾਨੇ ਵਾਹਿਗੁਰੂ ! ਮੈਨੂੰ ਸੰਤਾਂ ਦੀ ਟਹਿਲ ਕਰਨੀ ਦਿਓ ॥ ੪ ॥ ੩੭ ॥ ੮੮ ॥

ਆਸਾ ਮਹਲਾ ੫ ॥

ਸਗਲ ਸੂਖ ਜਪਿ ਏਕੈ ਨਾਮ ॥ ਸਗਲ ਧਰਮ ਹਰਿ ਕੇ ਗੁਣ ਗਾਮ ॥

ਹੇ ਭਾਈ ! ਇਕ ਸਤਿਨਾਮ ਮੰਤਰ ਦੇ ਜਪਣ ਕਰਕੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ ਅਤੇ ਹਰੀ ਦੇ ਗੁਣ ਗਾਮ=ਗਾਉਣ ਨਾਲ ਸਭ ਧਰਮਾਂ ਦੀ ਪ੍ਰਾਪਤੀ ਹੁੰਦੀ ਹੈ।

[ਪੰਨਾ ੩੯੩]

ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ ੧ ॥

ਸੰਤਾਂ ਦਾ ਸੰਗ ਸਭ ਤੋਂ ਮਹਾਨ ਪਵਿੱਤਰ ਹੈ। ਜਿਨ੍ਹਾਂ ਸੰਤਾਂ ਦੇ ਸੰਗ ਮਿਲਣ ਕਰਕੇ ਪ੍ਰਭੂ ਵਿਚ ਰੰਗੁ=ਪ੍ਰੇਮ ਲੱਗਦਾ ਹੈ ॥ ੧ ॥

ਗੁਰ ਪ੍ਰਸਾਦਿ ਓਇ ਆਨੰਦ ਪਾਵੈ॥
ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ
ਤਾ ਕੀ ਗਤਿ ਮਿਤਿ ਕਹਨੁ ਨ ਜਾਵੈ॥ ੧॥ ਰਹਾਉ॥

ਜਿਸ ਉੱਤੇ ਗੁਰਾਂ ਦੀ ਕਿਰਪਾ ਹੈ, ਉਹ ਪੁਰਸ਼ ਅਨੰਦ ਪਾਉਂਦਾ ਹੈ। ਜਿਸ ਪਰਮੇਸ਼ਰ ਦੇ ਸਿਮਰਨ ਕਰਕੇ ਮਨ ਵਿਚ ਗਿਆਨ ਹੁੰਦਾ ਹੈ, ਉਸ ਪਰਮੇਸ਼ਰ ਦੀ ਗਤਿ=ਰੀਤੀ ਦੀ ਮਰਯਾਦਾ ਕਹੀ ਨਹੀਂ ਜਾਂਦੀ॥ ੧॥ ਰਹਾਉ॥

ਵਰਤ ਨੇਮ ਮਜਨ ਤਿਸੁ ਪੂਜਾ॥ ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ॥

ਉਸ ਪੁਰਸ਼ ਨੇ ਵਰਤ ਨੇਮ ਮੱਜਨ ਪੂਜਾ ਆਦਿਕ ਸਾਰੇ ਕਰਮ ਕਰ ਲਏ ਹਨ ਅਤੇ ਉਸ ਨੇ ਵੇਦ, ਪੁਰਾਣ, ਸਿੰਮ੍ਰਤੀਆਂ ਆਦਿਕ ਸਾਰੇ ਗ੍ਰੰਥ ਵੀ ਸੁਣ ਲਏ ਹਨ।

ਮਹਾ ਪੁਨੀਤ ਜਾ ਕਾ ਨਿਰਮਲ ਥਾਨੁ॥
ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ॥ ੨॥

ਮਹਾਨ ਪਵਿਤ੍ਰ ਜੋ ਸੰਤ ਹਨ, ਉਹਨਾਂ ਦਾ ਨਿਰਮਲ ਥਾਨ ਜੋ ਸਤਿਸੰਗ ਹੈ, ਉਸ ਵਿਚ ਜਿਸ ਪੁਰਸ਼ ਦਾ ਵਾਸਾ ਹੋਇਆ ਹੈ ਅਤੇ ਸਤਿਸੰਗ ਦੁਆਰਾ ਜਿਸ ਦੇ ਹਿਰਦੇ ਵਿਚ ਹਰਿ ਹਰਿ ਨਾਮ ਵਸਿਆ ਹੈ।

ਪ੍ਰਗਟਿਓ ਸੋ ਜਨੁ ਸਗਲੇ ਭਵਨ॥ ਪਤਿਤ ਪੁਨੀਤ ਤਾ ਕੀ ਪਗ ਰੇਨ॥

ਉਹ ਪੁਰਸ਼ ਸਾਰਿਆਂ ਭਵਨਾਂ ਵਿਚ ਪ੍ਰਗਟ ਹੋਇਆ ਹੈ ਅਤੇ ਉਸ ਪੁਰਸ਼ ਦੇ ਚਰਨਾਂ ਦੀ ਰੇਨ=ਧੂੜ ਪਾਪੀਆਂ ਦੇ ਪਵਿੱਤ੍ਰ ਕਰਨ ਵਾਲੀ ਹੈ।

ਜਾ ਕਉ ਭੇਟਿਓ ਹਰਿ ਹਰਿ ਰਾਇ॥
ਤਾ ਕੀ ਗਤਿ ਮਿਤਿ ਕਥਨੁ ਨ ਜਾਇ॥ ੩॥

ਜਿਸ ਨੂੰ ਹਰਿ ਹਰਿ ਰਾਜਾ ਮਿਲਿਆ ਹੈ। ਉਸ ਦੀ ਗਤਿ ਦੀ ਮਰਯਾਦਾ ਆਖੀ ਨਹੀਂ ਜਾਂਦੀ॥ ੩॥

ਆਠ ਪਹਰ ਕਰ ਜੋੜਿ ਧਿਆਵਉ॥ ਉਨ ਸਾਧਾ ਕਾ ਦਰਸਨੁ ਪਾਵਉ॥

ਅੱਠੇ ਪਹਿਰ ਹੱਥ ਜੋੜ ਕੇ ਵਾਹਿਗੁਰੂ ਨਾਮ ਧਿਆਵੇ ਅਤੇ ਉਹਨਾਂ ਸੰਤਾਂ ਦਾ ਦਰਸ਼ਨ ਕਰਨਾ ਪਾਵੇ।

ਮੋਹਿ ਗਰੀਬ ਕਉ ਲੇਹੁ ਰਲਾਇ॥
ਨਾਨਕ ਆਇ ਪਏ ਸਰਣਾਇ॥ ੪॥ ੩੮॥ ੮੯॥

ਹੇ ਭਗਵਾਨ ! ਮੈਂ ਗਰੀਬ ਨੂੰ ਭੀ ਸਤਿਸੰਗ ਵਿਚ ਰਲਾ ਲੈਣਾ ਕਰੋ। ਹਾਰ ਕੇ ਅਸੀਂ ਆਪ ਜੀ ਦੀ ਸ਼ਰਨ ਵਿਚ ਆ ਪਏ ਹਾਂ॥ ੪॥ ੩੮॥ ੮੯॥

ਆਸਾ ਮਹਲਾ ੫॥

ਉਥਾਨਕਾ :-ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵੱਡੀ ਪਰਕਰਮਾਂ ਵਿਚ ਬਾਬਾ ਬੁੱਢਾ ਜੀ ਦੀ ਬੇਰ ਪਾਸ

ਇਕ ਬ੍ਰਾਹਮਣ ਬੈਠਾ ਸਾਲਗਿਰਾਮ ਦੀ ਪੂਜਾ ਕਰ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਪਰਕਰਮਾਂ ਕਰਦੇ ਹੋਏ ਪਹਿਲੀ ਵੇਰ ਲੰਘ ਗਏ ਤੇ ਦੂਜੀ ਵੇਰ ਲੰਘਣ ਲੱਗੇ ਤਾਂ ਉਸ ਬ੍ਰਾਹਮਣ ਨੇ ਕਿਹਾ ਕਿ ਆਪ ਛਤ੍ਰੀ ਹੋ ਕੇ ਸਾਲਗਿਰਾਮ ਦੀ ਪੂਜਾ ਨਹੀਂ ਕਰਦੇ, ਨਾ ਹੀ ਸਿਰ ਨਿਵਾਉਂਦੇ ਹੋ ਕੀ ਕਾਰਨ ਹੈ ? ਤਾਂ ਗੁਰੂ ਜੀ ਨੇ ਕਿਹਾ, 'ਅਸੀਂ ਤਾਂ ਨਿਤ ਹੀ ਸਾਲਗਿਰਾਮ ਦੀ ਪੂਜਾ ਵਗੈਰਾ ਸਭ ਕੰਮ ਕਰਦੇ ਹਾਂ।' ਤਾਂ ਬ੍ਰਾਹਮਣ ਨੇ ਕਿਹਾ, 'ਤੁਸੀਂ ਕਿਵੇਂ ਪੂਜਾ ਕਰਦੇ ਹੋ ? 'ਗੁਰੂ ਜੀ ਨੇ ਕਿਹਾ : ***'ਸਾਲਗਿਰਾਮੁ ਹਮਾਰੈ ਸੇਵਾ॥'***

ਗਿਰਾਮੁ=ਸਮੂਹ ਵਿਖੇ ਜਿਸ ਦਾ ਸਾਲ=ਘਰ ਹੈ, ਐਹੋ ਜਿਹਾ ਜੋ ਸਾਲਗਿਰਾਮ (ਪਰਮਾਤਮਾ ਹੈ, ਉਸ ਦੀ ਮੈਂ ਸੇਵਾ ਕਰਦਾ ਹਾਂ। ***"ਪੂਜਾ ਅਰਚਾ ਬੰਦਨ ਦੇਵਾ॥"*** ਦੇਵਾ=ਪ੍ਰਕਾਸ਼ ਰੂਪ ਪਰਮਾਤਮਾ ਨੂੰ ਜੋ ਮੈਂ ਬੰਦਨਾ ਕਰਦਾ ਹਾਂ ਏਹੋ ਅਰਚਾ=ਮੂਰਤੀ ਦੀ ਪੂਜਾ ਹੈ।

ਅਥਵਾ :-ਏਹੀ ਪੂਜਾ ਹੈ ਏਹੀ ਅਰਚਾ=ਚੰਦਨ ਦਾ ਛਿਨਕਣਾ ਹੈ।

ਆਠ ਪਹਰ ਉਦਕ ਇਸਨਾਨੀ॥ ਸਦ ਹੀ ਭੋਗੁ ਲਗਾਇ ਸੁਰਿਆਨੀ॥

(ਤੁਸੀਂ ਤਾਂ ਕਿਸੇ ਵੇਲੇ ਇਸ਼ਨਾਨ ਕਰਵਾਂਦੇ ਹੋ, ਅਸਾਡਾ ਸਾਲਗਿਰਾਮ) ਅੱਠੇ ਪਹਿਰ ਜਲ ਵਿਚ ਇਸ਼ਨਾਨ ਕਰਦਾ ਹੈ, ਸ਼ੇਖ ਸਾਂਈ ਉਸ ਦਾ ਨਾਮ ਹੈ।

ਅਥਵਾ :-ਜਲਾਂ ਵਿਚ ਵਿਆਪਕ ਹੋਣ ਕਰਕੇ ਅੱਠੇ ਪਹਿਰ ਜਲ ਵਿਚ ਇਸ਼ਨਾਨ ਕਰਦਾ ਹੈ। ਪੁਨਾ ਜੀਵ ਬਣ ਕੇ ਹਮੇਸ਼ਾਂ ਭੋਗ ਲਗਾ ਰਿਹਾ ਹੈ। ਫਿਰ ਉਹ ਗਿਆਨੀ ਹੈ, ਉਸ ਨੂੰ ਆਪਣੇ ਸੰਰੂਪ ਦਾ ਗਿਆਨ ਕਦੇ ਭੁਲਦਾ ਨਹੀਂ।

ਬਿਰਥਾ ਕਾਹੂ ਛੋਡੈ ਨਾਹੀ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ॥ ੧॥

ਉਹ ਪਰਮੇਸ਼ਰ ਕਿਸੇ ਨੂੰ ਬਿਰਥਾ=ਖਾਲੀ ਨਹੀਂ ਛੱਡਦਾ। *ਅਥਵਾ* :-ਜੋ ਉਸ ਦੀ ਪੂਜਾ ਕਰਨ ਵਾਲੇ ਹਨ, ਉਹਨਾਂ ਵਿਚੋਂ ਕਿਸੇ ਦੀ ਬਿਰਥਾ=ਪੀੜਾ ਨਹੀਂ ਛੱਡਦਾ। ਅਸੀਂ ਬਾਰ-ਬਾਰ ਉਸ ਦੇ ਚਰਨਾਂ ਵਿਚ ਲੱਗਦੇ ਹਾਂ॥ ੧॥

ਸਾਲਗਿਰਾਮੁ ਹਮਾਰੈ ਸੇਵਾ॥
ਪੂਜਾ ਅਰਚਾ ਬੰਦਨ ਦੇਵਾ॥ ੧॥ ਰਹਾਉ॥

ਗਿਰਾਮੁ=ਸਮੂਹ ਵਿਖੇ ਜਿਸ ਦਾ ਸਾਲ=ਘਰ ਹੈ, ਐਹੋ ਜਿਹਾ ਜੋ ਸਾਲਗਿਰਾਮ (ਪਰਮਾਤਮਾ) ਹੈ, ਉਸ ਦੀ ਮੈਂ ਸੇਵਾ ਕਰਦਾ ਹਾਂ ਅਤੇ ਦੇਵਾ=ਪ੍ਰਕਾਸ਼ ਰੂਪ ਪਰਮਾਤਮਾ ਨੂੰ ਜੋ ਮੈਂ ਬੰਦਨਾ ਕਰਦਾ ਹਾਂ, ਏਹੀ ਅਰਚਾ=ਮੂਰਤੀ ਦੀ ਪੂਜਾ ਹੈ *ਅਥਵਾ* :-ਏਹੀ ਅਰਚਾ=ਚੰਦਨ ਦਾ ਛਿਨਕਣਾ ਹੈ।

ਘੰਟਾ ਜਾ ਕਾ ਸੁਨੀਐ ਚਹੁ ਕੁੰਟ॥ ਆਸਨੁ ਜਾ ਕਾ ਸਦਾ ਬੈਕੁੰਠ॥

ਜਿਸ ਦਾ ਵੇਦ ਰੂਪੀ ਘੰਟਾ ਚਹੁ ਕੁੰਟ=ਚਾਰੋਂ ਦਿਸ਼ਾਂ ਵਿਚ ਸੁਣਿਆ ਜਾਂਦਾ ਹੈ। ਸਦਾ ਹੀ ਅਕੁੰਠਤ ਪਦ ਰੂਪੀ ਜਿਸ ਦਾ ਆਸਣ ਹੈ।

ਜਾ ਕਾ ਚਵਰੁ ਸਭ ਊਪਰਿ ਝੂਲੈ॥ ਤਾ ਕਾ ਧੂਪੁ ਸਦਾ ਪਰਫੁਲੈ॥ ੨॥

ਜਿਸ ਦਾ ਹੁਕਮ ਰੂਪੀ, *ਅਥਵਾ* :-ਪੌਣ ਰੂਪੀ ਚੌਰ ਸਭ ਦੇ ਉਪਰ ਝੁੱਲ ਰਿਹਾ ਹੈ। ਉਸ ਦਾ ਜਸ ਰੂਪੀ ਧੂਪ ਸਦਾ ਪ੍ਰਫੁਲਤ ਹੋ ਰਿਹਾ ਹੈ॥ ੨॥

ਯਥਾ:- ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ *(ਪੰਨਾ ੬੬੩)*

ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥ ਅਭਗ ਸਭਾ ਸੰਗਿ ਹੈ ਸਾਧਾ ॥

ਸਾਲਗਿਰਾਮ ਦੀ ਮੂਰਤੀ ਵਾਸਤੇ ਡੱਬਾ ਹੁੰਦਾ ਹੈ, ਫਿਰ ਉਸ ਮੂਰਤੀ ਨਾਲ ਪਾਰਖਦ ਹੁੰਦੇ ਹਨ। ਇਸ ਵਾਸਤੇ ਡੱਬਾ ਕਿਹੜਾ ਹੈ ? ਅਤੇ ਪਾਰਖਦ ਕਿਹੜੇ ਹਨ ? *ਉੱਤਰ :-*

ਹੇ ਪੰਡਿਤ ਜੀ ! ਹਰ-ਇਕ ਜੀਵਾਂ ਦਾ ਘਟਿ ਘਟਿ=ਅੰਤਹਕਰਣ ਜਿਸ ਦੇ ਬਿਰਾਜਣੇ ਦਾ ਸੰਪਟੁ=ਡੱਬਾ ਹੈ। ਉਸ ਦੇ ਨਾਲ ਜੋ ਸੰਤ ਹਨ, ਇਹੀ ਅਭਗ=ਨਾਸ ਤੋਂ ਰਹਿਤ ਪਾਰਖਦਾ ਦੀ ਸਭਾ ਹੈ।

ਆਰਤੀ ਕੀਰਤਨੁ ਸਦਾ ਅਨੰਦ ॥ ਮਹਿਮਾ ਸੁੰਦਰ ਸਦਾ ਬੇਅੰਤ ॥ ੩ ॥

ਜੋ ਕੀਰਤਨ ਦਾ ਸਦਾ ਅਨੰਦ ਹੋ ਰਿਹਾ ਹੈ, ਇਹੀ ਆਰਤੀ ਹੈ। ਉਸ ਸਾਲਗਿਰਾਮ ਦੀ ਮਹਿਮਾ ਸੁੰਦਰ ਹੈ ਅਤੇ ਉਹ ਸਦਾ ਬਿਅੰਤ ਹੈ॥ ੩ ॥

ਜਿਸਹਿ ਪਰਾਪਤਿ ਤਿਸ ਹੀ ਲਹਨਾ ॥ ਸੰਤ ਚਰਨ ਓਹੁ ਆਇਓ ਸਰਨਾ ॥

ਜਿਸ ਦੇ ਮੱਥੇ ਤੇ ਸ਼ੁਭ ਲਹਨਾ=ਲੇਖ ਲਿਖੇ ਹੋਏ ਹਨ, ਉਹ ਪੁਰਸ਼ ਸੰਤਾਂ ਦੇ ਚਰਨਾਂ ਦੀ ਸ਼ਰਨ ਵਿਚ ਆਇਆ ਹੈ। ਜੋ ਸ਼ਰਨ ਵਿਚ ਆਇਆ ਹੈ, ਤਿਸ ਨੂੰ ਉਹ ਪਰਮੇਸ਼ਰ ਪ੍ਰਾਪਤ ਹੁੰਦਾ ਹੈ।

ਹਾਥ ਚੜਿਓ ਹਰਿ ਸਾਲਗਿਰਾਮੁ ॥
ਕਹੁ ਨਾਨਕ ਗੁਰਿ ਕੀਨੋ ਦਾਨੁ ॥ ੪ ॥ ੩੯ ॥ ੯੦ ॥

ਗਿਰਾਮੁ=ਸਮੂਹ ਵਿਖੇ ਜਿਸ ਦਾ ਸਾਲ=ਘਰ ਹੈ, ਉਹ ਹਰੀ ਤਦ ਮਨ ਰੂਪੀ ਹੱਥ ਵਿਚ ਚੜ੍ਹਿਆ, ਭਾਵ ਪ੍ਰਾਪਤ ਹੋਇਆ। ਜਦ ਗੁਰਾਂ ਨੇ ਨਾਮ ਦਾਨ ਦੇਣਾ ਕੀਤਾ॥ ੪ ॥ ੩੯ ॥ ੯੦ ॥

ਆਸਾ ਮਹਲਾ ੫ ਪੰਚਪਦ੍ਹਾ ॥

*ਪ੍ਰਸ਼ਨ :-*ਜਮ ਰਸਤੇ ਵਿਚ ਸੰਤ ਜਾਂਦੇ ਹਨ ਕਿ ਨਹੀਂ ? *ਉੱਤਰ:-*

ਜਿਹ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ ॥ ੧ ॥

ਜਿਸ ਜਮ ਰਸਤੇ ਵਿਚ ਪਦਾਰਥ, *ਅਥਵਾ :-*ਸ਼ਕਾਮ ਕਰਮਾਂ ਰੂਪੀ ਜਲ ਦੇ ਭਰਨ ਵਾਲੀ ਜੀਵ ਰੂਪੀ ਇਸਤ੍ਰੀ ਲੁੱਟੀ ਜਾਂਦੀ ਹੈ। ਸੋ ਮਾਰਗੁ=ਉਹ ਜਮ ਰਸਤਾ ਸੰਤਾਂ ਤੋਂ ਦੂਰ ਰਹਿੰਦਾ ਹੈ।

ਸਤਿਗੁਰ ਪੂਰੈ ਸਾਚੁ ਕਹਿਆ ॥
ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥ ੧ ॥ ਰਹਾਉ ॥

ਪੂਰੇ ਸਤਿਗੁਰਾਂ ਨੇ ਸੱਚ ਕਿਹਾ ਹੈ ਕਿ-ਹੇ ਪਰਮੇਸ਼ਰ ! ਜੋ ਪੁਰਸ਼ ਤੇਰੇ ਨਾਮ ਦੀ ਬੀਥੀ=ਗਲੀ ਵਿਚ ਵੜਿਆ ਹੈ, ਉਹ ਮੁਕਤ ਹੋਇਆ ਹੈ, ਉਸ ਪਾਸੋਂ ਜਮਾਂ ਦਾ ਰਾਹ ਦੂਰ ਰਿਹਾ ਹੈ॥ ੧ ॥ ਰਹਾਉ ॥

ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥ ੨ ॥

ਜਿਸ ਘਾਟ=ਵੈਤਰਨੀ ਨਦੀ ਉੱਤੇ ਜਮ ਰੂਪੀ ਜਾਗਾਤੀ=ਮਸੂਲੀਏ ਬੜੇ ਲਾਲਚੀ ਹਨ। ਉਹ ਵੈਤਰਨੀ ਨਦੀ ਦੀ ਵਾਟ ਗੁਰਮੁਖ ਜਨਾਂ ਤੋਂ ਦੂਰ ਰਹੀ ਹੈ॥ ੨ ॥

ਜਹ ਆਵਟੇ ਬਹੁਤ ਘਨ ਸਾਥ ॥ ਪਾਰਬ੍ਰਹਮ ਕੇ ਸੰਗੀ ਸਾਧ ॥ ੩ ॥

ਜਿਸ ਜਮ ਰਸਤੇ ਵਿਚ ਬਹੁਤੇ ਸ਼ਕਾਮ ਕਰਮਾਂ ਦੇ ਕਰਨ ਵਾਲੇ ਪੁਰਸ਼ ਘਨ ਸਾਥ=ਬਹੁਤੇ ਸਾਥਾਂ ਦੇ ਸਾਥ

ਆਵਟੇ=ਤਪਾਏ ਜਾਂਦੇ ਹਨ, ਅਥਵਾ :-ਦੁਖੀ ਕੀਤੇ ਜਾਂਦੇ ਹਨ,

ਅਥਵਾ :-ਲੁਟੀਂਦੇ ਹਨ, ਉਸ ਰਸਤੇ ਵਿਚ ਗੁਰਮੁਖ ਨਹੀਂ ਜਾਂਦੇ, ਕਿਉਂਕਿ ਸਾਧ=ਸਰੇਸ਼ਟ ਗੁਰਮੁਖ ਪਾਰਬ੍ਰਹਮ ਦੇ ਸੰਗੀ ਹੁੰਦੇ ਹਨ॥ ੩॥

ਚਿਤ੍ਰ ਗੁਪਤ੍ਰ ਸਭ ਲਿਖਤੇ ਲੇਖਾ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥ ੪॥

ਜੋ ਚਿਤਰ ਗੁਪਤ ਸਭ ਜੀਵਾਂ ਦੇ ਲੇਖੇ ਨੂੰ ਲਿਖਣਾ ਕਰਦੇ ਹਨ। ਉਹ ਪਰਮੇਸ਼ਰ ਦੇ ਭਗਤ ਜਨਾਂ ਨੂੰ ਦ੍ਰਿਸ਼ਟੀ ਭਰਕੇ ਭੀ ਨਹੀਂ ਦੇਖ ਸਕਦੇ॥ ੪॥

ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥
ਵਾਜੇ ਤਾ ਕੈ ਅਨਹਦ ਤੂਰਾ॥ ੫॥ ੪੦॥ ੯੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਪੂਰਾ ਸਤਿਗੁਰੂ ਮਿਲਿਆ ਹੈ। ਉਸ ਦੇ ਅਨਹਦ=ਇਕ ਰਸ ਜਸ ਰੂਪੀ ਤੂਰਾ=ਵਾਜੇ ਵੱਜੇ ਹਨ॥ ੫॥ ੪੦॥ ੯੧॥

ਆਸਾ ਮਹਲਾ ੫ ਦੁਪਦਾ ੧॥
ਸਾਧੂ ਸੰਗਿ ਸਿਖਾਇਓ ਨਾਮੁ॥ ਸਰਬ ਮਨੋਰਥ ਪੂਰਨ ਕਾਮ॥

ਜਿਸ ਵੇਲੇ ਸੰਤਾਂ ਦੇ ਸੰਗ ਨੇ ਮੈਨੂੰ ਨਾਮ ਜਪਣਾ ਸਿਖਾਇਆ ਤਾਂ ਮਨ ਦੇ ਸਾਰੇ ਸੰਕਲਪ ਪੂਰਨ ਹੋ ਕੇ ਦੁਨੀਆਂ ਦੇ ਸਾਰੇ ਕੰਮ ਪੂਰੇ ਹੋ ਗਏ।

ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ॥
ਜਪਿ ਜਪਿ ਜੀਵਾ ਸਾਰਿਗਪਾਨੇ॥ ੧॥

ਤ੍ਰਿਸ਼ਨਾ ਰੂਪੀ ਅੱਗ ਬੁੱਝ ਗਈ ਅਤੇ ਹਰੀ ਜਸ ਕਰਕੇ ਤ੍ਰਿਪਤ ਹੋਏ ਹਾਂ। ਸਾਰਿਗਪਾਨੇ=ਪਰਮੇਸ਼ਰ ਦੇ ਜਪ ਨੂੰ ਜਪ ਕੇ ਜੀਉਂਦਾ ਹਾਂ॥ ੧॥

ਕਰਨ ਕਰਾਵਨ ਸਰਨਿ ਪਰਿਆ॥

ਜਿਸ ਵੇਲੇ ਕਰਨ ਕਰਾਉਣ ਵਾਲੇ ਵਾਹਿਗੁਰੂ ਦੀ ਸ਼ਰਨ ਵਿਚ ਪਿਆ।

ਗੁਰ ਪਰਸਾਦਿ ਸਹਜ ਘਰੁ ਪਾਇਆ
ਮਿਟਿਆ ਅੰਧੇਰਾ ਚੰਦੁ ਚੜਿਆ॥ ੧॥ ਰਹਾਉ॥

ਤਾਂ ਗੁਰਾਂ ਦੀ ਕਿਰਪਾ ਨਾਲ ਸ਼ਾਂਤੀ-ਘਰ ਨੂੰ ਪਾਉਣਾ ਕੀਤਾ। ਗਿਆਨ ਰੂਪ ਚੰਦ੍ਰਮਾ ਦੇ ਚੜ੍ਹਨ ਕਰਕੇ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ॥ ੧॥ ਰਹਾਉ॥

[ਪੰਨਾ ੩੯੪]

ਲਾਲ ਜਵੇਹਰ ਭਰੇ ਭੰਡਾਰ॥ ਤੋਟਿ ਨ ਆਵੈ ਜਪਿ ਨਿਰੰਕਾਰ॥

ਲਾਲ=ਪ੍ਰੇਮ, ਜਵੇਹਰ=ਗਿਆਨ ਆਦਿਕ ਸ਼ੁਭ ਗੁਣਾਂ ਦੇ ਭੰਡਾਰ=ਅੰਤਹਕਰਣ ਭਰੇ ਹੋਏ ਹਨ। ਨਿਰੰਕਾਰ

ਦੇ ਜਪਣ ਕਰਕੇ ਕਿਸੇ ਵਸਤੂ ਦਾ ਘਾਟਾ ਨਹੀਂ ਆਉਂਦਾ।

ਅੰਮ੍ਰਿਤ ਸਬਦੁ ਪੀਵੈ ਜਨੁ ਕੋਇ॥
ਨਾਨਕ ਤਾ ਕੀ ਪਰਮ ਗਤਿ ਹੋਇ॥ ੨॥ ੪੧॥ ੯੨॥

ਜਿਹੜਾ ਕੋਈ ਪੁਰਸ਼ ਗੁਰਾਂ ਦੇ ਉਪਦੇਸ਼ ਦੁਆਰਾ ਨਾਮ-ਅੰਮ੍ਰਿਤ ਨੂੰ ਪੀਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਪੁਰਸ਼ ਦੀ ਪਰਮ ਗਤਿ=ਕੈਵਲ ਮੁਕਤੀ ਹੁੰਦੀ ਹੈ॥ ੨॥ ੪੧॥ ੯੨॥

ਆਸਾ ਘਰੁ ੭ ਮਹਲਾ ੫॥
ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਂਈ॥ ੧॥

ਹੇ ਹਰੀ ! ਆਪ ਜੀ ਦਾ ਨਾਮ ਮੈਂ ਨਿਤਾਪ੍ਰਤੀ ਹਿਰਦੇ ਵਿਚ ਧਿਆਉਂਦਾ ਹਾਂ ਅਤੇ ਆਪਣੇ ਨਾਲ ਦੇ ਸਾਰਿਆਂ ਸਾਥੀਆਂ ਨੂੰ ਭੀ ਤਾਰਦਾ ਹਾਂ। *ਅਥਵਾ* :-ਜੋ ਮੇਰੇ ਸੰਗੀ ਹਨ, ਅੱਗੋਂ ਉਹਨਾਂ ਦੇ ਜੋ ਸਾਥੀ ਹਨ; ਉਹਨਾਂ ਸਾਰਿਆਂ ਨੂੰ ਤਾਰਦਾ ਹਾਂ॥ ੧॥

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥ ੧॥ ਰਹਾਉ॥

ਗੁਰੂ ਰਾਮਦਾਸ ਜੀ ਮੇਰੇ ਅੰਗ-ਸੰਗ ਹਨ ਅਤੇ ਹਮੇਸ਼ਾਂ ਨਾਲ ਹੋ ਕੇ ਸਹਾਇਤਾ ਕਰਦੇ ਹਨ। ਤਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਮਨ ਦੁਆਰੇ ਸਿਮਰ ਕੇ, ਬਾਣੀ ਦੁਆਰਾ ਸਿਮਰ ਕੇ, ਤਨ ਕਰਕੇ ਸਮ੍ਹਾਲਦਾ ਹਾਂ॥ ੧॥ ਰਹਾਉ॥

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ੨॥ ੪੨॥ ੯੩॥

ਆਪ ਜੀ ਦਾ ਹੁਕਮ ਕੀਤਾ ਹੋਇਆ ਮੈਨੂੰ ਮਿੱਠਾ ਲੱਗ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਕੇਵਲ ਨਾਮ-ਪਦਾਰਥ ਨੂੰ ਮੰਗਦਾ ਹਾਂ॥ ੨॥ ੪੨॥ ੯੩॥

ਆਸਾ ਮਹਲਾ ੫॥
ਸਾਧੂ ਸੰਗਤਿ ਤਰਿਆ ਸੰਸਾਰੁ॥ ਹਰਿ ਕਾ ਨਾਮੁ ਮਨਹਿ ਆਧਾਰੁ॥ ੧॥

ਸੰਤਾਂ ਦੀ ਸਤਸੰਗਤਿ ਕਰਕੇ ਜਿਸ ਨੇ ਹਰੀ ਦੇ ਨਾਮ ਦਾ ਆਧਾਰੁ=ਆਸਰਾ ਮਨ ਵਿਚ ਫੜਿਆ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ॥ ੧॥

ਚਰਨ ਕਮਲ ਗੁਰਦੇਵ ਪਿਆਰੇ॥
ਪੂਜਹਿ ਸੰਤ ਹਰਿ ਪ੍ਰੀਤਿ ਪਿਆਰੇ॥ ੧॥ ਰਹਾਉ॥

ਹਰੀ ਦੀ ਪ੍ਰੀਤੀ ਵਿਚ ਪਿਆਰ ਕਰਨ ਵਾਲੇ ਜੋ ਸੰਤ ਹਨ, ਉਹ ਪਿਆਰੇ ਗੁਰਦੇਵਾਂ ਦੇ ਚਰਨ ਕਮਲਾਂ ਨੂੰ ਪੂਜਦੇ ਹਨ॥ ੧॥ ਰਹਾਉ॥

ਜਾ ਕੈ ਮਸਤਕਿ ਲਿਖਿਆ ਭਾਗੁ ॥
ਕਹੁ ਨਾਨਕ ਤਾ ਕਾ ਥਿਰੁ ਸੋਹਾਗੁ ॥ ੨ ॥ ੪੩ ॥ ੯੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮੱਥੇ 'ਪਰ ਸਰੇਸ਼ਟ ਭਾਗਾਂ ਦਾ ਲੇਖ ਲਿਖਿਆ ਹੋਇਆ ਹੈ, ਉਸ ਦਾ ਸੁਹਾਗ ਥਿਰੁ=ਅਚੱਲ ਹੋਇਆ ਹੈ॥ ੨ ॥ ੪੩ ॥ ੯੪ ॥

ਆਸਾ ਮਹਲਾ ੫ ॥

ਹੁਣ ਉਤਮ ਜਗਿਆਸੂ ਰੂਪੀ ਸਖੀ ਆਪਣੀ ਬਿਵਸੱਥਾ ਸੁਣਾਂਦੀ ਹੈ, ਕਿ-

ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿ ਘਰ ਕੀ ਕੰਤਿ ਤਿਆਗੀ ॥

(ਜਿਸ ਵੇਲੇ) ਪਤੀ-ਪਰਮੇਸ਼ਰ ਦੀ ਆਗਿਆ ਮੰਨਣੀ ਮਿੱਠੀ ਲੱਗੀ ਤਾਂ ਪਤੀ-ਪਰਮਾਤਮਾ ਨੇ ਮੇਰੇ ਘਰ ਦੀ ਸਉਕਨਿ=ਕਬੁੱਧੀ ਤਿਆਗੀ=ਦੂਰ ਕਰ ਦਿੱਤੀ।

ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥ ਮਨ ਮੇਰੇ ਕੀ ਤਪਤਿ ਹਰੀ ॥ ੧ ॥

ਪਤੀ ਨੇ ਮੈਨੂੰ ਜਪ ਤਪ ਰੂਪੀ ਸ਼ਿਗਾਰ ਦੇ ਸਹਿਤ ਕਰਕੇ ਸੋਹਾਗਣ ਕਰ ਦਿੱਤਾ ਹੈ ਅਤੇ ਮੇਰੇ ਮਨ ਦੀ ਸਾਰੀ ਤਪਤਿ=ਸੜਨ (ਤਪਸ਼) ਦੂਰ ਕਰ ਦਿੱਤੀ ਹੈ।

ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥
ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥

ਭਲੋ ਭਇਓ=ਚੰਗਾ ਹੋਇਆ, ਜੋ ਮੈਂ ਪਤੀ-ਪਰਮਾਤਮਾ ਦਾ ਕਿਹਾ ਹੋਇਆ ਬਚਨ ਮੰਨਿਆ ਹੈ। ਵਾਹਿਗੁਰੂ ਦੇ ਹੁਕਮ ਮੰਨਣ ਕਰਕੇ ਹੀ, ਇਸ ਘਰ ਦਾ ਮੈਂ ਅਚੁਤ ਸੁਖ ਜਾਣ ਲਿਆ ਹੈ॥ ਰਹਾਉ ॥

ਹਉ ਬੰਦੀ ਪ੍ਰਿਅ ਖਿਜਮਤਦਾਰ ॥ ਓਹੁ ਅਬਿਨਾਸੀ ਅਗਮ ਅਪਾਰ ॥

ਮੈਂ ਬੰਦੀ=ਦਾਸੀ ਹੋ ਕੇ ਪਿਰੀ ਦੀ ਖਿਜਮਤਦਾਰ=ਸੇਵਾ ਕਰਨ ਵਾਲੀ ਹਾਂ ਤੇ ਉਹ ਅਬਿਨਾਸੀ= ਪਰਮਾਤਮਾ ਅਗਮ=ਥੌਹ ਤੋਂ ਰਹਿਤ ਅਤੇ ਅਪਾਰ=ਬੇਅੰਤ ਗੁਣਾਂ ਵਾਲਾ ਹੈ।

ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ ॥ ੨ ॥

ਲੇ ਪਖਾ=ਪਖ ਲੈਣੇ ਰੂਪੀ ਪੱਖਾ ਲੈ ਕੇ ਪਤੀ ਨੂੰ ਝਲ ਪਾਉਂਦੀ ਹਾਂ। ਜੇਹੜੇ ਪੰਜ ਦੂਤ ਕਾਮ ਆਦਿਕ ਲਾਵੇ=ਲਾਈਆਂ ਦੇ ਕਰਨ ਵਾਲੇ, ਭਾਵ ਸ਼ੁਭ ਗੁਣਾਂ ਦੇ ਕਟਣ ਵਾਲੇ ਸਨ; ਉਹ ਦੂਰ ਭੱਜ ਗਏ ਹਨ॥ ੨ ॥

ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥

ਨਾ ਮੈਂ ਉੱਚੀ ਕੁਲ ਵਾਲੀ ਹਾਂ, ਨਾ ਹੀ ਮੈਂ ਸ਼ੋਭਾ ਵਾਲੀ ਹਾਂ। ਕੀ ਜਾਣਾ, ਜੋ ਮੈਂ ਪਤੀ=ਪਰਮਾਤਮਾ ਨੂੰ ਕਿਵੇਂ ਭਾਨੀ=ਭਾ ਗਈ ਹਾਂ।

ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥ ੩ ॥

ਮੋਹਿ=ਮੈਂ (ਮਨ, ਬਾਣੀ, ਸਰੀਰ ਕਰਕੇ) ਅਨਾਥਣੀ, ਗਰੀਬਣੀ ਅਤੇ ਨਿਮਾਣੀ ਸੀ। ਪਰ ਪਤੀ ਨੇ ਬਾਹੋਂ ਫੜ ਕੇ ਮੈਨੂੰ ਰਾਨੀ=ਪ੍ਰਕਾਸ਼ਨ ਕਰ ਦਿੱਤਾ ਹੈ॥ ੩ ॥

ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥

ਜੋ ਪਰਮੇਸ਼ਰ ਪ੍ਰੀਤਮ ਇਸ ਲੋਕ ਦਾ, ਸੱਜਣ ਪ੍ਰਲੋਕ ਦਾ ਹੈ, ਉਹ ਜਿਸ ਵੇਲੇ ਮੇਰੇ ਮੂੰਹ ਲੱਗਾ, ਭਾਵ ਸਾਹਮਣੇ ਹੋਇਆ ਤਾਂ ਅਚੁਤ ਸੁਖ ਦੇ ਸਹਿਤ ਮੇਰਾ ਸੋਹਾਗਾ=ਅਨੰਦ ਧੰਨਤਾ ਯੋਗ ਹੋ ਗਿਆ।

ਕਹੁ ਨਾਨਕ ਮੋਰੀ ਪੂਰਨ ਆਸਾ ॥
ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥ ੪ ॥ ੧ ॥ ੯੫ ॥

ਗੁਰੂ ਜੀ ਕਥਨ ਕਰਦੇ ਹਨ-ਮੇਰੀ ਆਸਾ ਪੂਰਨ ਹੋ ਗਈ। ਧੰਨ ਸਤਿਗੁਰੂ ਹਨ, ਜਿਨ੍ਹਾਂ ਨੇ ਗੁਣਾਂ ਦੇ ਖਜ਼ਾਨੇ ਪ੍ਰਭੂ ਨਾਲ ਮੇਲ ਦਿੱਤਾ ਹੈ॥ ੪॥ ੧॥ ੯੫॥

ਆਸਾ ਮਹਲਾ ੫ ॥

ਰਹਾਉ ਦੀ ਪੰਗਤੀ ਪਹਿਲੇ ਉਠਾਉਣੀ-ਐਸੀ ਇਸਤ੍ਰੀ ਇਕ ਰਾਮ ਉਪਾਈ॥

ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੋ ਭਾਈ॥

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥

ਜਿਸ ਦੇ ਮੱਥੇ 'ਪਰ ਤਿੰਨਾਂ ਗੁਣਾਂ ਰੂਪੀ ਤ੍ਰਿਕੁਟੀ=ਤੀਉੜੀ ਪਈ ਰਹਿੰਦੀ ਹੈ ਅਤੇ ਜਿਸ ਦੀ ਦ੍ਰਿਸ਼ਟੀ ਬੜੀ ਕਰੂਰਿ=ਕਰੜੀ ਹੈ। ਜੋ ਸਭ ਨੂੰ ਕਉੜਾ=ਦੁਖਦਾਇਕ ਬੋਲਦੀ ਹੈ ਤੇ ਜਿਹਵਾ ਦੀ ਜੋ ਫੂੜਿ= ਗਪੌੜਨ ਹੈ।

ਸਦਾ ਭੂਖੀ ਪਿਰੁ ਜਾਨੈ ਦੂਰਿ ॥ ੧ ॥

ਜੋ ਹਮੇਸ਼ਾਂ ਭੁੱਖੀ ਰਹਿੰਦੀ ਹੈ, ਕਿਉਂਕਿ ਪਤੀ-ਪਰਮਾਤਮਾ ਨੂੰ ਦੂਰ ਜਾਣਦੀ ਹੈ।

ਐਸੀ ਇਸਤ੍ਰੀ ਇਕ ਰਾਮਿ ਉਪਾਈ ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥

ਸਾਰੇ ਜਗਤ ਦੇ ਉਪਾਈ=ਪੈਦਾ ਕਰਨ ਵਾਲਾ ਜੋ ਰਾਮ ਹੈ, ਉਸ ਦੀ ਇਕ ਇਸਤ੍ਰੀ ਮਾਇਆ ਅਜਿਹੀ ਹੈ। ਉਸ ਨੇ ਸਾਰੇ ਜਗਤ ਨੂੰ ਲੁਟ ਖਾਧਾ ਹੈ, ਹੇ ਮੇਰੇ ਭਾਈ ! ਸਾਨੂੰ ਤਾਂ ਸਤਿਗੁਰਾਂ ਨੇ ਰੱਖ ਲਿਆ ਹੈ॥ ਰਹਾਉ॥

ਪਾਇ ਠਗਉਲੀ ਸਭੁ ਜਗੁ ਜੋਹਿਆ ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥

ਮੋਹ ਰੂਪੀ ਠੱਗ ਬੂਟੀ ਪਾ ਕੇ ਜਿਸ ਨੇ ਸਾਰੇ ਜਗਤ ਨੂੰ ਜੋਹਿਆ=ਤੱਕਿਆ ਹੈ।

ਅਥਵਾ :-ਸਾਰਾ ਜੋ ਜਗਤ ਹੈ, ਉਸ ਨੂੰ ਹਿਆ=ਹਤ ਕੀਤਾ ਹੈ। ਹੋਰ ਕੀ ਕਹਿਣਾ ਹੈ, ਜਿਸ ਨੇ ਵੱਡਿਆਂ ਵੱਡਿਆਂ ਨੂੰ ਨਹੀਂ ਛੱਡਿਆ। ਬ੍ਰਹਮਾ ਵਿਸ਼ਨੂੰ ਅਤੇ ਮਹਾਦੇਉ=(ਮਹਾਦੇਵ) ਸ਼ਿਵ ਜੀ ਨੂੰ ਭੀ ਮੋਹ ਲਿਆ ਹੈ।
ਪ੍ਰਸ਼ਨ :-ਕੋਈ ਬਚਿਆ ਵੀ ਸਹੀ ? *ਉੱਤਰ* :-

ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥ ੨ ॥

ਗੁਰਾਂ ਦੁਆਰੇ ਜੋ ਗੁਰਮੁਖ ਨਾਮ ਜਾਪ ਵਿਚ ਲੱਗੇ ਹਨ, ਉਹ ਉਸ ਤੋਂ ਬਚ ਕੇ ਸ਼ੋਭਨੀਕ ਹੋ ਰਹੇ ਹਨ॥ ੨ ॥

ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥ ਤਟ ਤੀਰਥ ਭਵੇ ਸਭ ਧਰਨਾ ॥

ਵਰਤਾਂ ਵਾਲੇ ਵਰਤ ਰੱਖਕੇ, ਯਮ ਨੇਮ ਵਾਲੇ ਯਮ ਨੇਮ ਨੂੰ ਕਰਕੇ, ਪੁਨਹਚਰਨਾ=ਪ੍ਰਾਸਚਿਤ ਕਰਨ ਵਾਲੇ ਪ੍ਰਾਸਚਿਤ ਨੂੰ ਕਰਕੇ ਸਭ ਥੱਕ ਗਏ ਹਨ। ਪਰ ਮਾਇਆ ਉਨ੍ਹਾਂ ਤੋਂ ਭੀ ਦੂਰ ਨਹੀਂ ਹੋਈ। ਤੀਰਥਾਂ ਦੇ ਕਿਨਾਰੇ ਰਹਿਣ ਵਾਲਿਆਂ ਅਤੇ ਸਭ ਧਰਤੀ ਪਰ ਭਵੇ=ਫਿਰਨ ਵਾਲਿਆਂ ਨੂੰ ਵੀ ਮਾਇਆ ਨੇ ਕਾਬੂ ਕੀਤਾ ਹੋਇਆ ਹੈ।

ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥ ੩ ॥

ਮਾਇਆ ਤੋਂ ਓਹੀ ਪੁਰਸ਼ ਉਬਰੇ=ਬਚੇ, ਜੇਹੜੇ ਸਤਿਗੁਰਾਂ ਦੀ ਸ਼ਰਨ ਪੈ ਗਏ॥ ੩ ॥

ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥

ਮੋਹ ਵਿਚ ਸਾਰੇ ਜਗਤ ਨੂੰ ਮਾਇਆ ਨੇ ਬੰਨ੍ਹਿਆ ਹੋਇਆ ਹੈ। ਮਨਮੁਖ ਮੂਰਖ ਹੰਗਤਾ ਮਮਤਾ ਵਿਚ ਪਚੀ ਹੋ ਰਿਹਾ ਹੈ। *ਅਥਵਾ :-* ਮੂਰਾਖਾ ਦੀ ਜਗ੍ਹਾ ਮੂਰਖਾਧਾ ਵੀ ਪਾਠ ਹੁੰਦਾ ਹੈ। ਮਨਮੁਖ ਪੁਰਸ਼ ਮੂਰਖਤਾਈ ਦਾ ਖਾਧਾ ਹੋਇਆ, ਹਉਮੈ ਵਿਚ ਪਚੈ=ਖਰਾਬ ਹੋ ਰਿਹਾ ਹੈ।

ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥ ੪ ॥ ੨ ॥ ੯੬ ॥

ਧੰਨ ਗੁਰੂ ਸਾਹਿਬ ਜੀ ਹਨ, ਜਿਨ੍ਹਾਂ ਨੇ (ਬੁੱਧੀ ਰੂਪੀ) ਬਾਂਹ ਤੋਂ ਫੜ ਕੇ ਸਾਨੂੰ ਰੱਖ ਲਿਆ ਹੈ॥ ੪ ॥ ੨ ॥ ੯੬ ॥

ਆਸਾ ਮਹਲਾ ੫ ॥

ਸਰਬ ਦੂਖ ਜਬ ਬਿਸਰਹਿ ਸੁਆਮੀ ॥ ਈਹਾ ਊਹਾ ਕਾਮਿ ਨ ਪ੍ਰਾਨੀ ॥ ੧ ॥

ਜਦ ਸੁਆਮੀ ਦਾ ਨਾਮ ਵਿਸਰ ਜਾਵੇ ਤਦ ਸਾਰੇ ਦੁੱਖ ਆ ਲੱਗਦੇ ਹਨ ਤਾਂ ਫਿਰ ਪ੍ਰਾਣੀ ਈਹਾ ਊਹਾ=ਲੋਕ ਪ੍ਰਲੋਕ ਵਿਚ ਕਿਸੇ ਕੰਮ ਜੋਗਾ ਨਹੀਂ, ਅਰਥਾਤ ਮਨੁੱਖਾ ਦੇਹ ਨੂੰ ਨਿਸਫਲ ਗੁਆ ਦੇਂਦਾ ਹੈ॥ ੧ ॥

ਸੰਤ ਤ੍ਰਿਪਤਾਸੇ ਹਰਿ ਹਰਿ ਧ੍ਯਾਇ ॥

ਸੰਤ ਹਰਿ ਹਰਿ ਨੂੰ ਧਿਆ ਕੇ ਪਦਾਰਥਾਂ ਵਲੋਂ ਤ੍ਰਿਪਤ ਹੋਏ ਹਨ।

[ਪੰਨਾ ੩੯੫]

ਕਰਿ ਕਿਰਪਾ ਅਪੁਨੈ ਨਾਇ ਲਾਏ
ਸਰਬ ਸੁਖ ਪ੍ਰਭ ਤੁਮਰੀ ਰਜਾਇ ॥ ਰਹਾਉ ॥

ਜਿਨ੍ਹਾਂ ਸੰਤਾਂ ਨੂੰ ਪ੍ਰਭੂ ਨੇ ਕਿਰਪਾ ਕਰਕੇ ਆਪਣੇ ਨਾਮ ਵਿਖੇ ਲਗਾ ਲਿਆ ਹੈ, ਉਨ੍ਹਾਂ ਸੰਤਾਂ ਦਾ ਇਹ ਨਿਸਚਾ ਹੋ ਗਿਆ ਹੈ ਕਿ ਹੇ ਪ੍ਰਭੂ ! ਤੇਰੀ ਆਗਿਆ ਮੰਨਣ ਵਿਚ ਹੀ ਸਾਰੇ ਸੁਖ ਹਨ॥ ਰਹਾਉ॥

ਸੰਗਿ ਹੋਵਤ ਕਉ ਜਾਨਤ ਦੂਰਿ॥ ਸੋ ਜਨੁ ਮਰਤਾ ਨਿਤ ਨਿਤ ਝੂਰਿ॥ ੨॥

ਅੰਗ-ਸੰਗ ਹੁੰਦੇ ਅਕਾਲ ਪੁਰਖ ਨੂੰ ਜੋ ਪੁਰਸ਼ ਦੂਰ ਜਾਣਦਾ ਹੈ। ਉਹ ਪੁਰਸ਼ ਨਿਤਾਪ੍ਰਤੀ ਝੁਰ-ਝੁਰ ਕੇ ਮਰਦਾ ਹੈ॥ ੨॥

ਜਿਨਿ ਸਭੁ ਕਿਛੁ ਦੀਆ ਤਿਸੁ ਚਿਤਵਤ ਨਾਹਿ॥
ਮਹਾ ਬਿਖਿਆ ਮਹਿ ਦਿਨੁ ਰੈਨਿ ਜਾਹਿ॥ ੩॥

ਜਿਸ ਪਰਮੇਸ਼ਰ ਨੇ ਸਭ ਕੁਝ ਦਿੱਤਾ ਹੈ, ਉਸ ਨੂੰ ਯਾਦ ਨਹੀਂ ਕਰਦਾ।

ਬਿਖਿਆ=ਮਾਇਆ ਦੇ ਮਹਾ=ਬਹੁਤ ਕਮਾਉਣ ਵਿਚ ਰਾਤ ਦਿਨ ਲੰਘਦਾ ਜਾਂਦਾ ਹੈ॥ ੩॥

ਕਹੁ ਨਾਨਕ ਪ੍ਰਭੁ ਸਿਮਰਹੁ ਏਕ॥
ਗਤਿ ਪਾਈਐ ਗੁਰ ਪੂਰੇ ਟੇਕ॥ ੪॥ ੩॥ ੯੭॥

ਗੁਰੂ ਜੀ ਕਥਨ ਕਰਦੇ ਹਨ-ਇਕ ਪ੍ਰਭੂ ਨੂੰ ਸਿਮਰਨਾ ਕਰੋ। ਪੂਰਿਆਂ ਗੁਰਾਂ ਦੇ ਆਸਰੇ ਹੋਣ ਕਰਕੇ ਮੁਕਤੀ ਪ੍ਰਾਪਤ ਹੁੰਦੀ ਹੈ॥ ੪॥ ੩॥ ੯੭॥

ਆਸਾ ਮਹਲਾ ੫॥

ਨਾਮੁ ਜਪਤ ਮਨੁ ਤਨੁ ਸਭੁ ਹਰਿਆ॥

ਵਾਹਿਗੁਰੂ ਨਾਮ ਜਪਣੇ ਕਰਕੇ ਮੇਰਾ ਮਨ ਤਨ ਸਭ ਸ਼ੁਭ ਗੁਣਾਂ ਨਾਲ ਹਰਿਆ ਹੋਇਆ ਹੈ।

ਕਲਮਲ ਦੋਖ ਸਗਲ ਪਰਹਰਿਆ॥ ੧॥

(ਨਾਮ ਦੇ ਪ੍ਰਤਾਪ ਨਾਲ ਹੀ) ਕਲਮਲ=ਪਾਪ ਅਤੇ ਦੋਖ (ਕਾਮ ਆਦਿਕ ਇਨ੍ਹਾਂ) ਸਾਰਿਆਂ ਨੂੰ ਪਰਹਰਿਆ=ਦੂਰ ਕੀਤਾ ਹੈ॥ ੧॥

ਸੋਈ ਦਿਵਸੁ ਭਲਾ ਮੇਰੇ ਭਾਈ॥
ਹਰਿ ਗੁਨ ਗਾਹਿ ਪਰਮ ਗਤਿ ਪਾਈ॥ ਰਹਾਉ॥

ਹੇ ਮੇਰੇ ਭਾਈ ! ਉਹ ਦਿਨ ਸਭ ਤੋਂ ਚੰਗਾ ਹੈ। ਜਿਸ ਦਿਨ ਹਰੀ ਦੇ ਗੁਣ ਗਾ ਕੇ ਮੈਂ ਕੈਵਲ ਮੁਕਤੀ ਪਾਈ॥ ਰਹਾਉ॥

ਸਾਧ ਜਨਾ ਕੇ ਪੂਜੇ ਪੈਰ॥ ਮਿਟੇ ਉਪਦ੍ਰਹ ਮਨ ਤੇ ਬੈਰ॥ ੨॥

ਜਿਸ ਦਿਨ ਦੇ ਸੰਤਾਂ ਦੇ ਚਰਨ ਪੂਜਣਾ ਕੀਤੇ ਹਨ। ਉਸ ਦਿਨ ਤੋਂ ਮਨ ਵਿਚੋਂ ਵੈਰ ਆਦਿਕ ਸਭ ਉਪਦ੍ਰਵ ਮਿਟ ਗਏ ਹਨ।

ਅਥਵਾ :-ਜੋ ਵੈਰੀ ਉਪਦ੍ਰਵ ਕਰਦੇ ਸਨ, ਉਹ ਮਨ ਤੋਂ ਸਭ ਮਿਟ ਗਏ ਭਾਵ ਭੁਲ ਗਏ ਹਨ॥ ੨॥

ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥
ਪੰਚ ਦੂਤ ਸਭਿ ਵਸਗਤਿ ਆਇਆ ॥ ੩ ॥

ਪੂਰਿਆਂ ਗੁਰਾਂ ਨਾਲ ਮਿਲ ਕੇ ਜਨਮ ਮਰਨ ਰੂਪ ਝਗੜਾ ਦੂਰ ਕਰ ਦਿੱਤਾ ਹੈ। ਕਾਮ ਆਦਿਕ ਪੰਜਾਂ ਦੂਤਾਂ ਦਾ ਸਾਰਾ ਸਮੁਦਾਅ ਸਾਡੇ ਵਸਗਤਿ=ਅਧੀਨ ਹੋ ਆਇਆ ਹੈ॥ ੩ ॥

ਜਿਸੁ ਮਨਿ ਵਸਿਆ ਹਰਿ ਕਾ ਨਾਮੁ ॥
ਨਾਨਕ ਤਿਸੁ ਊਪਰਿ ਕੁਰਬਾਨ ॥ ੪ ॥ ੪ ॥ ੯੬ ॥

ਜਿਸ ਦੇ ਮਨ ਵਿਚ ਹਰੀ ਦਾ ਨਾਮ ਵੱਸਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਉਪਰੋਂ ਬਲਿਹਾਰ ਜਾਂਦੇ ਹਾਂ॥ ੪॥ ੪॥ ੯੬॥

ਆਸਾ ਮਹਲਾ ੫ ॥
ਗਾਵਿ ਲੇਹਿ ਤੂ ਗਾਵਨਹਾਰੇ ॥ ਜੀਅ ਪਿੰਡ ਕੇ ਪ੍ਰਾਨ ਅਧਾਰੇ ॥

ਹੇ ਗਾਉਣ ਵਾਲੇ ਪੁਰਸ਼ਾ ! ਤੂੰ ਗਾਉਣੇ ਜੋਗ ਪ੍ਰਭੂ ਦੇ ਗੁਣਾਂ ਨੂੰ ਗਾ ਲੈ। ਜੀਵ ਦੇ ਪਿੰਡ=ਸਰੀਰ ਵਿਖੇ ਜੋ ਪ੍ਰਾਣ ਹਨ, ਉਹਨਾਂ ਪ੍ਰਾਣਾਂ ਦਾ ਉਹ ਅਧਾਰੇ=ਆਸਰਾ ਹੈ।

ਜਾ ਕੀ ਸੇਵਾ ਸਰਬ ਸੁਖ ਪਾਵਹਿ ॥
ਅਵਰ ਕਾਹੂ ਪਹਿ ਬਹੁੜਿ ਨ ਜਾਵਹਿ ॥ ੧ ॥

ਜਿਸ ਦੀ ਸੇਵਾ ਕਰਕੇ ਤੂੰ ਸਾਰਿਆਂ ਸੁਖਾਂ ਨੂੰ ਪਾਏਂਗਾ। ਬਹੁੜਿ=ਫਿਰ ਹੋਰ ਕਿਸੇ ਪਾਸ ਆਪਣੀ ਮੁਰਾਦ ਪੂਰੀ ਕਰਨ ਵਾਸਤੇ ਨਹੀਂ ਜਾਵੇਂਗਾ॥ ੧ ॥

ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ ਨਿਤ ਨਿਤ ਜਾਪੀਐ ॥

ਉਹ ਅਨੰਦੀ ਸਾਹਿਬ ਪ੍ਰਭੂ ਸਦਾ ਅਨੰਦ ਸਰੂਪ ਹੈ ਅਤੇ ਸ਼ੁਭ ਗੁਣਾਂ ਦਾ ਨਿਧਾਨ=ਖਜ਼ਾਨਾ ਹੈ; ਉਸ ਨੂੰ ਨਿਤਾ ਪ੍ਰਤੀ ਜਪਣਾ ਕਰੀਏ।

ਅਥਵਾ :-ਉਹ ਸਾਹਿਬ ਸਦਾ ਅਨੰਦ ਕਰਕੇ ਅਨੰਦੀ ਹੈ।

ਬਲਿਹਾਰੀ ਤਿਸੁ ਸੰਤ ਪਿਆਰੇ
ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ ॥ ਰਹਾਉ ॥

ਉਸ ਪਿਆਰੇ ਸੰਤ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਸ ਸੰਤ ਦੀ ਕਿਰਪਾ ਨਾਲ ਮਨ ਵਿਚ ਪ੍ਰਭੂ ਵੱਸਦਾ ਹੈ॥ ਰਹਾਉ॥

ਜਾ ਕਾ ਦਾਨੁ ਨਿਖੂਟੈ ਨਾਹੀ ॥ ਭਲੀ ਭਾਤਿ ਸਭ ਸਹਜਿ ਸਮਾਹੀ ॥

ਜਿਸ ਪਰਮੇਸ਼ਰ ਦਾ ਦਿੱਤਾ ਹੋਇਆ ਦਾਨ ਕਦੇ ਨਿਖੂਟੈ=ਮੁੱਕਦਾ ਨਹੀਂ ਹੈ। ਉਸ ਨਾਮ ਦਾਨ ਕਰਕੇ ਹੀ ਸਾਰੇ ਮਹਾਤਮਾਂ ਭਲੀ ਪ੍ਰਕਾਰ ਸਹਜ ਪਦ ਵਿਚ ਸਮਾਉਂਦੇ ਹਨ।

ਅਥਵਾ :-ਭਲੀ ਪ੍ਰਕਾਰ ਉਹ ਪ੍ਰਮਾਤਮਾ ਸਹਜੇ ਹੀ ਸਾਰਿਆਂ ਵਿਚ ਸਮਾ ਰਿਹਾ ਹੈ।

ਜਾ ਕੀ ਬਖਸ ਨ ਮੇਟੈ ਕੋਈ॥ ਮਨਿ ਵਾਸਾਈਐ ਸਾਚਾ ਸੋਈ॥ ੨॥

ਜਿਸ ਦੀ ਦਿੱਤੀ ਹੋਈ ਬਖ਼ਸ਼ਿਸ਼ ਨੂੰ ਕੋਈ ਮੇਟੈ=ਹਟਾ ਨਹੀਂ ਸਕਦਾ। ਉਸ ਸੱਚੇ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ॥ ੨॥

ਸਗਲ ਸਮਗ੍ਰੀ ਗ੍ਰਿਹ ਜਾ ਕੈ ਪੂਰਨ॥ ਪ੍ਰਭ ਕੇ ਸੇਵਕ ਦੂਖ ਨ ਝੂਰਨ॥

ਜਿਸ ਪਰਮੇਸ਼ਰ ਦੇ ਘਰ ਵਿਚ ਸਭ ਸਮਗਰੀਆਂ ਪੂਰਨ ਹਨ। ਉਸ ਪ੍ਰਭੂ ਦੇ ਜੋ ਸੇਵਕ ਹਨ, ਉਹ ਕਦੇ ਦੁੱਖਾਂ ਵਿਚ ਝੂਰਦੇ ਨਹੀਂ ਹਨ।

ਓਟਿ ਗਹੀ ਨਿਰਭਉ ਪਦੁ ਪਾਈਐ॥
ਸਾਸਿ ਸਾਸਿ ਸੋ ਗੁਨ ਨਿਧਿ ਗਾਈਐ॥ ੩॥

ਜਿਸ ਦੀ ਓਟ ਗ੍ਰਹਿਣ ਕਰਨ ਨਾਲ ਨਿਰਭਉ ਪਦ ਨੂੰ ਪ੍ਰਾਪਤ ਹੁੰਦਾ ਹੈ। ਉਸ ਗੁਨ ਨਿਧਿ=ਪਰਮਾਤਮਾ ਨੂੰ ਅੰਦਰ ਸਵਾਸ ਜਾਂਦਿਆਂ ਤੇ ਬਾਹਰ ਸਵਾਸ ਆਉਂਦਿਆਂ ਗਾਉਣਾ ਕਰੀਏ॥ ੩॥

ਦੂਰਿ ਨ ਹੋਈ ਕਤਹੂ ਜਾਈਐ॥ ਨਦਰਿ ਕਰੇ ਤਾ ਹਰਿ ਹਰਿ ਪਾਈਐ॥

ਚਾਹੇ ਕਿਧਰੇ ਚਲੇ ਜਾਈਏ, ਉਹ ਪਰਮਾਤਮਾ ਸਾਥੋਂ ਦੂਰ ਨਹੀਂ ਹੁੰਦਾ। ਗੁਰੂ ਸਾਹਿਬ ਜੀ ਕਿਰਪਾ ਦ੍ਰਿਸ਼ਟੀ ਕਰਨ ਤਾਂ ਹਰਿ ਹਰਿ ਪ੍ਰਾਪਤ ਹੁੰਦਾ ਹੈ।

ਅਰਦਾਸਿ ਕਰੀ ਪੂਰੇ ਗੁਰ ਪਾਸਿ॥
ਨਾਨਕੁ ਮੰਗੈ ਹਰਿ ਧਨੁ ਰਾਸਿ॥ ੪॥ ੫॥ ੯੯॥

ਮੈਂ ਤਾਂ ਪੂਰਿਆਂ ਗੁਰਾਂ ਪਾਸ ਬੇਨਤੀ ਕਰਦਾ ਹਾਂ ਅਤੇ ਸ਼ਰਧਾ ਰੂਪੀ ਰਾਸਿ=ਪੂੰਜੀ ਕਰਕੇ ਹਰੀ ਨਾਮ-ਧਨ ਮੰਗਦਾ ਹਾਂ॥ ੪॥ ੫॥ ੯੯॥

ਆਸਾ ਮਹਲਾ ੫॥

ਗੁਰਾਂ ਨਾਲ ਮਿਲਣ ਦਾ ਜੋ ਮਹਾਤਮ ਹੈ, ਉਹ ਕਥਨ ਕਰਦੇ ਹਨ-

ਰਹਾਉ ਦੀ ਤੁਕ ਪਹਿਲੇ ਪੜ੍ਹੋ :- ਗੁਰੁ ਪੂਰਾ ਪਾਇਓ ਮੇਰੇ ਭਾਈ॥

ਹੇ ਮੇਰੇ ਭਾਈ ! ਜਿਸ ਵੇਲੇ ਮੈਂ ਪੂਰਿਆਂ ਗੁਰਾਂ ਨੂੰ ਪਾਇਆ। ਤਾਂ-

ਪ੍ਰਥਮੇ ਮਿਟਿਆ ਤਨ ਕਾ ਦੂਖ॥ ਮਨ ਸਗਲ ਕਉ ਹੋਆ ਸੂਖੁ॥

ਸਭ ਤੋਂ ਪਹਿਲੇ ਮੇਰੇ ਸਰੀਰ ਦਾ ਦੁੱਖ ਮਿਟ ਗਿਆ, ਭਾਵ ਦੇਹ ਅਧਿਆਸ ਤੋਂ ਮੈਂ ਛੁਟ ਗਿਆ ਹਾਂ। ਦੇਹ ਅਧਿਆਸ ਨਵਿਰਤ ਹੋਣ ਨਾਲ ਮਨ ਨੂੰ ਸਭ ਪ੍ਰਕਾਰ ਦਾ ਸੁਖ ਪ੍ਰਾਪਤ ਹੋਇਆ ਹੈ।

ਕਰਿ ਕਿਰਪਾ ਗੁਰ ਦੀਨੋ ਨਾਉ॥
ਬਲਿ ਬਲਿ ਤਿਸੁ ਸਤਿਗੁਰ ਕਉ ਜਾਉ॥ ੧॥

ਜਿਸ ਗੁਰੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ ਦਾਨ ਦਿੱਤਾ ਹੈ। ਉਸ ਗੁਰੂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਗੁਰੁ ਪੂਰਾ ਪਾਇਓ ਮੇਰੇ ਭਾਈ॥
ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ॥ ਰਹਾਉ॥

ਹੇ ਮੇਰੇ ਭਾਈ ! ਮੈਂ ਪੂਰਿਆਂ ਗੁਰਾਂ ਨੂੰ ਪਾਇਆ ਹੈ। ਸਤਿਗੁਰਾਂ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰਨ ਕਰਕੇ ਰੋਗ ਸੋਗ ਅਤੇ ਸਾਰੇ ਦੁੱਖ ਨਾਸ ਹੋ ਗਏ ਹਨ॥ ਰਹਾਉ॥

ਗੁਰ ਕੇ ਚਰਨ ਹਿਰਦੇ ਵਸਾਏ॥ ਮਨ ਚਿੰਤਤ ਸਗਲੇ ਫਲ ਪਾਏ॥

ਜਦੋਂ ਤੋਂ ਗੁਰਾਂ ਦੇ ਚਰਨ ਮੈਂ ਆਪਣੇ ਹਿਰਦੇ ਵਿਚ ਵਸਾਏ ਹਨ। ਉਦੋਂ ਤੋਂ ਮਨ ਦੀ ਇੱਛਾ ਅਨੁਸਾਰ ਮੈਂ ਸਾਰੇ ਫਲ ਪਾ ਲਏ ਹਨ।

ਅਗਨਿ ਬੁਝੀ ਸਭ ਹੋਈ ਸਾਂਤਿ॥ ਕਰਿ ਕਿਰਪਾ ਗੁਰਿ ਕੀਨੀ ਦਾਤਿ॥ ੨॥

ਗੁਰਾਂ ਨੇ ਕਿਰਪਾ ਕਰਕੇ ਅਜਿਹੀ ਦਾਤ ਦੇਣਾ ਕੀਤੀ ਹੈ। ਜਿਸ ਕਰਕੇ ਤ੍ਰਿਸ਼ਨਾ ਰੂਪ ਅੱਗ ਬੁੱਝ ਗਈ ਤੇ ਸਭ ਪ੍ਰਕਾਰ ਨਾਲ ਸ਼ਾਂਤੀ ਪ੍ਰਾਪਤ ਹੋਈ ਹੈ॥ ੨॥

ਨਿਥਾਵੇ ਕਉ ਗੁਰਿ ਦੀਨੋ ਥਾਨੁ॥ ਨਿਮਾਨੇ ਕਉ ਗੁਰਿ ਕੀਨੋ ਮਾਨੁ॥

ਜਿਨ੍ਹਾਂ ਦਾ ਕੋਈ ਥਾਂ ਨਹੀਂ ਸੀ, ਉਨ੍ਹਾਂ ਨਿਥਾਵਿਆਂ ਨੂੰ ਗੁਰਾਂ ਨੇ ਪ੍ਰਭੁੱਖ;

ਅਥਵਾ :-ਸਰੂਪ ਥਾਂ ਦਿੱਤਾ। ਜਿਨ੍ਹਾਂ ਨੂੰ ਕੋਈ ਮਾਣ ਨਹੀਂ ਦਿੰਦਾ ਸੀ, ਉਨ੍ਹਾਂ ਨਿਮਾਣਿਆਂ ਨੂੰ ਗੁਰਾਂ ਨੇ ਮਾਣ ਦਿੱਤਾ ਹੈ।

ਬੰਧਨ ਕਾਟਿ ਸੇਵਕ ਕਰਿ ਰਾਖੇ॥ ਅੰਮ੍ਰਿਤ ਬਾਨੀ ਰਸਨਾ ਚਾਖੇ॥ ੩॥

ਜਿਨ੍ਹਾਂ ਪਰ ਗੁਰਾਂ ਨੇ ਕਿਰਪਾ ਕੀਤੀ ਹੈ; ਉਨ੍ਹਾਂ ਦੇ ਸ਼ੁਭ ਅਸ਼ੁਭ ਕਰਮਾਂ ਰੂਪ ਬੰਧਨ ਕੱਟ ਕੇ ਆਪਣੇ ਦਾਸ ਕਰ ਰੱਖਿਆ ਹੈ। ਉਹੀ ਦਾਸ ਗੁਰਾਂ ਪਾਸ ਰਹਿ ਕੇ ਅੰਮ੍ਰਿਤ ਰੂਪ ਜੋ ਬਾਣੀ ਹੈ, ਉਸ ਦੇ ਸੁਆਦ ਨੂੰ ਰਸਨਾ ਨਾਲ ਚਖਦੇ ਹਨ॥ ੩॥

ਵਡੈ ਭਾਗਿ ਪੂਜ ਗੁਰ ਚਰਨਾ॥ ਸਗਲ ਤਿਆਗਿ ਪਾਈ ਪ੍ਰਭ ਸਰਨਾ॥

ਉਹ ਸੇਵਕ ਵੱਡਿਆਂ ਭਾਗਾਂ ਕਰਕੇ ਗੁਰਾਂ ਦੇ ਚਰਨਾਂ ਨੂੰ ਪੂਜਦੇ ਹਨ। ਸਾਰਿਆਂ ਨੂੰ ਤਿਆਗਿ=ਛੱਡ ਕੇ ਉਨ੍ਹਾਂ ਸੇਵਕਾਂ ਨੇ ਪ੍ਰਭ=ਸਮਰੱਥ ਪ੍ਰਭੂ ਦੀ ਸ਼ਰਨ ਗ੍ਰਹਿਣ ਕਰਨੀ ਪਾਈ ਹੈ।

ਗੁਰੁ ਨਾਨਕ ਜਾ ਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥ ੪॥ ੬॥ ੧੦੦॥

ਗੁਰੂ ਜੀ ਕਥਨ ਕਰਦੇ ਹਨ-ਜਿਸ ਸਿੱਖ ਉੱਤੇ ਆਪਣਾ ਗੁਰੂ ਦਿਆਲੂ ਹੋਇਆ ਹੈ। ਉਹ ਪੁਰਸ਼ ਹਮੇਸ਼ਾਂ ਨਿਹਾਲਾ=ਦੁੱਖਾਂ ਤੋਂ ਰਹਿਤ ਹੋਇਆ ਹੈ॥ ੪॥ ੬॥ ੧੦੦॥

[ਪੰਨਾ ੩੯੬]

ਆਸਾ ਮਹਲਾ ੫ ॥

ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥

ਉਥਾਨਕਾ:-ਜਦੋਂ ਕਰਮੋਂ ਨੇ ਪ੍ਰਿਥੀ ਚੰਦ ਨੂੰ ਕਿਹਾ-ਕਿ ਜੇਕਰ ਤੁਸੀਂ ਵੀ ਆਪਣੇ ਪਿਤਾ ਦੀ ਆਗਿਆ ਦਾ ਪਾਲਣ ਕਰਦੇ, ਤਾਂ ਸਾਡੇ ਘਰ ਵੀ ਬੇਅੰਤ ਪਦਾਰਥ ਆਉਂਦੇ, ਹੁਣ ਦੇਖੋ ! ਸਾਡੇ ਸ਼ਰੀਕ ਕਿਵੇਂ ਹਰ ਤਰ੍ਹਾਂ ਨਾਲ ਵਧਦੇ ਜਾ ਰਹੇ ਹਨ। ਉਸ ਨੇ ਕਿਹਾ-'ਕੋਈ ਗੱਲ ਨਹੀਂ ਗੁਰਤਾ-ਗੱਦੀ ਸਮੇਤ ਸਭ ਕੁਝ ਆਪਣਾ ਹੀ ਹੈ, ਇਨ੍ਹਾਂ ਦੇ ਘਰ ਤਾਂ ਕੋਈ ਸਾਹਿਬਜ਼ਾਦਾ ਹੋਣਾ ਨਹੀਂ।' ਜਦੋਂ ਇਸ ਗੱਲ ਦਾ ਦਾਸੀ ਰਾਹੀਂ ਮਾਤਾ ਗੰਗਾ ਜੀ ਨੂੰ ਪਤਾ ਲੱਗਾ। ਉਨ੍ਹਾਂ ਨੇ ਪੰਚਮ ਪਾਤਸ਼ਾਹ ਜੀ ਪਾਸ ਬੇਨਤੀ ਕੀਤੀ-'ਗਰੀਬ ਨਿਵਾਜ਼ ! ਸ਼ਰੀਕ ਬੋਲੀਆਂ ਮਾਰਦੇ ਹਨ, ਆਪ ਕਿਰਪਾ ਕਰਕੇ ਗੁਰਤਾ-ਗੱਦੀ ਦਾ ਮਾਲਕ ਬਖਸ਼ੋ।' ਸਤਿਗੁਰਾਂ ਨੇ ਕਿਹਾ-'ਗੰਗਾ ! ਭੰਡਾਰਿਆਂ ਦਾ ਮਾਲਕ ਤਾਂ ਮੈਂ ਹਾਂ ਪਰ ਇਹ ਮੇਰੇ ਪਾਸ ਗੁਰਸਿੱਖਾਂ ਦੀ ਅਮਾਨਤ ਹੈ, ਇਸ ਦੀ ਕੁੰਜੀ ਸੰਤਾਂ ਕੋਲ ਹੈ।' ਸਾਹਿਬਾਂ ਦਾ ਸ੍ਰੀ ਮੁਖ ਵਾਕ ਹੈ-

ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੁੰਜੀ ॥ (ਪੰਨਾ ੮੯੩)

ਗੁਰੂ ਨਾਨਕ ਦੇ ਦੀਦਾਰ ਕਰਨ ਵਾਲੇ ਪੂਰਨ ਸੰਤ ਬਾਬਾ ਬੁੱਢਾ ਜੀ ਦੀ ਸੇਵਾ ਕਰੋ, ਉਹਨਾਂ ਦੀ ਪ੍ਰਸੰਨਤਾ ਨਾਲ ਸਾਹਿਬਜ਼ਾਦੇ ਦਾ ਵਰ ਮਿਲੇਗਾ।

ਮਾਤਾ ਜੀ ਰੱਥ ਗੱਡੀਆਂ ਤੇ ਪਾਲਕੀਆਂ ਸਮੇਤ ਦਾਸ ਦਾਸੀਆਂ ਨੂੰ ਲੈ ਕੇ ਮਿਠਾਈਆਂ ਦੇ ਟੋਕਰੇ ਰੱਖ ਰਾਜਸੀ ਠਾਠ-ਬਾਠ ਨਾਲ ਬੀੜ ਵਿਚ ਪੁੱਜੇ-ਖੜਕੇ ਨਾਲ ਜੰਗਲ ਦੇ ਜਾਨਵਰਾਂ ਨੂੰ ਡਰਦਿਆਂ ਦੇਖ, ਬਾਬਾ ਜੀ ਨੇ ਬਚਨ ਕੀਤਾ-''ਰਾਮਦਾਸ ਪੁਰ ਭਾਜਰ ਕਿਨ ਪਾਈ।'' ੧੮ ਅਸੂ ੧੬੫੧ ਬਿਕ੍ਰਮੀ ਸੰਮਤ ਨੂੰ ਸਰਾਪ ਲੈ ਕੇ ਵਾਪਸ ਮੁੜੇ, ਦੂਜੀ ਵਾਰ ਪੰਚਮ ਪਾਤਸ਼ਾਹ ਜੀ ਦੀ ਆਗਿਆ ਨਾਲ ਤੀਸਰੇ ਦਿਨ ੨੧ ਅਸੂ ਨੂੰ ਮੁੜ ਸਾਰੀ ਸੇਵਾ ਆਪਣੇ ਹੱਥੀਂ ਕਰ ਕੇ ਚੱਕੀ ਪੀਹ ਕੇ ਪੰਜਾਂ ਸਿੱਖਾਂ ਲਈ ਮਿੱਸੇ ਪ੍ਰਸ਼ਾਦੇ ਆਪ ਤਿਆਰ ਕੀਤੇ, ਦਹੀਂ ਮੱਖਣ ਲੱਸੀ ਤੇ ਗੰਢੇ ਲੈ ਕੇ ਸੀਸ ਤੇ ਰੱਖ ਕੇ ਨੰਗੇ ਚਰਨੀਂ ਬੀੜ ਵਿਚ ਗਏ। ਏਧਰੋਂ ਹਲ ਵਾਹੁੰਦੇ ਬਾਬਾ ਬੁੱਢਾ ਜੀ ਨੂੰ ਭੁੱਖ ਤੇ ਪਿਆਸ ਲੱਗੀ ਹੋਈ ਸੀ। ਅੱਗੇ ਹੋ ਕੇ ਮਾਤਾ ਜੀ ਨੂੰ ਬੜੇ ਸਤਕਾਰ ਨਾਲ ਮੱਥਾ ਟੇਕਿਆ ਤੇ ਸਿਰ ਤੋਂ ਭਾਰ ਲਾਹਿਆ ਜਿਉਂ ਜਿਉਂ ਛੱਕਦੇ ਹਨ, ਇਕ ਇਕ ਗ੍ਰਾਹੀ ਨਾਲ ਇਕ ਇਕ ਵਰ ਦੇਈ ਜਾਂਦੇ ਹਨ, ਇਉਂ ਬੇਅੰਤ ਵਰ ਲੈ ਕੇ ਮਾਤਾ ਜੀ ਵਾਪਸ ਆਏ। ਸਤਿਗੁਰਾਂ ਨੇ ਬਾਬਾ ਜੀ ਦਾ ਪਹਿਲਾ ਬਚਨ ਪੂਰਾ ਕਰਨ ਵਾਸਤੇ ਆਪਣੀ ਰਿਹਾਇਸ਼ ਗੁਰੂ ਕੀ ਵਡਾਲੀ ਜਾ ਕੀਤੀ।

ਏਥੇ ਹੀ ੧੬੫੨ ਸੰਮਤ ਹਾੜ ਵਦੀ ਏਕਮ ਨੂੰ ਛੇਵੇਂ ਪਾਤਸ਼ਾਹ ਜੀ ਦਾ ਅਵਤਾਰ ਹੋਇਆ ਤਾਂ ਉਸ ਸਮੇਂ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਸਤਿਗੁਰਾਂ ਨੇ ਇਹ ਸ਼ਬਦ ਉਚਾਰਨ ਕੀਤਾ-

ਸਤਿਗੁਰ ਸਾਚੈ ਦੀਆ ਭੇਜਿ ॥

ਸੱਚੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਭੇਜ ਦਿੱਤਾ ਹੈ। ਬਹੁਤਾ ਸਮਾਂ ਜੀਉਣ ਦਾ ਸੰਜੋਗ ਬਣਿਆ ਹੈ। ਕਿਉਂਕਿ ਇਕ ਪਹਿਲੇ ਪਾਤਸ਼ਾਹ ਜੀ ਤੋਂ ਬਿਨਾਂ ਹੋਰ ਸਭ ਪਾਤਸ਼ਾਹੀਆਂ ਨਾਲੋਂ ਇਨ੍ਹਾਂ ਨੇ ਗੁਰਿਆਈ ਗੱਦੀ ਬਹੁਤਾ ਚਿਰ ਮਾਣੀ ਹੈ। ੩੨ ਸਾਲ ੧੦ ਮਹੀਨੇ ੧੨ ਦਿਨ।

ਉਦਰੈ ਮਾਹਿ ਆਇ ਕੀਆ ਨਿਵਾਸੁ ॥
ਮਾਤਾ ਕੈ ਮਨਿ ਬਹੁਤੁ ਬਿਗਾਸੁ ॥ ੧ ॥

ਜਦ ਤੋਂ ਮਾਤਾ ਗੰਗਾ ਜੀ ਦੇ ਉਦਰੈ ਮਾਹਿ=ਪੇਟ ਵਿਚ ਆ ਕੇ ਨਿਵਾਸ ਕੀਤਾ। ਉਦੋਂ ਤੋਂ ਮਾਤਾ ਗੰਗਾ ਜੀ ਦੇ ਮਨ ਵਿਚ ਬਹੁਤ ਹੀ ਬਿਗਾਸੁ=ਖੇੜਾ ਆ ਗਿਆ, ਭਾਵ ਚੇਹਰੇ ਤੇ ਖੁਸ਼ੀ ਦਾ ਪ੍ਰਗਟਾਵਾ ਹੋਣ ਲੱਗ ਪਿਆ ॥ ੧ ॥

ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥

ਇਹ ਗੋਵਿੰਦ ਦਾ ਭਗਤ ਪੁੱਤਰ ਜੰਮਿਆ ਹੈ।

ਅਥਵਾ :-ਸਿੱਖਾਂ ਨੂੰ ਗੋਵਿੰਦ ਦੀ ਭਗਤੀ ਕਰਾਉਣ ਵਾਲਾ ਸਪੁਤ੍ਰ ਜੰਮਿਆਂ ਹੈ, (ਗੁਰਮੁਖਾਂ ਦੇ ਪੁੰਨਾਂ ਕਰਕੇ ਤੇ ਦੁਸ਼ਟਾਂ ਦੇ ਪਾਪਾਂ ਕਰਕੇ ਅਵਤਾਰਾਂ ਦਾ ਸਰੀਰ ਹੁੰਦਾ ਹੈ, ਅਵਤਾਰਾਂ ਦੇ ਆਪਣੇ ਪਾਪ ਪੁੰਨ ਕੋਈ ਨਹੀਂ ਹੁੰਦੇ। ਇਸ ਕਰਕੇ ਗੁਰਮੁਖਾਂ ਅਤੇ ਮਨਮੁਖਾਂ ਦੇ ਧੁਰੋਂ ਲੇਖਾਂ ਦੇ ਲਿਖੇ ਅਨੁਸਾਰ ਗੁਰੂ ਹਰਿ ਗੋਵਿੰਦ ਸਾਹਿਬ ਜੀ ਸਾਰਿੰਆਂ ਵਿਚ ਪ੍ਰਗਟੇ ਹਨ)।

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥
ਮਿਟਿਆ ਸੋਗੁ ਮਹਾ ਅਨੰਦੁ ਥੀਆ ॥

ਦਸੀ ਮਾਸੀ=ਦਸਵੇਂ ਮਹੀਨੇ ਵਾਹਿਗੁਰੂ ਦੇ ਹੁਕਮ ਵਿਚ ਬਾਲਕ=ਬੱਚੇ ਨੇ ਜਨਮ ਲਿਆ। ਪੁੱਤਰ ਦੇ ਨਾ ਹੋਣ ਦਾ ਜਿਹੜਾ ਸ਼ੋਕ ਸੀ, ਉਹ ਮਿਟ ਗਿਆ ਤੇ ਵੱਡਾ ਅਨੰਦੁ=ਸੁਖ ਆ ਕੇ ਪ੍ਰਾਪਤ ਥੀਆ=ਹੋਇਆ।

ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥ ੨ ॥

ਲੜਕੇ ਦੇ ਜੰਮਣ ਦੀ ਖੁਸ਼ੀ ਵਿਚ ਸਖੀ=ਸਹੇਲੀਆਂ ਮਿਲ ਕੇ ਅਨੰਦੁ=ਚਾਅ ਨਾਲ ਗੁਰਬਾਣੀ ਨੂੰ ਗਾਉਂਦੀਆਂ ਹਨ। ਜੋ ਗੁਰਬਾਣੀ ਸਚੇ ਸਾਹਿਬ ਅਕਾਲ ਪੁਰਖ ਦੇ ਮਨ ਵਿਚ ਭਾਉਂਦੀ ਹੈ ॥ ੨ ॥

ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥

ਸੋਢ ਬੰਸ ਰੂਪੀ ਵੇਲ ਬਹੁਤ ਸਾਰੀ ਵਧੀ ਹੈ ਗੁਰਿਆਈ ਗੱਦੀ ਰੂਪੀ ਪੀੜ੍ਹੀ ਚੱਲ ਪਈ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੋ ਮੂਰਤੀ ਹੈ, ਇਹੋ ਇਕ ਧਰਮ ਦੀ ਕਲਾ=ਸ਼ਕਤੀ ਹਰੀ ਨੇ ਬੰਨ੍ਹ ਕੇ ਇਸਥਿਤ ਕੀਤੀ ਹੈ। *ਅਥਵਾ* :-ਧਰਮ ਦੀ ਕਲਾ ਜੋ ਹਰੀ ਹੈ, ਉਸੇ ਦੀ ਗੁਰੂ ਹਰਿ ਗੋਵਿੰਦ ਸਾਹਿਬ ਜੀ ਦੀ ਵਿਅਕਤੀ ਬੰਨ੍ਹ ਕੇ ਇਸਥਿਤ ਕੀਤੀ ਹੈ।

ਮਨ ਚਿੰਦਿਆ ਸਤਿਗੁਰੂ ਦਿਵਾਇਆ ॥
ਭਏ ਅਚਿੰਤ ਏਕ ਲਿਵ ਲਾਇਆ ॥ ੩ ॥

ਸਤਿਗੁਰੂ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ, ਬਾਬਾ ਬੁੱਢਾ ਜੀ ਪਾਸੋਂ ਮਾਤਾ ਗੰਗਾ ਜੀ ਨੂੰ ਮਨ ਇੱਛਤ ਫਲ ਦਿਵਾਇਆ ਹੈ। ਹੁਣ ਚਿੰਤਾ ਤੋਂ ਰਹਿਤ ਹੋ ਕੇ ਇਕ ਪਰਮਾਤਮਾ ਵਿਚ ਲਿਵ ਨੂੰ ਲਗਾਇਆ ਹੈ ॥ ੩ ॥

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥
ਬੁਲਾਇਆ ਬੋਲੈ ਗੁਰ ਕੈ ਭਾਣਿ॥

ਜਿਵੇਂ ਬਾਲਕੁ=ਬੱਚਾ ਆਪਣੇ ਪਿਤਾ ਦੇ ਉਪਰ ਬਹੁਤ ਮਾਣ ਕਰਦਾ ਹੈ। ਤਿਵੇਂ ਮੈਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਉੱਤੇ ਬਹੁਤ ਮਾਣ ਰੱਖਦਾ ਹਾਂ। ਗੁਰਾਂ ਦੇ ਭਾਣੇ ਅਨੁਸਾਰ ਉਨ੍ਹਾਂ ਦਾ ਬੁਲਾਇਆ ਹੋਇਆ ਬੋਲਦਾ ਹਾਂ।

ਗੁਝੀ ਛੰਨੀ ਨਾਹੀ ਬਾਤ॥
ਗੁਰੁ ਨਾਨਕੁ ਤੁਠਾ ਕੀਤੀ ਦਾਤਿ॥ ੪॥ ੭॥ ੧੦੧॥

ਇਹ ਗੱਲ ਕੋਈ ਲੁਕੀ ਛਿਪੀ ਨਹੀਂ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਤੁਠਾ=ਪ੍ਰਸੰਨ ਹੋ ਕੇ ਇਹ ਪੁੱਤ੍ਰ ਦੀ ਦਾਤ ਦੇਣਾ ਕੀਤੀ ਹੈ॥ ੪॥ ੭॥ ੧੦੧॥

ਦੂਜਾ ਅਰਥ-

ਜਗਿਆਸੂ ਮਹਾਤਮਾ ਦੇ ਵਿਚਾਰ ਦੁਆਰਾ ਗੁਰੂ ਜੀ ਕਥਨ ਕਰਦੇ ਹਨ-

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥

ਸੱਚੇ ਪਰਮਾਤਮਾ ਨੇ ਸਤਿਗੁਰਾਂ ਦੁਆਰੇ ਗਿਆਨ ਰੂਪ ਪੁਤ੍ਰ ਭੇਜ ਦਿੱਤਾ ਹੈ। ਜਿਸ ਗਿਆਨ ਕਰਕੇ ਬੜੀ ਲੰਬੀ ਉਮਰ ਜੀਉਣ ਦਾ ਸੰਜੋਗ ਉਪਜਿਆ। *ਅਥਵਾ* :-ਚਿਰ ਜੀਵਨ ਰੂਪ ਜੋ ਪਰਮੇਸ਼ਰ ਹੈ, ਉਸ ਨਾਲ ਸੰਜੋਗਿ=ਸੋ-ਭਲੀ ਪ੍ਰਕਾਰ ਜੁੜਨਾ ਪ੍ਰਾਪਤ ਹੋਇਆ ਹੈ।

ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥ ੧॥

ਜਦ ਗਿਆਨ ਨੇ ਉਦਰੈ ਮਾਹਿ=ਹਿਰਦੇ ਵਿਚ ਆ ਕੇ ਨਿਵਾਸ ਕੀਤਾ। ਤਾਂ ਮਾਤਾ=ਬੁੱਧੀ ਦੇ ਮਨ ਵਿਚ ਬਹੁਤ ਅਨੰਦ ਹੋਇਆ, ਭਾਵ-ਮਨ, ਬੁੱਧ, ਚਿਤ, ਅਹੰਕਾਰ ਸਹਿਤ ਚਾਰੇ ਅੰਤਹਕਰਣ ਪ੍ਰਸੰਨ ਹੋ ਗਏ॥ ੧॥

ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥

ਜੋ ਗੋਬਿੰਦ ਦਾ ਭਗਤ ਹੈ, ਉਸ ਦੇ ਹਿਰਦੇ ਵਿਚ ਗਿਆਨ ਰੂਪੀ ਪੁਤਰ ਜੰਮਿਆ ਹੈ। *ਅਥਵਾ* :-ਗੋਵਿੰਦ ਦਾ ਭਗਤ ਹੋਣ ਕਰਕੇ ਪੂਤੁ=ਪਵਿੱਤ੍ਰ ਗਿਆਨ ਜੰਮਿਆ। ਸਭਨਾਂ ਵਿਚੋਂ ਉਸ ਪੁਰਸ਼ ਦੇ ਹਿਰਦੇ ਵਿਚ ਗਿਆਨ ਪ੍ਰਗਟਿਆ ਹੈ, ਜਿਸ ਦੇ ਮੱਥੇ ਤੇ ਧੁਰ ਦਾ ਲੇਖ ਚੰਗਾ ਲਿਖਿਆ ਹੋਇਆ ਹੈ। *ਅਥਵਾ* :-ਜਿਸ ਦੇ ਮੱਥੇ ਤੇ ਧੁਰ ਦਾ ਲੇਖ ਸਰੇਸ਼ਟ ਲਿਖਿਆ ਹੋਇਆ ਹੈ, ਉਸ ਦਾ ਜਸ ਸਾਰਿਆਂ ਵਿਚ ਪ੍ਰਗਟਿਆ ਹੈ।

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਮਹਾ ਅਨੰਦੁ ਥੀਆ॥

ਜਿਸ ਵੇਲੇ ਦਸ ਇੰਦ੍ਰੀਆਂ ਨੂੰ ਮਾਸੀ=ਮੱਲਣਾ ਭਾਵ ਕਾਬੂ ਕੀਤਾ ਤੇ ਪਰਮੇਸ਼ਰ ਦੇ ਹੁਕਮ ਨੂੰ ਮੰਨਿਆ, ਤਦ ਬਾਲਕ=ਗਿਆਨ ਨੇ ਜਨਮ ਲਿਆ, ਜਿਸ ਕਰਕੇ ਸੋਗ ਮਿਟ ਗਿਆ ਤੇ ਵੱਡਾ ਅਨੰਦ ਹੋਇਆ।

ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥ ੨॥

ਜੋ ਸਖੀ, ਮਹਾਤਮਾ ਰੂਪ ਸਖੀਆਂ ਨਾਲ ਮਿਲ ਕੇ, ਅਨੰਦ ਪੂਰਬਕ ਗੁਰਬਾਣੀ ਨੂੰ ਗਾਉਂਦੀ ਹੈ, ਉਹ ਸੱਚੇ ਸਾਹਿਬ ਦੇ ਮਨ ਵਿਚ ਭਾਉਂਦੀ ਹੈ॥ ੨॥

ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥

ਸ਼ੁਭ ਗੁਣਾਂ ਰੂਪੀ ਵੇਲ ਬਹੁਤ ਸਾਰੀ ਵਧੀ ਅਤੇ ਸੰਪ੍ਰਦਾ ਰੂਪੀ ਪੀੜ੍ਹੀ ਚਲੀ, ਗਿਆਨੀ ਤੋਂ ਅੱਗੇ ਹੋਰ ਗਿਆਨੀ ਹੋ ਗਿਆ। ਗਿਆਨਵਾਨ ਦੀ ਜੋ ਮੂਰਤੀ ਹੈ, ਇਹ ਇਕ ਧਰਮ ਦੀ ਕਲਾ ਹਰੀ ਨੇ ਬੰਨ੍ਹ ਕੇ ਬਹਾਲੀ=ਇਸਥਿਤ ਕੀਤੀ ਹੈ।

ਮਨ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥ ੩॥

ਪਰਮੇਸ਼ਰ ਨੇ ਸਤਿਗੁਰਾਂ ਪਾਸੋਂ ਜਗਿਆਸੂ ਨੂੰ ਮੋਖ ਰੂਪੀ ਮਨ ਇੱਛਤ ਫਲ ਦਿਵਾਇਆ। ਇਕ ਅਦੁੱਤੀ ਪਰਮਾਤਮਾ ਵਿਚ ਲਿਵ ਲਗਾ ਕੇ ਜਗਿਆਸੂ ਅਚਿੰਤ=ਚਿੰਤਾ ਤੋਂ ਰਹਿਤ ਹੋਏ ਹਨ॥ ੩॥

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥

ਜਿਵੇਂ ਬਾਲਕੁ=ਬੱਚਾ ਪਿਤਾ ਉੱਤੇ ਬਹੁਤ ਮਾਣ ਰੱਖਣਾ ਕਰਦਾ ਹੈ। ਤਿਵੇਂ ਜਗਿਆਸੂ ਆਪਣੇ ਗੁਰਾਂ ਉੱਤੇ ਮਾਣ ਰੱਖਦਾ ਹੈ। ਗੁਰਾਂ ਦੇ ਭਾਣੇ ਵਿਚ ਹੀ ਜਗਿਆਸੂ ਬੁਲਾਇਆ ਹੋਇਆ ਬੋਲਦਾ ਹੈ।

ਗੁਝੀ ਛੰਨੀ ਨਾਹੀ ਬਾਤ॥ ਗੁਰ ਨਾਨਕ ਤੁਠਾ ਕੀਨੀ ਦਾਤਿ॥ ੪॥ ੭॥ ੧੦੧॥

ਇਹ ਗੱਲ ਕੋਈ ਲੁਕੀ ਛਿਪੀ ਨਹੀਂ। ਜਿਸ ਵੇਲੇ ਗੁਰੂ ਤੁਠਾ=ਪ੍ਰਸੰਨ ਹੋਏ ਤਾਂ ਉਹਨਾਂ ਨੇ ਗਿਆਨ ਦੀ ਪ੍ਰਾਪਤੀ ਲਈ ਨਾਮ ਦੀ ਦਾਤ ਦੇਣਾ ਕੀਤੀ॥ ੪॥ ੭॥ ੧੦੧॥

ਆਸਾ ਮਹਲਾ ੫॥

ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥ ੧॥

ਜਿਸ ਵੇਲੇ ਪੂਰੇ ਗੁਰਾਂ ਨੇ ਕਿਰਪਾ ਰੂਪੀ ਹੱਥ ਦੇ ਕੇ ਰੱਖਿਆ।

ਅਥਵਾ :-ਪੂਰੇ ਗੁਰਾਂ ਨੇ ਕਿਰਪਾ ਰੂਪੀ ਹੱਥ ਦੇ ਕੇ ਰੱਖਿਆ ਦੋਹਾਂ ਪੁੱਤਰਾਂ ਨੂੰ ਛੇਵੇਂ ਪਾਤਸ਼ਾਹ ਨੂੰ ਅਤੇ ਜਗਿਆਸੂ ਦੇ ਹਿਰਦੇ ਵਿਚ ਗਜਾਨ ਰੂਪ ਪੁੱਤਰ ਨੂੰ ਰੱਖਿਆ ਤਾਂ ਪੁਰਸ਼ ਦਾ ਪ੍ਰਤਾਪ ਸਾਰੇ ਜਗਤ ਵਿਚ ਪ੍ਰਗਟ ਹੋਇਆ॥ ੧॥

ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥ ਰਹਾਉ॥

ਧੰਨ ਗੁਰੂ ਧੰਨ ਗੁਰੂ ਜਪੀਏ, ਧੰਨ ਗੁਰੂ ਧੰਨ ਗੁਰੂ ਕਰਕੇ ਧਿਆਈਏ। ਜੀਅ ਦੀ ਅਰਦਾਸ ਗੁਰੂ ਜੀ ਦੇ ਪਾਸ ਪਾਉਣਾ ਕਰੇ। ਭਾਵ ਆਪਣੇ ਸੁਖ ਦੁੱਖ ਦੀ ਬੇਨਤੀ ਜੋ ਭੀ ਕਰਨੀ ਹੋਵੇ, ਉਹ ਗੁਰੂ ਜੀ ਦੇ ਪਾਸ ਕਰੇ॥ ਰਹਾਉ॥

ਸਰਨਿ ਪਰੇ ਸਾਚੇ ਗੁਰਦੇਵ॥ ਪੂਰਨ ਹੋਈ ਸੇਵਕ ਸੇਵ॥ ੨॥

ਜੋ ਪੁਰਸ਼ ਸੱਚੇ ਗੁਰਦੇਵਾਂ ਦੀ ਸ਼ਰਨ ਵਿਚ ਪਏ ਹਨ। ਉਨ੍ਹਾਂ ਸੇਵਕਾਂ ਦੀ ਸੇਵਾ ਕੀਤੀ ਹੋਈ ਪੂਰਨ ਹੋਈ ਹੈ॥ ੨॥

ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ॥
ਕਹੁ ਨਾਨਕ ਗੁਰ ਕਉ ਕੁਰਬਾਨ॥ ੩॥ ੮॥ ੧੦੨॥

ਜਿਸ ਗੁਰੂ ਨੇ ਜੀਵ ਪਿੰਡ=ਸਰੀਰ, ਜੋਬਨ ਅਤੇ ਪ੍ਰਾਣ ਸਫਲ ਕਰ ਰੱਖੇ ਹਨ। ਗੁਰੂ ਜੀ ਕਹਿੰਦੇ ਹਨ- ਹੇ ਪੁਰਸ਼ਾ ! ਉਸ ਗੁਰੂ ਤੋਂ ਬਲਿਹਾਰ ਜਾਣਾ ਕਰ॥ ੩॥ ੮॥ ੧੦੨॥

ਆਸਾ ਘਰੁ ੮ ਕਾਫੀ ਮਹਲਾ ੫

੧ਓ ਸਤਿਗੁਰ ਪ੍ਰਸਾਦਿ॥

ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥

ਹੇ ਪਰਮੇਸ਼ਰ ! ਮੈਂ ਤੇਰਾ ਬੈ ਖਰੀਦੁ=ਮੁੱਲ ਖਰੀਦਿਆ ਹੋਇਆ ਬੰਦਾ=ਦਾਸ ਹਾਂ, ਕਿਉਂਕਿ ਮੁੱਲ ਖਰੀਦੇ ਹੋਏ ਦਾਸ ਵਿਚ ਆਕੜ-ਫਾਕੜ ਨਹੀਂ ਹੁੰਦੀ, ਤੂੰ ਮੇਰਾ ਸੱਚਾ ਸਾਹਿਬ ਹੈਂ।

ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ॥ ੧॥

ਇਹ ਜੋ ਜੀਵ ਹੈ, ਤਿਸ ਦਾ ਜੋ ਸਾਰਾ ਪਿੰਡ=ਸਰੀਰ ਹੈ ਅਤੇ ਹੋਰ ਜੋ ਸਭ ਕੁਝ ਪਦਾਰਥ ਹੈ, ਇਹ ਤੇਰਾ ਹੀ ਦਿੱਤਾ ਹੋਇਆ ਹੈ। *ਅਥਵਾ* :-ਜੀਅ ਪਿੰਡ ਸਭ ਤਿਸ ਆਪ ਦਾ ਦਿੱਤਾ ਹੋਇਆ ਹੈ ਅਤੇ ਹੋਰ ਸਭ ਕੁਝ ਪਦਾਰਥ ਵੀ ਤੇਰਾ ਹੀ ਦਿੱਤਾ ਹੋਇਆ ਹੈ॥ ੧॥

ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ॥

ਮੈਂ ਨਿਮਾਣੇ ਨੂੰ ਮਾਣ ਦੇਣ ਵਾਲਾ ਤੂੰ ਹੀ ਧਨੀ ਹੈਂ, ਮੈਨੂੰ ਤੇਰਾ ਹੀ ਭਰੋਸਾ ਹੈ।

ਅਥਵਾ :-ਹੇ ਧਨੀ ! ਨਿਮਾਣਿਆਂ ਨੂੰ ਤੂੰ ਹੀ ਮਾਣ ਦੇਣ ਵਾਲਾ ਹੈਂ।

ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ॥ ੧॥ ਰਹਾਉ॥

ਹੇ ਸੱਚੇ ਪ੍ਰਭੂ ! ਤੇਰੇ ਬਿਨਾਂ ਜਿਸ ਨੂੰ ਅਨ ਟੇਕ=ਹੋਰ ਦਾ ਆਸਰਾ ਹੈ, ਉਸ ਨੂੰ ਮੈਂ ਕੱਚਾ ਜਾਣਦਾ ਹਾਂ॥ ੧॥ ਰਹਾਉ॥

ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥

ਤੇਰਾ ਜੋ ਅਪਾਰ=ਸਰੇਸ਼ਟ ਹੁਕਮ ਹੈ, ਉਸ ਦਾ ਕੋਈ ਅੰਤ ਨਹੀਂ ਪਾ ਸਕਦਾ।

ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥ ੨॥

ਜਿਸ ਨੂੰ ਪੂਰਾ ਗੁਰੂ ਮਿਲਦਾ ਹੈ, ਉਹ ਤੇਰੇ ਰਜਾਏ=ਹੁਕਮ ਵਿਚ ਚਲਦਾ ਹੈ॥ ੨॥

ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥

ਚਤਰਾਈ ਵਾਕਾਂ ਦੀ, ਸਿਆਣਪ ਮਨ ਦੀ, ਕਿਸੇ ਕੰਮ ਨਹੀਂ ਆਉਂਦੀ।

ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥ ੩॥

ਹੇ ਸਾਹਿਬ ! ਜੋ ਤੂੰ ਤੁਠਾ=ਪ੍ਰਸੰਨ ਹੋ ਕੇ ਦਿੰਦਾ ਹੈ, ਉਹੀ ਅਸੀਂ ਸੁਖ ਰੂਪ ਜਾਣ ਕੇ ਪਾਉਂਦੇ ਹਾਂ॥ ੩॥

ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ॥

ਨਾਮ ਤੋਂ ਬਿਨਾਂ ਜੇਕਰ ਲੱਖਾਂ ਕਰਮ ਭੀ ਕਮਾਈਏ ਤਾਂ ਭੀ ਸੰਸਾਰ-ਸਮੁੰਦਰ ਵਿਚ ਰੁੜ੍ਹੇ ਜਾਂਦੇ ਨੂੰ ਕੁਝ

ਬੰਧਾ=ਬੰਨ੍ਹ ਨਹੀਂ ਪੈਂਦਾ।

ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ॥ ੪ ॥ ੧ ॥ ੧੦੩ ॥

ਮੈਂ ਜਨ ਨੇ ਨਾਮ ਦਾ ਧਰ=ਆਸਰਾ ਲੈਣਾ ਕੀਤਾ ਹੈ, ਹੋਰ ਸਭ ਧੰਦਿਆਂ ਨੂੰ ਛੱਡ ਦਿੱਤਾ ਹੈ॥ ੪॥ ੧॥ ੧੦੩॥

ਆਸਾ ਮਹਲਾ ੫ ॥ ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ॥

ਮੈਂ ਸਾਰਿਆਂ ਸੁਖਾਂ ਨੂੰ ਭਾਲਿਆ=ਢੂੰਡਿਆ ਭਾਵ ਦੇਖਿਆ ਹੈ, ਪਰ ਹਰੀ ਦੇ ਸਿਮਰਨ ਜੇਡਾ ਹੋਰ ਕੋਈ ਸੁਖ ਨਹੀਂ ਹੈ।

ਗੁਰ ਤੁਠੇ ਤੇ ਪਾਈਐ ਸਚੁ ਸਾਹਿਬੁ ਸੋਈ॥ ੧ ॥

ਉਹ ਸੱਚਾ ਸਾਹਿਬ ਪਰਮੇਸ਼ਰ ਗੁਰਾਂ ਦੀ ਪ੍ਰਸੰਨਤਾ ਨਾਲ ਪ੍ਰਾਪਤ ਹੁੰਦਾ ਹੈ॥ ੧॥

ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਨਾ॥

ਬਲਿਹਾਰ ਜਾਣੇ ਜੋਗ ਜੋ ਆਪਣੇ ਗੁਰੂ ਹਨ, ਉਨ੍ਹਾਂ ਤੋਂ ਮੈਂ ਸਦਾ ਸਦਾ (ਨਿਤਾਪ੍ਰਤੀ) ਬਲਿਹਾਰ ਜਾਂਦਾ ਹਾਂ।

ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ॥ ੧ ॥ ਰਹਾਉ॥

ਗੁਰਾਂ ਅੱਗੇ ਇੰਝ ਬੇਨਤੀ ਕਰੋ-ਹੇ ਗੁਰੂ ਜੀ ! ਮੈਨੂੰ ਇਹ ਦਾਨ ਦੇਣਾ ਕਰੋ ਕਿ ਚਸੇ ਦਾ ਇਕ ਖਿਨ ਭਰ ਵੀ ਮੈਨੂੰ ਆਪ ਜੀ ਦਾ ਨਾਮ ਨਾ ਭੁੱਲੇ।

ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ॥

ਉਹ ਸੱਚਾ ਭਾਗਠੁ=ਭਾਗਾਂ ਵਾਲਾ, *ਅਥਵਾ* :-ਧਨਾਢ ਹੈ, ਜਿਸ ਅੰਦਰ ਹਰੀ ਨਾਮ-ਧਨ ਹੈ।

[ਪੰਨਾ ੩੯੭]

ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ॥ ੨ ॥

ਜਿਸ ਨੇ ਨਿਰੰਤਰਿ=ਇਕ ਰਸ ਗੁਰ ਸ਼ਬਦ ਦਾ ਸਿਮਰਨ ਕੀਤਾ ਹੈ, ਉਹ ਮੋਹ ਰੂਪੀ ਮਹਾਂ ਜਾਲ ਤੋਂ ਛੁੱਟ ਜਾਂਦਾ ਹੈ॥ ੨॥

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ॥

ਗੁਰਦੇਵਾਂ ਦੀ ਮਹਿਮਾ ਕੀ ਕਹਾਂ, ਕਿਉਂਕਿ ਗੁਰੂ ਸਾਹਿਬ ਜੀ ਵੈਰਾਗ, ਬਿਬੇਕ, (ਖਟ ਸੰਪਤੀ, ਮੋਖ ਇੱਛਾ ਰੂਪ ਚਾਰ ਸਾਧਨ ਤੇ ਸਤ ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ ਗੁਣਾਂ) ਦਾ ਸਰੁ=ਸਰੋਵਰ ਹਨ।

ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥ ੩ ॥

ਉਹ ਗੁਰੂ ਸਾਹਿਬ ਜੀ ਆਦਿ ਜੁਗਾਦੀ=ਸਦਾ ਸਦਾ ਜੁਗਾਂ ਜੁਗਾਂ ਵਿਚ ਪੂਰੇ ਪਰਮੇਸ਼ਰ ਦਾ ਰੂਪ ਹਨ॥ ੩॥

ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ ਰੰਗੇ॥

ਹਰਿ ਹਰਿ ਰੂਪੀ ਰੰਗ ਵਿਚ ਮਨ ਰੂਪੀ ਬਸਤ੍ਰ ਨੂੰ ਰੰਗ ਕੇ ਹਰ ਸਮੇਂ ਨਾਮ ਨੂੰ ਧਿਆਵੋ।

ਜੀਉ ਪ੍ਰਾਣ ਧਨੁ ਗੁਰੂ ਹੈ ਨਾਨਕ ਕੈ ਸੰਗੇ॥ ੪॥ ੨॥ ੧੦੪॥

ਗੁਰਮੁਖਾਂ ਦੇ ਜੀਅ, ਪ੍ਰਾਨ, ਧਨ ਸਭ ਗੁਰੂ ਹਨ, ਉਹੀ ਅੰਗ-ਸੰਗ ਹੋ ਕੇ ਸਹਾਇਤਾ ਕਰਦੇ ਹਨ॥ ੪॥ ੨॥ ੧੦੪॥

ਆਸਾ ਮਹਲਾ ੫॥

ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥

ਉਹ ਸਾਈਂ ਪਰਮੇਸ਼ਰ ਅਲੱਖ ਗੁਣਾਂ ਵਾਲਾ ਅਪਾਰੁ=ਬੇਅੰਤ ਮਹਿਮਾ ਵਾਲਾ, ਮੈਂ ਭੋਲੀ ਦੇ ਮਨ ਵਿਚ ਜੇਕਰ ਭੋਰੀ=ਰੰਚਕ ਮਾਤ੍ਰ ਵੀ ਵੱਸ ਜਾਵੇ ਤਾਂ-

ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ॥ ੧॥

ਹੇ ਮਾਇ=ਭਾਈ ! ਮੈਡਾ=ਮੇਰਾ ਦੁੱਖ ਜਨ ਦਰਦ ਅਤੇ ਰੋਗ ਹਭੁ=ਸਾਰਾ ਨਸ ਜਾਵੇਗਾ। *ਅਥਵਾ:-* ਜਨਮ ਮਰਨ ਦਾ ਦੁੱਖ, ਈਰਖਾ ਦਾ ਦਰਦ ਅਤੇ ਅਗਿਆਨ ਰੂਪ ਰੋਗ ਮੇਰਾ ਸਭ ਨਸ ਜਾਵੇਗਾ॥ ੧॥

ਹਉ ਵੰਞਾ ਕੁਰਬਾਣੁ ਸਾਈ ਆਪਣੇ॥

ਹਉ=ਮੈਂ ਆਪਣੇ ਸਾਈ=ਮਾਲਕ (ਪਰਮਾਤਮਾ) ਤੋਂ ਬਲਿਹਾਰ ਜਾਂਦੀ ਹਾਂ।

ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ॥ ੧॥ ਰਹਾਉ॥

ਉਸ ਨੂੰ ਜਪਣ ਕਰਕੇ ਮਨ ਤਨ ਵਿਚ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਬਿੰਦਕ ਗਾਲ੍ਹਿ ਸੁਣੀ ਸਚੇ ਤਿਸੁ ਧਣੀ॥

ਸੂਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ॥ ੨॥

ਜਿਸ ਵੇਲੇ ਉਸ ਸੱਚੇ ਧਨੀ ਦੀ ਕਥਾ ਕੀਰਤਨ ਰੂਪੀ ਗੱਲ ਬਿੰਦਕ=ਰੰਚਕ ਮਾਤਰ ਸੁਣੀ ਤਾਂ ਸੁਖਾਂ ਵਿਚੋਂ ਬਿਅੰਤ ਸੁਖ ਪਾਏ। *ਅਥਵਾ:-* ਸੁਖਾਂ ਵਿਚੋਂ ਆਤਮ-ਸੁਖ ਪਾਇਆ। ਮਾਇ=ਹੇ ਭਾਈ ! ਉਸ ਸੁਖ ਦੀ ਕੀਮਤ ਗਿਣੀ ਨਹੀਂ ਜਾਂਦੀ।

ਅਥਵਾ:- ਉਸ ਸੱਚੇ ਮਾਲਕ ਨੇ ਮੇਰੀ ਰਤਾ-ਕੁ ਗੱਲ ਸੁਣੀ ਹੈ, ਉਸ ਕਰਕੇ ਹੀ ਮੈਂ ਸੁਖੀ ਹਾਂ, ਮਾਇ=ਹੇ ਭਾਈ ! ਉਸ ਦੀ ਕਿਰਪਾ ਕਰਕੇ ਮੈਂ ਜਿਹੜਾ ਸੁਖ ਪਾਇਆ ਹੈ, ਉਸ ਦੀ ਕੀਮਤ ਗਿਣੀ ਨਹੀਂ ਜਾਂਦੀ ॥ ੨॥

ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥

ਜੋ ਪਰਮਾਤਮਾ ਨੇਤਰਾਂ ਨੂੰ ਪਸੰਦ ਆ ਰਿਹਾ ਹੈ, *ਅਥਵਾ:-* ਜੋ ਪਰਮੇਸ਼ਰ ਸਾਰਿਆਂ ਨੂੰ ਪਸੰਦੋ=ਦੇਖ ਰਿਹਾ ਹੈ, ਉਸ ਨੂੰ ਅੱਖਾਂ ਨਾਲ ਦੇਖਦਿਆਂ ਹੀ ਮੇਰੀ ਬੁੱਧੀ ਮੁਸਤਾਕ ਭਈ=ਮੋਹਤ ਹੋ ਗਈ ਹੈ।

ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ॥ ੩॥

ਹੇ ਮੇਰੀ ਮਾਇ=ਭਾਈ ! ਮੈਂ ਤਾਂ ਨਿਰਗੁਣਿ=ਗੁਣਾਂ ਤੋਂ ਹੀਣੀ ਸਾਂ, ਪਰ ਉਸ ਪਰਮੇਸ਼ਰ ਨੇ ਆਪ ਹੀ ਮੈਨੂੰ

ਆਪਣੇ ਲੜਿ=ਪੱਲੇ ਨਾਲ ਲੱਗਾ ਲਿਆ ॥ ੩ ॥

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥

ਵੇਦਾਂ, ਕਤੇਬਾਂ ਅਤੇ ਸੰਸਾਰ ਇਨ੍ਹਾਂ ਹਭਾ ਹੂੰ=ਸਾਰਿਆਂ ਤੋਂ ਉਹ ਪਰਮੇਸ਼ਰ ਬਾਹਰ ਹੈ।

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ ੪ ॥ ੩ ॥ ੧੦੫ ॥

ਗੁਰੂ ਜੀ ਕਥਨ ਕਰਦੇ ਹਨ-ਮੇਰਾ ਸੁਆਮੀ=ਪਾਤਸ਼ਾਹ ਪ੍ਰਭੂ ਹਰ ਜਗ੍ਹਾਂ ਤੇ ਜਾਹਰਾ=ਪ੍ਰਸਿੱਧ (ਪ੍ਰਗਟ) ਦਿੱਸ ਰਿਹਾ ਹੈ॥ ੪ ॥ ੩ ॥ ੧੦੫ ॥

ਆਸਾ ਮਹਲਾ ੫ ॥ ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ ॥

ਹੇ ਪੀਉ=ਪਤੀ ਪਰਮਾਤਮਾ ਲੱਖਾਂ ਹੀ ਭਗਤ ਜਨ ਤੈਨੂੰ ਅਰਾਧਦੇ ਹਨ ਅਤੇ ਪੀਆ ਪੀਆ ਕਰਕੇ ਜਪਦੇ ਹਨ।

ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ ॥ ੧ ॥

ਮੈਂ ਨਿਰਗੁਣ ਵਿਸ਼ਈ ਜੀਵ ਨੂੰ ਭੀ ਕਿਸੇ ਜੁਗਤੀ ਕਰਕੇ ਆਪਣੇ ਨਾਲ ਮਿਲਾ ਲਉ॥ ੧ ॥

ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ ॥

ਹੇ ਗੋਬਿੰਦ ! ਹੇ ਗੋਪਾਲ ! ਹੇ ਦਿਆਲੂ ਪ੍ਰਭੂ ! ਮੈਨੂੰ ਇਕ ਤੇਰੀ ਟੇਕ=ਓਟ ਹੈ।

ਤੂੰ ਸਭਨਾ ਕੇ ਨਾਥ ਤੇਰੀ ਸ੍ਰਿਸਟਿ ਸਭ ॥ ੧ ॥ ਰਹਾਉ ॥

ਤੂੰਹੀ ਸਾਰਿਆਂ ਜੀਵਾਂ ਦਾ ਮਾਲਕ ਹੈਂ, ਸਾਰੀ ਸ੍ਰਿਸ਼ਟੀ ਤੇਰੀ ਹੀ ਸਾਜੀ ਹੋਈ ਹੈ॥ ੧ ॥ ਰਹਾਉ।

ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥

ਤੂੰ ਸਦਾ ਹੀ ਸੰਤਾਂ ਦਾ ਸਹਾਈ ਹੈਂ, (ਸੰਤ ਤੈਨੂੰ) ਸਦਾ ਹੀ ਹਾਜ਼ਰਾ ਹਜ਼ੂਰ ਵੇਖਦੇ ਹਨ।

ਨਾਮ ਬਿਹੂਨੜਿਆ ਸੇ ਮਰਨਿ੍ ਵਿਸੂਰਿ ਵਿਸੂਰਿ ॥ ੨ ॥

ਜੋ ਪੁਰਸ਼ ਨਾਮ ਜਪਣ ਤੋਂ ਬਿਹੂਨੜਿਆ=ਬਿਨਾਂ ਹਨ, ਉਹ ਵਿਸੂਰਿ ਵਿਸੂਰਿ =ਝੁਰ-ਝੁਰ ਕੇ ਮਰਦੇ ਹਨ॥ ੨ ॥

ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ ॥

ਜਿਨ੍ਹਾਂ ਦਾਸਾਂ ਨੇ ਦਾਸ-ਤਣ ਭਾਇ=ਦਾਸਾ ਭਾਵ ਧਾਰਿਆ ਹੈ, ਉਨ੍ਹਾਂ ਦਾ ਚੁਰਾਸੀ ਲੱਖ ਜੂਨਾਂ ਵਿਚ ਗਉਣੁ=(ਆਉਣਾ ਤੇ) ਜਾਣਾ ਮਿਟ ਗਿਆ ਹੈ। -ਅਤੇ-

ਵਿਸਰਿਆ ਜਿਨਾ ਨਾਮੁ ਤਿਨਾੜਾ ਹਾਲੁ ਕਉਣੁ ॥ ੩ ॥

ਜਿਨ੍ਹਾਂ ਨੂੰ ਤੇਰਾ ਨਾਮ ਭੁੱਲ ਗਿਆ ਹੈ, ਤਿਨਾੜਾ=ਉਨ੍ਹਾਂ ਦਾ ਕਉਣੁ=ਕੀ ਹਾਲ ਦੱਸਾਂ, ਭਾਵ ਉਨ੍ਹਾਂ ਦਾ ਬੁਰਾ ਹਾਲ ਹੁੰਦਾ ਹੈ॥ ੩ ॥

ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭ ॥

ਜਿਵੇਂ ਹਰੀਆਲ ਪਸ਼ੂ ਹੁੰਦਾ ਹੈ, ਉਹ ਆਪਣੇ ਪੱਠੇ ਛੱਡ ਕੇ ਦੂਜੇ ਦੇ ਪੱਠੇ ਖਾਂਦਾ ਹੈ, ਇਸੇ ਤਰ੍ਹਾਂ ਹੀ ਸਾਰਾ

ਸੰਸਾਰ ਹੈ, ਜੋ ਆਪਣੀ ਔਰਤ ਨੂੰ ਛੱਡ ਕੇ ਦੂਜੀ ਨਾਲ ਵਿਖੇ ਭੋਗ ਕਰਦਾ ਹੈ।

ਅਥਵਾ:-ਆਪਣਾ ਧਨ ਛੱਡ ਕੇ, ਦੂਜਿਆਂ ਪਾਸੋਂ ਖੋਹ ਕੇ ਖਾਂਦਾ ਹੈ।

ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥ ੪ ॥ ੪ ॥ ੧੦੬ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਆਪ ਮੋਹ ਦੇ ਬੰਧਨ, ਅਥਵਾ:-ਸੰਸਾਰਕ ਬੰਧਨ ਕੱਟ ਕੇ ਆਪਣੇ ਨਾਲ ਮਿਲਾਉਣਾ ਕਰੋ॥ ੪॥ ੪॥ ੧੦੬॥

ਆਸਾ ਮਹਲਾ ੫ ॥ ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ ॥

ਹੇ ਭਾਈ ! ਤੂੰ ਹਭੇ ਥੋਕ=ਸਾਰੇ ਪਦਾਰਥ ਭੁਲਾ ਕੇ ਹਿਕੋ=ਇਕ ਨਾਮ ਸਿਮਰਨ ਦਾ ਖਿਆਲ ਕਰ।

ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ ॥ ੧ ॥

ਝੂਠਾ ਗੁਮਾਨੁ=ਹੰਕਾਰ ਦੂਰ ਕਰ ਤੇ ਆਪਣਾ ਮਨ ਤਨ ਗੁਰਾਂ ਅੱਗੇ ਅਰਪਿ ਧਰਿ=ਭੇਟਾ ਰੱਖ ਦੇ॥ ੧॥

ਆਠ ਪਹਰ ਸਾਲਾਹਿ ਸਿਰਜਨਹਾਰ ਤੂੰ ॥

ਤੂੰ ਅੱਠੇ ਪਹਿਰ ਭਾਵ ਰਾਤ ਦਿਨੇ ਸਿਰਜਨਹਾਰ=ਪ੍ਰਭੂ ਨੂੰ ਸਲਾਹਣਾ ਕਰ ਤੇ ਫਿਰ ਇੰਝ ਬੇਨਤੀ ਕਰ-ਹੇ ਪ੍ਰਭੂ !

ਜੀਵਾਂ ਤੇਰੀ ਦਾਤਿ ਕਿਰਪਾ ਕਰਹੁ ਮੂੰ ॥ ੧ ॥ ਰਹਾਉ ॥

ਤੂੰ ਮੇਰੇ ਪਰ ਕਿਰਪਾ ਦ੍ਰਿਸ਼ਟੀ ਕਰ, ਮੈਂ ਤੇਰੀ ਨਾਮ ਦਾਤ ਕਰਕੇ ਹੀ ਜਿਉਂਦਾ ਹਾਂ॥ ੧॥ ਰਹਾਉ॥

ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥
ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ ॥ ੨ ॥

ਹੇ ਪ੍ਰਭੂ ! ਮੇਰੇ ਪਾਸੋਂ ਓਹੀ ਕੰਮ ਕਰਾਓ, ਜਿਸ ਕਰਕੇ ਤੇਰੇ ਦਰ ਤੇ ਮੇਰਾ ਮੂੰਹ ਉਜਲਾ ਹੋਵੇ। ਹੇ ਅਲਾ= ਅਲਖ ਪ੍ਰਭੂ ਜਿਸ ਨੂੰ ਤੂੰ ਸੁਮਤੀ ਦੇਂਦਾ ਹੈ, ਓਹੀ ਸੱਚ ਨਾਮ ਸਿਮਰਨ ਵਿਚ ਲੱਗਦਾ ਹੈ॥ ੨॥

ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥

ਹੇ ਪੁਰਸ਼ਾ ! ਜੋ ਘਰ ਮੂਲਿ=ਕਦੇ ਵੀ ਢਹਿੰਦਾ ਨਹੀ, ਉਸ ਘਰ ਨੂੰ ਤੂੰ ਰਾਸਿ=ਬਣਾਉਣਾ ਕਰ।

ਅਥਵਾ:-ਜੋ ਮੂਲਿ=ਅਧਿਸ਼ਠਾਨ ਰੂਪ ਪਰਮਾਤਮਾ ਰਾਸਿ=ਸੱਚਾ ਕਦੇ ਵੀ ਢਹਿੰਦਾ ਨਹੀਂ, ਉਸ ਵਿਚ ਤੂੰ ਘਰ ਕਰ।

ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥ ੩ ॥

ਇਕ ਵਾਹਿਗੁਰੂ ਨੂੰ ਹੀ ਚਿਤ ਵਿਚ ਵਸਾਉਣਾ ਕਰ, ਜੋ ਕਦੇ ਮਰ ਨਹੀਂ ਜਾਂਦਾ ।

ਅਥਵਾ:-ਤੂੰ ਫਿਰ ਕਦੇ ਭੀ ਜੰਮਣ ਮਰਨ ਵਿਚ ਨਹੀਂ ਜਾਏਂਗਾ॥ ੩॥

ਤਿਨ੍ਹਾ ਪਿਆਰਾ ਰਾਮੁ ਜੋ ਪ੍ਰਭ ਭਾਣਿਆ ॥
ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ ॥ ੪ ॥ ੫ ॥ ੧੦੭ ॥

ਜੋ ਪ੍ਰਭੂ ਦੇ ਭਾਣਿਆ=ਭਾਣੇ ਵਿਚ ਤੁਰੇ ਹਨ, *ਅਥਵਾ:*-ਜੋ ਪ੍ਰਭੂ ਨੂੰ ਭਾ ਗਏ ਹਨ, ਉਹਨਾਂ ਨੂੰ ਰਾਮ ਪਿਆਰਾ ਲੱਗਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਨੇ ਗੁਰਾਂ ਦੀ ਕਿਰਪਾ ਕਰਕੇ ਅਕੱਥ ਪ੍ਰਭੂ ਦੇ ਜਸ ਨੂੰ ਵਖਾਣਿਆ=ਕਥਨ ਕੀਤਾ ਹੈ॥ ੪॥ ੫॥ ੧੦੭॥

ਆਸਾ ਮਹਲਾ ੫॥

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥

ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ੧॥

ਪ੍ਰਸ਼ਨ:-ਜਿਨ੍ਹਾਂ ਨੂੰ ਵਾਹਿਗੁਰੂ ਨਾਮ ਭੁਲਦਾ ਨਹੀਂ ਹੈ, ਉਹ ਕਿਸ ਤਰ੍ਹਾਂ ਦੇ ਹਨ ?

ਗੁਰ ਉੱਤਰ:-ਮੂਲਿ=ਕਦਾਚਿਤ ਭੇਦ ਨਾ ਜਾਨਣਾ ਕਰੋ, ਉਹ ਸਾਂਈ=ਪਰਮਾਤਮਾ ਵਰਗੇ ਹੀ ਹਨ॥ ੧॥

ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ॥

ਹੇ ਵਹਿਗੁਰੂ ! ਤੇਰੇ ਨਾਲ ਮਿਲਦਿਆਂ ਹੀ ਮਨ ਤਨ ਨਿਹਾਲੁ=ਸੁਖੀ ਹੋ ਗਿਆ ਹੈ।

ਸੁਖੁ ਪਾਇਆ ਜਨ ਪਰਸਾਦਿ ਦੁਖੁ ਸਭੁ ਮੇਟਿਆ॥ ੧॥ ਰਹਾਉ॥

ਪਰ ਸੰਤ ਜਨਾਂ ਦੀ ਪਰਸਾਦਿ=ਕਿਰਪਾ ਨਾਲ ਹੀ ਇਹ ਸੁਖ ਪਾਇਆ ਹੈ ਅਤੇ ਸਾਰਾ ਦੁੱਖ ਮੇਟਿਆ= ਦੂਰ ਕਰ ਲਿਆ ਹੈ॥ ੧॥ ਰਹਾਉ॥

ਜੇਤੇ ਖੰਡ ਬ੍ਰਹਮੰਡ ਉਧਾਰੇ ਤਿੰਨ੍ ਖੇ॥

ਜਿਨ੍ ਮਨਿ ਵੁਠਾ ਆਪਿ ਪੂਰੇ ਭਗਤ ਸੇ॥ ੨॥

ਜਿੰਨੇ ਭੀ ਨੌ ਖੰਡ ਤੇ ਬ੍ਰਹਿਮੰਡ ਹਨ, ਉਹ ਸਾਰੇ ਤਿੰਨ੍ ਖੇ=ਉਹਨਾਂ ਨੇ ਉਧਾਰੇ ਹਨ, *ਅਥਵਾ:*-ਉਹਨਾਂ ਦੇ ਚਰਨਾਂ ਦੀ ਖੇ=ਧੂੜੀ ਨੇ ਉਧਾਰੇ ਹਨ। ਜਿਨ੍ਹਾਂ ਦੇ ਮਨ ਵਿਚ ਪ੍ਰਭੂ ਆਪ ਵੁਠਾ=ਵਸਿਆ ਹੈ, ਉਹ ਸੰਸਾਰ ਵਿਚ ਪੂਰੇ ਭਗਤ ਹਨ॥ ੨॥

[ਪੰਨਾ ੩੯੮]

ਜਿਸ ਨੋ ਮੰਨੇ ਆਪਿ ਸੋਈ ਮਾਨੀਐ॥

ਜਿਸ ਸਤਿਗੁਰਾਂ ਨੂੰ ਪਰਮੇਸ਼ਰ ਆਪ ਮੰਨਦਾ ਹੈ ਹੇ ਪੁਰਖਾ ! ਤੂੰ ਉਹਨਾਂ ਸਤਿਗੁਰਾਂ ਨੂੰ ਮੰਨਣਾ ਕਰ।

ਅਥਵਾ:-ਜਿਸ ਨੂੰ ਪਰਮੇਸ਼ਰ ਆਪ ਮੰਨਦਾ ਹੈ, ਕਿ ਇਹ ਸੱਚਾ ਭਗਤ ਹੈ; ਉਹੀ ਮਾਨਣੀਕ ਹੁੰਦਾ ਹੈ।

ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਨੀਐ॥ ੩॥

ਉਹ ਪ੍ਰਮਾਣੀਕ ਪੁਰਖ ਸਭ ਥਾਵਾਂ ਵਿਚ ਪ੍ਰਗਟ ਜਾਣਿਆਂ ਜਾਂਦਾ ਹੈ॥ ੩॥

ਦਿਨਸੁ ਰੈਣਿ ਆਰਾਧਿ ਸਮ੍ਹਾਲੇ ਸਾਹ ਸਾਹ॥

ਦਿਨ ਰਾਤ ਤੈਨੂੰ ਅਰਾਧਨਾ ਕਰਾਂ ਅਤੇ ਸਵਾਸ-ਸਵਾਸ ਤੈਨੂੰ ਸੰਭਾਲਣਾ ਕਰਾਂ।

ਨਾਨਕ ਕੀ ਲੋਚਾ ਪੂਰਿ ਸਚੇ ਪਾਤਿਸਾਹ॥ ੪॥ ੬॥ ੧੦੮॥

ਗੁਰੂ ਜੀ ਕਥਨ ਕਰਦੇ ਹਨ-ਹੇ ਸੱਚੇ ਪਾਤਸ਼ਾਹ ! ਮੇਰੀ ਏਹੋ ਇੱਛਾ ਹੈ, ਇਸ ਇੱਛਾ ਨੂੰ ਤੂੰ ਪੂਰੀ

ਕਰ॥ ੪॥ ੬॥ ੧੦੮॥

ਆਸਾ ਮਹਲਾ ੫॥

ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ॥

ਜੋ ਸਭ ਜਗ੍ਹਾਂ ਪੂਰਨ ਹੋ ਰਿਹਾ ਹੈ, ਓਹੀ ਸਾਡਾ ਖਸਮੁ=ਮਾਲਕ ਹੈ।

ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ॥ ੧॥

ਛਤੁ=ਛਤਰ ਦੀ ਨਿਆਈਂ ਸ਼ਰੋਮਣੀ ਸਾਰਿਆਂ ਦੇ ਸਿਰ ਤੇ ਇਕ ਸਾਹਿਬ ਪਰਮੇਸ਼ਰ ਹੈ। ਅਥਵਾ- ਛਤੁ=ਆਸਰਾ ਰੂਪ ਸਭ ਦੇ ਸਿਰ ਤੇ ਇਕ ਸਾਹਿਬ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ॥ ੧॥

ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ॥

ਹੇ ਰੱਖਣ ਵਾਲਿਆ ! ਜਿਵੇਂ ਭਾਵੇ ਤਿਵੇਂ ਤੂੰ ਸਾਨੂੰ ਰੱਖ ਲੈ।

ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ॥ ੧॥ ਰਹਾਉ॥

ਤੈਥੋਂ ਬਿਨਾਂ ਹੋਰ ਕੋਈ ਰੱਖਣ ਵਾਲਾ ਨਹੀਂ ਹੈ, ਮੈਂ ਸਾਰੇ ਨਜ਼ਰ ਮਾਰ ਕੇ ਵੇਖਿਆ ਹੈ॥ ੧॥ ਰਹਾਉ॥

ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ॥

ਹੇ ਪ੍ਰਭੂ ! ਤੂੰ ਆਪ ਹੀ ਸਭ ਘਟ ਘਟ ਦੀ ਸਾਰੀਐ=ਸਾਰ (ਸੰਭਲ) ਕਰਕੇ ਪ੍ਰਤਿਪਾਲਾ ਕਰਦਾ ਹੈਂ।

ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ॥ ੨॥

ਜਿਸ ਦੇ ਮਨ ਵਿਚ ਤੂੰ ਆਪ ਵੁਠਾ=ਵਸਿਆ ਹੈਂ, ਉਸ ਨੂੰ ਤਾਂ ਕਦੇ ਭੀ ਭੁਲਾਉਂਦਾ ਨਹੀਂ ਹੈਂ॥ ੨॥

ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ॥

ਜੋ ਕੁਝ ਤੂੰ ਆਪ ਕਰਦਾ ਹੈਂ, ਉਹ ਆਪਣੇ ਭਾਣੇ ਵਿਚ ਹੀ ਕਰਦਾ ਹੈਂ।

ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ॥ ੩॥

ਇਸ ਗੱਲ ਨੂੰ ਤਾਂ ਸਾਰੇ ਜਗਤ ਨੇ ਜਾਣਿਆਂ ਹੈ, ਕਿ ਤੂੰ ਜੁਗਾਂ ਜੁਗਾਂ ਵਿਚ ਭਗਤਾਂ ਦਾ ਸਹਾਈ ਹੁੰਦਾ ਆਇਆ ਹੈਂ॥ ੩॥

ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ॥

ਹੇ ਹਰੀ ! ਤੇਰਾ ਨਾਮ ਜਪ-ਜਪ ਕੇ ਜੀਵ ਕਦੇ ਭੀ ਝੂਰਦਾ ਨਹੀਂ ਹੈ।

ਨਾਨਕ ਦਰਸ ਪਿਆਸ ਲੋਚਾ ਪੂਰੀਐ ॥ ੪॥ ੭॥ ੧੦੯॥

ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਆਪ ਜੀ ਨੇ ਦਰਸ਼ਨ ਦੀ ਪਿਆਸ ਹੈ, ਮੇਰੀ ਭੀ ਲੋਚਾ=ਇੱਛਾ ਪੂਰੀ ਕਰੋ॥ ੪॥ ੭॥ ੧੦੯॥

ਆਸਾ ਮਹਲਾ ੫॥

ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ॥

ਹੇ ਗਾਫ਼ਲ ਗਹਿਲਿਆ=ਗਫ਼ਲਤ ਤਾਈ ਵਿਚ ਗ੍ਰਸੇ ਹੋਏ ਪੁਰਸ਼ਾ !

ਅਥਵਾ-ਹੇ ਗਫ਼ਲਤ ਕਰਕੇ ਗਹਿਲਿਆ=ਝੱਲੇ ਪੁਰਸ਼ਾ ! ਤੂੰ ਨਾਮ ਨੂੰ ਭੁਲਾ ਕੇ ਕਿਉਂ ਅਵਿੱਦਿਆ ਦੀ ਨੀਂਦ ਵਿਚ, ਅਥਵਾ-ਮੋਹ ਹੀ ਨੀਂਦ ਵਿਚ ਸੁੱਤਾ ਹੋਇਆ ਹੈਂ।

ਕਿਤੀ ਇਤੁ ਦਰੀਆਇ ਵੰਞਨ੍ ਵਹਦਿਆ ॥ ੧ ॥

ਕਿਤੀ=ਕਿਤਨੇ ਹੀ ਪੁਰਸ਼ ਇਸ ਸੰਸਾਰ ਦਰਿਆ ਦੇ ਵਹਿਣ (ਪ੍ਰਵਾਹ) ਵਿਚ ਵੰਞਨ੍ ਵਹਦਿਆ= ਵਹਿੰਦੇ ਜਾਂਦੇ, ਭਾਵ ਰੁੜ੍ਹੇ ਜਾਂਦੇ ਹਨ ਅਰਥਾਤ ਜੰਮਦੇ ਮਰਦੇ ਹਨ॥ ੧ ॥

ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥

ਹੇ ਮਨ ! ਹਰੀ ਦੇ ਚਰਨਾਂ ਰੂਪੀ ਜਹਾਜ਼ ਉੱਤੇ ਚੜ੍ਹਕੇ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਣਾ ਕਰ। ਅਤੇ-

ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥ ੧ ॥ ਰਹਾਉ ॥

ਅੱਠੇ ਪਹਿਰ ਰਾਤ ਦਿਨੇ ਸਾਧੂਆਂ ਦੀ ਸੰਗਤ ਵਿਚ ਹਰੀ ਦੇ ਗੁਣਾਂ ਨੂੰ ਗਾਉਣਾ ਕਰ॥ ੧ ॥ ਰਹਾਉ ॥

ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ ॥

(ਐ ਜੀਵ ! ਚਾਹੇ ਤੂੰ) ਅਨੇਕ ਭੋਗਾਂ ਨੂੰ ਭੋਗਦਾ ਹੈਂ; ਪਰੰਤੂ, ਹਰੀ ਨਾਮ ਜਪੇ ਤੋਂ ਬਿਨਾਂ ਤੂੰ ਸੁੰਞਿਆ= ਖਾਲੀ ਹੈਂ।

ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥ ੨ ॥

ਜੋ ਪੁਰਸ਼ ਹਰੀ ਦੀ ਭਗਤੀ ਤੋਂ ਬਿਨਾਂ ਹੈ, ਉਹ ਬਾਰ-ਬਾਰ ਮਰ ਕੇ ਰੋਂਦਾ ਹੈ॥ ੨ ॥

ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥

ਚੰਗੇ ਚੰਗੇ ਕਪੜੇ ਪਹਿਰਦੇ; ਭੋਗ ਭੋਗਣੇ, ਤਨ ਉੱਤੇ ਸੁਗੰਧੀਆਂ ਲਗਾਉਣੀਆਂ ਤੇ ਮਾਲਣਾ=ਔਰਤਾਂ ਨੇ ਤਨ ਉੱਤੇ ਵਟਣਾ ਮਰਦਨ=ਮਲਣਾ ਸਭ ਵਿਅਰਥ ਹੈ।

ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥ ੩ ॥

ਹਰੀ ਨਾਮ ਸਿਮਰਨ ਤੋਂ ਬਿਨਾਂ ਤਨ ਨੇ ਛਾਰੁ=ਭਸਮ ਹੋ ਜਾਣਾ ਹੈ ਅਤੇ ਜੀਵ ਨੇ ਸਰਪਰ=ਜ਼ਰੂਰ ਹੀ ਚਲੇ ਜਾਣਾ ਹੈ॥ ੩ ॥

ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ ॥

ਮਹਾ ਬਿਖਮੁ=ਬੜਾ ਕਠਨ ਜੋ ਸੰਸਾਰ ਹੈ, ਇਸ ਨੂੰ ਮਿਥਿਆ ਰੂਪ ਕਿਸੇ ਵਿਰਲੇ ਨੇ ਦੇਖਿਆ ਹੈ।

ਅਥਵਾ-ਇਸ ਤੋਂ ਤਰਨਾ ਕਿਸੇ ਵਿਰਲੇ ਦੇ ਦੇਖਿਆ ਹੈ।

ਅਥਵਾ-ਮਹਾਂ ਕਠਿਨ ਜੋ ਸੰਸਾਰ ਹੈ, ਇਸ ਵਿਚ ਕਿਸੇ ਵਿਰਲੇ ਨੇ ਪਰਮੇਸ਼ਰ ਨੂੰ ਵੇਖਿਆ ਹੈ।

ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ ॥ ੪ ॥ ੮ ॥ ੧੧੦ ॥

ਇਹ ਵਾਹਿਗੁਰੂ ਨੇ ਗ੍ਰੰਥਾਂ ਵਿਚ ਲੇਖ ਲਿਖਿਆ ਹੈ ਕਿ ਹਰੀ ਸਰੂਪ ਗੁਰਾਂ ਦੀ ਸ਼ਰਨ ਗ੍ਰਹਿਣ ਕਰਨ ਨਾਲ ਹੀ ਛੁਟਕਾਰਾ ਹੁੰਦਾ ਹੈ॥ ੪ ॥ ੮ ॥ ੧੧੦ ॥

ਆਸਾ ਮਹਲਾ ੫ ॥ ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ ॥

ਜਦ ਕੋਈ ਵੀ ਪਦਾਰਥ, *ਅਥਵਾ*-ਕੋਈ ਵੀ ਸਬੰਧੀ ਕਿਸੇ ਦਾ ਸੰਗੀ ਨਹੀਂ ਹੈ ਤਾਂ ਫਿਰ ਕਿਸ ਵਾਸਤੇ ਹੰਕਾਰ ਕਰਨਾ ਹੈ।

ਏਕੁ ਨਾਮੁ ਆਧਾਰੁ ਭਉਜਲੁ ਤਰਬੀਐ ॥ ੧ ॥

ਇਕ ਵਾਹਿਗੁਰੂ ਨਾਮ ਦਾ ਆਧਾਰੁ=ਆਸਰਾ ਹੋਣ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੧ ॥

ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥

ਹੇ ਮੇਰੇ ਪੂਰੇ ਸਤਿਗੁਰੂ ! ਮੈਂ ਗਰੀਬ ਦੀ ਸੱਚ-ਮੁੱਚ *ਅਥਵਾ*-ਸਚੁ=ਨਿਸਚੇ ਕਰਕੇ ਇਕ ਤੂੰ ਹੀ ਟੇਕ=ਓਟ ਹੈਂ।

ਦੇਖਿ ਤੁਮ੍ਹਾਰਾ ਦਰਸਨੋ ਮੇਰਾ ਮਨੁ ਧੀਰੇ ॥ ੧ ॥ ਰਹਾਉ ॥

ਤੁਹਾਡੇ ਦਰਸ਼ਨ ਨੂੰ ਦੇਖ ਕੇ ਮੇਰੇ ਮਨ ਨੂੰ ਧੀਰਜ ਆ ਗਿਆ ਹੈ॥ ੧ ॥ ਰਹਾਉ ॥

ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ ॥

ਰਾਜ-ਭਾਗ, ਮਾਲੁ=ਹਾਥੀ, ਊਠ ਘੋੜਾ ਆਦਿਕ ਮਾਲ, ਇਹ ਸਭ ਜੰਜਾਲ ਰੂਪ ਹਨ, ਇਹਨਾਂ ਨੂੰ ਕਿਸੇ ਕੰਮ ਆਉਣ ਵਾਲੇ ਨਾ ਗਿਣੋ।

ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋ ॥ ੨ ॥

ਹਰੀ ਦੇ ਕੀਰਤਨ ਦਾ ਜੋ ਆਧਾਰੁ=ਆਸਰਾ ਗ੍ਰਹਿਣ ਕਰਨਾ ਹੈ, ਏਹੋ ਧਨ ਨਿਸਚਲ ਹੈ॥੨ ॥

ਜੇਤੇ ਮਾਇਆ ਰੰਗ ਤੇਤ ਪਛਾਵਿਆ ॥

ਜਿਤਨੇ-ਕੁ ਮਇਆਵਕੀ ਰੰਗ ਹਨ, ਇਹ ਸਭ ਪਰਛਾਵੇਂ ਵਰਗੇ ਝੂਠੇ ਹਨ।

ਸੁਖ ਕਾ ਨਾਮੁ ਨਿਧਾਨੁ ਗੁਰਮੁਖਿ ਗਾਵਿਆ ॥ ੩ ॥

ਸੁਖਾਂ ਦਾ ਖਜ਼ਾਨਾ ਜੋ ਨਾਮ ਹੈ, ਤਿਸ ਨੂੰ ਗੁਰਮੁਖਾਂ ਨੇ ਗਾਵਿਆ=ਗਾਉਣਾ ਕੀਤਾ ਹੈ॥ ੩ ॥

ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ ॥

ਹੇ ਗਹਿਰ ਗੰਭੀਰ ਪ੍ਰਭੂ ! ਤੂੰ ਸੱਚਾ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈਂ।

ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥ ੪ ॥ ੯ ॥ ੧੧੧ ॥

ਹੇ ਖਸਮ=ਪਰਮਾਤਮਾ ! ਮੇਰੇ ਜੀਅ ਨੂੰ ਆਸਾ ਅਤੇ ਭਰੋਸਾ ਆਪ ਦਾ ਹੈ॥ ੪ ॥ ੯ ॥ ੧੧੧ ॥

ਆਸਾ ਮਹਲਾ ੫ ॥ ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ ॥

ਜਿਸ ਦੇ ਸਿਮਰਨੇ ਕਰਕੇ ਦੁੱਖ ਮਿਟ ਜਾਂਦਾ ਹੈ ਤੇ ਆਤਮ ਸੁਖ ਪ੍ਰਾਪਤ ਹੁੰਦਾ ਹੈ।

ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ ॥ ੧ ॥

ਅਸੀਂ ਕਰ=ਹੱਥ ਜੋੜ ਕੇ ਰਾਤ ਦਿਨ, ਓਸੇ ਹਰਿ ਹਰਿ ਨੂੰ ਧਿਆਉਂਦੇ ਹਾਂ॥ ੧ ॥

ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ ॥

ਗੁਰੂ ਜੀ ਕਥਨ ਕਰਦੇ ਹਨ-ਮੇਰਾ ਪ੍ਰਭੂ ਤਾਂ ਉਹ ਪਰਮੇਸ਼ਰ ਹੈ, ਜਿਸ ਦਾ ਸਭ ਕੋਈ ਰਚਿਆ ਹੋਇਆ ਹੈ। ਪੁਨਾ :-

ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ ॥ ੧ ॥ ਰਹਾਉ ॥

ਉਹ ਸੱਚਾ ਸਚੁ=ਨਿਸਚੇ ਕਰਕੇ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ॥ ੧ ॥ ਰਹਾਉ ॥

ਅੰਤਰਿ ਬਾਹਰਿ ਸੰਗਿ ਸਹਾਈ ਗਿਆਨੁ ਜੋਗੁ ॥

ਜੋ ਪਰਮੇਸ਼ਰ ਬ੍ਰਹਿਮੰਡ ਦੇ, *ਅਥਵਾ* :-ਸਰੀਰ ਦੇ ਅੰਦਰ ਬਾਹਰ ਅੰਗ-ਸੰਗ ਹੈ ਅਤੇ ਸਹਾਈ ਹੋ ਕੇ ਜੀਵ ਨੂੰ ਗਿਆਨ ਪ੍ਰਾਪਤੀ ਦੇ ਜੋਗੁ=ਲਾਇਕ ਕਰ ਦਿੰਦਾ ਹੈ।

ਅਥਵਾ :-ਗਿਆਨ=ਜਾਣਨ ਦੇ ਲਾਇਕ ਹੈ।

ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥ ੨ ॥

ਹੇ ਮਨ ! ਤੂੰ ਉਸ ਨੂੰ ਅਰਾਧਣਾ ਕਰ ਤਾਂ ਤੇਰੇ ਸਾਰੇ ਰੋਗ ਨਾਸ ਹੋ ਜਾਣਗੇ॥ ੨ ॥

ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥

ਉਹ ਰੱਖਿਆ ਕਰਨ ਵਾਲਾ ਬੇਅੰਤ ਪਰਮੇਸ਼ਰ ਮਾਤਾ ਦੇ ਪੇਟ ਦੀ ਜਠਰ ਅਗਨੀ ਵਿਚ ਰੱਖਿਆ ਕਰਦਾ ਹੈ।

[ਪੰਨਾ ੩੯੯]

ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥

ਪੁਨਾ ਉਸ ਹਰਿ ਹਰਿ ਦਾ ਨਾਮ ਸੀਤਲ ਹੈ, ਉਸ ਹਰਿ ਹਰਿ ਨਾਮ ਦੇ ਸਿਮਰਨੇ ਕਰਕੇ ਮਾਇਆ ਦੀ ਤਪਸ਼ (ਸਾੜਾ), *ਅਥਵਾ* :-ਈਰਖਾ ਦੀ ਸੜਨਤਾ ਮਿਟ ਜਾਂਦੀ ਹੈ॥ ੩ ॥

ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ ॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਚਰਨਾਂ ਦੀ ਧੂੜ ਲੈਣ ਕਰਕੇ ਅਚੁਤ ਸੁਖ ਦਾ ਘਣਾ=ਬਹੁਤਾ ਅਨੰਦ ਹੁੰਦਾ ਹੈ।

ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ ॥ ੪ ॥ ੧੦ ॥ ੧੧੨ ॥

ਜਦ ਪੂਰਾ ਗੁਰੂ ਮਿਲਿਆ ਤਾਂ ਸਾਰੇ ਕਾਰਜ=ਕੰਮ ਸਿਧਿ ਭਏ=ਪੂਰੇ ਹੋ ਗਏ॥ ੪ ॥ ੧੦ ॥ ੧੧੨ ॥

ਆਸਾ ਮਹਲਾ ੫ ॥ ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ ਜਾਣੀਐ ॥

ਜੋ ਗੋਬਿੰਦ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈ, ਉਹ ਗੁਰਮੁਖਿ=ਗੁਰਾਂ ਦੁਆਰੇ ਹੀ ਜਾਣਿਆ ਜਾਂਦਾ ਹੈ।

ਹੋਇ ਕ੍ਰਿਪਾਲੁ ਦਇਆਲੁ ਹਰਿ ਰੰਗੁ ਮਾਣੀਐ ॥ ੧ ॥

(ਕ੍ਰਿਪਾਲੁ=ਕ੍ਰਿਪਾ+ਆਲਯ) ਕਿਰਪਾ ਦੇ ਘਰ ਸਤਿਗੁਰੂ ਦਿਆਲੂ ਹੋਣ ਤਾਂ ਇਹ ਜੀਵ ਹਰੀ ਦੇ

ਰੰਗੁ=ਅਨੰਦ ਨੂੰ ਭੋਗਦਾ ਹੈ॥ ੧ ॥

ਆਵਹੁ ਸੰਤ ਮਿਲਾਹ ਹਰਿ ਕਥਾ ਕਹਾਣੀਆ ॥

ਹੇ ਸੰਤੋ ! ਆਵਉ, ਹਰੀ ਦੀ ਕਥਾ ਜੋ ਕਹਾਣੀਆਂ=ਕਥਨ ਕਰਨੇ ਜੋਗ ਹੈ, ਉਸ ਨਾਲ ਮਿਲਾਵੋ।

ਅਥਵਾ :-ਕਥਾ ਵੱਡੀ ਹੁੰਦੀ ਹੈ, ਕਹਾਣੀ ਛੋਟੀ ਹੁੰਦੀ ਹੈ।

ਅਥਵਾ :-ਕਥਾ ਸ਼ਾਸਤ੍ਰਕ ਹੁੰਦੀ ਹੈ, ਕਹਾਣੀ ਲੌਕਿਕ ਹੁੰਦੀ ਹੈ।

ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ ॥ ੧ ॥ ਰਹਾਉ ॥

ਰਾਤ ਦਿਨ ਲੌਕਿਕ ਲੱਜਾ ਨੂੰ ਤਜਿ=ਛੱਡ ਕੇ (ਲਾਹ ਕੇ) ਨਾਮ ਨੂੰ ਸਿਮਰਨਾ ਕਰੀਏ॥ ੧ ॥ ਰਹਾਉ ॥

ਜਪਿ ਜਪਿ ਜੀਵਾ ਨਾਮੁ ਹੋਵੈ ਅਨਦੁ ਘਣਾ ॥

ਮੈਂ ਨਾਮ ਨੂੰ ਜਪ ਕੇ ਜੀਉਂਦਾ ਹਾਂ ਕਿਉਂਕਿ ਨਾਮ ਜਪਣ ਕਰਕੇ ਘਣਾ=ਬਹੁਤਾ ਅਨੰਦ ਪ੍ਰਾਪਤ ਹੁੰਦਾ ਹੈ।

ਮਿਥਿਆ ਮੋਹੁ ਸੰਸਾਰੁ ਝੂਠਾ ਵਿਣਸਣਾ ॥ ੨ ॥

ਝੂਠੇ ਸੰਸਾਰ ਵਿਚ, ਜੋ ਸਬੰਧੀਆਂ ਦਾ ਮੋਹ ਮਿਥਿਆ ਹੈ, ਇਹ ਨਾਸਵੰਤ ਹੈ॥ ੨ ॥

ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥

ਪ੍ਰਭੂ ਦੇ ਚਰਨ ਕਮਲਾਂ ਨਾਲ ਨੇਹੁ=ਪ੍ਰੇਮ ਕਿਸੇ ਵਿਰਲੇ ਨੇ ਲਗਾਇਆ ਹੈ।

ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ॥ ੩ ॥

ਉਹ ਮੂੰਹ ਧੰਨਤਾ ਯੋਗ ਅਤੇ ਸੁਹਾਵਾ=ਸੋਭਾ ਵਾਲਾ ਹੈ, ਜਿਸ ਨੇ ਹਰੀ ਨਾਮ ਧਿਆਉਣਾ ਕੀਤਾ ਹੈ॥ ੩ ॥

ਜਨਮ ਮਰਣ ਦੁਖ ਕਾਲ ਸਿਮਰਤ ਮਿਟਿ ਜਾਵਈ ॥

ਜਨਮ ਸਮੇਂ ਦਾ ਦੁੱਖ ਅਤੇ ਮਰਨ ਸਮੇਂ ਦਾ ਦੁੱਖ, ਵਾਹਿਗੁਰੂ ਨਾਮ ਦੇ ਸਿਮਰਨ ਨਾਲ ਮਿਟ ਜਾਂਦਾ ਹੈ।

ਨਾਨਕ ਕੈ ਸੁਖੁ ਸੋਇ ਜੋ ਪ੍ਰਭ ਭਾਵਈ ॥ ੪ ॥ ੧੧ ॥ ੧੧੩ ॥

ਗੁਰੂ ਜੀ ਕਥਨ ਕਰਦੇ ਹਨ-ਸਾਡੇ ਤਾਈਂ ਉਹੀ ਸੁਖ ਸਰੂਪ ਹੈ, ਜੋ ਪ੍ਰਭੂ ਨੂੰ ਭਾ ਜਾਂਦਾ ਹੈ॥ ੪ ॥ ੧੧ ॥ ੧੧੩ ॥

ਆਸਾ ਮਹਲਾ ੫ ॥ ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥

ਹੇ ਮਿੱਤਰੋ ਸੰਤੋ ! ਆਵੋ, ਅਸੀਂ ਤੁਸੀਂ ਇਕੱਠੇ ਹੋ ਕੇ ਰਸ=ਪ੍ਰੇਮ, ਕਸ=ਤਾੜਨਾ ਜਪ ਤਪ ਦੀ, ਸਭ ਤਰ੍ਹਾਂ ਨਾਲ ਭੋਗੀਏ।

ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥ ੧ ॥

ਹਰਿ ਹਰਿ ਦੇ ਨਾਮ ਅੰਮ੍ਰਿਤ ਨੂੰ ਜਪੀਏ, ਅਸੀਂ ਤੁਸੀਂ ਆਪਸ ਵਿਚ ਮਿਲ ਕੇ ਪਾਪਾਂ ਨੂੰ ਮੁੰਚਹ=ਅਭਾਵ ਕਰੀਏ॥ ੧ ॥

ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ॥

ਹੇ ਸੰਤ ਜਨੋ ! ਸਾਰਿਆਂ ਵੇਦਾਂ ਸ਼ਾਸਤਰਾਂ ਦਾ ਤਤੁ=ਸਿਧਾਂਤ ਰੂਪ ਜੋ ਬ੍ਰਹਮ ਹੈ, ਉਸ ਦੀ ਵਿਚਾਰ ਕਰੋ, ਤਾ ਤੇ=ਉਸ ਵਿਚਾਰ ਦੇ ਕਰਨੇ ਕਰਕੇ ਫਿਰ ਕੋਈ ਬਿਘਨ ਨਹੀਂ ਲੱਗੇਗਾ।

ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ॥ ੧॥ ਰਹਾਉ॥

ਜੋ ਗੁਰਮੁਖ ਜਨ ਇਸ ਵਿਚਾਰ ਵਿਚ, *ਅਥਵਾ* :-ਭਜਨ ਸਿਮਰਨ ਵਿਚ ਜਾਗੈ=ਜਾਗਦਾ ਹੈ, ਉਸ ਦੇ ਸਾਰੇ ਕਾਮ ਆਦਿਕ ਤਸਕਰਾ=ਚੋਰ ਖੀਨ ਭਏ=ਨਾਸ ਹੋ ਗਏ॥ ੧॥ ਰਹਾਉ॥

ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ॥

ਬੁੱਧੀ ਵਿਚ ਗਰੀਬੀ ਧਾਰਨ ਰੂਪ ਖਰਚ ਪੱਲੇ ਬੰਨ੍ਹ ਲੈਣਾ ਕਰੋ, ਅਤੇ-

ਹੰਗਤਾ ਮਮਤਾ ਰੂਪੀ ਬਿਖੁ=ਜ਼ਹਿਰ,

ਅਥਵਾ :-ਹਉਮੈ ਤੇ ਵਿਸ਼ਿਆਂ ਨੂੰ ਜਾਰਹੁ=ਸਾੜਨਾ ਕਰੋ।

ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ॥ ੨॥

ਸਤਸੰਗ ਰੂਪ ਇਕ ਸੱਚਾ ਹੱਟ ਹੈ, ਉਸ ਵਿਚ ਪੂਰਾ ਸੌਦਾ ਨਾਮ ਹੈ। ਹੇ ਭਾਈ ! ਉਸ ਨਾਮ ਰੂਪੀ ਵਖਰੁ=ਸੌਦੇ ਦਾ ਵਪਾਰ ਕਰੋ॥ ੨॥

ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ॥

ਜਿਨ੍ਹਾਂ ਨੇ ਆਪਣੇ ਗੁਰਾਂ ਨੂੰ ਜੀਉ ਪਿੰਡੁ=ਦੇਹ ਪ੍ਰਾਣ ਅਤੇ ਧਨ ਆਦਿਕ ਸਭ ਕੁਝ ਅਰਪ ਦਿੱਤਾ ਹੈ, ਓਹੀ ਇਜ਼ਤ ਵਾਲੇ ਹੋਏ ਹਨ।

ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ॥ ੩॥

ਕਿਉਂਕਿ ਉਹ ਪੁਰਸ਼ ਆਪਣੇ ਪ੍ਰਭੂ ਨੂੰ ਭਾ ਗਏ ਹਨ ਅਤੇ ਉਸ ਨਾਲ ਮਿਲ ਕੇ ਨਿਤਾ ਪ੍ਰਤੀ ਕੇਲ=ਖੁਸ਼ੀਆਂ ਭਾਵ ਅਨੰਦ ਭੋਗਣਾ ਕਰਦੇ ਹਨ॥ ੩॥

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥

ਜੋ ਪੁਰਸ਼ ਦੁਰ+ਮਤਿ=ਖੋਟੀ ਬੁੱਧੀ ਕਰਕੇ ਪ੍ਰਤੱਖ ਮਦ=ਸ਼ਰਾਬ ਪੀਂਦੇ ਹਨ, ਉਹ ਬਿਖਲੀ ਪਤਿ=ਵੇਸਵਾ ਦੇ ਪਤੀ ਹੁੰਦੇ ਹਨ ਤੇ ਉਹਨਾਂ ਦੀ ਬੁੱਧੀ ਕਮਲੀ ਰਹਿੰਦੀ ਹੈ।

ਅਥਵਾ :-ਜੋ ਪੁਰਸ਼ ਦੁਰਮਤਾ ਰੂਪੀ ਸ਼ਰਾਬ ਨੂੰ ਪੀਂਦੇ ਹਨ, ਉਨ੍ਹਾਂ ਕਮਲਿਆਂ ਦੀ ਬੁੱਧੀ ਬਿਖ ਲੀਪਤਿ=ਵਿਸ਼ਿਆਂ ਵਿਚ ਲਿਪਾਇਮਾਨ ਹੁੰਦੀ ਹੈ। ਸੰਪ੍ਰਦਾਈ ਪਾਠ ਪਹਿਲਾ ਹੀ ਹੈ-ਦੁਰਮਤਿ ਮੰਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥

ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥ ੪॥ ੧੨॥ ੧੧੪॥

ਗੁਰੂ ਜੀ ਕਥਨ ਕਰਦੇ ਹਨ-ਰਸਾਇਣਿ=ਰਸਾਂ ਦਾ ਘਰ ਜੋ ਰਾਮ ਹੈ, ਉਸ ਦੇ ਨਾਮ ਰੂਪ ਸ਼ਰਾਬ ਵਿਚ ਜੋ ਰਤੇ ਹਨ, ਓਹੀ ਸੱਚੇ ਅਮਲੀ ਹਨ॥ ੪॥ ੧੨॥ ੧੧੪॥

ਆਸਾ ਮਹਲਾ ੫ ॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਣਾਉਣ ਦੀ ਸੇਵਾ ਅਰੰਭ ਕੀਤੀ। ਉਸ ਵੇਲੇ ਇਹ ਸ਼ਬਦ ਉਚਾਰਿਆ ਕਿ-

ਉਦਮੁ ਕੀਆ ਕਰਾਇਆ ਆਰੰਭੁ ਰਚਾਇਆ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਕਰਾਇਆ ਹੋਇਆ ਉਦਮ ਅਸੀਂ ਕੀਤਾ ਹੈ ਅਤੇ ਸੇਵਾ ਦਾ ਅਰੰਭ ਰਚਾਇਆ ਹੈ। *ਅਥਵਾ* :-ਜਗਿਆਸੂ ਨੇ ਗੁਰਾਂ ਦਾ ਕਰਾਇਆ ਹੋਇਆ ਉਦਮ ਭਜਨ ਸਿਮਰਨ ਵਿਚ ਕੀਤਾ ਹੈ ਅਤੇ ਸਾਧਨਾਂ ਦਾ ਅਰੰਭ ਰਚਾਇਆ ਹੈ।

ਨਾਮੁ ਜਪੇ ਜਪਿ ਜੀਵਣਾਂ ਗੁਰਿ ਮੰਤ੍ਰੁ ਦ੍ਰਿੜਾਇਆ ॥ ੧ ॥

ਜਦੋਂ ਦਾ ਗੁਰਾਂ ਨੇ ਸਤਿਨਾਮੁ ਮੰਤਰ ਦ੍ਰਿੜਾਇਆ ਹੈ, ਉਦੋਂ ਤੋਂ ਨਾਮ ਜਪ ਨੂੰ ਜਪ ਕੇ ਸਾਡਾ ਜੀਉਣਾ ਹੋ ਰਿਹਾ ਹੈ॥ ੧ ॥

ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥

ਜਿਨ੍ਹਾਂ ਗੁਰਾਂ ਨੇ ਭਰਮ ਬਿਦਾਰਿਆ=ਦੂਰ ਕੀਤਾ ਹੈ, ਉਨ੍ਹਾਂ ਸਤਿਗੁਰਾਂ ਦੇ ਅਸੀਂ ਚਰਨੀਂ ਪਰਹ=ਪੈਂਦੇ ਹਾਂ।

ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥ ੧ ॥ ਰਹਾਉ ॥

ਪ੍ਰਭੂ ਨੇ ਆਪਣੀ ਕਿਰਪਾ ਕਰਕੇ ਸੱਚ ਨਾਮ ਦਾ ਸਾਜ ਦੇ ਕੇ ਅੰਤਹਕਰਣ ਸਵਾਰਿਆ ਹੈ॥ ੧ ॥ ਰਹਾਉ ॥

ਕਰੁ ਗਹਿ ਲੀਨੇ ਆਪਣੇ ਸਚੁ ਹੁਕਮਿ ਰਜਾਈ ॥

ਰਜਾਈ=ਆਗਿਆ ਦੇ ਕਰਨ ਵਾਲੇ ਸੱਚੇ ਪਰਮਾਤਮਾ ਨੇ ਆਪਣੇ ਹੁਕਮ ਵਿਚ ਆਪਣੇ ਦਾਸ ਜਾਣ ਕੇ ਮਨ ਰੂਪੀ ਹੱਥ ਨੂੰ ਫੜ ਲਿਆ ਹੈ।

ਜੋ ਪ੍ਰਭਿ ਦਿਤੀ ਦਾਤਿ ਸਾ ਪੂਰਨ ਵਡਿਆਈ ॥ ੨ ॥

ਜੋ ਨਾਮ-ਦਾਤ ਪ੍ਰਭੂ ਨੇ ਮੈਨੂੰ ਦਿੱਤੀ ਹੈ, ਮੇਰੇ ਲਈ ਓਹੀ ਪੂਰਨ ਵਡਿਆਈ ਹੈ॥ ੨ ॥

ਸਦਾ ਸਦਾ ਗੁਣ ਗਾਈਅਹਿ ਜਪਿ ਨਾਮੁ ਮੁਰਾਰੀ ॥

ਹੁਣ ਅਸੀਂ ਹਰ ਸਮੇਂ ਵਾਹਿਗੁਰੂ ਦੇ ਗੁਣ ਗਾਉਂਦੇ ਹਾਂ ਅਤੇ ਮੁਰਾਰੀ ਦਾ ਨਾਮ ਜਪਦੇ ਹਾਂ।

ਨੇਮੁ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ ॥ ੩ ॥

ਪ੍ਰਭੂ ਸਰੂਪ ਸਤਿਗੁਰੂ ਧੰਨਤਾ ਜੋਗ ਹਨ, ਜਿਨ੍ਹਾਂ ਨੇ ਕਿਰਪਾ ਧਾਰ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਬਣਾਉਣ ਦਾ ਨੇਮ ਨਿਬਾਹਿਓ=ਪੂਰਾ ਕਰ ਦਿੱਤਾ ਹੈ।

ਅਥਵਾ :-ਪ੍ਰਭੂ ਸਰੂਪ ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ ਜਗਿਆਸੂ ਦੇ ਸਾਧਨਾਂ ਦਾ ਨੇਮ ਨਿਬਾਹ ਦਿੱਤਾ ਹੈ॥ ੩ ॥

ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥

ਨਾਮ ਜਪਣਾ ਤੇ ਵਾਹਿਗੁਰੂ ਦੇ ਗੁਣ ਗਾਉਣੇ, ਇਸ ਧਨ ਦਾ ਲਾਭ ਪੂਰੇ ਗੁਰਾਂ ਨੇ ਦਿੱਤਾ ਹੈ।

ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥ ੪ ॥ ੧੩ ॥ ੧੧੫ ॥

ਗੁਰੂ ਜੀ ਕਥਨ ਕਰਦੇ ਹਨ-ਸੰਤ ਤਾਂ ਵਣਜਾਰੇ ਹਨ ਤੇ ਪ੍ਰਭੂ ਪਰਮਾਤਮਾ ਅਮਿੱਤ ਸ਼ਾਹ ਹੈ॥ ੪ ॥ ੧੩ ॥ ੧੧੫ ॥

ਆਸਾ ਮਹਲਾ ੫ ॥ ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ ਵਡਭਾਗਾ ॥

ਹੇ ਪ੍ਰਭ=ਪਰਮਾਤਮਾ ! ਜਿਸ ਜੀਵ ਦਾ ਤੂੰ ਠਾਕੁਰ=ਸੁਆਮੀ ਹੈਂ, ਉਸ ਦੇ ਸਭ ਤੋਂ ਵੱਡੇ ਭਾਗ ਹਨ।

ਓਹੁ ਸੁਹੇਲਾ ਸਦ ਸੁਖੀ ਸਭੁ ਭ੍ਰਮੁ ਭਉ ਭਾਗਾ ॥ ੧ ॥

ਉਹੀ ਸੁਹੇਲਾ=ਸ਼ੋਭਨੀਕ ਅਤੇ ਸਦਾ ਸੁਖੀ ਹੈ। ਉਸ ਦਾ ਭਰਮ ਅਤੇ ਸਾਰਾ ਡਰ ਦੌੜ ਗਿਆ ਹੈ॥ ੧ ॥

ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ ॥

ਹੇ ਗੋਬਿੰਦ ! ਅਸੀਂ ਆਪ ਜੀ ਦੇ ਨੌਕਰ ਹਾਂ ਤੂੰ ਮੇਰਾ ਸਭ ਤੋਂ ਭਾਰਾ=ਵੱਡਾ ਠਾਕੁਰ ਹੈਂ।

ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੁ ਹਮਾਰਾ ॥ ੧ ॥ ਰਹਾਉ ॥

ਸਭ ਵਿਧੀਆਂ ਦੇ ਆਪ ਹੀ ਕਰਨ ਕਰਾਉਣ ਵਾਲੇ ਹੋ, ਸੋ ਆਪ ਹੀ ਸਾਡੇ ਸਤਿਗੁਰੂ ਹੋਏ ਹੋ॥ ੧ ॥ ਰਹਾਉ ॥

ਦੂਜਾ ਨਾਹੀ ਅਉਰੁ ਕੋ ਤਾ ਕਾ ਭਉ ਕਰੀਐ ॥

ਜਦ ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ ਤਾਂ ਫਿਰ ਕਿਸ ਵਾਸਤੇ ਕਿਸੇ ਦਾ ਭਉ=ਖੌਫ ਕਰਨਾ ਹੈ।

[ਪੰਨਾ ੪੦੦]

ਗੁਰ ਸੇਵਾ ਮਹਲੁ ਪਾਈਐ ਜਗੁ ਦੁਤਰੁ ਤਰੀਐ ॥ ੨ ॥

ਗੁਰ ਸੇਵਾ ਕਰਨ ਨਾਲ ਇਕ ਤਾਂ ਸਰੂਪ ਪਾਈਦਾ ਹੈ ਤੇ ਦੂਜਾ ਜਿਸ ਸੰਸਾਰ-ਸਮੁੰਦਰ ਤੋਂ ਪਾਰ ਹੋਣਾ ਬੜਾ ਮੁਸ਼ਕਿਲ ਹੈ, ਉਸ ਤੋਂ ਤਰ ਜਾਈਦਾ ਹੈ॥ ੨ ॥

ਦ੍ਰਿਸਟਿ ਤੇਰੀ ਸੁਖੁ ਪਾਈਐ ਮਨ ਮਾਹਿ ਨਿਧਾਨਾ ॥

ਹੇ ਵਾਹਿਗੁਰੂ ! ਤੇਰੇ ਮੇਹਰ ਭਰੀ ਦ੍ਰਿਸ਼ਟੀ ਕਰਕੇ ਸੁਖ ਪ੍ਰਾਪਤ ਹੁੰਦਾ ਹੈ ਅਤੇ ਮਨ ਵਿਚ ਨਿਧੀਆਂ ਦਾ ਖਜ਼ਾਨਾ ਪ੍ਰਾਪਤ ਹੁੰਦਾ ਹੈ।

ਜਾ ਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ ॥ ੩ ॥

ਹੇ ਵਾਹਿਗੁਰੂ ! ਜਿਸ ਉੱਤੇ ਆਪ ਕਿਰਪਾਲੂ ਹੁੰਦੇ ਹੋ, ਉਹੀ ਸੇਵਕ ਪ੍ਰਮਾਣੀਕ ਹੁੰਦਾ ਹੈ॥ ੩ ॥

ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ ॥

ਹੇ ਹਰੀ ! ਆਪ ਜੀ ਦੇ ਕੀਰਤਨ ਰੂਪ ਅੰਮ੍ਰਿਤ-ਰਸ ਨੂੰ ਕੋਈ ਵਿਰਲਾ ਹੀ ਪੀਂਦਾ ਹੈ।

ਵਜਹੁ ਨਾਨਕ ਮਿਲੈ ਏਕੁ ਨਾਮੁ
ਰਿਦ ਜਪਿ ਜਪਿ ਜੀਵੈ ॥ ੪ ॥ ੧੪ ॥ ੧੧੬ ॥

ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਇਕ ਨਾਮ ਦਾ ਵਜਹੁ=ਦੁਮਾਹਾ ਮਿਲੇ, ਅਸੀਂ ਤਾਂ ਹਿਰਦੇ ਵਿਚ ਨਾਮ-ਜਪ ਨੂੰ ਜਪਕੇ ਜੀਉਂਦੇ ਹਾਂ॥ ੪॥ ੧੪॥ ੧੧੬॥

ਆਸਾ ਮਹਲਾ ੫ ॥

ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ ॥

ਜਿਸ ਪ੍ਰਭੂ ਦੀ ਮੈਂ ਚੇਰੁਲੀ=ਦਾਸੀ ਹਾਂ, ਉਹ ਪ੍ਰਭੂ ਸਾਰਿਆਂ ਤੋਂ ਊਚਾ=ਵੱਡਾ ਹੈ।

ਸਭੁ ਕਿਛੁ ਤਾ ਕਾ ਕਾਂਢੀਐ ਥੋਰਾ ਅਰੁ ਮੂਚਾ ॥ ੧ ॥

ਭਾਵੇਂ ਥੋੜਾ ਤੇ ਭਾਵੇਂ ਮੂਚਾ=ਬਹੁਤ ਹੈਂ, *ਅਥਵਾ* :-ਭਾਵੇਂ ਥੋਰਾ=ਛੋਟਾ ਹੈ ਅਤੇ ਭਾਵੇਂ ਮੂਚਾ=ਵੱਡਾ, ਜਗਤ ਵਿਚ ਸਭ ਕੁਝ ਉਸੇ ਦਾ ਕਹਾਉਂਦਾ ਹੈ॥ ੧॥

ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ ॥

ਜੀਵ, ਪ੍ਰਾਨ, ਧਨ ਜੋ ਕੁਝ ਮੇਰਾ ਹੈ; ਸੋ ਸਾਰੀ ਵਿਭੂਤੀ ਮੈਂ ਸਾਹਿਬ ਨੂੰ ਮਾਲਕ ਦੀ ਮਨੀਆ=ਮੰਨਦੀ ਹਾਂ। ਕਿਉਂਕਿ ਮੈਂ ਸਮਝਦੀ ਹਾਂ ਕਿ ਇਸ ਵਿਚ ਮੇਰਾ ਕੁਝ ਵੀ ਨਹੀਂ ਹੈ। ਕਬੀਰ ਜੀ ਨੇ ਆਪਣੀ ਪਵਿੱਤਰ ਰਚਨਾ ਵਿਚ ਬੜਾ ਸੁੰਦਰ ਬਿਆਨ ਕੀਤਾ ਹੈ-

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ *(ਪੰਨਾ ੧੩੭੫)*

ਨਾਮਿ ਜਿਸੈ ਕੈ ਉਜਲੀ ਤਿਸੁ ਦਾਸੀ ਗਨੀਆ ॥ ੧ ॥ ਰਹਾਉ ॥

ਜਿਸ ਦੇ ਨਾਮ ਨੂੰ ਜਪ ਕਰਕੇ ਮੇਰੀ ਬੁੱਧੀ ਉਜਲੀ ਹੋਈ ਹੈ, ਮੈਂ ਆਪਣੇ ਆਪ ਨੂੰ ਉਸ ਦੀ ਦਾਸੀ ਗਿਣਦੀ ਹਾਂ॥ ੧॥ ਰਹਾਉ॥

ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ ॥

ਹੇ ਬੇਪਰਵਾਹ ਅਨੰਦ ਸਰੂਪ ਪਰਮਾਤਮਾ ! ਤੇਰਾ ਨਾਮ ਮਾਣਕ, ਹੀਰਿਆਂ ਵਤ ਅਮੋਲਕ ਹੈ।

ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ ॥ ੨ ॥

ਹੇ ਮੀਰਾ=ਪਾਤਸ਼ਾਹ ! ਜਿਸ ਦਾ ਤੂੰ ਸੁਆਮੀ ਹੈਂ, ਉਹ ਰਜੀ ਧਾਈ=ਰੱਜੀ ਪੁੱਜੀ ਹੈ। *ਅਥਵਾ* :-ਦੌੜਨ-ਭੱਜਣ ਵਲੋਂ ਰੱਜ ਗਈ ਹੈ ਤੇ ਸਦਾ ਸੁਖਾਂ ਦੇ ਸਹਿਤ ਹੋਈ ਹੈ॥ ੨॥

ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ ॥

ਜੋ ਨਾਲ ਦੀਆਂ ਪਿਆਰੀਆਂ ਸਖੀਆਂ ਹਨ, ਉਹਨਾਂ ਨੂੰ ਮੈਂ ਇਹ ਸ਼ੁਭ ਸਿੱਖਿਆ ਪੱਕੀ ਕਰਾਉਂਦੀ ਹਾਂ। ਕਿ-

ਸੇਵਹੁ ਸਾਧੂ ਭਾਉ ਕਰਿ ਤਉ ਨਿਧਿ ਹਰਿ ਪਾਵਉ ॥ ੩ ॥

ਭਉ ਕਰਿ=ਪ੍ਰੇਮ ਕਰਕੇ ਸੰਤਾਂ ਨੂੰ ਸੇਵੋ, ਤਦ ਨਿਧੀ ਰੂਪ ਹਰੀ ਨੂੰ ਪਾਵੋਗੀਆਂ॥ ੩॥

ਸਗਲੀ ਦਾਸੀ ਠਾਕੁਰੈ ਸਭ ਕਹਤੀ ਮੇਰਾ ॥

ਸਭ ਠਾਕੁਰ ਦੀਆਂ ਦਾਸੀਆਂ ਹਨ, ਹਰ ਕੋਈ ਏਹੋ ਜੀਵ-ਇਸਤ੍ਰੀ ਕਹਿੰਦੀ ਹੈ ਕਿ ਉਹ ਮੇਰਾ ਮਾਲਕ ਹੈ। ਪਰ-

ਜਿਸਹਿ ਸੀਗਾਰੇ ਨਾਨਕਾ ਤਿਸੁ ਸੁਖਹਿ ਬਸੇਰਾ ॥ ੪ ॥ ੧੫ ॥ ੧੧੭ ॥

ਜਿਸ ਨੂੰ ਪਰਮੇਸ਼ਰ ਜਪ ਤਪ ਆਦਿਕ ਸ਼ਿੰਗਾਰਾਂ ਨਾਲ ਸ਼ਿੰਗਾਰਦਾ ਹੈ, ਉਸੇ ਦਾ ਸੁਖਾਂ ਵਿਚ ਵਾਸਾ ਹੁੰਦਾ ਹੈ ॥ ੪ ॥ ੧੫ ॥ ੧੧੭ ॥

ਆਸਾ ਮਹਲਾ ੫ ॥

ਉਥਾਨਕਾ:- ਸਿੱਖਾਂ ਨੇ ਬੇਨਤੀ ਕੀਤੀ ਕਿ ਪਰਮੇਸ਼ਰ-ਪਤੀ ਦੀ ਪ੍ਰਸੰਨਤਾ ਵਾਸਤੇ ਕੀ ਕਰਨਾ ਚਾਹੀਦਾ ਹੈ ? *ਗੁਰ ਉੱਤਰ :-*

ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥

ਰੀ=ਹੇ ਸਖੀ ! ਤੂੰ ਸੰਤਾਂ ਦੀ ਦਾਸੀ ਹੋ, ਏਹੀ ਸਰੇਸ਼ਟ ਕਰਤੱਬ ਸਿੱਖ।

ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥ ੧ ॥

ਰੀ=ਹੇ ਸਖੀ ! ਸਾਰਿਆਂ ਗੁਣਾਂ ਵਿਚੋਂ ਏਹੋ ਉੱਤਮ ਗੁਣ ਹੈ, ਜਿਹੜਾ ਪਤੀ ਨੂੰ ਦੂਰ ਨਹੀਂ ਵੇਖਣਾ ॥ ੧ ॥

ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ ॥

ਰੀ=ਹੇ ਸਖੀ ! ਇਸ ਆਪਣੇ ਸੁੰਦਰ ਮਨ ਨੂੰ ਹਰੀ ਨਾਮ ਰੂਪੀ ਮਜੀਠੇ ਰੰਗ ਵਿਚ ਰੰਗਣਾ ਕਰ।

ਤਿਆਗਿ ਸਿਆਣਪ ਚਾਤੁਰੀ
ਤੂੰ ਜਾਣੁ ਗੁਪਾਲਹਿ ਸੰਗਿ ਰੀ ॥ ੧ ॥ ਰਹਾਉ ॥

ਰੀ=ਹੇ ਸਖੀ ! ਸਿਆਣਪ ਬੁੱਧੀ ਦੀ; ਚਤੁਰਾਈ ਵਾਕਾਂ ਦੀ ਤੂੰ ਤਿਆਗ ਦੇ ਅਤੇ ਗੁਪਾਲ ਨੂੰ ਆਪਣੇ ਅੰਗ-ਸੰਗ ਜਾਣਨਾ ਕਰ ॥ ੧ ॥ ਰਹਾਉ ॥

ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥

ਰੀ=ਹੇ ਸਖੀ ! ਜੋ ਭਰਤਾ=ਪਤੀ ਆਖੇ ਉਸ ਨੂੰ ਮੰਨਣਾ ਕਰ, ਏਹੋ ਆਪਣਾ ਸ਼ਿੰਗਾਰ ਬਨਾਉਣਾ ਕਰ।

ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ॥ ੨ ॥

ਰੀ=ਹੇ ਸਖੀ ! ਜਿਹੜਾ ਦ੍ਵੈਤ ਭਾਉ ਨੂੰ ਵਿਸਾਰਨਾ ਹੈ-ਇਹੀ ਤੰਬੋਲੇ=ਪਾਨਾਂ ਦਾ ਬੀੜਾ ਖਾਣਾ ਕਰ ॥ ੨ ॥

ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ ॥

ਰੀ=ਹੇ ਸਖੀ ! ਗੁਰਾਂ ਦਾ ਉਪਦੇਸ਼ ਜਿਹੜਾ ਹੈ, ਇਹ ਦੀਵਾ ਜਗਾਉਣਾ ਕਰ ਅਤੇ ਸ਼ੁਧ ਅੰਤਹਕਰਣ ਹੀ ਸੱਤ ਦੀ ਪ੍ਰਾਪਤੀ ਦੀ ਸੇਜਾ ਵਿਛਾਉਣਾ ਕਰ।

ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ॥ ੩॥

ਰੀ=ਹੇ ਸਖੀ ! ਅੱਠੇ ਪਹਿਰ ਕਰ=ਹੱਥ ਜੋੜ ਕੇ ਸੇਵਾ ਵਿਚ ਖੜੀ ਰਹੁ ਤਾਂ ਫਿਰ ਹਰੀ ਰਾਜਾ ਮਿਲੇਗਾ॥ ੩॥

ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ॥
ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ॥ ੪॥ ੧੬॥ ੧੧੮॥

ਅੰਨਵੇ ! ਗੁਰੂ ਜੀ ਕਥਨ ਕਰਦੇ ਹਨ-ਰੀ=ਹੇ ਸਖੀ ! ਜੋ ਕਰਤਾਰ ਨੂੰ ਭਾ ਗਈ ਹੈ, ਉਸੇ ਨੇ ਸਾਰੇ ਚਜੁ=ਕਰਤਬ ਕਰ ਲਏ ਹਨ, ਉਸੇ ਨੇ ਸਾਰੇ ਸ਼ਿੰਗਾਰ ਕਰ ਲਏ ਹਨ, ਓਹੀ ਅਪਾਰਿ=ਸਰੇਸ਼ਟ ਰੂਪ ਵਾਲੀ ਹੈ, ਅਤੇ ਉਹੀ ਸਖੀ ਸੋਹਾਗਣ ਹੈ; ਜੋ ਕਰਤਾਰ ਨੂੰ ਭਾਣੀ=ਚੰਗੀ ਲਗੀ ਹੈ॥ ੪॥ ੧੬॥ ੧੧੮॥

ਆਸਾ ਮਹਲਾ ੫॥ ਡੀਗਨ ਡੋਲਾ ਤਉ ਲਉ ਜਉ ਮਨ ਕੇ ਭਰਮਾ॥

ਜੀਵ ਦਾ ਡੀਗਨ ਡੋਲਾ=ਡਾਵਾਂ-ਡੋਲ ਹੋਣਾਂ ਤਦ ਤੱਕ ਹੁੰਦਾ ਹੈ, ਜਦ ਤੱਕ ਮਨ ਵਿਚ ਭਰਮ ਹੁੰਦਾ ਹੈ।

ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ॥ ੧॥

ਮੇਰੇ ਆਪਣੇ ਗੁਰਾਂ ਨੇ ਭਰਮ ਕੱਟ ਦਿੱਤੇ ਹਨ, ਇਸ ਲਈ ਹੁਣ ਮਨ ਨੇ ਬਿਸਰਾਮਾ=ਟਿਕਾਅ ਪਾ ਲਿਆ॥ ੧॥

ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ॥

ਉਹ ਜਿਹੜੇ ਵਿਸ਼ਿਆਂ ਦੇ ਖਾਣ ਵਾਲੇ ਪੰਜ ਦੋਖੀ ਕਾਮ ਆਦਿਕ ਸਨ, ਉਹ ਗੁਰਾਂ ਦੀ ਕਿਰਪਾ ਨਾਲ ਮੇਰੇ ਮਗਰੋਂ ਹੂਟੇ=ਹਟ ਗਏ ਹਨ।

ਹਮ ਛੂਟੇ ਅਬ ਉਨ੍ਹ ਤੇ ਓਇ ਹਮ ਤੇ ਛੂਟੇ॥ ੧॥ ਰਹਾਉ॥

ਅਸੀਂ ਹੁਣ ਉਹਨਾਂ ਤੋਂ ਛੁੱਟ ਗਏ ਹਾਂ ਅਤੇ ਉਹ ਕਾਮ ਆਦਿਕ ਸਾਥੋਂ ਛੁਟ ਗਏ ਹਨ॥ ੧॥ ਰਹਾਉ॥

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ॥

ਜਦ ਤੱਕ ਮੇਰਾ ਤੇਰਾ ਜਾਣਦਾ ਸੀ, ਤਦ ਤੱਕ ਹੀ ਬੱਝਾ ਹੋਇਆ ਸੀ।

ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥ ੨॥

ਜਦ ਤੋਂ ਸਤਿਗੁਰਾਂ ਨੇ ਅਗਿਆਨਤਾ ਕੱਟ ਦਿੱਤੀ ਹੈ, ਓਦੋਂ ਤੋਂ ਸਾਰੇ ਫੰਧਾ=ਫਾਹ ਭਾਵ ਬੰਧਨ ਟੁੱਟ ਗਏ ਹਨ॥ ੨॥

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥

ਜਦ ਤੱਕ ਹੁਕਮ ਮੰਨਣਾ ਨਹੀਂ ਸਮਝਦਾ ਸੀ. ਤਦ ਤੱਕ ਹੀ ਦੁਖੀ ਸੀ।

ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥ ੩॥

ਜਦੋਂ ਗੁਰਾਂ ਨਾਲ ਮਿਲ ਕੇ ਹੁਕਮ ਨੂੰ ਪਛਾਣ ਲਿਆ, ਉਦੋਂ ਤੋਂ ਹੀ ਸੁਖੀ ਹੋ ਗਿਆ ਹਾਂ॥ ੩॥

ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ॥

ਹੁਣ ਨਾ ਕੋਈ ਮੇਰਾ ਦੁਸ਼ਮਨ ਰਿਹਾ ਹੈ, ਨਾ ਹੀ ਕੋਈ ਦੋਖੀ ਕਾਮ ਆਦਿਕ ਰਿਹਾ ਹੈ, ਨਾ ਹੀ ਸਾਡੀ

ਨਿਗਾਹ ਵਿਚ ਕੋਈ ਮੰਦਾ ਪੁਰਸ਼ ਵਿਖਾਈ ਦਿੰਦਾ ਹੈ।

ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ॥ ੪॥ ੧੭॥ ੧੧੯॥

ਗੁਰੂ ਜੀ ਕਹਿੰਦੇ ਹਨ, ਕਿ-ਮੈਂ ਗੁਰਾਂ ਦੀ ਸੇਵਾ ਕਰਨ ਵਾਲਾ ਸੇਵਕ ਹਾਂ, ਉਹ ਅਕਾਲ ਪੁਰਖ ਮੇਰਾ ਖਸਮੈ=ਮਾਲਕ ਹੈ, ਮੈਂ ਉਸ ਦਾ ਬੰਦਾ=ਦਾਸ ਹਾਂ॥ ੪॥ ੧੭॥ ੧੧੯॥

ਆਸਾ ਮਹਲਾ ੫॥

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ॥

ਹਰੀ ਦਾ ਕੀਰਤਨ ਗਾਇਨ ਕਰਨ ਨਾਲ ਅਚੁਤ ਸੁਖ ਦਾ ਘਣਾ=ਬਹੁਤ ਅਨੰਦ ਪ੍ਰਾਪਤ ਹੁੰਦਾ ਹੈ।

ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ॥ ੧॥

ਆਪਣਾ ਨਾਮ ਦੇ ਕੇ ਸਤਿਗੁਰਾਂ ਨੇ ਦੁੱਖ ਦੇਣ ਵਾਲੇ ਗਰਹ=ਨੌਂ ਗ੍ਰਿਹ ਦੂਰ ਕਰ ਦਿੱਤੇ ਹਨ।

ਅਥਵਾ :- ਗਰਹ=ਗਲ ਨਾਲ ਜੋ ਕਾਮ ਆਦਿਕ ਚੰਮੜੇ ਹੋਏ ਸਨ, ਉਹ ਸਭ ਨਵਿਰਤ ਕਰ ਦਿੱਤੇ॥ ੧॥

[ਪੰਨਾ ੪੦੧]

ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ॥
ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ॥ ੧॥ ਰਹਾਉ॥

ਮੈਂ ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਇਕ ਵਾਰ ਨਹੀਂ, ਸਦਾ ਸਦਾ ਬਲਿਹਾਰ ਜਾਂਦਾ ਹਾਂ। ਮੈਂ ਉਸ ਗੁਰੂ ਦੇ ਉਪਰੋਂ ਬਲਿਹਾਰ ਜਾਂਦਾ ਹਾਂ, ਜਿਸ ਪਾਸੋਂ ਸੱਚ ਦੀ ਪ੍ਰਾਪਤੀ ਰੂਪ ਸੁਆਉ=ਲਾਭ ਮਿਲਿਆ ਹੈ॥ ੧॥ ਰਹਾਉ॥

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ॥ ੨॥

ਜਿਸ ਨੂੰ ਵਾਹਿਗੁਰੂ ਨਾਮ ਚੇਤੇ ਨਹੀਂ ਆਉਂਦਾ, ਉਸ ਨੂੰ ਸ਼ਗਨ ਭੀ ਅਪਸ਼ਗਨ ਰੂਪ ਹੋ ਕੇ ਲੱਗਦੇ ਹਨ ਅਤੇ ਜੋ ਪੁਰਸ਼ ਹਰੀ ਨੂੰ ਭਾਉਂਦਾ ਹੈ, ਉਸ ਦੇ ਨੇੜੇ ਤਾਂ ਜਮ ਵੀ ਨਹੀਂ ਆਉਂਦਾ ਤੇ ਅਪਸ਼ਗਨਾਂ ਦੀ ਗੱਲ ਕੀ ਹੋਣੀ ਹੈ॥ ੨॥

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥ ੩॥

ਜਿੰਨੇ ਭੀ ਦਾਨ, ਪੁੰਨ, ਜਪ ਤਪ, ਆਦਿਕ ਹਨ, ਇਨ੍ਹਾਂ ਸਾਰਿਆਂ ਤੋਂ ਊਪਰਿ=ਉਚਾ ਵਾਹਿਗੁਰੂ ਦਾ ਨਾਮ ਹੈ। ਜਿਹੜਾ ਭੀ ਪੁਰਸ਼ ਰਸਨਾ ਨਾਲ ਹਰਿ ਹਰਿ ਨਾਮ ਜਪਦਾ ਹੈ, ਉਸ ਦੇ ਸਾਰੇ ਕੰਮ ਪੂਰੇ ਹੁੰਦੇ ਹਨ॥ ੩॥

ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ॥

ਉਹਨਾਂ ਦੇ ਮਨੋਂ ਜਮਾਂ ਦਾ ਡਰ ਬਿਨਸ ਗਿਆ ਹੈ, ਭਰਮ ਤੇ ਮੋਹ ਵੀ ਚਲਾ ਗਿਆ ਹੈ, ਇਸ ਲਈ ਉਹਨਾਂ

ਨੂੰ ਹੋਰ ਕੋਈ ਬੀਆ=ਦੂਜਾ ਦਿੱਸਦਾ ਨਹੀਂ।

ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥ ੪ ॥ ੧੮ ॥ ੧੨੦ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਪਾਰਬ੍ਰਹਮ ਨੇ ਰੱਖ ਲਿਆ ਹੈ ਉਹਨਾਂ ਨੂੰ ਮੁੜ ਕੇ ਕੋਈ ਦੁੱਖ ਹੋਇਆ ਹੀ ਨਹੀਂ॥ ੪॥ ੧੮॥ ੧੨੦॥

ਆਸਾ ਘਰੁ ੯ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ ॥

ਜਗਿਆਸੂ ਕਹਿੰਦਾ ਹੈ ਕਿ ਮੈਂ ਚਿਤ ਵਿਖੇ ਚਿਤਵਦਾ ਹਾਂ ਕਿ ਸਾਰੇ ਸੁਖ ਪਾ ਲਵਾਂ, ਪਰ ਇਹ ਕੋਈ ਪਤਾ ਨਹੀਂ ਕਿ ਅੱਗੇ ਪਰਮੇਸ਼ਰ ਨੂੰ ਭਾਵਾਂਗਾ ਕਿ ਨਹੀਂ।

ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ ॥ ੧ ॥

ਦਾਤਾ ਤਾਂ ਇਕ ਵਾਹਿਗੁਰੂ ਹੈ, ਹੋਰ ਸਾਰੇ ਮੰਗਤੇ ਹਨ। ਪਰਮੇਸ਼ਰ ਨੂੰ ਛੱਡ ਕੇ ਦੂਜੇ ਕਿਸ ਪਾਸ ਮੈਂ ਜਾਵਾਂ॥ ੧॥

ਹਉ ਮਾਗਉ ਆਨ ਲਜਾਵਉ ॥

ਹਉ=ਮੈਂ ਆਨ=ਹੋਰ ਪਾਸੋਂ ਮੰਗਦਾ ਹੀ ਸ਼ਰਮ ਕਰਦਾ ਹਾਂ। ਕਿਉਂਕਿ ਉਹ-

ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ॥ ੧ ॥ ਰਹਾਉ ॥

ਇਕੋ ਛਤ੍ਰ ਪਤਿ=ਚਕ੍ਰਵਰਤੀ (ਪਰਮਾਤਮਾ) ਹੀ ਸਾਰਿਆਂ ਦਾ ਠਾਕੁਰ=ਮਾਲਕ ਹੈ, ਉਸ ਦੇ ਬਰਾਬਰ ਕਿਸ ਨੂੰ ਲਗਾਵਾਂ। ਉਸ ਵਰਗਾ ਹੋਰ ਕੋਈ ਭੀ ਨਹੀਂ ਹੈ॥ ੧॥ ਰਹਾਉ॥

ਊਠਉ ਬੈਸਉ ਰਹਿ ਭਿਨ ਸਾਕਉ ਦਰਸਨੁ ਖੋਜਿ ਖੋਜਾਵਉ ॥

ਉਠਦਿਆਂ, ਬਹਿੰਦਿਆਂ ਉਸ ਤੋਂ ਬਗੈਰ ਰਹਿ ਭੀ ਨਹੀਂ ਸਕਦਾ, ਉਸ ਦੇ ਦਰਸ਼ਨ ਕਰਨ ਨੂੰ ਖੋਜੀ ਹੋ ਕੇ ਉਸ ਦੇ ਖੋਜਣੇ ਵਿਚ ਆਉਂਦਾ ਹਾਂ।

ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ
ਸਨਾਤਨ ਸਨਤ ਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥ ੨ ॥

ਬ੍ਰਹਮਾ ਤੋਂ ਆਦਿ ਲੈ ਕੇ ਤਿੰਨੇ ਦੇਵਤੇ ਅਤੇ ਸਨਕ ਆਦਿਕ (ਚਾਰੇ ਭਾਈ-) ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਉਨ੍ਹਾਂ ਨੂੰ ਭੀ ਮਹਲੁ=ਸਰੂਪ ਪ੍ਰਾਪਤ ਹੋਣਾ ਬੜਾ ਕਠਨ ਹੈ॥ ੨॥

ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨ ਪਾਵਉ ॥

ਉਹ ਪਰਮੇਸ਼ਰ ਵੇਦਾਂ ਕਰਕੇ ਵੀ ਅਗਮ ਹੈ, ਸ਼ਾਸਤਰਾਂ ਕਰਕੇ ਵੀ ਅਗਮ ਹੈ, ਫੇਰ ਜਿਸ ਦਾ ਬੋਧ=ਜਾਣਨਾ ਅਗਾਧ ਹੈ, ਜੇ ਪਾਉਣ ਲਗੀਏ ਤਾਂ ਉਸ ਦੀ ਕੀਮਤ ਨਹੀਂ ਪੈਂਦੀ।

ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ ॥ ੩ ॥

ਸਤਿਗੁਰ ਪੁਰਖਾਂ ਦੀ ਸ਼ਰਨ ਤਾਕੀ=ਤੱਕ ਕੇ ਸਤਿ ਪੁਰਖ=ਅਕਾਲ ਪੁਰਖ ਨੂੰ ਧਿਆਉਂਦਾ ਹਾਂ॥ ੩ ॥

ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ ॥

ਕਿਰਪਾ ਦਾ ਘਰ ਠਾਕੁਰ=ਪ੍ਰਭੂ ਜਿਸ ਵੇਲੇ ਦਿਆਲੂ ਹੋਇਆ, ਤਦ ਬੰਧਨਾਂ ਰੂਪੀ ਗਰਾਵਉ= ਗਲਾਵਾਂ=ਫਾਹ ਕੱਟ ਦਿੱਤਾ।

ਕਹੁ ਨਾਨਕ ਜਉ ਸਾਧਸੰਗੁ ਪਾਇਓ
ਤਉ ਫਿਰਿ ਜਨਮਿ ਨ ਆਵਉ ॥ ੪ ॥ ੧ ॥ ੧੨੧ ॥

ਗੁਰੂ ਜੀ ਕਥਨ ਕਰਦੇ ਹਨ-ਜਦ ਕਿ ਮੈਂ ਸਤਸੰਗ ਨੂੰ ਪਾ ਲਿਆ ਹੈ, ਤਾਂ ਮੁੜ ਕੇ ਜਨਮ ਮਰਨ ਵਿਚ ਨਹੀਂ ਆਵਾਂਗਾ॥ ੪॥ ੧॥ ੧੨੧॥

ਆਸਾ ਮਹਲਾ ੫ ॥

ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ ॥

ਸਰੀਰ ਦੇ ਅੰਦਰ ਪਰੀਪੂਰਨ ਜਾਣਕੇ ਗਾਵੋ, ਬਾਹਰ ਵੀ ਭਰਪੂਰ ਜਾਣਕੇ ਗਾਵੋ, ਸਵਾਰਕੇ ਜਾਗਣ (ਉਠਣ) ਸਮੇਂ ਵੀ ਪ੍ਰਭੂ ਨੂੰ ਯਾਦ ਕਰੋ।

ਅਥਵਾ :-ਅੰਦਰ ਜਾਂਦਾ ਗਾਉਂਦਾ ਹਾਂ, ਬਾਹਰ ਆਉਂਦਾ ਭੀ ਗਾਉਂਦਾ ਹਾਂ, ਜਾਗਦਿਆਂ ਭੀ ਗਾਉਂਦਾ ਹਾਂ, ਸਵਾਰੀ=ਸੌਣ ਲਗਿਆਂ ਭੀ ਗਾਉਂਦਾ ਹਾਂ।

ਸੰਗਿ ਚਲਨ ਕਉ ਤੋਸਾ ਦੀਨ੍ਹਾ ਗੋਬਿੰਦ ਨਾਮ ਕੇ ਬਿਉਹਾਰੀ ॥ ੧ ॥

ਸਾਨੂੰ ਤਾਂ ਗੁਰਾਂ ਨੇ (ਅੰਤ ਸਮੇਂ) ਨਾਲ ਜਾਣ ਲਈ ਤੋਸਾ=ਖਰਚਾ ਦਿੱਤਾ ਹੈ। ਇਸ ਕਰਕੇ ਅਸੀਂ ਗੋਵਿੰਦ ਨਾਮ ਦੇ ਬਿਉਹਾਰੀ=ਵਪਾਰੀ ਹਾਂ॥ ੧ ॥

ਅਵਰ ਬਿਸਾਰੀ ਬਿਸਾਰੀ ॥
ਨਾਮੁ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥ ੧ ॥ ਰਹਾਉ ॥

ਅਵਰ=ਹੋਰ ਵਾਰਤਾ ਬਿਸਾਰੀ=ਭੁੱਲਾ ਦਿੱਤੀ ਹੈ, ਵਿਸਾਰ ਦਿੱਤੀ ਹੈ। *ਅਥਵਾ*:-ਹੋਰ ਜੋ ਬਿਸ+ਆਰੀ=ਵਿਸ਼ਿਆਂ ਦੀ ਆਲੀ ਭਾਵ ਪੰਗਤੀ ਸੀ, ਉਹ ਬਿਸਾਰੀ=ਭੁਲਾ ਦਿੱਤੀ।

ਅਥਵਾ:-ਆਰੀ ਵਾਂਗ ਕੱਟਣ ਵਾਲੇ ਜੋ ਵਿਸ਼ੇ ਹਨ, ਉਹ ਵਿਸਾਰ ਦਿੱਤੇ ਹਨ।

ਪੂਰਿਆਂ ਗੁਰਾਂ ਨੇ ਜੋ ਨਾਮ ਦਾਨ ਦਿੱਤਾ ਹੈ, ਮੈਂ ਏਸੇ ਨੂੰ ਆਪਣਾ ਆਧਾਰੀ=ਆਸਰਾ ਨਿਸਚੇ ਕੀਤਾ ਹੈ॥ ੧ ॥ ਰਹਾਉ॥

ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਹਾਰੀ।

ਦੁੱਖਾਂ ਵਿਚ ਗਾਉਂਦਾ ਹਾਂ, ਸੁਖਾਂ ਵਿਚ ਭੀ ਗਾਉਂਦਾ ਹਾਂ, ਪੰਥਾਂ ਦੇ ਰਸਤੇ ਵਿਚ ਚਲਦਾ ਹੋਇਆ ਭੀ ਗਾਉਂਦਾ ਹਾਂ। *ਅਥਵਾ* :-ਪੰਥਿ=ਰਾਹੀ ਹੋ ਕੇ ਮਾਰਗਿ=ਰਸਤੇ ਵਿਚ ਤੁਰਿਆ ਜਾਂਦਾ ਭੀ ਗਾਉਂਦਾ ਹਾਂ।

ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ॥ ੨॥

ਗੁਰੂ ਨੇ ਵਾਹਿਗੁਰੂ ਨਾਮ ਨੂੰ ਮੇਰੇ ਮਨ ਵਿਚ ਦ੍ਰਿੜੁ=ਪ੍ਰਪੱਕ ਕਰ ਦਿੱਤਾ ਹੈ ਤੇ ਮੋਰੀ ਤਿਸਾ=ਤ੍ਰਿਸ਼ਨਾ ਬੁਝਾ ਦਿੱਤੀ ਹੈ॥ ੨॥

ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ॥

ਦਿਨੇ ਵੀ ਗਾਉਂਦਾ ਹਾਂ, ਰਾਤੀਂ ਭੀ ਗਾਉਂਦਾ ਹਾਂ ਅਤੇ ਸਵਾਸ ਸਵਾਸ ਰਸਨਾਰੀ=ਜੀਭ ਨਾਲ ਗਾਉਂਦਾ ਹਾਂ।

ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ॥ ੩॥

ਸਤਸੰਗਤਿ ਦੇ ਉਪਰ ਪੂਰਾ ਪੂਰਾ ਭਰੋਸਾ ਹੋ ਜਾਵੇ ਤਾਂ ਹਰੀ ਨੂੰ ਜੀਂਵਦਿਆਂ ਅਤੇ ਮਰਦਿਆਂ ਸੰਗੀ ਨਿਸਚੇ ਕਰਦਾ ਹੈ। *ਅਥਵਾ* :-ਸਤਸੰਗਤਿ ਵਿਚ ਭਰੋਸਾ ਹੋਣ ਨਾਲ ਜੀਵਤ ਭਾ ਤੋਂ ਮਰਨਾ ਕੀਤਾ, ਤਾਂ ਹਰੀ ਨੂੰ ਸੰਗਾਰੀ=ਸੰਗ ਨਿਸਚੇ ਕੀਤਾ॥ ੩॥

ਜਨ ਨਾਨਕ ਕਉ ਇਹੁ ਦਾਨੁ ਦੇਹੁ ਪ੍ਰਭ ਪਾਵਉ ਸੰਤ ਰੇਨ ਉਰਿ ਧਾਰੀ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਸੇਵਕ ਜਨ ਨੂੰ ਇਹ ਦਾਨ ਦੇਣਾ ਕਰੋ, ਤਾਂ ਜੋ ਸੰਤਾਂ ਦੀ ਚਰਨ ਧੂੜੀ ਪਾਵਾਂ ਤੇ ਨਾਮ ਨੂੰ ਹਿਰਦੇ ਵਿਚ ਧਾਰਨ ਕਰਾਂ।

ਸ੍ਰਵਨੀ ਕਥਾ ਨੈਨ ਦਰਸੁ ਪੇਖਉ
ਮਸਤਕੁ ਗੁਰ ਚਰਨਾਰੀ॥ ੪॥ ੨॥ ੧੨੨॥

ਸ੍ਰਵਨੀ=ਕੰਨਾਂ ਨਾਲ ਕਥਾ ਸੁਣਾਂ, ਅੱਖਾਂ ਨਾਲ ਗੁਰਾਂ ਦੇ ਦਰਸ਼ਨ ਨੂੰ ਦੇਖਾਂ ਅਤੇ ਮਸਤਕੁ=ਸਿਰ ਗੁਰਾਂ ਦੇ ਚਰਨਾਂ ਪਰ ਰੱਖਾਂ॥ ੪॥ ੨॥ ੧੨੨॥

ੴ ਸਤਿਗੁਰ ਪ੍ਰਸਾਦਿ॥ ਆਸਾ ਘਰੁ ੧੦ ਮਹਲਾ ੫॥
ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ॥

ਹੇ ਪੁਰਸ਼ਾ ! ਜਿਨ੍ਹਾਂ ਸਬੰਧੀਆਂ ਤੂੰ ਪੱਕੇ ਟਿਕੇ ਰਹਿਣ ਵਾਲੇ ਮੰਨਦਾ ਹੈਂ, ਉਹ ਤਾਂ ਦੋ ਦਾਹਾ=ਦਸ ਦੂਣਾ ਵੀਹ, ਵੀਹ ਦਿਨਾਂ ਦੇ ਪ੍ਰਾਹੁਣੇ ਹਨ। *ਅਥਵਾ* :-ਦੋ ਤੇ ਦਾਹਾ=ਦਸ ਬਾਰ੍ਹਾਂ ਦਿਨਾਂ ਦੇ ਪ੍ਰਾਹੁਣੇ ਹਨ।

ਅਥਵਾ :-ਦੋ ਦਾਹਾ=ਦੋ ਦਿਨਾਂ ਦੇ ਪ੍ਰਾਹੁਣੇ ਹਨ।

ਅਥਵਾ :-ਅੰਤ ਨੂੰ ਦਾਹਾ=ਮਰ ਜਾਣਗੇ।

[ਪੰਨਾ ੪੦੨]

ਪੁਤ੍ਰ ਕਲਤ੍ਰ ਗ੍ਰਿਹ ਸਗਲ ਸਮਗ੍ਰੀ ਸਭ ਮਿਥਿਆ ਅਸਨਾਹਾ॥ ੧॥

ਪੁਤ੍ਰ, ਕਲਤ੍ਰ=ਇਸਤ੍ਰੀ, ਗ੍ਰਿਹ=ਘਰ ਤੇ ਸਾਰੀ ਸਮਗ੍ਰੀ ਇਨ੍ਹਾਂ ਸਾਰਿਆਂ ਦਾ ਅਸਨਾਹਾ=ਪ੍ਰੇਮ ਮਿਥਿਆ=ਝੂਠਾ ਭਾਵ ਦਿਖਾਵੇ ਮਾਤਰ ਹੈ॥ ੧॥

ਰੇ ਮਨ ਕਿਆ ਕਰਹਿ ਹੈ ਹਾ ਹਾ ॥

ਹੇ ਮਨ ! ਤੂੰ ਹਾਇ ਹਾਇ ਕੀ ਕਰਦਾ ਫਿਰਦਾ ਹੈਂ। *ਅਥਵਾ*:-ਹੇ ਮਨ ! ਤੂੰ ਕਿਸ ਵਾਸਤੇ ਕਿਸੇ ਦੇ ਹਾੜੇ ਕੱਢਦਾ ਫਿਰਦਾ ਹੈਂ।

ਦ੍ਰਿਸਟਿ ਦੇਖੁ ਜੈਸੇ ਹਰਿ ਚੰਦਉਰੀ
ਇਕੁ ਰਾਮ ਭਜਨੁ ਲੈ ਲਾਹਾ ॥ ਰਹਾਉ ॥

ਹੇ ਪੁਰਸ਼ ! ਆਪਣੀ ਵਿਚਾਰ ਦ੍ਰਿਸ਼ਟੀ ਨਾਲ ਇਸ ਸੰਸਾਰ ਨੂੰ ਹਰਿ ਚੰਦਉਰੀ=ਗੰਧਰਬ ਨਗਰੀ ਦੀ ਨਿਆਈਂ ਝੂਠਾ ਦੇਖਣਾ ਕਰ। ਇਸ ਲਈ ਤੂੰ ਇਕ ਰਾਮ ਭਜਨ ਦਾ ਲਾਹਾ=ਲਾਭ ਖੱਟ ਲੈ॥ ੧ ॥ ਰਹਾਉ ॥

ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ ॥

ਦ੍ਰਿਸ਼ਟਾਂਤ-ਜਿਸ ਪ੍ਰਕਾਰ ਦੇਹ ਉੱਤੇ ਨਵੇਂ ਨਵੇਂ ਕਪੜੇ ਓਢਾਨੇ=ਪਹਿਰੀਦੇ ਹਨ, ਪਰ ਦੋ ਚਾਰ ਦਿਨਾਂ ਤੱਕ ਉਹ ਕਪੜੇ ਭੋਰਾਹਾ=ਭੁਰ ਜਾਂਦੇ ਅਰਥਾਤ ਫਟ ਜਾਂਦੇ ਹਨ। ਤਿਵੇਂ ਇਹ ਜੀਵਾਤਮਾ ਅਸਥੂਲ ਦੇਹ ਰੂਪੀ ਕਪੜੇ ਨੂੰ ਪਹਿਰਦਾ ਹੈ, ਚਾਰ-ਕੁ ਦਿਨਾਂ ਨੂੰ ਭਾਵ ਕਿਸੇ ਦਿਨ ਇਸ ਨੇ ਜ਼ਰੂਰ ਭੁਰ ਜਾਣਾ ਅਰਥਾਤ ਮਰ ਜਾਣਾ ਹੈ। ਹੋਰ ਦ੍ਰਿਸ਼ਟਾਂਤ ਸੁਣੋ :-

ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ ॥ ੨ ॥

ਭੀਤਿ=ਕੰਧ ਉੱਤੇ ਕਿਤਨਾ-ਕੁ ਦੌੜਨਾ ਹੁੰਦਾ ਹੈ, ਅੰਤ ਨੂੰ ਉਸ ਕੰਧ ਦਾ ਓਰਕੋ=ਓੜਕ ਆ ਜਾਂਦਾ ਹੈ। ਇਸੇ ਤਰ੍ਹਾਂ ਸਰੀਰ ਰੂਪ ਕੰਧ ਉੱਤੇ ਕਿਤਨਾ-ਕੁ ਦੌੜੇਗਾ, ਚਾਹੇ ਕਿਤਨੀ ਉਮਰਾ ਭੀ ਹੋ ਜਾਵੇ ਅੰਤ ਨੂੰ ਇਸ ਨੇ ਅਵੱਸ਼ ਮਰ ਜਾਣਾ ਹੈ॥ ੨ ॥

ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ ॥

ਜਿਸ ਤਰ੍ਹਾਂ ਅੰਭ=ਜਲ ਦਾ ਕੁੰਡ=ਚਲ੍ਹਾ ਭਰਕੇ ਰੱਖਣਾ ਕੀਤਾ ਹੈ ਤੇ ਉਸ ਵਿਚ ਸਿੰਧੁ=ਸੇਂਧਵ (ਲੂਣ) ਪੈ ਜਾਵੇ ਤਾਂ ਉਹ ਗਲ ਜਾਂਦਾ ਹੈ। ਇਸੇ ਤਰ੍ਹਾਂ ਸੰਸਾਰ ਰੂਪੀ ਕੁੰਡ ਪਦਾਰਥਾਂ ਰੂਪੀ ਪਾਣੀ ਨਾਲ ਭਰਿਆ ਪਿਆ ਹੈ, ਇਸ ਵਿਚ ਸਰੀਰ ਰੂਪੀ ਲੂਣ ਪੈ ਕੇ ਗਲ ਜਾਂਦਾ ਭਾਵ ਨਿਸਫਲ ਚਲਿਆ ਜਾਂਦਾ ਹੈ।

ਅਥਵਾ:-ਜਿਵੇਂ ਪਾਣੀ ਅਤੇ ਮਿੱਟੀ ਨਾਲ ਬਣਾ ਕੇ ਕੁੰਭ=ਘੜਾ ਰੱਖਣਾ ਕੀਤਾ ਹੈ, ਚਾਹੇ ਉਹ ਕੱਚਾ, ਭਾਵੇਂ ਪੱਕਾ ਘੜਾ ਸਿੰਧੁ=ਸਮੁੰਦਰ ਵਿਚ ਪੈ ਜਾਵੇ ਤਾਂ ਗਲ ਜਾਂਦਾ ਹੈ। ਕਿਉਂਕਿ ਸਮੁੰਦਰ ਦਾ ਪਾਣੀ ਖਾਰਾ ਹੁੰਦਾ ਹੈ।

ਇਸੀ ਪ੍ਰਕਾਰ ਪੰਜਾਂ ਤੱਤਾਂ ਰੂਪੀ ਜਲ ਮਿੱਟੀ ਨਾਲ ਰਚਿਆ ਹੋਇਆ ਸਰੀਰ ਰੂਪੀ ਘੜਾ ਸਮੁੰਦਰ ਵਿਚ ਪੈ ਕੇ ਗਲ ਜਾਂਦਾ ਹੈ।

ਨੋਟ :-ਕਈ ਥਾਈਂ ਪਾਠ ਕੁੰਡ ਦੀ ਜਗ੍ਹਾ ਕੁੰਭ ਹੁੰਦਾ ਹੈ, ਇਸ ਕਰਕੇ ਦੂਜਾ ਅਰਥ ਕੀਤਾ ਹੈ।

ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ ॥ ੩ ॥

ਜਿਸ ਵੇਲੇ ਪਾਰਬ੍ਰਹਮ ਦੀ ਆਗਿਆ ਆਵਗਿ=ਆਉਂਦੀ ਹੈ, ਉਸੀ ਵੇਲੇ ਉੱਠਕੇ ਚਲਿਆ ਜਾਂਦਾ ਹੈ, ਮੁਹਤ=ਅੱਧੀ ਘੜੀ ਅਤੇ ਚਸਾਹਾ=ਚਸਾ ਭਰ ਵੀ ਦੇਰ ਨਹੀਂ ਕਰਦਾ।

ਅਥਵਾ:-ਪਾਰਬ੍ਰਹਮ ਦੀ ਆਗਿਆ ਵਿਚ ਹੀ ਇਹ ਜੀਵ ਸੰਸਾਰ ਵਿਚ ਆਵਗਿ=ਆਉਂਦਾ ਹੈ ਅਤੇ ਉਸ

ਦੀ ਆਗਿਆ ਵਿਚ ਹੀ ਮੁਹਤ=ਅੱਧੀ ਘੜੀ ਅਤੇ ਚਸੇ ਭਰ ਵਿਚ ਚਲਿਆ ਜਾਂਦਾ ਹੈ॥ ੩॥

ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ॥

ਹੇ ਮਨ ! ਤੂੰ ਲੇਖੇ ਵਿਚ ਵੀ ਚਲਦਾ ਹੈਂ, ਲੇਖੇ ਵਿਚ ਹੀ ਬੈਠਦਾ ਹੈਂ ਅਤੇ ਲੇਖੇ ਵਿਚ ਹੀ ਸਵਾਸ ਲੈਂਦਾ ਹੈਂ। ਅਰਥਾਤ ਤੇਰੀ ਹਰ ਇਕ ਗੱਲ ਚਿਤਰ ਗੁਪਤ ਲਿਖੀ ਜਾ ਰਹੇ ਹਨ, ਤੇਰਾ ਬੈਠਣਾ ਉਠਣਾ ਸਵਾਸਾਂ ਦਾ ਲੈਣਾ ਆਦਿਕ ਸਭ ਕੁਝ ਹਿਸਾਬ ਵਿਚ ਹੈ, ਤੈਨੂੰ ਇਨ੍ਹਾਂ ਦਾ ਹਿਸਾਬ ਦੇਣਾ ਪਏਗਾ।

ਸਦਾ ਕੀਰਤਿ ਕਰਿ ਨਾਨਕ ਹਰਿ ਕੀ
ਉਬਰੇ ਸਤਿਗੁਰ ਚਰਣ ਓਟਾਹਾ॥ ੪॥ ੧॥ ੧੨੩॥

ਤੈਨੂੰ ਚਾਹੀਦਾ ਹੈ ਕਿ ਸਤਿਗੁਰਾਂ ਦੇ ਚਰਨਾਂ ਦੀ ਓਟਾਹਾ=ਓਟ ਲੈ ਕੇ ਹਰ ਸਮੇਂ ਹਰੀ ਦੀ ਕੀਰਤੀ ਕਰ ਤਾਂ ਤੂੰ ਸੰਸਾਰ-ਸਮੁੰਦਰ ਤੋਂ ਉਬਰੇ=ਤਰ ਜਾਏਂਗਾ॥ ੪॥ ੧॥ ੧੨੩॥

ਆਸਾ ਮਹਲਾ ੫॥

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ॥

"ਜਉ ਕਿਰਪਾ ਗੋਬਿੰਦ ਭਈ" ਜਿਸ ਵੇਲੇ ਗੋਬਿੰਦ ਦੀ ਕਿਰਪਾ ਹੋਈ ਤਾਂ ਪੁੱਠੀਆਂ ਗੱਲਾਂ ਤੋਂ ਸਿਧੀ ਗੱਲ ਹੋ ਗਈ।

ਜਿਵੇਂ :-ਇਕ ਰਾਜਾ ਸੀ, ਦੇਵ ਨੇਤ ਨਾਲ ਉਸ ਦੇ ਘਰ ਵਿਚ ਅੰਨ੍ਹਾਂ ਪੁੱਤਰ ਪੈਦਾ ਹੋਇਆ ਤੇ ਵਜ਼ੀਰ ਦੇ ਘਰ ਵਿਚ ਲੜਕੀ ਪੈਦਾ ਹੋਈ; ਪਰ ਉਹ ਤਿੰਨ ਅਸਥਣਾ ਵਾਲੀ ਹੋਈ ਅਤੇ ਕੁਟਵਾਲ ਦੇ ਘਰ ਵਿਚ ਕੁੱਬਾ ਪੁੱਤਰ ਜੰਮਿਆ। ਜਿਸ ਵੇਲੇ ਦੂਜੇ ਦਿਨ ਰਾਜ-ਦਰਬਾਰ ਵਿਚ ਵਜ਼ੀਰ ਅਤੇ ਕੁਟਵਾਲ ਆਏ, ਤਾਂ ਇਨ੍ਹਾਂ ਨੂੰ ਪਤਾ ਲੱਗਾ ਕਿ ਰਾਜੇ ਦੇ ਘਰ ਵਿਚ ਵੀ ਅੱਜ ਅੰਨ੍ਹਾਂ ਪੁੱਤਰ ਪੈਦਾ ਹੋਇਆ ਹੈ। ਤਦ ਵਜ਼ੀਰ ਅਤੇ ਕੁਟਵਾਲ ਨੇ ਵੀ ਆਪਣਾ ਹਾਲ ਸੁਣਾਇਆ ਕਿ ਸਾਡੇ ਘਰ ਵਿਚ ਵੀ ਅੱਜ ਰਾਤ ਨੂੰ ਤਿੰਨ ਅਸਥਣੀ ਲੜਕੀ ਅਤੇ ਕੁੱਬਾ ਲੜਕਾ ਪੈਦਾ ਹੋਇਆ ਹੈ। ਇਹ ਗੱਲ ਸੁਣਕੇ ਰਾਜਾ ਹੋਰ ਹੈਰਾਨ ਹੋ ਗਿਆ, ਤਦ ਜੋਤਸ਼ੀਆਂ ਨੂੰ ਸਦ ਕੇ ਪੁੱਛਿਆ ਕਿ ਇਹ ਕੀ ਕਾਰਨ ਹੈ ਜੋ ਅੱਜ ਰਾਤ ਨੂੰ ਮੇਰੇ ਘਰ ਵਿਚ ਅੰਨ੍ਹਾਂ ਪੁੱਤਰ, ਵਜ਼ੀਰ ਦੇ ਘਰ ਵਿਚ ਤਿੰਨ ਅਸਥਣਾ ਵਾਲੀ ਲੜਕੀ ਤੇ ਕੁਟਵਾਲ ਦੇ ਘਰ ਵਿਚ ਕੁੱਬਾ ਲੜਕਾ ਜੰਮਿਆ ਹੈ ? ਜੋਤਸ਼ੀਆਂ ਨੇ ਕਿਹਾ-ਹੇ ਰਾਜਨ ! ਇਹ ਬੜਾ ਅਪ-ਸ਼ਗਨ ਹੋਇਆ ਹੈ। ਜਿਸ ਵੇਲੇ ਇਹ ਵੱਡੇ ਹੋਣ ਉਸੀ ਵੇਲੇ ਇਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦੇਣਾ।' ਰਾਜੇ ਨੇ ਕਿਹਾ-'ਸਤਿ ਬਚਨ।'

ਜਿਸ ਵੇਲੇ ਸਮਾਂ ਪਾ ਕੇ ਉਹ ਵੱਡੇ ਹੋਏ, ਉਨ੍ਹਾਂ ਨੇ ਆਪਣੀ ਸੁਰਤ ਸੰਭਾਲੀ ਤਾਂ ਰਾਜਾ ਨੇ ਤਿੰਨਾਂ ਨੂੰ ਹੀ ਦੇਸ਼ ਨਿਕਾਲਾ ਦੇ ਦਿੱਤਾ। ਉਹ ਵਿਚਾਰੇ ਰੱਬ ਦੀ ਆਸ ਤੇ ਜੰਗਲ ਵਿਚ ਤੁਰਦੇ-ਫਿਰਦੇ ਦਿਨ ਬਤੀਤ ਕਰਨ ਲੱਗੇ। ਜਦ ਭੁੱਖ ਨੇ ਬਹੁਤ ਸਤਾਇਆ ਤਾਂ ਆਪਸ ਵਿਚ ਕਹਿਣ ਲਗੇ-'ਹੁਣ ਕੀ ਕਰੀਏ ? ਅੰਨ੍ਹੇ ਨੇ ਕਿਹਾ-ਮੈਨੂੰ ਤਾਂ ਦਿੱਸਦਾ ਨਹੀਂ, ਇਹ ਵਿਚਾਰੀ ਲੜਕੀ ਹੈ, ਬੜੀ ਮੁਸ਼ਕਲ ਆ ਬਣੀ ਹੈ।' ਤਾਂ ਰਾਜ ਪੁੱਤਰ ਨੇ ਕਿਹਾ 'ਮੈਂ ਹੇਠਾਂ ਹੁੰਦਾ ਹਾਂ, ਤੂੰ ਮੇਰੀ ਪਿੱਠ ਤੇ ਚੜ੍ਹ ਕੇ ਫਲ ਤੋੜ, ਕੁਝ ਆਪ ਖਾ, ਕੁਝ ਮੈਨੂੰ ਦੇ ਤੇ ਕੁਝ ਲੜਕੀ ਨੂੰ ਭੀ ਖਵਾ।' ਕੁੱਬੇ ਨੇ ਕਿਹਾ- 'ਹੈ ਤਾਂ ਠੀਕ।' ਉਸੀ ਵੇਲੇ ਰਾਜ ਪੁੱਤਰ ਕੁੱਬਾ ਹੋ ਕੇ ਖਲੋ ਗਿਆ ਤੇ ਉਹ ਕੁੱਬਾ ਉਸ ਦੀ ਪਿੱਠ ਤੇ ਚੜ੍ਹ ਕੇ ਚੰਗੇ ਚੰਗੇ ਫਲ ਤਾਂ ਆਪ ਤੋੜ ਕੇ ਖਾਈ ਜਾਵੇ। ਰਾਜ ਪੁੱਤਰ ਤੇ ਲੜਕੀ ਨੂੰ ਥੋੜ੍ਹੇ

ਥੋੜ੍ਹੇ ਫਲ ਦੇਵੇ। ਲੜਕੀ ਨੇ ਅੰਨ੍ਹੇ ਦੇ ਕੰਨ ਵਿਚ ਕਿਹਾ ਕਿ ਸਾਨੂੰ ਫਲ ਥੋੜ੍ਹੇ ਸੁਟਦਾ ਹੈ, ਆਪ ਬਹੁਤ ਖਾਈ ਜਾਂਦਾ ਹੈ। ਇਹ ਗੱਲ ਸੁਣ ਕੇ ਅੰਨ੍ਹੇ ਨੂੰ ਬੜਾ ਗੁੱਸਾ ਚੜ੍ਹ ਗਿਆ ਤੇ ਕੁੱਬੇ ਨੂੰ ਪਟਕਾ ਕੇ ਧਰਤੀ ਤੇ ਸੁਟ ਦਿੱਤਾ। ਉਸੇ ਵੇਲੇ ਕੁੱਬੇ ਦਾ ਕੁੱਬ ਨਿਕਲ ਗਿਆ?' ਨੌਂ ਬਰ ਨੌਂ ਤਿਆਰ ਹੋ ਗਿਆ। ਜਦ ਕੁੱਬੇ ਨੂੰ ਗੁੱਸਾ ਚੜ੍ਹਿਆ ਤਾਂ ਉਸ ਨੇ ਇੱਟ ਚੁੱਕ ਕੇ ਅੰਨ੍ਹੇ ਦੇ ਮੱਥੇ ਵਿਚ ਮਾਰੀ। ਉਸੀ ਵੇਲੇ ਉਸ ਦਾ ਗੰਦਾ ਖੂਨ ਨਿਕਲ ਗਿਆ ਤੇ ਅੱਖਾਂ ਵਿਚ ਜੋਤ ਆ ਗਈ। ਫਿਰ ਕੁੱਬੇ ਨੇ ਗੁੱਸੇ ਵਿਚ ਆ ਕੇ ਲੜਕੀ ਦੀ ਛਾਤੀ ਉੱਤੇ ਲੱਤ ਮਾਰੀ ਕਿ ਤੂੰ ਕਿਉਂ ਦੱਸਿਆ ਕਿ ਸਾਨੂੰ ਥੋੜ੍ਹੇ ਫਲ ਦਿੰਦਾ ਹੈ। ਉਸ ਵੇਲੇ ਉਸ ਲੜਕੀ ਦਾ ਵੀ ਤੀਜਾ ਅਸਥਣ ਛਾਤੀ ਦੇ ਵਿਚ ਦਬਿਆ ਗਿਆ।

ਓਸੇ ਗੱਲ ਨੂੰ ਮੁੱਖ ਰੱਖਦਿਆਂ ਗੁਰੂ ਜੀ ਕਥਨ ਕਰਦੇ ਹਨ ਕਿ ਜਦ ਗੋਬਿੰਦ ਦੀ ਕਿਰਪਾ ਹੋਈ ਤਾਂ ਦੇਖੋ ਪੁੱਠੀਆਂ ਗੱਲਾਂ ਤੋਂ ਸਭ ਸਿੱਧੀਆਂ ਗੱਲਾਂ ਹੋ ਗਈਆਂ। ਪ੍ਰਤੱਖ ਦੁਸ਼ਮਣੀ ਕਰਨ ਵਾਲੇ ਦੁਸ਼ਟ ਪੁਰਸ਼ ਸੱਜਣ ਹੋ ਗਏ।

ਅਥਵਾ :-ਜਿਹੜੀ ਬਿਰਤੀ ਪੁੱਠੀ ਜਾ ਰਹੀ ਸੀ ਸੰਸਾਰ ਵੱਲ; ਉਹ ਸਿੱਧੀ ਹੋ ਗਈ, ਭਾਵ ਭਜਨ ਸਿਮਰਨ ਵਿਚ ਲੱਗ ਗਈ। ਦੂਤ=ਕਾਮ ਆਦਿਕ *ਅਥਵਾ* :-ਜਮਦੂਤ ਅਤੇ ਦੁਸ਼ਟ ਪੁਰਸ਼ ਇਹ ਸਾਰੇ ਸੱਜਣ ਹੋ ਗਏ।

ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ॥ ੧॥

ਅਗਿਆਨ ਰੂਪੀ ਅੰਧਕਾਰ ਮਹਿ=ਅੰਨ੍ਹੇਰੇ ਵਿਚ ਰਤਨ ਰੂਪ ਪਰਮੇਸ਼ਰ ਨਾਮ ਪ੍ਰਗਾਸਿਓ=ਉਚਾਰਿਆ ਤਾਂ ਪਾਪਾਂ ਕਰਕੇ ਮਲੀਨ ਹੋਈ ਹੋਈ ਬੁੱਧੀ ਹੱਛੀ ਹੋ ਗਈ॥ ੧॥

ਜਉ ਕਿਰਪਾ ਗੋਬਿੰਦ ਭਈ॥
ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ॥ ੧॥ ਰਹਾਉ॥

ਜਿਸ ਵੇਲੇ ਗੋਬਿੰਦ ਦੀ ਕਿਰਪਾ ਹੋਈ ਤੇ ਸਤਿਗੁਰੂ ਮਿਲਈ=ਮਿਲੇ ਤਾਂ ਹਰੀ ਨਾਮ ਕਰਕੇ ਸੁਖ ਸੰਪਦਾ ਆਦਿਕ ਫਲ ਪਾਏ। *ਅਥਵਾ* :-ਹਰੀ ਨਾਮ ਫਲ ਕਰਕੇ ਸ਼ੁਭ ਗੁਣਾਂ ਰੂਪੀ ਸੰਪਦਾ ਤੇ ਆਤਮ ਸੁਖ ਪਾਵਣਾ ਕੀਤਾ॥ ੧॥ ਰਹਾਉ॥

ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ॥

ਮੈਂ ਕਿਰਪਨ=ਸ਼ੂਮ ਨੂੰ ਸੰਸਾਰ ਵਿਚ ਕੋਈ ਭੀ ਜਾਣਦਾ ਨਹੀਂ ਸੀ, ਜਉ ਕਿਰਪਾ ਗੋਬਿੰਦ ਭਈ, ਸਤਿਗੁਰੂ ਮਿਲਈ ਤਾਂ ਸਾਰੇ ਭਵਨਾਂ ਵਿਚ ਪਰਗਟ ਹੋ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੂੰ ਕੌਣ ਜਾਣਦਾ ਸੀ ਭਾਵ ਕੋਈ ਨਹੀਂ ਜਾਣਦਾ ਸੀ, ਘੁੰਘਣੀਆਂ ਵੇਚਦੇ ਫਿਰਦੇ ਸੀ। ਪਰੰਤੂ, ਜਉ ਕਿਰਪਾ ਗੋਬਿੰਦ ਭਈ ਤਾਂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਿਲੇ, ਉਹਨਾਂ ਦੀ ਸੇਵਾ ਟਹਿਲ ਕੀਤੀ ਤਾਂ ਸਾਰਿਆਂ ਭਵਨਾਂ ਵਿਚ ਪ੍ਰਗਟ ਹੋ ਗਏ। ਹੁਣ ਕੁਲ ਦੁਨੀਆਂ ਦੇ ਲੋਕ ਆ ਕੇ ਮੱਥੇ ਟੇਕਦੇ ਹਨ ਤੇ ਆਪਣੀ ਕਮਾਈ ਵਿਚੋਂ ਦਸਵੰਧ ਭੇਟਾ ਕਰਦੇ ਹਨ ਅਤੇ ਨੱਕ ਰਗੜ ਕੇ ਮੁਆਫੀਆਂ ਮੰਗਦੇ ਹਨ। ਅੱਗੇ ਜਾ ਕੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਪਣਾ ਹੀ ਫੁਰਮਾਨ ਹੈ -

ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥ (ਪੰਨਾ ੪੦੬)

ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ॥ ੨॥

ਮੈਂ ਕਿਸੇ ਦੇ ਨਾਲ ਬੈਠਣਾ ਨਹੀਂ ਸੀ ਪਾਉਂਦਾ, ਜਉ ਕਿਰਪਾ ਗੋਬਿੰਦ ਭਈ-ਸਤਿਗੁਰੂ ਮਿਲਈ ਤਾਂ ਹੁਣ ਸਾਰੇ ਲੋਕ ਮੇਰੇ ਚਰਨਾਂ ਦੀ ਸੇਵਾ ਕਰਦੇ ਹਨ॥ ੨॥

ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ॥

ਪਹਿਲੇ ਆਢ ਆਢ=ਕੌਡੀ ਕੌਡੀ ਨੂੰ ਲੱਭਦੇ ਫਿਰਦੇ ਸੀ।

ਅਥਵਾ :-ਕਦੇ ਕਿਸੇ ਦੇ ਆਢ=ਆਸਰੇ ਨੂੰ, ਕਦੇ ਕਿਸੇ ਦੇ ਆਢ=ਆਸਰੇ ਨੂੰ ਲੱਭਦੇ ਫਿਰਦੇ ਸੀ।

ਜਿਵੇਂ ਕਸ਼ਮੀਰੀ ਬ੍ਰਾਹਮਣ ਔਰੰਗਜ਼ੇਬ ਦੇ ਜ਼ੁਲਮ ਤੋਂ ਡਰਦੇ ਹੋਏ ਧਰਮ ਦੀ ਰੱਖਿਆ ਵਾਸਤੇ ਆਸਰਿਆਂ ਨੂੰ ਲੱਭਦੇ ਫਿਰਦੇ ਸੀ, ਫਿਰ ਸ਼ਿਵ ਮੰਦਰ ਵਿਚ ਸ਼ਿਵ ਜੀ ਦੀ ਉਪਾਸ਼ਨਾ ਕੀਤੀ ਪਰ ਉਸ ਨੇ ਭੀ ਸਹਾਇਤਾ ਨਾ ਕੀਤੀ। ਆਖਿਰ ਉਸ ਨੇ ਕਿਹਾ-ਇਸ ਵੇਲੇ ਹੋਰ ਕਿਸੀ ਦੇਵਤਾ ਵਿਚ ਸਮੱਰਥਾ ਨਹੀਂ ਹੈ, ਜੇ ਤੁਸੀਂ ਧਰਮ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਰਨ ਲਵੋ।

ਪਰ ਜਿਸ ਵੇਲੇ ਗੋਬਿੰਦ ਦੀ ਕਿਰਪਾ ਭਈ ਤੇ ਸਤਿਗੁਰੂ ਮਿਲਈ ਤਾਂ ਹੁਣ ਸਾਰੀ ਤ੍ਰਿਸ਼ਨਾ ਮਨ ਵਿਚੋਂ ਬੁਝ ਗਈ ਹੈ।

ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ॥ ੩॥

ਪਹਿਲੇ ਮੈਂ ਕਿਸੀ ਦਾ ਇਕ ਬੋਲ ਵੀ ਖਵਤੋ ਨਾਹੀਂ=ਸਹਾਰਦਾ ਨਹੀਂ ਸੀ, ਹਰ ਵੇਲੇ ਗੁੱਸੇ ਵਿਚ ਲਾਲੋ ਲਾਲ ਰਹਿੰਦਾ ਸੀ, ਪਰ ਜਿਸ ਵੇਲੇ ਗੋਵਿੰਦ ਦੀ ਕਿਰਪਾ ਹੋਈ ਤੇ ਸਤਿਗੁਰੂ ਮਿਲੇ ਤਾਂ ਉਹਨਾਂ ਦੀ ਨਜ਼ਰ ਕਰਕੇ ਸਤਸੰਗਤਿ ਦੇ ਸਦਕੇ ਮੇਰਾ ਮਨ ਸੀਤਲਈ=ਸ਼ਾਂਤ ਹੋ ਗਿਆ ਹੈ, ਹੁਣ ਕੋਈ ਕੁਝ ਕਹਿ ਜਾਵੇ ਮਲੂਮ ਹੀ ਨਹੀਂ ਹੁੰਦਾ॥ ੩॥

ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ॥

ਇਕ ਜੀਭ ਨਾਲ ਮੈਂ ਪਰਮੇਸ਼ਰ ਦੇ ਕਿਹੜੇ ਕਿਹੜੇ ਗੁਣ ਕਹਾਂ। ਉਹ ਪਰਮੇਸ਼ਰ ਪਿਛੇ ਵੀ ਅਗਮ ਸੀ, ਹੁਣ ਵੀ ਅਗਮ ਹੈ, ਅੱਗੇ ਵੀ ਅਗਮ ਹੋਵੇਗਾ।

ਅਥਵਾ :-ਮਨ ਕਰਕੇ ਅਗਮ, ਬਾਣੀ ਕਰਕੇ ਅਗਮ ਤੇ ਸਰੀਰ ਕਰਕੇ ਅਗਮ ਹੈ।

ਅਥਵਾ :-ਅਗਮ=ਵੇਦਾਂ ਸ਼ਾਸਤਰਾਂ ਕਰਕੇ ਉਹ ਅਗਮ=ਬੇਅੰਤ ਹੈ ਅਤੇ ਅਗਮਈ=ਪੌਂਹ ਤੋਂ ਰਹਿਤ ਹੈ।

ਦਾਸੁ ਦਾਸ ਦਾਸ ਕੋ ਕਰੀਅਹੁ
ਜਨ ਨਾਨਕ ਹਰਿ ਸਰਣਈ॥ ੪॥ ੨॥ ੧੨੪॥

ਮੈਂ ਦਾਸ ਨੂੰ ਆਪਣੇ ਦਾਸਾਂ ਦਾ ਦਾਸ ਕਰੋ, ਮੈਂ ਜਨ ਨੇ ਹੇ ਹਰੀ ! ਆਪ ਜੀ ਦੀ ਸ਼ਰਨ ਲਈ ਹੈ॥ ੪॥ ੨॥ ੧੨੪॥

ਆਸਾ ਮਹਲਾ ੫॥

ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ॥

ਹੇ ਮੂਰਖ ਪੁਰਸ਼ਾ ! ਲਾਭ ਲੈਣ ਵਲੋਂ ਤੂੰ ਢਿੱਲਾ-ਢਿੱਲਾ ਰਹਿੰਦਾ ਹੈਂ, ਜਿਸ ਪਾਸੇ ਚਲਣ ਕਰਕੇ ਤੋਟੇ=ਘਾਟਾ ਪੈਣਾ ਹੈ, ਉਧਰ ਨੂੰ ਤੂੰ ਬੇਗਿ ਧਾਇਆ=ਛੇਤੀ ਛੇਤੀ ਦੌੜਦਾ ਹੈਂ।

ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ ॥ ੧ ॥

ਨਾਮ ਰੂਪੀ ਸਸ਼ਤੇ ਸੌਦੇ ਨੂੰ ਤੂੰ ਲੈਂਦਾ ਨਹੀਂ ਹੈਂ, ਹੇ ਪਾਪ ਆਤਮਾ ! ਤੂੰ ਰੇਨਾਇਆ=ਰਿਣਾਂ ਵਿਚ ਭਾਵ ਕਰਜ਼ਿਆਂ ਵਿਚ ਅਰਥ਼ਾਤ ਰਿਖੀ ਦੰਡ, ਪਿਤਰ ਦੰਡ, ਦੇਵ ਦੰਡ, ਜਮ ਦੰਡ ਆਦਿਕਾਂ ਨਾਲ ਬੱਧਾ ਹੋਇਆ ਹੈਂ।

ਅਥਵਾ :-ਰੇ=ਹੇ ਪਾਪੀ ! ਤੂੰ ਪਰਮੇਸ਼ਰ ਦੇ ਨਾਇਆ=ਨਾਮ ਵਲੋਂ ਬੱਝਾ ਹੋਇਆ ਹੈਂ ਭਾਵ ਤੂੰ ਨਾਮ ਨੂੰ ਨਹੀਂ ਸਿਮਰਦਾ। ਪਰ ਨਾਮ ਦੇ ਸਿਮਰਨੇ ਕਰਕੇ ਚਾਰੇ ਰਿਣ ਉਤਰ ਜਾਂਦੇ ਹਨ॥ ੧ ॥

ਸਤਿਗੁਰ ਤੇਰੀ ਆਸਾਇਆ ॥

ਹੇ ਸਤਿਗੁਰੂ ! ਮੈਂ ਤੇਰੀ ਆਸ ਧਾਰ ਕੇ ਆਇਆ ਹਾਂ।

ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ ॥ ੧ ॥ ਰਹਾਉ ॥

ਹੇ ਪਾਰਬ੍ਰਹਮ ਰੂਪ ਸਤਿਗੁਰੋ ! ਆਪ ਜੀ ਦਾ ਨਾਂ ਪਤਿਤ ਪਾਵਨੁ=ਪਾਪੀਆਂ ਦੇ ਪਵਿੱਤਰ ਕਰਨ ਵਾਲਾ ਹੈ, ਮੈਂ ਏਹੋ ਗੱਲ ਜਾਣ ਕੇ ਆਪ ਜੀ ਦੀ ਓਟ ਤੱਕ ਕੇ ਆਇਆ ਹਾਂ॥ ੧ ॥ ਰਹਾਉ ॥

ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ ॥

ਮੇਰਾ ਮਨ ਇਸਤ੍ਰੀ ਆਦਿਕਾਂ ਦੇ ਗੰਦੇ ਬਚਨ ਸੁਣਦਾ ਹੈ ਤੇ ਉਹਨਾਂ ਦੇ ਵਿਚ ਹੀ ਉਰਝਾਵਹਿ=ਫਸ ਜਾਂਦਾ ਹੈ ਅਤੇ ਪਰਮੇਸ਼ਰ ਦੇ ਨਾਮ ਲੈਣ ਵਲੋਂ ਅਲਕਾਇਆ=ਆਲਸ ਕਰਦਾ ਹੈ।

ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ ॥ ੨ ॥

ਕਿਸੇ ਦੀ ਨਿੰਦਿਆ, ਕਿਸੇ ਦੀ ਚਿੰਦ=ਉਸਤਤੀ ਕਰਨੀ, ਇਹਨਾਂ ਗੱਲਾਂ ਵਿਚ ਬੜਾ ਉਤਸ਼ਾਹ ਕਰਦਾ ਹੈਂ, ਇਸ ਮਨ ਨੇ ਉਲਟ ਗੱਲ ਹੀ ਬੂਝੀ=ਸਮਝੀ ਹੈ॥ ੨ ॥

ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥

ਪਰਾਇਆ ਧਨ, ਪਰ ਤਨ=ਪਰਾਏ ਪੁੱਤਰ, ਪਰ ਤੀ=ਪਰਾਈ ਇਸਤ੍ਰੀ, ਪਰਾਈ ਨਿੰਦਿਆ ਕਰ ਰਿਹਾ ਹੈਂ। ਅਖਾਧਿ=ਨਾ ਖਾਣ ਜੋਗ ਵਸਤੂ ਨੂੰ ਖਾ ਰਿਹਾ ਹੈਂ ਅਤੇ ਹਰਕਾਇਆ=ਹਲਕੇ ਕੁੱਤੇ ਵਾਂਗ ਭੱਜਾ ਫਿਰਦਾ ਹੈਂ।

ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥ ੩ ॥

ਸੱਚੇ ਧਰਮ ਨਾਲ ਇਸ ਨੂੰ ਰੁਚੀ ਕਰਨੀ ਨਹੀਂ ਆਉਂਦੀ ਅਤੇ ਸੱਚੀ ਗੱਲ ਸੁਣਦਿਆਂ ਹੀ ਛੋਹਾਇਆ=ਕਰੋਧੀ ਹੋ ਜਾਂਦਾ ਹੈ॥ ੩ ॥

ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ ॥

ਜੋ ਪ੍ਰਭੂ ਠਾਕੁਰ ਦੀਨਾਂ ਪਰ ਦਿਆਲੂ ਹੈ, ਉਸ ਕ੍ਰਿਪਾਲੂ ਪਰਮਾਤਮਾ ਅੱਗੇ ਬੇਨਤੀ ਕਰ ਕਿ ਜਿਵੇਂ ਭਗਤਾਂ

ਨੂੰ ਹੇ ਹਰੀ ! ਆਪ ਜੀ ਦੇ ਨਾਮ ਦੀ ਟੇਕ=ਓਟ ਹੈ।

ਨਾਨਕ ਆਹਿ ਸਰਣ ਪ੍ਰਭ ਆਇਓ
ਰਾਖੁ ਲਾਜ ਅਪਨਾਇਆ ॥ ੪ ॥ ੩ ॥ ੧੨੫ ॥

ਤਿਵੇਂ ਮੈਂ ਭੀ ਆਹਿ=ਚਾਹ ਕਰਕੇ, ਹੇ ਪ੍ਰਭੂ ! ਆਪ ਜੀ ਦੀ ਸ਼ਰਨ ਆਇਆ ਹਾਂ। ਆਪ ਆਪਣੀ ਲਜਿਆ ਰੱਖੋ ॥ ੪ ॥ ੩ ॥ ੧੨੫ ॥

ਆਸਾ ਮਹਲਾ ੫ ॥

ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ ॥

ਇਹ ਜੀਵ ਮਿਥਿਆ ਪਦਾਰਥਾਂ ਦੇ ਸੰਗਿ=ਸਮੁਦਾਅ ਦੇ ਸੰਗਿ=ਨਾਲ ਲੰਪਟ ਹੋ ਰਹੇ ਹਨ। *ਅਥਵਾ :-* ਇਨ੍ਹਾਂ ਤੋਂ ਸੰਗਣਾ ਸੀ, ਉਲਟਾ ਇਹਨਾਂ ਪਦਾਰਥਾਂ ਨਾਲ ਲੰਪਟ ਹੋ ਰਹੇ ਹਨ ਤੇ ਮਾਇਆ ਦੇ ਮੋਹ ਕਰਕੇ ਬੱਝੇ ਹੋਏ ਹਨ।

ਜਹ ਜਾਨੋ ਸੋ ਚੀਤਿ ਨ ਆਵੈ ਅਹੰ ਬੁਧਿ ਭਏ ਆਂਧੇ ॥ ੧ ॥

ਜਿਥੇ ਪ੍ਰਲੋਕ ਵਿਚ ਜਾਣਾ ਹੈ, ਉਹ ਘਰ ਤਾਂ ਯਾਦ ਨਹੀਂ ਆਉਂਦਾ, ਹੰਗਤਾ ਵਾਲੀ ਬੁੱਧੀ ਕਰਕੇ ਅੰਨ੍ਹੇ ਹੋ ਰਹੇ ਹਨ ॥ ੧ ॥

ਮਨ ਬੈਰਾਗੀ ਕਿਉ ਨ ਅਰਾਧੇ ॥

ਹੇ ਚੰਚਲ ਮਨ ! ਵੈਰਾਗਮਾਨ। *ਅਥਵਾ :-* ਪ੍ਰੇਮੀ ਹੋ ਕੇ ਤੂੰ ਨਾਮ ਨੂੰ ਕਿਉਂ ਨਹੀਂ ਅਰਾਧਦਾ।

ਕਾਚ ਕੋਠਰੀ ਮਾਹਿ ਤੂੰ ਬਸਤਾ
ਸੰਗਿ ਸਗਲ ਬਿਖੈ ਕੀ ਬਿਆਧੇ ॥ ੧ ॥ ਰਹਾਉ ॥

ਤੂੰ ਇਸ ਦੇਹ ਰੂਪੀ ਕੱਚੀ ਕੋਠੀ ਵਿਚ ਵਸ ਰਿਹਾ ਹੈਂ ਅਤੇ ਤੇਰੇ ਨਾਲ ਸਭ ਵਿਸ਼ਿਆਂ ਦੀ ਬਿਆਧੇ=ਬੀਮਾਰੀ ਲੱਗੀ ਹੋਈ ਹੈ ॥ ੧ ॥ ਰਹਾਉ ॥

ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ ॥

ਇਹ ਵਸਤੂ ਮੇਰੀ ਹੈ, ਇਹ ਜ਼ਮੀਨ ਮੇਰੀ ਹੈ, ਇਹ ਮਾਇਆ ਮੇਰੀ ਹੈ, ਇੰਝ ਕਰਦਿਆਂ ਰਾਤ ਦਿਨ ਬਿਹਾਵੈ=ਗੁਜ਼ਰਦੇ ਜਾਂਦੇ ਹਨ। ਪਲ ਪਲ ਅਤੇ ਖਿਨ ਖਿਨ ਕਰਕੇ ਤੇਰੀ ਅਰਜਾਧੇ=ਆਯੂ (ਉਮਰਾ) ਛਿਜਦੀ ਜਾਂਦੀ ਹੈ।

[ਪੰਨਾ ੪੦੩]

ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ ॥ ੨ ॥

ਜਿਕੁਰ ਮਿੱਠੇ ਗੁੜ ਉੱਤੇ ਮੱਖੀ ਲੁਭਾਇਮਾਨ ਹੁੰਦੀ ਹੈ, ਇਉਂ ਹੀ ਮਿੱਠੇ ਸੁਆਦਾਂ ਅਤੇ ਝੂਠੇ ਧੰਦਿਆਂ ਵਿਚ ਇਹ ਜੀਵ ਲੁਭਾਇਮਾਨ ਹੋ ਰਿਹਾ ਹੈ, ਇਹ ਪਦਾਰਥ ਕਿਹੋ ਜਿਹੇ ਹਨ ? *ਉੱਤਰ-* ਦੁਰਗਾਧੇ=ਦੁਰਗੰਧੀ ਵਾਂਗ ਹਨ ॥ ੨ ॥

ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ॥

ਇੰਦਰੀਆਂ ਕਰਕੇ ਇਹ ਜੀਵ ਕਾਮ ਕਰੋਧ ਅਤੇ ਲੋਭ ਮੋਹ ਆਦਿਕ ਰਸਾਂ ਵਿਚ ਲੰਪਟ ਹੋ ਰਿਹਾ ਹੈ।

ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ॥ ੩॥

ਇਸੀ ਕਰਕੇ ਪੁਰਖਿ ਬਿਧਾਤੈ=ਫਲਬਰ ਦਾਤੇ ਵਾਹਿਗੁਰੂ ਨੇ ਚੁਰਾਸੀ ਲੱਖ ਜੂਨ ਵਿਚ ਫਿਰਨ ਦੀ ਭੁਆਂਟਣੀ ਦਿੱਤੀ ਹੈ, ਜਿਸ ਕਰਕੇ ਇਹ ਜੀਵ ਬਾਰ-ਬਾਰ ਜਨਮਦਾ ਹੈ॥ ੩॥

ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ ਮਿਲਿ ਸਭ ਸੁਖ ਲਾਧੇ॥

ਜਦ ਮੇਰੇ ਉੱਤੇ ਦੀਨਾਂ ਦਾ ਦੁੱਖ ਨਾਸ ਕਰਨ ਵਾਲਾ ਪ੍ਰਭੂ ਕ੍ਰਿਪਾਲੂ ਹੋਇਆ ਤਾਂ ਗੁਰਾਂ ਨਾਲ ਮਿਲਕੇ ਮੈਂ ਸਾਰੇ ਸੁਖ ਲੱਭ ਲਏ।

ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ॥ ੪॥

ਗੁਰੂ ਜੀ ਕਥਨ ਕਰਦੇ ਹਨ-ਮੈਂ ਰਾਤ ਦਿਨ ਨਾਮ ਨੂੰ ਧਿਆਉਂਦਾ ਹਾਂ ਅਤੇ ਸਾਰੀਆਂ ਉਪਾਧੀਆਂ ਮਾਰਕੇ ਹਿਰਦੇ ਵਿਚੋਂ ਬਾਹਰ ਕੱਢ ਦਿੱਤੀਆਂ ਹਨ॥ ੪॥

ਇਉ ਜਪਿਓ ਭਾਈ ਪੁਰਖੁ ਬਿਧਾਤੇ॥

ਹੇ ਭਾਈ ! ਮੈਂ ਇਸ ਤਰ੍ਹਾਂ ਫਲਬਰ ਦਾਤੇ ਅਕਾਲ ਪੁਰਖ ਨੂੰ ਜਪਿਆ ਹੈ।

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ

ਜਨਮ ਮਰਣ ਦੁਖ ਲਾਥੇ॥ ੧॥ ਰਹਾਉ ਦੂਜਾ॥ ੪॥ ੪॥ ੧੨੬॥

ਦੀਨ=ਗਰੀਬਾਂ ਦੇ ਦੁਖ ਭੰਜਨੁ=ਨਾਸ ਕਰਨ ਵਾਲਾ ਪ੍ਰਭੂ ਕ੍ਰਿਪਾਲੂ ਹੋਇਆ ਹੈ, ਇਸ ਲਈ ਜਨਮ ਮਰਨ ਦੇ ਦੁਖ ਲਾਥੇ=ਮਿਟ ਗਏ ਹਨ॥ ੪॥ ੪॥ ੧੨੬॥

ਆਸਾ ਮਹਲਾ ੫॥

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥

ਕਾਮਦੇਵ ਦੇ ਇਕ ਨਿਮਖ ਸੁਆਦ ਵਾਸਤੇ ਕਰੋੜਾਂ ਦਿਨਾਂ ਤੱਕ ਦੁੱਖ ਪਾਉਂਦਾ ਹੈ।

ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥ ੧॥

ਉਸ ਵੇਲੇ ਤਾਂ ਇਕ ਘੜੀ ਜਾਂ ਮੁਹਤ=ਅੱਧੀ ਘੜੀ ਰੰਗ ਮਾਣਹਿ=ਅਨੰਦ ਭੋਗਦਾ ਹੈ, ਪਰ ਮਗਰੋਂ ਮੁੜ ਮੁੜ ਕੇ ਪਛਤਾਂਦਾ ਹੈ॥ ੧॥

ਅੰਧੇ ਚੇਤਿ ਹਰਿ ਹਰਿ ਰਾਇਆ॥

ਤੇਰਾ ਸੋ ਦਿਨੁ ਨੇੜੈ ਆਇਆ॥ ੧॥ ਰਹਾਉ॥

ਹੇ ਅੰਨ੍ਹੇ ! ਤੂੰ ਹਰ ਵੇਲੇ ਹਰਿ ਹਰਿ ਰਾਜੇ ਨੂੰ ਚੇਤਨਾ ਕਰ। ਤੇਰਾ ਉਹ ਮਰਨ ਵਾਲਾ ਦਿਨ ਨੇੜੇ ਆ ਰਿਹਾ ਹੈ॥ ੧॥ ਰਹਾਉ॥

ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥

ਹੇ ਪੁਰਸ਼ਾ ! ਜਿਨ੍ਹਾਂ ਪਦਾਰਥਾਂ ਨੂੰ ਦੇਖਕੇ ਤੂੰ ਭੁਲ ਰਿਹਾ ਹੈਂ, ਇਹ ਪਲਕ ਦ੍ਰਿਸਟਿ=ਪਲ ਮਾਤ੍ਰ ਯਾਨੇ ਥੋੜ੍ਹਾ ਸਮਾਂ ਦ੍ਰਿਸ਼ਟੀ ਆਉਣ ਵਾਲੇ ਹਨ ਅਤੇ ਇਹ ਪਦਾਰਥ ਆਕ=ਅੱਕ, ਨੀਮ=ਨਿੰਮ, ਤੂੰਮਰੁ=ਤੂੰਬੇ ਵਾਂਗ ਕੌੜੇ ਭਾਵ ਦੁਖਦਾਈ ਹਨ।

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥ ੨ ॥

ਜਿਵੇਂ ਬਿਸੀਅਰ=ਸੱਪ ਦਾ ਸੰਗ ਦੁਖਦਾਈ ਹੈ, ਕਿਉਂਕਿ ਸੱਪ ਦਾ ਸੰਗ ਕਰਾਂਗੇ ਤਾਂ ਉਸ ਨੇ ਜ਼ਰੂਰ ਡੰਗ ਮਾਰਨਾ ਹੈ, ਇਵੇਂ ਹੀ ਇਹ ਪਰ ਗ੍ਰਿਹੁ=ਪਰ ਇਸਤਰੀ ਹੈ ਪਰ ਇਸਤਰੀ ਦਾ ਸੰਗ ਦੁਖਦਾਈ ਹੁੰਦਾ ਹੈ॥ ੨ ॥

ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥

ਵੈਰੀ ਜੋ ਸਬੰਧੀ ਹਨ, ਉਹਨਾਂ ਵਾਸਤੇ ਪਾਪ ਕਰਮਾਂ ਨੂੰ ਕਰਦਾ ਹੈ ਤੇ ਆਤਮ-ਵਸਤੂ ਜਿਉਂ ਦੀ ਤਿਉਂ ਅਮਾਨਤ ਪਈ ਰਹੀ।

ਅਥਵਾ :-ਸਵਾਸਾਂ ਰੂਪੀ ਵਸਤੂ ਜੋ ਪਰਮੇਸ਼ਰ ਨੇ ਦਿੱਤੀ ਸੀ ਭਜਨ ਕਰਨ ਵਾਸਤੇ, ਉਹ ਉਸ ਦੀ ਵਸਤੂ ਅਮਾਨਤ ਹੀ ਪਈ ਰਹੀ, ਕਿਉਂਕਿ ਸਵਾਸਾਂ ਨਾਲ ਇਸ ਨੇ ਭਜਨ ਜੋ ਨਾ ਕੀਤਾ।

ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥ ੩ ॥

ਜੋ ਪਦਾਰਥ, *ਅਥਵਾ* :- ਸਬੰਧੀ ਅੰਤ ਨੂੰ ਛੱਡ ਜਾਣੇ ਹਨ, ਤਿਨ੍ਹਾਂ ਦੇ ਨਾਲ ਹੀ ਸੰਗੀ=ਮਿਲ ਰਿਹਾ ਹੈ। ਸੱਜਣ ਜੋ ਮਹਾਤਮਾ,

ਅਥਵਾ :-ਸ਼ੁਭ ਗੁਣ ਹਨ, ਉਨ੍ਹਾਂ ਨਾਲੋਂ ਬੈਰਾਨਾ=ਬਿਗਾਨਾ ਹੋ ਰਿਹਾ ਹੈ; ਭਾਵ ਉਹਨਾਂ ਨਾਲ ਪ੍ਰੀਤੀ ਨਹੀਂ ਕਰਦਾ॥ ੩ ॥

ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ ॥

ਸਾਰਾ ਸੰਸਾਰ ਇਹੈ ਬਿਧਿ=ਇਸੇ ਢੰਗ ਵਿਚ ਲੱਗਾ ਹੋਇਆ ਹੈ, ਪਰ ਜਿਸ ਨੂੰ ਪੂਰਾ ਗੁਰੂ ਮਿਲਿਆ ਹੈ, ਉਹ ਇਸ ਤੋਂ ਉਬਰਿਓ=ਬਚ ਗਿਆ ਹੈ।

ਕਹੁ ਨਾਨਕ ਭਵ ਸਾਗਰੁ ਤਰਿਓ
ਭਏ ਪੁਨੀਤ ਸਰੀਰਾ ॥ ੪ ॥ ੫ ॥ ੧੨੭ ॥

ਗੁਰੂ ਜੀ ਕਥਨ ਕਰਦੇ ਹਨ-ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ ਅਤੇ ਉਸ ਦਾ ਸਰੀਰ ਤੇ ਅੰਤਹਕਰਣ ਆਦਿਕ ਸਭ ਪਵਿਤ੍ਰ ਹੋ ਗਏ ਹਨ॥ ੪ ॥ ੫ ॥ ੧੨੭ ॥

ਆਸਾ ਮਹਲਾ ੫ ਦੁਪਦੇ ॥

ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ ਮੁਕਰਾਨੀ ॥

ਜਿਤਨੇ ਵੀ ਕਰਮ ਇਹ ਜੀਵ ਛੁਪ ਕੇ ਕਮਾਉਂਦਾ ਹੈ, ਹੇ ਪਰਮੇਸ਼ਰ ! ਉਹ ਤੁਸੀਂ ਆਪ ਹੀ ਦੇਖਣਾ ਕੀਤੇ ਹਨ। ਪਰ ਇਹ ਮੂਰਖ ਮੁਗਧ ਜੀਵ ਮੁਕਰਾਨੀ=ਮੁਕਰਦਾ ਹੈ।

ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੀ॥ ੧॥

ਇਸ ਦੇ ਆਪਣੇ ਕਮਾਏ ਹੋਏ ਕਰਮਾਂ ਦੇ ਅਨੁਸਾਰ ਇਸ ਜੀਵ ਨੂੰ ਲੈ ਕੇ ਆਪ ਨੇ ਬਾਂਧੇ=ਬੰਨ੍ਹ ਦਿੱਤ, ਫਿਰ ਇਹ ਜੀਵ ਪਿਛੋਂ ਪਸਚਾਤਾਪ ਕਰਦਾ ਹੈ॥ ੧॥

ਪ੍ਰਭ ਮੇਰੇ ਸਭ ਬਿਧਿ ਆਗੈ ਜਾਨੀ॥

ਹੇ ਜੀਵ ! ਮੇਰੇ ਪ੍ਰਭੂ ਨੇ ਸਭ ਵਿਧੀ ਅੱਗੇ ਹੀ ਜਾਣੀ ਹੋਈ ਹੈ। ਕਿਉਂਕਿ ਜਿਸ ਵੇਲੇ ਵੀ ਤੂੰ ਸੰਕਲਪ ਕਰਦਾ ਹੈਂ, ਚਾਹੇ ਬੁਰਾ ਚਾਹੇ ਭਲਾ, ਉਹ ਅੰਤਰਜਾਮੀ ਉਸੀ ਵੇਲੇ ਜਾਣ ਲੈਂਦਾ ਹੈ।

ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ॥ ੧॥ ਰਹਾਉ॥

ਹੇ ਭਰਮ ਦੇ ਲੁਟੇ ਹੋਏ ਪੁਰਖਾ ! ਤੂੰ ਉਸ ਵਾਹਿਗੁਰੂ ਪਾਸੋਂ ਪੜਦਾ ਰੱਖਦਾ ਹੈਂ, ਤਾਂ ਮਰਨ ਪਿਛੋਂ ਜੀਵ ਦੀ ਕੀ ਗੱਲ ਮੰਨੀ ਜਾਏਗੀ, ਭਾਵ ਕੋਈ ਗੱਲ ਨਹੀਂ ਮੰਨੀ ਜਾਏਗੀ॥ ੧॥ ਰਹਾਉ॥

ਜਿਤੁ ਜਿਤੁ ਲਾਏ ਤਿਤੁ ਤਿਤੁ ਲਾਗੇ ਕਿਆ ਕੋ ਕਰੈ ਪਰਾਨੀ॥

ਹੇ ਵਾਹਿਗੁਰੂ ! ਜਿਸ ਜਿਸ ਤਰਫ ਇਹ ਜੀਵ ਤੂੰ ਲਗਾਏ ਹਨ, ਉਸੇ ਉਸੇ ਪਾਸੇ ਲੱਗ ਰਹੇ ਹਨ, ਇਹ ਪ੍ਰਾਣ ਧਾਰੀ ਜੀਵ ਆਪਣੇ ਆਪ ਕੀ ਕੁਝ ਕਰ ਸਕਦੇ ਹਨ।

ਬਖਸਿ ਲੈਹੁ ਪਾਰਬ੍ਰਹਮ ਸੁਆਮੀ
ਨਾਨਕ ਸਦ ਕੁਰਬਾਨੀ॥ ੨॥ ੬॥ ੧੨੮॥

ਹੇ ਪਾਰਬ੍ਰਹਮ ਸੁਆਮੀ ! ਜੀਵ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲੈ, ਮੈਂ ਨਾਨਕ ਸਦਾ ਹੀ ਆਪ ਜੀ ਤੋਂ ਕੁਰਬਾਨੀ=ਸਦਕੇ ਜਾਂਦਾ ਹਾਂ॥ ੨॥ ੬॥ ੧੨੮॥

ਆਸਾ ਮਹਲਾ ੫॥

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥

ਉਹ ਪਰਮੇਸ਼ਰ ਆਪਣੇ ਦਾਸ ਦੀ ਪਤਿ ਆਪ ਹੀ ਰੱਖਦਾ ਹੈ ਅਤੇ ਆਪ ਹੀ ਸੇਵਕ ਪਾਸੋਂ ਨਾਮ ਜਪਾਉਂਦਾ ਹੈ।

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥

ਜਿਥੇ ਜਿਥੇ ਕੋਈ ਸੇਵਕ ਦਾ ਕਾਜ=ਕੰਮ ਆ ਬਣੇ ਅਤੇ ਸੇਵਕ ਦੀ ਕਿਰਤ ਕਰਨੀ ਆ ਬਣੇ, ਉਥੇ ਉਥੇ ਉਹ ਪਰਮੇਸ਼ਰ ਆਪ ਹੀ ਉਠ ਕੇ ਦੌੜਦਾ ਹੈ।

ਜਿਵੇਂ :-ਨਰਸੀ ਭਗਤ ਦੇ ਵਿਆਹ ਦਾ ਕਾਰਜ ਬਣਿਆ ਸੀ ਤਾਂ ਭਗਵਾਨ ਨੇ ਆਪ ਨਰਸੀ ਭਗਤ ਹੋ ਕੇ ਲਛਮੀ ਨੂੰ ਨਰਸਾਣੀ ਬਣਾ ਕੇ ਵਿਆਹ ਦਾ ਸਾਰਾ ਕੰਮ ਭੁਗਤਾਇਆ।

੨—ਨਰਸੀ ਦਾ ਕਾਰਜ ਕੀਤਾ ਜਿਹੜੀ ਹੁੰਡੀ ਭਾਰੀ ਸੀ ਸ਼ਾਵਲਸ਼ਾਹ ਨੇ। ਅਤੇ-

੩—ਜਿਸ ਵੇਲੇ ਧੰਨੇ ਭਗਤ ਦੇ ਹਲ ਵਾਹੁਣ ਦੀ ਕਿਰਤ ਪਈ ਤਾਂ ਭਗਵਾਨ ਨੇ ਆਪ ਜਾ ਕੇ ਹਲ ਵਾਹੇ ਤੇ ਧੰਨਾ ਭਗਤ ਮੰਜੇ ਉੱਤੇ ਬੈਠਾ ਰਿਹਾ।

੪—ਜਿਸ ਵੇਲੇ ਨਾਮਦੇਵ ਦੀ ਛੰਨ ਬਣਾਉਣ ਦੀ ਕਿਰਤ ਪਈ ਤਦ ਵੀ ਭਗਵਾਨ ਨੇ ਆਪ ਬਾਹਰ ਜਾ ਕੇ ਸਰਕੜਾ ਵੱਢ ਕੇ ਲਿਆਂਦਾ ਤੇ ਸਭ ਨਾਲੋਂ ਸੋਹਣੀ ਛੰਨ ਬਣਾ ਦਿੱਤੀ॥ ੧॥

ਸੇਵਕ ਕਉ ਨਿਕਟੀ ਹੋਇ ਦਿਖਾਵੈ॥

ਇਸੇ ਤਰ੍ਹਾਂ ਸੇਵਕ ਨੂੰ ਨੇੜੇ ਹੋ ਕੇ ਆਪਣਾ ਦਰਸ਼ਨ ਵਿਖਾਉਂਦਾ ਹੈ।

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ ੧ ॥ ਰਹਾਉ॥

ਠਾਕੁਰ=ਮਾਲਕ (ਪਰਮੇਸ਼ਰ) ਅੱਗੇ ਸੇਵਕ ਜੋ ਜੋ ਭੀ ਬੇਨਤੀ ਕਹਿੰਦਾ ਹੈ, ਉਹ ਝਟ-ਪਟ ਪੂਰੀ ਹੋ ਆਉਂਦੀ ਹੈ॥ ੧ ॥ ਰਹਾਉ॥

ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥

ਮੈਂ ਉਸ ਸੇਵਕ ਤੋਂ ਸਦਾ ਕੁਰਬਾਨ ਜਾਂਦਾ ਹਾਂ, ਜੋ ਆਪਣੇ ਪ੍ਰਭੂ ਨੂੰ ਭਾਉਂਦਾ ਹੈ।

ਤਿਸ ਕੀ ਸੋਇ ਸੁਣੀ ਮਨੁ ਹਰਿਆ
ਤਿਸੁ ਨਾਨਕ ਪਰਸਣਿ ਆਵੈ॥ ੨ ॥ ੭ ॥ ੧੨੯ ॥

ਉਸ ਸੇਵਕ ਦੀ ਸੋਇ=ਸੋਭਾ ਨੂੰ ਸੁਣ ਕੇ ਮੇਰਾ ਮਨ ਹਰਿਆ ਹੁੰਦਾ ਹੈ ਅਤੇ ਤਿਸ ਦੇ ਪਰਸਣ ਭਾਵ ਦਰਸ਼ਨ ਕਰਨ ਨੂੰ ਮੈਂ ਆਉਂਦਾ ਹਾਂ॥ ੨ ॥ ੭ ॥ ੧੨੯ ॥

ਆਸਾ ਘਰੁ ੧੧ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਇਸ ਸ਼ਬਦ ਦੁਆਰਾ ਗੁਰੂ ਸਾਹਿਬ ਜੀ ਦੱਸਦੇ ਹਨ ਕਿ ਇਸ ਜੀਵ ਨਾਲੋਂ ਤਾਂ ਨਟ ਹੀ ਚੰਗਾ ਹੈ-

ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ॥

ਨਟੂਆ=ਨਟ ਬਹੁਤ ਪ੍ਰਕਾਰ ਦੇ ਭੇਖ ਧਾਰਨ ਕਰਕੇ ਲੋਕਾਂ ਨੂੰ ਵਿਖਾਉਂਦਾ ਹੈ, ਕਦੀ ਸ਼ਾਹੂਕਾਰ, ਕਦੀ ਭਿਖਾਰੀ, ਕਦੀ ਵਜ਼ੀਰ, ਕਦੀ ਕੁਟਵਾਲ, ਕਦੀ ਬਾਦਸ਼ਾਹ ਇਤਿਆਦਿਕ ਬਹੁਤ ਰੂਪ ਧਾਰ ਕੇ ਵਿਖਾਉਂਦਾ ਹੈ; ਪਰੰਤੂ, ਉਹ ਆਪਣੇ ਬਣਾਏ ਹੋਏ ਰੂਪਾਂ ਨੂੰ ਵੇਖ ਕੇ ਆਪ ਨਹੀਂ ਭਰਮਦਾ, ਜਿਹੋ ਜਿਹਾ ਉਸ ਦਾ ਆਪਣਾ ਅਸਲੀ ਰੂਪ ਹੈ, ਉਹ ਉਹੋ ਜਿਹਾ ਹੀ ਆਪਣੇ ਮਨ ਵਿਚ ਨਿਸਚੇ ਰੱਖਦਾ ਹੈ ਤੇ ਜੀਵ ਜਿਸ ਜੂਨ ਵਿਚ ਜਾਂਦਾ ਹੈ, ਉਸੀ ਵਿਚ ਪਰਚ ਜਾਂਦਾ ਹੈ। ਜਿਵੇਂ -

'ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ' *(ਪੰਨਾ ੬੮੬)*

ਅਤੇ ਉਸੇ ਸਰੀਰ ਦਾ ਹੰਕਾਰ ਕਰਨ ਲੱਗ ਜਾਂਦਾ ਹੈ।

ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ॥ ੧ ॥

ਭਰਮ ਵਿਚ ਲੱਗ ਕੇ ਜੂਨੀਆਂ ਵਿਚ ਭਰਮਦਾ ਹੈ, ਇਸ ਕਰਕੇ ਸੁਖਾਂ ਵਿਚ ਪਰਵੇਸ਼ ਨਹੀਂ ਹੁੰਦਾ।

ਅਥਵਾ :-ਆਤਮ ਸੁਖ ਦੇ ਵਿਚ ਪ੍ਰਵੇਸ਼ ਨਹੀਂ ਹੁੰਦਾ॥ ੧ ॥

[ਪੰਨਾ ੪੦੪]

ਸਾਜਨ ਸੰਤ ਹਮਾਰੇ ਮੀੜਾ ਬਿਨੁ ਹਰਿ ਹਰਿ ਆਨੀਤਾ ਰੇ॥

ਹੇ ਸੰਤ ਸੱਜਣੋ ਸਾਡੇ ਮਿੱਤਰੋ ! ਹਰਿ ਹਰਿ ਤੋਂ ਬਿਨਾਂ ਸਭ ਪਦਾਰਥ ਆਨੀਤਾ=ਮਿਥਿਆ ਹਨ।

ਸਾਧਸੰਗਿ ਮਿਲਿ ਹਰਿ ਗੁਣ ਗਾਏ
ਇਹੁ ਜਨਮੁ ਪਦਾਰਥੁ ਜੀਤਾ ਰੇ॥ ੧॥ ਰਹਾਉ॥

ਜਿਸ ਨੇ ਸਤਿਸੰਗ ਨਾਲ ਮਿਲ ਕੇ ਹਰੀ ਦੇ ਗੁਣ ਗਾਏ ਹਨ, ਉਸ ਨੇ ਇਸ ਜਨਮ ਪਦਾਰਥ ਨੂੰ ਜੀਤਾ=ਜਿੱਤ ਲਿਆ ਭਾਵ ਸਫਲਾ ਕੀਤਾ ਹੈ॥ ੧॥

ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ॥

ਇਹ ਜੋ ਤ੍ਰਿਗੁਣ ਆਤਮਕ ਮਾਇਆ ਬ੍ਰਹਮ ਦੀ ਕੀਤੀ ਹੋਈ ਹੈ, ਹੇ ਭਾਈ ! ਕਹਹੁ=ਕਹੁ ਖਾਂ ! ਇਸ ਤੋਂ ਕਿਸ ਵਿਧੀ ਨਾਲ ਤਰੇਂਗਾ ?

ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ॥ ੨॥

ਤਿੰਨਾਂ ਗੁਣਾਂ ਰੂਪੀ ਘੁਮਣ ਘੇਰੀ ਅਗਾਧ ਤੇ ਨਵਿਰਤ ਹੋਣੀ ਬੜੀ ਗਾਖਰੀ=ਕਠਨ ਹੈ, ਹੇ ਭਾਈ ! ਗੁਰ ਸ਼ਬਦੀਏ ਇਸ ਤੋਂ ਪਾਰ ਉਤਰਦੇ ਹਨ, ਤੂੰ ਭੀ ਗੁਰ ਸ਼ਬਦ ਦੁਆਰਾ ਪਾਰ ਉਤਰਨਾ ਕਰ॥ ੨॥

ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ॥

ਵੇਦਾਂ ਦੁਆਰੇ ਖੋਜ ਕੇ, ਸ਼ਾਸਤ੍ਰਾਂ ਦੁਆਰੇ ਲੱਭ ਕੇ, ਸਿੰਮ੍ਰਤੀਆਂ ਦੁਆਰੇ ਭਾਲ ਕੇ ਅਤੇ ਆਪਣੇ ਅਨੁਭਵ ਦੁਆਰਾ ਵਿਚਾਰਕੇ, ਇਹ ਅਸੀਂ ਤਤੁ=ਸਿਧਾਂਤ ਜਾਣਿਆ ਹੈ। ਕਿ-

ਸਿਮਰਤ ਨਾਮੁ ਨਿਧਾਨੁ ਨਿਰਮੋਲਕੁ
ਮਨੁ ਮਾਣਕੁ ਪਤੀਆਨਾ ਰੇ॥ ੩॥ ੧॥ ੧੩੦॥

ਸਿਮਰਨੇ ਯੋਗ ਵਾਹਿਗੁਰੂ ਨਾਮ ਨਿਧੀਆਂ ਦਾ ਖਜ਼ਾਨਾ ਹੈ ਅਤੇ ਨਿਰਮੋਲਕ ਹੈ, ਤਿਸ ਪਰ ਪਤੀਆਨਾ= ਭਰੋਸਾ ਕਰਕੇ ਮਨ ਮਾਣਕ ਵਾਂਗ ਅਮੋਲਕ ਹੋਇਆ ਹੈ॥ ੩॥ ੧॥ ੧੩੦॥

ਆਸਾ ਮਹਲਾ ੫ ਦੁਪਦੇ॥

ਗੁਰ ਪਰਸਾਦਿ ਮੇਰੈ ਮਨਿ ਵਸਿਆ ਜੋ ਮਾਗਉ ਸੋ ਪਾਵਉ ਰੇ॥

ਗੁਰਾਂ ਦੀ ਪਰਸਾਦਿ=ਕਿਰਪਾ ਕਰਕੇ ਵਾਹਿਗੁਰੂ ਮੇਰੇ ਮਨ ਵਿਚ ਵਸ ਗਿਆ ਹੈ, ਉਸ ਪਾਸੋਂ ਜੋ ਮੰਗਦਾ ਹਾਂ, ਉਹ ਫਲ ਪਾ ਲੈਂਦਾ ਹਾਂ।

ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ ਧਾਵਉ ਰੇ॥ ੧॥

ਨਾਮ ਦੇ ਰੰਗਿ=ਪ੍ਰੇਮ ਕਰਕੇ ਇਹ-ਮਨ ਤ੍ਰਿਪਤਾਨਾ=ਰੱਜ ਗਿਆ ਹੈ, ਹੁਣ ਮੁੜ ਕੇ ਹੋਰ ਕਿਸੇ ਪਾਸੇ ਦੌੜਦਾ ਨਹੀਂ ਹੈ॥ ੧॥

ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉ ਰੇ॥

ਜੋ ਸਾਡਾ ਸੁਆਮੀ ਸਭ ਤੋਂ ਉਚਾ ਹੈ, ਰਾਤ ਦਿਨ ਉਸੇ ਦਾ ਜਸ ਗਾਉਂਦਾ ਹਾਂ।

ਖਿਨ ਮਹਿ ਥਾਪਿ ਉਥਾਪਨਹਾਰਾ
ਤਿਸ ਤੇ ਤੁਝਹਿ ਡਰਾਵਉ ਰੇ॥ ੧॥ ਰਹਾਉ॥

ਜੋ ਪਰਮੇਸ਼ਰ ਇਕ ਖਿਨ ਵਿਚ ਉਤਪਤੀ, ਪਾਲਣਾ, ਲੈਤਾ ਕਰਨ ਵਾਲਾ ਹੈ, ਤਿਸ ਦੇ ਪਾਸੋਂ ਤੈਨੂੰ ਡਰਾਉਂਦਾ ਹਾਂ। ਕਿ ਤੂੰ ਵਾਹਿਗੁਰੂ ਦਾ ਭੈ ਚਿਤ ਵਿਚ ਰੱਖਣਾ ਕਰ।

ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉ ਰੇ॥

ਜਿਸ ਵੇਲੇ ਤੁਸੀਂ ਆਪਣੇ ਪ੍ਰਭੂ ਸੁਆਮੀ ਨੂੰ ਦੇਖੋਗੇ, ਤਦ ਤੁਸੀਂ ਹੋਰ ਦੇਵੀ ਦੇਵਤਿਆਂ ਨੂੰ ਚਿਤ ਵਿਚ ਨਹੀਂ ਪਾਵੋਗੇ।

ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ
ਭ੍ਰਮੁ ਭਉ ਮੇਟਿ ਲਿਖਾਵਉ ਰੇ॥ ੨॥ ੨॥ ੧੩੧॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੂੰ ਪ੍ਰਭੂ ਨੇ ਆਪ ਜਸ ਰੂਪੀ ਸਿਰੋਪਾ ਪਹਿਰਾਇਆ ਹੈ, ਹੁਣ ਮੈਂ ਹੋਰਨਾਂ ਦੇ ਭਰਮ ਤੇ ਭੈ ਮੇਟ ਕੇ ਬ੍ਰਹਮ ਨੂੰ ਜਣਾਉਂਦਾ ਹਾਂ॥ ੨॥ ੨॥ ੧੩੧॥

ਆਸਾ ਮਹਲਾ ੫॥

ਸਿੱਖਾਂ ਨੇ ਬੇਨਤੀ ਕੀਤੀ, ਕਿ-ਐ ਗੁਰੂ ਜੀ ! ਇਹ ਕਾਮ ਕਰੋਧ ਆਦਿਕ ਵਿਚ ਕਿੰਨੀ ਕੁ ਤਾਕਤ ਹੈ?

ਗੁਰ ਉੱਤਰ :-

ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ॥

ਚਾਰ ਬਰਨ=(ਬ੍ਰਾਹਮਣ, ਖੱਤਰੀ, ਸ਼ੂਦਰ, ਵੈਸ਼), ਚਾਰ ਆਸ਼੍ਰਮ (ਗ੍ਰਹਿਸਤੀ, ਬਾਨਪ੍ਰਸਤੀ, ਸੰਨਿਆਸੀ, ਬ੍ਰਹਮਚਾਰੀ), ਇਨ੍ਹਾਂ ਨੂੰ ਇਹ ਕਾਮ ਆਦਿਕ ਮਰਦਨ=ਮਲਨ ਵਾਲੇ ਹਨ ਅਤੇ ਖਟੁ ਦਰਸਨ=ਛੇ ਭੇਖਾਂ (ਜੋਗੀ, ਜੰਗਮ, ਸਰੇਵੜੇ, ਸੰਨਿਆਸੀ, ਦਰਵੇਸ਼ ਅਤੇ ਮਦਾਰੀ) ਨੂੰ ਵੀ ਹੱਥ ਦੀ ਤਲੀ ਤੇ ਕਰ ਲਿਆ ਹੈ, ਭਾਵ ਆਪਣੇ ਅਧੀਨ ਕਰ ਲਿਆ ਹੈ।

*ਅਥਵਾ :-*ਜਿਵੇਂ ਹੱਥ ਦੀ ਤਲੀ ਉੱਤੇ ਕੋਈ ਚੀਜ਼ ਮਲ ਦੇਈਦੀ ਹੈ, ਤਿਵੇਂ ਕਾਮ ਆਦਿਕਾਂ ਨੇ ਛੇ ਭੇਖਾਂ ਨੂੰ ਮਲ ਦਿੱਤਾ ਹੈ।

ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ॥ ੧॥

ਹੇ ਭਾਈ ! ਸੁੰਦਰ ਸਰੂਪ ਵਾਲਿਆਂ ਨੂੰ, ਸੁਘਰ=ਸਰੇਸ਼ਟ ਘਾੜਤ ਘੜਨ ਵਾਲਿਆਂ ਨੂੰ ਅਤੇ ਸਿਆਣੇ ਪੁਰੇਸ਼ਾਂ ਨੂੰ ਇਨ੍ਹਾਂ ਮੋਹ ਆਦਿਕ ਪੰਜਾਂ ਨੇ ਛਲ ਲਿਆ ਹੈ॥ ੧॥

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥

ਰੇ=ਹੇ ਭਾਈ ! ਜਿਸ ਨੇ ਸਤਿਸੰਗ ਵਿਚ ਮਿਲ ਕੇ ਪੰਜ ਸੂਰਬੀਰ (ਕਾਮ, ਕ੍ਰੋਧ ਆਦਿਕ) ਮਾਰੇ ਹਨ, ਅਜਿਹਾ ਬਲਵਾਨ ਕੌਣ ਹੈ ?

*ਉੱਤਰ :-*ਐਸਾ ਬਲਵਾਨ ਕੋਈ ਕੋਈ ਭਾਵ ਦੁਰਲੱਭ ਹੈ।

ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥ ੧ ॥ ਰਹਾਉ ॥

ਰੇ=ਹੇ ਭਾਈ ! ਜਿਸ ਪੁਰਸ਼ ਨੇ ਬਿਦਾਰਿ=ਹੁਸ਼ਿਆਰ ਹੋ ਕੇ ਮਾਰਿ=ਕਾਮ ਆਦਿਕ ਪੰਜਾਂ ਨੂੰ ਗੁਦਾਰੇ=ਨਾਸ਼ ਕੀਤਾ ਹੈ। *ਅਥਵਾ :-* ਬਿਦਾਰਨ ਵਾਲਿਆਂ ਨੂੰ ਗੁਦਾਰੇ=ਅਭਾਵ ਕੀਤਾ ਹੈ, ਸੋ=ਉਹ ਪੁਰਸ਼ ਇਸ ਕਲਜੁਗ ਵਿਚ ਪੂਰਨ ਹੈ॥ ੧ ॥ ਰਹਾਉ ॥

ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ॥

ਇਹਨਾਂ ਕਾਮ ਆਦਿਕਾਂ ਦੀ ਵੱਡੀ ਕੋਮ ਹੈ (ਮੁੱਕਦੀ ਨਹੀਂ), ਫਿਰ ਇਨ੍ਹਾਂ ਦਾ ਆਪਸ ਵਿਚ ਵਸਿ=ਏਕਾ ਹੈ, ਜਿਥੇ ਇਕ ਜਾਵੇਗਾ ਬਾਕੀ ਦੇ ਨਾਲ ਜਾਵਣਗੇ। ਇਹ ਡਰ ਕੇ ਕਿਸੇ ਪਾਸੋਂ ਭੱਜਦੇ ਨਹੀਂ, ਰੇ=ਹੇ ਭਾਈ ! ਇਹ ਮੁਹਕਮ=ਤਕੜੀ ਫੌਜ ਹਠ ਵਾਲੀ ਹੈ, ਜੋ ਸਭ ਨੂੰ ਘੇਰੀ ਰੱਖਦੀ ਹੈ।

ਕਹੁ ਨਾਨਕ ਤਿਨਿ ਜਨਿ ਨਿਰਦਲਿਆ
ਸਾਧ ਸੰਗਤਿ ਕੈ ਝਲੀ ਰੇ॥ ੨ ॥ ੩ ॥ ੧੩੨ ॥

ਗੁਰੂ ਜੀ ਕਥਨ ਕਰਦੇ ਹਨ, ਰੇ=ਹੇ ਭਾਈ ! ਉਸ ਪੁਰਸ਼ ਨੇ ਨਿਰ=ਵਿਸ਼ੇਸ਼ ਕਰਕੇ ਕਾਮ ਆਦਿਕਾਂ ਨੂੰ ਦਲ ਸੁੱਟਿਆ ਹੈ, ਜਿਸ ਨੇ ਸਾਧ ਸੰਗਤ ਦਾ ਝਲੀ=ਆਸਰਾ ਲਿਆ ਹੈ। *ਅਥਵਾ :-* ਸਾਧ ਸੰਗਤ ਰੂਪੀ ਝਲ=ਜੰਗਲ (ਬਣ) ਵਿਚ ਜਿਸ ਨੇ ਰਹਿਣਾ ਕੀਤਾ ਹੈ॥ ੨ ॥ ੩ ॥ ੧੩੨ ॥

ਆਸਾ ਮਹਲਾ ੫ ॥

ਸਿੱਖਾਂ ਨੇ ਬੇਨਤੀ ਕੀਤੀ-'ਹਰੀ ਦੀ ਕਥਾ ਦਾ ਕੁਛ ਮਹਾਤਮ ਸੁਣਾਓ?' ਹੁਣ ਗੁਰੂ ਜੀ ਦੋ ਸ਼ਬਦਾਂ ਦੁਆਰੇ ਹਰੀ ਦੀ ਕਥਾ ਦਾ ਮਹਾਤਮ ਸੁਣਾਉਂਦੇ ਹਨ-

ਨੀਕੀ ਜੀਅ ਕੀ ਹਰਿ ਕਥਾ ਊਤਮ
ਆਨ ਸਗਲ ਰਸ ਫੀਕੀ ਰੇ॥ ੧ ॥ ਰਹਾਉ ॥

ਹਰੀ ਦੀ ਉੱਤਮ ਕਥਾ ਜੀਵ ਨੂੰ ਨੀਕੀ=ਸੁੰਦਰ ਕਰਨ ਵਾਲੀ ਹੈ। ਰੇ=ਹੇ ਭਾਈ ! ਕਥਾ ਤੋਂ ਬਿਨਾਂ ਆਨ=ਹੋਰ ਸਾਰੇ ਰਸ ਫਿੱਕੇ ਹਨ।

(ੳ) ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ॥
ਤਿਨ ਕਉ ਸਭ ਨਿਵਹਿ ਅਨਦਿਨੁ ਪੂਜ ਕਰਾਹੀ॥

(ਪੰਨਾ ੨੩੧)

(ਅ) ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨ ਫਿਰਉ ਤਿਸੁ ਪਿਛੈ ਵਿਰਾਗੀ॥

(ਪੰ: ੨੦੪)

ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ॥ ੧ ॥

ਜੋ ਬਹੁਤੇ ਗੁਣਵਾਨ ਗੁਣੀ ਹਨ, ਕਥਾ ਦੇ ਧੁਨਿ=ਉਚਾਰਨ ਵਾਲੇ ਜੋ ਮੁਨੀ ਜਨ ਹਨ, ਏ ਸ਼ਾਸਤ੍ਰਾਂ ਦੇ

ਵਕਤਾ ਜੋ ਛੇ ਰਿਖੀ ਹਨ; ਉਹ ਸਾਰੇ ਕਹਿੰਦੇ ਹਨ, ਕਿ-ਇਸ ਕਥਾ ਦੇ ਲਾਇਕ ਭਾਵ ਤੁੱਲ ਹੋਰ ਕੁਝ ਨਹੀਂ ਹੈ। *ਅਥਵਾ* :-ਬਹੁਤੇ ਗੁਣੀ ਜਨ ਤੇ ਮੁਨੀ ਜਨ ਅਤੇ ੬ ਸ਼ਾਸਤ੍ਰਾਂ ਦੇ ਬੇਤੇ=ਵਕਤਾ ਇਹ ਸਾਰੇ ਇੰਞ ਧੁਨਿ=ਉਚਾਰਦੇ ਹਨ, ਕਿ-ਰੇ=ਹੇ ਭਾਈ ! ਹਰੀ ਕਥਾ ਦੇ ਲਾਇਕ ਹੋਰ ਕੁਝ ਨਹੀਂ ਹੈ॥ ੧॥

ਬਿਖਾਰੀ ਨਿਰਾਰੀ ਅਪਾਰੀ ਸਹਜਾਰੀ
ਸਾਧਸੰਗਿ ਨਾਨਕ ਪੀਕੀ ਰੇ॥ ੨॥ ੪॥ ੧੩੩॥

ਇਹ ਹਰੀ ਕਥਾ-ਵਿਸ਼ਿਆਂ ਦੇ ਕਟਣੇ ਨੂੰ ਆਰੀ ਸਮਾਨ ਹੈ, ਆਪ ਸਭ ਤੋਂ ਨਿਰਾਰੀ=ਨਿਰਾਲੀ ਹੈ ਅਤੇ ਜੀਵ ਨੂੰ ਸੰਸਾਰ ਤੋਂ ਅਸੰਗ ਕਰਨ ਵਾਲੀ ਹੈ, ਅਪਾਰੀ=ਬਿਅੰਤ ਹੈ। *ਅਥਵਾ* :-ਸ੍ਰੇਸ਼ਟ ਹੈ,

ਅਥਵਾ :-ਅਪਾਰ=ਬਿਅੰਤ ਰੂਪ ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਹੈ। *ਅਥਵਾ*:-ਆਪ ਪਰਮਾਤਮਾ ਦੀ ਅਲੀ=ਸਖੀ ਹੈ। ਸਹਜਾਰੀ=ਸ਼ਾਂਤੀ ਆਦਿਕ ਸ਼ੁਭ ਗੁਣਾਂ ਦਾ ਆਲੀ ਘਰ ਹੈ।

ਗੁਰੂ ਜੀ ਕਥਨ ਕਰਦੇ ਹਨ-ਸਤਿਸੰਗਤ ਦੁਆਰਾ ਇਹ ਅੰਮ੍ਰਿਤ ਰੂਪ ਕਥਾ ਅਸੀਂ ਪੀਕੀ=ਪੀਤੀ ਹੈ।

ਅਥਵਾ :-ਇਹ ਕਥਾ ਕਿਹੋ ਜਿਹੀ ਹੈ ਕਿ ਪੀ ਕੀ=ਪਤੀ (ਪਰਮਾਤਮਾ) ਦੀ ਪ੍ਰਾਪਤੀ ਦੇ ਕਰਾਉਣ ਵਾਲੀ ਹੈ॥ ੨॥ ੪॥ ੧੩੩॥

ਆਸਾ ਮਹਲਾ ੫॥
ਹਮਾਰੀ ਪਿਆਰੀ ਅੰਮ੍ਰਿਤ ਧਾਰੀ
ਗੁਰਿ ਨਿਮਖ ਨ ਮਨ ਤੇ ਟਾਰੀ ਰੇ॥ ੧॥ ਰਹਾਉ॥

ਗੁਰੂ ਜੀ ਕਥਨ ਕਰਦੇ ਹਨ-ਇਹ ਹਰੀ ਕਥਾ ਸਾਡੀ ਬੜੀ ਪਿਆਰੀ ਹੈ, ਨਾਮ ਗਿਆਨ ਰੂਪ ਅੰਮ੍ਰਿਤ ਦੇ ਧਾਰਨ ਵਾਲੀ ਹੈ। *ਅਥਵਾ* :-ਨਾਮ ਰੂਪ ਅੰਮ੍ਰਿਤ ਦਾ ਧਾਰੀ=ਪ੍ਰਵਾਹ ਹੈ। ਗੁਰਾਂ ਦੀ ਕਿਰਪਾ ਨਾਲ ਇਕ ਨਿਮਖ ਜਿੰਨਾ ਸਮਾਂ ਭੀ ਅਸੀਂ ਮਨ ਤੋਂ ਨਹੀਂ ਟਾਰੀ=ਭੁਲਾਈ। *ਅਥਵਾ* :-ਸਾਡੇ ਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਮਨ ਤੋਂ ਇਹ ਕਥਾ ਨਿਮਖ ਮਾਤਰ ਵੀ ਨਹੀਂ ਟਾਲੀ। *ਅਥਵਾ* :-ਗੁਰਿ=ਵੱਡੇ ਜੋ ਸਨਕਾਦਿਕ ਹਨ, ਉਹਨਾਂ ਨੇ ਭੀ ਮਨ ਵਿਚੋਂ ਨਹੀਂ ਟਾਰੀ=ਭੁਲਾਈ॥ ੧॥ ਰਹਾਉ॥

ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥ ੧॥

ਦਰਸ਼ਨ ਪਰਸਨ ਕਰਨ ਨਾਲ ਸਰਸਨ ਅਧਿਕ (ਬਹੁਤਾ) ਹਰਸਨ=ਅਨੰਦ ਹੁੰਦਾ ਹੈ। *ਅਥਵਾ* :-ਦਰਸ਼ਨ ਕਰਨ ਨਾਲ ਸਰਸਨ ਅਤੇ ਪਰਸਨ ਕਰਨ ਨਾਲ ਹਰਸਨ ਹੁੰਦਾ ਹੈ।* ਰੇ=ਹੇ ਭਾਈ ! ਇਹ ਹਰੀ ਦੀ ਕਥਾ ਕਰਤਾਰ ਦੇ ਰੰਗ ਵਿਚ ਆਪ ਰੰਗੀ ਹੋਈ ਹੈ ਅਤੇ ਹੋਰਨਾਂ ਨੂੰ ਰੰਗਣ ਵਾਲੀ ਹੈ॥ ੧॥

ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ
ਹਰਿ ਕੰਠਿ ਨਾਨਕ ਉਰਿ ਹਾਰੀ ਰੇ॥ ੨॥ ੫॥ ੧੩੪॥

ਗਿਆਨ ਰੰਮ ਜੋ ਗੁਰੂ ਹਨ, ਉਹਨਾਂ ਦੁਆਰੇ ਹਰਿ ਦਮ=ਹਰ ਸਵਾਸ ਜੋ ਪੁਰਸ਼ ਖਿਨ ਖਿਨ ਦੇ ਸਮੇਂ

**ਸਰਸਨ, ਹਰਸਨ ਦੋਨੋਂ ਪਦ ਅਨੰਦ ਦੇ ਵਾਚਕ ਹਨ।*

ਵਿਚ ਹਰੀ ਦੀ ਕਥਾ ਰਮ=ਕਹਿੰਦਾ ਹੈ, ਉਸ ਨੂੰ ਜਨਮ ਮਰਨ ਨਹੀਂ ਹੁੰਦਾ, *ਅਥਵਾ* :-ਉਸ ਨੂੰ ਜਮ ਆ ਕੇ ਨਹੀਂ ਫੜਦਾ। ਗੁਰੂ ਜੀ ਕਥਨ ਕਰਦੇ ਹਨ-ਅਸੀਂ ਇਸ ਹਰੀ ਦੀ ਕਥਾ ਨੂੰ ਕੰਠ ਵਿਚ ਇਵੇਂ ਧਾਰਿਆ ਹੈ, ਜਿਵੇਂ ਉਰਿ=ਗਲ ਵਿਚ ਹਾਰ ਪਾਈਦਾ ਹੈ॥ ੨॥ ੫॥ ੧੩੪॥

ਆਸਾ ਮਹਲਾ ੫॥ ਨੀਕੀ ਸਾਧ ਸੰਗਾਨੀ॥ ਰਹਾਉ॥

ਪ੍ਰਸ਼ਨ :-ਇਹ ਕਥਾ ਪ੍ਰਾਪਤ ਕਿਥੋਂ ਹੁੰਦੀ ਹੈ ?

ਉੱਤਰ-ਸਤਿਸੰਗ ਦੁਆਰੇ ਪ੍ਰਾਪਤ ਹੁੰਦੀ ਹੈ।

ਏਸੇ ਕਰਕੇ ਸੰਤਾਂ ਦੀ ਸੰਗਤਿ ਕਰਨੀ ਨੀਕੀ=ਚੰਗੀ ਹੈ॥ ਰਹਾਉ॥

ਪਹਰ ਮੂਰਤ ਪਲ ਗਾਵਤ ਗਾਵਤ ਗੋਵਿੰਦ ਗੋਵਿੰਦ ਵਖਾਨੀ॥ ੧॥

ਜੋ ਸਤਿਸੰਗਤ ਪਹਿਰ ਵਿਚ ਵੀ ਗਾਵਤ=ਗਾਉਣ ਵਾਲਾ ਹੋ ਕੇ ਗੋਵਿੰਦ ਦੇ ਗੁਣਾਂ ਨੂੰ ਆਖਦਾ ਹੈ। ਮੂਰਤ=ਦੋ ਘੜੀਆਂ ਵਿਚ ਵੀ ਗਾਵਤ=ਗਾਉਣ ਵਾਲਾ ਹੋ ਕੇ ਗੋਵਿੰਦ ਦੇ ਗੁਣਾਂ ਨੂੰ ਕਹਿੰਦਾ ਹੈ। ਪਲ ਪਲ ਵਿਚ ਭੀ ਗਾਵਤ=ਗਾਉਣ ਵਾਲੇ ਬਣ ਕੇ ਗੋਵਿੰਦ ਦੇ ਗੁਣਾਂ ਦਾ ਉਚਾਰਨ ਕਰਦਾ ਹੈ॥ ੧॥

ਚਾਲਤ ਬੈਸਤ ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ॥ ੨॥

ਉਹ ਸੰਤ ਚਲਣ ਸਮੇਂ, ਬੈਠਣ ਵਕਤ, ਸੌਣ ਵੇਲੇ ਭਾਵ ਕੀ ਹਰ ਸਮੇਂ ਹਰੀ ਜਸ ਨੂੰ ਕਰਦੇ ਹਨ ਅਤੇ ਉਹਨਾਂ ਸੰਤਾਂ ਦਾ ਮਨ ਵਾਹਿਗੁਰੂ ਦੇ ਚਰਨਾਂ ਨਾਲ ਖਟਾਨੀ=ਮਿਲ ਰਿਹਾ ਹੈ। *ਅਥਵਾ*-ਮਨ ਵਿਚ ਹਰੀ ਦਾ ਜਸ ਕਰਦੇ ਹਨ ਅਤੇ ਤਨ ਵਿਚ ਚਰਨਾਂ ਦੀ ਪ੍ਰੀਤੀ ਸਮਾਈ ਰਹਿੰਦੀ ਹੈ॥ ੨॥

ਹਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ॥ ੩॥ ੬॥ ੧੩੫॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹਉ ਹਉਰੋ=ਮੈਂ ਤੁੱਛ ਜੀਵ ਹਾਂ, ਹੇ ਠਾਕੁਰ ! ਤੂੰ ਗਉਰੋ=ਭਾਰੀ ਹੈਂ, ਇਸੇ ਲਈ ਮੈਂ ਇਕ ਤੇਰੀ ਸ਼ਰਨ ਪ੍ਰਾਪਤ ਕਰਨੀ ਪਛਾਣੀ ਹੈ॥ ੩॥ ੬॥ ੧੩੫॥

[ਪੰਨਾ ੪੦੫]

ਰਾਗੁ ਆਸਾ ਮਹਲਾ ੫ ਘਰੁ ੧੨ ੧ੴ ਸਤਿਗੁਰ ਪ੍ਰਸਾਦਿ॥

ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ॥

ਹੇ ਪੁਰਸ਼ਾ ! ਸਾਰੀਆਂ ਸਿਆਣਪਾਂ ਤਿਆਗਿ=ਛੱਡ ਕੇ ਇਕ ਪਾਰਬ੍ਰਹਮ ਨਿਰੰਕਾਰ ਦਾ ਭਜਨ ਕਰ। ਕਿਉਂਕਿ -

ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ॥ ੧॥

ਇਕ ਸੱਚੇ ਵਾਹਿਗੁਰੂ ਨਾਮ ਤੋਂ ਬਿਨਾਂ, ਸਾਰੇ ਪਦਾਰਥ ਸਵਾਹ ਹੁੰਦੇ ਦਿੱਸ ਰਹੇ ਹਨ॥ ੧॥

ਸੋ ਪ੍ਰਭੁ ਜਾਣੀਐ ਸਦ ਸੰਗਿ॥

ਗੁਰ ਪ੍ਰਸਾਦੀ ਬੂਝੀਐ ਏਕ ਹਰਿ ਕੈ ਰੰਗਿ॥ ੧॥ ਰਹਾਉ॥

ਉਸ ਪ੍ਰਭੂ ਪਰਮਾਤਮਾ ਨੂੰ ਸਦਾ ਅੰਗ-ਸੰਗ ਜਾਨਣਾ ਕਰ। ਇਕ ਹਰੀ ਦੇ ਰੰਗਿ=ਪ੍ਰੇਮ *ਅਥਵਾ* :-ਅਨੰਦ

ਨੂੰ ਗੁਰਾਂ ਦੀ ਕਿਰਪਾ ਨਾਲ ਸਮਝਣਾ ਕਰ॥ ੧॥ ਰਹਾਉ॥

ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ॥

ਇਕ ਸਮਰੱਥ ਪ੍ਰਭੂ ਦੀ ਸ਼ਰਨ ਲੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਸੁਖਾਂ ਦੀ ਥਾਂ ਨਹੀਂ ਹੈ।

ਮਹਾ ਭਉਜਲੁ ਲੰਘੀਐ ਸਦਾ ਹਰਿ ਗੁਣ ਗਾਉ॥ ੨॥

ਹਰ ਸਮੇਂ ਹਰੀ ਦੇ ਗੁਣ ਗਾ ਕੇ ਇਸ ਵੱਡੇ ਸੰਸਾਰ-ਸਮੁੰਦਰ ਤੋਂ ਪਾਰ ਲੰਘਣਾ ਕਰ॥ ੨॥

ਜਨਮ ਮਰਣੁ ਨਿਵਾਰੀਐ ਦੁਖੁ ਨ ਜਮ ਪੁਰਿ ਹੋਇ॥

ਨਾਮ ਦੇ ਪ੍ਰਤਾਪ ਕਰਕੇ ਜਨਮ ਮਰਨ ਨਵਿਰਤ ਹੋ ਜਾਂਦਾ ਹੈ ਅਤੇ ਜਮ ਪੁਰੀ ਦਾ ਦੁੱਖ ਭੀ ਨਹੀਂ ਹੋਵੇਗਾ।

ਨਾਮੁ ਨਿਧਾਨੁ ਸੋਈ ਪਾਏ ਕ੍ਰਿਪਾ ਕਰੇ ਪ੍ਰਭੁ ਸੋਇ॥ ੩॥

ਪਰ ਇਹ ਨਾਮ ਰੂਪ ਨਿਧਾਨ=ਖਜ਼ਾਨਾ ਓਹੀ ਪੁਰਸ਼ ਪਾਉਂਦਾ ਹੈ. ਜਿਸ ਉੱਤੇ ਉਹ ਵਾਹਿਗੁਰੂ ਕਿਰਪਾ ਕਰਦਾ ਹੈ॥ ੩॥

ਏਕ ਟੇਕ ਅਧਾਰੁ ਏਕੋ ਏਕ ਕਾ ਮਨਿ ਜੋਰੁ॥

ਮਨ ਕਰਕੇ ਇਕ ਦੀ ਟੇਕ ਹੈ, ਤਨ ਕਰਕੇ ਵੀ ਇਕ ਦਾ ਆਸਰਾ ਹੈ ਅਤੇ ਇਕ ਦਾ ਹੀ ਮਨ ਵਿਚ ਜੋਰੁ=ਗਿਆਨ ਹੈ।

ਨਾਨਕ ਜਪੀਐ ਮਿਲਿ ਸਾਧ ਸੰਗਤਿ
ਹਰਿ ਬਿਨੁ ਅਵਰੁ ਨ ਹੋਰੁ॥ ੪॥ ੧॥ ੧੩੬॥

ਗੁਰੂ ਜੀ ਕਥਨ ਕਰਦੇ ਹਨ-ਸਤਸੰਗਤਿ ਵਿਚ ਸੰਤਾਂ ਨਾਲ ਮਿਲ ਕੇ ਉਸ ਵਾਹਿਗੁਰੂ ਨੂੰ ਜਪਣਾ ਕਰੋ, ਕਿਉਂਕਿ ਹਰੀ ਤੋਂ ਬਿਨਾਂ ਹੋਰ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ॥ ੪॥ ੧॥ ੧੩੬॥

ਆਸਾ ਮਹਲਾ ੫॥

ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ਦੀਏ ਸਭਿ ਰਸ ਭੋਗ॥

ਇਸ ਜੀਵ ਨੂੰ ਮਨ ਤਨ ਤੇ ਪ੍ਰਾਣ ਪ੍ਰਭੂ ਦੇ ਦਿਤੇ ਹੋਏ ਹਨ ਅਤੇ ਸਾਰੇ ਰਸ ਭੀ ਭੋਗ=ਖਾਣ ਲਈ ਪ੍ਰਭੂ ਨੇ ਦਿੱਤੇ ਹੋਏ ਹਨ।

ਦੀਨ ਬੰਧਪ ਜੀਅ ਦਾਤਾ ਸਰਣਿ ਰਾਖਣ ਜੋਗੁ॥ ੧॥

ਉਹ ਦੀਨ ਬੰਧਪ=ਗਰੀਬਾਂ ਦਾ ਸਨਬੰਧੀ (ਰਿਸ਼ਤੇਦਾਰ) ਹੈ, ਜੀਵਾਂ ਦਾ ਦਾਤਾ ਹੈ ਅਤੇ ਸ਼ਰਨ ਪਇਆਂ ਦੀ ਰੱਖਿਆ ਕਰਨ ਲਈ ਜੋਗੁ=ਸਮਰੱਥ ਹੈ॥ ੧॥

ਮੇਰੇ ਮਨ ਧਿਆਇ ਹਰਿ ਹਰਿ ਨਾਉ॥

ਹੇ ਮੇਰੇ ਮਨ ! ਤੂੰ ਉਸ ਹਰਿ ਹਰਿ ਦੇ ਨਾਮ ਨੂੰ ਧਿਆਉਣਾ ਕਰ।

ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ ॥ ੧ ॥ ਰਹਾਉ ॥

ਜੋ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਅੰਗ-ਸੰਗ ਹੋ ਕੇ ਜੀਵ ਦੀ ਸਹਾਇਤਾ ਕਰਦਾ ਹੈ, ਉਸ ਇਕ ਵਾਹਿਗੁਰੂ ਦੇ ਨਾਲ ਆਪਣੀ ਚਿਤ ਬਿਰਤੀ ਨੂੰ ਲਗਾਉਣਾ ਕਰ॥ ੧ ॥ ਰਹਾਉ ॥

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥

ਗੁਰਮੁਖ ਜਨ ਸੰਸਾਰ-ਸਮੁੰਦਰ ਤੋਂ ਤਰਨ ਵਾਸਤੇ ਵੇਦਾਂ ਸ਼ਾਸਤਰਾਂ ਦੁਆਰੇ ਪਰਮੇਸ਼ਰ ਨੂੰ ਧਿਆਉਂਦੇ ਹਨ।

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥ ੨ ॥

ਕਰਮ ਧਰਮ ਰੂਪ ਜੋ ਅਨੇਕ ਤਰ੍ਹਾਂ ਦੀ ਕਿਰਿਆ ਹੈ, ਇਨ੍ਹਾਂ ਸਾਰਿਆਂ ਕਰਮਾਂ ਤੋਂ ਉੱਤੇ ਨਾਮ ਸਿਮਰਨ ਦਾ ਅਚਾਰੁ=ਕਰਤਬ ਹੈ॥ ੨ ॥

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥

ਜਿਨ੍ਹਾਂ ਨੂੰ ਸਤਿਗੁਰ ਦੇਵ ਜੀ ਮਿਲਦੇ ਹਨ, ਉਨ੍ਹਾਂ ਦੇ ਅੰਦਰੋਂ ਕਾਮ, ਕ੍ਰੋਧ, ਹੰਕਾਰ (ਆਦਿਕ ਵਿਕਾਰ) ਨਾਸ ਹੋ ਜਾਂਦੇ ਹਨ।

ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥ ੩ ॥

ਗੁਰਾਂ ਪਾਸੋਂ ਵਾਹਿਗੁਰੂ ਨਾਮ ਪ੍ਰਾਪਤ ਕਰਕੇ ਜੋ ਦ੍ਰਿੜ=ਪੱਕੇ ਨਿਸਚੇ ਨਾਲ ਹਰੀ ਦੀ ਭਗਤੀ ਕਰਨੀ ਹੈ, ਏਹੋ ਪ੍ਰਭੂ ਦੀ ਸਭ ਤੋਂ ਚੰਗੀ ਸੇਵਾ ਹੈ॥ ੩ ॥

ਚਰਣ ਸਰਣ ਦਇਆਲ ਤੇਰੀ ਤੂੰ ਨਿਮਾਣੇ ਮਾਣੁ ॥

ਹੇ ਦਿਆਲੂ ਪ੍ਰਭੂ ! ਮੈਂ ਤੇਰੇ ਚਰਨਾਂ ਦੀ ਸ਼ਰਨ ਹਾਂ, ਤੂੰ ਹੀ ਮੈਂ ਨਿਮਾਣੇ ਨੂੰ ਮਾਣ ਦੇਣ ਵਾਲਾ ਹੈਂ।

ਜੀਅ ਪ੍ਰਾਣ ਅਧਾਰੁ ਤੇਰਾ ਨਾਨਕ ਕਾ ਪ੍ਰਭੁ ਤਾਣੁ ॥ ੪ ॥ ੨ ॥ ੧੩੭ ॥

ਜੀਅ ਅਤੇ ਪ੍ਰਾਣਾਂ ਨੂੰ ਤੇਰਾ ਹੀ ਅਧਾਰੁ=ਆਸਰਾ ਹੈ, ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਨਾਨਕ ਦਾ ਤੂੰ ਹੀ ਤਾਣੁ=ਬਲ ਹੈਂ॥ ੪ ॥ ੨ ॥ ੧੩੭ ॥

ਆਸਾ ਮਹਲਾ ੫ ॥

ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥

ਸੰਤਾਂ ਦੇ ਸੰਗ ਤੋਂ ਬਿਨਾਂ ਹੋਰ ਕਰਮਾਂ ਧਰਮਾਂ ਵਿਚ ਡੋਲਿ ਡੋਲਿ=ਭਟਕ ਭਟਕ ਕੇ ਬੜਾ ਭਾਰਾ ਦੁੱਖ ਪਾਇਆ ਹੈ।

ਖਾਟਿ ਲਾਭੁ ਗੋਬਿੰਦ ਹਰਿ ਰਸੁ ਪਾਰਬ੍ਰਹਮ ਇਕ ਰੰਗ ॥ ੧ ॥

ਹਰੀ ਗੋਬਿੰਦ ਵਿਚ ਰਸੁ=ਪ੍ਰੇਮ ਕਰਕੇ ਤੂੰ ਲਾਭ ਖਟਣਾ ਕਰ, ਤਾਂ ਤੂੰ ਪਾਰਬ੍ਰਹਮ ਨਾਲ ਮਿਲ ਕੇ ਇਕ ਰੰਗ=ਯਕ ਰੰਗੀ ਹੋ ਜਾਵੇਂਗਾ॥ ੧ ॥

ਹਰਿ ਕੋ ਨਾਮੁ ਜਪੀਐ ਨੀਤਿ ॥

ਨੀਤਿ=ਨਿਤਾਪ੍ਰਤੀ (ਹਮੇਸ਼ਾ) ਹਰੀ ਨਾਮ ਨੂੰ ਜਪਣਾ ਕਰ।

ਸਾਸਿ ਸਾਸਿ ਧਿਆਇ ਸੋ ਪ੍ਰਭੁ
ਤਿਆਗਿ ਅਵਰ ਪਰੀਤਿ ॥ ੧ ॥ ਰਹਾਉ ॥

ਅੰਦਰ ਸਵਾਸ ਜਾਂਦਿਆਂ, ਬਾਹਰ ਸਵਾਸ ਆਉਂਦਿਆਂ ਉਸ ਪ੍ਰਭੂ ਨੂੰ ਧਿਆਉਣਾ ਕਰ ਅਤੇ ਹੋਰਨਾਂ ਨਾਲੋਂ ਪ੍ਰੀਤੀ ਤਿਆਗ ਦੇ ॥ ੧ ॥ ਰਹਾਉ ॥

ਕਰਣ ਕਾਰਣ ਸਮਰਥ ਸੋ ਪ੍ਰਭੁ ਜੀਅ ਦਾਤਾ ਆਪਿ ॥

ਉਹ ਪ੍ਰਭੂ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ ਅਤੇ ਆਪ ਹੀ ਸਾਰਿਆਂ ਜੀਵਾਂ ਦਾ ਦਾਤਾ ਹੈ।

ਤਿਆਗਿ ਸਗਲ ਸਿਆਣਪਾ ਆਠ ਪਹਰ ਪ੍ਰਭੁ ਜਾਪਿ ॥ ੨ ॥

ਹੇ ਮਨ ! ਤੂੰ ਸਾਰੀਆਂ ਸਿਆਣਪਾਂ ਛੱਡ ਕੇ ਉਸ ਪ੍ਰਭੂ ਨੂੰ ਅੱਠੇ ਪਹਿਰ ਜਪਣਾ ਕਰ ॥ ੨ ॥

ਮੀਤੁ ਸਖਾ ਸਹਾਇ ਸੰਗੀ ਊਚ ਅਗਮ ਅਪਾਰੁ ॥

ਉਹ ਸਭ ਤੋਂ ਉੱਚਾ (ਅਗਮ ਅਪਾਰੁ) ਪਰਮਾਤਮਾ ਮਿੱਤਰ ਇਸ ਲੋਕ ਦਾ, ਸਖਾ ਪ੍ਰਲੋਕ ਦਾ ਅਤੇ ਅੰਗ-ਸੰਗ ਹੋ ਕੇ ਸਹਾਇਤਾ ਕਰਦਾ ਹੈ।

ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ ॥ ੩ ॥

ਹੇ ਮਨ ! ਉਸ ਵਾਹਿਗੁਰੂ ਦੇ ਕਮਲ ਵਰਗੇ ਕੋਮਲ ਤੇ ਮਾਇਆ ਤੇ ਪਦਾਰਥਾਂ ਰੂਪ ਜਲ ਤੋਂ ਨਿਰਲੇਪ ਰਹਿਣ ਵਾਲੇ ਚਰਨ ਆਪਣੇ ਹਿਰਦੇ ਵਿਚ ਵਸਾ ਲੈ, ਕਿਉਂਕਿ ਓਹੀ ਦਿਲ ਦਾ ਆਧਾਰੁ=ਆਸਰਾ ਰੂਪ ਹੈ ॥ ੩ ॥

ਕਰਿ ਕਿਰਪਾ ਪ੍ਰਭ ਪਾਰਬ੍ਰਹਮ ਗੁਣ ਤੇਰਾ ਜਸੁ ਗਾਉ ॥

ਹੇ ਪ੍ਰਭੂ ਪਾਰਬ੍ਰਹਮ ! ਇਹ ਕਿਰਪਾ ਕਰ, ਜੋ ਗੁਣ=ਵਿਚਾਰ ਕੇ
ਅਥਵਾ :-ਲਾਭਦਾਇਕ ਤੇਰਾ ਜਸ ਗਾਵਾਂ।

ਸਰਬ ਸੂਖ ਵਡੀ ਵਡਿਆਈ
ਜਪਿ ਜੀਵੈ ਨਾਨਕੁ ਨਾਉ ॥ ੪ ॥ ੩ ॥ ੧੩੮ ॥

ਸਾਰੇ ਸੁਖ ਅਤੇ ਵੱਡੀ ਵਡਿਆਈ, ਇਹੀ ਮੈਨੂੰ ਦਿਉ, ਜੋ ਆਪ ਦੇ ਨਾਮ ਨੂੰ ਜਪ ਕੇ ਜਿਉਂਦਾ ਰਹਾਂ ॥ ੪ ॥ ੩ ॥ ੧੩੮ ॥

ਆਸਾ ਮਹਲਾ ੫ ॥

ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥

ਹੇ ਭਾਈ ! ਠਾਕੁਰ ਦੀ ਪ੍ਰਾਪਤੀ ਦਾ ਆਪ ਉਦਮ ਕਰੋ ਅਤੇ ਹੋਰਨਾਂ ਪਾਸੋਂ ਕਰਾਵੋ ਅਤੇ ਸਾਧੂਆਂ ਦੇ ਸੰਗ ਨੂੰ ਦੇਖਣਾ ਕਰੋ।

ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥ ੧ ॥

ਸਤਸੰਗ ਰੂਪੀ ਮੱਟੀ ਵਿਚ, ਗੁਰੂ ਰੂਪੀ ਲਲਾਰੀ ਦੁਆਰਾ ਮਨ ਰੂਪੀ ਬਸਤਰ ਨੂੰ ਹਰਿ ਹਰਿ ਨਾਮ ਰੂਪੀ

ਰੰਗ ਚੜਾਵੋ ਤਾਂ ਆਪ ਹੀ ਪ੍ਰਭੂ ਰੰਗ ਦੇਵੇਗਾ॥ ੧॥

ਮਨ ਮਹਿ ਰਾਮ ਨਾਮਾ ਜਾਪਿ॥

ਮਨ ਵਿਚ ਰਾਮ ਨਾਮ ਜਪਣਾ ਕਰੋ, ਤੇ ਇੰਝ ਬੇਨਤੀ ਕਰੋ-

ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ॥ ੧॥ ਰਹਾਉ॥

ਹੇ ਵਾਹਿਗੁਰੂ ! ਕਿਰਪਾ ਕਰਕੇ ਮੇਰੇ ਹਿਰਦੇ ਵਿਚ ਵੱਸੋ, ਆਪ ਹੀ ਸਹਾਇਤਾ ਕਰਨ ਵਾਲੇ ਹੋਵੋ॥ ੧॥ ਰਹਾਉ॥

ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੂ ਪੇਖਨ ਕਾ ਚਾਉ॥

ਹੇ ਪ੍ਰੀਤਮ ਪ੍ਰਭੂ ! ਆਪ ਜੀ ਦਾ ਨਾਮ ਸੁਣ-ਸੁਣ ਕੇ ਆਪ ਜੀ ਦੇ ਦੇਖਣ ਦਾ ਚਾਉ=ਉਤਸ਼ਾਹ ਹੋ ਰਿਹਾ ਹੈ।

[ਪੰਨਾ ੪੦੬]

ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ॥ ੨॥

ਆਪਣੇ ਕਿਰਮ=ਦਾਸ ਉੱਤੇ ਕਿਰਪਾ ਦ੍ਰਿਸ਼ਟੀ ਕਰੋ, ਮੇਰੇ ਮਨ ਦੇ ਸੰਕਲਪ ਦਾ ਇਹੀ ਸੁਆਉ=ਲਾਭ ਹੈ॥ ੨॥

ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ॥

ਹੇ ਪ੍ਰਭੂ ! ਇਹ ਤਨ ਧਨ ਤੇਰਾ ਦਿੱਤਾ ਹੋਇਆ ਹੈ, ਤੂੰ ਮੇਰਾ ਮਾਲਕ ਹੈਂ, ਸਾਡੇ ਵਸ ਕੁਝ ਭੀ ਨਹੀਂ ਹੈ।

ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ॥ ੩॥

ਜਿਵੇਂ ਜਿਵੇਂ ਤੁਸੀਂ ਰੱਖਦੇ ਹੋ, ਤਿਵੇਂ ਤਿਵੇਂ ਅਸੀਂ ਰਹਿਣਾ ਕਰਦੇ ਹਾਂ ਅਤੇ ਤੇਰਾ ਹੀ ਦਿੱਤਾ ਹੋਇਆ ਪਦਾਰਥ ਖਾਂਦੇ ਹਾਂ॥ ੩॥

ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ॥

ਹੇ ਹਰੀ ! ਤੇਰੇ ਸੇਵਕ ਜਨਾਂ ਦੀ ਚਰਣ ਧੂੜੀ ਦਾ ਮਜਨੁ=ਇਸ਼ਨਾਨ ਜਨਮਾਂ ਜਨਮਾਂ ਦੇ ਕਿਲਵਿਖ=ਪਾਪਾਂ ਨੂੰ ਕੱਟ ਦਿੰਦਾ ਹੈ।

ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ॥੪॥੪॥੧੩੯॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਤੇਰੀ ਭਾਇ ਭਗਤਿ=ਪ੍ਰੇਮਾ ਭਗਤੀ ਕਰਕੇ ਪੰਜ ਪ੍ਰਕਾਰ ਦਾ ਭਰਮ ਤੇ ਜਮਾਂ ਦਾ ਡਰ ਨੱਸ ਜਾਂਦਾ ਹੈ ਅਤੇ ਸਦਾ ਹੀ ਆਪ ਜੀ ਦੀ ਹਜੂਰੀ ਵਿਚ ਵਸਦਾ ਹੈ॥ ੪॥ ੪॥ ੧੩੯॥

ਆਸਾ ਮਹਲਾ ੫॥

ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ॥

ਹੇ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ! ਤੇਰਾ ਦਰਸ਼ਨ ਉਹ ਪੁਰਸ਼ ਪਾਂਦਾ ਹੈ ਜਿਸਦੇ ਮੱਥੇ ਦੇ ਭਾਗ ਚੰਗੇ ਹਨ।

ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥ ੧ ॥

ਹੇ ਕਿਪਾਲੂ ਪ੍ਰਭੂ ! ਜਿਨ੍ਹਾਂ ਉੱਤੇ ਤੁਸੀਂ ਆਪਣੀ ਕਿਰਪਾ ਦ੍ਰਿਸ਼ਟੀ ਧਾਰੀ=ਕੀਤੀ ਹੈ, ਉਨ੍ਹਾਂ ਨੂੰ ਸਤਿਗੁਰਾਂ ਨੇ ਹਰੀ ਨਾਮ ਬਖ਼ਸ਼ਿਆ ਹੈ॥ ੧ ॥

ਕਲਿਜੁਗੁ ਉਧਾਰਿਆ ਗੁਰਦੇਵ ॥

ਕਲਜੁਗ ਨੇ ਭਿਆਨਕ ਰੂਪ ਧਾਰ ਕੇ ਗੁਰੂ ਨਾਨਕ ਦੇਵ ਜੀ ਦੇ ਪਾਸ ਆ ਕੇ ਬਹੁਤ ਸਾਰਾ ਸੰਬਾਦ ਕੀਤਾ ਤੇ ਬੜੀਆਂ ਭੇਟਾਂ ਵੀ ਦੇਂਦਾ ਰਿਹਾ ਪਰ ਮਹਾਰਾਜ ਜੀ ਨੇ ਕੁਝ ਵੀ ਕਬੂਲ ਨਹੀਂ ਕੀਤਾ। ਜਿਵੇਂ :-ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥

ਆਖਿਰ ਕਲਜੁਗ ਦੀ ਬੇਨਤੀ ਮੰਨ ਕੇ ਗੁਰਦੇਵਾਂ ਨੇ ਕਲਜੁਗ ਨੂੰ ਤਾਰ ਦਿੱਤਾ ਤੇ ਹੁਕਮ ਕੀਤਾ ਅਰਦਾਸ ਤੋਂ ਪਿਛੋਂ ਪ੍ਰਸ਼ਾਦ ਵਰਤਣ ਵੇਲੇ ਆ ਕੇ ਦਰਸ਼ਨ ਕਰ ਜਾਇਆ ਕਰ।

ਅਥਵਾ :-ਕਲਜੁਗ ਦੇ ਜੀਵਾਂ ਨੂੰ ਸਤਗੁਰਦੇਵਾਂ ਨੇ ਉਧਾਰਨਾ ਕੀਤਾ।

ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥ ੧ ॥ ਰਹਾਉ ॥

ਜਿਹੜੇ ਪੁਰਸ਼ ਤਨ ਕਰਕੇ ਮਲਮੂਤ=ਅਪਵਿੱਤ੍ਰ ਸਨ, ਬਾਣੀ ਕਰਕੇ ਮੂੜ=ਮੂਰਖ ਸਨ, ਮਨ ਕਰਕੇ ਮੁਘਦ ਸਨ, ਉਹ ਸਾਰੇ ਹੁਣ ਗੁਰਮੁਖ ਬਣ ਕੇ ਤੇਰੀ ਸੇਵਾ ਵਿਚ ਲਗੇ ਹੋਏ ਹਨ॥ ੧ ॥ ਰਹਾਉ ॥

ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥

ਹੇ ਪਰਮੇਸ਼ਰ ! ਆਪ ਹੀ ਕਰਤਾ ਹੋ ਕੇ ਸਾਰੀ ਸ੍ਰਿਸ਼ਟੀ ਨੂੰ ਧਾਰਦਾ ਹੈਂ, ਪੁਨਾ-ਤੂੰ ਆਪ ਹੀ ਸਾਰਿਆਂ ਵਿਚ ਸਮਾ ਰਿਹਾ ਹੈਂ। *ਅਥਵਾ* :-ਹੇ ਪਰਮੇਸ਼ਰ ! ਤੂੰ ਆਪ ਸਾਰੀ ਸ੍ਰਿਸ਼ਟੀ ਦਾ ਕਰਤਾ ਹੈਂ, ਫਿਰ ਆਪ ਹੀ ਧਰਤਾ=ਪਾਲਦਾ ਹੈਂ, ਆਪ ਹੀ ਸਾਰਿਆਂ ਵਿਚ ਸਮਾ ਰਿਹਾ ਹੈਂ।

ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥ ੨ ॥

ਨਾਮ ਦੀ ਦਾਤ ਵੰਡਣ ਕਰਕੇ ਜਿਸ ਵੇਲੇ ਸਾਰੀ ਸ੍ਰਿਸ਼ਟੀ ਚਰਨਾਂ ਵਿਚ ਆ ਕੇ ਪਈ ਤਾਂ ਇਸ ਕੌਤਕ ਨੂੰ ਦੇਖ ਕੇ ਧਰਮ ਰਾਜਾ ਵੀ ਬਿਸਮਾਦੁ=ਅਸਚਰਜ ਹੋਇਆ॥ ੨ ॥

ਸਤਜੁਗੁ ਤ੍ਰੇਤਾ ਦੁਆਪੁਰ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥

ਸਤਿਜੁਗ, ਤਰੇਤਾ, ਦੁਆਪਰ ਇਹ ਜੋ ਤਿੰਨ ਜੁਗ ਕਥਨ ਕੀਤੇ ਹਨ, ਇਨ੍ਹਾਂ ਸਾਰਿਆਂ ਜੁਗਾਂ ਵਿਚੋਂ ਕਲਜੁਗ ਉੱਤਮ ਕਿਹਾ ਹੈ। ਕਿਉਂਕਿ ਸਤਿਜੁਗ ਵਿਚ ਜੇ ਕੋਈ ਪੁਰਸ਼ ਮਾੜੇ ਕੰਮ ਕਰਦਾ ਸੀ, ਤਾਂ ਉਸਦੇ ਪਿਛੇ ਸਾਰਾ ਦੇਸ਼ ਦੁਖੀ ਹੁੰਦਾ ਸੀ। ਜਿਵੇਂ :-ਇਕ ਜੁਜਾਤੀ ਅਥਵਾ ਬੇਣੂ ਨਾਮੇ ਰਾਜਾ ਸੀ, ਸਤਜੁਗ ਵਿਚ ਉਹ ਇਕ ਸਮੇਂ ਸ਼ਿਕਾਰ ਖੇਡਣ ਵਾਸ਼ਤੇ ਜੰਗਲ ਵਿਚ ਗਿਆ। ਅੱਗੇ ਜੰਗਲ ਵਿਚ ਸ਼ੁਕਰਾਚਾਰਯ ਦੀ ਲੜਕੀ ਦੇਵਯਾਨੀ, ਖੇਡ ਰਹੀ ਸੀ। ਉਸ ਨੂੰ ਦੇਖ ਕੇ ਜੁਜਾਤੀ ਰਾਜਾ ਮੋਹਿਤ ਹੋ ਗਿਆ। ਜਬਰਦਸਤੀ ਦੇਵਯਾਨੀ ਨਾਲ ਭੋਗ ਕੀਤਾ, ਤਾਂ ਉਸ ਨੇ ਘਰ ਵਿਚ ਆ ਕੇ ਆਪਣੇ ਪਿਤਾ ਸ਼ੁਕਰ ਨੂੰ ਦੱਸ ਦਿੱਤਾ ਕਿ ਅੱਜ ਜੰਗਲ ਵਿਚ ਮੇਰੇ ਨਾਲ ਜੁਜਾਤੀ ਰਾਜਾ ਨੇ ਜਬਰਦਸਤੀ ਮਾੜਾ ਕੰਮ ਕੀਤਾ ਹੈ। ਇਹ ਗੱਲ ਸੁਣਦਿਆਂ ਸਾਰ ਸ਼ੁਕਰ ਨੂੰ ਬੜਾ ਗੁੱਸਾ ਚੜਿਆ ਤੇ ਤੱਤੀ ਰੇਤ ਦੀ ਵਰਖਾ ਕਰਕੇ ਸਾਰਾ ਦੇਸ਼ ਸਾੜ ਦਿੱਤਾ।

੨ — ਤ੍ਰੇਤੇ ਜੁਗ ਵਿਚ ਇਕ ਪੁਰਸ਼ ਬੁਰਾ ਕੰਮ ਕਰਦਾ, ਤਾਂ ਉਸਦੇ ਪਿਛੇ ਸਾਰੀ ਨਗਰੀ ਦੁੱਖੀ ਹੁੰਦੀ ਸੀ। ਜਿਵੇਂ :-ਰਾਵਨ ਨੇ ਸੀਤਾ ਚੁਰਾਈ, ਤਾਂ ਉਸ ਦੀ ਸਾਰੀ ਲੰਕਾ ਤੰਗ ਹੋਈ ਸੀ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ :-

ਸਤਜੁਗ ਕਾ ਅਨਿਆਉ ਸੁਣ ਇਕ ਫੇੜੈ ਸਭ ਦੇਸ ਮਰਾਵੈ॥
ਤਰੇਤੈ ਨਗਰੀ ਪੀੜੀਐ ਦੁਆਪੁਰਿ ਵੰਸ ਕੁਵੰਸ ਕਹਾਵੈ॥
ਕਲਜੁਗ ਜੋ ਫੇੜੈ ਸੋ ਪਾਵੈ॥ ੧੩॥ (ਵਾਰ ੧)

੩ — ਦੁਆਪੁਰ ਜੁਗ ਵਿਚ ਇਕ ਪੁਰਸ਼ ਭੈੜਾ ਕੰਮ ਕਰਦਾ ਸੀ, ਤਾਂ ਸਾਰੀ ਕੁਲ ਦਾ ਨਾਸ਼ ਹੁੰਦਾ ਸੀ। ਜਿਵੇਂ :-ਸਾਂਭਾ ਨਾਮ ਕਰਕੇ ਕ੍ਰਿਸ਼ਨ ਜੀ ਦਾ ਇਕ ਪੁਤਰ ਸੀ, ਉਸਦੇ ਪੇਟ ਨਾਲ ਤਸਲਾ ਬੰਨ੍ਹ ਕੇ ਲੜਕੀ ਵਾਲਾ ਪਹਿਰਾਵਾ ਧਾਰ ਕੇ ਬਹੁਤੇ ਸਾਰੇ ਲੜਕੇ ਕੱਠੇ ਹੋ ਕੇ ਦੁਰਬਾਸਾ ਜੀ ਪਾਸੋਂ ਜਾ ਕੇ ਪੁੱਛਣ ਲਗੇ ਕਿ ਰਿਖੀ ਜੀ ! ਇਸਦੇ ਪੇਟ ਵਿਚੋਂ ਕੀ ਹੋਵੇਗਾ ? ਰਿਖੀ ਜੀ ਨੇ ਕਿਹਾ- ਮਖੌਲ ਆਪੋ ਜੋੜਿਆਂ ਨਾਲ ਕਰੀਦਾ ਹੈ, ਸਾਨੂੰ ਕੁਝ ਨਾ ਕਹੋ ? ਪਰ ਰਿਖੀ ਜੀ ਦੇ ਮਨ੍ਹਾ ਕਰਨ 'ਪਰ ਵੀ ਲੜਕੇ ਨਾ ਹਟੇ, ਆਪਣੇ ਬਚਪਨ ਵਾਲੇ ਸੁਭਾਵ ਕਰਕੇ ਬਾਰ-ਬਾਰ ਪੁੱਛਣ ਕਿ ਰਿਖੀ ਜੀ ! ਇਸ ਵਿਚੋਂ ਕੌਣ ਪੈਦਾ ਹੋਵੇਗਾ ? ਜਦ ਬਾਰ ਬਾਰ ਸਤਾਇਆ ਤਾਂ ਰਿਖੀ ਜੀ ਨੇ ਕਿਹਾ, 'ਇਸ ਵਿਚੋਂ ਉਹ ਪੈਦਾ ਹੋਵੇਗਾ ਜੋ ਤੁਹਾਡੀ ਕੁਲ ਦਾ ਨਾਸ ਕਰੇਗਾ।' ਸੋ, ਦੇਖੋ ਰਿਖੀ ਜੀ ਦੇ ਸਰਾਪ ਕਰਕੇ ਸਾਰੀ ਜਾਦਵ ਕੁਲ ਦਾ ਅਭਾਵ ਹੋ ਗਿਆ। ਏਸੇ ਕਰਕੇ ਇਨ੍ਹਾਂ ਸਾਰਿਆਂ ਜੁਗਾਂ ਵਿਚੋਂ ਕਲਜੁਗ ਉੱਤਮ ਹੈ।ਕਿਉਂਕਿ

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥ ੩॥

ਇਸ ਕਲਜੁਗ ਵਿਚ ਜੋ ਕਰਮ ਅਹਿ ਕਰੁ=ਇਹ ਹੱਥ ਕਰਦਾ ਹੈ, ਉਸ ਕਰਮ ਦਾ ਫਲ ਅਹਿ ਕਰੁ=ਏਹੋ ਹੱਥ ਪਾਉਂਦਾ ਹੈ। ਜਿਵੇਂ ਖੱਬੇ ਹੱਥ ਨਾਲ ਜ਼ਿਮੀਂਦਾਰ ਦਾਣਾ ਜ਼ਮੀਨ ਵਿਚ ਬੀਜਦਾ ਹੈ ਤਾਂ ਵੱਢਣ ਵੇਲੇ ਵੀ ਬੂਟਾ ਖੱਬੇ ਹੱਥ ਹੁੰਦਾ ਹੈ ਤੇ ਦਾਤ੍ਰੀ ਸੱਜੇ ਹੱਥ ਹੁੰਦੀ ਹੈ। ਇਹ ਨਿਯਮ ਹੈ, ਜੇਕਰ ਖੱਬਾ ਹੱਥ ਜੋ ਕਰਮ ਕਰੇਗਾ, ਉਸ ਦਾ ਫਲ ਖੱਬਾ ਹੱਥ ਹੀ ਭੋਗੇਗਾ। ਜੇ ਸੱਜਾ ਹੱਥ ਕਰੇਗਾ ਤਾਂ ਉਸਦਾ ਫਲ ਸੱਜੇ ਹੱਥ ਨੂੰ ਭੁਗਤਣਾ ਪਏਗਾ। ਕਿਸੇ ਦੀ ਥਾਂ ਹੋਰ ਕਿਸੇ ਦੂਜੇ ਨੂੰ ਨਹੀਂ ਫੜਿਆ ਜਾਂਦਾ॥ ੩॥

ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ॥

ਹੇ ਹਰਿ ਜੀਉ ! ਤੂੰ ਓਹੀ ਕੰਮ ਕਰਦਾ ਹੈਂ, ਜੋ ਤੇਰੇ ਪਾਸੋਂ ਤੇਰੇ ਭਗਤ ਜਾਚਹਿ=ਮੰਗਦੇ ਹਨ, ਕਿਉਂਕਿ ਤੇਰਾ ਬਿਰਦੁ=ਧਰਮ ਹੀ ਇਸ ਪ੍ਰਕਾਰ ਦਾ ਹੈ।

ਕਰ ਜੋੜਿ ਨਾਨਕ ਦਾਨੁ ਮਾਗੈ
ਅਪਣਿਆ ਸੰਤਾ ਦੇਹਿ ਹਰਿ ਦਰਸੁ॥ ੪॥ ੫॥ ੧੪੦॥

ਗੁਰੂ ਜੀ ਕਥਨ ਕਰਦੇ ਹਨ-ਮੈਂ ਕਰ=ਹੱਥ ਜੋੜ ਕੇ ਤੇਰੇ ਪਾਸੋਂ ਇਹ ਦਾਨ ਮੰਗਦਾ ਹਾਂ, ਕਿ ਹੇ ਹਰੀ! ਹਰ ਵੇਲੇ ਤੂੰ ਆਪਣਿਆਂ ਸੰਤਾਂ ਦਾ ਦਰਸ਼ਨ ਦੇਣਾ ਕਰ॥ ੪॥ ੫॥ ੧੪੦॥

ਰਾਗੁ ਆਸਾ ਮਹਲਾ ੫ ਘਰੁ ੧੩ ੧ੴ ਸਤਿਗੁਰ ਪ੍ਰਸਾਦਿ॥
ਸਤਿਗੁਰ ਬਚਨ ਤੁਮ੍ਹਾਰੇ॥ ਨਿਰਗੁਣ ਨਿਸਤਾਰੇ॥ ੧॥ ਰਹਾਉ॥

ਹੇ ਸਤਿਗੁਰੂ ਜੀ ! ਆਪ ਜੀ ਦੇ ਬਚਨ=ਉਪਦੇਸ਼ ਨੇ ਨਿਰਗੁਣ=ਗੁਣ ਹੀਣਿਆਂ ਨੂੰ ਭੀ ਤਾਰ ਦਿੱਤਾ ਹੈ॥ ੧॥ ਰਹਾਉ॥

ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥ ੧॥

ਮਹਾ ਬਿਖਾਦੀ=ਬਹੁਤ ਵਿਸ਼ਿਆਂ ਦੇ ਅਦਨ ਕਰਨ ਵਾਲੇ ਦੁਸ਼ਟ ਅਪਵਾਦੀ=ਝਗੜਾਲੂ ਸਨ, ਉਹ ਆਪ ਜੀ ਦੇ ਸੰਗਾਰੇ=ਸੰਗ ਕਰਕੇ ਪੁਨੀਤ=ਪਵਿਤ੍ਰ ਹੋਏ ਹਨ।

ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ॥ ੨॥

ਜੋ ਜਨਮਾਂ ਵਿਚ ਭੌਂਦੇ ਅਤੇ ਨਰਕਾਂ ਵਿਚ ਪੈਂਦੇ ਸਨ ਉਨ੍ਹਾਂ ਦੇ ਕਈ ਕੁਲਾਂ ਦੇ ਜੀਵ ਤਾਰ ਦਿੱਤੇ ਹਨ।

ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥ ੩॥

ਜਿਨ੍ਹਾਂ ਨੂੰ ਨਾ ਕੋਈ ਜਾਣਦਾ ਸੀ, ਨਾ ਕੋਈ ਮੰਨਦਾ ਸੀ; ਉਹ ਹਰੀ ਦੇ ਦੁਆਰੇ ਵਿਚ ਪ੍ਰਗਟ ਹੋਏ ਹਨ।

ਕਵਨ ਉਪਮਾ ਦੇਉ ਕਵਨ ਵਡਾਈ
ਨਾਨਕ ਖਿਨੁ ਖਿਨੁ ਵਾਰੇ॥ ੪॥ ੧॥ ੧੪੧॥

ਕਿਸ ਉਪਮਾਨ ਦੀ ਉਪਮਾ ਦੇਵਾਂ ਅਤੇ ਮੈਂ ਕੀ ਹਾਂ ਜੋ ਆਪ ਦੀ ਵਡਿਆਈ ਕਹਿ ਸਕਾਂ, ਮੈਂ ਤਾਂ ਆਪ ਜੀ ਉਪਰੋਂ ਖਿਨ ਖਿਨ ਸਮੇਂ ਵਿਚ ਵਾਰੇ=ਬਲਿਹਾਰ ਜਾਂਦਾ ਹਾਂ॥ ੪॥ ੧॥ ੧੪੧॥

ਆਸਾ ਮਹਲਾ ੫॥ ਬਾਵਰ ਸੋਇ ਰਹੇ॥ ੧॥ ਰਹਾਉ॥

ਬਾਵਰ=ਝੱਲੇ ਪੁਰਸ਼ ਮੋਹ ਅਤੇ ਅਵਿੱਦਿਆ ਰੂਪ ਨਿੰਦ੍ਰਾ ਵਿਚ ਸੌਂ ਰਹੇ ਹਨ।

ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ॥ ੧॥

ਕੁਟੰਬ ਦੇ ਮੋਹ ਕਰਕੇ ਵਿਸ਼ੇ ਰਸਾਂ ਵਿਚ ਮਸਤ ਹਨ, ਜਿਨ੍ਹਾਂ ਪਦਾਰਥਾਂ ਦਾ ਗ੍ਰਹਿਣ ਕਰਨਾ ਮਿਥਿਆ ਹੈ, ਉਨ੍ਹਾਂ ਨੂੰ ਗਹੇ=ਫੜ ਰਹੇ ਹਨ। *ਅਥਵਾ :-* ਗ੍ਰਹਿਣ ਕਰਨ ਵਾਲੇ ਹੋ ਕੇ ਮਿਥਿਆ ਪਦਾਰਥਾਂ ਨੂੰ ਫੜ ਰਹੇ ਹਨ॥ ੧॥

ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖਿ ਸਤਿ ਕਹੇ॥ ੨॥

ਜੋ ਪਦਾਰਥ ਮਨੋਰਥ=ਮਨੋਰਾਜ ਦੇ ਅਨੰਦ ਸਮਾਨ ਅਤੇ ਸੁਪਨ ਦੇ ਉਲਾਸ=ਉਤਸ਼ਾਹ ਸਮਾਨ ਮਿਥਨ=ਝੂਠੇ ਹਨ, ਮਨਮੁਖ ਪੁਰਸ਼ ਉਨ੍ਹਾਂ ਨੂੰ ਸਤਿ ਕਹਿੰਦਾ ਹੈ॥ ੨॥

ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ॥ ੩॥

ਅੰਮ੍ਰਿਤ ਰੂਪ ਨਾਮ ਪਦਾਰਥ ਜੀਵ ਦੇ ਨਾਲ ਹੀ ਹੈ, ਪਰ ਇਹ ਮੂਰਖ ਜੀਵ ਉਸ ਦਾ ਤਿਲ ਮਾਤ੍ਰ ਵੀ ਭੇਦ ਨਹੀਂ ਲਖਦਾ॥ ੩॥

ਕਰਿ ਕਿਰਪਾ ਰਾਖੇ ਸਤਸੰਗੇ ਨਾਨਕ ਸਰਣਿ ਆਹੇ॥ ੪॥ ੨॥ ੧੪੨॥

ਪਰਮੇਸ਼ਰ ਨੇ ਕਿਰਪਾ ਕਰਕੇ ਜਿਹੜੇ ਪੁਰਸ਼ ਸਤਿਸੰਗ ਵਿਚ ਰੱਖੇ ਹਨ, ਉਹੀ ਪੁਰੰਸ਼ ਵਾਹਿਗੁਰੂ ਦੀ ਸ਼ਰਨ ਵਿਚ ਆਏ ਹਨ॥ ੪॥ ੨॥ ੧੪੨॥

ਆਸਾ ਮਹਲਾ ੫ ਤਿਪਦੇ ॥ ਓਹਾ ਪ੍ਰੇਮ ਪਿਰੀ ॥ ੧ ॥ ਰਹਾਉ ॥

ਉਹ ਜੋ ਪਿਰੀ=ਪਰਮਾਤਮਾ ਦੀ ਪਿਆਰੀ ਹੈ॥ ੧ ॥ ਰਹਾਉ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥ ੧ ॥

ਉਸ ਦੇ ਤੁਲ ਨਾ ਕਨਿਕ=ਸੋਨਾ ਹੈ, ਨਾ ਮਾਣਿਕ ਹਨ, ਨਾ ਹੀ ਗਜ ਮੋਤੀ ਹਨ, ਨਾ ਹੀ ਲਾਲਨ=ਲਾਲ ਹਨ॥ ੧ ॥

ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥ ੨ ॥

ਪੁਨਾ :-ਉਸ ਪਿਰੀ ਦੇ ਪ੍ਰੇਮ ਤੁਲ ਨਾ ਰਾਜ ਹੈ ਨਾ ਭਾਗ ਹੈ, ਨਾ ਹੁਕਮ ਹੈ, ਨਾ ਹੀ ਪਦਾਰਥਾਂ ਦਾ ਅਨੰਦ ਹੈ। *ਅਥਵਾ* :-ਨਾ ਹੀ ਸਾਦਨ=ਮੰਦਰ ਹਨ। ਇਸ ਵਾਸਤੇ ਮੈਂ ਨਾ ਕੁਝ ਰਾਜ ਭਾਗ ਨੂੰ ਚਾਹੁੰਦਾ ਹਾਂ, ਨਾ ਕੁਝ ਹੁਕਮ ਕਰਨਾ ਚਾਹੁੰਦਾ ਹਾਂ, ਨਾ ਹੀ ਕੁਝ ਸੁਆਦਾਂ ਨੂੰ ਚਾਹੁੰਦਾ ਹਾਂ॥ ੨ ॥

[ਪੰਨਾ ੪੦੭]

ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥

ਜਿਨ੍ਹਾਂ ਨੇ ਸੰਤਾਂ ਦੇ ਚਰਨਾਂ ਦੀ ਸ਼ਰਨ ਲੈ ਕੇ ਬੰਦਨ=ਨਮਸ਼ਕਾਰ ਕੀਤੀ ਹੈ। ਉਹ ਲੋਕ ਪ੍ਰਲੋਕ ਵਿਚ ਸੁਖ ਹੀ ਸੁਖ ਪਾਉਂਦੇ ਹਨ।

ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥ ੩ ॥ ੩ ॥ ੧੪੩ ॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦੀ ਤਪਤਿ=ਤਪਸ਼ ਹਰੀ=ਦੂਰ ਹੋਈ ਹੈ, ਜਿਹੜੇ ਪ੍ਰੇਮ ਨੂੰ ਧਾਰ ਕੇ ਪਿਰੀ=ਪਰਮਾਤਮਾ ਨਾਲ ਮਿਲੇ ਹਨ॥ ੩ ॥ ੩ ॥ ੧੪੩ ॥

ਆਸਾ ਮਹਲਾ ੫ ॥ ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥

ਧੰਨ ਗੁਰੂ ਹਨ, ਜਿਨ੍ਹਾਂ ਨੇ ਕਿਰਪਾ ਕਰਕੇ ਗਿਆਨ ਵੈਰਾਗ ਰੂਪੀ ਨੇਤਰਾਂ ਨੂੰ ਵਿਖਾਇਆ ਹੈ।

ਨਾਨਕ ਸੇ ਅਖੜੀਆਂ ਥਿਅੰਨ ਜਿਨੀ ਡਿਸੰਦੋ ਮਾ ਪਿਰੀ ॥

ਅਥਵਾ :-ਗੁਰੂ ਨੇ ਲੋਇਨਾ=ਨੇਤਰਾਂ ਵਾਲਾ ਪਰਮੇਸ਼ਰ ਵਿਖਾਇਆ ਹੈ।

ਅਥਵਾ :-ਗੁਰੂ ਨੇ ਲੋਇਨਾ=ਅੱਖਾਂ ਨਾਲ ਸਖਿਆਤ ਪਰਮੇਸ਼ਰ ਦਿਖਾਇਆ ਹੈ।

ਅਥਵਾ :-ਲੋਇਨਾ=ਸੁੰਦਰ ਪਰਮੇਸ਼ਰ ਦਿਖਾਇਆ॥ ੧ ॥ ਰਹਾਉ॥

ਈਤਹਿ ਊਤਹਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥ ੧ ॥

ਈਤਹਿ=ਇਸ ਲੋਕ ਦੇ ਘਟਾਂ ਘਟਾਂ ਵਿਚ ਭੀ ਹੇ ਮੋਹਿਨਾ ! ਤੂੰ ਆਪ ਹੀ ਪੂਰਨ ਹੈਂ। ਊਤਹਿ=ਪਰਲੋਕ ਦੇ ਘਟਾਂ ਘਟਾਂ ਵਿਚ ਭੀ ਹੇ ਮੋਹਿਨਾ ! ਤੂੰ ਹੀ ਪੂਰਨ ਹੈਂ॥ ੧ ॥

ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥ ੨ ॥

ਸਭ ਕਾਰਨਾਂ ਦੇ ਕਰਨ ਵਾਲੇ ਹੋ ਅਤੇ ਧਾਰਨ=ਮਰਯਾਦਾ ਦੇ ਧਾਰਨ ਵਾਲੇ ਹੋ, ਏਕੋ ਏਕ ਤੂੰ ਹੀ ਸਾਰੇ

ਸੋਭਨੀਕ ਹੈਂ॥ ੨॥

ਸੰਤਨ ਪਰਸਨ ਬਲਿਹਾਰੀ ਦਰਸਨ॥
ਨਾਨਕ ਸੁਖਿ ਸੁਖਿ ਸੋਇਨਾ॥ ੩॥ ੪॥ ੧੪੪॥

ਸੰਤਾਂ ਦੇ ਦਰਸ਼ਨ ਪਰਸਨ ਕਰਨ ਤੋਂ ਬਲਿਹਾਰ ਜਾਂਦੇ ਹਾਂ। *ਅਥਵਾ*-ਸੰਤਾਂ ਦੇ ਚਰਨ ਪਰਸਨੇ ਤੋਂ ਅਤੇ ਸੰਤਾਂ ਦੇ ਦਰਸ਼ਨ ਤੋਂ ਬਲਿਹਾਰ ਜਾਂਦੇ ਹਾਂ। ਪਰਸਨਾ ਹੁੰਦਾ ਹੈ, ਪਾਸ ਬੈਠ ਕੇ ਸੇਵਾ ਕਰਨੀ ਤੇ ਦਰਸ਼ਨ ਦੂਰੋਂ ਹੁੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ-ਤਾਂ ਸੁਖ ਹੀ ਸੁਖ ਵਿਚ ਸੋਇਨਾ=ਇਸਥਿਤ ਹੁੰਦਾ ਹੈ॥ ੩॥ ੪॥ ੧੪੪॥

ਆਸਾ ਮਹਲਾ ੫॥ ਹਰਿ ਹਰਿ ਨਾਮੁ ਅਮੋਲਾ॥
ਓਹੁ ਸਹਜਿ ਸੁਹੇਲਾ॥ ੧॥ ਰਹਾਉ॥

ਹਰਿ ਹਰਿ ਦਾ ਜੋ ਅਮੋਲਕ ਨਾਮ ਹੈ ਉਸ ਨੂੰ ਜੋ ਜਪਦਾ ਹੈ, ਉਹ ਸੁਤੇ ਹੀ ਸੁਹੇਲਾ=ਸੋਭਨੀਕ *ਅਥਵਾ*-ਸੁਖੀ ਹੁੰਦਾ ਹੈ॥ ੧॥ ਰਹਾਉ॥

ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ॥ ੧॥

ਅਗਹ=ਅਪਕੜ ਅਤੇ ਅਤੋਲ ਜੋ ਪਰਮਾਤਮਾ ਹੈ, ਉਹ ਸੰਗ ਹੋ ਕੇ ਸਹਾਇਤਾ ਕਰਦਾ ਹੈ, ਦਾਸਾਂ ਨੂੰ ਛੱਡ ਕੇ ਹੋਰ ਕਿਤੇ ਜਾਂਦਾ ਨਹੀਂ ਹੈ॥ ੧॥

ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ॥ ੨॥

ਜੋ ਪਰਮੇਸ਼ਰ ਭਗਤਾਂ ਦਾ ਓਲਾ=ਆਸਰਾ ਰੂਪ ਹੈ, ਓਹੀ ਮੇਰਾ ਪਿਆਰਾ ਪ੍ਰੀਤਮ, ਭਰਾ, ਪਿਉ ਅਤੇ ਮਾਤਾ ਰੂਪ ਹੈ॥ ੨॥

ਅਲਖੁ ਲਖਾਇਆ ਗੁਰ ਤੇ ਪਾਇਆ
ਨਾਨਕ ਇਹੁ ਹਰਿ ਕਾ ਚੋਲ੍ਹਾ॥ ੩॥ ੫॥ ੧੪੫॥

ਅਲਖ ਰੂਪ ਪਰਮਾਤਮਾ ਦਾ ਲਖਾਇਆ=ਜਣਾਉ ਗੁਰਾਂ ਤੋਂ ਪਾਇਆ ਹੈ। ਗੁਰੂ ਜੀ ਕਥਨ ਕਰਦੇ ਹਨ-ਇਹ ਹਰੀ ਦਾ ਨਾਮ ਭਗਤਾਂ ਦਾ ਅਤਿਅੰਤ ਪਿਆਰਾ ਚੋਲ੍ਹਾ=ਸਨਿਗਧ ਭੋਜਨ ਹੈ, ਚੋਲਾ ਭੋਜਨ ਵਿਚ ਤਿੰਨ ਵਸਤੂਆਂ ਹੁੰਦੀਆਂ ਹਨ-ਖੰਡ, ਘਿਉ, ਮੈਦਾ। ਇਧਰ ਖੰਡ-ਭਗਤੀ, ਮੈਦਾ-ਗਿਆਨ, ਘਿਉ=ਪ੍ਰੇਮ ਹੈ।

ਅਥਵਾ :-ਇਹ ਮਨੁੱਖਾ ਦੇਹ ਰੂਪੀ ਚੋਲਾ ਹਰੀ ਦੀ ਪ੍ਰਾਪਤੀ ਕਰਨ ਵਾਲਾ ਹੈ। *ਅਥਵਾ* :-ਗੁਰਮੁਖਾਂ ਨੇ ਇਸ ਮਨੁੱਖਾ ਦੇਹ ਵਿਚ ਹਰੀ ਨੂੰ ਚੋਲ੍ਹਾ=ਚੋਲਿਆ ਭਾਵ ਗ੍ਰਹਿਣ ਕੀਤਾ ਹੈ।

ਅਥਵਾ :-ਇਹ ਚੋਲ੍ਹਾ ਪਿੰਡ ਹਰੀ ਦੇ ਭਗਤਾਂ ਦਾ ਹੈ। ਗੁਰੂ ਸਾਹਿਬ ਜੀ ਨੇ ਇਹ ਸ਼ਬਦ ਉਸ ਵੇਲੇ ਉਚਾਰਿਆ ਹੈ। ਜਦ ਸ੍ਰੀ ਤਰਨ ਤਾਰਨ ਰਚਿਆ ਹੈ ਤਾਂ ਇਕ ਭੈਣੀ ਨਾਮੇ ਨਗਰ ਵਿਚ ਇਕ ਬਜ਼ੁਰਗ ਮਾਈ ਯਾਦ ਕਰ ਰਹੀ ਸੀ ਕਿ ਗੁਰੂ ਸਾਹਿਬ ਜੀ ਮੈਨੂੰ ਇਥੇ ਆ ਕੇ ਦਰਸ਼ਨ ਦੇਣ, ਤਾਂ ਮੈਂ ਮਕਈ ਦੀ ਚੂਰੀ ਕੁਟ ਕੇ ਖੁਆਵਾਂਗੀ। ਉਸ ਦੇ ਪ੍ਰੇਮ ਦੇ ਖਿੱਚੇ ਹੋਏ ਜਦ ਗੁਰੂ ਜੀ ਘੋੜੇ ਉੱਤੇ ਚੜ੍ਹੇ ਚੜ੍ਹਾਏ ਮਾਈ ਦੇ ਬੂਹੇ ਅੱਗੇ ਜਾ ਖਲੋਤੇ ਤੇ ਇੰਞ ਕਿਹਾ ਮਾਤਾ ਜੀ ਬੜੀ ਭੁੱਖ ਲੱਗੀ ਹੈ ਕੁਝ ਹੈ ਤਾਂ ਲਿਆ ਕੇ ਖੁਆਓ। ਇਹ ਗੱਲ ਸੁਣ ਕੇ

ਮਾਈ ਬਹੁਤ ਪ੍ਰਸੰਨ ਹੋਈ ਹਿਰਦਾ ਕਵਲ ਖਿੜ ਆਇਆ ਤੇ ਬਾਹਰ ਆ ਕੇ ਚਰਨਾਂ ਉੱਤੇ ਸਿਰ ਰੱਖ ਕੇ ਚਰਨ ਚੁੰਮੇ ਤੇ ਮਕਈ ਦੀ ਚੂਰੀ ਕੁਟ ਕੇ ਖੁਆਈ। ਗੁਰੂ ਜੀ ਨੇ ਪ੍ਰਸੰਨ ਹੋ ਕੇ ਵਰ ਦਿੱਤਾ ਕਿ ਇਸ ਪਿੰਡ ਦਾ ਨਾਮ ਹੁਣ ਤੋਂ ਚੋਲ਼ਾ ਸਾਹਿਬ ਹੈ। ਲੋਕਾਂ ਨੇ ਆਖਿਆ-'ਗਰੀਬ ਨਿਵਾਜ਼ ਜੀਉ ! ਦਫ਼ਤਰਾਂ ਵਿਚ ਤਾਂ ਇਸ ਦਾ ਨਾਮ ਭੈਣੀ ਹੈ ਤੇ ਅਸੀਂ ਚੋਲ਼ਾ ਸਾਹਿਬ ਕਿਵੇਂ ਕਹੀਏ।' ਗੁਰੂ ਸਾਹਿਬ ਨੇ ਕਿਹਾ-'ਡਰੋ ਨਾ ਦਫਤਰਾਂ ਵਿਚ ਵੀ ਇਸ ਦਾ ਨਾਮ ਚੋਲ਼ਾ ਸਾਹਿਬ ਹੋਵੇਗਾ। ਤੁਸੀਂ ਹੁਣ ਜਦ ਮਾਮਲਾ ਦੇਣ ਜਾਓਗੇ ਤਾਂ ਜਾਂਦਿਆਂ ਏਹੀ ਆਖਣਾ ਕਿ ਚੋਲ਼ੇ ਪਿੰਡ ਦਾ ਮਾਮਲਾ ਦੇਣ ਆਏ ਹਾਂ।' ਜਦ ਉਸ ਪਿੰਡ ਦੇ ਲੋਕ ਮਾਮਲਾ ਦੇਣ ਗਏ ਤਾਂ ਜਾ ਕੇ ਆਖਿਆ-'ਚੋਲ਼ੇ ਪਿੰਡ ਦਾ ਮਾਮਲਾ ਲੈ ਲਓ।' ਤਹਿਸੀਲਦਾਰ ਵਗੈਰਾ ਚੋਹਲੇ ਪਿੰਡ ਦਾ ਨਾਮ ਸੁਣ ਕੇ ਹੈਰਾਨ ਹੋ ਗਏ ਕਿ ਅੱਜ ਤੱਕ ਕੋਈ ਚੋਲ਼ਾ* ਪਿੰਡ ਸੁਣਿਆਂ ਨਹੀਂ ਇਹ ਕਿਵੇਂ ਮਾਮਲਾ ਦੇਣ ਆ ਗਏ ਹਨ। ਜਦ ਰਜਿਸਟਰ ਕੱਢ ਕੇ ਵੇਖੇ ਤਾਂ ਓਥੇ ਚੋਲ਼ਾ ਪਿੰਡ ਹੀ ਲਿਖਿਆ ਹੋਇਆ ਹੈ ਤਾਂ ਪਿੰਡ ਵਾਸੀ ਤੇ ਤਹਿਸੀਲਦਾਰ ਵਗੈਰਾ ਸਭ ਹੈਰਾਨ ਹੋ ਗਏ। ਹੁਣ ਤੱਕ ਉਸ ਪਿੰਡ ਦਾ ਨਾਮ ਚੋਲ਼ਾ ਹੈ। ਮਾਈ ਤੋਂ ਚੂਰੀ ਖਾ ਕੇ ਗੁਰੂ ਜੀ ਨੇ ਕਿਹਾ-

ਤਤਵੇਤਾ ਤਿਹੁ ਲੋਕ ਮੈਂ ਭੋਜਨ ਕੀਏ ਅਪਾਰ।
ਕੈ ਸਵਰੀ ਕੈ ਬਿਦਰ ਕੈ ਰੁਚ ਜੇਵਿਓ ਦੋ ਬਾਰ।
ਤਥਾ:-ਤਤੁਵੇਤਾ ਤਿਹੁ ਲੋਕ ਮੈਂ ਭੋਜਨ ਕੀਏ ਅਪਾਰ।
ਕੈ ਲਾਲੋ ਕੇ ਗ੍ਰਹਿ ਵਿਖੇ ਕੈ ਮਾਈ ਤੁਮਰੈ ਦੁਆਰ॥ ੩॥ ੫॥ ੧੪੫॥

ਆਸਾ ਮਹਲਾ ੫॥ ਅਪੁਨੀ ਭਗਤਿ ਨਿਬਾਹਿ॥
ਠਾਕੁਰ ਆਇਓ ਆਹਿ॥ ੧॥ ਰਹਾਉ॥

ਹੇ ਠਾਕੁਰ ! ਤੂੰ ਆਪਣੀ ਭਗਤੀ ਨੂੰ ਤੋੜ ਨਿਭਾਉਣਾ ਕਰ। ਮੈਂ ਆਪ ਦੀ ਸ਼ਰਨ ਵਿਚ ਆਹਿ=ਚਾਹ ਕਰਕੇ ਆਇਆ ਹਾਂ॥ ੧॥ ਰਹਾਉ॥

ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੇ ਚਰਨ ਬਸਾਹਿ॥ ੧॥

ਹਿਰਦੇ ਵਿਚ ਚਰਨਾਂ ਦਾ ਧਿਆਨ ਵਸਾਉਣ ਕਰਕੇ ਅਤੇ ਨਾਮ ਪਦਾਰਥ ਕਰਕੇ ਇਹ ਮਨੁੱਖਾ ਸਰੀਰ ਸਕਾਰਥੁ=ਸਫਲ ਹੁੰਦਾ ਹੈ॥ ੧॥

ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ॥ ੨॥

ਸੰਤਾਂ ਦਾ ਸੰਗ ਜਿਹੜਾ ਹੈ, ਏਹੀ ਮੁਕਤੀ ਦਾ ਦਾਤਾ ਹੈ ਏਹੀ ਜੁਗਤੀ ਦਾ ਦਾਤਾ ਹੈ।

ਅਥਵਾ :-ਪਰਮੇਸ਼ਰ ਵਿਚ ਜੁਗਤਾ=ਜੋੜਨ ਵਾਲਾ ਹੈ। ਇਸ ਕਰਕੇ ਮੈਨੂੰ ਸੰਤਾਂ ਦੇ ਸੰਗ ਵਿਚ ਰਖਣਾ ਕਰੋ॥ ੨॥

ਨਾਮੁ ਧਿਆਵਉ ਸਹਜਿ ਸਮਾਵਉ
ਨਾਨਕ ਹਰਿ ਗੁਨ ਗਾਹਿ॥ ੩॥ ੬॥ ੧੪੬॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਠਾਕੁਰ ਦੇ ਨਾਮ ਨੂੰ ਧਿਆਵੋ ਤੇ ਹਰੀ ਗੁਣਾਂ ਨੂੰ ਗਾਵੋ ਅਤੇ ਸਹਜ ਪਦ ਵਿਚ ਸਮਾਵੋ॥ ੩॥ ੬॥ ੧੪੬॥

**ਨੋਟ :- ਇਹ ਚੋਲ਼ਾ ਪਿੰਡ ਸਰਹਾਲੀ ਤੋਂ ਤਿੰਨ ਮੀਲ ਹੈ ਤੇ ਸਰਹਾਲੀ ਹਰੀਕੇ ਪੱਤਣ ਤੋਂ ਅੱਠ ਮੀਲ ਉਰ੍ਹੇ ਹੈ ਅਤੇ ਪੱਟੀ ਸਟੇਸ਼ਨ ਤੋਂ ਭੀ ਸਰਹਾਲੀ ਅੱਠ ਮੀਲ ਤੇ ਹੈ।*

ਆਸਾ ਮਹਲਾ ੫ ॥

ਠਾਕੁਰ ਚਰਣ ਸੁਹਾਵੇ ॥ ਹਰਿ ਸੰਤਨ ਪਾਵੇ ॥ ੧ ॥ ਰਹਾਉ ॥

ਹੇ ਹਰੀ ਠਾਕੁਰ ! ਆਪ ਜੀ ਦੇ ਸੁਹਾਵੇ ਚਰਨਾਂ ਦਾ ਧਿਆਨ ਸੰਤਾਂ ਨੇ ਪਾਉਣਾ ਕੀਤਾ ਹੈ ॥ ੧ ॥ ਰਹਾਉ ॥

ਪ੍ਰਸ਼ਨ :-ਕਿਹੜੇ ਸੰਤਾਂ ਨੇ ਪਾਇਆ ਹੈ ? ਉੱਤਰ-

ਆਪੁ ਗਵਾਇਆ ਸੇਵ ਕਮਾਇਆ ਗੁਨ ਰਸਿ ਰਸਿ ਗਾਵੇ ॥ ੧ ॥

ਜਿਨ੍ਹਾਂ ਨੇ ਆਪੁ=ਹੰਕਾਰ ਗਵਾਇਆ ਹੈ ਤੇ ਗੁਰਾਂ ਦੀ ਸੇਵਾ ਨੂੰ ਕਮਾਇਆ ਹੈ ਅਤੇ ਪ੍ਰੇਮ-ਰਸ ਵਿਚ ਤਦਾਕਾਰ ਹੋ ਕੇ ਗੁਣ ਗਾਉਂਦੇ ਹਨ ॥ ੧ ॥

ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੇ ॥ ੨ ॥

ਅਤੇ ਮਨ ਵਿਚ ਇਕ ਪਰਮੇਸ਼ਰ ਦੇ ਦਰਸ਼ਨ ਦੀ ਆਸਾ ਤੇ ਪਿਆਸਾ ਲੱਗ ਰਹੀ ਹੈ, ਪਰਮੇਸ਼ਰ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਭਾਉਂਦਾ ॥ ੨ ॥

ਦਇਆ ਤੁਹਾਰੀ ਕਿਆ ਜੰਤ ਵਿਚਾਰੀ
ਨਾਨਕ ਬਲਿ ਬਲਿ ਜਾਵੇ ॥ ੩ ॥ ੭ ॥ ੧੪੭ ॥

ਜਦ ਆਪ ਦੀ ਦਿਆਲਤਾ ਹੋਈ ਤਾਂ ਇਹ ਜੰਤ ਵਿਚਾਰਾ ਕੀ ਹੈ, ਜੋ ਕੁਝ ਕਹਿ ਸਕੇ, ਮੈਂ ਆਪ ਜੀ ਦੇ ਉਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੩ ॥ ੭ ॥ ੧੪੭ ॥

ਆਸਾ ਮਹਲਾ ੫ ॥ ਏਕੁ ਸਿਮਰਿ ਮਨ ਮਾਹੀ ॥ ੧ ॥ ਰਹਾਉ ॥

ਹੇ ਭਾਈ ! ਮਨ ਵਿਖੇ ਇਕ ਨੂੰ ਸਿਮਰਨਾ ਕਰ ॥ ੧ ॥ ਰਹਾਉ ॥

ਨਾਮੁ ਧਿਆਵਹੁ ਰਿਦੈ ਬਸਾਵਹੁ ਤਿਸੁ ਬਿਨੁ ਕੋ ਨਾਹੀ ॥ ੧ ॥

ਇਕ ਦੇ ਨਾਮ ਨੂੰ ਧਿਆਵੋ, ਇਕ ਨੂੰ ਹਿਰਦੇ ਵਿਚ ਵਸਾਵੋ, ਕਿਉਂਕਿ ਉਸ ਪਰਮਾਤਮਾ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ॥ ੧ ॥

ਪ੍ਰਭ ਸਰਨੀ ਆਈਐ ਸਰਬ ਫਲ ਪਾਈਐ ਸਗਲੇ ਦੁਖ ਜਾਹੀ ॥ ੨ ॥

ਪ੍ਰਭੂ ਦੀ ਸ਼ਰਨ ਵਿਖੇ ਆਉਣਾ ਕਰੀਏ, ਸਾਰੇ ਫਲ ਪਾਉਣਾ ਕਰੀਏ, ਤਾਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ ॥ ੨ ॥

ਜੀਅਨ ਕੋ ਦਾਤਾ ਪੁਰਖੁ ਬਿਧਾਤਾ
ਨਾਨਕ ਘਟਿ ਘਟਿ ਆਹੀ ॥ ੩ ॥ ੮ ॥ ੧੪੮ ॥

ਗੁਰੂ ਜੀ ਕਥਨ ਕਰਦੇ ਹਨ-ਸਭ ਜੀਆਂ ਕਾ ਦਾਤਾ ਜੋ ਵਿਧਾਤਾ ਪੁਰਖ ਹੈ, ਉਹ ਸਭ ਘਟਾਂ ਘਟਾਂ ਵਿਖੇ ਪੂਰਨ ਹੈ ॥ ੩ ॥ ੮ ॥ ੧੪੮ ॥

ਆਸਾ ਮਹਲਾ ੫ ॥ ਹਰਿ ਬਿਸਰਤ ਸੋ ਮੂਆ ॥ ੧ ॥ ਰਹਾਉ ॥

ਜੋ ਪੁਰਸ਼ ਹਰੀ ਨੂੰ ਵਿਸਾਰਦਾ ਹੈ-ਉਸ ਨੂੰ ਮਰਿਆ ਸਮਝੋ। *ਅਥਵਾ :-*ਹਰ ਪ੍ਰਕਾਰ ਦੇ ਵਿਸ਼ਿਆਂ ਵਿਚ ਜੋ ਰਤ=ਪ੍ਰੀਤੀ ਕਰਦਾ ਹੈ, ਉਸ ਨੂੰ ਮਰਿਆ ਸਮਝੋ ॥ ੧ ॥ ਰਹਾਉ ॥

ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ ॥ ੧ ॥

ਜੋ ਪੁਰਸ਼ ! ਨਾਮ ਧਿਆਉਂਦਾ ਹੈ, ਉਹ ਪੁਰਸ਼ ਸਾਰਿਆਂ ਫਲਾਂ ਨੂੰ ਪਾ ਕੇ ਸੁਖੀ ਹੋਇਆ ਹੈ॥ ੧ ॥

ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ ॥ ੨ ॥

ਜੋ ਆਪਣੇ ਆਪ ਨੂੰ ਰਾਜਾ ਕਹਾਉਂਦਾ ਹੈ ਅਤੇ ਹੰਗਤਾ ਸਹਿਤ ਕਰਮਾਂ ਨੂੰ ਕਮਾਉਂਦਾ ਹੈ; ਉਹ ਭਰਮ ਕਰਕੇ ਸੰਸਾਰ ਵਿਚ ਇਉਂ ਬੱਝਾ ਹੋਇਆ ਹੈ-ਜਿਵੇਂ ਸੂਆ=ਤੋਤਾ ਭਰਮ ਕਰਕੇ ਨਲਿਨੀ=ਨਲੀ (ਨਲਕੀ) ਨਾਲ ਬੱਝ ਜਾਂਦਾ ਹੈ॥ ੨ ॥

ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ
ਸੋ ਜਨੁ ਨਿਹਚਲੁ ਥੀਆ ॥ ੩ ॥ ੯ ॥ ੧੪੯ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਸਤਿਗੁਰੂ ਮਿਲਿਆ ਹੈ, ਉਹ ਪੁਰਸ਼ ਅਚੱਲ ਹੋਇਆ ਹੈ॥ ੩ ॥ ੯ ॥ ੧੪੯ ॥

ਆਸਾ ਮਹਲਾ ੫ ਘਰੁ ੧੪ ੧ੴ ਸਤਿਗੁਰ ਪ੍ਰਸਾਦਿ ॥
ਓਹੁ ਨੇਹੁ ਨਵੇਲਾ ॥ ਅਪੁਨੇ ਪ੍ਰੀਤਮ ਸਿਉ ਲਾਗਿ ਰਹੈ ॥ ੧ ॥ ਰਹਾਉ ॥

ਉਸ ਪਰਮੇਸ਼ਰ ਦਾ ਨੇਹੁ=ਪ੍ਰੇਮ ਇਸ ਜੀਵ ਨੂੰ ਨਵੇਲਾ=ਨਵੀਨ ਕਰਨ ਵਾਲਾ ਹੈ।

ਅਥਵਾ :-ਉਸ ਪਰਮੇਸ਼ਰ ਵਿਚ ਪ੍ਰੇਮ ਕਰਨ ਦਾ ਕੋਈ ਵੇਲਾ ਨਹੀਂ, ਜਿਸ ਵੇਲੇ ਚਾਹੇ ਉਸੇ ਵਕਤ ਪ੍ਰੇਮ ਕਰ ਸਕਦਾ ਹੈ, ਪ੍ਰੇਮ ਧਾਰਕੇ ਆਪਣੇ ਪ੍ਰੀਤਮ=ਪਰਮਾਤਮਾ ਦੇ ਨਾਲ ਲੱਗ ਰਹਿਣਾ ਕਰੇ॥ ੧ ॥

ਕਈ ਪਾਠੀ ਇਸ ਤਰ੍ਹਾਂ ਪਾਠ ਭੀ ਕਰਦੇ ਹਨ-ਓ ਹੁਨੇ ਹੁਨ ਵੇਲਾ।

ਉਹ ਵੇਲਾ ਹੁਣ ਹੀ ਹੁਣ ਹੈ ਜਦ ਕਿ ਆਪਣੇ ਪ੍ਰੀਤਮ ਨਾਲ ਲੱਗਾ ਰਹਿ ਸਕਦਾ ਹੈ। ਪ੍ਰੰਤੂ, ਇਹ ਪਾਠ ਬਿਲਕੁਲ ਨਹੀਂ ਕਰਨਾ। ਕਿਉਂਕਿ ਇਹ ਪਾਠ ਸੰਪ੍ਰਦਾਈ ਨਹੀਂ ਹੈ।

ਜੋ ਪ੍ਰਭ ਭਾਵੈ ਜਨਮਿ ਨ ਆਵੈ ॥
ਹਰਿ ਪ੍ਰੇਮ ਭਗਤਿ ਹਰਿ ਪ੍ਰੀਤਿ ਰਚੈ ॥ ੧ ॥

ਜੋ ਪ੍ਰਭੂ ਨੂੰ ਭਾਉਂਦਾ ਹੈ, ਉਹ ਮੁੜ ਕੇ ਜਨਮ ਮਰਨ ਵਿਚ ਨਹੀਂ ਆਉਂਦਾ। ਜੋ ਹਰੀ ਦੀ ਪ੍ਰੇਮਾ ਭਗਤੀ ਦੀ ਪ੍ਰੀਤੀ ਵਿਚ ਹਰ ਵੇਲੇ ਰਚਿਆ ਰਹਿੰਦਾ ਹੈ, ਓਹੋ ਹੀ ਪ੍ਰਭੂ ਨੂੰ ਭਾਉਂਦਾ ਹੈ॥ ੧ ॥

[ਪੰਨਾ ੪੦੮]

ਪ੍ਰਭ ਸੰਗਿ ਮਿਲੀਜੈ ਇਹੁ ਮਨੁ ਦੀਜੈ ॥

ਇਸ ਆਪਣੇ ਮਨ ਨੂੰ ਦੇ ਕੇ ਪ੍ਰਭੂ ਨਾਲ ਮਿਲਣਾ ਕਰੀਏ।

ਨਾਨਕ ਨਾਮੁ ਮਿਲੈ ਅਪਨੀ ਦਇਆ ਕਰਹੁ ॥ ੨ ॥ ੧ ॥ ੧੫੦ ॥

ਗੁਰੂ ਜੀ ਕਥਨ ਕਰਦੇ ਹਨ-ਇੰਞ ਬੇਨਤੀ ਕਰੋ; ਹੇ ਸਤਿਗੁਰੂ ਜੀ ! ਆਪਣੀ ਕਿਰਪਾ ਦ੍ਰਿਸ਼ਟੀ ਕਰੋ, ਜਿਸ ਕਰਕੇ ਮੈਨੂੰ ਪ੍ਰਭੂ ਦਾ ਨਾਮ ਮਿਲੇ। *ਅਥਵਾ* :-ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਆਪਣੀ ਦਇਆ

ਦ੍ਰਿਸ਼ਟੀ ਕਰੋ, ਮੈਨੂੰ ਗੁਰਾਂ ਨਾਲ ਮਿਲਾ ਦਿਓ ਤਾਂ ਕਿ ਮੈਂ ਉਨ੍ਹਾਂ ਨੂੰ ਇਹ ਮਨ ਭੇਟਾ ਕਰ ਦੇਵਾਂ, ਜਿਸ ਕਰਕੇ ਮੈਨੂੰ ਆਪ ਜੀ ਦਾ ਨਾਮ ਮਿਲ ਜਾਵੇ॥ ੨॥ ੧॥ ੧੫੦॥

ਆਸਾ ਮਹਲਾ ੫॥

ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ॥ ੧॥ ਰਹਾਉ॥

ਹੇ ਪਿਆਰੇ ਰਾਮ ! ਤੂੰ ਸਾਨੂੰ ਆ ਕੇ ਮਿਲ, ਆਪ ਜੀ ਤੋਂ ਬਿਨਾਂ ਕੋਈ ਧੀਰਜ ਨਹੀਂ ਦੇਣਾ ਕਰਦਾ॥ ੧॥ ਰਹਾਉ॥

ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ
ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ॥ ੧॥

ਹੇ ਪ੍ਰਭੂ ! ੨੭ ਸਿੰਮ੍ਰਤੀਆਂ ਤੇ ੬ ਸ਼ਾਸਤਰਾਂ ਦੇ ਦੱਸੇ ਹੋਏ ਬਹੁਤ ਸਾਰੇ ਕਰਮ ਕਮਾਉਣਾ ਕੀਤੇ ਹਨ। ਪਰ ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਸੁਖ ਨਹੀਂ ਪਾਇਆ॥ ੧॥

ਵਰਤ ਨੇਮ ਸੰਜਮ ਕਰਿ ਥਾਕੇ
ਨਾਨਕ ਸਾਧ ਸਰਣਿ ਪ੍ਰਭ ਸੰਗਿ ਵਸੈ॥ ੨॥ ੨॥ ੧੫੧॥

ਵਰਤ, ਨੇਮ, ਸੰਜਮ ਆਦਿਕ ਭੀ ਕਰਕੇ ਥੱਕ ਗਏ ਹਾਂ ਪਰ ਸੁਖ ਨਹੀਂ ਪਾਇਆ। ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੀ ਸ਼ਰਨ ਪੈ ਕੇ ਜਾਣਿਆ ਹੈ ਕਿ ਪ੍ਰਭੂ ਤਾਂ ਮੇਰੇ ਸੰਗ ਹੀ ਵਸ ਰਿਹਾ ਹੈ॥ ੨॥ ੨॥ ੧੫੧॥

ਆਸਾ ਮਹਲਾ ੫ ਘਰੁ ੧੫ ਪੜਤਾਲ ੧ੴ ਸਤਿਗੁਰ ਪ੍ਰਸਾਦਿ॥
ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ॥

ਹੇ ਜੀਵ ! ਮਾਇਆ ਦੇ ਮਦ ਕਰਕੇ ਤੂੰ ਵਿਕਾਰਾਂ ਵਿਚ ਅਜਿਹਾ ਸੁੱਤਾ ਹੋਇਆ ਹੈਂ, ਜੋ ਸੂਝ ਬੂਝ=ਬੁਰੇ ਭਲੇ ਦੀ ਗਿਆਤ, *ਅਥਵਾ* :-ਆਤਮਾ ਅਨਾਤਮਾ ਦੀ ਸੂਝ ਬੂਝ ਨਹੀਂ ਆਉਂਦੀ। *ਅਥਵਾ* :-ਗੁਰਾਂ ਪਾਸੋਂ ਬੁਝਿਆ ਨਹੀਂ, ਇਸ ਕਰਕੇ ਸੂਝ-ਸਮਝ ਨਹੀਂ ਆਉਂਦੀ।

ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ॥ ੧॥

ਜਿਸ ਵੇਲੇ ਜਮ ਕੇਸਾਂ ਤੋਂ ਫੜ ਕੇ ਉਠਾਵੇਗਾ, ਤਦ ਤੂੰ ਸਰੂਪ-ਘਰ ਵਿਚ ਜਾਵੇਂਗਾ ? ਭਾਵ ਫੇਰ ਨਹੀਂ ਜਾਇਆ ਜਾਣਾ। *ਅਥਵਾ* :-ਜਿਸ ਵੇਲੇ ਤੂੰ ਜਮਾਂ ਦੇ ਘਰ ਵਿਚ ਹੀ ਜਾਵੇਂਗਾ। *ਅਥਵਾ* :-ਤਿਸ ਵੇਲੇ ਇਹ ਪ੍ਰਤੱਖ ਸੁੰਦਰ ਘਰ ਚਲੇ ਜਾਣਗੇ॥ ੧॥

ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ॥

ਵਿਸ਼ਿਆਂ ਦੇ, *ਅਥਵਾ* :-ਮਾਇਆ ਦੇ ਲੋਭ ਬਿਖੈ=ਵਿਸ਼ਿਆਂ ਵਿਚ ਲੱਗ ਕੇ ਹੋਰਨਾਂ ਦੇ ਵਿਤ=ਧਨ ਨੂੰ ਹਿਰਿ=ਚੁਰਾ ਕੇ ਦੂਜੇ ਦੇ ਚਿਤ ਨੂੰ ਦੁਖਾਉਂਦਾ ਹੈ।

ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ॥ ੧॥ ਰਹਾਉ॥

ਇਕ ਖਿਨ ਵਿਚ ਭੰਗੁਨਾ=ਨਾਸ ਹੋ ਜਾਣ ਵਾਲੇ ਪਦਾਰਥਾਂ ਦੇ ਮਾਣ ਵਿਚ ਤੂੰ ਮਸਤ ਹੋ ਰਿਹਾ ਹੈਂ, ਹੇ

ਅਸੁਰ=ਦੈਂਤ ! ਤੂੰ ਪਰਮਾਤਮਾ ਨੂੰ ਜਾਣਦਾ ਨਹੀਂ ॥ ੧ ॥ ਰਹਾਉ ॥

ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥

ਵੇਦ, ਸ਼ਾਸਤ੍ਰ ਅਤੇ ਭਗਤ ਜਨ ਸਾਰੇ ਪੁਕਾਰਦੇ ਹਨ, ਕਿ ਭਜਨ ਕਰੋ; ਪ੍ਰੰਤੂ, ਨਿਸਚਾ ਵਿਚਾਰ ਰੂਪ ਕੰਨਾਂ ਤੋਂ ਰਹਿਤ ਜੋ ਡੋਰਾ ਪੁਰਸ਼ ਹੈ, ਓਹ ਉਨ੍ਹਾਂ ਦੇ ਉਪਦੇਸ਼ ਨੂੰ ਸੁਣਦਾ ਹੀ ਨਹੀਂ।

ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥ ੨ ॥

ਜਿਸ ਵੇਲੇ ਮਨੁੱਖਾ ਦੇਹ ਰੂਪੀ ਬਾਜੀ ਨੂੰ ਨਿਪਟਿ=ਅਤਸੇ ਕਰਕੇ ਹਾਰਿ ਮੂਕਾ=ਹਾਰ ਚੁੱਕਦਾ ਹੈ ਤਾਂ ਇਹ ਮਨ ਦਾ ਭੋਰਾ=ਭੋਲਾ ਮੂਰਖ ਪੁਰਸ਼ ਪਛਤਾਉਂਦਾ ਹੈ। *ਅਥਵਾ* :-ਜਿਸ ਵੇਲੇ ਕਾਲ ਰੂਪੀ ਭੋਰਾ=ਦਿਨ ਚੜ੍ਹਿਆ ਤਾਂ ਮਨ ਵਿਚ ਪਛਤਾਉਣਾ ਕਰਦਾ ਹੈ।

ਡਾਨੁ ਸਗਲ, ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥

ਇਸ ਜੀਵ ਦੇ ਡਾਨੁ=ਡੰਨ ਭਰਿਆ ਤਾਂ ਹੈ ਪਰੰਤੂ ਗੈਰ ਵਜਹਿ=ਹੋਰ ਹੀ ਢੰਗਾਂ ਨਾਲ ਭਾਵ ਬੇ-ਤਰੀਕੇ ਨਾਲ ਸਾਰਾ ਡੰਨ ਭਰਿਆ ਹੈ। ਭਾਵ ਸੰਤਾਂ ਦੇ ਉਪਦੇਸ਼ ਦੁਆਰਾ ਨਿਸ਼ਕਾਮ ਕਰਮ ਕਰਨੇ ਸਨ ਉਹ ਤਾਂ ਇਸਨੇ ਕੀਤੇ ਨਾ, ਪ੍ਰੰਤੂ, ਸ਼ਕਾਮ ਕਰਮਾਂ ਦੁਆਰੇ ਰਿਖੀ ਦੰਡ, ਪਿਤਰ ਦੰਡ ਆਦਿਕ ਭਰਦਾ ਰਿਹਾ। ਲੇਕਿਨ ਇਸ ਰੀਤੀ ਦੇ ਕਰਨ ਨਾਲ ਦੀਵਾਨ=ਆਸਰਾ ਰੂਪ ਪਰਮਾਤਮਾ ਦੇ ਲੇਖੇ ਵਿਚ ਨਾ ਪਿਆ।

ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥ ੩ ॥

ਜਿਸ ਕਾਰਜਿ=ਕੰਮ ਦੇ ਕਰਨ ਨਾਲ ਇਸ ਦਾ ਓਲ੍ਹਾ=ਪੜਦਾ ਬਣਿਆ ਰਹਿਣਾ ਸੀ, ਉਹ ਕੰਮ ਇਸ ਨੇ ਨਾ ਕੀਤਾ ॥ ੩ ॥

ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥

ਜਦ ਗੁਰਾਂ ਨੇ ਮੈਨੂੰ ਐਸਾ ਜਗਤ ਮਿਥਿਆ ਰੂਪ ਦਿਖਾਇਆ ਤਾਂ ਇਕ ਵਾਹਿਗੁਰੂ ਦੀ ਕੀਰਤਿ ਗਾਇਆ=ਮਹਿਮਾ (ਉਪਮਾ) ਕੀਤੀ। ਉਸ ਦੀ ਵਡਿਆਈ ਕੀਤੀ।

ਮਾਨੁ ਤਾਨੁ ਤਜਿ ਸਿਆਨਪ
ਸਰਣਿ ਨਾਨਕੁ ਆਇਆ ॥ ੪ ॥ ੧ ॥ ੧੫੨ ॥

ਮਾਨ ਮਨ ਦਾ, ਤਾਣ ਤਨ ਦਾ, ਸਿਆਣਪ ਬੁੱਧੀ ਦੀ ਸਭ ਕੁਝ ਤਜਿ=ਛੱਡ ਕੇ ਇਕ ਵਾਹਿਗੁਰੂ ਦੀ ਸ਼ਰਨ ਵਿਚ ਆਇਆ ਹਾਂ ॥ ੪ ॥ ੧ ॥ ੧੫੨ ॥

ਆਸਾ ਮਹਲਾ ੫ ॥ ਬਾਪਾਰਿ ਗੋਵਿੰਦ ਨਾਏ ॥ ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ
ਪੰਚ ਨਾਦ ਤੂਰ ਬਜਾਏ ॥ ੧ ॥ ਰਹਾਉ ॥

ਅੰਨਵੇ ! ਜਿਸ ਵੇਲੇ ਸਾਧ=ਸਰੇਸ਼ਟ ਸੰਤ=ਸ਼ਾਂਤ ਆਤਮਾ ਗੁਰਾਂ ਨੂੰ ਮਨਾ ਕੇ, ਗੋਵਿੰਦ ਦੇ ਨਾਮ ਦਾ ਵਾਪਾਰ ਕੀਤਾ ਤੇ ਹਰੀ ਗੁਣ ਗਾਏ ਤੇ ਪੰਚ=ਸ੍ਰੇਸ਼ਟ ਸਤਿਨਾਮ ਆਦੀ ਨਾਦ=ਵਾਜੇ ਤੂਰ=ਸ਼ੀਘਰ ਵੱਜ ਆਏ ਤਾਂ ਪਿਰੀ ਨੂੰ ਪਾਉਣਾ ਕੀਤਾ ॥ ੧ ॥ ਰਹਾਉ ॥

ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ॥

ਜਦ ਪਰਮੇਸ਼ਰ ਨੇ ਕਿਰਪਾ ਪਾਈ ਤੇ ਦਰਸਾਏ=ਗੁਰਾਂ ਦਾ ਦਰਸ਼ਨ ਕੀਤਾ ਤਾਂ ਅਬ ਰਾਤਿਆ ਗੋਵਿੰਦ ਸਿਉ=ਹੁਣ ਪਰਮਾਤਮਾ ਨਾਲ ਤਦਾਕਾਰ ਹੋਏ ਤਾਂ ਸਹਜਾਏ=ਸ਼ਾਂਤੀ ਆਦਿਕ ਗੁਣ ਆ ਕੇ ਪ੍ਰਾਪਤ ਹੋਏ।

ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ॥ ੧॥

ਜੋ ਸੰਤ ਨਾਥ=ਸੁਆਮੀ ਪਰਮੇਸ਼ਰ ਨੂੰ ਪ੍ਰੀਤੀ ਪੂਰਬਕ ਸੇਂਵਦੇ ਹਨ ਅਤੇ ਲਾਲਨ=ਪਿਆਰੇ ਪਰਮੇਸ਼ਰ ਦਾ ਰੰਗੁ=ਪ੍ਰੇਮ ਆਪਣੇ ਹਿਰਦੇ ਵਿਚ ਲਗਾ ਰਹੇ ਹਨ। ਉਨ੍ਹਾਂ ਨਾਥ ਦੇ ਸੰਤਾਂ ਨੂੰ ਜੋ ਪੁਰਸ਼ ਪ੍ਰੀਤੀ ਪੂਰਬਕ ਸੇਂਵਦਾ ਹੈ, ਉਸ ਨੂੰ ਭੀ ਸੰਤ ਪਿਆਰੇ ਪਰਮੇਸ਼ਰ ਦਾ ਰੰਗੁ ਲਾਏ=ਪ੍ਰੇਮ ਲਗਾ ਦਿੰਦੇ ਹਨ॥ ੧॥

ਗੁਰ ਗਿਆਨੁ ਮਨਿ ਦ੍ਰਿੜਾਏ
ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ॥

ਜਿਸ ਵੇਲੇ ਗੁਰਾਂ ਨੇ ਮਨ ਵਿਚ ਪਰਮੇਸ਼ਰ ਦੀ ਪ੍ਰਾਪਤੀ ਦਾ ਮੁਖ ਸਾਧਨ ਜੋ ਗਿਆਨ ਹੈ, ਉਹ ਦ੍ਰਿੜਾਇਆ, ਤਾਂ ਮਨਿ ਨਿਧਾਨੁ ਪਾਏ=ਮਨ ਵਿਚ ਨਿਧੀਆਂ ਦਾ ਖਜ਼ਾਨਾ ਪਰਮੇਸ਼ਰ ਪਾਇਆ, ਤਾਂ ਸਹਜਾਏ=ਸ਼ਾਂਤੀ ਆਦਿਕ ਗੁਣ ਆਏ ਤੇ ਮਨ ਰਹਸਾਏ ਅਨੰਦਿਤ ਹੋਇਆ ਤੇ ਨਹੀਂ ਆਏ=ਫਿਰ ਜਨਮ ਮਰਣ ਵਿਚ ਨਹੀਂ ਆਏ।

ਸਭ ਤਜੀ ਮਨੈ ਕੀ ਕਾਮ ਕਰਾ॥

ਮਨ ਦੀਆਂ ਕਾਮਨਾਂ ਅਤੇ ਕਰਾ=ਕਲਪਣਾ ਸਭ ਛੱਡ ਦਿੱਤੀਆਂ।

ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ॥

ਪਰਮੇਸ਼ਰ ਤੋਂ ਵਿਛੁੜਿਆਂ ਹੋਇਆਂ ਚਾਰੇ ਜੁਗਾਂ ਵਿਚ ਚਿਰ ਹੋ ਗਿਆ ਹੈ।

ਅਥਵਾ-ਚਿੜ ਚਿੜ ਕਰਦਿਆਂ ਚਿਰ ਹੀ ਚਿਰ ਹੋ ਗਿਆ ਹੈ। *ਅਥਵਾ* :- ਚੁਰਾਸੀ ਲੱਖ ਜੂਨ ਵਿਚ ਫਿਰਦਿਆਂ ਚਿੜ ਚਿੜ ਕਰਦਿਆਂ ਬੜਾ ਸਮਾਂ ਹੋ ਗਿਆ ਹੈ। ਪਰਮੇਸ਼ਰ ਦੇ ਦਰਸ਼ਨ ਕਰਨ ਦੀ ਮਨ ਵਿਚ ਬਹੁਤੀ ਪਿਆਸ ਲੱਗ ਰਹੀ ਹੈ।

ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ॥

ਹੇ ਸੰਤੋ ! ਤੁਸੀਂ ਮੈਨੂੰ ਕੋਈ ਉਪਦੇਸ਼ ਜਾਂ ਸਾਧਨ ਬਤਾਵਹੁ=ਦੱਸੋ ਅਤੇ ਹਰੀ ਦਾ ਦਰਸ਼ਨ ਦਿਖਾਵੋ।

ਨਾਨਕ ਦੀਨ ਸਰਣਿ ਆਏ ਗਲਿ ਲਾਏ॥ ੨॥ ੨॥ ੧੫੩॥

ਅਸੀਂ ਦੀਨ=ਗਰੀਬ ਆਪ ਜੀ ਦੀ ਸ਼ਰਨ ਵਿਚ ਆਏ ਹਾਂ। ਆਪ ਮੈਨੂੰ ਗਲ ਨਾਲ ਲਗਾਉਣਾ ਕਰੋ॥ ੨॥ ੨॥ ੨੫੩॥

ਆਸਾ ਮਹਲਾ ੫॥ ਕੋਊ ਬਿਖਮ ਗਾਰ ਤੋਰੈ॥

(ਜਗਿਆਸੂ ਬੇਨਤੀ ਕਰਦਾ ਹੈ-) ਕੋਈ ਐਹੋ ਜਿਹਾ ਉਪਕਾਰੀ ਹੈ, ਜੋ ਮੇਰੀ ਹੰਗਤਾ ਮਮਤਾ ਰੂਪੀ ਬਿਖਮ ਗਾਰ=ਕਠਨ ਗੜੀ ਨੂੰ ਤੋੜ ਦੇਵੇ।

ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥ ੧ ॥ ਰਹਾਉ ॥

ਅਤੇ ਪਦਾਰਥਾਂ ਦੀ ਆਸ, ਵਿਸ਼ਿਆਂ ਦੀ ਪਿਆਸ, ਧੋਹ=ਛਲ ਵਲ, ਮੋਹ ਭਰਮ ਇਨ੍ਹਾਂ ਸਾਰਿਆਂ ਤੋਂ ਹੋਰੈ=ਹਟਾ ਦੇਵੇ ॥ ੧ ॥ ਰਹਾਉ ॥

ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥ ੧ ॥

ਕਾਮ, ਕਰੋਧ, ਲੋਭ, ਮਾਨ ਆਦਿ ਜੋ ਬਿਆਧਿ=ਰੋਗ ਰੂਪ ਹਨ, ਇਨ੍ਹਾਂ ਵਲੋਂ ਮੈਨੂੰ ਛੋਰੈ=ਛੁਡਾ ਦੇਵੇ ॥ ੧ ॥

ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥
ਅਨਦਿਨੋ ਪ੍ਰਭ ਧਿਆਵਉ ॥

ਫੇਰ ਇਹ ਗੱਲ ਸੁਣ ਕੇ ਮਹਾਤਮਾ ਉੱਤਰ ਦਿੰਦੇ ਹਨ, ਹੇ ਜਗਿਆਸੂ ! ਸੰਤਾਂ ਦੇ ਸੰਗ ਦੁਆਰਾ ਵਾਹਿਗੁਰੂ ਨਾਮ ਨਾਲ ਰੰਗਿ=ਪ੍ਰੇਮ ਕਰਕੇ ਗੋਵਿੰਦ ਦੇ ਗੁਣ ਗਾਉਣਾ ਕਰ ਅਤੇ ਰਾਤ ਦਿਨੇ ਪ੍ਰਭੂ ਨੂੰ ਧਿਆਉਣਾ ਕਰ।

ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥ ੨ ॥ ੩ ॥ ੧੫੪ ॥

ਭਰਮ ਰੂਪੀ ਭੀਤਿ=ਕੰਧ ਨੂੰ ਮਿਟਾਵੋ, ਫਿਰ ਤੁਹਾਡੀ ਜਿੱਤ ਹੋਵੇਗੀ। ਮੇਰੇ ਪਾਸ ਤਾਂ ਪਰਮੇਸ਼ਰ ਦਾ ਨਾਮ ਹੀ ਨਿਧੀ ਰੂਪ ਹੈ। ਤੂੰ ਵੀ ਉਸ ਨਾਮ ਨੂੰ ਜਪਣਾ ਕਰ ॥ ੨ ॥ ੩ ॥ ੧੫੪ ॥

ਆਸਾ ਮਹਲਾ ੫ ॥

ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥

ਹੇ ਪੁਰਸ਼ਾ ! ਕਾਮ ਕ੍ਰੋਧ ਲੋਭ ਆਦਿਕਾਂ ਨੂੰ ਤਿਆਗੁ=ਛੱਡ ਦੇ, ਮਨ ਵਿਚ ਗੋਬਿੰਦ ਦਾ ਨਾਮ ਸਿਮਰਨਾ ਕਰ।

[ਪੰਨਾ ੪੦੯]

ਹਰਿ ਭਜਨ ਸਫਲ ਕਾਮ ॥ ੧ ॥ ਰਹਾਉ ॥

ਹਰੀ ਦਾ ਭਜਨ ਕਰਨੇ ਰੂਪੀ ਕੰਮ ਫਲਾਂ ਦੇ ਸਮੇਤ ਹੈ ॥ ੧ ॥ ਰਹਾਉ ॥

ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥

ਹੇ ਪੁਰਸ਼ਾ ! ਮਾਨ=ਹੰਕਾਰ, ਮਿਥਿਆ ਪਦਾਰਥਾਂ ਦਾ ਮੋਹ ਅਤੇ ਵਿਸ਼ੇ ਵਿਕਾਰਾਂ ਨੂੰ ਛੱਡ ਦੇ, ਰਾਮ ਜੋ ਰਮਣ ਕਰਨੇ ਯੋਗ ਹੈ, ਉਸ ਰਾਮ ਨੂੰ ਜਪਣਾ ਕਰ।

ਮਨ ਸੰਤਨਾ ਕੈ ਚਰਨਿ ਲਾਗੁ ॥ ੧ ॥

ਸਾਡੀ ਸਿੱਖਿਆ ਮੰਨ ਕਰਕੇ ਸੰਤਾਂ ਦੇ ਚਰਨਾਂ ਨਾਲ ਲੱਗ ਜਾ ॥ ੧ ॥

ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ
ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥

ਜੋ ਪ੍ਰਭੂ ਗੋਪਾਲ=ਵੇਦਾਂ ਦੇ ਪਾਲਣ ਵਾਲਾ, ਦੀਨਾਂ ਦਾ ਦਿਆਲੂ, ਪਤਿਤ ਪਾਵਨ=ਪਾਪੀਆਂ ਦੇ ਪਵਿਤ੍ਰ

ਕਰਨ ਵਾਲਾ ਪਰਾ ਰੂਪ ਬ੍ਰਹਮ=ਬਿਆਪਕ ਹੈ, ਚਰਣ=ਵੇਦਾਂ ਕਰਕੇ ਪ੍ਰਤਿਪਾਦਕ, ਉਸ ਹਰੀ ਦੇ ਸਿਮਰਨ ਵਿਚ ਜਾਗ।

ਕਰਿ ਭਗਤਿ ਨਾਨਕ ਪੂਰਨ ਭਾਗੁ॥ ੨॥ ੪॥ ੧੫੫॥

ਪੂਰਨ ਭਾਗਾਂ ਦੁਆਰੇ ਤੂੰ ਉਸ ਦੀ ਭਗਤੀ ਕਰ॥ ੨॥ ੪॥ ੧੫੫॥

ਆਸਾ ਮਹਲਾ ੫॥

ਜਗਿਆਸੂ ਰੂਪ ਸਖੀ ਨੇ ਬੇਨਤੀ ਕੀਤੀ-ਮਾਇਆ ਕਿਹੋ ਜਿਹੀ ਹੈ ?

ਸਤਿਗੁਰੂ ਜੀ ਉੱਤਰ ਦਿੰਦੇ ਹਨ।

ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ॥ ੧॥ ਰਹਾਉ॥

ਰੀ=ਹੇ ਸਖੀ ! ਅਨੰਦੀ ਜੋ ਮਾਇਆ ਹੈ, ਉਹ ਕਦੇ ਤਾਂ ਹਰਖ ਦੀ ਉਤਪਤੀ ਕਰਦੀ ਹੈ, ਕਦੇ ਸੋਗ ਦੀ ਤੇ ਕਦੇ ਵੈਰਾਗ ਦੀ ਉਤਪਤੀ ਕਰਦੀ ਹੈ। ਅਜਿਹਾ ਖੇਲ ਸਾਰਿਆਂ ਨੂੰ ਦਿਖਾ ਰਹੀ ਹੈ॥ ੧॥ ਰਹਾਉ॥

ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ ਧਾਇਓ॥

ਉਸ ਮਾਇਆ ਵਿਚ ਲੱਗ ਕੇ ਇਹ ਜੀਵ ਖਿਨ ਵਿਚ ਤਾਂ ਭੈ=ਡਰਾਕਲ ਬਣ ਜਾਂਦਾ ਹੈ, ਇਕ ਖਿਨ ਵਿਚ ਨਿਰਭੈ ਹੋ ਜਾਂਦਾ ਹੈ ਅਤੇ ਤੀਜੇ ਖਿਨ ਵਿਚ ਉੱਠ ਕੇ ਦੌੜਦਾ ਫਿਰਦਾ ਹੈ।

ਖਿਨਹੂੰ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ॥ ੧॥

ਇਕ ਖਿਨ ਵਿਚ ਰਸਾਂ ਨੂੰ ਇਕੱਠੇ ਕਰਦਾ ਹੈ, ਕਿਸੇ ਖਿਨ ਵਿਚ ਰਸਾਂ ਨੂੰ ਭੋਗਦਾ ਹੈ ਅਤੇ ਕਿਸੇ ਖਿਨ ਵਿਚ ਰਸਾਂ ਨੂੰ ਤਜਿ ਜਾਇਓ=ਛੱਡ ਕੇ ਚਲਾ ਜਾਂਦਾ ਹੈ॥ ੧॥

ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ॥

ਕਿਸੇ ਖਿਨ ਵਿਚ ਜੋਗ, ਕਿਸੇ ਖਿਨ ਵਿਚ ਤਪ, ਕਿਸੇ ਖਿਨ ਵਿਚ ਬਹੁਤੀ ਪੂਜਾ ਕਰਦਾ ਹੈ ਅਤੇ ਕਿਸੇ ਖਿਨ ਵਿਚ ਭਰਮਾਇਓ=ਭੱਜਾ ਨੱਸਾ ਫਿਰਦਾ ਹੈ।

ਖਿਨਹੂੰ ਕਿਰਪਾ ਸਾਧੂ ਸੰਗ
ਨਾਨਕ ਹਰਿ ਰੰਗੁ ਲਾਇਓ॥ ੨॥ ੫॥ ੧੫੬॥

ਜਿਸ ਖਿਨ ਵਿਚ ਈਸ਼ੁਰ ਦੀ ਕਿਰਪਾ ਕਰਕੇ ਸੰਤਾਂ ਦੇ ਸਤਸੰਗ ਵਿਚ ਜਾਂਦਾ ਹੈ, ਉਸੇ ਖਿਨ ਵਿਚ ਹਰੀ ਨਾਲ ਪ੍ਰੇਮ ਲੱਗ ਜਾਂਦਾ ਹੈ॥ ੨॥ ੫॥ ੧੫੬॥

ਰਾਗੁ ਆਸਾ ਮਹਲਾ ੫ ਘਰੁ ੧੭ ਆਸਾਵਰੀ ੧੓ ਸਤਿਗੁਰ ਪ੍ਰਸਾਦਿ॥

ਜਗਿਆਸੂ ਰੂਪ ਸਖੀ ਨੇ ਬੇਨਤੀ ਕੀਤੀ ਕਿ ਕਿਸ ਸਾਧਨ ਦੇ ਕਰਨ ਨਾਲ ਪਿਆਰੇ ਦੀ ਪ੍ਰਾਪਤੀ ਹੁੰਦੀ ਹੈ? *ਗੁਰ ਉੱਤਰ-*

ਗੋਬਿੰਦ ਗੋਬਿੰਦ ਕਰਿ ਹਾਂ॥ ਹਰਿ ਹਰਿ ਮਨਿ ਪਿਆਰਿ ਹਾਂ॥

ਹਾਂ ਸ਼ਬਦ ਪਦ ਪੂਰਤੀ ਲਈ ਲਿਖਿਆ ਹੈ, ਇਸ ਵਾਸਤੇ ਇਸ ਦਾ ਅਰਥ ਨਹੀਂ ਕੀਤਾ ! ਰੀ ਸਖੀ=ਹੇ ਸਖੀ ਤੂੰ ਗੋਬਿੰਦ ਗੋਬਿੰਦ ਨੂੰ ਉਚਾਰਨਾ ਕਰ। *ਅਥਵਾ:-*ਗੋ=ਵੇਦਾਂ ਕਰਕੇ ਬਿੰਦ=ਜਾਨਣ ਜੋਗ ਗੋਬਿੰਦ ਨੂੰ ਉਚਾਰਨਾ ਕਰ, ਮਨ ਵਿਚ ਹਰਿ ਹਰਿ ਦਾ ਪਿਆਰ ਧਾਰਨਾ ਕਰ।

ਗੁਰਿ ਕਹਿਆ ਸੁ ਚਿਤਿ ਧਰਿ ਹਾਂ॥ ਅਨ ਸਿਉ ਤੋਰਿ ਫੇਰਿ ਹਾਂ॥

ਜੋ ਕੁਝ ਗੁਰਾਂ ਨੇ ਕਿਹਾ ਹੈ, ਉਸ ਨੂੰ ਚਿਤ ਵਿਚ ਧਾਰ। ਅਨ=ਹੋਰ ਦੇਵੀ ਦੇਵਤਿਆਂ ਨਾਲੋਂ ਤੋੜ ਕੇ ਪਰਮੇਸ਼ੁਰ ਦੀ ਤਰਫ ਚਿਤ ਨੂੰ ਫੇਰ।

*ਅਥਵਾ :-*ਅਨ=ਦ੍ਵੈਤ ਨਾਲੋਂ ਤੋੜ ਕੇ ਚਿਤ ਨੂੰ ਪਰਮੇਸ਼ਰ ਦੀ ਤਰਫ ਫੇਰ।

ਐਸੇ ਲਾਲਨੁ ਪਾਇਓ ਰੀ ਸਖੀ॥ ੧॥ ਰਹਾਉ॥

ਅਜਿਹੇ ਸਾਧਨ ਕਰਨ ਨਾਲ ਲਾਲਨੁ=ਪਿਆਰਾ (ਪਰਮੇਸ਼ਰ) ਪਾਇਆ ਜਾਂਦਾ ਹੈ॥ ੧॥

ਪੰਕਜ ਮੋਹ ਸਰਿ ਹਾਂ॥ ਪਗੁ ਨਹੀ ਚਲੈ ਹਰਿ ਹਾਂ॥
ਗਹਡਿਓ ਮੂੜ ਨਰਿ ਹਾਂ॥

ਸੰਸਾਰ ਰੂਪੀ ਸਰਿ=ਸਰੋਵਰ ਵਿਚ ਜੋ ਮੋਹ ਰੂਪੀ ਪੰਕ=ਚਿੱਕੜ ਜ=ਪੈਦਾ ਹੋ ਰਿਹਾ ਹੈ। ਉਸ ਵਿਚ ਖੁੱਭਣ ਕਰਕੇ ਮਨ ਰੂਪੀ ਪੈਰ ਹਰੀ ਵੱਲ ਨਹੀਂ ਚਲਦਾ। ਮੂਰਖ ਪੁਰਸ਼ ਉਸ ਮੋਹ ਰੂਪ ਚਿੱਕੜ ਵਿਚ ਗਹਡਿਓ=ਫਸ ਰਿਹਾ ਹੈ। ਗੁਰਾਂ ਤੋਂ ਬਗੈਰ ਚਾਹੋ।

ਅਨਿਨ ਉਪਾਵ ਕਰਿ ਹਾਂ॥ ਤਉ ਨਿਕਸੈ ਸਰਨਿ ਪੈਰੀ ਸਖੀ॥ ੧॥

ਅਨਿਨ=ਇਕ ਰਸ ਕਿਤਨੇ ਹੀ ਉਪਾਵ=ਜਤਨ ਕਰ ਲਵੇ, ਤਾਂ ਭੀ ਉਸ ਮੋਹ ਵਿਚੋਂ ਨਿਕਲ ਨਹੀਂ ਸਕਦਾ। *ਪ੍ਰਸ਼ਨ :-*ਕਿਵੇਂ ਨਿਕਲੇ ? *ਉੱਤਰ :-* ਰੀ ਸਖੀ=ਹੇ ਸਖੀ ! ਉਸ ਮੋਹ ਵਿਚੋਂ ਤਦ ਨਿਕਲ ਸਕਦਾ ਹੈ, ਜੇਕਰ ਗੁਰਾਂ ਦੀ ਸ਼ਰਨ ਵਿਚ ਪੈ ਜਾਵੇ॥ ੧॥

ਥਿਰ ਥਿਰ ਚਿਤ ਥਿਰ ਹਾਂ॥ ਬਨੁ ਗ੍ਰਿਹੁ ਸਮਸਰਿ ਹਾਂ॥

ਸਤਸੰਗ ਵਿਚ ਚਿਤ ਨੂੰ ਥਿਰ=ਟਿਕਾ ਕੇ ਥਿਰ ਰੂਪ ਪ੍ਰਮਾਤਮਾ ਵਿਚ ਚਿਤ ਥਿਰ=ਇਸਥਿਤ ਕਰ, *ਅਥਵਾ :-*ਥਿਰ ਰੂਪ ਪਰਮਾਤਮਾ ਵਿਚ ਥਿਰ=ਪ੍ਰਬਤ ਦੀ ਨਿਆਈਂ ਚਿਤ ਨੂੰ ਥਿਰ ਕਰ। ਜੰਗਲ ਤੇ ਘਰ ਨੂੰ ਸਮਸਰਿ=ਇਕੋ ਜਿਹਾ ਜਾਣ।

ਅੰਤਰਿ ਏਕ ਪਿਰ ਹਾਂ॥ ਬਾਹਰਿ ਅਨੇਕ ਧਰਿ ਹਾਂ॥

ਹਿਰਦੇ ਅੰਦਰ ਇਕ ਪਿਰ=ਪਤੀ (ਪਰਮਾਤਮਾ) ਨੂੰ ਨਿਸਚੇ ਕਰ। ਬਾਹਰ ਚਾਹੇ ਅਨੇਕ ਪ੍ਰਕਾਰ ਦਾ ਲੈਣ ਦੇਣ ਰੂਪ ਵਿਹਾਰ ਧਾਰਨਾ ਕਰ।

ਰਾਜਨ ਜੋਗੁ ਕਰਿ ਹਾਂ॥ ਕਹੁ ਨਾਨਕ ਲੋਗ ਅਲੋਰੀ ਰੀ ਸਖੀ॥੨॥੧॥੧੫੭॥

ਇਹੋ ਜਿਹੇ ਦੇ ਰਾਜਨ=ਰਾਜ ਜੋਗ, ਭਗਤੀ-ਜੋਗ ਨੂੰ ਕਰ। ਗੁਰੂ ਜੀ ਕਥਨ ਕਰਦੇ ਹਨ-ਰੀ ਸਖੀ=ਹੇ ਸਖੀ ! ਜੋ ਇਹੋ ਜਿਹੇ ਸਾਧਨ ਕਰਦੇ ਹਨ, ਉਹ ਲੋਕਾਂ ਵਿਚ ਰਹਿੰਦੇ ਹੋਏ ਭੀ ਅਲੋਰੀ=ਲੋਗਾਂ ਤੋਂ ਅਸੰਗ ਹਨ॥ ੨॥ ੧॥ ੧੫੭॥

ਆਸਾਵਰੀ ਮਹਲਾ ੫ ॥ ਮਨਸਾ ਏਕ ਮਾਨਿ ਹਾਂ ॥

ਹੇ ਮੇਰੇ ਪਿਆਰੇ ! ਮਨਸਾ=ਬੁੱਧੀ ਵਿਚ ਇਸ ਨੂੰ ਮੰਨਣਾ ਕਰ।

ਗੁਰ ਸਿਉ ਨੇਤ ਧਿਆਨਿ ਹਾਂ ॥ ਦ੍ਰਿੜੁ ਸੰਤ ਮੰਤ ਗਿਆਨਿ ਹਾਂ ॥

ਨੇਤ=ਨਿਤਾਪ੍ਰਤੀ ਗੁਰਾਂ ਨਾਲ ਮਿਲ ਕੇ ਧਿਆਨ ਲਗਾਣਾ ਕਰ।

ਅਥਵਾ :-ਨੇਤ=ਨੇਤ੍ਰਾਂ ਨਾਲ ਗੁਰਾਂ ਦਾ ਦਰਸ਼ਨ ਕਰ ਤੇ ਮਨ ਨਾਲ ਧਿਆਨ ਲਗਾ। ਸੰਤਾਂ ਦੇ ਮੰਤਰ ਦੁਆਰਾ ਗਿਆਨ ਨੂੰ ਦ੍ਰਿੜੁ=ਪੱਕਾ ਕਰ। ਅਤੇ

ਸੇਵਾ ਗੁਰ ਚਰਾਨਿ ਹਾਂ ॥
ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ ॥ ੧ ॥ ਰਹਾਉ ॥

ਗੁਰਾਂ ਦੀ ਚਰਾਨਿ=ਚਰਨਾਂ ਦੀ ਸੇਵਾ ਕਰ। ਹੇ ਮੇਰੇ ਪਿਆਰੇ ! ਤਾਂ ਗੁਰਾਂ ਦੀ ਕ੍ਰਿਪਾਨਿ=ਕਿਰਪਾ ਮਿਲੇਗੀ। *ਅਥਵਾ* :-ਤਦ ਗੁਰਾਂ ਪਾਸੋਂ ਗਿਆਨ ਰੂਪੀ ਕ੍ਰਿਪਾਨਿ=ਖੰਡਾ ਮਿਲੇਗਾ। *ਅਥਵਾ* :-ਤਦ ਕਿਰਪਾਨ ਧਾਰਨੀ ਮਿਲੇਗੀ ॥ ੧ ॥ ਰਹਾਉ ॥

ਟੂਟੇ ਅਨ ਭਰਾਨਿ ਹਾਂ ॥ ਰਵਿਓ ਸਰਬ ਥਾਨਿ ਹਾਂ ॥

ਜਦ ਭਰਾਨਿ=ਭ੍ਰਾਂਤੀ ਦੇ ਸਹਿਤ ਅਨ=ਦਵੈਤ ਆਦਿਕ ਵਿਕਾਰ ਟੁੱਟ ਗਏ। ਤਾਂ ਸਭ ਅਸਥਾਨਾਂ ਵਿਚ ਪਰਮੇਸ਼ਰ ਨੂੰ ਰਵਿ=ਭਰਪੂਰ ਹੋਇਆ ਨਿਸਚੇ ਕੀਤਾ।

ਲਹਿਓ ਜਮ ਭਇਆਨਿ ਹਾਂ ॥ ਪਾਇਓ ਪੇਡ ਥਾਨਿ ਹਾਂ ॥
ਤਉ ਚੂਕੀ ਸਗਲ ਕਾਨਿ ॥ ੧ ॥

ਜਦ ਪੇਡ=ਮੂਲ ਰੂਪ ਪਰਮੇਸ਼ਰ ਰੂਪ ਥਾਂ ਨੂੰ ਪਾਇਆ ਤਾਂ ਭਇਆਨਿ=ਡਰਾਉਣਾ ਜਮ ਮਗਰੋਂ ਲਹਿ ਗਿਆ। ਜਾਂ ਮਗਰੋਂ ਜਮ ਲੱਥ ਗਿਆ ਤਾਂ ਸਾਰਿਆਂ ਦੀ ਕਾਨ-ਕਨੌਡ ਭਾਵ ਮੁਥਾਜੀ ਚੂਕੀ=ਦੂਰ ਹੋ ਗਈ ॥ ੧ ॥

ਲਹਨੋ ਜਿਸੁ ਮਥਾਨਿ ਹਾਂ ॥ ਭੈ ਪਾਵਕ ਪਾਰਿ ਪਰਾਨਿ ਹਾਂ ॥

ਜਿਸ ਦੇ ਮਥਾਨਿ=ਮੱਥੇ ਦੇ ਲਹਨੋ=ਲੇਖ ਸਰੇਸ਼ਟ ਹਨ। ਉਹ ਭੈ ਦਾਇਕ ਸੰਸਾਰ-ਸਮੁੰਦਰ ਦੀ ਤ੍ਰਿਸ਼ਨਾ ਰੂਪ ਬੜਵਾ ਅੱਗ ਤੋਂ ਪਾਰ ਪਰਾਨਿ=ਪੈਂਦਾ ਹੈ।

ਨਿਜ ਘਰਿ ਤਿਸਹਿ ਥਾਨਿ ਹਾਂ ॥ ਹਰਿ ਰਸ ਰਸਹਿ ਮਾਨਿ ਹਾਂ ॥

ਤਿਸ ਦੀ ਸਰੂਪ ਰੂਪੀ ਨਿਜ ਘਰ ਵਿਚ ਥਾਨਿ=ਇਸਥਤੀ ਹੁੰਦੀ ਹੈ। ਸੰਸਾਰਕ ਰਸਾਂ ਵਿਚੋਂ ਉਹ ਹਰੀ-ਰਸ ਨੂੰ ਮਾਨਿ ਹਾਂ=ਭੋਗਦਾ ਹੈ।

ਲਾਥੀ ਤਿਸ ਭੁਖਾਨਿ ਹਾਂ ॥
ਨਾਨਕ ਸਹਜਿ ਸਮਾਇਓਰੇ ਮਨਾ ॥ ੨ ॥ ੨ ॥ ੧੫੮ ॥

ਉਸ ਪੁਰਸ਼ ਦੀ ਤਿਸ=ਤ੍ਰਿਸ਼ਨਾ ਤੇ ਭੁਖ ਲਹਿ ਜਾਂਦੀ ਹੈ। ਗੁਰੂ ਜੀ ਕਥਨ ਕਰਦੇ ਹਨ-ਹੇ ਪਿਆਰੇ !

ਉਹ ਪੁਰਸ਼ ਸਹਜ ਪਦ ਵਿਚ ਸਮਾਉਂਦਾ ਹੈ॥ ੨॥ ੨॥ ੧੫੮॥

ਆਸਾਵਰੀ ਮਹਲਾ ੫॥ ਹਰਿ ਹਰਿ ਹਰਿ ਗੁਨੀ ਹਾਂ॥
ਜਪੀਐ ਸਹਜ ਧੁਨੀ ਹਾਂ॥ ਸਾਧੂ ਰਸਨ ਭਨੀ ਹਾਂ॥
ਛੂਟਨ ਬਿਧਿ ਸੁਨੀ ਹਾਂ॥ ਪਾਈਐ ਵਡ ਪੁਨੀ ਮੇਰੇ ਮਨਾ॥ ੧॥ ਰਹਾਉ॥

ਹੇ ਮੇਰੇ ਮਨਾ=ਪਿਆਰੇ ! ਅਸੀਂ ਮੋਹ ਜਾਲ ਤੋਂ ਛੁਟਣ ਦੀ ਬਿਧਿ=ਯੁਕਤੀ ਸੁਣੀ ਹੈ, ਤੂੰ ਸੁਨਣਾ ਕਰ। ਤੂੰ ਸੰਤਾਂ ਨਾਲ ਮਿਲ ਕੇ ਹਰੀ ਦੇ ਹਰਿ ਹਰਿ ਨਾਮ ਨੂੰ ਮਨ ਕਰਕੇ ਗੁਨੀ=ਵਿਚਾਰਨਾ ਕਰ ਅਤੇ ਸਹਜ ਧੁਨੀ=ਸ਼ਾਂਤੀ ਦਾਇਕ ਬਾਣੀ ਨਾਲ ਹਰਿ ਹਰਿ ਨਾਮ ਨੂੰ ਜਪਣਾ ਕਰ ਤੇ ਸਾਧੂਆਂ ਦੁਆਰੇ ਰਸਨਾ ਨਾਲ ਹਰਿ ਹਰਿ ਨਾਮ ਨੂੰ ਭਨੀ=ਉਚਾਰਨਾ ਕਰ। ਪਰੰਤੂ, ਹੇ ਮੇਰੇ ਪਿਆਰੇ ! ਸੰਤਾਂ ਦਾ ਸੰਗ ਵੱਡਿਆਂ ਪੁੰਨਾਂ ਕਰਕੇ ਪਾਈਦਾ ਹੈ॥ ੧॥ ਰਹਾਉ॥

ਖੋਜਹਿ ਜਨ ਮੁਨੀ ਹਾਂ॥ ਸ੍ਰਬ ਕਾ ਪ੍ਰਭ ਧਨੀ ਹਾਂ॥
ਦੁਲਭ ਕਲਿ ਦੁਨੀ ਹਾਂ॥ ਦੂਖ ਬਿਨਾਸਨੀ ਹਾਂ॥

ਉਸ ਪ੍ਰਭੂ ਨੂੰ ਮੁਨੀ ਜਨ ਖੋਜਹਿ=ਲੱਭਦੇ ਹਨ, ਜੋ ਪ੍ਰਭੂ ਸਾਰਿਆਂ ਦਾ ਧਨੀ=ਮਾਲਕ ਹੈ। ਸਾਰੇ ਦੁਖਾਂ ਦਾ ਨਾਸ ਕਰਨ ਵਾਲਾ, ਜੋ ਪ੍ਰਭੂ ਦਾ ਨਾਮ ਹੈ। ਉਹ ਕਲਜੁਗ ਦੀ ਦੁਨੀਆਂ ਵਿਚ ਪ੍ਰਾਪਤ ਹੋਣਾ ਬੜਾ ਦੁਰਲੱਭ ਹੈ।

ਪ੍ਰਭ ਪੂਰਨ ਆਸਨੀ ਮੇਰੇ ਮਨਾ॥ ੧॥

ਹੇ ਮੇਰੇ ਮਨਾ=ਪਿਆਰੇ ! ਉਹ ਇਕ ਪ੍ਰਭੂ ਦੀ ਆਸਨੀ=ਆਸਾ ਦੇ ਪੂਰਨ ਕਰਨ ਵਾਲਾ ਹੈ॥ ੧॥

ਮਨ ਸੋ ਸੇਵੀਐ ਹਾਂ॥

ਹੇ ਮਨ ! ਤੂੰ ਉਸ ਵਾਹਿਗੁਰੂ ਦੀ ਸੇਵਾ ਕਰ। ਭਾਵ ਹਰ ਪਲ, ਹਰ ਘੜੀ ਉਸ ਦੀ ਯਾਦ ਵਿਚ ਜੁੜ।

[ਪੰਨਾ ੪੧੦]

ਅਲਖ ਅਭੇਵੀਐ ਹਾਂ॥ ਤਾਂ ਸਿਉ ਪ੍ਰੀਤਿ ਕਰਿ ਹਾਂ॥
ਬਿਨਸਿ ਨ ਜਾਇ ਮਰਿ ਹਾਂ॥

ਜੋ ਆਪਣੇ ਆਪ ਅਲਖ=ਜਾਣਨੇ ਤੋਂ ਰਹਿਤ ਅਤੇ ਅਭੇਵੀਐ=ਭੇਦਾਂ ਤੋਂ ਰਹਿਤ ਹੈ। ਉਸ ਪਰਮਾਤਮਾ ਨਾਲ ਪ੍ਰੀਤੀ ਕਰ। ਜੋ ਪਿਛੇ ਨਹੀਂ ਬਿਨਸਦਾ ਸੀ, ਹੁਣ ਵੀ ਨਹੀਂ ਮਰ ਜਾਂਦਾ।

ਅਥਵਾ :-ਜੋ ਮਰ ਕੇ ਨਾਸ ਨਹੀਂ ਹੁੰਦਾ, ਉਸ ਨੂੰ-

ਗੁਰ ਤੇ ਜਾਨਿਆ ਹਾਂ॥
ਨਾਨਕ ਮਨੁ ਮਾਨਿਆ ਮੇਰੇ ਮਨਾ॥ ੨॥ ੩॥ ੧੫੯॥

ਗੁਰੂ ਦੀ ਕਿਰਪਾ ਨਾਲ ਮੈਂ ਜਾਣਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਮਨਾ=ਪਿਆਰੇ ! ਉਸ ਉੱਤੇ ਮੇਰਾ ਮਨ ਮੰਨਿਆ ਗਿਆ ਹੈ॥ ੨॥ ੩॥ ੧੫੯॥

ਆਸਾਵਰੀ ਮਹਲਾ ੫ ॥

ਏਕਾ ਓਟ ਗਹੁ ਹਾਂ ॥ ਗੁਰ ਕਾ ਸਬਦੁ ਕਹੁ ਹਾਂ ॥
ਆਗਿਆ ਸਤਿ ਸਹੁ ਹਾਂ ॥

ਹੇ ਮੇਰੇ ਪਿਆਰੇ ! ਇਕ ਵਾਹਿਗੁਰੂ ਦੀ ਓਟ ਗ੍ਰਹਿਣ ਕਰ। ਗੁਰਾਂ ਦਾ ਉਪਦੇਸ਼ ਮਨ ਵਿਚ ਕਹੁ ਭਾਵ ਗੁਰ ਮੰਤ੍ਰ ਦਾ ਪਾਠ ਕਰ। ਜੋ ਵਾਹਿਗੁਰੂ ਦੀ ਆਗਿਆ ਹੈ, ਉਸ ਨੂੰ ਸੱਚ ਜਾਣ ਕੇ ਸਹੁ=ਸਹਾਰ।

ਮਨਹਿ ਨਿਧਾਨੁ ਲਹੁ ਹਾਂ ॥ ਸੁਖਹਿ ਸਮਾਈਐ ਮੇਰੇ ਮਨਾ ॥ ੧ ॥ ਰਹਾਉ ॥

ਮਨ ਵਿਚੋਂ ਨਿਧੀਆਂ ਦੇ ਖਜ਼ਾਨੇ ਪਰਮੇਸ਼ਰ ਨੂੰ ਲੈਣਾ ਕਰ। ਹੇ ਮੇਰੇ ਪਿਆਰੇ ! ਤਾਂ ਤੇਰਾ ਸੁਖਾਂ ਵਿਚ ਸਮਾਉਣਾ ਹੋਵੇਗਾ ॥ ੧ ॥ ਰਹਾਉ ॥

ਜੀਵਤ ਜੋ ਮਰੈ ਹਾਂ ॥ ਦੁਤਰੁ ਸੋ ਤਰੈ ਹਾਂ ॥

ਜੋ ਪੁਰਸ਼ ਜੀਵਤ ਭਾਵ ਤੋਂ ਮਰਦਾ ਹੈ, ਉਹ ਦੁਤਰੁ=ਕਠਨ ਸੰਸਾਰ-ਸਮੁੰਦਰ ਤੋਂ ਸਹਜੇ ਹੀ ਤਰ ਜਾਂਦਾ ਹੈ।

ਸਭ ਕੀ ਰੇਨੁ ਹੋਇ ਹਾਂ ॥ ਨਿਰਭਉ ਕਹਉ ਸੋਇ ਹਾਂ ॥

ਜੋ ਪੁਰਸ਼ ਸਭ ਦੇ ਚਰਨਾਂ ਦੀ ਰੇਨੁ=ਧੂੜ ਹੁੰਦਾ ਹੈ। ਉਹ ਪੁਰਸ਼ ਨਿਰਖੌਫ ਕਹੀਦਾ ਹੈ।

ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥ ੧ ॥

ਹੇ ਮੇਰੇ ਪਿਆਰੇ ! ਜਿਸ ਵੇਲੇ ਸੰਤਾਂ ਨੇ ਉਪਦੇਸ਼ ਦਿੱਤਾ ਤਾਂ ਸਾਰੇ ਅੰਦੇਸਿਆ=ਸੰਸੇ ਮਿਟ ਗਏ।

ਜਿਸੁ ਜਨ ਨਾਮ ਸੁਖੁ ਹਾਂ ॥ ਤਿਸੁ ਨਿਕਟਿ ਨ ਕਦੇ ਦੁਖੁ ਹਾਂ ॥

ਜਿਸ ਪੁਰਸ਼ ਨੂੰ ਨਾਮ ਦਾ ਸੁਖ ਪ੍ਰਾਪਤ ਹੋਇਆ ਹੈ। ਉਸ ਦੇ ਨੇੜੇ ਕਦੇ ਦੁੱਖ ਨਹੀਂ ਆਉਂਦਾ।

ਜੋ ਹਰਿ ਹਰਿ ਜਸੁ ਸੁਨੇ ਹਾਂ ॥ ਸਭੁ ਕੋ ਤਿਸੁ ਮੰਨੇ ਹਾਂ ॥

ਜੋ ਪੁਰਸ਼ ਹਰਿ ਹਰਿ ਦਾ ਜਸ ਸੁਣਦਾ ਹੈ। ਉਸ ਨੂੰ ਸਭ ਕੋਈ ਪੂਜਜ ਮੰਨਦਾ ਹੈ।

ਸਫਲੁ ਸੁ ਆਇਆ ਹਾਂ ॥
ਨਾਨਕ ਪ੍ਰਭ ਭਾਇਆ ਮੇਰੇ ਮਨਾ ॥ ੨ ॥ ੪ ॥ ੧੬੦ ॥

ਉਸ ਪੁਰਸ਼ ਦਾ ਸੰਸਾਰ ਵਿਚ ਆਇਆ ਸਫਲ ਹੈ। ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਪਿਆਰੇ ! ਜੋ ਪ੍ਰਭੂ ਪ੍ਰਮਾਤਮਾ ਨੂੰ ਭਾ ਗਿਆ ਹੈ ॥ ੨ ॥ ੪ ॥ ੧੬੦ ॥

ਆਸਾਵਰੀ ਮਹਲਾ ੫ ॥

ਮਿਲਿ ਹਰਿ ਜਸੁ ਗਾਈਐ ਹਾਂ ॥ ਪਰਮ ਪਦੁ ਪਾਈਐ ਹਾਂ ॥

ਹੇ ਮੇਰੇ ਮਨ ! ਸੰਤਾਂ ਨਾਲ ਮਿਲ ਕੇ ਹਰੀ ਦਾ ਜਸ ਗਾਉਣਾ ਕਰ ਤਾਂ ਪਰਮ ਪਦੁ=ਕੇਵਲ ਮੁਕਤੀ ਪ੍ਰਾਪਤ ਹੁੰਦੀ ਹੈ।

ਉਆ ਰਸ ਜੋ ਬਿਧੇ ਹਾਂ ॥ ਤਾ ਕਉ ਸਗਲ ਸਿਧੇ ਹਾਂ ॥

ਜੋ ਪੁਰਸ਼ ਉਸ ਆਤਮ-ਰਸ ਵਿਖੇ ਬਿਧੇ=ਤਦਾਕਾਰ ਹੋਇਆ ਹੈ। ਉਸ ਨੂੰ ਸਭ ਸਿਧੀਆਂ ਪ੍ਰਪਾਤ ਹੋਈਆਂ ਹਨ।

ਅਨਦਿਨੁ ਜਾਗਿਆ ਹਾਂ ॥ ਨਾਨਕ ਬਡ ਭਾਗਿਆ ਮੇਰੇ ਮਨਾ ॥ ੧ ॥ ਰਹਾਉ ॥

ਜੋ ਰਾਤ ਦਿਨ ਭਜਨ ਸਿਮਰਨ ਵਿਚ ਜਾਗਿਆ ਹੈ। ਗੁਰੂ ਜੀ ਕਹਿੰਦੇ ਹਨ-ਉਹ ਪੁਰਸ਼ ਵੱਡਿਆਂ ਭਾਗਾਂ ਵਾਲਾ ਹੈ॥ ੧ ॥ ਰਹਾਉ॥

ਸੰਤ ਪਗ ਧੋਈਐ ਹਾਂ ॥ ਦੁਰਮਤਿ ਖੋਈਐ ਹਾਂ ॥

ਹੇ ਮੇਰੇ ਮਨ ! ਜੋ ਸੰਤਾਂ ਦੇ ਚਰਨ ਧੋਂਦਾ ਹੈ, ਉਹ ਦੁਰ+ਮਤਿ=ਖੋਟੀ ਮਤ ਨੂੰ ਖੋਈਐ=ਨਾਸ ਕਰ ਲੈਂਦਾ ਹੈ।

ਦਾਸਹ ਰੇਨੁ ਹੋਇ ਹਾਂ ॥ ਬਿਆਪੈ ਦੁਖੁ ਨ ਕੋਇ ਹਾਂ ॥

ਜੋ ਪ੍ਰਭੂ ਦੇ ਦਾਸਾਂ ਦੀ ਚਰਨ-ਧੂੜ ਹੁੰਦਾ ਹੈ। ਉਸ ਨੂੰ ਕੋਈ ਭੀ ਦੁੱਖ ਬਿਆਪੈ=ਲੱਗਦਾ ਨਹੀਂ।

ਭਗਤਾਂ ਸਰਨਿ ਪਰੁ ਹਾਂ ॥ ਜਨਮਿ ਨ ਕਦੇ ਮਰੁ ਹਾਂ ॥

ਹੇ ਮੇਰੇ ਮਨ ! ਜੋ ਵਾਹਿਗੁਰੂ ਦੇ ਭਗਤਾਂ ਦੀ ਸ਼ਰਨ ਵਿਖੇ ਪਰੁ=ਪੈਂਦਾ ਹੈ। ਉਹ ਕਦੇ ਵੀ ਜੰਮਦਾ ਮਰਦਾ ਨਹੀਂ।

ਅਸਥਿਰੁ ਸੇ ਭਏ ਹਾਂ ॥ ਹਰਿ ਹਰਿ ਜਿਨ੍ ਜਪਿ ਲਏ ਮੇਰੇ ਮਨਾ ॥ ੧ ॥

ਹੇ ਮੇਰੇ ਮਨਾ ! ਉਹ ਪੁਰਸ਼ ਇਸਥਿਤ ਰੂਪ ਹੋਏ ਹਨ। ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਜਪ ਲਿਆ ਹੈ॥ ੧ ॥

ਸਾਜਨੁ ਮੀਤੁ ਤੂੰ ਹਾਂ ॥ ਨਾਮੁ ਦ੍ਰਿੜਾਇ ਮੂੰ ਹਾਂ ॥
ਤਿਸੁ ਬਿਨੁ ਨਾਹਿ ਕੋਇ ਹਾਂ ॥

ਹੇ ਗੁਰੂ ਜੀ ਸੱਜਣ ਇਸ ਲੋਕ ਦੇ, ਮਿੱਤਰ ਪ੍ਰਲੋਕ ਦੇ ਆਪ ਹੀ ਹੋ। ਆਪ ਕਿਰਪਾ ਕਰਕੇ ਮੈਨੂੰ ਨਾਮ ਦ੍ਰਿੜਾਣਾ ਕਰੋ। ਉਸ ਨਾਮ ਤੋਂ ਬਿਨਾ ਮੇਰਾ ਹੋਰ ਕੋਈ ਸਹਾਇਕ ਨਹੀਂ।

ਮਨਹਿ ਅਰਾਧਿ ਸੋਇ ਹਾਂ ॥ ਨਿਮਖ ਨ ਵੀਸਰੈ ਹਾਂ ॥
ਤਿਸੁ ਬਿਨੁ ਕਿਉ ਸਰੈ ਹਾਂ ॥

ਮਨ ਵਿਖੇ ਉਸ ਨੂੰ ਅਰਾਧਦਾ ਹਾਂ, ਨਿਮਖ ਮਾਤ੍ਰ ਵੀ ਵੀਸਰੈ=ਭੁਲਦਾ ਨਹੀਂ, ਉਸ ਤੋਂ ਬਿਨਾਂ ਮੇਰੀ ਕਿਵੇਂ ਨਿਭ ਸਕਦੀ ਹੈ ?

ਗੁਰ ਕਉ ਕੁਰਬਾਨੁ ਜਾਉ ਹਾਂ ॥
ਨਾਨਕੁ ਜਪੇ ਨਾਉ ਮੇਰੇ ਮਨਾ ॥ ੨ ॥ ੫ ॥ ੧੬੧ ॥

ਮੈਂ ਗੁਰੂ ਤੋਂ ਬਲਿਹਾਰ ਜਾਂਦਾ ਹਾਂ। ਹੇ ਮੇਰੇ ਮਨਾਂ ! ਜਿਸ ਦੀ ਕਿਰਪਾ ਨਾਲ ਮੈਂ ਨਾਮ ਜਪਣੇ ਕੀਤੇ ਹਨ॥ ੨॥ ੫॥ ੧੬੧॥

ਆਸਾਵਰੀ ਮਹਲਾ ੫॥ ਕਾਰਨ ਕਰਨ ਤੂੰ ਹਾਂ॥
ਅਵਰੁ ਨ ਸੂਝੈ ਮੂੰ ਹਾਂ॥

ਹੇ ਵਾਹਿਗੁਰੂ ! ਤੂੰ ਹੀ ਸਭ ਕਾਰਨਾਂ ਦੇ ਕਰਨ ਵਾਲਾ ਹੈਂ। ਮੈਨੂੰ ਆਪ ਤੋਂ ਬਿਨਾਂ ਹੋਰ ਕੋਈ ਸੁਝਦਾ ਨਹੀਂ।

ਕਰਹਿ ਸੁ ਹੋਈਐ ਹਾਂ॥ ਸਹਜਿ ਸੁਖਿ ਸੋਈਐ ਹਾਂ॥

ਜੋ ਤੂੰ ਕਰਦਾ ਹੈਂ ਉਹੀ ਹੁੰਦਾ ਹੈ। ਅਜਿਹੇ ਨਿਸਚੇ ਵਾਲਾ ਪੁਰਸ਼ ਸਹਜਿ ਸੁਖਿ ਸੋਈਐ ਹਾਂ=ਸਾਂਤੀ ਸੁਖ ਵਿਚ ਸੌਂਦਾ ਹੈ।

ਧੀਰਜ ਮਨਿ ਭਏ ਹਾਂ॥ ਪ੍ਰਭ ਕੈ ਦਰਿ ਪਏ ਮੇਰੇ ਮਨਾ॥ ੧॥ ਰਹਾਉ॥

ਉਸ ਦੇ ਮਨ ਵਿਚ ਧੀਰਜ ਆਦਿਕ ਗੁਣ ਪ੍ਰਾਪਤ ਹੋਏ ਹਨ। ਹੇ ਮੇਰੇ ਮਨਾ ! ਅਸੀਂ ਉਸ ਪ੍ਰਭੂ ਦੇ ਦਰਵਾਜ਼ੇ ਤੇ ਪਏ ਹਾਂ॥ ੧॥ ਰਹਾਉ॥

ਸਾਧੂ ਸੰਗਮੇ ਹਾਂ॥ ਪੂਰਨ ਸੰਜਮੇ ਹਾਂ॥

ਜਦੋਂ ਸਾਧੂਆਂ ਦਾ ਸੰਗਮੇ=ਸੰਗ ਕਰਨਾ ਪ੍ਰਾਪਤ ਹੋਇਆ ਉਦੋਂ ਸਾਰੀਆਂ ਇੰਦ੍ਰੀਆਂ ਨੂੰ ਆਪਣੇ ਵਸ ਕਰ ਲਿਆ (ਅਰਥਾਤ ਆਪਣੀ ਮਰਜ਼ੀ ਮੁਤਾਬਿਕ ਆਪਣੀਆਂ ਇੰਦ੍ਰੀਆਂ ਨੂੰ ਚਲਾਉਂਦੇ ਹਾਂ)। *ਅਥਵਾ* :-ਜੋ ਸੰਤਾਂ ਦਾ ਮਿਲਾਪ ਹੈ, ਏਹੀ ਤੇਰੇ ਮਿਲਾਪ ਦਾ ਪੂਰਨ ਸੰਜਮੇ=ਸਾਧਨ ਹੈ।

ਜਬ ਤੇ ਛੁਟੇ ਆਪ ਹਾਂ॥ ਤਬ ਤੇ ਮਿਟੇ ਤਾਪ ਹਾਂ॥

ਜਦੋਂ ਤੋਂ ਆਪ=ਹੰਕਾਰ ਤੋਂ ਛੁਟੇ ਹਾਂ, ਉਦੋਂ ਤੋਂ ਤਿੰਨੇ (ਆਧਿ, ਵਿਆਧਿ, ਉਪਾਧਿ) ਤਾਪ ਮਿਟ ਗਏ ਹਨ।

ਕਿਰਪਾ ਧਾਰੀਆ ਹਾਂ॥ ਪਤਿ ਰਖੁ ਬਨਵਾਰੀਆ ਮੇਰੇ ਮਨਾ॥ ੧॥

ਅੰਨਵੇ : ਹੇ ਮੇਰੇ ਮਨਾ ! ਸੰਸਾਰ ਬਨ ਦੇ ਮਾਲਕ ਪਰਮਾਤਮਾ ਨੇ ਹੀ ਕਿਰਪਾ ਦ੍ਰਿਸ਼ਟੀ ਧਾਰ ਕੇ ਮੇਰੀ ਪਤਿ=ਇੱਜ਼ਤ ਰੱਖੀ ਹੈ॥ ੧॥

ਇਹੁ ਸੁਖੁ ਜਾਨੀਐ ਹਾਂ॥ ਹਰਿ ਕਰੇ ਸੁ ਮਾਨੀਐ ਹਾਂ॥

ਅਸੀਂ ਇਸ ਨੂੰ ਸੁਖ ਸਰੂਪ ਕਰਕੇ ਜਾਣਦੇ ਹਾਂ। ਜੋ ਹਰੀ ਕਰਦਾ ਹੈ, ਉਸ ਨੂੰ ਚੰਗਾ ਕਰਕੇ ਮੰਨਦੇ ਹਾਂ।

ਮੰਦਾ ਨਾਹਿ ਕੋਇ ਹਾਂ॥ ਸੰਤ ਕੀ ਰੇਨ ਹੋਇ ਹਾਂ॥

ਸਾਡੇ ਖਿਆਲ ਅੰਦਰ ਮੰਦਾ=ਮਾੜਾ ਪੁਰਸ਼ ਕੋਈ ਨਹੀਂ ਹੈ। *ਅਥਵਾ* :-ਮੈਥੋਂ ਬੁਰਾ ਹੋਰ ਕੋਈ ਭੀ ਨਹੀਂ ਹੈ, ਇਹ ਜਾਣ ਕੇ ਸੰਤਾਂ ਦੇ ਚਰਨਾਂ ਦੀ ਧੂੜ ਹੋ ਰਹੇ ਹਾਂ।

ਆਪੇ ਜਿਸੁ ਰਖੈ ਹਾਂ॥ ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ॥ ੨॥

ਜਿਸ ਨੂੰ ਆਪ ਪਰਮੇਸ਼ਰ ਰੱਖਦਾ ਹੈ, ਹੇ ਮੇਰੇ ਮਨਾ ! ਉਹੀ ਹਰੀ ਦੇ ਨਾਮ-ਅੰਮ੍ਰਿਤ ਨੂੰ ਚੱਖਦਾ ਹੈ॥ ੨॥

ਜਿਸ ਕਾ ਨਾਹਿ ਕੋਇ ਹਾਂ ॥ ਤਿਸ ਕਾ ਪ੍ਰਭੂ ਸੋਇ ਹਾਂ ॥

ਜਿਸ ਪੁਰਸ਼ ਦਾ ਕੋਈ ਭੀ ਸਬੰਧੀ ਨਹੀਂ ਹੈ, ਤਿਸ ਦਾ ਰਖਿਅਕ ਉਹ ਪ੍ਰਭੂ ਆਪ ਹੈ।

ਅੰਤਰਗਤਿ ਬੁਝੈ ਹਾਂ ॥ ਸਭੁ ਕਿਛੁ ਤਿਸੁ ਸੁਝੈ ਹਾਂ ॥

ਜਿਸ ਨੇ ਅੰਤਰੇ ਭੇਦ ਦੀ ਗਤਿ=ਨਵਿਰਤੀ ਨੂੰ ਬੁਝਿਆ ਹੈ, *ਅਥਵਾ:-*ਅੰਤਰ ਪ੍ਰਾਪਤ ਰੂਪ ਪਰਮਾਤਮਾ ਨੂੰ ਬੁਝਿਆ ਹੈ, ਤਿਸ ਨੂੰ ਸਭ ਕੁਝ ਸੁਝ ਆਇਆ ਹੈ।

ਪਤਿਤ ਉਧਾਰਿ ਲੇਹੁ ਹਾਂ ॥
ਨਾਨਕ ਅਰਦਾਸਿ ਏਹੁ ਮੇਰਾ ਮਨਾ ॥ ੩ ॥ ੬ ॥ ੧੬੨ ॥

ਮੈਂ ਪਤਿਤ=ਪਾਪਾਂ ਨੂੰ ਤਾਰ ਲੈਣਾ ਕਰੋ। ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਪਿਆਰੇ ਵਾਹਿਗੁਰੂ ! ਆਪ ਜੀ ਅੱਗੇ ਮੇਰੀ ਇਹੀ ਅਰਦਾਸ ਹੈ॥ ੩ ॥ ੬ ॥ ੧੬੨ ॥

ਆਸਾਵਰੀ ਮਹਲਾ ੫ ਇਕ ਤੁਕਾ ॥
ਓਇ ਪਰਦੇਸੀਆ ਹਾਂ ॥ ਸੁਨਤ ਸੰਦੇਸਿਆ ਹਾਂ ॥ ੧ ॥ ਰਹਾਉ ॥

ਓਏ ਸਰੂਪ ਦੇਸ਼ ਤੋਂ ਪਰ੍ਹੇ ਰਹਿਣ ਵਾਲੇ ਜੀਵ ! ਤੂੰ ਇਕ ਸੁਨੇਹਾ ਸੁਣ॥ ੧ ॥ ਰਹਾਉ ॥

[ਪੰਨਾ ੪੧੧]

ਜਾ ਸਿਉ ਰਚਿ ਰਹੇ ਹਾਂ ॥ ਸਭ ਕਉ ਤਜਿ ਗਏ ਹਾਂ ॥

ਜਿਨ੍ਹਾਂ ਪਦਾਰਥਾਂ ਦੇ ਨਾਲ ਇਹ ਸਾਰੇ ਜੀਵ ਰਚ ਰਹੇ ਹਨ। ਉਹਨਾਂ ਸਭਨਾਂ ਨੂੰ ਇਹ ਪਦਾਰਥ ਛੱਡ ਗਏ ਹਨ।

ਸੁਪਨਾ ਜਿਉ ਭਏ ਹਾਂ ॥ ਹਰਿ ਨਾਮੁ ਜਿਨਿ੍ ਲਏ ॥ ੧ ॥

ਅੰਨਵੇ : ਜਿਨ੍ਹਾਂ ਨੇ ਹਰੀ ਨਾਮ ਨੂੰ ਜਪ ਲਿਆ ਹੈ। ਉਹਨਾਂ ਇਹ ਪਦਾਰਥ ਸੁਪਨੇ ਦੀ ਨਿਆਈਂ ਪ੍ਰਤੀਤ ਹੋਏ ਹਨ॥ ੧ ॥

ਹਰਿ ਤਜਿ ਅਨ ਲਗੇ ਹਾਂ ॥ ਜਨਮਹਿ ਮਰਿ ਭਗੇ ਹਾਂ ॥

ਜੋ ਪੁਰਸ਼ ਹਰੀ ਨੂੰ ਛੱਡ ਕੇ ਅਨ ਲਗੇ=ਹੋਰ ਦੇਵੀ ਦੇਵਤਿਆਂ ਵਿਚ ਲਗੇ ਹਨ। ਉਹ ਜਨਮ ਮਰਨ ਵਿਖੇ ਦੌੜੇ ਫਿਰਦੇ ਹਨ। *ਅਥਵਾ :-*ਜੋ ਹੋਰਨਾਂ ਨੂੰ ਛੱਡ ਕੇ ਹਰੀ ਦੇ ਸਿਮਰਨ ਵਿਚ ਲਗੇ ਹਨ, ਉਹਨਾਂ ਦਾ ਜੰਮਣਾ ਮਰਨਾ ਭੱਜ ਗਿਆ ਹੈ।

ਹਰਿ ਹਰਿ ਜਨਿ ਲਹੇ ਹਾਂ ॥ ਜੀਵਤ ਸੇ ਰਹੇ ਹਾਂ ॥

ਜੋ ਪੁਰਸ਼ ਹਰਿ ਹਰਿ ਨਾਮ ਲੈਂਦੇ ਹਨ। ਓਹੀ ਸੰਸਾਰ ਵਿਖੇ ਜੀਉਂਦੇ ਰਹਿੰਦੇ ਹਨ।

ਜਿਸਹਿ ਕ੍ਰਿਪਾਲੁ ਹੋਇ ਹਾਂ ॥
ਨਾਨਕ ਭਗਤੁ ਸੋਇ ॥ ੨ ॥ ੭ ॥ ੧੬੩ ॥ ੨੩੨ ॥

ਜਿਸ 'ਪਰ ਸਤਿਗੁਰੂ ਦੇਵ ਜੀ ਕ੍ਰਿਪਾਲੂ ਹੋਏ ਹਨ। ਗੁਰੂ ਜੀ ਕਹਿੰਦੇ ਹਨ-ਓਹੀ ਪਰਮੇਸ਼ਰ ਦਾ ਅਸਲੀ ਭਗਤ ਹੈ॥ ੨॥ ੭॥ ੧੬੩॥ ੨੩੨॥

ਹੁਣ ਇਕ ਸ਼ਬਦ ਵਿਚ ਗੁਰੂ ਤੇਗ ਬਹਾਦਰ ਜੀ ਆਪਣੇ ਪਵਿੱਤਰ ਮੁਖ ਤੋਂ ਸ਼ੁਭ ਸਿੱਖਿਆ ਦੇਂਦੇ ਹਨ-

ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਮਹਲਾ ੯॥

ਬਿਰਥਾ ਕਹਉ ਕਉਨ ਸਿਉ ਮਨ ਕੀ॥

ਹੇ ਪੁਰਖ਼ਾ ! ਤੂੰ ਆਪਣੇ ਮਨ ਦੀ ਹਾਲਤ ਕਿਸ ਕੋਲ ਕਹੇਂਗਾ ? ਕਿਉਂਕਿ-

ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ॥ ੧॥ ਰਹਾਉ॥

ਤੇਰੇ ਚਿਤ ਵਿਖੇ ਧਨ ਦੀ ਆਸਾ ਲੱਗ ਰਹੀ ਹੈ, ਇਸੀ ਤੇ ਲੋਭ ਦਾ ਗ੍ਰਸਿਆ ਹੋਇਆ ਦਸੋਂ ਦਿਸ਼ਾਂ ਵਿਚ ਦੌੜਿਆ ਫਿਰਦਾ ਹੈਂ॥ ੧॥ ਰਹਾਉ॥

ਸੁਖ ਕੈ ਹੇਤ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥

ਸੰਸਾਰਕ ਸੁਖਾਂ ਦੀ ਪ੍ਰਾਪਤੀ ਵਾਸਤੇ ਤੂੰ ਬਹੁਤ ਤਰ੍ਹਾਂ ਦੇ ਦੁੱਖ ਪਾਉਂਦਾ ਹੈਂ ਅਤੇ ਬੰਦੇ ਬੰਦੇ ਦੀ ਸੇਵਾ ਤੂੰ ਕਰਦਾ ਹੈਂ।

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ॥ ੧॥

ਸੁਆਨ=ਕੁੱਤੇ ਵਾਂਗ ਤੂੰ ਦਰ ਦਰ ਉਤੇ ਡੋਲਤ=ਭਟਕਦਾ ਫਿਰਦਾ ਹੈਂ, ਰਾਮ ਦੇ ਭਜਨ ਕਰਨ ਦੀ ਤੈਨੂੰ ਕੋਈ ਸੁਧ=ਖਬਰ ਹੀ ਨਹੀਂ॥ ੧॥

ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥

ਮਨੁੱਖਾ ਜਨਮ ਨੂੰ ਨਿਸਫਲ ਕੰਮਾਂ ਵਿਚ ਗੁਆ ਰਿਹਾ ਹੈਂ, ਪ੍ਰਤੱਖ ਲੋਕਾਂ ਦੇ ਹੱਸਣ ਦੀ ਤੈਨੂੰ ਲਜਿਆ ਨਹੀਂ ਆਉਂਦੀ। *ਅਥਵਾ* :-ਪਿਤਰ ਲੋਕ, ਰਿਖੀ ਲੋਕ ਆਦਿ ਇਹਨਾਂ ਲੋਕਾਂ ਦੇ ਹੱਸਣ ਦੀ ਤੈਨੂੰ ਸ਼ਰਮ ਨਹੀਂ ਆਉਂਦੀ, ਕਿਉਂਕਿ ਉਹ ਕਹਿੰਦੇ ਹਨ-ਇਹ ਜੀਵ ਹੁਣ ਫਿਰ ਸਾਡਾ ਕਰਜਾਈ ਹੋ ਗਿਆ ਹੈ।

ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨ ਕੀ॥ ੨॥ ੧॥ ੨੩੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਖ਼ਾ ! ਤੂੰ ਹਰਿ ਜਸ ਨੂੰ ਕਿਉਂ ਨਹੀਂ ਗਾਉਂਦਾ। ਜਿਸ ਕਰਕੇ ਤੇਰੇ ਸਰੀਰ ਦੀ ਕੁਮਤਿ=ਖੋਟੀ ਬੁੱਧੀ ਨਾਸ ਹੋ ਜਾਵੇ॥ ੨॥ ੧॥ ੨੩੩॥

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੨
ੴ ਸਤਿਗੁਰ ਪ੍ਰਸਾਦਿ॥

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਭਰਥਰੀ ਨੂੰ ਮਿਲੇ ਹਨ। ਤਾ ਭਰਥਰੀ ਨੇ ਬੇਨਤੀ ਕੀਤੀ-ਪਹਿਲੇ

ਆਪ ਜੋਗ ਭੇਖ ਧਾਰੋ, ਫਿਰ ਆਪ ਨੂੰ ਮਾਨ-ਸਰੋਵਰ ਦਾ ਇਸ਼ਨਾਨ ਕਰਵਾ ਲਿਆਈਏ। ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ :-ਅਸੀਂ ਤਾਂ ਮਾਨ-ਸਰੋਵਰ ਉੱਤੇ ਅੱਗੇ ਹੀ ਇਸ਼ਨਾਨ ਕਰ ਰਹੇ ਹਾਂ, ਹੇ ਭਰਥਰੀ ਜੀ ! ਤੁਸੀਂ ਭੀ ਇਸੇ ਮਾਨ-ਸਰੋਵਰ ਤੇ ਇਸ਼ਨਾਨ ਕਰੋ। ਜਿਸ ਤਰ੍ਹਾਂ ਮਾਨ-ਸਰੋਵਰ ਵੱਲ ਜਾਣ ਵੇਲੇ ਰਾਹ ਵਿਚ ਪਹਾੜ ਅਤੇ ਨਦੀਆਂ ਵਗੈਰਾ ਆਉਂਦੀਆਂ ਹਨ, ਉਹ ਸਾਰਾ ਰੂਪੰ ਅਲੰਕਾਰ ਦੱਸਦੇ ਹਨ-

ਉਤਰਿ ਅਵਘਟਿ ਸਰਵਰਿ ਨ੍ਹਾਵੈ॥

(੧) ਅਵਘਟਿ=ਕਠਨ ਜੋ ਕਾਮ ਆਦਿਕਾਂ ਰੂਪੀ ਪਹਾੜ ਹਨ ਅਤੇ ਕੁਤਰਕਾਂ ਰੂਪੀ ਨਦੀਆਂ ਹਨ, ਇਹਨਾਂ ਨੂੰ ਉਤਰਿ=ਲੰਘ ਕੇ ਸਤਸੰਗ ਰੂਪੀ ਜੋ ਮਾਨ-ਸਰੋਵਰ ਹੈ, ਨਾਮ-ਜਲ ਕਰਕੇ ਭਰਪੂਰ, ਉਸ ਵਿਖੇ ਇਸ਼ਨਾਨ ਕਰੇ।

(੨) ਅਵਘਟਿ=ਬੜੇ ਸਖਤ ਜੋ ਪੰਜ ਕੋਸ਼ਾਂ ਰੂਪੀ ਪਹਾੜ ਹਨ ਅਤੇ ਆਸਾ ਤ੍ਰਿਸ਼ਨਾਂ ਰੂਪ ਨਦੀਆਂ ਹਨ, ਇਹਨਾਂ ਨੂੰ ਉਤਰਿ=ਲੰਘ ਕੇ ਅੰਤਹਕਰਣ ਰੂਪੀ ਜੋ ਮਾਨ ਸਰੋਵਰ ਹੈ, ਆਤਮਾ ਰੂਪੀ ਜਲ ਕਰਕੇ ਭਰਪੂਰ, ਉਸ ਵਿਚ ਇਸ਼ਨਾਨ ਕਰੇ।

(੩) ਅਵਘਟਿ-ਕਠਨ ਜੋ ਅਗਿਆਨ ਰੂਪ ਪਹਾੜ ਅਤੇ ਜੜ੍ਹਤਾ ਰੂਪ ਨਦੀ ਨੂੰ ਲੰਘ ਕੇ ਬ੍ਰਹਮ ਰੂਪੀ ਮਾਨ-ਸਰੋਵਰ ਵਿਚ ਇਸ਼ਨਾਨ ਕਰੇ।

ਪ੍ਰਤੱਖ ਮਾਨ-ਸਰੋਵਰ ਤੇ ਜਾਣ ਲੱਗਿਆਂ ਅਮਰ ਨਾਥ ਤੋਂ ਅੱਗੇ ਜਾ ਕੇ ਰਾਹ ਵਿਚ ਉਚਾ ਬੋਲੇ ਤਾਂ ਬਰਫ ਡਿੱਗ ਪੈਂਦੀ ਹੈ। ਇਸੇ ਤਰ੍ਹਾਂ -

ਬਕੈ ਨ ਬੋਲੈ ਹਰਿ ਗੁਣ ਗਾਵੈ॥

ਸਤਿਸੰਗ ਰੂਪੀ ਮਾਨ-ਸਰੋਵਰ ਤੇ ਜਾਣ ਲੱਗਿਆਂ, ਬਕੈ=ਬਕਵਾਦਾਂ ਨੂੰ ਨਾ ਬੋਲੇ।

ਅਥਵਾ :-ਬਕੈ=ਵਿਅਰਥ ਨ ਬੋਲੇ। *ਅਥਵਾ* :-ਵਿਸ਼ੇਸ਼ ਕਰਕੇ ਨਾ ਬਕੇ ਅਤੇ ਸਮਾਨ ਕਰਕੇ ਵੀ ਨਾ ਬੋਲੇ।

ਫਿਰ ਕੀ ਕਰੇ ? *ਉੱਤਰ* :-ਹਰੀ ਦੇ ਗੁਣ ਗਾਵੇ-

ਜਲੁ ਆਕਾਸੀ ਸੁੰਨਿ ਸਮਾਵੈ॥

ਜਲ ਅਕਾਸ਼ ਆਦਿਕ ਤੱਤਾਂ ਵਿਚ ਸੁੰਨਿ ਸਮਾਵੈ=ਅਫੁਰ ਪਰਮਾਤਮਾ ਨੂੰ ਸਮਾਇਆ ਨਿਸਚੇ ਕਰੇ।

ਅਥਵਾ-ਜਲ ਅਕਾਸ਼ ਆਦਿਕ ਤੱਤਾਂ ਰਚਤ ਜੋ ਮਨੁੱਖਾ ਸਰੀਰ ਹੈ, ਇਸ ਵਿਚ ਭੀ ਅੱਫੁਰ ਪਰਮਾਤਮਾ ਨੂੰ ਸਮਾਇਆ ਨਿਸਚੇ ਕਰੇ।

ਅਥਵਾ-ਹਿਰਦੇ-ਅਕਾਸ਼ ਵਿਚ ਨਾਮ-ਜਲ ਨੂੰ ਗ੍ਰਹਿਣ ਕਰੇ, ਤਾਂ ਅਫੁਰ ਪਰਮਾਤਮਾ ਵਿਚ ਸਮਾਵੈ=ਅਭੇਦ ਹੁੰਦਾ ਹੈ।

ਅਥਵਾ :-ਜਲ ਅਸਥੂਨ ਵਸਤੂ ਹੈ, ਅਕਾਸ਼ ਸੂਖਮ ਵਸਤੂ ਹੈ, ਇਸ ਕਰਕੇ ਜਲ ਵਿਚੋਂ ਸਰਗੁਣ ਤੇ ਅਕਾਸ਼ ਵਿਚੋਂ ਨਿਰਗੁਣ ਪਦ ਲੈਣਾ। ਪਹਿਲੇ ਜਲ=ਸਰਗੁਣ ਦੀ ਉਪਾਸ਼ਨਾ ਕਰਕੇ ਫਿਰ ਆਕਾਸੀ=ਨਿਰਗੁਣ ਦੀ ਉਪਾਸ਼ਨਾ ਕਰੇ ਤਾਂ ਸੁੰਨਿ=ਅਫੁਰ ਬ੍ਰਹਮ ਵਿਚ ਅਭੇਦ ਹੁੰਦਾ ਹੈ।

ਅਥਵਾ :-ਜਿਵੇਂ ਆਕਾਸੀ=ਅਕਾਸ਼ ਵਿਚ ਚੱਲਣ ਵਾਲਾ ਜੋ ਸੂਰਜ ਹੈ, ਉਸ ਦਾ ਪ੍ਰਤੀਬਿੰਬ (ਪਰਛਾਵਾਂ) ਜਲ ਉਪਾਧੀ ਕਰਕੇ ਵੱਖਰਾ ਪ੍ਰਤੀਤ ਹੁੰਦਾ ਹੈ। ਜਿਸ ਵੇਲੇ ਜਲ ਉਪਾਧੀ ਦੂਰ ਹੋ ਜਾਵੇ ਤਾਂ ਉਹ ਪ੍ਰਤੀਬਿੰਬ

ਸੁੰਨਿ ਸਮਾਵੈ=ਸੂਰਜ ਵਿਖੇ ਸਮਾ ਜਾਂਦਾ ਹੈ।

ਇਸੀ ਪ੍ਰਕਾਰ ਚਿਦਾਕਾਸ ਦਾ ਪ੍ਰਤਿਬਿੰਬ ਜੋ ਸਾਖੀ ਚੇਤਨ ਹੈ। ਉਹ ਅੰਤਹਕਰਣ ਰੂਪ ਜਲ ਉਪਾਧੀ ਕਰਕੇ ਭਿੰਨ ਪ੍ਰਤੀਤ ਹੋ ਰਿਹਾ ਹੈ। ਜਦ ਅੰਤਹਕਰਣ ਰੂਪ ਜਲ ਉਪਾਧੀ ਦੂਰ ਹੋ ਜਾਵੇ ਤਦ ਉਹ ਪ੍ਰਤਿਬਿੰਬ ਸਾਖੀ ਚੇਤਨ, ਸੁੰਨਿ ਸਮਾਵੈ=ਅਫੁਰ ਚੇਤਨ ਵਿਚ ਸਮਾ ਜਾਂਦਾ ਹੈ।

ਪ੍ਰਸ਼ਨ :-ਕਿਵੇਂ ਸਮਾਉਂਦਾ ਹੈ ? *ਉੱਤਰ* :-

ਜਿਵੇਂ ਜਲ ਵਿਖੇ ਜਲ ਤੇ ਅਕਾਸ਼ ਵਿਚ ਅਕਾਸ਼ ਸਮਾ ਜਾਂਦਾ ਹੈ, ਤਿਵੇਂ ਸੁੰਨਿ=ਅਫੁਰ ਬ੍ਰਹਮ ਵਿਖੇ ਸਮਾਉਂਦਾ ਹੈ। ਦ੍ਰਿਸ਼ਟਾਂਤ ਸਹਿਤ ਸਤ ਅਰਥ ਹਨ।

ਰਸੁ ਸਤੁ ਝੋਲਿ ਮਹਾ ਰਸੁ ਪਾਵੈ॥ ੧॥

ਸਤੁ=ਪੰਜ ਗਿਆਨ ਇੰਦਰੀਏ ਤੇ ਮਨ, ਬੁੱਧੀ ਇਨ੍ਹਾਂ ਸੱਤਾਂ ਨੂੰ ਵਿਸ਼ੇ-ਰਸਾਂ ਵਲੋਂ ਝੋਲਿ=ਹਟਾ ਕੇ ਮਹਾ ਰਸੁ=ਆਤਮ-ਰਸ ਨੂੰ ਪਾਵੈ।

ਅਥਵਾ :-ਚਾਰ ਸਾਧਨ (ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ) ਅਤੇ ਤਿੰਨ ਸ੍ਰਵਨ, ਮੰਨਨ, ਨਿਧਿਆਸਨ, ਇਨ੍ਹਾਂ ਸਤਾਂ ਨੂੰ ਰਸੁ ਝੋਲਿ=ਪ੍ਰੇਮ ਨਾਲ ਵਿਚਾਰੇ ਤਦ ਮਹਾਂ ਰਸ ਪਾਉਂਦਾ ਹੈ।

ਅਥਵਾ :-ਸਤੁ-ਤਿੰਨਾਂ ਸਮਿਆਂ ਵਿਚ ਨਾਸ ਤੋਂ ਰਹਿਤ ਜੋ ਸਤ ਸਰੂਪ ਪਰਮਾਤਮਾ ਹੈ, ਉਸ ਨੂੰ ਪ੍ਰੇਮ ਨਾਲ ਵਿਚਾਰੇ ਤਾਂ ਬ੍ਰਹਮਾਨੰਦ ਰੂਪ ਮਹਾਂ-ਰਸ ਨੂੰ ਪਾਉਂਦਾ ਹੈ।

ਅਥਵਾ :-ਰਸਾਂ ਵਿਖੇ ਜੋ ਸਤਤਾ ਬੁੱਧੀ ਹੈ, ਇਸ ਨੂੰ ਝੋਲਿ=ਤਿਆਗੇ ਤਾਂ ਬ੍ਰਹਮਾਨੰਦ ਰੂਪ ਮਹਾਂ ਰਸ ਨੂੰ ਪਾਉਂਦਾ ਹੈ। ਚਾਰੇ ਅਰਥ ਸੰਪ੍ਰਦਾਈ ਹਨ।

ਐਸਾ ਗਿਆਨੁ ਸੁਨਹੁ ਅਭ ਮੋਰੇ॥
ਭਰਿਪੁਰਿ ਧਾਰਿ ਰਹਿਆ ਸਭ ਠਉਰੇ॥ ੧॥ ਰਹਾਉ॥

ਹੇ ਭਰਥਰੀ ! ਮੇਰੇ ਹਿਰਦੇ ਦਾ ਐਸਾ ਗਿਆਨੁ=ਤਾਤ ਪਰਜ ਸੁਨਣਾ ਕਰ ਉਹ ਪਰਮਾਤਮਾ ਸਾਰਿਆਂ ਨੂੰ ਧਾਰ ਕੇ ਸਭ ਜਗ੍ਹਾਂ 'ਪਰ ਭਰਪੂਰ ਹੋ ਰਿਹਾ ਹੈ॥ ੧॥ ਰਹਾਉ॥

ਬਿਧੀ ਸਹਿਤ ਤੀਰਥ ਯਾਤਰਾ ਕੀਤੀ ਹੋਈ ਸਫਲ ਹੁੰਦੀ ਹੈ। ਸਿਆਣੇ ਆਦਮੀ ਜਦ ਭੀ ਤੀਰਥ ਯਾਤਰਾ ਕਰਦੇ ਹਨ ਤਾਂ ਬਿਧੀ ਸਹਿਤ ਕਰਦੇ ਹਨ, ਭਾਵ ਵਰਤ ਆਦਿ ਰੱਖ ਕੇ ਕਰਦੇ ਹਨ। ਪਰੰਤੂ ਅੱਜ ਕਲ੍ਹ ਦੇ ਲੋਕ ਜਿਸ ਵੇਲੇ ਭੀ ਯਾਤਰਾ ਕਰਦੇ ਹਨ, ਤਾਂ ਰਾਹ ਵਿਚ ਖਾਈ ਤੁਰੀ ਜਾਂਦੇ ਹਨ, ਉਹਨਾਂ ਵਿਖੇ ਕੋਈ ਸੰਜਮ ਵਗੈਰਾ ਨਹੀਂ ਹੁੰਦਾ।

ਅੰਤ੍ਰੀਵ ਅਰਥ ਜਿਸ ਵੇਲੇ ਭੀ ਸਤਸੰਗਤ ਰੂਪੀ ਮਾਨ ਸਰੋਵਰ 'ਪਰ ਜਾਵੇ। ਤਾਂ-

ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ॥

ਸੱਚ ਬੋਲਣ ਦਾ, *ਅਥਵਾ* :-ਸੱਚ ਨਾਮ ਜਪਣ ਦਾ ਜੋ ਨੇਮੁ=ਨਿਯਮ ਕਰਨਾ ਹੈ, ਏਹੀ ਵਰਤ ਰੱਖੇ, ਇਸ ਵਰਤ ਦੇ ਰੱਖਣ ਨਾਲ ਜਮਕਾਲ ਇਸ ਨੂੰ ਸਤਾਉਂਦਾ ਨਹੀਂ।

ਯਾਤਰਾ ਕਰਨ ਸਮੇਂ ਗੁੱਸਾ ਘਰ ਛੱਡ ਜਾਵੇ ਤਾਂ ਯਾਤਰਾ ਕੀਤੀ ਸਫਲ ਹੁੰਦੀ ਹੈ, ਨਹੀਂ ਤਾਂ ਨਿਸਫਲ ਚਲੀ ਜਾਂਦੀ ਹੈ। ਏਧਰ ਅੰਤ੍ਰੀਵ ਯਾਤਰਾ ਕਰਨ ਸਮੇਂ ਭੀ-

ਸਤਿਗੁਰ ਸਬਦਿ ਕਰੋਧੁ ਜਲਾਵੈ॥

ਸਤਿਗੁਰਾਂ ਦੇ ਉਪਦੇਸ਼ ਦੁਆਰਾ-ਕ੍ਰੋਧ ਨੂੰ ਜਲਾਵੈ=ਸਾੜਨਾ ਕਰੇ। ਫਿਰ ਕਈ ਲੋਕ ਯਾਤਰਾ ਕਰਦੇ ਹੋਏ ਤੀਰਥਾਂ ਤੇ ਸਮਾਧੀ ਲਗਾ ਕੇ ਬੈਠ ਜਾਂਦੇ ਹਨ। ਏਧਰ ਭੀ-

ਗਗਨਿ ਨਿਵਾਸਿ ਸਮਾਧਿ ਲਗਾਵੈ॥

ਗਗਨਿ=ਚੇਤਨ ਵਿਖੇ ਜੋ ਨਿਵਾਸ ਕਰਨਾ ਹੈ, ਏਹੀ ਸਮਾਧੀ ਲਗਾਵੇ।

ਅਥਵਾ :- ਮਨ ਦੀ ਬਿਰਤੀ ਦੀ ਇਕਾਗਰਤਾ ਰੂਪੀ ਸਮਾਧੀ ਨੂੰ ਲਗਾਵੇ ਤਦ ਗਗਨਿ=ਚੇਤਨ ਦੇਵ ਵਿਚ ਨਿਵਾਸ ਕਰਦਾ ਹੈ। *ਅਥਵਾ* :-ਜੋ ਚੇਤਨ ਸਾਰਿਆਂ ਵਿਚ ਨਿਵਾਸ ਕਰ ਰਿਹਾ ਹੈ-ਉਸ ਵਿਖੇ ਸਮਾਧੀ ਲਗਾਵੇ। *ਅਥਵਾ*:-ਗਗਨਿ=ਅਕਾਸ਼ ਆਦਿਕ ਤੱਤਾਂ ਵਿਚ ਜੇ ਨਿਵਾਸ ਕਰ ਰਿਹਾ ਹੈ, ਉਸ ਵਿਖੇ ਸਮਾਧੀ ਲਗਾਵੇ।

ਪ੍ਰਤੱਖ ਯਾਤਰਾ ਕਰਦਿਆਂ ਕਰਦਿਆਂ ਕਿਸੇ ਪਹਾੜ 'ਚੋਂ ਭਾਗਾਂ ਵਾਲੇ ਨੂੰ ਪਾਰਸ ਭੀ ਮਿਲ ਜਾਂਦਾ ਹੈ। ਅੰਤ੍ਰੀਵ, ਸਾਧਸੰਗਤ ਰੂਪੀ ਮਾਨ-ਸਰੋਵਰ ਦੀ ਯਾਤਰਾ ਕਰਦਿਆਂ-ਕਰਦਿਆਂ ਉੱਤਮ ਭਾਗਾਂ ਵਾਲੇ ਜਗਿਆਸੂ ਨੂੰ ਭੀ ਪਾਰਸ ਰੂਪ ਗੁਰੂ ਮਿਲ ਜਾਂਦੇ ਹਨ-

ਪਾਰਸੁ ਪਰਸਿ ਪਰਮ ਪਦੁ ਪਾਵੈ॥ ੨॥

ਗੁਰੂ ਸਾਹਿਬ ਰੂਪ ਪਾਰਸ ਨੂੰ ਪਰਸ ਕੇ ਪਰਮ ਪਦ ਪਾਉਂਦਾ ਹੈ॥ ੨॥

ਸਚੁ ਮਨ ਕਾਰਣਿ ਤਤੁ ਬਿਲੋਵੈ॥

ਸੱਚ ਰੂਪ ਪਰਮਾਤਮਾ ਦੀ, *ਅਥਵਾ* :-ਸਚੁ=ਸੁਖ ਦੀ ਪ੍ਰਾਪਤੀ ਦੇ ਕਾਰਣਿ=ਵਾਸਤੇ ਮਨ ਵਿਚ ਤਤੁ=ਸਿਧਾਂਤ ਰੂਪ ਵਾਹਿਗੁਰੂ ਨੂੰ ਬਿਲੋਵੈ=ਵਿਚਾਰੇ।

ਸੁਭਰ ਸਰਵਰਿ ਮੈਲੁ ਨ ਧੋਵੈ॥

ਸਾਧ ਸੰਗਤ ਰੂਪ ਮਾਨ-ਸਰੋਵਰ ਜੋ ਨਾਮ-ਜਲ ਨਾਲ ਸੁਭਰ=ਲਬਾ-ਲਬ (ਨਕੋ-ਨੱਕ) ਭਰਿਆ ਹੋਇਆ ਹੈ, ਉਸ ਵਿਖੇ ਰਾਗ ਦ੍ਵੈਸ਼, *ਅਥਵਾ* :-ਪਾਪਾਂ ਰੂਪੀ ਮੈਲ ਧੋਣਾ ਕਰੇ।

ਜਿਵੇਂ ਕੋਈ ਮਨੁੱਖ ਜਿਸ ਵਸਤੂ ਨਾਲ ਜੁੜਦਾ ਹੈ, ਮੁੜ ਓਸੇ ਦਾ ਰੂਪ ਹੋ ਜਾਂਦਾ ਹੈ। ਕੋਲਿਆਂ ਦੇ ਕੰਮ ਕਰਨ ਵਿਖੇ ਖਚਤ ਹੋਵੇ ਤਾਂ ਓਹੋ ਰੂਪ ਭਾਵ ਕਾਲਾ ਹੋ ਜਾਂਦਾ ਹੈ। ਸੀਮੈਂਟ ਵਗੈਰਾ ਦਾ ਕੰਮ ਕਰੇ ਤਾਂ ਭੀ ਉਹੋ ਰੂਪ ਹੋ ਜਾਂਦਾ ਹੈ। ਤਿਵੇਂ-

ਜੈ ਸਿਉ ਰਾਤਾ ਤੈਸੋ ਹੋਵੈ॥

ਜੈ ਸਿਉ ਰਾਤਾ=ਜਿਸ ਪਰਮਾਤਮਾ ਨਾਲ ਜੁੜਨ ਕਰਕੇ, ਉਸ ਪਰਮਾਤਮਾ ਦਾ ਸਰੂਪ ਹੀ ਹੋ ਜਾਂਦਾ ਹੈ। ਫਿਰ ਇੰਞ ਆਪਣੇ ਮਨ 'ਚ ਭਰੋਸਾ ਰੱਖਦਾ ਹੈ, ਕਿ-

ਆਪੇ ਕਰਤਾ ਕਰੇ ਸੁ ਹੋਵੈ॥ ੩॥

ਕਰਤਾ ਪੁਰਖ ਜੋ ਆਪ ਕਰਦਾ ਹੈ, ਓਹੀ ਹੁੰਦਾ ਹੈ॥ ੩॥

ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥

ਗੁਰੂ ਸਾਹਿਬ ਜੀ ਹਿਵ=ਬਰਫ ਵਾਂਗ ਸੀਤਲੁ=ਠੰਢੇ (ਸ਼ਾਂਤ ਚਿਤ) ਹਨ, ਜਿਨ੍ਹਾਂ ਨੇ ਆਪਣੀ ਤ੍ਰਿਸ਼ਨਾ ਰੂਪੀ ਅੱਗ ਬੁਝਾਈ ਅਤੇ ਹੋਰਨਾਂ ਦੀ ਤ੍ਰਿਸ਼ਨਾ-ਅੱਗ ਬੁਝਾਉਂਦੇ ਹਨ।

ਸੇਵਾ ਸੁਰਤਿ ਬਿਭੂਤ ਚੜਾਵੈ ॥

ਇਹੋ ਜਿਹੇ ਗੁਰੂ ਦੀ ਸੇਵਾ ਵਿਖੇ ਜਿਹੜੀ ਸੁਰਤਿ=ਸ੍ਰੇਸ਼ਟ ਪ੍ਰੀਤੀ ਕਰਨੀ ਹੈ,-ਇਹੀ ਆਪਣੇ ਸਰੀਰ 'ਪਰ ਵਿਭੂਤੀ ਚੜ੍ਹਾਵੇ ਭਾਵ ਮਲਣਾ ਕਰੇ।

ਕਿਉਂਕਿ ਤੀਰਥ ਯਾਤਰਾ ਹਰ ਇਕ ਆਦਮੀ ਨਹੀਂ ਕਰ ਸਕਦਾ, ਫ਼ਕੀਰ ਕਰ ਸਕਦਾ ਹੈ ਜਾਂ ਬੜੇ ਬੜੇ ਸ਼ਾਹੂਕਾਰ, *ਅਥਵਾ* :-ਰਾਜੇ ਆਦਿਕ ਕਰ ਸਕਦੇ ਹਨ।

ਦਰਸਨੁ ਆਪਿ ਸਹਜ ਘਰਿ ਆਵੈ ॥

ਸਹਜ=ਸ਼ਾਂਤੀ-ਘਰ ਵਿਖੇ ਜੋ ਆਉਣਾ ਹੈ-ਏਹੀ ਆਪਣੇ ਉੱਤੇ 'ਦਰਸ਼ਨੀ' ਭੇਖ ਧਾਰੇ। ਜਿਵੇਂ ਪ੍ਰਤੱਖ ਯਾਤਰਾ ਕਰਦਿਆਂ ਹੋਇਆਂ ਦੇਵਤਿਆਂ ਦਾ ਦਰਸ਼ਨ ਹੁੰਦਾ ਹੈ। ਇਸ ਤਰਫ ਸਹਜੇ ਹੀ ਜੋ ਆਪਣੇ ਸਰੂਪ-ਘਰ ਵਿਚ ਆਉਣਾ ਹੈ, ਏਹੀ ਦਰਸ਼ਨ ਹੈ।

ਫਿਰ ਭਰਥਰੀ ਨੇ ਕਿਹਾ-ਸਾਡੇ ਮਤ ਵਿਚ ਤਾਂ ਸੰਖ ਵਜਾਉਂਦੇ ਹਨ, ਆਪ ਜੀ ਦੇ ਮਤ ਵਿਚ ਨਾਦ ਦਾ ਪੂਰਨਾ ਕੀ ਹੈ ? *ਗੁਰ ਉੱਤਰ* :-

ਨਿਰਮਲ ਬਾਣੀ ਨਾਦੁ ਵਜਾਵੈ ॥ ੪ ॥

ਨਿਰਮਲ ਜੋ ਗੁਰੂ ਦੀ ਉਪਦੇਸ਼ ਬਾਣੀ ਹੈ-ਏਹੀ ਨਾਦੁ=ਸੰਖ ਵਜਾਉਣਾ ਕਰੇ॥ ੪॥

ਫਿਰ ਭਰਥਰੀ ਨੇ ਕਿਹਾ, ਸਾਡੇ ਮਤ ਵਿਖੇ ਸ਼ਰਾਬ ਪੀਂਦੇ ਹਨ ? *ਗੁਰ ਉੱਤਰ* :-

ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥

ਹਿਰਦੇ ਅੰਦਰ ਸਾਰਾ=ਸਰੇਸ਼ਟ ਗਿਆਨ ਰੂਪ ਮਹਾ ਰਸੁ=ਸ਼ਰਾਬ ਪੀਣਾ ਕਰੇ।

ਅਥਵਾ :-ਗਿਆਨ ਦੁਆਰਾ ਹਿਰਦੇ ਅੰਦਰ ਬ੍ਰਹਮਾਨੰਦ ਰੂਪ ਮਹਾ ਰਸੁ=ਉੱਤਮ ਸ਼ਰਾਬ ਨੂੰ ਸੰਭਾਲਣਾ ਕਰੇ। ਗੁਰਾਂ ਦੁਆਰੇ ਜੋ ਸ਼ੁਭ ਵਿਚਾਰ ਕਰਨਾ ਹੈ, ਏਹੀ ਤੀਰਥਾਂ 'ਪਰ ਇਸ਼ਨਾਨ ਕਰੇ।

ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥ ੫ ॥

ਪ੍ਰਤੱਖ ਯਾਤਰੂ ਤੀਰਥਾਂ 'ਪਰ ਜਾ ਕੇ ਪੂਜਾ ਕਰਦੇ ਹਨ। ਇਸ ਤਰਫ ਮੁਰਾਰੀ ਦਾ ਜੋ ਹਿਰਦੇ ਅੰਦਰ ਅਸਥਾਨ ਨਿਸਚੇ ਕਰਨਾ ਹੈ, ਏਹੀ ਪੂਜਾ ਕਰੇ।

ਅਥਵਾ :-ਮੁਰਾਰੀ ਦੇ ਅੰਦਰ ਜੋ ਆਪਣਾ ਅਸਥਾਨ ਕਰਨਾ ਹੈ, ਏਹੀ ਪੂਜਾ ਕਰੇ।

ਅਥਵਾ :-ਸਭ ਅਸਥਾਨਾਂ ਅੰਦਰ ਜੋ ਮੁਰਾਰੀ ਨੂੰ ਪਰੀ ਪੂਰਨ ਨਿਸਚੇ ਕਰਨਾ ਹੈ, ਏਹੀ ਪੂਜਾ ਕਰੇ ਤਾਂ ਇਹ ਜੀਵ ਜੋਤੀ=ਪਰਮਾਤਮਾ ਨਾਲ ਆਪਣੀ ਜੋਤ ਮਿਲਾਉਣ ਵਾਲਾ ਹੁੰਦਾ ਹੈ॥ ੫॥

ਰਸਿ ਰਸਿਆ ਮਤਿ ਏਕੈ ਭਾਇ ॥

ਮਤਿ=ਬੁੱਧੀ ਵਿਚ ਇਕ ਵਾਹਿਗੁਰੂ ਦਾ ਭਾਇ=ਪ੍ਰੇਮ ਧਾਰੇ ਤਾਂ ਆਤਮ-ਰਸ ਵਿਚ ਰਸਿਆ=ਲੀਨ ਹੁੰਦਾ

ਹੈ। ਦੂਜਾ ਅਰਥ ਚਕ੍ਰਕਾ ਦੇ ਅਨੁਸਾਰ ਲਗਾਣਾ-

ਬੁੱਧੀ ਵਿਚ ਇਕ ਦੇ ਪ੍ਰੇਮ ਨੂੰ ਧਾਰੇ ਤਾਂ ਨਾਮ-ਰਸ ਵਿਚ ਰਸਿਆ।

ਜਾਂ ਨਾਮ-ਰਸ ਵਿਚ ਰਸਿਆ ਤਾਂ ਬੁੱਧੀ ਵਿਚ ਇਕ ਦਾ ਭਾਇ=ਗਿਆਨ ਹੋਇਆ।

ਜਾਂ ਬੁੱਧੀ ਵਿਚ ਇਕ ਦਾ ਗਿਆਨ ਹੋਇਆ ਤਾਂ ਆਤਮ-ਰਸ ਵਿਚ ਰਸਿਆ।

ਜਾਂ ਆਤਮ-ਰਸ ਵਿਚ ਰਸਿਆ ਤਾਂ ਮਤੀ ਵਿਖੇ ਇਹ ਨਿਸਚੇ ਕੀਤਾ ਕਿ ਉਹ ਪਰਮਾਤਮਾ ਏਕੈ ਭਾਇ=ਇਕ-ਰਸ ਸਭ ਰਸਾਂ ਵਿਚ ਰਸਿਆ ਹੋਇਆ ਹੈ।

ਸਤਿਗੁਰੂ ਨਾਨਕ ਦੇਵ ਜੀ ਆਪਣੇ ਪਵਿੱਤਰ ਮੁਖ ਤੋਂ ਪਰਮੇਸ਼ਰ ਨੂੰ ਸਰਬ ਰੂਪ ਦੇਖਦੇ ਹੋਏ ਸਿਰੀ ਰਾਗ ਵਿਚ ਇੰਞ ਫ਼ੁਰਮਾਉਂਦੇ ਹਨ-

ਆਪੇ ਰਸੀਆ ਆਪਿ ਰਸੁ ਆਪੇ ਗਾਵਣਹਾਰੁ॥ *(ਸਿਰੀਰਾਗੁ ਮਹਲਾ ੧, ਪੰਨਾ ੨੩)*

ਤਖਤ ਨਿਵਾਸੀ ਪੰਚ ਸਮਾਇ॥

ਸਾਧ ਸੰਗਤ ਰੂਪੀ ਤਖਤ 'ਪਰ ਨਿਵਾਸੀ ਹੋਣ ਕਰਕੇ ਪੰਚ=ਸਰੇਸ਼ਟ ਪਰਮਾਤਮਾ ਵਿਚ ਸਮਾਉਂਦਾ ਹੈ।

ਅਥਵਾ :-ਸਾਧ ਸੰਗਤ ਰੂਪ ਤਖਤ ਦਾ ਨਿਵਾਸੀ ਹੋਣ ਕਰਕੇ ਪੰਜ ਕਾਮ ਆਦਿਕ ਸਮਾਇ=ਅਭਾਵ ਹੋ ਜਾਂਦੇ ਹਨ। ਚਕ੍ਰਕਾ ਸੁਣੋ :-

ਪੰਜ ਸਤ ਸੰਤੋਖ ਆਦਿਕ ਸ਼ੁਭ ਗੁਣ ਅਤੇ ਪੰਜਾਂ ਤੱਤਾਂ ਦੀ ਰਹਿਣੀ ਜਿਸ ਸਤਸੰਗ ਵਿਖੇ ਸਮਾ ਰਹੀ ਹੈ।

ਅਥਵਾ :-ਪੰਜ ਕਾਮ ਆਦਿਕ ਅਤੇ ਪੰਜ ਵਿਸ਼ੇ ਜਿਸ ਸਤਸੰਗ ਵਿਖੇ ਸਮਾਇ=ਅਭਾਵ ਹਨ।

ਐਹੋ ਜਿਹੇ ਸਾਧ ਸੰਗਤ ਰੂਪੀ ਤਖਤ ਦਾ ਜਦ ਨਿਵਾਸੀ ਹੋਇਆ, ਤਦ ਪੰਚ=ਸਰੇਸ਼ਟ ਮਹਾਤਮਾ ਦਾ ਉਪਦੇਸ਼ ਹਿਰਦੇ ਵਿਚ ਸਮਾਇਆ।

ਜਾਂ ਹਿਰਦੇ ਵਿਚ ਸ੍ਰੇਸ਼ਟ ਮਹਾਤਮਾ ਦਾ ਉਪਦੇਸ਼ ਸਮਾਇਆ, ਤਾਂ ਅੰਤਰ ਮੁਖਤਾ ਰੂਪੀ ਤਖਤ ਦਾ ਨਿਵਾਸੀ ਹੋਇਆ।

ਜਾਂ ਅੰਤਰ ਮੁਖਤਾ ਰੂਪ ਤਖਤ ਦਾ ਨਿਵਾਸੀ ਹੋਇਆ। ਤਾਂ ਪੰਜ ਗੁਣ ਸਤ ਸੰਤੋਖ ਆਦਿਕ ਤੇ ਪੰਜਾਂ ਤੱਤਾਂ ਦੀ ਰਹਿਣੀ ਇਸ ਦੇ ਹਿਰਦੇ ਵਿਚ ਆ ਕੇ ਸਮਾਈ।

ਅਥਵਾ :-ਪੰਜ ਕਾਮ ਆਦਿਕ ਤੇ ਪੰਜ ਵਿਸ਼ੇ ਇਸ ਦੇ ਹਿਰਦੇ ਵਿਚੋਂ ਖਤਮ ਹੋ ਗਏ।

ਜਾਂ ਨਾਸ ਹੋਏ ਤਦ ਸਰੂਪ ਰੂਪ ਤਖਤ ਦਾ ਨਿਵਾਸੀ ਹੋਇਆ।

ਫੇਰ ਇੰਞ ਨਿਸਚੇ ਕਰਦਾ ਹੈ, ਕਿ ਪੰਚ=ਸ੍ਰੇਸ਼ਟ ਪਰਮਾਤਮਾ ਸੰਸਾਰ-ਤਖਤ ਦਾ ਨਿਵਾਸੀ ਹੋ ਕੇ ਸਾਰਿਆਂ ਵਿਚ ਸਮਾ ਰਿਹਾ ਹੈ।

ਕਾਰ ਕਮਾਈ ਖਸਮ ਰਜਾਇ॥
ਅਵਿਗਤ ਨਾਥੁ ਨ ਲਖਿਆ ਜਾਇ॥੬॥

ਪਹਿਲੀ ਕਹੀ ਹੋਈ ਕਾਰ ਨੂੰ ਕਮਾਉਣਾ ਕਰੇ ਅਤੇ ਖਸਮ ਦੀ ਆਗਿਆ ਮੰਨਣਾ ਕਰੇ।

ਅਥਵਾ :-ਖਸਮ ਦੀ ਆਗਿਆ ਮੰਨਣ ਰੂਪ ਕਾਰ ਨੂੰ ਕਮਾਉਣਾ ਕਰੇ ਤਾਂ ਉਸ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਗੁਰਾਂ ਤੋਂ ਬਗੈਰ ਆਪਣੇ ਆਪ ਉਹ ਅਵਿਗਤ ਨਾਥੁ=ਪਰਮਾਤਮਾ ਨ ਲਖਿਆ ਜਾਇ=ਜਾਣਿਆਂ

ਨਹੀਂ ਜਾਂਦਾ॥ ੬॥

ਫਿਰ ਭਰਥਰੀ ਨੇ ਕਿਹਾ-'ਜਿਨ੍ਹਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਹੋਈ ਹੈ, ਉਹ ਸੰਸਾਰ ਵਿਚੋਂ ਕਿਵੇਂ ਨਿਰਲੇਪ ਰਹਿੰਦੇ ਹਨ ?' *ਗੁਰ ਉੱਤਰ :-*

ਜਲ ਮਹਿ ਉਪਜੈ ਜਲ ਤੇ ਦੂਰਿ॥
ਜਲ ਮਹਿ ਜੋਤਿ ਰਹਿਆ ਭਰਪੂਰਿ॥

ਜਿਵੇਂ ਕੌਲ ਫੁੱਲ ਜਲ ਵਿਚ ਉਪਜੈ=ਪੈਦਾ ਹੋ ਕੇ ਭੀ ਪਾਣੀ ਤੋਂ ਦੂਰ ਰਹਿੰਦਾ ਹੈ।

ਫੇਰ ਉਹ ਕੌਲ ਫੁੱਲ ਆਪਣੀ ਜੋਤਿ=ਛਾਇਆ ਨੂੰ ਜਲ ਵਿਚ ਹੀ ਭਰਪੂਰ ਕਰ ਰਿਹਾ ਹੈ।

ਕਿਸੁ ਨੇੜੈ ਕਿਸੁ ਆਖਾ ਦੂਰਿ॥

ਦੱਸੋ ! ਉਸ ਕੌਲ ਫੁੱਲ ਨੂੰ ਜਲ ਦੇ ਨੇੜੇ ਕਿਵੇਂ ਆਖਾਂ ਅਤੇ ਪਾਣੀ ਤੋਂ ਦੂਰ ਕਿਵੇਂ ਕਹਾਂ ?

ਉੱਤਰ :-

ਨੇੜੇ ਇਸ ਵਾਸਤੇ ਨਹੀਂ ਕਿਹਾ ਜਾਂਦਾ, ਕਿ ਜਲ ਤੋਂ ਬਿਨਾਂ ਉਸ ਕੌਲ-ਫੁੱਲ ਦੀ ਉਤਪਤੀ ਨਹੀਂ ਹੁੰਦੀ।

(ਦੂਜਾ ਅਰਥ) ਇਸੀ ਪ੍ਰਕਾਰ ਹੁਣ ਦਾ-ਦ੍ਰਿਸ਼ਟਾਂਤ ਸੁਣੋ :-

ਜਲ ਮਹਿ ਉਪਜੈ ਜਲ ਤੇ ਦੂਰਿ॥ ਜਲ ਮਹਿ ਜੋਤਿ ਰਹਿਆ ਭਰਪੂਰਿ॥

ਕੌਲ ਫੁੱਲ ਵਾਂਗ ਜੋ ਮਹਾਤਮਾ ਹਨ, ਉਹ ਗ੍ਰਿਹਸਤ ਅਤੇ ਪਦਾਰਥਾਂ ਰੂਪ ਜਲ ਵਿਚ ਹੀ ਪੈਦਾ ਹੋਏ ਹਨ। ਪਰੰਤੂ ਰਹਿੰਦੇ ਜਲ ਤੋਂ ਦੂਰ ਹਨ। ਭਾਵ ਗ੍ਰਿਹਸਤ ਤੋਂ ਅਸੰਗ ਰਹਿੰਦੇ ਹਨ। ਬਾਹਰਲੇ ਵਿਹਾਰ ਸਿਧ ਕਰਨ ਵਾਸਤੇ, ਲੈਣ ਦੇਣ ਦੇ ਸਬੱਬ ਕਰਕੇ ਆਪਣੀ ਜੋਤਿ=ਬੁੱਧੀ ਨੂੰ ਪਦਾਰਥਾਂ ਰੂਪ ਜਲ ਵਿਚ ਭਰਪੂਰ ਕਰ ਰਹੇ ਹਨ।

ਕਿਸੁ ਨੇੜੈ ਕਿਸੁ ਆਖਾ ਦੂਰਿ॥

ਉਨ੍ਹਾਂ ਮਹਾਤਮਾਂ ਨੂੰ ਪਦਾਰਥਾਂ ਰੂਪ ਜਲ ਦੇ ਨੇੜੇ ਕਿਵੇਂ ਆਖਾਂ ਅਤੇ ਦੂਰ ਕਿਵੇਂ ਕਹਾਂ ?

ਨੇੜੇ ਇਸ ਵਾਸਤੇ ਨਹੀਂ ਕਿਹਾ ਜਾਂਦਾ, ਕਿਉਂਕਿ ਉਹ ਮਹਾਤਮਾ ਪਦਾਰਥਾਂ ਤੋਂ ਅਸੰਗ ਹਨ। ਪਦਾਰਥਾਂ ਦੇ ਅਭਾਵ ਹੋਣ ਨਾਲ ਉਹਨਾਂ ਨੂੰ ਕੋਈ ਗ਼ਮ ਨਹੀਂ ਹੁੰਦਾ।

ਅਤੇ ਦੂਰ ਇਸ ਵਾਸਤੇ ਨਹੀਂ ਕਿਹਾ ਜਾਂਦਾ, ਜੋ ਕਿ ਉਹਨਾਂ ਦੇ ਖਾਣ ਪਹਿਰਾਣ ਦਾ ਗੁਜ਼ਾਰਾ ਸੰਸਾਰ ਵਿਚ ਹੋ ਰਿਹਾ ਹੈ। *ਅਥਵਾ :-*ਉਹਨਾਂ ਦੀ ਉਤਪਤੀ ਸੰਸਾਰ ਵਿਚ ਹੀ ਹੋ ਰਹੀ ਹੈ।

ਤੀਜਾ ਅਰਥ-

ਜਲ ਮਹਿ ਉਪਜੈ ਜਲ ਤੇ ਦੂਰਿ॥
ਜਲ ਮਹਿ ਜੋਤਿ ਰਹਿਆ ਭਰਪੂਰਿ॥

ਜਿਵੇਂ ਸੂਰਜ ਦਾ ਪ੍ਰਤੀਬਿੰਬ (ਪਰਛਾਵਾਂ) ਜਲ ਵਿਖੇ ਪੈਦਾ ਹੁੰਦਾ ਹੈ। ਪਰੰਤੂ ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਜਲ ਤੋਂ ਦੂਰ ਹੈ। ਆਪਣੀ ਜੋਤਿ=ਕ੍ਰਾਂਤੀ ਨੂੰ ਜਲ ਵਿਚ ਭਰਪੂਰ ਕਰ ਰਿਹਾ ਹੈ। ਉਸ ਪ੍ਰਤੀਬਿੰਬ ਨੂੰ ਨੇੜੇ ਕਿਵੇਂ ਆਖੀਏ ਅਤੇ ਦੂਰ ਕਿਸ ਤਰੀਕੇ ਆਖੀਏ ?

ਨੇੜੇ ਇਸ ਕਰਕੇ ਨਹੀਂ ਆਖਿਆ ਜਾਂਦਾ ਕਿਉਂਕਿ ਪਾਣੀ ਦੇ ਸੁੱਕਣ ਨਾਲ ਉਸ ਸੂਰਜ ਦਾ ਅਭਾਵ ਨਹੀਂ।

ਦੂਰ ਇਸ ਵਾਸਤੇ ਨਹੀਂ, ਜੋ ਕਿ ਜਲ ਤੋਂ ਬਿਨਾਂ ਉਹ ਕਲਪਿਆ ਨਹੀਂ ਜਾਂਦਾ।

ਇਸ ਪ੍ਰਕਾਰ ਹੁਣ ਦਾ-ਦ੍ਰਿਸ਼ਟਾਂਤ ਸੁਣੋ :-

ਸੂਰਜ ਰੂਪ ਚੇਤਨ ਦਾ ਪ੍ਰਤੀਬਿੰਬ=ਸਾਖੀ ਚੇਤਨ ਅੰਤਹ ਕਰਣ ਰੂਪ ਜਲ ਵਿਚ ਉਤਪੰਨ ਹੁੰਦਾ ਹੈ। ਪਰੰਤੂ ਹੈ ਅੰਤਹਕਰਣ ਰੂਪ ਜਲ ਤੋਂ ਦੂਰ, ਕਿਉਂਕਿ ਅੰਤਹਕਰਣ ਦੇ ਅਭਾਵ ਨਾਲ ਉਸ ਦਾ ਅਭਾਵ ਨਹੀਂ। ਅੰਤਹਕਰਣ ਰੂਪ ਜਲ ਵਿਖੇ ਆਪਣੀ ਜੋਤਿ=ਸੱਤਾ ਨੂੰ ਭਰਪੂਰ ਕਰ ਰਿਹਾ ਹੈ। ਕਿਉਂਕਿ ਅੰਤਹਕਰਣ ਆਪ ਤਾਂ ਜੜ੍ਹ ਹੈ। ਕਿਹੜੇ ਤਰੀਕੇ ਨੇੜੇ ਆਖੀਏ ਤੇ ਕਿਵੇਂ ਦੂਰ ਆਖੀਏ ?

ਨੇੜੇ ਇਸ ਵਾਸਤੇ ਨਹੀਂ ਕਿਹਾ ਜਾਂਦਾ, ਕਿ ਉਹ ਅਸੰਗ ਹੈ। ਅੰਤਹਕਰਣ ਦੇ ਅਭਾਵ ਨਾਲ ਉਸ ਸਾਖੀ ਚੇਤਨ ਦਾ ਅਭਾਵ ਨਹੀਂ ਹੁੰਦਾ ਅਤੇ ਦੂਰ ਇਸ ਵਾਸਤੇ ਨਹੀਂ ਕਿਹਾ ਜਾਂਦਾ ਜੋ ਕਿ ਅੰਤਹਕਰਣ ਤੋਂ ਬਿਨਾਂ ਉਸ ਦਾ ਸਾਖੀ ਨਾਂ ਨਹੀਂ ਪੈ ਸਕਦਾ।

ਜਲ ਮਹਿ ਉਪਜੈ ਜਲ ਤੇ ਦੂਰਿ॥ ਜਲ ਮਹਿ ਜੋਤਿ ਰਹਿਆ ਭਰਪੂਰਿ॥

ਜਲ ਅਤੇ ਮਹਿ=ਧਰਤੀ ਆਦਿਕ ਤੱਤ ਉਸ ਪ੍ਰਮਾਤਮਾ ਤੋਂ ਬਣੇ ਹਨ।

ਪਰ ਜਲ ਆਦਿਕ ਤੱਤਾਂ ਤੋਂ ਉਹ ਪਰਮਾਤਮਾ ਦੂਰ ਹੈ। ਜਲ, ਧਰਤੀ ਆਦਿਕ ਤੱਤਾਂ ਵਿਚ ਉਹ ਪਰਮਾਤਮਾ ਆਪਣੀ ਜੋਤਿ ਨੂੰ ਭਰਪੂਰ ਕਰ ਰਿਹਾ ਹੈ।

ਕਿਸੁ ਨੇੜੈ ਕਿਸੁ ਆਖਾ ਦੂਰਿ॥

ਉਸ ਪਰਮਾਤਮਾ ਨੂੰ ਤੱਤਾਂ ਦੇ ਨੇੜੇ ਕਿਹੜੇ ਤਰੀਕੇ ਆਖੀਏ ਕਿਉਂਕਿ ਅਸੰਗ ਜੋ ਹੋਇਆ ਅਤੇ ਤੱਤਾਂ ਤੋਂ ਦੂਰ ਕਿਵੇਂ ਆਖੀਏ, ਕਿਉਂਕਿ ਤੱਤਾਂ ਵਿਚ ਵਿਆਪਕ ਹੋ ਰਿਹਾ ਹੈ।

ਨਿਧਿ ਗੁਣ ਗਾਵਾ ਦੇਖਿ ਹਦੂਰਿ॥ ੭॥

(ਹੇ ਭਰਥਰੀ ਜੀ !) ਸੰਸਾਰ ਵਿਚ ਹਾਜ਼ਰ-ਨਾਜ਼ਰ ਵੇਖ ਕੇ ਗੁਣ ਨਿਧਿ=ਪਰਮਾਤਮਾ ਦਾ ਜਸ ਗਾਉਣਾ ਕਰੋ॥ ੭॥

[ਪੰਨਾ ੪੧੨]

ਅੰਤਰਿ ਬਾਹਰਿ ਅਵਰੁ ਨ ਕੋਇ॥ ਜੋ ਤਿਸੁ ਭਾਵੈ ਸੋ ਫੁਨਿ ਹੋਇ॥

ਬ੍ਰਹਿਮੰਡ ਦੇ ਅੰਦਰ ਬਾਹਰ, ਸਰੀਰ ਦੇ ਅੰਦਰ-ਬਾਹਰ ਇਕ ਓਹੀ ਪਰਮਾਤਮਾ ਹੈ, ਉਸ ਤੋਂ ਬਿਨਾਂ ਅਵਰੁ ਨ ਕੋਇ=ਹੋਰ ਕੋਈ ਨਹੀਂ ਹੈ। ਜੋ ਉਸ ਪਰਮਾਤਮਾ ਨੂੰ ਭਾਉਂਦਾ ਹੈ, ਫਿਰ ਓਹੀ ਕੁਝ ਸਾਥੋਂ ਹੁੰਦਾ ਹੈ।

ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ॥
ਨਿਰਮਲ ਨਾਮੁ ਮੇਰਾ ਆਧਾਰੁ॥ ੮॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਭਰਥਰੀ ! ਸੁਣਨਾ ਕਰ, ਮੈਂ ਵਿਚਾਰ ਕੇ ਕਹਿੰਦਾ ਹਾਂ। ਨਿਰਮਲ ਨਾਮ ਜਪਣਾ ਕਰ, ਮੇਰਾ ਆਸਰਾ ਏਹੀ ਹੈ॥ ੮॥ ੧॥

ਆਸਾ ਮਹਲਾ ੧॥

ਉਥਾਨਕਾ:- ਇਕ ਪ੍ਰੇਮੀ ਨੇ ਬੇਨਤੀ ਕੀਤੀ, ਜੀਵ ਤਰਦਾ ਕਿਉਂ ਨਹੀਂ ? ਉੱਤਰ-ਨਾਮ ਨਹੀਂ ਜਪਦਾ, ਹੋਰ ਹੋਰ ਕਰਮ ਕਰਦਾ ਹੈ, ਇਸ ਕਰਕੇ ਤਰਦਾ ਨਹੀਂ। ਇਸ ਸ਼ਬਦ ਦੁਆਰਾ ਜੀਵ ਦੀ ਪ੍ਰਮਾਦਤਾਈ ਕਥਨ

ਕਰਦੇ ਹਨ-

ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥

ਨਾਮ ਤੋਂ ਬਿਨਾਂ ! ਇਹ ਜੀਵ ਸਭ ਜਪ; ਸਭ ਤਪ, ਸਭ ਪ੍ਰਕਾਰ ਦੀਆਂ ਚਤੁਰਾਈਆਂ ਵਿਚ ਲੱਗਾ ਹੋਇਆ ਸੰਸਾਰ ਉਜਾੜ ਵਿਚ ਭਰਮ ਰਿਹਾ ਹੈ, ਪਰਮੇਸ਼ਰ ਪ੍ਰਾਪਤੀ ਦੇ ਗਿਆਨ ਭਗਤੀ ਰੂਪ ਰਸਤਾ ਨਹੀਂ ਪਾਉਂਦਾ।

ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ॥ ੧॥

ਪਰਮੇਸ਼ਰ ਦੇ ਨਾਮ ਦੇ ਬੁੱਝੇ ਤੋਂ ਬਿਨਾਂ ਸਰੂਪ-ਥਾਂ ਨੂੰ ਕੋਈ ਪਾਉਂਦਾ ਨਹੀਂ। ਨਾਮ ਜਪੇ ਤੋਂ ਬਿਨਾਂ ਸਿਰ ਤੇ ਲਾਹਨਤਾਂ ਰੂਪੀ ਸੁਆਹ ਪੈਂਦੀ ਹੈ॥ ੧॥

ਸਾਚ ਧਣੀ ਜਗੁ ਆਇ ਬਿਨਾਸਾ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ॥ ੧॥ ਰਹਾਉ॥

ਜੀਵ ਨੇ ਜਗਤ ਵਿਚ ਆ ਕੇ ਸਚੇ ਧਣੀ ਨੂੰ ਬਿਨਾਸਾ=ਭੁਲਾ ਦਿੱਤਾ ਹੈ। ਇਹ ਸੰਪ੍ਰਦਾਈ ਅਰਥ ਹੈ।

ਅਥਵਾ :-ਇਕ ਸਚਾ ਧਣੀ ਇਸਥਿਤ ਹੈ, ਹੋਰ ਸਾਰਾ ਜਗਤ ਆਇ ਬਿਨਾਸਾ ਜੰਮਣ ਮਰਨ ਵਾਲਾ ਹੈ।

ਅਥਵਾ:-ਜਗਤ ਵਿਚ ਆ ਕੇ ਜਿਸ ਜੀਵ ਨੇ ਸਚੇ ਧਣੀ ਦੇ ਨਾਮ ਨੂੰ ਜਪਿਆ ਹੈ, ਉਹ ਬਿਨ+ਆਸਾ=ਆਸਾ ਤੋਂ ਬਿਨਾਂ ਹੋਇਆ ਹੈ। ਮੁਖੀ ਗੁਰਾਂ ਵਿਚ ਦਾਸਾ ਭਾਵ ਧਾਰੇ ਤਾਂ ਇਸ ਪ੍ਰਾਣੀ ਦਾ ਛੁਟਕਾਰਾ ਹੁੰਦਾ ਹੈ॥ ੧॥ ਰਹਾਉ॥

ਜਗੁ ਮੋਹਿ ਬਾਧਾ ਬਹੁਤੀ ਆਸਾ॥ ਗੁਰਮਤੀ ਇਕਿ ਭਏ ਉਦਾਸਾ॥

ਇਹ ਸੰਸਾਰੀ ਜੀਵ ਮੋਹ ਵਿਚ ਬੱਝਾ ਹੋਇਆ ਬਹੁਤੀਆਂ ਆਸਾਂ ਕਰਦਾ ਹੈ। ਇਕ ਜੋ ਗੁਰਮਤੀਏ ਹਨ, ਉਹ ਸੰਸਾਰ ਤੋਂ ਉਦਾਸ=ਵੈਰਾਗੀ ਹੋਏ ਹਨ।

ਅੰਤਰਿ ਨਾਮੁ ਕਮਲੁ ਪਰਗਾਸਾ॥
ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ॥ ੨॥

~ ਜਿਨ੍ਹਾਂ ਦੇ ਅੰਦਰ ਪ੍ਰਭੂ ਦਾ ਨਾਮ ਹੈ, ਉਨ੍ਹਾਂ ਦਾ ਹਿਰਦਾ-ਕਮਲ ਖਿੜਿਆ ਰਹਿੰਦਾ ਹੈ। ਉਨ੍ਹਾਂ ਨੂੰ ਫਿਰ ਜਮਾਂ ਦੀ ਖੋਫ਼ਤਾਈ ਨਹੀਂ ਰਹਿੰਦੀ॥ ੨॥

ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ॥
ਪੁਤ੍ ਕਲਤ੍ ਲਗਿ ਨਾਮੁ ਵਿਸਾਰੀ॥

ਇਹ ਜਗਤ ਇਸਤ੍ਰੀ ਕਰਕੇ ਜਿੱਤਿਆ ਹੋਇਆ ਹੈ। ਪ੍ਰਸ਼ਨ-ਆਪ ਜੀ ਨੇ ਕਿਵੇਂ ਜਾਣਿਆਂ ਹੈ ?

ਉੱਤਰ :-ਇਸਤ੍ਰੀਆਂ ਦਾ ਹਿਤਕਾਰੀ=ਪ੍ਰੇਮੀ ਜੋ ਹੋ ਰਿਹਾ ਹੈ। ਇਸ ਕਰਕੇ ਮਾਲੂਮ ਹੁੰਦਾ ਹੈ ਕਿ ਇਸਤ੍ਰੀ-ਜਿੱਤ ਹੈ। ਪੁਤ੍ਰ ਅਤੇ ਇਸਤ੍ਰੀ ਦੇ ਮੋਹ ਵਿਚ ਲੱਗ ਕੇ ਇਸ ਨੇ ਨਾਮ ਨੂੰ ਭੁਲਾ ਦਿੱਤਾ ਹੈ।

ਬਿਰਥਾ ਜਨਮੁ ਗਵਾਇਆ ਬਾਜੀ ਹਾਰੀ॥
ਸਤਿਗੁਰੁ ਸੇਵੇ ਕਰਣੀ ਸਾਰੀ॥ ੩॥

ਮਨੁੱਖਾ ਜਨਮ ਰੂਪ ਬਾਜ਼ੀ ਹਾਰ ਕੇ ਇਸ ਨੇ ਸਵਾਸਾਂ ਨੂੰ ਨਿਸਫਲ ਗੁਆ ਦਿੱਤਾ ਹੈ। ਜਿਹੜੀ ਸਤਿਗੁਰਾਂ ਦੀ ਸੇਵਾ ਹੈ, ਏਹੋ ਕਰਨੀ ਸਾਰੀ=ਸ੍ਰੇਸ਼ਟ ਹੈ। *ਅਥਵਾ* :-ਜੋ ਗੁਰਮੁਖ ਸਤਿਗੁਰੂ ਦੀ ਸੇਵਾ ਕਰਦਾ ਹੈ, ਉਸ ਨੇ ਹੋਰ ਕਰਣੀਆਂ ਸਾਰੀ=ਸਾੜ ਦਿੱਤੀਆਂ ਹਨ॥ ੩॥

ਬਾਹਰਹੁ ਹਉਮੈ ਕਹੈ ਕਹਾਏ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ॥

ਭਾਵੇਂ ਗੁਰਮੁਖ ਪੁਰਸ਼ ਬਾਹਰੋਂ ਤਨ ਕਰਕੇ ਹਉਮੈ ਦੇ ਸਹਿਤ ਬਚਨਾਂ ਨੂੰ ਕਹਿੰਦੇ ਕਹਾਉਂਦੇ ਮਾਲੂਮ ਹੁੰਦੇ ਹਨ। ਪਰ ਅੰਦਰੋਂ ਮਨ ਕਰਕੇ ਹਉਮੈ ਵਲੋਂ ਮੁਕਤੁ=ਛੁਟੇ ਹੋਏ ਹਨ, ਉਹਨਾਂ ਨੂੰ ਪਦਾਰਥਾਂ ਦਾ ਲੇਪ ਕਦੇ ਨਹੀਂ ਲੱਗਦਾ।

ਮਾਇਆ ਮੋਹੁ ਗੁਰ ਸਬਦਿ ਜਲਾਏ॥
ਨਿਰਮਲ ਨਾਮੁ ਸਦ ਹਿਰਦੈ ਧਿਆਏ॥ ੪॥

ਕਿਉਂਕਿ ਉਨ੍ਹਾਂ ਨੇ ਗੁਰ ਸ਼ਬਦ ਕਰਕੇ ਮਾਯਾ ਦੇ ਮੋਹ ਨੂੰ ਸਾੜ ਦਿੱਤਾ ਹੈ ਅਤੇ ਨਿਰਮਲ ਪ੍ਰਭੂ ਦੇ ਨਾਮ ਨੂੰ ਸਦਾ ਹੀ ਹਿਰਦੇ ਵਿਚ ਧਿਆਉਂਦੇ ਰਹਿੰਦੇ ਹਨ॥ ੪॥

ਧਾਵਤੁ ਰਾਖੈ ਠਾਕਿ ਰਹਾਏ॥ ਸਿਖ ਸੰਗਤਿ ਕਰਮਿ ਮਿਲਾਏ॥

ਵਿਸ਼ਿਆਂ ਵੱਲ ਜੋ ਇੰਦ੍ਰੀਏ ਧਾਵਤੁ=ਦੌੜਦੇ ਹਨ, ਉਹਨਾਂ ਨੂੰ ਰੋਕ ਰੱਖਦੇ ਹਨ ਅਤੇ ਸੰਕਲਪਾਂ ਵੱਲ ਜੋ ਮਨ ਦੌੜਦਾ ਹੈ, ਉਸ ਨੂੰ ਭੀ ਠਾਕਿ ਰਹਾਏ=ਰੋਕ ਰੱਖਦੇ ਹਨ। ਪੂਰਨ ਗੁਰਸਿੱਖਾਂ ਦੀ ਸਤ ਸੰਗਤਿ ਵਿਚ ਪੂਰਬਲੇ ਕਰਮ, *ਅਥਵਾ* :-ਪਰਮੇਸ਼ਰ ਦੀ ਕਰਮਿ=ਬਖ਼ਸ਼ਿਸ਼ ਹੀ ਮਿਲਾਉਂਦੀ ਹੈ।

ਗੁਰ ਬਿਨੁ ਭੂਲੋ ਆਵੈ ਜਾਏ॥ ਨਦਰਿ ਕਰੇ ਸੰਜੋਗਿ ਮਿਲਾਏ॥ ੫॥

ਗੁਰ ਉਪਦੇਸ਼ ਤੋਂ ਬਿਨਾਂ, ਨਾਮ ਤੋਂ ਭੁੱਲਾ ਹੋਇਆ ਜੀਵ ਹਮੇਸ਼ਾਂ ਹੀ ਜੰਮਦਾ ਮਰਦਾ ਹੈ। ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰਾਂ ਦੇ ਸੰਜੋਗ ਨਾਲ ਮਿਲਾਉਂਦਾ ਹੈ॥ ੫॥

ਰੂੜੋ ਕਹਉ ਨ ਕਹਿਆ ਜਾਈ॥
ਅਕਥ ਕਥਉ ਨਹ ਕੀਮਤਿ ਪਾਈ॥

ਰੂੜੋ=ਸੁੰਦਰ ਪਰਮੇਸ਼ਰ ਦਾ ਜਸ ਕਹਿੰਦਾ ਤਾਂ ਹਾਂ, ਪਰ ਸੰਪੂਰਨ ਜਸ ਆਖਿਆ ਨਹੀਂ ਜਾਂਦਾ। ਅਕਥ=ਪ੍ਰਭੂ ਦੇ ਗੁਣ ਕਹਿੰਦੇ ਤੇ ਹਾਂ, ਪਰ ਉਸ ਦੇ ਗੁਣਾਂ ਦੀ ਕੀਮਤ ਨਹੀਂ ਪੈਂਦੀ।

ਸਭ ਦੁਖ ਤੇਰੇ ਸੂਖ ਰਜਾਈ॥ ਸਭਿ ਦੁਖ ਮੇਟੇ ਸਾਚੈ ਨਾਈ॥ ੬॥

ਹੇ ਰਜਾਈ=ਆਗਿਆ ਕਰਨ ਵਾਲੇ ਪ੍ਰਭੂ ! ਸਾਰੇ ਸੁਖ ਦੁੱਖ ਤੇਰੇ ਹੁਕਮ ਅੰਦਰ ਹਨ। ਗੁਰਮੁਖਾਂ ਨੇ ਸਚ ਨਾਮ ਨੂੰ ਜਪ ਕੇ ਸਾਰੇ ਦੁੱਖ ਮੇਟ ਦਿੱਤੇ ਹਨ॥ ੬॥

ਕਰ ਬਿਨੁ ਵਾਜਾ ਪਗ ਬਿਨੁ ਤਾਲਾ॥
ਜੇ ਸਬਦੁ ਬੁਝੈ ਤਾ ਸਚੁ ਨਿਹਾਲਾ॥

ਹੇ ਜੀਵ ! ਕਰ=ਹੱਥਾਂ ਨਾਲ ਪ੍ਰਤੱਖ ਵਾਜੇ ਵਜਾਉਣ ਤੋਂ ਬਿਨਾਂ ਹੋ ਜਾ। ਪੈਰਾਂ ਨਾਲ ਤਾਲਾਂ ਦੇ ਪੂਰਨੇ

ਤੋਂ ਬਿਨਾਂ ਹੋ ਜਾ। ਜੇਕਰ ਵਾਜੇ ਵਜਾਉਣੇ ਹਨ ਤਾਂ ਪ੍ਰੇਮ ਰੂਪ ਹੱਥ ਕਰਕੇ ਸਤਿਨਾਮੁ ਰੂਪ ਵਾਜਾ ਵਜਾਉਣਾ ਕਰ ਅਤੇ ਮਨ ਬੁੱਧੀ ਰੂਪ ਪੈਰਾਂ ਨਾਲ ਮਹਾਂਵਾਕਾਂ ਰੂਪੀ ਤਾਲਾਂ ਨੂੰ ਪੂਰਨਾ ਕਰ। ਹੇ ਜੀਵ ! ਜੇ ਤੂੰ ਗੁਰ ਸ਼ਬਦ ਨੂੰ ਬੁਝਣਾ ਕਰੇਂ ਤਾਂ ਸੱਚ ਨੂੰ ਦੇਖ ਕੇ ਕ੍ਰਿਤ ਕ੍ਰਿਤ ਹੋ ਜਾਏਂਗਾ।

ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥ ੭ ॥

ਜਿਸ ਦੇ ਅੰਦਰ ਸੱਚ ਨਾਮ ਹੈ, ਉਹ ਸਾਰਿਆਂ ਸੁਖਾਂ ਦਾ ਨਾਲਾ=ਪ੍ਰਵਾਹ ਹੋਇਆ ਹੈ। *ਅਥਵਾ :-*ਸਾਰਿਆਂ ਸੁਖਨ+ਆਲਾ=ਸੁਖਾਂ ਦਾ ਘਰ ਹੋਇਆ ਹੈ। *ਅਥਵਾ :-*ਸਾਰਿਆਂ ਸੁਖਾਂ ਦਾ ਮਾਲਕ ਜੋ ਪ੍ਰਭੂ ਹੈ, ਉਸ ਦੇ ਨਾਲ ਹੋਇਆ ਹੈ। ਜਿਸ ਤੇ ਗੁਰੂ ਕਿਰਪਾ ਦ੍ਰਿਸ਼ਟੀ ਕਰਦੇ ਹਨ, ਉਸ ਨੂੰ ਰੱਖਿਆ ਕਰਨ ਵਾਲਾ ਪਰਮੇਸ਼ਰ ਆਪ ਹੱਥ ਦੇ ਕੇ ਰੱਖਦਾ ਹੈ॥ ੭॥

ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥

ਆਪੁ=ਹੰਕਾਰ ਨੂੰ ਗੁਆਵੇ, ਤਾਂ ਤਿੰਨੇ ਭਵਣ=ਲੋਕ ਮਿਥਿਆ ਰੂਪ, *ਅਥਵਾ :-*ਬ੍ਰਹਮ ਰੂਪ ਸੁਝ ਆਉਂਦੇ ਹਨ। ਗੁਰਾਂ ਦੀ ਉਪਦੇਸ਼ ਬਾਣੀ ਨੂੰ ਬੁੱਝੇ ਤਾਂ ਸੱਚ ਵਿਚ ਸਮਾਉਂਦਾ ਹੈ।

ਸਬਦੁ ਵੀਚਾਰੇ ਏਕ ਲਿਵ ਤਾਰਾ ॥
ਨਾਨਕ ਧੰਨੁ ਸਵਾਰਣਹਾਰਾ ॥ ੮ ॥ ੨ ॥

ਗੁਰ ਸ਼ਬਦ ਨੂੰ ਵਿਚਾਰ ਕੇ ਜੋ ਇਕ ਪਰਮੇਸ਼ਰ ਵਿਚ ਤੇਲ ਧਾਰਾ ਵਾਂਗ ਲਿਵ ਲਗਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਸਵਾਰਨ ਵਾਲਾ ਬ੍ਰਹਮਾ, *ਅਥਵਾ :-*ਮਾਤਾ ਪਿਤਾ ਧੰਨਤਾ ਜੋਗ ਹੈ॥ ੮॥ ੨॥

ਆਸਾ ਮਹਲਾ ੧ ॥

*ਪ੍ਰਸ਼ਨ :-*ਕਿਸ ਨੂੰ ਮੰਨਣਾ ਕਰੀਏ ? *ਗੁਰ ਉੱਤਰ-*

ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥

ਜੋ ਪਰਮੇਸ਼ਰ ਅਸੰਖ=ਬਿਅੰਤ ਜੀਆਂ ਦੇ ਮੱਥੇ 'ਪਰ ਲੇਖਾਂ ਦੇ ਲਿਖਣ ਵਾਲਾ ਹੈ, ਉਸ ਲਿਖਣ ਵਾਲੇ ਨੂੰ ਮੰਨਣਾ ਕਰ। *ਅਥਵਾ :-*ਉਸੇ ਦੇ ਜਸ ਨੂੰ ਲਿਖਣਾ ਕਰ, ਉਸੇ ਨੂੰ ਮਨ ਵਿਚ ਮੰਨਣਾ ਕਰ। ਅਸੀਂ ਤੈਨੂੰ ਵਖਾਨੁ=ਕਥਨ ਕਰਦੇ ਹਾਂ, ਕਿ ਸੁ-ਰਤਿ=ਸ੍ਰੇਸ਼ਟ ਪ੍ਰੀਤੀ ਕਰਕੇ ਤੂੰ ਉਸ ਸੱਚ ਸਰੂਪ ਪਰਮਾਤਮਾ ਨੂੰ ਮਨ ਵਿਚ ਮੰਨ।

*ਅਥਵਾ :-*ਜੋ ਲੇਖ ਤੋਂ ਅਲੇਖ ਹੈ, ਸੰਖ=ਗਿਣਤੀ ਤੋਂ ਅਸੰਖ=ਅਨਗਿਣਤ ਹੈ। ਲਿਖਣ ਤੋਂ ਅਲਿਖ ਹੈ। ਉਸ ਪਰਮੇਸ਼ਰ ਨੂੰ ਤੂੰ ਮੰਨਣਾ ਕਰ।

ਸੁਰਤਿ ਵਖਾਨੁ=ਸੁਰਤੀਆਂ ਭੀ ਇੰਞ ਕਹਿੰਦੀਆਂ ਹਨ, -ਕਿ ਗੁਰਾਂ ਦੇ ਮਨਿ=ਮੰਤਰ ਨੂੰ ਮੰਨ ਤਾਂ ਸੱਚ ਦੀ ਪ੍ਰਾਪਤੀ ਹੋਵੇਗੀ।

ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥ ੧ ॥

ਨਾਮ ਤੋਂ ਬਿਨਾਂ ਜੋ ਬਦਨੀ=ਮੂੰਹੋਂ ਕਥਨੀਆਂ ਕਹਿਣੀਆਂ ਹਨ।

*ਅਥਵਾ :-*ਕਥਨੀਆਂ ਅਤੇ ਬਦਨੀ=ਕਵੀਸ਼ਰੀਆਂ ਬੋਲਣੀਆਂ ਹਨ ਅਤੇ ਹੋਰ ਗ੍ਰੰਥਾਂ ਦਾ ਜੋ ਪੜ੍ਹਨਾ

ਪੜ੍ਹਾਉਣਾ ਹੈ, ਇਹ ਸਭ ਭਾਰੁ=ਬੋਝ ਰੂਪ ਹੈ।

ਉਹ ਪਰਮੇਸ਼ਰ ਲੇਖਾਂ ਤੋਂ ਅਲੇਖ ਹੈ, ਅਤੇ ਸੰਖ ਤੋਂ ਅਸੰਖ ਹੈ, ਪਾਰਾਵਾਰ ਤੋਂ ਅਪਾਰ ਹੈ॥ ੧॥

ਐਸਾ ਸਾਚਾ ਤੂੰ ਏਕੋ ਜਾਣੁ॥
ਜੰਮਣੁ ਮਰਣਾ ਹੁਕਮੁ ਪਛਾਣੁ॥ ੧॥ ਰਹਾਉ॥

ਅਜਿਹਾ ਜੋ ਸੱਚਾ ਪ੍ਰਭੂ ਹੈ, ਉਸ ਇਕ ਨੂੰ ਤੂੰ ਜਾਨਣਾ ਕਰ।

ਫਿਰ ਇਹ ਪਛਾਣ, ਕਿ ਜੰਮਣਾ ਮਰਨਾ ਉਸ ਦੇ ਹੁਕਮ ਅੰਦਰ ਹੈ, *ਅਥਵਾ* :-ਉਸ ਦੇ ਹੁਕਮ ਨੂੰ ਪਛਾਣ ਤਾਂ ਜੰਮਣਾ ਮਰਨਾ ਨਵਿਰਤ ਹੋ ਜਾਏਗਾ॥ ੧॥ ਰਹਾਉ॥

ਮਾਇਆ ਮੋਹਿ ਜਗੁ ਬਾਧਾ ਜਮਕਾਲਿ॥ ਬਾਂਧਾ ਛੂਟੈ ਨਾਮੁ ਸਮ੍ਹਾਲਿ॥

ਇਹ ਜਗੁ=ਜੀਵ ਮਾਯਾ ਦੇ ਮੋਹ ਵਿਖੇ ਲੱਗ ਰਿਹਾ ਹੈ, ਇਸ ਕਰਕੇ ਜਮਕਾਲ ਨੇ ਇਸ ਨੂੰ ਬੰਨ੍ਹ ਲਿਆ ਹੈ। ਜੇਕਰ ਪਰਮੇਸ਼ਰ ਦੇ ਨਾਮ ਨੂੰ ਸੰਮਾਲੇ ਤਾਂ ਇਹ ਬੱਝਾ ਹੋਇਆ ਜੀਵ ਛੁਟ ਸਕਦਾ ਹੈ।

ਗੁਰੁ ਸੁਖਦਾਤਾ ਅਵਰੁ ਨ ਭਾਲਿ॥
ਹਲਤਿ ਪਲਤਿ ਨਿਬਹੀ ਤੁਧੁ ਨਾਲਿ॥ ੨॥

ਸੰਸਾਰਕ ਸੁਖ ਅਤੇ ਆਤਮਕ ਸੁਖ ਦੇ ਦਾਤੇ ਇਕ ਗੁਰੂ ਹੀ ਹਨ, ਉਹਨਾਂ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਢੂੰਡ। ਹਲਤਿ=ਇਹ ਲੋਕ, ਪਲਤਿ=ਪ੍ਰਲੋਕ ਵਿਚ ਤੇਰੇ ਨਾਲ ਨਿਭਣੇ ਵਾਲੇ ਹਨ॥ ੨॥

ਸਬ੍ਦਿ ਮਰੈ ਤਾਂ ਏਕ ਲਿਵ ਲਾਏ॥ ਅਚਰੁ ਚਰੈ ਤਾਂ ਭਰਮੁ ਚੁਕਾਏ॥

ਇਕ ਗੁਰ ਸ਼ਬਦ ਵਿਚ ਲਿਵ ਲਗਾਵੇ ਤਾਂ ਜੀਵਤ ਭਾ ਤੋਂ ਮਰਦਾ ਹੈ।

ਅਥਵਾ :-ਗੁਰ ਸ਼ਬਦ ਦੁਆਰਾ ਇਕ ਪਰਮੇਸ਼ਰ ਵਿਚ ਲਿਵ ਲਗਾਵੇ ਤਾਂ ਸੰਸਾਰ ਵਲੋਂ ਮਰਦਾ ਹੈ। ਜਾਂ ਭਰਮ ਨੂੰ ਚੁਕਾਏ=ਦੂਰ ਕਰੇ ਤਾਂ ਅਚਰੁ=ਕਾਮ ਆਦਿਕਾਂ ਨੂੰ ਚਰੈ=ਅਭਾਵ ਕਰਦਾ ਹੈ।

ਜੀਵਨ ਮੁਕਤੁ ਮਨਿ ਨਾਮੁ ਵਸਾਏ॥
ਗੁਰਮੁਖਿ ਹੋਇ ਤ ਸਚਿ ਸਮਾਏ॥ ੩॥

ਜੀਵਨ ਮੁਕਤ ਅਵਸਥਾ ਤਾਂ ਪ੍ਰਾਪਤ ਹੁੰਦੀ ਹੈ, ਜੇ ਮਨ ਵਿਚ ਨਾਮ ਨੂੰ ਧਾਰਨ ਕਰੇ। ਮੁਖ ਗੁਰੂ ਪ੍ਰਾਪਤ ਹੋਣ ਤਾਂ ਸਚਿ=ਤ੍ਰੈਕਾਲ ਅਬਾਧ ਬ੍ਰਹਮ ਵਿਚ ਅਭੇਵ ਹੁੰਦਾ ਹੈ॥ ੩॥

ਜਿਨਿ ਧਰ ਸਾਜੀ ਗਗਨੁ ਅਕਾਸੁ॥ ਜਿਨਿ ਸਭ ਥਾਪੀ ਥਾਪਿ ਉਥਾਪਿ॥

ਜਿਸ ਅਕਾਸੁ=ਚਿਦਾ ਕਾਸ ਭਾਵ ਚੇਤਨ ਬ੍ਰਹਮ ਨੇ ਇਹ ਧਰਤੀ ਤੇ ਗਗਨੁ=ਅਕਾਸ਼ ਆਦਿਕ ਤੱਤ ਸਾਜਨਾ ਕੀਤੇ ਹਨ।

ਪੁਨਾ-ਜਿਸ ਬ੍ਰਹਮ ਨੇ ਸਾਰੀ ਦੁਨੀਆਂ ਆਪ ਹੀ ਥਾਪੀ=ਉਤਪੰਨ ਕੀਤੀ ਹੈ। ਆਪ ਹੀ ਥਾਪਿ=ਪਾਲਣਾ ਕੀਤੀ ਹੈ ਅਤੇ ਆਪ ਹੀ ਉਥਾਪਿ=ਲਯ ਕੀਤੀ ਹੈ।

ਸਰਬ ਨਿਰੰਤਰਿ ਆਪੇ ਆਪਿ॥ ਕਿਸੈ ਨ ਪੂਛੇ ਬਖਸੇ ਆਪਿ॥ ੪॥

ਉਹ ਚੇਤਨ ਬ੍ਰਹਮ ਸਾਰਿਆਂ ਵਿਚ ਨਿਰੰਤਰਿ=ਇਕ ਰਸ ਆਪੇ ਆਪ ਪਰੀਪੂਰਨ ਹੈ। ਜਿਸ ਨੂੰ ਬਖਸ਼ਿਆ ਚਾਹੁੰਦਾ ਹੈ, ਉਸ ਨੂੰ ਆਪੇ ਹੀ ਬਖਸ਼ ਲੈਂਦਾ ਹੈ, ਕਿਸੇ ਪਾਸੋਂ ਪੁੱਛਦਾ ਨਹੀਂ ਹੈ॥ ੪॥

ਤੂ ਪੁਰੁ ਸਾਗਰੁ ਮਾਣਕ ਹੀਰੁ॥ ਤੂ ਨਿਰਮਲੁ ਸਚੁ ਗੁਣੀ ਗਹੀਰੁ॥

ਹੇ ਬ੍ਰਹਮ ! ਸੰਸਾਰ-ਸਾਗਰ ਵਿਚ ਤੂੰ ਪ੍ਰਤੱਖ ਮਾਣਕ ਹੀਰਿਆਂ ਕਰਕੇ ਪੂਰਨ ਹੈਂ। *ਅਥਵਾ* :-ਮਾਣਕ ਹੀਰਿਆਂ ਦਾ ਤੂੰ ਪੂਰਨ ਸਾਗਰੁ=ਸਮੁੰਦਰ ਹੈਂ। ਜਿਸ ਵੇਲੇ ਕੋਈ ਮੰਗਦਾ ਹੈ, ਉਸ ਨਾਂ ਨੂੰ ਤੂੰ ਦੇ ਦੇਂਦਾ ਹੈਂ।

ਤੂੰ ਮਲ ਤੋਂ ਰਹਿਤ ਹੋਣ ਕਰਕੇ ਨਿਰਮਲ ਹੈਂ, ਸੱਚਾ ਹੈਂ, ਸ਼ੁਭ ਗੁਣਾਂ ਦਾ ਸਮੁੰਦਰ ਹੈਂ।

[ਪੰਨਾ ੪੧੩]

ਸੁਖੁ ਮਾਨੈ ਭੇਟੈ ਗੁਰ ਪੀਰੁ॥ ਏਕੋ ਸਾਹਿਬੁ ਏਕੁ ਵਜੀਰੁ॥ ੫॥

ਪੀਰੁ=ਪੂਜਨੀਕ ਗੁਰਾਂ ਨਾਲ ਮਿਲੇ ਤਾਂ ਇਹ ਜੀਵ ਸੁਖਾਂ ਨੂੰ ਭੋਗਦਾ ਹੈ।

ਅਥਵਾ :-ਚਾਹੇ ਹਿੰਦੂ ਹੈ ਚਾਹੇ ਮੁਸਲਮਾਨ, ਐਵੇਂ ਸੁਖ ਕਿਸੇ ਨੂੰ ਨਹੀਂ ਪ੍ਰਾਪਤ ਹੁੰਦਾ। ਹਿੰਦੂ ਗੁਰਾਂ ਨਾਲ ਮਿਲੇ ਤਾਂ ਸੁਖ ਭੋਗਦਾ ਹੈ। ਮੁਸਲਮਾਨ ਆਪਣੇ ਪੀਰ ਨਾਲ ਮਿਲੇ ਤਾਂ ਸੁਖ ਮਾਨੈ=ਭੋਗਦਾ ਹੈ।

ਇਕ ਪਰਮੇਸ਼ਰ ਆਪ ਹੀ ਸਾਰਿਆਂ ਦਾ ਸਾਹਿਬ ਹੈ, ਇਕ ਪਰਮੇਸ਼ਰ ਆਪ ਹੀ ਵਜ਼ੀਰ ਹੈ।

ਅਥਵਾ :-ਇਕ ਪਰਮੇਸ਼ਰ ਆਪ ਹੀ ਸਾਰਿਆਂ ਦਾ ਮਾਲਕ ਹੈ ਅਤੇ ਇਕ ਪਰਮੇਸ਼ਰ ਆਪ ਹੀ ਵਜੀਰੁ=ਗੁਰੂ ਰੂਪ ਹੈ। *ਅਥਵਾ* :-ਇਕ ਪਰਮੇਸ਼ਰ ਆਪ ਹੀ ਸਾਹਿਬੁ=ਗੁਰੂ ਰੂਪ ਤੇ ਵਜੀਰੁ=ਸੰਤ ਰੂਪ ਹੈ॥ ੫॥

ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥

ਜਿਨ੍ਹਾਂ ਨੇ ਹਉ ਮਾਰੀ=ਹੰਗਤਾ ਮਮਤਾ ਮਾਰੀ ਹੈ, ਉਹ ਪੁਰਸ਼ ਜਗਤ ਦੇ ਬੰਦੀ ਖਾਨੇ ਤੋਂ ਮੁਕਤੇ=ਛੁਟ ਗਏ ਹਨ। *ਅਥਵਾ* :-ਜਗਤ ਵਿਖੇ ਬੰਨ੍ਹਣ ਵਾਲੀ ਜੋ ਹੰਗਤਾ ਹੈ, ਉਸ ਨੂੰ ਜਿਨ੍ਹਾਂ ਨੇ ਮਾਰਿਆ ਹੈ, ਉਹ ਮੁਕਤ ਰੂਪ ਹੋਏ ਹਨ।

ਜਗਤ ਵਿਚ ਚੁੰਚ ਗਿਆਨੀ ਬਹੁਤ ਹਨ, ਪਰੰਤੂ ਆਚਾਰੀ=ਸ੍ਰੇਸ਼ਟ ਕਰਤੱਬਾਂ ਵਾਲਾ ਕੋਈ ਵਿਰਲਾ ਹੈ।

ਜਗਿ ਪੰਡਿਤੁ ਵਿਰਲਾ ਵੀਚਾਰੀ॥

ਜਗਤ ਵਿਚ ਮਾਇਆ ਧਾਰੀ ਪੰਡਿਤ ਬਹੁਤ ਹਨ, ਪਰੰਤੂ ਵਿਚਾਰਵਾਨ ਕੋਈ ਵਿਰਲਾ ਹੈ।

ਅਥਵਾ :-ਜਗਤ ਵਿਚ ਆਚਾਰੀ ਗਿਆਨੀ ਕੋਈ ਵਿਰਲਾ ਹੈ ਅਤੇ ਜਗਤ ਵਿਚ ਵਿਚਾਰਵਾਨ ਪੰਡਿਤ ਵੀ ਕੋਈ ਵਿਰਲਾ ਹੈ।

ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥ ੬॥

ਕਿਉਂਕਿ-ਸਤਿਗੁਰਾਂ ਨਾਲ ਮਿਲੇ ਤੋਂ ਬਿਨਾਂ, ਸਾਰੇ ਪੁਰਸ਼ ਹੰਕਾਰੀ ਹੋਏ ਫਿਰਦੇ ਹਨ॥ ੬॥

ਜਗੁ ਦੁਖੀਆ ਸੁਖੀਆ ਜਨੁ ਕੋਇ॥ ਜਗੁ ਰੋਗੀ ਭੋਗੀ ਗੁਣ ਰੋਇ॥

ਸਾਰਾ ਜਗਤ ਹੀ ਦੁਖੀ ਹੈ।*

---

*(ੳ) :- *ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥*
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥ ੮੧॥ (ਪੰਨਾ ੧੩੮੨)

(ਅ) :- *ਨਾਨਕ ਦੁਖੀਆ ਸਭੁ ਸੰਸਾਰੁ॥* (ਪੰਨਾ ੯੫੪)

ਕੋਈ ਵਿਰਲਾ ਪੁਰਸ਼ ਸੰਸਾਰ ਵਿਚ ਸੁਖੀ ਹੈ।

ਗੁਣ=ਵਿਸ਼ਿਆਂ ਦੇ ਭੋਗਣ ਕਰਕੇ ਸਾਰਾ ਜਗਤ ਰੋਗੀ ਹੈ, ਇਸ ਕਰਕੇ ਰੋਇ=ਰੋਂਦਾ ਹੈ।

ਅਥਵਾ : -ਸਾਰਾ ਜਗਤ ਰੋਗੀ ਹੈ, ਕਿਉਂਕਿ ਭੋਗਾਂ ਦੇ ਗੁਣ ਚੇਤੇ ਕਰਕੇ ਰੋਂਦਾ ਹੈ।

ਜਗੁ ਉਪਜੈ ਬਿਨਸੈ ਪਤਿ ਖੋਇ ॥ ਗੁਰਮੁਖਿ ਹੋਵੈ ਬੂਝੈ ਸੋਇ ॥ ੭ ॥

ਇਹ ਜਗੁ=ਜੀਵ ਉਪਜੈ ਬਿਨਸੈ=ਜਨਮ ਮਰਨ ਵਿਚ ਪੈ ਕੇ ਆਪਣੀ ਪਤਿ=ਇੱਜ਼ਤ ਗੁਆ ਰਿਹਾ ਹੈ। ਅਥਵਾ:-ਇਹ ਜੀਵ ਜੰਮਦਾ ਹੈ, ਪਰ ਇੱਜ਼ਤ ਗੁਆ ਕੇ ਬਿਨਸੈ=ਮਰ ਜਾਂਦਾ ਹੈ। ਜੋ ਗੁਰਮੁਖ ਹੁੰਦਾ ਹੈ, ਉਹ ਉਸ ਪ੍ਰਭੂ ਨੂੰ ਬੁਝ ਲੈਂਦਾ ਹੈ॥ ੭॥

ਮਹਘੋ ਮੋਲਿ ਭਾਰਿ ਅਫਾਰੁ ॥ ਅਟਲ ਅਛਲੁ ਗੁਰਮਤੀ ਧਾਰੁ ॥

ਸਿਰ ਦੇ ਅਟੇ ਸਟੇ ਹੋਣ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਦਾ ਮੁੱਲ ਮਹਿੰਗਾ ਹੈ। ਫੇਰ ਉਸ ਦਾ ਭਾਰ ਅਫਾਰੁ=ਅਸਹਿ ਹੈ, ਉਸ ਦੇ ਭਾਰ ਨੂੰ ਕੋਈ ਸਹਾਰ ਨਹੀਂ ਸਕਦਾ।

ਅਥਵਾ :-ਸਾਰਿਆਂ ਤੋਂ ਭਾਰਿ=ਬੜਾ ਹੈ ਅਤੇ ਅਫਾਰੁ=ਅ-ਫੜ ਹੈ। ਉਸ ਅਟਲ ਤੇ ਅਛਲ ਰੂਪ ਪਰਮਾਤਮਾ ਨੂੰ ਗੁਰ ਸਿੱਖਿਆ ਦੁਆਰੇ ਹਿਰਦੇ ਵਿਚ ਧਾਰਨਾ ਕਰ।

ਭਾਇ ਮਿਲੈ ਭਾਵੈ ਭਇ ਕਾਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ੮ ॥ ੩ ॥

ਜੋ ਭਾਇ=ਪ੍ਰੇਮ ਵਿਚ ਮਿਲੇ ਹਨ, ਉਹਨਾਂ ਨੂੰ ਪਰਮੇਸ਼ਰ ਦੇ ਭੈ ਧਾਰਨ ਦੀ ਭਾਰ ਭਾਉਂਦੀ ਹੈ। ਜਿਨ੍ਹਾਂ ਨੂੰ ਭੈ ਧਾਰਨ ਦੀ ਕਾਰ ਭਾਉਂਦੀ ਹੈ, ਉਹ ਭਾਇ=ਗਿਆਨ ਵਿਚ ਮਿਲੇ ਹਨ, ਜੋ ਗਿਆਨ ਵਿਚ ਮਿਲੇ ਹਨ, ਉਨ੍ਹਾਂ ਨੂੰ ਫਿਰ ਜਮਾਂ ਦੇ ਭੈ ਦੀ ਕਾਰ ਭਾਉਂਦੀ ਹੈ ? ਕਿੰਤੂ ਨਹੀਂ ਭਾਉਂਦੀ। ਗੁਰੂ ਜੀ ਕਥਨ ਕਰਦੇ ਹਨ- ਅਸੀਂ ਨੀਚੁ=ਨਿੰਮ੍ਰਤਾ ਗੁਣ ਧਾਰ ਕੇ ਤੁਹਾਨੂੰ ਇਹ ਵਿਚਾਰ ਕਿਹਾ ਹੈ।

ਅਥਵਾ :-ਨਾਨਕੁ ਕਹੈ=ਗੁਰੂ ਜੀ ਕਥਨ ਕਰਦੇ ਹਨ-ਤੁਸੀਂ ਇਸ ਸ਼ਬਦ ਦਾ ਇਹ ਵਿਚਾਰ ਹੈ ਕਿ ਨੀਚੁ=ਨਿੰਮ੍ਰਤਾ ਗੁਣ ਧਾਰੋ॥ ੮॥ ੩॥

ਆਸਾ ਮਹਲਾ ੧ ॥

ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥

ਘਰ ਵਿਚ ਇਕ ਆਦਮੀ ਦੇ ਮਰ ਜਾਣ ਨਾਲ ਪੰਜ (ਸਤ, ਦਸ, ਬਾਰਾਂ ਸਬੰਧੀ) ਮਿਲ ਕੇ ਰੋਂਦੇ ਹਨ। ਅਥਵਾ :-ਇਕ ਦੇ ਮਰਨ ਨਾਲ ਪੰਜ ਸਬੰਧੀ ਤਾਂ ਜ਼ਰੂਰ ਮਿਲ ਕੇ ਰੋਂਦੇ ਹਨ, ਮਾਤਾ, ਪਿਤਾ, ਇਸਤ੍ਰੀ, ਪੁਤ੍ਰ, ਭੈਣ।

ਅਥਵਾ :-ਜੇਕਰ ਸਬੰਧੀ ਕੋਈ ਨਾ ਹੋਵੇ ਤਾਂ ਇਹ ਅਰਥ ਕਰਨਾ ਕਿ ਇਕ ਦੇ ਮਰਨ ਨਾਲ ਪੰਜ ਗਿਆਨ ਇੰਦ੍ਰੀਆਂ ਮਿਲ ਕੇ ਰੋਂਦੀਆਂ ਹਨ।

ਅਥਵਾ :-ਇਕ ਮਨ ਦੇ ਮਰਨ ਕਰਕੇ ਪੰਜ ਕਾਮ ਆਦਿਕ ਮਿਲ ਕੇ ਰੋਂਦੇ ਹਨ ਕਿ ਇਹ ਸਾਥੋਂ ਬਚ ਗਿਆ ਹੈ। ਗੁਰ ਸ਼ਬਦ ਦੁਆਰਾ (ਰਾਗ ਦਵੈਸ਼ ਰੂਪ) ਮਲ ਨੂੰ ਧੋਣਾ ਕਰੇ ਤਾਂ ਅੰਦਰੋਂ ਹੰਗਤਾ ਮਮਤਾ ਚਲੀ ਜਾਂਦੀ ਹੈ।

ਸਮਝਿ ਸੂਝਿ ਸਹਜ ਘਰਿ ਹੋਵਹਿ ॥
ਬਿਨੁ ਬੂਝੈ ਸਗਲੀ ਪਤਿ ਖੋਵਹਿ ॥ ੧ ॥

ਜੋ ਗੁਰ ਸ਼ਬਦ ਨੂੰ ਸਮਝਦਾ ਹੈ, ਉਸਨੂੰ ਸਹਜ ਘਰਿ=ਸਰੂਪ-ਘਰ ਦੀ ਸੂਝਿ=ਗਿਆਤ ਹੁੰਦੀ ਹੈ। ਗੁਰ

ਸ਼ਬਦ ਬੁਝੇ ਬਿਨਾਂ ਇਹ ਜੀਵ ਆਪਣੀ ਸਾਰੀ ਪਤਿ=ਇੱਜ਼ਤ ਖੁਹਾ ਲੈਂਦਾ ਹੈ॥ ੧॥

ਕਉਣੁ ਮਰੈ ਕਉਣੁ ਰੋਵੈ ਓਹੀ॥
ਕਰਣ ਕਾਰਣ ਸਭਸੈ ਸਿਰਿ ਤੋਹੀ॥ ੧॥ ਰਹਾਉ॥

ਵਾਸਤਵ ਦ੍ਰਿਸ਼ਟੀ ਨਾਲ ਵਿਚਾਰੋ, ਕੌਣ ਮਰਦਾ ਹੈ ਅਤੇ ਉਸਨੂੰ ਰੋਂਦਾ ਕੌਣ ਹੈ ? ਨਾ ਕੋਈ ਮਰਦਾ ਹੈ ਨਾ ਕੋਈ ਰੋਂਦਾ ਹੈ। ਕਾਰਨ ਕਰਨ ਜੋ ਪਰਮੇਸ਼ਰ ਹੈ, ਤੋਹੀ=ਓਹੀ ਸ਼ਾਰਿਆਂ ਦੇ ਸਿਰ 'ਪਰ ਖੜਾ ਹੈ॥ ੧॥ ਰਹਾਉ॥

ਮੂਏ ਕਉ ਰੋਵੈ ਦੁਖੁ ਕੋਇ॥ ਸੋ ਰੋਵੈ ਜਿਸੁ ਬੇਦਨ ਹੋਇ॥

ਜਿਸ ਨੂੰ ਕੁਝ ਦੁੱਖ ਹੁੰਦਾ ਹੈ, ਉਹੋ ਮਰੇ ਹੋਏ ਨੂੰ ਰੋਂਦਾ ਹੈ। ਠੀਕ ਹੈ-ਜਿਸ ਨੂੰ ਕੁਝ ਬੇਦਨ=ਪੀੜਾ ਹੁੰਦੀ ਹੈ, ਉਹੀ ਰੋਂਦਾ ਹੈ।

ਜਿਸੁ ਬੀਤੀ ਜਾਣੈ ਪ੍ਰਭ ਸੋਇ॥ ਆਪੇ ਕਰਤਾ ਕਰੇ ਸੁ ਹੋਇ॥ ੨॥

ਜਿਸ ਨਾਲ ਪੀੜਾ ਬੀਤੀ ਹੈ ਇਕ ਉਹ ਜਾਣਦਾ ਹੈ, ਯਾਂ ਜਿਸ ਪ੍ਰਭੂ ਨੇ ਲਗਾਈ ਹੈ, ਉਹ ਜਾਣਦਾ ਹੈ। ਜਿਵੇਂ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ :-

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥ (ਆਸਾ ਮਹਲਾ ੪, ਪੰਨਾ ੪੪੯)

ਅਥਵਾ :-ਜਿਸ ਪੁਰਸ਼ ਦੀ ਹੰਗਤਾ ਬੀਤ ਗਈ ਹੈ, ਉਹ ਪੁਰਸ਼ ਉਸ ਪ੍ਰਭੂ ਨੂੰ ਜਾਣ ਲੈਂਦਾ ਹੈ। ਜੋ ਕੁਝ ਕਰਤਾ=ਵਾਹਿਗੁਰੂ ਆਪ ਕਰਦਾ ਹੈ-ਉਹੀ ਗੱਲ ਪੂਰੀ ਹੁੰਦੀ ਹੈ॥ ੨॥

ਜੀਵਤ ਮਰਣਾ ਤਾਰੇ ਤਰਣਾ॥ ਜੈ ਜਗਦੀਸ ਪਰਮ ਗਤਿ ਸਰਣਾ॥

ਜਿਸ ਦਾ ਜਿਵਾਇਆ ਜੀਉਂਦਾ ਹੈ, ਮਾਰਿਆ ਮਰਦਾ ਹੈ, ਤਾਰਿਆ ਤਰਦਾ ਹੈ ਅਤੇ ਜਿਸ ਜਗਦੀਸ= ਪਰਮਾਤਮਾ ਦੀ ਸਾਰੇ ਜੈ ਹੋ ਰਹੀ ਹੈ, ਉਸਦੀ ਸ਼ਰਨ ਲਵੇ ਤਾਂ ਪਰਮ ਗਤਿ=ਕੇਵਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਅਥਵਾ :-ਜਿਸ ਨੇ ਗੁਰੂ ਦੀ ਸ਼ਰਨ ਲੈ ਕੇ, ਜਗਦੀਸ਼ੁਰ ਦੀ ਜੈ ਜੈ ਸ਼ਬਦ ਉਚਾਰ ਕੇ ਉਸਤਤੀ ਕੀਤੀ ਹੈ ਅਤੇ ਜੀਵਤ ਭਾ ਤੋਂ ਮਰ ਕੇ ਪਰਮ ਗਤੀ ਪ੍ਰਾਪਤ ਕੀਤੀ ਹੈ, ਉਸ ਦਾ ਤਾਰੇ ਤਰਣਾ=ਤਾਰਿਆ ਹੋਇਆ ਇਹ ਜੀਵ ਤਰਦਾ ਹੈ।

ਹਉ ਬਲਿਹਾਰੀ ਸਤਿਗੁਰ ਚਰਣਾ॥
ਗੁਰੂ ਬੋਹਿਥੁ ਸਬਦਿ ਭੈ ਤਰਣਾ॥ ੩॥

ਅਜਿਹੇ ਸਤਿਗੁਰਾਂ ਦੇ ਚਰਨਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ। ਸ਼ਬਦ ਦੇ ਦਾਤੇ ਜੋ ਗੁਰੂ ਹਨ, ਉਨ੍ਹਾਂ ਦੁਆਰੇ ਨਾਮ ਗਿਆਨ ਰੂਪ ਜਹਾਜ਼ ਉੱਤੇ ਚੜ੍ਹ ਕੇ ਭੈ ਦਾਇਕ ਸਬਦਿ=ਸੰਸਾਰ ਤੋਂ ਤਰਨਾ ਹੁੰਦਾ ਹੈ॥ ੩॥

ਨਿਰਭਉ ਆਪਿ ਨਿਰੰਤਰਿ ਜੋਤਿ॥ ਬਿਨੁ ਨਾਵੈ ਸੂਤਕੁ ਜਗਿ ਛੋਤਿ॥

ਉਹ ਪ੍ਰਮਾਤਮਾ ਆਪ ਨਿਰਖੌਫ ਹੈ, ਉਸ ਦੀ ਜੋਤਿ=ਸੱਤਾ ਇਕ ਰਸ ਸਾਰੇ ਪੂਰਨ ਹੈ। ਉਸ ਦੇ ਨਾਮ ਤੋਂ

ਬਿਨਾਂ ਜਗਤ ਵਿਚ ਸਾਰਿਆਂ ਨੂੰ ਸੂਤਕ ਦੀ ਛੋਹ ਲੱਗ ਰਹੀ ਹੈ।

ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥
ਜਨਮਿ ਮੂਏ ਬਿਨੁ ਭਗਤਿ ਸਰੋਤਿ ॥ ੪ ॥

ਖੋਟੀ ਬੁੱਧੀ ਵਾਲਾ ਮਨਮੁਖ ਪੁਰਸ਼ ਮਰ ਜਾਵੇ ਤਾਂ ਕੀ ਕਰੇ ? *ਉੱਤਰ*-ਉਸ ਦਾ ਨਾਂ ਕਹਿ ਕੇ ਰੋਣਾ ਕਰੇ। ਕਿ ਫਲਾਣਾ ਆਦਮੀ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗੁਆ ਕੇ ਚਲਾ ਗਿਆ ਹੈ।*

ਜੋ ਪੁਰਸ਼ ਪਰਮੇਸ਼ਰ ਦੀ ਸਰੋਤਿ=ਸ੍ਰਵਨ ਭਗਤੀ ਤੋਂ ਬਿਨਾਂ ਹਨ, ਉਹ ਜੰਮਦੇ ਮਰਦੇ ਹਨ ਅਤੇ ਜੋ ਪਰਮੇਸ਼ਰ ਦੀ ਸ੍ਰਵਨ ਭਗਤੀ ਕਰਦੇ ਹਨ। ਉਹ ਪੁਰਸ਼ ਜਨਮ ਮਰਨ ਤੋਂ ਬਿਨਾਂ ਹੋਏ ਹਨ।

ਅਥਵਾ :-ਜਿਹੜੇ ਪੁਰਸ਼ ਦੁਰਮਤਿ=ਖੋਟੀ ਮਤ ਵਿਚ ਬਿਨਸੈ=ਮਰ ਮਿਟੇ ਹਨ, ਉਨ੍ਹਾਂ ਨੂੰ ਕੀ ਕਹਿ ਕੇ ਰੋਂਦੇ ਹੋ। ਕਿਉਂਕਿ ਜੋ ਪੁਰਸ਼ ਪਰਮੇਸ਼ਰ ਦੀ ਸਰੋਤਿ=ਸ੍ਰਵਨ ਭਗਤੀ ਤੋਂ ਬਿਨਾਂ ਹਨ, ਉਹ ਜਨਮਿ ਮੂਏ=ਸ੍ਰਵਨ ਭਗਤੀ ਤੋਂ ਬਿਨਾਂ ਹਨ, ਉਹ ਜਨਮਿ ਮੂਏ=ਜੀਉਂਦੇ ਭੀ ਮੋਏ ਹੋਏ ਹਨ॥ ੪॥

ਮੂਏ ਕਉ ਸਚੁ ਰੋਵਹਿ ਮੀਤ ॥ ਤ੍ਰੈ ਗੁਣ ਰੋਵਹਿ ਨੀਤਾ ਨੀਤ ॥

ਸਚਮੁਚ ਮਰੇ ਹੋਏ ਮਿੱਤਰ ਰੋਣਾ ਕਰਦੇ ਹਨ। *ਅਥਵਾ*:-ਮਰੇ ਹੋਏ ਨੂੰ ਸੱਚੇ ਮਿੱਤਰ ਰੋਣਾ ਕਰਦੇ ਹਨ। ਉਹ ਤਾਂ ਕੋਈ ਸਮਾਂ ਆਏਗਾ ਤੇ ਰੋਣਗੇ। ਪ੍ਰੰਤੂ ਤ੍ਰੈਗੁਣੀ ਜੋ ਸੰਸਾਰੀ ਜੀਵ ਹਨ, ਉਹ ਨਿਤਾਪ੍ਰਤੀ ਹੀ ਧੰਦਿਆਂ ਵਿਚ ਰੋਂਦੇ ਰਹਿੰਦੇ ਹਨ।

ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥
ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥ ੫ ॥

ਹੇ ਪੁਰਸ਼ਾ ! ਆਪਣੇ ਸ੍ਰੇਸ਼ਟ ਚਿਤ ਵਿਚ ਸਹਜਿ=ਸ਼ਾਂਤੀ ਸਰੂਪ ਪਰਮੇਸ਼ਰ ਦੇ ਨਾਮ ਨੂੰ ਜਪ ਕੇ, *ਅਥਵਾ* :-ਸਹਜਿ=ਗਿਆਨ ਦੁਆਰਾ ਦੁੱਖ ਸੁਖ ਨੂੰ ਪਰਹਰਿ=ਤਿਆਗਣਾ ਕਰ ਅਤੇ ਆਪਣੇ ਤਨ ਮਨ ਨੂੰ ਕ੍ਰਿਸਨ=ਪਰਮੇਸ਼ਰ ਦੀ ਪ੍ਰੀਤੀ ਵਿਖੇ ਸੌਂਪਣਾ ਕਰ॥ ੫॥

ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥

ਅਨੇਕਾਂ ਦੇ ਭੀਤਰ ਇਕ ਅਸੰਖ ਰੂਪ ਪਰਮਾਤਮਾ ਇਸਥਿਤ ਹੋ ਰਿਹਾ ਹੈ। ਉਸ ਨੂੰ ਭੁਲਾ ਕੇ ਭਾਵੇਂ ਬਹੁਤ ਸਾਰੇ ਜੀਵ ਸੰਖ ਅਸੰਖ=ਗਿਣਤੀ ਤੋਂ ਅਨਗਿਣਤ ਕਰਮਾਂ ਧਰਮਾਂ ਨੂੰ ਕਰਦੇ ਹਨ। ਪਰ-

ਬਿਨੁ ਭੈ ਭਗਤੀ ਜਨਮੁ ਬਿਰੰਥ ॥
ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥ ੬ ॥

ਵਾਹਿਗੁਰੂ ਦੀ ਭੈ ਭਗਤੀ ਕੀਤੇ ਬਿਨਾਂ,

ਅਥਵਾ :-ਭੈ ਪੂਰਬਕ ਪ੍ਰੇਮਾ ਭਗਤੀ ਕੀਤੇ ਬਿਨਾਂ ਮਨੁੱਖਾਂ ਜਨਮ ਨਿਸਫਲ ਜਾਂਦਾ ਹੈ। ਸਤ ਸੰਗਤ ਨਾਲ ਮਿਲ ਕੇ ਹਰੀ ਦੇ ਗੁਣਾਂ ਨੂੰ ਗਾਵੇ ਤਾਂ ਪਰਮ ਅਰਥ ਸਿਧਾਂਤ ਮਿਲਦਾ ਹੈ॥ ੬॥

**ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥ ੧੬॥* (ਪੰਨਾ ੧੩੬੫)

ਆਪਿ ਮਰੈ ਮਾਰੇ ਭੀ ਆਪਿ॥ ਆਪਿ ਉਪਾਏ ਥਾਪਿ ਉਥਾਪਿ॥

ਜੀਵ ਰੂਪ ਹੋ ਕੇ ਆਪ ਮਰਦਾ ਹੈ, ਜਮ ਰੂਪ ਹੋ ਕੇ ਮਾਰਦਾ ਭੀ ਆਪ ਹੈ। ਆਪ ਉਪਾਏ=ਪੈਦਾ ਕਰਦਾ ਹੈ, ਆਪ ਹੀ ਥਾਪਿ=ਪਾਲਦਾ ਹੈ, ਆਪ ਹੀ ਸਾਰਿਆਂ ਨੂੰ ਉਥਾਪਿ=ਲਯ ਕਰਦਾ ਹੈ।

ਸ੍ਰਿਸਟਿ ਉਪਾਈ ਜੋਤੀ ਤੂ ਜਾਤਿ॥
ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਂਤਿ॥ ੭॥

ਹੇ ਜੋਤੀ ! ਤੂੰ ਆਪ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ, ਤੂੰ ਆਪ ਹੀ ਖਾਣ ਪਾਣ ਦੇਣਾ ਜਾਤਿ=ਜਾਣਦਾ ਹੈ। *ਅਥਵਾ* :-ਜਿਸ ਨੇ ਸ੍ਰਿਸ਼ਟੀ ਉਤਪੰਨ ਕੀਤੀ ਹੈ, ਹੇ ਪੁਰਖ਼ਾ ! ਉਸ ਜੋਤੀ-ਪ੍ਰਭੂ ਨੂੰ ਤੂੰ ਜਾਤਿ=ਜਾਨਣਾ ਕਰ। ਜੋ ਗੁਰ ਸ਼ਬਦ ਦੀ ਵਿਚਾਰ ਕਰਦਾ ਹੈ, ਉਹ ਭ੍ਰਾਂਤੀ ਵਿਖੇ ਨਹੀਂ ਮਿਲਦਾ ਅਤੇ ਜੋ ਪੁਰਖ਼ ਗੁਰ ਸ਼ਬਦ ਦੀ ਵਿਚਾਰ ਨਹੀਂ ਕਰਦਾ, ਉਹ ਭ੍ਰਾਂਤੀ ਵਿਚ ਮਿਲਦਾ ਹੈ॥ ੭॥

ਸੂਤਕੁ ਅਗਨਿ ਭਖੈ ਜਗੁ ਖਾਇ॥ ਸੂਤਕੁ ਜਲਿ ਥਲਿ ਸਭ ਹੀ ਥਾਇ॥

ਅੱਗ ਵਿਚ ਭੀ ਸੂਤਕ ਹੈ, ਜੋ ਭਖੈ=ਪ੍ਰਜ੍ਵਲਤ ਹੋ ਕੇ ਸਾਰੇ ਜਗਤ ਨੂੰ ਖਾਈ ਜਾ ਰਹੀ ਹੈ।

ਅਥਵਾ :-ਅਗਨੀ ਦਾ ਭਖਾਇਆ=ਪਕਾਇਆ ਹੋਇਆ ਭੋਜਨ ਜੋ ਸਾਰਾ ਜਗਤ ਖਾ ਰਿਹਾ ਹੈ, ਉਸ ਵਿਚ ਭੀ ਸੂਤਕ ਹੈ। ਜਲ ਥਲ ਆਦਿਕ ਸਾਰੀਆਂ ਹੀ ਜਗ੍ਹਾਂ ਪਰ ਸੂਤਕ ਹੈ।

ਨਾਨਕ ਸੂਤਕਿ ਜਨਮਿ ਮਰੀਜੈ॥
ਗੁਰ ਪਰਸਾਦੀ ਹਰਿ ਰਸੁ ਪੀਜੈ॥ ੮॥ ੪॥

ਗੁਰੂ ਜੀ ਕਥਨ ਕਰਦੇ ਹਨ-ਜਨਮ ਸਮੇਂ ਭੀ ਸੂਤਕ ਹੈ, ਮਰਨ ਵੇਲੇ ਭੀ ਸੂਤਕ ਹੈ। ਇਸ ਸੂਤਕ ਤੋਂ ਬਚਣ ਵਾਸਤੇ ਤੁਹਾਨੂੰ ਚਾਹੀਦਾ ਹੈ, ਕਿ ਗੁਰ ਕਿਰਪਾ ਦੁਆਰੇ ਹਰੀ ਨਾਮ-ਰਸ ਨੂੰ ਪੀਣਾ ਕਰੋ॥ ੮॥ ੪॥

ਰਾਗੁ ਆਸਾ ਮਹਲਾ ੧॥

ਆਪੁ ਵੀਚਾਰੈ ਸੁ ਪਰਖੇ ਹੀਰਾ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ॥

ਜੋ ਜਗਿਆਸੂ ਨਾਮ ਰੂਪ ਹੀਰੇ ਨੂੰ ਪਰਖਦਾ ਹੈ, ਉਹ ਆਪਣੇ ਸਰੂਪ ਨੂੰ ਵਿਚਾਰਦਾ ਹੈ।

ਜੋ ਆਪਣੇ ਸਰੂਪ ਨੂੰ ਵਿਚਾਰਦਾ ਹੈ, ਉਸ ਨੂੰ ਪੂਰੇ ਗੁਰੂ ਇਕ ਕਿਰਪਾ ਦ੍ਰਿਸ਼ਟੀ ਕਰਕੇ ਤਾਰ ਦੇਂਦੇ ਹਨ। **ਦੂਜਾ ਅਰਥ** :-(ਅੰਨਵੇਂ) ਜਿਸ ਉੱਤੇ ਪੂਰੇ ਗੁਰੂ ਇਕ ਕਿਰਪਾ ਦ੍ਰਿਸ਼ਟੀ ਕਰਦੇ ਹਨ, ਉਸ ਨਾਮ ਰੂਪ ਹੀਰੇ ਨੂੰ ਪਰਖਦਾ ਹੈ, ਜੋ ਨਾਮ ਰੂਪ ਹੀਰੇ ਨੂੰ ਪਰਖਦਾ ਹੈ, ਉਹ ਆਪਣੇ ਸਰੂਪ ਦਾ ਵਿਚਾਰ ਕਰਦਾ ਹੈ। ਜੋ ਆਪਣੇ ਸਰੂਪ ਦਾ ਵਿਚਾਰ ਕਰਦਾ ਹੈ, ਉਹ ਹੀਰਾ=ਪਰਮਾਤਮਾ ਨੂੰ ਪਰਖਦਾ ਹੈ, ਜੋ ਪਰਮਾਤਮਾ ਰੂਪ ਹੀਰੇ ਨੂੰ ਪਰਖਦਾ ਹੈ, ਉਹ ਆਪ ਤਰਦਾ ਹੈ ਅਤੇ ਹੋਰਨਾਂ ਨੂੰ ਤਾਰਦਾ ਹੈ।

ਗੁਰੁ ਮਾਨੈ ਮਨ ਤੇ ਮਨੁ ਧੀਰਾ॥ ੧॥

ਗੁਰਾਂ ਦੇ ਮਨ=ਮੰਤਰ ਨੂੰ ਮੰਨੇ ਤਾਂ ਮਨ ਧੀਰਜ ਨੂੰ ਪ੍ਰਾਪਤ ਹੁੰਦਾ ਹੈ॥ ੧॥

ਐਸਾ ਸਾਹੁ ਸਰਾਫੀ ਕਰੈ॥ ਸਾਚੀ ਨਦਰਿ ਏਕ ਲਿਵ ਤਰੈ॥ ੧॥ ਰਹਾਉ॥

ਅਜਿਹਾ ਜੋ ਸ਼ਾਹ ਗੁਰੂ ਹੈ, ਉਹ ਜਗਿਆਸੂ ਦੇ ਤਾਰਨੇ ਦੀ ਸਰਾਫੀ ਕਰਦਾ ਹੈ। ਗੁਰੂ ਸੱਚੀ ਨਦਰ ਕਰਕੇ

ਇਕ ਵਿਚ ਲਿਵ ਲਗਾਵੇ ਤਾਂ ਤਰਦਾ ਹੈ।

ਪੂੰਜੀ ਨਾਮੁ ਨਿਰੰਜਨ ਸਾਰੁ ॥ ਨਿਰਮਲੁ ਸਾਚਿ ਰਤਾ ਪੈਕਾਰੁ ॥

ਹੇ ਪੁਰਸ਼ਾ ! ਸ਼ਰਧਾ ਰੂਪ ਪੂੰਜੀ ਕਰਕੇ ਤੂੰ ਨਿਰੰਜਨ ਦੇ ਨਾਮ ਨੂੰ ਸੰਭਾਲਨਾ ਕਰ।

ਜੋ ਸੱਚੇ ਦੇ ਨਿਰਮਲ ਨਾਮ ਵਿਚ ਰਤਾ ਹੈ, ਉਹ ਪੈਕਾਰੁ=ਚਤੁਰ ਹੁੰਦਾ ਹੈ।

ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥ ੨ ॥

ਗੁਰਾਂ ਦੁਆਰੇ ਕਰਤਾਰ ਦੀ ਸਿਫਤ ਕਰ ਤਾਂ ਸਹਜ ਘਰਿ=ਸਰੂਪ-ਘਰ ਦੀ ਪ੍ਰਾਪਤੀ ਹੁੰਦੀ ਹੈ।

ਅਥਵਾ :-ਗੁਰੂ ਦੀ ਸਿਫਤ ਕਰ ਤਾਂ ਸਹਜੇ ਕਰਤਾਰ ਵਿਚ ਘਰ ਕਰੇਗਾ ॥ ੨ ॥

ਆਸਾ ਮਨਸਾ ਸਬਦਿ ਜਲਾਏ ॥ ਰਾਮ ਨਾਰਾਇਣੁ ਕਹੈ ਕਹਾਏ ॥

ਆਸਾ ਇਸ ਲੋਕ ਦੇ ਪਦਾਰਥਾਂ ਦੀ, ਮਨਸਾ ਪ੍ਰਲੋਕ ਦੇ ਪਦਾਰਥਾਂ ਦੀ,

ਅਥਵਾ :-ਮਨਸਾ=ਬੁੱਧੀ ਵਿਚੋਂ ਪਦਾਰਥਾਂ ਦੀ ਆਸਾ ਨੂੰ ਗੁਰ ਸ਼ਬਦ ਦੁਆਰਾ ਸਾੜ। ਰਾਮ ਨਰਾਇਣ ਦੇ ਜਸ ਨੂੰ ਆਪ ਕਹੁ ਅਤੇ ਹੋਰਨਾਂ ਪਾਸੋਂ ਕਹਾਉਣਾ ਕਰ।

ਗੁਰ ਤੇ ਵਾਟ ਮਹਲੁ ਘਰੁ ਪਾਏ ॥ ੩ ॥

ਗੁਰਾਂ ਦੇ ਉਪਦੇਸ਼ ਕਰਕੇ ਘਰੁ=ਅੰਤਹਕਰਣ ਵਿਚ ਮਹਲੁ=ਸਰੂਪ ਦੀ ਵਾਟ ਨੂੰ ਪਾਉਣਾ ਕਰ ॥ ੩ ॥

[ਪੰਨਾ ੪੧੪]

ਕੰਚਨ ਕਾਇਆ ਜੋਤਿ ਅਨੂਪੁ ॥ ਤ੍ਰਿਭਵਣ ਦੇਵਾ ਸਗਲ ਸਰੂਪੁ ॥

ਕਾਇਆ=ਬੁੱਧੀ ਨੂੰ ਕੰਚਨ=ਸੋਨੇ ਵਾਂਗੂ ਪਵਿਤ੍ਰ ਕਰਕੇ ਮੈਂ ਇਹ ਨਿਸਚੇ ਕੀਤਾ ਹੈ ਕਿ ਜੋਤੀ ਸਰੂਪ ਜੋ ਅਨੂਪੁ=ਪਰਮਾਤਮਾ ਹੈ, ਉਹ ਤਿੰਨਾਂ ਭਵਣ=ਲੋਕਾਂ ਨੂੰ ਖੁਰਾਕ ਦੇਣ ਵਾਲਾ,

ਅਥਵਾ :-ਤਿੰਨਾਂ ਭਵਣਾਂ ਦਾ ਦੇਵਾ=ਪ੍ਰਕਾਸ਼ਕ ਓਹੀ ਸਗਲ ਸਰੂਪ ਹੋ ਰਿਹਾ ਹੈ।

ਮੈ ਸੋ ਧਨੁ ਪਲੈ ਸਾਚੁ ਅਖੁਟੁ ॥ ੪ ॥

ਮੇਰੇ ਬੁੱਧੀ ਰੂਪੀ ਪੱਲੇ ਵਿਚ ਓਹੀ ਸੱਚਾ ਨਾਮ-ਧਨ ਅਖੁਟ ਹੈ ॥ ੪ ॥

ਪੰਚ ਤੀਨਿ ਨਵ ਚਾਰਿ ਸਮਾਵੈ ॥

ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ), ਤਿੰਨ ਗੁਣ (ਰਜੋ, ਸਤੋ, ਤਮੋ), ਨੌਂ ਗੋਲਕਾਂ ਵਿਚ ਦਸ ਇੰਦ੍ਰੀਏ, ਚਾਰ (ਰਾਗ, ਦ੍ਵੈਸ਼, ਹਰਖ, ਸ਼ੋਕ), ਇਨ੍ਹਾਂ ਸਾਰਿਆਂ ਨੂੰ ਸਮਾਵੈ=ਅਭਾਵ ਕਰੇ।

ਅਥਵਾ :-ਪੰਜਾਂ ਤੱਤਾਂ ਵਿਚ, ਤਿੰਨਾਂ ਲੋਕਾਂ ਵਿਚ, ਨੌਂ ਖੰਡਾਂ ਵਿਚ, ਚਾਰ ਦਿਸ਼ਾਂ ਵਿਚ ਪਰਮੇਸ਼ਰ ਨੂੰ ਸਮਾਇਆ ਨਿਸਚੇ ਕਰ।

ਧਰਣਿ ਗਗਨੁ ਕਲ ਧਾਰਿ ਰਹਾਵੈ ॥
ਬਾਹਰਿ ਜਾਤਉ ਉਲਟਿ ਪਰਾਵੈ ॥ ੫ ॥

ਧਰਤੀ ਅਤੇ ਅਕਾਸ਼ ਵਿਚ ਉਹ ਪਰਮੇਸ਼ਰ ਕਲਾ ਧਾਰ ਕੇ ਇਸਥਿਤ ਹੋ ਰਿਹਾ ਹੈ।

ਬਾਹਰ ਜਾਂਦੇ ਮਨ ਨੂੰ ਉਲਟਾ ਕੇ ਪਰਮੇਸ਼ਰ ਦੀ ਤਰਫ ਪਰਾਵੈ=ਪਾਵੇ॥ ੫॥

ਮੂਰਖੁ ਹੋਇ ਨ ਆਖੀ ਸੂਝੈ॥ ਜਿਹਵਾ ਰਸੁ ਨਹੀ ਕਹਿਆ ਬੂਝੈ॥

ਜੋ ਮੂਰਖ ਹੁੰਦਾ ਹੈ, ਉਹ ਗੁਰਾਂ ਦੀ ਆਖੀ ਹੋਈ ਸਿੱਖਿਆ ਨੂੰ ਨਹੀਂ ਸੁਝਦਾ।

ਜਿਸ ਦੀ ਜਿਹਵਾ ਵਿਖੇ ਮਾਸ ਸ਼ਰਾਬ ਅਤੇ ਚਟਕੀਲੇ ਪਦਾਰਥਾਂ ਦੇ ਖਾਣ ਪੀਣ ਦਾ ਰਸ ਲੱਗਾ ਹੋਇਆ ਹੈ, ਉਹ ਮੂਰਖ ਗੁਰਾਂ ਦਾ ਕਹਿਆ ਹੋਇਆ ਸ਼ਬਦ ਨਹੀਂ ਬੁਝਦਾ।

ਅਥਵਾ :-ਜਿਸ ਦੀ ਜਿਹਵਾ ਵਿਖੇ ਰਸੁ=ਪ੍ਰੇਮ ਨਹੀਂ ਹੈ, ਉਹ ਗੁਰਾਂ ਦਾ ਕਿਹਾ ਹੋਇਆ ਉਪਦੇਸ਼ ਨਹੀਂ ਬੁਝਦਾ।

ਬਿਖੁ ਕਾ ਮਾਤਾ ਜਗ ਸਿਉ ਲੂਝੈ॥ ੬॥

ਵਿਸ਼ਿਆਂ ਦਾ ਮਤਾ ਹੋਇਆ ਜੀਵ ਅੱਠੇ ਪਹਿਰ ਹਰੇਕ ਪੁਰਸ਼ ਨਾਲ ਲੜਦਾ ਰਹਿੰਦਾ ਹੈ।

ਊਤਮ ਸੰਗਤਿ ਊਤਮੁ ਹੋਵੈ॥

ਉੱਤਮ ਗੁਰਾਂ ਦੀ ਸੰਗਤ ਕਰਨ ਨਾਲ ਇਹ ਜੀਵ ਉੱਤਮ ਹੋ ਜਾਂਦਾ ਹੈ।

ਗੁਣ ਕਉ ਧਾਵੈ ਅਵਗਣ ਧੋਵੈ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ॥ ੭॥

ਜਿਥੋਂ ਭੀ ਗੁਣ ਮਿਲਦੇ ਹੋਣ, ਉਥੇ ਦੌੜ ਕੇ ਜਾਵੇ ਤੇ ਗੁਣਾਂ ਨੂੰ ਗ੍ਰਹਿਣ ਕਰੇ ਅਤੇ ਔਗੁਣਾਂ ਦੀ ਮੈਲ ਨੂੰ ਧੋ ਦੇਵੇ। ਪਰ- ਗੁਰਾਂ ਦੀ ਸੇਵਾ ਕੀਤੇ ਬਿਨਾਂ ਸਹਜੁ=ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ॥ ੭॥

ਹੀਰਾ ਨਾਮੁ ਜਵੇਹਰ ਲਾਲੁ॥ ਮਨੁ ਮੋਤੀ ਹੈ ਤਿਸ ਕਾ ਮਾਲੁ॥

ਜੋ ਪੁਰਸ਼ ! ਨਾਮ ਜਪਦਾ ਹੈ, ਹੀਰੇ, ਜਵੇਹਰ, ਲਾਲ, ਮਨੁ=ਮਣੀਆਂ, ਮੋਤੀ ਆਦਿਕ ਸਾਰਾ ਮਾਲ ਉਸ ਦਾ ਹੋ ਜਾਂਦਾ ਹੈ। *ਅਥਵਾ* :-ਜਿਸ ਨੇ ਨਾਮ ਰੂਪ ਹੀਰੇ ਨੂੰ ਜਪ ਕੇ ਆਪਣੇ ਮਨ ਨੂੰ ਮੋਤੀ ਵਾਂਗ ਸ਼ੁਧ ਕੀਤਾ ਹੈ. ਲਾਲੁ=ਪ੍ਰੇਮ, ਜਵੇਹਰ=ਗਿਆਨ ਇਤਿਆਦਿਕ ਸ਼ੁਭ ਗੁਣਾਂ ਰੂਪੀ ਮਾਲ ਤਿਸੀ ਦਾ ਹੈ।

ਨਾਨਕ ਪਰਖੈ ਨਦਰਿ ਨਿਹਾਲੁ॥ ੮॥ ੫॥

ਗੁਰੂ ਜੀ ਕਥਨ ਕਰਦੇ ਹਨ-ਜਿਸ ਤੇ ਗੁਰੂ ਜੀ ਕਿਰਪਾ ਦ੍ਰਿਸ਼ਟੀ ਕਰਦੇ ਹਨ, ਉਹ ਵਾਹਿਗੁਰੂ ਨੂੰ ਪਰਖ ਕੇ ਨਿਹਾਲ ਹੋ ਜਾਂਦਾ ਹੈ॥ ੮॥ ੫॥

ਆਸਾ ਮਹਲਾ ੧॥ ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ॥

ਗੁਰਮੁਖ ਜਨ ਆਪਣੇ ਮਨ ਵਿਚ ਪਰਮੇਸ਼ਰ ਦੇ ਗਿਆਨ ਧਿਆਨ ਨੂੰ ਮੰਨਨ ਕਰਦੇ ਹਨ।

ਗੁਰਮੁਖਿ ਮਹਲੀ ਮਹਲੁ ਪਛਾਨੁ॥

ਗੁਰਮੁਖ ਮਹਲੀ=ਜਗਿਆਸੂ ਗੁਰਾਂ ਦੁਆਰੇ ਮਹਲੀ=ਪਰਮੇਸ਼ਰ ਦੇ ਮਹਲੁ=ਸਰੂਪ ਨੂੰ ਪਛਾਣਦੇ ਹਨ।

ਗੁਰਮੁਖਿ ਸੁਰਤਿ ਸਬਦੁ ਨੀਸਾਨੁ॥ ੧॥

ਜੋ ਗੁਰਮੁਖ ਗੁਰ ਸ਼ਬਦ ਵਿਖੇ ਸੁਰਤਿ=ਗਿਆਤ *ਅਥਵਾ* :-ਪ੍ਰੀਤੀ ਕਰਦੇ ਹਨ, ਉਨ੍ਹਾਂ ਨੇ ਪਰਮੇਸ਼ਰ ਨੂੰ ਨੀਸਾਨੁ=ਪ੍ਰਗਟ ਕਰ ਲਿਆ ਹੈ। *ਅਥਵਾ* :-ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਸਬਦੁ=ਬ੍ਰਹਮ ਹੈ, ਉਹ

ਗੁਰਮੁਖਾਂ ਦੇ ਹਿਰਦੇ ਵਿਚ ਨੀਸਾਨੁ=ਪ੍ਰਗਟ ਹੈ॥ ੧॥

ਐਸੇ ਪ੍ਰੇਮ ਭਗਤਿ ਵੀਚਾਰੀ॥ ਗੁਰਮੁਖਿ ਸਾਚਾ ਨਾਮੁ ਮੁਰਾਰੀ॥ ੧॥ ਰਹਾਉ॥

ਹੇ ਪੁਰਖ਼ਾ ! ਤੂੰ ਭੀ ਇੰਝ ਪ੍ਰੇਮਾ ਭਗਤੀ ਦਾ ਵਿਚਾਰ ਕਰ। ਜਿਵੇਂ ਗੁਰਮੁਖ ਜਨ ਮੁਰਾਰੀ ਦੇ ਸੱਚੇ ਨਾਮ ਨੂੰ ਜਪਦੇ ਹਨ॥ ੧॥ ਰਹਾਉ॥

ਅਹਿਨਿਸਿ ਨਿਰਮਲੁ ਥਾਨਿ ਸੁਥਾਨੁ॥ ਤੀਨ ਭਵਨ ਨਿਹਕੇਵਲ ਗਿਆਨੁ॥
ਸਾਚੇ ਗੁਰ ਤੇ ਹੁਕਮੁ ਪਛਾਨੁ॥ ੨॥

ਥਾਵਾਂ ਵਿਚੋਂ ਨਿਰਮਲ ਸੁਥਾਨੁ=ਜਗ੍ਹਾਂ, ਜੋ ਸਤਸੰਗ ਹੈ, ਉਸ ਵਿਚ ਰਾਤ ਦਿਨੇ ਜਾਵੇ ਤਾਂ ਤਿੰਨਾਂ ਭੁਵਣਾਂ ਦੇ ਮਾਲਕ ਪਰਮੇਸ਼ਰ ਦਾ ਨਿਹਕੇਵਲ ਗਿਆਨੁ=ਸ਼ੁਧ ਗਿਆਨ ਹੁੰਦਾ ਹੈ। ਸੱਚੇ ਗੁਰਾਂ ਦੇ ਉਪਦੇਸ਼ ਰਾਹੀਂ ਹੁਕਮ ਨੂੰ ਪਛਾਨਣਾ ਕਰ। *ਅਥਵਾ* :-ਜਿਸ ਸਤਸੰਗ ਵਿਚ ਤਿੰਨਾਂ ਭਵਣਾਂ ਦੇ ਮਾਲਕ ਵਾਹਿਗੁਰੂ ਦਾ ਸ਼ੁਧ ਗਿਆਨ ਹੋ ਰਿਹਾ ਹੈ। ਉਸ ਸਤਸੰਗ ਵਿਚ ਜਾ ਕੇ ਰਾਤ ਦਿਨੇ ਸੱਚੇ ਗੁਰੂ ਦੇ ਉਪਦੇਸ਼ ਰਾਹੀਂ ਹੁਕਮ ਨੂੰ ਪਛਾਣੇ ਤਾਂ ਅੰਤਹਕਰਣ ਰੂਪੀ ਥਾਂ ਨਿਰਮਲ ਹੁੰਦਾ ਹੈ। ਅੰਤਹ ਕਰਣ ਦੇ ਨਿਰਮਲ ਹੋਣ ਨਾਲ ਸੁਥਾਨੁ=ਸਰੇਸ਼ਟ ਥਾਂ=ਸਰੂਪ ਦੀ ਪ੍ਰਾਪਤੀ ਹੁੰਦੀ ਹੈ॥ ੨॥

ਸਾਚਾ ਹਰਖੁ ਨਾਹੀ ਤਿਸੁ ਸੋਗੁ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ॥
ਪੰਚ ਸਮਾਈ ਸੁਖੀ ਸਭੁ ਲੋਗੁ॥ ੩॥

ਜਿਸ ਨੂੰ ਸਦਾ ਅਨੰਦ ਹੈ, ਉਸ ਨੂੰ ਕੋਈ ਸੋਗ ਨਹੀਂ ਹੈ। ਉਹ ਗਿਆਨ ਰੂਪ ਅੰਮ੍ਰਿਤ ਕਰਕੇ ਮਹਾਂ ਰਸੁ=ਬ੍ਰਹਮਾਨੰਦ ਨੂੰ ਭੋਗਦਾ ਹੈ। ਜਿਸ ਦੇ ਹਿਰਦੇ ਵਿਚ ਪੰਚ=ਸਰੇਸ਼ਟ ਗੁਰਾਂ ਦੀ ਸਿੱਖਿਆ ਸਮਾਈ ਹੈ, ਉਹ ਪੁਰਸ਼ ਸਭ ਲੋਕਾਂ 'ਚੋਂ ਸੁਖੀ ਹੋਇਆ ਹੈ।

ਅਥਵਾ :-ਜਿਸ ਦੇ ਹਿਰਦੇ ਵਿਚ ਸਰੇਸ਼ਟ ਗੁਰਾਂ ਦੀ ਸਿੱਖਿਆ ਸਮਾਈ ਹੈ। ਉਸ ਦੇ ਹਿਰਦੇ ਵਿਚੋਂ ਪੰਜ ਵਿਸ਼ੇ, *ਅਥਵਾ* :-ਪੰਜ ਕਾਮ ਆਦਿਕ ਸਮਾਈ=ਅਭਾਵ ਹੋਏ ਹਨ ਅਤੇ ਪੰਜਾਂ ਤੱਤਾਂ ਦੀ ਰਹਿਣੀ ਤੇ ਪੰਜ ਸਤ ਸੰਤੋਖ ਆਦਿਕ ਗੁਣ ਸਮਾਏ ਹਨ ਅਤੇ ਸਭ ਲੋਕਾਂ ਵਿਚ ਪੰਚ=ਸ੍ਰੇਸ਼ਟ ਪਰਮੇਸ਼ਰ ਨੂੰ ਸਮਾਇਆ ਨਿਸਚੇ ਕਰਦਾ ਹੈ, ਉਹ ਪੁਰਸ਼ ਸਭ ਲੋਕਾਂ ਵਿਚੋਂ ਸੁਖੀ ਹੋਇਆ ਹੈ॥ ੩॥

ਸਗਲੀ ਜੋਤਿ ਤੇਰਾ ਸਭੁ ਕੋਈ॥ ਆਪੇ ਜੋੜਿ ਵਿਛੋੜੇ ਸੋਈ॥

ਸਾਰਿਆਂ ਵਿਖੇ ਉਸ ਦੀ ਜੋਤਿ=ਸੱਤਾ ਹੈ ਅਤੇ ਸਭ ਕੋਈ ਉਸ ਦਾ ਦਾਸ ਹੈ। ਉਹ ਪਰਮੇਸ਼ਰ ਆਪ ਹੀ ਜੋੜਦਾ ਹੈ, ਆਪ ਹੀ ਵਿਛੋੜਦਾ ਹੈ।

ਆਪੇ ਕਰਤਾ ਕਰੇ ਸੁ ਹੋਈ॥ ੪॥

ਕਰਤਾ ਪੁਰਖ ਜੋ ਆਪ ਕਰਦਾ ਹੈ, ਓਹੀ ਗੱਲ ਪੂਰੀ ਹੁੰਦੀ ਹੈ॥ ੪॥

ਢਾਹਿ ਉਸਾਰੇ ਹੁਕਮਿ ਸਮਾਵੈ॥ ਹੁਕਮੋ ਵਰਤੈ ਜੋ ਤਿਸੁ ਭਾਵੈ॥

ਉਹ ਪਰਮੇਸ਼ਰ, ਆਪਣੇ ਹੁਕਮ ਵਿਚ ਹੀ ਢਾਹੁੰਦਾ ਤੇ ਉਸਾਰਦਾ ਹੈ, ਫੇਰ ਸਮਾਵੈ=ਅਭਾਵ ਕਰਦਾ ਹੈ। ਉਸ ਦੇ ਹੁਕਮ ਵਿਚ ਹੀ ਸਭ ਕੁਝ ਵਰਤ ਰਿਹਾ ਹੈ, ਜੋ ਤਿਸ ਨੂੰ ਭਾਵੈ=ਚੰਗਾ ਲੱਗਦਾ ਹੈ ਓਹੀ ਹੁੰਦਾ ਹੈ।

ਅਥਵਾ :-ਢਾਹੁਨੇ ਉਸਾਰਨੇ ਵਾਲਾ ਜੋ ਪਰਮੇਸ਼ਰ ਹੈ, ਉਸ ਦੇ ਹੁਕਮ ਵਿਚ ਸਮਾਣਾ ਕਰੇ। ਕਿਉਂਕਿ ਜੋ=ਜਿਹੜਾ ਪੁਰਸ਼ ਉਸ ਦੇ ਹੁਕਮ ਵਿਚ ਵਰਤਦਾ ਹੈ, ਉਹੋ ਉਸ ਨੂੰ ਭਾਉਂਦਾ ਹੈ।

ਅਥਵਾ :-ਜੋ ਪਰਮੇਸ਼ਰ ਦੇ ਹੁਕਮ ਵਿਚ ਸਮਾਉਂਦਾ ਹੈ, ਓਹ ਢੱਠਿਆ ਨੂੰ ਉਸਾਰਦਾ ਹੈ ਤੇ ਉਸਰਿਆਂ ਨੂੰ ਢਾਹੁੰਦਾ ਹੈ। ਜੋ ਢੱਠੇ ਹੋਏ ਸ਼ੁਭ ਗੁਣ ਸਨ, ਓਨਾਂ ਨੂੰ ਉਸਾਰਦਾ ਹੈ ਅਤੇ ਜੋ ਉਸਰੇ ਹੋਏ ਕਾਮ ਆਦਿਕ ਸਨ, ਉਨ੍ਹਾਂ ਨੂੰ ਢਾਹੁੰਦਾ ਹੈ।

ਗੁਰ ਬਿਨੁ ਪੂਰਾ ਕੋਇ ਨ ਪਾਵੈ ॥ ੫ ॥

ਪ੍ਰੰਤੂ ਉਸ ਪੂਰੇ ਪ੍ਰਭੂ ਨੂੰ ਗੁਰਾਂ ਤੋਂ ਬਿਨਾਂ ਕੋਈ ਨਹੀਂ ਪਾਉਂਦਾ।

ਬਾਲਕ ਬਿਰਧਿ ਨ ਸੁਰਤਿ ਪਰਾਨਿ ॥ ਭਰਿ ਜੋਬਨਿ ਬੂਡੈ ਅਭਿਮਾਨਿ ॥

ਬਾਲਕ ਅਵਸਥਾ ਤੋਂ ਲੈ ਕੇ ਹੁਣ ਬੁੱਢਾ ਹੋ ਗਿਆ ਹੈ, ਪਰੰਤੂ ਪਰਮੇਸ਼ਰ ਵਿਖੇ ਸੁਰਤਿ=ਸਰੇਸ਼ਟ ਪ੍ਰੀਤੀ ਕਰਨੀ ਨਹੀਂ ਪਰਾਨਿ=ਪਛਾਣਦਾ। ਜਿਸ ਵੇਲੇ ਜੁਆਨੀ ਵਿਚ ਭਰਿਆ ਤਾਂ ਹੰਕਾਰ ਵਿਖੇ ਡੁਬਾ ਰਿਹਾ। ਸਾਰੀ ਉਮਰ ਐਵੇਂ ਗੁਆ ਦਿਤੀ ਕੁਝ ਭੀ ਨਾ ਕੀਤਾ।

ਯਥਾ:-ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ॥
ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ॥ ੧॥

(ਆਸਾ ਕਬੀਰ ਜੀ, ਪੰਨਾ ੪੭੯)

ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥ ੬ ॥

ਨਾਮ ਜਪੇ ਤੋਂ ਬਿਨਾਂ, ਹੇ ਨਿਦਾਨਿ=ਮੂਰਖ ਪੁਰਸ਼ਾ ! ਅੰਤ ਨੂੰ ਕੀ ਲਵੇਂਗਾ॥ ੬॥

ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥

ਜਿਸ ਪਰਮੇਸ਼ਰ ਦਾ ਦਿੱਤਾ ਹੋਇਆ ਤੇਰੇ ਪਾਸ ਅੰਨ ਤੇ ਧਨ ਹੈ, ਉਸ ਸਹਜ ਰੂਪ ਪਰਮੇਸ਼ਰ ਨੂੰ ਤੂੰ ਜਾਣਦਾ ਨਹੀਂ।

ਭਰਮਿ ਭੁਲਾਨਾ ਫਿਰਿ ਪਛੁਤਾਨਾ ॥ ਗਲਿ ਫਾਹੀ ਬਉਰਾ ਬਉਰਾਨਾ ॥ ੭ ॥

ਹੁਣ ਤੂੰ ਭਰਮ ਵਿਚ ਭੁਲਿਆ ਫਿਰਦਾ ਹੈਂ, ਫਿਰ ਅੰਤ ਵੇਲੇ ਤੂੰ ਪਛਤਾਵੇਂਗਾ।
ਹੇ ਬਉਰਿਆ ਪੁਰਸ਼ਾ ! ਪਾਗਲ ਬੰਦਿਆਂ ਵਾਂਗ ਤੇਰੇ ਗਲ ਵਿਚ ਜਮਾਂ ਦੀ ਫਾਹੀ ਪਵੇਗੀ॥ ੭॥

ਬੂਡਤ ਜਗੁ ਦੇਖਿਆ ਤਉ ਡਰਿ ਭਾਗੇ ॥
ਸਤਿਗੁਰਿ ਰਾਖੇ ਸੇ ਵਡਭਾਗੇ ॥ ਨਾਨਕ ਗੁਰ ਕੀ ਚਰਣੀ ਲਾਗੇ ॥ ੮ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਜਿਨ੍ਹਾਂ ਨੇ ਜਗਤ ਨੂੰ ਡੁਬਦਿਆਂ ਦੇਖਿਆ ਹੈ ਤੇ ਹਿਰਦੇ ਵਿਚ ਡਰ ਧਾਰ ਕੇ ਘਰੋਂ ਦੌੜ ਕੇ ਗੁਰੂ ਦੀ ਚਰਨੀਂ ਲੱਗੇ ਹਨ ਤੇ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਕਿਰਪਾ ਕਰਕੇ ਰੱਖ ਲਿਆ ਹੈ, ਉਹ ਵਡੇ ਭਾਗਾਂ ਵਾਲੇ ਹਨ॥ ੮॥ ੬॥

ਆਸਾ ਮਹਲਾ ੧ ॥

ਉਥਾਨਕਾ :-ਗੁਰੂ ਜੀ ਪਾਸ ਇਕ ਗੰਧਰਬ ਰਾਗੀ ਆਇਆ, ਜਿਸ ਨੂੰ ਰਾਗ ਵਿੱਦਿਆ ਦਾ ਬੜਾ ਮਾਣ ਸੀ ਤੇ ਮਨ ਮਾਇਆ ਵੱਲ ਲੱਗ ਰਿਹਾ ਸੀ, ਪਰ ਨਾਮ ਤੋਂ ਸੱਖਣਾ ਸੀ। ਉਸ ਨੂੰ ਨਾਮ-ਹੀਣ ਦੇਖ ਕੇ ਇਸ

ਸ਼ਬਦ ਦੁਆਰਾ ਉਪਦੇਸ਼ ਦੇਂਦੇ ਹਨ-

ਗਾਵਹਿ ਗੀਤੇ ਚੀਤਿ ਅਨੀਤੇ ॥

ਕਈ ਤਰ੍ਹਾਂ ਦੇ ਗੀਤਾਂ ਨੂੰ ਰਾਗ ਵਿਚ ਪਾ ਕੇ ਗਾਉਂਦਾ ਹੈਂ ਪਰ ਚਿਤ ਤੇਰਾ ਅਨਿਤ ਤਾਈਆਂ ਵਿਚ ਭਾਵ ਮਾਇਆ ਵਿਖੇ ਲੱਗ ਰਿਹਾ ਹੈ।

ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥ ੧ ॥

ਰਾਗ ਨੂੰ ਸੁਣਾ ਕੇ, ਆਪਣੇ ਆਪ ਨੂੰ ਤੂੰ ਰਾਗ ਵੇਤਾ ਕਹਾਉਂਦਾ ਹੈਂ ਕਿ ਮੈਂ ਬੜਾ ਗੰਧਰਬ ਰਾਗੀ ਹਾਂ।

ਅਥਵਾ :-ਰਾਗ ਦ੍ਵੈਸ਼ ਤੇਰੇ ਅੰਦਰੋਂ ਸੁਨਣ ਵਿਚ ਆ ਰਹੇ ਹਨ ਤੇ ਕਹਾਉਂਦਾ ਹੈਂ ਕਿ ਮੇਰੇ ਅੰਦਰੋਂ ਬੀਤ ਗਏ ਹਨ। ਹੇ ਝੂਠੇ ਪੁਰਸ਼ਾ ! ਨਾਮ ਤੋਂ ਬਿਨਾਂ ਤੇਰਾ ਮਨ ਅਨਿਤ ਤਾਈਆਂ ਵਿਚ ਲੱਗ ਰਿਹਾ ਹੈ॥ ੧ ॥

ਉਹ ਮਾਇਆ ਦੇ ਲਾਲਚ ਕਰਕੇ ਹਰ ਜਗ੍ਹਾਂ ਜਾ ਕੇ ਰਾਗ ਗਾਉਂਦਾ ਸੀ, ਜਦ ਉੱਠਣ ਲੱਗਾ ਤਾਂ ਗੁਰੂ ਸਾਹਿਬ ਨੇ ਕਿਹਾ-

ਕਹਾ ਚਲਹੁ ਮਨ ਰਹਹੁ ਘਰੇ ॥

ਹੇ ਮਨ ! ਕਹਾ ਚਲਹੁ=ਕਿਥੇ ਤੁਰ ਚਲਿਆ ਹੈਂ ਚੁਪ ਕਰਕੇ ਘਰ ਵਿਚ ਬੈਠਾ ਰਹੁ। *ਅਥਵਾ* ਮਨ ਨੂੰ ਕਹਾਂ ਚੰਚਲ ਕਰਦੇ ਹੋ ਅੰਤਰ ਮੁਖਤਾ ਰੂਪੀ ਘਰ ਵਿਚ ਰਹਿਣਾ ਕਰੋ।

ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥ ੧ ॥ ਰਹਾਉ ॥

ਗੁਰਮੁਖ ਜਨ ! ਰਾਮ ਨਾਮ ਨੂੰ ਜਪ ਕੇ ਤ੍ਰਿਪਤਾਸੇ=ਰੱਜੇ ਹਨ, ਤੁਸੀਂ ਵੀ ਗੁਰਮੁਖ ਬਣ ਕੇ ਖੋਜੋ ਤਾਂ ਸਹਜੇ ਹਰੀ ਨੂੰ ਪਾ ਲਓਗੇ॥ ੧ ॥ ਰਹਾਉ ॥

ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥

ਕਾਮ, ਕਰੋਧ, ਮੋਹ, ਲਬ, ਲੋਭ ਤੇ ਹੰਕਾਰ ਇਹ ਸਰੀਰ ਵਿਚ ਮਨਾ ਮੂਹੀਂ ਹਨ, ਇਸ ਕਰਕੇ ਤੂੰ ਪੀੜਾ ਦੇ ਸਹਿਤ ਹੈਂ।

ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥ ੨ ॥

ਰਾਮ ਨਾਮ ਦੇ ਸਿਮਰਨ ਕੀਤੇ ਤੋਂ ਬਿਨਾਂ ਇਹ ਮਨ ਕਿਉ=ਕਿਵੇਂ ਧੀਰਜਵਾਨ ਹੋ ਸਕਦਾ ਹੈ ? ॥ ੨ ॥

ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥

ਜੋ ਸੱਚ ਨਾਮ ਜਪਣਾ ਪਛਾਣਦਾ ਹੈ, ਉਹ ਅੰਤਰਿ=ਅੰਤਹਕਰਣ ਵਿਖੇ ਆਤਮਾ ਰੂਪ ਜਲ ਵਿਚ ਇਸ਼ਨਾਨ ਕਰਦਾ ਹੈ। ਜਾਂ-ਅੰਤਰੇ ਭੇਦ ਦੀ ਨਵਿਰਤੀ ਨੂੰ ਗੁਰਮੁਖ ਹੀ ਜਾਣਦੇ ਹਨ।

ਅਥਵਾ :-ਅੰਦਰ ਜੋ ਪਰਮਾਤਮਾ ਹੈ, ਉਸ ਦੀ ਗਤਿ=ਪ੍ਰਾਪਤੀ ਨੂੰ ਗੁਰਮੁਖ ਹੀ ਜਾਣਦੇ ਹਨ।

ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥ ੩ ॥

ਸਚੇ ਗੁਰਾਂ ਦੇ ਸ਼ਬਦ ਤੋਂ ਬਿਨਾਂ ਸਰੂਪ-ਘਰ ਨੂੰ ਕੋਈ ਨਹੀਂ ਪਛਾਣਦਾ॥ ੩ ॥

ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥

ਜੋ ਪੁਰਸ਼ ! ਨਿਰੰਕਾਰ ਬ੍ਰਹਮ ਵਿਖੇ ਸਾਰੇ ਸੰਸਾਰ ਦੇ ਅਕਾਰ ਨੂੰ ਸਮਾਇਆ ਨਿਸ਼ਚੇ ਕਰਦਾ ਹੈ।
ਅਥਵਾ :-ਹਿਰਦੇ ਅਕਾਰ ਵਿਚ ਨਿਰੰਕਾਰ ਨੂੰ ਸਮਾਇਆ ਨਿਸਚੇ ਕਰਦਾ ਹੈ। ਪੁਨਾ ਕਲਪਣਾਂ ਤੋਂ ਅਕਲ=ਰਹਿਤ ਜੋ ਸੱਚਾ ਬ੍ਰਹਮ ਹੈ, ਉਸ ਸੱਚੇ ਵਿਚ ਆਪਣੇ ਆਪ ਨੂੰ ਟਿਕਾਂਦਾ ਹੈ।

ਸੋ ਨਰੁ ਗਰਭ ਜੋਨਿ ਨਹੀ ਆਵੈ॥

ਉਹ ਪੁਰਸ਼ ਮੁੜ ਕੇ ਜੂਨੀਆਂ ਦੁਆਰੇ ਮਾਂ ਦੇ ਗਰਭ ਵਿਚ ਨਹੀਂ ਆਉਂਦਾ॥ ੪॥

[ਪੰਨਾ ੪੧੫]

ਜਹਾਂ ਨਾਮੁ ਮਿਲੈ ਤਹ ਜਾਉ॥ ਗੁਰ ਪਰਸਾਦੀ ਕਰਮ ਕਮਾਉ॥

ਜਹਾਂ=ਜਿਥੋਂ ਨਾਮ ਮਿਲਦਾ ਹੈ, ਤਹ=ਉਥੇ ਸਤਿਸੰਗ ਵਿਚ ਚਲ ਕੇ ਜ਼ਰੂਰ ਜਾਓ। ਗੁਰਾਂ ਦੀ ਕਿਰਪਾ ਦੁਆਰੇ ਸ਼ੁਭ ਕਰਮਾਂ ਨੂੰ ਕਮਾਓ।

ਨਾਮੇ ਰਾਤਾ ਹਰਿ ਗੁਣ ਗਾਉ॥ ੫॥

ਨਾਮ ਵਿਖੇ ਤਦਾਕਾਰ ਹੋ ਕੇ ਹਰੀ ਦੇ ਗੁਣ ਗਾਉਣਾ ਕਰੋ॥ ੫॥

ਗੁਰ ਸੇਵਾ ਤ ਆਪੁ ਪਛਾਤਾ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ॥
ਅਨਦਿਨੁ ਬਾਣੀ ਨਾਮੇ ਰਾਤਾ॥ ੬॥

ਜਿਸ ਨੇ ਗੁਰੂ ਦੀ ਸੇਵਾ ਕੀਤੀ ਹੈ ਤੇ ਸੁਖ ਦਾਤੇ ਦਾ ਨਾਮ-ਅੰਮ੍ਰਿਤ ਮਨ ਵਿਚ ਵਸਾਇਆ ਹੈ ਅਤੇ ਰਾਤ ਦਿਨ ਨਾਮ ਬਾਣੀ ਵਿਖੇ ਰਾਤਾ=ਲੀਨ ਰਹਿੰਦਾ ਹੈ ਤੇ ਆਪੁ ਪਛਾਤਾ=ਉਸਨੇ ਆਪਣੇ ਸਰੂਪ ਨੂੰ ਪਛਾਣ ਲਿਆ ਹੈ॥ ੬॥

ਮੇਰਾ ਪ੍ਰਭੁ ਲਾਏ ਤਾ ਕੋ ਲਾਗੈ॥ ਹਉਮੈ ਮਾਰੇ ਸਬਦੇ ਜਾਗੈ॥

ਸ਼ੁਭ ਰਸਤੇ ਵੱਲ ਮੇਰਾ ਪ੍ਰਭੂ ਲਗਾਵੇ ਤਾਂ ਕੋਈ ਲੱਗਦਾ ਹੈ। ਜੋ ਹੰਗਤਾ ਮਮਤਾ ਨੂੰ ਮਾਰਦਾ ਹੈ ਅਤੇ ਗੁਰ ਸ਼ਬਦ ਦੀ ਵਿਚਾਰ ਵਿਚ ਜਾਗਦਾ ਹੈ।

ਐਥੈ ਓਥੈ ਸਦਾ ਸੁਖੁ ਆਗੈ॥ ੭॥

ਉਸ ਨੂੰ ਐਥੈ=ਇਸ ਲੋਕ ਵਿਚ ਅਤੇ ਅੱਗੇ ਓਥੈ=ਪ੍ਰਲੋਕ ਵਿਚ ਹਮੇਸ਼ਾ ਸੁਖ ਪ੍ਰਾਪਤ ਹੁੰਦਾ ਹੈ॥ ੭॥

ਮਨੁ ਚੰਚਲੁ ਬਿਧਿ ਨਾਹੀ ਜਾਣੈ॥ ਮਨਮੁਖਿ ਮੈਲਾ ਸਬਦੁ ਨ ਪਛਾਣੈ॥

ਜਿਸ ਦਾ ਮਨ ਚੰਚਲ ਹੈ, ਉਹ ਪਰਮੇਸ਼ਰ ਪ੍ਰਾਪਤੀ ਦੀ ਬਿਧਿ=ਯੁਗਤੀ ਨਹੀਂ ਜਾਣਦਾ। ਮਨਮੁਖਾਂ ਦਾ ਮਨ ਮੈਲਾ ਹੈ, ਕਿਉਂਕਿ ਗੁਰ ਸ਼ਬਦ ਨੂੰ ਨਹੀਂ ਪਛਾਣਦਾ।

ਗੁਰਮੁਖਿ ਨਿਰਮਲੁ ਨਾਮੁ ਵਖਾਣੈ॥ ੮॥

ਨਾਮ ਦੇ ਕਥਨ ਕਰਨੇ ਕਰਕੇ ਗੁਰਮੁਖਾਂ ਦਾ ਮਨ ਨਿਰਮਲ ਹੈ॥ ੮॥

ਹਰਿ ਜੀਉ ਆਗੈ ਕਰੀ ਅਰਦਾਸਿ॥ ਸਾਧੂ ਜਨ ਸੰਗਤਿ ਹੋਇ ਨਿਵਾਸੁ॥

ਹਰਿ ਜੀ ਅੱਗੇ ਇਸ ਤਰ੍ਹਾਂ ਅਰਦਾਸ ਕਰ, ਕਿ ਮੇਰਾ ਸਾਧੂਆਂ ਜਨਾਂ ਦੀ ਸਤ ਸੰਗਤ ਵਿਖੇ ਨਿਵਾਸ ਹੋਵੇ।

ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥ ੯ ॥

ਸਤ ਸੰਗਤ ਵਿਖੇ ਹਰੀ ਨਾਮ ਦੇ ਪ੍ਰਗਾਸੁ=ਉਚਾਰਨ ਕਰਕੇ ਸਾਰੇ ਕਿਲਵਿਖ=ਪਾਪ ਅਤੇ ਦੁੱਖ ਕੱਟੇ ਜਾਂਦੇ ਹਨ॥ ੯॥

ਕਰਿ ਬੀਚਾਰੁ ਆਚਾਰੁ ਪਰਾਤਾ ॥ ਸਤਿਗੁਰ ਬਚਨੀ ਏਕੋ ਜਾਤਾ ॥

ਸ਼ੁਭ ਵਿਚਾਰ ਕਰਕੇ, ਜੋ ਆਚਾਰੁ ਪਰਾਤਾ=ਸਰੇਸ਼ਟ ਕਰਤੱਬਾਂ ਦੇ ਕਰਨ ਵਿਖੇ ਪਰ=ਭਲੀ ਪ੍ਰਕਾਰ ਰਤਾ ਹੈ। ਉਸ ਨੇ ਸਤਿਗੁਰਾਂ ਦੇ ਬਚਨਾਂ ਦੁਆਰੇ ਇਕ ਨੂੰ ਜਾਣਿਆ ਹੈ।

ਨਾਨਕ ਰਾਮ ਨਾਮਿ ਮਨੁ ਰਾਤਾ ॥ ੧੦ ॥ ੭ ॥

ਜਿਸ ਨੇ ਇਕ ਨੂੰ ਜਾਣਿਆਂ ਹੈ, ਓਸੇ ਦਾ ਮਨ ਰਾਮ ਨਾਮ ਵਿਖੇ ਰਾਤਾ=ਜੁੜਿਆ ਰਹਿੰਦਾ ਹੈ॥ ੧੦॥ ੭॥

ਆਸਾ ਮਹਲਾ ੧ ॥

ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥

ਸਾਕਤ ਪੁਰਸ਼ ਦਾ ਮਨ ਰੂਪੀ ਮੈਗਲੁ=ਹਾਥੀ ਦੇਵਾਨਾ=ਝੱਲਾ ਹੋ ਰਿਹਾ ਹੈ। *ਪ੍ਰਸ਼ਨ* :-ਹਾਥੀ ਜੰਗਲ ਵਿਚ ਰਹਿੰਦਾ ਹੈ, ਪਰ ਇਹ ਮਨ ਕਿਥੇ ਵਸਦਾ ਹੈ ? *ਉੱਤਰ*=ਹੈਰਾਨਾ=ਦੁਖਦਾਈ ਜੋ ਮਾਇਆ ਹੈ,

ਅਥਵਾ :-ਹੈਰਾਨਾ=ਮਿਥਿਆ ਜੋ ਮਾਯਾ ਹੈ, ਉਸ ਦਾ ਜੋ ਮੋਹ ਹੈ ਏਹੀ ਜੰਗਲ ਦਾ ਖੰਡਿ=ਟੁਕੜਾ ਹੈ, ਇਸ ਵਿਖੇ ਮਨ ਰੂਪੀ ਹਾਥੀ ਵਸ ਰਿਹਾ ਹੈ।

ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ ॥ ੧ ॥

ਇਸ ਲਈ ਮਨਮੁਖ ਪੁਰਸ਼ ਕਾਲ ਦੇ ਚਾਪੇ=ਦਬਾਏ ਹੋਏ ਇਧਰ-ਉਧਰ ਜਾਂਦੇ ਹਨ। ਜਿਹੜੇ ਗੁਰਮੁਖ ਜਨ ਹਨ, ਉਹ ਆਪਣੇ ਸਰੂਪ-ਘਰ ਨੂੰ ਖੋਜਿ ਲਹੈ=ਲੱਭ ਲੈਂਦੇ ਹਨ॥ ੧॥

ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥

ਗੁਰੂ ਦੇ ਸ਼ਬਦ ਤੋਂ ਬਿਨਾਂ ਮਨ ਠਉਰਾ=ਠਹਿਰਦਾ ਨਹੀਂ ਹੈ।

ਸਿਮਰਹੁ ਰਾਮ ਨਾਮੁ ਅਤਿ ਨਿਰਮਲੁ
ਅਵਰ ਤਿਆਗਹੁ ਹਉਮੈ ਕਉਰਾ ॥ ੧ ॥ ਰਹਾਉ ॥

ਅਤਿਅੰਤ ਨਿਰਮਲ ਜੋ ਰਾਮ ਨਾਮ ਹੈ, ਉਸ ਨੂੰ ਸਿਮਰਨਾ ਕਰੋ, ਹੋਰ ਹੰਗਤਾ ਮਮਤਾ ਅਤੇ ਕੌੜੇ ਸੁਭਾਵ ਨੂੰ *ਅਥਵਾ* :-ਕੌੜੇ (ਦੁਖਦਾਈ) ਪਦਾਰਥਾਂ ਨੂੰ ਛੱਡ ਦਿਓ॥ ੧॥ ਰਹਾਉ॥

ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥
ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥

ਦੱਸੋ ਖਾਂ ! ਮੂਰਖ ਦਾ ਇਹ ਚੰਚਲ ਮਨ ਕਿਵੇਂ ਇਸਥਿਤ ਰਹਿ ਸਕਦਾ ਹੈ ? ਗੁਰ ਉਪਦੇਸ਼ ਸਮਝੇ ਤੋਂ ਬਿਨਾਂ ਜ਼ਰੂਰ ਜਮਾਂ ਦਾ ਦੁੱਖ ਸਹਾਰਦਾ ਹੈ।

ਆਪੇ ਬਖਸੇ ਸਤਿਗੁਰੁ ਮੇਲੈ॥ ਕਾਲੁ ਕੰਟਕੁ ਮਾਰੇ ਸਚੁ ਪੇਲੈ॥ ੨॥

ਜਿਸ ਨੂੰ ਸਤਿਗੁਰੂ ਨਾਲ ਮੇਲਦਾ ਹੈ, ਉਸ ਨੂੰ ਆਪ ਬਖਸ਼ ਲੈਂਦਾ ਹੈ। ਜੋ ਪੁਰਸ਼ ਆਪਣੇ ਆਪ ਨੂੰ ਸੱਚ ਦੀ ਤਰਫ ਪੇਲੈ=ਪਰੇਰਦਾ ਹੈ, ਉਹ ਕੰਟਕੁ=ਦੁਖਦਾਈ ਕਾਲ ਨੂੰ ਮਾਰ ਕੇ ਪੇਲੈ=ਦਬਾ ਲੈਂਦਾ ਹੈ॥ ੨॥

ਇਹੁ ਮਨੁ ਕਰਮਾ ਇਹੁ ਮਨੁ ਧਰਮਾ॥ ਇਹੁ ਮਨੁ ਪੰਚ ਤਤੁ ਤੇ ਜਨਮਾ॥

ਕਰਮ ਕਾਂਡੀਆਂ ਨਾਲ ਮਿਲ ਕੇ ਇਹ ਮਨ ਕਰਮਾਂ ਦੇ ਕਰਨ ਵਾਲਾ ਹੋ ਜਾਂਦਾ ਹੈ। ਧਰਮੀਆਂ ਨਾਲ ਮਿਲ ਕੇ ਇਹ ਮਨ ਧਰਮ ਦੇ ਕਰਨ ਵਾਲਾ ਹੋ ਜਾਂਦਾ ਹੈ। ਕਿਉਂਕਿ ਮਨ ਸ਼ੀਸ਼ੇ ਵਾਂਗ ਸਾਫ ਹੈ। ਸ਼ੀਸ਼ੇ ਕੋਲ ਜਿਸ ਰੰਗ ਦੀ ਚੀਜ਼ ਰੱਖ ਦੇਈਏ ਸ਼ੀਸ਼ਾ ਓਸੇ ਰੰਗ ਦਾ ਦਿੱਸਣ ਲੱਗ ਜਾਂਦਾ ਹੈ। ਫਿਰ ਇਹ ਮਨ ਪੰਜਾਂ ਤੱਤਾਂ ਦੀ ਸਤੋ ਗੁਣ ਅੰਸ਼ ਤੋਂ ਪੈਦਾ ਹੋਇਆ ਮੰਨਿਆ ਹੈ।

ਸਤੋ ਅੰਸ ਭੂਤਨ ਕੀ ਜੋ ਹੈ। ਤਾ ਤੇ ਅੰਤਹ ਕਰਨ ਭਇਓ ਹੈ।

ਸਾਕਤੁ ਲੋਭੀ ਇਹੁ ਮਨੁ ਮੂੜਾ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ॥ ੩॥

ਸਾਕਤ ਲੋਭੀ ਪੁਰਸ਼ ਦਾ ਜੋ ਇਹ ਮਨ ਹੈ, ਸੋ ਪਦਾਰਥਾਂ ਦੇ ਲੋਭ ਕਰਕੇ ਮੂਰਖ ਹੈ ਅਤੇ ਨਾਮ ਜਪਣ ਕਰਕੇ ਗੁਰਮੁਖਾਂ ਦਾ ਮਨ ਰੂੜਾ=ਸੁੰਦਰ ਹੈ॥ ੩॥

ਗੁਰਮੁਖਿ ਮਨੁ ਅਸਥਾਨੇ ਸੋਈ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ॥

ਗੁਰਮੁਖ ਦਾ ਮਨ ਸਰੂਪ ਅਸਥਾਨ ਵਿਚ ਇਸਥਿਤ ਹੋਇਆ ਹੈ। ਗੁਰਮੁਖਾਂ ਨੂੰ ਤਿੰਨਾਂ ਭਵਨਾਂ ਦੀ ਮਿਥਿਆ ਰੂਪ, *ਅਥਵਾ* :-ਬ੍ਰਹਮ ਰੂਪਤਾ ਕਰਕੇ ਗਿਆਤ ਪ੍ਰਾਪਤ ਹੋਈ ਹੈ।

ਇਹੁ ਮਨੁ ਜੋਗੀ ਭੋਗੀ ਤਪੁ ਤਾਪੈ॥ ਗੁਰਮੁਖਿ ਚੀਨ੍ਹੈ ਹਰਿ ਪ੍ਰਭੁ ਆਪੈ॥ ੪॥

ਇਹ ਮਨ ਜੋਗੀਆਂ ਨਾਲ ਮਿਲ ਕੇ ਜੋਗੀ ਰੂਪ ਹੁੰਦਾ ਹੈ। ਗ੍ਰਿਹਸਤੀਆਂ ਨਾਲ ਮਿਲ ਕੇ ਭੋਗੀ (ਗ੍ਰਿਹਸਤੀ) ਰੂਪ ਹੁੰਦਾ ਹੈ। ਤਪਸ਼ ਈਆਂ ਨਾਲ ਰਲ ਕੇ ਤੱਪ ਕਰਨ ਲੱਗ ਜਾਂਦਾ ਹੈ। ਗੁਰਮੁਖ ਜਨ ਗੁਰਾਂ ਦੁਆਰੇ ਹਰੀ ਪ੍ਰਭੂ ਨੂੰ ਆਪ ਚੀਨੈ=ਜਾਣਦਾ ਹੈ। *ਅਥਵਾ* :-ਗੁਰਾਂ ਦੁਆਰੇ ਏਹੋ ਮਨ ਆਪਣੇ ਆਪ ਨੂੰ ਹਰ ਤਰ੍ਹਾਂ ਨਾਲ ਪ੍ਰਭੂ ਰੂਪ ਪਛਾਣ ਲੈਂਦਾ ਹੈ॥ ੪॥

ਮਨੁ ਬੈਰਾਗੀ ਹਉਮੈ ਤਿਆਗੀ॥ ਘਟਿ ਘਟਿ ਮਨਸਾ ਦੁਬਿਧਾ ਲਾਗੀ॥

ਜਿਨ੍ਹਾਂ ਨੇ ਹਉਮੈ ਤਿਆਗੀ ਹੈ, ਉਹਨਾਂ ਬੈਰਾਗੀਆਂ ਨਾਲ ਮਿਲ ਕੇ ਇਹ ਮਨ ਬੈਰਾਗੀ ਹੋ ਰਿਹਾ ਹੈ। ਜਿਨ੍ਹਾਂ ਦੇ ਘਰ ਘਟ ਵਿਖੇ ਮਨਸਾ=ਵਾਸ਼ਨਾ ਅਤੇ ਦੁਬਿਧਾ ਲੱਗ ਰਹੀ ਹੈ, ਉਹਨਾਂ ਨਾਲ ਮਿਲ ਕੇ ਇਹ ਮਨ ਦੁਬਿਧਾ ਵਾਲਾ ਹੋ ਰਿਹਾ ਹੈ। *ਅਥਵਾ* :-ਜਿਸ ਦਾ ਮਨ ਬੈਰਾਗੀ=ਪ੍ਰੇਮੀ ਹੋ ਕੇ ਹੰਗਤਾ ਮਮਤਾ ਨੂੰ ਛੱਡ ਦਿੰਦਾ ਹੈ ਅਤੇ ਘਟ ਘਟ ਵਿਖੇ ਮਨਸਾ=ਵਾਸ਼ਨਾ ਤੇ ਜੋ ਦੁਬਿਧਾ ਲੱਗ ਰਹੀ ਹੈ, ਉਸ ਨੂੰ ਭੀ ਛੱਡ ਦਿੰਦਾ ਹੈ, ਉਹ ਸੰਸਾਰ-ਸਾਗਰ ਤੋਂ ਤਰ ਜਾਂਦਾ ਹੈ।

ਰਾਮ ਰਸਾਇਣੁ ਗੁਰਮੁਖਿ ਚਾਖੈ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ॥ ੫॥

ਤਮਾਮ ਰਸਾਂ ਦਾ ਘਰ ਜੋ ਰਾਮ ਹੈ, ਉਸ ਦੇ ਆਨੰਦ ਨੂੰ ਜੋ ਗੁਰਮੁਖ ਚਖਦਾ ਹੈ। ਉਹ ਮਹਲੀ=ਜਗਿਆਸੂ ਸਤਸੰਗ-ਘਰ, *ਅਥਵਾ* :-ਸਰੂਪ-ਘਰ ਦੇ ਦਰ=ਅੰਦਰ ਆਇਆ ਹੈ, ਉਸ ਦੀ ਪਤਿ=ਪੈਜ ਹਰੀ ਆਪ ਰੱਖਦਾ ਹੈ॥ ੫॥

ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥

ਇਹ ਮਨ ਰਾਜਿਆਂ ਦੀ ਸੰਗਤ ਕਰਕੇ ਰਾਜਾ ਰੂਪ ਹੋ ਰਿਹਾ ਹੈ। ਸੂਰਮਿਆਂ ਨਾਲ ਮਿਲ ਕੇ ਸੰਗ੍ਰਾਮਿ=ਜੁਧ (ਜੰਗ) ਕਰਦਾ ਹੈ। ਗੁਰਮੁਖਾਂ ਨਾਲ ਮਿਲ ਕੇ ਨਾਮੀ ਦੇ ਨਾਮ ਨੂੰ ਜਪ ਕੇ ਇਹ ਮਨ ਨਿਰਭਉ ਹੁੰਦਾ ਹੈ। *ਅਥਵਾ* :-ਗੁਰਮੁਖਿ=ਗੁਰਾਂ ਦੁਆਰੇ ਨਿਰਭਉ ਦੇ ਨਾਮ ਨੂੰ ਜਪੇ ਤਾਂ ਇਹ ਮਨ ਡਰ ਤੋਂ ਰਹਿਤ ਹੋ ਜਾਂਦਾ ਹੈ।

ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥ ੬ ॥

ਜਿਨ੍ਹਾਂ ਨੇ ਕਾਮ ਕਰੋਧ ਆਦਿਕ ਪੰਜ ਵੈਰੀ ਮਾਰ ਕੇ ਆਪਣੇ ਵਸਿ=ਅਧੀਨ ਕੀਤੇ ਹਨ ਅਤੇ ਹੰਗਤਾ ਮਮਤਾ ਨੂੰ ਭੀ ਗ੍ਰਾਸਿ=ਰੋਟੀ ਦੀ ਬੁਰਕੀ ਵਾਂਗ ਅਭਾਵ ਕੀਤਾ ਹੈ, ਉਨ੍ਹਾਂ ਨੇ ਸਭ ਇੰਦ੍ਰੀਆਂ ਨੂੰ ਇਕ ਥਾਂ ਭਾਵ ਦਮਨ ਕੀਤਾ ਹੈ। *ਅਥਵਾ* :-ਉਨ੍ਹਾਂ ਨੇ ਇਕ ਪਰਮੇਸ਼ਰ ਵਿਚ ਆਪਣੇ ਆਪ ਨੂੰ ਥਾਇ ਕੀਏ=ਇਸਥਿਤੀ ਕੀਤਾ ਹੈ॥ ੬॥

ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥
ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥

ਗੁਰਮੁਖਾਂ ਨੇ ਨਾਮ ਤੋਂ ਬਿਨਾਂ ਅਨ=ਹੋਰ ਰਾਗ ਤੇ ਹੋਰ ਸਭ ਸੁਆਦ ਤਿਆਗੇ=ਛੱਡ ਦਿੱਤੇ ਹਨ। ਗੁਰਮੁਖ ਜਨ ਇਸ ਮਨ ਨੂੰ ਆਪਣੇ ਅਧੀਨ ਕਰਕੇ ਪਰਮੇਸ਼ਰ ਦੀ ਭਗਤੀ ਵਿਚ ਜਾਗੇ ਹਨ।

ਅਥਵਾ :-ਗੁਰਮੁਖਾਂ ਦਾ ਇਹ ਮਨ ਭਗਤੀ ਵਿਚ ਜਾਗਿਆ ਹੈ।

ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥
ਆਤਮੁ ਚੀਨਿ ਭਏ ਨਿਰੰਕਾਰੀ ॥ ੭ ॥

ਜਿਸ ਨੇ ਗੁਰ ਸ਼ਬਦ ਨੂੰ ਗੁਰਾਂ ਤੋਂ ਸੁਣ ਕੇ ਮੰਨਨ ਕੀਤਾ ਹੈ। ਉਹ ਅਨਹਦ ਬ੍ਰਹਮ ਦੇ ਵਿਚਾਰਨ ਵਾਲਾ ਹੋਇਆ ਹੈ। *ਅਥਵਾ* :-ਗੁਰ ਸ਼ਬਦ ਨੂੰ ਵਿਚਾਰ ਕੇ, ਜਿਸ ਨੇ ਅਨਹਦ=ਪਰਮੇਸ਼ਰ ਦੇ ਨਾਮ ਦਾ ਸ੍ਰਵਨ ਤੇ ਫਿਰ ਮੰਨਨ ਕੀਤਾ ਹੈ। ਉਸ ਨੇ ਆਤਮਾ ਨੂੰ ਚੀਨਿਆਂ ਹੈ, ਜਿਸ ਨੇ ਆਤਮਾ ਨੂੰ ਜਾਣਿਆ ਹੈ, ਉਹ ਨਿਰੰਕਾਰ ਦਾ ਰੂਪ ਹੋਏ ਹਨ॥ ੭॥

ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥
ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥

ਜਿਸ ਵੇਲੇ ਇਹ ਮਨ ਸ਼ੁਧ ਹੋਇਆ, ਤਾਂ ਉਸ ਪਰਮਾਤਮਾ ਦੇ ਸਰੂਪ-ਘਰ ਦੇ ਅੰਦਰ ਚਲਾ ਗਿਆ। ਭਾਉ ਭਗਤਿ=ਪ੍ਰੇਮਾ ਭਗਤੀ ਕਰਨ ਨਾਲ ਗੁਰਮੁਖਾਂ ਦੀ ਧੁਨਿ ਹੋਈ=ਬ੍ਰਹਮਾਕਾਰ ਬਿਰਤੀ ਹੋਈ ਹੈ।

ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥
ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥ ੮ ॥

ਉਹ ਗੁਰਾਂ ਦੀ ਕਿਰਪਾ ਦੁਆਰੇ ਦਿਨ ਰਾਤ ਹਰੀ ਦੇ ਜਸ ਨੂੰ ਕਰਕੇ ਜਾਣ ਲੈਂਦਾ ਹੈ, ਕਿ ਉਹ ਪ੍ਰਭੂ ਆਦਿ ਜੁਗਾਦਿ=ਸਦਾ ਸਦਾ ਘਟ ਘਟ ਵਿਖੇ ਪੂਰਨ ਹੈ॥ ੮॥

ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥

ਜਿਸ ਵੇਲੇ ਗੁਰਮੁਖਾਂ ਦਾ ਇਹ ਮਨ ਰਾਮ ਜੋ ਰਸਾਂ ਦਾ ਘਰ ਹੈ, ਉਸ ਵਿਖੇ ਮਾਤਾ=ਮਸਤ ਹੋਇਆ ਤਾਂ ਗੁਰਮੁਖਾਂ ਨੇ ਉਸ ਪਰਮੇਸ਼ਰ ਨੂੰ ਸਭ ਰਸਾਂ ਦਾ ਆਇਣ=ਘਰ ਜਾਤਾ=ਜਾਨਣਾ ਕੀਤਾ। *ਅਥਵਾ* :-ਸਾਰਿਆਂ ਨੂੰ ਰਸਾਇਣੁ=ਪਰਮੇਸ਼ਰ ਰੂਪ ਜਾਣਿਆਂ ਹੈ।

ਭਗਤਿ ਹੇਤੁ ਗੁਰ ਚਰਣ ਨਿਵਾਸਾ ॥
ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥ ੯ ॥ ੮ ॥

ਗੁਰਾਂ ਦੇ ਚਰਨਾਂ ਵਿਚ ਜਿਹੜਾ ਨਿਵਾਸ ਕਰਨਾ ਹੈ, ਏਹੀ ਭਗਤੀ ਦਾ ਹੇਤੁ=ਕਾਰਨ ਹੈ।

ਗੁਰੂ ਜੀ ਕਥਨ ਕਰਦੇ ਹਨ-ਅਸੀਂ ਹਰਿ ਜਨ ਕੇ=ਵਾਹਿਗੁਰੂ ਦੇ ਦਾਸਾਂ ਦੇ ਦਾਸ ਹਾਂ॥ ੯ ॥ ੮ ॥

[ਪੰਨਾ ੪੧੬]

ਆਸਾ ਮਹਲਾ ੧ ॥

ਕਿਸੇ ਨੂੰ ਧਨ ਵਿਚ ਫਸਿਆ ਦੇਖ ਕੇ ਉਪਦੇਸ਼ ਦਿੰਦੇ ਹਨ-

ਤਨੁ ਬਿਨਸੈ ਧਨੁ ਕਾ ਕੋ ਕਹੀਐ ॥ ਬਿਨੁ ਗੁਰ ਰਾਮ ਨਾਮੁ ਕਤ ਲਹੀਐ ॥

ਜਿਸ ਵੇਲੇ ਪੰਜ ਭੂਤਕ ਸਥੂਲ ਸਰੀਰ ਨਾਸ ਹੋ ਜਾਂਦਾ ਹੈ, ਫਿਰ ਇਹ ਧਨ ਕਿਸ ਦਾ ਕਿਹਾ ਜਾਂਦਾ ਹੈ? ਅਰਥਾਤ ਜੀਵ ਦੇ ਨਾਲ ਨਹੀਂ ਜਾਂਦਾ ਫਿਰ ਤਾਂ ਹੋਰ ਸਾਂਭ ਲੈਂਦੇ ਹਨ। ਨਾਲ ਜਾਣ ਵਾਲਾ ਰਾਮ ਨਾਮ ਰੂਪੀ ਧਨ ਗੁਰਾਂ ਤੋਂ ਬਿਨਾਂ ਕਿਥੋਂ ਲੈ ਸਕਦਾ ਹੈ।

ਰਾਮ ਨਾਮ ਧਨੁ ਸੰਗਿ ਸਖਾਈ ॥
ਅਹਿਨਿਸਿ ਨਿਰਮਲੁ ਹਰਿ ਲਿਵ ਲਾਈ ॥ ੧ ॥

ਰਾਮ ਨਾਮ ਰੂਪੀ ਧਨ ਜੀਵ ਦੇ ਅੰਗ ਸੰਗ ਹੋ ਕੇ ਸਹਾਇਤਾ ਕਰਦਾ ਹੈ। ਇਸ ਲਈ ਹੇ ਪੁਰਸ਼ਾ ! ਤੂੰ ਦਿਨ ਰਾਤ ਨਿਰਮਲ ਹਰੀ ਨਾਮ ਵਿਚ ਲਿਵ ਲਗਾਉਣਾ ਕਰ॥ ੧ ॥

ਰਾਮ ਨਾਮ ਬਿਨੁ ਕਵਨੁ ਹਮਾਰਾ ॥

ਰਾਮ ਨਾਮ ਤੋਂ ਬਿਨਾਂ ਸਾਡਾ ਹੋਰ ਕੌਣ ਰਖੱਜਕ ਹੈ ?

ਸੁਖ ਦੁਖ ਸਮ ਕਰਿ ਨਾਮੁ ਨ ਛੋਡਉ
ਆਪੇ ਬਖਸਿ ਮਿਲਾਵਣਹਾਰਾ ॥ ੧ ॥ ਰਹਾਉ ॥

ਦੁੱਖ ਸੁਖ ਵਿਚ ਇਕ ਸਮ ਬਿਰਤੀ ਕਰਕੇ ਨਾਮ ਜਪਣਾ ਨਾ ਛੱਡੋ, ਜੇ ਨਾਮ ਜਪਦੇ ਰਹੋਗੇ ਤਾਂ ਮਿਲਾਉਣ ਵਾਲਾ ਪ੍ਰਭੂ ਆਪੇ ਬਖਸ਼ ਕੇ ਮਿਲਾ ਲਏਗਾ॥ ੧ ॥ ਰਹਾਉ ॥

ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥

ਗਵਾਰਾ=ਮੂਰਖ ਪੁਰਸ਼ ਕਨਿਕ=ਸੋਨਾ ਅਤੇ ਕਾਮਨੀ=ਇਸਤ੍ਰੀ ਵਿਖੇ ਹੇਤੁ=ਪ੍ਰੇਮ ਕਰ ਰਿਹਾ ਹੈ। ਦੁਬਿਧਾ=ਦਵੈਸ਼ ਵਿਚ ਲੱਗ ਕੇ (ਮੂਰਖ ਪੁਰਸ਼ ਨੇ) ਪਰਮੇਸ਼ਰ ਦਾ ਨਾਮ ਭੁਲਾ ਦਿੱਤਾ ਹੈ।

ਜਿਸੁ ਤੂੰ ਬਖਸਹਿ ਨਾਮੁ ਜਪਾਇ॥ ਦੂਤੁ ਨ ਲਾਗਿ ਸਕੈ ਗੁਨ ਗਾਇ॥ ੨॥

ਹੇ ਪੁਰਖ਼ਾ ! ਤੂੰ ਇਉਂ ਨਿਸਚੇ ਕਰ, ਜਿਸ ਨੂੰ ਪਰਮਾਤਮਾ ਬਖਸ਼ਣਾ ਚਾਹੁੰਦਾ ਹੈ, ਉਸ ਪਾਸੋਂ ਨਾਮ ਜਪਾਉਂਦਾ ਹੈ। ਪਰਮੇਸ਼ਰ ਦੇ ਗੁਣ ਗਾਉਣ ਕਰਕੇ ਕਾਮ ਆਦਿਕ ਦੂਤ, *ਅਥਵਾ* :-ਜਮਦੂਤ ਨੇੜੇ ਨਹੀਂ ਲੱਗ ਸਕਦੇ॥ ੨॥

ਹਰਿ ਗੁਰੁ ਦਾਤਾ ਰਾਮ ਗੁਪਾਲਾ॥ ਜਿਉ ਭਾਵੈ ਤਿਉ ਰਾਖੁ ਦਇਆਲਾ॥

ਗੁਰੂ ਸਾਹਿਬ ਜੀ ਹਰੀ ਰਾਮ ਗੁਪਾਲ ਦੀ ਪ੍ਰਾਪਤੀ ਦੇ ਦਾਤੇ ਹਨ। ਫਿਰ ਦਿਆਲੂ ਸੁਭਾਵ ਹੋਣ ਕਰਕੇ ਜਿਵੇਂ ਭਾਵੈ=ਚਾਹੁੰਦੇ ਹਨ, ਤਿਵੇਂ ਹੀ ਸਿੱਖ ਨੂੰ ਰੱਖ ਲੈਂਦੇ ਹਨ।

ਗੁਰਮੁਖਿ ਰਾਮੁ ਮੇਰੈ ਮਨਿ ਭਾਇਆ॥
ਰੋਗ ਮਿਟੇ ਦੁਖੁ ਠਾਕਿ ਰਹਾਇਆ॥ ੩॥

ਜਿਹੋ ਜਿਹੇ ਗੁਰਾਂ ਦੁਆਰੇ ਰਾਮ ਨਾਮ ਜਪਣਾ ਮੇਰੇ ਮਨ ਨੂੰ ਚੰਗਾ ਲੱਗਾ ਹੈ। ਰਾਮ ਨਾਮ ਜਪਣ ਕਰਕੇ ਰੋਗ ਮਿਟ ਗਏ ਹਨ ਅਤੇ ਜੰਮਣ ਮਰਨ ਦੇ ਦੁੱਖ ਨੂੰ ਠਾਕਿ ਰਹਾਇਆ=ਰੋਕ ਰੱਖਿਆ ਹੈ॥ ੩॥

ਅਵਰੁ ਨ ਅਉਖਧੁ ਤੰਤ ਨ ਮੰਤਾ॥
ਹਰਿ ਹਰਿ ਸਿਮਰਣੁ ਕਿਲਵਿਖ ਹੰਤਾ॥

ਪਾਪਾਂ ਨੂੰ ਦੂਰ ਕਰਨ ਲਈ ਇਸ ਵਰਗਾ ਹੋਰ ਕੋਈ ਅਉਖਧੁ=ਦਾਰੂ ਨਹੀਂ ਅਤੇ ਜੰਤਰ, ਮੰਤਰ, ਤੰਤਰ ਭੀ ਨਹੀਂ ਹੈ। ਇਕ ਹਰਿ ਹਰਿ ਦਾ ਸਿਮਰਨ ਹੀ ਸਭ ਕਿਲਵਿਖ ਹੰਤਾ=ਪਾਪਾਂ ਦੇ ਨਾਸ ਕਰਨ ਵਾਲਾ ਹੈ।

ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ॥
ਤੂੰ ਆਪੇ ਰਾਖਹਿ ਕਿਰਪਾ ਧਾਰਿ॥ ੪॥

ਹੇ ਪਰਮੇਸ਼ਰ ! ਜਿਸ ਨੂੰ ਤੂੰ ਆਪਣੇ ਵਲੋਂ ਭੁਲਾਉਂਦਾ ਹੈਂ, ਉਹ ਪੁਰਸ਼ ਨਾਮ ਜਪਣਾ ਵਿਸਾਰ ਦਿੰਦਾ ਹੈ। ਜਿਸ ਉੱਤੇ ਤੂੰ ਕਿਰਪਾ ਦ੍ਰਿਸ਼ਟੀ ਧਾਰਦਾ ਹੈਂ, ਉਸ ਪੁਰਸ਼ ਨੂੰ ਤੂੰ ਆਪ ਹੱਥ ਦੇ ਕੇ ਰੱਖਦਾ ਹੈਂ।

ਅਥਵਾ :-ਜਿਸ ਉੱਤੇ ਤੂੰ ਆਪ ਕਿਰਪਾ ਧਾਰਦਾ ਹੈਂ, ਉਹ ਤੇਰੇ ਨਾਮ ਨੂੰ ਚੇਤੇ ਰੱਖਦਾ ਹੈ॥ ੪॥

ਰੋਗੁ ਭਰਮੁ ਭੇਦੁ ਮਨਿ ਦੂਜਾ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ॥

ਅਗਿਆਨ ਰੂਪ ਰੋਗ, ਭੇਦ ਭਰਮ ਕਰਤਤ ਭਰਮ, ਦੂਜਾ=ਦ੍ਵੈਤ ਭਾਵ ਆਦਿ ਸਭ ਵਿਕਾਰ ਮਨਮੁਖਾਂ ਦੇ ਮਨ ਵਿਚ ਹਨ।

ਅਥਵਾ :-ਭਰਮ, ਭੇਦ ਤੇ ਮਨ ਵਿਖੇ ਜੋ ਦ੍ਵੈਤ ਭਾਵ ਹੈ, ਇਹ ਸਭ ਰੋਗ ਰੂਪ ਹੋ ਕੇ ਮਨਮੁਖ ਨੂੰ ਚਿੰਮੜੇ ਹੋਏ ਹਨ।

ਪ੍ਰਸ਼ਨ :-ਮਨਮੁਖ ਕੌਣ ਹੈ ?

ਉੱਤਰ :-ਜੋ ਗੁਰੂ ਤੋਂ ਬਿਨਾਂ ਹੈ, ਓਹੀ ਮਨਮੁਖ ਹੈ ਅਤੇ ਜੋ ਪਰਮੇਸ਼ਰ ਨੂੰ ਛੱਡ ਕੇ ਭਰਮ ਦੇ ਸਹਿਤ ਦੂਜਿਆਂ ਦੇ ਜਪ ਨੂੰ ਜਪਦਾ ਹੈ, ਉਹ ਭੀ ਮਨਮੁਖ ਪੁਰਸ਼ ਹੈ।

ਆਦਿ ਪੁਰਖ ਗੁਰ ਦਰਸ ਨ ਦੇਖਹਿ॥
ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ॥ ੫॥

ਮਨਮੁਖ ਪੁਰਸ਼ ਆਦਿ ਪੁਰਖ ਰੂਪ ਗੁਰੂ ਦਾ ਦਰਸ਼ਨ ਨਹੀਂ ਦੇਖਦਾ। ਗੁਰ ਸ਼ਬਦ ਤੋਂ ਬਿਨਾਂ ਇਸ ਮਨਮੁਖ ਦਾ ਜਨਮ ਕਿਸ ਲੇਖੇ ਵਿਚ ਹੈ? ਭਾਵ ਨਿਸਫਲ ਹੈ॥ ੫॥

ਦੇਖਿ ਅਚਰਜੁ ਰਹੇ ਬਿਸਮਾਦਿ॥ ਘਟਿ ਘਟਿ ਸੁਰ ਨਰ ਸਹਜ ਸਮਾਧਿ॥

ਜੋ ਪਰਮਾਤਮਾ ਸੁਰਾਂ ਦੇ ਘਟ ਵਿਚ ਅਤੇ ਨਰਾਂ ਦੇ ਘਟ ਵਿਚ ਵਿਆਪਕ ਹੈ, ਉਸ ਵਿਖੇ ਸਹਜ ਸਮਾਧਿ= ਨਿਰਵਿਕਲਪ ਸਮਾਧੀ ਲਗਾ ਕੇ ਗੁਰਮੁਖ ਜਨ ਅਸਚਰਜ ਰੂਪ ਪਰਮਾਤਮਾ ਨੂੰ ਦੇਖ ਕੇ ਅਸਚਰਜ ਹੋ ਰਹੇ ਹਨ।

ਭਰਿਪੁਰਿ ਧਾਰਿ ਰਹੇ ਮਨ ਮਾਹੀ॥ ਤੁਮ ਸਮਸਰਿ ਅਵਰੁ ਕੋ ਨਾਹੀ॥ ੬॥

ਜੋ ਪਰਮੇਸ਼ਰ ਜਗਤ ਨੂੰ ਧਾਰ ਕੇ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ, ਗੁਰਮੁਖ ਉਸ ਨੂੰ ਮਨ ਵਿਚ ਜਾਣਦੇ ਹਨ। *ਅਥਵਾ* :-ਗੁਰਮੁਖ ਜਨ ! ਮਨ ਵਿਚ ਇਓਂ ਨਿਸਚੇ ਕਰਦੇ ਹਨ, ਕਿ ਉਹ ਪ੍ਰਭੂ ਹੀ ਸਭ ਨੂੰ ਮਰਯਾਦਾ ਵਿਚ ਧਾਰ ਕੇ ਭਰਪੂਰ ਹੋ ਰਿਹਾ ਹੈ ਅਤੇ ਇੰਝ ਆਖਦੇ ਹਨ-ਕਿ ਹੇ ਵਾਹਿਗੁਰੂ ! ਤੇਰੇ ਵਰਗਾ ਹੋਰ ਕੋਈ ਦੂਜਾ ਨਹੀਂ ਹੈ॥ ੬॥

ਜਾ ਕੀ ਭਗਤਿ ਹੇਤੁ ਮੁਖਿ ਨਾਮੁ॥ ਸੰਤ ਭਗਤ ਕੀ ਸੰਗਤਿ ਰਾਮੁ॥

ਜਿਸ ਦੀ ਭਗਤੀ ਦਾ ਮੁਖ ਕਾਰਨ ਏਹੀ ਹੈ, ਜਿਹੜਾ ਮੂੰਹ ਨਾਲ ਰਾਮ ਨਾਮ ਜਪਣਾ ਹੈ। ਤਾਂ ਤੇ ਹੇ ਰਾਮ ! ਤੂੰ ਸਾਨੂੰ ਸੰਤਾਂ ਭਗਤਾਂ ਦੀ ਸੰਗਤ ਦੇਣਾ ਕਰ। ਜਿਥੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ।

ਬੰਧਨ ਤੋਰੇ ਸਹਜਿ ਧਿਆਨੁ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ॥ ੭॥

ਸਹਜ ਪਦ ਵਿਚ ਧਿਆਨ ਜੋੜਨ ਕਰਕੇ, ਮੋਹ ਦੇ ਸਭ ਬੰਧਨ ਟੁੱਟ ਜਾਂਦੇ ਹਨ। ਗੁਰਾਂ ਦੁਆਰੇ ਹਰੀ ਦਾ ਗਿਆਨ ਹੋਣ ਕਰਕੇ ਗੁਰਮੁਖ ਬੰਧਨਾਂ ਤੋਂ ਛੁਟੇ ਰਹਿੰਦੇ ਹਨ॥ ੭॥

ਨਾ ਜਮਦੂਤ ਦੂਖੁ ਤਿਸੁ ਲਾਗੈ॥ ਜੋ ਜਨੁ ਰਾਮ ਨਾਮਿ ਲਿਵ ਜਾਗੈ॥

ਜੋ ਪੁਰਸ਼ ! ਲਿਵ ਲਗਾ ਕੇ ਰਾਮ ਨਾਮ ਦੇ ਜਾਪ ਕਰਨ ਵਿਚ ਜਾਗਦਾ ਹੈ। ਉਸ ਦੇ ਮਗਰ ਨਾ ਜਮਦੂਤ ਲੱਗਦੇ ਹਨ, ਨਾ ਹੀ ਕੋਈ ਦੁੱਖ ਉਸ ਨੂੰ ਆ ਕੇ ਲੱਗਦਾ ਹੈ।

ਭਗਤਿ ਵਛਲੁ ਭਗਤਾ ਹਰਿ ਸੰਗਿ॥
ਨਾਨਕ ਮੁਕਤਿ ਭਏ ਹਰਿ ਰੰਗਿ॥ ੮॥ ੯॥

ਉਹ ਹਰੀ ਭਗਤਾਂ ਦਾ ਪਿਆਰਾ ਹੈ ਅਤੇ ਭਗਤਾਂ ਦੇ ਅੰਗ-ਸੰਗ ਰਹਿੰਦਾ ਹੈ। ਗੁਰੂ ਜੀ ਆਖਦੇ ਹਨ- ਭਗਤ ਜਨ ਹਰੀ ਵਿਖੇ ਰੰਗਿ=ਪ੍ਰੇਮ ਕਰਕੇ ਮੁਕਤ ਹੋਏ ਹਨ॥ ੮॥ ੯॥

ਆਸਾ ਮਹਲਾ ੧ ਇਕ ਤੁਕੀ॥
ਗੁਰੁ ਸੇਵੇ ਸੋ ਠਾਕੁਰ ਜਾਨੈ॥ ਦੂਖੁ ਮਿਟੈ ਸਚੁ ਸਬਦਿ ਪਛਾਨੈ॥ ੧॥

ਜੋ ਗੁਰਾਂ ਦੀ ਸੇਵਾ ਕਰਦਾ ਹੈ, ਓਹੀ ਠਾਕੁਰ=ਪਰਮਾਤਮਾ ਨੂੰ ਸਾਰੇ ਹਾਜ਼ਰ-ਨਾਜ਼ਰ ਜਾਣਦਾ ਹੈ। ਸੱਚੇ

ਗੁਰਾਂ ਦੇ ਸ਼ਬਦ ਪਛਾਨਣ ਕਰਕੇ ਸਾਰੇ ਦੁੱਖ, *ਅਥਵਾ* :-ਜਨਮ ਮਰਨ ਦਾ ਦੁੱਖ ਮਿਟ ਜਾਂਦਾ ਹੈ॥ ੧॥

ਰਾਮੁ ਜਪਹੁ ਮੇਰੀ ਸਖੀ ਸਖੈਨੀ॥
ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ॥ ੧॥ ਰਹਾਉ॥

ਹੇ ਮੇਰੀਆਂ ਸਖੈਨੀ=ਪਿਆਰੀਆਂ ਸਖੀਓ ! ਅਸਲੀ ਸਖੈਨੀ=ਮਿੱਤਰ ਜੋ ਹਰੀ ਰਾਮ ਹੈ ਉਸ ਦਾ ਜਾਪ ਕਰੋ। ਸਤਿਗੁਰਾਂ ਨੂੰ ਸੇਵ ਕੇ ਅੱਖਾਂ ਨਾਲ ਨੈਨੀ=ਪ੍ਰੇਰਕ ਪ੍ਰਭੂ ਨੂੰ ਦੇਖਣਾ ਕਰੋ॥ ੧॥ ਰਹਾਉ॥

ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥ ੨॥

ਸੰਸਾਰ ਵਿਖੇ ਜੋ ਮਾਤਾ ਪਿਤਾ ਹਨ, ਓਹ ਭੀ ਬੰਧਨ ਰੂਪ ਹਨ, (ਜੋ ਚੰਗੇ ਪਾਸੇ ਜਾਣ ਨਹੀਂ ਦਿੰਦੇ)। ਸੁਤ=ਪੁਤ੍ਰ, ਕੰਨਿਆ=ਧੀ ਅਤੇ ਨਾਰਿ=ਇਸਤ੍ਰੀ ਇਹ ਭੀ ਸਭ ਬੰਧਨ ਰੂਪ ਹਨ॥ ੨॥

ਬੰਧਨ ਕਰਮ ਧਰਮ ਹਉ ਕੀਆ॥ ਬੰਧਨ ਪੁਤੁ ਕਲਤੁ ਮਨਿ ਬੀਆ॥ ੩॥

ਹੰਗਤਾ ਦੇ ਸਹਿਤ ਜਿਹੜਾ ਕਰਮਾਂ ਧਰਮਾਂ ਦਾ ਕਰਨਾ ਹੈ, ਇਹ ਭੀ ਬੰਧਨ ਰੂਪ ਹੈ। ਪੁੱਤ੍ਰ ਤੇ ਕਲਤੁ=ਇਸਤ੍ਰੀ ਜੋ ਮਨ ਵਿਚ ਬੀਆ=ਦ੍ਵੈਤ ਪੈਦਾ ਕਰਨ ਵਾਲੇ ਹਨ, ਉਹ ਭੀ ਬੰਧਨ ਰੂਪ ਹਨ।

ਅਥਵਾ :-ਬੀਏ ਪਾਸ ਹੋ ਜਾਵਾਂ, ਇਹ ਜਿਹੜਾ ਮੰਗਣਾ ਹੈ, ਇਹ ਭੀ ਬੰਧਨ ਰੂਪ ਹੈ॥ ੩॥

ਯਥਾ :-ਜਉ ਮਾਗਹਿ ਤਉ ਮਾਗਹਿ ਬੀਆ॥ ਜਾ ਤੇ ਕੁਸਲ ਨ ਕਾਹੂ ਥੀਆ॥ *(ਪੰਨਾ ੨੫੮)*

ਬੰਧਨ ਕਿਰਖੀ ਕਰਹਿ ਕਿਰਸਾਨ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥ ੪॥

ਜੋ ਕਿਰਸਾਨ =ਜਿਮੀਂਦਾਰ ਕਿਰਖੀ=ਖੇਤੀ ਕਰਦੇ ਹਨ, ਉਹ ਭੀ ਬੰਧਨ ਰੂਪ ਹੈ। ਕਿਉਂਕਿ ਜਿਸ ਵੇਲੇ ਖੇਤੀ ਪੈਦਾ ਹੋਣ ਕਰਕੇ ਹਉਮੈ ਦੇ ਸਹਿਤ ਰਾਜਾ ਦਾਨ=ਕਰ (ਮਾਮਲਾ, ਟੈਕਸ) ਮੰਗਦਾ ਹੈ ਤੇ ਇਹ ਜੀਵ ਡੰਨ ਸਹਾਰਦਾ ਹੈ, ਉਹ ਭੀ ਬੰਧਨ ਰੂਪ ਹੈ॥ ੪॥

ਬੰਧਨ ਸਉਦਾ ਅਣ ਵੀਚਾਰੀ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ॥ ੫॥

ਵਿਚਾਰ ਤੋਂ ਅਣ=ਬਿਨਾਂ ਜੋ ਸੌਦਾ ਕਰਨਾ ਹੈ, ਉਹ ਭੀ ਬੰਧਨ ਰੂਪ ਹੈ। ਮਾਇਆ ਦੇ ਮੋਹ=ਰੂਪ ਪਸਾਰੇ ਵਿਚ *ਅਥਵਾ* :-ਮੋਹਨੇ ਵਾਲੀ ਜੋ ਮਾਯਾ ਹੈ, ਉਸ ਦੇ ਪਸਾਰੇ ਵਿਚ ਤ੍ਰਿਪਤੀ ਨਹੀਂ ਹੈ।

ਬੰਧਨ ਸਾਹ ਸੰਚਹਿ ਧਨੁ ਜਾਇ॥ ਬਿਨੁ ਹਰਿ ਭਗਤਿ ਨ ਪਵਈ ਥਾਇ॥ ੬॥

ਧਨ ਦਾ ਇਕੱਠਾ ਕਰਨਾ ਭੀ ਫਾਹੀ ਰੂਪ ਹੈ, ਕਿਉਂਕਿ ਜਿਸ ਵੇਲੇ ਉਹ ਧਨ ਚਲਿਆ ਜਾਂਦਾ ਹੈ ਤਾਂ ਸ਼ਾਹ ਹਹੁਕੇ ਨਾਲ ਹੀ ਮਰ ਜਾਂਦਾ ਹੈ। ਹਰੀ ਦੀ ਭਗਤੀ ਬਿਨਾਂ ਕੋਈ ਕਰਮ ਕੀਤਾ ਹੋਇਆ ਥਾਂ ਨਹੀਂ ਪੈਂਦਾ, ਭਾਵ ਸਫਲ ਨਹੀਂ ਹੁੰਦਾ।

ਅਥਵਾ :-ਹਰੀ ਦੀ ਭਗਤੀ ਬਿਨਾਂ ਇਹ ਜੀਵ ਸਰੂਪ-ਥਾਂ ਨਹੀਂ ਪਾਉਂਦਾ॥ ੬॥

ਬੰਧਨ ਬੇਦੁ ਬਾਦੁ ਅਹੰਕਾਰ॥ ਬੰਧਨਿ ਬਿਨਸੈ ਮੋਹ ਵਿਕਾਰ॥ ੭॥

ਹੰਕਾਰ ਸਹਿਤ ਹੋ ਕੇ ਵੇਦਾਂ ਦੇ ਬਾਦੁ=ਝਗੜੇ ਕਰਨੇ ਭੀ ਬੰਧਨ ਰੂਪ ਹਨ।

ਜਿਸ ਮੋਹ ਅਤੇ ਵਿਕਾਰਾਂ ਵਿਚ ਲੱਗ ਕੇ ਜੀਵ ਬਿਨਸ ਰਿਹਾ ਹੈ ਉਹ ਭੀ ਬੰਧਨ ਰੂਪ ਹਨ॥ ੭॥

ਨਾਨਕ ਰਾਮ ਨਾਮ ਸਰਣਾਈ॥
ਸਤਿਗੁਰਿ ਰਾਖੇ ਬੰਧੁ ਨ ਪਾਈ॥ ੮ ॥ ੧੦ ॥

ਗੁਰੂ ਜੀ ਆਖਦੇ ਹਨ-ਜਿਨ੍ਹਾਂ ਨੇ ਸਤਿਗੁਰਾਂ ਦੀ ਸ਼ਰਨ ਲੈ ਕੇ ਰਾਮ ਨਾਮ ਜਪਿਆ ਹੈ, ਉਨ੍ਹਾਂ ਦੇ ਰਾਖੇ ਸਤਿਗੁਰੂ ਹੋਏ ਹਨ, ਜਿਨ੍ਹਾਂ ਦੇ ਰਾਖੇ ਸਤਿਗੁਰੂ ਹੋਏ ਹਨ, ਉਨ੍ਹਾਂ ਨੂੰ ਕੋਈ ਬੰਧਨ ਨਹੀਂ ਪੈਂਦਾ॥ ੮॥ ੧੦॥

[ਪੰਨਾ ੪੧੭]

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩
੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ :-ਪ੍ਰਦੇਸ਼ ਯਾਤਰਾ ਕਰਦੇ ਕਰਦੇ-ਜਿਸ ਵੇਲੇ ਗੁਰੂ ਸਾਹਿਬ ਜੀ ਏਮਨਾਬਾਦ ਆਏ ਤਾਂ ਸ਼ਹਿਰ ਤੋਂ ਬਾਹਰ ਵਾਰ ਇਕ ਥੜਾ ਵੇਖ ਕੇ ਉਸ ਤੇ ਬੈਠ ਗਏ। ਸਾਧੂ ਮਹਾਤਮਾ ਵੀ ਨਾਲ ਸਨ ਉਹ ਭੀ ਓਥੇ ਬੈਠ ਗਏ। ਬਚਨ ਬਿਲਾਸ ਕਰਦਿਆਂ ਸਾਰਾ ਦਿਨ ਬੀਤ ਗਿਆ, ਕਿਸੇ ਨੇ ਅੰਨ ਪਾਣੀ ਨਾ ਪੁਛਿਆ, ਤਾਂ ਹਜ਼ੂਰ ਨੇ ਕਿਹਾ- 'ਕਿਸੇ ਨੇ ਤਾਂ ਆ ਕੇ ਨਹੀਂ ਪੁੱਛਿਆ, ਤੁਸੀਂ ਆਪ ਹੀ ਸ਼ਹਿਰ ਵਿਚ ਜਾ ਕੇ ਮਧੂਕੜੀ ਮੰਗ ਕੇ ਛੱਕ ਆਓ, ਨਾਲ ਮਰਦਾਨੇ ਨੂੰ ਭੇਜਿਆ ਤੇ ਇਹ ਗੱਲ ਕਹੀ- ਕਿ ਮਰਦਾਨਿਆਂ ! ਭੋਜਨ ਛੱਕ ਕੇ ਆਉਂਦਿਆਂ ਭਾਈ ਲਾਲੋ ਨੂੰ ਸਦ ਲਿਆਵੀਂ।'

ਜਿਸ ਵੇਲੇ ਸਾਧੂਆਂ ਨੇ ਸ਼ਹਿਰ ਵਿਚ ਜਾ ਕੇ ਮਧੂਕੜੀ ਮੰਗੀ ਤਾਂ ਇਕ ਪਠਾਣ ਦੇ ਘਰ ਵਿਆਹ ਸੀ ਉਹ ਸ਼ਰਾਬਾਂ ਪੀ ਕੇ ਅੰਨ੍ਹੇ ਹੋਏ ਫਿਰਦੇ ਸੀ। ਉਨ੍ਹਾਂ ਨੇ ਸੰਤਾਂ ਨੂੰ ਕੁਬਚਨ ਬੋਲੇ ਤੇ ਧੱਕੇ ਦਿੱਤੇ ਤੇ ਘਸੁੰਨ ਵੀ ਮਾਰੇ। ਕਈ ਸੰਤ ਡਿੱਗ ਪਏ, ਸੱਟਾਂ ਲੱਗ ਗਈਆਂ। ਵਾਪਸ ਹਟ ਕੇ ਗੁਰੂ ਜੀ ਪਾਸ ਆਏ ਤੇ ਮਰਦਾਨਾ ਭਾਈ ਲਾਲੋ ਦੇ ਘਰ ਚਲਾ ਗਿਆ ਬੁਲਾਣ ਵਾਸਤੇ। ਸੰਤਾਂ ਦੀ ਬੁਰੀ ਹਾਲਤ ਦੇਖ ਕੇ, ਗੁਰੂ ਜੀ ਨੇ ਪੁਛਿਆ-'ਹੁਣ ਤੁਸੀਂ ਚੰਗੇ ਭਲੇ ਗਏ ਸੀ ਇਹ ਕੀ ਕਾਰਨ ਹੋਇਆ ਹੈ?' ਉਸ ਵੇਲੇ ਉਨ੍ਹਾਂ ਸੰਤਾਂ ਨੇ ਆਪਣੀ ਹੱਡ ਬੀਤੀ ਸਾਰੀ ਸੁਣਾਈ। ਸੁਣ ਕੇ ਦਿਲ ਵਿਚ ਬੜਾ ਦੁੱਖ ਹੋਇਆ, ਕਿਉਂਕਿ :-

ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧਨ ਕੇ ਸੁਖੀ॥ (ਪਾਤਿ: ੧੦)

ਸੰਤਾਂ ਦੀ ਬੇ-ਅਦਬੀ ਨਾ ਸਹਾਰ ਸਕੇ। ਇਤਨੇ ਨੂੰ ਭਾਈ ਲਾਲੋ ਉਥੇ ਆ ਪੁੱਜਾ। ਉਸ ਨੂੰ ਮੁਖ ਰੱਖ ਕੇ ਸਤਿਗੁਰਾਂ ਨੇ ਤਿਲੰਗ ਰਾਗ ਵਿਚ ਪਹਿਲਾ ਸ਼ਬਦ ਉਚਾਰ ਕੇ ਏਮਨਾਬਾਦੀਆਂ ਨੂੰ ਸਰਾਪ ਦੇ ਦਿੱਤਾ-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਜੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ (ਪੰਨਾ ੭੨੨)

ਇਸ ਸਰਾਪ ਅਨੁਸਾਰ ਜਿਸ ਵੇਲੇ ਬਾਬਰ ਨੇ ਚੜ੍ਹਾਈ ਕਰਕੇ ਏਮਨਾਬਾਦ ਨੂੰ ਲੁਟਿਆ ਹੈ ਤੇ ਨੌਜੁਆਨ ਔਰਤਾਂ ਦੇ ਬੁਰੇ ਹਾਲ ਕੀਤੇ। ਉਸ ਵੇਲੇ ਇਹ ਅਸ਼ਟਪਦੀ ਆਸਾ ਰਾਗ ਵਿਚ ਉਚਾਰੀ ਹੈ-

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥

ਜਿਨ੍ਹਾਂ ਇਸਤਰੀਆਂ ਦੇ ਸਿਰਾਂ ਉੱਤੇ ਪਟੀਆ=ਮੇਢੀਆਂ ਸੋਭਦੀਆਂ ਸਨ ਅਤੇ ਮਾਂਗੀ=ਮਾਗਾਂ ਭਾਵ ਚੀਰਨੀਆਂ ਵਿਚ ਸੰਧੂਰ ਪਾਇਆ ਹੁੰਦਾ ਸੀ।

ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥

ਉਨ੍ਹਾਂ ਹੀ ਇਸਤ੍ਰੀਆਂ ਦੇ ਉਹ ਸਿਰ ਕਾਤੀ=ਕੈਂਚੀ ਨਾਲ ਮੁੰਨਣਾ ਕੀਤੇ ਹਨ, ਜੇ ਅੱਗੋਂ ਕੁਝ ਬੋਲਦੀਆਂ ਹਨ ਤਾਂ ਉਹਨਾਂ ਦੇ ਗਲ਼ ਵਿਚ ਧੂੜ ਆਉਂਦੀ ਹੈ, ਭਾਵ ਮੂੰਹ ਵਿਚ ਮਿੱਟੀ ਦੇ ਬੁੱਕ ਭਰ ਕੇ ਪਾ ਦੇਂਦੇ ਹਨ।

ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ॥ ੧॥

ਪਹਿਲੇ ਆਪਣੇ ਸੁੰਦਰ ਮਹਲਾ=ਮੰਦਰਾਂ ਦੇ ਅੰਦਰ ਰਹਿ ਕੇ ਮੌਜਾਂ ਮਾਣਦੀਆਂ ਹੁੰਦੀਆਂ ਸਨ, ਹੁਣਿ=ਇਸ ਵੇਲੇ ਆਪਣੇ ਪਤੀ ਦੇ ਹਦੂਰਿ=ਪਾਸ ਬੈਠਣਾਂ ਭੀ ਨਹੀਂ ਮਿਲਦਾ॥ ੧॥

ਆਦੇਸੁ ਬਾਬਾ ਆਦੇਸੁ॥

ਹੇ ਬਾਬਾ=ਪਰਮਾਤਮਾ ਆਪ ਜੀ ਨੂੰ ਨਮਸ਼ਕਾਰ ਹੈ, ਨਮਸ਼ਕਾਰ ਹੈ।

ਆਦਿ ਪੁਰਖ ਤੇਰਾ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਸ॥ ੧॥ ਰਹਾਉ॥

ਹੇ ਆਦਿ ਪੁਰਖ=ਪਰਮਾਤਮਾ ! ਤੇਰਾ ਅੰਤ ਨਹੀਂ ਪਾਇਆ ਜਾਂਦਾ, ਤੂੰ ਆਪ ਹੀ ਸਾਰਿਆਂ ਭੇਖਾਂ ਨੂੰ ਕਰ ਕਰ ਕੇ ਵੇਖ ਰਿਹਾ ਹੈਂ॥ ੧॥ ਰਹਾਉ॥

ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥

ਜਦੋਂ ਇਹ ਇਸਤਰੀਆਂ ਵਿਆਹੀਆਂ ਹੋਈਆਂ ਆਈਆਂ ਸਨ, ਤਾਂ ਇਹ ਆਪਣੇ ਲਾੜੇ=ਪਤੀ ਦੇ ਪਾਸ ਸੋਭਦੀਆਂ ਸਨ।

ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥

ਉਨ੍ਹਾਂ ਹੀਡੋਲੀ=ਡੋਲੀ ਭਾਵ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ, ਜਿਹੜੀਆਂ ਡੋਲੀਆਂ ਦੰਦ ਖੰਡ=ਹਾਥੀ ਦੰਦ ਦੇ ਟੁਕੜਿਆਂ ਨਾਲ ਰਾਸਿ=ਸਜਾਈਆਂ ਹੋਈਆਂ ਸਨ। *ਅਥਵਾ* :-ਹਾਥੀ ਦੰਦ ਦੇ ਚੂੜੇ ਰਾਸਿ=ਬਣਾਏ ਹੋਏ ਸਨ।

ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥ ੨॥

ਅਤੇ ਸੱਸਾਂ ਉਪਰੋਂ ਪਾਣੀ ਵਾਰ ਕੇ ਪੀਂਦੀਆਂ ਸਨ, ਤੇ ਸੂਰਜਮੁਖੀ ਪੱਖੇ ਪਾਸ ਚਮਕਦੇ ਸਨ। *ਅਥਵਾ* :-ਕੋਲ ਮੀਨਾਕਾਰੀ ਵਾਲੇ ਝਲੇ=ਪੱਖੇ ਝਿਲਮਿਲ ਝਿਲਮਿਲ ਕਰਦੇ ਸਨ॥ ੨॥

ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ॥

ਇਕ ਅਜਿਹੀਆਂ ਚਤੁਰ ਇਸਤ੍ਰੀਆਂ ਸਨ ਜੋ ਕਿ ਨਵੀਂ ਵਿਆਹੀ ਹੋਈ ਔਰਤ ਦੇ ਸੁਭਾਵ ਨੂੰ ਬੈਠਣ ਸਮੇਂ ਜਾਣ ਲੈਂਦੀਆਂ ਸਨ ਤੇ ਇਕ ਔਰਤਾਂ ਉਸ ਦੇ ਖੜ੍ਹੇ ਹੋਣ ਸਮੇਂ ਉਸ ਦਾ ਸੁਭਾਅ ਲਖੁ ਲਹਨਿ=ਜਾਣ ਲੈਂਦੀਆਂ ਸਨ।

੨- ਇਕ ਤਾਂ ਬੈਠਣ ਵੇਲੇ ਉਸ ਦਾ ਮੂੰਹ ਵੇਖ ਲੈਂਦੀਆਂ ਸਨ ਤੇ ਇਕ ਖੜ੍ਹੇ ਹੋਣ ਵੇਲੇ ਉਸ ਦੇ ਮੂੰਹ ਨੂੰ ਲਖੁ ਲਹਨਿ=ਵੇਖ ਲੈਂਦੀਆਂ ਸਨ।

੩- ਇਕ ਉਹ ਔਰਤਾਂ ਸਨ ਜੋ ਲੱਖਾਂ ਪਦਾਰਥ ਬੈਠਿਆਂ ਹੀ ਆਪਣਿਆਂ ਦਿਓਰਾਂ ਪਾਸੋਂ ਲੈਂਦੀਆਂ ਸਨ ਅਤੇ ਇਕ ਖਲੋ ਕੇ ਆਪਣੇ ਜੇਠ ਤੇ ਸਹੁਰਿਆਂ ਪਾਸੋਂ ਲੱਖਾਂ ਪਦਾਰਥ ਲੈਂਦੀਆਂ ਸਨ।

ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥

ਜੋ ਨਵੀਆਂ ਵਿਆਹੀਆਂ ਔਰਤਾਂ ਗਰੀ ਤੇ ਛੁਹਾਰੇ ਖਾਂਦੀਆਂ ਸਨ,

ਅਤੇ ਸੁੰਦਰ ਸੇਜਾਂ ਉੱਤੇ ਆਪਣੇ ਪਤੀ ਦੇ ਆਨੰਦ ਨੂੰ ਮਾਣਦੀਆਂ ਸਨ।

ਤਿਨ੍ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥ ੩ ॥

ਅੱਜ ਉਨ੍ਹਾਂ ਦੇ ਗਲਾਂ ਵਿਚ ਸਿਲਕਾ=ਫਾਹੀਆਂ ਪਈਆਂ ਹੋਈਆਂ ਹਨ, ਮੇਢੀਆਂ ਨਾਲ ਲੜਕਾਈਆਂ ਹੋਈਆਂ ਮੋਤੀਆਂ ਦੀਆਂ ਸਰੀਆ=ਲੜੀਆਂ ਭੀ ਟੁੱਟ ਗਈਆਂ ਹਨ॥ ੩ ॥

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ ॥

ਧਨ ਤੇ ਜੋਬਨ ਇਹ ਦੋਵੇਂ ਇਨ੍ਹਾਂ ਦੇ ਵੈਰੀ ਹੋ ਗਏ ਹਨ, ਜਿਨ੍ਹਾਂ ਔਰਤਾਂ ਨੇ ਧਨ ਤੇ ਜੋਬਨ ਵਿਚ ਰੰਗੁ ਲਾਇ=ਪ੍ਰੇਮ ਲਗਾ ਰੱਖਿਆ ਸੀ।

ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥

(ਬਾਬਰ ਨੇ ਆਪਣੇ) ਦੂਤਾਂ=ਸਿਪਾਹੀਆਂ ਨੂੰ ਇਨ੍ਹਾਂ ਦੇ ਫੜ ਲਿਆਉਣ ਦਾ ਫੁਰਮਾਇਆ=ਹੁਕਮ ਦਿੱਤਾ ਸੀ, ਇਸ ਲਈ ਉਹ ਸੁੰਦਰ ਸਰੂਪ ਵਾਲੀਆਂ ਨੌਜੁਆਨ ਇਸਤਰੀਆਂ ਦੀ ਪਤਿ=ਇੱਜ਼ਤ ਗਵਾ ਕੇ ਨਾਲ ਲੈ ਤੁਰੇ ਹਨ।

ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ ੪ ॥

ਜੇ ਉਸ (ਬਾਬਰ) ਨੂੰ ਭਾਵੇ ਤਾਂ ਇਨ੍ਹਾਂ ਨੂੰ ਵਡਿਆਈ ਦੇਵੇ, ਜੇ ਚਾਹੇ ਤਾਂ ਸਜਾ ਦੇ ਦੇਵੇ, ਇਸ ਵੇਲੇ ਇਨ੍ਹਾਂ ਦਾ ਕੋਈ ਜੋਰ ਨਹੀਂ ਹੈ। *ਅਥਵਾ* :-ਜੇਕਰ ਉਸ ਪਰਮੇਸ਼ਰ ਨੂੰ ਭਾ ਜਾਵੇ ਤਾਂ ਕਾਬਲ ਵਾਲਿਆਂ ਨੂੰ ਵਡਿਆਈ ਦੇਂਦਾ ਹੈ, ਜੇ ਭਾਵੈ=ਚਾਹਵੇ ਤਾਂ ਏਮਨਾਬਾਦ ਵਾਲਿਆਂ ਨੂੰ ਸਜਾ ਦੇਂਦਾ ਹੈ॥ ੪ ॥

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥

ਜੇ ਪਹਿਲਾਂ ਤੋਂ ਹੀ ਰੱਬ ਦਾ ਡਰ ਚੇਤੇ ਰੱਖਿਆ ਜਾਂਦਾ, *ਅਥਵਾ* :-ਇਸ ਸਮੇਂ ਦੇ ਆਉਣ ਤੋਂ ਪਹਿਲਾਂ ਹੀ ਜੇ ਰੱਬ ਨੂੰ ਚੇਤੇ ਰੱਖਿਆ ਜਾਂਦਾ ਤੇ ਗਰੀਬਾਂ ਨੂੰ ਦੁੱਖ ਨਾ ਦੇਂਦੇ, ਤਾਂ ਇਹ ਸਜਾਇ=ਦੁੱਖ ਕਿਉਂ ਮਿਲਦਾ।

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥

ਚਾਇ=ਉਤਸ਼ਾਹ ਪੂਰਬਕ ਰੰਗਾਂ ਰੰਗਾਂ ਦੇ ਤਮਾਸ਼ਿਆਂ ਵਿਚ ਲੱਗ ਕੇ ਇਨ੍ਹਾਂ ਪਠਾਣਾਂ ਨੇ ਸ਼ਹਿਨਸ਼ਾਹ (ਪਰਮਾਤਮਾ) ਦੀ ਸੁਰਤਿ=ਗਿਆਤ ਦੂਰ ਕਰ ਦਿਤੀ ਹੈ। ਭਾਵ ਪਰਮੇਸ਼ਰ ਨੂੰ ਭੁੱਲ ਗਏ ਹਨ। ਏਸੇ ਕਰਕੇ ਸਾਹਾਂ=ਸ਼ਹਿਨਸ਼ਾਹ (ਪਰਮਾਤਮਾ) ਨੇ ਪਠਾਣਾਂ ਦੀ ਸੁਰਤਿ=ਹੋਸ਼ ਭੁਲਾ ਦਿੱਤੀ ਹੈ।

ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ ੫ ॥

ਅੱਜ ਏਮਨਾਬਾਦ ਵਿਚ ਬਾਬਰ ਦੀ ਵਾਣੀ=ਦੁਹਾਈ ਭਾਵ ਆਗਿਆ ਫਿਰ ਗਈ ਹੈ, ਕਿ ਕੋਈ ਭੀ

ਕੁਇਰੁ=ਬੱਚਾ ਬੱਚੀ ਰੋਟੀ ਨਾ ਖਾਵੇ। *ਅਥਵਾ* :-ਬਾਬਰ ਦੀ ਅਜੇਹੀ ਆਗਿਆ ਫਿਰ ਗਈ ਜੋ ਕੁਇਰੁ=ਬੱਚਿਆਂ ਨੂੰ ਭੀ ਰੋਟੀ ਖਾਣੀ ਨਸੀਬ ਨਾ ਹੋਈ॥ ੫॥

ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥

ਇਕਨਾ ਮੁਸਲਮਾਨਾਂ ਦੇ ਨਮਾਜ਼ ਪੜ੍ਹਨ ਦਾ ਵਖਤ ਖੁੰਝਾਇਆ ਗਿਆ, ਇਕਨਾ ਹਿੰਦੂਆਂ ਦਾ ਪੂਜਾ ਕਰਨ ਦਾ ਵੇਲਾ ਜਾਂਦਾ ਰਿਹਾ।

ਅਥਵਾ :-ਇਕਨਾ ਹਿੰਦੂਆਂ ਦਾ ਪੂਜਾ ਦਾ ਸਮਾਨ ਨਿਸਫਲ ਜਾਂਦਾ ਰਿਹਾ।

ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥

ਹਿੰਦੂਆਂ ਦੀਆਂ ਇਸਤਰੀਆਂ ਚੌਂਕੇ ਪਾਏ ਤੋਂ ਬਿਨਾਂ ਹੀ ਫੜੀਆਂ ਗਈਆਂ ਹਨ ਸੁੱਤੇ ਉੱਠਦੇ ਹੀ ਬ੍ਰਾਹਮਣ ਫੜੇ ਗਏ ਹਨ, ਹੁਣ ਕਿਸ ਤਰ੍ਹਾ ਨਹਾ ਕੇ ਮੱਥੇ 'ਪਰ ਟਿਕੇ ਕਢਹਿ=ਲਾਉਣਗੇ।

ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥ ੬॥

ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਕਦੇ ਵੀ ਰਾਮ ਨੂੰ ਯਾਦ ਨਹੀਂ ਕੀਤਾ ਸੀ, ਹੁਣ ਕਹਿੰਦੀਆਂ ਹਨ ਸਾਨੂੰ ਖੁਦਾ ਦੇ ਵਾਸਤੇ ਛੱਡ ਦਿਓ ਪਰ ਹੁਣ ਉਨ੍ਹਾਂ ਨੂੰ ਖੁਦਾ ਕਹਿਣਾ ਵੀ ਨਹੀਂ ਮਿਲਦਾ। ਕਿਉਂਕਿ ਜਿਸ ਵੇਲੇ ਬੋਲਦੀਆਂ ਹਨ ਤਾਂ ਕਾਬਲੀਏ ਮਿੱਟੀ ਦੇ ਬੁਕ ਭਰਕੇ ਉਨ੍ਹਾਂ ਦੇ ਮੂੰਹ ਵਿਚ ਪਾਉਂਦੇ ਹਨ।

ਅਥਵਾ :-ਜਿਨ੍ਹਾਂ ਨੇ ਅੱਗੇ ਕਦੇ ਭੀ ਰਾਮ ਦੇ ਨਾਮ ਨੂੰ ਚੇਤੇ ਨਹੀਂ ਰੱਖਿਆ ਸੀ, ਉਨ੍ਹਾਂ ਨੂੰ ਹੁਣ ਖੁਦਾ ਦਾ ਵਾਸਤਾ ਕਹਿਣ ਨਾਲ ਭੀ ਛੁਟਕਾਰਾ ਨਹੀਂ ਮਿਲਦਾ॥ ੬॥

ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥

ਇਕ ਤਾਂ ਬਾਬਰ ਦੇ ਹੁਕਮ ਨਾਲ ਆਪਣੇ ਘਰਾਂ ਨੂੰ ਮੁੜੇ ਆਉਂਦੇ ਹਨ ਤੇ ਇਕ ਉਨ੍ਹਾਂ ਨੂੰ ਰਾਹ ਵਿਚ ਮਿਲ ਮਿਲ ਕੇ ਸੁਖ ਦੀ ਗੱਲ ਪੁੱਛਦੇ ਹਨ ਕਿ ਬਾਦਸ਼ਾਹ ਨੇ ਚੱਟੀ ਲੈ ਕੇ ਛੱਡਿਆ ਹੈ, ਯਾਂ ਐਵੇਂ ?

ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥

ਅਤੇ ਇਕਨਾ ਦੇ ਭਾਗਾਂ ਵਿਚ ਏਹੋ ਲਿਖਿਆ ਹੋਇਆ ਹੈ, ਜੋ ਕਿ ਉਹ ਜਣੇ ਖਣੇ ਕੋਲ ਬਹਿ ਬਹਿ ਕੇ ਆਪਣੇ ਦੁਖਾਂ ਨੂੰ ਰੋਂਦੇ ਹਨ।

ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥ ੭॥ ੧੧॥

ਗੁਰੂ ਜੀ ਕਥਨ ਕਰਦੇ ਹਨ-ਜੋ ਉਸ ਪਰਮੇਸ਼ਰ ਨੂੰ ਭਾਉਂਦਾ ਹੈ, ਓਹੋ ਕੁਝ ਹੁੰਦਾ ਹੈ, ਇਹ ਮਨੁੱਖ ਵਿਚਾਰਾ ਕੀ ਹੈ, ਜੋ ਆਪਣੇ ਆਪ ਕੁਝ ਕਰ ਸਕੇ॥ ੭॥ ੧੧॥

ਆਸਾ ਮਹਲਾ ੧॥

ਜਿਸ ਵੇਲੇ ਏਮਨਾਬਾਦ ਸਾਰਾ ਲੁਟਿਆ ਪੁਟਿਆ ਗਿਆ ਤੇ ਹਰ ਜਗ੍ਹਾਂ ਬਰਬਾਦੀ ਹੋ ਗਈ। ਉਸ ਵੇਲੇ ਇਹ ਦੂਜੀ ਅਸਟਪਦੀ ਗੁਰੂ ਸਾਹਿਬਾਂ ਨੇ ਉਚਾਰਨ ਕੀਤੀ-

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ॥

ਉਹ ਖੇਡਾਂ ਕਿਥੇ ਗਈਆਂ ਹਨ, ਉਹ ਤਬੇਲੇ ਤੇ ਘੋੜੇ ਕਿਥੇ ਚਲੇ ਗਏ ਹਨ, ਉਹ ਭੇਰੀ=ਨਗਾਰੇ ਅਤੇ

ਸਹਨਾਈ=ਤੂਤੀਆਂ ਕਿਥੇ ਹਨ ? ਭਾਵ ਸਭ ਨਾਸ ਹੋ ਗਏ ਹਨ।

ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ॥

ਤੇਗ=ਤਲਵਾਰਾਂ ਦੇ ਬੰਨਣ ਵਾਲੇ ਜੋ ਗਾਡੇਰੜਿ=ਸੂਰਮੇ ਸਨ। ਉਹ ਕਿੱਥੇ ਹਨ ਅਤੇ ਲਾਲ ਰੰਗ ਦੀਆਂ ਕਵਾਈ=ਪੁਸ਼ਾਕਾਂ ਕਿਥੇ ਹਨ ?

ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ॥ ੧ ॥

ਜਿਨ੍ਹਾਂ ਆਰਸੀਆ=ਸ਼ੀਸ਼ਿਆਂ ਵਿਚੋਂ ਆਪਣੇ ਮੁਹ ਬੰਕੇ=ਸੁੰਦਰ ਮੂੰਹ ਵੇਖਦੀਆਂ ਸਨ, ਉਹ ਸ਼ੀਸ਼ੇ ਕਿਥੇ ਹਨ ? ਇਥੇ ਤਾਂ ਅੱਜ ਕੁਝ ਭੀ ਨਹੀਂ ਦਿੱਸਦਾ॥ ੧॥

ਇਹੁ ਜਗੁ ਤੇਰਾ ਤੂ ਗੋਸਾਈ॥

ਹੇ ਪ੍ਰਭੂ ! ਸਾਰਾ ਸੰਸਾਰ ਤੇਰਾ ਹੈ, ਤੂਹੀਂ ਇਸ ਸਾਰੇ ਸੰਸਾਰ ਦਾ ਗੋਸਾਈ=ਮਾਲਕ ਹੈਂ।

ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ॥ ੧ ॥ ਰਹਾਉ॥

ਇਕ ਘੜੀ ਦੇ ਵਿਚ ਹੀ ਸੰਸਾਰ ਦੀ ਥਾਪਿ ਉਥਾਪੇ=ਉਤਪਤੀ ਤੇ ਪਰਲੋ ਕਰਦਾ ਹੈਂ, ਮਰਨ ਤੋਂ ਬਾਅਦ ਭਾਈਆਂ ਦਾ ਜਰੁ=ਧਨ ਭਾਈਆਂ ਨੂੰ ਵੰਡ ਦੇਂਦਾ ਹੈਂ।

ਅਥਵਾ :-ਭਾਂਈ=ਏਮਨਾਬਾਦ ਵਾਲਿਆਂ ਦਾ ਜਰੁ=ਧਨ ਭਾਈਆਂ ਨੂੰ ਭਾਵ ਕਾਬਲ ਵਾਲਿਆਂ ਨੂੰ ਵੰਡ ਦਿੱਤਾ॥ ੧॥ ਰਹਾਉ॥

ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥

ਉਹ ਸੁੰਦਰ ਘਰੁ ਦਰ=ਦਰਵਾਜ਼ੇ ਤੇ ਮੰਡਪ=ਚੌੜੇ ਅਸਥਾਨ, ਮਹਲਾ=ਮੰਦਰ,

ਅਥਵਾ :-ਮਹਲਾ=ਖੁਸ਼ਬੋਈਆਂ ਕਿਥੇ ਹਨ ? ਉਹ ਬੰਕ-ਸਰਾਈ=ਸੁੰਦਰ ਸਰਾਵਾਂ ਕਿਥੇ ਹਨ?

ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥

ਸੁਖਾਲੀਆਂ ਸੇਜਾਂ ਦੇ ਸਹਿਤ ਉਹ ਸੁੰਦਰ ਇਸਤ੍ਰੀਆਂ ਸੁਖ ਦੇਣ ਵਾਲੀਆਂ ਕਿਥੇ ਹਨ, ਜਿਨ੍ਹਾਂ ਇਸਤ੍ਰੀਆਂ ਨੂੰ ਵੇਖ ਕੇ ਮਨੁੱਖ ਨੂੰ ਨੀਂਦ ਨਹੀਂ ਪੈਂਦੀ ਸੀ।

ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥ ੨ ॥

ਪਾਨਾਂ ਦੇ ਬੀੜੇ ਖਾਣੇ, ਤੇ ਤੰਬੋਲੀ=ਪਾਨਾਂ ਦੇ ਵੇਚਣ ਵਾਲੇ, ਹਰਮਾ=ਇਸਤਰੀਆਂ *ਅਥਵਾ* :-ਮੰਦਰ ਕਿਥੇ ਹਨ, ਮਾਈ=ਹੇ ਭਾਈ ! ਹੁਣ ਤਾਂ ਸਾਰੇ ਛਾਈ=ਸੁਆਹ ਹੋ ਗਏ ਹਨ।

ਅਥਵਾ :-ਉਹ ਪਾਨਾਂ ਦੇ ਬੀੜੇ ਦੇਣ ਵਾਲੀਆਂ ਹਰਮਾ=ਔਰਤਾਂ ਕਿਥੇ ਹਨ ? ਇਹ ਸਭ ਚੀਜ਼ਾਂ ਛਾਈ ਮਾਈ=ਛਾਊ ਮਾਊ ਹੋ ਗਈਆਂ ਹਨ, ਅਰਥਾਤ ਛਾਂ ਵਾਂਗ ਗੁੰਮ ਹੋ ਗਈਆਂ ਹਨ॥ ੨॥

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥

ਇਸ ਜਰ=ਧਨ ਦੀ ਪ੍ਰਾਪਤੀ ਕਾਰਣਿ=ਵਾਸਤੇ ਹੀ ਸ੍ਰਿਸ਼ਟੀ ਘਣੀ ਵਿਗੁਤੀ=ਬਹੁਤੀ ਖਰਾਬ ਹੋਈ ਹੈ, ਇਸ ਧਨ ਨੇ ਪਿਛੇ ਵੀ ਬੜੀ ਸ੍ਰਿਸ਼ਟੀ ਖੁਆਈ=ਖਰਾਬ ਕੀਤੀ ਸੀ।

ਅਥਵਾ :-ਇਸ ਜਰ=ਧਨ ਨੇ ਬਹੁਤੀ ਦੁਨੀਆਂ ਰੱਬ ਵਲੋਂ ਖੁਆਈ=ਭੁਲਾ ਦਿੱਤੀ ਹੈ।

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥

ਪਾਪਾਂ ਤੋਂ ਬਿਨਾਂ ਇਹ ਮਾਇਆ ਇਕੱਠੀ ਨਹੀਂ ਹੁੰਦੀ ਅਤੇ ਮਰਨ ਵੇਲੇ ਜੀਵ ਦੇ ਨਾਲ ਭੀ ਨਹੀਂ ਜਾਂਦੀ।

ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ ੩ ॥

ਕਰਤਾ ਪੁਰਖ ਪ੍ਰਭੂ ਜਿਸ ਪੁਰਸ਼ ਨੂੰ ਆਪਣੇ ਵਲੋਂ ਖੁਆਏ=ਭੁਲਾਂਦਾ ਹੈ, ਉਸ ਤੋਂ ਪਹਿਲਾਂ ਹੀ ਚੰਗਿਆਈ ਖੁਸਿ=ਖੋਹ ਲੈਂਦਾ ਹੈ ਭਾਵ ਚੰਗਿਆਂ ਕਰਮਾਂ ਦੇ ਕਰਨ ਵਲੋਂ ਹਟਾ ਦਿੰਦਾ ਹੈ॥ ੩ ॥

[ਪੰਨਾ ੪੧੮]

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥

ਜਿਸ ਵੇਲੇ ਬਾਬਰ ਮੀਰੁ=ਬਾਦਸ਼ਾਹ ਦੌੜਦਾ ਆਉਂਦਾ ਸੁਣਿਆ ਕਿ ਸਾਡੇ ਉਪਰ ਫੌਜਾਂ ਸਮੇਤ ਚੜ੍ਹਾਈ ਕਰਕੇ ਆ ਰਿਹਾ ਹੈ, ਤਾਂ ਏਮਨਾ ਬਾਦੀਆਂ ਨੇ ਸ਼ਕਤੀਆਂ ਵਾਲੇ ਕਰੋੜਾਂ ਹੀ ਪੀਰ ਵਰਜਿ ਰਹਾਏ=ਰੋਕ ਦੱਖੇ ਕਿਉਂਕਿ ਉਹ ਨਿਕਲਣ ਲੱਗੇ ਸਨ, ਇਨ੍ਹਾਂ ਨੇ ਆਪਣੀ ਸਹਾਇਤਾ ਵਾਸਤੇ ਬੇਨਤੀ ਕਰਕੇ ਉਹਨਾਂ ਨੂੰ ਜਾਣ ਨਾ ਦਿੱਤਾ।

ਪਰ ਪਰਮਾਤਮਾ ਨੇ ਉਹਨਾਂ ਕਰੋੜਾਂ ਹੀ ਪੀਰਾਂ ਦੀਆਂ ਲਗਾਈਆਂ ਹੋਈਆਂ ਸ਼ਕਤੀਆਂ ਨੂੰ ਰੋਕ ਰੱਖਿਆ, ਕੋਈ ਭੀ ਸ਼ਕਤੀ ਲਗਾਈ ਹੋਈ ਉਹਨਾਂ ਦੀ ਕਾਮਯਾਬ ਨਾ ਹੋਈ।

ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥

ਮੁਕਾਮ=ਇਸਥਿਤ ਰਹਿਣ ਵਾਲੇ ਪੱਕੇ ਅਸਥਾਨ ਤੇ ਬਿਜ ਮੰਦਰ=ਪੱਕੇ ਮੰਦਰ ਸਭ ਜਲੇ=ਸੜ ਗਏ। ਅਥਵਾ : ਹਿੰਦੂਆਂ ਦੇ ਦੇਵ ਅਸਥਾਨ ਅਤੇ ਮੁਸਲਮਾਨਾਂ ਦੇ ਮੁਕਾਮ ਤੇ ਪਠਾਣਾਂ ਦੇ ਬਿਜ=ਪੱਕੇ ਮੰਦਰ ਸਭ ਸੜ ਗਏ ਅਤੇ ਬਾਬਰ ਦੀ ਫੌਜ ਨੇ ਪਠਾਣਾਂ ਦੇ ਕੁਇਰ=ਬੱਚਿਆਂ ਨੂੰ ਮੁਛਿ-ਮੁਛਿ=ਟੋਟੇ ਟੋਟੇ ਕਰਕੇ ਗਲੀਆਂ ਬਜ਼ਾਰਾਂ ਵਿਚ ਰੁਲਾਣਾ ਕੀਤਾ।

ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥ ੪ ॥

(ਅੱਗ ਲਾਉਣ ਵਾਲੇ ਤੇ ਬੱਚੇ ਕੋਹਣ ਵਾਲੇ ਮੁਗਲਾਂ ਵਿਚੋਂ) ਕੋਈ ਭੀ ਮੁਗਲ ਅੰਨ੍ਹਾਂ ਨਹੀਂ ਹੋਇਆ, ਕਿਉਂਕਿ ਕਿਸੇ ਪੀਰ ਨੇ ਭੀ ਸ਼ਕਤੀ ਰੂਪ ਪਰਚਾ ਨਹੀ ਲਗਾਇਆ। ਅਰਥਾਤ ਜਿਹੜੇ ਪੀਰ ਪਠਾਣਾਂ ਨੂੰ ਕਹਿੰਦੇ ਸਨ ਕਿ ਤੁਸੀਂ ਕੋਈ ਫ਼ਿਕਰ ਨਾ ਕਰੋ ਅਸੀਂ ਤੁਹਾਡੀ ਮਦਦ ਕਰਾਂਗੇ, ਜੋ ਤੁਹਾਡੇ ਵੱਲ ਬੁਰੀ ਨਿਗਾਹ ਕਰਕੇ ਵੇਖੇਗਾ, ਉਸ ਨੂੰ ਅਸੀਂ ਕ਼ਰਾਮਾਤ ਨਾਲ ਅੰਨ੍ਹਾਂ ਕਰ ਦਿਆਂਗੇ। ਬੁਰੀ ਨਿਗਾਹ ਨਾਲ ਵੇਖਣਾ ਤਾਂ ਕਿਤੇ ਰਿਹਾ ਮਸੂਮ ਬੱਚੇ ਟੁਕੜੇ ਟੁਕੜੇ ਕਰਕੇ ਰੋਲੇ ਗਏ। 'ਧਰਮ ਅਸਥਾਨ' ਸਾੜੇ ਗਏ ਫੇਰ ਭੀ ਕੋਈ ਅੰਨ੍ਹਾਂ ਨਾ ਹੋਇਆ॥ ੪ ॥

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥

ਜਿਸ ਵੇਲੇ ਮੁਗਲਾਂ ਭਾਵ ਬਾਬਰ ਦੀ ਫੌਜ ਅਤੇ ਪਠਾਣਾ=ਏਮਨਾਬਾਦੀ ਫੌਜ ਦੀ ਆਪਸ ਵਿਚ ਲੜਾਈ

ਸ਼ੁਰੂ ਹੋਈ ਤਾਂ ਦੋਹਾਂ ਫੌਜਾਂ ਨੇ ਰਣ ਭੂਮਿਕਾ ਵਿਚ ਚੰਗੀ ਤੇਗ-ਵਗਾਈ=ਤਲਵਾਰ ਚਲਾਈ।

ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ॥

ਜਦ ਉਨ੍ਹਾਂ ਮੁਗਲਾਂ ਨੇ ਤਾਣਿ=ਖਿੱਚਕੇ ਤੁਪਕ=ਤੋਪ, *ਅਥਵਾ* :-ਬੰਦੂਕਾਂ ਚਲਾਈਆਂ ਅਤੇ ਉਨ੍ਹਾਂ ਪਠਾਣਾਂ ਨੇ ਜਿਸ ਵੇਲੇ ਹਸਤਿ-ਚਿੜਾਈ=ਹਾਥੀ ਉਪਰ ਤੋਪ ਚੜ੍ਹਾਈ ਤਾਂ ਓਥੇ ਹੀ ਫਟ ਗਈ ਤੇ ਹਾਥੀ ਵੀ ਮਰ ਗਿਆ। *ਅਥਵਾ* :-ਉਨ੍ਹਾਂ ਪਠਾਣਾ ਦੇ ਹਸਤਿ=ਹੱਥ ਵਿਚ ਹੀ ਬੰਦੂਕ ਚਿੜਾਈ=ਚਲ ਗਈ, ਜਿਸ ਤੇ ਉਹ ਚਲਾਣ ਵਾਲੇ ਆਪ ਹੀ ਮਰ ਗਏ।

ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ॥ ੫॥

ਹੇ ਭਾਈ ! ਜਿਨ੍ਹਾਂ ਦੀ ਪਰਾਰਬਧ ਰੂਪੀ ਚੀਰੀ=ਚਿੱਠੀ, *ਅਥਵਾ* :-ਉਮਰਾਂ ਦੀ ਚਿੱਠੀ ਧੁਰ ਦਰਗਾਹੋਂ ਪਾਟ ਗਈ ਹੈ, ਉਨ੍ਹਾਂ ਦਾ ਜ਼ਰੂਰ ਹੀ ਮਰਣਾ ਹੁੰਦਾ ਹੈ। ਏਸੇ ਕਾਰਨ ਏਮਨਾਬਾਦ ਪਠਾਣ ਹਾਰ ਗਏ॥ ੫॥

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥

ਇਕ ਹਿੰਦਵਾਣੀ=ਹਿੰਦੂਆਂ ਦੇ ਘਰ ਵਾਲੀਆਂ ਤੇ ਅਵਰ=ਹੋਰ ਤੁਰਕਾਣੀ=ਤੁਰਕਾਂ ਦੇ ਘਰ ਵਾਲੀਆਂ, ਤੇ ਭਟਿਆਣੀ=ਭਟਾਂ ਦੇ ਘਰ ਵਾਲੀਆਂ (ਭਟ ਇਕ ਤਰ੍ਹਾਂ ਦੀ ਸੰਗਿਆ ਹੈ) ਤੇ ਠਕੁਰਾਣੀ=ਠਕੁਰਾਂ ਦੇ ਘਰ ਵਾਲੀਆਂ।

ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ॥

ਉਨ੍ਹਾਂ ਇਕਨਾਂ ਦੇ ਸਿਰ ਤੋਂ ਲੈ ਕੇ ਖੁਰ=ਪੈਰਾਂ ਤੱਕ ਪੇਰਣ=ਬੁਰਕੇ ਫਟ ਗਏ ਤੇ ਇਕਨਾਂ ਦਾ ਮਸਾਣਾਂ ਵਿਚ ਵਾਸਾ ਹੋ ਗਿਆ ਹੈ। *ਅਥਵਾ* :-ਇਕ ਪਾਸੇ ਹਿੰਦਣੀਆਂ, ਦੂਜੇ ਪਾਸੇ ਤੁਰਕਣੀਆਂ, ਤੀਜੇ ਪਾਸੇ ਭਟਿਆਣੀ=ਸਿਪਾਹੀਆਂ ਦੀਆਂ ਇਸਤ੍ਰੀਆਂ* ਤੇ ਚੌਥੇ ਪਾਸੇ ਠਕੁਰਾਣੀ=ਖਤ੍ਰਾਣੀਆਂ ਰੋ ਰਹੀਆਂ ਹਨ। ਇਕਨਾਂ ਦੇ ਪੇਰਣ=ਜਿਸਮ ਭਾਵ ਸਰੀਰ ਸਿਰ ਤੋਂ ਲੈ ਕੇ ਪੈਰਾਂ ਤੱਕ ਪਾਟੇ ਹੋਏ ਭਾਵ ਜ਼ਖਮੀ ਹੋਏ ਹੋਏ ਹਨ ਅਤੇ ਇਕਨਾਂ ਦਾ ਮਸਾਣਾਂ ਵਿਚ ਵਾਸਾ ਹੋ ਰਿਹਾ ਹੈ।

ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ॥ ੬॥

ਜਿਨ੍ਹਾਂ ਔਰਤਾਂ ਦੇ ਘਰ ਵਿਚ ਬੰਕੇ=ਸੁੰਦਰ ਪਤੀ ਨਹੀਂ ਆਏ, ਉਨ੍ਹਾਂ ਦੀ ਰਾਤ ਸੁਖਾਂ ਨਾਲ ਕਿਵੇਂ ਬਤੀਤ ਹੁੰਦੀ ਹੈ, ਭਾਵ ਨਹੀਂ ਹੁੰਦੀ।

ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ॥

ਉਹ ਕਰਤਾ ਪੁਰਖ ਆਪ ਹੀ ਕਰਦਾ ਕਰਾਉਂਦਾ ਹੈ, ਦੱਸੋ ਅਸੀਂ ਕਿਸ ਨੂੰ ਆਖ ਕੇ ਸੁਨਾਉਣਾ ਕਰੀਏ ?

ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੁਆਈਐ॥

ਉਸ ਪ੍ਰਭੂ ਦੇ ਭਾਣੈ=ਹੁਕਮ ਵਿਚ ਹੀ ਦੁੱਖ ਤੇ ਸੁਖ ਪ੍ਰਾਪਤ ਹੁੰਦੇ ਹਨ, ਇਹ ਜੀਵ ਫਿਰ ਕਿਸ ਦੇ ਪਾਸ ਜਾ ਕੇ ਰੋਣਾ ਕਰਨ।

**ਸੰਸਕ੍ਰਿਤ ਵਿਚ ਭੱਟ=ਬਹਾਦੁਰ ਸਿਪਾਹੀ ਦਾ ਨਾਂ ਹੈ, ਇਸ ਕਰਕੇ ਭਟਿਆਣੀ=ਸਿਪਾਹੀਆਂ ਦੀਆਂ ਇਸਤ੍ਰੀਆਂ ਅਰਥ ਕੀਤਾ ਹੈ।*

ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥ ੭॥ ੧੨॥

ਗੁਰੂ ਜੀ ਕਥਨ ਕਰਦੇ ਹਨ-ਉਹ ਹੁਕਮੀ=ਪਰਮਾਤਮਾ ਜੀਵਾਂ ਨੂੰ ਆਪਣੇ ਹੁਕਮਿ=ਹੁਕਮ ਵਿਚ ਚਲਾ ਕੇ ਵਿਗਸੈ=ਪ੍ਰਸੰਨ ਹੁੰਦਾ ਹੈ, ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਹੀ ਸੁਖ ਦੁੱਖ ਪ੍ਰਾਪਤ ਹੁੰਦੇ ਹਨ॥ ੭॥ ੧੨॥

੧ਓ ਸਤਿਗੁਰ ਪ੍ਰਸਾਦਿ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ॥

ਕਾਫੀ=ਛੰਦ ਦੀ ਚਾਲ ਹੈ। ੨-(ਕਾਫੀ)=ਵੈਰਾਗ ਮਈ ਉਪਦੇਸ਼ ਦਿੰਦੇ ਹਨ। ੩-ਹੇ ਪੁਰਸ਼ਾ ! ਜੇ ਤੂੰ ਸਾਡਾ ਇਤਨਾ ਹੀ ਉਪਦੇਸ਼ ਕਮਾ ਲਵੇਂ ਤਾਂ ਤੇਰੇ ਵਾਸਤੇ ਕਾਫੀ ਹੈ।

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥

ਜਿਵੇਂ ਗੋਇਲੀ=ਗਵਾਲਾ ਗਊਆਂ ਨੂੰ ਨਾਲ ਲੈ ਕੇ ਗੋਇਲ ਅਸਥਾਨ ਤੇ ਆਉਂਦਾ ਹੈ, *ਪਰ ਉਹ ਉਥੇ ਆ ਕੇ ਪੱਕੇ ਮਕਾਨ ਬਣਾ ਕੇ ਨਹੀਂ ਬਹਿੰਦਾ, ਚੰਦ ਦਿਨ ਰਹਿ ਕੇ ਵਾਪਸ ਆ ਜਾਂਦਾ ਹੈ। ਤਿਵੇਂ ਇਹ ਸਾਰਾ ਸੰਸਾਰ ਗੋਇਲ ਅਸਥਾਨ ਵਾਂਗ ਹੈ ਤੇ ਜੀਵ ਗੋਇਲੀ ਦੇ ਸਮਾਨ ਹੈ।

ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥ ੧॥

ਪਰ ਇਥੇ ਆ ਕੇ ਆਦਮੀ ਝੂਠੇ ਧੰਦੇ ਕਮਾਉਂਦਾ ਹੈ ਅਤੇ ਘਰ ਤੇ ਸੁੰਦਰ ਬਾਰਾ=ਦਰਵਾਜ਼ਿਆਂ ਨਾਲ ਮੋਹ ਬੰਨ੍ਹ ਲੈਂਦਾ ਹੈ॥ ੧॥

ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥ ੧॥ ਰਹਾਉ॥

ਹੇ ਮੋਹ ਨੀਂਦ ਵਿਚ ਸੁੱਤੇ ਹੋਏ ਪੁਰਸ਼ੋ ! ਜਾਗ ਪਵੋ, ਜਾਗ ਪਵੋ। *ਅਥਵਾ* :-ਜਿਹੜੇ ਭਜਨ ਸਿਮਰਨ ਵਿਚ ਜਾਗੇ ਹਨ। ਉਨ੍ਹਾਂ ਦੁਆਰੇ ਤੁਸੀਂ ਭੀ ਜਾਗ ਪਵੋ। ਜੇ ਨਹੀਂ ਜਾਗੋਗੇ ਤਾਂ ਜਾਗਹੁ=ਕਾਂ ਜੂਨ ਵਿਚ ਪਵੋਗੇ। ਇਹ ਵਣਜਾਰਾ=ਜੀਵ ਲੁਟਿਆ ਜਾ ਰਿਹਾ ਹੈ, ਭਾਵ ਮੌਤ ਦੇ ਦਿਨ ਨੇੜੇ ਆਉਂਦੇ ਜਾਂਦੇ ਹਨ॥ ੧॥ ਰਹਾਉ॥

ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ॥

ਜੇ ਨੀਤ ਨੀਤ=ਨਿਤਾ ਪ੍ਰਤੀ ਭਾਵ ਹਮੇਸ਼ਾਂ ਇਸਥਿਤ ਰਹਿਣਾ ਹੋਵੇ ਤਾਂ ਘਰ ਨਾਲ ਮੋਹ ਬੰਨ੍ਹਣਾ ਚਾਹੀਦਾ ਹੈ। *ਅਥਵਾ* :-ਨਿਤਾਪ੍ਰਤੀ ਤਾਂ ਹੀ ਘਰ ਬਾਂਧੀਅਹਿ=ਬਨਾਉਣੇ ਚਾਹੀਦੇ ਹਨ, ਜੇਕਰ ਇਸਥਿਤ ਰਹਿਣਾ ਹੋਵੇ।

ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ॥ ੨॥

ਅੰਤ ਨੂੰ ਪਿੰਡੁ=ਸਰੀਰ ਨੇ ਇਥੇ ਡਿੱਗ ਪੈਣਾ ਹੈ ਤੇ ਜੀਵ ਨੇ ਪ੍ਰਲੋਕ ਵਿਚ ਚਲਿਆ ਜਾਣਾ ਹੈ, ਜਿਹੜਾ ਕੋਈ ਇਸ ਗੱਲ ਨੂੰ ਜਾਣਦਾ ਹੈ, ਓਹੀ ਤਰਦਾ ਹੈ॥ ੨॥

ਜਿਸ ਵੇਲੇ ਕੋਈ ਮਰਦਾ ਹੈ ਤਾਂ ਔਰਤਾਂ ਪਿਟਦੀਆਂ ਹੋਈਆਂ ਇੰਞ ਆਖਦੀਆਂ ਹਨ-ਹੈ ਓ, ਹੈ ਓ, ਇਹ ਗੱਲ ਸੁਣ ਕੇ ਗੁਰੂ ਜੀ ਸਮਝਾਂਦੇ ਹਨ ਹੇ ਮਾਈਓ ! ਤੁਸੀਂ-

---

**ਉਹ ਥਾਂ, ਜਿੱਥੇ ਬਰਸਾਤ ਦੀ ਮੌਸਮ ਹਰਾ ਘਾਹ ਚਰਣ ਲਈ ਗਾਈਆਂ ਨੂੰ ਰੱਖਿਆ ਜਾਵੇ।*

(ਦੇਖੋ, ਮਹਾਨ ਕੋਸ਼ ਗੋਇਲ ੨)

ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥

ਓਹੀ ਓਹੀ=ਊਈ ਊਈ ਜਾਂ ਹਾਇ ਹਾਇ ਕਿਉਂ ਕਰਦੀਆਂ ਹੋ। ਜਿਸ ਜੀਵ ਨੂੰ ਮੋਇਆ ਜਾਣ ਕੇ ਤੁਸੀਂ ਪਿੱਟਦੀਆਂ ਹੋ, ਉਹ ਹੁਣ ਭੀ ਹੈ, ਅੱਗੇ ਨੂੰ ਭੀ ਹੋਵੇਗਾ। ਕਿਉਂਕਿ ਜੀਵ ਕਦੇ ਮਰਦਾ ਨਹੀਂ, ਪਰ ਸਰੀਰ ਨੇ ਇਸਥਿਤ ਨਹੀਂ ਰਹਿਣਾ।

ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ॥ ੩॥

ਤੁਸੀਂ ਤਾਂ ਭਲਾ ਉਸ ਮੋਏ ਹੋਏ ਨੂੰ ਚੇਤੇ ਕਰਕੇ ਰੋਵੋਗੀਆਂ ਪਰ ਫੇਰ ਤੁਹਾਨੂੰ ਕੌਣ ਰੋਵੇਗਾ ? ਕਾਇਆ ਦਾ ਤੇ ਜੀਵ ਦਾ ਨਿਤ ਵਿਜੋਗ ਹੁੰਦਾ ਹੀ ਰਹਿਣਾ ਹੈ, ਤੁਸੀਂ ਤਾਂ ਫਿਰ ਨਿਤ ਹੀ ਰੋਣ ਪਿਟਣ ਵਿਚ ਲਗੀਆਂ ਰਹੋਗੀਆਂ॥ ੩॥

ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥

ਹੇ ਭਾਈਓ ! ਤੁਸੀਂ ਤਾਂ ਆਪਣੇ ਧੰਦਿਆਂ ਵਾਸਤੇ ਹੀ ਪਿੱਟ ਰਹੇ ਹੋ, ਇਹ ਨਹੀਂ ਵਿਚਾਰਦੇ ਉਹ ਕਿਹੜੇ ਖੂਹ ਵਿਚ ਪਿਆ ਹੈ, ਇਹ ਜਿਹੜਾ ਰੋਂਦੇ ਹੋ, ਇਹ ਤੁਸੀਂ ਝੂਠ ਹੀ ਕਮਾਉਂਦੇ ਹੋ।

ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥ ੪॥

ਉਹ ਮਰਨ ਵਾਲਾ ਤਾਂ ਕਿਸੀ ਪ੍ਰਕਾਰ ਸੁਣਦਾ ਹੀ ਨਹੀਂ ਹੈ,

ਇਹ ਤਾਂ ਤੁਸੀਂ ਐਵੇਂ ਲੋਕਾਂ ਨੂੰ ਹੀ ਸੁਣਾਉਂਦੇ ਹੋ॥ ੪॥

ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ।

ਗੁਰੂ ਜੀ ਕਥਨ ਕਰਦੇ ਹਨ-ਜਿਸ ਪ੍ਰਭੂ ਦੇ ਹੁਕਮ ਕਰਕੇ ਇਹ ਜੀਵ ਮੋਹ ਦੀ ਨੀਂਦ ਵਿਚ ਸੁਤਾ ਹੋਇਆ ਹੈ, ਜੇਕਰ ਉਹ ਪ੍ਰਭੂ ਹੀ ਜਗਾਵੇ ਤਾਂ ਜਾਗ ਸਕਦਾ ਹੈ।

ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ॥ ੫॥

ਜੇਕਰ ਇਹ ਜੀਵ ਆਪਣੇ ਸਰੂਪ -ਘਰ ਨੂੰ ਬੁਝ ਲਵੇ, ਤਾਂ ਇਸ ਨੂੰ ਮੋਹ ਦੀ ਨੀਂਦ ਆ ਕੇ ਪ੍ਰਾਪਤ ਨਹੀਂ ਹੋਵੇਗੀ॥ ੫॥

ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ॥

ਜੇਕਰ ਚਲਦਾ=ਮਰ ਜਾਣ ਵਾਲਾ ਕੁਝ ਸੰਪਦਾ ਨੂੰ ਨਾਲ ਲੈ ਕੇ ਗਿਆ ਹੈ।

ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ॥ ੬॥

ਤਾਂ ਉਸ ਨੂੰ ਵੇਖ ਕੇ ਤੁਸੀਂ ਭੀ ਧਨ ਇਕੱਠਾ ਕਰ ਲਵੋ, ਜ਼ਰਾ ਇਸ ਵਿਚਾਰ ਨੂੰ ਬੁਝਣਾ ਕਰੋ॥ ੬॥

ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥

ਹੇ ਭਾਈ ! ਨਾਮ ਦਾ ਵਣਜੁ=ਵਾਪਾਰ ਕਰਕੇ ਮਖਸੂਦੁ=ਨਫਾ ਲੈਣਾ ਕਰੋ, ਫਿਰ ਮਤ ਪਛੋਤਾਵਹੁ= ਪਛੁਤਾਉਗੇ ਨਹੀਂ।

ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥ ੭ ॥

ਔਗੁਣਾਂ ਨੂੰ ਛੱਡ ਕੇ ਸ਼ੁਭ ਗੁਣਾਂ ਨੂੰ ਧਾਰਨ ਕਰੋ, ਇਸ ਤਰ੍ਹਾਂ ਦੇ ਤਤੁ=ਸਿਧਾਂਤ ਦੇ ਗ੍ਰਹਿਣ ਕਰਨ ਵਿਚ ਪਰਾਵਹੁ=ਪਰਾਇਣ ਹੋ ਜਾਵੋ, ਭਾਵ ਤਤਪਰ ਹੋ ਜਾਵੋ॥ ੭॥

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥

ਜਿਹੜੀ ਬੁੱਧੀ ਧਰਮ ਦੇ ਸਹਿਤ ਕਰਨੀ ਹੈ, ਇਹ ਭੂਮੀ ਕਰੋ, ਸੱਚ ਬੋਲਣਾ;

ਅਥਵਾ :-ਸੱਚ ਨਾਮ ਜਪਣਾ ਏਹੀ ਬੀਜ ਬੀਜਣਾ ਕਰੋ, ਇਸ ਤਰ੍ਹਾਂ ਦੀ ਕਿਰਸ=ਖੇਤੀ ਕਮਾਵਹੁ=ਕਰੋ।

ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥ ੮ ॥

ਜਦ ਇਥੋਂ ਲਾਹਾ=ਲਾਭ ਭਾਵ ਨਫਾ ਲੈ ਕੇ ਜਾਓਗੇ, ਤਾਂ ਫਿਰ ਸੱਚੇ ਵਾਪਾਰੀ ਜਾਣੇ ਜਾਓਗੇ॥ ੮ ॥

ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥

ਪਰਮਾਤਮਾ ਦਾ ਕਰਮੁ=ਅਨੁਗ੍ਰਹੁ ਹੋਵੇ ਤਾਂ ਪੂਰਨ ਸਤਿਗੁਰੂ ਮਿਲਦੇ ਹਨ, ਸਤਿਗੁਰਾਂ ਦੇ ਮਿਲਣ ਕਰਕੇ ਹੀ ਉੱਤਮ ਵਿਚਾਰ ਨੂੰ ਬੁਝਦਾ ਹੈ।

ਨਾਮੁ ਵਖਾਣੈ ਸੁਣੈ ਨਾਮੁ ਨਾਮੇ ਬਿਉਹਾਰਾ ॥ ੯ ॥

ਗੁਰਾਂ ਪਾਸੋਂ ਨਾਮ ਨੂੰ ਸੁਣ ਕੇ ਨਾਮ ਨੂੰ ਹੀ ਵਖਾਣੈ=ਆਖਦਾ ਹੈ ਅਤੇ ਨਾਮ ਦਾ ਹੀ ਵਪਾਰ ਕਰਦਾ ਹੈ॥ ੯॥

ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥

ਜਿਵੇਂ ਲਾਹਾ=ਨਫਾ ਹੈ, ਤਿਵੇਂ ਤੋਟਾ=ਘਾਟਾ ਹੈ, ਇਹ ਵਾਟ=ਪਗਡੰਡੀ ਧੁਰ ਤੋਂ ਹੀ ਚਲਦੀ ਆਈ ਹੈ।

ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥ ੧੦ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਨੂੰ ਜੋ ਭਾਉਂਦਾ ਹੈ, ਸਾਡੇ ਲਈ ਉਹੀ ਵਡਿਆਈ ਹੈ॥ ੧੦॥ ੧੩॥

ਆਸਾ ਮਹਲਾ ੧ ॥ ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ ॥

ਚਾਰੇ ਦਿਸ਼ਾਂ ਫਿਰ ਵੇਖੀਆਂ ਹਨ, ਤੇਰੇ ਬਿਨਾਂ ਮੈਡਾ=ਮੇਰਾ ਕੋਈ ਭੀ ਨੀਮ੍ਹੀ=ਨਹੀਂ ਹੈ।

ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ ॥ ੧ ॥

ਹੇ ਸਾਹਿਬਾ ! ਜੇ ਤੈਨੂੰ ਭਾ ਜਾਵੇ ਤਾਂ ਕਿਰਪਾ ਕਰ, ਕਿਉਂਕਿ ਤੂੰ ਮੇਰਾ ਸਾਹਿਬ ਹੈਂ ਅਤੇ ਮੈਂ ਤੇਰਾ ਦਾਸ ਹਾਂ॥ ੧ ॥

ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ ॥

ਜਦ ਕਿ ਮੈਨੂੰ ਬੀਭਾ=ਦੂਜਾ ਦਰਵਾਜ਼ਾ ਦਿੱਸਦਾ ਹੀ ਨੀਮ੍ਹਿ=ਨਹੀਂ, ਤਾਂ ਮੈਂ ਕੈ=ਕਿਸ ਕੋ=ਨੂੰ ਜਾ ਕੇ ਸਲਾਮੁ=ਨਮਸਕਾਰ ਕਰਾਂ।

ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥ ੧ ॥ ਰਹਾਉ ॥

ਹਿਕੋ ਮੈਡਾ=ਮੇਰਾ ਇਕ ਤੂੰ ਹੀ ਧਣੀ=ਮਾਲਕ ਹੈਂ, ਮੂੰਹ ਨਾਲ ਮੈਂ ਤੇਰੇ ਸੱਚੇ ਨਾਮ ਨੂੰ ਜਪਦਾ ਹਾਂ॥ ੧ ॥ ਰਹਾਉ॥

ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥

ਸਿਧਾਂ ਦੀ ਸੇਵਾ ਕਰਨ ਵਾਲੇ ਜੋ ਮਨੁੱਖ ਹਨ, ਉਹ ਆਪਣੇ ਸਿਧਾ ਤੇ ਪੀਰਾਂ ਪਾਸੋਂ ਰਿਧੀ-ਸਿਧੀ ਹੀ ਮੰਗਦੇ ਹਨ।

ਮੈ ਇਕੁ ਨਾਮੁ ਨ ਵੀਸਰੈ ਸਾਚੈ ਗੁਰ ਬੁਧਿ ॥ ੨ ॥

ਮੈਨੂੰ ਇਕ ਆਪ ਜੀ ਦਾ ਨਾਮ ਜਪਣਾ ਨਾ ਭੁਲੇ, ਕਿਉਂਕਿ ਮੈਂ ਸੱਚੇ ਗੁਰੂ ਜੀ ਪਾਸੋਂ ਏਹੋ ਬੁੱਧੀ ਸਿਖੀ ਹੈ॥ ੨ ॥

[ਪੰਨਾ ੪੧੯]

ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥

ਜੋਗੀਆਂ ਦੇ ਜੋ ਬਾਰਾਂ ਭੇਖ ਹਨ, ਭੋਗੀ=ਠਾਕੁਰਾਂ ਨੂੰ ਭੋਗ ਲਗਾ ਕੇ ਜੋ ਖਾਣ ਵਾਲੇ ਹਨ, ਕਾਪੜੀ ਭੀ ਇਕ ਭੇਖ ਹੈ, ਜੋ ਦਿਸੰਤਰ=ਦੁਆਰਕਾ ਪਾਸ ਫਿਰਨ ਵਾਲੇ ਹਨ, ਇਹ ਸਾਰੇ ਕਿਆ ਹਨ ? ਭਾਵ ਤੁਛ ਹਨ।

ਅਥਵਾ :-ਕਾਪੜੀ ਹੋ ਕੇ ਦੇਸਾਂ ਪ੍ਰਦੇਸ਼ਾਂ ਵਿਚ ਫਿਰਨਾ ਕਿਸ ਕੰਮ ਹੈ ?

ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ ॥ ੩ ॥

ਇਹ ਭੇਖੀ ਨਾ ਗੁਰੂ ਦੇ ਉਪਦੇਸ਼ ਨੂੰ ਜਾਣਦੇ ਹਨ, ਨਾ ਹੀ ਨਿਰੰਤਰ=ਇਕ-ਰਸ ਸਾਰੁ=ਸਰੇਸ਼ਟ ਤਤ ਵਸਤੂ ਜੋ ਪਰਮਾਤਮਾ ਹੈ, ਉਸ ਨੂੰ ਜਾਣਦੇ ਹਨ॥ ੩ ॥

ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥

ਪੰਡਿਤ, ਨਿਤ ਪੁਰਾਣਾਂ ਦੀ ਕਥਾ ਵਾਚਦੇ ਹਨ; ਪਾਂਧੇ, ਨਿਤ ਮੁੰਡਿਆਂ ਨੂੰ ਪੜ੍ਹਾਉਂਦੇ ਹਨ ਅਤੇ ਜੋਤਸ਼ੀ, ਨਿਤ ਜੋਤਸ਼ ਦੇ ਗ੍ਰੰਥਾਂ ਨੂੰ ਪੜ੍ਹਦੇ ਹਨ।

ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥ ੪ ॥

ਪਰੰਤੂ ਘਟ ਅੰਤਰ ਜੋ ਬ੍ਰਹਮ ਵਸਤੂ ਲੁਕੀ ਹੋਈ ਹੈ, ਉਸ ਨੂੰ ਜਾਣਦੇ ਨਹੀਂ ਹਨ॥ ੪ ॥

ਇਕ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥

ਇਕ ਤੱਪਸ੍ਵੀ ਲੋਕ ਜੰਗਲ ਵਿਖੇ ਬੈਠ ਕੇ ਤੱਪ ਕਰਦੇ ਹਨ ਤੇ ਇਕ ਨਿਤਾ ਪ੍ਰਤੀ ਤੀਰਥਾਂ 'ਪਰ ਨਿਵਾਸ ਕਰਕੇ ਹਨ।

ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥ ੫ ॥

ਉਹ ਤਮੋ ਗੁਣੀ ਹੋਏ ਹੋਏ ਆਪਣੇ ਸਰੂਪ ਨੂੰ ਨਹੀਂ ਜਾਣਦੇ, ਫਿਰ ਸਾਧ ਕਿਸ ਲਈ ਬਣੇ ? ਭਾਵ ਵਿਅਰਥ ਹਨ॥ ੫ ॥

ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥

ਇਕ ਪੁਰਸ਼ ਬੜੇ ਜਤਨ ਕਰਕੇ ਬੀਰਜ ਨੂੰ ਰੋਕ ਰੱਖਦੇ ਹਨ, ਉਹ ਆਪਣੇ ਆਪ ਨੂੰ ਜਤੀ ਕਹਾਉਂਦੇ ਹਨ।

ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥ ੬॥

ਪ੍ਰੰਤੂ ਗੁਰ ਸ਼ਬਦ ਤੋਂ ਬਿਨਾਂ ਉਹ ਛੁਟਦੇ ਨਹੀਂ ਹਨ, ਸਗੋਂ ਭਰਮ ਕਰਕੇ ਆਉਂਦੇ ਜਾਂਦੇ ਹਨ॥ ੬॥

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥

ਇਕ ਜੋ ਗ੍ਰਹਸਤੀ ਹਨ; ਹਰ ਇਕ ਦੇ ਸੇਵਕ, ਸ਼ੁਭ ਸਾਧਨਾਂ ਦੇ ਕਰਨ ਵਾਲੇ ਜੋ ਗੁਰਾਂ ਦੀ ਸਿੱਖਿਆ ਵਿਚ ਲੱਗੇ ਹੋਏ ਹਨ।

ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥ ੭॥

ਅਤੇ ਨਾਮ ਜਪਦੇ ਹਨ, ਦਾਨ ਦਿੰਦੇ ਹਨ, ਇਸ਼ਨਾਨ ਕਰਦੇ ਹਨ, ਜੋ ਇਨ੍ਹਾਂ ਕਰਮਾਂ ਨੂੰ ਦ੍ਰਿੜ ਕਰਦੇ ਹਨ, ਉਹ ਹਰੀ ਦੀ ਭਗਤੀ ਵਿਚ ਜਾਗੇ ਹਨ।

ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਵਾਣੈ॥

ਜੋ ਪੁਰਸ਼ ਪਹਿਲੇ ਜਾਇ ਸਿਵਾਣੈ=ਸਤਸੰਗ ਰੂਪੀ ਜਗ੍ਹਾਂ ਨੂੰ ਸਿਵਾਣੈ=ਪਛਾਣ ਲੈਂਦਾ ਹੈ ਭਾਵ ਸਤਸੰਗਤ ਕਰਨੀ ਜਾਣਦਾ ਹੈ ਅਤੇ ਗੁਰਾਂ ਦੇ ਉਪਦੇਸ਼ ਕਰਕੇ ਸਰੀਰ-ਘਰ ਵਿਚ ਗਿਆਨ ਰੂਪ ਦਰੁ=ਦਰਵਾਜ਼ੇ ਦੀ ਪ੍ਰਾਪਤੀ ਕਰਦਾ ਹੈ, ਉਹ ਸਰੂਪ-ਘਰ ਨੂੰ ਜਾਣਦਾ ਹੈ।

ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ॥ ੮॥ ੧੪॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਨਾਮ ਨਹੀਂ ਵੀਸਰੈ=ਭੁਲਦਾ-ਉਹ ਸੱਚੇ ਦੇ ਮਨ ਵਿਚ ਮਾਨੈ=ਚੰਗੇ ਲੱਗੇ ਹਨ। *ਅਥਵਾ :-*ਉਹ ਸੱਚੇ ਆਨੰਦ ਨੂੰ ਮਨ ਵਿਚ ਭੋਗਦੇ ਹਨ॥ ੮॥ ੧੪॥

ਆਸਾ ਮਹਲਾ ੧॥

ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ॥

ਹੇ ਸੱਚੇ ਪ੍ਰਭੂ ! ਮੇਰੇ ਮਨ ਵਿਚੋਂ ਮੇਰੀਆਂ ਵਾਸ਼ਨਾਂ ਨੂੰ ਮਨਹਿ=ਨਵਿਰਤ ਕਰਕੇ ਆਪਣੇ ਸਰੂਪ ਵਿਚ ਸਮਾਇ ਲੇ=ਅਭੇਦ ਕਰ ਲੈ, ਜਿਸ ਕਰਕੇ ਮੇਰਾ ਭਉਜਲੁ=ਸੰਸਾਰ (ਸਮੁੰਦਰ) ਤੋਂ ਤਰਨਾ ਹੋਵੇ।

ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ॥ ੧॥

ਹੇ ਠਾਕੁਰ ! ਤੂੰ ਆਦਿ ਜੁਗਾਦਿ=ਸਦਾ ਸਦਾ ਦਿਆਲੂ ਹੈਂ, ਮੈਂ ਤੇਰੀ ਸ਼ਰਨ ਆਇਆ ਹਾਂ॥ ੧॥

ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ॥

ਹੇ ਹਰੀ ! ਤੂੰ ਦਾਤਾ ਹੈਂ, ਅਸੀਂ ਮੰਗਤੇ ਹਾਂ, ਆਪਣੀ ਦਰਸ਼ਨ ਰੂਪ ਭਿਖਿਆ ਦੇਣਾ ਕਰੋ।

ਗੁਰਮੁਖਿ ਨਾਮੁ ਧਿਆਈਐ ਮਨ ਮੰਦਰੁ ਭੀਜੈ॥ ੧॥ ਰਹਾਉ॥

ਗੁਰਾਂ ਦੁਆਰੇ ਤੇਰੇ ਨਾਮ ਨੂੰ ਧਿਆਉਂਦੇ ਰਹੀਏ, ਜਿਸ ਤੇ ਮੇਰਾ ਮਨ ਹੇ ਮੰਦਰੁ=ਅਧਿਸ਼ਠਾਨ ਰੂਪ ਪ੍ਰਭੂ !

ਤੇਰੇ ਮੰਦਰੁ=ਅੰਦਰ ਭਿੱਜ ਜਾਵੇ॥ ੧ ॥ ਰਹਾਉ॥

ਗੁਰੂ ਜੀ ਸਿੱਖ ਨੂੰ ਉਪਦੇਸ਼ ਕਰਦੇ ਹਨ :-

ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ॥

ਹੇ ਪੁਰਸ਼ਾ ! ਕੂੜੇ ਪਦਾਰਥਾਂ ਦੇ ਲਾਲਚ ਨੂੰ ਛੱਡਣਾ ਕਰ, ਤਦ ਤੂੰ ਸੱਚੇ ਨੂੰ ਪਛਾਣੇਂਗਾ।-

ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ॥ ੨ ॥

ਗੁਰਾਂ ਦੇ ਉਪਦੇਸ਼ ਵਿਚ ਸਮਾਉਣਾ ਕਰ ਤਾਂ ਤੂੰ ਪਰਮ+ਅਰਥੁ=ਸਿਧਾਂਤ ਨੂੰ ਜਾਣੇਗਾ॥ ੨ ॥

ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ॥

ਇਹ ਮਨ ਲੋਭੀਆਂ ਦਾ ਰਾਜਾ ਹੈ ਭਾਵ ਵੱਡਾ ਲੋਭੀ ਹੈ, ਲੁਭਤਉ=ਪਦਾਰਥਾਂ ਵਿਚ ਲੁਭਾਇਮਾਨ ਹੋ ਰਿਹਾ ਹੈ।

ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ॥ ੩ ॥

ਗੁਰਾਂ ਦੁਆਰੇ ਲੋਭ ਨੂੰ ਨਵਿਰਤ ਕਰੀਏ, ਜਿਸ ਨੇ ਲੋਭ ਨਵਿਰਤ ਕੀਤਾ ਹੈ, ਉਸ ਦੀ ਹਰੀ ਨਾਲ ਪ੍ਰੀਤੀ ਬਣ ਆਈ ਹੈ॥ ੩ ॥

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥

ਕਲਰ ਵਾਲੀ ਖੇਤੀ=ਜ਼ਮੀਨ ਵਿਚ ਬੀਜ ਬੀਜੇ ਤਾਂ ਕਿਵੇਂ ਲਾਭ ਪਾ ਸਕਦਾ ਹੈ ? ਇਸੇ ਤਰ੍ਹਾਂ ਪਾਪ ਵਿਸ਼ਿਸ਼ਟ ਜੋ ਬੁੱਧੀ ਹੈ, ਏਹੀ ਕਲਰ ਵਾਲੀ ਧਰਤੀ ਹੈ, ਉਸ ਵਿਚ ਸ਼ੁਭ ਕਰਮਾਂ ਰੂਪੀ ਬੀਜ ਬੀਜੇ ਤਾਂ ਕਿਵੇਂ ਆਤਮ ਲਾਭ ਪਾ ਸਕਦਾ ਹੈ ? ਅਰਥਾਤ ਨਹੀਂ ਪਾ ਸਕਦਾ।

ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥ ੪ ॥

ਮਨਮੁਖ ਪੁਰਸ਼ ਸੱਚ ਵਿਖੇ ਨਹੀਂ ਭਿਜਦਾ, ਕੂੜੁ=ਝੂਠਾ ਪੁਰਸ਼ ਝੂਠਿਆਂ ਵਿਚ ਜਾ ਗਡਾਵੈ=ਮਿਲਦਾ ਹੈ॥ ੪ ॥

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥

ਹੇ ਅੰਨ੍ਹੇ ਅਗਿਆਨੀਓ ! ਪਦਾਰਥਾਂ ਦੇ ਲਾਲਚ ਨੂੰ ਛੱਡ ਦਿਓ, ਲਾਲਚ ਵਿਚ ਬੜਾ ਭਾਰੀ ਦੁੱਖ ਹੈ, ਇਸ ਕਰਕੇ ਤੁਸੀਂ ਸੱਚਾ ਨਾਮ ਜਪੋ।

ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥ ੫ ॥

ਜੇਕਰ ਸੱਚਾ ਸਾਹਿਬ ਮਨ ਵਿਚ ਵਸ ਜਾਵੇ ਤਾਂ ਹੰਗਤਾ ਮਮਤਾ ਅਤੇ ਵਿਸ਼ਿਆਂ ਦੀ ਪੰਗਤੀ ਨੂੰ ਮਾਰ ਦਿੰਦਾ ਹੈ॥ ੫ ॥

ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ॥

ਹੇ ਭਾਈ ! ਦੁਬਿਧਾ ਰੂਪ ਖੋਟੀ ਡੰਡੀ ਨੂੰ ਛੱਡ ਦਿਓ, ਨਹੀਂ ਤਾਂ ਲੁਟੇ ਜਾਓਗੇ।

ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ॥ ੬ ॥

ਸਤਿਗੁਰਾਂ ਦੀ ਸ਼ਰਨ ਲੈ ਕੇ ਦਿਨ ਰਾਤ ਨਾਮ ਨੂੰ ਸਲਾਹੁਣਾ ਕਰੋ॥ ੬॥

ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥

ਮਨਮੁਖ ਪੁਰਸ਼ ਸੈਲੁ=ਖੁਸ਼ਕ ਪੱਥਰ ਵਰਗਾ ਹੈ, *ਅਥਵਾ* :-ਪੱਥਰ ਦੀ ਸਿਲਾ ਵਾਂਗ ਹੈ, *ਅਥਵਾ* :-ਪੱਥਰ ਦੀ ਤਰ੍ਹਾਂ ਭਾਰਾ ਹੈ, ਉਸ ਦੇ ਜੀਉਣ ਨੂੰ ਧ੍ਰਿਗੁ=ਲਾਹਨਤ ਹੈ, ਜੋ ਫਿੱਕੇ ਬਚਨ ਬੋਲਦਾ ਹੈ।

ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥ ੭॥

ਪੱਥਰ ਨੂੰ ਜਲ ਵਿਚ ਭਾਵੇਂ ਕਿਤਨਾ ਸਮਾਂ ਰੱਖ ਛੱਡੀਏ ਤਾਂ ਭੀ ਉਹ ਅੰਦਰੋਂ ਸੁੱਕਾ ਹੀ ਰਹਿੰਦਾ ਹੈ, ਇੰਜ ਹੀ ਮਨਮੁਖ ਨੂੰ ਚਾਹੇ ਨਾਮ-ਜਲ ਵਿਚ ਕਿਤਨਾ ਸਮਾਂ ਰੱਖਣਾ ਕਰੀਏ ਤਾਂ ਭੀ ਉਸ ਦਾ ਅੰਦਰੋਂ ਅਭ=ਹਿਰਦਾ ਸੁੱਕਾ ਰਹਿੰਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਕਾਵਿ ਵਿਚ ਕਿਹਾ ਹੈ-

ਪਥਰੁ ਮੂਲੁ ਨ ਭਿਜਈ ਸੈ ਵਰਿਆ ਜਲ ਅੰਦਰਿ ਰਖੈ। *(ਵਾਰ ੩੨, ਪਉ:੬)*

ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ॥

ਹਰੀ ਦਾ ਨਾਮ ਜੋ ਨਿਧੀਆਂ ਦਾ, *ਅਥਵਾ* :-ਸ਼ੁਭ ਗੁਣਾਂ ਦਾ ਖਜ਼ਾਨਾ ਹੈ, ਉਹ ਪੂਰੇ ਸਤਿਗੁਰਾਂ ਨੇ ਮੈਨੂੰ ਦਿੱਤਾ ਹੈ।

ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ॥ ੮॥ ੧੫॥

ਗੁਰੂ ਜੀ ਕਹਿੰਦੇ ਹਨ-ਇਸ ਲਈ ਮੈਨੂੰ ਪਰਮੇਸ਼ਰ ਦਾ ਨਾਮ ਵੀਸਰੈ=ਭੁੱਲਦਾ ਨਹੀਂ ਹੈ, ਉਸ ਨੂੰ ਮਥਿ=ਵਿਚਾਰ ਕੇ ਬ੍ਰਹਮਾ ਨੰਦ ਰੂਪੀ ਅੰਮ੍ਰਿਤ ਮੈਂ ਪੀਣਾ ਕੀਤਾ ਹੈ॥ ੮॥ ੧੫॥

ਆਸਾ ਮਹਲਾ ੧॥

ਚਲੇ ਚਲਣਹਾਰ ਵਾਟ ਵਟਾਇਆ॥

ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ॥ ੧॥

ਗੁਰਮੁਖ ਜਨ ਸੰਸਾਰ ਵਾਟ=ਰਸਤੇ ਨੂੰ ਵਟਾਇਆ=ਬਦਲਾ ਕੇ ਚਲਣ ਵਾਲੇ ਹੋ ਕੇ ਪਰਮੇਸ਼ਰ ਦੀ ਤਰਫ ਚਲੇ ਹਨ। ਗੁਰਮੁਖਾਂ ਨੇ ਸੰਸਾਰਕ ਧੰਦਿਆਂ ਨੂੰ ਪਿਟੇ=ਨਵਿਰਤ ਕਰ ਦਿੱਤਾ ਹੈ, ਉਨ੍ਹਾਂ ਨੂੰ ਸੱਚ ਨਾਮ ਨਹੀਂ ਭਾਉਂਦਾ ? ਕਿੰਤੂ ਭਾਉਂਦਾ ਹੈ॥ ੧॥

ਅਥਵਾ : -ਮਨਮੁਖ ਪੁਰਸ਼ ਚਲਣੇ ਵਾਲੇ ਹੋ ਕੇ ਸੰਸਾਰ ਵੱਲ ਚਲੇ ਹਨ। ਮਨਮੁਖਾਂ ਨੇ ਪਰਮੇਸ਼ਰ ਦੀ ਵਾਟ ਨੂੰ ਬਦਲਾਅ ਦਿੱਤਾ ਹੈ।

ਤੀਜੇ ਅਰਥ ਵਿਚ ਅੱਧੀ ਤੁਕ ਗੁਰਮੁਖਾਂ ਵੱਲ ਅੱਧੀ ਮਨਮੁਖਾਂ ਵੱਲ ਲਗਾਣੀ-

ਗੁਰਮੁਖ ਚਲਣੇ ਵਾਲੇ ਹੋ ਕੇ ਪਰਮੇਸ਼ਰ ਵੱਲ ਚਲੇ ਹਨ ਤੇ ਮਨਮੁਖਾਂ ਨੇ ਉਸ ਵਾਟ ਨੂੰ ਹੀ ਬਦਲਾਅ ਦਿੱਤਾ ਹੈ।

ਅਥਵਾ :-ਮਨਮੁਖ ਪੁਰਸ਼ ਚਲਣੇ ਵਾਲੇ ਹੋ ਕੇ ਸੰਸਾਰ ਵੱਲ ਚਲੇ ਹਨ ਤੇ ਗੁਰਮੁਖਾਂ ਨੇ ਉਸ ਸੰਸਾਰਕ ਵਾਟ ਨੂੰ ਬਦਲਾਅ ਦਿੱਤਾ ਹੈ। ਮਨਮੁਖ ਧੰਦਿਆਂ ਵਿਚ ਹੀ ਪਿਟਦੇ ਰਹਿੰਦੇ ਹਨ—ਕਿਉਂਕਿ ਉਨ੍ਹਾਂ ਨੂੰ ਸੱਚ ਨਾਮ ਜਪਣਾ ਚੰਗਾ ਨਹੀਂ ਲੱਗਾ॥ ੧॥

ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ ॥

ਉਸ ਨੂੰ ਕਿਆ ਭਵੀਐ=ਤੀਰਥਾਂ 'ਪਰ ਫਿਰਣੇ ਦੀ ਕੀ ਲੋੜ ਹੈ ਅਤੇ ਜੰਗਲਾਂ ਵਿਚ ਜਾ ਕੇ ਢੂਢੀਐ=ਲੱਭਣ ਦੀ ਕੀ ਲੋੜ ਹੈ ? ਜਿਸ ਨੂੰ ਗੁਰਾਂ ਨੇ ਸ਼ਬਦ ਦੁਆਰਾ ਅੰਦਰ ਹੀ ਬ੍ਰਹਮ ਦਿਖਾਇਆ ਹੈ।

ਮਮਤਾ ਮੋਹੁ ਵਿਸਰਜਿਆ ਅਪਨੈ ਘਰਿ ਆਇਆ ॥ ੧ ॥ ਰਹਾਉ ॥

ਉਸ ਨੇ ਗੁਰ ਸ਼ਬਦ ਦੁਆਰਾ ਮਮਤਾ ਪਦਾਰਥਾਂ ਦੀ ਅਤੇ ਮੋਹ ਸੰਬੰਧੀਆਂ ਦਾ ਛੱਡ ਦਿੱਤਾ ਹੈ, ਤਾਂ ਹੀ ਉਸ ਦਾ ਮਨ ਆਪਣੇ ਸਰੂਪ-ਘਰ ਵਿਚ ਆਇਆ ਹੈ॥ ੧ ॥ ਰਹਾਉ ॥

ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥

ਸੱਚ ਬੋਲਣ ਕਰਕੇ ਸੱਚਾ ਅਕਾਲ ਪੁਰਖ ਮਿਲਦਾ ਹੈ, ਝੂਠ ਬੋਲਣ ਕਰਕੇ ਨਹੀਂ ਪ੍ਰਾਪਤ ਹੁੰਦਾ।

ਅਥਵਾ:- ਸੱਚਿਆਂ ਨੂੰ ਸੱਚਾ ਵਾਹਿਗੁਰੂ ਮਿਲਦਾ ਹੈ, ਉਸ ਨੂੰ ਕੂੜਿ=ਝੂਠੇ ਪੁਰਸ਼ ਨਹੀਂ ਪਾਉਂਦੇ।

ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥ ੨ ॥

ਸੱਚੇ ਵਾਹਿਗੁਰੂ ਨਾਲ ਚਿਤ ਲਗਾਉਣ ਕਰਕੇ ਫਿਰ ਸੰਸਾਰ ਵਿਖੇ ਨਹੀਂ ਆਉਂਦਾ॥ ੨ ॥

ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੁ ॥

ਜੋ ਮਰ ਗਏ ਹਨ, ਉਹਨਾਂ ਨੂੰ ਕੀ ਰੋਂਦੇ ਹੋ ? ਕਿਉਂਕਿ ਉਹ ਤਾਂ ਤੁਹਾਡੇ ਰੋਣੇ ਨੂੰ ਜਾਣਦੇ ਹੀ ਨਹੀਂ।

*ਅਥਵਾ :-*ਤੁਸੀਂ ਤਾਂ ਰੋਣਾ ਜਾਣਦੇ ਨਹੀਂ ਹੋ।

ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੁ ॥ ੩ ॥

ਅਵੱਲ ਤਾਂ ਰੋਵੋ ਹੀ ਨਾ, ਜੇਕਰ ਰੋਣ ਦੀ ਆਦਤ ਪਈ ਹੋਈ ਹੈ ਤਾਂ ਸੱਚ ਦੇ ਸਲਾਹੁਣ ਵਿਚ ਰੋਣਾ ਕਰੋ,

*ਅਥਵਾ :-*ਸੱਚ ਦੇ ਸਲਾਹੁਣ ਵਿਚ ਰੋਵਹੁ=ਜਤਨ ਕਰੋ ਤੇ ਹੁਕਮ ਨੂੰ ਪਛਾਨਣਾ ਕਰੋ॥ ੩ ॥

ਹੁਕਮੀ ਵਜਹੁ ਲਿਖਾਇ ਆਇਆ ਜਾਣੀਐ ॥
ਲਾਹਾ ਪਲੈ ਪਾਇ ਹੁਕਮੁ ਸਿਞਾਣੀਐ ॥ ੪ ॥

ਹੁਕਮੀ=ਪਰਮਾਤਮਾ ਦੇ ਹੁਕਮ ਅਨੁਸਾਰ ਇਸ ਜੀਵ ਨੂੰ ਸੰਸਾਰ ਵਿਚ ਆਇਆ ਜਾਣੀਏ, ਜੋ ਦੁੱਖ ਸੁਖ ਭੋਗਣ ਵਾਸਤੇ ਵਜਹੁ=ਦੁਮਾਹਾ ਲਿਖਾ ਕੇ ਆਇਆ ਹੈ। ਜੇਕਰ ਉਸ ਦੇ ਹੁਕਮ ਨੂੰ ਪਛਾਨਣਾ ਕਰੇ ਤਾਂ ਬੁੱਧੀ ਰੂਪੀ ਪੱਲੇ ਵਿਚ ਲਾਭ ਪਾਉਂਦਾ ਹੈ॥ ੪ ॥

[ਪੰਨਾ ੪੨੦]

ਹੁਕਮੀ ਪੈਧਾ ਜਾਇ ਦਰਗਹ ਭਾਣੀਐ ॥

ਹੁਕਮੀ ਦੇ ਹੁਕਮ ਵਿਚ ਜਸ ਰੂਪੀ ਪੁਸ਼ਾਕ ਨੂੰ ਪਹਿਨ ਕੇ ਜਾਵੇ, ਤਾਂ ਦਰਗਾਹ ਵਿਚ ਗਿਆ ਹੋਇਆ ਪਰਮੇਸ਼ਰ ਨੂੰ ਭਾਉਂਦਾ ਹੈ।

ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ ॥ ੫ ॥

ਪਰਮੇਸ਼ਰ ਦੇ ਹੁਕਮ ਵਿਚ ਹੀ ਮਨਮੁਖਾਂ ਦੇ ਸਿਰ ਉਤੇ ਰਬਾਣੀਐ=ਰੱਬ ਦੇ ਬੰਦੇ ਜਮਦੂਤ ਮਾਰਨਾ ਕਰਦੇ ਹਨ। ਮਾਰਕੇ ਫਿਰ ਰੱਬ ਦੇ ਬੰਦੀਖਾਨੇ (ਜੇਲ੍ਹ ਵਿਚ) ਭਾਵ ਨਰਕਾਂ ਵਿਚ ਪਾਉਂਦੇ ਹਨ। ਕਿਹੜੇ ਮਨਮੁਖਾਂ ਨੂੰ ਪਾਉਂਦੇ ਹਨ ?

ਉੱਤਰ:-ਬੰਦਿਰ ਬਾਣੀਐ=ਬਾਂਦਰਾਂ ਵਾਂਗ ਜਿਨ੍ਹਾਂ ਦਾ ਸੁਭਾਅ (ਆਦਤ) ਚੰਚਲ ਹੈ ਅਤੇ ਜੋ ਦੂਜਿਆਂ ਪਾਸੋਂ ਖੋਹ ਕੇ ਖਾਣਾ ਕਰਦੇ ਹਨ॥ ੫॥

ਲਾਹਾ ਸਚੁ ਨਿਆਉ ਮਨਿ ਵਸਾਈਐ॥
ਲਿਖਿਆ ਪਲੈ ਪਾਇ ਗਰਬੁ ਵਞਾਈਐ॥ ੬॥

ਸੱਚੇ ਨਿਆਂ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਮਨ ਵਿਚ ਵਸਾਈਏ ਤਾਂ ਲਾਭ ਪ੍ਰਾਪਤ ਹੁੰਦਾ ਹੈ।

ਅਥਵਾ :-ਸੱਤ ਅਸੱਤ ਦੇ ਨਿਰਨੇ ਰੂਪ ਸੱਚੇ ਨਿਆਉ ਨੂੰ ਕਰੇ ਅਤੇ ਮਨ ਵਿਚ ਨਾਮ ਨੂੰ ਵਸਾਵੇ।

ਅਥਵਾ :-ਮਨ ਨੂੰ ਵਸ ਵਿਚ ਲਿਆਵੇ ਤਾਂ ਲਾਭ ਹੁੰਦਾ ਹੈ। ਚੰਗੀ ਕਿਸਮਤ ਦੇ ਲਿਖੇ ਅਨੁਸਾਰ ਬੁੱਧੀ ਰੂਪੀ ਪੱਲੇ ਵਿਚ ਨਾਮ ਨੂੰ ਪਾਵੇ। *ਅਥਵਾ* :-ਜੋ ਮੇਰੀ ਤਕਦੀਰ ਵਿਚ ਲਿਖਿਆ ਹੈ, ਓਹੀ ਮੇਰੇ ਪੱਲੇ ਪੈਣਾ ਹੈ, ਇਹ ਨਿਸਚਾ ਰੱਖਕੇ ਹੰਕਾਰ ਦੂਰ ਕਰੇ॥ ੬॥

ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ॥

ਜੋ ਮਨਮੁਖ ਇਸਤ੍ਰੀਆਂ ਵਾਦਿ=ਝਗੜਿਆਂ ਵਿਚ ਆਪ ਖਪਦੀਆਂ ਹਨ ਤੇ ਹੋਰਨਾਂ ਨੂੰ ਖਪਾਉਂਦੀਆਂ ਹਨ, ਉਹਨਾਂ ਦੇ ਸਿਰ ਤੇ ਜਮ ਡੰਡੇ ਮਾਰਦਾ ਹੈ।

ਠਗਿ ਮੁਠੀ ਕੂੜਿਆਰ ਬੰਨਿ੍ ਚਲਾਈਐ॥ ੭॥

ਜੋ ਕੂੜੀ ਇਸਤ੍ਰੀ ਕਾਮ ਆਦਿਕ ਠੱਗਾਂ ਕਰਕੇ ਮੁਠੀ=ਲੁਟੀ ਗਈ ਹੈ, ਉਸ ਕੂੜਿਆਰ=ਝੂਠੀ ਔਰਤ ਨੂੰ ਬੰਨ੍ਹ ਕੇ ਪ੍ਰਲੋਕ ਰਸਤੇ ਵਿਚ ਤੋਰਿਆ ਜਾਂਦਾ ਹੈ॥ ੭॥

ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ॥
ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ॥ ੮॥

ਗੁਨਹਾਂ=ਔਗੁਣਾਂ ਦੇ ਬਖਸ਼ਣ ਵਾਲੇ ਜੋ ਗੁਰੂ ਹਨ, ਉਨ੍ਹਾਂ ਦੇ ਉਪਦੇਸ਼ ਨੂੰ ਜੋ ਇਸਤਰੀ ਕਮਾਉਂਦੀ ਹੈ। ਤੇ ਸਾਹਿਬ ਦੇ ਨਾਮ ਨੂੰ ਹਿਰਦੇ ਵਿਚ ਵਸਾਉਂਦੀ ਹੈ, ਉਹ ਫਿਰ ਪਛਤਾਉਂਦੀ ਨਹੀਂ॥ ੮॥

ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ॥
ਮੈ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ॥ ੯॥ ੧੬॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੱਚ ਨਾਮ ਨੂੰ ਮੰਗਦਾ ਹਾਂ, ਗੁਰਾਂ ਦੁਆਰੇ ਮੇਰੀ ਝੋਲੀ ਵਿਚ ਇਹ ਖੈਰ ਪਾ ਦੇਵੋ। ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ ਹੈ, ਮੇਹਰ ਦੀ ਨਜ਼ਰ ਭਰਕੇ ਮੇਰੇ ਵੱਲ ਵੇਖਣਾ ਕਰੋ॥ ੯॥ ੧੬॥

ਆਸਾ ਮਹਲਾ ੧ ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ-

ਜਗਿਆਸੂ ਨੇ ਕਿਹਾ-ਹੇ ਸੰਤੋ ! ਪਰਮੇਸ਼ਰ ਦੀ ਪ੍ਰਾਪਤੀ ਜੰਗਲਾਂ ਵਿਚ ਰਹਿਣ ਨਾਲ ਹੁੰਦੀ ਹੋਵੇਗੀ ?

ਕਿਆ ਜੰਗਲੁ ਢੂਢੀ ਞਾਇ ਮੈ ਘਰਿ ਬਨੁ ਹਰੀਆਵਲਾ ॥

ਜੰਗਲਾਂ ਦੀ ਜਾਇ=ਜਗ੍ਹਾਂ ਵਿਚ ਜਾਇ=ਜਾ ਕੇ ਕੀ ਢੂੰਡਣਾ ਹੈ।

ਮੈਨੂੰ ਤਾਂ ਸਰੀਰ ਘਰ ਦੇ ਵਿਚ ਹੀ ਉਹ ਹਰੇ ਕਰਨ ਵਾਲਾ ਪਰਮੇਸ਼ਰ ਬਨੁ=ਸਾਖਿਆਤਕਾਰ ਬਣਿਆ ਹੈ। ਤੂੰ ਭੀ ਸਰੀਰ-ਘਰ ਦੇ ਵਿਚ ਹੀ ਲੱਭ, ਬਾਹਰ ਜੰਗਲਾਂ ਵਿਚ ਨਾ ਜਾਹ।

ਗੁਰੂ ਤੇਗ ਬਹਾਦਰ ਜੀ ਕਿਸੇ ਸਾਧੂ ਨੂੰ ਜੰਗਲ 'ਚ ਜਾਣੋਂ ਰੋਕਦੇ ਹੋਏ ਉਸ ਨੂੰ ਸਮਝਾਂਦੇ ਹਨ-

ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ *(ਧਨਾਸਰੀ ਮਹਲਾ ੯, ਪੰਨਾ ੬੮੪)*

ਫਰੀਦ ਜੀ ਤਾਂ ਇਥੋਂ ਤੱਕ ਕਹਿੰਦੇ ਹਨ-ਕਿ-ਐ ਮਨੁੱਖ ! ਤੂੰ ਜੰਗਲ ਜੰਗਲ ਵਿਚ ਕੀ ਫਿਰਦਾ ਹੈਂ ? ਤੂੰ ਤੇ ਐਵੇਂ ਅਜਾਈਂ ਹੀ ਜੰਗਲ ਦੇ ਕੰਡੇ ਮੋੜਦਾ ਫਿਰਦਾ ਹੈਂ, ਦੇਖ ! ਰੱਬ ਤਾਂ ਤੇਰੇ ਦਿਲ ਵਿਚ ਵਸਦਾ ਹੈ, ਤੂੰ ਜੰਗਲ ਵਿਚੋਂ ਕੀ ਭਾਲਦਾ ਹੈਂ ?

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ ੧੯॥

ਅਥਵਾ :-ਮੈਨੂੰ ਤਾਂ ਅੰਤਹਕਰਣ ਰੂਪ ਘਰ ਦੇ ਵਿਚ ਹੀ ਸ਼ੁਭ ਗੁਣਾਂ ਦੀ ਹਰਿਆਵਲਤਾ ਬਣੀ ਹੈ।

ਅਥਵਾ :-ਮੈਨੂੰ ਘਰ ਅਤੇ ਜੰਗਲ ਹਰੀਆਵਲ ਹੀ ਭਾਸਦੇ ਹਨ-ਭਾਵ ਇਕ ਸਮਾਨ ਲੱਗਦੇ ਹਨ।

ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥ ੧ ॥

ਗੁਰ ਸ਼ਬਦ ਗ੍ਰਹਿਣ ਕਰਨ ਦੀ ਬੜੀ ਲੋੜ ਹੈ, ਕਿਉਂਕਿ ਗੁਰ ਸ਼ਬਦ ਕਰਕੇ ਉਹ ਸੱਚਾ ਪਰਮੇਸ਼ਰ ਉਤਾਵਲਾ=ਸ਼ੀਘਰ ਹੀ ਅੰਤਹਕਰਣ ਰੂਪ ਘਰ ਵਿਚ ਆ ਟਿਕਦਾ ਹੈ, ਭਾਵ ਸਾਖਿਆਤਕਾਰ ਹੁੰਦਾ ਹੈ॥ ੧॥

ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥

ਜਿਸ ਪਾਸੇ ਦੇਖਦੇ ਹਾਂ, ਤਿਸ ਪਾਸੇ ਉਹ ਪਰਮੇਸ਼ਰ ਹੀ ਹੈ; ਉਸ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ।

ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥ ੧ ॥ ਰਹਾਉ ॥

ਗੁਰੂ ਦੀ ਦੱਸੀ ਹੋਈ ਕਾਰ ਨੂੰ ਕਮਾ ਕੇ ਮੈਂ ਮਹਲੁ=ਸਰੂਪ ਨੂੰ ਪਛਾਨਣਾ ਕੀਤਾ ਹੈ॥ ੧॥ ਰਹਾਉ॥

ਆਪਿ ਮਿਲਾਵੈ ਸਚੁ ਤਾ ਮਨਿ ਭਾਵਈ ॥
ਚਲੈ ਸਦਾ ਰਜਾਇ ਅੰਕਿ ਸਮਾਵਈ ॥ ੨ ॥

ਜਾਂ ਉਸ ਦੇ ਮਨ ਵਿਚ ਇਹ ਜੀਵ ਭਾ ਜਾਵੇ, *ਅਥਵਾ* :-ਉਸ ਮਨਿ=ਸ਼ਰੋਮਣੀ ਪਰਮਾਤਮਾ ਨੂੰ ਜਾਂ

ਇਹ ਜੀਵ ਭਾ ਜਾਵੇ, ਤਾਂ ਸੱਚਾ ਵਾਹਿਗੁਰੂ ਉਸ ਜੀਵ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ।

ਉਸ ਪਰਮੇਸ਼ਰ ਦੀ ਰਜਾਇ=ਆਗਿਆ ਵਿਚ ਹਮੇਸ਼ਾ ਚਲੇ ਤਾਂ ਅੰਕਿ=ਸਰੂਪ ਵਿਚ ਸਮਾਉਂਦਾ ਹੈ॥ ੨ ॥

ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ॥

ਜਿਸ ਮਨ ਵਿਖੇ ਸੱਚਾ ਸਾਹਿਬ ਵਸਦਾ ਹੈ, ਉਹੋ ਮਨ ਸ਼ੁਭ ਗੁਣਾਂ ਨਾਲ ਵਸਿਆ ਹੋਇਆ ਨਿਸਚੇ ਕਰੋ, ਨਹੀਂ ਤਾਂ ਉਜੜਿਆ ਸਮਝੋ।

ਅਥਵਾ :-ਉਹ ਮਨ ਵਸਿਆ=ਵਸੀਕਾਰ ਹੋਇਆ ਸਮਝੋ।

ਅਥਵਾ :-ਜਿਸ ਮਨ ਵਿਚ ਸੱਚਾ ਨਾਮ ਵਸਿਆ ਹੈ, ਉਸੇ ਮਨ ਵਿਚ ਸਾਹਿਬ ਆ ਕੇ ਵਸਿਆ ਹੈ।

ਆਪੇ ਦੇ ਵਡਿਆਈਆ ਦੇ ਤੋਟਿ ਨ ਹੋਈ॥ ੩ ॥

ਉਹ ਪ੍ਰਭੂ ਆਪ ਹੀ ਵਡਿਆਈਆਂ ਦੇਂਦਾ ਹੈ, ਦੇਂਦਿਆਂ ਹੋਇਆਂ ਉਸ ਨੂੰ ਤੋਟਿ ਨ ਹੋਈ=ਘਾਟਾ ਨਹੀਂ ਹੁੰਦਾ॥ ੩ ॥

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ॥

ਗੁਰਾਂ ਨੇ ਕਿਹਾ, 'ਇਹ ਕੰਮ ਹੁਣੇ ਹੀ ਕਰ।' ਸਿੱਖ ਆਖਦਾ ਹੈ, 'ਜਦੋਂ ਲੋੜ ਹੋਵੇਗੀ ਤਦ ਕਰਾਂਗਾ।' ਇਸ ਤਰ੍ਹਾਂ ਦੀ ਚਾਕਰੀ ਕਰਨ ਨਾਲ ਦਰਗਾਹ ਵਿਚ ਕਿਵੇਂ ਸੁਖ ਪਾਵੇਗਾ ? *ਅਥਵਾ* :-ਅਬੇ ਤਬੇ=ਹੰਕਾਰ ਸਹਿਤ ਗੁਰਾਂ ਦੀ ਚਾਕਰੀ ਕਰਨ ਨਾਲ ਦਰਗਾਹ ਵਿਚ ਕਿਵੇਂ ਸੋਭਾ ਪਾਵੇਂਗਾ ?

ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ॥ ੪ ॥

ਜਿਵੇਂ ਪ੍ਰਤੱਖ ਪੱਥਰ ਦੀ ਬੇੜੀ 'ਚ ਚੜ੍ਹੇ ਤਾਂ ਉਹ ਭਰਨਾਲਿ=ਕਿਨਾਰੇ ਦੇ ਨਾਲ ਹੀ ਡੁਬਾ ਦੇਂਦੀ ਹੈ। ਐਸੇ ਅਭਗਤੀ, *ਅਥਵਾ*:- ਕੁਸੰਗਤ ਰੂਪ ਪੱਥਰ ਦੀ ਬੇੜੀ ਤੇ ਜੇ ਚੜ੍ਹਦਾ ਹੈ, ਤਾਂ ਉਹ ਸੰਸਾਰ ਰੂਪੀ ਭਰਨਾਲਿ=ਸਮੁੰਦਰ ਵਿਚ ਡੋਬ ਦੇਂਦੀ ਹੈ। ਕਿਸ ਨੂੰ ਡੋਬਦੀ ਹੈ ? *ਉੱਤਰ* :-ਜਿਸਦਾ ਅੰਤਹਕਰਣ ਪਾਪਾਂ ਨਾਲ ਭਰਿਆ ਹੋਇਆ ਹੈ॥ ੪ ॥

ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ॥

ਆਪਣਾ ਮਨ ਗੁਰੂ ਅੱਗੇ ਵੇਚ ਦੇਵੋ ਅਤੇ ਸਿਰੁ=ਹੰਕਾਰ ਨੂੰ ਭੀ ਨਾਲ ਦੇ ਦੇਵੋ।

ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ॥ ੫ ॥

ਗੁਰਾਂ ਦੁਆਰੇ ਆਤਮ-ਵਸਤੂ ਨੂੰ ਪਛਾਣੀਏ, ਤਾਂ ਇਹ ਆਪਣੇ ਸਰੂਪ-ਘਰ ਨੂੰ ਭਾਲਦਾ ਹੈ।

ਜੰਮਣ ਮਰਣਾ ਆਖੀਐ ਤਿਨਿ ਕਰਤੈ ਕੀਆ॥

ਸੰਸਾਰ ਵਿਖੇ ਜੋ ਜੰਮਣਾ ਮਰਨਾ ਕਿਹਾ ਜਾਂਦਾ ਹੈ, ਇਹ ਉਸ ਅਕਾਲ ਪੁਰਖ ਨੇ ਆਪ ਹੀ ਕੀਤਾ ਹੈ।

ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ॥ ੬ ॥

ਜਿਨ੍ਹਾਂ ਨੇ ਆਪੁ=ਹੰਕਾਰ ਗਵਾਇਆ ਹੈ ਤੇ ਜੀਵਤ ਭਾ ਤੋਂ ਮਰ ਰਹੇ ਹਨ, ਉਨ੍ਹਾਂ ਦਾ ਫਿਰ ਮਰਨਾ ਨਹੀਂ

ਹੁੰਦਾ॥ ੬॥

ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ॥

ਉਹ ਕਾਰ ਜੀਵ ਨੂੰ ਕਮਾਉਣੀ ਚਾਹੀਦੀ ਹੈ, ਜੋ ਧੁਰ ਰੂਪ ਪਰਮੇਸ਼ਰ ਨੇ ਫੁਰਮਾਈ ਹੈ।

ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ॥ ੭॥

ਜਿਹੜਾ ਪੁਰਸ਼ ਮਨ ਦੇ ਕੇ ਸਤਿਗੁਰਾਂ ਨੂੰ ਮਿਲਦਾ ਹੈ, *ਅਥਵਾ* :-ਜਿਹੜਾ ਪੁਰਸ਼ ਸਤਿਗੁਰਾਂ ਨੂੰ ਆਪਣਾ ਮਨ ਦੇਂਦਾ ਹੈ ਤੇ ਅੱਗੋਂ ਜੋ ਉਸ ਨੂੰ ਉਪਦੇਸ਼ ਮਿਲਦਾ ਹੈ, ਉਸ ਦੀ ਕੀਮਤ ਭਲਾ ਕਿਸ ਨੇ ਪਾਈ ਹੈ ? ਭਾਵ ਕਿਸੇ ਨੇ ਭੀ ਨਹੀਂ ਪਾਈ॥ ੭॥

ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ॥

ਸੋ ਧਣੀ=ਜੋ ਪਰਮੇਸ਼ਰ ਹੈ, ਉਸ ਦੇ ਰਤਨਾਂ ਦੇ ਪਰਖਣ ਵਾਲਾ ਜੋ ਪੁਰਸ਼ ਹੈ, ਉਸ ਨੇ ਉਸ ਦੀ ਪ੍ਰਾਪਤੀ ਰੂਪ ਕੀਮਤ ਪਾਈ ਹੈ। *ਅਥਵਾ*:-ਜੋ ਸ਼ੁਭ ਗੁਣਾਂ ਰੂਪ ਰਤਨਾਂ ਨੂੰ ਪਰਖਦਾ ਹੈ, ਸੋ=ਓਹੀ ਪੁਰਸ਼ ਧਣੀ= ਧਨਾਢ ਹੈ, *ਅਥਵਾ* :-ਸਾਰਿਆਂ ਦਾ ਧਣੀ=ਮਾਲਕ ਜੋ ਪਰਮੇਸ਼ਰ ਹੈ, ਤਿਨਿ=ਉਸ ਮਨੁੱਖ ਨੇ ਉਸ ਦੀ ਪ੍ਰਾਪਤੀ ਰੂਪ ਕੀਮਤ ਪਾਈ ਹੈ।

ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ॥ ੮॥ ੧੭॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਸਾਹਿਬੁ=ਪਰਮੇਸ਼ਰ ਮਨ ਵਿਚ ਵਸ ਜਾਵੇ ਤਾਂ ਜੀਵ ਦੀ ਸੱਚੀ ਵਡਿਆਈ ਹੁੰਦੀ ਹੈ॥ ੮॥ ੧੭॥

ਆਸਾ ਮਹਲਾ ੧॥

ਜਿਨੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ॥

ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨੂੰ ਭੁਲਾ ਦਿੱਤਾ ਹੈ ਅਤੇ ਦ੍ਵੈਤ ਭਾ ਕਰਕੇ ਆਪਣੀ ਬੁੱਧੀ ਭਰਮ ਵਿਖੇ ਭੁਲਾਈ ਹੈ।

ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥ ੧॥

ਫਿਰ ਜੋ ਮੂਲ ਰੂਪ ਪਰਮਾਤਮਾ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪ ਡਾਲੀ ਨਾਲ ਲੱਗੇ ਹੋਏ ਹਨ, ਭਲਾ ਉਨ੍ਹਾਂ ਨੇ ਕੀ ਪਾਉਣਾ ਹੈ ? *ਉੱਤਰ*:- ਛਾਈ=ਸੁਆਹ ਹੀ ਪਾਉਣੀ ਹੈ, ਹੋਰ ਕੀ ਪਾਉਣਾ ਹੈ।

ਯਥਾ:-*ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨ ਉਹੁ ਛਾਰ ਉਡਾਵੈ॥ ੧॥*

(ਗੌਂਡ ਨਾਮਦੇਵ, ਪੰਨਾ ੮੭੪)

ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ॥

ਗੁਰਮੁਖਿ ਹੋਇ ਤਾ ਛੂਟੀਐ ਮਨਮੁਖਿ ਪਤਿ ਖੋਈ॥ ੧॥ ਰਹਾਉ॥

ਹਰੀ ਨਾਮ ਤੋਂ ਬਿਨਾਂ ਕਿਵੇਂ ਛੁਟਕਾਰਾ ਹੋ ਸਕਦਾ ਹੈ, ਭਾਵ ਨਹੀਂ ਹੁੰਦਾ। ਗੁਰਮੁਖ ਹੋ ਕੇ ਜੇ ਇਸ ਗੱਲ

ਨੂੰ ਕੋਈ ਜਾਣੇ ਤਾਂ ਛੁਟਕਾਰਾ ਹੁੰਦਾ ਹੈ। ਇਸ ਗੱਲ ਦੇ ਨਾ ਸਮਝਣ ਕਰਕੇ ਮਨਮੁਖਾਂ ਨੇ ਆਪਣੀ ਪਤਿ=ਇੱਜ਼ਤ ਖੋਹ ਲ਼ਈ ਹੈ॥ ੧॥

ਜਿਨੀ ਏਕੋ ਸੇਵਿਆ ਪੂਰੀ ਮਤਿ ਭਾਈ॥

ਹੇ ਭਾਈ ! ਜਿਨ੍ਹਾਂ ਨੇ ਇਕ ਪਰਮਾਤਮਾ ਨੂੰ ਸੇਵਿਆ ਹੈ, ਉਨ੍ਹਾਂ ਦੀ ਬੁੱਧੀ ਪੂਰੀ ਹੈ।

ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ॥ ੨॥

ਜੋ ਆਦਿ ਜੁਗਾਦਿ=ਸਦਾ ਸਦਾ ਨਿਰੰਜਨਾ=ਮਾਇਆ ਮਲ ਤੋਂ ਰਹਿਤ ਹੈ, ਗੁਰਮੁਖ ਜਿਨ੍ਹਾਂ ਨੇ ਉਸ ਹਰੀ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੨॥

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥

ਮੇਰਾ ਪ੍ਰਭੂ ਮਾਲਕ ਇਕ ਵਾਹਿਗੁਰੂ ਹੈ, ਹੇ ਭਾਈ ! ਉਸ ਤੋਂ ਬਿਨਾਂ ਹੋਰ ਕੋਈ ਤਾਰਨ ਵਾਲਾ ਨਹੀਂ ਹੈ।

ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ॥ ੩॥

ਜਿਸ ਨੇ ਭੀ ਸੁਖ ਪਾਇਆ ਹੈ, ਉਸ ਸੱਚੇ ਦੀ ਕਿਰਪਾ ਦੇ ਪਰਥਾਇ=ਸਬੱਬ ਕਰਕੇ ਪਾਇਆ ਹੈ॥ ੩॥

ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ॥

ਉਸ ਪਰਮਾਤਮਾ ਨੂੰ ਗੁਰਾਂ ਬਗੈਰ ਕਿਸੀ ਨੇ ਨਹੀਂ ਪਾਇਆ, ਭਾਵੇਂ ਕਿਤਨੀ ਸ੍ਰਿਸ਼ਟੀ ਕਹੈ ਕਿ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਹੋ ਗਈ ਹੈ, ਚਾਹੇ ਹੋਰਨਾਂ ਪਾਸੋਂ ਭੀ ਕਹਾ ਲਵੇ।

ਆਪਿ ਦਿਖਾਵੈ ਵਾਟੜੀਂ ਸਚੀ ਭਗਤਿ ਦ੍ਰਿੜਾਏ॥ ੪॥

ਜਿਸ ਨੂੰ ਆਪ ਆਪਣੀ ਪ੍ਰਾਪਤੀ ਦੀ ਵਾਟ ਦਿਖਾਉਣੀ ਚਾਹੁੰਦਾ ਹੈ, ਉਸ ਨੂੰ ਸੱਚੀ ਭਗਤੀ ਦ੍ਰਿੜ੍ਹ ਕਰਾਉਂਦਾ ਹੈ॥ ੪॥

ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ॥

ਜੇਕਰ ਮਨਮੁਖ ਪੁਰਸ਼ ਨੂੰ ਸਮਝਾਉਣਾ ਭੀ ਕਰੀਏ ਤਾਂ ਭੀ ਉਹ ਨਹੀਂ ਸਮਝਦਾ, ਭੀ=ਬਹੁੜੋਂ ਸੰਸਾਰ-ਉਜਾੜ ਵੱਲ ਹੀ ਜਾਂਦਾ ਹੈ।

ਬਿਨੁ ਹਰਿ ਨਾਮ ਨ ਛੁਟਸੀ ਮਰਿ ਨਰਕ ਸਮਾਏ॥ ੫॥

ਹਰੀ ਨਾਮ ਜਪੇ ਤੋਂ ਬਿਨਾਂ ਜਮਾਂ ਤੋਂ ਛੁਟਕਾਰਾ ਨਹੀਂ ਹੁੰਦਾ, ਇਸ ਲਈ ਉਹ ਮਰ ਕੇ ਨਰਕਾਂ ਵਿਚ ਸਮਾਉਂਦਾ ਹੈ॥ ੫॥

ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ॥

ਉਹ ਪੁਰਸ਼ ਜਨਮ ਮਰਨ ਵਿਚ ਫੇਰਿਆ ਜਾਂਦਾ ਹੈ, ਜੋ ਹਰੀ ਨਾਮ ਨੂੰ ਲੈਂਦਾ ਨਹੀਂ।

ਤਾ ਕੀ ਕੀਮਤਿ ਨਾ ਪਵੈ ਬਿਨੁ ਗੁਰ ਕੀ ਸੇਵੈ॥ ੬॥

ਕਿਉਂਕਿ ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ, ਉਸ ਪਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨਹੀਂ ਪੈਂਦੀ॥ ੬॥

[ਪੰਨਾ ੪੨੧]

ਜੇਹੀ ਸੇਵ ਕਰਾਈਐ ਕਰਣੀ ਭੀ ਸਾਈ॥
ਆਪਿ ਕਰੇ ਕਿਸੁ ਆਖੀਐ ਵੇਖੈ ਵਡਿਆਈ॥ ੭॥

ਸਾਥੋਂ ਜੇਹੋ ਜੇਹੀ ਸੇਵਾ ਕਰਾਉਂਦਾ ਹੈ, ਅਸੀਂ ਭੀ ਫਿਰ ਉਹੋ ਜਿਹੀ ਹੀ ਕਰਨੀ ਹੈ। ਜਦ ਆਪ ਹੀ ਸਭ ਕੁਝ ਕਰਦਾ ਹੈ, ਤਾਂ ਕਿਸ ਨੂੰ ਜਾ ਕੇ ਕੁਝ ਆਖੀਏ, ਉਹ ਆਪਣੀ ਵਡਿਆਈ=ਇੱਛਾ ਅਨੁਸਾਰ ਹੀ ਵੇਖਦਾ ਹੈ॥ ੭॥

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ॥

ਉਹ ਪੁਰਸ਼ ਗੁਰਾਂ ਦੀ ਸੇਵਾ ਕਰਦਾ ਹੈ, ਜਿਸ ਪਾਸੋਂ ਪ੍ਰਭੂ ਆਪ ਕਰਾਉਂਦਾ ਹੈ।

ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ॥ ੮॥ ੧੮॥

ਗੁਰੂ ਜੀ ਆਖਦੇ ਹਨ-ਗੁਰਾਂ ਨੂੰ ਸਿਰ ਦੇ ਕੇ ਸੇਵਾ ਕਰੇ ਤਾਂ ਜੀਵ ਦਾ ਛੁਟਕਾਰਾ ਹੁੰਦਾ ਹੈ ਅਤੇ ਦਰਗਾਹ ਵਿਚ ਗਿਆ, ਪਤਿ=ਇੱਜ਼ਤ ਪਾਉਂਦਾ ਹੈ॥ ੮॥ ੧੮॥

ਆਸਾ ਮਹਲਾ ੧॥ ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ॥

ਉਹ ਠਾਕੁਰ ਰੂੜੋ=ਸੁੰਦਰ ਹੈ ਅਤੇ ਮਾਹਰੋ=ਪ੍ਰਸਿੱਧ ਹੈ। *ਅਥਵਾ* :-ਮਾਹ ਰੋ=ਚੰਦ੍ਰਮਾ ਵਰਗਾ ਮੁੰਹ ਹੈ।

ਪ੍ਰਸ਼ਨ:-ਉਹ ਪ੍ਰਾਪਤ ਕਿਵੇਂ ਹੁੰਦਾ ਹੈ ?

ਉੱਤਰ :-ਰੂੜੀ=ਸੁੰਦਰ ਗੁਰਾਂ ਦੀ ਉਪਦੇਸ਼ ਬਾਣੀ ਕਰਕੇ ਪ੍ਰਾਪਤ ਹੁੰਦਾ ਹੈ।

ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ॥ ੧॥

ਵਡਿਆਂ ਭਾਗਾਂ ਕਰਕੇ ਸਤਿਗੁਰਾਂ ਨਾਲ ਮਿਲੇ ਤਾਂ ਇਹ ਜੀਵ ਨਿਰਬੰਧ ਪਦ ਨੂੰ ਪਾਉਂਦਾ ਹੈ॥ ੧॥

ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ॥

ਹੇ ਵਾਹਿਗੁਰੂ ! ਥਾਰੇ=ਆਪ ਜੀ ਦੇ ਜੋ ਹਮ=ਤਮਾਮ (ਸਭ) ਛੋਰੂ=ਦਾਸ ਹਨ, ਉਹਨਾਂ ਦੇ ਜੋ ਓਲ੍ਹਗੀ=ਸੇਵਕ ਹਨ, ਮੈਂ ਉਹਨਾਂ ਦਾ ਓਲ੍ਹਗੀਆ=ਦਾਸ ਹਾਂ।

ਅਥਵਾ :-ਜੋ ਲਗਨ ਉਹਨਾਂ ਨੂੰ ਲੱਗੀ ਹੈ, ਓਹੀ ਲਗਨ ਮੈਨੂੰ ਲੱਗੀ ਹੈ।

ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ॥ ੧॥ ਰਹਾਉ॥

ਜਿਵੇਂ ਆਪ ਰੱਖਦੇ ਹੋ, ਓਵੇਂ ਅਸੀਂ ਰਹਿੰਦੇ ਹਾਂ, ਸਾਡੇ ਮਤ ਵਿਚ ਆਪ ਜੀ ਦੇ ਨਾਮ ਜਪਣ ਦੀ ਮੁਖਤਾ ਹੈ। *ਅਥਵਾ* :-ਸਾਡੇ ਮੁੰਹ ਵਿਚ ਆਪ ਜੀ ਦਾ ਨਾਮ ਹੈ॥ ੧॥ ਰਹਾਉ॥

ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ॥

ਆਪ ਜੀ ਦੇ ਦਰਸ਼ਨ ਦੀ ਘਣੀ ਚਾਹ ਲੱਗ ਰਹੀ ਹੈ, ਭਾਣੇ ਦੇ ਮੰਨਣ ਤੇ ਆਪ ਜੀ ਦੇ ਮਨ ਵਿਚ ਭਾਈਦਾ ਹੈ।

ਮੇਰੇ ਠਾਕੁਰ ਹਾਥਿ ਵਡਿਆਈਆ ਭਾਣੈ ਪਤਿ ਪਾਈਐ॥ ੨॥

ਹੇ ਮੇਰੇ ਠਾਕੁਰ !. ਸਭ ਵਡਿਆਈਆਂ ਆਪ ਜੀ ਦੇ ਹੱਥ ਵਿਚ ਹਨ, ਆਪ ਜੀ ਦੇ ਭਾਣੇ ਮੰਨਣ ਤੇ ਪਤਿ=ਇੱਜ਼ਤ ਪਾਈਦੀ ਹੈ॥ ੨॥

ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ॥

ਸੱਚੇ ਨੂੰ ਦੂਰ ਨਾ ਜਾਨਣਾ ਕਰੋ, ਉਹ ਤੁਹਾਡੇ ਅੰਦਰ ਹੀ ਹੈ।

ਜਹ ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ॥ ੩॥

ਜਿਸ ਪਾਸੇ ਦੇਖਦਾ ਹਾਂ ਉਹ ਉਸੇ ਪਾਸੇ ਰਵਿ ਰਹੇ=ਵਿਆਪਕ ਹੋ ਰਿਹਾ ਹੈ, ਉਸ ਦੀ ਕੀਮਤ ਕਿਸ ਪਾਸੋਂ ਹੋ ਸਕਦੀ ਹੈ ? ਭਾਵ ਕਿਸੇ ਪਾਸੋਂ ਨਹੀਂ ਹੋ ਸਕਦੀ॥ ੩॥

ਆਪਿ ਕਰੇ ਆਪੇ ਹਰੇ ਵੇਖੈ ਵਡਿਆਈ॥

ਉਹ ਆਪ ਹੀ ਜਗਤ ਦੀ ਉਤਪਤੀ ਕਰਦਾ ਹੈ, ਆਪ ਹੀ ਹਰੇ=ਹਰਿਆਂ (ਭਾਵ ਪਾਲਣਾ) ਕਰਦਾ ਹੈ, ਆਪ ਹੀ ਹਰੇ=ਲਯ ਕਰਦਾ ਹੈ, ਆਪਣੀ ਵਡਿਆਈ=ਇੱਛਾ ਅਨੁਸਾਰ ਦੇਖਦਾ ਹੈ।

ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ॥ ੪॥

ਗੁਰਾਂ ਦੁਆਰੇ ਗੁਰਮੁਖ ਹੋ ਕੇ ਉਸ ਨੂੰ ਦੇਖੀਏ, ਇਸ ਤਰ੍ਹਾਂ ਉਸ ਦੀ ਪ੍ਰਾਪਤੀ ਰੂਪ ਕੀਮਤ ਪਾਈ ਜਾਂਦੀ ਹੈ॥ ੪॥

ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ॥

ਉਸ ਪੁਰਸ਼ ਨੂੰ ਜੀਉਂਦਿਆਂ ਜੀਉਂਦਿਆਂ ਲਾਭ ਮਿਲਦਾ ਹੈ, ਜੋ ਗੁਰਾਂ ਦੀ ਦੱਸੀ ਹੋਈ ਕਾਰ ਨੂੰ, ਭਾਵ ਸੇਵਾ ਨੂੰ ਕਮਾਉਂਦਾ ਹੈ।

ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ॥ ੫॥

ਜੇਕਰ ਪੂਰਬਲਾ ਚੰਗਾ ਲੇਖ ਲਿਖਿਆ ਹੋਵੇ, ਤਾਂ ਹੀ ਸਤਿਗੁਰਾਂ ਨੂੰ ਪਾਉਂਦਾ ਹੈ॥ ੫॥

ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ॥

ਮਨਮੁਖ ਪੁਰਸ਼ਾਂ ਨੂੰ ਨਿਤਾ ਪ੍ਰਤੀ ਘਾਟਾ ਹੈ, ਉਹ ਭਰਮ ਦੇ ਭਰਮਾਏ ਹੋਏ ਭਟਕਦੇ ਫਿਰਦੇ ਹਨ।

ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ॥ ੬॥

ਮਨਮੁਖ ਅੰਨ੍ਹਾਂ ਅਗਿਆਨੀ ਹਰੀ ਨਾਮ ਨੂੰ ਚੇਤਦਾ ਨਹੀਂ ਹੈ, ਇਸ ਕਰਕੇ ਹਰੀ ਦਾ ਦਰਸ਼ਨ ਕਿਵੇਂ ਪਾ ਸਕਦਾ ਹੈ ?॥ ੬॥

ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ॥

ਜਗਤ ਵਿਖੇ ਆਇਆ ਤਾਂ ਸਫਲਾ ਜਾਣਿਆ ਜਾਂਦਾ ਹੈ, ਜੇ ਸੱਚ ਵਿਖੇ ਲਿਵ ਲਗਾਵੇ।

ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ॥ ੭॥

ਜੋ ਗੁਰਾਂ ਨਾਲ ਮਿਲੇ ਹਨ ਉਹ ਪਾਰਸ ਰੂਪ ਹੋਏ ਹਨ, ਉਹ ਜੋਤੀ ਨਾਲ ਆਪਣੀ ਜੋਤ ਮਿਲਾਉਂਦੇ ਹਨ॥ ੭॥

ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ॥

ਉਹ ਗੁਰਮੁਖ ਦਿਨ ਰਾਤ ਸੰਸਾਰ ਦੇ ਪਦਾਰਥਾਂ ਤੋਂ ਅਸੰਗ ਰਹਿੰਦਾ ਹੈ, ਜੋ ਧੁਰ ਰੂਪ ਪਰਮੇਸ਼ਰ ਦੀ ਭਗਤੀ ਰੂਪ ਕਾਰ ਨੂੰ ਕਰਦਾ ਹੈ।

ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ॥ ੮॥ ੧੯॥

ਗੁਰੂ ਜੀ ਆਖਦੇ ਹਨ-ਗੁਰਾਂ ਦੀ ਚਰਣੀ=ਪੈਰੀਂ ਪੈ ਕੇ ਜੋ ਹਰੀ ਨਾਮ ਵਿਖੇ ਰਾਤੇ=ਜੁੜੇ ਹਨ, ਉਹ ਸੰਤੋਖੀ ਹੋਏ ਹਨ॥ ੮॥ ੧੯॥

ਆਸਾ ਮਹਲਾ ੧॥ ਕੇਤਾ ਆਖਣੁ ਆਖੀਐ ਤਾ ਕੇ ਅੰਤ ਨ ਜਾਣਾ॥

ਚਾਹੇ ਕਿਤਨੇ ਹੀ ਅਖਿਆਣਾਂ ਨੂੰ ਕਥਨ ਕਰੀਏ, ਪਰ ਹੇ ਪ੍ਰਭੂ ! ਤਿਸ ਆਪ ਜੀ ਦੇ ਗੁਣਾਂ ਦਾ ਅੰਤ ਨਹੀਂ ਜਾਣਿਆ ਜਾਂਦਾ।

ਮੈ ਨਿਧਰਿਆ ਧਰ ਏਕ ਤੂੰ ਮੈ ਤਾਣੁ ਸਤਾਣਾ॥ ੧॥

ਮੈਂ ਨਿਆਸਰੇ ਦਾ ਇਕ ਤੂੰ ਹੀ ਧਰ=ਆਸਰਾ ਹੈਂ, ਤੇਰੇ ਤਾਣੁ=ਬਲ ਕਰਕੇ ਹੀ ਮੈਂ ਸਤਾਣਾ=ਸਹਿਤ ਬਲ ਦੇ ਹੋ ਰਿਹਾ ਹਾਂ॥ ੧॥

ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ॥

ਮੇਰੀ ਆਪ ਜੀ ਅੱਗੇ ਏਹੋ ਅਰਦਾਸ ਹੈ ਕਿ ਸੱਚ ਨਾਮ ਜਪਣ ਵਿਖੇ ਮੈਂ ਸੁਹੇਲਾ=ਸੁਖੀ ਰਹਾਂ।

ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ॥ ੧॥ ਰਹਾਉ॥

ਜਿਸ ਵੇਲੇ ਗੁਰ ਸ਼ਬਦ ਨਾਲ ਮੇਲਾ ਹੋਇਆ ਤੇ ਆਪੁ=ਹੰਕਾਰ ਮਿਟ ਗਿਆ, ਤਦ ਸੱਤ ਅਸੱਤ ਦੇ ਨਿਰਣੇ ਦੀ ਸੋਝੀ=ਗਿਆਤ ਪਈ॥ ੧॥ ਰਹਾਉ॥

ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ॥

ਹੰਗਤਾ ਦੇਹ ਦੀ, ਮੈਂ=ਮਮਤਾ ਸੰਬੰਧੀਆਂ ਦੀ, ਗਰਬੁ=ਹੰਕਾਰ ਧਨ ਦਾ ਇਨ੍ਹਾਂ ਨੂੰ ਗੁਆਈਏ ਤਾਂ ਆਤਮ-ਵਿਚਾਰ ਪਾਈਦਾ ਹੈ।

ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ॥ ੨॥

ਜਿਸ ਦਾ ਮਨ ਸਾਹਿਬ ਦੇ ਨਾਲ ਮੰਨਿਆ ਗਿਆ ਹੈ-ਉਸ ਨੂੰ ਸੱਚਾ ਵਾਹਿਗੁਰੂ ਆਪਣਾ ਅਧਾਰੁ=ਆਸਰਾ ਦੇਂਦਾ ਹੈ॥ ੨॥

ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ॥

ਜੋ ਗੁਰਮੁਖ ਅਹਿਨਿਸਿ=ਦਿਨ ਰਾਤ ਨਾਮ ਜਪ ਕੇ ਸੰਤੋਖੀ ਹੋਏ ਹਨ, ਸਾਈ=ਉਨ੍ਹਾਂ ਗੁਰਮੁਖਾਂ ਦੀ ਸੇਵਾ ਸੱਚੀ ਹੈ।

ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ॥ ੩॥

ਜੋ ਪੁਰਸ਼ ਰਜਾਈ=ਪਰਮਾਤਮਾ ਦੇ ਹੁਕਮ ਵਿਚ ਚਲਦੇ ਹਨ, ਉਹਨਾਂ ਨੂੰ ਕੋਈ ਭੀ ਵਿਘਨ ਨਹੀਂ

ਲੱਗਦਾ॥ ੩॥

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥

ਰਜਾਈ=ਪਰਮਾਤਮਾ ਦੇ ਹੁਕਮ ਵਿਚ ਜੋ ਪੁਰਸ਼ ਚਲਦੇ ਹਨ, ਉਹ ਸਰੂਪ ਰੂਪੀ ਖਜ਼ਾਨੇ ਵਿਚ ਪੈਂਦੇ ਹਨ।

ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥ ੪॥

ਖੋਏ ਪੁਰਸ਼ ਠਵਰ=ਠਹਿਰਣਾ ਨਹੀਂ ਪਾਉਂਦੇ, ਉਹ ਜੂਠਾਨੈ=ਅਪਵਿੱਤ੍ਰ ਤਾਈਆਂ ਵਿਖੇ ਜਾ ਰਲਦੇ ਹਨ। *ਅਥਵਾ* :-ਜੂਠ+ਆਨੈ=ਗੰਦਗੀ ਦੇ ਘਰ (ਗਰਭ) ਵਿਚ ਰੁਲਦੇ ਹਨ॥ ੪॥

ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ॥

ਨਿਤਾ ਪ੍ਰਤੀ ਖਰਾ ਜੋ ਪਰਮੇਸ਼ਰ ਹੈ, ਉਸ ਨੂੰ ਸਮ੍ਹਾਲਣਾ ਕਰੀਏ ਅਤੇ ਸੱਚ ਨਾਮ ਰੂਪ ਸੌਦੇ ਨੂੰ ਪਾਉਣਾ ਕਰੀਏ।

ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ॥ ੫॥

ਖੋਟੇ ਪੁਰਸ਼ ਬੈਕੁੰਠ ਧਾਮ ਵਿਖੇ ਨਿਗਾਹ ਨਹੀਂ ਆਉਂਦੇ, ਖੋਟਿਆਂ ਨੂੰ ਲੈ ਕੇ ਜਮਦੂਤ ਨਰਕ ਅਗਨੀ ਵਿਚ ਸਾੜਦੇ ਹਨ॥ ੫॥

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥

ਜਿਨ੍ਹਾਂ ਨੇ ਆਪਣੇ ਸਰੂਪ ਨੂੰ ਜਾਣਿਆ ਹੈ, ਉਹ ਪਰਮਾਤਮਾ ਦਾ ਸਰੂਪ ਹਨ।

ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥ ੬॥

ਇਕ ਸਤਿਗੁਰੂ ਹੀ ਨਾਮ-ਅੰਮ੍ਰਿਤ ਦਾ ਬ੍ਰਿਛ ਹਨ, ਉਨ੍ਹਾਂ ਨੂੰ ਗਿਆਨ ਰੂਪੀ ਅੰਮ੍ਰਿਤ ਫਲ ਲੱਗਾ ਹੋਇਆ ਹੈ॥ ੬॥

ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ॥

ਜਿਨ੍ਹਾਂ ਨੇ ਗੁਰਾਂ ਦੁਆਰੇ ਉਸ ਗਿਆਨ ਰੂਪ ਅੰਮ੍ਰਿਤ ਫਲ ਨੂੰ ਚਖਿਆ ਹੈ, ਉਹ ਸੱਚ ਵਿਖੇ ਇਸਥਿਤ ਹੋ ਕੇ ਅਘਾਈ=ਤ੍ਰਿਪਤ ਹੋ ਰਹੇ ਹਨ।

ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ॥ ੭॥

ਉਨ੍ਹਾਂ ਗਿਆਨੀਆਂ ਦੇ ਅੰਦਰ ਨਾ ਕੋਈ ਭਰਮ ਹੈ ਅਤੇ ਨਾ ਹੀ ਕੋਈ ਭੇਦ ਹੈ।

ਅਥਵਾ :-ਉਨ੍ਹਾਂ ਦੇ ਅੰਦਰ ਭੇਦ ਭਰਮ ਕੋਈ ਨਹੀਂ ਹੈ, ਜੀਵਨ ਮੁਕਤੀ ਦੇ ਆਨੰਦ ਲਈ ਉਨ੍ਹਾਂ ਨੇ ਰਸਨਾ ਹਰੀ-ਰਸ ਵਿਖੇ ਰਸਾਈ= ਜੋੜੀ ਹੈ॥ ੭॥

ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ॥

ਇਹ ਜੀਵ ਪਰਮੇਸ਼ਰ ਦੇ ਹੁਕਮ ਅਨੁਸਾਰ ਅਤੇ ਕਰਮਾਂ ਦੇ ਸੰਜੋਗ ਕਰਕੇ ਸੰਸਾਰ ਵਿਚ ਆਇਆ ਹੈ, ਜੇਕਰ ਉਸ ਦੀ ਰਜਾਈ=ਆਗਿਆ ਵਿਚ ਸਦਾ ਚਲਣਾ ਕਰੇ। ਤਾਂ -

ਅਉਗਣਿਆਰੇ ਕਉ ਗੁਣੁ ਨਾਨਕੈ ਸਚੁ ਮਿਲੈ ਵਡਾਈ॥ ੮॥ ੨੦॥

ਇਸ ਔਗੁਣਹਾਰੇ ਨੂੰ ਸ਼ੁਭ ਗੁਣ ਪ੍ਰਾਪਤ ਹੁੰਦੇ ਹਨ ਅਤੇ ਸੱਚੀ ਵਡਿਆਈ ਮਿਲਦੀ ਹੈ॥ ੮॥ ੨੦॥

ਆਸਾ ਮਹਲਾ ੧ ॥ ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥

ਹੇ ਹਰੀ ! ਜਿਸ ਦਾ ਮਨ ਆਪ ਜੀ ਦੇ ਨਾਮ ਵਿਖੇ ਰੱਤਾ ਹੈ ਅਤੇ ਹੋਰਨਾਂ ਨੂੰ ਭੀ ਸੱਚ ਨਾਮ ਦਾ ਉਪਦੇਸ਼ ਕਥਨ ਕਰਦਾ ਹੈ।

ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥ ੧ ॥

ਜਾਂ ਉਹ ਪੁਰਸ਼ ਆਪ ਜੀ ਨੂੰ ਭਾਣਿਆ=ਭਾ ਗਿਆ ਹੈ, ਤਾਂ ਉਸ ਉੱਤੇ ਫਿਰ ਹੋਰ ਲੋਕਾਂ ਦਾ ਕੀ ਜੋਰ ਜਾਇ=ਚਲ ਸਕਦਾ ਹੈ॥ ੧ ॥

[ਪੰਨਾ ੪੨੨]

ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥

ਹੇ ਹਰਿ ਜੀਉ ! ਜਦ ਤੱਕ ਜੀਵ ਦੇ ਸਰੀਰ ਵਿਚ ਪ੍ਰਾਣ ਹਨ, ਤਦ ਤੱਕ ਆਪ ਜੀ ਦੇ ਸੱਚ ਨਾਮ ਨੂੰ ਧਿਆਉਣਾ ਕਰੀਏ।

ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥ ੧ ॥ ਰਹਾਉ ॥

ਹੇ ਹਰੀ ! ਆਪ ਜੀ ਦੇ ਗੁਣ ਗਾਉਣ ਦਾ ਲਾਭ ਮਿਲੇ, ਜਿਸ ਤੇ ਅਸੀਂ ਸੁਖ ਪਾਈਏ॥ ੧ ॥ ਰਹਾਉ ॥

ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥

ਤੇਰੀ ਭਗਤੀ ਰੂਪ ਕਾਰ ਸੱਚੀ ਹੈ, ਹੇ ਵਾਹਿਗੁਰੂ ! ਤੂੰ ਦਿਆਲੂ ਹੋ ਕੇ ਦੇਣਾ ਕਰ।

ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥ ੨ ॥

ਮੈਂ ਆਪ ਜੀ ਨੂੰ ਸਲਾਹ ਕੇ ਜੀਊਂਦਾ ਹਾਂ। ਹੇ ਅਧਾਰ ਰੂਪ ਵਾਹਿਗੁਰੂ ! ਮੇਰਾ ਟੇਕ=ਆਸਰਾ ਇਕ ਤੂੰ ਹੀ ਹੈਂ॥ ੨ ॥

ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥

ਤੇਰੇ ਦਰ ਦਾ ਜੋ ਦਰਵਾਨਚੀ ਸੇਵਕ ਹੋਇਆ ਹੈ, ਉਸ ਦੀ ਪੀੜਾ ਨੂੰ ਤੂੰ ਆਪ ਹੀ ਜਾਣਦਾ ਹੈਂ।

ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥ ੩ ॥

ਤੇਰੀ ਭਗਤੀ ਅਸਚਰਜ ਰੂਪ ਹੈ, ਜੋ ਦਰਵਾਨਚੀ ਸੇਵਕਾਂ ਦੀ ਪੀੜਾ ਨੂੰ ਗਵਾ ਦੇਂਦੀ ਹੈ॥ ੩ ॥

ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥

ਜੋ ਗੁਰਮੁਖ ਜਨ ਤੇਰਾ ਨਾਮ ਜਪਣਾ ਜਾਣਦੇ ਹਨ, ਉਹ ਤੇਰੀ ਦਰਗਾਹ ਵਿਚ ਤੇਰੇ ਹਦੂਰਿ=ਸਮੀਪ ਰਹਿੰਦੇ ਹਨ। *ਅਥਵਾ* :-ਜੋ ਗੁਰਮੁਖ ਜਨ ਤੇਰਾ ਨਾਮ ਜਪਣਾ ਜਾਨਣਗੇ, ਉਹ ਤੇਰੀ ਦਰਗਾਹ ਦੇ ਸਮੀਪ ਹੋਣਗੇ।

ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥ ੪ ॥

ਸਚੁ=ਨਿਸਚੇ ਕਰਕੇ ਉਨ੍ਹਾਂ ਦਾ ਉਹ ਵੇਲਾ ਪ੍ਰਮਾਣੀਕ ਹੋਵੇਗਾ, ਜਿਸ ਵੇਲੇ ਉਹ ਹੇ ਸਬਦੁ=ਬ੍ਰਹਮ !

ਤੈਨੂੰ ਪਛਾਨਣਗੇ॥ ੪॥

ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ॥

ਜੋ ਸੱਤ ਸੰਤੋਖ ਆਦਿ ਸ਼ੁਭ ਗੁਣਾਂ ਵਿਚ ਪ੍ਰੇਮ ਕਰਦਾ ਹੈ, ਹੇ ਹਰੀ ! ਉਸ ਨੂੰ ਤੂੰ ਨਾਮ ਰੂਪ ਤੋਸਾ=ਖਰਚਾ ਦੇਂਦਾ ਹੈ, *ਅਥਵਾ :-*ਹਰੀ ਨਾਮ ਦੇ ਸੇਇ=ਸੇਵਨ ਵਾਲਿਆਂ ਨੂੰ ਤੂੰ ਸੱਤ ਸੰਤੋਖ ਤੇ ਪ੍ਰੇਮ ਰੂਪ ਤੋਸਾ ਦੇਣਾ ਕਰਦਾ ਹੈਂ।

ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ॥ ੫॥

ਜੋ ਮਨ 'ਚੋਂ ਵਿਕਾਰਾਂ ਨੂੰ ਛੱਡਦਾ ਹੈ, ਹੇ ਸੱਚੇ ! ਤੂੰ ਉਸ ਨੂੰ ਸਚੁ=ਸੁਖ ਦੇਂਦਾ ਹੈਂ॥ ੫॥

ਸਚੇ ਸਚਾ ਨੇਹੁ ਸਚੈ ਲਾਇਆ॥
ਆਪੇ ਕਰੇ ਨਿਆਉ ਜੋ ਤਿਸੁ ਭਾਇਆ॥ ੬॥

ਹੇ ਸੱਚੇ ! ਤੇਰਾ ਪ੍ਰੇਮ ਸੱਚਾ ਹੈ, ਪਰ ਸੱਚ ਬੋਲਣ ਵਾਲਿਆਂ ਦੇ ਹਿਰਦੇ ਵਿਚ ਤੂੰ ਉਹ ਪ੍ਰੇਮ ਲਗਾਇਆ ਹੋਇਆ ਹੈ। ਹੇ ਵਾਹਿਗੁਰੂ ! ਫਿਰ ਤੂੰ ਉਹ ਨਿਆਂ ਕਰਦਾ ਹੈਂ, ਜੋ ਆਪ ਜੀ ਨੂੰ ਭਾਇਆ=ਚੰਗਾ ਲੱਗਾ ਹੈ॥ ੬॥

ਸਚੇ ਸਚੀ ਦਾਤਿ ਦੇਹਿ ਦਇਆਲੁ ਹੈ॥
ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ॥ ੭॥

ਹੇ ਸੱਚੇ ਵਾਹਿਗੁਰੂ ! ਤੇਰੀ ਦਾਤ ਸੱਚੀ ਹੈ, ਜਿਸ ਉੱਤੇ ਦਿਆਲੂ ਹੁੰਦਾ ਹੈਂ, ਉਸ ਨੂੰ ਦੇਂਦਾ ਹੈਂ। ਤਿਸੁ=ਆਪ ਜੀ ਨੂੰ ਮੈਂ ਰਾਤ ਦਿਨ ਸੇਂਵਦਾ ਹਾਂ, ਜਿਸ ਆਪ ਜੀ ਦਾ ਨਾਮ ਅਮੋਲਕ ਹੈ॥ ੭॥

ਤੂੰ ਊਤਮੁ ਹਉ ਨੀਚੁ ਸੇਵਕੁ ਕਾਂਢੀਆ॥

ਤੂੰ ਸਾਰਿਆਂ ਤੋਂ ਉੱਤਮ ਹੈਂ, ਮੈਂ ਆਪ ਜੀ ਦਾ ਨੀਚ ਸੇਵਕ ਕਾਂਢੀਆ=ਕਹਾਉਂਦਾ ਹਾਂ।

ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ॥ ੮॥ ੨੧॥

ਹੇ ਸੱਚੇ ਪ੍ਰਭੂ ! ਆਪਣੀ ਨਦਰਿ ਕਰੇਹੁ=ਕਿਰਪਾ ਦ੍ਰਿਸ਼ਟੀ ਕਰਕੇ ਮੈਂ ਵਾਂਢੀਆ=ਵਿਛੁੜੀ ਹੋਈ ਨੂੰ ਆਪ ਮਿਲਣਾ ਕਰੋ। *ਅਥਵਾ :-*ਅਜੇਹੀ ਕਿਰਪਾ ਦ੍ਰਿਸ਼ਟੀ ਕਰੋ, ਜੋ ਮੈਂ ਵਿਛੁੜੀ ਹੋਈ ਨੂੰ ਆਪ ਜੀ ਦਾ ਸੱਚਾ ਨਾਮ ਮਿਲੇ॥ ੮॥ ੨੧॥

ਜਗਿਆਸੂ ਬੇਨਤੀ ਕਰਦਾ ਹੈ:-

ਆਸਾ ਮਹਲਾ ੧॥
ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ॥
ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ॥ ੧॥

ਹੇ ਸਤਿਗੁਰੋ ! ਇਸ ਦਾ ਆਉਣਾ ਜਾਣਾ ਜੰਮਣਾ ਮਰਨਾ ਕਿਵੇਂ ਰਹਿ ਸਕਦਾ ਹੈ ? ਅਤੇ ਪਰਮੇਸ਼ਰ ਨਾਲ ਮਿਲਾਪ ਕਿਵੇਂ ਹੋ ਸਕਦਾ ਹੈ ? ਇਸ ਨੂੰ ਜਨਮ ਮਰਨ ਦਾ ਘਣੋ=ਬਹੁਤਾ ਦੁੱਖ ਕਿਉਂ ਹੋ ਰਿਹਾ ਹੈ?

ਉੱਤਰ :-ਨਿਤਾਪ੍ਰਤੀ ਸੰਸਾ ਤੇ ਦ੍ਵੈਤ ਕਰਕੇ ਇਸ ਨੂੰ ਜਨਮ ਮਰਨ ਦਾ ਬਹੁਤਾ ਦੁੱਖ ਹੋ ਰਿਹਾ ਹੈ॥ ੧॥

ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ॥

ਨਾਮ ਜਪੇ ਬਿਨਾਂ, ਇਸ ਦਾ ਜੀਵਨ ਕੀ ਹੈ ਭਾਵ ਨਿਸਫਲ ਹੈ। ਇਸ ਦੇ ਜੀਉਣ ਨੂੰ ਫਿਟੇ ਮੂੰਹ ਹੈ, ਪ੍ਰਸ਼ਨ-ਸਿਆਣਾ ਤਾਂ ਬਹੁਤ ਹੈ ? ਉੱਤਰ :-ਉਸ ਦੀਆਂ ਚਤੁਰਾਈਆਂ ਨੂੰ ਭੀ ਧ੍ਰਿਗਾਕਾਰ ਹੈ। ਕਿਉਂਕਿ

ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ॥ ੧॥ ਰਹਾਉ॥

ਇਸ ਨੇ ਨਾ ਸਤਿਗੁਰਾਂ ਨੂੰ ਸੇਵਿਆ ਹੈ, ਨਾ ਸੰਤਾਂ ਨੂੰ ਸੇਵਿਆ ਹੈ,

ਅਥਵਾ:-ਸਾਧੁ=ਸ੍ਰੇਸ਼ਟ ਸਤਿਗੁਰਾਂ ਨੂੰ ਨਹੀਂ ਸੇਵਿਆ, ਨਾ ਹੀ ਹਰੀ ਦੀ ਭਗਤੀ ਇਸ ਨੂੰ ਚੰਗੀ ਲੱਗੀ ਹੈ॥ ੧॥ ਰਹਾਉ॥

ਪਹਿਲੇ ਪ੍ਰਸ਼ਨ ਦਾ ਉੱਤਰ ਦਿੰਦੇ ਹਨ-

ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ॥

ਇਸ ਦਾ ਆਉਣਾ ਜਾਣਾ ਤਦ ਰਹਿ ਸਕਦਾ ਹੈ, ਜੇਕਰ ਪੂਰਾ ਗੁਰੂ ਪਾਵੇ।

ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ॥ ੨॥

ਜਿਸ ਵੇਲੇ ਪੂਰੇ ਗੁਰੂ ਰਾਸਿ=ਸੱਚਾ ਰਾਮ ਨਾਮ ਰੂਪੀ ਧਨ ਦੇਂਦੇ ਹਨ, ਉਸ ਵੇਲੇ ਭਰਮ ਰੂਪੀ ਕੂੜਾ ਬਿਨਸੈ=ਨਾਸ ਹੋ ਜਾਂਦਾ ਹੈ। ਅਥਵਾ:-ਭਰਮ ਅਤੇ ਕੂੜਾ ਸੁਭਾਵ ਬਿਨਸੈ=ਦੂਰ ਹੋ ਜਾਂਦਾ ਹੈ॥ ੨॥

ਸੰਤ ਜਨਾ ਕਉ ਮਿਲਿ ਰਹੈ ਧਨੁ ਧਨੁ ਜਸੁ ਗਾਏ॥

ਸੰਤ ਜਨਾਂ ਨੂੰ ਮਿਲ ਰਹਿਣਾ ਕਰੇ ਅਤੇ ਧੰਨ ਧੰਨ ਕਹਿਕੇ ਉਨ੍ਹਾਂ ਦਾ,

ਅਥਵਾ:- ਪਰਮੇਸ਼ਰ ਦਾ ਜਸ ਗਾਵੇ।

ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ॥ ੩॥

ਤਾਂ ਗੁਰਾਂ ਦੁਆਰੇ ਆਦਿ ਪੁਰਖ ਜੋ ਅਪਰੰਪਰ ਹਰੀ ਹੈ, ਉਸ ਨੂੰ ਪਾ ਲੈਂਦਾ ਹੈ॥ ੩॥

ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ॥
ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ॥ ੪॥

ਪਰਮੇਸ਼ਰ ਰੂਪ ਨਟ ਨੇ ਬਾਜ਼ੀਗਰ ਦੀ ਬਾਜੀ ਵਾਂਗ ਇਸ ਸੰਸਾਰ ਦਾ ਸਾਂਗੁ=ਚਲਿਤ੍ਰ ਬਣਾਇਆ ਹੈ। ਇਸ ਸੰਸਾਰ-ਬਾਜ਼ੀ ਪਲ ਦਾ ਖਿਨ ਭਰ ਸਮਾਂ ਦੇਖਣ ਵਿਚ ਆਉਂਦੀ ਹੈ, ਇਸ ਦੇ ਉਜੜਦਿਆਂ ਕੋਈ ਬਾਰਾ=ਦੇਰ ਨਹੀਂ ਲੱਗਦੀ॥ ੪॥

ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ॥

ਝੂਠੇ ਤੇ ਹੰਕਾਰੀ ਪੁਰਸ਼, ਹੰਗਤਾ ਸਹਿਤ ਕਰਮਾਂ ਦੇ ਕਰਨ ਰੂਪ ਚੌਪੜ ਨੂੰ ਖੇਡਦੇ ਹਨ।

ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ॥ ੫॥

ਇਸ ਕਰਕੇ ਸਾਰਾ ਜਗਤ ਹਾਰ ਜਾਂਦਾ ਹੈ, ਜਿੱਤਦਾ ਉਹ ਪੁਰਸ਼ ਹੈ, ਜੋ ਗੁਰ ਸ਼ਬਦ ਨੂੰ ਵਿਚਾਰਦਾ ਹੈ।

ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ॥

ਜਿਵੇ ਅੰਨ੍ਹੇ (ਪੁਰਸ਼) ਦੇ ਹੱਥ ਵਿਚ ਟੋਹਣੀ=ਸੋਟੀ ਆਸਰਾ ਰੂਪ ਹੁੰਦੀ ਹੈ, ਤਿਵੇਂ ਸਾਨੂੰ ਹਰੀ ਨਾਮ ਦਾ ਆਸਰਾ ਹੈ।

ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ॥ ੬॥

ਹਰੀ ਰਾਮ ਨਾਮ ਦਾ ਸਾਨੂੰ ਟੇਕ=ਆਸਰਾ ਹੈ, ਨਿਸਿ ਦਉਤ=ਰਾਤ ਦਿਨ ਸਵਾਰ ਸਵਾਰ ਕੇ ਨਾਮ ਜਪ ਦੇ ਹਾਂ। *ਅਥਵਾ:*-ਹਰੀ ਦੇ ਰਾਮ ਨਾਮ ਦੀ ਜੋ ਓਟ ਹੈ, ਏਹੋ ਸਾਡੇ ਰਾਤ ਤੇ ਦਉਤ=ਦਿਨ ਦੇ ਵੇਲੇ ਨੂੰ ਸਵਾਰਦੀ, ਭਾਵ ਸਫਲ ਕਰਦੀ ਹੈ॥ ੬॥

ਇੰਝ ਬੇਨਤੀ ਕਰੇ-ਹੇ ਵਾਹਿਗੁਰੂ !

ਜਿਉ ਤੂੰ ਰਾਖਹਿ ਤਿਉ ਰਹਾ ਹਰਿ ਨਾਮ ਅਧਾਰਾ॥

ਜਿਵੇਂ ਆਪ ਰੱਖਦੇ ਹੋ, ਓਵੇਂ ਅਸੀਂ ਖ਼ੁਸ਼ ਰਹਿੰਦੇ ਹਾਂ, ਸਾਨੂੰ ਕੇਵਲ ਆਪ ਜੀ ਦੇ ਨਾਮ ਦਾ ਅਧਾਰਾ=ਆਸਰਾ ਹੈ।

ਅੰਤਿ ਸਖਾਈ ਪਾਇਆ ਜਨ ਮੁਕਤਿ ਦੁਆਰਾ॥ ੭॥

ਗੁਰਮੁਖ ਜਨਾਂ ਨੇ ਅੰਤ ਨੂੰ ਸਹਾਇਤਾ ਕਰਨ ਵਾਲਾ ਜੋ ਮੁਕਤੀ ਦਾ ਦੁਆਰਾ=ਦਰਵਾਜ਼ਾ (ਗਿਆਨ) ਹੈ, ਉਸ ਨੂੰ ਪਾਉਣਾ ਕੀਤਾ ਹੈ॥ ੭॥

ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ॥

ਗੁਰਮੁਖਾਂ ਨੇ ਮੁਰਾਰੀ ਦੇ ਨਾਮ ਨੂੰ ਜਪ ਕੇ ਜਨਮ ਮਰਨ ਦਾ ਦੁੱਖ ਮੇਟ ਲਿਆ ਹੈ।

ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ॥ ੮॥ ੨੨॥

ਗੁਰੂ ਜੀ ਆਖਦੇ ਹਨ-ਜਿਨ੍ਹਾਂ ਨੂੰ ਨਾਮ ਨਹੀਂ ਭੁਲਦਾ, ਉਹਨਾਂ ਨੂੰ ਪੂਰਾ ਗੁਰੂ ਸੰਸਾਰ-ਸਮੁੰਦਰ ਤੋਂ ਤਾਰਦਾ ਹੈ॥ ੮॥ ੨੨॥

ਆਸਾ ਮਹਲਾ ੩ ਅਸਟਪਦੀਆ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ॥

ੴ ਸ਼ਾਸਤ੍ਰ, ੪ ਵੇਦ, ੨੭ ਸਿੰਮ੍ਰਿਤੀਆਂ, ਇਹ ਤਾਂ ਆਪ ਜੀ ਦਾ ਸਰੁ=ਸਮੁੰਦਰ ਰਚਿਆ ਹੋਇਆ ਹੈ। ਇਨ੍ਹਾ ਗ੍ਰੰਥਾਂ ਵਿਚ ਆਪ ਜੀ ਦੇ ਚਰਨਾਂ ਦੀ ਜੋ ਪ੍ਰੀਤੀ,

ਅਥਵਾ:-ਕੀਰਤੀ ਸਮਾ ਰਹੀ ਹੈ-ਇਹ ਇਕ ਸੁਰਸਰੀ=ਗੰਗਾ ਉਸ ਸਮੁੰਦਰ ਵਿਚ ਸਮਾ ਰਹੀ ਹੈ।

ਜਿਵੇਂ ਗੰਗਾ ਦਾ ਪ੍ਰਵਾਹ ਸਮੁੰਦ੍ਰ ਵਿਚ ਜਾ ਕੇ ਮਿਲ ਜਾਂਦਾ ਹੈ, ਤਿਵੇਂ ਆਪ ਜੀ ਦੀ ਕੀਰਤੀ ਸ਼ਾਸਤ੍ਰਾਂ ਅਤੇ ਵੇਦਾਂ ਵਿਚ ਸਮਾ ਰਹੀ ਹੈ।

ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ॥ ੧ ॥

ਤੀਨਿ=ਤ੍ਰਿਕਾਂਡ ਵੇਦ ਸਾਖਾ=ਉਗਾਹੀ ਦੇਂਦਾ ਹੈ, ਕਿ ਮਤੀ ਕਰਕੇ ਮੂਲੁ=ਮੁੱਢ ਰੂਪ ਪਰਮੇਸ਼ਰ ਦੇ ਨਾਮ ਨੂੰ ਰਾਵੈ=ਉਚਾਰਨਾ ਕਰੇ।

ਅਥਵਾ:-ਸੰਸਾਰ ਰੂਪ ਬ੍ਰਿਛ ਦੀਆਂ ਜਿਸ ਨੇ ਰਜੋ ਸਤੋ ਤਮੋ ਰੂਪ ਤਿੰਨ ਸਾਖਾਂ ਰਚੀਆਂ ਹਨ, ਉਸ ਮੂਲ ਰੂਪ ਪਰਮੇਸ਼ਰ ਦੇ ਨਾਮਾਂ ਨੂੰ ਉਚਾਰਨਾ ਕਰੇ ।

ਅਥਵਾ:-ਜੋ ਤਿੰਨ ਸਾਖਾਂ ਦਾ ਮੂਲ ਹੈ, ਉਸ ਨੂੰ ਬੁੱਧੀ ਕਰਕੇ ਉਚਾਰਨਾ ਕਰੇ।

ਅਥਵਾ:-ਜਿਸ ਵੇਦ ਦੀਆਂ ਤਿੰਨ ਸਾਖਾਂ ਹਨ-ਕਰਮ, ਉਪਾਸ਼ਨਾ, ਗਿਆਨ। ਉਸ ਦੁਆਰੇ ਮੂਲ ਰੂਪ ਪਰਮੇਸ਼ਰ ਦੇ ਆਨੰਦ ਨੂੰ ਮਤੀ ਵਿਖੇ ਰਾਵੈ=ਭੋਗਣਾ ਕਰੇ।

ਅਤੇ ਐਸੇ ਉਚਾਰਨਾ ਕਰੇ-ਹੇ ਵਿਡਾਣੀ=ਅਸਚਰਜ ਰੂਪ ਪਰਮਾਤਮਾ ! ਤੂੰ ਤਾਂ ਸਾਰੇ ਵਿਆਪਕ ਹੈਂ॥ ੧ ॥

ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ॥ ੧ ॥ ਰਹਾਉ ॥

ਗੁਰੂ ਜੀ ਕਥਨ ਕਰਦੇ ਹਨ-ਪੁਰਸ਼ ਨੂੰ ਚਾਹੀਦਾ ਹੈ, ਕਿ ਉਸਦੇ ਚਰਨਾਂ ਨੂੰ ਜਪਣਾ ਕਰੇ ਅਤੇ ਅੰਮ੍ਰਿਤ ਵਾਂਗ ਮਿੱਠੀ ਬਾਣੀ ਬੋਲੇ॥ ੧ ॥ ਰਹਾਉ ॥

[ਪੰਨਾ ੪੨੩]

ਤੇਤੀਸ ਕਰੋੜੀ ਦਾਸ ਤੁਮ੍ਹਾਰੇ ਰਿਧਿ ਸਿਧਿ ਪ੍ਰਾਣ ਅਧਾਰੀ॥

ਤੇਤੀਸ=ਤੇਤੀ ਕ੍ਰੋੜ ਦੇਵਤੇ ਆਪ ਜੀ ਦੇ ਦਾਸ ਹਨ, ਆਪ ਰਿਧੀਆਂ ਸਿਧੀਆਂ ਦੇ ਦਾਤੇ ਹੋ ਅਤੇ ਪ੍ਰਾਣਾਂ ਦਾ ਅਧਾਰੀ=ਆਸਰਾ ਰੂਪ ਹੋ।

ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ ॥ ੨ ॥

ਤਾ ਕੇ=ਤਿਸ ਆਪ ਜੀ ਦੇ ਸੁੰਦਰ ਰੂਪ ਜਾਣੇ ਨਹੀਂ ਜਾਂਦੇ, ਕੀ ਵਿਚਾਰ ਕੇ ਆਖਣਾ ਕਰੀਏ। *ਅਥਵਾ:*-ਆਖਿ=ਅਖਿਆਣਾਂ ਦੁਆਰੇ ਕੀ ਵਿਚਾਰਨਾ ਕਰੀਏ।

ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ॥

ਹੇ ਪਰਮੇਸ਼ਰ ! ਤੇਰੇ ਰਚਤ ਤਿੰਨੇ ਗੁਣ ਸਭ ਜੁਗਾਂ ਦੇ ਅੰਦਰ ਹੀ ਫੈਲ ਰਹੇ ਹਨ ਅਤੇ ਚਾਰੇ ਖਾਣੀਆਂ ਭੀ ਤੇਰੀਆਂ ਰਚੀਆਂ ਹੋਈਆਂ ਹਨ।

ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ॥ ੩ ॥

ਹੇ ਪਰਮੇਸ਼ਰ ! ਤੇਰਾ ਕਰਮੁ=ਅਨੁਗ੍ਰਹੁ ਹੋਵੇ ਤਾਂ ਇਹ ਜੀਵ ਅਕਥ ਦੀ ਕਹਾਣੀ ਨੂੰ ਕਥਨ ਕਰਕੇ ਪਰਮ ਪਦੁ=ਆਤਮ ਪਦ ਪਾਉਂਦਾ ਹੈ॥ ੩ ॥

ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ॥

ਹੇ ਪਰਮੇਸ਼ਰ ! ਤੂੰ ਹੀ ਕਰਤਾ ਹੈਂ, ਏਹ ਖੇਲ ਸਾਰਾ ਤੇਰਾ ਕੀਤਾ ਹੋਇਆ ਹੈ, ਤੈਥੋਂ ਬਿਨਾਂ ਏਹ ਪ੍ਰਾਣ ਧਾਰੀ ਜੀਵ ਕੋਈ ਕੀ ਕਰ ਸਕਦਾ ਹੈ ?

ਜਾ ਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚਿ ਸਮਾਣੀ॥ ੪॥

ਹੇ ਪਰਮੇਸ਼ਰ ! ਜਿਸ ਉੱਤੇ ਤੂੰ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈਂ, ਓਹੀ ਜੀਵ ਰੂਪ ਇਸਤਰੀ ਸੱਚ ਸਰੂਪ ਵਿਚ ਸਮਾ ਜਾਂਦੀ ਹੈ॥ ੪॥

ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ॥

ਜਿਤਨੀ ਕੁ ਆਉਣ-ਜਾਣ ਵਾਲੀ ਸ੍ਰਿਸ਼ਟੀ ਹੈ, ਤਿਸ ਵਿਚ ਸਮਾਨ ਰੂਪ ਕਰਕੇ ਸਭ ਕੋਈ ਆਪ ਦਾ ਨਾਮ ਲੈਂਦਾ ਹੈ। *ਅਥਵਾ*-ਜਿਤਨੀ ਕੁ ਆਉਣ ਜਾਣ ਵਾਲੀ ਸ੍ਰਿਸ਼ਟੀ ਹੈ ਤਿਸ ਸਾਰੀ ਸ੍ਰਿਸ਼ਟੀ ਵਿਚੋਂ ਆਪ ਜੀ ਦੇ ਨਾਮ ਨੂੰ ਕੋਈ ਕੋਈ ਲੈਂਦਾ ਹੈ।

ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ॥ ੫॥

ਜਾਂ ਆਪ ਨੂੰ ਭਾਵੇ, *ਅਥਵਾ*-ਆਪ ਦਾ ਭਾਣਾ ਮੰਨੇ, ਤਾਂ ਗੁਰਾਂ ਦੁਆਰੇ ਗੁਰਮੁਖ ਪੁਰਸ਼ ਬੁਝਦਾ ਹੈ, ਹੋਰ ਮਨਮੁਖ ਇਸਤਰੀ ਇਆਣੀ=ਅਗਿਆਤ ਹੋਈ ਫਿਰਦੀ ਹੈ॥ ੫॥

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥

ਜੀਵਾਂ ਨੂੰ ਕਰਮਾਂ ਧਰਮਾਂ, ਵਿਚ ਪ੍ਰਵਿਰਤ ਕਰਾਉਣ ਵਾਸਤੇ ਈਸ਼ੁਰ ਨੇ ਚਾਰੇ ਵੇਦ ਜੋ ਬ੍ਰਹਮਾ ਨੂੰ ਦਿੱਤੇ ਹਨ, ਉਹ ਉਹਨਾਂ ਵੇਦਾਂ ਨੂੰ ਪੜ੍ਹ ਪੜ੍ਹ ਕੇ ਕਰਮਾਂ ਧਰਮਾਂ ਦਾ ਹੀ ਵਿਚਾਰ ਕਰਦਾ ਹੈ।

ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥ ੬॥

ਬਪੁੜਾ=ਵਿਚਾਰਾ ਉਸ ਪਰਮੇਸ਼ਰ ਦਾ ਹੁਕਮ ਨਾ ਬੁਝਦਾ ਹੋਇਆ। ਜਦ ਕਵਲ ਦੀ ਨਾਲੀ ਤੋਂ ਬ੍ਰਹਮਾ ਦੀ ਉਤਪਤੀ ਹੋਈ ਤਾਂ ਆਲੇ ਦੁਆਲੇ ਹੋਰ ਕੋਈ ਨਿਗਾਹ ਨਾ ਆਉਣ ਕਰਕੇ ਬ੍ਰਹਮਾ ਨੂੰ ਹੰਕਾਰ ਹੋ ਗਿਆ ਤਾਂ ਪਰਮੇਸ਼ਰ ਨੇ ਹੁਕਮ ਦਿੱਤਾ ਕਿ ਤੇਰੀ ਉਤਪਤੀ ਦਾ ਕਾਰਨ ਇਹ ਨਾਲੀ ਹੀ ਹੈ; ਪਰੰਤੂ, ਬ੍ਰਹਮਾ ਨੇ ਨਾ ਮੰਨਿਆ ਤੇ ਕਿਹਾ, ਕਿ ਇਹ ਨਿੱਕੀ ਜਿਹੀ ਨਾਲੀ ਮੇਰੀ ਉਤਪਤੀ ਦਾ ਕਾਰਨ ਕਿਵੇਂ ਹੋ ਸਕਦੀ ਹੈ? ਝੱਟ ਉਸ ਨੂੰ ਲੱਤ ਮਾਰੀ ਜਾਂ ਬ੍ਰਹਮਾ ਨੇ ਲੱਤ ਮਾਰੀ ਤਾਂ ਉਸੀ ਵੇਲੇ ਨਰਕ ਸੁਰਗ ਵਿਚ ਉਤਰਦਾ ਹੋਇਆ ਭਾਵ ਕਦੀ ਨਾਲੀ ਦੇ ਹੇਠਾਂ ਜਾਵੇ ਤੇ ਕਦੀ ਉਪਰ ਆਵੇ॥ ੬॥

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥

ਜੋ ਜੁਗਾ ਜੁਗਾਂ ਦੇ ਪ੍ਰਿਥੂ ਆਦਿਕ ਰਾਜੇ ਪ੍ਰਭੂ ਨੇ ਪੈਦਾ ਕੀਤੇ ਹਨ, ਜਿਨ੍ਹਾਂ ਨੂੰ ਸ਼ਾਸਤਰ ਅਵਤਾਰ ਕਰਕੇ ਗਾਉਂਦੇ ਹਨ। *ਅਥਵਾ*-ਜੁਗਾਂ ਜੁਗਾਂ ਦੇ ਜੋ ਆਪੋ ਆਪਣੇ ਰਾਜੇ=ਅਵਤਾਰ ਕੀਤੇ ਹਨ, ਸਤਿਜੁਗ ਦਾ ਹੰਸ ਅਵਤਾਰ, ਤਰੇਤੇ ਦਾ ਰਾਮਾ ਦੁਆਪੁਰ ਦਾ ਕ੍ਰਿਸ਼ਨ, ਕਲਿਜੁਗ ਦਾ ਨਿਹਕਲੰਕ, ਜਿਨ੍ਹਾਂ ਨੂੰ ਅਵਤਾਰ ਕਰਕੇ ਗਾਉਂਦੇ ਹਨ।

ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥ ੭॥

ਉਨ੍ਹਾਂ ਅਵਤਾਰਾਂ ਨੇ ਭੀ ਤਿਸ ਪਰਮਾਤਮਾ ਦਾ ਅੰਤ ਨਹੀਂ ਪਾਇਆ ਅਤੇ ਮੈਂ ਕੀ ਵਿਚਾਰ ਕੇ ਆਖਣਾ ਕਰਾਂ॥ ੭॥

ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ॥

ਹੇ ਪ੍ਰਭੂ ! ਤੂੰ ਆਪ ਸੱਚਾ ਹੈਂ, ਤੇਰਾ ਕੀਤਾ ਹੋਇਆ ਪ੍ਰਪੰਚ ਭੀ ਸਾਰਾ ਸੱਚਾ ਹੈ, ਜੇ ਤੂੰ ਕਿਰਪਾ ਕਰਕੇ ਦੇਵੇਂ

ਤਾਂ ਮੈਂ ਸੱਚ ਨਾਮ ਨੂੰ ਕਥਨ ਕਰਾਂ।

ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ॥ ੮ ॥ ੧ ॥ ੨੩ ॥

ਹੇ ਸੱਚੇ ! ਜਿਸ ਨੂੰ ਤੂੰ ਆਪਣਾ ਨਾਮ ਸਮਝਾਉਂਦਾ ਹੈਂ, ਉਸ ਦੀ ਬਿਰਤੀ ਸੁਤੇ ਹੀ ਨਾਮ ਵਿਚ ਸਮਾ ਜਾਂਦੀ ਹੈ। *ਅਥਵਾ:*-ਹੇ ਪ੍ਰਭੂ ! ਜਿਸ ਨੂੰ ਤੂੰ ਆਪਣਾ ਸੱਚ ਨਾਮ ਸਮਾਝਾਉਂਦਾ ਹੈਂ, ਉਹ ਜੀਵ ਰੂਪ ਇਸਤਰੀ ਹੇ ਨਾਮੀ ਪ੍ਰਭੂ ! ਸੁਤੇ ਹੀ ਤੇਰੇ ਵਿਚ ਅਭੇਦ ਹੁੰਦੀ ਹੈ॥ ੮॥ ੧॥ ੨੩॥

ਆਸਾ ਮਹਲਾ ੩ ॥ ਸਤਿਗੁਰ ਹਮਰਾ ਭਰਮੁ ਗਵਾਇਆ॥

ਧੰਨ ਸਤਿਗੁਰੂ ਹਨ, ਜਿਨ੍ਹਾਂ ਨੇ ਸਾਡਾ ਭਰਮ ਗੁਆ ਦਿੱਤਾ ਹੈ। ਅਤੇ-

ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ॥

ਹਰੀ ਨਿੰਰਜਨ ਦਾ ਨਾਮ ਮਨ ਵਿਖੇ ਵਸਾ ਦਿੱਤਾ ਹੈ।

ਸਬਦੁ ਚੀਨਿ ਸਦਾ ਸੁਖੁ ਪਾਇਆ॥ ੧ ॥

ਗੁਰ ਸ਼ਬਦ ਨੂੰ ਚੀਨਿ=ਜਾਣ ਕੇ ਸਦਾ=ਨਿਤ ਸੁਖ ਪਾਇਆ ਹੈ॥ ੧॥

ਸੁਣਿ ਮਨ ਮੇਰੇ ਤਤੁ ਗਿਆਨੁ॥

ਹੇ ਮੇਰੇ ਪਿਆਰੇ ! ਤੂੰ ਤਤੁ ਗਿਆਨੁ=*ਯਥਾਰਥ* ਗਿਆਨ ਨੂੰ ਸੁਣਨਾ ਕਰ।

ਦੇਵਣ ਵਾਲਾ ਸਭ ਬਿਧਿ ਜਾਣੈ
ਗੁਰਮੁਖਿ ਪਾਈਐ ਨਾਮੁ ਨਿਧਾਨੁ॥ ੧ ॥ ਰਹਾਉ॥

ਦੇਵਣ ਵਾਲਾ ਪ੍ਰਭੂ ਸਭ ਵਿਧੀਆਂ ਨੂੰ ਜਾਣਦਾ ਹੈ, ਉਸ ਦਾ ਨਾਮ ਰੂਪ ਖਜ਼ਾਨਾ ਗੁਰਮੁਖਿ=ਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਸਤਿਗੁਰ ਭੇਟੇ ਕੀ ਵਡਿਆਈ॥
ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ॥

ਸਤਿਗੁਰੂ ਨਾਲ ਮਿਲਣ ਦੀ ਏਹੀ ਵਡਿਆਈ ਹੈ। ਜਿਸ ਨੇ ਪਦਾਰਥਾਂ ਦੀ ਮਮਤਾ ਅਤੇ ਤ੍ਰਿਸ਼ਨਾ ਰੂਪ ਅੱਗ ਬੁਝਾ ਦਿਤੀ ਹੈ।

ਸਹਜੇ ਮਾਤਾ ਹਰਿ ਗੁਣ ਗਾਈ॥ ੨ ॥

ਹੁਣ ਮੇਰਾ ਮਨ, ਮਾਤਾ=ਮਸਤ ਹੋ ਕੇ ਸਹਜੇ ਹਰੀ ਗੁਣਾਂ ਨੂੰ ਗਾਉਂਦਾ ਹੈ॥ ੨॥

ਵਿਣੁ ਗੁਰ ਪੂਰੇ ਕੋਇ ਨ ਜਾਣੀ॥

ਪਰ ਇਸ ਗੱਲ ਨੂੰ ਪੂਰਿਆਂ ਗੁਰਾਂ ਦੀ ਕਿਰਪਾ ਬਿਨਾਂ ਕੋਈ ਨਹੀਂ ਜਾਣ ਸਕਦਾ।

ਮਾਇਆ ਮੋਹਿ ਦੂਜੈ ਲੋਭਾਣੀ॥ ਗੁਰਮੁਖਿ ਨਾਮੁ ਮਿਲੈ ਹਰਿ ਬਾਣੀ॥ ੩ ॥

ਮਾਯਾ ਦੇ ਮੋਹ ਕਰਕੇ-ਇਹ ਜੀਵ ਦ੍ਵੈਤ ਭਾ ਵਿਖੇ ਲੁਭਾਇਮਾਨ ਹਨ। ਮੁਖ ਗੁਰਾਂ ਦੀ ਸ਼ਰਨ ਜਾਵੇ, ਤਾਂ

ਹਰੀ ਦੀ ਨਾਮ ਬਾਣੀ ਮਿਲਦੀ ਹੈ॥ ੩॥

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ॥

ਗੁਰਾਂ ਦੀ ਜੋ ਸੇਵਾ ਕਰਨੀ ਹੈ, ਇਹ ਤਪਾਂ ਵਿਚੋਂ ਸ਼ਰੋਮਣੀ ਸਾਰੁ=ਸਰੇਸ਼ਟ ਤੱਪ ਹੈ। ਗੁਰ ਸੇਵਾ ਕਰਕੇ ਹੀ ਸਭ ਦੁੱਖਾਂ ਦੇ ਵਿਸਾਰਨ ਵਾਲਾ ਹਰਿ ਜੀ ਮਨ ਵਿਖੇ ਆ ਕੇ ਵਸਦਾ ਹੈ।

ਦਰਿ ਸਾਚੈ ਦੀਸੈ ਸਚਿਆਰੁ॥ ੪॥

ਗੁਰ ਸੇਵਾ ਕਰਕੇ ਹੀ ਸੱਚੇ ਦਰਬਾਰ ਵਿਚ ਇਹ ਸਚਿਆਰੁ=ਸੱਚਾ ਦਿੱਸਦਾ ਹੈ॥ ੪॥

ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥

ਗੁਰ ਸੇਵਾ ਕਰਕੇ ਹੀ ਤਿੰਨਾਂ ਭਵਨਾਂ ਦੀ ਮਿਥਿਆ ਰੂਪ ਕਰਕੇ, ਅਥਵਾ-ਬ੍ਰਹਮ ਰੂਪਤਾ ਕਰਕੇ ਸੋਝੀ=ਗਿਆਤ ਪ੍ਰਾਪਤ ਹੁੰਦੀ ਹੈ।

ਆਪੁ ਪਛਾਣਿ ਹਰਿ ਪਾਵੈ ਸੋਇ॥
ਸਾਚੀ ਬਾਣੀ ਮਹਲੁ ਪਰਾਪਤਿ ਹੋਇ॥ ੫॥

ਗੁਰ ਸੇਵਾ ਕਰਕੇ ਹੀ ਆਪਣੇ ਸਰੂਪ ਨੂੰ ਪਛਾਣਦਾ ਹੈ ਅਤੇ ਉਸ ਹਰੀ ਨੂੰ ਪਾਉਂਦਾ ਹੈ। ਸੱਚੀ ਉਪਦੇਸ਼ ਬਾਣੀ ਅਤੇ ਨਾਮ ਬਾਣੀ ਕਰਕੇ ਮਹਲੁ=ਸਰੂਪ ਦੀ ਪ੍ਰਾਪਤੀ ਹੁੰਦੀ ਹੈ॥ ੫॥

ਗੁਰ ਸੇਵਾ ਤੇ ਸਭ ਕੁਲ ਉਧਾਰੇ॥ ਨਿਰਮਲ ਨਾਮੁ ਰਖੈ ਉਰਿ ਧਾਰੇ॥

ਗੁਰ ਸੇਵਾ ਤੇ=ਕਰਕੇ ਹੀ ਇਹ ਜੀਵ ਆਪਣੀਆਂ ਸਭ ਕੁਲਾਂ ਨੂੰ ਤਾਰ ਲੈਂਦਾ ਹੈ ਅਤੇ ਨਿਰਮਲ ਨਾਮ ਨੂੰ ਆਪਣੇ ਹਿਰਦੇ ਵਿਚ ਧਾਰ ਰੱਖਦਾ ਹੈ।

ਸਾਚੀ ਸੋਭਾ ਸਾਚਿ ਦੁਆਰੇ॥ ੬॥

ਗੁਰ ਸੇਵਾ ਕਰਕੇ ਹੀ ਸੱਚੇ ਦੁਆਰੇ ਸਤਸੰਗ ਵਿਚ ਇਸ ਦੀ ਸੱਚੀ ਸੋਭਾ ਹੁੰਦੀ ਹੈ॥ ੬॥

ਸੇ ਵਡਭਾਗੀ ਜਿ ਗੁਰਿ ਸੇਵਾ ਲਾਏ॥

ਜਿਨ੍ਹਾਂ ਨੂੰ ਗੁਰਾਂ ਨੇ ਆਪਣੀ ਸੇਵਾ ਵਿਚ ਲਗਾਇਆ ਹੈ, ਉਹ ਪੁਰਸ਼ ਵਡਿਆਂ ਭਾਗਾਂ ਵਾਲੇ ਹਨ।

ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ॥
ਨਾਮੇ ਉਧਰੇ ਕੁਲ ਸਬਾਏ॥ ੭॥

ਗੁਰੂ ਸਾਹਿਬ ਜੀ ਆਪਣੇ ਸੇਵਕ ਨੂੰ ਰਾਤ ਦਿਨ ਸੱਚੀ ਨਾਮ ਭਗਤੀ ਦ੍ਰਿੜ ਕਰਾਉਂਦੇ ਹਨ। ਨਾਮ ਕਰਕੇ ਸਾਰੇ ਕੁਲਾਂ ਦੇ ਜੀਵ ਤਰ ਜਾਂਦੇ ਹਨ॥ ੭॥

ਨਾਨਕੁ ਸਾਚੁ ਕਹੈ ਵੀਚਾਰੁ॥ ਹਰਿ ਕਾ ਨਾਮੁ ਰਖਹੁ ਉਰਿ ਧਾਰਿ॥

ਗੁਰੂ ਜੀ ਆਖਦੇ ਹਨ-ਇਹ ਅਸੀਂ ਸੱਚਾ ਵਿਚਾਰ ਕਥਨ ਕੀਤਾ ਹੈ। ਤੁਸੀਂ ਹਰੀ ਦਾ ਨਾਮ ਹਿਰਦੇ ਵਿਚ

ਟਿਕਾਈ ਰਖੋ।

ਹਰਿ ਭਗਤੀ ਰਾਤੇ ਮੋਖ ਦੁਆਰੁ ॥੮॥੨॥੨੪॥

ਜੋ ਹਰੀ ਦੀ ਭਗਤੀ ਵਿਚ ਤਦਾਕਾਰ ਹੋਏ ਹਨ, ਉਹਨਾਂ ਨੂੰ ਮੋਖ ਦਾ ਦੁਆਰਾ (ਗਿਆਨ) ਪ੍ਰਾਪਤ ਹੁੰਦਾ ਹੈ॥ ੮॥ ੨॥ ੨੪॥

ਆਸਾ ਮਹਲਾ ੩ ॥

ਆਸਾ ਆਸ ਕਰੇ ਸਭੁ ਕੋਈ॥ ਹੁਕਮੈ ਬੂਝੈ ਨਿਰਾਸਾ ਹੋਈ॥

ਸਭ ਕੋਈ ਆਸਾ ਵੀ ਆਸਾ ਨੂੰ ਕਰਦਾ ਹੈ। *ਅਥਵਾ:*-ਆਸਾ ਵਾਲਿਆਂ ਦੀ ਆਸਾ ਕਰਦਾ ਹੈ।

ਅਥਵਾ:-ਆਸਾ ਰਾਗਣੀ ਦੁਆਰਾ ਕਥਨ ਕਰਦੇ ਹਨ-ਸਭ ਕੋਈ ਪਦਾਰਥਾਂ ਦੀ ਆਸਾ ਕਰਦਾ ਹੈ। ਪਰ ਜੋ ਪਰਮੇਸ਼ਰ ਦੇ ਹੁਕਮ ਨੂੰ ਬੁਝਦਾ ਹੈ, ਉਹ ਪਦਾਰਥਾਂ ਦੀ ਆਸਾ ਤੋਂ ਨਿਰਾਸ ਹੁੰਦਾ ਹੈ।

ਆਸਾ ਵਿਚਿ ਸੁਤੇ ਕਈ ਲੋਈ॥ ਸੋ ਜਾਗੈ ਜਾਗਾਵੈ ਸੋਈ॥੧॥

ਦੁਨੀਆਂ ਦੇ ਕਈ ਲੋਕ ਪਦਾਰਥਾਂ ਦੀ ਆਸਾ ਵਿਚ ਸੁੱਤੇ ਪਏ ਹਨ। ਉਹ ਪਰਮਾਤਮਾ ਜਿਸ ਨੂੰ ਜਗਾਉਂਦਾ ਹੈ, ਉਹੀ ਪੁਰਸ਼ ਭਜਨ ਸਿਮਰਨ ਵਿਚ ਜਾਗਦਾ ਹੈ॥ ੧॥

ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ॥

ਧੰਨ ਸਤਿਗੁਰੂ ਹਨ ਜਿਨ੍ਹਾਂ ਨੇ ਨਾਮ ਸਮਝਾਣਾ ਕੀਤਾ ਹੈ ਅਤੇ ਇਹ ਦੱਸਿਆ ਹੈ ਕਿ ਨਾਮ ਜਪੇ ਤੋਂ ਬਿਨਾਂ ਪਦਾਰਥਾਂ ਦੀ ਭੁਖ ਜਾਂਦੀ ਨਹੀਂ ਹੈ।

[ਪੰਨਾ ੪੨੪]

ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ॥੧॥ ਰਹਾਉ॥

ਨਾਮ ਕਰਕੇ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਅਗਨੀ ਬੁਝ ਜਾਂਦੀ ਹੈ, ਪਰੰਤੂ ਤਿਸ ਰਜਾਈ=ਪਰਮੇਸ਼ਰ ਦਾ ਨਾਮ ਮਿਲੇ ਤਾਂ ਤ੍ਰਿਸ਼ਨਾ ਅੱਗ ਬੁਝਦੀ ਹੈ॥ ੧॥ ਰਹਾਉ॥

ਕਲਿ ਕੀਰਤਿ ਸਬਦੁ ਪਛਾਨੁ॥ ਏਹਾ ਭਗਤਿ ਚੂਕੈ ਅਭਿਮਾਨੁ॥

ਗੁਰ ਸ਼ਬਦ ਦੁਆਰਾ ਕਲਜੁਗ ਵਿਚ ਕੀਰਤੀ ਕਰਨੀ ਪਛਾਨਣਾ ਕਰ।

ਅਥਵਾ:-ਕਲਜੁਗ ਵਿਚ ਕੀਰਤੀ ਕਰਕੇ ਸਬਦੁ=ਬ੍ਰਹਮ ਨੂੰ ਪਛਾਣ, ਇਹੋ ਵੱਡੀ ਭਗਤੀ ਹੈ, ਇਸ ਕਰਕੇ ਹੰਕਾਰ ਚੂਕੈ=ਨਵਿਰਤ ਹੁੰਦਾ ਹੈ।

ਸਤਿਗੁਰੁ ਸੇਵਿਐ ਹੋਵੈ ਪਰਵਾਨੁ॥
ਜਿਨਿ ਆਸਾ ਕੀਤੀ ਤਿਸ ਨੋ ਜਾਨੁ॥੨॥

ਸਤਿਗੁਰਾਂ ਦੀ ਸੇਵਾ ਕਰਕੇ ਹੀ ਜੀਵ ਪ੍ਰਮਾਣੀਕ ਹੁੰਦਾ ਹੈ। ਜਿਸ ਵਾਹਿਗੁਰੂ ਨੇ ਪਦਾਰਥਾਂ ਦੀ ਆਸਾ ਸਾਰਿਆਂ ਜੀਵਾਂ ਨੂੰ ਲਗਾਵਣਾ ਕੀਤੀ ਹੈ, ਉਸ ਨੂੰ ਤੂੰ ਜਾਣਨਾ ਕਰ॥ ੨॥

ਤਿਸੁ ਕਿਆ ਦੀਜੈ ਜਿ ਸਬਦੁ ਸੁਣਾਏ ॥
ਕਰਿ ਕਿਰਪਾ ਨਾਮੁ ਮੰਨਿ ਵਸਾਏ ॥

ਜਿਹੜੇ ਸਤਿਗੁਰੂ ਉਪਦੇਸ਼ ਨੂੰ ਸੁਣਾ ਕੇ ਤੇ ਕਿਰਪਾ ਕਰਕੇ ਜਗਿਆਸੂ ਦੇ ਮਨ ਵਿਚ ਨਾਮ ਵਸਾ ਦਿੰਦੇ ਹਨ, ਤਿਨਾਂ ਨੂੰ ਕੀ ਦੇਣਾ ਕਰੀਏ ? *ਗੁਰ ਉੱਤਰ:-*

ਇਹੁ ਸਿਰੁ ਦੀਜੈ ਆਪੁ ਗਵਾਏ ॥ ਹੁਕਮੇ ਬੂਝੇ ਸਦਾ ਸੁਖੁ ਪਾਏ ॥ ੩ ॥

ਆਪੁ=ਹੰਕਾਰ ਨੂੰ ਗੁਆ ਕੇ ਇਹ ਸਿਰ ਅਰਪਨ ਕਰ ਦੇਈਏ। ਹੁਕਮ ਨੂੰ ਬੁਝੇ ਤਾਂ ਨਿਤ ਸੁਖ ਨੂੰ ਪਾਉਂਦਾ ਹੈ॥ ੩ ॥

ਆਪਿ ਕਰੇ ਤੈ ਆਪਿ ਕਰਾਏ ॥ ਆਪੇ ਗੁਰਮੁਖਿ ਨਾਮੁ ਵਸਾਏ ॥

ਪ੍ਰਭੂ ਆਪ ਭੀ ਉਤਪਤ ਕਰਦਾ ਹੈ ਅਤੇ ਬ੍ਰਹਮਾ ਪਾਸੋਂ ਵੀ ਆਪ ਪੈਦਾ ਕਰਾਉਂਦਾ ਹੈ।

*ਅਥਵਾ:-*ਆਪ ਹੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ ਤੇ ਆਪ ਹੀ ਫਿਰ ਉਹਨਾਂ ਕਰਮਾਂ ਦਾ ਫਲ ਦੇਣਾ ਕਰਦਾ ਹੈ। ਆਪ ਹੀ ਗੁਰਾਂ ਦੁਆਰੇ ਗੁਰਮੁਖਾਂ ਦੇ ਮਨ ਵਿਚ ਨਾਮ ਨੂੰ ਵਸਾਉਂਦਾ ਹੈ।

ਆਪਿ ਭੁਲਾਵੈ ਆਪਿ ਮਾਰਗਿ ਪਾਏ ॥ ਸਚੈ ਸਬਦਿ ਸਚਿ ਸਮਾਏ ॥ ੪ ॥

ਆਪ ਹੀ ਕਰਮਾਂ ਅਨੁਸਾਰ ਮਨਮੁਖਾਂ ਨੂੰ ਆਪਣੇ ਵਲੋਂ ਭਲਾਉਂਦਾ ਹੈ, ਆਪ ਹੀ ਗੁਰਮੁਖਾਂ ਨੂੰ ਗਿਆਨ-ਭਗਤੀ ਰੂਪ ਰਸਤੇ ਵਿਚ ਪਾਉਂਦਾ ਹੈ। ਸੱਚੇ ਉਪਦੇਸ਼ ਵਾਲਿਆਂ ਨੂੰ ਆਪਣੇ ਸੱਚ ਸਰੂਪ ਵਿਚ ਸਮਾਏ= ਮਿਲਾਉਂਦਾ ਹੈ॥ ੪ ॥

ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਜੁਗਿ ਜੁਗਿ ਆਖਿ ਵਖਾਣੀ ॥

ਉਹ ਸਬਦੁ=ਬ੍ਰਹਮ ਆਪ ਭੀ ਸੱਚਾ ਹੈ, ਉਸ ਦੀ ਨਾਮਾਂ ਰੂਪੀ ਬਾਣੀ ਵੀ ਸੱਚੀ ਹੈ।

*ਅਥਵਾ:-*ਬ੍ਰਹਮ ਵੀ ਸੱਚਾ ਹੈ, ਉਸ ਦੀ ਬਾਣੀ=ਬਣਾਵਟ ਵੀ ਸੱਚੀ ਹੈ। ਗੁਰਮੁਖਾਂ ਨੇ ਉਹ ਨਾਮਾਂ ਰੂਪੀ ਬਾਣੀ ਜੁਗਾਂ ਜੁਗਾਂ ਵਿਚ ਆਖ ਕੇ, *ਅਥਵਾ:-*ਅਖਿਆਣਾਂ ਦੁਆਰੇ ਕਥਨ ਕੀਤੀ ਹੈ।

ਮਨਮੁਖਿ ਮੋਹਿ ਭਰਮਿ ਭੋਲਾਣੀ ॥ ਬਿਨੁ ਨਾਵੈ ਸਭ ਫਿਰੈ ਬਉਰਾਣੀ ॥ ੫ ॥

ਮਨਮੁਖਾਂ ਦੀ ਬੁੱਧੀ ਮੋਹ ਅਤੇ ਭਰਮ ਵਿਚ ਭੁੱਲ ਰਹੀ ਹੈ। ਨਾਮ ਤੋਂ ਬਿਨਾਂ ਸਾਰੀ ਸ੍ਰਿਸ਼ਟੀ ਝੱਲੀ ਹੋਈ ਫਿਰਦੀ ਹੈ॥ ੫ ॥

ਤੀਨਿ ਭਵਨ ਮਹਿ ਏਕਾ ਮਾਇਆ ॥
ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥

ਤਿੰਨਾਂ ਭਵਨ=ਲੋਕਾਂ ਵਿਚ ਇਕ ਮਾਇਆ ਵਿਆਪਕ ਹੈ। *ਅਥਵਾ:-* ਇਕ ਮਾਇਆ ਹੀ ਦੁੱਖਾਂ ਦਾ ਕਾਰਨ ਹੈ। ਮੂਰਖ ਪੁਰਸ਼ ਨੇ ਪੜ੍ਹ ਪੜ੍ਹ ਕੇ ਦ੍ਵੈਤ ਭਾ ਨੂੰ ਆਪ ਦ੍ਰਿੜ੍ਹ ਕੀਤਾ ਅਤੇ ਹੋਰਨਾਂ ਪਾਸੋਂ ਦ੍ਰਿੜ੍ਹ ਕਰਾਇਆ ਹੈ।

ਬਹੁ ਕਰਮ ਕਮਾਵੈ ਦੁਖੁ ਸਬਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥ ੬ ॥

ਬਹੁਤ ਪ੍ਰਕਾਰ ਦੇ ਸ਼ਕਾਮ ਕਰਮਾਂ ਨੂੰ ਕਮਾ ਕੇ ਸਬਾਏ ਦੁੱਖਾਂ ਨੂੰ ਪਾਉਂਦਾ ਹੈ। ਗੁਰਮੁਖਾਂ ਨੇ ਸਤਿਗੁਰਾਂ ਨੂੰ ਸੇਵ ਕੇ ਨਿਤ ਸੁਖ ਪਾਇਆ ਹੈ॥ ੬॥

ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥ ਅਨਦਿਨੁ ਭੋਗੇ ਹਉਮੈ ਮਾਰਿ ॥

ਗੁਰ ਉਪਦੇਸ਼ ਦਾ ਵਿਚਾਰ ਕਰਨਾ ਅੰਮ੍ਰਿਤ ਤੋਂ ਵੀ ਮਿੱਠਾ ਹੈ। ਜਿਸ ਨੇ ਹੰਗਤਾ ਮਮਤਾ ਨੂੰ ਮਾਰਿਆ ਹੈ, ਉਸ ਨੇ ਰਾਤ ਦਿਨੇ ਅਨੰਦ ਭੋਗਿਆ ਹੈ।

ਸਹਜਿ ਅਨੰਦਿ ਕਿਰਪਾ ਧਾਰਿ ॥ ਨਾਮਿ ਰਤੇ ਸਦਾ ਸਚਿ ਪਿਆਰਿ ॥ ੭ ॥

ਜਿਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਧਾਰੀ ਹੈ, ਉਹ ਸੁਭਾਵਕ ਹੀ ਅਨੰਦ ਰਹਿੰਦੇ ਹਨ। ਜੋ ਨਾਮ ਵਿਚ ਰਤੇ ਹਨ, ਉਹ ਸਦਾ ਸੱਚ ਵਿਚ ਪਿਆਰ ਕਰਦੇ ਹਨ॥ ੭॥

ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥
ਹਰਿ ਜਪਿ ਪੜੀਐ ਹਉਮੈ ਮਾਰਿ ॥

ਗੁਰ ਸ਼ਬਦ ਨੂੰ ਵਿਚਾਰ ਕੇ, ਹਰੀ ਨਾਮ ਜਪ ਨੂੰ ਪੜ੍ਹਨਾ ਕਰੋ। ਹਉਮੈ ਨੂੰ ਮਾਰ ਕੇ ਹਰੀ ਨਾਮ ਜਪ ਨੂੰ ਪੜ੍ਹਨਾ ਕਰੋ।

ਹਰਿ ਜਪੀਐ ਭਇ ਸਚਿ ਪਿਆਰਿ ॥
ਨਾਨਕ ਨਾਮੁ ਗੁਰਮਤਿ ਉਰ ਧਾਰਿ ॥ ੮ ॥ ੩ ॥ ੨੫ ॥

ਹਰੀ ਨਾਮ ਦੇ ਜਪਣ ਕਰਕੇ ਸੱਚੇ ਵਿਚ ਪਿਆਰ ਭਇ=ਹੁੰਦਾ ਹੈ। ਹੇ ਭਾਈ ! ਗੁਰ ਸਿੱਖਿਆ ਦੁਆਰੇ ਹਿਰਦੇ ਵਿਚ ਨਾਮ ਨੂੰ ਧਾਰਨਾ ਕਰ ॥ ੮॥ ੩॥ ੨੫॥

ੴ ਸਤਿਗੁਰ ਪ੍ਰਸਾਦਿ ॥
ਰਾਗੁ ਆਸਾ ਮਹਲਾ ੩ ਅਸਟਪਦੀਆ ਘਰੁ ੮ ਕਾਫੀ ॥
ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥

ਗੁਰਾਂ ਦੇ ਉਪਦੇਸ਼ ਤੋਂ ਹੀ ਸਿੱਖ ਦੇ ਹਿਰਦੇ ਵਿਚ ਸ਼ਾਂਤੀ ਉਪਜੈ=ਪੈਦਾ ਹੁੰਦੀ ਹੈ, ਜਿਸ ਗੁਰੂ ਨੇ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਅਗਨੀ ਬੁਝਾਈ=ਨਵਿਰਤ ਕਰ ਦਿੱਤੀ ਹੈ।

ਗੁਰ ਤੇ ਨਾਮੁ ਪਾਈਐ ਵਡੀ ਵਡਿਆਈ ॥ ੧ ॥

ਜਿਸ ਗੁਰੂ ਦੀ ਵਡਿਆਈ ਸਭ ਤੋਂ ਵੱਡੀ ਹੈ, ਉਸ ਗੁਰੂ ਤੋਂ ਨਾਮ ਪ੍ਰਾਪਤ ਹੁੰਦਾ ਹੈ।

ਅਥਵਾ:-ਗੁਰਾਂ ਤੋਂ ਨਾਮ ਪਾਈਏ ਤਾਂ ਇਸ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ॥ ੧ ॥

ਏਕੋ ਨਾਮੁ ਚੇਤਿ ਮੇਰੇ ਭਾਈ ॥

ਹੇ ਮੇਰੇ ਭਾਈ ! ਇਕ ਹਰੀ ਨਾਮ ਨੂੰ ਤੂੰ ਚੇਤਨਾ ਕਰ।

ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ ॥ ੧ ॥ ਰਹਾਉ ॥

ਜਿਸ ਤਰ੍ਹਾਂ ਗੁਰਮੁਖ ਜਨ ਜਗਤ ਨੂੰ ਤ੍ਰਿਸ਼ਨਾ ਦੀ ਅੱਗ ਵਿਚ ਸੜਦਿਆਂ ਦੇਖ ਕੇ ਦੌੜ ਕੇ ਗੁਰਾਂ ਦੀ ਸ਼ਰਨ ਵਿਚ ਪਏ ਹਨ, ਤਿਵੇਂ ਤੂੰ ਭੀ ਦੌੜ ਕੇ ਗੁਰਾਂ ਦੀ ਸ਼ਰਨ ਜਾ ਪਉ ॥ ੧ ॥ ਰਹਾਉ ॥

ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥

ਗੁਰਾਂ ਤੋਂ ਮਹਾਂ ਸਿਧਾਂਤ ਦਾ ਵਿਚਾਰ ਕਰੇ ਤਾਂ ਬ੍ਰਹਮ ਗਿਆਨ ਊਪਜੈ=ਪੈਦਾ ਹੁੰਦਾ ਹੈ।

ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥ ੨ ॥

ਜਿਸ ਪੁਰਸ਼ ਦਾ ਭੰਡਾਰ=ਅੰਤਹਕਰਣ ਭਗਤੀ ਨਾਲ ਭਰਿਆ ਹੋਇਆ ਹੈ, ਉਸ ਨੇ ਗੁਰਾਂ ਦੀ ਕਿਰਪਾ ਨਾਲ ਸਰੀਰ-ਘਰ ਦੇ ਦਰੁ=ਅੰਦਰ ਹੀ ਪਰਮੇਸ਼ਰ ਪਾਇਆ ਹੈ ॥ ੨ ॥

ਗੁਰਮੁਖਿ ਨਾਮੁ ਧਿਆਈਐ ਬੂਝੈ ਵੀਚਾਰਾ ॥

ਗੁਰਾਂ ਦੁਆਰੇ ਨਾਮ ਨੂੰ ਧਿਆਉਣਾ ਕਰ ਤਾਂ ਆਤਮ-ਵਿਚਾਰ ਨੂੰ ਬੁਝੇਂਗਾ।

ਗੁਰਮੁਖਿ ਭਗਤਿ ਸਲਾਹ ਹੈ ਅੰਤਰਿ ਸਬਦੁ ਅਪਾਰਾ ॥ ੩ ॥

ਗੁਰਾਂ ਦੁਆਰੇ ਭਗਤੀ ਦੀ ਸ਼ਲਾਘਾ ਕਰੇ ਤਾਂ ਅਪਾਰ ਰੂਪ ਸਬਦੁ=ਬ੍ਰਹਮ ਅੰਦਰ ਹੀ ਸਾਖਿਆਤਕਾਰ ਹੋਵੇਗਾ ॥ ੩ ॥

ਗੁਰਮੁਖਿ ਸੁਖੁ ਊਪਜੈ ਦੁਖੁ ਕਦੇ ਨ ਹੋਈ ॥

ਗੁਰਾਂ ਦੁਆਰੇ ਹੀ ਸੁਖ ਉਤਪੰਨ ਹੁੰਦਾ ਹੈ, ਮੁੜ ਕਦੇ ਦੁੱਖ ਨਹੀਂ ਹੁੰਦਾ।

ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ ॥ ੪ ॥

ਗੁਰਾਂ ਦੁਆਰੇ ਹਉਮੈ=ਹੰਗਤਾ ਮਮਤਾ ਨੂੰ ਮਾਰੀਏ ਤਾਂ ਮਨ ਸ਼ੁੱਧ ਹੁੰਦਾ ਹੈ ॥ ੪ ॥

ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣ ਸੋਝੀ ਪਾਈ ॥

ਸਤਿਗੁਰਾਂ ਨਾਲ ਮਿਲਣ ਕਰਕੇ ਜਿਸ ਵੇਲੇ ਆਪੁ=ਹੰਕਾਰ ਮਿਟ ਗਿਆ ਤਾਂ ਤ੍ਰਿੰਨਾਂ ਭਵਣ=ਲੋਕਾਂ ਦੀ ਬ੍ਰਹਮ ਰੂਪਤਾ ਕਰਕੇ ਸੋਝੀ=ਗਿਆਤ ਹੋਈ।

ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ ॥ ੫ ॥

ਜਿਸ ਨਿਰਮਲ ਰੂਪ ਪਰਮਾਤਮਾ ਦੀ ਜੋਤ ਸਾਰੇ ਪਸਰ ਰਹੀ ਹੈ, ਉਸ ਜੋਤੀ ਨਾਲ ਆਪਣੀ ਜੋਤ ਮਿਲਾਈ ॥ ੫ ॥

ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥

ਜਿਸ ਵੇਲੇ ਪੂਰਿਆਂ ਸਤਿਗੁਰਾਂ ਨੇ ਸਮਝਾਇਆ ਤਾਂ ਉੱਤਮ ਮਤੀ ਦੀ ਪ੍ਰਾਪਤੀ ਹੋਈ।

ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥ ੬ ॥

ਅੰਤਹਕਰਣ ਦੇ ਅੰਦਰ ਸੀਤਲ ਕਰਨ ਵਾਲੀ ਸ਼ਾਂਤੀ ਹੁੰਦੀ ਹੈ ਅਤੇ ਨਾਮ ਕਰਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ ॥ ੬ ॥

ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ ਕਰੇਈ॥

ਪੂਰਾ ਗੁਰੂ ਤਾਂ ਮਿਲਦਾ ਹੈ ਜਾਂ=ਜਦੋਂ ਪਰਮੇਸ਼ਰ ਅਪਾਣੀ ਕਿਰਪਾ ਦ੍ਰਿਸ਼ਟੀ ਕਰੇ।

ਕਿਲਵਿਖ ਪਾਪ ਸਭ ਕਟੀਅਹਿ ਫਿਰਿ ਦੁਖੁ ਬਿਘਨੁ ਨ ਹੋਈ॥ ੭॥

ਕਿਲਵਿਖ=ਵੱਡੇ ਪਾਪ ਅਤੇ ਛੋਟੇ ਪਾਪ, *ਅਥਵਾ-*ਕਿਲ=ਨਿਸਚੇ ਕਰਕੇ ਵਿਹੁ ਵਾਂਗ ਮਾਰਨ ਵਾਲੇ ਸਾਰੇ ਪਾਪ ਕਟੇ ਜਾਂਦੇ ਹਨ ਅਤੇ ਫਿਰ ਕਦੇ ਦੁਖਦਾਈ ਕੋਈ ਵਿਘਨ ਨਹੀਂ ਹੁੰਦਾ॥ ੭॥

[ਪੰਨਾ ੪੨੫]

ਆਪਣੈ ਹਥਿ ਵਡਿਆਈਆ ਦੇ ਨਾਮੇ ਲਾਏ॥

ਸਭ ਵਡਿਆਈਆਂ ਉਸ ਪ੍ਰਭੂ ਦੇ ਆਪਣੇ ਹੱਥ ਵਿਚ ਹਨ, ਦੇਂਦਾ ਉਸ ਨੂੰ ਹੈ, ਜਿਸ ਨੂੰ ਨਾਮ ਵਿਖੇ ਲਗਾਂਦਾ ਹੈ।

ਨਾਨਕ ਨਾਮੁ ਨਿਧਾਨੁ ਮਨਿ ਵਸਿਆ ਵਡਿਆਈ ਪਾਏ॥ ੮॥ ੪॥ ੨੬॥

ਜਿਸ ਦੇ ਮਨ ਵਿਚ ਨਾਮ ਨਿਧੀਆਂ ਕਾ ਖਜ਼ਾਨਾ ਵਸਿਆ ਹੈ, ਉਹ ਵਡਿਆਈਆਂ ਨੂੰ ਪਾਉਂਦਾ ਹੈ॥ ੮॥ ੪॥ ੨੬॥

ਆਸਾ ਮਹਲਾ ੩॥

ਸੁਣਿ ਮਨ ਮੰਨਿ ਵਸਾਇ ਤੂੰ ਆਪੇ ਆਇ ਮਿਲੈ ਮੇਰੇ ਭਾਈ॥

ਹੇ ਮੇਰੇ ਭਾਈ ! ਤੂੰ ਪਹਿਲੇ ਨਾਮ ਨੂੰ ਸੁਣ ਅਤੇ ਮਨ=ਮੰਨਨ ਕਰ, ਮੰਨਿ ਵਸਾਇ=ਨਿਧਿਆਸਣ ਕਰ, ਤਾਂ ਉਹ ਪ੍ਰਭੂ ਆਪ ਹੀ ਆ ਕੇ ਮਿਲੇਗਾ ।

ਅਨਦਿਨੁ ਸਚੀ ਭਗਤਿ ਕਰਿ ਸਚੈ ਚਿਤੁ ਲਾਈ॥ ੧॥

ਰਾਤ ਦਿਨ ਸੱਚੀ ਭਗਤੀ ਕਰ ਤੇ ਸੱਚੇ ਵਿਚ ਚਿਤ ਨੂੰ ਲਗਾਣਾ ਕਰ॥ ੧॥

ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ॥

ਹੇ ਮੇਰੇ ਭਾਈ ! ਤੂੰ ਇਕ ਨਾਮ ਨੂੰ ਧਿਆਉਣਾ ਕਰ, ਤਾਂ ਹੀ ਸੁਖ ਪਾਵੇਂਗਾ।

ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ॥ ੧॥ ਰਹਾਉ॥

ਹਉਮੈ ਅਤੇ ਦ੍ਵੈਤ ਭਾ ਨੂੰ ਦੂਰ ਕਰ ਤਾਂ ਤੇਰੀ ਵਡੀ ਵਡਿਆਈ ਹੋਵੇਗੀ॥ ੧॥ ਰਹਾਉ॥

ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ
ਵਿਣੁ ਸਤਿਗੁਰ ਪਾਈ ਨ ਜਾਇ॥

ਇਸ ਭਗਤੀ ਨੂੰ ਦੇਵਤੇ, ਮਨੁੱਖ ਅਤੇ ਮੁਨੀ ਜਨ ਸਭ ਚਾਹੁੰਦੇ ਹਨ, ਪਰ ਸਤਿਗੁਰਾਂ ਤੋਂ ਬਿਨਾਂ ਪਾਈ ਨਹੀਂ ਜਾਂਦੀ।

ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥ ੨ ॥

ਪੰਡਿਤ ਸ਼ਾਸਤ੍ਰਾਂ ਨੂੰ ਪੜ੍ਹਦੇ ਹਨ, ਜੋਤਿਸ਼ੀ ਜੋਤਸ਼ ਲਾਉਂਦੇ ਹਨ, ਪਰ ਭਗਤੀ ਤੋਂ ਬਿਨਾਂ ਉਨ੍ਹਾਂ ਨੂੰ ਪਰਮੇਸ਼ਰ ਦੀ ਗਿਆਤ ਨਹੀਂ ਪੈਂਦੀ ॥ ੨ ॥

ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ ॥

ਉਸ ਪਰਮੇਸ਼ਰ ਨੇ ਆਪਣੇ ਥੈ=ਅਧੀਨ *ਅਥਵਾ:*-ਆਪਣੇ ਹੱਥ ਵਿਚ ਸਭ ਕੁਝ ਰੱਖਿਆ ਹੋਇਆ ਹੈ, ਇਸ ਵਾਸਤੇ ਕੁਝ ਕਿਹਾ ਨਹੀਂ ਜਾਂਦਾ।

ਆਪੇ ਦੇਇ ਸੁ ਪਾਈਐ ਗੁਰਿ ਬੂਝ ਬੁਝਾਈ ॥ ੩ ॥

ਜਿਸ ਨੂੰ ਆਪ ਦੇਂਦਾ ਹੈ ਓਹੀ ਪਾਉਂਦਾ ਹੈ, ਇਹ ਬੂਝ ਸਾਨੂੰ ਗੁਰੂ ਨੇ ਸਮਝਾਈ ਹੈ॥ ੩ ॥

ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥
ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥ ੪ ॥

ਸੂਖਮ, ਸਥੂਲ ਜੀਅ ਜੰਤ ਸਾਰੇ ਉਸ ਪਰਮਾਤਮਾ ਦੇ ਪੈਦਾ ਕੀਤੇ ਹੋਏ ਹਨ, ਓਹੀ ਸਾਰਿਆਂ ਦਾ ਮਾਲਕ ਹੈ। ਫਿਰ-ਮੰਦਾ=ਬੁਰਾ ਬਚਨ ਕਿਸ ਨੂੰ ਆਖੀਏ, ਜੇ ਕੋਈ ਦੂਜਾ ਹੋਵੇ ਤਾਂ ਕਹੀਏ॥ ੪ ॥

ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥

ਇਕ ਪਰਮੇਸ਼ਰ ਦਾ ਹੁਕਮ ਸਾਰਿਆਂ ਉਪਰ ਵਰਤਦਾ ਹੈ। ਇਕ ਦੀ ਸਾਰੀ ਸਿਰਿਕਾਰਾ=ਰੱਯਤ ਹੈ; *ਅਥਵਾ:*-ਸਾਰਿਆਂ ਦੇ ਸਿਰ ਉਪਰ ਇਕ ਦੀ ਕਾਰ ਹੈ।

ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥ ੫ ॥

ਜਿਨ੍ਹਾਂ ਦੇ ਅੰਦਰ ਪਦਾਰਥਾਂ ਦਾ ਲੋਭ ਤੇ ਵਿਸ਼ੇ ਵਿਕਾਰ ਹਨ, ਉਹਨਾਂ ਨੂੰ ਆਪ ਹੀ ਪ੍ਰਭੂ ਨੇ ਚੁਰਾਸੀ ਲੱਖ ਜੂਨ ਦੇ ਭੋਗਣ ਵਿਚ ਭੁਆਂਟੜੀ ਦਿੱਤੀ ਹੈ। ਭਾਵ ਚੁਰਾਸੀ ਦੇ ਗੇੜ ਵਿਚ ਪਾ ਦਿੱਤਾ ਹੈ॥ ੫ ॥

ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥

ਇਕਨਾਂ ਨੂੰ ਆਪ ਹੀ ਗੁਰਮੁਖ ਕੀਤਾ ਹੈ, *ਅਥਵਾ:*- ਗੁਰਾਂ ਦੇ ਸਨਮੁਖ ਖੜਾ ਕੀਤਾ ਹੈ, ਸ਼ੁਭ ਵਿਚਾਰ ਦੇ ਬੁਝਣ ਵਾਸਤੇ।

ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥ ੬ ॥

ਭਗਤੀ ਵੀ ਉਹਨਾਂ ਨੂੰ ਹੀ ਬਖਸ਼ੀ ਹੈ ਅਤੇ ਹਿਰਦੇ ਅੰਦਰ ਸ਼ੁਭ ਗੁਣਾਂ ਦਾ ਭੰਡਾਰਾ ਵੀ ਦਿੱਤਾ ਹੈ॥੬ ॥

ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥

(ਸਰੂਪ ਦੇ ਜੋ ਗਿਆਨਵਾਨ ਹਨ, ਉਹਨਾਂ) ਗਿਆਨੀਆਂ ਨੂੰ ਸਾਰੇ ਸੱਚ ਹੀ ਪ੍ਰਤੀਤ ਹੁੰਦਾ ਹੈ, ਕਿਉਂਕਿ ਉਹਨਾਂ ਦੇ ਅੰਦਰ ਸੱਚੀ ਸੋਝੀ=ਗਿਆਤ ਪ੍ਰਾਪਤ ਹੋਈ ਹੈ।

ਓਇ ਭੁਲਾਏ ਕਿਸੈ ਦੇ ਨ ਭੁਲਨੀ ਸਚੁ ਜਾਣਨਿ ਸੋਈ ॥ ੭ ॥

ਉਹ ਕਿਸੀ ਦੇ ਭੁਲਾਏ ਹੋਏ ਭੁੱਲਦੇ ਨਹੀਂ ਹਨ, ਉਹ ਸੱਚੇ ਵਾਹਿਗੁਰੂ ਨੂੰ ਜਾਣਦੇ ਹਨ॥ ੭ ॥

ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ॥

ਗੁਰਮੁਖਾਂ ਦੇ ਸਰੀਰ-ਘਰ ਵਿਚ ਜੋ ਪੰਜ ਗਿਆਨ ਇੰਦ੍ਰੀਏ ਵਰਤਦੇ ਹਨ, ਉਹ ਪੰਜੇ ਵਿਚਾਰ ਪੂਰਬਕ ਵਰਤਦੇ ਹਨ।

ਅਥਵਾ:-ਵਿਚਾਰ ਆਦਿਕ ਜੋ ਪੰਜ ਗੁਣ ਹਨ, ਉਹ ਪੰਜੇ ਹੀ ਗੁਰਮੁਖਾਂ ਦੇ ਸਰੀਰ-ਘਰ ਵਿਚ ਵਰਤਦੇ ਹਨ।

ਨਾਨਕ ਬਿਨੁ ਸਤਿਗੁਰ ਵਸਿ ਨ ਆਵਨੀ
ਨਾਮਿ ਹਉਮੈ ਮਾਰੀ ॥ ੮ ॥ ੫ ॥ ੨੭ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਤੋਂ ਬਿਨਾਂ ਇਹ ਪੰਜ ਗਿਆਨ ਇੰਦ੍ਰੀਏ ਵਸ ਵਿਚ ਨਹੀਂ ਆਉਂਦੇ, ਜਿਨ੍ਹਾਂ ਨੇ ਨਾਮ ਜਪ ਕੇ ਹੰਗਤਾ ਮਮਤਾ ਮਾਰੀ ਹੈ, ਉਹਨਾਂ ਦੇ ਵਸ ਵਿਚ ਆਉਂਦੇ ਹਨ॥ ੮ ॥ ੫ ॥੨੭ ॥

ਆਸਾ ਮਹਲਾ ੩ ॥

ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥

ਸਭ ਵਸਤੂਆਂ ਸਰੀਰ-ਘਰ ਅੰਦਰ ਹੀ ਹਨ, ਸਰੀਰ ਤੋਂ ਬਾਹਰ ਕੁਝ ਭੀ ਨਹੀਂ ਹੈ।

ਧਨਾਸਰੀ ਰਾਗ ਵਿਚ ਭਗਤ ਪੀਪਾ ਜੀ ਨੇ ਕਿਹਾ ਹੈ-

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ *(ਪੰਨਾ ੬੯੫)*

ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ॥ ੧ ॥

ਪਰ ਗੁਰਾਂ ਦੀ ਕਿਰਪਾ ਨਾਲ ਕਪਟ ਰੂਪੀ ਤਖਤੇ ਖੁਲ੍ਹ ਜਾਣ, *ਅਥਵਾ:*-ਅੰਦਰਲੇ ਪੰਜ ਕੋਸ਼ਾਂ ਰੂਪੀ ਤਖਤੇ ਖੁਲ੍ਹ ਜਾਣ ਤਾਂ ਅੰਦਰੋਂ ਹੀ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ॥ ੧ ॥

ਸਤਿਗੁਰ ਤੇ ਹਰਿ ਪਾਈਐ ਭਾਈ॥

ਹੇ ਭਾਈ ! ਸਤਿਗੁਰਾਂ ਦੀ ਕਿਰਪਾ ਨਾਲ ਹੀ ਹਰੀ ਪ੍ਰਾਪਤ ਹੁੰਦਾ ਹੈ।

ਅਥਵਾ:-ਸਤਿਗੁਰਾਂ ਪਾਸੋਂ ਹਰੀ ਪਾਈਦਾ ਹੈ।

ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ॥ ੧ ॥ ਰਹਾਉ ॥

ਨਾਮ ਨਿਧੀਆਂ ਦਾ ਖਜ਼ਾਨਾ ਅੰਦਰ ਹੀ ਹੈ, ਪੂਰਿਆਂ ਸਤਿਗੁਰਾਂ ਨੇ ਕਿਰਪਾ ਕਰਕੇ ਦਿਖਾ ਦਿੱਤਾ ਹੈ॥ ੧ ॥

ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ॥

ਜੋ ਪੁਰਸ਼ ਹਰੀ ਦਾ ਗਾਹਕ ਹੁੰਦਾ ਹੈ, ਓਹੀ ਹਰੀ ਨੂੰ ਲੈਂਦਾ ਹੈ ਅਤੇ ਓਹੀ ਰਤਨੁ=ਵੈਰਾਗ ਤੇ ਵਿਚਾਰ ਨੂੰ ਪਾਉਂਦਾ ਹੈ, *ਅਥਵਾ:*-ਵਿਚਾਰ ਕੇ ਰਤਨ ਰੂਪ ਪਰਮਾਤਮਾ ਨੂੰ ਪਾਉਂਦਾ ਹੈ।

ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ॥ ੨ ॥

ਜਦ ਗੁਰੂ ਅੰਦਰੋਂ ਦਿਬ ਦਿਸਟਿ=ਗਿਆਨ ਦ੍ਰਿਸ਼ਟੀ ਖੋਲ੍ਹਣ, ਤਾਂ ਮੁਕਤੀ ਰੂਪ ਭੰਡਾਰੇ ਨੂੰ ਦੇਖਦਾ ਹੈ॥ ੨ ॥

ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ॥

ਅਨੇਕਾਂ ਹੀ ਮਹਲ=ਸਰੀਰਾਂ ਦੇ ਅੰਦਰ ਜੋ ਇਕ ਪਰਮੇਸ਼ੁਰ ਹੈ, ਜੇਕਰ ਉਸ ਇਕ ਦੇ ਵਿਚ ਇਹ ਜੀਵ

ਵਾਸਾ ਕਰੇ। ਤਾਂ-

ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥ ੩ ॥

ਮਨ ਇੱਛਤ ਫ਼ਲ ਪਾਉਂਦਾ ਹੈ, ਪੁਨਾ-ਇਸ ਦਾ ਜੂਨੀਆਂ ਵਿਚ ਫੇਰਾ ਨਹੀਂ ਹੁੰਦਾ ॥ ੩ ॥

ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥

ਗੁਰਾਂ ਦੀ ਦਿੱਤੀ ਹੋਈ ਸੋਝੀ ਜਿਨ੍ਹਾਂ ਨੂੰ ਪ੍ਰਾਪਤ ਹੋਈ ਹੈ, ਉਹਨਾਂ ਪਾਰਖੀਆਂ ਨੇ ਆਤਮ=ਵਸਤੂ ਸੰਭਾਲ ਲੀਤੀ ਹੈ।

ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥ ੪ ॥

ਸਾ=ਉਹ ਜੋ ਅਮੋਲਕ ਪਦਾਰਥ ਨਾਮ ਹੈ, ਉਸ ਨੂੰ ਕੋਈ ਵਿਰਲਾ ਹੀ ਗੁਰਮੁਖ ਪਾਉਂਦਾ ਹੈ॥ ੪ ॥

ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥

ਜਿਹੜਾ ਪੁਰਸ਼ ਸਰੀਰ ਤੋਂ ਬਾਹਰ ਭਾਲੇਗਾ, ਉਹ ਭਲਾ ਕੀ ਲਵੇਗਾ, ਕਿਉਂਕਿ ਹੇ ਭਾਈ ! ਆਤਮ-ਵਸਤੂ ਤਾਂ ਘਰ ਦੇ ਅੰਦਰ ਹੈ।

ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥ ੫ ॥

ਸਾਰਾ ਸੰਸਾਰ ਭਰਮ ਵਿਚ ਭੁਲਿਆ ਫਿਰਦਾ ਹੈ, ਮਨਮੁਖਾਂ ਨੇ ਆਪਣੀ ਪਤਿ=ਇੱਜ਼ਤ ਗੁਆ ਲਈ ਹੈ॥ ੫ ॥

ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥

ਝੂਠਾ ਪੁਰਸ਼ ਆਪਣੇ ਸਰੂਪ-ਘਰ ਦੀ ਪ੍ਰਾਪਤੀ ਦੇ ਦਰਵਾਜ਼ੇ ਸਤਿਸੰਗ ਨੂੰ ਛੱਡ ਕੇ (ਦੇਵੀ ਦੇਵਤੇ, ਸਖੀ ਸਰਵਰ ਦੀ ਉਪਾਸ਼ਨਾ ਰੂਪੀ) ਪਰਾਏ ਘਰਾਂ ਵੱਲ ਜਾਂਦਾ ਹੈ।

ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥ ੬ ॥

ਅੰਤ ਨੂੰ ਉਹ ਚੋਰ ਵਾਂਗ ਫੜਿਆ ਜਾਂਦਾ ਹੈ ਅਤੇ ਹਰੀ ਨਾਮ ਤੋਂ ਬਿਨਾਂ ਹੋਣ ਕਰਕੇ ਉਹ ਜਮਾਂ ਦੀਆਂ ਚੋਟਾ ਖਾਈ=ਸੱਟਾਂ ਨੂੰ ਖਾਂਦਾ ਹੈ॥ ੬ ॥

ਜਿਨੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥

ਹੇ ਭਾਈ ! ਜਿਨ੍ਹਾਂ ਨੇ ਆਪਣੇ ਸਰੂਪ-ਘਰ ਨੂੰ ਜਾਣਿਆਂ ਹੈ, ਉਹ ਸੰਸਾਰ ਵਿਚ ਸੁਖੀ ਹਨ।

ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥ ੭ ॥

ਉਹਨਾਂ ਨੇ ਗੁਰਾਂ ਦੀ ਵਡਿਆਈ ਕਰਕੇ ਹਿਰਦੇ ਅੰਦਰ ਹੀ ਬ੍ਰਹਮ ਨੂੰ ਪਛਾਣ ਲਿਆ ਹੈ॥ ੭ ॥

ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥

ਉਹ ਪਰਮੇਸ਼ਰ ਆਪ ਹੀ ਦਾਨ ਦੇਣਾ ਕਰਦਾ ਹੈ, *ਅਥਵਾ:*-ਆਪ ਹੀ ਦਾਨੁ=ਜਣਾਉਂਣਾ ਕਰਦਾ ਹੈ, ਅਸੀਂ ਕਿਸ ਨੂੰ ਜਾ ਕੇ ਆਖਣਾ ਕਰੀਏ, ਉਹ ਆਪ ਹੀ ਸੁਰਤ ਨੂੰ ਸਮਝਾ ਦੇਂਦਾ ਹੈ।

ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥ ੮ ॥ ੬ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਨਾਮ ਨੂੰ ਧਿਆਉਣਾ ਕਰ, ਤਾਂ ਸੱਚੇ ਦਰ ਵਿਚ ਸੋਭਾ

ਪਾਵੇਗਾ॥ ੮॥ ੬॥ ੨੮॥

[ਪੰਨਾ ੪੨੬]

ਆਸਾ ਮਹਲਾ ੩॥ ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ॥

ਹੇ ਭਾਈ ! ਜਿਨ੍ਹਾਂ ਨੇ ਆਪਣੇ ਸਰੂਪ ਨੂੰ ਆਪ ਪਛਾਣਿਆਂ ਹੈ, ਉਨ੍ਹਾਂ ਨੂੰ ਮਿੱਠਾ ਸੁਆਦ ਆਇਆ ਹੈ।

ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਹਾ ਸਾਚੋ ਭਾਈ॥ ੧॥

ਜਿਨ੍ਹਾਂ ਨੂੰ ਸੱਚਾ ਨਾਮ ਭਾਇਆ ਹੈ, ਉਹ ਹਰੀ ਨਾਮ-ਰਸ ਨੂੰ ਚੱਖ ਕੇ ਭਾਵ ਧਾਰਨ ਕਰਕੇ ਮੁਕਤ ਹੋਏ ਹਨ॥ ੧॥

ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ॥

ਹਰਿ ਜੀ ਸ਼ੁੱਧ ਤੋਂ ਸ਼ੁੱਧ ਹੈ, ਨਿਰਮਲ ਮਨ ਵਿਚ ਵਸਦਾ ਹੈ।

ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ॥ ੧॥ ਰਹਾਉ॥

ਵਿਸ਼ਿਆਂ ਤੋਂ ਉਦਾਸ ਹੋ ਕੇ ਗੁਰ ਸਿੱਖਿਆ ਦੁਆਰੇ ਉਸ ਨੂੰ ਸਲਾਹੁਣਾ ਕਰੀਏ॥ ੧॥ ਰਹਾਉ॥

ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ॥

ਹੇ ਭਾਈ ! ਗੁਰ ਸ਼ਬਦ ਤੋਂ ਬਿਨਾਂ ਆਪਣਾ ਸਰੂਪ ਜਾਣਿਆਂ ਨਹੀਂ ਜਾਂਦਾ, ਸਾਰੀ ਦੁਨੀਆਂ ਅੰਨ੍ਹੀ ਹੋ ਰਹੀ ਹੈ।

ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ॥ ੨॥

ਗੁਰਮਤੀਆਂ ਦੇ ਘਟਿ=ਦਿਲ ਵਿਚ ਚਾਨਣਾ=ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਅੰਤ ਦੇ ਸਮੇਂ ਨਾਮ ਹੀ ਉਹਨਾਂ ਦੀ ਸਹਾਇਤਾ ਕਰਦਾ ਹੈ॥ ੨॥

ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ॥

ਗੁਰਮੁਖ ਜਨ ਨਾਮ ਹੀ ਨਾਮ ਵਿਚ ਆਪ ਵਰਤਦੇ ਹਨ ਅਤੇ ਹੋਰਨਾਂ ਨੂੰ ਭੀ ਨਾਮ ਦਾ ਵਰਤਾਰਾ=ਛਾਂਦਾ ਦਿੰਦੇ ਹਨ।

ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ॥ ੩॥

ਉਹਨਾਂ ਦੇ ਅੰਦਰ ਵੀ ਨਾਮ, ਮੁਖਿ=ਮੂੰਹ ਵਿਚ ਭੀ ਨਾਮ ਅਤੇ ਗੁਰ ਸ਼ਬਦ ਦੁਆਰਾ ਨਾਮ ਦਾ ਹੀ ਵਿਚਾਰ ਕਰਦੇ ਹਨ, *ਅਥਵਾ*-ਨਾਮ ਕਰਕੇ ਸਬਦਿ=ਬ੍ਰਹਮ ਦਾ ਵਿਚਾਰ ਕਰਦੇ ਹਨ॥ ੩॥

ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ॥

ਤੁਸੀਂ ਭੀ ਨਾਮ ਨੂੰ ਸੁਣਨਾ ਕਰੋ, ਨਾਮ ਕਰਕੇ ਹੀ ਵਡਿਆਈ ਹੁੰਦੀ ਹੈ।

ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ॥ ੪॥

ਨਿਤਾਪ੍ਰਤੀ ਨਾਮ ਨੂੰ ਸਲਾਹੁਣਾ ਕਰੋ, ਨਾਮ ਕਰਕੇ ਹੀ ਮਹਲੁ=ਸਰੂਪ ਦੀ ਪਰਾਪਤੀ ਹੁੰਦੀ ਹੈ॥ ੪॥

ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ॥

ਨਾਮ ਕਰਕੇ ਹੀ ਘਟਿ=ਦਿਲ ਵਿਚ ਗਿਆਨ ਹੁੰਦਾ ਹੈ, ਨਾਮ ਜਪ ਕੇ ਹੀ ਗੁਰਮੁਖਾਂ ਨੇ ਸੋਭਾ ਪਾਈ ਹੈ।

ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ॥ ੫॥

ਨਾਮ ਕਰਕੇ ਹੀ ਗੁਰਮੁਖਾਂ ਨੂੰ ਆਤਮ ਸੁਖ ਪੈਦਾ ਹੁੰਦਾ ਹੈ, ਇਸ ਕਰਕੇ ਉਹ ਨਾਮ ਦੀ ਸ਼ਰਨ ਵਿਚ ਰਹਿੰਦੇ ਹਨ॥ ੫॥

ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥

ਨਾਮ ਤੋਂ ਬਿਨਾਂ ਜੋ ਮਨਮੁਖ ਹਨ, ਉਹਨਾਂ ਨੂੰ ਕੋਈ ਨਹੀਂ ਮੰਨਦਾ, ਮਨਮੁਖਾਂ ਨੇ ਆਪਣੀ ਪਤਿ=ਇੱਜ਼ਤ ਗੁਆ ਲਈ ਹੈ।

ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ॥ ੬॥

ਮਨਮੁਖ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗੁਆਈ ਜਾਂਦੇ ਹਨ, ਇਸ ਕਰਕੇ ਅੰਤ ਨੂੰ ਉਹ ਜਮਪੁਰੀ ਵਿਚ ਬੱਝੇ ਹੋਏ ਮਾਰ ਖਾਂਦੇ ਹਨ॥ ੬॥

ਨਾਮੈ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ॥

ਜਿਨ੍ਹਾਂ ਗੁਰਮੁਖਾਂ ਨੂੰ ਨਾਮ ਦੀ ਬੁਝਾਈ=ਬੂਝ ਆਈ ਹੈ, ਉਹਨਾਂ ਗੁਰਮੁਖਾਂ ਦੀ ਨਾਮ ਕਰਕੇ ਹੀ ਸਭ ਕੋਈ ਸੇਵਾ ਕਰਦਾ ਹੈ।

ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ॥ ੭॥

ਪਰਮੇਸ਼ਰ ਦੇ ਨਾਮ ਕਰਕੇ ਹੀ ਗੁਰਮੁਖਾਂ ਦਾ ਨਾਂ ਮੰਨਿਆਂ ਜਾਂਦਾ ਹੈ, ਸਭ ਵਡਿਆਈਆਂ ਪਰਮੇਸ਼ਰ ਨਾਮ ਦੇ ਵਿਚ ਹਨ॥ ੭॥

ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ॥

ਜਿਸ ਗੁਰਮਤੀਏ ਨੂੰ ਨਾਮ ਦੀ ਸਮਝ ਆਈ ਹੈ, ਉਹ ਗੁਰਮਤੀਆ ਕਿਰਪਾ ਕਰਕੇ, ਜਿਸ ਨੂੰ ਨਾਮ ਦਾਨ ਦਿੰਦਾ ਹੈ, ਉਸੇ ਨੂੰ ਨਾਮ ਮਿਲਦਾ ਹੈ।

ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ॥ ੮॥ ੭॥ ੨੯॥

ਗੁਰੂ ਜੀ ਕਥਨ ਕਰਦੇ ਹਨ-ਸਭ ਕੁਝ ਨਾਮ ਦੇ ਅਧੀਨ ਹੈ, ਕੋਈ ਪੂਰਿਆਂ ਭਾਗਾਂ ਵਾਲਾ ਪੁਰਸ਼ ਹੀ ਨਾਮ ਪਾਉਂਦਾ ਹੈ॥ ੮॥ ੭॥ ੨੯॥

ਆਸਾ ਮਹਲਾ ੩॥

ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ॥

ਛੁੱਟੜ ਇਸਤਰੀ ਮਹਲੁ=ਸਰੂਪ ਨੂੰ ਨਹੀਂ ਪਾਉਂਦੀ ਅਤੇ ਨਾ ਹੀ ਉਹ ਪਿਰ=ਪਤੀ ਦਾ ਸੁਆਉ=ਅਨੰਦ ਜਾਣਦੀ ਹੈ।

ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ॥ ੧॥

ਕਿਉਂਕਿ ਉਹ ਫਿੱਕਾ ਬਚਨ ਬੋਲਦੀ ਹੈ, ਪਿਆਰੇ ਪ੍ਰਭੂ ਅੱਗੇ ਨੀਉਂਦੀ ਨਹੀਂ ਹੈ ਅਤੇ ਉਸ ਨੂੰ ਦ੍ਵੈਤ ਭਾ

ਦਾ ਹੀ ਸੁਆਉ=ਸੁਆਦ (ਅਨੰਦ)ਆ ਰਿਹਾ ਹੈ॥ ੧॥

ਇਹੁ ਮਨੂਆ ਕਿਉ ਕਰਿ ਵਸਿ ਆਵੈ॥

ਪ੍ਰਸ਼ਨ:-ਇਹ ਮਨ ਕਿਵੇਂ ਵੱਸ ਵਿਚ ਆਉਂਦਾ ਹੈ ? *ਉੱਤਰ:*-

ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ॥ ੧॥ ਰਹਾਉ॥

ਗੁਰਾਂ ਦੀ ਕਿਰਪਾ ਹੋਵੇ ਤਾਂ ਇਹ ਮਨ ਠਾਕੀਐ=ਰੁਕਦਾ ਹੈ ਅਤੇ ਬੁੱਧੀ ਵਿਚ ਗਿਆਨ ਹੋਣ ਕਰਕੇ ਸਰੂਪ-ਘਰ ਵਿਚ ਆਉਂਦਾ ਹੈ॥ ੧॥ ਰਹਾਉ॥

ਸੋਹਾਗਣੀ ਆਪਿ ਸਵਾਰਿਓਨੁ ਲਾਇ ਪ੍ਰੇਮ ਪਿਆਰੁ॥

ਸੁਹਾਗਣ ਔਰਤਾਂ ਨੇ ਪਿਆਰੇ ਪ੍ਰਭੂ ਵਿਚ ਪ੍ਰੇਮ ਲਗਾ ਕੇ ਆਪਣੇ ਆਪ ਨੂੰ ਸਵਾਰਨਾ ਕੀਤਾ ਹੈ।

ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ ॥ ੨॥

ਸਤਿਗੁਰਾਂ ਦੇ ਭਾਣੇ ਵਿਚ ਚਲਦੀਆਂ ਹਨ ਅਤੇ ਸਹਜਿ=ਸੁਭਾਵਕ ਹੀ ਨਾਮ ਰੂਪੀ ਸ਼ਿੰਗਾਰ ਕਰਦੀਆਂ ਹਨ॥ ੨॥

ਸਦਾ ਰਾਵਹਿ ਪਿਰੁ ਆਪਣਾ ਸਚੀ ਸੇਜ ਸੁਭਾਇ॥

ਉਹ ਸੁਭਾਵਕ ਹੀ, *ਅਥਵਾ:*-ਸ੍ਰੇਸ਼ਟ ਪ੍ਰੇਮ ਕਰਕੇ ਸ਼ਰਧਾ ਵਿਸ਼ਿਸ਼ਟ ਅੰਤਹਕਰਣ ਰੂਪੀ ਸੱਚੀ ਸੇਜਾ ਉੱਤੇ ਆਪਣੇ ਪਤੀ ਦਾ ਅਨੰਦ ਸਦਾ ਰਾਵਹਿ=ਭੋਗਦੀ ਹੈ।

ਪਿਰ ਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ॥ ੩॥

ਪ੍ਰੇਮ ਕਰਕੇ ਪਿਰੀ ਦੇ ਤਾਂਈ ਮੋਹਿਆ ਹੈ, ਪ੍ਰੀਤਮ ਨਾਲ ਮਿਲ ਕੇ ਉਹ ਸੁਖ ਪਾਉਂਦੀ ਹੈ, *ਅਥਵਾ:*-ਪਿਆਰੇ ਦੇ ਪ੍ਰੇਮ ਵਿਚ ਮੋਹਤ ਹੋਈ ਰਹਿੰਦੀ ਹੈ॥ ੩॥

ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ॥

ਅਪਾਰ ਦੀ ਪ੍ਰਾਪਤੀ ਕਰਨ ਵਾਲੇ ਗਿਆਨ ਰੂਪ ਸ਼ਿੰਗਾਰ ਨੂੰ ਜੋ ਔਰਤ ਕਰਦੀ ਹੈ, ਉਹ ਸੋਭਾ ਵਾਲੀ ਹੁੰਦੀ ਹੈ।

ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ॥ ੪॥

ਸਾ=ਓਹੀ ਇਸਤ੍ਰੀ ਸ਼ੁਭ ਗੁਣਾਂ ਰੂਪੀ ਭਰਾਵਾਂ ਦੇ ਸਹਿਤ ਹੈ, *ਅਥਵਾ:*-ਸਾਰਿਆਂ ਵਿਚ ਰਾਈ=ਪ੍ਰਕਾਸ਼ਕ ਹੈ, *ਅਥਵਾ:*- ਸਭ ਦੀ ਰਾਣੀ ਹੈ ਤੇ ਸੁੰਦਰ ਹੈ, ਜੋ ਪਿਆਰੇ ਪਤੀ ਵਿਚ ਹੇਤਿ=ਪ੍ਰੇਮ ਕਰਦੀ ਹੈ॥ ੪॥

ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ॥

ਸੱਚੇ ਅਲੱਖ ਅਪਾਰ ਪ੍ਰਭੂ ਨੇ ਉਨ੍ਹਾਂ ਸੁਹਾਗਣ ਔਰਤਾਂ ਵਿਚ ਅਨੰਦ ਜਾਂ ਪ੍ਰੇਮ ਰੱਖਿਆ ਹੈ।

ਸਤਿਗੁਰੁ ਸੇਵਨਿ ਆਪਣਾ ਸਚੈ ਭਾਇ ਪਿਆਰਿ॥ ੫॥

ਜੋ ਆਪਣੇ ਸਤਿਗੁਰੂ ਦੀ ਸੇਵਾ ਕਰਦੀਆਂ ਹਨ ਅਤੇ ਸੱਚੇ ਪਿਆਰੇ ਵਿਚ ਭਾਇ=ਪ੍ਰੇਮ ਕਰਦੀਆਂ ਹਨ। *ਅਥਵਾ:*-ਉਹਨਾਂ ਦਾ ਪ੍ਰੇਮ ਸੱਚੇ ਨੂੰ ਭਾ ਗਿਆ ਹੈ॥ ੫॥

ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ॥

ਸੁਹਾਗਣਾਂ ਨੇ ਜਪ ਤੱਪ ਰੂਪੀ ਸ਼ਿੰਗਾਰ ਬਣਾਇਆ ਹੈ ਅਤੇ ਸ਼ੁਭ ਗੁਣਾਂ ਦਾ ਹਾਰ ਗਲ ਵਿਚ ਪਹਿਰਿਆ ਹੈ। *ਅਥਵਾ:*-ਸੁਹਾਗਣਾਂ ਨੇ ਜੋ ਸ਼ੁਭ ਗੁਣਾਂ ਦਾ ਹਾਰ ਗਲ ਵਿਚ ਪਹਿਰਿਆ ਹੈ, ਇਹੀ ਸੋਹਣਾ ਸ਼ਿੰਗਾਰ ਬਣਾਇਆ ਹੈ।

ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ॥ ੬॥

ਪਰਮੇਸ਼ਰ ਦੇ ਪ੍ਰੇਮ ਰੂਪ ਪਿਰਮਲੁ=ਚੰਦਨ ਨੂੰ ਤਨ ਉੱਤੇ ਲਗਾਉਣਾ ਕੀਤਾ ਹੈ ਅਤੇ ਅੰਤਹਕਰਣ ਦੇ ਅੰਦਰ ਰਤਨ ਰੂਪ ਪਰਮੇਸ਼ਰ ਦਾ ਵਿਚਾਰ ਕੀਤਾ ਹੈ॥ ੬॥

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥

ਜੋ ਭਗਤੀ ਵਿਚ ਰੱਤੇ ਹਨ ਉਹ ਉੱਤਮ ਹਨ, ਜਾਤੀ ਅਤੇ ਪੰਗਤੀ।

ਅਥਵਾ:-ਪਤਿ=ਇੱਜ਼ਤ ਗੁਰਾਂ ਦੇ ਉਪਦੇਸ਼ ਕਰਕੇ ਸਫਲ ਹੁੰਦੀ ਹੈ।

ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥ ੭॥

ਨਾਮ ਤੋਂ ਬਿਨਾਂ ਸਭ ਜੀਵ ਨੀਚ ਜਾਤੀ ਵਾਲੇ ਹਨ, ਉਹ ਮਰ ਕਰਕੇ ਗੰਦਗੀ ਦਾ ਕੀੜਾ ਹੁੰਦਾ ਹੈ॥ ੭॥

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ॥

ਸਾਰੀ ਦੁਨੀਆਂ ਮੈਂ ਮੈਂ ਕਰਦੀ ਫਿਰਦੀ ਹੈ, ਪਰ ਗੁਰ ਸ਼ਬਦ ਤੋਂ ਬਿਨਾਂ ਹਉਮੈ ਜਾਂਦੀ ਨਹੀਂ ਹੈ।

ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ॥ ੮॥ ੮॥ ੩੦॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾਮ ਵਿਚ ਰਤੇ=ਤਦਾਕਾਰ ਹੋ ਕੇ ਸੱਚੇ ਵਿਚ ਸਮਾ ਰਹੇ ਹਨ, ਉਨ੍ਹਾਂ ਦੀ ਹਉਮੈ ਚਲੀ ਗਈ ਹੈ॥ ੮॥ ੮॥ ੩੦॥

ਆਸਾ ਮਹਲਾ ੩॥ ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ॥

ਜੋ ਪੁਰਸ਼ ਸੱਚੇ ਜਾਪ ਵਿਚ ਰਤੇ=ਜੁੜੇ ਹਨ, ਉਹ ਸ਼ੁਧ ਹਨ ਅਤੇ ਉਹਨਾਂ ਦੀ ਸਦਾ ਹੀ ਸੱਚੀ ਸੋਇ=ਸੋਭਾ ਹੁੰਦੀ ਹੈ।

ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ॥ ੧॥

ਉਹ ਪੁਰਸ਼ ਐਥੈ=ਇਸ ਲੋਕ ਵਿਚ ਘਰ ਘਰ ਵਿਚ ਜਾਣੇ ਜਾਂਦੇ ਹਨ ਅਤੇ ਆਗੈ=ਪ੍ਰਲੋਕ ਵਿਚ ਜੁਗਾਂ ਜੁਗਾਂ ਵਿਚ ਪ੍ਰਗਟ ਹੁੰਦੇ ਹਨ॥ ੧॥

[ਪੰਨਾ ੪੨੭]

ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ॥

ਹੇ ਮਨ ! ਰੂੜੇ=ਅਪਾਵਨ ਸੰਸਾਰ ਰੰਗ ਵਿਚ ਰੰਗੇ ਹੋਏ ਤੂੰ ਸੱਚਾ ਨਾਮ ਰੂਪੀ ਰੰਗ ਚੜ੍ਹਾ ਲੈ।

ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥ ੧॥ ਰਹਾਉ॥

ਹੇ ਮਨ ! ਜੇ ਤੂੰ ਰੂੜੀ=ਸੁੰਦਰ ਨਾਮ ਬਾਣੀ ਵਿਚ ਰੰਗਿਆ ਜਾਵੇਂਗਾ, ਤਾਂ ਇਹ ਰੰਗ ਲਹੇਗਾ ਨਹੀਂ ਅਤੇ

ਨਾ ਹੀ ਨਵਿਰਤ ਹੋ ਜਾਵੇਗਾ।

ਅਥਵਾ:-ਨਾ=ਪੁਰਸ਼ ਦਾ ਇਹ ਰੰਗ ਲਹਿ, ਨਹੀਂ ਜਾਵੇਗਾ।

ਅਥਵਾ:-ਇਹ ਰੰਗ ਲਹੇਗਾ ਨਹੀਂ ਅਤੇ ਨਾ ਹੀ ਤੂੰ ਜਾਇ=ਜਨਮੇਂਗਾ॥ ੧॥ ਰਹਾਉ॥

ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ॥

ਅਸੀਂ ਨੀਚ ਸੀ, ਸਾਡੇ ਅੰਤਹਕਰਣ ਮੈਲੇ ਸਨ, ਅਤਿਅੰਤ ਹੰਕਾਰ ਨਾਲ ਭਰੇ ਹੋਏ ਸਾਂ, ਦ੍ਵੈਤ ਭਾ ਕਰਕੇ ਵਿਕਾਰਾਂ ਵਿੱਚ ਲੱਗੇ ਹੋਏ ਸੀ।

ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ॥ ੨॥

ਸ਼ੁਧ ਅਪਾਰ ਦੀ ਜੋਤ ਵਾਲੇ ਜੋ ਗੁਰੂ ਹਨ, ਉਹਨਾਂ ਗੁਰਾਂ ਰੂਪ ਪਾਰਸ ਨਾਲ ਮਿਲ ਕੇ ਅਸੀਂ ਸੋਨੇ ਦੀ ਤਰ੍ਹਾਂ ਸ਼ੁਧ ਹੋ ਗਏ ਹਾਂ॥ ੨॥

ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ॥

ਗੁਰਾਂ ਤੋਂ ਬਗੈਰ ਪ੍ਰੇਮ-ਰੰਗ ਵਿੱਚ ਕੋਈ ਨਹੀਂ ਰੰਗ ਸਕਦਾ, ਜਦ ਗੁਰਾਂ ਨਾਲ ਮਿਲੀਏ ਤਦ ਉਹ ਰੰਗ ਚਾੜ੍ਹਦੇ ਹਨ।

ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ॥ ੩॥

ਗੁਰਾਂ ਦੇ ਭੈ=ਡਰ ਅਤੇ ਪ੍ਰੇਮ ਵਿੱਚ ਜੋ ਰੱਤੇ ਹਨ, ਉਹ ਸੱਚੇ ਸਿਫਤੀ ਵਿੱਚ ਸਮਾਏ ਹਨ॥੩॥

ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ॥

ਪਰਮੇਸ਼ਰ ਦੇ ਡਰ ਧਾਰੇ ਬਿਨਾਂ ਸ਼ਰਮ ਰੂਪੀ ਲਾਗ ਨਹੀਂ ਲੱਗਦੀ ਅਤੇ ਨਾ ਹੀ ਮਨ ਸ਼ੁਧ ਹੁੰਦਾ ਹੈ।

ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ॥ ੪॥

ਜੋ ਭੈ ਬਿਨੁ=ਨਿਡਰ ਹੋ ਕੇ ਕਰਮ ਕਮਾਉਂਦੇ ਹਨ, ਉਹਨਾਂ ਝੂਠਿਆਂ ਨੂੰ ਠਹਿਰਣ ਦੀ ਕੋਈ ਥਾਂ ਨਹੀਂ ਹੈ॥ ੪॥

ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ॥

ਸਤ ਸੰਗਤਿ ਨਾਲ ਮਿਲਾ ਕੇ ਜਿਸ ਨੂੰ ਆਪ ਰੰਗਦਾ ਹੈ, ਉਹੀ ਰਪਸੀ=ਰੰਗਿਆ ਜਾਂਦਾ ਹੈ।

ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ॥ ੫॥

ਪੂਰਿਆਂ ਗੁਰਾਂ ਦੀ ਸਤਸੰਗਤਿ ਕਰਨ ਨਾਲ ਗਿਆਨ ਦੀ ਉਤਪਤੀ ਹੁੰਦੀ ਹੈ, ਤਦ ਸੁਤੇ ਹੀ ਸੱਚ ਨੂੰ ਪਾ ਕੇ ਸੁਭਾਇਮਾਨ ਹੁੰਦਾ ਹੈ। ਅਥਵਾ:-ਪੂਰੇ ਗੁਰਾਂ ਦੀ ਕਿਰਪਾ ਨਾਲ ਸੱਤ, ਸੰਤੋਖ ਆਦਿਕ ਦੈਵੀ ਗੁਣਾਂ ਦੀ ਸੰਗਤ ਊਪਜੈ=ਉਤਪੰਨ ਹੁੰਦੀ ਹੈ,

ਅਥਵਾ:-ਪੂਰੇ ਗੁਰਾਂ ਦੀ ਸੰਗਤ ਕਰਨ ਨਾਲ ਸਤਿ ਸਰੂਪ ਪਰਮੇਸ਼ਰ ਦੀ ਸਖਿਆਤਕਾਰੀ ਉਪਜਦੀ ਹੈ॥ ੫॥

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ॥

ਗੁਰਾਂ ਦੀ ਸੰਗਤ ਤੋਂ ਬਿਨਾਂ ਸਾਰੇ ਇਸ ਤਰ੍ਹਾਂ ਰਹਿੰਦੇ ਹਨ, ਜਿਵੇਂ ਪਸੁ ਢੋਰ=ਪਸ਼ੂਆਂ ਦੇ ਘਾਹ ਢੋਣ ਵਾਲੇ

ਨੀਚ ਪਸ਼ੂ (ਖੋਤੇ) ਬਣਦੇ ਹਨ। ਕਿਉਂਕਿ-

ਜਿਨਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ ॥ ੬ ॥

ਜਿਸ ਵਾਹਿਗੁਰੂ ਨੇ ਉਹ ਪੈਦਾ ਕੀਤੇ ਹਨ, ਉਸ ਨੂੰ ਤਾਂ ਜਾਣਦੇ ਨਹੀਂ, ਨਾਮ ਤੋਂ ਬਿਨਾਂ ਹੋਣ ਕਰਕੇ ਸਭ ਚੋਰ ਹਨ॥ ੬ ॥

ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥

ਇਕ ਗੁਰਮੁਖ ਪੁਰਸ਼ ਗੁਰਾਂ ਵਿਚ ਸੁਤੇ ਸਰੇਸ਼ਟ ਪ੍ਰੇਮ ਕਰਕੇ ਔਗੁਣਾਂ ਨੂੰ ਵਿਕਣਹਿ=ਤਿਆਗ ਕੇ ਸ਼ੁਭ ਗੁਣਾਂ ਨੂੰ ਵਿਹਾਝਹਿ=ਖਰੀਦ ਦੇ ਹਨ।

ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥ ੭ ॥

ਉਨ੍ਹਾਂ ਗੁਰਮੁਖਾਂ ਨੇ ਗੁਰ ਸੇਵਾ ਤੇ ਹੀ ਪ੍ਰਭੂ ਦਾ ਨਾਮ ਪਾਇਆ ਹੈ ਅਤੇ ਗੁਰ ਸੇਵਾ ਕਰਕੇ ਹੀ ਉਹਨਾਂ ਦੇ ਅੰਦਰ ਪ੍ਰਭੂ ਆਪ ਆ ਕੇ ਵੱਸਿਆ ਹੈ॥ ੭ ॥

ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥

ਸਾਰਿਆਂ ਦਾ ਦਾਤਾ ਇਕ ਵਾਹਿਗੁਰੂ ਹੈ, ਉਹ ਸਿਰ-ਬ-ਸਿਰ ਸਾਰਿਆਂ ਨੂੰ ਵੱਖੋ ਵੱਖਰੇ ਧੰਦਿਆਂ ਵਿਚ ਲਗਾਉਂਦਾ ਹੈ।

ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥ ੮ ॥ ੯ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਨਾਲ ਲੱਗਾ ਕੇ ਜਿਸ ਦੇ ਅੰਤਹਕਰਣ ਨੂੰ ਸਵਾਰਿਆ ਹੈ, ਉਸ ਨੂੰ ਸਬਦੇ=ਬ੍ਰਹਮ ਨੇ ਆਪਣੇ ਨਾਲ ਮਿਲਾ ਲਿਆ ਹੈ॥ ੮ ॥੯ ॥ ੩੧ ॥

ਆਸਾ ਮਹਲਾ ੩ ॥ ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥

ਸਭ ਦੁਨੀਆਂ ਨਾਮ ਨੂੰ ਚਾਹੁੰਦੀ ਹੈ, ਪਰ ਜਿਸ ਉੱਤੇ ਪ੍ਰਭੂ ਕਿਰਪਾ ਕਰਦਾ ਹੈ, ਉਹੀ ਪੁਰਸ਼ ਨਾਮ ਜਪਣਾ ਪਾਉਂਦਾ ਹੈ।

ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥ ੧ ॥

ਨਾਮ ਸਿਮਰਨ ਤੋਂ ਬਿਨਾਂ ਸਭਨਾਂ ਨੂੰ ਦੁੱਖ ਹੀ ਦੁੱਖ ਹੈ, ਸੁਖ ਉਸ ਨੂੰ ਹੁੰਦਾ ਹੈ, ਜਿਸ ਦੇ ਮਨ ਵਿਚ ਨਾਮ ਵਸਾਉਂਦਾ ਹੈ॥ ੧ ॥

ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ ॥

ਹੇ ਹਰੀ ! ਤੂੰ ਬਿਅੰਤ ਦਿਆਲੂ ਹੈਂ, ਮੈਂ ਤੇਰੀ ਸ਼ਰਨ ਲਈ ਹੈ।

ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥ ੧ ॥ ਰਹਾਉ ॥

ਤੇਰੇ ਨਾਮ ਦੀ ਵਡਿਆਈ ਪੂਰਿਆਂ ਗੁਰਾਂ ਨਾਲ ਪਾਈਦੀ ਹੈ॥੧ ॥ ਰਹਾਉ॥

ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ ॥

ਬ੍ਰਹਿਮੰਡ ਦੇ ਅੰਦਰ ਬਾਹਰ ਇਕ ਤੂੰਹੀ ਹੈਂ, ਤੂੰ ਆਪ ਹੀ ਬਹੁਤ ਤਰ੍ਹਾਂ ਦੀ ਸ੍ਰਿਸ਼ਟੀ ਪੈਦਾ ਕੀਤੀ ਹੈ।

ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ॥ ੨ ॥

ਆਪਣੇ ਹੁਕਮ ਅੰਦਰ ਸਭ ਜੀਵਾਂ ਤੋਂ ਕੰਮ ਕਾਰ ਕਰਾਉਂਦਾ ਹੈਂ, ਕਹੀਏ ਕਿਸ ਨੂੰ, ਤੇਰਾ ਕੋਈ ਦੂਜਾ ਭਾਈ ਹੋਵੇ ਤਾਂ ਕੁਝ ਕਹੀਏ ਭੀ ਸਹੀ।

ਅਥਵਾ:-ਹੇ ਭਗਤਾਂ ਨੂੰ ਭਾਉਣ ਜੋਗ ਹਰੀ ! ਹੋਰ ਦੂਜਾ ਕਿਸ ਨੂੰ ਕਹੀਏ॥ ੨ ॥

ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ॥

ਗਿਆਨ, ਅਗਿਆਨ ਨੂੰ ਤੂੰ ਆਪ ਹੀ ਕੀਤਾ ਹੈ, ਇਹ ਜੋ ਸ੍ਰਿਸ਼ਟੀ ਹੈ, ਇਸ ਦੇ ਸਿਰ ਉੱਤੇ ਤੇਰੀ ਹੁਕਮ ਰੂਪੀ ਕਾਰ ਹੈ। *ਅਥਵਾ:*-ਇਹ ਤੇਰੀ ਸਿਰਿਕਾਰ=ਰਯਤ ਹੈ।

ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ॥ ੩ ॥

ਇਕਨਾਂ ਨੂੰ ਬਖਸ਼ ਕੇ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ, ਇਕ ਜਿਹੜੇ ਕੂੜਿਆਰ=ਝੂਠੇ ਪੁਰਸ਼ ਹਨ, ਉਹਨਾਂ ਨੂੰ ਮਾਰ ਕੇ ਦਰਗਾਹ ਵਿਚੋਂ ਬਾਹਰ ਕੱਢ ਦਿੰਦਾ ਹੈਂ॥ ੩ ॥

ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ॥

ਇਕ ਗੁਰਮੁਖ ਧੁਰ ਤੋਂ ਹੀ ਪਵਿਤ੍ਰ ਤੋਂ ਪਵਿਤ੍ਰ ਹਨ, ਜੋ ਤੂੰ ਨਾਮ ਜਾਪ ਵਿਚ ਲਗਾਏ ਹਨ।

ਅਥਵਾ:-ਜਿਹੜੇ ਤੂੰ ਨਾਮ ਵਿਚ ਲਗਾਏ ਹਨ, ਹੇ ਧੁਰ ਰੂਪ ਪਰਮਾਤਮਾ ! ਉਹ ਇਕ ਤੈਨੂੰ ਪਾਵਨ=ਪਾ ਕੇ ਪਵਿਤ੍ਰ ਹੋਏ ਹਨ।

ਗੁਰ ਸੇਵਾ ਤੇ ਸੁਖੁ ਊਪਜੈ ਸਚੈ ਸਬਦਿ ਬੁਝਾਏ॥ ੪ ॥

ਸੱਚੇ ਵਾਹਿਗੁਰੂ ਨੇ ਸਾਨੂੰ ਇਹ ਬੁਝਾਏ=ਸਮਝਾ ਦਿੱਤਾ ਹੈ, ਕਿ ਸਬਦਿ=ਸੰਸਾਰ ਵਿਚ ਗੁਰ ਸੇਵਾ ਕਰਨ ਨਾਲ ਹੀ ਸੁਖ ਦਾ ਉਤਪੰਨ ਹੁੰਦਾ ਹੈ॥ ੪ ॥

ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ॥

ਇਕ ਮਨਮੁਖ ਪੁਰਸ਼ ਕੁਚਲ ਕੁਚੀਲ=ਅਪਵਿੱਤ੍ਰ ਤੋਂ ਅਪਵਿੱਤ੍ਰ ਹਨ।

ਅਥਵਾ:-ਦੂਜਿਆਂ ਦੀ ਗੱਲ ਕੁਚਲਨ ਵਾਲੇ ਹਨ ਤੇ ਕੁਚੀਲ=ਅਪਵਿੱਤ੍ਰ ਹਨ ਅਤੇ ਵਿਸ਼ਿਆਂ ਵਿਚ ਉਹਨਾਂ ਦੀ ਬੁੱਧੀ ਲੀਪਤੇ=ਲਿਪਾਇਮਾਨ ਹੈ। *ਅਥਵਾ:*-ਵਿਖਲੀ ਪਤੇ=ਵੇਸਵਾ ਦੇ ਪਤੀ ਹਨ, ਉਹਨਾਂ ਨੂੰ ਨਾਮ ਦੀ ਤਰਫੋਂ ਆਪ ਪਰਮੇਸ਼ਰ ਨੇ ਖੁਆਏ=ਭੁਲਾਇਆ ਹੈ।

ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ॥ ੫ ॥

ਉਹਨਾਂ ਪੁਰਸ਼ਾਂ ਨੂੰ ਨਾ ਸਿੱਧੀ ਦੀ ਪ੍ਰਾਪਤੀ, ਨਾ ਸਰੇਸ਼ਟ ਬੁੱਧੀ ਦੀ ਪ੍ਰਾਪਤੀ ਹੈ, ਨਾ ਹੀ ਉਹਨਾਂ ਨੇ ਸੰਜਮੀ=ਇੰਦ੍ਰੀਆਂ ਦਾ ਦਮਨ ਕੀਤਾ ਹੈ, ਉਹ ਉਤਵਤਾਏ=ਅਵੈੜੇ ਫਿਰਦੇ ਹਨ॥ ੫ ॥

ਨਦਰਿ ਕਰੇ ਜਿਸੁ ਆਪਣੀ ਤਿਸ ਨੋ ਭਾਵਨੀ ਲਾਏ॥

ਜਿਸ ਉਪਰ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਤਿਸ ਨੂੰ ਭਾਵਨੀ=ਸ਼ਰਧਾ ਵਿੱਚ ਲਗਾਂਵਦਾ ਹੈ।

ਸਤੁ ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਏ॥ ੬ ॥

ਸਤ, ਸੰਤੋਖ ਆਦਿਕ ਜੋ ਸ਼ੁਭ ਗੁਣ ਹਨ ਜਿਸ ਸੰਜਮ ਕਰਕੇ ਮਨ ਨੂੰ ਨਿਰਮਲ ਕਰ ਅਤੇ ਗੁਰ ਉਪਦੇਸ਼ ਨੂੰ ਆਪ ਸੁਣ ਤੇ ਹੋਰਨਾਂ ਨੂੰ ਸੁਨਾਵਣਾ ਕਰ॥ ੬॥

ਲੇਖਾ ਪੜਿ ਨ ਪਹੁਚੀਐ ਕਥਿ ਕਹਣੈ ਅੰਤੁ ਨ ਪਾਇ॥

ਲੇਖੇ ਦੇ ਪੜ੍ਹਨ ਕਰਕੇ ਭੀ ਪਰਮੇਸ਼ਰ ਨੂੰ ਪਹੁੰਚ ਨਹੀਂ ਸਕੀਦਾ, ਕਥਾ ਦੇ ਕਹਿਣ ਕਰਕੇ ਵੀ ਉਸ ਦਾ ਅੰਤ ਨਹੀਂ ਪੈਂਦਾ।

ਗੁਰ ਤੇ ਕੀਮਤਿ ਪਾਈਐ ਸਚਿ ਸਬਦਿ ਸੋਝੀ ਪਾਇ॥ ੭॥

ਗੁਰਾਂ ਦੀ ਕਿਰਪਾ ਨਾਲ ਉਸ ਦੀ ਪ੍ਰਾਪਤੀ ਰੂਪੀ ਕੀਮਤ ਪੈਂਦੀ ਹੈ ਅਤੇ ਸੱਚੇ ਉਪਦੇਸ਼ ਕਰਕੇ *ਯਥਾਰਥ* ਸਰੂਪ ਦੀ ਗਿਆਤ ਪਾਂਵਦਾ ਹੈ॥ ੭॥

ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ॥

ਹੇ ਪੁਰਸ਼ ! ਤੂੰ ਗੁਰ-ਉਪਦੇਸ਼ ਨੂੰ ਵਿਚਾਰ ਕੇ ਇਸ ਮਨ ਅਤੇ ਦੇਹੀ ਨੂੰ ਸੋਧਣਾ ਕਰ ਭਾਵ ਵਿਸ਼ਿਆਂ ਤੋਂ ਰਹਿਤ ਕਰ। *ਅਥਵਾ:-* ਇਸ ਮਨ ਦੇ ਵਿਚ ਦੇਹ ਵਾਲੇ ਚੇਤਨ ਨੂੰ ਸੋਧ।

ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ
ਪਾਈਐ ਗੁਰ ਕੈ ਹੇਤਿ ਅਪਾਰਿ॥ ੮॥ ੧੦॥ ੩੨॥

ਗੁਰੂ ਜੀ ਕਥਨ ਕਰਦੇ ਹਨ ਇਸ ਦੇਹੀ ਦੇ ਵਿਚ ਹੀ ਨਾਮ ਨਿਧੀਆਂ ਦਾ ਖਜ਼ਾਨਾ ਹੈ, ਪਰੰਤੂ ਗੁਰਾਂ ਦੇ ਵਿਚ ਅਪਾਰ ਹੇਤਿ=ਪ੍ਰੇਮ ਕਰਨ ਨਾਲ ਪਾਈਦਾ ਹੈ॥ ੮॥ ੧੦॥ ੩੨॥

ਆਸਾ ਮਹਲਾ ੩॥

ਸਚਿ ਰਤੀਆ ਸੋਹਾਗਣੀ ਜਿਨਾ ਗੁਰ ਕੈ ਸਬਦਿ ਸੀਗਾਰਿ॥

ਜੋ ਸੱਚ ਵਿੱਚ ਰੱਤੀਆਂ ਹਨ ਉਹ ਸੁਹਾਗ ਵੰਤੀਆਂ ਇਸਤ੍ਰੀਆਂ ਹਨ, *ਪ੍ਰਸ਼ਨ:-*ਸੱਚ ਵਿੱਚ ਕਿਹੜੀਆਂ ਰੱਤੀਆਂ ਹਨ? *ਗੁਰ ਉੱਤਰ:-* ਜਿਨ੍ਹਾਂ ਨੇ ਗੁਰਾਂ ਦੇ ਸ਼ਬਦ ਕਰਕੇ ਸ਼ੁਭ ਗੁਣਾਂ ਰੂਪੀ ਸ਼ਿੰਗਾਰ ਕੀਤਾ ਹੈ।

[ਪੰਨਾ ੪੨੮]

ਘਰਿ ਹੀ ਸੋ ਪਿਰੁ ਪਾਇਆ ਸਚੈ ਸਬਦਿ ਵੀਚਾਰਿ॥ ੧॥

ਸੱਚੇ ਸ਼ਬਦ ਦੀ ਵਿਚਾਰ ਦੁਆਰਾ, ਸੁਹਾਗਣੀਆਂ ਨੇ ਸਰੀਰ ਘਰ ਦੇ ਵਿਚ ਹੀ ਉਸ ਪਤੀ ਪਰਮਾਤਮਾ ਨੂੰ ਪਾਇਆ ਹੈ॥ ੧॥

ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ॥

ਜਿਨ੍ਹਾਂ ਨੇ ਸ਼ੁਭ ਗੁਣ ਧਾਰ ਕੇ ਔਗੁਣਾਂ ਨੂੰ ਬਖਸ਼ਾ ਲਿਆ ਹੈ ਤੇ ਹਰੀ ਨਾਮ ਚਿੰਤਨ ਕਰਨ ਵਿਖੇ ਲਿਵ ਲਗਾਈ ਹੈ, ਅਤੇ-

ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ॥ ੧॥ ਰਹਾਉ॥

ਗੁਰਾਂ ਦੇ ਮੇਲ=ਸਤਸੰਗ ਨਾਲ ਬੁੱਧੀ ਮਿਲਾਈ ਹੈ, ਉਸ ਜਗਿਆਸੂ ਰੂਪੀ ਕਾਮਣੀ=ਇਸਤ੍ਰੀ ਨੇ ਹਰੀ ਰੂਪ

ਪਤੀ ਨੂੰ ਪਾ ਲਿਆ ਹੈ॥ ੧ ॥ ਰਹਾਉ॥

ਇਕਿ ਪਿਰੁ ਹਦੂਰਿ ਨ ਜਾਣਨੀ ਦੂਜੈ ਭਰਮਿ ਭੁਲਾਇ॥

ਇਕ ਮਨਮੁਖ ਇਸਤ੍ਰੀਆਂ ਪਿਰੀ ਨੂੰ ਆਪਣੇ ਪਾਸ ਨਹੀਂ ਜਾਣਦੀਆਂ, ਦੂਜੇ ਭਾ ਅਤੇ ਭਰਮ ਵਿਖੇ ਬੁੱਧੀ ਭੁਲਾਈ ਹੋਈ ਹੈ।

ਕਿਉ ਪਾਇਨਿ੍ ਡੋਹਾਗਣੀ ਦੁਖੀ ਰੈਣਿ ਵਿਹਾਇ॥ ੨ ॥

ਦੁਹਾਗਣ ਇਸਤ੍ਰੀਆਂ ਪਤੀ ਦੇ ਆਨੰਦ ਨੂੰ ਕਿਵੇਂ ਪਾ ਸਕਦੀਆਂ ਹਨ ਉਹਨਾਂ ਦੀ ਅਵੱਸਥਾ ਰੂਪੀ ਰਾਤ ਦੁੱਖਾਂ ਵਿਚ ਹੀ ਬਤੀਤ ਹੁੰਦੀ ਹੈ ॥ ੨ ॥

ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ॥

ਜਿਨ੍ਹਾਂ ਦੇ ਮਨ ਵਿਖੇ ਸੱਚਾ ਵਾਹਿਗੁਰੂ ਵਸਿਆ ਹੈ ਉਹ ਸੱਚੀ ਭਗਤੀ ਰੂਪੀ ਕਾਰ ਨੂੰ ਕਮਾਂਵਦੇ ਹਨ।

ਅਨਦਿਨੁ ਸੇਵਹਿ ਸਹਜ ਸਿਉ ਸਚੇ ਮਾਹਿ ਸਮਾਇ॥ ੩ ॥

ਜੋ ਰਾਤ ਦਿਨੇ ਸਹਜ=ਸ਼ਾਂਤੀ ਪੂਰਬਕ ਗੁਰਾਂ ਨੂੰ ਸੇਂਵਦੇ ਹਨ, ਉਹ ਸੱਚੇ ਦੇ ਵਿਚ ਸਮਾਂਵਦੇ ਹਨ॥ ੩ ॥

ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ॥

ਦੁਹਾਗਣ ਇਸਤ੍ਰੀਆਂ ਭਰਮ ਵਿਖੇ ਭੁਲਾਈਆਂ ਹਨ, ਜੋ ਕੂੜ ਬੋਲਨੇ ਰੂਪੀ ਵਿਹੁ ਨੂੰ ਖਾਂਦੀਆਂ ਹਨ।

ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ॥ ੪ ॥

ਜੋ ਆਪਣੇ ਪਿਰੀ ਨੂੰ ਜਾਂਦੀਆਂ ਨਹੀਂ ਹਨ, ਉਹ ਸ਼ਰਧਾ ਰਹਿਤ ਅੰਤਹ ਕਰਣ ਰੂਪੀ ਖਾਲੀ ਸਿਹਜਾ ਉੱਤੇ ਦੁੱਖਾਂ ਨੂੰ ਪਾਂਵਦੀਆਂ ਹਨ॥ ੪ ॥

ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ॥

ਸੱਚਾ ਸਾਹਿਬ ਇਕ ਵਾਹਿਗੁਰੂ ਹੀ ਹੈ, ਹੇ ਮਨ ! ਮਤਾ ਤੂੰ ਭਰਮ ਵਿਖੇ ਭੁਲਣਾ ਕਰੇਂ।

ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ॥ ੫ ॥

ਜੋ ਪੁਰਸ਼ ਗੁਰਾਂ ਤੋਂ ਪੁਛ ਕੇ ਸੇਵਾ ਕਰਦੇ ਹਨ, ਉਹ ਨਿਰਮਲ ਸੱਚੇ ਵਾਹਿਗੁਰੂ ਨੂੰ ਮਨ ਵਿਖੇ ਵਸਾਂਦੇ ਹਨ॥ ੫ ॥

ਸੋਹਾਗਣੀ ਸਦਾ ਪਿਰੁ ਪਾਇਆ ਹਉਮੈ ਆਪੁ ਗਵਾਇ॥
ਪਿਰੁ ਸੇਤੀ ਅਨਦਿਨੁ ਗਹਿ ਰਹੀ ਸਚੀ ਸੇਜ ਸੁਖੁ ਪਾਇ॥ ੬ ॥

ਸੋਹਾਗਣ ਇਸਤ੍ਰੀ ਨੇ ਸਦਾ ਹੀ ਪਿਰੀ ਨੂੰ ਪਾਇਆ ਹੈ, ਹਉਮੈ ਅਤੇ ਆਪਾ ਭਾ ਨੂੰ ਗੁਆ ਕੇ, *ਅਥਵਾ:-* ਆਪੁ=ਆਪਣੇ ਜਤਨ ਨਾਲ ਹਉਮੈ ਨੂੰ ਗੁਆ ਕੇ ਪਿਰੀ ਪਰਮਾਤਮਾ ਦੇ ਨਾਲ ਰਾਤ ਦਿਨ ਗਹਿ ਰਹੀ=ਗਹਿ ਗਚ ਭਾਵ ਤਦਾਕਾਰ ਹੋ ਰਹੀ ਹੈ, ਸ਼ਰਧਾ ਵਿਸ਼ਿਸ਼ਟ ਅੰਤਹ ਕਰਣ ਰੂਪੀ ਸੱਚੀ ਸੇਹਜਾ ਪਰ ਸੁਖ ਪਾਂਵਦੀ ਹੈ॥ ੬ ॥

ਮੇਰੀ ਮੇਰੀ ਕਰਿ ਗਏ ਪਲੈ ਕਿਛੁ ਨ ਪਾਇ॥

ਮੇਰੀ ਮਾਇਆ, ਮੇਰੀ ਭੂਮੀ ਕਰਕੇ ਸਭ ਹਰੀ ਹਰ ਹੋ ਗਏ ਹਨ, ਮੇਰੀ ਮੇਰੀ ਕਰਨ ਨਾਲ ਬੁੱਧੀ ਰੂਪੀ ਪੱਲੇ

ਵਿਚ ਕੁਝ ਨਹੀਂ ਪੈਂਦਾ।

ਮਹਲੁ ਨਾਹੀ ਡੋਹਾਗਣੀ ਅੰਤਿ ਗਈ ਪਛੁਤਾਇ ॥ ੭ ॥

ਦੋਹਾਗਣ ਇਸਤ੍ਰੀ ਨੂੰ ਮਹਲ ਸਰੂਪ ਦੀ ਪ੍ਰਾਪਤੀ ਨਹੀਂ ਹੈ, ਅੰਤ ਨੂੰ ਗਈ ਹੋਈ ਪਸ਼ਚਾਤਾਪ ਕਰਦੀ ਹੈ॥ ੭॥

ਸੋ ਪਿਰੁ ਮੇਰਾ ਏਕੁ ਹੈ ਏਕਸੁ ਸਿਉ ਲਿਵ ਲਾਇ ॥

ਉਹ ਮੇਰਾ ਪਤੀ ਇਕ ਹੀ ਹੈ, ਉਸ ਇਕ ਦੇ ਨਾਲ ਤੂੰ ਲਿਵ ਲਗਾਣਾ ਕਰ।

ਨਾਨਕ ਜੇ ਸੁਖੁ ਲੋੜਹਿ ਕਾਮਣੀ
ਹਰਿ ਕਾ ਨਾਮੁ ਮੰਨਿ ਵਸਾਇ ॥ ੮ ॥ ੧੧ ॥ ੩੩ ॥

ਗੁਰੂ ਜੀ ਕਥਨ ਕਰਦੇ ਹਨ ਹੇ ਕਾਮਣੀ ! ਜੇ ਤੂੰ ਸੁਖਾਂ ਨੂੰ ਚਾਹੁੰਦੀ ਹੈਂ ਤਾਂ ਹਰੀ ਦੇ ਨਾਮ ਨੂੰ ਮਨ ਵਿਚ ਵਸਾਣਾ ਕਰ॥ ੮॥ ੧੧॥ ੩੩॥

ਆਸਾ ਮਹਲਾ ੩ ॥

ਅੰਮ੍ਰਿਤੁ ਜਿਨ੍ਹਾ ਚਖਾਇਓਨੁ ਰਸੁ ਆਇਆ ਸਹਜਿ ਸੁਭਾਇ ॥

ਗੁਰਾਂ ਨੇ ਕ੍ਰਿਪਾ ਕਰਕੇ ਜਿਨ੍ਹਾਂ ਨੂੰ ਨਾਮ ਅੰਮ੍ਰਿਤ ਚਖਾਇਆ ਹੈ ਉਹਨਾਂ ਨੂੰ ਸੁਤੇ ਸਿਧ ਹੀ ਰਸੁ=ਅਨੰਦ ਆਇਆ ਹੈ।

ਸਚਾ ਵੇਪਰਵਾਹੁ ਹੈ ਤਿਸ ਨੋ ਤਿਲੁ ਨ ਤਮਾਇ ॥ ੧ ॥

ਉਹ ਸੱਚਾ ਪ੍ਰਭੂ ਬੇਪਰਵਾਹ ਹੈ, ਕਿਉਂਕਿ ਉਸ ਨੂੰ ਤਿਲ ਮਾਤ੍ਰ ਵੀ ਕਿਸੇ ਪਦਾਰਥ ਦੀ ਤਮਾਇ=ਇੱਛਾ ਨਹੀਂ ਹੈ, *ਅਥਵਾ:*-ਉਸ ਨੂੰ ਤਿਲ ਮਾਤ੍ਰ ਵੀ ਤਮਾਇ=ਤਮੋ ਗੁਣ ਭਾਵ ਗੁੱਸਾ ਨਹੀਂ ਆਉਂਦਾ ॥ ੧ ॥

ਅੰਮ੍ਰਿਤੁ ਸਚਾ ਵਰਸਦਾ ਗੁਰਮੁਖਾ ਮੁਖਿ ਪਾਇ ॥

ਗੁਰੂ ਰੂਪੀ ਬੱਦਲ ਸੱਚਾ ਨਾਮ ਰੂਪੀ ਅੰਮ੍ਰਿਤ ਵਰਸਾਂਦੇ ਹਨ, ਗੁਰਮੁਖਾਂ ਦੇ ਮੂੰਹ ਵਿਚ ਪਾਂਵਦੇ ਹਨ।

ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ ॥ ੧ ॥ ਰਹਾਉ ॥

ਸੁਤੇ ਹੀ ਹਰੀ ਗੁਣਾਂ ਦੇ ਗਾਵਣੇ ਕਰਕੇ ਗੁਰਮੁਖਾਂ ਦਾ ਮਨ ਸਦਾ ਹਰੀਆਵਲਾ ਹੈ॥ ੧ ॥ ਰਹਾਉ ॥

ਮਨਮੁਖਿ ਸਦਾ ਦੋਹਾਗਣੀ ਦਰਿ ਖੜੀਆ ਬਿਲਲਾਹਿ ॥

ਮਨਮੁਖ ਇਸਤ੍ਰੀਆਂ ਸਦਾ ਦੁਹਾਗਣਾਂ ਹਨ ਜੋ ਸੰਸਾਰ ਦਰਵਾਜ਼ੇ 'ਪਰ ਖੜੋ ਕੇ ਵਿਰਲਾਪ ਕਰਦੀਆਂ ਹਨ।

ਜਿਨਾ ਪਿਰ ਕਾ ਸੁਆਦੁ ਨ ਆਇਓ ਜੋ ਧੁਰਿ ਲਿਖਿਆ ਸੋ ਕਮਾਹਿ ॥ ੨ ॥

ਜਿਨ੍ਹਾਂ ਨੂੰ ਪਿਰੀ ਦਾ ਅਨੰਦ ਨਹੀਂ ਆ ਕੇ ਪ੍ਰਾਪਤ ਹੋਇਆ, ਜੋ ਧੁਰੋ ਲੇਖ ਲਿਖਿਆ ਗਿਆ ਹੈ, ਸੋ ਉਸ ਦੇ ਅਨੁਸਾਰ ਉਹ ਦੁਖਦਾਈ ਕਰਮਾਂ ਨੂੰ ਕਮਾਉਂਦੇ ਹਨ॥ ੨ ॥

ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ ॥

ਗੁਰਮੁਖ ਪੁਰਸ਼ ਸ਼ਰਧਾ ਰੂਪੀ ਬੀਜ ਨੂੰ ਬੀਜਦੇ ਹਨ, ਜਿਸ ਤੇ ਰਿਦੇ ਰੂਪੀ ਭੂਮੀ ਵਿਚ ਸੱਚ ਨਾਮ ਰੂਪੀ ਅੰਕੁਰ

ਜੰਮਦਾ ਹੈ, ਅਥਵਾ-ਸੱਚ ਦੀ ਪ੍ਰਾਪਤੀ ਰੂਪ ਫਲ ਜੰਮਦਾ ਹੈ, ਗੁਰਮੁਖ ਵਾਪਾਰ ਭੀ ਸੱਚ ਨਾਮ ਦਾ ਕਰਦੇ ਹਨ।

ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ ॥ ੩ ॥

ਜੋ ਪੁਰਸ਼ ਇਸ ਲਾਭ ਦੇ ਵਿਚ ਲਗਾਵਣਾ ਕੀਤੇ ਹਨ, ਤਿਨ੍ਹਾਂ ਨੂੰ ਭਗਤੀ ਦਾ ਭੰਡਾਰਾ ਦਿੰਦਾ ਹੈ॥੩॥

ਗੁਰਮੁਖਿ ਸਦਾ ਸੋਹਾਗਣੀ ਭੈ ਭਗਤਿ ਸੀਗਾਰਿ ॥

ਗੁਰਮੁਖ ਸਖੀ ਸਦਾ ਹੀ ਸੁਹਾਗਣ ਹੈ, ਜੋ ਭੈ ਭਗਤੀ ਰੂਪੀ ਸ਼ਿੰਗਾਰ ਨੂੰ ਕਰਦੀ ਹੈ !

ਅਨਦਿਨੁ ਰਾਵਹਿ ਪਿਰੁ ਆਪਣਾ ਸਚੁ ਰਖਹਿ ਉਰ ਧਾਰਿ॥ ੪ ॥

ਉਹ ਅਨਦਿਨੁ=ਰਾਤ ਦਿਨੇ ਆਪਣੇ ਪਿਰੀ ਨੂੰ ਭਾਂਵਦੀ ਹੈ ਅਤੇ ਸੱਚ ਨੂੰ ਹਿਰਦੇ ਵਿਚ ਧਾਰ ਰੱਖਦੀ ਹੈ॥ ੪ ॥

ਜਿਨ੍ਹਾ ਪਿਰੁ ਰਾਵਿਆ ਆਪਣਾ ਤਿਨ੍ਹਾ ਵਿਟਹੁ ਬਲਿ ਜਾਉ ॥

ਜਿਨ੍ਹਾਂ ਸਖੀਆਂ ਨੇ ਆਪਣੇ ਪਿਰੀ ਦੇ ਅਨੰਦ ਨੂੰ ਰਾਵਿਆ ਹੈ, ਮੈਂ ਤਿਨ੍ਹਾਂ ਦੇ ਉਪਰੋਂ ਬਲਿਹਾਰ ਜਾਂਦਾ ਹਾਂ।

ਸਦਾ ਪਿਰ ਕੈ ਸੰਗਿ ਰਹਹਿ ਵਿਚਹੁ ਆਪੁ ਗਵਾਇ ॥ ੫ ॥

ਉਹ ਸਦੀਵ ਕਾਲ ਹਿਰਦੇ ਵਿਚੋਂ ਆਪਾ ਭਾ ਹੰਕਾਰ ਗੁਆ ਕੇ ਪਿਰੀ ਦੇ ਨਾਲ ਰਹਿੰਦੀਆਂ ਹਨ॥ ੫ ॥

ਤਨੁ ਮਨੁ ਸੀਤਲੁ ਮੁਖ ਉਜਲੇ ਪਿਰ ਕੈ ਭਾਇ ਪਿਆਰਿ ॥

ਪਿਆਰੇ ਪਿਰੀ ਵਿਖੇ ਭਾਇ=ਪ੍ਰੇਮ ਕਰਨ ਨਾਲ ਤਨ ਮਨ ਸੀਤਲ ਅਤੇ ਮੂੰਹ ਉਜਲਾ ਹੋਇਆ ਹੈ।

ਸੇਜ ਸੁਖਾਲੀ ਪਿਰੁ ਰਵੈ ਹਉਮੈ ਤ੍ਰਿਸਨਾ ਮਾਰਿ ॥ ੬ ॥

ਸ਼ਰਧਾ ਵਸ਼ਿਸ਼ਟ ਅੰਤਹਕਰਣ ਰੂਪ ਸੁਖਾਲੀ ਸਿਹਜਾ ਉੱਤੇ ਹਉਮੈ ਅਤੇ ਤ੍ਰਿਸ਼ਨਾਂ ਨੂੰ ਮਾਰ ਕੇ ਪਿਰੀ ਦੇ ਅਨੰਦ ਨੂੰ ਰਵੈ=ਭੋਗਦੀ ਹੈ॥ ੬ ॥

ਕਰਿ ਕਿਰਪਾ ਘਰਿ ਆਇਆ ਗੁਰ ਕੈ ਹੇਤਿ ਅਪਾਰਿ ॥

ਗੁਰਾਂ ਵਿਖੇ ਅਪਾਰ ਪ੍ਰੇਮ ਕਰਨ ਨਾਲ ਕਿਰਪਾ ਦੇ ਕਰਨ ਵਾਲਾ ਪ੍ਰਭੂ ਹਿਰਦੇ ਘਰ ਵਿਖੇ ਆਇਆ ਸਾਖਿਆਤਕਾਰ ਹੋਇਆ ਹੈ ।

ਵਰੁ ਪਾਇਆ ਸੋਹਾਗਣੀ ਕੇਵਲ ਏਕੁ ਮੁਰਾਰਿ ॥ ੭ ॥

ਸੁਹਾਗਣਾਂ ਨੇ ਕੇਵਲ=ਫਕਤ ਇਕ ਮੁਰਾਰੀ ਰੂਪ ਵਰੁ=ਪਤੀ ਨੂੰ ਪਾਇਆ ਹੈ॥ ੭ ॥

ਸਭੇ ਗੁਨਹ ਬਖਸਾਇ ਲਇਓਨੁ ਮੇਲੇ ਮੇਲਣਹਾਰਿ ॥

ਜੀਵ ਦੇ ਸਭ ਕੀਤੇ ਹੋਏ ਔਗੁਣਾਂ ਨੂੰ ਬਖਸ਼ਾ ਲੀਤਾ ਹੈ ਅਤੇ ਮੇਲਣਹਾਰ ਗੁਰਾਂ ਨੇ ਪਰਮੇਸ਼ਰ ਪਤੀ ਨਾਲ ਮੇਲ ਲੀਤਾ ਹੈ।

ਨਾਨਕ ਆਖਣੁ ਆਖੀਐ ਜੇ ਸੁਣਿ ਧਰੇ ਪਿਆਰੁ ॥ ੮ ॥ ੧੨ ॥ ੩੪ ॥

ਗੁਰੂ ਜੀ ਕਹਿੰਦੇ ਹਨ-ਉਹਨਾਂ ਆਖਣੁ=ਪ੍ਰਸੰਗਾਂ ਨੂੰ ਆਖਣਾ ਕਰੀਏ, ਜਿਨ੍ਹਾਂ ਪ੍ਰਸੰਗਾਂ ਨੂੰ ਸੁਣ ਕੇ ਪਰਮੇਸ਼ਰ

ਪਿਆਰ ਧਾਰੇ॥ ੮॥ ੧੨॥ ੩੪॥

ਆਸਾ ਮਹਲਾ ੩ ॥ ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ॥

ਸਤਿਗੁਰਾਂ ਦੀ ਕ੍ਰਿਪਾ ਨਾਲ ਸ਼ੁਭ ਗੁਣ ਉਤਪੰਨ ਹੁੰਦੇ ਹਨ, ਪਰੰਤੂ ਸਤਿਗੁਰਾਂ ਦੀ ਪ੍ਰਾਪਤੀ ਤਾਂ ਹੁੰਦੀ ਹੈ ਜਾਂ ਉਹ ਪ੍ਰਭੂ ਉਹਨਾਂ ਸਤਿਗੁਰਾਂ ਨਾਲ ਮੇਲਣਾ ਕਰੇ।

[ਪੰਨਾ ੪੨੯]

ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥ ੧॥

ਸਹਜੇ=ਸ਼ਾਂਤੀ ਨਾਲ ਪ੍ਰਭੂ ਦੇ ਨਾਮ ਨੂੰ ਧਿਆਈਏ ਤਾਂ ਗਿਆਨ ਪ੍ਰਗਟ ਹੁੰਦਾ ਹੈ॥ ੧॥

ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥

ਹੇ ਮਨ ! ਇਹ ਤੂੰ ਮਤਾ ਜਾਣ ਕਿ ਹਰੀ ਦੂਰ ਹੈ, ਉਹ ਤਾਂ ਸਦਾ ਹਾਜ਼ਰਾ ਹਜ਼ੂਰ ਦੇਖ ਰਿਹਾ ਹੈ।

ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥ ੧॥ ਰਹਾਉ॥

ਉਸ ਜੀਵਾਂ ਦੀਆਂ ਗੱਲਾਂ ਨੂੰ ਸਦਾ ਸੁਣਦਾ ਹੈ ਅਤੇ ਕਰਤੱਬਾਂ ਨੂੰ ਸਦਾ ਵੇਖਦਾ ਹੈ, ਉਹ ਸਬਦਿ=ਬ੍ਰਹਮ ਸਾਰੇ ਭਰਪੂਰ ਹੋ ਰਿਹਾ ਹੈ, *ਅਥਵਾ:*-ਉਹ ਸਾਰੇ ਸਬਦਿ=ਸੰਸਾਰ ਵਿਚ ਪੂਰਨ ਹੋ ਰਿਹਾ ਹੈ॥ ੧॥ ਰਹਾਉ॥

ਗੁਰਮੁਖਿ ਆਪੁ ਪਛਾਣਿਆ ਤਿਨੀ ਇਕ ਮਨਿ ਧਿਆਇਆ॥

ਅੰਨਵੇਂ : ਜਿਨ੍ਹਾਂ ਗੁਰਮੁਖਾਂ ਨੇ ਇਕਾਗਰ ਮਨ ਹੋ ਕੇ ਨਾਮ ਧਿਆਇਆ ਹੈ, ਤਿਨ੍ਹਾਂ ਗੁਰਮੁਖਾਂ ਨੇ ਆਪਣਾ ਸਰੂਪ ਪਛਾਣਿਆ ਹੈ। ਅਤੇ

ਸਦਾ ਰਵਹਿ ਪਿਰੁ ਆਪਣਾ ਸਚੈ ਨਾਮਿ ਸੁਖੁ ਪਾਇਆ॥ ੨॥

ਉਹ ਆਪਣੇ ਪਿਰੀ ਦੇ ਆਨੰਦ ਨੂੰ ਸਦਾ ਰਵਹਿ=ਭੋਗਦੇ ਹਨ, ਸੱਚੇ ਨਾਮੀ ਦੇ ਨਾਮ ਕਰਕੇ ਸੁਖ ਨੂੰ ਪਾਇਆ ਹੈ॥ ੨॥

ਏ ਮਨ ਤੇਰਾ ਕੋ ਨਹੀ ਕਰਿ ਵੇਖੁ ਸਬਦਿ ਵੀਚਾਰੁ॥

ਹੇ ਮਨ ! ਤੇਰਾ ਕੋਈ ਭੀ ਸਹਾਇਕ ਨਹੀ ਹੈ, ਗੁਰ ਸ਼ਬਦ ਨੂੰ ਵਿਚਾਰ ਕੇ ਦੇਖ ਲੈ।

ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ ॥ ੩॥

ਹਰੀ ਦੀ ਸ਼ਰਨ ਵਿਖੇ ਭੱਜ ਕੇ ਪੈਣਾ ਕਰ ਤਾਂ ਮੋਖ ਦਾ ਦੁਆਰਾ ਗਿਆਨ ਪਾਏਂਗਾ॥ ੩॥

ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ॥

ਗੁਰ ਸ਼ਬਦ ਨੂੰ ਸੁਣਨਾ ਕਰ, ਗੁਰਸ਼ਬਦ ਨੂੰ ਬੁਝਣਾ ਕਰ ਅਤੇ ਸੱਚ ਵਿਖੇ ਲਿਵ ਲਗਾਉਂਣਾ ਕਰ।

ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ॥ ੪॥

ਗੁਰ ਸ਼ਬਦ ਦੁਆਰਾ ਹਉਮੈ ਨੂੰ ਮਾਰਨਾ ਕਰ, ਤਾਂ ਸੱਚੇ ਮਹਲੀ ਸਰੂਪ ਸੁਖ ਨੂੰ ਪਾਏਂਗਾ॥ ੪॥

ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ॥
ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ॥ ੫॥

ਇਸ ਕਲਜੁਗ ਵਿਚ ਨਾਮ ਦੀ ਸੋਭਾ ਹੈ, ਨਾਮ ਤੋਂ ਬਿਨਾਂ ਜੀਵ ਦੀ ਸੋਭਾ ਨਹੀਂ ਹੁੰਦੀ। ਇਸ ਮਾਇਆ ਦੀ ਸੋਭਾ ਤਾਂ ਚਾਰਿ ਦਿਹਾੜੇ=ਚਾਰ ਦਿਨ ਰਹਿਣ ਵਾਲੀ ਹੈ, ਇਸ ਦੇ ਜਾਂਦਿਆਂ ਕੋਈ ਬਿਲਮੁ=ਦੇਰ ਨਹੀਂ ਹੁੰਦੀ ॥ ੫॥

ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ॥

ਜਿਨ੍ਹਾਂ ਨੇ ਵਾਹਿਗੁਰੂ ਨਾਮ ਨੂੰ ਭੁਲਾਇਆ ਹੈ, ਉਹ ਪੁਰਸ਼ ਮਰ ਹੀ ਮਰ ਜਾਂਦੇ ਹਨ।

ਹਰਿ ਰਸ ਸਾਦੁ ਨ ਆਇਓ ਬਿਸਟਾ ਮਾਹਿ ਸਮਾਹਿ॥ ੬॥

ਜਿਨ੍ਹਾਂ ਨੂੰ ਹਰੀ ਨਾਮ ਰਸ ਦਾ ਸੁਆਦ ਨਹੀਂ ਆਇਆ, ਉਹ ਮਰ ਕੇ ਗੂੰਹ ਦੇ ਵਿਚ ਸਮਾਉਂਦੇ ਹਨ॥ ੬॥

ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ॥

ਇਕਨਾਂ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲਿਆ ਹੈ, ਰਾਤ ਦਿਨੇ ਨਾਮ ਜਾਪ ਵਿਖੇ ਲਗਵਾਕੇ।

ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ॥ ੭॥

ਜੋ ਪੁਰਸ਼ ਸੱਚ ਨਾਮ ਨੂੰ ਕਮਾਉਂਦੇ ਹਨ ਮਨ ਕਰਕੇ, ਸੱਚ ਨਾਮ ਵਿਖੇ ਰਹਿੰਦੇ ਹਨ ਤਨ ਕਰਕੇ, ਉਹ ਸੱਚੇ ਪੁਰਸ਼ ਸੱਚ ਸਰੂਪ ਪਰਮਾਤਮਾ ਵਿਚ ਸਮਾਹਿ=ਅਭੇਦ ਹੋਏ ਹਨ॥ ੭॥

ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ॥

ਮਨਮੁਖ ਜੀਵ ਗੁਰ ਸ਼ਬਦ ਤੋਂ ਬਿਨਾਂ ਹੋਣ ਕਰਕੇ ਨਾ ਪਰਮੇਸ਼ਰ ਜਸ ਨੂੰ ਸੁਣਦਾ ਹੈ ਨਾ ਹੀ ਉਸ ਦੇ ਦਰਸ਼ਨ ਨੂੰ ਵੇਖਦਾ ਹੈ। ਇਹ ਜਗੁ=ਜੀਵ ਨਿਸਚਾ ਵਿਚਾਰ ਰੂਪੀ ਕੰਨਾਂ ਤੋਂ ਰਹਿਤ ਹੋਣ ਕਰਕੇ ਬੋਲਾ ਹੈ, ਸੁਰਤੀ ਸਿਮ੍ਰਿਤੀ ਰੂਪ ਅੱਖਾਂ ਤੋਂ ਬਿਨਾਂ ਹੋਣ ਕਰਕੇ ਅੰਨ੍ਹਾਂ ਹੈ ਇਸ ਤੇ ਭਰਮਣੇ ਵਿਖੇ ਆ ਰਿਹਾ ਹੈ।

ਬਿਨੁ ਨਾਵੈ ਦੁਖੁ ਪਾਇਸੀ ਨਾਮੁ ਮਿਲੈ ਤਿਸੈ ਰਜਾਇ॥ ੮॥

ਨਾਮ ਤੋਂ ਬਿਨਾਂ ਦੁੱਖ ਪਾਵੇਗਾ, ਤਿਸ ਪਰਮੇਸ਼ਰ ਦੀ ਰਜਾਇ=ਆਗਿਆ ਨਾਲ ਨਾਮ ਮਿਲਦਾ ਹੈ॥ ੮॥

ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ॥

ਜਿਨ੍ਹਾਂ ਨੇ ਗੁਰਬਾਣੀ ਦੇ ਨਾਲ ਚਿਤ ਨੂੰ ਲਗਾਇਆ ਹੈ, ਉਹ ਪੁਰਸ਼ ਨਿਰਮਲ ਤੇ ਪ੍ਰਮਾਣੀਕ ਹਨ।

ਨਾਨਕ ਨਾਮੁ ਤਿਨਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣ॥ ੯॥ ੧੩॥ ੩੫॥

ਗੁਰੂ ਜੀ ਕਹਿੰਦੇ ਹਨ— ਤਿਨ੍ਹਾਂ ਨੂੰ ਕਦੇ ਨਾਮ ਭੁਲਦਾ ਨਹੀਂ , ਇਸ ਲਈ ਉਹ ਪੁਰਸ਼ ਪਰਮੇਸ਼ਰ ਦੇ ਦਰ ਵਿਚ ਸੱਚੇ ਜਾਣੇ ਜਾਂਦੇ ਹਨ॥ ੯॥ ੧੩॥ ੩੫॥

ਆਸਾ ਮਹਲਾ ੩ ॥

ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥

ਗੁਰਾਂ ਦੇ ਸਬਦੌ=ਉਪਦੇਸ਼ ਕਰਕੇ ਹੀ ਭਗਤ ਜਾਣੇ ਜਾਂਦੇ ਹਨ, ਜਿਨ੍ਹਾਂ ਦੀ ਉਚਾਰੀ ਹੋਈ ਬਾਣੀ ਸੱਚੀ ਹੁੰਦੀ ਹੈ।

ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ॥ ੧ ॥

ਜਿਸ ਵੇਲੇ ਵਾਹਿਗੁਰੂ ਨਾਮ ਨੂੰ ਮੰਨਿਆ ਤੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਨਵਿਰਤ ਹੋਇਆ ਤਾਂ ਸੱਚ ਵਿਖੇ ਮਿਲਾਪ ਹੋਇਆ ॥੧ ॥

ਹਰਿ ਹਰਿ ਨਾਮੁ ਜਨ ਕੀ ਪਤਿ ਹੋਇ ॥

ਹਰਿ ਹਰਿ ਨਾਮ ਨੂੰ ਜਪੇ ਤਾਂ ਪੁਰਸ਼ ਦੀ ਪਤ ਅਬਰੋ ਹੁੰਦੀ ਹੈ।

ਸਫਲੁ ਤਿਨ੍ਹਾ ਕਾ ਜਨਮੁ ਹੈ ਤਿਨ੍ ਮਾਨੈ ਸਭੁ ਕੋਇ ॥ ੧ ॥ ਰਹਾਉ ॥

ਉਨ੍ਹਾਂ ਦਾ ਮਨੁੱਖਾ ਜਨਮ ਸਫਲਾ ਹੈ, ਸਭ ਕੋਈ ਉਨ੍ਹਾਂ ਦੀ ਆਗਿਆ ਨੂੰ ਮੰਨਦਾ ਹੈ ॥ ੧ ॥ ਰਹਾਉ ॥

ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥

ਹਉਮੈ, ਅਤੇ ਮੇਰਾ ਪਦਾਰਥ, ਜਾਤੀ ਅਭਮਾਨ, ਤੇ ਅਤਿਅੰਤ ਕ੍ਰੋਧ ਦੇ ਸਹਿਤ ਹੋ ਰਿਹਾ ਹੈ।

ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥ ੨ ॥

ਗੁਰਾਂ ਦੇ ਸ਼ਬਦ ਦੁਆਰਾ ਜੀਵਤ ਭਾ ਤੋਂ ਮਰੇ, ਤਾਂ ਜਾਤੀ ਅਭਿਮਾਨ, ਕ੍ਰੋਧ ਤੇ ਹਉਮੈ, ਮੇਰਾ ਆਦਿਕ ਸਭ ਚਲਿਆ ਜਾਂਦਾ ਹੈ ਅਤੇ ਖਟਾਂ ਭਗਾਂ ਸਪੰਨ ਜੋ ਭਗਵਾਨ ਜੋਤੀ ਹੈ, ਉਸ ਨਾਲ ਜੋਤ ਮਿਲ ਜਾਂਦੀ ਹੈ ॥ ੨ ॥

ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ ॥

ਪੂਰਾ ਸਤਿਗੁਰੂ ਮੈਨੂੰ ਮਿਲਿਆ ਹੈ ਇਸੀ ਤੇ ਸਾਡਾ ਮਨੁੱਖਾ ਜਨਮ ਸਫਲਾ ਹੋਇਆ ਹੈ।

ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ ॥ ੩ ॥

ਜਿਸ ਵੇਲੇ ਗੁਰਾਂ ਪਾਸੋਂ ਨੌਂ ਨਿਧੀਆਂ ਦੇ ਦਾਤੇ ਨਾਮ ਨੂੰ ਪਾਇਆ, ਤਾਂ ਅੰਤਹ ਕਰਣ ਰੂਪ ਭੰਡਾਰਾ ਅਖੁਟ=ਅਮੁਕ ਭਰ ਗਿਆ ॥ ੩ ॥

ਆਵਹਿ ਇਸੁ ਰਾਸੀ ਕੇ ਵਾਪਾਰੀਏ ਜਿਨ੍ਹਾ ਨਾਮੁ ਪਿਆਰਾ ॥

ਇਸ ਰਾਸ ਦੇ ਖ੍ਰੀਦਣੇ ਨੂੰ ਉਹ ਵਾਪਾਰੀ ਪੁਰਸ਼ ਆਉਂਦੇ ਹਨ, ਜਿਨ੍ਹਾਂ ਨੂੰ ਨਾਮ ਪਿਆਰਾ ਹੈ।

ਗੁਰਮੁਖਿ ਹੋਵੈ ਸੋ ਧਨੁ ਪਾਏ ਤਿਨ੍ਹਾ ਅੰਤਰਿ ਸਬਦੁ ਵੀਚਾਰਾ ॥ ੪ ॥

ਜੋ ਗੁਰਮੁਖ ਹੁੰਦਾ ਹੈ, ਉਹੀ ਨਾਮ-ਧਨ ਨੂੰ ਪਾਉਂਦਾ ਹੈ, ਉਨ੍ਹਾਂ ਦੇ ਅੰਦਰ ਸਬਦੁ=ਬ੍ਰਹਮ ਦਾ ਵਿਚਾਰ ਹੈ ॥ ੪ ॥

ਭਗਤੀ ਸਾਰ ਨ ਜਾਣਨ੍ਹੀ ਮਨਮੁਖ ਅਹੰਕਾਰੀ॥

ਮਨਮੁਖ ਜੋ ਹੰਕਾਰੀ ਹਨ, ਉਹ ਭਗਤੀ ਦੀ ਸਾਰ=ਸੰਭਾਲ ਨਹੀਂ ਜਾਣਦੇ।

ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ ॥ ੫ ॥

ਧੁਰ ਤੋਂ ਹੀ ਆਪ ਪਰਮੇਸ਼ਰ ਨੇ ਉਹਨਾਂ ਨੂੰ ਆਪਣੇ ਵਲੋਂ ਭੁਲਾ ਦਿੱਤਾ ਹੈ, ਇਸ ਕਰਕੇ ਸੰਸਾਰ ਜੂਏ ਵਿਚ ਉਨ੍ਹਾਂ ਨੇ ਮਨੁੱਖਾ ਦੇਹ ਰੂਪੀ ਬਾਜੀ ਹਾਰ ਦਿੱਤੀ ਹੈ॥ ੫॥

ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ॥

ਪਿਆਰੇ ਗੁਰਾਂ ਤੋਂ ਬਿਨਾਂ ਹਰੀ ਦੀ ਭਗਤੀ ਨਹੀਂ ਹੁੰਦੀ ਅਤੇ ਨਾ ਹੀ ਸਰੀਰ ਵਿਖੇ ਸੁਖ ਪ੍ਰਾਪਤ ਹੁੰਦਾ ਹੈ।

ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ॥ ੬ ॥

ਜਦ ਪ੍ਰੇਮ ਰੂਪ ਪਦਾਰਥ ਨੂੰ ਪਾਈਏ ਤਦ ਗੁਰ ਭਗਤੀ ਕਰਕੇ ਮਨ ਧੀਰਜ ਨੂੰ ਪ੍ਰਾਪਤ ਹੁੰਦਾ ਹੈ॥ ੬॥

ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ॥

ਜਿਸ ਦੇ ਪਾਸੋਂ ਭਗਤੀ ਕਰਾਉਂਦਾ ਹੈ, ਓਹੀ ਪੁਰਸ਼ ਗੁਰ ਸ਼ਬਦ ਦੇ ਵਿਚਾਰ ਦੁਆਰਾ ਭਗਤੀ ਕਰਦਾ ਹੈ।

ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ॥ ੭ ॥

ਜੇਕਰ ਹਿਰਦੇ ਵਿਚ ਇਕ ਨਾਮ ਵਸ ਜਾਵੇ, ਤਾਂ ਹਉਮੈ ਸਹਿਤ ਦੁਬਿਧਾ ਨੂੰ ਮਾਰ ਦੇਂਦਾ ਹੈ॥ ੭॥

ਭਗਤਾ ਕੀ ਜਤਿ ਪਤਿ ਏਕੋ ਨਾਮੁ ਹੈ ਆਪੇ ਲਏ ਸਵਾਰਿ॥

ਭਗਤਾਂ ਦੀ ਜਾਤੀ, ਪੰਗਤੀ. *ਅਥਵਾ* ਪਤਿ=ਇੱਜ਼ਤ ਇਕ ਨਾਮ ਹੀ ਹੈ, ਭਗਤਾਂ ਨੂੰ ਆਪ ਹੀ ਪਰਮੇਸ਼ਰ ਸਵਾਰ ਲੈਂਦਾ ਹੈ।

ਸਦਾ ਸਰਣਾਈ ਤਿਸ ਕੀ ਜਿਉ ਭਾਵੈ ਤਿਉ ਕਾਰਜੁ ਸਾਰਿ॥ ੮ ॥

ਭਗਤ ਸਦਾ ਤਿਸ ਪਰਮੇਸ਼ਰ ਦੀ ਸ਼ਰਨ ਵਿਖੇ ਪਏ ਰਹਿੰਦੇ ਹਨ, ਜਿਵੇਂ ਵਾਹਿਗੁਰੂ ਨੂੰ ਭਾਉਂਦਾ ਹੈ, ਤਿਵੇਂ ਉਹ ਭਗਤਾਂ ਦੇ ਕਾਰਜ ਨੂੰ ਸਾਰਿ=ਪੂਰਿਆਂ ਕਰਦਾ ਹੈ॥ ੮॥

[ਪੰਨਾ ੪੩੦]

ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ॥

ਅਲਾਹ=ਅਲਖ ਪਰਮਾਤਮਾ ਦੀ ਭਗਤੀ ਹੋਰਨਾਂ ਦੇਵੀ ਦੇਵਤਿਆ ਦੀ ਭਗਤੀ ਤੋਂ ਅਸੰਗ ਹੈ। ਪਰ ਗੁਰੂ ਦੇ ਵਿਚਾਰ ਦੁਆਰਾ ਜਾਪੈ=ਜਾਣੀ ਜਾਂਦੀ ਹੈ।

ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ॥ ੯ ॥ ੧੪ ॥ ੩੬ ॥

ਗੁਰੂ ਜੀ ਕਹਿੰਦੇ ਹਨ-ਭੈ ਅਤੇ ਭਗਤੀ ਦੇ ਸਹਿਤ ਜੇਕਰ ਨਾਮ ਹਿਰਦੇ ਵਿਚ ਵਸ ਜਾਵੇ, ਤਾਂ ਨਾਮੀ ਪਰਮਾਤਮਾ ਇਸ ਦੇ ਸਭ ਕਰਤੱਬਾਂ ਨੂੰ ਸੁਆਰਦਾ ਹੈ॥ ੯॥ ੧੪॥ ੩੬॥

ਆਸਾ ਮਹਲਾ ੩ ॥

ਮਨ ਦੇ ਪ੍ਰਥਾਇ ਉਪਦੇਸ਼ ਦੇਣਾ ਕਰਦੇ ਹਨ (ਰਹਾਉ ਵਾਲੀ ਤੁਕ ਦਾ ਅਰਥ ਪਹਿਲੇ ਕਰਨਾ)-

ਅਨ ਰਸ ਮਹਿ ਭੋਲਾਇਆ ਬਿਨੁ ਨਾਮੈ ਦੁਖ ਪਾਇ ॥
ਸਤਿਗੁਰੁ ਪੁਰਖੁ ਨ ਭੇਟਿਓ ਜਿ ਸਚੀ ਬੂਝ ਬੁਝਾਇ ॥ ੧ ॥

ਹੇ ਮਨ ! ਤੂੰ ਹੋਰ ਰਸਾਂ ਵਿਖੇ ਭੁਲਾਇਆ ਗਿਆ ਹੈਂ, ਨਾਮ ਤੋਂ ਬਿਨਾਂ ਦੁੱਖ ਪਾਉਂਦਾ ਹੈਂ। ਸਤਿਗੁਰੂ ਪੁਰਖ ਨੂੰ ਤੂੰ ਨਹੀਂ ਮਿਲਿਆ, ਜੋ ਤੈਨੂੰ ਸੱਚੀ ਪ੍ਰੇਮਾ ਭੰਗਤੀ ਦੀ ਬੂਝ=ਸਿਖਿਆ ਸਮਝਾ ਦੇਂਦੇ ॥ ੧ ॥

ਏ ਮਨ ਮੇਰੇ ਬਾਵਲੇ ਹਰਿ ਰਸੁ ਚਖਿ ਸਾਦੁ ਪਾਇ ॥

ਹੇ ਮੇਰੇ ਬਾਵਲੇ=ਝੱਲੇ ਮਨ ! ਹਰੀ ਨਾਮ-ਰਸ ਨੂੰ ਚਖਕੇ ਸੁਆਦ ਨੂੰ ਪਾਉਣਾ ਕਰ।

ਅਨ ਰਸਿ ਲਾਗਾ ਤੂੰ ਫਿਰਹਿ ਬਿਰਥਾ ਜਨਮੁ ਗਵਾਇ ॥ ੧ ॥ ਰਹਾਉ ॥

ਤੂੰ ਅਨ ਰਸਿ=ਹੋਰ ਸੰਸਾਰਕ ਰਸਾਂ ਵਿਖੇ ਲੱਗਾ ਫਿਰਦਾ ਹੈਂ, ਇਸੀ ਤੇ ਆਪਣੇ ਮਨੁੱਖਾ ਜਨਮ ਨੂੰ ਨਿਸਫਲ ਗੁਆ ਰਿਹਾ ਹੈਂ॥ ੧ ॥ ਰਹਾਉ ॥

ਇਸੁ ਜੁਗ ਮਹਿ ਗੁਰਮੁਖ ਨਿਰਮਲੇ ਸਚਿ ਨਾਮਿ ਰਹਹਿ ਲਿਵ ਲਾਇ ॥

ਇਸ ਕਲਜੁਗ ਵਿਖੇ ਜੋ ਗੁਰਮੁਖ ਸੱਚ ਨਾਮ ਵਿਚ ਲਿਵ ਨੂੰ ਲੱਗਾ ਰਹੇ ਹਨ, ਉਹ ਨਿਰਮਲੇ=ਸ਼ੁੱਧ ਹਨ।

ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ ॥ ੨ ॥

ਜਦ ਕਿ ਕਰਮਾਂ ਤੋਂ ਬਿਨਾਂ ਕੁਝ ਪ੍ਰਾਪਤ ਨਹੀਂ ਹੁੰਦਾ, ਤਾਂ ਕਿਸ ਤਰ੍ਹਾਂ ਕਰਕੇ ਕੁਝ ਕਿਹਾ ਜਾਵੇ ਕਿ ਹੇ ਪਰਮੇਸ਼ਰ ! ਅਮਕਾ ਪਦਾਰਥ ਸਾਨੂੰ ਮਿਲੇ॥ ੨ ॥

ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥
ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ ॥ ੩ ॥

ਅੰਨਵੇਂ :-ਜੋ ਸੰਸਾਰ ਵਲੋਂ ਭੱਜ ਕੇ ਭਾਵ ਹਟ ਕੇ ਗੁਰਾਂ ਦੀ ਸ਼ਰਨ ਵਿਖੇ ਪਏ ਹਨ ਤੇ ਮਨ ਵਿਚੋਂ ਵਿਸ਼ੇ ਵਿਕਾਰ ਤਿਆਗ ਕੇ ਗੁਰ ਸ਼ਬਦ ਦੁਆਰਾ ਜੀਵਤ ਭਾ ਤੋਂ ਮਰੇ ਹਨ, ਉਹ ਆਪਣੇ ਆਪ ਨੂੰ ਪਛਾਣਦੇ ਹਨ, ਉਹਨਾਂ ਨੂੰ ਹੀ ਬਖਸਣਹਾਰ=ਪਰਮਾਤਮਾ ਬਖਸ਼ ਲੈਂਦਾ ਹੈ॥ ੩ ॥

ਬਿਨੁ ਨਾਵੈ ਸੁਖੁ ਨ ਪਾਈਐ ਨਾ ਦੁਖੁ ਵਿਚਹੁ ਜਾਇ ॥

ਨਾਮ ਤੋਂ ਬਿਨਾਂ ਸੁਖ ਨਹੀਂ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ ਅੰਤਹਕਰਣ ਵਿਚੋਂ ਰਾਗ ਦਵੈਸ਼ ਦਾ ਦੁੱਖ ਜਾਂਦਾ ਹੈ।

ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ॥ ੪ ॥

ਇਹ ਸਾਰਾ ਜਗਤ ਮਾਇਆ ਦੇ ਮੋਹ ਵਿਖੇ ਵਿਆਪਿਆ ਹੋਇਆ ਦਵੈਤ ਕਰਕੇ ਭਰਮ ਵਿਖੇ ਭੁੱਲ ਰਿਹਾ ਹੈ॥ ੪ ॥

ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ ॥

ਜਦ ਕਿ ਦੁਹਾਗਣੀ=ਛੁਟੜ ਔਰਤ ਪਤੀ ਦੀ ਸੰਭਾਲ ਤਾਂ ਜਾਣਦੀ ਨਹੀਂ, ਤਾਂ ਜਪ ਤੱਪ,

ਅਥਵਾ:-ਸਾਧਨਾਂ ਰੂਪੀ ਸ਼ਿੰਗਾਰ ਕਰਕੇ ਕੀ ਕਰੇਗੀ?

ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ॥ ੫ ॥

ਉਹ ਵਿਛੋੜੇ ਰੂਪ ਅੱਗ ਨਾਲ ਰਾਤ ਦਿਨੇ ਹਮੇਸ਼ਾਂ ਸੜਦੀਆਂ ਫਿਰਦੀਆਂ ਹਨ ਅਤੇ ਉਹ ਅੰਤਹ ਕਰਣ ਰੂਪੀ ਸੇਜਾਂ ਤੇ ਪਤੀ ਦੇ ਅਨੰਦ ਨੂੰ ਨਹੀਂ ਰਵੈ=ਮਾਣਦੀਆਂ ॥ ੫ ॥

ਸੋਹਾਗਣੀ ਮਹਲੁ ਪਾਇਆ ਵਿਚਹੁ ਆਪੁ ਗਵਾਇ ॥

ਸੁਹਾਗਣਾਂ ਨੇ ਹਿਰਦੇ ਵਿਚੋਂ ਆਪੁ=ਹੰਕਾਰ ਗੁਆ ਕੇ ਮਹਲੁ=ਸਰੂਪ ਪਾਇਆ ਹੈ।

ਗੁਰ ਸਬਦੀ ਸੀਗਾਰੀਆ ਅਪਣੇ ਸਹਿ ਲਈਆ ਮਿਲਾਇ ॥ ੬ ॥

ਜੋ ਗੁਰ ਸ਼ਬਦ ਕਰਕੇ ਸ਼ੁਭ ਗੁਣਾਂ ਰੂਪ ਸ਼ਿੰਗਾਰ ਨਾਲ ਸ਼ਿੰਗਾਰੀਆਂ ਹਨ, ਉਹ ਪਤੀ ਪਰਮਾਤਮਾ ਨੇ ਆਪਣੇ ਨਾਲ ਮਿਲਾ ਲਈਆਂ ਹਨ॥ ੬ ॥

ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥

ਮਨਮੁਖ ਜੋ ਦੁਹਾਗਣਾਂ ਹਨ, ਉਹਨਾਂ ਨੇ ਮਾਇਆ ਦੇ ਮੋਹ ਰੂਪ ਗਾੜ੍ਹੇ ਹਨੇਰੇ ਵਿਚ ਰਹਿ ਕੇ ਮਰਨਾ ਮਨ ਵਿਚੋਂ ਭੁਲਾ ਦਿੱਤਾ ਹੈ। ਇਸੇ ਕਰਕੇ-

ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥ ੭ ॥

ਮਨਮੁਖ ਪੁਰਸ਼ ਮਾਤਾ ਦੇ ਪੇਟ ਵਿਚ ਹੀ ਮਰ ਮਰ ਕੇ ਜੰਮਦੇ ਹਨ ਅਤੇ ਭੀ=ਜਦੋਂ ਵੀ ਮਰਦੇ ਹਨ, ਤਦੋਂ ਹੀ ਜਮਾਂ ਦੇ ਦਰ ਵਿਚ ਜਾ ਕੇ ਖਰਾਬ ਹੁੰਦੇ ਹਨ॥ ੭ ॥

ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ ॥

ਗੁਰਾਂ ਨੇ ਸ਼ਬਦ ਦੀ ਵੀਚਾਰ ਦੁਆਰਾ ਜਿਨ੍ਹਾਂ ਨੂੰ ਆਪ ਮਿਲਾਇਆ ਹੈ, ਉਹੀ ਪਰਮਾਤਮਾ ਨਾਲ ਮਿਲੇ ਹਨ।

ਨਾਨਕ ਨਾਮਿ ਸਮਾਣੇ ਮੁਖ ਉਜਲੇ
ਤਿਤੁ ਸਚੈ ਦਰਬਾਰਿ ॥ ੮ ॥ ੨੨ ॥ ੧੫ ॥ ੩੭ ॥

ਗੁਰੂ ਜੀ ਕਹਿੰਦੇ ਹਨ-ਜੋ ਨਾਮੀ ਦੇ ਨਾਮ ਵਿਚ ਸਮਾਏ ਹਨ, ਉਨਾਂ ਦੇ ਉਸ ਸੱਚੇ ਦਰਬਾਰ ਵਿਚ ਮੂੰਹ ਉੱਜਲੇ ਹੋਏ ਹਨ॥ ੮ ॥ ੨੨ ॥ ੧੫ ॥ ੩੭ ॥

(ਤੀਜੀ ਪਾਤਸ਼ਾਹੀ ਜੀ ਦੀਆਂ ਅਸਟਪਦੀਆਂ ਸਮਾਪਤ)

ਆਸਾ ਮਹਲਾ ੫ ਅਸਟਪਦੀਆ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ, ਸ੍ਰੀ ਅੰਮ੍ਰਿਤਸਰ ਨਗਰ ਵਸਾਇਆ ਉਸ ਵੇਲੇ ਏਹ ਸ਼ਬਦ ਉਚਾਰਿਆ-

ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥ ੧॥

ਜੇਹੜੇ ਭਲੇ ਲੋਕ ਸਨ, ਉਹ ਤਾਂ ਕਈ ਪੰਜ ਸਤ ਮਨਾਏ ਅਤੇ ਜੇਹੜੇ ਖਰਾਬ ਆਦਮੀ ਸਨ, ਉਹ ਕਈ ਪੰਜ ਸਤ ਰੁਸਾਣਾ ਕੀਤੇ।

ਜੇਹੜੇ ਪੰਜ ਸਤ ਭਲੇ ਲੋਕ ਸਨ ਉਹ ਤਾਂ ਇਸ ਅੰਮ੍ਰਿਤਸਰ ਵਿਚ ਵਸਾਏ, ਜਿਹੜੇ ਖਰਾਬ ਆਦਮੀ ਪੰਜ ਸਤ ਰੁਸਾ ਦਿੱਤੇ ਸਨ, ਭਾਵ ਉਹ ਸ਼ਹਿਰ 'ਚੋਂ ਬਾਹਰ ਕੱਢ ਦਿਤੇ।

ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥

ਹੇ ਮੇਰੇ ਭਾਈ ! ਇਸ ਵਿਧੀ ਨਾਲ ਸ੍ਰੀ ਅੰਮ੍ਰਿਤਸਰ ਨਗਰ ਵੁਠਾ=ਵਸਿਆ।

*ਪ੍ਰਸ਼ਨ:-*ਅੰਤਹ ਕਰਣ ਰੂਪੀ ਨਗਰ ਕਿਵੇਂ ਵਸਿਆ ਹੈ ? *ਉੱਤਰ:-*

ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥੧॥

ਦੂਜਾ ਅਰਥ- ਪੰਜ ਸਤ ਸੰਤੋਖ ਆਦਿਕ ਮਨਾਏ ਅਤੇ ਪੰਜ ਕਾਮ ਕ੍ਰੋਧ ਆਦਿਕ ਰੁਸਾਏ।

ਜੇਹੜੇ ਪੰਜ ਸਤ ਸੰਤੋਖ ਆਦਿਕ ਮਨਾਏ ਸਨ, ਉਹ ਪੰਜ ਚੰਗੀ ਤਰ੍ਹਾਂ ਵਸਾਏ ਤੇ ਜੇਹੜੇ ਪੰਜ ਕਾਮ ਕ੍ਰੋਧ ਆਦਿਕ ਰੁਸਾਏ ਸਨ, ਉਹ ਪੰਜ ਚੰਗੀ ਤਰ੍ਹਾਂ ਗੁਆ ਦਿੱਤੇ।

ਤੀਜਾ ਅਰਥ- ਅੰਨਵੇਂ ਅੱਖਰ ਲਾਉਣੇ:-ਪੰਚ ਵਸਾਏ=ਪੰਜਾਂ ਤੱਤਾਂ ਦੀ ਰਹਿਣੀ ਨੂੰ ਵਸਾਉਣਾ ਕੀਤਾ ਤੇ ਪੰਚ ਗਵਾਏ=ਪੰਜਾਂ ਵਿਸ਼ਿਆਂ ਨੂੰ ਗੁਆਣਾ ਕੀਤਾ। ਜੇਹੜੀ ਪੰਜਾਂ ਤੱਤਾਂ ਦੀ ਰਹਿਣੀ ਨੂੰ ਵਸਾਇਆ ਹੈ, ਉਨ੍ਹਾਂ ਪੰਜਾਂ ਨੂੰ ਚੰਗੀ ਤਰ੍ਹਾਂ ਮਨਾਇਆ ਅਤੇ ਜੇਹੜੇ ਪੰਜ ਵਿਸ਼ਿਆਂ ਨੂੰ ਗੁਆਣਾ ਕੀਤਾ ਸੀ, ਉਹਨਾਂ ਪੰਜਾਂ ਨੂੰ ਚੰਗੀ ਤਰ੍ਹਾਂ ਰੁਸਾਇਆ।

ਚੌਥਾ ਅਰਥ- ਪੰਚ ਰੁਸਾਏ=ਪੰਜ ਜੇਹੜੇ ਸਤ ਸੰਤੋਖ ਆਦਿਕ ਰੁਸਾਏ ਹੋਏ ਸਨ, ਉਹ ਤਾਂ ਪੰਜ ਮਨਾਉਣਾ ਕੀਤੇ ਅਤੇ ਪੰਚ ਵਸਾਏ=ਪੰਜ ਜਿਹੜੇ ਕਾਮ, ਕ੍ਰੋਧ ਆਦਿਕ ਵਸਾਏ ਹੋਏ ਸਨ, ਉਹ ਪੰਜ ਗੁਆਣਾ ਕੀਤੇ।

ਪੰਜਵਾਂ ਅਰਥ- ਸਿਧਾ ਕੀਤੀ ਜਾਣਾ:-ਪੰਜ ਸਤ ਸੰਤੋਖ ਆਦਿਕ ਮਨਾਏ। ਪੰਜ ਕਾਮ, ਕ੍ਰੋਧ ਆਦਿਕ ਰੁਸਾਏ।

ਪੰਚ ਵਸਾਏ=ਪੰਜਾਂ ਤੱਤਾਂ ਦੀ ਰਹਿਣੀ ਨੂੰ ਵਸਾਣਾ ਕੀਤਾ।

ਪੰਚ ਗਵਾਏ=ਪੰਜ ਵਿਸ਼ਿਆਂ ਨੂੰ ਗੁਆ ਦਿੱਤਾ।

ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥

ਹੇ ਮੇਰੇ ਭਾਈ ! ਇਸ ਵਿਧੀ ਨਾਲ ਸਤਿਸੰਗ, *ਅਥਵਾ:-*ਅੰਤਹ ਕਰਣ ਰੂਪੀ ਨਗਰ ਵਸਿਆ।

ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥ ੧॥ ਰਹਾਉ॥

ਜਿਸ ਵੇਲੇ ਗੁਰਾਂ ਨੇ ਗਿਆਨ ਦ੍ਰਿੜਾਇਆ, ਤਾਂ ਦੁਰਤੁ=ਪਾਪਾਂ ਦਾ ਪੁੰਜ ਨਵਿਰਤ ਹੋ ਗਿਆ॥ ੧॥ ਰਹਾਉ॥

ਜਿਵੇਂ ਪ੍ਰਤੱਖ ਨਗਰ ਦੇ ਆਲੇ ਦੁਆਲੇ ਵਾੜ ਦਿੱਤੀ ਹੋਈ ਹੁੰਦੀ ਹੈ। ਤਿਵੇਂ ਉਸ ਸਤਿਸੰਗ, *ਅਥਵਾ:-* ਅੰਤਹ ਕਰਣ ਰੂਪੀ ਨਗਰ ਦੇ ਆਲੇ ਦੁਆਲੇ-

ਸਾਚ ਧਰਮ ਕੀ ਕਰਿ ਦੀਨੀ ਵਾਰਿ ॥

ਸੱਚਾ ਧਰਮ=ਨਿਸ਼ਕਪਟ ਹੋ ਕੇ ਜੋ ਧਰਮ ਦਾ ਧਾਰਨਾ ਹੈ, ਏਹੀ ਵਾਰਿ=ਵਾੜ ਕਰ ਦਿੱਤੀ ਹੈ।

ਪੁਨਾ:- ਵਾੜ ਦੇ ਵਿਚ ਇਕ ਫਿੜ੍ਹਕ ਹੁੰਦਾ ਹੈ, (ਉਸ ਨੂੰ ਫਲਾ ਭੀ ਕਹਿੰਦੇ ਹਨ), ਜਿਥੋਂ ਲੋਕ ਨਿਕਲ ਕੇ ਆਉਂਦੇ ਜਾਂਦੇ ਹਨ। ਇਸ ਤਰਫ-

ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥ ੨ ॥

ਗੁਰਾਂ ਦੁਆਰੇ ਜੋ ਅਪ੍ਰੋਖ ਗਿਆਨ ਦਾ ਵਿਚਾਰ ਕੀਤਾ ਹੈ, ਏਹੋ ਮੁਹਕਮ=ਤਕੜਾ ਇਕ ਫਰਹੇ=ਫਲਾ (ਫਿੜਕ) ਹੈ।

ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥ ੩ ॥

ਹੇ ਭਾਈ ਮਿੱਤਰੋ ! ਨਾਮ ਰੂਪ ਖੇਤੀ ਨੂੰ ਬੀਜਣਾ ਕਰੋ। ਨਿਤਾ ਪ੍ਰਤੀ ਗੁਰੂ ਦੀ ਸੇਵਾ ਕਰਕੇ ਨਾਮ ਰੂਪੀ ਸੌਦਾ ਕਰੋ। *ਅਥਵਾ:-*ਨਿਤਾ ਪ੍ਰਤੀ ਜੋ ਗੁਰਾਂ ਨੂੰ ਸੇਵਨਾ ਹੈ, ਏਹੀ ਸਉਦਾ ਖਰੀਦਣਾ ਕਰੋ॥ ੩ ॥

*ਪ੍ਰਸ਼ਨ-*ਨਗਰ ਵਿਚ ਹੱਟਾਂ ਹੁੰਦੀਆਂ ਹਨ। ਇਧਰ ਹੱਟਾਂ ਕੇਹੜੀਆਂ ਹਨ ? *ਉੱਤਰ :-*

ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥ ੪ ॥

ਸਹਜੇ ਹੀ ਸ਼ਾਂਤੀ ਸੁਖ ਦੇ ਸਹਿਤ ਜੋ ਇੰਦ੍ਰੀਆਂ ਇਸਥਿਤ ਕੀਤੀਆਂ ਹਨ, ਏਹੀ ਮਾਲ ਨਾਲ ਭਰਪੂਰ ਹੱਟੀਆਂ ਹਨ। ਭਾਵ ਇੰਦ੍ਰੀਆਂ ਰੂਪ ਤਾਂ ਹੱਟਾਂ ਹਨ, ਇਸ ਵਿਚ ਜੇਹੜਾ ਸ਼ਾਂਤੀ ਸੁਖ ਹੈ, ਏਹੀ ਮਾਲ ਹੈ।

ਸ਼ਾਹ ਕੌਣ-ਗੁਰੂ, ਅਤੇ ਵਾਪਾਰੀ ਜਗਿਆਸੂ ਇਨ੍ਹਾਂ ਦੋਹਾਂ ਦਾ ਇਕ ਹੀ ਥਾਟ, ਭਾਵ ਸਿਧਾਂਤ ਹੈ॥ ੪ ॥

ਜਿਵੇ ਕਿਸੇ ਤੀਰਥ ਤੇ ਜਾਈਏ ਤਾਂ ਹਰ ਬੋਦੀ ਪ੍ਰਤੀ 'ਜੇਜੀਆ' (ਟੈਕਸ) ਲੱਗਦਾ ਹੈ। ਜਿਵੇਂ ਹਰਦੁਆਰ ਜਾਓ ਤਾਂ ਟਿਕਟ ਦੇ ਨਾਲ ਹੀ ਪਹਿਲੇ ਟੈਕਸ ਲੈਂਦੇ ਹਨ, ਤਾਂ ਆਦਮੀ ਨੂੰ ਹਰਦੁਆਰ ਦੀ ਹੱਦ ਵਿਚ ਪ੍ਰਵੇਸ਼ ਕਰਨ ਦੇਂਦੇ ਹਨ ਤੇ ਡੰਨ ਕੋਈ ਹੋਰ ਨਵਾਂ ਲੱਗਾ ਦੇਂਦੇ ਹਨ ਤੇ ਮਾਲ ਉੱਤੇ ਮਸੂਲ ਲਗਾ ਲੈਂਦੇ ਹਨ। ਪਰ ਜੇਕਰ ਵੱਡਾ ਅਫਸਰ ਮਾਫੀ ਪਟਾ ਲਿਖ ਦੇਵੇ ਤਾਂ ਫਿਰ ਨਾ ਕੋਈ ਜੇਜੀਆ, ਨਾ ਹੀ ਡੰਨ ਅਤੇ ਨਾ ਕੋਈ ਮਸੂਲ ਲੈਂਦਾ ਹੈ। ਇਸੀ ਪ੍ਰਕਾਰ-

ਜੇਜੀਆ ਡੰਨੁ ਕੋ ਲਏ ਨ ਜਗਾਤਿ ॥ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫ ॥

ਜਿਸ ਵੇਲੇ ਸਤਿਗੁਰਾਂ ਨੇ ਧੁਰ ਦੀ ਭਗਤੀ ਰੂਪੀ ਮੋਹਰ ਛਾਪ ਕਰ ਦਿੱਤੀ। ਤਾਂ ਕੋਈ ਕਾਮ ਕ੍ਰੋਧ ਆਦਿਕ ਜੇਜੀਆ ਨਹੀਂ ਲੈਂਦਾ ਅਤੇ ਰਿਖੀ ਦੰਡ, ਪਿਤਰ ਦੰਡ, ਜਮ ਦੰਡ, ਵੀ ਨਹੀਂ ਲੱਗਦਾ, *ਅਥਵਾ:-*ਨੌਂ ਗ੍ਰਿਹਾਂ ਦਾ ਕੋਈ ਡੰਨ ਨਹੀਂ ਲੱਗਦਾ ਅਤੇ ਜਮਦੂਤ ਵੀ ਕੋਈ ਜਗਾਤਿ=ਮਸੂਲ ਨਹੀਂ ਲੈਂਦੇ ਹਨ॥ ੫ ॥

ਵਖਰੁ ਨਾਮੁ ਲਦਿ ਖੇਪ ਚਲਾਵਹੁ ॥ ਲੈ ਲਾਹਾ ਗੁਰਮੁਖਿ ਘਰਿ ਆਵਹੁ ॥ ੬ ॥

ਨਾਮ ਰੂਪ ਸੌਦੇ ਨੂੰ ਲੱਦ ਕੇ ਸਰੀਰ ਰੂਪੀ ਖੇਪ ਨੂੰ ਪਰਮੇਸ਼ਰ ਦੀ ਤਰਫ ਚਲਾਵੋ। ਗੁਰਾਂ ਦੁਆਰੇ ਲਾਭ ਲੈ ਕੇ ਸਰੂਪ-ਘਰ ਵਿਚ ਆਵੋ॥ ੬ ॥

ਸਤਿਗੁਰੁ ਸਾਹੁ ਸਿਖ ਵਣਜਾਰੇ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ॥ ੭॥

ਸਤਿਗੁਰੂ ਹੀ ਸ਼ਾਹ ਹਨ ਅਤੇ ਸਿੱਖ ਵਣਜਾਰੇ ਹਨ ਸੌਦੇ ਦੇ ਖਰੀਦਣ ਵਾਲੇ ਜੋ ਸ਼ਰਧਾ ਰੂਪੀ ਪੂੰਜੀ ਕਰਕੇ ਸੱਚ ਨਾਮ ਰੂਪੀ ਲੇਖੇ ਨੂੰ ਸੰਮ੍ਹਾਲਦੇ ਹਨ॥ ੭॥

ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥
ਅਬਿਚਲ ਨਗਰੀ ਨਾਨਕ ਦੇਵ॥ ੮॥ ੧॥

ਇਸ ਸਤਿਸੰਗ ਘਰ ਵਿਚ ਉਹ ਵਸਦਾ ਹੈ, ਜਿਸ ਨੇ ਪੂਰੇ ਸਤਿਗੁਰੂ ਦੀ ਸੇਵਾ ਕੀਤੀ ਹੈ। ਇਹ ਸਤਿਸੰਗ, *ਅਥਵਾ*-ਮਨੁੱਖਾ ਦੇਹ ਰੂਪੀ ਨਗਰੀ ਅਬਿਚਲ ਦੇਵ=ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਹੈ॥ ੮॥ ੧॥

[ਪੰਨਾ ੪੩੧]

ਆਸਾਵਰੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ॥
ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ॥

ਮੇਰੇ ਮਨ ਦੀ ਪ੍ਰੀਤੀ ਹੇ ਹਰੀ ! ਆਪ ਦੇ ਨਾਲ ਲੱਗ ਰਹੀ ਹੈ।

ਸਾਧਸੰਗਿ ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ॥ ੧॥ ਰਹਾਉ॥

ਸਾਧ ਸੰਗਤ ਵਿਖੇ ਜਿਹੜਾ ਹਰਿ ਹਰਿ ਨਾਮ ਦਾ ਜਾਪਣਾ ਹੈ ਏਹੀ ਨਿਰਮਲ ਅਤੇ ਸੱਚੀ ਰੀਤੀ ਹੈ॥ ੧॥ ਰਹਾਉ॥

ਦਰਸਨ ਕੀ ਪਿਆਸ ਘਣੀ ਚਿਤਵਤ ਅਨਿਕ ਪ੍ਰਕਾਰ॥

ਮੈਨੂੰ ਆਪ ਜੀ ਦੇ ਦਰਸ਼ਨ ਦੀ ਬੜੀ ਪਿਆਸ=ਚਾਹ ਲੱਗ ਰਹੀ ਹੈ, ਮੈਂ ਅਨੇਕ ਤਰ੍ਹਾਂ ਨਾਲ ਏਹੋ ਚਿਤਵਨਾ ਕਰਦਾ ਹਾਂ। ਕਿ-

ਕਰਹੁ ਅਨੁਗ੍ਰਹੁ ਪਾਰਬ੍ਰਹਮ ਹਰਿ ਕਿਰਪਾ ਧਾਰਿ ਮੁਰਾਰਿ॥ ੧॥

ਹੇ ਪਾਰਬ੍ਰਹਮ ! ਆਪ ਮੇਰੇ ਉਪਰ ਅਨੁਗ੍ਰਹੁ=ਕਿਰਪਾ ਦ੍ਰਿਸ਼ਟੀ ਕਰੋ, ਜਿਵੇਂ ਹੇ ਹਰੀ ਮੁਰਾਰੀ ! ਆਪ ਭਗਤਾਂ ਉਪਰ ਕਿਰਪਾ ਧਾਰਦੇ ਹੋ॥ ੧॥

ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ॥

ਇਹ ਮਨ ਪ੍ਰਦੇਸੀ=ਮੁਸਾਫਰਾਂ ਦੀ ਨਿਆਈਂ ਸਰੂਪ ਦੇਸ਼ ਤੋਂ ਪਰ੍ਹੇ, ਭਟਕਦਾ ਫਿਰਦਾ ਹੁਣ ਮਨੁੱਖਾ ਦੇਹ ਵਿਚ ਆਇਆ ਹੈ, ਸੰਤਾਂ ਦੇ ਨਾਲ ਆ ਕੇ ਮਿਲਿਆ ਹੈ।

ਜਿਸੁ ਵਖਰ ਕਉ ਚਾਹਤਾ ਸੋ ਪਾਇਓ ਨਾਮਹਿ ਰੰਗਿ॥ ੨॥

ਜਿਸ ਮੁਕਤੀ ਰੂਪੀ ਸੌਦੇ ਨੂੰ ਚਾਹੁੰਦਾ ਸੀ, ਉਹ ਸੌਦਾ-ਨਾਮ ਵਿਖੇ ਰੰਗਿ=ਪ੍ਰੇਮ ਕਰਕੇ ਪਾਇਆ ਹੈ॥ ੨॥

ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ॥

ਜਿਤਨੇ ਕੁ ਮਾਇਆ ਦੇ ਰੰਗ ਰਸ ਹਨ, ਇਹ ਇਕ ਖਿਨ ਵਿਖੇ ਨਾਸ ਹੋ ਜਾਣ ਵਾਲੇ ਹਨ।

ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ ॥ ੩ ॥

ਇਹ ਨਿਸਚੇ ਕਰਕੇ ਭਗਤ ਜਨ ਤੇਰੇ ਨਾਮ ਨਾਲ ਰਤੇ ਹਨ, ਇਸ ਲਈ ਉਹ ਸਭ ਜਗ੍ਹਾਂ ਸੁਖ ਭੋਗਦੇ ਹਨ॥ ੩ ॥

ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ ॥

ਇਹ ਸਾਰਾ ਸੰਸਾਰ ਭੁਰਿਆ ਜਾਂਦਾ ਭਾਵ ਨਾਸਵੰਤ ਦਿਖਾਈ ਦੇਂਦਾ ਹੈ, ਇਕ ਹਰੀ ਦਾ ਨਾਮ ਅਚੱਲ ਹੈ।

ਕਰਿ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ ॥ ੪ ॥

ਇਸ ਲਈ ਹੇ ਪੁਰਸ਼ਾ ! ਤੂੰ ਸੰਤਾਂ ਨਾਲ ਮਿੱਤ੍ਰਤਾ ਕਰ, ਜਿਸ ਤੇ ਤੂੰ ਅਬਿਨਾਸੀ ਜਗ੍ਹਾਂ ਨੂੰ ਪਾਵੇਂਗਾ॥ ੪ ॥

ਮੀਤ ਸਾਜਨ ਸੁਤ ਬੰਧਪਾ ਕੋਊ ਹੋਤ ਨ ਸਾਥ ॥

ਚਾਹੇ ਕੋਈ ਮਿਤ੍ਰ ਹੈ, ਚਾਹੇ ਕੋਈ ਸੱਜਣ, ਅਕਿੱਰਤਮ ਉਪਕਾਰੀ ਹੈ, ਚਾਹੇ ਪੁੱਤਰ ਹੈ, ਚਾਹੇ ਕੋਈ ਸਬੰਧੀ, ਇਨ੍ਹਾਂ ਵਿਚੋਂ ਕੋਈ ਭੀ ਦਰਗਾਹ ਦਾ ਸਾਥੀ ਨਹੀਂ ਹੁੰਦਾ।

ਏਕੁ ਨਿਵਾਹੂ ਰਾਮ ਨਾਮ ਦੀਨਾ ਕਾ ਪ੍ਰਭੁ ਨਾਥ ॥ ੫ ॥

ਇਕ ਰਾਮ ਦਾ ਨਾਮ ਹੀ ਤੋੜ ਜੀਵ ਦੇ ਨਾਲ ਨਿਵਾਹੂ=ਨਿਭਣ ਵਾਲਾ ਹੈ, ਜੋ ਪ੍ਰਭੂ ਦੀਨਾਂ ਦਾ ਸੁਆਮੀ ਹੈ॥ ੫ ॥

ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ ॥

ਜਿਨ੍ਹਾ ਨੂੰ ਬੋਹਿਥ=ਜਹਾਜ਼ ਰੂਪ ਗੁਰੂ ਸਾਹਿਬ ਜੀ ਦੇ ਚਰਨ ਕਮਲ ਪ੍ਰਾਪਤ ਹੋਏ ਹਨ, ਉਹ ਤੇਹ=ਤਿਨ੍ਹਾਂ ਚਰਨਾਂ ਕਵਲਾਂ ਨਾਲ ਲੱਗ ਕੇ, *ਅਥਵਾ:*-ਚਰਨਾਂ ਨਾਲ ਤੇਹ=ਹਿਤ ਕਰਕੇ ਸੰਸਾਰ-ਸਾਗਰ ਤੋਂ ਤਰ ਗਏ ਹਨ।

ਭੇਟਿਓ ਪੂਰਾ ਸਤਿਗੁਰੂ ਸਾਚਾ ਪ੍ਰਭ ਸਿਉ ਨੇਹ ॥ ੬ ॥

ਜਿਸ ਵੇਲੇ ਪੂਰਾ ਸਤਿਗੁਰੂ ਮਿਲਿਆ ਤਾਂ ਪ੍ਰਭੂ ਨਾਲ ਸੱਚਾ ਪ੍ਰੇਮ ਲੱਗ ਗਿਆ ॥ ੬ ॥

ਸਾਧ ਤੇਰੇ ਕੀ ਜਾਚਨਾ ਵਿਸਰੁ ਨ ਸਾਸਿ ਗਿਰਾਸਿ ॥

ਹੇ ਪ੍ਰਭੂ ! ਤੇਰੇ ਜੋ ਸੰਤ ਹਨ ਉਹਨਾਂ ਦੀ ਏਹੋ ਜਾਚਨਾ=ਮੰਗ ਹੈ, ਕਿ ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ, *ਅਥਵਾ:*-ਸ੍ਵਾਸ ਲੈਂਦਿਆਂ ਤੇ ਗਿਰਾਸਿ=ਭੋਜਨ ਖਾਂਦਿਆਂ ਤੂੰ ਵਿਸਰ ਨਾ।

ਜੋ ਤੁਧੁ ਭਾਵੈ ਸੋ ਭਲਾ ਤੇਰੈ ਭਾਣੈ ਕਾਰਜ ਰਾਸਿ ॥ ੭ ॥

ਜੋ ਆਪ ਜੀ ਨੂੰ ਭਾਂਵਦਾ ਹੈ ਮੇਰੇ ਲਈ ਓਹੀ ਭਲਾ ਹੈ, ਕਿਉਂਕਿ ਤੇਰੇ ਹੁਕਮ ਵਿਖੇ ਭੁਰਿਆਂ ਹੀ ਸਾਰੇ ਕਾਰਜ ਰਾਸਿ=ਪੂਰਨ ਹੁੰਦੇ ਹਨ॥ ੭ ॥

ਸੁਖ ਸਾਗਰ ਪ੍ਰੀਤਮ ਮਿਲੇ ਉਪਜੇ ਮਹਾ ਅਨੰਦ ॥

ਜਦ ਸੁਖਾਂ ਦੇ ਸਮੁੰਦਰ ਅਸਲੀ ਪ੍ਰੀਤਮ ਗੁਰੂ ਸਾਹਿਬ ਜੀ ਮਿਲੇ ਤਦ ਮਹਾਂ ਅਨੰਦ ਉਤਪੰਨ ਹੋਏ।

ਕਹੁ ਨਾਨਕ ਸਭ ਦੁਖ ਮਿਟੇ ਪ੍ਰਭ ਭੇਟੇ ਪਰਮਾਨੰਦ ॥ ੮ ॥ ੧ ॥ ੨ ॥

ਗੁਰ ਜੀ ਆਖਦੇ ਹਨ-ਗੁਰੂ ਜੀ ਦੀ ਕਿਰਪਾ ਨਾਲ ਪਰਮ ਅਨੰਦ ਸਰੂਪ ਪ੍ਰਭੂ ਦੇ ਮਿਲਣ ਕਰਕੇ ਸਾਰੇ ਦੁੱਖ ਮਿਟ ਗਏ ॥ ੮ ॥ ੧ ॥ ੨ ॥

ਆਸਾ ਮਹਲਾ ੫ ਬਿਰਹੜੇ ਘਰੁ ੪ ਛੰਤਾ ਕੀ ਜਤਿ

੧ਓ ਸਤਿਗੁਰ ਪ੍ਰਸਾਦਿ ॥

'ਬਿਰਹੜੇ' ਵਿਜੋਗ ਨੂੰ ਕਹਿੰਦੇ ਹਨ*।

ਹੁਣ ਗੁਰੂ ਸਾਹਿਬ ਜੀ ਬਿਰਹੜੇ=ਵਿਛੋੜੇ ਵਿਖੇ ਤਿੰਨ ਸ਼ਬਦ ਉਚਾਰਦੇ ਹਨ।

ਇਹ ਸ਼ਬਦ 'ਛੰਤਾ ਕੀ ਜਤਿ'=ਛੰਤਾਂ ਦੀ ਜਾਤੀ ਵਿਖੇ ਕਥਨ ਕੀਤੇ ਹਨ।

ਜਤਿ ਦਾ ਅਰਥ ਜਾਤੀ ਹੈ।

ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮ ॥ *(ਸੂਹੀ ਮਹਲਾ ੫, ਪੰਨਾ ੭੪੨)*

(ਅ) ਭਗਤ ਕੀ ਜਤਿ ਪਤਿ ਏਕੋ ਨਾਮੁ ਹੈ ਆਪੇ ਲਏ ਸਵਾਰਿ ॥

(ਆਸਾ ਮਹਲਾ ੩, ਪੰਨਾ ੪੨੯)

ਅਥਵਾ:-ਸੰਗੀਤ ਸ਼ਾਸਤ੍ਰ ਅਨੁਸਾਰ ਤਿੰਨ ਭੇਦ ਜੋੜੀ ਦੇ ਹਨ-

ਜਤਿ ੧, ਗਤਿ ੨, ਸਾਥ ੩।

ਜਿਸ ਵੇਲੇ ਸੱਜਾ ਹੱਥ ਗਤ ਦਾ ਕੰਮ ਕਰਦਾ ਹੈ ਤੇ ਉਂਗਲੀਆਂ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰਦੀਆਂ ਹਨ ਤੇ ਖੱਬਾ ਹੱਥ ਖੁਲਾਸਾ ਵਜਾਉਂਦਾ ਹੈ, ਉਸ ਨੂੰ 'ਜਤਿ' ਆਖਦੇ ਹਨ।

ਜਿਸ ਵੇਲੇ ਦੋਹਾਂ ਹੱਥਾਂ ਦੀਆਂ ਉਂਗਲਾਂ ਹਰਫਾਂ ਨੂੰ ਕਢਦੀਆਂ ਹਨ ਤੇ ਅਵਾਜ਼ ਵੀ ਨਰਮ ਨਰਮ ਨਿਕਲਦੀ ਹੈ, ਉਸ ਨੂੰ 'ਗਤਿ' ਆਖਦੇ ਹਨ।

ਜਿਸ ਵੇਲੇ ਦੋਵੇਂ ਹੱਥ ਖੁਲ੍ਹਾ ਕੰਮ ਕਰਨ ਅਤੇ ਅਵਾਜ਼ ਵੀ ਖੁਲ੍ਹੀ ਨਿਕਲੇ (ਜਿਸ ਨੂੰ ਕੜਕੁਟ ਵੀ ਆਖਦੇ ਹਨ) ਉਸ ਨੂੰ 'ਸਾਥ' ਕਹਿੰਦੇ ਹਨ।

ਗੁਰੂ ਜੀ ਦਾ ਹੁਕਮ ਹੈ, ਇਸ ਸ਼ਬਦ ਨੂੰ 'ਜਤਿ' ਚਾਲ ਵਿਚ ਗਾਉਣਾ ਹੈ। ਇਤਨਾ ਕਹਿ ਕੇ ਹੁਣ ਉਸ ਦੀ ਪ੍ਰਾਪਤੀ ਦਾ ਉਪਦੇਸ਼ ਦੇਂਦੇ ਹਨ-

ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ ਦਰਸਨ ਕਉ ਬਲਿ ਜਾਉ ॥ ੧ ॥

ਹੇ ਪਿਆਰੇ ! ਪ੍ਰਭੂ ਪਾਰਬ੍ਰਹਮ ਨੂੰ ਸਿਮਰਨਾ ਕਰੀਏ ਅਤੇ ਉਸ ਦੇ ਦਰਸ਼ਨਾਂ ਤੋਂ ਬਲਿਹਾਰ ਜਾਣਾ ਕਰੋ ॥ ੧ ॥

ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ ॥ ੨ ॥

ਹੇ ਪਿਆਰੇ ! ਜਿਸ ਦੇ ਸਿਮਰਨੇ ਕਰਕੇ ਸਾਰੇ ਦੁਖ ਬੀਸਰਹਿ=ਭੁੱਲ ਜਾਂਦੇ ਹਨ, ਉਹ ਪ੍ਰਭੂ ਕਿਵੇਂ

**ਗਾਵਹੁ ਗੀਤ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥* *(ਵਡਹੰਸੁ ਮ: ੧, ਪੰਨਾ ੫੮੧)*

ਅਰਥ :- ਉਸ ਪਰਮੇਸ਼ਰ ਦੇ ਗੀਤ=ਜਸ ਨੂੰ ਗਾਓ ਅਤੇ ਉਸ ਬ੍ਰਹਮ ਦਾ ਵਿਚਾਰ ਕਰੋ ਤਾਂ ਤੁਹਾਨੂੰ ਉਸ ਦਾ ਬਿਰਹੜਾ=ਵਿਛੋੜਾ ਨਹੀਂ ਹੋਵੇਗਾ।

ਤਿਆਗਿਆ ਜਾ ਸਕਦਾ ਹੈ॥੨॥

ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ॥ ੩॥

ਹੇ ਪਿਆਰੇ ! ਇਸ ਤਨ ਨੂੰ ਸੰਤਾਂ ਪਾਸ ਵੇਚ ਦੇ, ਜੋ ਪ੍ਰੀਤਮ ਪ੍ਰਭੂ ਨਾਲ ਮਿਲਾ ਦੇਂਦੇ ਹਨ॥੩॥

ਅਥਵਾ:-ਹੇ ਪਿਆਰੇ ! ਇਸ ਤਨ ਨੂੰ ਸੰਤਾਂ ਪਾਸ ਵੇਚ ਕੇ ਭਾਵ ਆਪਣੀ ਹੰਗਤਾ ਛੱਡ ਕੇ ਇਉਂ ਬੇਨਤੀ ਕਰ ਕਿ ਹੇ ਸੰਤੋ ! ਮੈਨੂੰ ਪ੍ਰੀਤਮ ਨਾਲ ਮਿਲਾ ਦਿਓ।

ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ॥ ੪॥

ਵਿਸ਼ਿਆਂ ਦੀ ਉਤਪਤੀ ਕਰਨ ਵਾਲੇ ਜੋ ਸੰਸਾਰਕ ਸੁਖ ਅਤੇ ਸ਼ਿੰਗਾਰ ਹਨ ਉਹ ਫਿੱਕੇ ਜਾਣ ਕੇ, ਹੇ ਮੇਰੀ ਮਾਇ=ਸੰਤੋ ! ਮੈਂ ਤਜਿ=ਤਿਆਗ ਛੱਡੇ ਹਨ॥ ੪॥

ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ॥ ੫॥

ਹੇ ਪਿਆਰੇ ! ਜਿਸ ਵੇਲੇ ਮੈਂ ਆਪਣੇ ਆਪ ਨੂੰ ਸਤਿਗੁਰਾਂ ਦੀ ਚਰਨੀਂ ਪਾਇਆ ਤਾਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜੇ ਦੂਤ ਆਪੇ ਤਿਆਗ਼ ਕੇ ਚਲੇ ਗਏ॥੫॥

ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ॥ ੬॥

ਹੇ ਪਿਆਰੇ ! ਜੋ ਗੁਰਮੁਖ ਜਨ ਰਾਮ ਨਾਮ ਦੇ ਭਜਨ ਨਾਲ ਰਾਤੇ=ਜੁੜੇ ਹੋਏ ਹਨ, ਉਸ ਕਿਸੇ ਹੋਰ ਤਰਫ ਨਹੀਂ ਜਾਂਦੇ॥ ੬॥

ਹਰਿ ਰਸੁ ਜਿਨੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ॥ ੭॥

ਹੇ ਪਿਆਰੇ ! ਜਿਨ੍ਹਾਂ ਨੇ ਹਰੀ ਨਾਮ-ਰਸ ਨੂੰ ਚਖਿਆ ਹੈ, ਉਹ ਇਸ ਲੋਕ ਦੇ ਪਦਾਰਥਾਂ ਤੋਂ ਭੀ ਤ੍ਰਿਪਤ ਅਤੇ ਪ੍ਰਲੋਕ ਦੇ ਪਦਾਰਥਾਂ ਤੋਂ ਭੀ ਤ੍ਰਿਪਤ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਵੀ ਆਘਾਇ=ਰੱਜ ਰਹੇ ਹਨ॥ ੭॥

ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ॥ ੮॥੧॥੩॥

ਗੁਰੂ ਜੀ ਆਖਦੇ ਹਨ-ਜਿਨ੍ਹਾਂ ਨੇ ਸੰਤਾਂ ਦਾ ਅੰਚਲੁ=ਪੱਲਾ ਫੜਿਆ ਹੈ, ਉਹਨਾਂ ਨੂੰ ਭੈ ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ ਹੈ॥ ੮॥ ੧॥ ੩॥

ਜਨਮ ਮਰਣ ਦੁਖੁ ਕਟੀਐ ਪਿਆਰੇ ਜਬ ਭੇਟੈ ਹਰਿ ਰਾਇ॥ ੧॥

ਹੇ ਪਿਆਰੇ ! ਉਸ ਵੇਲੇ ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ, ਜਿਸ ਵੇਲੇ ਹਰੀ ਰਾਜਾ ਇਸ ਨੂੰ ਆ ਕੇ ਮਿਲਦਾ ਹੈ॥ ੧॥

ਸੁੰਦਰੁ ਸੁਘੜੁ ਸੁਜਾਣੁ ਪ੍ਰਭੁ ਮੇਰਾ ਜੀਵਨੁ ਦਰਸੁ ਦਿਖਾਇ॥ ੨॥

ਉਹ ਮੇਰਾ ਪ੍ਰਭੂ ਸੁੰਦਰ ਹੈ, ਸੁਘੜ=ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਹੈ, ਸੁਜਾਣੁ=ਚਤੁਰ ਹੈ, ਉੱਚੇ ਜੀਵਨ ਵਾਲਿਆਂ ਨੂੰ ਉਹ ਆਪਣਾ ਦਰਸ਼ਨ ਵਿਖਾਉਂਦਾ ਹੈ॥ ੨॥

ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ॥ ੩॥

ਹੇ ਪਿਆਰੇ ਪ੍ਰਭੂ ! ਜਿਹੜੇ ਜੀਵ ਆਪ ਤੋਂ ਵਿਛੁੜੇ ਹੋਏ ਹਨ, ਉਹ ਵਿਸ਼ਿਆਂ ਰੂਪੀ ਵਿਹੁ ਨੂੰ ਖਾ ਕੇ ਭਾਵ ਭੋਗ ਕੇ ਜੰਮਦੇ ਮਰਦੇ ਹਨ॥ ੩॥

ਜਿਸੁ ਤੂੰ ਮੇਲਹਿ ਸੋ ਮਿਲੈ ਪਿਆਰੇ ਤਿਸ ਕੈ ਲਾਗਉ ਪਾਇ॥ ੪॥

ਹੇ ਪਿਆਰੇ ਪ੍ਰਭੂ ! ਜਿਸ ਨੂੰ ਤੂੰ ਆਪਣੇ ਨਾਲ ਮੇਲਦਾ ਹੈਂ, ਉਹੀ ਆਪ ਜੀ ਨਾਲ ਮਿਲਦਾ ਹੈ, ਮੈਂ ਉਸ ਦੇ ਚਰਨੀਂ ਲੱਗਦਾ ਹਾਂ॥ ੪॥

ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ॥ ੫॥

ਹੇ ਪਿਆਰੇ ਪ੍ਰਭੂ ! ਆਪ ਜੀ ਦਾ ਦਰਸ਼ਨ ਦੇਖਦਿਆਂ ਜੋ ਸੁਖ ਪ੍ਰਾਪਤ ਹੋਇਆ ਹੈ, ਉਹ ਮੂੰਹ ਨਾਲ ਕਿਹਾ ਨਹੀਂ ਜਾਂਦਾ॥ ੫॥

ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ॥ ੬॥

ਹੇ ਪਿਆਰੇ ਪ੍ਰਭੂ ! ਆਪ ਜੀ ਨਾਲ ਜੋ ਸੱਚੀ ਪ੍ਰੀਤੀ ਹੈ, ਉਹ ਕਦੇ ਟੁਟਦੀ ਨਹੀਂ ਹੈ, ਜੋ ਜੁਗਾਂ ਜੁਗਾਂ ਵਿਚ ਸਮਾ ਰਹੀ ਹੈ॥ ੬॥

[ਪੰਨਾ ੪੩੨]

ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ॥ ੭॥

ਹੇ ਪਿਆਰੇ ਪ੍ਰਭੂ ! ਜੋ ਆਪ ਜੀ ਨੂੰ ਭਾਉਂਦਾ ਹੈ ਉਹੀ ਚੰਗਾ ਹੈ, ਆਪ ਜੀ ਦੀ ਰਜਾਇ=ਆਗਿਆ ਅਮਰੁ=ਅਮੇਟ ਹੈ, *ਅਥਵਾ*-ਇਸ ਜੀਵ ਨੂੰ ਅਮਰ ਕਰਨ ਵਾਲੀ ਹੈ।

ਨਾਨਕ ਰੰਗਿ ਰਤੇ ਨਾਰਾਇਣੈ ਪਿਆਰੇ ਮਾਤੇ ਸਹਜਿ ਸੁਭਾਇ॥ ੮॥੨॥੪॥

ਗੁਰੂ ਜੀ ਆਖਦੇ ਹਨ-ਹੇ ਪਿਆਰੇ ਨਰਾਇਣ ! ਅਸੀਂ ਆਪ ਜੀ ਦੇ ਰੰਗਿ=ਪ੍ਰੇਮ ਵਿਖੇ ਰਤੇ ਹਾਂ ਅਤੇ ਸ਼ਾਂਤੀ ਸੁਭਾ ਵਿਖੇ ਮਸਤ ਰਹਿੰਦੇ ਹਾਂ॥ ੮॥ ੨॥ ੪॥

ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ॥ ੧॥

ਹੇ ਪਿਆਰੇ ਪ੍ਰਭੂ ! ਆਪ ਸਭ ਵਿਧੀ ਨੂੰ ਜਾਣਦੇ ਹੋ, ਤੇਰੇ ਬਿਨਾਂ ਮੈਂ ਆਪਣੀ ਹਾਲਤ ਕਿਸ ਦੇ ਪਾਸ ਕਹਿ ਕੇ ਸੁਣਾਵਾਂ॥ ੧॥

ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ॥ ੨॥

ਤੂੰ ਸਾਰਿਆਂ ਜੀਵਾਂ ਦਾ ਦਾਤਾ ਹੈਂ, ਤੇਰਾ ਦਿੱਤਾ ਹੋਇਆ ਹੀ ਅਸੀਂ ਬਸਤ੍ਰ ਵਗੈਰਾ ਪਹਿਨਦੇ ਹਾਂ ਤੇ ਭੋਜਨ ਖਾਂਦੇ ਹਾਂ॥ ੨॥

ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥ ੩॥

ਹੇ ਪਿਆਰੇ ਪ੍ਰਭੂ ! ਦੁੱਖ ਅਤੇ ਸੁਖ ਤੇਰੀ ਆਗਿਆ ਅਨੁਸਾਰ ਹੀ ਆ ਕੇ ਮਿਲਦੇ ਹਨ, ਤੇਰੇ ਬਿਨਾਂ ਦੂਜੀ ਹੋਰ ਕੋਈ ਜਗ੍ਹਾ ਨਹੀਂ ਹੈ॥ ੩॥

ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ॥ ੪॥

ਹੇ ਪਿਆਰੇ ਪ੍ਰਭੂ ! ਜੋ ਤੂੰ ਕਰਾਉਂਦਾ ਹੈਂ, ਓਹੀ ਮੈਂ ਕਰਦਾ ਹਾਂ, ਤੇਰੀ ਆਗਿਆ ਬਿਨਾਂ ਹੋਰ ਕੁਝ ਨਹੀਂ ਕੀਤਾ ਜਾਂਦਾ॥ ੪॥

ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ॥ ੫॥

ਹੇ ਪਿਆਰੇ ਪ੍ਰਭੂ ! ਉਹ ਰਾਤ ਦਿਨ ਸਾਰੇ ਸੋਭਨੀਕ ਹਨ, ਜਿਸ ਰਾਤ ਦਿਨ ਵਿਚ ਹਰੀ ਨਾਮ ਜਪਿਆ ਜਾਂਦਾ ਹੈ॥ ੫॥

ਸਾਈ ਕਾਰ ਕਮਾਵਣੀ ਪਿਆਰੇ ਧੁਰਿ ਮਸਤਕਿ ਲੇਖੁ ਲਿਖਾਇ॥ ੬॥

ਹੇ ਪਿਆਰੇ ਪ੍ਰਭੂ ! ਅਸੀਂ ਸਾਰੇ ਜੀਵ ਓਹੀ ਕਾਰ=ਕਿਰਤ ਕਮਾਉਂਦੇ ਹਾਂ, ਜੋ ਧੁਰੋਂ ਮਸਤਕ 'ਪਰ ਲੇਖ ਲਿਖਾ ਕੇ ਆਏ ਹਾਂ॥ ੬॥

ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ॥ ੭॥

ਹੇ ਪਿਆਰੇ ਪ੍ਰਭੂ ! ਇਕ ਤੂੰ ਆਪ ਹੀ ਸਾਰੇ ਵਰਤ ਰਿਹਾ ਹੈਂ, ਘਟਾਂ ਘਟਾਂ ਵਿਚ ਭੀ ਤੂੰ ਸਮਾ ਰਿਹਾ ਹੈਂ॥ ੭॥

ਸੰਸਾਰ ਕੂਪ ਤੇ ਉਧਰਿ ਲੈ ਪਿਆਰੇ
ਨਾਨਕ ਹਰਿ ਸਰਣਾਇ॥ ੮॥ ੩॥ ੨੨॥ ੧੫॥ ੨॥ ੪੨॥

ਹੇ ਪਿਆਰੇ ਪ੍ਰਭੂ ! ਮੈਨੂੰ ਸੰਸਾਰ ਖੂਹ ਤੋਂ ਉਧਾਰ ਲੈ ਭਾਵ ਕੱਢ ਲੈ ਅਰਥਾਤ ਜਨਮ ਮਰਨ ਦੂਰ ਕਰ ਦੇ। ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ॥੮॥੩॥ ੨੨॥੧੫॥ ੨॥ ੪੨॥

ਰਾਗੁ ਆਸਾ ਮਹਲਾ ੧ ਪਟੀ ਲਿਖੀ ੧ੴ ਸਤਿਗੁਰ ਪ੍ਰਸਾਦਿ॥

ਜਿਸ ਵੇਲੇ ਪਿਤਾ ਕਾਲੂ ਜੀ ਨੇ ਗੁਰੂ ਨਾਨਕ ਨੂੰ ਪਾਂਧੇ ਪਾਸ ਪੜ੍ਹਨ ਵਾਸਤੇ ਬਿਠਾਇਆ ਤਾਂ ਪਹਿਲੇ ਇਕ ਦਿਨ ਪਿਤਾ ਜੀ ਦੀ ਆਗਿਆ ਮੰਨ ਕੇ ਪਾਂਧੇ ਦੇ ਪਿਛੇ ਪਿਛੇ ਪੜ੍ਹੀ ਜਾਣ। ਜਦ ਦੂਜੇ ਦਿਨ ਗਏ ਤਾਂ ਪਾਂਧੇ ਨੇ ਪੱਟੀ ਉੱਤੇ ਅੱਖਰ ਲਿਖ ਦਿੱਤੇ। ਉਹਨਾਂ ਅੱਖਰਾਂ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ,''ਇਨ੍ਹਾਂ ਅੱਖਰਾਂ ਦਾ ਤਾਤ-ਪਰਜ ਵੀ ਜਾਣਦੇ ਹੋ ਕਿ ਨਹੀਂ ?'' ਪਾਂਧੇ ਨੇ ਕਿਹਾ-''ਮੈਂ ਤਾਂ ਕੇਵਲ ਅੱਖਰ ਪੜ੍ਹਾਉਣਾ ਜਾਣਦਾ ਹਾਂ, ਮੈਨੂੰ ਇਨ੍ਹਾਂ ਅੱਖਰਾਂ ਦੇ ਤਾਤਪਰਜ ਦਾ ਕੋਈ ਪਤਾ ਨਹੀਂ।'' ਇਹ ਗੱਲ ਸੁਣ ਕੇ ਗੁਰੂ ਜੀ ਭੁਲਾਵੇਂ ਅੱਖਰਾਂ ਦਾ ਸਿਧਾਂਤ ਪੱਟੀ ਉੱਤੇ ਲਿਖ ਕੇ ਗੁਪਾਲ ਪਾਂਧੇ ਨੂੰ ਸੁਣਾਉਂਦੇ ਹਨ-

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥

ਸਸੈ=ਸੱਸੇ ਦੁਆਰਾ ਕਥਨ ਕਰਦੇ ਹਨ-ਜਿਸ ਪਰਮੇਸ਼ਰ ਨੇ ਇਹ ਸ੍ਰਿਸ਼ਟੀ ਸਾਜੀ ਹੈ, ਸੋਇ=ਓਹੀ ਸਾਰਿਆਂ ਦਾ ਇਕ ਸਾਹਿਬੁ=ਮਾਲਕ ਹੋਇਆ ਹੈ।

ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ॥੧॥

ਗੁਰਾਂ ਦੀ ਸੇਵਾ ਵਿਚ ਖੜ੍ਹੇ ਰਹਿਣ ਦਾ ਜਿਨ੍ਹਾਂ ਦਾ ਚਿੱਤ ਲੱਗਾ ਹੈ, ਉਨ੍ਹਾਂ ਪੁਰਸ਼ਾਂ ਦਾ ਸੰਸਾਰ ਵਿਚ ਆਇਆ ਸਫਲ ਹੋਇਆ ਹੈ॥ ੧॥

ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥ ੧ ॥ ਰਹਾਉ ॥

ਮੂੜ ਮਨਾ=ਹੇ ਮੂਰਖ ਮਨ ! ਮਨ=ਸ੍ਰਵਨ, ਮੰਨਨ, ਨਿਧਿਆਸਣਿ ਵੱਲੋਂ ਕੀ ਭੁਲ ਰਿਹਾ ਹੈਂ।

ਅਥਵਾ:-ਮਨ=ਸ਼ਰੋਮਣੀ ਜੋ ਪਰਮੇਸ਼ਰ ਹੈ, ਉਸ ਵਲੋਂ ਕਿਸ ਵਾਸਤੇ ਭੁਲ ਰਿਹਾ ਹੈਂ ?

ਅਥਵਾ:-ਹੇ ਮਨ ! ਮੂੜ੍ਹਤਾ ਤੇ ਮਨੌਤਤਾ ਵਿਚ ਲੱਗ ਕੇ ਕੀ ਭੁਲ ਰਿਹਾ ਹੈਂ।

ਬੀਰਾ=ਹੇ ਭਾਈ ! ਜਦੋਂ ਲੇਖਾ ਦੇਣਾ ਪਵੇਗਾ, ਤਦ ਤੈਨੂੰ ਪੜ੍ਹਿਆਂ ਤੇ ਅਨਪੜ੍ਹਿਆਂ ਦਾ ਪਤਾ ਲੱਗੇਗਾ ॥ ੧ ॥ ਰਹਾਉ ॥

ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥

ਈੜੀ ਦੁਆਰਾ ਕਥਨ ਕਰਦੇ ਹਨ-ਸਾਰਿਆਂ ਦਾ ਦਾਤਾ ਆਦਿ ਪੁਰਖ ਪਰਮਾਤਮਾਂ ਹੈ, ਉਹ ਪਰਮੇਸ਼ਰ ਆਪ ਭੀ ਸੱਚਾ ਹੈ।

ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥ ੨ ॥

ਇਨ੍ਹਾਂ ਅੱਖਰਾਂ ਦੇ ਵਿਚੋਂ ਜੋ ਗੁਰਮੁਖ ਗੁਰਾਂ ਦੁਆਰੇ ਸਿਧਾਂਤ ਨੂੰ ਬੁੱਝਦਾ ਹੈ, ਉਹ ਇਹ ਨਿਸਚੇ ਕਰਦਾ ਹੈ ਕਿ ਉਸ ਪਰਮੇਸ਼ਰ ਦੇ ਸਿਰ ਤੇ ਕੋਈ ਲੇਖ ਨਹੀਂ ਹੁੰਦਾ।

ਅਥਵਾ:-ਤਿਸ ਪੁਰਸ਼ ਦੇ ਸਿਰ ਉੱਤੇ ਕੋਈ ਮਾੜਾ ਲੇਖ ਨਹੀਂ ਹੁੰਦਾ ॥ ੨ ॥

ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥

ਊੜੇ ਦੁਆਰਾ ਕਥਨ ਕਰਦੇ ਹਨ-ਉਸ ਪਰਮੇਸ਼ਰ ਦੀ ਉਪਮਾ ਕਰਨੀ ਚਾਹੀਦੀ ਹੈ, ਜਿਸ ਦਾ ਅੰਤ ਨਹੀਂ ਪਾਇਆ ਜਾਂਦਾ।

ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ ॥ ੩ ॥

ਜੋ ਪੁਰਸ਼ ਸੇਵਾ ਨੂੰ ਕਰਦੇ ਹਨ, ਓਹੀ ਗਿਆਨ-ਫਲ ਨੂੰ ਪਾਉਂਦੇ ਹਨ, ਜਿਨ੍ਹਾਂ ਨੇ ਸੱਚ ਨਾਮ ਨੂੰ ਕਮਾਇਆ ਹੈ, ਓਹੀ ਤਰਦੇ ਹਨ ॥ ੩ ॥

ਛੰਡੈ ਛਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥

ਛੰਡੈ ਦੁਆਰਾ ਕਥਨ ਕਰਦੇ ਹਨ-ਜਿਹੜਾ ਕੋਈ ਪੁਰਸ਼ ਪਰਮੇਸ਼ਰ-ਪ੍ਰਾਪਤੀ ਦੇ ਗਿਆਨ ਨੂੰ ਬੁੱਝਦਾ ਹੈ, ਉਹੀ ਪੰਡਿਤ ਪੜ੍ਹਿਆ ਹੋਇਆ ਹੈ।

ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ ੪ ॥

ਜਦੀ ਸਾਰਿਆਂ ਜੀਵਾਂ ਵਿਚ ਇਕ ਪਰਮਾਤਮਾ ਨੂੰ ਜਾਣੇ, ਤਾਂ ਕੋਈ ਵੀ ਹੰਗਤਾ ਮਮਤਾ ਨੂੰ ਨਹੀਂ ਕਹਿੰਦਾ ॥ ੪ ॥

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥

ਕੱਕੇ ਦੁਆਰਾ ਕਥਨ ਕਰਦੇ ਹਨ-ਜਦ ਬੁਢੇਪਾ ਆਉਣ ਕਰਕੇ ਕੇਸ ਪੁੰਡਰ=ਚਿੱਟੇ ਹੋਏ, ਤਾਂ ਸਾਬਣ ਤੋਂ

ਬਿਨਾਂ ਹੀ ਉੱਜਲ ਹੋ ਗਏ।

ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥ ੫ ॥

ਜਮ ਰਾਜੇ=ਧਰਮ ਰਾਜਾ ਦੇ ਭੇਜੇ ਹੋਏ ਹੇਰੂ=ਵੇਖਣ ਵਾਲੇ, *ਅਥਵਾ:*-ਹੇਰੂ=ਹੇਲੂ ਭਾਵ ਦੁੱਖ ਦੇਣ ਵਾਲੇ ਜਮਦੂਤ ਆਏ, ਆਉਂਦਿਆਂ ਸਾਰ ਹੀ ਮਾਇਆਧਾਰੀਆਂ ਨੂੰ ਸੰਗਲਾਂ ਨਾਲ ਬੰਨ੍ਹ ਲਿਆ।

ਅਥਵਾ:-ਮਇਆਵਕੀ ਸੰਗਲਾਂ ਨਾਲ ਬੰਨ੍ਹ ਲਿਆ, ਕਿਉਂਕਿ ਵਾਸਤਵ ਵਿਚ ਸੰਗਲ ਕੋਈ ਭੀ ਨਹੀਂ ਹੈ॥ ੫ ॥

ਖਧੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥

ਖੱਖੇ ਦੁਆਰਾ ਕਥਨ ਕਰਦੇ ਹਨ-ਆਲਮ=ਸੰਸਾਰ ਰੂਪ ਜੋ ਇਕ ਖੁੰਦਕਾਰੁ=ਹਫਤ ਵਲੱਤ ਹੈ, ਉਸ ਦਾ ਉਹ ਪਰਮੇਸ਼ਰ ਸਾਹ=ਮਾਲਕ ਹੈ। *ਅਥਵਾ:*-ਧੋਬੀ ਦੇ ਪਟੜੇ ਦਾ ਆਸਰਾ ਜਿਵੇਂ ਖੁੰਦਕਾਰੁ=ਕਿੱਲਾ ਹੁੰਦਾ ਹੈ, ਤਿਵੇਂ ਉਹ ਪਰਮੇਸ਼ਰ ਆਲਮੁ=ਸੰਸਾਰ ਦਾ ਆਸਰਾ ਰੂਪ ਹੈ, ਜਿਸ ਪਰਮੇਸ਼ਰ ਨੇ ਸੰਸਾਰ ਨੂੰ ਖਰੀਦਿ=ਉਤਪੰਨ ਕਰਕੇ ਸਾਰਿਆਂ ਨੂੰ ਖਰਚੁ=ਖਾਣ ਪਾਣ ਦਿੱਤਾ ਹੈ।

ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥ ੬ ॥

ਜਿਸ ਪਰਮੇਸ਼ਰ ਦੇ ਪਾਏ ਹੋਏ ਬੰਧਨਾਂ ਕਰਕੇ ਹੀ ਸਾਰਾ ਜਗਤ ਬੱਝਾ ਹੋਇਆ ਹੈ, ਉਸ ਪਰਮੇਸ਼ਰ ਤੋਂ ਬਿਨਾਂ ਹੋਰ ਕਿਸੇ ਦਾ ਹੁਕਮ ਨਹੀਂ ਪਿਆ॥ ੬ ॥

ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ ॥
ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ ॥ ੭ ॥

ਗੱਗੇ ਦੁਆਰਾ ਕਥਨ ਕਰਦੇ ਹਨ-ਜਿਸ ਪੁਰਸ਼ ਨੇ ਗੋਬਿੰਦ ਦੀ ਗੋਇ=ਬਾਣੀ ਗਾਇ=ਗਾਉਣੀ ਛੱਡ ਦਿੱਤੀ ਹੈ ਅਤੇ ਗੱਲਾਂ ਕਰਨ ਵਿਚ ਗਰਬਿ ਭਇਆ=ਹੰਕਾਰੀ ਹੋ ਗਿਆ ਹੈ। ਉਸ ਦਾ ਫਿਰ ਇਹ ਹਾਲ ਹੁੰਦਾ ਹੈ ਕਿ-ਜਿਸ ਘੁਮਾਰ ਨੇ ਕਈ ਤਰ੍ਹਾਂ ਦੇ ਭਾਂਡੇ ਘੜ ਕੇ ਉਨ੍ਹਾਂ ਦੇ ਪਕਾਣ ਵਾਸਤੇ ਆਵੀ ਸਜਾਈ ਹੈ, ਉਸ ਚਾੜ੍ਹਨ ਵਾਲੇ ਘੁਮਾਰ ਨੇ ਤਈ=ਤਿਸ ਪੁਰਸ਼ ਨੂੰ ਮੋਹਰਲੀ ਭਾਵ ਅਗਲੀ ਇੱਟ ਕੀਤਾ ਹੈ। ਕਿਉਂਕਿ ਅਗਲੀ ਇੱਟ ਨੂੰ ਸੇਕ ਬਹੁਤ ਲੱਗਦਾ ਹੈ। ਜੋ ਹਰ ਵੇਲੇ ਸੜਦੀ ਰਹਿੰਦੀ ਹੈ।

ਦੂਜਾ ਅਰਥ:-ਜਿਸ ਈਸ਼ੁਰ ਨੇ ਸਰੀਰਾਂ ਰੂਪੀ ਭਾਂਡੇ ਘੜ ਕੇ ਸੰਸਾਰ ਰੂਪੀ ਆਵੀ ਸਾਜੀ ਹੈ, ਤਿਸ ਈਸ਼ੁਰ ਨੇ ਤਿਸ ਪੁਰਸ਼ ਨੂੰ ਚਾੜਨ ਵਾਲਾ ਤੇ ਵਾਹੈ=ਵਿਨਾਸ ਕਰਨ ਵਾਲਾ ਭਾਵ ਜਨਮ ਮਰਨ ਵਾਲਾ ਕੀਤਾ ਹੈ।

ਤੀਜਾ ਅਰਥ:-ਸਰੀਰਾਂ ਰੂਪੀ ਭਾਂਡਿਆਂ ਨੂੰ ਘੜ ਕੇ ਜਿਸ ਨੇ ਸੰਸਾਰ ਆਵੀ ਸਾਜੀ ਹੈ ਐਸਾ ਜੋ ਬ੍ਰਹਮਾ ਹੈ, ਚਾੜਨ=ਪਾਲਣ ਕਰਨ ਵਾਲਾ ਜੋ ਵਿਸ਼ਨੂੰ ਹੈ, ਵਾਹੈ=ਬਿਨਾਸ ਕਰਨ ਵਾਲਾ ਜੋ ਸ਼ਿਵ ਹੈ, ਇਹਨਾਂ ਤਿੰਨ ਦੇਵਤਿਆਂ ਨੂੰ ਚੰਗੀ ਤਰ੍ਹਾਂ ਹਿਸਾਬ ਲੈਣ ਵਾਸਤੇ, ਉਸ ਪੁਰਸ਼ ਉੱਤੇ ਤਈ ਕੀਆ=ਤਾਇਨਾਤ ਕੀਤਾ ਭਾਵ ਮੁਕੱਰਰ ਕੀਤਾ ਹੈ, ਜਿਨ੍ਹਾਂ ਨੇ ਗੋਬਿੰਦ ਦੀ ਬਾਣੀ ਗਾਉਣੀ ਛੱਡੀ ਹੈ॥ ੭ ॥

ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ ॥

ਘੱਘੇ ਦੁਆਰਾ ਕਥਨ ਕਰਦੇ ਹਨ-ਜੋ ਸੇਵਕ ਹੋ ਕੇ ਸੇਵਾ ਰੂਪੀ ਘਾਲ=ਕਮਾਈ ਨੂੰ ਘਾਲੈ=ਕਰਦਾ ਹੈ,

ਅਤੇ ਗੁਰਾਂ ਦੇ ਉਪਦੇਸ਼ ਵਿਚ ਲੱਗਾ ਰਹਿੰਦਾ ਹੈ।

ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ॥ ੮॥

ਪੁਨਾ ਜੋ ਬੁਰਾ ਭਲਾ ਦੋਹਾਂ ਨੂੰ ਸਮ ਕਰਕੇ ਜਾਣਦਾ ਹੈ ਤਾਂ ਇਸ ਵਿਧੀ ਵਾਲਾ ਪੁਰਸ਼ ਸਾਹਿਬੁ=ਪਰਮਾਤਮਾ ਨੂੰ ਰਮਤੁ ਰਹੈ=ਮਿਲਿਆ ਰਹਿੰਦਾ ਹੈ॥ ੮॥

ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ॥

ਚੱਚੇ ਦੁਆਰਾ ਕਥਨ ਕਰਦੇ ਹਨ-ਜਿਸ ਈਸ਼ੂਰ ਨੇ ਚਾਰ ਵੇਦ ਸਾਜੇ=ਬਣਾਏ ਹਨ ਅਤੇ ਚਾਰ ਖਾਣੀਆਂ ਤੇ ਚਾਰ ਜੁਗ ਬਣਾਏ ਹਨ।

ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥ ੯॥

ਪੁਨਾ ਜੋ ਈਸ਼ੂਰ ਸਭ ਜੁਗਾਂ ਜੁਗਾਂ ਵਿਚ ਜੋਗੀ=ਜੁੜ ਰਿਹਾ ਹੈ ਅਤੇ ਸਰਬ ਖਾਣੀਆਂ ਵਿਚ ਇਸਥਿਤ ਹੋ ਕੇ ਭੋਗੀ ਹੋ ਰਿਹਾ ਹੈ, ਉਹ ਈਸ਼ੂਰ ਆਪ ਹੀ ਪੜ੍ਹਿਆ ਹੋਇਆ ਪੰਡਿਤ ਥੀਆ=ਹੋ ਰਿਹਾ ਹੈ॥ ੯॥

[ਪੰਨਾ ੪੩੩]

ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ॥

ਛੱਛੇ ਦੁਆਰਾ ਕਥਨ ਕਰਦੇ ਹਨ-ਸਭ ਜੀਵਾਂ ਦੇ ਅੰਦਰ ਛਾਇਆ=ਅਵਿੱਦਿਆ ਵਰਤ ਰਹੀ ਹੈ ਅਤੇ ਹੇ ਪ੍ਰਭੂ ! ਤੇਰਾ ਕੀਤਾ ਹੋਇਆ ਹੀ ਭਰਮ ਸਭ ਨੂੰ ਹੋ ਰਿਹਾ ਹੈ।

ਭਰਮੁ ਉਪਾਇ ਭੁਲਾਈਅਨੁ ਆਪੇ
ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ॥ ੧੦॥

ਭਰਮ ਨੂੰ ਉਤਪੰਨ ਕਰਕੇ ਤੂੰ ਆਪ ਹੀ ਜੀਵਾਂ ਨੂੰ ਆਪਣੀ ਵਲੋਂ ਭੁਲਾ ਦਿੱਤਾ ਹੈ, ਜਿਨ੍ਹਾਂ ਉੱਤੇ ਤੇਰਾ ਕਰਮੁ=ਅਨੁਗ੍ਰਹੁ ਹੋਇਆ ਹੈ ਤਿਨ੍ਹਾਂ ਪੂਰਾ ਗੁਰੂ ਮਿਲਿਆ ਹੈ।

ਅਥਵਾ:-ਜਿਨ੍ਹਾਂ ਨੂੰ ਗੁਰੂ ਮਿਲਿਆ ਹੈ, ਉਨ੍ਹਾਂ ਪਾਸੋਂ ਤੇਰਾ ਕਰਮ ਹੋਇਆ ਹੈ॥ ੧੦॥

ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ॥

ਜੱਜੇ ਦੁਆਰਾ ਕਥਨ ਕਰਦੇ ਹਨ, ਮੈਂ ਜਨ ਮੰਗਤਾ ਹੋ ਕੇ ਜਾਨੁ=ਮਨੁੱਖਾ ਦੇਹ,

ਅਥਵਾ:-ਪਰਮੇਸ਼ਰ ਦਾ ਜਾਨਣਾ, *ਅਥਵਾ:*-ਜਾਨੁ=ਗਿਆਨ ਮੰਗਦਾ ਹਾਂ, ਕਿਉਂਕਿ ਜਿਸ ਗਿਆਨ ਤੋਂ ਬਿਨਾਂ ਚੁਰਾਸੀ ਲੱਖ ਜੂਨੀਆਂ ਰੂਪ ਭਿੱਖਿਆ ਵਿਚ ਭਵਿਆ=ਫਿਰਿਆ ਹਾਂ।

ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ॥ ੧੧॥

ਹੇ ਪਰਮੇਸ਼ਰ ! ਤੂੰ ਇਕ ਹੀ ਸਭ ਕੁਝ ਲੈਂਦਾ ਹੈਂ, ਤੂੰ ਇਕ ਹੀ ਸਭਨਾਂ ਨੂੰ ਦੇਂਦਾ ਹੈਂ, ਆਪ ਤੋਂ ਬਿਨਾਂ ਮੈਂ ਹੋਰ ਕੋਈ ਦੂਜਾ ਨਹੀਂ ਸੁਣਿਆਂ॥ ੧੧॥

ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ॥

ਝੱਝੇ ਦੁਆਰਾ ਕਥਨ ਕਰਦੇ ਹਨ-ਹੇ ਪ੍ਰਾਣੀਓਂ ! ਕੀ ਝੁਰ ਝੁਰ ਕੇ ਮਰਦੇ ਹੋ ? ਵਾਹਿਗੁਰੂ ਨੇ ਜੋ ਕੁਝ

ਤੁਹਾਨੂੰ ਦੇਣਾ ਹੈ, ਉਹ ਆਪੇ ਦੇ ਰਿਹਾ ਹੈ।

ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ ੧੨ ॥

ਜਿਵੇਂ ਜਿਵੇ ਜੀਆਂ ਦਾ ਰਿਜ਼ਕ ਪਿਆ ਹੈ, ਅਰਥਾਤ ਰਿਜ਼ਕ ਦੇ ਅਨੁਸਾਰ ਲੇਖ ਪਿਆ ਹੈ, ਤਿਵੇਂ ਤਿਵੇਂ ਦੇ ਦੇ ਕੇ ਵੇਖਦਾ ਹੈ ਅਤੇ ਆਪਣੇ ਹੁਕਮ ਵਿਚ ਸਭਨਾਂ ਨੂੰ ਚਲਾਉਂਦਾ ਹੈ॥ ੧੨॥

ਵੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ ॥

ਵੰਞੇ ਦੁਆਰਾ ਕਥਨ ਕਰਦੇ ਹਨ-ਗਿਆਨ ਦ੍ਰਿਸ਼ਟੀ ਕਰਕੇ ਜਾਂ ਦੇਖਣਾ ਕਰੀਏ, ਤਾਂ ਪਰਮੇਸ਼ਰ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥ ੧੩ ॥

ਸਭ ਥਾਵਾਂ ਵਿਚ ਇਕ ਪਰਮੇਸ਼ਰ ਹੀ ਰਵਿ ਰਿਹਾ ਹੈ ਅਤੇ ਓਹੀ ਇਕ ਸਭ ਦੇ ਮਨ ਵਿਚ ਵਸ ਰਿਹਾ ਹੈ॥ ੧੩॥

ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ ॥

ਟੈਕੇ ਦੁਆਰਾ ਕਥਨ ਕਰਦੇ ਹਨ-ਹੇ ਪ੍ਰਾਣੀਓਂ ! ਟੰਚੁ=ਟਿਚਕਰਾਂ, ਤਰਕਾਂ, ਹੁਜਤਾਂ, ਕੀ ਕਰਦੇ ਹੋ ? *ਅਥਵਾ*-ਟੰਟੇ ਕੀ ਕਰਦੇ ਹੋ, ਘੜੀ ਨੂੰ *ਅਥਵਾ* ਮੁਹਤਿ=ਅੱਧੀ ਘੜੀ ਨੂੰ ਇਥੋਂ ਉੱਠ ਕੇ ਚਲਿਆਂ ਜਾਣਾ ਹੈ।

ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ ॥ ੧੪ ॥

ਸੰਸਾਰ ਜੂਏ ਵਿਚ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਹਾਰਨਾ ਨਾ ਕਰੋ, ਦੌੜ ਕੇ ਤੁਸੀਂ ਹਰੀ ਦੀ ਸ਼ਰਨ ਵਿਚ ਪੈਣਾ ਕਰੋ॥ ੧੪॥

ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ੍ ਕਾ ਚਿਤੁ ਲਾਗਾ ॥

ਠੱਠੇ ਦੁਆਰਾ ਕਥਨ ਕਰਦੇ ਹਨ-ਤਿਨ੍ਹਾਂ ਪੁਰਸ਼ਾਂ ਦੇ ਅੰਦਰ ਠਾਢਿ=ਸ਼ਾਂਤੀ ਵਰਤੀ ਹੈ, ਜਿਨ੍ਹਾਂ ਦਾ ਚਿਤ ਹਰੀ ਦੇ ਚਰਨਾਂ ਵਿਚ ਲੱਗਾ ਹੈ।

ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ ॥ ੧੫ ॥

ਜਿਨ੍ਹਾਂ ਦਾ ਚਿਤ ਹਰੀ ਦੇ ਚਰਨਾਂ ਵਿਚ ਲੱਗਾ ਹੈ ਉਹ ਪੁਰਸ਼ ਸੰਸਾਰ-ਸਮੁੰਦਰ ਤੋਂ ਨਿਸਤਰੇ=ਤਰ ਗਏ ਹਨ ਅਤੇ ਤਉ ਪਰਸਾਦੀ=ਤਿਨ੍ਹਾਂ ਦੀ ਕਿਰਪਾ ਨਾਲ ਹੋਰਨਾਂ ਨੇ ਵੀ ਸੁਖ ਪਾਉਣਾ ਕੀਤਾ॥ ੧੫॥

ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ ॥

ਡੱਡੇ ਦੁਆਰਾ ਕਥਨ ਕਰਦੇ ਹਨ-ਹੇ ਪ੍ਰਾਣੀਓਂ ! ਤੁਸੀਂ ਕੀ ਡੰਫੁ=ਪਖੰਡ ਕਰਦੇ ਹੋ ? ਜੋ ਕੁਝ ਉਤਪਤ ਹੋਇਆ ਹੈ, ਉਹ ਸਭ ਚਲਿਆ ਜਾਣਾ ਭਾਵ ਨਾਸ ਹੋ ਜਾਣਾ ਹੈ।

ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥ ੧੬ ॥

ਤਿਸ ਪਰਮਾਤਮਾ ਨੂੰ ਸੇਵੋ, ਜੋ ਸਭ ਦੇ ਅੰਦਰ ਇਕ ਰਸ ਰਵਿ ਰਿਹਾ ਹੈ ਤਾਂ ਤੁਸੀਂ ਸੁਖ ਨੂੰ ਪਾਵੋਗੇ॥ ੧੬॥

ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥

ਢੱਢੇ ਦੁਆਰਾ ਕਥਨ ਕਰਦੇ ਹਨ, ਉਹ ਪਰਮੇਸ਼ਰ ਆਪ ਹੀ ਉਸਾਰਦਾ ਤੇ ਢਾਹੁੰਦਾ ਹੈ, ਜਿਵੇਂ ਉਸ ਨੂੰ ਭਾਉਂਦਾ ਹੈ, ਤਿਵੇਂ ਕਰਦਾ ਹੈ।

ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥੧੭॥

ਆਪ ਹੀ ਜੀਵਾਂ ਨੂੰ ਉਤਪਤ ਕਰ ਕਰ ਕੇ ਵੇਖਦਾ ਹੈ ਤੇ ਆਪ ਹੀ ਆਪਣੇ ਹੁਕਮ ਵਿਚ ਚਲਾਉਂਦਾ ਹੈ, ਪਰੰਤੂ ਸੰਸਾਰ-ਸਮੁੰਦਰ ਤੋਂ ਉਸ ਨੂੰ ਤਾਰਦਾ ਹੈ, ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ॥ ੧੭॥

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥

ਣਾਣੇ ਦੁਆਰਾ ਕਥਨ ਕਰਦੇ ਹਨ-ਜੋ ਪੁਰਸ਼ ਘਟ ਅੰਤਰਿ=ਹਿਰਦੇ ਅੰਦਰ ਉਸ ਪਰਮੇਸ਼ਰ ਨੂੰ ਰਵਤੁ ਰਹੈ=ਉਚਾਰਦਾ ਰਹਿੰਦਾ ਹੈ ਓਹੀ ਬਾਹਰ ਬਾਣੀ ਦੁਆਰਾ ਹਰੀ ਗੁਣਾਂ ਨੂੰ ਗਾਉਂਦਾ ਹੈ।

ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥ ੧੮॥

ਉਸ ਨੂੰ ਕਰਤਾ ਪੁਰਖ ਆਪ ਹੀ ਆਪਣੇ ਨਾਲ ਮਿਲਾਉਂਦਾ ਹੈ, ਜਿਸ ਨੂੰ ਆਪਣੇ ਨਾਲ ਮਿਲਾਂਵਦਾ ਹੈ, ਰਪਿ=ਨਿਸਚੇ ਕਰਕੇ ਉਸ ਦਾ ਪੁਨਾ=ਫਿਰ ਜਨਮ ਨਹੀਂ ਹੁੰਦਾ, ਭਾਵ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ॥ ੧੮॥

ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤੁ ਨ ਪਾਇਆ ॥

ਤੱਤੇ ਦੁਆਰਾ ਕਥਨ ਕਰਦੇ ਹਨ- ਸੰਸਾਰ ਰੂਪ ਸਮੁੰਦਰ ਬੜਾ ਤਾਰੂ=ਡੂੰਘਾ ਹੋ ਰਿਹਾ ਹੈ, ਗਿਆਨ ਤੋਂ ਬਿਨਾਂ ਇਸ ਸੰਸਾਰ ਦਾ ਅੰਤ ਕਿਸੀ ਨੇ ਨਹੀਂ ਪਾਇਆ।

ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ॥ ੧੯॥

ਨਿਸ਼ਕਾਮ *ਅਥਵਾ:*-ਸਾਧਨਾ ਰੂਪੀ ਮੇਰੇ ਹੱਥ ਨਹੀਂ, ਇਸ ਕਰਕੇ ਮੈਂ ਤਰ ਨਹੀਂ ਸਕਦਾ,

ਅਥਵਾ:-ਨਾਮ ਗਿਆਨ ਰੂਪੀ ਤਰ=ਜਹਾਜ਼ ਨਹੀਂ, ਨਾ ਹੀ ਅਦ੍ਵੈਤ ਨਿਸਚਾ,

ਅਥਵਾ:-ਪ੍ਰੇਮ ਰੂਪ ਤੁਲਹਾ ਹੈ, ਇਸੀ ਤੇ ਮੈਂ ਡੁੱਬ ਰਿਹਾ ਹਾਂ, ਹੇ ਤਾਰਣ ਵਾਲੇ ਰਾਇਆ=ਪ੍ਰਕਾਸ਼ ਰੂਪ ਪਰਮਾਤਮਾ ਆਪ ਮੈਨੂੰ ਤਾਰ ਲੈਣਾ ਕਰ॥ ੧੯॥

ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ॥

ਥੱਥੇ ਦੁਆਰਾ ਕਥਨ ਕਰਦੇ ਹਨ-ਉਹ ਪਰਮਾਤਮਾ ਥਾਨਾਂ ਅੰਤਰ ਥਾਨਾਂ, *ਅਥਵਾ:*-ਥਾਨਾਂ ਅਤੇ ਥਨੰਤਰੀਆਂ ਵਿਚ ਭਰਪੂਰ ਹੈ, ਜਿਸ ਦਾ ਕੀਤਾ ਹੋਇਆ ਸਭ ਕੁਝ ਹੋ ਰਿਹਾ ਹੈ।

ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ॥ ੨੦॥

ਅੰਨਵੇਂ :-ਜੋ ਪੁਰਸ਼ ਉਸ ਪਰਮਾਤਮਾ ਨੂੰ ਭਾਉਂਦਾ ਹੈ, ਓਹੀ ਭਲਾ ਹੈ; ਉਸ ਨੂੰ ਭਰਮ ਕੀ ਅਤੇ ਮਾਇਆ ਕੀ ਕਹਿ ਸੱਕਦੀ ਹੈ, ਭਾਵ ਕੁਝ ਨਹੀਂ ਕਹਿ ਸਕਦੀ॥ ੨੦॥

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥

ਦੱਦੇ ਦੁਆਰਾ ਕਥਨ ਕਰਦੇ ਹਨ-ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਦੋਸ਼ ਸਭ ਆਪਣਿਆਂ ਕਰਮਾਂ ਦਾ ਹੈ।

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨੧ ॥

ਜੋ ਕਰਮ ਮੈਂ ਕੀਤਾ ਹੈ, ਉਸ ਦਾ ਓਹੀ ਫਲ ਮੈਂ ਪਾਇਆ ਹੈ, ਇੰਝ ਨਿਸਚੇ ਕਰਕੇ, ਅਵਰ ਜਨਾ=ਹੋਰ ਪੁਰਸ਼ ਨੂੰ ਦੋਸ਼ ਨਾ ਦੇਣਾ ਕਰੀਏ॥ ੨੧ ॥

ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ ॥

ਧੱਧੇ ਦੁਆਰਾ ਕਥਨ ਕਰਦੇ ਹਨ— ਜਿਸ ਪਰਮਾਤਮਾ ਨੇ ਆਪਣੀ ਕਲਾ=ਸ਼ਕਤੀ ਸਾਰੇ ਧਾਰ ਛੱਡੀ ਹੈ ਅਤੇ ਜਿਸ ਨੇ ਹਰ ਚੀਜ਼ਾਂ ਵਿਚ ਰੰਗ=ਆਨੰਦ ਕੀਤਾ ਹੈ, *ਅਥਵਾ:*-ਜਿਸ ਨੇ ਹਰ ਰੰਗਾਂ ਦੀਆਂ ਚੀਜ਼ਾਂ ਨੂੰ ਪੈਦਾ ਕੀਤਾ ਹੈ।

ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥ ੨੨ ॥

ਤਿਸ ਪਰਮੇਸ਼ਰ ਦਾ ਦਿੱਤਾ ਹੋਇਆ ਸਭਨਾਂ ਨੇ ਲੀਤਾ ਹੈ। ਕਰਮੀ=ਜੀਵ ਕਰਮਾਂ ਅਨੁਸਾਰ ਤਿਸ ਪਰਮੇਸ਼ਰ ਦੇ ਹੁਕਮ ਵਿਚ ਪਿਆ ਹੋਇਆ ਹੈ॥ ੨੨ ॥

ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥

ਨੱਨੇ ਦੁਆਰਾ ਕਥਨ ਕਰਦੇ ਹਨ— ਇਹ ਜੀਵ ਨਾਹ=ਪਤੀ ਪਰਮੇਸ਼ਰ ਦੇ ਦਿੱਤੇ ਹੋਏ ਭੋਗਾਂ ਨੂੰ ਨਿਤਾ ਪ੍ਰਤੀ ਭੋਗ ਰਿਹਾ ਹੈ। ਪਰ ਇਸ ਨੇ ਨਾ ਕਦੀ ਉਸ ਨੂੰ ਸੰਭਾਲਿਆ ਹੈ ਅਤੇ ਨਾ ਹੀ ਕਦੇ ਉਸ ਨੂੰ ਦੇਖਿਆ ਹੈ।

ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥ ੨੩ ॥

ਗੱਲਾਂ ਬਾਤਾਂ ਕਰਕੇ ਤਾਂ ਆਖਦੀ ਹੈ ਕਿ ਹੇ ਭੈਣੇ ! ਮੈਂ ਸੁਹਾਗਣ ਹਾਂ। ਪ੍ਰੰਤੂ ਹੰਗਤਾ ਮਮਤਾ ਹੋਣ ਕਰਕੇ ਪਤੀ ਮੈਨੂੰ ਮਿਲਿਆ ਹੀ ਨਹੀਂ ਹੈ॥ ੨੩ ॥

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥

ਪੱਪੇ ਦੁਆਰਾ ਕਥਨ ਕਰਦੇ ਹਨ, ਸਾਰਿਆਂ ਦਾ ਪਾਤਸ਼ਾਹ ਉਹ ਪਰਮੇਸ਼ਰ ਹੈ, ਉਸ ਨੇ ਆਪਣੇ ਵੇਖਣ ਨੂੰ ਇਹ ਪ੍ਰਪੰਚ ਕੀਤਾ ਹੈ। *ਅਥਵਾ:*-ਵੇਖਣ ਕਉ=ਅਜ਼ਮਾਇਸ਼ ਕਰਨੇ ਨੂੰ ਇਹ ਸੰਸਾਰ ਰਚਨਾ ਕੀਤਾ ਹੈ।

ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ੨੪ ॥

ਉਹ ਪਰਮਾਤਮਾ ਸਭ ਜੀਵਾਂ ਨੂੰ ਦੇਖਦਾ ਹੈ ਤੇ ਜੀਵਾਂ ਦੇ ਕਰਮਾਂ ਨੂੰ ਬੁਝਦਾ ਹੈ, ਫੇਰ ਸਭ ਕੁਝ ਫਲ ਦੇਣਾ ਜਾਣਦਾ ਹੈ, ਕਿਉਂਕਿ ਬ੍ਰਹਿਮੰਡ ਦੇ ਅੰਦਰ ਬਾਹਰ, ਸਰੀਰ ਦੇ ਅੰਦਰ ਬਾਹਰ ਉਹ ਆਪ ਹੀ ਸਾਰੇ ਰਵ ਰਿਹਾ ਹੈ॥ ੨੪ ॥

ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥

ਫੱਫੇ ਦੁਆਰਾ ਕਥਨ ਕਰਦੇ ਹਨ— ਸਾਰਾ ਜਗਤ ਮੋਹ ਰੂਪ ਫਾਹੀ ਵਿਚ ਫਸਿਆ ਹੋਇਆ ਹੈ, ਇਸੀ ਤੇ ਜਮਾਂ ਨੇ ਅੰਤ ਸਮੇਂ ਇਸ ਨੂੰ ਸੰਗਲਾਂ ਦੇ ਨਾਲ ਬੰਨ੍ਹ ਲਿਆ ਹੈ।

ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥ ੨੫ ॥

ਗੁਰਾਂ ਦੀ ਕਿਰਪਾ ਕਰਕੇ ਉਹ ਪੁਰਸ਼ ਬਚੇ ਹਨ, ਜਿਹੜੇ ਭੱਜ ਕੇ ਹਰੀ ਦੀ ਸ਼ਰਨ ਵਿਚ ਪਏ ਹਨ॥ ੨੫ ॥

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥

ਬੱਬੇ ਦੁਆਰਾ ਕਥਨ ਕਰਦੇ ਹਨ, ਜਿਸ ਵੇਲੇ ਪਰਮਾਤਮਾ ਬਾਜੀ ਨੂੰ ਖੇਡਣ ਲੱਗਾ, ਭਾਵ ਮਾਇਆ ਦੁਆਰੇ ਜਗਤ ਨੂੰ ਰਚਨੇ ਲੱਗਾ, ਤਾਂ ਉਸ ਨੇ ਚਾਰੇ ਜੁਗ ਚੌਪੜ ਦੀ ਥਾਂ ਤੇ ਕਾਇਮ ਕੀਤੇ ਹਨ।

[ਪੰਨਾ ੪੩੪]

ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥ ੨੬ ॥

ਸੂਖਮ ਅਸਥੂਲ ਜਿਤਨੇ-ਕੁ ਜੀਅ ਜੰਤ ਹਨ ਏਹ ਸਭ ਸਾਰੀ=ਨਰਦਾਂ ਕੀਤੀਆਂ ਹਨ, ਪੁਨਾ ਆਪ ਹੀ ਪਰਮਾਤਮਾ ਤਿੰਨਾਂ ਗੁਣਾਂ ਰੂਪੀ ਪਾਸਾ ਢਾਲਣੇ ਲੱਗਾ ਹੈ॥ ੨੬ ॥

ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ ॥

ਭੱਭੇ ਦੁਆਰਾ ਕਥਨ ਕਰਦੇ ਹਨ, ਗੁਰਾਂ ਦੀ ਕਿਰਪਾ ਦੁਆਰਾ ਜਿਸ ਨੂੰ ਪਰਮੇਸ਼ਰ ਦਾ ਡਰ ਪ੍ਰਾਪਤ ਹੋਇਆ ਹੈ ਅਤੇ ਜੋ ਉਸ ਪਰਮੇਸ਼ਰ ਨੂੰ ਭਾਲਦਾ ਹੈ, ਉਹੀ ਪੁਰਸ਼ ਗਿਆਨ ਰੂਪ ਫਲ ਨੂੰ ਪਾਂਵਦੇ ਹਨ।

ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ ॥ ੨੭ ॥

ਜੋ ਮੂਰਖ ਮਨਮੁਖ ਨਿਕੰਮੇ ਫਿਰਦੇ ਹਨ, ਤੇ ਪਰਮਾਤਮਾ ਨੂੰ ਯਾਦ ਨਹੀਂ ਕਰਦੇ, ਉਹਨਾਂ ਨੂੰ ਚੁਰਾਸੀ ਲੱਖ ਜੂਨਾਂ ਦਾ ਫੇਰੁ=ਚੱਕ੍ਰ ਪਿਆ ਹੈ॥ ੨੭ ॥

ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ ॥

ਮੰਮੇ ਦੁਆਰਾ ਕਥਨ ਕਰਦੇ ਹਨ-ਹੇ ਪੁਰਸ਼ਾ ! ਸਬੰਧੀਆਂ ਦੇ ਮੋਹ ਕਰਕੇ ਤੂੰ ਮਧਸੂਦਨ ਪਰਮਾਤਮਾ ਦੀ ਤਰਫੋਂ ਮਰ ਰਿਹਾ ਹੈਂ, ਜਦ ਤੇਰਾ ਮਰਨਾ ਹੋਵੇਗਾ, ਤਦ ਤੂੰ ਵਾਹਿਗੁਰੂ ਨੂੰ ਯਾਦ ਕਰੇਂਗਾ ? ਭਾਵ ਫਿਰ ਨਹੀਂ ਯਾਦ ਆਉਣਾ।

ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥ ੨੮ ॥

ਤੂੰ ਸਰੀਰ ਦੇ ਵਿਚ ਅਵਰੋ=ਹੋਰ ਵਿਸ਼ੇ ਸਬੰਧੀ ਕਿਤਾਬਾਂ ਨੂੰ ਪੜ੍ਹ ਰਿਹਾ ਹੈਂ, ਮੰਮਾ ਅਖਰੁ=ਮਧਸੂਦਨ, *ਅਥਵਾ:*-ਮਰਨਾ ਇਹ ਤਾਂ ਤੈਨੂੰ ਭੁੱਲ ਹੀ ਗਿਆ ਹੈ॥ ੨੮ ॥

ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥

ਯੱਯੇ ਦੁਆਰਾ ਕਥਨ ਕਰਦੇ ਹਨ, ਇਸ ਜੀਵ ਦਾ ਫਿਰ ਕਦੇ ਭੀ ਜਨਮ ਮਰਨ ਨਹੀਂ ਹੋਵੇਗਾ, ਜੇਕਰ ਇਹ ਸੱਚ ਸਰੂਪ ਨੂੰ ਪਛਾਨਣਾ ਕਰੇ।

ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥ ੨੯ ॥

ਮੁਖ ਗੁਰੂ ਉਪਦੇਸ਼ ਨੂੰ ਆਖਣ, ਤੇ ਗੁਰਮੁਖ ਜਗਿਆਸੂ ਬੁਝਣਾ ਕਰੇ, ਤਾਂ ਗੁਰ=ਪੂਜਯ, ਮੁਖਿ= ਅਧਿਸ਼ਠਾਨ ਰੂਪ ਇਕ ਪਰਮਾਤਮਾ ਨੂੰ ਜਾਣਦਾ ਹੈ॥ ੨੯ ॥

ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ ॥

ਰਾਰੇ ਦੁਆਰਾ ਕਥਨ ਕਰਦੇ ਹਨ, ਜਿਤਨੇ ਭੀ ਜੰਤ ਪੈਦਾ ਕੀਤੇ ਹਨ ਸਭਨਾਂ ਦੇ ਅੰਦਰ ਉਹ ਪਰਮੇਸ਼ਰ

ਰਵ ਰਿਹਾ ਹੈ।

ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ ॥ ੩੦ ॥

ਜੰਤਾ ਨੂੰ ਉਤਪੰਨ ਕਰਕੇ ਸਾਰਿਆਂ ਨੂੰ ਆਪੋ ਆਪਣੇ ਧੰਦਿਆਂ ਵਿਚ ਲੱਗਾ ਦਿੱਤਾ ਹੈ, ਜਿਸ ਦਾ ਪੂਰਬਲਾ ਕਰਮ ਕੋਈ ਚੰਗਾ ਪ੍ਰਗਟ ਹੋਇਆ ਹੈ, ਉਸਨੇ ਪਰਮੇਸ਼ਰ ਦਾ ਨਾਮ ਜਪ ਲਿਆ ਹੈ॥ ੩੦॥

ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥

ਲੱਲੇ ਦੁਆਰਾ ਕਥਨ ਕਰਦੇ ਹਨ, ਜਿਸ ਪਰਮੇਸ਼ਰ ਨੇ ਸ੍ਰਿਸ਼ਟੀ ਧੰਦਿਆਂ ਵਿਚ ਲਗਾ ਛੱਡੀ ਹੈ, ਉਸੀ ਨੇ ਮਾਇਆ ਦਾ ਮੋਹ ਮਿੱਠਾ ਕੀਤਾ ਹੈ।

ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ ॥ ੩੧ ॥

ਪਰੰਤੂ ਉਹ ਪੁਰਸ਼ ਖਾਣਾ ਪੀਣਾ=ਦੁੱਖ ਸੁਖ ਨੂੰ ਸਮ ਕਰਕੇ ਸਹਾਰਨਾ ਕਰਦਾ ਹੈ, ਜੋ ਪੁਰਸ਼ ਤਿਸ ਦੇ ਭਾਣੇ ਮੰਨਣੇ ਦੇ ਹੁਕਮ ਵਿਚ ਪਿਆ ਹੋਇਆ ਹੈ॥ ੩੧॥

ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ ॥

ਵੱਵੇ ਦੁਆਰਾ ਕਥਨ ਕਰਦੇ ਹਨ-ਜਿਸ ਵਾਸੁਦੇਉ=ਪਰਮਾਤਮਾ ਨੇ ਜੀਵ ਦੇ ਵੇਖਣ ਕਉ=ਅਜ਼ਮਾਇਸ਼ ਕਰਨੇ ਨੂੰ ਇਹ ਸ੍ਰਿਸ਼ਟੀ ਦਾ ਵੇਸ ਕੀਤਾ ਹੈ, ਕਿ ਮੇਰੇ ਵਿਚ ਲੱਗਦਾ ਹੈ ਯਾਂ ਦੁਨੀਆਂ ਵਿਚ ਲੱਗਦਾ ਹੈ। *ਅਥਵਾ:*-ਕੇਵਲ ਵੇਖਣੇ ਨੂੰ ਹੀ ਇਹ ਜਗਤ ਦਾ ਵੇਸ ਕੀਤਾ ਹੈ।

ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ੩੨ ॥

ਵੇਖਦਾ ਭੀ ਓਹੀ ਹੈ, ਰਸਾਂ ਨੂੰ ਚਾਖੈ=ਭੋਗਦਾ ਵੀ ਓਹੀ ਹੈ ਹੋਰ ਸਭ ਕੁਝ ਗੱਲ-ਬਾਤ ਨੂੰ ਓਹੀ ਜਾਣਦਾ ਹੈ, ਕਿਉਂਕਿ ਓਹੀ ਪਰਮਾਤਮਾ ਅੰਦਰ ਬਾਹਰ ਸੰਾਰੇ ਰਵ ਰਿਹਾ ਹੈ॥ ੩੨॥

ਝਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ ॥

ਝਾੜੇ ਦੁਆਰਾ ਕਥਨ ਕਰਦੇ ਹਨ-ਹੇ ਪ੍ਰਾਣੀ ! ਤੂੰ ਰਾੜਿ=ਝਗੜੇ ਕੀ ਕਰਦਾ ਹੈਂ? ਜੇ ਤੈਨੂੰ ਅਮਰ ਹੋਣ ਦੀ ਇੱਛਾ ਹੈ, ਤਾਂ ਤੂੰ ਉਸ ਪਰਮਾਤਮਾ ਨੂੰ ਧਿਆਉਣਾ ਕਰ।

ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ ॥ ੩੩ ॥

ਮਨ ਕਰਕੇ ਤਿਸ ਨੂੰ ਧਿਆਵੋ ਅਤੇ ਸੱਚ ਵਿਚ ਅਭੇਦ ਹੋਵੋ, ਗੁਰਮੁਖ ਪੁਰਸ਼ ਨੇ ਉਸ ਤੋਂ ਆਪਣੇ ਆਪ ਨੂੰ ਕੁਰਬਾਨ ਕੀਤਾ ਹੋਇਆ ਹੈ॥ ੩੩॥

ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥

ਹਾਹੇ ਦੁਆਰਾ ਕਥਨ ਕਰਦੇ ਹਨ, ਬਿਨਾਂ ਹਰੀ ਦੇ, ਹੋਰ ਕੋਈ ਦਾਤਾ ਨਹੀਂ ਹੈ, ਜਿਸ ਨੇ ਜੀਵਾਂ ਨੂੰ ਪੈਦਾ ਕਰਕੇ ਰਿਜਕੁ=ਖਾਣ ਪਾਣ ਦਿੱਤਾ ਹੈ।

ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ
ਅਨਦਿਨੁ ਲਾਹਾ ਹਰਿ ਨਾਮੁ ਲੀਆ ॥ ੩੪ ॥

ਹਰੀ ਨਾਮ ਨੂੰ ਧਿਆਵੋ, ਹਰੀ ਨਾਮੀ ਵਿਚ ਅਭੇਦ ਹੋਵੋ ਅਤੇ ਰਾਤ ਦਿਨੇ ਹਰੀ ਨਾਮ ਦਾ ਲਾਭ ਲੀਤਾ

ਕਰੈ॥ ੩੪॥

ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ॥

ਐੜੇ ਦੁਆਰਾ ਕਥਨ ਕਰਦੇ ਹਨ-ਜਿਸ ਪਰਮਾਤਮਾ ਨੇ ਆਪ ਇਹ ਸ੍ਰਿਸ਼ਟੀ ਪੈਦਾ ਕਰ ਛੱਡੀ ਹੈ ਅਤੇ ਜੋ ਕੁਝ ਉਸ ਨੇ ਕਰਨਾ ਹੈ, ਓਹੀ ਗੱਲ-ਬਾਤ ਆਪ ਕਰ ਰਿਹਾ ਹੈ।

ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥ ੩੫॥ ੧॥

ਉਹ ਆਪ ਹੀ ਕਰਦਾ ਕਰਾਉਂਦਾ, ਸਭ ਕੁਝ ਜਾਣਦਾ ਹੈ। ਗੁਰੂ ਜੀ ਕਹਿੰਦੇ ਹਨ, ਬੜੇ ਬੜੇ ਬਿਆਸ, ਵਸ਼ਿਸ਼ਟ ਆਦਿਕ ਸਾਇਰ=(ਸ਼ਾਇਰ) ਕਵੀਆਂ ਨੇ ਇਸ ਪ੍ਰਕਾਰ ਕਿਹਾ ਹੈ।

ਅਥਵਾ:-ਮੈਂ ਸਾਇਰ=ਕਵੀ ਨੇ ਇਸ ਪ੍ਰਕਾਰ ਉਸ ਦਾ ਜਸ ਕਿਹਾ ਹੈ॥ ੩੫॥ ੧॥

ਰਾਗੁ ਆਸਾ ਮਹਲਾ ੩ ਪਟੀ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸ੍ਰੀ ਗੋਇੰਦਵਾਲ ਵਿਚ ਪਾਂਧਾ ਲੜਕਿਆਂ ਨੂੰ ਪੜ੍ਹਾਉਂਦਾ ਸੀ ਅਤੇ ਮਨ ਦਾ ਕਪਟੀ ਹੋਣ ਕਰਕੇ ਖੋਟੀ ਸਿੱਖਿਆ ਦੇਂਦਾ ਸੀ ਤੇ ਇਕ ਜਜਮਾਨ ਦੀ ਲੜਕੀ ਦਾ ਨਾਤਾ ਕਰਵਾ ਕੇ ਵਿਚੋਂ ਉਸ ਨੇ ਵੱਢੀ ਖਾਧੀ ਸੀ। ਇਹ ਗੱਲ ਸੁਣ ਕੇ ਉਸ ਦੇ ਪ੍ਰਤੀ ਗੁਰੂ ਜੀ ਕਥਨ ਕਰਦੇ ਹਨ-

ਅਯੋ ਅੰਡੈ ਸਭੁ ਜਗੁ ਆਇਆ ਕਾਧੈ ਘੰਡੈ ਕਾਲੁ ਭਇਆ॥

ਅਯੋ=ਐੜੇ ਦੁਆਰਾ, ਅੰਡੈ=ਡੰਡੈ ਦੁਆਰਾ ਸਾਰਾ ਜਗਤ ਉਤਪੰਨ ਹੋ ਆਇਆ ਹੈ। ਕਾ=ਕੱਕੇ ਦੁਆਰੇ, ਖੈ=ਖਖੇ ਦੁਆਰੇ, ਘੰਡੈ=ਘੱਘੇ ਦੁਆਰੇ ਪੁਨਾ ਇਸ ਜਗਤ ਦਾ ਕਾਲ ਹੋ ਗਿਆ।

ਅਥਵਾ:-ਜੋ ਪਰਮਾਤਮਾ ਸਾਰੇ ਅੰਗਾਂ ਵਿਚ ਆ ਰਿਹਾ ਹੈ, ਉਸ ਤੋਂ ਸਾਰਾ ਜਗਤ ਉਤਪੰਨ ਹੋ ਆਇਆ ਹੈ। ਇਹ ਜਗਤ ਖੈ ਦਾ ਘੰਡੈ=ਘਰ ਕਾ=ਕੀਤਾ ਹੈ, ਇਸੀ ਤੇ ਇਸ ਦਾ ਕਾਲ ਭਇਆ=ਹੋ ਗਿਆ।

ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ॥ ੧॥

ਰੀਰ੍ਹੀ ਦੁਆਰਾ ਲਲ੍ਹੀ ਦੁਆਰਾ ਇਹ ਜੀਵ ਪਾਪ ਕਰਮਾਂ ਨੂੰ ਕਮਾਉਂਦਾ ਹੈ,

ਅਥਵਾ:- ਰੀ=ਹੇ ਭਾਈ ! ਰੀ=ਇੰਦ੍ਰੀਆਂ ਦੇ ਲਲੀ=ਲਾਲਚ ਵਿਚ ਲੱਗ ਕੇ ਇੰਦ੍ਰੀ ਨਾਲ ਪਾਪ ਕਰਮ ਕਮਾਉਂਦਾ ਹੈ। ਔਗੁਣ ਸਬੰਧੀ ਕਿਤਾਬਾਂ ਦੇ ਪੜ੍ਹਨ ਨਾਲ ਸ਼ੁਭ ਗੁਣ ਤਾਂ ਵਿਸਰ ਗਏ ਹਨ॥ ੧॥

ਮਨ ਐਸਾ ਲੇਖਾ ਤੂੰ ਕੀ ਪੜਿਆ॥

ਲੇਖਾ ਦੇਣਾ ਤੇਰੈ ਸਿਰਿ ਰਹਿਆ॥ ੧॥ ਰਹਾਉ॥

ਹੇ ਮਨ ! ਅਜਿਹਾ ਲੇਖਾ ਤੂੰ ਕੀ ਪੜ੍ਹ ਰਿਹਾ ਹੈਂ ਅਤੇ ਲੜਕਿਆਂ ਨੂੰ ਪੜ੍ਹਾ ਰਿਹਾ ਹੈਂ। ਜਿਸ ਕਰਕੇ ਪ੍ਰਲੋਕ ਦਰਗਾਹ ਵਿਚ ਜਾ ਕੇ ਲੇਖਾ ਦੇਣਾ ਤੇਰੇ ਸਿਰ ਉੱਤੇ ਜਿਉਂ ਦਾ ਤਿਉਂ ਬਣਿਆ ਹੀ ਰਿਹਾ ਹੈ॥ ੧॥ ਰਹਾਉ॥

ਸਿਧੰਛਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ॥

ਓਅੰ ਨਮਹ ਸੀਧੰ, ਦੁਆਰਾ ਤੂੰ ਪਰਮੇਸ਼ਰ ਨੂੰ ਸਿਮਰਦਾ ਨਹੀਂ। *ਅਥਵਾ:*- ਜੋ ਸਿਧ ਰੂਪ ਪ੍ਰਮਾਤਮਾ ਸਭ ਅੰਗਾਂ ਵਿਚ ਆ ਰਿਹਾ ਹੈ, ਉਸ ਨੂੰ ਤੂੰ ਸਿਮਰਦਾ ਨਹੀਂ। ਨੰਨੇ ਦੁਆਰਾ ਕਥਨ ਕਰਦੇ ਹਨ ਅਤੇ ਨਾ ਹੀ ਤੂੰ

ਨਾਮ ਨੂੰ ਲਿਆ ਹੈ।

ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ ॥ ੨ ॥

ਛੱਛੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਰਾਤ ਦਿਨ ਦੀ ਸੰਗਿਆ ਕਰਕੇ ਤੇਰੀ ਉਮਰਾ ਛਿਜਦੀ ਜਾਂਦੀ ਹੈ। ਜਿਸ ਵੇਲੇ ਜਮਦੂਤਾਂ ਨੇ ਆ ਕੇ ਤੈਨੂੰ ਫੜਿਆ ਤਾਂ ਤੂੰ ਕਿਵੇਂ ਛੁੱਟੇਂਗਾ ॥ ੨ ॥

ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥

ਬੱਬੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ=ਮੂਰਖ ! ਤੂੰ ਪਰਮੇਸ਼ਰ ਨੂੰ ਬੁਝਦਾ ਨਹੀਂ, ਭਰਮ ਵਿਚ ਭੁਲਣ ਕਰਕੇ ਤੇਰਾ ਮਨੁੱਖਾ ਜਨਮ ਨਿਸਫਲ ਚਲਾ ਗਿਆ।

ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥ ੩ ॥

ਤੂੰ ਅਣਹੋਂਦਾ ਹੀ ਆਪਣਾ ਨਾਮ ਪਾਂਧਾ ਰੱਖਵਾ ਲੀਤਾ ਹੈ ਪਰੰਤੂ ਤੂੰ ਪਾਂਧਾ ਅਖਵਾਉਣ ਦੇ ਯੋਗ ਨਹੀਂ। ਪਾਂਧਾ ਨਾਂ ਰੱਖਵਾ ਕੇ ਸਗੋਂ ਤੂੰ ਹੋਰਨਾਂ ਦਾ ਭਾਰ ਪਾਪਾਂ ਦਾ ਆਪਣੇ ਸਿਰ ਤੇ ਚੁੱਕ ਲਿਆ ਹੈ ॥ ੩ ॥

ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥

ਜੱਜੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ=ਮੂਰਖਾ ! ਤੇਰੀ ਜੋਤਿ=ਸ਼ੁਭ ਗਿਆਤ ਪ੍ਰਮਾਤਮਾ ਨੇ ਹਿਰਿ ਲਈ=ਖੋਹ ਲਈ ਹੈ, ਅੰਤਿ=ਪ੍ਰਾਣਾਂ ਦੇ ਵਿਜੋਗ ਕਾਲ ਵਿਚ ਤੂੰ ਪ੍ਰਲੋਕ ਵਿਚ ਗਿਆ ਹੋਇਆ ਪਸ਼ਚਾਤਾਪ ਕਰੇਂਗਾ।

ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥ ੪ ॥

ਇਕ ਗੁਰਾਂ ਦੇ ਸਬਦੁ=ਉਪਦੇਸ਼ ਨੂੰ ਤੂੰ ਚੀਨਹਿ=ਜਾਣਦਾ ਨਹੀਂ ਹੈਂ, ਇਸ ਲਈ ਬਾਰ-ਬਾਰ ਤੂੰ ਜੂਨਾਂ ਵਿਚ ਆਵੇਂਗਾ ॥ ੪ ॥

ਇਸ ਪੰਡਿਤ ਨੇ ਵੱਢੀ ਲੈ ਕੇ ਮੰਗੇਵਾ ਕਰਵਾਇਆ ਸੀ, ਇਸ ਕਰਕੇ ਇਸ ਨੂੰ ਮੂੜਾ ਪਦ ਦਿੱਤਾ ਹੈ।

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥

ਹੇ ਪੰਡਿਤ ! ਜੋ ਤੇਰੇ ਸਿਰ ਤੇ ਮੰਦ ਲੇਖ ਲਿਖਿਆ ਹੋਇਆ ਹੈ, ਉਸ ਨੂੰ ਤੂੰ ਆਪ ਹੀ ਪੜ੍ਹ, ਭਾਵ ਭੋਗ, ਹੋਰਨਾਂ ਲੜਕਿਆਂ ਨੂੰ ਤੂੰ ਬਿਖਿਆ=ਵਿਹੁ ਵਾਂਗ ਦੁਖਦਾਈ ਸਿੱਖਿਆ ਨਾ ਸਿਖਾ। ਜੇ ਤੂੰ ਮੰਦ ਸਿੱਖਿਆ ਸਿਖਾਵੇਂਗਾ, ਤਾਂ ਹੇ ਪਾਂਧੇ !

[ਪੰਨਾ ੪੩੫]

ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥ ੫ ॥

ਪਹਿਲੋਂ ਤੇਰੇ ਗਲ ਵਿਚ ਫਾਹ ਪਵੇਗਾ, ਪਿਛੋਂ ਚਾਟੜਿਆ=(ਚਾਟੜਿਆਂ) ਬੱਚਿਆਂ ਦੇ ਗਲ ਵਿਚ ਫਾਹ ਪਵੇਗਾ ॥ ੫ ॥

ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਾਇਆ ॥ ੬ ॥

ਸੱਸੇ ਦੁਆਰਾ ਕਥਨ ਕਰਦੇ ਹਨ- ਹੇ ਮੂੜੇ ! ਤੇਰਾ ਸੱਚਾ ਸੰਜਮ ਤਾਂ ਦੂਰ ਹੋ ਗਿਆ ਹੈ, ਕਿਉਂਕਿ ਇਕ ਦਾਨ ਤੂੰ ਖੋਟੀ ਥਾਂ ਦਾ ਲੈ ਲਿਆ ਹੈ। ਕਿਹੜਾ? ਕਿ ਸਾਈਂ=ਉਹ ਜਿਹੜੀ ਜਜਮਾਨ ਦੀ ਪੁਤਰੀ ਸੀ, ਸਾ=ਉਹ ਤੇਰੀ ਹੀ ਪੁਤ੍ਰੀ ਸੀ, ਤੂੰ ਉਸ ਵਿਚੋਂ ਵੱਢੀ ਕਿਉਂ ਖਾਧੀ ਹੈ, ਇਸ ਧਾਨ ਭਾਵ ਅੰਨ ਦੇ ਖਾਣੇ ਕਰਕੇ ਤੇਰਾ ਮਨੁੱਖਾ ਜਨਮ ਨਿਸਫਲ ਚਲਾ ਗਿਆ ਹੈ॥ ੬॥

ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥

ਮੰਮੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਤੇਰੀ ਸ਼ੁਭ ਮਤੀ ਹਰੀ ਨੇ ਹਿਰਿ ਲਈ=ਖੋਹ ਲਈ ਹੈ, ਕਿਉਂਕਿ ਤੇਰੇ ਅੰਦਰ ਇਕ ਹਉਮੈ ਰੂਪੀ ਵੱਡਾ ਭਾਰੀ ਰੋਗ ਪਿਆ ਹੋਇਆ ਹੈ।

ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ॥ ੭॥

ਹਿਰਦੇ ਅੰਦਰ ਆਪਣੇ ਆਪ ਨੂੰ ਤੂੰ ਬ੍ਰਹਮ ਰੂਪ ਕਰਕੇ ਨਹੀਂ ਜਾਣਿਆਂ।

ਅਥਵਾ:-ਆਤਮੈ=ਮਨ ਵਿੱਚ ਤੂੰ ਬ੍ਰਹਮ ਨੂੰ ਨਹੀਂ ਜਾਣਿਆਂ ਅਤੇ ਮਾਇਆ ਦਾ ਮੁਹਤਾਜੁ=ਮੁਥਾਜ, ਭਾਵ ਅਧੀਨ ਹੋ ਰਿਹਾ ਹੈਂ॥ ੭॥

ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥

ਕੱਕੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਤੂੰ ਕਾਮ ਕ੍ਰੋਧ ਆਦਿਕਾਂ ਵਿਚ ਭਰਮ ਰਿਹਾ ਹੈਂ ਪਦਾਰਥ ਦੀ ਮਮਤਾ ਵਿਚ ਲੱਗਣ ਕਰਕੇ ਤੈਨੂੰ ਹਰੀ ਭੁਲ ਗਿਆ ਹੈ।

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥ ੮॥

ਤੂੰ ਕਿਤਾਬਾਂ ਨੂੰ ਪੜ੍ਹਦਾ, ਗੁਣਹਿ=ਵਿਚਾਰਦਾ ਅਤੇ ਬਹੁਤ ਪੁਕਾਰਦਾ ਹੈਂ, ਪਰੰਤੂ ਸਿਧਾਂਤ ਦੇ ਬੁਝੇ ਤੋਂ ਬਿਨਾਂ ਹੀ ਤੂੰ (ਸੰਸਾਰ-ਸਮੁੰਦ੍ਰ ਵਿਚ) ਡੁੱਬ ਕੇ ਮਰ ਗਿਆ ਹੈਂ॥ ੮॥

ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ॥

ਤੱਤੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਤਮੋ ਗੁਣ ਵਿਚ ਤੂੰ ਜਲਿਓਹੁ=ਸੜ ਰਿਹਾ ਹੈ, ਥੱਥੇ ਦੁਆਰਾ ਕਥਨ ਕਰਦੇ ਹਨ-ਜਿਸ ਥਾਂ ਤੇ ਤੂੰ ਬੈਠਦਾ ਹੈਂ ਓਹ ਥਾਂ ਵੀ ਭਰਿਸ਼ਟ ਹੋ ਜਾਂਦਾ ਹੈ।

ਅਥਵਾ:- ਸਰੂਪ-ਥਾਂ ਵਲੋਂ ਤੂੰ ਭਰਿਸ਼ਟ ਹੋ ਰਿਹਾ ਹੈਂ।

ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ॥ ੯॥

ਘੱਘੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਤੂੰ ਘਰਾਂ ਘਰਾਂ ਵਿਚ ਹੰਦੇ ਮੰਗਦਾ ਫਿਰਦਾ ਹੈਂ, ਦੱਦੇ ਦੁਆਰਾ ਕਥਨ ਕਰਦੇ ਹਨ, ਤੂੰ ਸ੍ਰੇਸ਼ਟ ਦਾਨ ਨਾ ਲਿਆ, ਅਰਥਾਤ ਜੋ ਦਾਨ ਲੈਣਾ ਤੈਨੂੰ ਯੋਗ ਸੀ, ਉਸ ਤੂੰ ਲਿਆ ਨਹੀਂ।

ਅਥਵਾ:- ਪਰਮੇਸ਼ਰ ਦਾ ਦਾਨੁ=ਜਾਂਨਣਾ ਤੂੰ ਨਾ ਲਿਆ॥ ੯॥

ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ॥

ਪੱਪੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਤੂੰ ਸੰਸਾਰ ਤੋਂ ਪਾਰ ਨਹੀਂ ਪਵੇਂਗਾ, ਕਿਉਂਕਿ ਤੂੰ ਪਰਪੰਚਿ= ਛਲਵਲ ਦੇ ਕਰਨ ਵਿਚ ਪਲਚਿ=ਤਦਾਕਾਰ ਹੋ ਰਿਹਾ ਹੈਂ।

ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ ॥ ੧੦ ॥

ਹੇ ਮੂੜੇ ! ਤੇਰੇ ਕਰਮਾਂ ਅਨੁਸਾਰ ਸੱਚੇ ਨੇ ਆਪ ਤੈਨੂੰ ਖੁਆਇਓਹੁ=ਭੁਲਾਇਆ ਹੈ, ਤੇਰੇ ਸਿਰ ਉੱਤੇ ਲੇਖ ਹੀ ਏਹੋ ਜੇਹਾ ਪਿਆ ਹੋਇਆ ਹੈ॥ ੧੦ ॥

ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥
ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥ ੧੧ ॥

ਭੱਭੇ ਦੁਆਰਾ ਕਥਨ ਕਰਦੇ ਹਨ, ਹੇ ਮੂੜੇ ! ਤੂੰ ਸੰਸਾਰ-ਸਮੁੰਦ੍ਰ ਵਿਚ ਡੁੱਬ ਰਿਹਾ ਹੈਂ ਅਤੇ ਮਾਇਆ ਦੇ ਵਿਚ ਤੂੰ ਗਲਤਾਨ ਹੋ ਰਿਹਾ ਹੈਂ, ਗੁਰਾਂ ਦੀ ਕਿਰਪਾ ਦੁਆਰਾ ਜੇ ਤੂੰ ਇਕ ਵਾਹਿਗੁਰੂ ਨੂੰ ਜਾਣੇਂ, ਤਾਂ ਇਕ ਘੜੀ ਦੇ ਵਿਚ ਹੀ ਤੂੰ ਪਾਰ ਪੈ ਜਾਵੇਂਗਾ॥ ੧੧ ॥

ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥

ਵੱਵੇ ਦੁਆਰਾਂ ਕਥਨ ਕਰਦੇ ਹਨ-ਹੇ ਮੂੜੇ ! ਮਨੁੱਖਾ ਦੇਹ ਦੀ ਪ੍ਰਾਪਤੀ ਰੂਪ ਵਾਰੀ ਆ ਕੇ ਮਿਲੀ ਹੈ; ਪਰੰਤੂ ਵਾਸਾ ਦੇਣ ਵਾਲਾ ਜੋ ਪਰਮੇਸ਼ਰ ਹੈ, ਉਹ ਤੈਨੂੰ ਭੁਲ ਗਿਆ ਹੈ।

ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥ ੧੨ ॥

ਹੇ ਮੂਰਖ ! ਏਹ ਮਨੁੱਖਾ ਦੇਹ ਦੀ ਪ੍ਰਾਪਤੀ ਦਾ ਵੇਲਾ ਫਿਰ ਤੂੰ ਨਹੀਂ ਲਵੇਂਗਾ, ਫਿਰ ਤਾਂ ਤੂੰ ਜਮਾਂ ਦੇ ਵਸ ਵਿਚ ਪੈ ਜਾਵੇਂਗਾ॥ ੧੨ ॥

ਝਝੈ ਕਦੇ ਨ ਝੁਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥

ਝੱਝੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਤੂੰ ਕਦੇ ਨਹੀਂ ਝੁਰੇਂਗਾ, ਇਕ ਵਾਰੀ ਸਤਿਗੁਰਾਂ ਦੇ ਉਪਦੇਸ਼ ਨੂੰ ਤੂੰ ਸੁਣ ਵੇਖ। *ਅਥਵਾ:-* ਵਿਖਾ= ਰੰਚਕ ਮਾਤ੍ਰ, *ਅਥਵਾ:-* ਵਿਖਾ=ਕਦਮਾਂ ਨਾਲ ਚੱਲ ਕੇ ਗੁਰਾਂ ਪਾਸੋਂ ਉਪਦੇਸ਼ ਸੁਣਨਾ ਕਰ।

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥ ੧੩ ॥

ਸਤਿਗੁਰਾਂ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ, *ਅਥਵਾ:-* ਪੂਜਨੀਕ ਨਹੀਂ। ਜੋ ਪੁਰਸ਼ ਨਿਗੁਰਾ ਹੈ, ਉਸ ਦਾ ਨਾਂ ਲੈਣਾ ਹੀ ਬੁਰਾ ਹੈ॥ ੧੩ ॥

ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ ॥

ਧੱਧੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਧਾਵਤ=ਭੱਜੇ ਜਾਂਦੇ ਮਨ ਨੂੰ ਵਰਜਿ=ਰੋਕ ਰੱਖ, ਤਾਂ ਤੇਰੇ ਅੰਦਰ ਨਿਧੀਆਂ ਦਾ ਖ਼ਜ਼ਾਨੇ ਪਰਮੇਸ਼ਰ ਸਾਖਿਆਤਕਾਰ ਹੋ ਪਵੇਗਾ।

ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ ॥੧੪ ॥

ਜੇ ਤੂੰ ਗੁਰਮੁਖ ਹੋ ਜਾਵੇਂ ਤਾਂ ਤੂੰ ਹਰੀ-ਰਸ ਨੂੰ ਪੀਵੇਂਗਾ ਅਤੇ ਜੁਗਾਂ ਜੁਗਾਂ ਦੇ ਅੰਦਰ ਖਾਣੇ ਜੋਗ ਬ੍ਰਹਮਾਨੰਦ ਦੇ ਖਾਣ ਵਿਚ ਪਵੇਂਗਾ। *ਅਥਵਾ:-* ਜੁਗਾਂ ਜੁਗਾਂ ਵਿਚ ਪਿਆ ਖਾਏਂਗਾ ਤਾਂ ਭੀ ਉਹ ਮੁੱਕੇਗਾ ਨਹੀਂ॥ ੧੪ ॥

ਗਰੈ ਗੋਬਿਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ ॥

ਗੱਰੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਗੋਬਿੰਦ ਨੂੰ ਯਾਦ ਕਰ, ਗੱਲਾਂ ਦੇ ਕਰਨ ਨਾਲ ਉਸ ਨੂੰ ਕਿਸੀ ਨੇ ਭੀ ਨਹੀਂ ਪਾਇਆ।

ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥

ਹੇ ਮੂੜੇ ! ਗੁਰਾਂ ਦੇ ਚਰਨਾਂ ਨੂੰ ਤੂੰ ਆਪਣੇ ਹਿਰਦੇ ਵਿਚ ਵਸਾ, ਤਾਂ ਗੁਰੂ ਸਾਹਿਬ ਜੀ ਤੇਰੇ ਪਿਛਲੇ ਔਗੁਣਾਂ ਨੂੰ ਬਖਸ਼ ਲੈਣਗੇ॥ ੧੫॥

ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ॥

ਹਾਹੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ .! ਤੂੰ ਹਰੀ ਦੀ ਕਥਾ ਨੂੰ ਬੁਝਣਾ ਕਰ, ਤਾਂ ਤੈਨੂੰ ਨਿਤ ਸੁਖ ਦੀ ਪਰਾਪਤੀ ਹੋਵੇਗੀ।

ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ॥੧੬॥

ਮਨਮੁਖ ਪੁਰਸ਼ ਜਿਤਨਾ ਪੜ੍ਹਦਾ ਹੈ, ਤਿਤਨਾ ਦੁੱਖ ਲੱਗਦਾ ਹੈ। ਸਤਿਗੁਰਾਂ ਤੋਂ ਬਿਨਾਂ ਮੁਕਤੀ ਨਹੀਂ ਪ੍ਰਾਪਤ ਹੁੰਦੀ॥ ੧੬॥

ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ॥

ਰਾਰੇ ਦੁਆਰਾ ਕਥਨ ਕਰਦੇ ਹਨ-ਹੇ ਮੂੜੇ ! ਤੂੰ ਰਾਮ ਨੂੰ ਚੇਤੇ ਕਰ, ਜਿਨ੍ਹਾਂ ਗੁਰਾਂ ਦੇ ਹਿਰਦੇ ਵਿਚ ਉਹ ਰਾਮ ਰਵ ਰਿਹਾ ਹੈ।

ਗੁਰ ਪਰਸਾਦੀ ਜਿਨ੍ੀ ਰਾਮੁ ਪਛਾਤਾ ਨਿਰਗੁਣ ਰਾਮੁ ਤਿਨ੍ੀ ਬੂਝਿ ਲਹਿਆ ॥੧੭॥

ਉਨ੍ਹਾਂ ਗੁਰਾਂ ਦੀ ਕਿਰਪਾ ਦੁਆਰਾ ਜਿਨ੍ਹਾਂ ਪੁਰਸ਼ਾਂ ਨੇ ਰਾਮ ਨੂੰ ਪਛਾਣਿਆ ਹੈ, ਉਨ੍ਹਾਂ ਨੇ ਨਿਰਗੁਣ ਰਾਮ ਨੂੰ ਬੂਝਿ=ਸਮਝ ਲੀਤਾ ਹੈ॥ ੧੭॥

ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ॥

ਹੇ ਪਰਮੇਸ਼ਰ ! ਆਪ ਦਾ ਅੰਤ ਜਾਣਿਆਂ ਨਹੀਂ ਜਾਂਦਾ ਅਤੇ ਹੇ ਅਕੱਥ ਹਰੀ ! ਤੂੰ ਕਥਿਆ=ਬਿਆਨ ਭੀ ਨਹੀਂ ਕੀਤਾ ਜਾਂਦਾ।

ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ
ਤਿਨ੍ ਕਾ ਲੇਖਾ ਨਿਬੜਿਆ॥੧੮॥੧॥੨॥

ਗੁਰੂ ਜੀ ਕਥਨ ਕਰਕੇ ਹਨ-ਜਿਸ ਨੂੰ ਸਤਿਗੁਰੂ ਮਿਲਿਆ ਹੈ, ਉਸ ਦਾ ਲੇਖਾ=ਹਿਸਾਬ ਸਾਰਾ ਨਿਬੜ ਗਿਆ ਹੈ॥ ੧੮॥ ੧॥ ੨॥

ਰਾਗੁ ਆਸਾ ਮਹਲਾ ੧ ਛੰਤ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਗੁਰੂ ਸਾਹਿਬ ਜੀ ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ।

ਜਗਿਆਸੂ ਨੇ ਆ ਕੇ ਬੇਨਤੀ ਕੀਤੀ ਕਿ ਹੇ ਸੰਤ ਜੀ ! ਆਪ ਜੀ ਨੂੰ ਉਸ ਪਰਮਾਤਮਾ ਦੀ ਪ੍ਰਾਪਤੀ ਕਿਵੇਂ

ਹੋਈ ਹੈ? ਅਤੇ ਉਹ ਪਤੀ ਕਿਹੋ ਜਿਹਾ ਹੈ? ਇਹ ਗੱਲ ਸੁਣ ਕੇ ਮਹਾਤਮਾ ਉੱਤਰ ਦੇਂਦੇ ਹਨ-

ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥

ਹੇ ਜਗਿਆਸੂ ਰੂਪ ਮੁੰਧ=ਇਸਤ੍ਰੀ ਸ਼ੌਕ ਅਵਸਥਾ ਰੂਪ ਜੋਬਨ ਵਾਲੀ ਮੇਰਾ ਰਾਮ ਪਿਰੁ=ਪਤੀ ਰਲੀਆਲਾ= ਖੁਸ਼ੀਆਂ ਵਾਲਾ ਹੈ, *ਅਥਵਾ:-* ਰਲੀਆ=ਖੁਸ਼ੀਆਂ ਦਾ ਆਲਾ=ਘਰ ਹੈ।

ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ ॥

ਮੈਂ ਧਨ ਦਾ ਉਸ ਪਿਰੀ ਵਿਚ ਘਣਾ ਨੇਹੁ=ਬਹੁਤਾ ਪ੍ਰੇਮ ਹੈ, ਜਿਸ ਦਿਆਲੂ ਰਾਮ ਦੀ ਰਸਿ=ਪ੍ਰੇਮੀਆਂ ਵਿਚ ਪ੍ਰੀਤੀ ਹੈ।

[ਪੰਨਾ ੪੩੬]

ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ ॥

ਉਦੋਂ ਇਸ ਜਗਿਆਸੂ ਰੂਪ ਧਨ=ਇਸਤ੍ਰੀ ਦਾ ਪਿਰਹਿ ਸੁਆਮੀ=ਪਤੀ ਮਾਲਕ ਨਾਲ ਤਾਂ ਮਿਲਾਪ ਹੁੰਦਾ ਹੈ, ਜਦੋਂ ਆਪ ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇ।

ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ ॥

ਪਤੀ ਦੇ ਸੰਗ ਹੋਣ ਕਰਕੇ ਅੰਤਹਕਰਣ ਰੂਪੀ ਸਿਹਜਾ ਸੋਭਨੀਕ ਹੋਈ ਤੇ ਅੰਤਹਕਰਣ ਰੂਪੀ ਸਰੋਵਰ ਸ਼ਾਂਤੀ ਰੂਪ ਅੰਮ੍ਰਿਤ ਨਾਲ ਭਰਿਆ।

ਅਥਵਾ:- ਪੰਜ ਗਿਆਨ ਇੰਦ੍ਰੀਏ ਤੇ ਮਨ ਬੁੱਧੀ ਇਹ ਸੱਤ ਸਰੋਵਰ ਨਾਮ ਅੰਮ੍ਰਿਤ ਨਾਲ ਭਰੇ ਗਏ।

ਅਥਵਾ:- ਅੰਤਹਕਰਣ ਰੂਪੀ ਸਰੋਵਰ ਸਤ-ਚਾਰ ਸਾਧਨ ਤੇ ਸ੍ਰਵਨ ਮੰਨਨ ਨਿਧਿਆਸਣ ਰੂਪ ਅੰਮ੍ਰਿਤ ਨਾਲ ਭਰੇ ਗਏ।

ਹੇ ਜਗਿਆਸੂ ! ਤੂੰ ਪਰਮੇਸ਼ਰ ਅੱਗੇ ਇੰਞ ਬੇਨਤੀ ਕਰ, ਕਿ-

ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ ॥

ਹੇ ਸੱਚੇ ਦਿਆਲੂ ! ਮਇਆ ਸਰੂਪ ਤੂੰ ਦਇਆ ਕਰ, ਜੋ ਗੁਰ ਉਪਦੇਸ਼ ਨਾਲ ਮਿਲ ਕੇ ਗੁਣ ਗਾਵਾਂ।

ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ ॥ ੧ ॥

ਮੈਂ ਹਰੀ ਰੂਪ ਪਤੀ ਨੂੰ ਵੇਖ ਕੇ ਆਨੰਦ ਹੋਈ ਹਾਂ, ਮੈਂ ਮੁੰਧ ਦੇ ਮਨ ਵਿਚ ਬੜਾ ਉਤਸ਼ਾਹ ਹੋਇਆ ਹੈ॥ ੧ ॥

ਮੁੰਧ ਸਹਜਿ ਸਲੋਨੜੀਏ ਇਕ ਪ੍ਰੇਮ ਬਿਨੰਤੀ ਰਾਮ ॥
ਮੈ ਮਨਿ ਤਨਿ ਹਰਿ ਭਾਵੈ ਪ੍ਰਭ ਸੰਗਮਿ ਰਾਤੀ ਰਾਮ ॥

ਹੇ ਮੁੰਧ=ਜਗਿਆਸੂ ਰੂਪ ਇਸਤ੍ਰੀ ! ਸਹਜੇ ਹੀ ਸੁਰਤੀ ਸਿੰਮ੍ਰਿਤੀ ਰੂਪ ਸੁੰਦਰ ਨੇਤ੍ਰਾਂ ਵਾਲੀਏ, ਰਾਮ ਦੇ ਅੱਗੇ ਇਕ ਪ੍ਰੇਮ ਪੂਰਬਕ ਬੇਨਤੀ ਕਰ। ਕਿਉਂਕਿ ਮੇਰੇ ਮਨ ਤਨ ਦੇ ਵਿਚ ਹਰੀ ਭਾਉਂਦਾ ਹੈ ਅਤੇ ਉਸੇ ਪ੍ਰਭੂ ਰਾਮ ਦੇ ਨਾਲ ਬਿਰਤੀ ਰਤੀ ਹੈ।

ਪ੍ਰਭ ਪ੍ਰੇਮਿ ਰਾਤੀ ਹਰਿ ਬਿਨੰਤੀ ਨਾਮਿ ਹਰਿ ਕੈ ਸੁਖਿ ਵਸੈ॥

ਹਰੀ ਅੱਗੇ ਬੇਨਤੀ ਕਰਕੇ ਜੋ ਪ੍ਰਭੂ ਦੇ ਪ੍ਰੇਮ ਵਿਚ ਰੰਗੀ ਹੋਈ ਹੈ, ਤੇ ਹਰੀ ਦੇ ਨਾਮ ਨੂੰ ਜਪਦੀ ਹੈ ਅਤੇ ਉਹ ਸੁਖ ਵਿਚ ਵਸਦੀ ਹੈ।

ਤਉ ਗੁਣ ਪਛਾਣਹਿ ਤਾ ਪ੍ਰਭੁ ਜਾਣਹਿ ਗੁਣਹ ਵਸਿ ਅਵਗਣ ਨਸੈ॥

ਉਸ ਦੀ ਪ੍ਰਾਪਤੀ ਦੇ ਗੁਣਾਂ ਨੂੰ ਪਛਾਣੇ ਤਾਂ ਪ੍ਰਭੂ ਨੂੰ ਜਾਣਦੀ ਹੈ, ਉਹ ਪਰਮਾਤਮਾ ਗੁਣਾਂ ਕਰਕੇ ਵਸੀਕਾਰ ਹੁੰਦਾ ਹੈ। ਔਗੁਣਾਂ ਕਰਕੇ ਨੱਸ ਜਾਂਦਾ ਹੈ। *ਅਥਵਾ:-* ਗੁਣਾਂ ਦੇ ਵਸਣ ਕਰਕੇ ਔਗੁਣ ਨੱਸ ਜਾਂਦੇ ਹਨ।

ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਣਿ ਸੁਨਣਿ ਨ ਧੀਜਏ॥

ਆਪ ਜੀ ਤੋਂ ਬਿਨਾਂ ਇਕ ਤਿਲ ਭਰ ਸਮਾਂ ਭੀ ਰਹਿ ਨਹੀਂ ਸਕਦੀ ਕਿਉਂਕਿ ਕਹਿਣ ਸੁਣਨ ਨਾਲ ਮਨ ਧੀਰਜ ਨੂੰ ਪ੍ਰਾਪਤ ਨਹੀਂ ਹੁੰਦਾ।

ਨਾਨਕਾ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ॥ ੨॥

ਗੁਰੂ ਜੀ ਕਥਨ ਕਰਦੇ ਹਨ-ਪਿਰੀ ਪਿਰੀ ਕਰਕੇ ਮੈਂ ਪੁਕਾਰਦੀ ਹਾਂ ਏਸੇ ਰਸ ਵਿਚ ਰਸਨਾ ਤੇ ਮਨ ਭਿੱਜਾ ਹੋਇਆ ਹੈ॥ ੨॥

ਸਖੀਹੋ ਸਹੇਲੜੀਹੋ ਮੇਰਾ ਪਿਰੁ ਵਣਜਾਰਾ ਰਾਮ॥

ਸਖੀ ਹੋ ਸਹੇਲੜੀ ਹੋ=ਹੇ ਪਿਆਰੀ ਸਖੀਓ ! ਮੇਰਾ ਮਨ ਰਾਮ ਪਿਰੀ ਦਾ ਵਣਜਾਰਾ ਹੋ ਰਿਹਾ ਹੈ।

ਹਰਿ ਨਾਮੋ ਵਣੰਜੜਿਆ ਰਸਿ ਮੋਲਿ ਅਪਾਰਾ ਰਾਮ॥

ਮੈਂ ਹਰੀ ਨਾਮ ਨੂੰ ਵਣੰਜੜਿਆ=ਖਰੀਦਿਆ ਹੈ, ਅਪਾਰ ਰਾਮ ਦੀ ਪ੍ਰਾਪਤੀ ਦਾ ਮੁਲ ਰਸਿ=ਪ੍ਰੇਮ ਹੀ ਹੈ।

ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈ ਤਾ ਮੁੰਧ ਭਲੀ॥

ਉਹ ਪ੍ਰਤੱਖ ਮੁਲ ਤੋਂ ਅਮੁਲ ਹੈ, ਉਹ ਸੱਚਾ ਢੋਲੋ=ਪਿਆਰਾ ਘਰ ਦੇ ਵਿਚ ਹੀ ਹੈ, ਉਸ ਪ੍ਰਭੂ ਨੂੰ ਭਾਵੇ ਤਾਂ ਇਹ ਜਗਿਆਸੂ ਰੂਪੀ ਇਸਤ੍ਰੀ ਭਲੀ ਹੈ।

ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ ਪੁਕਾਰੀ ਦਰਿ ਖਲੀ॥

ਇਕ ਉੱਤਮ ਸਖੀਆਂ ਹਰੀ ਦੇ ਨਾਲ ਮਿਲ ਕੇ ਰਲੀਆ=ਖੁਸ਼ੀਆਂ ਕਰਦੀਆਂ ਹਨ ਅਤੇ ਮੈਂ ਸਤਿਸੰਗ ਦਰਵਾਜ਼ੇ 'ਪਰ ਖਲੋ ਕੇ ਪੁਕਾਰ ਕਰਦੀ ਹਾਂ। ਮਹਾਤਮਾ ਕਹਿੰਦੇ ਹਨ-

ਕਰਣ ਕਾਰਣ ਸਮਰਥ ਸ੍ਰੀਧਰ ਆਪਿ ਕਾਰਜੁ ਸਾਰਏ॥

ਸ੍ਰੀ ਧਰ=ਸੋਭਾ, ਵਾ:-ਮਾਇਆ ਦੇ ਧਾਰਨ ਵਾਲਾ ਪਰਮੇਸ਼ਰ ਸਭ ਕਾਰਣਾਂ ਦੇ ਕਰਨ ਨੂੰ ਸਮਰੱਥ ਹੈ, ਜਿਸ ਉੱਤੇ ਕਿਰਪਾ ਕਰਦਾ ਹੈ; ਉਸ ਦੇ ਕਾਰਜ ਨੂੰ ਆਪ ਹੀ ਸਾਰਏ=ਸਵਾਰਦਾ ਹੈ।

ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪਰਮੇਸ਼ਰ ਦੀ ਨਜ਼ਰ ਹੋਈ ਹੈ, ਉਹ ਸੁਹਾਗਣ ਧੰਨਤਾ ਯੋਗ ਹੈ; ਕਿਉਂਕਿ ਸੁਹਾਗਣ ਨੇ ਗੁਰਸ਼ਬਦ ਦੁਆਰਾ ਅਭ=ਹਿਰਦੇ ਨੂੰ ਸੁਧਾਰਨਾ ਕੀਤਾ ਹੈ,

ਅਥਵਾ:- ਸਹਿਤ ਆਧਾਰ ਦੇ ਕੀਤਾ ਹੈ॥ ੩॥

ਹਮ ਘਰਿ ਸਾਚਾ ਸੋਹਿਲੜਾ ਪ੍ਰਭ ਆਇਅੜੇ ਮੀਤਾ ਰਾਮ॥

ਤਿਸ ਵੇਲੇ ਸਾਡੇ ਘਰ ਵਿਚ ਸੱਚਾ ਸੋਹਿਲੜਾ=ਅਨੰਦ ਹੋਇਆ, ਜਿਸ ਵੇਲੇ ਪ੍ਰਭੂ ਰਾਮ ਮਿੱਤਰ ਸਾਡੇ ਘਰ ਵਿਚ ਆਇਅੜੇ=ਆਏ।

ਰਾਵੇ ਰੰਗਿ ਰਾਤੜਿਆ ਮਨੁ ਲੀਅੜਾ ਦੀਤਾ ਰਾਮ॥

ਰੰਗਿ ਰਾਤੜਿਆ=ਪ੍ਰੇਮ ਵਿਚ ਤਦਾਕਾਰ ਹੋ ਕੇ ਉਸ ਦਾ ਰਾਵੇ=ਉਚਾਰਨ ਕੀਤਾ ਹੈ, ਮਨ ਦਿੱਤਾ ਤਾਂ ਰਾਮ ਨੂੰ ਲੀਅੜਾ=ਲਿਆ। ਇਸ ਤੁਕ ਦੇ ਭਾਵ ਨਾਲ ਐਨ ਮਿਲਦਾ ਜੁਲਦਾ ਭਾਵ ਕਬੀਰ ਜੀ ਨੇ ਗਉੜੀ ਰਾਗ ਵਿਚ ਕਿਸੇ ਬਾਦਸ਼ਾਹ ਨੂੰ ਮੁੱਖ ਰੱਖ ਕੇ ਕਿਹਾ-ਜਿਸ ਨੇ ਮੋਤੀਆਂ ਦਾ ਥਾਲ ਭਰ ਕੇ ਭਗਤ ਜੀ ਦੀ ਭੇਟਾ ਕੀਤਾ ਤੇ ਕਿਹਾ ਕਿ ਮੈਨੂੰ ਰਾਮ-ਪਰਮੇਸ਼ਰ ਦੀ ਪ੍ਰਾਪਤੀ ਦਾ ਉਪਦੇਸ਼ ਬਖਸ਼ੋ ਤਾਂ ਭਗਤ ਜੀ ਨੇ ਕਿਹਾ, ਰਾਮ ਮੁਲ ਨਹੀਂ ਮਿਲਦਾ; ਉਸ ਦੀ ਪ੍ਰਾਪਤੀ ਮਨ (ਦਿਲ) ਨਾਲ ਹੁੰਦੀ ਹੈ।

ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥ (ਪੰਨਾ ੩੨੭)

ਆਪਣਾ ਮਨੁ ਦੀਆ ਹਰਿ ਵਰੁ ਲੀਆ ਜਿਉ ਭਾਵੈ ਤਿਉ ਰਾਵਏ॥

ਆਪਣਾ ਮਨ ਗੁਰੂ ਨੂੰ ਦਿੱਤਾ ਤਾਂ ਹਰੀ ਰੂਪ ਪਤੀ ਨੂੰ ਪਾਇਆ, ਹੁਣ ਜਿਸ ਪ੍ਰਕਾਰ ਉਸ ਨੂੰ ਭਾਂਵਦਾ ਹੈ ਤਿਸੀ ਪਰਕਾਰ ਉਹ ਰਾਂਵਦਾ ਹੈ।

ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ ਪਾਵਏ॥

ਜਿਸ ਸਭਾਗੇ ਨੇ ਗੁਰ ਉਪਦੇਸ਼ ਦੁਆਰਾ ਤਨ ਮਨ ਨੂੰ ਪਿਰੀ ਅੱਗੇ ਅਰਪਣ ਕੀਤਾ ਹੈ, ਉਸ ਨੇ ਘਰਿ= ਹਿਰਦੇ ਵਿਚ ਗਿਆਨ ਰੂਪੀ ਅੰਮਿਤ ਫਲ ਨੂੰ ਪਾਣਾ ਕੀਤਾ ਹੈ।

ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ॥

ਸੰਸਾਰਕ ਬੁੱਧੀ ਤੇ ਵਿਹਾਰਕ ਪਾਠਾਂ ਕਰਕੇ ਅਤੇ ਬਹੁਤੀਆਂ ਚਤੁਰਾਈਆਂ ਕਰਕੇ ਉਹ ਪਰਮੇਸ਼ਰ ਨਹੀਂ ਪਾਇਆ ਜਾਂਦਾ, ਭਾਇ=ਪ੍ਰੇਮ ਦੇ ਕਰਨ ਨਾਲ 'ਮਨ ਭਾਉਂਦਾ' ਪਰਮੇਸ਼ਰ ਮਿਲਦਾ ਹੈ, ਵਾ:-ਮਨ ਕਰਕੇ ਭਾਣੇ ਵਿਚ ਤੁਰੀਏ ਤਾਂ ਉਹ ਭਾਇ=ਪਿਆਰਾ ਪ੍ਰਭੂ ਮਿਲਦਾ ਹੈ।

ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ ਲੋਕਾਣੇ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹ ਠਾਕੁਰ ਸਾਡਾ ਮਿੱਤਰ ਹੈ, ਅਸੀਂ ਉਸ ਦੇ ਦਾਸ ਹਾਂ, ਹੁਣ ਅਸੀਂ ਲੋਕਾਣੇ=ਲੋਕਾਂ ਦੇ ਨਹੀਂ ਹਾਂ। ਅਥਵਾ:- ਲੋਕਾਂ ਦੀ ਕਾਨ-ਕਨੋਡ ਨਹੀਂ ਹੈ, ਅਥਵਾ:- ਲੋਕਾਣੇ=ਲੁਕੇ ਹੋਏ ਭਾਵ ਛਿਪੇ ਹੋਏ ਨਹੀਂ ਹਾਂ॥ ੪॥ ੧॥

ਆਸਾ ਮਹਲਾ ੧॥ ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ॥

ਰਾਮ ਦੀ ਪਰਾਪਤੀ ਕਰਨ ਵਾਲੇ ਰੁਣਝੁਣਕਾਰ ਸੰਗਿਆ ਦੇ ਇਕਰਸ ਵਾਜੇ ਵੱਜ ਰਹੇ ਹਨ, ਇਕ ਰਸ ਵਾਜੇ ਵੱਜ ਰਹੇ ਹਨ। ਇਹ ਬੀਪਸਾ ਅਲੰਕਾਰ ਦੀ ਰੀਤੀ ਹੈ, ਕਿਉਂਕਿ ਛੰਤਾਂ ਦੀ ਚਾਲ ਅਨੁਸਾਰ ਦੋ ਵਾਰ ਸ਼ਬਦ ਆਉਂਦਾ ਹੈ। ਇਸ ਵਿਚ ਪੁਨਰੁਕਤੀ ਦੋਸ਼ ਨਹੀਂ ਸਮਝਣਾ। ਅਥਵਾ:- ਜਿਵੇਂ ਪ੍ਰਤੱਖ ਰਾਜ ਦਰਬਾਰਾਂ ਵਿਚ

ਇਕ ਰਸ ਵਾਜੇ ਵੱਜਦੇ ਹਨ, ਇਸ ਤਰ੍ਹਾਂ ਰਾਮ ਦੀ ਪਰਾਪਤੀ ਕਰਨ ਵਾਲੇ ਰੁਣਝੁਣ੍ਕਾਰ ਸੰਗਿਆ ਦੇ ਇਕ ਰਸ ਵਾਜੇ ਵੱਜ ਰਹੇ ਹਨ।

ਅਥਵਾ:- ਜਿਸ ਵੇਲੇ ਅਨਹਦੋ=ਇਕ ਰਸ ਰੁਣਝੁਣਕਾਰ ਸੰਗਿਆ ਦੇ ਵਾਜੇ ਵੱਜੇ ਤਾਂ ਅਨਹਦੁ ਰਾਮ=ਹਦ ਤੋਂ ਰਹਿਤ ਪਰਮਾਤਮਾ ਦੀ ਪ੍ਰਾਪਤੀ ਹੋਈ।

ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥

ਰਾਮ ਜੋ ਪਿਆਰਾ ਲਾਲ ਹੈ, ਤਿਸ ਵਿਚ ਮੇਰਾ ਮਨ ਰਾਤਾ=ਤਦਾਕਾਰ ਹੋਇਆ, ਮੇਰਾ ਮਨ ਤਦਾਕਾਰ ਹੋਇਆ। *ਅਥਵਾ:-* ਮੇਰਾ=ਸੁਮੇਰ ਪਰਬ੍ਤ ਵਾਂਗ ਮਨੋ=ਸ਼ਰੋਮਣੀ ਜੋ ਪਿਆਰਾ ਰਾਮ ਲਾਲ ਹੈ, ਉਸ ਵਿਚ ਮੇਰਾ ਮਨ ਤਦਾਕਾਰ ਹੋਇਆ।

ਅਨ੍ਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ ॥

ਜਿਸ ਦਾ ਮਨ ਵੈਰਾਗਵਾਨ ਹੋ ਕੇ ਰਾਤ ਦਿਨੇ ਨਾਮ ਵਿਚ ਰਤਾ ਹੈ, ਉਸ ਨੇ ਘਰੁ=ਹਿਰਦੇ ਵਿਚ ਹੀ ਸੁੰਨ ਮੰਡਲਿ=ਪਰਮਾਤਮਾ ਨੂੰ ਪਾਇਆ ਹੈ।

ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ॥

ਅਪਰੰ ਪਰੁ=ਸੰਸਾਰ ਤੋਂ ਪਰਾ ਰੂਪ ਪਿਆਰਾ ਪਰਮੇਸ਼ਰ ਜੋ ਸਭ ਪੁਰਖਾਂ ਦੀ ਆਦ ਹੈ, ਉਸ ਅਲਖ ਨੂੰ ਸਤਿਗੁਰਾਂ ਨੇ ਲਖਾਇਆ=ਜਣਾਇਆ ਹੈ।

ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥

ਥਿਰ ਰੂਪ ਨਰਾਇਣ ਵਿਚ ਜੋ ਅਸੀਂ ਬੈਠੇ ਹਾਂ ਏਹੀ ਸਾਡਾ ਆਸਣ ਹੈ, ਮੇਰਾ ਮਨ ਵਿਚਾਰ ਕੇ ਤਿਸ ਵਿਚ ਤਦਾਕਾਰ ਹੋਇਆ ਹੈ।

ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਬੈਰਾਗੀ=ਪ੍ਰੇਮੀ ਹੋ ਕੇ ਨਾਮ ਵਿਚ ਰਤੇ ਹਨ, ਉਨ੍ਹਾਂ ਨੂੰ ਰੁਣਝੁਣਕਾਰ ਸੰਗਿਆ ਦੇ ਅਨਹਦ=ਇਕ ਰਸ ਵਾਜੇ ਵੱਜੇ ਹਨ ॥ ੧ ॥

ਤਿਤੁ ਅਗਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥

ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ ਜਗਿਆਸੂ ਬੇਨਤੀ ਕਰਦਾ ਹੈ, ਕਿ ਤਿਸ ਰਾਮ ਰੂਪੀ ਅਗਮ ਪੁਰੇ ਵਿਚ ਤਿਸ ਰਾਮ ਰੂਪੀ ਅਗਮ ਪੁਰੇ ਵਿਚ ਕਹੁ=ਦੱਸੋ, ਕਿਵੇਂ ਪਹੁੰਚੀਏ?

ਅਥਵਾ:- ਜਿਵੇਂ ਪ੍ਰਤੱਖ ਰਾਜ ਦਰਬਾਰਾਂ ਦੇ ਅਗਮ ਪੁਰੇ ਹੁੰਦੇ ਹਨ, ਓਥੇ ਥੋੜ੍ਹੇ ਕੀਤੇ ਕੋਈ ਜਾ ਨਹੀਂ ਸਕਦਾ। ਇਸੇ ਤਰ੍ਹਾਂ ਉਸ ਰਾਮ ਰੂਪੀ ਅਗਮ ਪੁਰੇ ਵਿਚ ਦੱਸੋ ਕਿਵੇਂ ਜਾਣਾ ਕਰੀਏ?

ਅਥਵਾ:- 'ਤਿਤੁ ਅਗਮ ਪੁਰੇ', ਇਸ ਇਕ ਪਦ ਨੂੰ ਪ੍ਰਸ਼ਨ ਵਿਚ ਰੱਖਣਾ ਅਤੇ ਇਕ ਪਦ ਨੂੰ ਉੱਤਰ ਵਿਚ ਲਗਾਉਣਾ:- ਕਹੋ ਖਾਂ, ਤਿਸ ਰਾਮ ਰੂਪੀ ਅਗਮ ਪੁਰੇ ਵਿਚ ਕਿਵੇਂ ਪੁੱਜੀਏ ? *ਉੱਤਰ:-*

ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥

ਪਹਿਲਾਂ ਰਾਮ ਦੀ ਪ੍ਰਾਪਤੀ ਕਰਨ ਵਾਲੇ ਗੁਰ ਉਪਦੇਸ਼ ਨੂੰ ਕਮਾਈਏ ਤੇ ਸਚੁ ਸੰਜਮੋ=ਸੱਚਾ ਨਿਸ਼ਕਪਟ

ਇੰਦ੍ਰੀਆਂ ਦਾ ਦਮਨ ਕਰਕੇ ਈਸ਼ਵਰ ਦੇ ਗੁਣਾਂ ਨੂੰ ਸਾਰਿ=ਸੰਭਾਲੀਏ ਤਾਂ ਉਸ ਅਗਮ ਪੁਰੇ ਵਿਚ ਜਾਣਾ ਹੁੰਦਾ ਹੈ।

ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥

ਸੱਚੇ ਗੁਰਾਂ ਦੇ ਉਪਦੇਸ਼ ਨੂੰ ਕਮਾਈਏ, ਤੇ ਸਰੂਪ ਰੂਪੀ ਨਿਜ ਘਰਿ=ਅਪਣੇ ਘਰ (ਸਰੂਪ) ਵਿਚ ਜਾਈਏ, ਤਾਂ ਸ਼ੁਭ ਗੁਣਾਂ ਦਾ ਖਜ਼ਾਨਾ (ਪਰਮੇਸ਼ਰ) ਪਰਾਪਤ ਹੁੰਦਾ ਹੈ।

ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ॥

ਤਿਸ ਪਰਮਾਤਮਾ ਵਿਚ ਮੂਲੁ=ਅਵਿੱਦਿਆ ਨਹੀਂ, ਸਾਖਾ=ਤਿੰਨ ਗੁਣ ਵੀ ਨਹੀਂ, ਡਾਲੀ=ਵਾਸ਼ਨਾ, ਪਤੁ=(ਪੱਤੇ) ਸੰਕਲਪ ਵਿਕਲਪ ਨਹੀਂ ਹਨ। *ਅਥਵਾ:-* ਤਿਤੁ ਮੂਲੁ=ਉਸ ਅਧਿਸ਼ਠਾਨ ਰੂਪ ਪਰਮਾਤਮਾ ਵਿਚ (ਸੁਤ ਵਿਚ ਲੋਕ ਈਖਣਾ ਤੀਂਨੀ) ਤਿੰਨ ਵਾਸ਼ਨਾ ਰੂਪ ਸਾਖਾ=ਸ਼ਾਖਾਂ (ਟਾਹਣੀਆਂ) ਨਹੀਂ, ਸੂਖਮ ਭੂਤ ਰੂਪ ਡਾਲੀ ਨਹੀਂ, ਅਸਥੂਲ ਭੂਤ ਰੂਪੀ ਪੱਤੇ ਨਹੀਂ।

ਨੋਟ:- ਜਿਵੇਂ ਡਾਲੀਆਂ ਪਹਿਲੇ ਹੁੰਦੀਆਂ ਹਨ ਤੇ ਪੱਤੇ ਪਿਛੋਂ ਹੁੰਦੇ ਹਨ, ਤਿਵੇਂ ਸੂਖਮ ਭੂਤ ਪਹਿਲੇ ਹੁੰਦੇ ਹਨ ਤੇ ਅਸਥੂਲ ਭੂਤ ਪਿਛੋਂ ਹੁੰਦੇ ਹਨ। ਏਸੇ ਵਾਸਤੇ ਸੂਖਮ ਭੂਤ ਡਾਲੀਆਂ ਹਨ, ਅਸਥੂਲ ਭੂਤ ਪੱਤੇ ਕਹੇ ਹਨ।

ਦੂਜਾ ਅਰਥ ਇਸ ਤਰ੍ਹਾਂ ਭੀ ਕਰਦੇ ਹਨ:-ਡਾਲੀ=ਅਸਥੂਲ ਭੂਤ ਵੀ ਨਹੀਂ ਤੇ ਪੱਤੇ ਸੂਖਮ ਭੂਤ ਵੀ ਨਹੀਂ। ਅਤੇ ਸਾਰਿਆਂ ਦੇ ਸਿਰ ਉੱਤੇ ਉਹ ਪਰਧਾਨਾ ਮੁਖੀ ਹੈ।

ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥

ਜਪ ਕਰਕੇ, ਤਪ ਕਰਕੇ, ਸੰਜਮ ਕਰਕੇ ਜਗਿਆਸੂ ਰੂਪੀ ਇਸਤ੍ਰੀ, *ਅਥਵਾ:-* ਸ੍ਰਿਸ਼ਟੀ ਥੱਕ ਗਈ ਹੈ, ਨਿ=ਵਿਸ਼ੇਸ਼ ਹਠ ਗ੍ਰਹਿ=ਗ੍ਰਹਿਣ (ਧਾਰਨ) ਕਰਨ ਨਾਲ ਉਹ ਪਰਮੇਸ਼ਰ ਪਾਇਆ ਨਹੀਂ ਜਾਂਦਾ ।

ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਨੇ ਇਹ ਬੂਝ=ਸਿੱਖਿਆ ਸਮਝਾਈ ਹੈ ਕਿ ਜਗਜੀਵਨ= ਪਰਮਾਤਮਾ ਸਹਜਿ=ਸ਼ਾਂਤੀ ਆਦਿਕ ਗੁਣਾਂ ਦੇ ਧਾਰਨ ਨਾਲ ਜਾਂ ਸਹਜਿ=ਗਿਆਨ ਕਰਕੇ ਮਿਲਦਾ ਹੈ॥ ੨ ॥

ਗੁਰੂ ਸਾਹਿਬ ਜੀ ਕਿਹੋ ਜਿਹੇ ਹਨ? *ਉੱਤਰ:-*

[ਪੰਨਾ ੪੩੭]

ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥

ਸਾਗਰੋ=ਸਮੁੰਦਰ ਵਾਂਗ ਹਨ, ਜਿਨ੍ਹਾਂ ਵਿਚ ਆਗਰੁ=ਸਰੇਸ਼ਟ ਰਤਨ ਹਨ, *ਅਥਵਾ:-* ਜੋ ਰਤਨਾਂ ਦੀ ਆਗੁਰੁ=ਖਾਨ ਹਨ। *ਪ੍ਰਸ਼ਨ-*ਰਤਨ ਥੋੜ੍ਹੇ ਹੋਣਗੇ? *ਉੱਤਰ-*ਥੋੜ੍ਹੇ ਨਹੀਂ, ਉਸ ਗੁਰੂ ਰੂਪ ਸਮੁੰਦਰ ਵਿਚ ਰਾਮ ਦੀ ਪ੍ਰਾਪਤੀ ਕਰਨ ਵਾਲੇ ਬਹੁਤ ਰਤਨ ਹਨ।

ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥

ਸਹਿਤ ਪਤ ਦੇ ਜੋ ਗੁਰੂ ਰੂਪੀ ਸਰੇ=ਸਰੋਵਰ ਹੈ, ਉਸ ਵਿਚ ਮਜਨੋ=ਇਸ਼ਨਾਨ ਕਰ। ਇਕ ਸਰੋਵਰ ਅਜਿਹੇ ਹੁੰਦੇ ਹਨ, ਜੋ ਬਿਪਤੇ ਹੁੰਦੇ ਹਨ। ਬਿਪਤੇ ਸਰੋਵਰ ਉਹ ਹਨ, ਜਿਨ੍ਹਾਂ ਉੱਤੇ ਜੁਤੀਆਂ ਵਗੈਰਾ ਚਲੀਆਂ ਜਾਣ,

ਤੇ ਪਿਸ਼ਾਬ ਵਗੈਰਾ ਹੁੰਦਾ ਰਹੇ।

ਲੇਕਿਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਸਰੋਵਰ ਅਜਿਹਾ ਹੈ, ਜੋ ਸਹਿਤ ਪਤ ਦੇ ਹੈ, ਜਿਤਨੀ-ਕੁ ਮਾਨਤਾ ਇਸ ਸਰੋਵਰ ਦੀ ਹੈ, ਇਤਨੀ ਹੋਰ ਕਿਸੇ ਦੀ ਨਹੀਂ।

ਅਥਵਾ:-ਸਪਤ ਨਾਂ ਸੰਤਾਂ ਦਾ ਹੈ, ਸੱਤ ਆਦਿ ਗੁਣਾਂ ਦਾ ਸਰੋਵਰ ਜੋ ਗੁਰੂ ਹੈ, ਉਸ ਵਿਚ ਇਸ਼ਨਾਨ ਕਰ।

ਅਥਵਾ:- ਕਾਮ ਆਦਿਕਾਂ ਦੀ ਤਰਫੋਂ ਸਪਤ=ਸੌਂਹ ਖਾ ਕੇ ਤੂੰ ਗੁਰੂ ਰੂਪੀ ਸਰੋਵਰ ਵਿਚ ਇਸ਼ਨਾਨ ਕਰ। *ਅਥਵਾ:*- ਸਪਤ=ਸ਼ੀਘਰ ਇਸ਼ਨਾਨ ਕਰ। ਜੇ ਇਸ਼ਨਾਨ ਨਾ ਕਰੇਂਗਾ, ਤਾਂ ਤੈਨੂੰ ਸਪਤ=ਸੌਂਹ ਹੈ। *ਅਥਵਾ:*- ਜੇ ਤੂੰ ਇਸ਼ਨਾਨ ਕਰੇਂਗਾ ਤਾਂ ਸ-ਪਤ=ਸਹਿਤ ਪਤੀ (ਪਰਮਾਤਮਾ) ਦੇ ਹੋ ਜਾਵੇਂਗਾ।

ਅਥਵਾ:- ਸਪਤ=ਸੱਤਾਂ ਇੰਦ੍ਰੀਆਂ ਦੇ ਕਾਬੂ ਕਰਨ ਰੂਪੀ ਸਰੋਵਰ ਵਿਚ ਇਸ਼ਨਾਨ ਕਰ।

ਅਥਵਾ:- (ਚਾਰ ਸਾਧਨ ਤੇ ਤਿੰਨ ਸ੍ਰਵਨ ਮੰਨਨ, ਨਿਧਿਆਸਣ) ਇਨ੍ਹਾਂ ਸੰਤਾਂ ਦੇ ਧਾਰਨ ਕਰਨ ਰੂਪੀ ਸਰੋਵਰ ਵਿਚ ਇਸ਼ਨਾਨ ਕਰ।

ਹੇ ਮੇਰੇ ਭਾਈ ! ਰਾਮ ਦੇ ਜਪਣ ਕਰਕੇ ਮਨ ਨਿਰਮਲ ਹੁੰਦਾ ਹੈ।

ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ॥

ਜਾਂ ਪ੍ਰਭੂ ਨੂੰ ਇਹ ਜੀਵ ਭਾ ਜਾਏ ਤਾਂ ਨਾਮ ਰੂਪੀ ਨਿਰਮਲ ਜਲ ਵਿਚ ਇਸ਼ਨਾਨ ਹੁੰਦਾ ਹੈ।

ਅਥਵਾ:- ਜਾਂ ਇਹ ਨਿਰਮਲ ਨਾਮ-ਜਲ ਵਿਚ ਇਸ਼ਨਾਨ ਕਰੇ ਤਾਂ ਪ੍ਰਭੂ ਨੂੰ ਇਹ ਜੀਵ ਭਾ ਜਾਂਦਾ ਹੈ ਅਤੇ ਪੰਜ ਕਾਮ ਕਰੋਧ ਆਦਿਕ ਵਿਚਾਰ ਵਿਚ ਮਿਲਦੇ ਹਨ।

ਭਾਵ-ਜੇ ਕਾਮ ਦੀ ਇੱਛਾ ਫੁਰੇ ਤਾਂ ਪਰਮੇਸ਼ਰ ਪਰਾਪਤੀ ਦੀ ਇੱਛਾ ਕਰਦੇ ਹਨ।

ਜੇ ਕਰੋਧ ਹੋਵੇ ਤਾਂ ਭਜਨ ਸਿਮਰਨ ਵੱਲ ਕਰਦੇ ਹਨ।

ਮੋਹ-ਸਤਿਗੁਰਾਂ ਦੇ ਚਰਨਾਂ ਵਿਚ ਕਰਦੇ ਹਨ।

ਲੋਭ-ਨਾਮ ਜਪਣ ਵਿਚ ਕਰਦੇ ਹਨ ਅਤੇ ਸ਼ੁਧ ਹੰਕਾਰ ਕਰਦੇ ਹਨ। *ਅਥਵਾ:*- ਪੰਜ ਗਿਆਨ ਇੰਦ੍ਰੀਏ ਵਿਚਾਰ ਵਿਖੇ ਮਿਲਦੇ ਹਨ। *ਅਥਵਾ:*- ਵਿਚਾਰ ਆਦਿਕ ਪੰਜ ਸ਼ੁਭ ਗੁਣ ਮਿਲਦੇ ਹਨ।

ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥

ਹੇ ਪੁਰਸ਼ਾ ! ਕਾਮ, ਕਰੋਧ, ਕਪਟ ਅਤੇ ਵਿਸ਼ਿਆਂ ਨੂੰ ਤਜਿ=ਛੱਡ ਦੇ ਅਤੇ ਹਿਰਦੇ ਵਿਚ ਸੱਚ ਨਾਮ ਨੂੰ ਧਾਰਨਾ ਕਰ।

ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ॥

ਜਿਸ ਵੇਲੇ ਹੰਗਤਾ, ਮਮਤਾ, ਲੋਭ, ਤ੍ਰਿਸ਼ਨਾ ਦੀ ਲਹਿਰ, ਲਬ-ਪਦਾਰਥਾਂ ਦੇ ਇਕੱਠੇ ਕਰਨ ਦਾ ਥੱਕ ਗਿਆ, ਤਾਂ ਦੀਨ ਦਇਆਲ=ਪਰਮਾਤਮਾ ਨੂੰ ਪਾਉਣਾ ਕੀਤਾ ।

ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ॥ ੩॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦੇ ਸਮਾਨਿ=ਬਰਾਬਰ ਹੋਰ ਕੋਈ ਤੀਰਥ ਨਹੀਂ, ਗੁਰੂ ਸਾਹਿਬ ਜੀ ਸੱਚੇ ਗੋਪਾਲ ਦਾ ਰੂਪ ਹਨ।

ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ ॥

ਮੈਂ ਬਨੁ ਬਨੋ=ਜੰਗਲ ਜੰਗਲ ਵਿਖੇ ਵੇਖ ਰਹੀ ਹਾਂ, *ਅਥਵਾ:-* ਤੀਰਥ ਤੀਰਥ 'ਪਰ ਦੇਖ ਰਹੀ ਹਾਂ, ਸਬਾਇਆ=ਸਾਰਿਆਂ ਤ੍ਰਿਣੁ=ਕੱਖਾਂ ਵਿਚ ਵੀ ਰਾਮ ਨੂੰ ਦੇਖ ਰਹੀ ਹਾਂ।

ਤ੍ਰਿਭਵਣੋ ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ ॥

ਇਹ ਤਿੰਨਾਂ ਭਵਣੋ=ਲੋਕਾਂ ਰੂਪੀ ਜੋ ਸਬਾਇਆ ਜਗਤ ਹੈ, ਇਹ ਸਾਰਾ ਹੇ ਰਾਮ ! ਆਪ ਨੇ ਪੈਦਾ ਕੀਤਾ ਹੈ।

ਤੇਰਾ ਸਭੁ ਕੀਆ ਤੂੰ ਥਿਰੁ ਥੀਆ ਤੁਧੁ ਸਮਾਨਿ ਕੋ ਨਾਹੀ ॥

ਸਭ ਕੁਝ ਤੇਰਾ ਕੀਤਾ ਹੋਇਆ ਹੈ, ਤੂੰ ਹੀ ਇਸਥਿਤ ਹੋ ਰਿਹਾ ਹੈਂ, ਆਪ ਵਰਗਾ ਹੋਰ ਕੋਈ ਨਹੀਂ।

ਤੂੰ ਦਾਤਾ ਸਭ ਜਾਚਿਕ ਤੇਰੇ ਤੁਧੁ ਬਿਨੁ ਕਿਸੁ ਸਾਲਾਹੀ ॥

ਇਕ ਤੂੰ ਹੀ ਦਾਤਾ ਹੈਂ ਹੋਰ ਸਾਰੇ ਤੇਰੇ ਜਾਚਿਕ=ਮੰਗਤੇ ਹਨ, ਆਪ ਤੋਂ ਬਿਨਾਂ ਕਿਸ ਨੂੰ ਸਾਲਾਹੀ=ਸ਼ਲਾਘਾ ਕਰਾਂ।

ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ ॥

ਹੇ ਦਾਤੇ ! ਆਪ ਅਣਮੰਗਿਆ ਦਾਨ ਦੇਂਦੇ ਹੋ, *ਅਥਵਾ:-* ਜਿਸ ਨੂੰ ਦਾਨ ਦੇਂਦੇ ਹੋ, ਉਸ ਨੂੰ ਅਨਮੰਗ ਕਰ ਦੇਂਦੇ ਹੋ। *ਅਥਵਾ:-* ਜੋ ਦਾਨ ਮੰਗਿਆਂ ਕੋਈ ਨਾ ਦੇਵੇ, ਧਾਮ (ਘਰ), ਬਾਮ (ਇਸਤ੍ਰੀ), ਸਰੂਪ (ਸਰੀਰਕ ਸੁੰਦਰਤਾ), ਕੋਈ ਨਹੀਂ ਦੇਂਦਾ ਆਪ ਉਹ ਭੀ ਦੇ ਦਿੰਦੇ ਹੋ। *ਅਥਵਾ:-* ਅਣਮੰਗਿਆ ਦਾਨ ਦੁੱਖ ਹੈ, ਕਿਉਂਕਿ ਦੁੱਖ ਨੂੰ ਕੋਈ ਨਹੀਂ ਮੰਗਦਾ ਆਪ ਉਹ ਭੀ ਦੇਂਦੇ ਹੋ। ਆਪ ਦੀ ਭਗਤੀ ਦੇ ਭੰਡਾਰੇ ਭਰੇ ਹੋਏ ਹਨ।

ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕੁ ਕਹੈ ਵੀਚਾਰਾ ॥੪॥੨॥

ਗੁਰੂ ਜੀ ਕਹਿੰਦੇ ਹਨ, ਕਿ ਸਾਡਾ ਤਾਂ ਇਹ ਵਿਚਾਰ ਹੈ ਕਿ, ਰਾਮ ਨਾਮ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ ॥ ੪ ॥ ੨ ॥

ਆਸਾ ਮਹਲਾ ੧ ॥ ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥

(ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ) ਰਾਮ ਜੋ ਪਿਆਰਾ ਰਮਿਆ ਹੋਇਆ ਹੈ, ਉਸ ਵਿਖੇ ਮੇਰਾ ਮਨ ਰਾਤਾ, ਮੇਰਾ ਮਨ ਰਾਤਾ=ਤਦਾਕਾਰ ਹੋਇਆ ਹੈ। *ਅਥਵਾ:-*ਮਨ ਆਦਿਕਾਂ ਵਿਖੇ ਮੇਰਾ=ਮਿਲਿਆ ਹੋਇਆ ਜੋ ਰਾਮ ਪਿਆਰਾ ਸਾਰੇ ਰਮਿਆ ਹੋਇਆ ਹੈ, ਉਸ ਵਿਖੇ ਮੇਰਾ ਮਨ ਰਾਤਾ=ਜੁੜਿਆ ਹੈ।

ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥

ਉਹ ਆਦਿ ਪੁਰਖ ਪਰਮਾਤਮਾ ਸੱਚਾ ਸਾਹਿਬ ਹੈ, ਉਹ ਰਾਮ ਅਪਰੰਪਰੋ=ਸੰਸਾਰ ਤੋਂ ਪਰਾ ਰੂਪ ਸਭ ਮਰਯਾਦਾ ਦੇ ਧਾਰੇ=ਧਾਰਨ ਵਾਲਾ ਹੈ।

ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ ॥

ਉਹ ਅਪਰ ਅਪਾਰ ਪਰਮਾਤਮਾ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰੁ=ਅਵਿਸ਼ੇ ਹੈ, ਫੇਰ ਉਹ ਪਾਰਬ੍ਰਹਮ ਸਭ ਤੋਂ ਪਰਧਾਨੋ=ਮੁਖੀ ਹੈ।

ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥

ਉਹ ਪਰਮਾਤਮਾ ਆਦਿ ਜੁਗਾਦੀ=ਸਦਾ ਸਦਾ ਹੁਣ ਹੈ, ਭੀ=ਪਿਛੇ ਸੀ, ਹੋਸੀ=ਅੱਗੇ ਹੋਵੇਗਾ, ਉਸ ਤੋਂ ਬਿਨਾਂ ਹੋਰ ਸਾਰਾ ਜਗਤ ਝੂਠਾ ਮੰਨੋ।

ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ॥

ਇਹ ਜੀਵ ਸ੍ਰੇਸ਼ਟ ਕਰਮਾਂ ਧਰਮਾਂ ਦੀ ਸੰਭਾਲ ਤਾਂ ਜਾਣਦਾ ਨਹੀਂ ਤੇ ਮੁਕਤੀ ਦੀ ਗਿਆਤ ਨੂੰ ਭਲਾ ਕਿਵੇਂ ਪਾਵੇਗਾ?

ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ॥ ੧॥

ਗੁਰੂ ਜੀ ਕਥਨ ਕਰਦੇ ਹਨ-ਮੁਖ ਗੁਰਾਂ ਦੇ ਉਪਦੇਸ਼ ਨੂੰ ਪਛਾਣ ਕੇ ਰਾਤ ਦਿਨੇ ਨਾਮ ਨੂੰ ਧਿਆਉਣਾ ਕਰੇ ਤਾਂ ਮੁਕਤੀ ਪਾਉਂਦਾ ਹੈ॥ ੧॥

ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ ਕਹਿੰਦੇ ਹਨ-

ਮੇਰਾ ਮਨੋ ਮੇਰਾ ਮਨੁ ਮਾਨਿਆ ਨਾਮੁ ਸਖਾਈ ਰਾਮ॥

ਰਾਮ ਦਾ ਨਾਮ ਜੋ ਸਖਾਈ=ਸਹਾਇਤਾ ਕਰਨ ਵਾਲਾ ਹੈ, ਤਿਸ ਦੇ ਉਪਰ ਮੇਰਾ ਮਨ ਮੰਨਿਆ ਗਿਆ ਹੈ। *ਅਥਵਾ:-* ਗੁਰਾਂ ਦੇ ਮਨੁ=ਮੰਤਰ ਨਾਲ ਮੇਰਾ=ਮਿਲ ਕੇ ਰਾਮ ਦਾ ਨਾਮ ਜੋ ਸਹਾਇਤਾ ਕਰਨ ਵਾਲਾ ਹੈ, ਉਸ ਦੇ ਉਪਰ ਮੇਰਾ ਮਨ ਮੰਨਿਆ ਗਿਆ ਹੈ।

ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ॥

ਮਾਇਆ ਦੀ ਜੋ ਹੰਗਤਾ ਮਮਤਾ ਹੈ, ਉਹ ਇਸ ਜੀਵ ਦੇ ਨਾਲ ਨਹੀਂ ਜਾਂਦੀ, ਇਸ ਦੇ ਨਾਲ ਤਾਂ ਇਕ ਰਾਮ ਹੀ ਜਾਂਦਾ ਹੈ।

ਮਾਤਾ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ॥

ਮਾਤਾ ਪਿਤਾ ਭਰਾ ਪੁੱਤਰ, ਸੰਸਾਰਕ ਚਤਰਾਈ, ਸੰਪਦਾ ਅਤੇ ਨਾਰੀ ਇਹਨਾਂ ਵਿਚੋਂ ਇਸ ਜੀਵ ਦਾ ਸੰਗੀ ਕੋਈ ਭੀ ਨਹੀਂ।

ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ॥

ਗੁਰਮੁਖਾਂ ਨੇ ਸਾਇਰ=ਸਮੁੰਦਰ ਦੀ ਪੁੱਤਰੀ ਜੋ ਲਛਮੀ ਹੈ, ਉਸ ਨੂੰ ਪਰਹਰਿ ਤਿਆਗੀ=ਤਿਆਗ ਛੱਡਿਆ ਹੈ।

ਅਥਵਾ:- ਸਭ ਦੇ ਪਰਹਾਰਨੇ ਵਾਲੀ ਜੋ ਸਮੁੰਦਰ ਦੀ ਪੁਤ੍ਰੀ ਲਛਮੀ ਹੈ, ਭਾਵ ਮਾਇਆ ਉਹ ਤਿਆਗ ਦਿੱਤੀ। ਜਦ ਵਿਚਾਰ ਕੇ ਮਹਾਤਮਾਂ ਦੇ ਚਰਨਾਂ ਹੇਠ ਪਏ।

ਆਦਿ ਪੁਰਖਿ ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ॥
ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ॥ ੨॥

ਆਦਿ ਪੁਰਖ=ਪਰਮਾਤਮਾ ਨੇ ਇਕ ਕੌਤਕ ਵਿਖਾਇਆ ਹੈ, ਕਿ ਜਿਥੇ ਵੇਖਦੇ ਹਾਂ, ਉਥੇ ਓਹੀ ਦਿੱਸਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਅਸੀਂ ਹਰੀ ਦੀ ਭਗਤੀ ਨਹੀਂ ਛੱਡਦੇ, ਉਸ ਦੇ ਭਾਣੇ ਵਿਚ ਸੁਭਾਵਕ ਜੋ ਹੋਣਾ ਹੈ, ਉਹ ਹੋਵੇ ਪਿਆ॥ ੧॥

ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ ਕਥਨ ਕਰਦੇ ਹਨ-

ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ॥

ਸੱਚੇ ਰਾਮ ਨੂੰ ਸੰਭਾਲ ਕੇ ਮੇਰਾ ਮਨ ਨਿਰਮਲ ਹੋਇਆ, ਮੇਰਾ ਮਨ ਨਿਰਮਲ ਹੋਇਆ।

ਅਥਵਾ:- ਮੇਰੇ ਮਨ ਨੇ ਜਿਸ ਵੇਲੇ ਨਿਰਮਲ ਸੱਚੇ ਰਾਮ ਨੂੰ ਸੰਮ੍ਹਾਲਿਆ ਤਾਂ ਮਨੁ=ਸ਼ਰੋਮਣੀ ਪਰਮੇਸ਼ਰ ਨਾਲ ਮੇਰਾ=ਮੇਲਾ ਹੋਇਆ।

ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ॥

ਔਗੁਣਾਂ ਨੂੰ ਮੇਟ ਕੇ ਗੁਣਾਂ ਦੇ ਧਾਰਨ ਵਿਖੇ ਚਲੇ, ਕਿਹੜੇ ਗੁਣ ? *ਉੱਤਰ:-* ਜਿਹੜੇ ਗੁਣ ਰਾਮ ਨਾਲ ਸੰਗਮ=ਮਿਲਾਪ ਕਰਾਉਣ ਵਾਲੇ ਹਨ।

ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ॥

ਔਗੁਣਾਂ ਨੂੰ ਜਿਹੜਾ ਪਰਹਰਿ=ਤਿਆਗਣਾ ਹੈ, ਏਹੋ ਕਰਣੀ ਸਾਰੀ=ਸ੍ਰੇਸ਼ਟ ਹੈ, ਇਸ ਕਰਣੀ ਕਰਕੇ ਸੱਚੇ ਦਰ ਵਿਚ ਸਚਿਆਰ ਹੋਏ ਹਾਂ।

ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ॥

ਉਹ ਪੁਰਸ਼ ਆਉਣ ਜਾਣ, ਭਾਵ ਜੰਮਣ ਮਰਨ ਨੂੰ ਠਾਕਿ ਰਹਾਏ=ਰੋਕ ਰੱਖਦਾ ਹੈ, ਜੋ ਗੁਰਮੁਖ ਗੁਰਾਂ ਦੁਆਰੇ ਤਤੁ=ਸਿਧਾਂਤ ਨੂੰ ਵਿਚਾਰਦਾ ਹੈ। *ਅਥਵਾ:-* ਗੁਰਾਂ ਦੁਆਰੇ ਤਤ ਮਿਥ੍ਯਿਆ ਦਾ ਵਿਚਾਰ ਕਰਕੇ ਮਨ ਨੂੰ ਆਉਣ ਜਾਣ ਵਲੋਂ ਰੋਕ ਰੱਖਿਆ ਹੈ।

ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ॥

ਹੇ ਵਾਹਿਗੁਰੂ ! ਸੱਜਣ ਭੀ ਤੂੰ ਹੀ, ਮਿੱਤਰ ਭੀ ਤੂੰ ਹੀ ਹੈਂ, ਸੁਜਾਣੁ=ਚਤੁਰ ਭੀ ਤੂੰ ਹੀ ਹੈਂ, ਸਖਾ ਭੀ ਤੂੰ ਹੀ ਹੈਂ, ਸੱਚ ਨਾਮ ਜਪਣ ਕਰਕੇ ਹੀ ਵਡਿਆਈ ਮਿਲਦੀ ਹੈ।

ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ॥ ੩॥

ਗੁਰੂ ਜੀ ਕਥਨ ਕਰਦੇ ਹਨ- ਅਜੇਹੀ ਗੁਰਾਂ ਦੀ ਸਿੱਖਿਆ ਪਾਈ ਹੈ, ਜੋ ਰਤਨ ਵਾਂਗ ਅਮੋਲਕ ਨਾਮ ਨੂੰ ਪਰਗਾਸਿਆ=ਉਚਾਰਿਆ ਹੈ।

ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ॥
ਮਨਿ ਤਨਿ ਰਵਿ ਰਹਿਆ ਜਗਜੀਵਨੋ ਦਾਤਾ ਰਾਮ॥

ਜਿਸ ਵੇਲੇ ਬੁੱਧੀ ਰੂਪ ਅੱਖਾਂ ਵਿਚ ਸੱਚੇ ਸੁਰਮੇ ਨੂੰ ਪਾਇਆ, ਸੱਚੇ ਅੰਜਨੁ ਸਾਰਿ=ਸੁਰਮੇ ਨੂੰ ਪਾਇਆ ਤਾਂ ਮਨ ਨਿਰੰਜਨ ਰਾਮ ਵਿਚ ਲੀਨ ਹੋਇਆ। *ਅਥਵਾ:-* ਅੰਜਨਾਂ ਵਿਚੋਂ ਜਦ ਸੱਚੇ ਗਿਆਨ ਰੂਪੀ ਅੰਜਨੁ=ਸੁਰਮੇ ਨੂੰ ਸਾਰਿ=ਪਾਇਆ, ਤਾਂ ਨਿਰੰਜਨ ਰਾਮ ਵਿਚ ਜੁੜਿਆ । ਸਾਰੇ ਜਗਤ ਦਾ ਦਾਤਾ ਜੀਵਨ ਰੂਪ ਰਾਮ ਮਨ ਤਨ ਵਿਚ ਮਿਲ ਰਿਹਾ ਹੈ।

ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ॥

ਸਾਰੇ ਜਗਤ ਦਾ ਜੀਵਨ ਦਾਤਾ ਹਰੀ ਜੋ ਮੇਰੇ ਮਨ ਵਿਚ ਰਾਤਾ=ਮਿਲ ਰਿਹਾ ਹੈ, ਉਹ ਪਰਮੇਸ਼ਰ ਗੁਰਾਂ ਦਾ ਮਿਲਾਇਆ ਹੋਇਆ ਗਿਆਨ ਦੁਆਰਾ ਸਹਜਿ=ਸੁਭਾਵਕ ਹੀ ਮਿਲਦਾ ਹੈ।

ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥

ਸਾਧ=ਸ੍ਰੇਸ਼ਟ ਸਭਾ=ਪ੍ਰੇਮ ਦੇ ਸਹਿਤ ਜੋ ਸੰਤ ਹਨ ਉਹਨਾਂ ਸੰਤਾਂ ਦੀ ਸੰਗਤ ਕੀਤੀ ਤਾਂ ਪ੍ਰਭੂ ਦੀ ਨਜ਼ਰ ਕਰਕੇ ਸੁਖ ਪਾਇਆ। *ਅਥਵਾ:-* ਸਾਧ=ਸ਼ਰਧਾ ਕਰਕੇ ਸੰਤ ਸਭਾ ਦੀ ਸੰਗਤ ਕੀਤੀ, ਤਾਂ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਕਰਕੇ ਸੁਖ ਪਾਇਆ।

ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥

ਜੋ ਬੈਰਾਗੀ=ਪ੍ਰੇਮੀ ਹੋ ਕੇ ਹਰੀ ਦੀ ਭਗਤੀ ਵਿਚ ਰਤੇ=ਜੁੜੇ ਹਨ, ਉਹਨਾਂ ਦੇ ਹਿਰਦੇ ਵਿਚੋਂ ਸਬੰਧੀਆਂ ਦਾ ਮੋਹ ਤੇ ਪਦਾਰਥਾਂ ਦੀ ਪਿਆਸ ਆਦਿ ਸਭ ਵਿਕਾਰ ਚੂਕੇ=ਦੂਰ ਹੋ ਗਏ ਹਨ।

ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਹੰਗਤਾ ਮਮਤਾ ਨੂੰ ਮਾਰ ਕੇ ਸੰਸਾਰ ਵਲੋਂ ਉਦਾਸ ਹੋ ਕੇ ਪਰਮੇਸ਼ਰ ਵਿਚ ਪਤੀਣੇ=ਭਰੋਸਾ ਕਰਦੇ ਹਨ, ਉਹ ਕੋਈ ਵਿਰਲੇ ਦਾਸ ਹਨ।

[ਪੰਨਾ ੪੩੮]

ਰਾਗੁ ਆਸਾ ਮਹਲਾ ੧ ਛੰਤ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥

ਹੇ ਸੱਚੇ ਸਿਰਜਣਹਾਰ ਵਾਹਿਗੁਰੂ ! ਜਿਥੇ ਭੀ ਅਸੀਂ ਜਾਂਦੇ ਹਾਂ, ਤੂੰ ਉਨ੍ਹਾਂ ਸਾਰੀਆਂ ਥਾਵਾਂ ਵਿਚ ਪੂਰਨ ਹੈਂ।

ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ ॥

ਤੂੰ ਸਾਰਿਆਂ ਦਾ ਦਾਤਾ ਹੈਂ, ਕਰਮ ਬਿਧਾਤਾ=ਫਲਬਰ ਦਾਤਾ ਹੈਂ ਅਤੇ ਦੁੱਖਾਂ ਦੇ ਦੂਰ ਕਰਨ ਵਾਲਾ ਹੈਂ।

ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ ॥

ਹੇ ਸੁਆਮੀ ! ਤੂੰ ਦੁੱਖਾਂ ਦੇ ਦੂਰ ਕਰਨ ਵਾਲਾ ਹੈਂ, ਜਿਸ ਆਪ ਜੀ ਦਾ ਕੀਤਾ ਹੋਇਆ ਸਭ ਕੁਝ ਹੋ ਰਿਹਾ ਹੈ।

ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ ॥

ਕੋਟਾਨ ਕੋਟ ਅੰਦਰ ਦੇ ਪਾਪਾਂ ਦੇ ਸਮੁਦਾਅ ਨੂੰ ਇਕ ਘੜੀ ਵਿਚ ਖੋਵੈ=ਨਾਸ ਕਰ ਦੇਂਦਾ ਹੈਂ।

ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ ॥

ਹੰਸ ਜਿਹੜੇ ਹਨ, ਉਹ ਤਾਂ ਹੰਸ ਹੀ ਹਨ, ਬਗਲੇ ਜਿਹੜੇ ਹਨ ਉਹ ਤਾਂ ਬਗਲੇ ਹੀ ਹਨ। ਪਰੰਤੂ ਜਗਿਆਸੂ ਨੂੰ ਚਾਹੀਦਾ ਹੈ ਕਿ ਘਟ ਘਟ ਵਿਚ ਉਸ ਦੀ ਪ੍ਰਾਪਤੀ ਦਾ ਵਿਚਾਰ ਕਰੇ।

ਅਥਵਾ:- ਜੋ ਪਹਿਲੇ ਬਗਲਿਆਂ ਸੇ ਭੀ ਬਗਲੇ ਭਾਵ ਬੜੇ ਪਖੰਡੀ ਸਨ ਤੇ ਜਿਸ ਵੇਲੇ ਉਹਨਾਂ ਨੇ ਘਟ ਵਿਚ ਅਘਟ=ਇਕਰਸ ਸੱਤ ਅਸੱਤ ਦਾ ਵਿਚਾਰ ਕੀਤਾ ਤਾਂ ਉਹ ਹੰਸਾਂ ਤੋਂ ਭੀ ਪਰਮ ਹੰਸ ਹੋ ਗਏ।

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥ ੧ ॥

ਹੇ ਸੱਚੇ ਸਿਰਜਣਹਾਰ ਵਾਹਿਗੁਰੂ ! ਜਿਥੇ ਵੀ ਅਸੀਂ ਜਾਂਦੇ ਹਾਂ, ਉਹਨਾਂ ਸਭਨਾਂ ਥਾਵਾਂ ਵਿਚ ਤੂੰ ਪੂਰਨ ਹੈਂ।

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥

ਜਿਨ੍ਹਾਂ ਨੇ ਇਕ ਮਨ ਹੋ ਕੇ ਆਪ ਜੀ ਨੂੰ ਧਿਆਇਆ ਹੈ, ਉਹਨਾਂ ਨੇ ਆਤਮਕ-ਸੁਖ ਪਾਇਆ ਹੈ, ਪਰ ਉਹ ਸੰਸਾਰ ਵਿਚ ਵਿਰਲੇ ਪੁਰਸ਼ ਹਨ।

ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥

ਜੋ ਗੁਰ ਉਪਦੇਸ਼ ਨੂੰ ਕਮਾਉਂਦਾ ਹੈ, ਉਸ ਦੇ ਨੇੜੇ ਜਮ ਨਹੀਂ ਆਉਂਦਾ ਅਤੇ ਨਾ ਹੀ ਉਸ ਦੀ ਕਦੇ ਹਾਰ ਆਉਂਦੀ ਹੈ।

ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ ॥

ਜੋ ਹਰਿ ਹਰਿ ਦੇ ਗੁਣਾਂ ਨੂੰ ਸਾਰਹਿ=ਸੰਭਾਲਦੇ ਹਨ, ਉਹ ਪੁਰਸ਼ ਕਰਦੇ ਹਾਰਦੇ ਨਹੀਂ, ਬਲਕਿ ਉਹਨਾਂ ਦੇ ਨੇੜੇ ਜਮ ਵੀ ਨਹੀਂ ਆਉਂਦਾ।

ਜੰਮਣੁ ਮਰਣੁ ਤਿਨ੍ਹਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥

ਜੋ ਹਰੀ ਦੇ ਪਾਵੈ=ਚਰਨਾਂ ਨਾਲ ਲੱਗੇ ਹਨ, ਉਹਨਾਂ ਦਾ ਜਨਮ ਮਰਨ ਰੂਪ ਦੁੱਖ ਦੂਰ ਹੋ ਗਿਆ ਹੈ।

ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥

ਅੰਨਵੇਂ ! ਹਰਿ ਹਰਿ ਦੀ ਪ੍ਰਾਪਤੀ ਕਰਨ ਵਾਲੀ ਜੋ ਗੁਰ ਸਿੱਖਿਆ ਹੈ, ਉਸ ਵਿਚ ਰਸੁ=ਪ੍ਰੇਮ ਕਰਕੇ ਜਿਸ ਨੇ ਹਿਰਦੇ ਵਿਚ ਹਰਿ ਹਰਿ ਨਾਮ ਨੂੰ ਧਾਰਿਆ ਹੈ; ਉਸ ਨੇ ਗਿਆਨ ਰੂਪ ਫਲ ਨੂੰ ਪਾਇਆ ਹੈ।

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨ ॥

ਜਿਸ ਨੇ ਇਕਾਗਰ ਮਨ ਹੋ ਕੇ ਵਾਹਿਗੁਰੂ ਨੂੰ ਧਿਆਇਆ ਹੈ, ਉਸ ਨੇ ਸੁਖ ਪਾਇਆ ਹੈ ਤੇ ਐਹੋ ਜਿਹੇ ਪੁਰਸ਼ ਸੰਸਾਰ ਵਿਚ ਵਿਰਲੇ ਹਨ।

ਜਿਨਿ ਜਗਤੁ ਉਪਾਇਆ ਧੰਧੈ ਲਾਇਆ ਤਿਸੈ ਵਿਟਹੁ ਕੁਰਬਾਣੁ ਜੀਉ ॥

ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕੀਤਾ ਹੈ ਅਤੇ ਧੰਦਿਆਂ ਵਿਚ ਲਗਾਇਆ ਹੈ, ਮੈਂ ਉਸ ਉਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਤਾ ਕੀ ਸੇਵ ਕਰੀਜੈ ਲਾਹਾ ਲੀਜੈ ਹਰਿ ਦਰਗਹ ਪਾਈਐ ਮਾਣੁ ਜੀਉ ॥

ਉਸ ਪ੍ਰਭੂ ਦੀ ਸੇਵਾ ਕਰੀਏ ਤਾਂ ਮਨੁੱਖ ਜਨਮ ਦਾ ਲਾਭ ਲਈਦਾ ਹੈ ਅਤੇ ਹਰੀ ਦੀ ਪ੍ਰਲੋਕ ਦਰਗਾਹ ਵਿਚ ਜਾ ਕੇ ਮਾਣੁ=ਆਦਰ ਪਾਈਦਾ ਹੈ।

ਹਰਿ ਦਰਗਹ ਮਾਨੁ ਸੋਈ ਜਨੁ ਪਾਵੈ ਜੋ ਨਰੁ ਏਕੁ ਪਛਾਣੈ ॥

ਹਰੀ ਦੀ ਦਰਗਾਹ ਵਿਚ ਜਾ ਕੇ ਓਹੀ ਪੁਰਸ਼ ਮਾਨੁ=ਸਤਿਕਾਰ ਪਾਉਂਦਾ ਹੈ, ਜੋ ਪੁਰਸ਼ ਇਕ ਵਾਹਿਗੁਰੂ ਦਾ ਸਿਮਰਨ ਕਰਨਾ ਪਛਾਣਦਾ ਹੈ।

ਓਹੁ ਨਵ ਨਿਧਿ ਪਾਵੈ ਗੁਰਮਤਿ ਹਰਿ ਧਿਆਵੈ ਨਿਤ ਹਰਿ ਗੁਣ ਆਖਿ ਵਖਾਣੈ ॥

ਜੋ ਗੁਰ ਸਿੱਖਿਆ ਦੁਆਰੇ ਹਰੀ ਨਾਮ ਧਿਆਉਂਦਾ ਹੈ, ਉਹ ਨੌਂ ਨਿਧੀਆਂ ਨੂੰ ਪਾ ਲੈਂਦਾ ਹੈ ਅਤੇ ਨਿਤਾਪ੍ਰਤੀ ਹਰੀ ਦੇ ਗੁਣਾਂ ਨੂੰ ਆਖ ਕੇ ਵਖਾਣੈ=ਵਖਿਆਨ ਕਰਦਾ ਹੈ।

ਅਹਿਨਿਸਿ ਨਾਮੁ ਤਿਸੈ ਕਾ ਲੀਜੈ ਹਰਿ ਊਤਮੁ ਪੁਰਖੁ ਪਰਧਾਨੁ ਜੀਉ ॥

ਅਹਿਨਿਸਿ=ਦਿਨ ਰਾਤ ਉਸ ਪ੍ਰਭੂ ਦਾ ਨਾਮ ਲੈਣਾ ਚਾਹੀਦਾ ਹੈ, ਜੋ ਹਰੀ ਪੁਰਖ ਸਾਰਿਆਂ ਤੋਂ ਉੱਤਮ ਤੇ ਪ੍ਰਧਾਨ ਹੈ।

ਜਿਨਿ ਜਗਤੁ ਉਪਾਇਆ ਧੰਧੈ ਲਾਇਆ
ਹਉ ਤਿਸੈ ਵਿਟਹੁ ਕੁਰਬਾਨੁ ਜੀਉ ॥ ੩ ॥

ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕੀਤਾ ਤੇ ਫਿਰ ਧੰਧੈ=ਵਿਹਾਰਾਂ ਵਿਚ ਲਗਾਇਆ ਹੈ, ਮੈਂ ਤਿਸੈ-ਵਿਟਹੁ=ਉਸ ਉਪਰੋਂ ਕੁਰਬਾਨੁ=ਸਦਕੇ ਜਾਂਦਾ ਹਾਂ॥ ੩ ॥

ਨਾਮੁ ਲੈਨਿ ਸਿ ਸੋਹਹਿ ਤਿਨ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥

ਜੋ ਪੁਰਸ਼ ਵਾਹਿਗੁਰੂ ਦਾ ਨਾਮ ਲੈਂਦੇ ਹਨ, ਉਹ ਸੋਹਹਿ=ਸੋਭਾ ਪਾਉਂਦੇ ਹਨ ਅਤੇ ਉਹਨਾਂ ਨੂੰ ਸੁਖ ਰੂਪ ਫਲ ਪ੍ਰਾਪਤ ਹੁੰਦਾ ਹੈ, ਜੋ ਵਾਹਿਗੁਰੂ ਨਾਮ ਨੂੰ ਮੰਨਦੇ ਹਨ, ਉਹ ਮਨੁੱਖਾ ਜਨਮ ਰੂਪ ਬਾਜੀ ਨੂੰ ਜਿੱਤ ਕੇ ਜਾਂਦੇ ਹਨ।

ਤਿਨ ਫਲ ਤੋਟਿ ਨ ਆਵੈ ਜਾ ਤਿਸੁ ਭਾਵੈ ਜੇ ਜੁਗ ਕੇਤੇ ਜਾਹਿ ਜੀਉ ॥

ਜਿਹੜਾ ਪੁਰਸ਼, ਜਾ ਉਸ ਪਰਮੇਸ਼ਰ ਨੂੰ ਭਾਉਂਦਾ ਹੈ, ਉਸ ਪੁਰਸ਼ ਨੂੰ ਕਿਸੇ ਫਲ ਦਾ, *ਅਥਵਾ:-* ਗਿਆਨ ਫਲ ਦਾ ਘਾਟਾ ਨਹੀਂ ਆਉਂਦਾ, ਜੇਕਰ ਕਿਤਨੇ ਭੀ ਜੁਗ ਚਲੇ ਜਾਣ ਭਾਵ ਬਤੀਤ ਹੋ ਜਾਣ।

ਜੇ ਜੁਗ ਕੇਤੇ ਜਾਹਿ ਸੁਆਮੀ ਤਿਨ ਫਲ ਤੋਟਿ ਨ ਆਵੈ ॥

ਜੇਕਰ ਕਿਤਨੇ ਜੁਗ ਭੀ ਬਤੀਤ ਹੋ ਜਾਣ, ਤਾਂ ਭੀ ਤਿਸ ਨੂੰ ਸੁਆਮੀ ਰੂਪੀ ਫਲ ਦਾ, *ਅਥਵਾ:-* ਸੁਆਮੀ ਦੇ ਦਿੱਤੇ ਹੋਏ ਗਿਆਨ ਫਲ ਦਾ ਘਾਟਾ ਨਹੀਂ ਆਉਂਦਾ।

ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥

ਜੋ ਪੁਰਸ਼ ਹਰੀ ਨਾਮ ਨੂੰ ਧਿਆਉਂਦਾ ਹੈ, ਉਸ ਨੂੰ ਜਰਾ=ਬੁਢੇਪਾ ਅਤੇ ਮਰਨ ਦਾ ਦੁੱਖ ਨਹੀਂ ਹੁੰਦਾ ਅਤੇ ਨਾ ਹੀ ਉਹ ਨਰਕ ਵਿਚ ਪਰਣਾ=ਪੈਣਾ ਕਰਦਾ ਹੈ।

ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਹਰਿ ਨਾਮ ਦਾ ਜਾਪ ਕਰਦੇ ਹਨ, ਉਹ ਗ਼ਮਾਂ ਨਾਲ ਸੁਕਦੇ ਨਹੀਂ, ਅਤੇ ਨਾ ਹੀ ਉਸ ਨੂੰ ਪੀੜ ਖਾਂਦੀ ਹੈ।

ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ
ਮਾਨਹਿ ਸੇ ਜਿਣਿ ਜਾਹਿ ਜੀਉ ॥ ੪ ॥ ੧ ॥ ੪ ॥

ਜੋ ਪੁਰਸ਼ ਨਾਮ ਨੂੰ ਲੈਂਦੇ ਹਨ, ਉਹੀ ਸੋਭਦੇ ਹਨ, ਤਿਸ ਨੂੰ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ। ਜੋ ਨਾਮ ਨੂੰ ਮੰਨਦੇ

ਹਨ ਸੇ=ਉਹ ਪੁਰਸ਼ ਮਨੁੱਖਾ ਜਨਮ ਰੂਪ ਬਾਜੀ ਨੂੰ ਜਿਣਿ ਜਾਹਿ=ਜਿੱਤ ਕੇ ਜਾਂਦੇ ਹਨ॥ ੪॥ ੧॥ ੪ ॥

੧ੴ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੧ ਛੰਤ ਘਰੁ ੩ ॥

ਸ੍ਰੀ ਗੁਰੂ ਨਾਨਕ ਦੇਵ ਜੀ ਬਾਹਰ ਜਾ ਰਹੇ ਸਨ, ਰਾਹ ਵਿਚ ਇਕ ਪੁਰਸ਼ ਨੂੰ ਵਿਸ਼ੇ ਲੰਪਟ ਵੇਖ ਕੇ ਅਨੁਕਤੀ ਅਲੰਕਾਰ ਦ੍ਵਾਰਾ (ਕੋਈ ਸਾਹਮਣੇ ਜੰਗਲ ਵਿਚ ਹਰਨ ਚਰ ਰਿਹਾ ਸੀ ਉਸ) ਹਰਨ ਨੂੰ ਮੁਖ ਰੱਖ ਕੇ ਵੈਰਾਗ ਜਨਕ ਉਪਦੇਸ਼ ਦਿੰਦੇ ਹਨ:-

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥

ਹੇ ਕਾਲੇ ਹਰਨ ! ਤੂੰ ਸੁਣਨਾ ਕਰ, ਇਸ ਵਾੜੀਐ=ਬਗੀਚੀ ਵਿਚ ਤੂੰ ਕੀ ਰਾਤਾ=ਫਸਿਆ ਹੋਇਆ ਹੈਂ। ਜਦ ਇੰਦ ਕਿਹਾ ਤਾਂ ਉਸ ਨੇ ਵਿਚਾਰਿਆ ਕਿ ਇਹਨਾਂ ਸੰਤਾਂ ਨੇ ਹਰਨ ਨੂੰ ਕੀ ਕਹਿਣਾ ਸੀ, ਇਹ ਤਾਂ ਕੁੰਝ ਮੈਨੂੰ ਕਹਿ ਰਹੇ ਹਨ। ਉੱਠ ਕੇ ਪਾਸ ਆ ਕੇ ਪੁਛਦਾ ਹੈ ਕਿ ਹੇ ਮਹਾਰਾਜ ਜੀ ! ਆਪ ਜੀ ਨੇ ਕੀ ਫੁਰਮਾਇਆ ਹੈ ? *ਗੁਰ ਉੱਤਰ:-*

ਹੇ ਕਾਲੇ ਹਰਨ ਵਾਂਗ ਪਾਪਾਤਮਾ ਜੀਵ ! ਤੂੰ ਸੁਣ, ਰਾਮ ਨੂੰ ਭੁਲਾ ਕੇ ਤੂੰ ਪਰ ਇਸਤਰੀ ਰੂਪ ਬਗੀਚੀ ਵਿਚ ਕੀ ਰਤਾ ਹੋਇਆ ਹੈਂ। *ਅਥਵਾ:-*ਸਭ ਹਰਨਾਂ ਵਿਚੋਂ ਜਿਵੇਂ ਕਾਲਾ ਹਰਨ ਸ੍ਰੇਸ਼ਟ ਹੁੰਦਾ ਹੈ। ਇਵੇਂ ਹੀ ਹੇ ਕਾਲੇ ਹਰਨ ਵਤ ਅਮੋਲਕ ਮਨੁੱਖਾ ਦੇਹ ਵਾਲੇ ਪੁਰਸ਼ਾ ! ਤੂੰ ਸੁਣ, ਰਾਮ ਨੂੰ ਭੁਲਾ ਕੇ ਤੂੰ ਵਿਸ਼ਿਆਂ ਰੂਪੀ ਬਗੀਚੀ ਵਿਚ ਕੀ ਰਾਤਾ=ਫਸਿਆ ਹੋਇਆ ਹੈਂ।

ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥

ਰਾਮ=ਹੇ ਭਾਈ ! ਇਹ ਵਿਸ਼ਿਆਂ ਰੂਪੀ ਫਲ ਚਾਰ ਦਿਨ ਹੀ ਮਿੱਠਾ ਹੈ, ਫਿਰ ਤਾਂ ਇਸ ਨੇ ਤਾਤਾ= ਦੁਖਦਾਈ ਹੋ ਜਾਣਾ ਹੈ।

ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ॥

ਜਿਨ੍ਹਾਂ ਵਿਚ ਤੂੰ ਖਰਾ ਮਾਤਾ=ਚੰਗਾ ਮਸਤ ਹੋ ਰਿਹਾ ਹੈਂ, ਉਹ ਫਿਰ ਤਾਤਾ=ਦੁਖਦਾਈ ਹੋ ਜਾਣਗੇ ਅਤੇ ਹਰੀ ਨਾਮ ਤੋਂ ਬਿਨਾਂ ਤੂੰ ਪਰਤਾਪਏ=ਪਛਤਾਵੇਂਗਾ।

[ਪੰਨਾ ੪੩੯]

ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ॥

ਉਹ ਵੈਤਰਨੀ ਨਦੀ ਸਾਇਰ ਜੇਵ=ਸਮੁੰਦ੍ਰ ਦੀ ਨਿਆਈਂ ਲਹਿਰਾਂ ਭਾਵ ਛੱਲਾਂ ਦੇ ਰਹੀ ਹੈ ਅਤੇ ਅਸਪੱਤ੍ਰ ਬਨ ਦੇ ਪੱਤੇ ਬਿਜਲੀ ਦੀ ਨਿਆਈਂ ਚਮਕ ਰਹੇ ਹਨ।

ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ॥

ਉਥੇ ਹਰੀ ਤੋਂ ਬਿਨਾਂ ਹੋਰ ਕੋਈ ਰੱਖਜਕ ਨਹੀਂ ਤੇ ਉਸ ਨੂੰ ਤੂੰ ਭੁਲਾ ਦਿੱਤਾ ਹੈ।

ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਮਨ ! ਅਸੀਂ ਸੱਚੀ ਗੱਲ ਕਹਿੰਦੇ ਹਾਂ ਤੂੰ ਵਾਹਿਗੁਰੂ ਵਾਹਿਗੁਰੂ ਚੇਤਨਾ ਕਰ, ਨਹੀਂ ਤਾਂ ਹੇ ਕਾਲੇ ਹਰਨ ਵਤ ਪਾਪਾਤਮਾ ਜੀਵ ! ਤੇਰਾ ਨਿਸਫਲ ਹੀ ਮਰਨਾ ਹੋਵੇਗਾ॥ ੧॥

ਜਦ ਗੁਰੂ ਸਾਹਿਬ ਜੀ ਅੱਗੇ ਗਏ ਤਾਂ ਕੀ ਵੇਖਿਆ ਇਕ ਪੁਰਸ਼ ਸੰਬੰਧੀਆਂ ਵਿਚ ਬੜਾ ਮਸਤ ਸੀ, ਉਸ

ਨੂੰ ਅਨੁਕਤੀ ਅਲੰਕਾਰ ਦ੍ਵਾਰਾ ਭੌਰੇ ਨੂੰ ਮੁਖ ਰੱਖਕੇ ਉਪਦੇਸ਼ ਦਿੰਦੇ ਹਨ-

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ॥

ਹੇ ਫੁੱਲਾਂ ਉਤੇ ਭਵੰਤਿਆ=ਫਿਰਨ ਵਾਲੇ ਭੌਰਿਆ ! ਰਾਮ ਤੋਂ ਬਿਨਾਂ ਤੈਨੂੰ ਅਤਿਅੰਤ ਭਾਰੀ ਦੁੱਖ ਹੋਵੇਗਾ। ਜਦ ਇੰਞ ਕਿਹਾ ਤਾਂ ਜੀਵ ਨੇ ਵਿਚਾਰਿਆ ਕਿ ਸੰਤਾਂ ਨੇ ਭੌਰੇ ਨੂੰ ਭਲਾ ਕੀ ਕਹਿਣਾ ਸੀ, ਇਹ ਤਾਂ ਮੈਨੂੰ ਕਹਿ ਰਹੇ ਹਨ, ਉਸੀ ਵੇਲੇ ਉਹ ਉੱਠ ਕੇ ਗੁਰੂ ਜੀ ਦੇ ਕੋਲ ਆ ਕੇ ਬੈਠ ਗਿਆ ਤੇ ਕਿਹਾ-'ਆਪ ਜੀ ਨੇ ਕੀ ਫ਼ੁਰਮਾਇਆ ਹੈ ?' *ਗੁਰ ਉੱਤਰ:-*

ਹੇ ਭੌਰੇ ਜੀਵ ! ਇਸਤ੍ਰੀ ਪੁੱਤਰ ਆਦਿਕਾਂ ਦੇ ਮੂੰਹ ਰੂਪੀ ਕੰਵਲ ਫੁੱਲਾਂ ਉੱਤੇ ਆਸ਼ਕ ਹੋ ਕੇ ਫਿਰਨ ਵਾਲੇ, ਰਾਮ ਨਾਮ ਸਿਮਰਨ ਤੋਂ ਬਿਨਾਂ ਤੈਨੂੰ ਅਤਿਅੰਤ ਭਾਰੀ ਦੁੱਖ ਹੋਵੇਗਾ।

ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ॥

ਮੈਂ ਤਾਂ ਆਪਣੇ ਗੁਰਾਂ ਪਾਸੋਂ ਸੱਚੇ ਰਾਮ ਦਾ ਵਿਚਾਰ ਪੁਛਣਾ ਕੀਤਾ ਹੈ।

ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ॥

ਮੈਂ ਵਿਚਾਰ ਕੇ ਸਤਿਗੁਰਾਂ ਪਾਸੋਂ/ਪੁਛਿਆ ਕਿ ਜੀਵ ਕਿਉਂ ਨਹੀਂ ਤਰਦਾ ? ਤਾਂ ਉਹਨਾਂ ਨੇ ਕਿਹਾ:- ਕਿ ਜੀਵ ਰੂਪੀ ਭੌਰਾ ਵਿਸ਼ਿਆਂ ਰੂਪੀ ਬੇਲੀ=ਵਲੀਆਂ ਤੇ ਮਸਤ ਹੈ, ਇਸੇ ਕਰਕੇ ਨਹੀਂ ਤਰਦਾ।

ਇਸ ਦਾ ਦੂਜਾ ਅਰਥ ਇਵੇਂ ਭੀ ਕਰਦੇ ਹਨ, ਕਿ-

ਵਿਚਾਰਵਾਨ ਸਤਿਗੁਰਾਂ ਪਾਸੋਂ ਮੈਂ ਪੁਛਿਆ ਹੈ ਕਿ ਜੋ ਜੀਵ ਰੂਪੀ ਭੌਰਾ ਵਿੱਸ਼ਿਆਂ ਰੂਪੀ ਵਲੀਆਂ ਤੇ ਮਸਤ ਹੈ, ਉਸ ਦੀ ਕੀ ਹਾਲਤ ਹੁੰਦੀ ਹੈ ? *ਗੁਰ ਉੱਤਰ:-*

ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ॥

ਪਹਿਲਾ ਅਰਥ-ਜਿਸ ਵੇਲੇ ਕਾਲ ਰੂਪੀ ਸੂਰਜ ਚੜ੍ਹਿਆ ਤਾਂ ਇਸ ਦਾ ਪਿੰਡੁ ਪੜਿਆ=ਸਰੀਰ ਨਾਸ ਹੋ ਜਾਂਦਾ ਹੈ ਤੇ ਨਰਕਾਂ ਰੂਪ ਤਾਤਓ=ਤੱਤੇ ਤੇਲ ਵਿਚ ਇਸ ਨੂੰ ਤਾਵਣਿ=ਤਪਾਇਆ (ਤਲਿਆ) ਜਾਂਦਾ ਹੈ। ਪਰਸੰਗ ਅਨੁਸਾਰ ਇਹ ਅਰਥ ਲੱਗ ਚੁੱਕਾ ਹੈ।

ਦੂਜਾ ਅਰਥ- ਸੁਣੇ-ਪਹਿਲੇ ਦ੍ਰਿਸ਼ਟਾਂਤ:-ਜਿਸ ਵੇਲੇ ਪ੍ਰਤੱਖ ਸੂਰਜ ਚੜ੍ਹਦਾ ਹੈ ਤਾਂ ਭੌਰੇ ਦਾ ਪਿੰਡੁ=ਸਰੀਰ ਤੱਤੇ ਜਲ ਵਿਚ ਪੈ ਜਾਂਦਾ ਹੈ।

ਕਿਵੇਂ ? ਰਾਤ ਨੂੰ ਸੁਗੰਧੀ ਲੈਣ ਵਾਸਤੇ ਭੌਰਾ ਕਲੀਆਂ (ਫੁੱਲਾਂ) ਉੱਤੇ ਬੈਠਾ ਹੁੰਦਾ ਹੈ ਤੇ ਜਿਸ ਵੇਲੇ ਸੂਰਜ ਚੜ੍ਹਦਾ ਹੈ ਤੇ ਕਲੀਆਂ ਮੁਰਝਾ ਕੇ ਤੱਤੇ ਪਾਣੀ ਵਿਚ ਪੈ ਜਾਂਦੀਆਂ ਹਨ ਤੇ ਭੌਰਾ ਵੀ ਵਿਚ ਪਿਆ ਹੋਇਆ ਓਵੇਂ ਦੁੱਖੀ ਹੁੰਦਾ ਹੈ, ਜਿਵੇਂ ਤੇਲ ਦੀ ਤੱਤੀ ਤਾਵਣ ਹੁੰਦੀ ਹੈ ਜਦ ਤੇਲ ਤੱਤਾ ਕਰਕੇ ਕੋਹਲੂ ਵਿਚ ਪਾਉਂਦੇ ਹਨ ਤਾਂ ਤਿਲ ਸੁਲਗਦੇ ਹਨ।

ਇਸੀ ਪਰਕਾਰ ਬੁਢਾਪੇ ਰੂਪ ਚੜ੍ਹਦੇ ਪਾਸਿਓਂ ਕਾਲ ਰੂਪੀ ਸੂਰਜ ਚੜ੍ਹਿਆ, ਜੋ ਜੀਵ ਰੂਪ ਭੌਰਾ ਵਿਸ਼ਿਆਂ ਰੂਪ ਸੁਗੰਧੀ ਦੇ ਲੈਣ ਵਾਸਤੇ ਪਰ ਇਸਤ੍ਰੀ ਰੂਪ ਕਲੀ 'ਪਰ ਬੈਠਾ ਹੋਇਆ ਸੀ, ਉਸ ਵੇਲੇ ਉਸ ਦਾ ਪਿੰਡੁ ਪੜਿਆ=ਸਰੀਰ ਡਿੱਗ ਪਿਆ ਤੇ ਜੀਵ ਨਰਕਾਂ ਵਿਚ ਪੈ ਕੇ ਇਉਂ ਦੁੱਖੀ ਹੁੰਦਾ ਹੈ, ਜਿਵੇਂ ਤੇਲ ਦੀ ਤਤੀ ਤਾਵਣ ਤਿਲਾਂ ਵਿਚ ਪਾਈਏ ਤੇ ਉਹ ਸੁਲਗਦੇ ਹਨ।

ਤੀਜਾ ਅਰਥ-ਸੂਰਜ ਮੁਖੀ ਕਮਲ ਫੁੱਲ ਦਾ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ।

ਜਿਸ ਵੇਲੇ ਸੂਰਜ ਚੜ੍ਹਦਾ ਹੈ, ਤਿਸ ਵੇਲੇ ਭੌਰੇ ਦਾ ਸਰੀਰ ਸੁਗੰਧੀ ਦੇ ਲਾਲਚ ਕਰਕੇ ਕਮਲ ਫੁੱਲ ਵਿਚ ਆ ਕੇ ਪੈਂਦਾ ਹੈ। ਸਾਰਾ ਦਿਨ ਬੀਤ ਜਾਣ ਤੇ ਸੂਰਜ ਅਸਤ ਹੋ ਜਾਂਦਾ ਹੈ ਤੇ ਚੰਦ੍ਰਮਾ ਚੜ੍ਹ ਜਾਂਦਾ ਹੈ, ਉਸ ਵੇਲੇ ਕਮਲ ਫੁੱਲ ਮੁੰਦਿਆ ਜਾਂਦਾ ਹੈ ਤੇ ਭੌਰਾ ਵਿਚ ਹੀ ਹੁੰਦਾ ਹੈ ਤੇ ਜੇਠ ਹਾੜ ਦੇ ਦਿਨਾਂ ਦਾ ਪਾਣੀ ਗਰਮ ਹੋਣ ਕਰਕੇ, ਭੌਰਾ ਇਉਂ ਦੁੱਖੀ ਹੁੰਦਾ ਹੈ, ਜਿਵੇਂ ਤੇਲ ਦੀ ਤਤੀ ਤਾਵਣ ਹੁੰਦੀ ਹੈ।

ਇਸੀ ਪਰਕਾਰ ਜਿਸ ਵੇਲੇ ਅਵਸਥਾ ਰੂਪੀ ਸੂਰਜ ਚੜ੍ਹਿਆ ਭਾਵ ਜੁਆਨੀ ਆਈ, ਉਸ ਵੇਲੇ ਜੀਵ ਰੂਪੀ ਭੌਰੇ ਦਾ ਸਰੀਰ ਵਿਸ਼ਿਆਂ ਵਿਚ ਪੈ ਗਿਆ। ਜਦ ਮੌਤ ਦੇ ਸਮੇਂ ਰੂਪ ਰਾਤ ਵਿਚ ਕਾਲ ਰੂਪੀ ਚੰਦ੍ਰਮਾ ਚੜ੍ਹਿਆ, ਤਾਂ ਉਸ ਵੇਲੇ ਨਰਕਾਂ ਵਿਚ ਪੈ ਕੇ ਇਵੇਂ ਦੁੱਖੀ ਹੁੰਦਾ ਹੈ, ਜਿਵੇਂ ਤੇਲ ਦੀ ਤੱਤੀ ਤਾਵਣ ਹੁੰਦੀ ਹੈ।

ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥

ਜਮ ਰਸਤੇ ਵਿਚ ਬੱਝਾ ਹੋਇਆ ਸੱਟਾਂ ਖਾਂਦਾ ਹੈ, ਗੁਰ ਉਪਦੇਸ਼ ਤੋਂ ਬਿਨਾਂ ਬੇਤਾਲਿਆ=ਭੂਤਨਾ,

ਅਥਵਾ:- ਤਾਲ=ਸਰੂਪ ਤੋਂ ਬੇ=ਰਹਿਤ ਹੈ।

ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ=ਹੇ ਮਨ=ਪਿਆਰੇ ਅਸੀਂ ਸੱਚੀ ਗੱਲ ਕਹਿੰਦੇ ਹਾਂ, ਤੂੰ ਵਾਹਿਗੁਰੂ ਨੂੰ ਚੇਤਨਾ ਕਰ, ਨਹੀਂ ਤਾਂ ਹੇ ਕਾਲੇ ਭਵਰਾ=ਪਾਪੀ ਜੀਵ ! ਤੇਰਾ ਨਿਸਫਲ ਮਰਨਾ ਹੋਵੇਗਾ॥ ੨ ॥

ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥

ਹੇ ਮੇਰੇ ਜੀਆ ! ਪਰਦੇਸੀਆ=ਸਰੂਪ ਦੇਸ ਤੋਂ ਪਰ੍ਹੇ, ਤੂੰ ਰਾਮ ਨੂੰ ਭੁਲਾ ਕੇ ਕਿਸ ਵਾਸਤੇ ਜੰਜਾਲਾਂ ਵਿਚ ਪੈ ਗਿਆ ਹੈਂ।

ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥

ਸੱਚਾ ਸਾਹਿਬ ਪਰਮਾਤਮਾ ਮਨ ਵਿਚ ਵਸ ਜਾਵੇ, ਤਾਂ ਹੇ ਰਾਮ=ਭਾਈ ! ਜਮਾਂ ਦੇ ਜਾਲ ਵਿਚ ਕੀ ਫਸੇਂਗਾ। ਭਾਵ ਨਹੀਂ ਫਸੇਂਗਾ।

ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ॥

ਜਿਸ ਵੇਲੇ ਬਧਿਕਿ=ਫੰਧਕ ਨੇ ਜਾਲ ਪਾਇਆ ਤਾਂ ਮੱਛੀ ਪਾਣੀ ਤੋਂ ਵਿਛੁੜ ਕੇ ਅੱਖਾਂ ਭਰ ਕੇ ਰੁੰਨੀ=ਰੋਂਦੀ ਹੈ। ਇਸੀ ਪ੍ਰਕਾਰ ਜਦ ਜਮ ਰੂਪੀ ਫੰਧਕ ਨੇ ਜਾਲ ਪਾਇਆ ਤਾਂ ਜੀਵ ਰੂਪੀ ਮੱਛੀ ਪਦਾਰਥਾਂ ਰੂਪ ਜਲ ਤੋਂ ਵਿਛੁੜ ਕੇ ਮਨ ਬੁੱਧੀ ਰੂਪ ਅੱਖਾਂ ਵਿੱਚ ਪਦਾਰਥਾਂ ਦਾ ਮੋਹ ਰੂਪ ਜਲ ਭਰ ਕੇ ਰੋਂਦੀ ਹੈ।

ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥

ਸੰਸਾਰ ਵਿਚ ਇਸ ਨੂੰ ਮਾਇਆ ਦਾ ਮੋਹ ਮਿੱਠਾ ਲੱਗ ਰਿਹਾ ਹੈਂ; ਪਰੰਤੂ, ਜਿਸ ਵੇਲੇ ਅੰਤ ਦਾ ਸਮਾਂ ਆਉਂਦਾ ਹੈ ਤਾਂ ਕੌੜੇ ਪਦਾਰਥਾਂ ਵਿਚ ਜੋ ਮਿੱਠੇ ਦਾ ਭਰਮੁ=ਭੁਲੇਖਾ ਹੋ ਰਿਹਾ ਸੀ, ਉਹ ਦੂਰ ਹੋ ਗਿਆ।

ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥

ਹੇ ਪੁਰਸ਼ਾ ! ਹਰੀ ਨਾਲ ਚਿਤ ਨੂੰ ਲੱਗਾ ਕੇ ਭਗਤੀ ਕਰ, ਮਨ ਦੇ ਅੰਦੇਸਿਆ=ਸੰਸੇ ਛੱਡ ਦੇ।

ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੱਚੀ ਗੱਲ ਕਹਿੰਦਾ ਹਾਂ,

ਹੇ ਮਨ=ਪਿਆਰੇ ! ਜੀਅ ਪਰਦੇਸੀਆ=ਸਰੂਪ ਦੇਸ਼ ਤੋਂ ਪਰ੍ਹੇ ! ਤੂੰ ਵਾਹਿਗੁਰੂ ਨੂੰ ਚੇਤਨਾ ਕਰ॥ ੩ ॥

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥

ਜਿਸ ਤਰ੍ਹਾਂ ਵਾਹ=ਵਾਹੜਾ ਨਦੀ ਨਾਲੋਂ ਵਿਛੁੜ ਜਾਵੇ, ਤਾਂ ਉਸ ਦਾ ਸੰਜੋਗਾਂ ਕਰਕੇ ਹੀ ਸਮੁੰਦਰ ਨਾਲ ਮਿਲਾਪ ਹੁੰਦਾ ਹੈ, ਨਹੀਂ ਤਾਂ ਹੁੰਦਾ ਹੀ ਨਹੀਂ। ਇਸੀ ਪ੍ਰਕਾਰ ਜੀਵ ਰੂਪ ਨਾਲੇ ਦਾ-ਈਸ਼ੂਰ ਉਪਾਸ਼ਨਾ ਰੂਪ ਨਦੀ ਤੋਂ ਵਿਛੋੜਾ ਹੋ ਜਾਵੇ, ਤਾਂ ਫਿਰ ਕਰਮਾਂ ਦੇ ਸੰਜੋਗ ਕਰਕੇ ਹੀ ਰਾਮ=ਬ੍ਰਹਮ ਰੂਪ ਸਮੁੰਦਰ ਦੇ ਨਾਲ ਮਿਲਾਪ ਹੁੰਦਾ ਹੈ, ਨਹੀਂ ਤਾਂ ਨਹੀਂ ਹੁੰਦਾ।

ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥

ਜੁਗਾਂ ਜੁਗਾਂ ਵਿਚ ਜੋ ਪਦਾਰਥ ਵਿਸੁ=ਵਿਹੁ ਰੂਪ ਹਨ, ਉਹਨਾਂ ਨੂੰ ਮਿੱਠਾ ਜਾਣ ਕੇ ਭਰੇ=ਭਰਦਾ ਭਾਵ ਭੋਗਦਾ ਹੈ ਅਤੇ ਰਾਮ ਵਿਖੇ ਜੋਗੀ=ਜੁੜਨਾ ਕੋਈ ਵਿਰਲਾ ਪੁਰਸ਼ ਹੀ ਜਾਣਦਾ ਹੈ।

ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥

ਜਿਹੜਾ ਕੋਈ ਪੁਰਸ਼ ਸਹਜਿ=ਸਤੋ ਗੁਣ, *ਅਥਵਾ:-* ਗਿਆਨ ਨੂੰ ਜਾਣਦਾ ਹੈ; ਓਹੀ ਹਰੀ ਨੂੰ ਪਛਾਣਦਾ ਹੈ। ਪਰੰਤੂ ਗਿਆਨ ਨੂੰ ਓਹੀ ਜਾਣਦਾ ਹੈ, ਜਿਸ ਨੇ ਸਤਿਗੁਰਾਂ ਦੇ ਉਪਦੇਸ਼ ਨੂੰ ਚੇਤਿਆ=ਯਾਦ ਕੀਤਾ ਹੈ।

ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੂਰਖ ਅਚੇਤਿਆ ॥

ਜੋ ਹਰੀ ਦੇ ਨਾਮ ਤੋਂ ਬਿਨਾਂ ਹੋਰਨਾਂ ਭਰਮਾਂ ਵਿਚ ਭੁੱਲੇ ਫਿਰਦੇ ਹਨ, ਉਹ ਮੂਰਖ ਅਚੇਤਿਆ=ਅਗਿਆਤ ਪਚਹਿ=ਖਰਾਬ ਹੁੰਦੇ ਹਨ।

ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥

ਜਿਸ ਦੇ ਹਿਰਦੇ ਵਿਚ ਸੱਚਾ ਨਾਮ ਅਤੇ ਭਗਤੀ ਨਹੀਂ ਹੈ, ਉਹ ਪੁਰਸ਼ ਅੰਤਿ=ਪ੍ਰਾਣ ਨਿਕਲਨ ਸਮੇਂ ਧਾਹਾਂ ਮਾਰ ਕੇ ਰੋਂਦਾ ਹੈ।

ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥ ੪ ॥ ੧ ॥ ੫ ॥

ਗੁਰੂ ਸਾਹਿਬ ਜੀ ਸੱਚਾ ਬਚਨ ਕਹਿੰਦੇ ਹਨ ਕਿ ਸੱਚੇ ਗੁਰਾਂ ਦੇ ਉਪਦੇਸ਼ ਕਰਕੇ ਹੀ ਚਿਰ ਦੇ ਵਿਛੁੜੇ ਹੋਏ ਜੀਵ ਦਾ ਪਰਮੇਸ਼ਰ ਨਾਲ ਮਿਲਾਪ ਹੁੰਦਾ ਹੈ। ਇਸ ਲਈ ਮਨੁੱਖ ਨੂੰ ਗੁਰੂ ਦਾ ਉਪਦੇਸ਼ ਦਾ ਧਾਰਨ ਕਰਨਾ ਅਤਿ ਲਾਭਵੰਤ ਹੈ॥ ੪ ॥ ੧ ॥ ੫।

ੴ ਸਤਿਗੁਰ ਪ੍ਰਸਾਦਿ ॥ ਆਸਾ ਮਹਲਾ ੩ ਛੰਤ ਘਰੁ ੧ ॥

ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ॥

(ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਕਥਨ ਕਰਦੇ ਹਨ) ਮਹਾਤਮਾ ਜਗਿਆਸੂ ਨੂੰ ਕਹਿੰਦੇ ਹਨ, ਕਿ-ਸਾਡੇ ਅੰਤਹਕਰਣ ਰੂਪੀ ਘਰ ਵਿਚ ਸੱਚਾ ਸੋਹਿਲਾ=ਅਨੰਦ ਪਰਾਪਤ ਹੋਇਆ ਹੈ, ਰਾਮ ਦੀ ਪ੍ਰਾਪਤੀ ਕਰਨ ਵਾਲੇ ਸੋਭਨੀਕ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ।

ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥

ਮੈਂ ਧਨ ਦਾ ਪਿਰੁ=ਪਤੀ ਪਰਮਾਤਮਾ ਨਾਲ ਮੇਲ ਹੋਇਆ ਹੈ, ਪ੍ਰਭੂ ਰਾਮ ਨੇ ਕਿਰਪਾ ਕਰਕੇ ਆਪ ਹੀ ਮਿਲਾਉਣਾ ਕੀਤਾ ਹੈ।

ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥

ਸੱਚ ਨਾਮ ਨੂੰ ਮਨ ਵਿਚ ਵਸਾਇਆ, ਤੇ ਸਹਜੇ ਮਾਤੀ=ਸ਼ਾਂਤੀ ਆਦਿਕ ਗੁਣਾਂ ਵਿਚ ਮਸਤ ਹੋਈ, ਤਾਂ ਮੈਂ ਕਾਮਣਿ=ਇਸਤ੍ਰੀ ਨੂੰ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ।

ਗੁਰ ਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ ॥

ਗੁਰਾਂ ਨੇ ਉਪਦੇਸ਼ ਦੁਆਰਾ ਸ਼ੁਭ ਗੁਣਾਂ ਰੂਪੀ ਸ਼ਿੰਗਾਰ ਨਾਲ ਸ਼ਿੰਗਾਰੀ ਤੇ ਸੱਚ ਨਾਮ ਦੁਆਰਾ ਬੁੱਧੀ ਸਵਾਰੀ, ਤਾਂ ਰੰਗਿ=ਪ੍ਰੇਮ ਵਿਚ ਰਾਤੀ=ਰੰਗੀ ਹੋਈ ਉਸ ਦੇ ਅਨੰਦ ਨੂੰ ਮੈਂ ਸਦਾ ਰਾਵੇ=ਮਾਣਦੀ ਹਾਂ।

ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥

ਜਦੀ ਆਪੁ=ਹੰਕਾਰ ਨੂੰ ਗੁਆ ਕੇ ਹਰੀ ਰੂਪ ਪਤੀ ਨੂੰ ਪਾਇਆ, ਤਾਂ ਮਨ ਵਿਚ ਹਰੀ ਰਸ ਨੂੰ ਵਸਾਇਆ।

ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਨੇ ਉਪਦੇਸ਼ ਦੇ ਕੇ ਜਿਸ ਦੀ ਬੁੱਧੀ ਸਵਾਰੀ ਹੈ, ਉਸ ਦਾ ਸਬਾਇਆ=ਸਾਰਾ ਹੀ ਮਨੁੱਖਾ ਜਨਮ ਸਫਲਾ ਹੋਇਆ ਹੈ॥ ੧ ॥

ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ ॥

ਜੋ ਜੀਵ ਰੂਪੀ ਕਾਮਣਿ=ਇਸਤ੍ਰੀ ਦੂਜੜੈ=ਦ੍ਵੈਤ ਭਾ ਕਰਕੇ ਭਰਮ ਵਿਚ ਭੁਲੀ ਹੈ, ਉਹ ਹਰੀ ਰੂਪੀ ਵਰੁ=ਪਤੀ ਨੂੰ ਨਹੀਂ ਪਾਉਂਦੀ।

ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ॥

ਜਿਸ ਕਾਮਣਿ=ਇਸਤ੍ਰੀ ਵਿਚ ਕੋਈ ਸ਼ੁਭ ਗੁਣ ਨਹੀਂ, ਉਸ ਨੇ ਰਾਮ ਤੋਂ ਬਿਨਾਂ ਆਪਣੇ ਮਨੁੱਖਾ ਜਨਮ ਨੂੰ ਵਿਅਰਥ ਗਵਾਇਆ ਹੈ।

ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ ॥

ਮਨਮੁਖ ਇਆਣੀ ਆਪਣੇ ਮਨੁੱਖਾ ਜਨਮ ਨੂੰ ਵਿਅਰਥ ਗੁਆ ਕੇ, ਔਗਣਾਂ ਵਾਲੀ ਝੁਰਦੀ ਰਹਿੰਦੀ ਹੈ।

ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ ॥

ਜਾਂ ਆਪਣੇ ਸਤਿਗੁਰੂ ਦੀ ਸੇਵਾ ਕਰਕੇ ਸਦਾ ਸੁਖੁ=ਨਿਤ ਸੁਖ ਨੂੰ ਪਾਇਆ, ਤਾਂ ਪਿਰੁ=ਪਤੀ-ਪਰਮਾਤਮਾ ਹਾਜ਼ਰਾ ਹਜ਼ੂਰ ਮਿਲ ਪਿਆ।

ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ ॥

ਸ਼ੋਭਨੀਕ ਗੁਰਾਂ ਦੇ ਸੱਚੇ ਉਪਦੇਸ਼ ਦੁਆਰਾ, ਅੰਦਰੋਂ ਸ-ਰਸੀ=ਸਹਿਤ ਪ੍ਰੇਮ ਦੇ ਹੋਈ, ਤਾਂ ਪਿਰੁ=ਪਤੀ ਪਰਮਾਤਮਾ ਨੂੰ ਦੇਖ ਕੇ ਵਿਗਸੀ=ਆਨੰਦ ਹੋਈ।

ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ ਮਿਲਿ ਪ੍ਰੀਤਮ ਸੁਖੁ ਪਾਏ ॥੨ ॥

ਗੁਰੂ ਜੀ ਕਥਨ ਕਰਦੇ ਹਨ-ਇਹ ਜੀਵ ਰੂਪੀ ਇਸਤ੍ਰੀ ਨਾਮ ਤੋਂ ਬਿਨਾਂ ਭਰਮ ਵਿਚ ਭੁਲੀ ਹੋਈ ਹੈ, ਪ੍ਰੀਤਮ=ਪਰਮਾਤਮਾ ਨਾਲ ਮਿਲੇ ਤਾਂ ਹੀ ਸੁਖ ਪਾਉਂਦੀ ਹੈ॥ ੨॥

[ਪੰਨਾ ੪੪੦]

ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥

ਜਿਸ ਵੇਲੇ ਰਾਮ ਨੇ ਗੁਰਾਂ ਦੇ ਮੇਲ ਨਾਲ ਮਿਲਾਈ ਤਾਂ ਇਸ ਕਾਮਣਿ=ਇਸਤਰੀ ਨੇ ਪਿਰੁ=ਪਤੀ ਨੂੰ ਆਪਣੇ ਅੰਗ-ਸੰਗ ਹੀ ਜਾਨਣਾ ਕੀਤਾ।

ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥

ਜੋ ਗੁਰਾਂ ਦੇ ਉਪਦੇਸ਼ ਅੰਦਰ ਮਿਲੀ ਹੈ, ਉਸ ਦੀ ਤਪਸ਼ ਰਾਮ ਨੇ ਸਹਜੇ=ਸੁਭਾਵਕ ਹੀ ਬੁਝਾ ਦਿੱਤੀ ਹੈ।

ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ॥

ਗੁਰ ਉਪਦੇਸ਼ ਦੁਆਰਾ ਸਹਜੇ ਹੀ ਹਰੀ-ਰਸ ਨੂੰ ਚਖਿਆ ਤੇ ਤਪਸ਼ ਬੁਝਾਈ ਤਾਂ ਅੰਦਰ ਸ਼ਾਂਤੀ ਆਈ।

ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ॥

ਜਿਸ ਨੇ ਸੱਚੇ ਗੁਰਾਂ ਦੇ ਉਪਦੇਸ਼ ਨੂੰ ਕਥਨ ਕੀਤਾ ਹੈ, ਉਹ ਪ੍ਰੀਤਮ ਪਰਮਾਤਮਾ ਨਾਲ ਮਿਲ ਕੇ ਹਮੇਸ਼ਾਂ ਰੰਗੁ ਮਾਣੇ=ਆਨੰਦ ਭੋਗਦੀ ਹੈ।

ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥

ਪੰਡਿਤ ਪੜ੍ਹ-ਪੜ੍ਹ ਕੇ, ਮੋਨੀ ਮੌਨ ਧਾਰ ਕੇ ਥੱਕ ਗਏ, ਭੇਖਾਂ ਦੇ ਧਾਰਨ ਵਾਲ਼ੇ ਭੇਖੀਆਂ ਨੇ ਭੀ ਮੁਕਤੀ ਨਹੀਂ ਪਾਈ।

ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਭਗਤੀ ਤੋਂ ਬਿਨਾਂ ਸਾਰਾ ਜਗਤ ਝੱਲਾ ਹੈ, ਗੁਰ ਉਪਦੇਸ਼ ਵਾਲੀ ਜੀਵ ਰੂਪ ਇਸਤ੍ਰੀ ਸੱਚੇ ਨੇ ਆਪਣੇ ਨਾਲ ਮਿਲਾਈ ਹੈ॥ ੩॥

ਸਾ ਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ॥

ਉਸ ਜਗਿਆਸੂ ਰੂਪ ਇਸਤ੍ਰੀ ਦੇ ਮਨ ਵਿਚ ਆਨੰਦ ਹੋਇਆ ਹੈ, ਹਰਿ ਜੀਉ ਪਿਆਰੇ ਰਾਮ ਨੇ ਜਿਹੜੀ ਆਪਣੇ ਨਾਲ ਮੇਲੀ ਹੈ।

ਸਾ ਧਨ ਹਰਿ ਕੈ ਰਸਿ ਰਸੀ ਗੁਰ ਕੈ ਸਬਦਿ ਅਪਾਰੇ ਰਾਮ ॥

ਓਹੀ ਇਸਤ੍ਰੀ ਹਰੀ ਦੇ ਰਸ ਵਿਚ ਰਸੀ=ਲੀਨ (ਖੱਚਤ) ਹੋਈ ਹੈ, ਜਿਸ ਨੂੰ ਅਪਾਰ ਰਾਮ ਦੀ ਪ੍ਰਾਪਤੀ ਕਰਨ ਵਾਲੇ ਗੁਰਾਂ ਦੇ ਉਪਦੇਸ਼ ਦੀ ਪ੍ਰਾਪਤੀ ਹੋਈ ਹੈ।

ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ ॥
ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ॥

ਅਪਾਰ ਗੁਰਾਂ ਦੇ ਉਪਦੇਸ਼ ਦੁਆਰਾ ਹਮੇਸ਼ਾਂ ਸਾਰੇ ਸ਼ੁਭ ਗੁਣ ਮਨ ਵਿਚ ਵਸੇ ਤਾਂ ਪਿਆਰੇ ਪਰਮੇਸ਼ਰ-ਪਤੀ

ਮਿਲੇ। ਜਾਂ ਪਿਰੀ ਦੇ ਆਨੰਦ ਨੂੰ ਰਾਵਿਆ ਤਾਂ ਅੰਤਹਕਰਣ ਰੂਪੀ ਸੇਜ ਸ਼ੋਭਨੀਕ ਹੋਈ ਅਤੇ ਪ੍ਰੀਤਮ= ਪਰਮਾਤਮਾ ਨਾਲ ਮਿਲਣ ਕਰਕੇ ਸਾਰੇ ਔਗੁਣ ਨੱਸ ਗਏ।

ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ ॥

ਜਿਸ ਹਿਰਦੇ-ਘਰ ਵਿਚ ਹਰੀ ਦਾ ਨਾਮ ਸਦਾ ਜਪਿਆ ਜਾਂਦਾ ਹੈ, ਉਸ ਨੂੰ ਚਾਰਿਆਂ ਹੀ ਜੁਗਾਂ ਵਿਚ ਸੋਹਿਲੜਾ=ਅਨੰਦ ਪ੍ਰਾਪਤ ਹੈ।

ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ॥੪ ॥੧ ॥੬ ॥

ਗੁਰੂ ਜੀ ਆਖਦੇ ਹਨ-ਜੋ ਨਾਮੀ ਦੇ ਨਾਮ ਵਿਚ ਰੱਤੇ ਜੁੜੇ ਹੋਏ ਹਨ, ਉਹਨਾਂ ਨੂੰ ਹਮੇਸ਼ਾ ਅਨੰਦ ਹੈ, ਕਿਉਂਕਿ ਉਨ੍ਹਾਂ ਨੂੰ ਹਰੀ ਮਿਲ ਪਿਆ ਹੈ ਅਤੇ ਉਨ੍ਹਾਂ ਦੇ ਸਾਰੇ ਕਾਰਜ ਸਾਰੇ=ਪੂਰੇ ਹੋ ਗਏ ਹਨ॥ ੪॥ ੧॥ ੬॥

ੴ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੩ ਛੰਤ ਘਰੁ ੩ ॥

ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ ॥

ਹੇ ਮੇਰੇ ਸਜਨ ਪ੍ਰੀਤਮੋਂ ! ਤੁਸੀਂ ਸਹ=ਅਕਾਲ ਪੁਰਖ ਦੀ ਭਗਤੀ ਕਰੋ।

ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ ॥

ਆਪਣੇ ਗੁਰਾਂ ਨੂੰ ਹਮੇਸ਼ਾ ਸੇਵੋ ਅਤੇ ਨਾਮ ਪਦਾਰਥ ਨੂੰ ਲੈਣਾ ਕਰੋ।

ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ ॥

ਤੁਸੀਂ ਸਹੈ ਕੇਰੀ=ਪਤੀ ਪਰਮਾਤਮਾ ਦੀ ਭਗਤੀ ਕਰੋ, ਜੋ ਭਗਤੀ ਪਿਆਰੇ ਸਹ=ਪਤੀ ਪਰਮਾਤਮਾ ਨੂੰ ਭਾਉਂਦੀ ਹੈ।

ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥

ਜੇ ਤੁਸੀਂ ਆਪਣੇ ਭਾਣੇ ਅਨੁਸਾਰ ਕੰਮ-ਕਾਰ ਕਰੋਗੇ, ਤਾਂ ਫਿਰ ਸਹ=ਪਤੀ (ਪਰਮਾਤਮਾ) ਖ਼ੁਸ਼ੀ ਵਿਚ ਨਹੀਂ ਆਵੇਗਾ।

ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥

ਪਰਮੇਸ਼ਰ ਦੀ ਜੋ ਭਗਤਿ ਭਾਵ=ਪ੍ਰੇਮਾ ਭਗਤੀ ਕਰਨੀ ਹੈ, ਇਹ ਸਭ ਤੋਂ ਬਿਖੜਾ=ਕਠਨ ਰਸਤਾ ਹੈ, ਇਸ ਰਸ਼ਤੇ ਨੂੰ ਗੁਰੂ ਦੁਆਰੈ=ਰਾਹੀਂ ਕੋਈ ਵਿਰਲਾ ਪੁਰਸ਼ ਹੀ ਪਾਉਂਦਾ ਹੈ।

ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪਰਮੇਸ਼ਰ ਕਿਰਪਾ ਕਰਦਾ ਹੈ, ਉਹ ਪੁਰਸ਼ ਹੀ ਹਰੀ ਦੀ ਭਗਤੀ ਵਿਚ ਚਿੱਤ ਲਾਵਏ=ਲਾਉਂਦਾ ਹੈ॥ ੧ ॥

ਮੇਰੇ ਮਨ ਬੈਰਾਗਿਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥

ਹੇ ਮੇਰੇ ਮਨ ਬੈਰਾਗੀ ! ਤੂੰ ਬੈਰਾਗ ਨੂੰ ਧਾਰਨ ਕਰਕੇ ਕਿਸ ਨੂੰ ਵਿਖਾਂਦਾ ਹੈਂ।

ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ ॥

ਉਸ ਪੁਰਸ਼ ਨੂੰ ਸਦ ਸਦਾ=ਸਦੀਵ ਕਾਲ ਹਰੀ ਦਾ ਸੋਹਿਲਾ=ਆਨੰਦ ਪ੍ਰਾਪਤ ਹੋਇਆ ਹੈ, ਜੋ ਪੁਰਸ਼

ਹਰੀ ਦੇ ਗੁਣ ਗਾਉਂਦਾ ਹੈ।

ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ॥

ਵੈਰਾਗ ਨੂੰ ਧਾਰਨ ਕਰਕੇ ਜਿਹੜਾ ਤੂੰ ਪਖੰਡ ਕਰਦਾ ਹੈਂ, ਇਹ ਤੂੰ ਛੱਡ ਦੇ, ਕਿਉਂਕਿ ਉਹ ਸਹੁ=ਪਤੀ (ਪਰਮਾਤਮਾ) ਸਭ ਕੁਝ ਜਾਣਦਾ ਹੈ।

ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ॥

ਜਲ ਥਲ ਮਹੀ=ਪ੍ਰਿਥਮੀ ਅਲਿ=ਅਕਾਸ਼ ਸਾਰਿਆਂ ਵਿਚ ਇਕ ਓਹੀ ਪੂਰਨ ਹੈ, ਪਰ ਉਸ ਦੇ ਹੁਕਮ ਨੂੰ ਗੁਰਮੁਖ ਜਨ ਹੀ ਪਛਾਣਦੇ ਹਨ।

ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ॥

ਜਿਸ ਗੁਰਮੁਖ ਨੇ ਹਰੀ ਦਾ ਹੁਕਮ ਪਛਾਣਿਆ ਹੈ, ਉਹ ਸਾਰਿਆਂ ਸੁਖਾਂ ਨੂੰ ਪਾਉਂਦਾ ਹੈ।

ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ॥ ੨॥

ਗੁਰੂ ਜੀ ਕਥਨ ਕਰਦੇ ਹਨ-ਇਸ ਪ੍ਰਕਾਰ ਜੋ ਰਾਤ ਦਿਨ ਹਰੀ ਵਿਚ ਲਿਵ ਲਾਉਂਦਾ ਹੈ, ਉਹ ਅਸਲ ਬੈਰਾਗੀ ਹੈ॥ ੨॥

ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ॥

ਹੇ ਮਨ ! ਜਿਥੇ ਜਿਥੇ ਤੂੰ ਦੌੜਦਾ ਹੈਂ, ਓਥੇ ਓਥੇ ਹਰੀ ਤੇਰੇ ਨਾਲ ਹੈ।

ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ॥

ਮਨ ਦੀ ਸਿਆਣਪ ਛੱਡ ਦੇ ਅਤੇ ਗੁਰਾਂ ਦੇ ਉਪਦੇਸ਼ ਨੂੰ ਯਾਦ ਕਰ।

ਸਾਥਿ ਤੇਰੈ ਸੋ ਸਹੁ ਸਦਾ ਹੈ ਇਕੁ ਖਿਨੁ ਹਰਿ ਨਾਮੁ ਸਮਾਲਹੇ॥

ਉਹ ਸਹੁ=ਪਤੀ (ਪਰਮਾਤਮਾ) ਸਦਾ ਤੇਰੇ ਸਾਥਿ=ਅੰਗ-ਸੰਗ ਹੈ, ਇਉਂ ਵਿਸ਼ਵਾਸ ਕਰਕੇ ਜੇ ਤੂੰ ਇਕ ਛਿਨ ਭਰ ਵੀ ਹਰੀ ਨਾਮ ਨੂੰ ਯਾਦ ਕਰੇਂ।

ਜਨਮ ਜਨਮ ਕੇ ਤੇਰੇ ਪਾਪ ਕਟੇ ਅੰਤਿ ਪਰਮ ਪਦੁ ਪਾਵਹੇ॥

ਤਾਂ ਤੇਰੇ ਜਨਮਾਂ ਜਨਮਾਂਤਰਾਂ ਦੇ ਪਾਪ ਕੱਟੇ ਜਾਣਗੇ ਅਤੇ ਅੰਤ ਸਮੇਂ ਪਰਮ ਪਦਵੀ ਨੂੰ ਪਾ ਲਵੇਂਗਾ।

ਸਾਚੇ ਨਾਲਿ ਤੇਰਾ ਗੰਢੁ ਲਾਗੈ ਗੁਰਮੁਖਿ ਸਦਾ ਸਮਾਲੇ॥

ਸੱਚੇ ਪਰਮੇਸ਼ਰ ਨਾਲ ਤੇਰਾ ਗੰਢ ਲੱਗ ਜਾਵੇਗਾ, ਭਾਵ ਉਸ ਨਾਲ ਤੇਰਾ ਮਿਲਾਪ ਹੋ ਜਾਵੇਗਾ, ਤੂੰ ਗੁਰਾਂ ਦੁਆਰੇ ਸਦਾ ਉਸ ਨੂੰ ਸੰਮ੍ਹਾਲਣਾ ਕਰ।

ਇਉ ਕਹੈ ਨਾਨਕੁ ਜਹ ਮਨ ਤੂੰ ਧਾਵਦਾ ਤਹ ਹਰਿ ਤੇਰੈ ਸਦਾ ਨਾਲੇ॥ ੩॥

ਇਸ ਪ੍ਰਕਾਰ ਗੁਰੂ ਜੀ ਕਥਨ ਕਰਦੇ ਹਨ-ਹੇ ਮਨ ! ਜਿਥੇ ਤੂੰ ਦੌੜਦਾ ਹੈਂ, ਓਥੇ ਹਰੀ ਸਦਾ ਤੇਰੇ ਨਾਲ ਹੈ॥ ੩॥

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥

ਸਤਿਗੁਰਾਂ ਨਾਲ ਮਿਲ ਕੇ ਮਨ ਧਾਂਵਦੇ ਨੂੰ ਥੰਮਿਆ=ਰੋਕਿਆ ਤਾਂ ਸਰੂਪ ਰੂਪੀ ਨਿਜ ਘਰਿ ਵਿਚ ਆ ਕੇ ਵਸਿਆ।

ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥

ਨਾਮ ਨੂੰ ਵਿਹਾਝੇ=ਖਰੀਦੇ, ਨਾਮ ਨੂੰ ਲੈਣਾ ਕਰੇ ਤਾਂ ਨਾਮੀ ਪਰਮਾਤਮਾ ਵਿਚ ਸਮਾ ਰਹਿੰਦਾ ਹੈ।

[ਪੰਨਾ ੪੪੧]

ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥

ਸਤਿਗੁਰਾਂ ਦੇ ਮਿਲਣ ਕਰਕੇ ਜਿਸ ਵੇਲੇ ਬੜੀ ਤੇਜ਼ ਰਫ਼ਤਾਰ ਵਿੱਚ ਭੱਜੇ ਜਾਂਦੇ ਪ੍ਰਾਣਾਂ ਨੂੰ ਰੋਕਿਆ ਤਾਂ ਦਸਮ ਦੁਆਰ ਵਿਚ ਪ੍ਰਾਣਾਂ ਨੂੰ ਟਿਕਾਉਣਾ ਪਾਇਆ।

ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥

ਤਿਥੈ=ਉਸ ਦਸਮ ਦੁਆਰ ਵਿਚ ਸਹਜ ਧੁਨਿ=ਸ਼ਾਂਤੀ ਪੁਨ ਦਾਇਕ ਜੋਗਾਨੰਦ ਰੂਪੀ ਅੰਮ੍ਰਿਤ ਭੋਜਨ ਦੀ ਉਤਪਤੀ ਹੁੰਦੀ ਹੈ, *ਅਥਵਾ:-* ਤਿਸ ਦਸਮ ਦੁਆਰ ਵਿਚ ਜੋਗਾਨੰਦ ਰੂਪੀ ਅੰਮ੍ਰਿਤ ਭੋਜਨ ਪ੍ਰਾਪਤ ਹੁੰਦਾ ਹੈ ਤੇ ਸਹਿਜੇ ਹੀ ਧੁਨਿ=ਬਾਣੀ ਉਤਪੰਨ ਹੁੰਦੀ ਹੈ ਭਾਵ ਉਥੋਂ ਦੇ ਸ਼ਬਦ ਵੱਜ ਆਉਂਦੇ ਹਨ, ਜਿਸ ਸ਼ਬਦ ਕਰਕੇ ਜਗਤੁ=ਜੀਵ ਇਸਥਿਤ ਹੋ ਰਹਿੰਦਾ ਹੈ। *ਅਥਵਾ:-* ਸਤਿਗੁਰਾਂ ਦੇ ਮਿਲਣ ਕਰਕੇ ਭੱਜੇ ਫਿਰਦੇ ਮਨ ਨੂੰ ਰੋਕਿਆ ਤਾਂ ਦਸਾਂ ਦੁਆਰਿਆਂ ਵਿਚ ਪੂਰਨ ਪਰਮੇਸ਼ਰ ਨੂੰ ਪਾਇਆ। ਤਿਥੈ=ਉਸ ਸਤਿਸੰਗ ਜਾਂ ਅੰਤਹਕਰਣ ਵਿਚ ਬ੍ਰਹਮਾਨੰਦ ਰੂਪੀ ਅੰਮ੍ਰਿਤ ਭੋਜਨ ਪ੍ਰਾਪਤ ਹੁੰਦਾ ਹੈ ਤੇ ਸਹਜ ਧੁਨਿ=ਸ਼ਾਂਤੀ ਧੁਨ ਉਤਪੰਨ ਹੁੰਦੀ ਹੈ, ਕਿਸ ਦੀ ਸ਼ਾਂਤੀ ਧੁਨਿ ਉਤਪੰਨ ਹੁੰਦੀ ਹੈ ?

*ਉੱਤਰ:-*ਜਿਸ ਸਬਦਿ=ਬ੍ਰਹਮ ਨੇ ਜਗਤ ਨੂੰ ਆਪਣੇ ਆਸਰੇ ਟਿਕਾਇਆ ਹੈ।

ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥

ਉਸ ਸਤਿਸੰਗ ਵਿਚ ਅਨੰਦ ਦਾਇਕ ਅਨੇਕਾਂ ਵਾਜੇ ਵੱਜ ਰਹੇ ਹਨ, ਉਹਨਾਂ ਵਾਜਿਆਂ ਨੂੰ ਜੋ ਸੁਣਦਾ ਹੈ, ਉਹ ਸੱਚੇ ਵਿਚ ਸਮਾ ਰਿਹਾ ਹੈ।

ਇਉ ਕਹੈ ਨਾਨਕੁ ਸਤਿਗੁਰਿ ਮਿਲਿਐ
ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ੪ ॥

ਇਸ ਪ੍ਰਕਾਰ ਸਤਿਗੁਰੂ ਜੀ ਕਹਿੰਦੇ ਹਨ-ਸਤਿਗੁਰਾਂ ਦੇ ਮਿਲਣ ਕਰਕੇ ਭੱਜੇ ਜਾਂਦੇ ਮਨ ਨੂੰ ਥੰਮ੍ਹਿਆ=ਰੋਕਿਆ ਤਾਂ ਸਰੂਪ ਰੂਪੀ ਨਿਜ ਘਰਿ=ਆਪਣੇ ਘਰ ਵਿਚ ਆ ਕੇ ਵਸਿਆ ॥ ੪ ॥

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

ਹੇ ਮਨ ! ਤੂੰ ਜੋਤੀ=ਪਰਮਾਤਮਾ ਰੂਪ ਹੈਂ, ਇਸ ਕਰਕੇ ਤੈਨੂੰ ਚਾਹੀਦਾ ਹੈ ਕਿ ਤੂੰ ਆਪਣਾ ਮੂਲੁ=ਅਧਿਸ਼ਠਾਨ ਰੂਪ ਜੋ ਪਰਮੇਸ਼ਰ ਹੈ, ਉਸ ਨੂੰ ਪਛਾਣ ।

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਹੇ ਮਨ ! ਉਹ ਹਰਿ ਜੀ ਤੇਰੇ ਨਾਲ ਹੀ ਹੈ, ਗੁਰ ਸਿੱਖਿਆ ਦੁਆਰੇ ਉਸ ਦੇ ਰੰਗੁ ਮਾਣੁ=ਆਨੰਦ ਨੂੰ ਭੋਗਣਾ ਕਰ।

ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥

ਆਪਣੇ ਮੂਲ ਨੂੰ ਪਛਾਣੇਂਗਾ ਤਾਂ ਤੂੰ ਪਤੀ ਪਰਮਾਤਮਾ ਨੂੰ ਜਾਣੇਂਗਾ ਅਤੇ ਤਾਂ ਹੀ ਜੀਵਤ ਭਾ ਤੋਂ ਮਰਨੇ ਦੀ ਸੋਝੀ=ਗਿਆਤ ਹੁੰਦੀ ਹੈ।

ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥

ਗੁਰੂ ਦੀ ਕਿਰਪਾ ਕਰਕੇ ਇਕ ਵਾਹਿਗੁਰੂ ਨੂੰ ਜਾਣੇ, ਤਾਂ ਫਿਰ ਦੂਜਾ ਭਾਉ=ਦ੍ਵੈਤ ਭਾ ਹੰਕਾਰ ਨਹੀਂ ਹੋਵੇਗਾ।

ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥

ਜਿਸ ਵੇਲੇ ਮਨ ਵਿਚ ਸ਼ਾਂਤੀ ਆਈ ਤੇ ਅਨੰਦ ਦੀ ਵਧਾਈ ਵੱਜੀ ਤਾਂ ਹੀ ਸੰਸਾਰ ਵਿਚ ਪ੍ਰਮਾਣੀਕ ਹੋਇਆ।

ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥ ੫॥

ਇਸ ਪ੍ਰਕਾਰ ਗੁਰੂ ਜੀ ਕਥਨ ਕਰਦੇ ਹਨ-ਹੇ ਮਨ ! ਤੂੰ ਜੋਤੀ ਸਰੂਪ ਹੀ ਹੈਂ, ਇਸ ਲਈ ਤੂੰ ਆਪਣੇ ਮੂਲੁ=ਮੁੱਢ ਨੂੰ ਪਛਾਨਣਾ ਕਰ॥ ੫॥

ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ॥

ਹੇ ਮਨ ! ਹੰਕਾਰ ਕਰਕੇ ਤੂੰ ਅੱਗੇ ਹੀ ਅਟਿਆ=ਪੂਰਤ ਹੈਂ, ਪਰੰਤੂ ਹੋਰ ਭੀ ਹੰਕਾਰ ਨੂੰ ਲੱਦੀ ਜਾ ਰਿਹਾ ਹੈਂ, ਅਰਥਾਤ ਕੂੜੇ ਉੱਤੇ ਹੋਰ ਕੂੜਾ ਸੁਟੀ ਜਾ ਰਿਹਾ ਹੈਂ।

ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ॥

ਮੋਹਣੇ ਵਾਲੀ ਜੋ ਮਾਇਆ ਹੈ, ਉਸ ਦਾ ਮੋਹਿਆ ਹੋਇਆ ਬਾਰ-ਬਾਰ ਜੂਨੀਆਂ ਵਿਚ ਭਵਾਹਿ=ਭੌਂਦਾ ਫਿਰਦਾ ਹੈਂ।

ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ॥

ਹੇ ਮੂਰਖ ਮਨ ! ਹੁਣ ਤਾਂ ਹੰਕਾਰ ਵਿਚ ਲੱਗਾ ਜਾ ਰਿਹਾ ਹੈਂ, ਪਰ ਅੰਤ ਨੂੰ ਪਰਲੋਕ ਵਿਚ ਗਿਆ ਹੋਇਆ ਪਛਤਾਵੇਂਗਾ।

ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ॥

ਹੰਕਾਰ ਅਤੇ ਤ੍ਰਿਸ਼ਨਾ ਰੂਪੀ ਰੋਗ ਤੈਨੂੰ ਲੱਗਾ ਹੋਇਆ ਹੈ, ਇਸ ਤੇ ਤੂੰ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗੁਆ ਰਿਹਾ ਹੈਂ।

ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ॥

ਹੇ ਮੂਰਖ ਮਨਮੁਖ ! ਤੂੰ ਵਾਹਿਗੁਰੂ ਨੂੰ ਚੇਤਦਾ ਨਹੀਂ, ਇਹ ਨਿਯਮ ਸਮਝ ਲੈ-ਅਗੈ=ਪ੍ਰਲੋਕ ਵਿਚ ਗਿਆ ਹੋਇਆ ਤੂੰ ਪਛਤਾਵੇਂਗਾ।

ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ॥੬॥

ਗੁਰੂ ਜੀ ਕਥਨ ਕਰਦੇ ਹਨ-ਇਉਂ ਹੇ ਮਨ ! ਤੂੰ ਹੰਕਾਰ ਕਰਕੇ ਅਟਿਆ=ਪੂਰਤ ਹੈਂ ਅਤੇ ਹੋਰ ਭੀ ਹੰਕਾਰ

ਨੂੰ ਲੱਦੀ ਜਾ ਰਿਹਾ ਹੈਂ॥ ੬ ॥.

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥

ਹੇ ਮਨ ! ਤੂੰ ਮਤਾ ਮਾਣ ਕਰ, ਜੋ ਹਉ=ਮੈਂ ਕੁਝ ਜਾਣਦਾ ਹਾਂ, ਤੈਨੂੰ ਤਾਂ ਚਾਹੀਦਾ ਹੈ ਕਿ ਗੁਰਾਂ ਦੁਆਰੇ ਨਿਮਾਣਾ ਹੋ ਕੇ ਰਹੁ।

ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥

ਹਿਰਦੇ ਅੰਦਰ ਅਗਿਆਨ ਕਰਕੇ ਹੰਗਤਾ ਵਾਲੀ ਬੁੱਧੀ ਹੋ ਰਹੀ ਹੈ, ਇਸ ਤੇ ਚਾਹੀਦਾ ਹੈ ਕਿ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਰਾਗ ਦ੍ਵੈਸ, *ਅਥਵਾ:-* ਪਾਪਾਂ ਰੂਪੀ ਮੈਲ ਨੂੰ ਤੂੰ ਖੋਹੁ=ਖੋਹਣਾ ਕਰ।

ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥

ਸਤਿਗੁਰਾਂ ਅੱਗੇ ਨਿਮਾਣਾ ਹੋ ਰਹੁ, ਮਤਾਂ ਕੁਝ ਆਪਣੇ ਆਪ ਨੂੰ ਜਣਾ।

ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥

ਆਪਣੇ ਹੰਕਾਰ ਵਿਚ ਸਾਰਾ ਸੰਸਾਰ ਜਲਿਆ=ਸੜ ਰਿਹਾ ਹੈ, ਹੰਕਾਰ ਕਰਕੇ ਤੂੰ ਆਪਣਾ ਆਪ ਨਾ ਗਵਾ ਲਈਂ।

ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥

ਹੇ ਮਨ ! ਸਤਿਗੁਰਾਂ ਦੇ ਭਾਣੇ ਵਿਚ ਜੇ ਤੂੰ ਭਗਤੀ ਰੂਪੀ ਕਾਰ ਕਰੇਂ ਤਾਂ ਤੂੰ ਕਲਿਆਣ ਹੋ ਜਾਵੇਂ, ਇਸ ਤੇ ਚਾਹੀਦਾ ਹੈ ਕਿ ਸਤਿਗੁਰਾਂ ਦੇ ਭਾਣੇ ਵਿਚ ਲੱਗ ਰਹਿਣਾ ਕਰ।

ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭॥

ਗੁਰੂ ਜੀ ਕਥਨ ਕਰਦੇ ਹਨ-ਕਿ ਇਸ ਪ੍ਰਕਾਰ ਹੇ ਮਨ ! ਹੰਕਾਰ ਛੱਡ ਕੇ ਨਿਮਾਣਾ ਹੋ ਰਹੇਂ ਤਾਂ ਤੂੰ ਸੁਖ ਪਾਵੇਂਗਾ॥ ੭॥

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥

ਉਹ ਵੇਲਾ ਧੰਨਤਾ ਜੋਗ ਹੈ, ਜਿਸ ਵੇਲੇ ਮੈਨੂੰ ਸਤਿਗੁਰੂ ਮਿਲਿਆ ਅਤੇ ਸਤਿਗੁਰਾਂ ਦੁਆਰੇ ਉਹ ਸਹੁ=ਪਤੀ ਪਰਮਾਤਮਾ ਚਿਤਿ ਆਇਆ=ਯਾਦ ਆਇਆ।

ਮਹਾ ਅਨੰਦੁ ਸਹਜੁ ਭਇਆ ਮਨਿ ਤਨਿ ਸੁਖੁ ਪਾਇਆ ॥

ਸਹਜੁ=ਸੁਭਾਵਕ ਹੀ ਬੜਾ ਅਨੰਦ ਹੋਇਆ ਅਤੇ ਮਨ ਤਨ ਵਿਚ ਸੁਖ ਪਾਇਆ ।

ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥

ਗੁਰ ਮੰਤਰ ਨੂੰ ਮਨ ਵਿਚ ਵਸਾਇਆ, ਤਾਂ ਉਹ ਸਹੁ=ਪਤੀ (ਪਰਮਾਤਮਾ) ਯਾਦ ਆਇਆ, ਤਾਂ ਸਭ ਔਗੁਣਾਂ ਨੂੰ ਵਿਸਾਰੇ=ਭੁਲਾ ਦਿੱਤਾ।

ਜਾ ਤਿਸੁ ਭਾਣਾ ਗੁਣ ਪਰਗਟ ਹੋਏ ਸਤਿਗੁਰ ਆਪਿ ਸਵਾਰੇ ॥

ਜਾਂ ਤਿਸ ਪਰਮਾਤਮਾ ਨੂੰ ਭਾਇਆ ਤਾਂ ਸ਼ੁਭ ਗੁਣ ਪਰਗਟ ਹੋਏ, ਧੰਨ ਸਤਿਗੁਰੂ ਹਨ, ਜਿਨ੍ਹਾਂ ਨੇ ਕਿਰਪਾ

ਕਰਕੇ ਆਪ ਅੰਤਹਕਰਣ ਨੂੰ ਸਵਾਰੇ=ਸਵਾਰ ਦਿੱਤਾ ਹੈ।

ਸੇ ਜਨ ਪਰਵਾਣੁ ਹੋਏ ਜਿਨੀ ਇਕੁ ਨਾਮੁ ਦਿੜਿਆ ਦੂਤੀਆ ਭਾਉ ਚੁਕਾਇਆ ॥

ਉਹ ਪੁਰਸ਼ ਦਰਗਾਹ ਵਿਚ ਪ੍ਰਵਾਨ ਹੋਏ ਹਨ, ਜਿਨ੍ਹਾਂ ਨੇ ਇਕ ਨਾਮ ਨੂੰ ਦ੍ਰਿੜ ਕੀਤਾ ਹੈ ਅਤੇ ਦ੍ਵੈਤ ਭਾ ਨੂੰ ਦੂਰ ਕਰ ਦਿੱਤਾ ਹੈ।

ਇਉ ਕਹੈ ਨਾਨਕੁ ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ
ਸੋ ਸਹੁ ਚਿਤਿ ਆਇਆ ॥ ੮ ॥

ਇਸ ਪ੍ਰਕਾਰ ਗੁਰੂ ਸਾਹਿਬ ਜੀ ਕਥਨ ਕਰਦੇ ਹਨ- ਉਹ ਵੇਲਾ ਧੰਨ ਹੈ ਜਦੋਂ ਮੈਂ ਸਤਿਗੁਰਾਂ ਨੂੰ ਮਿਲਿਆ ਹਾਂ ਅਤੇ ਮੈਨੂੰ ਉਹ ਮਾਲਕ ਚੇਤੇ ਆਇਆ ਹੈ॥ ੮ ॥

ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥

ਇਕ ਪੁਰਸ਼ ਭਰਮ ਵਿਚ ਲੱਗ ਕੇ ਭੁੱਲੇ ਫਿਰਦੇ ਹਨ, ਉਹ ਆਪਣੇ ਆਪ ਭੁੱਲੇ ਹਨ ਜਾਂ ਉਸ ਸਹਿ=ਪਤੀ (ਮਾਲਕ) ਨੇ ਆਪ ਭੁਲਾਏ ਹਨ ? *ਉੱਤਰ:-*ਜੇ ਆਪਣੇ ਆਪ ਭੁਲੇ ਹਨ ਤਾਂ ਭੀ ਕਰਮਾਂ ਅਨੁਸਾਰ, ਜੇ ਪਰਮਾਤਮਾ ਨੇ ਭੁਲਾਏ ਹਨ ਤਾਂ ਭੀ ਕਰਮਾਂ ਅਨੁਸਾਰ।

ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥

ਉਹ ਦ੍ਵੈਤ ਭਾ ਵਿਚ ਫਿਰਦੇ ਹਨ ਅਤੇ ਹੰਗਤਾ ਮਮਤਾ ਦੇ ਸਹਿਤ ਕਰਮਾਂ ਨੂੰ ਕਮਾਉਂਦੇ ਹਨ।

ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥

ਤਿਸ ਸਹਿ=ਪਰਮਾਤਮਾ ਨੇ ਆਪ ਭੁਲਾ ਕੇ ਜਿਹੜੇ ਪੁਰਸ਼ ਖੋਟੇ ਰਸਤੇ ਵਿਚ ਪਾਏ ਹਨ, ਉਹਨਾਂ ਦਾ ਕੁਝ ਵੀ ਵਸਾਈ=ਵੱਸ ਨਹੀਂ ਚਲਦਾ।

ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥

ਉਨ੍ਹਾਂ ਦੀ ਗਤੀ ਤੇ ਅਗਤੀ ਨੂੰ, ਹੇ ਹਰੀ ! ਤੂੰ ਹੀ ਜਾਣਦਾ ਹੈਂ, ਜਿਸ ਆਪ ਇਹ ਸੰਸਾਰ ਰਚਨਾ ਰਚਾਈ ਹੈ।

ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥

ਹੇ ਹਰੀ ! ਤੇਰਾ ਹੁਕਮ ਮੰਨਣਾ ਖਰਾ ਭਰਾ=ਵੱਡਾ ਭਾਰੀ ਭਾਵ ਔਖਾ ਹੈ, ਕਿਸੇ ਵਿਰਲੇ ਗੁਰਮੁਖ ਨੂੰ ਆਪਣਾ ਹੁਕਮ ਬੁਝਾਉਂਦੇ ਹੋ।

[ਪੰਨਾ ੪੪੨]

ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥ ੯ ॥

ਇਸ ਪ੍ਰਕਾਰ ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਵਿਚਾਰੇ ਜੀਵ ਕੀ ਕਰ ਸਕਦੇ ਹਨ ਜਾਂ ਤੁਸੀਂ ਆਪ ਹੀ ਇਨ੍ਹਾਂ ਨੂੰ ਭਰਮ ਵਿਚ ਭੁਲਾ ਦਿੱਤਾ ਹੈ॥ ੯ ॥

ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ॥

ਹੇ ਮੇਰੇ ਸੱਚੇ ਸਾਹਿਬ ! ਤੇਰੀ ਵਡਿਆਈ ਸੱਚੀ ਹੈ।

ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ॥

ਹੇ ਪਾਰਬ੍ਰਹਮ ਸੁਆਮੀ ! ਤੂੰ ਬਿਅੰਤ ਹੈਂ, ਮੇਰੇ ਪਾਸੋਂ ਆਪ ਦੀ ਸ਼ਕਤੀ ਬਾਰੇ ਕੁਝ ਕਿਹਾ ਨਹੀਂ ਜਾਂਦਾ।

ਸਚੀ ਤੇਰੀ ਵਡਿਆਈ ਜਾ ਕਉ ਤੁਧੁ ਮੰਨਿ ਵਸਾਈ ਸਦਾ ਤੇਰੇ ਗੁਣ ਗਾਵਹੇ॥

ਤੇਰੀ ਵਡਿਆਈ ਸੱਚੀ ਹੈ, ਜਿਸ ਦੇ ਮਨ ਵਿਚ ਤੁਸੀਂ ਵਡਿਆਈ ਵਸਾਈ ਹੈ, ਉਹ ਤੇਰੇ ਗੁਣਾਂ ਨੂੰ ਸਦਾ ਗਾਉਂਦੇ ਹਨ।

ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ ਸਚੇ ਸਿਉ ਚਿਤੁ ਲਾਵਹੇ॥

ਜਾਂ ਤੇਰੇ ਗੁਣਾਂ ਨੂੰ ਗਾਉਣ ਤਾਂ ਤੈਨੂੰ ਭਾਉਂਦੇ ਹਨ ਅਤੇ ਸੱਚੇ ਨਾਮ ਨਾਲ ਚਿਤ ਲਾਵਹੇ=ਲਾਉਂਦੇ (ਜੋੜਦੇ) ਹਨ।

ਜਿਸ ਨੋ ਤੂੰ ਆਪੇ ਮੇਲਹਿ ਸੁ ਗੁਰਮੁਖਿ ਰਹੈ ਸਮਾਈ॥

ਜਿਸ ਗੁਰਮੁਖ ਨੂੰ ਤੂੰ ਆਪ ਗੁਰਾਂ ਨਾਲ ਮੇਲਦਾ ਹੈਂ, ਉਹ ਗੁਰਮੁਖ ਆਪ ਦੇ ਵਿਚ ਸਮਾ ਰਹਿੰਦਾ ਹੈ।

ਇਉ ਕਹੈ ਨਾਨਕੁ ਸਚੇ ਮੇਰੇ ਸਾਹਿਬਾ
ਸਚੀ ਤੇਰੀ ਵਡਿਆਈ॥ ੧੦॥ ੨॥ ੭॥ ੫॥ ੨॥ ੭॥

ਇਸ ਪ੍ਰਕਾਰ ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਸੱਚੇ ਸਾਹਿਬ ! ਆਪ ਦੀ ਵਡਿਆਈ ਸੱਚੀ ਹੈ॥ ੧੦॥ ੨॥੭॥ ੫॥ ੨॥ ੭॥

ਰਾਗੁ ਆਸਾ ਛੰਤ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ॥
ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ॥

(ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ ਕਥਨ ਕਰਦੇ ਹਨ) ਰਾਮ ਸਰੂਪ ਮੁਖੀ ਗੁਰਾਂ ਨੂੰ ਭਾਏ ਤਾਂ ਮੈਂ ਜੀਵਨ ਰੂਪ ਪਰਮਾਤਮਾ ਨੂੰ ਪਾਇਆ, ਜੀਵਨ ਰੂਪ ਪਰਮਾਤਮਾ ਨੂੰ ਪਾਇਆ। *ਅਥਵਾ:-* ਜੀਵਨੁ=ਪ੍ਰਾਣਾਂ ਦਾ ਜੋ ਪ੍ਰਾਣ ਰੂਪ ਹੈ, ਉਸ ਨੂੰ ਮੈਂ ਪਾਇਆ। *ਅਥਵਾ:-* ਜੀਵਨ ਰੂਪ ਪਰਮਾਤਮਾ ਨੂੰ ਪਾਇਆ, ਤਦ ਮੇਰਾ ਸਫਲ ਜੀਵਨ ਹੋਇਆ।

ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ॥

ਰਾਮ ਸਰੂਪ ਗੁਰਾਂ ਨੇ ਹਰੀ ਨਾਮ ਦੇ ਕੇ ਹਰੀ ਨਾਮ ਦੇ ਕੇ ਮੇਰੇ ਪ੍ਰਾਣ ਵਸਾਏ=ਸਫਲ ਕੀਤੇ ਹਨ।

*ਅਥਵਾ:-*ਹਰਿ ਨਾਮੋ=ਤਮਾਮ ਨਾਮਾਂ ਵਿਚੋਂ ਹਰੀ ਦਾ ਨਾਮ ਦੇ ਕੇ ਮੇਰੇ ਪ੍ਰਾਣ ਵਸਾਏ ਹਨ।

ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ ਦੂਖੁ ਗਵਾਇਆ॥

ਹਰਿ ਹਰਿ ਨਾਮ ਦੇ ਕੇ ਮੇਰੇ ਪ੍ਰਾਣ ਵਸਾਏ=ਸਫਲ ਕੀਤੇ ਹਨ, ਦੁਖਦਾਈ ਸੰਸਾ ਸਭ ਗੁਆ ਦਿੱਤਾ ਹੈ।

ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ ਪਵਿਤ੍ਰ ਪਰਮ ਪਦੁ ਪਾਇਆ ॥

ਜਿਸ ਵੇਲੇ (ਅਦਿਸਟੁ ਅਗੋਚਰੁ) ਪਰਮਾਤਮਾ ਨੂੰ ਗੁਰਾਂ ਦੇ ਉਪਦੇਸ਼ ਦੁਆਰਾ ਧਿਆਇਆ ਤਾਂ ਪਵਿਤ੍ਰ ਆਤਮ-ਪਦ ਨੂੰ ਪਾਇਆ।

ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ॥

ਜਿਸ ਵੇਲੇ ਸਤਿਗੁਰਾਂ ਦੀ ਬਾਣੀ ਗਾਈ, ਤਾਂ ਅਨਹਦ ਧੁਨੀ ਦੇ ਇਕ ਰਸ ਵਾਜੇ ਨਿਤ੍ਰਾਪ੍ਰਤੀ ਵੱਜੇ।

ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦਾਤੇ ਨੇ ਜਿਸ ਵੇਲੇ ਦਾਤ ਕੀਤੀ ਤਾਂ (ਜੋਤੀ) ਪਰਮਾਤਮਾ ਵਿਚ ਜੋਤ ਸਮਾ ਗਈ॥ ੧ ॥

ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ॥

ਮਨਮੁਖ ਪੁਰਸ਼ ਮਰ ਗਏ, ਮਨਮੁਖ ਪੁਰਸ਼ ਮਰ ਗਏ ਰਾਮ ਦੀ ਮਾਇਆ ਨੂੰ ਮੇਰੀ ਮਾਇਆ ਮੰਨ ਕਰਕੇ।

ਅਥਵਾ:-ਮਨਮੁਖ ਪੁਰਸ਼ ਮਨਮੁਖਤਾ ਕਰਕੇ ਮਰ ਗਏ। ਅਤੇ-

ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ॥

ਮਨਮੁਖਾਂ ਦਾ ਮਨ ਇਕ ਖਿਨ ਵਿਚ ਆਉਂਦਾ ਤੇ ਦੂਜੇ ਖਿਨ ਵਿਚ ਚਲਿਆ ਜਾਂਦਾ ਹੈ, ਰਾਮ ਨੂੰ ਭੁਲਾ ਕੇ ਦੁਰਗੰਧ=ਗੰਦਗੀ ਦਾ ਮੜ੍ਹਾ ਜੋ ਸਰੀਰ-ਇਸਤ੍ਰੀ ਹੈ, ਉਸ ਵਿਖੇ ਚਿਤ ਲਗਾਇਆ ਹੋਇਆ ਹੈ।

ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ॥

ਕਰਮਾਂ ਦਾ ਲਗਾਇਆ ਹੋਇਆ ਇਸ ਦਾ ਚਿਤ ਦੁਰਗੰਧੀ ਦੇ ਮੜੈ=ਸਰੀਰ,

ਜਾਂ ਇਸਤ੍ਰੀ, ਜਾਂ ਮਾਇਆ ਵਿਚ ਲੱਗ ਰਿਹਾ ਹੈ, ਜਿਵੇਂ ਕਸੁੰਭੇ ਦਾ ਰੰਗ ਦੇਖਣ ਵਿਚ ਆਉਂਦਾ ਹੈ। ਭਾਵ ਜਿਵੇਂ ਉਹ ਨਾਸਵੰਤ ਹੈ, ਇਸੇ ਤਰ੍ਹਾਂ ਸਰੀਰ,

ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ॥

ਪਦਾਰਥਾਂ ਵਾਸਤੇ ਇਹ ਜੀਵ ਇਕ ਖਿਨ ਵਿਚ ਪੂਰਬਿ ਚੜ੍ਹਦੇ ਪਾਸੇ ਵੱਲ ਜਾਂਦਾ ਹੈ। ਦੂਜੇ ਖਿਨ ਵਿਚ ਪਛਮਿ ਲਹਿੰਦੀ ਦਿਸ਼ਾ ਵਿਚ ਜਾ ਇਸਥਿਤ ਹੁੰਦਾ ਹੈ, ਜਿਵੇਂ ਘੁੰਮਿਆਰ ਦਾ ਚੱਕ ਫਿਰਨੇ ਵਿਚ ਆਉਂਦਾ ਹੈ, ਇੰਝ ਹੀ ਜੀਵ ਭਟਕਦਾ ਫਿਰਦਾ ਹੈ।

ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ॥

ਇਹ ਮਾਇਆ ਐਹੋ ਜਿਹੀ ਹੈ, ਜੋ ਤਿੰਨੇ ਹੀ ਸਮਿਆਂ ਵਿਚ ਦੁੱਖ ਰੂਪ ਹੈ, ਮਾਇਆ ਦੇ ਸੰਚਹਿ=ਇਕੱਠੇ ਕਰਨ ਸਮੇਂ ਭੀ ਦੁੱਖਾਂ ਨੂੰ ਖਾਂਦਾ ਹੈ, ਦੌਲਤ ਦੀ ਰਖਵਾਲੀ ਸਮੇਂ ਭੀ ਦੁੱਖ ਭੋਗਦਾ ਹੈ ਤੇ ਜਿਸ ਵੇਲੇ ਮਾਇਆ ਚਲੀ ਜਾਂਦੀ ਹੈ ਤਾਂ ਦੁੱਖਾਂ ਦੀ ਬਿਰਧਿ=ਔਧੀ ਉਮਰ ਵਧ ਜਾਂਦੀ ਹੈ।

ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਬਿਖਮੁ=ਕਠਨ ਸੰਸਾਰ ਤੋਂ ਤਾਂ ਸੁੱਖਲਾ ਤਰ ਸਕਦਾ ਹੈ ਜਾਂ ਇਹ ਜੀਵ ਗੁਰਾਂ ਦੇ ਚਰਨ ਕਮਲਾਂ ਦੇ ਸ਼ਰਨ ਵਿਚ ਆਵੇ॥ ੨ ॥

ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ ॥

ਮੇਰਾ ਠਾਕੁਰ ਨੀਕਾ=ਚੰਗਾ ਹੈ, ਮੇਰਾ ਠਾਕੁਰ ਚੰਗਾ ਹੈ, *ਅਥਵਾ:*-ਠਾਕੁਰਾਂ ਵਿਚੋਂ ਮੇਰਾ ਠਾਕੁਰ ਨੀਕਾ=ਚੰਗਾ ਹੈ. ਜੋ ਰਾਮ ਅਗਮ ਤੇ ਅਥਾਹ ਹੈ।

ਹਰਿ ਪੂਜੀ ਹਰਿ ਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ ॥

ਹਰੀ ਨਾਮ ਰੂਪੀ ਪੂੰਜੀ ਚਾਹੀ, ਹਰੀ ਨਾਮ ਰੂਪੀ ਪੂੰਜੀ ਚਾਹੀ, *ਅਥਵਾ:*-ਹਰਿ=ਭਮਾਮ ਪੂੰਜੀਆਂ ਵਿਚੋਂ ਹਰੀ ਨਾਮ ਰੂਪੀ ਪੂੰਜੀ ਚਾਹੀ, ਰਾਮ ਦੀ ਪ੍ਰਾਪਤੀ ਕਰਨੇ ਨੂੰ ਮੇਰੇ ਸਤਿਗੁਰੂ ਹੀ ਸ਼ਾਹ ਹਨ।

ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ ॥

ਹਰੀ ਪ੍ਰਾਪਤੀ ਦੀ ਸ਼ਰਧਾ ਰੂਪੀ ਪੂੰਜੀ ਚਾਹੀ ਤੇ ਨਾਮ ਨੂੰ ਬਿਸਾਹੀ=ਖਰੀਦਿਆ ਹੈ, ਗੁਣਾਂ ਨੂੰ ਮੈਂ ਗਾਉਂਦਾ ਹਾਂ, ਹਰੀ ਦੇ ਗੁਣ ਹੀ ਮੈਨੂੰ ਭਾਉਂਦੇ ਹਨ।

ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥

ਪਰਹਾਰ ਕਰਨੇ ਵਾਲੀ ਜੋ ਪ੍ਰਤੱਖ ਨਿੰਦਾ ਤੇ ਭੁੱਖ ਸੀ, *ਅਥਵਾ:*-ਅਵਿੱਦਿਆ ਰੂਪੀ ਨੀਂਦ ਤੇ ਭੂਖ=ਤ੍ਰਿਸ਼ਨਾ ਸਭ ਤਿਆਗ ਦਿੱਤੀ ਹੈ, ਅਫੁਰ ਰੂਪ ਹੋ ਕੇ ਭਾਵ ਫੁਰਨੇ ਤੋਂ ਰਹਿਤ ਹੋ ਕੇ ਸੁੰਨਿ=ਅਫੁਰ ਦੇ ਵਿਚ ਸਮਾਉਂਦੇ ਹਾਂ।

ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਹੇ ॥

ਗੁਰੂ-ਸ਼ਾਹ ਕੋਲ ਇਕ ਭਾਤੀ=ਇਕੋ ਤਰ੍ਹਾਂ ਦੇ, ਭਾਵ ਪਰਮੇਸ਼ਰ ਪ੍ਰਾਪਤੀ ਦੀ ਇੱਛਾ ਵਾਲੇ ਵਣਜਾਰੇ (ਜਗਿਆਸੂ) ਆਉਂਦੇ ਹਨ, ਜੋ ਹਰੀ ਨਾਮ ਦਾ ਲਾਭ ਲੈ ਜਾਂਦੇ ਹਨ।

ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ ਪ੍ਰਾਪਤਿ ਸੋ ਪਾਏ ॥ ੩ ॥

ਹੇ ਪੁਰਸ਼ਾ ! ਆਪਣੇ ਮਨ ਤਨ ਨੂੰ ਗੁਰਾਂ ਅੱਗੇ ਅਰਪਨਾ ਕਰ, ਜਿਸ ਨੂੰ ਪ੍ਰਾਪਤ ਹੋਣਾ ਲਿਖਿਆ ਹੈ, ਉਹੀ ਪੁਰਸ਼ ਪਾਉਂਦਾ ਹੈ॥ ੩ ॥

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥

ਰਾਮ ਸਰੂਪ ਜੋ ਗੁਰੂ ਹਨ, ਉਹ ਗੁਰੂ ਹਨ, ਉਹ ਗੁਰੂ ਰੂਪ ਸਮੁੰਦਰ ਰਤਨਾ ਰਤਨ ਪਦਾਰਥ=ਵੈਰਾਗ ਆਦਿਕ ਰਤਨ ਪਦਾਰਥਾਂ ਕਰਕੇ ਵੈਰਾਗ ਆਦਿਕ ਰਤਨ ਪਦਾਰਥਾਂ ਕਰਕੇ ਬਹੁਤ ਹੀ ਭਰੇ ਹੋਏ ਹਨ। *ਅਥਵਾ:*- ਜਿਵੇਂ ਸਮੁੰਦ੍ਰ ਪ੍ਰਤੱਖ ਰਤਨ ਪਦਾਰਥਾਂ ਕਰਕੇ ਭਰਿਆ ਹੋਇਆ ਹੈ, ਇਸੇ ਤਰ੍ਹਾਂ ਗੁਰੂ ਰੂਪੀ ਸਮੁੰਦਰ ਵੈਰਾਗ ਆਦੀ ਰਤਨ ਪਦਾਰਥਾਂ ਕਰਕੇ ਭਰੇ ਹੋਏ ਹਨ।

ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥

ਜੋ ਪੁਰਸ਼ ਗੁਰਬਾਣੀ ਵਿਚ ਲੱਗੇ ਹਨ, ਜੋ ਪੁਰਸ਼ ਗੁਰਬਾਣੀ ਵਿਚ ਲੱਗੇ ਹਨ।

ਅਥਵਾ:- ਪ੍ਰਤੱਖ ਬਾਣੀਆਂ ਵਿਚੋਂ ਜੋ ਪੁਰਸ਼ ਗੁਰਬਾਣੀ ਵਿਚ ਲੱਗੇ ਹਨ, ਤਿਨ੍ਹਾਂ ਦੇ ਮਨ ਰੂਪੀ ਹੱਥ ਵਿਚ ਰਾਮ=ਪਰਮਾਤਮਾ ਚੜ੍ਹਿਆ=ਪ੍ਰਾਪਤ ਹੋਇਆ ਹੈ।

ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥

ਜੋ ਪੁਰਸ਼ ਗੁਰਬਾਣੀ ਵਿਚ ਲੱਗੇ ਹਨ, ਨਿਰਮੋਲਕੁ=ਮੁਲ ਤੋਂ ਰਹਿਤ ਅਪਾਰਾ=ਜਿਸ ਦਾ ਪਾਰਾਵਾਰ ਨਹੀਂ ਹੁੰਦਾ, ਅਜਿਹਾ ਹਰੀ ਨਾਮ ਰਤਨ ਤਿਨ੍ਹਾਂ ਦੇ ਮਨ ਰੂਪ ਹੱਥ ਪਰ ਚੜਿਆ=ਪ੍ਰਾਪਤ ਹੋਇਆ ਹੈ।

ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥

ਅਤੋਲਕੁ=ਤੋਲਣ ਤੋਂ ਰਹਿਤ ਜੋ ਹਰਿ ਹਰਿ ਨਾਮ ਹੈ, ਉਸ ਨੂੰ ਪਾਉਣਾ ਕੀਤਾ, ਉਸ ਪਰਮਾਤਮਾ ਦੀ ਭਗਤੀ ਦੇ ਭੰਡਾਰ ਦੇਵ, ਸ਼ਾਸਤ੍ਰ; ਅਥਵਾ:-ਮਹਾਤਮਾ ਦੇ ਅੰਤਹਕਰਣ ਭਰੇ ਹੋਏ ਹਨ।

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥

ਜਦ ਅਸੀਂ ਸਰੀਰ ਰੂਪ ਸਮੁੰਦਰ ਨੂੰ ਵਿਰੋਲਿ=ਰਿੜਕ ਕੇ ਭਾਵ ਵਿਚਾਰ ਕੇ ਦੇਖਿਆ, ਤਾਂ ਗੁਰਾਂ ਨੇ ਇਕ ਅਭੇਦਾਕਾਰ ਬਿਰਤੀ ਰੂਪੀ ਅਨੂਪੰ ਵਸਤੂ ਦਿਖਾਈ।

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ ੪ ॥ ੧ ॥ ੮ ॥

ਕਿ ਗੁਰੂ ਗੋਬਿੰਦ ਰੂਪ ਹੈ ਤੇ ਗੋਬਿੰਦ ਗੁਰੂ ਰੂਪ ਹੈ, ਹੇ ਭਾਈ ! ਇਨ੍ਹਾਂ ਦੋਹਾਂ ਦਾ ਆਪਸ ਵਿਚ ਕੋਈ ਭੇਦੁ=ਫਰਕ ਨਹੀਂ ਹੈ॥ ੪ ॥ ੧ ॥ ੮ ॥

ਆਸਾ ਮਹਲਾ ੪ ॥

ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ ॥

ਰਾਮ ਨਾਮ ਰੂਪੀ ਅੰਮ੍ਰਿਤ ਧਾਰਾ ਝਿਮਿ ਝਿਮੇ=ਇਕ ਰਸ ਝਿਮਿ ਝਿਮਿ=ਇਕ ਰਸ ਵਸ ਰਹੀ ਹੈ। ਅਥਵਾ:- ਜਿਵੇਂ ਬੱਦਲ ਝਿਮੇ ਝਿਮਿ=ਇਕ ਰਸ ਮੀਂਹ ਦੀ ਧਾਰਾ ਵਰਸਦਾ ਹੈ, ਇਸੇ ਤਰ੍ਹਾਂ ਗੁਰੂ ਰੂਪ ਬੱਦਲ ਇਕ ਰਸ ਰਾਮ ਨਾਮ ਰੂਪ ਅੰਮ੍ਰਿਤ ਧਾਰਾ ਨੂੰ ਵਰਸਦਾ ਹੈ।

ਅਥਵਾ:- ਜਿਸ ਵੇਲੇ ਰਾਮ ਨਾਮ ਰੂਪੀ ਅੰਮ੍ਰਿਤ ਧਾਰਾ ਦੀ ਝਿਮਿ ਝਿਮੇ=ਇਕ ਰਸ ਵਰਖਾ ਹੋਈ ਤਾਂ ਝਿਮਿ ਝਿਮਿ=ਪ੍ਰਕਾਸ਼ ਹੀ ਪ੍ਰਕਾਸ਼ ਹੋਇਆ।

[ਪੰਨਾ ੪੪੩]

ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ॥

ਰਾਮ ਜੋ ਪਿਆਰਾ ਰਮਿਆ ਹੋਇਆ ਹੈ, ਉਹ ਗੁਰਮੁਖਾਂ ਨੂੰ ਨਿਗਾਹ ਆਇਆ ਹੈ, ਗੁਰਮੁਖਾਂ ਨੂੰ ਨਿਗਾਹ ਆਇਆ ਹੈ। ਅਥਵਾ:- ਗੁਰਮੁਖਾਂ ਨੂੰ ਗੁਰਾਂ ਦੁਆਰੇ ਨਿਗਾਹ ਆਇਆ ਹੈ।

ਅਥਵਾ:- ਗੁਰਮੁਖਾਂ ਨੂੰ ਗੁਰਮੁਖਤਾ ਕਰਕੇ ਰਾਮ ਪਿਆਰਾ ਰਮਿਆ ਹੋਇਆ ਨਿਗਾਹ ਆਇਆ ਹੈ।

ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ ॥

ਜਗਤ ਤੋਂ ਨਿਸਤਾਰਾ=ਤਾਰਨ ਵਾਲਾ ਰਾਮ ਨਾਮ ਹੀ ਗੁਰਮੁਖਾਂ ਨੂੰ ਪਿਆਰਾ ਲੱਗ ਰਿਹਾ ਹੈ, ਰਾਮ ਨਾਮ

ਕਰਕੇ ਹੀ ਗੁਰਮੁਖਾਂ ਦੀ ਵਡਿਆਈ ਹੁੰਦੀ ਹੈ।

ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ॥

ਇਕ ਕਲਜੁਗ ਵਿਚ ਰਾਮ ਦਾ ਨਾਮ ਹੀ ਜਹਾਜ਼ ਹੈ; ਪਰੰਤੂ, ਗੁਰਾਂ ਦੁਆਰੇ ਜਪਿਆ ਹੋਇਆ ਰਾਮ ਨਾਮ ਸੰਸਾਰ ਤੋਂ ਪਾਰ ਲੰਘਾਉਂਦਾ ਹੈ।

ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ॥

ਰਾਮ ਨਾਮ ਕਰਕੇ ਗੁਰਮੁਖ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਸੁਹੇਲੇ=ਸੁਖੀ ਹੋਏ ਹਨ ਅਤੇ ਗੁਰਮੁਖਾਂ ਦੀ ਕਰਣੀ ਸਭ ਤੋਂ ਸਾਰੀ=ਸ੍ਰੇਸ਼ਟ ਹੈ।

ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਦਇਆ ਕਰਕੇ ਗੁਰੂ ਸਾਹਿਬ ਜੀ ਨਾਮ ਦੀ ਦਾਤ ਦਿੰਦੇ ਹਨ, ਉਸ ਨੂੰ ਰਾਮ ਦਾ ਨਾਮ ਹੀ ਨਿਸਤਾਰੀ=ਤਾਰਦਾ ਹੈ॥ ੧॥

ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ॥

ਰਾਮ=ਹੇ ਭਾਈ ! ਰਮਣ ਕਰਨੇ ਯੋਗ ਰਾਮ ਦੇ ਨਾਮ ਨੂੰ ਜਿਸ ਨੇ ਜਪਿਆ ਹੈ, ਉਸ ਦੇ ਦੁੱਖ ਵੀ ਨਾਸ ਹੋਏ ਅਤੇ ਕਿਲਵਿਖ=ਪਾਪਾਂ ਨੂੰ ਭੀ ਗਵਾਇਆ ਹੈ।

ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ॥

(ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ:-) ਗੁਰਾਂ ਦੇ ਪਰਚੇ ਦੁਆਰਾ ਗੁਰਾਂ ਦੇ ਪਰਚੇ ਦੁਆਰਾ ਉਸ ਪਰਮੇਸ਼ਰ ਨੂੰ ਧਿਆਉਣਾ ਕੀਤਾ, *ਅਥਵਾ:-* ਪਰਚਿਆਂ ਵਿਚੋਂ ਗੁਰਾਂ ਦੇ ਗੁਰ ਪਰਚੈ=ਵੱਡੇ ਪਰਚੇ ਦੁਆਰਾ ਧਿਆਇਆ, ਹੇ ਭਾਈ ! ਮੈਂ ਹਿਰਦੇ ਵਿਚ ਭੀ ਰਾਮ ਨੂੰ ਰਵਾਇਆ=ਉਚਾਰਿਆ ਹੈ।

ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ॥

ਜਾਂ ਗੁਰਾਂ ਦੀ ਸ਼ਰਨ ਵਿਚ ਆਏ ਤੇ ਹਿਰਦੇ ਵਿਚ ਰਾਮ ਨੂੰ ਰਵਿਆ=ਉਚਾਰਿਆ ਤਾਂ ਪਰਮ ਗਤਿ= ਕੇਵਲ ਮੁਕਤੀ ਪਾਈ।

ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ॥

ਜਾਂ ਸਤਿਗੁਰਾਂ ਨੇ ਕਿਰਪਾ ਕਰਕੇ ਨਾਮ ਨੂੰ ਦਿੜਾਇਆ, ਤਾਂ ਵਿਕਾਰਾਂ ਦੀ ਉਤਪਤੀ ਕਰਨ ਵਾਲੇ ਲੋਭ ਵਿਚ ਬਿਰਤੀ ਰੂਪ ਨਾਵ=ਬੇੜੀ ਡੁੱਬਦੀ ਜਾਂਦੀ ਨਿਕਲੀ=ਪਾਰ ਹੋ ਗਈ।

ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ॥

ਪੂਰਿਆਂ ਗੁਰਾਂ ਨੇ ਸਫਲ ਜੀਵਨ ਦਾ ਦਾਨ ਦਿੱਤਾ, ਕਦੋਂ ? ਕਿ ਜਿਸ ਵੇਲੇ ਰਾਮ ਨਾਮ ਵਿਚ ਚਿੱਤ ਨੂੰ ਲਗਾਣਾ ਕੀਤਾ।

ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ॥ ੨॥

ਕਿਰਪਾਲੂ ਪਰਮੇਸ਼ਰ ਆਪ ਕਿਰਪਾ ਕਰਕੇ ਜਿਸ ਨੂੰ ਉੱਦਮ ਦਿੰਦਾ ਹੈ, ਉਹ ਪੁਰਸ਼ ਗੁਰਾਂ ਦੀ ਸ਼ਰਨ ਵਿਚ

ਆਉਂਦਾ ਹੈ ॥ ੨ ॥

ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥

ਜਿਸ ਵੇਲੇ ਰਾਮ=ਹੇ ਭਾਈ ! ਰਾਮ ਨਾਮ ਰੂਪੀ ਬਾਣੀ ਸੁਣੀ, ਤਾਂ ਸਾਰੇ ਕਾਰਜ ਸਿਧਿ=ਪੂਰੇ ਹੋ ਗਏ ਤੇ ਅਸੀਂ ਵੀ ਸ਼ੋਭਨੀਕ ਹੋਏ।

ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥

ਜੋ ਰਾਮ ਰੋਮ ਰੋਮ ਵਿਚ ਵਿਆਪਕ ਹੈ, ਉਸ ਰਾਮ ਨੂੰ ਮੈਂ ਗੁਰਾਂ ਦੁਆਰੇ ਰੋਮ ਰੋਮ ਧਿਆਉਣਾ ਕੀਤਾ ਹੈ। *ਅਥਵਾ:-* ਜਿਨ੍ਹਾਂ ਗੁਰਾਂ ਨੇ ਰੋਮ ਰੋਮ ਕਰਕੇ ਰਾਮ ਨੂੰ ਧਿਆਇਆ ਹੈ, ਉਹਨਾਂ ਗੁਰਾਂ ਦੁਆਰੇ ਮੈਂ ਭੀ ਰੋਮ ਰੋਮ ਕਰਕੇ ਰਾਮ ਨੂੰ ਧਿਆਇਆ।

ਰਾਮ ਨਾਮੁ ਧਿਆਏ ਪਵਿਤੁ ਹੋਇ ਆਏ ਤਿਸੁ ਰੂਪੁ ਨ ਰੇਖਿਆ ਕਾਈ ॥

ਉਸ ਰਾਮ ਨਾਮ ਨੂੰ ਧਿਆ ਕੇ ਅਸੀਂ ਪਵਿੱਤ੍ਰ ਹੋ ਆਏ ਹਾਂ, ਜਿਸ ਰਾਮ ਦਾ ਕੋਈ ਰੂਪ ਰੇਖ ਨਹੀਂ।

ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ ॥

ਜਿਸ ਵੇਲੇ ਘਟ ਅੰਦਰ ਰਾਮ ਹੀ ਰਾਮ ਨੂੰ ਰਵਿਆ=ਉਚਾਰਿਆ, ਤਾਂ ਸਭ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਭੁੱਖ ਗੁਆ ਦਿੱਤੀ ।

ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ ॥

ਗੁਰ ਸਿੱਖਿਆ ਦੁਆਰੇ ਜਦ ਰਾਮ ਦਾ ਪ੍ਰਗਾਸਾ=ਗਿਆਨ ਹੋਇਆ, ਤਾਂ ਮਨ ਤਨ ਸੀਤਲ ਹੋਇਆ ਅਤੇ ਜਪ ਤਪ ਰੂਪੀ ਸਭ ਸ਼ਿੰਗਾਰ ਕੀਤਾ ਹੋਇਆ ਸਫਲਾ ਹੋਇਆ।

ਨਾਨਕ ਆਪਿ ਅਨੁਗ੍ਰਹੁ ਕੀਆ ਹਮ ਦਾਸਨਿ ਦਾਸਨਿ ਦਾਸਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਇਹ ਸਭ ਅਨੁਗ੍ਰਹੁ ਵਾਹਿਗੁਰੂ ਨੇ ਆਪ ਹੀ ਕੀਤਾ ਹੈ ਅਸੀਂ ਤਾਂ ਉਸ ਦੇ ਦਾਸਾਂ ਦੇ ਭੀ ਦਾਸ ਹਾਂ॥ ੩ ॥

ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥

ਰਾਮ=ਹੇ ਭਾਈ ! ਜਿਨ੍ਹਾਂ ਪੁਰਸ਼ਾਂ ਨੇ ਰਾਮ ਜੋ ਰਮਿਆ ਹੋਇਆ ਹੈ, ਉਸ ਦੇ ਨਾਮ ਨੂੰ ਵਿਸਾਰਿਆ= ਭੁਲਾਇਆ ਹੈ, ਉਹ ਮਨਮੁਖ ਮੂਰਖ ਅਭਾਗੀ=ਖੋਟਿਆਂ ਭਾਗਾਂ ਵਾਲੇ ਹਨ।

ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥

ਉਹਨਾਂ ਦੇ ਅੰਦਰ ਮਾਇਆ ਦਾ ਮੋਹ ਵਿਆਪੈ=ਲੱਗ ਰਿਹਾ ਹੈ ਅਤੇ ਰਾਮ ਦੇ ਵਿਸਾਰਨ ਕਰਕੇ ਖਿਨ ਖਿਨ ਵਿਚ ਮਾਇਆ ਦੀ ਮਮਤਾ ਲੱਗ ਰਹੀ ਹੈ।

ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥

ਮਾਇਆ ਰੂਪ ਮਲ ਦੇ ਲੱਗਣ ਕਰਕੇ ਮੂਰਖ ਖੋਟਿਆਂ ਭਾਗਾਂ ਵਾਲਾ ਹੋ ਰਿਹਾ ਹੈ, ਜਿਸ ਨੂੰ ਰਾਮ ਨਾਮ ਚੰਗਾ ਨਹੀਂ ਲੱਗਾ।

ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ ॥

ਅਭਿਮਾਨੀ=ਹੰਕਾਰੀ ਪੁਰਸ਼ ਅਨੇਕ ਪ੍ਰਕਾਰ ਦੇ ਕਰਮ ਕਰਦਾ ਹੈ; ਪਰੰਤੂ, ਹਰੀ ਰਾਮ ਨਾਮ ਵਲੋਂ ਉਸ ਨੇ ਆਪਣਾ ਚਿੱਤ ਚੁਰਾਇਆ ਹੋਇਆ ਹੈ।

ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥

ਉਹਨਾਂ ਪੁਰਸ਼ਾਂ ਨੂੰ ਜਮ ਰਸਤਾ ਮਹਾ ਬਿਖਮੁ=ਬੜਾ ਕਠਨ ਤੇ ਦੁਹੇਲਾ=ਦੁੱਖ ਰੂਪ ਪ੍ਰਤੀਤ ਹੁੰਦਾ ਹੈ, ਜਿਨ੍ਹਾਂ ਨੂੰ ਕਾਲੂਖਤ=ਪਾਪ ਅਤੇ ਮੋਹ ਰੂਪ ਅੰਧਕਾਰ ਭਾਵ ਅਗਿਆਨ ਹੋ ਰਿਹਾ ਹੈ।

ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਗੁਰਾਂ ਦੁਆਰੇ ਨਾਮ ਧਿਆਇਆ ਓਸੇ ਵਕਤ ਮੋਖ ਦਾ ਦੁਆਰਾ (ਗਿਆਨ) ਪਾਇਆ ॥ ੪ ॥

ਰਾਮੋ ਰਾਮ ਨਾਮੁ ਗੁਰੂ ਰਾਮੁ ਗੁਰਮੁਖੇ ਜਾਣੈ ਰਾਮ ॥

ਜੋ ਰਾਮ ਸਾਰੇ ਰਮਿਆ ਹੋਇਆ ਹੈ, ਉਸ ਦਾ ਰਾਮ ਨਾਮ ਜੋ ਸਭ ਤੋਂ ਗੁਰੂ=ਪੂਜਯ ਹੈ ਉਸ ਰਾਮ ਨਾਮ ਨੂੰ ਗੁਰਾਂ ਦੁਆਰੇ ਜਾਣੇ।

ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ ॥

ਇਹ ਜੋ ਮਨ ਖਿਨ ਖਿਨ ਕਾਲ ਵਿਚ ਊਭ ਪਇਆਲੀ=ਅਕਾਸ਼ ਪਤਾਲ ਵਿਚ ਭਰਮਦਾ=ਫਿਰਦਾ ਹੈ, ਇਸ ਨੂੰ ਇਕ ਹਿਰਦੇ-ਘਰ ਵਿਚ, *ਅਥਵਾ:*-ਇਕ ਰਾਮ ਰੂਪੀ ਘਰ ਵਿਚ ਆਣੈ=ਲਿਆਵੇ।

ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ ਹਰਿ ਰਾਮੋ ਨਾਮੁ ਰਸਾਏ ॥

ਜਦ ਮਨ ਨੂੰ ਇਕ ਹਿਰਦੇ ਰੂਪ ਘਰ ਵਿਚ, *ਅਥਵਾ:*-ਏਕਤਾ ਰੂਪੀ ਘਰ ਵਿਚ ਲਿਆਵੇ, ਤਾਂ ਸਭ ਮੁਕਤੀਆਂ ਦੀ ਮਰਯਾਦਾ ਨੂੰ ਜਾਣਦਾ ਹੈ ਅਤੇ ਰਸਨਾ ਨੂੰ ਹਰੀ ਰਾਮ ਨਾਮ ਵਿਚ ਰਸਾਉਂਦਾ ਹੈ।

ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ ਤਰਾਏ ॥

ਰਾਮ ਦਾ ਨਾਮ ਹੀ ਜਨਾਂ ਦੀ ਪੈਜ=ਇੱਜ਼ਤ ਨੂੰ ਰੱਖਦਾ ਹੈ, ਜਿਸ ਨੇ ਪ੍ਰਹਿਲਾਦ ਭਗਤ ਨੂੰ ਦੁੱਖਾਂ ਤੋਂ ਉਧਾਰਿ=ਬਚਾ ਕੇ ਸੰਸਾਰ ਤੋਂ ਤਰਾਇਆ ਹੈ।

ਰਾਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ ॥

ਰਾਮੋ=ਹੇ ਭਾਈ ! ਉਹ ਰਾਮ ਰਮੁ=ਸੁੰਦਰ ਸਭਨਾਂ ਕਰਕੇ ਰਮਣ ਕਰਨੇ ਯੋਗ ਅਤੇ ਉੱਚਾ ਹੈ, ਬਿਆਸ ਵਸਿਸਟ ਆਦਿਕਾਂ ਨੇ ਵੀ ਗੁਣਾਂ ਨੂੰ ਕਹਿੰਦਿਆਂ ਹੋਇਆਂ ਉਸ ਦਾ ਅੰਤ ਨਹੀਂ ਪਾਇਆ।

ਨਾਨਕ ਰਾਮ ਨਾਮੁ ਸੁਣਿ ਭੀਨੇ ਰਾਮੈ ਨਾਮਿ ਸਮਾਇਆ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਦਾ ਮਨ ਰਾਮ ਨਾਮ ਦੇ ਸੁਣਨ ਵਿਚ ਭਿਜ ਰਿਹਾ ਹੈ ਤੇ ਰਾਮ ਕਰਕੇ ਹੀ ਨਾਮੀ ਦੇ ਵਿਚ ਅਭੇਦ ਹੋਇਆ ਹੈ ॥ ੫ ॥

ਜਿਨ ਅੰਤਰੇ ਰਾਮ ਨਾਮੁ ਵਸੈ ਤਿਨ ਚਿੰਤਾ ਸਭ ਗਵਾਇਆ ਰਾਮ ॥

ਜਿਹਨਾਂ ਦੇ ਹਿਰਦੇ ਅੰਦਰ ਰਾਮ ਨਾਮ ਵਸਿਆ ਹੈ, ਉਹਨਾਂ ਨੇ ਰਾਮ ਦੀ ਕਿਰਪਾ ਕਰਕੇ ਚਿੰਤਾ ਰੂਪੀ ਰੋਗ ਸਾਰਾ ਗੁਆ ਲਿਆ ਹੈ।

ਸਭਿ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ ॥

ਸਾਰੇ ਅਰਥਾ=ਪਦਾਰਥ ਤੇ ਸਭ ਧਰਮ ਉਸ ਨੂੰ ਮਿਲੇ ਹਨ ਅਤੇ ਰਾਮ ਦੀ ਕਿਰਪਾ ਕਰਕੇ ਹੋਰ ਭੀ ਜੋ ਮਨ-ਇੱਛਤ ਫਲ ਸੀ, ਉਸ ਨੂੰ ਪਾਉਣਾ ਕੀਤਾ ਹੈ।

ਮਨ ਚਿੰਦਿਆ ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ ॥

ਮਨ ਚਿੰਦਿਆ=ਮਨ ਇੱਛਤ ਫਲ ਪ੍ਰਾਪਤ ਕਰਕੇ ਭੀ ਉਸ ਨੇ ਰਾਮ ਨਾਮ ਨੂੰ ਧਿਆਇਆ ਹੈ ਅਤੇ ਰਾਮ ਨਾਮ ਦੇ ਗੁਣ ਗਾਏ ਹਨ।

ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ ॥

ਦੁਰਮਤਿ=ਖੋਟੀ ਸਿੱਖਿਆ ਦੇਣ ਵਾਲੀ ਜੋ ਕਬੁਧਿ=ਖੋਟੀ ਬੁੱਧੀ ਹੈ, ਉਹ ਉਹਨਾਂ ਦੀ ਦੂਰ ਹੋ ਗਈ ਹੈ ਅਤੇ ਰਾਮ ਨਾਮੀ ਵਿਚ ਮਨ ਨੂੰ ਲਾਉਣ ਕਰਕੇ ਅੰਤਹਕਰਣ ਦੀ ਸ਼ੁੱਧੀ ਹੋਈ ਹੈ।

[ਪੰਨਾ ੪੪੪]

ਸਫਲੁ ਜਨਮੁ ਸਰੀਰੁ ਸਭੁ ਹੋਆ ਜਿਤੁ ਰਾਮ ਨਾਮੁ ਪਰਗਾਸਿਆ ॥

ਉਸ ਦਾ ਸਰੀਰੁ ਜਨਮੁ=ਮਨੁੱਖਾ ਜਨਮ ਸਾਰਾ ਸਫਲ ਹੋਇਆ ਹੈ, ਜਿਸ ਕਰਕੇ ਰਾਮ ਨਾਮ ਪਰਗਾਸਿਆ= ਉਚਾਰਿਆ ਹੈ।

ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ ਵਾਸਿਆ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਰਾਤ ਦਿਨੇ ਹਮੇਸ਼ਾ ਹਰੀ ਦਾ ਭਜਨ ਕਰਨ ਨਾਲ ਗੁਰਮੁਖ ਸਰੂਪ ਰੂਪੀ ਨਿਜ ਘਰ ਵਿਚ ਵਸਿਆ ਹੈ॥ ੬ ॥

ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥

ਜਿਸ ਦੀ ਰਾਮ ਨਾਮ ਵਿਚ ਸ਼ਰਧਾ ਲੱਗੀ ਹੈ, ਉਸ ਨੇ ਰਾਮ ਨੂੰ ਛੱਡ ਕੇ ਦ੍ਵੈਤ ਭਾ ਵੱਲ ਚਿੱਤ ਨੂੰ ਨਹੀਂ ਲਗਾਇਆ।

ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥

ਜੇਕਰ ਸਾਰੀ ਧਰਤੀ ਸੋਨੇ ਦੀ ਬਣਾ ਕੇ ਉਸ ਨੂੰ ਦੇਣਾ ਕਰੀਏ, ਤਾਂ ਭੀ ਹਰੀ ਨਾਮ ਤੋਂ ਬਿਨਾਂ ਉਸ ਨੂੰ ਹੋਰ ਕੁਝ ਵੀ ਚੰਗਾ ਨਹੀ ਲੱਗਦਾ।

ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ
ਅੰਤਿ ਚਲਦਿਆ ਨਾਲਿ ਸਖਾਈ ॥

ਜਿਸ ਦੇ ਮਨ ਵਿਚ ਰਾਮ ਨਾਮ ਚੰਗਾ ਲੱਗਾ ਹੈ, ਉਸ ਨੇ ਪਰਮ ਸੁਖ ਨੂੰ ਪਾਇਆ ਹੈ, ਅੰਤਿ=ਪ੍ਰਾਣਾਂ ਦੇ

ਨਿਕਲਣ ਸਮੇਂ, ਚਲਦਿਆਂ ਹੋਇਆਂ ਹਰੀ ਦਾ ਨਾਮ ਹੋ ਕੇ ਸਹਾਇਤਾ ਕਰਦਾ ਹੈ।

ਰਾਮ ਨਾਮ ਧਨੁ ਪੂੰਜੀ ਸੰਚੀ ਨਾ ਡੂਬੈ ਨਾ ਜਾਈ॥

ਗੁਰਮੁਖਾਂ ਨੇ ਰਾਮ ਨਾਮ ਰੂਪੀ ਪੂੰਜੀ ਧੰਨਤਾ ਜੋਗ ਇੱਕਠੀ ਕੀਤੀ ਹੈ, ਉਹ ਪੂੰਜੀ ਨਾ ਡੁੱਬਦੀ ਹੈ, ਨਾ ਹੀ ਖੋਈ ਜਾਂਦੀ ਹੈ।

ਰਾਮ ਨਾਮੁ ਇਸੁ ਜੁਗ ਮਹਿ ਤੁਲਹਾ ਜਮਕਾਲੁ ਨੇੜਿ ਨ ਆਵੈ॥

ਇਸ ਕਲਜੁਗ ਵਿਚ ਪਾਰ ਕਰਨੇ ਨੂੰ ਰਾਮ ਨਾਮ ਹੀ ਤੁਲਹਾ=ਜਹਾਜ਼ ਹੈ, ਰਾਮ ਨਾਮ ਜਪਣ ਕਰਕੇ ਜਮਕਾਲ ਇਸ ਦੇ ਨੇੜੇ ਨਹੀਂ ਆਉਂਦਾ।

ਨਾਨਕ ਗੁਰਮੁਖਿ ਰਾਮੁ ਪਛਾਤਾ ਕਰਿ ਕਿਰਪਾ ਆਪਿ ਮਿਲਾਵੈ॥ ੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਗੁਰਾਂ ਦੁਆਰੇ ਰਾਮ ਨੂੰ ਪਛਾਣਿਆ ਹੈ, ਉਸ ਨੂੰ ਪਰਮੇਸ਼ਰ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ॥ ੭॥

ਰਾਮੋ ਰਾਮ ਨਾਮੁ ਸਤੇ ਸਤਿ ਗੁਰਮੁਖਿ ਜਾਣਿਆ ਰਾਮ॥

ਰਾਮੋ=ਹੇ ਭਾਈ ! ਰਾਮ ਜੋ ਸਾਰੇ ਰਮਿਆ ਹੋਇਆ ਹੈ, ਤਿਸ ਰਾਮ ਦੇ ਸਤਿਨਾਮੁ ਨੂੰ ਸਤਿ=ਨਿਸਚੇ ਕਰਕੇ ਗੁਰਮੁਖਾਂ ਨੇ ਜਾਣਿਆਂ ਹੈ।

ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ॥

ਅੰਨਵੈ:-ਜਿਸ ਨੇ ਮਨ ਨੂੰ ਵੀ ਅਰਪਿਆ ਹੈ ਤੇ ਤਨ ਨੂੰ ਵੀ ਰਾਮ ਸਰੂਪ ਗੁਰਾਂ ਅੱਗੇ ਚੜ੍ਹਾਇਆ ਹੈ, ਉਹ ਸੇਵਕ ਗੁਰਾਂ ਦੀ ਸੇਵਾ ਵਿਚ ਲੱਗਾ ਹੈ।

ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ ਗੁਰ ਸੇਵਕ ਭਾਇ ਮਿਲਾਏ॥

ਮਨ ਦੀ ਬਹੁਤੀ ਸ਼ਰਧਾ ਕਰਕੇ ਗੁਰਮੁਖਾਂ ਨੇ ਆਪਣੇ ਮਨ ਤਨ ਨੂੰ ਅਰਪਿਆ ਹੈ, ਧੰਨ ਗੁਰੂ ਹਨ ਜੋ ਸੇਵਕੀ ਭਾ ਵਾਲਿਆਂ ਨੂੰ ਪਰਮੇਸ਼ਰ ਨਾਲ ਮਿਲਾਉਂਦੇ ਹਨ।

ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ॥

ਦੀਨਾਂ ਦੇ ਸੁਆਮੀ, ਜੀਆਂ ਦੇ ਦਾਤੇ ਪਰਮੇਸ਼ਰ ਨੂੰ ਗੁਰਮੁਖ ਜਨ ਪੂਰੇ ਗੁਰੂ ਤੋਂ ਪਾਉਂਦੇ ਹਨ।

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥

ਜੋ ਸਿੱਖ ਗੁਰ ਉਪਦੇਸ਼ ਵਿਚ ਆਪ ਚਲਦਾ ਤੇ ਹੋਰਨਾਂ ਨੂੰ ਚਲਾਉਂਦਾ ਹੈ, ਉਹ ਗੁਰੂ ਦਾ ਇਕ ਸਿੱਖ ਗੁਰੂ ਰੂਪ ਹੈ। *ਅਥਵਾ:-* ਗੁਰੂ ਸਿੱਖ ਰੂਪ, ਤੇ ਸਿੱਖ ਗੁਰੂ ਰੂਪ ਦੋਨੋਂ ਆਪਸ ਵਿਚ ਅਭੇਦ ਰੂਪ ਹਨ, ਜੋ ਗੁਰ ਉਪਦੇਸ਼ ਦੁਆਰਾ ਏਕਤਾ ਦੀ ਸੰਪ੍ਰਦਾ ਚਲਾਉਂਦੇ ਹਨ।

ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥ ੮॥ ੨॥ ੯॥

ਗੁਰੂ ਜੀ ਕਹਿੰਦੇ ਹਨ-(ਇਸ ਪ੍ਰਕਾਰ ਏਕਤਾ ਦੀ ਸੰਪ੍ਰਦਾ ਵਿਚ ਜੇਕਰ ਗੁਰੂ) ਹਿਰਦੇ ਵਿਚ ਰਾਮ ਨਾਮ ਰੂਪੀ ਮੰਤ੍ਰ ਦੇਂਦਾ ਹੈ, ਉਸ ਪਰਮੇਸ਼ਰ ਨਾਲ ਸੁਭਾਵਕ ਹੀ ਮਿਲਣਾ ਹੁੰਦਾ ਹੈ॥ ੮॥ ੨॥ ੯॥

੧ੴ ਸਤਿਗੁਰ ਪ੍ਰਸਾਦਿ॥ ਆਸਾ ਛੰਤ ਮਹਲਾ ੪ ਘਰੁ ੨॥

ਪ੍ਰਸ਼ਨ:-ਵਾਹਿਗੁਰੂ ਪਰਮੇਸ਼ਰ ਕਿਹੋ ਜਿਹਾ ਹੈ ? ਉੱਤਰ -

ਹਰਿ ਹਰਿ ਕਰਤਾ ਦੂਖ ਬਿਨਾਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ॥

ਹਰਿ ਹਰਿ (ਕਰਤਾ) ਸਾਰੇ ਜੀਵਾਂ ਨੂੰ ਪੈਦਾ ਕਰਨ ਵਾਲਾ ਪਰਮੇਸ਼ਰ ਦੁੱਖਾਂ ਦੇ ਨਾਸ ਕਰਨ ਵਾਲਾ ਹੈ ਅਤੇ ਉਸ ਹਰੀ ਦਾ ਨਾਮ ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਹੈ।

ਹਰਿ ਸੇਵਾ ਭਾਈ ਪਰਮ ਗਤਿ ਪਾਈ ਹਰਿ ਊਤਮੁ ਹਰਿ ਹਰਿ ਕਾਮੁ ਜੀਉ॥

ਜਿਸ ਨੂੰ ਹਰੀ ਦੀ ਸੇਵਾ ਕਰਨੀ ਭਾਈ ਹੈ, ਉਸ ਨੇ ਪਰਮ ਗਤੀ ਪਾਈ ਹੈ ਹਰਿ ਹਰਿ ਦੇ ਨਾਮ ਜਪਣੇ ਰੂਪੀ ਕੰਮ ਸਭ ਤੋਂ ਉੱਤਮ ਹੈ।

ਹਰਿ ਊਤਮੁ ਕਾਮੁ ਜਪੀਐ ਹਰਿ ਨਾਮੁ ਹਰਿ ਜਪੀਐ ਅਸਥਿਰੁ ਹੋਵੈ॥

ਹਰੀ ਰੂਪੀ ਕੰਮ ਸਭ ਤੋਂ ਉੱਤਮ ਹੈ, ਇਸੀ ਤੇ ਹਰੀ ਨਾਮ ਨੂੰ ਜਪਣਾ ਕਰੀਏ;
ਹਰੀ ਦੇ ਜਪਣੇ ਕਰਕੇ ਮਨ ਇਸਥਿਤ ਹੁੰਦਾ ਹੈ।

ਜਨਮ ਮਰਣ ਦੋਵੈ ਦੁਖ ਮੇਟੇ ਸਹਜੇ ਹੀ ਸੁਖਿ ਸੋਵੈ॥

ਜਨਮ ਮਰਨ ਦੇ ਦੋਵੇਂ ਦੁੱਖ ਮੇਟੇ ਜਾਂਦੇ ਹਨ ਅਤੇ ਸੁਤੇ ਹੀ, ਗਿਆਨ ਕਰਕੇ ਸੁਖਾਂ ਵਿਚ ਸੋਵੈ=ਇਸਥਿਤ ਹੁੰਦਾ ਹੈ।

ਹਰਿ ਹਰਿ ਕਿਰਪਾ ਧਾਰਹੁ ਠਾਕੁਰ ਹਰਿ ਜਪੀਐ ਆਤਮ ਰਾਮੁ ਜੀਉ॥

ਹੇ ਹਰਿ ਹਰਿ ਠਾਕੁਰ ! ਆਪ ਕਿਰਪਾ ਦ੍ਰਿਸ਼ਟੀ ਧਾਰੋ, ਜਿਸ ਤੇ ਹੇ ਹਰੀ ! ਆਤਮਾ ਰਾਮ=ਆਪਣੇ ਸ੍ਵੈ ਸਰੂਪ ਨੂੰ ਜਪਣਾ ਕਰੀਏ।

ਹਰਿ ਹਰਿ ਕਰਤਾ ਦੂਖ ਬਿਨਾਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ॥੧॥

ਹਰਿ ਹਰਿ ਕਰਤਾ ਦੁੱਖਾਂ ਦੇ ਬਿਨਾਸ ਕਰਨ ਵਾਲਾ ਹੈ ਅਤੇ ਹਰੀ ਦਾ ਨਾਮ ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਹੈ॥ ੧॥

ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ
ਹਰਿ ਜਪੀਐ ਸਤਿਗੁਰ ਭਾਇ ਜੀਉ॥

ਕਲਜੁਗ ਵਿਚ ਹਰੀ ਨਾਮ ਪਦਾਰਥ ਉੱਤਮ ਹੈ, ਤਾਂ ਤੇ ਸਤਿਗੁਰਾਂ ਵਿਚ ਭਾਇ=ਪ੍ਰੇਮ ਕਰਕੇ ਹਰੀ ਨਾਮ ਨੂੰ ਜਪਣਾ ਕਰੀਏ।

ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ
ਹਰਿ ਜਪਤ ਸੁਣਤ ਦੁਖੁ ਜਾਇ ਜੀਉ॥

ਗੁਰਾਂ ਦੁਆਰੇ ਹਰੀ ਨੂੰ ਪੜ੍ਹੀਏ, ਗੁਰਾਂ ਦੁਆਰੇ ਹਰੀ ਨੂੰ ਸੁਣੀਏ, ਅਥਵਾ:-ਗੁਰਮੁਖ ਹੋ ਕੇ ਹਰੀ ਨੂੰ ਪੜ੍ਹੀਏ,

ਗੁਰਮੁਖ ਹੋ ਕੇ ਹਰੀ ਨੂੰ ਸੁਣੀਏ, ਕਿਉਂਕਿ ਹਰੀ ਨਾਮ ਦੇ ਜਪਣ ਅਤੇ ਸੁਣਨ ਕਰਕੇ ਦੁੱਖ ਦੂਰ ਹੋ ਜਾਂਦੇ ਹਨ।

ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥

ਜਿਸ ਵੇਲੇ ਹਰਿ ਹਰਿ ਦਾ ਨਾਮ ਜਪਿਆ ਤਾਂ ਦੁੱਖ ਬਿਨਸ ਗਿਆ, ਹਰੀ ਨਾਮ ਨੂੰ ਜਪ ਕੇ ਗੁਰਮੁਖਾਂ ਨੇ ਪਰਮ ਸੁਖੁ=ਆਤਮ ਸੁਖ ਨੂੰ ਪਾਇਆ ਹੈ।

ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ
ਅਗਿਆਨੁ ਅੰਧੇਰੁ ਗਵਾਇਆ ॥

ਸਤਿਗੁਰਾਂ ਦੁਆਰੇ ਗਿਆਨ ਰੂਪ ਦੀਵਾ ਬਲਿਆ ਤਾਂ ਘਟਿ=ਅੰਤਹ ਕਰਣ ਵਿਚ ਚਾਨਣ ਹੋਇਆ, ਜਾਂ ਚਾਨਣ ਹੋਇਆ ਤਾਂ ਅਗਿਆਨ ਰੂਪ ਹਨੇਰੇ ਨੂੰ ਗਵਾਇਆ=ਦੂਰ ਕਰ ਦਿੱਤਾ।

ਹਰਿ ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ ॥

ਉਹਨਾਂ ਨੇ ਹਰਿ ਹਰਿ ਨਾਮ ਨੂੰ ਅਰਾਧਣਾ ਕੀਤਾ ਹੈ, ਜਿਨ੍ਹਾਂ ਦੇ ਮੱਥੇ 'ਪਰ ਧੁਰ ਤੋਂ ਹੀ ਸ੍ਰੇਸ਼ਟ ਲੇਖ ਲਿਖ ਪਾਇਆ ਹੈ।

ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ
ਹਰਿ ਜਪੀਐ ਸਤਿਗੁਰ ਭਾਇ ਜੀਉ ॥ ੨ ॥

ਕਲਜੁਗ ਵਿਚ ਹਰੀ ਨਾਮ ਪਦਾਰਥ ਉੱਤਮ ਹੈ, ਪਰ ਸਤਿਗੁਰਾਂ ਦੇ ਭਾਇ=ਪ੍ਰੇਮ ਕਰਕੇ ਹਰੀ ਨਾਮ ਜਪਿਆ ਜਾਂਦਾ ਹੈ॥ ੨ ॥

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ
ਹਰਿ ਲਾਹਾ ਪਦੁ ਨਿਰਬਾਣੁ ਜੀਉ ॥

ਜਿਸ ਦੇ ਮਨ ਵਿਚ ਹਰਿ ਹਰਿ ਨਾਮ ਜਪਣਾ ਭਾਇਆ=ਚੰਗਾ ਲੱਗਾ ਹੈ, ਉਸ ਨੇ ਪਰਮ ਸੁਖ=ਆਤਮ ਸੁਖ ਪਾਇਆ ਹੈ। ਹਰੀ ਨਾਮ ਕਰਕੇ ਨਿਰਬੰਧ ਪਦ ਦੀ ਪ੍ਰਾਪਤੀ ਰੂਪ ਲਾਭ ਹੁੰਦਾ ਹੈ।

ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ ਭ੍ਰਮੁ ਚੂਕਾ ਆਵਣੁ ਜਾਣੁ ਜੀਉ ॥

ਹਰੀ ਜੋ ਸਖਾਈ ਹੈ, ਉਸ ਹਰੀ ਦੇ ਨਾਮ ਵਿਚ ਜਿਨ੍ਹਾਂ ਨੇ ਪ੍ਰੀਤੀ ਲਗਾਈ ਹੈ, ਉਹਨਾਂ ਦੇ ਆਵਣੁ ਜਾਣੁ=ਜੰਮਣ ਮਰਨ ਦਾ ਭਰਮ ਚੁੱਕ ਗਿਆ ਹੈ।

[ਪੰਨਾ ੪੪੫]

ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ ॥

ਜਿਸ ਨੇ ਮਨ, ਬਾਣੀ, ਸਰੀਰ ਕਰਕੇ ਹਰਿ ਹਰਿ ਦੇ ਗੁਣਾਂ ਨੂੰ ਗਾਇਆ ਹੈ, ਉਸ ਦਾ ਆਵਣ ਜਾਣਾ=ਜੰਮਣ ਮਰਨ ਦਾ ਕਾਰਨ ਰੂਪ ਭਰਮ ਤੇ ਜਮਾਂ ਦਾ ਭਉ=ਡਰ ਭੱਜ ਗਿਆ ਹੈ।

ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ ॥

ਉਸ ਦੇ ਜਨਮਾਂ ਜਨਮਾਂਤਰਾਂ ਦੇ ਕਿਲਵਿਖ=ਪਾਪ ਤੇ ਦੁੱਖ ਉਤਰ ਗਏ ਹਨ ਅਤੇ ਉਹ ਹਰਿ ਹਰਿ ਨਾਮੀ

ਵਿਚ ਸਮਾਇਆ=ਅਭੇਦ ਹੋਇਆ ਹੈ।

ਜਿਨ ਹਰਿ ਧਿਆਇਆ ਧੁਰਿ ਭਾਗ ਲਿਖਿ ਪਾਇਆ
ਤਿਨ ਸਫਲੁ ਜਨਮੁ ਪਰਵਾਣੁ ਜੀਉ ॥

ਧੁਰ ਤੋਂ ਹੀ ਭਾਗਾਂ ਦੇ ਲਿਖ ਪਾਏ ਅਨੁਸਾਰ ਜਿਨ੍ਹਾਂ ਨੇ ਹਰੀ ਨਾਮ ਧਿਆਇਆ ਹੈ, ਉਨ੍ਹਾਂ ਦਾ ਪ੍ਰਮਾਣੀਕ ਮਨੁੱਖਾ ਜਨਮ ਸਫਲ ਹੈ।

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ
ਹਰਿ ਲਾਹਾ ਪਦੁ ਨਿਰਬਾਣੁ ਜੀਉ ॥ ੩ ॥

ਜਿਸ ਦੇ ਮਨ ਵਿਚ ਹਰਿ ਹਰਿ ਦਾ ਨਾਮ ਜਪਣਾ ਭਾਇਆ ਹੈ, ਉਸ ਨੇ ਪਰਮ ਸੁਖ=ਆਤਮ ਸੁਖ ਪਾਇਆ ਹੈ, ਹਰੀ ਨਾਮ ਕਰਕੇ ਹੀ ਨਿਰਬੰਧ ਪਦ ਦੀ ਪ੍ਰਾਪਤੀ ਰੂਪ ਲਾਭ ਹੁੰਦਾ ਹੈ॥ ੩ ॥

ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ
ਤੇ ਊਤਮ ਹਰਿ ਹਰਿ ਲੋਗ ਜੀਉ ॥

ਜਿਨ੍ਹਾਂ ਨੂੰ ਹਰੀ ਨਾਮ ਮਿੱਠਾ ਲੱਗ ਆਇਆ ਹੈ, *ਅਥਵਾ:*-ਹਰੀ ਮੀਠਲ ਨੂੰ ਜਿਨ੍ਹਾਂ ਨੇ ਗਾਨਾ=ਗਾਇਆ ਹੈ, *ਅਥਵਾ:*- ਗਾਨਾ=ਗੰਨੇ ਦੀ ਰਸ ਵਾਂਗ ਜਿਨ੍ਹਾਂ ਨੂੰ ਹਰੀ ਮੀਠ=ਪਿਆਰਾ ਲਗਾਨਾ=ਲੱਗਾ ਹੈ, ਉਹ ਜਨ ਸਭ ਤੋਂ ਮੁਖੀ ਹਨ ਅਤੇ ਉਹ ਹਰਿ ਹਰਿ ਦੇ ਲੋਕ ਸਭ ਤੋਂ ਉੱਤਮ ਹਨ।

ਹਰਿ ਨਾਮੁ ਵਡਾਈ ਹਰਿ ਨਾਮੁ ਸਖਾਈ ਗੁਰ ਸਬਦੀ ਹਰਿ ਰਸ ਭੋਗ ਜੀਉ ॥

ਹਰੀ ਨਾਮ ਹੀ ਉਨ੍ਹਾਂ ਦੀ ਵਡਿਆਈ ਹੈ, ਹਰੀ ਨਾਮ ਹੀ ਉਨ੍ਹਾਂ ਦਾ ਸਖਾਈ=ਮਿੱਤ੍ਰ ਹੈ, ਉਹ ਗੁਰ ਸ਼ਬਦੀਏ ਗੁਰੂ ਉਪਦੇਸ਼ ਕਰਕੇ ਹਰੀ ਨਾਮ-ਰਸ ਨੂੰ ਭੋਗਦੇ ਹਨ।

ਹਰਿ ਰਸ ਭੋਗ ਮਹਾ ਨਿਰਜੋਗ ਵਡਭਾਗੀ ਹਰਿ ਰਸੁ ਪਾਇਆ ॥

ਹਰੀ ਰਸ ਨੂੰ ਭੋਗ ਰਹੇ ਹਨ, ਸੰਸਾਰ ਤੋਂ ਮਹਾ ਨਿਰਜੋਗ=ਬੜੇ ਅਸੰਗ ਭਾਵ ਨਿਰਲੇਪ ਰਹਿੰਦੇ ਹਨ, ਪਰ ਵੱਡੇ ਭਾਗਾਂ ਵਾਲਿਆਂ ਨੇ ਹਰੀ-ਰਸ ਨੂੰ ਪਾਇਆ ਹੈ।

ਸੇ ਧੰਨੁ ਵਡੇ ਸਤ ਪੁਰਖਾ ਪੂਰੇ ਜਿਨ ਗੁਰਮਤਿ ਨਾਮੁ ਧਿਆਇਆ ॥

ਉਹ ਪੂਰੇ ਸਤ ਪੁਰਖ ਬਹੁਤ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਗੁਰ ਸਿੱਖਿਆ ਦੁਆਰੇ ਨਾਮ ਨੂੰ ਧਿਆਉਣਾ ਕੀਤਾ ਹੈ।

ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ ਮਨਿ ਚੂਕਾ ਸੋਗੁ ਵਿਜੋਗੁ ਜੀਉ ॥

ਗੁਰੂ ਜੀ ਕਥਨ ਕਰਦੇ ਹਨ-ਸਾਧੂ ਜਨਾਂ ਦੇ ਚਰਨਾਂ ਦੀ ਧੂੜ ਮੰਗਣਾ ਕਰੇ, ਜਿਸ ਤੇ ਮਨ ਦਾ ਸੋਗੁ=ਫਿਕਰ ਤੇ ਵਿਜੋਗੁ=ਵਿਛੋੜਾ ਚੂਕਾ=ਦੂਰ ਹੋ ਜਾਵੇ।

ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ
ਤੇ ਊਤਮ ਹਰਿ ਹਰਿ ਲੋਗ ਜੀਉ ॥ ੪ ॥ ੩ ॥ ੧੦ ॥

ਜਿਨ੍ਹਾਂ ਨੂੰ ਹਰੀ ਮਿੱਠਾ ਲੱਗ ਆਇਆ ਹੈ, ਉਹ ਜਨ ਪਰਧਾਨ=ਮੁਖੀ ਹਨ ਅਤੇ ਉਹ ਹਰਿ ਹਰਿ ਦੇ ਲੋਕ ਉੱਤਮ ਹਨ॥ ੪ ॥ ੩॥ ੧੦॥

ਆਸਾ ਮਹਲਾ ੪ ॥

ਉਥਾਨਕਾ- ਸਿੱਖਾਂ ਨੇ ਬੇਨਤੀ ਕੀਤੀ, ਕਿ ਐ ਗੁਰੂ ਜੀ ! ਜਿਸ ਧਰਮ ਦੇ ਆਸਰੇ ਇਹ ਸ੍ਰਿਸ਼ਟੀ ਖੜੀ ਹੈ, ਉਹ ਧਰਮ ਸਤਿਜੁਗ ਵਿਚ ਕਿਤਨੇ ਪੈਰਾਂ 'ਪਰ, ਤ੍ਰੇਤੇ ਜੁਗ ਵਿਚ ਕਿਤਨੇ ਪੈਰਾਂ 'ਪਰ, ਦੁਆਪੁਰ ਜੁਗ ਵਿਚ ਕਿਤਨੇ ਪੈਰਾਂ 'ਪਰ ਤੇ ਕਲਜੁਗ ਵਿਚ ਕਿਤਨੇ ਪੈਰਾਂ 'ਪਰ ਖੜ੍ਹਾ ਹੈ ? *ਗੁਰ ਉੱਤਰ:-* .

ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥

ਸਤਜੁਗ ਵਿਚ ਸਾਰੇ ਸਰੀਰ ਸੰਤੋਖ-ਮਈ ਸਨ ਅਤੇ ਸਤਜੁਗ ਵਿਚ ਧਰਮ (ਸੱਤ, ਯੱਗ, ਤੱਪ, ਨਾਮ ਰੂਪ) ਚਾਰੇ ਪੈਰਾਂ ਉੱਤੇ ਖੜ੍ਹਾ, ਧਿਆਨੁ=ਦੇਖਣ ਵਿਚ ਆਉਂਦਾ ਸੀ।

ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ
ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥

ਮਨੋਂ ਤਨੋਂ ਹੋ ਕੇ ਗੁਰਮੁਖ ਹਰੀ ਨੂੰ ਗਾਉਂਦੇ ਸਨ ਤੇ ਪਰਮ ਸੁਖ ਪਾਉਂਦੇ ਸਨ, ਹਿਰਦੇ ਵਿਚ ਹਰਿ ਹਰਿ ਦੇ ਗੁਣ ਧਾਰ ਕੇ ਗਿਆਨ ਦੇ ਸਹਿਤ ਸਨ।

ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥

ਸ਼ੁਭ ਗੁਣਾਂ ਕਰਕੇ ਗਿਆਨ ਪਦਾਰਥ ਦੇ ਸਹਿਤ ਸਨ ਅਤੇ ਹਰਿ ਹਰਿ ਨਾਮ ਨੂੰ ਜਪ ਕੇ ਕਿਰਤਾਰਥੁ= ਕਲਿਆਣ ਹੁੰਦੇ ਸਨ, ਇਸ ਵਜ੍ਹਾ ਕਰਕੇ ਗੁਰਮੁਖਾਂ ਦੀ ਸੋਭਾ ਹੁੰਦੀ ਸੀ।

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥

ਸਰੀਰ, *ਅਥਵਾ:-* ਬ੍ਰਹਿਮੰਡ ਦੇ ਅੰਦਰ ਬਾਹਰ ਇਕ ਹਰੀ.ਪ੍ਰਭੂ ਦ੍ਰਿਸ਼ਟ ਆਉਂਦਾ ਸੀ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਦਿੱਸਦਾ ਨਹੀਂ ਸੀ।

ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ
ਹਰਿ ਦਰਗਹ ਪਾਵੈ ਮਾਨੁ ਜੀਉ ॥

ਸਤਜੁਗੀ ਜੀਵ, ਹਰਿ ਹਰਿ ਵਿਚ ਲਿਵ ਲਗਾਈ ਰੱਖਦੇ ਸੀ, ਹਰੀ ਨਾਮ ਨੂੰ ਸਹਾਇਕ ਮੰਨਦੇ ਸੀ ਅਤੇ ਹਰੀ ਦੀ ਦਰਗਾਹ ਵਿਚ ਮਾਨੁ=ਆਦਰ ਪਾਉਂਦੇ ਸਨ।

ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮ ਧਿਆਨੁ ਜੀਉ ॥ ੧ ॥

ਸਤਜੁਗ ਵਿਚ ਸਾਰੇ ਸਰੀਰ ਸੰਤੋਖ ਮਈ ਸਨ ਅਤੇ ਧਰਮ ਚਾਰੇ ਪੈਰਾਂ ਉੱਤੇ ਖੜ੍ਹਾ ਧਿਆਨੁ=ਦੇਖਣ ਵਿਚ ਆਉਂਦਾ ਸੀ॥ ੧ ॥

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥

ਜਿਸ ਵੇਲੇ ਤ੍ਰੇਤਾ ਜੁਗ ਆਇਆ, ਤਾਂ ਅੰਤਰੇ ਭੇਦ ਨੇ ਆਪਣਾ ਜੋਰੁ=ਬਲ ਪਾ ਲਿਆ, ਜਤ ਨੂੰ ਧਾਰ ਕੇ

ਇੰਦ੍ਰੀਆਂ ਦੇ ਸੰਜਮ ਰੂਪ ਕਰਮ ਨੂੰ ਕਮਾਉਂਦੇ ਹੋਏ।

ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥

ਧਰਮ ਦਾ ਚੌਥਾ ਪੈਰ 'ਸਤ' ਖਿਸਕ ਗਿਆ ਤੇ ਧਰਮ ਤਿੰਨ ਪੈਰਾਂ (ਯੱਗ, ਤੱਪ, ਦਾਨ) ਉੱਤੇ ਟਿਕ ਗਿਆ, ਮਨਿ ਹਿਰਦੈ=ਮਨ ਵਿਚ ਕ੍ਰੋਧ ਜਲਾਉਂਦਾ ਹੋਇਆ। *ਅਥਵਾ:-* ਹਿਰਦੇ ਵਿਚ ਮਣਾ ਮੂੰਹ ਕ੍ਰੋਧ ਜਲਾਂਵਦਾ ਹੋਇਆ।

ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥

ਮਨ ਦੇ ਹਿਰਦੈ=ਵਿਚ ਕ੍ਰੋਧ ਹੋਣ ਕਰਕੇ, ਮਹਾਂ ਵਿਸ਼ਿਆਂ ਨੂੰ ਲੋਧੁ=ਬੀਜਦੇ ਸਨ, *ਅਥਵਾ:-* ਲੋਧੁ=ਘੋਲਦੇ ਸਨ। ਰਾਜੇ ਲੋਕ ਦੌੜ ਕੇ ਆਪੋ ਵਿਚ ਲੜ ਕੇ ਦੁੱਖ ਨੂੰ ਪਾਉਂਦੇ ਸਨ।

ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥

ਤ੍ਰੈਤੇ ਜੁਗ ਵਿਚ ਜੀਵਾਂ ਦੇ ਹਿਰਦੇ ਅੰਦਰ ਮਮਤਾ ਰੂਪੀ ਰੋਗ ਲੱਗ ਗਿਆ, ਇਸੀ ਤੇ ਲੋਕਾਂ ਨੇ ਹਉਮੈ ਤੇ ਹੰਕਾਰ ਨੂੰ ਵਧਾ ਲਿਆ।

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ
ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥

ਮੇਰੇ ਹਰਿ ਹਰਿ ਠਾਕੁਰ ਨੇ ਜਿਨ੍ਹਾਂ ਉੱਤੇ ਕਿਰਪਾ ਧਾਰੀ ਸੀ, ਗੁਰ ਸਿੱਖਿਆ ਦੁਆਰੇ ਹਰੀ ਨਾਮ ਜਪਣ ਕਰਕੇ ਉਨ੍ਹਾਂ ਦੀ ਰਾਗ ਦ੍ਵੈਖ ਰੂਪੀ ਮੈਲ ਲਹਿ ਜਾਂਦੀ ਸੀ।

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ
ਜਤੁ ਸੰਜਮ ਕਰਮ ਕਮਾਇ ਜੀਉ ॥ ੨ ॥

ਜਿਸ ਵੇਲੇ ਤ੍ਰੈਤਾ ਜੁਗ ਆਇਆ ਤਾਂ ਅੰਤਰੇ ਭੇਦ ਨੇ ਜ਼ੋਰ ਪਾ ਲਿਆ, ਜਤ ਨੂੰ ਧਾਰ ਕੇ ਇੰਦ੍ਰੀਆਂ ਦੇ ਸੰਜਮ ਰੂਪ ਕਰਮ ਨੂੰ ਕਮਾਉਂਦੇ ਹੋਏ ॥ ੨ ॥

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ
ਹਰਿ ਗੋਪੀ ਕਾਨੁ ਉਪਾਇ ਜੀਉ ॥

ਜਿਸ ਵੇਲੇ ਦੁਆਪੁਰ ਜੁਗ ਆਇਆ, ਤਾਂ ਭਰਮ ਨੇ ਜੀਵਾਂ ਦੇ ਮਨ ਨੂੰ ਭਰਮਾ ਦਿੱਤਾ, ਤਦ ਹਰੀ ਨੇ ਆਪ ਹੀ ਗੋਪੀਆਂ ਤੇ ਕਾਨੁ=ਕ੍ਰਿਸ਼ਨ ਨੂੰ ਉਪਾਇ=ਪੈਦਾ ਕਰ ਦਿੱਤਾ।

ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ
ਅਤਿ ਕਿਰਿਆ ਕਰਮ ਕਮਾਇ ਜੀਉ ॥

ਤਾਪਨ=ਅਗਨੀ ਤਪ ਨੂੰ, *ਅਥਵਾ:-* ਸੂਰਜ ਤਪ ਨੂੰ ਤਪਦੇ ਸੀ, ਭਾਵ ਸੂਰਜ ਦੇ ਸਾਹਮਣੇ ਬੈਠ ਕੇ ਤੱਪ ਕਰਦੇ ਸੀ, ਪੁੰਨ ਰੂਪ ਯੱਗਾਂ ਦਾ ਆਰੰਭ ਕਰਦੇ ਸੀ, *ਅਥਵਾ:-* ਜਗਤ ਵਿਚ ਪੁੰਨਾਂ ਦਾ ਅਰੰਭ ਕਰਦੇ ਸੀ, ਅਤਿ=ਕਠਨ ਕਰਮਾਂ ਦੀ ਕਿਰਿਆ ਕਮਾਉਂਦੇ ਸਨ।

ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ
ਦੁਇ ਪਗ ਟਿਕੈ ਟਿਕਾਇ ਜੀਉ ॥

ਜੀਵਾਂ ਨੇ ਕਰਮਾਂ ਦੀ ਕਿਰਿਆ ਨੂੰ ਕਮਾਇਆ ਤੇ ਧਰਮ ਦੇ ਦੋ ਪੈਰ ਸੱਤ ਤੇ ਯੱਗ ਖਿਸਕ ਗਏ ਤੇ ਦੁਆਪੁਰ ਜੁਗ ਵਿਚ ਧਰਮ ਤੱਪ ਤੇ ਨਾਮ-ਦਾਨ ਰੂਪ ਦੋ ਪੈਰਾਂ ਉੱਤੇ ਟਿਕਾਇਆ ਹੋਇਆ ਟਿਕਦਾ ਹੋਇਆ।

ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ ॥

ਬਹੁਤੇ ਜੋਧਿਆਂ ਨੇ ਮਹਾ ਜੁਧ=ਬੜੇ ਭਾਰੀ ਜੰਗ ਕੀਤੇ, ਹਉਮੈ ਦੇ ਵਿਚ ਆਪ ਪਚਦੇ ਤੇ ਹੋਰਨਾਂ ਨੂੰ ਪਚਾਂਉਂਦੇ ਸੀ।

ਦੀਨ ਦਇਆਲਿ ਗੁਰੁ ਸਾਧੁ ਮਿਲਾਇਆ
ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥

ਜਿਸ ਵੇਲੇ ਦੀਨ ਦਿਆਲ ਪਰਮਾਤਮਾ ਨੇ ਸਾਧੁ=ਸ੍ਰੇਸ਼ਟ ਗੁਰੂ ਨਾਲ ਮਿਲਾਇਆ, ਤਾਂ ਸਤਿਗੁਰਾਂ ਨਾਲ ਮਿਲਣ ਕਰਕੇ ਉਤਮ ਅਧਿਕਾਰੀਆਂ ਦੀ ਮਲ ਲਹਿ ਜਾਂਦੀ ਸੀ।

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ
ਹਰਿ ਗੋਪੀ ਕਾਨੁ ਉਪਾਇ ਜੀਉ ॥ ੩ ॥

ਜਿਸ ਵੇਲੇ ਦੁਆਪੁਰ ਜੁਗ ਆਇਆ ਤਾਂ ਭਰਮ ਦੇ ਵਿਚ ਜੀਵਾਂ ਨੂੰ ਭਰਮਾ ਦਿੱਤਾ ਤੇ ਹਰੀ ਨੇ ਗੋਪੀਆਂ ਤੇ ਕਾਨੁ=ਕ੍ਰਿਸ਼ਨ ਜੀ ਨੂੰ ਉਪਾਇ=ਪੈਦਾ ਕਰ ਦਿੱਤਾ॥ ੩॥

[ਪੰਨਾ ੪੪੬]

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ ॥

ਹੇ ਭਾਈ ! ਜਦ ਹਰੀ ਨੇ ਕਲਜੁਗ ਦਾ ਸਮਾਂ ਕੀਤਾ, ਤਾਂ ਧਰਮ ਦੇ (ਸੱਤ, ਯੱਗ, ਤੱਪ, ਰੂਪ) ਤਿੰਨ ਪੈਰ ਖਿਸਕ ਗਏ, ਧਰਮ ਨਾਮ ਰੂਪ ਚੌਥੇ ਪੈਰ ਉੱਤੇ ਟਿਕਾਇਆ ਹੋਇਆ ਟਿਕਦਾ ਭਇਆ।

ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ
ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥

ਇਸ ਕਲਜੁਗ ਵਿਚ ਜਿਸ ਨੇ ਗੁਰਾਂ ਦੇ ਉਪਦੇਸ਼ ਨੂੰ ਕਮਾਇਆ ਹੈ, ਉਸ ਨੇ ਹਰੀ ਨਾਮ ਰੂਪੀ ਔਸ਼ਧੀ ਨੂੰ ਪਾਇਆ ਹੈ, ਪੁਨਾ ਹਰੀ ਦੀ ਕੀਰਤੀ ਕਰਕੇ ਹਰੀ ਪਾਸੋਂ ਸ਼ਾਂਤੀ ਪਾਈ ਹੈ।

ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ
ਹਰਿ ਹਰਿ ਨਾਮੁ ਖੇਤੁ ਜਮਾਇਆ ॥

ਇਹ ਕਲਜੁਗ ਹਰੀ ਦੀ ਕੀਰਤੀ ਕਰਨ ਦੀ ਰੁੱਤ ਆਈ ਹੈ, ਇਸ ਤੇ ਹਰੀ ਨਾਮ ਦੀ ਵਡਿਆਈ ਕਰੇ,

ਗੁਰਮੁਖਾਂ ਨੇ ਹਰਿ ਹਰਿ ਦੇ ਨਾਮ ਰੂਪੀ ਖੇਤ ਨੂੰ ਜਮਾਇਆ=ਉਗਾਉਣਾ ਕੀਤਾ ਹੈ। ਭਾਵ ਹਿਰਦੇ ਵਿਚ ਨਾਮ ਨੂੰ ਧਾਰਨ ਕੀਤਾ ਹੈ।

ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥

ਕਲਜੁਗ ਵਿਚ ਜੋ ਪੁਰਸ਼ ਨਾਮ ਰੂਪ ਬੀਜ ਦੇ ਬੀਜਣ ਤੋਂ ਬਿਨਾਂ ਹਨ, *ਅਥਵਾ:-* ਨਾਮ ਤੋਂ ਬਿਨਾਂ ਹੋਰ ਕੋਈ ਜਿੰਨੇ ਭੀ ਬੀਜ ਬੀਜਦਾ ਹੈ, ਉਹਨਾਂ ਨੇ ਮੂਲੁ=ਸ੍ਵਾਸ ਤੇ ਸਾਸਾਂ ਕਰਕੇ ਜਿਹੜਾ ਆਤਮ ਲਾਭ ਹੋਣਾ ਸੀ, ਉਹ ਸਭ ਗਵਾ ਦਿੱਤਾ ਹੈ। *ਅਥਵਾ:-* ਮੂਲੁ=ਪੁੰਨ ਤੇ ਲਾਭ ਸੁਖ ਇਹ ਸਭ ਉਸ ਨੇ ਗੁਆ ਦਿੱਤਾ ਹੈ।

ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਜਨਾਂ ਨੇ ਪੂਰਾ ਗੁਰੂ ਪਾਇਆ ਹੈ, ਉਹਨਾਂ ਦੇ ਮਨ ਦੇ ਹਿਰਦੇ=ਵਿਚ ਗੁਰੂ ਨੇ ਨਾਮੀ ਨੂੰ ਜਣਾ ਦਿੱਤਾ ਹੈ।

ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ ॥ ੪ ॥ ੪ ॥ ੧੧ ॥

ਜਦ ਹਰੀ ਨੇ ਕਲਜੁਗ ਕੀਤਾ, ਤਦ ਧਰਮ ਦੇ ਤਿੰਨ ਪੈਰ (ਸੱਤ, ਯੱਗ, ਤੱਪ) ਖਿਸਕ ਗਏ, ਦਾਨ ਰੂਪ ਚੌਥੇ ਪੈਰ ਉੱਤੇ ਧਰਮ ਟਿਕਾਇਆ ਹੋਇਆ ਟਿਕਦਾ ਹੋਇਆ ॥ ੪ ॥ ੪ ॥ ੧੧ ॥

ਆਸਾ ਮਹਲਾ ੪ ॥

ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ
ਹਰਿ ਮਨਿ ਤਨਿ ਮੀਠ ਲਗਾਨ ਜੀਉ ॥

ਜਿਸ ਦੇ ਮਨ ਵਿਚ ਹਰੀ ਦੀ ਕੀਰਤੀ ਕਰਨੀ ਭਾਈ ਹੈ, ਉਸ ਨੇ ਕੇਵਲ ਮੁਕਤੀ ਪਾਈ ਹੈ ਅਤੇ ਉਸ ਦੇ ਮਨ ਤਨ ਵਿਚ ਹਰੀ ਮਿੱਠਾ ਲੱਗ ਆਇਆ ਹੈ।

ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ
ਧੁਰਿ ਮਸਤਕਿ ਭਾਗ ਪੁਰਾਨ ਜੀਉ ॥

ਜਿਸ ਨੇ ਗੁਰ ਸਿੱਖਿਆ ਦੁਆਰੇ ਹਰੀ ਨੂੰ ਧਿਆਇਆ ਹੈ, ਉਸ ਨੇ ਹਰਿ ਹਰਿ-ਰਸ ਨੂੰ ਪਾਇਆ ਹੈ। ਧੁਰੋਂ ਹੀ ਮਸਤਕਿ=ਮੱਥੇ ਦੇ ਪੁਰਾਨ=ਪੂਰਨ ਭਾਗਾਂ ਦੁਆਰੇ।

ਅਥਵਾ:- ਉਸ ਦੇ ਮੱਥੇ ਦੇ ਧੁਰ ਤੋਂ ਚੰਗੇ ਭਾਗ ਪੁਰਾਨ=ਪਛਾਣੋ।

ਧੁਰਿ ਮਸਤਕਿ ਭਾਗੁ ਹਰਿ ਨਾਮਿ ਸੁਹਾਗੁ
ਹਰਿ ਨਾਮੈ ਹਰਿ ਗੁਣ ਗਾਇਆ ॥

ਜਿਸ ਦੇ ਮਸਤਕ ਦੇ ਭਾਗ ਧੁਰ ਤੋਂ ਸ੍ਰੇਸ਼ਟ ਹਨ, ਉਸ ਨੂੰ ਹਰੀ ਨਾਮੀ ਸੁਹਾਗੁ=ਪਤੀ ਮਿਲਿਆ ਹੈ, ਉਸ ਨੇ ਹਰੀ ਨਾਮ ਨੂੰ ਜਪਿਆ ਹੈ ਤੇ ਹਰੀ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ।

ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ ॥

ਮਸਤਕਿ=ਮੱਥੇ ਦੇ ਭਾਗਾਂ ਦੀ ਮਣੀ=ਰਤੀ ਕਰਕੇ ਬਹੁਤੀ ਪ੍ਰੀਤੀ ਪ੍ਰਗਟ ਹੋਈ, *ਅਥਵਾ:-* ਮਣੀ=ਸ਼ਰੋਮਣੀ ਮਸਤਕ ਦੇ ਭਾਗਾਂ ਕਰਕੇ ਪ੍ਰੀਤੀ ਪ੍ਰਗਟ ਹੋਈ, ਤਾਂ ਉਹ ਹਰਿ ਹਰਿ ਨਾਮ ਨੂੰ ਜਪ ਕੇ ਸੋਭਨੀਕ ਹੋਇਆ।

ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ ॥

ਸਤਿਗੁਰਾਂ ਨਾਲ ਮਿਲਣ ਕਰਕੇ ਨਾਮ ਸਿਮਰਨ 'ਪਰ ਮਨ ਮੰਨਿਆ ਗਿਆ ਤੇ ਪ੍ਰਭੂ ਨੂੰ ਪਾਇਆ ਤਾਂ ਜੋਤੀ=ਪ੍ਰਕਾਸ਼ ਰੂਪ ਪਰਮਾਤਮਾ ਨਾਲ ਜੀਵ ਦੀ ਆਪਣੀ ਜੋਤ ਮਿਲ ਗਈ।

ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ
ਹਰਿ ਮਨਿ ਤਨਿ ਮੀਠ ਲਗਾਨ ਜੀਉ ॥ ੧ ॥

ਜਿਨ੍ਹਾਂ ਦੇ ਮਨ ਵਿਚ ਹਰੀ ਦੀ ਕੀਰਤੀ ਕਰਨੀ ਭਾਈ ਹੈ ਅਤੇ ਹਰੀ ਦਾ ਭਾਣਾ ਮੰਨਣਾ ਮਨ ਤਨ ਵਿਚ ਮਿੱਠਾ ਲੱਗ ਆਇਆ ਹੈ, ਉਹਨਾਂ ਨੇ ਪਰਮ ਗਤਿ=ਕੈਵਲ ਮੁਕਤੀ ਪਾਈ ਹੈ॥ ੧ ॥

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ
ਤੇ ਊਤਮ ਜਨ ਪਰਧਾਨ ਜੀਉ ॥

ਜਿਨ੍ਹਾਂ ਨੇ ਮਨ ਤਨ ਕਰਕੇ ਹਰਿ ਹਰਿ ਦੇ ਜਸ ਨੂੰ ਗਾਇਆ ਹੈ, ਉਹਨਾਂ ਨੇ ਪਰਮ ਪਦ ਨੂੰ ਪਾਇਆ ਹੈ, ਉਹ ਪੁਰਸ਼ ਸਭ ਤੋਂ ਉਤਮ ਅਤੇ ਸਾਰਿਆਂ 'ਚੋਂ ਪਰਧਾਨ=ਮੁਖੀ ਹੋਏ ਹਨ।

ਤਿਨ੍ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹ
ਜਿਨ ਹਰਿ ਮੀਠ ਲਗਾਨ ਜੀਉ ॥

ਅਸੀਂ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਦੇ ਹਾਂ ਅਤੇ ਖਿਨੁ ਖਿਨੁ=ਹਰੇਕ ਛਿਨ ਵਿਚ ਉਨ੍ਹਾਂ ਦੇ ਪੈਰ ਧੋਂਦੇ ਹਾਂ, ਜਿਨ੍ਹਾਂ ਨੂੰ ਹਰੀ ਦਾ ਨਾਮ ਮਿੱਠਾ ਲੱਗਾ ਹੈ।

ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ ਰਤੀ ਚਾਰੇ ॥

ਜਿਨ੍ਹਾਂ ਨੂੰ ਹਰੀ ਨਾਮ ਮਿੱਠਾ ਲੱਗ ਆਇਆ ਹੈ, ਉਹਨਾਂ ਨੇ ਪਰਮ ਸੁਖ=ਆਤਮਕ-ਸੁਖ ਪਾਇਆ ਹੈ, ਉਹਨਾਂ ਦੇ ਮੁਖ 'ਪਰ ਭਾਗਾਂ ਦੀ ਰਤੀ ਚਾਰੇ =ਸੁੰਦਰ ਪ੍ਰਕਾਸ਼ ਰਹੀ ਹੈ,

ਅਥਵਾ:- ਚਾਰੇ ਵੇਦ ਇਸ ਤਰ੍ਹਾਂ ਕਹਿੰਦੇ ਹਨ।

ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ
ਹਰਿ ਨਾਮਾ ਕੰਠਿ ਧਾਰੇ ॥

ਜਿਸ ਨੇ ਗੁਰ ਸਿੱਖਿਆ ਦੁਆਰੇ ਹਰੀ ਦਾ ਜਸ ਕੀਤਾ ਹੈ, ਉਸ ਨੇ ਹਰਿ ਹਰਿ ਦੇ ਨਾਮਾਂ ਰੂਪੀ ਹਾਰ ਉਰਿ=ਗਲ ਵਿਚ ਪਹਿਰਿਆ ਹੈ ਤੇ ਕੰਠ ਵਿਚ ਵੀ ਹਰੀ ਨਾਮ ਨੂੰ ਧਾਰਨਾ ਕੀਤਾ ਹੈ।

ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ ॥

ਉਹ ਸਭਨਾਂ ਨੂੰ ਇਕ ਸਮ ਦ੍ਰਿਸ਼ਟੀ ਕਰਕੇ ਵੇਖਦਾ ਹੈ ਅਤੇ ਸਭਨਾਂ ਨੂੰ ਆਤਮ-ਰਾਮੁ=ਆਪਣਾ ਸਰੂਪ ਕਰਕੇ ਪਛਾਣਦਾ ਹੈ।

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ
ਤੇ ਊਤਮ ਜਨ ਪਰਧਾਨ ਜੀਉ ॥ ੨ ॥

ਜਿਨ੍ਹਾਂ ਨੇ ਹਰਿ ਹਰਿ ਦੇ ਜਸ ਨੂੰ ਹਰ ਵੇਲੇ ਗਾਇਆ ਹੈ, ਉਹਨਾਂ ਨੇ ਪਰਮ ਪਦਵੀ ਨੂੰ ਪਾਇਆ ਹੈ; ਉਹ ਪੁਰਸ਼ ਸਭ ਤੋਂ ਉੱਤਮ ਅਤੇ ਸਾਰਿਆ 'ਚੋਂ ਪਰਧਾਨੁ=ਮੁਖੀ ਹੋਏ ਹਨ।

ਅਥਵਾ:- ਉਹ ਪੁਰਸ਼ ਇਸ ਲੋਕ ਵਿਚ ਉੱਤਮ ਤੇ ਪ੍ਰਲੋਕ ਵਿਚ ਵੀ ਪ੍ਰਧਾਨ ਹੋਏ ਹਨ॥ ੨ ॥

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥

ਜਿਸ ਦੇ ਮਨ ਵਿਚ ਸਤਸੰਗਤਿ ਕਰਨੀ ਭਾਈ ਹੈ, ਉਸੀ ਨੇ ਰਸਨਾ ਹਰੀ-ਰਸ ਵਿਚ ਰਸਾਈ=ਤਦਾਕਾਰ ਕੀਤੀ ਹੈ, ਕਿਉਂਕਿ ਸਤਸੰਗਤਿ ਦੇ ਵਿਚੋਂ ਹੀ ਹਰੀ-ਰਸ ਦੀ ਪ੍ਰਾਪਤੀ ਹੁੰਦੀ ਹੈ।

ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ
ਬੀਜਾ ਅਵਰੁ ਨ ਕੋਇ ਜੀਉ ॥

ਜਿਸ ਨੇ ਗੁਰ ਸ਼ਬਦ ਦੁਆਰਾ ਹਰਿ ਹਰਿ ਨੂੰ ਆਰਾਧਿਆ ਹੈ, ਉਸ ਦਾ ਮਨ ਵਿਗਾਸਿਆ=ਖਿੜਿਆ ਹੈ। ਉਸ ਦੀ ਨਿਗਾਹ ਵਿਚ ਬੀਜਾ=ਦੂਜਾ ਅਵਰੁ=ਹੋਰ ਕੋਈ ਨਹੀਂ।

ਅਵਰੁ ਨ ਕੋਇ ਹਰਿ ਅੰਮ੍ਰਿਤੁ ਸੋਇ ਜਿਨਿ ਪੀਆ ਸੋ ਬਿਧਿ ਜਾਣੈ ॥

ਹੋਰ ਕੋਈ ਭੀ ਨਹੀਂ, ਸੋ ਇਕ ਹਰੀ ਅੰਮ੍ਰਿਤ ਰੂਪ ਹੈ, ਜਿਸ ਪੁਰਸ਼ ਨੇ ਉਸ ਦੇ ਨਾਮ-ਅੰਮ੍ਰਿਤ ਨੂੰ ਪੀਤਾ ਹੈ, ਉਹੀ ਉਸ ਦੀ ਪ੍ਰਾਪਤੀ ਦੀ ਬਿਧਿ=ਯੁਕਤੀ ਜਾਣਦਾ ਹੈ।

ਧਨੁ ਧੰਨੁ ਗੁਰੂ ਪੂਰਾ ਪ੍ਰਭੁ ਪਾਇਆ ਲਗਿ ਸੰਗਤਿ ਨਾਮੁ ਪਛਾਣੈ ॥

ਧੰਨ ਹਨ ਧੰਨ ਪੂਰੇ ਗੁਰੂ ਸਾਹਿਬ ਜੀ, ਜਿਨ੍ਹਾਂ ਨੇ ਪ੍ਰਭੂ ਨੂੰ ਪਾਇਆ ਹੈ, ਉਹਨਾਂ ਗੁਰਾਂ ਦੀ ਸੰਗਤ ਨਾਲ ਲੱਗ ਕੇ ਨਾਮ ਨੂੰ ਪਛਾਣੇ।

ਨਾਮੋ ਸੇਵਿ ਨਾਮੋ ਆਰਾਧੈ ਬਿਨੁ ਨਾਮੈ ਅਵਰੁ ਨ ਕੋਇ ਜੀਉ ॥

ਗੁਰਮੁਖਾਂ ਨੇ ਨਾਮ ਨੂੰ ਸੇਵਿਆ ਹੈ, ਨਾਮ ਨੂੰ ਹੀ ਅਰਾਧਿਆ ਹੈ, ਕਿਉਂਕਿ ਨਾਮ ਤੋਂ ਬਿਨਾਂ ਜੀਵ ਦਾ ਹੋਰ ਕੋਈ ਰਾਖਾ ਨਹੀਂ ਹੈ।

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥ ੩ ॥

ਮਨ ਨੂੰ ਸਤਸੰਗਤਿ ਕਰਨੀ ਚੰਗੀ ਲੱਗੀ ਹੈ, ਇਸੀ ਤੇ ਰਸਨਾ ਹਰੀ-ਰਸ ਵਿਚ ਰਸਾਈ=ਤਦਾਕਾਰ ਕੀਤੀ ਹੈ, ਕਿਉਂਕਿ ਸਤਸੰਗਤ ਵਿਚੋਂ ਹੀ ਹਰੀ ਰਸ ਦੀ ਪ੍ਰਾਪਤੀ ਹੁੰਦੀ ਹੈ॥ ੩ ॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ
ਕਢਿ ਲੇਵਹੁ ਸਬਦਿ ਸੁਭਾਇ ਜੀਉ ॥

ਹੇ ਹਰੀ ਪ੍ਰਭੂ ! ਦਇਆ ਦ੍ਰਿਸ਼ਟੀ ਧਾਰਨਾ ਕਰੋ, ਅਸੀਂ ਪਾਖਣ=ਪੱਥਰਾਂ ਵਾਂਗ ਡੁੱਬ ਰਹੇ ਹਾਂ ਸਾਨੂੰ ਤਾਰ ਲਵੋ, ਸੁਭਾਵਕ ਹੀ ਸਬਦਿ=ਸੰਸਾਰ-ਸਮੁੰਦਰ ਵਿਚੋਂ ਕੱਢ ਲਵੋ।

ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥

ਮੋਹ ਰੂਪੀ ਚਿੱਕੜ ਵਿਚ ਫਸੇ ਹੋਏ ਅਸੀਂ ਨਿਘਰਤ=ਗਰਕ ਹੁੰਦੇ ਜਾਂਦੇ ਹਾਂ, ਹੇ ਹਰੀ ਪ੍ਰਭੂ ! ਆਪ ਕਿਰਪਾ ਰੂਪੀ ਆਪਣੀ ਬਾਂਹ ਫੜਾ ਦਿਓ।

ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨ ਲਾਗਾ ॥

ਜਿਸ ਵੇਲੇ ਪ੍ਰਭੂ ਨੇ ਕਿਰਪਾ ਰੂਪੀ ਬਾਂਹ ਪਕਰਾਈ=ਫੜੀ ਤਾਂ ਉੱਤਮ ਸਿੱਖਿਆ ਪਾਈ ਤਾਂ ਹੀ ਸੇਵਕ ਜਨ ਦਾ ਗੁਰਾਂ ਦੇ ਚਰਨਾਂ ਵਿਚ ਧਿਆਨ ਲੱਗਾ।

[ਪੰਨਾ ੪੪੭]

ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥

ਜਿਸ ਨੇ ਹਰਿ ਹਰਿ ਦੇ ਨਾਮ ਨੂੰ ਜਪਿਆ ਮਨ ਕਰਕੇ, ਆਰਾਧਿਆ ਬਾਣੀ ਦੁਆਰਾ, ਉਸ ਸਭਾਗੇ ਦੇ ਮਸਤਕ ਦੇ ਮੁਖੀ ਭਾਗ ਹਨ।

ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ਜੀਉ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਉੱਤੇ ਹਰੀ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ, ਉਸ ਦੇ ਮਨ ਵਿਚ ਹਰਿ ਹਰਿ ਨਾਮ ਮਿੱਠਾ ਲੱਗਾ ਹੈ।

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ
ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ੪ ॥ ੫ ॥ ੧੨ ॥

ਹੇ ਹਰੀ ਪ੍ਰਭੂ ! ਦਇਆ ਦ੍ਰਿਸ਼ਟੀ ਧਾਰਨਾ ਕਰੋ, ਅਸੀਂ ਪਾਖਣ=ਪੱਥਰਾਂ ਵਾਂਗ ਡੁੱਬ ਰਹੇ ਹਾਂ ਸਾਨੂੰ ਤਾਰ ਲਵੋ, ਸੁਭਾਵਕ ਹੀ ਸਬਦਿ=ਸੰਸਾਰ-ਸਮੁੰਦਰ ਵਿਚੋਂ ਕੱਢ ਲਵੋ॥ ੪॥ ੫॥ ੧੨॥

ਆਸਾ ਮਹਲਾ ੪ ॥

ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ
ਹਰਿ ਭਗਤ ਜਨਾ ਮਨਿ ਚਾਉ ਜੀਉ ॥

ਮਨਿ=ਸ਼ਰੋਮਣੀ ਹਰਿ ਹਰਿ ਨੂੰ ਜੋ ਭਾਨਾ=ਭਾਇਆ ਹੈ, ਉਸ ਨੇ ਆਪਣੇ ਮਨ ਵਿਚ ਨਾਮ ਜਪਣਾ ਤੇ ਹੋਰਨਾਂ ਤੋਂ ਜਪਾਉਣਾ ਕੀਤਾ ਹੈ, ਹਰੀ ਦੇ ਭਗਤ ਜਨਾਂ ਦੇ ਮਨ ਵਿਚ ਨਾਮ ਜਪਣ ਦਾ ਹੀ ਚਾਉ=ਉਤਸ਼ਾਹ ਹੈ।

ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ ॥

ਜੋ ਪੁਰਸ਼ ਮਰਿ ਜੀਵੇ=ਮਰਜੀਵੜੇ ਹੋਏ ਹਨ ਅਰਥਾਤ ਜੀਵਤ ਭਾ ਤੋਂ ਮਰੇ ਹਨ, ਉਨ੍ਹਾਂ ਨੇ ਨਾਮ-ਅੰਮ੍ਰਿਤ ਪੀਤਾ ਹੈ, ਪਰ ਗੁਰਮਤਿ=ਗੁਰ ਸਿੱਖਿਆ ਕਰਕੇ ਹੀ ਮਨ ਵਿਚ ਉਸ ਪ੍ਰਭੂ ਦਾ ਭਾਉ=ਪ੍ਰੇਮ ਲੱਗਦਾ ਹੈ।

ਮਨਿ ਹਰਿ ਹਰਿ ਭਾਉ ਗੁਰੁ ਕਰੇ ਪਸਾਉ ਜੀਵਨ ਮੁਕਤੁ ਸੁਖੁ ਹੋਈ ॥

ਜਿਸ ਦੇ ਮਨ ਵਿਚ ਹਰਿ ਹਰਿ ਨਾਮ ਦਾ ਭਾਉ=ਪ੍ਰੇਮ ਹੈ, ਉਸੇ ਨੂੰ ਗੁਰੂ ਸਾਹਿਬ ਜੀ ਨਾਮ ਦੀ ਪਸਾਉ=ਦਾਤ ਦਿੰਦੇ ਹਨ, ਉਸੇ ਨੂੰ ਫਿਰ ਜੀਵਨ ਮੁਕਤੀ ਦਾ ਸੁਖ ਪ੍ਰਾਪਤ ਹੁੰਦਾ ਹੈ।

ਜੀਵਣਿ ਮਰਣਿ ਹਰਿ ਨਾਮਿ ਸੁਹੇਲੇ ਮਨਿ ਹਰਿ ਹਰਿ ਹਿਰਦੈ ਸੋਈ ॥

ਜਿਨ੍ਹਾਂ ਨੇ ਹਿਰਦੇ ਵਿਚ ਉਸ ਹਰਿ ਹਰਿ ਨੂੰ ਮਨਿ=ਮੰਨਨ ਕੀਤਾ ਹੈ ਤੇ ਜੀਵਣਿ ਮਰਣਿ=ਜੀਵਤ ਭਾ ਤੋਂ ਮਰਨਾ ਕੀਤਾ ਹੈ, ਉਹ ਹਰੀ ਨਾਮੀ ਨੂੰ ਪਾ ਕੇ ਸੁਹੇਲੇ=ਸੁਖੀ ਹੋਏ ਹਨ।

ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ
ਹਰਿ ਹਰਿ ਰਸ ਗਟਾਕ ਪੀਆਉ ਜੀਉ ॥

ਗੁਰਾਂ ਦੀ ਸਿੱਖਿਆ ਦੁਆਰੇ ਜਿਸ ਦੇ ਮਨ ਵਿਚ ਹਰਿ ਹਰਿ ਨਾਮ ਵੱਸਿਆ ਹੈ, ਉਹ ਹਰੀ ਵਿਚ ਰਸਿਆ=ਤਦਾਕਾਰ ਹੋਇਆ ਹੈ, ਪੁਨਾ ਉਹ ਆਪ ਹਰੀ ਰਸ ਨੂੰ ਗਟ-ਗਟ ਕਰਕੇ ਪੀਂਦਾ ਹੈ ਅਤੇ ਹੋਰਨਾਂ ਨੂੰ ਹਰੀ ਨਾਮ ਰਸ ਪਿਲਾਉਂਦਾ ਹੈ।

ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ
ਹਰਿ ਭਗਤ ਜਨਾ ਮਨਿ ਚਾਉ ਜੀਉ ॥ ੧ ॥

ਜਿਸ ਨੇ ਆਪ ਮਨ ਵਿਚ ਨਾਮ ਜਪਿਆ ਤੇ ਹੋਰਨਾਂ ਪਾਸੋਂ ਜਪਾਉਣਾ ਕੀਤਾ ਹੈ, ਉਹ ਮਨਿ=ਸ਼ਰੋਮਣੀ ਹਰਿ ਹਰਿ ਨੂੰ ਭਾਣਾ=ਭਾ ਗਿਆ ਹੈ। ਕਿਉਂਕਿ ਹਰੀ ਦੇ ਭਗਤ ਜਨਾਂ ਦੇ ਮਨ ਵਿਚ ਹਰੀ ਨਾਮ ਜਪਣ ਦਾ ਹੀ ਚਾਉ=ਉਤਸ਼ਾਹ ਹੋ ਰਿਹਾ ਹੈ॥ ੧ ॥

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ
ਮਤ ਜਮੁ ਪਕਰੈ ਲੈ ਜਾਇ ਜੀਉ ॥

ਜਗਿ=ਜਗਤ ਵਿਚ ਸੰਸਾਰੀ ਜੀਵਾਂ ਨੂੰ ਮਰਨਾ ਚੰਗਾ ਨਹੀਂ ਲੱਗਦਾ, ਇਸ ਲਈ ਨਿਭਾਪ੍ਰਤੀ ਆਪਣੇ ਆਪ ਨੂੰ ਲੁਕਾਉਂਦਾ ਹੈ। ਭਾਵ ਛਿਪਾ ਕੇ ਰੱਖਦਾ ਹੈ ਕਿ ਕਿਤੇ ਜਮ ਫੜ ਕੇ ਹੀ ਨਾ ਲੈ ਜਾਵੇ।

ਹਰਿ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ
ਇਹੁ ਜੀਅੜਾ ਰਖਿਆ ਨ ਜਾਇ ਜੀਉ ॥

ਅੰਦਰ ਬਾਹਰ ਸਾਰੇ ਇਕ ਹਰਿ ਹਰਿ ਪ੍ਰਭੂ ਹੈ, ਇਸ ਕਰਕੇ ਇਹ ਜੀਵ ਰੱਖਿਆ ਨਹੀਂ ਜਾਂਦਾ।

ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ
ਜਿਸ ਕੀ ਵਸਤੁ ਸੋ ਲੈ ਜਾਇ ਜੀਉ ॥

ਜਿਸ ਵੇਲੇ ਹਰੀ ਜੀਵ ਰੂਪ ਵਸਤੂ ਨੂੰ ਲਿਆ ਚਾਹੇ, ਤਾਂ ਜੀਵ ਕਿਵੇਂ ਰੱਖਿਆ ਜਾ ਸਕਦਾ ਹੈ। ਹੇ ਭਾਈ ! ਜਿਸ ਦੀ ਵਸਤੂ ਇਹ ਦਿੱਤੀ ਹੋਈ ਹੈ, ਓਹੀ ਲੈ ਜਾਂਦਾ ਹੈ।

ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ ॥

ਮਨਮੁਖ ਪੁਰਸ਼ ਆਪਣੇ ਬਚਾਉ ਵਾਸਤੇ ਕੀਰਨੇ ਤੇ ਪਲਾਵ=ਜਤਨ ਕਰਕੇ ਭਟਕਦੇ ਫਿਰਦੇ ਹਨ ਅਤੇ ਸਭ ਤਰ੍ਹਾਂ ਦੀਆਂ ਔਸ਼ਧੀਆਂ ਖਾਂਦੇ ਹਨ ਤੇ ਦਾਰੂ ਲਗਾਉਣਾ ਕਰਦੇ ਹਨ, ਪਰ ਇਸ ਦੇ ਸਾਰੇ ਜਤਨ ਨਿਸਫਲ ਹੀ ਗਏ। ਕਿਉਂਕਿ-

ਜਿਸ ਕੀ ਵਸਤੁ ਪ੍ਰਭੁ ਲਏ ਸੁਆਮੀ ਜਨ ਉਬਰੇ ਸਬਦੁ ਕਮਾਇ ਜੀਉ ॥

ਇਹ ਜੀਵ ਰੂਪ ਵਸਤੂ ਜਿਸ ਦੀ ਹੈ, ਉਹ ਸੁਆਮੀ ਪ੍ਰਭੂ ਆਪ ਲੈ ਲੈਂਦਾ ਹੈ; ਪਰੰਤੂ ਜੋ ਸੇਵਕ ਜਨ ਹਨ, ਉਹ ਗੁਰ ਉਪਦੇਸ਼ ਨੂੰ ਕਮਾ ਕੇ ਕਾਲ ਤੋਂ ਉਬਰੇ=ਬਚ ਜਾਂਦੇ ਹਨ।

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ
ਮਤ ਜਮੁ ਪਕਰੈ ਲੈ ਜਾਇ ਜੀਉ ॥ ੨ ॥

ਜਗਤ ਵਿਚ ਸੰਸਾਰੀ ਜੀਵ ਨੂੰ ਮਰਨਾ ਚੰਗਾ ਨਹੀਂ ਲੱਗਦਾ, ਇਸ ਕਰਕੇ ਨਿਤਾਪ੍ਰਤੀ ਆਪਣੇ ਆਪ ਨੂੰ ਲੁਕਾਉਂਦਾ ਭਾਵ ਛਿਪਾ ਕੇ ਰੱਖਦਾ ਹੈ, ਕਿ ਮਤਾਂ ਜਮ ਫੜ ਕੇ ਨਾ ਲੈ ਜਾਵੇ॥ ੨ ॥

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ
ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥

ਮਰਨੇ ਨੂੰ ਧੁਰ ਤੋਂ ਹੀ ਸਭ ਨੇ ਲਿਖਾਇਆ ਹੈ; ਪਰੰਤੂ, ਗੁਰਮੁਖਾਂ ਦਾ ਮਰਨਾ ਸੋਭਨੀਕ ਹੈ, ਕਿਉਂਕਿ ਗੁਰਮੁਖ ਜਨ ਹਰਿ ਹਰਿ ਵਿਚ ਧਿਆਨ ਲੱਗਾ ਕੇ ਉਬਰੇ=ਬਚ ਗਏ ਹਨ।

ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ
ਹਰਿ ਦਰਗਹ ਪੈਧੇ ਜਾਨਿ ਜੀਉ ॥

ਹਰੀ ਨਾਮ ਦੀ ਵਡਿਆਈ ਕਰਕੇ ਗੁਰਮੁਖਾਂ ਨੇ ਜਗਤ ਵਿਚ ਹਰੀ ਤੋਂ ਸੋਭਾ ਪਾਈ ਹੈ ਅਤੇ ਹਰੀ ਦੀ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪੈਧੇ=ਪਹਿਨ ਕੇ ਭਾਵ ਪਾ ਕੇ ਜਾਣਗੇ।

ਹਰਿ ਦਰਗਹ ਪੈਧੇ ਹਰਿ ਨਾਮੈ ਸੀਧੇ ਹਰਿ ਨਾਮੈ ਤੇ ਸੁਖੁ ਪਾਇਆ ॥

ਹਰੀ ਦੀ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਪਹਿਨ ਕੇ ਜਾਂਦੇ ਹਨ, ਹਰੀ ਨਾਮ ਕਰਕੇ ਸੀਧੇ=ਕ਼ਲਿਆਣ ਹੁੰਦੇ ਹਨ। ਜਿਸ ਨੇ ਸੁਖ ਪਾਇਆ ਹੈ ਸੋ ਹਰੀ ਨਾਮ ਕ਼ਰਕੇ ਹੀ ਸੁਖ ਪਾਇਆ ਹੈ।

ਜਨਮ ਮਰਣ ਦੋਵੈ ਦੁਖ ਮੇਟੇ ਹਰਿ ਰਾਮੈ ਨਾਮਿ ਸਮਾਇਆ ॥

ਜਨਮ ਮਰਨ ਰੂਪ ਦੋਹਾਂ ਦੁੱਖਾਂ ਨੂੰ ਮੇਟ ਕੇ ਹਰੀ ਰਾਮ ਨਾਮੀ ਵਿਚ ਸਮਾਇਆ=ਅਭੇਦ ਹੋਏ ਹਨ।

ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ॥

ਹਰੀ ਦੇ ਸੇਵਕ ਜਨ ਪ੍ਰਭੂ ਨਾਲ ਰਲ ਕੇ ਇਕ ਸਰੂਪ ਹੋਏ ਹਨ, ਇਸ ਲਈ ਹਰੀ ਦੇ ਸੇਵਕ ਜਨ (ਸੰਤ) ਤੇ ਪ੍ਰਭੂ ਦੋਵੇਂ ਇਕ ਸਮਾਨ ਹਨ।

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ
ਜਨ ਉਬਰੇ ਹਰਿ ਹਰਿ ਧਿਆਨਿ ਜੀਉ॥ ੩॥

ਮਰਨਾ ਤਾਂ ਧੁਰ ਤੋਂ ਹੀ ਸਭਨਾਂ ਨੇ ਲਿਖਾਇਆ ਹੈ; ਪਰ ਗੁਰਮੁਖਾਂ ਦਾ ਮਰਨਾ ਸ਼ੋਭਨੀਕ ਹੈ, ਕਿਉਂਕਿ ਗੁਰਮੁਖ ਜਨ ਹਰਿ ਹਰਿ ਵਿਚ ਧਿਆਨ ਲਗਾ ਕੇ ਜਮਾਂ ਤੋਂ ਉਬਰੇ=ਬਚ ਗਏ ਹਨ॥ ੩॥

ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ
ਲਗਿ ਗੁਰਮੁਖਿ ਅਸਥਿਰੁ ਹੋਇ ਜੀਉ॥

ਜਗਤ ਪਿਛੇ ਵੀ ਉਤਪਤ ਹੋ ਕੇ ਬਿਨਸਿਆ, ਹੁਣ ਵੀ ਬਿਨਸ ਰਿਹਾ ਹੈ, ਅੱਗੇ ਵੀ ਬਿਨਸ ਜਾਏਗਾ।

ਅਥਵਾ:- ਜਗਤ ਉਤਪਤ ਹੋ ਕੇ ਬਿਨਸਨੇ ਵਾਲਾ ਹੈ ਕੇ ਬਿਨਸਿ=ਸ਼ੀਘ੍ਰ ਹੀ ਬਿਨਸ ਰਿਹਾ ਹੈ।

ਅਥਵਾ:- ਜਗਤ ਉਤਪੰਨ ਹੋ ਕੇ ਬਿਨਸਦਾ ਜਾਂਦਾ ਹੈ, ਹੇ ਪੁਰਸ਼ ! ਤੂੰ ਬਿਨਸਿ=ਸ਼ੀਘ੍ਰ ਹੀ ਇਸ ਦੀ ਆਸਾ ਤੋਂ ਬਿਨਾਂ ਹੋ ਜਾ ਅਤੇ ਮੁਖੀ ਗੁਰਾਂ ਦੇ ਉਪਦੇਸ਼ ਵਿਚ ਲੱਗ ਕੇ ਅਸਥਿਰ ਹੋ ਜਾ।

ਗੁਰੁ ਮੰਤ੍ਰ ਦ੍ਰਿੜਾਏ ਹਰਿ ਰਸਕਿ ਰਸਾਏ
ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ॥

ਗੁਰਾਂ ਦੇ ਮੰਤ੍ਰ ਦ੍ਰਿੜ ਕਰਾਉਣ ਨਾਲ ਜੋ ਪੁਰਸ਼ ਰਸਿਕ=ਪ੍ਰੇਮੀ ਹੋ ਕੇ ਹਰੀ ਵਿਚ ਰਸਾਏ=ਤਦਾਕਾਰ ਹੋਏ ਹਨ, ਉਹਨਾਂ ਦੇ ਮੂੰਹ ਵਿਚ ਗੁਰਾਂ ਨੇ ਹਰਿ ਹਰਿ ਦਾ ਨਾਮ ਅੰਮ੍ਰਿਤ ਚੋਇ=ਚੁਆ ਦਿੱਤਾ, ਭਾਵ ਪਾ ਦਿੱਤਾ ਹੈ।

ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ
ਫਿਰਿ ਬਾਹੁੜਿ ਮਰਣੁ ਨ ਹੋਈ॥

ਜਿਸ ਨੇ ਐਸਾ ਹਰੀ ਨਾਮ ਅੰਮ੍ਰਿਤ-ਰਸ ਪਾਇਆ ਹੈ, ਉਸ ਮਰੇ ਹੋਏ ਨੂੰ ਮੁੜ ਜੀਉਂਦਾ ਕੀਤਾ ਹੈ। ਫਿਰ ਦੁਬਾਰਾ ਉਸ ਦਾ ਮਰਨਾ ਕਦੇ ਨਹੀਂ ਹੁੰਦਾ।

ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ॥

ਜਿਸ ਨੇ ਹਰਿ ਹਰਿ ਨਾਮ ਨੂੰ ਜਪ ਕੇ ਅਮਰ ਪਦ ਨੂੰ ਪਾਇਆ ਹੈ, ਉਹ ਹਰੀ ਨਾਮੀ ਵਿਚ ਅਭੇਦ ਹੁੰਦਾ ਹੈ।

ਜਨ ਨਾਨਕ ਨਾਮੁ ਅਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ ਜੀਉ॥

ਗੁਰੂ ਜੀ ਕਥਨ ਕਰਕੇ ਹਨ-ਗੁਰਮੁਖ ਜਨਾਂ ਨੂੰ (ਮਨ, ਬਾਣੀ ਕਰਕੇ) ਨਾਮ ਦਾ ਅਧਾਰ ਤੇ ਟੇਕ ਹੈ।

ਅਥਵਾ:- ਅਧਾਰੁ=ਆਸਰਾ ਰੂਪ ਜੋ ਪਰਮੇਸ਼ਰ ਹੈ, ਉਸ ਦੇ ਨਾਮ ਦੀ ਟੇਕ ਗੁਰਮੁਖ ਜਨਾਂ ਨੂੰ ਹੈ, ਨਾਮ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੈ।

ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ
ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥ ੪ ॥ ੬ ॥ ੧੩ ॥

ਜਗਤ ਉਤਪਤ ਹੋ ਕੇ ਬਿਨਸਨੇ ਵਾਲਾ ਹੋ ਕੇ ਬਿਨਸਿ=ਸ਼ੀਘਰ ਹੀ ਬਿਨਸ ਰਿਹਾ ਹੈ, ਜੋ ਮੁਖ ਗੁਰੂ ਦੀ ਚਰਨੀਂ ਲੱਗਿਆ ਹੈ, ਉਸ ਅਸਥਿਰੁ=ਅਚਲ ਹੋਇਆ ਹੈ॥ ੪ ॥ ੬ ॥ ੧੩ ॥

[ਪੰਨਾ ੪੪੮]

ਆਸਾ ਮਹਲਾ ੪ ਛੰਤ ॥

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥

ਹੇ ਮੇਰੇ ਗੋਬਿੰਦ ! ਤੂੰ ਸਾਰਿਆਂ ਤੋਂ ਵੱਡਾ ਹੈਂ, ਮਨ ਕਰਕੇ ਅਗਮ (ਅਪਹੁੰਚ) ਹੈਂ, ਇੰਦ੍ਰੀਆਂ ਕਰਕੇ ਅਗੋਚਰੁ (ਅਵਿਸ਼ੇ) ਹੈਂ, ਹੇ ਨਿਰੰਕਾਰ ! ਤੂੰ ਸਾਰਿਆਂ ਦੀ ਆਦ ਹੈਂ ਅਤੇ ਨਿਰੰਜਨੁ=ਮਾਇਆ ਮਲ ਤੋਂ ਰਹਿਤ ਹੈਂ।

ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ
ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥

ਤਾ ਕੀ=ਤਿਸ ਆਪ ਜੀ ਦੀ ਗਤਿ=ਰੀਤੀ ਕਹੀ ਨਹੀਂ ਜਾਂਦੀ, ਆਪ ਦੀ ਵਡਿਆਈ ਅਮਿਤਿ= ਮਰਯਾਦਾ ਤੋਂ ਰਹਿਤ ਹੈ, ਹੇ ਗੋਬਿੰਦ ! ਤੂੰ ਅਲੱਖ ਹੈਂ ਤੇ ਅਪਾਰ=ਪਾਰਾਵਾਰ ਤੋਂ ਰਹਿਤ ਹੈਂ।

ਗੋਵਿੰਦੁ ਅਲਖ ਅਪਾਰੁ ਅਪਰੰਪਰੁ ਆਪੁ ਆਪਣਾ ਜਾਣੈ ॥

ਹੇ ਅਲਖ ਅਪਾਰ ਗੋਬਿੰਦ ! ਤੂੰ ਅਪਰੰਪਰੁ=ਸੰਸਾਰ ਤੋਂ ਪਰਾ ਰੂਪ ਹੈਂ, ਆਪਣੇ ਸਰੂਪ ਨੂੰ ਤੂੰ ਆਪ ਹੀ ਜਾਣਦਾ ਹੈਂ।

ਕਿਆ ਏਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੈ ॥

ਇਹ ਵਿਚਾਰੇ ਜੀਵ ਕੀ ਹਨ, ਜੋ ਤੇਰੇ ਅੰਤ ਨੂੰ ਮੂੰਹੋਂ ਆਖ ਕੇ ਕਥਨ ਕਰ ਸਕਣ।

ਜਿਸ ਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥

ਜਿਸ ਉੱਤੇ ਤੂੰ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈਂ, ਉਹ ਗੁਰਮੁਖ ਗੁਰਾਂ ਦੁਆਰੇ ਤੇਰੇ ਨਾਮ ਦਾ ਵਿਚਾਰ ਕਰਦਾ ਹੈ।

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥ ੧ ॥

ਹੇ ਮੇਰੇ ਗੋਬਿੰਦ ! ਤੂੰ ਸਾਰਿਆਂ ਤੋਂ ਵੱਡਾ ਹੈਂ, ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹੈਂ, ਹੇ ਨਿਰੰਕਾਰ ! ਤੂੰ ਸਾਰਿਆਂ ਦੀ ਆਦ ਹੈਂ ਅਤੇ ਨਿਰੰਜਨੁ=ਮਾਇਆ ਰੂਪ ਮੈਲ ਤੋਂ ਰਹਿਤ ਹੈਂ॥ ੧ ॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥

ਹੇ ਆਦ ਪੁਰਖ ! ਤੂੰ ਅਪਰੰਪਰੁ=ਸੰਸਾਰ ਤੋਂ ਪਰਾ ਰੂਪ ਹੈਂ, ਤੇ ਸਾਰਿਆਂ ਦਾ ਕਰਤਾ ਹੈਂ, ਸਾਥੋਂ ਤੇਰਾ ਪਾਰਾਵਾਰ ਨਹੀਂ ਪਾਇਆ ਜਾਂਦਾ ।

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥

ਸਾਰਿਆਂ ਘਟਾਂ ਅੰਦਰ ਨਿਰੰਤਰਿ=ਇਕਰਸ ਤੂੰ ਪੂਰਨ ਹੈਂ ਅਤੇ ਸਭ ਜਗ੍ਹਾਂ ਵਿਚ ਵੀ ਤੂੰ ਹੀ ਸਮਾ ਰਿਹਾ ਹੈਂ।

ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾ ਕਾ ਅੰਤੁ ਨ ਪਾਇਆ ॥

ਹੇ ਪਾਰਬ੍ਰਹਮ ਪਰਮੇਸ਼ਰ ! ਤੂੰ ਭਾਵੇਂ ਸਾਰਿਆਂ ਘਟਾਂ ਦੇ ਅੰਦਰ ਪੂਰਨ ਹੈਂ, ਪਰ ਤਾ ਕਾ=ਤਿਸ ਆਪ ਜੀ ਦਾ ਅੰਤ ਨਹੀਂ ਪਾਇਆ ਜਾਂਦਾ।

ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ ਗੁਰਮੁਖਿ ਅਲਖੁ ਲਖਾਇਆ ॥

ਤਿਸ ਆਪ ਜੀ ਦਾ ਕੋਈ ਰੂਪ ਰੇਖ ਨਹੀਂ ਹੈ, ਅਦਿਸਟੁ=ਦਿੱਸਣੇ ਤੋਂ ਰਹਿਤ ਹੈਂ, ਅਗੋਚਰੁ=ਇੰਦ੍ਰੀਆਂ ਕਰਕੇ ਅਵਿਸ਼ੇ ਹੈਂ, ਗੁਰਮੁਖਾਂ ਨੇ ਆਪ ਜੀ ਦੇ ਅਲਖ ਸਰੂਪ ਨੂੰ ਆਪ ਲਖਿਆ ਹੈ ਤੇ ਉੱਤਮ ਜਗਿਆਸੂਆਂ ਨੂੰ ਲਖਾ ਦਿੱਤਾ ਹੈ।

ਸਦਾ ਅਨੰਦਿ ਰਹੈ ਦਿਨੁ ਰਾਤੀ ਸਹਜੇ ਨਾਮਿ ਸਮਾਇ ਜੀਉ ॥

ਉਹ ਪੁਰਸ਼ ਰਾਤ ਦਿਨ ਸਦਾ ਅਨੰਦ ਵਿਚ ਰਹਿੰਦੇ ਹਨ, ਜੋ ਸਹਜੇ=ਸੁਭਾਵਕ ਹੀ ਨਾਮੀ ਵਿਚ ਅਭੇਦ ਹੋਏ ਹਨ।

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨ ॥

ਹੇ ਆਦ ਪੁਰਖ ! ਤੂੰ ਅਪਰੰਪਰੁ=ਸੰਸਾਰ ਤੋਂ ਪਰਾ ਰੂਪ ਹੈਂ ਤੇ ਸਾਰਿਆਂ ਦਾ ਕਰਤਾ ਹੈਂ, ਸਾਥੋਂ ਤੇਰਾ ਪਾਰਾ-ਵਾਰ ਨਹੀਂ ਪਾਇਆ ਜਾਂਦਾ॥ ੨ ॥

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥

ਹੇ ਸੱਤ ਚਿੱਤ ਅਨੰਦ ਸਰੂਪ ਪਰਮੇਸ਼ਰ ! ਤੂੰ ਸਦਾ ਅਬਿਨਾਸੀ=ਨਾਸ ਤੋਂ ਰਹਿਤ ਹੈਂ, ਪੁਨਾ ਹੇ ਹਰਿ ਹਰਿ! ਤੂੰ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈਂ।

ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ ਤੂੰ ਆਪੇ ਪੁਰਖੁ ਸੁਜਾਨੁ ਜੀਉ ॥

ਹੇ ਹਰਿ ਹਰਿ ਪ੍ਰਭੂ ! ਇਕ ਤੂੰਹੀਂ ਸਰਬ ਕਲਾਂ ਸਮਰੱਥ ਹੈਂ, ਤੇਰੇ ਵਰ੍ਹਗਾ ਹੋਰ ਕੋਈ ਨਹੀ ਹੈ, ਫਿਰ ਤੂੰ ਆਪ ਹੀ ਸੁਜਾਨੁ=ਚਤੁਰ ਪੁਰਖ ਹੈਂ।

ਪੁਰਖੁ ਸੁਜਾਨੁ ਤੂੰ ਪਰਧਾਨੁ ਤੁਧੁ ਜੇਵਡੁ ਅਵਰੁ ਨ ਕੋਈ ॥

ਹੇ ਸੁਜਾਨੁ=ਚਤੁਰ ਪੁਰਖ ! ਤੂੰਹੀਂ ਸਾਰਿਆਂ ਵਿਚੋਂ ਪਰਧਾਨੁ=ਮੁਖੀ ਹੈਂ, ਤੇਰੇ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ ॥

ਇਹ ਸਬਦੁ=ਸੰਸਾਰ ਤੇਰਾ ਹੈ, ਤੂੰ ਹੀ ਸਾਰਿਆਂ ਵਿਚ ਵਰਤ ਰਿਹਾ ਹੈਂ। ਜੋ ਤੂੰ ਆਪ ਕਰਦਾ ਹੈਂ; ਓਹੋ ਹੀ ਹੁੰਦਾ ਹੈ।

ਹਰਿ ਸਭ ਮਹਿ ਰਵਿਆ ਏਕੋ ਸੋਈ ਗੁਰਮੁਖਿ ਲਖਿਆ ਹਰਿ ਨਾਮੁ ਜੀਉ ॥

ਉਹ ਇਕ ਹਰੀ ਸਾਰਿਆਂ ਵਿਚ ਰਵ ਰਿਹਾ ਹੈ, ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮ ਜਪ ਕੇ ਉਸ ਹਰੀ ਨੂੰ ਲਖਿਆ=ਜਾਣ ਲਿਆ ਹੈ।

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥ ੩ ॥

ਹੇ ਸੱਤ ਚਿੱਤ ਅਨੰਦ ਰੂਪ ਪਰਮੇਸ਼ਰ ਤੂੰ ਸਦਾ ਹੀ ਨਾਸ ਤੋਂ ਰਹਿਤ ਹੈਂ, ਹੇ ਹਰਿ ਹਰਿ ! ਤੂੰ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈਂ॥ ੩ ॥

ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥

ਸਾਰਿਆਂ ਦਾ ਕਰਤਾ ਤੂੰ ਆਪ ਹੀ ਹੈਂ, ਸਾਰੇ ਲੋਕ ਤੇਰੀ ਵਡਿਆਈ ਕਰਦੇ ਹੰਨ, ਜਿਵੇਂ ਤੂੰ ਭਾਵੈ=ਚਾਹੁੰਦਾ ਹੈਂ, ਤਿਵੇਂ ਸਾਰਿਆਂ ਜੀਵਾਂ ਨੂੰ ਚਲਾਉਂਦਾ, ਭਾਵ ਤੋਰਦਾ ਹੈਂ।

ਤੁਧੁ ਆਪੇ ਭਾਵੈ ਤਿਵੈ ਚਲਾਵਹਿ ਸਭ ਤੇਰੈ ਸਬਦਿ ਸਮਾਇ ਜੀਉ ॥

ਤੁਧੁ=ਤੂੰ ਆਪੇ ਜਿਵੇਂ ਭਾਵੈ=ਚਾਹੁੰਦਾ ਹੈਂ, ਤਿਵੇਂ ਤੂੰ ਸਾਰਿਆਂ ਨੂੰ ਤੋਰਦਾ ਹੈਂ, ਕਿਉਂਕਿ ਸਾਰੇ ਜੀਵ ਤੇਰੇ ਸਬਦਿ=ਹੁਕਮ ਵਿਚ ਸਮਾਏ ਹੋਏ ਹਨ।

ਸਭ ਸਬਦਿ ਸਮਾਵੈ ਜਾਂ ਤੁਧੁ ਭਾਵੈ ਤੇਰੈ ਸਬਦਿ ਵਡਿਆਈ ॥

ਹੇ ਵਾਹਿਗੁਰੂ ! ਸਾਰੇ ਜੀਵ ਤੇਰੇ ਸਬਦਿ=ਹੁਕਮ ਵਿਚ ਸਮਾ ਰਹੇ ਹਨ। ਜਾਂ ਤੈਨੂੰ ਭਾ ਜਾਣ ਤਾਂ ਉਹਨਾਂ ਨੂੰ ਤੇਰੇ ਸਬਦਿ=ਹੁਕਮ ਵਿਚ ਹੀ ਵਡਿਆਈ ਮਿਲਦੀ ਹੈ।

ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ ਸਬਦੇ ਰਹਿਆ ਸਮਾਈ ॥

ਗੁਰਾਂ ਦੁਆਰੇ ਆਤਮ ਵਿਸ਼ੈਣੀ ਬੁੱਧੀ ਪਾਈਏ ਤੇ ਆਪੁ=ਹੰਕਾਰ ਨੂੰ ਗਵਾਈਏ ਤਾਂ ਫਿਰ ਐਸੇ ਨਿਸਚੇ ਕਰਦਾ ਹੈ ਕਿ ਉਹ ਬ੍ਰਹਮ ਸਬਦੇ=ਸੰਸਾਰ ਦੇ ਵਿਚ ਹੀ ਸਮਾਈ ਕਰ ਰਿਹਾ ਹੈ।

ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ ॥

ਹੇ ਅਗੋਚਰੁ=ਇੰਦ੍ਰੀਆਂ ਕਰਕੇ ਅਵਿਸ਼ੇ ਪਰਮਾਤਮਾ ! ਤੇਰਾ ਉਪਦੇਸ਼ ਗੁਰਾਂ ਦੁਆਰੇ ਪਾਈਏ ਤਾਂ ਨਾਮੀ ਵਿਚ ਸਮਾਇ=ਅਭੇਦ ਹੋ ਜਾਈਦਾ ਹੈ।

ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ
ਜਿਉ ਭਾਵੈ ਤਿਵੈ ਚਲਾਇ ਜੀਉ ॥ ੪ ॥ ੭ ॥ ੧੪ ॥

ਹੇ (ਕਰਤਾ) ਵਾਹਿਗੁਰੂ ! ਸਰਬ ਰੂਪ ਤੂੰ ਹੀ ਹੈਂ, ਸਾਰੇ ਤੇਰੀ ਹੀ ਵਡਿਆਈ ਹੋ ਰਹੀ ਹੈ, ਜਿਵੇਂ ਆਪ ਨੂੰ ਭਾਵੇ, ਤਿਵੇਂ ਆਪ ਜੀਵਾਂ ਨੂੰ ਚਲਾਉਂਦੇ ਹੋ॥ ੪ ॥ ੭ ॥ ੧੪ ॥

ੴ ਸਤਿਗੁਰ ਪ੍ਰਸਾਦਿ ॥ ਆਸਾ ਮਹਲਾ ੪ ਛੰਤ ਘਰੁ ੪ ॥

ਸਿੱਖਾਂ ਨੇ ਬੇਨਤੀ ਕੀਤੀ, 'ਸ੍ਰੀ ਆਸਾ ਜੀ ਦੀ ਵਾਰ' ਦਾ ਕੀਰਤਨ ਕਰਨ ਦਾ ਹੁਕਮ ਕਿਥੋਂ ਚਲਿਆ ਹੈ

? ਗੁਰੂ ਜੀ ਨੇ ਕਿਹਾ-ਅੰਮ੍ਰਿਤ ਵੇਲੇ 'ਸ੍ਰੀ ਆਸਾ ਜੀ ਦੀ ਵਾਰ' ਗਾਉਣ ਦਾ ਹੁਕਮ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲਿਆ ਆ ਰਿਹਾ ਹੈ, ਇਸ ਲਈ ਰਬਾਬੀ ਲੋਕ ਅੰਮ੍ਰਿਤ ਵੇਲੇ ਆ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਹਨ।

ਸਿੱਖਾਂ ਨੇ ਇਹ ਗੱਲ ਸੁਣ ਕੇ ਕਿਹਾ-ਰਬਾਬੀ ਜਿਸ ਵੇਲੇ 'ਸ੍ਰੀ ਆਸਾ ਜੀ ਦੀ ਵਾਰ' ਗਾਉਂਦੇ ਹਨ, ਤਾਂ ਸਲੋਕਾਂ ਦੇ ਨਾਲ ਸ਼ਬਦ ਆਪੋ ਆਪਣੀ ਮਰਜ਼ੀ ਅਨੁਸਾਰ ਪੜ੍ਹਦੇ ਹਨ, ਆਪ ਕੋਈ ਅਜਿਹੀ ਬਾਣੀ ਰਚੋ, ਜੋ ਹਰ-ਇਕ ਸਲੋਕ ਤੋਂ ਪਹਿਲਾਂ ਓਹੀ ਬਾਣੀ ਪੜ੍ਹੀ ਜਾਵੇ।

(ਸਿੱਖਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਆਸਾ ਜੀ ਦੀ ਵਾਰ ਦੇ ਚਵੀ ਸਲੋਕਾਂ ਦੇ ਅਨੁਸਾਰ ਛੇ ਛੰਤ ਉਚਾਰ ਕੇ ਚਵੀ ਛੱਕੇ ਬਣਾ ਦਿੱਤੇ ਤੇ ਸਭ ਰਬਾਬੀਆਂ, ਰਾਗੀਆਂ ਨੂੰ ਹੁਕਮ ਦਿੱਤਾ ਕਿ 'ਹਰ ਸਲੋਕ ਤੋਂ ਪਹਿਲਾਂ ਇਹਨਾਂ ਛੰਤਾਂ ਦੀ ਇਕ ਇਕ ਪਉੜੀ ਪਹਿਲੇ ਗਾਉਣੀ।

ਫਿਰ ਸਿੱਖਾਂ ਨੇ ਕਿਹਾ-ਪਰਮਾਤਮਾ ਦੀ ਭਗਤੀ ਰੂਪੀ ਗਾੜ੍ਹੇ ਰੰਗ ਵਿਚ ਆਪ ਜੀ ਦਾ ਮਨ ਕਿਵੇਂ ਰੰਗਿਆ ਗਿਆ ਹੈ ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥

ਜਿਸ ਵੇਲੇ ਰਾਮ ਰਾਜੇ ਦੇ ਪ੍ਰੇਮ ਵਿਚ ਮਨ ਰਤੰਨਾ=ਰੰਗਿਆ ਗਿਆ, ਤਾਂ ਅੰਮ੍ਰਿਤ ਰੂਪ ਹਰੀ ਵਿਖੇ ਮੇਰੇ ਲੋਇਣਾ=ਨੇਤ੍ਰ ਭਿੰਨੇ=ਭਿੱਜ ਗਏ।

ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥

ਜਿਸ ਵੇਲੇ ਮਨ ਨੂੰ ਰਾਮ ਦੀ ਭਗਤੀ ਰੂਪ* ਕਸੌਟੀ ਉੱਤੇ ਲਗਾਇਆ, ਤਾਂ ਕੰਚਨੁ=ਸੋਨੇ ਵਾਂਗ ਸੋਵਿੰਨਾ=ਸੁੰਦਰ ਰੰਗ ਵਾਲਾ ਹੋ ਗਿਆ।

ਅਥਵਾ:- ਕੰਚਨੁ-ਸੋਵਿੰਨਾ=ਬਾਰਾਂ ਵੰਨੀਆਂ ਦੇ ਸੋਨੇ ਵਾਂਗ ਸ਼ੁਧ ਹੋ ਗਿਆ, ਅਰਥਾਤ ਦਸ ਇੰਦ੍ਰੀਏ ਤੇ ਮਨ ਬੁੱਧੀ, ਵਿਕਾਰ ਰੂਪ ਵਿਸ਼ਿਆਂ ਤੋਂ ਰਹਿਤ ਹੋ ਕੇ ਸ਼ੁਧ ਹੋ ਗਏ।

ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥

ਗੁਰਾਂ ਦੁਆਰੇ ਚਲੂਲਿਆ=ਗਾਹੜਾ ਰੰਗ (ਨਾਮ ਦਾ) ਮਿਲਿਆ ਤਾਂ ਮੇਰਾ ਮਨ ਤਨ ਉਸ ਵਿਚ ਭਿੰਨਾ=ਭਿਜ ਗਿਆ।

[ਪੰਨਾ ੪੪੯]

ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥੧॥

ਸਤਿਗੁਰਾਂ ਨੇ ਮੈਂ ਸੇਵਕ ਜਨ ਨੂੰ ਭਗਤੀ ਰੂਪ ਮੁਸਕਿ=ਸੁਗੰਧੀ ਵਿਚ ਝਕੋਲਿਆ=ਮਿਲਾਇਆ ਤਾਂ ਅਗਲੇ ਪਿਛਲੇ ਸਾਰੇ ਜਨਮ ਧੰਨਤਾ ਯੋਗ ਹੋ ਗਏ,

ਅਥਵਾ:- ਸਾਰੇ ਇੰਦ੍ਰੀਏ ਵੀ ਧੰਨ ਤੇ ਮਨੁੱਖਾ ਜਨਮ ਵੀ ਧੰਨਤਾ ਦੇ ਸਹਿਤ ਹੋ ਗਿਆ॥ ੧॥

**ਕਸੌਟੀ:-ਇਕ ਤਰ੍ਹਾਂ ਦੇ ਪੱਥਰ ਦਾ ਟੁਕੜਾ ਹੁੰਦਾ ਹੈ, ਜਿਸ ਤੇ ਸੋਨੇ ਨੂੰ ਘਸਾ ਕੇ ਪਰਖਦੇ ਹਨ।*

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥

ਹਰੀ ਰਾਮ ਰਾਜੇ ਦੀ ਜੋ ਪ੍ਰੇਮ ਮਈ ਬਾਣੀ ਹੈ, ਏਹੀ ਅਣੀਆ=ਕੁੰਡਲੀਆਂ ਵਾਲੇ ਅਣੀਆਲੇ=ਤੀਰ ਹਨ, ਇਹਨਾਂ ਤੀਰਾਂ ਨਾਲ ਮਨ ਰੂਪੀ ਹਰਨ ਨੂੰ ਮਾਰਨਾ ਕੀਤਾ ਹੈ।

ਜਿਵੇਂ ਸ੍ਰੀ ਰਾਮ ਚੰਦਰ ਜੀ ਦੇ ਅਮੋਘ ਬਾਣ ਕੁੰਡਲੀਆਂ ਵਾਲੇ ਸਨ, ਉਹ ਜਿਸ ਨੂੰ ਵੱਜਦੇ ਸਨ, ਉਸ ਦੀਆਂ ਆਂਦਰਾਂ ਬਾਹਰ ਕੱਢ ਕੇ ਲੈ ਆਉਂਦੇ ਸਨ। ਇਸੇ ਤਰ੍ਹਾਂ-

'ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥' *(ਗੌਂਡ ਮ: ੪, ਪੰਨਾ ੮੬੧)*

ਮੇਰੇ ਮਨ ਵਿਚ ਹਰੀ ਦੇ ਪ੍ਰੇਮ ਰੂਪ ਬਾਣ ਲੱਗੇ ਹਨ, ਇਨ੍ਹਾਂ ਪ੍ਰੇਮ ਰੂਪੀ ਬਾਣਾਂ ਨਾਲ ਮਨ ਰੂਪ ਹਰਨ ਨੂੰ ਮਾਰਨਾ ਕੀਤਾ ਹੈ।

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥

ਜਿਸ ਨੂੰ ਪ੍ਰੇਮ ਦੀ ਪੀੜਾ ਲੱਗੀ ਹੈ, ਉਸ ਪੀੜਾ ਨੂੰ ਓਹੀ ਆਦਮੀ ਜਾਣਦਾ ਹੈ ਜਾਂ ਜਿਸ ਨੇ ਪਰੇਮ ਦੀ ਪੀੜਾ ਜਰੀਆ=ਲਗਾਈ ਹੈ, ਓਹ ਜਾਣਦਾ ਹੈ।

ਯਥਾ:- ਕਤ ਨਹੀ ਠਉਰ ਮੂਲੁ ਕਤ ਲਾਵਉ॥ ਖੋਜਤ ਤਨ ਮਹਿ ਠਉਰ ਨ ਪਾਵਉ॥ ੧॥
ਲਾਗੀ ਹੋਇ ਸੁ ਜਾਨੈ ਪੀਰ॥ ਰਾਮ ਭਗਤਿ ਅਣੀਆਲੇ ਤੀਰ॥ ੧॥

(ਗਉੜੀ ਕਬੀਰ ਜੀ, ਪੰਨਾ ੩੨੭)

ਤਥਾ- ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨ ਤੀਰ ਲਗਾਈਆ॥
ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ॥ ੧॥

(ਬਿਲਾਵਲੁ ਮਹਲਾ ੪, ਪੰਨਾ ੮੩੫)

ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥

ਮਰਿ ਜੀਵੈ=ਮਰਜੀਵੜੇ ਜੋ ਮਹਾਤਮਾ ਹਨ, *ਉਹਨਾਂ ਦੁਆਰੇ ਜੋ ਆਦਮੀ ਜੀਵਤ ਭਾ ਤੋਂ ਮਰਦਾ ਹੈ, ਉਹ ਜੀਉਂਦਾ ਹੀ ਮੁਕਤ ਰੂਪ ਆਖੀਦਾ ਹੈ।

ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ॥ ੨॥

ਗੁਰੂ ਸਾਹਿਬ ਜੀ ਆਖਦੇ ਹਨ-ਇੰਝ ਬੇਨਤੀ ਕਰੋ-ਹੇ ਹਰੀ ! ਮੈਂ ਸੇਵਕ ਜਨ ਨੂੰ ਪੂਰੇ ਸਤਿਗੁਰੂ ਨਾਲ ਮੇਲਣਾ ਕਰ ਜਿਸ ਕਰਕੇ ਦੁਤਰੁ=ਕਠਨ ਸੰਸਾਰ ਤੋਂ ਤਰ ਜਾਵਾਂ॥ ੨॥

ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ॥

ਹੇ ਸਾਰਿਆਂ ਵਿਚ ਰੰਗੇ ਹੋਏ ਰਾਮ ਰਾਜੇ ! ਅਸੀ ਮੂਰਖ ਮੁਗਧ ਆਪ ਦੀ ਸ਼ਰਨ ਵਿਚ ਪ੍ਰਾਪਤ ਹੋਏ ਹਾਂ।

**ਸਮੁੰਦਰ ਵਿਚੋਂ ਹੀਰੇ ਮੋਤੀ ਰਤਨਾਂ ਦੇ ਕੱਢਣ ਲਈ ਟੁਬੀ ਮਾਰਨ ਵਾਲਾ, ਜੋ ਮੁਰਦੇ ਤੁਲ ਹੋ ਕੇ ਜੀਵਨ ਦਸ਼ਾ ਵਿਚ ਆਉਂਦਾ ਹੈ, ਉਸ ਨੂੰ 'ਮਰਜੀਵੜਾ' ਆਖਦੇ ਹਨ। ਮਰਹਟੇ ਲੋਕ ਉਸ ਨੂੰ 'ਪਾਣ ਬੁੜਾ' ਆਖਦੇ ਹਨ 'ਪਾਣੀ ਵਿਚ ਡੁੱਬਣ ਵਾਲਾ'। ਐਸੇ ਦੇਹ ਅਭਿਮਾਨ ਨੂੰ ਤਿਆਗ ਕੇ ਆਤਮ ਜੀਵਨ ਪ੍ਰਾਪਤ ਕਰਨ ਵਾਲਾ ਜੋ ਮਹਾਤਮਾ ਹੈ, ਉਹ ਮਰਜੀਵੜਾ ਹੈ।*

ਅਥਵਾ:- ਜਿਸ ਪਰਮੇਸ਼ਰ ਦੀ ਤਰਫੋਂ ਮਰਿਆ ਹੋਇਆ ਹੈ, ਉਸ ਵੱਲ ਜੋ ਜੀਵਿਆ ਹੈ ਅਤੇ ਜਿਸ ਸੰਸਾਰ ਵੱਲ ਜੀਉਂਦਾ ਹੈ, ਉਸ ਤਰਫੋਂ ਜੋ ਮਰਿਆ ਹੈ, ਉਹ ਪੁਰਸ਼ ਜੀਵਨ ਮੁਕਤ ਆਖੀਦਾ ਹੈ।

ਹੇ ਗੋਵਿੰਦ ! ਤੂੰ ਸਾਨੂੰ ਮਿਲਣਾ ਕਰ।

'ਮੂਰਖ ' ਤੇ 'ਮੁਗਧ' ਦੋ ਸ਼ਬਦ ਹਨ-

ਮੂਰਖ ਉਸ ਨੂੰ ਆਖਦੇ ਹਨ, ਜੋ ਵਿਹਾਰਕ ਗਿਆਤ ਤੋਂ ਰਹਿਤ ਹੈ।

ਮੁਗਧ ਉਸ ਨੂੰ ਆਖਦੇ ਹਨ, ਜੋ ਪਰਮਾਰਥ ਗਿਆਤ ਤੋਂ ਰਹਿਤ ਹੈ।

ਅਥਵਾ:- ਮੂਰਖ ਉਸ ਨੂੰ ਆਖਦੇ ਹਨ, ਜਿਸ ਨੂੰ ਪਹਿਲੇ ਸਮਝ ਨਾ ਹੋਵੇ ਤੇ ਫਿਰ ਸਮਝਾਇਆ ਸਮਝ ਜਾਵੇ।

ਮੁਗਧ ਉਸ ਨੂੰ ਆਖਦੇ ਹਨ, ਜੋ ਸਮਝਾਇਆਂ ਭੀ ਨਾ ਸਮਝੇ ਤੇ ਸਗੋਂ ਸਮਝਾਉਣ ਵਾਲੇ ਮਹਾਤਮਾ ਉੱਪਰ ਕੁਤਰਕਾਂ ਕਰੇ ਕਿ ਤੁਹਾਡੀ ਪੂਛ ਫੜ ਕੇ ਪਾਰ ਹੋ ਜਾਵਾਂਗੇ।

ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥

ਹੇ ਹਰੀ ! ਜਿਸ ਨੇ ਭੀ ਆਪ ਨੂੰ ਪਾਇਆ ਹੈ, ਉਸ ਨੇ ਪੂਰਿਆਂ ਗੁਰਾਂ ਦੁਆਰੇ ਹੀ ਪਾਇਆ ਹੈ। ਇਸ ਤੇ ਹੇ ਹਰੀ ! ਮੈਂ ਆਪ ਜੀ ਪਾਸੋਂ ਇਕ ਭਗਤੀ ਕਰਨੀ ਮੰਗਦਾ ਹਾਂ।

ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ ॥

ਹੇ ਬ੍ਰਹਮ ਰੂਪ ਸਮੁੰਦਰ ! ਜਿਸ ਆਪ ਜੀ ਵਿਖੇ ਮਾਇਆ ਰੂਪ ਹਵਾ ਦੇ ਚਲਣ ਕਰਕੇ ਅਨੇਕਾਂ ਜੀਵਾਂ ਰੂਪ ਤਰੰਗਾ=ਲਹਿਰਾਂ ਉੱਠ ਰਹੀਆਂ ਹਨ। ਗੁਰ ਸ਼ਬਦ ਦੁਆਰਾ ਤਿਸ ਆਪ ਜੀ ਦੇ ਨਾਮ ਨੂੰ ਜਪ ਕੇ ਮੇਰਾ ਮਨ ਅਤੇ ਤਨ ਵਿਗਾਸਿਆ=ਪ੍ਰਸੰਨ ਹੋਇਆ ਹੈ।

ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ ॥ ੩ ॥

ਗੁਰੂ ਸਾਹਿਬ ਜੀ ਆਖਦੇ ਹਨ- ਸੰਤ ਜਨਾਂ ਦੀ ਸਤਸੰਗਤਿ ਨਾਲ ਮਿਲ ਕੇ ਹੇ ਹਰੀ ! ਗੁਰਮੁਖਾਂ ਨੇ ਆਪ ਜੀ ਨੂੰ ਪਾਉਣਾ ਕੀਤਾ ਹੈ॥ ੩ ॥

ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ ॥

ਹੇ ਹਰਿ ਹਰਿ ਪ੍ਰਭੂ ਰਾਮ ਰਾਜੇ ਰਾਇਆ=ਪ੍ਰਕਾਸ਼ ਰੂਪ ਦੀਨਾਂ ਪਰ ਦਿਆਲੂ ! ਮੇਰੀ ਇਕ ਬੇਨਤੀ ਸੁਣਨਾ ਕਰ। *ਅਥਵਾ:-* ਮੈਂ ਦੀਨ ਦੀ ਦਿਆਲੂ ਹੋ ਕੇ ਬੇਨਤੀ ਸੁਣਨਾ ਕਰ।

ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ ॥

ਮੈਂ ਉਹਨਾਂ ਗੁਰਮੁਖਾਂ ਦੀ ਸ਼ਰਨ ਮੰਗਦਾ ਹਾਂ, ਜਿਨ੍ਹਾਂ ਨੇ ਹਰੀ ਨਾਮ ਦੀ ਪ੍ਰੀਤੀ ਸਹਿਤ ਮੂੰਹ ਵਿਚ ਹਰਿ ਹਰਿ ਨਾਮ ਰੂਪ ਅੰਮ੍ਰਿਤ ਪਾਇਆ ਹੈ।

ਅਥਵਾ:- ਮਨ ਵਿਚ ਹਰੀ ਨਾਮ ਦੀ ਪ੍ਰੀਤੀ ਅਤੇ ਜਿਨ੍ਹਾਂ ਨੇ ਹਰਿ ਹਰਿ ਨਾਮ ਦਾ ਉਚਾਰਨਾ ਮੁਖ ਵਿਖੇ ਪਾਇਆ ਹੈ, ਉਨ੍ਹਾਂ ਦੀ ਸ਼ਰਨ ਲੈਣੀ ਮੈਂ ਮੰਗਦਾ ਹਾਂ।

ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥

ਹੇ ਹਰੀ ! ਆਪ ਦਾ ਬਿਰਦੁ=ਧਰਮ ਭਗਤਾਂ ਦਾ ਪਿਆਰਾ ਹੈ ਅਤੇ ਹੇ ਹਰੀ ! ਤੂੰ ਆਪ ਹੀ ਭਗਤਾਂ ਦੀ ਲੱਜਿਆ ਰੱਖਦਾ ਆਇਆ ਹੈਂ।

ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥ ੪ ॥ ੮ ॥ ੧੫ ॥

ਮੈਂ ਸੇਵਕ ਜਨ, ਆਪ ਦੇ ਚਰਨਾਂ ਦੀ ਸ਼ਰਨ ਵਿਚ ਪ੍ਰਾਪਤ ਹਾਂ। ਹੇ ਹਰੀ ਨਾਮੀ ! ਆਪ ਹੀ ਸੰਸਾਰ ਤੋਂ ਤਾਰਨ ਵਾਲੇ ਹੋ।

ਅਥਵਾ:- ਹੇ ਹਰੀ ! ਆਪ ਨੇ ਹੀ ਸਤਿਗੁਰਾਂ ਦੁਆਰੇ ਆਪਣੇ ਨਾਮ ਵਿਚ ਲੱਗਾ ਕੇ ਭਗਤਾਂ ਨੂੰ ਸੰਸਾਰ-ਸਮੁੰਦਰ ਤੋਂ ਤਰਾਇਆ ਹੈ॥ ੪॥ ੮॥ ੧੫॥

ਆਸਾ ਮਹਲਾ ੪ ॥

ਉਥਾਨਕਾ- ਗੁਰਮੁਖਾਂ ਨੇ ਉਸ ਪਰਮਾਤਮਾ ਨੂੰ ਕਿਵੇਂ ਲੱਭਾ ਹੈ ? *ਉੱਤਰ:-*

ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥

ਢੂੰਢਦਿਆਂ ਢੂੰਢਦਿਆਂ, *ਅਥਵਾ:-* ਉਸ ਦੀ ਢੂੰਢ ਢੂੰਢੇਦਿਆ=ਕਰਦਿਆਂ ਕਰਦਿਆਂ ਅਸਲੀ ਸੱਜਣ ਜੋ ਹਰੀ ਰਾਮ ਰਾਜਾ ਹੈ, ਉਸ ਨੂੰ ਗੁਰਮੁਖਾਂ ਨੇ ਲਧਾ=ਲੱਭ ਲਿਆ ਹੈ।

ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥

ਸਰੀਰ ਰੂਪੀ ਕਿਲ੍ਹਾ ਜੋ ਗੜ=ਘੜਿਆ ਹੋਇਆ ਹੈ ਇਸ ਨੂੰ ਜਪ ਤੱਪ ਰੂਪ ਅਗਨੀ ਦਾ ਤਾਅ ਦੇ ਕੇ ਜਾਂ ਸੋਨੇ ਵਾਂਗ ਸ਼ੁਧ ਕੀਤਾ ਤਾਂ ਇਸ ਦੇ ਵਿਚ ਹੀ ਹਰਿ ਹਰਿ ਪਰਮਾਤਮਾ ਸਿਧਾ=ਮਿਲ ਪਿਆ।

ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥

ਹੀਰੇ ਰਤਨਾਂ ਵਾਂਗ ਅਮੋਲਕ ਜੋ ਹਰਿ ਹਰਿ ਹੈ, ਮੇਰਾ ਮਨ ਤਨ ਉਸ ਵਿਚ ਵਿਧਾ=ਵਿੰਨ੍ਹਿਆਂ ਗਿਆ ਹੈ, ਭਾਵ ਤਦਾਕਾਰ ਹੋਇਆ ਹੈ।

ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥ ੧ ॥

ਧੁਰ ਦੇ ਵੱਡਿਆਂ ਭਾਗਾਂ ਨਾਲ ਹਰੀ ਨਾਮ ਜਪਣਾ ਪਾਇਆ ਤਾਂ ਆਤਮ-ਰਸ ਵਿਚ ਗੁਧਾ=ਗੁੱਝ ਗਿਆ, ਭਾਵ ਮਿਲ ਗਿਆ॥ ੧॥

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥

ਮੈਂ ਮੁੰਧ=ਇਸਤ੍ਰੀ ਸ਼ੋਕ ਅਵਸਥਾ ਰੂਪ ਚੜ੍ਹਦੀ ਜਵਾਨੀ ਵਾਲੀ, ਰਾਮ ਰਾਜੇ ਦੀ ਪ੍ਰਾਪਤੀ ਦੇ ਪੰਥੁ=ਰਾਹ ਨੂੰ ਹਮੇਸ਼ਾਂ ਦਸਾਵਾ ਖੜੀ=ਪੁੱਛਦੀ ਖਲੋਤੀ ਹਾਂ।

ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ ॥

ਹੇ ਗੁਰੂ ਜੀ ! ਮੈਨੂੰ ਹਰਿ ਹਰਿ ਨਾਮ ਯਾਦ ਕਰਾਓ, ਜਿਸ ਤੇ ਮੈਂ ਹਰੀ ਦੇ ਰਾਹ ਉੱਤੇ ਚੱਲਦੀ ਰਹਾਂ।

ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ ॥

ਮੇਰੇ ਮਨ ਤਨ ਵਿਚ ਵਾਹਿਗੁਰੂ ਦਾ ਨਾਮ ਆਧਾਰੁ=ਆਸਰਾ ਹੈ, ਹੰਗਤਾ, ਵਿਸ਼ਿਆਂ ਦੀ ਪੰਗਤੀ ਸਾੜਨ ਨੂੰ। *ਅਥਵਾ:-* ਵਿਹੁ ਵਾਂਗ ਦੁਖਦਾਈ ਹਉਮੈ ਦੇ ਜਾਲੀ=ਸਾੜਨ ਨੂੰ ਮੇਰੇ ਮਨ ਤਨ ਵਿਚ ਨਾਮ ਦਾ ਹੀ

ਆਸਰਾ ਹੈ।

ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ॥ ੨ ॥

ਹੇ ਹਰੀ ! ਮੈਂ ਜਨ ਨੂੰ ਉਹਨਾਂ ਸਤਿਗੁਰਾਂ ਨਾਲ ਮੇਲਣਾ ਕਰ, ਜਿਨ੍ਹਾਂ ਸਤਿਗੁਰਾਂ ਨਾਲ ਹੇ ਸੰਸਾਰ ਬਨ ਦੇ ਮਾਲਕ ਹਰੀ ! ਤੂੰ ਮਿਲਿਆ ਹੋਇਆ ਹੈਂ॥ ੨ ॥

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥

ਹੇ ਚਿਰ ਦੇ ਵਿਛੁੜੇ ਹੋਏ ਪਿਆਰੇ ਰਾਮ ਰਾਜੇ ! ਤੂੰ ਗੁਰਾਂ ਦੁਆਰੇ ਮੈਨੂੰ ਆ ਕੇ ਮਿਲਣਾ ਕਰ।

ਕਿਉਂਕਿ-

ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥

ਮੇਰਾ ਮਨ ਤਨ ਬਹੁਤ ਸਾਰਾ ਵੈਰਾਗ ਵਾਲਾ ਹੋ ਰਿਹਾ ਹੈ ਅਤੇ ਮੇਰੇ ਬੁੱਧੀ ਰੂਪ ਨੇਤ੍ਰ ਵੀ ਹੇ ਹਰੀ ! ਆਪ ਦੇ ਰਸਿ=ਪ੍ਰੇਮ ਵਿਚ ਭਿਜ ਰਹੇ ਹਨ।

ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ॥

ਹੇ ਪਿਆਰੇ ਹਰੀ ਪ੍ਰਭੂ ! ਮੈਨੂੰ ਪੂਰਨ ਗੁਰੂ ਦੱਸਣਾ ਕਰ ਜਿਨ੍ਹਾਂ ਗੁਰਾਂ ਨਾਲ ਮਿਲ ਕੇ ਹੇ ਹਰੀ ! ਆਪ ਉਪਰ ਮੇਰਾ ਮਨ ਮੰਨਿਆਂ ਜਾਵੇ।

ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥ ੩ ॥

ਹੇ ਹਰੀ ! ਮੈਂ ਮੂਰਖ ਨੂੰ ਆਪਣੇ ਕੰਮ-ਕਾਰ ਵਿਚ ਲਾਉਣਾ ਕਰ।

ਅਥਵਾ:- ਕੰਮੇ=ਨਿਉਂਨ ਜੋ ਮੈਂ ਮੂਰਖ ਹਾਂ। ਮੈਨੂੰ ਹੇ ਹਰੀ ! ਆਪਣੀ ਭਗਤੀ ਰੂਪ ਕਾਰ ਵਿਚ ਲਾਉਣਾ ਕਰ ॥ ੩ ॥

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ॥

(ਸ੍ਰੀ) ਗੁਰੂ (ਅਮਰਦਾਸ ਸਾਹਿਬ) ਜੀ ਦੀ ਦੇਹੁਰੀ=ਬੁੱਧੀ ਬ੍ਰਹਮਾਨੰਦ ਰੂਪੀ ਅੰਮ੍ਰਿਤ ਵਿਚ ਭਿੱਜੀ ਹੋਈ ਹੈ।

*ਪ੍ਰਸ਼ਨ:-*ਆਪ ਨੂੰ ਕਿਸ ਤਰ੍ਹਾਂ ਪਤਾ ਲੱਗਾ ਹੈ ਕਿ ਗੁਰਾਂ ਦੀ ਬੁੱਧੀ ਬ੍ਰਹਮਾਨੰਦ ਰੂਪੀ ਅੰਮ੍ਰਿਤ ਵਿਚ ਭਿੱਜੀ ਹੋਈ ਹੈ?

*ਗੁਰ ਉੱਤਰ-*ਰਾਮ ਰਾਜੇ ਦੀ ਪ੍ਰਾਪਤੀ ਕਰਨ ਵਾਲੇ ਨਾਮ ਅੰਮ੍ਰਿਤ ਦੇ ਬੁਰਕੇ=ਛਿਣਕਾ ਅਰਥਾਤ ਉਪਦੇਸ਼ ਕਰਦੇ ਹਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਸਤਿਗੁਰਾਂ ਦੀ ਬੁੱਧੀ ਬ੍ਰਹਮਾਨੰਦ ਰੂਪੀ ਅੰਮ੍ਰਿਤ ਵਿਚ ਭਿੱਜੀ ਹੋਈ ਹੈ।

ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥

ਅਜਿਹੇ ਸਤਿਗੁਰਾਂ ਦੀ ਉਚਾਰਨ ਕੀਤੀ ਹੋਈ ਬਾਣੀ, ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਭਾਈਆ=ਚੰਗੀ ਲੱਗੀ ਹੈ, ਉਹ ਨਾਮ ਅੰਮ੍ਰਿਤ ਨੂੰ ਛੱਕ ਕੇ ਛਕੇ=ਫਬ ਗਏ ਹਨ।

ਅਥਵਾ:- ਉਹ ਨਾਮ-ਅੰਮ੍ਰਿਤ ਨੂੰ ਆਪ ਛੱਕ ਕੇ ਹੋਰਨਾਂ ਨੂੰ ਛਕੇ=ਛਕਾਉਂਦੇ ਹਨ।

ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ॥

ਗੁਰਾਂ ਦੇ ਪ੍ਰਸੰਨ ਹੋਣ ਨਾਲ ਜਿਸ ਨੇ ਹਰੀ ਨੂੰ ਪਾਇਆ ਹੈ, ਉਸ ਦੇ ਜਨਮ ਮਰਨ ਦੇ ਧੱਕੇ ਚੁਕ ਗਏ ਹਨ।

ਅਥਵਾ:- ਮਾਤਾ ਦੇ ਗਰਭ ਵਿਚ ਧੱਕਣ ਵਾਲੇ ਤੇ ਨਰਕਾਂ ਵਿਚ ਧੱਕਣ ਵਾਲੇ ਜਿਹੜੇ ਅਸ਼ੁਭ ਕਰਮ ਸਨ, ਉਹ ਸਾਰੇ ਚੂਕੇ=ਨਵਿਰਤ ਹੋ ਗਏ।

ਅਥਵਾ:- ਧਕ ਧਕੇ=ਧੜਕਾ, ਦਿਲੀ ਹੌਲ ਇਹ ਸਭ ਦੂਰ ਹੋ ਗਿਆ ਹੈ।

ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ॥ ੪॥ ੯॥ ੧੬॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਖਦੇ ਹਨ, ਹਰੀ ਦਾ ਸੇਵਕ ਜਨ ਹਰਿ ਹਰਿ ਨਾਮ ਨੂੰ ਆਖਦਾ ਹੋਇਆ ਇਕ ਹਰੀ ਦਾ ਰੂਪ ਹੀ ਹੋ ਗਿਆ ਹੈ॥ ੪॥ ੯॥ ੧੬॥

ਆਸਾ ਮਹਲਾ ੪॥

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ॥

ਰਾਮ ਰਾਜੇ ਦੇ ਸਰੂਪ ਜੋ ਗੁਰ= ਪੂਜਨੀਕ ਸਤਿਗੁਰੂ ਹਨ, ਉਨ੍ਹਾਂ ਦੇ ਪਾਸ ਅੰਮ੍ਰਿਤ ਰੂਪ ਹਰੀ ਦੀ ਪ੍ਰਾਪਤੀ ਦਾ ਭਗਤੀ ਰੂਪ ਭੰਡਾਰਾ ਹੈ।

ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ॥

ਗੁਰੁ=ਪੂਜਨੀਕ ਸਤਿਗੁਰ ਦੇਵ ਜੀ ਇਕ ਸੱਚੇ ਸ਼ਾਹੂਕਾਰ ਹਨ, ਜੋ ਹਰੀ ਪ੍ਰਾਪਤੀ ਦੀ ਸ਼ਰਧਾ ਰੂਪ ਰਾਸੇ=ਪੂੰਜੀ ਸਿੱਖ ਨੂੰ ਦਿੰਦੇ ਹਨ।

ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ॥

ਵਣਜਾਰਾ=ਜਗਿਆਸੂ ਧੰਨ ਹੈ, ਨਾਮ ਰੂਪ ਵਣਜ ਵੀ ਧੰਨ ਹੈ, ਗੁਰੂ ਸਾਹਿਬ ਰੂਪੀ ਸ਼ਾਹ ਵੀ ਸਾਬਾਸੇ=ਧੰਨਤਾ ਯੋਗ ਹਨ।

ਜਨੁ ਨਾਨਕੁ ਗੁਰੁ ਤਿਨੀ ਪਾਇਆ
ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ॥ ੧॥

ਉਨ੍ਹਾਂ ਸੇਵਕ ਜਨਾਂ ਨੇ ਪੂਰੇ ਗੁਰੂ ਦਾ ਉਪਦੇਸ਼ ਪਾਇਆ ਹੈ, ਜਿਨ੍ਹਾਂ ਦੇ ਲਿਲਾਟਿ=ਮੱਥੇ ਉੱਤੇ ਧੁਰੋਂ ਸ੍ਰੇਸ਼ਟ ਲਿਖਤੁ=ਲੇਖ ਲਿਖਾਸੇ=ਲਿਖਿਆ ਹੋਇਆ ਹੈ॥ ੧॥

ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ॥

ਹੇ ਸੱਚੇ ਸ਼ਾਹ ਰਾਮ ਰਾਜੇ ! ਤੂੰ ਹਮਾਰਾ=ਤਮਾਮ ਅਰਥਾਤ ਸਾਰਿਆਂ ਦਾ ਧਣੀ=ਮਾਲਕ ਹੈਂ ਅਤੇ ਸਾਰਾ ਸੰਸਾਰ ਆਪ ਦਾ ਵਣਜਾਰਾ=ਗੁਮਾਸ਼ਤਾ ਹੈ।

ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸੰਤੁ ਹਰਿ ਥਾਰਾ॥

ਸਾਰੇ ਸਰੀਰਾਂ ਰੂਪੀ ਭਾਂਡੇ ਆਪ ਨੇ ਸਾਜਿਆ=ਬਣਾਏ ਹਨ। ਹੇ ਹਰੀ ! ਥਾਰਾ=ਆਪ ਨੇ ਹੀ ਉਹਨਾਂ

ਸਰੀਰਾਂ ਰੂਪੀ ਭਾਂਡਿਆਂ ਵਿਚ ਜੀਵਾਂ ਦੇ ਕਰਮਾਂ ਅਨੁਸਾਰ ਸ਼ੁਭ ਅਸ਼ੁਭ ਵਸਤੂ ਪਾਉਣਾ ਕੀਤੀ ਹੈ।

[ਪੰਨਾ ੪੫੦]

ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ॥

ਹੇ ਪਰਮਾਤਮਾ ! ਜੋ ਜੋ ਵਸਤੂ ਜਿਸ ਜਿਸ ਭਾਂਡੇ ਵਿਚ ਪਾਉਂਦਾ ਹੈਂ, ਅੰਤ ਨੂੰ ਉਹ ਵਸਤੂ ਨਿਕਲਦੀ ਹੈ, ਇਹ ਜੀਵ ਵਿਚਾਰਾ ਕੋਈ ਕੀ ਕਰ ਸਕਦਾ ਹੈ? ਭਾਵ ਜੋ ਚੀਜ਼ ਪਰਮਾਤਮਾ ਨੇ ਇਸ ਦੇ ਮੱਥੇ ਪਰ ਪਾ ਦਿੱਤੀ ਹੈ, ਉਸ ਦੇ ਹਟਾਉਣ ਨੂੰ ਜੀਵ ਸਮਰੱਥ ਨਹੀਂ ।

ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਹਰਿ ਹਰਿ ! ਆਪ ਜੀ ਨੇ ਭਗਤੀ ਦਾ ਭੰਡਾਰਾ ਆਪਣਿਆਂ ਸੇਵਕ ਜਨਾਂ ਨੂੰ ਬਖਸ਼ਣਾ ਕੀਤਾ ਹੈ। ੨।

ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ॥

ਹੇ ਸੁਆਮੀ ! ਹੇ ਰਾਮ ਰਾਜੇ ! ਆਪ ਜੀ ਦੇ ਕਿਹੜੇ ਕਿਹੜੇ ਗੁਣਾਂ ਨੂੰ ਅਸੀਂ ਵਿਸਤੀਰਨ ਕਰੀਏ। ਕਿਉਂਕਿ ਆਪ ਅਪਰ ਅਪਾਰੋ=ਬਿਅੰਤ ਤੋਂ ਬਿਅੰਤ ਹੋ।

ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ॥

ਹੇ ਹਰੀ ! ਆਪ ਜੀ ਦੇ ਨਾਮ ਦੀ ਸਾਲਾਹਹ=ਉਸਤਤੀ ਦਿਨੇ ਰਾਤੀ ਕਰਦੇ ਹਾਂ ਸਾਨੂੰ ਮਨ ਕਰ ਕੇ ਇਸੇ ਨਾਮ ਦੀ ਆਸ ਹੈ ਅਤੇ ਤਨ ਕਰਕੇ ਨਾਮ ਦਾ ਹੀ ਆਸਰਾ ਹੈ।

ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ॥

ਮੈਂ ਮੂਰਖ ਆਪ ਜੀ ਦੇ ਨਾਮ ਤੋਂ ਬਿਨਾਂ ਹੋਰ ਕੋਈ ਸਾਧਨ ਕਰਨਾ ਨਹੀਂ ਜਾਣਦਾ, ਇਸ ਤੇ ਮੈਂ ਸੰਸਾਰ-ਸਮੁੰਦਰ ਤੋਂ ਕਿਵੇਂ ਪਾਰ ਹੋਣਾ ਪਾਵਾਂਗਾ।

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੋ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰਿ ਹਰਿ ! ਜੋ ਆਪ ਜੀ ਦੇ ਚਰਨਾਂ ਦਾ ਦਾਸ ਹੈ, ਮੈਂ ਜਨ ਉਸ ਦੇ ਅੱਗੇ ਪਨਿਹਾਰੋ=ਪਾਣੀ ਭਰਨ ਵਾਲਾ ਦਾਸ ਹਾਂ॥ ੩ ॥

ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ॥

ਹੇ ਪ੍ਰਭੂ ਰਾਮ ਰਾਜੇ ! ਅਸੀਂ ਆਪ ਜੀ ਦੇ ਚਰਨਾਂ ਦੀ ਸ਼ਰਨ ਆਏ ਹਾਂ, ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਸਾਨੂੰ ਰੱਖ ਲਓ।

ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ॥

ਅਸੀਂ ਆਪ ਜੀ ਦੇ ਹੁਕਮ ਨੂੰ ਭੁਲਾ ਕੇ ਰਾਤ ਦਿਨ ਵਿਗਾੜਹ=ਅਉਗੁਣ ਕਰਦੇ ਹਾਂ, ਹੇ ਹਰੀ ! ਆਪਣੇ ਨਾਮ ਦੀ ਲੱਜਾ ਆਪ ਹੀ ਰੱਖਣਾ ਕਰੋ। ਜਿਵੇਂ ਕਿਹਾ ਹੈ-

ਅਉਗਣਹਾਰੇ ਕੀ ਬੇਨਤੀ ਸੁਨਹੁ ਗਰੀਬ ਨਿਵਾਜ॥
ਜੇ ਹਉ ਪੂਤ ਕਪੂਤ ਹਉ ਬਹੁੜ ਪਿਤਾ ਕੌ ਲਾਜ॥

ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥

ਅਸੀਂ ਆਪ ਜੀ ਦੇ ਬੱਚੇ ਹਾਂ, ਆਪ ਹੀ ਗੁਰੂ ਰੂਪ ਹੋ, ਆਪ ਹੀ ਪਿਤਾ ਰੂਪ ਹੋ ਆਪ ਹੀ ਸ਼ੁਭ ਮਤੀ ਦੇ ਕੇ ਸਮਝਾਉਣਾ ਕਰੋ।

ਯਥਾ- ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥ *(ਮਾਰੂ ਵਾਰ ਡਖਣੇ ਪੰਨਾ ੧੧੦੧)*

ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ ॥ ੪ ॥ ੧੦ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਜਨੁ=ਆਪ ਜੀ ਦਾ ਦਾਸ ਕਾਂਢਿਆ=ਕਹੀਂਦਾ ਹਾਂ । ਹੇ ਹਰੀ! ਪਿਛਲੇ ਜੁਗਾਂ ਵਿਚ ਆਪ ਸੇਵਕਾਂ ਦੀ ਪੈਜ ਰੱਖਦੇ ਆਏ ਹੋ, ਹੁਣ ਮੇਰੀ ਪੈਜ ਰੱਖਣਾ ਕਰੋ ॥ ੪ ॥ ੧੦ ॥ ੧੭ ॥

ਆਸਾ ਮਹਲਾ ੪ ॥ ਜਿਨ ਮਸਤਕਿ ਧੁਰਿ ਹਰਿ ਲਿਖਿਆ
ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥

ਹੇ ਹਰੀ ਰਾਮ ਰਾਜੇ ! ਜਿਨ੍ਹਾਂ ਦੇ ਮੱਥੇ 'ਪਰ ਆਪ ਨੇ ਧੁਰੋਂ ਹੀ ਸ਼ੁਭ ਲੇਖ ਲਿਖਣਾ ਕੀਤਾ ਹੈ, ਉਨ੍ਹਾਂ ਨੂੰ ਪੂਰਨ ਸਤਿਗੁਰਾਂ ਦਾ ਉਪਦੇਸ਼ ਮਿਲਿਆ ਹੈ।

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥

ਜਿਸ ਵੇਲੇ ਸਤਿਗੁਰਾਂ ਨੇ ਘਟਿ=ਹਿਰਦੇ ਵਿਚ ਗਿਆਨ ਰੂਪ ਦੀਵਾ ਜਗਾ ਕੇ ਅਗਿਆਨ ਰੂਪ ਹਨੇਰਾ ਦੂਰ ਕੀਤਾ।

ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥

ਤਾਂ ਫਿਰ ਹਰੀ ਰੂਪੀ ਰਤਨ ਪਦਾਰਥ ਲਧਾ=ਲੱਭ ਪਿਆ। ਬਹੁੜਿ=ਮੁੜ ਇਹ ਮਨ ਚਲਾਏਮਾਨ ਨਾ ਹੋਇਆ। *ਅਥਵਾ-* ਫਿਰ ਜੂਨਾਂ ਵਿਚ ਨਹੀਂ ਜਾਂਦਾ ।

ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥ ੧ ॥

ਗੁਰੂ ਜੀ ਆਖਦੇ ਹਨ-ਜਿਨ੍ਹਾਂ ਪੁਰਸ਼ਾਂ ਨੇ ਨਾਮ ਨੂੰ ਆਰਾਧਿਆ ਹੈ, ਉਹਨਾਂ ਨੂੰ ਆਰਾਧਿ=ਅਰਾਧਣ ਯੋਗ ਹਰੀ ਮਿਲ ਗਿਆ ਹੈ॥ ੧ ॥

ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥

ਜਿਨ੍ਹਾਂ ਪੁਰਸ਼ਾਂ ਨੇ ਐਸੇ ਹਰੀ ਰਾਮ ਰਾਜੇ ਦੇ ਨਾਮ ਨੂੰ ਯਾਦ ਨਹੀਂ ਕੀਤਾ, ਉਹ ਪੁਰਸ਼ ਸੰਸਾਰ ਵਿਚ ਕਿਸ ਵਾਸਤੇ ਆਏ ਹਨ।

ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥

ਇਹ ਮਨੁੱਖਾ ਜਨਮ ਪ੍ਰਾਪਤ ਹੋਣਾ ਬੜਾ ਕਠਨ ਹੈ, ਜੇ ਪੁੰਨਾਂ ਕਰਕੇ ਮਿਲ ਵੀ ਜਾਵੇ ਤੇ ਨਾਮ ਨਾ ਜਪੇ ਤਾਂ ਨਿਸਚੇ ਸਮਝ ਲਓ ਇਹ ਮਨੁੱਖਾ ਜਨਮ ਸਾਰਾ ਵਾਹਿਗੁਰੂ ਨਾਮ ਜਪੇ ਬਿਨਾਂ ਨਿਸਫਲ ਚਲਿਆ ਜਾਂਦਾ ਹੈ।

ਯਥਾ:- ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥

(ਗਉੜੀ ਮ: ੯, ਪੰਨਾ ੨੨੦)

ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥

ਮਨੁੱਖਾ ਜਨਮ ਜਿਹੜਾ ਮਿਲਿਆ ਹੋਇਆ ਹੈ, ਇਹ ਹੁਣ ਨਾਮ ਜਪਣ ਦਾ ਵਤੈ=ਸਮਾਂ ਸੀ, *ਪਰ ਇਸ ਨੇ ਵੇਲੇ ਸਿਰ ਹਰੀ ਨਾਮ ਨੂੰ ਬੀਜਣਾ ਨਹੀਂ ਕੀਤਾ। ਅਗੈ=ਪ੍ਰਲੋਕ ਵਿਚ ਜਿਸ ਵੇਲੇ ਭੁੱਖ ਲਗੇਗੀ ਤਾਂ ਕੀ ਖਾਵੇਗਾ?

ਯਥਾ:- ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ॥ *(ਪੰਨਾ ੬੪੭)*

ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥ ੨॥

ਨਾਮ ਹੀਣ ਮਨਮੁਖਾਂ ਨੂੰ ਫਿਰ ਫਿਰ ਜਨਮ ਮਿਲਦਾ ਹੈ, ਗੁਰੂ ਜੀ ਆਖਦੇ ਹਨ-ਹਰੀ ਨੂੰ ਇਸੇ ਤਰ੍ਹਾਂ ਭਾਉਂਦਾ ਹੈ॥ ੨॥

ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ॥

ਹੇ ਹਰੀ ਰਾਮ ਰਾਜੇ ! ਤੂੰ ਸਭ ਦਾ ਸੁਆਮੀ ਹੈਂ ਤੇ ਸਭ ਕੋਈ ਆਪ ਦਾ ਦਾਸ ਹੈ । ਸਾਰੇ ਜੀਵ ਆਪ ਨੇ ਹੀ ਉਪਾਏ=ਪੈਦਾ ਕੀਤੇ ਹਨ।

ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ॥

ਕਿਛੁ=ਰੰਚਕ ਮਾਤ੍ਰ ਵੀ ਕਿਸੇ ਆਦਮੀ ਦੇ ਹਾਥਿ=ਅਧੀਨ ਕੁਝ ਵੀ ਨਹੀਂ ਹੈ। ਹੇ ਪਰਮਾਤਮਾਂ ! ਆਪ ਦੇ ਚਲਾਏ ਹੋਏ ਸਾਰੇ ਜੀਵ ਚੱਲ ਰਹੇ ਹਨ।

ਯਥਾ:- ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥
ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥ ੩॥

(ਗਉੜੀ ਮ: ੫, ਪੰਨਾ ੨੦੬)

ਤਥਾ- ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥ ੩੩॥

(ਪੰਨਾ ੭)

ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ॥

ਹੇ ਪਿਆਰੇ ਵਾਹਿਗੁਰੂ ! ਜਿਨ੍ਹਾਂ ਨੂੰ ਤੂੰ ਆਪਣੇ ਨਾਲ ਮੇਲਦਾ ਹੈਂ, ਉਹੋ ਆਪ ਜੀ ਦੇ ਨਾਲ ਮਿਲਦੇ ਹਨ। ਹੇ ਹਰੀ ! ਜੋ ਤੁਹਾਡੇ ਮਨ ਨੂੰ ਭਾਏ=ਚੰਗੇ ਲਗੇ ਹਨ।

ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ॥ ੩॥

ਹੇ ਹਰੀ ! ਆਪ ਜੀ ਦੀ ਕ੍ਰਿਪਾ ਨਾਲ ਜਿਨ੍ਹਾਂ ਪੁਰਸ਼ਾਂ ਨੂੰ ਸਤਿਗੁਰੂ ਭੇਟਿਆ=ਮਿਲੇ ਹਨ, ਉਹਨਾਂ ਨੂੰ ਨਾਮ ਜਪਾ ਕੇ ਸੰਸਾਰ-ਸਮੁੰਦਰ ਤੋਂ ਤਾਰ ਦਿੱਤਾ ਹੈ॥ ੩॥

**ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥* *(ਗਉੜੀ ਵਾਰ ਮ: ੫, ਪੰਨਾ ੩੨੧)*

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥

ਕੋਈ ਰਾਗਾਂ ਦੁਆਰਾ, ਕੋਈ ਨਾਦੀ=ਵਾਜਿਆਂ ਦੁਆਰਾ, ਕੋਈ ਬੇਦੀ=ਵੇਦਾਂ ਦੁਆਰਾ ਬਹੁਤ ਹੀ ਪ੍ਰਕਾਰ ਨਾਲ ਹਰੀ ਜਸ ਨੂੰ ਗਾਉਂਦਾ ਹੈ, ਪਰੰਤੂ, ਇਸ ਤਰ੍ਹਾਂ ਕਰਨ ਨਾਲ ਹਰੀ ਰਾਮ ਰਾਜਾ ਭੀਜੈ=ਪ੍ਰਸੰਨ ਨਹੀਂ ਹੁੰਦਾ।

ਯਥਾ- ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥

(ਧਨਾਸਰੀ ਮ: ੫, ਪੰਨਾ ੬੭੪)

ਤਥਾ- ਨ ਭੀਜੈ ਰਾਗੀ ਨਾਦੀ ਬੇਦਿ॥ ਨ ਭੀਜੈ ਸੁਰਤੀ ਗਿਆਨੀ ਜੋਗਿ॥
ਨ ਭੀਜੈ ਸੋਗੀ ਕੀਤੈ ਰੋਜਿ॥ ਨ ਭੀਜੈ ਰੂਪੀ ਮਾਲੀ ਰੰਗਿ॥
ਨ ਭੀਜੈ ਤੀਰਥਿ ਭਵਿਐ ਨੰਗਿ॥ ਨ ਭੀਜੈ ਦਾਤੀ ਕੀਤੈ ਪੁੰਨਿ॥
ਨ ਭੀਜੈ ਬਾਹਰਿ ਬੈਠਿਆ ਸੁੰਨਿ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ॥
ਨ ਭੀਜੈ ਕੇਤੇ ਹੋਵਹਿ ਧੂੜ॥ ਲੇਖਾ ਲਿਖੀਐ ਮਨ ਕੈ ਭਾਇ॥
ਨਾਨਕ ਭੀਜੈ ਸਾਚੈ ਨਾਇ॥ ੨॥ *(ਸਾਰੰਗ ਵਾਰ ਮ: ੪, ਪੰਨਾ ੧੨੩੭)*

ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥

ਜਿਨ੍ਹਾਂ ਪੁਰਸ਼ਾਂ ਦੇ ਹਿਰਦੇ ਅੰਦਰ ਕਪਟ ਰੂਪੀ ਵਿਕਾਰੁ=ਰੋਗ ਹੈ। ਉਨ੍ਹਾਂ ਨੇ ਰੋ ਕੇ ਕੀ ਕਰ ਲੈਣਾ ਹੈ, ਕਿਉਂਕਿ ਰੋਣ ਕਰ ਕੇ ਪਰਮਾਤਮਾ ਪ੍ਰਸੰਨ ਨਹੀਂ ਹੁੰਦਾ, ਜਿੰਨਾਂ ਚਿਰ ਕਪਟ ਦੂਰ ਨਾ ਕਰੇ।

ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥

ਹਰੀ ਕਰਤਾ ਪਰਮਾਤਮਾ ਸਭ ਕੁਝ ਜਾਣਦਾ ਹੈ। ਕਪਟ ਵਾਲਿਆਂ ਦਾ ਸਿਰ ਰੋਗਾਂ ਦੇ ਹੱਥ ਦੇ ਦਿੰਦਾ ਹੈ। *ਅਥਵਾ:*-ਸਿਰਿ=ਸ਼ਰੋਮਣੀ ਰੋਗ ਕੋਹੜ, ਉਸ ਦੇ ਹੱਥ ਦਿੰਦਾ ਹੈ।

ਅਥਵਾ:- ਜਿਸ ਤਰ੍ਹਾਂ ਸਿਰ ਵਿਚ ਗੰਜ ਰੋਗ ਹੋਵੇ ਤਾਂ ਹੱਥ ਦੇਣ ਨਾਲ ਲੁਕਦਾ ਨਹੀਂ, ਤਿਵੇਂ ਕਪਟ ਰੂਪੀ ਰੋਗ ਰੋਣ ਕਰ ਕੇ ਛੁਪ ਨਹੀਂ ਸਕਦਾ।

ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ
ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥

ਗੁਰੂ ਜੀ ਆਖਦੇ ਹਨ, ਜਿਨ੍ਹਾਂ ਗੁਰਮੁਖਾਂ ਦਾ ਹਿਰਦਾ ਸੁਧੁ=ਪਵਿੱਤ੍ਰ ਹੈ, ਉਹ ਹਰ ਪ੍ਰਕਾਰ ਨਾਲ ਹਰੀ ਦੀ ਭਗਤੀ ਲੈਣਾ ਕਰਦੇ ਹਨ। *ਅਥਵਾ:-* ਉਹਨਾਂ ਭਗਤਾਂ ਨੂੰ ਹਰਿ ਹਰਿ ਪ੍ਰਭੂ ਆਪਣੇ ਵਿਚ ਲੀਜੈ=ਲੀਣ, ਅਰਥਾਤ ਅਭੇਦ ਕਰ ਲੈਂਦਾ ਹੈ॥ ੪॥ ੧੧॥ ੧੮॥

ਆਸਾ ਮਹਲਾ ੪॥

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ॥

ਜਿਨ੍ਹਾਂ ਦੇ ਅੰਦਰ ਹਰਿ ਹਰਿ ਰਾਮ ਰਾਜੇ ਦੀ ਪ੍ਰੀਤੀ ਹੈ ਉਹ ਪੁਰਸ਼ ਸੁਘੜ=ਚੰਗੀ ਟਕਸਾਲ ਵਿਚ ਘੜੇ

ਹੋਏ ਚਤੁਰ ਤੇ ਸਿਆਣੇ ਹਨ।

ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥

ਜੇਕਰ ਉਹ ਪੁਰਸ਼ ਕਦੇ ਬਾਹਰੋਂ ਭੁਲ ਚੁਕ ਕਰਕੇ ਕੋਈ ਬੇਅਦਬੀ ਦੀ ਗੱਲ ਬੋਲ ਵੀ ਪੈਣ, ਭੀ=ਤਾਂ ਭੀ ਉਹ ਹਰੀ ਨੂੰ ਖਰੇ=ਚੰਗੇ ਲੱਗਦੇ ਹਨ।

ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ॥

ਸੰਤਾਂ ਨੂੰ ਹਰੀ ਤੋਂ ਬਗੈਰ ਹੋਰ ਕੋਈ ਜਗ੍ਹਾਂ ਨਹੀਂ, ਕਿਉਂਕਿ ਹਰੀ ਨਿਮਾਣਿਆਂ ਦਾ ਮਾਣ ਹੈ।

ਯਥਾ- ਹਰਿ ਜੀਉ ਨਿਮਾਣਿਆਤੂੰ ਮਾਣੁ..... ॥ *(ਸੋਰਠਿ ਮ: ੫, ਪੰਨਾ ੬੨੪)*

ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤਾਣੁ ਸਤਾਣੇ॥ ੧॥

ਸਤਿਗੁਰ ਦੇਵ ਜੀ ਆਖਦੇ ਹਨ-ਗੁਰਮੁਖਾਂ ਨੂੰ ਕੇਵਲ ਨਾਮ ਦਾ ਦੀਬਾਣੁ=ਆਸਰਾ ਹੈ। ਹਰੀ ਦੇ ਤਾਣੁ=ਬਲ ਕਰਕੇ ਉਹ ਸਤਾਣੇ=ਸਹਿਤ ਬਲ ਦੇ ਹੋਏ ਹਨ॥ ੧॥

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

ਰਾਮ ਰਾਜੇ ਦੇ ਸਰੂਪ ਮੇਰੇ ਸਤਿਗੁਰੂ ਜਿਸ ਜਗ੍ਹਾ ਤੇ ਜਾ ਕੇ ਬੈਠਦੇ ਹਨ, ਓਹੋ ਅਸਥਾਨ ਸ਼ੋਭਨੀਕ ਹੋ ਜਾਂਦਾ ਹੈ।

ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥

ਨਿਤਨੇਮੀ ਗੁਰ ਸਿੱਖਾਂ ਨੇ ਓਹੀ ਥਾਨੁ=ਟਿਕਾਣਾ ਭਾਲਿਆ=ਲੱਭਣਾ ਕੀਤਾ ਹੈ ਅਤੇ ਗੁਰਾਂ ਦੀ ਪਵਿੱਤ੍ਰ ਚਰਨ ਧੂੜ ਲੈ ਕੇ ਮੂੰਹ ਉੱਤੇ ਲਾਉਣੀ ਕੀਤੀ ਹੈ। ਜਿਵੇਂ ਤੀਸਰੇ ਪਾਤਿਸ਼ਾਹ ਜੀ ਨੂੰ ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨੇ 'ਸੰਨ੍ਹ ਸਾਹਿਬ' ਵਾਲੀ ਜਗ੍ਹਾਂ ਤੇ ਜਾ ਕੇ ਲੱਭ ਲਿਆ ਸੀ।

ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ॥

ਉਹਨਾਂ ਗੁਰਸਿੱਖਾਂ ਦੀ ਘਾਲ=ਮੇਹਨਤ, ਸੇਵਾ ਕੀਤੀ ਹੋਈ ਥਾਇ ਪਈ=ਸਫਲ ਹੋਈ ਹੈ, ਜਿਨ੍ਹਾਂ ਨੇ ਅਕਾਲ ਪੁਰਖ ਦਾ ਨਾਮ ਧਿਆਉਣਾ ਕੀਤਾ ਹੈ।

ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥ ੨॥

ਜਿਨ੍ਹਾਂ ਨੇ ਸ਼ਰਧਾ ਸਹਿਤ ਸਤਿਗੁਰੂ ਅਮਰਦਾਸ ਸਾਹਿਬ ਜੀ ਨੂੰ ਪੂਜਣਾ ਕੀਤਾ ਹੈ। ਹਰੀ ਨੇ ਤਿਨ੍ਹਾਂ ਗੁਰਸਿੱਖਾਂ ਨੂੰ ਸਾਰੇ ਜਗਤ ਵਿਚ ਪੂਜਨੀਕ ਕਰਵਾ ਦਿੱਤਾ ਹੈ। ਜਿਵੇਂ-

੧. ਸਚਨ ਸਚ, ੨. ਮੱਥੇ ਮੁਰਾਰੀ, ੩. ਬੇਣੀ ਪੰਡਿਤ,
੪. ਗੰਗੋ ਸ਼ਾਹ, ੫. ਮਾਈ ਦਾਸ ਵੈਸ਼ਨੋ, ੬. ਮਾਣਕ ਚੰਦ।

ਆਦਿਕ ਸਿੱਖਾਂ ਨੂੰ ਉਪਦੇਸ਼ ਦੇ ਕੇ ਬਾਈ ਮੰਜੀਆਂ ਬਖਸ਼ ਕੇ ਸੰਸਾਰ ਦਾ ਪੂਜਨੀਕ ਬਣਾਇਆ ਹੈ।

ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ॥

ਹੇ ਹਰੀ ਰਾਮ ਰਾਜੇ ! ਤੇਰੀ ਪ੍ਰਾਪਤੀ ਲਈ ਗੁਰਸਿੱਖਾਂ ਦੇ ਮਨ ਵਿਚ ਹਰ ਵੇਲੇ ਹਰੀ ਨਾਮ ਜਪਣ ਨਾਲ ਪ੍ਰੀਤੀ ਹੈ।

[ਪੰਨਾ ੪੫੧]

ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ॥

ਪੂਰਨ ਸਤਿਗੁਰੂ ਦੀ ਸੇਵਾ ਕਰਿ=ਹੱਥਾਂ ਨਾਲ ਕਰਦੇ ਹਨ, ਜਿਸ ਤੇ ਮੇਰ ਤੇਰ ਦੀ ਭੁੱਖ ਲਹਿ ਜਾਇ=ਦੂਰ ਹੋ ਜਾਵੇ।

ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ॥

ਸੇਵਾ ਦੇ ਪ੍ਰਤਾਪ ਕਰ ਕੇ ਗੁਰਸਿੱਖਾਂ ਦੀ ਭੁੱਖ ਸਾਰੀ ਦੂਰ ਹੋ ਗਈ ਹੈ, ਉਨ੍ਹਾਂ ਗੁਰਸਿੱਖਾਂ ਦੇ ਪਿਛੇ ਲੱਗ ਕੇ ਹੋਰ ਘਨੇਰੀ=ਬਹੁਤੀ ਸ੍ਰਿਸ਼ਟੀ ਭੋਜਨ ਖਾਣਾ ਕਰਦੀ ਹੈ।

ਯਥਾ- ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ॥

(ਗਉੜੀ ਵਾਰ ਮ: ੪, ਪੰਨਾ ੩੦੬)

ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ॥੩॥

ਸਤਿਗੁਰ ਦੇਵ ਜੀ ਆਖਦੇ ਹਨ-ਗੁਰਮੁਖਾਂ ਨੇ ਹਰੀ ਨਾਮ ਜਪਣ ਰੂਪੀ ਪੁੰਨ ਰਿਦੇ ਰੂਪੀ ਭੂਮੀ ਵਿਚ ਬੀਜਣਾ ਕੀਤਾ ਹੈ, ਹਰੀ ਨਾਮ ਜਪਣ ਰੂਪੀ ਪੁੰਨ ਦੇ ਪ੍ਰਭਾਵ ਕਰਕੇ ਉਨ੍ਹਾਂ ਨੂੰ ਫਿਰ ਕਿਸੇ ਪਦਾਰਥ ਕੇਰੀ=ਦੀ ਤੋਟਿ ਨ ਆਵੈ=ਕਮੀ ਨਹੀਂ ਆਉਂਦੀ ॥੩॥

ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥

ਉਨ੍ਹਾਂ ਗੁਰਸਿੱਖਾਂ ਦੇ ਮਨ ਵਿਚ ਹਮੇਸ਼ਾਂ ਵਾਧਾਈਆ=ਖੁਸ਼ੀਆਂ ਰਹਿੰਦੀਆਂ ਹਨ, ਜਿਨ੍ਹਾਂ ਨੇ ਰਾਮ ਰਾਜੇ ਅਕਾਲ ਪੁਰਖ ਸਰੂਪ ਮੇਰੇ ਸਤਿਗੁਰਾਂ ਦਾ ਦਰਸ਼ਨ ਵੇਖਣਾ ਕੀਤਾ ਹੈ।

ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ॥

ਜੋ ਕੋਈ ਪੁਰਸ਼ ਹਰੀ ਨਾਮ ਦੀ ਗੱਲ ਸੁਨਾਉਣਾ ਕਰਦਾ ਹੈ, ਉਹ ਪੁਰਸ਼ ਗੁਰਸਿੱਖਾਂ ਦੇ ਮਨ ਵਿਚ ਬਹੁਤ ਮਿੱਠਾ=ਪਿਆਰਾ ਲੱਗਦਾ ਹੈ।

ਯਥਾ- ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ *(ਵਡਹੰਸ ਮ: ੧, ਪੰਨਾ ੫੫੮)*

ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ॥

ਜਿਨ੍ਹਾਂ ਉਪਰ ਮੇਰਾ ਸਤਿਗੁਰੂ ਤੁਠਾ=ਪ੍ਰਸੰਨ ਹੋਇਆ ਹੈ, ਤਿਨ੍ਹਾਂ ਗੁਰਸਿੱਖਾਂ ਨੂੰ ਹਰੀ ਦੀ ਦਰਗਾਹ ਵਿਚ ਆਦਰ ਦਾ ਸਿਰੋਪਾ ਪਹਿਨਾਇਆ ਜਾਂਦਾ ਹੈ।

ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ॥੪॥੧੨॥੧੯॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਮਨ ਵਿਚ ਹਰਿ ਹਰਿ ਦਾ ਨਾਮ ਵੁਠਾ=ਵਸਿਆ ਹੈ, ਉਹ ਗੁਰਮੁਖ ਜਨ ਹਰਿ ਹਰਿ ਦਾ ਸਰੂਪ ਹੋਇਆ ਹੈ॥ ੪॥ ੧੨॥ ੧੯॥

ਆਸਾ ਮਹਲਾ ੪ ॥

ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥

ਜਿਨ੍ਹਾਂ ਨੂੰ ਮੇਰਾ ਪੂਰਾ ਸਤਿਗੁਰੂ ਭੇਟਿਆ=ਮਿਲਿਆ ਹੈ, ਉਨ੍ਹਾਂ ਨੂੰ ਹਰੀ ਰਾਮ ਰਾਜੇ=ਅਕਾਲ ਪੁਰਖ ਦਾ ਸੱਚਾ ਨਾਮ ਦ੍ਰਿੜਾਉਂਦੇ ਹਨ।

ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥

ਉਸ ਪੁਰਸ਼ ਦੇ ਦਿਲ 'ਚੋਂ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਸਾਰੀ ਦੂਰ ਹੋ ਜਾਂਦੀ ਹੈ, ਜੋ ਹਰੀ ਨਾਮ ਧਿਆਉਂਦਾ ਹੈ।

ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥

ਜੋ ਗੁਰਮੁਖ ਜਨ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਦੇ ਪਾਸ ਜਮ ਨਹੀਂ ਆਉਂਦਾ ।

ਯਥਾ- ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥ *(ਆਸਾ ਮ: ੫, ਪੰਨਾ ੪੫੭)*

ਜਨ ਨਾਨਕ ਕਉ ਹਰਿ ਕ੍ਰਿਪਾ ਕਰਿ
ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥ ੧ ॥

ਹੇ ਹਰੀ ! ਮੈਂ ਜਨ ਉਪਰ ਕ੍ਰਿਪਾ ਦ੍ਰਿਸ਼ਟੀ ਕਰ, ਜਿਸ ਕਰਕੇ ਨਿਤਾਪ੍ਰਤੀ ਹਰੀ ਨਾਮ ਨੂੰ ਆਪ ਜਪੀਏ ਅਤੇ ਦੂਜਿਆਂ ਨੂੰ ਹਰੀ ਨਾਮ ਦਾ ਜਾਪ ਕਰਵਾਕੇ ਸੰਸਾਰ-ਸਮੁੰਦਰ ਤੋਂ ਪਾਰ ਕਰੀਏ। *ਅਥਵਾ:-*ਨਿਤਾਪ੍ਰਤੀ ਉਸ ਹਰੀ ਨਾਮ ਨੂੰ ਜਪੀਏ ਜੋ ਹਰੀ ਨਾਮੀ ਸੰਸਾਰ ਤੋਂ ਤਰਾਉਂਦਾ ਹੈ॥ ੧ ॥

ਇਕ ਸਿੱਖ ਨੇ ਆ ਕੇ ਗੁਰੂ ਸਾਹਿਬ ਜੀ ਅੱਗੇ ਬੇਨਤੀ ਕੀਤੀ-ਐ ਗੁਰੂ ਜੀ ! ਹਰ-ਇਕ ਮਨੁੱਖ ਦੇ ਮਨ ਵਿਚ ਇੱਛਾ ਹੁੰਦੀ ਹੈ ਕਿ ਮੇਰੇ ਕਿਸੇ ਕੰਮ ਵਿਚ ਵਿਘਨ ਨਾ ਪਵੇ ਪਰ ਆਪ ਕ੍ਰਿਪਾ ਕਰਕੇ ਇਹ ਦੱਸੋ-

(੧) ਸੰਸਾਰਕ ਅਤੇ ਪ੍ਰਮਾਰਥਕ ਕੰਮਾਂ ਵਿਚ ਵਿਘਨ ਕਿਸ ਨੂੰ ਨਹੀਂ ਹੁੰਦਾ ?

(੨) ਸਾਰੇ ਲੋਕ ਕਿਸ ਦੀ ਪੂਜਾ ਕਰਦੇ ਹਨ ?

(੩) ਸਦਾ ਸੁਖ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ ?

(੪) ਉਸ ਹਰੀ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ ?

ਸਿੱਖ ਪਾਸੋਂ ਇਹ ਚਾਰ ਪ੍ਰਸ਼ਨ ਸੁਣ ਕੇ ਹੁਣ ਗੁਰੂ ਸਾਹਿਬ ਜੀ ਉੱਤਰ ਦਿੰਦੇ ਹਨ-

ਜਿਨੀ ਗੁਰਮੁਖਿ ਨਾਮੁ ਧਿਆਇਆ
ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥

ਜਿਨ੍ਹਾਂ ਗੁਰਮੁਖਾਂ ਨੇ ਰਾਮ ਰਾਜੇ=ਅਕਾਲ ਪੁਰਖ ਦਾ ਨਾਮ ਧਿਆਉਣਾ ਕੀਤਾ ਹੈ, ਉਨ੍ਹਾਂ ਨੂੰ ਫਿਰ ਕਿਸੇ ਕੰਮ ਵਿਚ ਕੋਈ ਵਿਘਨ ਨਹੀਂ ਹੁੰਦਾ।

ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥

ਜਿਨ੍ਹਾਂ ਨੇ ਅਕਾਲ ਪੁਰਖ ਰੂਪ ਸਤਿਗੁਰਾਂ ਨੂੰ ਮਨਾਉਣਾ ਕੀਤਾ ਹੈ, ਉਨ੍ਹਾਂ ਗੁਰਮੁਖਾਂ ਨੂੰ ਸਭ ਕੋਈ ਪੂਜਣਾ ਕਰਦਾ ਹੈ।

ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ॥

ਜਿਨ੍ਾਂ ਨੇ ਪਿਆਰੇ ਸਤਿਗੁਰਾਂ ਨੂੰ ਸੇਵਣਾ ਕੀਤਾ ਹੈ, ਉਨ੍ਾਂ ਨੂੰ ਹਮੇਸ਼ਾਂ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਅਥਵਾ:- ਸਦ=ਸ੍ਰੇਸ਼ਟ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ॥ ੨॥

ਸਤਿਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ-ਜਿਨ੍ਾਂ ਨੂੰ ਪੂਰਨ ਸਤਿਗੁਰਾਂ ਦਾ ਉਪਦੇਸ਼ ਮਿਲਿਆ ਹੈ, ਉਨ੍ਾਂ ਨੂੰ ਉਹ ਹਰੀ ਪ੍ਰਾਪਤ ਹੋਇਆ ਹੈ॥ ੨॥

ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ ਤਿਨ ਹਰਿ ਰਖਣਹਾਰਾ ਰਾਮ ਰਾਜੇ॥

ਜਿਨ੍ਾਂ ਗੁਰਮੁਖਾਂ ਅੰਦਰ ਰਾਮ ਰਾਜੇ=ਅਕਾਲ ਪੁਰਖ ਦੀ ਪ੍ਰੀਤੀ ਹੈ, ਉਨ੍ਾਂ ਦੀ ਰੱਖਿਆ ਕਰਨ ਵਾਲਾ ਆਪ ਹਰੀ ਹੈ।

ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ॥

ਉਨ੍ਾਂ ਗੁਰਮੁਖਾਂ ਦੀ ਨਿੰਦਿਆ ਕੋਈ ਕਿਵੇਂ ਕਰ ਸਕਦਾ ਹੈ, ਭਾਵ ਕੋਈ ਨਹੀਂ ਕਰ ਸਕਦਾ। ਜਿਨ੍ਾਂ ਨੂੰ ਹਰੀ ਦਾ ਨਾਮ ਜਪਣਾ ਪਿਆਰਾ ਲੱਗਦਾ ਹੈ।

ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ॥

ਜਿਨ੍ਾਂ ਦਾ ਵਾਹਿਗੁਰੂ ਨਾਲ ਮਨ ਮੰਨਿਆਂ ਗਿਆ ਹੈ, ਉਨ੍ਾਂ ਨਾਲ ਚਾਹੇ ਸਾਰੇ ਦੁਸ਼ਟ ਆਦਮੀ ਮਿਲ ਕੇ ਝਖਾਂ ਮਾਰਨ ਪਰ ਉਸ ਦਾ ਵਿਗਾੜ ਕੁਝ ਨਹੀਂ ਕਰ ਸਕਦੇ।

ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ॥ ੩॥

ਸਤਿਗੁਰੂ ਰਾਮਦਾਸ ਜੀ ਆਖਦੇ ਹਨ-ਜਿਨ੍ਾਂ ਗੁਰਮੁਖਾਂ ਨੇ ਨਾਮ ਧਿਆਉਣਾ ਕੀਤਾ ਹੈ, ਉਨ੍ਾਂ ਦੀ ਰੱਖਿਆ ਕਰਨ ਵਾਲਾ ਹਰੀ ਆਪ ਹੈ॥ ੩॥

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

ਹਰੀ ਰਾਮ ਰਾਜਾ=ਅਕਾਲ ਪੁਰਖ ਜੁਗਾਂ ਜੁਗਾਂ ਵਿਚ ਆਪ ਹੀ ਭਗਤਾਂ ਨੂੰ ਉਤਪੰਨ ਕਰਦਾ ਹੈ, ਫੇਰ ਆਪ ਹੀ ਸਾਖਿਆਤ ਆ ਕੇ ਭਗਤਾਂ ਦੀ ਪੈਜ=ਇੱਜ਼ਤ ਰੱਖਦਾ ਹੈ।

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥

ਹਰਨਾਖਸ਼ ਜੋ ਦੁਸ਼ਟ ਦੈਂਤ ਸੀ, ਉਸ ਨੂੰ ਮਾਰ ਕੇ ਹਰੀ ਨੇ ਪ੍ਰਹਿਲਾਦ ਭਗਤ ਨੂੰ ਅਨੇਕਾਂ ਕਸ਼ਟਾਂ ਤੋਂ ਬਚਾ ਕੇ ਸੰਸਾਰ-ਸਮੁੰਦਰ ਤੋਂ ਤਾਰਨਾ ਕੀਤਾ*।

ਸਤਜੁਗ ਵਿਚ ਤਪ ਕਰਕੇ ਹਰਨਾਖਸ਼ ਨੇ ਬ੍ਰਹਮਾ ਤੋਂ ਇਹ ਵਰ ਲਿਆ ਕਿ ਦੇਵਤਾ, ਦੈਂਤ, ਗੰਧਰਬ, ਨਾਗ, ਮਨੁੱਖ ਆਦਿਕ ਮੈਨੂੰ ਕੋਈ ਨਾ ਮਾਰ ਸਕੇ ਅਤੇ ਨਾ ਹੀ ਸ਼ਸਤ੍ਰਾਂ ਅਸਤ੍ਰਾਂ ਕਰਕੇ ਮਰਾਂ, ਨਾ ਦਿਨੇ ਮਰਾਂ ਨਾ ਰਾਤੀਂ । ਇਤਿਆਦਿਕ ਵਰ ਪਾ ਕੇ ਬੜਾ ਨਿਰਭੈ ਹੋ ਗਿਆ। ਦੇਵ ਲੋਕ ਖੋਹ ਕੇ ਦੇਵਤਿਆਂ ਨੂੰ ਭਾਰੀ ਦੁੱਖ ਦਿੱਤਾ ਅਤੇ ਵਿਸ਼ਨੂੰ ਨੂੰ ਭੱਜਾ ਕੇ ਆਪਣਾ ਨਾਮ ਜਪਾਇਆ- 'ਜਲੇ ਹਰਨਾਖਸ਼, ਥਲੇ ਹਰਨਾਖਸ਼, ਹੈ ਹੀ ਹਰਨਾਖਸ਼, ਹੋਸੀ ਵੀ ਹਰਨਾਖਸ਼।'

ਪੁਨਾ-ਇਸ ਨੇ ਆਪਣੇ ਪੁਤ੍ਰ ਪ੍ਰਹਿਲਾਦ ਨੂੰ ਬੜਾ ਦੁੱਖ ਦਿੱਤਾ ਤਾਂ ਪਰਮਾਤਮਾ ਨੇ ਨਰਸਿੰਘ ਅਵਤਾਰ ਧਾਰ ਕੇ ਬ੍ਰਹਮਾ ਦੇ ਦਿੱਤੇ ਹੋਏ ਵਰ ਵੀ ਪੂਰੇ ਕੀਤੇ। ਪ੍ਰਹਿਲਾਦ ਦੀ ਰੱਖਿਆ ਵਾਸਤੇ ਦਲੀਜ ਤੇ ਬੈਠ ਕੇ ਹਰਨਾਖਸ਼ ਨੂੰ ਆਪਣੇ ਪੱਟਾਂ ਤੇ ਰੱਖ ਕੇ ਸ਼ਾਮ ਵੇਲੇ ਨੌਹਾਂ ਨਾਲ ਚੀਰ ਦਿੱਤਾ।

ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ* ॥

ਵੇਦ ਵਿਦਿਆ ਕੰਠਾਗਰ ਹੋਣ ਦੇ ਹੰਕਾਰ ਕਰਕੇ ਜੋ ਹੰਕਾਰੀ ਬ੍ਰਾਹਮਣ ਸਨ, ਹਰ-ਇਕ ਦੀ ਨਿੰਦਿਆ

---

*ਬੰਬਈ ਦੇ ਇਲਾਕੇ ਜ਼ਿਲ੍ਹਾ ਸਤਾਰਾ ਵਿਖੇ 'ਨਰਸ਼ੀ ਬਾਮ੍ਹਣੀ' ਨਾਮੇ ਪਿੰਡ ਵਿਚ 'ਦਾਮਸੇਟੀ' ਨਾਮੇ ਪਿਤਾ ਦੇ ਘਰ ਗੋਨਾਬਾਈ ਦੇ ਉਦਰ ਤੋਂ ਸੰਮਤ ੧੩੨੮ ਕੱਤਕ ਸੁਦੀ ਇਕਾਦਸ਼ੀ ਨੂੰ ਨਾਮਦੇਵ ਜੀ ਦਾ ਜਨਮ ਹੋਇਆ। ਨਾਮਦੇਵ ਜੀ ਦੇ ਪਿਤਾ ਮਾਤਾ ਕ੍ਰਿਸ਼ਨ ਜੀ ਦੇ ਉਪਾਸ਼ਕ ਸਨ, ਇਸ ਕਰਕੇ ਬਾਲ ਅਵਸਥਾ ਤੋਂ ਆਪ ਭੀ ਕ੍ਰਿਸ਼ਨ ਜੀ ਦੇ ਉਪਾਸ਼ਕ ਹੋ ਗਏ। ਜਿਉਂ ਜਿਉਂ ਉਮਰ ਵਧਦੀ ਗਈ, ਤਿਉਂ ਤਿਉਂ ਭਗਤੀ ਭਾਵ ਦੀ ਰੰਗਤ ਚੜ੍ਹਦੀ ਗਈ।

ਜਿਸ ਵੇਲੇ ਆਪ ਨੌਜਵਾਨ ਹੋ ਗਏ ਤਾਂ 'ਗੋਬਿੰਦ ਸੇਟੀ' ਦੀ ਬੇਟੀ 'ਰਾਜਾ ਬਾਈ' ਨਾਲ ਆਪ ਦੀ ਸ਼ਾਦੀ ਹੋ ਗਈ। ਆਪ ਦੇ ਘਰ ਚਾਰ ਪੁਤ੍ਰ-ਨਾਰਾਇਣ, ਮਹਾਦੇਵ, ਗੋਬਿੰਦ, ਵਿੱਠਲ ਅਤੇ ਇਕ ਲੜਕੀ ਲਿੰਬਾ ਬਾਈ ਨਾਮ ਕਰਕੇ ਪੈਦਾ ਹੋਈ।

ਨਾਮਦੇਵ ਜੀ ਪਹਿਲੇ ਠਾਕਰ ਪੂਜਨ ਕਰਦੇ ਅਤੇ ਦੁੱਧ ਆਦਿਕ ਪਿਲਾਉਂਦੇ ਰਹੇ।

ਯਥਾ:- ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ ॥ ੧ ॥
ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥
ਨਾਹੀ ਤ ਘਰ ਕੋ ਬਾਪੁ ਰਿਸਾਇ॥ ੧॥ ਰਹਾਉ॥
ਸੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ ॥ ੨ ॥
ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥ ੩ ॥
ਦੂਧੁ ਪੀਆਇ ਭਗਤੁ ਘਰਿ ਗਇਆ॥ ਨਾਮੇ ਹਰਿ ਕਾ ਦਰਸਨੁ ਭਇਆ॥ ੪॥ ੩ ॥
(ਭੈਰਉ ਨਾਮਦੇਵ, ਪੰਨਾ ੧੧੬੪)

ਅਤੇ ਨਾਮਦੇਵ ਜੀ ਨੇ ਆਪਣਾ ਸੁਆਮੀ ਕ੍ਰਿਸ਼ਨ ਦੱਸਿਆ ਹੈ-

ਧਨਿ ਧੰਨਿ ਓ ਰਾਮ ਬੇਨੁ ਬਾਜੈ॥ ਮਧੁਰ ਮਧੁਰ ਧੁਨਿ ਅਨਹਤ ਗਾਜੈ॥ ੧॥ ਰਹਾਉ॥
ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥ ੧॥
ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ॥ ੨॥
ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ॥ ੩॥
ਬੈਨੁ ਬਜਾਵੈ ਗੋਧਨੁ ਚਰੈ॥ ਨਾਮੇ ਕਾ ਸੁਆਮੀ ਆਨਦ ਕਰੈ॥ ੪॥ ੧॥ (ਮਾਲੀ ਗਉੜਾ, ਪੰਨਾ ੯੮੬)

ਫਿਰ ਨਾਮਦੇਵ ਜੀ ਆਪਣੇ ਗੁਰੂ ਗਿਆਨ ਦੇਵ ਜੀ ਦੇ ਨਾਲ ਤੀਰਥ ਯਾਤਰਾ ਕਰਦੇ ਰਹੇ। ਇਸੇ ਯਾਤਰਾ ਦੌਰਾਨ ਆਪ ਨੂੰ ਦਿੱਲੀ ਦੇ ਬਾਹਸ਼ਾਹ ਨੇ ਗ੍ਰਿਫਤਾਰ ਕਰ ਲਿਆ ਤੇ ਬਹੁਤ ਦੁੱਖ ਦਿੱਤਾ। ਇਸ ਸਬੰਧੀ ਆਪਣਾ ਹੱਡ ਬੀਤਿਆ ਸਾਰਾ ਹਾਲ ਭੈਰਉ ਰਾਗ ਵਿਚ ਦੱਸਿਆ ਹੈ:-

ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥ ੧॥ ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ ॥ ੧॥ ਰਹਾਉ॥ ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥ ੨॥ ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ॥ ੩॥ ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥ ੪॥ ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਗਜ ਹਸਤੀ ਦੀਨੋ ਚਮਕਾਰਿ ॥ ੫॥ (ਪੰਨਾ ੧੧੬੫)

ਫਿਰ ਜਿਸ ਵੇਲੇ ਆਪ ਜੀ ਨੇ ਔਡੇ ਸ਼ਹਿਰ ਜਾ ਕੇ ਨਾਗ ਮੰਦਰ ਵਿਚ ਛੈਣਿਆਂ ਦੀ ਜਗ੍ਹਾਂ ਜੁਤੀਆਂ ਖੜਕਾਈਆਂ ਸਨ ਤੇ ਬ੍ਰਾਹਮਣਾਂ ਨੇ ਧੱਕੇ ਮਾਰ ਕੇ ਮੰਦਰ 'ਚੋਂ ਬਾਹਰ ਕੱਢ ਦਿੱਤਾ ਤੇ ਆਪ ਜੀ ਨੇ ਮੰਦਰ ਦੇ ਪਿਛੇ ਬੈਠ ਕੇ ਮਲਾਰ ਰਾਗ ਵਿਚ ਸ਼ਬਦ ਉਚਾਰਿਆ ਹੈ-

ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥ ਤੂ ਨ ਬਿਸਾਰੇ ਰਾਮਈਆ॥ ੧॥ ਰਹਾਉ॥ ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥ ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥ ੧॥ ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥ ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੌਡੀ ਹੋਇਲਾ॥੨॥ ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥ ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥ ੩॥੨॥
(ਪੰਨਾ ੧੨੬੨)

ਇਹ ਸ਼ਬਦ ਸੁਣ ਕੇ ਮੰਦਰ ਦਾ ਮੂੰਹ ਫੇਰ ਕੇ ਆਪ ਦੀ ਇੱਜ਼ਤ ਰੱਖੀ ਹੈ, ਉਸੇ ਗੱਲ ਦੀ ਪੁਸ਼ਟੀ ਕਰਦੇ ਹੋਏ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਲਿਖਿਆ ਹੈ- ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥

ਕਰਨ ਵਾਲੇ, ਉਨ੍ਹਾਂ ਨੂੰ ਔਂਡੇ ਸ਼ਹਿਰ ਦੇ ਨਾਗ ਮੰਦਰ ਦੀ ਪਿੱਠ ਦੇ ਕੇ ਨਾਮਦੇਵ ਭਗਤ ਨੂੰ ਆਪਣੇ ਮੁਖ ਲਾਉਣਾ ਕੀਤਾ।

ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪ ॥੧੩ ॥੨੦ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਗੁਰਮੁਖਾਂ ਨੇ ਅਜਿਹੇ ਹਰੀ ਨੂੰ ਸੇਵਣਾ ਕੀਤਾ ਹੈ ਭਾਵ ਉਸ ਦਾ ਸਿਮਰਨ ਕੀਤਾ ਹੈ, ਉਹਨਾਂ ਨੂੰ ਅੰਤਮ ਸਮੇਂ ਜਮਦੂਤਾਂ ਪਾਸੋਂ ਛੁਡਾ ਲੈਂਦਾ ਹੈ ॥ ੪॥ ੧੩॥ ੨੦॥

(ਛਕੇ ਸਮਾਪਤ)

ਆਸਾ ਮਹਲਾ ੪ ਛੰਤ ਘਰੁ ੫ ੧ੴ ਸਤਿਗੁਰ ਪ੍ਰਸਾਦਿ ॥

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥

ਮਨ ਪ੍ਰਤੀ ਉਪਦੇਸ਼ ਦਿੰਦੇ ਹਨ-ਹੇ ਮੇਰੇ ਮਨ ਸਰੂਪ ਦੇਸ ਤੋਂ ਪਰ੍ਹੇ, ਵੇ ਪਿਆਰੇ=ਹੇ ਪਿਆਰੇ ਮਨ ! ਤੂੰ ਸਰੂਪ-ਘਰ ਵਿਚ ਆਉਣਾ ਕਰ।

ਹਰਿ ਗੁਰੁ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥

ਹੇ ਮੇਰੇ ਪਿਆਰੇ ! ਆਪਣੇ ਆਪ ਨੂੰ ਹਰੀ ਸਰੂਪ ਗੁਰਾਂ ਨਾਲ ਮਿਲਾਵੋ, ਤਾਂ ਹਰੀ ਰੂਪ ਘਰ ਵਿਚ ਵਸ ਜਾਏਂਗਾ।

ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥

ਹੇ ਮੇਰੇ ਪਿਆਰੇ ! ਰੰਗਿ=ਪ੍ਰੇਮ ਪੂਰਬਕ ਤੁਮ ਰਲੀਆ ਮਾਣਹੁ=ਖੁਸ਼ੀਆਂ ਭੋਗਣਾ ਕਰੋ, ਤਾਂ ਹਰੀ ਤੁਹਾਡੇ ਉੱਤੇ ਕਿਰਪਾ ਕਰੇਗਾ।

ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥ ੧ ॥

ਹੇ ਮੇਰੇ ਪਿਆਰੇ ! ਜਦ ਗੁਰੂ ਤੁਠਾ=ਪ੍ਰਸੰਨ ਹੋਣ, ਤਾਂ ਹਰੀ ਨਾਲ ਮੇਲ ਦਿੰਦੇ ਹਨ, ਇਸ ਲਈ ਤੂੰ ਗੁਰਾਂ ਨੂੰ ਪ੍ਰਸੰਨ ਕਰ॥ ੧ ॥

ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ ॥

ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ ॥

ਹੇ ਮੇਰੇ ਪਿਆਰੇ ! ਮੈਂ ਪ੍ਰੇਮ ਨੂੰ ਨਹੀਂ ਚਾਖਿਆ=ਧਾਰਣਾ ਕੀਤਾ, ਜੋ ਭਾਉ ਕਰੇ=ਗਿਆਨ ਦੀ ਪ੍ਰਾਪਤੀ ਕਰਨ ਵਾਲਾ ਹੈ। ਹੇ ਮੇਰੇ ਪਿਆਰੇ ! ਮਨ ਦੀ ਤ੍ਰਿਸ਼ਨਾ ਰੂਪ ਅੱਗ ਨਹੀਂ ਬੁਝਦੀ, ਇਸੀ ਤੇ ਇਹ ਮਨ ਨਿਤਾਪ੍ਰਤੀ ਪਦਾਰਥਾਂ ਦੀ ਆਸਾ ਕਰਦਾ ਹੈ।

ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥

ਹੇ ਮੇਰੇ ਪਿਆਰੇ ! ਨਿਤਾਪ੍ਰਤੀ ਪ੍ਰਤੱਖ ਜੋਬਨ, *ਅਥਵਾ*-ਸ਼ੌਂਕ ਅਵਸਥਾ ਰੂਪੀ ਜੋਬਨ ਨਿਸਫਲ ਜਾ ਰਿਹਾ ਹੈ ਤੇ ਜਮ ਮੇਰੇ ਸੁਆਸਾਂ ਨੂੰ ਹਿਰੇ=ਵੇਖ ਰਿਹਾ ਹੈ।

ਹੁਣ ਮਹਾਤਮਾ ਉੱਤਰ ਦਿੰਦੇ ਹਨ-

ਭਾਗ ਮਣੀ ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿ ਧਾਰੇ॥ ੨ ॥

ਹੇ ਮੇਰੇ ਪਿਆਰੇ ਜਗਿਆਸੂ ! ਉਹ ਸ੍ਰੇਸ਼ਟ ਭਾਗਾਂ ਦੀ ਮਣੀ=ਰਤੀ ਵਾਲੀ ਸੋਹਾਗਣਿ ਇਸਤ੍ਰੀ ਹੈ, ਜਿਸ ਨੇ ਹਿਰਦੇ ਵਿਚ ਹਰੀ ਨੂੰ ਧਾਰਿਆ ਹੈ॥ ੨ ॥

[ਪੰਨਾ ੪੫੨]

ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥

ਹੇ ਮੇਰੇ ਪਿਆਰੇ ! ਮੇਰੇ ਨੇਤ੍ਰ ਪਤੀ ਦੇ ਦਰਸ਼ਨ ਨੂੰ ਇਉਂ ਤਦਾਕਾਰ ਹੋ ਕੇ ਤਰਸ ਰਹੇ ਹਨ, ਜਿਵੇਂ ਚਾਤ੍ਰਿਕ=ਪਪੀਹਾ ਸ੍ਵਾਂਤੀ ਬੰਦ ਨੂੰ ਤਰਸਦਾ ਹੈ।

ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ॥

ਹੇ ਮੇਰੇ ਪਿਆਰੇ ! ਹਰੀ ਨਾਮ ਰੂਪੀ ਸ੍ਵਾਂਤੀ ਬੂੰਦ ਨੂੰ ਪੀ ਕੇ ਮੇਰਾ ਮਨ ਸੀਤਲੁ=ਸਾਂਤਿ ਰੂਪ ਹੋਇਆ ਹੈ।

ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ॥

ਹੇ ਮੇਰੇ ਪਿਆਰੇ ! ਤਨ ਵਿਖੇ ਪਰਮਾਤਮਾ ਦਾ ਬਿਰਹੁ=ਵਿਛੋੜਾ ਇਉਂ ਜਗਾਉਂਦਾ ਹੈ, ਜੋ ਕਿਸੀ ਪ੍ਰਕਾਰ (ਸ਼ਾਂਤੀ ਰੂਪ) ਨੀਂਦ ਪੈਂਦੀ ਹੀ ਨਹੀਂ।

ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥ ੩ ॥

ਹੇ ਮੇਰੇ ਪਿਆਰੇ ! ਮੈਂ ਗੁਰਾਂ ਵਿਚ ਲਿਵੈ=ਬਿਰਤੀ ਨੂੰ ਲੱਗਾ ਕੇ ਹਰੀ ਸੱਜਣ ਨੂੰ ਲਧਾ=ਲੱਭ ਲਿਆ ਹੈ। ਜੇਕਰ ਤੈਨੂੰ ਵੀ ਇੱਛਾ ਹੈ ਤਾਂ ਤੂੰ ਵੀ ਗੁਰਾਂ ਦੁਆਰੇ ਲਿਵ ਲਗਾਣਾ ਕਰ॥ ੩ ॥

ਅੱਗੇ ਜਗਿਆਸੂ ਆਖਦਾ ਹੈ, ਕਿ-

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥

ਹੇ ਮੇਰੇ ਪਿਆਰੇ ! ਸਭ ਤੋਂ ਭਲੀ ਜੋ ਮਨੁੱਖਾ ਦੇਹ ਰੂਪੀ ਬਸੰਤ ਰੁਤ ਹੈ, ਉਸ ਵਿਚ ਸ਼ੌਕ ਅਵਸਥਾ ਰੂਪੀ ਚੇਤ ਦਾ ਮਹੀਨਾ ਚੜ੍ਹਿਆ ਹੈ।

ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥

ਹੇ ਮੇਰੇ ਪਿਆਰੇ ! ਪਿਰੀ ਪਰਮਾਤਮਾ ਤੋਂ ਬਿਨਾਂ ਹਿਰਦੇ ਰੂਪ ਆਗਣਿ=ਵਿਹੜੇ ਵਿਚ ਸੰਕਲਪਾਂ ਵਿਕਲਪਾਂ ਰੂਪੀ, *ਅਥਵਾ*-ਕਾਮ ਆਦਿਕਾਂ ਰੂਪੀ ਧੂੜਿ ਲੁਤੇ=ਮਿੱਟੀ ਉੱਡ ਰਹੀ ਹੈ।

ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ ॥

ਹੇ ਮੇਰੇ ਪਿਆਰੇ ! ਮਨ ਵਿਚ ਆਸਾ ਲੱਗ ਰਹੀ ਹੈ ਤੇ ਉਸ ਦੇ ਵਿਜੋਗ ਕਰਕੇ ਮੈਂ ਉਡੀਣੀ=ਉਦਾਸੀਨ,

ਅਥਵਾ-ਦੁਖੀ,

ਅਥਵਾ-ਨਿੰਮੋਝੂਣੀ ਹੋ ਰਹੀ ਹਾਂ, ਮਨ ਬੁੱਧੀ ਰੂਪ ਦੋਨੋਂ ਨੇਤ੍ਰ ਉਸ ਵੱਲ ਜੁਤੇ=ਜੁੜ ਰਹੇ ਹਨ।

ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਪਿਆਰੇ ! ਪੂਰਨ ਗੁਰੂ ਨੂੰ ਦੇਖ ਕੇ ਮੇਰੀ ਬੁੱਧੀ ਇੰਝ ਪ੍ਰਸੰਨ ਹੋਈ ਹੈ, ਜਿਵੇਂ ਮਾਂ ਪੁੱਤਰ ਨੂੰ ਵੇਖ ਕੇ ਪ੍ਰਸੰਨ ਹੁੰਦੀ ਹੈ॥ ੪॥

ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ ॥

ਹੇ ਮੇਰੇ ਪਿਆਰੇ ! ਹਰੀ ਦੀਆਂ ਕਥਾ ਜੋ ਕਹਾਣੀਆ=ਕਹਿਣੇ ਜੋਗ ਹਨ, ਉਹ ਸਤਿਗੁਰਾਂ ਨੇ ਸੁਣਾਈਆਂ ਹਨ।

ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ ॥

ਹੇ ਮੇਰੇ ਪਿਆਰੇ ! ਮੈਂ ਗੁਰਾਂ ਦੇ ਵਿਟੜਿਅਹੁ=ਉਪਰੋਂ ਘੋਲੀ=ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਹਰੀ ਨਾਲ ਮਿਲਾਇਆ ਹੈ।

ਸਭਿ ਆਸਾ ਹਰਿ ਪੂਰੀਆ ਮੇਰੇ ਪਿਆਰੇ ਮਨਿ ਚਿੰਦਿਅੜਾ ਫਲੁ ਪਾਇਆ ॥

ਹੇ ਮੇਰੇ ਪਿਆਰੇ ! ਜਿਸ ਵੇਲੇ ਹਰਿ ਮਨਿ ਚਿੰਦਿਅੜਾ ਫਲੁ ਪਾਇਆ=ਹਰੀ ਰੂਪੀ ਮਨ ਇੱਛ ਫਲ ਪਾਇਆ, ਤਾਂ ਸਭ ਆਸਾਂ ਪੂਰੀਆਂ ਹੋ ਗਈਆਂ।

ਹਰਿ ਤੁਠੜਾ ਮੇਰੇ ਪਿਆਰੇ ਜਨੁ ਨਾਨਕੁ ਨਾਮਿ ਸਮਾਇਆ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਪਿਆਰੇ ! ਜਿਸ ਵੇਲੇ ਹਰੀ ਤੁਠੜਾ=ਪ੍ਰਸੰਨ ਹੋਇਆ, ਤਾਂ ਨਾਮਿ= ਪਰਮਾਤਮਾ ਵਿਚ ਸਮਾਇਆ=ਅਭੇਦ ਹੋਏ॥ ੫ ॥

ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ ॥

ਪਿਆਰੇ ਜੋ ਗੁਰੂ ਹਨ ਉਹਨਾਂ ਤੋਂ ਬਿਨਾਂ ਹਰੀ ਦੇ ਪ੍ਰੇਮ ਵਿਚ ਨਹੀਂ ਖੇਡਿਆ ਜਾਂਦਾ।

ਅਥਵਾ:-ਪਿਆਰੇ ਹਰੀ ਦੇ ਪ੍ਰੇਮ ਤੋਂ ਬਿਨਾਂ ਮੈਂ ਹੋਰ ਖੇਡਾਂ ਨੂੰ ਨਹੀਂ ਖੇਡਦਾ।

ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ ॥

ਅਜਿਹੇ ਗੁਰਾਂ ਨੂੰ ਕਿਵੇਂ ਪਾਵਾਂ ਜਿਸ ਗੁਰੂ ਦੇ ਉਪਦੇਸ਼ ਵਿਚ ਲੱਗਕੇ ਮੈਂ ਪਿਆਰਾ=ਪਰਮੇਸ਼ਰ ਵੇਖਾਂ?

ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ ॥

ਹੇ ਹਰੀ ਦਾਤੇ ! ਕਿਰਪਾ ਕਰਕੇ ਐਹੋ ਜਿਹੇ ਮੁਖੀ ਗੁਰੂ ਨਾਲ ਮੇਲ, ਜਿਸ ਮੁਖੀ ਗੁਰੂ ਦੁਆਰੇ ਮੈਂ ਆਪਣੇ ਆਪ ਨੂੰ ਤੇਰੇ ਨਾਲ ਮੇਲਣਾ ਕਰਾਂ।

ਗੁਰੁ ਨਾਨਕੁ ਪਾਇਆ ਮੇਰੇ ਪਿਆਰੇ
ਧੁਰਿ ਮਸਤਕਿ ਲੇਖੁ ਸਾ ॥ ੬ ॥ ੧੪ ॥ ੨੧ ॥

ਸ੍ਰੀ ਗੁਰੂ ਰਾਮਦਾਸ ਜੀ ਕਥਨ ਕਰਦੇ ਹਨ-ਧੁਰ ਤੋਂ ਹੀ ਮੱਥੇ 'ਪਰ ਸ੍ਰੇਸ਼ਟ ਲੇਖ ਲਿਖਿਆ ਹੋਇਆ ਸਾ=ਸੀ, ਤਾਂ ਹੀ ਹੇ ਮੇਰੇ ਪਿਆਰੇ ! ਪੂਰੇ ਗੁਰੂ ਨੂੰ ਪਾਉਣਾ ਕੀਤਾ॥ ੬॥

੧ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਮਹਲਾ ੫ ਛੰਤ ਘਰੁ ੧॥

ਪਹਿਲਾ ਅਰਥ ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ ਕਰਨਾ।

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥

ਜਿਸ ਵੇਲੇ ਉਸ ਰਾਮ ਪ੍ਰਭੂ ਨੂੰ ਮੈਂ ਵੇਖਿਆ, ਤਾਂ ਘਣਾ ਅਨੰਦ ਹੀ ਅਨੰਦ ਹੋਇਆ। *ਅਥਵਾ:*-ਅਨੰਦਾਂ ਵਿਚੋਂ ਘਣਾ-ਸ੍ਰੇਸ਼ਟ ਅਨੰਦ ਹੋਇਆ। *ਅਥਵਾ:*-ਸੋ ਰਾਮ ਪ੍ਰਭੂ ਜੋ ਅਨੰਦ ਰੂਪ ਹੈ, ਉਸ ਨੂੰ ਜਦ ਵੇਖਿਆ ਤਾਂ ਘਣਾ ਅਨੰਦ ਹੋਇਆ।

ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥

ਹਰੀ ਰਾਮ ਰੂਪੀ ਮਿੱਠੇ ਰਸ ਨੂੰ ਮੈਂ ਚੱਖਣਾ ਕੀਤਾ, ਮੈਂ ਚੱਖਣਾ ਕੀਤਾ। *ਅਥਵਾ:*-ਹਰੀ ਰਾਮ ਰੂਪੀ ਮਿੱਠੇ ਰਸ ਨੂੰ ਜਿਨ੍ਹਾਂ ਨੇ ਚੱਖਿਆ ਹੈ, ਉਹਨਾਂ ਦੁਆਰੇ ਮੈਂ ਚੱਖਣਾ ਕੀਤਾ।

ਅਥਵਾ:-ਚੱਖਣੇ ਜੋਗ ਹਰੀ ਰਾਮ ਰੂਪ ਮਿੱਠੇ ਰਸ ਨੂੰ ਮੈਂ ਚੱਖਣਾ ਕੀਤਾ। *ਅਥਵਾ:*-ਚੱਖਣੇ ਵਾਲਾ ਹੋ ਕੇ ਚੱਖਿਆ। *ਅਥਵਾ:*-ਜੋ ਚਖੁ=ਨੇਤ੍ਰ ਆਦਿਕ ਇਦ੍ਰੀਆਂ ਵਿਚ ਅੜਿਆ ਹੋਇਆ ਹੈ, ਉਸ ਹਰੀ ਰਾਮ ਰੂਪ ਮਿੱਠੇ ਰਸ ਨੂੰ ਮੈਂ ਚੱਖਣਾ ਕੀਤਾ।

ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥

ਜਿਸ ਵੇਲੇ ਸਤਿਗੁਰੁ ਤੂਠਾ=ਪ੍ਰਸੰਨ ਹੋਏ ਤੇ ਹਰੀ ਨਾਮ ਰੂਪੀ ਮਿੱਠਾ ਰਸ ਮਨ ਵਿਚ ਵਸਿਆ ਤਾਂ ਸਹਜੁ=ਗਿਆਨ ਹੋ ਗਿਆ।

ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ॥

ਜਿਸ ਵੇਲੇ ਮੰਗਲੁ=ਜਸ ਕੀਤਾ ਤੇ ਪੰਜ ਕਾਮ ਆਦਿਕ ਦੁਸ਼ਟਾਂ ਦਾ ਜੋ ਸਮੁਦਾਅ ਸੀ ਓਹ ਦੌੜ ਗਿਆ ਤਾਂ ਗ੍ਰਿਹੁ ਵਸਿ ਆਇਆ=ਘਰ ਵਾਲਾ ਪਤੀ ਪਰਮਾਤਮਾ ਵਸੀਕਾਰ ਹੋ ਆਇਆ।

ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ॥

ਨਾਮ ਰੂਪ ਅੰਮ੍ਰਿਤ ਬਾਣੀ ਕਰਕੇ ਮਨ ਸੀਤਲ ਹੋ ਕੇ ਆਘਾਣੇ=ਰੱਜ ਗਿਆ, ਕਦ ? *ਉੱਤਰ*-ਜਿਸ ਵੇਲੇ ਸੰਤ ਸਜਣ ਬਸੀਠਾ=ਵਕੀਲ ਹੋਏ।

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਹਰੀ ਨਾਲ ਮਨ ਮੰਨਿਆਂ ਗਿਆ, ਤਾਂ ਉਸ ਪ੍ਰਭੂ ਨੂੰ ਸ਼ੁਧ ਬੁੱਧੀ ਰੂਪ ਨੇਤ੍ਰਾਂ ਨਾਲ ਵੇਖਣਾ ਕੀਤਾ। *ਅਥਵਾ:*-ਉਹ ਪ੍ਰਭੂ ਜੋ ਨੈਣੀ=ਨਿਯੰਤਾ (ਪ੍ਰੇਰਕ) ਹੈ, *ਅਥਵਾ:*-ਨੇਤਰਾਂ ਵਾਲਾ ਹੈ, ਉਸ ਨੂੰ ਵੇਖਣਾ ਕੀਤਾ ॥ ੧॥

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ॥

ਮੇਰੇ ਰਾਮ ਸਰੂਪ ਗੁਰਾਂ ਦੀ ਪ੍ਰਾਪਤੀ ਕਰਨ ਵਾਲੇ ਬੰਕ ਦੁਆਰੇ=ਸੁੰਦਰ ਦਰਸ਼ਨੀ ਦਰਵਾਜ਼ੇ ਸੋਭਨੀਕ ਹੋਏ, ਸੋਭਨੀਕ ਹੋਏ। *ਅਥਵਾ:*-ਰਾਮ ਦੀ ਪ੍ਰਾਪਤੀ ਹੋਣ ਕਰਕੇ ਮੇਰੇ ਪ੍ਰਤੱਖ ਸੁੰਦਰ ਦਰਵਾਜ਼ੇ ਸੋਭਨੀਕ ਹੋਏ ਸੋਭਨੀਕ ਹੋਏ।

ਅਥਵਾ:-ਮੇਰੇ ਰਾਮ ਦੀ ਪ੍ਰਾਪਤੀ ਹੋਣ ਕਰਕੇ ਇੰਦ੍ਰੀਆਂ ਰੂਪੀ ਸੁੰਦਰ ਦਰਵਾਜ਼ੇ ਸੋਭਨੀਕ ਹੋਏ ਸੋਭਨੀਕ ਹੋਏ। *ਅਥਵਾ:*-ਸਾਧਨਾਂ ਰੂਪੀ ਸੁੰਦਰ ਦਰਵਾਜ਼ੇ ਸੋਭਨੀਕ ਹੋਏ ਸੋਭਨੀਕ ਹੋਏ।

ਅਥਵਾ:-ਜਿਵੇ ਪ੍ਰਤੱਖ ਰਾਜ ਦਰਬਾਰ ਵਿਚ ਸੁੰਦਰ ਦਰਵਾਜ਼ੇ ਸੋਭਨੀਕ ਹੁੰਦੇ ਹਨ, ਇਵੇਂ ਹੀ ਰਾਮ ਦੀ ਪ੍ਰਾਪਤੀ ਕਰਨ ਵਾਲੇ ਇੰਦ੍ਰੀਆਂ ਰੂਪੀ ਸੁੰਦਰ ਦਰਵਾਜ਼ੇ ਸੋਭਨੀਕ ਹੋਏ।

ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥

ਮੇਰੇ ਰਾਮ ਪਿਆਰੇ ਦੇ ਜੋ ਸੰਤ ਹਨ, ਉਹ ਮੇਰੇ ਘਰ ਵਿਚ ਪ੍ਰਾਹੁਣੇ ਆਏ ਪ੍ਰਾਹੁਣੇ ਆਏ।

ਅਥਵਾ:-ਪ੍ਰਾਹੁਣਿਆਂ ਵਿਚੋਂ ਮੇਰੇ ਰਾਮ ਪਿਆਰੇ ਦੇ ਜੋ ਸੰਤ ਹਨ, ਉਹ ਪ੍ਰਾਹੁਣੇ ਆਏ।

ਅਥਵਾ:-ਮੇਰੇ ਰਾਮ ਪਿਆਰੇ ਦੇ ਜੋ ਸੰਤ ਹਨ ਪਾਹੁਨੜੇ=ਪੂੰਜਨੀਕ, ਉਹ ਮੇਰੇ ਘਰ ਵਿਚ ਪ੍ਰਾਹੁਣੇ ਆਏ।

ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ ॥

ਪਿਆਰੇ ਪਰਮਾਤਮਾ ਦੇ ਸੰਤ ਹੀ ਮੁਕਤੀ ਰੂਪ ਕਾਰਜ ਨੂੰ ਸਾਰੇ=ਪੂਰਾ ਕਰਦੇ ਹਨ, ਇਸੀ ਤੇ ਨਮਸਕਾਰ ਕਰਕੇ ਸੰਤਾਂ ਦੀ ਸੇਵਾ ਵਿਚ ਲਗਣਾ ਕਰੇ।

ਆਪੇ ਜਾਵੀ ਆਪੇ ਮਾਵੀ ਆਪਿ ਸੁਆਮੀ ਆਪਿ ਦੇਵਾ ॥

ਉਹ ਪਰਮੇਸ਼ਰ ਆਪ ਹੀ ਜਾਵੀ* ਰੂਪ ਹੈ ਆਪ ਹੀ ਮਾਵੀ* ਰੂਪ ਹੈ ਆਪੇ ਆਪ ਦੇਵਾ=ਪ੍ਰਕਾਸ਼ ਰੂਪ ਪਰਮਾਤਮਾ ਸੁਆਮੀ=ਲਾੜਾ ਰੂਪ ਹੈ।

ਅਥਵਾ:-ਉਹ ਪਰਮੇਸ਼ਰ ਆਪ ਹੀ ਜਾਵੀ-ਤਤਵੇਤਾ ਮਹਾਤਮਾ ਰੂਪ ਹੈ। ਆਪ ਹੀ ਮਾਵੀ=ਜਗਿਆਸੂ ਰੂਪ ਹੈ, ਆਪੇ ਆਪ, ਦੇਵਾ=ਪ੍ਰਕਾਸ਼ ਰੂਪ ਬ੍ਰਹਮ ਸੁਆਮੀ ਕਹੀਏ ਲਾੜਾ ਰੂਪ ਹੈ। ਤਤਵੇਤਾ ਮਹਾਤਮਾ ਨੂੰ ਜਾਵੀ ਇਸ ਵਾਸਤੇ ਕਿਹਾ ਹੈ ਕਿਉਂਕਿ ਮਹਾਤਮਾ ਦੁਆਰੇ ਹੀ ਜਗਿਆਸੂ ਰੂਪ ਲੜਕੀ ਦਾ ਪਰਮੇਸ਼ਰ ਰੂਪ ਲਾੜੇ ਨਾਲ ਵਿਆਹ ਹੋਣਾ ਹੈ।

ਅਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ ॥

ਉਹ ਪਰਮੇਸ਼ਰ ਆਪਣੇ ਸੰਸਾਰ ਕਾਰਜ ਨੂੰ ਆਪ ਹੀ ਸਵਾਰਦਾ ਹੈ, ਫਿਰ ਆਪ ਹੀ ਧਾਰਨ=ਮਰਯਾਦਾ ਵਿਚ ਧਾਰਦਾ ਹੈ।

ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪਰਮੇਸ਼ਰ ਪਤੀ ਅੰਤਹ ਕਰਣ ਰੂਪ ਘਰ ਵਿਚ ਆ ਕੇ ਬੈਠਾ ਭਾਵ ਸਾਖਿਆਤਕਾਰ ਹੋਇਆ ਤਾਂ ਸੁੰਦਰ ਇੰਦ੍ਰੀਆਂ ਰੂਪ ਦਰਵਾਜ਼ੇ ਸੋਭਨੀਕ ਹੋਏ॥ ੨॥

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ ॥

ਰਾਮ=ਹੇ ਭਾਈ ਨੌ ਨਿਧੀਆਂ, ਨੌ ਨਿਧੀਆਂ ਮੇਰੇ ਘਰ ਵਿਚ ਆਈਆਂ।

ਅਥਵਾ:-ਰਾਮ ਦੀ ਪ੍ਰਾਪਤੀ ਕਰਨੇ ਵਾਲੀ ਨਵ ਨਿਧੇ=ਨੌਧਾ ਭਗਤੀ ਰੂਪ ਨੌ ਨਿਧੀ ਮੇਰੇ ਘਰ ਵਿਚ ਆਈ।

** ਜਾਵੀ=ਪੁੱਤਰਾਂ ਵਾਲੇ ਹੁੰਦੇ ਹਨ। ਮਾਵੀ=ਧੀ ਵਾਲੇ ਹੁੰਦੇ ਹਨ।*

ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ॥

ਜਦ ਰਾਮ ਦੇ ਨਾਮ ਦਾ ਧਿਆਈ ਹੋਇਆ ਤਾਂ ਮੈਂ ਸਭ ਕੁਝ ਪਾਇਆ, ਸਭ ਕੁਝ ਪਾਇਆ।

ਅਥਵਾ:-ਸਭ ਕੁਝ ਪਦਾਰਥਾਂ ਵਿਚੋਂ ਸਭ ਕੁਝ ਸ਼ੁਭ ਗੁਣਾਂ ਨੂੰ ਪਾਇਆ।

ਅਥਵਾ:-ਰਾਮ ਨਾਮ ਦਾ ਧਿਆਉਣ ਵਾਲਾ ਹੋ ਕੇ ਸਭ ਕੁਝ ਜੋ ਪਦਾਰਥ ਹਨ, ਉਹਨਾਂ ਸਾਰਿਆਂ ਨੂੰ ਕਿਛੁ=ਤੁਛ ਜਾਨਣਾ ਪਾਇਆ।

ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ॥

ਉਸ ਦਾ ਨਾਮ ਧਿਆਉਂਣਾ ਕੀਤਾ, ਜੋ ਸਦਾ ਹੀ ਸਹਾਇਤਾ ਕਰਦਾ ਹੈ, ਫਿਰ ਉਹ ਗੋਵਿੰਦ ਸਹਜ ਸਭਾਈ=ਸ਼ਾਂਤੀ ਸੁਭਾ ਵਾਲਾ ਹੈ।

ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ॥

ਜਿਸ ਵੇਲੇ ਗਿਣਤੀ ਕਰਨੀ ਮਿਟਾਈ, ਤਾਂ ਚੁਰਾਸੀ ਲੱਖ ਜੂਨ ਦੀ ਧਾਈ=ਭੱਜ-ਨੱਸ ਚੁੱਕ ਗਈ, ਇਸੀ ਤੇ ਮਨ ਵਿਚ ਕਦੇ ਚਿੰਦਾ=ਚਿੰਤਾ ਨਹੀਂ ਵਿਆਪਦੀ।

ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ॥

ਅਨਹਦ ਵਾਜੇ=ਇਕ ਰਸ ਨਾਮਾਂ ਰੂਪੀ ਵਾਜੇ ਵੱਜੇ ਤੇ ਗੋਵਿੰਦ ਪਰਮਾਤਮਾ ਗਾਜੇ=ਪਰਗਟ ਹੋਇਆ ਤਾਂ ਜਗਿਆਸੂ ਦੀ ਅਚਰਜ ਸੋਭਾ ਬਣਿ ਆਈ।

ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵ ਨਿਧਿ ਪਾਈ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਇਹ ਨਿਸਚੇ ਕੀਤਾ ਕਿ ਪਿਰੀ ਮੇਰੇ ਅੰਗ-ਸੰਗ ਹੈ ਤਾਂ ਮੈਂ ਨੌ ਨਿਧੀ ਪਾਉਣਾ ਕੀਤੀ॥ ੩॥

[ਪੰਨਾ ੪੫੩]

ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ॥

ਰਾਮ=ਹੇ ਭਾਈ ! ਮੇਰੇ ਭਾਈ=ਮਹਾਂਦੇਵ ਜੀ, ਤੇ ਮੀਤਾ=ਮਿਤ੍ਰ ਬਾਬਾ ਬੁੱਢਾ ਜੀ ਆਦਿਕ ਸਰਸਿਅੜੇ ਸਰਸਿਅੜੇ=ਅਧਿਕ ਤੋਂ ਅਧਿਕ ਹੋਏ, *ਅਥਵਾ:*-ਅਨੰਦ ਵਾਲੇ ਹੋਏ, ਅਨੰਦ ਵਾਲੇ ਹੋਏ। *ਅਥਵਾ:*-ਭਾਈ ਮਹਾਤਮਾਂ ਵੀ ਅਧਿਕ ਹੋਏ, ਮਿੱਤਰ ਸ਼ੁਭ ਗੁਣ ਵੀ ਅਧਿਕ ਹੋਏ।

ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ॥

ਰਾਮ ਸਰੂਪ ਗੁਰਾਂ ਨਾਲ ਮਿਲ ਕੇ ਮੈਂ ਬਿਖਮੋ ਬਿਖਮੁ=ਕਠਨ ਤੋਂ ਕਠਨ ਜੋ ਸੰਸਾਰ ਅਖਾੜਾ ਹੈ, ਉਸ ਨੂੰ ਜਿੱਤ ਲਿਆ। *ਅਥਵਾ:*-ਜਿਸ ਤਰ੍ਹਾਂ ਪ੍ਰਤੱਖ ਅਖਾੜੇ ਕਠਨ ਹੁੰਦੇ ਹਨ। ਇਸੇ ਤਰ੍ਹਾਂ ਕਠਨ ਜੋ ਸੰਸਾਰ ਅਖਾੜਾ ਹੈ, ਉਸ ਨੂੰ ਜਿੱਤ ਲਿਆ।

ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ॥

ਗੁਰਾਂ ਨਾਲ ਮਿਲ ਕੇ ਸੰਸਾਰ ਅਖਾੜੇ ਨੂੰ ਜਿੱਤਣਾ ਕੀਤਾ, ਹਰਿ ਹਰਿ ਨਾਮ ਉਚਾਰਨ ਕੀਤਾ, ਤਾਂ ਪੰਜਾਂ

ਕੋਸ਼ਾਂ ਰੂਪੀ ਭੀਤਾ=ਕੰਧ ਟੁੱਟ ਗਈ ਅਤੇ ਭਰਮ ਰੂਪ ਗੜਾ=ਕਿਲ੍ਹਾ ਵੀ ਟੁੱਟ ਗਿਆ।

ਅਥਵਾ:-ਭਰਮ ਰੂਪੀ ਭੀਤਾ=ਕੰਧ ਤੇ ਅਗਿਆਨ ਰੂਪ ਕਿਲ੍ਹਾ ਟੁੱਟ ਗਿਆ।

ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥

ਬਹੁਤ ਹੀ ਨਿਧਾਨਾ=ਨਿਧੀਆਂ ਦਾ ਖਜ਼ਾਨਾ ਜੋ ਪਰਮਾਤਮਾ ਹੈ, ਉਸ ਨੂੰ ਪਾਉਣਾ ਕੀਤਾ ਅਤੇ ਉਹ ਪਰਮਾਤਮਾ ਆਪ ਹੀ ਮੇਰੀ ਸਾਣਥ=ਸਹਾਇਤਾ ਕਰਨ ਲਈ ਖੜ੍ਹਾ ਹੋਇਆ।

ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥

ਓਹੀ ਪੁਰਸ਼ ਗਿਆਨਵਾਨ ਹੈ, ਓਹੀ ਸਭ ਤੋਂ ਮੁਖੀ ਹੈ, ਜਿਸ ਨੂੰ ਪ੍ਰਭੂ ਨੇ ਆਪਣਾ ਦਾਸ ਕੀਤਾ ਹੈ।

ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਾਂ ਸੁਆਮੀ ਪਰਮਾਤਮਾ ਆਪਣੀ ਵੱਲ ਹੋਇਆ, ਤਾਂ ਹੀ ਸਾਰੇ ਭਾਈ ਮਿੱਤਰ ਸਰਸੇ=ਅਧਿਕ ਅਨੰਦ ਹੋਏ॥ ੪ ॥ ੧ ॥

ਆਸਾ ਮਹਲਾ ੫ ॥

ਅਕਥਾ ਹਰਿ ਅਕਥ ਕਥਾ ਕਿਛੁ ਜਾਇ ਨ ਜਾਣੀ ਰਾਮ ॥

ਹਰੀ ਆਪ ਭੀ ਅਕੱਥ ਹੈ, ਉਸ ਦੀ ਕਥਾ ਵੀ ਅਕੱਥ ਹੈ, ਉਸ ਰਾਮ ਦੀ ਕਥਾ ਕੁਛ ਜਾਣੀ ਨਹੀਂ ਜਾਂਦੀ।

ਸੁਰਿ ਨਰ ਸੁਰਿ ਨਰ ਮੁਨਿ ਜਨ ਸਹਜਿ ਵਖਾਣੀ ਰਾਮ ॥

ਪਿਛੇ ਵੀ ਦੇਵਤਿਆਂ ਮਨੁੱਖਾਂ ਨੇ, ਹੁਣ ਵੀ ਦੇਵਤਿਆਂ ਮਨੁੱਖਾਂ ਨੇ, ਅੱਗੇ ਵੀ ਮੁਨੀ ਜਨਾਂ ਨੇ ਸਹਜਿ=ਸੁਭਾਵਕ ਹੀ ਰਾਮ ਦੀ ਕਥਾ ਕਥਨ ਕੀਤੀ ਹੈ। *ਅਥਵਾ:*-ਸੁਰਾਂ ਦੇ ਸੁਰ ਇੰਦਰ,

ਅਥਵਾ:-ਬ੍ਰਹਸਪਤੀ, ਨਰਾਂ ਦੇ ਨਰ ਬ੍ਰਹਮਾ, *ਅਥਵਾ:*-ਸੰਭੂ ਮੁਨ ਤੇ ਹੋਰ ਮੁਨੀ ਜਨ ਸਭਨਾਂ ਨੇ ਰਾਮ ਦੀ ਕਥਾ ਸਹਜੇ ਕਥਨ ਕੀਤੀ ਹੈ।

ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲ ਰੰਗੁ ਲਾਇਆ ॥

ਗੁਰਮੁਖਾਂ ਨੇ ਸੁਤੇ ਹੀ ਨਾਮ ਅੰਮ੍ਰਿਤ ਬਾਣੀ ਕਥਨ ਕੀਤੀ ਹੈ ਅਤੇ ਗੁਰਾਂ ਦੇ ਚਰਨ ਕਮਲਾਂ ਨਾਲ ਪ੍ਰੇਮ ਲਗਾਇਆ ਹੈ।

ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ ਮਨ ਚਿੰਦਿਆ ਫਲੁ ਪਾਇਆ ॥

ਇਕ ਅਲਖ ਪ੍ਰਭੂ ਨਿਰੰਜਨ ਨੂੰ ਜਪ ਕੇ, ਗੁਰਮੁਖਾਂ ਨੇ ਮਨ ਇੱਛਤ ਫਲ ਪਾਇਆ ਹੈ।

ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥

ਮਾਨ ਮੋਹ ਤੇ ਦੂਜਾ=ਦ੍ਵੈਤ ਭਾ ਆਦੀ ਵਿਕਾਰਾਂ ਦੇ ਤਿਆਗਣ ਕਰਕੇ ਗੁਰਮੁਖਾਂ ਦੀ ਜੋਤੀ ਨਾਲ ਜੋਤ ਸਮਾ ਗਈ ਹੈ।

ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥ ੧ ॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਗੁਰਾਂ ਦੀ ਕਿਰਪਾ ਵਾਲੀ ਜਗਿਆਸੂ ਰੂਪ ਇਸਤ੍ਰੀ ਹਮੇਸ਼ਾਂ ਹਰੀ ਦੇ

ਅਨੰਦ ਨੂੰ ਮਾਣੀ=ਭੋਗਦੀ ਹੈ॥ ੧ ॥

ਹਰਿ ਸੰਤਾ ਹਰਿ ਸੰਤ ਸਜਨ ਮੇਰੇ ਮੀਤ ਸਹਾਈ ਰਾਮ॥

ਹਰੀ ਦੇ ਸੰਤ ਸੱਜਣ, ਹਰੀ ਦੇ ਸੰਤ ਸੱਜਣ ਮੇਰੇ ਰਾਮ ਮਿਤ੍ਰ ਦੀ ਪ੍ਰਾਪਤੀ ਵਿਚ ਸਹਾਇਤਾ ਕਰਨ ਵਾਲੇ ਹਨ। *ਅਥਵਾ:*-ਹਰਿ=ਤਮਾਮ ਦੇਵੀ ਦੇਵਤਿਆਂ ਤੇ ਸੰਤਾਂ ਵਿਚੋਂ, ਹਰੀ ਦੇ ਜੋ ਸੰਤ ਸੱਜਣ ਹਨ ਓਹ ਮੇਰੇ ਰਾਮ ਮਿਤ੍ਰ ਦੀ ਪ੍ਰਾਪਤੀ ਵਿਚ ਸਹਾਇਤਾ ਕਰਨ ਵਾਲੇ ਹਨ।

ਵਡਭਾਗੀ ਵਡਭਾਗੀ ਸਤਸੰਗਤਿ ਪਾਈ ਰਾਮ॥

ਵਡਭਾਗੀਆਂ ਨੇ ਵਡਭਾਗੀਆਂ ਨੇ ਰਾਮ ਦੀ ਸਤਸੰਗਤ ਕਰਨੀ ਪਾਈ ਹੈ।

ਅਥਵਾ:-ਰਾਮ ਦੇ ਜੋ ਵਡਭਾਗੀ ਸੰਤ ਹਨ, ਉਹਨਾਂ ਦੀ ਸਤਸੰਗਤ ਕਰਨੀ ਵਡਭਾਗੀਆਂ ਨੇ ਪਾਈ ਹੈ।

ਵਡਭਾਗੀ ਪਾਏ ਨਾਮੁ ਧਿਆਏ ਲਾਥੇ ਦੂਖ ਸੰਤਾਪੈ॥

ਵਡਭਾਗੀ ਪੁਰਸ਼ ਸਤਸੰਗ ਨੂੰ ਪਾ ਕੇ ਨਾਮ ਧਿਆਉਂਦੇ ਹਨ, ਇਸੀ ਤੇ ਦੁੱਖ ਤੇ ਸੰਤਾਪ=ਝੋਰੇ ਲੱਥ ਜਾਂਦੇ ਹਨ।

ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਆਪੁ ਮਿਟਾਇਆ ਆਪੈ॥

ਗੁਰਾਂ ਦੀ ਚਰਣੀ ਲੱਗੇ, ਤਾਂ ਭ੍ਰਮ ਤੇ ਭੈ ਦੂਰ ਹੋ ਗਏ ਤੇ ਆਪ ਹੀ ਆਪੁ=ਹੰਕਾਰ ਮਿਟਾਇਆ=ਦੂਰ ਕੀਤਾ।

ਕਰਿ ਕਿਰਪਾ ਮੇਲੇ ਪ੍ਰਭਿ ਅਪੁਨੈ ਵਿਛੁੜਿ ਕਤਹਿ ਨ ਜਾਈ॥

ਪ੍ਰਭੂ ਨੇ ਕਿਰਪਾ ਕਰਕੇ ਜਦ ਆਪਣੇ ਨਾਲ ਮੇਲ ਲੀਤਾ, ਤਾਂ ਫਿਰ ਵਿਛੁੜ ਕੇ ਹੋਰ ਕਿਸੇ ਤਰਫ ਨਹੀਂ ਜਾਂਦਾ।

ਬਿਨਵੰਤਿ ਨਾਨਕ ਦਾਸੁ ਤੇਰਾ ਸਦਾ ਹਰਿ ਸਰਣਾਈ॥ ੨ ॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਹੇ ਵਾਹਿਗੁਰੂ ! ਮੈਂ ਤੇਰਾ ਦਾਸ ਹਾਂ, ਹੇ ਹਰੀ ਮੈਂ ਸਦਾ ਹੀ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ ॥ ੨ ॥

ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ॥

ਹੇ ਰਾਮ ! ਤੇਰੇ ਪਿਆਰੇ ਭਗਤ ਹਰ ਇਕ ਦਰਵਾਜ਼ੇ ਵਿਚ, ਹਰ ਇਕ ਦਰਵਾਜ਼ੇ ਵਿਚ ਸੋਭਨੀਕ ਹਨ। *ਅਥਵਾ:*-ਹਰਿ=ਤਮਾਮ ਦਰਵਾਜ਼ਿਆਂ ਵਿਚੋਂ ਹਰੀ ਦੇ ਸਤਸੰਗ ਦਰਵਾਜ਼ੇ ਵਿਚ ਸੋਭਨੀਕ ਹਨ।

ਵਾਰੀ ਤਿਨ ਵਾਰੀ ਜਾਵਾ ਸਦ ਬਲਿਹਾਰੇ ਰਾਮ॥

ਤਿਸ ਰਾਮ ਦੇ ਉਪਰੋ ਕੁਰਬਾਨ ਜਾਂਦਾ ਹਾਂ, ਸਦਾ ਹੀ ਬਲਿਹਾਰ ਜਾਂਦਾ ਹਾਂ।

ਅਥਵਾ:-ਹੰਗਤਾ ਮਮਤਾ ਰੂਪੀ ਵਾਰੀ=ਵਾੜ ਨੂੰ ਵਾਰੀ=ਬਾਲ ਕੇ ਤਿਸ ਰਾਮ ਤੋਂ ਸਦਾ ਬਲਿਹਾਰ ਜਾਂਦਾ ਹਾਂ। *ਅਥਵਾ:*-ਪਦਾਰਥਾਂ ਰੂਪੀ ਵਾਰੀ=ਜਲ ਨੂੰ ਵਾਰੀ=ਵਾਰਨੇ ਕਰਕੇ ਤਿਸ ਰਾਮ ਤੋਂ ਸਦਾ ਬਲਿਹਾਰ ਜਾਂਦਾ ਹਾਂ। *ਅਥਵਾ:*-ਤਿਸ ਰਾਮ ਤੋਂ ਮਨ ਕਰਕੇ ਵੀ ਵਾਰੀ ਬਾਣੀ ਕਰਕੇ ਵੀ ਵਾਰੀ ਅਤੇ ਤਨ ਕਰਕੇ ਵੀ ਸਦਾ ਬਲਿਹਾਰ ਜਾਂਦਾ ਹਾਂ।

ਸਦ ਬਲਿਹਾਰੇ ਕਰਿ ਨਮਸਕਾਰੇ ਜਿਨ ਭੇਟਤ ਪ੍ਰਭੁ ਜਾਤਾ॥
ਘਟਿ ਘਟਿ ਰਵਿ ਰਹਿਆ ਸਭ ਥਾਈ ਪੂਰਨ ਪੁਰਖੁ ਬਿਧਾਤਾ॥

ਉਹਨਾਂ ਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ ਤੇ ਨਮਸਕਾਰ ਕਰਦਾ ਹਾਂ, ਜਿੰਨ੍ਹਾਂ ਗੁਰਾਂ ਨਾਲ ਮਿਲ ਕੇ ਪ੍ਰਭੂ ਨੂੰ ਜਾਣਿਆ ਹੈ। ਉਹ ਪੂਰਨ ਪੁਰਖ ਪਰਮਾਤਮਾ ਬਿਧਾਤਾ=ਫਲ ਬਰ ਦਾਤਾ ਸਭ ਜਗ੍ਹਾਂ ਤੇ ਪੂਰਨ ਹੈ ਅਤੇ ਘਟਾਂ ਘਟਾਂ ਵਿਚ ਰਵ ਰਿਹਾ ਹੈ।

ਗੁਰੁ ਪੂਰਾ ਪਾਇਆ ਨਾਮੁ ਧਿਆਇਆ ਜੂਐ ਜਨਮੁ ਨ ਹਾਰੇ॥
ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ॥ ੩॥

ਜਿਸ ਨੇ ਪੂਰੇ ਗੁਰੂ ਦਾ ਉਪਦੇਸ਼ ਪਾਇਆ ਤੇ ਨਾਮ ਧਿਆਇਆ ਹੈ, ਉਹ ਫਿਰ ਸੰਸਾਰ ਜੂਏ ਵਿਚ ਮਨੁੱਖਾ ਜਨਮ ਨੂੰ ਹਾਰਦਾ ਨਹੀਂ। ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਹੇ ਪ੍ਰਭੂ ! ਅਸੀਂ ਤੇਰੀ ਸ਼ਰਨ ਪਏ ਹਾਂ, ਤੂੰ ਕਿਰਪਾ ਕਰਕੇ ਰੱਖ ਲੈ॥ ੩॥

ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ॥

ਹੇ ਰਾਮ ਪ੍ਰਭੂ ! ਤੇਰੇ ਗੁਣ ਬਿਅੰਤ ਤੋਂ ਬਿਅੰਤ ਹਨ, ਮੈਂ ਕਿਤਨੇ ਕੁ ਗੁਣ ਗਾਵਾਂ।

ਅਥਵਾ:-ਹੇ ਰਾਮ ਬਿਅੰਤ ! ਤੇਰੇ ਗੁਣ ਬਿਅੰਤ ਹਨ, ਮੈਂ ਕਿਤਨੇ ਕੁ ਆਖਾਂ।

ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ॥

ਹੇ ਰਾਮ ! ਤੇਰੇ ਚਰਨਾਂ ਦੀ ਧੂੜੀ ਤੇਰੇ ਚਰਨਾਂ ਦੀ ਧੂੜੀ ਵਡਭਾਗੀ ਪੁਰਸ਼ ਹੀ ਪਾਉਂਦਾ ਹੈ।

ਅਥਵਾ:-ਹੇ ਰਾਮ ਤੇਰੇ ਜੋ ਚਰਨ ਹਨ, ਉਹਨਾਂ ਤੇਰੇ ਚਰਨਾਂ ਦੀ ਧੂੜੀ ਨੂੰ ਵਡਭਾਗੀ ਪੁਰਸ਼ ਹੀ ਪਾਉਂਦਾ ਹੈ। *ਅਥਵਾ:*-ਤੇਰੇ ਚਰਨਾਂ ਦੀ ਅਤੇ ਤੇਰੇ ਚਰਨਾਂ ਨਾਲ ਜੋ ਮਹਾਤਮਾ ਲੱਗੇ ਹਨ, ਉਹਨਾਂ ਦੀ ਧੂੜੀ ਵਡਿਆਂ ਭਾਗਾਂ ਕਰਕੇ ਪਾਈ ਜਾਂਦੀ ਹੈ। *ਅਥਵਾ:*-ਤੇਰੇ ਰਚੇ ਹੋਏ ਜੋ ਚਰਨ=ਵੇਦ ਹਨ, ਉਹਨਾਂ ਵੇਦਾਂ ਵਿਚ ਚਰਨਾ=ਵਿਚਰਨੇ ਵਾਲੇ ਜੋ ਤੇਰੇ ਸੰਤ ਹਨ, ਉਹਨਾਂ ਦੀ ਗਤੀ ਵਡਿਆਂ ਭਾਗਾਂ ਕਰਕੇ ਪਾਈ ਜਾਂਦੀ ਹੈ।

ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ॥

ਹਰੀ ਦੇ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕਰਕੇ ਪਾਪਾਂ ਰੂਪੀ ਮੈਲ ਨੂੰ ਗਵਾਈਏ, ਤਾਂ ਜਨਮ ਮਰਨ ਦੇ ਸਾਰੇ ਦੁੱਖ ਲਾਥੇ=ਲਹਿ ਜਾਂਦੇ ਹਨ।

ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ॥

ਸਰੀਰ ਦੇ ਅੰਦਰ ਬਾਹਰ ਪਰਮੇਸ਼ਰ ਨੂੰ ਸਦਾ ਹਾਜ਼ਰ-ਨਾਜ਼ਰ ਨਿਸਚੇ ਕਰਦਾ ਹੈ ਅਤੇ ਉਸ ਪ੍ਰਭੂ ਨੂੰ ਆਪਣੇ ਅੰਗ-ਸੰਗ ਨਿਸਚੇ ਕਰਦਾ ਹੈ।

ਮਿਟੇ ਦੂਖ ਕਲਿਆਣ ਕੀਰਤਨ ਬਹੁੜਿ ਜੋਨਿ ਨ ਪਾਵਾ॥
ਬਿਨਵੰਤਿ ਨਾਨਕ ਗੁਰ ਸਰਣਿ ਤਰੀਐ ਆਪਣੇ ਪ੍ਰਭ ਭਾਵਾ॥ ੪॥ ੨॥

ਕਲਿਆਣ ਰੂਪ ਪਰਮੇਸ਼ਰ ਦੇ ਕੀਰਤਨ ਕਰਨ ਨਾਲ ਸਭ ਦੁੱਖ ਮਿਟ ਜਾਂਦੇ ਹਨ, ਮੁੜ ਕੇ ਜੂਨੀਆਂ ਵਿਚ

ਨਹੀਂ ਪੈਂਦਾ । ਗੁਰੂ ਜੀ ਉਚਾਰਦੇ ਹਨ-ਗੁਰਾਂ ਦੀ ਸ਼ਰਨ ਲੈਣ ਨਾਲ ਤਰਨਾ ਹੁੰਦਾ ਹੈ ਅਤੇ ਗੁਰ ਸ਼ਰਨ ਕਰਕੇ ਹੀ ਆਪਣੇ ਪ੍ਰਭੂ ਪਰਮਾਤਮਾ ਨੂੰ ਭਾਉਂਦਾ ਹੈ॥ ੪॥ ੨॥

ਆਸਾ ਛੰਤ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ॥

ਸਾਡਾ ਮਨ ਹਰੀ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਕਵਲਾਂ ਵਿਚ ਤਦਾਕਾਰ ਹੋ ਰਿਹਾ ਹੈ, ਇਸ ਲਈ ਹੁਣ ਰਾਮ ਰਾਜੇ ਤੋਂ ਬਿਨਾਂ ਆਨ=ਹੋਰ ਕੁਛ ਪਦਾਰਥ ਭੀ ਮਿੱਠਾ ਨਹੀਂ ਲੱਗਦਾ।

ਮਿਲਿ ਸੰਤਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ॥

ਜਿਸ ਵੇਲੇ ਸੰਤਾਂ ਦੀ ਸੰਗਤ ਵਿਚ ਮਿਲ ਕੇ ਪ੍ਰਭੂ ਨੂੰ ਅਰਾਧਿਆ ਤਾਂ ਹਰੀ ਰਾਮ ਰਾਜੇ ਨੂੰ ਸਭ ਘਟਾਂ ਘਟਾਂ ਵਿਚ ਪਰੀ ਪੂਰਨ ਦੇਖਿਆ।

ਹਰਿ ਘਟਿ ਘਟੇ ਡੀਠਾ ਅੰਮ੍ਰਿਤੁ ਵੂਠਾ ਜਨਮ ਮਰਨ ਦੁਖ ਨਾਠੇ॥

ਨਾਮ ਅੰਮ੍ਰਿਤ ਦੇ ਵੱਸਣ ਨਾਲ ਜਦ ਹਰੀ ਨੂੰ ਘਟਾਂ ਘਟਾਂ ਵਿਚ ਦੇਖਿਆ ਤਾਂ ਜਨਮ ਮਰਨ ਦੇ ਸਾਰੇ ਦੁਖ ਨਾਠੇ=ਨੱਸ ਗਏ।

ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ॥

ਸ਼ੁਭ ਗੁਣਾਂ ਦੀ ਨਿਧੀ ਰੂਪ ਵਾਹਿਗੁਰੂ ਦੇ ਜਸ ਨੂੰ ਗਾਇਆ, ਤਾਂ ਸਾਰਿਆਂ ਦੁੱਖਾਂ ਨੂੰ ਮਿਟਾਇਆ ਅਤੇ ਹਉਮੈ=ਹੰਗਤਾ ਮਮਤਾ ਰੂਪੀ ਗੰਢ ਬਿਨਸੀ=ਨਾਸ ਹੋ ਗਈ।

[ਪੰਨਾ ੪੫੪]

ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ॥

ਪ੍ਰਿਉ=ਪਤੀ ਪਰਮਾਤਮਾ ਦਾ ਇਹ ਸੁਤੇ ਸੁਭਾਵ ਹੈ, ਇਕ ਵਾਰ ਪ੍ਰਾਪਤ ਹੋ ਜਾਵੇ ਤਾਂ ਫਿਰ ਇਸ ਜੀਵ ਨੂੰ ਛੱਡ ਨਹੀਂ ਜਾਂਦਾ।*

ਪਰ ਉਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਜਦ ਮਨ ਵਿਚ ਭਗਤੀ ਰੂਪ ਮਜੀਠਾ ਰੰਗ ਲੱਗ ਜਾਵੇ।

ਹਰਿ ਨਾਨਕ ਬੇਧੇ ਚਰਨ ਕਮਲ ਕਿਛੁ ਆਨ ਨ ਮੀਠਾ॥ ੧॥

ਗੁਰੂ ਜੀ ਕਥਨ ਕਰਦੇ ਹਨ, ਹਰੀ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤ੍ਰ ਚਰਨ ਕਮਲਾਂ ਵਿਚ ਮਨ ਭੌਰਾ ਰੂਪ ਹੋ ਕੇ ਤਦਾਕਾਰ ਹੋਇਆ ਤਾਂ ਫਿਰ ਹੋਰ ਕੁਝ ਵੀ ਮਿੱਠਾ ਨਾ ਲੱਗਾ॥ ੧॥

ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ॥

ਜਿਵੇਂ ਜਲ ਵਿਚ ਮਛੀ ਰਾਤੀ=ਲੀਨ ਹੁੰਦੀ ਹੈ, ਓਵੇਂ ਅਸੀਂ ਵੀ ਰਾਮ ਰਾਜੇ ਦੇ ਰਾਮ ਨਾਮ ਰੂਪੀ ਰਸ ਵਿਚ ਮਾਤੇ=ਮਸਤ ਰਹਿੰਦੇ ਹਾਂ।

---

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥ (ਪੰਨਾ ੨੪੯)

ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ॥

ਪੂਰਿਆਂ ਗੁਰਾਂ ਨੇ ਇਹ ਉਪਦੇਸ਼ ਦੇਣਾ ਕੀਤਾ ਹੈ, ਕਿ ਰਾਮ ਰਾਜੇ ਦਾ ਜੋ ਸਿਮਰਨ ਕਰਨਾ ਹੈ, ਇਸ ਭਾਤੇ=ਤਰ੍ਹਾਂ ਕਰਨ ਨਾਲ ਜੀਵਨ ਗਤਿ=ਜੀਵਨ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ॥

ਜੀਵਨ ਗਤਿ=ਜੀਵਨ ਮੁਕਤੀ ਦੇ ਦੇਣ ਵਾਲਾ ਜੋ ਸੁਆਮੀ ਪਰਮਾਤਮਾ ਹੈ ਅੰਤਰਜਾਮੀ=ਅੰਦਰ ਦੀ ਗਲੱਬਾਤ ਜਾਨਣ ਵਾਲਾ, ਉਸ ਨੇ ਆਪਣੇ ਲੜਿ=ਪੱਲੇ ਨਾਲ ਲੱਗਾ ਲਿਆ ਹੈ।

ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ॥

ਹਰੀ ਰੂਪ ਰਤਨ ਪਦਾਰਥ ਸਾਰੇ ਪੂਰਨ ਤੇ ਪਰਗਟ ਹੈ, ਉਹ ਆਪਣਿਆਂ ਭਗਤਾਂ ਨੂੰ ਛੱਡ ਕੇ ਹੋਰ ਕਿਸੀ ਤਰਫ ਜਾਂਦਾ ਨਹੀਂ ।

ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾ ਕੀ ਮਿਟੈ ਨ ਦਾਤੇ॥

ਉਹ ਪ੍ਰਭੂ ਸੁਘੜ=ਸੁੰਦਰ ਸਰੂਪ ਹੈ, ਪੁਨਾ ਉਹ ਸੁਆਮੀ ਸੁਜਾਨੁ=ਚਤੁਰ ਹੈ, ਉਸ ਦੀ ਦਿੱਤੀ ਹੋਈ ਦਾਤ ਮਿਟਦੀ ਨਹੀਂ, ਅਰਥਾਤ ਮੁੱਕਦੀ ਨਹੀਂ।

ਜਲ ਸੰਗਿ ਰਾਤੀ ਮਾਛੁਲੀ ਨਾਨਕ ਹਰਿ ਮਾਤੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਵੇਂ ਮੱਛੀ ਪਾਣੀ ਨਾਲ ਲੀਨ ਰਹਿੰਦੀ ਹੈ। ਤਿਵੇਂ ਅਸੀਂ ਵੀ ਹਰੀ ਨਾਮ ਵਿਖੇ ਮਾਤੇ=ਮਸਤ ਰਹਿੰਦੇ ਹਾਂ॥ ੨॥

ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ॥

ਜਿਵੇਂ ਚਾਤ੍ਰਿਕ=ਪਪੀਹਾ ਸ੍ਵਾਂਤੀ ਬੂੰਦ ਨੂੰ ਜਾਚੈ=ਮੰਗਦਾ ਹੈ। ਤਿਵੇਂ ਹਰੀ ਰਾਮ ਰਾਜਾ ਮੇਰੇ ਪ੍ਰਾਣਾਂ ਦਾ ਆਸਰਾ ਹੈ, ਅਸੀਂ ਉਸ ਦੇ ਨਾਮ ਨੂੰ ਮੰਗਦੇ ਹਾਂ।

ਮਾਲੁ ਖਜੀਨਾ ਸੁਤ ਭਾਤ੍ਰ ਮੀਤ ਸਭਹੂੰ ਤੇ ਪਿਆਰਾ ਰਾਮ ਰਾਜੇ॥

(ਹਾਥੀ, ਘੋੜੇ ਆਦਿਕ ਜੋ) ਮਾਲ (ਹੈ,) ਖਜੀਨਾ=ਖਜ਼ਾਨਾ ਅਰਥਾਤ ਮਾਇਆ, ਸੁਤ=ਪੁਤ੍ਰ, ਭ੍ਰਾਤ=ਭਰਾ ਅਤੇ ਮਿੱਤ੍ਰ-ਇਹਨਾਂ ਸਾਰਿਆਂ ਨਾਲੋਂ ਰਾਮ ਰਾਜਾ ਪਿਆਰਾ ਲੱਗ ਰਿਹਾ ਹੈ।

ਸਭਹੂੰ ਤੇ ਪਿਆਰਾ ਪੁਰਖੁ ਨਿਰਾਰਾ ਤਾ ਕੀ ਗਤਿ ਨਹੀ ਜਾਣੀਐ॥

ਉਹ ਨਿਰਾਰਾ ਪੁਰਖੁ=ਨਿਰਲੇਪ ਵਾਹਿਗੁਰੂ ਸਾਰਿਆਂ ਤੋਂ ਵੱਧ ਪਿਆਰਾ ਲੱਗ ਰਿਹਾ ਹੈ, ਉਸ ਦੀ ਗਤੀ ਕੁਝ ਜਾਣੀ ਨਹੀਂ ਜਾਂਦੀ।

ਯਥਾ:- ਹਰਿ ਕੀ ਗਤਿ ਨਹਿ ਕੋਊ ਜਾਨੈ॥ *(ਪੰਨਾ ੫੩੭)*

ਹਰਿ ਸਾਸਿ ਗਿਰਾਸਿ ਨ ਬਿਸਰੈ ਕਬਹੂੰ ਗੁਰ ਸਬਦੀ ਰੰਗੁ ਮਾਣੀਐ॥

ਸਵਾਸ ਲੈਂਦਿਆਂ, ਗਿਰਾਸਿ=ਭੋਜਨ ਖਾਂਦਿਆਂ ਉਹ ਹਰੀ ਕਦੇ ਭੁਲਦਾ ਨਹੀਂ, ਗੁਰ ਉਪਦੇਸ਼ ਦੁਆਰਾ

ਅਸੀਂ ਉਸ ਦੇ ਰੰਗੁ ਮਾਣੀਐ=ਅਨੰਦ ਨੂੰ ਭੋਗਦੇ ਹਾਂ।

ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥

ਪ੍ਰਭੂ ਜੋ ਜਗਜੀਵਨ ਪੁਰਖ ਹੈ, ਸੰਤ ਉਸ ਦੇ ਨਾਮ-ਰਸ ਨੂੰ ਪੀਂਦੇ ਹਨ, ਵਾਹਿਗੁਰੂ ਵਾਹਿਗੁਰੂ ਨਾਮ ਜਪ ਕੇ-ਪੰਜ ਪ੍ਰਕਾਰ ਦੇ ਭਰਮ, ਸੰਬੰਧੀਆਂ ਦੇ ਮੋਹ ਅਤੇ ਸਰੀਰਕ ਦੁੱਖਾਂ ਨੂੰ ਡਾਰਾ=ਅਭਾਵ ਕੀਤਾ ਹੈ।

ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥ ੩ ॥

ਜਿਵੇਂ ਚਾਤ੍ਰਿਕ=ਪਪੀਹਾ ਸ੍ਵਾਂਤੀ ਬੂੰਦ ਨੂੰ ਜਾਚੈ=ਮੰਗਦਾ ਹੈ, ਤਿਵੇਂ ਮੈਂ ਪਿਆਰੇ ਹਰੀ ਨੂੰ ਮੰਗਦਾ ਹਾਂ ॥ ੩ ॥

ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥

ਨਾਰਾਇਣ ਸਰੂਪ ਆਪਣੇ ਗੁਰੂ ਮਿਲੇ, ਤਾਂ ਰਾਮਰਾਜੇ ਨੇ ਸਾਰੇ ਮਨੋਰਥ ਪੂਰੇ ਕਰ ਦਿੱਤੇ।

ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥

ਰਾਮ ਰਾਜੇ ਦੇ ਸਰੂਪ ਜੋ ਪੂਰਨ ਗੁਰੂ ਹਨ, ਕਾਮ ਆਦਿਕਾਂ ਦੇ ਅਭਾਵ ਕਰਨੇ ਨੂੰ ਸੂਰਬੀਰ ਉਹ ਜਿਸ ਵੇਲੇ ਮਿਲੇ ਤਾਂ ਭਰਮ ਦੀ ਭੀਤਿ=ਕੰਧ ਢਾਠੀ=ਢਹਿ ਗਈ।

ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ ॥

ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ-ਪੂਰਨ ਗੁਰੂ ਪਾਉਣਾ ਕੀਤੇ, ਜੋ ਗੁਰੂ ਸਭ ਨਿਧੀਆਂ ਰਿਧੀਆਂ ਦੇ ਦਾਤੇ, ਅਤੇ ਦੀਨ ਦਿਆਲ ਹਨ।

ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥

ਆਦ ਮੱਧ ਅੰਤ ਤਿੰਨਾਂ ਸਮਿਆਂ ਵਿਚ ਉਹ ਪ੍ਰਭੂ ਪੂਰਨ ਹੈ, ਗੁਰੂ ਸਾਹਿਬ ਜੀ ਉਸ ਸੁੰਦਰ ਗੋਪਾਲ ਦਾ ਸਰੂਪ ਹਨ।

ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ ॥

ਪਾਪੀਆਂ ਦੇ ਪਵਿਤ੍ਰ ਕਰਨ ਵਾਲੀ ਜੋ ਸੰਤ ਚਰਨ ਧੂੜ ਹੈ, ਉਸ ਚਰਨ-ਧੂੜੀ ਦੇ ਲੈਣ ਨਾਲ ਅਚੁਤ ਸੁਖ ਦੇ ਬਿਅੰਤ ਅਨੰਦ ਪ੍ਰਾਪਤ ਹੁੰਦੇ ਹਨ।

ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੁ ਪੂਰਾ ॥ ੪ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਨਰਾਇਣ ਹਰੀ ਮਿਲੇ ਤਦ ਮਨ ਦੇ ਸਾਰੇ ਸੰਕਲਪ ਪੂਰੇ ਹੋ ਗਏ। ੪ ॥ ੧ ॥ ੩ ॥

ਆਸਾ ਮਹਲਾ ੫ ਛੰਤ ਘਰੁ ੬ ੧ੴ ਸਤਿਗੁਰ ਪ੍ਰਸਾਦਿ ॥

ਸਲੋਕੁ ॥ ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥

ਜਿਨ੍ਹਾਂ ਉੱਤੇ ਪ੍ਰਭੂ ਕਿਰਪਾਲੂ ਹੋਇਆ ਹੈ, ਉਹ ਪੁਰਸ਼ ਹਰਿ ਹਰਿ ਨਾਮ ਨੂੰ ਆਪ ਜਪ ਦੇ ਤੇ ਹੋਰਨਾਂ ਨੂੰ ਜਪਾਉਂਦੇ ਹਨ।

ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ ਭੇਟਤ ਸਾਧ ਸੰਗਾਤ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਪੁਰਸ਼ਾਂ ਦੀ ਰਾਮ ਨਾਲ ਪ੍ਰੀਤੀ ਲੱਗੀ ਹੈ, ਜੋ ਸੰਤਾਂ ਦੇ ਸੰਗਾਤ=ਨਾਲ

ਮਿਲਦੇ ਹਨ॥ ੧॥

ਛੰਤੁ॥ ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ॥

ਹੇ ਮਨ ! ਹਰੀ ਨਾਲ ਅਜਿਹੀ ਪ੍ਰੀਤੀ ਧਾਰਨਾ ਕਰ, ਜਿਹੋ ਜਿਹੀ ਜਲ ਤੇ ਦੁੱਧ ਦੀ ਆਪਸ ਵਿਚ ਪ੍ਰੀਤੀ ਦੀ ਰੀਤ ਹੈ, ਤੂੰ ਭੀ ਉਸ ਦੀ ਨਿਆਈਂ ਪ੍ਰੀਤੀ ਕਰ।

ਪ੍ਰਸ਼ਨ:-ਦੁੱਧ ਤੇ ਜਲ ਦੀ ਆਪਸ ਵਿਚ ਕਿਵੇਂ ਪ੍ਰੀਤੀ ਹੈ ਆਪ ਕਿਰਪਾ ਕਰਕੇ ਦੱਸੋ ?

ਉੱਤਰ:-ਜਦ ਮਨੁੱਖ ਦੁੱਧ ਲਿਆ ਕੇ ਚੁਲੇ 'ਪਰ ਧਰਦਾ ਹੈ ਤਦ ਅਬ (ਆਬ)=ਪਾਣੀ ਆਪਣੇ ਆਪ ਨੂੰ ਸੁਕਾ ਦੇਂਦਾ ਹੈ, ਪਰ ਦੁਧ ਆਚ ਨਹੀ=ਦੁਧ ਨੂੰ ਆਚ (ਆਂਚ)=ਸੇਕ ਨਹੀਂ ਲੱਗਣ ਦੇਂਦਾ। ਭਾਵ ਦੁੱਧ ਨੂੰ ਸੁੱਕਣ ਨਹੀਂ ਦੇਂਦਾ*। ਇਸੇ ਤਰ੍ਹਾਂ ਤੂੰ ਪਾਣੀ ਬਣ ਤੇ ਪਰਮਾਤਮਾ ਨੂੰ ਦੁੱਧ ਬਣਾ। ਉਸ ਪਰਮਾਤਮਾ ਦੇ ਪਿੱਛੇ ਤੂੰ ਆਪਣੇ ਆਪ ਨੂੰ ਸੁਕਾ ਦੇ। ਭਾਵ ਆਪ ਦੁੱਖ ਸਹਾਰ ਲੈ, ਪਰ ਪਰਮੇਸ਼ਰ ਦੀ ਅਤੇ ਗੁਰੂ ਦੀ ਨਿੰਦਿਆ ਨਾ ਸੁਣ, ਸਗੋਂ ਪਰਮੇਸ਼ਰ ਦੀ ਹਸਤੀ ਨੂੰ ਉਚਿਆਂ ਕਰਨ ਦੀ ਕੋਸ਼ਿਸ਼ ਕਰ।

ਇਸ ਜਗ੍ਹਾਂ ਪਾਣੀ ਤੇ ਦੁੱਧ ਦੀ ਦੋ ਅੰਗੀ ਪ੍ਰੀਤੀ ਹੈ। ਜਿਵੇਂ ਜਲ ਦੀ ਦੁੱਧ ਨਾਲ ਪ੍ਰੀਤੀ ਹੈ। ਤਿਵੇਂ ਦੁੱਧ ਦੀ ਪਾਣੀ ਨਾਲ ਪ੍ਰੀਤੀ ਹੈ। ਜਦ ਪਾਣੀ ਸੁਕ ਜਾਂਦਾ ਹੈ, ਤਦ ਦੁੱਧ ਵਿਚਾਰਦਾ ਹੈ ਕਿ ਇਸ ਅੱਗ ਨੇ ਮੇਰੇ ਮਿੱਤ੍ਰ ਦਾ ਅਭਾਵ ਕਰ ਦਿੱਤਾ ਹੈ। ਹੁਣ ਮੇਰਾ ਧਰਮ ਹੈ ਆਪਣੇ ਮਿੱਤ੍ਰ ਦਾ ਬਦਲਾ ਲੈਣਾ। ਉਸ ਵੇਲੇ ਦੁੱਧ ਉਬਲਕੇ ਅੱਗ ਨੂੰ ਬੁਝਾ ਦੇਂਦਾ ਹੈ।

ਇਸੀ ਪ੍ਰਕਾਰ ਹਰੀ ਦੀ ਭੀ ਭਗਤਾਂ ਨਾਲ ਪ੍ਰੀਤੀ ਹੈ-

ਜਦੋਂ ਭਗਤਾਂ ਨੂੰ ਕੋਈ ਦੁੱਖ ਦੇਂਦਾ ਹੈ, ਤਾਂ ਹਰੀ ਆਪ ਆ ਕੇ ਸਹਾਇਤਾ ਕਰਦਾ ਹੈ।

ਯਥਾ:- ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥ *(ਪੰਨਾ ੪੫੧)*

ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ॥

ਅਬ=ਹੁਣ ਹੋਰ ਦ੍ਰਿਸਟਾਂਤ ਸੁਣੋ:-ਜਿਵੇਂ ਅਲਿ=ਭੌਰਾ ਕਮਲ ਫੁੱਲਾਂ ਵਿਚ ਉਰਝਿਓ=ਫਸ ਰਹਿੰਦਾ ਹੈ, ਕਿਉਂਕਿ ਉਸ ਦੀ ਵਾਸ਼ਨਾ ਵਿਚ ਜੋ ਮਸਤ ਰਹਿੰਦਾ ਹੈ, ਕਮਲ ਫੁੱਲ ਦੀ ਵਾਸ਼ਨਾ ਤੋਂ ਇਕ ਛਿਨ ਮਾਤ੍ਰ ਭੀ ਪਰ੍ਹੇ ਹਟਦਾ ਨਹੀਂ।

ਇਸੀ ਪ੍ਰਕਾਰ ਜਗਿਆਸੂ ਰੂਪ ਭੌਰਾ ਗੁਰੂ ਸਾਹਿਬ ਜੀ ਦੇ ਚਰਨ ਕਮਲਾਂ ਵਿਚ ਮਸਤ ਰਹਿੰਦਾ ਹੈ, ਕਿਉਂਕਿ ਗੁਰੂ ਸਾਹਿਬ ਜੀ ਦੀ ਭਗਤੀ ਜਾਂ ਕੀਰਤੀ ਰੂਪ ਵਾਸ਼ਨਾ ਵਿਚ ਮਸਤ ਰਹਿੰਦਾ ਹੈ। ਗੁਰੂ ਜੀ ਦੀ ਕੀਰਤੀ ਕਰਨੇ ਰੂਪ ਵਾਸ਼ਨਾ ਤੋਂ ਇਕ ਛਿਨ ਮਾਤਰ ਭੀ ਪਰ੍ਹੇ ਹਟਦਾ ਨਹੀਂ।

**ਯਥਾ:-ਰੇ ਮਨ ਐਸੀ ਹਰਿ ਸਿਉ ਪ੍ਰੀਤੀ ਕਰਿ ਜੈਸੀ ਜਲ ਦੁਧ ਹੋਇ॥*
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥ *(ਸਿਰੀਰਾਗੁ ਮ: ੧, ਪੰਨਾ ੬੦)*

ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ॥

ਹਰੀ ਦੀ ਪ੍ਰੀਤੀ ਵਲੋਂ ਇਕ ਛਿਨ ਮਾਤਰ ਭੀ ਦੂਰ ਨਾ ਹੋਈਏ। ਹਰੀ ਦੀ ਪ੍ਰਤੀ ਉਪਰੋਂ ਜਪ ਤਪ ਰੂਪ ਸ਼ਿੰਗਾਰ ਅਤੇ ਹਭਿ=ਸਾਰਿਆਂ ਰਸਾਂ ਨੂੰ ਅਰਪਨਾ ਕਰੋ।

ਜਹ ਦੂਖੁ ਸੁਣੀਐ ਜਮ ਪੰਥੁ ਭਣੀਐ ਤਹ ਸਾਧਸੰਗਿ ਨ ਡਰਪੀਐ॥

ਸ਼ਾਸਤ੍ਰਾਂ ਦੁਆਰੇ ਜਿਸ ਪ੍ਰਲੋਕ ਰਸਤੇ ਦੇ ਦੁੱਖ ਸੁਣਦੇ ਹਾਂ, ਅਜਿਹਾ ਜੋ ਜਮਾਂ ਦਾ ਰਸਤਾ ਬੜਾ ਔਖਾ ਆਖਿਆ ਜਾਂਦਾ ਹੈ, ਸਤਸੰਗਤ ਕਰਨ ਵਾਲਾ ਅਜਿਹੇ ਰਸਤੇ ਵਿਖੇ ਨਾ ਜਾਂਦਾ ਹੈ ਅਤੇ ਨਾ ਹੀ ਇਸ ਰਸਤੇ ਦੇ ਦੁੱਖਾਂ ਨੂੰ ਸੁਣ ਕੇ ਡਰਪੀਐ=ਡਰਦਾ ਹੈ।

ਕਰਿ ਕੀਰਤਿ ਗੋਵਿੰਦ ਗੁਣੀਐ ਸਗਲ ਪ੍ਰਾਛਤ ਦੁਖ ਰਹੇ॥

ਹੇ ਪੁਰਸ਼ਾ ! ਕੀਰਤੀ ਕਰਕੇ ਗੋਬਿੰਦ ਦੇ ਗੁਣਾਂ ਨੂੰ ਗੁਣੀਐ=ਵਿਚਾਰਨਾ ਕਰ ਤਾਂ ਸਾਰੇ ਪ੍ਰਾਛਤ=ਪਾਪ ਅਤੇ ਸਮੂਹ ਦੁਖ ਹਰੇ=ਦੂਰ ਹੋ ਜਾਂਦੇ ਹਨ।

ਕਹੁ ਨਾਨਕ ਛੰਤ ਗੋਵਿੰਦ ਹਰਿ ਕੇ
ਮਨ ਹਰਿ ਸਿਉ ਨੇਹੁ ਕਰੇਹੁ ਐਸੀ ਮਨ ਪ੍ਰੀਤਿ ਹਰੇ॥੧॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਹਰੀ ਗੋਬਿੰਦ ਦੇ ਛੰਤ=ਜਸ=ਕਹੁ ਨੂੰ ਉਚਾਰ। ਸਾਡਾ ਹੁਕਮ ਮੰਨ ਕੇ ਹਰੀ ਨਾਲ ਪ੍ਰੇਮ ਕਰ, ਹੇ ਮਨ ! ਹਰੀ ਵਿਚ ਐਹੋ ਜਿਹੀ ਪ੍ਰੀਤੀ ਕਰ।

ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ॥

ਜਿਹੋ ਜਿਹੀ ਮੱਛੀ ਦੀ ਪਾਣੀ ਨਾਲ ਪ੍ਰੀਤੀ ਹੈ, ਪਾਣੀ ਤੋਂ ਬਿਨਾਂ ਇਕ ਖਿਨ ਮਾਤਰ ਵੀ ਧੀਰਜ ਨਹੀਂ ਕਰਦੀ, ਹੇ ਮਨ ! ਤੂੰ ਭੀ ਹਰੀ ਵਿਚ ਅਜੇਹਾ ਨੇਹੁ=ਪ੍ਰੇਮ ਕਰ।

ਯਥਾ:- ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥ *(ਸਿਰੀਰਾਗੁ ਮਹਲਾ ੧)*

[ਪੰਨਾ ੪੫੫]

ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ॥

ਜਿਸ ਪ੍ਰਕਾਰ ਪਪੀਹੇ ਨੂੰ ਸ੍ਵਾਂਤੀ ਬੂੰਦ ਦੀ ਪਿਆਸ ਹੈ, ਉਹ ਮਿੰਟ ਮਿੰਟ ਮਗਰੋਂ ਸ੍ਵਾਂਤੀ ਬੂੰਦ ਲਈ ਚਵੈ=ਬੋਲਦਾ ਹੈ, ਕਿ ਹੇ ਸੋਭਨੀਕ ਬੱਦਲੋ ! ਤੁਸੀਂ ਸ੍ਵਾਂਤੀ ਬੂੰਦ ਵਰਖੋ। ਪ੍ਰੰਤੂ, ਜੇਕਰ ਇਕ ਸ੍ਵਾਂਤੀ ਬੂੰਦ ਨਾ ਉਪਰੋਂ ਡਿੱਗੇ ਤਾਂ ਉਸ ਦੇ ਭਾਣੇ ਹੋਰ ਵਰਖਾ ਕਿਸ ਕੰਮ ਹੈ। ਇਸੇ ਤਰ੍ਹਾਂ-ਜਗਿਆਸੂ ਰੂਪ ਚਾਤ੍ਰਿਕ ਦੇ ਚਿੱਤ ਵਿਚ ਅਭੇਦ ਬੋਧ ਰੂਪੀ ਸ੍ਵਾਂਤੀ ਬੂੰਦ ਦੀ ਪਿਆਸ ਲੱਗ ਰਹੀ ਹੈ ਤੇ ਖਿਨ ਖਿਨ ਕਾਲ ਮਗਰੋਂ ਚਵੈ=ਬੋਲਦਾ ਹੈ ਕਿ ਹੇ ਗੁਰੂ ਰੂਪ ਬੱਦਲੋ ! ਆਪ ਅਭੇਦ ਬੋਧ ਰੂਪ ਜਲ ਦੀ ਵਰਖਾ ਕਰੋ ਤਾਂ ਗੁਰੂ ਰੂਪੀ ਬੱਦਲ ਸੋਭਨੀਕ ਉਪਦੇਸ਼ ਜਲ ਦੀ ਵਰਖਾ ਕਰਦੇ ਹਨ। ਪ੍ਰੰਤੂ ਜੇਕਰ ਇਕ ਅਭੇਦ ਬੋਧ ਰੂਪ ਸ੍ਵਾਂਤੀ ਬੂੰਦ ਦੀ ਵਰਖਾ ਨਾ ਕਰਨ ਤਾਂ ਉੱਤਮ ਜਗਿਆਸੂ ਰੂਪ ਪਪੀਹੇ ਦੇ ਉਹ ਵਰਖਾ ਕਿਸ ਕੰਮ ਹੈ।

ਯਥਾ:- ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥

(ਸਿਰੀ ਰਾਗੁ ਮਹਲਾ ੧, ਪੰਨਾ ੬੦)

ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ ਅਤਿ ਲਾਈਐ ਚਿਤੁ ਮੁਰਾਰੀ॥

ਹਰੀ ਨਾਲ ਪ੍ਰੀਤੀ ਕਰਦੇ ਹੋਇਆਂ ਇਹ ਮਨ ਉਸ ਨੂੰ ਭੇਟਾ ਕਰ ਦਿਓ ਅਤੇ ਉਸ ਮੁਰਾਰੀ ਵਿਚ ਅਤੇ ਅਤਿ=ਅਤਿਅੰਤ (ਵਿਸ਼ੇਸ਼ ਕਰਕੇ) ਚਿਤ ਨੂੰ ਲਗਾਣਾ ਕਰੋ।

ਮਾਨੁ ਨ ਕੀਜੈ ਸਰਣਿ ਪਰੀਜੈ ਦਰਸਨ ਕਉ ਬਲਿਹਾਰੀ॥

ਮਾਣ ਨਹੀਂ ਕਰਨਾ ਚਾਹੀਦਾ, ਗੁਰਾਂ ਦੀ ਸ਼ਰਨੀ ਪੈ ਕੇ ਉਸ ਦੇ ਦਰਸ਼ਨ ਤੋਂ ਕੁਰਬਾਨ ਜਾਣਾ ਕਰੀਏ।

ਗੁਰ ਸੁਪ੍ਰਸੰਨੇ ਮਿਲੁ ਨਾਹ ਵਿਛੁੰਨੇ ਧਨ ਦੇਦੀ ਸਾਚੁ ਸਨੇਹਾ॥

ਇਹ ਜਗਿਆਸੂ ਰੂਪ ਧਨ=ਇਸਤ੍ਰੀ ਜਿਸ ਸੱਚੇ ਪਰਮੇਸ਼ਰ ਦੀ ਪ੍ਰਾਪਤੀ ਦੇ ਸਨੇਹਾ=ਸੰਦੇਸੇ ਨੂੰ ਦੇਦੀ= ਪੁੱਛਦੀ ਹੈ, ਉਹ ਵਿਛੁੜਿਆ ਹੋਇਆ ਨਾਹ=ਪਤੀ ਤਾਂ ਮਿਲਦਾ ਹੈ, ਜੇਕਰ ਗੁਰੂ ਜੀ ਪ੍ਰਸੰਨ ਹੋਣ।

ਕਹੁ ਨਾਨਕ ਛੰਤ ਅਨੰਤ ਠਾਕੁਰ ਕੇ
ਹਰਿ ਸਿਉ ਕੀਜੈ ਨੇਹਾ ਮਨ ਐਸਾ ਨੇਹੁ ਕਰੇਹੁ॥ ੨॥

ਗੁਰੂ ਜੀ ਕਥਨ ਕਰਦੇ ਹਨ-ਬਿਅੰਤ ਠਾਕੁਰ ਦੇ ਛੰਤ=ਜਸ ਨੂੰ ਕਹੁ ਤੇ ਹਰੀ ਨਾਲ ਨੇਹਾ=ਪ੍ਰੇਮ ਕਰ ਹੇ ਮਨ ! ਤੂੰ ਐਸਾ=ਅਜਿਹਾ ਪ੍ਰੇਮ ਕਰ॥ ੨॥

ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ॥

ਜਿਸ ਪ੍ਰਕਾਰ ਚਕਵੀ ਸੂਰਜ ਨਾਲ ਪ੍ਰੇਮ ਕਰਨਾ ਚਿਤਵਦੀ ਹੈ, ਅਥਵਾ:-ਸੂਰਜ ਵਿਚ ਪ੍ਰੇਮ ਕਰਕੇ ਘਣੀ ਆਸਾ ਨੂੰ ਚਿਤਵਦੀ ਹੈ, ਕਿ ਕਦ ਦਿਨੀਅਰੁ=ਸੂਰਜ ਚੜ੍ਹੇ ਤੇ ਮੈਂ ਆਪਣੇ ਪਤੀ ਚਕਵੇ ਨੂੰ ਦੇਖਾਂ। ਇਸੀ ਪ੍ਰਕਾਰ ਜਗਿਆਸੂ ਰੂਪ ਚਕਵੀ ਦਾ ਗੁਰੂ ਸਾਹਿਬ ਰੂਪੀ ਸੂਰਜ ਨਾਲ ਪਰੇਮ ਹੈ, ਘਣੀ ਆਸਾ ਨੂੰ ਚਿਤਵਦੀ ਹੈ ਕਿ ਕਦ ਗੁਰੂ ਸੂਰਜ ਪ੍ਰਗਟ ਹੋ ਕੇ ਆਪਣੀਆਂ ਉਪਦੇਸ਼ ਰੂਪੀ ਕਿਰਨਾਂ ਫੈਲਾਵੇ ਤੇ ਮੈਂ ਆਪਣੇ ਬ੍ਰਹਮ ਰੂਪ ਚਕਵੇ ਨੂੰ ਦੇਖਾਂ।

ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ॥

ਜਿਵੇਂ ਕੋਇਲ ਅੰਬਾਂ ਦੇ ਬੂਰ ਨੂੰ ਖਾ ਕੇ ਪ੍ਰੀਤੀ ਪੂਰਬਕ ਸੋਭਨੀਕ ਬਾਣੀ ਚਵੈ=ਬੋਲਦੀ ਹੈ।

ਇਸੇ ਤਰ੍ਹਾਂ ਜਗਿਆਸੂ ਰੂਪੀ ਕੋਇਲ ਮਹਾਤਮਾ ਰੂਪੀ ਰਸਾਲ ਬਾਗ ਵਿਚ ਪ੍ਰੀਤੀ ਰੂਪੀ ਬੂਰ ਖਾ ਕੇ ਸੋਭਨੀਕ ਬਚਨ ਬੋਲਦੀ ਹੈ ਤੇ ਮਨ ਕਰਕੇ ਹਰੀ ਵਿਚ ਪਰੇਮ ਨੂੰ ਕਰਦੀ ਹੈ।

ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ ਪਾਹੁਣਿਆ॥

ਹੇ ਭਾਈ ! ਹਰੀ ਨਾਲ ਪ੍ਰੀਤੀ ਕਰ, ਪਦਾਰਥਾਂ ਦਾ ਮਾਨੁ=ਹੰਕਾਰ ਨਾ ਕਰ, ਇਹ ਸਾਰੇ ਜੀਵ ਇਕ ਅਵਸਥਾ ਰੂਪੀ ਰਾਤ ਦੇ ਪ੍ਰਾਹੁਣੇ ਹਨ।

ਅਬ ਕਿਆ ਰੰਗੁ ਲਾਇਓ ਮੋਹੁ ਰਚਾਇਓ ਨਾਗੇ ਆਵਣ ਜਾਵਣਿਆ ॥

ਹੇ ਨੰਗੇ ਔਣ ਜਾਣ ਵਾਲੇ ਪੁਰਖਾ ! ਹੁਣ ਇਸ ਜਗਤ ਵਿਚ ਤੂੰ ਕੀ ਪ੍ਰੇਮ ਲੱਗਾ ਰਿਹਾ ਹੈਂ ਅਤੇ ਮੋਹ ਵਿਚ ਰਚਾਇਓ=ਫਸ ਰਿਹਾ ਹੈਂ ਤੂੰ ਨੰਗਾ ਹੀ ਜੰਮਦਾ ਮਰਦਾ ਰਹੇਂਗਾ।

ਯਥਾ:-ਨਾਂਗੇ ਆਵਨੁ ਨਾਂਗੇ ਜਾਨਾ ॥ ਕੋਇ ਨ ਰਹਿਹੈ ਰਾਜਾ ਰਾਨਾ ॥

(ਭੈਰਉ ਕਬੀਰ, ਪੰਨਾ ੧੧੫੭)

ਤਥਾ:- ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ ॥
ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ ॥

(ਸਾਰੰਗ ਵਾਰ, ਪੰਨਾ ੧੨੪੬)

ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹੁ ਜੁ ਕਿਤੀਐ ॥

ਹੁਣ ਤੂੰ ਥਿਰ ਰੂਪ ਸੰਤਾਂ ਦੇ ਚਰਨਾਂ ਦੀ ਸ਼ਰਨ ਵਿਚ ਪੈਣਾ ਕਰ, ਇਹ ਜੋ ਤੂੰ ਮੋਹ ਧਾਰਨ ਕੀਤਾ ਹੋਇਆ ਹੈ, ਇਹ ਟੁੱਟ ਜਾਏਗਾ।

ਕਹੁ ਨਾਨਕ ਛੰਤ ਦਇਆਲ ਪੁਰਖ ਕੇ
ਮਨ ਹਰਿ ਲਾਇ ਪਰੀਤਿ ਕਬ ਦਿਨੀਅਰੁ ਦੇਖੀਐ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਦਿਆਲੂ ਪੁਰਖ ਦੇ ਛੰਤ=ਜਸ ਨੂੰ ਉਚਾਰਨਾ ਕਰ, ਮਨ ਨੂੰ ਹਰੀ ਦੀ ਪ੍ਰੀਤੀ ਵਿਚ ਲੱਗਾ ਕੇ ਕਦੇ ਤਾਂ ਬ੍ਰਹਮ ਰੂਪ ਦਿਨੀਅਰੁ=ਸੂਰਜ ਨੂੰ ਦੇਖਣਾ ਕਰ ॥ ੩ ॥

ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ
ਮਨ ਐਸੀ ਪ੍ਰੀਤਿ ਕੀਜੈ ॥

ਜਿਸ ਪ੍ਰਕਾਰ ਕੁਰੰਕ=ਹਰਨ ਨਿਸਿ ਕਹੀਏ ਰਾਤ ਨੂੰ ਘੰਡੇ ਹੇੜੇ ਦੇ ਨਾਦ=ਸਬਦ ਨੂੰ ਸ੍ਰਵਣੀ=ਕੰਨਾਂ ਵਿਚ ਸੁਣ ਕੇ ਹੀਉ ਡਿਵੈ=ਹਿਰਦਾ ਦੇ ਦਿੰਦਾ ਹੈ। ਤਿਵੇਂ ਜਗਿਆਸੂ ਰੂਪ ਹਰਨ ਨੂੰ ਵੀ ਚਾਹੀਦੀ ਹੈ ਕਿ ਮਨ ਵਿਚ ਐਸੀ ਪ੍ਰੀਤੀ ਧਾਰਨਾ ਕਰੇ।

ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ ॥

ਜਿਵੇ ਪਤੀਬ੍ਰਤਾ ਧਰਮ ਵਾਲੀ ਜੋ ਤਰੁਣਿ=ਇਸਤ੍ਰੀ ਹੈ, ਉਹ ਪਿਰਹਿ=ਪਤੀ ਦੀ ਸਿਵੈ=ਸੇਵਾ ਵਿਚ ਹੀ ਫਸੀ ਰਹਿੰਦੀ ਹੈ ਅਤੇ ਆਪਣਾ ਮਨ ਪਤੀ ਨੂੰ ਦੇ ਛੱਡਦੀ ਹੈ।

ਅਥਵਾ:-'ਤਰੁਣਿ ਭਤਾਰ' ਦਾ ਇਕੱਠਾ ਅਰਥ ਪਤੀਬ੍ਰਤਾ ਇਸਤ੍ਰੀ ਹੈ। ਜਿਵੇਂ ਤਰੁਣਿ ਭਤਾਰ=ਪਤੀਬ੍ਰਤਾ ਇਸਤ੍ਰੀ ਪਤੀ ਦੀ ਸੇਵਾ ਵਿਚ ਫਸੀ ਰਹਿੰਦੀ ਹੈ। ਇਸੇ ਤਰ੍ਹਾਂ ਇਸ ਮਨ ਨੂੰ ਲਾਲ=ਪਿਆਰੇ ਪਰਮਾਤਮਾ ਵਿਚ ਦੇਣਾ ਕਰੇ।

ਮਨੁ ਲਾਲਹਿ ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ ॥

ਮਨ ਨੂੰ ਲਾਲਹਿ=ਪਿਆਰੇ ਪਰਮਾਤਮਾ ਵਿਚ ਦੇ ਕੇ ਅਭੇਦਤਾ ਦੇ ਅਨੰਦ ਨੂੰ ਭੋਗਣਾ ਕਰੇ ਅਤੇ

ਹਭਿ=ਸਭ ਖ਼ੁਸ਼ੀਆਂ ਦੇ ਰੰਗ ਮਾਣੇ=ਅਨੰਦ ਨੂੰ ਭੋਗਣਾ ਕਰੇ।

ਪ੍ਰਿਉ ਅਪਨਾ ਪਾਇਆ ਰੰਗੁ ਲਾਲੁ ਬਣਾਇਆ
ਅਤਿ ਮਿਲਿਓ ਮਿਤ੍ਰ ਚਿਰਾਣੇ॥

ਲਾਲੁ=ਪ੍ਰੇਮ ਰੂਪੀ ਰੰਗ ਬਣ ਆਇਆ ਤਾਂ ਆਪਣਾ ਪਿਰੁ=ਪਤੀ (ਪਰਮਾਤਮਾ) ਪਾਇਆ, ਚਿਰਾਣੇ=ਚਿਰ ਦਾ ਵਿਛੜਿਆ ਹੋਇਆ ਅਤਿਅੰਤ ਪਿਆਰਾ ਮਿੱਤਰ (ਪਰਮਾਤਮਾ) ਮਿਲ ਪਿਆ।

ਗੁਰੁ ਥੀਆ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ॥

ਜਿਸ ਵੇਲੇ ਗੁਰੂ ਸਾਖੀ=ਉਗਾਹੀ ਦੇਣ ਵਾਲੇ ਹੋਏ, *ਅਥਵਾ*-ਸਿਖਿਆ ਦੇਣ ਵਾਲੇ ਹੋਏ ਤਾਂ ਉਸ ਪਤੀ ਨੂੰ ਅੱਖਾਂ ਨਾਲ ਡਿਠਮੁ=ਦੇਖਣਾ ਕੀਤਾ, ਜਿਸ ਪਿਰੀ ਪਰਮਾਤਮਾ ਵਰਗਾ ਹੋਰ ਕੋਈ ਦੂਜਾ ਨਹੀਂ ਦਿੱਸਦਾ।

ਕਹੁ ਨਾਨਕ ਛੰਤ ਦਇਆਲ ਮੋਹਨ ਕੇ
ਮਨ ਹਰਿ ਚਰਣ ਗਹੀਜੈ ਐਸੀ ਮਨ ਪ੍ਰੀਤਿ ਕੀਜੈ॥ ੪॥ ੧॥ ੪॥

ਗੁਰੂ ਜੀ ਕਥਨ ਕਰਦੇ ਹਨ-ਦਿਆਲੂ ਮੋਹਨ ਦਾ ਛੰਤ=ਜਸ ਉਚਾਰ, ਮੰਨ ਲੈ।

ਅਥਵਾ-ਮਨ ਕਰਕੇ ਹਰੀ ਸਰੂਪ ਗੁਰਾਂ ਦੇ ਚਰਨ ਗਹੀਜੈ=ਫੜ ਲੈ, ਮਨ ਵਿਚ ਅਜੇਹੀ ਪ੍ਰੀਤੀ ਧਾਰਨਾ ਕਰ॥ ੪॥ ੧॥ ੪॥

ਆਸਾ ਮਹਲਾ ੫॥

ਸਲੋਕੁ॥ ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ॥

ਪ੍ਰਤੱਖ ਬਨੁ ਬਨੁ=ਜੰਗਲ ਜੰਗਲ ਨੂੰ ਖੋਜਦੀ ਫਿਰਦੀ ਹਾਂ, *ਅਥਵਾ*-ਤੀਰਥ ਤੀਰਥ ਉੱਤੇ ਖੋਜਦੀ ਫਿਰਦੀ ਹਾਂ ਅਤੇ ਬਹੁਤੇ ਗ੍ਰੰਥ ਵੀ ਅਵਗਾਹਿ=ਵਿਚਾਰ ਕੇ ਹਾਰ ਗਈ ਹਾਂ, ਪ੍ਰੰਤੂ ਉਹ ਪਰਮੇਸ਼ਰ ਮਿਲਿਆ ਨਾ।

ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਸੰਤ ਜਨ ਭੇਟੇ=ਮਿਲੇ ਤਾਂ ਮਨ ਦੇ ਵਿਚੋਂ ਹੀ ਹਰੀ ਨੂੰ ਪਾਉਣਾ ਕੀਤਾ॥ ੧॥

ਛੰਤ॥ ਜਾ ਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ॥

ਜਿਸ ਪਰਮਾਤਮਾ ਨੂੰ ਅਸੰਖ=ਬੇਅੰਤ ਮੁਨੀ ਤੇ ਅਨੇਕਾਂ ਤਪੀ ਲੋਕ ਖੋਜਦੇ ਹਨ।

ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ॥

ਕ੍ਰੋੜਾ ਬ੍ਰਹਮੇ ਜਿਸ ਨੂੰ ਅਰਾਧਦੇ ਹਨ ਅਤੇ ਗਿਆਨੀ ਜਿਸ ਦੇ ਜਾਪ ਨੂੰ ਜਪਦੇ ਹਨ।

ਜਪ ਤਾਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ॥
ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ॥

ਨਿਰੰਜਨਾ=ਮਾਇਆ ਮਲ ਤੋਂ ਰਹਿਤ ਜੋ ਬ੍ਰਹਮ ਹੈ, ਉਸ ਨੂੰ ਮਿਲਣ ਵਾਸਤੇ ਕਈ ਜਪ, ਤਪ, ਸੰਜਮ=ਇੰਦ੍ਰੀਆਂ ਦਾ ਦਮਨ ਅਤੇ ਪੂਜਾ ਆਦਿ ਕਿਰਿਆਂ ਨੂੰ ਕਰਦੇ ਹਨ, ਕਈ ਅਨੇਕ ਤਰ੍ਹਾਂ ਦੇ ਗ੍ਰੰਥਾਂ ਦਾ

ਸੋਧਨ=ਵਿਚਾਰ ਕਰਦੇ ਹਨ, ਕਈ ਅੱਠੇ ਪਹਿਰ ਬੰਦਨਾ=ਨਮਸਕਾਰਾਂ ਹੀ ਕਰਦੇ ਰਹਿੰਦੇ ਹਨ। ਕਈ ਬਸੁਧਾ=ਪ੍ਰਿਥਵੀ ਉੱਤੇ ਗਵਨੁ=ਫਿਰਨਾ ਕਰਦੇ ਹਨ ਅਤੇ ਕਈ ਤੀਰਥਾਂ ਉੱਤੇ ਮਜਨੁ=ਇਸ਼ਨਾਨ ਕਰਦੇ ਹਨ।

ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ ॥

ਮਨੁੱਖ, ਬਨ, ਤਿਨੁ=ਤ੍ਰਿਣ (ਘਾਹ), ਪਸੂ ਤੇ ਪੰਛੀ ਇਹ ਸਾਰੇ ਹੀ ਉਸ ਪਰਮਾਤਮਾ ਨੂੰ ਅਰਾਧਦੇ ਹਨ।

ਦਇਆਲ ਲਾਲ ਗੋਬਿੰਦ ਨਾਨਕ ਮਿਲੁ ਸਾਧਸੰਗਤਿ ਹੋਇ ਗਤੇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਪੁਰਖਾ ! ਲਾਲ=ਪਿਆਰਾ ਜੋ ਗੋਬਿੰਦ ਦਿਆਲੂ ਹੈ, ਉਸ ਦੀ ਗਤੇ=ਪ੍ਰਾਪਤੀ ਸਤਸੰਗਤਿ ਨਾਲ ਮਿਲਣ ਕਰਕੇ ਹੁੰਦੀ ਹੈ॥੧॥

ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥

ਕ੍ਰੋੜਾਂ ਵਿਸ਼ਨੂੰ ਤੇ ਹੋਰ ਅਵਤਾਰ, ਸੰਕਰ=ਮਹਾਂਦੇਵ ਤੇ ਜਟਾਵਾਂਧਾਰੀ ਜੋਗੀ,

*ਅਥਵਾ-*ਅਵਤਾਰਾਂ ਦੇ ਧਾਰਨ ਵਾਲਾ ਵਿਸ਼ਨੂੰ ਕਰੋੜ ਵਾਰੀ ਅਤੇ ਜਟਾਧਾਰੀ ਜੋ ਸੰਕਰ=ਮਹਾਂਦੇਵ ਹੈ।

ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ ॥

ਇਹ ਸਾਰੇ ਮਨ ਤਨ ਦੀ ਅਪਾਰ ਰੁਚੀ (ਪ੍ਰੀਤੀ) ਕਰਕੇ ਤਿਸ ਦਿਆਲੂ ਪਰਮਾਤਮਾ ਨੂੰ ਚਾਹੁੰਦੇ ਹਨ।

ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ ॥

ਉਹ ਗੋਵਿੰਦ ਠਾਕੁਰ ਅਪਾਰ=ਬਿਅੰਤ ਗੁਣਾਂ ਵਾਲਾ ਤੇ ਅ+ਗਮ=ਖੌਫ ਤੋਂ ਰਹਿਤ ਹੈ, ਪੁਨਾ-ਉਹ ਪ੍ਰਭੂ ਸਾਰਿਆਂ ਦਾ ਧਨੀ=ਮਾਲਕ ਸੱਭਨਾਂ ਵਿਚ ਪਰੀਪੂਰਨ ਹੈ।

ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ ॥

ਦੇਵਤਾ, ਸਿੱਧ, ਸ਼ਿਵਾਂ ਦੇ ਗਣ (ਨੰਦੀ ਭ੍ਰਿੰਗੀ ਵਗੈਰਾ) ਅਤੇ ਦੇਵਤਿਆਂ ਦੇ ਗਵੱਈਏ ਗੰਧਰਬ ਸਭ ਉਸ ਪਰਮੇਸ਼ਰ ਨੂੰ ਧਿਆਉਂਦੇ ਹਨ। ਜਖ, ਕਿੰਨਰ ਇਹ ਵੀ ਸਾਰੇ ਉਸ ਦੇ ਗੁਣਾਂ ਨੂੰ ਭਨੀ=ਕਥਨ ਕਰਦੇ ਹਨ।

ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ ॥

ਕਰੋੜਾਂ ਇੰਦਰ ਤੇ ਅਨੇਕਾਂ ਦੇਵਤੇ ਉਸ ਸੁਆਮੀ ਪਰਮਾਤਮਾ ਦੇ ਜੈ ਜੈਕਾਰਿਆਂ ਨੂੰ ਜਪਦੇ ਹਨ।

ਅਨਾਥ ਨਾਥ ਦਇਆਲ ਨਾਨਕ ਸਾਧਸੰਗਤਿ ਮਿਲਿ ਉਧਾਰ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਦਿਆਲੂ ਪਰਮਾਤਮਾ ਅਨਾਥਾਂ ਦਾ ਨਾਥ=ਸੁਆਮੀ ਹੈ, ਜਿਸ ਨੂੰ ਸਤ-ਸੰਗਤ ਵਿਚੋਂ ਮਿਲਿਆ ਹੈ, ਉਸ ਦਾ ਉਧਾਰ=ਤਰਨਾ ਹੁੰਦਾ ਹੈ॥ ੨ ॥

ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ ॥

ਕਰੋੜਾਂ ਦੇਵੀਆਂ ਜਿਸ ਦੀ ਸੇਵਾ ਕਰਦੀਆਂ ਹਨ ਅਤੇ ਲਛਿਮੀ ਵੀ ਅਨੇਕ ਤਰ੍ਹਾਂ ਨਾਲ ਸੇਵਾ ਕਰਦੀ ਹੈ।

[ਪੰਨਾ ੪੫੬]

ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ ॥

ਗੁਪਤ ਰਹਿਣ ਵਾਲੇ ਤੇ ਪ੍ਰਗਟ ਰਹਿਣ ਵਾਲੇ ਸੁਰ ਸਿਧ ਆਦਿਕ ਜਿਸ ਨੂੰ ਆਰਾਧਦੇ ਹਨ,

ਅਥਵਾ:-ਚਿਤ੍ਰ ਗੁਪਤ ਜਿਸ ਪ੍ਰਗਟ ਰੂਪ ਪਰਮੇਸ਼ਰ ਨੂੰ ਅਰਾਧਦੇ ਹਨ, *ਅਥਵਾ:*-ਚਿਤ ਦੀਆਂ ਗੁਪਤ ਗੱਲਾਂ ਨੂੰ ਪ੍ਰਗਟ ਕਰਨ ਵਾਲੇ ਮਹਾਤਮਾ ਜਿਸ ਨੂੰ ਆਰਾਧਦੇ ਹਨ, ਪੌਣ ਪਾਣੀ ਆਦਿਕ ਪੰਜੇ ਤੱਤ ਅਤੇ ਰਾਤ ਦਿਨ ਜਿਸ ਨੂੰ ਆਰਾਧਦੇ ਹਨ।

ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ ॥

ਨਖਿਅਤ੍ਰ=ਤਾਰੇ, ਸਸੀ=ਚੰਦ੍ਰਮਾ ਅਤੇ ਸੂਰ=ਸੂਰਜ ਸਭ ਧਿਆਉਂਦੇ ਹਨ, ਬਸੁਧ=ਪ੍ਰਿਥਵੀ ਅਤੇ ਗਗਨਾਂ=ਅਕਾਸ਼ ਵੀ ਜਿਸ ਦੇ ਜਸ ਨੂੰ ਗਾਂਵਦੇ ਹਨ।

ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ ॥

ਸਾਰੀਆਂ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ), ਸਾਰੀਆਂ ਬਾਣੀਆਂ (ਪਰਾ, ਪਸੰਤੀ, ਮਧਮਾ, ਬੈਖਰੀ) ਇਹ ਸਦਾ ਸਦਾ ਹੀ ਧਿਆਉਂਦੇ ਹਨ, *ਅਥਵਾ:*-ਸਦਾ ਰੂਪ ਪਰਮਾਤਮਾ ਨੂੰ ਸਦਾ ਹੀ ਧਿਆਉਂਦੇ ਹਨ।

ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ ॥

ਸਤਾਈ ਸਿੰਮ੍ਰਿਤੀਆਂ, ਅਠਾਰਾਂ ਪੁਰਾਣ, ਚਤੁਰ=ਚਾਰ ਵੇਦ, ਖਟੁ=ਛੇ ਸ਼ਾਸਤ੍ਰ ਜਿਸ ਨੂੰ ਜਪਦੇ ਹਨ।

ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸਗਿ ਸਾਤਿ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪਤਿਤ ਪਾਵਨ=ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਤੇ ਭਗਤਾਂ ਦਾ ਪਿਆਰਾ ਪ੍ਰਭੂ ਸੰਗਿ ਸਾਤਿ=ਸ਼ਾਂਤ ਆਤਮਾ ਸੰਤਾਂ ਦੇ ਸੰਗ ਵਿਚੋਂ ਮਿਲਦਾ ਹੈ॥ ੩॥

ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ ॥

ਹੇ ਪ੍ਰਭੂ ! ਜਿਤਨੀ-ਕੁ ਸ੍ਰਿਸ਼ਟੀ ਆਪ ਨੇ ਮੈਨੂੰ ਸਮਝਾਈ ਹੈ, ਓਨੀ-ਕੁ ਮੈਂ ਰਸਨਾ ਨਾਲ ਕਹੀ ਹੈ।

ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ ॥

ਮੇਰੇ ਅਨਜਾਣ ਪਨੇ ਵਿਚ ਭਾਵ ਮੇਰੇ ਨਾ ਮਲੂਮ ਪਨੇ ਵਿਚ ਜੋ ਆਪ ਨੂੰ ਸੇਂਵਦੀ ਹੈ, ਤਿਤਨੀ ਸਾਰੀ ਦੀ ਸਾਰੀ ਸ੍ਰਿਸ਼ਟੀ ਮੇਰੇ ਪਾਸੋਂ ਗਿਣੀ ਨਹੀਂ ਜਾਂਦੀ।

ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ ॥

ਜਿਸ ਦੀ ਅਵਿਗਤ=ਪ੍ਰਾਪਤੀ ਬੜੀ ਮੁਸ਼ਕਿਲ ਹੈ, ਜੋ ਅਗਨਤ=ਗਿਣਤੀ ਤੋਂ ਰਹਿਤ ਹੈ ਤੇ ਅਥਾਹ=ਡੂੰਘਾ ਹੈ, ਸਾਰਿਆਂ ਦਾ ਠਾਕੁਰ=ਸੁਆਮੀ ਹੈ, ਸਾਰਿਆਂ ਦੇ ਮੰਝੇ=ਵਿਚ ਹੁੰਦਾ ਹੋਇਆ ਵੀ ਸਭ ਤੋਂ ਬਾਹਰ ਹੈ।

ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸਗੀ ਜਾਹਰਾ ॥

ਸਾਰੇ ਉਸ ਦੇ ਜਾਚਿਕ=ਮੰਗਤੇ ਹਨ, ਇਕ ਓਹੀ ਦਾਤਾ ਹੈ, ਦੂਰ ਨਹੀਂ ਹੈ ਜਾਹਰਾ=ਪ੍ਰਗਟ ਹੀ ਸਾਡਾ ਸੰਗੀ ਹੈ।

ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ॥

ਉਹਨਾਂ ਭਗਤਾਂ ਦੇ ਵਸੀਕਾਰ ਥੀਆ=ਹੋਇਆ ਹੈ, ਜੋ ਜੀਅ ਕਰਕੇ ਉਸ ਨਾਲ ਮਿਲੇ ਹਨ, ਉਸ ਦੀ ਉਪਮਾ ਕਿਸ ਪ੍ਰਕਾਰ ਗਿਣਨਾ ਕਰੀਏ, ਭਾਵ ਉਹ ਬਿਅੰਤ ਹੈ।

ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ॥ ੪॥ ੨॥ ੫॥

ਉਸ ਅੱਗੇ ਇੰਝ ਬੇਨਤੀ ਕਰੋ ਕਿ ਹੇ ਵਾਹਿਗੁਰੂ ! ਮੈਨੂੰ ਇਹੀ ਦਾਨ ਮਾਨ ਪਾਉਣਾ ਕਰੋ ਜੋ ਸੰਤਾਂ ਦੇ ਚਰਨਾਂ 'ਪਰ ਸਿਰ ਨੂੰ ਰੱਖਣਾ ਕਰਾਂ॥ ੪॥ ੨॥ ੫॥

ਆਸਾ ਮਹਲਾ ੫॥

ਸਲੋਕ॥ ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥

ਹੇ ਵਡਭਾਗੀ ਪੁਰਸ਼ੋ ! ਸਰੀਰ ਵਿਚ ਉਦਮ ਕਰਕੇ ਹਰਿ ਹਰਿ ਰਾਜਾ ਨੂੰ ਸਿਮਰਨਾ ਕਰੋ।

ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ॥ ੧॥

ਜਿਸ ਦੇ ਸਿਮਰਨੇ ਕਰਕੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ, ਦੁੱਖ ਜਨ ਦਰਦ, *ਅਥਵਾ*-ਦੁੱਖ ਮਨ ਦਾ, ਦਰਦ ਤਨ ਦਾ ਅਤੇ ਭਰਮ ਦੂਰ ਹੋ ਜਾਂਦਾ ਹੈ॥ ੧॥

ਛੰਤੁ॥ ਨਾਮੁ ਜਪਤ ਗੋਬਿੰਦ ਨਹ ਅਲਸਾਈਐ॥

ਗੋਬਿੰਦ ਦੇ ਨਾਮ ਜਪਣ ਵਿਚ ਆਲਸ ਨਹੀਂ ਕਰਨਾ ਚਾਹੀਦਾ।

ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ॥

ਸੰਤਾਂ ਦੇ ਸੰਗ ਮਿਲਣ ਕਰਕੇ ਜਮ ਪੁਰੀ ਵਿਚ ਨਹੀਂ ਜਾਈਦਾ।

ਦੂਖ ਦਰਦ ਨ ਭਉ ਬਿਆਪੈ ਨਾਮੁ ਸਿਮਰਤ ਸਦ ਸੁਖੀ॥

ਦੁੱਖ ਜਨ ਦਰਦ, *ਅਥਵਾ*-ਦੁੱਖ ਮਨ ਦਾ, ਦਰਦ ਤਨ ਦਾ ਅਤੇ ਡਰ ਕੋਈ ਭੀ ਨਹੀਂ ਬਿਆਪੈ= ਲੱਗਦਾ, ਨਾਮ ਦੇ ਸਿਮਰਨੇ ਕਰਕੇ ਸਦਾ ਆਤਮ ਸੁਖ ਵਿਚ ਸੁਖੀ ਰਹਿੰਦਾ ਹੈ।

ਇਸੇ ਕਰਕੇ-

ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ॥

ਸ੍ਵਾਸ ਸ੍ਵਾਸ ਹਰਿ ਹਰਿ ਨੂੰ ਅਰਾਧਨਾ ਕਰ, ਉਸ ਮੁਖੀ ਪ੍ਰਭੂ ਨੂੰ ਮਨ ਵਿਚ ਧਿਆਉਣਾ ਕਰ, *ਅਥਵਾ*- ਮਨ ਕਰਕੇ ਧਿਆਉਣਾ ਕਰ, ਮੁਖ ਕਰਕੇ ਜਪਣਾ ਕਰ।

ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ ਕਰਿ ਦਇਆ ਸੇਵਾ ਲਾਈਐ॥

ਕਿਰਪਾਲੂ ਤੇ ਦਿਆਲੂ ਰਸਾਲ=ਸੁੰਦਰ, ਗੁਣਾਂ ਦੀ ਨਿਧੀ, ਜੋ ਪਰਮੇਸ਼ਰ ਹੈ, ਦਇਆ ਦੇ ਕਰਨੇ ਵਾਲਾ, ਉਸ ਦੀ ਸੇਵਾ ਵਿਚ ਆਪਣੇ ਆਪ ਨੂੰ ਲਗਾਈਏ। *ਅਥਵਾ*-ਉਹ ਪ੍ਰਭੂ ਦਇਆ ਕਰਕੇ ਗੁਰਾਂ ਦੀ ਸੇਵਾ ਵਿਚ

ਲਾਉਂਦਾ ਹੈ।

ਨਾਨਕੁ ਪਇਅੰਪੈ ਚਰਣ ਜੰਪੈ ਨਾਮੁ ਜਪਤ
ਗੋਬਿੰਦ ਨਹ ਅਲਸਾਈਐ ॥ ੧ ॥

ਗੁਰੂ ਸਾਹਿਬ ਜੀ ਪਇਅੰਪੈ=ਉਚਾਰਦੇ ਹਨ, ਚਰਣ=ਵੇਦਾਂ ਕਰਕੇ ਪ੍ਰਤਿਪਾਦਯ ਜੋ ਪਰਮੇਸ਼ਰ ਹੈ, ਉਸ ਨੂੰ ਜਪਣਾ ਕਰ, *ਅਥਵਾ:*-ਚਰਣ=ਪੂਜਨੀਕ ਪਇ+ਅੰਪੈ=ਆਪਣੇ ਪੀਆ ਪਰਮਾਤਮਾ ਨੂੰ ਜਪਣਾ ਕਰ। ਹੇ ਭਾਈ ! ਗੋਬਿੰਦ ਦੇ ਨਾਮ ਜਪਣ ਵਿਚ ਆਲਸ ਨਾ ਕਰ॥ ੧ ॥

ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥

ਨਿਰੰਜਨ ਦਾ ਨਾਮ ਕੈਸਾ ਹੈ ? ਕਿ ਆਪ ਪਾਵਨ=ਪਵਿੱਤ੍ਰ ਹੈ ਅਤੇ ਪਤਿਤ=ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ।

ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥

ਧੰਨ ਗੁਰੂ ਹੰਨ ਜੋ ਬੁੱਧੀ ਰੂਪੀ ਨੇਤਰਾਂ ਵਿਚ ਗਿਆਨ ਰੂਪੀ ਅੰਜਨਾ=ਸੁਰਮਾਂ ਪਾ ਕੇ ਭਰਮ ਅਤੇ ਅਗਿਆਨ ਰੂਪ ਹਨੇਰੇ ਨੂੰ ਨਾਸ ਕਰ ਦਿੰਦੇ ਹਨ।

ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥

ਜਿਸ ਵੇਲੇ ਗੁਰਾਂ ਨੇ ਬੁੱਧੀ ਰੂਪੀ ਅੱਖਾਂ ਵਿਚ ਪ੍ਰਭੂ ਨਿਰੰਜਨ ਦੇ ਗਿਆਨ ਰੂਪ ਸੁਰਮੇ ਨੂੰ ਪਾਇਆ ਤਾਂ ਜਲਾਂ ਥਲਾਂ ਮਹੀ=ਪ੍ਰਿਥਵੀ ਅਲਿ=ਅਕਾਸ਼ ਵਿਚ ਪਰਮਾਤਮਾ ਨੂੰ ਪਰੀਪੂਰਨ ਜਾਣਿਆਂ।

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥

ਜਿਸ ਦੇ ਹਿਰਦੇ ਵਿਚ ਇਕ ਨਿਮਖ ਮਾਤ੍ਰ ਪ੍ਰਭੂ ਵਸਿਆ=ਸਾਖਿਆਤਕਾਰ ਹੋਇਆ ਹੈ, ਉਸ ਦੇ ਸਾਰੇ ਵਿਸੂਰਿਆ=ਝੋਰੇ ਮਿਟ ਗਏ ਹਨ।

ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥

ਸਾਰਿਆਂ ਦਾ ਡਰ ਨਾਸ ਕਰਨ ਵਾਲਾ ਜੋ ਸਮਰੱਥ ਸੁਆਮੀ ਹੈ, ਉਸ ਦਾ ਬੋਧ=ਜਾਣਨਾ ਬਹੁਤ ਹੀ ਅਗਾਧਿ=ਬਿਅੰਤ ਹੈ।

ਨਾਨਕੁ ਪਇਅੰਪੈ ਚਰਣ ਜੰਪੈ
ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ੨ ॥

ਗੁਰੂ ਜੀ ਪਇਅੰਪੈ=ਉਚਾਰਦੇ ਹਨ-ਚਰਣ=ਵੇਦਾਂ ਕਰਕੇ ਪ੍ਰਤਿਪਾਦਯ ਜੋ ਪਰਮੇਸ਼ਰ ਹੈ, ਉਸ ਨੂੰ ਜਪਣਾ ਕਰ,

ਅਥਵਾ:-ਚਰਣ=ਪੂਜਯ ਪਾਇ+ਅੰਪੈ=ਆਪਣੇ ਪੀਆ ਪਰਮੇਸ਼ਰ ਨੂੰ ਜਪਣਾ ਕਰ। ਨਿਰੰਜਨ ਦਾ ਨਾਮ ਆਪ ਪਵਿੱਤ੍ਰ ਹੈ ਅਤੇ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ॥ ੨ ॥

ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ॥

ਹੇ ਗੋਪਾਲ ਦਿਆਲੂ ਸਰੂਪ ਕਿਰਪਾ ਦੀ ਨਿਧੀ ਅਸੀਂ ਆਪ ਜੀ ਦੀ ਓਟ ਲਈ ਹੈ।

ਮੋਹਿ ਆਸਰ ਤੁਅ ਚਰਨ ਤੁਮਾਰੀ ਸਰਨਿ ਸਿਧੇ॥

ਮੈਨੂੰ ਤੁਅ=ਆਪ ਜੀ ਦੇ ਚਰਨਾਂ ਦਾ ਆਸਰਾ ਹੈ, ਤੁਹਾਡੀ ਸ਼ਰਨ ਲੈਣ ਨਾਲ ਰਿਧੀਆਂ ਸਿੱਧੀਆਂ, *ਅਥਵਾ:*-ਸਿਧੇ=ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਹਰਿ ਚਰਨ ਕਾਰਨ ਕਰਨ ਸੁਆਮੀ ਪਤਿਤ ਉਧਰਨ ਹਰਿ ਹਰੇ॥

ਚਰਨ=ਪੂਜਯ, *ਅਥਵਾ:*-ਵੇਦਾਂ ਕਰਕੇ ਪ੍ਰਤਿਪਾਦਯ ਹਰੀ ਸੁਆਮੀ ਸਭ ਕਾਰਨਾਂ ਦੇ ਕਰਨ ਵਾਲਾ ਹੈ, ਹਰਿ ਹਰਿ ਦਾ ਨਾਮ ਪਾਪੀਆਂ ਦੇ ਤਾਰਨ ਵਾਲਾ ਹੈ।

ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ॥

ਹੇ ਭਵ=ਕਲਿਆਣ ਸਰੂਪ ਪਰਮਾਤਮਾ ਇਸ ਸੰਸਾਰ-ਸਮੁੰਦਰ ਤੋਂ ਉਤਾਰਨਾ ਕਰ,

ਅਥਵਾ:- ਇਹ ਜੋ ਸੰਸਾਰ ਸਮੁੰਦਰ ਭਵ=ਉਤਪਤ ਹੋ ਰਿਹਾ ਹੈ, ਇਸ ਤੋਂ ਉਤਾਰ' ਨਾਮ ਨੂੰ ਸਿਮਰ ਕੇ ਬਹੁਤ ਪੁਰਸ਼ ਤਰ ਗਏ।

ਆਦਿ ਅੰਤਿ ਬੇਅੰਤ ਖੋਜਹਿ ਸੁਨੀ ਉਧਰਨ ਸੰਤਸੰਗ ਬਿਧੇ॥

ਬੇਅੰਤ ਹੀ ਪੁਰਸ਼ ਆਦਿ ਅੰਤਿ=ਸਦਾ ਸਦਾ ਖੋਜਦੇ ਹਨ, ਅਸੀਂ ਇਸ ਸੰਸਾਰ ਤੋਂ ਉਧਰਨ ਦੀ ਵਿਧੀ ਸੁਣੀ ਹੈ ਕਿ ਸੰਤਾਂ ਦਾ ਸੰਗ ਜਿਹੜਾ ਹੈ, ਇਹੀ ਸੰਸਾਰ-ਸਮੁੰਦਰ ਤੋਂ ਤਾਰਨ ਵਾਲਾ ਹੈ।

ਨਾਨਕੁ ਪਇਅੰਪੈ ਚਰਨ ਜੰਪੈ
ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ॥ ੩॥

ਗੁਰੂ ਜੀ ਪਇਅੰਪੈ=ਉਚਾਰਦੇ ਹਨ, ਚਰਨ=ਵੇਦਾਂ ਕਰਕੇ ਪ੍ਰਤਿਪਾਦਯ ਜੋ ਪਰਮੇਸ਼ਰ ਹੈ, ਉਸ ਨੂੰ ਜਪਣਾ ਕਰ, ਅਸੀਂ ਕਿਰਪਾ ਨਿਧੀ ਦਿਆਲੂ ਗੋਪਾਲ ਦੀ ਓਟ ਲਈ ਹੈ॥ ੩॥

ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ॥

ਹਰੀ ਨੇ ਆਪਣਾ ਬਿਰਦੁ=ਧਰਮ ਭਗਤਾਂ ਦਾ ਪਿਆਰਾ ਬਣਾਇਆ ਹੋਇਆ ਹੈ।

ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ॥

ਜਿਥੇ ਜਿਥੇ ਵੀ ਸੰਤ ਭਗਤ ਉਸ ਨੂੰ ਅਰਾਧਦੇ ਹਨ, ਓਥੇ ਓਥੇ ਹੀ ਉਹ ਸੁਰਗੁਣ ਰੂਪ ਧਾਰ ਕੇ ਪਰਗਟ ਹੋ ਆਉਂਦਾ ਹੈ।

ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ॥

ਪ੍ਰਭੂ ਨੇ ਆਪਣੇ ਨਾਲ ਸਮਾਇ=ਮੇਲ ਲਿਆ ਅਤੇ ਸੁਤੇ ਸਿਧ ਭਗਤਾਂ ਦੇ ਕਾਰਜ ਨੂੰ ਸਾਰਿਆ=ਸਵਾਰ ਦਿੱਤਾ, ਭਾਵ ਪੂਰਾ ਕਰ ਦਿੱਤਾ ਹੈ।

ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥

ਅਨੰਦ ਦਾਇਕ ਹਰੀ ਦੇ ਮਹਾਂ ਮੰਗਲ ਰੂਪ ਜਸ ਨੂੰ ਕਰਕੇ ਭਗਤਾਂ ਨੇ ਸਰਬ ਦੁੱਖਾਂ ਨੂੰ ਵਿਸਾਰਿਆ=ਭੁਲਾ ਦਿੱਤਾ ਹੈ।

[ਪੰਨਾ ੪੫੭]

ਚਮਤਕਾਰ ਪ੍ਰਗਾਸੁ ਦਹ ਦਿਸ ਏਕੁ ਤਹ ਦ੍ਰਿਸਟਾਇਆ ॥

ਜਿਸ ਪ੍ਰਮਾਤਮਾ ਦਾ ਦਸੋਂ ਦਿਸ਼ਾਂ ਵਿਚ ਚਮਕਾਰਾ ਹੋ ਰਿਹਾ ਹੈ, ਜਦ ਉਸ ਦਾ ਦਿਲ ਵਿਚ ਪ੍ਰਕਾਸ਼ ਹੋਇਆ ਤਾਂ ਹਰੇਕ ਥਾਂ ਇਕ ਹੀ ਵੇਖਣੇ ਵਿਚ ਆਇਆ।

ਨਾਨਕੁ ਪਇਅੰਪੈ ਚਰਣ ਜੰਪੈ
ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ੪ ॥ ੩ ॥ ੬ ॥

ਗੁਰੂ ਜੀ ਪਇਅੰਪੈ=ਉਚਾਰਦੇ ਹਨ-ਚਰਣ=ਵੇਦਾਂ ਕਰਕੇ ਪ੍ਰਤਿਪਾਦਯ ਜੋ ਪਰਮੇਸ਼ਰ ਹੈ ਉਸ ਨੂੰ ਜਪਣਾ ਕਰ, ਹਰੀ ਨੇ ਆਪਣਾ ਧਰਮ ਭਗਤਾਂ ਦਾ ਪਿਆਰਾ ਬਣਾਇਆ ਹੈ॥ ੪ ॥ ੩ ॥ ੬ ॥

ਆਸਾ ਮਹਲਾ ੫ ॥

ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥

ਸੰਤਾਂ ਦਾ ਸੋਹ·ਗੁ=ਪਤੀ, *ਅਥਵਾ:*-ਅਨੰਦ ਇਸਥਿਤ ਹੈ, ਉਹ ਮਰ ਨਹੀਂ ਜਾਂਦਾ। *ਅਥਵਾ:*-ਨਾ ਮਰਦਾ ਤੇ ਨਾ ਹੀ ਕਿਤੇ ਜਾਂਦਾ ਹੈ।

ਜਾ ਕੈ ਗ੍ਰਿਹਿ ਹਰਿ ਨਾਹੁ ਸੁ ਸਦ ਹੀ ਰਾਵਏ ॥

ਜਿਸਦੇ ਅੰਤਹਕਰਣ ਰੂਪ ਘਰ ਵਿਚ ਹਰੀ ਪਤੀ ਹੈ-ਉਹ ਸਦਾ ਹੀ ਉਸ ਦਾ ਅਨੰਦ-ਰਾਵਏ= ਮਾਣਦਾ ਹੈ।

ਅਵਿਨਾਸੀ ਅਵਿਗਤੁ ਸੋ ਪ੍ਰਭੁ ਸਦਾ ਨਵਤਨੁ ਨਿਰਮਲਾ ॥

ਉਹ ਪ੍ਰਭੂ ਅਵਿਨਾਸੀ=ਨਾਸ ਤੋਂ ਰਹਿਤ ਹੈ, ਅਵਿਗਤੁ=ਕਠਨ ਪ੍ਰਾਪਤੀ ਵਾਲਾ ਹੈ, ਸਦਾ ਹੀ ਨਵਤਨੁ= ਨਵੀਨ ਅਤੇ ਨਿਰਮਲਾ=ਸ਼ੁਧ ਹੈ।

ਨਹ ਦੂਰਿ·ਸਦਾ ਹਦੂਰਿ ਠਾਕੁਰੁ ਦਹ ਦਿਸ ਪੂਰਨੁ ਸਦ ਸਦਾ ॥

ਉਹ ਠਾਕੁਰ ਦੂਰ ਨਹੀਂ ਹੈ ਸਦਾ ਹਾਜ਼ਰ ਨਾਜ਼ਰ ਹੈ, ਦਸੋਂ ਦਿਸ਼ਾਂ ਵਿਚ ਪੂਰਨ ਹੈ ਤੇ ਸਦਾ ਹੀ ਸਦ= ਸ੍ਰੇਸ਼ਟ ਹੈ।

ਪ੍ਰਾਨਪਤਿ ਗਤਿ ਮਤਿ ਜਾ ਤੇ ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥

ਪ੍ਰਾਣਾਂ ਦਾ ਪਤੀ ਜੋ ਪਰਮਾਤਮਾ ਹੈ, ਜਾ ਤੇ=ਜਿਸ ਕਰਕੇ ਆਤਮ ਵਿਸ਼ੈਣੀ ਮਤਿ=ਬੁੱਧੀ ਦੀ ਗਤਿ=ਪ੍ਰਾਪਤੀ ਹੁੰਦੀ ਹੈ, ਉਸ ਪਿਆਰੇ ਪ੍ਰੀਤਮ ਦੀ ਪ੍ਰੀਤੀ ਕਰਨੀ ਭਾਉਂਦੀ ਹੈ।

ਅਥਵਾ:-ਜਾ ਤੇ=ਜਿਨ੍ਹਾਂ ਗੁਰਾਂ ਦੁਆਰੇ ਬੁੱਧੀ ਵਿਚ ਪ੍ਰਾਣਾਂ ਦੇ ਪਤੀ (ਪਰਮਾਤਮਾ) ਦੀ (ਗਤਿ) ਪ੍ਰਾਪਤੀ ਹੁੰਦੀ ਹੈ, ਉਸ ਪਿਆਰੇ ਪ੍ਰੀਤਮ ਨੂੰ ਪ੍ਰੀਤੀ ਵਾਲੇ ਪੁਰਸ਼ ਭਾਉਂਦੇ ਹਨ।

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਬਚਨਾਂ ਦੁਆਰੇ ਪਰਮੇਸ਼ਰ ਨੂੰ ਜਾਣੇ, ਸੰਤਾਂ ਦਾ ਸੋਹਾਗੁ=ਪਤੀ ਪਰਮਾਤਮਾ ਥਿੰਰ ਰੂਪ ਹੈ, ਮਰ ਨਹੀਂ ਜਾਂਦਾ ॥ ੧ ॥

ਜਾ ਕਉ ਰਾਮ ਭਤਾਰੁ ਤਾ ਕੈ ਅਨਦੁ ਘਣਾ ॥
ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ ॥

ਜਿਸ ਨੂੰ ਰਾਮ ਪਤੀ ਮਿਲਿਆ ਹੈ, ਉਸ ਨੂੰ ਘਣਾ ਆਨੰਦ ਪ੍ਰਾਪਤ ਹੋਇਆ ਹੈ। ਉਹ ਜਗਿਆਸੂ ਰੂਪੀ ਨਾਰੀ ਸੁਖਾਂ ਵਾਲੀ ਹੋਈ ਹੈ, ਉਸ ਦੀ ਸੋਭਾ ਪੂਰਨ ਬਣੀ ਹੈ,

ਅਥਵਾ:-ਪੂਰਿ ਬਣਾ=ਪੂਰਨਮਾਸ਼ੀ ਦੇ ਚੰਦ੍ਰਮਾ ਵਾਂਗ ਸੋਲਾਂ ਕਲਾਂ ਸਪੰਨ ਉਸ ਦੀ ਸੋਭਾ ਹੋਈ ਹੈ।

ਮਾਣੁ ਮਹਤੁ ਕਲਿਆਣੁ ਹਰਿ ਜਸੁ ਸੰਗਿ ਸੁਰਜਨੁ ਸੋ ਪ੍ਰਭੂ ॥

ਕਲਿਆਣ ਰੂਪ ਹਰੀ ਦੇ ਜਸ ਕਰਨ ਨਾਲ ਮਾਨ ਸਮਾਨ ਤੇ ਮਹਤੁ=ਮੁਰਾਤਬਾ ਵੱਡਾ ਪ੍ਰਾਪਤ ਹੁੰਦਾ ਹੈ। ਉਹ (ਸੁਰਜਨੁ) ਪ੍ਰਭੂ ਸਦਾ ਸੰਤਾਂ ਦੇ ਅੰਗ-ਸੰਗ ਹੈ।

ਸਰਬ ਸਿਧਿ ਨਵ ਨਿਧਿ ਤਿਤੁ ਗ੍ਰਿਹਿ ਨਹੀ ਊਨਾ ਸਭੁ ਕਛੂ ॥

ਸਾਰੀਆਂ ਸਿਧੀਆਂ ਤੇ ਨੌ ਨਿਧੀਆਂ ਉਸ ਵਾਹਿਗੁਰੂ ਦੇ ਘਰ ਵਿਚ ਹਨ, ਉਸ ਦੇ ਘਰ ਵਿਚ ਕੋਈ ਪਦਾਰਥ ਊਨਾ=ਘਟ ਨਹੀਂ, ਓਥੇ ਸਭ ਕੁਛ ਭਰਪੂਰ ਹੈ।

ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ ॥

ਜਿਸ ਦੀ ਮਿਠੀ ਬਾਣੀ ਪਿਰੀ ਨੇ ਮੰਨੀ ਹੈ, ਤਿਨ੍ਹਾਂ ਦਾ ਸੋਹਾਗੁ=ਅਨੰਦ, ਜਾਂ ਪਤੀ ਥਿਰ ਬਣਿਆ ਹੈ।

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਜਾ ਕੋ ਰਾਮੁ ਭਤਾਰੁ ਤਾ ਕੈ ਅਨਦੁ ਘਣਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਗੁਰਾਂ ਦੇ ਕਹੇ ਹੋਏ ਬਚਨਿ=ਉਪਦੇਸ਼ ਨੂੰ ਜਾਣਦਾ ਹੈ, ਉਸ ਨੂੰ ਰਾਮ ਪਤੀ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨੂੰ ਰਾਮ ਪਤੀ ਦੀ ਪ੍ਰਾਪਤੀ ਹੋਈ ਹੈ, ਉਸ ਨੂੰ ਘਣਾ ਅਨੰਦ ਪ੍ਰਾਪਤ ਹੁੰਦਾ ਹੈ ॥ ੨ ॥

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥
ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥

ਹੇ ਸਖੀ ਆਓ ! ਅਜਿਹੇ ਸੰਤਾਂ ਪਾਸ ਆ ਕੇ ਉਹਨਾਂ ਦੀ ਸੇਵਾ ਵਿਚ ਲੱਗਣਾ ਕਰੀਏ। ਚੱਕੀ ਪੀਸੀਏ, ਚਰਨ ਪਖਾਰਿ=ਧੋਈਏ ਅਤੇ ਮਨ ਵਿਚੋਂ ਆਪੁ=ਹੰਕਾਰ ਨੂੰ ਤਿਆਗੀਏ।

ਅਥਵਾ:-ਚੱਕੀ ਪੀਸੋ=ਸ੍ਰਵਨ, ਮੰਨਨ, ਨਿਧਿਆਸਣ ਕਰੀਏ ਅਤੇ ਜਿਹੜਾ ਪੱਖ ਲੈਣਾ ਹੈ, ਏਹੀ ਚਰਨ ਧੋਣਾ ਕਰੀਏ ਅਤੇ ਦਿਲ ਵਿਚੋਂ ਅਪਣੱਤ ਛੱਡੀਏ।

ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ ॥

ਆਪੁ=ਹੰਕਾਰ ਦੇ ਤਿਆਗਣ ਕਰਕੇ ਸੰਤਾਪੁ=ਦੁੱਖ ਮਿਟ ਜਾਂਦਾ ਹੈ, ਇਸ ਕਰਕੇ ਆਪਣਾ ਆਪ ਨਾ ਜਣਾਈਏ।

ਸ਼ਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ ॥

ਇਹ ਗੱਲ ਮਾਨਿ ਲੀਜੈ=ਮੰਨ ਲਵੋ ਕਿ ਸੰਤਾਂ ਦੀ ਸ਼ਰਨ ਗਹੀਜੈ=ਫੜੋ ਅਤੇ ਜੋ ਵਾਹਿਗੁਰੂ ਕਰੇ ਉਸ ਦਾ ਭਾਣਾ ਮਿੱਠਾ ਕਰਕੇ ਮੰਨੋ, ਤਾਂ ਸੁਖ ਪਾਈਦਾ ਹੈ।

ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ ॥

ਉਦਾਸੀ ਨੂੰ ਤਿਆਗ ਕੇ ਆਪਣੇ ਆਪ ਨੂੰ ਸੰਤਾਂ ਦੇ ਦਾਸਾਂ ਦੀ ਦਾਸੀ ਕਰ, ਹੱਥ ਜੋੜ ਕੇ ਰਾਤ ਦਿਨੇ ਗਿਆਨ ਜਾਗ੍ਰਤ ਵਿਚ ਜਾਗੀਏ।

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਬਚਨਿ=ਉਪਦੇਸ਼ ਨੂੰ ਜਾਣੋ, ਹੇ ਸਖੀ ! ਸੰਤਾਂ ਦੇ ਪਾਸ ਆ ਕੇ ਉਹਨਾਂ ਦੀ ਸੇਵਾ ਵਿਚ ਲੱਗ ਜਾਈਏ ॥ ੩ ॥

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥

ਜਿਸ ਦੇ ਮੱਥੇ ਦੇ ਪੂਰਬਲੇ ਚੰਗੇ ਭਾਗ ਹਨ, ਉਸ ਨੂੰ ਸੇਵਾ ਦੇ ਵਿਚ ਲਗਾਇਆ ਹੈ।

ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥

ਜਿਸ ਨੇ ਸੰਤਾਂ ਦਾ ਸੰਗ ਕਰਨਾ ਪਾਇਆ ਹੈ, ਉਸ ਦੀ ਆਸਾ ਪੂਰਨ ਹੋਈ ਹੈ।

ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥

ਸਤਿਸੰਗ ਦੁਆਰਾ ਹਰੀ ਦੇ ਵਿਚ ਰੰਗਿ=ਪ੍ਰੇਮ ਕਰਕੇ ਜੋ ਪੁਰਸ਼ ਗੋਵਿੰਦ ਦੇ ਸਿਮਰਨ ਵਿਚ ਲੱਗਾ ਹੈ।

ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥

ਉਸ ਪੁਰਸ਼ ਨੇ ਭਰਮ, ਮੋਹ, ਵਿਸ਼ੇ ਵਿਕਾਰ, ਦ੍ਵੈਤ ਭਾ ਆਦਿ ਸਭ ਵਿਕਾਰਾਂ ਨੂੰ ਤਿਆਗਿਆ=ਛੱਡ ਦਿੱਤਾ ਹੈ।

ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥

ਉਸ ਦੇ ਮਨ ਵਿਚ ਸਰੂਪ ਦਾ ਸਹਜੁ=ਗਿਆਨ ਵੂਠਾ=ਵਸ ਗਿਆ ਅਤੇ ਉਸ ਦਾ ਸ਼ਾਂਤੀ ਸੁਭਾ ਹੋ ਗਿਆ ਹੈ, ਜਿਸ ਨੇ ਆਨੰਦ ਦਾਇਕ ਪ੍ਰਭੂ ਦੇ ਮੰਗਲ ਰੂਪ ਗੁਣਾਂ ਨੂੰ ਗਾਉਣਾ ਕੀਤਾ ਹੈ।

ਨਾਨਕੁ ਵਖਾਣੈ ਗੁਰ ਬਚਨਿ ਜਾਣੈ
ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ ੪ ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਉਪਦੇਸ਼ ਨੂੰ ਜਾਨਣਾ ਕਰੇ, ਜਿਸ ਦੇ ਮੱਥੇ ਦੇ ਚੰਗੇ ਭਾਗ ਹਨ, ਉਸ ਨੂੰ ਸੇਵਾ ਦੇ ਵਿਚ ਲਗਾਇਆ ਹੈ॥ ੪ ॥ ੪ ॥੭ ॥

ਆਸਾ ਮਹਲਾ ੫ ॥

ਸਲੋਕੁ ॥ ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥

ਹਰਿ ਹਰਿ ਨਾਮ ਜਪਣੇ ਕਰਕੇ ਜਮਕਾਲੁ=ਜਮਦੂਤ ਇਸ ਨੂੰ ਕੁਛ ਨਹੀਂ ਕਹਿੰਦਾ ।

ਅਥਵਾ- ਜੰਮਣਾ ਤੇ ਕਾਲੁ=ਮਰਨਾ ਕੁਛ ਨਹੀਂ ਕਹਿੰਦਾ, *ਅਥਵਾ-*ਜਮ੍ਹਾ ਹੋਇਆ ਹੋਇਆ ਕਾਲ ਕੁਛ ਨਹੀਂ ਕਹਿੰਦਾ।

ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਣੇ ਕਰਕੇ ਮਨ ਤਨ ਸੁਖੀ ਹੁੰਦਾ ਹੈ ਅਤੇ ਅੰਤ ਸਮੇ ਗੋਪਾਲ ਨਾਲ ਜਾ ਮਿਲਦਾ ਹੈ॥ ੧ ॥

ਛੰਤ ॥ ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ ॥
ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ ॥

ਗੁਰੂ ਜੀ ਕਹਿੰਦੇ ਹਨ ਕਿ-ਹੇ ਭਾਈ ! ਸੰਤਾਂ ਨਾਲ ਮਿਲ ਕੇ, ਹੱਥ ਜੋੜ ਕੇ ਉਨ੍ਹਾਂ ਅੱਗੇ ਇੰਞ ਬੇਨਤੀ ਕਰ ਕਿ ਐ ਮਹਾਂ ਪੁਰਸ਼ੋ ! ਹਰਿ ਹਰਿ ਦਾ ਨਾਮ ਦੇ ਕੇ ਮੈਨੂੰ ਸੰਸਾਰ ਤੋਂ ਤਾਰ ਲਵੋ।

ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ੍ ਦਇਆ ॥

ਆਪ ਦੇ ਚਰਨਾਂ ਨਾਲ ਲੱਗ ਕੇ ਮੈਂ ਹਰੀ ਨਾਮ ਨੂੰ ਮੰਗਦਾ ਹਾਂ, ਤੁਸੀਂ ਹੀ ਦਇਆ ਕਰੋ, ਕਿ ਮੈਂ ਮਾਣ ਤਿਆਗਉ=ਛੱਡ ਦਿਆਂ।

ਕਤਹੂੰ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥

ਹੇ ਕਰੁਣਾ ਮੈ=ਕਿਰਪਾ ਸਰੂਪ ਪ੍ਰਭੂ ਇਹ ਮਇਆ=ਦਇਆ ਕਰ, ਜੋ ਮੈਂ ਹੋਰ ਕਿਸੀ ਤਰਫ ਨਾ ਦੌੜਾਂ ਇਕ ਆਪ ਦੀ ਸ਼ਰਨ ਵਿਚ ਪਵਾਂ।

ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ ॥

ਹੇ ਸਮਰੱਥ ਅਗਥ=ਅਕਥ ਅਪਾਰ ਗੁਣਾਂ ਵਾਲੇ ਨਿਰਮਲ ਸੁਆਮੀ ਮੇਰੀ ਏਹ ਬੇਨਤੀ ਸੁਨਣਾ ਕਰੋ।

ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥ ੧ ॥

ਮੈਂ ਕਰ ਜੋੜਿ=ਹੱਥ ਜੋੜ ਕੇ ਇਹ ਦਾਨ ਮੰਗਦਾ ਹਾਂ ਕਿ ਆਪ ਮੇਰੇ ਜਨਮ ਮਰਨ ਨੂੰ ਨਵਿਰਤ ਕਰ ਲੈਣਾ ਕਰੋ॥ ੧ ॥

[ਪੰਨਾ ੪੫੮]

ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ॥

ਮੈਂ ਅਪਰਾਧਾਂ ਦੇ ਕਰਨ ਵਾਲਾ, ਸ਼ੁਭ ਬੁੱਧੀ ਤੋਂ ਰਹਿਤ, ਗੁਣਾਂ ਤੋਂ ਰਹਿਤ, ਅਨਾਥੁ=ਯਤੀਮ ਅਤੇ ਨੀਚ ਜਾਤੀ ਵਾਲਾ ਹਾਂ।

ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ॥

ਸਠ=ਸ਼ਾਸਤ੍ਰ ਗਿਆਤ ਤੋਂ ਰਹਿਤ ਹਾਂ, ਕਠੋਰੁ=ਕਰੜੀ ਦੁਖਦਾਈ ਬਾਣੀ ਬੋਲਣ ਵਾਲਾ ਹਾਂ, ਉਤਮ ਕੁਲ ਤੋਂ ਰਹਿਤ ਹਾਂ ਅਤੇ ਮੋਹ ਰੂਪੀ ਕੀਚੁ=ਚਿੱਕੜ ਵਿਚ ਮੇਰਾ ਮਨ ਬਿਆਪਤ=ਲੱਗਾ ਹੋਇਆ ਹੈ।

ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ॥

ਭਰਮ ਕਰਕੇ ਮਲ ਰੂਪ ਜੋ ਕਰਮ ਹਨ, ਉਹਨਾਂ ਨੂੰ ਹੰਗਤਾ ਮਮਤਾ ਦੇ ਸਹਿਤ ਹੋ ਕੇ ਕਰਦਾ ਹਾਂ, ਇਸੀ ਤੇ ਮਰਨਾ ਯਾਦ ਨਹੀਂ ਆਉਂਦਾ।

ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ॥

ਬਨਿਤਾ ਬਿਨੋਦ=ਇਸਤ੍ਰੀ ਦੇ ਕੌਤਕਾਂ ਵਿਚ ਅਤੇ ਮਾਇਆ ਦੇ ਅਨੰਦ ਵਿਚ-ਅਗਿਆਨਤਾ ਕਰਕੇ ਲੰਪਟ ਹੋ ਰਿਹਾ ਹਾਂ।

ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ॥

ਜੁਆਨੀ ਦਾ ਪੈਰ ਖਿਸਕਦਾ ਜਾਂਦਾ ਹੈ, ਬੁਢੇਪਾ ਵਧਦਾ ਜਾਂਦਾ ਹੈ, ਮੌਤ ਜੋ ਸੰਗ ਹੈ ਉਹ ਮੇਰੇ ਆਖਰ ਦੇ ਦਿਨ ਨੂੰ ਦੇਖ ਰਹੀ ਹੈ, *ਅਥਵਾ*-ਦਿਨ ਦਿਨ ਦੀ ਸੰਗਿਆ ਕਰਕੇ ਮੌਤ ਸੰਗ ਹੋ ਕੇ ਦੇਖ ਰਹੀ ਹੈ ਕਿ ਕਦੋਂ ਇਸ ਦੇ ਸ੍ਵਾਸ ਪੂਰੇ ਹੁੰਦੇ ਹਨ ਤੇ ਮੈਂ ਇਸ ਨੂੰ ਮਾਰਾਂ।

ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ॥ ੨॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਸਾਨੂੰ ਕੇਵਲ ਤੇਰੀ ਆਸ ਹੈ, ਆਪ ਕਿਰਪਾ ਕਰਕੇ ਮੈਂ ਨੀਚ ਨੂੰ ਸਾਧੂਆਂ ਦੀ ਸ਼ਰਨ ਵਿਚ ਰੱਖਣਾ ਕਰੋ॥ ੨॥

ਭਰਮੇ ਜਨਮ ਅਨੇਕ ਸੰਕਟ ਮਹਾ ਜੋਨ॥

ਹੇ ਪ੍ਰਭੂ ! ਅਨੇਕ ਜਨਮਾਂ ਵਿਚ ਭਰਮੇ ਹਾਂ ਅਤੇ ਜੂਨੀਆਂ ਦੇ ਮਹਾ ਸੰਕਟ=ਬੜੇ ਬੜੇ ਦੁੱਖ ਭੋਗੇ ਹਨ।

ਲਪਟਿ ਰਹਿਓ ਤਿਹ ਸੰਗਿ ਮੀਠੇ ਭੋਗ ਸੋਨ॥

ਸੋਨ=ਸੋਨੇ ਆਦਿਕ ਭੋਗ=ਪਦਾਰਥ ਮਿੱਠੇ ਜਾਣ ਕੇ ਉਨ੍ਹਾਂ ਨਾਲ ਮਨ ਲਪਟਿ=ਫਸ ਰਿਹਾ ਹੈ। *ਅਥਵਾ*-ਉਨ੍ਹਾਂ ਪਦਾਰਥਾਂ ਨਾਲ ਲੰਪਟ ਹੋ ਰਿਹਾ ਹੈਂ; ਪਰੰਤੂ, ਮੀਠੇ ਭੋਗ=ਉਹ ਪਦਾਰਥ ਮਿਠੇ ਨਹੀਂ ਹਨ।

ਭ੍ਰਮਤ ਭਾਰ ਅਗਨਤ ਆਇਓ ਬਹੁ ਪ੍ਰਦੇਸਹ ਧਾਇਓ॥

ਬਹੁਤ ਹੀ ਚੁਰਾਸੀ ਲੱਖ ਜੂਨੀਆਂ ਰੂਪ ਪ੍ਰਦੇਸ ਵਿਚ ਦੌੜਦਾ ਹੋਇਆ ਅਤੇ ਅਨਗਿਣਤ ਭਾਰ=ਦੁੱਖਾਂ ਵਿਚ ਭਰਮਦਾ ਹੋਇਆ ਹੁਣ ਮਨੁੱਖਾ ਦੇਹ ਵਿਚ ਆਇਆ ਹਾਂ।

ਅਬ ਓਟ ਧਾਰੀ ਪ੍ਰਭ ਮੁਰਾਰੀ ਸਰਬ ਸੁਖ ਹਰਿ ਨਾਇਓ॥

ਹੇ ਪ੍ਰਭੂ ਮੁਰਾਰੀ ! ਹੁਣ ਆਪ ਜੀ ਦੀ ਓਟ ਧਾਰੀ=ਲਈ ਹੈ, ਹੇ ਹਰੀ ! ਸਾਰੇ ਸੁਖ ਤੇਰੇ ਨਾਮ ਵਿਚ ਹਨ।

ਰਾਖਨਹਾਰੇ ਪ੍ਰਭ ਪਿਆਰੇ ਮੁਝ ਤੇ ਕਛੂ ਨ ਹੋਆ ਹੋਨ॥

ਹੇ ਪਿਆਰੇ ਪ੍ਰਭੂ ਰੱਖਿਆ ਕਰਨ ਵਾਲੇ ! ਮੇਰੇ ਪਾਸੋਂ ਮੁਕਤੀ ਦਾ ਸਾਧਨ ਨਾ ਕੁਛ ਹੋਇਆ ਹੈ ਅਤੇ ਨਾ ਹੀ ਕੁਛ ਅੱਗੇ ਹੋਣਾ ਹੈ।

ਸੂਖ ਸਹਜ ਆਨੰਦ ਨਾਨਕ ਕ੍ਰਿਪਾ ਤੇਰੀ ਤਰੈ ਭਉਨ॥ ੩॥

ਹੇ ਵਾਹਿਗੁਰੂ ! ਜਦ ਤੇਰੀ ਕਿਰਪਾ ਕਰਕੇ ਅਚੁੱਤ ਸੁਖ ਦਾ ਅਨੰਦ ਪ੍ਰਾਪਤ ਹੋਇਆ ਤਾਂ ਭਉਣਾ ਦੇ ਭਉਣ ਤਰ ਗਏ। *ਅਥਵਾ*-ਸੰਸਾਰ ਭਉਣ ਤੋਂ ਤਰ ਗਏ। *ਅਥਵਾ*-ਜਿਸ ਵੇਲੇ ਤਰ ਗਏ ਤਾਂ ਫਿਰ ਭਉਨ=ਖੌਫ ਨਾ ਰਿਹਾ॥ ੩॥

ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ॥

ਜਦ ਕਿ ਪ੍ਰਭੂ ਨੇ ਨਾਮਧਾਰੀਕ ਭਗਤ ਅਰਥਾਤ ਜੋ ਪਖੰਡੀ ਸਨ, ਓਹ ਭੀ ਉਧਾਰ ਦਿੱਤੇ, ਜਿਵੇਂ ਉਦਯ ਪੁਰ ਦੇ ਰਹਿਣ ਵਾਲੇ 'ਦੇਵੇ' ਬ੍ਰਾਹਮਣ ਨੂੰ ਤਾਰਿਆ ਸੀ। ਫਿਰ ਭਗਤਾਂ ਨੂੰ ਤਰਨ ਵਿਚ ਭਲਾ ਕਉਨ=ਕੀ ਸੰਸਾ ਹੈ।

ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ॥

ਤਾਂ ਤੇ ਹੇ ਭਾਈ ! ਜੇਨ ਕੇਨ=ਜਿਵੇਂ ਕਿਵੇਂ ਹੋ ਸਕੇ, ਉਸੇ ਤਰ੍ਹਾਂ ਸ੍ਰਵਨ=ਕੰਨਾਂ ਵਿਚ ਹਰੀ ਦੇ ਜਸ ਨੂੰ ਸੁਣਨਾ ਕਰ।

ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ ਪਾਵਹੇ॥

ਗਿਆਨੀ ਪੁਰਖਾਂ ਨਾਲ ਮਿਲ ਕੇ ਕੰਨਾਂ ਦੁਆਰੇ ਹਰੀ ਜਸ ਬਾਣੀ ਨੂੰ ਸੁਣ, ਤਾਂ ਫਿਰ ਤੂੰ ਮਨ ਵਿਚੋਂ ਹੀ ਨਿਧੀਆਂ ਦੇ ਖਜ਼ਾਨੇ ਹਰੀ ਨੂੰ ਪਾ ਲਵੇਂਗਾ।

ਹਰਿ ਰੰਗਿ ਰਾਤੇ ਪ੍ਰਭ ਬਿਧਾਤੇ ਰਾਮ ਕੇ ਗੁਣ ਗਾਵਹੇ॥

ਜੋ ਪੁਰਸ਼ ਫਲ ਬਰ ਦਾਤੇ ਹਰੀ ਦੇ ਰੰਗਿ=ਪ੍ਰੇਮ ਵਿਚ ਰੱਤੇ ਹਨ, ਉਹ ਰਾਮ ਦੇ ਗੁਣਾਂ ਨੂੰ ਗਾਉਂਦੇ ਹਨ।

ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ॥

ਜੇ ਸਾਰੀ ਬਸੁਧ=ਪ੍ਰਿਥਵੀ ਕਾਗਜ਼ ਹੋ ਜਾਵੇ ਤੇ ਬਨਰਾਜ=ਬਨਾਸਪਤੀ ਕਲਮ ਹੋ ਜਾਵੇ ਅਤੇ ਲਿਖਣ ਨੂੰ ਜੇਕਰ ਪੌਣ ਦੇਵਤਾ ਲੱਗ ਜਾਵੇ। *ਅਥਵਾ*-ਲਿਖਣ ਨੂੰ ਜੇਕਰ ਪੌਣ ਦੇਵਤੇ ਵਾਂਗ ਗਣੇਸ਼ ਜੀ ਹੋ ਜਾਵੇ।

ਬੇਅੰਤ ਅੰਤੁ ਨ ਜਾਇ ਪਾਇਆ

ਗਹੀ ਨਾਨਕ ਚਰਣ ਸਰਨ॥ ੪॥ ੫॥ ੮॥

ਫਿਰ ਵੀ ਬਿਅੰਤ ਰੂਪ ਵਾਹਿਗੁਰੂ ਦਾ ਅੰਤ ਨਹੀਂ ਪਾਇਆ ਜਾਂਦਾ। ਇਸ ਕਰਕੇ ਅਸੀਂ ਉਸ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥ ੫॥ ੮॥

ਆਸਾ ਮਹਲਾ ੫ ॥ ਪੁਰਖ ਪਤੇ ਭਗਵਾਨ ਤਾ ਕੀ ਸਰਣਿ ਗਹੀ ॥

ਸਭ ਪੁਰਖਾਂ ਦਾ ਪਤੀ ਜੋ ਭਗਵਾਨ ਹੈ, ਉਸ ਦੀ ਅਸੀਂ ਸ਼ਰਨ ਗਹੀ=ਫੜੀ ਹੈ।

ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥

ਹੁਣ ਮੇਰੇ ਪ੍ਰਾਨ ਨਿਰਭੈ ਹੋ ਗਏ ਹਨ ਤੇ ਸਾਰੀ ਚਿੰਤਾ ਲਥ ਗਈ, ਭਾਵ ਦੂਰ ਹੋ ਗਈ।

ਮਾਤ ਪਿਤਾ ਸੁਤ ਮੀਤ ਸੁਰਿਜਨ ਇਸਟ ਬੰਧਪ ਜਾਣਿਆ ॥

ਮਾਂ, ਪਿਉ, ਪੁਤ੍ਰ, ਮਿਤ੍ਰ, ਸੁਰਿਜਨ=ਸੁਹਿਰਦ ਇਸਟ ਬੰਧਪ=ਪਿਆਰਾ ਸਨਬੰਧੀ ਅਸੀਂ ਸਭ ਕੁਛ ਪਰਮਾਤਮਾ ਨੂੰ ਹੀ ਜਾਣਿਆ ਹੈ।

ਗਹਿ ਕੰਠਿ ਲਾਇਆ ਗੁਰਿ ਮਿਲਾਇਆ
ਜਸੁ ਬਿਮਲ ਸੰਤ ਵਖਾਣਿਆ ॥

ਅੰਨਵੇ ! ਜਦ ਈਸ਼ੂਰ ਨੇ ਕਿਰਪਾ ਕਰਕੇ ਗੁਰਾਂ ਨਾਲ ਮਿਲਾਇਆ ਤੇ ਸੰਤਾਂ ਨਾਲ ਮਿਲ ਕੇ ਬਿਮਲ= ਉਜਲ ਜਸ ਕਿਹਾ ਤਾਂ ਪਰਮੇਸ਼ਰ ਨੇ ਫੜ ਕੇ ਗਲ ਨਾਲ ਲਾ ਲਿਆ।

ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥

ਉਸ ਦੇ ਗੁਣ ਬਿਅੰਤ ਹਨ ਤੇ ਮਹਿਮਾ ਵੀ ਅਨੇਕ ਪ੍ਰਕਾਰ ਦੀ ਹੈ, ਉਸ ਦੀ ਕੀਮਤ ਕੁਝ ਆਖੀ ਨਹੀਂ ਜਾਂਦੀ।

ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥ ੧ ॥

ਜੋ ਅਨੇਕਾਂ ਵਿਚ ਪੂਰਨ ਇਕ ਅਲਖ ਪ੍ਰਭੂ ਠਾਕੁਰ ਹੈ। *ਅਥਵਾ:*-ਜੋ ਅਲਖ ਪ੍ਰਭੂ ਠਾਕੁਰ ਇਕ ਰੂਪ ਤੇ ਅਨੇਕ ਰੂਪ ਭਾਵ ਨਿਗੁਣ ਸਰਗੁਣ ਰੂਪ ਹੋ ਰਿਹਾ ਹੈ, ਗੁਰਮੁਖਾਂ ਨੇ ਉਸ ਦੀ ਓਟ ਗ੍ਰਹਿਣ ਕੀਤੀ ਹੈ॥ ੧ ॥

ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥

ਜਿਸ ਵੇਲੇ ਅਕਾਲ ਪੁਰਖ ਆਪ ਸਹਾਈ ਹੋਏ, ਤਾਂ ਇਹ ਸੰਸਾਰ ਰੂਪ ਬਨੁ=ਜੰਗਲ (ਜੋ ਪਹਿਲਾਂ ਦੁਖਦਾਇਕ ਮਹਿਸੂਸ ਕਰਦੇ ਸਾਂ, ਉਹ ਹੁਣ) ਅੰਮ੍ਰਿਤ ਰੂਪ ਪਰਤੀਤ ਹੋਇਆ । ਭਾਵ ਸੁਖ ਰੂਪ ਪ੍ਰਤੀਤ ਹੋਣ ਲੱਗ ਪਿਆ।

ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥

ਜਦ ਰਾਮ ਨਾਮ ਰੂਪੀ ਹਾਰ ਗਲ ਵਿਚ ਪਾਇਆ, ਤਾਂ ਵਿਸ਼ੇ ਵਿਕਾਰਾਂ ਤੇ ਭੋਗਣ ਵਾਲੇ ਦਿਨ ਚਲੇ ਗਏ।

ਗਤੁ ਭਰਮ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥

ਭਰਮ ਗਤੁ=ਨਾਸ ਹੋ ਗਿਆ, ਮੋਹ ਆਦਿ ਵਿਕਾਰ ਵੀ ਬਿਨਸੇ=ਖ਼ਤਮ ਹੋ ਗਏ, ਜੋਨੀਆਂ ਵਿਚ ਆਉਣਾ ਜਾਣਾ ਵੀ ਸਭ ਰਹਿ ਗਿਆ।

ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥

ਜਿਸ ਵੇਲੇ ਸੰਤਾਂ ਦੇ ਅੰਚਲ=ਪੱਲੇ ਨੂੰ ਫੜ ਰਹੇ, *ਅਥਵਾ:*-ਸੰਤਾਂ ਦੁਆਰੇ ਨਾਮ ਰੂਪ ਪੱਲੇ ਨੂੰ ਫੜ ਰਹੇ,

ਤਾਂ ਅੱਗ ਦਾ ਸਮੁੰਦ੍ਰ ਜੋ ਸੰਸਾਰ ਹੈ, ਇਸ ਵਿਚ ਸੀਤਲ=ਠੰਢੇ ਹੋ ਗਏ।

ਗੋਵਿੰਦ ਗੁਪਾਲ ਦਇਆਲ ਸੰਮ੍ਰਿਥ ਬੋਲਿ ਸਾਧੂ ਹਰਿ ਜੈ ਜਏ॥

ਜੋ ਗੋਵਿੰਦ ਗੋਪਾਲ ਦਿਆਲੂ ਤੇ ਸਮਰੱਥ ਹੈ, ਉਸ ਹਰੀ ਦੀ ਜੈ ਜੈ ਅਤੇ ਉਸ ਹਰੀ ਦੇ ਸੰਤਾਂ ਦੀ ਜੈ ਜੈ ਬੋਲੋ। *ਅਥਵਾ:*-ਸਾਧੂ ਜਨ ਉਸ ਹਰੀ ਦੀ ਜੈ ਜੈ ਬੋਲਦੇ ਹਨ।

ਨਾਨਕ ਨਾਮੁ ਧਿਆਇ ਪੂਰਨ ਸਾਧਸੰਗਿ ਪਾਈ ਪਰਮ ਗਤੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਸਤਿਸੰਗ ਦੁਆਰਾ ਪੂਰਨ ਵਾਹਿਗੁਰੂ ਦੇ ਨਾਮ ਨੂੰ ਧਿਆ ਕੇ ਅਸੀਂ ਪਰਮ ਗਤੇ=ਕੈਵਲਯ ਮੁਕਤੀ ਪਾਈ ਹੈ॥ ੨॥

ਜਹ ਦੇਖਉ ਤਹ ਸੰਗਿ ਏਕੋ ਰਵਿ ਰਹਿਆ ॥

ਜਿਥੇ ਨਿਗ੍ਹਾ ਕਰਕੇ ਵੇਖਦਾ ਹਾਂ, ਤਹ=ਓਥੇ ਅੰਗ-ਸੰਗ ਹੋ ਕੇ ਇਕ ਵਾਹਿਗੁਰੂ ਹੀ ਰਵਿ ਰਿਹਾ ਹੈ।

ਘਟ ਘਟ ਵਾਸੀ ਆਪਿ ਵਿਰਲੈ ਕਿਨੈ ਲਹਿਆ॥

ਘਟਾਂ ਘਟਾਂ ਵਿਚ ਉਹ ਵਸ ਰਿਹਾ ਹੈ, ਪਰੰਤੂ ਕਿਸੀ ਵਿਰਲੇ ਨੇ ਉਸ ਨੂੰ ਆਪਣਾ ਆਪ ਲਹਿਆ=ਲਖਿਆ, ਭਾਵ ਜਾਣਿਆ ਹੈ।

ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ॥

ਜਲ, ਥਲ, ਮਹੀ=ਪ੍ਰਿਥਵੀ ਅਲਿ=ਅਕਾਸ਼ ਵਿਚ ਭਰਪੂਰ ਹੋ ਕੇ ਪੂਰਨ ਹੈ, ਕੀਟ=ਕੀੜੀ ਅਤੇ ਹਸਤਿ=ਹਾਥੀ ਵਿਚ ਸਮਾਇਆ ਹੋਇਆ ਹੈ।

ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ॥

ਆਦ ਅੰਤ ਮੱਧ ਤਿੰਨਾਂ ਸਮਿਆਂ ਵਿਚ ਉਸ ਵਾਹਿਗੁਰੂ ਨੂੰ ਗੁਰਾਂ ਦੀ ਕਿਰਪਾ ਵਾਲਿਆਂ ਨੇ ਜਾਣਿਆਂ ਹੈ।

ਬ੍ਰਹਮੁ ਪਸਰਿਆ ਬ੍ਰਹਮ ਲੀਲਾ ਗੋਵਿੰਦ ਗੁਣ ਨਿਧਿ ਜਨਿ ਕਹਿਆ॥

ਬ੍ਰਹਮ ਦੀ ਲੀਲ੍ਹਾ ਜੋ ਇਹ ਜਗਤ ਹੈ ਇਸ ਵਿਚ ਬ੍ਰਹਮ ਆਪ ਹੀ ਪਸਰਿਆ=ਫੈਲ ਰਿਹਾ ਹੈ, ਗੁਰਮੁਖ ਜਨਾਂ ਨੇ ਉਸ ਗੋਬਿੰਦ ਨੂੰ ਸ਼ੁਭ ਗੁਣਾਂ ਦੀ ਨਿਧੀ ਕਥਨ ਕੀਤਾ ਹੈ।

ਸਿਮਰਿ ਸੁਆਮੀ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ॥ ੩॥

ਸਤਿਗੁਰੂ ਜੀ ਕਥਨ ਕਰਦੇ ਹਨ-ਜੋ ਇਕ ਹਰੀ ਸਾਰੇ ਰਵਿ ਰਿਹਾ ਹੈ, ਉਸ ਅੰਤਰਜਾਮੀ ਸੁਆਮੀ ਨੂੰ ਗੁਰਮੁਖ ਜਨ ਸਿਮਰਦੇ ਹਨ॥ ੩॥

ਦਿਨੁ ਰੈਣਿ ਸੁਹਾਵੜੀ ਆਈ ਸਿਮਰਤ ਨਾਮੁ ਹਰੇ॥

ਹੁਣ ਰਾਤ ਦਿਨ ਦੀ ਘੜੀ ਸ਼ੋਭਨੀਕ ਹੋ ਆਈ ਹੈ, ਹਰੀ ਨਾਮ ਦਾ ਸਿਮਰਨ ਕਰਨ ਕਰਕੇ।

[ਪੰਨਾ ੪੫੯]

ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ॥

ਗੁਰੂ ਜੀ ਦੇ ਚਰਨ ਕਮਲਾਂ ਨਾਲ ਪ੍ਰੀਤੀ ਲੱਗ ਜਾਣ ਕਰਕੇ ਕਲਮਲ=ਵੱਡੇ ਪਾਪ ਤੇ ਛੋਟੇ ਪਾਪ ਸਾਰੇ

ਟਲ ਗਏ ਭਾਵ ਦੂਰ ਹੋ ਗਏ ਹਨ।

ਦੂਖ ਭੂਖ ਦਾਰਿਦ੍ ਨਾਠੇ ਪ੍ਰਗਟੁ ਮਗੁ ਦਿਖਾਇਆ ॥

ਜਿਸ ਵੇਲੇ ਗੁਰੂ ਨੇ ਉਸ ਦੀ ਪ੍ਰਾਪਤੀ ਦਾ ਰਸਤਾ ਪ੍ਰਗਟ ਦਿਖਾਇਆ ਤਾਂ ਦੁੱਖ ਭੁੱਖ ਤੇ ਸਭ ਦਾਲਿਦ੍ ਨੱਸ ਗਏ।

ਮਿਲਿ ਸਾਧਸੰਗੇ ਨਾਮ ਰੰਗੇ ਮਨਿ ਲੋੜੀਦਾ ਪਾਇਆ ॥

ਸੰਤਾਂ ਦੇ ਸੰਗ ਮਿਲ ਕੇ ਨਾਮ ਵਿਚ ਰੰਗੇ=ਪ੍ਰੇਮ ਕੀਤਾ, ਤਾਂ ਮਨ ਇੱਛਤ ਫਲ ਪਾਉਣਾ ਕੀਤਾ।

ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸੰਬੂਹਾ ਸਭਿ ਤਰੇ ॥

ਹਰੀ ਦੇ ਦਰਸ਼ਨ ਨੂੰ ਵੇਖ ਕੇ ਇੱਛਾ ਪੂਰਨ ਹੋ ਗਈ ਤੇ ਸਮੂਹ ਕੁਲਾਂ ਦੇ ਸਾਰੇ ਜੀਅ ਤਰ ਗਏ ।

ਦਿਨਸੁ ਰੈਣਿ ਅਨੰਦ ਅਨਦਿਨੁ
ਸਿਮਰੰਤ ਨਾਨਕ ਹਰਿ ਹਰੇ ॥ ੪ ॥ ੬ ॥ ੯ ॥

ਗੁਰੂ ਜੀ ਕਥਨ ਕਰਦੇ ਹਨ-ਰਾਤ ਦਿਨੇ ਹਰਿ ਹਰਿ ਦੇ ਸਿਮਰਨ ਕਰਨ ਨਾਲ ਦਿਨ ਰਾਤ ਆਨੰਦ ਹੁੰਦਾ ਹੈ। *ਅਥਵਾ:*-ਹਰਿ ਹਰਿ ਦੇ ਸਿਮਰਨ ਕਰਕੇ ਰਾਤ ਦਿਨੇ ਅਨਦਿਨੁ=ਇਕ ਰਸ ਅਨੰਦ ਹੁੰਦਾ ਹੈ॥ ੪ ॥ ੬ ॥ ੯ ॥

ਆਸਾ ਮਹਲਾ ੫ ਛੰਤ ਘਰੁ ੭ ੧ੴ ਸਤਿਗੁਰ ਪ੍ਰਸਾਦਿ ॥
ਸਲੋਕੁ ॥ ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥

ਹੇ ਭਗਵੰਤ ! ਏਹ ਕਿਰਪਾ ਕਰ ਜੋ ਮਨ ਕਰਕੇ ਮੈਂ ਸ਼ੁਭ ਚਿੰਤਨ ਕਰਾਂ, ਬਾਣੀ ਦੁਆਰਾ ਗੋਬਿੰਦ ਦਾ ਰਮਨ=ਉਚਾਰਨ ਕਰਾਂ, ਤਨ ਕਰਕੇ ਨਿਰਮਲ ਸੰਤਾਂ ਦਾ ਸੰਗ ਕਰਾਂ।

ਅਥਵਾ :-ਨਿਰਮਲ ਸੰਤਾਂ ਦੇ ਸੰਗ ਮਿਲ ਕੇ ਗੋਵਿੰਦ ਦੇ ਰਮਣ ਰੂਪ ਸ਼ੁਭ ਚਿੰਤਨ ਨੂੰ ਕਰਾਂ।

ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥ ੧ ॥

ਹੇ ਭਗਵੰਤ ! ਇਹ ਕਿਰਪਾ ਕਰ ਜੋ ਇਕ ਘੜੀ ਭਰ ਵੀ ਆਪ ਦਾ ਨਾਮ ਨਾ ਭੁੱਲੇ॥ ੧ ॥

ਛੰਤ ॥ ਭਿੰਨੀ ਰੈਨੜੀਐ ਚਾਮਕਨਿ ਤਾਰੇ ॥

ਜਿਵੇਂ ਸਾਵਣ ਦੀਆਂ ਰੈਨੜੀਐ=ਰਾਤਾਂ ਜਲ ਨਾਲ ਭਿੱਜੀਆਂ ਹੁੰਦੀਆਂ ਹਨ, ਹੌਲੀ ਹੌਲੀ ਪਾਣੀ ਦੀਆਂ ਬੂੰਦਾਂ ਵਰਸਦੀਆਂ ਹਨ ਤੇ ਕਿਸੇ ਤਰਫ ਤਾਰੇ ਭੀ ਚਮਕਦੇ ਹਨ। ਅਜਿਹੀ ਰਾਤ ਵਿਖੇ ਵਿਸ਼ੱਈ ਪੁਰਸ਼ ਤਾਂ ਵਿਸ਼ਿਆਂ ਨੂੰ ਭੋਗਦੇ ਹਨ ਤੇ ਮੇਰੇ ਰਾਮ ਦੇ ਪਿਆਰੇ ਸੰਤ ਜਨ ਭਜਣ ਵਿਚ ਜਾਗਦੇ ਹਨ। *ਅਥਵਾ* :-ਜਿਸ ਦੀ ਅਵਸਥਾ ਰੂਪੀ ਰਾਤ ਪ੍ਰੇਮ ਰੂਪ ਜਲ ਨਾਲ ਭਿੱਜੀ ਹੈ ਤੇ ਅੰਤਹ ਕਰਣ ਰੂਪ ਅਕਾਸ਼ ਵਿਚ ਸ਼ੁਭ ਗੁਣਾਂ ਰੂਪੀ ਤਾਰੇ ਚਮਕਦੇ ਹਨ।

ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

ਇਉਂ ਸੰਤ ਜਨ ਮੇਰੇ ਰਾਮ ਪਿਆਰੇ (ਦੇ ਭਜਨ ਸਿਮਰਨ ਵਿਚ) ਜਾਗਦੇ ਹਨ।

ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥

ਰਾਮ ਦੇ ਪਿਆਰੇ ਸੰਤ ਜਨ ਸਦਾ ਜਾਗਦੇ ਹਨ ਅਤੇ ਰਾਤ ਦਿਨੇ ਨਾਮ ਨੂੰ ਸਿਮਰਦੇ ਹਨ।

ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥

ਉਹਨਾਂ ਦੇ ਹਿਰਦੇ ਵਿਚ ਚਰਨਾਂ ਕਮਲਾਂ ਦਾ ਧਿਆਨ ਹੈ, ਇਕ ਖਿਨ ਮਾਤ੍ਰ ਵੀ ਪ੍ਰਭੂ ਉਹਨਾਂ ਨੂੰ ਬਿਸਰੁ ਨਾਹੀ=ਭੁਲਦਾ ਨਹੀਂ।

ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥

ਮਾਨ, ਮੋਹ, ਅਤੇ ਮਨ ਦਾ ਵਿਕਾਰ ਸਭ ਤਜਿ=ਛੱਡ ਦਿੱਤਾ ਹੈ, ਕਲਮਲਾ=ਪਾਪਾਂ ਅਤੇ ਦੁੱਖਾਂ ਨੂੰ ਰੇ=ਸਾੜ ਦਿੱਤਾ ਹੈ।

ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ॥੧॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਹਰੀ ਦੇ ਦਾਸ ਸੰਤ ਜਨ ਸਦਾ ਪਿਆਰੇ ਦੇ ਭਜਨ ਸਿਮਰਨ ਵਿਚ ਜਾਗਦੇ ਹਨ॥੧॥

ਮੇਰੀ ਸੇਜੜੀਐ ਆਡੰਬਰੁ ਬਣਿਆ॥

ਜਦ ਮੇਰੀ ਸ਼ਰਧਾ ਵਿਸ਼ਿਸ਼ਟ ਅੰਤਹਕਰਣ ਰੂਪੀ ਸੇਜ ਤੇ ਸ਼ੁਭ ਗੁਣਾਂ ਦਾ ਆਡੰਬਰੁ=ਬਣਾ ਬਣਿਆ ਹੈ।

ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ॥

ਤਦ ਪ੍ਰਭੂ ਦਾ ਆਵਤ=ਆਉਣਾ ਸੁਣ ਕੇ ਮਨ ਵਿਚ ਅਨੰਦ ਪ੍ਰਾਪਤ ਹੋਇਆ ।

ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ॥

ਸੁਖਾਂ ਵਿਚ ਗਮਨ ਕਰਾਉਣ ਵਾਲੇ ਪ੍ਰਭੂ ਸੁਆਮੀ ਮਿਲੇ, ਤਾਂ ਚਾਵ=ਉਤਸ਼ਾਹ, ਮੰਗਲ ਤੇ ਰਸ=ਪ੍ਰੇਮ ਵਿਚ ਭਰੇ ਗਏ।

ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ॥

ਗੁਰਾਂ ਦੇ ਅੰਗਾਂ ਦੇ ਨਾਲ ਲੱਗੇ, *ਅਥਵਾ*-ਈਸ਼ਵਰ ਦੇ ਅੰਗਾਂ ਦੇ ਨਾਲ ਲੱਗੇ, *ਅਥਵਾ*-ਈਸ਼ਵਰ ਦੇ ਅੰਗਾਂ ਦੇ ਨਾਲ ਲੱਗੇ ਤਾਂ ਸਾਰੇ ਦੁੱਖ ਭੱਜ ਗਏ ਅਤੇ ਪ੍ਰਾਣ, ਮਨ, ਤਨ ਆਦਿਕ ਸਭ ਹਰੇ ਹੋ ਗਏ, ਭਾਵ ਸਫਲ ਹੋ ਗਏ।

ਮਨ ਇਛ ਪਾਈ ਪ੍ਰਭ ਧਿਆਈ ਸਜੋਗੁ ਸਾਹਾ ਸੁਭ ਗਣਿਆ॥

ਮਨ ਇਛੱਤ ਫਲ ਦੀ ਪ੍ਰਾਪਤੀ ਪਾਈ ਅਤੇ ਪ੍ਰਭੂ ਦੇ ਧਿਆਈ ਹੋਏ, ਗੁਰਾਂ ਨਾਲ ਜੇਹੜਾ ਸਜੋਗੁ=ਮੇਲ ਹੋਇਆ ਹੈ, ਇਹੋ ਪਰਮੇਸ਼ਰ ਦੀ ਪ੍ਰਾਪਤੀ ਦਾ ਸ਼ੁਭ ਸਾਹਾ=ਲਗਨ ਗਿਣਿਆ ਹੈ।

ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ॥੨॥

ਗੁਰੂ ਜੀ ਕਥਨ ਕਰਦੇ ਹਨ-ਸ੍ਰੀਧਰ=ਪਰਮੇਸ਼ਰ ਦੇ ਮਿਲਣ ਕਰਕੇ ਸਾਰਿਆਂ ਅਨੰਦਾਂ ਦਾ ਰਸ ਬਣ ਆਇਆ॥ ੨॥

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ॥

ਜਿਵੇਂ ਇਕੋ ਜੇਹੀਆਂ ਸਹੇਲੀਆਂ ਰਲ ਕੇ ਖੇਡਣ ਵਾਲੀਆਂ ਸਨ ਤੇ ਉਹਨਾਂ ਵਿਚੋਂ ਇਕ ਦਾ ਵਿਆਹ ਹੋ ਗਿਆ । ਜਿਸ ਵੇਲੇ ਉਹ ਸਹੁਰੇ ਘਰੋਂ ਹੋ ਕੇ ਪੇਕੇ ਘਰ ਵਾਪਸ ਆਉਂਦੀ ਹੈ, ਤਾਂ ਓਹੀ ਰਲ ਕੇ ਖੇਡਣ ਵਾਲੀਆਂ ਸਖੀਆਂ ਆ ਕੇ ਪੁਛਦੀਆਂ ਹਨ, ਕਿ-'ਤੇਰੀ ਸਸ ਕਿਹੋ ਜਿਹੇ ਸੁਭਾਵ ਦੀ ਹੈ ? ਸਹੁਰਾ ਕੈਸਾ ਹੈ ? ਦਿਉਰ ਕੈਸਾ ਹੈ ? ਜੇਠ ਕੈਸਾ ਹੈ ? ਤੇ ਨਿਨਾਣ ਕੈਸੀ ਹੈ ?' ਤਾਂ ਉਹ ਵਿਆਹੀ ਹੋਈ ਕੁੜੀ ਸਭ ਦਾ ਮਿਲਨ-ਢੰਗ, ਬੋਲ ਚਾਲ ਬੜੇ ਤਰੀਕੇ ਨਾਲ ਦੱਸਦੀ ਜਾਂਦੀ ਹੈ। ਜਿਸ ਵੇਲੇ ਸਖੀਆਂ ਪੁਛਦੀਆਂ ਹਨ, ਕਿ-ਕਹੁ ਕੰਤ ਨੀਸਾਣੀ=ਆਪਣੇ ਪਤੀ ਦੀ ਕੁਛ ਨਿਸ਼ਾਨੀ ਦੱਸ ? ਤਾਂ ਉਹ ਪ੍ਰੇਮ-ਰਸ ਵਿਚ ਭਰੀ ਹੋਈ ਕੁਝ ਬੋਲਣਾ ਨਹੀਂ ਜਾਣਦੀ।

ਇਸੀ ਪ੍ਰਕਾਰ ਸਭ ਜਗਿਆਸੂ ਰੂਪ ਇਸਤ੍ਰੀਆਂ ਜੋ ਰਲ ਕੇ ਸਾਧਨਾਂ ਦੇ ਕਰਨ ਵਾਲੀਆਂ ਸਨ। ਜਦ ਉਹਨਾਂ ਵਿਚੋਂ ਇਕ ਨੂੰ ਪਰਮੇਸ਼ਰ-ਪਤੀ ਦੀ ਪ੍ਰਾਪਤੀ ਹੋ ਗਈ ਤਾਂ ਬਾਕੀ ਦੀਆਂ ਉਸ ਪਾਸੋਂ ਪੁਛਦੀਆਂ ਹਨ ਕਿ ਵੈਰਾਗ ਦਾ ਅਨੰਦ ਕਿਹੋ ਜਿਹਾ ਹੈ ? ਬਿਬੇਕ ਦਾ ਅਨੰਦ ਕੈਸਾ ਹੈ ? ਖਟ ਸੰਪਤੀ ਦਾ ਅਨੰਦ ਕੈਸਾ ਹੈ ? ਮੋਖ ਇਛਾ ਦਾ ਅਨੰਦ ਕੈਸਾ ਹੈ ? ਸ੍ਰਵਨ ਦਾ ਅਨੰਦ ਕੈਸਾ ਹੈ? ਮਨਨ ਦਾ ਅਨੰਦ ਕੈਸਾ ਹੈ? ਨਿਧਿਆਸਨ ਦਾ ਅਨੰਦ ਕੈਸਾ ਹੈ? ਤਾਂ ਉਹ ਸਭ ਦਾ ਵੱਖੋ ਵੱਖ ਵੇਰਵੇ ਨਾਲ ਦੱਸਦੀ ਹੈ। ਜਿਸ ਵੇਲੇ ਜਗਿਆਸੂ ਰੂਪ ਸਖੀਆਂ ਮਿਲ ਕੇ ਪੁਛਦੀਆਂ ਹਨ, ਕਿ-ਇਹ ਦੱਸ, ਪਤੀ-ਪਰਮਾਤਮਾ ਦੀ ਕੀ ਨਿਸ਼ਾਨੀ ਹੈ ? ਤਾਂ ਉਹ ਪ੍ਰੇਮ-ਰਸ ਵਿਚ ਭਰੀ ਹੋਈ, ਕੁਛ ਬੋਲਣਾ ਨਹੀਂ ਜਾਣੀ। ਕਿਉਂਕਿ ਉਹ ਅਕਹਿ ਅਨੰਦ ਹੈ।

ਯਥਾ:- ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥ *(ਪੰਨਾ ੩੩੪)*

ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤੁ ਨ ਪਾਵਹੇ॥

ਅਪਾਰ ਕਰਤੇ ਦੇ ਗੁਣ ਗੂੜ ਗੁਪਤ=ਗੁਝੇ ਤੋਂ ਗੁਝੇ ਹਨ। *ਅਥਵਾ:-*ਗੁਪਤ ਰੂਪ ਅਪਾਰ ਕਰਤੇ ਦੇ ਗੁਣ ਗੂੜ=ਗੁੱਝੇ ਹਨ। *ਅਥਵਾ:-*ਅਪਾਰ ਕਰਤੇ ਦੇ ਗੂੜ=ਸਮੂਹ ਗੁਣ ਗੁਪਤ ਹਨ, ਜਿਨ੍ਹਾਂ ਦਾ ਅੰਤ ਨਿਗਮ=ਵੇਦ ਵੀ ਨਹੀਂ ਪਾ ਸਕਦੇ।

ਭਗਤਿ ਭਾਇ ਧਿਆਇ ਸੁਆਮੀ ਸਦਾ ਹਰਿ ਗੁਣ ਗਾਵਹੇ॥

ਭਗਤਿ ਭਾਇ=ਪ੍ਰੇਮਾ ਭਗਤੀ ਕਰਕੇ ਉਸ ਸੁਆਮੀ ਨੂੰ ਧਿਆਉਣਾ ਕਰ ਅਤੇ ਹਮੇਸ਼ਾਂ ਹਰੀ ਦੇ ਗੁਣ ਗਾਉਣਾ ਕਰ।

ਸਗਲ ਗੁਣ ਸੁਗਿਆਨ ਪੂਰਨ ਆਪਣੇ ਪ੍ਰਭ ਭਾਣੀ॥

ਉਹ ਜਗਿਆਸੂ ਰੂਪ ਇਸਤ੍ਰੀ ਸਾਰੇ ਗੁਣਾਂ ਨਾਲ ਅਤੇ ਗਿਆਨ ਵਿਚ ਪੂਰਨ ਹੈ, ਜੋ ਆਪਣੇ ਪ੍ਰਭੂ ਨੂੰ ਭਾ ਗਈ ਹੈ।

ਬਿਨਵੰਤਿ ਨਾਨਕ ਰੰਗਿ ਰਾਤੀ ਪ੍ਰੇਮ ਸਹਜਿ ਸਮਾਣੀ॥ ੩ ॥

ਗੁਰੂ ਜੀ ਉਚਾਰਦੇ ਹਨ, ਜੋ ਪ੍ਰੇਮ ਦੇ ਰੰਗ ਵਿਚ ਰੱਤੀ ਗਈ ਹੈ, ਉਹ ਸਹਿਜੇ ਹੀ ਰੰਗਿ=ਅਨੰਦ ਵਿਚ ਸਮਾਈ ਹੈ॥੩ ॥

ਸੁਖ ਸੋਹਿਲੜੇ ਹਰਿ ਗਾਵਣ ਲਾਗੇ ॥
ਸਾਜਨ ਸਰਸਿਅੜੇ ਦੁਖ ਦੁਸਮਨ ਭਾਗੇ ॥

ਜੋ ਪੁਰਸ਼ ਹਰੀ ਜਸ ਦੇ ਗਾਵਣੇ ਵਿਚ ਲੱਗੇ ਹਨ, ਉਹਨਾਂ ਨੂੰ ਸੁਖ ਤੇ ਸੋਹਿਲੜੇ=ਅਨੰਦ ਪ੍ਰਾਪਤ ਹੁੰਦੇ ਹਨ। ਸਾਜਨ=ਸ਼ੁਭ ਗੁਣ ਸਰਸਿਅੜੇ=ਅਧਿਕ ਹੋਏ, ਦੁੱਖ ਅਤੇ ਦੁਸ਼ਮਨ ਭੱਜ ਗਏ।

ਸੁਖ ਸਹਜ ਸਰਸੇ ਹਰਿ ਨਾਮਿ ਰਹਸੇ ਪ੍ਰਭਿ ਆਪਿ ਕਿਰਪਾ ਧਾਰੀਆ ॥

ਅੰਨਵੇ ! ਜਦ ਆਪ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ ਤੇ ਹਰੀ ਨਾਮ ਨੂੰ ਜਪ ਕੇ ਰਹਸੇ=ਆਨੰਦ ਹੋਏ ਤਾਂ ਸਹਜ ਸੁਖ=ਸ਼ਾਂਤੀ ਸੁਖ ਸਰਸੇ=ਅਧਿਕ ਹੋਇਆ।

ਹਰਿ ਚਰਣ ਲਾਗੇ ਸਦਾ ਜਾਗੇ ਮਿਲੇ ਪ੍ਰਭ ਬਨਵਾਰੀਆ ॥

ਹਰੀ ਸਰੂਪ ਗੁਰਾਂ ਦੇ ਚਰਨੀਂ ਲੱਗ ਕੇ ਸਦਾ ਗਿਆਨ ਜਾਗ੍ਰਤ ਵਿਚ ਜਾਗੇ, ਤਾਂ ਸੰਸਾਰ ਬਨ ਦਾ ਮਾਲਕ ਪ੍ਰਭੂ ਮਿਲਿਆ।

ਸੁਭ ਦਿਵਸ ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਰੇ ॥

ਜਿਸ ਵੇਲੇ ਸ੍ਰੇਸ਼ਟ ਦਿਨ ਆਏ ਤੇ ਸਹਜਿ=ਸ਼ਾਂਤੀ *ਅਥਵਾ:*-ਗਿਆਨ ਆਦਿਕ ਗੁਣ ਪਾਏ ਤਾਂ ਸਾਰੇ ਗੁਣਾਂ ਦੀ ਨਿਧੀ ਰੂਪ ਪ੍ਰਭੂ ਵਿਚ ਪਾਰੇ=ਰਪ ਗਏ।

ਬਿਨਵੰਤਿ ਨਾਨਕ ਸਰਣਿ ਸੁਆਮੀ
ਸਦਾ ਹਰਿ ਜਨ ਤਾਰੇ ॥ ੪ ॥ ੧ ॥ ੧੦ ॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ ਸੁਆਮੀ ਦੀ ਸ਼ਰਨ ਵਿਚ ਪੈ ਕੇ, ਹਰੀ ਦੇ ਸੇਵਕ ਜਨ ਸਦੀਵ ਕਾਲ ਤਾਰੇ=ਗਿਆਨਵਾਨ ਹੋਏ। *ਅਥਵਾ:*-ਇਸਥਿਤ ਹੋਏ, *ਅਥਵਾ:*-ਤਾਰੇ ਵਾਂਗੂ ਪਰਮੇਸ਼ਰ ਨੂੰ ਅਨਸੂਤ ਜਾਣਿਆਂ ਭਾਵ ਪਰੀਪੂਰਨ ਜਾਣਿਆਂ ॥ ੪ ॥ ੧ ॥ ੧੦ ॥

ਆਸਾ ਮਹਲਾ ੫ ॥

ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥

ਹੇ ਜੀਵ ! ਵਟਾਊੜਿਆ=ਰਾਹੀ ਤੂੰ ਉੱਠ ਕੇ ਸੰਤਾਂ ਦੀ ਤਰਫ *ਅਥਵਾ:*-ਪਰਮਾਤਮਾ ਦੀ ਤਰਫ ਵੰਞੁ=ਚੱਲ ਤੈਨੇ ਕੀ ਚਿਰ ਲਗਾਇਆ ਹੈ। *ਅਥਵਾ:*-ਹੇ ਰਾਹੀ ਜੀਵ ! ਤੈਨੇ ਇਸ ਸੰਸਾਰ ਤੋਂ ਉੱਠ ਕੇ ਚਲਿਆ ਜਾਣਾ ਹੈ, ਇਸੀ ਵਾਸਤੇ ਤੈਨੂੰ ਆਖਦੇ ਹਾਂ ਕਿ ਤੈਨੇ ਭਜਨ ਕਰਨ ਵਲੋਂ ਕੀ ਚਿਰ ਲਗਾਇਆ ਹੈ।

ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥

ਏਥੇ ਰਹਿਣ ਦੀ ਜਿੰਨੀ ਕੁ ਤੈਨੂੰ ਮੁਹਲਤ ਮਿਲੀ ਹੈ ਉਹ ਪੁੰਨੜੀਆ=ਪੂਰੀ ਹੁੰਦੀ ਜਾ ਰਹੀ ਹੈ, ਤੂੰ ਕਿਸ ਵਾਸਤੇ ਕੂੜੇ ਪਦਾਰਥਾਂ ਵਿਚ ਲੁਭਾਇਮਾਨ ਹੋ ਰਿਹਾ ਹੈਂ।

ਕੂੜੇ ਲੁਭਾਇਆ ਧੋਹੁ ਮਾਇਆ ਕਰਹਿ ਪਾਪ ਅਮਿਤਿਆ ॥

ਧੋਹ=ਛਲ ਜਾਣ ਵਾਲੀ ਮਾਇਆ ਦੇ ਕੂੜੇ ਪਦਾਰਥਾਂ ਵਿਚ ਲੁਭਾਇਮਾਨ ਹੋ ਰਿਹਾ ਹੈਂ ਅਤੇ ਬਿਅੰਤ

ਪਾਪਾਂ ਨੂੰ ਕਰਦਾ ਹੈਂ।

ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ ॥

ਜਿਸ ਵੇਲੇ ਜਮਾਂ ਨੇ ਹੇਰੀ=ਵੇਖਿਆ ਸਰੀਰ ਨੇ ਸੁਆਹ ਦੀ ਢੇਰੀ ਹੋ ਜਾਣਾ ਹੈ। ਹੇ ਬਪੁੜੈ=ਵਿਚਾਰੇ ਜੀਵ! ਕਾਲ ਨੇ ਤੈਨੂੰ ਜਿੱਤਿਆ ਹੋਇਆ ਹੈ।

[ਪੰਨਾ ੪੬੦]

ਮਾਲੁ ਜੋਬਨੁ ਛੋਡਿ ਵੈਸੀ ਰਹਿਓ ਪੈਨਣੁ ਖਾਇਆ ॥

ਮਾਲ ਅਤੇ ਜੋਬਨ ਨੂੰ ਏਥੇ ਹੀ ਛੱਡ ਕੇ ਚਲਿਆ ਜਾਏਂਗਾ, ਚੰਗੇ ਚੰਗੇ ਕਪੜਿਆਂ ਦਾ ਪਹਿਰਣਾ ਤੇ ਖਾਣਾ ਸਭ ਇਥੇ ਹੀ ਰਹਿ ਜਾਣਾ ਹੈ।

ਨਾਨਕ ਕਮਾਣਾ ਸੰਗਿ ਜੁਲਿਆ ਨਹ ਜਾਇ ਕਿਰਤੁ ਮਿਟਾਇਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਤੂੰ ਕਰਮ ਕਮਾਇਆ ਹੈ ਓਹੀ ਤੇਰੇ ਨਾਲ ਚਲੇਗਾ, *ਅਥਵਾ:*-ਕਮਾਣਾਂ ਵਾਲੇ ਜਮਦੂਤਾਂ ਦੇ ਨਾਲ ਚਲੇਗਾ, ਜੋ ਕਿਰਤ ਮੱਥੇ ਤੇ ਪਿਆ ਹੈ ਉਹ ਮਿਟਾਇਆ ਨਹੀਂ ਜਾਂਦਾ ॥ ੧ ॥

ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ ॥

ਜੈਸੇ ਚੰਦ੍ਰਮਾ ਦੀ ਰਾਤ ਨੂੰ ਚੰਦ੍ਰਮਾ ਦੀ ਚਾਂਦਨੀ ਵੇਖ ਕੇ ਤੇ ਘੰਡੇ ਹੇੜੇ ਦੇ ਸ਼ਬਦ ਨੂੰ ਸੁਣ ਕੇ ਹਰਨ ਫਸ ਜਾਂਦਾ ਹੈ। ਤੈਸੇ ਵਿਸ਼ਿਆਂ ਦੇ ਪ੍ਰਕਾਸ਼ ਕਰਨ ਵਾਲੀ ਜੋਬਨ ਅਵਸਥਾ ਰੂਪੀ ਚਾਂਦਨੀ ਰਾਤ ਵਿਚ ਇਸਤ੍ਰੀ ਪੁਤ੍ਰ ਆਦਿਕਾਂ ਦੇ ਮੁਖ ਰੂਪੀ ਚਾਂਦਣੀ ਨੂੰ ਵੇਖ ਕੇ ਤੇ ਇਸਤ੍ਰੀ ਦੇ ਸ਼ਬਦ ਰੂਪ ਘੰਡੇ ਹੇੜੇ ਨੂੰ ਸੁਣ ਕੇ ਜੀਵ ਰੂਪ ਹਰਨ ਫਸ ਜਾਂਦਾ ਹੈ।

ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ ॥

ਨਿਤਾ ਪ੍ਰਤੀ ਪਾਪ ਕਰਮਾਂ ਦੇ ਕਮਾਉਣ ਕਰਕੇ ਸੁਖਾਂ ਤੋਂ ਦੁੱਖ ਪ੍ਰਾਪਤ ਹੋ ਗਏ।

ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ ॥

ਪਾਪਾਂ ਦੇ ਕਮਾਉਣ ਵਾਲੇ ਨੂੰ ਜਮਦੂਤ ਛੱਡ ਦੇ ਨਹੀਂ, ਗਲ ਦੇ ਵਿਚ ਗਲਾਵਿਆ=ਫਾਹ ਘਤਿ=ਪਾ ਕੇ ਲੈ ਚਲੇ।

ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ ॥

ਹਰਿ ਚੰਦਉਰੀ=ਗੰਧਰਬ ਨਗਰੀ ਵਾਂਗ ਜੋ ਝੂਠੇ ਪਦਾਰਥ ਹਨ, ਉਹਨਾਂ ਨੂੰ ਵੇਖ ਕੇ ਮੂਠਾ=ਲੁਟਿਆ ਗਿਆ, ਝੂਠ ਰੂਪ ਸੇਜਾ ਉੱਤੇ ਰਮਣ ਕਰਦਾ ਹੈ। *ਅਥਵਾ:*-ਅੰਤਹਕਰਣ ਰੂਪ ਸੇਜਾ ਉੱਤੇ ਝੂਠ ਨੂੰ ਹੀ ਰਾਵਿਆ=ਭੋਗਦਾ ਹੈ।

ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ ॥

ਪਦਾਰਥਾਂ ਦੇ ਖਾਣੇ ਲੋਭ ਅਤੇ ਪਦਾਰਥਾਂ ਦੇ ਇਕੱਤ੍ਰ ਕਰਨ ਦੇ ਲੋਭ ਤੇ ਅਹੰਕਾਰ ਵਿਚ ਮਾਤਾ=ਮਸਤ ਹੈ, ਪੁਨਾ ਗੁਣਾਂ ਦੇ ਗਰਬਿ=ਹੰਕਾਰ ਵਿਚ ਇਸ ਦਾ ਮਨ ਸਮਾਇਣੁ=ਸਮਾ ਰਿਹਾ ਹੈ।

ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇਹ ਅਗਿਆਨੀ-ਜੀਵ ਹਰਨ ਵਾਂਗ ਫਸ ਕੇ ਬਿਨਸੈ=ਮਰ ਜਾਂਦਾ ਹੈ। *ਅਥਵਾ:*-ਮਿਰਗ ਤਾਂ ਬੇ-ਸਮਝ ਹੋਣ ਕਰਕੇ ਮਰ ਜਾਂਦਾ ਹੈ, ਤੇ ਇਹ ਜੀਵ ਚੰਗਾ ਭਲਾ ਸਮਝਦਾ ਹੋਇਆ ਭੀ ਅਜਾਈਂ ਮੌਤੇ ਮਰ ਰਿਹਾ ਹੈ, ਇਸੇ ਕਰਕੇ ਇਸ ਦਾ ਜੰਮਣਾ ਮਰਨਾ ਨਹੀਂ ਮਿਟਦਾ ॥ ੨ ॥

ਮਿਠੈ ਮਖੁ ਮੁਆ ਕਿਉ ਲਏ ਓਡਾਰੀ ॥

ਜਿਵੇਂ ਮਿੱਠੇ ਉੱਤੇ ਮੱਖੀ ਆ ਕੇ ਮਰ ਜਾਂਦੀ ਹੈ, ਜਦ ਮਿੱਠੇ ਨਾਲ ਚੰਮੜ ਜਾਵੇ ਤਾਂ ਫਿਰ ਕਿਵੇਂ ਉਡਾਰੀ ਲੈ ਸਕਦੀ ਹੈ। ਇਸੇ ਤਰ੍ਹਾਂ ਜੀਵ ਰੂਪ ਮੱਖੀ ਮਾਇਆ ਰੂਪ ਮਿੱਠੇ ਉੱਤੇ, *ਅਥਵਾ:*-ਇਸਤ੍ਰੀ ਦੇ ਚੁੰਮਣ ਰੂਪ ਮਿੱਠੇ ਉੱਤੇ ਮਰ ਰਹੀ ਹੈ, ਪਰਮੇਸ਼ਰ ਦੀ ਤਰਫ ਕਿਵੇਂ ਉਡਾਰੀ ਲੈ ਸਕਦੀ ਹੈ ?

ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥

ਹਸਤੀ=ਹਾਥੀ ਦੀ ਨਿਆਈਂ ਇਹ ਜੀਵ ਮੋਹ ਰੂਪ ਗਰਤਿ=ਟੋਏ ਵਿਚ ਪੈ ਰਿਹਾ ਹੈ, ਭਗਤੀ ਰੂਪੀ ਤਾਰੀ=ਨੌਕਾ ਨੂੰ ਲੈ ਕੇ ਕਿਵੇਂ ਤਰ ਸਕਦਾ ਹੈ।

ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ ॥

ਇਕ ਖਿਨ ਦੇ ਵਿਚ ਇਸ ਦਾ ਤਰਨਾ ਬੜਾ ਦੁਹੇਲਾ=ਮੁਸ਼ਕਿਲ ਹੋ ਗਿਆ, ਕਿਉਂਕਿ ਵਾਹਿਗੁਰੂ ਇਸ ਨੂੰ ਚੇਤੇ ਨਾ ਆਇਆ।

ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ ॥

(ਇਸ ਨੂੰ ਏਨੇ ਕੁ ਦੁੱਖ ਤੇ ਸਜ਼ਾਵਾਂ ਮਿਲੀਆਂ) ਉਨ੍ਹਾਂ ਦੁੱਖਾਂ ਤੇ ਸਜ਼ਾਵਾਂ ਦੀ ਜੇਕਰ ਗਿਣਤੀ ਕਰੀਏ ਤਾਂ ਉਨ੍ਹਾਂ ਦੀ ਕੋਈ ਗਿਣਤੀ ਨਹੀਂ ਹੁੰਦੀ, ਇਸ ਨੇ ਆਪਣੇ ਕੀਤੇ ਕਰਮਾਂ ਦਾ ਫਲ ਆਪ ਹੀ ਪਾਉਣਾ ਕੀਤਾ ਹੈ।

ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ ॥

ਜੋ ਪਾਪ ਛਿਪ ਛਿਪ ਕੇ ਕਮਾਇਆ ਸੀ, ਉਹ ਅੰਤ ਨੂੰ ਪਰਗਟ ਹੋ ਗਿਆ, ਇਸ ਲਈ ਈਤ ਉਤਹਿ=ਲੋਕ ਪ੍ਰਲੋਕ ਵਿਚ ਇਸ ਦੀ ਖੁਆਰੀ=ਖਰਾਬੀ ਹੁੰਦੀ ਹੈ।

ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰੂ ਤੋਂ ਬਿਨਾਂ ਮਨਮੁਖ ਹੰਕਾਰੀ ਕਾਮ ਆਦਿਕਾਂ ਤੋਂ ਮੂਠਾ=ਠੱਗਿਆ ਗਿਆ ॥ ੩ ॥

ਹਰਿ ਕੇ ਦਾਸ ਜੀਵੇ ਲਗਿ ਪ੍ਰਭ ਕੀ ਚਰਣੀ ॥
ਕੰਠਿ ਲਗਾਇ ਲੀਏ ਤਿਸੁ ਠਾਕੁਰ ਸਰਣੀ ॥

ਹਰੀ ਦੇ ਜੋ ਦਾਸ ਹਨ, ਉਹ ਪ੍ਰਭੂ ਦੀ ਚਰਨੀਂ ਲੱਗ ਕੇ ਜੀਊਂਦੇ ਹਨ। ਉਸ ਠਾਕੁਰ ਦੀ ਸ਼ਰਨ ਵਿਚ ਜੋ ਪਏ ਹੱਨ, ਉਹਨਾਂ ਨੂੰ ਕੰਠਿ=ਗਲ ਨਾਲ ਲੱਗਾ ਲੀਤਾ ਹੈ।

ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥

ਜਿਸ ਪਾਸੋਂ ਆਪਣਾ ਨਾਮ ਜਪਵਾਇਆ ਹੈ, ਉਸ ਨੂੰ ਬਲ ਬੁੱਧੀ ਗਿਆਨ ਧਿਆਨ ਦੀ ਪ੍ਰਾਪਤੀ ਹੋਈ ਹੈ।

ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥

ਉਹ ਪਰਮੇਸ਼ਰ ਆਪ ਹੀ ਸਤਿਸੰਗਤ ਰੂਪ ਹੋ ਰਿਹਾ ਹੈ, ਉਸ ਨੇ ਆਪ ਹੀ ਭਗਤਾਂ ਨੂੰ ਜਗਤ ਤੋਂ ਤਰਾਇਆ ਹੈ।

ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥

ਸਦਾ ਲਈ ਜਿਸ ਦੀ ਕਰਨੀ ਨਿਰਮਲ ਹੈ, ਉਸ ਨੂੰ ਰੱਖਣਹਾਰ ਪਰਮਾਤਮਾ ਨੇ ਆਪ ਰੱਖ ਲੀਤਾ ਹੈ।

ਨਾਨਕ ਨਰਕਿ ਨ ਜਾਹਿ ਕਬਹੂੰ
ਹਰਿ ਸੰਤ ਹਰਿ ਕੀ ਸਰਣੀ ॥ ੪ ॥ ੨ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਕਦੇ ਵੀ ਨਰਕਾਂ ਵਿਚ ਨਹੀਂ ਜਾਂਦਾ, ਜਿਸ ਨੇ ਹਰਿ ਹਰਿ ਦੇ ਸੰਤਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ ॥ ੪ ॥ ੨ ॥ ੧੧ ॥

ਆਸਾ ਮਹਲਾ ੫ ॥ ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥

(ਪਰਮੇਸ਼ਰ ਦੇ ਭਜਨ ਕਰਨ ਵੇਲੇ ਜੇ ਆਲਸ ਆਉਣ ਲੱਗੇ ਤਾਂ ਇਉਂ ਆਖੇ-) ਹੇ ਮੇਰੇ ਆਲਸਾ ! ਤੂੰ ਵੰਞੁ=ਚਲਿਆ ਜਾਹ, ਜੇ ਤੂੰ ਨਾ ਜਾਏਂਗਾ, ਤਾਂ ਮੈਂ ਹਰੀ ਪਾਸ ਬੇਨਤੀ ਕਰਾਂਗਾ (ਜਿਸ ਕਰਕੇ ਤੇਰਾ ਅਭਾਵ ਹੋ ਜਾਵੇਗਾ। ਜੇ ਤੂੰ ਚਲਿਆ ਜਾਵੇਂ-)

ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥

ਤਾਂ ਮੈਂ ਆਪਣੇ ਸਹੁ=ਪਤੀ ਨੂੰ ! ਰਾਵਣਾ ਕਰਾਂ, ਕਿਉਂਕਿ ਪ੍ਰਭੂ ਦੇ ਸੰਗਿ=ਨਾਲ ਹੀ ਸ਼ੋਭਨੀਕ ਹੋਈਦਾ ਹੈ।

ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ ॥

ਸੁਆਮੀ ਕੰਤ ਨਾਲ ਹੀ ਸ਼ੋਭਨੀਕ ਹੋਈਦਾ ਹੈ, ਤਾਂ ਤੇ ਰਾਤ ਦਿਨ ਉਸ ਨੂੰ ਰਾਵਣਾ ਕਰੀਏ।

ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥

ਮੈਂ ਸਵਾਸ ਸਵਾਸ ਉਸ ਨੂੰ ਚਿਤਾਰ ਕੇ ਜੀਉਂਦੀ ਹਾਂ ਅਤੇ ਪ੍ਰਭੂ ਨੂੰ ਦੇਖਣ ਵਾਸਤੇ ਹਰੀ ਦੇ ਗੁਣ ਗਾਉਂਦੀ ਹਾਂ।

ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ ॥

ਜਦ ਗੁਰਾਂ ਨੇ ਅਮਿਉ ਦ੍ਰਿਸਟਿ ਸਿੰਚੰਤੀ=ਕਿਰਪਾ ਦ੍ਰਿਸ਼ਟੀ ਕੀਤੀ, ਤਾਂ ਪਰਮੇਸ਼ਰ-ਪਤੀ ਦਾ ਦਰਸ਼ਨ ਪਾਇਆ ਜਾਂ ਦਰਸ਼ਨ ਪਾਇਆ ਤਾਂ ਬਿਰਹਾ=ਵਿਛੋੜਾ ਲਜਾਇਆ=ਸ਼ਰਮ-ਸਾਰ (ਸ਼ਰਮਿੰਦਾ) ਹੋ ਕੇ ਦੂਰ ਭੱਜ ਗਿਆ।

ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਗਿਆਸੂ ਰੂਪ ਸਖੀ ਕਹਿੰਦੀ ਹੈ ਕਿ ਮੇਰੀ ਇੱਛਾ ਪੂਰਨ ਹੋ ਗਈ ਹੈ, ਜਿਸ ਨੂੰ ਮੈਂ ਭਾਲਦੀ ਸਾਂ, ਉਹ ਮੈਨੂੰ ਮਿਲ ਪਏ ਹਨ ॥ ੧ ॥

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥

ਹੇ ਕਿਲਵਿਖਹੁ=ਪਾਪੋ ! ਤੁਸੀਂ ਨਸਿ ਵੰਞਹੁ=ਦੌੜ ਜਾਓ, ਕਿਉਂਕਿ ਕਰਤਾ ਪੁਰਖ ਮੇਰੇ ਅੰਤਹਕਰਣ ਰੂਪ

ਘਰ ਵਿਚ ਆ ਕੇ ਸਾਖਿਆਤਕਾਰ ਹੋਇਆ ਹੈ।

ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥

ਕਾਮ ਆਦਿਕ ਦੂਤਾਂ ਦਾ, *ਅਥਵਾ*-ਜਮਦੂਤਾਂ ਦਾ ਦਹਨੁ ਭਇਆ=ਅਭਾਵ ਹੋ ਗਿਆ ਹੈ, ਕਿਉਂਕਿ-ਗੋਵਿੰਦ ਆ ਕੇ ਪ੍ਰਗਟ ਹੋ ਗਿਆ ਹੈ।

ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ ॥

ਜਦ ਸਤਿਸੰਗਤ ਵਿਚ ਆ ਕੇ ਜਸ ਆਖਿਆ, ਤਾਂ ਗੋਵਿੰਦ ਗੋਪਾਲ ਲਾਲਨ=ਪਿਆਰੇ ਆ ਕੇ ਪ੍ਰਗਟ ਹੋ ਗਏ।

ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ ॥

ਜਦ ਗੁਰਾਂ ਦੀ ਕਿਰਪਾ ਕਰਕੇ ਨਾਮ ਚਿੰਤਨ ਕਰਨਾ ਜਾਣਿਆ, ਤਾਂ ਅਸਚਰਜ ਰੂਪ ਪਰਮਾਤਮਾ ਨੂੰ ਵੇਖਿਆ ਜਾਂ ਅਸਚਰਜ ਰੂਪ ਪਰਮਾਤਮਾ ਨੂੰ ਵੇਖਿਆ ਤਾਂ ਬ੍ਰਹਮਾਨੰਦ ਰੂਪੀ ਅੰਮ੍ਰਿਤ ਵਸਿਆ।

ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥

ਮਨ ਵਿਚ ਸ਼ਾਂਤੀ ਆਈ ਤਾਂ ਆਨੰਦ ਦੀ ਵਧਾਈ ਵੱਜੀ, ਪਰ ਉਸ ਵਾਹਿਗੁਰੂ ਦਾ ਅੰਤ ਨਹੀਂ ਪਾਇਆ ਜਾਂਦਾ। *ਅਥਵਾ*-ਮਨ ਨੂੰ ਸ਼ਾਂਤੀ ਆਈ ਹੈ ਅਤੇ ਏਨੀ ਵਧਾਈ=ਖੁਸ਼ੀ ਪ੍ਰਗਟ ਹੋਈ ਹੈ, ਜਿਸ ਦਾ ਅੰਤ ਨਹੀਂ ਪਾਇਆ ਜਾਂਦਾ।

ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥ ੨ ॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਤਾਂ ਸ਼ਾਂਤੀ ਸੁਖ ਨਾਲ ਮੇਲਾ ਹੋਇਆ, ਜਦ ਆਪ ਪ੍ਰਭੂ ਨੇ ਸ਼ੁਭ ਗੁਣਾਂ ਦਾ ਬਣਾ ਬਣਾਇਆ। *ਅਥਵਾ*-ਗੁਰੂ ਜੀ ਕਥਨ ਕਰਦੇ ਹਨ-ਸਹਜਿ=ਅਚੁਤ ਸੁਖ ਦਾ ਮੇਲਾ ਪ੍ਰਭੂ ਨੇ ਆਪ ਹੀ ਬਣਇਆ ਹੈ।

ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥

ਜੋ ਪੁਰਸ਼ ਨਰਾਇਣ ਨੂੰ ਸਿਮਰਦੇ ਹਨ, ਉਹਨਾਂ ਨੇ ਨਰਕ ਨੂੰ ਨਹੀਂ ਵੇਖਿਆ।

ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ ॥

ਉਹਨਾਂ ਨੂੰ ਵੇਖ ਕੇ ਧਰਮਰਾਜਾ ਜੈ ਜੈ ਸ਼ਬਦ ਉਚਾਰਨ ਕਰਦਾ ਹੈ, ਜਮਦੂਤ ਸਾਰੇ ਦੂਰ ਪਲਾਇਣ=ਭੱਜ ਗਏ।

ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥

ਧਰਮ ਧੀਰਜ ਦੇ ਸਹਿਤ ਹੋ ਕੇ, ਜੋ ਪੁਰਸ਼ ਸਤਿਸੰਗਤ ਵਿਚ ਜਾ ਕੇ ਹਰੀ ਨੂੰ ਭਜੇ=ਯਾਦ ਕਰਦੇ ਹਨ, ਉਹ ਸੁਭਾਵਕ ਹੀ ਸੁਖੀ ਹੋਏ ਹਨ।

ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥

ਪਰਮੇਸ਼ਰ ਨੇ ਅਨੁਗ੍ਰਹੁ=ਕਿਰਪਾ ਕਰਕੇ ਜਿਨ੍ਹਾਂ ਨੂੰ ਰੱਖ ਲੀਤਾ ਹੈ, ਉਹਨਾਂ ਨੇ ਮੋਹ ਮਮਤਾ ਆਦਿਕ ਸਭ

ਵਿਕਾਰ ਤਜੇ=ਛੱਡ ਦਿੱਤੇ ਹਨ।

ਗਹਿ ਕੰਠਿ ਲਾਏ ਗੁਰਿ ਮਿਲਾਏ ਗੋਵਿੰਦ ਜਪਤ ਅਘਾਇਣ॥

ਜਿਸ ਵੇਲੇ ਗੋਵਿੰਦ ਦੇ ਜਪਣ ਕਰਕੇ ਮਨ ਅਘਾਇਣ=ਤ੍ਰਿਪਤ ਹੋਇਆ, ਤਾਂ ਗੁਰਾਂ ਦੇ ਮਿਲਾਉਣ ਕਰਕੇ ਹਰੀ ਨੇ ਫੜ ਕੇ ਆਪਣੇ ਗਲ ਨਾਲ ਲੱਗਾ ਲੀਤਾ।

ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ ਪੁਜਾਇਣ॥ ੩॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਉਸ ਸੁਆਮੀ ਨੂੰ ਸਿਮਰਨਾ ਕਰ, ਜੋ ਸਭ ਆਸਾਂ ਦੇ ਪੁਜਾਇਣ=ਪੂਰਨ ਕਰਨ ਵਾਲਾ ਹੈ॥ ੩॥

[ਪੰਨਾ ੪੬੧]

ਨਿਧਿ ਸਿਧਿ ਚਰਣ ਗਹੇ ਤਾ ਕੇਹਾ ਕਾੜਾ॥
ਸਭੁ ਕਿਛੁ ਵਸਿ ਜਿਸੈ ਸੋ ਪ੍ਰਭੂ ਅਸਾੜਾ॥

ਜਿਸ ਵੇਲੇ ਚਰਨ ਫੜੇ, ਤਾਂ ਨਿੱਧੀਆਂ ਸਿੱਧੀਆਂ ਪਿੱਛੇ ਦੌੜੀਆਂ ਫਿਰਦੀਆਂ ਹਨ, ਤਾਂ ਫਿਰ ਕਾੜਾ=ਝੋਰਾ ਕਾਹਦਾ ਹੈ, ਜਿਸ ਪਰਮੇਸ਼ਰ ਦੇ ਵਸ ਸਭ ਕੁਛ ਹੈ, ਉਹ ਸਾਡਾ ਪ੍ਰਭੂ ਸਾਡੇ ਕੋਲ ਹੈ। ਜਦ ਉਹ ਪ੍ਰਭੂ ਆਪਣਾ ਹੋ ਜਾਵੇ ਤਾਂ ਸਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਜਿਵੇਂ ਸੂਰਜ ਵੱਲ ਮੂੰਹ ਕਰੇ ਤਾਂ ਪਰਛਾਵਾਂ ਆਪੇ ਹੀ ਪਿੱਛੇ ਪਿੱਛੇ ਤੁਰਿਆ ਆਉਂਦਾ ਹੈ, ਜੇਕਰ ਸੂਰਜ ਨੂੰ ਪਿੱਠ ਦੇ ਦੇਵੇ ਤਾਂ ਪਰਛਾਵਾਂ ਅੱਗੇ ਅੱਗੇ ਦੌੜਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਪਰਮੇਸ਼ਰ ਵੱਲ ਮੂੰਹ ਕਰੇ ਤਾਂ ਸਾਰੇ ਪਦਾਰਥ ਨੌਂ ਨਿਧੀਆਂ ਸਿੱਧੀਆਂ ਆਦਿਕ ਮਗਰ ਮਗਰ ਫਿਰਦੇ ਹਨ।

ਵੇਖੋ ਸੰਤ ਭੂਰੀ ਵਾਲੇ ਜਦ ਪਹਿਲੀਆਂ ਵਿਚ ਸ੍ਰੀ ਅੰਮ੍ਰਿਤਸਰ ਆਏ ਤਾਂ ਇਸੀ ਟਿਕਾਣੇ ਪਰ ਆ ਕੇ ਰਹੇ ਤੇ ਬਜ਼ਾਰ ਜਾ ਕੇ ਪੰਡਾਂ ਢੋਹ ਕੇ, ਮਿਹਨਤ-ਮਜ਼ਦੂਰੀ ਕਰਕੇ ਪੈਸੇ ਕਮਾ ਕੇ ਲਿਆਂਦੇ ਸਨ। ਹੁਣ ਵਾਹਿਗੁਰੂ ਦੀ ਤਰਫ ਮੂੰਹ ਕੀਤਾ ਹੈ ਤਾਂ ਕਿਸੇ ਪਦਾਰਥ ਦੀ ਤੋਟ ਨਹੀਂ ਅਨੇਕਾਂ ਪਦਾਰਥ ਮਗਰ ਮਗਰ ਫਿਰਦੇ ਹਨ।

ਗਹਿ ਭੁਜਾ ਲੀਨੇ ਨਾਮ ਦੀਨੇ ਕਰੁ ਧਾਰਿ ਮਸਤਕਿ ਰਾਖਿਆ॥

ਜਦ ਪ੍ਰਭੂ ਨੇ ਬੁੱਧੀ ਰੂਪ ਬਾਂਹ ਤੋਂ ਫੜ ਲੀਤਾ ਤੇ ਨਾਮ ਦਾਨ ਦਿੱਤਾ ਅਤੇ ਮੱਥੇ 'ਪਰ ਕਿਰਪਾ ਰੂਪੀ ਹੱਥ ਧਾਰ ਕੇ ਰੱਖ ਲੀਤਾ।

ਸੰਸਾਰ ਸਾਗਰੁ ਨਹ ਵਿਆਪੈ ਅਮਿਉ ਹਰਿ ਰਸੁ ਚਾਖਿਆ॥

ਉਸ ਨੂੰ ਸੰਸਾਰ-ਸਾਗਰ ਨਹੀਂ ਵਿਆਪੈ=ਲੱਗਦਾ, ਜਿਸ ਨੇ ਹਰੀ ਨਾਮ ਰੂਪ ਅੰਮ੍ਰਿਤ-ਰਸ ਨੂੰ ਚੱਖਿਆ ਹੈ।

ਸਾਧਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਅਖਾੜਾ॥

ਸਤਸੰਗਿ ਦੁਆਰਾ ਜਿਸ ਨੇ ਨਾਮ ਵਿਚ ਰੰਗੇ=ਪ੍ਰੇਮ ਕੀਤਾ ਹੈ, ਉਸ ਨੇ ਕਾਮ ਆਦਿਕਾਂ ਦੇ ਰਣੁ=ਮੈਦਾਨ ਨੂੰ ਜਿੱਤ ਕੇ ਵੱਡੇ ਅਖਾੜੇ ਸੰਸਾਰ ਨੂੰ ਜਿੱਤ ਲਿਆ ਹੈ।

ਅਥਵਾ-ਵੱਡੇ ਅਖਾੜੇ ਸੰਸਾਰ ਵਿਚ ਉਸ ਨੇ ਕਾਮ ਆਦਿਕਾਂ ਦੇ ਮੈਦਾਨ ਨੂੰ ਜਿੱਤ ਲਿਆ।

ਬਿਨਵੰਤਿ ਨਾਨਕ ਸਰਣਿ ਸੁਆਮੀ
ਬਹੁੜਿ ਜਮਿ ਨ ਉਪਾੜਾ ॥ ੪ ॥ ੩ ॥ ੧੨ ॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਜਿਸ ਨੇ ਸੁਆਮੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਉਸ ਨੂੰ ਫਿਰ ਜਮ ਨਹੀਂ ਉਪਾੜਾ=ਪੁਟਦਾ, ਭਾਵ ਨਹੀਂ ਮਾਰਦਾ। *ਅਥਵਾ:*-ਉਸ ਨੂੰ ਫਿਰ ਜੰਮਣਾ ਤੇ ਉਪਾੜਾ=ਮਰਨਾ ਨਹੀਂ ਹੁੰਦਾ॥ ੪॥ ੩॥ ੧੨॥

ਆਸਾ ਮਹਲਾ ੫ ॥
ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥
ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥

ਹੇ ਪੁਰਸ਼ਾ ! ਜਿਨ੍ਹਾਂ ਪਾਪਾਂ ਨੂੰ ਤੂੰ ਰਾਤ ਦਿਨ ਕਮਾਉਂਦਾ ਹੈਂ, ਉਹੀ ਤੇਰੇ ਮੱਥੇ ਅੱਗੇ ਆ ਰਹੇ ਹਨ। ਭਾਵ ਉਹਨਾਂ ਦਾ ਫਲ ਤੈਨੂੰ ਅਵੱਸ਼ ਭੋਗਣਾ ਪਵੇਗਾ। ਜਿਸ ਪ੍ਰਭੂ ਦੇ ਪਾਸੋਂ ਤੂੰ ਛੁਪਾਉਂਦਾ ਹੈਂ, ਉਹ ਤੇਰੈ ਸਾਥੈ=ਅੰਗ-ਸੰਗ ਹੋ ਕੇ ਵੇਖ ਰਿਹਾ ਹੈ।

ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥

ਜਦੋਂ ਉਹ (ਕਰਣਹਾਰਾ)-ਵਾਹਿਗੁਰੂ ਅੰਗ-ਸੰਗ ਹੋ ਕੇ ਵੇਖ ਰਿਹਾ ਹੈ, ਹੇ ਪੁਰਸ਼ਾ ! ਫਿਰ ਤੂੰ ਕਿਸ ਵਾਸਤੇ ਪਾਪ ਕਮਾਉਂਦਾ ਹੈਂ।

ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥

ਸੁਕ੍ਰਿਤੁ=ਪੁੰਨ ਕਰਮ ਕਰ ਅਤੇ ਵਾਹਿਗੁਰੂ ਨਾਮ ਲੈਣਾ ਕਰ। *ਅਥਵਾ:*-ਨਾਮ ਲੈਣ ਰੂਪੀ ਪੁੰਨ ਕਰਮ ਕਰ, ਤਾਂ ਮੂਲਿ=ਕਦਾਚਿਤ ਨਰਕ ਵਿਚ ਨਹੀਂ ਜਾਏਂਗਾ।

ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥

ਅੱਠੇ ਪਹਿਰ ਹਰੀ ਨਾਮ ਨੂੰ ਸਿਮਰਨਾ ਕਰ, ਏਹੀ ਤੇਰੇ ਨਾਲ ਚਲਣ ਵਾਲਾ ਹੈ।

ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥ ੧ ॥

ਸਤਿਸੰਗਤ ਦੁਆਰਾ ਹਮੇਸ਼ਾਂ ਹਰੀ ! ਭਜ, ਤਾਂ ਤੇਰੇ ਕਮਾਏ ਹੋਏ ਦੋਸ਼ ਮਿਟ ਜਾਣਗੇ॥ ੧॥

ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ ॥

ਹੇ ਮੂਰਖ ਗਾਵਾਰਾ=ਚੰਡਾਲ ! ਤੂੰ ਵਲਵੰਚ=ਠੱਗੀਆਂ ਕਰਕੇ ਉਦਰੁ=ਪੇਟ ਭਰਦਾ ਹੈਂ।

ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥
ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ ॥ *(ਪੰਨਾ ੭੨੩)*

ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥

ਪਰ ਇਹ ਨਹੀਂ ਸਮਝਦਾ ਕਿ-ਉਹ ਦੇਣ ਵਾਲਾ ਹਰੀ ਤਾਂ ਸਭ ਕੁਛ ਪਦਾਰਥ ਦੇ ਰਿਹਾ ਹੈ।

ਦਾਤਾਰੁ ਸਦਾ ਦਇਆਲੁ ਸੁਆਮੀ ਕਾਇ ਮਨਹੁ ਵਿਸਾਰੀਐ ॥

ਉਹ ਦਾਤਾਰ ਸੁਆਮੀ ਸਦਾ ਦਿਆਲੂ ਹੈ, ਉਸ ਮਾਲਕ ਨੂੰ ਮਨ ਵਿਚੋਂ ਕਾਇ=ਕਿਉਂ ਵਿਸਾਰਦਾ ਹੈਂ।

ਮਿਲੁ ਸਾਧਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ ॥

ਸੰਤਾਂ ਦੇ ਨਾਲ ਮਿਲ ਕੇ ਨਿਸ਼ੰਕ ਹੋ ਕੇ ਵਾਹਿਗੁਰੂ ਨੂੰ ਭਜੁ=ਯਾਦ ਕਰ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈ।

ਸਿਧ ਸਾਧਿਕ ਦੇਵ ਮੁਨਿ ਜਨ ਭਗਤ ਨਾਮੁ ਅਧਾਰਾ ॥

ਸਿਧਾਂ ਸਾਧਿਕ=ਜਗਿਆਸੂ ਦੇਵਤੇ, ਮੁਨੀ ਜਨ ਅਤੇ ਭਗਤ ਇਨ੍ਹਾਂ ਸਾਰਿਆਂ ਨੂੰ ਇਕ ਨਾਮ ਦਾ ਅਧਾਰਾ=ਆਸਰਾ ਹੈ।

ਬਿਨਵੰਤਿ ਨਾਨਕ ਸਦਾ ਭਜੀਐ ਪ੍ਰਭੁ ਏਕੁ ਕਰਣੈਹਾਰਾ ॥ ੨ ॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਹੇ ਭਾਈ ! ਇਕ ਕਰਣੈਹਾਰਾ=ਕਰਨ ਕਰਾਉਣ ਵਾਲਾ ਜੋ ਪ੍ਰਭੂ ਹੈ ਉਸ ਨੂੰ ਸਦਾ ਭਜਨਾ ਕਰੀਏ॥ ੨ ॥

ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ ॥
ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ ॥

ਹੇ ਭਾਈ ! ਖੋਟਾ ਕਰਮ ਬਿਲਕੁਲ ਨਾ ਕਰ, ਕਿਉਂਕਿ ਪ੍ਰਭੂ ਪਰਮਾਤਮਾ ਆਪ ਪਰਖਣ ਵਾਲਾ ਹੈ। ਜੋ ਪੁਰਸ਼ ਝੂਠ ਅਤੇ ਕਪਟ ਕਮਾਉਂਦੇ ਹਨ, ਉਹ ਸੰਸਾਰ ਵਿਚ ਜੰਮਦੇ ਮਰਦੇ ਰਹਿੰਦੇ ਹਨ।

ਸੰਸਾਰੁ ਸਾਗਰੁ ਤਿਨੀ ਤਰਿਆ ਜਿਨੀ ਏਕੁ ਧਿਆਇਆ ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥

ਜਿਸ ਨੇ ਇਕ ਨਾਮ ਨੂੰ ਧਿਆਇਆ ਹੈ ਅਤੇ ਪ੍ਰਭੂ ਦੀ ਸ਼ਰਨ ਵਿਚ ਆ ਕੇ ਜਿਸ ਨੇ ਕਾਮ ਕ੍ਰੋਧ, ਅਨਿੰਦ= ਉਸਤਤੀ ਤੇ ਨਿੰਦਿਆ ਨੂੰ ਤਿਆਗਿਆ ਹੈ, ਉਸ ਨੇ ਸੰਸਾਰ-ਸਮੁੰਦ੍ ਨੂੰ ਤਰਨਾ ਕੀਤਾ ਹੈ।

ਜਲਿ ਥਲਿ ਮਹੀਅਲਿ ਰਵਿਆ ਸੁਆਮੀ ਊਚ ਅਗਮ ਅਪਾਰਾ ॥

ਉਹ ਉੱਚਾ ਅਗਮ ਅਪਾਰ ਸੁਆਮੀ ਜਲ ਥਲ ਮਹੀ=ਪ੍ਰਿਥਵੀ ਅਲਿ=ਅਕਾਸ਼ ਵਿਚ ਰਵਿ ਰਿਹਾ ਹੈ।

ਬਿਨਵੰਤਿ ਨਾਨਕ ਟੇਕ ਜਨ ਕੀ ਚਰਣ ਕਮਲ ਅਧਾਰਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪਰਮਾਤਮਾ ਗੁਰਮੁਖ ਜਨਾਂ ਦੀ ਟੇਕ ਰੂਪ ਹੈ, ਮੈਨੂੰ ਭੀ ਉਸ ਦੇ ਚਰਨ ਕਮਲਾਂ ਦਾ ਆਸਰਾ ਹੈ॥ ੩ ॥

ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ ॥
ਮਾਇਆ ਰੰਗ ਜੇਤੇ ਸੇ ਸੰਗਿ ਨ ਜਾਹੀ ॥

ਹੇ ਪੁਰਸ਼ਾ ! ਜਿਨ੍ਹਾਂ ਪਦਾਰਥਾਂ ਨੂੰ ਤੂੰ ਵੇਖ ਰਿਹਾ ਹੈਂ, ਇਹ ਹਰਿਚੰਦਉਰੜੀ=ਗੰਧ੍ਰਬ ਨਗਰੀ ਵਾਂਗ ਝੂਠੇ

ਹਨ, ਇਸ ਸੰਸਾਰ ਵਿਚ ਕੁਛ ਵੀ ਇਸਥਿਤ ਨਹੀਂ ਹੈ। ਮਾਇਆ ਦੇ ਜਿੰਨੇ ਰੰਗ=ਅਨੰਦ ਹਨ, ਉਹ ਇਸ ਜੀਵ ਦੇ ਨਾਲ ਨਹੀਂ ਜਾਣ ਵਾਲੇ।

ਹਰਿ ਸੰਗਿ ਸਾਥੀ ਸਦਾ ਤੇਰੈ ਦਿਨਸੁ ਰੈਣਿ ਸਮਾਲੀਐ॥

ਹਰੀ ਤੇਰੇ ਸਦਾ ਸੰਗ ਦਾ ਸਾਥੀ ਹੈ, ਉਸ ਨੂੰ ਤੂੰ ਰਾਤ ਦਿਨੇ ਸਮ੍ਹਾਲਦਾ ਕਰ।

ਹਰਿ ਏਕ ਬਿਨੁ ਕਛੁ ਅਵਰੁ ਨਾਹੀ ਭਾਉ ਦੁਤੀਆ ਜਾਲੀਐ॥

ਇਕ ਹਰੀ ਤੋਂ ਬਿਨਾਂ ਹੋਰ ਕੁਝ ਵੀ ਨਾਲ ਨਹੀਂ ਜਾਣਾ। ਇਸ ਲਈ ਦ੍ਵੈਤ ਭਾ ਨੂੰ ਜਾਲੀਐ=ਸਾੜ ਦੇਣਾ ਕਰ।

ਮੀਤੁ ਜੋਬਨੁ ਮਾਲੁ ਸਰਬਸੁ ਪ੍ਰਭੁ ਏਕੁ ਕਰਿ ਮਨ ਮਾਹੀ॥

ਆਪਣਾ ਮਿੱਤਰ, ਜੋਬਨੁ=ਜੁਆਨੀ, ਮਾਲ ਵਗੈਰਾ ਸਾਰਾ ਸਰਬੰਸ ਮਨ ਦੇ ਵਿਚ ਇਕ ਪ੍ਰਭੂ ਨੂੰ ਹੀ ਨਿਸਚੇ ਕਰ।

ਬਿਨਵੰਤਿ ਨਾਨਕੁ ਵਡਭਾਗਿ ਪਾਈਐ ਸੂਖਿ ਸਹਜਿ ਸਮਾਹੀ॥ ੪॥ ੧੩॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ-ਵਡਿਆਂ ਭਾਗਾਂ ਕਰਕੇ ਨਾਮ ਦਾ ਜਾਪ ਪਾਈਏ, ਤਾਂ ਅਚੁਤ ਸੁਖ ਵਿਚ ਸਮਾਈ ਹੁੰਦੀ ਹੈ॥ ੪॥ ੪॥ ੧੩॥

ਆਸਾ ਮਹਲਾ ੫ ਛੰਤ ਘਰੁ ੮ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਸਿੱਖਾਂ ਨੇ ਬੇਨਤੀ ਕੀਤੀ ਕਿ ਇਹ ਜੀਵ ਤਰਦਾ ਕਿਉਂ ਨਹੀਂ ?

ਗੁਰ ਉੱਤਰ:-

ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ

ਪਹਿਲਾ ਅਰਥ:-ਹੇ ਭਾਈ ! ਕਮਲਾ=ਲਛਿਮੀ ਦਾ ਭ੍ਰਮ ਭੀਤਿ=ਪੜਦਾ ਰੂਪ ਹੈ, ਕਮਲਾ=ਲਛਿਮੀ ਦਾ ਭ੍ਰਮ ਭੀਤਿ=ਪੜਦਾ ਰੂਪ ਹੈ। ਇਸ ਵਿਚ ਲੱਗਣ ਕਰਕੇ ਜੀਵ ਦਾ ਤਰਨਾ ਨਹੀਂ ਹੁੰਦਾ।

ਦੂਜਾ ਅਰਥ:-ਕਮਲਾ=ਲਛਿਮੀ ਜੋ ਭ੍ਰਮ ਰੂਪ ਤੇ ਭੀਤਿ=ਪੜਦਾ ਰੂਪ ਹੈ, ਉਸ ਵਿਚ ਇਹ ਜੀਵ ਭ੍ਰਮ ਕਰਕੇ ਲੱਗਾ ਹੋਇਆ ਕਮਲਾ=ਸ਼ੁਦਾਈ ਤੇ ਭੀਤਿ=ਭਿੱਤਤ ਰੂਪ ਹੋ ਰਿਹਾ ਹੈ।

ਤੀਜਾ ਅਰਥ:-ਜਿਵੇਂ ਕਮਲਾ=ਕੌਲ ਫੁੱਲਾਂ ਉੱਤੇ ਭ੍ਰਮ=ਭੌਰਾ ਭੀਤਿ=ਭਿੱਤਤ ਰੂਪ ਹੁੰਦਾ ਹੈ। ਜਿਵੇਂ ਕਵਲ ਫੁੱਲਾਂ ਉੱਤੇ ਭੌਰਾ ਭਿੱਤਤ ਰੂਪ ਹੁੰਦਾ ਹੈ। ਇਸੇ ਤਰ੍ਹਾਂ ਇਸਤ੍ਰੀ ਪੁੱਤਰ ਆਦਿਕਾਂ ਦੇ ਮੂੰਹ ਰੂਪੀ ਕਮਲ ਫੁੱਲਾਂ ਉੱਤੇ ਜੀਵ ਰੂਪੀ ਭ੍ਰਮ=ਭੌਰਾ ਭਿੱਤਤ ਰੂਪ ਹੁੰਦਾ ਹੈ।

ਇਸਤ੍ਰੀ ਪੁੱਤਰ ਆਦਿਕਾਂ ਦੇ ਮੂੰਹ ਰੂਪੀ ਕਮਲ ਫੁੱਲਾਂ ਉੱਤੇ ਜੀਵ ਰੂਪ ਭੌਰਾ ਭੀਤਿ=ਭਿੱਤਤ ਰੂਪ ਹੁੰਦਾ ਹੈ।

ਚੌਥਾ ਅਰਥ:-ਇਕੋ ਪੰਗਤੀ ਵਿਚ ਦ੍ਰਿਸ਼ਟਾਂਤ ਤੇ ਦਾ-ਦ੍ਰਿਸ਼ਟਾਂਤ ਲਗਾਉਣਾ-

ਜਿਵੇਂ ਕਮਲ ਫੁੱਲਾਂ ਉੱਤੇ ਭ੍ਰਮ=ਭੌਰਾ ਭਿੱਤਤ ਰੂਪ ਹੁੰਦਾ ਹੈ, ਉਵੇਂ ਇਸਤ੍ਰੀ ਪੁਤ੍ਰ ਆਦਿਕਾਂ ਦੇ ਮੁਖ ਰੂਪੀ ਕਮਲ ਫੁੱਲਾਂ ਉੱਤੇ ਜੀਵ ਰੂਪ ਭ੍ਰਮ=ਭੌਰਾ ਭੀਤਿ=ਭਿੱਤਤ ਰੂਪ ਹੋ ਰਿਹਾ ਹੈ। ਇਸ ਕਰਕੇ ਇਹ ਤਰਦਾ ਨਹੀਂ।

ਪੰਜਵਾਂ ਅਰਥ:-ਸਾਰੇ ਅੱਖਰ ਇਕੱਠੇ ਲਗਾਉਣੇ-

ਕਮਲ ਫੁੱਲ ਜੋ ਭੀਤਿ=ਕੰਧ ਰੂਪ ਹਨ, ਉਨ੍ਹਾਂ ਕਮਲ ਫੁੱਲਾਂ ਉੱਤੇ ਜਿਵੇਂ ਭ੍ਰਮ=ਭੌਰਾ ਭ੍ਰਮ=ਭਰਮਦਾ ਹੋਇਆ ਭਿੱਤਤ ਰੂਪ ਹੋ ਜਾਂਦਾ ਹੈ।

ਇਸੇ ਤਰ੍ਹਾਂ ਇਸਤ੍ਰੀ ਪੁਤ੍ਰ ਆਦਿਕਾਂ ਦੇ ਮੂੰਹ ਰੂਪ ਜੋ ਕਮਲ ਫੁੱਲ ਹਨ ਭੀਤ=ਪੜਦਾ ਰੂਪ, ਉਹਨਾਂ ਮੁਖ ਰੂਪ ਕਮਲ ਫੁੱਲਾਂ ਉਤੇ ਜੀਵ ਰੂਪ ਭੌਰਾ ਭਰਮ ਕਰਕੇ ਭਿੱਤਤ ਰੂਪ ਹੋ ਰਿਹਾ ਹੈ।

ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ॥

ਹੇ ਭਾਈ ! ਮਾਇਆ ਦਾ ਤਿੱਖਾ ਮਦ ਇਸ ਜੀਵ ਨੂੰ ਪਰਮੇਸ਼ਰ ਵਲੋਂ ਬਿਪਰੀਤਿ=ਉਲਟਾ ਕਰ ਰਿਹਾ ਹੈ। ਇਸ ਮਾਇਆ ਵਿਚ ਲੱਗਣ ਕਰਕੇ ਇਸ ਦੀ ਅਵਧ=ਉਮਰ ਅਕਾਰਥ=ਨਿਸਫਲ ਜਾ ਰਹੀ ਹੈ:

ਗਹਬਰ ਬਨ ਘੋਰ ਗਹਬਰ ਬਨ ਘੋਰ ਹੇ

ਪਹਿਲਾ ਅਰਥ:-ਹੇ ਭਾਈ ! ਜਿਵੇਂ ਗਹਬਰ=ਸੰਘਣ ਬਨ=ਜੰਗਲ ਘੋਰ=ਡਰਾਉਣਾ ਹੁੰਦਾ ਹੈ, ਜਿਵੇਂ ਗਹਬਰ=ਸੰਘਣਾ ਬਨ=ਜੰਗਲ ਘੋਰ=ਡਰਾਉਣਾ ਹੁੰਦਾ ਹੈ। ਓਵੇਂ ਹੀ ਸੰਸਾਰ ਰੂਪ ਸੰਘਣਾ ਜੰਗਲ ਬੜਾ ਡਰਾਉਣਾ ਹੈ, ਸੰਸਾਰ ਰੂਪ ਸੰਘਣਾ ਜੰਗਲ ਬੜਾ ਡਰਾਉਣਾ ਹੈ।

ਦੂਜਾ ਅਰਥ :- ਜਿਵੇਂ ਗਹਬਰ= ਸੰਘਣਾ ਬਨ=ਜੰਗਲ ਘੋਰ=ਡਰਾਉਣਾ ਹੁੰਦਾ ਹੈ। ਉਵੇਂ ਹੀ ਸੰਸਾਰ ਰੂਪ ਸੰਘਣਾ ਬਨ ਘੋਰ= ਡਰਾਉਣਾ ਹੋ ਰਿਹਾ ਹੈ।

ਤੀਜਾ ਅਰਥ:-ਇਕੱਠੇ ਅੱਖਰ ਪਹਿਲੇ ਦ੍ਰਿਸ਼ਟਾਂਤ ਵਿਚ, ਫਿਰ ਦ;-ਦ੍ਰਿਸ਼ਟਾਂਤ ਵਿਚ ਲਗਾਉਣੇ ਗਹਬਰ=ਸੰਘਣਾ ਜੰਗਲ ਜੋ ਘੋਰ=ਬੜਾ ਡਰਾਉਣਾ ਹੈ, ਉਸ ਗਹਬਰ=ਸੰਘਣੇ ਜੰਗਲ ਵਿਚ ਪ੍ਰਵੇਸ਼ ਕਰਕੇ ਇਹ ਭਿਆਨਕ ਬਣਦਾ ਹੈ।

ਓਵੇਂ ਹੀ ਸੰਸਾਰ ਰੂਪ ਜੋ ਸੰਘਣਾ ਜੰਗਲ ਘੋਰ=ਭਿਆਨਕ ਹੈ, ਉਸ ਸੰਘਣੇ ਜੰਗਲ ਸੰਸਾਰ ਵਿਚ ਲਗ ਕਰਕੇ ਇਹ ਜੀਵ ਗਹਬਰ ਬਨ ਘੋਰ=ਬੜਾ ਭਾਰੀ ਅਗਿਆਨੀ ਬਣ ਰਿਹਾ ਹੈ।

*ਅਥਵਾ:-*ਬਾਣੀ ਕਰਕੇ ਕਠੋਰ ਤੇ ਘੋਰ=ਭਿਆਨਕ ਬਣ ਰਿਹਾ ਹੈ।

ਗ੍ਰਿਹ ਮੂਸਤ ਮਨ ਚੋਰ ਹੇ ਦਿਨਕਰੋ ਅਨਦਿਨੁ ਖਾਤ॥

ਹੇ ਭਾਈ ! ਇਸ ਅੰਤਹਕਰਣ ਰੂਪ ਘਰ ਵਿਚੋਂ ਸ਼ੁਭ ਗੁਣਾਂ ਰੂਪੀ ਮਨ ਨੂੰ ਮਨ ਰੂਪੀ ਚੋਰ ਮੂਸਤ=ਠੱਗੀ ਜਾਂਦਾ ਹੈ ਅਤੇ ਦਿਨਕਰੋ=ਸੂਰਜ ਰਾਤ ਦਿਨ ਦੀ ਸੰਗਿਆ ਕਰਕੇ ਇਸ ਦੀ ਅਵਸਥਾ ਨੂੰ ਖਾਈ ਜਾਂਦਾ ਹੈ।

[ਪੰਨਾ ੪੬੨]

ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ॥

ਦਿਨ=ਸੂਰਜ ਰਾਤ ਦਿਨ ਦੀ ਸੰਗਿਆ ਕਰਕੇ ਇਸ ਦੀ ਅਵਸਥਾ ਨੂੰ ਖਾਈ ਜਾਂਦਾ ਹੈ, ਇਸੀ ਤੇ ਪ੍ਰਭੂ ਤੋਂ ਬਿਨਾਂ ਸਾਰੀ ਅਵਸਥਾ ਨਿਸਫਲ ਬਿਹਾਤ=ਬੀਤ ਦੀ ਜਾਂਦੀ ਹੈ। ਇਸ ਲਈ ਇੰਞ ਬੇਨਤੀ ਕਰੋ ਕਿ ਹੇ ਕਿਰਪਾ ਦੇ ਪਤੀ ਪ੍ਰਭੂ ! ਆਪ ਮੈਨੂੰ ਮਿਲਣਾ ਕਰੋ।

ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ॥

ਅਨੇਕਾਂ ਜਨਮ ਮਰਨ ਬਤੀਤ ਹੋਏ ਹਨ, ਪਰੰਤੂ, ਹੇ ਪਿਰੀ ! ਤੇਰੇ ਸੰਗ ਤੋਂ ਬਿਨਾਂ ਕੁਛ ਗਤੇ=ਮੁਕਤੀ ਨਹੀਂ ਹੁੰਦੀ।

ਕੁਲ ਰੂਪ ਧੂਪ ਗਿਆਨ ਹੀਨੀ ਤੁਝ ਬਿਨਾ ਮੋਹਿ ਕਵਨ ਮਾਤ॥

ਮੈਂ ਸ੍ਰੇਸ਼ਟ ਅਚੁੱਤ ਕੁਲ ਤੋਂ ਰਹਿਤ ਹਾਂ, ਸਫਾਈ ਰੂਪੀ ਰੂਪ ਤੋਂ ਰਹਿਤ ਹਾਂ, ਧੂਪ=ਜਸ ਤੋਂ ਰਹਿਤ ਹਾਂ ਅਤੇ

ਗਿਆਨ ਤੋਂ ਵੀ ਹੀਨੀ=ਰਹਿਤ ਹਾਂ, ਹੇ ਪਰਮੇਸ਼ੁਰ ! ਤੇਰੇ ਬਿਨਾਂ ਮੇਰਾ ਹੋਰ ਕੌਣ ਮਾਤਾ ਪਿਤਾ ਹੈ। *ਅਥਵਾ:-* ਮਸਤੀ ਦੇ ਦੇਣ ਵਾਲਾ ਹੈ। *ਅਥਵਾ:-*ਹੋਰ ਕੌਣ ਮਾਤ=ਮਰਾਤਬਾ ਦੇਣ ਵਾਲਾ ਹੈ।

*ਅਥਵਾ:-*ਤੇਰੇ ਬਿਨਾਂ ਮੇਰਾ ਹੋਰ ਕੌਣ (ਮਾਤਬਰ) ਮੁਹਤਬਰ (ਮੁਖੀ) ਹੈ।

ਕਰ ਜੋੜਿ ਨਾਨਕੁ ਸਰਣਿ ਆਇਓ ਪ੍ਰਿਅ ਨਾਥ ਨਰਹਰ ਕਰਹੁ ਗਾਤ ॥ ੧ ॥

ਮੈਂ ਹੱਥ ਜੋੜ ਕੇ ਆਪ ਜੀ ਦੇ ਚਰਨਾਂ ਦੀ ਸ਼ਰਨ ਆਇਆ ਹਾਂ, ਹੇ ਮੇਰੇ ਪਤੀ, ਮੇਰੇ ਮਾਲਕ ! ਮਨੁੱਖਾਂ ਦੇ ਹਰੇ ਕਰਨ ਵਾਲੇ, ਆਪ ਮੇਰੀ ਗਾਤ=ਮੁਕਤੀ ਕਰੋ॥ ੧ ॥

ਮੀਨਾ ਜਲ ਹੀਨ ਮੀਨਾਂ ਜਲ ਹੀਨ ਹੇ

ਪਹਿਲਾ ਅਰਥ:-ਹੇ ਭਾਈ ! ਜਿਵੇ ਮੀਨਾ=ਮੱਛੀ ਜਲ ਤੋਂ ਹੀਨ=ਬਿਨਾਂ ਤੜਫਦੀ ਹੈ, ਮੀਨਾ=ਮੱਛੀ ਜਲ ਤੋਂ ਬਿਨਾਂ ਤੜਫਦੀ ਹੈ। ਇਸੇ ਤਰ੍ਹਾਂ ਜਗਿਆਸੂ ਰੂਪ ਮੱਛੀ ਨਾਮ-ਜਲ ਤੋਂ ਬਿਨਾਂ ਤੜਫਦੀ ਹੈ, ਜਗਿਆਸੂ ਰੂਪ ਮੱਛੀ ਨਾਮ-ਜਲ ਤੋਂ ਬਿਨਾਂ ਤੜਫਦੀ ਹੈ।

ਦੂਜਾ ਅਰਥ:-ਪਹਿਲੇ ਦ੍ਰਿਸ਼ਟਾਂਤ ਵਿਚ, ਫਿਰ ਦਾ-ਦ੍ਰਿਸ਼ਟਾਂਤ ਵਿਚ ਲਗਾਉਣੇ- ਜਿਵੇਂ ਮੀਨਾ=ਮੱਛੀ ਜਲ ਤੋਂ ਬਿਨਾਂ ਤੜਫਦੀ ਹੈ। ਇਸੇ ਤਰ੍ਹਾਂ ਜਗਿਆਸੂ ਰੂਪ ਮੱਛੀ ਨਾਮ-ਜਲ ਤੋਂ ਬਿਨਾਂ ਤੜਫਦੀ ਹੈ।

ਤੀਜਾ ਅਰਥ:-ਸਾਰੇ ਇਕੱਠੇ ਅੱਖਰ ਲਗਾਉਣੇ-

ਜਿਵੇਂ ਮੀਨਾ=ਮੱਛੀ ਜੋ ਜਲ ਤੋਂ ਹੀਨ=ਰਹਿਤ ਹੈ, ਉਸ ਮੀਨਾ=ਮੱਛੀ ਦਾ ਹੀ=ਹਿਰਦਾ ਨਾ=ਨਿਸਚੇ ਕਰਕੇ ਜਲ=ਜਲਦਾ ਰਹਿੰਦਾ ਹੈ। ਇਵੇਂ ਹੀ ਜੋ ਜਗਿਆਸੂ ਰੂਪ ਮੱਛੀ ਨਾਮ-ਜਲ ਤੋਂ ਰਹਿਤ ਹੈ, ਉਸ ਜਗਿਆਸੂ ਰੂਪ ਮੀਨਾ=ਮੱਛੀ ਦਾ ਹੀ=ਹਿਰਦਾ ਨਾ=ਨਿਸਚੇ ਕਰਕੇ ਜਲ=ਸੜਦਾ ਰਹਿੰਦਾ ਹੈ।

ਓਹੁ ਬਿਛੁਰਤ ਮਨ ਤਨ ਖੀਨ ਹੇ ਕਤ ਜੀਵਨੁ ਪ੍ਰਿਅ ਬਿਨੁ ਹੋਤ ॥

ਓਹੁ=ਉਸ ਜਲ ਤੋਂ ਵਿਛੁੜਨ ਕਰਕੇ ਮੱਛੀ ਦਾ ਮਨ ਤਨ ਖੀਨ ਹੇ=ਨਾਸ਼ ਹੁੰਦਾ ਹੈ। ਪਿਆਰੇ ਜਲ ਤੋਂ ਬਿਨਾਂ ਉਸ ਦਾ ਜੀਉਣਾ ਭਲਾ ਕਿਵੇਂ ਹੋ ਸਕਦਾ ਹੈ ?

ਇਸੇ ਤਰ੍ਹਾਂ ਉਸ ਨਾਮ-ਜਲ ਤੋਂ ਵਿਛੁੜਨ ਕਰਕੇ ਜਗਿਆਸੂ ਰੂਪ ਮੱਛੀ ਦਾ ਮਨ ਤਨ ਖੀਣ ਹੁੰਦਾ ਹੈ, ਪਿਆਰੇ ਪਤੀ ਦੇ ਨਾਮ ਰੂਪ ਜਲ ਤੋਂ ਬਿਨਾਂ ਜਗਿਆਸੂ ਰੂਪ ਮੱਛੀ ਦਾ ਜੀਉਣਾ ਕਿਵੇਂ ਹੋ ਸਕਦਾ ਹੈ ?

ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ

ਪਹਿਲਾ ਅਰਥ:-ਹੇ ਭਾਈ ! ਜਿਵੇਂ ਹਰਨ ਘੰਡੇ ਹੇੜੇ ਦੇ ਸ਼ਬਦ ਨੂੰ ਸੁਣ ਕੇ ਸਨਮੁਖ=ਸਾਹਮਣੇ ਜਾ ਕੇ ਬਾਣ ਸਹਾਰਦਾ ਹੈ, ਸਨਮੁਖ ਜਾ ਕੇ ਬਾਣ ਸਹਾਰਦਾ ਹੈ। ਇਸੇ ਤਰ੍ਹਾਂ ਜਗਿਆਸੂ ਰੂਪੀ ਹਰਨ ਗੁਰ ਉਪਦੇਸ਼ ਰੂਪੀ ਘੰਡੇ ਹੇੜੇ ਦਾ ਸ਼ਬਦ ਸੁਣ ਕੇ ਗੁਰਾਂ ਦੇ ਸਨਮੁਖ ਪ੍ਰੇਮ ਰੂਪੀ ਬਾਣ ਨੂੰ ਸਹਾਰਦਾ ਹੈ, ਗੁਰਾਂ ਦੇ ਸਨਮੁਖ ਪ੍ਰੇਮ ਰੂਪੀ ਬਾਣ ਨੂੰ ਸਹਾਰਦਾ ਹੈ।

ਦੂਜਾ ਅਰਥ:-ਪਹਿਲੇ ਦ੍ਰਿਸ਼ਟਾਂਤ ਵਿਚ ਫਿਰ ਦਾ-ਦ੍ਰਿਸ਼ਟਾਂਤ ਵਿਚ ਲਗਾਉਣਾ-

ਜਿਵੇਂ ਹਰਨ ਸਾਹਮਣੇ ਜਾ ਕੇ ਬਾਣ ਸਹਾਰਦਾ ਹੈ। ਇਸੇ ਤਰ੍ਹਾਂ ਜਗਿਆਸੂ ਗੁਰੂ ਦੇ ਸਾਹਮਣੇ ਹੋ ਕੇ ਉਪਦੇਸ਼, *ਅਥਵਾ:-*ਪ੍ਰੇਮ ਰੂਪ ਬਾਣ ਸਹਾਰਦਾ ਹੈ।

ਤੀਜਾ ਅਰਥ :-ਸਾਰੇ ਅੱਖਰ ਇਕੱਠੇ ਲਗਾਉਣੇ-

ਜਿਵੇਂ ਹਰਨ ਸਾਹਮਣੇ ਜਾ ਕੇ ਬਾਣ ਸਹਾਰਦਾ ਹੈ, ਕਿਉਂਕਿ ਸਨਮੁਖ ਜਾ ਕੇ ਸਹਾਰਨ ਦੀ ਉਸ ਨੂੰ ਬਾਨ=ਖੋਹ (ਆਦਤ) ਜੋ ਪਈ ਹੋਈ ਹੈ । ਇਸੇ ਤਰ੍ਹਾਂ ਜਗਿਆਸੂ ਰੂਪ ਹਰਨ ਗੁਰੂ ਦੇ ਉਪਦੇਸ਼ ਰੂਪ ਬਾਣ ਨੂੰ ਸਨਮੁਖ ਜਾ ਕੇ ਸਹਾਰਦਾ ਹੈ, ਕਿਉਂਕਿ ਸਨਮੁਖ ਜਾ ਕੇ ਸਹਾਰਨ ਦੀ ਉਸ ਨੂੰ ਬਾਨ=ਖੋਹ-(ਆਦਤ) ਜੋ ਪਈ ਹੋਈ ਹੈ।

ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ॥

ਹੇ ਭਾਈ ! ਜਿਵੇਂ ਹਰਨ ਆਪਣੇ ਮਨ ਤਨ ਅਤੇ ਪ੍ਰਾਣਾਂ ਨੂੰ ਅਰਪ ਦੇਂਦਾ ਹੈ ਅਤੇ ਉਹ ਘੰਡੇ ਹੇੜੇ ਦੇ ਸਰੋਤ=ਸ਼ਬਦ ਨੂੰ ਸੁਣ ਕੇ ਸਹਜੇ ਹੀ ਬੇਧਿਓ=ਵਿੰਨ੍ਹਿਆਂ ਜਾਂਦਾ ਹੈ। ਇਸੇ ਤਰ੍ਹਾਂ ਜਗਿਆਸੂ ਰੂਪ ਹਰਨ ਆਪਣੇ ਮਨ ਤਨ ਅਤੇ ਪ੍ਰਾਣਾਂ ਨੂੰ ਗੁਰਾਂ ਅੱਗੇ ਅਰਪ ਦੇਂਦਾ ਹੈ ਅਤੇ ਉਹ ਸਹਜੇ ਹੀ ਗੁਰਾਂ ਦੇ ਸ਼ਬਦ ਦੀ ਸਰੋਤ ਉਤੇ ਹੀ ਵਿੰਨ੍ਹਿਆਂ ਜਾਂਦਾ ਹੈ, ਭਾਵ ਆਪਣੇ ਆਪ ਨੂੰ ਕੁਰਬਾਨ ਕਰ ਦੇਂਦਾ ਹੈ।

ਪ੍ਰਿਅ ਪ੍ਰੀਤਿ ਲਾਗੀ ਮਿਲੁ ਬੈਰਾਗੀ ਖਿਨੁ ਰਹਨੁ ਧ੍ਰਿਗੁ ਤਨੁ ਤਿਸੁ ਬਿਨਾ॥

ਹੇ ਪਿਆਰੇ ਪਤੀ ! ਆਪ ਦੀ ਪ੍ਰੀਤੀ ਲੱਗ ਰਹੀ ਹੈ, ਹੇ ਵੈਰਾਗੀ ਆਪ ਮਿਲਣਾ ਕਰੋ,

ਤਿਸੁ=ਆਪ ਤੋਂ ਬਿਨਾਂ ਜਿਹੜਾ ਇਕ ਖਿਨ ਭਰ ਵੀ ਰਹਿਣਾ ਹੈ, ਉਸ ਤਨ ਨੂੰ ਧ੍ਰਿਗਾਕਾਰ ਹੈ।

ਨੋਟ:-ਪੂਰਾ ਪੂਰਾ ਵੈਰਾਗ ਪਰਮਾਤਮਾ ਵਿਚ ਹੈ, ਜੋ ਇਤਨੇ ਸੰਸਾਰ ਨੂੰ ਰੱਚ ਕੇ ਫੇਰ ਨਿਰਲੇਪ ਹੈ, ਇਸ ਕਰਕੇ ਉਸ ਨੂੰ ਵੈਰਾਗੀ ਪਦ ਦਿੱਤਾ ਹੈ।

ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ॥

ਹੇ ਪਿਰੀ ! ਆਪ ਜੀ ਦੇ ਪ੍ਰੇਮ ਵਿਚ ਪਾਗੈ=ਜੁੜਨ ਕਰਕੇ ਅੱਖਾਂ ਦੀਆਂ ਪਲਕਾਂ ਨਹੀਂ ਲੱਗਦੀਆਂ, ਹੇ ਪ੍ਰਭੂ ! ਰਾਤ ਦਿਨੇ ਇਹ ਮਨ ਆਪ ਨੂੰ ਚਿਤਵਦਾ ਰਹਿੰਦਾ ਹੈ।

ਸ੍ਰੀ ਰੰਗ ਰਾਤੇ ਨਾਮ ਮਾਤੇ ਭੈ ਭਰਮ ਦੁਤੀਆ ਸਗਲ ਖੋਤ॥

ਸ੍ਰੀ ਰੰਗ ਰਾਤੇ=ਹੇ ਸੋਭਾ ਦੇ ਰੰਗ ਵਿਚ ਰਤੇ ਹੋਏ ਵਾਹਿਗੁਰੂ ਜੋ ਆਪ ਦੇ ਨਾਮ ਵਿਚ ਮਸਤ ਹੋਏ ਹਨ, ਉਸ ਨੇ ਭੈ ਭਰਮ ਤੇ ਦ੍ਵੈਤ ਭਾ ਸਭ ਖੋਹਣਾ ਕੀਤਾ ਹੈ।

ਕਰਿ ਮਇਆ ਦਇਆ ਦਇਆਲ ਪੂਰਨ
ਹਰਿ ਪ੍ਰੇਮ ਨਾਨਕ ਮਗਨ ਹੋਤ॥ ੨॥

ਹੇ ਪੂਰਨ ਦਿਆਲੂ ਮਇਆ ਸਰੂਪ ! ਆਪ ਐਸੀ ਦਇਆ ਕਰੋ, ਜੋ ਹਰੀ ਦੇ ਪ੍ਰੇਮ ਵਿਚ ਮੇਰਾ ਮਨ ਮਸਤ ਹੋ ਜਾਵੇ॥ ੨॥

ਅਲੀ ਅਲ ਗੁੰਜਾਤ ਅਲੀ ਅਲ ਗੁੰਜਾਤ ਹੇ

ਪਹਿਲਾ ਅਰਥ:-(ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ) ਹੇ ਭਾਈ ! ਜਿਵੇਂ ਭੌਰੇ ਭੌਰੀਆਂ ਕਮਲ ਫੁੱਲਾਂ ਉੱਤੇ ਗੁੰਜਾਰ ਸ਼ਬਦ ਕਰਦੇ ਹਨ, ਅਲੀ ਅਲ=ਭੌਰੇ ਭੌਰੀਆਂ ਗੁੰਜਾਰ ਸ਼ਬਦ ਕਰਦੇ ਹਨ। ਤਿਵੇਂ ਸਿੱਖ ਸਿੱਖਣੀਆਂ ਰੂਪ ਭੌਰੇ ਭੌਰੀਆਂ ਗੁਰਾਂ ਦੇ ਚਰਨਾਂ ਰੂਪ ਕਮਲਾਂ ਉੱਤੇ ਗੁੰਜਾਰ ਸ਼ਬਦ ਕਰਦੇ ਹਨ। ਸਿੱਖ ਸਿੱਖਣੀਆਂ (ਰੂਪ ਭੌਰੇ ਭੌਰੀਆਂ) ਗੁਰਾਂ ਦੇ ਚਰਨਾਂ ਰੂਪ ਕਮਲਾਂ ਉੱਤੇ ਗੁੰਜਾਰ ਸ਼ਬਦ ਕਰਦੇ ਹਨ।

ਦੂਜਾ ਅਰਥ:-(ਅੱਧਾ ਦ੍ਰਿਸ਼ਟਾਂਤ ਤੇ ਅੱਧਾ ਦਾ-ਦ੍ਰਿਸ਼ਟਾਂਤ ਵਿਚ ਲਗਾਉਣਾ) ਜਿਵੇਂ ਅਲੀ ਅਲ=ਭੌਰੇ ਭੌਰੀਆਂ ਕਮਲ ਫੁੱਲਾਂ ਉੱਤੇ ਗੁੰਜਾਰ ਸ਼ਬਦ ਕਰਦੇ ਹਨ। ਇਸੇ ਤਰ੍ਹਾਂ ਸਿੱਖ ਸਿੱਖਣੀਆਂ ਰੂਪ ਅਲੀਅਲ=ਭੌਰੇ ਭੌਰੀਆਂ ਗੁਰੂ ਦੇ ਚਰਨਾਂ ਰੂਪ ਕਵਲ ਫੁਲਾਂ ਉੱਤੇ ਗੁੰਜਾਰ ਸ਼ਬਦ ਕਰਦੇ ਹਨ।

ਤੀਜਾ ਅਰਥ:-(ਸਾਰੇ ਅੱਖਰ ਇਕੱਠੇ ਲਗਾਉਣੇ) ਜਿਵੇਂ ਅਲੀ ਅਲ=ਭੌਰੇ ਭੌਰੀਆਂ ਗੁੰਜਾਰ ਸ਼ਬਦ ਕਰਨ ਵਾਲੇ ਹੋ ਕੇ ਗੁੰਜਾਰ ਸ਼ਬਦ ਕਰਦੇ ਹਨ, ਤੇ ਭੌਰੇ ਵੀ ਅਲ=ਤ੍ਰਿਪਤ ਤੇ ਭੌਰੀਆਂ ਵੀ ਅਲੀ=ਤ੍ਰਿਪਤ ਹੁੰਦੀਆਂ ਹਨ। ਇਸੇ ਤਰ੍ਹਾਂ ਸਿੱਖ ਸਿੱਖਣੀਆਂ ਰੂਪ ਭੌਰੇ ਭੌਰੀਆਂ ਗੁੰਜਾਰ ਸ਼ਬਦ ਕਰਨ ਵਾਲੇ ਹੋ ਕੇ ਗੁੰਜਾਰ ਸ਼ਬਦ ਕਰਦੇ ਹਨ, ਇਸੇ ਕਰਕੇ ਸਿੱਖ ਵੀ ਅਲ=ਤ੍ਰਿਪਤ ਅਤੇ ਸਿੱਖਣੀਆਂ ਵੀ ਅਲੀ=ਤ੍ਰਿਪਤ ਹੁੰਦੀਆਂ ਹਨ।

ਮਕਰੰਦ ਰਸ ਬਾਸਨ ਮਾਤ ਹੇ

ਹੇ ਭਾਈ ! ਜਿਵੇਂ ਭੌਰੇ ਭੌਰੀਆਂ ਕਮਲ ਫੁੱਲ ਦੀ ਮਕਰੰਦ=ਧੂੜੀ, ਰਸ ਤੇ ਵਾਸ਼ਨਾ ਵਿਚ ਮਾਤ=ਮਸਤ ਹੁੰਦੇ ਹਨ। ਇਸੇ ਤਰ੍ਹਾਂ ਹੀ ਸਿੱਖ ਸਿੱਖਣੀਆਂ ਰੂਪ ਭੌਰੇ ਭੌਰੀਆਂ ਗੁਰਾਂ ਦੇ ਚਰਨਾਂ ਦੀ ਪ੍ਰਤੱਖ ਮਕਰੰਦ=ਧੂੜੀ, *ਅਥਵਾ:-*ਸ਼ਰਧਾ ਰੂਪ ਧੂੜੀ, ਰਸ=ਪ੍ਰੇਮ, ਬਾਸਨ=ਭਗਤੀ ਵਿਚ ਮਸਤ ਹੁੰਦੇ ਹਨ।

ਪ੍ਰੀਤਿ ਕਮਲ ਬੰਧਾਵਤ ਆਪ ॥

ਜੈਸੇ ਪ੍ਰੀਤੀ ਕਰਕੇ ਭੌਰਾ ਭੌਰੀ ਆਪਣੇ ਆਪ ਨੂੰ ਕਮਲ ਫੁੱਲ ਵਿਚ ਬੰਨ੍ਹਾ ਦੇਂਦੇ ਹਨ। ਇਸੇ ਤਰ੍ਹਾਂ ਸਿੱਖ, ਸਿੱਖਣੀ ਗੁਰਾਂ ਦੇ ਚਰਨਾਂ ਰੂਪ ਕਮਲਾਂ ਵਿਚ ਆਪਣੇ ਆਪ ਨੂੰ ਬੰਨ੍ਹਾ ਦੇਂਦੇ ਹਨ।

ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ

ਪਹਿਲਾ ਅਰਥ:-(ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ) ਹੇ ਭਾਈ ! ਜਿਵੇਂ ਪਪੀਹੇ ਦੇ ਚਿਤ ਵਿਚ ਸ੍ਵਾਂਤੀ ਬੂੰਦ ਦੀ ਪਿਆਸ ਹੁੰਦੀ ਹੈ, ਚਾਤ੍ਰਿਕ=ਪਪੀਹੇ ਦੇ ਚਿਤ ਵਿਚ ਸ੍ਵਾਂਤੀ ਬੂੰਦ ਦੀ ਪਿਆਸ ਹੁੰਦੀ ਹੈ।

ਤਿਵੇਂ ਜਗਿਆਸੂ ਰੂਪ ਚਾਤ੍ਰਿਕ ਦੇ ਚਿਤ ਵਿਚ ਨਾਮ ਰੂਪ ਸ੍ਵਾਂਤੀ ਬੂੰਦ ਦੀ ਪਿਆਸ ਹੈ, ਜਗਿਆਸੂ ਰੂਪ ਚਾਤ੍ਰਿਕ ਦੇ ਚਿਤ ਵਿਚ ਨਾਮ ਰੂਪ ਸ੍ਵਾਂਤੀ ਬੂੰਦ ਦੀ ਪਿਆਸ ਹੈ।

ਦੂਜਾ ਅਰਥ:-(ਅੱਧਾ ਦ੍ਰਿਸ਼ਟਾਂਤ ਤੇ ਅੱਧਾ ਦਾ-ਦ੍ਰਿਸ਼ਟਾਂਤ ਵਿਚ ਲਗਾਉਣਾ) ਜਿਵੇਂ ਚਾਤ੍ਰਿਕ ਦੇ ਚਿੱਤ ਵਿਚ ਸ੍ਵਾਂਤੀ ਬੂੰਦ ਦੀ ਪਿਆਸ ਹੁੰਦੀ ਹੈ। ਤਿਵੇਂ ਜਗਿਆਸੂ ਰੂਪ ਚਾਤ੍ਰਿਕ ਦੇ ਚਿੱਤ ਵਿਚ ਨਾਮ ਰੂਪ ਸ੍ਵਾਂਤੀ ਬੂੰਦ ਦੀ ਪਿਆਸ ਹੈ।

ਤੀਜਾ ਅਰਥ:-(ਸਾਰੇ ਅੱਖਰ ਇਕੱਠੇ ਲਗਾਉਣੇ) ਜਿਵੇਂ ਚਾਤ੍ਰਿਕ ਜੋ ਪਪੀਹਾ ਹੈ, ਉਹ ਚਾਤ੍ਰਿਕ ਆਪਣੇ ਚਿੱਤ ਵਿਚ ਪਿਆਸਿਆਂ ਨਿਆਈਂ ਪਿਆਸ ਨੂੰ ਚਿਤਵਦਾ ਹੈ। ਇਸੇ ਤਰ੍ਹਾਂ ਜਗਿਆਸੂ ਰੂਪ ਜੋ ਚਾਤ੍ਰਿਕ ਹੈ; ਉਹ ਜਗਿਆਸੂ ਰੂਪ ਚਾਤ੍ਰਿਕ ਆਪਣੇ ਚਿੱਤ ਵਿਚ ਪਿਆਸਿਆਂ ਵਾਂਗ ਨਾਮ ਰੂਪ ਸ੍ਵਾਂਤੀ ਬੂੰਦਾਂ ਦੀ ਪਿਆਸ ਨੂੰ ਚਿਤਵਦਾ ਹੈ।

ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ ਪੀਵਤ ਬਿਨਸਤ ਤਾਪ ॥

ਘਨ=ਬੱਦਲ ਭਾਵੇਂ ਬਚਿਤ੍ਰਿ=ਨਾਨ੍ਹਾ ਪ੍ਰਕਾਰ ਦੀਆਂ ਬੂੰਦਾਂ ਨੂੰ ਵਰਸਦਾ ਹੈ; ਪਰੰਤੂ, ਚਾਤ੍ਰਿਕ ਦੇ ਚਿੱਤ ਵਿਚ ਇਕ ਸ੍ਵਾਂਤੀ ਬੂੰਦ ਦੀ ਆਸਾ ਹੈ। ਕਿਉਂਕਿ ਅਲ=ਸ੍ਵਾਂਤੀ ਬੂੰਦ ਦੇ ਪੀਣ ਕਰਕੇ ਚਾਤ੍ਰਿਕ ਦਾ ਤਾਪ ਬਿਨਸ ਜਾਂਦਾ ਹੈ।

ਇਸ ਜਗ੍ਹਾਂ ਅਲ ਦਾ ਅਰਥ 'ਸ੍ਵਾਂਤੀ ਬੂੰਦ' ਹੈ ਇਹ ਸੰਪ੍ਰਦਾਈ ਸੰਕੇਤੀ ਅਰਥ ਹੈ।

ਅਥਵਾ:-ਦੂਜਾ ਅਰਥ ਇਹ ਭੀ ਕਰਦੇ ਹਨ ਕਿ ਸ਼ਾਂਤੀ ਬੂੰਦ ਨੂੰ ਪੀ ਕੇ ਉਹ ਅਲ=ਤ੍ਰਿਪਤ ਹੁੰਦਾ ਹੈ। ਇਸੀ ਪ੍ਰਕਾਰ ਗੁਰੂ ਰੂਪ ਬੱਦਲ ਉਪਦੇਸ਼ ਰੂਪ ਜਲ ਦੀਆਂ ਅਨੇਕਾਂ ਬੂੰਦਾਂ ਵਰਸਦੇ ਹਨ। ਪ੍ਰੰਤੂ, ਉਤਮ ਜਗਿਆਸੂ ਦੇ ਚਿੱਤ ਵਿਚ ਇਕ ਅਭੇਦ ਬੋਧ ਰੂਪ ਸ਼ਾਂਤੀ ਬੂੰਦ ਦੀ ਆਸਾ ਹੈ। ਕਿਉਂਕਿ ਅਭੇਦ ਬੋਧ ਰੂਪ ਸ਼ਾਂਤੀ ਬੂੰਦ ਦੇ ਪੀਣ ਕਰਕੇ ਹੀ ਸਾਰੇ ਤਾਪ ਬਿਨਸਦੇ ਹਨ।

ਤਾਪਾ ਬਿਨਾਸਨ ਦੂਖ ਨਾਸਨ ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ॥

(ਆਧਿ, ਵਿਆਧਿ, ਉਪਾਧਿ ਰੂਪ) ਤਾਪਾਂ ਦੇ ਨਾਸ ਕਰਨ ਵਾਲਾ ਤੇ ਦੁੱਖਾਂ ਦੇ ਮਿਟਾਉਣ ਵਾਲਾ ਜੋ ਭਗਵੰਤ ਦਾ ਪ੍ਰੇਮ ਹੈ, ਉਹ ਪ੍ਰੇਮ ਮਿਲੇ ਤਾਂ ਮਨ ਤਨ ਵਿਚ ਬਹੁਤ ਹੀ ਅਨੰਦ ਹੁੰਦਾ ਹੈ।

ਸੁੰਦਰੁ ਚਤੁਰੁ ਸੁਜਾਨ ਸੁਆਮੀ ਕਵਨ ਰਸਨਾ ਗੁਣ ਭਨਾ॥

ਉਹ ਸੁਆਮੀ ਕੈਸਾ ਹੈ ਕਿ ਸੁੰਦਰ ਹੈ, ਚਤੁਰ ਹੈ ਤੇ ਸੁਜਾਣ ਹੈ, ਰਸਨਾ ਨਾਲ ਉਸ ਦੇ ਕੇਹੜੇ ਕੇਹੜੇ ਗੁਣ ਭਨਾ=ਆਖਾਂ।

ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ॥

ਹੇ ਭਗਵੰਤ ! ਸਾਡੀ ਬੁੱਧੀ ਰੂਪ ਭੁਜਾਂ ਨੂੰ ਫੜ ਲਵੋ ਤੇ ਨਾਮ ਦਾਨ ਦੇਣਾ ਕਰੋ, ਆਪ ਜਿਸ ਉੱਤੇ ਕਿਰਪਾ ਦ੍ਰਿਸ਼ਟੀ ਧਾਰਦੇ ਹੋ, ਉਸ ਦੇ ਸਾਰੇ ਪਾਪ ਮਿਟ ਜਾਂਦੇ ਹਨ।

ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ॥ ੩॥

ਗੁਰੂ ਸਾਹਿਬ ਜੀ ਜੰਪੈ=ਉਚਾਰਦੇ ਹਨ, ਪਾਪੀਆਂ ਦੇ ਪਵਿਤ੍ਰ ਕਰਨ ਵਾਲਾ ਜੋ ਹਰੀ ਹੈ, ਉਸ ਦੇ ਦਰਸ਼ਨ ਦੇਖਣ ਨਾਲ ਕੋਈ ਸੰਤਾਪ=ਦੁੱਖ ਨਹੀਂ ਹੁੰਦਾ ॥ ੩॥

ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ

ਪਹਿਲਾ ਅਰਥ-(ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ) ਹੇ ਭਾਈ ! ਜਿਵੇਂ ਕਿਸੇ ਚੰਗੇ ਨੌਕਰ ਦਾ ਮਾਲਕ ਬਾਹਰ ਚਲਿਆ ਜਾਵੇ ਤੇ ਉਹ ਸਮੇਂ ਸਿਰ ਨਾ ਪਹੁੰਚੇ ਤਾਂ ਉਹ ਸਮਝਦਾਰ ਨੌਕਰ ਆਪਣੇ ਨਾਥ ਨੂੰ ਚਿਤ ਵਿਚ ਯਾਦ ਕਰਦਾ ਹੈ, ਆਪਣੇ ਨਾਥ ਨੂੰ ਚਿਤ ਵਿਚ ਯਾਦ ਕਰਦਾ ਹੈ।

ਏਸੇ ਤਰ੍ਹਾਂ ਸ੍ਰੇਸ਼ਟ ਜਗਿਆਸੂ ਆਪਣੇ ਨਾਥ=ਸੁਆਮੀ ਪਰਮਾਤਮਾ ਨੂੰ ਚਿਤ ਵਿਚ ਯਾਦ ਕਰਦਾ ਹੈ। ਆਪਣੇ ਨਾਥ=ਸੁਆਮੀ ਪਰਮਾਤਮਾ ਨੂੰ ਚਿਤ ਵਿਚ ਚੇਤੇ ਕਰਦਾ ਹੈ।

ਦੂਜਾ ਅਰਥ :-ਅੱਧਾ ਦ੍ਰਿਸ਼ਟਾਂਤ ਤੇ ਅੱਧਾ ਦਾ-ਦ੍ਰਿਸ਼ਟਾਂਤ ਵਿਚ ਲਗਾਉਣਾ-

ਜਿਵੇਂ ਦਾਸ ਆਪਣੇ ਨਾਥ ਨੂੰ ਚਿਤ ਵਿਚ ਚੇਤੇ ਕਰਦਾ ਹੈ, ਏਸੇ ਤਰ੍ਹਾਂ ਜਗਿਆਸੂ ਨਾਥ=ਸੁਆਮੀ ਪਰਮਾਤਮਾ ਨੂੰ ਚਿਤ ਵਿਚ ਯਾਦ ਕਰਦਾ ਹੈ।

ਰਖਿ ਲੇਵਹੁ ਸਰਣਿ ਅਨਾਥ ਹੇ ਮਿਲੁ ਚਾਉ ਚਾਈਲੇ ਪ੍ਰਾਨ॥

ਹੇ ਵਾਹਿਗੁਰੂ ! ਮੈਂ ਅਨਾਥ ਨੂੰ ਆਪਣੀ ਸ਼ਰਨ ਵਿਖੇ ਰੱਖ ਲੈਣਾ ਕਰੋ। ਚਿਤ ਵਿਚ ਚਾਉ=ਉਤਸ਼ਾਹ ਬਹੁਤਾ ਹੈ ਆਪ ਛੇਤੀ ਮਿਲਣਾ ਕਰੋ, ਕਿਉਂਕਿ ਮੇਰੇ ਪ੍ਰਾਣ ਚਾਈਲੇ=ਕਾਹਲੇ ਪੈ ਰਹੇ ਹਨ।

ਸੁੰਦਰ ਤਨ ਧਿਆਨ ਸੁੰਦਰ ਤਨ ਧਿਆਨ ਹੇ

ਪਹਿਲਾ ਅਰਥ:-(ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ) ਹੇ ਭਾਈ ! ਜਿਵੇਂ ਰਾਧਕਾਂ, ਸੁੰਦਰ ਸਰੀਰ ਵਾਲੇ ਜੋ ਕ੍ਰਿਸ਼ਨ ਜੀ ਹਨ, ਉਨ੍ਹਾਂ ਦਾ ਧਿਆਨ ਕਰਦੀ ਹੈ, ਸੁੰਦਰ ਸਰੀਰ ਵਾਲੇ ਕ੍ਰਿਸ਼ਨ ਜੀ ਦਾ ਧਿਆਨ ਕਰਦੀ ਹੈ।

ਏਸੇ ਤਰ੍ਹਾਂ ਹੀ ਜਗਿਆਸੂ, ਸੁੰਦਰ ਸਰੀਰ ਵਾਲੇ ਪਰਮਾਤਮਾ ਦਾ ਧਿਆਨ ਕਰਦੇ ਹਨ, ਸੁੰਦਰ ਸਰੀਰ ਵਾਲੇ ਪਰਮਾਤਮਾ ਦਾ ਧਿਆਨ ਕਰਦੇ ਹਨ।

ਦੂਜਾ ਅਰਥ:-(ਅੱਧਾ ਦ੍ਰਿਸ਼ਟਾਂਤ ਤੇ ਅੱਧਾ ਦਾ-ਦ੍ਰਿਸ਼ਟਾਂਤ ਵਿਚ ਲਗਾਉਣਾ)-

ਜਿਵੇਂ ਸੁੰਦਰ ਸਰੀਰ ਵਾਲੇ ਕ੍ਰਿਸ਼ਨ ਜੀ ਦਾ ਧਿਆਨ ਰਾਂਧਕਾਂ ਕਰਦੀ ਹੈ। ਏਸੇ ਤਰ੍ਹਾਂ ਸੁੰਦਰ ਸਰੀਰ ਵਾਲੇ ਪਰਮਾਤਮਾ ਦਾ ਧਿਆਨ ਉੱਤਮ ਜਗਿਆਸੂ ਕਰਦੇ ਹਨ।

ਤੀਜਾ ਅਰਥ:-(ਸਾਰੇ ਅੱਖਰ ਇਕੱਠੇ ਲਗਾਉਣੇ) ਹੇ ਭਾਈ ! ਜਿਵੇਂ ਸੁੰਦਰ ਸਰੀਰ ਵਾਲੇ ਜੋ ਕ੍ਰਿਸ਼ਨ ਜੀ ਹਨ ਧਿਆਉਣ ਜੋਗ, ਉਸ ਸੁੰਦਰ ਸਰੀਰ ਵਾਲੇ ਕ੍ਰਿਸ਼ਨ ਜੀ ਦਾ ਧਿਆਨ ਰਾਧਕਾਂ ਕਰਦੀ ਹੈ।

ਐਸੇ ਸੁੰਦਰ ਤਨ ਵਾਲਾ ਜੋ ਪਰਮੇਸ਼ਰ ਹੈ ਧਿਆਉਣ ਜੋਗ, ਤਿਸ ਸੁੰਦਰ ਤਨ ਵਾਲੇ ਪਰਮੇਸ਼ਰ ਦਾ ਧਿਆਨ ਉੱਤਮ ਜਗਿਆਸੂ ਕਰਦੇ ਹਨ। *ਅਥਵਾ:-*ਅਸੀਂ ਉਸ ਦਾ ਧਿਆਨ ਕਰਦੇ ਹਾਂ।

ਮਨੁ ਲੁਬਧ ਗੋਪਾਲ ਗਿਆਨ ਹੇ ਜਾਚਿਕ ਜਨ ਰਾਖਤ ਮਾਨ॥

ਉਸ ਗੋਪਾਲ=ਪਰਮਾਤਮਾ ਦੇ ਗਿਆਨ ਵਿਚ ਮਨ ਲੁਭਾਇਮਾਨ ਹੋ ਰਿਹਾ ਹੈ, ਜੋ ਜਾਚਕ ਜਨਾਂ ਦਾ ਮਾਣ ਰੱਖਦਾ ਹੈ।

ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਇਛ ਪੁਜੰਤੀਆ॥

ਉਹ ਪ੍ਰਭੂ ਸੰਪੂਰਨ ਸਤਿਕਾਰ ਦੇਣ ਵਾਲਾ ਹੈ ਤੇ ਦੁੱਖਾਂ ਦੇ ਬਿਦੀਰਣ=ਨਾਸ ਕਰਨ ਵਾਲਾ ਹੈ, ਸਭ ਇੱਛਾ ਦੇ ਪੂਰਨ ਕਰਨ ਵਾਲਾ ਹੈ।

ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ॥

ਜਿਸ ਵੇਲੇ ਸਭਾਗੇ ਦਿਨ ਆਏ ਤੇ ਹਰੀ ਨੇ ਕੰਠ ਨਾਲ ਲਗਾਇਆ, ਤਾਂ ਪਤੀ ਪਰਮਾਤਮਾ ਨਾਲ ਮਿਲਣ ਕਰਕੇ ਅੰਤਹਕਰਨ ਰੂਪੀ ਸੇਜਾ ਸ਼ੋਭਨੀਕ ਹੋਈ।

ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ॥

ਜਿਸ ਵੇਲੇ ਪ੍ਰਭੂ ਸਰੂਪ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਧਾਰੀ, ਤਾਂ ਮੁਰਾਰੀ=ਮੁਰ ਦੈਂਤ ਦੇ ਦੁਸ਼ਮਣ ਪਰਮਾਤਮਾ ਮਿਲੇ, ਤਾਂ ਸਾਰੇ ਕਲਮਲ=ਪਾਪ ਹਾਨ=ਨਾਸ ਹੋ ਗਏ।

ਬਿਨਵੰਤਿ ਨਾਨਕ ਮੇਰੀ ਆਸ ਪੂਰਨ
ਮਿਲੇ ਸ੍ਰੀਧਰ ਗੁਣ ਨਿਧਾਨ॥ ੪॥ ੧॥ ੧੪॥

ਗੁਰੂ ਜੀ ਬਿਨਵੰਤਿ=ਉਚਾਰਦੇ ਹਨ ਹੁਣ ਮੇਰੀ ਆਸਾ ਪੂਰਨ ਹੋਈ ਹੈ, ਕਿਉਂਕਿ ਸ੍ਰੀਧਰ=ਸੋਭਾ ਦੇ ਧਾਰਨ ਵਾਲੇ ਅਤੇ ਸ਼ੁਭ ਗੁਣਾਂ ਦੇ ਨਿਧਾਨ=ਖਜ਼ਾਨੇ ਪਰਮੇਸ਼ਰ ਮਿਲ ਪਿਆ॥ ੪॥ ੧॥ ੧੪॥

-ਛੰਤ ਸਮਾਪਤ-

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ੪੬੨)

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਆਸਾ ਮਹਲਾ ੧ ॥
ਵਾਰ ਸਲੋਕਾ ਨਾਲਿ

ਸ੍ਰੀ ਆਸਾ ਜੀ ਦੀ ਵਾਰ ਸਲੋਕ ਮਹੱਲਿਆਂ ਦੇ ਨਾਲ ਕਥਨ ਕੀਤੀ ਹੈ। ਇਤਨੇ ਅੱਖਰ ਇਸ ਲਈ ਲਿਖੇ ਹਨ ਚੂੰਕਿ ਕਈ ਵਾਰਾਂ ਸਲੋਕ ਮਹੱਲਿਆਂ ਤੋਂ ਬਿਨਾਂ ਹੈਨ।

ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

ਇਸ ਵਾਰ ਵਿਚ ਵਾਰ=ਪਉੜੀਆਂ ਸਾਰੀਆਂ ਪਹਿਲੇ ਪਾਤਿਸ਼ਾਹ ਜੀ ਦੀਆਂ ਹਨ, ਸਲੋਕ ਅਤੇ ਮਹਲੇ ਭੀ ਬਹੁਤੇ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲਿਖੇ ਹੋਏ ਹਨ।

ਟੁੰਡੇ ਅਸਰਾਜੈ ਕੀ ਧੁਨੀ ॥

ਇਤਨੇ ਅੱਖਰ ਛੇਵੇਂ ਪਾਤਿਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲਿਖ ਕੇ ਰਾਗੀਆਂ ਨੂੰ ਹੁਕਮ ਦਿੱਤਾ, ਜਿਵੇਂ ਟੁੰਡੇ ਅਸਰਾਜ ਦੀ ਧੁਨੀ=ਪਉੜੀ ਲਿਖੀ ਹੋਈ ਢਾਢੀ ਲੋਕ ਗਾਉਂਦੇ ਹਨ ਤਿਵੇਂ ਸ੍ਰੀ ਆਸਾ ਜੀ ਦੀ ਵਾਰ ਦੀਆਂ ਪਉੜੀਆਂ ਗਾਇਨ ਕਰਨੀਆਂ।

ਕਿਉਂਕਿ ਧੁਨਾਂ ਦੇ ਚਾੜ੍ਹਨ ਦਾ ਹੁਕਮ ਪੰਚਮ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਿੱਤਾ ਸੀ।

(ਦੇਖੋ ਗੁਰ ਬਿਲਾਸ ਪਾ: ੬ ਕ੍ਰਿਤ ਭਾਈ ਮਨੀ ਸਿੰਘ ਜੀ ਧਿਆਇ ੪ ਪੰਨਾ ੭੭)

ਯਥਾ- ਸ੍ਰੀ ਸਤਿਗੁਰ ਦਿਖ ਲਗੋ ਦਿਵਾਨਾਂ। ਬੁੱਢੇ ਆਦਿਕ ਸਭ ਇਕ ਠਾਂਨਾ।
ਹਰਿ ਗੋਬਿੰਦ ਕੋ ਕਹਾ ਸੁਨਾਈ। ਆਗਿਆ ਮੋਰ ਸੁਨੋ ਚਿਤ ਲਾਈ।
ਸਾਹਿਬ ਬੁੱਢੇ ਬਚਨ ਬਖਾਨਾਂ। ਤੁਮ ਕਰਨੇ ਜੁਧ ਮਹਾਂ ਭੈ ਆਨਾਂ।
ਗ੍ਰੰਥ ਬੀਚ ਹਮ ਜੋਇ ਲਿਖਾਈ। ਬਾਈ ਵਾਰ ਸੁਨਹੁ ਮਨ ਲਾਈ।
ਮਨ ਪਸੰਦ ਵਾਰ ਜੋ ਪਾਵੋ। ਤਬੈ ਧੁਨਾਂ ਤੁਮ ਤਾਹਿ ਚੜ੍ਹਾਵੋ।
ਬਾਣੀ ਔਰ ਨਹੀਂ ਤੁਮ ਕਰਨੀ। ਸਤਿ ਬਚਨ ਸੁਨਹੁ ਮਮ ਸ੍ਵਰਨੀ ॥ ੪੧੧ ॥

ਯਥਾ- ਇਕ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਵਾਨ ਲੱਗਾ ਕੇ ਬੈਠੇ ਸਨ ਤੇ ਅਬਦੁਲੇ ਢਾਢੀ ਨੂੰ ਕਿਹਾ ਹੁਣ ਤੂੰ ਵਾਰਾਂ ਸੁਣਾ, ਤਦ ਉਸ ਨੇ ੨੨ ਵਾਰਾਂ ਸੁਣਾਈਆਂ।

ਯਥਾ:- ਭਿੰਨ ਭਿੰਨ ਸਭ ਵਾਰ ਉਚਾਰੀ ॥ ਢਾਢੀ ਅਬਦੁਲ ਬਡ ਛਬ ਧਾਰੀ ॥
ਧੁਨ ਜੁਤ ਬਾਈ ਵਾਰ ਸੁਨਾਈ॥ ਦੋਇ ਮਾਸ ਮਹਿ ਨਿਜ ਮਨ ਲਾਈ॥ ੧੨੪॥
ਬਾਈ ਵਾਰ ਕੀ ਧੁਨ ਸੁਨ ਬਾਈ॥ ਨੌ ਧੁਨ ਊਪਰ ਵਾਰ ਚੜ੍ਹਾਈ॥
ਕਰੇ ਯਾਦ ਗੁਰੂ ਅਰਜਨ ਬੈਨ॥ ਮਨ ਪਸੰਦ ਚਾੜ੍ਹੋ ਮਨ ਚੈਨ॥
ਅਬ ਜੋ ਗੁਰੁ ਕੇ ਮਨ ਮੈਂ ਭਾਈ॥ ਹਰਿ ਗੋਬਿੰਦ ਧੁਨ ਸੋਇ ਚੜ੍ਹਾਈ॥ ੧੨੬॥
ਸਾਹਿਬ ਬੁੱਢੇ ਕੀ ਤਬੈ, ਸ੍ਰੀ ਗੁਰ ਆਗਿਆ ਪਾਇ॥
ਨੌ ਧੁਨਿ ਚਾੜੀ ਵਾਰ ਕੀ, ਸੁਨੋ ਸੋਇ ਚਿਤ ਲਾਇ॥ ੧੩੨॥*

ਪਹਿਲੀ ਸਾਖੀ

ਇਕ ਚਿੱਤ੍ਰ ਕੇਤੂ ਨਾਮ ਕਰ ਕੇ ਰਾਜਾ ਹੋਇਆ ਹੈ। ਉਸ ਦੇ ਘਰ ਪ੍ਰਮੇਸ਼ਰ ਦੀ ਕਿਰਪਾ ਨਾਲ ਸੁੰਦਰ ਲੜਕਾ ਪੈਦਾ ਹੋਇਆ, ਜਿਸ ਨੂੰ ਵੇਖਦਿਆਂ ਦੁੱਖ ਭੁੱਖ ਲਹਿੰਦੀ ਸੀ। ਜਿਸ ਵੇਲੇ ੪੦ ਦਿਨਾਂ ਦਾ ਹੋ ਗਿਆ ਤਾਂ ਬ੍ਰਾਹਮਣਾਂ ਪਾਸੋਂ ਪੁਛ ਕੇ ਉਸ ਦਾ ਨਾਮ 'ਅਸਰਾਜ' ਰੱਖਿਆ ਗਿਆ। ਜਿਸ ਵੇਲੇ ਕੁਝ ਕੁ ਸਾਲਾਂ ਦਾ ਹੋ ਗਿਆ, ਤਾਂ ਇਕ ਦਿਨ ਰਾਜਾ ਨੇ ਆਪਣੇ ਮਹਿਲਾਂ ਵਿਚ ਜੋਤਸ਼ੀਆਂ ਨੂੰ ਬੁਲਾ ਕੇ ਕਿਹਾ-ਕੋਈ ਐਸਾ ਤਰੀਕਾ ਦਸੋ ਜਿਸ ਨਾਲ ਮੇਰਾ ਪੁਤ੍ਰ ਤੇਜ ਪ੍ਰਤਾਪ ਤੇ ਬੜੇ ਬਲ ਵਾਲਾ ਹੋਵੇ।

ਜੋਤਸ਼ੀਆਂ ਨੇ ਆਪਣੇ ਜੋਤਸ਼ ਅਨੁਸਾਰ ਸੋਚ ਵਿਚਾਰ ਕੇ ਆਖਿਆ-'ਹੇ ਰਾਜਨ ! ਇਕ ਸੁੰਦਰ ਭੌਰਾ ਤਿਆਰ ਕਰਾ ਕੇ ਉਸ ਅੰਦਰ ੧੨ ਸਾਲ ਇਸ ਦੀ ਰਿਹਾਇਸ਼ ਕਰਾਈ ਜਾਵੇ, ਅੰਦਰ ਹੀ ਗੁਸਲਖਾਨਾ ਅਤੇ

ਕਬਿੱਤ-

*ਮਲਕ ਮੁਰੀਦ ਸੂਰ ਚੰਦ੍ਰਹੜਾ ਜੁਧ ਪੂਰ,
ਤਾਕੀ ਧੁਨ ਸੁਨ ਵਾਰ ਮਾਝ ਕੀ ਚੜ੍ਹਾਈ ਹੈ।
ਕਮਾਲਰਾਇ ਧਾਰ ਕ੍ਰੂਧ ਮੋਜਦੀਨ ਜਿਉਂ ਕੀਨੋ ਜੁਧ,
ਤਾਕੀ ਧੁਨ ਸੁਨ ਵਾਰ ਗੌੜੀ ਕੀ ਲਿਖਾਈ ਹੈ।
ਟੁੰਡੇ ਅਸ ਭਯੋ ਜਸ ਕੀਨੋ ਬਡੋ ਜੁਧ ਰਸ,
ਧੁਨ ਸੁ ਅਪਾਰ ਤਾਹਿ ਆਸਾ ਵਾਰ ਪਾਈ ਹੈ।
ਸਿਕੰਦਰ ਸੋ ਬਡੋ ਬਲ ਬ੍ਰਾਹਮ ਸੋ ਜੁਧ ਭਲ,
ਤਾਕੀ ਧੁਨ ਬੈਰੀ ਦਲ ਗੂਜਰੀ ਧਰਾਈ ਹੈ॥ ੧੩੩॥

ਸਵੈਯਾ-

ਸੁਨ ਕੈ ਧੁਨਿ ਔਰ ਲਲਾ ਬਹਿਲੀਮ ਕਹੈ ਵਡਹੰਸ ਕੇ ਮਾਹਿ ਚੜ੍ਹਾਈ।
ਜੋਧ ਸੁ ਵੀਰ ਭਯੋ ਰਣਧੀਰ ਪੂਰਬਾਣੀ ਸੋਂ ਰਸ ਰੁਦ੍ਰ ਮਚਾਈ।
ਸੋ ਧੁਨ ਰਾਮਕਲੀ ਸੁਭ ਰਾਗ ਮੈਂ ਹੋਇ ਦਿਆਲ ਗੁਰੂ ਜੀ ਲਿਖਾਈ।
ਮਹਿਮੇ ਹਸਨੇ ਜਿਮ ਜੁਧ ਕੀਓ ਧੁਨ ਸੁੰਦਰ ਸਾਰੰਗ ਵਾਰ ਧਰਾਈ॥ ੧੩੪॥

ਸੋਰਠਾ- ਪੁਨ ਰਾਣੇ ਕੈਲਾਸ ਮਾਲਦੇਵ ਜਿਮ ਜੁਧ ਕੀਓ।
ਤਿਹ ਧੁਨ ਗੁਰੂ ਪ੍ਰਕਾਸ਼ ਮਲਾਰ ਵਾਰ ਪੈ ਸੋ ਲਿਖੀ॥ ੧੩੫॥

ਦੋਹਰਾ- ਮੂਸੇ ਵਾਰ ਕੀ ਧੁਨ ਸੁਨੀ, ਸ੍ਰੀ ਗੁਰ ਮਨ ਹਰਖਾਇ।
ਵਾਰ ਕਾਨੜੇ ਪਰ ਲਿਖੀ, ਸੋ ਧੁਨ ਗੁਰ ਪ੍ਰਗਟਾਇ॥ ੧੩੬॥

(ਗੁਰ ਬਿਲਾਸ ਪਾ: ੬ ਧਿਆਇ ੮ ਪੰਨਾ ੧੪੯)

ਖਾਣਾ ਤਿਆਰ ਕਰਨ ਲਈ ਕਿਚਨ ਤੇ ਪੜ੍ਹਾਈ ਵਾਸਤੇ ਵੱਖਰਾ ਕਮਰਾ ਸੈਰਗਾਹ ਵਾਸਤੇ ਸੋਹਣਾ ਬਗੀਚਾ ਤਿਆਰ ਕਰਾਇਆ ਜਾਵੇ ਤੇ ਆਰਾਮ ਲਈ ਸੋਹਣਾ ਮੰਦਰ ਭਾਵ ਬਾਹਰ ਬਿਲਕੁਲ ਨਾ ਨਿਕਲੇ ਤਾਂ ਇਹ ਲੜਕਾ ਬੜਾ ਤੇਜਸ੍ਵੀ ਅਤੇ ਸੂਰਬੀਰ ਦੁਸ਼ਮਨਾਂ ਦੇ ਨਾਸ ਕਰਨ ਵਾਲਾ ਹੋਵੇਗਾ।'

ਇੰਹ ਗੱਲ ਜੋਤਸ਼ੀਆਂ ਪਾਸੋਂ ਸੁਣ ਕੇ ਰਾਜੇ ਨੇ ਉਸੇ ਵੇਲੇ ਹੁਕਮ ਦੇ ਕੇ ਭੋਰਾ ਤਿਆਰ ਕਰਵਾ ਲਿਆ ਅਤੇ ਚੰਗੇ ਉਸਤਾਦ ਲੱਗਾ ਕੇ ਬਾਰਾਂ ਵਰ੍ਹੇ ਭੋਰੇ ਵਿਚ ਹੀ ਵਿੱਦਿਆ ਪੜ੍ਹਾਈ।

ਪੂਰਾ ਸਮਾਂ ਹੋਣ ਨਾਲ ਰਾਜਾ ਨੇ ਮੰਤ੍ਰੀਆਂ ਨੂੰ ਹੁਕਮ ਦਿੱਤਾ, ਅਸਰਾਜ ਨੂੰ ਬਾਹਰ ਲਿਆਓ। ਮੰਤਰੀਆਂ ਨੇ ਉਸੀ ਵੇਲੇ ਹੋਰ ਸਾਰੇ ਕੰਮ ਛੱਡ ਕੇ ਬੜੀ ਰੌਣਕ ਬਣਾ ਕੇ ਵਾਜੇ ਵਗੈਰਾ ਨਾਲ ਲੈ ਕੇ ਬੜੀ ਧੂਮ ਧਾਮ ਨਾਲ ਭੋਰੇ ਵਿਚੋਂ ਆਤਸ਼ਬਾਜ਼ੀਆਂ ਸਮੇਤ ਰਾਜ ਪੁੱਤਰ ਨੂੰ ਬਾਹਰ ਲਿਆਂਦਾ। ਸਭ ਤੋਂ ਪਹਿਲਾਂ ਅਸਰਾਜ ਨੇ ਆਪਣੇ ਪਿਤਾ ਜੀ ਦੇ ਚਰਨਾਂ 'ਪਰ ਆ ਕੇ ਮੱਥਾ ਟੇਕਿਆ। ਅਗੋਂ ਪਿਤਾ ਨੇ ਸਿਰ ਤੇ ਹੱਥ ਫੇਰਿਆ, ਮੱਥਾ ਚੁੰਮਿਆ, ਗਲ ਨਾਲ ਲਾ ਕੇ ਆਪਣੇ ਪਾਸ ਬੈਠਾ ਲਿਆ। ਉਸ ਵੇਲੇ ਦਾ ਸਮਾਗਮ ਬੜੀਆਂ ਖੁਸ਼ੀਆਂ ਨਾਲ ਪੂਰਾ ਕੀਤਾ ਅਤੇ ਸਭਾ ਵਿਚ ਬੈਠੇ ਸਾਰਿਆਂ ਲੋਕਾਂ ਨੂੰ ਮਠਿਆਈ ਦਿੱਤੀ।

ਕੁੰਝ ਸਮੇਂ ਪਿਛੋਂ ਪਿਤਾ ਨੇ ਕਿਹਾ-ਪੁਤ੍ਰ ! ਮਹਿਲਾਂ ਵਿਚ ਜਾ ਕੇ ਤੂੰ ਆਪਣੀਆਂ ਸਭ ਮਾਤਾਵਾਂ ਨੂੰ ਮਿਲ ਗਿਲ ਆ।' ਹੁਕਮ ਮੰਨ ਕੇ ਅਸਰਾਜ ਨੇ ਬੜੇ ਅਦਬ ਸਤਿਕਾਰ ਨਾਲ ਸਭ ਮਾਤਾਵਾਂ ਦੇ ਚਰਨਾਂ 'ਪਰ ਨਿੰਮ੍ਰਤਾ ਨਾਲ ਮੱਥਾ ਟੇਕ ਕੇ ਬਹੁਤ ਸਾਰੀਆਂ ਅਸੀਸਾਂ ਤੇ ਬੜਾ ਪਿਆਰ ਲੀਤਾ। ਇਕ ਰਾਣੀ ਜੋ ਰਾਜਾ ਨੇ ਨਵੀਂ ਵਿਆਹੀ ਹੋਈ ਸੀ, ਜਦ ਉਸ ਦੇ ਪਾਸ ਜਾ ਕੇ ਮੱਥਾ ਟੇਕਣ ਲੱਗਾ ਤਾਂ ਇਸ ਦੇ ਸੁੰਦਰ ਚੇਹਰੇ ਮੋਹਰੇ ਨੂੰ ਵੇਖ ਕੇ ਉਹ ਮੋਹਤ ਹੋ ਗਈ ਤੇ ਅਸਰਾਜ ਦੀਆਂ ਬਾਹਵਾਂ ਫੜ ਕੇ ਖਲੋ ਗਈ ਮੱਥਾ ਨਾ ਟੇਕਣ ਦਿੱਤਾ। ਅਸਰਾਜ ਕਹੇ-ਮਾਤਾ ! ਮੱਥਾ ਟੇਕ ਲੈਣ ਦੇਹ। ਆਖਣ ਲੱਗੀ-ਤੂੰ ਮੇਰਾ ਕੋਈ ਪੁਤ੍ਰ ਨਹੀਂ, ਤੂੰ ਤਾਂ ਮੇਰਾ ਪਤੀ ਹੈਂ, ਤੇਰਾ ਹੱਕ ਨਹੀਂ ਮੱਥਾ ਟੇਕਣ ਦਾ। ਮੇਰੇ ਨਾਲ ਗ੍ਰਿਹਸਤ ਵਾਲਾ ਵਿਹਾਰ ਕਰ।' ਇਹ ਸੁਣ ਕੇ ਅਸਰਾਜ ਨੇ ਕਿਹਾ-ਇਹ ਗੱਲ ਫੇਰ ਨਾ ਕਹੀਂ, ਤੂੰ ਤਾਂ ਮੇਰੀ ਮਾਤਾ ਹੈਂ।' ਰਾਣੀ ਨੇ ਆਖਿਆ- 'ਮੈਂ ਤੇਰੀ ਕੋਈ ਮਾਤਾ ਨਹੀਂ , ਮੈਂ ਤੈਨੂੰ ਆਪਣੇ ਪੇਟੋਂ ਨਹੀਂ ਜੰਮਿਆ, ਮੇਰਾ ਕਿਹਾ ਮੰਨ ਕੇ ਮੇਰੇ ਨਾਲ ਰਚ ਮਿਚ ਜਾਹ, ਨਹੀਂ ਤਾਂ ਮੈਂ ਤੇਰਾ ਬੁਰਾ ਹਾਲ ਕਰਾਵਾਂਗੀ, ਹੋ ਸਕਿਆ ਤਾਂ ਜਾਨੋਂ ਮਰਵਾ ਦਿਆਂਗੀ।' ਰਾਜ ਪੁਤ੍ਰ ਇਹ ਗੱਲਾਂ ਸੁਣ ਕੇ ਬੜੀਆਂ ਸੋਚਾਂ ਅੰਦਰ ਪੈ ਗਿਆ, ਆਖਿਰਕਾਰ ਅਸਰਾਜ ਬੜਾ ਧਰਮਾਤਮਾ ਤੇ ਅਕਲਮੰਦ ਸੀ, ਆਖਣ ਲੱਗਾ-'ਹੇ ਮਾਤਾ ! ਇਕ ਵੇਰਾਂ ਤਾਂ ਮਰਨਾ ਹੀ ਹੈ ਪਰ ਕਲੰਕਤ ਹੋ ਕੇ ਨਹੀਂ ਮਰਾਂਗਾ, ਤੂੰ ਆਪਣੇ ਖਿਆਲਾਂ ਨੂੰ ਮੋੜ ਲੈ।' ਇਤਨੀ ਗੱਲ ਆਖ ਕੇ ਅਸਰਾਜ ਝਟ ਪਟ ਬਾਹਰ ਦੌੜ ਆਇਆ।

ਪਿਛੋਂ ਰਾਣੀ ਨੇ ਰਾਜੇ ਦੇ ਆਉਣ ਦਾ ਵੇਲਾ ਜਾਣ ਕੇ ਇਹ ਚਰਿੱਤ੍ਰ ਕਰ ਲਿਆ, ਗਲ ਦੇ ਕਪੜੇ ਪਾੜ ਦਿੱਤੇ, ਗਹਿਣੇ ਲਾਹ ਸੁਟੇ, ਸਿਰ ਦੇ ਵਾਲ ਖਿਲਾਰ ਕੇ, ਪਿੰਡੇ ਤੇ ਨਹੁੰਦਰਾਂ ਮਾਰ ਕੇ ਬੁਰਾ ਭੇਸ ਬਣਾ ਕੇ ਜ਼ਮੀਨ 'ਪਰ ਲੇਟ ਗਈ। ਇਤਨੇ ਨੂੰ ਰਾਜਾ ਜੀ ਆ ਗਏ, ਆਉਂਦਿਆਂ ਸਾਰ ਇਹ ਹਾਲਤ ਵੇਖ ਕੇ ਹੈਰਾਨ ਹੋ ਗਏ, ਪੁੱਛਦੇ ਹਨ-'ਹੇ; ਸੁਭੱਦਰੇ ! ਤੇਰਾ ਇਹ ਹਾਲ ਕਿਸ ਕੀਤਾ ਹੈ ? ਜਲਦੀ ਦੱਸ' ਰਾਣੀ ਬੋਲੀ, 'ਹੋਰ ਕਿਸ ਕਰਨਾ ਹੈ, ਤੇਰੇ ਨੇਕ ਪੁੱਤ੍ਰ ਦੀ ਕਰਤੂਤ ਹੈ, ਜਿਸ ਦੀ ਉਪਮਾ ਤੂੰ ਰੋਜ਼ ਸੁਣਾਉਂਦਾ ਹੁੰਦਾ ਸੈਂ ਜਾ ਇਸ ਨੂੰ ਮਰਵਾ ਦੇਹ, ਨਹੀਂ ਤਾਂ ਮੈਂ ਮਰ ਜਾਵਾਂਗੀ।'

ਆਪਣੀ ਪਿਆਰੀ ਰਾਣੀ ਦੀ ਇਹ ਗੱਲ ਸੁਣ ਕੇ ਰਾਜੇ ਨੂੰ ਬੜਾ ਗੁੱਸਾ ਆਇਆ। ਉਸ ਵੇਲੇ ਅੰਨ੍ਹਾ ਹੋ ਗਿਆ, ਸੋਚਿਆ ਸਮਝਿਆ ਕੁਝ ਨਾ ਮੰਤਰੀ ਨੂੰ ਪਾਸ ਸਦਵਾ ਕੇ ਸਖਤ ਹੁਕਮ ਦੇ ਦਿੱਤਾ-'ਹੁਣੇ ਹੀ ਜਲਾਦਾਂ ਨੂੰ ਸਦਵਾ ਕੇ ਅਸਰਾਜ ਨੂੰ ਬਾਹਰ ਲਿਜਾ ਕੇ ਚੁਪ ਚੁਪਾਤੇ ਮਰਵਾ ਦਿਓ ਤੇ ਇਸ ਦਾ ਕੋਈ ਨਾ ਕੋਈ ਇਕ ਅੰਗ ਕੱਟ ਕੇ ਮੈਨੂੰ ਲਿਆ ਕੇ ਵਿਖਾਣਾ।'

ਬਾਦਸ਼ਾਹ ਦਾ ਹੁਕਮ ਮੰਨ ਕੇ ਜਲਾਦ ਅਸਰਾਜ ਨੂੰ ਬਾਹਰ ਲੈ ਗਏ ਪਰ ਰਾਜ ਪੁਤ੍ਰ ਦੇ ਸੋਹਣੇ ਖੂਬਸੂਰਤ ਚੇਹਰੇ ਨੂੰ ਵੇਖ ਕੇ ਮਾਰਨ ਲਈ ਕਿਸੇ ਦਾ ਹੌਂਸਲਾ ਨਾ ਪਵੇ, ਇਕ ਦੂਜੇ ਦੇ ਮੂੰਹ ਵੱਲ ਤੱਕਣ, ਬੜੇ ਸ਼ਸ਼ੋਪੰਜ ਵਿਚ ਪੈ ਗਏ। ਆਖਰਕਾਰ ਇਕ ਨੇ ਇਹ ਸਲਾਹ ਦਿੱਤੀ ਕਿ ਬਹੁਤਾ ਡਰ ਤਾਂ ਬਾਦਸ਼ਾਹ ਦਾ ਹੀ ਹੈ, ਤੁਸੀਂ ਬਾਦਸ਼ਾਹ ਦੀ ਤਸੱਲੀ ਵਾਸਤੇ ਇਸ ਦਾ ਇਕ ਹੱਥ ਵੱਢ ਕੇ ਲੈ ਜਾਓ। ਜਲਾਦਾਂ ਨੇ ਇਹ ਗੱਲ ਦਿਲ ਪਸੰਦੀ ਵਾਲੀ ਸੋਚ ਕੇ ਰਾਜ ਪੁਤ੍ਰ ਦਾ ਹੱਥ ਵੱਢ ਕੇ ਉਸ ਨੂੰ ਥੋੜ੍ਹੇ ਪਾਣੀ ਵਾਲੇ ਖੂਹ ਵਿਚ ਸੁਟ ਕੇ ਵਾਪਸ ਚਲੇ ਆਏ, ਮਹਿਲਾਂ ਵਿਚ ਰਾਜਾ ਨੂੰ ਉਹ ਹੱਥ ਕੱਟਿਆ ਵਿਖਾ ਕੇ ਤਸੱਲੀ ਕਰਵਾ ਦਿੱਤੀ ਕਿ ਠੀਕ ਅਸਰਾਜ ਨੂੰ ਮਾਰ ਆਏ ਹਾਂ।

ਜਦ ਕੁਝ ਸਮਾਂ ਲੰਘ ਗਿਆ ਤਾਂ ਇਕ ਵਣਜਾਰਿਆਂ ਦਾ ਟੋਲਾ ਆਪਣੇ ਰਾਹੇ ਰਾਹ ਤੁਰੀ ਜਾਂਦਾ ਸੀ, ਉਹਨਾਂ ਨੂੰ ਬੜੀ ਪਿਆਸ ਲੱਗੀ ਹੋਈ ਸੀ, ਤੱਕਦੇ ਤੱਕਦੇ ਉਸ ਖੂਹ ਤੇ ਆ ਪਹੁੰਚੇ ਜਿਸ ਵਿਚ ਅਸਰਾਜ ਪਿਆ ਸੀ।

ਪਾਣੀ ਖਿੱਚਣ ਵਾਸਤੇ ਖੂਹ ਵਿਚ ਡੋਲ ਸੁੱਟਿਆ ਤਾਂ ਅਸਰਾਜ ਨੇ ਡੋਲ ਫੜ ਲਿਆ, ਉਪਰ ਨੂੰ ਖਿੱਚਣ, ਪਰ ਖਿਚਿਆ ਨਾ ਜਾਵੇ ਤਦ ਵਣਜਾਰਿਆਂ ਨੇ ਸੋਚਿਆਂ ਕੇਹੜੀ ਬਲਾ ਹੈ ਜਿਸ ਨੇ ਡੋਲ ਨੂੰ ਫੜ ਲਿਆ ਹੈ? ਝਾਤੀ ਮਾਰ ਕੇ ਵੇਖਿਆ ਤਾਂ ਇਕ ਸੁੰਦਰ ਰਾਜ ਕੁਮਾਰ ਨਜ਼ਰੀਂ ਪਿਆ, ਦਿਲ ਵਿਚ ਤਰਸ ਆਇਆ, ਅਸਰਾਜ ਨੂੰ ਬਾਹਰ ਕੱਢ ਲਿਆ। ਹੱਥ ਜ਼ਖਮੀ ਹੋਇਆ ਵੇਖ ਕੇ ਪੱਟੀ ਬੰਨ੍ਹ ਕੇ ਬਲਦ ਉਪਰ ਚੜ੍ਹਾ ਕੇ ਆਪਣੇ ਨਾਲ ਲੈ ਤੁਰੇ।

ਕੁਝ ਕੁ ਰਸਤਾ ਲੰਘ ਗਏ ਤਾਂ ਰਾਹ ਵਿਚ ਇਕ ਰਾਜੇ ਦਾ ਧੋਬੀ ਰਾਜੇ ਦੇ ਕਪੜੇ ਧੋ ਰਿਹਾ ਸੀ। ਅਸਰਾਜ ਦੇ ਸੁੰਦਰ ਚੇਹਰੇ ਨੂੰ ਵੇਖ ਕੇ ਉਸ ਨੂੰ ਕਪੜੇ ਧੋਣੇ ਭੁਲ ਗਏ, ਏਸੇ ਵੱਲ ਹੀ ਤੱਕਣਾ ਸ਼ੁਰੂ ਕਰ ਦਿਤਾ। ਵਣਜਾਰਿਆਂ ਪੁਛਿਆ ਤੂੰ ਆਪਣਾ ਕੰਮ ਛੱਡ ਕੇ ਇਸ ਵੱਲ ਕਿਉਂ ਨਜ਼ਰ ਲਗਾਈ ਹੈ ? ਧੋਬੀ ਨੇ ਆਖਿਆ ਮੇਰੇ ਘਰ ਔਲਾਦ ਨਹੀਂ, ਮੈਂ ਚਾਹੁੰਦਾ ਹਾਂ ਮੇਰੇ ਘਰ ਵੀ ਲੜਕਾ ਹੋਵੇ ਤਾਂ ਵਣਜਾਰਿਆਂ ਨੇ ਅਸਰਾਜ ਨੂੰ ਮੁਲ ਵਿਚ ਵੇਚ ਦਿੱਤਾ। ਰਾਜ ਪੁਤ੍ਰ ਨੂੰ ਲੈਂਦਿਆਂ ਸਾਰੀ ਹੀ ਧੋਬੀ ਨੂੰ ਚਾਰ ਚੰਨ ਚੜ੍ਹ ਗਏ। ਘਰ ਲਿਆ ਕੇ ਬੜਾ ਪਿਆਰ ਕੀਤਾ ਤੇ ਦਿਲ ਦੀਆਂ ਸੱਧਰਾਂ ਪੂਰੀਆਂ ਕੀਤੀਆਂ ਅਤੇ ਆਪਣੇ ਦੁੱਖ ਸੁਖ ਦਾ ਸਾਥੀ ਸਮਝ ਕੇ, ਕੁਝ ਸਮੇਂ ਤੋਂ ਪਿਛੋਂ ਆਪਣੇ ਕੰਮ ਦੀਆਂ ਭੁਮਣਾ ਪਾਣ ਵਾਸਤੇ ਸਵੇਰ ਸਾਰ ਬਲਦ ਉਪਰ ਕੱਪੜੇ ਧਰ ਕੇ ਟਿਕਾਣਾ ਸਮਝਾ ਕੇ ਤੋਰ ਦੇਵੇ ਕਿ ਫਲਾਣੀ ਜਗ੍ਹਾਂ ਪਾਣੀ ਦੇ ਕੰਢੇ ਕਪੜੇ ਉਤਾਰ ਕੇ ਬਲਦ ਨੂੰ ਘਾਹ ਚਰਨੇ ਛੱਡ ਦੇਵੀਂ। ਅਸਰਾਜ ਨੇ ਧਰਮ ਪਿਤਾ ਦਾ ਕਹਿਣਾ ਮੰਨ ਕੇ ਰੋਜ਼ਾਨਾ ਏਸੇ ਤਰ੍ਹਾਂ ਕੰਮ ਸ਼ੁਰੂ ਕਰ ਦਿੱਤਾ ਅਤੇ-ਓਧਰ *'ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥'* *(ਪੰਨਾ ੧੨੩੯)* ਦੇ ਹੁਕਮ ਅਨੁਸਾਰ ਉਸ ਦੇਸ ਦਾ ਰਾਜਾ ਮਿਰਤੂ ਹੋ ਗਿਆ।

ਰਾਜੇ ਦੇ ਘਰ ਸੰਤਾਨ ਕੋਈ ਨਹੀਂ ਸੀ। ਮੰਤ੍ਰੀਆਂ ਨੇ ਰਾਜ ਗੱਦੀ ਪਰ ਨਵੇਂ ਆਦਮੀ ਨੂੰ ਬਿਠਾਉਣ ਲਈ ਬਹੁਤ ਵਿਚਾਰ ਕੀਤੀ। ਆਖਰ ਇਸ ਸਿੱਟੇ ਤੇ ਪਹੁੰਚੇ ਕਿ ਜੋਤਸ਼ੀਆਂ ਪਾਸੋਂ ਪੁਛ ਕੀਤੀ ਜਾਵੇ, ਕਿਉਂਕਿ ਵਜ਼ੀਰ ਆਪ ਰਾਜ ਗੱਦੀ ਉਪਰ ਨਹੀਂ ਬੈਠ ਸਕਦੇ, ਜੇ ਬੈਠਣ ਤਾਂ ਨਰਕਾਂ ਦੇ ਅਧਿਕਾਰੀ ਹੁੰਦੇ ਹਨ।

ਜੋਤਸ਼ੀਆਂ ਨੂੰ ਸੱਦ ਕੇ ਪੁਛ ਕੀਤੀ ਕਿ ਰਾਜ ਗੱਦੀ 'ਪਰ ਕਿਸ ਨੂੰ ਬਿਠਾਈਏ ? ਉਹਨਾਂ ਨੇ ਆਪਣੇ ਜੋਤਸ਼ ਅਨੁਸਾਰ ਸਲਾਹ ਦਿੱਤੀ ਕਿ ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰ ਦਿਓ, ਅੰਮ੍ਰਿਤ ਵੇਲੇ ਜਿਸ ਦੇ ਹੱਥ ਲੱਗਣ ਨਾਲ ਜੰਦਰੇ ਸਮੇਤ ਬੂਹੇ ਖੁਲ੍ਹ ਜਾਣ, ਉਸ ਨੂੰ ਰਾਜ ਗੱਦੀ ਉਪਰ ਬਿਠਾ ਦਿਓ। ਮੰਤ੍ਰੀਆਂ ਨੇ ਉਸ ਦਿਨ ਸ਼ਾਮ ਨੂੰ ਸਭ ਦਰਵਾਜ਼ੇ ਬੰਦ ਕਰਵਾ ਦਿੱਤੇ। ਦੋ ਦੋ ਦਰਵਾਨਚੀ ਹਰ ਇਕ ਦਰਵਾਜ਼ੇ ਅੱਗੇ ਖੜ੍ਹੇ ਕਰਕੇ ਹੁਕਮ ਦੇ ਦਿੱਤਾ ਕਿ ਸਵੇਰ ਸਾਰ ਜਿਸ ਦੇ ਹੱਥ ਲੱਗਣ ਨਾਲ ਜੰਦਰੇ ਬੂਹੇ ਆਪੇ ਖੁਲ੍ਹ ਜਾਣ ਉਸ ਨੂੰ ਫੜ ਲੈਣਾ।

ਜਿਸ ਵੇਲੇ ਅਸਰਾਜ ਆਪਣੇ ਨੇਮ ਅਨੁਸਾਰ ਘਰੋਂ ਬਲਦ ਉੱਤੇ ਕਪੜੇ ਰਖ ਕੇ ਤੁਰ ਪਿਆ, ਅਗੋਂ ਦਰਵਾਜ਼ਾ ਬੰਦ ਵੇਖ ਕੇ ਆਪਣਾ ਟੁੰਡ ਅੱਗੇ ਵਧਾ ਕੇ ਜੰਦਰੇ ਨੂੰ ਲਾਇਆ ਤਾਂ ਜੰਦਰਾ ਤੇ ਦਰਵਾਜ਼ਾ ਦੋਵੇਂ ਖੁਲ੍ਹ ਗਏ ਦਰਵਾਨਚੀਆਂ ਨੇ ਉਸੀ ਵੇਲੇ ਫੜ ਲਿਆ।

ਦਿਨ ਚੜ੍ਹਨ ਤੇ ਉਸ ਨੂੰ ਮਹਿਲਾਂ ਵਿਚ ਵਜ਼ੀਰਾਂ ਦੇ ਸਾਹਮਣੇ ਲੈ ਗਏ, ਪੁਛਣ ਤੇ ਅਸਰਾਜ ਨੇ ਮੁਢ ਤੋਂ ਲੈ ਕੇ ਅਖੀਰ ਤੱਕ ਆਪਣੀ ਹੱਡ ਬੀਤੀ ਸਾਰੀ ਕਹਾਣੀ ਸੁਣਾਈ ਸਾਰੇ ਮੰਤ੍ਰੀ ਪ੍ਰਸੰਨ ਹੋਏ, ਕਿਉਂਕਿ ਉਹਨਾਂ ਨੂੰ ਰਾਜ ਗੱਦੀ ਉਪਰ ਬਿਠਾਉਣ ਵਾਸਤੇ ਰਾਜ ਪੁਤਰ ਹੀ ਮਿਲ ਗਿਆ। ਸਰੀਰ ਪਰ ਵਟਣਾ ਮਲ ਕੇ ਚੰਗੀ ਤਰ੍ਹਾਂ ਇਸ਼ਨਾਨ ਕਰਾ ਕੇ ਸੋਹਣੇ ਸੋਹਣੇ ਕਪੜੇ ਪੁਆ ਕੇ ਕਲਗੀ ਜਿਗਾ ਬੰਨ੍ਹ ਕੇ ਬੜੀ ਸਜ ਧਜ ਨਾਲ ਅਸਰਾਜ ਨੂੰ ਗੱਦੀ ਉਪਰ ਬਿਠਾ ਦਿੱਤਾ।

ਅਸਰਾਜ ਨੇ ਆਪਣੀ ਰੂਹਾਨੀ ਤਾਕਤ ਨਾਲ ਬੜਾ ਸੋਹਣਾ ਧਰਮ ਦਾ ਰਾਜ ਕੀਤਾ, ਪਰਜਾ ਨੂੰ ਬਹੁਤ ਸੁਖੀ ਵਸਾਇਆ, ਜਿਸ ਨਾਲ ਇਸ ਦੀ ਕੀਰਤੀ ਗੁਲਾਬ ਦੇ ਫੁਲਾਂ ਵਾਂਗ ਦੂਰ ਦੂਰ ਤੱਕ ਫੈਲ ਗਈ।

ਸਮੇਂ ਦੇ ਚੱਕ੍ਰ ਅਨੁਸਾਰ ਇਸ ਦੇ ਪਿਤਾ ਦੇ ਦੇਸ਼ ਵਿਚ ਬੜਾ ਦੁਰਭਿਖ (ਕਾਲ) ਪੈ ਗਿਆ।

ਚਿਤ੍ਰ ਕੇਤੂ ਰਾਜੇ ਦੇ ਦੇਸ਼ ਵਾਸੀ ਲੋਕ ਅਨਾਜ ਲੱਭਦੇ ਲੱਭਦੇ ਅਸਰਾਜ ਦੇ ਦੇਸ਼ ਵਿਚ ਆ ਗਏ। ਜਿਸ ਵੇਲੇ ਅਸਰਾਜ ਨੂੰ ਖ਼ਬਰ ਮਿਲੀ ਕਿ ਮੇਰੇ ਪਿਤਾ ਦੇ ਦੇਸ਼ ਦੇ ਆਦਮੀ ਅਨਾਜ ਲੈਣ ਵਾਸਤੇ ਆਏ ਹਨ, ਉਸ ਵੇਲੇ ਉਹਨਾਂ ਪਾਸੋਂ ਕੋਈ ਰੁਪਯਾ ਨਹੀਂ ਲੀਤਾ, ਐਵੇਂ ਹੀ ਅਨਾਜ ਦੀਆਂ ਬੋਰੀਆਂ ਚੁੱਕਾ ਦਿੱਤੀਆਂ। ਲੋਕਾਂ ਨੇ ਆਪਣੇ ਚਿਤ੍ਰ ਕੇਤੂ ਰਾਜੇ ਪਾਸ ਆ ਕੇ ਅਸਰਾਜ ਦੀ ਬੜੀ ਉਪਮਾ ਕੀਤੀ ਕਿ ਟੁੰਡਾ ਅਸਰਾਜ ਨਾਮੀ ਬਾਦਸ਼ਾਹ ਬੜਾ ਧਰਮਾਤਮਾ ਹੈ। ਅੰਨ ਦੀਆਂ ਬੋਰੀਆਂ ਮੁਫਤ ਚੁੱਕਾ ਦੇਂਦਾ ਹੈ ਤਾਂ ਚਿਤ੍ਰ ਕੇਤੂ ਨੇ ਵਿਚਾਰਿਆ ਐਸੇ ਧਰਮਾਤਮਾ ਰਾਜੇ ਦਾ ਦਰਸ਼ਨ ਜ਼ਰੂਰ ਕਰਨਾ ਚਾਹੀਦਾ ਹੈ। ਉਸ ਵੇਲੇ ਸੁਨੇਹਾ ਭੇਜਿਆ ਮੈਂ ਆਪ ਨੂੰ ਮਿਲਣ ਆ ਰਿਹਾ ਹਾਂ। ਜਿਸ ਵੇਲੇ ਅਸਰਾਜ ਨੇ ਸੁਣਿਆ ਮੇਰਾ ਬਾਪ ਮੈਨੂੰ ਮਿਲਣ ਵਾਸਤੇ ਆ ਰਿਹਾ ਹੈ ਤਿਸ ਵੇਲੇ ਵਾਜਿਆਂ ਗਾਜਿਆਂ ਸਹਿਤ ਅੱਗੋਂ ਆ ਕੇ ਸਤਿਕਾਰ ਨਾਲ ਆਪਣੇ ਮਹੱਲਾਂ ਵਿਚ ਲੈ ਗਿਆ। ਚਿਤ੍ਰ ਕੇਤੂ ਨੇ ਪੁਛਿਆ ਤੇਰੇ ਪਿਤਾ ਜੀ ਦਾ ਨਾਂ ਕੀ ਹੈ ?

ਅਸਰਾਜ ਨੇ ਕਿਹਾ ਧਰਮ ਦਾ ਬਾਪ ਤਾਂ ਗੁਜ਼ਰ ਗਿਆ ਹੈ ਜਿਸ ਦੀ ਰਾਜ ਗੱਦੀ 'ਪਰ ਬੈਠਾ ਹਾਂ ਤੇ ਪਿੱਛਲੇ

ਪਿਤਾ ਮੇਰੇ ਆਪ ਹੋ। ਅਸਰਾਜ ਪਾਸੋਂ ਸਾਰੀ ਕਹਾਣੀ ਸੁਣ ਕੇ ਚਿਤ੍ਰ ਕੇਤੂ ਨੇ ਪ੍ਰਸੰਨ ਹੋ ਕੇ ਆਪਣਾ ਰਾਜ ਵੀ ਟੁੰਡੇ ਅਸਰਾਜ ਨੂੰ ਦੇ ਦਿੱਤਾ। ਉਸ ਸਮੇਂ ਦੂਜੀ ਰਾਣੀ ਦੇ ਪੁਤ੍ਰ ਖਾਨ ਤੇ ਸੁਲਤਾਨ ਨੇ ਜੰਗ ਕੀਤਾ। ਆਖਰ ਅਸਰਾਜ ਦੀ ਜਿੱਤ ਹੋ ਗਈ। ਤਿਸ ਵੇਲੇ ਢਾਢੀਆਂ ਨੇ ਉਸ ਦੀ ਵਾਰ ਬਣਾਈ। ਉਹ ਪਉੜੀ ਇਹ ਹੈ-

ਭਬਕਿਆ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।
ਸੁਲਤਾਨ, ਖਾਨ ਬਡ ਸੂਰਮੇ ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।
ਟਿੱਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ।
ਛਤੇ ਪਾਇ ਅਸਰਾਜ ਜੀ ਸਾਹੀ ਪਰ ਸੱਜੇ।

ਚਿਤ੍ਰ ਕੇਤੂ ਰਾਜੇ ਦਾ ਦੂਜਾ ਨਾਮ ਸਾਰੰਗ ਭੀ ਹੈ। ਜਿਸ ਵੇਲੇ ਢਾਢੀਆਂ ਨੇ ਅਕਾਲ ਤਖਤ ਦੇ ਹੇਠ ਖਲੋ ਕੇ ਟੁੰਡੇ ਅਸਰਾਜ ਦੀ ਪਉੜੀ ਗਾਇਨ ਕੀਤੀ ਤਾਂ ਛੇਵੇਂ ਗੁਰੂ ਸਾਹਿਬ ਨੇ ਸੁਣ ਕੇ ਸੰਕੇਤ ਕੀਤਾ ਕਿ ਜਿਵੇਂ ਇਹ ਪਉੜੀ ਗਾਇਨ ਕੀਤੀ ਜਾਂਦੀ ਹੈ, ਤਿਵੇਂ ਇਸ ਆਸਾ ਦੀ ਵਾਰ ਦੀਆਂ ਪਉੜੀਆਂ ਗਾਇਨ ਕਰਨੀਆਂ ।

ਦੂਸਰੀ ਉਥਾਨਕਾ

ਇਕ ਰਾਜਾ ਦੇ ਦੇਸ਼ ਵਿਚ ਰਾਤ ਨੂੰ ਸ਼ੇਰ ਆ ਕੇ ਸ਼ਹਿਰ ਦਾ ਬੜਾ ਨੁਕਸਾਨ ਕਰਦਾ ਹੁੰਦਾ ਸੀ। ਪਰਜਾ ਨੇ ਬਹੁਤ ਦੁੱਖੀ ਹੋ ਕੇ ਪੁਕਾਰ ਕੀਤੀ-ਹੇ ਬਾਦਸ਼ਾਹ ਸਲਾਮਤ ! ਮੇਹਰਬਾਨੀ ਕਰਕੇ ਸ਼ੇਰ ਤੋਂ ਬਚਾਓ, ਨਹੀਂ ਤਾਂ ਅਸੀਂ ਤੇਰੇ ਦਰਵਾਜ਼ੇ ਤੇ ਬੈਠੇ ਹਾਂ। ਉਸ ਵੇਲੇ ਰਾਜੇ ਨੇ ਬੰਦੂਕਾਂ ਤੇ ਹੋਰ ਹਥਿਆਰ ਦੇ ਕੇ ਬੜੇ ਬੜੇ ਸੂਰਮੇ ਆਦਮੀ ਭੇਜੇ ਪਰ ਸ਼ੇਰ ਮਰਨ ਵਿਚ ਨਾ ਆਇਆ ਹੋਰ ਬੜੇ ਬੜੇ ਜਤਨ ਕੀਤੇ ਹੋਏ ਭੀ ਨਿਸਫਲ ਚਲੇ ਗਏ। ਆਖਿਰ ਰਾਜਾ ਨੇ ਡੌਂਡੀ ਪਿਟਵਾਈ ਕਿ ਜੇਹੜਾ ਸੂਰਮਾ ਇਸ ਸ਼ੇਰ ਨੂੰ ਮਾਰੇਗਾ ਉਸ ਦੀ ਬਹਾਦਰੀ 'ਪਰ ਮੈਂ ਅੱਧਾ ਰਾਜ ਅਰ ਆਪਣੀ ਲੜਕੀ ਦਾ ਨਾਤਾ ਦੇਵਾਂਗਾ। ਇਹ ਗੱਲ ਸੁਣਦਿਆਂ ਹੀ ਅਸਰਾਜ ਨੇ ਆਣ ਕੇ ਰਾਜੇ ਨੂੰ ਕਿਹਾ, ਆਪ ਜੀ ਦਾ ਹੁਕਮ ਹੋਵੇ ਤਾਂ ਮੈਂ ਸ਼ੇਰ ਨੂੰ ਮਾਰਦਾ ਹਾਂ। ਪਰ ਮੈਨੂੰ ਇਨਾਮ ਕੀ ਮਿਲੇਗਾ ? ਰਾਜੇ ਨੇ ਕਿਹਾ ਅੱਧਾ ਰਾਜ ਅਤੇ ਸੁੰਦਰ ਲੜਕੀ ਵਿਆਹ ਦਿਆਂਗਾ।

ਇਹ ਗੱਲ ਸੁਣ ਕੇ ਅਸਰਾਜ ਝੱਟ ਹੀ ਖੱਬੇ ਹੱਥ ਢਾਲ, ਸੱਜੇ ਹੱਥ ਤਲਵਾਰ ਲੈ ਕੇ ਉਸ ਰਾਹੇ ਤੁਰ ਪਿਆ ਜਿਸ ਰਸਤਿਓਂ ਸ਼ੇਰ ਆਉਂਦਾ ਸੀ। ਉਧਰੋਂ ਸ਼ੇਰ ਵੀ ਆਪਣੇ ਵੇਲੇ ਸਿਰ ਤੁਰਿਆ ਆਂਵਦਾ ਸੀ, ਉਸ ਨੇ ਆਦਮੀ ਨੂੰ ਵੇਖ ਕੇ ਭਬਕ ਮਾਰੀ ਤੇ ਵਾਰ ਕੀਤਾ ਤਾਂ ਅਸਰਾਜ ਨੇ ਬੜੀ ਬਹਾਦਰੀ ਨਾਲ ਢਾਲ ਵਾਲਾ ਖੱਬਾ ਹੱਥ ਸ਼ੇਰ ਦੇ ਮੂੰਹ ਵਿਚ ਦੇ ਕੇ ਸੱਜੇ ਹੱਥ ਨਾਲ ਤਲਵਾਰ ਮਾਰ ਕੇ ਨੀਚਿਓਂ ਪੇਟ ਚਾਕ ਕਰ ਦਿੱਤਾ। ਖੱਬਾ ਹੱਥ ਢਾਲ ਸਮੇਤ ਸ਼ੇਰ ਨੇ ਚੱਬ ਲੀਤਾ। ਜਿਸ ਤੋਂ ਇਸ ਦਾ ਨਾਮ ਟੁੰਡਾ ਅਸਰਾਜ ਪੈ ਗਿਆ। ਉਸ ਵੇਲੇ ਇਸ ਦੀ ਬਹਾਦਰੀ ਵੇਖ ਕੇ ਰਾਜੇ ਨੇ ਅੱਧਾ ਰਾਜ ਦੇ ਕੇ ਲੜਕੀ ਦਾ ਵਿਆਹ ਕਰ ਦਿੱਤਾ।

ਢਾਢੀਆਂ ਨੇ ਇਸ ਦੀ ਸੂਰਬੀਰਤਾ 'ਪਰ ਵਾਰ ਬਣਾਈ। ਜਿਸ ਵੇਲੇ ਉਹ ਵਾਰ ਸਤਿਗੁਰਾਂ ਦੀ ਹਜ਼ੂਰੀ ਵਿਚ ਆ ਕੇ ਸੁਣਾਈ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦੀ ਪਉੜੀ ਸੁਣ ਕੇ ਰਾਗੀਆਂ ਨੂੰ ਹੁਕਮ ਦਿੱਤਾ ਕਿ ਜਿਵੇਂ ਟੁੰਡੇ ਅਸਰਾਜ ਦੀ ਪਉੜੀ ਗਾਇਨ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਆਸਾ ਦੀ ਵਾਰ ਦੀਆਂ ਪਉੜੀਆਂ ਗਾਇਨ ਕਰਨੀਆਂ।

ਤੀਸਰੀ ਉਥਾਨਕਾ

ਮੋਹ ਅਤੇ ਵਿਵੇਕ ਇਨ੍ਹਾਂ ਦੋਹਾਂ ਰਾਜਿਆਂ ਦਾ ਆਪਸ ਵਿਚ ਰੋਜ਼ ਯੁੱਧ ਹੁੰਦਾ ਹੈ। ਕਦੇ ਮੋਹ ਟੁੰਡਾ ਹੋ ਜਾਂਦਾ ਹੈ, ਕਦੇ ਵਿਵੇਕ ਟੁੰਡਾ ਹੋ ਜਾਂਦਾ ਹੈ, ਜਿਸ ਤਰ੍ਹਾਂ ਇਨ੍ਹਾਂ ਦੀ ਪਉੜੀ ਗਾਇਨ ਕੀਤੀ ਜਾਂਦੀ ਹੈ, ਤਿਵੇਂ ਆਸਾ ਦੀ ਵਾਰ ਦੀਆਂ ਪਉੜੀਆਂ ਗਾਇਨ ਕਰਨੀਆਂ।

ਨੋਟ-ਮੋਹ ਤੇ ਵਿਵੇਕ ਇਹਨਾਂ ਦੋਹਾਂ ਰਾਜਿਆਂ ਦੇ ਯੁੱਧ ਦਾ ਵਿਸਥਾਰ ਪ੍ਰਸੰਗ ਦਸਮੇਸ਼ ਪਿਤਾ ਜੀ ਨੇ ਦਸਮ ਗ੍ਰੰਥ ਸਾਹਿਬ ਵਿਖੇ ਪਾਰਸ ਨਾਥ ਦੀ ਕਥਾ ਵਿਚ ਲਿਖਿਆ ਹੈ ਅਤੇ ਪ੍ਰਬੋਧ ਚੰਦਰ ਨਾਟਕ ਵਿਚ ਭੀ ਇਨ੍ਹਾਂ ਦੋਹਾਂ ਰਾਜਿਆਂ ਦਾ ਜ਼ਿਕਰ ਵਿਸਥਾਰ ਪੂਰਬਕ ਕਥਨ ਕੀਤਾ ਹੋਇਆ ਹੈ।

ਸਲੋਕੁ ਮਃ ੧ ॥

ਬਲਿਹਾਰੀ ਗੁਰ ਆਪਣੇ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅੱਗੇ ਸ਼ੇਖ ਬ੍ਰਹਮ ਨੇ ਹੱਥ ਜੋੜ ਕੇ ਬੇਨਤੀ ਕੀਤੀ* ਕਿ ਇਸ ਜੀਵ ਦਾ ਸੰਸਾਰ ਸਮੁੰਦਰ ਤੋਂ ਤਰਨਾ ਕਿਸ ਤਰ੍ਹਾਂ ਹੋਵੇ ?

ਗੁਰ ਉੱਤਰ-ਹੇ ਸ਼ੇਖ ਬ੍ਰਹਮ ! ਸਤਿਗੁਰਾਂ ਦੇ ਉਪਦੇਸ਼ ਬਿਨਾਂ ਇਸ ਜੀਵ ਦੀ ਸੰਸਾਰ ਸਮੁੰਦਰ ਤੋਂ ਤਰਨਾ ਨਹੀਂ ਹੋ ਸਕਦਾ। ਇਸ ਤੇ ਅਸੀਂ ਆਪਣੇ ਸਤਿਗੁਰਾਂ ਉਪਰ ਬਲਿਹਾਰੀ=ਕੁਰਬਾਨ ਜਾਂਦੇ ਹਾਂ।

ਯਥਾ-ਅਪੁਨੇ ਗੁਰ ਪੂਰੇ ਬਲਿਹਾਰੈ॥ *(ਸਾਰੰਗ ਮਃ ਪ ਪੰਨਾ ੧੨੧੮)*

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਕਿ ਆਪ ਇਕ ਵੇਰੀ ਬਲਿਹਾਰ ਕੁਰਬਾਨ ਜਾਂਦੇ ਹੋਵੇਗਾ।

ਗੁਰ ਉੱਤਰ-

ਦਿਉਹਾੜੀ ਸਦ ਵਾਰ ॥

ਪ੍ਰਤੱਖ ਦਿਹਾੜੀ, ਵਾ ਮਨੁੱਖਾ ਦੇਹ ਰੂਪੀ ਦਿਹਾੜੀ ਵਿਚ ਸੈਂਕੜੇ ਵਾਰੀ ਅਸੀਂ ਆਪਣੇ ਸਤਿਗੁਰਾਂ ਉਪਰੋਂ ਬਲਿਆਰ ਕੁਰਬਾਨ ਜਾਂਦੇ ਹਾਂ।

ਯਥਾ-ਸਗਲੀ ਚਿੰਤਾ ਆਪਿ ਨਿਵਾਰੀ॥ ਤਿਸੁ ਗੁਰ ਕਉ ਹਉ ਸਦ ਬਲਿਹਾਰੀ॥

(ਰਾਮਕਲੀ ਮਃ ੫ ਪੰਨਾ ੮੮੭)

ਤਥਾ-ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ॥ *(ਮਾਰੂ ਮਃ ੧ ਪੰਨਾ ੧੦੧੫)*

ਤਥਾ- ਮੇਰੈ ਗੁਰਿ ਮੋਰੋ ਸਹਸਾ ਉਤਾਰਿਆ॥
ਤਿਸੁ ਗੁਰ ਕੈ ਜਾਈਐ ਬਲਿਹਾਰੀ ਸਦਾ ਸਦਾ ਹਉ ਵਾਰਿਆ॥ ੧॥ ਰਹਾਉ॥
ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ॥ ੧॥
ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ॥

**ਸ਼ੇਖ ਫਰੀਦ ਦੇ ਪੋਤਰੇ ਚੇਲੇ ਸ਼ੇਖ ਬ੍ਰਹਮ ਨਾਲ ਨੌਂ ਸਲੋਕ ਪਾਕਪਟਨ ਵਿਖੇ ਉਚਾਰਨ ਕੀਤੇ ਹਨ। ਕਈ ਸੱਜਣ ਆਖਦੇ ਹਨ ਕਿ ਸਭ ਸਲੋਕ ਹੋਏ ਹਨ ਪਰ ਇਹ ਖਿਆਲ ਸੰਪ੍ਰਦਾ ਦੇ ਅਨੁਸਾਰ ਨਹੀਂ।*

ਸਰਬ ਫਲਾ ਦੀਨੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ ॥ ੨ ॥

(ਸਾਰੰਗ ਮਃ ੫ ਪੰਨਾ ੧੨੧੮)

ਪੁਨਾ-ਸ਼ੇਖ ਬ੍ਰਹਮ ਨੇ ਕਿਹਾ-ਆਪ ਦੇ ਗੁਰੂ ਕਿਹੜੇ ਹਨ ? ਤਾਂ ਗੁਰੂ ਸਾਹਿਬ ਜੀ ਨੇ ਕਿਹਾ-

ਜਿਨਿ ਮਾਣਸ ਤੇ ਦੇਵਤੇ ਕੀਏ

ਜਿਸ ਨੇ ਮਨੁੱਸ਼ ਤੇ ਦੇਵਤੇ ਆਦਿਕ ਸਾਰੇ ਜੀਵ ਉਤਪੰਨ ਕੀਤੇ ਹਨ, ਉਹ ਪਰਮਾਤਮਾ ਹੀ ਸਾਡਾ ਗੁਰੂ ਹੈ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਉਸ ਪਰਮੇਸ਼ਰ ਨੂੰ ਉਤਪਤ ਕਰਦਿਆਂ ਦੇਰ ਲੱਗਦੀ ਹੋਵੇਗੀ ?

ਉੱਤਰ:-

ਕਰਤ ਨ ਲਾਗੀ ਵਾਰ ॥ ੧ ॥

ਉਸ ਨੂੰ ਉਤਪਤ ਕਰਦਿਆਂ ਹੋਇਆਂ ਕੁਛ ਵਾਰ=ਦੇਰ ਨਹੀਂ ਲੱਗਦੀ।

*ਯਥਾ-*ਸੋ ਐਸੇ ਬਡਿ ਮਹਰਾਜਾ ॥ ਜਿਹ ਨਿਮਖ ਬਿਖੈ ਜਗ ਸਾਜਾ ॥

*ਅਥਵਾ:-*ਜਿਸ ਨੇ ਕਿਰਪਾ ਦ੍ਰਿਸ਼ਟੀ ਕਰਕੇ ਮਾਨ ਦੇ ਸਹਿਤ ਜਿਹੜੇ ਪੁਰਸ਼ ਸਨ, ਉਨ੍ਹਾਂ ਨੂੰ ਦੇਵ=ਪ੍ਰਕਾਸ਼ ਰੂਪ ਕੀਤਾ ਹੈ। ਫਿਰ ਜਿਸ ਨੂੰ ਪ੍ਰਕਾਸ਼ ਰੂਪ ਕਰਦਿਆਂ ਹੋਇਆਂ ਕੁਛ ਦੇਰੀ ਨਹੀਂ ਲਗਦੀ।

*ਅਥਵਾ:-*ਜਿਨ੍ਹਾਂ ਨੇ ਮਨੁੱਖ ਤੋਂ ਦੇਵਤਾ ਕੀਤਾ ਹੈ।

ਯਥਾ- ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥
ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥ *(ਸਿਰੀ ਰਾਗ ਕੀ ਵਾਰ, ਪੰਨਾ ੯੦)*

ਤਥਾ- ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥
ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥

(ਬਿਲਾਵਲ ਕੀ ਵਾਰ, ਪੰਨਾ ੮੫੦)

ਤਥਾ- ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥

(ਗੌਂਡ ਨਾਮਦੇਵ, ਪੰਨਾ ੮੭੩)

ਗੁਰੂ ਸਾਹਿਬਾਂ ਵਿਚ ਐਸੀ ਸ਼ਕਤੀ ਹੈ ਜੋ ਪਸ਼ੂ ਪ੍ਰੇਤਾਂ ਤੋਂ ਭੀ ਦੇਵਤਾ ਕਰ ਦੇਂਦੇ ਹਨ।

ਯਥਾ- ਪਸੁ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ ॥

(ਭਾਈ ਗੁਰਦਾਸ ਜੀ, ਵਾਰ ੧੦)

ਤਥਾ- ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥
ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥ ੨ ॥ ੬ ॥

(ਸਵੈਯੇ ਮਃ ੪ ਪੰਨਾ ੧੩੯੯)

ਹੇ ਸ਼ੇਖ ਬ੍ਰਹਮ ! ਓਹੀ ਅਸਾਡੇ ਗੁਰੂ ਹਨ।

ਯਥਾ- ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥

(ਮਾਰੂ ਮਹਲਾ ੧ ਪੰਨਾ ੯੯੨)

*ਪ੍ਰਸ਼ਨ:-*ਤੇਰਾ ਕਵਣੁ ਗੁਰੂ, ਜਿਸ ਕਾ ਤੂ ਚੇਲਾ ?... ॥ ੪੩ ॥

*ਉੱਤਰ:-*ਸਬਦੁ ਗੁਰੂ, ਸੁਰਤਿ ਧੁਨਿ ਚੇਲਾ... ॥ ੪੪ ॥ *(ਸਿਧ ਗੋਸ਼ਟ ਪੰਨਾ ੯੪੨-੪੩)*

[ਪੰਨਾ ੪੬੩]

ਮਹਲਾ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥

(ਸਤਿਗੁਰੂ ਅਰਜਨ ਦੇਵ ਸਾਹਿਬ ਜੀ ਪ੍ਰਸੰਗ ਅਨੁਸਾਰ ਦੂਜੇ ਪਾਤਿਸ਼ਾਹ ਦੀ ਦਾ ਮਹਲਾ ਕਥਨ ਕਰਦੇ ਹਨ।)

ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਸਿਧਾਂ ਨੇ ਬੇਨਤੀ ਕੀਤੀ-ਹੇ ਪ੍ਰਭੂ ! ਸਤਿਗੁਰਾਂ ਦੇ ਧਾਰਨ ਦੀ ਕੋਈ ਲੋੜ ਨਹੀਂ ਉਹ ਪਰਮਾਤਮਾ ਪੜ੍ਹਨ ਸੁਣਨ ਨਾਲ ਪ੍ਰਾਪਤ ਹੋ ਜਾਂਦਾ ਹੈ ਤਾਂ ਸਤਿਗੁਰਾਂ ਨੇ ਕਿਹਾ-ਹੇ ਸਿਧੋ ! ਗੁਰੂ ਧਾਰਨ ਦੀ ਜ਼ਰੂਰ ਲੋੜ ਹੈ, ਕਿਉਂਕਿ ਸਤਿਗੁਰਾਂ ਬਿਨਾਂ ਸੰਸਾਰ ਸਮੁੰਦਰ ਤੋਂ ਤਰਿਆ ਨਹੀਂ ਜਾਂਦਾ।

ਫਿਰ ਸਿਧਾਂ ਆਖਿਆ ਗੁਰੂ ਧਾਰ ਕੇ ਹਨੇਰੇ ਨੂੰ ਦੂਰ ਕਰਨ ਦੀ ਕੀ ਜ਼ਰੂਰਤ ਹੈ, ਅੰਧੇਰਾ ਤਾਂ ਸੂਰਜ ਦੇ ਚੜ੍ਹਨ ਨਾਲ ਦੂਰ ਹੋ ਜਾਂਦਾ ਹੈ। ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-ਇਕ ਕਲਪਤ ਭਮ ਹੁੰਦਾ ਹੈ, ਦੂਜਾ ਵਾਸਤਵ ਭਮ ਹੁੰਦਾ ਹੈ। ਵਾਸਤਵ ਭਮ ਜੇਹੜਾ ਹੈ ਉਹ ਤਾਂ ਸੂਰਜ ਉਦੇ ਹੋਣ ਨਾਲ ਦੂਰ ਹੋ ਜਾਂਦਾ ਹੈ, ਪਰ ਉੱਲੂਆਂ ਦਾ ਕਲਪਿਆ ਹੋਇਆ ਜੋ ਕਲਪਤ ਭਮ ਹੈ, ਉਹ ਆਪਣੇ ਆਪ ਦੂਰ ਨਹੀਂ ਹੁੰਦਾ। ਜੇਕਰ ਚਾਹੇ ਸੈਂਕੜੇ ਚੰਦ੍ਰਮਾਂ ਉਦੇ ਹੋ ਜਾਣ ਤੇ ਸੂਰਜ ਵੀ ਚਾਹੇ ਹਜ਼ਾਰਾਂ ਚੜ੍ਹ ਪੈਣ।

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥

ਇਤਨੇ ਚਾਨਣ=ਪ੍ਰਕਾਸ਼ ਦੇ ਹੁੰਦਿਆਂ ਭੀ ਹੇ ਸਿਧੋ ! ਏਹ ਸਮਝ ਲਵੋ ਕਿ ਉੱਲੂਆਂ ਦਾ ਕਲਪਿਆ ਹੋਇਆ ਸੂਰਜ ਵਿਚੋਂ ਅੰਧਕਾਰ ਕਦੇ ਦੂਰ ਨਹੀਂ ਹੁੰਦਾ ਇਸੇ ਤਰ੍ਹਾਂ ਅਗਿਆਨੀ ਪੁਰਸ਼ਾਂ ਦਾ ਬ੍ਰਹਮ ਵਿਚ ਕਲਪਿਆ ਹੋਇਆ ਜੋ ਜਗਤ ਹੈ ਏਹ ਕਦੇ ਦੂਰ ਨਹੀਂ ਹੁੰਦਾ। ਸਤਿਗੁਰਾਂ ਦੇ ਉਪਦੇਸ਼ ਧਾਰੇ ਬਿਨਾਂ ਘੋਰ ਭਿਆਨਕ ਅਗਿਆਨ ਰੂਪ ਅੰਧਕਾਰ ਬਣਿਆਂ ਰਹਿੰਦਾ ਹੈ। ਪੁਨਾ-ਸਿਧਾਂ ਬੇਨਤੀ ਕੀਤੀ ਗੁਰੂ ਧਾਰਨ ਦੀ ਕੋਈ ਜ਼ਰੂਰਤ ਨਹੀਂ। ਵੇਦਾਂ ਸ਼ਾਸਤ੍ਰਾਂ ਦੇ ਪੜ੍ਹਨ ਨਾਲ ਅੰਧਕਾਰ ਦੂਰ ਹੋ ਜਾਂਦਾ ਹੈ। *ਗੁਰ ਉੱਤਰ:-*

ਜੇ ਸਉ ਚੰਦਾ ਉਗਵਿਹ

ਜੇਕਰ ਚਾਹੇ ਸੈਂਕੜੇ ਸ਼ਾਸਤ੍ਰਾਂ ਨੂੰ ਪੜ੍ਹ ਲਵੇ।

ਸੂਰਜ ਚੜਹਿ ਹਜਾਰ॥

ਚਾਹੇ ਹਜ਼ਾਰਾਂ ਵੇਦਾਂ ਨੂੰ ਭੀ ਪੜ੍ਹ ਲਵੇ।

ਏਤੇ ਚਾਨਣ ਹੋਦਿਆਂ

ਇਤਨੇ ਪ੍ਰਕਾਸ਼ ਦੇ ਹੁੰਦਿਆਂ ਭਾਂਵ ਪਦ ਪਦਾਰਥ ਦੇ ਗਿਆਨ ਹੋ ਜਾਣ ਨਾਲ ਭੀ ਗੁਰ ਬਿਨੁ ਘੋਰ ਅੰਧਾਰ ॥ ੨ ॥

ਗੁਰਾਂ ਤੋਂ ਬਿਨਾਂ ਭਿਆਨਕ ਅਗਿਆਨ ਰੂਪੀ ਅੰਧਕਾਰ ਬਣਿਆਂ ਰਹਿੰਦਾ ਹੈ।

ਯਥਾ- ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ॥ ੩॥ *(ਸਿਰੀਰਾਗੁ ਮਹਲਾ ੧, ਪੰਨਾ ੫੪)*

ਤਥਾ- ਬਾਝੁ ਗੁਰੂ ਗੁਬਾਰ ਹੈ ਬਿਨੁ ਸਬਦੈ ਬੂਝ ਨ ਪਾਇ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ॥ *(ਸਿਰੀਰਾਗੁ ਮਃ ੧, ਪੰਨਾ ੫੫)*

ਤਥਾ- ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕ ਬਾਤ ਪੁਕਾਰੀ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥ ੨॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ॥ ੩॥
(ਗੂਜਰੀ ਮਹਲਾ ੫, ਪੰਨਾ ੪੯੫)

ਤਥਾ- ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ॥
(ਮਲਾਰ ਮਃ ੧ ਅਸ਼ਟਪਦੀਆ, ਪੰਨਾ ੧੨੭੫)

ਤਥਾ- ਗੁਰਮੁਖਿ ਨਾਦ ਬੇਦ ਬੀਚਾਰੁ॥ ਬਿਨੁ ਗੁਰ ਪੂਰੇ ਘੋਰ ਅੰਧਾਰੁ॥
(ਮਲਾਰ ਮਃ ੫ ਪੰਨਾ ੧੨੭੦)

ਤਥਾ- ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥
ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥
ਗੁਰੁ ਨਜਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਹ ਕਹਿ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥ ੪॥ ੮॥
(ਸਵਯੇ ਮਃ ੪, ਪੰਨਾ ੧੩੯੯)

ਤਥਾ- ਗੁਰੁ ਕੁੰਜੀ ਪਾਹੂ ਨਿਵਲੁ, ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥
(ਸਾਰੰਗ ਵਾਰ ਸਲੋਕ ਮਃ ੨, ਪੰਨਾ ੧੨੩੭)

ਤਥਾ- ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥ ੭॥
(ਮਾਝ ਮਃ ੩, ਪੰਨਾ ੧੨੪)

ਤਥਾ- ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ੩॥
(ਗਉੜੀ ਮਃ ੫ ਪੰਨਾ ੨੦੫)

ਇਸੀ ਵਾਸਤੇ ਭਗਤਮਾਲ ਵਿਚ ਕਥਨ ਕੀਤਾ ਹੈ-

ਗੁਰ ਗੋਬਿੰਦ ਦੋਨੋਂ ਖੜੇ, ਕਿਸ ਕੇ ਲਾਗੌਂ ਪਾਇ॥
ਬਲਿਹਾਰੀ ਗੁਰ ਆਪਣੇ, ਜਿਨ ਗੋਬਿੰਦ ਦੀਆ ਦਿਖਾਇ॥

ਮਃ ੧॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥

ਪਹਿਲਾ ਅਰਥ-

ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਜੋ ਮਨੁੱਖ ਆਪਣੇ ਮਨ ਵਿਚ ਸੁਚੇਤ ਹੋ ਕੇ ਗੁਰਾਂ ਨੂੰ ਨਹੀਂ ਚੇਤਦੇ ਉਹ ਪੁਰਸ਼ ਐਸੇ ਸਮਝ ਲਵੋ-

ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥

ਜਿਸ ਤਰ੍ਹਾਂ ਸੁੰਞੇ ਖੇਤ ਅੰਦਰ ਛੱਡਿਆ ਹੋਇਆ ਬੂਆੜ ਤਿਲ ਛੁੱਟੜ ਹੁੰਦਾ ਹੈ।

ਪ੍ਰਸ਼ਨ-ਜੋ ਬੂਆੜ ਤਿਲ ਸੁੰਞੇ ਖੇਤ ਵਿਚ ਛੱਡਿਆ ਹੋਇਆ ਛੁੱਟੜ ਹੁੰਦਾ ਹੈ, ਉਸ ਦਾ ਰੱਖਕ ਕੋਈ ਹੈ ਜਾਂ ਨਹੀਂ ?

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਜੋ ਸੁੰਞੇ ਖੇਤ ਵਿਚ ਬੂਆੜ ਤਿਲ ਛੁੱਟੜ ਹੈ ਉਹਨਾਂ ਦਾ ਸਉ-ਰੱਖਕ ਕੋਈ ਭੀ ਨਹੀਂ।

ਪ੍ਰਸ਼ਨ-ਉਹਨਾਂ ਦਾ ਕੋਈ ਰੱਖਕ ਕਿਉਂ ਨਹੀਂ ਹੁੰਦਾ ? ਕੀ ਉਹ ਫੁਲਦੇ ਨਹੀਂ ਜਾਂ ਫਲਦੇ ਨਹੀਂ ?

ਗੁਰ ਉੱਤਰ-

ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ ੩॥

ਉਹ ਫੁਲਦੇ ਭੀ ਹਨ ਬਪੁੜੇ=ਵਿਚਾਰੇ ਫਲੀਂਦੇ ਵੀ ਹਨ, ਪਰ ਉਹਨਾਂ ਦੇ ਤਨ=ਡੋਡੀ ਵਿਚ ਸੁਆਹ ਹੁੰਦੀ ਹੈ ਇਸ ਵਾਸਤੇ ਉਹਨਾਂ ਦਾ ਕੋਈ ਰੱਖਕ ਨਹੀਂ। ਜ਼ਿਮੀਂਦਾਰ ਲੋਕ ਉਸ ਨੂੰ ਕੱਟਦੇ ਹੀ ਨਹੀਂ।

ਯਥਾ- ਸੰਤ ਕਾ ਦੋਖੀ ਛੁਟੈ ਇਕੇਲਾ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥

(ਗਉੜੀ ਸੁਖਮਨੀ ਪੰਨਾ ੨੮੦)

ਖੇਤੈ ਅੰਦਰਿ ਜੰਮਿ ਕੈ, ਸਭ ਦੂੰ ਉੱਚਾ ਹੋਇ ਵਿਖਾਲੇ।
ਬੂਟੁ ਵਡਾ ਕਰਿ ਫੈਲਦਾ, ਹੋਇ ਚੁਹਚੁਹਾ ਆਪੁ ਸਮਾਲੇ।
ਖੇਤਿ ਸਫਲ ਹੋਇ ਲਾਵਣੀ, ਛੁਟਨਿ ਤਿਲੁ ਬੂਆੜ ਨਿਰਾਲੇ।
ਨਿਹਫਲ ਸਾਰੇ ਖੇਤ ਵਿਚਿ, ਜਿਉ ਸਰਵਾੜ ਕਮਾਦ ਵਿਚਾਲੇ।
ਸਾਧਸੰਗਤਿ ਗੁਰ ਸਬਦੁ ਸੁਣਿ, ਕਪਟ ਸਨੇਹੁ ਕਰਨਿ ਬੇਤਾਲੇ।
ਨਿਹਫਲ਼ ਜਨਮੁ ਅਕਾਰਥਾ, ਹਲਤਿ ਪਲਤਿ ਹੋਵਨਿ ਮੁਹ ਕਾਲੇ।
ਜਮ ਪੁਰਿ ਜਮ ਜੰਦਾਰਿ ਹਵਾਲੇ॥ ੧੬॥ *(ਭਾਈ ਗੁਰਦਾਸ ਜੀ ਵਾਰ ੧੭ ਪਉੜੀ ੧੬)*

ਦੂਸਰਾ ਅਰਥ-

ਇਸੀ ਪ੍ਰਕਾਰ ਜੋ ਮਨੁੱਖ ਸੁਚੇਤ=ਹੁਸ਼ਿਆਰ ਹੋ ਕੇ ਆਪਣੇ ਮਨ ਵਿਚ ਗੁਰਾਂ ਨੂੰ ਯਾਦ ਨਹੀਂ ਕਰਦੇ, ਉਹ ਪੁਰਸ਼ ਸੁੰਞੇ ਖੇਤ=ਸੰਸਾਰ ਅੰਦਰ ਬੂਆੜ ਤਿਲ ਵਾਗੂੰ ਛੁੱਟੜ ਹੁੰਦੇ ਹਨ।

ਪ੍ਰਸ਼ਨ-ਸੁੰਞੇ ਖੇਤ=ਸੰਸਾਰ ਵਿਚ ਜੋ ਛੁੱਟੜ ਹੋਏ ਹਨ ਭਾਵ ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ, ਉਹਨਾਂ ਦਾ ਕੋਈ ਰੱਖਕ ਹੈ ਜਾਂ ਨਹੀਂ? ਉੱਤਰ-

ਕਹੁ ਨਾਨਕ ਸਉ ਨਾਹ

ਸਤਿਗੁਰ ਦੇਵ ਜੀ ਆਖਦੇ ਹਨ, ਉਹਨਾਂ ਦਾ ਸਉ=ਰੱਖਕ ਕੋਈ ਭੀ ਨਹੀਂ ਹੈ।

ਪ੍ਰਸ਼ਨ-ਕੀ ਉਹ ਕਰਮ ਨਹੀਂ ਕਰਦੇ ਜਾਂ ਗਿਆਨ ਦੀਆਂ ਗੱਲਾਂ ਨਹੀਂ ਕਰਦੇ ?

ਉੱਤਰ-ਉਹ ਵਿਚਾਰੇ 'ਫੁਲੀਅਹਿ' ਕਰਮ ਵੀ ਕਰਦੇ ਹਨ, 'ਫਲੀਅਹਿ' ਗਿਆਨ ਦੀਆਂ ਗੱਲਾਂ ਕਰਦੇ ਵੀ ਨਿਗ੍ਹਾ ਆਉਂਦੇ ਹਨ ਪਰ ਖਰੜ ਗਿਆਨ ਕਰਦੇ ਹਲ।

ਯਥਾ- ਜਗੁ ਕਊਆ ਮੁਖਿ ਚੁੰਚ ਗਿਆਨੁ॥ (ਬਿਲਾਵਲ ਮ: ੩, ਪੰਨਾ ੮੩੨)

ਭੀ ਪੁਨਾ ਉਹਨਾਂ ਦੇ ਤਨ=ਅੰਤਹਕਰਣ ਵਿਚ ਕਾਮ ਆਦਿਕਾਂ ਰੂਪ ਸੁਆਹ ਹੈ। ਇਸ ਤੇ ਉਹਨਾਂ ਦਾ ਰੱਖਕ ਕੋਈ ਭੀ ਨਹੀਂ ਹੈ।

ਜ਼ਰੂਰੀ ਨੋਟ-ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ 'ਸਉ' ਪਦ ਬਹੁਤ ਜਗ੍ਹਾਂ ਆਉਂਦਾ ਹੈ। ਉਹਨਾਂ ਦੇ ਅਰਥ ਪ੍ਰਸੰਗ ਅਨੁਸਾਰ ਵਖੋ ਵਖਰੇ ਹਨ।

ਯਥਾ- 'ਜੇ 'ਸਉ' ਚੰਦਾ ਉਗਵਹਿ' (ਆਸਾ ਦੀ ਵਾਰ ਪੰਨਾ ੪੬੩)

ਤਥਾ- ਜੇ 'ਸਉ' ਖੇਲ ਖੇਲਾਈਐ ਬਾਲਕੁ....

ਤਥਾ- ਮੇਰੈ ਅੰਤਰਿ ਭੂਖ ਨ ਉਤਰੈ ਅੰਮਾਲੀ ਜੇ 'ਸਉ' ਭੋਜਨ ਮੈ ਨੀਰੇ॥

(ਵਡਹੰਸੁ ਮਹਲਾ ੫, ਪੰਨਾ ੫੬੪)

ਤਥਾ- ਓਸ ਨੋ ਸੁਖੁ ਨ ਉਪਜੈ ਭਾਵੈ 'ਸਉ' ਗੇੜਾ ਆਵਉ ਜਾਉ॥

(ਵਡਹੰਸ ਕੀ ਵਾਰ, ਪੰਨਾ ੫੯੧)

ਤਥਾ- ਖੰਨਲੀ ਧਤੀ ਉਜਲੀ ਨ ਹੋਵਈ ਜੇ 'ਸਉ' ਧੋਵਣਿ ਪਾਹੁ॥ ੨੨॥

(ਸੂਹੀ ਕੀ ਵਾਰ ਪੰਨਾ ੭੫੧)

ਤਥਾ- 'ਸਉ' ਓਲਾਮੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ॥ ੧੬॥ (ਸੂਹੀ ਕੀ ਵਾਰ, ਪੰਨਾ ੭੬੦)

ਤਥਾ- 'ਸਉ' ਮਣੁ ਹਸਤੀ ਘਿਉ ਗੁੜੁ ਖਾਵੈ... ॥ (ਮਲਾਰ ਵਾਰ ਪੰਨਾ ੧੨੮੬)

ਇਥੋਂ ਤੱਕ 'ਸਉ' ਪਦ ਦਾ ਅਰਥ 'ਸੈਂਕੜੇ' ਹੈ ਅਗੋਂ 'ਸਉ' ਪਦ ਦਾ ਅਰਥ 'ਨਾਲ' ਹੈ।

ਯਥਾ- ਪਾਖੰਡ ਧਰਮੁ ਪ੍ਰੀਤਿ ਨਹੀ ਹਰਿ 'ਸਉ'... ॥ (ਮਾਰੂ ਸੋਲਹੇ ਮ: ੧, ਪੰਨਾ ੧੦੪੩)

ਤਥਾ- ਕਹਿ ਰਵਿਦਾਸ ਬਾਜੀ ਜਗੁ ਭਾਈ॥ ਬਾਜੀਗਰ 'ਸਉ' ਮੁਹਿ ਪ੍ਰੀਤਿ ਬਨਿ ਆਈ।

(ਆਸਾ ਪੰਨਾ ੪੮੭)

ਤਥਾ- ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ 'ਸਉ' ਪ੍ਰੀਤਿ ਨ ਪਿਆਰੁ॥

(ਸਲੋਕ ਮ: ੧, ਪੰਨਾ ੧੪੧੮)

ਤਥਾ- ਤਨੁ ਮਨੁ ਸਉਪੇ ਜੀਅ 'ਸਉ' ਭਾਈ ਲਏ ਹੁਕਮਿ ਫਿਰਾਉ॥

(ਸਲੋਕ ਮਃ ੩, ਪੰਨਾ ੧੪੧੯)

ਤਥਾ-ਬਾਬੀਹਾ ਤੂੰ ਸਚੁ ਚਉ ਸਚੇ 'ਸਉ' ਲਿਵ ਲਾਇ॥ ੫੫॥ *(ਸਲੋਕ ਮ: ੩, ਪੰਨਾ ੧੪੧੯)*

ਤਥਾ- ਮਨਮੁਖ 'ਸਉ' ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥
ਗੁਰਮੁਖ 'ਸਉ' ਕਰਿ ਦੋਸਤੀ ਸਤਿਗੁਰ 'ਸਉ' ਲਾਇ ਚਿਤੁ॥ ੬੬॥

(ਸਲੋਕ ਮ: ੩, ਪੰਨਾ ੧੪੨੧)

ਤਥਾ- ਮੂੰ ਪਿਰੀਆ 'ਸਉ' ਨੇਹੁ ਕਿਉ ਸਜਣ ਮਿਲਹਿ ਪਿਆਰਿਆ॥ *(ਵਾਰਾਂ ਤੇ ਵਧੀਕ, ਪੰਨਾ ੧੪੨੧)*

ਤਥਾ- ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ 'ਸਉ' ਚਿਤੁ ਲਾਇ॥ ੨੨॥

(ਸਲੋਕ ਮ: ੪, ਪੰਨਾ ੧੪੨੩)

ਤਥਾ- ਪ੍ਰੇਮ ਵਿਛੋਹਾ ਧਣੀ 'ਸਉ' ਅਠੇ ਪਹਰ ਲਵੰਨ੍॥ ੧੨॥ *(ਸਲੋਕ ਮ: ੫, ਪੰਨਾ ੧੪੨੫)*

ਤਥਾ- ਦੂਜੀ ਛੋਡਿ ਕੁਵਾਟੜੀ ਇਕਸ 'ਸਉ' ਚਿਤੁ ਲਾਇ॥ ੧੬॥

(ਸਲੋਕ ਮ: ੫, ਪੰਨਾ ੧੪੨੫)

ਇਸ ਤੋਂ ਅੱਗੇ 'ਸਉ' ਪਦ ਦਾ ਅਰਥ 'ਸੌਣਾ' ਹੈ।

ਯਥਾ- ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ ॥
ਹਰਿ ਭਗਤਾ ਕਾ ਮੇਲੀ®ਸਰਬਤ 'ਸਉ' ਨਿਸੁਲ ਜਨ ਟੰਗ ਧਰਿ॥

(ਬਿਲਾਵਲ ਕੀ ਵਾਰ, ਪੰਨਾ ੮੪੯)

ਪਰੰਤੂ ਇਸ ਜਗ੍ਹਾਂ 'ਸਉ' ਦਾ ਅਰਥ ਰੱਖਕ ਕਰਨਾ ਹੈ ਇਹ ਸੰਪ੍ਰਦਾਈ ਕਥਨ ਹੈ। ਹਮੇਸ਼ਾਂ ਪਦਾਂ ਦੇ ਅਰਥ ਪ੍ਰਸੰਗ ਅਨੁਸਾਰ ਹੁੰਦੇ ਹਨ।

ਯਥਾ- ਸੁਇਨੇ ਕੀ ਸੂਈ ਰੁਪੇ ਕਾ ਧਾਗਾ॥ ਨਾਮੇ ਕਾ ਚਿਤੁ ਹਰਿ 'ਸਉ' ਲਾਗਾ॥ ੪॥ ੩॥

(ਆਸਾ ਭਗਤ ਬਾਣੀ, ਪੰਨਾ ੪੮੫)

ਇਥੇ 'ਸਉ' ਦਾ ਅਰਥ ਨਾਲ ਹੈ।

ਦੂਜਾ ਨੋਟ-੯ ਸਲੋਕਾਂ ਤੱਕ ਜਿਥੇ ਵੀ ਪ੍ਰਸ਼ਨ ਲਿਖਿਆ ਪੜ੍ਹੋਗੇ ਓਹ ਸ਼ੇਖ ਬ੍ਰਹਮ ਵਲੋਂ ਹੋਵੇਗਾ। ਸ਼ੇਖ ਬ੍ਰਹਮ ਨੇ ਕਿਹਾ ਜਗਤ ਨੂੰ ਕਿਸ ਨੇ ਰਚਿਆ ਹੈ ? *ਗੁਰ ਉੱਤਰ-*

ਪਉੜੀ॥ ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥

ਸਭ ਤੋਂ ਪਹਿਲੇ ਆਪ ਪਰਮੇਸ਼ਰ ਨੇ ਆਪਣੇ ਤੋਂ ਪੰਜ ਤੱਤ ਸਾਜਿਓ=ਬਣਾਏ ਫਿਰ ਆਪ ਹੀ ਉਹਨਾਂ ਤੱਤਾਂ ਦੁਆਰੇ ਨਾਉ=ਨਾਮ ਰੂਪ ਪ੍ਰਪੰਚ ਰਚਨਾ ਕੀਤਾ ਹੈ।

ਅਥਵਾ:-ਸਭ ਤੋਂ ਪਹਿਲਾਂ ਆਪਣੇ ਆਪ ਤੋਂ ਜਗਤ ਸਾਜਨਾ ਕੀਤਾ, ਫਿਰ ਆਪ ਹੀ ਸਭਨਾਂ ਦੇ ਨਾਉ=ਨਾਂ ਰਚਨਾ ਕੀਤੇ ਹਨ।

ਪ੍ਰਸ਼ਨ-ਇਸ ਜਗਤ ਨੂੰ ਅਕਾਲ ਪੁਰਖ ਨੇ ਆਪ ਸਾਜਿਆ ਹੈ ਜਾਂ ਕਿਸੇ ਦੁਆਰਾ ਸਾਜਿਆ ਹੈ ?

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਦੁਯੀ ਕੁਦਰਤਿ=ਦੂਜੀ ਮਾਇਆ ਦੁਆਰੇ ਸਾਜਨਾ ਕੀਤਾ ਹੈ। ਅਰਥਾਤ ਮਾਇਆ ਸਬਲ ਤੋਂ ਜਗਤ ਦੀ ਉਤਪਤੀ ਹੋਈ ਹੈ, ਕਿਉਂਕਿ ਆਪ ਉਹ ਅਸੰਗ ਹੈ।

ਫਿਰ ਆਸਣੁ=ਇਸਥਿਤੀ ਕਰ ਕੇ ਚਾਉ=ਉਤਸ਼ਾਹ ਪੂਰਬਕ ਸਾਰਿਆਂ ਨੂੰ ਡਿਠੋ=ਵੇਖ ਰਿਹਾ ਹੈ।

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥

ਤੂੰ ਆਪ ਹੀ ਦਾਤਾ ਹੈਂ, ਆਪ ਹੀ ਕਰਤਾ ਹੈਂ, ਜਿਸ ਉਤੇ ਤੁਸਿ=ਪ੍ਰਸੰਨ ਹੁੰਦਾ ਹੈਂ, ਉਸ ਨੂੰ ਕ੍ਰਿਪਾ ਰੂਪੀ ਪਸਾਉ=ਦਾਤ ਦਿੰਦਾ ਹੈਂ।

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥

ਹੇ ਅਕਾਲ ਪੁਰਖ ! ਤੂੰ ਸਾਰਿਆਂ ਨੂੰ ਜਾਣੋਈ=ਉਤਪਤ ਕਰਨ ਵਾਲਾ ਹੈਂ ਤਥਾ ਸਭ ਦੇ ਅੰਦਰ ਦੀ ਗੱਲ ਜਾਣੋਈ=ਜਾਨਣ ਵਾਲਾ ਹੈਂ।

ਤੂੰ ਆਪ ਹੀ ਕਵਾਉ=ਬਾਣੀ ਕਰਕੇ ਸਰੀਰ ਦੇ ਵਿਚ ਜਿੰਦ=ਜੀਵਨ ਕਲਾ ਪਾ ਦੇਂਦਾ ਹੈਂ,

ਆਪ ਹੀ ਬਾਣੀ ਦੁਆਰਾ ਜਿੰਦ ਨੂੰ ਕੱਢ ਲੈਂਦਾ ਹੈਂ,

ਯਥਾ- ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ॥

ਇਹ ਬਾਣੀ ਉਚਾਰ ਕੇ ਜਿੰਦ ਦੇਂਦਾ ਹੈਂ।

ਜਬ ਆਕਰਖ ਕਰਤ ਹੋ ਕਬਹੂੰ ਤੁਮ ਮੈ ਮਿਲਤ ਦੇਹ ਘਰ ਸਭਹੂੰ॥

ਇਹ ਬਾਣੀ ਉਚਾਰ ਕੇ ਜਿੰਦ ਕੱਢ ਲੈਂਦਾ ਹੈਂ। *ਯਥਾ-*ਸੁਰਤੀ ਪ੍ਰਮਾਣ-

'ਤਦਏ ਸ਼ਤ ਬਹੁ ਸਜਾਂ ਪ੍ਰਜਾਯੇਜ।'

ਅਰਥ=ਤਤ=ਉਸ ਬ੍ਰਹਮ ਨੇ ਵਿਚਾਰ ਕੀਆ ਕਿ ਮੈਂ ਬਹੁਤ ਰੂਪ ਹੋ ਕਰ ਕੇ ਪ੍ਰ=ਭਲੀ ਪ੍ਰਕਾਰ ਜਾਯੇਯ=ਉਤਪਤ ਹੋ ਜਾਉ।

ਇਸ ਸੁਰਤੀ ਛਾਂਦਗੋ ਉਪਨਿਸ਼ਦ ਛੇਵੇਂ ਧਿਆਇ ਦੀ ਹੈ।

ਤਥਾ- ਸੋਅਕਾਮਯਤ ਬਹੁ ਸਯਾਂ ਪ੍ਰਜਾਯੇਯ॥

ਅਰਥ-ਓਹ ਬ੍ਰਹਮ ਅਕਾਮਯਤ=ਕਾਮਨਾ ਕਰਦਾ ਹੋਇਆ ਕਿ ਮੈਂ ਬਹੁਤ ਰੂਪ ਹੋ ਕਰ ਕੇ ਪ੍ਰ=ਭਲੀ ਪ੍ਰਕਾਰ ਜਾਯੇਯ=ਉਤਪਤ ਹੋ ਜਾਉਂ ।

ਇਸ ਸੁਰਤੀ ਤੈੱਤਿਰੀਯ ਉਪਨਿਸ਼ਦ ਦੀ ਬ੍ਰਹਮਾ ਨੰਦ ਵਲੀ ਦੀ ਹੈ।

'ਏਕੋ ਹੰ ਬਹੁ ਸਯਾਮਹ॥'

ਇਹ ਆਮ ਮੁਹਾਵਰਾ ਹੈ, ਸੁਰਤੀ ਨਹੀਂ ਹੈ।

ਅਥਵਾ:- ਮਾਇਆ ਰੂਪੀ ਕਵਾਉ=ਪੁਸ਼ਾਕ ਕਰਕੇ ਜਿੰਦ ਨੂੰ ਲੈਂਦਾ ਤੇ ਦੇਂਦਾ ਹੈ।

ਅਥਵਾ:- ਸਰੀਰ ਰੂਪੀ ਕਵਾਉ=ਪੁਸ਼ਾਕ ਵਿਚ ਕਦੇ ਜਿੰਦ ਪਾ ਦੇਂਦਾ ਹੈਂ ਤੇ ਕਦੇ ਕੱਢ ਲੈਂਦਾ ਹੈਂ।

ਅਥਵਾ:- ਕ=ਕਰਤਾ ਬ੍ਰਹਮਾ, ਵਾ=ਵਿਸ਼ਨੂੰ ਉ=ਉਮਾਪਤੀ=ਸ਼ਿਵ ਜੀ। ਇਨ੍ਹਾਂ ਤਿੰਨਾਂ ਦੇਵਤਿਆਂ ਦੁਆਰੇ ਜਿੰਦ ਨੂੰ ਦੇਂਦਾ ਭੀ ਹੈ, ਫਿਰ ਲੈ ਭੀ ਲੈਂਦਾ ਹੈ।

ਕਰਿ ਆਸਣੁ ਡਿਠੋ ਚਾਉ॥ ੧॥

ਆਸਣੁ=ਇਸਥਤੀ ਕਰਕੇ ਚਾਉ=ਉਤਸ਼ਾਹ ਪੂਰਬਕ ਸਾਰਿਆਂ ਨੂੰ ਵੇਖ ਰਿਹਾ ਹੈ॥ ੧॥

ਸਲੋਕੁ ਮਃ ੧

ਸ਼ੇਖ ਬ੍ਰਹਮ ਨੇ ਬੇਨਤੀ ਕੀਤੀ, ਨੌਂ ਖੰਡ ਅਤੇ ਬ੍ਰਹਮੰਡ ਵਗੈਰਾ ਕਿਸ ਨੇ ਰਚਨਾ ਕੀਤੇ ਹਨ ਅਤੇ ਇਹ ਕੀ

ਰੂਪ ਹਨ ? ਗੁਰ ਉੱਤਰ-

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥

ਹੇ ਸੱਚੇ ਅਕਾਲ ਪੁਰਖ ! ਇਹ ਨੌਂ ਖੰਡ* ਤੇਰੇ=ਆਪ ਜੀ ਦੇ ਰਚੇ ਹੋਏ ਹਨ। ਹੇ ਸੱਚੇ ਅਕਾਲ ਪੁਰਖ ! ਇਹ ਬ੍ਰਹਮੰਡ ਵੀ ਆਪ ਦੇ ਰਚੇ ਹੋਏ ਹਨ।

ਸਚੇ ਤੇਰੇ ਲੋਅ ਸਚੇ ਆਕਾਰ ॥

ਹੇ ਸੱਚੇ ਅਕਾਲ ਪੁਰਖ ! ਮਾਤ, ਪਤਾਲ, ਸੁਰਗ, ਇਹ ਤਿੰਨੇ ਲੋਕ,

ਅਥਵਾ:-ਚੌਦਾਂ ਲੋਕ ਆਪ ਦੇ ਰਚੇ ਹੋਏ ਹਨ। ਹੇ ਸੱਚੇ ਅਕਾਲ ਪੁਰਖ ! ਇਹ ਸਰੀਰਾਂ ਦੇ ਅਕਾਰ ਵੀ ਆਪ ਜੀ ਦੇ ਬਣਾਏ ਹੋਏ ਹਨ।

ਸਚੇ ਤੇਰੇ ਕਰਣੇ ਸਰਬ ਬੀਚਾਰ ॥

ਹੇ ਸੱਚੇ ਅਕਾਲ ਪੁਰਖ ! ਸਾਰੇ ਵਿਚਾਰ ਕਰਨੇ ਤੇਰੇ ਆਪਣੇ ਹੀ ਬਣਾਏ ਹੋਏ ਹਨ।

ਦੂਜਾ ਪ੍ਰਸ਼ਨ ਸੀ ਕਿ ਇਹ ਖੰਡ ਬ੍ਰਹਮੰਡ ਵਗੈਰਾ ਸਾਰੇ ਕੀ ਰੂਪ ਹਨ?

ਉੱਤਰ-ਤੇਰੇ ਰਚੇ ਹੋਏ ਨੌਂ ਖੰਡ ਸੱਚੇ ਹਨ, ਬ੍ਰਹਮੰਡ ਵੀ ਉਤਪੰਨ ਕੀਤੇ ਹੋਏ ਸੱਚੇ ਹਨ। ਤੇਰੇ ਰਚੇ ਹੋਏ ਚੌਦਾਂ ਲੋਕ ਸੱਚੇ ਹਨ, ਤੇਰੇ ਬਣਾਏ ਹੋਏ ਸਰੀਰਾਂ ਦੇ ਅਕਾਰ ਭੀ ਸਚੇ ਹਨ। ਸਾਰਿਆਂ ਦੇ ਵਿਚਾਰ ਕਰਨੇ ਜੋ ਤੇਰੇ ਗੋਚਰੇ ਹਨ ਓਹ ਭੀ ਸੱਚੇ ਹਨ।

ਸਚਾ ਤੇਰਾ ਅਮਰੁ ਸਚਾ ਦੀਬਾਣੁ ॥

ਆਪ ਜੀ ਦਾ ਅਮਰੁ=ਰਾਸ ਸੱਚਾ ਹੈ, ਆਪ ਜੀ ਦਾ ਦੀਬਾਣੁ=ਦਰਬਾਰ ਸਤਸੰਗ ਭੀ ਸੱਚਾ ਹੈ।

ਅਥਵਾ:-ਆਪ ਦਾ ਦੀਬਾਣੁ=ਆਸਰਾ ਭੀ ਸੱਚਾ ਹੈ।

ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥

ਹੇ ਅਕਾਲ ਪੁਰਖ ! ਆਪ ਦਾ ਹੁਕਮ ਸੱਚਾ ਹੈ ਅਤੇ ਆਪ ਦਾ ਫੁਰਮਾਣੁ=ਹੁਕਮਨਾਮਾ ਭੀ ਸੱਚਾ ਹੈ। (ਹੁਕਮਨਾਮਾ=ਆਗਿਆ ਪੱਤ੍ਰ ਨੂੰ ਆਖਦੇ ਹਨ ਜਿਵੇਂ ਗੁਰੂ ਸਾਹਿਬਾਨ ਦੇ ਸਮੇਂ ਸਤਿਗੁਰਾਂ ਦੇ ਹੁਕਮਨਾਮੇ=ਆਗਿਆ ਪੱਤ੍ਰ ਸਿੱਖਾਂ ਵੱਲ ਭੇਜੇ ਜਾਂਦੇ ਸਨ।)

ਅਥਵਾ-ਆਪ ਦਾ ਹੁਕਮ ਸੱਚਾ ਹੈ ਅਤੇ ਜੋ ਆਪ ਦਾ ਫੁਰਮਾਣੁ=ਹੁਕਮ ਮੰਨਣ ਵਾਲਾ ਹੈ, ਓਹ ਵੀ ਸੱਚਾ ਹੈ।

ਸਚਾ ਤੇਰਾ ਕਰਮੁ ਸਚਾ ਨੀਸਾਣੁ ॥

ਹੇ ਅਕਾਲ ਪੁਰਖ ! ਆਪ ਦਾ ਕਰਮੁ=ਕਰਤੱਤ, ਵਾ ਅਨੁਗ੍ਰਹੁ ਭੀ ਸੱਚਾ ਹੈ ਅਤੇ ਆਪ ਦਾ ਨਾਮ ਰੂਪ ਨੀਸਾਣੁ=ਪਰਵਾਨਾ ਭੀ ਸੱਚਾ ਹੈ।

ਅਥਵਾ:-ਆਪ ਦਾ ਨੀਸਾਣੁ=ਪ੍ਰਗਟ ਹੋਣਾ ਭੀ ਸੱਚਾ ਹੈ।

---

*ਨੌਂ ਖੰਡ- ਕਿੰਪੁਰਖ, ੨ ਭਦਰਖੰਡ, ੩ ਕੇਤੁਮਾਲ, ੪ ਹਰਿਖੰਡ, ੫ ਹਿਰਣਯ, ੬ ਰਮਯ ਖੰਡ, ੭ ਕੁਸ਼ਾ ਖੰਡ ੮ ਇਲਾਵ੍ਰਤ ਖੰਡ, ੯ ਭਾਰਥ ਖੰਡ।

ਅਥਵਾ:-ਆਪ ਦਾ ਜਸ ਰੂਪੀ ਨੀਸਾਣੁ=ਝੰਡਾ ਭੀ ਸੱਚਾ ਹੈ।

ਅਥਵਾ:-ਆਪ ਜੀ ਦੇ ਭਗਤਾਂ ਰੂਪੀ ਨੀਸਾਣੁ=ਧੌਂਸੇ ਨਗਾਰੇ ਵੀ ਸੱਚੇ ਹਨ।

ਸਚੇ ਤੁਧੁ ਆਖਹਿ ਲਖ ਕਰੋੜਿ ॥

ਹੇ ਸੱਚੇ ਅਕਾਲ ਪੁਰਖ ! ਤੇਰੇ ਜਸ ਨੂੰ ਲੱਖਾਂ ਕ੍ਰੋੜਾਂ ਆਦਮੀ ਆਖ ਰਹੇ ਹਨ।

ਯਥਾ-ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥ (ਕਾਨੜਾ ਮ: ੫ ਪੰਨਾ ੧੩੦੧)

ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥

ਹੇ ਸੱਚੇ ਅਕਾਲ ਪੁਰਖ ! ਸਾਰਿਆਂ ਸਰੀਰਾਂ ਵਿਚ ਆਪ ਨੇ ਹੀ ਬਲ ਦਿੱਤਾ ਹੋਇਆ ਹੈ ਅਤੇ ਹੇ ਸੱਚੇ ! ਸਾਰਿਆਂ ਦੇ ਮਨ ਵਿਚ ਆਪ ਨੇ ਹੀ ਜ਼ੋਰ ਦਿਤਾ ਹੋਇਆ ਹੈ।

ਅਥਵਾ:-ਹੇ ਸੱਚੇ ! ਸਾਰਿਆਂ ਨੂੰ ਤਾਣਿ=ਫੈਲਾ ਕੇ ਉਹਨਾਂ ਸਭਨਾਂ ਦੇ ਜੋਰਿ=ਮਿਲਾਪ ਭਾਵ ਸਬੰਧ ਆਪਸ ਵਿਚ ਕਰ ਦਿੱਤੇ ਹਨ।

ਅਥਵਾ:-ਸਾਰੇ ਸਰੀਰਾਂ ਰੂਪ ਤਾਣੇ ਤਣੇ ਹੋਏ ਸੱਚੇ ਹਨ ਅਤੇ ਅੰਗਾਂ ਦੇ ਸਾਰੇ ਜੋਰਿ=ਜੋੜ ਵੀ ਸੱਚੇ ਹਨ।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥

ਹੇ ਅਕਾਲ ਪੁਰਖ ! ਤੇਰੀ ਸੱਚੀ ਸਿਫਤ ਮੁਸਲਮਾਨ ਕਰਦੇ ਹਨ ਅਤੇ ਤੇਰੀ ਸੱਚੀ ਸਾਲਾਹ=ਸ਼ਲਾਘਾ, ਉਸਤਤੀ ਹਿੰਦੂ ਕਰਦੇ ਹਨ।

ਯਥਾ:- ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥ (ਵਾਰ ਆਸਾ ਸਲੋਕ ੬ ਪੰਨਾ ੪੬੫)

ਅਥਵਾ-ਤੇਰੀ ਸਿਫਤ ਸੱਚੀ ਹੈ ਅਤੇ ਸ਼ਲਾਘਾ ਵੀ ਸੱਚੀ ਹੈ। (ਜੋ ਇਕੱਲਾ ਆਦਮੀ ਪਰਮਾਤਮਾ ਦੀ ਵਡਿਆਈ ਕਰੇ ਉਸ ਦਾ ਨਾਮ ਸਿਫਤ ਹੈ। ਜੋ ਬਹੁਤੇ ਆਪਸ ਵਿਚ ਰੱਲ ਕੇ ਪਰਮਾਤਮਾ ਦੀ ਉਸਤਤੀ ਕਰਨ, ਉਸ ਦਾ ਨਾਮ ਸ਼ਲਾਘਾ ਹੈ।)

ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਹੇ ਸੱਚੇ ਪਾਤਿਸ਼ਾਹ ! ਆਪ ਦੀ ਕੁਦਰਤਿ=ਸ਼ਕਤੀ ਸੱਚੀ ਹੈ।

ਨਾਨਕ ਸਚੁ ਧਿਆਇਨਿ ਸਚੁ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਸਚੁ=ਨਿਸਚੇ ਕਰਕੇ ਸੱਚੇ ਪਰਮੇਸ਼ਰ ਨੂੰ ਜੋ ਧਿਆਉਂਦੇ ਹਨ, ਉਹ ਸੰਸਾਰ ਸਮੁੰਦਰ ਤੋਂ ਤਰ ਜਾਦੇ ਹਨ।

ਜੋ ਮਰਿ ਜੰਮੇ ਸੁ ਕਚੁ ਨਿਕਚੁ ॥ ੧ ॥

ਕਚੁ=ਸ਼ਕਾਮ ਕਰਮਾਂ ਨੂੰ ਕਰਕੇ, ਕੱਚੇ ਪਦਾਰਥਾਂ ਵਿਚ ਜੋ ਲਗੇ ਹਨ, ਉਹ ਪੁਰਸ਼ ਨਿ=ਵਿਸ਼ੇਸ਼ ਕਰ ਕੇ ਜੰਮਦੇ ਮਰਦੇ ਹਨ ॥ ੧ ॥

ਪ੍ਰਸ਼ਨ-ਸਭ ਦੇਵੀ ਦੇਵਤਿਆਂ ਨਾਲੋਂ ਉਸ ਪਰਮੇਸ਼ਰ ਦੀ ਵਡਿਆਈ ਵੱਡੀ ਕਿਉਂ ਹੋ ਰਹੀ ਹੈ ?

ਗੁਰ ਉੱਤਰ-

ਮ: ੧ ॥ ਵਡੀ ਵਡਿਆਈ ਜਾ ਵਡਾ ਨਾਉ ॥

ਜਾਂ ਉਸ ਪਰਮੇਸ਼ਰ ਦਾ ਨਾਮ ਸਾਰਿਆਂ ਤੋਂ ਵੱਡਾ ਹੈ ਇਸ ਕਰਕੇ ਉਸ ਦੀ ਵੱਡੀ ਵਡਿਆਈ ਹੈ।

ਵਡੀ ਵਡਿਆਈ ਜਾ ਸਚੁ ਨਿਆਉ ॥

ਜਾਂ ਉਹ ਸੱਚਾ ਨਿਆਂ ਕਰਦਾ ਹੈ, ਮਾਇਆਵਕੀ ਬਾਦਸ਼ਾਹਾਂ ਵਾਂਗੂੰ ਝੂਠਾ ਨਿਆਂ ਨਹੀਂ ਕਰਦਾ। ਇਸ ਤੇ ਉਸ ਦੀ ਵਡਿਆਈ ਵੱਡੀ ਹੈ।

ਵਡੀ ਵਡਿਆਈ ਜਾ ਨਿਹਚਲ ਥਾਉ ॥

ਜਾਂ ਉਸ ਦਾ ਸਰੂਪ ਥਾਂ ਨਿਹਚਲ=ਅਚੱਲ ਹੈ, ਇਸ ਤੇ ਉਸ ਦੀ ਵਡਿਆਈ ਵੱਡੀ ਹੈ।

ਵਡੀ ਵਡਿਆਈ ਜਾਣੈ ਆਲਾਉ ॥

ਜਿਸ ਤੇ ਉਹ ਵੇਦਾਂ ਨੂੰ ਆਲਾਉ=ਕਥਨ ਕਰਨਾ ਜਾਣਦਾ ਹੈ।

ਯਥਾ:-ਚਚਾ ਚਾਰ ਵੇਦ ਜਿਨ ਸਾਜੇ ਚਾਰੇ ਖਾਣੀ ਚਾਰਿ ਜੁਗਾ ॥

ਇਸ ਤੇ ਉਸ ਦੀ ਵਡਿਆਈ ਵੱਡੀ ਹੋ ਰਹੀ ਹੈ। *ਅਥਵਾ:*-ਪੰਡਿਤ ਨਾਲ ਆਲਾਉ=ਬੋਲਣਾ ਜਾਣਦਾ ਹੈ ਇਸ ਕਰਕੇ ਭੀ ਉਸ ਦੀ ਵਡਿਆਈ ਵੱਡੀ ਹੋ ਰਹੀ ਹੈ।

ਇਕ ਸਮੇਂ ਦਾ ਜ਼ਿਕਰ ਹੈ ਜਿਥੇ ਭਾਈ ਮਾਧਉ ਦਾਸ ਜੀ ਰਹਿੰਦੇ ਸਨ ਓਸੇ ਸ਼ਹਿਰ ਵਿਖੇ ਇਕ ਪੰਡਿਤ ਦੇਸ਼ਾਂ ਦੇਸਾਂਤਰਾਂ ਵਿਚ ਦਿਗ ਬਿਜੇ ਕਰਦਾ ਆ ਪਹੁੰਚਾ। ਉਸ ਨੇ ਸਾਰੇ ਸ਼ਹਿਰ ਵਿਚ ਇਸ਼ਤਿਹਾਰ ਲਗਵਾ ਦਿਤੇ ਕਿ ਇਸ ਸ਼ਹਿਰ ਵਿਚ ਜੋ ਵਿਦਵਾਨ ਰਹਿੰਦਾ ਹੈ ਉਹ ਕੱਲ੍ਹ ਦੇ ਰੋਜ਼ ਮੇਰੇ ਨਾਲ ਆ ਕੇ ਚਰਚਾ ਕਰੇ ਨਹੀਂ ਤਾਂ ਓਸ ਦੇ ਸਾਰੇ ਗ੍ਰੰਥ ਮੈਂ ਖੋਹ ਲਵਾਂਗਾ। ਇਹ ਗੱਲ ਮਾਧਉ ਦਾਸ ਜੀ ਦੇ ਵਿਦਿਆਰਥੀਆਂ ਨੇ ਸੁਣ ਕੇ ਮਾਧਉ ਦਾਸ ਜੀ ਨੂੰ ਆ ਕੇ ਕਿਹਾ ਕਿ ਇਕ ਪੰਡਿਤ ਆਇਆ ਹੈ ਉਸ ਨਾਲ ਆਪ ਚਰਚਾ ਕਰੋ ਤਾਂ ਮਾਧਉ ਦਾਸ ਜੀ ਨੇ ਕਿਹਾ ਹੇ ਭਾਈ ! ਅਸੀਂ ਤਾਂ ਚਰਚਾ ਨਹੀਂ ਕਰਦੇ ਜੇ ਓਹ ਗ੍ਰੰਥ ਖੋਹਣਾ ਚਾਹੁੰਦਾ ਹੈ ਤਾਂ ਬੇਸ਼ਕ ਖੋਹ ਲਵੇ। ਵਿਦਿਆਰਥੀਆਂ ਨੇ ਬਥੇਰਾ ਕਿਹਾ ਪਰ ਮਾਧਉ ਦਾਸ ਜੀ ਨਾ ਮੰਨੇ।

ਆਖਰ ਮਾਧਉ ਦਾਸ ਜੀ ਦੇ ਵਿਦਿਆਰਥੀਆਂ ਨੇ ਪਰਮੇਸ਼ਰ ਅੱਗੇ ਹੱਥ ਜੋੜ ਕੇ ਬੇਨਤੀਆਂ ਕੀਤੀਆਂ-ਹੇ ਕ੍ਰਿਪਾਲੂ ! ਹੇ ਦਿਆਲੂ ! ਹੇ ਸ਼ਰਨਪਾਲ ! ਹੇ ਗਰੀਬ ਨਿਵਾਜ ਜੀ ! ਅਜੇਹੀ ਕ੍ਰਿਪਾ ਕਰੋ ਜੋ ਸਾਡੀ ਪੱਤ ਰਹਿ ਆਵੇ। ਉਸ ਵੇਲੇ ਭਗਵਾਨ ਨੇ ਅਕਾਸ਼ ਬਾਣੀ ਦੁਆਰਾ ਕਿਹਾ ਤੁਸੀਂ ਕੋਈ ਫ਼ਿਕਰ ਨਾ ਕਰੋ ਤੁਹਾਡੇ ਸਭ ਕਾਰਜ ਸਿਧ ਹੋ ਜਾਣਗੇ। ਉਸ ਵੇਲੇ ਭਗਵਾਨ ਨੇ ਇਕ ਵਿਦਿਆਰਥੀ ਦਾ ਰੂਪ ਧਾਰ ਕੇ ਜਿਥੇ ਉਹ ਪੰਡਿਤ ਨਦੀ ਵਿਚ ਇਸ਼ਨਾਨ ਕਰ ਰਿਹਾ ਸੀ ਓਥੇ ਆ ਪੁੱਜੇ, ਆ ਕੇ ਪੰਡਿਤ ਨੂੰ ਨਮਸ਼ਕਾਰ ਕਰਕੇ ਬੈਠ ਗਏ। ਪੰਡਿਤ ਨੇ ਪੁਛਿਆ ਆਪ ਕੌਣ ਹੋ ? ਤਾਂ ਭਗਵਾਨ ਨੇ ਕਿਹਾ ਮੈਂ ਮਾਧਉ ਦਾਸ ਦਾ ਵਿਦਿਆਰਥੀ ਹਾਂ। ਮੈਂ ਸੁਣਿਆ ਹੈ ਕਿ ਆਪ ਨੇ ਉਹਨਾਂ ਨਾਲ ਚਰਚਾ ਕਰਨੀ ਹੈ ਸੋ ਪਹਿਲੇ ਆਪ ਮੇਰੇ ਨਾਲ ਚਰਚਾ ਕਰੋ, ਫੇਰ ਓਹਨਾਂ ਨਾਲ ਕਰਨੀ। ਪੰਡਿਤ ਨੇ ਕਿਹਾ ਚੰਗਾ ! ਪਹਿਲੇ ਤੂੰ ਹੀ ਚਰਚਾ ਕਰ ਲੈ, ਜੋ ਪ੍ਰਸ਼ਨ ਕਰਨਾ ਚਾਹੁੰਦਾ ਹੈਂ ਓਹ ਕਰ।

ਤਾਂ ਭਗਵਾਨ ਨੇ ਕਿਹਾ-ਹੇ ਪੰਡਿਤ ! ਇਹ ਮੈਨੂੰ ਦੱਸ ਤੂੰ ਪੜ੍ਹ ਕੇ ਬੁਝਿਆ ਹੈ ਜਾਂ ਬੁਝ ਕੇ ਪੜ੍ਹਿਆ ਹੈ ? ਪੰਡਿਤ ਹੋਰੀਂ ਤਾਂ ਸੋਚਾਂ ਵਿਚ ਪੈ ਗਏ ਕੁਛ ਉੱਤ੍ਰ ਨਾ ਆਇਆ।

ਭਗਵਾਨ ਨੇ ਕਿਹਾ-ਦੇਖ ! ਜੇ ਤਾਂ ਪੜ੍ਹ ਕੇ ਬੁਝਿਆ ਹੈ ਤਾਂ ਤੇਰੀ ਚਰਚਾ ਕਰਨੀ ਨਿਸਫਲ ਹੈ, ਜੇ ਤੂੰ ਬੁਝ ਕੇ ਪੜ੍ਹਿਆਂ ਹੈਂ ਤਾਂ ਤੇਰਾ ਪੜ੍ਹਨਾ ਨਿਸਫਲ ਹੈ। ਪੰਡਿਤ ਨੇ ਵਿਚਾਰਿਆ ਜਦ ਮੇਰੇ ਪਾਸੋਂ ਇਹ ਵਿਦਿਆਰਥੀ ਨਾ ਜਿੱਤੇ ਗਏ ਤਾਂ ਇਨ੍ਹਾਂ ਦੇ ਗੁਰੂ ਮਾਧਉ ਦਾਸ ਜੀ ਭਲਾ ਕਿਸ ਤਰ੍ਹਾਂ ਜਿੱਤੇ ਜਾਣਗੇ। ਉਸ ਵੇਲੇ ਪੰਡਿਤ ਜੀ ਨਿਰੁਤ੍ਰ ਹੋ ਕੇ ਚਲੇ ਗਏ। ਪੰਡਿਤ ਨਾਲ ਏਸ ਤਰ੍ਹਾਂ ਭਗਵਾਨ ਨੇ ਕਥਨ ਕਰਨਾ ਜਾਣਿਆਂ, ਇਸ ਤੇ ਉਸ ਦੀ ਵਡਿਆਈ ਵੱਡੀ ਹੈ।

ਅਥਵਾ:-ਜੀਵਾਂ ਦੇ ਕਥਨ ਕੀਤੇ ਹੋਏ ਬਚਨਾਂ ਨੂੰ ਜਾਣ ਲੈਂਦਾ ਹੈ ਇਸ ਤੇ ਉਸ ਦੀ ਵਡਿਆਈ ਵੱਡੀ ਹੈ।

ਵਡੀ ਵਡਿਆਈ ਬੁਝੈ ਸਭਿ ਭਾਉ ॥

ਜਾਂ ਉਹ ਪਰਮਾਤਮਾ ਸਾਰਿਆਂ ਦੇ ਭਾਉ=ਪ੍ਰਯੋਜਨ *ਅਥਵਾ* ਸਾਰਿਆਂ ਦੇ ਪ੍ਰੇਮ ਅਪ੍ਰੇਮ ਨੂੰ ਬੁਝਦਾ ਹੈ ਫੇਰ ਉਸ ਦੇ ਅਨੁਸਾਰ ਫਲ ਦੇਂਦਾ ਹੈ ਇਸ ਕਰਕੇ ਉਸ ਦੀ ਵਡਿਆਈ ਵੱਡੀ ਹੈ।

ਵਡੀ ਵਡਿਆਈ ਜਾ ਪੁਛਿ ਨ ਦਾਤਿ ॥

(ੳ) ਜਾਂ ਉਹ ਪ੍ਰਮੇਸਰ ਕਿਸੇ ਪਾਸੋਂ ਪੁਛ ਕੇ ਦਾਤ ਨਹੀਂ ਦੇਂਦਾ ਇਸ ਕਰਕੇ ਉਸ ਦੀ ਵਡਿਆਈ ਵਡੀ ਹੈ।

ਯਥਾ- ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥

(ਭੈਰਉ ਮਹਲਾ ੪ ਪੰਨਾ ੧੧੩੫)

ਤਥਾ- ਦੋਮ ਨ ਸੇਮ ਏਕ ਸੋ ਆਹੀ ॥ *(ਗਉੜੀ ਰਵਿਦਾਸ, ਪੰਨਾ ੩੪੫)*

ਤਥਾ- ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥

(ਗੌਡ ਮਹਲਾ ੫ ਪੰਨਾ ੮੬੩)

ਤਥਾ- ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ ॥

(ਗਉੜੀ ਸੁਖਮਨੀ, ਪੰਨਾ ੨੮੫)

(ਅ) ਜਿਸ ਨੂੰ ਨਾਮ ਦੀ ਦਾਤ ਦੇਂਦਾ ਹੈ ਉਸ ਪਾਸੋਂ ਫੇਰ ਹਿਸਾਬ ਨਹੀਂ ਪੁਛਦਾ।

(ੲ) ਜੋ ਪੁਛਿਆਂ ਹੋਇਆਂ (ਭਾਵ ਮੰਗਿਆਂ ਹੋਇਆਂ) ਦਾਤ ਨਾ ਦਵੇ (ਧਾਮ ਬਾਮ ਸਰੂਪ) ਓਹ ਪਰਮੇਸ਼ਰ ਇਨ੍ਹਾਂ ਦਾਤਾਂ ਨੂੰ ਭੀ ਦੇਣ ਵਾਲਾ ਹੈ। ਦੇਖੋ ! ਧਾਮ ਸਨਕਾਦਕਾਂ ਨੂੰ ਦਿੱਤਾ ਹੈ। ਬਾਮ=ਇਸਤ੍ਰੀ ਰਾਵਣ ਨੂੰ ਦਿੱਤੀ ਹੈ। *ਅਥਵਾ:*-ਮਾਇਆ ਸਾਰੇ ਜਗਤ ਨੂੰ ਦਿੱਤੀ ਹੋਈ ਹੈ ਤੇ ਸਰੂਪ ਸ਼ਿਵ ਜੀ ਨੂੰ ਦਿੱਤਾ ਹੈ। ਇਸ ਤੇ ਉਸ ਦੀ ਵੱਡੀ ਵਡਿਆਈ ਹੈ।

(ਸ) ਜੋ ਦੁੱਖ ਰੂਪੀ ਦਾਤ ਨੂੰ ਕੋਈ ਨਹੀਂ ਪੁਛਦਾ ਅਰਥਾਤ ਕੋਈ ਨਹੀਂ ਮੰਗਦਾ ਪਰਮੇਸ਼ਰ ਹੰਕਾਰ ਤੋੜਨ ਵਾਸਤੇ ਓਹ ਭੀ ਦੇ ਦੇਂਦਾ ਹੈ ਇਸ ਕਰਕੇ ਉਸ ਦੀ ਵੱਡੀ ਵਡਿਆਈ ਹੈ।

(ਹ) ਜੋ ਨਾਮ ਗਿਆਨ ਰੂਪੀ ਦਾਤ ਪੁਛਿਆਂ ਨਾ ਦੇਵੇ। ਪਰਮੇਸ਼ਰ ਉਸ ਦਾਤ ਨੂੰ ਭੀ ਦੇਣ ਵਾਲਾ ਹੈ ਇਸ ਕਰਕੇ ਉਸ ਦੀ ਵੱਡੀ ਵਡਿਆਈ ਹੈ।

ਵਡੀ ਵਡਿਆਈ ਜਾ ਆਪੇ ਆਪਿ ॥

ਜਾ ਆਪੇ ਆਪਿ=ਸੁਤੰਤ੍ਰ ਹੈ ਪਤੰਤ੍ਰ ਨਹੀਂ, ਇਸ ਕਰਕੇ ਪਰਮੇਸ਼ਰ ਦੀ ਵੱਡੀ ਵਡਿਆਈ ਹੈ।

ਨਾਨਕ ਕਾਰ ਨ ਕਥਨੀ ਜਾਇ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਕਿ ਉਸ ਪਰਮੇਸ਼ਰ ਦੀ 'ਇੰਦ ਮਿਥ' ਕਰਕੇ ਕੁਛ ਕਾਰ ਕਥਨ ਨਹੀਂ ਕੀਤੀ ਜਾਂਦੀ।

ਕੀਤਾ ਕਰਣਾ ਸਰਬ ਰਜਾਇ॥੨॥

ਇਹ ਜਿਤਨਾ ਪ੍ਰਪੰਚ ਕੀਤਾ ਹੈ, ਰਜਾਇ=ਪਰਮਾਤਮਾ ਨੇ ਆਪ ਹੀ ਸਾਰਾ ਕੀਤਾ ਹੈ।

ਅਥਵਾ:-ਜਿਤਨਾ ਇਹ ਕਰਣਾ-ਪ੍ਰਪੰਚ ਕੀਤਾ ਹੈ ਉਸ ਨੇ ਆਪਣੀ ਰਜਾਇ=ਆਗਿਆ ਅਨੁਸਾਰ ਕੀਤਾ ਹੈ।

ਦੂਸਰਾ ਅਰਥ-

ਪ੍ਰਸ਼ਨ-ਜੀਵ ਦੀ ਵੱਡੀ ਵਡਿਆਈ ਕਿਵੇਂ ਹੋਵੇ ? *ਉੱਤਰ*-

"ਵਡੀ ਵਡਿਆਈ ਜਾ ਵਡਾ ਨਾਉ॥"

ਜਾਂ ਉਸ ਵੱਡੇ ਅਕਾਲ ਪੁਰਖ ਦੇ ਨਾਮ ਨੂੰ ਜਪੇ ਤਾਂ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ।

"ਵਡੀ ਵਡਿਆਈ ਜਾ ਸਚੁ ਨਿਆਉ॥"

ਜਾਂ ਸੱਚਾ ਨਿਆਂ ਕਰੇ ਤਾਂ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ।

ਅਥਵਾ:-ਜਾਂ ਸੱਚ ਦੇ ਨਿਰਣੇ ਰੂਪੀ ਨਿਆਉਂ ਨੂੰ ਕਰੇ ਭਾਵ ਆਤਮਾ ਦਾ ਗ੍ਰਹਿਣ ਕਰੇ ਅਨਾਤਮਾ ਨੂੰ ਤਿਆਗੇ ਤਾਂ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ।

"ਵਡੀ ਵਡਿਆਈ ਜਾ ਨਿਹਚਲ ਥਾਉ॥"

ਜਾਂ ਨਿਹਚਲ ਥਾਉ=ਸਰੂਪ ਵਿਚ ਇਸਥਿਤ ਹੋਵੇ ਤਾਂ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ।

"ਵਡੀ ਵਡਿਆਈ ਜਾਣੈ ਆਲਾਉ॥"

ਉਸ ਪਰਮੇਸ਼ਰ ਦੇ ਜਸ ਨੂੰ ਆਲਾਉ=ਕਥਨ ਕਰਨਾ ਜਾਣੇ ਤਾਂ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ।

"ਵਡੀ ਵਡਿਆਈ ਬੁਝੈ ਸਭਿ ਭਾਉ॥"

ਸਾਰਿਆਂ ਨਾਲ ਪ੍ਰੇਮ ਕਰਨਾ ਬੁਝੇ ਤਾਂ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ।

ਯਥਾ- ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ੧੩੦॥

(ਸਲੋਕ ਫਰੀਦ, ਪੰਨਾ ੧੩੮੪)

ਤਥਾ- ਦਿਲ ਦਰਵਾਜਾ ਰੱਬ ਦਾ, ਇਸ ਨੂੰ ਯਾਰ ਨਾ ਢਾਹ।
ਢੱਠਾ ਔਖਾ ਬਣੇਗਾ, ਤੂੰ ਲੰਘਸੇ ਕਿਹੜੇ ਰਾਹ।

"ਵਡੀ ਵਡਿਆਈ ਜਾ ਪੁਛਿ ਨ ਦਾਤਿ॥"

ਜਾਂ ਕਿਸੀ ਪਾਸੋਂ ਪੁਛ ਕੇ ਦਾਤ ਨਾ ਦੇਵੇ ਭਾਵ ਗੁੱਝਾ ਦਾਨ ਕਰ ਦੇਵੇ ਤਾਂ ਇਸ ਜੀਵ ਦੀ ਵੱਡੀ ਵਡਿਆਈ ਹੁੰਦੀ ਹੈ।

"ਵਡੀ ਵਡਿਆਈ ਜਾ ਆਪੇ ਆਪਿ॥"

ਜਾਂ ਆਪਣਾ ਆਪ ਸਾਰੇ ਨਿਸਚੇ ਕਰੇ ਕਿ ਮੈਥੋਂ ਭਿੰਨ ਹੋਰ ਕੋਈ ਨਹੀਂ ਤਾਂ ਵੱਡੀ ਵਡਿਆਈ ਹੁੰਦੀ ਹੈ।

"ਨਾਨਕ ਕਾਰ ਨ ਕਥਨੀ ਜਾਇ॥"

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਐਸਾ ਮਹਾਤਮਾ ਜੋ ਬ੍ਰਹਮ ਰੂਪ ਹੋਇਆ ਹੈ ਉਸ ਦੀ ਕਾਰ ਕਥਨ ਨਹੀਂ ਕੀਤੀ ਜਾਂਦੀ ।

"ਕੀਤਾ ਕਰਣਾ ਸਰਬ ਰਜਾਇ॥੨॥"

ਇਹ ਸਾਰਾ ਜੋ ਕਰਣਾ=ਪ੍ਰਪੰਚ ਕੀਤਾ ਹੈ ਉਸ ਨੇ ਆਪਣੀ ਰਜਾਇ=ਆਗਿਆ ਵਿਚ ਕੀਤਾ ਹੈ।

ਮਹਲਾ ੨॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਦੂਜੇ ਪਾਤਿਸ਼ਾਹ ਜੀ ਦਾ ਮਹਲਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਗ ਅਨੁਸਾਰ ਇਥੇ ਰੱਖਣਾ ਕੀਤਾ ਹੈ।)

ਸਤਿਗੁਰੂ ਅੰਗਦ ਦੇਵ ਜੀ ਕਥਨ ਕਰਦੇ ਹਨ-ਹੇ ਪਿਆਰਿਓ ! ਇਹ ਜਗਤ ਸੱਚੇ ਅਕਾਲ ਪੁਰਖ ਦੇ ਰਹਿਣ ਦੀ ਕੋਠੀ ਹੈ।

ਪੁਨਾ-ਸੱਚੇ ਪਰਮੇਸ਼ਰ ਦਾ ਇਸ ਵਿਚ ਵਾਸਾ ਹੋ ਰਿਹਾ ਹੈ।

ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥

ਓਹ ਪਰਮਾਤਮਾ ਆਪਣੇ ਹੁਕਮ ਅਨੁਸਾਰ ਇਕਨਾਂ ਨੂੰ ਆਪਣੇ ਵਿਚ ਸਮਾਇ=ਅਭੇਦ ਕਰ ਲੈਂਦਾ ਹੈ ਅਤੇ ਆਪਣੇ ਹੁਕਮ ਅਨੁਸਾਰ ਇਕਨਾਂ ਨੂੰ ਵਿਣਾਸੁ=ਨਾਸ ਕਰਦਾ ਹੈ।

ਅਥਵਾ:-ਜਿਹੜੇ ਗੁਰਮੁਖ ਹੁਕਮ ਨੂੰ ਮੰਨਦੇ ਹਨ ਉਹਨਾਂ ਇਕਨਾਂ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ, ਜਿਹੜੇ ਹੁਕਮ ਨੂੰ ਨਹੀਂ ਮੰਨਦੇ ਉਹਨਾਂ ਇਕਨਾਂ ਮਨਮੁਖਾਂ ਨੂੰ ਨਾਸ ਕਰਦਾ ਹੈ।

ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥

ਇਕਨਾਂ ਨੂੰ ਆਪਣੇ ਭਾਣੇ ਅਨੁਸਾਰ ਦੁੱਖਾਂ 'ਚੋਂ ਕੱਢ ਲੈਂਦਾ ਹੈ।

ਅਥਵਾ:-ਆਪਣਾ ਭਾਣਾ ਮੰਨਵਾ ਕੇ ਇਕਨਾਂ ਨੂੰ ਸੰਸਾਰ ਸਮੁੰਦਰ 'ਚੋਂ ਕੱਢ ਲੈਂਦਾ ਹੈ। ਇਕਨਾਂ ਦੀ ਮਾਇਆ ਦੇ ਗ੍ਰਹਿਣ ਕਰਨ ਵਿਚ ਇਸਥਿਤੀ ਰੱਖਦਾ ਹੈ।

ਪੁਨਾ-ਸਤਿਗੁਰਾਂ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਪ੍ਰਭੂ ! ਓਹ ਪਰਮੇਸ਼ਰ ਮਾਇਆ ਧਾਰੀਆਂ ਨੂੰ ਜਾਂ ਮਾਇਆ ਤੋਂ ਰਹਿਤ ਵਾਲਿਆਂ ਨੂੰ ਤਾਰਦਾ ਹੈ ? *ਗੁਰ ਉੱਤਰ-*

ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥

ਇਹ ਗੱਲ ਭਿ=ਬਹੁੜੋ ਕੁਛ ਆਖਿ ਨ ਜਾਪਈ=ਆਖੀ ਨਹੀਂ ਜਾਂਦੀ ।

ਜੋ ਪਰਮੇਸ਼ਰ ਕਿਸ ਨੂੰ ਰਾਸਿ=ਦਰੁੱਸਤ (ਸੁਧਾਰ) ਅਰਥਾਤ ਸੱਚਤਾਈ ਵਿਚ ਲਿਆਉਂਦਾ ਹੈ।

ਭਾਵ ਇਹ ਕੋਈ ਪਤਾ ਨਹੀਂ ਕਿ ਪ੍ਰਵਿਰਤੀ ਵਾਲਿਆਂ ਨੂੰ ਤਾਰਦਾ ਹੈ ਜਾਂ ਨਵਿਰਤੀ ਵਾਲਿਆਂ ਨੂੰ ਤਾਰਦਾ ਹੈ।

ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥ ੩ ॥

(ਅੰਨਵੇ) ਗੁਰਾਂ ਦੁਆਰੇ ਜਿਨ੍ਹਾਂ ਨੂੰ ਆਪ ਪਰਗਾਸੁ=ਗਿਆਨ ਦੇਣਾ ਕਰਦਾ ਹੈ ਓਹ ਗੁਰਮੁਖ ਪਰਮੇਸ਼ਰ ਨੂੰ ਜਾਣ ਲੈਂਦੇ ਹਨ।

ਪਉੜੀ ॥ ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਓਸ ਪਰਮੇਸ਼ਰ ਨੇ ਜੀਵਾਂ ਨੂੰ ਉਤਪਤ ਕਰਕੇ*।

ਅਥਵਾ:-ਜੀਵਾਂ ਨੂੰ ਸਰੀਰਾਂ ਦੇ ਵਿਚ ਪਾ ਕੇ ਫੇਰ ਧਰਮ ਰਾਜ ਨੂੰ ਨਾਵੈ=ਹਿਸਾਬ ਦੇ ਲਿਖਣ ਵਾਸਤੇ ਬੈਠਾਣਾ ਕੀਤਾ ਹੈ।

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥

ਓਥੈ=ਪ੍ਰਲੋਕ ਵਿਚ ਸੱਚ ਹੀ ਸੱਚ ਦਾ ਨਿਬੇੜਾ ਹੁੰਦਾ ਹੈ। ਜਿਹੜੇ ਆਦਮੀ ਪਾਪਾਂ ਕਰਕੇ ਜਜਮਾਲਿਆ= ਰੰਞਾਣੇ ਹੋਏ ਭਾਵ ਦਬੇ ਹੋਏ ਹਨ।

ਅਥਵਾ:-ਦੁੱਖੀ ਕੀਤੇ ਹੋਏ ਹਨ।

ਵਾ:-ਜਿਹੜੇ ਪੁਰਸ਼ ਜਜਮਾਲਿਆ=ਕੁਸ਼ਟ ਰੋਗ ਵਾਲੇ ਕੋਹੜੀ ਭਾਵ ਵਿਸ਼ਈ ਪਾਮਰ ਹਨ ਜਿਨ੍ਹਾਂ ਦੇ ਸੰਗ ਤੋਂ ਰੋਗ ਹੋਣ ਦਾ ਡਰ ਹੈ, ਉਹਨਾਂ ਨੂੰ ਚੁਣ ਕੇ ਵਖਰਾ ਕੱਢਿਆ ਜਾਂਦਾ ਹੈ।

ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥

ਕੂੜਿਆਰ=ਝੂਠੇ ਪੁਰਸ਼ ਸਰੂਪ ਦੀ ਜਗ੍ਹਾਂ ਨੂੰ ਕਦਾਚਿਤ ਨਹੀਂ ਪਾਂਵਦੇ, ਕਾਲੇ ਮੂੰਹ ਵਾਲੇ ਜਮਦੂਤਾਂ ਨਾਲ ਉਹਨਾਂ ਦਾ ਮੂੰਹ ਕਾਲਾ ਕਰਕੇ ਨਰਕਾਂ ਵਿਚ ਚਾਲਿਆ=ਭੇਜਿਆ ਜਾਂਦਾ ਹੈ।

ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥

ਹੇ ਅਕਾਲ ਪੁਰਖ ! ਜੋ ਪੁਰਸ਼ ਆਪ ਦੇ ਨਾਮ ਜਪਣ ਵਿਚ ਤਦਾਕਾਰ ਹੋਏ ਹਨ ਓਹ ਜਿੱਤ ਗਏ ਅਤੇ ਜਿਹੜੇ ਠੱਗਣ ਵਾਲੇ ਹਨ ਉਹ ਹਾਰ ਗਏ।

ਲਿਖਿ ਨਾਵੈ ਧਰਮੁ ਬਹਾਲਿਆ ॥ ੨ ॥

ਸਭ ਜੀਵਾਂ ਦੇ ਨਾਵੈ+ਹਿਸਾਬ ਲਿਖਣ ਵਾਸਤੇ ਧਰਮ ਰਾਜਾ ਨੂੰ ਬੈਠਾਉਣਾ ਕੀਤਾ ਹੈ॥ ੨ ॥

ਸਲੋਕ ਮਃ ੧ ॥

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਇਹ ਜਿਤਨਾ ਕੁ ਪ੍ਰਪੰਚ ਹੈ, ਬੋਲਣਾ ਚਲਣਾ ਆਦਿਕ ਏਹ ਕੀ ਰੂਪ ਹੈ ? *ਗੁਰ ਉੱਤਰ -*

ਵਿਸਮਾਦੁ ਨਾਦ

ਇਕ ਧੁਨਾਤਮਕ ਸ਼ਬਦ ਹੁੰਦਾ ਹੈ, ਜੈਸਾ ਕਿ ਵਾਜੇ, ਤੰਬੂਰੇ, ਤਾਊਸ, ਸਿਰੰਦਾ ਆਦਿਕ ਇਹਨਾਂ ਦੇ ਸ਼ਬਦ ਭੀ ਵਿਸਮਾਦ ਰੂਪ ਹਨ।

** (ਇਥੇ ਉਤਪਤੀ ਦੀ ਜਗ੍ਹਾਂ ਪਰਾਦ੍ਰਭਾ ਬੋਲਣਾ, ਕਿਉਂਕਿ ਜੀਵ ਦੀ ਉਤਪਤੀ ਕਿਧਰੇ ਕਥਨ ਨਹੀਂ ਕੀਤੀ।)*

ਵਿਸਮਾਦੁ ਵੇਦ॥

ਵਰਨਾਤਮਕ ਸ਼ਬਦ ਭੀ ਵਿਸਮਾਦ ਰੂਪ ਹਨ। ਵਾ-ਵੇਦ ਭੀ ਵਿਸਮਾਦ ਰੂਪ ਹੈ ਤੇ ਵੇਦ ਦੇ ਨਾਦ=ਸ਼ਬਦ ਭੀ ਵਿਸਮਾਦ ਰੂਪ ਹਨ।

ਵਿਸਮਾਦੁ ਜੀਅ ਵਿਸਮਾਦੁ ਭੇਦ॥

ਜੀਵ ਭੀ ਵਿਸਮਾਦ ਰੂਪ ਹੈ ਤੇ ਅੱਗੇ ਜੀਵਾਂ ਦੇ ਆਪਸ ਵਿਚ ਜਿਹੜੇ ਭੇਦ ਹਨ ਇਹ ਭੀ ਵਿਸਮਾਦ ਰੂਪ ਹਨ।

ਵਿਸਮਾਦੁ ਰੂਪ ਵਿਸਮਾਦੁ ਰੰਗੁ॥

ਰੂਪ=ਅਕਾਰ ਵਿਸਮਾਦ ਰੂਪ ਹੈ ਤੇ ਕਾਲੇ, ਪੀਲੇ, ਹਰੇ, ਬਸੰਤੀ ਆਦਿਕ ਸਾਰੇ ਰੰਗ ਭੀ ਵਿਸਮਾਦ ਰੂਪ ਹਨ।

ਵਿਸਮਾਦੁ ਨਾਗੇ ਫਿਰਤਿ ਜੰਤ॥

ਜੋ ਪੁਰਖ ਨੰਗੇ ਹੋ ਕੇ ਫਿਰਦੇ ਹਨ ਓਹ ਵੀ ਵਿਸਮਾਦ ਰੂਪ ਹਨ।

[ਪੰਨਾ ੪੬੪]

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥

ਪਉਣ ਵੀ ਵਿਸਮਾਦ ਰੂਪ ਹੈ, ਪਾਣੀ ਭੀ ਵਿਸਮਾਦ ਰੂਪ ਹੈ।

ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਜੋ ਅਗਨੀ ਵਿਡਾਣੀ=ਅਸਚਰਜ ਖੇਡਾਂ ਖੇਡ ਰਹੀ ਹੈ ਇਹ ਵੀ ਵਿਸਮਾਦ ਰੂਪ ਹੈ।

ਪ੍ਰਸ਼ਨ-ਅਸਚਰਜ ਖੇਡਾਂ ਕੇਹੜੀਆਂ ਹਨ ?

ਉੱਤਰ-ਜਿਹੜਾ ਭੋਜਨ ਤਿਆਰ ਕਰ ਦੇਣਾ ਅਤੇ ਦੇਵਤਿਆਂ ਨੂੰ ਅਹੂਤੀਆਂ ਪਹੁੰਚਾ ਦੇਣੀਆਂ, ਏਹੀ ਅਸਚਰਜ ਖੇਡਾਂ ਹਨ।

ਵਿਸਮਾਦੁ ਧਰਤੀ ਵਿਸਮਾਦੁ ਖਾਣੀ॥

ਧਰਤੀ=ਪ੍ਰਿਥਵੀ ਵੀ ਵਿਸਮਾਦ ਰੂਪ ਹੈ। ਚਾਰ ਖਾਣੀਆਂ* ਵਾ ਅੱਠ ਖਾਣਾਂ* ਵੀ ਵਿਸਮਾਦ ਰੂਪ ਹਨ।

ਵਿਸਮਾਦੁ ਸਾਦਿ ਲਗਹਿ ਪਰਾਣੀ॥

ਜੋ ਪ੍ਰਾਣੀ ਸਵਾਦਾਂ ਦੇ ਭੋਗਣ ਵਿਚ ਲੱਗ ਰਹੇ ਹਨ ਇਹ ਸਭ ਵਿਸਮਾਦ ਰੂਪ ਹਨ।

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥

ਗੁਰਾਂ ਨਾਲ ਜੇਹੜਾ ਸੰਜੋਗ ਹੋਣਾ ਹੈ ਜਾਂ ਪਰਮੇਸ਼ਰ ਨਾਲ ਜੇਹੜਾ ਸੰਜੋਗ ਹੋਣਾ ਹੈ ਇਹ ਭੀ ਵਿਸਮਾਦ ਰੂਪ ਹੈ ਅਤੇ ਪਦਾਰਥਾਂ ਨਾਲੋਂ ਜੇਹੜਾ ਵਿਜੋਗ ਹੋਣਾ ਹੈ। *ਅਥਵਾ*:-ਸਬੰਧੀਆਂ ਨਾਲੋਂ ਜਿਹੜਾ ਵਿਛੋੜਾ ਹੋਣਾ

---

*ਚਾਰ ਖਾਣੀਆਂ-੧ ਅੰਡਜ, ੨ ਜੇਰਜ, ੩ ਸੇਤਜ, ੪ ਉਤਭੁਜ।

*ਅੱਠ ਖਾਨਾਂ-੧ ਸੋਨਾ, ੨ ਚਾਂਦੀ, ੩ ਪਾਰਾ, ੪ ਤਾਂਬਾ, ੫ ਜਿਸਤ, ੬ ਸਿੱਕਾ, ੭ ਕਲੀ, ੮ ਲੋਹਾਂ।

ਹੈ ਇਹ ਵੀ ਵਿਸਮਾਦ ਰੂਪ ਹੈ।

ਵਿਸਮਾਦੁ ਭੁਖ ਵਿਸਮਾਦੁ ਭੋਗੁ ॥

ਭੁਖ ਵੀ ਵਿਸਮਾਦ ਰੂਪ ਹੈ, ਭੋਗੁ=ਪਦਾਰਥ ਭੀ ਵਿਸਮਾਦ ਰੂਪ ਹਨ।

ਵਾ-ਭੋਗ=ਵਿਸ਼ੇ ਵੀ ਵਿਸਮਾਦ ਰੂਪ ਹਨ।

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥

ਪਰਮੇਸ਼ਰ ਦੀ ਸਿਫਤ ਕਰਨੀ ਵੀ ਵਿਸਮਾਦ ਰੂਪ ਹੈ। ਪਰਮੇਸ਼ਰ ਦੀ ਸ਼ਲਾਘਾ ਕਰਨੀ ਵੀ ਵਿਸਮਾਦ ਰੂਪ ਹੈ (ਸਿਫਤ ਹੁੰਦੀ ਹੈ ਜੋ ਇਕੱਲਾ ਕਰੇ, ਸ਼ਲਾਘਾ ਹੁੰਦੀ ਹੈ ਜੋ ਬਹੁਤੇ ਮਿਲ ਕੇ ਕਰਨ।)

ਵਿਸਮਾਦੁ ਉਝੜ ਵਿਸਮਾਦੁ ਰਾਹ ॥

ਪ੍ਰਤੱਖ ਉਜੜ ਭੀ ਵਿਸਮਾਦ ਰੂਪ ਹੈ। ਪ੍ਰਤੱਖ ਰਸਤਾ ਭੀ ਵਿਸਮਾਦ ਰੂਪ ਹੈ।

ਅਥਵਾ:-ਸੰਸਾਰ ਉਜਾੜ ਭੀ ਵਿਸਮਾਦ ਰੂਪ ਹੈ ਤੇ ਗਿਆਨ ਭਗਤੀ ਰੂਪ ਰਸਤਾ ਭੀ ਵਿਸਮਾਦ ਰੂਪ ਹੈ।

ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥

ਪਰਮੇਸ਼ਰ ਨੂੰ ਨੇੜੇ ਸਮਝਣਾ, ਇਹ ਭੀ ਵਿਸਮਾਦ ਰੂਪ ਹੈ। ਪਰਮੇਸ਼ਰ ਨੂੰ ਦੂਰ ਸਮਝਣਾ ਇਹ ਭੀ ਵਿਸਮਾਦ ਰੂਪ ਹੈ। *ਅਥਵਾ:*-ਪਰਮੇਸ਼ਰ ਦੇ ਨੇੜੇ ਰਹਿਣ ਵਾਲਾ ਗਿਆਨਵਾਨ ਭੀ ਵਿਸਮਾਦ ਰੂਪ ਹੈ ਤੇ ਪਰਮੇਸ਼ਰ ਤੋਂ ਦੂਰ ਰਹਿਣ ਵਾਲਾ ਅਗਿਆਨੀ ਵੀ ਵਿਸਮਾਦ ਰੂਪ ਹੈ।

ਵਿਸਮਾਦੁ ਦੇਖੈ ਹਾਜਰਾ ਹਜੂਰਿ ॥

ਉਸ ਪਰਮੇਸ਼ਰ ਨੂੰ ਹਾਜ਼ਰਾ ਹਜ਼ੂਰ ਦੇਖਣਾ ਇਹ ਭੀ ਵਿਸਮਾਦ ਰੂਪ ਹੈ।

ਅਥਵਾ :- ਹਜੂਰਿ=ਪ੍ਰਪੰਚ ਵਿਚ ਪਰਮੇਸ਼ਰ ਨੂੰ ਹਾਜਰਾ=ਸਮੀਪ ਵੇਖਣਾ ਇਹ ਵੀ ਵਿਸਮਾਦ ਰੂਪ ਹੈ।

ਵੇਖਿ ਵਿਡਾਣੁ ਰਹਿਆ ਵਿਸਮਾਦੁ ॥

ਇਸ ਵਿਡਾਣੁ=ਅਸਚਰਜ ਨੂੰ ਵੇਖ ਕੇ ਮੈਂ ਵੀ ਅਸਚਰਜ ਹੋ ਰਿਹਾ ਹਾਂ।

ਅਥਵਾ:-ਇਸ ਅਸਚਰਜ ਨੂੰ ਦੇਖ ਕੇ ਅਸਚਰਜ ਵਸਤੂ ਭੀ ਅਸਚਰਜ ਹੋ ਰਹੀ ਹੈ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਹੇ ਪ੍ਰਭੂ ! ਆਪ ਸਭ ਵਿਸਮਾਦ ਵਿਸਮਾਦ ਹੀ ਕਹੀ ਗਏ ਕੁਝ ਪਤਾ ਨਾ ਲੱਗਾ ਕਿ ਵਿਸਮਾਦ ਕਿਸਨੂੰ ਆਖਦੇ ਹਨ। ਤਾਂ ਸਤਿਗੁਰਾਂ ਕਿਹਾ ਵਿਸਮਾਦ ਦੋ ਵਸਤੂਆਂ ਵਿਚ ਘਟਦਾ ਹੈ, ਇਕ ਈਸ਼ਵਰ ਵਿਚ ਦੂਜਾ ਮਾਇਆ ਵਿਚ, ਇਸ ਜਗ੍ਹਾਂ ਮਾਇਆ ਦਾ ਵਾਚਕ ਜਾਣ ਲੈਣਾ। ਵਿਸਮਾਦ ਨਾਮ ਅਸਚਰਜ ਦਾ ਹੈ। ਅਸਚਰਜ ਨਾਮ ਮਾਇਆ ਦਾ ਹੈ।

ਇਸ ਤੇ ਇਹ ਸਿਧ ਹੋਇਆ ਕਿ ਦੁਨੀਆਂ ਦਾ ਸਭ ਵਿਹਾਰ ਮਾਇਆ ਮਾਤਰ ਹੈ।

ਨਾਨਕ ਬੁਝਣੁ ਪੂਰੈ ਭਾਗਿ ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਇਸ ਗੱਲ ਦਾ ਬੁਝਣਾ ਪੂਰੇ ਭਾਗਾਂ ਨਾਲ ਹੁੰਦਾ ਹੈ, ਕਿਉਂਕਿ ਪੂਰੇ ਭਾਗਾਂ ਕਰਕੇ ਸੰਤਾਂ ਦਾ ਸੰਗ ਮਿਲਦਾ ਹੈ ਤੇ ਸੰਤਾਂ ਦੇ ਸੰਗ ਦੁਆਰਾ ਹੀ ਇਹ ਨਿਸਚੇ ਹੁੰਦਾ ਹੈ ਕਿ ਸਾਰਾ ਪ੍ਰਪੰਚ ਮਾਇਆ ਮਾਤ੍ਰ ਭਾਵ ਮਿਥਿਆ ਹੈ।

ਮਃ ੧ ॥ ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਕੁਦਰਤਿ=ਮਾਇਆ ਕਰਕੇ ਹੀ ਦਿੱਸਣਾ ਹੋ ਰਿਹਾ ਹੈ। ਕੁਦਰਤਿ =ਮਾਇਆ ਕਰਕੇ ਹੀ ਸੁਣਨਾ ਹੋ ਰਿਹਾ ਹੈ। ਮਾਇਆ ਕਰਕੇ ਹੀ ਸਾਰੁ=ਸ੍ਰੇਸ਼ਟ ਸੁਖ ਭਉ=ਹੋ ਰਿਹਾ ਹੈ। *ਅਥਵਾ*-ਮਾਇਆ ਵਿਚ ਹੀ ਖੌਫ਼ ਤੇ ਕੁਦਰਤਿ=ਮਾਇਆ ਵਿਚ ਹੀ ਸ੍ਰੇਸ਼ਟ ਆਤਮਕ ਸੁਖ ਹੋ ਰਿਹਾ ਹੈ। (ਇਹ ਪ੍ਰਕਰਣ ਬਦਲ ਦੇਣਾ) ਕੁਦਰਤੀ ਵਾਲੇ ਪਰਮੇਸ਼ਰ ਵਿਚ ਦਿੱਸਣਾ ਹੋ ਰਿਹਾ ਹੈ। ਕੁਦਰਤੀ ਵਾਲੇ ਪਰਮੇਸ਼ਰ ਵਿਚ ਹੀ ਸੁਣਨਾ ਹੋ ਰਿਹਾ ਹੈ, ਪਰਮੇਸ਼ਰ ਵਿਚ ਹੀ ਖੌਫ਼ ਤੇ ਪਰਮੇਸ਼ਰ ਵਿਚ ਹੀ ਸ੍ਰੇਸ਼ਟ ਸੁਖ ਹੋ ਰਿਹਾ ਹੈ।

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥

ਸਤ ਪਤਾਲ* ਅਤੇ ਸਤ ਅਕਾਸ਼** ਕੁਦਰਤਿ=ਮਾਇਆ ਵਿਚ ਹਨ ਅਤੇ ਹੋਰ ਸਾਰੇ ਅਕਾਰ ਵੀ ਕੁਦਰਤਿ=ਮਾਇਆ ਵਿਚ ਹਨ। *ਅਥਵਾ*-ਕੁਦਰਤ ਵਾਲੇ ਪਰਮਾਤਮਾਂ ਦੇ ਵਿਚ ਸਭ ਪਤਾਲ ਅਕਾਸ਼ ਅਤੇ ਸਾਰੇ ਅਕਾਰ ਵਗੈਰ ਹਨ।

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥

ਚਾਰ ਬੇਦ*, ੧੮ ਪੁਰਾਣ** ਤੇ ਚਾਰ ਕਤੇਬਾਂ+, ਇਹ ਸਭ ਮਾਇਆ ਵਿਚ ਹਨ, ਸਾਰੇ ਵਿਚਾਰ ਕਰਨੇ ਭੀ ਮਾਇਆ ਵਿਚ ਹਨ। *ਅਥਵਾ*-ਮਾਇਆ ਵਾਲੇ ਈਸ਼ਰ ਵਿਚ ਹਨ।

ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥

ਰੋਟੀ ਆਦਿ ਭੋਜਨ ਦਾ ਖਾਣਾ, ਦੁੱਧ ਆਦਿਕਾਂ ਦਾ ਪੀਣਾ, ਚੰਗੇ ਕਪੜਿਆਂ ਦਾ ਜਾਂ ਭੂਸ਼ਨਾਂ ਦਾ ਪਹਿਰਨਾ, ਇਹ ਸਭ ਕੁਦਰਤਿ=ਮਾਇਆ ਵਿਚ ਹੈ।

ਅਥਵਾ-ਕੁਦਰਤੀ ਪ੍ਰਮਾਤਮਾ ਵਿਚ ਹੈ। ਸਭ ਨਾਲ ਪਰੇਮ ਕਰਨਾ ਭੀ ਮਾਇਆ ਵਿਚ ਹੈ।

ਅਥਵਾ:-ਮਾਇਆ ਵਾਲੇ ਪਰਮਾਤਮਾ ਵਿਚ ਹੈ।

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥

ਬ੍ਰਾਹਮਣ, ਖੱਤਰੀ, ਸ਼ੂਦਰ, ਵੈਸ਼ਜ, ਇਹ ਚਾਰ ਜਾਤੀਆਂ, ਜਿਨਸੀ=ਊਠ, ਘੋੜਾ, ਖੱਚਰ ਆਦਿਕ ਤੇ ਹੋਰ ਕਾਲੇ ਪੀਲੇ ਰੰਗ ਇਹ ਸਭ ਮਾਇਆ ਵਿਚ ਜਾਂ ਮਾਇਆ ਵਾਲੇ ਈਸ਼ਵਰ ਵਿਚ ਹਨ। ਜਹਾਨ ਦੇ ਸਾਰੇ ਜੀਵ ਭੀ ਮਾਇਆ ਵਿਚ *ਅਥਵਾ*:-ਮਾਇਆ ਵਾਲੇ ਈਸ਼ਵਰ ਵਿਚ ਹਨ।

---

*ਸੰਤ ਪਤਾਲ-੧ ਅਤਲ, ੨ ਬਿਤਲ, ੩ ਸੁਤਲ, ੪ ਤਲਾਤਲ, ੫ ਰਸਾਤਲ, ੬ ਮਹਾਤਲ, ੭ ਪਤਾਲ

**ਸੰਤ ਅਕਾਸ਼-੧ ਭੂਰ, ੨ ਭਵਰ, ੩ ਸ੍ਵਰ, ੪ ਮਹਰ, ੫ ਜਨ, ੬ ਤਪ, ੭ ਸਤ।

*ਚਾਰ ਵੇਦ-੧ ਸ਼ਾਮ ਵੇਦ, ੨ ਰਿਗਵੇਦ, ੩ ਜੁਜਰ ਵੇਦ, ੪ ਅਥਰਬਣ ਵੇਦ।

**ਅਠਾਰਾਂ ਪੁਰਾਣ-੧ ਮਤਸ, ੨ ਮਾਰਕੰਡਾ, ੩ ਭਵਿਖਤ, ੪ ਭਾਗਵਤ, ੫ ਬ੍ਰਹਮਾਂਡ, ੬ ਬ੍ਰਹਮ, ੭ ਬ੍ਰਹਮ ਵੈਵਰਤ, ੮ ਵਾਮਨ, ੯ ਵਾਯੂ, ੧੦ ਵਿਸ਼ਨ, ੧੧ ਵਰਾਹ, ੧੨ ਅਗਨ, ੧੩ ਨਾਰਦ, ੧੪ ਪਦਮ, ੧੫ ਲਿੰਗ, ੧੬ ਗਰੁੜ, ੧੭ ਕੂਰਮ, ੧੮ ਸਕੰਦ।

+ਚਾਰ ਕਤੇਬਾਂ-੧ ਅੰਜੀਲ, ੨ ਤੌਰੇਤ, ੩ ਜੰਬੂਰ, ੪ ਕੁਰਾਨ।

ਕੁਦਰਤਿ ਨੇਕੀਆ ਕੁਦਰਤਿ ਬਦੀਆ

ਨੇਕੀਆ=ਭਲਿਆਈਆਂ ਵੀ ਕੁਦਰਤਿ=ਮਾਇਆ ਵਿਚ ਬਦੀਆ=ਖੋਟੇ ਕੰਮ ਵੀ ਸਭ ਕੁਦਰਤਿ=ਮਾਇਆ ਵਿਚ ਹਨ। *ਅਥਵਾ:*-ਮਾਇਆ ਵਾਲੇ ਈਸ਼ਵਰ ਵਿਚ ਹਨ।

ਕੁਦਰਤਿ ਮਾਨੁ ਅਭਿਮਾਨੁ ॥

ਮਾਨੁ=ਆਦਰ ਅਭਿਮਾਨੁ=ਨਿਰਾਦਰ ਇਹ ਸਭ ਮਾਇਆ ਵਿਚ *ਅਥਵਾ:-* ਮਾਇਆ ਵਾਲੇ ਈਸ਼ਵਰ ਵਿਚ ਹੈ।

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥

ਪਉਣ, ਪਾਣੀ ਤੇ ਅਗਨੀ ਇਹ ਸਭ ਮਾਇਆ ਵਿਚ *ਅਥਵਾ:*-ਮਾਇਆ ਵਾਲੇ ਈਸ਼ਵਰ ਵਿਚ ਹਨ। ਖਾਕ ਰੂਪ ਜੋ ਧਰਤੀ ਹੈ ਇਹ ਵੀ ਮਾਇਆ ਰੂਪ ਹੈ।

ਅਥਵਾ:-ਇਹ ਸਭ ਖਾਕ ਰੂਪ ਹੈ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥

ਹੇ ਪ੍ਰਮਾਤਮਾ ! ਇਹ ਸਭ ਤੇਰੀ ਮਾਇਆ ਹੈ ਤੂੰ ਕਾਦਿਰੁ=ਸਮਰੱਥ ਕਰਤਾ ਹੈਂ।

ਪੁਨਾ-ਆਪ ਦੀ ਨਾਈ=ਵਡਿਆਈ ਪਾਕੀ=ਪਵਿੱਤ੍ਰ ਹੈ ਅਤੇ ਆਪ ਵੀ ਪਾਕੁ=ਪਵਿੱਤ੍ਰ ਹੋ।

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਜਿਸ ਪ੍ਰਮਾਤਮਾ ਦੇ ਹੁਕਮ ਅੰਦਰ ਇਹ ਜੀਵ ਵੇਖਦਾ ਤੇ ਸਭ ਕੰਮਾਂ ਵਿਚ ਵਿਚਰਦਾ ਭਾਵ ਪ੍ਰਵਿਰਤ ਹੁੰਦਾ ਹੈ, ਓਹ ਤਾਕੋ ਤਾਕੁ=ਏਕੋ ਏਕ ਹੈ।

ਅਥਵਾ:-ਹੇ ਪਿਆਰੇ ! ਉਸ ਇਕ ਵੱਲ ਤੂੰ ਤਾਕੋ=ਤੱਕਣਾ ਕਰ। *ਅਥਵਾ:*-ਤਿਸ=ਵਲ ਤਾਕ=ਤੱਕਣਾ ਕਰ ॥ ੨ ॥

ਪਉੜੀ ॥

ਪ੍ਰਸ਼ਨ-ਜੋ ਮਾਇਆਧਾਰੀ ਪੁਰਖ ਵਿਸ਼ਿਆਂ ਵਿਚ ਫਸ ਕੇ ਨਾਮ ਨਹੀਂ ਜਪਦੇ ਅੰਤ ਨੂੰ ਉਹਨਾਂ ਦਾ ਕੀ ਹਾਲ ਹੁੰਦਾ ਹੈ ? *ਗੁਰ ਉੱਤਰ*-

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥

(ਅੰਨਵੇਂ ਤੁਕਾਂ ਦਾ ਖਿਆਲ ਰੱਖਣਾ)

ਵੱਡਾ ਦੁਨੀਆਂ ਵਾਲਾ ਹੋ ਕੇ, ਆਪਣੇ ਮਾਇਆਵਕੀ ਭੋਗਾਂ ਨੂੰ ਭੋਗ ਕੇ ਜਦ ਇਸ ਜੀਵ ਦਾ ਭਉਰੁ=ਰੂਹ ਪ੍ਰਾਣਾਂ ਰੂਪ ਘੋੜੇ, ਪਰ ਚੜ੍ਹਕੇ ਇਸ ਦੁਨੀਆਂ ਤੋਂ ਸਿਧਾਇਆ=ਤੁਰ ਪਿਆ ਤਾਂ ਇਸ ਦੇ ਗਲ ਸੰਗਲੁ ਘਤਿ=ਪਾ ਕੇ ਚਲਾਇਆ=ਲਿਜਾਇਆ ਜਾਂਦਾ ਹੈ।

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥ *(ਵਡਹੰਸ ਮ: ੧ ਪੰਨਾ ੫੭੮)*

ਤਥਾ-ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥ ੫ ॥

(ਆਸਾ ਮ: ੧ ਪਟੀ ਪੰਨਾ ੪੩੨)

ਤਥਾ-ਭਾਈ ਗੁਰਦਾਸ ਜੀ ਨੇ ਵਾਰ ੨੧ ਪਉੜੀ ੧੪ ਵਿਚ ਲਿਖਿਆ ਹੈ-

ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ। ਵਡੇ ਦੁਨੀਆਦਾਰ ਨਾਉ ਗਣਾਵਣੇ।
ਕਰਿ ਗੜ ਕੋਟ ਹਜਾਰ ਰਾਜ ਕਮਾਵਣੇ। ਲਖ ਲਖ ਮਨਸਬਦਾਰ ਵਜਹ ਵਧਾਵਣੇ।
ਪੂਰ ਭਰੇ ਅਹੰਕਾਰ ਆਵਨ ਜਾਵਣੇ। ਤਿਤੁ ਸਚੇ ਦਰਬਾਰ ਖਰੇ ਡਰਾਵਣੇ।

ਪਿਛੋਂ ਸਰੀਰ ਭਸ+ਮੜਿ=ਸੁਆਹ ਦੀ ਢੇਰੀ ਹੋ ਜਾਂਦਾ ਹੈ।

ਅਗੈ ਕਰਣੀ ਕੀਰਤਿ ਵਾਚੀਐ ॥

ਅਗੈ=ਪ੍ਰਲੋਕ ਵਿਚ ਕਰਣੀ ਅਨੁਸਾਰ ਕੀਰਤੀ ਵਾਚੀ ਜਾਂਦੀ ਹੈ।

ਬਹਿ ਲੇਖਾ ਕਰਿ ਸਮਝਾਇਆ ॥

ਧਰਮ ਰਾਜਾ ਬਹਾ ਕੇ ਚੰਗੀ ਤਰ੍ਹਾਂ ਲੇਖਾ ਕਰਕੇ ਸਮਝਾਉਂਦਾ ਹੈ ਕਿ ਤੇਰੇ ਕਰਮਾਂ ਦਾ ਫਲ ਇਹ ਤੈਨੂੰ ਜ਼ਰੂਰ ਭੋਗਣਾ ਪਏਗਾ।

ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥

ਭੈੜੇ ਕਰਮ ਕਰਨ ਵਾਲਿਆਂ ਨੂੰ, ਜਿਸ ਵੇਲੇ ਚੋਟਾਂ ਪਉਦੀਈ=ਪੈਂਦੀਆਂ ਹਨ ਤਾਂ ਭੱਜ ਕੇ ਲੁਕਣ ਲਈ ਕੋਈ ਜਗ੍ਹਾਂ ਪ੍ਰਾਪਤ ਨਹੀਂ ਹੁੰਦੀ।

ਜਿਸ ਵੇਲੇ ਭੁੱਬਾਂ ਮਾਰ ਕੇ ਰੋਂਦਾ ਹੈ ਤਾਂ ਜਮਦੂਤ ਆਖਦੇ ਹਨ, ਤੇਰੇ ਰੂਆਇਆ=ਰੋਣੇ ਨੂੰ ਹੁਣ ਅਸੀਂ ਕੀ ਸੁਣੀਏ। ਹੁਣ ਤਾਂ ਕੀਤੇ ਕਰਮਾਂ ਦਾ ਫਲ ਭੋਗਣਾ ਕਰ।

ਅਥਵਾ:-ਹੇ ਪੁਰਸ਼ਾ ! ਹੁਣ ਪਰਮੇਸ਼ਰ ਦੇ ਨਾਮ ਨੂੰ ਤੂੰ ਸੁਣ ਲੈ, ਜੇ ਇਕਾਗਰ ਚਿਤ ਹੋ ਕੇ ਨਾ ਸੁਣੇਂਗਾ ਤਾਂ ਕੀ ਹੋਵੇਗਾ ? ਕਿ ਰੂਆਇਆ=ਰੋਣੇ ਵਿਚ ਹੀ ਆਵੇਂਗਾ।

ਅਥਵਾ:-ਮਾਰ ਤੋਂ ਬਚਣ ਲਈ ਇਹ ਜੀਵ ਦੋ ਹੱਥ ਜੋੜ ਕੇ ਬੇਨਤੀ ਕਰਦਾ ਹੈ ਕਿ ਹੁਣ ਮੈਨੂੰ ਛੱਡ ਦਿਓ ਮੈਂ ਫੇਰ ਨਹੀਂ ਕਰਾਂਗਾ ਤਾਂ ਜਮਦੂਤ ਅੱਗੋਂ ਇਸ ਤਰ੍ਹਾਂ ਆਖਦੇ ਹਨ ਹੁਣ ਤੇਰੇ ਰੂਆਇਆ=ਬਚਨਾਂ ਨੂੰ ਭਲਾ ਕੌਣ ਸੁਣਦਾ ਹੈ।

ਮਨਿ ਅੰਧੈ ਜਨਮੁ ਗਵਾਇਆ ॥ ੩ ॥

ਇਸ ਅੰਧੇ ਮਨਿ=ਜੀਵ ਨੇ ਮਨੌਤੀਆਂ ਵਿਖੇ ਲੱਗ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਹੀ ਗਵਾ ਲਿਆ ਹੈ।

ਸਲੋਕ ਮਃ ੧ ॥

ਪ੍ਰਸ਼ਨ-ਇਹ ਸਾਰਾ ਪ੍ਰਪੰਚ ਭੈ ਤੋਂ ਰਹਿਤ ਹੈ ਕਿ ਭੈ ਦੇ ਸਹਿਤ ਹੈ ?

ਸਤਿਗੁਰ ਦੇਵ ਜੀ ਆਖਦੇ ਹਨ, ਹੇ ਸ਼ੇਖ ਬ੍ਰਹਮ ! ਸਭ ਪਰਮੇਸ਼ਰ ਦੇ ਖੌਫ ਵਿਚ ਹਨ।

ਭੈ ਵਿਚਿ ਪਵਣੁ ਵਹੈ ਸਦਵਾਉ ॥

ਪਹਿਲਾ ਅਰਥ-

ਸਦਵਾਉ=ਸਦਗਤੀ* ਵਾਲੀ ਪੌਣ ਉਸ ਪਰਮੇਸ਼ਰ ਦੇ ਭੈ ਵਿਚ ਵਹੈ=ਚੱਲ ਰਹੀ ਹੈ।

ਦੂਸਰਾ ਅਰਥ-

ਸਦਵਾਉ=ਝਾਜੂ=ਹਨੇਰੀ ਤੇ ਪੌਣ ਦੋਨੋਂ ਉਸ ਦੇ ਭੈ ਵਿਚ ਚੱਲ ਰਹੇ ਹਨ।

ਤੀਸਰਾ ਅਰਥ-

ਸਦਵਾਉ=ਪ੍ਰਗਟ ਹੀ ਪਵਨ ਦੇਵਤਾ ਓਸ ਪਰਮੇਸ਼ਰ ਦੇ ਭੈ ਵਿਚ ਚੱਲ ਰਿਹਾ ਹੈ+।

ਚੌਥਾ ਅਰਥ-

ਸਦ=ਹਮੇਸ਼ਾਂ ਵਾਯੂ ਤੇ ਪਾਵਣੁ=ਸਵਾਸ ਪਰਮਾਤਮਾ ਦੇ ਖੌਫ ਵਿਚ ਚਲ ਰਹੇ ਹਨ।

ਭੈ ਵਿਚਿ ਚਲਹਿ ਲਖ ਦਰੀਆਉ ॥

ਪ੍ਰਤੱਖ ਲੱਖਾਂ ਦਰਿਆਉ ਪਰਮੇਸ਼ਰ ਦੇ ਖੌਫ ਵਿਚ ਵਗ ਰਹੇ ਹਨ।

ਭੈ ਵਿਚਿ ਅਗਨਿ ਕਢੈ ਵੇਗਾਰਿ ॥

ਦੇਵਤਿਆਂ ਨੂੰ ਅਹੂਤੀਆਂ ਪਹੁੰਚਾਉਣੀਆਂ ਜਾਂ ਭੋਜਨ ਆਦਿ ਪਕਾਵਣਾ ਰੂਪ ਵਿਗਾਰ ਦੇ ਕੱਢਣ ਵਾਲਾ ਜੋ ਅਗਨ ਦੇਵਤਾ ਹੈ ਓਹ ਵੀ ਪਰਮਾਤਮਾ ਦੇ ਖੌਫ ਵਿਚ ਹੈ।

ਭੈ ਵਿਚਿ ਧਰਤੀ ਦਬੀ ਭਾਰਿ ॥

ਧਰਤੀ ਵੀ ਪਰਮੇਸ਼ਰ ਦੇ ਖੌਫ ਰੂਪੀ ਭਾਰ ਵਿਚ ਦੱਬੀ ਹੋਈ ਹੈ।

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥

ਸਭ ਦੇਵਤਿੰਆਂ ਦਾ ਰਾਜਾ ਇੰਦਰ ਸਿਰ ਪਰਨੇ ਹੋ ਕੇ ਪਰਮੇਸ਼ਰ ਦੇ ਖੌਫ ਵਿਚ ਫਿਰਦਾ ਹੈ। ਸਿਰ ਪਰਨੇ ਉਸ ਨੂੰ ਕਹਿੰਦੇ ਹਨ ਕਿ ਇਹ ਕੰਮ ਜ਼ਰੂਰ ਕਰਨਾ ਹੈ।

ਅਥਵਾ-ਇੰਦੁ=ਬੱਦਲ ਵੀ ਸਿਰ ਪਰਨੇ ਹੋ ਕੇ ਉਸ ਦੇ ਖੌਫ ਵਿਚ ਫਿਰਦਾ ਹੈ ਅਤੇ ਇੰਦਰ, ਸਿਰ ਭਾਰਿ=ਕਪਾਲੀ ਆਸਣ ਲੱਗਾ ਕੇ ਉਸ ਦੇ ਖੌਫ ਵਿਚ ਫਿਰਦਾ ਹੈ।

ਭੈ ਵਿਚਿ ਰਾਜਾ ਧਰਮ ਦੁਆਰੁ ॥

ਕਰਮਾਂ ਅਨੁਸਾਰ ਹਿਸਾਬ ਕਰਨ ਵਾਲਾ ਧਰਮ ਰਾਜਾ ਵੀ ਪ੍ਰਲੋਕ ਦੁਆਰੇ ਵਿਚ ਪਰਮੇਸ਼ਰ ਦੇ ਭੈ ਵਿਚ ਹੈ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥

ਸੂਰਜ ਵੀ ਪਰਮੇਸ਼ਰ ਦੇ ਖੌਫ ਵਿਚ ਹੈ, ਚੰਦਰਮਾ ਭੀ ਉਸ ਦੇ ਡਰ ਵਿਚ ਹੈ।

**ਹਮੇਸ਼ਾਂ ਚੰਗੀ ਚਾਲ ਚੱਲਣ ਵਾਲੀ।*

+ਪ੍ਰਮਾਣ-ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥

(ਰਾਮਕਲੀ ਵਾਰ ਸ: ਤੀਜਾ ਪੰਨਾ ੯੪੮)

ਯਥਾ- ਭੈ ਆਦਜਸਜ ਅਗਨੀਸ ਤਪਤੀ ਭੈਆਤ ਤਪਤੀ ਸੂਰਯਃ।

ਭੈ ਆਦ੍ਰਿਸਚ ਵਾਯੂਸਚ ਮ੍ਰਿਤਯੂਰ ਧਾਵਤੀ ਪੰਚਮਃ।

(ਕਠ ਉਪਨਿਸ਼ਦ ਸੂਤ੍ਰ ੩, ਵਲੀ ੩)

ਅਰਥ-ਜਿਸ ਦੇ ਭੈ ਨਾਲ ਅਗਨੀ ਤਪ ਰਹੀ ਹੈ, ਭੈ ਨਾਲ ਸੂਰਜ ਤਪ ਰਿਹਾ ਹੈ।

ਜਿਸ ਦੇ ਭੈ ਵਿਚ ਇੰਦਰ ਅਤੇ ਹਵਾ ਹੈ, ਜਿਸ ਦੇ ਭੈ ਵਿਚ ਜਮ, ਇਹ ਪੰਜੇ ਉਸ ਦੇ ਭੈ ਵਿਚ ਦੌੜਦੇ ਹਨ।

ਯਥਾ:-ਡਰਪੈ ਧਰਤਿ ਅਕਾਸੁ ਨਖ੍ਤ੍ਰਾ ਸਿਰ ਊਪਰਿ ਅਮਰੁ ਕਰਾਰਾ॥

ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ॥ ੧॥

(ਮਾਰੂ ਮਹਲਾ ੫ ਪੰਨਾ ੯੯੮)

ਕੋਹ ਕਰੋੜੀ ਚਲਤ ਨ ਅੰਤੁ॥

ਸੂਰਜ ਅਤੇ ਚੰਦਰਮਾਂ ਉਸ ਦੀ ਆਗਿਆ ਅਨੁਸਾਰ ਕਈ ਕ੍ਰੋੜਾਂ ਕੋਹ ਚੱਲਦੇ ਹਨ ਜਿਨ੍ਹਾਂ ਕੋਹਾਂ ਦੀ ਗਿਣਤੀ ਦਾ ਕੋਈ ਅੰਤ ਆਂਵਦਾ ਨਹੀਂ।

ਯਥਾ-ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ॥ ੧॥

(ਵਡਹੰਸੁ, ਪੰਨਾ ੫੮੦)

ਭੈ ਵਿਚਿ ਸਿਧ ਬੁਧ ਸੁਰ ਨਾਥ॥

ਚੌਰਾਸੀ ਸਿਧ ਤੇ ਬੁਧੀਵਾਨ; ਅਥਵਾ:-ਬੁੱਧ ਆਦਿਕ ਨੌਂ ਗ੍ਰਹਿ* ਸੁਰ=ਦੇਵਤੇ ਤੇਤੀ ਕਰੋੜ ਤੇ ਨੌਂ ਨਾਥ** ਸਭ ਉਸ ਦੇ ਖੌਫ ਵਿਚ ਹਨ।

ਅਥਵਾ:-ਸੁਰ ਨਾਥ=ਦੇਵਤਿਆਂ ਦਾ ਸੁਆਮੀ ਇੰਦਰ ਜਾਂ ਬ੍ਰਹਸਪਤਿ, ਇਹ ਭੀ ਉਸ ਦੇ ਖੌਫ ਵਿਚ ਹੈ।

ਭੈ ਵਿਚਿ ਆਡਾਣੇ ਆਕਾਸ॥

ਆਕਾਸ਼ ਜੋ ਅਡਿਆ ਭਾਵ ਤਣਿਆਂ ਹੋਇਆ ਹੈ।

ਅਥਵਾ:-ਆਡਾਣੇ=ਨਿਆਸਰਾ ਓਹ ਵੀ ਪਰਮੇਸ਼ਰ ਦੇ ਭੈ ਵਿਚ ਹੈ।

ਭੈ ਵਿਚਿ ਜੋਧ ਮਹਾਬਲ ਸੂਰ॥

ਪਹਿਲਾ ਅਰਥ-

ਜੋਧੇ, ਮਹਾਂ ਬਲੀ ਅਤੇ ਸੂਰਮੇ ਸਭ ਪਰਮੇਸ਼ਰ ਦੇ ਖੌਫ ਵਿਚ ਹਨ।

ਜੋਧਾ ਉਸ ਨੂੰ ਆਖਦੇ ਹਨ, ਜੋ ਇਕ ਨਾਲ ਇਕ ਲੜੇ।

ਮਹਾਂ ਬਲੀ ਉਸ ਨੂੰ ਆਖਦੇ ਹਨ ਜੋ ਦਸ ਹਜ਼ਾਰ ਨਾਲ ਇਕ ਲੜੇ।

ਸੂਰਮਾ ਉਸ ਨੂੰ ਆਖਦੇ ਹਨ ਜੋ ਅਨੇਕਾਂ ਨਾਲ ਇਕ ਲੜੇ।

---

*ਰਵਿ, ਸੋਮ, ਮੰਗਲ, ਬੁੱਧ, ਵੀਰ, ਸ਼ੁੱਕ੍ਰ, ਸ਼ਨੀ, ਰਾਹੁ, ਕੇਤੂ।

**੧ ਗੋਰਖ, ੨ ਮਛਿੰਦਰ, ੩ ਚਰਪਟ, ੪ ਮੰਗਲ, ੫ ਚੰਬਾ, ੬ ਘੁਘੂ ਨਾਥ, ੭ ਭਰਥਰੀ, ੮ ਗੋਪੀ ਨਾਥ, ੯ ਈਸ਼ਰ ਨਾਥ।

ਦੂਸਰਾ ਅਰਥ-

ਜੋਧੇ-ਜਿਨ੍ਹਾਂ ਨੇ ਇਕ ਸਰੀਰ ਨੂੰ ਵਸੀਕਾਰ ਕੀਤਾ ਹੈ।

ਮਹਾਂਬਲੀ-ਜਿਨ੍ਹਾਂ ਦੇ ਦਸ ਇੰਦ੍ਰੀਆਂ ਨੂੰ ਵਸੀਕਾਰ ਕੀਤਾ ਹੈ।

ਸੂਰਮਾ-ਜਿਨ੍ਹਾਂ ਨੇ ਮਨ ਦੀਆਂ ਅਨੇਕ ਵਾਸ਼ਨਾਂ ਰੋਕੀਆਂ ਹਨ, ਇਹ ਸਭ ਉਸ ਦੇ ਖੌਫ਼ ਵਿਚ ਹਨ।

ਤੀਸਰਾ ਅਰਥ-

ਜੋਧੇ-ਜਿਨ੍ਹਾਂ ਨੇ ਪਰਮੇਸ਼ਰ ਨਾਮ ਨੂੰ ਸ੍ਰਵਣ ਕੀਤਾ ਹੈ।

ਮਹਾਂਬਲੀ-ਜਿਨ੍ਹਾਂ ਨੇ ਨਾਮ ਨੂੰ ਮੰਨਣ ਕੀਤਾ ਹੈ।

ਸੂਰਮਾ-ਜਿਨ੍ਹਾਂ ਨੇ ਨਿਧਿਆਸਣ ਕੀਤਾ ਹੈ। ਇਹ ਸਭ ਉਸ ਦੇ ਖੌਫ਼ ਵਿਚ ਹਨ।

ਭੈ ਵਿਚਿ ਆਵਹਿ ਜਾਵਹਿ ਪੂਰ॥

ਪੂਰਾਂ ਦੇ ਪੂਰ ਭਾਵ ਸਾਰੇ ਜੀਵ ਪਰਮੇਸ਼ਰ ਦੇ ਖੌਫ਼ ਵਿਚ ਆਉਂਦੇ ਹਨ ਭਾਵ ਜੰਮਦੇ ਮਰਦੇ ਹਨ।

ਸਗਲਿਆ ਭਉ ਲਿਖਿਆ ਸਿਰਿ ਲੇਖੁ॥

ਸਾਰਿਆਂ ਜੀਵਾਂ ਦੇ ਮੱਥੇ ਉਪਰ ਖੌਫ਼ ਦਾ ਲੇਖ ਲਿਖਿਆ ਹੋਇਆ ਹੈ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਕਿ ਕੋਈ ਖੌਫ਼ ਤੋਂ ਰਹਿਤ ਭੀ ਹੈ ? ਤਾਂ ਸਤਿਗੁਰ ਦੇਵ ਜੀ ਆਖਦੇ ਹਨ-

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ੧॥

ਇਕ ਨਿਰੰਕਾਰ ਸੱਚਾ ਅਕਾਲ ਪੁਰਖ ਖੌਫ਼ ਤੋਂ ਰਹਿਤ ਹੈ*। *ਅਥਵਾ*-ਹੇ ਸ਼ੇਖ ਬ੍ਰਹਮ ! ਜੇ ਤੈਨੂੰ ਭੀ ਖੌਫ਼ ਤੋਂ ਰਹਿਤ ਹੋਣ ਦੀ ਇੱਛਾ ਹੈ ਤਾਂ ਤੂੰ ਵੀ ਉਸ ਇਕ ਨਿਰੰਕਾਰ ਦੇ ਨਾਮ ਨੂੰ ਜਪਣਾ ਕਰ।

ਯਥਾ-ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥

(ਮਾਰੂ ਮਹਲਾ ੫, ਪੰਨਾ ੯੯੯)

ਮਃ ੧॥ ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥

(ਪਹਿਲੀ ਗੱਲ ਨੂੰ ਦ੍ਰਿੜ ਕਰਦੇ ਹੋਏ ਜਗਤ ਦੀ ਬਚਿੱਤ੍ਰਤਾ ਕਹਿ ਕੇ ਉਸ ਦੀ ਅਨਿਤਤਾ ਦਿਖਾਉਂਦੇ ਹਨ) ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਓਹ ਨਿਰੰਕਾਰ ਅਕਾਲ ਪੁਰਖ ਖੌਫ਼ ਤੋਂ ਰਹਿਤ ਹੈ।

ਉਸ ਤੋਂ ਭਿੰਨ ਹੋਰ ਕਿਤਨੇ ਹੀ ਰਾਮ ਚੰਦ ਤੋਂ ਆਦਿ ਲੈ ਕੇ ਜਿਹੜੇ ਅਵਤਾਰ ਹਨ, ਓਹ ਸਭ ਰਵਾਲ ਰੂਪ ਭਾਵ ਖੌਫ਼ ਸਹਿਤ ਹਨ, ਕਿਉਂਕਿ ਲਛਮਨ ੧੨ ਸਾਲ ਬਨਬਾਸ ਵਿਖੇ ਧਨੁਖ ਬਾਣ ਲੈ ਕੇ ਸ੍ਰੀ ਰਾਮ ਚੰਦਰ

**ਯਥਾ- ਭੈ ਵਿਚਿ ਧਰਤਿ ਅਗਾਸੁ ਹੈ ਨਿਰਾਧਾਰ ਭੈ ਭਾਰਿ ਧਰਾਇਆ॥*
ਪਉਣੁ ਪਾਣੀ ਬੈਸੰਤਰੋ ਭੈ ਵਿਚਿ ਰਧੈ ਮੇਲਿ ਮਿਲਾਇਆ॥
ਪਾਣੀ ਅੰਦਰਿ ਧਰਤਿ ਧਰਿ ਵਿਣੁ ਥੰਮਾ ਆਗਾਸੁ ਰਹਾਇਆ॥
ਕਾਠੈ ਅੰਦਰਿ ਅਗਨਿ ਧਰਿ ਕਰਿ ਪਰਫੁਲਿਤ ਸੁਫਲੁ ਫਲਾਇਆ॥
ਨਵੀ ਦੁਆਰੀ ਪਵਣੁ ਧਰਿ ਭੈ ਵਿਚਿ ਸੂਰਜੁ ਚੰਦ ਚਲਾਇਆ॥
ਨਿਰਭਉ ਆਪਿ ਨਿਰੰਜਨੁ ਰਾਇਆ॥ ੫॥ *(ਭਾਈ ਗੁਰਦਾਸ ਵਾਰ ੧੮)*

ਜੀ ਦੇ ਪਾਸ ਪਹਿਰੇ ਤੇ ਖੜ੍ਹਾ ਰਿਹਾ ਹੈ। ਅਥਵਾ-ਉਸ ਈਸ਼ਵਰ ਦੇ ਦਰਬਾਰ ਵਿਚ ਰਾਮ ਚੰਦਰ ਆਦਿ ਅਵਤਾਰ ਰਵਾਲ=ਧੂੜ ਮੇਲਣ ਵਾਲੇ ਭਾਵ ਝਾੜੂ ਫੇਰਨ ਵਾਲੇ ਹਨ।

ਯਥਾ-ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ-

'ਕਿਤੇ ਰਾਮ ਬਾਰ ਬੁਹਾਰ॥'

ਅਥਵਾ-ਇਕ ਰਾਮ ਨਿਰੰਕਾਰ ਨਿਰਭਉ ਇਸਥਿਤ ਹੈ । ਹੋਰ ਕਿਤਨੇ ਹੀ ਜੀਵ ਰਵਾਲ=ਧੂੜ ਰੂਪ ਭਾਵ ਤੁਛ ਹਨ, ਕਿਉਂਕਿ ਉਹ ਆਪਣੇ ਉਦਰ ਪੂਰਨੇ ਲਈ ਸੱਚਾਈ ਤੋਂ ਬਿਨਾਂ ਹੋ ਕੇ ਅਵਤਾਰਾਂ ਦੇ ਸਵਾਂਗ ਧਾਰ ਕੇ ਰਾਸ ਪਾਉਂਦੇ ਹਨ।

ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥

ਭਾਗਵਤ ਵਿਖੇ ਕਿਤਨੀਆਂ ਹੀ ਕੰਨ੍-ਕ੍ਰਿਸ਼ਨ ਦੇਵ ਜੀ ਦੀਆਂ ਕਹਾਣੀਆਂ ਲਿਖਿਆਂ ਹਨ।

ਅਥਵਾ-ਕਿਤਨੇ ਹੀ ਰਾਸਾਂ ਪਾ ਕੇ ਕਹਾਣੀਆਂ ਦੇ ਕੰਨ੍=ਕਰਨ ਵਾਲੇ ਹਨ ਕਿਤਨੇ ਹੀ ਬੇਦ ਹਨ ਅਤੇ ਕਿਤਨੇ ਹੀ ਉਹਨਾਂ ਬੇਦਾਂ ਦੇ ਵਿਚਾਰਨ ਵਾਲੇ ਹਨ।

ਕੇਤੇ ਨਚਹਿ ਮੰਗਤੇ

ਔਰ ਕਿਤਨੇ ਮੰਗਤੇ ਲੋਕ ਨੱਚਦੇ ਹਨ।

ਗਿੜਿ ਮੁੜਿ ਪੂਰਹਿ ਤਾਲ॥

ਮੁੜਕੇ ਗਿੜਿ=ਡਿੱਗ ਪੈਂਦੇ ਹਨ, ਤਾਲਾਂ ਨੂੰ ਪੂਰਾ ਕਰਨ ਵਾਸਤੇ।

ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥

ਬਾਜਾਰੀ=ਮਸ਼ਕਰੇ ਬਾਜ਼ਾਰਾਂ ਵਿਚ ਆ ਕੇ ਬਾਜਾਰ=ਤਮਾਸ਼ਿਆਂ ਨੂੰ ਕੱਢ ਕੇ ਭਾਵ ਦਿਖਾਉਂਦੇ ਹਨ।

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥

ਦਸਰਥ ਤੇ ਹਰੀ ਚੰਦ ਆਦਿ ਰਾਜਿਆਂ ਦੇ ਅਤੇ ਤਾਰਾ ਆਦਿ ਰਾਣੀਆਂ ਦੇ ਪ੍ਰਸੰਗਾਂ ਨੂੰ ਗਾਇਨ ਕਰਦੇ ਹਨ।

ਅਥਵਾ-ਰਾਜੇ ਰਾਣੀਆਂ ਦੇ ਸਾਗ ਧਾਰ ਕੇ ਕਈ ਤਰ੍ਹਾਂ ਦੇ ਟੱਪੇ ਭਾਵ ਗੌਣ ਗਾਉਂਦੇ ਹਨ ਅਤੇ ਕਈ ਤਰ੍ਹਾਂ ਦੇ ਆਲ ਪਤਾਲ=ਅਸਤ ਵਿਅਸਤ ਬਚਨ ਮੂੰਹ ਤੋਂ ਬੋਲਦੇ ਹਨ।

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥

ਲੱਖਾਂ ਟਕਿਆਂ ਦੇ ਮੁੰਦੜੇ=ਵਾਲੇ ਕੰਨਾਂ ਵਿਚ ਤੇ ਲੱਖਾਂ ਹੀ ਟਕਿਆਂ ਦੇ ਹਾਰ ਗਲ ਵਿਚ ਪਾਏ ਹੁੰਦੇ ਹਨ।

ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਸ਼ੇਖ ਬ੍ਰਹਮ ! ਜਿਸ ਸਰੀਰ ਉਪਰ ਇਹ ਭੂਖਣ ਪਾਂਵਦੇ ਹਨ, ਓਹੋ ਸਰੀਰ ਅੰਤ ਨੂੰ ਛਾਰ=ਸੁਆਹ ਰੂਪ ਹੋ ਜਾਂਦਾ ਹੈ।

[ਪੰਨਾ ੪੬੫]

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥

ਫਿਰ ਰਾਸ ਵਿਚ ਨਾਰਦ ਮੁਨੀ ਬਣ ਕੇ ਤਿਆਗ ਦੀਆਂ ਗੱਲਾਂ ਕਰਦੇ ਹਨ ਪਰ ਦਿਲ ਪਰਚਾਵੇ ਦੀਆਂ ਗੱਲਾਂ ਕਰਕੇ ਗਿਆਨ ਨਹੀਂ ਲੱਭਦਾ। ਉਸ ਅਸਲੀ ਗਿਆਨ ਦਾ ਕਥਨ ਕਰਨਾ ਸਾਰੁ=ਲੋਹੇ ਵਤ ਕਰੜਾ

ਅਥਵਾ:-ਸਾਰੁ=ਸੁਵਰਨ ਵਤ ਬਰੀਕ ਭਾਵ ਸੂਖਮ ਹੈ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਫਿਰ ਬ੍ਰਹਮ ਗਿਆਨ ਦੀ ਪ੍ਰਾਪਤੀ ਕਿਵੇਂ ਹੋਵੇ ?

ਉੱਤਰ-

ਕਰਮਿ ਮਿਲੈ ਤਾ ਪਾਈਐ

ਗੁਰਾਂ ਦੀ ਕਰਮਿ=ਅਨੁਗ੍ਰਹੁ ਮਿਲੇ ਤਾਂ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ।

ਹੋਰ ਹਿਕਮਤਿ ਹੁਕਮੁ ਖੁਆਰੁ॥ ੨ ॥

ਹੋਰ ਹਿਕਮਤਿ=ਚਤੁਰਾਈ ਕਰਣੀ ਤੇ ਹੁਕਮ ਚਲਾਉਣੇ ਇਹ ਸਭ ਨੂੰ ਖੁਆਰ=ਖਰਾਬ ਕਰਨ ਵਾਲੇ ਹਨ।

ਪਉੜੀ॥ ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥

ਜੇ ਪਰਮਾਤਮਾ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਨਦਰੀ=ਪਰਮੇਸ਼ਰ ਰੂਪ ਸਤਿਗੁਰੂ ਪ੍ਰਾਪਤ ਹੁੰਦੇ ਹਨ।

*ਯਥਾ-*ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ॥

(ਮਲਾਰ ਮ: ੩, ਪੰਨਾ ੧੨੭੭)

ਅਥਵਾ:-ਨਦਰੀ=ਨਜ਼ਰ ਵਾਲੇ ਜੋ ਸਤਿਗੁਰੂ ਹਨ ਭਾਵ ਜਿਨ੍ਹਾਂ ਦੀਆਂ ਗਿਆਨ ਵੈਰਾਗ ਰੂਪੀ ਅੱਖਾਂ ਹਨ ਓਹ ਪਾਏ ਜਾਂਦੇ ਹਨ।

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥

ਇਹ ਜੀਵ ਬਹੁਤ ਹੀ ਜਨਮਾਂ ਵਿਚ ਭਰਮਦਿਆਂ ਭਰਮਦਿਆਂ ।

ਯਥਾ- ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥

ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥

(ਗਉੜੀ ਮਹਲਾ ੫, ਪੰਨਾ ੧੭੬)

ਜਿਸ ਵੇਲੇ ਸਤਿਗੁਰਾਂ ਦੀ ਸ਼ਰਨ ਆਇਆ ਤਾਂ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਸਤਿਨਾਮੁ ਦਾ ਉਪਦੇਸ਼ ਸੁਨਾਉਣਾ ਕੀਤਾ।

ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥

ਸਤਿਗੁਰਾਂ ਵਰਗਾ ਵੱਡਾ ਦਾਤਾ ਜਗਤ ਵਿਚ ਹੋਰ ਕੋਈ ਨਹੀਂ ਹੈ। ਹੇ ਸਬਾਇਆ=ਸਭਾ ਵਿਚ ਆਏ ਹੋਏ ਸਾਰੇ ਲੋਕੋ ! ਤੁਸੀਂ ਸੁਣਨਾ ਕਰੋ।

ਅਥਵਾ:-ਹੇ ਸਾਰੇ ਲੋਕੋ ! ਤੁਸੀਂ ਸਾਰੇ ਸੁਣ ਲਓ।

ਸਤਿਗੁਰਿ ਮਿਲਿਐ ਸਚੁ ਪਾਇਆ ॥

ਜਿਨ੍ਹਾਂ ਨੇ ਸਤਿਗੁਰਾਂ ਨਾਲ ਮਿਲ ਕੇ ਸਚੁ=ਸੁਖ, *ਅਥਵਾ:-* ਪਰਮਾਤਮਾ ਨੂੰ ਪਾਇਆ ਹੈ।

ਜਿਨ੍ਹੀ ਵਿਚਹੁ ਆਪੁ ਗਵਾਇਆ ॥

ਤਿਨ੍ਹਾਂ ਪੁਰਸ਼ਾਂ ਨੇ ਆਪਣੇ ਹਿਰਦੇ 'ਚੋਂ ਆਪਾ ਭਾ=ਹੰਕਾਰ ਗਵਾ ਦਿਤਾ ਹੈ।

ਨੋਟ-ਜਿਨ ਤਿਨ ਦਾ ਆਪਸ ਵਿਚ ਸਬੰਧ ਹੋਣ ਕਰਕੇ ਜਿਨੀ ਦਾ ਅਰਥ ਤਿਨ ਕੀਤਾ ਹੈ।

*ਅਥਵਾ:-*ਜਿਨ੍ਹਾਂ ਨੇ ਸਤਿਗੁਰਾਂ ਨਾਲ ਮਿਲ ਕੇ ਆਪਣੇ ਹਿਰਦੇ 'ਚੋਂ ਆਪਾ ਭਾ ਹੰਕਾਰ ਗਵਾਇਆ ਹੈ, ਤਿਨ੍ਹਾਂ ਨੇ ਸੱਚ ਸਰੂਪ ਪਰਮਾਤਮਾ ਨੂੰ ਪਾਇਆ ਹੈ।

ਜਿਨਿ ਸਚੋ ਸਚੁ ਬੁਝਾਇਆ ॥ ੪ ॥

ਜਿਨ੍ਹਾਂ ਨੇ ਆਪਾ ਭਾ ਹੰਕਾਰ ਗਵਾ ਕੇ ਸੱਚ ਨੂੰ ਪਾਇਆ ਹੈ, ਉਹਨਾਂ ਪੁਰਸ਼ਾਂ ਨੇ ਸੱਚ ਹੀ ਸੱਚ ਨੂੰ ਸਾਰੇ ਬੁਝਾਇਆ=ਸਮਝਾਉਣਾ ਕੀਤਾ ਹੈ।

ਸਲੋਕ ਮਃ ੧ ॥

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਹੇ ਪ੍ਰਭੂ ! ਹਿੰਦੂਆਂ ਦੇ ਮੱਤ ਵਿਚ ਜੋ ਰਾਸ ਪਾਉਂਦੇ ਹਨ ਆਪ ਕਿਰਪਾ ਕਰ ਕੇ ਦੱਸੋ ਉਸ ਰਾਸ ਮੰਡਲ ਨੂੰ ਵੇਖਣਾ ਚਾਹੀਦਾ ਹੈ ਜਾਂ ਨਹੀਂ ? ਤਾਂ ਸਤਿਗੁਰ ਦੇਵ ਜੀ ਆਖਦੇ ਹਨ- ਹੇ ਸ਼ੇਖ ਬ੍ਰਹਮ ! ਬਾਹਜ ਰਾਸ ਮੰਡਲ ਨੂੰ ਕੀ ਦੇਖਣਾ ਹੈ, ਸਾਰਾ ਜਗਤ ਹੀ ਰਾਸ ਰੂਪ ਹੈ।

ਪ੍ਰਸ਼ਨ-ਸਾਰਾ ਜਗਤ ਕਿਵੇਂ ਰਾਸ ਰੂਪ ਹੈ, ਰਾਸ ਵਿਚ ਤਾਂ ਗੋਪੀਆਂ ਗੁਆਲੇ ਹੁੰਦੇ ਹਨ ਸੰਸਾਰ ਰਾਸ ਵਿਚ ਗੋਪੀਆਂ ਗੁਆਲੇ ਕਿਹੜੇ ਹਨ ? *ਉੱਤਰ-*

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥

ਸਾਰੀਆਂ ਰਾਤ ਦਿਨ ਦੀਆਂ ਜਿਹੜੀਆਂ ੬੪ ਘੜੀਆਂ ਹਨ ਇਹ ਗੋਪੀਆਂ ਹਨ ਤੇ ਰਾਤ ਦਿਨ ਦੇ ਜਿਹੜੇ ਅੱਠ ਪਹਿਰ ਹਨ ਇਹ ਕੰਨ੍=ਕ੍ਰਿਸ਼ਨ ਜੀ ਦੇ ਨਾਲ ਗੁਆਲੇ ਹਨ।

ਅਥਵਾ:-ਇਹ ਗੁਆਲੇ ਕੰਨ੍=ਕੀਤੇ ਹਨ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਪ੍ਰਤੱਖ ਰਾਸ ਵਿਚ ਗੋਪੀਆਂ ਤੇ ਗੁਆਲੇ ਭੂਸ਼ਨ ਪਹਿਰਦੇ ਹਨ। ਇਸ ਤਰਫ ਜੋ ਆਪ ਨੇ ਘੜੀਆਂ ਰੂਪੀ ਗੋਪੀਆਂ ਤੇ ਪਹਿਰਾਂ ਰੂਪੀ ਗੁਆਲੇ ਕਹੇ ਹਨ ਇਨ੍ਹਾਂ ਨੇ ਕਿਹੜੇ ਭੂਸ਼ਨ ਪਹਿਰੇ ਹਨ ?

ਗੁਰ ਉੱਤਰ- ੧ ਚੇਤਰ, ਵੈਸਾਖ, ਜੇਠ, ਹਾੜ। ੨ ਸਾਵਣ, ਭਾਦਰੋਂ, ਅੱਸੂ, ਕੱਤਕ। ੩ ਮੱਘਰ, ਪੋਹ, ਮਾਘ, ਫੱਗਣ। ਸ਼ਾਸਤ੍ਰਾਂ ਵਿਚ ਇਹ ਤਿੰਨੇ ਚੁਮਾਸੇ ਕਥਨ ਕੀਤੇ ਹਨ।

ਗਹਣੇ ਪਉਣੁ ਪਾਣੀ ਬੈਸੰਤਰੁ

ਘੜੀਆਂ ਰੂਪੀ ਗੋਪੀਆਂ ਤੇ ਪਹਿਰਾਂ ਰੂਪੀ ਗੁਆਲਿਆਂ ਨੇ ਪਹਿਲੇ ਚੁਮਾਸੇ (ਚੇਤਰ, ਵੈਸਾਖ, ਜੇਠ, ਹਾੜ ਵਿਚ) ਪਵਨ ਰੂਪੀ ਭੂਸ਼ਨਾਂ ਨੂੰ ਪਹਿਰਿਆ ਹੋਇਆ ਹੈ, ਕਿਉਂਕਿ ਚੁਮਾਸੇ ਵਿਚ ਹਵਾ ਸੁਖਦਾਈ ਲੱਗਦੀ ਹੈ। ਦੂਜੇ ਚੁਮਾਸੇ (ਸਾਵਣ, ਭਾਦਰੋਂ, ਅੱਸੂ, ਕੱਤਕ) ਵਿਚ ਪਾਣੀ ਰੂਪੀ ਭੂਸ਼ਨਾਂ ਨੂੰ ਪਹਿਰਿਆ ਹੋਇਆ ਹੈ, ਕਿਉਂਕਿ ਇਸ ਚੁਮਾਚੇ ਵਿਚ ਜਲ ਦੀ ਪ੍ਰਧਾਨਤਾ ਹੁੰਦੀ ਹੈ। ਤੀਜੇ ਚੁਮਾਸੇ (ਮੱਘਰ, ਪੋਹ, ਮਾਘ, ਫੱਗਣ ਵਿਚ) ਘੜੀਆਂ ਰੂਪੀ ਗੋਪੀਆਂ ਤੇ ਪਹਿਰਾਂ ਰੂਪੀ ਗੁਆਲਿਆਂ ਨੇ ਅਗਨੀ ਰੂਪੀ ਭੂਸ਼ਨਾਂ ਨੂੰ ਪਹਿਰਿਆ ਹੋਇਆ ਹੈ, ਕਿਉਂਕਿ ਇਸ

ਚੁਮਾਸੇ ਵਿਚ ਬਹੁਤੀ ਠੰਢ ਹੋਣ ਕਰਕੇ ਅਗਨੀ ਸੁਖਦਾਇਕ ਲੱਗਦੀ ਹੈ।

ਪ੍ਰਸ਼ਨ-ਰਾਸ ਵਿਚ ਬਲਭੱਦ੍ਰ ਤੇ ਕ੍ਰਿਸ਼ਨ ਜੀ ਹੁੰਦੇ ਹਨ ਇਸ ਰਾਸ ਵਿਚ ਬਲਭੱਦ੍ਰ ਤੇ ਕ੍ਰਿਸ਼ਨ ਜੀ ਕੌਣ ਹਨ ? *ਗੁਰ ਉੱਤਰ-*

ਚੰਦੁ ਸੂਰਜੁ ਅਵਤਾਰ ॥

ਚੰਦ੍ਰਮਾਂ ਬਲਭੱਦ੍ਰ ਹੈ ਤੇ ਸੂਰਜ ਕ੍ਰਿਸ਼ਨ ਅਵਤਾਰ ਹੈ।

ਪ੍ਰਸ਼ਨ-ਪ੍ਰਤੱਖ ਰਾਸ ਵਿਚ ਗਉਆਂ ਹੁੰਦੀਆਂ ਹਨ ਇਸ ਰਾਸ ਵਿਚ ਗਉਆਂ ਕਿਹੜੀਆਂ ਹਨ ?
ਗੁਰ ਉੱਤਰ-

ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥

ਸਾਰੀ ਧਰਤੀ ਜੋ ਧਨ ਕਰਕੇ ਪੂਰਤ ਹੈ ਏਹੀ ਮਾਲੁ=ਗਉਆਂ ਹਨ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਇਹ ਜਗਤ ਰੂਪੀ ਰਾਸ ਫਿਰ ਸੱਚੀ ਹੋਵੇਗੀ ? *ਗੁਰ ਉੱਤਰ*-ਇਹ ਜਗਤ ਰੂਪੀ ਰਾਸ ਦੀ ਸਾਰੀ ਵਰਤਣ ਜੰਜਾਲ ਰੂਪ ਹੈ।

ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਸ਼ੇਖ ਬ੍ਰਹਮ ! ਉਸ ਪਰਮੇਸ਼ਰ ਦੀ ਪ੍ਰਾਪਤੀ ਦਾ ਮੁਖ ਸਾਧਨ ਜੋ ਬ੍ਰਹਮ ਗਿਆਨ ਹੈ ਉਸ ਤੋਂ ਬਿਨਾਂ ਜਗਤ ਵਿਚ ਜੀਵ ਸ਼ੁਭ ਗੁਣਾਂ ਰੂਪੀ ਧਨ ਨੂੰ ਮੁਸੈ=ਲੁਟਾਈ ਜਾ ਰਿਹਾ ਹੈ। ਇਸੀ ਤੇ ਜਮ ਜੋ ਹੈ ਕਾਲ ਕੇ ਕਰਨ ਵਾਲਾ ਓਹ ਇਸ ਨੂੰ ਖਾ ਗਿਆ ਹੈ।

ਅਥਵਾ-ਸਰੂਪ ਗਿਆਨ ਤੋਂ ਬਿਨਾਂ, ਇਹ ਸ੍ਰਿਸ਼ਟੀ ਮੁਸੈ=ਠੱਗੀ ਜਾ ਰਹੀ ਹੈ ਇਸ ਤੇ ਜਮ-ਕਾਲ ਇਸ ਨੂੰ ਖਾਈ ਜਾਂਦਾ ਹੈ।

ਯਥਾ-ਮਰਿ ਜੰਮੈ ਵਾਰੋ ਵਾਰਾਂ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥ *(ਵਡਹੰਸੁ, ਪੰਨਾ ੫੮੩)*

ਦੂਜਾ ਅਰਥ-

ਘੜੀਆ ਸਭੇ ਗੋਪੀਆ

ਸਮ ਦਮ ਆਦੀ ਸਾਧਨਾਂ ਨਾਲ ਸਾਰੀਆਂ ਗੋਪੀਆਂ=ਇੰਦ੍ਰੀਆਂ ਨੂੰ ਜਿਨ੍ਹਾਂ ਨੇ ਘੜੀਆ=ਘੜਨਾ ਭਾਵ ਵਸ ਕੀਤਾ ਹੈ।

ਪਹਿਰ ਕੰਨ੍ ਗੋਪਾਲ ॥

ਗੋਪਾਲ=ਪਰਮਾਤਮਾ ਨੂੰ ਆਪਣਾ ਪਹਿਰੇਦਾਰ ਖੜਾ ਕੰਨ੍=ਕੀਤਾ ਹੈ।

ਗਹਣੇ ਪਉਣੁ ਪਾਣੀ ਬੈਸੰਤਰੁ

ਪਉਣੁ=ਸਮਤਾ, ਪਾਣੀ=ਸ਼ਾਂਤੀ, ਬੈਸੰਤਰੁ=ਪ੍ਰਕਾਸ਼ਤ ਇਨ੍ਹਾਂ ਨੂੰ ਗਹਣੇ=ਗ੍ਰਹਿਣ ਕੀਤਾ ਹੈ।

ਚੰਦੁ ਸੂਰਜੁ ਅਵਤਾਰ ॥

ਚੰਦਰਮਾਂ=ਵੈਰਾਗ, ਸੂਰਜ=ਬਿਬੇਕ ਨੇ ਉਨ੍ਹਾਂ ਦੇ ਅੰਦਰ ਅਵਤਾਰ=ਉਤਰਨਾ ਕੀਤਾ ਹੈ।

ਸਗਲੀ ਧਰਤੀ

ਜਿਸ ਪਰਮਾਤਮਾ ਨੇ ਸਾਰੀ ਤੀ=ਤੀਆ=ਮਾਇਆ ਧਾਰਨ ਕੀਤੀ ਹੈ, ਓਹ ਪਰਮਾਤਮਾ ਉਹਨਾਂ ਗੁਰਮੁਖਾਂ ਨੂੰ ਪ੍ਰਾਪਤ ਹੋਇਆ ਹੈ।

ਮਾਲੁ ਧਨੁ ਵਰਤਣਿ ਸਰਬ ਜੰਜਾਲ॥

ਮਾਲ ਧਨ ਵਾਲੀ ਸਾਰੀ ਸੰਸਾਰ ਵਰਤਣ ਨੂੰ ਉਹਨਾਂ ਨੇ ਜੰਜਾਲ ਰੂਪੀ ਨਿਸਚੇ ਕੀਤਾ ਹੈ।

ਨਾਨਕ ਮੁਸੈ ਗਿਆਨ

ਗਿਆਨ ਦੁਆਰਾ ਉਹਨਾਂ ਨੇ ਆਤਮ ਅਨੰਦ ਨੂੰ ਮੁਸੈ=ਲੁਟਣਾ ਕੀਤਾ ਹੈ।

ਵਿਹੂਣੀ ਖਾਇ ਗਇਆ ਜਮਕਾਲੁ॥ ੧॥

ਜਿਹੜੇ ਪੁਰਸ਼ ਗਿਆਨ ਤੋਂ ਵਿਹੂਣੀ=ਰਹਿਤ ਹੈ ਉਨ੍ਹਾਂ ਨੂੰ ਜਮਕਾਲ ਖਾ ਗਿਆ ਹੈ॥ ੧॥

ਮਃ ੧॥

ਉਲਟੀਆਂ ਗੱਲਾਂ ਬਾਤਾਂ ਹੋਣ ਕਰਕੇ ਬ੍ਰਾਹਜ ਰਾਸ ਨਹੀਂ ਵੇਖਣੀ ਚਾਹੀਦੀ ।

ਸ਼ੇਖ ਬ੍ਰਹਮ ਨੇ ਪੁਛਿਆ-ਕਿਹੜੀਆਂ ਉਲਟ ਗੱਲਾਂ ਹੁੰਦੀਆਂ ਹਨ ? *ਗੁਰ ਉੱਤਰ-*

ਵਾਇਨਿ ਚੇਲੇ ਨਚਨਿ ਗੁਰ॥

ਗੁਰ=ਪੂਜਨੀਕ ਜੋ ਕ੍ਰਿਸ਼ਨ ਜੀ ਹਨ, ਓਹ ਤਾਂ ਨੱਚਦੇ ਹਨ। ਚੇਲੇ ਜਿਹੜੇ ਹਨ ਓਹ ਦੁਕੜ ਆਦਿਕ ਵਾਜਿਆਂ ਨੂੰ ਵਜਾਉਂਦੇ ਹਨ।

ਯਥਾ-ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ੩੦ ਪਉੜੀ ਵਿਚ ਲਿਖਿਆ ਹੈ-

ਚੇਲੇ ਸਾਜ ਵਜਾਇਦੇ, ਨਚਨਿ ਗੁਰੂ ਬਹੁਤੁ ਬਿਧਿ ਭਾਈ।
ਚੇਲੇ ਬੈਠਨਿ ਘਰਾਂ ਵਿਚਿ, ਗੁਰਿ ਉਠਿ ਘਰੀਂ ਤਿਨਾੜੇ ਜਾਈ।

ਪੈਰ ਹਲਾਇਨਿ ਫੇਰਨ੍ਹਿ ਸਿਰ॥

ਨਿਰਤਕਾਰੀ ਵੇਲੇ ਕ੍ਰਿਸ਼ਨ ਜੀ ਪੈਰਾਂ ਨੂੰ ਹਿਲਾਉਂਦੇ ਤੇ ਸਿਰ ਨੂੰ ਫੇਰਦੇ ਹਨ।

ਅਥਵਾ-ਜਦ ਉਹ ਪੈਰਾਂ ਨੂੰ ਹਿਲਾ ਕੇ ਨੱਚਦੇ ਹਨ ਤਾਂ ਹੋਰ ਲੋਕ ਸਿਰ ਫੇਰਦੇ ਹਨ ਕਿ ਤਾਲ ਠੀਕ ਨਹੀਂ ਆਇਆ, ਉਸ ਵੇਲੇ ਫਿਰ ਨੱਚਦੇ ਹਨ।

ਉਡਿ ਉਡਿ ਰਾਵਾ ਝਾਟੈ ਪਾਇ॥

ਨੱਚਣ ਸਮੇਂ ਰਾਵਾ=ਧੂੜੀ ਉਡ ਉਡ ਕੇ ਝਾਟੈ=ਸਿਰ ਵਿਚ ਪੈਂਦੀ ਹੈ।

ਵੇਖੈ ਲੋਕੁ ਹਸੈ ਘਰਿ ਜਾਇ॥

ਰਾਸ ਮੰਡਲ ਨੂੰ ਵੇਖਣ ਵਾਲੇ ਲੋਕ ਹੱਸਦੇ ਹੋਏ ਆਪਣੇ ਘਰਾਂ ਨੂੰ ਜਾਂਦੇ ਹਨ।

ਰੋਟੀਆ ਕਾਰਣਿ ਪੂਰਹਿ ਤਾਲ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਹੇ ਸ਼ੇਖ ਬ੍ਰਹਮ ! ਉਹਨਾਂ ਵਿਚ ਕੋਈ ਪ੍ਰੇਮਾ ਭਗਤੀ ਨਹੀਂ, ਉਹ

ਰਾਸਧਾਰੀਏ ਨਿਜ ਪ੍ਰਯੋਜਨੀ ਹਨ। ਸਿਰਫ ਰੋਟੀਆਂ ਖਾਣ ਵਾਸਤੇ ਰਾਸ ਮੰਡਲ ਕਰਕੇ ਤਾਲਾਂ ਨੂੰ ਪੂਰਦੇ ਹਨ। ਇਹ ਵਿਚਾਰੋ ਕੋਈ ਆਪਣੀ ਮਾਤਾ ਨੂੰ ਭੀ ਨਚਾਂਵਦਾ ਹੈ ? ਇਹ ਲੋਕ ਤਾਂ ਐਸੇ ਬੇਪਤੇ ਹਨ ਜੋ ਸਭ ਦੇ ਪੂਜਯ ਮਾਤਾ ਪਿਤਾ ਰੂਪ ਕ੍ਰਿਸ਼ਨ ਮਹਾਰਾਜ ਜੀ ਹਨ, ਉਹਨਾਂ ਦੇ ਤੇ ਰਾਧਕਾਂ ਦੇ ਸ੍ਵਾਂਗ ਬਣਾਉਂਦੇ ਹਨ।

ਆਪੁ ਪਛਾੜਹਿ ਧਰਤੀ ਨਾਲਿ॥

ਧਰਤੀ ਦੇ ਨਾਲ ਆਪਣੇ ਆਪ ਨੂੰ ਪਛਾੜਦੇ ਭਾਵ ਡੇਗਦੇ ਹਨ।

ਗਾਵਨਿ ਗੋਪੀਆ ਗਾਵਨਿ ਕਾਨ੍॥

ਫੇਰ ਰਾਧਕਾਂ ਆਦਿ ਗੋਪੀਆਂ ਦਾ ਸ੍ਵਾਂਗ ਹੋ ਕੇ ਗਾਂਵਦੇ ਹਨ ਤੇ ਕ੍ਰਿਸ਼ਨ ਰੂਪ ਹੋ ਕੇ ਗਾਂਵਦੇ ਹਨ। *ਅਥਵਾ*-ਗੋਪੀਆਂ ਦੇ ਪ੍ਰਸੰਗਾਂ ਨੂੰ ਭੀ ਗਾਵਨ ਤੇ ਕ੍ਰਿਸ਼ਨ ਜੀ ਦੇ ਪ੍ਰਸੰਗਾਂ ਨੂੰ ਭੀ ਗਾਵਨਿ=ਗਾਉਂਦੇ ਹਨ, ਉਹ ਪ੍ਰਸੰਗ ਇਹ ਹਨ ਕਿ-

ਇਕ ਸਮੇਂ ਗੋਪੀਆਂ ਇਸ਼ਨਾਨ ਕਰਨ ਨੂੰ ਜਮਨਾ ਵਿਚ ਗਈਆਂ ਤਾਂ ਕ੍ਰਿਸ਼ਨ ਜੀ ਗੋਪੀਆਂ ਦੇ ਕਪੜੇ ਲੈ ਕੇ ਬ੍ਰਿਛ ਉਪਰ ਚੜ੍ਹ ਗਏ। ਜਿਸ ਵੇਲੇ ਗੋਪੀਆਂ ਨੇ ਕਪੜੇ ਮੰਗੇ ਤਾਂ ਕ੍ਰਿਸ਼ਨ ਜੀ ਨੇ ਨਾ ਦਿੱਤੇ ਤੇ ਇਸ ਤਰ੍ਹਾਂ ਕਿਹਾ-'ਜਲ ਤੋਂ ਬਾਹਰ ਨਿਕਲ ਕੇ ਆਓ ਤਾਂ ਕਪੜੇ ਦੇਵਾਗਾ।'

ਇਹ ਗੱਲ ਸੁਣ ਕੇ ਗੋਪੀਆਂ ਨੇ ਆਖਿਆ-'ਤੇਰੇ ਮਾਤਾ ਪਿਤਾ ਨੂੰ ਅਸੀਂ ਜਾ ਕੇ ਕਹਾਂਗੀਆਂ ਕਿ ਕ੍ਰਿਸ਼ਨ ਬਹੁਤ ਖਰਾਬ ਹੋ ਗਿਆ ਹੈ। ਤਾਂ ਕ੍ਰਿਸ਼ਨ ਜੀ ਨੇ ਕਿਹਾ-ਜਾਓ ਜਿਸ ਨੂੰ ਮਰਜ਼ੀ ਆਵੇ ਆਖ ਦਿਓ, ਮੈਨੂੰ ਕਿਸੇ ਦੀ ਪ੍ਰਵਾਹ ਨਹੀਂ, ਜਲ ਤੋਂ ਬਾਹਰ ਨਿਕਲੇ ਬਗੈਰ ਮੈਂ ਕਪੜੇ ਨਹੀਂ ਦੇਵਾਂਗਾ।

ਯਥਾ- ਕਲਗੀਧਰ ਪਿਤਾ ਜੀ ਨੇ ਕ੍ਰਿਸ਼ਨ ਅਵਤਾਰ ਦੇ ਪ੍ਰਸੰਗ ਵਿਚ ਲਿਖਿਆ ਹੈ-

ਦੇਉ ਬਿਨਾ ਨਿਕਰੈ ਨਹਿ ਚੀਰ, ਕਹਜੋ ਹਸਿ ਕਾਨ੍ ਸੁਨੋ ਤੁਮ ਪਿਆਰੀ॥
ਸੀਤ ਸਹੋ ਜਲ ਮੈ ਤੁਮ ਨਾਹਿਕ, ਬਾਹਰਿ ਆਵਹੁ ਗੋਰੀ ਅਉ ਕਾਰੀ॥
ਦੈ ਅਪਨੇ ਅਗੁਆ ਪਿਛੁਆ ਕਰਿ, ਬਾਰ ਤਜੋ ਪਤਲੀ ਅਰੁ ਭਾਰੀ॥
ਯੌ ਨਹਿ ਦੇਉ ਕਹਜੋ ਹਰਿ ਜੀ, ਤਸਲੀਮ ਕਰੋ ਕਰਿ ਜੋਰਿ ਹਮਾਰੀ॥ ੨੫੫॥

ਗਾਵਨਿ ਸੀਤਾ ਰਾਜੇ ਰਾਮ॥

ਫਿਰ ਜਿਸ ਵੇਲੇ ਦੁਸਹਿਰਾਂ ਆਂਵਦਾ ਹੈ ਤਾਂ ਉਸ ਸਮੇਂ ਸੀਤਾ ਤੇ ਰਾਜਾ ਰਾਮ=ਸ੍ਰੀ ਰਾਮ ਚੰਦਰ ਜੀ ਦੇ ਸਾਂਗ ਧਾਰ ਕੇ ਗਾਉਂਦੇ ਹਨ।

ਅਥਵਾ-ਉਸ ਸਮੇਂ ਸੀਤਾ ਤੇ ਰਾਜਾ ਰਾਮ=ਸ੍ਰੀ ਰਾਮ ਚੰਦਰ ਦੇ ਪ੍ਰਸੰਗਾਂ ਨੂੰ ਗਾਇਨ ਕਰਦੇ ਹਨ ਕਿ ਜਿਸ ਵੇਲੇ ਰਾਵਣ ਦਾ ਭੇਜਿਆ ਹੋਇਆ ਮਰੀਚ ਸੁਵਰਨ ਦਾ ਹਰਨ ਬਣ ਕੇ ਆਇਆ ਉਸ ਵੇਲੇ ਸੀਤਾ ਦੇ ਆਖਣ ਕਰਕੇ ਸ੍ਰੀ ਰਾਮ ਚੰਦਰ ਜੀ ਤਾਂ ਉਸ ਦੇ ਮਗਰ ਚਲੇ ਗਏ ਤੇ ਪਿਛੋਂ ਸੀਤਾ ਨੂੰ ਰਾਵਣ ਚੁੱਕ ਕੇ ਲੈ ਗਿਆ। ਜਦ ਵਾਪਸ ਆ ਕੇ ਵੇਖਿਆ ਤਾਂ ਸੀਤਾ ਕੋਈ ਨਹੀਂ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਬਨ ਵਿਚ ਰੁਦਨ ਕਰਦੇ ਹੋਏ-'ਹਾਏ ਸੀਤਾ ! ਹਾਏ ਸੀਤਾ !!' ਐਸੇ ਪੁਕਾਰਨ ਲੱਗ ਪਏ।

ਪ੍ਰਸੰਗ ਤਾਂ ਬੜੇ ਲੰਬੇ ਹਨ ਪਰ ਥੋੜੀ ਜੇਹੀ ਟੂਕ ਦਿੱਤੀ ਹੈ ਅਗੋਂ ਆਪ ਹੀ ਵਧਾ ਲੈਣੀ । ਹੁਣ ਵਿਚਾਰ ਕੇ ਦੇਖਣ ਦੀ ਗੱਲ ਹੈ ਜੋ ਆਪਣਿਆਂ ਵਡਿਆਂ ਦੀ ਕੋਈ ਭੰਡੀ ਨਹੀਂ ਕਰਦਾ ਤੇ ਇਹ ਲੋਕ ਐਸੇ ਹਨ ਜੋ

ਬਰਸ ਦੇ ਬਰਸ ਆਪਣੇ ਪੂਜਜ ਅਵਤਾਰਾਂ ਦੀਆਂ ਭੰਡੀਆਂ ਕਰਦੇ ਹਨ।

ਨਿਰਭਉ ਨਿਰੰਕਾਰੁ ਸਚੁ ਨਾਮੁ ॥

ਉਸ ਸੱਚੇ ਨਿਰੰਕਾਰ ਦਾ ਨਾਮ+ਭਉ=ਖੌਫ਼ ਤੋਂ ਰਹਿਤ ਕਰਨ ਵਾਲਾ ਹੈ।

ਦੂਜਾ ਅਰਥ-

ਮ: ੧ ॥ 'ਵਾਇਨਿ ਚੇਲੇ ਨਚਨਿ ਗੁਰ ॥'

ਜਿਸ ਵੇਲੇ ਸਿੱਖ ਗੁਰਾਂ ਪਾਸ ਆ ਕੇ ਚੇਲਾ ਬਣ ਕੇ ਉਪਦੇਸ਼ ਗ੍ਰਹਿਣ ਕਰਦਾ ਹੈ, ਉਸ ਵੇਲੇ ਰਿਖੀ ਦੰਡ, ਪਿਤ੍ਰ ਦੰਡ, ਦੇਵ ਦੰਡ ਸਭ ਦੂਰ ਹੋ ਜਾਂਦੇ ਹਨ। ਜਦੋਂ ਫਿਰ ਚੇਲਾ ਸੰਸਾਰ ਦੀ ਤਰਫ ਨੱਚਣ ਲੱਗਦਾ ਹੈ ਭਾਵ ਪਦਾਰਥਾਂ ਵਿਚ ਲੱਗਦਾ ਹੈ ਉਸ ਵੇਲੇ ਗੁਰੂ ਵਾਇਨਿ=ਉਚਾਰਦੇ ਹਨ ਹੇ ਚੇਲੇ ! ਤੂੰ ਸੰਸਾਰ ਦੇ ਪਦਾਰਥਾਂ ਵਿਚ ਨੱਚ ਨਾ, ਆਪਣੇ ਭੇਖ ਦੀ ਤਾਂ ਲੱਜਿਆ ਰੱਖ।

'ਪੈਰ ਹਲਾਇਨਿ ਫੇਰਨ੍ਹਿ ਸਿਰ ॥'

ਉਹ ਚੇਲਾ ਫਿਰ ਮਨ ਬੁੱਧੀ ਰੂਪੀ ਪੈਰਾਂ ਨੂੰ ਵਿਸ਼ੇ ਵਿਕਾਰਾਂ ਵਿਚ ਹਿਲਾ ਬੈਠਦਾ ਹੈ ਤਾਂ ਗੁਰੂ ਸਾਹਿਬ ਸਿਰ ਫੇਰਦੇ ਹਨ ਕਿ ਇਹ ਤੂੰ ਬੜਾ ਮਾੜਾ ਕੰਮ ਕੀਤਾ ਹੈ।

'ਉਡਿ ਉਡਿ ਰਾਵਾ ਝਾਟੈ ਪਾਇ ॥'

ਇਸ ਤਰ੍ਹਾਂ ਜਦ ਮਨ ਬੁੱਧੀ ਰੂਪੀ ਪੈਰਾਂ ਨੂੰ *ਅਥਵਾ:*-ਪ੍ਰਤੱਖ ਪੈਰਾਂ ਨੂੰ ਹਲਾਇਆ ਭਾਵ ਵਿਕਾਰਾਂ ਵਿਖੇ ਪ੍ਰਵਿਰਤ ਹੋ ਗਿਆ ਤਾਂ ਲੋਕ ਪ੍ਰਲੋਕ ਵਿਚ ਲਾਹਨਤਾਂ ਰੂਪੀ ਧੂੜੀ ਉਡ ਉਡ ਕੇ ਝਾਟੈ=ਸਿਰ ਵਿਚ ਪੈਂਦੀ ਹੈ। ਭਾਵ ਦੋਹਾਂ ਲੋਕਾਂ ਵਿਚ ਅਪਜਸ ਹੁੰਦਾ ਹੈ।

'ਵੇਖੈ ਲੋਕੁ ਹਸੈ ਘਰਿ ਜਾਇ ॥'

ਉਸ ਸਮੇਂ ਪਿਤ੍ਰ, ਦੇਵ ਤੇ ਰਿਖੀ ਲੋਕ ਵੇਖ ਕੇ ਆਪੋ ਆਪਣੇ ਘਰਾਂ ਵਿਚ ਜਾ ਕੇ ਹੱਸਦੇ ਹਨ ਕਿ ਦੇਖੋ ! ਫਿਰ ਅਸਾਡਾ ਪਸੂ ਬਣ ਗਿਆ। *ਅਥਵਾ:*-ਲੋਕ ਵੇਖ ਕੇ ਤੈਨੂੰ ਹੱਸਦੇ ਹਨ ਇਸ ਤੇ ਤੂੰ ਸਰੂਪ ਰੂਪੀ ਘਰ ਵਿਚ ਜਾਣਾ ਕਰ।

'ਰੋਟੀਆ ਕਾਰਣਿ ਪੂਰਹਿ ਤਾਲ ॥'

ਹੇ ਚੇਲੇ ! ਤੂੰ ਰੋਟੀਆਂ ਦੀ ਕਾਰ ਨਾ ਕਰ ਭਾਵ ਰੋਟੀਆਂ ਵਾਸਤੇ ਜਿਹੜਾ ਪਖੰਡ ਕਰਨਾ ਹੈ ਉਸ ਨੂੰ ਦੂਰ ਕਰ ਦੇ ਅਤੇ ਮਹਾਂ ਵਾਕਾਂ ਰੂਪੀ ਤਾਲਾਂ ਨੂੰ ਪੂਰਨਾ ਕਰ। *ਅਥਵਾ:*-ਤਾਲ=ਕੈਸੀਆਂ ਲੈ ਕੇ ਉਸ ਪਰਮੇਸ਼ਰ ਦੇ ਜਸ ਨੂੰ ਉਚਾਰ।

'ਆਪੁ ਪਛਾੜਹਿ ਧਰਤੀ ਨਾਲਿ ॥'

ਆਪਾ ਭਾਵ ਹੰਕਾਰ ਨੂੰ ਪਛਾੜ ਦੇ ਭਾਵ ਨਾਸ ਕਰ ਦੇ ਤੇ ਧਰਤੀ=ਨਿੰਮ੍ਰਤਾ ਦਾ ਸਾਥੀ ਹੋ।

ਅਥਵਾ:-ਧਰਤੀ ਨਾਮ ਪ੍ਰਿਥਵੀ ਦਾ, ਪ੍ਰਿਥਵੀ ਨਾਮ ਭੂਮਾਂ ਦਾ, ਭੂਮਾਂ ਨਾਮ ਬ੍ਰਹਮ ਦਾ, ਉਸ ਬ੍ਰਹਮ ਨੂੰ ਆਪਣੇ ਨਾਲ ਨਿਸਚੇ ਕਰ। *ਅਥਵਾ:*-ਜਿਸ ਨੇ ਮਾਯਾ ਰੂਪ ਧਰ+ਤੀ=ਤ੍ਰਿਯਾ ਧਾਰੀ ਹੋਈ ਹੈ ਅਰਥਾਤ ਜੋ

ਸਰਗੁਣ ਸਰੂਪ ਹੈ, ਉਸ ਨੂੰ ਤੂੰ ਆਪਣੇ ਨਾਲ ਨਿਸਚੇ ਕਰ।

'ਗਾਵਨਿ ਗੋਪੀਆ ਗਾਵਨਿ ਕਾਨ੍॥'

ਗੋਪੀਆ=ਇੰਦਰੀਆਂ ਵੀ ਉਸ ਦੇ ਜਸ ਨੂੰ ਗਾਵਨ। ਕਾਨ੍=ਅੰਤਹਕਰਣ ਵੀ ਉਸ ਦੇ ਜਸ ਨੂੰ ਗਾਇਨ ਕਰੇ।

ਗਾਵਨਿ ਸੀਤਾ ਰਾਜੇ ਰਾਮ॥

ਸਾਰਿਆਂ ਨਾਲ ਸੀਤਾ=ਮਿਲਿਆ ਹੋਇਆ ਜੋ ਰਾਜਾ=ਪ੍ਰਕਾਸ਼ ਸਰੂਪ ਰਾਮ ਹੈ ਉਸ ਦੇ ਜਸ ਨੂੰ ਉਚਾਰਨਾ ਕਰ।

ਨਿਰਭਉ ਨਿਰੰਕਾਰੁ ਸਚੁ ਨਾਮੁ॥

ਉਸ ਨਿਰੰਕਾਰ ਦਾ ਸੱਚਾ ਨਾਮ ਨਿਰ+ਭਉ=ਖੌਫ਼ ਤੋਂ ਰਹਿਤ ਕਰਨ ਵਾਲਾ ਹੈ।

ਜਾ ਕਾ ਕੀਆ ਸਗਲ ਜਹਾਨੁ॥

ਜਿਸ ਪਰਮੇਸ਼ਰ ਦਾ ਕੀਤਾ ਹੋਇਆ ਇਹ ਸਾਰਾ ਜਗਤ ਹੈ।

ਪ੍ਰਸ਼ਨ-ਨਾਮ ਕਿਵੇ ਮਿਲੇ ? *ਉੱਤਰ*-

ਸੇਵਕ ਸੇਵਹਿ ਕਰਮਿ ਚੜਾਉ॥

ਜੋ ਸੇਵਕ ਹੋ ਕੇ ਸੇਵਾ ਕਰਦਾ ਹੈ ਉਸ ਦੇ ਮਨ ਰੂਪੀ ਬਸਤ੍ਰ ਨੂੰ ਪਰਮੇਸ਼ਰ ਕ੍ਰਿਪਾ ਕਰਕੇ ਨਾਮ ਦਾ ਰੰਗ ਚੜਾਉ=ਚਾੜ੍ਹਦਾ ਹੈ।

ਭਿੰਨੀ ਰੈਣਿ ਜਿਨ੍ਹਾ ਮਨਿ ਚਾਉ॥

ਜਿਸ ਦੇ ਮਨ ਵਿਚ ਉਸ ਦੀ ਪ੍ਰਾਪਤੀ ਦਾ ਉਤਸ਼ਾਹ ਹੋ ਰਿਹਾ ਹੈ, ਉਹਨਾਂ ਦੀ ਅਵਸਥਾ ਰੂਪੀ ਰਾਤ ਪ੍ਰੇਮ ਵਿਚ ਭਿਜੀ ਹੈ।

ਪ੍ਰਸ਼ਨ-ਸਿੱਖ ਕੌਣ ਹੈ ? *ਉੱਤਰ*-

ਸਿਖੀ ਸਿਖਿਆ ਗੁਰ ਵੀਚਾਰਿ॥

ਗੁਰਾਂ ਦੇ ਵਿਚਾਰ ਦੁਆਰਾ ਜਿਨ੍ਹਾਂ ਪੁਰਸ਼ਾਂ ਨੇ ਸਿੱਖੀ ਧਾਰਨੀ ਸਿੱਖੀ ਹੈ, ਉਹ ਅਸਲ ਸਿੱਖ ਹੈ।

ਅਥਵਾ-ਗੁਰਾਂ ਦੇ ਵਿਚਾਰ ਦੁਆਰਾ ਜਿਨ੍ਹਾਂ ਪੁਰਸ਼ਾਂ ਨੇ ਉਹਨਾਂ ਦੀ ਸਿੱਖਿਆ ਨੂੰ ਸਿੱਖਿਆ ਭਾਵ ਗ੍ਰਹਿਣ ਕੀਤਾ ਹੈ ਓਹ ਅਸਲ ਸਿੱਖ ਹੈ।

ਨਦਰੀ ਕਰਮਿ ਲਘਾਏ ਪਾਰਿ ॥

ਉਹਨਾਂ ਦੀ ਨਦਰੀ=ਗੁਰੂ ਸਾਹਿਬ ਜੀ *ਅਥਵਾ*-ਈਸ਼ਵਰ ਕ੍ਰਿਪਾ ਦ੍ਰਿਸ਼ਟੀ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ।

ਪੁਨਾ-ਸਤਿਗੁਰ ਦੇਵ ਜੀ ਫੁਰਮਾਉਂਦੇ ਹਨ-ਹੇ ਸ਼ੇਖ ਬ੍ਰਹਮ ! ਜੇ ਕੇਵਲ ਨੱਚਣ ਨਾਲ ਮੋਖ ਹੋਵੇ ਤਾਂ ਕੋਹਲੂ, ਚਰਖਾ, ਚੱਕੀ, ਚੱਕ, ਲਾਟੂ, ਮਧਾਣੀਆਂ, ਪੰਛੀ ਆਦਿਕ ਸਾਰੇ ਮੁਕਤ ਹੋਣੇ ਚਾਹੀਦੇ ਹਨ। ਕਿਉਂਕਿ-

ਕੋਲੂ ਚਰਖਾ ਚਕੀ ਚਕੁ॥

ਕੋਹਲੂ ਸਾਰਾ ਦਿਨ ਫਿਰਦਾ ਰਹਿੰਦਾ ਹੈ। ਕੋਹਲੂ ਨਾਲ ਬਲਦ ਅਤੇ ਤੇਲੀ ਫਿਰਦਾ ਰਹਿੰਦਾ ਹੈ। ਜੇ

ਨੱਚਣ ਤੇ ਹੀ ਮੋਖ ਹੋਵੇ ਤਾਂ ਇਹ ਸਾਰੇ ਮੋਖ ਹੋਣੇ ਚਾਹੀਦੇ ਹਨ। ਚਰਖਾ ਫਿਰਦਾ ਹੈ ਤੇ ਚਰਖੇ ਨਾਲ ਔਰਤ ਦੀ ਬਾਂਹ ਫਿਰਦੀ ਹੈ। ਫੇਰ ਚੱਕੀ ਫਿਰਦੀ ਹੈ ਤੇ ਚੱਕੀ ਦੇ ਫੇਰਨ ਵਾਲੇ ਦੀ ਬਾਂਹ ਵੀ ਫਿਰਦੀ ਹੈ। ਘੁਮਿਆਰ ਦਾ ਚੱਕ ਫਿਰਦਾ ਹੈ ਉਸ ਨਾਲ ਲਠ ਭੀ ਫਿਰਦੀ ਹੈ ਤੇ ਘੁਮਿਆਰ ਦੀ ਬਾਂਹ ਵੀ ਫਿਰਦੀ ਹੈ, ਮਿੱਟੀ ਦਾ ਪੇੜਾ ਵੀ ਫਿਰਦਾ ਹੈ ਇਹ ਸਭ ਮੋਖ ਹੋਣੇ ਚਾਹੀਦੇ ਹਨ।

ਥਲ ਵਾਰੋਲੇ ਬਹੁਤੁ ਅਨੰਤੁ ॥

ਥਲਾਂ ਵਿਚ ਵਾ-ਵਰੋਲੇ ਬੇਅੰਤ ਤੋਂ ਬੇਅੰਤ ਫਿਰਦੇ ਰਹਿੰਦੇ ਹਨ।

ਅਥਵਾ:-ਬਾਜੀਗਰ ਦੀ ਥਾਲੀ ਵੀ ਫਿਰਦੀ ਰਹਿੰਦੀ ਹੈ ਉਹ ਮੋਖ ਹੋਣੀ ਚਾਹੀਦੀ ਹੈ।

ਲਾਟੂ ਮਾਧਾਣੀਆ ਅਨਗਾਹ ॥

ਖੇਡਣ ਵਾਲੇ ਲਾਟੂ ਫਿਰਦੇ ਹਨ, ਲੱਸੀ ਰਿੜਕਣ ਵਾਲੀਆਂ ਮਧਾਣੀਆਂ ਵੀ ਫਿਰਦੀਆਂ ਹਨ ਤੇ ਅੰਨ ਗਾਹੁਣ ਵਾਲੇ ਅਨਗਾਹ=ਫਲ਼ੇ ਭੀ ਭਉਂਦੇ ਫਿਰਦੇ ਹਨ।

ਅਥਵਾ:-ਜੋ ਹਲ ਦੇ ਅਗੇ ਫਾਲੇ ਲੱਗੇ ਹੁੰਦੇ ਹਨ, ਉਹ ਭੀ ਫਿਰਦੇ ਹਨ, ਇਹ ਸਭ ਮੋਖ ਹੋਣੇ ਚਾਹੀਦੇ ਹਨ।

ਪੰਖੀ ਭਉਦੀਆ ਲੈਨਿ ਨ ਸਾਹ ॥

ਪੰਖੀ=ਇੱਲਾਂ ਇਤਨੀਆਂ ਭਉਂਦੀਆਂ ਰਹਿੰਦੀਆਂ ਹਨ, ਜੋ ਇਕੋ ਸਾਹ ਚੱਕ੍ਰਾਕਾਰ ਉਡਦੀਆਂ ਰਹਿੰਦੀਆਂ ਹਨ, ਸਾਹ ਨਹੀਂ ਲੈਂਦੀਆਂ। *ਅਥਵਾ:*-ਪੰਖੀ ਦਾ ਅਰਥ ਅਨਲ ਪੰਛੀ ਭੀ ਕਰਦੇ ਹਨ ਜੋ ਅਨਲ ਪੰਛੀ ਹਰ ਵੇਲੇ ਅਕਾਸ਼ ਵਿਚ ਹੀ ਭਉਂਦਾ ਰਹਿੰਦਾ ਹੈ ਸਾਹ ਨਹੀਂ ਲੈਂਦਾ ਕਿਉਂਕਿ ਹੇਠਾਂ ਜ਼ਮੀਨ 'ਪਰ ਕਦੇ ਨਹੀਂ ਆਉਂਦਾ। *ਯਥਾ*-ਅਕਾਲ ਉਸਤਤ ਵਿਖੇ ਕਥਨ ਕੀਤਾ ਹੈ-

'ਅਨਲ ਅਕਾਸ ਪੰਛੀ ਡੋਲਬੋ ਕਰਤ ਹੈ।'

ਅਥਵਾ:-ਪੰਛੀ ਇਤਨੇ ਫਿਰਦੇ ਹਨ ਜੋ ਸਾਹ ਵੀ ਨਹੀਂ ਲੈਂਦੇ। ਉਹ ਸਾਰੇ ਮੋਖ ਹੋਣੇ ਚਾਹੀਦੇ ਹਨ।

ਸੂਐ ਚਾੜਿ ਭਵਾਈਅਹਿ ਜੰਤ ॥

ਛੋਟੇ ਲੜਕੇ ਕਿੱਕਰ ਦੀਆਂ ਸੂਐ=ਸੂਲਾਂ ਉੱਤੇ ਮਕੜੀ ਅਤੇ ਬਿੰਡੇ ਆਦਿ ਜੀਆਂ ਨੂੰ ਭੁਆਉਂਦੇ ਹਨ। *ਅਥਵਾ:*-ਸੂਐ=ਸੀਖ ਉੱਤੇ ਚਾੜ੍ਹ ਕੇ ਛੋਟੇ ਛੋਟੇ ਜੰਤ ਭੰਬੀਰੀਆਂ ਨੂੰ ਭੁਆਉਂਦੇ ਹਨ। *ਅਥਵਾ:*- ਜੰਤ=ਬਾਜੀਗਰ ਲੋਕ ਪਿੱਠ ਨੂੰ ਸੂਐ=ਸੀਖ ਉੱਤੇ ਚੜ੍ਹਾ ਕੇ ਭਾਵ ਟਿਕਾ ਕੇ ਆਪਣੇ ਆਪ ਨੂੰ ਭੁਆਉਂਦੇ ਹਨ, ਉਹ ਮੋਖ ਹੋਣੇ ਚਾਹੀਏ ।

ਅਥਵਾ:-ਦੱਖਣ ਦੇਸ਼ ਵਿਚ ਇਕ 'ਸੁਆ' ਨਾਮ ਕਰਕੇ ਦੇਵੀ ਹੈ, ਜਿਸ ਦੇ ਅੱਗੇ ਸੁਖਣਾ ਦੇ ਜੰਤ=ਬੱਚਿਆਂ ਨੂੰ ਸੁਏ ਉੱਤੇ ਚਾੜ੍ਹ ਕੇ ਭੁਆਇਆ ਜਾਂਦਾ ਹੈ। ਜਿਸ ਦੇ ਬੱਚੇ ਜੰਮ ਕੇ ਮਰ ਜਾਂਦੇ ਹਨ, ਜੇ ਉਸ ਵੇਲੇ ਹੱਸ ਪਵੇ ਤਾਂ ਅਪਸਗਨ ਮੰਨਦੇ ਹਨ ਤੇ ਜੇਕਰ ਬੇਹੋਸ਼ ਹੋ ਜਾਵੇ ਤਾਂ ਉਸ ਦੀ ਵੱਡੀ ਉਮਰ ਗਿਣਦੇ ਹਨ ਓਹ ਵੀ ਮੋਖ ਹੋਣੇ ਚਾਹੀਏ। *ਅਥਵਾ:*-ਜੰਤ=ਜੰਤ੍ਰ ਕਰਕੇ ਇਕ ਵਡੇ ਲੋਹੇ ਦੇ ਸੂਏ ਉੱਤੇ ਚਾੜ੍ਹ ਕੇ ਇਕ ਚੱਕ੍ਰਾਕਾਰ ਹਿੰਡੋਲਾ ਭੁਆਂਦੇ ਹਨ, ਜਿਸ ਉੱਤੇ ਬੱਚੇ ਬੈਠ ਕੇ ਖੁਸ਼ ਹੁੰਦੇ ਹਨ, ਉਸ ਨੂੰ ਪੰਘੂੜਾ ਭੀ ਆਖਦੇ ਹਨ।

ਅਥਵਾ:-ਇਕ ਜੰਗਮ ਜਿਹੇ ਫਕੀਰ ਇਕ ਨੋਕਦਾਰ ਸੂਐ=ਸੀਖ ਤੇ ਥਾਲੀ ਰੱਖ ਕੇ ਭੁਆਂਦੇ ਹਨ ਤੇ ਉੱਚੀ ਸੁਟ ਕੇ ਫੇਰ ਉਸ ਨੋਕ ਤੇ ਲੈ ਲੈਂਦੇ ਹਨ ਤੇ ਥਾਲੀ ਭਉਂਦੀ ਰਹਿੰਦੀ ਹੈ, ਓਹ ਮੋਖ ਹੋਣੀ ਚਾਹੀਦੇ ।

ਅਥਵਾ-ਪ੍ਰਤੱਖ ਚੋਰ ਪੁਰਸ਼ਾਂ ਨੂੰ ਸੂਅੈ=ਸੂਲੀ ਉੱਤੇ ਚਾੜ੍ਹ ਕੇ ਕੁਆਇਆ ਜਾਂਦਾ ਹੈ ਓਹ ਵੀ ਮੋਖ ਹੋਣੇ ਚਾਹੀਏ।

ਦੂਸਰਾ ਅਰਥ-

'ਕੋਲੂ'

ਕੋਹਲੂ ਦੇ ਬੈਲ ਵਾਂਗ ਕਾਮੀ ਜੀਵ ਔਰਤ ਦੇ ਪਿਛੇ ਪਿਛੇ ਫਿਰਦਾ ਹੈ।

'ਚਰਖਾ'

ਚਰਖੇ ਵਾਂਗੂ ਕਰੋਧੀ ਜੀਵ ੮੪ ਲੱਖ ਜੂਨਾਂ ਵਿਚ ਫਿਰਦਾ ਹੈ।

'ਚਕੀ'

ਚੱਕੀ ਵਾਂਗੂੰ ਹੰਕਾਰੀ ਪੁਰਸ਼ ਹਰ ਇਕ ਉੱਤੇ ਆਪਣਾ ਦਬਾ ਪਾਉਂਦਾ ਹੈ।

'ਚਕੁ'

ਘੁਮਿਆਰ ਦੇ ਚੱਕ ਵਾਂਗੂੰ ਲੋਭੀ ਪੁਰਸ਼ ਭੌਂਦਾ ਫਿਰਦਾ ਹੈ।

'ਥਲ ਵਾਰੋਲੇ'

ਜਿਨ੍ਹਾਂ ਦੇ ਮਨ ਵਿਚ ਘਰ ਬਾਰ ਦੀਆਂ ਅਨੇਕ ਵਾਸ਼ਨਾਂ ਹਨ, ਉਹ ਥਲ=ਘਰਾਂ ਵਿਚ ਪ੍ਰੇਤ ਹੋ ਕੇ ਵੱਸਦੇ ਹਨ, ਕਿਉਂਕਿ ਵਾ-ਵਰੋਲਾ ਭੂਤਾਂ ਦਾ ਵਾਹਨ ਹੈ।

'ਲਾਟੂ'

ਕਪਟੀ ਆਦਮੀ ਭੱਜੇ ਫਿਰਦੇ ਹਨ।

'ਮਾਧਾਣੀਆ'

ਪਾਪੀ ਜੀਵ।

ਯਥਾ- ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ॥੯॥

(ਵਾਰਾਂ ਤੇ ਵਧੀਕ ਪੰਨਾ ੧੪੨੫)

'ਅਨਗਾਹ'

ਭੇਦ ਵਾਦੀ ਦਾਣਿਆਂ ਵਾਂਗ ਨਰਕਾਂ ਵਿਚ ਗਾਹੇ ਜਾਣਗੇ।

'ਪੰਖੀ ਭਉਦੀਆ'

ਵਾਸ਼ਨਾਂ ਵਾਲੇ ਆਦਮੀ ਪੰਛੀ ਦੀ ਤਰ੍ਹਾਂ ਉਡਦੇ ਫਿਰਦੇ ਹਨ।

'ਸੂਐ ਚਾੜਿ'

ਈਰਖਾ ਵਾਲਿਆਂ ਨੂੰ ਅੰਤ ਵੇਲੇ ਸੂਲੀ 'ਪਰ ਚਾੜ੍ਹਿਆ ਜਾਂਦਾ ਹੈ।

ਨਾਨਕ ਭਉਦਿਆ ਗਣਤ ਨ ਅੰਤ॥

ਸਤਿਗੁਰ ਦੇਵ ਜੀ ਆਖਦੇ ਹਨ-ਹੇ ਸ਼ੇਖ ਬ੍ਰਹਮ ! ਇਤਨੇ ਫਿਰਦੇ ਹਨ ਕਿ ਜੇ ਗਿਣਤੀ ਕਰੀਏ ਤਾਂ ਅੰਤ ਨਹੀਂ ਆਉਂਦਾ ਜਿਸ ਕਰਕੇ ਇਹ ਸਾਰੇ ਮੋਖ ਨਹੀਂ ਹੁੰਦੇ, ਇਸ ਕਰਕੇ ਰਾਸ ਵਿਚ ਨੱਚਣ ਤੇ ਭੀ ਮੋਖ ਨਹੀਂ ਹੁੰਦੀ।

ਬੰਧਨ ਬੰਧਿ ਭਵਾਏ ਸੋਇ॥

ਉਹ ਪੁਰਸ਼ ਬੰਧਨਾਂ ਵਿਚ ਬਧੇ ਹੋਏ ਚੌਰਾਸੀ ਲੱਖ ਜੂਨ ਵਿਚ ਫੇਰੇ ਜਾਂਦੇ ਹਨ।

ਪਇਐ ਕਿਰਤਿ ਨਚੈ ਸਭੁ ਕੋਇ॥

ਕਿਰਤਿ=ਕਰਮਾਂ ਦੇ ਪਏ ਅਨੁਸਾਰ ਸਭ ਕੋਈ ਨੱਚਦਾ ਹੈ।

ਨਚਿ ਨਚਿ ਹਸਹਿ ਚਲਹਿ ਸੇ ਰੋਇ॥

ਜੋ ਨਚਿ ਨਚਿ ਕਰਕੇ ਹੱਸਦੇ ਹਨ, ਉਹ ਅੰਤ ਨੂੰ ਚੱਲਣ ਸਮੇਂ ਰੋਂਦੇ ਹਨ।

ਯਥਾ- ਲੋਕ ਪਚਾਰੈ ਗਤਿ ਨਹੀ ਹੋਇ॥ ਨਾਮ ਬਿਹੂਣੇ ਚਲਸਹਿ ਰੋਇ॥ ੨॥

(ਰਾਮਕਲੀ ਮਹਲਾ ੫, ਪੰਨਾ ੮੯੦)

ਉਡਿ ਨ ਜਾਹੀ ਸਿਧ ਨ ਹੋਹਿ॥

ਸ਼ੁਭ ਕਰਮਾਂ ਤੋਂ ਰਹਿਤ ਹੋਣ ਕਰਕੇ ਐਸੇ ਪੁਰਸ਼ ਸਿਧੀਆਂ ਦੇ ਬਲ ਕਰਕੇ ਅਕਾਸ਼ ਵਿਚ ਵੀ ਉਡ ਨਹੀਂ ਜਾਂਦੇ, ਨਾ ਹੀ ਉਹਨਾਂ ਨੂੰ ਮੋਖ ਦੀ ਪ੍ਰਾਪਤੀ ਹੁੰਦੀ ਹੈ।

*ਅਥਵਾ:-*ਦੂਜੇ ਅਰਥ ਵਿਚ ('ਉਡਿਨ' ਪਾਠ ਇਕੱਠਾ ਕਰ ਦੇਣਾ) ਹੇ ਸ਼ੇਖ ਬ੍ਰਹਮ ! ਉਡ ਜਾਣ ਤੇ ਵੀ ਸਿਧ=ਮੋਖ ਦੀ ਪ੍ਰਾਪਤੀ ਨਹੀਂ ਹੁੰਦੀ ।

ਯਥਾ-ਕਬਿੱਤ॥

ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ, ਤਾਪਨਾ ਅਨੇਕ ਤਨ ਘਾਇਲ ਸਹਤ ਹੈ॥
ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ, ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ॥
ਨਭ ਕੇ ਉਡੇ ਤੇ ਜੋ ਪੈ ਨਾਰਾਇਣ ਪਾਈਯਤ, ਅਨਲ ਅਕਾਸ਼ ਪੰਛੀ ਡੋਲਬੋ ਕਰਤ ਹੈ॥ ੧੪॥

(ਦਸਮ ਗ੍ਰੰਥ ਪੰਨਾ ੧੯)

ਨਚਣੁ ਕੁਦਣੁ ਮਨ ਕਾ ਚਾਉ॥

ਇਹਨਾਂ ਦਾ ਨੱਚਣਾ ਕੁਦਣਾ ਕਿਸੇ ਭਾਉ ਭਗਤੀ ਲਈ ਨਹੀਂ, ਇਹ ਤਾਂ ਇਕ ਮਨ ਦਾ ਪਰਚਾਵਾ= ਉਤਸ਼ਾਹ ਹੈ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ-ਹੇ ਪ੍ਰਭੂ ! ਸੰਸਾਰ ਸਮੁੰਦਰ ਤੋਂ ਕਿਹੜੇ ਤਰਦੇ ਹਨ ?

ਗੁਰ ਉੱਤਰ:-

ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ॥ ੨॥

ਜਿਨ੍ਹਾਂ ਪੁਰਸ਼ਾਂ ਦੇ ਮਨ ਵਿਚ ਪਰਮੇਸ਼ਰ ਦਾ ਖੌਫ *ਅਥਵਾ:-*ਪ੍ਰੇਮ ਵਸਿਆ ਹੈ, ਤਿਨ੍ਹਾਂ ਦੇ ਮਨ ਵਿਚ ਭਾਉ=ਬ੍ਰਹਮ ਗਿਆਨ ਹੋਇਆ ਹੈ। ਜਿਨ੍ਹਾਂ ਦੇ ਮਨ ਵਿਚ ਬ੍ਰਹਮ ਗਿਆਨ ਹੋਇਆ ਹੈ ਉਹੋ ਸੰਸਾਰ ਸਮੁੰਦਰ ਤੋਂ ਤਰਦੇ ਹਨ।

ਪਉੜੀ॥ ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥

ਤੇਰਾ=ਤਿਸ ਨਿਰੰਕਾਰ ਅਕਾਲ ਪੁਰਖ ਦਾ ਨਾਮ ਕਲਿਆਣ ਕਰਤਾ ਹੈ। ਤਿਸ ਨਾਮ ਦੇ ਲੈਣ ਨਾਲ ਇਹ

ਪੁਰਸ਼ ਨਰਕਾਂ ਵਿਚ ਨਹੀਂ ਜਾਂਦਾ।

ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥

ਇਸ ਜੀਵ ਨੂੰ ਪਿੰਡ=ਸਰੀਰ ਆਦਿਕ ਸਭ ਕੁਛ ਤਿਸ ਨਿਰੰਕਾਰ ਦਾ ਦਿੱਤਾ ਹੋਇਆ ਹੈ ਅਤੇ ਜੋ ਕੁਛ ਸਾਡੇ ਪਾਸ ਹੈ ਓਹ ਭੀ ਉਸੇ ਦਾ ਹੋਇਆ, ਉਸ ਵਿਚੋਂ ਪਰਮੇਸ਼ਰ ਨਮਿਤ ਯਥਾ ਸ਼ਕਤਿ ਦੇ ਕੇ ਭਾਵ ਪਹਿਲੇ ਭੋਜਨ ਸੰਤਾਂ ਨੂੰ ਛਕਾ ਕੇ ਫੇਰ ਆਪ ਖਾਵੇ। ਫਿਰ ਜਿਹੜਾ ਆਖਣਾ ਹੈ ਕਿ ਮੈਂ ਦਸਾਂ ਨੂੰ ਰੋਟੀ ਖਵਾਈ ਹੈ, ਇਹ ਦੂਰ ਕਰ ਦੇਵੇ।

ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥

ਹੇ ਪੁਰਸ਼ਾ ! ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ ਤਾਂ ਪੁੰਨ ਕਰਮ ਕਰਕੇ ਆਪਣੇ ਆਪ ਨੂੰ ਸਭ ਤੋਂ ਨੀਚੁ ਸਦਾਈਐ=ਨੀਵਾਂ ਸਦਵਾ।

ਸ਼ੇਖ ਬ੍ਰਹਮ ਨੇ ਕਿਹਾ-ਮੇਰੇ ਵਿਚ ਇਤਨੀ ਤਾਕਤ ਹੈ ਕਿ ਮੈਂ ਆਪਣੇ ਪਾਸ ਜਮਦੂਤਾਂ ਨੂੰ ਨਹੀਂ ਆਉਣ ਦਿਆਂਗਾ।

ਗੁਰ ਉੱਤਰ-ਹੇ ਸ਼ੇਖ ਬ੍ਰਹਮ !

ਜੇ ਜਰਵਾਣਾ ਪਰਹਰੈ

ਜੇਕਰ ਤੂੰ ਜਰਵਾਣਾ=ਜਮਦੂਤਾਂ ਨੂੰ ਪਰਹਰੈ=ਦੂਰ ਕਰ ਸਕਦਾ ਹੈਂ ਤਾਂ

ਜਰੁ ਵੇਸ ਕਰੇਦੀ ਆਈਐ॥

ਤੇਰੇ ਸਰੀਰ ਉਪਰ ਬ੍ਰਿਧ ਅਵਸਥਾ ਪ੍ਰਵੇਸ਼ ਕਰਦੀ ਆਂਵਦੀ ਹੈ ਪਹਿਲੇ ਤੂੰ ਉਸ ਬ੍ਰਿਧ ਅਵਸਥਾ ਨੂੰ ਹਟਾ, ਜੇ ਤੂੰ ਬ੍ਰਿਧ ਅਵਸਥਾ ਨੂੰ ਦੂਰ ਕਰ ਦੇਵੇਂਗਾ ਤਾਂ ਅਸੀਂ ਜਾਣਾਂਗੇ ਕਿ ਤੂੰ ਜਮਦੂਤਾਂ ਨੂੰ ਹਟਾ ਦੇਵੇਂਗਾ ਪਰੰਤੂ ਬ੍ਰਿਧ ਅਵਸਥਾ ਦਾ ਤੇ ਜਮਦੂਤਾਂ ਦਾ ਹਟਾਉਣਾ ਬੜਾ ਮੁਸ਼ਕਲ ਹੈ।

ਕੋ ਰਹੈ ਨ ਭਰੀਐ ਪਾਈਐ॥ ੫॥

(ਅਗਲੇ ਸਮੇਂ ਦਾਣੇ ਮਿਣ ਕੇ ਵੇਚਦੇ ਸਨ, ਤੋਲਣਾ ਪਿਛੋ ਚੱਲਿਆ ਹੈ 'ਪਾਈ' ਇਕ ਮਿਣਤੀ ਦੇ ਭਾਂਡੇ ਦਾ ਨਾਮ ਹੈ।)

ਜਿਸ ਵੇਲੇ ਪਾਈ* ਦਾਣਿਆਂ ਨਾਲ ਭਰੀ ਜਾਵੇ, ਫਿਰ ਉਹ ਪਾਈ ਭਰੀ ਰਹਿੰਦੀ ਨਹੀਂ ਸੀ, ਉਸ ਨੂੰ ਜਲਦੀ ਉਲਟ ਦੇਂਦੇ ਸਨ।

ਯਥਾ-ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ॥ *(ਵਾਰ ਮਾਝ ਸਲੋਕ ੨੦, ਪੰਨਾ ੧੪੭)*

ਐਸੇ ਜਦ ਸਰੀਰ ਰੂਪੀ ਪਾਈ ਸ੍ਵਾਸਾਂ ਰੂਪੀ ਦਾਣਿਆਂ ਨਾਲ ਭਰੀ ਗਈ ਭਾਵ ਸਵਾਸ ਪੂਰੇ ਹੋ ਗਏ ਤਾਂ ਸਰੀਰ ਰੂਪੀ ਪਾਈ ਉਲਟਾਈ ਜਾਂਦੀ ਹੈ। ਭਾਵ ਹੋਰ ਜੂਨ ਨੂੰ ਜਾ ਕੇ ਪ੍ਰਾਪਤ ਹੁੰਦੀ ਹੈ॥ ੫॥

ਹੁਣ ਜਮਕਾਲ ਦੀ ਪ੍ਰਬਲਤਾ ਸੁਣੋ-ਕ਼ਲਗੀਧਰ ਮਹਾਰਾਜ ਜੀ ਨੇ ਦਸਮ ਗ੍ਰੰਥ ਸਾਹਿਬ ਦੇ ਵਿਚ

**ਚਾਰ ਟੋਪਿਆਂ ਦੀ ਇਕ ਪਾਈ ਹੁੰਦੀ ਹੈ ਤੇ ਟੋਪਾ ਦੋ ਸੇਰ ਦਾ ਹੁੰਦਾ ਹੈ ਅਤੇ ਚਾਰ ਪੜੋਪੀਆਂ ਦਾ ਇਕ ਟੋਪਾ ਹੁੰਦਾ ਹੈ ਪੜੋਪੀ ਵਿਚ ਅੱਧ ਸੇਰ ਦਾਣੇ, ਟੋਪੇ ਵਿਚ ਦੋ ਸੇਰ ਦਾਣੇ, ਪਾਈ ਵਿਚ ਅੱਠ ਸੇਰ ਦਾਣੇ ਹੁੰਦੇ ਹਨ।

ਕਥਨ ਕੀਤਾ ਹੈ-

ਕਾਲ ਲੀਏ ਅਸ ਗਾਜਤ ਹੈ ਛਾਜਤ ਹੇ ਜਹਿ ਤੇ ਨਸ ਅਈਏ।

ਤਥਾ- ਚਾਰ ਕੁੰਟ ਕਾਲ ਕੇ ਵੱਸ॥ ਕਹਾ ਜਾਈਏ ਕਾਲ ਤੇ ਨੱਸ॥

ਯਥਾ-ਇਕ ਜ਼ਿਮੀਂਦਾਰ ਸੀ ਉਸ ਦੀ ਮਾਤਾ ਇਕ ਸਮੇਂ ਬੜੀ ਸਖਤ ਬੀਮਾਰ ਹੋ ਗਈ। ਓਹ ਜ਼ਿਮੀਦਾਰ ਤਲਵਾਰ ਲੈ ਕੇ ਬਾਹਰ ਦਰਵਾਜ਼ੇ 'ਪਰ ਖੜ੍ਹਾ ਹੋ ਗਿਆ ਤੇ ਕਹਿੰਦਾ ਹੈ, ਦੇਖਦਾ ਹਾਂ ਕਿ ਕਾਲ ਮੇਰੀ ਮਾਂ ਨੂੰ ਕਿਸ ਤਰ੍ਹਾਂ ਮਾਰਦਾ ਹੈ ਇਥੋਂ ਲੰਘੇ ਤਾਂ ਸਹੀ। ਇਤਨੀਆਂ ਦਲੀਲਾਂ ਸੋਚਦਾ ਹੀ ਸੀ ਕਿ ਪਿਛੋਂ ਖ਼ਬਰ ਆ ਗਈ। ਲੋਕਾਂ ਨੇ ਆ ਕੇ ਕਿਹਾ-ਓ ਮੂਰਖਾ ! ਤੇਰੀ ਮਾਂ ਤੇ ਮਰ ਗਈ ਹੈ ਤੇ ਤੂੰ ਇਥੇ ਖਲੋਤਾ ਹੈਂ ? ਉਸ ਵੇਲੇ ਹੈਰਾਨ ਹੋ ਕੇ ਕਹਿੰਦਾ ਹੈ ਕਿਸ ਵੇਲੇ ਇਥੋਂ ਜਮ ਲੰਘਿਆ ਹੈ, ਰੋਵਣ ਪਿੱਟਣ ਲੱਗ ਪਿਆ ਪਰੰਤੂ ਪੇਸ਼ ਕੋਈ ਨਾ ਗਈ। ਇਸ ਵਾਸਤੇ ਹੇ ਭਾਈ ! ਉਸ ਕਾਲ ਦਾ ਕੁਛ ਪਤਾ ਨਹੀਂ ਜੋ ਕਿਸ ਵੇਲੇ ਆ ਕੇ ਮਾਰਦਾ ਹੈ।

ਯਥਾ- ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ॥
ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ ਬਧੇ ਭਾਰ॥
ਇਕਨ੍ਹਾ ਹੋਈ ਸਾਖਤੀ ਇਕਨ੍ਹਾ ਹੋਈ ਸਾਰ॥
ਲਸਕਰ ਸਣੈ ਦਮਾਮਿਆ ਛੁਟੇ ਬੰਕ ਦੁਆਰ॥
ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ॥ ੧॥ *(ਸਾਰੰਗ ਵਾਰ ਸ: ੧੭, ਪੰਨਾ ੧੨੪੪)*

ਤਥਾ- ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ॥ *(ਵਾਰ ਮਾਝ ਸਲੋਕ ੧੯, ਪੰਨਾ ੧੪੭)*

ਹੇ ਸ਼ੇਖ ਬ੍ਰਹਮ ! ਤੂੰ ਕਿਸ ਤਰ੍ਹਾਂ ਕਹਿੰਦਾ ਹੈਂ ਮੈਂ ਕਾਲ ਨੂੰ ਦੂਰ ਕਰ ਦਿਆਂਗਾ। ਕਾਲ ਤਾਂ ਕਿਸੀ ਨੂੰ ਛੱਡਦਾ ਨਹੀਂ।

ਯਥਾ- ਇਸੀ ਪ੍ਰਕਾਰ ਜਨ ਕੇ ਕੇ ਨਾਹੀ॥ ਗ੍ਰਸਤ ਕਾਲ ਕਰ ਯਾ ਭਵ ਮਾਹੀ॥
ਅਜ ਪਪੀਲਕਾ ਲੌ ਜਗ ਜੇਤੋ॥ ਗ੍ਰਸਤ ਸਮਸਤ ਕਾਲ ਕਰ ਤੇਤੋ॥

(ਵੈਰਾਗ ਸ਼ਤਕ ਧਿਆਇ ੧)

ਤਥਾ- ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ
ਕਾਲ ਕੇ ਬਨਾਏ ਸਭੈ ਕਾਲ ਹੀ ਚਬਾਹਿ ਗੇ॥ ੧੮॥੮੮॥

(ਦਸਮ ਗ੍ਰੰਥ ਅਕਾਲ ਉਸਤਤ ਪੰਨਾ ੨੦)

ਤਥਾ-ਕਬਿੱਤ॥

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ, ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ, ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ, ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ, ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ॥ ੭॥ ੭੭॥

ਤਥਾ-

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ, ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ॥
ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ, ਬਡੇ ਬਡੇ ਰਾਜਨ ਕੇ ਦ੍ਰਪ ਕੌ ਦਲਤ ਹੈ॥

ਮਾਨ ਸੇ ਮਹੀਪ ਔ ਦਿਲੀਪ ਕੈਸੇ ਛੱਤ੍ਰਧਾਰੀ, ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ॥
ਦਾਰਾ ਸੇ ਦਿਲੀਸਰ ਦ੍ਰਯੋਧਨ ਸੇ ਮਾਨਧਾਰੀ, ਭੋਗ ਭੋਗ ਭੂੰਮ ਅੰਤ ਭੂੰਮ ਮੈ ਮਿਲਤ ਹੈ॥ ੮॥ ੭੮॥

(ਦਸਮ ਗ੍ਰੰਥ ਅਕਾਲ ਉਸਤਤ ਪੰਨਾ ੧੮)

ਤਥਾ-ਕਈ ਮੇਟ ਡਾਰੇ ਉਸਾਰੇ ਬਨਾਏ॥ ਉਪਾਰੇ ਗੜੇ ਫੇਰਿ ਮੇਟੇ ਉਪਾਏ ॥
ਕ੍ਰਿਆ ਕਾਲ ਜੂ ਕੀ ਕਿਨੂ ਨ ਪਛਾਨੀ॥ ਘਨਯੋ ਪੈ ਬਿਹੈਹੈ ਘਨਯੋ ਪੈ ਬਿਹਾਨੀ ॥ ੨੬॥
ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ॥
ਮਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ॥ ਸਮੈ ਆਪਨੀ ਆਪਨੀ ਅੰਤਿ ਮੂਏ॥ ੨੭॥
ਜਿਤੇ ਅਉਲੀਆ ਅੰਬੀਆ ਹੋਇ ਬੀਤੇ॥ ਤਿਤਯੋ ਕਾਲ ਜੀਤਾ ਨ ਤੇ ਕਾਲ ਜੀਤੇ॥
ਜਿਤੇ ਰਾਮ ਸੇ ਕ੍ਰਿਸ਼ਨ ਹੁਇ ਬਿਸਨ ਆਏ॥ ਤਿਤਯੋ ਕਾਲ ਖਾਪਿਓ ਨ ਤੇ ਕਾਲ ਘਾਏ॥ ੨੮॥
ਤਥਾ-ਕਰੇ ਕੋਟ ਕੋਊ ਧਰੇ ਕੋਟ ਓਟੰ॥ ਬਚੈਗੋ ਨ ਕਿਉ ਹੂੰ ਕਰੈ ਕਾਲ ਚੋਟੰ॥ ੬੧॥
ਤਥਾ-ਕਹੋ ਕੁੰਟ ਕੌਨੈ ਬਿਧੈ ਭਾਜ ਬਾਚੈ॥ ਸਭੰ ਸੀਸ ਕੇ ਸੰਗ ਸ੍ਰੀ ਕਾਲ ਨਾਚੈ॥ ੬੦॥

(ਦਸਮ ਗ੍ਰੰਥ ਬਚਿਤ੍ਰ ਨਾਟਕ)

ਸਲੋਕ ਮਃ ੧ ॥

ਉਥਾਨਕਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ-ਹੇ ਪ੍ਰਭੂ ! ਹਿੰਦੂ ਕਿਸ ਦੁਆਰਾ ਪਰਮੇਸ਼ਰ ਨੂੰ ਸਿਮਰਦੇ ਹਨ ਤੇ ਮੁਸਲਮਾਨ ਕਿਸ ਦੁਆਰਾ ਪਰਮੇਸ਼ਰ ਦੀ ਸਿਫਤ ਕਰਦੇ ਹਨ ?

ਗੁਰ ਉੱਤਰ-

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥

ਮੁਸਲਮਾਨ ਸ਼ਰੀਅਤ ਕਿਤਾਬ ਦੁਆਰੇ ਉਸ ਦੀ ਸਿਫਤ ਕਰਦੇ ਹਨ ਅਤੇ ਉਸੀ ਸ਼ਰ੍ਹਾ ਦੀ ਕਿਤਾਬ ਨੂੰ ਪੜ੍ਹ ਪੜ੍ਹ ਕੇ ਸ਼ਰਹ ਦਾ ਹੀ ਵਿਚਾਰ ਕਰਕੇ ਹਨ।

ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥

ਖੁਦਾ ਦਾ ਦਰਸ਼ਨ ਕਰਨ ਵਾਸਤੇ ਜੋ ਅਕਾਲ ਪੁਰਖ ਦੀ ਬੰਦਗੀ ਕਰਨ ਵਿਚ ਪਏ ਹਨ, ਉਹ ਅਸਲੀ ਬੰਦੇ ਹਨ।

ਯਥਾ-ਬੰਦੀ ਅੰਦਰ ਵਿਰਲੇ ਬੰਦੇ ॥
ਤਥਾ-ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ॥

(ਆਸਾ ਮ: ੧, ਪੰਨਾ ੩੫੯)

ਇਸ ਵਾਸਤੇ ਪੁਰਸ਼ ਨੂੰ ਬੰਦਗੀ ਵਲੋਂ ਹਟਣਾ ਨਹੀਂ ਚਾਹੀਦਾ ਚਾਹੇ ਕਿਤਨੇ ਹੀ ਦੁਖ ਮੁਸੀਬਤ ਵਗੈਰਾ ਆਉਣ।

ਯਥਾ-ਬੰਦੇ ਬੰਦਗੀ ਇਕਤੀਆਰ॥ ਸਾਹਿਬੁ ਰੋਸੁ ਧਰਉ ਕਿ ਪਿਆਰੁ॥ ੧ ॥ ਰਹਾਉ॥

(ਗਉੜੀ ਕਬੀਰ ਜੀ, ਪੰਨਾ ੩੩੮)

ਬੰਦਗੀ ਕਰਨ ਦਾ ਫਲ ਇਹ ਹੈ ਕਿ ਪਰਮਾਤਮਾ ਆਪ ਸਬੰਧੀਆਂ ਵਾਂਗ ਖ਼ਬਰ ਲੈਂਦਾ ਹੈ।

ਯਥਾ-ਬੰਦਉ ਹੋਇ ਬੰਦਗੀ ਗਹੈ॥ ਬੰਦਕ ਹੋਇ ਬੰਧ ਸੁਧਿ ਲਹੈ॥ ੨੯॥

ਭਾਈ ਨੰਦ ਲਾਲ ਜੀ ਨੇ ਜ਼ਿੰਦਗੀ ਨਾਮੇ ਵਿਚ ਕਥਨ ਕੀਤਾ ਹੈ-

ਰੋਜ਼ ਸ਼ਬ ਦਰ ਬੰਦਗੀ ਬਾਸੰਦ ਸ਼ਾਦ॥ ਬੰਦਗੀ ਓ ਬੰਦਗੀ ਓ ਯਾਦਿ ਯਾਦਿ॥

ਦਿਨ ਰਾਤ ਉਸ ਵਾਹਿਗੁਰੂ ਜੀ ਬੰਦਗੀ ਕਰਨ ਨਾਲ ਸ਼ਾਦ=ਅਨੰਦ ਹੈ। ਤਾਂਤੇ ਉਸ ਵਾਹਿਗੁਰੂ ਦੀ ਬੰਦਗੀ ਨੂੰ ਕਰੁ, ਉਸ ਵਾਹਿਗੁਰੂ ਦੀ ਬੰਦਗੀ ਨੂੰ ਕਰੋ।

ਦੌਲਤੇ ਜਾਵੇਦ ਬਾਸ਼ਦ ਬੰਦਗੀ॥ ਬੰਦਗੀ ਕੁਨ ਬੰਦਗੀ ਕੁੰਨ ਬੰਦਗੀ॥

ਜਾਵੇਦ=ਹਮੇਸ਼ਾਂ ਹੀ ਰਹਿਣ ਵਾਲੀ ਦੌਲਤ ਬੰਦਗੀ ਹੈ, ਤਾਂਤੇ ਹੇ ਪੁਰਸ਼ਾ ! ਤੂੰ ਬੰਦਗੀ ਨੂੰ ਕਰ, ਬੰਦਗੀ ਨੂੰ ਕਰ, ਕਿਉਂਕਿ ਇਹ ਬੰਦਗੀ ਹੀ ਪੁਰਸ਼ ਨੂੰ ਪਾਤਸ਼ਾਹੀ ਪ੍ਰਾਪਤ ਕਰਾਉਣ ਵਾਲੀ ਹੈ।

ਯਾਦਿ ਓ ਸਰਮਾਯਹੇ ਈਮਾਂ ਬਵਦ॥ ਹਰ ਗਦਾ ਅਜ਼ ਯਾਦਓ ਸੁਲਤਾਂ ਬਵਦ॥

ਉਸ ਵਾਹਿਗੁਰੂ ਦੀ ਜਿਹੜੀ ਬੰਦਗੀ ਹੈ ਇਹੀ ਧਰਮ ਦੀ ਪੂੰਜੀ ਹੈ। ਹਰ ਇਕ ਗਦਾ=ਗਰੀਬ ਉਸ ਦੀ ਬੰਦਗੀ ਕਰਨ ਨਾਲ ਸੁਲਤਾਂ ਬਵਦ=ਪਾਤਿਸ਼ਾਹ ਹੁੰਦਾ ਹੈ।

ਗਰ ਬਜ਼ੁਰਗੀ ਬਾਯਦ ਤੁ ਕੁਨ ਬੰਦਗੀ॥ ਵਰਨਹ ਆਖਰ ਮੈਂ ਕਸ਼ੀ ਸ਼ਰਮਿੰਦਗੀ॥

ਹੇ ਪੁਰਸ਼ਾ ! ਜੇਕਰ ਤੂੰ ਬਜ਼ੁਰਗੀ=ਵਡਿਆਈ ਚਾਹੁੰਦਾ ਹੈਂ ਤਾਂ ਬੰਦਗੀ ਕਰ। ਵਰਨਹ=ਨਹੀਂ ਤਾਂ ਆਖਰ=ਓੜਕ ਨੂੰ ਖਿਚੀ ਕਰਕੇ ਸ਼ਰਮਿੰਦਾ ਹੋਵੇਂਗਾ।

ਹੋਰ ਗ੍ਰੰਥਾਂ ਦੇ ਪ੍ਰਮਾਣ—

ਇਨਸਾਨ ਬੰਦਗੀ ਤੋਂ ਬਿਨਾਂ ਪਸ਼ੂਆਂ ਵਤ ਹੈ।

ਯਥਾ- ਅਹਾਰ ਨਿੰਦ੍ਰਾ ਭਯ ਮੇਥਨਾਨਿ ਸਾਮਾਨ ਮੇਤਤ ਪਸ ਭਿਰਨਰਾਣਾ।

ਗਜਾਨੰ ਨਰਾਣਾ ਮਧਕੋ ਬਿਸੇਸੋ ਗਜਾਨੇ ਹੀਨਃ ਪਸ ਭਿ ਸਮਾਨਃ

ਤਥਾ- ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥ *(ਗਉੜੀ ਬਾਵਨ ਅਖਰੀ, ਪੰਨਾ ੨੫੧)*

ਇਕ ਫਕੀਰ ਸਾਈਂ ਕੁੱਤੇ ਨੂੰ ਗੋਦ ਵਿਚ ਲਈ ਬੈਠਾ ਸੀ ਤਾਂ ਇਕ ਅਮੀਰ ਤੁਰਦਾ ਓਥੇ ਆ ਪਹੁੰਚਾ। ਉਸ ਨੇ ਪਾਸ ਆ ਕੇ ਪੁਛਿਆ-ਹੇ ਫਕੀਰ ਜੀ ! ਤੁਸੀ ਅੱਛੇ ਹੋ ਜਾਂ ਤੁਹਾਡਾ ਕੁੱਤਾ ?

ਇਹ ਗੱਲ ਸੁਣ ਕੇ ਫਕੀਰ ਜੀ ਬੋਲੇ-ਹੇ ਭਾਈ ! ਇਹ ਕੁੱਤਾ ਹਮੇਸ਼ਾਂ ਸਾਡਾ ਹੁਕਮ ਮੰਨਦਾ ਹੈ। ਅਮੀਰ ਅਤੇ ਫਕੀਰ ਭੀ ਆਪਣੇ ਮਾਲਕ ਦਾ ਹੁੱਕਮ ਮੰਨਣ ਅਤੇ ਉਸ ਦੀ ਬੰਦਗੀ ਕਰਨ ਤਾਂ ਕੁੱਤੇ ਤੋਂ ਹੱਛੇ ਹਨ, ਨਹੀਂ ਤਾਂ ਇਹ ਕੁੱਤਾ ਦੋਨਾਂ ਤੋਂ ਹੱਛਾ ਹੈ।

ਯਥਾ- ਬੁਲ੍ਹਿਆ ਰਾਤੀ ਜਾਗੇ ਸੇਖ ਸਦਾਂਵੇ, ਰਾਤੀ ਜਾਗਨ ਕੁਤੇ ਤੈ ਕੁਨ ਉਤੇ।
ਓਹ ਆਪਣੇ ਸਾਈਂ ਦਾ ਦਰ ਨਾ ਛੋਡਨ, ਚਹੈ ਸੈ ਵਾਰੀ ਪਇਆ ਕੂਟੇ ਤੈ ਕੁਨ ਉਤੇ।
ਓਹ ਸਾਰੀ ਰਾਤ ਪਹਿਰਾ ਦੇਵਨ, ਦਿਹਾਂ ਵੰਞ ਅਰੂੜੀ ਤੇ ਸੁਤੇ ਤੈ ਕੁਨ ਉਤੇ।
ਬੁਲ੍ਹਾਸ਼ਾਹ ਹੁਣ ਮੁਰਸ਼ਦ ਮਨਾ ਘਿਨ, ਨਹੀਂ ਤਾਂ ਬਾਜ਼ੀ ਲੈਂਦੇ ਕੁੱਤੇ ਤੈ ਕੁਨ ਉਤੇ।

ਤਥਾ- ਕਰਮ ਕਮਾਵਣ ਪਸ਼ੂਆਂ ਵਾਲੇ, ਮਾਣਸ ਨਾਮ ਧਰਾਇਆ।
ਖਾਵਣ ਪੀਵਣ ਹੱਸਣ ਖੇਡਣ, ਯੇਹ ਹੈ ਬਹੁਤਾ ਭਾਇਆ।
ਕਬਹੂ ਨ ਬੈਠ ਕੇ ਚਿਤਵਨ ਕੀਤਾ, ਜਿਨ ਸਿਰਜਨਹਾਰ ਉਪਾਇਆ।
ਸੇਵਾ ਦਾਸ ਯੇਹ ਕਰਨੀ ਕਰਕੇ, ਨਿਸਚੇ ਨਰਕ ਸਿਧਾਇਆ।

ਇਸੀ ਵਾਸਤੇ ਮਾਤਾ ਨੇ ਆਪਣੇ ਬੱਚੇ ਫਰੀਦ ਨੂੰ ਉਪਦੇਸ਼ ਦਿੱਤਾ ਹੈ,

ਬੱਚਾ ਕਰ ਲੈ ਰਬ ਦੀ ਬੰਦਗੀ ਨੂੰ। ਛਡ ਦਾਅਵੇ ਦੁਨੀਆਂ ਗੰਦਗੀ ਨੂੰ।
ਪੜ੍ਹ ਸਬਰ ਤੇ ਸ਼ੁਕਰ ਅਕੀਦੇ ਨੂੰ। ਮਾਂ ਮੱਤਾਂ ਦੇਵੇ ਫਰੀਦੇ ਨੂੰ।
ਜਿਨ੍ਹਾਂ ਮਨ ਦੀ ਚਾਹ ਗਵਾਈ ਆ। ਬੱਚਾ ਤਿਨ੍ਹਾਂ ਦੀ ਧੰਨ ਕਮਾਈ ਆ।
ਦੇਖ ਖੋਹਲ ਕੇ ਦਿਲ ਦੇ ਦੀਦੇ ਨੂੰ। ਮਾਂ ਮੱਤਾਂ ਦੇਵੇ ਫਰੀਦੇ ਨੂੰ।

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥

ਹਿੰਦੂ ਲੋਕ ਵੇਦਾਂ ਸ਼ਾਸਤ੍ਰਾਂ ਦੁਆਰੇ ਸਲਾਹੁਣ ਯੋਗ ਪਰਮੇਸ਼ਰ ਨੂੰ ਸਲਾਹੁੰਦੇ ਹਨ।

ਅਥਵਾ:-ਸਲਾਹੁਣੇ ਵਾਲੇ ਹੋ ਕੇ ਸਲਾਹੁੰਦੇ ਹਨ, ਪਰੰਤੂ ਜੋ ਨਿਸ਼ਕਾਮ ਹੋ ਕੇ ਸਲਾਹੁੰਦੇ ਹਨ ਉਹਨਾਂ ਨੂੰ ਅਪਾਰ=ਬੇਅੰਤ ਰੂਪ ਪਰਮੇਸ਼ਰ ਦਾ ਦਰਸ਼ਨ ਹੁੰਦਾ ਹੈ।

ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ॥

ਕਈ ਪੁਰਸ਼ ਤੀਰਥਾਂ 'ਪਰ ਨ੍ਹਾਂਵਦੇ ਹਨ, ਕਈ ਪੁਰਸ਼ ਅਰਚਾ=ਮੂਰਤੀ ਦਾ ਪੂਜਨ ਕਰਦੇ ਹਨ, ਅਗਰ=ਚੰਦਨ ਆਦਿ ਸੁਗੰਧੀਆਂ ਦੀਆਂ ਵਾਸ਼ਨਾਂ ਨੂੰ ਬਹਕਾਰੁ=ਮਹਿਕਾਂਵਦੇ ਭਾਵ ਲਗਾਂਵਦੇ ਹਨ।

ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ॥

ਜਿੰਨੇ ਕੁ ਜੋਗੀ ਸੰਤ ਹਨ, ਉਹ ਅਫੁਰ ਪਰਮਾਤਮਾ ਨੂੰ ਹੀ ਧਿਆਂਵਦੇ ਹਨ, ਜਿਸ ਕਰਤਾਰ ਦਾ ਅਲੱਖ ਨਾਮ ਹੈ।

[ਪੰਨਾ ੪੬੬]

ਸੂਖਮ ਮੂਰਤਿ ਨਾਮੁ ਨਿਰੰਜਨ

ਸੂਖਮ ਸਰੂਪ ਜੋ ਨਿਰੰਜਨ ਨਿਰਗੁਣ ਬ੍ਰਹਮ ਹੈ ਕਈ ਉਸ ਦੇ ਨਾਮ ਨੂੰ ਜਪਦੇ ਹਨ। ਜਿਵੇਂ ਇਥੇ ਮੂਰਤ ਦਾ ਅਰਥ ਸਰੂਪ ਹੈ ਤਿਵੇਂ-

'ਅਕਾਲ ਪੁਰਖ ਕੀ ਦੇਹ ਮੋ ਕੋਟਿਕ ਬਿਸਨ ਮਹੇਸ॥'

ਵਾਲੀ ਤੁਕ ਵਿਖੇ ਦੇਹ ਦਾ ਅਰਥ ਸਰੂਪ ਕਰਨਾ। ਅਕਾਲ ਪੁਰਖ ਦੇ ਸਰੂਪ ਵਿਚ ਕਰੋੜਾਂ ਵਿਸ਼ਨੂੰ ਮਹੇਸ਼ ਆਦਿਕ ਅਧਿਅੱਸਤ ਭਾਵ ਕਲਪਤ ਹੋਏ ਹੋਏ ਵਸ ਰਹੇ ਹਨ।

ਕਾਇਆ ਕਾ ਆਕਾਰੁ॥

ਕਈ ਪੁਰਸ਼ ਕਾਇਆ ਕਾ ਆਕਾਰੁ=ਅਵਤਾਰਾਂ ਦੀ ਉਪਾਸ਼ਨਾ ਕਰਦੇ ਹਨ।

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥

ਸਤਵਾਦੀ ਪੁਰਸ਼ਾਂ ਦੇ ਮਨ ਵਿਖੇ ਸੱਚ ਬੋਲਣ ਕਰਕੇ *ਅਥਵਾ:*-ਸਤ ਦੇ ਨਿਰਣੇ ਕਰ ਕੇ ਸੰਤੋਖ ਉਤਪੰਨ ਹੁੰਦਾ ਹੈ ਤੇ ਦਾਤਿਆਂ ਦੇ ਮਨ ਵਿਚ ਦਾਂਨ ਦੇਣ ਦਾ ਵਿਚਾਰ ਹੋ ਰਿਹਾ ਹੈ।

ਦੇ ਦੇ ਮੰਗਹਿ ਸਹਸਾ ਗੁਣਾ ਸੋਭ ਕਰੇ ਸੰਸਾਰੁ॥

ਪਰ ਦਾਨ ਨੂੰ ਦੇ ਦੇ ਕਰਕੇ ਵਾਹਿਗੁਰੂ ਪਾਸੋਂ ਉਹ ਹਜ਼ਾਰ ਗੁਣਾਂ ਫਲ ਮੰਗਦੇ ਹਨ ਤੇ ਨਾਲ ਹੀ ਇਹ ਮੰਗਦੇ ਹਨ ਕਿ ਸਾਰਾ ਸੰਸਾਰ ਸਾਡੀ ਸੋਭਾ ਕਰੇ।

ਨੋਟ-ਹਿੰਦੂਆਂ ਦੇ ਮਤ ਵਿਖੇ ਹਜ਼ਾਰ ਗੁਣਾਂ ਫਲ ਲਿਖਿਆ ਹੈ। ਮੁਸਲਮਾਨਾਂ ਦੇ ਮਤ ਵਿਚ ਸੱਤਰ ਗੁਣਾਂ ਫਲ ਲਿਖਿਆ ਹੈ।

'ਸਤੀਆ ਮਨਿ ਸੰਤੋਖੁ ਉਪਜੈ'

ਇਕ ਤਾਂ ਸਤਵਾਦੀ ਦਾਤੇ ਹਨ, ਦਾਨ ਦੇ ਕੇ ਜਿਨ੍ਹਾਂ ਦੇ ਮਨ ਵਿਖੇ ਸੰਤੋਖ ਉਤਪੰਨ ਹੁੰਦਾ ਹੈ। ਜੋ ਕਿਸੇ ਫਲ ਮੰਗਣ ਦੀ ਇੱਛਾ ਨਹੀਂ ਕਰਦੇ।

'ਦੇਣੈ ਕੈ ਵੀਚਾਰਿ॥'

ਦੂਜੇ ਉਹ ਦਾਤੇ ਹਨ ਜੋ ਦਾਨ ਦੇਣ ਦੀ ਵਿਚਾਰ ਵਿਚ ਲਗੇ ਰਹਿੰਦੇ ਹਨ ਕਿ ਪਿਛਲੇ ਸਾਲ ਇਤਨਾ ਦਾਨ ਦਿੱਤਾ ਸੀ, ਹੁਣ ਇਤਨਾ ਦਾਨ ਕਰਨਾ ਹੈ।

'ਦੇ ਦੇ ਮੰਗਹਿ ਸਹਸਾ ਗੁਣਾ'

ਤੀਜੇ ਉਹ ਦਾਤੇ ਹਨ ਜੋ ਦਾਨ ਦੇ ਕੇ ਹਜ਼ਾਰਾਂ ਗੁਣਾਂ ਫਲ ਮੰਗਦੇ ਹਨ।

'ਸੋਭ ਕਰੇ ਸੰਸਾਰੁ॥'

ਚੌਥੇ ਉਹ ਦਾਤੇ ਹਨ, ਜੋ ਦਾਨ ਦੇ ਕੇ ਹੋਰ ਕਿਸੇ ਫਲ ਦੀ ਇੱਛਾ ਨਹੀਂ ਕਰਦੇ ਕੇਵਲ ਆਪਣੀ ਸੋਭਾ ਕਰਾਉਣ ਦੀ ਇੱਛਾ ਰੱਖਦੇ ਹੰਨ ਕਿ ਸਾਰਾ ਸੰਸਾਰ ਸਾਡੀ ਸੋਭਾ ਕਰੇ।

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥

ਇਸ ਤਰ੍ਹਾਂ ਚੋਰਾਂ ਦਾ ਮਨ ਚੋਰੀ ਕਰਨ ਵਿਚ, ਯਾਰਾਂ ਦਾ ਮਨ ਪਰ ਇਸਤ੍ਰੀਆਂ ਵਿਚ ਅਤੇ ਕੂੜਿਆਰਾ=ਝੂਠਿਆਂ ਦਾ ਮਨ ਝੂਠ ਬੋਲਣ ਵਿਚ ਖਾਰਾਬਾ=ਭੈੜਿਆਂ ਦਾ ਮਨ ਵੇਕਾਰ=ਖੋਟਿਆਂ ਕੰਮਾਂ ਵਿਚ ਲੱਗ ਰਿਹਾ ਹੈ।

ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ॥

ਇਕ ਐਸੇ ਆਦਮੀ ਭੈੜੇ ਹਨ ਜੋ ਪੂਰਬਲੇ ਜਨਮਾਂ ਦੇ ਕੀਤੇ ਹੋਏ ਪੁੰਨਾਂ ਦਾ ਫਲ ਹੁੰਦਾ ਹੈ ਉਸ ਨੂੰ ਐਥਾਊ=ਇਸ ਲੋਕ ਵਿਚ ਹੀ ਖਾ ਚੱਲਦੇ ਹਨ। ਅਗੋਂ ਸ਼ੁਭ ਕਰਮ ਕੋਈ ਭੀ ਨਹੀਂ ਕਰਦੇ, ਇਸ ਕਰਕੇ ਪ੍ਰਲੋਕ ਵਿਚ ਤਿਨ੍ਹਾਂ ਦੀ ਫਿਰ ਕਾਈ ਕਾਰ=ਕੀ ਹਾਲਤ ਹੋਵੇਗੀ ਭਾਵ ਬੁਰੀ ਹਾਲਤ ਹੋਵੇਗੀ।

ਦੂਜਾ ਅਰਥ-

ਪੂਰਨ ਮਹਾਤਮਾ ਹੋਦਾ=ਹੰਕਾਰ ਨੂੰ ਇਥੇ ਹੀ ਖਾਇ=ਨਾਸ ਕਰਕੇ ਇਕ ਵਾਹਿਗੁਰੂ ਵੱਲ ਚੱਲਦੇ ਹਨ। ਤਿਨ੍ਹਾਂ ਨੂੰ ਅਵਿੱਦਿਆ ਦੀ ਕਾਰ ਫਿਰ ਕੀ ਹੋਣੀ ਹੈ ਭਾਵ ਨਹੀਂ ਹੁੰਦੀ।

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ॥

ਜਲਾਂ ਥਲਾਂ ਤੇ ਇੰਦਰ ਆਦਿ ਦੀਆਂ ਪੁਰੀਆਂ ਅਤੇ ਚੌਦਾਂ ਲੋਕਾਂ ਵਿਚ ਜਿਤਨੇ ਕੁ ਜੀਵ ਹਨ ਅਤੇ ਆਕਾਰਾ ਆਕਾਰ=ਆਕਾਰ ਦਰ ਆਕਾਰ ਜੋ ਜੂੰਆਂ ਲੀਖਾਂ ਆਦਿ ਹਨ।

ਓਇ ਜਿ ਆਖਹਿ ਸੁ ਤੁੰਹੈ ਜਾਣਹਿ ਤਿਨਾ ਭਿ ਤੇਰੀ ਸਾਰ॥

ਓਹ ਜੋ ਕੁਝ ਭੀ ਆਖਦੇ ਹਨ, ਉਹਨਾਂ ਸਾਰਿਆਂ ਦੀ ਗੱਲਬਾਤ ਹੇ ਵਾਹਿਗੁਰੂ ! ਤੂੰ ਆਪ ਹੀ ਜਾਣਦਾ

ਹੈਂ। ਤਿਨ੍ਹਾਂ ਸਭਨਾਂ ਦੀ ਸੰਭਾਲ ਤੇਰੀ ਨਿਗਾਹ ਵਿਚ ਹੈ।

ਯਥਾ- ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥

(ਦਸਮ ਗ੍ਰੰਥ ਚੌ: ੧੧)

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ॥

ਸਤਿਗੁਰ ਦੇਵ ਜੀ ਆਖਦੇ ਹਨ ਹੇ ਸ਼ੇਖ ਬ੍ਰਹਮ ! ਭਗਤਾਂ ਨੂੰ ਕੇਵਲ ਵਾਹਿਗੁਰੂ ਦੇ ਸਲਾਹੁਣ ਦੀ ਭੁਖ=ਇੱਛਾ ਲੱਗੀ ਰਹਿੰਦੀ ਹੈ ਹਮੇਸ਼ਾਂ ਸਤਿਨਾਮੁ ਦਾ ਆਧਾਰੁ=ਆਸਰਾ ਹੋਣ ਕਰਕੇ।

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ॥ ੧॥

ਜੋ 'ਭਗਤ ਜਨ' ਦਿਨੇ ਰਾਤ ਹਮੇਸ਼ਾਂ ਅਨੰਦ ਰਹਿੰਦੇ ਹਨ, ਉਹਨਾਂ ਗੁਣ ਵਾਲਿਆਂ ਦੇ ਪਾ+ਛਾਰੁ=ਰਚਨਾਂ ਦੀ ਧੂੜ ਗ੍ਰਹਿਣ ਕਰ ਤਾਂ ਤੇਰਾ ਉਧਾਰ ਹੋਵੇਗਾ॥ ੧॥

ਮਃ ੧॥

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ, ਹੇ ਪ੍ਰਭੂ ! ਅਸਾਡੇ ਮਤ ਵਿਚ ਇਹ ਲਿਖਿਆ ਹੈ ਜੋ ਇਸ ਲੋਕ ਵਿਚ ਸੜਦੇ ਹਨ ਓਹ ਅੱਗੇ ਦੋਜ਼ਕ ਵਿਚ ਪੈ ਕੇ ਸੜਦੇ ਹਨ। ਹਿੰਦੂ ਲੋਕ ਦੇਹ ਨੂੰ ਸਾੜਦੇ ਹਨ, ਇਸ ਤੇ ਹਿੰਦੂ ਹੀ ਪ੍ਰਲੋਕ ਵਿਚ ਸੜਦੇ ਹਨ। ਏਸ ਤਰ੍ਹਾਂ ਸ਼ੇਖ ਬ੍ਰਹਮ ਨੂੰ ਇਕ ਪੱਖ ਉਪਰ ਖਲੋਤਾ ਦੇਖ ਕੇ ਸਤਿਗੁਰ ਦੇਵ ਜੀ ਇੱਟ ਨੂੰ ਪੱਥਰ ਮਾਰਦੇ ਹਨ। ਹੇ ਸ਼ੇਖ ਬ੍ਰਹਮ ! ਇਹ ਤੇਰਾ ਖਿਆਲ ਬਿਲਕੁਲ ਠੀਕ ਨਹੀਂ।

ਮਿਟੀ ਮੁਸਲਮਾਣ ਕੀ ਪੇੜੈ ਪਈ ਕੁਮ੍ਹਿਆਰ॥

ਮੁਸਲਮਾਨਾਂ ਦੀ ਜੋ ਮਿੱਟੀ ਹੈ ਓਹੋ ਘੁਮਿਆਰ ਦੇ ਪੇੜੈ=ਪੱਲੇ ਪੈਂਦੀ ਹੈ, ਕਿਉਂਕਿ ਜਿਥੇ ਕਬਰ ਅਸਥਾਨ ਵਿਚ ਮੁਰਦੇ ਦਬਦੇ ਹਨ, ਉਸ ਅਸਥਾਨ ਦੀ ਮਿੱਟੀ ਸਮਾਂ ਪਾ ਕੇ ਚਿਕਨੀ ਹੋ ਜਾਂਦੀ ਹੈ ਤੇ ਉਸ ਮਿੱਟੀ ਦੇ ਭਾਂਡੇ ਤੇ ਇੱਟਾਂ ਬਹੁਤ ਚੰਗੇ ਬਣਦੇ ਹਨ। ਇਸ ਵਾਸਤੇ ਉਸ ਮਿੱਟੀ ਨੂੰ ਘੁਮਿਆਰ ਪੁਟ ਕੇ ਲੈ ਆਉਂਦੇ ਹਨ*।

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

ਉਸ ਮਿੱਟੀ ਦੇ ਕੁਝ ਭਾਂਡੇ ਘੜਦੇ ਹਨ ਤੇ ਕੁਝ ਇੱਟਾਂ ਤਿਆਰ ਕਰਦੇ ਹਨ।

ਅਥਵਾ :-ਘੜੇ ਆਦਿ ਭਾਂਡੇ ਤੇ ਇੱਟਾਂ ਤਿਆਰ ਕਰਕੇ ਪਕਾਉਣ ਲਈ ਆਵੀ 'ਪਰ ਚਿਣ ਕੇ ਜਿਸ ਵੇਲੇ ਅੱਗ ਲਾਉਂਦੇ ਹਨ, ਤਿਸ ਵੇਲੇ ਮੁਸਲਮਾਨਾਂ ਦੀ ਮਿੱਟੀ ਜਲਦੀ=ਸੜਦੀ ਹੋਈ ਸੂੰ ਸੂੰ ਕਰਕੇ ਪੁਕਾਰ ਕਰਦੀ ਹੈ।

'ਮਿਟੀ ਮੁਸਲਮਾਨ ਕੀ'

ਇਸ ਤੁਕ ਨੂੰ ਬਦਲਾਣ ਕਰਕੇ ਰਾਮਰਾਇ ਜੀ ਗੱਦੀ ਤੋਂ ਖਾਰਜ ਹੋ ਗਏ ਸਨ। ਇਸ ਦੀ ਸਾਖੀ ਇਸ ਤਰ੍ਹਾਂ ਹੈ-

ਸਾਖੀ-ਰਾਮ ਰਾਇ ਜੀ ਦੀ

ਇਕ ਸਮੇਂ ਕਾਜੀਆਂ ਮੁਲਾਂ ਦੀ ਪ੍ਰੇਰਨਾ ਅਨੁਸਾਰ ਔਰੰਗਜ਼ੇਬ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਵੱਲ ਇਕ

---

*ਮੁਸਲਮਾਨ ਮਤ ਵਿਖੇ ਇਹ ਲਿਖਿਆ ਹੈ, ਆਦਮੀ ਜਿਸ ਵੇਲੇ ਚੱਲਦਾ ਹੈ, ਤਾਂ ਉਸ ਦਾ ਇਕ ਪੈਰ ਬਾਦਸ਼ਾਹ ਦੀ ਕਬਰ ਤੇ ਦੂਜਾ ਪੈਰ ਵਜ਼ੀਰ ਦੀ ਕਬਰ ਤੇ ਆਉਂਦਾ ਹੈ। ਘੁਮਿਆਰ ਦੀ ਮਿੱਟੀ ਦੁਆਰਾ ਸੜਦੇ ਹੋਏ ਦੱਸ ਦੇ ਹਨ ਕਿ ਅਸੀਂ ਸੜ ਰਹੇ ਹਾਂ। ਇਹ ਗੱਲ ਸੁਣ ਕੇ ਤੋਬਾ ਤੋਬਾ ਕਰਨ ਲੱਗ ਪਿਆ।

ਚਿੱਠੀ ਲਿਖੀ ਕਿ ਆਪ ਗੁਰੂ ਸਾਹਿਬ ਜੀ ਦੇ ਅਸਥਾਨ ਤੇ ਬੈਠੇ ਹੋ। ਆਪ ਜੀ ਦੇ ਬਜ਼ੁਰਗ ਸਾਡੇ ਪਾਸ ਆਉਂਦੇ ਰਹੇ ਹਨ ਤੁਸੀਂ ਵੀ ਮੇਹਰਬਾਨੀ ਕਰਕੇ ਦਰਸ਼ਨ ਦਿਓ ਅਤੇ-

'ਮੋਕਉ ਅਜਮਤ ਆਇ ਦਿਖਾਵਹੁ॥ ਮਗ ਖੁਦਾਇਕੇ ਬਾਕ ਸੁਨਾਵਹੁ॥
ਇਤਿਆਦਿਕ ਲਿਖ ਕਰਿ ਪਰਵਾਨਾ॥ ਬਿਨੈ ਸਹਿਤ ਅਰੁ ਨਿਜ ਬਲ ਠਾਨਾ॥'

ਇਸ ਤਰ੍ਹਾਂ ਦੀ ਚਿੱਠੀ ਲਿਖ ਕੇ ਪਾਤਿਸ਼ਾਹ ਨੇ ਦੂਤ ਨੂੰ ਭੇਜਿਆ। ਦੂਤ ਨੇ ਕੀਰਤਪੁਰ ਆ ਕੇ ਸਭ ਵਿਚ ਬੈਠੇ ਹੋਏ ਗੁਰੂ ਹਰਿਰਾਇ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਪਰਵਾਨਾ ਰੱਖ ਦਿੱਤਾ ਤੇ ਪਾਤਿਸ਼ਾਹ ਵਲੋਂ ਬੇਨਤੀ ਕੀਤੀ ਕਿ ਆਪ ਛੇਤੀ ਆ ਕੇ ਦਰਸ਼ਨ ਦਿਓ ਤੇ ਸ਼ਕਤੀਆਂ ਵਿਖਾਓ।

ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਨੇ ਬੇਦੀ, ਤੇਹਣ, ਭੱਲੇ, ਸੋਢੀ ਕੁਲ ਵਾਲੇ ਸਾਰਿਆਂ ਬਜ਼ੁਰਗਾਂ ਨੂੰ ਬੁਲਾ ਕੇ ਕਿਹਾ ਕਿ ਦਿੱਲੀ ਪਤਿ ਬਾਦਸ਼ਾਹ ਗੁਰੂ ਘਰ ਦੀ ਮਹਿਮਾਂ ਸੁਣ ਕੇ ਕਰਾਮਾਤ ਵੇਖਣਾ ਚਾਹੁੰਦਾ ਹੈ। ਐਸਾ ਕੋਈ ਸੂਰਬੀਰ ਪਰਉਪਕਾਰੀ ਹੈ ਜੋ ਸ਼ਕਤੀਆਂ ਵਿਖਾ ਕੇ ਗੁਰੂ ਘਰ ਦੀ ਲੱਜਿਆ ਰਖੇ ?

ਇਹ ਗੱਲ ਸੁਣ ਕੇ ਸਾਰਿਆਂ ਨੇ ਆਪਣੇ ਦਿਲ ਵਿਚ ਵਿਚਾਰਿਆ ਕਿ ਔਰੰਗਜ਼ੇਬ ਬਾਦਸ਼ਾਹ ਕਰੜੇ ਸੁਭਾਉ ਵਾਲਾ ਤੇ ਬੜਾ ਝੂਠਾ ਹੈ, ਜਿਸ ਨੇ ਕਾਂਸ਼ੀ ਮਥਰਾ ਆਦਿ ਹਿੰਦੂਆਂ ਦੇ ਸਾਰੇ ਤੀਰਥ ਵਿਗਾੜ ਦਿੱਤੇ ਹਨ ਅਤੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਕਰਦਾ ਹੈ। ਫੇਰ ਜਿਸ ਦੀ ਸਭਾ ਵਿਚ ਇਕ ਦੂਜੇ ਤੋਂ ਵਧ ਹਜ਼ਾਰਾਂ ਹੀ ਗੁਣੀ ਆਦਮੀ ਬੈਠੇ ਰਹਿੰਦੇ ਹਨ। ਇਤਿਆਦਿਕ ਗੱਲਾਂ ਵਿਚਾਰ ਕੇ ਸਭ ਚੁਪ ਹੋ ਬੈਠੇ ਰਹੇ। ਕਿਤਨੀ ਦੇਰ ਪਿਛੋਂ ਸਭਨਾਂ ਨੇ ਬੇਨਤੀ ਕੀਤੀ-'ਗਰੀਬ ਨਿਵਾਜ ਜੀਓ ! ਓਥੇ ਆਪ ਜੀ ਦਾ ਜਾਣਾ ਹੀ ਯੋਗ ਹੈ। ਆਪ ਜੀ ਤੋਂ ਬਗੈਰ ਹੋਰ ਕਿਸੇ ਦੀ ਪਹੁੰਚ ਨਹੀਂ।'

ਸਰਬ ਸਭਾ ਕੇ ਸੁਨ ਕਰਿ ਬੈਨ। ਸ੍ਰੀ ਹਰਿਰਾਇ ਜਿਨਹੁੰ ਕਿਤ ਭੈਨ।
ਸ੍ਰੀ ਮੁਖਵਾਕ ਸਧੀਰ ਬਖਾਨਜੋ। ਹਮ ਨੇ ਪ੍ਰਣ ਪੂਰਬ ਹੀ ਠਾਨਜੋ।
ਨਹਿ ਮਲੇਛ ਕਉ ਦਰਸ਼ਨ ਦੇਨਾ। ਨਹਿੰ ਕਬ ਤੁਰਕਪਤੀ ਕੋ ਲੇਨਾ।
ਯਾਂਤੇ ਹਮਰੋ ਹੋਇ ਨ ਜਾਨੋ। ਮਿਲਹਿੰ ਨ ਬੋਲਹਿੰ ਨਿਸਚੈ ਜਾਨੋ।

ਇਹ ਗੱਲ ਸੁਣ ਕੇ ਸਭਾ ਵਿਚ ਬੈਠੇ ਸ੍ਰੇਸ਼ਟ ਪੁਰਸ਼ਾਂ ਨੇ ਕਿਹਾ ਕਿ ਆਪ ਜੋ ਭੀ ਕਰੋ ਓਹ ਠੀਕ ਹੈ ਪਰੰਤੂ ਪਾਤਿਸ਼ਾਹ ਨਾਲ ਵਿਗਾੜਨੀ ਚੰਗੀ ਗੱਲ ਨਹੀਂ, ਜੇ ਇਸ ਨਾਲ ਵਿਗਾੜ ਲਈ ਤਾਂ ਸਤੁਦ੍ਰਵ ਨਦੀ ਦੇ ਕਿਨਾਰੇ ਇਸ ਰਮਣੀਕ ਜਗ੍ਹਾਂ ਤੇ ਰਹਿਣਾ ਫੇਰ ਸਾਡਾ ਨਹੀਂ ਹੋਵੇਗਾ।

ਇਹ ਗੱਲਾਂ ਕਰ ਹੀ ਰਹੇ ਸਨ ਜੋ ਗੁਰੂ ਹਰਿਰਾਇ ਸਾਹਿਬ ਜੀ ਦੇ ਵਡੇ ਸਪੁਤ੍ਰ ਰਾਮਰਾਇ ਜੀ ਆ ਗਏ। ਸਭਾ ਦੇ ਵਿਚ ਬੇਦੀ, ਤੇਹਣ, ਭੱਲੇ ਅਤੇ ਸੋਢੀ ਕੁਲ ਦੇ ਸਾਰੇ ਆਦਮੀ ਬੈਠੇ ਹੋਏ ਵੇਖ ਕੇ ਆਖਦੇ ਹਨ, ਐਸਾ ਕੌਣ ਕਾਰਜ ਹੈ ਜੋ ਸਾਰੇ ਇਕੱਠੇ ਹੋ ਕੇ ਸਲਾਹਵਾਂ ਕਰ ਰਹੇ ਹੋ ? ਇਹ ਸੁਣ ਕੇ ਇਕ ਬੇਦੀ ਨੇ ਕਿਹਾ ਹਿੰਦੂਆਂ ਦੇ ਵੈਰੀ ਔਰੰਗਜ਼ੇਬ ਬਾਦਸ਼ਾਹ ਨੇ ਕਰਾਮਾਤਾਂ ਵੇਖਣ ਵਾਸਤੇ ਦਿੱਲੀ ਬੁਲਵਾ ਭੇਜਿਆ ਹੈ, ਸਾਰੇ ਇਕੱਠੇ ਹੋ ਕੇ ਉਸ ਉੱਤੇ ਵਿਚਾਰ ਕਰ ਰਹੇ ਹਨ ਕਿ ਐਸਾ ਕੌਣ ਹੈ ਜੋ ਸ਼ਕਤੀਆਂ ਵਿਖਾ ਕੇ ਸਾਰੀ ਸਭਾ ਨੂੰ ਜਿੱਤ ਕੇ ਪਾਤਿਸ਼ਾਹ ਨੂੰ ਦਬਾ ਕੇ ਚੁਪ ਕਰਾਵੇ। ਇਹ ਗੱਲ ਸੁਣ ਕੇ ਰਾਮਰਾਇ ਜੀ ਨੇ ਕਿਹਾ ਜਿਥੇ ਜਾਣਾ ਲਖਦੇ ਹੋ ਓਥੇ ਕਿਉਂ ਨਹੀਂ ਜਾਂਦੇ ? ਗਏ ਬਿਨਾਂ ਜਿਥੇ ਨਹੀਂ ਬਣ ਆਉਂਦੀ ਓਥੇ ਚੱਲਣਾ ਹੀ ਚਾਹੀਦਾ ਹੈ।

ਅਕਲਮੰਦਾਂ ਨੇ ਰਾਮਰਾਇ ਜੀ ਪਾਸੋਂ ਇਸ ਤਰ੍ਹਾਂ ਦੇ ਧੀਰਜ ਵਾਲੇ ਬਚਨ ਸੁਣ ਕੇ ਆਖਿਆ ਆਪ ਕਿਉਂ

ਨਹੀਂ ਜਾਂਦੇ ? ਤੁਸੀਂ ਹੀ ਸਭ ਦੇ ਸਹਾਇਕ ਬਣ ਕੇ ਜਾਓ ਤੇ ਬਾਦਸ਼ਾਹ ਦੇ ਹੰਕਾਰ ਨੂੰ ਦੂਰ ਕਰੋ। ਉਸ ਵੇਲੇ ਰਾਮਰਾਇ ਜੀ ਨੇ ਕਿਹਾ ਜੇ ਤੁਹਾਡੀ ਸਾਰਿਆਂ ਦੀ ਮਰਜ਼ੀ ਮੈਨੂੰ ਭੇਜਣ ਦੀ ਹੈ ਤਾਂ ਗੁਰੂ ਸਾਹਿਬ ਜੀ ਪ੍ਰਸੰਨ ਹੋ ਕੇ ਕਰਾਮਾਤਾਂ ਦੇ ਕੇ ਭੇਜਣ ਜੋਗਾ ਕਰ ਦੇਣ, ਕਿਉਂਕਿ ਓਥੇ ਅਜ਼ਮਤ ਤੋਂ ਬਗੈਰ ਕੋਈ ਕੰਮ ਪੂਰਾ ਨਹੀਂ ਹੋਣਾ। ਇਹ ਗੱਲ ਸੁਣ ਕੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਵਰ ਦਿਤਾ।

ਚੌਪਈ- *ਤਵ ਰਸਨਾ ਪਰ ਕਰ ਹੈਂ ਬਾਸਾ। ਜੋ ਤਿਸਤੇ ਹੋਇ ਬਾਕ ਪ੍ਰਕਾਸ਼ਾ।*
ਕਬਹੁ ਅੰਨਥਾ ਹੋਇ ਸੁ ਨਾਹੀਂ। ਸਫਲਹਿ ਤਤ ਛਿਨ ਬਾਦ ਨ ਜਾਹੀਂ ॥ ੧ ॥
ਤੀਨ ਲੋਕ ਮਹਿ ਆਇਸੁ ਜਿਮ ਕਹਿ। ਸੁਰ ਨਰ ਨਾਗ ਸੁਨਤਿ ਹੀ ਹਿਤਲਹਿ।
ਤਤ ਛਿਨ ਕਰਹਿੰ ਤਿਸੀ ਬਿਧਿ ਸਾਰੇ। ਤੋਹਿ ਬਾਕ ਨਹਿ ਕੋ ਹਟਖਾਰੇ ॥ ੨ ॥

ਇਸ ਤਰ੍ਹਾਂ ਦੇ ਵਰ ਵਾਲੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਪਿਤਾ ਜੀ ਦੇ ਚਰਨਾਂ 'ਪਰ ਮੱਥਾ ਟੇਕ ਕੇ ਆਗਿਆ ਲੈ ਕੇ ਪਾਲਕੀ 'ਪਰ ਚੜ੍ਹ ਕੇ ਦਿੱਲੀ ਆ ਪਹੁੰਚੇ । ਜਮਨਾ ਦੇ ਕਿਨਾਰੇ ਮਜਨੂੰ ਦੇ ਟਿੱਲੇ 'ਪਰ ਡੇਰਾ ਕੀਤਾ। ਦੂਤ ਨੇ ਬਾਦਸ਼ਾਹ ਨੂੰ ਜਾ ਕੇ ਖ਼ਬਰ ਦਿੱਤੀ ਕਿ ਗੁਰੂ ਸਾਹਿਬ ਜੀ ਆਪ ਨਹੀਂ ਆਏ ਪਰ ਉਹਨਾਂ ਨੇ ਆਪਣਾ ਪੁੱਤ੍ਰ ਭੇਜਿਆ ਹੈ ਤੇ ਗੁਰੂ ਜੀ ਨੇ ਮੈਨੂੰ ਇਸ ਤਰ੍ਹਾਂ ਕਿਹਾ ਹੈ ਕਿ ਬਾਦਸ਼ਾਹ ਜੋ ਵੀ ਅਜ਼ਮਤ ਵੇਖਣਾ ਚਾਹੇ ਸੋ ਇਹਨਾਂ ਪਾਸੋਂ ਵੇਖ ਲਵੇ। ਅਸਾਂ ਨੇ ਸਭ ਸ਼ਕਤੀਆਂ ਇਹਨਾਂ ਨੂੰ ਦੇ ਦਿੱਤੀਆਂ ਹਨ।

ਅਗੋਂ ਬਾਦਸ਼ਾਹ ਨੇ ਦਿਲ ਵਿਚ ਵਿਚਾਰਿਆ ਕਿ ਕੋਈ ਗੱਲ ਨਹੀਂ, ਪਿਓ ਪੁਤਰ ਵਿਚ ਕੋਈ ਫ਼ਰਕ ਨਹੀਂ ਹੁੰਦਾ। ਉਸ ਵੇਲੇ ਬਾਦਸ਼ਾਹ ਨੇ ਮਿਹਮਾਨੀ ਵਾਸਤੇ ਇਕ ਬਕਰਾ ਭੇਜ ਦਿੱਤਾ ਕਿ ਆਪ ਇਸ ਦਾ ਭੋਜਨ ਕਰੀਏ। ਰਾਮਰਾਇ ਜੀ ਨੇ ਉਸ ਬਕਰੇ ਨੂੰ ਮਾਰ ਕੇ ਬਕਰੇ ਦੀ ਇਕ ਟੰਗ ਕਾਜ਼ੀ ਦੇ ਘਰ ਭੇਜ ਦਿੱਤੀ । ਪਿਛੋਂ ਬਾਦਸ਼ਾਹ ਨੇ ਕਹਿ ਭੇਜਿਆ ਕਿ ਮੈਂ ਭੁਲੇਖੇ ਵਿਚ ਬਕਰਾ ਭੇਜ ਬੈਠਾ ਸਾਂ, ਓਹ ਬਕਰਾ ਸ਼ਹਿਜ਼ਾਦੇ ਦਾ ਸੀ, ਉਸ ਤੋਂ ਬਗੈਰ ਸ਼ਹਿਜ਼ਾਦਾ ਪਰਚਦਾ ਨਹੀਂ, ਆਪ ਓਹੀ ਬਕਰਾ ਭੇਜ ਦਿਓ।

ਰਾਮਰਾਇ ਜੀ ਨੇ ਵਿਚਾਰਿਆ ਏਥੇ ਕਰਾਮਾਤ ਦਾ ਕੰਮ ਹੈ, ਉਸ ਵੇਲੇ ਆਪਣੀ ਅਜ਼ਮਤ ਨਾਲ ਤਿੰਨ ਟੰਗਾਂ ਵਾਲਾ ਬਕਰਾ ਤਿਆਰ ਕਰਕੇ ਭੇਜ ਦਿੱਤਾ ਤੇ ਨਾਲ ਸੁਨੇਹਾ ਦਿੱਤਾ ਕਿ ਇਸ ਬਕਰੇ ਦੀ ਇਕ ਟੰਗ ਕਾਜ਼ੀ ਪਾਸ ਹੈ, ਇਸ ਲਈ ਚੌਥੀ ਟੰਗ ਕਾਜ਼ੀ ਲੱਗਾ ਕੇ ਦੇਵੇ।

ਇਸ ਅਸਚਰਜ ਕੌਤਕ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਭਰੀ ਸਭਾ ਵਿਚ ਕਾਜ਼ੀ ਬਹੁਤ ਸ਼ਰਮਿੰਦਾ ਹੋਇਆ ਪਰ ਕਾਜ਼ੀ ਚੌਥੀ ਟੰਗ ਬਕਰੇ ਦੀ ਨਾ ਲੱਗਾ ਸਕਿਆ। ਸਿਧਾਂਤ ਕੀ ਇਤਿਆਦੀ ੭੨ ਕਰਾਮਤਾਂ ਮੁਖ ਮੁਖ ਅਤੇ ਛੋਟੀਆਂ ਸਾਰੀਆਂ ਪਾ ਕੇ ੩੬੦ ਕਰਾਮਾਤਾਂ ਵਿਖਾਈਆਂ ਹਨ।

ਇਕ ਦਿਨ ਫੇਰ ਕਾਜ਼ੀਆਂ ਮੁਲਾਂ ਦੀ ਪ੍ਰੇਰਨਾ ਨਾਲ ਬਾਦਸ਼ਾਹ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ-

"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥"

ਕਿਉਂ ਕਿਹਾ ਹੈ ? ਇਹ ਗੱਲ ਸੁਣ ਕੇ ਰਾਮਰਾਇ ਜੀ ਲਿਹਾਜ਼ ਕਰ ਗਏ। ਆਖਦੇ ਹਨ-'ਮਿਟੀ ਬੇਈਮਾਨ ਕੀ' ਹੋਣਾ ਚਾਹੀਦਾ ਹੈ।

ਇਸ ਜਗ੍ਹਾਂ ਰਾਮਰਾਇ ਜੀ ਨੂੰ ਚਾਹੀਦਾ ਸੀ ਸਾਰੀਆਂ ਇੱਟਾਂ ਨੂੰ ਬੁਲਾਂਵਦੇ ਤੇ ਉਹ ਆਖਦੀਆਂ ਕਿ ਅਸੀਂ ਠੀਕ ਮੁਸਲਮਾਨ ਦੀ ਮਿੱਟੀ ਹਾਂ ਪਰੰਤੂ ਬਾਦਸ਼ਾਹ ਦੇ ਲਿਹਾਜ਼ ਕਰਨ 'ਪਰ ਗੁਰੂ ਸਾਹਿਬ ਜੀ ਦੀ ਤੁਕ ਉਲਟਾਣ ਨਾਲ ਰਾਮਰਾਇ ਜੀ ਗੱਦੀਓਂ ਖਾਰਜ ਹੋ ਗਏ।

(ਇਹ ਸਾਰਾ ਪ੍ਰਸੰਗ ਸੂਰਜ ਪ੍ਰਤਾਪ ਰਾਸ ਨੌਵੀਂ ਅੰਸੂ ੩੪ ਤੋਂ ਲੈ ਕੇ ੫੭ ਅੰਸੂ ਤੱਕ ਹੈ।)

ਦੂਸਰਾ ਅਰਥ-

'ਮਿਟੀ ਮੁਸਲਮਾਨ ਕੀ'

ਪੰਜਾਂ ਤੱਤਾਂ ਰੂਪੀ ਮਿੱਟੀ ਦਾ ਰਚਿਆ ਹੋਇਆ ਜੋ ਮੁਸ਼ਲ=ਸਰੀਰ ਹੈ ਇਸ ਦਾ ਮਾਨ=ਹੰਕਾਰ ਕੀ ਕਰਨਾ ਹੈ।

'ਪੇੜੈ ਪਈ ਕੁਮ੍ਹਿਆਰ॥'

ਕੁਮ੍ਹਿਆਰ=ਬ੍ਰਹਮਾ ਦੇ ਪੇੜੈ=ਪੱਲੇ ਵਿਖੇ ਪੰਜਾਂ ਤੱਤਾਂ ਰੂਪੀ ਮਿੱਟੀ ਪਈ ਹੈ।

'ਘੜਿ ਭਾਂਡੇ ਇਟਾ ਕੀਆ'

ਕੁਛ ਤਾਂ ਭਾਂਡੇ=ਚੇਤਨ ਬਣਾਏ ਹਨ ਤੇ ਕੁਛ ਇਟਾ=ਜੜ ਰਚਨਾ ਕੀਤੇ ਹਨ।

'ਜਲ-ਦੀ ਕਰੇ ਪੁਕਾਰ॥'

ਜਲ-ਦੀ=ਸੜਦੀ ਹੋਈ ਮਾਤਾ ਦੇ ਉਦਰ ਵਿਚ ਜੀਵ ਰੂਪੀ ਇਸਤ੍ਰੀ ਪੁਕਾਰਾਂ ਨੂੰ ਕਰਦੀ ਹੈ।

ਜਲਿ ਜਲਿ ਰੋਵੈ ਬਪੁੜੀ

ਬਪੁੜੀ=ਵਿਚਾਰੀ ਜੀਵ ਰੂਪੀ ਇਸਤਰੀ ਵਿਹਾਰਾਂ ਵਿਚ ਜਲ ਜਲ ਕੇ ਰੁਦਨ ਕਰਦੀ ਹੈ।

ਝੜਿ ਝੜਿ ਪਵਹਿ ਅੰਗਿਆਰ॥

ਦੁੱਖ ਵਿਚ ਹੋਰ ਦੁੱਖ ਹੁੰਦਾ ਹੈ।

ਦੁਖ ਮਾਂਝ ਦੁਖ ਹੋਰ॥ ਲਾਭ ਹੋਤ ਸਾਂਝ ਭੋਰ॥ *(ਵੈਰਾਗ ਸ਼ਤਕ)*

*ਅਥਵਾ:-*ਅੰਤ ਨੂੰ ਮਸਾਣ ਭੂਮਕਾ ਵਿਚ ਅੱਗ ਦੇ ਅੰਗਿਆਰੇ ਝੜ ਝੜ ਪੈਂਦੇ ਹਨ।

*ਅਥਵਾ:-*ਪ੍ਰਲੋਕ ਵਿਖੇ ਨਰਕ ਅਗਨੀ ਵਿਚ ਅੰਗਿਆਰੇ ਝੜ ਝੜ ਕੇ ਪੈਂਦੇ ਹਨ।

ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥ ੨॥

ਸਤਿਗੁਰ ਦੇਵ ਜੀ ਆਖਦੇ ਹਨ-ਜਿਸ ਕਰਤੇ=ਵਾਹਿਗੁਰੂ ਨੇ ਇਹ ਕਾਰਣੁ=ਪ੍ਰਪੰਚ ਕੀਤਾ ਹੈ, ਸੋਈ ਅਕਾਲ ਪੁਰਖ ਸਭ ਜੀਵਾਂ ਦੀ ਗੱਲ ਬਾਤ ਨੂੰ ਜਾਣਦਾ ਹੈ।

ਪਉੜੀ॥

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥

ਸਤਿਗੁਰਾਂ ਤੋਂ ਬਿਨਾਂ ਪਿਛੇ ਵੀ ਕਿਸੇ ਨੇ ਪਰਮੇਸ਼ਰ ਨੂੰ ਨਹੀਂ ਪਾਇਆ। ਹੁਣ ਵੀ ਸਤਿਗੁਰਾਂ ਤੋਂ ਬਿਨਾਂ ਕਿਸੀ ਨੇ ਪਰਮੇਸ਼ਰ ਨੂੰ ਨਹੀਂ ਪਾਇਆ।

*ਅਥਵਾ:-*ਸਤਿਗੁਰਾਂ ਤੋਂ ਬਿਨਾਂ ਨਾ ਹਿੰਦੂਆਂ ਨੇ ਪਰਮੇਸ਼ਰ ਨੂੰ ਪਾਇਆ ਹੈ ਸਤਿਗੁਰਾਂ ਤੋਂ ਬਿਨਾਂ ਨਾ ਮੁਸਲਮਾਨਾਂ ਨੇ ਪਰਮੇਸ਼ਰ ਨੂੰ ਪਾਇਆ ਹੈ, ਕਿਉਂਕਿ-

ਹੈ ਨਿਕਟੇ ਅਰੁ ਭੇਦੁ ਨ ਪਾਇਆ॥ ਬਿਨੁ ਸਤਿਗੁਰ ਸਭ ਮੋਹੀ ਮਾਇਆ॥

(ਭੈਰਉ ਮ: ੫ ਪੰਨਾ ੧੧੩੯)

*ਯਥਾ-*ਸਤਿਗੁਰ ਵਿਣੁ ਕਿਨੈ ਨ ਪਾਇਆ ਮਨਿ ਵੇਖਹੁ ਰਿਦੈ ਬੀਚਾਰਿ॥

(ਮਲਾਰ ਪੰਨਾ ੧੨੭੬)

ਤਥਾ-ਬਿਨੁ ਸਤਿਗੁਰ ਕਿਨੈ ਨ ਪਾਇਓ ਮਨਿ ਵੇਖਹੁ ਕੋ ਪਤੀਆਇ॥

(ਮਲਾਰ ਮਃ ੩, ਪੰਨਾ ੧੨੭੭)

ਤਥਾ- ਬਿਨੁ ਗੁਰ ਦਾਤੇ ਕਿਨੈ ਨ ਪਾਇਆ॥ ਮਨਮੁਖ ਲੋਭਿ ਦੂਜੈ ਲੋਭਾਇਆ॥
ਐਸੇ ਗਿਆਨੀ ਬੂਝਹੁ ਕੋਇ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ॥ ੪॥

(ਮਲਾਰ ਮਃ ੩, ਪੰਨਾ ੧੨੭੭)

ਤਥਾ-ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ॥

(ਸਿਰੀਰਾਗੁ ਮਃ ੧, ਪੰਨਾ ੫੮)

ਸਤਿਗੁਰ ਵਿਚਿ ਆਪੁ ਰਖਿਓਨੁ

ਕਿਉਂਕਿ ਸਤਿਗੁਰਾਂ ਵਿਚ ਪਰਮੇਸ਼ਰ ਨੇ ਆਪਣਾ ਆਪ ਰੱਖਿਆ ਹੋਇਆ ਹੈ।

ਯਥਾ-ਗੁਰ ਪਰਮੇਸਰ ਏਕੋ ਜਾਣ॥

ਕਰਿ ਪਰਗਟੁ ਆਖਿ ਸੁਣਾਇਆ॥

ਇਹ ਬਚਨ, ਵੇਦਾਂ ਸ਼ਾਸਤ੍ਰਾਂ ਨੇ ਪ੍ਰਗਟ ਆਖ ਕੇ ਸੁਣਾਇਆ ਹੈ।

ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥

ਸਤਿਗੁਰਾਂ ਨਾਲ ਮਿਲਣ ਕਰਕੇ ਸਦਾ ਮੋਖ ਦੀ ਪ੍ਰਾਪਤੀ ਹੁੰਦੀ ਹੈ।

ਯਥਾ-ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ॥ ੧॥

(ਮਲਾਰ ਮਃ ੩, ਪੰਨਾ ੧੨੭੬)

ਪਰੰਤੂ ਜਿਨ੍ਹਾਂ ਨੇ ਪਹਿਲੇ ਆਪਣੇ ਹਿਰਦੇ ਵਿਚੋਂ ਪਦਾਰਥਾਂ ਅਤੇ ਸਬੰਧੀਆਂ ਦੇ ਮੋਹ ਨੂੰ ਚੁਕਾਇਆ=ਦੂਰ ਕੀਤਾ ਹੈ।

ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥

ਇਹ ਉੱਤਮ ਵੀਚਾਰ ਤਿਨ੍ਹਾਂ ਨੂੰ ਪ੍ਰਾਪਤ ਹੋਇਆ ਹੈ ਜਿਨ੍ਹਾਂ ਨੇ ਸੱਚੇ ਗੁਰਾਂ ਦੇ ਉਪਦੇਸ਼ ਨਾਲ ਚਿਤ ਨੂੰ ਲਗਾਇਆ ਹੈ।

ਅਥਵਾ- ਜਿਨ੍ਹਾਂ ਨੇ ਸੱਚੇ ਵਾਂਹਿਗੁਰੂ ਨਾਲ ਚਿਤ ਨੂੰ ਲਗਾਇਆ ਹੈ।

ਜਗਜੀਵਨੁ ਦਾਤਾ ਪਾਇਆ ॥ ੬॥

ਉਹਨਾਂ ਪੁਰਸ਼ਾਂ ਨੇ ਹੀ ਜਗਜੀਵਨੁ ਦਾਤਾ=ਅਕਾਲ ਪੁਰਖ ਨੂੰ ਪਾਇਆ ਹੈ॥ ੬॥

ਸਲੋਕ ਮਃ ੧॥

ਉਥਾਨਕਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਇਹ ਜੀਵ ਆਉਂਦਾ ਜਾਂਦਾ ਕਿਉਂ ਹੈ ?

ਹਉ ਵਿਚਿ ਆਇਆ ਹਉ ਵਿਚਿ ਗਇਆ॥

ਉੱਤਰ-ਹੰਗਤਾ ਵਿਚ ਜੀਵ ਆਉਂਦਾ ਹੈ, ਹੰਗਤਾ ਵਿਚ ਹੀ ਜਾਂਦਾ ਹੈ। ਅਰਥਾਤ ਮਾਇਆ ਕਰਕੇ ਆਉਂਦਾ ਹੈ, ਮਾਇਆ ਕਰਕੇ ਜਾਂਦਾ ਹੈ।

ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥

ਹੰਗਤਾ ਵਿਚ ਜੰਮਦਾ ਹੈ, ਹੰਗਤਾ ਵਿਚ ਮਰਦਾ ਹੈ।

*ਯਥਾ-*ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥

(ਵਾਰ ਬਿਹਾਗੜਾ ਸਲੋਕ ੧੯, ਪੰਨਾ ੫੫੫)

ਹਉ ਵਿਚਿ ਦਿਤਾ ਹਉ ਵਿਚਿ ਲਇਆ ॥

ਹੰਗਤਾ ਵਿਚ ਦੇਂਦਾ ਹੈ, ਹੰਗਤਾ ਵਿਚ ਲੈਂਦਾ ਹੈ*।

ਹਉ ਵਿਚਿ ਖਟਿਆ ਹਉ ਵਿਚਿ ਗਇਆ ॥

ਹੰਗਤਾ ਵਿਚ ਧਨ ਖਟਦਾ ਹੈ, ਹੰਗਤਾ ਵਿਚ ਹੀ ਸਭ ਕੁਝ ਗਵਾ ਦੇਂਦਾ ਹੈ ਭਾਵ ਘਾਟਾ ਪਾ ਦੇਂਦਾ ਹੈ।

ਹਉ ਵਿਚਿ ਸਚਿਆਰੁ ਕੂੜਿਆਰੁ ॥

ਸੱਚਾਈ ਵਿਚ ਪਰਵਿਰਤ ਹੋਣਾ ਭੀ ਹੰਗਤਾ ਵਿਚ ਹੈ ਤੇ ਕੂੜਿਆਰੁ=ਝੂਠ ਵਿਚ ਪ੍ਰਵਿਰਤ ਹੋਣਾ ਭੀ ਹੰਗਤਾ ਵਿਚ ਹੈ। ਇਹ ਨਿਯਮ ਸਮਝ ਲਵੋ ਕਿ ਗਿਆਨ ਤੱਕ ਜਿਤਨੇ ਕੁ ਸਾਧਨ ਹਨ, ਇਹ ਸਭ ਹੰਗਤਾ ਵਿਚ ਅਰਥਾਤ ਮਾਇਆ ਵਿਚ ਹਨ।

ਹਉ ਵਿਚਿ ਪਾਪ ਪੁੰਨ ਵੀਚਾਰੁ ॥

ਪਾਪਾਂ ਪੁੰਨਾਂ ਦਾ ਵਿਚਾਰ ਭੀ ਹੰਗਤਾ ਵਿਚ ਹੈ।

ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥

ਨਰਕਾਂ ਸੁਰਗਾਂ ਵਿਚ ਉਤਰਨਾ ਵੀ ਹੰਗਤਾ ਵਿਚ ਹੈ।

ਹਉ ਵਿਚਿ ਹਸੈ ਹਉ ਵਿਚਿ ਰੋਵੈ ॥

ਹੱਸਣਾ ਭੀ ਹੰਗਤਾ ਵਿਚ ਹੈ, ਰੋਣਾ ਭੀ ਹੰਗਤਾ ਵਿਚ ਹੈ।

ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥

ਪਾਪਾਂ ਨਾਲ ਭਰਨਾ ਭੀ ਹੰਗਤਾ ਵਿਚ ਹੈ। ਪਾਪਾਂ ਰੂਪੀ ਮੈਲ ਦਾ ਨਾਮ ਰੂਪ ਜਲ ਨਾਲ ਧੋਣਾ ਭੀ ਹੰਗਤਾ ਵਿਚ ਹੈ।

ਹਉ ਵਿਚਿ ਜਾਤੀ ਜਿਨਸੀ ਖੋਵੈ ॥

'ਬ੍ਰਹਮਣੋਹੰ, ਖਤ੍ਰੀਓਹੰ' ਆਦਿ ਜ਼ਾਤੀਆਂ ਭੀ ਹੰਗਤਾ ਵਿਚ ਹਨ ਅਤੇ ਹਾਥੀ, ਊਠ, ਘੋੜੇ ਆਦਿਕ ਜਿਨਸਾਂ ਭੀ ਹੰਗਤਾ ਵਿਚ ਹਨ ਅਤੇ ਇਨ੍ਹਾਂ ਜ਼ਾਤੀ ਅਭਿਮਾਨ ਦਾ ਖੋਹਣਾ ਭੀ ਹੰਗਤਾ ਵਿਚ ਹੈ।

ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥

ਮੂਰਖ ਹੋਣਾ ਭੀ ਹੰਗਤਾ ਵਿਚ ਹੈ ਅਤੇ ਸਿਆਣਾ ਹੋਣਾ ਭੀ ਹੰਗਤਾ ਵਿਚ ਭਾਵ ਮਾਇਆ ਵਿਚ ਹੈ।

**ਯਥਾ-ਬਿਆਸ ਭਗਵਾਨ ਜੀ ਨੇ ਸਰੀਰਕ ਸ਼ਾਸਤ੍ਰ ਰਚਿਆ ਹੈ, ਉਸ ਦੇ ਅਧਿਆਸ ਭਾਸ਼ ਵਿਖੇ ਜੋ ਕਿ ਸ਼ੰਕਰਾਚਾਰਜ ਜੀ ਨੇ ਕੀਤਾ ਹੈ ਉਸ ਵਿਖੇ ਵੀ ਅਹੰਮਮ ਅਧਿਆਸ ਹੈ, ਅਹੰਮਮ ਅਧਿਆਸ ਦੇ ਵਿਚ ਸਾਰਾ ਸੰਸਾਰ ਕਥਨ ਕੀਤਾ ਹੈ।*

ਮੋਖ ਮੁਕਤਿ ਕੀ ਸਾਰ ਨ ਜਾਣਾ ॥

ਮੋਖ ਮੁਕਤਿ=ਕੇਵਲ ਮੁਕਤੀ ਦੀ ਸਾਰ ਸੰਭਾਲ ਨਹੀਂ ਜਾਣਦਾ।

ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥

ਮਾਇਆ=ਛਲ ਵਿਚ ਲੱਗਣਾ ਭੀ ਹੰਗਤਾ ਵਿਚ ਹੈ ਅਤੇ ਛਾਇਆ=ਅਵਿੱਦਿਆ ਹੋਣੀ ਭੀ ਹੰਗਤਾ ਵਿਚ ਹੈ। *ਅਥਵਾ:*-ਮਾਇਆ ਵਿਚ ਉਸ ਚੇਤਨ ਦਾ ਜੋ ਛਾਇਆ=ਪ੍ਰਤਿਬਿੰਬ ਪੈ ਰਿਹਾ ਹੈ ਭਾਵ ਈਸ਼ਵਰ ਰੂਪ ਹੋ ਰਿਹਾ ਹੈ, ਓਹ ਵੀ ਹੰਗਤਾ ਹੀ ਹੰਗਤਾ ਵਿਚ ਹੈ।

ਹਉਮੈ ਕਰਿ ਕਰਿ ਜੰਤ ਉਪਾਇਆ ॥

ਹੰਗਤਾ ਕਰਕੇ ਹੀ ਮੁੜ ਮੁੜ ਕੇ ਜੀਵਾਂ ਨੂੰ ਉਤਪਤ ਕੀਤਾ ਜਾਂਦਾ ਹੈ। ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਹੈ ਪ੍ਰਭੂ ! ਇਹ ਜੀਵ ਕਿਵੇਂ ਤਰੇ ? *ਉੱਤਰ-*

ਹਉਮੈ ਬੂਝੈ ਤਾ ਦਰੁ ਸੂਝੈ ॥

ਹੰਗਤਾ ਬੂਝੈ=ਬੁਝ ਜਾਵੇ ਭਾਵ ਦੂਰ ਹੋਵੇ ਤਾਂ ਦਰੁ=ਅੰਦਰ ਹੀ ਪਰਮੇਸ਼ਰ ਸੂਝੈ=ਪ੍ਰਗਟ ਹੁੰਦਾ ਹੈ।

ਪੁਨਾ-ਬੇਨਤੀ ਕੀਤੀ ਹੰਗਤਾ ਕਿਵੇਂ ਦੂਰ ਹੋਵੇ ?

ਉੱਤਰ-ਗਿਆਨ ਦੇ ਹੋਣ ਕਰਕੇ ਹੰਗਤਾ ਦੂਰ ਹੁੰਦੀ ਹੈ।

ਗਿਆਨ ਵਿਹੂਣਾ ਕਥਿ ਕਥਿ ਲੂਝੈ ॥

ਜਿਸ ਗਿਆਨ ਤੋਂ ਬਿਨਾਂ ਇਹ ਜੀਵ ਕਥਾ ਨੂੰ ਕਥਕੇ ਲੂਝੈ=ਝਗੜਦਾ *ਅਥਵਾ*:-ਸੜਦਾ ਹੈ।

ਯਥਾ- ਉਪਨਿਸ਼ਦ 'ਮਹਾਂ ਵਾਕ' ਰਿਤੇ ਗਿਆਨਾਤ ਨ ਮੁਕਤੀ ॥

ਨ ਅਨਿਯਾ ਪੰਥਾ ਵਿਦਿਯਤੇ ਐਨਾਯ* ॥

ਤਥਾ- ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥

(ਸਾਰੰਗ ਵਾਰ ਸ: ੨੨ ਪੰਨਾ ੧੨੪੫)

ਨਾਨਕ ਹੁਕਮੀ ਲਿਖੀਐ ਲੇਖੁ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਜੋ ਹੁਕਮੀ=ਪਰਮੇਸ਼ਰ ਹੁਕਮ ਦੇ ਕਰਨ ਵਾਲਾ ਹੈ, ਉਸ ਨੇ ਵੇਦਾਂ ਸ਼ਾਸਤ੍ਰਾਂ ਵਿਚ ਇਹ ਲੇਖ ਲਿਖਿਆ ਹੈ ਕਿ-

ਜੇਹਾ ਵੇਖਹਿ ਤੇਹਾ ਵੇਖੁ ॥ ੧ ॥

ਹੇ ਪੁਰਸ਼ਾ ! ਜੇਹੋ ਜੇਹੀ ਤੂੰ ਆਪਣੀ ਪ੍ਰਵਿਰਤੀ ਦੇਖਦਾ ਹੈਂ ਤੇਹੋ ਜਿਹਾ ਤੂੰ ਆਪਣਾ ਪੂਰਬਲਾ ਕਰਮ ਦੇਖ। ਜੇ ਤੇਰੀ ਚੰਗੀ ਪ੍ਰਵਿਰਤੀ ਹੈ ਤਾਂ ਇਹ ਸਮਝ ਕਿ ਮੇਰੇ ਕੋਈ ਪੂਰਬਲੇ ਸ੍ਰੇਸ਼ਟ ਕਰਮ ਹਨ ਤੇ ਜੇ ਮਾੜੀ ਪ੍ਰਵਿਰਤੀ ਹੈ ਤਾਂ ਇਹ ਸਮਝ ਕਿ ਮੇਰੇ ਕੋਈ ਪੂਰਬਲੇ ਮੰਦ ਕਰਮ ਹਨ।

---

* *ਅਰਥ-ਸਰੂਪ ਗਿਆਨ ਸੇ ਰਿਤੇ=ਖਾਲੀ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਐਨਾਯ=ਮੁਕਤੀ ਦਾ ਅਨਯਾ ਪੰਥਾ=ਹੋਰ ਕੋਈ ਰਸਤਾ ਨ ਵਿਦਾਯਤੇ=ਨਹੀਂ ਹੋ ਸਕਦਾ ॥*

ਯਥਾ-ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥ ੧ ॥ (ਆਸਾ ਦੀ ਵਾਰ ਪੰਨਾ ੪੬੫)

ਅਥਵਾ:-ਜੇਹੋ ਜਿਹਾ ਤੂੰ ਆਪਣੇ ਨੂੰ ਦੇਖਦਾ ਹੈਂ ਕਿ ਮੈਨੂੰ ਕੋਈ ਮਾੜਾ ਬੋਲ ਬੋਲੇ ਤਾਂ ਮੈਨੂੰ ਦੁੱਖ ਹੁੰਦਾ ਹੈ ਤੇਹੋ ਜਿਹਾ ਦੂਜੇ ਨੂੰ ਭੀ ਦੇਖ ਕਿ ਜੇ ਮੈਂ ਇਸ ਨੂੰ ਖੋਟਾ ਬਚਨ ਕਹਾਂਗਾ ਤਾਂ ਇਸ ਦਾ ਦਿਲ ਭੀ ਦੁੱਖੀ ਹੋਵੇਗਾ॥ ੧॥

ਮਹਲਾ ੨॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ-ਹੇ ਪ੍ਰਭੂ ! ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਉਮੈ ਦੀ ਗੱਲ ਕਹੀ ਹੈ, ਆਪ ਭੀ ਕ੍ਰਿਪਾ ਕਰ ਕੇ ਦੱਸੋ।

ਅੰਨਵੇਂ ਪੰਗਤੀ-

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥

ਇਹ ਹੰਗਤਾ ਕਿਥਹੁ=ਕਿਸ ਜਗ੍ਹਾਂ ਤੋਂ ਉਤਪੰਨ ਹੋਈ ਹੈ ? ਅਤੇ ਹਉਮੈ ਦਾ ਬੰਧਨ ਕੌਣ ਹੈ ? ਤੇ ਹੰਗਤਾ ਨਵਿਰਤ ਕਿਸ ਸਾਧਨ ਕਰਕੇ ਹੁੰਦੀ ਹੈ ? ਸੰਗਤਾਂ ਨੇ ਇਹ ਤਿੰਨ ਪ੍ਰਸ਼ਨ ਕੀਤੇ।

ਪਹਿਲੇ ਪ੍ਰਸ਼ਨ ਦਾ ਉੱਤਰ-

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥

ਹੰਗਤਾ ਦੀ ਜਾਤਿ=ਉਤਪਤੀ ਏਹਾ=ਇਸ ਪ੍ਰਕਾਰ ਹੈ, ਜਿਹੜਾ ਹੰਗਤਾ ਦੇ ਸਹਿਤ ਕਰਮਾਂ ਦਾ ਕਮਾਉਣਾ ਹੈ।

ਦੂਸਰੇ ਪ੍ਰਸ਼ਨ ਦਾ ਉੱਤਰ-

ਹਉਮੈ ਏਦੀ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥

ਹੰਗਤਾ ਦਾ ਏਹੀ ਬੰਧਨ ਹੈ, ਜਿਹੜਾ ਬਾਰੰਬਾਰ ਚੌਰਾਸੀ ਲੱਖ ਜੂਨ ਵਿਚ ਪੈਣਾ ਹੈ।

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥

(ਇਸ ਦਾ ਅਰਥ ਪਹਿਲੇ ਹੋ ਚੁੱਕਾ ਹੈ)

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥

ਇਹ ਈਸ਼ਵਰ ਦਾ ਹੁਕਮ ਹੈ ਕਿ ਜਿਸ ਤਰ੍ਹਾਂ ਦੇ ਮੱਥੇ ਉਪਰ ਕਿਰਤਿ=ਕਰਮ ਪਏ ਹਨ, ਤਿਨ੍ਹਾਂ ਕਰਮਾਂ ਅਨੁਸਾਰ ਹੀ ਇਹ ਜੀਵ ਹੰਗਤਾ ਕਰਕੇ ਚੌਰਾਸੀ ਲੱਖ ਜੂਨ ਵਿਚ ਫਿਰਦਾ ਹੈ।

ਤੀਸਰੇ ਪ੍ਰਸ਼ਨ ਦਾ ਉੱਤਰ-ਪਹਿਲੇ ਅਨੁਵਾਦ ਕਰਦੇ ਹਨ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

ਹੰਗਤਾ ਰੂਪੀ ਇਕ ਵੱਡਾ ਭਾਰੀ ਲੰਬਾ ਰੋਗ ਹੈ।

ਯਥਾ- ਹਉਮੈ ਰੋਗੁ ਮਾਨੁਖ ਕਉ ਦੀਨਾ॥ *(ਭੈਰਉ ਮ: ੫, ਪੰਨਾ ੧੧੪੦)*

ਤਥਾ- ਹਉਮੈ ਰੋਗੁ ਵਡਾ ਸੰਸਾਰਿ॥ ਗੁਰ ਕਿਰਪਾ ਤੇ ਏਹੁ ਰੋਗੁ ਜਾਇ॥
ਨਾਨਕ ਸਾਚੇ ਸਮਾਇ॥ *(ਮਲ੍ਹਾਰ ਮ: ੩, ਪੰਨਾ ੧੨੭੬)*

ਇਹ ਨਵਿਰਤ ਹੋਣਾ ਬੜਾ ਮੁਸ਼ਕਲ ਹੈ।

ਪੁਨਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ-ਹੇ ਪ੍ਰਭੂ ! ਇਸ ਲੰਬੇ ਰੋਗ ਦੀ ਨਵਿਰਤੀ ਦਾ ਕੋਈ ਦਾਰੂ ਭੀ ਹੈ ? ਤਾਂ ਸਤਿਗੁਰ ਦੇਵ ਜੀ ਆਖਦੇ ਹਨ ਦਾਰੂ ਭੀ ਇਸ ਦੇ ਵਿਚ ਹੈ।

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥

ਉਹ ਪਰਮਾਤਮਾ ਜੇਕਰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਇਹ ਜੀਵ ਗੁਰਾਂ ਦੇ ਉਪਦੇਸ਼ ਨੂੰ ਕਮਾਂਵਦਾ ਹੈ। ਦੁਖਦਾਈ ਹਉਮੈ ਰੂਪੀ ਰੋਗ ਦੇ ਦੂਰ ਕਰਨ ਨੂੰ ਗੁਰਾਂ ਦਾ ਉਪਦੇਸ਼ ਜਿਹੜਾ ਕਮਾਵਣਾ ਹੈ, ਇਹੋ ਦਾਰੂ ਹੈ।

ਯਥਾ- ਹਉਮੈ ਰੋਗੁ ਵਡਾ ਸੰਸਾਰਿ॥ ਗੁਰ ਕਿਰਪਾ ਤੇ ਏਹੁ ਰੋਗੁ ਜਾਇ॥

(ਮਲਾਰ ਮ: ੩ ਪੰਨਾ ੧੨੭੮)

ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੇ ਪੁਰਸ਼ੋ ! ਸੁਣਨਾ ਕਰੋ, ਇਸ ਸੰਜਮਿ=ਸਾਧਨ ਕਰਕੇ ਦੁਖਦਾਈ ਹਉਮੈ ਰੂਪੀ ਰੋਗ ਚਲਾ ਜਾਂਦਾ ਹੈ।

*ਯਥਾ-*ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ॥

(ਭੈਰਉ ਮ: ੩, ਪੰਨਾ ੧੧੩੧)

ਪਉੜੀ॥

*ਪ੍ਰਸ਼ਨ-*ਸੇਵਾ ਕੀਤੀ ਹੋਈ ਕਿਸ ਦੀ ਸਫਲ ਹੈ ? *ਉੱਤਰ-*

ਸੇਵ ਕੀਤੀ ਸੰਤੋਖੀਈਂ ਜਿਨੀ ਸਚੋ ਸਚੁ ਧਿਆਇਆ॥

ਸੰਤੋਖੀਆਂ ਦੀ ਸੇਵਾ ਕੀਤੀ ਹੋਈ ਸਫਲੀ ਹੈ।

*ਪ੍ਰਸ਼ਨ:-*ਸੰਤੋਖੀ ਕੌਣ ਹਨ ?

*ਉੱਤਰ-*ਸਚੁ=ਨਿਸਚੇ ਕਰਕੇ ਜਿਨ੍ਹਾਂ ਨੇ ਸੱਚ ਨਾਮ ਨੂੰ ਧਿਆਇਆ ਹੈ ਓਹੀ ਪੁਰਸ਼ ਸੰਤੋਖੀ ਹਨ।

[ਪੰਨਾ ੪੬੭]

ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥

ਉਹਨਾਂ ਸੰਤੋਖੀਆਂ ਨੇ ਮੰਦੀ ਜਗ੍ਹਾ ਉਪਰ ਪੈਰ ਨਹੀਂ ਰੱਖਿਆ ਭਾਵ ਖੋਟੇ ਰਸਤੇ ਨਹੀਂ ਚੱਲਦੇ। *ਅਥਵਾ-* ਮਨ ਰੂਪੀ ਪੈਰ ਨੂੰ ਮੰਦੇ ਸੰਕਲਪਾਂ ਵਿਕਲਪਾਂ ਵਿਖੇ ਨਹੀਂ ਰੱਖਿਆ। ਸੁਕ੍ਰਿਤੁ=ਪੁੰਨ ਕਰਮ ਕਰਕੇ ਆਪਣੇ ਧਰਮ ਨੂੰ ਕਮਾਇਆ ਹੈ। *ਅਥਵਾ-*ਪੁੰਨ ਕਰਮ ਰੂਪੀ ਧਰਮ ਨੂੰ ਉਹਨਾਂ ਨੇ ਕਮਾਇਆ ਹੈ*।

ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥

ਉਹਨਾਂ ਨੇ ਦੁਨਿਆਵੀ ਬੰਧਨ ਸਭ ਤੋੜ ਦਿੱਤੇ ਹਨ, ਅੰਨ ਥੋਹੜਾ ਖਾਂਦੇ ਹਨ ਅਤੇ ਪਾਣੀ ਭੀ ਥੋਹੜਾ

**ਰਬ ਵਾਲਿਆਂ ਦੀ ਏਹਾ ਨਿਸ਼ਾਨੀ, ਉਹ ਦਿਸਦੇ ਖਰੇ ਨਿਮਾਣੇ॥*
ਮੰਦਾ ਕਿਸੀ ਨੂੰ ਆਖਣ ਨਾਹੀਂ, ਉਹ ਸਭਸੈ ਦੇ ਮਨ ਭਾਣੇ॥
ਮਿੱਠਾ ਬੋਲਣ ਤੇ ਨਿਵ ਚੱਲਣ, ਉਹ ਦਿਲ ਨਾ ਕਿਸੀ ਦਾ ਰੰਵਾਣੇ॥
ਆਖ ਗੁਆਲਾ ਖੁਦੀ ਤਕੱਬਰੀ, ਓਨਾਂ ਉਡ ਗਈ ਵਾਂਗ ਟਿਟਾਣੇ॥

ਪੀਂਦੇ ਹਨ।

ਯਥਾ-ਥੋਹੜੀ ਨਿੰਦ੍ਰਾ ਅਲਪ ਅਹਾਰੀ॥ ਸਾਧ ਕਾ ਪਿੰਡ ਸਦਾ ਬੀਚਾਰੀ॥ (ਰਤਨ ਮਾਲਾ)

ਦਸਮ ਗੁਰੂ ਗ੍ਰੰਥ ਸਾਹਿਬ ਵਿਖੇ ਭੀ ਕਥਨ ਕੀਤਾ ਹੈ।

ਯਥਾ-ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤਿ॥

ਤੂੰ ਬਖਸੀਸੀ ਅਗਲਾ

ਹੇ ਅਕਾਲ ਪੁਰਖ ! ਤੂੰ ਅਗਲਾ=ਬੜਾ ਬਖਸ਼ਿੰਦ ਹੈਂ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਲਿਖਿਆ ਹੈ-

ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ॥ ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ॥ ੨॥

(ਗੂੰਜਰੀ ਵਾਰ ਦੂਜੀ, ਪੰਨਾ ੫੧੮)

ਅਥਵਾ:-ਹੇ ਅਕਾਲ ਪੁਰਖ ! ਤੂੰ ਅਗਲਾ=ਬਹੁਤੀਆਂ ਬਖਸ਼ਿਸ਼ਾਂ ਕਰਨ ਵਾਲਾ ਹੈਂ।

ਨਿਤ ਦੇਵਹਿ ਚੜਹਿ ਸਵਾਇਆ॥

ਹੇ ਵਾਹਿਗੁਰੂ ! ਜਿਸ ਨੂੰ ਆਪ ਦਿੰਦੇ ਹੋ, ਉਸ ਦਾ ਨਿਤਾਪ੍ਰਤੀ ਸਵਾਏ ਤੋਂ ਸਵਾਇਆ ਜਸ ਚੜ੍ਹਦਾ ਹੈ।

ਅਥਵਾ:-ਇਕ ਵੇਰ ਨਹੀਂ, ਤੂੰ ਨਿਤਾਪ੍ਰਤੀ ਦੇਂਦਾ ਹੀ ਦੇਂਦਾ ਹੈਂ, ਫੇਰ ਤੇਰਾ ਦਿੱਤਾ ਹੋਇਆ ਪਦਾਰਥ ਘਟਦਾ ਨਹੀਂ, ਸਗੋਂ ਸਵਾਏ ਤੋਂ ਸਵਾਇਆ ਚੜਹਿ=ਵਧਦਾ ਹੈ।

ਵਡਿਆਈ ਵਡਾ ਪਾਇਆ॥ ੭॥

ਵਡਿਆਈ ਦੇ ਕਰਨ ਨਾਲ ਵਡਾ=ਅਕਾਲ ਪੁਰਖ ਪ੍ਰਾਪਤ ਹੁੰਦਾ ਹੈ।

ਅਥਵਾ:-ਗੁਰਮੁਖਾਂ ਨੇ ਵਡਿਆਈ ਕਰਕੇ ਸਭ ਤੋਂ ਵਡੇ ਅਕਾਲ ਪੁਰਖ ਨੂੰ ਪਾਇਆ ਹੈ॥੭॥

ਸਲੋਕ ਮਃ ੧॥

ਉਥਾਨਕਾ-ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਸਾਰੇ ਸੰਸਾਰ ਦੀ ਪ੍ਰਤਿਪਾਲਾ ਕੌਣ ਕਰਦਾ ਹੈ ? ਤਾਂ ਸਤਿਗੁਰ ਦੇਵ ਜੀ ਆਖਦੇ ਹਨ-

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥

ਸਾਰੇ ਮਨੁੱਖਾਂ ਦੀ, ਬ੍ਰਿਛਾਂ ਦੀ, ਤੀਰਥਾਂ ਦੇ ਤਟਾਂ=ਕਿਨਾਰੇ ਰਹਿਣ ਵਾਲੇ ਸੰਤਾਂ ਦੀ, ਮੇਘਾਂ=ਬੱਦਲਾਂ ਅਤੇ ਖੇਤਾਂ ਦੀ।

ਅਥਵਾ:-ਬ੍ਰਿਖਾਂ ਦਰਖਤਾਂ 'ਪਰ ਰਹਿਣ ਵਾਲੇ ਪੰਛੀਆਂ ਦੀ ਤੇ ਦਰਖਤਾਂ ਹੇਠ ਆਰਾਮ ਕਰਣ ਵਾਲੇ ਰਾਹੀਆਂ ਪੁਰਸ਼ਾਂ ਦੀ, ਤੀਰਥਾਂ ਦੇ ਕਿਨਾਰੇ ਭਜਨ ਕਰਨ ਵਾਲੇ ਮਹਾਤਮਾਂ ਦੀ ਮੇਘਾਂ=ਬੱਦਲਾਂ ਵਿਚ ਵਸਨੀਕ ਸੂਖਮ ਕੀੜਿਆਂ ਦੀ ਅਤੇ ਖੇਤਾਂ ਦੇ ਜੀਵਾਂ ਦੀ।

ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥

ਸੱਤਾਂ ਦੀਪਾਂ* ਤੇ ਚੌਦਾਂ ਲੋਕਾਂ ਵਿਚ ਰਹਿਣ ਵਾਲੇ ਜੀਵਾਂ ਦੀ, ਮੰਡਲ=ਚਾਰ ਸੌ ਕੋਹਾਂ ਦਾ ਹੁੰਦਾ ਹੈ ਉਸ

*ਸੱਤ ਦੀਪ-੧ ਜੰਬੂ ਦੀਪ, ੨ ਪਲਕ ਦੀਪ, ੩ ਸ਼ਾਲਮਲੀ ਦੀਪ ੪ ਕੁਸ਼ ਦੀਪ, ੫ ਕ੍ਰੌਚ ਦੀਪ, ੬ ਸ਼ਾਖ ਦੀਪ, ੭ ਪੁਸ਼ਕਰ ਦੀਪ। (ਨਾਨਕ ਪ੍ਰਕਾਸ਼ ਉਤ੍ਰਾਰਧ ਧਿਆਇ ੧੯ ਵਿਖੇ ਦੇਖੋ।)

ਵਿਚ ਰਹਿਣ ਵਾਲੇ ਜੀਵਾਂ ਦੀ, ਨੌਂ ਖੰਡਾਂ ਦੇ ਵਰਭੰਡਾਂਹ=ਬ੍ਰਹਮਾਂਡ।

ਅਥਵਾ-ਸਮੁੰਦਰ ਵਿਖੇ ਰਹਿਣ ਵਾਲੇ ਜੀਵਾਂ ਦੀ।

ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥

'ਅੰਡਜ'

ਅੰਡਿਆਂ ਤੋਂ ਪੈਦਾ ਹੋਣ ਵਾਲੇ ਜੋ ਕੁਕੜ ਆਦਿਕ ਪੰਛੀ ਜੀਵ ਹਨ।

'ਜੇਰਜ'

ਜਿਓਰ ਤੋਂ ਪੈਦਾ ਹੋਣ ਵਾਲੇ ਜੋ ਪਸ਼ੂ ਮਨੁੱਖ ਆਦਿਕ ਹਨ।

'ਉਤਭੁਜਾਂ'

ਉਤਭੁਜ ਖਾਣੀ ਜੋ ਪ੍ਰਿਥਵੀ ਤੋਂ ਪੈਦਾ ਹੋਣ ਵਾਲੇ ਬ੍ਰਿਛ ਪਹਾੜ ਆਦਿਕ ਹਨ।

'ਖਾਣੀ ਸੇਤਜਾਂਹ'

ਸੇਤਜ ਖਾਣੀ ਜੋ ਪਸੀਨੇ ਤੋਂ ਪੈਦਾ ਹੋਣ ਵਾਲੇ ਜੂਆਂ ਲੀਖਾਂ ਆਦਿਕ ਹਨ।

ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥

ਸਰਾਂ=ਸਰੋਵਰਾਂ ਵਿਖੇ ਰਹਿਣ ਵਾਲੇ ਅਤੇ ਮੇਰਾਂ=ਸੁਮੇਰ ਪਰਬਤ ਉਪਰ ਰਹਿਣ ਵਾਲੇ ਜੋ ਜੰਤਾਹ= ਪੁਰਸ਼ ਹਨ।

ਇਨ੍ਹਾਂ ਸਾਰਿਆਂ ਦੇ ਖਾਣ ਪੀਣ ਦੀ ਮਰਯਾਦਾ ਨੂੰ, ਸੋ ਅਕਾਲ ਪੁਰਖ ਆਪ ਹੀ ਜਾਣਦਾ ਹੈ।

ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਸਭ ਜੀਵਾਂ ਨੂੰ ਉਤਪਤ ਕਰਕੇ ਫਿਰ *ਸਭਨਾਹ=ਸਾਰਿਆਂ ਨੂੰ ਸੰਭਾਲੇ=ਪਾਲਣਾ ਕਰਦਾ ਹੈ।

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥

ਜਿਸ ਕਰਤੇ=ਵਾਹਿਗੁਰੂ ਨੇ ਇਹ ਕਰਣਾ=ਪ੍ਰਪੰਚ ਕੀਤਾ ਹੈ। ਭਿ=ਬਹੁੜੋ ਤਾਹ=ਤਿਸੀ ਪਰਮਾਤਮਾ ਨੇ ਹੀ ਜੀਵਾਂ ਦੇ ਖਾਣ ਪੀਣ ਦੀ ਚਿੰਤਾ ਕਰਨੀ ਹੈ।

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥

ਸੋ ਕਰਤਾ=ਪਰਮੇਸ਼ਰ ਹੀ ਚਿੰਤਾ ਕਰਦਾ ਹੈ, ਜਿਸ ਨੇ ਸਾਰੇ ਜਗਤ ਨੂੰ ਉਤਪੰਨ ਕੀਤਾ ਹੈ।

---

*ਧਨ ਤੂੰ ਰਾਮ ਸੁਖਾਂ ਦਾ ਦਾਤਾ, ਤੇਰੀ ਖੱਟੀ ਸਭ ਜਗ ਖਾਂਦਾ।
ਤਨ ਮਨ ਧਨ ਸਭ ਤੁਮਰਾ ਦੀਆ, ਕਿਸੇ ਹਟ ਨਾ ਹੋਰ ਵਿਕਾਂਦਾ।
ਤੂੰ ਸਚਾ ਸਾਹੁ ਜੀਉ ਵਣਜਾਰਾ, ਰਾਸ ਲੈ ਲੈ ਮੁਕਰ ਪਾਂਦਾ।
ਸੇਵਾ ਦਾਸ ਮੁਕਰਨ ਵਾਲਿਆਂ ਨੂੰ, ਹੋਰ ਦੇਂਦਿਆਂ ਢਿਲ ਨ ਲਾਂਦਾ॥ ੧॥
ਧਨ ਤੂੰ ਰਾਮ ਸੁਖਾਂ ਦਾ ਦਾਤਾ, ਸਰਬ ਜੀਆਂ ਪ੍ਰਤਿਪਾਲਹਿ।
ਕੋਈ ਨਾ ਭੁਲਦਾ ਨਦਰ ਤੇਰੀ ਥੀਂ, ਪਲ ਪਲ ਵਿਚ ਸਮਾਲਹਿ।
ਖਾਵੈ ਦਾਤਿ ਤੁਮਾਰੀ ਸਭ ਕੋ, ਕਛੂ ਨ ਬਦਲਾ ਭਾਲਹਿ।
ਸੇਵਾ ਦਾਸ ਸਭਸੈ ਦਾ ਸਾਹਿਬ, ਹੋਇ ਸੇਵਕ ਸੇਵਾ ਘਾਲਹਿ॥ ੨॥

ਯਥਾ- ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥ ੧॥

(ਰਾਮਕਲੀ ਵਾਰ ੧, ਪੰਨਾ ੯੫੫)

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥

ਤਿਸ ਨੂੰ ਜੋਹਾਰੀ=ਨਮਸ਼ਕਾਰ ਕਰੋ, ਤਿਸੀ ਦੇ ਸੁਅਸਤਿ=ਮੰਗਲਾਂ ਨੂੰ ਉਚਾਰੋ। ਵਾ-ਤਿਸ ਨੂੰ ਨਮਸ਼ਕਾਰ ਕਰੋ ਤਾਂ ਪਰਮੇਸ਼ਰ ਉਸ ਨੂੰ ਸੁਅਸਤਿ=ਕਲਿਆਣ ਕਰਦਾ ਹੈ। ਤਿਸ ਦੀ ਦੀਬਾਣੁ=ਸਭਾ ਸਤਿਸੰਗ ਵਾ ਸਰੂਪ ਨਾਸ ਤੋਂ ਰਹਿਤ ਹੈ। ਵਾ-ਤਿਸ ਦੀ ਨਾਮ ਬਾਣੀ ਅਭਗੁ=ਨਾਸ ਤੋਂ ਰਹਿਤ ਹੈ।

ਵਾ-ਤਿਸ ਦੀ ਬਾਣੁ=ਬੋਅ, ਸੁਭਾਅ ਭਗਤ ਵਛਲ ਕ੍ਰਿਪਾਲੂ ਇਹ ਨਾਸ ਤੋਂ ਰਹਿਤ ਹੈ। ਵਾ-ਤਿਸ ਦਾ ਦੀਬਾਣੁ=ਆਸਰਾ ਭੀ ਅਭਗੁ=ਨਾਸ ਤੋਂ ਰਹਿਤ ਹੈ।

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਸੱਚੇ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਮੱਥੇ ਉਪਰ ਟਿੱਕੇ ਲਾਉਣ ਦੀ ਕੀ ਲੋੜ ਹੈ ਤੇ ਗਲ ਵਿਖੇ ਤਗੁ=ਜਨੇਊ ਪਹਿਰਣ ਦੀ ਕੀ ਲੋੜ ਹੈ। ਨਾਮ ਤੋਂ ਬਿਨਾਂ ਸਾਰੇ ਚਿੰਨ੍ਹ ਨਿਸਫਲ ਹਨ, ਕਿਉਂਕਿ-

ਗਨਿ ਮਿਨਿ ਦੇਖਹੁ ਸਗਲ ਬੀਚਾਰਿ॥ ਨਾਮ ਬਿਨਾ ਕੋ ਸਕੈ ਨ ਤਾਰਿ॥

(ਰਾਮਕਲੀ ਮ: ੫, ਪੰਨਾ ੮੯੩)

ਮਃ ੧॥ ਲਖ ਨੇਕੀਆ ਚੰਗਿਆਈਆ ਲਖੁ ਪੁੰਨਾ ਪਰਵਾਣੁ॥

ਚਾਹੇ ਲੱਖਾਂ ਨੇਕੀਆ=ਭਲਿਆਈਆਂ ਕਰੇ, ਚਾਹੇ ਲੱਖਾਂ ਚੰਗਿਆਈਆ=ਚੰਗੇ ਕਰਮ ਕਰੇ। (ਨੇਕੀਆਂ ਮੁਸਲਮਾਨਾਂ ਦੀ ਬੋਲੀ ਹੈ, ਚੰਗਿਆਈਆਂ ਹਿੰਦੂਆਂ ਦੀ ਬੋਲੀ ਹੈ) ਵਾ-ਲੱਖਾਂ ਨੇਕੀਆਂ ਮਨ ਕਰਕੇ ਲੱਖਾਂ ਚੰਗਿਆਈਆਂ ਤਨ ਕਰਕੇ ਕਰੇ ਤੇ ਚਾਹੇ ਲੱਖਾਂ ਹੀ ਪ੍ਰਕਾਰ ਦੇ ਪੁੰਨ ਕਰਮ ਕਰਕੇ ਪ੍ਰਮਾਣੀਕ ਹੋ ਜਾਵੇ ਪਰ ਨਾਮ ਤੋਂ ਬਿਨਾਂ ਸਾਰੇ ਸਾਧਨ ਨਿਸਫਲ ਹਨ।

ਅਥਵਾ :-ਲੱਖਾਂ ਨੇ ਜੋ ਕੀਆ=ਕੀਤੀਆਂ ਹਨ ਚੰਗਿਆਈਆਂ।

ਨੋਟ-ਨਾਨਕ ਪ੍ਰਕਾਸ਼ ਉਤ੍ਰਾਰਧ ਧਿਆਇ ੫੭ ਵਿਚ ਲਿਖਿਆ ਹੈ ਇਹ ਸਲੋਕ ਬਾਬਾ ਸ੍ਰੀ ਚੰਦ ਜੀ ਤੇ ਲਖਸ਼ਮੀ ਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਤੀ ਜੋਤ ਸਮਾਵਣ ਸਮੇਂ ਸੁਨਾਵਣਾ ਕੀਤਾ ਹੈ।

ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥

ਤੀਰਥਾਂ 'ਪਰ ਜਾ ਕੇ ਲੱਖਾਂ ਪਰਕਾਰ ਦੇ ਤਪ ਕਰ ਲਵੇ।

ਚਾਹੇ ਬੇਬਾਣੁ=ਬੀਆਬਾਨ ਉਜਾੜ ਵਿਚ ਬੈਠ ਕੇ ਸਹਜ ਸੁਭਾਵਕ ਭਾਵ ਨਿਰਯਤਨ ਹਠ ਜੋਗ ਕਰ ਲਵੇ ਪਰ ਨਾਮ ਤੋਂ ਬਿਨਾਂ ਸਭ ਸਾਧਨ ਮੁਕਤੀ ਹੀਨ ਹਨ।

ਯਥਾ-ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ॥ *(ਗਉੜੀ ਛੰਤ ਮਃ ੧ ਪੰਨਾ ੨੪੨)*

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥

ਚਾਹੇ ਲੱਖਾਂ ਪਰਕਾਰ ਦੀ ਸੂਰਮਤਾ ਦੇ ਸਹਿਤ ਸੰਗਰਾਮ=ਯੁਧ ਕਰਦਿਆਂ ਕਰਦਿਆਂ ਰਣ ਭੂਮਿਕਾ ਵਿਚ ਪਰਾਣ=ਸਵਾਸ ਛੁਟ ਜਾਣ ਤਾਂ ਭੀ ਕੈਵਲ ਮੁਕਤੀ ਪ੍ਰਾਪਤ ਨਹੀਂ ਹੁੰਦੀ।

ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥

ਚਾਹੇ ਵੇਦ ਦੀਆਂ ਲੱਖਾਂ ਸੁਰਤੀਆਂ ਪੜ੍ਹ ਲਵੇ, ਲੱਖਾਂ ਗਿਆਨ ਦੀਆਂ ਗੱਲਾਂ ਕਰ ਲਵੇ, ਲੱਖਾਂ ਦੇਵੀ ਦੇਵਤਿਆਂ ਦੇ ਧਿਆਨ ਲੱਗਾ ਲਵੇ, ਚਾਹੇ ੧੮ ਪੁਰਾਣ ਪੜ੍ਹ ਲਵੇ, ਪਰੰਤੂ ਇਹ ਸਭ ਬਿੰਦੀਆਂ ਵਾਂਗ ਨਿਸਫਲ ਹਨ, ਪ੍ਰਮੇਸ਼ਰ ਦਾ ਨਾਮ ਏਕੇ ਵਤ ਹੈ। ਏਕਾ ਹੋਵੇ ਤਾਂ ਬਿੰਦੀਆਂ ਦਸ ਗੁਣਾਂ ਵਧ ਜਾਂਦੀਆਂ ਹਨ। ਏਕੇ ਤੋਂ ਬਿਨਾਂ ਸਭ ਬਿੰਦੀਆਂ ਨਿਸਫਲ ਹਨ।

ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥

ਇਤਿਆਦਿਕ ਸਾਰਾ ਕਰਣਾ=ਪ੍ਰਪੰਚ ਜਿਸ ਕਰਤੈ=ਪ੍ਰਮੇਸ਼ਰ ਨੇ ਕੀਤਾ ਹੈ ਉਸੀ ਨੇ ਜੰਮਣਾ ਮਰਣਾ ਸਭਨਾਂ ਦੇ ਸਿਰ ਤੇ ਲਿਖਿਆ ਹੈ।

ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਪੂਰਬੋਕਤ ਸਭ ਮਤੀ=ਬੁੱਧੀਆਂ ਨਿਸਫਲ ਹਨ, ਵਾਹਿਗੁਰੂ ਨਾਮ ਦਾ ਸਿਮਰਨ ਕਰਨ ਰੂਪ ਜੋ ਕਰਮੁ=ਕਰਤੱਤ ਹੈ, ਇਹੀ ਇਕ 'ਜਨਮ ਮਰਨ ਦੀ ਨਵਿਰਤੀ' ਦਾ ਸੱਚਾ ਨੀਸਾਣੁ=ਪ੍ਰਵਾਨਾ ਹੈ।

ਪਉੜੀ॥ ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥

ਹੇ ਅਕਾਲ ਪੁਰਖ ! ਸੱਚਾ ਸਾਹਿਬ ਇਕ ਤੂੰ ਹੀ ਹੈਂ। ਜਿਸ ਆਪ ਨੇ ਗੁਰੂ ਰੂਪ ਹੋ ਕੇ ਸਚੁ=ਨਿਸਚੇ ਕਰਕੇ ਸਾਰਿਆਂ ਵਿਚ ਨਾਮ ਹੀ ਵਰਤਾਇਆ ਹੈ।

ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ॥

ਜਿਸ ਨੂੰ ਆਪ ਦੇਂਦੇ ਹੋ, ਤਿਸ ਨੂੰ ਸੱਚ ਨਾਮ ਮਿਲਦਾ ਹੈ। ਤਾਂ ਹੀ ਤਿਨ੍ਹਾਂ ਪੁਰਸ਼ਾਂ ਨੇ ਸੱਚ ਨਾਮ ਨੂੰ ਕਮਾਇਆ ਅਰਥਾਤ ਧਾਰਿਆ ਹੈ।

ਸਤਿਗੁਰਿ ਮਿਲਿਐ ਸਚੁ ਪਾਇਆ

ਗੁਰਮੁਖਾਂ ਨੇ ਉਨ੍ਹਾਂ ਸਤਿਗੁਰਾਂ ਨਾਲ ਮਿਲ ਕੇ ਸਚੁ=ਸੱਤ ਚਿਤ ਅਨੰਦ ਸਰੂਪ ਪ੍ਰਮੇਸ਼ਰ ਨੂੰ ਪਾਇਆ ਹੈ।

ਜਿਨ ਕੈ ਹਿਰਦੈ ਸਚੁ ਵਸਾਇਆ॥

ਜਿਨ੍ਹਾਂ ਗੁਰਾਂ ਦੇ ਹਿਰਦੇ ਵਿਚ ਸੱਚਾ ਵਸ ਆਇਆ ਹੈ।

ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ॥

ਮੂਰਖ ਪੁਰਸ਼ ਸੱਚੇ ਵਾਹਿਗੁਰੂ ਨੂੰ ਜਾਣਦੇ ਨਹੀਂ, ਮਨਮੁਖਾਂ ਨੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ

ਹੀ ਗਵਾ ਲਿਆ ਹੈ।

ਵਿਚਿ ਦੁਨੀਆ ਕਾਹੇ ਆਇਆ ॥ ੮ ॥

ਐਸੇ ਮੂਰਖ ਪੁਰਸ਼ ਦੁਨੀਆਂ ਵਿਚ ਕਿਸ ਵਾਸਤੇ ਆਏ ਹਨ, ਨਾ ਆਉਂਦੇ ਤਾਂ ਚੰਗਾ ਸੀ॥ ੮॥

ਸਲੋਕੁ ਮਃ ੧ ॥

ਇਸ ਸ਼ਬਦ ਦੀਆਂ ਦੋ ਉਥਾਨਕਾਂ ਹਨ ਸੰਪ੍ਰਦਾਈ ਟਕਸਾਲ ਅਨੁਸਾਰ ਇਹ ਸਲੋਕ ਸ਼ੇਖ ਬ੍ਰਹਮ ਦੇ ਨਾਲ ਹੋਇਆ ਹੈ। ਉਸ ਨੇ ਬੇਨਤੀ ਕੀਤੀ ਹੇ ਪ੍ਰਭੂ ! ਪੜ੍ਹਨ ਤੇ ਮੋਖ ਹੈ ਜਾਂ ਨਹੀਂ ? ਸਤਿਗੁਰ ਦੇਵ ਜੀ ਆਖਦੇ ਹਨ-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥

ਪੜ੍ਹ ਪੜ੍ਹ ਕਰਕੇ ਭਾਵੇਂ ਗ੍ਰੰਥਾਂ ਦੀਆਂ ਗੱਡੀਆਂ ਲੱਦ ਲਵੇ, ਪੜ੍ਹ ਪੜ੍ਹ ਕੇ ਭਾਵੇਂ ਸਾਥਾਂ ਦੇ ਸਾਥ ਅਰਥਾਤ ਊਠਾਂ ਲੱਦ ਲਵੇ, ਨਾਮ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ। ਇਸੀ ਪ੍ਰਕਾਰ ਅੱਗੇ ਅਰਥ ਕਰ ਦੇਣਾ।

ਇਤਿਹਾਸ ਅਨੁਸਾਰ ਇਹ ਸ਼ਬਦ ਪੰਡਤ ਦੇ ਨਾਲ ਹੋਇਆ ਹੈ। ਇਕ ਪੰਡਤ ਸਾਰੇ ਦਿਗ ਬਿਜੈ ਕਰਦਾ ਆਇਆ, ਨਾਲ ਗ੍ਰੰਥਾਂ ਦੇ ਕਈ ਊਠ ਲੱਦੇ ਹੋਏ, ਕਿਉਂਕਿ ਜਿਹੜਾ ਹਾਰ ਜਾਂਦਾ ਸੀ ਉਸ ਪਾਸੋਂ ਗ੍ਰੰਥ ਖੋਹ ਲੈਂਦਾ ਸੀ। ਇਸ ਵਾਸਤੇ ਉਸ ਦੇ ਪਾਸ ਬਹੁਤ ਗ੍ਰੰਥ ਸਨ ਪਰ ਚਿਤ ਉਸ ਦਾ ਮਾਇਆ ਵਿਚ ਗਲਤਾਨ ਸੀ ਪਰੰਤੂ ਜਿਸ ਵੇਲੇ ਉਸ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਦਰਸ਼ਨ ਕੀਤਾ ਤਾਂ ਵਿੱਦਿਆ ਦਾ ਅਭਿਮਾਨ ਦੂਰ ਹੋ ਗਿਆ, ਪਾਸ ਆ ਕੇ ਮੱਥਾ ਟੇਕ ਕੇ ਬੇਨਤੀ ਕਰਦਾ ਹੈ-

ਹੇ ਪ੍ਰਭੂ ! ਮੈਨੂੰ ਐਸਾ ਉਪਦੇਸ਼ ਦਿਓ ਜੋ ਰਿਦੇ ਵਿਖੇ ਸ਼ਾਂਤੀ ਆਵੇ। ਮੈਂ ਬਹੁਤ ਫਿਰ ਚੁੱਕਾ ਹਾਂ, ਮੈਨੂੰ ਸ਼ਾਂਤੀ ਨਹੀਂ ਆਉਂਦੀ। ਤਾਂ ਸਤਿਗੁਰਾਂ ਕਿਹਾ ਜੇ ਤੈਨੂੰ ਉਪਦੇਸ਼ ਲੈਣ ਦੀ ਚਾਹ ਹੈ ਤਾਂ ਤੇਰਾ ਗੁਰੂ ਅੱਗੇ ਹੈ, ਜਾਹ ਅਮਕੀ ਜਗ੍ਹਾਂ ਚਲਾ ਜਾਹ। ਗੁਰੂ ਜੀ ਦਾ ਹੁਕਮ ਮੰਨ ਕੇ ਉਸ ਜਗ੍ਹਾਂ ਪਹੁੰਚ ਕੇ ਕੀ ਵੇਖਦਾ ਹੈ ਕਿ ਚਾਰ ਮਹਾਤਮਾਂ ਬੈਠੇ ਹਨ। ਬ੍ਰਹਮਾ, ਵਿਸ਼ਨੂੰ, ਸ਼ਿਵ ਤੇ ਇੰਦਰ, ਇਨ੍ਹਾਂ ਚੌਹਾਂ ਨੇ ਹੀ ਚਾਰੇ ਮਹਾਤਮਾਂ ਦਾ ਰੂਪ ਧਾਰਨ ਕੀਤਾ ਹੋਇਆ ਸੀ, ਉਨ੍ਹਾਂ ਅੱਗੇ ਮੱਥਾ ਟੇਕ ਕੇ ਬੇਨਤੀ ਕੀਤੀ ਕ੍ਰਿਪਾ ਕਰੋ ਮੈਨੂੰ ਆਪਣਾ ਉਪਦੇਸ਼ ਦਿਓ। ਅੰਤਰਜਾਮੀ ਮਹਾਤਮਾਂ ਨੇ ਆਖਿਆ-ਤੇਰਾ ਗੁਰੂ ਅਗੇ ਸੁੰਦਰ ਮੰਦਰ ਵਿਚ ਬੈਠਾ ਹੈ, ਓਥੇ ਚਲਿਆ ਜਾਹ ਓਹ ਤੈਨੂੰ ਉਪਦੇਸ਼ ਦੇਵੇਗਾ।

ਇਹ ਗੱਲ ਸੁਣ ਕੇ ਅੱਗੇ ਤੁਰ ਪਿਆ, ਜਾਂਦਿਆਂ ਜਾਂਦਿਆਂ ਸੁੰਦਰ ਮੰਦਰ ਅੱਗੇ ਜਾ ਪਹੁੰਚਾ। ਅੰਦਰ ਜਾ ਕੇ ਕੀ ਵੇਖਦਾ ਹੈ ਕਿ ਇਕ ਬੜੀ ਸੁੰਦਰ ਔਰਤ ਕਸੁੰਭੇ ਰੰਗ ਦੇ ਰੰਗੇ ਬਸਤ੍ਰਾਂ ਨੂੰ ਪਹਿਰ ਕੇ ਹਾਵ ਭਾਵ ਕਰ ਰਹੀ ਹੈ। ਪੰਡਿਤ ਨੇ ਉਸ ਨੂੰ ਸ਼ਕਤੀਵਾਨ ਸਮਝ ਕੇ ਸਿਰ ਨਿਵਾ ਕੇ ਮੱਥਾ ਟੇਕਿਆ। ਮਾਇਆ ਨੇ ਉਸ ਵੇਲੇ ਜੁਤੀ ਲੈ ਕੇ ਪੰਡਿਤ ਨੂੰ ਇਤਨਾ ਕੁਟਿਆ ਜੋ ਇਸ ਦਾ ਕੁਝ ਵਸ ਨਾ ਚਲਿਆ। ਆਖਿਰ ਮਾਰ ਖਾ ਕੇ ਝੁਰਦਾ ਹੋਇਆ ਵਾਪਸ ਹਟ ਕੇ ਮਹਾਤਮਾਂ ਪਾਸ ਆ ਬੈਠਾ। ਇਸ ਦੀ ਭੈੜੀ ਹਾਲਤ ਵੇਖ ਕੇ ਮਹਾਤਮਾਂ ਨੇ ਹੱਸ ਕੇ ਆਖਿਆ-ਹੇ ਪੰਡਿਤ ! ਤੂੰ ਜਲਦੀ ਕਿਉਂ ਵਾਪਸ ਹਟ ਆਇਆ ਹੈਂ। ਗੁਰੂ ਧਾਰਨ ਕਰ ਆਇਆ ਹੈਂ ਜਾਂ ਮਿਲਿਆ ਕੋਈ ਨਹੀਂ ?

ਇਹ ਗੱਲ ਸੁਣ ਕੇ ਪੰਡਿਤ ਨੇ ਹੰਝੂ ਭਰ ਕੇ ਕਿਹਾ ਓਥੇ ਇਕ ਬੜੇ ਕਰੜੇ ਸੁਭਾਅ ਵਾਲੀ ਔਰਤ ਹੈ ਜਿਸ ਨੇ ਮੈਨੂੰ ਬੜਾ ਕੁਟਿਆ ਹੈ। ਮਹਾਤਮਾਂ ਨੇ ਕਿਹਾ ਤੇਰਾ ਗੁਰੂ ਓਹੀ ਹੈ, ਕਿਉਂਕਿ ਤੂੰ ਆਪਣਾ ਮਨ ਉਸੇ ਵਿਚ ਲਾਇਆ ਹੋਇਆ ਹੈ ਤੇ ਰਾਤ ਦਿਨੇ ਜਿਸ ਨੂੰ ਪਾ ਕੇ ਤ੍ਰਿਪਤ ਨਹੀਂ ਹੁੰਦਾ, ਓਹ ਮਾਇਆ ਹੀ ਤੇਰਾ ਗੁਰੂ ਹੈ।

ਇਹ ਗੱਲ ਸੁਣ ਕੇ ਪੰਡਿਤ ਚਰਨੀਂ ਡਿੱਗ ਪਿਆ, ਆਖਦਾ ਹੈ ਬਖਸ਼ ਲਓ। ਸੰਤਾਂ ਆਖਿਆ ਮੁਕਤੀ ਦਾਤੇ

ਸ੍ਰੀ ਗੁਰੂ ਨਾਨਕ ਸਾਹਿਬ ਨੂੰ ਛੱਡ ਕੇ ਤੂੰ ਭਟਕਦਾ ਫਿਰਦਾ ਹੋਰਨਾਂ ਵਿਚ ਪ੍ਰੇਮ ਕਰਦਾ ਹੈਂ ਇਸ ਤੇ ਤੇਰੀ ਕਲਿਆਣ ਨਹੀਂ ਹੋਵੇਗੀ। ਜੇ ਸ਼ਾਂਤੀ ਚਾਹੁੰਦਾ ਹੈਂ ਤਾਂ ਆਪਣੇ ਮਨ ਵਿਚ ਅਡੋਲ ਸ਼ਰਧਾ ਧਾਰ ਕੇ ਗੁਰੂ ਨਾਨਕ ਸਾਹਿਬ ਦੀ ਸ਼ਰਨ ਲਓ। ਫੇਰ ਪੰਡਿਤ ਮਹਾਤਮਾਂ ਜੀ ਪਾਸੋਂ ਆਗਿਆ ਲੈ ਦੇ ਦੌੜਦਾ ਦੌੜਦਾ ਗੁਰੂ ਨਾਨਕ ਸਾਹਿਬ ਜੀ ਦੇ ਪਾਸ ਪਹੁੰਚ ਕੇ ਚਰਨ ਕਵਲਾਂ ਦੀ ਧੂੜ ਮੱਥੇ ਲਾ ਕੇ ਹੱਥ ਜੋੜ ਕੇ ਸਨਮੁਖ ਬੈਠ ਕੇ ਬੇਨਤੀ ਕਰਦਾ ਹੈ-'ਬਖਸ਼ ਲਓ। ਬਖਸ਼ ਲਓ।'

ਉਸ ਵੇਲੇ ਗੁਰੂ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਉਪਦੇਸ਼ ਦਿੱਤਾ। ਜੇ ਸਾਰਾ ਚੰਗੀ ਤਰ੍ਹਾਂ ਪ੍ਰਸੰਗਾਂ ਦੇਖਣਾ ਹੋਵੇ ਤਾਂ ਨਾਨਕ ਪ੍ਰਕਾਸ਼ ਉੜ੍ਹਾਰਧ ਧਿਆਇ ੧੪ ਵਿਚ ਵੇਖੋ।

ਪਹਿਲਾ ਅਰਥ-

ਪੜਿ ਪੜਿ ਗਡੀ ਲਦੀਅਹਿ

ਪੜ੍ਹ ਪੜ੍ਹ ਕੇ ਭਾਵੇਂ ਗ੍ਰੰਥਾਂ ਦੀਆਂ ਗੱਡੀਆਂ ਲੱਦ ਲਵੇ।

ਪੜਿ ਪੜਿ ਭਰੀਅਹਿ ਸਾਥ ॥

ਜਿਥੇ ਗੱਡੀਆਂ ਨਾ ਜਾਵਣ ਓਥੇ ਸਾਥਾਂ ਦੇ ਸਾਥ ਭਾਵ ਊਠ ਭਰ ਕੇ ਲੱਦ ਲਵੇ।

ਪੜਿ ਪੜਿ ਬੇੜੀ ਪਾਈਐ

ਜਿਥੇ ਕਿ ਊਠ ਨਾ ਜਾ ਸਕਣ, ਨਦੀ ਤੋਂ ਪਾਰ ਹੋਣ ਸਮੇਂ ਤਹਾਂ ਪੜ੍ਹ ਪੜ੍ਹ ਕੇ ਬੇੜੀ ਵਿਚ ਪਾਵੇ।

ਪੜਿ ਪੜਿ ਗਡੀਅਹਿ ਖਾਤ ॥

ਜਦ ਗ੍ਰੰਥ ਪੁਰਾਣੇ ਹੋ ਜਾਵਣ ਤਾਂ ਖਾਤ=ਟੋਏ ਵਿਚ ਪੜ੍ਹ ੨ ਕੇ ਗੱਡ ਦੇਵੇ ਭਾਵ ਦਬਾ ਦੇਵੇ।

ਪੜੀਅਹਿ ਜੇਤੇ ਬਰਸ ਬਰਸ

ਜਿਤਨੇ ਕੁ ਸਾਲ ਜੀਉਂਦਾ ਹੈ, ਚਾਹੇ ਉਤਨੇ ਸਾਲ ਪੜ੍ਹਦਾ ਹੀ ਰਹੇ।

ਪੜੀਅਹਿ ਜੇਤੇ ਮਾਸ ॥

ਜ਼ਿੰਦਗੀ ਦੇ ਜਿਤਨੇ ਮਹੀਨੇ ਹਨ ਚਾਹੇ ਉਤਨੇ ਮਹੀਨੇ ਪੜ੍ਹਦਾ ਹੀ ਰਹੇ।

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥

ਜਿਤਨੀ ਆਰਜਾ=ਆਯੂ ਹੋਵੇ ਚਾਹੇ ਉਤਨਾਂ ਚਿਰ ਪੜ੍ਹਦਾ ਹੀ ਰਹੇ। ਜਿਤਨੇ ਸਰੀਰ ਦੇ ਵਿਚ ਸ੍ਵਾਸ ਹਨ ਚਾਹੇ ਉਤਨਾ ਚਿਰ ਭਾਵੇਂ ਪੜ੍ਹਦਾ ਹੀ ਰਹੇ।

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ੧ ॥

ਸ਼ਤਿਗੁਰ ਦੇਵ ਜੀ ਕਥਨ ਕਰਦੇ ਹਨ ਪਰੰਤੂ ਇਕ ਨਾਮ ਜਪਣ ਰੂਪੀ ਗੱਲ ਲੇਖੇ ਵਿਚ ਹੈ।

ਵਾ-ਏਕਤਾ ਦੇ ਨਿਸਚੇ ਕਰਨੇ ਰੂਪੀ ਗੱਲ ਲੇਖੇ ਵਿਚ ਹੈ। ਹੋਰ ਜਿਹੜਾ ਹੰਗਤਾ ਵਿਚ ਪੜ੍ਹਨਾ ਹੈ ਇਹ ਸਭ ਗੱਪਾਂ ਦਾ ਝਾਖ=ਮਾਰਨਾ ਹੈ।

ਯਥਾ- ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਤਰਿ ਤ੍ਰਿਸਨਾ ਵਿਕਾਰੁ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਇ ਖੁਆਰੁ॥

(ਸੋਰਠਿ ਵਾਰ ਸ: ੨੧, ਪੰਨਾ ੬੫੦)

ਤਥਾ- ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥

(ਮਾਝ ਵਾਰ ਪੰਨਾ ੧੪੦)

ਤਥਾ- ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਭਾਖ ਭਖਾਈਐ॥ ੩॥

(ਗਉੜੀ ਮ: ੫ ਪੰਨਾ ੨੧੬)

ਸ਼ੁਭ ਸਿੱਖਿਆ ਭਰੇ ਮਹਾਨ ਪਵਿੱਤ੍ਰ ਬਚਨਾਂ ਨੂੰ ਸੁਣ ਕੇ ਪੰਡਿਤ ਨੂੰ ਸ਼ਾਂਤੀ ਆ ਗਈ ਤੇ ਗੁਰੂ ਸਾਹਿਬ ਜੀ ਦੇ ਚਰਨਾਂ ਨੂੰ ਧੋ ਕੇ ਉਸ ਨੇ ਅੰਮ੍ਰਿਤ ਪੀਤਾ।

ਪ੍ਰਸੰਗ ਅਨੁਸਾਰ ਪਹਿਲਾ ਅਰਥ ਠੀਕ ਹੈ।

(ਦੂਜਾ ਅਰਥ ਕੇਵਲ ਪੜ੍ਹਨ ਵਾਲਿਆਂ ਵਾਸਤੇ ਕਰਦੇ ਹਨ)

ਦੂਜਾ ਅਰਥ-

'ਪੜਿ ਪੜਿ ਗਡੀ ਲਦੀਅਹਿ'

ਇਤਨੇ ਗ੍ਰੰਥ ਪੜ੍ਹੇ ਜੋ ਪੜ੍ਹ ਕੇ ਗ੍ਰੰਥਾਂ ਦੀਆਂ ਗੱਡੀਆਂ ਲੱਦ ਲਵੇ।

'ਪੜਿ ਪੜਿ ਭਰੀਅਹਿ ਸਾਥ॥'

ਫੇਰ ਇਤਨਾਂ ਪੜ੍ਹੇ ਜੋ ਪੜ੍ਹ ਕੇ ਗ੍ਰੰਥਾਂ ਦੇ ਸਾਥ=ਊਠ ਭਰ ਲਵੇ।

'ਪੜਿ ਪੜਿ ਬੇੜੀ ਪਾਈਐ'

ਇਤਨਾਂ ਪੜ੍ਹੇ ਜੋ ਪੜ੍ਹ ਕੇ ਬੇੜੀਆਂ ਵਿਚ ਪਾ ਕੇ ਭਰ ਲਵੇ।

'ਪੜਿ ਪੜਿ ਗਡੀਅਹਿ ਖਾਤ॥'

ਫੇਰ ਪੜ੍ਹ ਪੜ੍ਹ ਕੇ ਜਦ ਪੁਰਾਣੇ ਹੋ ਜਾਵਣ ਤਾਂ ਖਾਤ=ਟੋਏ ਵਿਚ ਗੱਡ ਦੇਵੇ।

'ਪੜੀਅਹਿ ਜੇਤੇ ਬਰਸ ਬਰਸ'

ਜਿਤਨੇ ਬਰਸ ਜੀਉਂਦਾ ਹੈ, ਉਤਨੇ ਬਰਸ ਪੜ੍ਹਦਾ ਰਹੇ।

'ਪੜੀਐ ਜੇਤੇ ਮਾਸ॥'

ਬਰਸਾਂ ਦੇ ਜਿਤਨੇ ਮਹੀਨੇ ਹਨ, ਉਤਨੇ ਮਹੀਨੇ ਪੜ੍ਹਦਾ ਰਹੇ।

'ਪੜੀਐ ਜੇਤੀ ਆਰਜਾ'

ਜਿਤਨੀ ਆਰਜਾ=ਆਯੂ ਭਾਵ ਅਵਸਥਾ ਹੋਵੇ ਉਤਨਾ ਚਿਰ ਪੜ੍ਹਦਾ ਰਹੇ।

'ਪੜੀਅਹਿ ਜੇਤੇ ਸਾਸ॥'

ਜਿਤਨੇ ਸਰੀਰ ਵਿਚ ਸਵਾਸ ਹਨ, ਉਤਨੇ ਸਵਾਸ ਪੜ੍ਹਦਾ ਹੀ ਰਹੇ।

'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥'

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਇਕ ਪੜ੍ਹਨੇ ਰੂਪੀ ਗੱਲ ਲੇਖੇ ਵਿਚ ਹੈ। ਹੋਰ ਹੰਗਤਾ ਪੂਰਬਕ ਜੋ ਕਰਤੱਬਾਂ ਦਾ ਕਰਨਾ ਹੈ ਸੋ ਸਭ ਗੱਪਾਂ ਦਾ ਮਾਰਨਾ ਹੈ। ਯਥਾ-

ਇਕ ਅਨਪੜ੍ਹ ਸਿੱਖ ਕਲਗੀਧਰ ਜੀ ਪਾਸ ਆਇਆ, ਉਸ ਨੂੰ ਦਸਮੇਸ਼ ਪਿਤਾ ਜੀ ਪੜ੍ਹਨ ਦਾ ਉਪਦੇਸ਼ ਦੇਂਦੇ ਹਨ-

'ਚਹੀਅਹਿ ਪਢਯੋ ਅਲਪ ਕੈ ਘਨੋ॥ ਬੁਧ ਸੁਧ ਪਰੈ ਸੁਧਰੈ ਮਨੋ॥
ਗੁਣ ਅਵਗੁਣ ਕਰਬੋ ਅਨਕਰਬੋ॥ ਜਾਨੇ ਸਭ ਕੀ ਸੁਧ ਉਰ ਧਰਿਬੋ॥
ਪਢਣ ਵਿਖੈ ਗੁਣ ਅਹੈ ਅਨੇਕੁ॥ ਸਦ ਗੁਣ ਪ੍ਰਾਪਤ ਆਦਿ ਬਿਬੇਕੁ ॥'
ਯਾਤੇ ਪਢਣ ਅਹੈ ਬਹੁ ਨੀਕਾ॥ ਅਨਪੜ ਰਹੈ ਅੰਧ ਨਿਤ ਹੀਕਾ॥

ਤਥਾ-ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥

(ਮਾਝ ਵਾਰ, ਪੰਨਾ ੧੪੯)

ਤਥਾ-ਮੈ ਜਾਨਿਓ ਪੜਬੋ ਭਲੋ

ਤੀਸਰਾ ਅਰਥ-

'ਪੜਿ ਪੜਿ ਗਡੀ ਲਦੀਅਹਿ'

ਗੱਡੀਆਂ ਦਾ ਲੱਦਣਾ ਭੀ ਪੜ੍ਹਨੇ ਪੜ੍ਹਾਵਣੇ ਤੇ ਹੁੰਦਾ ਹੈ।

'ਪੜਿ ਪੜਿ ਭਰੀਅਹਿ ਸਾਥ॥'

ਸਾਥ=ਊਠਾਂ ਦਾ ਭਰਨਾ ਵੀ ਪੜ੍ਹਨੇ ਪੜ੍ਹਾਵਣੇ ਤੇ ਹੁੰਦਾ ਹੈ।

'ਪੜਿ ਪੜਿ ਬੇੜੀ ਪਾਈਐ'

ਬੇੜੀ ਨੂੰ ਦਰਿਆ ਦੇ ਵਿਚ ਪਾ ਕੇ ਚਲਾਵਣੇ ਦਾ ਵੱਲ ਪੜ੍ਹਨੇ ਪੜ੍ਹਾਵਣੇ ਤੇ ਹੁੰਦਾ ਹੈ।

'ਪੜਿ ਪੜਿ ਗਡੀਅਹਿ ਖਾਤ॥'

ਖਾਤ=ਟੋਇਆਂ ਦਾ ਪੂਰਨਾ ਭੀ ਪੜ੍ਹਨੇ ਪੜ੍ਹਾਵਣੇ ਦੇ ਹੁੰਦਾ ਹੈ।

'ਪੜੀਅਹਿ ਜੇਤੇ ਬਰਸ ਬਰਸ'

ਜਿਤਨੇ ਕੁ ਬਰਸ ਹਨ, ਉਨ੍ਹਾਂ ਬਰਸਾਂ ਦੀ ਗਿਆਤ ਪੜ੍ਹਨੇ ਪੜ੍ਹਾਵਣੇ ਤੇ ਹੁੰਦੀ ਹੈ, ਕਿਉਂਕਿ ਪੱਤ੍ਰੀਆਂ ਕੋਈ ਐਵੇਂ ਨਹੀਂ ਬਣ ਜਾਂਦੀਆਂ। ਨਾਲੇ ਪੜ੍ਹਨ ਨਾਲ ਹੀ ਪਤਾ ਲੱਗਦਾ ਹੈ ਕਿ ਕਿਤਨੇ ਮਹੀਨਿਆਂ ਦਾ ਵਰ੍ਹਾ ਹੁੰਦਾ ਹੈ।

'ਪੜੀਅਹਿ ਜੇਤੇ ਮਾਸ॥'

ਜਿਤਨੇ ਮਹੀਨੇ ਹਨ ਉਨ੍ਹਾਂ ਮਹੀਨਿਆਂ ਦੀ ਗਿਆਤ ਪੜ੍ਹਨੇ ਪੜ੍ਹਾਵਣੇ ਸੇ ਹੁੰਦੀ ਹੈ।

ਪੜ੍ਹਨ ਨਾਲ ਹੀ ਪਤਾ ਲੱਗਦਾ ਹੈ। ਆਮ ਤੀਹ ਦਿਨਾਂ ਦਾ ਮਹੀਨਾ ਗਿਣਿਆਂ ਜਾਂਦਾ ਹੈ ਪਰ ਜੇ ਸੂਖਮ ਵਿਚਾਰ ਅੰਦਰ ਜਾਈਏ ਤਾਂ-

-ਦੇਸੀ ਮਹੀਨੇ-

ਚੇਤ ਦਾ ਮਹੀਨਾ	੩੦ ਦਿਨਾਂ ਦਾ	ਵੈਸਾਖ ਦਾ ਮਹੀਨਾ	੩੧ ਦਿਨਾਂ ਦਾ
ਜੇਠ ਦਾ ਮਹੀਨਾ	੩੨ ਦਿਨਾਂ ਦਾ	ਹਾੜ ਦਾ ਮਹੀਨਾ	੩੧ ਦਿਨਾਂ ਦਾ
ਸਾਵਣ ਦਾ ਮਹੀਨਾ	੩੨ ਦਿਨਾਂ ਦਾ	ਭਾਦਰੋਂ ਦਾ ਮਹੀਨਾ	੩੧ ਦਿਨਾਂ ਦਾ
ਅੱਸੂ ਦਾ ਮਹੀਨਾ	੩੦ ਦਿਨਾਂ ਦਾ	ਕੱਤਕ ਦਾ ਮਹੀਨਾ	੩੦ ਦਿਨਾਂ ਦਾ
ਮੱਘਰ ਦਾ ਮਹੀਨਾ	੨੯ ਦਿਨਾਂ ਦਾ	ਪੋਹ ਦਾ ਮਹੀਨਾ	੨੯ ਦਿਨਾਂ ਦਾ
ਮਾਘ ਦਾ ਮਹੀਨਾ	੩੦ ਦਿਨਾਂ ਦਾ	ਫੱਗਣ ਦਾ ਮਹੀਨਾ	੩੦ ਦਿਨਾਂ ਦਾ

(ਸਾਲ ਦੇ ੩੬੫ ਦਿਨ ਹਨ)

-ਅੰਗਰੇਜ਼ੀ ਮਹੀਨੇ-

ਜਨਵਰੀ ਦਾ ਮਹੀਨਾ	੩੧ ਦਿਨਾਂ ਦਾ	ਫਰਵਰੀ ਦਾ ਮਹੀਨਾ	੨੯ ਦਿਨਾਂ ਦਾ
ਮਾਰਚ ਦਾ ਮਹੀਨਾ	੩੧ ਦਿਨਾਂ ਦਾ	ਅਪਰੈਲ ਦਾ ਮਹੀਨਾ	੩੦ ਦਿਨਾਂ ਦਾ
ਮਈ ਦਾ ਮਹੀਨਾ	੩੧ ਦਿਨਾਂ ਦਾ	ਜੂਨ ਦਾ ਮਹੀਨਾ	੩੦ ਦਿਨਾਂ ਦਾ
ਜੁਲਾਈ ਦਾ ਮਹੀਨਾ	੩੧ ਦਿਨਾਂ ਦਾ	ਅਗਸਤ ਦਾ ਮਹੀਨਾ	੩੧ ਦਿਨਾਂ ਦਾ
ਸਤੰਬਰ ਦਾ ਮਹੀਨਾ	੩੦ ਦਿਨਾਂ ਦਾ	ਅਕਤੂਬਰ ਦਾ ਮਹੀਨਾ	੩੧ ਦਿਨਾਂ ਦਾ
ਨਵੰਬਰ ਦਾ ਮਹੀਨਾ	੩੦ ਦਿਨਾਂ ਦਾ	ਦਸੰਬਰ ਦਾ ਮਹੀਨਾ	੩੧ ਦਿਨਾਂ ਦਾ

(ਸਾਲ ਦੇ ੩੬੫ ਦਿਨ ਹਨ)

"ਪੜੀਅਹਿ ਜੇਤੀ ਆਰਜਾ"

ਜਿਤਨੀ ਅਵਸਥਾ ਹੈ, ਇਸ ਦਾ ਪਤਾ ਭੀ ਪੜ੍ਹਨ ਨਾਲ ਹੁੰਦਾ ਹੈ।

"ਪੜਿਅਹਿ ਜੇਤੇ ਸਾਸ॥"

ਜਿਤਨੇ ਸਰੀਰ ਦੇ ਵਿਚੋਂ ਰੋਜ਼ ਸਵਾਸ ਨਿਕਲਦੇ ਹਨ, ਇਹਨਾਂ ਦੀ ਗਿਆਤ ਵੀ ਪੜ੍ਹਨ ਤੇ ਹੁੰਦੀ ਹੈ।

ਨੋਟ-ਸਰੀਰ ਵਿਚੋਂ ਰੋਜ਼ ਦੇ ੨੪ ਹਜ਼ਾਰ ਸਵਾਸ ਨਿਕਲਦੇ ਹਨ ਪਰ ਜੋਗੀਆਂ ਦੇ ਸਮਾਧੀ ਲਗਾਉਣ ਦੇ ਕਾਰਨ ਉਤਨੇ ਹੀ ਸਮੇਂ ਵਿਚ ੨੧੬੨੪ ਸਵਾਸ ਨਿਕਲਦੇ ਹਨ। ਆਮ ਪੁਰਸ਼ਾਂ ਦੇ ਭੀ ਕਿਰਿਆ ਦੇ ਅਨੁਸਾਰ ਸਵਾਸ ਵੱਧ ਘਟ ਜਾਂਦੇ ਹਨ।

ਯਥਾ- ਬੈਸਤ ਬਾਰਾਂ ਚਲਤ ਅਠਾਰਾਂ ਸੋਵਤ ਚਾਲੈਂ ਤੀਸ॥
ਮੈਥਨ ਕਰਤੇ ਚੌਸਠ ਚਾਲੈਂ ਕਿਉਂ ਨ ਭਜੈਂ ਜਗਦੀਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਇਕ ਪੜ੍ਹਨੇ ਰੂਪੀ ਗੱਲ ਲੇਖੇ ਵਿਚ ਹੈ ਹੋਰ ਹੰਗਤਾ ਸਹਿਤ ਜਿਹੜੇ ਕਰਮ ਕਰਨੇ ਹਨ, ਇਹ ਸਭ ਗੱਪਾਂ ਦਾ ਮਾਰਨਾ ਹੈ॥ ੧॥

ਮਃ ੧॥ ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥

ਨਾਮ ਤੋਂ ਬਿਨਾਂ ਜਿਤਨਾ ਲਿਖ ਲਿਖ ਕੇ ਗ੍ਰੰਥਾਂ ਨੂੰ ਪੜ੍ਹਿਆ ਹੈ, ਓਨਾਂ ਹੀ ਕੜਿਆ=ਝੁਰਦਾ ਹੈ।

ਅਥਵਾ:-ਉਤਨਾਂ ਹੀ ਬੰਧਨਾਂ ਵਿਚ ਕੜਿਆ=ਫਸ ਗਿਆ । ਪੜ੍ਹਨ ਦਾ ਫਲ ਹੈ ਬੰਧਨਾਂ ਤੋਂ ਮੁਕਤ ਹੋਣਾ ਪਰ ਵਿਚਾਰ ਬਿਨਾਂ ਲੋਕ ਜਿਉਂ ਜਿਉਂ ਪੜ੍ਹਦੇ ਹਨ, ਤਿਉਂ ਤਿਉਂ ਹਉਮੈ ਦੇ ਬੰਧਨਾਂ ਵਿਚ ਬੁੰਨ੍ਹੇ ਜਾਂਦੇ ਹਨ।

ਬਹੁ ਤੀਰਥ ਭਵਿਆ॥ ਤੇਤੋ ਲਵਿਆ॥

ਜਿਤਨਾ ਕੁ ਬਹੁਤੇ ਤੀਰਥਾਂ ਉਪਰ ਫਿਰਦਾ ਹੈ, ਓਨਾਂ ਕੁ ਲਵਿਆ=ਲਊਂ ਲਊਂ ਕਰਦਾ ਹੈ। ਅਰਥਾਤ ਬਕਦਾ ਹੈ, ਸ਼ੇਖੀਆਂ ਮਾਰਦਾ ਹੈ।

ਯਥਾ- ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥ *(ਸਿਰੀਰਾਗੁ ਮ: ੧, ਪੰਨਾ ੬੧)*

ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥

ਜਿਤਨੇ ਕੁ ਬਹੁਤੇ ਭੇਖਾਂ ਨੂੰ ਧਾਰਨ ਕੀਤਾ, ਉਤਨਾ ਹੀ ਦੇਹ ਨੂੰ ਦੁੱਖ ਦੇਣਾ ਕੀਤਾ ਹੈ, ਕਿਉਂਕਿ ਭੇਖੀ ਪੁਰਸ਼ ਦੇ ਅੰਦਰ ਟਿਕਾਉ ਨਹੀਂ ਹੁੰਦਾ।

*ਯਥਾ-*ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥

(ਭੈਰਉ ਮ: ੩, ਪੰਨਾ ੧੧੩੧)

ਸਹੁ ਵੇ ਜੀਆ ਅਪਣਾ ਕੀਆ ॥

ਵੇ ਜੀਆ=ਹੇ ਜੀਵ ! ਆਪਣੇ ਕੀਤੇ ਹੋਏ ਕਰਮਾਂ ਦੇ ਫਲ ਨੂੰ ਸਹੁ=ਸਹਾਰ।

ਅੰਨੁ ਨ ਖਾਇਆ ਸਾਦੁ ਗਵਾਇਆ ॥

ਪਖੰਡੀ ਨੇ ਅੰਨ ਨ ਖਾਧਾ ਤੇ ਜਿਹਵਾ ਦੇ ਸਵਾਦ ਨੂੰ ਗਵਾ ਦਿੱਤਾ।

ਯਥਾ- ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਇ ਰੰਡ ॥

ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥ ੨ ॥

(ਗੌਂਡ ਕਬੀਰ ਜੀ, ਪੰਨਾ ੮੭੩)

ਬਹੁ ਦੁਖੁ ਪਾਇਆ ਦੂਜਾ ਭਾਇਆ ॥

ਦੂਜਾ ਭਾਇਆ=ਦਵੈਤ ਭਾ ਵਿਚ ਲੱਗ ਕੇ ਇਸ ਪੁਰਸ਼ ਨੇ ਬਹੁਤ ਹੀ ਦੁੱਖ ਪਾਇਆ ਹੈ।

ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥

ਨਾਂਗਾ ਬਸਤਰਾਂ ਨੂੰ ਨਹੀਂ ਪਹਿਰਦਾ ਤੇ ਦਿਨੇ ਰਾਤ ਠੰਢ ਨਾਲ ਕਹਰੈ=ਝੁਰਦਾ, ਭਾਵ ਦੁੱਖ ਭੋਗਣਾ ਕਰਦਾ ਹੈ। ਇਕ ਰੁਪਏ ਦੀ ਚੱਦਰ ਨਾ ਲੈਣੀ ਤੇ ਦਸਾਂ ਰੁਪਿਆਂ ਦੀਆਂ ਲਕੜਾਂ ਫੂਕ ਦੇਣੀਆਂ ਪਰ ਇਹ ਗੱਲ ਤਾਂ ਹੁੰਦੀ ਹੈ ਜੋ ਪਿਛਲੇ ਜਨਮ ਵਿਚ ਬਸਤ੍ਰ ਦਾਨ ਨਹੀਂ ਸੀ ਕੀਤਾ ਹੋਇਆ ਇਸ ਤੇ ਕਪੜਾ ਕੋਈ ਨਾ ਮਿਲਿਆ।

ਪ੍ਰਮਾਣ- ਨੰਗਰ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥

(ਗਉੜੀ ਕਬੀਰ ਜੀ, ਪੰਨਾ ੩੨੪)

ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥

ਮੋਨ ਨੇ ਇਸ ਨੂੰ ਵਿਗੂਤਾ=ਖਰਾਬ ਕਰ ਦਿੱਤਾ। ਗੁਰਾਂ ਦੇ ਉਪਦੇਸ਼ ਲਏ ਤੋਂ ਬਿਨਾਂ ਅਵਿੱਦਿਆ ਰੂਪੀ ਨੀਂਦ ਵਿਚ ਸੁਤਾ ਹੋਇਆ, ਕਿਸ ਤਰ੍ਹਾਂ ਗਿਆਨ ਜਾਗਰਤ ਵਿਖੇ ਜਾਗੇ।

ਪਗ ਉਪੇਤਾਣਾ ॥

ਪੈਰਾਂ ਵਿਖੇ ਉਪੇ ਤਾਣਾ=ਜੋੜਾ ਨਾ ਪਹਿਰਿਆ। *ਅਥਵਾ:-*ਪੈਰਾਂ ਨੂੰ ਉਪਰ ਤਾਣ ਕੇ ਭਾਵ ਉਪੁੱਠਾ ਹੋ ਕੇ ਲਮਕ ਪਿਆ।

ਅਪਣਾ ਕੀਆ ਕਮਾਣਾ ॥

ਆਪਣੇ ਕੀਤੇ ਹੋਏ ਕਰਮਾਂ ਦਾ ਫਲ ਨੂੰ ਕਮਾਇਆ ਅਰਥਾਤ ਭੋਗਿਆ। ਪਿਛਲੇ ਜਨਮ ਵਿਚ ਕਿਸੀ ਨੂੰ

ਟੰਗਿਆ ਸੀ ਤੇ ਹੁਣ ਆਪ ਟੰਗਿਆ ਗਿਆ।

ਅਲੁ ਮਲੁ ਖਾਈ ਸਿਰਿ ਛਾਈ ਪਾਈ॥

ਘੋਰੀ ਮੱਤ ਵਾਲਿਆਂ ਨੇ ਅਲੁ=ਰੱਜ ਕੇ *ਅਥਵਾ*-ਤਾਜ਼ੀ ਮਲੁ=ਵਿਸ਼ਟਾ ਖਾ ਲਈ ਭਾਵ ਮਲ ਮੂਤ੍ਰ ਤੇ ਸ਼ਰਾਬ ਆਦਿ ਵਰਤ ਕੇ ਸਿਰ ਪਰ ਪ੍ਰਤੱਖ ਸੁਆਹ *ਅਥਵਾ* :-ਲਾਹਨਤਾਂ ਰੂਪੀ ਸੁਆਹ ਪਾ ਲੀਤੀ।

ਮੂਰਖਿ ਅੰਧੈ ਪਤਿ ਗਵਾਈ॥

ਇਸ ਮੂਰਖ ਅੰਧੇ ਅਗਿਆਨੀ ਪੁਰਸ਼ ਨੇ ਆਪਣੀ ਨਿਸਫਲ ਹੀ ਪਤਿ ਅਬਰੋ ਗਵਾ ਲੀਤੀ।

ਵਿਣੁ ਨਾਵੈ ਕਿਛੁ ਥਾਇ ਨ ਪਾਈ॥

ਨਾਮ ਜਪੇ ਬਿਨਾਂ, ਕੋਈ ਕਰਤੱਬ ਕੀਤਾ ਹੋਇਆ ਥਾਂ ਵਿਖੇ ਨਹੀਂ ਪੈਂਦਾ ਭਾਵ ਸਫਲ ਨਹੀਂ ਹੁੰਦਾ।

ਯਥਾ- ਕਲਜੁਗ ਮਹਿ ਬਹੁ ਕਰਮ ਕਮਾਹਿ॥ ਨਾ ਰੁਤਿ ਨ ਕਰਮ ਥਾਇ ਪਾਹਿ॥

ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥ *(ਗਉੜੀ ਮਹਲਾ ੫, ਪੰਨਾ ੧੧੩੦)*

ਅਥਵਾ- ਕੋਈ ਭੇਖ ਧਾਰਨ ਕੀਤਾ ਹੋਇਆ ਕਬੂਲ ਨਹੀਂ ਪੈਂਦਾ।

ਰਹੈ ਬੇਬਾਣੀ ਮੜੀ ਮਸਾਣੀ॥

ਚਾਹੇ ਬੇਬਾਣੀ=ਉਜ਼ਾੜਾਂ ਵਿਚ ਰਹੇ, ਚਾਹੇ ਮੜ੍ਹੀਆਂ ਮਸਾਣਾਂ ਵਿਚ ਰਹਿਣਾ ਕਰੇ, ਨਾਮ ਜਪੇ ਬਗੈਰ ਮੁਕਤੀ ਨਹੀਂ ਮਿਲਦੀ।

ਅੰਧੁ ਨ ਜਾਣੈ ਫਿਰਿ ਪਛੁਤਾਣੀ॥

[ਪੰਨਾ ੪੬੮]

ਪਖੰਡ ਕਰਮ ਹੋਣ ਕਰਕੇ, ਅੰਧਾ ਅਗਿਆਨੀ ਜੀਵ ਵਾਹਿਗੁਰੂ ਨੂੰ ਜਾਣਦਾ ਨਹੀਂ। ਕਰਮਾਂ ਦਾ ਫਲ ਭੋਗਣ ਵੇਲੇ ਅੰਤ ਨੂੰ ਫਿਰ ਪਸਚਾਤਾਪ ਕਰਦਾ ਹੈ।

ਸਤਿਗੁਰੁ ਭੇਟੇ ਸੋ ਸੁਖੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥

ਜਿਸ ਨੂੰ ਸਤਿਗੁਰ ਦੇਵ ਜੀ ਭੇਟੇ=ਮਿਲੇ ਹਨ, ਉਹ ਪੁਰਸ਼ ਮਨ ਵਿਚ ਹਰੀ ਨਾਮ ਨੂੰ ਵਸਾ ਕੇ ਸੁਖ ਨੂੰ ਪਾਉਂਦਾ ਹੈ।

ਨਾਨਕ ਨਦਰਿ ਕਰੇ ਸੋ ਪਾਏ॥

ਸਤਿਗੁਰ ਦੇਵ ਜੀ ਆਖਦੇ ਹਨ—ਜਿਸ 'ਪਰ ਈਸ਼ੂਰ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਹ ਪੁਰਸ਼ ਮੋਖ ਨੂੰ ਪਾਉਂਦਾ ਹੈ।

ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥ ੨॥

ਗੁਰਾਂ ਦੇ ਉਪਦੇਸ਼ ਦੁਆਰਾ ਹੰਗਤਾ ਨੂੰ ਆਸਾ ਨੂੰ ਤੇ ਅੰਦੇਸੇ=ਸੰਸੇ ਨੂੰ ਅਭਾਵ ਕਰੇ ਤਾਂ ਨਿਹਕੇਵਲੁ=ਸ਼ੁਧ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। *ਅਥਵਾ*-ਗੁਰ ਉਪਦੇਸ਼ ਦੁਆਰਾ ਹਉਮੈ ਨੂੰ ਸਾੜੇ ਤਾਂ ਆਸਾ ਤੇ ਸੰਸੇ ਤੋਂ ਨਿਹਕੇਵਲੁ=ਸ਼ੁਧ ਹੁੰਦਾ ਹੈ।

ਅਥਵਾ-ਚਾਰੇ ਪੰਗਤੀਆਂ ਅੰਨਵੇ ਕਰਨੀਆਂ-

ਨਾਨਕ ਨਦਰਿ ਕਰੇ॥ ਸਤਿਗੁਰੁ ਭੇਟੇ॥ ਸਬਦ॥
ਹਰਿ ਕਾ ਨਾਮੁ ਮੰਨਿ ਵਸਾਏ॥ ਆਸ ਅੰਦੇਸੇ ਹਉਮੈ ਜਲਾਏ॥
ਨਿਹਕੇਵਲੁ ਸੋ ਪਾਏ॥ ਸੋ ਸੁਖੁ ਪਾਏ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਈਸ਼ਵਰ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਸਤਿਗੁਰ ਦੇਵ ਜੀ ਮਿਲਦੇ ਹਨ, ਜਦ ਉਹਨਾਂ ਦਾ ਸ਼ਬਦ=ਉਪਦੇਸ਼ ਪ੍ਰਾਪਤ ਹੋਇਆ ਤਾਂ ਹਰੀ ਦਾ ਨਾਮ ਮਨ ਵਿਚ ਵਸਾਇਆ । ਨਾਮ ਦੇ ਪ੍ਰਾਪਤ ਕਰਨ ਨਾਲ ਹੰਗਤਾ, ਆਸਾ ਤੇ ਸਭ ਸੰਸੇ ਸਾੜ ਦਿੱਤੇ ਤਾਂ ਸ਼ੁਧ ਰੂਪ ਪਰਮੇਸ਼ਰ ਨੂੰ ਪਾ ਕੇ ਸਾਰੇ ਸੁਖ ਪਾਉਣਾ ਕੀਤੇ।

ਪਉੜੀ॥ ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥

ਹੇ ਅਕਾਲ ਪੁਰਖ! ਭਗਤ ਜਨ ਆਪ ਦੇ ਮਨ ਵਿਖੇ ਭਾਂਵਦੇ ਹਨ, ਕਿਉਂਕਿ ਆਪ ਦੀ ਕੀਰਤੀ=ਵਡਿਆਈ ਨੂੰ ਗਾਂਵਦੇ ਹੋਏ ਆਪ ਦੇ ਦਰ ਉੱਤੇ ਸੋਭਨੀਕ ਹੋ ਰਹੇ ਹਨ।

ਪ੍ਰਸ਼ਨ-ਕਿਹੜੇ ਭਗਤ ? ਉੱਤਰ-

ਭਗਤਿ ਕਰਹਿ ਮਰਜੀਵੜੇ ਗੁਰਮੁਖਿ ਭਗਤਿ ਸਦਾ ਹੋਇ॥
ਓਨਾ ਕਉ ਪੂਰਿ ਭਗਤਿ ਖਜਾਨਾ ਬਖਸਿਆ ਮੇਟਿ ਨ ਸਕੈ ਕੋਇ॥
ਗੁਣ ਨਿਧਾਨੁ ਮਨਿ ਪਾਇਆ ਏਕੋ ਸਚਾ ਸੋਇ॥
ਨਾਨਕ ਗੁਰਮੁਖਿ ਮਿਲਿ ਰਹੇ ਫਿਰਿ ਵਿਛੋੜਾ ਕਦੇ ਨ ਹੋਇ॥ ੧॥ *(ਪੰਨਾ ੫੮੯)*

ਅਰਥ-ਜੇਹੜੇ ਮਰਜੀਵੜੇ ਗੁਰਮੁਖ ਭਗਤੀ ਕਰਦੇ ਹਨ, ਉਹਨਾਂ ਦੀ ਭਗਤੀ ਕੀਤੀ ਸਦਾ ਕਬੂਲ ਹੁੰਦੀ ਹੈ। ਉਹਨਾਂ ਨੂੰ ਆਦੋਂ ਹੀ ਭਗਤੀ ਰੂਪ ਖਜ਼ਾਨਾ ਵਾਹਿਗੁਰੂ ਨੇ ਬਖ਼ਸ਼ਿਆ ਹੈ ਇਸ ਕਰਕੇ ਉਸ ਨੂੰ ਕੋਈ ਮੇਟ ਨਹੀਂ ਸਕਦਾ। ਭਗਤਾਂ ਨੇ ਗੁਣਾਂ ਦਾ ਖਜ਼ਾਨਾ ਜੋ ਇਕ ਸੱਚਾ ਹੈ ਉਸ ਨੂੰ ਮਨ ਵਿਖੇ ਪਾਇਆ ਹੈ। ਗੁਰਮੁਖ ਭਗਤ ਉਸ ਵਾਹਿਗੁਰੂ ਨਾਲ ਇੰਞ ਮਿਲ ਰਹੇ ਹਨ ਜੋ ਮੁੜ ਉਹਨਾਂ ਦਾ ਕਦੇ ਵਿਛੋੜਾ ਨਹੀਂ ਹੁੰਦਾ।

ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥

ਸਤਿਗੁਰ ਦੇਵ ਜੀ ਕ੍ਰਥਨ ਕਰਦੇ ਹਨ-ਜਿਹੜੇ ਪੁਰਸ਼ ਸ੍ਰੇਸ਼ਟ ਕਰਮਾਂ ਤੋਂ ਬਾਹਰੇ=ਬਿਨਾਂ ਹਨ, ਉਹ ਭਾਗੰਹੀਣ ਮਨੁੱਖ ਧਾਵਦੇ=ਦੌੜਦੇ ਹੋਏ ਪ੍ਰਭੂ ਦੇ ਦਰ ਤੇ ਢੋਅ=ਥਾਂ

ਅਥਵਾ- ਆਸਰਾ ਨਹੀਂ ਲੈਂਦੇ।

ਇਕਿ ਮੂਲੁ ਨ ਬੁਝਨਿ ਆਪਣਾ ਅਣਹੋਦਾ ਆਪੁ ਗਣਾਇਦੇ॥

ਇਕ ਮਨਮੁਖ ਪੁਰਸ਼ ਆਪਣੇ ਮੂਲ=ਅਧਿਸ਼ਠਾਨ ਰੂਪ ਪਰਮੇਸ਼ਰ ਨੂੰ ਨਹੀਂ ਬੁਝਦੇ। ਅਣਹੋਦਾ=ਨਹੀਂ ਹਨ ਸ਼ੁਭ ਗੁਣ ਉਹਨਾਂ ਵਿਚ ਪਰ ਆਪਣੇ ਆਪ ਨੂੰ ਸ੍ਰੇਸ਼ਟ ਗੁਣਵਾਨ ਜਣਾਉਂਦੇ ਹਨ।

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥

ਹਉ=ਮੈਂ ਢਾਢੀ ਵਾਰ ਦੇ ਕਾ=ਕਰਨ ਵਾਲਾ ਨੀਚ ਜਾਤੀ ਵਾਲਾ ਹਾਂ। ਹੋਰ ਸਭ ਲੋਕ ਆਪਣੇ ਆਪ ਨੂੰ ਉੱਤਮ ਜਾਤੀ ਵਾਲੇ ਸਦਾਇਦੇ=ਸਦਵਾਉਂਦੇ ਹਨ। ਐਸੇ ਨਿੰਮਰਤਾ ਧਾਰੇ ਤਾਂ ਪੁਰਸ਼ ਤਰਦਾ ਹੈ।

ਯਥਾ- ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੁਝਿਆ ਮੀਤੁ ਹਮਾਰਾ ਸੋਇ॥ ੭॥ *(ਸਲੋਕ ਕਬੀਰ ਜੀ, ਪੰਨਾ ੧੩੬੪)*

ਤਥਾ- ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥

(ਸੂਹੀ ਮਹਲਾ ੧, ਪੰਨਾ ੭੨੮)

ਤਥਾ- ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥ ੪॥ ੭॥

(ਮਾਰੂ ਮਹਲਾ ੧ ਪੰਨਾ ੯੯੧)

ਤਿਨ੍ ਮੰਗਾ ਜਿ ਤੁਝੈ ਧਿਆਇਦੇ॥ ੯॥

ਹੇ ਅਕਾਲ ਪੁਰਖ ! ਜੋ ਆਪ ਨੂੰ ਧਿਆਂਵਦੇ ਹਨ, ਅਸੀਂ ਤਿਨ੍ਹਾਂ ਪਾਸੋਂ ਤੇਰਾ ਨਾਮ ਮੰਗਦੇ ਹਾਂ।

ਅਥਵਾ-ਤਿਨ੍ਹਾਂ ਦਾ ਦਰਸ਼ਨ ਕਰਨਾ ਮੰਗਦੇ ਹਾਂ॥ ੯॥

ਸਲੋਕੁ ਮਃ ੧॥

ਉਥਾਨਕਾ-ਰਾਇ ਭੁਇ ਦੀ ਤਲਵੰਡੀ ਦੇ ਮਾਲਕ ਪਾਤਿਸ਼ਾਹ ਰਾਇ ਬੁਲਾਰ ਨੇ ਬੜੀ ਨਿੰਮਰਤਾ ਸਹਿਤ ਬੇਨਤੀ ਕੀਤੀ-ਹੇ ਗੁਰੂ ਨਾਨਕ ਪਾਤਿਸ਼ਾਹ ! ਮੇਰੇ ਤੇ ਐਸੀ ਕਿਰਪਾ ਕਰੋ ਜਿਸ ਨਾਲ ਦੁਨੀਆਂ ਦੇ ਧੰਧੇ ਛੱਡ ਕੇ ਸੰਸਾਰ ਸਾਗਰ ਤੋਂ ਪਾਰ ਹੋ ਜਾਵਾਂ। ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਵੈਰਾਗ ਜਨਕ ਉਪਦੇਸ਼ ਦਿੰਦੇ ਹਨ-ਹੇ ਰਾਇ ਬੁਲਾਰ !

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥

ਰਾਜਾ ਝੂਠਾ ਹੈ, ਪਰਜਾ ਵੀ ਝੂਠੀ ਹੈ, ਸਾਰਾ ਸੰਸਾਰ ਹੀ ਝੂਠਾ ਹੈ।

ਯਥਾ- ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰਿ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧॥
ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥
ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥ (ਪੰਨਾ ੮੦੮)

ਤਥਾ- ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ ੨॥ (ਬਿਲਾਵਲੁ ਮਃ ੫, ਪੰਨਾ ੮੦੮)

ਯਥਾ- ਝੂਠੇ ਹਾਥੀ ਝੂਠੇ ਘੋਰਾ। ਝੂਠੇ ਅਗੇ ਝੂਠਾ ਦੌਰਾ।
ਝੂਠਾ ਬਾਧਾ ਝੂਠਾ ਛੋਰਾ, ਝੂਠਾ ਰਾਜਾ ਰਾਣੀ ਹੈ।
ਝੂਠੀ ਕਾਯਾ ਝੂਠੀ ਮਾਯਾ। ਝੂਠਾ ਝੂਠੇ ਧੰਧੇ ਲਾਯਾ।
ਝੂਠਾ ਮੂਆ ਝੂਠਾ ਜਾਯਾ, ਝੂਠੀ ਯਾਕੀ ਬਾਣੀ ਹੈ।
ਝੂਠਾ ਸੋਵੇ ਝੂਠਾ ਜਾਗੇ। ਝੂਠਾ ਜੂਝੇ ਝੂਠਾ ਭਾਗੇ।
ਝੂਠੇ ਪੀਛੇ ਝੂਠਾ ਲਾਗੇ। ਝੂਠੇ ਝੂਠੀ ਖਾਣੀ ਹੈ।
ਝੂਠਾ ਲੀਆ ਝੂਠਾ ਦੀਆ। ਝੂਠਾ ਖਾਯਾ ਝੂਠਾ ਪੀਆ।
ਝੂਠਾ ਸੌਦਾ ਝੂਠੇ ਕੀਆ, ਐਸਾ ਝੂਠਾ ਪ੍ਰਾਣੀ ਹੈ। (ਸੁੰਦਰ ਬਿਲਾਸ)

ਤਥਾ- ਸੁਪਨਾ ਯੇ ਸਭ ਜਗਤ ਹੈ, ਯਾ ਤੇਰਾ ਹੈ ਖਿਆਲ।

ਜਾਦੂਗਰ ਖੁਦ ਹੋਇ ਤੂੰ, ਰਚਿਆ ਇੰਦਰ ਜਾਲ।
ਰਚਿਆ ਇੰਦਰ ਜਾਲ, ਨਹੀਂ ਦਿਲ ਇਸ ਮੇਂ ਦੇਣਾ।
ਝੂਠ ਦੁਖ ਅਰ ਸੁਖ, ਝੂਠ ਦੇਣਾ ਅਰ ਲੇਣਾ।
ਝੂਠਾ ਹਰਖ ਅਰ ਸ਼ੋਕ, ਝੂਠਾ ਜੀਵਣ ਅਰ ਮਰਨਾ।
ਜਾਦੂ ਕਾ ਹੈ ਖੇਲ, ਜਗਤ ਯਾ ਜਾਨੋ ਸੁਪਨਾ।

ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥

ਮੰਡਪ=ਚੌੜੇ ਅਸਥਾਨ ਝੂਠੇ ਹਨ, ਮਾੜੀ=ਦੁਹਾਸਨੀਆਂ ਚਹੁਹਾਸਨੀਆਂ ਵੀ ਝੂਠੀਆਂ ਹਨ ਤੇ ਇਹਨਾਂ ਵਿਚ ਵੱਸਣ ਵਾਲੇ ਸਾਰੇ ਜੀਅ ਵੀ ਝੂਠੇ ਹਨ।

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥

ਸੁਇਨਾ=ਸੋਨਾ ਕੂੜਾ ਹੈ, ਰੁਪਾ ਵੀ ਕੂੜਾ ਹੈ ਅਰਥਾਤ ਚਾਂਦੀ ਵੀ ਕੂੜੀ ਹੈ ਅਤੇ ਸੋਨੇ ਚਾਂਦੀ ਦੇ ਬਣੇ ਹੋਏ ਗਹਿਣਿਆਂ ਦੇ ਪਹਿਨਣ ਵਾਲੇ ਵੀ ਕੂੜੇ ਹਨ।

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥

ਕਾਇਆ=ਸਰੀਰ ਵੀ ਝੂਠਾ ਹੈ, ਕਪੜੇ ਭੀ ਝੂਠੇ ਹਨ। ਅਪਾਰੁ=ਬੇਅੰਤ ਸ੍ਰੇਸ਼ਟ ਰੂਪ ਹੋਣਾ ਵੀ ਝੂਠਾ ਹੈ।

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥

ਮੀਆਂ ਕਹਾਵਣਾ ਵੀ ਝੂਠਾ ਹੈ ਬੀਬੀ ਬੀਵੀ ਕਹਾਵਣਾ ਭੀ ਝੂਠਾ ਹੈ, (ਮੁਸਲਮਾਨ ਔਰਤ ਨੂੰ ਬੀਵੀ ਆਖਦੇ ਹਨ) ਇਨ੍ਹਾਂ ਵਿਖੇ ਖਪ ਕੇ ਸਾਰੇ ਜੀਵ ਖਾਰੁ=ਖੁਆਰ *ਅਥਵਾ*-ਨਾਸ ਹੋ ਰਹੇ ਹਨ।

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥

ਝੂਠਿਆਂ ਪੁਰਸ਼ਾਂ ਦਾ ਕੂੜੇ ਪਦਾਰਥਾਂ ਵਿਚ ਪ੍ਰੇਮ ਲੱਗ ਰਿਹਾ ਹੈ। ਇਸ ਤੇ ਕਰਤਾਰ ਦਾ ਨਾਮ ਜਪਣਾ ਭੁਲ ਹੀ ਗਿਆ ਹੈ।

ਯਥਾ-ਦਾਤਿ ਪਿਆਰੀ ਵਿਸਰਿਆ ਦਾਤਾਰਾ॥ *(ਧਨਾਸਰੀ ਮ: ੫ ਪੰਨਾ ੬੭੬)*

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥

ਜਦ ਕਿ ਸਾਰਾ ਜਗਤ ਹੀ ਚਲੇ ਜਾਣ ਵਾਲਾ ਹੈ ਤਾਂ ਫਿਰ ਦੋਸਤੀ ਕਿਸ ਨਾਲ ਕਰਨੀ ਹੈ।

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥

ਇਸ ਜੀਵ ਨੂੰ ਝੂਠ ਮਿੱਠਾ ਲੱਗ ਰਿਹਾ ਹੈ।

ਪ੍ਰਸ਼ਨ-ਕਿਵੇਂ ਮਿੱਠਾ ਲੱਗ ਰਿਹਾ ਹੈ ?

ਉੱਤਰ-ਮਾਖਿਉ=ਸ਼ਹਿਤ ਨਾਲੋਂ ਭੀ ਝੂਠ ਮਿੱਠਾ ਲੱਗ ਰਿਹਾ ਹੈ।

ਅਥਵਾ-ਕੂੜ=ਝੂਠਾ ਹੈ ਤਾਂ ਮਿੱਠੇ ਤੇਲੀਏ ਦੇ ਵਤ ਭਾਵ ਮਹੁਰੇ ਵਤ ਮਾਰਨ ਵਾਲਾ ਪਰ ਇਸ ਨੂੰ ਮਾਖਿਉ=ਸ਼ਹਿਤ ਵਤ ਮਿੱਠਾ ਲੱਗ ਰਿਹਾ ਹੈ। ਇਸ ਝੂਠ ਨੇ ਪੂਰਾਂ ਦੇ ਪੂਰ ਭਾਵ ਸਾਰੇ ਜੀਵ ਡੋਬ ਰੱਖੇ ਹਨ।

*ਯਥਾ-ਆਪਣੇ ਮਨ ਦਾ ਕੀਤਾ ਅਥਵਾ-*ਸੋਚਿਆ ਕੁਝ ਨਹੀਂ ਹੁੰਦਾ, ਹੁੰਦਾ ਓਹੀ ਹੈ ਜੋ ਕੁਝ ਪਰਮਾਤਮਾ ਨੂੰ ਮਨਜ਼ੂਰ ਹੁੰਦਾ ਹੈ। ਜਿਸ ਤਰ੍ਹਾਂ ਕਿ ਕਥਾ ਵਾਚਕ ਪੰਡਤ ਨੇ ਝੂਠ ਬੋਲ ਕੇ ਰਾਜੇ ਦੀ ਲੜਕੀ ਨਾਲ ਸ਼ਾਦੀ ਕਰਨੀ ਚਾਹੀ ਸੀ, ਪਰੰਤੂ ਰਾਜੇ ਦੀ ਲੜਕੀ ਤਾਂ ਦੂਜੇ ਰਾਜੇ ਦੇ ਘਰ ਚਲੀ ਗਈ ਅਤੇ ਪੰਡਿਤ ਨੂੰ ਰਿਛ ਨੇ ਖਾ ਲਿਆ।

ਸਾਖੀ-ਰਾਜੇ ਤੇ ਪੰਡਤ ਦੀ

ਇਹ ਸਾਖੀ ਇਉਂ ਲਿਖੀ ਹੈ ਕਿ ਇਕ ਪੰਡਿਤ ਕਿਸੇ ਰਾਜੇ ਦੇ ਪਾਸ ਕਥਾ ਕਰਦਾ ਹੁੰਦਾ ਸੀ। ਰਾਜੇ ਦਾ ਕਥਾ-ਵਾਚਕ ਪੰਡਿਤ ਹੋਣ ਕਰਕੇ ਪੰਡਿਤ ਜੀ ਦੀ ਬੜੀ ਮਾਨ ਪ੍ਰਤਿਸ਼ਟਾ ਸੀ। ਚੰਗੇ ਖਾਣੇ ਤੇ ਚੰਗੇ ਬਸਤ੍ਰ ਪਹਿਰਣ ਨੂੰ ਅਤੇ ਨਾਨਾ ਪ੍ਰਕਾਰ ਦੇ ਪਦਾਰਥ ਰਾਜਾ ਪਾਸੋਂ ਪੰਡਿਤ ਜੀ ਨੂੰ ਮਿਲਦੇ ਸਨ।

ਇਕ ਦਿਨ ਦੇਵ ਨੇਤ ਜਦ ਪੰਡਿਤ ਜੀ ਕਥਾ ਕਰਕੇ ਉਠੇ ਤਾਂ ਉਨ੍ਹਾਂ ਦੀ ਨਜ਼ਰ ਰਾਜੇ ਦੀ ਸੁੰਦਰ ਕੰਨਿਆਂ ਤੇ ਜਾ ਪਈ। ਉਸ ਦਾ ਸਰੂਪ ਵੇਖ ਕੇ ਪੰਡਿਤ ਜੀ ਕਾਮ ਅਧੀਨ ਹੋ ਗਏ। ਕਾਮ ਇੱਛਾ ਦੇ ਪ੍ਰਬਲ ਹੋਣ ਕਰਕੇ ਪੰਡਿਤ ਜੀ ਰਾਜ ਕੰਨਿਆਂ ਨੂੰ ਪ੍ਰਾਪਤ ਕਰਨ ਦੇ ਢੰਗ ਸੋਚਣ ਲੱਗ ਪਏ।

ਇਕ ਦਿਨ ਪੰਡਿਤ ਜੀ ਆਪਣੇ ਸੋਚੇ ਢੰਗ ਅਨੁਸਾਰ ਕਥਾ ਕਰਨ ਤੋਂ ਉਪਰੰਤ ਬੜੇ ਨਿੰਮੋਝੂਣੇ ਹੋ ਕੇ ਬੈਠ ਗਏ ਤਾਂ ਰਾਜਾ ਜੀ ਨੇ ਪੰਡਿਤ ਜੀ ਦੀ ਉਦਾਸੀ ਦਾ ਕਾਰਨ ਪੁਛਿਆ ਤਾਂ ਆਪ ਜੀ ਤੇ ਉੱਤਰ ਦਿੱਤਾ ਕਿ ਰਾਜਨ ! ਮੈਨੂੰ ਆਪ ਜੀ ਦਾ ਭਵਿੱਖਤ ਵੇਖ ਕੇ ਬੜਾ ਦੁੱਖ ਹੋ ਰਿਹਾ ਹੈ, ਆਪ ਉੱਤੇ ਭਾਰੀ ਸਾੜ੍ਹਸਤੀ ਆਉਣ ਵਾਲੀ ਹੈ, ਜਿਸ ਨੂੰ ਮੈਂ ਅਨੁਭਵ ਕਰਕੇ ਦੁੱਖੀ ਹੋ ਰਿਹਾ ਹਾਂ। ਜਿਸ ਦੇ ਸਿਰ ਤੇ ਅਸੀਂ ਆਪਣਾ ਜੀਵਨ ਸੁਖੀ ਕਰ ਰਹੇ ਹਾਂ ਉਸ ਨੂੰ ਦੁੱਖ ਆਵੇ ਤਦ ਅਸੀਂ ਸੁਖੀ ਕਿਸ ਤਰ੍ਹਾਂ ਰਹਿ ਸਕਦੇ ਹਾਂ ?

ਪੰਡਿਤ ਦੀ ਇਹ ਗੱਲ ਸੁਣ ਕੇ ਰਾਜਾ ਬੜਾ ਘਬਰਾਇਆ ਅਤੇ ਪੰਡਿਤ ਜੀ ਨੂੰ ਇਸ ਦਾ ਉਪਾਅ ਸੋਚਣ ਵਾਸਤੇ ਕਿਹਾ। ਪੰਡਿਤ ਜੀ ਨੇ ਦੋ ਤਿੰਨ ਦਿਨਾਂ ਪਿਛੋਂ ਰਾਜੇ ਨੂੰ ਬੜੇ ਹਿਤ ਨਾਲ ਨੈਣ ਜਲਾਤਰ ਕਰਕੇ ਕਿਹਾ। ਰਾਜਨ ! ਉਪਾਅ ਤਾਂ ਮਿਲ ਗਿਆ ਹੈ ਪਰੰਤੂ ਉਹ ਬੜੀ ਕੁਰਬਾਨੀ ਵਾਲਾ ਹੈ। ਹੋਰ ਉਪਾਅ ਕਰਕੇ ਸਾੜ੍ਹਸਤੀ ਦਾ ਕੇਵਲ ਬਲ ਘਟ ਜਾਂਦਾ ਹੈ ਤੇ ਮੂਲੋਂ ਨਹੀਂ ਜਾਂਦੀ, ਪਰੰਤੂ ਮੈਨੂੰ ਇਹ ਕਹਿੰਦੇ ਨੂੰ ਦੁੱਖ ਹੁੰਦਾ ਹੈ ਤੇ ਮੈਂ ਕਹਿ ਨਹੀਂ ਸਕਦਾ ਕਿ ਜੇ ਯੁਵਰਾਜ ਕੰਨਿਆਂ ਨੂੰ ਸੋਲ੍ਹਾਂ ਸ਼ਿੰਗਾਰ ਲਾ ਕੇ ਜਲ ਪ੍ਰਵਾਹ ਕਰ ਦਿੱਤਾ ਜਾਵੇ ਤਾਂ ਸਾੜ੍ਹਸਤੀ ਦਾ ਸਾਰਾ ਗਰੈਹ ਟਲ ਜਾਏਗਾ।

ਕੁਆਰੀ ਲੜਕੀ ਦਾ ਜਲ ਪ੍ਰਵਾਹ ਕਰਕੇ ਬਲੀਦਾਨ ਕਰਨਾ ਸੁਣ ਕੇ ਰਾਜਾ ਹੋਰ ਵੀ ਚਿੰਤਾਤੁਰ ਹੋ ਗਿਆ। ਪਰੰਤੂ ਸਾੜ੍ਹਸਤੀ ਨਾਲ ਰਾਜ ਭਾਗ ਸਰਬੰਸ ਨਾਸ ਹੋ ਜਾਣ ਨਾਲੋਂ ਇਕ ਲੜਕੀ ਦੇ ਬਲੀਦਾਨ ਨਾਲ ਛੁਟਕਾਰਾ ਪਾਉਣਾ ਸਾਰੇ ਵਜ਼ੀਰਾਂ ਅਮੀਰਾਂ ਤੇ ਸਲਾਹਕਾਰਾਂ ਨੇ ਚੰਗਾ ਜਾਣਿਆਂ ਸਭ ਤਿਆਰੀ ਕਰਕੇ ਨੀਯਤ ਦਿਨ ਰਾਜੇ ਦੀ ਕੁਆਰੀ ਯੁਵਕੰਨਿਆਂ ਨੂੰ ਹਰ ਤਰ੍ਹਾਂ ਸੰਪੂਰਨ ਹਾਰ ਸ਼ਿੰਗਾਰ ਲੱਗਾ ਕੇ ਵੇਦ ਵਿਧੀ ਅਨੁਸਾਰ ਪੂਜਨ ਕਰਕੇ ਇਕ ਲੱਕੜ ਦੇ ਸੰਦੂਕ ਵਿਚ ਕੁਛ ਦਿਨਾਂ ਦਾ ਖਾਣਾ ਦਾਣਾ ਰੱਖ ਕੇ ਦਰਿਆਂ ਵਿਚ ਰੋਹੜ ਦਿੱਤਾ ਗਿਆ।

ਪੰਡਤ ਜੀ ਬੜੇ ਪ੍ਰਸੰਨ ਹੋਏ ਕਿ ਮਨ ਮੰਨੀ ਗੱਲ ਹੋ ਗਈ ਹੈ। ਆਪ ਜੀ ਨੇ ਕੁਝ ਦੂਰ ਅੱਗੇ ਜਾ ਕੇ ਸੰਦੂਕ ਦਰਿਆ ਵਿਚੋਂ ਕੱਢ ਲਿਆ ਅਤੇ ਜੰਗਲ ਵਿਚ ਲੁਕਾ ਦਿੱਤਾ ਕਿ ਜੇ ਇਸ ਵੇਲੇ ਅਜੇਹੀ ਸੁੰਦਰ ਕੰਨਿਆਂ ਨੂੰ ਅਸੀਂ ਆਪਣੇ ਨਾਲ ਖੜਿਆ ਤਾਂ ਰੌਲਾ ਪੈ ਜਾਏਗਾ, ਹੋਵੇ ਨਾ ਤੇ ਰਾਤ ਨੂੰ ਹਨੇਰੇ ਵਿਚ ਲੈ ਜਾਵਾਂਗੇ। ਇਹ ਵੀਚਾਰ ਕਰਕੇ ਪੰਡਤ ਜੀ ਤਾਂ ਸੰਦੂਕ ਨੂੰ ਛੁਪਾ ਕੇ ਘਰ ਆ ਗਏ ਪਰ ਹੁੰਦੀ ਉਹ ਹੈ ਜੋ ਈਸ਼ਵਰ ਨੂੰ ਮਨਜ਼ੂਰ

ਹੋਵੇ। ਕੋਈ ਹੋਰ ਰਜਵਾੜਾ ਜਿਹੜਾ ਜੰਗਲ ਵਿਚ ਸ਼ਿਕਾਰ ਖੇਡ ਰਿਹਾ ਸੀ, ਪੰਡਿਤ ਜੀ ਦੇ ਚਲੇ ਜਾਣ ਪਿਛੋਂ ਉਸ ਰਸਤੇ ਲੰਘਿਆ ਤਾਂ ਉਸ ਨੇ ਸੰਦੂਕ ਵੇਖਿਆ, ਖੋਹਲਿਆਂ ਤਾਂ ਵਿਚੋਂ ਇਕ ਸੁੰਦਰ ਲੜਕੀ ਨਿਕਲੀ, ਜਿਸ ਨੇ ਆਪਣੀ ਸਾਰੀ ਵਾਰਤਾ ਸੁਣਾਈ। ਰਾਜਾ ਉਸ ਰਾਜ ਕੰਨਿਆਂ ਨੂੰ ਆਪਣੇ ਘਰ ਲੈ ਗਿਆ ਅਤੇ ਉਸ ਸੰਦੂਕ ਵਿਚ ਇਕ ਰਿਛ ਜੋ ਉਸ ਨੇ ਸ਼ਿਕਾਰ ਖੇਡਣ ਸਮੇਂ ਫੜਿਆ ਸੀ, ਉਸ ਵਿਚ ਬੰਦ ਕਰ ਦਿੱਤਾ। ਰਾਤ ਨੂੰ ! ਪੰਡਿਤ ਜੀ ਆਏ ਸੰਦੂਕ ਚੁਕਵਾ ਕੇ ਘਰ ਲੈ ਗਏ।

ਰਾਤਰੀ ਸਮੇਂ ਹੀ ਉਸ ਨੂੰ ਪਿਛਲੇ ਅੰਦਰ ਰੱਖ ਕੇ ਸਭ ਨੂੰ ਅੰਦਰੋਂ ਬਾਹਰ ਕੱਢ ਕੇ ਬੜੇ ਚਾਅ ਤੇ ਖੁਸ਼ੀਆਂ ਨਾਲ ਸੰਦੂਕ ਨੂੰ ਖੋਲ੍ਹਿਆ। ਬਸ ! ਜਿਥੇ ਰੰਗ ਰਲੀਆਂ ਦਾ ਚਾਅ ਸੀ ਉਹ ਰਿਛ ਨੂੰ ਵੇਖ ਕੇ ਮੌਤ ਦੇ ਸਹਿਮ ਵਿਚ ਬਦਲ ਗਿਆ। ਰਿਛ ਭੁੱਖਾ ਭਾਣਾ ਤੇ ਸੰਦੂਕ ਵਿਚ ਬੰਦ ਹੋਇਆ ਹੋਇਆ ਬੜਾ ਕ੍ਰੋਧ ਵਿਚ ਆਇਆ ਹੋਇਆ ਇਕੋ ਝੱਬਕ ਮਾਰ ਕੇ ਪੰਡਿਤ ਜੀ ਨੂੰ ਸਦਾ ਲਈ ਹੰਨਿਓਂ ਬੰਨੇ ਕਰ ਗਿਆ। ਸਾਰੇ ਰੌਲਾ ਪੈ ਗਿਆ ਅਤੇ ਰਾਜੇ ਤੱਕ ਵੀ ਪੰਡਿਤ ਜੀ ਦੇ ਝੂਠ ਦਾ ਪੜਦਾ ਖੁਲ੍ਹ ਗਿਆ। ਸਭ ਨੇ ਕਿਹਾ-

"ਝੂਠੇ ਕੀ ਰੇ ਝੂਠ ਪਰੀਤ"

ਪਰਮਾਤਮਾ ਨੇ ਸਚੋ ਸੱਚ ਕਰ ਵਿਖਾਇਆ। ਵੇਖੋ ! ਏਥੇ ਪੰਡਿਤ ਜੀ ਨੇ ਝੂਠ ਬੋਲ ਕੇ ਸਾੜ੍ਹਸਤੀ ਦਾ ਝੂਠਾ ਬਹਾਨਾ ਬਣਾਇਆ ਸੀ ਜਿਸ ਦੇ ਬਦਲੇ ਉਸਨੂੰ ਆਪਣੀ ਜਾਨ ਦੇਣੀ ਪਈ।

ਯਥਾ- ਮਨੋ ਇਛ ਸਰਬ ਨਾਸਤੀ ਦੈਵ ਇਛ ਪ੍ਰਵਿਰਤਤੇ॥
ਰਾਜ ਕੰਨਿਆ ਰਾਜ ਦੁਆਰੇ ਪੰਡਤ ਭਾਲੂ ਭਖਸ਼ਤੇ॥

ਤਥਾ- ਕੰਨਿਆਂ ਰਾਜ ਘਰ ਆਪ ਪੁਚਾਈ ਰੱਬ।
ਪਾਪ ਵੇੜ੍ਹਿਆ ਪੰਡਤੀ ਲਿਆ ਰਿੱਛ ਨੇ ਚੱਬੇ।

ਝੂਠ ਬੋਲਣ ਉਪਰ ਹੋਰ ਦੂਸਰੀ ਸਾਖੀ ਸੂਰਜ ਪ੍ਰਤਾਪ ਰਾਸ ੩ ਅੰਸੂ ੫੨ ਵਿਖੇ ਦੇਖੋ।

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਪਰਮੇਸ਼ਰ ਅੱਗੇ ਬੇਨਤੀ ਕਥਨ ਕਰੇ ਕਿ ਹੇ ਅਕਾਲ ਪੁਰਖ ! ਆਪ ਤੋਂ ਬਿਨਾਂ ਸਭ ਝੂਠ ਹੀ ਝੂਠ ਹੈ।

ਪੁਨਾ-ਰਾਇ ਬੁਲਾਰ ਨੇ ਬੇਨਤੀ ਕੀਤੀ, ਹੇ ਪ੍ਰਭੂ ! ਉਸ ਸਚੇ ਨੂੰ ਫਿਰ ਕਿਵੇਂ ਜਾਣੇ ?

ਗੁਰ ਉੱਤਰ:-

ਮਃ ੧॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥

ਹੇ ਰਾਇ ਬੁਲਾਰ ! ਸੱਚ ਨੂੰ ਤਾਂ ਹੀ ਪਰੁ=ਭਲੀ ਪ੍ਰਕਾਰ ਜਾਣ ਸਕਦਾ ਹੈ ਜਾਂ ਰਿਦੇ ਵਿਚ ਸੱਚਾ ਨਾਮ ਹੋਵੇ। ਜੇਕਰ ਰਿਦੇ ਵਿਚ ਸੱਚੇ ਦੀ ਪਹਿਚਾਨ ਨਹੀਂ ਹੈ ਤੇ ਉਪਰੋਂ ਉਪਰੋਂ ਲੋਕ ਦਿਖਲਾਵੇ ਲਈ ਕਹਿੰਦਾ ਰਹੇ ਤਾਂ ਇਸ ਦਾ ਕਹਿਣਾ ਨਿਸਫਲ ਹੈ। ਜੈਸਾ ਕਿ ਭਾਈ ਗੁਰਦਾਸ ਜੀ ਨੇ ੪੩੭ ਕਬਿੱਤ ਵਿਚ ਵੀ ਇਹੋ ਭਾਵ ਕਥਨ ਕੀਤਾ ਹੈ। *ਯਥਾ-*

ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ।
ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ, ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ।

ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ, ਚੰਦੁ ਚੰਦੁ ਕਹੈ ਉਜੀਆਰੋ ਨ ਪ੍ਰਗਾਸ ਹੈ।
ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ, ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ।
ਤਥਾ- ਗਲੀ ਤ੍ਰਿਪਤਿ ਨ ਹੋਵਈ ਖੰਡੁ ਖੰਡੁ ਕਰਿ ਸਾਉ ਨ ਭੋਵੈ॥
ਮਖਨੁ ਖਾਇ ਨ ਨੀਰੁ ਵਿਲੋਵੈ॥ ੧੭॥ *(ਭਾਈ ਗੁਰਦਾਸ ਜੀ, ਵਾਰ ੧੭)*

ਤਥਾ- ਜੈਸੇ ਖਾਂਡ ਨਾਮ ਲੇਤ ਹੋਵਤ ਨ ਮੀਠੋ ਮੁਖ, ਮੀਠੋ ਮੁਖ ਹੋਤ ਪੁਨ ਖਾਂਡ ਹੂੰ ਕੇ ਖਾਨ ਸੇ।
ਜੈਸੇ ਨੀਮ ਨਾਮ ਲੇਤ ਹੋਵਤ ਨ ਕਉੜੋ ਮੁਖ, ਕਉੜੋ ਮੁਖ ਹੋਤ ਪੁਨ ਨੀਮ ਕੇ ਚਬਾਨ ਸੇ।
ਜੈਸੇ ਪਾਣੀ ਨਾਮ ਲੇਤ ਜਾਵਤ ਨ ਪਿਆਸ ਤਾਹਿ, ਜਾਵਤ ਹੈ ਪਿਆਸ ਪੁਨ ਪਾਣੀ ਕੇ ਪਿਲਾਨ ਸੇ।
ਤੈਸੋ ਰਾਮ ਨਾਮ ਲੇਤ ਹੋਤ ਨ ਅਰਾਮ ਕੁਛ, ਪ੍ਰੇਮ ਜੀ ਅਰਾਮ ਹੋਤ ਰਾਮ ਕੀ ਪਹਿਚਾਨ ਸੇ।
ਤਥਾ- ਜੈਸੇ ਅੰਨ ਨਾਮ ਲੇਤ ਜਾਵਤ ਨ ਭੂਖ ਕਾਹਿ, ਜਾਵਤ ਹੈ ਭੂਖ ਪੁਨ ਅੰਨ ਕੇ ਛਕਾਨ ਤੇ।
ਜੈਸੇ ਪਟ ਨਾਮ ਲੇਤ ਜਾਵਤ ਨ ਸੀਤ ਤਾਹਿ, ਜਾਵਤ ਹੈ ਸੀਤ ਪੁਨ ਪਟ ਕੇ ਓਢਾਨ ਤੇ।
ਜੈਸੇ ਦੀਪ ਨਾਮ ਲੇਤ ਜਾਵਤ ਨ ਤਮ ਤਾਹਿ, ਜਾਵਤ ਹੈ ਤਮ ਪੁਨ ਦੀਪ ਕੇ ਜਗਾਨ ਤੇ।
ਤੈਸੇ ਰਾਮ ਨਾਮ ਲੇਤ ਹੋਤ ਨ ਅਰਾਮ ਕੁਛ, ਮੋਹਨ ਰਾਮ ਹੋਤ ਪੁਨ ਰਾਮ ਕੀ ਪਹਿਚਾਨ ਤੇ।

ਕੂੜ ਕੀ ਮਲੁ ਉਤਰੈ

ਨਾਮ ਜਪਣ ਕਰਕੇ ਝੂਠ ਦੀ ਮੈਲ ਮਨ ਤੋਂ ਉੱਤਰ ਜਾਂਦੀ ਹੈ।

ਤਨੁ ਕਰੇ ਹਛਾ ਧੋਇ॥

ਅਤੇ ਪਰਮੇਸ਼ਰ ਦਾ ਨਾਮ ਹੀ ਝੂਠ ਬੋਲਣ ਵਾਲੇ ਸੁਭਾਵ ਨੂੰ ਹਟਾ ਕੇ ਤਨੁ=ਸਰੀਰ ਨੂੰ
ਅਥਵਾ:-ਤਨੁ=ਅੰਤਹਕਰਣ ਨੂੰ ਧੋ ਕੇ ਸ਼ੁਧ ਕਰ ਦੇਂਦਾ ਹੈ।
*ਯਥਾ-*ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥

ਸੱਚਾ ਵਾਹਿਗੁਰੂ ਪਰੁ=ਭਲੀ ਪ੍ਰਕਾਰ ਤਾਂ ਹੀ ਜਾਣਿਆਂ ਜਾਂਦਾ ਹੈ ਜਾਂ ਸੱਚੇ ਨਾਮ ਵਿਚ ਪ੍ਰੇਮ ਧਾਰੇ।

ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥

ਸਭ ਤੋਂ ਪਹਿਲਾਂ ਗੁਰਾਂ ਪਾਸੋਂ ਨਾਮ ਸੁਣੇ, ਫੇਰ ਆਪਣੇ ਦਿਲ ਵਿਚ ਮੰਨਣ ਕਰੇ ਉਪਰੰਤ ਰਹਸੀਐ= ਨਿਧਿਆਸਣ ਕਰੇ ਤਾਂ ਫਿਰ ਮੁਕਤੀ ਦਾ ਦੁਆਰਾ ਜੋ ਬ੍ਰਹਮ ਗਿਆਨ ਹੈ, ਉਸ ਨੂੰ ਪਾਉਂਦਾ ਹੈ।

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥

ਸੱਚਾ ਪਰਮਾਤਮਾ ਨੂੰ ਪਰੁ=ਭਲੀ ਪ੍ਰਕਾਰ ਤਾਂ ਹੀ ਜਾਣ ਸਕਦਾ ਹੈ ਜਾਂ ਇਹ ਜੀਵ ਪਰਮੇਸ਼ਰ ਵਿਚ ਜੁੜਣ ਦੀ ਜੁਗਤੀ ਨੂੰ ਜਾਣੇ।

ਅਥਵਾ :-ਪਰਮੇਸ਼ਰ ਵਿਚ ਜੁਗਤਿ=ਜੁੜਨਾ ਜਾਣੇ।

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥

ਕਾਇਆ=ਬੁੱਧੀ ਰੂਪ ਧਰਤੀ ਨੂੰ ਸਾਧਿਕੈ=ਸੁਧ ਕਰਕੇ ਵਿਚ ਕਰਤੇ ਪਰਮੇਸ਼ਰ ਦਾ ਨਾਮ ਰੂਪੀ ਬੀਜ ਬੋ ਦੇਵੇ।

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥

ਸੱਚਾ ਅਕਾਲ ਪੁਰਖ ਨੂੰ ਤਾਂ ਹੀ ਪਰੁ=ਭਲੀ ਪ੍ਰਕਾਰ ਜਾਣ ਸਕਦਾ ਹੈ ਜਾਂ ਗੁਰਾਂ ਦੀ ਸੱਚੀ ਸਿੱਖਿਆ ਨੂੰ ਲੈਣਾ ਕਰੇ।

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥

ਸਾਰਿਆਂ ਜੀਵਾਂ ਉੱਪਰ ਦਇਆ ਕਰਨੀ ਜਾਣੇ। *ਅਥਵਾ :-* ਜੀਵਾਂ ਉੱਤੇ ਦਇਆ ਕਰਨ ਦੀ ਜਾਚ ਜਾਣੇ ਤੇ ਲੋੜਵੰਦਾਂ ਨੂੰ ਕੁਛ ਪੁੰਨ ਦਾਨ ਦੇਣਾ ਕਰੇ।

ਸਾਖੀ-ਰੈਬਾਂ ਦੀ

ਰੈਬਾਂ ਨਾਮ ਕਰਕੇ ਇਕ ਰਾਜ ਪੁਤ੍ਰੀ ਸੀ ਇਸ ਦੇ ਮਾਤਾ ਪਿਤਾ ਜਦ ਗੁਜ਼ਰ ਗਏ ਤਿਸ ਵੇਲੇ ਵਜ਼ੀਰਾਂ ਨੇ ਉਸ ਲੜਕੀ ਨੂੰ ਹੋਰਨਾਂ ਪਾਸ ਮੁਲ ਵੇਚ ਦਿੱਤਾ। ਕਈ ਦਿਨ ਉਹਨਾਂ ਦੇ ਘਰ ਪਲਦੀ ਰਹੀ। ਕੁਛ ਸਮੇਂ ਪਿਛੋਂ ਕਿਸੀ ਵੇਸਵਾ ਨੇ ਉਹਨਾਂ ਦੇ ਘਰ ਜਦ ਰੈਬਾਂ ਨੂੰ ਦੇਖਿਆ ਤਾਂ ਇਸ ਦੀ ਸੋਹਣੀ ਸ਼ਕਲ ਦੇਖ ਕੇ ਉਸਨੂੰ ਮੁਲ ਲੈ ਲਿਆ। ਸਮਾਂ ਬੀਤਦਿਆਂ ਕੋਈ ਚਿਰ ਨਹੀਂ ਲੱਗਦਾ। ਜਿਸ ਵੇਲੇ ਰੈਬਾਂ ਆਪਣੇ ਪੂਰੇ ਜੋਬਨ ਵਿਚ ਆ ਗਈ, ਤਿਸ ਵੇਲੇ ਵੇਸਵਾ ਨੇ ਇਸ ਦੇ ਪਿਛੇ ਮਲੀਨ ਬੁੱਧੀ ਵਾਲਾ ਪੁਰਸ਼ ਵਿਭਚਾਰ ਕਰਮ ਕਰਨ ਵਾਸਤੇ ਛੱਡ ਦਿੱਤਾ। ਜਦ ਉਹ ਪੁਰਸ਼ ਭੋਗ ਦ੍ਰਿਸ਼ਟੀ ਕਰਕੇ ਆਇਆ ਤਾਂ ਅੰਧਾ ਹੋ ਗਿਆ, ਕਿਉਂਕਿ ਰੈਬਾਂ ਹੋਰਨਾਂ ਇਸਤ੍ਰੀਆਂ ਵਰਗੀ ਇਸਤ੍ਰੀ ਨਹੀਂ ਸੀ, ਈਸ਼ਵਰ ਦੀ ਪੂਰਨ ਭਗਤਣੀ ਸੀ। ਜਦੋਂ ਉਸ ਪੁਰਸ਼ ਨੇ ਮੰਦ ਸੰਕਲਪ ਨੂੰ ਆਪਣੇ ਮਨ 'ਚੋਂ ਦੂਰ ਕੀਤਾ ਤਾਂ ਸੁਜਾਖਾ ਹੋ ਗਿਆ। ਰੈਬਾਂ ਦੇ ਐਸੇ ਪ੍ਰਤਾਪ ਨੂੰ ਵੇਖਕੇ ਚਰਨੀਂ ਪੈ ਗਿਆ, ਮੁਆਫੀ ਮੰਗ ਕੇ ਆਖਦਾ ਹੈ ਕਿ ਅੱਜ ਤੋਂ ਤੂੰ ਮੇਰੀ ਧਰਮ ਮਾਤਾ ਹੋ ਚੁੱਕੀ ਹੈਂ। ਤਦ ਉਸ ਲੜਕੀ ਨੇ ਓਹਦਾ ਕਸੂਰ ਮੁਆਫ ਕਰ ਦਿੱਤਾ। ਉਸ ਵੇਲੇ ਰੈਬਾਂ ਦੇ ਉੱਚੇ ਤੇ ਸੁੱਚੇ ਖਿਆਲਾਤ ਵੇਸਵਾ ਨੂੰ ਦੱਸ ਕੇ ਉਸ ਪਾਸੋਂ ਕੁਝ ਕੁ ਰੁਪਏ ਦੇ ਕੇ ਮੁਲ ਲੈ ਲੀਤਾ, ਵੇਸਵਾ ਦਾ ਸੰਬੰਧ ਬਿਲਕੁਲ ਤੋੜ ਦਿੱਤਾ। ਆਪਣੇ ਘਰ ਲਿਜਾ ਕੇ ਉਸ ਨੇ ਰੈਬਾਂ ਦੀ ਬੜੀ ਸੇਵਾ ਕੀਤੀ। ਆਪਸ ਵਿਚ ਮਾਂ ਪੁਤ੍ਰ ਬਣ ਕੇ ਰਹੇ।

ਜਦ ਕੁਝ ਸਮਾਂ ਬੀਤ ਗਿਆ ਤਦ ਉਸ ਪੁਰਸ਼ ਨੇ ਰੈਬਾਂ ਪਾਸੋਂ ਪੁਛਿਆ ਹੇ ਮਾਤਾ ! ਤੈਨੂੰ ਕੋਈ ਤਕਲੀਫ਼ ਤਾਂ ਨਹੀਂ ? ਤਾਂ ਰੈਬਾਂ ਨੇ ਕਿਹਾ-'ਹੇ ਪੁਤ੍ਰ ! ਮੈਂ ਤਾਂ ਤੁਰ ਫਿਰ ਕੇ ਖੁਸ਼ ਹੁੰਦੀ ਹਾਂ।' ਤੂੰ ਆਗਿਆ ਦੇ ਕਿ ਮੈਂ ਬਾਹਰ ਤੁਰ ਫਿਰ ਆਵਾਂ ਤਾਂ ਉਸ ਨੇ ਕਿਹਾ-ਹੇ ਮਾਤਾ ! ਜਿਵੇਂ ਤੇਰੀ ਮਰਜ਼ੀ ਉਸੇ ਤਰ੍ਹਾਂ ਕਰ ਪਰ ਇਕ ਬੇਨਤੀ ਮੇਰੀ ਹੈ ਕਿ ਤੁਰ ਫਿਰ ਕੇ ਘਰ ਜ਼ਰੂਰ ਆ ਜਾਣਾ।

ਜਦ ਉਹ ਘਰ ਵਿਚੋਂ ਨਿਕਲ ਕੇ ਬਾਹਰ ਆਈ ਤਾਂ ਕੀ ਦੇਖਿਆ ਕਿ ਕਈ ਲੋਕ ਮੱਕੇ ਦੇ ਹਜ ਕਰਨ ਲਈ ਜਾ ਰਹੇ ਹਨ। ਰੈਬਾਂ ਨੇ ਉਹਨਾਂ ਪਾਸੋਂ ਪੁਛਿਆ ਤੁਸੀਂ ਕਿਧਰ ਜਾ ਰਹੇ ਹੋ ? ਤਾਂ ਉਹਨਾਂ ਆਖਿਆ ਅਸੀਂ ਮੱਕੇ ਦੀ ਜ਼ਿਆਰਤ ਕਰਨ ਚਲੇ ਹਾਂ। ਰੈਬਾਂ ਨੇ ਕਿਹਾ ਮੈਨੂੰ ਭੀ ਆਪਣੇ ਨਾਲ ਲੈ ਚਲੋ। ਇਤਨੀ ਗੱਲ ਆਖਕੇ ਓਸੇ ਵੇਲੇ ਉਹਨਾਂ ਦੇ ਨਾਲ ਤੁਰ ਪਈ। ਹੁਣ ਇਸ ਦਾ ਇਹ ਨੇਮ ਸੀ ਕਿ ਨਿਮਾਜ਼ ਰੋਜ਼ ਪੜ੍ਹਨੀ। ਜਦ ਤੁਰਦਿਆਂ ਤੁਰਦਿਆਂ ਮੱਕਾ ੬੦ ਕੋਹ ਰਹਿ ਗਿਆ ਤਦ ਓਸੇ ਵੇਲੇ ਓਥੇ ਇਕ ਕੁੱਤੀ ਪਿਆਸ ਕਰਕੇ ਤੜਫ ਰਹੀ ਸੀ। ਹੁਣ ਮੁਸ਼ਕਲ ਇਹ ਸੀ ਕਿ ਨੇੜੇ ਜਲ ਨਹੀਂ ਸੀ ਤੇ ਨਾ ਹੀ ਕੋਈ ਲਜ ਅਤੇ ਡੋਲ ਸੀ, ਜਿਸ ਨਾਲ ਪਾਣੀ ਕੱਢ ਕੇ ਪਿਲਾਵੇ। ਅਖੀਰ ਮਜ਼ਬੂਰੀ ਦੀ ਹਾਲਤ ਵਿਚ ਉਸ ਨੂੰ ਆਪਣੇ ਸਿਰ ਦੇ ਰੋਮ ਪੁਟ ਕੇ ਲਜ ਬਣਾਉਣੀ ਪਈ ਤੇ ਗਲੋਂ ਕੁੜਤਾ ਲਾ ਕੇ ਉਸ ਨਾਲ ਬੰਨ੍ਹ ਕੇ ਖੂਹ ਵਿਚ ਲਮਕਾਇਆ ਪਾਣੀ ਖਿੱਚ ਕੇ ਆਪਣੇ ਪੱਟਾਂ ਉੱਤੇ ਨਚੋੜ ਕੇ ਉਸ ਕੁੱਤੀ ਨੂੰ ਪਿਆਇਆ ਤਦ ਉਸ ਕੁੱਤੀ ਨੂੰ ਆਰਾਮ ਆਇਆ। ਓਧਰ ਰੈਬਾਂ ਦੇ ਸੰਗੀ

ਸਾਥੀ ਅੱਗੇ ਲੰਘ ਗਏ। ਹੁਣ ਰੈਬਾਂ ਨੂੰ ਇਸ ਗੱਲ ਦੀ ਚਿੰਤਾ ਹੋਈ ਪਰ ਮੱਕੇ ਨੇ ਰੈਬਾਂ ਨੂੰ ਓਥੇ ਹੀ ਆ ਕੇ ਦਰਸ਼ਨ ਦੇ ਦਿਤਾ।

ਯਥਾ- ਸਿਰ ਕੀ ਸੋਭ ਉਤਾਰ ਕੇ ਚੀਨਜੋ ਆਤਮ ਰਾਮ।

ਸਾਠ ਕੋਸ ਮੱਕਾ ਮਿਲਿਓ ਦੇਖ ਦਇਆ ਕੇ ਕਾਮ।

ਜਦ ਰੈਬਾਂ ਦੇ ਸੰਗੀ ਓਥੇ ਗਏ ਜਿਥੇ ਮੱਕਾ ਸੀ ਤਾਂ ਉਥੇ ਉਹਨਾਂ ਨੂੰ ਮੱਕਾ ਨਾ ਦਿੱਸਿਆ ਤਾਂ ਬੜੇ ਹੈਰਾਨ ਹੋਏ। ਜਦ ਉਹਨਾਂ ਨੇ ਮਜੋਰਾਂ ਨੂੰ ਪੁਛਿਆ ਮੱਕਾ ਕਿਥੇ ਗਿਆ ? ਤਦ ਉਹਨਾਂ ਨੇ ਕਿਹਾ-ਮੱਕਾ ਹੁਣ ਰੈਬਾਂ ਦੀ ਜ਼ਿਆਰਤ ਕਰਨ ਗਿਆ ਹੈ। ਦੇਖੋ ਦਇਆ ਦਾ ਇਤਨਾ ਪ੍ਰਤਾਪ ਹੈ।

*ਪ੍ਰਮਾਣ-*ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ।

ਤੁਲਸੀ ਦਇਆ ਨ ਛੋਡੀਐ ਜਬ ਲਗ ਘਟ ਮਹਿ ਪ੍ਰਾਨ।

ਨੋਟ-'ਦਇਆ ਕਪਾਹ ਸੰਤੋਖ ਸੂਤ' ਇਸ ਸਲੋਕ ਪਰ ਭੀ ਦਇਆ ਬਾਰੇ ਸਾਖੀ ਲਿਖੀ ਹੋਈ ਹੈ, ਪਾਠਕ ਜਨ ਪੜ੍ਹ ਲੈਣ।

*ਅਥਵਾ-*ਆਪਣੇ ਜੀਅ ਉਪਰ ਦਇਆ ਕਰਨੀ ਜਾਣੇ। ਆਪਣੇ ਜੀਅ ਉਪਰ ਕੇਹੜੀ ਦਇਆ ਹੈ ਜੋ ਮੰਦ ਕਰਮਾਂ ਤੋਂ ਰਹਿਤ ਹੋਣਾ ਤੇ ਸਰੂਪ ਦੀ ਪ੍ਰਾਪਤੀ ਕਰਣੀ ਹੈ। ਫੇਰ ਐਸਾ ਉਦਾਰ ਹੋਵੇ ਕਿ ਪੁੰਨਾਂ ਸਮੇਂ ਪੁੰਨ ਕਰੇ ਅਤੇ ਦਾਨ ਹਮੇਸ਼ਾ ਕਰਦਾ ਰਹੇ। ਜੇ ਦਾਨ ਨਾ ਕਰੇ ਤਾਂ ਪਸ਼ੂਆਂ ਵਤ ਹੈ।

ਯਥਾ- ਪਸੁ ਭੀ ਆਪਣਾ ਪੇਟ ਭਰ ਖਾਵਤ ਹੈ ਜਗ ਮਾਹਿ।

ਜਨਮ ਸਫਲ ਹੈ ਤਿਨੋ ਕਾ ਜੋ ਖਵਾਇਕੇ ਖਾਹਿ।

ਤਥਾ- ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ੧॥

(ਸਾਰੰਗ ਵਾਰ ਪੰਨਾ ੧੨੪੫)

ਨੋਟ-ਸੰਗਰਾਂਦ, ਅਮਾਵਸ, ਪੂਰਨਮਾਸ਼ੀ, ਗ੍ਰਹਿਣ, ਕੁੰਭ ਇਤਿਆਦਿ ਸਮੇਂ 'ਪੁੰਨ' ਕਰਨ ਦੇ ਹੁੰਦੇ ਹਨ।

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥

ਸੱਚ ਨੂੰ ਤਾਂ ਹੀ ਭਲੀ ਪ੍ਰਕਾਰ ਜਾਣ ਸਕਦਾ ਹੈ ਜਾਂ ਆਤਮਾ ਰੂਪੀ ਤੀਰਥ 'ਪਰ ਨਿਵਾਸ ਕਰੇ, ਨਿਰਾ ਬਾਹਰ ਤੀਰਥਾਂ 'ਪਰ ਹੀ ਨਾ ਭਟਕਦਾ ਰਹੇ।

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥

ਸਤਿਗੁਰਾਂ ਕੋਲੋਂ ਪੁਛ ਕੇ ਅੰਤਰਮੁਖ ਬਿਰਤੀ ਵਿਚ ਬੈਠ ਕੇ ਨਿਵਾਸ ਕਰ ਰਹੇ।

ਅਥਵਾ:- ਸਤਿਸੰਗ ਵਿਚ ਬੈਠ ਕੇ ਵਿਸ਼ਿਆਂ ਤੋਂ ਰਹੈ=ਰਹਿਤ ਹੋਵੇ ਤਾਂ ਬ੍ਰਹਮ ਵਿਖੇ ਨਿਵਾਸ ਕਰਦਾ ਹੈ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਸਭ ਰੋਗਾਂ ਦੀ ਨਵਿਰਤੀ ਦਾ ਦਾਰੂ ਸੱਚ ਨਾਮ ਦਾ ਜਪਣਾ ਜੇ ਪ੍ਰਾਪਤ ਹੋ ਜਾਵੇ ਤਾਂ ਪਾਪਾਂ ਨੂੰ ਧੋ ਕੇ ਬਾਹਰ ਕੱਢ ਦੇਂਦਾ ਹੈ।

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਉਹਨਾਂ ਮਹਾਤਮਾ ਅੱਗੇ ਬੇਨਤੀ ਕਰੇ, ਜਿਨ੍ਹਾਂ ਦੇ ਬੁੱਧੀ ਰੂਪ ਪੱਲੇ

ਵਿਖੇ ਸੱਚ ਨਾਮ ਹੁੰਦਾ ਹੈ॥੨॥

ਪਉੜੀ॥

ਰਾਇ ਬੁਲਾਰ ਰਾਜਾ ਨੇ ਬੇਨਤੀ ਕੀਤੀ ਹੇ ਗੁਰੋ! ਆਪਣੇ ਪਵਿਤ੍ਰ ਚਰਨਾਂ ਦੀ ਧੂੜੀ ਦਾਸ ਨੂੰ ਬਖਸ਼ਣਾ ਕਰੋ। *ਗੁਰ ਉੱਤਰ*-ਹੇ ਰਾਜਨ! ਤੂੰ ਪਰਮੇਸ਼ਰ ਅਗੇ ਐਸੇ ਬੇਨਤੀ ਕਰ ਕਿ-

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥

ਹੇ ਅਕਾਲ ਪੁਰਖ! ਤੇਰੀ ਕ੍ਰਿਪਾ ਨਾਲ ਨਾਮ ਰਸੀਆਂ ਦੇ ਚਰਨਾਂ ਦੀਆਂ ਤਲੀਆਂ ਦੀ ਖਾਕੁ=ਧੂੜੀ ਦਾ ਦਾਨ ਜੇ ਮਹਿੰਡਾ=ਮੈਨੂੰ ਮਿਲ ਜਾਏ ਤਾਂ ਮੱਥੇ ਤੇ ਲਾ ਲਈਏ, ਕਿਉਂਕਿ ਚਰਨ ਧੂੜੀ ਐਸੀ ਮਹਾਨ ਪਵਿੱਤ੍ਰ ਹੈ ਜਿਸ ਨੂੰ ਸਾਰੇ ਤੀਰਥ ਵੀ ਲੋਚਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਥਨ ਕੀਤਾ ਹੈ-

ਗੰਗਾ ਜਮੁਨਾ ਗੋਦਾਵਰੀ ਸਰਸੁਤੀ, ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ, ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥
ਤੀਰਥਿ ਅਠਸਠਿ ਮਜਨੁ ਨਾਈ॥ ਸਤਸੰਗਤਿ ਕੀ ਧੂਰਿ ਪਰੀ
ਉਡਿ ਨੇਤ੍ਰੀ, ਸਭ ਦੁਰਮਤਿ ਮੈਲੁ ਗਵਾਈ॥ ੧॥ ਰਹਾਉ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥ ੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥ ੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ॥ ੪॥ ੨॥

(ਮਲਾਰ ਮਹਲਾ ੪ ਪੰਨਾ ੧੨੬੩)

ਤਥਾ-ਭਾਈ ਗੁਰਦਾਸ ਜੀ ਨੇ ਵੀ ਕਥਨ ਕੀਤਾ ਹੈ ਸਭ ਤੀਰਥਾਂ ਅਤੇ ਸਭ ਸਾਧਨਾਂ ਨਾਲੋਂ ਗੁਰ ਚਰਨਾਂ ਦੀ ਧੂੜੀ ਉੱਤਮ ਹੈ-

ਸੁਰਸਰੀ ਸੁਰਸਤੀ ਜਮੁਨਾ ਗੋਦਾਵਰੀ, ਗਇਆ ਪ੍ਰਾਗ ਸੇਤੁ ਕੁਰਖੇਤ ਮਾਨਸਰ ਹੈ।
ਕਾਂਸੀ ਕਾਂਤੀ ਦੁਆਰਾਵਤੀ ਮਾਇਆ ਮਥੁਰਾ ਅਜੁਧਿਆ ਗੋਮਤੀ ਆਵੰਤਕਾ ਕੇਦਾਰ ਹਿਮਧਰ ਹੈ।
ਨਰਬਦਾ ਬਿਬਿਧਿ ਬਨ ਦੇਵ ਸਥਲ ਕਵਲਾਸ, ਨੀਲ ਮੰਦਰਾਚਲ ਸੁਮੇਰ ਗਿਰਵਰ ਹੈ।
ਤੀਰਥ ਅਰਥ ਸਤ ਧਰਮ ਦਇਆ ਸੰਤੋਖ, ਸ੍ਰੀ ਗੁਰ ਚਰਨ ਰਜ ਤੁਲ ਨ ਸਗਰ ਹੈ।

(ਕਬਿੱਤ ੪੧੬)

ਅਰਥ-ਸੁਰਸਰੀ=ਗੰਗਾ। ਸੁਰਸਤੀ=ਸਰਸ੍ਵਤੀ। ਪ੍ਰਾਗ=ਪਰਾਗਰਾਜ। ਸੇਤੁ=ਰਾਮੇਸ੍ਵਰ। ਕੁਰਖੇਤ=ਕੁਰਛੇਤ੍ਰ। ਮਾਨਸਰ=ਮਾਨ ਸਰੋਵਰ। ਦੁਆਰਾਵਤੀ=ਦੁਆਰਕਾ। ਮਾਇਆ=ਮਾਇਆ ਕੁੰਡ। ਹਿਮਧਰ=ਹਿਮਾਲਾ ਪ੍ਰਬਤ। ਨਰਬਦਾ=ਨਰਬਦਾ ਨਦੀ। ਬਿਧਿ=ਨਾਨਾ ਪ੍ਰਕਾਰ ਦੇ। ਬਨ=ਬਣੇ ਹੋਏ। ਦੇਵ ਸਥਲ=ਦੇਵਤਿਆਂ ਦੇ ਅਸਥਾਨ। ਕਵਲਾਸ=ਸ਼ਿਵਾਂ ਦੇ ਰਹਿਣ ਵਾਲਾ ਪਰਬਤ। ਰਜ=ਧੂੜੀ। ਸਗਰ=ਸਾਰੇ।

ਤਥਾ- ਭਾਈ ਨੰਦ ਲਾਲ ਜੀ ਨੇ ਵੀ ਕਥਨ ਕੀਤਾ ਹੈ-

ਖਾਕ ਰਾਹਸ਼ ਤੂਤੀਵਾਏ ਚਸ਼ਮ ਮਾਸਤ। ਆਬਰੂ ਅਫਜ਼ਾਇ ਹਰ ਸ਼ਾਹੋ ਗਦਾਸਤ।

ਅਰਥ-ਸ਼=ਉਹਨਾਂ ਦੇ ਰਾਹ=ਰਸਤੇ ਦੀ ਖਾਕ=ਧੂੜੀ ਮ=ਮੇਰੇ ਚਸ਼ਮ=ਨੇਤਰਾਂ ਦਾ ਤੂਤੀਵਾਏ=ਸੁਰਮਾਂ ਮਾਸਤ=ਅਸਤ=ਹੈ, ਜੋ ਧੂੜੀ ਹਰ ਇਕ ਸ਼ਾਹੋ=ਪਾਤਿਸ਼ਾਹ ਦੀ, ਤੇ ਗਦਾਸਤ=ਗਰੀਬਾਂ ਦੀ ਆਬਰੂ=ਇੱਜ਼ਤ ਅਫਜ਼ਾਇ=ਵਧਾਂਵਦੀ ਹੈ।

ਬਸ ਬਜ਼ੁਰਗੀ ਅੰਦ ਫਿਦਾਇ ਰਾਹਿ ਸ਼ਾਂ। ਸੁਰਮਏ ਚਸ਼ਮਮ ਜ਼ਿ ਖਾਕੇ ਰਾਹ ਸ਼ਾਂ।

ਬਸ ਬਜ਼ੁਰਗੀ=ਬਹੁਤ ਵਡਿਆਈ ਵਾਲੇ ਪਾਤਿਸ਼ਾਹ ਭੀ ਉਹਨਾਂ ਦੇ ਰਸਤੇ ਉਪਰੋਂ ਫਿਦਾਇ=ਕੁਰਬਾਨ ਹੁੰਦੇ ਹਨ। ਸ਼ਾ=ਉਹਨਾਂ ਦੇ ਰਸਤੇ ਦੀ ਧੂੜੀ ਮੇਰੇ ਨੇਤ੍ਰਾਂ ਦਾ ਸੁਰਮਾਂ ਹੈ।

ਤਥਾ- ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ॥

ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥ (ਬਿਲਾਵਲ ਮ: ੫ ਪੰਨਾ ੮੦੮)

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥

ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥ (ਸਿਰੀ ਰਾਗ ਛੰਤ ਮਹਲਾ ੫ ਪੰਨਾ ੮੦)

ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥

ਹੋਰ ਕੂੜੇ ਪਦਾਰਥਾਂ ਦੇ ਲਾਲਚ ਨੂੰ ਛੱਡ ਦੇਈਏ ਅਤੇ ਇਕ ਮਨਿ=ਇਕਾਗਰ ਮਨ ਹੋ ਕੇ ਅਲਖੁ=ਪਰਮੇਸ਼ਰ ਨੂੰ ਧਿਆਉਣਾ ਕਰੀਏ।

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥

ਇਹ ਜੀਵ ਤੇਹੋ ਜੇਹਾ ਫਲ ਪਾਉਂਦਾ ਹੈ ਜੇਵੇਹੀ=ਜਿਸ ਤਰ੍ਹਾਂ ਦੀ ਕਾਰ ਕਮਾਂਵਦਾ ਹੈ।

ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ॥

ਜੇਕਰ ਮਸਤਕ ਉਪਰ ਪੂਰਬਿ=ਪਿਛਲੇ ਕਰਮਾਂ ਦਾ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੋਵੇ ਤਾਂ ਹੀ ਤਿਨ੍ਹਾਂ ਮਹਾਤਮਾ ਦੇ ਚਰਨ ਕਵਲਾਂ ਦੀ ਧੂੜ ਪਾਈਦੀ ਹੈ।

ਮਤਿ ਥੋੜੀ ਸੇਵ ਗਵਾਈਐ॥ ੧੦॥

ਇਹ ਜੀਵ ਥੋੜੀ=ਤੁਛ ਮਤੀ ਕਰਕੇ ਸੇਵਾ ਕੀਤੀ ਹੋਈ ਨੂੰ ਗਵਾ ਲੈਂਦਾ ਹੈ।

ਸਾਖੀ-ਨੰਦ ਚੰਦ ਦੀ

ਇਹ ਨੰਦ ਚੰਦ ਸ੍ਰੀ ਗੁਰੂ ਗੋਬਿੰਦ ਸਿੰਘ ਕਲਗੀਧਰ ਜੀ ਦਾ ਮੁਸਾਹਿਬ ਸੀ, ਇਸ ਨੂੰ ਇਕ ਉਦਾਸੀ ਮਹਾਤਮਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖ ਕਰਕੇ ਮਹਾਰਾਜ ਜੀ ਦੇ ਦਸਤਖਤ ਪਵਾਣ ਵਾਸਤੇ ਦਿੱਤੀ। ਉਸ ਵਕਤ ਤਾਂ ਇਸ ਨੇ ਕਿਹਾ ਕਿ ਮੈਂ ਦਸਤਖਤ ਪਵਾ ਦੇਵਾਂਗਾ, ਜਦ ਉਹ ਦੇ ਕੇ ਫਿਰ ਵਾਪਸ ਪਤਾ ਲੈਣ ਵਾਸਤੇ ਆਇਆ ਤਾਂ ਨੰਦ ਚੰਦ ਨੇ ਟਾਲ ਟੂਲ ਦਿੱਤਾ, ਕਿਉਂਕਿ ਉਸ ਬੀੜ ਦੇ ਸੋਹਣੇ ਅੱਖਰ ਦੇਖ ਕੇ ਨੰਦ ਚੰਦ ਦਾ ਮਨ ਬੇਈਮਾਨ ਹੋ ਗਿਆ ਸੀ। ਇਸੀ ਤਰ੍ਹਾਂ ਉਹ ਤਿੰਨ ਚਾਰ ਵੇਰ ਆਇਆ ਪਰ ਨੰਦ ਚੰਦ ਟਾਲ ਦਿਆ ਕਰੇ। ਪੰਜਵੀਂ ਵਾਰ ਉਹ ਆਇਆ ਤਾਂ ਸਾਫ ਹੀ ਮੁੱਕਰ ਗਿਆ ਕਿ ਤੈਨੇ ਤਾਂ ਮੈਨੂੰ ਕੋਈ ਬੀੜ

ਦਿੱਤੀ ਹੀ ਨਹੀਂ। ਤਿਸ ਵੇਲੇ ਉਸ ਨੇ ਸਤਿਗੁਰਾਂ ਨੂੰ ਮਿਲਣਾ ਚਾਹਿਆ ਪਰ ਮਿਲ ਨਾ ਸਕਿਆ, ਕਿਉਂਕਿ ਨੰਦ ਚੰਦ ਨੇ ਸਭ ਦਰਵਾਨਚੀਆਂ ਨੂੰ ਹੁਕਮ ਦਿੱਤਾ ਹੋਇਆ ਸੀ ਕਿ ਇਸ ਮਹਾਤਮਾ ਨੂੰ ਅੰਦਰ ਨਾ ਆਉਣ ਦੇਣਾ।

ਇਕ ਸਮੇਂ ਉਸ ਨੂੰ ਬਾਹਰ ਉਜਾੜ ਵਿਚ ਸਤਿਗੁਰ ਦੇਵ ਜੀ ਸ਼ਿਕਾਰ ਖੇਡਦੇ ਮਿਲ ਪਏ, ਉਸ ਵਕਤ ਸਾਧੂ ਨੇ ਦੋ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਪ੍ਰਾਰਥਨਾ ਕੀਤੀ-ਹੇ ਪ੍ਰਭੂ ! ਆਪ ਦੇ ਹਸਤ ਕਵਲਾਂ ਦੇ ਦਸਤਖਤ ਪੁਆਉਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੈਂ ਆਪ ਦੇ ਮੁਸਾਹਿਬ ਨੂੰ ਦਿੱਤੀ ਸੀ, ਉਹ ਹੁਣ ਵਾਪਸ ਨਹੀਂ ਦੇਂਦਾ। ਆਪ ਕਿਰਪਾ ਕਰਕੇ ਉਹ ਬੀੜ ਮੈਨੂੰ ਵਾਪਸ ਦਿਵਾ ਦਿਓ।

ਇਸ ਗੱਲ ਸੁਣ ਕੇ ਕਲਗੀਧਰ ਜੀ ਆਪਣੇ ਮੰਦਰਾਂ ਵਿਖੇ ਆ ਗਏ ਅਤੇ ਤਿਸ ਵੇਲੇ ਨੰਦ ਚੰਦ ਨੂੰ ਪੁਛਿਆ ਕਿ ਇਹ ਉਦਾਸੀਨ ਮਹਾਤਮਾ ਜੋ ਤੈਨੂੰ ਬੀੜ ਦੇ ਗਏ ਹਨ, ਉਹ ਕਿਥੇ ਹੈ ?

ਉਸ ਵੇਲੇ ਉਹ ਸਾਫ ਹੀ ਮੁਕਰ ਗਿਆ ਕਿ ਨਾ ਇਹ ਬੀੜ ਮੈਨੂੰ ਦੇ ਗਏ ਹਨ ਅਤੇ ਨਾ ਹੀ ਮੇਰੇ ਪਾਸ ਹੈ। ਨਾ ਹੀ ਮੈਂ ਇਸ ਨੂੰ ਜਾਣਦਾ ਹਾਂ। ਉਸ ਵਕਤ ਉਹ ਨੰਦ ਚੰਦ ਡਰਦਾ ਮਾਰਾ ਰਾਤੋ ਰਾਤ ਬੀੜ ਲੈ ਕੇ ਨਿਕਲ ਗਿਆ ਤੇ ਕਰਤਾਰ ਪੁਰ ਆ ਗਿਆ। ਜਦ ਧੀਰ ਮਲ ਨੇ ਸੁਣਿਆਂ, ਉਸੀ ਵਕਤ ਉਸ ਨੇ ਗੋਲੀ ਨਾਲ ਮਰਵਾ ਦਿੱਤਾ। ਹੁਣ ਉਹ ਬੀੜ ਡਰੌਲੀ ਵਿਖੇ ਬਿਰਾਜਮਾਨ ਹੈ, ਉਸ ਦਾ ਜੋ ਸੰਪੂਰਨ ਪਾਠ ਕਰਕੇ ਭੋਗ ਪਾਉਂਦਾ ਹੈ. ਓਹ ਅੰਧਾ ਹੋ ਜਾਂਦਾ ਹੈ।

ਹੁਣ ਵਿਚਾਰ ਕੇ ਦੇਖੋ ਤੁਛ ਮਤੀ ਕਰਕੇ ਨੰਦ ਚੰਦ ਨੇ ਦਸਵੇਂ ਪਾਤਿਸ਼ਾਹ ਜੀ ਦਾ ਫੁਰਮਾਨ ਨਾ ਮੰਨਿਆਂ ਤੇ ਬੀੜ ਲੁਕਾ ਕੇ ਰੱਖੀ ਤੇ ਅਗਲੀ ਜੇਹੜੀ ਸੇਵਾ ਕੀਤੀ ਹੋਈ ਸੀ ਓਹ ਸਭ ਨਿਸਫਲ ਗਵਾ ਲਈ।

ਪੂਰਾ ਪ੍ਰਸੰਗ ਦੇਖਣਾ ਹੋਵੇ ਤਾਂ ਸੂਰਜ ਪ੍ਰਤਾਪ ਦੀ ਰੁਤ ਤੀਸਰੀ ੩੧ ਅੰਸੂ ਵਿਖੇ ਦੇਖੋ। ਤਾਂਤੇ ਚੰਗੀ ਮਤ ਹੋਵੇ ਤਾਂ ਸੇਵਾ ਕੀਤੀ ਸਫਲੀ ਹੈ।

ਯਥਾ- ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥ *(ਸਾਰੰਗ ਵਾਰ, ਪੰਨਾ ੧੨੪੫)*

*ਅਥਵਾ:-*ਗੁਰਾਂ ਦੀ ਸੇਵਾ ਕਰੇ ਤਾਂ ਹੀ ਇਹ ਜੀਵ ਆਪਣੀ ਤੁੱਛ ਮਤੀ ਨੂੰ ਗਵਾ ਲੈਂਦਾ ਹੈ ਤਾਂਤੇ ਹੇ ਰਾਇ ਬੁਲਾਰ ! ਤੂੰ ਭੀ ਗੁਰਾਂ ਦੀ ਸੇਵਾ ਕਰ ਤਾਂ ਤੇਰਾ ਉਧਾਰ ਹੋਵੇਗਾ।

ਸਲੋਕੁ ਮਃ ੧ ॥

ਉਥਾਨਕਾ-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਰਟਨ ਕਰਦੇ ਹੋਏ ਸੁਮੇਰ ਪਰਬਤ 'ਪਰ ਪਹੁੰਚੇ ਹਨ।

ਯਥਾ- ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ॥

(ਭਾਈ ਗੁਰਦਾਸ ਵਾਰ ੧ ਪਉੜੀ ੨੮)

ਤਾਂ ਸਿਧਾਂ ਨੇ ਬੇਨਤੀ ਕੀਤੀ ਕਿ ਆਪ ਸੰਸਾਰ 'ਚੋਂ ਆਏ ਹੋ, ਇਹ ਦੱਸ ਮਾਤ ਲੋਕ ਵਿਚ ਕੀ ਵਰਤਾਰਾ ਵਰਤ ਰਿਹਾ ਹੈ ? *ਗੁਰ ਉੱਤਰ:-*

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥

ਸੱਚ ਦਾ ਤਾਂ ਕਾਲ ਹੀ ਪੈ ਗਿਆ ਹੈ, ਭਾਵ ਸੰਸਾਰਕ ਜੀਵਾਂ ਦੇ ਹਿਰਦੇ ਵਿਚੋਂ ਸੱਚ ਤਾਂ ਉੱਡ ਹੀ ਗਿਆ ਹੈ ਤੇ ਕੂੜ-ਝੂਠ ਬੋਲਣਾ ਹੀ ਜਿਥੇ ਕਿਥੇ ਵਰਤ ਰਿਹਾ ਭਾਵ ਪਰਧਾਨ ਹੋ ਰਿਹਾ ਹੈ। ਕਲਜੁਗ ਦੀ ਜੋ ਕਿਰਿਆ

ਹੈ ਕਾਲਖ=ਪਾਪਾਂ ਵਾਲੀ ਇਸ ਕਰਕੇ ਇਹ ਜੀਵ ਬੇਤਾਲ=ਭੂਤਨੇ ਹੋ ਰਹੇ ਹਨ।

ਅਥਵਾ-ਤਾਲ=ਸਰੂਪ ਤੋਂ ਬੇ=ਰਹਿਤ ਹੋ ਰਹੇ ਹਨ।

ਏਸੇ ਸਲੋਕ ਦਾ ਟੀਕਾ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ੨੯ ਵੀਂ ਪਉੜੀ ਵਿਚ ਕਥਨ ਕੀਤਾ ਹੈ-

ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ?
ਸਭ ਸਿਧ ਇਹ ਬੁਝਿਆ ਕਲਿ ਤਾਰਨਿ ਨਾਨਕ ਅਵਤਾਰਾ।
ਬਾਬੇ ਆਖਿਆ, ਨਾਥ ਜੀ! ਸਚ ਚੰਦ੍ਰਮਾ ਕੂੜ ਅੰਧਾਰਾ।
ਕੂੜ ਅਮਾਵਸਿ ਵਰਤਿਆ, ਹਉ ਭਾਲਣਿ ਚੜ੍ਹਿਆ ਸੰਸਾਰਾ।
ਪਾਪਿ ਗਿਰਾਸੀ ਪਿਰਥਮੀ, ਧਉਲੁ ਖੜਾ ਧਰਿ ਹੇਠ ਪੁਕਾਰਾ।

ਤਥਾ-ਮਾਝ ਦੀ ਵਾਰ ਦੇ ੧੬ਵੇਂ ਸਲੋਕ ਵਿਚ ਪੰਨਾ ੧੪੫ ਤੇ ਲਿਖਿਆ ਹੈ।

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥
ਕੂੜ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਤਥਾ- ਕਲਿ ਆਈ ਕੁਤੇ ਮੁਹੀਂ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।

(ਭਾਈ ਗੁਰਦਾਸ ਜੀ ਵਾਰ ੧ ਪਉੜੀ ੩੦)

ਬੀਉ ਬੀਜਿ ਪਤਿ ਲੈ ਗਏ

ਹੇ ਸਿਧੋ ! ਜਿਹੜੇ ਪੁਰਸ਼ ਬੀਉ=ਦੂਜੇ ਬੀਜਾਂ ਦੇ ਬੀਜਣ ਵਾਲੇ ਹਨ, ਓਹ ਤਾ ਪਤਿ=ਪਤ ਅਬਰੋ ਨੂੰ ਲੈ ਗਏ ਹਨ।

ਪ੍ਰਸ਼ਨ-ਦੂਜੇ ਬੀਜਾਂ ਦੇ ਬੀਜਣ ਵਾਲੇ ਕਿਹੜੇ ਹਨ ?

ਉੱਤਰ-ਸਤਿਜੁਗ ਵਿਚ ਜੋ ਸੱਤ ਬੋਲਣ ਵਾਲੇ ਸਨ। ਤਰੇਤੇ ਵਿਚ ਜੋ ਯੱਗ ਆਦਿ ਕਰਨ ਵਾਲੇ ਸਨ। ਦੁਆਪਰ ਵਿਚ ਜੋ ਤਪ ਪੂਜਾ ਆਦਿਕ ਬੀਜਾਂ ਦੇ ਬੀਜਣ ਵਾਲੇ ਸਨ। ਉਹ ਸਾਰੇ ਹੀ ਪਤ ਅਬਰੋ ਨੂੰ ਲੈ ਗਏ ਹਨ। ਪ੍ਰਮਾਣ-

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥ ੧॥

(ਗਉੜੀ ਰਵਿਦਾਸ ਜੀ, ਪੰਨਾ ੩੪੬)

ਫਿਰ ਸਿੱਧਾਂ ਨੇ ਬੇਨਤੀ ਕੀਤੀ-ਹੇ ਪ੍ਰਭੂ ! ਉਸ ਬੀਜ ਨੂੰ ਹੁਣ ਬੀਜ ਸਕਦੇ ਹਾਂ ਕਿ ਨਹੀਂ ?

ਗੁਰ ਉੱਤਰ-

ਅਬ ਕਿਉ ਉਗਵੈ ਦਾਲਿ॥

ਉਹ ਬੀਜ ਹੁਣ ਕੈਸੇ ਉਗਵੇ=ਉਦੇ ਹੋ ਸਕਦਾ ਹੈ, ਕਿਉਂਕਿ ਦਾਲ ਜੋ ਹੋ ਗਈ. ਦਾਲ ਨੇ ਤਾਂ ਨਹੀਂ ਉਦੇ ਹੋਣਾ।

ਪ੍ਰਸ਼ਨ-ਦਾਲ ਕੇਹੜੀ ਹੋ ਗਈ ?

ਉੱਤਰ-ਜੋ ਪੂਰੀ ਪੂਰੀ ਸਾਮੱਗ੍ਰੀ ਨਾ ਰਹੀ, ਪੂਰੇ ਪੂਰੇ ਕਰਾਵਣੇ ਵਾਲੇ ਰਿਖੀ ਨਾ ਰਹੇ, ਪੂਰੀ ਬਿਧੀ ਨਾ ਰਹੀ।

ਫੇਰ ਕਹੇ ਨੂੰ ਸਪੱਸ਼ਟ ਕਰਦੇ ਹਨ-

ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥

ਜੇ ਇਕ ਦਾਣਾ ਭੀ ਸਾਬਤ ਹੋਵੇ ਭਾਵ ਕਰਾਉਣ ਵਾਲੇ ਪੂਰੇ ਰਿਖੀ ਹੀਂ ਮਿਲ ਜਾਣ ਤਾਂ ਉਹ ਬੀਜ ਉਦੇ ਵੀ ਹੋ ਸਕਦਾ ਹੈ।

ਫਿਰ ਰੁੱਤਾਂ ਵਿਚੋਂ ਸ੍ਰੇਸ਼ਟ ਰੁਤ ਸਤਜੁਗ ਤਰੇਤੇ, ਦੁਆਪਰ ਵਾਲੀ ਹੋਵੇ ਤਾਂ ਬੀਜ ਉਦੇ ਹੁੰਦਾ ਹੈ। ਹੁਣ ਰੁੱਤਾਂ ਵਿਚੋਂ ਉਹ ਸ੍ਰੇਸ਼ਟ ਰੁਤ ਭੀ ਨਹੀਂ ਹੈ, ਕਿਉਂਕਿ ਕਲਜੁਗ ਆ ਗਿਆ ਹੈ ਇਸ ਲਈ ਉਦੇ ਨਹੀਂ ਹੁੰਦਾ।

ਪੁਨਾ-ਸਿੱਧਾਂ ਨੇ ਬੇਨਤੀ ਕੀਤੀ, ਇਸ ਜੀਵ ਦਾ ਉਧਾਰ ਕਿਸ ਤਰ੍ਹਾਂ ਹੋਵੇ ?

ਗੁਰੂ ਸਾਹਿਬ ਜੀ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ-

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥

ਹੇ ਸਿਧੋ ! ਜਿਵੇਂ ਪਾਹੈ=ਲਾਗ ਤੋਂ ਬਾਹਰਾ=ਬਿਨਾਂ ਕੋਰੇ ਬਸਤ੍ਰ ਨੂੰ ਸੋਇ=ਸੋਭਨੀਕ ਪੱਕਾ ਰੰਗ ਨਹੀਂ ਚੜ੍ਹਦਾ ਤਿਵੇਂ ਮਨ ਰੂਪੀ ਕੋਰੇ ਬਸਤ੍ਰ ਨੂੰ ਭਗਤੀ ਰੂਪੀ ਰੰਗ ਨਹੀਂ ਚੜ੍ਹਦਾ।

ਯਥਾ- ਮਨਮੁਖਿ ਮੁਗਧੁ ਨਰੁ ਕੋਰਾ ਹੋਇ॥ ਜੇ ਸਉ ਲੋਚੈ ਰੰਗੁ ਨ ਹੋਵੈ ਕੋਇ॥ ੩॥

(ਸੂਹੀ ਮਹਲਾ ੪, ਪੰਨਾ ੭੩੨)

ਯਥਾ- ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਇ॥

(ਸੂਹੀ ਮਹਲਾ ੪, ਪੰਨਾ ੭੩੨)

ਸਿੱਧਾਂ ਨੇ ਬੇਨਤੀ ਕੀਤੀ-ਫਿਰ ਕਿਸ ਤਰ੍ਹਾਂ ਰੰਗ ਚੜ੍ਹੇ ? *ਉੱਤਰ-*

ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥

ਦਿਲ ਵਿਚ ਪਰਮੇਸ਼ਰ ਦਾ ਖੌਫ ਧਾਰਨਾ ਇਸ ਖੁੰਬ ਉੱਤੇ ਮਨ ਰੂਪੀ ਕਪੜੇ ਨੂੰ ਚਾੜ੍ਹੇ ਅਤੇ ਖੋਟਿਆਂ ਕੰਮਾਂ ਵਲੋਂ ਸ਼ਰਮ ਹੋਣੀ ਇਹ ਤਨਿ=ਮਨ ਰੂਪੀ ਕਪੜੇ ਨੂੰ ਪਾਹ ਲਗਾਵੇ।

ਨੋਟ-ਕਪੜੇ ਨੂੰ ਸ੍ਰੇਸ਼ਟ ਪੱਕਾ ਰੰਗ ਚੜ੍ਹਾਉਣ ਲਈ ਫਟਕੜੀ ਆਦਿ ਦੀ ਦਿੱਤੀ ਪਾਣ ਨੂੰ 'ਪਾਹ' ਆਖਦੇ ਹਨ।

ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਸਤਸੰਗ ਰੂਪ ਮੱਟੀ ਵਿਚ ਨਾਮ ਜਲ ਪਾ ਕੇ ਭਗਤੀ ਰੂਪ ਰੰਗ ਵਿਚ ਮਨ ਰੂਪੀ ਕਪੜੇ ਨੂੰ ਗੁਰੂ ਲਲਾਰੀ ਰਪੈ=ਰੰਗਣਾ ਕਰਨ ਤਾਂ ਇਸ ਨੂੰ ਕੂੜੈ=ਝੂਠ ਦੀ ਕੰਨਸੋ ਕੋਈ ਨਹੀਂ ਲੱਗਦੀ ॥ ੧॥

ਮਃ ੧॥

ਸਿੱਧਾਂ ਨੇ ਬੇਨਤੀ ਕੀਤੀ-ਕਲਜੁਗ ਦੇ ਲਖਣ ਹੋਰ ਭੀ ਸੁਣਾਓ। ਤਾਂ ਗੁਰੂ ਜੀ ਕਥਨ ਕਰਦੇ ਹਨ-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਪਦਾਰਥਾਂ ਦਾ ਜਿਹੜਾ ਲਬੁ=ਲੋਭ ਕਰਨਾ ਹੈ ਇਹ ਰਾਜਾ ਹੈ। ਦੁਇ=ਦੂਸਰਾ ਜੋ ਪਾਪ, ਇਹ

ਮਹਤਾ=ਪਟਵਾਰੀ *ਅਥਵਾ*-ਵਜ਼ੀਰ ਹੈ। ਕੂੜ=ਝੂਠ ਬੋਲਣਾ ਇਹ ਸਿਕਦਾਰ=ਥਾਨਦਾਰ ਹੈ, ਕਲਜੁਗ ਵਿਚ ਕੇਵਲ ਝੂਠ ਹੀ ਪ੍ਰਧਾਨ ਹੈ।

ਯਥਾ- ਕਲਿ ਕੋ ਕੂਰ ਕਹੈ ਅਗਵਾਨੀ॥ ਕੂਰ ਬਿਕਾਰਨਿ ਕੀ ਰਜਧਾਨੀ॥

(ਸ੍ਰੀ ਪ੍ਰ: ਰਾਸ ੩ ਧਿਆਇ ੫੨)

ਤਥਾ- ....ਕੂੜੁ ਫਿਰੈ ਪਰਧਾਨੁ ਵੇ ਲਾਲੋ॥ *(ਪੰਨਾ ੭੨੨)*

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥

ਕਾਮ ਰੂਪੀ ਨੇਬੁ=ਚੋਬਦਾਰ *ਅਥਵਾ* ਵਜ਼ੀਰ ਹੈ, ਕੋਈ ਗੱਲ ਪੁਛਣੀ ਹੋਵੇ ਤਾਂ ਇਹਨਾਂ ਨੂੰ ਸਦਿ=ਬੁਲਾ ਕੇ ਪੁਛੀ ਜਾਂਦੀ ਹੈ। ਇਹ ਸਾਰੇ ਲੋਭੀ ਪਾਪੀ ਕੂੜੇ ਕਾਮੀ ਬੈਠ ਬੈਠ ਕੇ ਵਿਚਾਰ ਕਰਦੇ ਹਨ। ਭਾਵ ਕਲਜੁਗ ਵਿਚ ਲੋਭੀਆਂ, ਕਾਮੀਆਂ ਤੇ ਝੂਠਿਆਂ ਪੁਰਸ਼ਾਂ ਦੀ ਬਹੁਲਤਾ ਹੋਵੇਗੀ।

[ਪੰਨਾ ੪੬੯]

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

ਸਰੂਪ ਗਿਆਨ ਤੋਂ ਬਿਨਾਂ ਹੋਣ ਕਰਕੇ ਸਾਰੀ ਰਯਤਿ=ਪਰਜਾ ਅੰਨ੍ਹੀ ਹੋ ਰਹੀ ਹੈ।

ਤ੍ਰਿਸ਼ਨਾ ਦੀ ਭਾਹਿ=ਅੱਗ ਨਾਲ ਭਰੇ ਹੋਏ ਜੀਵ ਝੂਠ ਬੋਲਣ ਰੂਪ ਮੁਰਦਾਰ ਨੂੰ ਖਾ ਰਹੇ ਹਨ।

ਯਥਾ- ਕੂੜੁ ਬੋਲਿ ਮੁਰਦਾਰੁ ਖਾਇ॥ *(ਵਾਰ ਮਾਝ ਸਲੋਕ ੫, ਪੰਨਾ ੧੩੯)*

ਹੋਰ ਕਲਜੁਗ ਦੇ ਲਖਣ ਸੁਣੋ-

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥

ਗਿਆਨਵਾਨ ਕੌਣ? ਕ੍ਰਿਸ਼ਨ ਜੀ, ਉਹਨਾਂ ਦੇ ਸਾਂਗ ਬਣਾ ਕੇ ਨੱਚਦੇ ਹਨ ਤੇ ਚੇਲੇ ਵਾਜਿਆਂ ਨੂੰ ਵਾਵਹਿ=ਵਜਾਉਂਦੇ ਹਨ ਅਤੇ ਕਈ ਤਰ੍ਹਾਂ ਦੇ ਸੁੰਦਰ ਰੂਪ ਬਣਾ ਕੇ ਸ਼ਿੰਗਾਰਾਂ ਨੂੰ ਕਰਦੇ ਹਨ। *ਅਥਵਾ*-ਕਲਜੁਗ ਦੇ ਗਿਆਨੀ ਪੁਰਸ਼ ਨੱਚਦੇ ਹਨ ਤੇ ਵਾਜਿਆਂ ਨੂੰ ਵਜਾਉਂਦੇ ਹਨ। (ਮੁਖ ਅਰਥ ਪਹਿਲਾ ਹੀ ਹੈ)।

ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥

ਉਚਾ ਕੂਕਹਿ=ਬੋਲਦੇ ਹਨ ਤੇ ਵਾਦਾ=ਝਗੜਿਆਂ ਨੂੰ ਗਾਂਵਦੇ ਹਨ, ਜੋਧਾ=ਸੂਰਮਿਆਂ ਦਾ ਵਿਚਾਰ ਕਰਦੇ ਹਨ ਕਿ ਫਲਾਣਾ ਫਲਾਣਾ ਸੂਰਮਾ ਚੰਗਾ ਹੈ।

ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥

ਕਲਜੁਗ ਵਿਚ ਜੇਹੜੇ ਮਹਾਂ ਮੂਰਖ ਹੋਣਗੇ ਉਹਨਾਂ ਦਾ ਨਾਮ ਪੰਡਿਤ ਹੋਵੇਗਾ ਤੇ ਹੁਜਤਾਂ ਕਰਨ ਵਾਲਿਆਂ ਦਾ ਨਾਮ ਬੜਾ ਹਿਕਮਤਿ=ਵੈਦ *ਅਥਵਾ* ਚਤੁਰ ਹੋਵੇਗਾ ਅਤੇ ਪਦਾਰਥਾਂ ਦੇ ਸੰਜੈ=ਇਕੱਤ੍ਰ ਕਰਨ ਵਿਚ ਪ੍ਰੇਮ ਧਾਰਨਗੇ।

ਅਥਵਾ-ਵਿਸ਼ਿਆਂ ਦੇ ਭੋਗਣ ਵਾਸਤੇ ਸੰਜੈ=ਔਰਤ ਨਾਲ ਪ੍ਰੇਮ ਕਰਨਗੇ।

ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥

ਧਰਮੀ ਪੁਰਸ਼ ਧਰਮ ਨੂੰ ਕਰਕੇ ਉਸ ਦਾ ਫਲ ਗਵਾ ਲੈਣਗੇ, ਸ਼ਕਾਮ ਕਰਮਾਂ ਦੇ ਕਰਨ ਤੇ। ਜਿਸ ਤਰ੍ਹਾਂ ਕਿ ਚਾਰ ਪੰਜ ਸਾਧੂਆਂ ਨੂੰ ਘਰ ਲਿਆ ਕੇ ਬੜੇ ਪ੍ਰੇਮ ਤੇ ਸਤਿਕਾਰ ਨਾਲ ਰੋਟੀ ਖਵਾ ਕੇ ਫੇਰ ਉਸ ਰੋਟੀ ਦਾ

ਮੋਖ=ਮੁਲ ਆਪਣੇ ਦੁਆਰੇ ਪਰ ਹੀ ਮੰਗ ਲੈਂਦੇ ਹਨ ਗ੍ਰਹਿਸਤੀ ਲੋਕ ਸੰਤਾਂ ਨੂੰ ਆਖਦੇ ਹਨ ਸਾਡੀ ਇਸ ਤਰ੍ਹਾਂ ਅਰਦਾਸ ਕਰੋ ਕਿ ਪੁਤ੍ਰ ਰਾਜੀ ਹੋਵੇ ਜਾਂ ਫਲਾਣਾ ਕੰਮ ਪੂਰਾ ਹੋ ਜਾਵੇ।

ਅਥਵਾ:-ਨਿਸ਼ਕਾਮ ਕਰਮ ਕੀਤੇ ਬਗ਼ੈਰ ਹੀ ਮੋਖ ਦਾ ਦੁਆਰਾ ਗਿਆਨ ਮੰਗਣਗੇ ਭਲਾ ਉਹਨਾਂ ਨੂੰ ਗਿਆਨ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਵੇਗੀ ?

ਅਥਵਾ:-ਧਰਮੀ ਪੁਰਸ਼ ਧਰਮ ਨੂੰ ਕਰਕੇ ਗਵਾ ਲੈਣਗੇ, ਕਿਉਂਕਿ ਘਰ ਦੇ ਦਰਵਾਜ਼ੇ ਉਪਰ ਹੀ ਮੋਖ ਨੂੰ ਮੰਗ ਲੈਣਗੇ।

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥

ਕਈ ਐਸੇ ਹੋਣਗੇ ਜੋ ਆਪਣੇ ਆਪ ਨੂੰ ਜਤੀ ਸਦਾਵਣਗੇ ਪਰ ਜਤ ਦੀ ਜੁਗਤੀ ਨੂੰ ਨਹੀਂ ਜਾਨਣਗੇ ਅਤੇ ਲੋਕ ਦਿਖਾਵੇ ਲਈ ਘਰ ਬਾਰ ਨੂੰ ਛੱਡ ਕੇ ਬਾਹਰ ਬਣਾਂ ਵਿਚ ਜਾ ਕੇ ਬੈਠਣਗੇ।

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥

ਸਭ ਕੋਈ ਆਪਣੇ ਆਪ ਵਿਚ ਪੂਰਾ ਹੋ ਬੈਠੇਗਾ।

ਆਪਣੇ ਆਪ ਨੂੰ ਘਟਿ=ਨਿਊਣ ਕੋਈ ਨਹੀਂ ਆਖੇਗਾ।

ਯਥਾ- ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥

(ਸਿਰੀ ਰਾਗੁ ਮ: ੫ ਪੰਨਾ ੭੧)

ਤਥਾ- ਘਰ ਘਰ ਹੋਇ ਬੈਠ ਹੈ ਰਾਮਾ॥ *(ਦਸਮ ਗ੍ਰੰਥ ਪੰਨਾ ੫੭੨ ਨਿਹਕਲੰਕੀ ਅਵਤਾਰ)*

ਪੁਨਾ-ਸਿੱਧਾਂ ਨੇ ਬੇਨਤੀ ਕੀਤੀ ਕਿ ਵੱਡਾ ਕੌਣ ਹੋਵੇਗਾ ? *ਉੱਤਰ-*

ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਬੁੱਧੀ ਰੂਪੀ ਤੱਕੜੀ ਵਿਚ ਵਿਚਾਰ ਰੂਪੀ ਪਰਵਾਣਾ=ਵੱਟਾ ਪਾ ਕੇ ਜੀਵ ਦੀ ਪਤਅਬਰੋ ਨੂੰ ਪਿਛੇ ਪਾ ਕੇ ਤੋਲੀਏ ਤਾਂ ਫਿਰ ਤੋਲਿਆ ਜਾਪੈ=ਜਾਣਿਆਂ ਜਾਂਦਾ ਹੈ। ਜੇ ਤਾਂ ਮਹਾਤਮਾ ਦੀ ਪਤਅਬਰੋ ਨਾਲ ਉਸ ਦੀ ਪੂਰੀ ਪਤਅਬਰੋ ਹੋ ਗਈ ਤਾਂ ਇਹ ਨਿਸਚੇ ਕਰੋ ਕਿ ਠੀਕ ਇਹ ਮਹਾਤਮਾ ਹੈ ਤੇ ਜੇ ਪਤਅਬਰੋ ਪੂਰੀ ਨਾ ਹੋਈ ਤਾਂ ਉਸ ਨੂੰ ਘਟ ਹੀ ਜਾਣੇ॥ ੨॥

ਮਃ ੧॥ ਵਦੀ ਸੁਵਜਗਿ ਨਾਨਕਾ ਸਚਾ ਵੇਖੈ ਸੋਇ॥

(੧) ਜੋ ਅਕਾਲ ਪੁਰਖ ਨੇ ਵਦੀ=ਠਟੀ ਹੈ। ਸੁਵਜਗਿ=ਪ੍ਰਗਟ, ਸੋਇ=ਉਸ ਨੂੰ ਸੱਚਾ ਵਾਹਿਗੁਰੂ ਆਪ ਹੀ ਵੇਖ ਰਿਹਾ ਹੈ।

ਯਥਾ- ਜੋ ਬਣਨੀ ਸੋ ਬਣ ਰਹੀ, ਬਣੀ ਸੋ ਬਣੀ ਬਣੀ।
ਅਨ ਬਣਨਨ ਕੇ ਬਣਨ ਮਹਿ, ਪਚ ਪਚ ਮੁਈ ਘਣੀ।
ਜੋ ਪੂਰੇ ਪੂਰੀ ਕਰੀ, ਘਟ੍ਤ ਨ ਬਢਤ ਕਨੀ।
ਅਨ ਬਣਨੀ ਜੋ ਚਿਤਵਤੇ, ਤਿਨ ਕੀ ਤੁੱਛ ਮਨੀ।

(ਸੰਤ ਰਤਨ ਮਾਲਾ ਪੰਨਾ ੫੦)

(੨) ਵਦੀ=ਕ੍ਰਿਸ਼ਨ ਪੱਖ, ਸੁਵਜਿਗ=ਸੁਕਲਾ ਪੱਖ।

(੩) ਵਦੀ=ਪਾਪੀ, ਸੁਵਜਗਿ=ਪੁੰਨੀ ।

(੪) ਵਦੀ=ਅਗਿਆਨੀ, ਸੁਵਜਗਿ=ਗਿਆਨੀ ਇਹਨਾਂ ਸਭਨਾਂ ਨੂੰ ਸੱਚਾ ਅਕਾਲ ਪੁਰਖ ਆਪ ਹੀ ਦੇਖ ਰਿਹਾ ਹੈ। ਇਸ ਵਿਚ ਕੋਈ ਸੰਸਾ ਕਰੇ ਕਿ ਇਕ ਪਦ ਦੇ ਇਤਨੇ ਅਰਥ ਕਿਉਂ ਕੀਤੇ ? ਤਾਂ ਉਸ ਦੇ ਲਈ ਇਹ ਪ੍ਰਮਾਣ ਹੈ-

ਸ੍ਵੈਯਾ- ਸਾਰੰਗ ਪੈ ਕਬਿ ਸਾਰੰਗ ਪੈ ਚੜ, ਸਾਰੰਗ, ਸਾਰੰਗ ਸਤ੍ਰੁਨ ਕੋ ਬਲਿ ਸਾਰੰਗ।
ਸਾਰੰਗ ਜਿਉ ਜਗ ਮੈਂ ਕੁਲ ਸਾਰੰਗ, ਸਾਰੰਗ ਗਜਾਨ ਪ੍ਰਕਾਸਨ ਸਾਰੰਗ।
ਸਾਰੰਗ ਦਾਸਨ ਕੋ ਪ੍ਰਯ ਸਾਰੰਗ, ਸਾਰੰਗ ਦੋਸ਼ਨ ਕੋ ਸਮ ਸਾਰੰਗ।
ਸਾਰੰਗ ਪਾਨ ਭਯੋ ਨਰ ਸਾਰੰਗ, ਸ੍ਰੀ ਹਰਿਗੋਬਿੰਦ ਜੀ ਗੁਰ ਸਾਰੰਗ॥ ੧੨ ॥

(ਸ੍ਰੁ: ਪ੍ਰ: ਐਨ ੨ ਅੰਸੁ ੩੬)

ਸਾਰੰਗ=ਘੋੜੇ। ਸਾਰੰਗ=ਹਾਥੀ। ਸਾਰੰਗ=ਹਰਨ। ਸਾਰੰਗ=ਸ਼ੇਰ। ਸਾਰੰਗ=ਸੂਰਜ। ਸਾਰੰਗ=ਕਵਲ। ਸਾਰੰਗ=ਦੀਪਕ। ਸਾਰੰਗ=ਅਗਨੀ। ਸਾਰੰਗ=ਚਾਤ੍ਰਿਕ। ਸਾਰੰਗ=ਬੱਦਲ। ਸਾਰੰਗ=ਸਰਪ। ਸਾਰੰਗ=ਗਰੁੜ। ਸਾਰੰਗ=ਧਨੁਖ। ਸਾਰੰਗ ਪਾਨਿ=ਧਨੁਖਧਾਰੀ। ਸਾਰੰਗ=ਈਸ਼ਵਰ। ਸਾਰੰਗ=ਓਹੀ ਰੰਗ। ਸਾਰੰਗ=ਚਾਨਣਾ, ਪ੍ਰਕਾਸ।

ਤਥਾ- ਸਾਰੰਗ ਕੋ ਸਾਰੰਗ ਚਲੀ, ਸਾਰੰਗ ਪੈਠਿਓ ਆਇ।
ਜੇਕਰ ਸਾਰੰਗ ਨਾ ਹੁਤੋ, ਸਾਰੰਗ ਕਾਟਿਓ ਜਾਇ।

ਸਾਰੰਗ=ਔਰਤ। ਸਾਰੰਗ=ਛਾਨਣੀ। ਸਾਰੰਗ=ਸਰਪ। ਸਾਰੰਗ=ਦੀਪਕ। ਸਾਰੰਗ=ਹੱਥ।

ਅਰਥ-ਛਾਨਣੀ ਦੇ ਲੈਣ ਵਾਸਤੇ ਇਕ ਇਸਤ੍ਰੀ ਚਲੀ, ਅਗੇ ਉਸ ਛਾਨਣੀ ਦੇ ਹੇਠ ਸੱਪ ਨੇ ਆ ਕੇ ਪ੍ਰਵੇਸ਼ ਕੀਤਾ ਹੋਇਆ ਸੀ: ਜੇਕਰ ਦੀਵਾ ਨਾਲ ਨਾ ਹੁੰਦਾ ਤਾਂ ਔਰਤ ਦਾ ਹੱਥ ਕੱਟਿਆ ਜਾਣਾ ਸੀ ਭਾਵ ਸੱਪ ਨੇ ਡੰਗ ਮਾਰ ਦੇਣਾ ਸੀ।

ਤਥਾ- ਸਾਰੰਗ ਕੋ ਸਾਰੰਗ ਚਲੀ, ਲੇਕਰ ਸਾਰੰਗ ਹਾਥ।
ਜੇਕਰ ਸਾਰੰਗ ਨਾ ਹੁਤੋ, ਸਾਰੰਗ ਕਰਤਾ ਘਾਤ।

*ਅਰਥ-*ਸਾਰੰਗ ਕੋ=ਜਲ ਲੈਣ ਨੂੰ ਸਾਰੰਗ ਚਲੀ=ਇਸਤ੍ਰੀ ਚਲੀ। ਹਥ ਵਿਖੇ ਸਾਰੰਗ=ਦੀਵਾ ਲੈ ਕੇ। ਜੇ ਉਸ ਦੇ ਹੱਥ ਵਿਚ ਸਾਰੰਗ=ਦੀਵਾ ਨਾ ਹੁੰਦਾ ਤਾਂ ਰਸਤੇ ਵਿਚ ਬੈਠੇ ਹੋਏ ਸਾਰੰਗ=ਸੱਪ ਨੇ ਘਾਤ=ਡੰਗ ਮਾਰ ਜਾਣਾ ਸੀ।

ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥

ਸਾਰਿਆਂ ਪੁਰਸ਼ਾਂ ਨੇ ਕਰਮਾਂ ਰੂਪੀ ਛਾਲਾਂ ਮਾਰੀਆਂ ਹਨ। ਭਾਵ ਕਿਸੀ ਨੇ ਚੰਗੇ ਕਰਮਾਂ ਅਤੇ ਕਿਸੀ ਨੇ ਮੰਦ ਕਰਮਾਂ ਦੇ ਕਰਨੇ ਰੂਪੀ ਛਾਲਾਂ ਮਾਰੀਆਂ ਹਨ। ਅਗੋਂ ਜੋ ਕਰਤਾ=ਵਾਹਿਗੁਰੂ ਕਰਦਾ ਹੈ ਓਹੀ ਗੱਲ ਹੁੰਦਾ ਹੈ।

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥

ਅਗੈ=ਪ੍ਰਲੋਕ ਵਿਚ ਜਾਤੀ ਦਾ ਜੋਰੁ=ਬਲ ਨਹੀਂ । *ਅਥਵਾ-*ਨਾ ਜਾਤੀ ਨੇ ਜਾਣਾ ਹੈ ਨਾ ਬਲ ਨੇ ਜਾਣਾ ਹੈ।

ਯਥਾ- ਜਾਤੀ ਦੈ ਕਿਆ ਹਥਿ ਸਚੁ ਪਰਖੀਐ॥ (ਰਾਗ ਮਾਝ ਵਾਰ ਪੰਨਾ ੧੪੨)

ਅਗੈ=ਪ੍ਰਲੋਕ ਵਿਚ ਨਵੇਂ ਜੀਵ ਜਮਦੂਤ ਹਨ। ਅਥਵਾ-ਅਗੈ=ਪ੍ਰਲੋਕ ਵਿਚ ਦੁਸ਼ਟ ਪੁਰਖਾਂ ਨੂੰ ਜੀ ਸ਼ਬਦ ਨਹੀਂ ਹੋਵੇਗਾ। ਵੇ=ਨਿਰਾਦਰ ਹੋਵੇਗਾ। ਅਥਵਾ-ਗੁਰਮੁਖ ਪੁਰਸ਼ਾਂ ਨੂੰ ਅਗੈ=ਪ੍ਰਲੋਕ ਵਿਚ ਜੀ ਸ਼ਬਦ ਹੋਂਵੇਗਾ। ਵੇ=ਨਿਰਾਦਰ ਨਹੀਂ ਹੋਵੇਗਾ।

ਜਿਨ੍ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ ੩॥

ਜਿਨ੍ਹਾਂ ਪੁਰਸ਼ਾਂ ਦੀ ਪਤਿਅਬਰੋ ਲੇਖੇ ਵਿਚ ਪਈ ਹੈ, ਸੇਇ ਕੇਇ=ਉਹ ਕੋਈ ਪੁਰਸ਼ ਚੰਗੇ ਸਮਝਣਾ ਕਰੋ॥ ੩॥

ਪਉੜੀ॥ ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ
ਤਾ ਤਿਨੀ ਖਸਮੁ ਧਿਆਇਆ॥

ਹੇ ਪਰਮਾਤਮਾ ! ਤੁਧੁ=ਆਪ ਨੇ ਧੁਰੋਂ ਹੀ ਜਿਨ੍ਹਾਂ ਦੇ ਮੱਥੇ ਉਪਰ ਸ੍ਰੇਸ਼ਟ ਕਰਮਾਂ ਦਾ ਲੇਖ ਲਿਖ ਪਾਇਆ ਹੈ ਤਾਂ ਤਿਨ੍ਹਾਂ ਪੁਰਸ਼ਾਂ ਨੇ ਖਸਮੁ=ਅਕਾਲ ਪੁਰਖ ਨੂੰ ਭਾਵ ਆਪ ਜੀ ਨੂੰ ਧਿਆਇਆ ਹੈ।

ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥

ਇਨ੍ਹਾਂ ਜੀਵਾਂ ਦੇ ਆਪਣੇ ਵਸਿ=ਅਖਤਿਆਰ ਕੁਝ ਨਹੀਂ। ਤੁਧੁ=ਆਪ ਨੇ ਵੇਕੀ=ਭਿੰਨ ਭਿੰਨ ਤਰ੍ਹਾਂ ਦੇ ਜੀਵਾਂ ਵਾਲਾ ਸੰਸਾਰ ਉਤਪੰਨ ਕੀਤਾ ਹੈ।

ਦਸਤਾਰ, ਗੁਫ਼ਤਾਰ, ਰਫ਼ਤਾਰ, ਇਹ ਸਭ ਦੀ ਵਖੋ ਵਖਰੀ ਬਣਾ ਦਿੱਤੀ ਹੈ।

ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ॥

ਇਕਨਾਂ ਗੁਰਮੁਖਾਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ ਅਤੇ ਇਕਨਾਂ ਮਨਮੁਖਾਂ ਨੂੰ ਤੈਨੇ ਆਪਣੀ ਵਲੋਂ ਖੁਆਇਆ=ਭੁਲਾਇਆ ਹੋਇਆ ਹੈ। ਵਾ-ਖੁਆਇਆ=ਖਰਾਬ ਕੀਤਾ ਹੈ।

ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ॥

ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਦੁਆਰੇ ਆਪ ਜਾਣੇ ਜਾਂਦੇ ਹੋ, ਜਿਥੈ=ਜਿਨ੍ਹਾਂ ਗੁਰਾਂ ਨੂੰ ਤੁਸੀਂ ਆਪਣਾ ਆਪ ਬੁਝਾਇਆ=ਦੱਸਿਆ ਹੋਇਆ ਹੈ। ਅਥਵਾ-ਜਿਥੇ=ਜਿਸ ਵਡਭਾਗੀ ਮਨੁੱਖ ਦੇ ਹਿਰਦੇ ਵਿਚ ਤੈਨੇ ਆਪਣਾ ਆਪ ਸਮਝਾ ਦਿੱਤਾ ਹੈ, ਤਿਥੈ ਗੁਰਾਂ ਦੀ ਕ੍ਰਿਪਾ ਨਾਲ ਹੀ ਉਸ ਨੇ ਤੈਨੂੰ ਜਾਣਿਆ ਹੈ।

ਸਹਜੇ ਹੀ ਸਚਿ ਸਮਾਇਆ॥ ੧੧॥

ਉਹ ਸਹਜੇ=ਸੁਤੇ ਹੀ ਤੇਰੇ ਸੱਚ ਸਰੂਪ ਵਿਚ ਸਮਾਇਆ=ਅਭੇਦ ਹੋਇਆ ਹੈ॥ ੧੧॥

ਸਲੋਕੁ ਮਃ ੧॥

ਉਥਾਨਕਾ-ਸਤਿਗੁਰਾਂ ਪਾਸ ਸਿੱਖਾਂ ਨੇ ਬੇਨਤੀ ਕੀਤੀ-ਹੇ ਪ੍ਰਭੂ ! ਰੋਗਾਂ ਦੀ ਨਵਿਰਤੀ ਦਾ ਦਾਰੂ ਕੇਹੜਾ ਹੈ ? ਗੁਰ ਉੱਤਰ-

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ।

ਪਹਿਲਾ ਅਰਥ-

ਵਿਸ਼ੇ ਸੁਖ ਤਾਂ ਰੋਗ ਉਤਪੰਨ ਹੋ ਰਿਹਾ ਹੈ।

*ਯਥਾ-*ਭੋਗੰ ਤ ਰੋਗੰ॥

(ਸਹਸਕ੍ਰਿਤੀ ਮ: ੫ ਪੰਨਾ ੧੩੫੪)

ਉਸ ਦੀ ਨਵਿਰਤੀ ਲਈ ਜਪ ਤਪ ਦਾ ਦੁੱਖ ਸਹਾਰਨਾ ਇਹ ਦਾਰੂ ਹੈ।

ਏਸੇ ਵਾਸਤੇ ਕਥਨ ਕੀਤਾ ਹੈ-

*ਯਥਾ-*ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥

(ਸੂਹੀ ਮਹਲਾ ੧ ਪੰਨਾ ੭੨੯)

*ਤਥਾ-*ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।

(ਭ: ਗੁਰਦਾਸ ਵਾਰ ੧ ਪ: ੨੪)

ਜਾਂ ਵਿਸ਼ੇ ਸੁਖ ਹੋਵੇ ਤਾਂ ਪਰਮੇਸ਼ਰ ਪ੍ਰਾਪਤੀ ਦੀ ਤਾਮਿ=ਤਮ੍ਹਾਂ ਭਾਵ ਇੱਛਾ ਨਹੀਂ ਹੁੰਦੀ।

ਦੂਸਰਾ ਅਰਥ-

ਜਨਮ ਮਰਨ ਦਾ ਜਿਹੜਾ ਦੁੱਖ ਹੈ, ਇਹ ਤਾਂ ਇਕ ਰੋਗ ਉਤਪੰਨ ਹੋ ਰਿਹਾ ਹੈ ਇਸ ਦੀ ਨਵਿਰਤੀ ਲਈ ਸੁਖ ਰੂਪ ਪਰਮੇਸ਼ਰ ਦਾ ਨਾਮ ਜਪਣਾ ਇਹ ਦਾਰੂ ਹੈ। ਜਾਂ ਸੁਖ ਰੂਪ ਪਰਮੇਸ਼ਰ ਦਾ ਨਾਮ ਪ੍ਰਾਪਤ ਹੋਇਆ । ਤਾਆ+ਮਿ=ਤਦੋਂ ਰੋਗ ਨਹੀਂ ਹੁੰਦਾਂ, ਅਰਥਾਤ ਨਾਮ ਜਪਣ ਕਰਕੇ ਪ੍ਰਤੱਖ ਰੋਗ *ਅਥਵਾ:-* ਜਨਮ ਮਰਨ ਰੂਪੀ ਰੋਗ ਨਹੀਂ ਹੁੰਦਾ।

ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥ ੧॥

ਹੇ ਕਰਤਾ ਅਕਾਲ ਪੁਰਖ ਵਾਹਿਗੁਰੂ ! ਤੂੰ ਆਪ ਕਰਣਾਮੈ=ਕਿਰਪਾ ਸਰੂਪ ਹੈਂ। ਮੈਂ ਨਾਹੀਂ=ਮੈਂ ਕੁਝ ਨਹੀਂ ਕਰ ਸਕਦਾ। ਜਾ ਹਉ ਕਰੀ=ਜੇ ਕੁਛ ਕਰਨ ਦਾ ਉੱਦਮ ਮੈਂ ਕਰਾਂ ਵੀ ਸਹੀ, ਤਾਂ ਭੀ ਕੁਝ ਹੋ ਨਹੀਂ ਸਕਦਾ- ਪ੍ਰਾਧੀਨ ਹੋਣ ਕਰਕੇ।

ਯਥਾ- ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥
ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥ ੨੧੯॥

(ਸਲੋਕ ਕਬੀਰ ਪੰਨਾ ੧੩੭੬)

ਤਥਾ- ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥

(ਭੈਰਉ ਨਾਮਦੇਵ ਪੰਨਾ ੧੧੬੫)

ਜੋ ਰਾਮ ਕਰਦਾ ਹੈ ਸੋ ਇਕ ਛਿਨ ਵਿਚ ਹੋ ਜਾਂਦਾ ਹੈ।

ਯਥਾ- ਛਿਨ ਮਹਿ ਰਾਉ ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੇ॥
ਰੀਤੇ ਭਰੇ ਭਰੇ ਸਖਨਾਵੈ, ਯਹ ਤਾ ਕੋ ਬਿਵਹਾਰੇ॥ *(ਬਿਹਾਗੜਾ ਮ: ੯ ਪੰਨਾ ੫੩੭)*

ਤਥਾ- ਪਲ ਵਿਚ ਰਾਜੇ ਰਾਜ ਕਰੰਦੇ, ਪਲ ਵਿਚ ਭੀਖ ਮਗੰਦੇ ਦਰ।
ਪਲ ਵਿਚ ਸਈਆਂ ਸੀਸ ਗੁੰਦਾਏ, ਪਲ ਵਿਚ ਜ਼ੁਲਫਾਂ ਖੁਲ੍ਹੀਆਂ ਗਲ।
ਪਲ ਵਿਚ ਚਿੜੀ ਤਿਹਾਈ ਮਰਦੀ, ਪਲ ਵਿਚ ਕਰਦਾ ਜਲ ਔ ਥਲ।
ਪਲ ਵਿਚ ਸ਼ੇਰ ਬਨਾਂ ਵਿਚ ਗੱਜਦੇ, ਪਲ ਵਿਚ ਸੰਗਲ ਖੜਕਨ ਗਲ।
ਪਲ ਵਿਚ ਸੂਰਮੇ ਰਣ ਵਿਚ ਲੜਦੇ, ਪਲ ਵਿਚ ਲੋਥਾਂ ਆਵਣ ਘਰ।
ਤਥਾ- ਇਕਨਾ ਦੇ ਘਰ ਪੁੱਤ ਪੁੱਤਾਂ ਘਰ ਪੋਤਰੇ।
ਇਕਨਾ ਦੇ ਘਰ ਧੀਅ ਧੀਆਂ ਘਰ ਦੋਹਤਰੇ।
ਇਕਨਾ ਦੇ ਘਰ ਇਕ ਉਹ ਵੀ ਜਾਇ ਮਰ।
ਵਜੀਦਾ ਕੋਣ ਸਾਹਿਬ ਨੂੰ ਆਖੇ, ਇਉਂ ਨਹੀਂ ਇਉਂ ਕਰ।

ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥ ੧ ॥ ਰਹਾਉ ॥

ਅਸੀਂ ਆਪ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ, ਆਪ ਆਪਣੀ ਕੁਦਰਤਿ=ਸ਼ਕਤੀ ਵਿਚ ਵਸ ਰਹੇ ਹੋ। ਅਥਵਾ-ਸ਼ਕਤੀ ਕਰਕੇ ਸਾਰੇ ਵਸ ਰਹੇ ਹੋ। ਆਪ ਦੇ ਗੁਣਾਂ ਦਾ, ਆਪ ਦੀ ਮਹਿਮਾ ਦਾ ਕੁਛ ਅੰਤ ਜਾਣਿਆ ਨਹੀਂ ਜਾਂਦਾ।

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥

ਜਾਤਿ=ਸ੍ਰਿਸ਼ਟੀ ਵਿਚ ਹੇ ਜੋਤੀ ਵਾਹਿਗੁਰੂ ! ਤੈਨੂੰ ਅਤੇ ਹੇ ਜੋਤੀ=ਵਾਹਿਗੁਰੂ ! ਤੇਰੇ ਵਿਚ ਸ੍ਰਿਸ਼ਟੀ ਨੂੰ ਤਾਣੇ ਪੇਟੇ ਵਾਂਗੂੰ ਜਾਨਣਾ ਕੀਤਾ ਹੈ।

ਫਿਰ ਤੂੰ ਅਕਲ=ਕਲਪਨਾ ਕਲੇਸ਼ ਤੋਂ ਰਹਿਤ ਹੈਂ ਅਤੇ ਆਪਣੀ ਕਲਾ=ਸ਼ਕਤੀ ਕਰਕੇ ਸਾਰੇ ਭਰਪੂਰ ਹੋ ਰਿਹਾ ਹੈਂ।

ਯਥਾ- ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥

(ਪ੍ਰਭਾਤੀ ਭਗਤ ਕਬੀਰ ਪੰਨਾ ੧੩੫੦)

ਤਥਾ- ਜਿਤ ਵਲ ਦੇਖਾਂ ਤਿਤ ਵਲ ਸ਼ਾਹੀ। ਜਿਉਂ ਹਰਫਾਂ ਦੇ ਅੰਦਰ ਸ਼ਾਹੀ।
ਜਿਤ ਵਲ ਦੇਖਾਂ ਤਿਤ ਵਲ ਤੂੰ । ਜਿਉਂ ਬਸਤ੍ਰ ਮੇਂ ਇਕੋ ਰੂੰ।

ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥

ਤੂੰ ਆਪ ਸੱਚਾ ਸਹਿਬ ਹੈਂ ਅਤੇ ਆਪ ਦੀ ਸਿਫਤ ਸੁਆਲ੍ਹਿਉ=ਸੁੰਦਰਤਾ ਸਲਾਹੁਣ ਯੋਗ ਹੈ, ਜਿਸ ਨੇ ਆਪ ਦੀ ਸਿਫਤ ਕੀਤੀ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ ਹੈ।

ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਕਰਤੇ=ਅਕਾਲ ਪੁਰਖ ਦੀਆਂ ਜੋ ਗੱਲਾਂ ਹਨ, ਉਹਨਾਂ ਨੂੰ ਉਹ ਕਰਤਾ ਆਪ ਹੀ ਜਾਣਦਾ ਹੈ ਅਤੇ ਜੋ ਕੁਝ ਉਸ ਨੇ ਕਰਨਾ ਹੁੰਦਾ ਹੈ ਸੁ=ਉਸ ਗੱਲ ਨੂੰ ਉਹ ਆਪ ਹੀ ਕਰ ਰਿਹਾ ਹੈ॥ ੨॥

ਪੁਨਾ--ਸਿੱਖਾਂ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਸਾਧੂਆਂ ਦਾ ਅਤੇ ਚਾਰੇ ਵਰਨਾਂ ਦਾ ਅਸਾਧਾਰਨ* ਧਰਮ ਕੌਣ ਹੈ ਤੇ ਸਾਧਾਰਨ** ਧਰਮ ਕੌਣ ?

ਮਃ ੨ ॥ ਜੋਗ ਸਬਦੰ ਗਿਆਨ ਸਬਦੰ

ਜੋਗ ਨਾਮ ਜੁੜਨ ਦਾ ਹੈ, ਪਰਮੇਸ਼ਰ ਵਿਚ ਜੁੜਨ ਵਾਲੇ ਜੋ ਸਾਧੂ ਹਨ, ਉਹਨਾਂ ਦਾ ਅਸਾਧਾਰਨ ਧਰਮ ਕੌਣ ਹੈ ?

ਉੱਤਰ-ਜਿਹੜਾ ਸ੍ਵੈ ਸਰੂਪ ਦਾ ਗਿਆਨ ਹੋਣਾ ਹੈ, ਇਹੀ ਉਹਨਾਂ ਦਾ ਅਸਾਧਾਰਨ ਧਰਮ ਹੈ ਅਤੇ ਸਬਦੰ=ਉਪਦੇਸ਼ ਵੀ ਇਕ ਗਿਆਨ ਦਾ ਦੇਣਾ।

ਬੇਦ ਸਬਦੰ ਬ੍ਰਾਹਮਣਹ ॥

ਪ੍ਰਸ਼ਨ-ਬ੍ਰਾਹਮਣ ਦਾ ਅਸਾਧਾਰਨ ਧਰਮ ਕੌਣ ਹੈ ?

ਉੱਤਰ-ਵੇਦਾਂ ਦਾ ਪੜ੍ਹਨਾ ਪੜ੍ਹਾਵਣਾ, ਯੱਗ ਕਰਨਾ ਕਰਾਵਣਾ, ਦਾਨ ਲੈਣਾ ਦੇਣਾ ਤੇ ੧ ਸੰਧਿਆ, ੨ ਇਸ਼ਨਾਨ, ੩ ਜਪ, ੪ ਹੋਮ, ੫ ਦੇਵ ਅਰਚਾ, ੬ ਅਥਿਤ ਪੂਜਾ ਕਰਨੀ ਤੇ ਕਰਾਵਣੀ। ਏਹੀ ਬ੍ਰਾਹਮਣਾਂ ਦਾ ਅਸਾਧਾਰਨ ਸਬਦੰ=ਧਰਮ ਹੈ।

ਖਤ੍ਰੀ ਸਬਦੰ ਸੂਰ ਸਬਦੰ

ਪ੍ਰਸ਼ਨ-ਖੱਤ੍ਰੀ ਦਾ ਅਸਾਧਾਰਨ ਧਰਮ ਕੌਣ ਹੈ ?

ਉੱਤਰ-ਸੂਰਮਤਾ ਧਾਰਨੀ ਅਤੇ ਸਬਦੰ=ਉਪਦੇਸ਼ ਭੀ ਸੂਰਮਤਾ ਦਾ ਦੇਣਾ ਹੈ। ਏਹੀ ਖੱਤ੍ਰੀਆਂ ਦਾ ਅਸਾਧਾਰਨ ਸਬਦੰ=ਧਰਮ ਹੈ।

ਯਥਾ-ਸਵੈਯਾ ॥

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੇਂ ਜੁਧ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ॥
ਗਜਾਨਹਿ ਕੀ ਬਢਨੀ+ ਮਨਹੁ ਹਾਥ ਲੈ ਕਾਤਰਤਾ++ ਕੁਤਵਾਰ ਬੁਹਾਰੈ^ ॥੨੪੯੨ ॥

(ਕ੍ਰਿਸ਼ਨਾਵਤਾਰ)

ਏਸੇ ਵਾਸਤੇ ਕਲਗੀਧਰ ਪਿਤਾ ਜੀ ਨੇ ਅਕਾਲ ਪੁਰਖ ਪਾਸੋਂ ਇਹ ਵਰ ਮੰਗਿਆ ਹੈ।

ਸਵੈਯਾ॥ ਦੇਹਿ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉ ਗਨੁ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਰ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥

(ਪਹਿਲਾ ਚੰਡੀ ਚਰਿਤ੍ਰ ਸਵੈਯਾ ੨੩੧)

**ਹਰ ਇਕ ਦੇ ਵਖੋ ਵਖਰੇ ਧਰਮ ਨੂੰ ਅਸਾਧਾਰਨ ਧਰਮ ਆਖਦੇ ਹਨ।*

***ਸਭ ਦਾ ਸਾਂਝਾ ਜੋ ਇਕ ਧਰਮ ਹੋਵੇ ਉਸ ਨੂੰ ਸਾਧਾਰਨ ਧਰਮ ਆਖਦੇ ਹਨ। ਪਹਿਲੀਆਂ ਦੋ ਤੁਕਾਂ ਵਿਚ ਅਸਾਧਾਰਨ ਧਰਮ ਕਥਨ ਕਰਦੇ ਹਨ।*

+ਝਾੜੂ ਅਥਵਾ ਤਲਵਾਰ। ++ਕਾਇਰਤਾ। ^ਕੂੜੇ। ਮੇਲ ਦੇਵੇ।

ਸਵੈਯਾ-ਛਤ੍ਰੀ ਕੋ ਪੂਤ ਹੌਂ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੌਂ॥
ਅਰੁ ਅਉਰ ਜੰਜਾਰ ਜਿਤੋ ਗ੍ਰਿਹਿ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੌਂ॥
ਅਬ ਰੀਝਾ ਕੈ ਦੇਹੁ ਵਹੈ ਹਮ ਕਉ ਜੋਊ ਹਉ ਬਿਨਤੀ ਕਰਾ ਜੋਰ ਕਰੌਂ॥
ਜਬ ਆਉਂ ਕੀ ਅਉਧਾ ਨਿਦਾਨਾ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੌਂ॥

(ਕ੍ਰਿਸ਼ਨਾ ਅਵਤਾਰ ੨੪੯੯)

ਤਥਾ- ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿੰਨਤੀ ਸੁਨਿ ਲੀਜੈ॥
ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ॥
ਸ਼ੱਤ੍ਰੁਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੌਂ ਕਹਿ ਸਾਚ ਪਤੀਜੈ॥
ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸਜਾਮ ਇਹੈ ਬਰੁ ਦੀਜੈ॥ ੧੯੦੦॥

(ਕ੍ਰਿਸ਼ਨਾ ਅਵਤਾਰ)

ਸਰਬੰਗੀ ਵਿਚ ਭੀ ਕਥਨ ਕੀਤਾ ਹੈ-

ਜਨਨੀ ਜਨੈ ਤ ਭਗਤ ਜਨ ਕੈ ਦਾਤਾ ਕੈ ਸੂਰ॥
ਨਾਹਿ ਤ ਜਨਨੀ ਬਾਂਝ ਰਹੈ ਕਾਹਿ ਗਵਾਵੈ ਨੂਰ॥

(ਹੋਰ ਸੂਰਜ ਪ੍ਰਤਾਪ ਦੀ ਅੱਠਵੀਂ ਰਾਸ ਅੰਸੂ ੨੫ ਵਿਚ ੩੪ ਛੰਦ ਤੋਂ ਦੇਖੋ।)

ਰਣਿ ਤਜਾਗ ਦੇਨ ਇਹ ਧਰਮ ਨਾਹਿ॥ ਗਨ ਰਿਪਨ ਹਨਹਿ ਹਮ ਜੰਗ ਮਾਹਿ॥

ਸੂਦ੍ਰ ਸਬਦੰ ਪਰਾ ਕ੍ਰਿਤਹ॥

ਪ੍ਰਸ਼ਨ-ਸ਼ੂਦਰ ਦਾ ਅਸਾਧਾਰਨ ਧਰਮ ਕੌਣ ਹੈ ?

ਉੱਤਰ-ਪਰਾ+ਕ੍ਰਿਤਹ=ਪਰਾਈ ਕ੍ਰਿਤ ਕਰਨੀ, ਨੌਕਰੀ ਵਗੈਰਾ ਏਹੀ ਸ਼ੂਦਰ ਦਾ ਸਬਦੰ=ਧਰਮ ਹੈ।

ਯਥਾ-ਉਤਮ ਖੇਤੀ ਮਧਮ ਵਪਾਰ। ਨੀਚ ਨੌਕਰੀ ਪਿਨਣ ਖੁਆਰ।

ਪ੍ਰਸ਼ਨ-ਵੈਸ਼ ਦਾ ਅਸਾਧਾਰਨ ਧਰਮ ਕੌਣ ਹੈ ?

ਉੱਤਰ-ਪਰਾ+ਕ੍ਰਿਤਹ=ਭਲੀ ਪ੍ਰਕਾਰ ਕ੍ਰਿਤਹ=ਖੇਤੀ ਪਹਾਰਾ ਕਰਨਾ ਹੈ ਅਰਥਾਤ ਖੇਤੀਆਂ ਕਰਨੀਆਂ ਅਤੇ ਦੁਕਾਨਾਂ 'ਪਰ ਬੈਠ ਕੇ ਸੌਦਾ ਵੇਚਣਾ, ਏਹੀ ਵੈਸ਼ ਦਾ ਧਰਮ ਹੈ।

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥

ਸਾਰਿਆਂ ਜੀਵਾਂ ਦਾ ਸਾਧਾਰਨ ਭਾਵ ਸਾਂਝਾ ਧਰਮ ਇਹ ਹੈ, ਜਿਹੜਾ ਇਕ ਸਬਦੰ=ਬ੍ਰਹਮ ਨੂੰ ਜਾਨਣਾ, ਜੋ ਕੋਈ ਪੁਰਸ਼ ਇਸ ਭੇਦ ਨੂੰ ਜਾਣਦਾ ਹੈ-

ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥ ੩॥

ਉਸ ਨਿਰੰਜਨ ਦੇਵ ਦਾ ਸਰੂਪ ਹੋਇਆ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਹੇ ਪੁਰਖਾ ! ਤੂੰ ਤਾਕਾ=ਤਿਸ ਦਾ ਦਾਸ ਹੋ, ਤਾਂ ਤੇਰਾ ਤਰਨਾ ਹੋਵੇਗਾ॥ ੩॥

ਨੋਟ-ਇਹ ਸਲੋਕ ਸਹਸਕ੍ਰਿਤੀ ਵਿਖੇ ਭੀ ਆਉਂਦਾ ਹੈ ਪਰ ਥੋੜ੍ਹਾ ਭੇਦ ਹੈ-

ਯਥਾ-ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ॥
ਖ੍ਰਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥

°੧ ਪ੍ਰਸੰਨ ਹੋ ਕੇ। ੨ ਹੱਥ। ੩ ਉਮਰਾ। ੪ ਸਮਾਪਤੀ। ੫ ਅੰਤ ਨੂੰ।

ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥ ੩॥

(ਸਹਸਕ੍ਰਿਤੀ ਪੰਨਾ ੧੩੫੩)

ਪੁਨਾ-ਸਿੱਖਾਂ ਨੇ ਬੇਨਤੀ ਕੀਤੀ ਹੇ ਪ੍ਰਭੂ ! ਆਪ ਐਸੀ ਕ੍ਰਿਪਾ ਕਰੋ ਜਿਸ ਤੇ ਸ਼ੀਘਰ ਹੀ ਜਨਮ ਮਰਨ ਦੀ ਨਵਿਰਤੀ ਹੋ ਜਾਵੇ।

ਹੁਣ ਸਤਿਗੁਰ ਨਾਨਕ ਦੇਵ ਜੀ ਮਹਾਂ ਵਾਕ ਦਾ ਉਪਦੇਸ਼ ਦਿੰਦੇ ਹਨ-

ਮਃ ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥

ਇਕ ਜੋ ਕ੍ਰਿਸ਼ਨ ਦੇਵ ਹੈ, ਸਭ ਦੇਵਤਿਆਂ ਦਾ ਦੇਵ ਹੈ, ਉਹ ਤਾਂ ਆਤਮਾ=ਜੀਵ ਰੂਪ ਹੈ।

ਅਥਵਾ-ਇਕ ਜੋ ਕ੍ਰਿਸ਼ਨ ਪਰਮਾਤਮਾ ਹੈ ਸਭ ਦੇਵਤਿਆਂ ਅਤੇ ਅਦੇਵ=ਦੈਂਤਾਂ ਦਾ ਦੇਵ=ਗੁਰੂ, ਉਹ ਤਾਂ ਆਤਮਾ=ਜੀਵ ਰੂਪ ਹੈ।

ਆਤਮਾ ਬਾਸੁਦੇਵਸ੍ਯ ਜੇ ਕੋ ਜਾਣੈ ਭੇਉ ॥

ਅਤੇ ਆਤਮਾ=ਜੀਵ ਬਾਸੁਦੇਵਸ੍ਯ=ਪਰਮੇਸ਼ਰ ਸਰੂਪ ਹੈ। ਜਿਹੜਾ ਕੋਈ ਇਸ ਪ੍ਰਕਾਰ ਦੇ ਭੇਦ ਨੂੰ ਜਾਣਦਾ ਹੈ ਕਿ ਜੀਵ ਈਸ਼ਵਰ ਦੋਨੋਂ ਅਭੇਦ ਰੂਪ ਹਨ।

ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੪ ॥

ਉਹ ਪੁਰਸ਼ ਨਿਰੰਜਨ ਦੇਵ ਦਾ ਰੂਪ ਹੋਇਆ ਹੈ, ਉਸ ਦੀ ਦ੍ਰਿਸ਼ਟੀ ਵਿਚ ਦਾਸ ਕੀ ਤੇ ਸੁਆਮੀ ਕੀ ? ਭਾਵ ਦੁੰਦਵਾਦ ਹੀ ਕੋਈ ਨਹੀਂ॥ ੪॥

ਇਹ ਸਲੋਕ ਭੀ ਸਹਸਕ੍ਰਿਤੀ ਵਿਖੇ ਆਉਂਦਾ ਹੈ ਪਰ ਥੋੜ੍ਹਾ ਜਿਹਾ ਭੇਦ ਹੈ।

ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਹ॥
ਆਤਮ੍ਨੰ ਸ੍ਰੀ ਬਾਸ੍ਦੇਵਸ੍ ਜੇ ਕੋਈ ਜਾਨਸਿ ਭੇਵ॥
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ॥ ੪॥

(ਸਹਸਕ੍ਰਿਤੀ ਪੰਨਾ ੧੩੫੩)

ਮਃ ੧ ॥

ਸਿੱਖਾਂ ਨੇ ਬੇਨਤੀ ਕੀਤੀ-ਹੇ ਪ੍ਰਭੂ ! ਮਨ ਕਿਵੇਂ ਵਸੀਕਾਰ ਹੋਵੇ ਅਤੇ ਗਿਆਨ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਵੇ ?

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥

ਉੱਤਰ- (ਪਹਿਲੇ ਦ੍ਰਿਸ਼ਟਾਂਤ ਵੱਲ ਧਿਆਨ ਰੱਖਣਾ) ਜਿਵੇਂ ਕੁੰਭੇ=ਘੜੇ ਦਾ ਬੱਧਾ ਹੋਇਆ ਜਲ ਇਸਥਿਤ ਰਹਿੰਦਾ ਹੈ ਤੇ ਜਲ ਮ੍ਰਿਤਕਾ ਤੋਂ ਬਿਨਾਂ ਘੜਾ ਨਹੀਂ ਉਤਪੰਨ ਹੋ ਸਕਦਾ।

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥ ੫ ॥

ਤੈਸੇ ਹੀ ਗਿਆਨ ਦਾ ਬੱਧਾ ਹੋਇਆ ਮਨ ਇਸਥਿਤ ਰਹਿੰਦਾ ਹੈ ਅਤੇ ਗੁਰ=ਸ਼ੁਧ ਮਨ ਤੋਂ ਬਿਨਾਂ ਗਿਆਨ ਉਤਪੰਨ ਨਹੀਂ ਹੁੰਦਾ॥ ੫॥

ਸਨੋ ਹਿ ਦ੍ਵਿਵਿਧਂ ਪ੍ਰੋਕਤਂ ਸ਼ੁਦ੍ਧਂ ਚਾਸ਼ੁਦ੍ਧਮੇਵ ਚ' ਸ਼ੁਦ੍ਧ ਕਾਮ ਸੰਕਲਪ ਸ਼ੂਦ੍ਧਂ ਕਾਮਬਿਬਰ੍ਜਿਂਤਸ੍

ਮਨੋ ਹੀ ਦ੍ਵਿਵਿਧਂ ਪ੍ਰੋਕਤਂ ਸ਼ੁਧ ਚਾਸ਼ੁਧਮੇਵ ਚ।
ਆਸ਼ੁਧਂ ਕਾਮ ਸੰਕਲਪਂ ਸ਼ੁਧ ਕਾਮ ਵਿਵਰ੍ਜਿਂਤ।

੧. ਇਸ ਮਨ ਕੋ ਦੋ ਪ੍ਰਕਾਰ ਕਾ ਕਥਨ ਕੀਆ ਹੈ ਸ਼ੁਧ ਅਰ ਪੁਨਾਹ ਅਸ਼ੁਧ।

੨. ਅਸ਼ੁਧ ਮਨ ਤੋ ਕਾਮਾਦਿਕੋਂ ਕੇ ਸੰਕਲਪੋ ਕੋ ਕਰਤਾ ਹੈ ਅਰ ਸ਼ੁਧ ਮਨ ਕਾਮਾਦਿਕੋਂ ਕਾ ਪ੍ਰੀਤਿਆਗ ਕਰਤਾ ਹੈ।

ਸਨ ਏਵ ਸਨੁਸ਼੍ਯਾਣਾਂ ਕਾਰਣਂ ਬਨ੍ਧਸੋਕ੍ਸ਼ਯਯੋ ਬਨ੍ਧਾਯਾਬਿਸ਼ਯਾਸਕ੍ਤ ਸੁਕਤ੍ਤੈਨਿਰ੍ਵਿਸ਼ਯ ਸ਼ਮ੍ਰਤਸ੍

ਬਾਰ੍ਹਵੀਂ ਬ੍ਰਹਮ ਬਿੰਦੂ ਉਪਨਿਸ਼ਦ ਦੀ ਪਹਿਲੀ ਤੇ ਦੂਜੀ ਸਿੰਮ੍ਰਿਤੀ ਹੈ। *(ਪੰਨਾ ੧੪੧)*

ਮਨ ਏਵ ਮਨੁੱਸ਼ਜਾਣਾਂਇ ਕਾਸਣੰ ਬੰਧ ਮੋਖਸ਼ਿਓ॥
ਬੰਧਾਯ ਵਿਸ਼ਜਾਸਕਵੰ ਮੁਕਤਜਈ ਨਿਰ ਵਿਸ਼ਯੰ ਸਿਮ੍ਰਤਮ॥

੧. ਮਨੁਸ਼ੋਂ ਕੋ ਮਨ ਹੀ ਨਿਸਚੇ ਕਰਕੇ ਬੰਧ ਅਰ ਮੋਖ ਕਾ ਕਾਰਨ ਹੈ।

੨.ਵਿਸ਼ਯੋਂ ਮੇਂ ਆਸਤਕ ਮਨ ਵਾਲਾ ਪੁਰਸ਼ ਤੋ ਬੰਧਨਾਂ ਕੋ ਪ੍ਰਾਪਤ ਹੋਤਾ ਹੈ ਅਰ ਵਿਸ਼ਯੋਂ ਸੇ ਰਹਿਤ ਮਨ ਵਾਲਾ ਪੁਰਸ਼ ਮੁਕਤ ਕਥਨ ਕੀਆ ਗਿਆ ਹੈ।

ਪਉੜੀ॥

ਪ੍ਰਸ਼ਨ-ਜੇਕਰ ਪੜ੍ਹਿਆ ਹੋਇਆ ਪੁਰਸ਼ ਮੰਦ ਕਰਮ ਕਰ ਬੈਠੇ ਤਾਂ ਉਸ ਦੀ ਜਗ੍ਹਾਂ ਅਨਪੜ੍ਹ ਨੂੰ ਸਜ਼ਾ ਮਿਲ ਸਕਦੀ ਹੈ ਕਿ ਨਹੀਂ ? *ਗੁਰ ਉੱਤਰ*-

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥

ਜੇ ਪੜ੍ਹਿਆ ਹੋਇਆ ਪੁਰਸ਼ ਗੁਨਹ+ਗਾਰੁ=ਅਉਗੁਣਾਂ ਵਾਲਾ ਹੋਵੇ ਤਾਂ ਉਸ ਦੀ ਜਗ੍ਹਾਂ ਓਮੀ=ਅਨ-ਪੜ੍ਹਿਆ ਸਾਧ ਨਹੀਂ ਮਾਰਿਆ ਜਾਂਦਾ। ਇਹ ਨਿਯਮ ਸਮਝ ਲਓ ਕਿ ਮਨੁੱਖ ਦੀ ਕਮਾਈ ਉੱਤੇ ਹੀ ਨਿਬੇੜਾ ਹੁੰਦਾ ਹੈ।

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥

ਕਿਉਂਕਿ ਮਨੁੱਖ ਜਿਹੋ ਜਿਹੀ ਘਾਲਣਾ=ਕਮਾਈ ਘਾਲੇ=ਕਰਦਾ ਹੈ, ਉਸ ਦਾ ਓਹੋ ਜਿਹਾ ਹੀ ਨਾਮ ਪਚਾਰੀਐ=ਪੈ ਜਾਂਦਾ ਭਾਵ ਪ੍ਰਸਿਧ ਹੋ ਜਾਂਦਾ ਹੈ।

ਯਥਾ-ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥

(ਮਾਝ ਵਾਰ ਪੰਨਾ ੧੩੮)

ਤਥਾ- ਸਾਧ ਕਰਮ ਜੇ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥
ਕੁਕ੍ਰਿਤ ਕਰਮ ਜੋ ਜਗ ਮੈ ਕਰਹੀ ॥ ਨਾਮ ਅਸੁਰ ਤਿਨਕੋ ਸਭ ਧਰਹੀ॥

(ਬਚਿਤ੍ਰ ਨਾਟਕ ਦਾ ਪੰਦ੍ਰਵਾਂ ਛੰਦ)

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥

ਐਸੀ=ਇਹੋ ਜਿਹੀਆਂ। ਕਲਾ=ਜੁਗਤੀਆਂ *ਅਥਵਾ* ਸ਼ਕਤੀਆਂ, ਖੇਡੀਐ=ਕਰੀਏ। ਇਹੋ ਜਿਹੀਆਂ

ਜੁਗਤੀਆਂ *ਅਥਵਾ*:- ਸ਼ਕਤੀਆਂ ਨਾ ਲਗਾਉਣਾ ਕਰੀਏ, ਜਿਸ ਕਰਕੇ ਅਗੈ=ਦਰਗਾਹ ਵਿਚ ਗਿਆਂ ਹਾਰ ਹੋਵੇ। *ਅਥਵਾ*-ਐਸੀ ਕਲਾ=ਬਾਜੀ ਨੂੰ ਨਾ ਖੇਡੀਏ ਜਿਸ ਕਰਕੇ ਦਰਗਾਹ ਵਿਚ ਜਾ ਕੇ ਹਾਰ ਜਾਈਏ।

ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥

ਪੜ੍ਹਿਆਂ ਹੋਇਆਂ ਦਾ ਅਤੇ ਓਮੀਆ=ਅਨਪੜ੍ਹਿਆਂ ਦਾ ਵੀਚਾਰ ਅਗੈ=ਪ੍ਰਲੋਕ ਵਿਚ ਕਰਮਾਂ ਅਨੁਸਾਰ ਵਿਚਾਰਿਆ ਜਾਂਦਾ ਹੈ।

ਮੁਹਿ ਚਲੈ ਸੁ ਅਗੈ ਮਾਰੀਐ॥ ੧੨॥

ਜੋ ਪੜ੍ਹ ਸੁਣਕੇ ਪਦਾਰਥਾਂ ਦੇ ਮੋਹ ਵਿਚ ਚੱਲਦਾ ਹੈ, ਉਹ ਪੁਰਸ਼ ਅਗੈ=ਪ੍ਰਲੋਕ ਵਿਚ ਮਾਰਿਆ ਜਾਂਦਾ ਹੈ ਅਤੇ ਜੋ ਸ਼ੁਭ ਗੁਣਾਂ ਨੂੰ ਮੁਹਿ=ਮੁਹਾਕੇ=ਲੁਟਾਕੇ ਚੱਲਦਾ ਹੈ, ਉਹ ਵੀ ਅਗੈ=ਪ੍ਰਲੋਕ ਵਿਚ ਮਾਰੀਦਾ ਹੈ।

ਅਥਵਾ:-ਜੋ ਪੁਰਸ਼ ਮੂੰਹ ਦੇ ਜ਼ੋਰ ਹੋ ਕੇ ਭਾਵ ਆਪਣੀ ਮਰਜ਼ੀ ਅਨੁਸਾਰ ਚੱਲਦਾ ਹੈ ਉਹ ਭੀ ਅਗੈ=ਪ੍ਰਲੋਕ ਵਿਖੇ ਜਾ ਕੇ ਮਾਰ ਖਾਂਦਾ ਹੈ॥ ੧੨॥

[ਪੰਨਾ ੪੭੦]

ਸਲੋਕੁ ਮਃ ੧॥

ਉਥਾਨਕਾ-ਸਿੱਖਾਂ ਨੇ ਗੁਰੂ ਸਾਹਿਬ ਜੀ ਅਗੇ ਬੇਨਤੀ ਕੀਤੀ ਇਸ ਜੀਵ ਦਾ ਰਥ ਅਤੇ ਰਥਵਾਹੀ ਕਿਹੜਾ ਹੈ ?

ਗੁਰ ਉੱਤਰ—

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਸਾਰਿਆਂ ਸਰੀਰਾਂ ਦਾ ਮੇਰੁ=ਸ਼ਰੋਮਣੀ ਜੋ ਜੀਵ ਹੈ, ਇਕ ਇਸ ਦਾ ਰਥ ਹੈ ਇਕ ਇਸ ਦਾ ਰਥਵਾਹੀ ਹੈ।

ਪੁਨਾ-ਬੇਨਤੀ ਕੀਤੀ, ਰਥ ਰਥਵਾਹੀ ਤੇ ਜੀਵ, ਇਹ ਤਿੰਨੇ ਸਾਰਿਆਂ ਜੁਗਾਂ ਵਿਚ ਇਕ ਹੀ ਰਹਿੰਦੇ ਹਨ ਜਾਂ ਬਦਲ ਜਾਂਦੇ ਹਨ ?

ਗੁਰ ਉੱਤਰ-

ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥

ਜੁਗਾਂ ਜੁਗਾਂ ਵਿਚ ਫੇਰਿ=ਰਥ ਤੇ ਰਥਵਾਹੀ, ਵਟਾਈਅਹਿ=ਬਦੱਲਾਏ ਜਾਂਦੇ ਹਨ ਪਰ ਰਥੀ ਜੀਵ ਇਕ ਹੀ ਰਹਿੰਦਾ ਹੈ।

ਇਸ ਗੱਲ ਨੂੰ ਕੇਵਲ ਗਿਆਨਵਾਨ ਹੀ ਬੁਝਹਿ=ਜਾਣਦੇ ਹਨ।

ਯਥਾ-ਭਾਈ ਗੁਰਦਾਸ ਜੀ ਨੇ ਵਾਰ ੧ ਪਉੜੀ ੧੫ ਵਿਖੇ ਲਿਖਿਆ ਹੈ-

ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।
ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ॥

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥

(ਅਸਲ ਪਾਠ ਇਹੋ ਠੀਕ ਹੈ ਪਰ ਅਰਥ ਵਾਸਤੇ ਐਸੇ ਪਾਠ ਕਰਨਾ)

'ਸਤਜੁਗਿ ਰਥੁ ਸੰਤੋਖ ਕਾ ਸਤੁ ਅਗੈ ਰਥਵਾਹੁ॥'

(ਏਥੇ 'ਸਤ' ਇਸ ਵਾਸਤੇ ਨਹੀਂ ਲਿਖਿਆ ਜੋ ਪਿੰਗਲ ਅਨੁਸਾਰ ਮਾਤ੍ਰਾ ਵਿਚ ਫਰਕ ਪੈਂਦਾ ਸੀ, ਇਸ ਵਾਸਤੇ ਏਥੇ 'ਧਰਮ' ਕਿਹਾ ਹੈ।)

ਸਤਿਜੁਗ ਵਿਚ ਸਰੀਰਾਂ ਰੂਪੀ ਰਥ ਸੰਤੋਖ ਮਈ ਸਨ, ਖਾਣ ਨੂੰ ਭਾਵੇਂ ਨਾ ਮਿਲੇ ਪਰ ਸਮਾਧੀਆਂ ਲਗਾਈ ਰਖਦੇ ਸਨ ਤੇ ਸੱਚ ਬੋਲਣਾ ਇਹ ਅਗੇ ਰਥਵਾਹੀ ਸੀ।

ਯਥਾ-ਸਤਜੁਗਿ ਸਤੁ ਸੰਤੋਖੁ ਸਰੀਰਾ॥ ਸਤਿ ਸਤਿ ਵਰਤੈ ਗਹਿਰ ਗੰਭੀਰਾ॥
ਸਤਜੁਗਿ ਸਾਚੁ ਕਹੈ ਸਭੁ ਕੋਈ॥ ਸਚਿ ਵਰਤੈ ਸਾਚਾ ਸੋਈ॥

(ਮਾਰੂ ਸੋਲਹੇ ਮ: ੧ ਪੰਨਾ ੧੦੨੩)

ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥

ਤਰੇਤੇ ਜੁਗ ਵਿਖੇ ਸਰੀਰਾਂ ਰੂਪੀ ਰਥ ਜਤ ਮਈ ਸਨ। ਜੋਰੁ=ਬਲ ਜੇਹੜਾ ਹੈ ਇਹ ਅਗੇ ਰਥਵਾਹੀ ਸੀ। ਭਾਵ ਬਲ ਕਰਕੇ ਇੰਦ੍ਰੀਆਂ ਦਾ ਦਮਨ ਕਰਦੇ ਸਨ।

- *ਯਥਾ-* ਤਰੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥

(ਆਸਾ ਮਹਲਾ ੪)

ਅਥਵਾ:-ਜੋਰੁ=ਗਿਆਨ ਹੋਣਾ ਇਹ ਅਗੇ ਰਥਵਾਹੀ ਸੀ।

ਦੁਆਪਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥

ਦੁਆਪਰ ਜੁੰਗ ਵਿਖੇ ਸਰੀਰਾਂ ਰੂਪੀ ਰਥ ਤਪ ਮਈ ਸਨ। (ਸਤ ਦੀ ਜਗ੍ਹਾਂ ਇਥੇ ਧਰਮ ਦਾ ਗ੍ਰਹਿਣ ਕਰਨਾ।) 'ਧਰਮ ਅਗੈ ਰਥਵਾਹੁ॥' ਧਰਮ ਧਾਰਨਾ ਇਹ ਅਗੇ ਰਥਵਾਹੀ ਸੀ।

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥ ੧॥

ਕਲਜੁਗ ਵਿਖੇ ਸਰੀਰਾਂ ਰੂਪੀ ਰਥ ਅਗਨਿ=ਕ੍ਰੋਧ ਮਈ ਹਨ ਤੇ ਕੂੜੁ=ਝੂਠ ਬੋਲਣਾ ਇਹ ਅਗੇ ਰਥਵਾਹੀ ਹੈ॥ ੧॥

ਪੁਨਾ-ਬੇਨਤੀ ਕੀਤੀ, ਹੇ ਪ੍ਰਭੂ ! ਆਪ ਕ੍ਰਿਪਾ ਕਰਕੇ ਚਾਰੇ ਜੁਗਾਂ ਦੇ ਅਵਤਾਰ ਅਤੇ ਚਾਰੇ ਜੁਗਾਂ ਦੇ ਵੇਦ ਕਥਨ ਕਰੋ ਇਹ ਗੱਲ ਸੁਣਕੇ ਗੁਰੂ ਜੀ ਆਖਦੇ ਹਨ-

ਮਃ ੧॥ ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥

ਸ਼ਾਮ ਵੇਦ ਕਥਨ ਕਰਦਾ ਹੈ ਕਿ ਸਤਜੁਗ ਦਾ ਸੁਆਮੀ ਸੇਤ+ਅੰਬਰੁ=ਚਿੱਟੇ ਕਪੜਿਆਂ ਵਾਲਾ ਹੰਸ ਅਵਤਾਰ ਹੈ।

ਸ਼ੰਕਾ-ਵੇਦਾਂ ਵਿਚ ਅਵਤਾਰਾਂ ਦਾ ਕੋਈ ਜ਼ਿਕਰ ਨਹੀਂ ਆਉਂਦਾ। ਇਸ ਕਰਕੇ ਅੱਖਰਾਂ ਦੀ ਲਵੰਤਾ ਇਸ ਤਰ੍ਹਾਂ ਲਗਾਉਣੀ ਕਿ ਸਤਜੁਗ ਦਾ ਵੇਦ ਸ਼ਾਮ ਹੈ ਅਤੇ ਚਿੱਟੇ ਕਪੜਿਆਂ ਵਾਲਾ ਸੁਆਮੀ ਹੰਸ ਅਵਤਾਰ ਕਥਨ ਕੀਤਾ ਹੈ। ਸਤਜੁਗ ਵਿਚ ਸਾਰੇ ਜੀਵ ਮਨ ਕਰਕੇ ਸੱਚ ਵਿਚ ਆਛੈ=ਹੈਸਨ ਅਤੇ ਬਾਣੀ ਕਰਕੇ ਵੀ ਸੱਚ ਵਿਚ ਰਹਿੰਦੇ ਸਨ।

ਸਭੁ ਕੋ ਸਚਿ ਸਮਾਵੈ॥

ਤਨ ਕਰਕੇ ਵੀ ਸਭ ਕੋਈ ਸੱਚ ਵਿਚ ਸਮਾਂਵਦੇ ਸਨ।

ਰਿਗੁ ਕਹੈ ਰਹਿਆ ਭਰਪੂਰਿ॥ ਰਾਮ ਨਾਮੁ ਦੇਵਾ ਮਹਿ ਸੂਰੁ॥

ਰਿਗੁ ਵੇਦ ਐਸੇ ਕਥਨ ਕਰਦਾ ਹੈ ਕਿ ਜੋ ਪਰਮਾਤਮਾ ਸਾਰੇ ਭਰਪੂਰ ਹੋ ਰਿਹਾ ਹੈ।

ਤੇ ਸਾਰਿਆਂ ਵਿਚ ਸੂਰਬੀਰ ਹੈ, ਓਹੀ 'ਰਾਮ ਨਾਮ' ਰਾਮ ਚੰਦਰ ਰੂਪ ਹੋ ਰਿਹਾ ਹੈ।

ਸ਼ੰਕਾ-ਰਿਗਵੇਦ ਵਿਚ ਵੀ ਅਵਤਾਰਾਂ ਦਾ ਕੋਈ ਜ਼ਿਕਰ ਨਹੀਂ ਆਉਂਦਾ।

ਇਸ ਕਰਕੇ ਦੂਜਾ ਅਰਥ ਇਉਂ ਕਰਨਾ ਕਿ ਤਰੇਤੇ ਜੁਗ ਦਾ ਰਿਗਵੇਦ ਹੈ ਅਤੇ ਜੋ ਪਰਮਾਤਮਾ ਸਾਰੇ ਭਰਪੂਰ ਹੋ ਰਿਹਾ ਹੈ ਤੇ ਦੇਵਤਿਆਂ ਵਿਚ ਸੂਰਬੀਰ ਹੈ।

ਓਹੀ "ਰਾਮ ਨਾਮੁ" ਰਾਮ ਚੰਦਰ ਅਵਤਾਰ ਹੋਇਆ ਹੈ।

ਨਾਇ ਲਇਐ ਪਰਾਛਤ ਜਾਹਿ॥

ਉਸ ਰਾਮ ਦੇ ਨਾਮ ਲੈਣ ਨਾਲ ਸਾਰੇ ਪਰਾਛਤ=ਪਾਪ ਦੂਰ ਹੋ ਜਾਂਦੇ ਹਨ।

ਯਥਾ- ਅਨਿਕ ਪ੍ਰਾਛਤ ਮਿਟਹਿ ਖਿਨ ਮਹਿ ਰਿਦੈ ਜਪਿ ਭਗਵਾਨ॥

ਪਾਵਨਾ ਤੇ ਮਹਾ ਪਾਵਨ ਕੋਟਿ ਦਾਨ ਇਸਨਾਨ॥ *(ਮਾਰੂ ਮ: ੫ ਪੰਨਾ ੧੦੧੭)*

ਤਥਾ-ਘੋਰ ਦੁਖੰ ਅਨਿਕ ਹਤ੍ਹੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ
ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ੧੮॥

(ਸਹਸਕ੍ਰਿਤੀ ਮ: ੫ ਪੰਨਾ ੧੩੫੫)

ਤਥਾ-ਰਾ ਕਹਤ ਅਘ ਸਭ ਹਰੈ ਦੂਰ ਦੇਸ ਤਜ ਜਾਇ॥
ਮਤ ਮਕਾਰ ਕੇ ਪਟ ਮਿਲੇ ਬੀਚ ਭਸਮ ਹੋਇ ਜਾਇ॥
ਤਥਾ-ਭਜਨ ਪ੍ਰਭੂ ਕੇ ਸਭ ਸੁਖ ਥੀਵਨ ਜੇ ਭਜ ਜਾਣੈ ਕੋਈ॥
ਭਜਨੀ ਪਾਸੋਂ ਪਾਪ ਇਉਂ ਨੱਸਦੇ ਜਿਉਂ ਸਿੰਘ ਸਿਆਰ ਅਲੋਈ॥
ਇਕ ਬਾਰ ਅਜਾਮਲ ਨਾਮ ਲੀਆ ਮੁਕਤ ਕੀਆ ਪ੍ਰਭ ਸੋਈ॥
ਆਠ ਪਹਰ ਜਿਨ ਹਿਰਦੈ ਵਸ ਹੈ ਸੋ ਕਿਉਂ ਮੁਕਤ ਨ ਹੋਈ॥

ਨਾਨਕ ਤਉ ਮੋਖੰਤਰੁ ਪਾਹਿ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਉਸੇ ਦੇ ਨਾਮ ਨੂੰ ਜਪੇ ਤਾਂ ਮੋਖ+ਅੰਤਰੁ=ਅੰਤਰ ਭੇਦ ਤੋਂ ਮੋਖ=ਛੁਟ ਜਾਂਦਾ ਹੈ। *ਅਥਵਾ:-*ਰਿਦੇ ਅੰਦਰ ਮੋਖ ਨੂੰ ਪਾ ਲੈਂਦਾ ਹੈ।

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥

ਜੁਜ=ਜੁਜਰ ਵੇਦ ਇਸ ਤਰ੍ਹਾਂ ਕਥਨ ਕਰਦਾ ਹੈ ਕਿ ਜਿਸ ਮਹਾਰਾਜ ਜੀ ਨੇ ਆਪਣੇ ਜੋਰਿ=ਬਲ ਕਰਕੇ ਚੰਦ੍ਰਾਵਲਿ ਨਾਮੇ ਗੋਪੀ ਨੂੰ ਛਲਿਆ ਹੈ ਓਹੀ ਦੁਆਪਰ ਦਾ ਅਵਤਾਰ ਹੋਇਆ ਹੈ।

ਸ਼ੰਕਾ-ਜੁਜਰ ਵੇਦ ਵਿਚ ਅਵਤਾਰਾਂ ਦਾ ਕੋਈ ਪ੍ਰਸੰਗ ਨਹੀਂ ਲਿਖਿਆ ਹੋਇਆ। ਇਸ ਕਰਕੇ ਦੂਸਰਾ ਅਰਥ ਇਸ ਤਰ੍ਹਾਂ ਕਰਨਾ ਕਿ-

ਦੁਆਪਰ ਜੁਗ ਦਾ 'ਜੁਜਰ ਵੇਦ' ਹੈ ਅਤੇ ਜਿਸ ਨੇ ਆਪਣੇ ਬਲ ਕਰ ਕੇ ਚੰਦ੍ਰਾਵਲਿ ਗੋਪੀ ਨੂੰ ਛਲਿਆ ਹੈ ਓਹੀ ਦੁਆਪਰ ਦਾ ਅਵਤਾਰ ਹੋਇਆ ਹੈ।

ਪ੍ਰਸ਼ਨ-ਚੰਦ੍ਰਾਵਲਿ ਗੋਪੀ ਨੂੰ ਕਿਵੇਂ ਛਲਿਆ ਹੈ ? *ਉੱਤਰ*-

ਸਾਖੀ- ਚੰਦ੍ਰਾਵਲਿ ਗੋਪੀ ਦੀ

ਇਕ ਸਮੇਂ ਗੋਕਲ ਵਿਚ ਇਕ ਗੁਆਲੇ ਨੇ ਚੰਦ੍ਰਾਵਲ ਨਾਮੇ ਗੋਪੀ ਨੂੰ ਵਿਆਹ ਕੇ ਲਿਆਂਦਾ ਸੀ। ਅਜੇ ਚੰਦ੍ਰਾਵਲ ਗੋਪੀ ਨੂੰ ਥੋੜਾ ਚਿਰ ਹੀ ਉਥੇ ਰਹਿੰਦੀ ਨੂੰ ਹੋਇਆ ਸੀ ਕਿ ਉਸ ਨੂੰ ਸਾਰੀਆਂ ਗੋਪੀਆਂ ਦਾ ਹਾਲ ਮਾਲੂਮ ਹੋ ਗਿਆ। ਇਸ ਲਈ ਉਹਨਾਂ ਨੂੰ ਕਹਿਣ ਲੱਗੀ-'ਤੁਸੀਂ ਬੜੀਆਂ ਬਦ-ਚਲਨ ਹੋ, ਕਿਉਂਕਿ ਤੁਸੀਂ ਆਪਣੇ ਪਤੀ ਨੂੰ ਛੱਡ ਕੇ ਹੋਰ ਪੁਰਸ਼ਾਂ ਨਾਲ ਵਿਭਚਾਰ ਕਰਮ ਕਰਦੀਆਂ ਹੋ, ਇਸ ਨੀਚ ਕਰਮ ਤੋਂ ਤੁਹਾਨੂੰ ਸ਼ਰਮ ਨਹੀਂ ਆਉਂਦੀ ?

ਇਹ ਬਚਨ ਗੋਪੀਆਂ ਦੀ ਹਿਕ ਵਿਚ ਤੀਰ ਵਾਂਗ ਖੁਭੇ। ਇਸ ਲਈ ਗੁੱਸੇ ਦੀਆਂ ਭਰੀਆਂ ਹੋਈਆਂ ਬੁੜ ਬੁੜ ਕਰਦੀਆਂ ਕ੍ਰਿਸ਼ਨ ਜੀ ਪਾਸ ਪੁੱਜੀਆਂ ਤੇ ਕਹਿਣ ਲਗੀਆਂ, 'ਇਸ ਗੋਕਲਪੁਰੀ ਵਿਚ ਇਕ ਨਵੀਂ ਸਜ ਵਿਆਹੀ ਆਈ ਹੋਈ ਹੈ ਉਸ ਨੇ ਸਾਨੂੰ ਇਸ ਤਰ੍ਹਾਂ ਦੀਆਂ ਬੋਲੀਆਂ ਮਾਰੀਆਂ ਹਨ ਕਿ ਸਾਡੇ ਸੀਨੇ ਵਿਚ ਛੇਕ ਕਰ ਦਿੱਤਾ ਹੈ, ਉਹ ਤਦ ਹੀ ਮਿਲ ਸਕਦਾ ਹੈ ਜੇ ਤੁਸੀਂ ਉਸ ਦਾ ਹੰਕਾਰ ਦੂਰ ਕਰੋ।'

ਕ੍ਰਿਸ਼ਨ ਜੀ ਨੇ ਗੋਪੀਆਂ ਦੀ ਬੇਨਤੀ ਸੁਣ ਕੇ ਇਸ ਤਰ੍ਹਾਂ ਕੀਤਾ ਕਿ ਆਪਣੀ ਸ਼ਕਤੀ ਦੁਆਰਾ ਗੋਕਲ ਪੁਰੀ ਵਿਚੋਂ ਅੱਗ ਅਲੋਪ ਕਰ ਲਈ ਇਸ ਲਈ ਉਸ ਰਾਤ ਗੋਕਲ ਪੁਰੀ ਦੇ ਸਾਰੇ ਦੀਵੇ ਬੁਝ ਗਏ। ਸਿਰਫ ਇਕ ਨੰਦ ਲਾਲ ਦੇ ਘਰ ਦੀਵਾ ਜਗਦਾ ਸੀ। ਹੁਣ ਚੰਦ੍ਰਾਵਲ ਗੋਪੀ ਨੂੰ ਮੁਸ਼ਕਲ ਇਹ ਬਣੀ ਕਿ ਉਸ ਦੀ ਸੱਸ ਬੜੀ ਬੁੱਢੀ ਸੀ, ਵਿਚਾਰੀ ਤੁਰ ਫਿਰ ਵੀ ਨਹੀਂ ਸਕਦੀ ਸੀ। ਇਸ ਕਰਕੇ ਚੰਦ੍ਰਾਵਲ ਨੂੰ ਕਹਿਣ ਲੱਗੀ ਕਿ ਤੂੰ ਕਿਸੇ ਦੇ ਘਰੋਂ ਜਾ ਕੇ ਦੀਵਾ ਜਗਾ ਲਿਆ।

ਉਸ ਵਿਚਾਰੀ ਨੇ ਦੀਵਾ ਜਗਾਣ ਲਈ ਅਨੇਕਾਂ ਥਾਵਾਂ ਤੇ ਟੱਕਰਾਂ ਮਾਰੀਆਂ ਪਰ ਉਹ ਦੀ ਕੋਈ ਪੇਸ਼ ਨਾ ਗਈ। ਓੜਕ ਨੂੰ ਵਿਚਾਰੀ ਨਿਰਾਸੀ ਹੋ ਕੇ ਤੁਰੀ ਜਾਂਦੀ ਸੀ ਕਿ ਉਸ ਨੂੰ ਨੰਦ ਦੇ ਘਰ ਦੀਵਾ ਜਗਦਾ ਦਿੱਸਿਆ। ਦਿਲ ਵਿਚ ਖੁਸ਼ ਹੋਈ ਅਤੇ ਨੰਦ ਦੇ ਘਰ ਜਾ ਕੇ ਅਜੇ ਦੀਵਾ ਜਗਾਣ ਹੀ ਲੱਗੀ ਸੀ ਕਿ ਕ੍ਰਿਸ਼ਨ ਜੀ ਨੇ ਸਾਹਮਣੇ ਦਿਖਾਈ ਦੇ ਦਿੱਤੀ। ਬਸ ਫੇਰ ਕੀ ਸੀ, ਜਦ ਨੈਣ ਨੈਣਾਂ ਵਿਚ ਜੁੜੇ, ਅੱਖਾਂ ਵਿਚ ਖੁਮਾਰੀ ਆ ਗਈ, ਅੰਦਰੋਂ ਖਿੱਚ ਹੋਈ, ਬਸ ਉਥੇ ਹੀ ਬੁਤ ਹੋ ਗਈ। ਐਸੀ ਬੁਤ ਹੋਈ ਕਿ ਉਸ ਖੁਮਾਰੀ ਵਿਚ ਉਸ ਨੂੰ ਏਨਾਂ ਪਤਾ ਨਾ ਲੱਗਾ ਕਿ ਦੀਵਾ ਜਗਦਾ ਹੈ ਕਿ ਮੇਰੀ ਉਂਗਲ ਸੜਦੀ ਪਈ ਹੈ। ਇਸ ਤਰ੍ਹਾਂ ਚੰਦ੍ਰਾਵਲ ਗੋਪੀ ਨੂੰ ਛਲਿਆ ਭਾਵ ਮੋਹਿਤ ਕੀਤਾ ਹੈ। 'ਦਸਮੇਸ਼ ਪਿਤਾ ਜੀ ਨੇ ਨੇਤ੍ਰਾਂ ਦੀ ਲਗਨ ਪਰ ਪ੍ਰਮਾਣ ਕਥਨ ਕੀਤਾ ਹੈ'-

"ਜਿਨ ਕੈ ਤੀਖਨ ਅਸਿ ਲਗੈ, ਲੀਜਤ ਤਿਨੈ ਬਚਾਇ॥
ਜਿਨੈ ਦ੍ਰਿਗਨ ਕੇ ਸਰ ਲਗੇ, ਤਿਨ ਕੌ ਕਛੁ ਨ ਉਪਾਇ॥ ੧੩ ॥"

(ਦਸਮ ਗ੍ਰੰਥ, ਚਰਿਤ੍ਰ ੪੮, ਪੰਨਾ ੮੭੧)

ਅਥਵਾ-ਜਿਸ ਨੇ ਆਪਣੇ ਜੋਰਿ=ਬਲ ਕਰਕੇ ਚੰਦ੍ਰਾਵਲਿ=ਚੰਦ੍+ਆਵਲਿ=ਚੰਦ੍ਰਮਾਂ ਦੀਆਂ ਕਿਰਨਾਂ ਦੀ ਪੰਗਤੀ ਛਲੀ ਹੈ।

ਯਥਾ-ਸਵੈਯਾ॥

ਰਾਤ ਕਰੀ ਛਠ ਮਾਸਨ ਕੀ, ਅਤਿ ਉੱਜਲ ਪੈ ਸੋਊ ਅਰਧ ਅੰਧੇਰੀ॥

ਤਾਹੀਂ ਸਮੈ ਤਿਹ ਠਉਰ ਬਿਖੈ, ਕਬਿ ਸਜਾਮ ਸਭੈ ਹਰਿ ਗੁਆਰਨਿ ਘੇਰੀ।
ਨੈਨ ਕੀ ਕੋਰ ਕਟਾਛਨ ਪੇਖਤ, ਝੂਮ ਗਿਰੀ ਇਕ ਹੈ ਗਈ ਚੇਰੀ।
ਯੌ ਉਪਜੀ ਉਪਮਾ ਜੀਯ ਮੈ, ਸਰ ਸੋ ਮ੍ਰਿਗਨੀ ਜਿਮ ਘਾਵਤ ਹੇਰੀ।

(ਕ੍ਰਿਸ਼ਨ ਅਵਤਾਰ ਸਵੈਯਾ ੬੫੯)

ਅਥਵਾ-ਜਿਸ ਨੇ ਆਪਣੇ ਬਲ ਕਰਕੇ ਚੰਦ੍ਰਵੰਸੀਆਂ ਦੀ ਪੰਗਤੀ ਛਲੀ ਅਰਥਾਤ ਸਭ ਜਾਦਵ ਵੰਸ਼ ਦਾ ਅਭਾਵ ਕੀਤਾ। ਜਾਮਾਵੰਤ ਦੀ ਪੁਤ੍ਰੀ ਜੋ ਕ੍ਰਿਸ਼ਨ ਭਗਵਾਨ ਜੀ ਨੇ ਲਿਆਂਦੀ ਸੀ ਉਸ ਦੀ ਕੁਖ ਵਿਚੋਂ ਸਾਂਭਾ ਨਾਮ ਪੁੱਤਰ ਜਨਮਿਆਂ । ਜਦ ਉਹ ਥੋਹੜਾ ਜਿਹਾ ਸਿਆਣਾ ਹੋਇਆ ਅਤੇ ਬਾਲਕਾਂ ਵਿਚ ਖੇਡਣ ਲਗ ਪਿਆ ਤਾਂ ਇਕ ਦਿਨ ਉਹਨਾਂ ਬਾਲਕਾਂ ਦੇ ਦਿਲ ਵਿਚ ਸਾਂਭੇ ਨੂੰ ਠੱਠਾ ਮਖੌਲ ਕਰਨ ਲਈ ਸ਼ਰਾਰਤ ਪੈਦਾ ਹੋਈ। ਇਸ ਲਈ ਉਹਨਾਂ ਨੇ ਆਪਸ ਵਿਚ ਘੁਸਰ ਮੁਸਰ ਕਰਕੇ ਸਾਂਭੇ ਦੇ ਪੇਟ ਨਾਲ ਤਸਲਾ ਬੰਨ੍ਹ ਕੇ ਔਰਤਾਂ ਵਾਲੇ ਕਪੜੇ ਪੁਆ ਕੇ ਦੁਰਬਾਸ਼ਾ ਰਿਖੀ ਪਾਸ ਲੈ ਗਏ। ਜਾ ਕੇ ਕਹਿਣ ਲਗੇ-ਹੇ ਰਿਖੀ ਜੀ ! ਇਸ ਵਿਚੋਂ ਕੌਣ ਪੈਦਾ ਹੋਵੇਗਾ ? ਤਦ ਰਿਖੀ ਨੇ ਕਿਹਾ ਕਿ ਮਖੌਲ ਆਪਣੇ ਵਰਗਿਆਂ ਨਾਲ ਹੁੰਦਾ ਹੈ, ਤੁਸੀਂ ਇਥੋਂ ਚਲੇ ਜਾਓ। ਪਰ ਇਹ ਤਾਂ ਸਭ ਜਾਣਦੇ ਹਨ ਕਿ ਲੜਕੇ ਕਿੰਨੇ ਸ਼ੈਤਾਨ ਹੁੰਦੇ ਹਨ ਇਸ ਲਈ ਭਾਵੇਂ ਰਿਖੀ ਜੀ ਨੇ ਉਹਨਾਂ ਪਾਸੋਂ ਛੁਟਕਾਰਾ ਪਾਉਣ ਦਾ ਬੜਾ ਯਤਨ ਕੀਤਾ ਪਰ ਸਭ ਵਿਅਰਥ, ਕਿਉਂਕਿ ਲੜਕੇ ਸਤਾਉਣੋਂ ਨਹੀਂ ਹਟਦੇ ਸਨ, ਇਸ ਲਈ ਰਿਖੀ ਜੀ ਨੂੰ ਗੁੱਸਾ ਆਇਆ ਅਤੇ ਕਹਿਣ ਲਗੇ-

'ਇਸ ਵਿਚੋਂ ਉਹ ਪੈਦਾ ਹੋਵੇਗਾ, ਜੋ ਤੁਹਾਡੀ ਕੁਲ ਦਾ ਨਾਸ਼ ਕਰੇਗਾ।'

ਇਹ ਬਚਨ ਸੁਣਕੇ ਉਹ ਕ੍ਰਿਸ਼ਨ ਜੀ ਪਾਸ ਗਏ ਅਤੇ ਸਾਰੀ ਗੱਲ ਦੱਸੀ ਕ੍ਰਿਸ਼ਨ ਜੀ ਸੁਣਕੇ ਕਹਿਣ ਲਗੇ-ਇਹ ਗੱਲ ਹੁਣ ਹੋ ਕੇ ਹੀ ਰਹੇਗੀ । ਉਸ ਵੇਲੇ ਉਹ ਤਸਲਾ ਰਿਤਵਾ ਕੇ ਨਦੀ ਵਿਚ ਸੁਟਵਾ ਦਿੱਤਾ ਤੇ ਕ੍ਰਿਸ਼ਨ ਜੀ ਸਭ ਜਾਦਵਾਂ ਨੂੰ ਨਾਲ ਲੈ ਕੇ ਵਿਭਾਸ ਛੇਤ੍ਰ ਤੇ ਭਜਨ ਸਿਮਰਨ ਕਰਨ ਲਈ ਚਲੇ ਗਏ ਪਰ ਓਥੇ ਜਾ ਕੇ ਸਭ ਜਾਦਵਾਂ ਨੇ ਜੂਆ ਖੇਡਿਆ ਅਤੇ ਸ਼ਰਾਬ ਪੀਤੀ। ਸ਼ਰਾਬੀ ਸ਼ਰਾਬ ਪੀ ਕੇ ਅੰਨ੍ਹਾ ਹੋ ਜਾਂਦਾ ਹੈ, ਇਸ ਲਈ ਉਸ ਦੇ ਲੋਰ ਵਿਚ ਇਤਨਾ ਗੁੱਸਾ ਆਇਆ ਕਿ ਉਹ ਆਪਸ ਵਿਚ ਲੜਨ ਲੱਗ ਪਏ। ਭਾਵੇਂ ਉਹਨਾਂ ਦੇ ਹੱਥ ਵਿਚ ਕੋਈ ਸ਼ਸਤ੍ਰ ਨਹੀਂ ਸੀ ਪਰ ਕੁੰਦਰ ਨੂੰ ਪੁਟ ਕੇ ਇਕ ਦੂਜੇ ਨੂੰ ਮਾਰ ਕੇ ਆਪਸ ਵਿਚ ਲੜ ਕੇ ਮਰ ਗਏ। ਇਸ ਤਰੀਕੇ ਨਾਲ ਚੰਦ੍ਰਵੰਸ਼ੀ ਸਭ ਛਲੇ ਗਏ।

ਕਾਨ੍ ਕ੍ਰਿਸਨੁ ਜਾਦਮੁ ਭਇਆ ॥

ਪਹਿਲੇ ਜਿਸ ਦਾ ਨਾਮ ਕਾਨ੍ ਸੀ, ਫੇਰ ਜਿਸ ਵੇਲੇ ਵੱਡਾ ਹੋਇਆ ਤਾਂ ਜਾਦਵਾਂ ਵਿਚ ਉਸ ਦਾ ਨਾਮ ਕ੍ਰਿਸ਼ਨ ਹੋ ਗਿਆ। *ਅਥਵਾ*-ਜਾਦਮੁ=ਜਾਦਵਾਂ ਵਿਚ ਕਾਨ੍=ਪਿਆਰਾ ਕ੍ਰਿਸ਼ਨ ਹੋਇਆ।

ਪਾਰਜਾਤੁ* ਗੋਪੀ ਲੈ ਆਇਆ

ਫੇਰ ਗੋਪੀਆਂ ਵਾਸਤੇ ਕਲਪ ਬ੍ਰਿਛ ਲੈ ਕੇ ਆਇਆ।

ਸ਼ੰਕਾ-ਗੋਪੀਆਂ ਵਾਸਤੇ ਤਾਂ ਕੋਈ ਕਲਪ ਬ੍ਰਿਛ ਨਹੀਂ ਲਿਆਂਦਾ। ਨਾਲੇ ਗੋਪੀਆਂ ਤਾਂ ਬ੍ਰਿਜ ਵਿਖੇ ਹੀ

**ਇੰਦਰ ਦੇ 'ਨੰਦਨ' ਨਾਮੇ ਬਾਗ ਵਿਚ ਪੰਜ ਸ੍ਰੇਸ਼ਟ ਰੁਖਾਂ ਵਿਚੋਂ ਇਕ ਦਾ ਨਾਮ 'ਪਾਰਜਾਤ' ਹੈ। ਜਦੋਂ ਦੇਵਤਿਆਂ ਨੇ ਰਲ ਕੇ ਸਮੁੰਦਰ ਮਥਿਆ ਸੀ ਤਿਸ ਵੇਲੇ ਸਮੁੰਦਰ ਵਿਚੋਂ ੧੪ ਰਤਨ ਨਿਕਲੇ ਸਨ, ਉਹਨਾਂ ਵਿਚ ਇਹ 'ਪਾਰਜਾਤ' ਰੁਖ ਵੀ ਸੀ। ਇੰਦਰ ਨੇ ਲੈ ਕੇ ਆਪਣੇ ਬਾਗ ਵਿਚ ਲੱਗਾ ਲਿਆ ਸੀ। ਇੰਦਰ ਦੇ ਬਾਗ ਵਿਚ ਪੰਜ ਸ੍ਰੇਸ਼ਟ ਰੁਖ ਇਹ ਹਨ-*

੧ ਮੰਦਾਰ। ੨ ਪਾਰਜਾਤ, ੩ ਸੰਤਾਨ, ੪ ਕਲਪ ਬ੍ਰਿਛ, ੫ ਹਰੀ ਚੰਦਨ।

ਰਹੀਆਂ ਹਨ ਤੇ ਇਹ ਕਲਪ ਬ੍ਰਿਛ ਦੁਆਰਕਾ ਵਿਚ ਲਿਆਂਦਾ ਹੈ। ਦੁਆਰਕਾ ਵਿਚ ਗੋਪੀਆਂ ਨਾਲ ਨਹੀਂ ਰਹੀਆਂ। ਇਸ ਤੇ ਦੂਜਾ ਅਰਥ ਕਰਨਾ-

ਬਿੰਦ੍ਰਾਬਨ ਮਹਿ ਰੰਗੁ ਕੀਆ ॥

ਜਿਸ ਕ੍ਰਿਸ਼ਨ ਭਗਵਾਨ ਨੇ ਬਿੰਦ੍ਰਾਬਨ ਵਿਚ ਗੋਪੀਆਂ ਨਾਲ ਮਿਲ ਕੇ ਰੰਗੁ=ਅਨੰਦ ਕੀਤਾ ਹੈ। ਉਸੀ ਕ੍ਰਿਸ਼ਨ ਦੇਵ ਨੇ ਸਤਭਾਮਾ ਤੇ ਰੁਕਮਨ ਵਾਸਤੇ ਕਲਪ ਬ੍ਰਿਛ ਲਿਆਂਦਾ ਹੈ। ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ-ਕ੍ਰਿਸ਼ਨ ਜੀ ਨੇ ਰੁਕਮਨ ਵਾਸਤੇ ਕਲਪ ਬ੍ਰਿਛ ਲਿਆਂਦਾ ਹੈ ਤੇ ਭਾਗਵਤ ਦੇ ੧੦ਵੇਂ ਸਕੰਧ ੬੦ਵੇਂ ਧਿਆਇ ਵਿਚ ਲਿਖਿਆ ਹੈ, ਸਤਭਾਮਾ ਵਾਸਤੇ ਲਿਆਂਦਾ ਹੈ। (ਰਹੋ ਵਿਚਾਰ)।

ਇਸ ਵਿਚ ਕੋਈ ਵੱਡੀ ਭੇਦ ਵਾਲੀ ਗੱਲ ਨਹੀਂ । ਜਿਸ ਵੇਲੇ ਭੁਮਾਸਰ ਦੈਂਤ ਨੂੰ ਮਾਰ ਕੇ ੧੬ ਹਜ਼ਾਰ ਇਸਤ੍ਰੀਆਂ ਕ੍ਰਿਸ਼ਨ ਜੀ ਨੇ ਵਿਆਹ ਕੇ ਲਿਆਂਦੀਆਂ ਸਨ ਉਸ ਵੇਲੇ ਸਾਰੀਆਂ ਨੂੰ ਵਖੋ ਵਖਰੇ ਘਰ ਬਣਾ ਦਿੱਤੇ।

ਯਥਾ- ਜੁੱਧ ਸਮੈ ਅਤਿ ਕ੍ਰੋਧ ਹੁਇ ਜਦੁਪਤਿ ਬਧ ਕੈ ਤਾਹਿ॥
ਸੋਰਹ ਸਹੰਸਰ ਸੁੰਦਰੀ ਆਪਹਿ ਲਈ ਬਿਵਾਹਿ॥ ੨੧੪੩॥
ਸੋਰਹ ਸਹੰਸ੍ਰ ਕਉ ਸੋਰਹ ਸਹੰਸ੍ਰ ਹੀ ਧਾਮ ਦੀਏ ਸੁ ਹੁਲਾਸ ਬਢੈਕੈ ॥
ਐਸੇ ਲਖਜੋ ਸਭਹੂ ਹਮਰੇ ਗ੍ਰਿਹਿ ਸਜਾਮ ਬਸੈ ਨ ਬਸੈ ਅਨਤੈਕੈ॥
ਸੋ ਕਬਿ ਸਜਾਮ ਪੁਰਾਨਨ ਤੇ ਸੁਨ ਭੇਦੁ ਕਹਜੋ ਸਭ ਸੰਤ ਸੁਨੈਕੈ॥

(ਦਸਮ ਗ੍ਰੰਥ ਪੰਨਾ ੫੨੬ ਸਵੈਯਾ ੨੧੪੫)

ਉਸ ਸਮੇਂ ਨਾਰਦ ਮੁਨੀ ਜੀ ਕ੍ਰਿਸ਼ਨ ਭਗਵਾਨ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਕਲਪ ਬ੍ਰਿਛ ਦਾ ਇਕ ਫੁਲ ਦਰਸ਼ਨ ਭੇਟ ਰੱਖਿਆ। ਉਹ ਫੁਲ ਲੈ ਕੇ ਕ੍ਰਿਸ਼ਨ ਜੀ ਨੇ ਰੁਕਮਨ ਨੂੰ ਦੇ ਦਿੱਤਾ। ਰੁਕਮਨ ਦੇ ਹੱਥ ਓਹ ਫੁਲ ਫੜਿਆ ਵੇਖ ਕੇ ਸਤਭਾਮਾ ਨੇ ਕਿਹਾ ਮੈਨੂੰ ਵੀ ਇਹੋ ਜੇਹਾ ਫੁਲ ਲਿਆ ਕੇ ਦਿਓ। ਉਸ ਵੇਲੇ ਕ੍ਰਿਸ਼ਨ ਜੀ ਆਪ ਇੰਦਰ ਲੋਕ ਵਿਚ ਚਲੇ ਗਏ ਤੇ ਇਕ ਸੁੰਦਰ ਬ੍ਰਿਛ ਜਿਸ ਦਾ ਨਾਮ 'ਕਲਪ ਬ੍ਰਿਛ' ਸੀ, ਉਸ ਨੂੰ ਦੇਖ ਕੇ ਇੰਦਰ ਦੇਵਤਾ ਨੂੰ ਕਿਹਾ, ਇਹ ਬ੍ਰਿਛ ਸਾਨੂੰ ਦੇ ਦੇਹ ਪਰ ਉਸ ਨੇ ਨਾ ਦਿੱਤਾ ਅਤੇ ਇਸ ਤਰ੍ਹਾਂ ਕਿਹਾ ਕਿ ਏਹ ਬ੍ਰਿਛ ਮਾਤ ਲੋਕ ਵਿਚ ਨਹੀਂ ਜਾ ਸਕਦਾ। ਇਤਨੀ ਗੱਲ ਆਖਣ ਤੇ ਦੋਹਾਂ ਦਾ ਆਪਸ ਵਿਚ ਯੁੱਧ ਹੋ ਗਿਆ। ਆਖਰਕਾਰ ਇੰਦਰ ਹਾਰ ਗਿਆ ਤੇ ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਓਹ ਕਲਪ ਬ੍ਰਿਛ ਲੈ ਕੇ ਰੁਕਮਨ ਦੇ ਘਰ ਆ ਗਏ।

ਯਥਾ- ਸ੍ਰੀ ਬ੍ਰਿਜਨਾਥ ਰੁਕੰਮਨ ਕੇ ਗ੍ਰਿਹਿ ਆਵਤ ਭੇ ਤਰੁ ਸੁੰਦਰ ਲੈਕੈ॥
ਲਾਲ ਲਗੇ ਜਿਨ ਧਾਮਨ ਕੋ ਬ੍ਰਹਮਾ ਰਹੈ ਦੇਖਤ ਜਾਹਿ ਲੁਭੈਕੈ॥੨੧੫੧॥

(ਦਸਮ ਗ੍ਰੰਥ)

ਦੂਸਰਾ ਅਰਥ-

ਗੋ+ਪੀ=ਪ੍ਰਿਥਵੀ ਦਾ ਪਤੀ ਜੋ ਕ੍ਰਿਸ਼ਨ ਹੈ ਉਸ ਦੇ ਪਾਸ ਜੇਹੜਾ ਭੀ ਕੋਈ ਪੁਰਸ਼ ਜੋ ਜੋ ਸੰਕਲਪ ਲੈ ਕੇ ਆਇਆ ਹੈ ਉਸ ਨੂੰ ਮਨ ਇੱਛਤ ਫਲ ਦੇਣ ਵਾਸਤੇ ਜੋ ਪਾਰਜਾਤੁ=ਕਲਪ ਬ੍ਰਿਛ ਵਾਂਗ ਹੈ।

ਬਿੰਦ੍ਰਾਬਨ ਮਹਿ ਰੰਗੁ ਕੀਆ ॥

ਬਿੰਦ੍ਰਾਬਨ ਵਿਚ ਜਿਸ ਨੇ ਗੋਪੀਆਂ ਨਾਲ ਰੰਗੁ=ਪ੍ਰੇਮ ਕੀਤਾ ਹੈ, ਓਹੀ ਦੁਆਪਰ ਜੁਗ ਵਿਖੇ ਅਵਤਾਰ ਲੈ ਕੇ ਆਇਆ ਹੈ।

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥

ਕਲਜੁਗ ਵਿਚ ਅਥਰਬਣ ਦੇਵ ਪ੍ਰਗਟ ਹੋਇਆ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਭੀ ਕਲਜੁਗ ਵਿਚ ਹੋਇਆ ਹੈ। ਮਹਾਂ ਪੁਰਸ਼ ਆਪਣੇ ਨਾਮ ਨੂੰ ਆਪ ਪ੍ਰਸਿੱਧ ਨਹੀਂ ਕਰਦੇ, ਇਸੀ ਕਰਕੇ ਸਤਿਗੁਰਾਂ ਨੇ ਇਥੇ ਆਪਣਾ ਨਾਮ ਨਹੀ ਲਿਖਿਆ। ਪਿਛਲੇ ਜੁਗਾਂ ਦੇ ਅਵਤਾਰਾਂ ਦਾ ਨਾਮ ਲਿਖ ਆਏ ਹਨ।

ਮੁਸਲਮਾਨੀ ਰਾਜ ਦੀ ਬਹੁਲਤਾ ਹੋਣ ਕਰਕੇ ਖੁਦਾਈ=ਸ੍ਰਿਸ਼ਟੀ ਵਾਲੇ ਦਾ ਨਾਮ 'ਅਲਹੁ' ਹੋ ਗਿਆ ਹੈ।

ਨੀਲ ਬਸਤ੍ਰ ਲੈ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥

ਸਾਰਿਆਂ ਜੀਵਾਂ ਨੇ ਨੀਲੇ ਰੰਗ ਦੇ ਬਸਤ੍ਰ ਲੈ ਕੇ ਕਪੜੇ ਬਣਾ ਕੇ ਪਾਏ ਹੋਏ ਹਨ। ਤੁਰਕਾਂ ਵਿਚੋ ਪਠਾਣਾਂ ਨੇ ਅਮਲੁ=ਹੁਕਮ ਚਲਾਣਾ ਕੀਤਾ ਹੈ। ਉਸ ਵੇਲੇ ਚੁਗੱਤਿਆਂ ਦਾ ਰਾਜ ਸੀ। ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਕਲਗੀਧਰ ਜੀ ਮਹਾਰਾਜ ਕਲਜੁਗ ਵਿਚ ਪ੍ਰਗਟ ਨਾ ਹੁੰਦੇ ਤਾਂ ਸਭ ਜਗ੍ਹਾਂ ਤੁਰਕਾਂ ਦਾ ਰਾਜ ਹੀ ਹੋਣਾ ਸੀ ਅਤੇ ਅੱਜ ਕਲ੍ਹ ਦੇ ਅਨੰਦ ਵੀ ਪਰਾਪਤ ਨਹੀਂ ਹੋਣੇ ਸਨ, ਕਿਉਂਕਿ ਏਹ ਨੀਲੇ ਬਸਤ੍ਰ ਤੁਰਕਾਂ ਦਾ ਪਹਿਰਾਵਾ ਹੈ।

ਸਾਖੀ-ਨੀਲੇ ਬਸਤ੍ਰ ਪਾੜਨ ਦੀ

ਇਕ ਸਮੇਂ ਸ੍ਰੀ ਕਲਗੀਧਰ ਜੀ ਸ਼ਿਕਾਰ ਖੇਡਦੇ ਹੋਏ ਇਕ ਢਿਲਾਵਾਂ ਨਾਮੀ ਨਗਰ ਵਿਖੇ ਗਏ ਜੋ ਕੋਟ ਕਪੂਰੇ ਤੋਂ ਦੋ ਮੀਲ ਹੈ। ਜਿਥੇ ਸੋਢੀ ਬੰਸ ਪ੍ਰਿਥੀਏ ਦੀ ਸੰਤਾਨ ਰਹਿੰਦੀ ਸੀ, ਉਥੇ ਕੌਲ ਜੀ ਸਰਾਧ ਕਰਵਾ ਰਹੇ ਸਨ। ਜਿਸ ਵੇਲੇ ਕੌਲ ਜੀ ਨੇ ਸਤਿਗੁਰਾਂ ਦਾ ਆਗਮਨ ਸੁਣਿਆ ਤਾਂ ਸਰਾਧ ਕਰਨਾ ਛੱਡ ਕੇ ਸਤਿਗੁਰਾਂ ਨੂੰ ਬੜੀ ਪ੍ਰੇਮ ਭਾਵਨਾ ਨਾਲ ਅਗੋਂ ਆ ਕੇ ਮਿਲੇ। ਸਤਿਗੁਰਾਂ ਨੇ ਕੌਲ ਜੀ ਨੂੰ ਆਪਣੀ ਛਾਤੀ ਨਾਲ ਲਾਇਆ, ਕੌਲ ਜੀ ਦੇ ਹੱਥ ਵਿਚ ਛੱਲੇ ਪਹਿਰੇ ਹੋਏ ਵੇਖ ਕੇ ਸਤਿਗੁਰਾਂ ਪੁਛਿਆ-ਆਪ ਕੀ ਕੰਮ ਕਰਦੇ ਆਏ ਹੋ ? ਕੌਲ ਜੀ ਨੇ ਬੇਨਤੀ ਕੀਤੀ ਜੀ ! ਸਰਾਧ ਕਰਵਾ ਰਿਹਾ ਸੀ। ਤਿਸ ਵੇਲੇ ਸਤਿਗੁਰਾਂ ਨੇ ਕੌਲ ਜੀ ਨਾਲ ਹਾਸ ਬਿਲਾਸ ਦੇ ਬਚਨ ਕੀਤੇ ਤੇ ਫਿਰ ਕੌਲ ਜੀ ਸਤਿਗੁਰਾਂ ਨੂੰ ਆਪਣੇ ਘਰ ਵਿਚ ਲੈ ਆਏ ਤੇ ਯਥਾ ਯੋਗ ਸੇਵਾ ਕੀਤੀ।

ਉਸ ਵੇਲੇ ਕੌਲ ਜੀ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਹੇ ਸੱਚੇ ਪਾਤਿਸ਼ਾਹ ! ਆਪ ਹੁਣ ਚਿੱਟੇ ਬਸਤ੍ਰ ਪਹਿਰੋ, ਇਹ ਨੀਲੇ ਬਸਤ੍ਰ ਲਾਹ ਕੇ ਅੱਗ ਵਿਚ ਸਾੜ ਦਿਓ, ਕਿਉਂਕਿ ਇਹ ਅਪਦਾ ਦਾ ਬਾਣਾ ਹੈ। ਉਸੀ ਵੇਲੇ ਸਤਿਗੁਰਾਂ ਨੇ ਉਸ ਦਾ ਕਿਹਾ ਮੰਨ ਕੇ ਚਿੱਟੇ ਬਸਤ੍ਰ ਪਹਿਨ ਲੀਤੇ ਤੇ ਨੀਲੇ ਬਸਤ੍ਰ ਲਾਹ ਕੇ ਅੱਗ ਵਿਚ ਸਾੜ ਦਿੱਤੇ।

ਯਥਾ-ਚੌਪਈ ॥

ਜੁਲਤਿ ਅੰਗੀਠਾ ਅਗਨਿ ਅਗਾਰੀ। ਨੀਲਾਂਬਰ ਲੈ ਹਾਥ ਮਝਾਰੀ।
ਲੀਰ ਪਾੜ ਕਹਿ ਤਿਸ ਤੇ ਸਤਿਗੁਰ । ਸ੍ਰੀ ਮੁਖ ਤੇ ਤੁਕ ਏਹ ਉਚਰ ਕਰਿ ॥ ੩੯ ॥

ਯਥਾ-ਛੰਦ ॥

ਨੀਲ ਬਸਤ੍ਰ ਲੈ ਕਪੜੇ ਫਾੜੇ, ਤੁਰਕ ਪਠਾਣੀ ਅਮਲ ਗਇਆ।
ਪਠਿ ਕਰਿ ਤਤਛਿਨ ਲੀਰ ਜੁ ਕਰ ਮਹਿੰ ਅਗਨਿ ਬਿਖੈ ਪਟ ਡਾਰਿ ਦਯਾ।
ਪੁਨਹਿ ਪਾੜ ਕਰਿ ਤਿਮਹੀ ਪਠਿ ਕਰਿ, ਪਾਵਕ ਪਾਵਤਿ ਛਾਰ ਕਇਆ।
ਚੀਰਤਿ ਚੀਰ ਕਰਤਿ ਲਘੁ ਲਘੁ ਕੈ, ਅਸਚਰਜ ਸਭਿ ਕੇ ਰਿਦੇ ਭਇਆ॥ ੪੦ ॥
ਸੁਨਤਿ ਬਚਨ ਅਰੁਕ੍ਰਿਆ ਬਿਲੋਕਤਿ, ਉਰ ਸੰਸੈ ਜੁਤਿ ਕੌਲ ਭਇਆ।
ਬਿੱਪ੍ਰੈ ਤੁਕ ਕੌ ਪਠ ਪਠਿ ਸ੍ਰੀ ਮੁਖ, ਪਾਰਿ ਪਾਰਿ ਪਟ ਜਾਰ ਦਇਆ।

ਸਗਲੋ ਫੂਕ ਚੁਕੇ ਨੀਲਾਂਬਰ, ਤਨਕ ਤਿਸੀ ਤੇ ਰਾਖ ਲਇਆ।
ਜਮਧਰ ਸੰਗ ਬੰਧ ਕਰਿ ਸੋਊ, ਪੰਥ ਬੇਖ ਹਿਤ ਸਭਿਨ ਛਇਆ॥ ੪੧॥

ਉਸੀ ਵੇਲੇ ਕੌਲ ਜੀ ਨੇ ਬੇਨਤੀ ਕੀਤੀ-

ਚੌਪਈ॥ ਕਹਤਿ ਕੌਲ ਮਮ ਉਰ ਸੰਦੇਹੂ॥ ਬਿਪ੍ਰੋ ਪਠੀ ਆਪ ਤੁਕ ਏਹੂ॥

(ਗੁਰਪ੍ਰਤਾਪ ਸੂਰਜ ਐਨ ੧ ਅੰਸੂ ੫)

ਹੇ ਪ੍ਰਭੂ ! ਰਾਮਰਾਇ ਜੀ ਨੇ 'ਮਿਟੀ ਮੁਸਲਮਾਨ ਕੀ' ਦੀ ਥਾਂ 'ਮਿਟੀ ਬੇਈਮਾਨ' ਕਿਹਾ ਸੀ ਤਾਂ ਤਿਸ ਨੂੰ ਗੁਰਿਆਈ ਗੱਦੀ ਨਹੀਂ ਮਿਲੀ ਤੇ ਆਪ ਨੇ ਸਾਰੀ ਪੰਗਤੀ ਹੀ ਬਦਲਾ ਦਿਤੀ ਹੈ।

ਇਹ ਗੱਲ ਸੁਣਕੇ ਸਤਿਗੁਰਾਂ ਕਿਹਾ-ਹੇ ਕੌਲ ਜੀ ! ਅਸਾਂ ਇਹ ਪੰਗਤੀ ਐਵੇਂ ਨਹੀਂ ਬਦਲਾਈ। ਪਹਿਲੇ ਇਸ ਪੰਗਤੀ ਦਾ ਪੂਜਨ ਕੀਤਾ ਹੈ, ਸਾਰੀ ਸਰਬੰਸ ਕੁਰਬਾਨ ਕੀਤੀ ਹੈ। ਘਰ ਬਾਰ ਲੁਟਾ ਦਿੱਤੇ ਹਨ ਤਾਂ ਇਹ ਪੰਗਤੀ ਬਦਲਾਈ ਹੈ।

ਯਥਾ- ਹਮ ਤੋ ਇਸ ਤੁਕ ਹਿਤ ਉਲਟਾਵਨ । ਸਗਲ ਸਮਿਗ੍ਰੀ ਕੀਨਿ ਲੁਟਾਵਨ॥ ੪੬॥
ਚਾਰਹੁ ਪੂਤ ਦੀਏ ਇਸ ਕਾਜੂ। ਕੌਨ ਗਨੈ ਸਭਿ ਸਦਨ ਸਮਾਜੂ।
ਨਾਸ ਕਰਜੋ ਸਰਬੰਸ ਸਮੇਤੇ। ਅਬ ਭੀ ਨਹਿ ਉਲਟਾਵਨਿ ਦੇਤੇ॥ ੪੭॥

ਨਾਲੇ ਉਹ ਰਾਮਰਾਇ ਜੀ ਕੋਈ ਗੁਰੂ ਨਹੀਂ ਸਨ ਤੇ ਜੇਹੜੀ ਤੁਕ ਰਾਮਰਾਇ ਨੇ ਉਲਟਾਈ ਹੈ, ਉਹ ਕੇਵਲ ਉਸ ਨੇ ਪਾਤਿਸ਼ਾਹ ਦੀ ਖੁਸ਼ਾਮਦ ਦੇ ਪਿਛੇ ਉਲਟਾਈ ਹੈ। ਭਾਵੇਂ ਉਸ ਨੇ ਹੇਠ ਲਿਖਿਆਂ ਕਰਮਾਤਾਂ ਵੀ ਪਾਤਿਸ਼ਾਹ ਨੂੰ ਦਿਖਾਈਆਂ ਪਰ ਆਪਣੀ ਪੂਜ਼ਾ ਤੇ ਵਡਿਆਈ ਵਾਸਤੇ ਹੀ ਸਭ ਕੁਝ ਕੀਤਾ। ਜਿਸ ਵੇਲੇ ਸਤਵੇਂ ਪਾਤਿਸ਼ਾਹ ਜੀ ਪਾਸ ਦਿੱਲੀ ਤੋਂ ਕੀਰਤਪੁਰ ਆ ਕੇ ਸਿੱਖ ਨੇ ਸਾਰੀ ਗੱਲ ਸੁਣਾਈ ਕਿ ਮਹਾਰਾਜ ਰਾਮਰਾਇ ਨੇ ਇਹ ਕਰਾਮਾਤਾਂ ਔਰੰਗਜ਼ੇਬ ਬਾਦਸ਼ਾਹ ਨੂੰ ਦਿਖਾਈਆਂ ਹਨ।

ਯਥਾ-ਕਬਿੱਤ॥

ਅਜ ਕੋ ਜਿਵਾਇ, ਬੈਠੇ ਕੂਪ ਪਰ ਜਾਇ, ਫਲ ਮੱਕੇ ਤੇ ਮੰਗਾਇ, ਹਿਤੂ ਬੇਗਮ ਬਤਾਈਐ।
ਪਦਮਨੀ ਆਨਿ, ਚੰਦ ਦੂਜੋ ਅਸਮਾਨ ਭਖੋ, ਤੋਸ਼ੇਖਾਨੇ ਥਾਨ ਕਰਿ ਗਿਣਤੀ ਸੁਣਾਈਐ।
ਕੇਹਰੀ ਅਖੇਰ ਕੋ, ਜਨਮ ਬਾਜ ਪੂਰਬ ਕੋ, ਫਲ ਦੇਵ ਰੂਖ ਕੇ* , ਚਿਕਰ ਸਜਾਮ ਤਾਈਐ+।
ਜਮੁਨਾ ਪੈ ਫਿਰੇ, ਓਰੇ ਹਰੇ, ਮਤਜ ਕਰੀ[1], ਚਰੇ, ਜਹੀ ਠਾਕ[2], ਤਾਰੇ ਦਿਨ[3],
ਧਨ ਜੀਤ ਪਾਈਐ॥ ੩੯॥

ਮਰੀਕੋ ਹਟਾਇ, ਛਾਉ ਛਾਈਪੈ[4], ਪ੍ਰਸੂਤਸਿਸ, ਉਜਬਕ ਢਾਹ, ਅਲਾਵਦੀਨ ਮ੍ਰਿਤੁ ਉਕਤਾ[5]।
ਸੁਪਨੋ ਬਤਾਇ, ਨੌਕਾ ਜੋਰ ਕੈ, ਲੁਕਾਂਜਨ ਦੈ, ਧੇਨੁ ਕੋ ਜਿਵਾਇ, ਦਈ ਤਸਬੀ ਸੁ ਮੁਕਤਾ।
ਖਾਯੋ ਸੋ ਬਤਾਯੋ, ਖਟ ਰਿਤੁ ਫਲ ਏਕਠੈ ਕੇ, ਆਗ ਪਰ ਬਾਗ ਭਾ, ਸਮਾਧਿ ਸੰਗ ਜੁਗਤਾ[6]।
ਅੱਸ੍ਵ ਦਰਯਾਈ, ਜੇਠ ਸੀਤਲ ਚਲਾਈ ਬਾਊ, ਭੂਮ ਕੋ ਉਚਾਈ[7] ਕਹਿ ਸੰਤੋਖ ਸਿੰਘ ਬਕਤਾ[8]।
ਪੱਤਰੇ ਨਿਕਾਸੇ ਤਰੇ ਸੁਜਨੀ ਤੇ ਬੈਠੇ ਪੁਨ, ਪੌਰਨ ਕੇ ਤਾਰੇ ਪਾਟ ਸਾਂਕਰ ਛੁਟਾਵਨੇ[9]।
ਅੰਮਿਖ ਸੁਰਾ ਕੋ ਕਰਜੋ ਚਾਵਰ ਦੁਗਧ ਤਬ, ਪਾਲਕੀ ਚਲਾਈ ਬਿਨਾਂ ਨਰ ਦਿਖਰਾਵਨੇ।

---

*ਕਲਪ ਬ੍ਰਿਛ ਦੇ, +ਕੇਸ ਕਾਲੇ ਬਣਾ ਦਿਤੇ।

੧ ਮਸਤ ਹਾਥੀ ਉਤੇ ਚੜ੍ਹੇ। ੨ ਨਿੰਦਕ ਦੀ ਜ਼ਬਾਨ ਠਾਕੀ। ੩ ਦਿਨੇ ਤਾਰੇ ਦਿਖਾਏ। ੪ (ਚੌਪੜ) ਵਿਚੋਂ ਧਨ ਜਿੱਤਿਆ। ੫ ਉਪਰ (ਬੱਦਲਾਂ) ਦੀ ਛਾਉਂ ਛਾਈ। ੬ ਅਲਾਦੀਨ ਦੀ ਮੌਤ ਦੱਸੀ। ੭ ਸਮਾਧੀ ਨਾਲ ਜੁੜ ਰਹੇ ਹਨ। ੮ (ਚੌਕੀ ਜਿਤਨੀ) ਭੂਮ ਉਚੀ ਕਰ ਕੇ (ਉਪਰ ਬੈਠੇ)। ੯ ਕਵੀ। ੧੦ ਜੰਦਰੇ, ਤਖਤੇ, ਕੁੰਡੇ ਖੋਹਲੇ।

ਕੰਚਨ ਦੇ ਕੰਕਨ ਮੰਗਾਏ ਤਾਤਕਾਲ ਢਿਗ ਨੌਰੰਗ ਕੋ ਦਿਯੋ ਹੇਤੁ ਰਸ ਕੇ ਰਖਾਵਨੇ।
ਜਗ ਬਿਸਮਾਯੋ ਦੇਖਿ ਸੁਣਿ ਕੇ ਲੁਭਾਏ ਬਹੁ ਸ਼ਾਹ ਕੇ ਸਹਿਤ ਸਭਾ ਅਚਰਜ ਪਾਵਨੇ॥ ੪੧॥
ਚੌਪਈ- ਇਮ ਅਜ਼ਮਤ ਬਹੁ ਬਾਰ ਦਿਖਾਈ। ਤਊ ਤੁਰਕ ਜੇ ਬਾਦ ਉਠਾਈ।
ਕਰਤੇ ਰਹੇ ਦ੍ਵੈਸ਼ ਬਹੁ ਤੇਰੇ। ਫਸੇ ਸ਼ਰ੍ਹਾਂ ਮਹਿ ਮੂਢ ਬਡੇਰੇ॥ ੪੨॥
ਕਰਾਮਾਤ ਕੇ ਜ਼ੋਰ ਦਬਾਏ। ਸਭਾ ਬਿਖੈ ਨਹਿ ਬੋਲਨਿ ਪਾਏ।
ਦੂਨ ਚਊਨੀ ਬਹੁ ਵਡਿਆਈ॥ ਰਾਵਰਿ ਕੇ ਸੁਤ ਨਿਤ ਪ੍ਰਤਿ ਪਾਈ॥ ੪੩॥

(ਸੂਰਜ ਪ੍ਰਤਾਪ ਰਾਸ ੬ ਅੰਸੂ ੫੭)

ਪਰ ਜਦੋਂ ਤੁਕ ਉਲਟਾਈ ਜਾਣੀ ਸੁਣੀ ਤਾਂ ਸਤਵੇਂ ਪਾਤਿਸ਼ਾਹ ਜੀ ਨੇ ਕੁਝ-ਕੁ ਗੁੱਸੇ ਨਾਲ ਕਿਹਾ-

ਯਥਾ-ਇਕ ਤੋ ਬਾਰ ਬਾਰ ਕਰਿ ਅਜਮਤ। ਬਿਨਾਂ ਪ੍ਰਯੋਜਨ ਠਾਨੀ ਜਿਤ ਕਿਤ॥ ੨੬॥
ਤਰਕੇਸ਼ੁਰ ਸੋਂ ਸੂਤ ਰਖੈਬੇ। ਕਰਿ ਮੁਲਾਹਜਾ, ਕੀਨਿ ਫਰੇਬੇ।
ਸ੍ਰੀ ਨਾਨਕ ਪਤਿ ਚੌਦਹਿ ਲੋਕ। ਤਿਨ ਕੋ ਆਸ਼ੈ ਬੀਚ ਸਲੋਕ ॥ ੨੭॥
ਸੋ ਛਿਪਾਇਕੈ ਅਨਤ ਸੁਨਾਇਓ। ਹੁਤੋ ਅਪਰ ਤਿਸ ਅਪਰ ਬੁਝਾਇਓ।
ਕਹਾਂ ਤ੍ਰਾਸ ਤੁਰਕੇਸ਼ਰ ਕੇਰਾ। ਜਿਸਕੋ ਮਾਨਿਓ ਜਾਨਿ ਬਡੇਰਾ॥ ੨੮॥

(ਗੁਰ ਪ੍ਰਤਾਪ ਸੂ: ਰਾਸ ੬ ਧਿਆਇ ੬੦)

ਤਥਾ-ਹਮ ਨੈ ਕਰਯੋ ਪਠਾਵਨਿ ਜਬੈ। ਨਿਰਭੈ ਕਰਯੋ ਕਹਿ ਕਰਿ ਬਿਧਿ ਸਬੈ॥ ੧੬॥
ਤੇਰੋ ਕਹਿਓ ਨਿਫਲ ਨਹਿ ਹੋਇ। ਜੋ ਚਿਤ ਚਹਹਿ ਬਨਹਿ ਬਿਧਿ ਸੋਇ।
ਸ਼ਾਹੁ ਖੁਸ਼ਾਮਦ ਕਰਹੁ ਨ ਕੈਸੇ। ਹੋਇ ਯਥਾਰਥ ਬੋਲਹੁ ਤੈਸੇ॥ ੧੭॥
ਮਿਟੀ ਮੁਸਲਮਾਨ ਕੀ ਜੋਇ। ਕਰਿ ਕੁਲਾਲ ਕੇ ਪ੍ਰਾਪਤਿ ਹੋਇ।
ਈਂਟ ਅਰੁ ਭਾਂਡੇ ਘਰਿ ਘਰਿ ਧਰੈ। ਪੁਨ ਚਹੁਦਿਸਿ ਪਾਵਕ ਪਰ ਜਰੈ॥ ੧੮॥
ਇਸ ਮਹਿ ਅਸਮੰਜਸ ਕਯਾ ਜਾਨਾ। ਜਿਸਤੇ ਪਤ ਉਲਟਾਇ ਬਖਾਨਾ।
ਸ੍ਰੀ ਨਾਨਕ ਕੋ ਅਦਬ ਨ ਰਾਖਾ। ਤੁਰਕ ਮਾਨ ਹਿਤ ਬਿਪਰੈ ਭਾਖਾ॥ ੧੯॥
ਇਕ ਤੋਂ ਇਹ ਅਸਮੰਜਸ ਕੀਨ। ਗੁਰਤਾ ਉਚਿਤ ਨਹੀਂ ਲਖਿ ਲੀਨ ।
ਦੁਤੀਏ ਜਬ ਕੋ ਦਿੱਲੀ ਗਯੋ। ਬਾਰ ਬਾਰ ਅਜਮਤ ਕੋ ਦਯੋ॥ ੨੦॥
ਬਿਨ ਕਾਰਜ ਕੇ ਕਰਤਿ ਰਹਿਓ ਹੈ। ਇਸ ਮਹਿ ਇਮ ਅਨੁਮਾਨ ਲਹਿਓ ਹੈ।
ਜਾਚੀ ਵਸਤੁ ਲੇਤਿ ਜਿਮ ਕੋਇ। ਨਹਿ ਆਪਣੀ ਪਹਿਚਾਨਤਿ ਸੋਇ॥ ੨੧॥
ਜਿਤਨੋ ਲਾਭ ਲੀਓ ਤਿਸ ਜਾਇ। ਤਿਤੋ ਲੇਤਿ ਨਹਿ ਧੀਰ ਧਰਾਇ।
ਮੁਝ ਢਿਗ ਰਹੈ ਨ ਜਾਨੈ ਐਸੇ। ਖਰਚ ਲੇਓ ਮੈਂ ਜੈਸੇ ਕੈਸੇ॥ ੨੨॥
ਤ੍ਰਿਤੀਏ ਔਰ ਸੁਨਹੁ ਤਿਸ ਬਾਤ। ਜਿਮ ਕੀਨਸ ਸਭ ਕੋ ਬਖਯਾਤ ।
ਕੀਰਤਿਪੁਰ ਤੇ ਜਬ ਕੋ ਗਇਓ। ਆਇ ਨਹੀਂ ਪੁੰਨ ਦੇਖਤਿ ਭਇਓ॥ ੨੬॥
ਮਨ ਮੈਂ ਲਖੀ ਜੋ ਹੈ ਢਿਗ ਮੇਰੇ। ਮਿਲੌਂ ਜਾਹਿ ਸੋ ਲੇਹਿ ਨ ਫੇਰੇ।

(ਗੁਰ ਪ੍ਰਤਾਪ ਸੂ: ਰਾਸ ੬ ਧਿਆਇ ੫੮)

ਇਹਨਾਂ ਗੱਲਾ ਨੂੰ ਜਾਣ ਕੇ ਸਤਵੇਂ ਪਾਤਸ਼ਾਹ ਜੀ ਨੇ ਪੁਤ੍ਰ ਦਾ ਤਿਆਗ ਕੀਤਾ ਸੀ।

ਇਤਯਾਦਿਕ ਸੁਤ ਕੇ ਲਖਿ ਦੋਖ। ਤਜਾਗਜੋ ਸ੍ਰੀ ਹਰਿਰਾਇ ਸਰੋਖ॥
ਦੰਡ ਬਿਸਾਲ ਨ ਤਿਸਤੇ ਪਰੇ। ਮਿਲ ਕੇ ਕਬਹੂੰ ਨ ਦਰਸ਼ਨ ਕਰੇ॥ ੩੭॥
ਜਗਤ ਪਦਾਰਥ ਲਖਿ ਮਨ ਨੀਕੇ। ਜਿਸ ਤੇ ਪਰਜੋ ਗੁਰੂ ਦਿਸਿ ਫੀਕੇ।
ਤ੍ਰਿਣ ਸਮਾਨ ਪ੍ਰਿਯ ਸੁਤ ਕੋ ਤਜਾਗਾ। ਫੇਰਜੋ ਸਬਦਨ ਆਛੋ ਲਾਗਾ॥ ੪੧॥

ਹੇ ਕੌਲ ਜੀ ! ਅਸੀਂ ਰਾਮਰਾਇ ਵਾਂਗੂੰ ਕਿਸੇ ਖੁਸ਼ਾਮਦ ਵਿਚ ਪੰਗਤੀ ਨਹੀਂ ਬਦਲਾਈ ਅਸੀਂ ਤਾਂ ਤੁਰਕਾਂ ਦੇ ਭਵਿੱਖਤ ਨੂੰ ਕਥਨ ਕੀਤਾ ਹੈ। ਇਹ ਗੱਲ ਸੁਣ ਕੇ ਕੌਲ ਦਾਸ ਚਰਨੀਂ ਪੈ ਗਿਆ।

(ਜੇਕਰ ਇਸ ਸਾਰਾ ਪ੍ਰਸੰਗ ਚੰਗੀ ਤਰ੍ਹਾਂ ਦੇਖਣਾ ਹੋਵੇ ਤਾਂ ਸੂਰਜ ਪ੍ਰਤਾਪ ਦੇ ਪ੍ਰਿਥਮ ਐਨ ਅੰਸੂ ੫ ਵਿਚ ਦੇਖੋ।)

ਚਾਰੇ ਵੇਦ ਹੋਏ ਸਚਿਆਰ॥

ਚਾਰੇ ਵੇਦ ਆਪੋ ਆਪਣੀ ਗੱਲ ਕਹਿ ਕੇ ਸਚਿਆਰ=ਸੱਚੇ ਹੋ ਰਹੇ ਹਨ।

ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥

ਜੋ ਪੁਰਸ਼ ਵੇਦਾਂ ਨੂੰ ਪੜ੍ਹ ਕੇ ਪਰਮੇਸ਼ਰ ਨਾਮ ਸਿਮਰਨ ਦਾ ਗੁਣਹਿ=ਵਿਚਾਰ ਕਰਦੇ ਹਨ, ਤਿਨ੍ਹਾਂ ਨੂੰ ਚਾਰ=ਸੁੰਦਰ ਆਤਮ ਵਿਚਾਰ ਪ੍ਰਾਪਤ ਹੁੰਦਾ ਹੈ।

ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥ ੨॥

ਭਾਉ ਭਗਤਿ=ਪ੍ਰੇਮਾ ਭਗਤੀ ਕਰਕੇ ਆਪਣੇ ਆਪ ਨੂੰ ਨੀਚ=ਨੀਵਾਂ ਸਦਾਵੇ।

ਤਥਾ-ਤੁਲਸੀ ਯਾ ਸੰਸਾਰ ਮੇਂ ਤੀਨ ਵਸਤੁ ਹੈ ਸਾਰ।
ਮਿਠਾ ਬੋਲਣ, ਨਿਵ ਚਲਣ, ਕਰਨਾ ਪਰਉਪਕਾਰ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਤਾਂ ਉਹ ਮੋਖ=ਅੰਤਰੇ ਭੇਦ ਤੋਂ ਮੋਖ=ਛੁਟਣਾ ਪਾਂਵਦਾ ਹੈ। *ਅਥਵਾ*-ਰਿਦੇ ਅੰਦਰ ਹੀ ਮੋਖ ਨੂੰ ਪਾ ਲੈਂਦਾ ਹੈ॥ ੨॥

ਪਉੜੀ॥

ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥

ਮੈਂ ਆਪਣੇ ਸਤਿਗੁਰਾਂ ਦੇ ਵਿਟਹੁ=ਉਪਰੋਂ ਬਲਿਹਾਰ=ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਸਤਿਗੁਰਾਂ ਨਾਲ ਮਿਲ ਕੇ ਮੈਂ ਖਸਮੁ=ਪਰਮੇਸ਼ਰ ਨੂੰ ਸਮਾਲਿਆ=ਯਾਦ ਕੀਤਾ ਹੈ।

ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨੀ ਨੇਤ੍ਰੀ ਜਗਤੁ ਨਿਹਾਲਿਆ॥

ਜਿਨ੍ਹਾਂ ਗੁਰਾਂ ਨੇ ਉਪਦੇਸ਼ ਦੇ ਕੇ ਬੁੱਧੀ ਰੂਪੀ ਨੇਤ੍ਰਾਂ ਵਿਚ ਗਿਆਨ ਰੂਪੀ ਅੰਜਨੁ=ਸੁਰਮਾ ਪਾ ਦਿੱਤਾ ਹੈ ਅਤੇ ਜਿਨ੍ਹਾਂ ਦੀ ਬਰਕਤ ਕਰਕੇ ਮੈਂ ਇਨ੍ਹਾਂ ਨੇਤ੍ਰਾਂ ਨਾਲ ਸਾਰੇ ਜਗਤ ਨੂੰ ਬ੍ਰਹਮ ਰੂਪ ਕਰਕੇ ਨਿਹਾਲਿਆ=ਦੇਖਿਆ ਹੈ।

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥

ਜੇਹੜੇ ਪੁਰਸ਼ ਖਸਮੁ=ਅਕਾਲ ਪੁਰਖ ਨੂੰ *ਅਥਵਾ* ਗੁਰਾਂ ਨੂੰ ਛੱਡ ਕੇ ਦੂਜੈ=ਦੇਵੀ ਦੇਵਤਿਆਂ ਦੀ ਪੂਜਾ ਵਿਚ ਲੱਗੇ ਹਨ ਉਹ ਜੀਵ ਰੂਪ ਵਣਜਾਰੇ ਸੰਸਾਰ ਸਮੁੰਦ੍ਰ ਵਿਚ ਡੁੱਬ ਗਏ ਹਨ।

ਸਤਿਗੁਰੁ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥

ਸਤਿਗੁਰ ਦੇਵ ਜੀ ਇਕ ਸੱਚੇ ਜਹਾਜ਼ ਹਨ। *ਅਥਵਾ*- ਸਤਿਗੁਰਾਂ ਪਾਸ ਨਾਮ ਗਿਆਨ ਰੂਪੀ ਜਹਾਜ਼ ਹੈ ਪਰ ਇਸ ਗੱਲ ਨੂੰ ਕਿਸੇ ਵਿਰਲੇ ਨੇ ਹੀ ਵਿਚਾਰਨਾ ਕੀਤਾ ਹੈ।

ਕਰਿ ਕਿਰਪਾ ਪਾਰਿ ਉਤਾਰਿਆ ॥ ੧੩ ॥

ਜਿਸ ਨੇ ਇਸ ਗੱਲ ਨੂੰ ਵਿਚਾਰਿਆ ਹੈ ਤੇ ਗੁਰੂ ਦੀ ਸ਼ਰਨ ਲੈ ਲਈ ਹੈ ਉਸ ਨੂੰ ਗੁਰਾਂ ਨੇ ਕ੍ਰਿਪਾ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੱਤਾ ਹੈ॥ ੧੩ ॥

ਏਸੇ ਪਉੜੀ ਦਾ ਭਾਵ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਵਡਹੰਸ ਦੀ ਵਾਰ ਦੀ ਪੰਜਵੀਂ ਪਉੜੀ ਵਿਚ ਕਥਨ ਕੀਤਾ ਹੈ-

ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ॥
ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ॥
ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ॥
ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਭੀ ਪਾਈ॥
ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ॥ ੫॥

(ਵਡਹੰਸ ਵਾਰ ਪੰਨਾ ੫੮੮)

ਸਲੋਕੁ ਮਃ ੧ ॥

ਉਥਾਨਕਾ-ਸਤਿਗੁਰਾਂ ਪਾਸ ਸਿੱਖਾਂ ਨੇ ਬੇਨਤੀ ਕੀਤੀ-ਹੇ ਪ੍ਰਭੂ ! ਜਿਹੜਾ ਪੁਰਸ਼ ਪਖੰਡੀ ਹੈ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੈ, ਉਹ ਤਰਦਾ ਹੈ ਜਾਂ ਨਹੀਂ ?

ਉੱਤਰ-ਪਖੰਡੀ ਦਾ ਕਦੇ ਉਧਾਰ ਨਹੀਂ ਹੋ ਸਕਦਾ।

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥

ਦ੍ਰਿਸ਼ਟਾਂਤ-ਜਿਵੇਂ ਸਿੰਮਲ ਦਾ ਰੁਖੁ=ਬ੍ਰਿਛ ਸਰਾਇਰਾ=ਸਿਧਾ* ਤੇ ਅੰਤਿ ਦੀਰਘ=ਬੜਾ ਲੰਬਾ ਅਤੇ ਮੁਚੁ=ਵਡੇ ਵਿਸਤਾਰ ਵਾਲਾ ਹੁੰਦਾ ਹੈ।

ਅਥਵਾ-ਨੈਨੀਤਾਲ ਆਦਿ ਪਹਾੜਾਂ ਵਿਚ ਇਕ ਬਹੁਤ ਹੀ ਉੱਚਾ ਬ੍ਰਿਛ ਹੁੰਦਾ ਹੈ ਜਿਸ ਦਾ ਨਾਮ 'ਸਰਾਇ' ਹੈ ਉਸ ਦਾ ਦੂਜਾ ਨਾਮ 'ਗੁਲਰ' ਭੀ ਹੈ, ਉਸ ਸਰਾਇ+ਰਾ=ਸਰਾਇ ਨਾਮੇ ਬ੍ਰਿਛ ਵਰਗਾ ਉੱਚਾ ਸਿੰਮਲ ਦਾ ਬ੍ਰਿਛ ਹੈ ਪਰ ਇਥੇ ਇਕ ਅੰਗੀ ਦ੍ਰਿਸ਼ਟਾਂਤ ਲੈਣਾ, ਕਿਉਂਕਿ ਸਿੰਮਲ ਦਾ ਬ੍ਰਿਛ ਗੁਲਰ ਵਰਗਾ ਉੱਚਾ ਤਾਂ ਹੈ ਪਰੰਤੂ ਉਸ ਵਰਗੇ ਗੁਣ ਨਹੀਂ ਹਨ।

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥

ਪਰ ਉਸ ਬ੍ਰਿਛ ਉੱਤੇ ਓਇ=ਉਹ** ਜੇਹੜੇ ਤੋਤੇ ਫਲ ਖਾਣ ਦੀ ਆਸ਼ਾ ਧਾਰ ਕੇ ਆਉਂਦੇ ਹਨ, ਉਹ ਨਿਰਾਸ ਹੋ ਕੇ ਚਲੇ ਜਾਂਦੇ ਹਨ।

ਪ੍ਰਸ਼ਨ-ਕਿਤੁ=ਕਿਸ ਵਾਸਤੇ ਉਹ ਨਿਰਾਸ ਹੋ ਕੇ ਚਲੇ ਜਾਂਦੇ ਹਨ ? ਕੀ ਉਹਨਾਂ ਨੂੰ ਫਲ ਨਹੀਂ ਲੱਗਦੇ, ਜਾਂ ਫੁਲ ਨਹੀਂ ਲੱਗਦੇ ਜਾਂ ਪੱਤੇ ਨਹੀਂ ਲੱਗਦੇ ?

**ਸੰਪ੍ਰਦਾਈ ਅਰਥ 'ਸਰਾਇਰਾ' ਦਾ 'ਸਿਧਾ' ਹੈ ਤੇ ਕੋਸ਼ ਦੇ ਅਨੁਸਾਰ ਐਸੇ ਹੈ-ਸਰ+ਆਇਰਾ=ਤੀਰ ਵਰਗਾ।*
ਅਥਵਾ:-ਸਰਾਇ+ਰਾ=ਸਰਾਂ ਵਰਗਾ ਫੈਲਾਉਦਾਰ ਜਿਥੇ ਸੁਖ ਦੀ ਆਸ਼ਾ ਕਰਕੇ ਮੁਸਾਫਰ ਲੋਕ ਆਉਂਦੇ ਹਨ।
***ਓਇ ਤੋਂ ਭਾਵ ਪੰਛੀ ਹੈ ਪਰ ਇਥੇ ਵਿਸ਼ੇਸ਼ ਪੰਛੀ ਤੋਤਾ ਸਮਝਣਾ। ਜੈਸਾ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ-*
ਫੁਲ ਰਤੇ ਫਲ ਬਕਬਕੇ ਹੁਇ ਅਫਲ ਫਲੰਦਾ॥ ਸਾਵਾ ਤੋਤਾ ਚਹੁਚੁਹਾ ਤਿਸ ਦੇਖ ਭੁਲੰਦਾ॥

ਉੱਤਰ-ਫਲ ਭੀ ਲੱਗਦੇ ਹਨ, ਫੁਲ ਭੀ ਲੱਗਦੇ ਹਨ ਤੇ ਪੱਤੇ ਭੀ ਲੱਗਦੇ ਹਨ।

ਪ੍ਰਸ਼ਨ-ਫੇਰ ਉਸ ਨਿਰਾਸ ਕਿਉਂ ਜਾਂਦੇ ਹਨ ? ਉੱਤਰ

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥

ਉਸ ਬ੍ਰਿਛ ਦੇ ਫਲ ਫਿਕੇ ਹਨ, ਫੁਲ ਵੀ ਬਕਬਕੇ=ਬੇ-ਸੁਆਦੇ ਹਨ ਅਤੇ ਉਸ ਦੇ ਪੱਤੇ ਵੀ ਕਿਸੇ ਕੰਮ ਨਹੀਂ ਆਉਂਦੇ । ਜਦ ਤੋਤਾ ਉਹਨਾਂ ਫਲਾਂ ਵਿਚ ਚੁੰਝ ਮਾਰਦਾ ਹੈ ਤਾਂ ਵਿਚ ਹੀ ਫਸ ਜਾਂਦੀ ਹੈ ਬੜੀ ਮੁਸ਼ਕਲ ਨਾਲ ਬਾਹਰ ਨਿਕਲਦੀ ਹੈ।

ਯਥਾ-ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥
'ਸੇ ਫਲ ਕੰਮਿ ਨ ਆਵਨ੍ਹੀ' ਤੇ ਗੁਣ ਮੈ ਤਨਿ ਹੰਨ੍ਹਿ ॥ ੪ ॥

(ਸੂਹੀ ਮ: ੧ ਪੰਨਾ ੭੨੯)

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਮਿਠਾਸ ਤੋਂ ਬਿਨਾਂ ਹੋਣ ਕਰਕੇ ਉਸ ਦਾ ਉੱਚਾਪਨ, ਵੱਡਾਪਨ ਤੇ ਸੋਹਣਾ ਦਿਖਾਵਾ ਨਿਕੰਮਾ ਹੈ। ਉਸ ਨਾਲੋਂ ਨੀਵੀਂ ਜੋ ਬੇਰ ਹੈ ਉਹ ਚੰਗੀ ਹੈ, ਕਿਉਂਕਿ ਉਸ ਵਿਚ ਤਿੰਨ ਗੁਣ ਹਨ। ਇਕ ਤਾਂ ਉਸ ਦੇ ਗੁਣ=ਬੇਰ ਮਿੱਠੇ ਹਨ। ਦੂਜਾ-ਉਸ ਦੀ ਛਾਂ ਸਭ ਤੋਂ ਚੰਗਿਆਈਆ=ਚੰਗੀ ਹੈ।

ਤੀਜਾ-ਉਸ ਦੀ ਤਤੁ=ਲੱਕੜ ਹੱਛੀ ਹੈ। ਹੁਣ ਦਾ ਦ੍ਰਿਸ਼ਟਾਂਤ ਸੁਣੋ।

ਦੂਸਰਾ ਅਰਥ-

'ਸਿੰਮਲ ਰੁਖੁ ਸਰਾਇਰਾ'

ਬਚਨਾਂ ਕਰਕੇ ਸਿੱਧਾ ਪ੍ਰਤੀਤ ਹੁੰਦਾ ਹੈ *ਅਥਵਾ:*-ਸਿੱਧੀਆਂ ਪੱਗਾਂ ਬੰਨ੍ਹਦਾ ਹੈ, ਸਿਧੇ ਚੋਲੇ ਪਹਿਰਦਾ ਹੈ।

'ਅਤਿ ਦੀਰਘ'

ਜਸ ਪ੍ਰਤਾਪ ਬਹੁਤ ਬਣਿਆਂ ਹੋਇਆ ਹੈ।

'ਅਤਿ ਮੁਚੁ ॥'

ਚੇਲੇ ਪਰ ਚੇਲਾ ਭਾਵ ਚੇਲੇ ਚਾਟੜੇ ਬਹੁਤ ਸਾਰੇ ਹਨ। ਐਹੋ ਜਿਹੇ ਪ੍ਰਤਾਪੀ ਸੰਤਾਂ ਪਾਸ-

'ਓਇ ਜਿ ਆਵਹਿ ਆਸ ਕਰਿ'

ਉਹ ਜਗਿਆਸੂ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਜਦ ਆਸਾਂ ਧਾਰ ਕੇ ਆਉਂਦੇ ਹਨ।

'ਜਾਹਿ ਨਿਰਾਸੇ ਕਿਤੁ ॥'

ਤਾਂ ਨਿਰਾਸ ਹੋ ਕੇ ਚਲੇ ਜਾਂਦੇ ਹਨ।

ਪ੍ਰਸ਼ਨ-ਨਿਰਾਸ ਹੋ ਕੇ ਕਿਤੁ=ਕਿਸ ਵਾਸਤੇ ਜਾਂਦੇ ਹਨ ? ਉੱਤਰ-

'ਫਲ ਫਿਕੇ'

ਬ੍ਰਹਮ ਗਿਆਨ ਦੀਆਂ ਗੱਲਾਂ ਦਿਖਾਵੇ ਮਾਤ੍ਰ ਕਰਦੇ ਹਨ।

*ਯਥਾ-*ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥

(ਬਿਲਾਵਲ ਮਹਲਾ ੩, ਪੰਨਾ ੮੩੨)

'ਫੁਲ ਬਕ ਬਕੇ'

ਕਰਮ ਕਰਦੇ ਹਨ ਪਰੰਤੂ ਸ਼ਕਾਮ ਕਰਮ ਕਰਦੇ ਹਨ।

'ਕੰਮਿ ਨ ਆਵਹਿ ਪਤ॥'

ਉਹਨਾਂ ਦੀ ਪਤ=ਪ੍ਰਤਿਸ਼ਟਾ ਜਿਹੜੀ ਲੋਕਾਂ ਵਿਚ ਹੋ ਰਹੀ ਹੈ, ਓਹ ਭੀ ਕਿਸੇ ਕੰਮ ਨਹੀਂ ਆਉਂਦੀ।

'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥'

ਉਹਨਾਂ ਪਖੰਡੀਆਂ ਨਾਲੋਂ ਅੰਤ੍ਰੀਵ ਗੁਣ ਧਾਰਨ ਕਰਨ ਵਾਲਿਆਂ ਦੀ ਵਿਸ਼ੇਸ਼ਤਾ ਦੱਸਦੇ ਹਨ-

'ਮਿਠਤੁ'=ਮਿੱਠੇ ਮਿੱਠੇ ਤੇ ਸੱਚ-ਸੱਚ ਬਚਨ ਬੋਲਣ ਵਾਲੇ।

'ਨੀਵੀ'=ਸਭ ਅਗੇ ਨਿੰਮ੍ਰਤਾ ਗੁਣ ਧਾਰਨ ਵਾਲੇ।

'ਗੁਣ'=ਸਤ ਸੰਤੋਖ ਧੀਰਜ ਧਰਮ ਵਿਚਾਰ ਆਦਿ ਗੁਣ ਗ੍ਰਹਿਨ ਕਰਨ ਵਾਲੇ।

'ਚੰਗਿਆਈਆ'=ਪਰਉਪਕਾਰ ਕਰਨ ਵਾਲੇ।

'ਤਤੁ'=ਤਤ ਮਿਥਿਆ ਦਾ ਵਵੇਚਨ ਕਰਨ ਵਾਲੇ ਸਭ ਤੋਂ ਸ੍ਰੇਸ਼ਟ ਹਨ।

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥

ਸਭ ਕੋਈ ਆਪਣੇ ਅਗੇ ਲੋਕਾਂ ਨੂੰ ਨਿਵਾਇਆ ਚਾਹੁੰਦਾ ਹੈ। ਪਰਾਏ ਅਗੇ ਕੋਈ ਨਿਵਾਇਆ ਨਹੀਂ ਚਾਹੁੰਦਾ।

ਅਥਵਾ:-ਸਭ ਕੋਈ ਆਪਣੇ ਵਾਸਤੇ ਨਿਵੰਦਾ ਹੈ ਪਰ ਦੂਸਰੇ ਨੂੰ ਕੋਈ ਨਹੀਂ ਨਿੰਵਦਾ, ਕਿਉਂਕਿ ਦਿਲ ਵਿਚ ਖਿਆਲ ਹੁੰਦਾ ਹੈ ਕਿ ਅੱਜ ਮੈਂ ਮੱਥਾ ਟੇਕਾਂਗਾ ਕਲ੍ਹ ਨੂੰ ਇਹ ਭੀ ਟੇਕੇਗਾ ਪਰ ਨੀਵਾਂ ਬਣਨਾ ਸਭ ਤੋਂ ਚੰਗਾ ਹੈ, ਕਿਉਂਕਿ ਇਸ ਨਿਵਣੇ ਵਿਚ ਨੀਚਾਪਨ ਨਹੀਂ ਸਗੋਂ ਇਸ ਵਿਚ ਗੌਰਵਤਾ ਹੈ। ਜਿਵੇਂ ਪ੍ਰਤੱਖ ਕੋਈ ਸ਼ੈਅ-

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

ਤੱਕੜੀ ਵਿਚ ਧਰ ਕੇ *ਅਥਵਾ:*-ਤਾਰਾਜੂ=ਤੱਕੜੀ ਨੂੰ ਹੱਥ ਵਿਚ ਧਰਿ=ਫੜ ਕੇ ਤੌਲੀਏ ਤਾਂ ਜੇਹੜਾ ਛਾਬਾ ਨਿਉਂਦਾ ਹੈ ਅਰਥਾਤ ਹੇਠਾਂ ਹੁੰਦਾ ਹੈ ਓਹੀ ਗਉਰਾ=ਭਾਰੀ ਹੁੰਦਾ ਹੈ।

ਯਥਾ-ਅੰਮ੍ਰਿਤਸਰ ਬੈਕੁੰਨ ਕੌ ਤੌਲਿਓ ਹਰ ਹਰਦਾਸ।
ਗਉਰਾ ਸੋ ਧਰਤੀ ਰਹਿਓ ਹਉਰਾ ਚੜ੍ਹਿਓ ਅਕਾਸ਼।

ਨਿਵਣ ਵਿਚ ਵੀ ਵਿਚਾਰ ਹੈ, ਇਕ ਨਿਵਣਾ ਦੁੱਖ ਰੂਪ ਹੈ, ਇਕ ਨਿਵਣਾ ਸੁਖ ਰੂਪ ਹੈ।

ਯਥਾ-ਨਿਵਣ ਨੀਚ ਕੀ ਅਤਿ ਦੁਖਦਾਈ॥ ਜਿਉ ਅੰਕੁਸ ਧਨ** ਉਰਗ◇ ਬਿਲਾਈ◇◇॥*

(ਤੁਲਸੀ ਰਮੈਣ)

ਇਹ ਨਿਵਣਾ ਦੁੱਖ ਰੂਪ ਹੈ।

ਏਸੇ ਤਰ੍ਹਾਂ -ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ ॥

(ਸੁਖਮਨੀ ਪੰਨਾ ੨੬੬)

ਪਰੰਤੂ ਹਿਰਦੇ ਅੰਦਰ ਔਗੁਣ ਰੱਖ ਕੇ ਜੋ ਨਿਉਣਾ ਹੈ ਉਹ ਨਿਉਣਾ ਕਿਸੇ ਕੰਮ ਨਹੀਂ।

---

*ਕੁੰਡਾ, **ਧਨੁਖ, ◇ਸੱਪ, ◇◇ਬਿੱਲੀ।

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥

ਅਪਰਾਧੀ=ਗੁਨਾਹਾਂ ਵਾਲਾ, ਦੋਖੀ ਪੁਰਸ਼ ਦੂਣਾ ਨਿਉਂਦਾ ਹੈ ਜੋ ਮਿਰਗਾਹਿ=ਹਰਨ ਆਦਿਕਾਂ ਦੇ ਹੰਤਾ=ਮਾਰਨ ਵਾਲਾ ਹੈ, ਕਿਉਂਕਿ ਹਰਨ ਨੂੰ ਮਾਰਨ ਵਾਲਾ ਹੇਜ਼ੀ ਨਿਉਂਕੇ ਸਿਸ਼ਤ ਲੈਂਦਾ ਹੈ।

ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥ ੧॥

ਇਸ ਤਰ੍ਹਾਂ ਸਿਰ ਨਿਵਾਣੇ ਤੇ ਕੀ ਲਾਭ ਹੁੰਦਾ ਹੈ ਜਾਂ ਇਸ ਦਾ ਦਿਲ ਕੁਸੁਧੇ=ਅਪਵਿੱਤ੍ਰਤਾਈਆਂ ਵਿਚ ਰੁਝਾ ਰਹਿੰਦਾ ਹੈ। ਜੇਕਰ ਦਿਲ ਨੂੰ ਸਾਫ ਕਰ ਕੇ ਗੁਰਾਂ ਅਗੇ ਸਿਰ ਨਿਵਾਏ ਤਾਂ

ਜਮਾਂ ਦੀ ਸੱਟ ਤੋਂ ਬਚ ਜਾਂਦਾ ਹੈ।

ਯਥਾ- ਸੀਸ ਨਿਵਾਇਆਂ ਗਿਰ ਪਰਤ ਬੰਹੁ ਪਾਪਨ ਕੀ ਪੋਟ।
ਤਾਂਤੇ ਸੀਸ ਨਿਵਾਇਐ ਲਗੈ ਨ ਜਮ ਕੀ ਚੋਟ।

ਮਃ ੧॥ ਪੜਿ ਪੁਸਤਕ ਸੰਧਿਆ ਬਾਦੰ॥

ਪਖੰਡ ਪੂਰਬਕ ਚਾਹੇ ਪੁਸਤਕਾਂ ਨੂੰ ਪੜ੍ਹ ਲਵੇ, ਚਾਹੇ ਤ੍ਰਿਕਾਲ ਸੰਧਿਆ ਵੀ ਕਰ ਲਵੇ, ਇਹ ਸਭ ਬਾਦੰ=ਵਿਅਰਥ ਹਨ।

ਸਿਲ ਪੂਜਸਿ ਬਗੁਲ ਸਮਾਧੰ॥

(ੳ) ਭਾਵੇਂ ਸਿਲ=ਠਾਕੁਰ ਦੀ ਮੂਰਤੀ ਨੂੰ ਪੂਜ ਕੇ ਬਗਲੇ ਵਤ ਸਮਾਧੀ ਲੱਗਾ ਲਵੇ।

(ਅ) ਚਾਹੇ ਸਿਲਾ ਨੂੰ ਪੂਜ ਕੇ ਆਪਣੀ ਬਗੁਲ=ਕਿਨਾਰੇ 'ਪਰ ਸਮਾਧੀ ਲੱਗਾ ਲਵੇ।

(ੲ) ਸਿਲਾ ਨੂੰ ਪੂਜ ਕੇ ਆਪਣੀ ਬਗਲ ਵਿਚ ਲੈ ਕੇ ਚਾਹੇ ਸਮਾਧੀ ਲੱਗਾ ਲਵੇ ਇਹ ਪਖੰਡ ਵਾਲੇ ਕਰਮ ਸਭ ਵਿਅਰਥ ਹਨ।

ਮੁਖਿ ਝੂਠੁ ਬਿਭੂਖਣ ਸਾਰੰ॥

ਮੁਖ ਤੋਂ ਐਸਾ ਝੂਠ ਬੋਲਣਾ ਜੋ ਸਾਰੰ=ਸੋਨੇ ਦੇ ਬਿਭੂਖਣ=ਗਹਿਣੇ ਵਾਂਗ ਸੱਚਾ ਕਰ ਵਿਖਾਉਣਾ।

ਸਾਖੀ-ਰਾਜੇ ਦੀ

ਇਕ ਰਾਜਾ ਸੀ, ਉਸ ਨੇ ਇਕ ਦਿਨ ਆਪਣੇ ਮੰਤ੍ਰੀਆਂ ਨੂੰ ਪੁਛਿਆ ਕਿ ਮੇਰੇ ਹੱਥ ਦੀਆਂ ਤਲੀਆਂ ਤੇ ਰੋਮ ਕਿਉਂ ਨਹੀਂ ਹੁੰਦੇ ?

ਮੰਤ੍ਰੀਆਂ ਨੇ ਕਿਹਾ-ਹੇ ਰਾਜ਼ਨ ! ਆਪ ਹਮੇਸ਼ਾਂ ਦਾਨ ਕਰਦੇ ਰਹਿੰਦੇ ਹੋ ਇਸ ਕਰਕੇ ਆਪ ਦੀਆਂ ਤਲੀਆਂ ਤੇ ਰੋਮ ਨਹੀਂ ਹੁੰਦੇ। ਰਾਜੇ ਨੇ ਕਿਹਾ ਫੇਰ ਤੁਹਾਡੀਆਂ ਤਲੀਆਂ ਤੇ ਰੋਮ ਕਿਉਂ ਨਹੀਂ ? ਤਾਂ ਮੰਤ੍ਰੀਆਂ ਨੇ ਕਿਹਾ ਅਸੀਂ ਆਪ ਪਾਸੋਂ ਪਦਾਰਥ ਲੈਂਦੇ ਰਹਿੰਦੇ ਹਾਂ ਇਸ ਵਾਸਤੇ ਸਾਡੀਆਂ ਹੱਥ ਦੀਆਂ ਤਲੀਆਂ 'ਪਰ ਰੋਮ ਨਹੀਂ ਹਨ। ਰਾਜਾ ਇਹ ਸੁਣਕੇ ਬੜਾ ਅਸਚਰਜ ਹੋਇਆ।

ਆਖਰ ਰਾਜੇ ਨੇ ਫੇਰ ਮੰਤ੍ਰੀਆਂ ਨੂੰ ਕਿਹਾ ਕਿ ਲੋਕਾਂ ਦੇ ਹੱਥ ਦੀਆਂ ਤਲੀਆਂ 'ਪਰ ਰੋਮ ਕਿਉਂ ਨਹੀਂ ਹੁੰਦੇ ? ਤਾਂ ਮੰਤ੍ਰੀਆਂ ਨੇ ਕਿਹਾ ਉਹਨਾਂ ਨੂੰ ਕੁਝ ਮਿਲਦਾ ਨਹੀਂ ਤੇ ਓਹ ਹੱਥ ਦੀਆਂ ਤਲੀਆਂ ਮਲਦੇ ਰਹਿੰਦੇ ਹਨ ਇਸ ਵਾਸਤੇ ਉਹਨਾਂ ਦੀਆਂ ਤਲੀਆਂ 'ਪਰ ਰੋਮ ਨਹੀਂ ਹਨ। ਵੇਖੋ ! ਝੂਠ ਨੂੰ ਕਿਸ ਤਰ੍ਹਾਂ ਸੱਚਾ ਕਰ ਵਿਖਾਇਆ।

ਅਥਵਾ:-ਲੋਕਾਂ ਦੇ ਠੱਗਣੇ ਨੂੰ ਜੋ ਮੁਖ ਤੋਂ ਸਾਰੰ=ਸ੍ਰੇਸ਼ਟ ਬਚਨ ਬੋਲਦੇ ਹਨ, ਉਹ ਝੂਠ ਬਿਭੂਖਣ=ਮੁਲੰਮੇ ਦੇ ਗਹਿਣੀਆਂ ਵਾਗੂੰ ਹੈ।

ਤ੍ਰੈਪਾਲ ਤਿਹਾਲ ਬਿਚਾਰੰ॥

ਤ੍ਰੈਪਾਲ=ਤਰੈ-ਪਤੀ ਗਾਇਤ੍ਰੀ ਨੂੰ ਤਿ+ਹਾਲ=ਤਿੰਨ ਵੇਲੇ ਚਾਹੇ ਵਿਚਾਰਨਾ ਕਰੇ। ਇਹ ਤਿੰਨ ਪਾਲਾਂ ਵਾਲੀ ਅਰਥਾਤ ਤਿੰਨ ਪਦਾਂ ਵਾਲੀ ਤ੍ਰਿਪਦਾ ਗਾਇਤ੍ਰੀ ਮੰਤ੍ਰ ਹੈ ਜਿਸ ਨੂੰ ਹਰ ਇਕ ਬ੍ਰਾਹਮਣ ਸੰਧਿਆ ਕਰਨ ਵੇਲੇ ਅਤੇ ਹੋਰ ਕਈ ਸਮਿਆਂ ਉੱਤੇ ਭੀ ਬੜੀ ਸ਼ਰਧਾ ਨਾਲ ਪੜ੍ਹਦਾ ਹੈ, ਕਿਉਂਕਿ ਉਹਨਾਂ ਦਾ ਭਰੋਸਾ ਹੈ ਕਿ ਏਸ ਮੰਤ੍ਰ ਦਾ ਪ੍ਰੇਮ ਨਾਲ ਪਾਠ ਕੀਤਿਆਂ ਸਭ ਪਾਪ ਨਵਿਰਤ ਹੁੰਦੇ ਹਨ।

ਇਹ ਮੰਤ੍ਰ ਯਜੁਰ ਵੇਦ ਧਿਆਇ ੩੬ ਮੰਡਲ ੩ ਵਿਚ ਲਿਖਿਆ ਹੈ।

ਯਥਾ-ਓਂ ਭੂਰ ਭੁਵ: ਸ: ਸਵਿਤੁਰ ਵਰੈਣਯੰ
ਭਰਗੋ ਦੇਵਸਯ ਧੀਮਹੀ ਧਿਯੋ ਯੋ ਨ: ਪ੍ਰਚੋਦਯਾਤ੍ ਓਂ।

ਅਥਵਾ:-ਤਿੰਨਾਂ ਲੋਕਾਂ ਦੇ ਪਾਲਣ ਵਾਲਾ ਜੋ ਪਰਮੇਸ਼ਰ ਹੈ, ਉਹ ਤਿ=ਤੁਹਾਡੇ ਹਾਲ ਨੂੰ ਵਿਚਾਰ ਰਿਹਾ ਹੈ।

ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥

ਚਾਹੇ ਗਲ ਵਿਚ ਮਾਲਾ ਪਹਿਰੀ ਹੋਵੇ ਤੇ ਚਾਹੇ ਲਿਲਾਟੰ=ਮੱਥੇ 'ਪਰ ਤਿਲਕ ਲੱਗਾ ਲਵੇ।

ਚਾਹੇ ਬਸਤ੍ਰ ਦੀਆਂ ਦੋ ਧੋਤੀਆਂ ਪਾਸ ਰੱਖ ਲਵੇ, ਨਿਯਮ ਅਨੁਸਾਰ ਇਕ ਬੰਨੇ ਤੇ ਇਕ ਉਤਾਰੇ। ਚਾਹੇ ਮਸਤਕ 'ਪਰ ਕਪਾਟੰ='ਓਪਰਨਾ' ਰੱਖ ਲਵੇ।

ਅਥਵਾ:-ਬਸ੍ਤ੍ਰ ਕਪਾਟੰ=ਪੱਟ ਦੇ ਬਸਤ੍ਰਾਂ ਦੀਆਂ ਦੋ ਧੋਤੀਆਂ ਬੰਨ੍ਹ ਲਵੇ।

ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥

ਜੇਹੜੇ ਪੁਰਸ਼ ਬ੍ਰਹਮ ਦੀ ਪ੍ਰਾਪਤੀ ਦੇ ਕਰਮਾਂ ਨੂੰ ਜਾਣਦੇ ਹਨ।

ਉਹਨਾਂ ਦੀ ਨਿਗ੍ਹਾ ਵਿਚ ਨਿਸਚੇ ਕਰਕੇ ਇਹ ਸਾਰੇ ਕਰਮ ਫੋਕਟ=ਨਿਸਫਲ ਹਨ।

ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੋ ਪੁਰਸ਼ ਨਿਸਚੇ ਸਹਿਤ ਸਤਿਗੁਰਾਂ ਦੁਆਰੇ ਪਰਮੇਸ਼ਰ ਨੂੰ ਧਿਆਉਂਦਾ ਹੈ। ਉਹ ਝਾਂ ਗਿਆਨ ਰੂਪੀ ਵਾਟ=ਰਸਤੇ ਨੂੰ ਪਾ ਲੈਂਦਾ ਹੈ।

ਜੋ ਸਤਿਗੁਰਾਂ ਤੋਂ ਬਿਨਾਂ ਹੈ, ਉਹ ਭਗਤੀ ਰੂਪੀ ਵਾਟ=ਰਸਤੇ ਨੂੰ ਨਹੀਂ ਪਾਂਦਾ ਹੈ॥ ੨॥

(ਅਗੇ ਵੈਰਾਗ ਜਨਕ ਉਪਦੇਸ਼ ਦੇਂਦੇ ਹਨ-)

ਪਉੜੀ॥ ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥

ਸੋਹਣੇ ਸੋਹਣੇ ਕਪੜੇ ਅਤੇ ਸਰੀਰ ਦਾ ਸੋਹਣਾ ਰੂਪ ਇਸ ਦੁਨੀਆਂ ਦੇ ਅੰਦਰ ਹੀ ਜੀਵਾਂ ਨੇ ਛੱਡ ਕੇ ਪ੍ਰਲੋਕ ਨੂੰ ਚਲਿਆ ਜਾਣਾ ਹੈ।

ਯਥਾ-ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥

(ਆਸਾ ਦੀ ਵਾਰ ਪੰਨਾ ੪੭੪[◆])

ਇਸ ਜੀਵ ਦੇ ਤਿੰਨ ਮਿੱਤ੍ਰ ਹਨ-

੧ ਧਨ। ੨ ਸਨਬੰਧੀ। ੩ ਕਰਮ।

ਧਨ-ਤਦ ਤੱਕ ਮਿੱਤ੍ਰ ਹੈ ਜਿੰਨਾਂ ਚਿਰ ਜ਼ਬਾਨ ਬੰਦ ਨਹੀਂ ਹੁੰਦੀ।

ਸਨਬੰਧੀ-ਮਸਾਣ ਭੂਮਿਕਾ ਤੱਕ ਮਿੱਤਰ ਹਨ ਓਥੇ ਸਾੜ ਫੂਕ ਕੇ ਬਾਹਰ ਆ ਕੇ ਆਖਦੇ ਹਨ ਕਿ ਜਤ੍ਰ ਆਇਆ ਤਤ੍ਰ ਗਤਾ।

ਕਰਮ-ਅਸਲੀ ਇਸ ਦੇ ਕਰਮ ਮਿੱਤ੍ਰ ਹਨ, ਸਦਾ ਹੀ ਇਸ ਦੇ ਸੰਗੀ ਰਹਿੰਦੇ ਹਨ।

ਇਸੀ ਤੇ ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ-

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥

ਆਪੋ ਆਪਣੇ ਮੰਦੇ ਚੰਗੇ ਕਰਮਾਂ ਦੇ ਕੀਤੇ ਅਨੁਸਾਰ ਇਹ ਜੀਵ ਆਪ ਹੀ ਫਲ ਨੂੰ ਪਾਂਵਦਾ ਹੈ।

[ਪੰਨਾ ੪੭੧]

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥

ਏਥੇ ਤਾਂ ਭਾਵੇਂ ਮਨ ਭਾਂਵਦੇ ਹੁਕਮ ਚਲਾਵਣਾ ਕੀਤੇ, ਪਰੰਤੂ ਅਗੈ=ਪ੍ਰਲੋਕ ਵਿਚ ਭੀੜੇ ਰਸਤੇ ਵਿਚ ਜਾਣਾ ਹੋਵੇਗਾ। ਭਾਵ ਆਪਣੀਆਂ ਕੀਤੀਆਂ ਹੋਈਆਂ ਵਧੀਕੀਆਂ ਦੇ ਬਦਲੇ ਦੁੱਖ ਸਹਾਰਨੇ ਪੈਣਗੇ।

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥

ਇਹੋ ਜਿਹਾ ਜੀਵ ਨੰਗਾ ਕਰਕੇ ਨਰਕਾਂ ਵਿਚ ਭੇਜਿਆ ਜਾਵੇਗਾ ਤਾਂ ਖਰਾ ਡਰਾਵਣਾ=ਚੰਗਾ ਭੈਦਾਇਕ ਨਿਗਾਹ ਆਏਗਾ।

ਯਥਾ-ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥

(ਸ੍ਰੀ ਰਾਗ ਮਃ ੧ ਪੰਨਾ ੭੪)

ਕਰਿ ਅਉਗਣ ਪਛੋਤਾਵਣਾ॥ ੧੪॥

ਬਹੁਤੇ ਔਗੁਣਾਂ ਦੇ ਹੋਣ ਕਰਕੇ ਜਿਸ ਵੇਲੇ ਦਰਗਾਹ ਵਿਚ ਸਜ਼ਾ ਮਿਲਦੀ ਹੈ ਤਾਂ ਇਹ ਜੀਵ ਪਸਚਾਤਾਪ ਕਰਦਾ ਹੈ॥ ੧੪॥

ਸਲੋਕੁ ਮਃ ੧॥

ਉਥਾਨਕਾ-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਡੇ ਹੋਏ ਤਾਂ ਪਿਤਾ ਕਾਲੂ ਜੀ ਨੇ ਵਿਚਾਰਿਆ ਹੁਣ ਇਸ ਦੇ ਗਲ ਵਿਚ ਜੰਞੂ ਪੁਆ ਦਈਏ ਭਾਵ ਜੰਞੂ ਸੰਸਕਾਰ ਕਰ ਦੇਈਏ।

[◆]*ਤਥਾ- ਜੀਮ ਜਗ ਸਰਾਇ ਮੁਸਾਫਰਾਂ ਦੀ, ਇਥੇ ਜ਼ੋਰ ਵਾਲੇ ਕਈ ਆ ਗਏ ਨੇ।*
ਨਾਮਰੂਦ ਅਫਰੋਨ ਸੁਦਾਦ ਵਰਗੇ, ਦਾਹਵੇ ਬੰਨ੍ਹ ਖੁਦਾ ਕਹਾ ਗਏ ਨੇ।
ਅਕਬਰ ਬਾਦਸ਼ਾਹ ਜੇਹੇ ਦਿੱਲੀ ਸ਼ਹਿਰ ਅੰਦਰ, ਫੇਰੀ ਵਾਂਗ ਵਣਜਾਰਿਆਂ ਪਾ ਗਏ ਨੇ।
ਸਦਾ ਰਹੂ ਇਕ ਨਾਮ ਪ੍ਰਮਾਤਮਾ ਦਾ, ਵਾਜੇ ਕੂੜ ਦੇ ਕਈ ਵਜਾ ਗਏ ਨੇ।

ਉਸ ਵੇਲੇ ਸਭ ਜਾਤ ਭਾਈਆਂ ਨੂੰ ਇਕੱਠਾ ਕਰਕੇ ਹਰਦਿਆਲ ਪ੍ਰੋਹਤ ਨੂੰ ਬੁਲਾਇਆ। ਜਿਸ ਵੇਲੇ ਉਹ ਜੰਞੂ ਪਾਉਣ ਲੱਗਾ ਤਾਂ ਉਸ ਸਮੇਂ ਸਤਿਗੁਰ ਦੇਵਾਂ ਨੇ ਕਿਹਾ-ਹੇ ਪ੍ਰੋਹਤ ! ਜੇਕਰ ਤੇਰੇ ਪਾਸ ਜੀਅ ਨਾਲ ਨਿਭਣ ਵਾਲਾ ਜਨੇਊ ਹੈ ਤਾਂ ਅਸਾਡੇ ਗਲ ਵਿਚ ਪਾ, ਨਹੀਂ ਤਾਂ ਨਾ ਪਾ।

ਇਹ ਸੁਣਕੇ ਹਰਦਿਆਲ ਪ੍ਰੋਹਤ ਨੇ ਸਤਿਗੁਰ ਨਾਨਕ ਦੇਵ ਜੀ ਪਾਸ ਬੇਨਤੀ ਕੀਤੀ-ਹੇ ਪ੍ਰਭੂ ! ਐਸਾ ਜੰਞੂ ਤਾਂ ਮੇਰੇ ਪਾਸ ਨਹੀਂ ਹੈ। ਆਪ ਕ੍ਰਿਪਾ ਕਰਕੇ ਸ੍ਰਵਣ ਕਰਾਓ ਜੋ ਕਿ ਜੀਅ ਨਾਲ ਨਿਭਣ ਵਾਲਾ ਜਨੇਊ ਕੇਹੜਾ ਹੈ ? ਤਾਂ ਸਤਿਗੁਰ ਦੇਵ ਜੀ ਕਥਨ ਕਰਦੇ ਹਨ-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

ਸਾਰਿਆਂ ਜੀਵਾਂ ਉਪਰ ਜਿਹੜੀ ਦਇਆ ਕਰਨੀ ਹੈ ਇਹ ਕਪਾਹ ਕਰੇ, ਸੰਤੋਖ ਧਾਰਨਾ; (ਯਥਾ ਲਾਭ ਤਥਾ ਸੰਤੁਸ਼ਟ ਰਹਿਣਾ) ਇਹ ਸੂਤ ਕਰੇ। ਸਤ ਦਾ ਬੋਲਣਾ *ਅਥਵਾ*-ਸਤ ਦਾ ਨਿਸਚੇ ਕਰਨਾ ਇਹ ਉਸ ਧਾਗੇ ਦਾ ਵੱਟਣਾ ਹੈ ਜਤੁ=ਜਤਿੰਦਰੇ ਹੋਣਾ ਇਹ ਧਾਗੇ ਨੂੰ ਗੰਢਾਂ ਪਾਵੇ।

ਸਾਖੀ-ਦਇਆ 'ਪਰ ਯੁਧਿਸ਼ਟਰ ਦੀ

ਸੋਲਾਂ ਕਲਾ ਸੰਪੂਰਨ ਦੁਆਪਰ ਜੁਗ ਦੇ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਪਾਸ ਜਦ ਵੀ ਧਰਮ ਪੁਤ੍ਰ ਰਾਜਾ ਯੁਧਿਸ਼ਟਰ ਜੀ ਆਉਂਦੇ ਸਨ ਤਾਂ ਕ੍ਰਿਸ਼ਨ ਭਗਵਾਨ ਜੀ ਬੜੇ ਸਤਿਕਾਰ ਨਾਲ ਆਖਦੇ ਸਨ ਕਿ ਆਓ ਰਾਜਨ ਜੀ !

ਜਿਸ ਵੇਲੇ ਬਿਦਰ ਆਉਂਦਾ ਸੀ ਤਾਂ ਉਸ ਨੂੰ ਆਇਆਂ ਵੇਖ ਕੇ ਆਖਦੇ ਸਨ, ਆਈਏ ਭਗਤ ਜੀ ! ਜੀ ਆਇਆਂ ਨੂੰ।

ਇਸ ਤਰ੍ਹਾਂ ਦੇ ਬਚਨ ਕਈ ਵਾਰੀ ਕ੍ਰਿਸ਼ਨ ਭਗਵਾਨ ਜੀ ਦੇ ਮੁਖੋਂ ਸੁਣਕੇ ਰਾਜਾ ਯੁਧਿਸ਼ਟਰ ਜੀ ਦੇ ਮਨ ਵਿਚ ਖਿਆਲ ਹੁੰਦਾ ਸੀ ਕਿ ਕ੍ਰਿਸ਼ਨ ਭਗਵਾਨ ਜੀ ਮੈਨੂੰ ਧਰਮਾਤਮਾ ਅਤੇ ਨੇਕ ਤਾਂ ਮੰਨਦੇ ਹਨ ਅਤੇ ਅਗੋਂ ਪਿਛੋਂ ਮੇਰੀ ਉਸਤਤੀ ਭੀ ਕਰਦੇ ਹਨ ਤੇ ਮੈਂ ਭੀ ਸਦਾ ਸੱਚ ਬੋਲਦਾ ਹਾਂ ਤੇ ਉਪਕਾਰ ਵਾਲੇ ਕੰਮਾਂ ਨੂੰ ਕਰ੍ਦਾ ਹਾਂ ਪਰ ਭਗਵਾਨ ਜੀ ਮੈਨੂੰ ਭਗਤ ਕਹਿ ਕੇ ਕਿਉਂ ਨਹੀਂ ਬੁਲਾਉਂਦੇ ? ਰਾਜਾ ਯੁਧਿਸ਼ਟਰ ਜੀ ਨੇ ਮਨ ਵਿਚ ਕ੍ਰਿਸ਼ਨ ਭਗਵਾਨ ਜੀ ਦੇ ਮੁਖੋਂ ਆਪਣੇ ਆਪ ਨੂੰ 'ਭਗਤ' ਸ਼ਬਦ ਸੁਣਨ ਦਾ ਸੰਕਲਪ ਕਾਫੀ ਸਮਾਂ ਬਣਿਆਂ ਰਿਹਾ ਪਰ ਅੰਤਰਜਾਮੀ ਸ੍ਰੀ ਕ੍ਰਿਸ਼ਨ ਜੀ ਨੇ ਉਸ ਦੇ ਮਨ ਦੇ ਅਭਿਪ੍ਰਯਾਇ ਨੂੰ ਜਾਣਦਿਆਂ ਹੋਇਆਂ ਭੀ ਕਦੀ ਭਗਤ ਕਹਿ ਕੇ ਨਹੀਂ ਸੀ ਬੁਲਾਇਆ, ਕਿਉਂਕਿ ਭਗਤਾਂ ਵਾਲੇ ਕਰਮ ਜੋ ਉਸ ਦੇ ਅੰਦਰ ਨਹੀਂ ਸਨ।

ਇਕ ਦਿਨ ਦਾ ਜ਼ਿਕਰ ਹੈ ਕਿ ਰਾਜਾ ਯੁਧਿਸ਼ਟਰ ਜੀ ਘੋੜੇ ਤੇ ਅਸਵਾਰ ਹੋ ਕੇ ਸ਼ਿਕਾਰ ਵਾਸਤੇ ਜੰਗਲ ਵਿਚ ਪਹੁੰਚੇ ਤਾਂ ਕੀ ਸੁਣਦੇ ਹਨ ਕਿ ਕੋਈ ਇਕ ਭੀਲਾਂ ਦੀ ਲੜਕੀ ਅਤਿਅੰਤ ਦਰਦਨਾਕ ਬੜੀ ਉੱਚੀ ਉੱਚੀ ਪੁਕਾਰ ਕਰ ਰਹੀ ਹੈ। ਧਰਮਾਤਮਾ ਯੁਧਿਸ਼ਟਰ ਜੀ ਤੋਂ ਦਰਦ ਭਰੀਆਂ ਕੂਕਾਂ ਸੁਣਕੇ ਰਿਹਾ ਨਾ ਗਿਆ ਜਿਧਰੋਂ ਆਵਾਜ਼ ਆਉਂਦੀ ਸੁਣੀ ਉਸੇ ਪਾਸੇ ਨੂੰ ਚੱਲ ਪਏ ਤਾਂ ਕੀ ਦੇਖਦੇ ਹਨ ਕਿ ਜੰਗਲ ਵਿਚ ਇਕ ਟੁੱਟੀ ਛਪਰੀ ਵਿਚ ਭੀਲਾਂ ਦੀ ਲੜਕੀ ਦਰਦ ਨਾਲ ਪੁਕਾਰ ਰਹੀ ਹੈ। ਉਸ ਦਾ ਘਰ ਵਾਲਾ ਤੇ ਹੋਰ ਸਬੰਧੀ ਕੋਈ ਪਾਸ ਨਹੀਂ ਸੀ।

ਜਦ ਰਾਜਾ ਯੁਧਿਸ਼ਟਰ ਜੀ ਨੇ ਉਸ ਨੂੰ ਪੁਛਿਆ ਕਿ ਬੱਚੀ ! ਤੈਨੂੰ ਕੀ ਤਕਲੀਫ ਹੈ? ਤਾਂ ਉਸ ਨੇ ਯੁਧਿਸ਼ਟਰ ਜੀ ਨੂੰ ਬਸਤ੍ਰ ਸ਼ਸਤ੍ਰ ਸਜਾਏ ਬਾਦਸ਼ਾਹੀ ਲਿਬਾਸ ਵਿਚ ਦੇਖ ਕੇ ਬੇਨਤੀ ਕੀਤੀ ਕਿ ਮਹਾਰਾਜ ! ਮੈਂ ਇਕੱਲੀ ਹੀ ਇਸ ਜੰਗਲ ਵਿਚ ਦੁੱਖੀ ਹੋ ਰਹੀ ਹਾਂ, ਕਿਉਂਕਿ ਮੇਰੇ ਬੱਚਾ ਪੈਦਾ ਹੋਣ ਵਾਲਾ ਹੈ ਸ਼ਹਿਰ ਨੇੜੇ

ਨਹੀਂ ਹੈ, ਨਾ ਕੋਈ ਮੇਰੇ ਪਾਸ ਆਦਮੀ ਹੈ ਜਿਹੜਾ ਦਾਈ ਨੂੰ ਜਾ ਕੇ ਬੁਲਾ ਲਿਆਵੇ। ਨਾ ਹੀ ਮੇਰੇ ਪਾਸ ਉਸ ਨੂੰ ਦੇਣ ਵਾਸਤੇ ਕੋਈ ਪੈਸਾ ਹੀ ਹੈ। ਜੇ ਕੋਈ ਐਸ ਵੇਲੇ ਨਿਕਟਵਰਤੀ ਸਬੰਧੀ ਮਾਤਾ ਜਾਂ ਭੈਣ ਮੇਰੇ ਪਾਸ ਹੁੰਦੀ ਤਾਂ ਮੇਰਾ ਪੇਟ ਮਲਦੀ ਜਿਸ ਕਰ ਕੇ ਮੈਂ ਸੁਖੈਨ ਹੀ ਇਸ ਕਸ਼ਟ ਤੋਂ ਛੁਟਕਾਰਾ ਪਾ ਲੈਂਦੀ।

ਇਹ ਗੱਲ ਸੁਣਕੇ ਯੁਧਿਸ਼ਟਰ ਦੇ ਮਨ ਵਿਚ ਦਇਆ ਆ ਗਈ ਤੇ ਆਪਣੇ ਰਾਜਸੀ ਲਿਬਾਸ ਨੂੰ ਉਤਾਰ ਕੇ ਤੇ ਰਾਜਿਆਂ ਵਾਲੀ ਪੁਜ਼ੀਸ਼ਨ ਦਾ ਨਾ ਖਿਆਲ ਕਰਦੇ ਹੋਏ ਕੇਵਲ ਇਕ ਅਬਲਾ ਦੀ ਜਾਨ ਬਚਾਉਣ ਵਾਸਤੇ ਉਸ ਲੜਕੀ ਦੇ ਰੋਕਦਿਆਂ ਰੋਕਦਿਆਂ ਆਪਣੇ ਨੇਤ੍ਰਾਂ ਤੇ ਪੱਟੀ ਬੰਨ੍ਹ ਦੇ ਦਾਈਆਂ ਵਾਲਾ ਕਰਮ ਕੀਤਾ।

ਜਦ ਉਸ ਲੜਕੀ ਦੇ ਬੱਚਾ ਪੈਦਾ ਹੋ ਗਿਆ ਤਾਂ ਉਸ ਨੇ ਰਾਜੇ ਯੁਧਿਸ਼ਟਰ ਨੂੰ ਬੜੀਆਂ ਅਸੀਸਾਂ ਦਿੱਤੀਆਂ।

ਪੁਨਾ-ਰਾਜਾ ਯੁਧਿਸ਼ਟਰ ਜੀ ਉਸ ਦੇ ਖਾਨ ਪਾਨ ਵਾਸਤੇ ਕੁਝ-ਕੁ ਨਕਦੀ ਤੇ ਇਕ ਸੋਨੇ ਦੀ ਮੁੰਦਰੀ ਦੇ ਕੇ ਵਾਪਸ ਆ ਗਏ।

ਹਸਤਨਾਪੁਰ ਵਿਚ ਵਾਪਸ ਆ ਕੇ ਉਹ ਬਸਤ੍ਰ ਲਾਹ ਕੇ ਅਰ ਇਸ਼ਨਾਨ ਆਦਿ ਕਰਕੇ ਹੋਰ ਚੰਗੇ ਬਸਤ੍ਰ ਪਹਿਨ ਲਏ ਤੇ ਕ੍ਰਿਸ਼ਨ ਭਗਵਾਨ ਜੀ ਦੇ ਦਰਸ਼ਨ ਵਾਸਤੇ ਮਨ ਲੋਚਦਾ ਸੀ ਉਸੇ ਵੇਲੇ ਆ ਕੇ ਕ੍ਰਿਸ਼ਨ ਮਹਾਰਾਜ ਜੀ ਦੇ ਪਾਸ ਪੁੱਜੇ। ਅੰਤਰਜਾਮੀ ਕ੍ਰਿਸ਼ਨ ਜੀ ਨੇ ਯੁਧਿਸ਼ਟਰ ਨੂੰ ਦੂਰੋਂ ਆਉਂਦਿਆਂ ਦੇਖ ਕੇ ਬੜੀ ਪ੍ਰਸੰਨਤਾ ਨਾਲ ਕਿਹਾ, ਆਓ ਭਗਤ ਜੀ ! ਬੜੀ ਕ੍ਰਿਪਾ ਕੀਤੀ, ਦਰਸ਼ਨ ਬਖਸ਼ੇ ਹਨ।

ਯੁਧਿਸ਼ਟਰ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ-ਮਹਾਰਾਜ ! ਮੈਂ ਕਾਫੀ ਸਮੇਂ ਤੋਂ ਆਪ ਜੀ ਦੀ ਪਵਿੱਤ੍ਰ ਰਸਨਾ ਤੋਂ ਇਹ 'ਭਗਤ' ਵਾਲਾ ਸ਼ਬਦ ਸੁਣਨਾ ਚਾਹੁੰਦਾ ਸੀ । ਅੱਜ ਕੀ ਕਾਰਨ ਹੈ ਆਪ ਜੀ ਨੇ ਆਉਂਦਿਆਂ ਸਾਰ ਹੀ ਮੈਨੂੰ ਭਗਤ ਕਹਿ ਕੇ ਮੇਰੀ ਦਿਲੀ ਇੱਛਾ ਪੂਰੀ ਕਰ ਦਿੱਤੀ ਹੈ ?

ਇਹ ਗੱਲ ਸੁਣਕੇ ਭਗਵਾਨ ਜੀ ਕਹਿਣ ਲੱਗੇ-ਜੇ ਰਾਜਨ ! ਅੱਜ ਤੈਨੇ ਭਗਤਾਂ ਵਾਲਾ ਕੰਮ ਕੀਤਾ ਹੈ, ਏਸ ਕਰਕੇ ਮੈਂ ਤੈਨੂੰ ਅੱਜ 'ਆਓ ਭਗਤ ਜੀ' ਆਖਿਆ ਹੈ, ਕਿਉਂਕਿ ਤੈਨੇ ਆਪਣੇ ਸ਼ਾਹੀ ਠਾਠ ਤੇ ਪੁਜ਼ੀਸ਼ਨ ਦਾ ਖਿਆਲ ਨਾ ਕਰਦੇ ਹੋਇਆਂ ਭੀਲਾਂ ਦੇ ਘਰ ਜਾ ਕੇ ਨੀਚ ਦਾਈਆਂ ਵਾਲਾ ਕਰਮ ਕੀਤਾ ਹੈ। ਇਸ ਤੋਂ ਉਪਰ ਹੋਰ ਕੋਈ ਦਯਾ ਨਹੀਂ ਹੈ, ਮੈਂ ਤੇਰੇ 'ਪਰ ਇਸ ਲਈ ਬੜਾ ਪ੍ਰਸੰਨ ਹਾਂ, ਕਿਉਂਕਿ ਜੀਵਾਂ 'ਪਰ ਜੇਹੜੀ ਦਯਾ ਕਰਨੀ ਹੈ, ਏਹੀ ਸਭ ਤੋਂ ਵੱਡਾ ਪੁੰਨ ਹੈ।

ਯਥਾ-ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥

(ਮਾਝ ਮ: ੫ ਪੰਨਾ ੧੩੬)

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਇਹ ਗਿਆਨ ਰੂਪ ਜਨੇਉ ਜੀਅ ਨਾਲ ਨਿਭਣ ਵਾਲਾ ਹੈ।

ਹੇ ਪੰਡਿਤ ! ਇਸ ਤਰ੍ਹਾਂ ਦਾ ਜਨੇਊ ਜੇ ਤੇਰੇ ਪਾਸ ਹੈ ਤਾਂ ਸਾਡੇ ਗਲ ਵਿਚ ਘਤੁ=ਪਾ ਦੇਹ।

ਪ੍ਰਤੱਖ ਜਨੇਊ ਤਾਂ ਟੁਟ ਵੀ ਜਾਂਦਾ ਹੈ ਉਸ ਨੂੰ ਮੈਲ ਵੀ ਲੱਗ ਜਾਂਦੀ ਹੈ, ਸੜ ਵੀ ਜਾਂਦਾ ਹੈ ਤੇ ਜਦ ਤੱਕ ਸਰੀਰ ਵਿਖੇ ਸਵਾਸ ਹਨ ਓਨਾਂ ਚਿਰ ਨਾਲ ਰਹਿੰਦਾ ਹੈ।

ਯਥਾ- ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ॥

(ਆਸਾ ਮ: ੫ ਪੰਨਾ ੩੫੫)

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥

ਪਰੰਤੂ ਇਹ ਗਿਆਨ ਰੂਪੀ ਜਨੇਊ ਨਾ ਟੁਟਦਾ ਹੈ, ਨਾ ਹੀ ਇਸ ਨੂੰ ਰਾਗ ਦਵੈਸ਼ ਤੇ ਪਾਪਾਂ ਰੂਪੀ ਮੈਲ ਲੱਗਦੀ ਹੈ ਤੇ ਨਾ ਹੀ ਇਹ ਸੜਦਾ ਹੈ ਤੇ ਨਾ ਹੀ ਇਸ ਦੇ ਪਹਿਰਣ ਵਾਲਾ ਜੀਵ ਕਿਸੇ ਜੂਨ ਵਿਚ ਜਾਂਦਾ ਹੈ। *ਅਥਵਾ:*-ਨਾ ਹੀ ਇਹ ਗੁਆਚਦਾ ਹੈ।

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

ਉਹ ਪੁਰਸ਼ ਧੰਨਤਾ ਯੋਗ ਹਨ, ਜੋ ਇਹ ਤਰ੍ਹਾਂ ਦੇ ਗਿਆਨ ਰੂਪੀ ਜਨੇਊ ਨੂੰ ਗਲ ਵਿਚ ਪਾ ਕੇ ਪ੍ਰਲੋਕ ਵਿਚ ਚਲੇ ਹਨ।

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥

ਚਉਕੜਿ ਨਾਮ ਜਨੇਊ ਦਾ ਹੈ ਜੋ ਸਤਿਜੁਗ ਵਿਚ ਚਾਰ ਪੌਲੀਆਂ ਦਾ ਆਉਂਦਾ ਸੀ। ਤਰੇਤੇ ਵਿਚ ਚਾਰ ਆਨਿਆਂ ਦਾ, ਦੁਆਪੁਰ ਵਿਚ ਚਾਰ ਪੈਸਿਆਂ ਦਾ, ਕਲਜੁਗ ਵਿਚ ਚਾਰ ਕੌਡੀਆਂ ਦਾ ਆਉਂਦਾ ਹੈ, ਉਸ ਨੂੰ ਮੁਲ ਅਣਾਇਆ=ਲਿਆਂਦਾ ਹੈ ਤੇ ਪ੍ਰੋਹਤ ਨੇ ਚਉਕੇ ਵਿਚ ਬੈਠ ਕੇ ਗਣੇਸ਼ ਨੂੰ ਪੂਜ ਕੇ ਜਜਮਾਨ ਦੇ ਗਲ ਪਾਉਣਾ ਕੀਤਾ।

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥

ਤੇ ਕੰਨਾਂ ਵਿਚ ਸਿਖਾ=ਸਿਖਿਆ ਚੜਾਈਆ=ਉਚਾਰੀਆਂ ਕਿ ਪੇਸ਼ਾਬ ਜਾਂ ਟੱਟੀ ਫਿਰਨ ਵੇਲੇ ਜਨੇਊ ਕੰਨਾਂ ਵਿਚ ਪਾ ਲਵੀਂ, ਇਤਨੀ ਰੀਤੀ ਕਰਨ ਨਾਲ ਬ੍ਰਾਹਮਣ ਗੁਰੂ ਥਿਆ=ਹੋ ਗਿਆ।

ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥ ੧॥

ਜਿਸ ਵੇਲੇ ਅਉਧੀ ਪੂਰੇ ਹੋਣ 'ਪਰ ਉਹ ਜਜਮਾਨ ਮ੍ਰਿਤੂ ਹੋ ਗਿਆ ਭਾਵ ਪ੍ਰਾਣਾਂ ਦਾ ਵਿਜੋਗ ਹੋਇਆ ਤਾਂ ਉਹ ਜਨੇਊ ਇਥੇ ਹੀ ਝੜ ਪਿਆ, ਢਹਿ ਪਿਆ, ਪ੍ਰਲੋਕ ਵਿਚ ਤਗ=ਜਨੇਊ ਤੋਂ ਵੇ=ਰਹਿਤ ਹੋ ਕੇ ਚਲਾ ਗਿਆ॥ ੧॥

ਮਃ ੧॥

ਜਨੇਊ ਪਾ ਕੇ ਚੋਰੀ ਯਾਰੀ ਤੋਂ ਰਹਿਤ ਹੋਣਾ ਸੀ, ਸਗੋਂ ਇਹ ਪਰਮਾਦੀ[◆] ਜੀਵ ਜਨੇਊ ਨੂੰ ਪਾ ਕੇ-

---

[◆] *ਦੋਹਰਾ-ਪੁਨਜ ਫਲ ਮਿਛੰਤੀ ਪੁੰਨੇ ਨ ਮਿਛੰਤੀ ਮਾਨਵਾ॥*
ਨਾ ਪਾਪ ਫਲ ਮਿਛੰਤੀ ਪਾਰ ਕੁਰਵੰਤੀ ਜਤਨ ਤਾਹਾ॥
ਅਰਥ- ਪੁੰਨਾਂ ਦੇ ਫਲ ਨੂੰ ਇਹ ਪੁਰਸ਼ ਚਾਹੁੰਦਾ ਹੈ ਪਰੰਤੂ ਪੁੰਨਾਂ ਨੂੰ ਕਰਦਾ ਨਹੀਂ ਅਤੇ ਪਾਪਾਂ ਦੇ ਫਲ ਨੂੰ ਚਾਹੁੰਦਾ ਨਹੀਂ ਪਰ ਕਈ ਯਤਨਾਂ ਨਾਲ ਪਾਪ ਕਰਮ ਨੂੰ ਕਰਦਾ ਹੈ ਇਸ ਵਾਸਤੇ ਇਹ ਪਰਮਾਦੀ ਹੈ।
ਅਥਵਾ- ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥ ਦੀਪੁ ਕੂਏ ਪਰੈ॥੨੧੬॥
ਅਥਵਾ- ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥੨॥
(ਪੰਨਾ ੭੨੭, ਤਿਲੰਗ ਮ: ੯)

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥

ਲੱਖਾਂ ਚੋਰੀਆਂ ਤੇ ਲੱਖਾਂ ਯਾਰੀਆਂ ਕਰਦਾ ਹੈ ਤੇ ਲੱਖਾਂ ਕੂੜੀਆ=ਝੂਠੀਆਂ ਉਗਾਹੀਆਂ ਦੇਂਦਾ ਹੈ। *ਅਥਵਾ*-ਲੱਖਾਂ ਕੁੜੀਆਂ ਮੁੰਡਿਆਂ ਵਿਚ ਲੱਗਾ ਰਹਿੰਦਾ ਹੈ। ਲੱਖਾਂ ਹੋਰ ਗੱਲਾਂ ਕਰਦਾ ਹੈ। *ਅਥਵਾ*-ਲੱਖਾਂ ਝੂਠ ਬੋਲਦਾ ਹੈ ਤੇ ਲੱਖਾਂ ਗਾਲੀਆਂ ਕੱਢਦਾ ਹੈ।

ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥

ਲੱਖਾਂ ਠੱਗੀਆਂ ਅਤੇ ਰਾਤ ਦਿਨੇ ਜੀਆਂ ਦੇ ਨਾਲ ਲੱਖਾਂ ਹੀ ਪਹਿਨਾਮੀਆ=ਲੁਕਾ ਛਿਪਾ ਕਰਦਾ ਹੈ। *ਅਥਵਾ*-ਬੇਈਮਾਨੀਆਂ ਕਰਦਾ ਹੈ।

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥

ਕਪਾਹ ਨੂੰ ਕੱਤ ਕੇ ਧਾਗਾ ਬਣਾਂਵਦੇ ਹਨ ਉਸ ਧਾਗੇ ਨੂੰ ਫਿਰ ਬ੍ਰਾਹਮਣ ਆ ਕੇ ਵਟਦਾ ਹੈ।

ਅਥਵਾ-ਤਗੁ=ਜਨੇਊ ਤਾਂ ਆਪ ਹੀ ਕਪਾਹ ਤੋਂ ਕੱਤੀਦਾ ਹੈ ਅਤੇ ਬ੍ਰਾਹਮਣ ਉਸ ਨੂੰ ਜਜਮਾਨ ਦੇ ਘਰ ਆ ਕੇ ਵੱਟਦਾ ਹੈ।

ਕੁਹਿ ਬਕਰਾ ਰਿੰਨਿ੍ ਖਾਇਆ ਸਭੁ ਕੋ ਆਖੈ ਪਾਇ॥

ਫੇਰ ਬਕਰਾ ਕੁਹ ਕਰਕੇ ਅਰਥਾਤ ਮਾਰ ਕੇ ਰਿੰਨ੍ਹਿਆਂ ਤੇ ਘਰ ਵਿਚ ਆਏ ਹੋਏ ਸਾਰੇ ਅੰਗ ਸਾਕਾਂ ਨੇ ਖਾਧਾ, ਉਸ ਵੇਲੇ ਸਭ ਕੋਈ ਆਖਦਾ ਹੈ ਇਸ ਦੇ ਗਲ ਵਿਖੇ ਜਨੇਊ ਪਾ ਦਿਓ, ਪਾ ਦਿਓ। ਪਹਿਲਾ ਐਸਾ ਭਾਰੀ ਪਾਪ ਕੀਤਾ ਜੋ ਬੱਕਰੇ ਦਾ ਸਿਰ ਕੱਟ ਕੇ ਬੋਟੀ ਬੋਟੀ ਕਰਕੇ ਖਾਧਾ ਤਾਂ ਦਸੋਂ ਉਸ ਨੇ ਭਲਾ ਕੀ ਸਹਾਇਤਾ ਕਰਨੀ ਹੈ?

ਪਿਆਰੇ ਪਾਠਕ ਜੀਓ ! ਬੱਕਰਿਆਂ ਦੇ ਗੱਲ ਨੂੰ ਕੁਹ ਕਰਕੇ ਜਿਹੜਾ ਮਾਸ ਦਾ ਖਾਣਾ ਹੈ ਇਹ ਬਿਲਕੁਲ ਚੰਗਾ ਨਹੀਂ । ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

(ਵਾਰ ਮਾਝ ਮ: ੧, ਪੰਨਾ ੧੪੦)

ਜਦ ਸ੍ਰੀ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਚਲੇ ਤਾਂ ਰਸਤੇ ਵਿਚ ਸੁਤੇ ਸਿਧ ਇਕ ਸ਼ੀਹਾਂ ਉਪਲ ਮਿਲਿਆ ਜੋ ਸੌ ਬਕਰੇ ਆਪਣੇ ਨਾਲ ਲਈ ਜਾਂਦਾ ਸੀ, ਉਸ ਨੇ ਗੁਰਾਂ ਦੇ ਚਰਨ ਕਵਲਾਂ ਉਪਰ ਨਮਸ਼ਕਾਰ ਕੀਤੀ ਤਾਂ ਸਤਿਗੁਰਾਂ ਪੁਛਿਆ:-

ਹੇ ਸ਼ੀਹਾਂ ਉਪਲ ! ਇਹ ਬਕਰੇ ਕਿਸ ਵਾਸਤੇ ਲੈ ਚਲਿਆ ਹੈਂ ?

ਇਹ ਗੱਲ ਸੁਣਕੇ ਉਸ ਨੇ ਕਿਹਾ-ਗਰੀਬ ਨਿਵਾਜ਼ ਜੀਓ ! ਮੇਰੇ ਪੁਤ੍ਰ ਦਾ ਝੰਡ ਚੋਲਾ ਹੈ ਤੇ ਸਾਰੇ ਸੰਬੰਧੀਆਂ ਨੇ ਇਕਠਿਆਂ ਹੋਣਾ ਹੈ । ਇਸ ਲਈ ਬਕਰਿਆਂ ਨੂੰ ਮੈਂ ਲੈ ਚਲਿਆ ਹਾਂ, ਕਿਉਂਕਿ ਇਹ ਅਸਾਡੇ ਵਡਿਆਂ ਦੀ ਰੀਤੀ ਚਲੀ ਆਉਂਦੀ ਹੈ। ਤਾਂ ਸਤਿਗੁਰਾਂ ਕਿਹਾ-ਹੇ ਸ਼ੀਹਾਂ ਉਪਲ !-

ਇਤਨੇ ਜੀਵਨ ਹਿੰਸਾ ਕਰੈਂ॥ ਪਾਪ ਬਿਸਾਲ ਅਪਨ ਸਿਰ ਧਰੈਂ॥
ਅਬ ਤੋ ਸੁਗਮ ਜਾਨੀਅਹਿ ਕਰਿਬੋ॥ ਅੰਤ ਮਹਾਂ ਦੁਖ ਨਰਕਨ ਪਰਬੋ॥

ਦੇਹਿੰ ਸ਼ਾਸਨਾ ਜਮ ਕੇ ਦੂਤ॥ ਤਹਾਂ ਨ ਪਹੁੰਚੈ ਬੰਧਪ ਪੂਤ॥
ਜਿਨਕੇ ਹਿਤ ਅਪ ਕਰਮ ਕਮਾਇ॥ ਤਹਾਂ ਨ ਰੰਚਕ ਹੋਹਿੰ ਸਹਾਇ॥
ਸੁਖ ਭੋਰੈਂ ਗੌ ਸਗਰੇ ਲੋਕ ॥ ਅਪਦਾ ਪਰਹਿ ਤੋਹਿ ਬਡ ਸ਼ੋਕ॥
ਧਰਮਰਾਇ ਜਬ ਕਰਹੈ ਲੇਖਾ॥ ਲਹੈਂ ਮਹਾਂ ਦੁਖ ਰਹੈ ਨ ਸੇਖਾ॥

(ਗੁਰ ਪ੍ਰਤਾਪ ਸੂਰਜ ਰਾਸ ੨ ਅੰਸੂ ੨੬)

ਤਥਾ-ਸੀਹ ਪਜੂਤੀ ਬੱਕਰੀ, ਮਰਦੀ ਹੋਈ ਹੜ ਹੜ ਹੱਸੀ॥
ਸ਼ੀਹੁ ਪੁਛੈ ਵਿਸਮਾਦੁ ਹੋਇ, ਇਤੁ ਅਉਸਰਿ ਕਿਤੁ ਰਹਸਿ ਰਹੱਸੀ॥
ਬਿਨਉ ਕਰੇਂਦੀ ਬੱਕਰੀ, ਪੁਤ੍ਰ ਅਸਾਡੇ ਕੀਚਨਿ ਖੱਸੀ॥
ਅੱਕ ਧਤੂਰਾ ਖਾਧਿਆਂ, ਕੁਹਿ ਕੁਹਿ ਖੱਲ ਉਖੱਲਿ ਵਿਣੱਸੀ॥
ਮਾਸੁ ਖਾਨਿ ਗਲ ਵਢਿ ਕੈ, ਹਾਲੁ ਤਿਨਾੜਾ ਕਉਣੁ ਕਰੱਸੀ॥
ਜਗ ਆਇਆ ਸਭ ਕੋਈ ਮਰੱਸੀ॥ ੧੭॥

(ਭਾਈ ਗੁਰਦਾਸ ਜੀ ਵਾਰ ੨੫)

ਇਕ ਸਮੇਂ ਦਾ ਜ਼ਿਕਰ ਹੈ ਜੋ ਬਨ ਵਿਖੇ ਸ਼ੇਰ ਹਰ ਰੋਜ਼ ਪਸ਼ੂਆਂ ਨੂੰ ਮਾਰ ਕੇ ਖਾਂਦਾ ਸੀ। ਇਕ ਦਿਨ ਉਸ ਦੇ ਹੱਥ ਬੱਕਰੀ ਆ ਗਈ। ਜਦ ਉਹ ਸ਼ੇਰ ਬਕਰੀ ਨੂੰ ਮਾਰ ਕੇ ਖਾਣ ਲੱਗਾ ਤਾਂ ਬਕਰੀ ਟਾਹ ਟਾਹ ਕਰਕੇ ਹੱਸੀ। ਉਸ ਵੇਲੇ ਸ਼ੇਰ ਅਸਚਰਜ ਹੋ ਕੇ ਬਕਰੀ ਪਾਸੋਂ ਪੁਛਦਾ ਹੈ-

ਹੇ ਬਕਰੀ ! ਤੂੰ ਕਿਉਂ ਹੱਸੀ ਹੈਂ ? ਸਮਾਂ ਸੋਚ ਕੇ ਬੱਕਰੀ ਨੇ ਬੇਨਤੀ ਕਰਦੀ ਹੈ ਕਿ ਸਾਡੇ ਪੁਤ੍ਰ ਨਮਰਦ ਹੋ ਜਾਣੇ ਚਾਹੀਦੇ ਹਨ, ਕਿਉਂਕਿ ਜੇ ਨਮਰਦ ਹੋ ਗਏ ਤਾਂ ਅਗੋਂ ਸੰਤਾਨ ਨਹੀਂ ਹੋਵੇਗੀ।

ਇਹ ਗੱਲ ਸੁਣਕੇ ਸ਼ੇਰ ਨੇ ਕਿਹਾ-ਤੇਰੇ ਇਸ ਖਿਆਲ ਵਿਚ ਕੇਹੜੀ ਸ੍ਰੇਸ਼ਟ ਗੱਲ ਹੈ ਤਾਂ ਬਕਰੀ ਆਖਦੀ ਹੈ ਹੇ ਸ਼ੇਰ ! ਅਸੀਂ ਅੱਕ ਤੇ ਧਤੂਰਾ ਪੱਤੇ ਆਦਿਕ ਚੀਜ਼ਾਂ ਖਾਂਦੀਆਂ ਹਾਂ ਤੇ ਸਾਡੇ ਨਾਲ ਇਹ ਹਾਲ ਗੁਜ਼ਰਦਾ ਹੈ ਤੇ ਜੇਹੜੇ ਮਾਸ ਨੂੰ ਖਾਂਦੇ ਹਨ ਉਹਨਾਂ ਦਾ ਪਤਾ ਨਹੀਂ ਜੋ ਕੀ ਹਾਲ ਹੋਣਾ ਹੈ।

ਭਗਤ ਕਬੀਰ ਜੀ ਨੇ ਲਿਖਿਆ ਹੈ-

ਯਥਾ- ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥ ੧੯੯॥

(ਸਲੋਕ ਕਬੀਰ ਜੀ ਪੰਨਾ ੧੩੭੫)

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ ੨੦੦॥ (ਪੰਨਾ ੧੩੭੫)

ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥

ਜਿਸ ਵੇਲੇ ਇਹ ਜਨੇਊ ਪੁਰਾਣਾ ਹੋ ਜਾਂਦਾ ਹੈ ਤਾਂ ਸੁਟਿਆ ਜਾਂਦਾ ਹੈ। ਭੀ=ਪੁਨਾ ਏਸ ਦੇ ਥਾਂ ਬਾਰੰਬਾਰ ਹੋਰ ਜਨੇਊ ਪਾਇਆ ਜਾਂਦਾ ਹੈ।

ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਤਗੁ=ਜਨੇਊ ਤਾਂ ਨਹੀਂ ਟੁਟਦਾ ਜੇਕਰ ਜਨੇਊ ਵਿਚ ਜੋਰੁ= ਬਲ ਹੋਵੇ।

ਪੁਨਾ-ਪੰਡਿਤ ਹਰਦਿਆਲ ਨੇ ਬੇਨਤੀ ਕੀਤੀ-ਹੇ ਪ੍ਰਭੂ ! ਆਪ ਕ੍ਰਿਪਾ ਕਰਕੇ ਫਿਰ ਕਥਨ ਕਰੋ ਕਿ ਕੇਹੜਾ ਜਨੇਊ ਗਲ ਵਿਚ ਪਾਉਣਾ ਚਾਹੀਦਾ ਹੈ ? ਗੁਰ ਉੱਤਰ-

ਮਃ ੧ ॥ ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥

ਨਾਮ ਦਾ ਜੋ ਸ੍ਰਵਣ ਕਰਨਾ ਹੈ, ਇਹ ਬੀਜ ਪਾਵੇ ਤਾਂ ਨਾਮ ਦਾ ਮਨਣ ਕਰਨੇ ਰੂਪ ਪੱਤੇ ਉਪਜਦੇ ਹਨ। ਨਿਧਿਆਸਣ ਕਰਨਾ ਇਹ ਰੁੰਈਂ ਕਰੇ ਅਰ ਜੋ ਸੱਚੇ ਦਾ ਸਲਾਹਣਾ ਹੈ ਇਹ ਸੂਤ ਕਰੇ।

ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ ੩ ॥

ਇਸ ਤਰ੍ਹਾਂ ਦਾ ਬ੍ਰਹਮ ਗਿਆਨ ਰੂਪ ਜਨੇਊ ਸਤਸੰਗ ਰੂਪੀ ਦਰਗਾਹ ਅੰਦਰ ਪਾਇਆ ਜਾਂਦਾ ਹੈ।

ਇਹ ਪੂਤ=ਪਵਿੱਤਰ ਜਨੇਊ ਕਦੇ ਤੁਟਦਾ ਨਹੀਂ॥ ੩ ॥

ਜਨੇਊ ਪਹਿਰ ਕੇ ਜੀਵ ਨੂੰ ਚਾਹੀਦਾ ਸੀ ਪਹਿਲੇ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕਦਾ।

ਯਥਾ-ਰਾਮਕਲੀ ਵਿਚ ਕਥਨ ਕੀਤਾ ਹੈ-

'ਜਤ ਵਿਣ ਕਾਹੇ ਜਨੇਊ'

ਜਤੀ ਹੋਏ ਬਿਨਾਂ ਜਨੇਊ ਪਹਿਰਿਆ ਕਿਸੇ ਕੰਮ ਨਹੀਂ। ਪ੍ਰਤੱਖ ਕਪਾਹ ਤੋਂ ਕੱਤੇ ਹੋਏ ਸੂਤਰ ਦਾ ਜਨੇਊ ਪਾ ਕੇ ਪਰਮੇਸ਼ਰ ਦੀ ਦਰਗਾਹ ਵਿਚ ਸੁਰਖਰੂ ਹੋਣ ਦੀ ਜੇਹੜੀ ਆਸ ਰੱਖਣੀ ਹੈ ਸੋ ਵਿਅਰਥ ਹੈ। ਪਰਮੇਸ਼ਰ ਦੀ ਦਰਗਾਹ ਵਿਚ ਤਾਂ ਹੀ ਮਾਣ ਮਿਲਦਾ ਹੈ ਜੇਕਰ ਬ੍ਰਹਮ ਗਿਆਨ ਰੂਪੀ ਜਨੇਊ ਨੂੰ ਪਹਿਰਨਾ ਕਰੇ।

ਮਃ ੧ ॥ ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥

ਪਰ ਇਸ ਜੀਵ ਨੇ ਇੰਦ੍ਰੀਆਂ ਨੂੰ ਵਿਸ਼ੇ ਵਿਕਾਰਾਂ ਵਲੋਂ ਤਗੁ+ਨ=ਰੋਕਣਾ ਨਹੀਂ ਕੀਤਾ ਅਤੇ ਮਨ ਨੂੰ ਔਰਤ ਵਲੋਂ ਤਗੁ+ਨ=ਰੋਕਣਾ ਨਹੀਂ ਕੀਤਾ।

ਏਸ ਵਾਸਤੇ ਭਲਕੇ=ਹਮੇਸ਼ਾ *ਅਥਵਾ* ਸਵੇਰੇ ਦਾਹੜੀ ਵਿਚ ਲਾਹਨਤਾਂ ਰੂਪੀ ਥੁਕਾਂ ਪੈਂਦੀਆਂ ਹਨ।

ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥

ਭੈੜੇ ਰਸਤਿਆਂ ਵਲੋਂ ਪੈਰਾਂ ਨੂੰ ਤਗੁ+ਨ=ਰੋਕਿਆ ਨਹੀਂ ਅਤੇ ਹੱਥਾਂ ਨੂੰ ਚੋਰੀ ਵਲੋਂ ਤਗੁ+ਨ=ਰੋਕਣਾ ਨਹੀਂ ਕੀਤਾ।

ਨਿੰਦਿਆ ਕਰਨ ਵਲੋਂ ਜਿਹਵਾ ਨੂੰ ਨਹੀਂ ਰੋਕਣਾ ਕੀਤਾ, ਅੱਖਾਂ ਨੂੰ ਤਮਾਸ਼ੇ ਵੇਖਣ ਵਲੋਂ ਰੋਕਣਾ ਨਹੀਂ ਕੀਤਾ।

ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥

ਹੇ ਪੰਡਿਤ ਜੀ ! ਤੁਸੀਂ ਆਪ ਤਾਂ ਵੇ+ਤਗਾ=ਰਹਿਤ ਜਨੇਊ ਤੋਂ ਵਤੈ=ਫਿਰਦੇ ਹੋ।

ਤੇ ਪ੍ਰਤੱਖ ਧਾਗਿਆਂ ਨੂੰ ਵੱਟ ਕੇ ਹੋਰਨਾਂ ਦੇ ਗਲ ਵਿਚ ਘਤੈ=ਪਾਂਵਦੇ ਹੋ ਪਰ ਤੁਹਾਡੇ ਜਿਹੇ ਆਗੂਆਂ ਦੀ ਕਦੇ ਮੁਕਤੀ ਨਹੀਂ ਹੋਣੀ।

ਯਥਾ-ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥

(ਗਉੜੀ ਸੁਖਮਨੀ ਪੰਨਾ ੨੬੯)

ਤਥਾ-ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥੩॥

(ਆਸਾ ਮਹਲਾ ੫ ਪੰਨਾ ੩੭੨)

ਸਾਖੀ-ਪਰਮਹੰਸ ਬ੍ਰਾਹਮਣ ਦੀ

ਇਕ ਪਿੰਡ ਵਿਚ ਪਰਮਹੰਸ ਬ੍ਰਾਹਮਣ ਆਪਣੀ ਪੂਜਾ ਪ੍ਰਤਿਸ਼ਟਾ ਬਹੁਤ ਹੀ ਕਰਵਾ ਰਿਹਾ ਸੀ. ਦੇਵ ਨੇਤ ਨਾਲ ਇਕ ਰਮਤਾ ਸਿੱਖ ਬ੍ਰਾਹਮਣ ਓਥੇ ਆ ਪਹੁੰਚਾ। ਜਿਸ ਵੇਲੇ ਉਸ ਨੇ ਆਪਣੇ ਪਿਆਰ ਭਰੇ ਬਚਨਾਂ ਦੀ ਕਥਾ ਕੀਤੀ ਤਾਂ ਲੋਕ ਬਹੁਤ ਪ੍ਰਸੰਨ ਹੋਏ, ਪਿੰਡ ਵਾਸੀ ਲੋਕਾਂ ਦੀ ਰੁਚੀ ਬਹੁਤ ਸਾਰੀ ਉਸ ਪਾਸੇ ਹੋ ਗਈ।

ਤਾਂ ਪਰਮਹੰਸ ਬ੍ਰਾਹਮਣ ਬਹੁਤ ਦੁੱਖੀ ਹੋਇਆ, ਆਪਣੀ ਪੂਜਾ ਘਟਦੀ ਵੇਖ ਕੇ ਵਿਚਾਰਦਾ ਹੈ ਕਿ ਇਸ ਨੂੰ ਇਥੋਂ ਕੱਢਣਾ ਚਾਹੀਦਾ ਹੈ ਹੋਰ ਕੁਝ ਪੇਸ਼ ਨਾ ਗਈ, ਉਸ ਵੇਲੇ ਪਰਮਹੰਸ ਬ੍ਰਾਹਮਣ, ਸਿੱਖ ਬ੍ਰਾਹਮਣ ਪਾਸ ਜਾ ਕੇ ਆਖਦਾ ਹੈ-

'ਯਸਏ ਪਵੀਤੋ ਨਾਸਤੀ ਸ ਚੰਡਾਲੁ ਸਿਆਤ'

ਜੋ ਪੁਰਸ਼ ਜਨੇਊ ਨਹੀਂ ਪਾਉਂਦਾ, ਉਹ ਚੰਡਾਲ ਹੈ। ਇਹ ਗੱਲ ਸੁਣਕੇ ਸਿੱਖ ਬ੍ਰਾਹਮਣ ਨੇ ਕਿਹਾ-

'ਤਵ ਮਾਤੁ ਪਵੀਤੋ ਨਾਸਤੀ ਸਾ ਚਾਂਡਾਲੀ ਸਿਆਤ ਤਸਿਯਾ ਉਦਰੇ ਬਿਪਰੰ ਕਿ ਮੁਚਜਤੇ॥'

ਤੇਰੀ ਮਾਂ ਨੇ ਜਨੇਊ ਨਹੀਂ ਪਹਿਰਿਆ ਇਸ ਕਰਕੇ ਉਹ ਚੰਡਾਲਣੀ ਹੈ। ਤਿਸ ਮਾਂ ਦੇ ਪੇਟ ਤੋਂ ਪੈਂਦਾ ਹੋਇਆ ਹੋਇਆ ਤੂੰ ਬ੍ਰਾਹਮਣ ਕਿਵੇਂ ਸਿਧ ਹੋ ਸਕਦਾ ਹੈਂ ? ਚੰਡਾਲਣੀ ਦੇ ਪੇਟੋਂ ਪੈਦਾ ਹੋਣ ਕਰਕੇ ਤੂੰ ਵੀ ਚੰਡਾਲ ਹੈਂ। ਉਸ ਵੇਲੇ ਪਰਮਹੰਸ ਬ੍ਰਾਹਮਣ ਨਿਰੁਤ੍ਰ ਤੇ ਸ਼ਰਮਿੰਦਾ ਹੋ ਕੇ ਘਰ ਨੂੰ ਉਠ ਆਇਆ ।

ਇਹ ਨਿਯਮ ਸਮਝ ਲਓ, ਬਾਹਰਲੇ ਪਖੰਡ ਕਰਨ ਨਾਲ ਧਾਗੇ ਵਗੈਰਾ ਗਲ ਵਿਚ ਪਾਉਣ ਨਾਲ ਨਾ ਬ੍ਰਾਹਮਣ-ਪੁਣਾ ਸਿੱਧ ਹੋ ਸਕਦਾ ਹੈ, ਨਾ ਹੀ ਕੇਵਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ॥

ਫਿਰ ਆਪਣੇ ਹੀ ਜਜਮਾਨਾਂ ਦੀਆਂ ਧੀਆਂ ਦੇ ਵਿਆਹ ਭਾੜਾ ਲੈ ਕੇ ਜਾਂ ਦਛਣਾ ਲੈ ਕੇ ਕਰਦੇ ਹੋ ਅਤੇ ਧੇਤੇ ਪੁਤਰੇਤੇ ਦੋਹਾਂ ਪਾਸਿਓਂ ਬਹੁਤੀ ਮਾਇਆ ਲੈ ਕੇ ਕੰਮ ਕਰਦੇ ਹੋ।

ਕਾਗਲੁ=ਪੱਤਰੀ ਕੱਢ ਕੇ ਰਾਹੁ=ਰਸਤੇ ਨੂੰ ਦੱਸਦੇ ਹੋ ਕਿ ਫਲਾਣੇ ਦਿਨ ਤੇ ਅਮਕੀ ਘੜੀ ਨੂੰ ਵਿਵਾਹ ਦਾ ਕਾਰਜ ਸ਼ੁਰੂ ਕਰਨਾ।

ਅਥਵਾ-ਪੱਤਰੀ ਕੱਢ ਕੇ ਰਾਹੁ=ਰਾਹੂ ਕੇਤੂ ਦਾ ਹਿਸਾਬ ਦੱਸਦੇ ਹੋ।

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥ ੪॥

ਹੇ ਲੋਕੋ ! ਸੁਣੋ ਅਤੇ ਇਸ ਅਸਚਰਜਤਾਈ ਨੂੰ ਵੇਖੋ।

ਅਥਵਾ-ਹੇ ਲੋਕੋ ! ਇਹ ਵਿਡਾਣੁ=ਅਸਚਰਜ ਦਾ ਤਮਾਸ਼ਾ ਸੁਣ ਵੇਖੋ।

ਮਨ ਤਾਂ ਪਦਾਰਥਾਂ ਵਿਚ ਲੱਗ ਕੇ ਅੰਧਾ ਹੋ ਰਿਹਾ ਹੈ ਤੇ ਨਾਮ ਆਪਣਾ ਸੁਜਾਣੁ=ਚਤੁਰ ਰਖਾਇਆ ਹੋਇਆ ਹੈ। ਉਸ ਵੇਲੇ ਪਰੋਹਤ ਨੇ ਚਰਨਾਂ 'ਪਰ ਢਹਿ ਕੇ ਬੇਨਤੀ ਕੀਤੀ-ਹੇ ਪ੍ਰਭੂ ! ਅਸਾਂ ਭੁਲੇ ਹੋਏ ਜੀਵਾਂ ਨੂੰ ਸ਼ੁਭ ਰਸਤੇ ਪਾਓ।

ਪਉੜੀ॥

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥

ਸਾਹਿਬੁ=ਪਰਮੇਸ਼ਰ ਵੀ ਦਇਆਲੂ ਹੋਵੇ ਅਤੇ ਸਤਿਗੁਰੂ ਵੀ ਕਿਰਪਾ ਕਰਨ ਤਾਂ ਜੀਵ ਪਾਸੋਂ ਸਾਈ=ਸ੍ਰੇਸ਼ਟ ਭਜਨ ਸਿਮਰਨ ਰੂਪੀ ਕਾਰ ਨੂੰ ਕਰਾਂਵਦਾ ਹੈ।

ਅਥਵਾ-ਸਾਈ=ਓਹੀ ਕੰਮ ਕਰਾਂਦਾ ਹੈ ਜੋ ਉਸ ਨੂੰ ਭਾਉਂਦਾ ਹੈ।

ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ॥

ਓਹੀ ਸੇਵਕ ਪਰਮੇਸ਼ਰ ਪਤੀ ਦੀ ਸੇਵਾ ਕਰਦਾ ਹੈ, ਜਿਸ ਦੇ ਪਾਸੋਂ ਵਾਹਿਗੁਰੂ ਆਪਣਾ ਹੁਕਮ ਮਨਾਂਵਦਾ ਹੈ।

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥

ਹੁਕਮ ਦੇ ਮੰਨਣ ਕਰ ਕੇ ਹੀ ਪੁਰਸ਼ ਪ੍ਰਮਾਣੀਕ ਹੁੰਦਾ ਹੈ।

ਯਥਾ-ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ॥

ਅਤੇ ਤਾਂ ਹੀ ਖਸਮ ਦਾ ਮਹਲੁ=ਸਰੂਪ ਪਾਂਵਦਾ ਹੈ।

ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥

ਜੋ ਗੱਲ ਖਸਮੈ=ਪਰਮਾਤਮਾਂ ਨੂੰ ਭਾਉਂਦੀ ਹੈ, ਓਸੇ ਗੱਲ ਨੂੰ ਜੋ ਪੁਰਸ਼ ਕਰਦਾ ਹੈ, ਉਹ ਪੁਰਸ਼ ਮਨ ਇੱਛਤ ਫਲ ਨੂੰ ਪਾਉਂਦਾ ਹੈ।

ਤਾ ਦਰਗਹ ਪੈਧਾ ਜਾਇਸੀ॥ ੧੫॥

ਤਾਂ ਹੀ ਪ੍ਰਲੋਕ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਪਹਿਨ ਕੇ ਜਾਂਦਾ ਹੈ॥ ੧੫॥

ਹੁਕਮ ਮੰਨਣ ਕਰਕੇ ਸਵਰਗ ਦੀ ਪ੍ਰਾਪਤੀ ਹੁੰਦੀ ਹੈ ਅਤੇ ਪ੍ਰਲੋਕ ਦਰਗਾਹ ਵਿਚ ਜਸ ਹੁੰਦਾ ਹੈ। ਇਸ ਪਰ-

ਸਾਖੀ-ਇਕ ਸਿੱਖ ਦੀ

ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਖਡੂਰ ਸਾਹਿਬ ਇਕ ਸਿੱਖ ਰਹਿੰਦਾ ਸੀ, ਜੋ ਦੋ ਵੇਲੇ ਪ੍ਰਸ਼ਾਦਾ ਲੰਗਰ ਚੋਂ ਖਾਇਆ ਕਰੇ ਤੇ ਸੇਵਾ ਬਿਲਕੁਲ ਨਾ ਕਰੇ। ਬਾਕੀ ਦੇ ਸਿੱਖ ਰੋਜ਼ ਹੀ ਉਸ ਨੂੰ ਕਿਹਾ ਕਰਨ ਕਿ ਭਲਿਆ ਲੋਕਾ ! ਤੂੰ ਲੰਗਰ 'ਚੋਂ ਪ੍ਰਸ਼ਾਦਾ ਛਕਦਾ ਹੈਂ ਤੈਨੂੰ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ, ਪਰੰਤੂ ਉਸ ਨੇ ਕਿਸੇ ਦਾ ਵੀ ਬਚਨ ਨਾ ਮੰਨਿਆਂ।

ਆਖਿਰਕਾਰ ਇਕ ਦਿਨ ਭਾਈ ਬੁੱਢਾ ਸਾਹਿਬ ਜੀ ਨੇ ਆਖਿਆ ਕਿ ਤੂੰ ਸੇਵਾ ਕੀਤਾ ਕਰ, ਸੇਵਾ ਬਿਨਾਂ ਇਹ ਸਰੀਰ ਨਿਸਫਲ ਜਾਂਦਾ ਹੈ।

ਯਥਾ-ਗੁਰ ਸੰਗਤ ਮਹਿ ਭਲੋ ਰਹਾਵਨ॥ ਭਜਨ ਟਹਿਲ ਕਰ ਕਾਲ ਬਿਤਾਵਨ॥

ਅਗੋਂ ਸਿੱਖ ਨੇ ਕਿਹਾ ਜੇ ਗੁਰੂ ਸਾਹਿਬ ਜੀ ਹੁਕਮ ਦੇਣਗੇ ਤਾਂ ਕਰਾਂਗਾ, ਨਹੀਂ ਤਾਂ ਨਹੀਂ । ਭਾਈ ਬੁੱਢਾ ਸਾਹਿਬ ਜੀ ਦਾ ਬਚਨ ਨਾ ਮੰਨਣ ਕਰਕੇ ਸਿੱਖਾਂ ਨੇ ਗੁਰੂ ਸਾਹਿਬ ਜੀ ਪਾਸ ਜਾ ਕੇ ਬੇਨਤੀ ਕੀਤੀ ਕਿ ਫਲਾਣਾ ਸਿੱਖ ਦੋ ਵੇਲੇ ਪ੍ਰਸ਼ਾਦਾ ਛਕਦਾ ਹੈ ਪਰ ਕਿਸੇ ਸਿੱਖ ਦੇ ਕਹੇ ਅਨੁਸਾਰ ਵੀ ਸੇਵਾ ਨਹੀਂ ਕਰਦਾ। ਗੁਰੂ ਸਾਹਿਬ ਜੀ ਸੁਣ ਕੇ ਚੁਪ ਰਹੇ।

ਵਾਹਿਗੁਰੂ ਦੀ ਪ੍ਰੇਰਨਾ ਨਾਲ ਉਹ ਸਿੱਖ ਆਪੇ ਹੀ ਇਕ ਦਿਨ ਗੁਰੂ ਸਾਹਿਬ ਜੀ ਪਾਸ ਆ ਕੇ ਕਹਿੰਦਾ

ਹੈ, ਮੈਨੂੰ ਕੋਈ ਸੇਵਾ ਦੱਸੋ। ਗੁਰੂ ਸਾਹਿਬ ਜੀ ਨੇ ਕਿਹਾ ਸੇਵਾ ਤਾਂ ਦੱਸੀਏ ਜੇ ਤੂੰ ਕਰਨੀ ਹੋਵੇ।

ਸਿੱਖ ਨੇ ਆਖਿਆ-ਜੀ ! ਜ਼ਰੂਰ ਕਰਾਂਗਾ, ਆਪ ਹੁਕਮ ਦਿਓ।

ਗੁਰੂ ਜੀ ਨੇ ਕਿਹਾ-ਸਾਡੀ ਸੇਵਾ ਇਹੋ ਹੈ ਤੂੰ ਲਕੜੀਆਂ ਇਕੱਠੀਆਂ ਕਰਕੇ ਅੱਗ ਬਾਲ ਕੇ ਸੜ ਜਾਹ।

ਯਥਾ-ਕਰਯੋ ਬਾਕ ਤਬ ਬੇਪਰਵਾਹਿ। ਅਗਨ ਜਰਹੁ ਇਹ ਸੇਵਾ ਆਹਿ।
ਸੁਣ ਤਬਿ ਗਮਨਿਓ ਬਨ ਕੇ ਮਾਂਹੀ। ਲਕਰੀ ਕਰੀ ਬਟੋਰਨਿ ਤਾਂਹੀ।

ਗੁਰੂ ਜੀ ਦਾ ਹੁਕਮ ਸੁਣਕੇ ਜੰਗਲ ਵਿਚ ਜਾ ਕੇ ਲੱਕੜਾਂ ਇਕੱਠੀਆਂ ਕਰਕੇ ਅੱਗ ਬਾਲ ਦਿੱਤੀ ਪਰ ਵਿਚ ਪੈਣ ਵਾਸਤੇ ਦਿਲ ਨਾ ਕਰੇ, ਖੜਾ ਸੋਚਾਂ ਸੋਚਦਾ ਹੈ । ਇਤਨੇ ਨੂੰ ਇਕ ਚੋਰ ਚੋਰੀ ਦਾ ਧਨ ਲੈ ਕੇ ਤੁਰਿਆ ਆ ਰਿਹਾ ਸੀ, ਅੱਗ ਦੇ ਪਾਸ ਸਿੱਖ ਨੂੰ ਖੜਾ ਦੇਖ ਕੇ ਪੁਛਦਾ ਹੈ-

ਏਥੇ ਖਲੋ ਕੇ ਕੀ ਕਰਦਾ ਹੈਂ ?

ਸਿੱਖ ਨੇ ਕਿਹਾ-ਗੁਰੂ ਜੀ ਦਾ ਹੁਕਮ ਹੈ ਅੱਗ ਬਾਲ ਕੇ ਸੜ ਜਾਹ ਪਰ ਮੇਰੇ ਪਾਸੋਂ ਸੜਿਆ ਨਹੀਂ ਜਾਂਦਾ।

ਇਹ ਗੱਲ ਸੁਣਕੇ ਚੋਰ ਨੇ ਵਿਚਾਰਿਆ ਮੈਂ ਇਸ ਜਨਮ ਵਿਚ ਬਹੁਤ ਹੀ ਪਾਪ ਕਰਮ ਕੀਤੇ ਹਨ। ਗੁਰੂ ਜੀ ਦੇ ਹੁਕਮ ਅਨੁਸਾਰ ਇਸ ਅੱਗ ਵਿਚ ਸੜਨ ਨਾਲ ਮੇਰੇ ਸਾਰੇ ਪਾਪ ਕਰਮ ਨਸ਼ਟ ਹੋ ਜਾਣਗੇ। ਆਪਣੇ ਦਿਲ ਵਿਚ ਪੱਕਾ ਨਿਸਚਾ ਕਰਕੇ ਚੋਰ ਨੇ ਚੋਰੀ ਵਾਲਾ ਸਾਰਾ ਧਨ ਦੇ ਕੇ ਸਿੱਖ ਪਾਸੋਂ ਗੁਰੂ ਜੀ ਦਾ ਹੁਕਮ ਮੁਲ ਲੈ ਲੀਤਾ ਤੇ ਛਾਲ ਮਾਰ ਕੇ ਅੱਗ ਵਿਚ ਵੜ ਗਿਆ। ਉਸੀ ਵੇਲੇ ਸਵਰਗ ਪੁਰੀ 'ਚੋਂ ਬਿਬਾਣ ਆ ਗਿਆ। ਦੇਵਤੇ ਉਸ ਉੱਤੇ ਚੜ੍ਹਾ ਕੇ ਚੋਰ ਨੂੰ ਸਵਰਗ ਵਿਚ ਲੈ ਗਏ।

ਯਥਾ- ਸੁਰਪੁਰਿ ਤੇ ਬਿਬਾਣ ਚਲਿ ਆਵਾ। ਸਾਦਰ ਕਹਿ ਕੇ ਤੁਰਤ ਚਢਾਵਾ।
ਸੁਖ ਅਨੰਤ ਮਹਿ ਜਾਹਿ ਰਹਯੋ ਹੈ। ਗੁਰ ਬਚ ਤੇ ਅਘ ਦੇਹ ਦਹਯੋ ਹੈ।

ਓਧਰ ਬੇਮੁਖ ਸਿੱਖ ਚੋਰੀ ਦਾ ਧਨ ਲੈ ਕੇ ਘਰ ਨੂੰ ਤੁਰ ਪਿਆ। ਰਾਹ ਵਿਚ ਲੋਕਾਂ ਨੇ ਉਸ ਨੂੰ ਚੋਰ ਸਮਝ ਕੇ ਕੁਟਵਾਲ ਦੇ ਪੇਸ਼ ਕਰ ਦਿੱਤਾ। ਕੁਟਵਾਲ ਨੇ ਸਾਰਾ ਮਾਲ ਚੋਰੀ ਦਾ ਸਮਝ ਕੇ ਧਨ ਵੀ ਖੋਹ ਲੀਤਾ ਤੇ ਉਸਨੂੰ ਫਾਂਸੀ ਦਾ ਹੁਕਮ ਦੇ ਦਿੱਤਾ।

ਯਥਾ-ਛੀਨ ਲੇਹੁ ਤਿਸ ਕੋ ਸਭ ਮਾਲ। ਫਾਂਸੀ ਦੇਹੁ ਜਾਇ ਤਤਕਾਲ।
ਹੁਕਮ ਮਾਨ ਫਾਂਸੀ ਤਿਸ ਦੀਨਾ। ਮੂਰਖ ਮਰਜੋ ਧਰਮ ਤੇ ਹੀਨਾ।

ਇਹ ਨਿਯਮ ਸਮਝ ਲਓ ਜੋ ਪੁਰਸ਼ ਗੁਰੂ ਸਾਹਿਬ ਜੀ ਦੇ ਹੁਕਮ ਨੂੰ ਮੰਨਦਾ ਹੈ ਓਹੀ ਪੁਰਸ਼ ਸਰੂਪ ਸੁਖ ਨੂੰ ਪਾਉਂਦਾ ਹੈ ਅਤੇ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪਹਿਨਦਾ ਹੈ ਤੇ ਸਵਰਗ ਦੇ ਸੁਖ ਭੋਗਦਾ ਹੈ।

ਕਵੀ ਸੰਤੋਖ ਸਿੰਘ ਜੀ ਨੇ ਕਿਹਾ ਹੈ-

ਮਹਿਮਾ ਸਤਿਗੁਰ ਬਚਨ ਕੀ, ਦੇਖਹੁ ਪੁੰਨ ਪ੍ਰਮਾਨ।
ਬਿਮੁਖ ਭਯੋ ਸਿਖ ਫਾਂਸ ਤਿਸ, ਤਸਕਰ ਸ੍ਵਰਗ ਮਹਾਨ।

(ਗੁਰ ਪ੍ਰਤਾਪ ਸੂਰਜ ਰਾਸ ੧ ਧਿਆਇ ੧੩)

ਸਲੋਕ ਮਃ ੧

ਉਥਾਨਕਾ-ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਰੋਜ਼ ਪਹਿਰ ਰਾਤ ਰਹਿੰਦੀ ਵੇਈਂ ਨਦੀ 'ਪਰ ਇਸ਼ਨਾਨ ਕਰਨ ਜਾਂਦੇ ਸਨ।

ਇਕ ਦਿਨ ਦਾ ਜ਼ਿਕਰ ਹੈ ਸਤਿਗੁਰ ਦੇਵ ਜੀ ਇਸ਼ਨਾਨ ਕਰਕੇ ਉਥੇ ਹੀ ਬੈਠੇ ਤਾਂ ਕੀ ਦੇਖਦੇ ਹਨ ਕਿ ਇਕ ਬ੍ਰਾਹਮਣ ਗਊ ਨੂੰ ਲੈ ਕੇ ਨਦੀ ਤੋਂ ਪਾਰ ਹੋਣ ਵਾਸਤੇ ਆਇਆ। ਜਦ ਪੁਲ ਉੱਤੋਂ ਲੰਘਣ ਲੱਗਾ ਤਾਂ ਓਥੋਂ ਦੇ ਮਸੂਲੀਆਂ ਖੱਤ੍ਰੀ ਨੇ ਟੈਕਸ ਲੈਣ ਵਾਸਤੇ ਉਸ ਕੋਲੋਂ ਪੈਸੇ ਮੰਗੇ ਤਾਂ ਬ੍ਰਾਹਮਣ ਨੇ ਕਿਹਾ ਮੈਂ ਬੜਾ ਗਰੀਬ ਹਾਂ , ਪੈਸਾ ਤਾਂ ਮੇਰੇ ਪਾਸ ਕੋਈ ਨਹੀਂ । ਤੂੰ ਖੱਤ੍ਰੀ ਹੈਂ, ਤੇਰਾ ਧਰਮ ਹੈ ਤੂੰ ਅਸਾਂ ਨੂੰ ਪਾਰ ਜਾਣ ਦੇਹ। ਬ੍ਰਾਹਮਣ ਨੇ ਬਹੁਤ ਕਿਹਾ ਪਰ ਉਸ ਨੇ ਪਾਰ ਨਾ ਜਾਣ ਦਿੱਤਾ।

ਦੁਪਹਿਰ ਹੋ ਗਈ, ਬ੍ਰਾਹਮਣ ਧੁੱਪ ਨਾਲ ਬੜਾ ਦੁੱਖੀ ਹੋਇਆ। ਇਤਨੇ ਨੂੰ ਗਊ ਨੇ ਗੋਬਰ ਕੀਤਾ ਤੇ ਉਸ ਗੋਬਰ ਨੂੰ ਖੱਤ੍ਰੀ ਨੇ ਲੈ ਕੇ ਲੇਪਣ ਕਰ ਲਿਆ ਤੇ ਆਪਣੀ ਰੋਟੀ ਤਿਆਰ ਕਰਨ ਲੱਗਾ। ਉਸ ਵੇਲੇ ਇਸ ਕੌਤਕ ਨੂੰ ਦੇਖ ਕੇ ਸਤਿਗੁਰ ਦੇਵ ਜੀ ਉਸ ਦੇ ਪ੍ਰਤੀ ਸ਼ਬਦ ਉਚਾਰਦੇ ਹਨ-

ਨੋਟ-ਵੇਈਂ ਦੇ ਉਪਰ ਹੁਣ ਤੱਕ ਓਸ ਵੇਲੇ ਦੀ ਪੁਲ ਬੱਧੀ ਹੋਈ ਹੈ। ਜੋ ਭੀ ਪੁਲ ਤੋਂ ਲੰਘਦਾ ਹੈ, ਉਸ ਪਾਸੋਂ ਟੈਕਸ ਲੈਂਦੇ ਹਨ।

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥

ਹੇ ਭਾਈ ! ਗਊ ਤੇ ਬ੍ਰਾਹਮਣ ਕਉ=ਨੂੰ ਕਰੁ=ਡੰਡ ਭਾਵ ਟੈਕਸ ਲਗਾਂਵਦੇ ਹੋ ਤੇ ਰੋਟੀ ਤਿਆਰ ਕਰਨ ਵਾਸਤੇ ਉਸ ਗਊ ਦੇ ਗੋਹੇ ਨੂੰ ਪਵਿਤ੍ਰ ਜਾਣ ਕੇ ਉਸ ਦਾ ਲੇਪਣ ਪਾਉਂਦੇ ਹੋ, ਇਸ ਕਰਕੇ ਸੰਸਾਰ ਸਮੁੰਦਰ ਤੋਂ ਤਰਿਆ ਨਹੀਂ ਜਾਏਗਾ।

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥

ਤੂੰ ਆਪਣੇ ਲਿਬਾਸ ਵੱਲ ਖ਼ਿਆਲ ਕਰ। ਧੋਤੀ ਤੈਨੇ ਬੱਧੀ ਹੋਈ ਹੈ, ਮੱਥੇ ਉੱਤੇ ਟਿੱਕਾ ਲਗਾਇਆ ਹੋਇਆ ਹੈ। ਜਪਮਾਲੀ=ਮਾਲਾ ਹੱਥ ਵਿਚ ਫੜੀ ਹੋਈ ਹੈ। ਕੋਈ ਜਾਣੇ ਜੋ ਇਹ ਬੜਾ ਭਗਤ ਹੈ ਤੇ ਮਲੇਛਾਂ ਦਾ ਦਿੱਤਾ ਹੋਇਆ ਧਾਨ ਖਾਂਦਾ ਹੈ।

ਅਥਵਾ-ਹੇ ਮਲੇਛ ! ਤੂੰ ਐਸਾ ਵੱਢੀਆਂ ਰੂਪੀ ਖੋਟਾ ਧਾਨ ਖਾਂਦਾ ਹੈਂ ਜੋ ਨਰਕਾਂ ਵਿਖੇ ਪਹੁੰਚਾਣ ਵਾਲਾ ਹੈ।

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥

ਤੂੰ ਮੁਸਲਮਾਨਾਂ ਦੇ ਡਰ ਕਰਕੇ ਅੰਦਰ ਬੈਠ ਕੇ ਠਾਕਰ ਪੂਜਨ ਕਰਦਾ ਹੈਂ ਤੇ ਬਾਹਰੋਂ ਮੁਸਲਮਾਨਾਂ ਨੂੰ ਵਿਖਾਲਣ ਵਾਸਤੇ ਕਤੇਬਾ=ਕੁਰਾਨ ਅਦਿਕਾਂ ਨੂੰ ਪੜ੍ਹਦਾ ਹੈਂ।

ਅਥਵਾ-ਦੋਹਾਂ ਨੂੰ ਉਪਦੇਸ਼ ਦਿੰਦੇ ਹਨ, ਹੇ ਹਿੰਦੂ ! ਤੂੰ ਤਾਂ ਅੰਦਰ ਬੈਠ ਕੇ ਪੂਜਾ ਕਰਦਾ ਹੈਂ । ਹੇ ਮੁਸਲਮਾਨ ! ਤੂੰ ਕਤੇਬਾਂ ਨੂੰ ਪੜ੍ਹਦਾ ਹੈਂ, ਹੇ ਭਾਈ ! ਇਹ ਤੇਰਾ ਸੰਜਮੁ=ਤਰੀਕਾ ਤੁਰਕਾ=ਮੁਸਲਮਾਨਾਂ ਵਾਲਾ ਹੋ ਰਿਹਾ ਹੈ, ਕਿਉਂਕਿ ਲੋਕਾਂ ਦਾ ਅਖਾਣ ਹੈ-'ਜੈਸਾ ਅੰਨ ਤੈਸਾ ਮਨ' ਜੇਹੋ ਜੇਹਾ ਅੰਨ ਖਾਂਦਾ ਹੈ ਉਹੋ ਜਿਹਾ ਹੀ ਮਨ ਹੋ ਜਾਂਦਾ ਹੈ।

ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਇ ਤਰੰਦਾ॥ ੧॥

ਤਾਂ ਤੇ ਹੇ ਖੱਤ੍ਰੀ ! ਪਖੰਡ ਕਰਨਾ ਛੱਡ ਦੇਹ।

ਨਿਸ਼ਕਪਟ ਹੋ ਕੇ ਪਰਮੇਸ਼ਰ ਦਾ ਨਾਮ ਲੈਣਾ ਕਰ ਤਾਂ ਸੰਸਾਰ ਸਮੁੰਦਰ ਤੋਂ ਤਰ ਜਾਏਂਗਾ॥ ੧॥

ਯਥਾ-ਰਾਮ ਨਾਮੁ ਜਗਤ ਨਿਸਤਾਰਾ॥ ਭਵਜਲੁ ਪਾਰਿ ਉਤਾਰਣਹਾਰਾ॥

(ਭੈਰਉ ਮਹਲਾ ੩ ਪੰਨਾ ੧੧੨੯)

ਮਃ ੧॥

ਉਹ ਖੱਤ੍ਰੀ ਮੁਸਲਮਾਨਾਂ ਦੇ ਡਰ ਕਰਕੇ ਕਦੇ ਕਦੇ ਨਿਮਾਜ਼ ਵਿਚ ਖੜਾ ਹੋ ਜਾਂਦਾ ਸੀ, ਇਸ ਗੱਲ ਨੂੰ ਮੁਖ ਰੱਖ ਕੇ ਸਤਿਗੁਰ ਦੇਵ ਜੀ ਆਖਦੇ ਹਨ-

ਮਾਣਸ ਖਾਣੇ ਕਰਹਿ ਨਿਵਾਜ॥

ਹੇ ਮਾਣਸ ਖਾਣੇ ਅਰਥਾਤ ਵੱਢੀਆਂ ਦੇ ਖਾਣ ਵਾਲੇ ! ਤੂੰ ਆਪਣੇ ਧਰਮ ਨੂੰ ਛੱਡ ਕੇ ਨਿਮਾਜ਼ਾਂ ਨੂੰ ਪੜ੍ਹਦਾ ਹੈਂ ਅਤੇ ਹੇ ਮੁਸਲਮਾਨ ! ਤੂੰ ਲੋਕ ਦਿਖਲਾਵਾ ਕਰਕੇ ਨਿਮਾਜ਼ਾਂ ਨੂੰ ਪੜ੍ਹਦਾ ਹੈਂ।

ਅਥਵਾ:-ਦੋਹਾਂ ਨੂੰ ਸਮਝਾਉਂਦੇ ਹਨ। ਹੇ ਹਿੰਦੂ ! ਤੂੰ ਮਾਣਸ ਖਾਣੇ=ਵੱਢੀਆਂ ਨੂੰ ਖਾਂਦਾ ਹੈਂ ਅਤੇ ਹੇ ਮੁਸਲਮਾਨ ! ਤੂੰ ਲੋਕ ਦਿਖਲਾਵਾ ਕਰਕੇ ਨਿਮਾਜ਼ਾਂ ਨੂੰ ਪੜ੍ਹਦਾ ਹੈਂ।

ਛੁਰੀ ਵਗਾਇਨਿ ਤਿਨ ਗਲਿ ਤਾਗ॥

ਹੇ ਮੁਸਲਮਾਨ ! ਤੂੰ ਬਕਰਿਆਂ ਉਪਰ ਛੁਰੀ ਵਗਾਇਨਿ=ਚਲਾਂਵਦਾ ਹੈਂ। ਹੇ ਹਿੰਦੂ ! ਤਿਨ=ਤਿਸ ਤੇਰੇ ਗਲ ਵਿਖੇ ਤਾਗ=ਜਨੇਊ ਹੈ।

ਅਥਵਾ:-ਹੇ ਹਿੰਦੂ ! ਤੂੰ ਹਰ ਇਕ ਉੱਤੇ ਕਲਮ ਰੂਪੀ ਛੁਰੀ ਚਲਾਂਵਦਾ ਹੈਂ। ਭਾਵ ਬੇ-ਗੁਨਾਹ ਆਦਮੀਆਂ ਨੂੰ ਜ਼ਬਰ ਦਸਤੀ ਡੰਡ ਦੇਂਦਾ ਹੈਂ ਤੇ ਤਿਸ ਤੇਰੇ ਗਲ ਵਿਚ ਜਨੇਊ ਪਹਿਰਿਆ ਹੋਇਆ ਹੈ।

ਜੇ ਤੇਰੇ ਮਨ ਵਿਚ ਦਇਆ ਨਹੀਂ ਹੈ ਤਾਂ ਜਨੇਊ ਪਹਿਰਣ ਦਾ ਕੀ ਫਲ ਹੈ।

ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥

ਤਿਨ੍ਹਾਂ ਐਸੇ ਖਰਾਬੜ ਖੱਤ੍ਰੀਆਂ ਦੇ ਘਰ ਜਾ ਕੇ ਬ੍ਰਾਹਮਣ ਲੋਕ ਨਾਦ=ਸੰਖਾਂ ਨੂੰ ਪੂਰਦੇ ਭਾਵ ਵਜਾਂਵਦੇ ਹਨ।

ਉਹਨਾਂ ਬ੍ਰਾਹਮਣਾਂ ਨੂੰ ਭੀ ਉਸ ਅੰਨ ਦੇ ਅਨੁਸਾਰ ਓਹੀ ਸਵਾਦ ਆਉਂਦੇ ਹਨ, ਕਿਉਂਕਿ ਜ਼ੁਲਮ ਦੇ ਕਮਾਏ ਹੋਏ ਪਦਾਰਥ ਜੋ ਖਾਂਦੇ ਹਨ। ਯਥਾ-

ਮਲਕ ਭਾਗੋ ਖੱਤ੍ਰੀ ਨੇ ਜਦ ਬ੍ਰਹਮ-ਭੋਜ ਕੀਤਾ ਤਾਂ ਬ੍ਰਾਹਮਣਾਂ ਨੂੰ ਉਸ ਭੋਜ ਦਾ ਸਤੋਗੁਣੀ ਸੁਆਦ ਨਹੀਂ ਆਇਆ ਬਲਕਿ ਤਾਮਸੀ ਆਇਆ, ਕਿਉਂਕਿ ਸੰਗਤ ਦਾ ਅਸਰ ਜ਼ਰੂਰ ਹੁੰਦਾ ਹੈ।

ਯਥਾ- ਸਾਵਣਿ ਵਣ ਹਰੀਆਵਲੇ ਵੁਠੈ ਸੁਕੈ ਅਕੁ ਜਵਾਹਾ॥
ਤ੍ਰਿਪਤਿ ਬਬੀਹੇ ਸ੍ਹਾਂਤਿ ਬੂੰਦ ਸਿਪ ਅੰਦਰਿ ਮੋਤੀ ਉਮਾਹਾ॥
ਕਦਲੀ ਵਣਹੁ ਕਪੂਰ ਹੋਇ ਕਲਰਿ ਕਵਲੁ ਨ ਹੋਇ ਸਮਾਹਾ॥
ਬਿਸੀਅਰ ਮੁਹਿ ਕਾਲਕੂਟ ਹੋਇ ਧਾਤ ਸੁਪਾਤ੍ਰ ਕੁਪਾਤ੍ਰ ਦੁਰਾਹਾ॥

(ਭਾਈ ਗੁਰਦਾਸ ਵਾਰ ੧੭ ਪਉੜੀ ੪)

ਤਥਾ-ਜਹ ਜੈਸੀ ਸੰਗਤ ਕਰੀ ਤਹ ਤੈਸੋ ਫਲ ਲੀਨ।
ਕਦਲੀ ਸੀਪ ਭੁਯੰਗ ਮੁਖ ਏਕ ਬੂੰਦ ਗੁਣ ਤੀਨ।

ਭਾਵ-ਸਵਾਂਤੀ ਬੂੰਦ ਕੇਲੇ ਵਿਚ ਪਵੇ ਤਾਂ ਕਪੂਰ ਹੋ ਜਾਂਦਾ ਹੈ।
ਸਵਾਂਤੀ ਬੂੰਦ ਸਿੱਪ ਵਿਚ ਪਵੇ ਤਾਂ ਮੋਤੀ ਹੋ ਜਾਂਦਾ ਹੈ।
ਸਵਾਂਤੀ ਬੂੰਦ ਸੱਪ ਦੇ ਮੂੰਹ ਵਿਚ ਪਵੇ ਤਾਂ ਵਿਹੁ ਹੋ ਜਾਂਦੀ ਹੈ।

ਇਸੇ ਤਰ੍ਹਾਂ ਭਾਵੇਂ ਬ੍ਰਾਹਮਣ ਭੀ ਹੈ ਜੇ ਉਹ ਖੋਟੀ ਸੰਗਤ ਕਰੇਗਾ ਤਾਂ ਉਸ ਦਾ ਭੈੜਾ ਹੀ ਅਸਰ ਹੋਣਾ ਹੈ।

ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥

ਅਸ਼ਰਧਾ ਰੂਪੀ ਰਾਸਿ=ਪੂੰਜੀ ਝੂਠੀ ਹੈ ਤੇ ਵਾਪਾਰ ਭੀ ਝੂਠਾ ਹੈ ਜਿਹੜਾ ਕਹਿੰਦਾ ਹੈ ਮੈਂ ਨਾਮ ਜਪਦਾ ਹਾਂ।

ਝੂਠ ਬੋਲ ਕੇ ਆਹਾਰੁ=ਭੋਜਨ ਛੱਕਦੇ ਹਨ।

ਅਥਵਾ:-ਝੂਠ ਬੋਲਣੇ ਰੂਪੀ ਭੋਜਨ ਛੱਕਦੇ ਹਨ।

ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥

ਸ਼ਰਮ ਧਰਮ ਦਾ ਡੇਰਾ=ਥਾਂ ਜੋ ਗਿਆਨ ਹੈ, ਉਹ ਤਾਂ ਦੂਰ ਹੀ ਰਹਿ ਗਿਆ ਹੈ।

ਅਥਵਾ :-ਅੰਤਹਕਰਣ ਰੂਪੀ ਡੇਰੇ ਤੋਂ ਸ਼ਰਮ ਧਰਮ ਦੂਰ ਹੀ ਰਹਿ ਗਿਆ ਹੈ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਹੁਣ ਤਾਂ ਝੂਠ ਹੀ ਸਾਰੇ ਭਰਪੂਰ ਹੋ ਰਿਹਾ ਹੈ।

ਉਸ ਬ੍ਰਾਹਮਣ ਨੇ ਆਪਣਾ ਉਪਰਲਾ ਲਿਬਾਸ ਚੰਗਾ ਧਾਰਨ ਕੀਤਾ ਹੋਇਆ ਸੀ, ਉਸ ਨੂੰ ਵੇਖ ਕੇ ਕਹਿੰਦੇ ਹਨ-

ਮਥੈ ਟਿਕਾ ਤੇੜਿ ਧੋਤੀ ਕਖਾਈ॥

ਮੱਥੇ ਉਪਰ ਤਿਲਕ ਲਗਾਇਆ ਹੋਇਆ ਹੈ। ਤੇੜਿ=ਲੱਕ ਵਿਖੇ ਧੋਤੀ ਬੰਨ੍ਹੀ ਹੋਈ ਹੈ ਕਖਾਈ=ਕੰਨੀ ਵਾਲੀ। *ਅਥਵਾ:*-ਕਖਾਏ ਰੰਗ ਦੀ, *ਅਥਵਾ:*-ਕਖਾਈ ਉਸ ਨੂੰ ਆਖਦੇ ਹਨ ਜੋ ਪੰਜ ਮਰੋੜੀਆਂ ਦਿਤੀਆਂ ਜਾਣ। *ਅਥਵਾ:*-ਹੱਥ ਵਿਖੇ ਕਖਾਈ=ਕੱਖਾਂ ਦੇ ਛੱਲੇ ਪਹਿਰੇ ਹੋਏ ਹਨ।

ਨੋਟ-ਭਗਵੇ ਨੂੰ ਕਖਾਇਆ ਰੰਗ ਆਖਦੇ ਹਨ।

ਹਥਿ ਛੁਰੀ ਜਗਤ ਕਾਸਾਈ॥

ਹੱਥ ਵਿਚ ਕਲਮ ਰੂਪੀ ਛੁਰੀ ਹੈ, ਇਸ ਤੇ ਸਾਰੇ ਜਗਤ ਦਾ ਕਸਾਈ ਹੋ ਰਿਹਾ ਹੈ।

ਅਥਵਾ-ਹੇ ਮੁਸਲਮਾਨ ! ਤੇਰੇ ਹੱਥ ਵਿਚ ਪ੍ਰਤੱਖ ਛੁਰੀ ਹੈ ਜੋ ਤੂੰ ਬਕਰਿਆਂ ਨੂੰ ਵਢਦਾ ਹੈਂ, ਇਸ ਤੇ ਸਾਰੇ ਜਗਤ ਦਾ ਤੂੰ ਕਸਾਈ ਹੈਂ।

[ਪੰਨਾ ੪੭੨]

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

ਹੇ ਮੁਸਲਮਾਨ ! ਤੂੰ ਨੀਲੇ ਰੰਗ ਦੇ ਬਸਤਰ ਪਹਿਰ ਕੇ ਪ੍ਰਮਾਣੀਕ ਹੋ ਰਿਹਾ ਹੈਂ।

ਅਥਵਾ:-ਹੇ ਹਿੰਦੂ ! ਤੂੰ ਮੁਸਲਮਾਨਾਂ ਦੇ ਡਰ ਕਰਕੇ ਆਪਣੇ ਧਰਮ ਨੂੰ ਛਡ ਕੇ ਨੀਲੇ ਬਸਤ੍ਰਾਂ ਨੂੰ ਪਹਿਰ ਕੇ ਪ੍ਰਮਾਣੀਕ ਹੋ ਰਿਹਾ ਹੈਂ ਕਿਉਂਕਿ ਉਸ ਸਮੇਂ ਤੁਰਕ ਹਾਕਮਾਂ ਪਾਸ ਜਾਣ ਦੀ ਆਗਿਆ ਤਦ ਮਿਲਦੀ ਸੀ, ਜਦ ਨੀਲੇ ਰੰਗ ਦੇ ਕਪੜੇ ਪਾਵੇ।

ਮਲੇਛ ਧਾਨੁ ਲੇ ਪੂਜਹਿ ਪੁਰਾਣੁ॥

ਮਲੇਛਾਂ ਪਾਸੋਂ ਧਾਨੁ=ਅੰਨ ਲੈ ਕੇ ਤੂੰ ਪੁਰਾਣਾਂ ਨੂੰ ਪੂਜਦਾ ਹੈਂ।

ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥

ਫਿਰ ਤੂੰ ਅਭਾਖਿਆ ਦਾ ਕੁਠਾ=ਕੋਹਿਆ ਹੋਇਆ ਬਕਰਾ ਖਾਂਦਾ ਹੈਂ। ਅਭਾਖਿਆ ਉਸ ਨੂੰ ਕਹਿੰਦੇ ਹਨ ਜੋ ਨਾ ਛਕਣ ਯੋਗ ਹੋਵੇ ਜੋ ਕਲਮਾਂ ਪੜ੍ਹ ਕੇ ਮਾਰਿਆ ਹੋਇਆ ਹੋਵੇ।

ਮੁਖ ਤੋਂ ਇਸ ਤਰ੍ਹਾਂ ਉਚਾਰਦਾ ਹੈਂ ਕਿ ਸਾਡੇ ਚਉਕੇ ਉਪਰ ਕਿਸੇ ਨੇ ਨਹੀਂ ਜਾਣਾ।

ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥

ਚਉਕਾ ਦੇ ਕੇ ਆਸੇ ਪਾਸੇ ਕਾਰ=ਲੀਕਾਂ ਕੱਢੀਆਂ ਹੋਈਆਂ ਹਨ।

ਪਰੰਤੂ ਏਸ ਚਉਕੇ ਉਪਰ ਤੁਸੀਂ ਕੂੜਿਆਰ=ਝੂਠੇ ਲੋਕ ਆ ਕੇ ਬੈਠਦੇ ਹੋ।

ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥

ਮੁਖ ਨਾਲ ਇਸ ਤਰ੍ਹਾਂ ਆਖਦੇ ਹੋ ਕਿ ਅਸਾਂ ਨੂੰ ਕੋਈ ਨ ਭਿਟੈ=ਛੋਹਵੇ, ਅਸਾਂ ਨੂੰ ਕੋਈ ਨਾ ਛੋਹਵੇ। *ਅਥਵਾ-*ਹੇ ਮਤੀ ਦੇ ਭਿਟੇ ਹੋਏ ! ਤੂੰ ਐਸੇ ਕਹਿੰਦਾ ਹੈਂ ਕਿ ਅਸਾਂ ਨੂੰ ਕੋਈ ਨਾ ਛੋਹਵੇ। *ਅਥਵਾ-*ਮਤੁ ਭਿਟੈ=ਛੂਹਣਾ ਨਾ, ਮਤਾਂ ਸਾਡਾ ਚੌਕਾ ਨਾ ਭਿਟ ਜਾਏ।

ਨਹੀਂ ਤਾਂ ਇਹ ਸਾਡਾ ਅੰਨ ਫਿਟੈ=ਨਿਸਫਲ ਹੋ ਜਾਏਗਾ।

ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥

ਹੇ ਤਨ ਦੇ ਫਿਟੈ=ਖਰਾਬੜ ਪੁਰਸ਼ੋ ! ਤੁਸੀਂ ਆਪ ਹੀ ਫੇੜ=ਖਰਾਬੜਤਾਈਆਂ ਵਾਲੇ ਕਰਮਾਂ ਨੂੰ ਕਰਦੇ ਹੋ।

ਮਨ ਕਰਕੇ ਜੂਠੈ=ਅਪਵਿੱਤ੍ਰ ਹੋ ਤੇ ਮੁਖ ਤੋਂ ਚੁਲੀਆਂ ਕਰਦੇ ਹੋ ਪਰ ਮੁਖ ਤੋਂ ਚੁਲੀਆਂ ਕਰਨ ਨਾਲ ਮਨ ਪਵਿੱਤ੍ਰ ਨਹੀਂ ਹੁੰਦਾ।

*ਪ੍ਰਸ਼ਨ-*ਮਨ ਕਿਵੇਂ ਪਵਿੱਤਰ ਹੋਵੇ ? *ਉੱਤਰ-*

ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਸੱਚੇ ਨਾਮ ਨੂੰ ਧਿਆਉਣਾ ਕਰੀਏ।

ਤਾਂ ਮਨ ਸੁਚਿ=ਪਵਿੱਤ੍ਰ ਹੁੰਦਾ ਹੈ, ਮਨ ਦੇ ਪਵਿੱਤ੍ਰ ਹੋਣ ਨਾਲ ਸੱਚਾ ਵਾਹਿਗੁਰੂ ਪ੍ਰਾਪਤ ਹੁੰਦਾ ਹੈ॥ ੨॥

ਪਉੜੀ॥

ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ॥

ਸਭੁ ਕੋ=ਸਾਰਾ ਜਗਤ ਚਿਤੈ=ਮਨ ਦੇ ਅੰਦਰ ਹੈ।

*ਯਥਾ-*ਚੰਚਲ ਚਪਲ ਬੁਧਿ ਕਾ ਖੇਲੁ॥ *(ਗਉੜੀ ਮਹਲਾ ੧ ਪੰਨਾ ੧੫੨)*

ਤਥਾ-ਮਨ ਉਨਮੇਖ ਜਗ ਭਇਓ ਬਿਨ ਉਨਮੇਖ ਨਸਾਇ॥ (ਵਿਚਾਰ ਮਾਲਾ)

ਅਥਵਾ:-ਸਭੁ ਕੋ=ਸਾਰਾ। ਜਗਤ ਚਿਤੈ=ਚੇਤਨ ਅੰਦਰ ਹੈ।

ਅਥਵਾ:-ਚਿਤੈ=ਦਫਤਰ ਅੰਦਰ ਦੇਖਣਾ ਕਰੋ। ਉਹ ਪਰਮੇਸ਼ਰ ਸਾਰਿਆਂ ਜੀਵਾਂ ਨੂੰ ਆਪਣੀ ਨਦਰੀ=ਨਿਗਾਹ ਹੇਠ ਚਲਾਂਵਦਾ ਹੈ ਭਾਵ ਹਰੇਕ ਨੂੰ ਆਪਣੀ ਨਜ਼ਰ ਵਿਚ ਰੱਖ ਕੇ ਕਾਰੇ ਲਾਈ ਰੱਖਦਾ ਹੈ।

ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ॥

ਪਰਮੇਸ਼ਰ ਆਪ ਹੀ ਗੁਰਮੁਖਾਂ ਨੂੰ ਵਡਿਆਈਆਂ ਦੇਂਦਾ ਹੈ, ਆਪੇ ਹੀ ਉਹਨਾਂ ਪਾਸੋਂ ਸ੍ਰੇਸ਼ਟ ਕਰਮ ਕਮਾਂਵਦਾ ਹੈ।

ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ॥

ਆਪ ਵੀ ਵੱਡਿਆਂ ਤੋਂ ਵੱਡਾ ਹੈ ਉਸ ਦੀ ਮੇਦਨੀ=ਸ੍ਰਿਸ਼ਟੀ ਵੀ ਵੱਡੀ ਹੈ ਸਿਰੇ ਸਿਰਿ=ਸਿਰਜ ਸਿਰਜ ਕੇ ਅਰਥਾਤ ਉਤਪਤ ਕਰਕੇ ਜੀਵਾਂ ਨੂੰ ਧੰਦਿਆਂ ਵਿਚ ਲਗਾਂਵਦਾ ਹੈ।

ਅਥਵਾ:-ਸਿਰੇ ਸਿਰਿ=ਸਿਰ-ਬਸਿਰ ਅਰਥਾਤ ਜਿਥੇ ਕੋਈ ਹੈ ਉਥੇ ਹੀ ਥਾਉਂ ਥਾਈਂ ਸਭ ਨੂੰ ਧੰਦਿਆਂ ਵਿਚ ਲਗਾਉਂਦਾ ਹੈ।

ਯਥਾ-ਆਪਿ ਉਪਾਏ ਧੰਧੈ ਲਾਏ॥ (ਮਾਝ ਮਹਲਾ ੩ ਪੰਨਾ ੧੧੨)

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥

ਉਹ ਪਰਮਾਤਮਾ ਜੇਕਰ ਉਪਠੀ ਨਦਰਿ=ਉਲਟੀ ਦ੍ਰਿਸ਼ਟੀ ਭਾਵ ਗੁੱਸੇ ਦੀ ਨਜ਼ਰ ਕਰੇ ਤਾਂ ਸੁਲਤਾਨਾ=ਬਾਦਸ਼ਾਹਾਂ ਦੇ ਪਾਸੋਂ ਘਾਹੁ=ਘਾਹ ਕਟਾਵਣਾ ਕਰਾਉਂਦਾ ਹੈ ਭਾਵ ਘਾਹੀ ਬਣਾ ਦੇਂਦਾ ਹੈ।

ਅਥਵਾ:-ਬਾਦਸ਼ਾਹਾਂ ਨੂੰ ਘਾਹ ਖੁਆ ਦੇਂਦਾ ਹੈ।

ਦਰਿ ਮੰਗਨਿ ਭਿਖ ਨ ਪਾਇਦਾ॥ ੧੬॥

ਜੇ ਉਹ ਕਿਸੇ ਦੇ ਦਰਵਾਜ਼ੇ 'ਪਰ ਜਾ ਕੇ ਭਿੱਖਿਆ ਵੀ ਮੰਗਣ ਤਾਂ ਭੀ ਅਗੋਂ ਕੋਈ ਭਿੱਖਿਆ ਨਹੀਂ ਪਾਉਂਦਾ ॥ ੧੬॥

ਸਾਖੀ-ਦਾਰਾ ਸ਼ਕੋਹ ਦੀ

ਇਹ ਦਾਰਾ ਸ਼ਕੋਹ ਬੜਾ ਧਰਮਾਤਮਾ ਬਾਦਸ਼ਾਹ ਹੋਇਆ ਹੈ, ਇਸ ਨੇ ਜਦ 'ਆਸਾ ਜੀ ਦੀ ਵਾਰ' ਸੁਣੀ ਤੇ ਇਹ ਪੰਗਤੀ ਆਈ-

'ਸੁਲਤਾਨਾ ਘਾਹੁ ਕਰਾਇਦਾ॥'

ਤਾਂ ਇਸ ਨੇ ਸ਼ੰਕਾ ਕੀਤੀ ਇਹ ਗੱਲ ਨਹੀਂ ਹੋ ਸਕਦੀ। ਭਲਾ ਬਾਦਸ਼ਾਹ ਕਿਸ ਤਰ੍ਹਾਂ ਘਾਹ ਕੱਟ ਸਕਦੇ ਹਨ ?

ਇਹ ਗੱਲ ਹੋਈ ਨੂੰ ਜਦ ਕੁਝ ਸਮਾਂ ਬਤੀਤ ਹੋ ਗਿਆ ਤਾਂ ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹਜਹਾਂ ਅਰ ਸਭ ਭਾਈਆਂ ਨੂੰ ਕੈਦ ਕਰ ਲਿਆ ਅਰ ਇਸ ਦੇ ਪਾਸੋਂ ਵੀ ਛਲ ਕਰਕੇ ਰਾਜ ਲੈ ਲੀਤਾ। ਤਾਂ ਉਥੋਂ ਏਹ ਔਰੰਗਜ਼ੇਬ ਤੋਂ ਡਰਦਾ ਹੋਇਆ ਕਰਤਾਰ ਪੁਰ ਵਿਚ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਹਜ਼ੂਰੀ ਵਿਚ ਆ ਪਹੁੰਚਾ, ਕਿਉਂਕਿ ਦਿਲ ਵਿਚ ਡਰ ਸੀ ਕਿ ਮੈਨੂੰ ਫੜ ਕੇ ਕੈਦ ਕਰ ਲਵੇਗਾ।

ਦਾਰਾ ਸ਼ਕੋਹ ਨੇ ਗੁਰੂ ਸਾਹਿਬ ਜੀ ਪਾਸ ਬੇਨਤੀ ਕੀਤੀ-ਹੇ ਗਰੀਬ ਨਿਵਾਜ਼ ! ਨਿਮਾਣਿਆਂ ਦੇ ਮਾਣ !

ਨਿਆਸਰਿਆਂ ਦੇ ਆਸਰਾ ! ਆਪ ਮੇਰੇ ਤੇ ਕ੍ਰਿਪਾ ਕਰੋ ਮੈਨੂੰ ਰਾਹ ਵਿਚ ਕੋਈ ਨਾ ਪਕੜੇ। ਛੇਤੀ ਛੇਤੀ ਲਾਹੌਰ ਪਹੁੰਚ ਜਾਵਾਂ।

ਇਹ ਗੱਲ ਸੁਣਕੇ ਸਤਿਗੁਰਾਂ ਨੇ ਸੈਨਾ ਖੜੀ ਕਰ ਦਿੱਤੀ ਤੇ ਹੁਕਮ ਦਿੱਤਾ ਜਲਦੀ ਚਲਿਆ ਜਾਹ। ਗੁਰੂ ਸਾਹਿਬ ਜੀ ਦੀ ਪ੍ਰਵਾਨਗੀ ਅਨੁਸਾਰ ਥੋਹੜੇ ਸਮੇਂ ਵਿਚ ਹੀ ਦਾਰਾ ਸ਼ਕੋਹ ਲਾਹੌਰ ਪਹੁੰਚ ਗਿਆ। ਉਥੋਂ ਜੋ ਕੁਛ ਲੈਣਾ ਸੀ ਉਹ ਲੈ ਕੇ ਅਗਾਂਹ ਨਿਕਲ ਗਿਆ। ਇਕ ਜਗ੍ਹਾਂ ਰਸੋਈ ਤਿਆਰ ਕਰਨ ਲੱਗਾ, ਦਾਸ ਨੂੰ ਕੋਈ ਚੀਜ਼ ਲੈਣ ਭੇਜ ਦਿੱਤਾ। ਆਪ ਅੱਗ ਬਾਲਣ ਲੱਗ ਪਿਆ ਜਦ ਫੂਕ ਮਾਰੀ ਤਾਂ ਸਵਾਹ ਉੱਡ ਕੇ ਮੂੰਹ ਤੇ ਪੈ ਗਈ। ਇਤਨੇ ਨੂੰ ਉਸ ਦੇ ਦਾਸ ਨੇ ਵੇਖਿਆ ਜੋ ਸਵਾਹ ਨਾਲ ਸਾਰਾ ਮੂੰਹ ਭਰਿਆ ਹੋਇਆ ਹੈ ਤਾਂ ਦਾਸ ਨੇ ਛੇਤੀ ਨਾਲ ਆ ਕੇ ਉਸ ਨੂੰ ਕਿਹਾ-ਹੇ ਹਜ਼ਰਤ ! ਫਕੀਰਾਂ ਦੀ ਸੰਗਤ ਕੀਤੀ ਤਾਂ ਆਪ ਦਾ ਇਹ ਹਾਲ ਹੋਇਆ ਹੈ।

ਦਾਰਾ ਸ਼ਕੋਹ ਨੇ ਕਿਹਾ ਫਕੀਰਾਂ ਦੀ ਸੰਗਤ ਤਾਂ ਸਭ ਤੋਂ ਉੱਤਮ ਹੈ। ਦੇਖ ਇਤਨਾਂ ਰਾਜ ਭਾਗ ਚਲਾ ਗਿਆ ਹੈ ਪਰ ਫਕੀਰਾਂ ਦੀ ਸੰਗਤ ਹੋਣ ਨਾਲ ਮੈਨੂੰ ਰੰਚਕ ਮਾਤ੍ਰ ਵੀ ਸ਼ੋਕ ਨਹੀਂ ਹੋਇਆ। ਉਸ ਵੇਲੇ ਆਪਣੇ ਦਾਸ ਨੂੰ ਧਨ ਪਦਾਰਥ ਦੇ ਕੇ ਵਿਦਾ ਕਰ ਦਿੱਤਾ ਤੇ ਆਪ ਇਕੱਲਾ ਹੀ ਫਿਰਦਾ ਰਿਹਾ।

ਇਕ ਸਮੇਂ ਭਗਵਾਨ ਦੀ ਮੇਹਰ ਨਾਲ ਦਿਲ ਵਿਚ ਇਹ ਵਿਚਾਰ ਪ੍ਰਾਪਤ ਹੋਈ ਕਿ ਜਦ ਇਹ ਦੇਹ ਮੇਰਾ ਆਪਣਾ ਆਪ ਨਹੀਂ ਸਵਾਰ ਸਕਦੀ ਤਾਂ ਮੈਂ ਕਿਸ ਵਾਸਤੇ ਭੱਜਾ ਫਿਰਦਾ ਹਾਂ?

ਤਿਸ ਵੇਲੇ ਦਾਇਰੇ ਵਿਚ ਜਾ ਕੇ ਬੈਠ ਗਿਆ। ਜਦ ਬੈਠੇ ਨੂੰ ਕੁਛ ਚਿਰ ਹੋਇਆ ਤਾਂ ਔਰੰਗਜ਼ੇਬ ਦੇ ਨਫਰਾਂ ਨੇ ਆ ਕੇ ਫੜ ਲਿਆ ਤੇ ਹਾਥੀ ਦੇ ਉਪਰ ਚੜ੍ਹਾ ਕੇ ਲੈ ਗਏ।

ਹੁਣ ਔਰੰਗਜ਼ੇਬ ਦਾ ਇਹ ਹੁਕਮ ਸੀ ਕਿ ਇਸ ਨੂੰ ਕੋਈ ਵੀ ਅੰਨ ਜਲ ਨਾ ਛਕਾਵੇ, ਜੋ ਇਸ ਨੂੰ ਅੰਨ ਜਲ ਦੇਵੇਗਾ ਉਸ ਦਾ ਜਨ ਬੱਚਾ ਘਾਣੀ ਕਰ ਦੇਵਾਂਗਾ, ਜਿਸ ਵੇਲੇ ਭੁੱਖ ਨੇ ਬਹੁਤ ਸਤਾਇਆ ਤਾਂ ਦਾਰਾ ਸ਼ਕੋਹ ਨੇ ਪਿਸ਼ਾਬ ਕਰਨ ਦੇ ਬਹਾਨੇ ਹਾਥੀ ਤੋਂ ਉਤਰ ਕੇ ਛੋਲਿਆਂ ਦੇ ਖੇਤ ਨੂੰ ਮੂੰਹ ਮਾਰਿਆ ਉਸ ਵੇਲੇ ਪੰਗਤੀ ਯਾਦ ਆਈ ਜੋ ਸਤਿਗੁਰੂ ਨਾਨਕ ਦੇਵ ਜੀ ਨੇ ਠੀਕ ਕਥਨ ਕੀਤਾ ਹੈ ਕਿ-

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥

ਅੱਗੇ ਗਿਆ ਤਾਂ ਇਕ ਮਾਈ ਰੋਟੀਆਂ ਪਕਾ ਰਹੀ ਸੀ, ਉਸ ਪਾਸ ਜਾ ਕੇ ਕਿਹਾ ਇਹ ਸੋਨੇ ਦੀ ਮੁੰਦਰੀ ਲੈ ਲੈ ਤੇ ਮੈਨੂੰ ਇਕ ਰੋਟੀ ਦੇ ਦੇਹ। ਉਸ ਨੇ ਕਿਹਾ ਮੈਂ ਤੈਨੂੰ ਇਕ ਰੋਟੀ ਦੇ ਕੇ ਜਨ ਬੱਚਾ ਘਾਣੀ ਕਰਵਾ ਲਵਾਂ? ਜਾਹ ਮੇਰੇ ਪਾਸ ਕੋਈ ਰੋਟੀ ਨਹੀਂ ਉਸ ਵੇਲੇ ਇਹ ਵੀ ਪੰਗਤੀ ਯਾਦ ਆਈ-

'ਦਰਿ ਮੰਗਨਿ ਭਿਖ ਨ ਪਾਇਦਾ॥ ੧੬॥'

ਪਿਆਰੇ ਪਾਠਕ ਜੀਓ ! ਵਾਹਿਗੁਰੂ ਦੀ ਪੁੱਠੀ ਨਦਰ ਜੇ ਹੋ ਜਾਵੇ ਤਾਂ ਇਸ ਤਰ੍ਹਾਂ ਦੀ ਹਾਲਤ ਹੁੰਦੀ ਹੈ ਕਿ ਦਰਵਾਜ਼ੇ 'ਪਰ ਜਾ ਕੇ ਮੰਗਿਆਂ ਵੀ ਕੋਈ ਭਿੱਖਿਆ ਨਹੀਂ ਪਾਉਂਦਾ।

ਸਲੋਕੁ ਮਃ ੧ ॥

ਉਥਾਨਕਾ-ਗੰਗੂ ਅਤੇ ਭਾਗੂ ਨਾਮ ਕਰਕੇ ਦੋਵੇਂ ਲਾਹੌਰ ਦੇ ਖੱਤ੍ਰੀ ਹੋਏ ਹਨ। ਜਦ ਸਰਾਧ ਪੱਖ ਨੇੜੇ ਆਇਆ ਤਦ ਇਨ੍ਹਾਂ ਨੂੰ ਬ੍ਰਾਹਮਣਾਂ ਨੇ ਕਿਹਾ ਭਾਵੇਂ ਚੋਰੀ ਕਰਕੇ ਲਿਆਓ, ਭਾਵੇਂ ਯਾਰੀ ਕਰਕੇ ਲਿਆਓ, ਪਿਤਰਾਂ ਨੂੰ ਜ਼ਰੂਰ ਦੇਣਾ ਚਾਹੀਦਾ ਹੈ। ਉਸ ਵੇਲੇ ਇਨ੍ਹਾਂ ਨੇ ਚੋਰੀ ਦਾ ਧਨ ਪਦਾਰਥ ਲਿਆ ਕੇ ਸਰਾਧ ਕਰਨਾ

ਸ਼ੁਰੂ ਕਰ ਦਿੱਤਾ। ਇਤਨੇ ਨੂੰ ਸਤਿਗੁਰ ਨਾਨਕ ਦੇਵ ਜੀ ਰਟਨ ਕਰਦੇ ਹੋਏ ਲਾਹੌਰ ਸ਼ਹਿਰ ਵਿਚ ਆ ਪਹੁੰਚੇ। ਜਦ ਇਹਨਾਂ ਨੇ ਸੁਣਿਆਂ, ਉਸ ਸਮੇਂ ਦੌਵੇਂ ਚੱਲ ਕੇ ਸਤਿਗੁਰਾਂ ਪਾਸ ਆਏ ਤੇ ਬੇਨਤੀ ਕਰਕੇ ਆਪਣੇ ਘਰ ਵਿਚ ਲੈ ਗਏ। ਜਦ ਸਰਾਧ ਕਰ ਚੁੱਕੇ ਤਾਂ ਸਤਿਗੁਰ ਨਾਨਕ ਦੇਵ ਜੀ ਨੇ ਪੁਛਿਆ ਇਤਨਾਂ ਇਕੱਠ ਤੁਸੀਂ ਕਿਸ ਵਾਸਤੇ ਕੀਤਾ ਹੈ?

ਗੰਗੂ ਭਾਗੂ ਨੇ ਕਿਹਾ-ਅਸਾਂ ਨੇ ਆਪਣੇ ਪਿਤਾ ਦੇ ਨਮਿਤ ਸਰਾਧ ਕੀਤਾ ਹੈ ਇਸ ਵਾਸਤੇ ਇਹ ਲੋਕ ਇਕੱਠੇ ਹੋਏ ਹਨ।

ਸਤਿਗੁਰਾਂ ਕਿਹਾ ਜਿਸ ਵਾਸਤੇ ਤੁਸੀਂ ਸ਼ਰਾਧ ਕੀਤਾ ਹੈ ਤੁਹਾਡੇ ਪਿਤਾ ਨੂੰ ਤਾਂ ਪਹੁੰਚਿਆ ਹੀ ਨਹੀਂ, ਕਿਉਂਕਿ ਤੁਸਾਂ ਨੇ ਚੋਰੀ ਕਰਕੇ ਧਨ ਲਿਆਂਦਾ ਸੀ। ਚੋਰੀ ਦਾ ਮਾਲ ਕਦੇ ਨਹੀਂ ਮਿਲਦਾ, ਸਗੋਂ ਜਿਸ ਦੇ ਘਰੋਂ ਚੋਰੀ ਕਰਕੇ ਲਿਆਂਦਾ ਸੀ ਉਸ ਦੇ ਪਿਤਰਾਂ ਨੂੰ ਮਿਲਿਆ ਹੈ ਤੁਹਾਡਾ ਕੀਤਾ ਨਿਸਫਲ ਹੈ, ਸਗੋਂ ਉਲਟਾ ਦੁਖਦਾਈ ਹੈ, ਕਿਉਂਕਿ ਤੁਹਾਡੇ ਪਿਤਰਾਂ ਨੂੰ ਉਹ ਪਿਤਰ ਝੂਠਾ ਪਏ ਕਰਦੇ ਹਨ। ਪਿਤਰਾਂ ਨੂੰ ਤਦ ਮਿਲਦਾ ਹੈ ਜਦ ਆਪ ਖਟ ਕਮਾ ਕੇ ਸ਼ਰਾਧ ਕਰੇ।

ਯਥਾ-ਜਬ ਪਿਤਰਨ ਕੋ ਦਿਨ ਚਲ ਆਵੈ। ਤਿਨ ਹਿਤ ਕਰ ਭੋਜਨ ਜੋ ਖਵਾਵੈ।
ਪਿਤਰ ਬਰਨ ਚਾਰਨ ਸਮਦਾਇ। ਬਿਪ੍ਰਨਿ ਬਿਧੈ ਪਰਵੇਸਹਿ ਆਇ।
ਸਿਖਨ ਕੇ ਗਨ ਪਿਤਰ ਜੁ ਅਹੈ। ਸੋ ਸਿਖਨ ਮਹਿ ਬਾਸੋ ਲਹੈ।
ਜਥਾ ਚੰਗ[1] ਬੰਧੀ ਸੰਗ ਡੋਰ। ਡੋਲਤ ਜਹਿ ਕਹਿ ਨਭ[2] ਕੀ ਓਰ।
ਡੋਰ ਬੰਧ ਦੀਪਕ ਪਹੁੰਚਾਵੈ। ਤਿਮ ਪਿਤਰਨ ਕੀ ਬਿਧ ਬਨ ਆਵੈ।
ਮੋਰ ਡੋਰ ਨਿਜ ਸੰਤਤ[3] ਸੰਗ। ਬੰਧੇ ਰਹਿਤ ਦੂਰ ਸਮ ਚੰਗ[4]।
ਪਿਤਰ ਦੇਵਤਾ ਜੋ ਸਭ ਕੇਰੇ[5]। ਲੇ ਲੇ ਸੋ ਅਹਾਰ[6] ਤਿਸ ਬੇਰੇ।
ਸੁਰਗ ਕੇ ਨਰਕ ਜੂਨ ਕੇ ਮਾਹੀ। ਸੁਰ ਜੇ ਪਿਤਰ ਪਹੁੰਚਾਵਹਿ ਤਾਹੀ।

(ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੬੨)

ਨੋਟ-'ਨਾਨਕ ਪ੍ਰਕਾਸ਼' ਦੇ ਵਿਚ ਇਹ ਸਲੋਕ ਦੁਨੀ ਚੰਦ ਦੇ ਪ੍ਰਥਾਇ ਕਥਨ ਕੀਤਾ ਹੈ, ਪਰੰਤੂ ਸੰਪ੍ਰਦਾਈ ਕਥਨ ਇਹੀ ਹੈ ਕਿ ਗੰਗੂ ਭਾਗੂ ਨਾਲ ਇਹ ਸਲੋਕ ਉਚਾਰਿਆ ਹੈ।

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥

ਜੇ ਮੋਹਾਕਾ=ਠੱਗਣ ਵਾਲਾ ਹੋ ਕੇ ਕਿਸੀ ਦੂਸਰੇ ਘਰ ਨੂੰ ਮੁਹੈ=ਠੱਗੇ ਤੇ ਉਹ ਪਦਾਰਥ ਆਪਣੇ ਘਰ ਦੇ ਮੁਹਿ=ਵਿਚ ਲਿਆ ਕੇ ਆਪਣੇ ਪਿਤਰਾਂ ਦੇ ਨਮਿਤ ਦੇਵੇ ਤਾਂ ਅੱਗੇ ਉਸ ਦੇ ਵੀ ਪਿਤਰ ਬੈਠੇ ਹਨ।

ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥

ਉਹ ਪਿਤਰ ਅਗੈ=ਪ੍ਰਲੋਕ ਵਿਚ ਵਸਤੂ ਸਿਞਾਣ ਲੈਂਦੇ ਹਨ। ਉਲਟਾ ਸਗੋਂ ਉਹ ਪਿਤਰ ਇਸ ਸਰਾਧ ਕਰਨ ਵਾਲੇ ਪਿਤਰਾਂ ਨੂੰ ਚੋਰ ਆਖਦੇ ਹਨ।

ਜਿਸ ਨੇ ਇਹ ਉਪਦੇਸ਼ ਦਿੱਤਾ ਹੈ ਕਿ ਭਾਵੇਂ ਚੋਰੀ ਕਰ, ਭਾਵੇਂ ਯਾਰੀ ਕਰ ਪਰ ਸਰਾਧ ਜ਼ਰੂਰ ਕਰ-

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥

---

੧. ਗੁੱਡੀ। ੨. ਅਕਾਸ਼। ੩. ਸੰਤਾਨ। ੪. ਗੁੱਡੀ। ੫. ਦੇ। ੬. ਭੋਜਨ।

ਉਸ ਦਲਾਲ ਬ੍ਰਾਹਮਣ ਦੇ ਹੱਥ ਵੱਢੇ ਜਾਂਦੇ ਹਨ ਜਿਸ ਨੇ ਇਸ ਪ੍ਰਕਾਰ ਦੀ ਮੁਨਸਫੀ ਕੀਤੀ ਅਰਥਾਤ ਨਿਆਂ ਕੀਤਾ ਹੈ।

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਅਗੈ=ਪ੍ਰਲੋਕ ਵਿਚ ਪਿਤਰਾਂ ਨੂੰ ਓਹੀ ਕੁਝ ਮਿਲਦਾ ਹੈ, ਜੋ ਆਪਣੀ ਘਾਲੇ=ਕਮਾਈ ਨਾਲ ਖੱਟ ਕੇ ਦਾਨ ਦੇਂਦਾ ਹੈ॥ ੧ ॥

ਇਕ ਸਮੇਂ ਦਸਮ ਪਾਤਿਸ਼ਾਹ ਜੀ ਪਾਸ ਭੀ ਸੰਗਤ ਨੇ ਬੇਨਤੀ ਕੀਤੀ ਸੀ ਕਿ ਹੇ ਦੀਨ ਦਿਆਲ ਗੁਰੂ ਜੀ ! ਤੁਸਾਂ ਲਿਖਿਆ ਹੈ, ਕਿਸੇ ਮੋਨੇ ਦੇ ਹਥੋਂ ਸਰਾਧ ਨਹੀਂ ਕਰਵਾਉਣੇ ਅਰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਜਨਮ ਸਾਖੀ ਦੇ ਵਿਚ ਲਿਖਿਆ ਹੈ-

ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਦੇ ਜੋਤੀ ਜੋਤ ਸਮਾਵਣੇ ਦੇ ਦਿਨ ਸਰਾਧ ਕਰਵਾਇਆ ਸੀ। ਬਚਨ ਹੋਇਆ ਉਸ ਸਮੇਂ ਜਪੁਜੀ ਮੰਤ੍ਰ ਤੋਂ ਬਿਨਾਂ ਹੋਰ ਕੋਈ ਮੰਤ੍ਰ ਨਹੀਂ ਸੀ ਪੜ੍ਹਿਆ। ਤੁਸੀਂ ਭੀ ਜਪੁਜੀ ਮੰਤ੍ਰ ਪੜ੍ਹ ਕੇ ਸਰਾਧ ਪੁੰਨ ਕਰੋ ਤਾਂ ਫਲ ਮਿਲੇਗਾ।

(ਬਿਜੇ ਮੁਕਤ ਗ੍ਰੰਥ ਦਾ ਪੰਨਾ ੩੧੯ ਸਾਖੀ ੬੯)

ਨਾਮ ਹੀਨ ਆਦਮੀ ਹਮੇਸ਼ਾਂ ਅਪਵਿੱਤ੍ਰ ਹੈ ਇਸ ਉੱਤੇ ਦ੍ਰਿਸ਼ਟਾਂਤ ਦੇਂਦੇ ਹਨ।

ਮਃ ੧ ॥ ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥

ਜਿਸ ਤਰ੍ਹਾਂ ਜੋਰੂ=ਇਸਤ੍ਰੀ ਨੂੰ ਸਿਰਨਾਵਣੀ=ਰਿਤੂ, 'ਮਾਸਕ ਧਰਮ' ਬਾਰੰਬਾਰ ਅਰਥਾਤ ਹਰ ਮਹੀਨੇ ਦੇ ਮਹੀਨੇ ਆਂਵਦਾ ਹੈ ਉਸ ਸਮੇਂ ਔਰਤ ਅਪਵਿੱਤਰ ਕਹੀ ਹੈ, ਭਾਵੇਂ ਬ੍ਰਾਹਮਣੀ ਹੋਵੇ, ਭਾਵੇਂ ਖੱਤ੍ਰਾਣੀ ਹੋਵੇ, ਉਹ ਚੰਡਾਲਣੀ ਦੇ ਸਦਰਸ ਕਹੀ ਹੈ। ਸ਼ਾਸਤ੍ਰਕਾਰਾਂ ਨੇ ਇਸਤ੍ਰੀ ਜੂਨ ਉਂਵ ਭੀ ਅਪਵਿੱਤ੍ਰ ਕਹੀ ਹੈ, ਇਸਤ੍ਰੀ ਨਾਲੋਂ ਪੁਰਸ਼ ਜੂਨ ਸ੍ਰੇਸ਼ਟ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਚੌਥੀ ਰੁਤ ਛੇਵੇਂ ਅੰਸੂ ਵਿਚ ਲਿਖਿਆ ਹੈ-

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਕਲਗੀਧਰ ਮਹਾਰਾਜ ਜੀ ਦੀਵਾਨ ਵਿਚ ਆ ਕੇ ਇਸਥਿਤ ਹੋਏ ਤੇ ਮੁਖਾਰਬਿੰਦ ਤੋਂ ਕਿਹਾ-

ਸੰਗਤ ਦੇ ਵਿਚ ਐਸੀ ਕੋਈ ਇਸਤ੍ਰੀ ਹੈ ਜਿਸ ਨੇ ਮਰਦ ਦੇ ਮੂੰਹ ਨੂੰ ਨਹੀਂ ਫਿਟਕਾਰਿਆ ? ਤਿਸ ਵੇਲੇ ਸਭ ਔਰਤਾਂ ਸੁਣਕੇ ਚੁਪ ਹੋ ਗਈਆਂ।

ਇਕ ਸਿੱਖ ਦੀ ਪੁਤਰੀ ਹੱਥ ਜੋੜ ਕੇ ਖਲੋ ਕੇ ਰਹਿੰਦੀ ਹੈ-ਹੇ ਸੱਚੇ ਪਾਤਿਸ਼ਾਹ ! ਮੈਂ ਅੱਜ ਤੱਕ ਕਿਸੀ ਮਰਦ ਨੂੰ ਫਿਟਕਾਰਿਆ ਨਹੀਂ, ਹੋਰ ਭਲਾ ਕੀ ਕਹਿਣਾ ਹੈ, ਮੈਂ ਅੱਜ ਤੱਕ ਆਪਣੇ ਪੁੱਤਰ ਨੂੰ ਭੀ ਨਹੀਂ ਫਿਟਕਾਰਿਆ।

ਉਸ ਵੇਲੇ ਸਤਿਗੁਰਾਂ ਨੇ ਕਿਹਾ-ਧੰਨ ਹੈਂ, ਧੰਨ ਤੂੰ, ਜੋ ਤੈਨੇ ਇਹ ਰੀਤ ਜਾਣੀ ਹੈ ਪਰ ਇਹ ਜਿਤਨੀ ਸੰਗਤ ਬੈਠੀ ਹੈ ਇਸ ਨੂੰ ਕਿਵੇਂ ਭਰੋਸਾ ਆਵੇ ?

ਉਸ ਵੇਲੇ ਉਹ 'ਭਾਗਣ' ਨਾਮ ਕਰਕੇ ਇਸਤ੍ਰੀ ਬੋਲੀ-ਹੇ ਪ੍ਰਭੂ ! ਆਗਰੇ ਨਗਰ ਦੇ ਵਿਚ ਮੇਰਾ ਪਿਤਾ ਬਾਦਸ਼ਾਹ ਦਾ ਦੀਵਾਨ ਸੀ, ਉਸ ਦਾ ਸਭ ਉਪਰ ਹੁਕਮ ਚਲਦਾ ਸੀ। ਬਹੁਤ ਚਿਰ ਉਸ ਨੇ ਬਾਦਸ਼ਾਹ ਦਾ ਕਾਰਜ ਕੀਤਾ। ਸਮਾਂ ਪਾ ਕੇ ਮੇਰੇ ਪਿਤਾ ਜੀ ਦੀ ਦੇਹ ਆ ਅੰਤ ਹੋ ਗਿਆ। ਜਿਸ ਵੇਲੇ ਬਾਦਸ਼ਾਹ ਨੇ ਸੁਣਿਆ

ਮੇਰਾ ਦੀਵਾਨ ਮ੍ਰਿਤੂ ਹੋ ਗਿਆ ਹੈ, ਉਸ ਵੇਲੇ ਦਰਵਾਜ਼ਿਆਂ 'ਪਰ ਚੌਕੀਦਾਰ ਬਿਠਾ ਦਿੱਤੇ ਤੇ ਜੰਦਰੇ ਬੰਦ ਕਰਵਾ ਦਿੱਤੇ ਹੁਕਮ ਦਿੱਤਾ ਜੇ ਤਿਨ੍ਹਾਂ ਦੇ ਘਰ ਵਿਚ ਕੋਈ ਲੜਕਾ ਹੋਵੇ ਤਾਂ ਮੇਰੇ ਪਾਸ ਲਿਆਵਣਾ। ਜਦ ਉਹ ਘਰ ਵਿਚ ਆਏ ਤੇ ਸਾਡੇ ਪਾਸੋਂ ਪੁਛ ਕੇ ਬਾਦਸ਼ਾਹ ਨੂੰ ਸਾਰੀ ਗੱਲ ਸੁਣਾਈ ਕਿ ਸਤ ਪੁਤ੍ਰੀਆਂ ਉਸ ਦੇ ਘਰ ਵਿਚ ਹਨ ਅਤੇ ਇਕ ਬਾਲਕ ਗਰਭ ਦੇ ਵਿਚ ਭੀ ਹੈ, ਭਾਵੇਂ ਉਹ ਲੜਕਾ ਹੈ ਭਾਵੇਂ ਕੰਨਿਆਂ ਹੈ। ਉਸ ਵੇਲੇ ਬਾਦਸ਼ਾਹ ਨੇ ਸੁਣਕੇ ਕਿਹਾ ਜੇ ਇਹਨਾਂ ਦੇ ਘਰ ਲੜਕਾ ਹੋਵੇ ਤਾਂ ਸਾਰੇ ਘਰ ਦੇ ਜੀਆਂ ਦੀ ਖਲਾਸੀ ਕਰ ਦੇਣੀ ਤੇ ਜੇ ਲੜਕੀ ਹੋਵੇ ਤਾਂ ਘਰ ਬਾਰ ਜ਼ਬਤ ਕਰ ਲੈਣਾ। ਬਾਦਸ਼ਾਹ ਦਾ ਹੁਕਮ ਮੰਨ ਕੇ ਦਰਵਾਜ਼ੇ 'ਪਰ ਚੌਕੀਦਾਰ ਬੈਠ ਗਏ। ਜਦ ਗਰਭ ਦੇ ਦਿਨ ਪੂਰੇ ਹੋ ਗਏ ਤਾਂ ਉਸ ਸਮੇਂ ਲੜਕਾ ਪੈਦਾ ਹੋਇਆ ਤੇ ਬੜੀਆਂ ਖੁਸ਼ੀਆਂ ਹੋਈਆਂ। ਇਹ ਗੱਲ ਬਾਦਸ਼ਾਹ ਨੇ ਸੁਣਕੇ ਉਸੇ ਵੇਲੇ ਸਾਨੂੰ ਖਲਾਸੀ ਦੀ ਆਗਿਆ ਦੇ ਦਿੱਤੀ ਤੇ ਪਹਿਲੇ ਜਿਤਨਾ ਹੀ ਰੁਜ਼ੀਨਾ ਦੇਣਾ ਸ਼ੁਰੂ ਕਰ ਦਿਤਾ।

ਉਸ ਸਮੇਂ ਮੈਂ ਆਪਣੀਆਂ ਸਾਰੀਆਂ ਭੈਣਾਂ ਨੂੰ ਕਿਹਾ ਕਿ ਧੰਨ ਇਹ ਮਰਦ ਹੈ ਜਿਸ ਦੇ ਪਿਛੇ ਸਾਰਾ ਪ੍ਰਵਾਰ ਛੁਟ ਗਿਆ ਹੈ। ਮਰਦ ਤੋਂ ਬਿਨਾਂ ਕੋਈ ਕਾਰਜ ਰਾਸ ਨਹੀਂ ਆਉਂਦਾ।

ਹੇ ਸੱਚੇ ਪਾਤਸ਼ਾਹ ! ਉਸ ਸਮੇਂ ਤੋਂ ਲੈ ਕੇ ਅੱਜ ਤੱਕ ਮੈਂ ਇਹ ਭਰੋਸਾ ਧਾਰ ਲਿਆ ਹੈ ਤੇ ਮੁਖ ਤੋਂ ਇਸ ਤਰ੍ਹਾਂ ਬਚਨ ਕਿਹਾ- ਯਥਾ-

ਜਨਮਤ ਮਰਦ ਸੁ ਬੰਦ ਖਲਾਸੀ। ਹਮ ਜ਼ਨਾਨੀਆਂ ਸਪਤ ਪ੍ਰਕਾਸੀ।
ਨਹਿ ਮੁਲਾਹਜਾ ਕਿਨਤਿ ਉਬਾਚੀ। ਯਾਤੇ ਧੰਨ ਸਮਸ ਹੈਸਾਚੀ।
ਜ਼ਨ ਜ਼ੁਲਮ ਜੰਮਹਿ ਲਾਨਤੁਹਿ। ਸ਼ਬਹਿ ਰੋਜ਼ ਹਰ ਦੋ ਮਾਂਹਿ।
ਮਰਦਹਿ ਜੰਮਹਿ ਦਰ ਗੋਸ਼ ਪੈਰ ਕਰਦਮਹਿ।
ਦਾੜ੍ਹੀ ਬੰਦਗੀ ਐਨ ਖੁਦਾਇ ਦੀਦਾਰ ਸ਼ੁਮਾਰਹਿ।
ਬਗੈਰ ਦਾੜ੍ਹੀ ਸੈਤਾਨ ਬਿਸਾਹਸ ਨਾ ਕਰਦਮਹਿ॥ ੧੨੩॥

(ਗੁਰ ਪ੍ਰਤਾਪ ਸੂਰਜ ਰੁਤ ੪ ਅੰਸੂ ੬)

ਜ਼ਨ=ਔਰਤ ਦਾ ਜੰਮਹਿ=ਉਤਪਤਿ ਹੋਣਾ ਜ਼ੁਲਮ ਹੈ। ਰੋਜ਼=ਦਿਨ, ਸ਼ਬਹਿ=ਰਾਤ ਦੋ ਵੇਲਿਆਂ ਵਿਚ ਲਾਹਨਤ ਹੀ ਮਿਲਦੀ ਹੈ। ਮਰਦਹਿ=ਆਦਮੀ ਉਤਪੰਨ ਹੋਵੇ ਤਾਂ ਗੋਸ਼+ਦਰ=ਕੰਨਾਂ ਦੇ ਅੰਦਰ ਖੈਰ ਪੈਂਦੀ ਹੈ, ਦਾਹੜੀ ਰੱਖਣੀ ਖੁਦਾਈ ਬੰਦਗੀ ਤੁਲ ਹੈ। ਦਾਹੜੀ ਵਾਲੇ ਦਾ ਦੀਦਾਰ ਖੁਦਾ ਦਾ ਹੂ ਬਹੂ ਦੀਦਾਰ ਗਿਣਿਆਂ ਜਾਂਦਾ ਹੈ। ਜੋ ਦਾਹੜੀ ਤੋਂ ਬਗੈਰ ਹੈ ਉਹ ਸ਼ੈਤਾਨ ਹੈ, ਉਸ ਦਾ ਬਿਸਾਹਸ=ਵਿਸਾਹ ਨਹੀਂ ਕਰਨਾ ਚਾਹੀਦਾ।

ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥

ਤਿਵੇਂ ਜੋ ਪੁਰਸ਼ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਹੈ। ਉਸ ਝੂਠੇ ਮਨੁੱਖ ਦੇ ਮੂੰਹ ਵਿਚ ਸਦਾ ਝੂਠ ਵਸਦਾ ਹੈ। ਏਸ ਕਰਕੇ ਉਹ ਨਿਤਾਪ੍ਰਤੀ ਖੁਆਰੁ=ਖਰਾਬ ਹੁੰਦਾ ਹੈ।

*ਪ੍ਰਸ਼ਨ-*ਸਰੀਰਕ ਇਸ਼ਨਾਨ ਕਰਨ ਨਾਲ ਸਰੀਰ ਪਵਿੱਤ੍ਰ ਹੋ ਸਕਦਾ ਹੈ ਕਿ ਨਹੀਂ? *ਉੱਤਰ-*

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥

ਇਸ ਪ੍ਰਕਾਰ ਦੀ ਰੀਤੀ ਕਰਨ ਨਾਲ ਸੂਚੇ=ਪਵਿੱਤਰ ਨਹੀਂ ਕਿਹਾ ਜਾਂਦਾ, ਜੋ ਬੈਠ ਕੇ ਪਿੰਡਾ=ਸਰੀਰ ਧੋ ਲਿਆ।

ਪੁਨਾ-ਸਿੱਖਾਂ ਨੇ ਬੇਨਤੀ ਕੀਤੀ ਪਵਿੱਤ੍ਰ ਆਦਮੀ ਕਿਹੜੇ ਹਨ ?

ਉੱਤਰ-

ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਸੂਚੇ=ਪਵਿੱਤਰ ਉਹ ਪੁਰਸ਼ ਹਨ ਜਿਨ੍ਹਾਂ ਦੇ ਮਨ ਵਿਚ ਉਹ ਵਾਹਿਗੁਰੂ ਵਸਿਆ ਹੈ।

ਯਥਾ ਗੁਰਵਾਕ-

ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥

(ਅਨੰਦੁ ਸਾਹਿਬ, ਪੰਨਾ ੯੧੯)

ਪਉੜੀ ॥

ਹੁਣ ਵੈਰਾਗ ਜਨਕ ਉਪਦੇਸ਼ ਦੇਂਦੇ ਹਨ-

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥

ਜਿਨ੍ਹਾਂ ਦੇ ਪਾਸ ਤੁਰੇ=ਘੋੜੇ, ਪਲਾਣੇ=ਕਾਠੀਆਂ ਵਾਲੇ, ਪੌਣ ਵਾਂਗੂੰ ਤਿੱਖਾ ਜਿਨ੍ਹਾਂ ਦਾ ਵੇਗ=ਚੱਲਣਾ ਹੈ।

*ਅਥਵਾ-*ਪਲਾਣੇ=ਪਲਾਣਾਂ ਵਾਲੇ ਜੋ ਊਠ ਹਨ ਪਉਣ ਵਾਂਗੂੰ ਜਿਨ੍ਹਾਂ ਦਾ ਵੇਗ ਹੈ, ਕਿਉਂਕਿ ਮਾਹਰੇ ਬੜੇ ਦੌੜਦੇ ਹਨ। *ਅਥਵਾ-*ਪਲਾਣੇ=ਅੰਬਾਰੀਆਂ ਵਾਲੇ ਜੋ ਹਾਥੀ ਹਨ ਅਤੇ ਹਰੇਕ ਰੰਗਾਂ ਦੇ ਹਰਮ=ਮੰਦਰਾਂ ਨੂੰ ਸਵਾਰ ਕੇ ਬਣਾਇਆ ਹੈ।

*ਅਥਵਾ-*ਜਿਨ੍ਹਾਂ ਨੇ ਆਪਣੀਆਂ ਹਰਮ=ਔਰਤਾਂ ਨੂੰ ਹਰ ਰੰਗਾਂ ਦੇ ਬਸਤ੍ਰ ਭੂਸ਼ਣਾਂ ਨਾਲ ਸਵਾਰ ਕੇ ਰੰਗ=ਪ੍ਰੇਮ ਸਹਿਤ ਰੱਖਿਆ ਹੈ। ਫਾਰਸੀ ਵਿਖੇ ਇਸਤਰੀ ਨੂੰ 'ਹਰਮ' ਆਖਦੇ ਹਨ, ਗੁਰਬਾਣੀ ਵਿਚ ਵੀ ਇਹ ਪਦ ਆ ਚੁੱਕਾ ਹੈ।

ਯਥਾ-ਕਹਾਂ ਸੁ ਪਾਨ ਤੰਬੋਲੀ 'ਹਰਮਾ' ਹੋਈਆ ਛਾਈ ਮਾਈ ॥

(ਆਸਾ ਮ: ੧, ਪੰਨਾ ੪੧੭ ਨਸੀਹਤ ਨਾਮਾ)

ਤਥਾ-'ਹਰਮਾ' ਸਿਉ ਖੇਲੇ ਖੁਸ਼ਬੋਈ ਹਵਾਇ ॥

ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥

ਕੋਠੇ ਕੱਚੇ, ਮੰਡਪ=ਚੌੜੇ ਅਸਥਾਨ, ਮਾੜੀਆ=ਦੋਹਾਸਨੀਆਂ ਚੌਹਾਸਨੀਆਂ , ਇਹਨਾਂ ਵਿਚ ਚਿਤ ਲੱਗਾ ਕੇ ਤੇ ਪਾਸਾਰਾ ਕਰ ਬੈਠੇ।

ਨੋਟ-ਕੋਠੇ ਤੇ ਮਾੜੀਆਂ ਉਹਨਾਂ ਨੂੰ ਆਖਦੇ ਹਨ ਜਿਨ੍ਹਾਂ ਵਿਚ ਹਮੇਸ਼ਾਂ ਨਿਵਾਸ ਕੀਤਾ ਜਾਂਦਾ ਹੈ ਅਤੇ ਮੰਡਪ ਉਹ ਅਸਥਾਨ ਹਨ ਜਿਨ੍ਹਾਂ ਵਿਚ ਘੋੜਿਆਂ ਤੇ ਚੜ੍ਹ ਕੇ ਸ਼ਿਕਾਰ ਆਦਿਕ ਖੇਡ ਕੇ ਜਾ ਕੇ ਟਿਕਾਣਾ ਕਰਦੇ ਤੇ ਰਸ ਮਾਣਦੇ ਹਨ। ਜੋ ਬਾਹਰ ਜੰਗਲਾਂ, ਜੂਹਾਂ ਤੇ ਬਾਗਾਂ ਵਿਚ ਆਰਜ਼ੀ ਰਚੇ ਹੋਏ ਹੁੰਦੇ ਹਨ।

ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥

ਮਨ ਭਾਂਵਦੇ ਚੀਜ=ਕੌਤਕ ਕਰਦੇ ਹਨ। *ਅਥਵਾ-*ਮਨ ਭਾਂਵਦੀਆਂ ਚੀਜ਼ਾਂ ਨੂੰ ਇੱਕਤਰ ਕਰਦੇ ਹਨ, *ਅਥਵਾ-*ਖਾਂਵਦੇ ਹਨ ਤੇ ਹਰੀ ਦੇ ਨਾਮ ਨੂੰ ਬੁਝਦੇ ਨਹੀਂ ਇਸ ਕਰਕੇ ਆਪਣੇ ਮਨੁੱਖਾ ਜਨਮ ਨੂੰ ਸੰਸਾਰ ਰੂਪੀ

ਜੂਏ ਵਿਚ ਹਾਰ ਗਏ।

ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥

ਜਿਨ੍ਹਾਂ ਨੇ ਕਈ ਪ੍ਰਕਾਰ ਦੇ ਹੁਕਮ ਹਾਸਲ ਕਰਕੇ ਪਦਾਰਥਾਂ ਨੂੰ ਖਾਧਾ ਹੈ। ਅਰਥਾਤ ਕੋਈ ਖੇਤ, ਵਾਪਾਰ ਕਾਰੀਗਰੀ ਆਦਿ ਕਰਕੇ ਰੋਜ਼ੀ ਨਹੀਂ ਪੈਦਾ ਕੀਤੀ। ਕੇਵਲ ਫੌਜਾਂ ਰੱਖ ਕੇ ਹਕੂਮਤ ਦੇ ਜ਼ੋਰ ਨਾਲ ਨਿਰੇ 'ਕਰ' ਅਤੇ ਮਸੂਲ ਲੱਗਾ ਕੇ ਧਨ ਇਕੱਠਾ ਕਰਕੇ ਖਾ ਪੀ ਲਿਆ ਤੇ ਐਸ਼ ਲੁਟ ਲੀਤੀ ਅਤੇ ਮਹਲਤਿ=ਮੰਦਰਾਂ ਤਥਾ ਔਰਤਾਂ ਨੂੰ ਵੇਖ ਕੇ ਮਰਨਾ ਭੁਲਾ ਦਿੱਤਾ ਹੈ।

ਜਰੁ ਆਈ ਜੋਬਨਿ ਹਾਰਿਆ ॥ ੧੭ ॥

ਉਹਨਾਂ ਦੇ ਸਿਰ 'ਪਰ ਜਿਸ ਵੇਲੇ ਜਰੁ=ਬ੍ਰਿਧ ਅਵਸਥਾ ਆਈ ਤਾਂ ਸਮਝੋ ਉਹਨਾਂ ਨੇ ਜੋਬਨ ਅਵਸਥਾ ਰੂਪ ਬਾਜੀ ਨੂੰ ਨਿਸਫਲ ਹੀ ਹਾਰ ਦਿੱਤਾ॥ ੧੭ ॥

*ਯਥਾ-*ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ॥ *(ਪੰਨਾ ੧੪੧੪)*

ਸਲੋਕੁ ਮਃ ੧ ॥

ਉਥਾਨਕਾ-ਇਕ ਸਮੇਂ ਜਗਤ ਉਧਾਰ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਵਿਖੇ ਰਟਨ ਕਰਦੇ ਹੋਏ ਦਿੱਲੀ ਸ਼ਹਿਰ ਵਿਖੇ ਆਏ ਤਾਂ ਓਥੋਂ ਦੀਆਂ ਸੰਗਤਾਂ ਗੁਰੂ ਜੀ ਦਾ ਆਉਣਾ ਸੁਣਕੇ ਸਭ ਇਕੱਠੀਆਂ ਹੋ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਆਈਆਂ । ਓਸੇ ਦਿਨ ਇਕ ਪ੍ਰੇਮੀ ਨੇ ਬ੍ਰਾਹਮਣਾਂ ਨੂੰ ਨਿਮੰਤ੍ਰਣ ਦਿੱਤਾ ਹੋਇਆ ਸੀ ਪਰ ਦੇਵਨੇਤ ਨਾਲ ਉਸ ਦੇ ਘਰ ਵਿਚ ਰਾਤ ਨੂੰ ਲੜਕਾ ਜੰਮ ਪਿਆ।

ਜਦ ਬ੍ਰਾਹਮਣਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਜਵਾਬ ਦੇ ਦਿੱਤਾ ਕਿ ਅਸੀਂ ਤੁਹਾਡੇ ਸੂਤਕ ਵਾਲੇ ਘਰ ਦਾ ਭੋਜਨ ਨਹੀਂ ਛਕਣਾ।

ਇਹ ਗੱਲ ਸੁਣਕੇ ਉਸ ਪੁਰਸ਼ ਨੇ ਬੜਾ ਅਫਸੋਸ ਕੀਤਾ ਕਿ ਮੇਰਾ ਕੀਤਾ ਕਤਰਿਆ ਸਭ ਨਿਸਫਲ ਚਲਿਆ ਜਾਵੇਗਾ। ਇਸ ਨੂੰ ਚਿੰਤਾਤੁਰ ਵੇਖ ਕੇ ਕਿਸੀ ਸਿੱਖ ਨੇ ਉਸ ਪੁਰਸ਼ ਨੂੰ ਕਿਹਾ ਤੂੰ ਅਫਸੋਸ ਨਾ ਕਰ, ਭਲਾਣੀ ਜਗ੍ਹਾਂ ਸਤਿਗੁਰੂ ਨਾਨਕ ਦੇਵ ਜੀ ਆਏ ਹੋਏ ਹਨ ਉਹਨਾਂ ਦੇ ਪਾਸ ਜਾ ਕੇ ਬੇਨਤੀ ਕਰ ਉਹ ਤੇਰੇ ਘਰ ਸਿੱਖਾਂ ਨੂੰ ਭੇਜ ਕੇ ਤੇਰਾ ਤਿਆਰ ਕੀਤਾ ਹੋਇਆ ਭੋਜਨ ਸਫਲਾ ਕਰ ਦੇਣਗੇ। ਉਸ ਨੇ ਝਟ ਪਟ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਜਾ ਕੇ ਬੇਨਤੀ ਕੀਤੀ-ਹੇ ਸੱਚੇ ਪਾਤਿਸ਼ਾਹ ! ਮੇਰੇ ਤੇ ਕ੍ਰਿਪਾ ਦ੍ਰਿਸ਼ਟੀ ਕਰੋ ਤੇ ਆਪ ਮੇਰੇ ਘਰ ਵਿਚ ਭੋਜਨ ਛਕਣਾ ਕਰੋ।

ਉਸ ਦੀ ਬੇਨਤੀ ਸੁਣਕੇ ਸਤਿਗੁਰਾਂ ਨੇ ਉਸ ਦੇ ਨਾਲ ਸਿੱਖਾਂ ਨੂੰ ਭੇਜ ਦਿੱਤਾ। ਉਸ ਨੇ ਆਪਣੇ ਘਰ ਸਿੱਖਾਂ ਨੂੰ ਲਿਜਾ ਕੇ ਬੇਹੁਤ ਪ੍ਰੇਮ ਨਾਲ ਭੋਜਨ ਛਕਾਇਆ।

ਜਿਸ ਵੇਲੇ ਬ੍ਰਾਹਮਣਾਂ ਨੇ ਸੁਣਿਆਂ ਕਿ ਸ੍ਰੀ ਸਤਿਗੁਰ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਸੂਤਕ ਵਾਲੇ ਘਰ ਦਾ ਭੋਜਨ ਛਕਾਇਆ ਹੈ ਤਾਂ ਉਸੀ ਵੇਲੇ ਬ੍ਰਾਹਮਣਾਂ ਨੇ ਸਤਿਗੁਰ ਦੇਵਾਂ ਨੂੰ ਕਿਹਾ ਆਪ ਐਸੇ ਉਪਦੇਸ਼ਟਾ ਹੋ ਕੇ ਸੂਤਕ ਵਾਲਾ ਭੋਜਨ ਸਿੱਖਾਂ ਨੂੰ ਛਕਾਉਂਦੇ ਹੋ ਇਹ ਠੀਕ ਨਹੀਂ ਹੈ।

ਉਸ ਵੇਲੇ ਸਤਿਗੁਰਾਂ ਨੇ ਬ੍ਰਾਹਮਣਾਂ ਪ੍ਰਤੀ ਇਹ ਸਲੋਕ ਉਚਾਰਨ ਕੀਤਾ-

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥

ਹੇ ਬ੍ਰਾਹਮਣੋ ! ਜੇਕਰ ਸੂਤਕ ਨੂੰ ਮੰਨਣਾ ਕਰੀਏ ਭਾਵ ਜੇ ਇਹ ਮੰਨ ਲਈਏ ਕਿ ਸੂਤਰ ਦਾ ਭਰਮ ਰੱਖਣਾ ਚਾਹੀਦਾ ਹੈ ਤਾਂ ਇਹ ਯਾਦ ਰਖੋ ਕਿ ਸਭ ਜਗ੍ਹਾਂ ਤੇ ਸੂਤਕ ਹੀ ਹੋ ਰਿਹਾ ਹੈ।

ਯਥਾ ਪ੍ਰਮਾਣ-

ਕਹੁ ਰੇ ਪੰਡੀਆ ਕਉਨ ਪਵੀਤਾ॥ ਐਸਾ ਗਿਆਨੁ ਜਪਹੁ ਮੇਰੇ ਮੀਤਾ॥
'ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ॥ ੪੧॥'

(ਗਉੜੀ ਕਬੀਰ ਜੀ, ਪੰਨਾ ੩੩੧)

ਫਿਰ ਦੇਖੋ ! ਸੂਤਕ ਦਾ ਭਰਮ ਰੱਖਿਆ ਵੀ ਕਿਵੇਂ ਜਾ ਸਕਦਾ ਹੈ, ਜਦ ਕਿ ਹਰ ਵੇਲੇ ਸਾਡੀ ਰਸੋਈ ਵਿਚ ਸੂਤਕ ਪੈ ਰਿਹਾ ਹੈ। ਰਸੋਈ ਵਿਚ ਜੋ ਗੋਹੇ ਲਕੜੀਆਂ ਬਾਲਦੇ ਹਾਂ, ਉਹਨਾਂ ਵਿਚ ਵੀ ਕੀੜੇ ਹੁੰਦੇ ਹਨ।

ਯਥਾ-

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥

ਪਾਥੀਆਂ ਅਤੇ ਲਕੜੀਆਂ ਅੰਦਰ ਕੀੜੇ ਹੁੰਦੇ ਹਨ। ਫੇਰ ਜੋ ਅੰਨ ਰਸੋਈ ਦੇ ਵਿਚ ਵਰਤਦੇ ਹਾਂ, ਉਸ ਰਸੋਈ ਦੇ-

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥

ਜਿਤਨੇ ਵੀ ਅੰਨ ਦੇ ਦਾਣੇ ਹਨ, ਜੀਵਾਂ ਤੋਂ ਬਿਨਾਂ ਕੋਈ ਵੀ ਨਹੀਂ, ਕਿਉਂਕਿ ਜਿਸ ਵੇਲੇ ਦਾਣੇ ਭੁਜਦੇ ਹਨ ਤਾਂ ਤੜ ਤੜ ਕਰਦੇ ਹਨ।

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥

ਸਭ ਤੋਂ ਪਹਿਲੇ ਵਿਚਾਰ ਕੇ ਦੇਖੋ ਪਾਣੀ ਵਿਚ ਕਿਤਨੇ ਹੀ ਜੀਵ ਹਨ, ਜਿਸ ਜਲ ਕਰਕੇ ਸਭ ਕੋਈ ਹਰਿਆ ਹੁੰਦਾ ਹੈ।

ਯਥਾ-'ਬਇਆਲੀਸ ਲਖ ਜੀ ਜਲ ਮਹਿ ਹੋਤੇ...॥' (ਆਸਾ ਨਾਮਦੇਵ ਪੰਨਾ ੪੮੫)

ਜਲ ਵਿਚ ਉਤਪਤ ਹੁੰਦੇ ਹਨ, ਜਲ ਵਿਚ ਹੀ ਵਿਸ਼ਾ ਭੋਗਦੇ ਹਨ, ਜਲ ਵਿਚ ਹੀ ਵਿਸ਼ਟਾ ਪਿਸ਼ਾਬ ਕਰਦੇ ਹਨ, ਅੰਤ ਨੂੰ ਜਲ ਵਿਚ ਹੀ ਮਰ ਜਾਂਦੇ ਹਨ।

ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥

ਕਿਸ ਕਾਰਨ ਨਾਲ ਸੂਤਕ ਨੂੰ ਨਵਿਰਤ ਕਰ ਰੱਖੀਏ, ਕਿਉਂਕਿ ਸੂਤਕ ਤਾਂ ਰਸੋਈ ਵਿਚ ਵੀ ਪੈ ਰਿਹਾ ਹੈ। ਰੋਟੀ ਤਿਆਰ ਕਰਨ ਵੇਲੇ ਕੀੜੇ ਮਰ ਜਾਂਦੇ ਹਨ।

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਸੂਤਕ ਇਸ ਤਰ੍ਹਾਂ ਅਰਥਾਤ ਭਰਮਾਂ ਦੀਆਂ ਵਿਧੀਆਂ ਨਾਲ ਉਤਾਰਿਆਂ ਨਹੀਂ ਉਤਰਦਾ, ਕੇਵਲ ਗਿਆਨ ਹੀ ਏਸ ਸੂਤਕ ਨੂੰ ਧੋ ਉਤਾਰਦਾ ਹੈ॥ ੧॥

ਨੋਟ-ਹਿੰਦੂ ਮਤ ਅਨੁਸਾਰ ਜਨਮ ਸਮੇਂ ਜੋ ਅਪਵਿੱਤ੍ਰਤਾ ਹੁੰਦੀ ਹੈ, ਉਸ ਨੂੰ ਸੂਤਕ ਆਖਦੇ ਹਨ ਤੇ ਮਰਨ ਵੇਲੇ ਦੀ ਅਪਵਿੱਤ੍ਰਤਾ ਨੂੰ ਪਾਤਕ ਆਖਦੇ ਹਨ। ਪਰ ਇਸ ਜਗ੍ਹਾਂ ਸੂਤਕ-ਪਾਤਕ ਦੀ ਅਭੇਦਤਾ ਹੈ।

ਮਃ ੧ ॥

ਪ੍ਰਸ਼ਨ-ਬ੍ਰਾਹਮਣਾਂ ਨੇ ਬੇਨਤੀ ਕੀਤੀ, ਮਨ ਨੂੰ ਤਾਂ ਸੂਤਕ ਨਹੀਂ, ਕਿਉਂਕਿ ਮਨ ਤਾਂ ਪਵਿੱਤ੍ਰ ਹੈ।
ਗੁਰ ਉੱਤਰ-

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥

ਪਦਾਰਥਾਂ ਦਾ ਜੇਹੜਾ ਲੋਭ ਕਰਨਾ ਹੈ, ਇਹ ਮਨ ਦਾ ਸੂਤਕ ਹੈ ਅਤੇ ਕੂੜ=ਝੂਠ ਬੋਲਣਾ ਇਹ ਜਿਹਵਾ ਦਾ ਸੂਤਕ ਹੈ।

ਅਖੀ ਸੂਤਕੁ ਵੇਖਣਾ ਪਰ ਤ੍ਰਿਆ ਪਰ ਧਨ ਰੂਪੁ ॥

ਪਰਾਈਆਂ ਇਸਤ੍ਰੀਆਂ ਦੇ ਸੁੰਦਰ ਰੂਪ ਨੂੰ ਅਤੇ ਪ੍ਰਾਏ ਧਨ ਨੂੰ ਖੋਟੀ ਨਿਗਾਹ ਨਾਲ ਜੋ ਵੇਖਣਾ ਹੈ ਇਹ ਅੱਖਾਂ ਦਾ ਸੂਤਕ ਹੈ।

ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥

ਕੰਨਾਂ ਦੇ ਪੈ=ਪਾਸ ਮੁਖ ਨੂੰ ਲੱਗਾ ਕੇ ਜਿਹੜੀ ਤਬਾਰੀ ਖਾਹਿ=ਚੁਗ਼ਲੀ ਕਰਨੀ ਹੈ ਇਹ ਕੰਨਾਂ ਦਾ ਸੂਤਕ ਹੈ।

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਇਹ ਆਦਮੀ ਹੰਸਾਂ ਵਾਂਗੂੰ ਸਨ, ਕਿਉਂਕਿ ਇਹ ਮਨੁੱਖਾ ਦੇਹ ਸਭ ਨਾਲੋਂ ਅਮੋਲਕ ਕਹੀ ਹੈ।

ਯਥਾ-ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

(ਆਸਾ ਮ: ੫, ਪੰਨਾ ੩੭੪)

ਤਥਾ-ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ-

ਤਥਾ- ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ॥
ਅਖੀਂ ਦੇਖੈ ਨਦਰਿ ਕਰਿ ਜਿਹਬਾ ਬੋਲੈ ਬਚਨ ਬਿਦੇਹੀ॥

(ਭਾਈ ਗੁਰਦਾਸ ਜੀ ਵਾਰ ੧੫, ਪਉੜੀ ੩)

ਤਥਾ- ਚਉਰਾਸੀਹ ਲਖ ਜੋਨ ਵਿਚ ਉਤਮ ਮਾਣਸ ਜੂਨਿ ਭਲੇਰੇ॥

ਪਰੰਤੂ ਕਰਮਾਂ ਅਨੁਸਾਰ ਬੱਧੇ ਹੋਏ ਜਮਪੁਰੀ ਵਿਚ ਜਾਂਦੇ ਹਨ॥ ੨ ॥

ਮਃ ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥

ਭਰਮ ਰੂਪੀ ਸੂਤਕ ਸਾਰੇ ਹੋ ਰਿਹਾ ਹੈ । ਜਿਸ ਭਰਮ ਕਰਕੇ ਇਹ ਪੁਰਸ਼ ਦ੍ਵੈਤ ਭਾਵ ਵਿਚ ਲੱਗਾ ਜਾ ਰਿਹਾ ਹੈ।

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

ਜੰਮਣਾ ਮਰਨਾ ਵਾਹਿਗੁਰੂ ਦੇ ਹੁਕਮ ਵਿਚ ਹੈ ਅਤੇ ਉਸ ਦੇ ਭਾਣੇ ਅੰਦਰ ਹੀ ਜੀਵ ਆਉਂਦਾ ਜਾਂਦਾ ਹੈ।

ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ॥

ਜੋ ਵਾਹਿਗੁਰੂ ਦੇ ਭਾਣੇ ਨੂੰ ਮੰਨਦਾ ਹੈ, ਉਸ ਦਾ ਖਾਣਾ ਪੀਣਾ ਸਭ ਪਵਿੱਤ੍ਰ ਹੈ, ਕਿਉਂਕਿ ਉਹ ਸੂਤਕ-ਪਾਤਕ ਨੂੰ ਮੰਨਦਾ ਨਹੀਂ ਅਤੇ ਆਪਣੇ ਦਿਲ ਵਿਚ ਇਹ ਨਿਸਚੇ ਕਰਦਾ ਹੈ ਕਿ ਵਾਹਿਗੁਰੂ ਨੇ ਆਪ ਹੀ ਰਿਜਕੁ=ਖਾਣ ਪਾਣ ਸੰਬਾਹਿ ਦਿਤੋਨੁ=ਪਹੁੰਚਾ ਦਿੱਤਾ ਹੈ।

ਯਥਾ-ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ॥

(ਮਾਰੂ ਸੋਲਹੇ ਮਃ ੩ ਪੰਨਾ ੧੦੫੫)

ਤਥਾ-ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ... ॥ *(ਗੂਜਰੀ ਮਃ ੫, ਪੰਨਾ ੪੯੫)*

ਤਥਾ-ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ॥

(ਮਾਰੂ ਮਃ ੩ ਪੰਨਾ ੧੦੪੫)

ਤਥਾ-ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ॥

(ਸੂਹੀ ਵਾਰ ਮਃ ੩ ਪੰਨਾ ੭੮੫)

ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ॥ ੩ ॥

ਗੁਰੂ ਜੀ ਆਖਦੇ ਹਨ ਜਿਨ੍ਹਾਂ ਨੇ ਗੁਰਾਂ ਦੁਆਰੇ ਵਾਹਿਗੁਰੂ ਨੂੰ ਬੁਝਿਆ ਹੈ ਉਹਨਾਂ ਨੂੰ ਕੋਈ ਸੂਤਕ ਪਾਤਕ ਨਹੀਂ ਹੈ॥ ੩ ॥

[ਪੰਨਾ ੪੭੩]

ਪਉੜੀ॥ ਸਤਿਗੁਰੁ ਵਡਾ ਕਰਿ ਸਾਲਾਹੀਐ

ਸਤਿਗੁਰਾਂ ਨੂੰ ਸਭ ਨਾਲੋਂ ਵੱਡਾ ਕਰਕੇ ਸਲਾਹੁਣਾ ਕਰੀਏ।

ਪ੍ਰਸ਼ਨ- ਕਿਹੜੇ ਸਤਿਗੁਰਾਂ ਨੂੰ ਵੱਡਾ ਕਰ ਕੇ ਸਲਾਹੀਏ ? *ਉੱਤਰ-*

ਜਿਸੁ ਵਿਚਿ ਵਡੀਆ ਵਡਿਆਈਆ॥

ਜਿਨ੍ਹਾਂ ਸਤਿਗੁਰਾਂ ਵਿਚ ਵੱਡੀਆਂ ਵਡਿਆਈਆਂ ਹਨ। *ਯਥਾ-*

ਪਉੜੀ॥ ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ॥
ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ॥
ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਿ ਸਵਾਰੀ॥
ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ॥
ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ॥ ੨॥

(ਵਡਹੰਸ ਵਾਰ ਪੰਨਾ ੫੮੬)

ਸਹਿ ਮੇਲੇ ਤਾ ਨਦਰੀ ਆਈਆ॥

ਸਹਿ=ਅਕਾਲ ਪੁਰਖ ਕ੍ਰਿਪਾ ਕਰਕੇ ਗੁਰਾਂ ਨਾਲ ਮੇਲੇ ਤਾਂ ਗੁਰੂ ਸਾਹਿਬ ਜੀ ਨਦਰੀ=ਨਿਗਾਹ ਆਉਂਦੇ ਹਨ।

*ਅਥਵਾ-*ਤਾਂ ਗੁਰਾਂ ਦੇ ਸ਼ੁਭ ਗੁਣ ਨਿਗਾਹ ਆਉਂਦੇ ਹਨ।

ਜਾ ਤਿਸੁ ਭਾਣਾ ਤਾ ਮਨਿ ਵਸਾਈਆ॥

ਜਾ=ਜਿਸ ਵੇਲੇ ਉਹਨਾਂ ਗੁਰਾਂ ਦਾ ਭਾਣਾ ਮੰਨਿਆਂ ਤਾਂ ਮਨ ਵਿਚ ਨਾਮ ਅਤੇ ਵਡਿਆਈਆਂ ਵਸ ਗਈਆਂ।

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥

ਗੁਰਾਂ ਨੇ ਹੁਕਮ ਰੂਪੀ ਹੱਥ ਜਗਿਆਸੂ ਦੇ ਮੱਥੇ ਤੇ ਧਰਿ ਕਰਿ=ਰੱਖ ਕਰਕੇ ਰਿਦੇ 'ਚੋਂ ਸਭ ਬੁਰਿਆਈਆਂ ਮਾਰ ਕੇ ਬਾਹਰ ਕੱਢ ਦਿੱਤੀਆਂ। *ਅਥਵਾ:*-ਹੁਕਮ ਦੇ ਕਰਨ ਵਾਲੇ ਜੋ ਗੁਰੂ ਹਨ ਉਹਨਾਂ ਨੇ ਮੱਥੇ 'ਪਰ ਕ੍ਰਿਪਾ ਰੂਪੀ ਹੱਥ ਧਰ ਕੇ ਰਿਦੇ 'ਚੋਂ ਸਭ ਮਾਰਿ=ਕਾਮ ਆਦਿਕ ਬੁਰਿਆਈਆਂ ਕੱਢ ਦਿੱਤੀਆਂ।

ਸਹਿ ਤੁਠੈ ਨਉ ਨਿਧਿ ਪਾਈਆ॥੧੮॥

ਸਹਿ=ਵਾਹਿਗੁਰੂ ਦੇ ਤੁਠੈ=ਪ੍ਰਸੰਨ ਹੋਣ ਨਾਲ, ਗੁਰਮੁਖਾਂ ਨੂੰ ਨੌਨਿਧੀਆਂ* ਅਠਾਰ੍ਹਾਂ ਸਿਧੀਆਂ ਆਦਿਕ ਸਭ ਪਦਾਰਥ ਪਾਈਆ=ਪ੍ਰਾਪਤ ਹੁੰਦੇ ਹਨ॥ ੧੮॥

ਸਲੋਕੁ ਮ: ੧॥

ਉਥਾਨਕਾ-ਸਿੱਖਾਂ ਨੇ ਗੁਰੂ ਸਾਹਿਬ ਜੀ ਪਾਸ ਬੇਨਤੀ ਕੀਤੀ ਚੰਗੇ ਚੰਗੇ ਪਦਾਰਥ ਵਿਸ਼ਟਾ ਰੂਪ ਕਿਉਂ ਹੋ ਜਾਂਦੇ ਹਨ, ਪਕਾਣ ਵਾਲੇ ਵਿਚ ਦੋਸ਼ ਹੈ ਜਾਂ ਖਾਣ ਵਾਲੇ ਵਿਚ ਦੋਸ਼ ਹੈ ? *ਗੁਰ ਉੱਤਰ-*

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ॥

ਸਭ ਤੋਂ ਪਹਿਲਾਂ ਬ੍ਰਾਹਮਣ ਆਪ ਹੱਥ ਪੈਰ ਧੋ ਕੇ ਇਸ਼ਨਾਨ ਕਰਕੇ ਚੰਗੀ ਤਰ੍ਹਾਂ ਪਵਿਤ੍ਰ ਹੋ ਕੇ ਫੇਰ ਸੁਚੈ=ਪਵਿਤ੍ਰ ਚਉਕੇ 'ਪਰ ਆ ਕੇ ਬੈਠਦਾ ਹੈ।

ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ॥

ਸੁਚੇ=ਪਵਿਤ੍ਰ ਲਾਂਗਰੀ ਨੇ ਹੀ ਉਹ ਭੋਜਨ ਛੱਕਣ ਵਾਲੇ ਬ੍ਰਾਹਮਣ ਦੇ ਅੱਗੇ ਲਿਆ ਕੇ ਰੱਖਣਾ ਕੀਤਾ, ਜਿਸ ਭੋਜਨ ਨੂੰ ਕੋਈ ਵੀ ਜਾ ਕੇ ਨਹੀਂ ਛੋਹਿਆ।

ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ॥

ਫਿਰ ਛੱਕਣ ਵਾਲੇ ਨੇ ਪਵਿੱਤਰ ਹੋ ਕੇ ਭਾਵ ਹੱਥਾਂ ਨੂੰ ਧੋ ਕੇ ਭੋਜਨ ਜੇਵਿਆ=ਛੱਕਣਾ ਕੀਤਾ ਅਤੇ ਸਲੋਕ ਪੜ੍ਹਨ ਲੱਗ ਪਿਆ* ਤਾਂ ਕਿ ਸੁੱਚਤਾ ਜਾਰੀ ਰਹੇ, ਪਰ ਐਡੀ ਪਵਿੱਤ੍ਰਤਾ ਨਾਲ ਖਾਧੇ ਹੋਏ ਅੰਨ ਦਾ ਅੰਤ ਨੂੰ ਓਹੋ ਹਾਲ ਹੋਇਆ ਜੋ ਹੋਰਨਾਂ ਦੇ ਖਾਧੇ ਅੰਨ ਦਾ ਹਾਲ ਹੁੰਦਾ ਹੈ। ਅਰਥਾਤ-

'ਪਦ ਛੇਦ-ਬ੍ਰਹਮ ਅਰਪਣੰ, ਬ੍ਰਹਮ ਹਵਿਰ ਬ੍ਰਹਮ ਅਗਨਊ ਬ੍ਰਹਮਣਾ ਹੁਤਮ॥
ਬ੍ਰਹਮ ਏਵਤੇਨ ਗੰਤਵਯੰ ਬ੍ਰਹਮ ਕਰਮ ਸਮਾਧੀ ਨਾ॥

---

*ਨੌ ਨਿਧੀਆਂ-੧. ਪਦਮ, ੨. ਮਹਾਂ ਪਦਮ, ੩. ਸੰਖ, ੪. ਮਕਰ, ੫. ਕਛਪ, ੬. ਮੁਕੰਦ, ੭. ਕੁੰਦ, ੮. ਨੀਲ, ੯. ਖਰਬ।

*ਬ੍ਰਹਮਾਰਪਣੰ ਬ੍ਰਹਮ ਹਵਿਰ ਬ੍ਰਹਮਾਗਨਊ ਬ੍ਰਹਮਣਾ ਹੁਤਮ॥
ਬ੍ਰਹਮਈਵ ਤੇਨ ਗੰਤੱਵਯੰ ਬ੍ਰਹਮ ਕਰਮ ਸਮਾਧੀਨਾ॥ (ਗੀਤਾ ਧਿ: ੪ ਸਲੋਕ ੨੪)

ਯੱਗ ਕੇ ਲੀਏ ਅਰਚਨ ਕਰਨ ਵਾਲੇ ਪੁਰਸ਼ੋਂ ਮੇਂ ਸੇ ਕੋਈ ਤਾਂ ਇਸ ਭਾਵ ਸੇ ਯੱਗ ਕਰਦੇ ਹਨ।

ਅੰਨਵੇ-ਅਰਪਣੰ ਬ੍ਰਹਮ, ਹਵੀ ਬ੍ਰਹਮ, ਬ੍ਰਹਮ ਅਗਨਉ ਬ੍ਰਹਮਣਾ ਹੁਤਮ।

ਬ੍ਰਹਮ ਕਰਮ ਸਮਾਧੀਨਾ ਤੇਨ ਗੰਤਵਯੰ ਬ੍ਰਹਮ ਏਵ।

ਅਰਥ-ਅਰਪਣੰ=ਸ੍ਰੁਵ ਆਦਿਕ ਪਾਤ੍ਰ=ਭੀ ਬ੍ਰਹਮ ਹੈ। ਪੂਜਾ ਕਰਨ ਵਾਲੇ ਸਾਰੇ ਭਾਂਡੇ ਜਿਸ ਇਕ ਵਿਚ ਪਾਏ ਜਾਣ ਉਸ ਨੂੰ ਸ੍ਰੁਵ ਆਖਦੇ ਹਨ।

ਹਵੀ=ਹਮਨ ਕਰਨੇ ਯੋਗ ਦ੍ਰਵ=ਸਮੱਗ੍ਰੀ ਭੀ ਬ੍ਰਹਮ ਹੈ।

ਅਤੇ ਬ੍ਰਹਮ ਰੂਪ ਅਗਨਉ=ਅਗਨੀ ਵਿਖੇ ਬ੍ਰਹਮਣਾ=ਬ੍ਰਹਮ ਰੂਪ ਕਰਤਾ ਦੁਆਰਾ ਜੋ ਹੁਤੰ=ਹਮਨ ਕੀਤਾ ਗਿਆ ਹੈ ਓਹ ਭੀ ਬ੍ਰਹਮ ਹੀ ਹੈ। ਇਸ ਲਈ ਬ੍ਰਹਮ ਰੂਪ ਕਰਮ ਨਾਲ ਸਮਾਧੀ ਸਥਿਤ ਹੂਏ ਤੇਨ=ਤਿਸ ਪੁਰਸ਼ ਦੁਆਰਾ ਜੋ ਗੰਤਵਯੰ=ਪ੍ਰਾਪਤ ਹੋਣ ਯੋਗ ਹੈ ਉਹ ਭੀ ਬ੍ਰਹਮ ਹੀ ਹੈ।

ਯਥਾ-ਛਾਦੋਂਗ ਦੀ ਸੁਰਤੀ ਕਥਨ ਕਰਦੀ ਹੈ। ਸਰਵੰ ਖਲਵਿਦੰ ਬ੍ਰਹਮ॥

ਇਦੰ=ਏਹ ਜੋ ਅਖਲ=ਸੰਪੂਰਨ ਪ੍ਰਪੰਚ ਹੈ ਉਹ ਸਭ ਬ੍ਰਹਮ ਰੂਪ ਹੀ ਹੈ।

ਰੋਟੀ ਖਾ ਕੇ ਪਿਛੋਂ ਦੂਜਾ ਸਲੋਕ ਇਹ ਭੀ ਪੜ੍ਹਦੇ ਹਨ-

ਅੰਨਾਦ ਭਵੰਤੀ ਭੂਤਾਨੀ ਪ੍ਰਜਨਯਾਦਨੰ ਸੰਭਵਃ।
ਯਗਯਾਦ ਭਵਤੀ ਪ੍ਰਜਨਯੋਃ ਯਗਜਃ ਕਰਮ ਸਮੁਦਭਵਃ।

(ਗੀਤਾ ਧਿਆਇ ੩ ਸਲੋਕ ੧੪)

ਪਦ ਛੇਦ-ਅੰਨਾਤ੍ ਭਵੰਤੀ ਭੂਤਾਨੀ ਪ੍ਰਜਨਯਾਤਿ ਅੰਨ ਸੰਭਵਃ।
ਯਗਿਆਤਿ ਭਵਤੀ ਪ੍ਰਜਨਯਃ ਯਗਜਃ ਕਰਮ ਸਮੁਦ ਭਵਃ।
ਅੰਨਵੇ-ਭੂਤਾਨੀ ਅੰਨਾਤ੍ ਭਵੰਤੀ, ਅੰਨ ਸੰਭਵਃ ਪ੍ਰਜਨਯਾਤਿ॥
ਪ੍ਰਜਨਜਃ ਯਗਿਆਤਿ ਭਵਤੀ, ਯਗਜਃ ਕਰਮ ਸਮੁਦਭਵਃ॥

ਅਰਥ-ਸੰਪੂਰਨ ਭੂਤਾਨੀ=ਪ੍ਰਾਣੀ ਅੰਨਾਤ੍=ਅੰਨ ਤੋਂ ਉਤਪੰਨ ਭਵੰਤੀ=ਹੁੰਦੇ ਹਨ ਅਤੇ ਅੰਨ ਦੀ ਸੰਭਵ=ਉਤਪਤੀ ਪ੍ਰਮਨਯਾਤਿ=ਵਰਖਾ ਤੋਂ ਹੁੰਦੀ ਹੈ। ਔਰ ਪ੍ਰਜਨਯ=ਵਰਖਾ ਯਗਿਆਤਿ ਭਵਤੀ=ਯੱਗ ਸੇ ਹੁੰਦੀ ਹੈ ਅਤੇ ਯੱਗ ਜੋ ਹੈ ਉਹ ਕਰਮਾਂ ਤੋਂ ਸਮੁਦ ਭਵਃ=ਉਤਪੰਨ ਹੋਣ ਵਾਲੇ ਹਨ।

ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥

ਅੰਤ ਨੂੰ ਉਹ ਸੁੰਦਰ ਭੋਜਨ ਕੁਹਥੀ+ਜਾਈ=ਭੈੜੀ ਜਗ੍ਹਾਂ ਪਰ ਜਾ ਕੇ ਸੁੱਟਣਾ ਕੀਤਾ। ਖਿਆਲ ਕਰੋ ਇਹ ਦੋਸ਼ ਹੁਣ ਕਿਸ ਨੂੰ ਲੱਗਾ ?

ਸਿੱਖਾਂ ਨੇ ਕਿਹਾ ਅੰਨ ਵਿਚ ਕੋਈ ਨੁਕਸ ਹੋਣਾ ਹੈ ? ਗੁਰੂ ਸਾਹਿਬ ਜੀ ਆਖਦੇ ਹਨ-

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ

ਅੰਨ ਤਾਂ ਦੇਵਤਾ ਹੈ, ਪਾਣੀ ਵੀ ਦੇਵਤਾ, ਬੈਸੰਤਰੁ=ਅਗਨੀ ਭੀ ਦੇਵਤਾ ਹੈ, ਲੂਣ ਭੀ ਸ੍ਰੇਸ਼ਟ ਹੈ।

ਪੰਜਵਾ ਪਾਇਆ ਘਿਰਤੁ॥ ਤਾ ਹੋਆ ਪਾਕੁ ਪਵਿਤੁ॥

ਪੰਜਵਾ=ਘਿਓ ਜਿਸ ਵੇਲੇ ਪਾਇਆ ਤਾਂ ਪਾਕੁ=ਪੱਕਿਆ ਹੋਇਆ ਭੋਜਨ ਪਵਿੱਤ੍ਰ ਹੋ ਗਿਆ। ਇਹ ਨਿਯਮ ਸਮਝ ਲਓ, ਅੰਨ ਵਿਚ ਕੋਈ ਦੋਸ਼ ਨਹੀਂ।

ਪ੍ਰਸ਼ਨ-ਦੋਸ਼ ਫਿਰ ਕਿਸ ਵਿਚ ਹੈ?

ਉੱਤਰ-ਇਸ ਪਾਪੀ ਤਨ ਵਿਚ ਸਾਰੇ ਦੋਸ਼ ਹਨ, ਕਿਉਂਕਿ-

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥

ਇਸ ਪਾਪੀ ਤਨ ਨਾਲ ਉਹ ਸੁੰਦਰ ਭੋਜਨ ਗਡਿਆ=ਮਿਲਿਆ ਤਾਂ ਤਿਤੁ=ਤਿਸ ਕਰਕੇ ਉਸ ਭੋਜਨ ਨੂੰ ਥੁਕਾਂ ਪਈਆਂ।

ਯਥਾ- ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥
ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥

(ਬਿਲਾਵਲ ਮ: ੫ ਪੰਨਾ ੮੧੦)

ਜਿਤੁ ਮੁਖਿ ਨਾਮੁ ਨ ਉਚਰਹਿ ਬਿਨੁ ਨਾਵੈ ਰਸ ਖਾਹਿ ॥

ਜਿਸ ਮੂੰਹੋਂ ਵਾਹਿਗੁਰੂ ਨਾਮ ਉਚਾਰਦਾ ਨਹੀਂ ਅਤੇ ਨਾਮ ਜਪੇ ਬਿਨਾਂ ਰਸ ਦਾਇਕ ਯਾਨੇ ਸ੍ਵਾਦੀਕ ਪਦਾਰਥਾਂ ਨੂੰ ਖਾਂਦਾ ਹੈ।

ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਇਸ ਪ੍ਰਕਾਰ ਜਾਣੋ ਜੋ ਤਿਸ ਮੂੰਹ 'ਪਰ ਲਾਹਨਤਾਂ ਰੂਪੀ ਥੁਕਾਂ ਪੈਂਦੀਆਂ ਹਨ॥ ੧ ॥

ਉਥਾਨਕਾ-ਕੋਈ ਮੰਦ ਵੈਰਾਗੀ ਪੁਰਸ਼ ਪਖੰਡ ਸਹਿਤ ਵਿਰੱਕਤਾਂ ਵਾਲੇ ਭੇਖ ਧਾਰ ਕੇ ਗ੍ਰਿਹਸਥ ਦੀ ਨਖੇਧੀ ਕਰਦਾ ਸੀ ਉਸ ਨੂੰ ਸਮਝਾਉਂਦੇ ਹਨ-

ਮਃ ੧ ॥ ਭੰਡਿ ਜੰਮੀਐ ਭੰਡਿ ਨਿੰਮੀਐ

ਭੰਡਿ=ਇਸਤ੍ਰੀ। ਜੰਮੀਐ=ਜੰਮਣਾ। ਨਿੰਮੀਐ=ਕਿਸੇ ਬੀਜ ਦੇ ਨਵੇਂ ਫੁੱਟਣ ਨੂੰ ਨਿੰਮਿਆਂ ਆਖਦੇ ਹਨ। ਇਸੇ ਭਾਵ ਤੋਂ ਬੀਰਜ ਦੇ ਅੰਦਰ ਟਿਕ ਕੇ ਮੋਲਣ ਨੂੰ ਨਿੰਮਣਾ ਆਖਦੇ ਹਨ।

ਅਰਥ-ਪਹਿਲੇ ਇਸਤ੍ਰੀ ਨਿੰਮਦੀ ਹੈ, ਫੇਰ ੯ ਮਹੀਨੇ ਤੇ ਕੁਝ ਦਿਨਾਂ ਬਾਅਦ ਔਰਤ ਬੱਚੇ ਨੂੰ ਜੰਮਦੀ ਹੈ। ਸਣੇ ਸਣੇ ਬੱਚਾ ਆਪਣੀ ਬਾਲਕ ਅਵਸਥਾ ਤੋਂ ਲੰਘ ਕੇ ਜਿਸ ਵੇਲੇ ਰਵਣ ਅਵਸਥਾ ਤੇ ਪਹੁੰਚਦਾ ਹੈ-

ਭੰਡਿ ਮੰਗਣੁ ਵੀਆਹੁ ॥

ਤਾਂ ਫਿਰ ਇਸਤ੍ਰੀ ਨਾਲ ਮੰਗਣੀ ਕਰਕੇ ਪਿਛੋਂ ਵਿਆਹ ਕਰ ਦੇਂਦੇ ਹਨ।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਸਾਰਿਆਂ ਨਾਲੋਂ ਵਧ ਭੰਡਹੁ=ਇਸਤ੍ਰੀ ਨਾਲ ਦੋਸਤੀ=ਪ੍ਰੀਤੀ ਹੁੰਦੀ ਹੈ ਅਤੇ ਇਸਤ੍ਰੀ ਹੋਣ ਕਰਕੇ ਹੀ ਦੁਨੀਆਂ ਦੇ ਸਾਰੇ ਰਾਹ ਚਲਦੇ ਹਨ। *ਅਥਵਾ*-ਇਸਤ੍ਰੀ ਕਰਕੇ ਹੀ ਦੇਵੀ ਦੇਵਤਿਆਂ ਨਾਲ ਦੋਸਤੀ ਹੁੰਦੀ ਹੈ। ਭਾਵ ਦੇਵੀ ਦੇਵਤਿਆਂ ਦਾ ਪੂਜਨ ਅਤੇ ਯੱਗ ਆਦਿਕ ਕਰਮਾਂ ਦੀ ਸਫਲਤਾ ਇਸਤ੍ਰੀ ਕਰਕੇ ਹੀ ਹੁੰਦੀ ਹੈ। *ਯਥਾ-*

ਜਿਸ ਵੇਲੇ ਸ੍ਰੀ ਰਾਮਚੰਦ੍ਰ ਜੀ ਨੇ ਯੱਗ ਆਰੰਭਿਆ ਹੈ ਉਸ ਵੇਲੇ ਸੀਤਾ ਦਾ ਪਾਸ ਨਾ ਹੋਣਾ ਵੇਖ ਕੇ ਸੋਨੇ

ਦੀ ਸੀਤਾ ਬਣਾ ਕੇ ਪਾਸ ਖੜੀ ਕੀਤੀ, ਤਾਂ ਕਿ ਆਰੰਭਿਆ ਹੋਇਆ ਯੱਗ ਸਫਲਤਾ ਨਾਲ ਸੰਪੂਰਨ ਹੋਵੇ।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਜਿਸ ਵੇਲੇ ਪਹਿਲੀ ਇਸਤ੍ਰੀ ਮਰ ਜਾਵੇ ਤਾਂ ਫਿਰ ਗ੍ਰਿਹਸਥੀ ਹੋਰ ਭੰਡੁ=ਇਸਤ੍ਰੀ ਲੱਭਦਾ ਹੈ, ਕਿਉਂਕਿ ਆਪਸ ਵਿਚ ਲੈਣ ਦੇਣ ਦੀ ਸਾਰੀ ਸੰਸਾਰਕ ਬੰਧਾਨੁ=ਕਹੀਏ ਮਰਯਾਦਾ ਇਸਤ੍ਰੀ ਕਰਕੇ ਹੁੰਦੀ ਹੈ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸੋ=ਉਸ ਇਸਤ੍ਰੀ ਨੂੰ ਮੰਦਾ=ਮਾੜਾ ਕਿਉਂ ਕਹੀਏ ਜਿਸ ਇਸਤ੍ਰੀ ਤੋਂ ਰਾਜਾਨ=ਰਾਜੇ ਮਹਾਰਾਜੇ ਅਤੇ ਅਵਤਾਰ ਆਦਿਕ ਪ੍ਰਤਾਪ ਸ਼ਾਲੀ ਲੋਕ ਭੀ ਉਤਪੰਨ ਹੁੰਦੇ ਹਨ।

ਏਸ ਕਰਕੇ ਗ੍ਰਿਹਸਥ ਧਰਮ ਨੂੰ ਸਭ ਦਾ ਮੂਲ ਰੂਪ ਅਤੇ ਹੋਰ ਸਭ ਆਸ਼ਰਮਾਂ ਨੂੰ ਸ਼ਾਖਾਂ ਰੂਪ ਕਥਨ ਕੀਤਾ ਹੈ। ਸ਼ਾਖਾਂ ਤੋਂ ਮੂਲ ਕਦੇ ਨਹੀਂ ਬਣ ਸਕਦਾ। ਹਮੇਸ਼ਾਂ ਮੂਲ ਤੋਂ ਸ਼ਾਖਾਂ ਬਣਦੀਆਂ ਹਨ।

ਜੈਸੇ ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ-

ਭਾਂਜਨ ਬਿਬਿਧਿ ਜੈਸੇ ਹੋਤ ਇਕ ਮ੍ਰਿਤਕਾ ਸੈ, ਖੀਰ ਨੀਰ ਬਿੰਜਨਾਦਿ ਅਉਖਧਿ ਸਮਾਨੀਐ॥
ਤੈਸੇ ਦਰਸਨ ਬਹੁ ਬਰਨ ਆਸ੍ਰਮ ਧਰਮ, ਸਕਲ ਗ੍ਰਿਹਸਤ ਕੀ ਸਾਖਾ ਉਨਮਾਨੀਐ॥

(ਕਬਿੱਤ ੩੭੫)

ਅਰਥਾਤ- ਜਿਸ ਤਰ੍ਹਾਂ ਇਕ ਹੀ ਮਿੱਟੀ ਤੋਂ ਨਾਨਾ ਤਰ੍ਹਾਂ ਦੇ ਭਾਂਡੇ ਅਤੇ ਇਕ ਹੀ ਪਾਣੀ ਤੋਂ ਭੋਜਨ ਦਵਾਈਆਂ ਤੇ ਦੁੱਧ ਆਦਿਕ ਸਾਰੀਆਂ ਚੀਜ਼ਾ ਉਤਪੰਨ ਹੁੰਦੀਆਂ ਹਨ, ਏਸੇ ਤਰ੍ਹਾਂ ਸਭ ਦਰਸਨ=ਭੇਖ ਚਾਰ ਵਰਨ ਤੇ ਸਾਰੇ ਆਸ਼ਰਮ ਗ੍ਰਿਹਸਥ ਦੀਆਂ ਹੀ ਸ਼ਾਖਾਂ ਹਨ। ਗ੍ਰਿਹਸਥ ਧਰਮ ਪਰਮੇਸ਼ਰ ਦਾ ਆਪਣਾ ਰਚਿਆ ਹੋਇਆ ਹੈ ਤੇ ਹੋਰ ਸਾਰੇ ਆਸ਼ਰਮ ਧਰਮ ਪੀਰਾਂ, ਪੈਗੰਬਰਾਂ ਰਿਖੀਆਂ ਮੁਨੀਆਂ ਦੇ ਚਲਾਏ ਹੋਏ ਹਨ। ਜਿਹੜਾ ਫਲ ਬ੍ਰਿਛ ਨਾਲ ਲੱਗ ਕੇ ਪੱਕੇ ਉਹ ਮਿੱਠਾ ਅਤੇ ਸੁਆਦਿਸ਼ਟ ਹੁੰਦਾ ਹੈ ਪਰੰਤੂ ਜਿਹੜਾ ਫਲ ਬ੍ਰਿਛ ਨਾਲੋਂ ਟੁੱਟ ਕੇ ਪੱਕੇ ਉਹ ਦਾਗੀ ਤੇ ਬੇ-ਸੁਆਦਾ ਹੁੰਦਾ ਹੈ।

ਏਸੇ ਤਰ੍ਹਾਂ ਜੇਹੜਾ ਪ੍ਰਾਣੀ ਮਾਤ੍ਰ ਆਪਣੇ ਮੂਲ ਬ੍ਰਿਛ ਗ੍ਰਿਹਸਥ ਧਰਮ ਨਾਲ ਲੱਗ ਕੇ ਭਜਨ ਸਿਮਰਨ ਕਰਕੇ ਸਰੂਪ ਦੀ ਪ੍ਰਾਪਤੀ ਕਰਦਾ ਹੈ ਉਸ ਦੀ ਮਹਿਮਾ ਤਾਂ ਕਥਨ ਨਹੀਂ ਕੀਤੀ ਜਾਂਦੀ, ਪਰੰਤੂ ਜੇਹੜੇ ਗ੍ਰਿਹਸਥ ਧਰਮ ਨੂੰ ਛੱਡ ਕੇ ਤਿਆਗੀ ਵੈਰਾਗੀ ਹੋ ਕੇ ਭਜਨ ਸਿਮਰਨ ਕਰਦੇ ਹਨ, ਉਹ ਇਕ ਵਾਸੀ ਰੋਟੀ ਵਾਂਗੂੰ ਹੀ ਰਹਿੰਦੇ ਹਨ। ਇਕ ਤਾਂ ਮਨ ਵਿਸ਼ਿਆਂ ਵੱਲ ਭਟਕਣ ਕਰਕੇ ਉਹਨਾਂ ਨੂੰ ਦਾਗੀ ਹੋਣ ਦਾ ਡਰ ਹੁੰਦਾ ਹੈ। ਦੂਜਾ ਹੋਰ ਵੀ ਕਈ ਤਰ੍ਹਾਂ ਦੇ ਕਸ਼ਟ ਹੁੰਦੇ ਹਨ ਤੇ ਗ੍ਰਿਹਸਥੀ ਦਾ ਮਨ ਗ੍ਰਿਹਸਥ ਆਸ਼ਰਮ ਵਿਚ ਰਹਿ ਕੇ ਸੰਤੁਸ਼ਟ ਹੋ ਕੇ ਇਕ ਥਾਂ ਸਥਿਰ ਰਹਿੰਦਾ ਹੈ ਏਸ ਕਰਕੇ ਗ੍ਰਿਹਸਤ ਧਰਮ 'ਸਭ ਧਰਮਨ ਸਿਰ ਧਰਮਾ' ਹੈ।

ਇਹ ਸਾਰਾ ਪ੍ਰਸੰਗ 'ਨਾਨਕ ਪ੍ਰਕਾਸ਼' ਉਤ੍ਰਾਰਧ ਧਿਆਇ ੪੫ ਵਿਚ ਲਿਖਿਆ ਹੋਇਆ ਹੈ।

ਭਾਗਵਤ ਦੇ ਸੱਤਵੇਂ ਸਕੰਧ ਅਧਿਆਇ ੧੪ ਵਿਚ ਵੀ ਗ੍ਰਿਹਸਤ ਧਰਮ ਦੀ ਵਿਸ਼ੇਸ਼ਤਾ ਕਥਨ ਕੀਤੀ ਹੋਈ ਹੈ ਅਤੇ ਭਾਈ ਗੁਰਦਾਸ ਜੀ ਨੇ ਵੀ ਕਥਨ ਕੀਤਾ ਹੈ-

ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ,
ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ।
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,

ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ।
ਪੰਛੀਅਨ ਮੈ ਹੰਸੁ, ਮ੍ਰਿਗਰਾਜਨ ਮੈ ਸਾਰਦੂਲ,
ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ,
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ।

(ਕਬਿਤ ੩੭੬)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਰੋਪੜ ਨਿਵਾਸੀ ਸੱਯਦ ਪੀਰ ਨੂੰ ਭੀ ਏਹੀ ਉਪਦੇਸ਼ ਫੁਰਮਾਉਂਦੇ ਹਨ ਕਿ-

ਸੁਨਹੁ ਪੀਰ ਗੁਰ ਬਾਕ ਉਚਾਰਾ। ਸਭਿ ਆਸ੍ਰਮ ਤੇ ਗ੍ਰਿਸਤ ਉਦਾਰਾ।
ਅਪਰ ਸਕਲ ਕਉ ਇਹ ਉਪਜੰਤੋ। ਪੁਨ ਸਭਿਹੂਨਿ ਅਲੰਬ ਰਹੰਤੋ॥ ੨੭॥
ਜੋ ਗ੍ਰਿਸਹਤ ਤੇ ਉਤਰਹਿ ਪੂਰਾ। ਅੰਤ ਕਾਲ ਪ੍ਰਾਪਤਿ ਪਦ ਰੂਰਾ।
ਪੁੰਨ ਦਾਨ ਕਾ ਕਰੈ ਸਰੀਰ। ਸੋ ਗਿਰਹੀ ਗੰਗਾ ਕਾ ਨੀਰ॥ ੨੮॥

(ਗੁਰ ਪ੍ਰਤਾਪ ਸੂਰਜ, ਰਾਸ ੧੧ ਅੰਸੂ ੩੦)

ਤਥਾ- ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥

(ਰਾਮਕਲੀ ਕੀ ਵਾਰ ਪੰਨਾ ੯੫੨)

ਸ੍ਰੀ ਗੁਰੂ ਅਮਰਦਾਸ ਜੀ ਭਾਈ ਜੱਗਾ ਨੂੰ ਉਪਦੇਸ਼ ਦਿੰਦੇ ਹਨ-

ਸ਼ਰਧਾ ਜਾਨਿ ਗੁਰੂ ਬਚ ਭਾਖਾ। ਘਰ ਤਜਾਗਨਿ ਕੀ ਨਹਿਂ ਕਰਿ ਕਾਂਖਾ॥੧੭॥
ਜੇ ਘਰ ਤਜੇ ਮਿਲਹਿ ਭਗਵਾਨ । ਕਜੋਂ ਫਕੀਰ ਪੁਰਿ ਪੁਰਿ ਮਹਿਂ ਆਨ।
ਹਾਟਨਿ ਪਰ ਬਨਕਨਿ ਸੋਂ ਝਗਰੇਂ। ਜਾਚਤਿ[1] ਡੋਲਤਿ ਬਾਸੁਰ ਸਗਰੇ॥੧੮॥
ਗੁਰਮੁਖਿ ਗ੍ਰਿਹਸਤਿ ਬਿਧੈ ਕਰਿ ਭਗਤਿ । ਪਾਇ ਮੁਕਤਿ ਨਹਿਂ ਜਨਮਤਿ ਜੁਗਤਿ॥
ਜਿਮਿ ਜਲ ਮਹਿਂ ਅਲੇਪ ਅਰਬਿੰਦਾ[2]। ਰਾਖਹਿ ਊਰਧ ਧਜਾਨ ਦਿਨਿੰਦਾ[3]॥੧੯॥
ਤਿਮਿ ਗੁਰਸਿੱਖ ਕਿਰਤ ਕੋ ਕਰਤੇ। ਦੇ ਕਰਿ ਸਤਿਸੰਗਤਿ ਪੁਨ ਬਰਤੇ।
ਹੋਇ ਫਕੀਰ ਜਾਚਤਿ ਜਬਿ ਖਾਇ। ਜਪ ਤਪ ਨਿਜ ਘਾਟੈ ਤਬਿ ਪਾਇ॥ ੨੦॥
ਸੇਵਾ ਕਰਹਿਂ ਲੇਹਿਂ ਸੋ ਤਿਸ ਤੇ। ਖਾਨ ਪਾਨ ਨਿਤਿ ਕਰਿਤੋ ਜਿਸ ਤੇ।
ਗ੍ਰਿਸਥੀ ਅਪਨੋ ਪੁੰਨ ਨ ਦੇਤਿ। ਸੇਵਾ ਠਾਨਿ[4] ਅਪਰ ਤੇ ਲੇਤਿ॥ ੨੧॥
ਜਥਾ ਧੇਨੁ[5] ਕੋ ਘਾਸੁ ਖੁਲਾਵੈਂ। ਤਿਸ ਕੋ ਪਲਟੋ ਪੈਂ[6] ਪੁਨ ਪਾਵੈਂ।
ਤਿਮਿ ਜੱਗਾ ! ਲਿਹੁ ਸਮਝ ਬਿਸਾਲ। ਗ੍ਰਿਸਤਿ ਧਰਮ ਮੁਖ ਹੈ ਕਲਿ ਕਾਲ ॥ ੨੨॥

(ਗੁਰ ਪ੍ਰਤਾਪ ਸੂਰਜ, ਰਾਸ ੧ ਅੰਸੂ ੩੯)

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥

ਫਿਰ ਦੇਖੋ ਕਿ ਕਿਤਨੇ ਗੁਣਾਂ ਵਾਲੀ ਇਸਤ੍ਰੀ ਦੀ ਉਤਪਤੀ ਭੀ ਇਸੇ ਇਸਤ੍ਰੀ ਤੋਂ ਹੁੰਦੀ ਹੈ, ਭੰਡੈ=ਇਸਤ੍ਰੀ

---

੧. ਮੰਗਦੇ ਫਿਰਦੇ, ੨. ਕੌਲ ਫੁਲ, ੩. ਸੂਰਜ, ੪. ਕਰਕੇ, ੫. ਗਊ, ੬. ਦੁੱਧ।

ਤੋਂ ਬਿਨਾਂ ਕਿਸੇ ਦੀ ਉਤਪਤੀ ਨਹੀਂ ਹੁੰਦੀ।

ਅਥਵਾ-ਔਰਤ ਤੋਂ ਹੀ ਹੋਰ ਔਰਤ ਉਤਪੰਨ ਹੁੰਦੀ ਹੈ, ਔਰਤ ਤੋਂ ਬਿਨਾਂ ਕੋਈ ਭੀ ਨਹੀਂ ਹੈ।

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਉਹ ਸੱਚਾ ਅਕਾਲ ਪੁਰਖ ਹੀ ਇਕ ਹੈ ਜੋ ਇਸਤ੍ਰੀ ਤੋਂ ਬਿਨਾਂ ਅਰਥਾਤ ਸੁਤੇ ਪ੍ਰਕਾਸ਼ ਰੂਪ ਹੈ। ਇਸਤ੍ਰੀ ਨੂੰ ਨਿੰਦਣਾ ਤੇ ਮਰਦ ਨੂੰ ਸਲਾਹੁਣਾ ਚੰਗਾ ਨਹੀਂ ।

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥

ਜਿਸ ਭੀ ਮੂੰਹ ਨਾਲ (ਚਾਹੇ ਇਸਤ੍ਰੀ ਦਾ ਹੈ, ਚਾਹੇ ਮਰਦ ਦਾ) ਪਰਮੇਸ਼ਰ ਨੂੰ ਸਦਾ ਧਿਆਈਏ, ਉਸ ਉੱਤੇ ਭਾਗਾਂ ਦੀ ਰਤੀ=ਮਣੀ ਦੀ ਸੁੰਦਰਤਾ ਹਿੱਸੇ ਵਿਚ ਆ ਜਾਂਦੀ ਹੈ।

ਅਥਵਾ-ਧਰਮ, ਅਰਥ, ਕਾਮ, ਮੋਖ ਰੂਪ ਚਾਰ ਰੱਤੀਆਂ ਉਹਨਾਂ ਦੇ ਭਾਗਾਂ ਵਿਚ ਆ ਜਾਂਦੀਆਂ ਹਨ।

ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਅੱਗੇ ਚੱਲ ਕੇ ਉਸ ਸੱਚੇ ਦਰਬਾਰ ਵਿਚ ਓਹੋ ਮੂੰਹ ਉੱਜਲੇ ਹੋਣਗੇ ਚਾਹੇ ਉਹ ਇਸਤ੍ਰੀ ਦੇ ਹੋਣ ਚਾਹੇ ਮਰਦਾਂ ਦੇ।

ਗ੍ਰਿਹਸਤੀ ਲਈ ਔਰਤ ਦਾ ਰੱਖਣਾ ਪਰਮ ਧਰਮ ਹੈ, ਪਰੰਤੂ ਜੋ ਵਿਰੱਕਤ ਮਹਾਤਮਾਂ ਹਨ, ਉਹਨਾਂ ਲਈ ਔਰਤ ਦਾ ਤਿਆਗਣਾ ਹੀ ਸ੍ਰੇਸ਼ਟ ਹੈ। ਜੇ ਮਹਾਤਮਾਂ ਬਣ ਕੇ ਔਰਤ ਰੱਖ ਲੈਣ ਤਾਂ ਉਹਨਾਂ ਦੀ ਕਲਿਆਣ ਕਦੇ ਨਹੀਂ ਹੁੰਦੀ। ਯਥਾ-

ਨਾਰ ਬੁਰੀ ਵੇਸਵਾ ਅਰੁ ਪਰ ਕੀ। ਤੀਜੀ ਨਰਕ ਨਿਸ਼ਾਨੀ ਘਰ ਕੀ।
ਤਜਤ ਵਿਵੇਕੀ ਤਿਹੁੰ ਮੈ ਨੇਹਾ। ਕਰੈ ਨੇਹ ਤੇ ਸਠ ਮੁਖ ਖੇਹਾ।

(ਵਿਚਾਰ ਸਾਗਰ ਪੰਜਵਾਂ ਤਰੰਗ)

ਬਾਬਾ ਫਰੀਦ ਜੀ ਨੇ ਵੀ ਲਿਖਿਆ ਹੈ-

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥ ੩੭॥

(ਪੰਨਾ ੧੩੭੯)

ਇਹ ਔਰਤਾਂ ਵਿਹੁ ਦੀਆਂ ਗੰਦਲਾਂ ਹਨ* ਪਰ ਉਪਰੋਂ ਖੰਡ ਨਾਲ ਲਬੇੜ ਰੱਖੀਆਂ ਹਨ, ਜਿਹੜਾ ਗੌਰ ਰੰਗ ਰਚ ਦਿਤਾ ਹੈ, ਉਸ ਗੌਰ ਰੰਗ ਨੂੰ ਵੇਖ ਕੇ ਸਭ ਕੋਈ ਭੁਲ ਜਾਂਦਾ ਹੈ। ਜਿਸ ਵੇਲੇ ਉਸ ਦੇ ਅਨੰਦ ਨੂੰ

---

*ਯਥਾ- ਛੋਟੀ ਮੋਟੀ ਇਸਤਰੀ ਇਹ ਸਭ ਵਿਸ ਕੀ ਬੇਲ।
ਵੈਰੀ ਮਾਰੇ ਦਾਵ ਕਰ ਏਹ ਮਾਰੇ ਹਸ ਖੇਲ।
ਏਹ ਮਾਰੇ ਹੱਸ ਖੇਲ ਅਤਰ ਅੰਬੀਰ ਲਗਾਏ।
ਸੋਲਾਂ ਕਰੇ ਸ਼ਿੰਗਾਰ ਭਜਨ ਕੋ ਲੁਟ ਲੈ ਜਾਵੇ।
ਕਹਿ ਗਿਰਧਰ ਕਵੀ ਰਾਇ ਨੀਯਤ ਹੈ ਜਿਸ ਕੀ ਖੋਟੀ।
ਮੁਕਤ ਨ ਦੇਤੀ ਹੋਣ ਕਿਆ ਮੋਟੀ ਕਿਆ ਛੋਟੀ।
ਤਥਾ- ਅਰਥ ਧਰਮ ਅਰ ਮੋਖਸ਼ ਕੋ, ਨਾਰ ਬਿਗਾਰਤ ਐਨ।
ਸਭ ਅਨਰਥ ਕੋ ਮੂਲ ਲਖ, ਤਜੈ ਤਾਹਿ ਹੈ ਚੈਨ।

ਚਖਦਾ ਹੈ ਤਾਂ ਮਗਰੋਂ ਪਛਤਾਉਂਦਾ ਹੈ।

ਇਸ ਲਈ ਇਕ ਤਾਂ ਰਾਹੇਦੇ=ਮੰਗੇਵਾ ਕਰਦੇ ਰਹਿ ਗਏ ਹਨ ਅਤੇ ਇਕ ਰਾਧੀ=ਵਿਆਹੀ ਹੋਈ ਨੂੰ ਤਿਆਗ ਕੇ ਚਲੇ ਗਏ ਹਨ।

ਦੂਸਰਾ ਅਰਥ-

'ਭੰਡਿ ਜੰਮੀਐ ਭੰਡਿ ਨਿੰਮੀਐ'

ਸਾਧੂ ਦੇ ਸੰਜੋਗ ਨਾਲ ਔਰਤ ਦੇ ਨਿਮਨੇ ਵੇਲੇ ਭੰਡੀ ਹੁੰਦੀ ਹੈ ਅਤੇ ਜੇ ਕੋਈ ਲੜਕਾ ਲੜਕੀ ਜੰਮ ਪਿਆ ਤਾਂ ਵੀ ਸਾਧੂ ਦੀ ਭੰਡੀ ਹੁੰਦੀ ਹੈ।

'ਭੰਡਿ ਮੰਗਣੁ ਵੀਆਹੁ॥'

ਮੰਗਣ=ਸਗਾਈ ਹੋਣ ਵੇਲੇ ਅਤੇ ਵਿਆਹ ਹੋਣ ਵੇਲੇ ਵੀ ਸਾਧ ਦੀ ਭੰਡੀ ਹੁੰਦੀ ਹੈ।

'ਭੰਡਹੁ ਹੋਵੈ ਦੋਸਤੀ'

ਇਸਤ੍ਰੀ ਨਾਲ ਦੋਸਤੀ ਹੋਣ ਸਮੇਂ ਵੀ ਸਾਧੂ ਦੀ ਭੰਡੀ ਹੁੰਦੀ ਹੈ।

'ਭੰਡਹੁ ਚਲੈ ਰਾਹੁ॥'

ਇਸਤ੍ਰੀ ਦੇ ਰਸਤੇ ਵਿਚ ਵੀ ਚਲੇ, ਤਾਂ ਵੀ ਸਾਧੂ ਦੀ ਭੰਡੀ ਹੁੰਦੀ ਹੈ।

'ਭੰਡੁ ਮੁਆ ਭੰਡੁ ਭਾਲੀਐ'

ਪਹਿਲੀ ਵਿਆਹੀ ਹੋਈ ਔਰਤ ਦੇ ਮਰਨ ਨਾਲ ਵੀ ਸਾਧੂ ਦੀ ਭੰਡੀ ਹੁੰਦੀ ਹੈ ਤੇ ਹੋਰ ਦੂਸਰੀ ਔਰਤ ਭਾਲੀਐ=ਲੱਭੇ ਤਾਂ ਭੀ ਸਾਧੂ ਦੀ ਭੰਡੀ ਹੁੰਦੀ ਹੈ।

'ਭੰਡਿ ਹੋਵੈ ਬੰਧਾਨੁ॥'

ਔਰਤ ਨਾਲ ਜਦ ਬੰਧਾਨੁ=ਮੇਲ ਕਰਦਾ ਹੈ ਤਾਂ ਵੀ ਸਾਧੂ ਦੀ ਭੰਡੀ ਹੁੰਦੀ ਹੈ।

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥'

ਪ੍ਰਸ਼ਨ-ਵਿਸ਼ਿਆਂ ਨੂੰ ਕੈਸਾ ਆਖਣਾ ਚਾਹੀਦਾ ਹੈ ?

ਗੁਰ ਉੱਤਰ-ਉਹਨਾਂ ਵਿਸ਼ਿਆਂ ਨੂੰ ਮੰਦਾ ਹੀ ਆਖਣਾ ਯੋਗ ਹੈ, ਕਿਉਂਕਿ ਸਾਧੂ ਲਈ ਅਤਿਅੰਤ ਮਾੜੇ ਹਨ। ਜਿਨ੍ਹਾਂ ਵਿਸ਼ਿਆਂ ਨੂੰ ਮਾੜਾ ਕਹਿਣ ਤੇ ਰਾਜਾਨ=ਪ੍ਰਕਾਸ਼ ਰੂਪ ਗਿਆਨ ਜੰਮਦਾ ਹੈ।

'ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥'

ਸਾਧੂ ਦੇ ਲਈ ਭੰਡੀ ਹੀ ਭੰਡੀ ਉਤਪਤ ਹੁੰਦੀ ਹੈ। *ਅਥਵਾ*-ਇਸ ਲੋਕ ਵਿਚ ਵੀ ਭੰਡੀ, ਪ੍ਰਲੋਕ ਵਿਚ ਵੀ ਭੰਡੀ ਉਤਪੰਨ ਹੁੰਦੀ ਹੈ। ਭੰਡੀ ਤੋਂ ਬਿਨਾਂ ਕੋਈ ਨਹੀਂ।

ਯਥਾ-'ਜੋ ਕੋਊ ਪਰ ਨਾਰੀ ਸੋ ਪਾਗੈ ॥ ਪਨਹੀ ਇਹਾਂ ਨਰਕ ਤਿਹ ਆਗੈ॥'

ਹੋਰ ਭਲਾ ਕੀ ਕਹਿਣਾ ਹੈ, ਪਰਾਈ ਇਸਤਰੀ ਦਾ ਸੰਗ ਕਰਨ ਤੇ ਅਕਬਰ ਜਿਹੇ ਬਾਦਸ਼ਾਹ ਨੂੰ ਜੁੱਤੀਆਂ ਪੈ ਗਈਆਂ ਸਨ ਤਾਂ ਹੋਰ ਦੀ ਕੀ ਗੱਲ ਕਹਿਣੀ ਹੈ। ਇਸ ਦੀ ਸਾਖੀ ੧੮੫ਵੇਂ ਚਰਿੱਤ੍ਰ ਵਿਚ ਪੜ੍ਹੋ।

ਤਥਾ- ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥

ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ॥ ੮॥

(ਫੁਨਹੇ ਮਹਲਾ ੫ ਪੰਨਾ ੧੩੬੨)

ਨੌਵੇਂ ਪਾਤਿਸ਼ਾਹ ਜੀ ਨੇ ਦਸਮ ਪਿਤਾ ਜੀ ਨੂੰ ਇਹੋ ਉਪਦੇਸ਼ ਦਿੱਤਾ ਹੈ-

ਸੁਧਿ* ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ**॥
ਨਿਜ ਨਾਰੀ ਕੇ ਸਾਥ ਨੇਹੁ[1] ਤੁਮ ਨਿੱਤ ਬਢੈਯਹੁ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥੫੧॥
ਪਰ ਨਾਰੀ ਕੇ ਭਜੇ ਸਹਸ[2] ਬਾਸਵ[3] ਭਗ ਪਾਏ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ॥
ਪਰ ਨਾਰੀ ਕੇ ਹੇਤ ਸੀਸ ਦਸ ਸੀਸ[4] ਗਵਾਯੋ॥
ਹੋ ਪਰ ਨਾਰੀ ਕੇ ਹੇਤ ਕਟਕ[5] ਕਵਰਨ[6] ਕੌ ਘਾਯੋ॥ ੫੨॥
ਪਰ ਨਾਰੀ ਸੌ ਨੇਹੁ ਛੁਰੀ ਪੈਨੀ[7] ਕਰਿ ਜਾਨਹੁ॥
ਪਰ ਨਾਰੀ ਕੇ ਭਜੇ ਕਾਲ ਬਜਾਪਜੋ ਤਨ ਮਾਨਹੁ॥
ਅਧਿਕ ਹਰੀਛੀ[8] ਜਾਨਿ ਭੋਗ ਪਰ ਤ੍ਰਿਯ ਜੋ ਕਰਹੀ॥
ਹੋ ਅੰਤ ਸ੍ਵਾਨ[9] ਕੀ ਮ੍ਰਿਤੁ ਹਾਥ ਲੇਡੀ[10] ਕੇ ਮਰਹੀ॥ ੫੩॥

(ਦਸਮ ਗ੍ਰੰਥ, ਚਰਿੱਤ੍ਰ ੨੧, ਪੰਨਾ ੮੫੨)

ਤਥਾ- ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਧੈ ਨਾਰਿ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥ ੧੦੬॥

(ਸਲੋਕ ਕਬੀਰ ਜੀ, ਪੰਨਾ ੧੩੭੦)

ਅਰਥ-ਜੋ ਪੁਰਸ਼ ਪਰਮੇਸ਼ਰ ਦੇ ਸਿਮਰਨ ਨੂੰ ਛੱਡ ਕੇ ਵਿਸ਼ੇ ਵਿਕਾਰਾਂ ਦੇ ਭੋਗਣ ਦੀ ਇੱਛਾ ਕਰਕੇ ਅਹੋਈ=ਪਰਾਈ ਔਰਤ ਨੂੰ ਫੜ ਰੱਖਦੇ ਹਨ, ਓਹ ਗਧਾ ਜੂਨ ਵਿਚ ਅਉਤਰੈ=ਜਨਮ ਧਾਰ ਕੇ ਚਾਰ ਮਣ ਪੱਕੇ ਭਾਰ ਨੂੰ ਸਹਾਰਦੇ ਹਨ।

ਭਾਂਤੇ ਹੇ ਪਿਆਰਿਓ ! ਜਿੰਨਾ ਵਸ ਚਲੇ ਉਤਨਾਂ ਹੀ ਇਨ੍ਹਾਂ ਵਿਸ਼ਿਆਂ ਤੋਂ ਬਚ ਕੇ ਰਹੋ।

'ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥'

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਭੰਡੀ ਤੋਂ ਬਿਨਾਂ ਇਕ ਉਹ ਸੱਚਾ ਨਿਰਗੁਣ ਬ੍ਰਹਮ ਹੀ ਹੈ।

'ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥'

ਜਿਸ ਮੂੰਹ ਪਰ ਚਾਰਿ=ਸੁੰਦਰ ਭਾਗਾਂ ਦੀ ਰਤੀ ਹੈ ਤਿਸ ਮੂੰਹ ਨਾਲ ਸਦਾ ਵਾਹਿਗੁਰੂ ਨੂੰ ਸਲਾਹੁਣਾ ਕਰੀਏ।

'ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥੨॥'

ਸਤਿਗੁਰ ਦੇਵ ਜੀ ਆਖਦੇ ਹਨ-ਉਸ ਸੱਚੇ ਵਾਹਿਗੁਰੂ ਦੇ ਦਰਬਾਰ ਅੰਦਰ ਉਹ ਮੂੰਹ ਉਜਲੇ ਹਨ।

ਪਉੜੀ॥ ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥

ਸਭ ਕੋਈ ਪ੍ਰਮਾਤਮਾ ਨੂੰ ਆਪਣਾ ਕਥਨ ਕਰਦਾ ਹੈ ਜਿਸ ਦਾ ਪਰਮਾਤਮਾ ਨਹੀਂ ਉਸ ਨੂੰ ਚੁੰਣ ਕੇ ਵੱਖਰਾ ਕੱਢ ਦੇਵੋ ਪਰ ਜੇ ਕੋਈ ਕਹੇ ਸਾਨੂੰ ਦੁੱਖ ਭੋਗਣਾ ਪੈਂਦਾ ਹੈ ਇਸ ਤੇ ਪਰਮਾਤਮਾ ਸਾਡਾ ਨਹੀਂ ਤਾਂ ਉਸ ਲਈ

---

*ਸੋਝੀ। **ਤੇਰੇ।

੧ ਪ੍ਰੇਮ। ੨ ਹਜ਼ਾਰਾਂ। ੩ ਇੰਦਰ। ੪ ਰਾਵਨ। ੫ ਦਲ। ੬ ਕੌਰਵਾਂ ਦਾ। ੭ ਤ੍ਰਿਖੀ।
੮ ਚਤੁਰ। ੯ ਕੁੱਤੇ। ੧੦ ਕਾਇਰ।

ਇਹ ਉੱਤਰ ਹੈ-

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥

ਆਪੋ ਆਪਣੇ ਕਰਮਾਂ ਦੇ ਕੀਤੇ ਅਨੁਸਾਰ ਸਾਰੇ ਆਪ ਹੀ ਲੇਖੇ ਨੂੰ ਸੰਢੀਐ=ਭੋਗ ਦੇ ਅਰਥਾਤ ਸਹਾਰਦੇ ਹਨ।

ਸਾਖੀ-ਚਾਰ ਪਰੌਂਠਿਆਂ ਦੀ

ਇਕ ਮਹਾਨ ਪਰਉਪਕਾਰੀ ਰਾਗ ਦਵੈਖ ਤੋਂ ਰਹਿਤ ਜੋ ਭਿੱਖਿਆ ਮੰਗ ਕੇ ਆਪਣੇ ਪੇਟ ਦੀ ਗੁਜ਼ਰਾਨ ਕਰਦੇ ਸੀ, ਜਦ ਵੀ ਉਹ ਭਿੱਖਿਆ ਮੰਗਣ ਜਾਣ ਤਾਂ ਮੁਖ ਤੋਂ ਇਹ ਬਚਨ ਬੋਲਦੇ ਸਨ-

ਕਰ ਭਲਾ ਹੋਵੇ ਭਲਾ, ਅੰਤ ਭਲੇ ਦਾ ਭਲਾ।
ਪਾਈਂ ਮਾਈ ਹਰਿ ਕੇ ਲੇਖੇ। ਜਿਨ ਕੀਤੀ ਨਹੀਂ, ਉਹ ਕਰਕੇ ਵੇਖੇ।

ਜਾਂ ਇਹ ਬਚਨ ਇਕ ਮਾਈ ਨੇ ਸੁਣਿਆਂ ਤਾਂ ਉਸ ਨੇ ਬੜੀ ਤਰਕ ਕੀਤੀ ਤੇ ਕਿਹਾ ਇਹ ਫਕੀਰ ਬੜਾ ਲੋਭੀ ਹੈ ਜੋ ਖਾਣ ਵਾਸਤੇ ਕਹਿੰਦਾ ਹੈ-

'ਕਰ ਭਲਾ ਹੋਵੇ ਭਲਾ'

ਹੁਣ ਭਲਾ ਕਰਨ ਵਾਲੇ ਕਈ ਦੁੱਖੀ ਹਨ ਤੇ ਬੁਰਾ ਕਰਨ ਵਾਲੇ ਕਈ ਸੁਖੀ ਹਨ। ਐਵੇਂ ਇਹਨਾਂ ਫਕੀਰਾਂ ਨੇ ਬਹਾਨੇ ਬਣਾ ਰੱਖੇ ਹਨ। ਕੋਈ ਭਲੇ ਕਰਨ ਤੇ ਭਲਾ ਨਹੀਂ ਅਰ ਬੁਰਾ ਕਰਨ ਤੇ ਕੋਈ ਬੁਰਾ ਨਹੀਂ ਹੁੰਦਾ। ਮੈਂ ਇਸ ਨੂੰ ਵਿਹੁ ਦੇਂਦੀ ਹਾਂ ਤੇ ਦੇਖਦੀ ਹਾਂ ਜੋ ਮੇਰਾ ਕੀ ਬੁਰਾ ਹੁੰਦਾ ਹੈ ? ਇਸ ਤਰ੍ਹਾਂ ਮਨ ਵਿਚ ਕੁਤੱਰਕ ਕਰਕੇ ਤਿਸ ਮਾਈ ਨੇ ਚਾਰ ਪਰੌਂਠੇ ਤਿਆਰ ਕਰਕੇ ਵਿਚ ਵਿਹੁ ਪਾ ਕੇ ਫਕੀਰ ਨੂੰ ਦਿੱਤੇ। ਤਿਸ ਵੇਲੇ ਉਹ ਮਹਾਤਮਾਂ ਪਰੌਂਠੇ ਲੈ ਕੇ ਸ਼ਹਿਰ ਤੋਂ ਬਾਹਰ ਆਪਣੀ ਕੁਟੀਆ ਵਿਚ ਆ ਗਏ। ਰੋਟੀਆਂ ਰੱਖ ਕੇ ਖੂਹ ਤੇ ਇਸ਼ਨਾਨ ਕਰਨ ਲੱਗ ਪਏ। ਇਤਨੇ ਨੂੰ ਉਸ ਮਾਈ ਦੇ ਚਾਰ ਪੁਤ੍ਰ ਭੁੱਖ ਨਾਲ ਘਬਰਾਏ ਹੋਏ ਓਹਨਾਂ ਮਹਾਤਮਾ ਦੀ ਕੁਟੀਆ ਤੱਕ ਕੇ ਆਏ ਤੇ ਆਖਦੇ ਹਨ ਸੰਤ ਜੀ ਆਪ ਕਿਰਪਾ ਕਰਕੇ ਇਕ ਇਕ ਰੋਟੀ ਦਿਓ, ਅਸੀਂ ਭੁੱਖ ਕਰਕੇ ਬੜੇ ਵਿਆਕੁਲ ਹਾਂ। ਉਸ ਵੇਲੇ ਮਹਾਤਮਾ ਨੇ ਇਕ ਇਕ ਰੋਟੀ ਉਹਨਾਂ ਚੌਹਾਂ ਨੂੰ ਦੇ ਦਿੱਤੀ ਉਹ ਚਾਰੇ ਹੀ ਉਹਨਾਂ ਰੋਟੀਆਂ ਨੂੰ ਖਾ ਕੇ ਘਰ ਆਉਂਦਿਆਂ ਤੱਕ ਵਿਆਕੁਲ ਹੋ ਗਏ। ਉਹਨਾਂ ਦੀ ਮਾਤਾ ਨੇ ਪੁਛਿਆ-ਬਚੜਿਓ! ਅੱਜ ਤੁਹਾਨੂੰ ਕੀ ਹੋ ਗਿਆ ਹੈ ?

ਉਹਨਾਂ ਆਖਿਆ ਮਾਤਾ ! ਫਲਾਣੀ ਜਗ੍ਹਾਂ 'ਪਰ ਜੋ ਕੁਟੀਆ ਹੈ ਓਥੇ ਜਿਹੜੇ ਸੰਤ ਰਹਿੰਦੇ ਹਨ, ਉਹਨਾਂ ਪਾਸੋਂ ਅਸਾਂ ਨੇ ਰੋਟੀਆਂ ਮੰਗ ਕੇ ਖਾਧੀਆਂ ਹਨ ਤੇ ਵਿਆਕੁਲ ਹੋ ਗਏ ਹਾਂ। ਉਸ ਵੇਲੇ ਮਾਈ ਨੇ ਬੜਾ ਅਫਸੋਸ ਕੀਤਾ ਤੇ ਮਹਾਤਮਾ ਦੇ ਬਚਨਾਂ ਨੂੰ ਸੱਚਾ ਮੰਨਿਆ ਕਿ ਠੀਕ ਹੈ-

'ਕਰ ਭਲਾ ਹੋਵੇ ਭਲਾ'

ਭਲਾਈ ਕਰਨ ਨਾਲ ਭਲਾ ਹੁੰਦਾ ਹੈ ਤੇ ਬੁਰਾਈ ਕਰਨ ਨਾਲ ਬੁਰਾ ਹੁੰਦਾ ਹੈ।

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥

ਜਾਂ ਇਸ ਸੰਸਾਰ ਵਿਚ ਰਹਿਣਾ ਹੀ ਨਹੀਂ ਤਾਂ ਕਾਇਤੁ=ਕਿਸ ਵਾਸਤੇ ਕਿਸੇ ਵਸਤੂ ਦਾ ਹੰਕਾਰ ਹੰਢੀਐ=ਕਰਨਾ ਹੈ। ਹੰਕਾਰ ਦੇ ਬਾਰੇ ਗੁਰੂ ਅਰਜਨ ਸਾਹਿਬ ਜੀ ਸੁਖਮਨੀ ਸਾਹਿਬ ਵਿਖੇ ਫੁਰਮਾਉਂਦੇ ਹਨ-

ਸਲੋਕੁ॥ ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥

ਅਸਟਪਦੀ॥ ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥

(ਗਉੜੀ ਸੁਖਮਨੀ ਮ: ੫, ਪੰਨਾ ੨੭੮)

ਸਾਰੀ ਅਸਟਪਦੀ ਵਿਚ ਇਹੋ ਉਪਦੇਸ਼ ਦਿੱਤਾ ਹੈ, ਹੰਕਾਰ ਬੁਰਾ ਹੈ, ਹੰਕਾਰ ਨਹੀਂ ਕਰਨਾ ਚਾਹੀਦਾ। ਅੱਗੇ ਕਬੀਰ ਜੀ ਭੀ ਆਖਦੇ ਹਨ :-

ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ॥
ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ॥ ੩੮॥

(ਸਲੋਕ ਕਬੀਰ ਜੀ ਪੰਨਾ ੧੩੬੬)

ਯਥਾ-ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥ ੧੦੫॥

(ਸਲੋਕ ਫਰੀਦ, ਪੰਨਾ ੧੩੮੩)

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥

ਕਿਸੇ ਪੁਰਸ਼ ਨੂੰ ਭੈੜਾ ਬਚਨ ਨਾ ਕਹੀਏ, ਇਹ ਅੱਖਰ ਪੜ੍ਹਨਾ ਬੁਝੋ।

ਯਥਾ-ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੁ॥

(ਵਡਹੰਸ ਮ: ੧, ਪੰਨਾ ੫੮੦)

ਅਥਵਾ :-ਅੱਖਰ ਪੜ੍ਹ ਕੇ ਭਾਵ ਵਿੱਦਿਆ ਪਾ ਕੇ ਇਹ ਗੱਲ ਚੰਗੀ ਤਰ੍ਹਾਂ ਬੁਝੀਐ=ਸਮਝ ਲੈਣੀ ਕਰੋ।

ਮੂਰਖੈ ਨਾਲਿ ਨ ਲੁਝੀਐ॥ ੧੯॥

ਆਪਣੇ ਮਤ ਨੂੰ ਚੰਗਾ ਦੱਸਣ ਲਈ ਮੂਰਖਾਂ ਨਾਲ ਲੁਝੀਐ+ਨ=ਝਗੜੀਏ ਨਾ, ਭਾਵ ਬਹਿਸ ਨਾ ਕਰੀਏ॥ ੧੯॥

ਸਲੋਕੁ ਮਃ ੧॥

ਇਸ ਸਲੋਕ ਦੇ ਨਾਲ 'ਮਹੱਲਾ' ਨਹੀਂ ਦਿੱਤਾ ਕਿਉਂਕਿ ਪੁਰਾਤਨ ਬੀੜਾਂ ਵਿਖੇ ਨਹੀਂ ਹੈ। ਸ੍ਰੀ ਕਰਤਾਰ ਪੁਰ ਸਾਹਿਬ ਵਾਲੀ ਅਤੇ ਦਮਦਮੇ ਸਾਹਿਬ ਵਾਲੀ ਬੀੜ ਵਿਚ ਭੀ ਨਹੀਂ ਹੈ। ਸ਼੍ਰੋਮਣੀ ਕਮੇਟੀ ਵਾਲੀ ਬੀੜ ਵਿਚ ਮਃ ਹੈ।

ਉਥਾਨਕਾ-ਇਕ ਆਦਮੀ ਫਿਕੇ ਬਚਨ ਬੋਲਦਾ ਸੀ, ਉਸ ਨੂੰ ਉਪਦੇਸ਼ ਦਿੰਦੇ ਹਨ-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥

ਹੇ ਪੁਰਸ਼ਾ ! ਫਿੱਕੇ ਬਚਨ ਬੋਲਣ ਕਰਕੇ ਆਪਣਾ ਤਨ ਮਨ ਫਿਕਾ ਹੁੰਦਾ ਹੈ। ਪਹਿਲੇ ਆਪਣਾ ਦਿਲ ਦੁੱਖਦਾ ਹੈ ਫੇਰ ਦੂਸਰੇ ਦਾ ਦਿਲ ਦੁੱਖੀ ਹੁੰਦਾ ਹੈ।

ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥

ਫਿੱਕੇ ਬਚਨਾਂ ਦੇ ਬੋਲਣ ਨਾਲ ਲੋਕੀਂ 'ਫਿੱਕਾ' ਸੱਦਣ ਲੱਗ ਜਾਂਦੇ ਹਨ। ਫਿਕਿਆਂ ਦੀ ਫਿੱਕੀ ਹੀ ਸੋਇ=ਸੋਭਾ, ਅਥਵਾ :-ਕਨਸੋਆਂ ਹੁੰਦੀਆਂ ਹਨ। ਭਾਵ ਬਦਨਾਮ ਹੋ ਜਾਂਦਾ ਹੈ।

ਯਥਾ-ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥

(ਸਿਰੀ ਰਾਗੁ ਮਹਲਾ ੧, ਪੰਨਾ ੧੫)

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥

ਫਿੱਕੇ ਬਚਨ ਬੋਲਣ ਵਾਲਾ ਪੁਰਸ਼ ਦਰਗਾਹ ਵਿਚੋਂ ਭੀ ਸੁਟਿਆ ਜਾਂਦਾ ਹੈ।

ਅਤੇ ਫਿੱਕੇ ਦੇ ਮੂੰਹ ਉੱਤੇ ਥੁਕਾਂ ਪੈਂਦੀਆਂ ਹਨ।

ਸਾਖੀ-ਜੈ ਬਿਜੈ ਦੀ

ਜਦੋਂ ਬ੍ਰਹਮਾ ਦੇ ਚਾਰੇ ਪੁਤ੍ਰ ਸਨਕਾਦਿਕ ਵਿਸ਼ਨੂੰ ਭਗਵਾਨ ਜੀ ਦਾ ਦਰਸ਼ਨ ਕਰਨ ਗਏ ਤਾਂ ਰਾਹ ਵਿਚ ਜੈ ਬਿਜੈ ਦੋਹਾਂ ਭਰਾਵਾਂ ਨੇ ਫਿੱਕੇ ਬਚਨ ਬੋਲ ਕੇ ਰੋਕ ਦਿੱਤਾ। ਜਿਸ ਵੇਲੇ ਭਗਵਾਨ ਨੂੰ ਖ਼ਬਰ ਪਹੁੰਚੀ ਕਿ ਮੇਰੇ ਪਿਆਰੇ ਭਗਤਾਂ ਨੂੰ ਜੈ ਬਿਜੈ ਨੇ ਰੋਕ ਦਿੱਤਾ ਹੈ ਤਾਂ ਉਸੀ ਵੇਲੇ ਭਗਵਾਨ ਜੀ ਆਪਣੇ ਸਿੰਘਾਸਨ ਨੂੰ ਛੱਡ ਕੇ ਦੌੜੇ ਆਏ। ਆਉਂਦਿਆਂ ਹੀ ਸਰਾਪ ਦੇ ਦਿੱਤਾ ਤੁਸੀਂ ਇਥੇ ਰਹਿਣ ਦੇ ਅਧਿਕਾਰੀ ਨਹੀਂ। ਜਾਓ ! ਮਾਤ ਲੋਕ ਦੀ ਭੂਮੀ 'ਪਰ ਜਨਮ ਜਾ ਕੇ ਲੈਣਾ ਕਰੋ ਤਾਂ ਜੈ ਬਿਜੈ ਨੇ ਹੱਥ ਜੋੜ ਕੇ ਬੇਨਤੀ ਕੀਤੀ-ਭਗਵਾਨ ! ਆਪ ਜੀ ਦਾ ਸਰਾਪ ਤਾਂ ਅਮਿਟ ਹੈ ਪਰ ਇਹ ਸਰਾਪ ਨਵਿਰਤ ਕਦੋਂ ਹੋਵੇਗਾ ? ਤਾਂ ਵਿਸ਼ਨੂੰ ਭਗਵਾਨ ਨੇ ਕਿਹਾ ਜੇ ਭਗਤੀ ਕਰੋਗੇ ਸੱਤ ਜਨਮ ਧਾਰ ਕੇ ਮਿਲੋਗੇ। ਜੇ ਯੁੱਧ ਜੰਗ ਕਰੋਗੇ ਤਾਂ ਤਿੰਨ ਜਨਮ ਧਾਰ ਕੇ ਮਿਲ ਜਾਓਗੇ। ਤਿਸ ਵੇਲੇ ਤਿੰਨ ਜਨਮ ਜੈ ਬਿਜੈ ਨੇ ਧਾਰ ਕੇ ਯੁੱਧ ਜੰਗ ਕੀਤਾ।

ਇਕ ਜਨਮ ਹਰਨਕਛਪ ਤੇ ਹਰਨਾਖਸ਼, ਦੂਸਰਾ ਜਨਮ ਰਾਵਣ ਤੇ ਕੁੰਭ ਕਰਨ।

ਤੀਸਰਾ ਜਨਮ ਸ਼ਿਸ਼ਪਾਲ ਤੇ ਦੰਤ ਬਕਤਰ।

ਨੋਟ :-ਦੰਤ ਬਕਤ੍ਰ ਦੀ ਥਾਂ ਕਿਸੇ ਨੇ ਕੰਸ ਮੰਨਿਆਂ ਹੈ।

ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ ੧॥

ਫਿੱਕੇ ਬਚਨ ਬੋਲਣ ਵਾਲੇ ਨੂੰ 'ਮੂਰਖ' ਕਿਹਾ ਜਾਂਦਾ ਹੈ ਤੇ ਅੰਤ ਨੂੰ ਪਾਣਾ=ਜੁੱਤੀਆਂ ਦੀ ਸਜ਼ਾ ਲੈਂਦਾ ਹੈ॥ ੧॥

ਯਥਾ-ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ॥
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ॥

(ਵਾਰ ਵਡਹੰਸ, ਪੰਨਾ ੫੯੪)

ਮਃ ੧॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥

ਇਹ ਜੀਵ ਅੰਦਰੋਂ ਝੂਠੇ ਹਨ ਪਰ ਬਾਹਰੋਂ ਚੰਗੇ ਕਰਮ ਕਰਕੇ ਆਪਣੀ ਪਤਅਬਰੋ ਦੁਨੀਆਂ ਅੰਦਰ ਫੈਲਾਉਂਦੇ ਭਾਵ ਵਧਾਂਵਦੇ ਹਨ।

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥

ਉਹ ਭਾਵੇਂ ੬੮ ਤੀਰਥਾਂ ਵਿਚ ਵੀ ਇਸ਼ਨਾਨ ਕਰ ਲੈਣ ਤਾਂ ਵੀ ਉਨ੍ਹਾਂ ਦੀ ਰਾਗ ਦ੍ਵੈਸ਼, *ਅਥਵਾ* :-ਪਾਪਾਂ ਰੂਪੀ ਮੈਲ ਉਤਰਦੀ ਨਹੀਂ।

ਯਥਾ-ਹ੍ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥ ੧॥
ਕਾਂਇਆ ਮਾਂਜਸਿ ਕਉਨ ਗੁਨਾਂ॥ ਜਉ ਘਟ ਭੀਤਰਿ ਹੈ ਮਲਨਾਂ॥ ੧॥ ਰਹਾਉ॥
ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥

(ਸੋਰਠ ਭਗਤ ਬਾਣੀ ਪੰਨਾ ੬੫੬)

ਤਥਾ- ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥

(ਵਾਰ ਸੂਹੀ ਪੰਨਾ ੭੮੯)

ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥

ਜਿਨ੍ਹਾਂ ਪੁਰਸ਼ਾਂ ਦੇ ਦਿਲ ਅੰਦਰ ਪਟੁ=ਰੇਸ਼ਮ ਭਾਵ ਸ਼ਾਂਤੀ ਹੈ। *ਅਥਵਾ* :-ਸ਼ੁਭ ਗੁਣਾਂ ਦੇ ਪੁੰਜ ਨੇ ਬਾਹਰੋਂ ਭਾਵੇਂ ਗੁਦੜ=ਮੈਲੇ ਕੁਚੈਲੇ ਟੁਟੇ ਖੁਥੇ ਬਸਤ੍ਰ ਪਹਿਰੇ ਹੋਏ ਹਨ, ਉਹ ਪੁਰਸ਼ ਸੰਸਾਰ ਵਿਚ ਭਲੇ ਹਨ।

ਅਥਵਾ :-ਜਿਨ੍ਹਾਂ ਨੇ ਰਿਦੇ ਅੰਦਰੋਂ ਗੁਦੜੁ=ਕਾਮ ਆਦਿਕਾਂ ਨੂੰ ਪੁਟ ਕੇ ਬਾਹਰ ਸੁਟਿਆ ਹੈ ਉਹ ਪੁਰਸ਼ ਸੰਸਾਰ ਵਿਚ ਭਲੇ ਹਨ।

ਅਥਵਾ :-ਜਿਨ੍ਹਾਂ ਦੇ ਅੰਦਰ ਪਟੁ ਵਤ ਨਿੰਮ੍ਰਤਾ ਹੈ ਤੇ ਬਾਹਰੋਂ 'ਗੁਦੜੁ' ਭਾਵ ਤਾੜਦੇ ਭੀ ਦਿੱਸਦੇ ਹਨ, ਉਹ ਸੰਸਾਰ ਵਿਚ ਭਲੇ ਹਨ। ਕਿਉਂਕਿ-

ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ ਵੀਚਾਰਿ॥

ਤਿਨ੍ਹਾਂ ਗੁਰਮੁਖਾਂ ਦਾ ਪਰਮਾਤਮਾ ਨਾਲ ਨੇਹੁ=ਪ੍ਰੇਮ ਲੱਗਾ ਹੋਇਆ ਹੈ, ਵਿਚਾਰ ਪੂਰਬਕ ਪਰਮਾਤਮਾ ਦੇ ਵੇਖਣ ਲਈ।

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥

ਉਹ ਮਹਾਤਮਾ ਰੰਗਿ=ਪ੍ਰੇਮ ਵਿਚ ਮਸਤ ਹੋਏ ਹੋਏ ਕਦੇ ਹੱਸ ਪੈਂਦੇ ਹਨ, ਕਦੇ ਪ੍ਰੇਮ ਵਿਚ ਇਸਥਿਤ ਹੋਏ ਹੋਏ ਰੋ ਪੈਂਦੇ ਹਨ। ਕਦੇ ਪ੍ਰੇਮ ਵਿਚ ਮਗਨ ਹੋਏ ਹੋਏ ਚੁਪ ਵੀ ਕਰ ਜਾਂਦੇ ਹਨ। ('ਰੰਗਿ ਦਾ ਅਰਥ 'ਮੌਜ' ਵੀ ਕਰਦੇ ਹਨ)।

ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥

ਉਹਨਾਂ ਮਹਾਤਮਾ ਨੂੰ ਇਕ ਸੱਚੇ ਨਾਹ=ਪਤੀ ਤੋਂ ਬਿਨਾਂ ਹੋਰ ਕਿਸੇ ਦੀ ਪਰਵਾਹ ਨਹੀਂ ਹੈ।

ਯਥਾ- ਜਾ ਕਾ ਮੀਤੁ ਸਾਜਨੁ ਹੈ ਸਮੀਆ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ॥ ੧॥
ਜਾ ਕਾ ਕਹਿਆ ਦਰਗਹ ਚਲੈ॥ ਸੋ ਕਿਸ ਕਉ ਨਦਰਿ ਲੈ ਆਵੈ ਭਲੈ॥ ੩॥

(ਗਉੜੀ ਮ: ੫, ਪੰਨਾ ੧੮੬)

ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ॥

ਇਸ ਲਈ ਮੈਂ ਤਾਂ ਐਸੇ ਰੱਬੀ ਪਿਆਰ ਵਾਲਿਆਂ ਦੇ ਦਰ ਉੱਤੇ ਰਸਤੇ ਦਾ ਖਰਚ ਬੈਠਾ ਮੰਗਦਾ ਹਾਂ। ਜਦੋਂ ਦੇਣਗੇ ਤਦੋਂ ਖਾ ਲਵਾਂਗਾ। ਭਾਵ ਮੈਂ ਇਕ ਨਾਮ ਦੀ ਦਾਤ ਮੰਗ ਰਿਹਾ ਹਾਂ। *ਅਥਵਾ* :-ਪਰਮੇਸ਼ਰ ਦੀ

ਪ੍ਰਾਪਤੀ ਦਾ ਦਰਵਾਜ਼ਾ ਜੋ ਗਿਆਨ ਹੈ, ਉਹਦੀ ਪ੍ਰਾਪਤੀ ਦੀ ਵਾਟ ਜੋ ਭਗਤੀ ਹੈ, ਉਸ ਭਗਤੀ ਰੂਪੀ ਵਾਟ=ਰਸਤੇ 'ਪਰ ਚੱਲਣ ਵਾਸਤੇ ਸ਼ਰਧਾ ਰੂਪੀ ਖ਼ਰਚ ਮੰਗਦਾ ਹਾਂ। ਹੇ ਅਕਾਲ ਪੁਰਖ ! ਜੇ ਆਪ ਕ੍ਰਿਪਾ ਕਰਕੇ ਦੇਵੋ ਤਾਂ ਅਸੀਂ ਉਸ ਖ਼ਰਚ ਨੂੰ ਖਾ ਲਈਏ ਅਰਥਾਤ ਗ੍ਰਹਿਣ ਕਰੀਏ।

ਦੀਬਾਨੁ ਏਕੋ ਕਲਮ ਏਕਾ ਹਮਾ ਤੁਮਾ ਮੇਲੁ॥

ਦੀਬਾਨ=ਆਸਰਾ ਸਭ ਨੂੰ ਇਕ ਪ੍ਰਮਾਤਮਾ ਦਾ ਹੈ।

ਯਥਾ- ਜਿਸ ਕੈ ਘਰਿ ਦੀਬਾਨੁ ਹਰਿ ਹੋਵੈ ਤਿਸਕੀ ਮੁਠੀ ਵਿਚਿ ਜਗਤੁ ਸਭੁ ਆਇਆ॥
ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ॥
ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੇ ਜਾਇਆ॥

ਅਤੇ ਹੁਕਮ ਰੂਪੀ ਕਲਮ ਵੀ ਇਕ ਪਰਮਾਤਮਾ ਦੀ ਚਲ ਰਹੀ ਹੈ। ਤਿਸ ਪਰਮਾਤਮਾ ਨੂੰ ਛੱਡ ਕੇ ਇਸ ਜੀਵ ਦਾ ਹਮਾ ਤੁਮਾ=ਹੰਗਤਾ ਤੁਮਤਾ, *ਅਥਵਾ :-*ਅਸਾਂ ਤੁਸਾਂ ਅਰਥਾਤ ਸਭ ਦੇ ਨਾਲ ਮੇਲ ਹੋ ਰਿਹਾ ਹੈ।

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥ ੨ ॥

ਅੰਤ ਨੂੰ ਪਰਮਾਤਮਾ ਦੀ ਦਰਿ=ਦਰਗਾਹ ਵਿਚ ਜਿਸ ਵੇਲੇ ਲੇਖਾ=ਹਿਸਾਬ ਲਿਆ ਜਾਏਗਾ ਤਾਂ ਇਸ ਤਰ੍ਹਾਂ ਪੀੜ ਛਿੜੇਗੀ ਜਿਵੇਂ ਕੋਹਲੂ ਵਿਚ ਤੇਲ ਕੱਢਣ ਵੇਲੇ ਤਿਲਾਂ ਨੂੰ ਦੁੱਖ ਹੁੰਦਾ ਹੈ। *ਅਥਵਾ :-*ਦਰਗਾਹ ਵਿਚ ਜਦ ਉਹ ਲੇਖਾ ਲਏਗਾ ਤਦ ਇਉਂ ਲਏਗਾ ਜਿਵੇਂ ਤਿਲਾਂ ਨੂੰ ਪੀੜਿਆਂ ਤੇਲ ਛੁੱਟਦਾ ਹੈ।

*ਯਥਾ-*ਲੇਖਾ ਲੀਜੈ ਤਿਲ ਜਿਉ ਪੀੜੀ॥
*ਤਥਾ-*ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ॥

(ਮਾਰੂ ਸੋਲਹੇ ਮ: ੩, ਪੰਨਾ ੧੦੨੦)

[ਪੰਨਾ ੪੭੪]

ਪਉੜੀ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ॥

ਆਪ ਹੀ ਪਰਮਾਤਮਾ ਨੇ ਕਰਣਾ=ਪ੍ਰਪੰਚ ਦੀ ਰਚਨਾ ਨੂੰ ਬਨਾਣਾ ਕੀਤਾ ਹੈ ਅਤੇ ਆਪ ਹੀ ਤਿਸਨੇ ਕਲ=ਸ਼ਕਤੀ ਧਾਰੀ ਹੋਈ ਹੈ।

*ਯਥਾ-*ਕਲਾ ਉਪਾਇ ਧਰੀ ਜਿਨਿ ਧਰਣਾ॥ ਗਗਨੁ ਰਹਾਇਆ ਹੁਕਮੇ ਚਰਣਾ॥

(ਮਾਰੂ ਸੋਲਹੇ ਮ: ੫, ਪੰਨਾ ੧੦੭੧)

ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ॥

ਆਪਣੇ ਕੀਤੇ ਹੋਏ ਨੂੰ ਆਪ ਹੀ ਧਰਿ=ਫੜ ਕੇ ਵੇਖਦਾ ਹੈ ਕਿ ਇਹ ਜੀਵ ਰੂਪੀ ਸਾਰੀਐ=ਨਰਦ ਕੱਚੀ ਹੈ ਕਿ ਪੱਕੀ ਹੈ। ਭਾਵ ਸ਼ੁਭ ਗੁਣਾਂ ਤੋਂ ਰਹਿਤ ਹੈ ਜਾਂ ਸ਼ੁਭ ਗੁਣਾਂ ਸਹਿਤ ਹੈ।

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥

ਜੋ ਸੰਸਾਰ ਵਿਚ ਆਇਆ ਹੈ ਉਸ ਨੇ ਚਲਿਆਂ ਜਾਣਾ ਹੈ। ਸਭ ਕੋਈ ਆਪਣੀ ਵਾਰੀ ਦੇ ਅਨੁਸਾਰ ਆਉਂਦਾ ਹੈ ਤੇ ਵਾਰੀ ਅਨੁਸਾਰ ਹੀ ਚਲਿਆ ਜਾਂਦਾ ਹੈ।

*ਯਥਾ-*ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥

ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥

(ਰਾਮਕਲੀ ਮ: ੧, ਪੰਨਾ ੯੩੬)

ਤਥਾ- ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥ ੪੭॥

(ਸਲੋਕ ਫਰੀਦ ਜੀ, ਪੰਨਾ ੧੩੮੦)

ਤਥਾ- ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥
ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥ ੬੫॥

(ਸਲੋਕ ਕਬੀਰ ਜੀ, ਪੰਨਾ ੧੩੭੯)

ਤਥਾ- ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥੫੦॥
ਤਥਾ- ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥੫੨॥

(ਸਲੋਕ ਮ: ੯, ਪੰਨਾ ੧੪੨੯)

ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥

ਜਿਸ ਪਰਮੇਸ਼ਰ ਨੇ ਇਸ ਜੀਵ ਨੂੰ ਪ੍ਰਾਣ ਆਦਿਕ ਦਿੱਤੇ ਹੋਏ ਹਨ, ਉਸ ਸਾਹਿਬੁ=ਵਾਹਿਗੁਰੂ ਨੂੰ ਮਨ ਚੋਂ ਕਿਸ ਵਾਸਤੇ ਭੁਲਾਉਣਾ ਹੈ।

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ ੨੦॥

ਆਪਣੇ ਹੱਥਾਂ ਨਾਲ ਆਪ ਹੀ ਆਪਣੇ ਸਰੂਪ ਦੀ ਪ੍ਰਾਪਤੀ ਦੇ ਕਾਰਜ ਨੂੰ ਸੁਆਰ ਲਈਏ॥ ੨੦॥

ਸਲੋਕੁ ਮਹਲਾ ੨॥

ਉਥਾਨਕਾ- ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਦੁਆਰਾ ਕਿਸੇ ਪਦਾਰਥ ਦੀ ਪ੍ਰਾਪੜੀ ਕਰਕੇ ਇਕ ਆਦਮੀ ਉਨ੍ਹਾਂ ਵਿਚ ਮਸਤ ਹੋ ਰਿਹਾ ਸੀ ਉਸ ਦੀ ਹਾਲਤ ਵੇਖ ਕੇ ਸਿੱਖਾਂ ਨੇ ਗੁਰੂ ਅੰਗਦ ਸਾਹਿਬ ਜੀ ਪਾਸ ਬੇਨਤੀ ਕੀਤੀ ਕਿ ਫਲਾਣਾ ਆਦਮੀ ਬਹੁਤ ਆਸ਼ਕੀ ਹੈ।

ਗੁਰੂ ਜੀ ਫੁਰਮਾਉਂਦੇ ਹਨ-

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥

ਇਹ ਆਸ਼ਕੀ ਕਾਹਦੀ ਹੈ ਜੋ ਆਪਣੇ ਵਾਹਿਗੁਰੂ ਨੂੰ ਛੱਡ ਕੇ ਦੂਜੇ ਦੇਵੀ ਦੇਵਤਿਆਂ ਜਾਂ ਭੂਤਾਂ ਪਰੇਤਾਂ ਦੀ ਉਪਾਸ਼ਨਾ ਵਿਚ ਲੱਗ ਜਾਣਾ ਹੈ, ਕਿਉਂਕਿ ਦੇਵੀ ਦੇਵਤਿਆਂ ਦੀ ਉਪਾਸ਼ਨਾ ਮੁਕਤੀ ਨਹੀਂ ਦੇ ਸਕਦੀ।

ਯਥਾ- ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥
ਮਹਾਦੇਉ[1] ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥ ੨॥
ਕਿਸਨੁ[2] ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥

(ਵਡਹੰਸੁ ਮਹਲਾ ੩, ਪੰਨਾ ੫੫੯)

---

੧. ਸ਼ਿਵ ਜੀ, ੨. ਵਿਸ਼ਨੂੰ।

ਤਥਾ- ਬਿਸਨ ਦਸ ਅਵਤਾਰ ਨਾਵ ਗਣਾਇਆ ॥
ਕਰ ਕਰ ਅਸੁਰ[1] ਸੰਘਾਰ[2] ਵਾਦ ਵਧਾਇਆ ॥
ਬ੍ਰਹਮੈ ਵੇਦ ਵੀਚਾਰ ਆਖ ਸੁਆਇਆ ॥
ਮਨ ਅੰਦਰ ਅਹੰਕਾਰ ਜਗਤਿ ਉਪਾਇਆ ॥
ਮਹਾਦੇਉ ਲਾਇ ਤਾਰ ਤਾਮਸ[3] ਤਾਇਆ ॥

(ਵਾਰ ਭਾਈ ਗੁਰਦਾਸ ਜੀ)

ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਓਹੀ ਪੁਰਸ਼ ਅਸਲੀ ਆਸ਼ਕ ਕਾਂਢੀਐ=ਕਹੀਦਾ ਹੈ ਜੋ ਪਰਮੇਸ਼ਰ ਦੇ ਭਜਨ ਵਿਚ ਜਾਂ ਭਾਣੇ ਮੰਨਣ ਵਿਚ ਹੀ ਸਦਾ ਸਮਾ ਰਹਿਣਾ ਕਰੇ।

ਸਾਖੀ-ਭਾਈ ਭਿਖਾਰੀ ਜੀ ਦੀ

ਇਕ ਸਮੇਂ ਭਾਈ ਗੁਰਮੁਖ ਨਾਮੀ ਸਿੱਖ ਨੇ ਸ੍ਰੀ ਅੰਮ੍ਰਿਤਸਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਖੇ ਆ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ-

ਹੇ ਪ੍ਰਭੂ ! ਜਿਹੜੇ ਸਿੱਖ ਸਤਿਗੁਰਾਂ ਦੇ ਸਨਮੁਖ ਹੋ ਕੇ ਅਠੇ ਪਹਿਰ ਭਾਣਾ ਮੰਨਦੇ ਹਨ ਤਿਨ੍ਹਾਂ ਦਾ ਦਰਸ਼ਨ ਕਰਵਾਉ, ਜਿਸ ਕਰਕੇ ਸਾਰੇ ਦੁੱਖ ਨਾਸ ਹੋ ਜਾਣ।

ਉਸ ਦੀ ਬੇਨਤੀ ਨੂੰ ਸੁਣਕੇ ਸਤਿਗੁਰਾਂ ਕਿਹਾ-ਗੁਜਰਾਤ ਸ਼ਹਿਰ ਵਿਖੇ ਭਾਈ ਭਿਖਾਰੀ ਨਾਮ ਕਰਕੇ ਇਕ ਸਿੱਖ ਭਾਣੇ ਦੇ ਮੰਨਣ ਵਾਲਾ ਰਹਿੰਦਾ ਹੈ, ਤਿਸ ਦਾ ਜਾ ਕੇ ਦਰਸ਼ਨ ਕਰ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਭਾਈ ਗੁਰਮੁਖ ਉਸੇ ਵੇਲੇ ਚੱਲ ਪਿਆ। ਰਸਤੇ ਵਿਚ ਵਿਚਾਰਦਾ ਚਲਾ ਜਾ ਰਿਹਾ ਹੈ ਕਿ ਸਤਿਗੁਰਾਂ ਨੇ ਆਪ ਦੱਸਿਆ ਹੈ ਇਸ ਤੇ ਇਹ ਕੋਈ ਬੜਾ ਚੰਗਾ ਸਿੱਖ ਹੋਵੇਗਾ।

ਮਨ ਵਿਚ ਵਿਚਾਰਦਾ ਹੈ ਕਿ ਪ੍ਰਭੂ ਦਾ ਭਾਣਾ ਕੈਸੇ ਮੰਨਦਾ ਹੋਵੇਗਾ ਤੇ ਕਿਰਤ ਵਿਰਤ ਕਿਸ ਤਰ੍ਹਾਂ ਕਰਦਾ ਹੋਵੇਗਾ ?

ਜਦ ਸਾਰਾ ਰਸਤਾ ਲੰਘ ਕੇ ਗੁਜਰਾਤ ਪਹੁੰਚ ਗਿਆ ਤਾਂ ਪੁਛਦਾ ਪੁਛਦਾ ਭਾਈ ਭਿਖਾਰੀ ਦੇ ਘਰ ਚਲਾ ਗਿਆ। ਜਾ ਕੇ ਕੀ ਦੇਖਦਾ ਹੈ ਕਿ ਬਹੁਤ ਹੀ ਖੁਸ਼ੀਆਂ ਹੋ ਰਹੀਆਂ ਹਨ ਅਤੇ ਭਾਈ ਭਿਖਾਰੀ ਦੇ ਪੁਤ੍ਰ ਦਾ ਵਿਆਹ ਦਾ ਦਿਨ ਜਾਣ ਕੇ ਇਸਤ੍ਰੀਆਂ ਗੀਤ ਗਾਉਂਦੀਆਂ ਪਈਆਂ ਹਨ ਅਤੇ ਭਾਈ ਭਿਖਾਰੀ ਜੀ ਇਕ ਪੁਰਾਣੀ ਜਿਹੀ ਦਰੀ ਸੀਂਵਦੇ ਪਏ ਹਨ। ਗੁਰਮੁਖ ਸਿੱਖ ਪੈਰੀਂ ਪਾਉਣਾ ਕਹਿ ਕੇ ਬੈਠ ਗਿਆ ਤੇ ਕਿਹਾ ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੇਰੇ ਪਾਸ ਭੇਜਿਆ ਹੈ।

ਏਹ ਬਚਨ ਸੁਣਕੇ ਭਾਈ ਭਿਖਾਰੀ ਨੇ ਉੱਠ ਕੇ ਬੜਾ ਸਨਮਾਨ ਕੀਤਾ। ਮੱਥਾ ਟੇਕ ਕੇ ਆਪਣੇ ਪਾਸ ਬਿਠਾ ਲਿਆ। ਜਿਸ ਕੰਮ ਕਰਨ ਵਿਚ ਭਾਈ ਭਿਖਾਰੀ ਲੱਗਾ ਹੋਇਆ ਸੀ ਤਿਸ ਨੂੰ ਦੇਖ ਦੇਖ ਕੇ ਗੁਰਮੁਖ ਬੜਾ ਅਸਚਰਜ ਹੋਣ ਲੱਗ ਪਿਆ। ਉਸ ਵੇਲੇ ਭਾਈ ਭਿਖਾਰੀ ਜੀ ਉਸ ਗੁਰਮੁਖ ਦੀ ਬਾਂਹ ਫੜ ਕੇ ਸਾਰੀ ਵਿਆਹ

---

੧. ਰਾਕਸ਼ ੨. ਮਾਰ ਕੇ, ੩. ਸਮਾਧੀ।

ਦੀ ਸਮੱਗ੍ਰੀ ਦਿਖਾਣ ਲੱਗ ਪਿਆ ਕਿ ਇਹ ਪੁੱਤਰ ਦੇ ਕਪੜੇ ਸਿਵਾਏ ਹਨ। ਇਹ ਸੁਨਿਆਰਾ ਗਹਿਣੇ ਘੜ ਰਿਹਾ ਹੈ। ਇਥੇ ਬਹੁਤ ਮਠਿਆਈਆਂ ਪਈਆਂ ਹਨ। ਅੱਗੇ ਜਾ ਕੇ ਕੀ ਦੇਖਿਆ ਕਿ ਇਕ ਪਾਸੇ ਮ੍ਰਿਤਕ ਦੇ ਵਾਸਤੇ ਛੱਟਾ ਤੇ ਖੱਫਣ ਤਿਆਰ ਹੋਇਆ ਪਿਆ ਹੈ।

ਗੁਰਮੁਖ ਇਹ ਵੇਖ ਕੇ ਬੜਾ ਹੈਰਾਨ ਹੋ ਕੇ ਪੁਛਣ ਲੱਗਾ ਕਿ ਇਹ ਮ੍ਰਿਤਕ ਦਾ ਸਮਾਨ ਕਿਸ ਵਾਸਤੇ ਇਥੇ ਰੱਖਿਆ ਹੋਇਆ ਹੈ ?

ਭਾਈ ਭਿਖਾਰੀ ਨੇ ਕਿਹਾ ਫਿਰ ਤੈਨੂੰ ਦੱਸਾਂਗਾ, ਜਿਸ ਵੇਲੇ ਇਹ ਸਮਾਨ ਕੰਮ ਆਵੇਗਾ। ਇਸ ਪ੍ਰਕਾਰ ਸਾਰੀ ਸਮੱਗਰੀ ਦਿਖਾ ਕੇ ਪਹਿਲੇ ਅਸਥਾਨ ਤੇ ਆ ਗਏ, ਜਿਥੇ ਭਾਈ ਭਿਖਾਰੀ ਪਾਣੀ ਹੋਈ ਦਰੀ ਸਿਉਂ ਰਿਹਾ ਸੀ।

ਗੁਰਮੁਖ ਦਿਲ ਵਿਚ ਬੜਾ ਅਸਚਰਜ ਹੁੰਦਾ ਹੈ ਤੇ ਮਨ ਵਿਚ ਵਿਚਾਰਦਾ ਹੈ ਕਿ ਸਤਿਗੁਰਾਂ ਨੇ ਭਾਈ ਭਿਖਾਰੀ ਦੀ ਬੜੀ ਉਪਮਾ ਕੀਤੀ ਹੈ ਪਰ ਇਹ ਤਾਂ ਘਰ ਦੇ ਜੰਜਾਲਾਂ ਵਿਚ ਹੀ ਖਚਤ ਹੋਇਆ ਹੋਇਆ ਹੈ। ਇਹ ਪ੍ਰਭੂ ਦੀ ਭਗਤੀ ਕਿਸ ਵੇਲੇ ਕਰਦਾ ਹੋਵੇਗਾ ਤੇ ਭਾਣਾ ਕਿਸ ਤਰ੍ਹਾਂ ਮੰਨਦਾ ਹੋਵੇਗਾ।

ਜਦ ਰਾਤ ਹੋਈ ਤਾਂ ਭਾਈ ਭਿਖਾਰੀ ਨੇ ਗੁਰਮੁਖ ਸਿੱਖ ਨੂੰ ਬੜੇ ਪ੍ਰੇਮ ਨਾਲ ਭੋਜਨ ਛਕਾ ਕੇ ਸੁੰਦਰ ਪਲੰਘ ਉੱਤੇ ਸਵਾਇਆ।

ਦੂਸਰੇ ਦਿਨ ਸਾਰਾ ਕਬੀਲਾ ਆ ਕੇ ਢੁਕਿਆ ਤੇ ਪੁਤ੍ਰ ਨੂੰ ਘੋੜੀ ਤੇ ਚੜ੍ਹਾ ਕੇ ਜਨੇਤ ਸਹਿਤ ਗਿਆ। ਅਗੋਂ ਕੁੜਮਾਂ ਨੇ ਬੜਾ ਸਵਾਗਤ ਕੀਤਾ। ਪੁਤ੍ਰ ਨੂੰ ਨੂੰਹ ਦੇ ਸਹਿਤ ਘਰ ਲਿਆਂਦਾ, ਬਹੁਤ ਸਾਰੇ ਵਾਜੇ ਵਜੇ ਤੇ ਮੰਗਲਾਚਾਰ ਹੋਏ। ਜਦ ਘਰ ਆ ਕੇ ਦੋ ਕੁ ਦਿਨ ਬੀਤੇ ਤਿਸ ਵੇਲੇ ਭਾਈ ਭਿਖਾਰੀ ਦੇ ਪੁਤ੍ਰ ਦੇ ਪੇਟ ਵਿਚ ਸੂਲ ਉਠਿਆ ਤੇ ਮ੍ਰਿਤੂ ਹੋ ਗਿਆ। ਉਸੀ ਵੇਲੇ ਜੋ ਇਸਤ੍ਰੀਆਂ ਖੁਸ਼ੀ ਦੇ ਗੀਤ ਗਾ ਰਹੀਆਂ ਸਨ, ਉਹ ਰੋਣ ਲੱਗ ਪਈਆਂ।

ਪਰ ਭਾਈ ਭਿਖਾਰੀ ਦੇ ਮਨ ਵਿਚ ਪੁਤ੍ਰ ਦੇ ਮਰਨ ਦਾ ਰਤੀ ਮਾਤ੍ਰ ਵੀ ਸ਼ੋਕ ਨਾ ਹੋਇਆ। ਬੜੀ ਪ੍ਰਸੰਨਤਾ ਨਾਲ ਉਸੀ ਸੀੜ੍ਹੀ 'ਪਰ ਪੁੱਤਰ ਨੂੰ ਪਾ ਕੇ ਉੱਤੇ ਖੱਫਣ ਪਾ ਕੇ ਕੀਰਤਨ ਕਰਦਾ ਹੋਇਆ ਆਪਣੇ ਪੁਤ੍ਰ ਨੂੰ ਸਾੜ ਕੇ ਯਥਾ ਯੋਗ ਪ੍ਰਸ਼ਾਦਿ ਕਰਕੇ ਤੇ ਵਰਤਾ ਕੇ ਘਰ ਵਾਪਸ ਆ ਗਿਆ। ਜੋ ਦਰੀ ਪੁਰਾਣੀ ਸੀਤੀ ਸੀ ਉਹ ਵਿਛਾ ਕੇ ਬੈਠ ਗਿਆ ਅਤੇ ਸਾਰੇ ਹੋਰ ਲੋਕ ਵੀ ਪਰਚਾਵਣੀ ਵਾਸਤੇ ਆਏ।

ਭਾਈ ਗੁਰਮੁਖ ਇਸ ਕੌਤਕ ਨੂੰ ਦੇਖ ਕੇ ਬੜਾ ਅਸਚਰਜ ਹੋਇਆ ਤੇ ਰਾਤ ਨੂੰ ਭਾਈ ਭਿਖਾਰੀ ਨੂੰ ਇਕਾਂਤ ਵਿਚ ਦੇਖ ਕੇ ਕਿਹਾ ਕਿ ਜੇ ਤੁਸੀਂ ਜਾਣਦੇ ਸੀ ਕਿ ਮੇਰੇ ਪੁਤ੍ਰ ਨੇ ਮਰ ਜਾਣਾ ਹੈ ਤਾਂ ਨੂੰਹ ਨੂੰ ਵਿਆਹ ਕੇ ਘਰ ਵਿਚ ਕਿਉਂ ਲਿਆਂਦਾ ਹੈਂ ਅਤੇ ਇਤਨਾ ਧਨ ਕਿਉਂ ਖਰਚਿਆ ਹੈ ? ਪਰੰਤੂ ਜੇਕਰ ਪੁਤ੍ਰ ਦੀ ਆਯੂ ਵਧਾਉਣ ਦੀ ਤੇਰੇ ਵਿਚ ਸ਼ਕਤੀ ਨਹੀਂ ਸੀ ਤਾਂ ਸਤਿਗੁਰਾਂ ਪਾਸ ਬੇਨਤੀ ਕਰਕੇ ਉਮਰ ਮੰਗ ਲੈਣੀ ਸੀ। ਉਹ ਤੇਰੇ ਪੁਤ੍ਰ ਦੀ ਆਯੂ ਵਧਾ ਦੇਂਦੇ, ਜਿਸ ਤੇ ਤੇਰੇ ਘਰ ਇਤਨਾ ਇਸਤ੍ਰੀਆਂ ਦੇ ਰੋਣ ਦਾ ਕਸ਼ਟ ਨਾ ਹੁੰਦਾ।

ਇਕ ਇਹ ਸੰਸਾ ਮੇਰੇ ਮਨ ਵਿਚ ਬੜਾ ਹੈ ਜੋ ਤੈਨੇ ਸ਼ਕਤੀਆਂ ਦੇ ਹੁੰਦਿਆਂ ਹੋਇਆਂ ਬੜਾ ਭਿਆਨਕ ਕਸ਼ਟ ਸਹਾਰਿਆ ਹੈ।

ਇਸ ਤਰ੍ਹਾਂ ਦੇ ਬਚਨ ਗੁਰਮੁਖ ਸਿੱਖ ਦੇ ਸੁਣਕੇ ਭਾਈ ਭਿਖਾਰੀ ਜੀ ਨੇ ਕਿਹਾ ਕਿ ਹੇ ਭਾਈ ! ਜੋ ਪ੍ਰਭੂ ਦੇ ਕੀਤੇ ਹੋਏ ਤੇ ਕਿੰਤੂ ਕਰਦੇ ਹਨ ਉਹ ਮਨਮੁਖ ਹਨ ਅਤੇ ਜੋ ਮਨੁੱਖ ਭਾਵੀ ਦੇ ਮੇਟਣ ਦਾ ਯਤਨ ਕਰਦੇ ਹਨ, ਤਿਨ੍ਹਾਂ ਮਨਮੁਖਾਂ ਦਾ ਪ੍ਰਭੂ ਦੇ ਨਾਲ ਕਦੇ ਭੀ ਮਿਲਾਪ ਨਹੀਂ ਹੁੰਦਾ।

ਜਿਸ ਤਰ੍ਹਾਂ ਪਰਮਾਤਮਾ ਆਪਣੀ ਇੱਛਾ ਅਨੁਸਾਰ ਦੁੱਖ ਦੇਵੇ ਚਾਹੇ ਸੁਖ ਦੇਵੇ ਇਸ ਦੇ ਵਿਚ ਪ੍ਰਸੰਨ ਰਹੇ। ਉਹ ਪਰਮਾਤਮਾ ਕਿਸੇ ਨੂੰ ਵੈਰ ਕਰਕੇ ਦੁੱਖ ਨਹੀਂ ਦੇਂਦਾ ਅਤੇ ਪ੍ਰੀਤੀ ਕਰਕੇ ਸੁਖ ਨਹੀਂ ਦੇਂਦਾ। ਉਹ ਪ੍ਰਭੂ ਜਿਵੇਂ ਪੁਰਸ਼ ਦਾ ਕਰਮ ਦੇਖਦਾ ਹੈ ਤੈਸਾ ਹੀ ਫਲ ਦੇਂਦਾ ਹੈ।

ਜਿਹੜਾ ਕੋਈ ਪੁਰਸ਼ ਆਪਣੀ ਸ਼ਕਤੀ ਨਾਲ ਆਪਣੇ ਸਰੀਰ ਦਾ ਰੋਗ ਦੂਰ ਕਰਦਾ ਹੈ ਉਹ ਪਾਪਾਂ ਦਾ ਭਾਗੀ ਹੈ, ਉਹ ਜ਼ਰੂਰ ਹੀ ਦੁੱਖ ਭੋਗਦਾ ਹੈ। ਜਿਹੜਾ ਕੋਈ ਦੂਸਰੇ ਨੂੰ ਸੁਖੀ ਦੇਖ ਕੇ ਆਪਣੀ ਸ਼ਕਤੀ ਨਾਲ ਜਾਂ ਸਰਾਪ ਨਾਲ ਦੁੱਖ ਦੇਂਦਾ ਹੈ। ਉਹ ਮਨੁੱਖ ਭੀ ਪ੍ਰਭੂ ਦੀ ਦਰਗਾਹ ਵਿਚ ਆਦਰ ਨਹੀਂ ਪਾਉਂਦਾ।

ਫੇਰ ਭਾਈ ਭਿਖਾਰੀ ਜੀ ਨੇ ਕਿਹਾ-ਹੇ ਭਾਈ ਗੁਰਮੁਖ ! ਝੂਠੇ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਸਤਿਗੁਰਾਂ ਤੋਂ ਕੀ ਮੰਗਣਾ ਹੈ, ਜੇ ਮੰਗਣਾ ਵੀ ਹੋਵੇ ਤਾਂ ਸੱਚਾ ਨਾਮ ਮੰਗੀਏ ਜੋ ਲੋਕ ਪ੍ਰਲੋਕ ਵਿਚ ਨਾਲ ਨਿਭਣ ਵਾਲਾ ਹੈ।

ਹੇ ਭਾਈ ! ਇਸ ਪ੍ਰਕਾਰ ਦੀ ਵਿਚਾਰ ਜਿਸ ਦੇ ਮਨ ਵਿਖੇ ਹੁੰਦੀ ਹੈ ਤੇ ਪ੍ਰਭੂ ਦੀ ਕੀਤੀ ਹੋਈ ਤੇ ਸਦਾ ਅਨੰਦ ਰਹਿੰਦਾ ਹੈ, ਤਿਨ੍ਹਾਂ ਨੂੰ ਸੰਤ ਮਹਾਤਮਾ 'ਸਨਮੁਖ' ਆਖਦੇ ਹਨ ਤੇ ਜਿਹੜੇ ਪ੍ਰਭੂ ਉਪਰ ਕੁਤੱਰਕਾਂ ਕਰਦੇ ਹਨ ਉਹਨਾਂ ਨੂੰ 'ਮਨਮੁਖ' ਆਖਦੇ ਹਨ।

'ਤਾਂ ਤੇ ਭੋ ਗੁਰਮੁਖ! ਸੁਨਿ ਲੀਜੈ॥ ਭਾਣਾ ਮਾਨਨਿ ਮਨ ਥਿਰ ਕੀਜੈ॥
ਸਤਿਨਾਮੁ ਕੋ ਸਿਮਰਨ ਕਰਨੋ॥ ਤਨ ਹੰਤਾ ਕੋ ਰਿਦੈ ਬਿਸਰਨੋ॥
ਮੁਕਤੀ ਕੇ ਸਾਧਨ ਇਹ ਤੀਨ॥ ਕਹੈਂ ਗੁਰੂ ਅਰ ਸੰਤ ਪ੍ਰਬੀਨ॥'

(ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੬੯)

ਤਥਾ- ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ॥
ਪੈਰੀ ਪੈ ਪਾ ਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ॥
ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ॥
ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ॥
ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰਿ ਜਿਉ ਮਿਹਮਾਣਾ॥
ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ॥
ਲੇਪ ਅਲੇਪ ਸਦਾ ਨਿਰਬਾਣਾ॥ ੨੧॥

(ਭਾਈ ਗੁਰਦਾਸ ਜੀ ਵਾਰ ੧੮)

ਤਥਾ- ਹੁਕਮੀ ਬੰਦਾ ਹੋਇ ਕੈ ਸਾਹਿਬੁ ਦੇ ਹੁਕਮੈ ਵਿਚਿ ਰਹਣਾ॥
ਹੁਕਮੈ ਅੰਦਰਿ ਸਭ ਕੋ ਸਭਨਾ ਆਵਟਣ ਹੈ ਸਹਣਾ॥
ਦਿਲੁ ਦਰੀਆਉ ਸਮਾਉ ਕਰਿ ਗਰਬੁ ਗਵਾਇ ਗਰੀਬੀ ਵਹਣਾ॥
ਵੀਹ ਇਕੀਹ ਉਲੰਘਿ ਕੈ ਸਾਧਸੰਗਤਿ ਸਿੰਘਾਸਣਿ ਬਹਣਾ॥
ਸਬਦ ਸੁਰਤਿ ਲਿਵਲੀਣੁ ਹੋਇ ਅਨਭਉ ਅਘੜ ਘੜਾਏ ਗਹਣਾ॥
ਸਿਦਕ ਸਬੂਰੀ ਸਾਬਤਾ ਸਾਕੁ ਸੁਕਰਿ ਨ ਦੇਣਾ ਲਹਣਾ॥
ਨੀਰਿ ਨ ਡੁਬਣੁ ਅਗਿ ਨ ਦਹਣਾ॥ ੨੨॥ *(ਭਾਈ ਗੁਰਦਾਸ ਜੀ ਵਾਰ ੧੮)*

ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥

ਪਰਮਾਤਮਾ ਪਾਸੋਂ ਚੰਗੇ ਚੰਗੇ ਪਦਾਰਥ ਮਾਨ ਪ੍ਰਤਿਸ਼ਟਾ ਵਡਿਆਈ ਸੁਖ ਆਦਿਕ ਮਿਲਣ ਕਰਕੇ ਤਾਂ

ਉਸ ਨੂੰ ਚੰਗਾ ਕਰਕੇ ਮੰਨਦਾ ਹੈ ਅਤੇ ਕਰਮਾਂ ਅਨੁਸਾਰ ਜੇਕਰ ਮੰਦਾ ਹੋਇ=ਦੁੱਖ ਫਲ ਪ੍ਰਾਪਤ ਹੋਵੇ ਤਾਂ ਉਸ ਨੂੰ ਮੰਦੈ=ਬੁਰਾ ਕਰਕੇ ਆਖਣ ਲੱਗ ਜਾਂਦਾ ਹੈ।

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥ ੧॥

ਜੇਹੜਾ ਇਸ ਤਰ੍ਹਾਂ ਦੇ ਲੇਖੇ ਵਿਚ ਵਰਤਦਾ ਹੈ ਭਾਵ ਦੁੱਖ ਵੇਲੇ ਉਸ ਦੀ ਨਿੰਦਿਆ ਕਰਦਾ ਹੈ, ਉਹ ਆਦਮੀ ਆਸ਼ਕ ਨਹੀਂ ਕਿਹਾ ਜਾਂਦਾ॥ ੧॥

ਮਹਲਾ ੨॥ ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥

ਮਾਲਕ ਤੋਂ ਕੁਝ ਵਸਤੂ ਮਿਲਣ ਵੇਲੇ ਜੋ ਨੌਕਰ ਆਪਣੇ ਸੁਆਮੀ ਨੂੰ ਨਮਸ਼ਕਾਰ ਕਰਦਾ ਹੈ ਅਤੇ ਮਾਲਕ ਵਲੋਂ ਕੋਈ ਹੁਕਮ ਹੋਣ ਉੱਤੇ ਅਗੋਂ ਜਵਾਬ ਦੇਂਦਾ ਹੈ, ਇਨ੍ਹਾਂ ਦੋਵੇਂ ਗੱਲਾਂ ਦੇ ਕਰਨ ਵਾਲਾ ਆਦਮੀ ਮੁਢ ਤੋਂ ਹੀ ਘੁਥਾ+ਜਾਇ=ਭੁਲ ਜਾਂਦਾ ਹੈ।

ਯਥਾ- ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥
ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ॥

(ਰਾਮਕਲੀ ਮ: ੧ ਪੰਨਾ ੯੩੬)

ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ ੨॥

ਸਤਿਗੁਰ ਦੇਵ ਜੀ ਆਖਦੇ ਹਨ, ਉਸ ਦੀਆਂ ਇਹ ਦੋਨੋਂ ਗੱਲਾਂ ਝੂਠੀਆਂ ਹਨ, ਕੋਈ ਗੱਲ ਉਸ ਦੀ ਥਾਂ 'ਪਰ ਨਹੀਂ ਪੈਂਦੀ ਭਾਵ ਕੋਈ ਗੱਲ ਸਿਰੇ ਨਹੀਂ ਚੜ੍ਹਦੀ॥ ੨॥

ਜੀਵ ਨੂੰ ਇਕ ਹੀ ਗੱਲ ਕਰਨੀ ਚਾਹੀਦੀ ਹੈ। ਜੇ ਨਮਸ਼ਕਾਰ ਕਰਨ ਦਾ ਸ਼ੌਂਕ ਹੋਵੇ ਤਾਂ ਭਭੀਖਨ ਵਾਂਗ ਮੱਥਾ ਹੀ ਟੇਕਣਾ ਕਰੇ। ਜੇ ਜਵਾਬ ਦੇਣਾ ਹੋਵੇ ਤਾਂ ਰਾਵਣ ਜਿਹਾ ਬਣ ਜਾਵੇ। ਰਾਵਣ ਨੂੰ ਬਥੇਰਿਆਂ ਨੇ ਸਮਝਾਇਆ ਸੀ ਕਿ ਸ੍ਰੀ ਰਾਮ ਚੰਦ੍ਰ ਜੀ ਪਰਮੇਸ਼ਰ ਅਵਤਾਰ ਹਨ ਤੂੰ ਉਹਨਾਂ ਦਾ ਮੁਕਾਬਲਾ ਨਾ ਕਰ, ਹੱਥ ਜੋੜ ਕੇ ਸੀਤਾ ਵਾਪਸ ਕਰ ਦੇਹ ਪਰ ਰਾਵਣ ਨੇ ਇਕ ਨਾ ਮੰਨੀ, ਅਖੀਰ ਤੱਕ ਜਵਾਬ ਹੀ ਦੇਂਦਾ ਰਿਹਾ॥ ੨॥

ਦੂਸਰਾ ਅਰਥ-

'ਸਲਾਮੁ ਜਬਾਬੁ ਦੋਵੈ ਕਰੇ'

ਸਲਾਮੁ=ਨਮਸ਼ਕਾਰ। ਜਬਾਬੁ=ਉੱਤਰ

ਗੁਰਾਂ ਨੂੰ ਨਮਸ਼ਕਾਰ ਕਰਕੇ ਜਗਿਆਸੂ ਨੇ ਦੋਵੈ=ਦੋ ਪ੍ਰਸ਼ਨ ਕੀਤੇ ਕਿ ਦੁੱਖ ਰੂਪ ਸੰਸਾਰ ਅਨਰਥ ਦੀ ਨਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ ?

ਗੁਰੂ ਜੀ ਨੇ ਅੱਗੋਂ ਜਬਾਬੁ=ਉੱਤਰ ਦਿੱਤਾ-ਹੇ ਜਗਿਆਸੂ !

'ਮੁੰਢਹੁ ਘੁਥਾ ਜਾਇ॥'

ਤੂੰ ਤਾਂ ਆਦਿ ਤੋਂ ਹੀ ਘੁਥਾ=ਭੁਲਿਆ ਜਾ ਰਿਹਾ ਹੈਂ।

'ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ ੨॥'

ਗੁਰੂ ਜੀ ਆਖਦੇ ਹਨ-ਇਹ ਦੋਵੇਂ ਗੱਲਾਂ ਝੂਠੀਆਂ ਹਨ। ਤੇਰੇ ਥਾਇ=ਸਰੂਪ ਵਿਚ ਇਹ ਗੱਲ ਕੋਈ ਨਹੀਂ

ਪੈਂਦੀ, ਕਿਉਂਕਿ ਨਵਿਰਤੀ ਦੀ ਨਵਿਰਤੀ ਕੀ ਕਰਨੀ ਹੈ ਅਤੇ ਪ੍ਰਾਪਤੀ ਦੀ ਪ੍ਰਾਪਤੀ ਕੀ ਕਰਨੀ ਹੈ। ਉਹ ਤਾਂ ਤੇਰੇ ਅੰਦਰ ਅੱਗੇ ਹੀ ਪ੍ਰਾਪਤ ਹੈ ਪਰ ਇਹ ਉਪਦੇਸ਼ ਉੱਤਮ ਜਗਿਆਸੂ ਨੂੰ ਦਿੱਤਾ ਜਾਂਦਾ ਹੈ॥ ੨॥

ਪਉੜੀ॥ ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥

ਜਿਸ ਪਰਮਾਤਮਾ ਦੀ ਸੇਵਾ ਕਰਨ ਨਾਲ ਸੁਖ ਪ੍ਰਾਪਤ ਹੁੰਦਾ ਹੈ ਉਸ ਮਾਲਕ ਨੂੰ ਹਮੇਸ਼ਾ ਸਮ੍ਹਾਲੀਐ=ਸਿਮਰੀਏ ਭਾਵ ਯਾਦ ਕਰੀਏ।

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥

ਜਿਸ ਕਰਕੇ ਆਪਣੇ ਕੀਤੇ ਕਰਮਾਂ ਦਾ ਫਲ ਆਪ ਹੀ ਪਾਵਣਾ ਹੈ ਤਾਂ ਕਿਸ ਵਾਸਤੇ ਬੁਰੀ ਘਾਲ=ਕਮਾਈ, ਘਾਲੀਐ=ਕਰਨੀ ਹੈ ਭਾਵ ਨਾ ਕਰੀਏ।

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥

ਮੰਦਾ=ਬੁਰਾ। ਮੂਲਿ=ਕਦਾਚਿਤ। ਕੀਚਈ=ਕਰੀਏ। ਲੰਮੀ ਨਦਰਿ=ਦੀਰਘ ਦ੍ਰਿਸ਼ਟੀ। ਨਿਹਾਲੀਐ= ਵੇਖਣਾ।

ਅਰਥ-ਕਿਸੇ ਦਾ ਬੁਰਾ ਕਦਾਚਿਤ ਨਾ ਕਰੀਏ, ਇਸ ਦੇ ਫਲ ਨੂੰ ਦੀਰਘ ਦ੍ਰਿਸ਼ਟੀ ਭਾਵ ਦੂਰ-ਅੰਦੇਸ਼ੀ ਨਾਲ ਵੇਖਣਾ ਕਰੀਏ ਕਿ ਕਿਸੇ ਦਾ ਬੁਰਾ ਕਰਨ ਨਾਲ ਅਖੀਰ ਤੇ ਸਾਨੂੰ ਇਸ ਦਾ ਫਲ ਕੀ ਮਿਲੇਗਾ ?

ਯਥਾ- ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ॥

(ਗਉੜੀ ਵਾਰ ਮਹਲਾ ੪ ਪੰਨਾ ੩੦੮)

ਤਥਾ- ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥ ੩॥

(ਆਸਾ ਮ: ੫ ਪੰਨਾ ੩੮੬)

ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥

ਜਿਸ ਤਰ੍ਹਾਂ ਸਾਹਿਬ=ਪਰਮਾਤਮਾ ਨਾਲ ਹਾਰ ਨਾ ਹੋਵੇ; ਤੇਵੇਹਾ ਪਾਸਾ ਢਾਲੀਐ=ਉਸੇ ਤਰ੍ਹਾਂ ਦੀ ਬਾਜੀ ਖੇਡਣਾ ਕਰੀਏ। ਅਰਥਾਤ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਕੇ ਨਾਮ ਜਪਣਾ ਕਰੀਏ। *ਅਥਵਾ* :-ਆਪਣੇ ਸਰੀਰ ਦਾ ਪਾਸਾ ਸੰਸਾਰ ਵਲੋਂ ਢਾਲੀਐ=ਮੋੜ ਕੇ ਪਰਮਾਤਮਾ ਨਾਲ ਤੇਵੇਹਾ=ਇਸ ਤਰ੍ਹਾਂ ਜੋੜੀਏ ਜੋ ਫੇਰ ਉਸ ਨਾਲੋਂ ਹਾਰੀਐ=ਵਿਛੁੜੀਏ ਨਾ।

ਕਿਛੁ ਲਾਹੇ ਉਪਰਿ ਘਾਲੀਐ॥ ੨੧॥

ਪਰਮਾਤਮਾ ਦੇ ਨਾਮ ਲਾਭ ਵਾਸਤੇ ਜ਼ਰੂਰ ਕੁਛ ਘਾਲੀਐ=ਕਮਾਈ ਕਰੀਏ॥ ੨੧॥

ਸਲੋਕੁ ਮਹਲਾ ੨॥

ਪਿਛਲੇ ਪ੍ਰਸੰਗ ਦੀ ਪ੍ਰੋੜਤਾ ਕਰਦੇ ਹੋਏ ਗੁਰੂ ਜੀ ਕਥਨ ਕਰਦੇ ਹਨ-

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥

ਜਿਸ ਤਰ੍ਹਾਂ ਨੌਕਰ ਆਪਣੇ ਮਾਲਕ ਦੀ ਚਾਕਰੀ=ਨੌਕਰੀ ਵਿਚ ਲੱਗ ਕੇ ਨਾਲ ਹੀ ਗਾਰਬੁ=ਹੰਕਾਰ ਸਹਿਤ

ਉਸ ਨਾਲ ਕਈ ਤਰ੍ਹਾਂ ਦੇ ਵਾਦੁ=ਝਗੜੇ ਕਰੇ।

ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥

ਅਤੇ ਹਰ ਵੇਲੇ ਬਹੁਤੀਆਂ ਗੱਲਾਂ ਹੀ ਕਰਦਾ ਰਹੇ ਤਾਂ ਉਹ ਨੌਕਰ ਆਪਣੇ ਖਸਮ=ਮਾਲਕ ਦੀ ਸਾਦੁ=ਪ੍ਰਸੰਨਤਾ ਨਹੀਂ ਪਾ ਸਕਦਾ।

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥

ਹਾਂ ! ਜੇ ਆਪਾ ਭਾ ਹੰਕਾਰ ਨੂੰ ਗੁਆ ਕੇ ਮਾਲਕ ਦੀ ਸੇਵਾ ਕਰੇ ਤਾਂ ਉਹ ਕੁਝ ਮਾਨੁ=ਆਦਰ ਪਾਉਂਦਾ ਹੈ। ਏਸੇ ਤਰ੍ਹਾਂ-

ਦੂਸਰਾ ਅੰਤ੍ਰੀਵ ਅਰਥ

'ਚਾਕਰੁ ਲਗੈ ਚਾਕਰੀ'

ਜੋ ਪਰਮਾਤਮਾ ਦਾ ਭਗਤ ਪਰਮੇਸ਼ਰ ਦੀ ਭਗਤੀ ਵਿਚ ਲੱਗ ਕੇ ਨਾਲ ਹੀ ਹੰਕਾਰ ਸਹਿਤ ਹੋ ਕੇ ਵਾਦੁ=ਝਗੜਾ ਕਰੇ ਕਿ ਮੇਰਾ ਵਰਗਾ ਹੋਰ ਕੋਈ ਭਗਤ ਨਹੀਂ।

'ਗਲਾ ਕਰੇ ਘਣੇਰੀਆ'

ਅਜੇਹੀਆਂ ਬਹੁਤੀਆਂ ਗੱਲਾਂ ਕਰਨ ਵਾਲਾ ਭਗਤ ਖਸਮ=ਪਰਮਾਤਮਾ ਦੇ ਸਾਦੁ=ਅਨੰਦ ਨੂੰ ਨਹੀਂ ਪਾ ਸਕਦਾ।

ਪ੍ਰਸ਼ਨ-ਪਰਮੇਸ਼ਰ ਦੇ ਅਨੰਦ ਨੂੰ ਫੇਰ ਕਿਵੇਂ ਪਾਵੇ ? *ਉੱਤਰ* -

'ਆਪੁ ਗਵਾਇ ਸੇਵਾ ਕਰੇ'

ਮਨ ਦਾ ਆਪਾ ਭਾ ਹੰਕਾਰ ਗਵਾ ਕੇ ਪਰਮੇਸ਼ਰ ਦੀ ਸੇਵਾ ਕਰੇ ਤਾਂ ਕੁਝ ਮਾਨੁ=ਵਡਿਆਈ ਪਾਉਂਦਾ ਹੈ।

ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥ ੧ ॥

ਗੁਰੂ ਜੀ ਫੁਰਮਾਉਂਦੇ ਹਨ, ਜਿਸ ਦੀ ਸੇਵਾ ਨੂੰ ਕੋਈ ਲੱਗਾ ਹੈ ਜੇਕਰ ਉਸ ਦੀ ਸੇਵਾ ਵਿਚ ਹੀ ਮਿਲ ਜਾਵੇ ਤਾਂ ਉਹ ਸੇਵਕ ਸੇਵਾ ਵਿਚ ਲੱਗਾ ਹੋਇਆ ਮਾਲਕ ਨੂੰ ਪਰਵਾਨੁ=ਮਨਜ਼ੂਰ ਹੁੰਦਾ ਹੈ। ਏਸੇ ਤਰ੍ਹਾਂ ਜੋ ਭਗਤੀ ਵਿਚ ਲੱਗ ਕੇ ਭਗਤੀ ਦੇ ਨਾਲ ਹੀ ਮਿਲ ਗਿਆ ਹੈ ਉਹ ਭਗਤੀ ਵਿਚ ਹੀ ਲੱਗਾ ਹੋਇਆ ਪਰਮੇਸ਼ਰ ਨੂੰ ਪ੍ਰਵਾਨ ਹੋ ਜਾਂਦਾ ਹੈ॥ ੧ ॥

ਮਹਲਾ ੨ ॥ ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥

ਜੋ ਕੁਝ ਕਿਸੇ ਦੇ ਜੀਅ ਵਿਚ ਹੁੰਦਾ ਹੈ ਓਹੋ ਉਗਵੈ=ਪ੍ਰਗਟ ਹੁੰਦਾ ਹੈ। ਉਪਰੋਂ ਉਪਰੋਂ ਮੂੰਹ ਦਾ ਬੋਲਿਆ ਹੋਇਆ ਬਚਨ ਸਭ ਵਾਉ=ਹਵਾ ਵਾਂਗੂੰ ਬਿਅਰਥ ਭਾਵ ਨਿਸਫਲ ਜਾਂਦਾ ਹੈ।

ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥ ੨ ॥

ਇਹ ਜੀਵ ਸੰਸਾਰ ਵਿਚ ਵਿਹੁ ਦਾ ਬੀਜ ਬੀਜਦਾ ਹੈ ਤੇ ਉਸ ਦੇ ਬਦਲੇ ਮੰਗਦਾ ਅੰਮ੍ਰਿਤ ਹੈ। ਇਹ ਨਿਆਂ ਇਸ ਦਾ ਵੇਖਣ ਯੋਗ ਹੈ॥ ੨ ॥

ਅਰਥਾਤ ਦੁਨੀਆਂ ਵਿਚ ਭੈੜੇ ਤੇ ਮੰਦ ਕਰਮ ਕਰਦਾ ਹੈ। ਫੇਰ ਆਖਦਾ ਹੈ ਮੈਨੂੰ ਸੁਖ ਦੀ ਪ੍ਰਾਪਤੀ ਹੋਵੇ।

ਹੁਣ ਦੱਸੋ ਭੈੜੇ ਕਰਮਾਂ ਵਾਲੇ ਨੂੰ ਸੁਖ ਕਿਸ ਤਰ੍ਹਾਂ ਪ੍ਰਾਪਤ ਹੋਵੇ ? ਜਿਵੇਂ ਫ਼ਰੀਦ ਜੀ ਨੇ ਕਥਨ ਕੀਤਾ ਹੈ-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥ ੨੩॥

(ਸਲੋਕ ਫਰੀਦ ਪੰਨਾ ੧੩੭੯)

ਅਰਥ-ਜੱਟ ਬੀਜਦਾ ਤਾਂ ਕਿੱਕਰਾਂ ਨੂੰ ਹੈ ਤੇ ਬਿਜਾਵਰ ਦੇਸ ਦੇ ਦਾਖ=ਅੰਗੂਰਾਂ ਨੂੰ ਪ੍ਰਾਪਤ ਕਰਨਾ ਚਾਹਵੇ ਤਾਂ ਭਲਾ ਕਿਸ ਤਰ੍ਹਾਂ ਕਰ ਸਕਦਾ ਹੈ ? ਆਪਣੇ ਘਰਾਂ ਵਿਚ ਪਸ਼ਮ ਨੂੰ ਕਤਾਉਂਦਾ ਫਿਰਦਾ ਹੈ ਤੇ ਰੇਸ਼ਮੀ ਕੱਪੜੇ ਪਹਿਰਨਾ ਚਾਹਵੇ ਤਾਂ ਮੁਸ਼ਕਲ ਹੀ ਹੈ। ਏਸੇ ਆਸ਼ੇ ਤੇ ਇਕ ਕਵੀ ਨੇ ਲਿਖਿਆ ਹੈ*

ਮਹਲਾ ੨ ॥ ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥

ਰਾਜਨੀਤੀ ਕਥਨ ਕਰਦੇ ਹਨ-ਅੰਞਾਣੇ ਬਾਲਕ ਦੇ ਨਾਲ ਪ੍ਰੀਤੀ ਕੀਤੀ ਹੋਈ ਕਦੇ ਵੀ ਰਾਸਿ=ਸੂਤ ਨਹੀਂ ਆਉਂਦੀ ਭਾਵ ਸਿਰੇ ਨਹੀਂ ਚੜ੍ਹਦੀ।

ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ॥

ਕਿਉਂਕਿ ਉਹ ਇਆਣਾ ਬਾਲਕ ਜਿਹੋ ਜਿਹਾ ਜਾਣਦਾ ਹੈ ਭਾਵ ਜੈਸੀ ਉਸ ਨੂੰ ਸਮਝ ਹੁੰਦੀ ਹੈ, ਤਿਹੋ ਜਿਹਾ ਹੀ ਵਰਤਦਾ ਹੈ। ਭਾਵੇਂ ਕੋਈ ਇਸ ਗੱਲ ਦਾ ਨਿਰਜਾਸਿ=ਨਿਰਣਾ ਕਰਕੇ ਵੇਖ ਲਵੇ।

ਦੂਸਰਾ ਅਰਥ-

'ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥'

ਇਸ ਤਰ੍ਹਾਂ ਇਆਣੇ ਮਨ ਨਾਲ ਜਿਹੜੀ ਦੋਸਤੀ ਕਰਨੀ ਹੈ ਇਹ ਕਦੇ ਸੂਤ ਨਹੀਂ ਆਉਂਦੀ, ਕਿਉਂਕਿ ਮਨ ਇਕ ਜਗ੍ਹਾ ਨਹੀਂ ਖਲੋਂਦਾ, ਖਿਨ ਖਿਨ ਕਾਲ ਵਿਚ ਇਸ ਦੀ ਹੋਰ ਹੋਰ ਦਸ਼ਾ ਬਦਲਦੀ ਰਹਿੰਦੀ ਹੈ।

ਯਥਾ-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਥਨ ਕੀਤਾ ਹੈ-

ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥ ੪॥

(ਬਸੰਤ ਮਹਲਾ ੧, ਪੰਨਾ ੧੧੭੧)

ਤਥਾ- ਮਨ ਖੁਟਹਰ ਤੇਰਾ ਨਹੀ ਬਿਸਾਸੁ◆ ਤੂ ਮਹਾ ਉਦਮਾਦਾ॥

**ਕਿਥੋਂ ਖਾਏਂ ਮੁਸਾਫਰਾ ਚਲ ਅਗੇ, ਰਸਤ ਬਸਤ ਨਾ ਕੁਝ ਪੁਚਾਈ ਹੋਈ ਹੈ।*
ਕਿਥੋਂ ਪਾਣੀ ਦੇ ਪੀਵੇਂ ਗਲਾਸ ਭਰ ਕੇ, ਚੁਲੀ ਇਕ ਨਾ ਹੱਥੀਂ ਪਿਆਈ ਹੋਈ ਹੈ।
ਤੈਨੂੰ ਕਿਸ ਤਰ੍ਹਾਂ ਵਿਚ ਦਰਗਾਹ ਛੱਡਣ, ਛੁਰੀ ਜਿਨ੍ਹਾਂ ਦੇ ਗਲੇ ਚਲਾਈ ਹੋਈ ਹੈ।
ਕਿਥੋਂ ਦਾਖ ਬਿਜਉਰੀਆਂ ਖਾਏਂ ਜੱਟਾ, ਵਾੜ ਜਦੋਂ ਧਰੇਕਾਂ ਦੀ ਲਾਈ ਹੋਈ ਹੈ।
ਕਿਥੋਂ ਪਹਿਨੇ ਪਟ ਪਸ਼ਮੀਨਿਆਂ ਨੂੰ, ਕਾਲੀ ਉਨ ਜਾਂ ਘਰ ਕਤਾਈ ਹੋਈ ਹੈ।
ਲੁਕ ਛੁਪ ਕੇ ਬਹੁਤ ਅਪਰਾਧ ਕਰੇਂ, ਕੀਤੀ ਆਪਣੀ ਮਨੋ ਚਤੁਰਾਈ ਹੋਈ ਹੈ।
ਐਪਰ ਖੁਫੀਆ ਪੁਲੀਸ ਦੇ ਨੌਕਰਾਂ ਨੇ, ਡਾਇਰੀ ਵਿਚ ਦਰਗਾਹ ਪੁਚਾਈ ਹੋਈ ਹੈ।

◆ਪ੍ਰਮਾਣ-ਰਤਨ ਜੜਤ ਮੰਦਰ ਤਜੇ, ਅਰ ਸਖੀਅਨ ਕੇ ਸਾਜ।
ਰੇ ਮਨ ਧੋਖੇ ਲਾਲ ਕੇ ਦੀਓ ਪੀਕ ਮੇਂ ਹਾਥ। (ਭਰਥਰੀ ਵਾਚ)

ਖਰ ਕਾ ਪੇਖਰੁ ਤਉ ਛੁਟੈ ਜਉ ਊਪਰਿ ਲਾਦਾ॥

(ਬਿਲਾਵਲੁ ਮ: ੫ ਪੰਨਾ ੮੧੫)

ਤਥਾ- ਮਨ ਦੇ ਨਾਲ ਜਿਨ੍ਹਾਂ ਜੁੱਧ ਕੀਤਾ, ਪੂਰੇ ਭਾਗ ਤਿਨ੍ਹਾਂ ਦੇ।
ਸਾਈਂ ਸਦ ਉਹਨਾਂ ਨੂੰ ਕੀਤਾ, ਉਹ ਚਲੇ ਉੱਤੇ ਵਲ ਜਾਂਦੇ।
ਪੂਰੇ ਸਤਿਗੁਰੁ ਸੰਗ ਮਿਲਾਏ, ਗੁਰਮਤ ਲੈ ਬਿਗਸਾਂਦੇ।
ਸੇਵਾ ਦਾਸ ਜਿਨ੍ਹਾਂ ਮਨਮਤ ਤਿਆਗੀ, ਤਿਨ੍ਹਾਂ ਲਧੇ ਭਾਰ ਸੁਖਾਂ ਦੇ।

(ਆਸਾ ਵਰੀਆਂ)

ਤਥਾ- ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ ੨੧੬॥

(ਸਲੋਕ ਕਬੀਰ ਜੀ ਪੰਨਾ ੧੩੭੬)

ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ॥'

ਇਹ ਮਨ ਜਿਹੋ ਜਿਹੀ ਗੱਲ ਜਾਣਦਾ ਹੈ ਤਿਹੋ ਜਿਹੀ ਵਰਤਦਾ ਹੈ। ਜੇ ਇਸ ਵਿਚ ਝੂਠ ਹੈ ਤਾਂ ਕੋਈ ਨਿਰਣਾ ਕਰਕੇ ਦੇਖ ਲਵੇ।

ਪਹਿਲੇ ਅੰਤਹਕਰਣ ਸਾਫ ਹੋਵੇ ਤਾਂ ਗੁਰਾਂ ਦਾ ਉਪਦੇਸ਼ ਸਮਾਂਵਦਾ ਹੈ। ਇਸ 'ਪਰ ਦ੍ਰਿਸ਼ਟਾਂਤ ਦੇਂਦੇ ਹਨ-

ਵਸਤੁ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ-ਪਾਸਿ॥

ਘਟ ਵਸਤੂ ਅੰਦਰ ਕਣਕ, ਚਾਵਲ ਆਦਿਕ ਵਸਤੂ ਤਾਂ ਸਮਾਂਵਦੀ ਹੈ, ਜੇਕਰ ਦੂਸਰੀ ਵਸਤੂ ਜੋ ਪਹਿਲੇ ਪਾਈ ਹੋਈ ਹੈ, ਉਹ ਪਾਸਿ=ਲਾਂਭੇ ਹੋਵੇ। ਇਸੀ ਪ੍ਰਕਾਰ ਅੰਤਹਕਰਣ ਰੂਪੀ ਘਟ ਵਸਤੂ ਵਿਚ ਨਾਮ ਰੂਪੀ ਵਸਤੂ ਤਾਂ ਸਮਾਂਵਦੀ ਹੈ ਜੇ ਦੂਜੀ=ਦ੍ਵੈਤ ਰੂਪੀ ਵਸਤੂ ਪਾਸਿ=ਲਾਂਭੇ ਹੋਵੇ। ਕਿਉਂਕਿ-

ਏਕ ਗ੍ਰਿਹ ਮਹਿ ਦੁਇ ਨ ਖਟਾਂਈ॥ ੭॥ *(ਪਰਭਾਤੀ ਮ: ੫ ਪੰਨਾ ੧੩੪੭)*

ਯਥਾ- ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥ ੨॥

(ਸਿਰੀਰਾਗੁ ਮਹਲਾ ੧, ਪੰਨਾ ੧੫)

ਅਥਵਾ :-ਅੰਤਹਕਰਣ ਰੂਪੀ ਘੋੜੇ ਵਿਚ ਸ਼ੁਭ ਗੁਣਾਂ ਰੂਪੀ ਵਸਤੂ ਤਾਂ ਸਮਾਂਵਦੀ ਹੈ ਜੇਕਰ ਦੂਜੀ ਕਾਮ ਆਦਿਕਾਂ ਰੂਪੀ ਵਸਤੂ ਪਾਸਿ=ਲਾਂਭੇ ਹੋਵੇ।

ਸਾਖੀ-ਸ਼ੇਖ ਚਿਲੀ ਦੀ

ਸ਼ੇਖ ਚਿਲੀ ਜੀ ਬਾਹਰ ਉਜਾੜ ਵਿਚ ਰਹਿੰਦੇ ਸਨ। ਇਕ ਦਿਨ ਬੜੀ ਬਰਖਾ ਹੋਈ, ਪਰੰਤੂ ਸ਼ੇਖ ਚਿਲੀ ਜੀ ਬਾਹਰ ਠੰਢ ਵਿਚ ਹੀ ਬੈਠੇ ਰਹੇ। ਕੁਛ ਚਿਰ ਬਾਅਦ ਇਕ ਪੁਰਸ਼ ਉਥੋਂ ਦੀ ਲੰਘਿਆ ਤੇ ਉਸ ਨੇ ਕਿਹਾ- ਸੰਤ ਜੀ ! ਮੈਂ ਆਪ ਜੀ ਨੂੰ ਇਕ ਮੰਦਰ ਬਣਾ ਦੇਂਦਾ ਹਾਂ, ਆਪ ਉਸ ਵਿਚ ਗਰਮੀਆਂ ਅਰ ਸਰਦੀਆਂ ਦੇ ਦਿਨ ਬਤੀਤ ਕੀਤਾ ਕਰੋ।

ਇੰਨੀ ਗੱਲ ਆਖ ਕੇ ਉਸ ਪ੍ਰੇਮੀ ਨੇ ਉਸਾਰੀ ਆਰੰਭ ਦਿੱਤੀ। ਜਦ ਮੰਦਰ ਤਿਆਰ ਹੋ ਗਿਆ ਤਾਂ ਉਸ ਪ੍ਰੇਮੀ ਨੇ ਬੇਨਤੀ ਕਰਕੇ ਸ਼ੇਖ ਚਿਲੀ ਦੀ ਰਿਹਾਇਸ਼ ਉਸ ਮੰਦਰ ਵਿਚ ਕਰਾ ਦਿੱਤੀ। ਜਿਸ ਵੇਲੇ ਸ਼ੇਖ ਚਿਲੀ ਜੀ ਉਸ ਮੰਦਰ ਵਿਚ ਰਹਿਣ ਲੱਗ ਪਏ ਤਾਂ ਸ਼ੇਖ ਚਿਲੀ ਜੀ ਨੇ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ ਕਿ ਜਦ ਵੀ ਬਾਹਰ ਜਾਵਣ ਤਾਂ ਇਕ ਥੰਮੀ ਰੋਜ਼ ਲਿਆ ਕੇ ਉਸ ਮੰਦਰ ਵਿਚ ਰੱਖ ਦੇਣ। ਇਸ ਤਰ੍ਹਾਂ ਕਰਦਿਆਂ ਕਰਦਿਆਂ ਮੰਦਰ ਭਰ ਗਿਆ।

ਇਕ ਦਿਨ ਫੇਰ ਬੜੀ ਭਾਰੀ ਵਰਖਾ ਹੋਈ ਤਾਂ ਸ਼ੇਖ ਚਿਲੀ ਜੀ ਨੂੰ ਬਾਹਰ ਠੰਢ ਵਿਚ ਬੈਠਿਆਂ ਵੇਖ ਕੇ ਕਿਸੀ ਨੇ ਕਿਹਾ-ਇਹ ਜੋ ਮੰਦਰ ਬਣਿਆ ਹੋਇਆ ਹੈ ਇਸ ਅੰਦਰ ਪ੍ਰਵੇਸ਼ ਕਿਉਂ ਨਹੀਂ ਕਰਦੇ ?

ਸ਼ੇਖ ਚਿਲੀ ਨੇ ਕਿਹਾ-ਹੇ ਭਾਈ ! ਜੇ ਮੰਦਰ ਅੰਦਰ ਖਲੋਣ ਨੂੰ ਜਗ੍ਹਾਂ ਹੁੰਦੀ ਤਾਂ ਇਕ ਥੰਮੀ ਹੋਰ ਨਾ ਦੇ ਦੇਂਦਾ ? ਏਸੇ ਤਰ੍ਹਾਂ ਅੰਤਹਕਰਣ ਰੂਪੀ ਮੰਦਰ ਦੁਨੀਆਂ ਦੇ ਸਭ ਰਸਾਂ ਨਾਲ ਪੂਰਤ ਹੈ ਤੇ ਨਾਮ ਕਿਸ ਤਰ੍ਹਾਂ ਠਹਿਰੇ ? ਉਹਨਾਂ ਰਸਾਂ ਦੀ ਨਵਿਰਤੀ ਕਰੇ ਤਾਂ ਮਨ ਠਹਿਰ ਸਕਦਾ ਹੈ।

'ਵਸਤੁ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥'

ਜੇਕਰ ਦਵੈਤ ਭਾਵ ਪਾਸਿ=ਲਾਂਭੇ ਹੋਵੇ ਤਾਂ ਅਦਵੈ ਅਨੰਦ ਰੂਪੀ ਵਸਤੂ, ਅੰਦਰ ਪ੍ਰਤਿਕ ਬੋਧ ਜੀਵ ਰੂਪੀ ਵਸਤੂ ਸਮਾਂਵਦੀ ਹੈ।

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥

ਸਾਹਿਬ=ਪਰਮਾਤਮਾ ਨਾਲ ਹੁਕਮ ਕਰਨਾ ਨਹੀਂ ਚਲਦਾ, ਉਸ ਅੱਗੇ ਤਾਂ ਅਰਦਾਸਿ=ਬੇਨਤੀ ਕਹਿਣੀ ਬਣਦੀ ਹੈ।

ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥ ੩॥

ਕੂੜਿ=ਝੂਠ ਕਮਾਉਣ ਵਾਲੇ ਪੁਰਸ਼ ਨੂੰ ਕੂੜੋ=ਝੂਠਾ ਹੀ ਫਲ ਪ੍ਰਾਪਤ ਹੁੰਦਾ ਹੈ।

*ਪ੍ਰਮਾਣ-*ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ॥
ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ॥ ੬॥

(ਗਉੜੀ ਵਾਰ ਪੰਨਾ ੩੦੨)

*ਅਥਵਾ-*ਕੂੜਿਆਂ ਪਦਾਰਥਾਂ ਦੇ ਕਮਾਣੈ=ਭੋਗਣ ਕਰਕੇ ਕੂੜੋ ਹੋਵੈ=ਦੁੱਖ ਹੀ ਪ੍ਰਾਪਤ ਹੁੰਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਪਰਮੇਸ਼ਰ ਦੀ ਸਿਫਤ ਕਰਨ ਨਾਲ ਅੰਤਹਕਰਣ ਖਿੜ ਆਉਂਦਾ ਹੈ। *ਅਥਵਾ-*ਵਿਗਾਸਿ=ਅਨੰਦ ਹੁੰਦਾ ਹੈ॥ ੩॥

ਅੱਗੇ ਰਾਜਨੀਤੀ ਨੂੰ ਕਥਨ ਕਰਦੇ ਹਨ-

ਮਹਲਾ ੨॥ ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥

ਇਆਣੇ=ਬਾਲਕ, *ਅਥਵਾ* ਮਨ। ਦੋਸਤੀ=ਪ੍ਰੀਤੀ। ਵਡਾਰੂ=ਔਰਤ, ਰਾਜਾ, ਭੂਤਾਂ ਦੀ ਅਗਨੀ। ਇਆਣੇ=ਬਾਲਕ, *ਅਥਵਾ* :-ਮਨ ਨਾਲ ਜੇਹੜੀ ਪ੍ਰੀਤੀ ਕਰਨੀ ਹੈ ਜਾਂ ਆਪ ਤੋਂ ਕਿਸੇ ਵਡਾਰੂ=ਵੱਡੇ ਨਾਲ।

*ਅਥਵਾ-*ਵਡਾਰੂ=ਔਰਤ ਨਾਲ, *ਅਥਵਾ-*ਰਾਜੇ ਨਾਲ ਅਤੇ ਭੂਤਾਂ ਦੀ ਅਗਨੀ ਨਾਲ ਜੇਹੜਾ ਪ੍ਰੇਮ ਕਰਨਾ ਹੈ ਇਹ ਇਸ ਤਰ੍ਹਾਂ ਨਿਸਫਲ ਹੈ-

ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥ ੪॥

ਜਿਸ ਤਰ੍ਹਾਂ ਪਾਣੀ ਦੇ ਅੰਦਰ ਲਕੀਰ ਪਾਈਏ ਤਾਂ ਉਸ ਦਾ ਕੋਈ ਥਹੁ ਟਿਕਾਣਾ ਨਹੀਂ ਹੁੰਦਾ ਭਾਵ ਤਿਸ ਦੇ ਠਹਿਰਣ ਦੀ ਕੋਈ ਜਗ੍ਹਾਂ ਨਹੀਂ ਹੁੰਦੀ। ਤੈਸੇ ਔਰਤ, ਰਾਜਾ ਅਤੇ ਭੂਤਾਂ ਦੀ ਅੱਗ ਨਾਲ ਭਾਵੇਂ ਕਿਤਨਾ ਹੀ ਪ੍ਰੇਮ ਕਰੀਏ ਤਾਂ ਭੀ ਇਹ ਕਿਸੇ ਦੇ ਮਿਤ੍ਰ ਨਹੀਂ ਬਣਦੇ॥ ੪॥

ਮਹਲਾ ੨॥ ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ॥

ਜੋ ਇਆਣਾ=ਅਗਿਆਤ ਹੋ ਕੇ ਕੰਮ ਕਰਦਾ ਹੈ, ਉਹ ਰਾਸਿ=ਦਰੁਸਤਾਈ ਵਿਖੇ ਕਦੇ ਨਹੀਂ ਆਣਿ=ਲਿਆ ਸਕਦਾ। ਏਸੇ ਤਰ੍ਹਾਂ ਇਆਣਾ ਜੋ ਮਨ ਹੈ ਇਹ ਜੋ ਭੀ ਕੰਮ ਕਰਦਾ ਹੈ ਉਹ ਰਾਸਿ=ਸਚਾਈ=ਵਿਖੇ ਨਹੀਂ ਲਿਆ ਸਕਦਾ।

ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ॥ ੫॥

ਜੇ ਕੋਈ ਇਕ ਅੱਧੀ ਗੱਲ ਚੰਗੀ ਵੀ ਕਰ ਦੇਵੇ ਤਾਂ ਦੂਸਰੀ ਗੱਲ ਭੀ=ਬਹੁੜੋ ਵੇਰਾਸਿ=ਕੁਸੁਤ ਭਾਵ ਵਿਗਾੜ ਦੇਂਦਾ ਹੈ॥ ੫॥

ਪਉੜੀ॥ ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥

ਚਾਕਰੁ=ਦਾਸ ਹੋ ਕੇ ਚਾਕਰੀ=ਸੇਵਾ ਟਹਿਲ ਵਿਚ ਲੱਗਣਾ ਤਾਂ ਸਫਲ ਹੈ; ਜੇ ਖਸਮ ਦੀ ਭਾਇ=ਆਗਿਆ ਮੰਨਣ ਵਿਚ ਚੱਲਣਾ ਕਰੇ।

ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥

ਤਦ ਉਸ ਨੂੰ ਹੁਰਮਤਿ=ਮਾਨ ਪ੍ਰਤਿਸ਼ਟਾ ਵਡਿਆਈ ਅਗਲੀ=ਬਹੁਤੀ ਪ੍ਰਾਪਤ ਹੁੰਦੀ ਹੈ ਅਤੇ ਉਹ ਪੁਰਸ਼ ਵਜਹੁ=ਦੁਮਾਹਾ ਤਨਖਾਹ, ਰੁਜ਼ੀਨਾ ਵੀ ਦੂਣਾ ਖਾਂਦਾ ਹੈ।

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥

ਪਰ ਜੋ ਪੁਰਸ਼ ਪਰਮੇਸ਼ਰ ਨਾਲ ਬਰਾਬਰੀ ਕਰਦਾ ਹੈ ਉਹ ਫਿਰ ਗੈਰਤਿ=ਦੁੱਖਾਂ ਅੰਦਰ ਪੈਂਦਾ ਹੈ।

ਅਥਵਾ :- ਜੋ ਪੁਰਸ਼ ਆਪਣੇ ਰਿਦੇ ਅੰਦਰ ਗੈਰਤ=ਈਰਖਾ ਬਖੀਲੀ ਪਾ ਕੇ ਖਸਮ ਨਾਲ ਬਰਾਬਰੀ ਕਰਦਾ ਹੈ।

ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥

ਉਹ ਆਪਣਾ ਅਗਲਾ=ਬਹੁਤਾ ਵਜਹੁ=ਦੁਮਾਹਾ ਰੁਜ਼ੀਨਾ, ਵਜ਼ੀਫਾ ਗਵਾ ਲੈਂਦਾ ਹੈ ਅਤੇ ਮੁਖ ਹੀ ਮੁਖ ਉਪਰ ਪਾਣਾ=ਜੁੱਤੀਆਂ ਨੂੰ ਖਾਂਦਾ ਹੈ।

ਯਥਾ- ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥
ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ॥

(ਰਾਮਕਲੀ ਦਖਣੀ ਓਅੰਕਾਰ ਪੰਨਾ ੯੩੯)

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥

ਜਿਸ ਪਰਮੇਸ਼ਰ ਦਾ ਦਿੱਤਾ ਹੋਇਆ ਪਦਾਰਥ ਸਭ ਕੋਈ ਖਾਂਦਾ ਹੈ, ਤਿਸ ਨੂੰ ਸਾਬਾਸਿ=ਧੰਨਤਾ ਯੋਗ ਕਹਿਣਾ ਚਾਹੀਦਾ ਹੈ।

ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥ ੨੨ ॥

ਸਤਿਗੁਰੂ ਦੇਵ ਜੀ ਕਥਨ ਕਰਦੇ ਹਨ— ਉਸ ਪਰਮਾਤਮਾ ਉਪਰ ਕਿਸੇ ਦਾ ਹੁਕਮ ਨਹੀਂ ਚਲ ਸਕਦਾ। ਖਸਮ ਨਾਲ ਤਾਂ ਬੇਨਤੀ ਕਰਨੀ ਹੀ ਬਣਦੀ ਹੈ।

ਯਥਾ- ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ 'ਅਰਦਾਸਿ' ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥ ੧੨ ॥

(ਸੂਹੀ ਮ: ੪ ਪੰਨਾ ੭੩੫)

ਤਥਾ- ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥
'ਅਰਦਾਸਿ' ਕਰੀ ਪ੍ਰਭ ਆਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ॥ ੧ ॥ ਰਹਾਉ॥

(ਸੂਹੀ ਮ: ੫ ਪੰਨਾ ੭੪੯)

ਇਕ ਨਾਨਕ ਕੀ 'ਅਰਦਾਸਿ' ਜੇ ਤੁਧੁ ਭਾਵਸੀ॥
ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ॥ ੮॥ ੧॥ ੩॥

(ਸੂਹੀ ਮ: ੧ ਕਾਫੀ ਪੰਨਾ ੭੫੨)

ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ 'ਅਰਦਾਸਿ' ਜੀਉ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥ ੧ ॥

(ਸੂਹੀ ਮ: ੧ ਕੁਚਜੀ ਪੰਨਾ ੭੬੨)

ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ॥
ਨਾਨਕ ਕੀ 'ਅਰਦਾਸਿ' ਪ੍ਰਭ ਜੀਵਾ ਗੁਨ ਗਾਏ॥ ੪॥ ੧੨॥ ੪੨ ॥

(ਬਿਲਾਵਲ ਮ: ੫ ਪੰਨਾ ੮੧੧)

ਤਥਾ- ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ 'ਅਰਦਾਸਿ' ॥

(ਟੋਡੀ ਮਹਲਾ ੫ ਪੰਨਾ ੭੧੪)

ਸਲੋਕੁ ਮਹਲਾ ੨ ॥

ਉਥਾਨਕਾ-ਭੂਤਾਂ ਦੀ ਉਪਾਸ਼ਨਾ ਕਰਕੇ ਕਿਸੇ ਨੇ ਥੋਹੜੀ ਜੇਹੀ ਸ਼ਕਤੀ ਪ੍ਰਾਪਤ ਕਰ ਲੀਤੀ ਤੇ ਸਿੱਖਾਂ ਨੇ ਕਿਹਾ, ਗੁਰੂ ਜੀ ! ਇਹ ਮਨੁੱਖ ਸ਼ਕਤੀ ਸਪੰਨ ਹੈ ਇਹ ਗੱਲ ਸੁਣਕੇ ਸਤਿਗੁਰ ਦੇਵ ਜੀ ਕਥਨ ਕਰਦੇ ਹਨ-

[ਪੰਨਾ ੪੭੫]

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥

ਹੇ ਸਿੱਖੋ ! ਇਹ ਕਿਨੇਹੀ=ਕਾਹਦੀ ਦਾਤ ਹੈ ਜੋ ਆਪਣੇ ਸ਼੍ਰਮ ਨਾਲ ਆਪ ਤੋਂ ਹੀ ਅਰਥਾਤ ਭੂਤਾਂ ਦੀ ਉਪਾਸ਼ਨਾ ਕਰਕੇ ਪ੍ਰਾਪਤ ਕੀਤੀ ਹੈ।

ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਕਰਾਮਾਤ ਓਹੋ ਸ੍ਰੇਸ਼ਟ ਹੈ, ਜੋ ਸਾਹਿਬ=ਮਾਲਕ ਪਰਮਾਤਮਾ ਦੇ ਤੁਠੈ=ਤ੍ਰੁਠ ਪੈਣ ਨਾਲ ਭਾਵ ਪ੍ਰਸੰਨ ਹੋਣ ਤੇ ਮਿਲੇ॥ ੧॥

ਯਥਾ- ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥

(ਸੋਰਠ ਵਾਰ ਪੰਨਾ ੬੫੦)

ਕਿਸੇ ਨੇ ਕਿਹਾ, ਕਿ ਮੈਂ ਬੜੀ ਚਾਕਰੀ ਕਰਦਾ ਹਾਂ ਤਾਂ ਸਤਿਗੁਰ ਦੇਵ ਜੀ ਕਥਨ ਕਰਦੇ ਹਨ-

ਮਹਲਾ ੨॥ ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥

ਇਹ ਕਿਨੇਹੀ=ਕਾਹਦੀ ਚਾਕਰੀ ਹੈ, ਜਿਸ ਚਾਕਰੀ ਕਰਕੇ ਖਸਮ=ਪਰਮਾਤਮਾ ਦਾ ਭਉ=ਖੌਫ ਜਾਇ=ਉਤਪੰਨ ਹੀ ਨਹੀਂ ਹੁੰਦਾ।

ਅਥਵਾ :-ਇਹ ਕਾਹਦੀ ਚਾਕਰੀ ਹੈ ਜਿਸ ਕਰਕੇ ਪਰਮੇਸ਼ਰ ਦਾ ਖੌਫ ਦੂਰ ਨਹੀਂ ਹੁੰਦਾ, ਕਿਉਂਕਿ ਖੌਫ ਤਦ ਦੂਰ ਹੁੰਦਾ ਹੈ ਜੇ ਉਸ ਦਾ ਹੁਕਮ ਮੰਨੇ ਅਤੇ ਉਸ ਦਾ ਭਜਨ ਸਿਮਰਨ ਕਰੇ।

ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਅਸਲੀ ਸੇਵਕ ਤਾਂ ਉਹੀ ਕਾਢੀਐ=ਕਹੀਦਾ ਹੈ, ਜੇਹੜਾ ਆਪਣੇ ਖਸਮ ਦੇ ਨਾਲ, *ਅਥਵਾ* :-ਖਸਮ ਦੀ ਆਗਿਆ ਨਾਲ ਹੀ ਸਮਾ ਜਾਂਦਾ ਹੈ॥ ੨॥

ਪਉੜੀ॥ ਨਾਨਕ ਅੰਤ ਨ ਜਾਪਨੀ ਹਰਿ ਤਾ ਕੇ ਪਾਰਾਵਾਰ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਉਸ ਪਰਮਾਤਮਾ ਦੇ ਪਾਰ ਉਰਾਰ ਦਾ ਅੰਤ ਜਾਣਿਆਂ ਨਹੀਂ ਜਾਂਦਾ ਭਾਵ ਉਹ ਬੇਅੰਤ ਹੈ।

ਯਥਾ- ਲਖ ਦਰੀਆਉ ਕਵਾਉ ਵਿਚਿ ਅਤਿ ਅਸਗਾਹ ਅਥਾਹ ਵਹੰਦੇ॥
ਆਦਿ ਨ ਅੰਤੁ ਬਿਅੰਤੁ ਹੈ ਅਗਮ ਅਗੋਚਰ ਫੇਰ ਫਿਰੰਦੇ॥
ਅਲਖੁ ਅਪਾਰੁ ਵਖਾਣੀਐ ਪਾਰਾਵਾਰੁ ਨ ਪਾਰ ਲਹੰਦੇ॥
ਲਹਰਿ ਤਰੰਗ ਨਿਸੰਗ ਲਖ ਸਾਗਰ ਸੰਗਮ ਰੰਗ ਰਵੰਦੇ॥

(ਭਾਈ ਗੁਰਦਾਸ ਜੀ ਵਾਰ ੧੮ ਪਉੜੀ ੯)

ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ॥

ਪਰਮਾਤਮਾ ਆਪ ਹੀ ਮਨਮੁਖਾਂ ਨੂੰ ਸਾਖਤੀ=ਤਾੜਨਾ ਕਰਵਾਉਂਦਾ ਹੈ ਫਿਰ ਆਪ ਹੀ ਪ੍ਰਲੋਕ ਵਿਚ ਮਾਰ ਕਰਾਉਂਦਾ ਹੈ।

ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ॥

ਇਕਨਾਂ ਦੇ ਗਲ ਵਿਚ ਜੰਜੀਰੀਆ=ਸੰਗਲੀਆਂ ਪਈਆਂ ਹੋਈਆਂ ਹਨ ਭਾਵ ਗੁਲਾਮੀ ਦੇ ਕਸ਼ਟ ਸਹਾਰਦੇ ਹਨ ਅਤੇ ਇਕ ਬਿਸੀਆਰ=ਬੜੀ ਤੁਰਕਾਨ ਦੇਸ ਦੀ ਤੁਰੀ=ਘੋੜੀ ਉਪਰ ਚੜ੍ਹਦੇ ਹਨ।

ਅਥਵਾ :-ਇਕਨਾਂ ਦੇ ਗਲ ਵਿਚ ਵਾਸ਼ਨਾਂ ਰੂਪ ਜੰਜੀਰਾਂ ਹਨ ਤੇ ਇਕ ਗੁਰਮੁਖ ਪੁਰਸ਼ ਤੁਰੀਆ ਪਦ ਰੂਪੀ ਵੱਡੀ ਘੋੜੀ ਉਪਰ ਚੜ੍ਹਦੇ ਹਨ। ਭਾਵ ਚੌਥੀ ਭੂਮਿਕਾ ਦਾ ਆਨੰਦ ਮਾਣਦੇ ਹਨ।

ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ॥

ਆਪ ਹੀ ਜੀਵਾਂ ਨੂੰ ਉਤਪਤ ਕਰਦਾ ਹੈ। ਆਪ ਹੀ ਜੀਵਾਂ ਨੂੰ ਪਰੇਰ ਕੇ ਕਰਮ ਕਰਾਉਂਦਾ ਹੈ। ਆਪ ਹੀ ਫਲ ਦੇਂਦਾ ਹੈ ਜਦ ਆਪ ਹੀ ਸਭ ਕੁਝ ਕਰਦਾ ਕਰਾਉਂਦਾ ਹੈ ਤਾਂ ਮੈਂ ਉਸ ਤੋਂ ਛੁਟ ਹੋਰ ਕਿਸ ਦੇ ਅੱਗੇ ਪੁਕਾਰ ਕਰਾਂ। ਭਾਵ ਹੋਰ ਕੋਈ ਭੀ ਨਹੀਂ ਹੈ ਜਿਸ ਦੇ ਅੱਗੇ ਮੈਂ ਫਰਿਆਦ ਕਰਾਂ।

ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ॥ ੨੩॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਜਿਸ ਪਰਮੇਸ਼ਰ ਨੇ ਕਰਣਾ=ਪ੍ਰਪੰਚ ਕੀਤਾ ਹੈ, ਮੁੜ ਕੇ ਉਸ ਨੇ ਆਪ ਹੀ ਤਿਸ ਪ੍ਰਪੰਚ ਦੀ ਸਾਰ=ਸੰਭਾਲ ਕਰਨੀ ਹੈ॥ ੨੩॥

ਸਲੋਕੁ ਮਃ ੧॥ ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥

ਜਿਸ ਤਰ੍ਹਾਂ ਪ੍ਰਤੱਖ ਘੁਮਿਆਰ ਆਪ ਹੀ ਭਾਂਡਿਆਂ ਨੂੰ ਸਾਜਦਾ ਹੈ, ਫੇਰ ਆਪ ਹੀ ਪੂਰਣੁ=ਵੰਨੀਂ ਦੇਂਦਾ ਅਰਥਾਤ ਰੰਗ ਚਾੜ੍ਹਦਾ ਹੈ।

ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਨਿ ਚੜੇ॥

ਇਕਨਾਂ ਭਾਂਡਿਆਂ ਵਿਚ ਦੁੱਧ ਸਮਾਂਦਾ ਹੈ ਤੇ ਇਕ ਚੁਲੇ ਉਪਰ ਹੀ ਚੜ੍ਹੇ ਰਹਿੰਦੇ ਹਨ। ਇਸੇ ਤਰ੍ਹਾਂ ਪਰਮੇਸ਼ਰ ਰੂਪੀ ਘੁਮਿਆਰ ਆਪ ਹੀ ਸਭ ਜੀਵਾਂ ਦੇ ਸਰੀਰਾਂ ਰੂਪੀ ਭਾਂਡੇ ਸਾਜਦਾ ਹੈ।

ਯਥਾ- ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥

(ਸਿਰੀ ਰਾਗੁ ਮਹਲਾ ੧ ਪੰਨਾ ੬੨)

ਤਥਾ- ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ॥ ੨੨॥

(ਸਿਰੀ ਰਾਗੁ ਮਃ ੧ ਪੰਨਾ ੭੩)

ਅਤੇ ਆਪ ਹੀ ਪੂਰਣੁ=ਵੰਨੀਂ ਅਰਥਾਤ ਰੰਗ ਦੇਂਦਾ ਹੈ। ਕਿਸੀ ਦਾ ਲਾਲ ਰੰਗ, ਕਿਸੀ ਦਾ ਸਿਆਹ ਰੰਗ ਬਣਾਉਂਦਾ ਹੈ।

ਅਥਵਾ :-ਆਪ ਹੀ ਪੂਰਨ ਪਰਮਾਤਮਾ ਖਾਣ ਪਾਣ ਦੇਂਦਾ ਹੈ। *ਅਥਵਾ* :-ਆਪ ਹੀ ਇਹਨਾਂ ਨੂੰ ਪੂਰਨਤਾਈ ਦੇਂਦਾ ਹੈ।

'ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਿਨਿ ਚੜੇ॥ '

ਇਕਨਾਂ ਦੇ ਅੰਤਹਕਰਣ ਰੂਪੀ ਭਾਂਡਿਆਂ ਵਿਚ ਨਿਸ਼ਕਾਮ ਕਰਮਾਂ ਰੂਪੀ ਦੁੱਧ ਸਮਾਂਵਦਾ ਹੈ ਤੇ ਇਕ ਰਾਗ ਦਵੈਖ ਰੂਪ ਚੁਲ੍ਹਿਆਂ 'ਪਰ ਚੜ੍ਹੇ ਰਹਿੰਦੇ ਹਨ।

ਅਥਵਾ-ਵਿਹਾਰਾਂ ਵਿਚ ਖਪਦੇ ਰਹਿੰਦੇ ਹਨ।

ਇਕਿ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ॥

ਇਕ ਪੁਰਸ਼ ਨਿਹਾਲੀ=ਭੁਲਾਈਆਂ ਉਪਰ ਸੌਂਦੇ ਹਨ ਤੇ ਇਕ ਪੁਰਸ਼ ਪਹਿਰੇਦਾਰ ਹੋ ਕੇ ਉਪਰ ਖੜ੍ਹੇ ਰਹਿੰਦੇ ਹਨ। ਇਹ ਸਭ ਕਰਮਾਂ ਦੇ ਅਨੁਸਾਰ ਹੈ।

ਯਥਾ-ਕਬੀਰ ਜੀ ਨੇ ਕਥਨ ਕੀਤਾ ਹੈ-

ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ॥
ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥ ੧॥
ਅਹਿਰਖ ਵਾਦੁ ਨ ਕੀਜੈ ਰੇ ਮਨ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥ ੧॥ ਰਹਾਉ॥

(ਆਸਾ ਕਬੀਰ ਜੀ ਪੰਨਾ ੪੭੯)

ਅਥਵਾ :-ਇਕ ਪੁਰਸ਼ ਭਗਤੀ ਰੂਪ ਨਿਹਾਲੀ=ਤੁਲਾਈ ਉਪਰ ਸੌਂਦੇ ਹਨ ਤੇ ਇਕ ਕਾਮ ਆਦਿਕਾਂ ਦੇ ਉਪਰ ਖੜ੍ਹੇ ਰਹਿੰਦੇ ਹਨ। *ਅਥਵਾ* :-ਜੂਨਾਂ ਦੇ ਦੁੱਖ ਸੁਖ ਭੋਗਣ ਉਪਰ ਖੜ੍ਹੇ ਰਹਿੰਦੇ ਹਨ, ਇਹਨਾਂ ਸਾਰਿਆਂ ਵਿਚੋਂ-

ਤਿਨ੍ਹਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ॥ ੧॥

ਤਿਨ੍ਹਾਂ ਦੇ ਅੰਤਹਕਰਣ ਨੂੰ ਸਵਾਰਦਾ ਹੈ ਜਿਨ੍ਹਾਂ ਉਪਰ ਪਰਮੇਸ਼ਰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ॥ ੧॥

ਮਹਲਾ ੨॥ ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ॥

ਪਰਮਾਤਮਾ ਆਪ ਹੀ ਸੂਖਮ ਤੱਤਾਂ ਨੂੰ ਸਾਜਦਾ ਹੈ, ਆਪ ਹੀ ਅਸਥੂਲ ਤੱਤਾਂ ਨੂੰ ਕਰਦਾ ਹੈ। ਫੇਰ ਆਪ ਹੀ ਚੌਦਾਂ ਲੋਕ, *ਅਥਵਾ*-ਬ੍ਰਹਮੰਡ ਰੂਪ ਜਗ੍ਹਾਂ ਨੂੰ ਸਵਾਰ ਰੱਖਦਾ ਹੈ।

ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ॥

ਉਹਨਾਂ ਚੌਦਾਂ ਲੋਕਾਂ ਵਿਚ ਹੀ ਸਾਰਿਆਂ ਜੀਵਾਂ ਨੂੰ ਉਤਪਤ ਕਰਦਾ ਹੈ। ਇਸ ਸੰਸਾਰ ਬਾਜੀ ਨੂੰ ਆਪ ਹੀ ਥਾਪਿ=ਉਤਪਤ ਕਰਕੇ ਦੇਖੈ=ਪਾਲਣਾ ਅਤੇ ਉਥਾਪਿ=ਲੈਯ ਕਰਦਾ ਹੈ।

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਉਸ ਤੋਂ ਬਿਨਾਂ ਇਹ ਗੁਣ ਹੋਰ ਕਿਸ ਵਿਚ ਕਥਨ ਕਰੀਏ ਅਰਥਾਤ ਹੋਰ ਕਿਸੇ ਵਿਚ ਨਹੀਂ ਕਥਨ ਕੀਤੇ ਜਾਂਦੇ। ਉਹ ਆਪੇ ਆਪ ਪਰਮੇਸ਼ਰ ਹੀ ਸਭ ਰੂਪ ਹੋ ਰਿਹਾ ਹੈ॥ ੨॥

ਪਉੜੀ॥ ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥

ਵੱਡੇ ਪਰਮਾਤਮਾ ਦੀਆਂ ਵਡਿਆਈਆਂ ਨੂੰ ਜੇ ਕੁਛ ਕਹੀਏ ਤਾਂ ਮੁਖ ਤੋਂ ਕਥਨ ਨਹੀਂ ਕੀਤੀਆਂ ਜਾਂਦੀਆਂ।

ਯਥਾ- ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥ ੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ ੧॥ ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥

(ਆਸਾ ਮਹਲਾ ੧, ਪੰਨਾ ੯)

ਸ਼ੇਸ਼ਨਾਗ ਸਿਰ ਸਹਸ ਬਨਾਈ॥ ਦੈ ਸਹੰਸ ਰਸਨਾਹ ਸੁਹਾਈ॥

ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ ਤਊ ਨ ਪਾਵਤ ਪਾਰਾ॥ ੬॥

(ਦਸਮ ਗ੍ਰੰਥ ਪੰਨਾ ੪੭)

ਜਉਕਰੈ ਬੈਠ ਬ੍ਰਹਮਾ ਉਚਾਰ॥ ਨਹੀ ਤਦਪਿ ਤਾਸ ਪਾਯੰਤ ਪਾਰ॥
ਮੁਖ ਸਹੰਸ *ਫਣਪਤਿ ਰਟੰਤ॥ ਨਹੀ ਤਦਪਿ ਤਾਸ ਪਾਯੰਤ ਅੰਤ॥
ਨਿਸਦਿਨ ਜਪੰਤ ਸਨਕੰ ਸਨਾਤ॥ ਨਹੀ ਤਦਪਿ ਤਾਸ ਸੋਭਾ ◊ਨਿਰਾਤ॥

ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ॥

ਉਹ ਕਰਤਾ=ਅਕਾਲ ਪੁਰਖ, ਕਾਦਰ=ਸਮਰੱਥ, ਕਰੀਮੁ=ਕ੍ਰਿਪਾਲੂ ਹੈ ਅਤੇ ਸਾਰਿਆਂ ਜੀਵਾਂ ਨੂੰ ਰਿਜਕੁ=ਖਾਣ ਪਾਣ ਸੰਬਾਹਿ=ਪਹੁੰਚਾ ਦੇਂਦਾ ਹੈ।

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥

ਸਾਈ=ਓਹੋ, ਧੁਰਿ=ਆਦੋਂ, ਬੱਚੇ ਦੇ ਜਨਮ ਲੈਂਦਿਆਂ ਨਾਲ ਹੀ ਛੋਡੀ=ਦਿੱਤੀ। ਜੀਵ ਰੂਪੀ ਇਸਤ੍ਰੀ ਓਹੋ ਕੰਮ ਕਮਾਂਵਦੀ ਹੈ ਜੈਸੀ ਲਿਖਤ ਆਦਿ ਤੋਂ ਹੀ ਉਸ ਵਾਹਿਗੁਰੂ ਨੇ ਆਪ ਪਾ ਦਿੱਤੀ ਹੈ।

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਇਕ ਪਰਮਾਤਮਾ ਤੋਂ ਬਾਹਰੀ=ਬਿਨਾਂ ਹੋਰ ਕੋਈ ਦੂਜੀ ਜਾਇ=ਜਗ੍ਹਾਂ ਨਹੀਂ ਹੈ।

ਸੋ ਕਰੇ ਜਿ ਤਿਸੈ ਰਜਾਇ॥ ੨੪॥ ੧॥ ਸੁਧੁ॥

ਜੋ ਤਿਸ ਦੀ ਆਗਿਆ ਹੁੰਦੀ ਹੈ ਉਸ ਨੂੰ ਆਪ ਹੀ ਪੂਰਾ ਕਰਦਾ ਹੈ।

ਅਥਵਾ :-ਇਸ ਪੁਰਸ਼ ਨੂੰ ਚਾਹੀਦਾ ਹੈ, ਉਹ ਗੱਲ ਕਰੇ ਜੋ ਤਿਸ ਪਰਮੇਸ਼ਰ ਦੀ ਆਗਿਆ ਹੋਵੇ, ਕਿਉਂਕਿ ਆਗਿਆ ਮੰਨਣ ਤੇ ਹੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।

ਯਥਾ-ਆਗਿਆ ਸਮ ਨਾ ਸਾਹਿਬ ਸੇਵਾ॥

'ਸੁਧੁ'-ਇਹ ਸ੍ਰੀ ਆਸਾ ਜੀ ਦੀ ਵਾਰ ਸੁਧੁ ਕਹੀਏ ਸੋਧੀ ਹੋਈ ਹੈ ਭਾਵ ਠੀਕ ਹੈ ਇਸ ਵਾਰ ਦੇ ਸੋਧਣ ਦਾ ਹੋਰ ਕਿਸੇ ਨੂੰ ਹੱਕ ਨਹੀਂ ਹੈ, ਕਿਉਂਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ ਬਾਈ ਵਾਰਾਂ ਹਨ।

ਪਹਿਲੀ ਵਾਰ ਦੇ ਅੰਤ ਵਿਚ 'ਸੁਧੁ' ਹੈ। *(ਪੰਨਾ ੯੧ ਦੇਖੋ)*
ਦੂਜੀ ਵਾਰ ਦੇ ਅੰਤ ਵਿਚ ਭੀ 'ਸੁਧੁ' ਹੈ। *(ਪੰਨਾ ੧੫੦ ਦੇਖੋ)*
ਤੀਜੀ ਵਾਰ ਦੇ ਅੰਤ ਵਿਚ ਭੀ 'ਸੁਧੁ' ਹੈ। *(ਪੰਨਾ ੩੧੮ ਦੇਖੋ)*
ਪਰ ਚੌਥੀ ਵਾਰ ਦੇ ਅੰਤ ਵਿਚ 'ਸੁਧੁ ਕੀਚੇ' ਲਿਖਿਆ ਹੈ। *(ਪੰਨਾ ੩੨੩ ਦੇਖੋ)*

ਇਹ ਵਾਰ ਪੰਚਮ ਪਿਤਾ ਜੀ ਨੇ ਸਭ ਤੋਂ ਪਹਿਲੇ ਆਪਣੇ ਮੁਖਾਰਬਿੰਦ ਤੋਂ ਲਿਖ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅੱਗੇ ਅਰਪਣ ਕਰਕੇ ਅਰਦਾਸ ਕੀਤੀ ਹੈ ਕਿ ਸੱਚੇ ਪਾਤਿਸ਼ਾਹ ਜੀ ! ਇਸ ਵਾਰ ਨੂੰ ਆਪ ਜੀ ਨੇ ਸ਼ੁਧ ਕਰ ਲੈਣਾ।

ਸੰਪ੍ਰਦਾ ਵਾਲੇ ਸਭ ਗਿਆਨੀ ਪਰੰਪਰਾ ਰੀਤੀ ਨਾਲ 'ਸੁਧੁ ਕੀਚੇ' ਦਾ ਅਰਥ ਇਹੀ ਕਰਦੇ ਚਲੇ ਆਏ ਹਨ।

**ਸ਼ੇਸ਼ਨਾਗ, ◊ਨਿਰਨਾ।*

ਪਰੰਤੂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪਣੇ ਰਚੇ ਹੋਏ ਖਾਲਸਾ ਟਰੈਕਟ ਸੁਸਾਇਟੀ ਕੋਸ਼ ਵਿਚ ੨੧੨ ਪੰਨੇ 'ਪਰ 'ਸੁਧੁ ਕੀਚੇ' ਦਾ ਅਰਥ ਕਿਉਂ ਕੀਤਾ ਹੈ-ਜੋ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਭਾਈ ਗੁਰਦਾਸ ਜੀ ਹਨ, ਉਨ੍ਹਾਂ ਨੂੰ ਚਿਤਾਵਨੀ ਕੀਤੀ ਹੈ ਕਿ ਤੁਸਾਂ ਇਸ ਵਾਰ ਨੂੰ ਸ਼ੁਧ ਕਰ ਲੈਣਾ।

ਸ੍ਰੀ ਮਾਨ ਭਾਈ ਕਾਹਨ ਸਿੰਘ ਜੀ ਨਾਭਾ ਨੇ ਆਪਣੇ ਰਚੇ ਹੋਏ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਪੰਨਾ ੬੪੦ 'ਪਰ 'ਸੁਧੁ ਕੀਚੇ' ਦਾ ਅਰਥ ਇਉਂ ਲਿਖਿਆ ਹੈ।

ਸੁਧੁ ਕੀਚੇ=ਸੋਧਣਾ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਉੜੀ ਦੀ ਦੂਜੀ ਵਾਰ ਦੇ ਅੰਤ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵਲੋਂ ਭਾਈ ਗੁਰਦਾਸ ਜੀ ਨੂੰ ਆਗਿਆ ਹੈ ਕਿ ਪਾਠ ਅਤੇ ਅੰਗ ਚੰਗੀ ਤਰ੍ਹਾਂ ਦੇਖ ਕੇ ਜੇ ਕੋਈ ਲਿਖਣ ਵਿਚ ਭੁਲ ਹੋਈ ਹੈ ਤਦ ਦੂਰ ਕਰੋ।

ਪੰਜਵੀਂ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੪੭੫ ਦੇਖੋ)*

ਛੇਵੀਂ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੫੧੭ ਦੇਖੋ)*

ਸੱਤਵੀਂ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੫੨੪ ਦੇਖੋ)*

ਅੱਠਵੀਂ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੫੫੬ ਦੇਖੋ)*

ਨੌਵੀਂ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੫੮੪ ਦੇਖੋ)*

ਦਸਵੀਂ ਸੋਰਠਿ ਦੀ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੬੫੪ ਦੇਖੋ)*

ਯਾਰਵੀਂ ਜੈਤਸਰੀ ਦੀ ਵਾਰ ਦੇ ਅੰਤ ਵਿਚ ਕੁਛ ਨਹੀਂ ਲਿਖਿਆ। *(ਪੰਨਾ ੭੧੦ ਦੇਖੋ)*

ਬਾਹਰਵੀਂ ਸੂਹੀ ਦੀ ਵਾਰ ਦੇ ਅੰਤ ਵਿਚ ਕੁਛ ਨਹੀਂ ਲਿਖਿਆ। *(ਪੰਨਾ ੭੬੨ ਦੇਖੋ)*

ਤੇਹਰਵੀਂ ਬਿਲਾਵਲ ਦੀ ਵਾਰ ਦੇ ਅੰਤ ਵਿਚ ਸੁਧੁ ਹੈ। *(ਪੰਨਾ ੮੫੫ ਦੇਖੋ)*

ਚੌਧਵੀਂ ਰਾਮਕਲੀ ਦੀ ਵਾਰ ਦੇ ਅੰਤ ਵਿਚ ਸੁਧੁ ਹੈ। *(ਪੰਨਾ ੯੫੬ ਦੇਖੋ)*

ਪੰਦਰਵੀਂ ਰਾਮਕਲੀ ਦੀ ਦੂਜੀ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੯੬੬ ਦੇਖੋ)*

ਸੋਲ੍ਹਵੀਂ ਰਾਮਕਲੀ ਦੀ ਵਾਰ ਸਤੇ ਬਲਵੰਡ ਦੀ, ਇਥੇ ਕੁਛ ਨਹੀਂ ਲਿਖਿਆ। *(ਪੰਨਾ ੯੬੮ ਦੇਖੋ)*

ਸਤਾਰ੍ਹਵੀਂ ਮਾਰੂ ਦੀ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੧੦੮੪ ਦੇਖੋ)*

ਅਠਾਰ੍ਹਵੀਂ ਮਾਰੂ ਡਖਣੇ ਦੀ ਵਾਰ ਦੇ ਅੰਤ ਵਿਚ ਕੁਛ ਨਹੀਂ ਲਿਖਿਆ। *(ਪੰਨਾ ੧੧੦੨ ਦੇਖੋ)*

ਉਨੀਵੀਂ ਬਸੰਤ ਦੀ ਵਾਰ ਦੇ ਅੰਤ ਵਿਚ ਕੁਛ ਨਹੀਂ ਲਿਖਿਆ। *(ਪੰਨਾ ੧੧੯੩ ਦੇਖੋ)*

ਵੀਹਵੀਂ ਸਾਰੰਗ ਦੀ ਵਾਰ ਦੇ ਅੰਤ ਵਿਚ ਸੁਧੁ ਹੈ। *(ਪੰਨਾ ੧੨੫੧ ਦੇਖੋ)*

ਇਕੀਹਵੀਂ ਮਲਾਰ ਦੀ ਵਾਰ ਦੇ ਅੰਤ ਵਿਚ ਸੁਧੁ ਹੈ। *(ਪੰਨਾ ੧੨੯੧ ਦੇਖੋ)*

ਬਾਈਵੀਂ ਕਾਨੜੇ ਦੀ ਵਾਰ ਦੇ ਅੰਤ ਵਿਚ ਭੀ ਸੁਧੁ ਹੈ। *(ਪੰਨਾ ੧੩੧੮ ਦੇਖੋ)*

ਸੋਲ੍ਹਾਂ ਵਾਰਾਂ ਦੇ ਅੰਤ ਵਿਚ ਸੁਧੁ ਲਿਖਿਆ ਹੋਇਆ ਹੈ ਪਰ ਗਉੜੀ ਦੀ ਦੂਜੀ ਵਾਰ ਪੰਨਾ ੩੨੩ 'ਪਰ 'ਸੁਧੁ ਕੀਚੇ' ਲਿਖਿਆ ਹੋਇਆ ਹੈ।

ਇਕ ਹੀ ਵਾਰ ਵਿਚ 'ਸੁਧੁ ਕੀਚੇ' ਸ਼ਬਦ ਆਉਂਦਾ ਹੈ।

ਪੰਜ ਵਾਰਾਂ ਦੇ ਅੰਤ ਵਿਚ ਕੁਝ ਵੀ ਨਹੀਂ ਲਿਖਿਆ।

ਜੇਕਰ ਗੁਰੂ ਸਾਹਿਬ ਜੀ ਨੇ ਪੰਜਾਂ ਵਾਰਾਂ ਦੇ ਅੰਤ ਵਿਖੇ 'ਸੁਧੁ' ਨਹੀਂ ਲਿਖਿਆ ਤਾਂ ਇਹ ਉਹਨਾਂ ਦੀ ਆਪਣੀ ਮਰਜ਼ੀ ਹੈ।

ਉਹਨਾਂ ਦੇ ਭੇਦ ਨੂੰ ਕੌਣ ਕੋਈ ਜਾਣ ਸਕਦਾ ਹੈ। ਜਿਹੜੇ ਲੋਕ ਆਪਣੇ ਰਾਇ ਅਨੁਸਾਰ ਆਖਦੇ ਹਨ ਕਿ ਸਾਰੀ ਬਾਣੀ ਇਕਸਾਰ ਹੋਣੀ ਚਾਹੀਦੀ ਹੈ, ਇਹ ਉਹਨਾਂ ਦੀ ਕੇਵਲ ਮਨਮਤ ਹੈ। ਸਾਰੀ ਬਾਣੀ ਇਕਸਾਰ ਕਿਵੇਂ ਹੋ ਸਕਦੀ ਹੈ ?

ਜੇਕਰ ਇਹ ਆਖਣ ਕਿ ਜਿਵੇਂ ਮੰਗਲ ਅਸਾਂ ਨੇ ਸਾਰੇ ਉਪਰ ਕਰ ਦਿੱਤੇ ਹਨ, ਇਸ ਤਰ੍ਹਾਂ ਇਕਸਾਰ ਹੋ ਸਕਦੀ ਹੈ ਤਾਂ ਆਪ ਧਿਆਨ ਨਾਲ ਦੇਖੋ। ਭਾਵੇਂ ਮੰਗਲ ਸਾਰੇ ਇਨ੍ਹਾਂ ਨੇ ਉਪਰ ਤਾਂ ਕਰ ਦਿੱਤੇ ਹਨ, ਪਰੰਤੂ ਸਾਰੇ ਮੰਗਲ ਇਕ ਜੇਹੇ ਨਹੀਂ ਹਨ। ਮੰਗਲਾਂ ਵਿਖੇ ਭੀ ਚਾਰ ਪ੍ਰਕਾਰ ਦੇ ਭੇਦ ਹਨ-

ਪਹਿਲਾ ਮੰਗਲ-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਦੂਜਾ ਮੰਗਲ-

ੴ ਸਤਿਗੁਰ ਪ੍ਰਸਾਦਿ॥

ਤੀਜਾ ਮੰਗਲ-

ੴ ਸਤਿਨਾਮੁ ਗੁਰ ਪ੍ਰਸਾਦਿ॥

ਚੌਥਾ ਮੰਗਲ-

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਤਾਂ ਦੱਸੋ ਇਕਸਾਰ ਬਾਣੀ ਕਿਵੇਂ ਹੋ ਸਕਦੀ ਹੈ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਕੁਲ 'ਮੰਗਲ' ੫੬੪ ਵਾਰੀ ਆਉਂਦੇ ਹਨ। ਜਿਨ੍ਹਾਂ ਵਿਚੋਂ ੪੯੪ ਵਾਰ ਮੰਗਲ ਰਾਗਾਂ ਦੇ ਸਿਰਲੇਖ ਲਿਖ ਕੇ ਮਗਰੋਂ ਲਿਖੇ ਜਾਂਦੇ ਹਨ ਜਾਂ ਪੜ੍ਹੇ ਜਾਂਦੇ ਹਨ ਅਤੇ ੭੦ ਵਾਰੀ ਮੰਗਲ ਪਹਿਲਾਂ ਪੜ੍ਹੇ ਜਾਂਦੇ ਹਨ। ਇਹਨਾਂ ਮੰਗਲਾਂ ਦਾ ਸਾਰਾ ਖੁਲਾਸਾ ਵੇਰਵਾ 'ਅਮੀਰ ਭੰਡਾਰ' ਗ੍ਰੰਥ ਦੇ ਪੰਨਾ ੪੦ 'ਪਰ ਪੜ੍ਹੋ।

ਏਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸੋਦਰ, ਤਿੰਨ ਹਨ ਪਰ ਤਿੰਨਾਂ ਸੋਦਰਾਂ ਵਿਚ ਭੀ ਭੇਦ ਹੈ। ਇਕ ਸੋਦਰ ਦੂਸਰੇ ਸੋਦਰ ਨਾਲ ਨਹੀਂ ਰਲਦਾ। ਕੱਲ੍ਹ ਨੂੰ ਹੋਰ ਮਨਮਤੀਏ ਉਠਣਗੇ ਤਾਂ ਉਹ ਆਖਣਗੇ ਸੋਦਰ ਤਿੰਨੇ ਇਕੋ ਜਿਹੇ ਹੋਣੇ ਚਾਹੀਦੇ ਹਨ ਤਾਂ ਸ਼ਰਧਾਲੂ ਸਿੱਖ ਕੀ ਕਰ ਸਕਣਗੇ।

ਏਸੇ ਤਰ੍ਹਾਂ 'ਜਪੁਜੀ' ਦੇ ਭੋਗ ਸਮੇਂ ਜੋ ਸਲੋਕ ਹੈ-'ਪਵਣੁ ਗੁਰੂ ਪਾਣੀ ਪਿਤਾ' ਅਤੇ 'ਮਾਝ ਦੀ ਵਾਰ' ਵਿਖੇ ਜੋ ੧੪੬ ਪੰਨੇ 'ਪਰ ਸਲੋਕ ਹੈ-'ਪਉਣੁ ਗੁਰੂ ਪਾਣੀ ਪਿਤਾ' ਇਹਨਾਂ ਦਾ ਆਪਸ ਵਿਚ ਭੇਦ ਹੈ।

ਇਸੇ ਤਰ੍ਹਾਂ 'ਜਪੁਜੀ ਸਾਹਿਬ' ਦੇ ਆਰੰਭ ਵਿਖੇ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਤੇ ਗਉੜੀ ਰਾਗ ਸੁਖਮਨੀ ਸਾਹਿਬ ਵਿਖੇ ੨੬੫ ਪੰਨੇ 'ਪਰ 'ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥' ਦਾ ਭੇਦ ਹੈ।

ਇਸ ਤਰ੍ਹਾਂ ਦੇ ਭੇਦ ਨੂੰ ਇਹ ਕਲਜੁਗੀ ਜੀਵ ਆਪਣੀਆਂ ਰਾਵਾਂ ਨਾਲ ਕਿਵੇਂ ਦੂਰ ਕਰ ਸਕਦੇ ਹਨ। ਅਸੀਂ ਕਲਜੁਗੀ ਜੀਵ ਗੁਰੂ ਸਾਹਿਬ ਜੀ ਦੇ ਗੁਹਜ ਖਿਆਲਾਂ ਨੂੰ ਨਹੀਂ ਜਾਣ ਸਕਦੇ ਜੋ ਉਹਨਾਂ ਨੇ ਕਿਸ ਕਿਸ ਖਿਆਲਾਂ ਅਨੁਸਾਰ ਇਹ ਗੁਹਜ ਭਾਵਾਂ ਨਾਲ ਬਾਣੀ ਲਿਖੀ ਹੈ। ਫਿਰ ਇਹ ਰੱਬੀ ਬਾਣੀ ਸੁਤੰਤਰ ਹੈ।

[ਪੰਨਾ ੪੭੫]

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਆਸਾ ਬਾਣੀ ਭਗਤਾ ਕੀ ॥

ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥

ਆਸਾ ਸ੍ਰੀ ਕਬੀਰ ਜੀਉ ॥

ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ ॥
ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧ ॥
ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥

ਉਥਾਨਕਾ–ਸੰਸਾਰ ਦੀ ਭੈੜੀ ਦਸ਼ਾ ਵੇਖ ਕੇ ਕਬੀਰ ਜੀ ਆਪਣੇ ਗੁਰੂ ਰਾਮਾ ਨੰਦ ਜੀ ਪਾਸ ਬੇਨਤੀ ਕਰਦੇ ਹਨ।

ਨੋਟ-ਪਹਿਲੀ ਤੁਕ ਵਿਚ ਜੋ 'ਗੁਰ' ਸ਼ਬਦ ਹੈ ਇਸ ਨੂੰ 'ਰਹਾਉ' ਦੀ ਪੰਗਤੀ ਨਾਲ ਜੋੜ ਕੇ ਅਰਥ ਸ਼ੁਰੂ ਕਰਨਾ ਹੈ।

ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ॥

ਹੇ ਗੁਰਦੇਵ ! ਕਿਰਪਾ ਕਰੋ ਮੈਨੂੰ ਚੰਗੇ ਰਸਤੇ ਲਾਓ, ਜਿਸ ਕਰਕੇ ਭੈਦਾਇਕ ਸੰਸਾਰਕ ਬੰਧਨ ਟੁੱਟ ਜਾਣ।

ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ

ਮੈਂ ਆਪ ਜੀ ਦੇ ਪਵਿਤ੍ਰ ਚਰਨਾਂ ਨਾਲ ਲੱਗ ਕੇ ਬੇਨਤੀ ਪੂਰਬਕ ਪੁਛਦਾ ਹਾਂ।

ਕਹ ਜੀਉ ਪਾਇਆ॥

ਪਹਿਲਾ ਪ੍ਰਸ਼ਨ-ਜੀਵ ਨੂੰ ਮਾਤਾ ਦੇ ਉਦਰ ਰੂਪੀ ਸੰਗੀਨ ਕੋਠੀ ਵਿਚ ਕਿਉਂ ਪਾਵਣਾ ਕੀਤਾ ਹੈ ?
ਦੂਜਾ ਪ੍ਰਸ਼ਨ-ਜੀਵ ਨੂੰ ਸੰਸਾਰ ਵਿਚ ਪੈਦਾ ਕਿਉਂ ਕੀਤਾ ਹੈ ?

ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ॥ ੧॥

ਤੀਜਾ ਪ੍ਰਸ਼ਨ-ਜੀਵ ਸੰਸਾਰ ਵਿਚ ਕਿਸ ਵਾਸਤੇ ਉਪਜੈ ਬਿਨਸੈ=ਜੰਮਦਾ ਮਰਦਾ ਹੈ ?

ਹੇ ਗੁਰੋ ! ਤਿੰਨੇ ਪ੍ਰਸ਼ਨਾਂ ਦੇ ਉੱਤਰ ਮੈਨੂੰ ਸਮਝਾ ਕੇ ਆਪ ਕਥਨ ਕਰੋ।

ਹੁਣ ਰਾਮਾ ਨੰਦ ਜੀ ਤੀਜੇ ਪ੍ਰਸ਼ਨ ਦਾ ਉੱਤਰ ਪਹਿਲੇ ਸੁਣਾਉਂਦੇ ਹਨ-ਹੇ ਕਬੀਰ !

ਜਨਮ ਮਰਨ ਦੁਖ ਫੇੜ ਕਰਮ

ਆਪਣੇ ਕਰਮਾਂ ਦੇ ਫੇੜ=ਕੀਤੇ ਅਨੁਸਾਰ ਜਨਮ ਮਰਨ ਦਾ ਦੁੱਖ ਹੁੰਦਾ ਹੈ, ਭਾਵ ਕਰਮਾਂ ਅਨੁਸਾਰ ਇਹ ਜੀਵ ਸੰਸਾਰ ਵਿਚ ਜੰਮਦਾ ਮਰਦਾ ਹੈ।

ਸੁਖ ਜੀਅ ਜਨਮ ਤੇ ਛੂਟੈ॥ ੧॥ ਰਹਾਉ॥

ਜਦੋਂ ਇਹ ਜੀਵ ਜਨਮਿਆਂ ਹੈ, ਤਦ ਕਾਲ ਤੋਂ ਸੁਖ ਇਸ ਦੇ ਪਾਸ ਛੁਟ ਗਿਆ ਹੈ, ਕਿਉਂਕਿ ਸ਼ਾਸਤ੍ਰ ਦਾ ਇਹ ਨਿਯਮ ਹੈ ਕਿ ਸਰੀਰ ਦੁੱਖਾਂ ਦੀ ਖਾਨ ਹੈ।

ਯਥਾ- ਸਗਲ ਦੂਖ ਕੋ ਕਾਰਨ ਦੇਹ॥

(ਮੋਖ ਪੰਥ ਪ੍ਰਕਾਸ਼ ਨਿਵਾਸ ਪਹਿਲਾ)

ਤਥਾ- ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥

(ਮਾਝ ਵਾਰ ਪੰਨਾ ੧੪੯)

ਤਥਾ- ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥ ੮੧॥ *(ਪੰਨਾ ੧੩੮੨)*

ਤਥਾ- ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥

(ਸਿਰੀ ਰਾਗੁ ਮ: ੧ ਪੰਨਾ ੫੭)

ਪ੍ਰਮਾਣ ਨੰਬਰ ਤਿੰਨ-

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥
ਦੁਖੁ ਦੁਖੁ ਅਗੈ ਆਖੀਐ ਪੜਿ ਪੜਿ ਕਰਹਿ ਪੁਕਾਰ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥

(ਸਾਰੰਗ ਵਾਰ ਪੰਨਾ ੧੨੪੦)

ਤਥਾ- ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ॥

(ਵਡਹੰਸ ਮ: ੧ ਪੰਨਾ ੫੮੧)

*ਪੁਨਾ ਪ੍ਰਸ਼ਨ-*ਇਸ ਜੀਵ ਨੂੰ ਸੁਖ ਦੀ ਪਰਾਪਤੀ ਕਿਸ ਤਰ੍ਹਾਂ ਹੋਵੇ ?

*ਉੱਤਰ-*ਸੁਖ ਜੀਅ ਜਨਮ ਤੇ ਛੂਟੈ=ਜਦ ਇਹ ਜੀਵ ਜਨਮ ਮਰਨ ਵਲੋਂ ਛੁਟ ਜਾਵੇ ਤਾਂ ਇਸ ਨੂੰ ਸੁਖ

ਦੀ ਪਰਾਪਤੀ ਹੁੰਦੀ ਹੈ।

ਦੂਜਾ ਪ੍ਰਸ਼ਨ ਸੀ ਇਸ ਜੀਵ ਨੂੰ ਪੈਦਾ ਕਿਉਂ ਕੀਤਾ ਹੈ ? ਹੁਣ ਉਸ ਦਾ ਉੱਤਰ ਦੇਂਦੇ ਹਨ-

ਮਾਇਆ ਫਾਸ ਬੰਧਨ ਹੀ ਫਾਰੈ

ਮਾਇਆ ਦੀ ਫਾਹੀ ਜੋ ਬੰਧਨ ਰੂਪ ਹੈ ਹੀ=ਨਿਸਚੇ ਕਰਕੇ ਤਿਸ ਦੇ ਫਾਰੈ=ਨਾਸ ਕਰਨ ਲਈ ਜੀਵ ਨੂੰ ਸੰਸਾਰ ਵਿਚ ਪੈਦਾ ਕੀਤਾ ਹੈ। (ਅਰਥ ਵਾਸਤੇ 'ਬੰਧਨ' ਕੀਤਾ ਹੈ)

ਅਰੁ ਮਨ ਸੁੰਨਿ ਨ ਲੂਕੇ॥

ਅਰੁ=ਅਤੇ ਸਾਰਿਆਂ ਦਾ ਮਨ=ਸ਼ਰੋਮਣੀ ਜੋ ਸੁੰਨਿ=ਅਫੁਰ ਪਰਮਾਤਮਾ ਹੈ ਤਿਸ ਦੇ ਵਿਚ ਲੂਕੇ= ਤਦਾਕਾਰ ਹੋਣ ਵਾਸਤੇ ਨ=ਪੁਰਸ਼ ਨੂੰ ਪੈਦਾ ਕੀਤਾ ਹੈ।

ਆਪਾ ਪਦੁ ਨਿਰਬਾਣੁ ਨ ਚੀਨ੍ਹਿਆ

ਬੰਧਨਾਂ ਤੋਂ ਰਹਿਤ ਜੋ ਆਤਮ ਪਦ ਹੈ ਉਸ ਦੇ ਚੀਨਿਆ=ਜਾਨਣ ਵਾਸਤੇ ਨ=ਪੁਰਸ਼ ਨੂੰ ਪੈਦਾ ਕੀਤਾ ਹੈ।

ਇਨ ਬਿਧਿ ਅਭਿਉ ਨ ਚੂਕੇ॥ ੨॥

ਇਹ ਵਿਧੀ ਹੈ ਭੈ ਤੋਂ ਰਹਿਤ ਹੋਣ ਦੀ, ਇਸ ਕਰਕੇ ਜੀਵ ਕਦੇ ਚੂਕੇ=ਭੁਲਦਾ ਨਹੀਂ। ਪਹਿਲੇ ਪ੍ਰਸ਼ਨ ਦਾ ਉੱਤਰ ਦੇਣ ਵਾਸਤੇ ਦੋ ਪੰਗਤੀਆਂ ਦਾ ਅਰਥ ਫੇਰ ਕਰਨਾ।

ਮਾਇਆ ਫਾਸ ਬੰਧ ਨਹੀਂ ਫਾਰੈ ਅਰੁ ਮਨ ਸੁੰਨਿ ਨ ਲੂਕੇ॥

ਇਹ ਜੀਵ ਮਾਇਆ ਦੀ ਜੋ ਮੋਹ ਰੂਪ ਫਾਹੀ ਹੈ ਬੰਧਨ ਰੂਪ, ਉਸ ਨੂੰ ਫਾੜਦਾ ਨਹੀਂ ਅਤੇ ਸੁੰਨਿ=ਅਫੁਰ ਸਮਾਧੀ ਵਿਚ ਮਨ ਤਦਾਕਾਰ ਨਹੀਂ ਹੁੰਦਾ, ਇਸ ਕਰਕੇ ਮਾਤਾ ਦੇ ਉਦਰ ਰੂਪ ਸੰਗੀਨ ਕੋਠੀ ਵਿਚ ਪਾਇਆ ਹੈ। ਅਸਲ ਪਾਠ ਏਹੀ ਹੈ ਬੰਧ+ਨਹੀ ਫਾਰੈ।

ਆਪਾ ਪਦੁ ਨਿਰਬਾਣੁ ਨ ਚੀਨ੍ਹਿਆ

ਨਿਰਬਾਣੁ=ਦੁੱਖ ਰਹਿਤ ਆਤਮਾ ਨੂੰ ਜਾਨਣਾ ਨਹੀਂ ਕੀਤਾ, ਇਸ ਕਰਕੇ ਜੀਵ ਨੂੰ ਮਾਤਾ ਦੇ ਉਦਰ ਰੂਪ ਸੰਗੀਨ ਕੋਠੀ ਵਿਚ ਪਾਇਆ ਹੈ।

ਇਨ ਬਿਧਿ ਅਭਿਉ ਨ ਚੂਕੇ॥ ੨॥

ਇਸ ਵਿਧੀ ਨਾਲ ਭੈ ਤੋਂ ਰਹਿਤ ਹੋਣਾ ਸੀ ਪਰ ਹੋਇਆ ਨਾ, ਕਿਉਂਕਿ ਚੂਕੇ=ਭੁਲ ਜੋ ਗਿਆ।

ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ॥

ਜੋ ਮਾਇਆ ਅਤੇ ਸ੍ਰਿਸ਼ਟੀ ਅਨਾਦੀ ਰੂਪ ਹੋਣ ਕਰਕੇ ਤਿੰਨ ਕਾਲਾਂ ਵਿਚ ਕਿਸੀ ਕਾਲ ਵਿਚ ਉਤਪੰਨ ਨਹੀਂ ਹੋਈ, ਭਾਵ ਝੂਠੀ ਹੈ। ਅਗਿਆਨੀ ਪੁਰਸ਼ ਉਸ ਨੂੰ ਭਰਮ ਤੋਂ ਉਤਪੰਨ ਹੋਈ ਜਾਣਦਾ ਹੈ, ਭਾਵ ਸੱਚੀ ਸਮਝਦਾ ਹੈ। ਜਿਵੇਂ ਰਜੂ ਵਿਖੇ ਸਰਪ ਤਿੰਨ ਕਾਲ ਹੋਇਆ ਹੀ ਨਹੀਂ ਅਤੇ ਮਾਰੂ ਸਥਲ ਵਿਖੇ ਮ੍ਰਿਗ ਤ੍ਰਿਸ਼ਨਾ ਦਾ ਜਲ ਭੀ ਨਹੀਂ ਹੋਇਆ ਅਤੇ ਸਿਪੀ ਵਿਖੇ ਰਜਤ ਭਾਵ ਚਾਂਦੀ ਕਦੇ ਹੋਈ ਨਹੀਂ, ਪਰੰਤੂ ਭਰਮ ਨਾਲ ਸੱਚੀ ਸਮਝਦਾ ਹੈ।

ਭਾਵ—ਪਰੇਮ ਕਰਨਾ ਸੀ ਪਰਮਾਤਮਾ ਵਿਚ, ਉਸ ਤੋਂ ਬਿਹੂਣਾ=ਬਿਨਾਂ ਹੋ ਰਿਹਾ ਹੈ ਅਤੇ ਅਭਾਵ=ਪਰੇਮ ਨਹੀਂ ਕਰਨਾ ਸੀ ਮਾਇਆ ਜਾਂ ਸ੍ਰਿਸ਼ਟੀ ਵਿਚ ਉਸ ਨਾਲ ਪਰੇਮ ਕਰਦਾ ਹੈ, ਇਸ ਕਰਕੇ ਇਸ ਨੂੰ ਮਾਤਾ ਦੇ ਉਦਰ ਰੂਪ ਸੰਗੀਨ ਕੋਠੀ ਵਿਚ ਪਾਇਆ ਹੈ।

ਅਥਵਾ-ਗੁਰਾਂ ਦੀ ਤੇ ਸ਼ਾਸਤ੍ਰਾਂ ਦੀ ਕਹੀ ਹੋਈ ਸ਼ੁਭ ਸਿੱਖਿਆ ਹਿਰਦੇ ਵਿਚ ਉਤਪੰਨ ਨਹੀਂ ਹੁੰਦੀ ਤੇ ਆਪਣੀ ਮਨਮਤ ਨੂੰ ਉਪਜੀ=ਸੱਚੀ ਜਾਣਦਾ ਹੈ, ਭਾਵ ਪਰੇਮ ਕਰਨਾ ਸੀ ਗੁਰ ਸਿੱਖਿਆ ਵਿਚ; ਉਸ ਤੋਂ ਬਿਨਾਂ ਹੋ ਰਿਹਾ ਹੈ।

ਯਥਾ- ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ॥
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ॥ ੨॥

(ਆਸਾ ਮ: ੫ ਪੰਨਾ ੩੯੧)

ਅਤੇ ਅਭਾਵ=ਪਰੇਮ ਨਹੀਂ ਕਰਨਾ ਸੀ ਮਨਮਤ ਵਿਖੇ ਪਰ ਉਸ ਵਿਚ ਪਰੇਮ ਕਰ ਰਿਹਾ ਹੈ ਇਸ ਕਰਕੇ ਜੀਵ ਨੂੰ ਮਾਤਾ ਦੇ ਉਦਰ ਰੂਪ ਸੰਗੀਨ ਕੋਠੀ ਵਿਚ ਪਾਇਆ ਹੈ।

ਉਦੈ ਅਸਤ ਕੀ ਮਨ ਬੁਧਿ

ਉਦਿਆਚਲ ਤੋਂ ਲੈ ਕੇ ਅਸਤ=ਅਸਥਾਚਲ ਤੱਕ ਜਿਤਨੇ ਕੁ ਪਦਾਰਥ ਹਨ ਉਨ੍ਹਾਂ ਦੇ ਮਨ-ਮੰਨਣ ਕਰਨ ਵਾਲੀ ਬੁੱਧੀ ਹੋ ਰਹੀ ਹੈ।

ਅਥਵਾ :-ਉਦੈ ਅਸਤ=ਜਨਮ ਮਰਨ, ਹਰਖ ਸ਼ੋਕ, ਰਾਗ ਦਵੈਸ਼ ਦੇ ਮੰਨਨ ਕਰਨ ਵਾਲੀ ਬੁੱਧੀ ਹੋ ਰਹੀ ਹੈ, ਇਸ ਕਰਕੇ ਇਸ ਨੂੰ ਮਾਤਾ ਦੇ ਉਦਰ ਰੂਪ ਸੰਗੀਨ ਕੋਠੀ ਵਿਚ ਪਾਇਆ ਹੈ।

ਪ੍ਰਸ਼ਨ -ਮਾਤਾ ਦੇ ਉਦਰ ਰੂਪੀ ਸੰਗੀਨ ਕੋਠੀ ਵਿਚ ਪੈਣ ਤੋਂ ਕਿਵੇਂ ਬਚੇ ? *ਉੱਤਰ-*

ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ॥ ੩॥

ਉਦੈ=ਉਦਿਆਚਲ ਤੋਂ ਲੈ ਕੇ ਅਸਤ=ਅਸਥਾਚਲ ਤੱਕ ਜਿਤਨੇ ਕੁ ਪਦਾਰਥ ਹਨ ਉਹਨਾਂ ਦੇ ਮੰਨਣ ਕਰਨ ਵਾਲੀ ਬੁੱਧੀ ਨਾਸ ਹੋ ਜਾਵੇ।

ਅਥਵਾ :-ਉਦੈ ਅਸਤ=ਜਨਮ ਮਰਨ, ਹਰਖ ਸ਼ੋਕ, ਰਾਗ ਦਵੈਸ਼ ਦੇ ਮੰਨਨ ਕਰਨ ਵਾਲੀ ਬੁੱਧੀ ਨਾਸ ਹੋ ਜਾਵੇ ਤਾਂ ਲਿਵ ਲੱਗਾ ਕੇ ਹਮੇਸ਼ਾ ਲਈ ਸਹਜ ਪਦ ਵਿਖੇ ਲੀਣ ਹੋ ਜਾਂਦਾ ਹੈ। ਇਸ ਜੁਗਤੀ ਨਾਲ ਮਾਂ ਦੇ ਉਦਰ ਰੂਪ ਸੰਗੀਨ ਕੋਠੀ ਵਿਚ ਨਹੀਂ ਪੈਂਦਾ॥ ੩॥

ਪ੍ਰਸ਼ਨ-ਸਹਜ ਪਦ ਵਿਚ ਕਿਵੇਂ ਅਭੇਦ ਹੁੰਦਾ ਹੈ ? *ਉੱਤਰ-*

ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥

ਜਿਵੇਂ ਸੂਰਜ ਦਾ ਪ੍ਰਤਿਬਿੰਬ ਜਲ ਘਟ ਉਪਾਧੀ ਕਰਕੇ ਵਖਰਾ ਮਾਲੂਮ ਹੁੰਦਾ ਹੈ, ਪਰ ਜਿਸ ਵੇਲੇ ਘੜੇ ਚੋਂ ਜਲ ਡੋਲ੍ਹਿਆ ਜਾਵੇ ਤਾਂ ਉਹ ਪ੍ਰਤਿਬਿੰਬ ਸੂਰਜ ਨੂੰ ਜਾ ਮਿਲਦਾ ਹੈ, ਏਸੇ ਤਰ੍ਹਾਂ ਅੰਤਹਕਰਣ ਘਟ ਉਪਾਧੀ ਕਰਕੇ ਸਾਖੀ ਚੇਤਨ ਬ੍ਰਹਮ ਤੋਂ ਭਿੰਨ ਮਾਲੂਮ ਹੁੰਦਾ ਹੈ, ਪਰ ਜਿਸ ਵੇਲੇ ਅੰਤਹਕਰਣ ਰੂਪ ਘੜੇ ਚੋਂ ਸ਼ਕਾਮ ਕਰਮਾਂ ਰੂਪੀ ਜਲ ਡੋਲ੍ਹਿਆ ਜਾਏ ਤਾਂ ਪ੍ਰਤਿਬਿੰਬ=ਜੀਵ, ਬਿੰਬ=ਪਰਮਾਤਮਾ ਨਾਲ ਮਿਲ ਜਾਂਦਾ ਹੈ।

ਅਥਵਾ :-ਉਦਕ ਕੁੰਭੁ ਬਿਗਰਾਨਾ=ਡੰਡਾ ਮਾਰ ਕੇ ਜਲ ਵਾਲੇ ਘੜੇ ਨੂੰ ਭੰਨ ਦਿੱਤਾ ਜਾਵੇ ਤਾਂ ਜਿਉਂ ਪ੍ਰਤਿਬਿੰਬ ਬਿੰਬ ਕਉ ਮਿਲੀ ਹੈ=ਜਿਸ ਤਰ੍ਹਾਂ ਸੂਰਜ ਦਾ ਪ੍ਰਤਿਬਿੰਬ ਸੂਰਜ ਨੂੰ ਜਾ ਮਿਲਦਾ ਹੈ ਤਿਵੇਂ ਬ੍ਰਹਮ ਗਿਆਨ ਰੂਪੀ ਡੰਡਾ ਮਾਰ ਕੇ ਸਥੂਲ ਸਰੀਰ ਰੂਪੀ ਕੁੰਭੁ=ਘੜੇ ਨੂੰ ਭੰਨਿਆ ਤੇ ਸੂਖਮ ਸਰੀਰ ਤੇ ਕਾਰਨ ਸਰੀਰ ਰੂਪੀ ਜਲ ਭੁਲ੍ਹ ਗਿਆ, ਭਾਵ ਤਿੰਨੇ ਸਰੀਰਾਂ ਦਾ ਅਭਾਵ ਹੋ ਗਿਆ ਤਾਂ ਪ੍ਰਤਿਬਿੰਬੁ=ਸਾਖੀ ਚੇਤਨ, ਬਿੰਬੁ=ਅਦ੍ਵੈ ਨੰਦੁ ਨਾਲ ਮਿਲ ਜਾਂਦਾ ਹੈ। ਪਹਿਲਾ ਅਰਥ ਜੀਵਨ ਮੁਕਤੀ ਦੇ ਅਨੰਦ ਵਾਲਾ ਹੈ।

ਦੂਜਾ ਅਰਥ ਵਿਦੇਹ ਮੁਕਤੀ ਦੇ ਅਨੰਦ ਵਾਲਾ ਹੈ।

ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥ ੪ ॥ ੧ ॥

ਕਬੀਰ ਜੀ ਕਥਨ ਕਰਦੇ ਹਨ, ਐਸਾ ਗੁਣ ਵਿਚਾਰ ਜਾਂ ਗਿਆਨ ਪ੍ਰਾਪਤ ਹੋਣ ਨਾਲ ਪੰਜ ਪ੍ਰਕਾਰ ਦਾ ਭ੍ਰਮ ਦੂਰ ਹੋਇਆ ਤਾਂ ਮਨ ਸੁੰਨਿ=ਅਫੁਰ ਪਦ ਵਿਚ ਸਮਾ ਗਿਆ।

[ਪੰਨਾ ੪੭੬]

ਆਸਾ ॥

ਉਥਾਨਕਾ-ਇਕ ਦਿਨ ਕਬੀਰ ਜੀ ਦੇ ਪਰੇਮੀ ਸਿਖ਼ ਆਪਸ ਵਿਚ ਸਲਾਹ ਕਰਕੇ ਵਿਹਾਰਕ ਕੰਮ ਕਾਰ ਲਈ ਬਾਹਰ ਜਾਣ ਨੂੰ ਤਿਆਰ ਹੋਏ। ਜਾਣ ਲਗਿਆਂ ਕਬੀਰ ਜੀ ਦੇ ਪਾਸ ਤਾਂ ਨਾ ਪਹੁੰਚ ਸਕੇ, ਪਰ ਉਹਨਾਂ ਨੇ ਤੁਰਨ ਲਗਿਆਂ ਆਪੋ ਵਿਚ ਸਲਾਹ ਕਰਕੇ ਪੱਕੇ ਇਰਾਦੇ ਨਾਲ ਇੰਵ ਕਿਹਾ ਕਿ ਕਬੀਰ ਜੀ ਮਹਾਰਾਜ ! ਤੁਹਾਡੇ ਆਸਰੇ ਅਸੀਂ ਕਾਰੋਬਾਰ ਲਈ ਜਾ ਰਹੇ ਹਾਂ ਆਪ ਜੀ ਕ੍ਰਿਪਾ ਕਰਕੇ ਸਹਾਇਤਾ ਕਰਨੀ, ਸਾਡੀ ਕਮਾਈ ਵਿਚ ਬਰਕਤ ਪਾਉਣੀ, ਅਸੀਂ ਫਿਰ ਆ ਕੇ ਦਸਵੰਧ ਭੇਟ ਕਰਾਂਗੇ।

ਜਿਸ ਵੇਲੇ ਸ਼ੁਭ ਸੰਕਲਪਾਂ ਨਾਲ ਉਹਨਾਂ ਨੇ ਬਾਹਰ ਜਾ ਕੇ ਵਿਹਾਰਕ ਕੰਮਾਂ ਨੂੰ ਸ਼ੁਰੂ ਕੀਤਾ ਤਾਂ ਵਾਹਿਗੁਰੂ ਨੇ ਐਸੀ ਕ੍ਰਿਪਾ ਕੀਤੀ ਜੋ ਮਾਇਆ ਦੇ ਭਉਣ ਹੀ ਵਰਸ ਗਏ। ਜਿਸ ਕੰਮ ਵਿਚ ਹੱਥ ਪਾਉਣ ਉਸੇ ਕੰਮ ਵਿਚ ਬਰਕਤ ਹੀ ਬਰਕਤ ਪੈਂਦੀ ਜਾਵੇ, ਮਿੱਟੀ ਵੀ ਸੋਨਾ ਹੁੰਦੀ ਜਾਵੇ। ਪੰਜ ਛੇ ਮਹੀਨੇ ਕੰਮ ਕਰਕੇ ਮਾਇਆ ਇਕੱਠੀ ਕਰਕੇ ਤੁਰ ਪਏ। ਵਾਪਸ ਆਉਂਦਿਆਂ ਸਾਰਿਆਂ ਨੇ ਇਹ ਸਲਾਹ ਕੀਤੀ ਕਿ ਜੇਕਰ ਪਹਿਲੇ ਅਸੀਂ ਆਪੋ ਆਪਣੇ ਘਰੀਂ ਚਲੇ ਗਏ ਤਾਂ ਫਿਰ ਦਸਵੰਧ ਦੇਣਾ ਮੁਸ਼ਕਲ ਹੋ ਜਾਵੇਗਾ, ਕਿਉਂਕਿ ਘਰ ਵਿਚ ਮਾਇਆ ਵੜੀ ਹੋਈ ਨਿਕਲਣੀ ਮੁਸ਼ਕਲ ਹੋ ਜਾਂਦੀ ਹੈ, ਇਸ ਲਈ ਪਹਿਲੇ ਕਬੀਰ ਜੀ ਦੇ ਦਰਸ਼ਨ ਕਰ ਚਲੀਏ।

ਜਿਸ ਵੇਲੇ ਕਾਂਸ਼ੀ ਪੁਜੇ ਤਾਂ ਸਾਰਿਆਂ ਨੇ ਆਖਿਆ, ਪਹਿਲੇ ਮਾਤਾ ਗੰਗਾ ਜੀ ਦੇ ਇਸ਼ਨਾਨ ਕਰ ਚਲੀਏ। ਘਾਟ 'ਪਰ ਆ ਕੇ ਪੰਡਿਆਂ ਪਾਸ ਕੱਪੜੇ ਰੱਖਕੇ ਸਾਰੇ ਇਕੱਠੇ ਹੀ ਇਸ਼ਨਾਨ ਕਰਨ ਚਲੇ ਗਏ, ਪਿਛੋਂ ਪੰਡਿਆਂ ਨੇ ਉਹਨਾਂ ਦੇ ਕਪੜਿਆਂ ਵਿਚੋਂ ਸਾਰੀ ਮਾਇਆ ਕੱਢ ਕੇ ਲੁਕਾ ਲਈ।

ਜਿਸ ਵੇਲੇ ਉਹ ਨਹਾ ਕੇ ਵਾਪਸ ਆਏ ਪਿੰਡਾ ਪੂੰਝ ਕੇ ਕੱਪੜੇ ਪਾਉਣ ਲੱਗੇ ਤਾਂ ਖੀਸੇ ਖਾਲੀ ਵੇਖ ਕੇ ਹੈਰਾਨ ਪਰੇਸ਼ਾਨ ਰਹਿ ਗਏ, ਪੁਛਿਆ ਸਾਡੇ ਰੁਪਏ ਕਹਾਂ ਗਏ? ਪੰਡਿਆਂ ਨੇ ਆਖਿਆ-ਸਾਨੂੰ ਕੀ ਪਤਾ, ਅਸਾਂ ਤੁਹਾਡੇ ਕਪੜਿਆਂ ਨੂੰ ਹੱਥ ਨਹੀਂ ਲਗਾਇਆ ਕੀ ਪਤਾ ਤੁਹਾਡੇ ਖੀਸਿਆਂ ਵਿਚ ਮਾਇਆ ਹੈਗੀ ਸੀ ਕਿ ਨਹੀਂ? ਅਸੀਂ ਤੁਹਾਡੀ ਮਾਇਆ ਦੇ ਕੋਈ ਜ਼ਿੰਮੇਵਾਰ ਨਹੀਂ ਹਾਂ। ਉਹਨਾਂ ਅਗੋਂ ਆਖਿਆ ਤਾਂ ਬਹੁਤ ਕੁਝ, ਪਰ ਪੰਡਤਾਂ ਨੇ ਉਹਨਾਂ ਦੇ ਕਹੇ ਦੀ ਜ਼ਰਾ ਪ੍ਰਵਾਹ ਨਾ ਕੀਤੀ ਆਖਰ ਵਿਚਾਰੇ ਨਿੰਮੋਝੂਣੇ ਹੋ ਕੇ ਕਬੀਰ ਜੀ ਪਾਸ ਆ ਬੈਠੇ, ਮੱਥਾ ਟੇਕ ਕੇ ਆਖਿਆ-ਮਹਾਰਾਜ ! ਆਪ ਜੀ ਦੀ ਕ੍ਰਿਪਾ ਨਾਲ ਅਸੀਂ ਬੜਾ ਖੱਟ ਕਮਾ ਕੇ ਲਿਆਏ ਸਾਂ, ਆਪ ਜੀ

ਨੂੰ ਦਸਵੰਧ ਦੇਣ ਲਈ ਪਹਿਲੇ ਕਾਂਸ਼ੀ ਆਏ ਤੇ ਆਖਿਆ, ਪਹਿਲੇ ਮਾਤਾ ਗੰਗਾ ਵਿਚ ਇਸ਼ਨਾਨ ਕਰ ਚਲੀਏ। ਜਦ ਇਸ਼ਨਾਨ ਕਰਨ ਗਏ ਤਾਂ ਪਿਛੋਂ ਪੰਡਿਤਾਂ ਨੇ ਸਾਡੀ ਸਾਰੀ ਮਾਇਆ ਕੱਢ ਲਈ ਹੈ। ਅਸਾਂ ਨੇ ਬਹੁਤ ਕੁਝ ਕਿਹਾ ਹੈ, ਪਰ ਦੇਂਦੇ ਨਹੀਂ ਹਨ ਹੁਣ ਕੀ ਕਰੀਏ ? ਇਹ ਗੱਲ ਸੁਣਕੇ ਕਬੀਰ ਜੀ ਆਖਦੇ ਹਨ-

'ਰਹਾਉ' ਦੀ ਪੰਗਤੀ ਤੋਂ ਅਰਥ ਸ਼ੁਰੂ ਕਰਨਾ-

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ ੧॥

ਉਹ ਪਖੰਡੀ ਕਰਮ ਕਾਂਡੀ ਪੰਡਤ ਹਰੀ ਦੇ ਉਪਾਸ਼ਕ ਸੰਤ ਨਹੀਂ ਕਥਨ ਕੀਤੇ ਜਾਂਦੇ ਉਹ ਤਾਂ ਕਾਂਸ਼ੀ ਦੇ ਅਸਲੀ ਠੱਗ ਹਨ।

ਐਸੇ ਸੰਤ ਨ ਮੋ ਕਉ ਭਾਵਹਿ॥

ਇਸ ਤਰ੍ਹਾਂ ਦੇ ਸੰਤ ਮੈਨੂੰ ਤਾਂ ਚੰਗੇ ਹੀ ਨਹੀਂ ਲੱਗਦੇ।

ਡਾਲਾ ਸਿਉ ਪੇਡਾ ਗਟਕਾਵਹਿ॥ ੧॥ ਰਹਾਉ॥

ਜੋ ਉਪਰਲੇ ਲੋਕ ਦਿਖਾਵੇ ਅਨੁਸਾਰ ਦਾਲ ਫੁਲਕੇ ਨਾਲ ਆਪਣੇ ਪੇਟ ਨੂੰ ਭਰਦੇ ਹਨ, *ਅਥਵਾ* :- ਡਾਲਾ=ਟਾਹਣੀਆਂ ਦੇ ਮਗਰ ਲੱਗ ਕੇ ਬ੍ਰਿਛ ਨੂੰ ਪੇਡਾ=ਮੁਢੋਂ ਹੀ ਗਟਕਾਵਹਿ=ਪੁਟ ਦੇਂਦੇ ਹਨ, ਭਾਵ ਮਾਇਆ ਵਾਸਤੇ ਆਦਮੀ ਨੂੰ ਜਾਨੋਂ ਹੀ ਮਾਰ ਸੁਟਦੇ ਹਨ।

ਅਥਵਾ -ਡਾਲਾ=ਪਦਾਰਥਾਂ ਦੇ ਸਿਉ=ਸਹਿਤ ਜਿਹੜੇ ਪੁਰਸ਼ ਹਨ ਉਹਨਾਂ ਦੇ ਪੇਡਾ=ਸਰੀਰ ਨੂੰ ਪਹਿਲੇ ਮਾਰ ਕੇ ਧਾੜਵੀ ਬਾਲਮੀਕ ਵਾਂਗੂੰ ਫਿਰ ਮਾਇਆ ਕੱਢ ਕੇ ਆਪਣੇ ਪੇਟ ਨੂੰ ਗਟ ਗਟ ਕਰਕੇ ਭਰਦੇ ਹਨ, ਪਰੰਤੂ ਸ਼ੁਕਰ ਹੈ ਤੁਸੀਂ ਐਸੇ ਠੱਗਾਂ ਪਾਸੋਂ ਆਪਣੀਆਂ ਜਾਨਾਂ ਬਚਾ ਕੇ ਆ ਗਏ ਹੋ।

ਗਜ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨਿ ਤਗ॥

ਲੋਕ ਦਿਖਾਵੇ ਅਨੁਸਾਰ ਸਾਢੇ ਤਿੰਨ ਤਿੰਨ ਗਜ਼ ਦੀਆਂ ਦੋ ਧੋਤੀਆਂ ਰੱਖਦੇ ਹਨ, ਇਕ ਲਾਹੁਣੀ ਦੂਜੀ ਬੰਨ੍ਹਣੀ ਅਤੇ ਤਿਹਰੇ=ਤਿੰਨਾਂ ਆਗਾਂ (ਤੰਦਾਂ) ਵਾਲੇ ਤਗ=ਜਨੇਊ ਪਾਏ ਹੋਏ ਹਨ, ਘਸ ਕੇ ਜੇ ਕੋਈ ਤੰਦ ਟੁਟ ਵੀ ਜਾਵੇ ਤਾਂ ਜਨੇਊ ਟੁਟਣ ਦਾ ਦੋਸ਼ ਨਾ ਲੱਗੇ, ਕਿਉਂਕਿ ਅਸਲੀ ਜਨੇਊ ਦੋ ਆਗਾਂ ਦੇ ਹੁੰਦੇ ਹਨ।

ਅਥਵਾ :-ਤਿੰਨ ਤਰ੍ਹਾਂ ਦੇ ਜਨੇਊ ਪਾਏ ਹੋਏ ਹਨ।

੧. ਮਾਲਾ। ੨. ਜਨੇਊ। ੩. ਅਨੰਤ।

ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥

ਜਿਨ੍ਹਾਂ ਦੇ ਗਲ ਵਿਚ ਮਾਲਾਂ ਪਈਆਂ ਹੋਈਆਂ ਹਨ ਅਤੇ ਹੱਥ ਵਿਚ ਨਿਬਗ=ਬਹੁਤ ਚਿੱਟੇ ਚਮਕੀਲੇ ਗੜਵੇ ਫੜੇ ਹੋਏ ਹਨ।

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ ੧॥
ਐਸੇ ਸੰਤ ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥ ੧॥ ਰਹਾਉ॥

ਇਨ੍ਹਾਂ ਤੁਕਾਂ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥

ਬਾਸਨ=ਭਾਂਡੇ ਚੰਗੀ ਤਰ੍ਹਾਂ ਮਾਂਜ ਕੇ ਚੁਲ੍ਹੇ ਉੱਤੇ ਚੜ੍ਹਾਉਂਦੇ ਹਨ ਅਤੇ ਕਾਠੀ=ਲਕੜਾਂ ਧੋ ਕੇ ਬਾਲਦੇ ਹਨ।

ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ॥ ੨॥

ਬਸੁਧਾ=ਪ੍ਰਿਥਮੀ ਨੂੰ ਇਕ ਗਿਠ ਡੂੰਘਾ ਖੋਦਿ=ਪੁਟ ਕੇ ਦੋ ਚੁਲ੍ਹੇ ਬਣਾਂਦੇ ਹਨ, ਇਕ ਤੇ ਦਾਲ ਦੂਜੇ ਤੇ ਰੋਟੀ ਤਿਆਰ ਕਰਦੇ ਹਨ ਤੇ ਸਾਰੇ ਮਨੁੱਖ ਇਕ ਪੰਗਤ ਵਿਚ ਬਹਿ ਕੇ ਉਹ ਦਾਲ ਰੋਟੀ ਖਾਂਦੇ ਹਨ, ਜਿਸ ਤੋਂ ਇਹ ਪਤਾ ਲੱਗੇ ਇਹਨਾਂ ਪੰਡਤਾਂ ਦਾ ਆਪੋ ਵਿਚ ਬਹੁਤ ਸਲੂਕ ਹੈ, ਪਰ ਕਰਮ ਉਹਨਾਂ ਦੇ ਐਸੇ ਭੈੜੇ ਹਨ ਕਿ ਜੇ ਉਹਨਾਂ ਦਾ ਦਾਉ ਲੱਗ ਜਾਏ ਤਾਂ ਸਾਰੇ ਮਨੁੱਖ ਨੂੰ ਹੀ ਖਾ ਜਾਂਦੇ ਹਨ, ਭਾਵ ਮਾਇਆ ਦੇ ਲਾਲਚ ਕਰਕੇ ਮਨੁੱਖ ਨੂੰ ਜਾਨੋਂ ਮਾਰ ਦਿੰਦੇ ਹਨ।

ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ॥

ਉਹ ਪਾਪੀ ਪੰਡਤ ਹਮੇਸ਼ਾਂ ਹੀ ਅਪਰਾਧੀ=ਗੁਨਾਹਾਂ ਨੂੰ ਕਰਦੇ ਫਿਰਦੇ ਹਨ। ਮੂੰਹੋਂ ਆਪਣੇ ਆਪ ਨੂੰ ਅਪਰਸ=ਆਪਣੇ ਨਾਲ ਦੂਜੇ ਨੂੰ ਨਾ ਛੋਹਣ ਵਾਲਾ ਕਹਾਂਵਦੇ ਹਨ। ਭਾਵ ਆਪਣੇ ਨਾਲ ਕਿਸੇ ਦੂਜੇ ਨੂੰ ਲੱਗਣ ਨਹੀਂ ਦਿੰਦੇ। ਜੇ ਕੋਈ ਲੱਗ ਵੀ ਜਾਵੇ ਤਾਂ ਸਣੇ ਕਪੜੇ ਇਸ਼ਨਾਨ ਕਰਦੇ ਹਨ।

ਯਥਾ- ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥
ਇਕਿ ਮਨ ਹੀ ਗਿਆਤਾ॥ ੬॥ *(ਸਿਰੀ ਰਾਗ ਮ: ੫ ਪੰਨਾ ੭੧)*

ਤਥਾ- ਛਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥

(ਗਉੜੀ ਬਾਵਨ ਅਖਰੀ ਪੰਨਾ ੨੫੩)

ਇਹ ਤਾਂ ਪਖੰਡੀ ਅਪਰਸ ਦੇ ਲਖਣ ਕਹੇ ਹਨ। ਹੁਣ ਅਸਲੀ ਅਪਰਸ ਦੇ ਲਖਣ ਸੁਣੋ-

ਸਲੋਕੁ॥ ਉਰਿ ਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ॥
ਨਿਮਖ ਨਿਮਖ ਠਾਕੁਰ ਨਮਸਕਾਰੈ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ॥ ੧॥
ਅਸਟਪਦੀ॥ ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥
ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥ ੧॥

(ਗਉੜੀ ਸੁਖਮਨੀ ਪੰਨਾ ੨੭੪ ਸਲੋਕ ਨੌਵਾਂ)

ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ॥ ੩॥

ਸਦਾ ਸਦਾ=ਨਿਤਾਪ੍ਰਤੀ ਹੰਕਾਰੀ ਬਣੇ ਫਿਰਦੇ ਹਨ, ਚੋਰੀ ਯਾਰੀ ਠੱਗੀ ਦਾ ਧਨ ਆਪਣੇ ਸਾਰੇ ਪਰਵਾਰ ਨੂੰ ਖੁਆ ਕੇ ਧੀਆਂ ਪੁੱਤਰ ਆਦਿਕ ਸਾਰੇ ਕੁਟੰਬ ਨੂੰ ਸੰਸਾਰ ਸਮੁੰਦਰ ਵਿਚ ਡੋਬਣਾ ਕਰਦੇ ਹਨ।

ਅਥਵਾ :- ਆਪਣੇ ਇੰਦਰੀਆਂ ਰੂਪੀ ਸਾਰੇ ਪ੍ਰਵਾਰ ਨੂੰ ਡੋਬ ਰੱਖਦੇ ਹਨ॥ ੩॥

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥

ਪੂਰਬਲੇ ਕਰਮਾਂ ਦੇ ਸੰਸਕਾਰਾਂ ਨੇ ਜਿਸ ਤਰਫ ਲਗਾਇਆ ਹੈ, ਤਿਧਰ ਕੋਈ ਲੱਗ ਰਿਹਾ ਹੈ ਅਤੇ ਇਸੀ ਤਰ੍ਹਾਂ ਹੁਣ ਕਰਮ ਕਮਾਉਂਦੇ ਹਨ।

ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ॥ ੪॥ ੨॥

ਕਬੀਰ ਜੀ ਕਥਨ ਕਰਦੇ ਹਨ-ਜਿਸ ਨੂੰ ਪੂਰਨ ਸਤਿਗੁਰ ਦੇਵ ਜੀ ਭੇਟੈ=ਮਿਲੇ ਹਨ, ਉਹ ਪੁਨ+ਰੰਪਿ= ਫਿਰ ਨਿਸਚੇ ਕਰਕੇ ਜਨਮ ਮਰਨ ਵਿਚ ਨਹੀਂ ਆਉਂਦਾ॥ ੪॥ ੨॥

ਦੂਜਾ ਅਰਥ-

ਗਜ ਸਾਢੇ ਤੈ ਤੈ ਧੋਤੀਆ

ਜਿਨ੍ਹਾਂ ਗੁਰਮੁਖਾਂ ਨੇ ਸਾਢੇ ਤਿੰਨ ਮਾਤਰਾ ਓਅੰਕਾਰ ਮੰਤਰ ਨੂੰ ਗਜ-ਉਚਾਰ ਕੇ ਸੇਵਾ ਤੇ ਭਜਨ ਸਿਮਰਨ ਦੁਆਰਾ ਬਾਲਕ ਜੋਬਨ ਬ੍ਰਿਧ ਤਿੰਨ ਅਵਸਥਾ ਧੋਤੀਆ=ਸਫਲ ਕੀਤੀਆਂ ਹਨ।

ਤਿਹਰੇ ਪਾਇਨਿ ਤਗ॥

ਰਜੋ, ਸਤੋ ਤੇ ਤਮੋ ਤਿੰਨ ਗੁਣਾਂ ਵਲੋਂ ਤਗ=ਰੋਕਾ ਪਾਇਆ ਹੈ।

ਅਥਵਾ :-ਸਾਢੇ ਤਿੰਨ ਮਾਤ੍ਰਾ ਓਅੰਕਾਰ ਮੰਤਰ ਨੂੰ ਉਚਾਰ ਕੇ-ਸੁਤ ਵਿਤ ਲੋਕ ਈਖਨਾ ਤੀਨੀ। ਇਹ ਤਿੰਨੇ ਇਛਾ ਧੋ ਦਿਤੀਆਂ ਹਨ ਅਤੇ ਮਨ ਬਾਣੀ ਸਰੀਰ ਇਨ੍ਹਾਂ ਤਿੰਨਾਂ ਨੂੰ ਤਗ=ਰੋਕਾ ਪਾਇਆ ਹੈ, ਭਾਵ ਮਨ ਕਰਕੇ ਖੋਟੇ ਸੰਕਲਪ ਨਹੀਂ ਕਰਦੇ, ਬਾਣੀ ਨਾਲ ਕਿਸੇ ਦੇ ਚਿਤ ਨੂੰ ਦੁਖਾਂਦੇ ਨਹੀਂ ਤੇ ਸਰੀਰ ਕਰਕੇ ਕਿਸੇ ਦਾ ਬੁਰਾ ਨਹੀਂ ਕਰਦੇ।

ਗਲੀ ਜਿਨ੍ਹਾ ਜਪਮਾਲੀਆ

ਜਿਨ੍ਹਾਂ ਮਹਾਤਮਾ ਦੀਆਂ ਗੱਲਾਂ ਹੀ ਮਾਲਾ ਲੈ ਕੇ ਜਪਣ ਯੋਗ ਹਨ।

ਲੋਟੇ ਹਥਿ ਨਿਥਗ॥

ਅਤੇ ਹੱਥ ਹੀ ਜਿਨ੍ਹਾਂ ਦੇ ਉਜਲ ਭਾਂਡੇ ਹਨ, ਭਾਵ ਹੱਥਾਂ 'ਪਰ ਹੀ ਰੋਟੀ ਪਾਣੀ ਖਾਂਦੇ ਪੀਂਦੇ ਹਨ।

ਅਥਵਾ :-ਨਿ=ਵਿਸ਼ੇਸ਼ ਕਰਕੇ ਉਹਨਾਂ ਦੇ ਹੱਥ ਜਣੇ ਖਣੇ ਅਗੇ ਵਗਣੇ ਵਲੋਂ ਲੋਟੇ=ਹਟੇ ਰਹਿੰਦੇ ਹਨ, ਭਾਵ ਕਿਸੇ ਪਾਸੋਂ ਤਲੀ ਅੱਡ ਕੇ ਕੁਝ ਮੰਗਦੇ ਨਹੀਂ, ਕਿਉਂਕਿ ਆਪਣੇ ਤਨ ਵਾਸਤੇ ਜਿਹੜਾ ਕਿਸੇ ਤੋਂ ਮੰਗਣਾ ਹੈ ਉਸ ਨਾਲੋਂ ਤਾਂ ਮਰਨਾ ਹੀ ਚੰਗਾ ਹੈ।

ਯਥਾ- ਮਾਂਗਨ ਤੇ ਮਰਨਾ ਭਲਾ ਅਪਨੇ ਤਨ ਕੇ ਕਾਜ॥

ਪਰਮਾਰਥ ਕੇ ਮਾਂਗਨੇ ਮੋਹਿ ਨ ਆਵਹਿ ਲਾਜ॥

ਓਇ ਹਰਿ ਕੇ ਸੰਤ ਨ ਆਖੀਅਹਿ

ਕੀ ਉਹ ਪਰਮਾਤਮਾ ਦੇ ਸੰਤ ਨਹੀਂ ਕਹੇ ਜਾਂਦੇ ? ਉੱਤਰ- ਕਹੇ ਜਾਂਦੇ ਹਨ।

ਬਾਨਾਰਸਿ ਕੇ ਠਗ॥ ੧॥

ਕਿਉਂਕਿ ਉਹਨਾਂ ਨੇ ਬਣਿਆਂ ਹੋਇਆ ਜੋ ਸੰਸਾਰ ਰਸ ਹੈ ਇਸ ਦੇ ਤਾਈਂ ਠੱਗਿਆ ਭਾਵ ਦੂਰ ਕੀਤਾ ਹੈ।

ਅਥਵਾ :-ਬਣਿਆਂ ਹੋਇਆ ਜੋ ਆਤਮ ਰਸ ਹੈ ਉਸ ਦੇ ਤਾਈਂ ਠੱਗਿਆ, ਭਾਵ ਗ੍ਰਹਿਣ ਕੀਤਾ ਹੈ॥ ੧॥

ਐਸੇ ਸੰਤ ਨ ਮੋ ਕਉ ਭਾਵਹਿ॥

ਇਸ ਤਰ੍ਹਾਂ ਦੇ ਸੰਤ ਕੀ ਮੈਨੂੰ ਚੰਗੇ ਨਹੀਂ ਲੱਗਦੇ ? ਉੱਤਰ-ਬੜੇ ਚੰਗੇ ਲੱਗਦੇ ਹਨ।

ਭਾਲਾ ਸਿਉ ਪੇਡਾ ਗਟਕਾਵਹਿ॥ ੧॥ ਰਹਾਉ॥

ਜੋ ਰਾਗ ਦਵੈਸ਼ ਰੂਪ ਟਾਹਣੀਆਂ ਦੇ ਸਹਿਤ ਹੀ ਸਾਰਿਆਂ ਦਾ ਪੇਡਾ=ਮੁਢ ਜੋ ਅਗਿਆਨ ਹੈ ਉਸ ਨੂੰ ਗਟਕਾਵਹਿ=ਅਭਾਵ ਕਰਦੇ ਹਨ।

ਬਾਸਨ ਮਾਂਜਿ ਚਰਾਵਹਿ ਊਪਰਿ

ਅਸ਼ੁਭ ਵਾਸ਼ਨਾਂ ਨੂੰ ਮਾਂਜ ਦਿੱਤਾ ਹੈ।

ਸਭ ਦੇ ਉਪਰ ਜੋ ਅਕਾਲ ਪੁਰਖ ਹੈ ਉਸ ਵਿਚ ਬਿਰਤੀ ਚੜ੍ਹਾਉਂਦੇ ਹਨ।

ਕਾਠੀ ਧੋਇ ਜਲਾਵਹਿ॥

ਸਤਿਸੰਗ ਰੂਪੀ ਸਰੋਵਰ ਜੋ ਨਾਮ ਜਲ ਨਾਲ ਭਰਿਆ ਹੋਇਆ ਹੈ, ਉਸ ਵਿਚ ਕਾਠੀ=ਦੇਹ ਨੂੰ ਧੋ ਕੇ ਬ੍ਰਹਮ ਦ੍ਰਿਸ਼ਟੀ ਰੂਪੀ ਅੱਗ ਵਿਚ ਦੇਹ ਅਧਿਆਸ ਨੂੰ ਜਲਾਵਹਿ=ਸਾੜਦੇ ਹਨ।

ਬਸੁਧਾ ਖੋਦਿ ਕਰਹਿ ਦੁਇ ਚੂਲੇ

ਬੁੱਧੀ ਰੂਪ ਜ਼ਮੀਨ ਨੂੰ ਉਕਰ ਕੇ, ਭਾਵ ਨਿੰਮਰਤਾ ਗੁਣ ਧਾਰ ਕੇ ਦੁਇ=ਦਵੈਤ ਨੂੰ ਬ੍ਰਹਮ ਗਿਆਨ ਰੂਪ ਚੁਲ੍ਹੇ ਵਿਚ ਪਾਉਣਾ ਕਰਦੇ ਹਨ।

ਸਾਰੇ ਮਾਣਸ ਖਾਵਹਿ॥ ੨॥

ਅਤੇ ਧਨ, ਜ਼ਾਤੀ, ਵਿਦਿਆ, ਜ਼ਮੀਨ ਆਦਿਕਾਂ ਦੇ ਸਾਰੇ ਮਾਣਾਂ ਨੂੰ ਖਾਵਹਿ=ਅਭਾਵ ਕਰਦੇ ਹਨ॥ ੨॥

ਅਥਵਾ-ਬਸੁਧਾ ਖੋਦਿ=ਬੁੱਧੀ ਵਿਚ ਵਿਚਾਰ ਕਰਕੇ ਰਕਾਰ, ਮਕਾਰ ਰਾਮ, ਹਾਹਾ ਰਾਰਾ ਹਰੀ, ਗਗਾ ਰਾਰਾ ਗੁਰੂ, ਇਤਿਆਦਿ ਨਾਮਾਂ ਦਾ ਚਿੰਤਨ ਕਰਨੇ ਰੂਪੀ ਦੋ ਪਾਣੀ ਦੇ ਚੁਲ੍ਹੇ ਭਰਨਾ ਕਰਦੇ ਹਨ ਅਤੇ ਆਪਣੇ ਸੇਵਕਾਂ ਨੂੰ ਸਾਰਿਆਂ ਲੋਕਾਂ ਦਾ ਮਾਣ ਆਦਰ ਕਰਨਾ ਸਿਖਾਂਦੇ ਹਨ॥ ੨॥

ਓਇ ਪਾਪੀ ਸਦਾ ਫਿਰਹਿ ਅਪਰਾਧੀ

ਉਹਨਾਂ ਨੇ ਪੀ=ਪਤੀ ਪਰਮੇਸ਼ਰ ਨੂੰ ਪਾ ਲਿਆ ਹੈ ਅਤੇ ਅਪਰਾਧਾਂ ਗੁਨਾਹਾਂ ਵਲੋਂ ਹਮੇਸ਼ਾਂ ਹਟੇ ਰਹਿੰਦੇ ਹਨ।

ਅਥਵਾ :-ਅਪਰ=ਪਾਰਾਵਾਰ ਤੋਂ ਰਹਿਤ ਜੋ ਪਰਮੇਸ਼ਰ ਹੈ, ਉਸ ਦੇ ਜਾਨਣ ਵਾਲੀ ਉਹਨਾਂ ਦੀ ਧੀ=ਬੁੱਧੀ ਹੋਈ ਹੈ।

ਮੁਖਹੁ ਅਪਰਸ ਕਹਾਵਹਿ॥

ਜੀਵਨ ਮੁਕਤੀ ਦੇ ਆਨੰਦ ਲਈ ਆਪਣੇ ਮੂੰਹੋਂ ਅਪਰਸ=ਨਿਰਲੇਪ ਪਰਮਾਤਮਾ ਦੇ ਜਸ ਨੂੰ ਆਪ ਕਹਿੰਦੇ ਤੇ ਹੋਰਨਾਂ ਤੋਂ ਕਹਾਂਵਦੇ ਹਨ।

ਸਦਾ ਸਦਾ ਫਿਰਹਿ ਅਭਿਮਾਨੀ

ਅਭਿ=ਹਿਰਦੇ ਵਿਚ ਸਦਾ=ਨਿਤ ਰੂਪ ਪਰਮਾਤਮਾ ਦੇ ਮੰਨਣ ਲਈ ਸਦਾ ਫਿਰਦੇ ਹਨ।

ਸਗਲ ਕੁਟੰਬ ਡੁਬਾਵਹਿ॥ ੩॥

ਆਪਣੇ ਇੰਦ੍ਰੀਆਂ ਰੂਪ ਸਾਰੇ ਪ੍ਰਵਾਰ ਨੂੰ, *ਅਥਵਾ :-* ਪ੍ਰਤੱਖ ਪ੍ਰਵਾਰ ਨੂੰ ਨਾਮ ਅਭਿਆਸ ਵੱਲ ਡੋਬਣਾ ਕਰਦੇ ਹਨ॥ ੩ ॥

ਜਿਤੁ ਕੋ ਲਾਇਆ ਤਿਤ ਹੀ ਲਾਗਾ

ਜਿਸ ਤਰਫ ਉਹਨਾਂ ਨੇ ਆਪਣੇ ਮਨ ਨੂੰ ਲਾਇਆ ਹੈ ਤਿਸੀ ਤਰਫ ਲਗ ਰਿਹਾ ਹੈ।

ਤੈਸੇ ਕਰਮ ਕਮਾਵੈ॥

ਜਿਵੇਂ ਹੁਕਮ ਕਰਦੇ ਹਨ, ਮਨ ਤੈਸੇ ਹੀ ਕਰਮਾਂ ਨੂੰ ਕਮਾਉਂਦਾ ਹੈ।

ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ॥ ੪ ॥ ੨ ॥

ਕਬੀਰ ਜੀ ਕਥਨ ਕਰਦੇ ਹਨ-ਜਿਸ ਨੂੰ ਪੂਰਨ ਗੁਰੂ ਮਿਲੇ ਹਨ ਉਹ ਫਿਰ ਨਿਸਚੇ ਕਰਕੇ ਜਨਮ ਮਰਨ ਵਿਚ ਨਹੀਂ ਆਉਂਦਾ॥ ੪ ॥ ੨ ॥

ਆਸਾ ॥

ਉਥਾਨਕਾ-ਏਕ ਸਮੇਂ ਕਬੀਰ ਜੀ ਦੀ ਮਾਤਾ ਮਰ ਗਈ, ਲੋਕਾਂ ਨੇ ਪਰਚਾਉਨੀ ਕਰਦਿਆਂ ਹੋਇਆਂ ਬੜਾ ਅਫਸੋਸ ਕੀਤਾ, ਅਗੋਂ ਕਬੀਰ ਜੀ ਕਹਿੰਦੇ ਹਨ, ਤੁਸੀਂ ਕਿਉਂ ਅਫਸੋਸ ਕਰਦੇ ਹੋ ?

ਪਹਿਲਾ ਅਰਥ-

ਮੁਈ ਮੇਰੀ ਮਾਈ ਹਉ ਖਰਾ ਸੁਖਾਲਾ॥

ਚੰਗਾ ਹੋਇਆ ਜੋ ਮੇਰੀ ਮਾਂ ਮਰ ਗਈ ਹੈ, ਮੈਂ ਤਾਂ ਸਗੋਂ ਖਰਾ ਸੁਖਾਲਾ=ਚੰਗਾ ਸੁਖੀ ਹੋ ਗਿਆ ਹਾਂ, ਕਿਉਂਕਿ ਭਜਨ ਕਰਨ ਵਿਚ ਮੈਨੂੰ ਉਹ ਵਿਘਨ ਪਾਉਂਦੀ ਸੀ।

ਲੋਕਾਂ ਕਿਹਾ—ਹੁਣ ਤੈਨੂੰ ਅੰਗਰਖੀ ਸਿਉਂਕੇ ਕੌਣ ਦੇਵੇਗਾ ? *ਉੱਤਰ-*

ਪਹਿਰਉ ਨਹੀ ਦਗਲੀ ਲਗੈ ਨ ਪਾਲਾ॥

ਮੈਂ ਹੁਣ ਦਗਲੀ=ਅੰਗਰਖੀ ਭਾਵ ਰੂੰ ਵਾਲੀ ਕੁੜਤੀ ਨਹੀਂ ਪਹਿਰਦਾ, ਕਿਉਂਕਿ ਮੈਨੂੰ ਪਾਲਾ ਨਹੀਂ ਲੱਗਦਾ।

ਲੋਕਾਂ ਆਖਿਆ ਪਰਮੇਸ਼ਰ ਦੀ ਭਗਤੀ ਵਿਚ ਕੋਈ ਸੁਖ ਨਹੀਂ ਹੈ, ਤੂੰ ਭਾਵੇਂ ਕਿਤਨੀ ਭਗਤੀ ਕਰ ਲੈ। ਰੱਬ ਨੇ ਤੈਨੂੰ ਕੁਝ ਨਹੀਂ ਦੇਣਾ।

ਉੱਤਰ- ਮੈਨੂੰ ਰੱਬ ਨੇ ਸਭ ਕੁਝ ਦਿੱਤਾ ਹੋਇਆ ਹੈ। ਸੁਣੋ-

ਬਾਪਿ ਦਿਲਾਸਾ ਮੇਰੋ ਕੀਨ੍ਹਾ॥

ਬਾਪਿ=ਪਿਤਾ ਪਰਮਾਤਮਾ ਨੇ ਮੈਨੂੰ ਬੜਾ ਧੀਰਜ ਦਿੱਤਾ ਹੋਇਆ ਹੈ।

ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਹਾ॥

ਸੌਣ ਲਈ ਸੁਖ ਵਾਲੀਆਂ ਸਿਹਜਾ ਅਤੇ ਮੂੰਹ ਵਿਚ ਪਾਉਣ ਲਈ ਕਈ ਤਰ੍ਹਾਂ ਦੇ ਅੰਮ੍ਰਿਤ ਭੋਜਨ ਮਿੱਠੇ ਮਿੱਠੇ ਪਦਾਰਥ ਦਿੱਤੇ ਹੋਏ ਹਨ।

ਯਥਾ- ਜਿਸ ਦਾ ਦਿਤਾ ਸਭੁ ਕਿਛੁ ਲੈਣਾ॥ ਛਤੀਹ ਅੰਮ੍ਰਿਤ ਭੋਜਨੁ ਖਾਣਾ॥

ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ॥ ੩॥

(ਮਾਝ ਮਹਲਾ ੫ ਪੰਨਾ ੧੦੦)

ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ॥

ਤਿਸ ਪਿਤਾ ਪਰਮਾਤਮਾ ਨੂੰ ਮੈਂ ਆਪਣੇ ਮਨ ਚੋਂ ਕਿਉਂ ਭੁਲਾਵਾਂ। ਉਸ ਦੀ ਕ੍ਰਿਪਾ ਜਿਸ ਉੱਤੇ ਭੀ ਹੋਈ ਹੈ-

ਆਗੈ ਗਇਆ ਨ ਬਾਜੀ ਹਾਰੀ॥ ੧॥

ਉਹ ਆਗੈ=ਪਰਲੋਕ ਵਿਚ ਮਨੁੱਖਾ ਦੇਹ ਰੂਪੀ ਬਾਜੀ ਨੂੰ ਹਾਰ ਕੇ ਨਹੀਂ ਗਿਆ।

ਦੂਜਾ ਅਰਥ-

ਬਾਪਿ ਦਿਲਾਸਾ ਮੇਰੋ ਕੀਨ੍ਹਾ॥

ਬਾਪਿ=ਪਿਤਾ ਗੁਰੂ ਜੀ ਨੇ ਮੈਨੂੰ ਬਹੁਤ ਹੀ ਧੀਰਜ ਦਿੱਤਾ ਹੈ।

ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਹਾ॥

ਸ਼ਰਧਾ ਵਸ਼ਿਸ਼ਟ ਬੁੱਧੀ ਰੂਪੀ ਸਿਹਜਾ ਸੁਖਾਂ ਦੀ ਘਰ ਕਰ ਦਿੱਤੀ ਹੈ ਤੇ ਮੁਖ ਵਿਚ ਨਾਮ ਅੰਮ੍ਰਿਤ ਦੇਣਾ ਕੀਤਾ ਹੈ।

ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ॥

ਤਿਸ ਪਿਤਾ ਗੁਰੂ ਜੀ ਨੂੰ ਮੈਂ ਆਪਣੇ ਮਨ ਚੋਂ ਕਿਉਂ ਭੁਲਾਵਾਂ ?

ਆਗੈ ਗਇਆ ਨ ਬਾਜੀ ਹਾਰੀ॥ ੧॥

ਜਿਨ੍ਹਾਂ ਦੀ ਕਿਰਪਾ ਨਾਲ ਮਨੁੱਖਾ ਦੇਹ ਰੂਪੀ ਬਾਜੀ ਨੂੰ ਹਾਰ ਕੇ ਆਗੈ=ਪਰਲੋਕ ਵਿਚ ਕੋਈ ਨਹੀਂ ਗਿਆ।

ਅਥਵਾ :-ਨਾ ਕੋਈ ਆਗੈ=ਪਰਲੋਕ ਵਿਚ ਗਿਆ ਹੈ, ਨਾ ਹੀ ਮਨੁੱਖਾ ਦੇਹ ਰੂਪੀ ਬਾਜੀ ਹਾਰੀ ਹੈ॥ ੧॥

ਮੁਈ ਮੇਰੀ ਮਾਈ ਹਉ ਖਰਾ ਸੁਖਾਲਾ॥

ਗੁਰਾਂ ਦੀ ਕਿਰਪਾ ਨਾਲ ਮੇਰੀ ਮਾਤਾ=ਮਾਇਆ ਮਰ ਗਈ ਹੈ ਜਿਸ ਤੇ ਮੈਂ ਚੰਗਾ ਸੁਖੀ ਹੋ ਗਿਆ ਹਾਂ।

ਪਹਿਰਉ ਨਹੀ ਦਗਲੀ ਲਗੈ ਨ ਪਾਲਾ॥ ੧॥ ਰਹਾਉ॥

ਹੁਣ ਮੈਂ ਕਾਰਣ ਸੂਖਮ ਅਸਥੂਲ ਇਹ ਤਿੰਨੇ ਸਰੀਰਾਂ ਰੂਪੀ ਦਗਲੀ=ਰੂੰ ਦਾਰ ਅੰਗਰਖੀ ਨਹੀਂ ਪਹਿਰਾਂਗਾ, ਕਿਉਂਕਿ ਅਵਿੱਦਿਆ ਰੂਪ ਪਾਲਾ ਜੋ ਨਹੀਂ ਲੱਗਦਾ।

ਅਥਵਾ :-ਮੁਈ ਮੇਰੀ ਮਾਈ=ਹੰਗਤਾ ਮਮਤਾ ਰੂਪੀ ਮਾਂ ਮੇਰੀ ਮਰ ਗਈ ਹੈ, ਇਸ ਤੇ ਮੈਂ ਚੰਗਾ ਸੁਖੀ ਹੋ ਗਿਆ ਹਾਂ। ਪਹਿਰਉ ਨਹੀ ਦਗਲੀ=ਦੇਹ ਅਧਿਆਸ ਰੂਪੀ ਕੁੜਤੀ ਨਹੀਂ ਪਹਿਰਾਂਗਾ, ਕਿਉਂਕਿ ਜੜ੍ਹਤਾ ਰੂਪੀ ਪਾਲਾ ਜੋ ਨਹੀਂ ਲੱਗਦਾ॥ ੧॥

ਬਲਿ ਤਿਸੁ ਬਾਪੈ ਜਿਨਿ ਹਉ ਜਾਇਆ॥

ਤਿਸ ਪਿਤਾ ਪਰਮਾਤਮਾ ਤੋਂ ਮੈਂ ਬਲਿਹਾਰ ਜਾਂਦਾ ਹਾਂ ਜਿਸ ਨੇ ਮੈਨੂੰ ਪੈਦਾ ਕੀਤਾ ਹੈ। *ਅਥਵਾ* :-ਤਿਸ ਪਿਤਾ ਗੁਰੂ ਸਾਹਿਬ ਤੋਂ ਮੈਂ ਬਲਿਹਾਰ ਜਾਂਦਾ ਹਾਂ ਜਿਸ ਨੇ ਹਉ+ਜਾਇਆ=ਸ਼ੁਧ ਹੰਕਾਰ ਪੈਦਾ ਕੀਤਾ ਹੈ।

ਪੰਚਾ ਤੇ ਮੇਰਾ ਸੰਗੁ ਚੁਕਾਇਆ॥

ਅਤੇ ਪੰਜ ਕਾਮ ਆਦਿਕਾਂ ਦਾ ਸਾਥ ਮੇਰਾ ਦੂਰ ਕਰ ਦਿੱਤਾ ਹੈ।

ਪੰਚ ਮਾਰਿ ਪਾਵਾ ਤਲਿ ਦੀਨੇ॥

ਗੁਰਾਂ ਦੀ ਕਿਰਪਾ ਨਾਲ ਪੰਜ ਕਾਮ ਆਦਿਕਾਂ ਨੂੰ ਮਾਰ ਕੇ ਸਾਧਨਾਂ ਰੂਪੀ ਪੈਰਾਂ ਹੇਠ ਦਬਾ ਦਿੱਤਾ ਹੈ।

ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ॥ ੨॥

ਹਰੀ ਦੇ ਸਿਮਰਨ ਵਿਚ ਮੇਰਾ ਮਨ ਅਤੇ ਤਨ ਭਿਜ ਗਿਆ ਹੈ॥ ੨॥

ਪ੍ਰਸ਼ਨ-ਐਸੇ ਪਿਤਾ ਪਰਮਾਤਮਾ ਦੀ ਪਰਾਪਤੀ ਆਪ ਨੂੰ ਕਿਵੇਂ ਹੋਈ ਹੈ? *ਉੱਤਰ*-

ਪਿਤਾ ਹਮਾਰੋ ਵਡ ਗੋਸਾਈ॥
ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ॥
ਸਤਿਗੁਰ ਮਿਲੇ ਤ ਮਾਰਗੁ ਦਿਖਾਇਆ॥
ਜਗਤ ਪਿਤਾ ਮੇਰੈ ਮਨਿ ਭਾਇਆ॥ ੩॥
ਹਉ ਪੂਤੁ ਤੇਰਾ ਤੂੰ ਬਾਪੁ ਮੇਰਾ॥ ਏਕੈ ਠਾਹਰ ਦੁਹਾ ਬਸੇਰਾ॥

ਤੁਕਾਂ ਅੰਨਵੇ ਲਗਣੀਆਂ ਹਨ ਖਿਆਲ ਰਖੋ।

ਸਤਿਗੁਰ ਮਿਲੇ

ਜਿਸ ਵੇਲੇ ਪੂਰਨ ਗੁਰੂ ਮਿਲੇ ਤਾਂ ਮੈਂਨੇ ਬੇਨਤੀ ਕੀਤੀ ਕਿ-

ਪਿਤਾ ਹਮਾਰੋ ਵਡ ਗੋਸਾਈ॥

ਸਾਡਾ ਪਿਤਾ ਪਰਮਾਤਮਾ ਜੋ ਸਾਰਿਆਂ ਤੋਂ ਵੱਡਾ ਪ੍ਰਿਥਵੀ ਦਾ ਮਾਲਕ ਹੈ।

ਤਿਸੁ ਪਿਤਾ ਪਹਿ ਹਉ ਕਿਉ ਕਰਿ-ਜਾਈ॥

ਤਿਸ ਪਿਤਾ ਪਰਮਾਤਮਾ ਪਾਸ ਮੈਂ ਕਿਸ ਵਜ੍ਹਾ ਨਾਲ ਜਾਣਾ ਕਰਾਂ ? *ਉੱਤਰ*-

ਤ ਮਾਰਗੁ ਦਿਖਾਇਆ॥

ਤਾਂ ਫਿਰ ਗੁਰਾਂ ਨੇ ਗਿਆਨ ਭਗਤੀ ਰੂਪ ਰਸਤਾ ਵਿਖਾਣਾ ਕੀਤਾ।

ਏਕੈ ਠਾਹਰ ਦੁਹਾ ਬਸੇਰਾ॥

ਨਾਲ ਇਹ ਭੀ ਦੱਸਿਆ ਕਿ ਤੇਰਾ ਔਰ ਪਰਮਾਤਮਾ ਦੋਹਾਂ ਦਾ ਇਕ ਅੰਤਹਕਰਣ ਰੂਪੀ ਠਾਹਰ=ਜਗ੍ਹਾਂ ਦਾ ਵਾਸਾ ਹੈ।

ਪਰਮਾਤਮਾ ਅੰਤਹਕਰਣ ਉਪੈਤ ਹੈ, ਜੀਵ ਅੰਤਹਕਰਣ ਵਸ਼ਿਸ਼ਟ ਹੈ।

ਯਥਾ- ਏਕਾ ਸੇਜ ਵਿਛੀ ਧਨ ਕੰਤਾ॥ ਧਨ ਸੂਤੀ ਪਿਰੁ ਸਦ ਜਾਗੰਤਾ॥

(ਸੂਹੀ ਮਹਲਾ ੫ ਪੰਨਾ ੭੩੭)

ਯਥਾ- ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥

(ਗਉੜੀ ਮ: ੫ ਪੰਨਾ ੨੦੫)

ਹਉ ਪੂਤੁ ਤੇਰਾ ਤੂੰ ਬਾਪੁ ਮੇਰਾ॥

ਹੇ ਪਰਮਾਤਮਾ ! ਮੈਂ ਤੇਰਾ ਪੁੱਤਰ ਹਾਂ, ਤੁਸੀਂ ਮੇਰੇ ਪਿਤਾ ਹੋ। ਇਸ ਤਰ੍ਹਾਂ ਬੇਨਤੀ ਕਰਨ ਨਾਲ-

ਜਗਤ ਪਿਤਾ ਮੇਰੈ ਮਨਿ ਭਾਇਆ॥ ੩॥

ਜਗਤ ਪਿਤਾ=ਪਰਮਾਤਮਾ ਮੇਰੇ ਮਨ ਵਿਚ ਚੰਗਾ ਲੱਗਾ, ਭਾਵ ਸਾਖਿਆਤਕਾਰ ਹੋਇਆ ਹੈ॥ ੩॥

ਕਹੁ ਕਬੀਰ ਜਨਿ ਏਕੋ ਬੂਝਿਆ॥

ਕਬੀਰ ਜੀ ਕਥਨ ਕਰਦੇ ਹਨ-ਜਿਸ ਵੇਲੇ ਗੁਰ ਉਪਦੇਸ਼ ਦੁਆਰਾ ਮੈਂ ਜਨ ਨੇ ਏਕਤਾ ਨੂੰ ਬੁਝਣਾ ਕੀਤਾ, ਭਾਵ ਆਪਣੇ ਆਪ ਨੂੰ ਅਭੇਦ ਰੂਪ ਨਿਸਚੇ ਕੀਤਾ ਤਾਂ-

ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥ ੪॥ ੩॥

ਗੁਰਾਂ ਦੀ ਕ੍ਰਿਪਾ ਨਾਲ ਇਸ ਤਰ੍ਹਾਂ ਸੁਝ ਆਇਆ ਕਿ ਸਭ ਕੁਛ ਮੈਂ ਹੀ ਹਾਂ, ਮੇਰੇ ਤੋਂ ਭਿੰਨ ਹੋਰ ਕੁਝ ਨਹੀਂ॥ ੪॥ ੩॥

ਆਸਾ॥

ਉਥਾਨਕਾ-ਇਕ ਦਿਨ ਦਾ ਜ਼ਿਕਰ ਹੈ, ਵਿਸ਼ਨੂੰ ਮਹਾਰਾਜ ਜੀ ਬੈਕੁੰਠ ਧਾਮ ਵਿਖੇ ਪਲੰਘ 'ਪਰ ਲੇਟੇ ਹੋਏ ਸਨ ਤੇ ਲਛਮੀ ਆਪਣੇ ਸਵਾਮੀ ਵਿਸ਼ਨੂੰ ਜੀ ਦੇ ਚਰਨ ਝਸ ਰਹੀ ਸੀ। ਲਛਮੀ ਦੇ ਸਿਰ ਦੀ ਹਾਲਤ ਵੇਖ ਕੇ ਬਿਨੋਦ ਦੇ ਲਈ ਵਿਸ਼ਨੂੰ ਜੀ ਨੇ ਕਿਹਾ, ਹੇ ਲਛੋ ਰਾਣੀ ! ਤੇਰੇ ਮੱਥੇ ਦੇ ਵਾਲ ਕਿਉਂ ਘਸੇ ਹੋਏ ਹਨ ਤੇ ਜੁੰਡੇ ਕਿਉਂ ਪੁਟੇ ਹੋਏ ਹਨ ? ਲਛਮੀ ਨੇ ਕਿਹਾ-ਸਵਾਮੀ ਜੀ ਮਹਾਤਮਾ ਮੈਨੂੰ ਗ੍ਰਹਿਣ ਨਹੀਂ ਕਰਦੇ, ਉਹਨਾਂ ਅਗੇ ਮੈਂ ਮੱਥਾ ਰਗੜ੍ਹਦੀ ਰਹਿੰਦੀ ਹਾਂ ਕਿ ਮੈਨੂੰ ਵੀ ਗ੍ਰਹਿਣ ਕਰਕੇ ਸਫਲਾ ਕਰੋ।

ਯਥਾ- ਸਾਧੂ ਕੈ ਠਾਢੀ ਦਰਬਾਰਿ॥ ਸਰਨਿ ਤੇਰੀ ਮੋ ਕਉ ਨਿਸਤਾਰਿ॥ ੨॥

(ਗੌਂਡ ਕਬੀਰ ਜੀ ੮੭੨)

ਤਥਾ- ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥ ਚਰਣੀ ਲਾਗੈ ਤਾ ਮਹਲੁ ਪਾਵੈ॥

(ਗਉੜੀ ਮ: ੩ ਪੰਨਾ ੨੩੧)

ਤਥਾ- ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥
ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ॥ ੪॥ ੧॥

(ਆਸਾ ਮਹਲਾ ੫ ਪੰਨਾ ੩੭੦)

ਪਰ ਮਹਾਤਮਾ ਪ੍ਰਵਾਹ ਹੀ ਨਹੀਂ ਕਰਦੇ ਮੱਥਾ ਰਗੜਦਿਆਂ ਰਗੜਦਿਆਂ ਮੇਰੇ ਇਹ ਅਗਲੇ ਵਾਲ ਘਸ ਗਏ ਹਨ ਤੇ ਸੰਸਾਰੀ ਜੀਵ ਮੈਨੂੰ ਫੜਦੇ ਹਨ ਉਹਨਾਂ ਪਾਸੋਂ ਮੈਂ ਦੌੜ ਜਾਂਦੀ ਹਾਂ। ਦੌੜਦਿਆਂ ਦੌੜਦਿਆਂ ਕੋਈ ਕੋਈ ਜੁੰਡੇ ਦਾ ਵਾਲਾ ਉਹਨਾਂ ਦੇ ਹੱਥ ਆ ਜਾਂਦਾ ਹੈ, ਇਸ ਕਰਕੇ ਜੁੰਡੇ ਖੁੱਸੇ ਹੋਏ ਹਨ।

ਇਹ ਗੱਲ ਸੁਣਕੇ ਵਿਸ਼ਨੂੰ ਨੇ ਆਖਿਆ ਇਸ ਤੋਂ ਇਹ ਮਾਲੂਮ ਹੁੰਦਾ ਹੈ ਕਿ ਫਿਰ ਮੇਰੇ ਭਗਤ ਵੱਡੇ ਹਨ।

ਲਛਮੀ ਨੇ ਕਿਹਾ ਨਹੀਂ ਜੀ, ਭਗਤ ਤਾਂ ਮੇਰੇ ਵੱਡੇ ਹਨ। ਆਪਸ ਵਿਚ ਜ਼ਿਦ ਪਏ, ਆਖਿਰ ਭਗਤਾਂ 'ਪਰ ਫੈਸਲਾ ਮੁਕਾ। ਲਛਮੀ ਨੇ ਕਿਹਾ ਪਹਿਲੇ ਮੇਰੇ ਭਗਤ ਵੇਖੋ। ਭਗਵਾਨ ਨੇ ਕਿਹਾ ਚੰਗਾ। ਵਿਸ਼ਨੂੰ ਜੀ ਫਕੀਰ ਦਾ ਰੂਪ ਧਾਰ ਕੇ ਸ਼ਹਿਰ ਵਿਚ ਜਾ ਪ੍ਰਵਿਸ਼ੇ। ਇਕ ਸੰਤ ਸੇਵੀ ਸ਼ਾਹੂਕਾਰ ਨੇ ਵੇਖ ਕੇ ਬੇਨਤੀ ਕੀਤੀ ਕਿ ਫਕੀਰ ਜੀ ! ਕੋਈ ਦਿਨ ਰਹਿ ਕੇ ਮੇਰੇ ਘਰ ਨੂੰ ਪਵਿੱਤ੍ਰ ਕਰੋ। ਵਿਸ਼ਨੂੰ ਨੇ ਕਿਹਾ ਅਸੀਂ ਰਹਿੰਦੇ ਤਾਂ ਹਾਂ ਜੇ ਸਾਨੂੰ ਕੱਢਣਾ ਨਾ ਹੋਵੇ ਜਿਸ ਵੇਲੇ ਮਰਜ਼ੀ ਆਵੇ ਤਾਂ ਜਾਵਾਂਗੇ। ਸ਼ਾਹੂਕਾਰ ਨੇ ਕਿਹਾ ਚੰਗਾ ਜੀ, ਸਗੋਂ ਬੜੀ ਕਿਰਪਾ ਹੈ ਜਿਤਨੇ ਦਿਨ ਮਰਜ਼ੀ ਆਵੇ ਆਪ ਰਹੋ। ਸ਼ਾਹੂਕਾਰ ਨੇ ਸਭ ਤੋਂ ਵਧੀਆ ਕਮਰਾ ਸਾਫ ਕਰਵਾ ਕੇ ਪਲੰਘ ਵਿਛਵਾ ਦਿੱਤਾ, ਭੋਜਨ ਤਿਆਰ ਕਰਵਾ ਦਿੱਤੇ।

ਥੋੜ੍ਹੇ ਚਿਰ ਮਗਰੋਂ ਲਛਮੀ ਸ਼ਾਹੂਕਾਰ ਦੀ ਦੁਕਾਨ ਤੇ ਆ ਪਹੁੰਚੀ ਤੇ ਕਿਹਾ ਮੈਂ ਜਰੀਬਾਫਤੇ ਦੇ ਦੋ ਤਿੰਨ ਥਾਨ ਲੈਣੇ ਹਨ ਵਧੀਆ ਮਾਲ ਵਿਖਾਵੋ ਨਾਲ ਹੀ ਲਛਮੀ ਨੇ ਪਾਣੀ ਦਾ ਗਿਲਾਸ ਮੰਗਿਆ। ਸ਼ਾਹੂਕਾਰ ਨੇ ਨੌਕਰ ਨੂੰ ਬੁਲਾ ਕੇ ਪਾਣੀ ਮੰਗਵਾ ਦਿੱਤਾ। ਲਛਮੀ ਨੇ ਕਿਹਾ, ਮੈਂ ਆਪਣੇ ਗਲਾਸ ਵਿਚ ਪਾਣੀ ਪੀਂਦੀ ਹਾਂ। ਥੈਲੇ ਵਿਚੋਂ ਸੋਨੇ ਦਾ ਗਿਲਾਸ ਕੱਢ ਕੇ ਪਾਣੀ ਪੀ ਕੇ ਉਹ ਗਲਾਸ ਓਥੇ ਹੀ ਰਖ ਦਿੱਤਾ। ਸ਼ਾਹੂਕਾਰ ਵੇਖ ਕੇ ਹੈਰਾਨ ਹੋ ਗਿਆ, ਆਖਿਆ-ਬੀਬੀ ਜੀ ! ਗਿਲਾਸ ਸੋਨੇ ਦਾ ਹੈ ਸਾਂਭ ਲਵੋ, ਕੋਈ ਚੁਕ ਹੀ ਨਾ ਲਵੇ। ਲਛਮੀ ਨੇ ਕਿਹਾ, ਜਿਸ ਵਿਚ ਮੈਂ ਖਾਂਦੀ ਪੀਂਦੀ ਹਾਂ ਉਹ ਭਾਂਡਾ ਫਿਰ ਨਹੀਂ ਵਰਤਦੀ।

ਇਹ ਗੱਲ ਸੁਣਕੇ ਸ਼ਾਹੂਕਾਰ ਦਾ ਮਨ ਭਰਮ ਗਿਆ ਤੇ ਵਿਚਾਰਿਆ ਜੇ ਦੋ ਚਾਰ ਦਿਨ ਸਾਡੇ ਘਰ ਰਹੇ ਤਾਂ ਅਸਾਂ ਪਾਸ ਸੋਨਾ ਹੀ ਸੋਨਾ ਹੋ ਜਾਵੇਗਾ। ਇਸ ਲਾਲਚ ਵਿਚ ਲੱਗ ਕੇ ਉਸ ਨੂੰ ਕਿਹਾ ਸਾਡੇ ਪਾਸ ਇਸ ਸਮੇਂ ਇਕ ਦੋ ਥਾਨ ਹਨ ਜੇ ਆਪ ਬਹੁਤ ਵਧੀਆ ਲੈਣਾ ਚਾਹੁੰਦੇ ਹੋ ਤਾਂ ਦੋ ਦਿਨ ਠਹਿਰ ਜਾਓ ਮਾਲ ਆਉਣ ਵਾਲਾ ਹੈ ਉਹ ਮਾਲ ਆਪ ਲੈਣਾ। ਸ਼ਾਹਣੀ ਨੇ ਕਿਹਾ ਚੰਗਾ, ਮੇਰੇ ਰਹਿਣ ਵਾਸਤੇ ਕੋਈ ਜਗ੍ਹਾਂ ਮਿਲਣੀ ਚਾਹੀਦੀ ਹੈ।

ਸ਼ਾਹੂਕਾਰ ਦੇ ਲੜਕੇ ਨੇ ਸਾਰੇ ਚੁਬਾਰੇ ਦਿਖਾਏ, ਪਰ ਲਛੋਰਾਣੀ ਨੂੰ ਕੋਈ ਪਸੰਦ ਹੀ ਨਾ ਆਇਆ। ਜਿਸ ਵਿਚ ਵਿਸ਼ਨੂੰ ਜੀ ਠਹਿਰੇ ਹੋਏ ਸਨ ਉਹ ਕਮਰਾ ਜਿਸ ਵੇਲੇ ਵਿਖਾਇਆ ਤਾਂ ਲਛਮੀ ਨੂੰ ਕੁਝ ਕੁਝ ਪਸੰਦ ਆਇਆ ਤੇ ਆਖਿਆ ਇਹੋ ਕਮਰਾ ਠੀਕ ਹੈ। ਉਸ ਵੇਲੇ ਸ਼ਾਹੂਕਾਰ ਦੇ ਪੁਤ੍ਰ ਨੇ ਕਿਹਾ ਸੰਤ ਜੀ ! ਆਪ ਕਿਸੇ ਹੋਰ ਕਮਰੇ ਵਿਚ ਨਿਵਾਸ ਕਰ ਲਓ ਤੇ ਇਹ ਖਾਲੀ ਕਰ ਦਿਓ। ਸੰਤਾਂ ਆਖਿਆ ਅਸਾਂ ਨੇ ਤਾਂ ਪਹਿਲਾਂ ਇਕਰਾਰ ਕਰ ਲਿਆ ਹੋਇਆ ਹੈ ਕਿ ਜਿਸ ਵੇਲੇ ਮਰਜ਼ੀ ਆਵੇਗੀ ਤਾਂ ਉਠਾਂਗੇ।

ਇਹ ਗੱਲ ਸੁਣਕੇ ਲੜਕੇ ਨੇ ਆਖਿਆ ਮੇਰੇ ਨਾਲ ਤੁਸਾਂ ਕੋਈ ਇਕਰਾਰ ਨਹੀਂ ਕੀਤਾ, ਬਸ ਬਹੁਤੀਆਂ ਗੱਲਾਂ ਨਾ ਕਰੋ, ਇਹ ਤੁਹਾਨੂੰ ਖਾਲੀ ਕਰਨਾ ਹੀ ਪਵੇਗਾ। ਇਤਨੀ ਗੱਲ ਕਹਿ ਕੇ ਉਹਨਾਂ ਦਾ ਆਸਣ ਚੁਕ ਕੇ ਬਾਹਰ ਰੱਖ ਦਿੱਤਾ, ਉਸ ਵੇਲੇ ਵਿਸ਼ਨੂੰ ਜੀ ਆਪ ਹੀ ਬਾਹਰ ਉੱਠ ਕੇ ਆ ਗਏ। ਚੰਦ ਮਿੰਟਾਂ ਬਾਅਦ ਲਛੋਰਾਣੀ ਵੀ ਆ ਗਈ, ਆ ਕੇ ਆਖਦੀ ਹੈ-ਵੇਖੇ ਜੇ ਮੇਰੇ ਭਗਤ ! ਜਿਨ੍ਹਾਂ ਨੇ ਧਕੇ ਦੇ ਕੇ ਆਪ ਜੀ ਨੂੰ ਬਾਹਰ ਕੱਢ ਦਿੱਤਾ ਹੈ।

ਵਿਸ਼ਨੂੰ ਨੇ ਕਿਹਾ, ਹੁਣ ਤੂੰ ਮੇਰੇ ਭਗਤ ਵੇਖ ! ਕਾਂਸ਼ੀ ਵਿਚ ਮੇਰਾ ਕਬੀਰ ਭਗਤ ਹੈ ਉਸ ਪਾਸ ਚਲੀ ਜਾਹ। ਉਸ ਵੇਲੇ ਸ਼ਾਹਣੀ ਦਾ ਰੂਪ ਧਾਰ ਕੇ ਕਬੀਰ ਪਾਸ ਆ ਕੇ ਲਛਮੀ ਨੇ ਕਿਹਾ-ਅਰੇ ਜੁਲਾਹੇ ! ਮੈਨੂੰ ਇਕ ਤਾਣੀ ਛੇਤੀ ਛੇਤੀ ਬੁਣ ਦੇਹ, ਲੋਕਾਂ ਤੋਂ ਜੋ ਕੁਛ ਲੈਂਦਾ ਹੈਂ ਮੇਰੇ ਪਾਸੋਂ ਦੂਣੀ ਮਜੂਰੀ ਲੈ ਲੈ, ਪਰ ਮੇਰਾ ਕੰਮ ਛੇਤੀ ਛੇਤੀ ਕਰ ਦੇਹ।

ਇਹ ਗੱਲ ਸੁਣਕੇ ਕਬੀਰ ਜੀ ਨੇ ਅੰਤਰ ਧਿਆਨ ਹੋ ਕੇ ਵੇਖਿਆ ਇਹ ਔਰਤ ਕੌਣ ਹੈ ਜੋ ਇਤਨਾ ਮੁਲ ਖਰਚਦੀ ਹੈ। ਸਮਝਿਆ ਇਹ ਮਾਇਆ ਹੈ ਜੋ ਮੈਨੂੰ ਛਲਣ ਵਾਸਤੇ ਆਈ ਹੈ। ਉਸ ਵੇਲੇ ਕਬੀਰ ਨੇ ਕਿਹਾ ਮੈਂ ਤੈਨੂੰ ਕਦੇ ਯਾਦ ਨਹੀਂ ਕੀਤਾ ਅਤੇ ਨਾ ਹੀ ਮੈਂ ਤੇਰਾ ਕਦੇ ਪੂਜਨ ਕੀਤਾ ਹੈ, ਤੂੰ ਮੇਰੇ ਪਾਸ ਕਿਉਂ ਆਈ ਹੈਂ? ਜਿਹੜੇ ਲੋਕ ਤੇਰਾ ਪੂਜਨ ਕਰਦੇ ਹਨ ਤੂੰ ਉਹਨਾਂ ਪਾਸ ਜਾਣਾ ਕਰ। ਅਗੋਂ ਲਛਮੀ ਨੇ ਪੁਛਿਆ ਮੇਰਾ ਪੂਜਨ ਕਿਹੜੇ ਲੋਕ ਕਰਦੇ ਹਨ ? ਕਬੀਰ ਜੀ ਨੇ ਆਖਿਆ ਇਕ ਵਾਮ ਮਾਰਗੀਏ ਤੇਰਾ ਪੂਜਨ ਕਰ਼ਦੇ ਹਨ, ਦੂਜਾ ਵੈਸ਼ਨਵ ਮਤ ਵਾਲੇ ਕਰਦੇ ਹਨ। ਸੋ ਪਹਿਲੇ ਅਰਥ ਵਿਚ ਵਾਮ ਮਾਰਗੀਆਂ ਦਾ ਪੂਜਨ ਦੱਸਦੇ ਹਨ-

ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ॥

ਵਾਮ ਮਾਰਗੀ ਲੋਕ ਪੂਜਾ ਵੇਲੇ ਕੁਰਕਟ=ਕੁਕੜਾਂ ਦੇ ਉਰ=ਸੀਨੇ ਨੂੰ ਕੱਟ ਕੇ ਮਾਸ ਦਾ ਇਕ ਪਤਰਿ=ਭਾਂਡਾ ਭਰ ਕੇ ਪਾਸ ਰੱਖਦੇ ਹਨ ਅਤੇ ਇਕ ਭਾਂਡਾ ਪਾਨੀ=ਸ਼ਰਾਬ ਦਾ ਭਰ ਕੇ ਰੱਖਦੇ ਹਨ, ਕਿਉਂਕਿ ਵਾਮ ਮਾਰਗੀਏ ਸਭ ਨਾਲੋਂ ਸ਼ਰਾਬ ਨੂੰ ਉੱਤਮ ਮੰਨਦੇ ਹਨ। ਸ਼ਿਵਾਂ ਦੇ ਬਣਾਏ ਹੋਏ 'ਸ਼ੈਵਤੰਤ੍ਰ' ਗ੍ਰੰਥ ਵਿਚ ਲਿਖਿਆ ਹੈ-

ਪੀਤ੍ਵਾ ਪੀਤ੍ਵਾ ਪੁਨਾ ਪੀਤ੍ਵਾ, ਯਾਵਤ ਪਤਿਤ ਨ ਭੂਤਲੇ॥
ਉਥਾਇਚ ਪੁਨਾ ਪੀਤ੍ਵਾ, ਪੁਨਰਪਿ ਜਨਮ ਨ ਵਿਦਜਤੇ॥

ਪ੍ਰਬੋਧ ਚੰਦਰ ਨਾਟਕ ਵਿਚ ਭੀ ਇਹ ਸਲੋਕ ਲਿਖਿਆ ਹੋਇਆ ਹੈ।

ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ॥ ੧॥

ਆਸੇ ਪਾਸੇ ਗੱਦੀਆਂ ਵਾਲੇ ਪੰਜ ਜੋਗੀ ਬੈਠਦੇ ਹਨ। ਬ੍ਰਹਮ ਗਿਆਨੀ ਤੋਂ ਬਿਨਾਂ ਨਾ ਕੱਟੀ ਜਾਣ ਵਾਲੀ ਹੇ ਮਾਇਆ ! ਰਾਣੀ ਦੀ ਸ਼ਕਲ ਬਣਾ ਕੇ ਵਿਚ ਤੇਰੀ ਮੂਰਤੀ ਟਿਕਾਉਂਦੇ ਹਨ, ਭਾਵ ਇਸ ਤਰੀਕੇ ਨਾਲ ਜੋ ਪੁਰਸ਼ ਤੇਰਾ ਪੂਜਨ ਕਰਦੇ ਹਨ, ਤੂੰ ਉਹਨਾਂ ਦੇ ਪਾਸ ਜਾਣਾ ਕਰ।

ਦੂਜੇ ਵੈਸ਼ਨਵ ਮਤ ਵਾਲੇ ਤੇਰਾ ਪੂਜਨ ਇਸ ਤਰ੍ਹਾਂ ਕਰਦੇ ਹਨ-

ਦੂਸਰਾ ਅਰਥ-

ਇਕਤੁ ਪਤਰਿ ਭਰਿ ਉਰਕਟ ਕੁਰਕਟ

ਇਕ ਭਾਂਡਾ ਉਰਕਟ+ਕੁਰਕਟ=ਫੁਲਾਂ ਫਲਾਂ ਦਾ ਭਰ ਕੇ

ਇਕਤੁ ਪਤਰਿ ਭਰਿ ਪਾਨੀ॥

ਅਤੇ ਇਕ ਭਾਂਡਾ ਪਾਨੀ=ਦੁੱਧ ਦਾ ਭਰ ਕੇ ਰੱਖਦੇ ਹਨ-

ਆਸਿ ਪਾਸਿ ਪੰਚ ਜੋਗੀਆ ਬੈਠੇ

ਆਲੇ ਦੁਆਲੇ ਪੰਜ ਸਤ ਆਦਮੀ ਜੋਗੀਆ=ਜੁੜ ਕੇ ਬੈਠਦੇ ਹਨ।

ਬੀਚਿ ਨਕਟ ਦੇ ਰਾਨੀ॥ ੧॥

ਹੇ ਬ੍ਰਹਮ ਗਿਆਨ ਤੋਂ ਬਿਨਾਂ ਨਾ ਕੱਟੀ ਜਾਵੇਂ ਮਾਇਆ ! ਵਿਚ ਤੇਰੀ ਮੂਰਤੀ ਟਿਕਾਉਂਦੇ ਹਨ, ਭਾਵ ਦੀਵਾਲੀ ਦੀ ਰਾਤ ਤੇ ਸ਼ਿਵਰਾਤ੍ਰੀ ਨੂੰ ਚਾਂਦੀ ਦੇ ਥਾਲ ਵਿਚ ਚਾਂਦੀ ਦੇ ਨਕਦ ਰੁਪਏ ਰੱਖ ਕੇ ਦੁੱਧ, ਧੂਪ, ਸਿਹਰੇ, ਪਤਾਸੇ, ਜਲੇਬੀਆਂ ਨਾਲ ਦੀਪਕ ਜਗਾ ਕੇ ਹੇ ਮਾਇਆ ! ਤੇਰੀ ਪੂਜਾ ਕਰਦੇ ਹਨ, ਇਸ ਲਈ ਤੂੰ ਉਹਨਾਂ

ਦੇ ਪਾਸ ਚਲੀ ਜਾਹ।

ਮਾਇਆ ਨੇ ਕਿਹਾ-ਹੇ ਕਬੀਰ ! ਮੈਨੇ ਤਾਂ ਬੜਿਆਂ ਬੜਿਆਂ ਸੰਤਾਂ ਨੂੰ ਝੁਕਾ ਲਿਆ ਹੈ ਤੇ ਤੂੰ ਕਿਹੜੇ ਬਾਗ ਦੀ ਮੂਲੀ ਹੈਂ। ਕਬੀਰ ਜੀ ਨੇ ਕਿਹਾ-ਠੀਕ ਹੈ-

ਤੀਸਰਾ ਅਰਥ-

ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ॥

ਜਿਨ੍ਹਾਂ ਸੰਤਾਂ ਨੇ ਆਪਣੇ ਸਰੀਰ ਦੇ ਇਕਤੁ ਪਤਰਿ=ਇਕ ਪਾਸੇ ਨੂੰ ਉਰਕਟ=ਫੁਲਾਂ ਤੇ ਕੁਰਕਟ=ਫਲਾਂ ਨੂੰ ਖਾ ਕੇ ਭਰਿਆ ਹੈ ਅਤੇ ਸਰੀਰ ਦੇ ਇਕ ਪਾਸੇ ਨੂੰ ਪਾਣੀ ਨਾਲ ਭਰਨਾ ਕੀਤਾ ਹੈ, ਭਾਵ ਫੁਲ ਫਲ ਖਾ ਕੇ ਪਾਣੀ ਪੀ ਕੇ ਜਿਨ੍ਹਾਂ ਨੇ ਗੁਜ਼ਾਰਾ ਕੀਤਾ ਹੈ।

ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ॥ ੧॥

ਉਹਨਾਂ ਸੰਤਾਂ ਦੇ ਵੀ ਅੰਤਹਕਰਣ ਦੇ ਆਲੇ ਦੁਆਲੇ ਪੰਜ ਕਾਮ ਆਦਿਕ ਜੋਗੀਆ=ਜੁੜ ਬੈਠੇ ਹਨ। ਬ੍ਰਹਮ ਗਿਆਨ ਤੋਂ ਬਿਨਾਂ ਨਾ ਕੱਟੀ ਜਾਵੇਂ ਹੇ ਰਾਣੀ=ਮਾਇਆ ! ਤੇਰੇ ਵਿਚ ਉਹ ਮਹਾਤਮਾ ਆਪਣਾ ਚਿਤ ਦਿੱਤੀ ਰੱਖਦੇ ਹਨ॥ ੧॥

ਸਾਖੀ-ਤਪਸਵੀ ਸੰਤਾਂ ਦੀ

ਇਕ ਮਹਾਤਮਾ ਆਪਣਾ ਘਰ ਬਾਰ ਤਿਆਗ ਕੇ ਵੈਰਾਗ ਮੂਰਤੀ ਬਣ ਕੇ ਬਾਹਰ ਜੰਗਲ ਵਿਚ ਜਾ ਬੈਠੇ, ਕਾਫੀ ਚਿਰ ਰਹਿ ਕੇ ਤਪਸਿਆ ਕੀਤੀ, ਉਹਨਾਂ ਦੀ ਤਿਆਗ ਬਿਰਤੀ ਵੇਖ ਕੇ ਇਕ ਪਰੇਮੀ ਉਹਨਾਂ ਦੀ ਸੇਵਾ ਵਿਚ ਹੀ ਬੈਠਾ ਰਿਹਾ ਕਰੇ। ਪ੍ਰਾਣਾਂ ਦੇ ਅਧਾਰ ਲਈ ਜਿਸ ਵੇਲੇ ਭੀ ਕਿਸੇ ਚੀਜ਼ ਦੀ ਜ਼ਰੂਰਤ ਪਵੇ ਉਹ ਲਿਆ ਦਿਤਾ ਕਰੇ ਉਹਨਾਂ ਦੇ ਸਰੀਰ ਦੀ ਸੇਵਾ ਵੀ ਕੀਤਾ ਕਰੇ।

ਇਕ ਦਿਨ ਉਹ ਮਹਾਤਮਾ ਬੈਠੇ ਤਪ ਕਰ ਰਹੇ ਸਨ, ਇਤਨੇ ਨੂੰ ਇਕ ਜਾਂਦਾ ਹੋਇਆ ਰਾਹੀ ਮਹਾਂਪੁਰਸ਼ ਤਪਸਵੀ ਪੁਰਸ਼ ਸਮਝ ਕੇ ਪੰਜ ਰੁਪਏ ਮਥਾ ਟੇਕ ਕੇ ਚਲਾ ਗਿਆ। ਪਿਛੋਂ ਸੇਵਾਦਾਰ ਨੇ ਇਕ ਰੁਪਿਆ ਆਪਣੇ ਪਾਸ ਰਖ ਲਿਆ ਅਤੇ ਸਮਾਧੀ ਖੁਲ੍ਹਣ ਤੇ ਚਾਰ ਰੁਪਏ ਮਹਾਂਪੁਰਸ਼ਾਂ ਅੱਗੇ ਰੱਖ ਕੇ ਕਿਹਾ ਇਕ ਪ੍ਰੇਮੀ ਆਪ ਜੀ ਨੂੰ ਮੱਥਾ ਟੇਕ ਗਿਆ ਹੈ। ਅਗੋਂ ਉਹਨਾਂ ਆਖਿਆ ਕਿ ਖੜਕਾ ਪੰਜਾਂ ਰੁਪਿਆਂ ਦਾ ਹੋਇਆ ਸੀ ਤੇ ਹੁਣ ਸਾਡੇ ਅਗੇ ਚਾਰ ਰੱਖਦਾ ਹੈਂ। ਸੇਵਕ ਨੇ ਹੱਸ ਕੇ ਕਿਹਾ-ਮਹਾਰਾਜ ਜੀ ! ਮੈਂ ਤਾਂ ਸਮਝਿਆ ਸੀ ਆਪ ਸਮਾਧੀ ਵਿਚ ਲੀਨ ਹੋ, ਪਰ ਮੈਨੂੰ ਇਹ ਨਹੀਂ ਪਤਾ ਸੀ ਕਿ ਤੁਹਾਡਾ ਚਿਤ ਮਾਇਆ ਦੇ ਗਿਣਨ ਵਿਚ ਹੀ ਲੱਗਾ ਹੋਇਆ ਹੈ।

ਕਬੀਰ ਜੀ ਆਖਦੇ ਹਨ-ਇਹੋ ਜਿਹੇ ਸੰਤਾਂ ਦਾ ਚਿਤ ਤੇਰੇ ਵਿਚ ਲੱਗਾ ਹੋਇਆ ਹੈ, ਪਰ ਮੇਰੇ ਪਾਸੋਂ ਤੂੰ ਚਲੀ ਜਾਹ।

ਨਕਟੀ ਕੋ ਠਨਗਨੁ ਬਾਡਾ ਡੂੰ॥

ਬ੍ਰਹਮ ਗਿਆਨ ਤੋਂ ਬਿਨਾਂ, ਹੇ ਨਾ ਕੱਟੀ ਜਾਵੇਂ ਮਾਇਆ ! ਠਨਗਨ ਠਨਗਨ ਸ਼ਬਦ ਕਰਕੇ ਤੇਰਾ ਬਾਡਾ=ਵਾਜਾ ਵਜ ਰਿਹਾ ਹੈ ਡੂੰ=ਦੋ ਲੋਕਾਂ ਵਿਚ, ਭਾਵ ਲੋਕ ਪਰਲੋਕ ਵਿਚ ਤੇਰਾ ਚਮਤਕਾਰ ਹੋ ਰਿਹਾ ਹੈ।

*ਅਥਵਾ :-*ਡੂੰ=ਦਵੈਤ ਵਾਲਿਆਂ ਪੁਰਸ਼ਾਂ ਦੇ ਹਿਰਦੇ ਵਿਚ ਤੇਰਾ ਵਾਜਾ ਵਜ ਰਿਹਾ ਹੈ।

ਇਸੀ ਤੇ ਸਾਰੇ ਅਵਿਵੇਕੀ ਜੀਵ ਤੇਰੇ ਫਸੇ ਪਏ ਹਨ।

ਕਿਨਹਿ ਬਿਬੇਕੀ ਕਾਟੀ ਤੂੰ॥ ੧॥ ਰਹਾਉ॥

ਕਿਸੇ ਵਿਚਾਰਵਾਨ ਨੇ ਹੀ ਮਿਥਿਆ ਰੂਪ ਜਾਣ ਕੇ ਤੈਨੂੰ ਕੱਟਣਾ ਕੀਤਾ ਹੈ॥ ੧॥

ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ॥

ਬ੍ਰਹਮ ਗਿਆਨ ਤੋਂ ਬਿਨਾਂ ਹੇ ਨਾ ਕੱਟੀ ਜਾਵੇਂ ਮਾਇਆ ! ਸਾਰਿਆਂ ਲੋਕਾਂ ਵਿਚ ਤੇਰਾ ਵਾਸਾ ਹੈ। ਅਉਹੇਰੀ ਕਹੀਏ ਅਹੇੜੀ, ਭਾਵ ਸ਼ਿਕਾਰੀ ਵਾਂਗੂੰ ਸਾਰਿਆਂ ਨੂੰ ਮਾਰ ਕੇ ਅਉ+ਹੇਰੀ=ਫਿਰ ਸਾਰਿਆਂ ਵੱਲ ਤਕਦੀ ਹੈਂ ਕਿ ਕੋਈ ਬਚ ਤਾਂ ਨਹੀਂ ਗਿਆ।

ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ॥ ੨॥

ਮਾਇਆ ਨੇ ਕਿਹਾ-ਹੇ ਕਬੀਰ ! ਮੈਂ ਸਾਰਿਆਂ ਦੀ ਭੈਣ ਤੇ ਭਣੇਵੀਂ ਵਾਂਗ ਹਾਂ, ਭਾਵ ਜਿਵੇਂ ਭੈਣ ਤੇ ਭਣੇਵੀਂ ਵੱਲ ਖੋਟੀ ਨਿਗਾਹ ਕੋਈ ਨਹੀਂ ਕਰਦਾ ਤਿਵੇਂ ਮੈਨੂੰ ਕੋਈ ਬੁਰਾ ਨਹੀਂ ਸਮਝਦਾ ਪਰੰਤੂ ਜਿਸ ਨੇ ਮੈਨੂੰ ਬਰੀ=ਆਈ ਚਲਾਈ ਕੀਤਾ ਹੈ, ਉਸ ਦੀ ਮੈਂ ਚੇਰੀ=ਦਾਸੀ ਹਾਂ॥ ੨॥

ਕਬੀਰ ਜੀ ਨੇ ਕਿਹਾ, ਤੂੰ ਮੇਰੇ ਪਾਸ ਚਲ ਕੇ ਕਿਉਂ ਆਈ ਹੈਂ ? ਮਾਇਆ ਨੇ ਆਖਿਆ, ਤੈਨੂੰ ਮੋਹਿਤ ਕਰਨ ਆਈ ਹਾਂ। ਫਿਰ ਕਬੀਰ ਨੇ ਕਿਹਾ, ਤੂੰ ਵੀ ਇਸਤ੍ਰੀ ਮੈਂ ਵੀ ਇਸਤ੍ਰੀ-ਇਸਤ੍ਰੀ, ਇਸਤ੍ਰੀ ਨੂੰ ਮੋਹਤ ਨਹੀਂ ਕਰ ਸਕਦੀ। ਮਾਇਆ ਨੇ ਕਿਹਾ ਤੇਰਾ ਪਤੀ ਕਿਹੜਾ ਹੈ ?

ਉੱਤਰ-

ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ॥

ਮੇਰਾ ਪਤੀ ਰਾਮਾ ਨੰਦ ਬਹੁਤ ਵਿਚਾਰ ਵਾਲਾ ਹੈ। ਉਹ ਆਪ ਹੀ ਪੂਰਨ ਸੰਤ ਕਹਾਂਵਦਾ ਹੈ।

ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ॥ ੩॥

ਉਹ ਹਮਾਰੈ ਮਾਥੈ=ਸਿਰ ਤੇ ਸਦਾ ਹੀ ਕਾਇਮੁ=ਇਸਥਿਤ ਹੈ, ਇਸ ਲਈ ਹੋਰ ਕੋਈ ਮੇਰੇ ਨੇੜੇ ਨਹੀਂ ਆ ਸਕਦਾ।

ਫਿਰ ਮਾਇਆ ਨੇ ਕਿਹਾ-ਹੇ ਕਬੀਰ ! ਤੂੰ ਕਿਹੜੇ ਬਾਗ ਦੀ ਮੂਲੀ ਹੈਂ, ਵੇਖ, ਮੈਂ ਤਾਂ ਬੜੇ ਬੜੇ ਰਿਖੀਆਂ ਨੂੰ ਵਸ ਕੀਤਾ ਹੋਇਆ ਹੈ।

ਨਾਕਹੁ ਕਾਟੀ

ਨਾਕਹੁ=ਸਵਰਗ ਵਿਚ ਰਹਿਣ ਵਾਲੇ ਨੋਖ ਰਾਜਾ ਨੂੰ ਕੱਟਣਾ ਕੀਤਾ ਹੈ। ਜਿਸ ਵੇਲੇ ਇੰਦਰ ਪਦਵੀ ਤੇ ਬੈਠ ਕੇ ਇਸ ਨੇ ਸਚੀ ਭਾਵ ਇੰਦ੍ਰਾਣੀ ਦਾ ਧਰਮ ਭੰਗ ਕਰਨਾ ਚਾਹਿਆ ਤਾਂ ਸਚੀ ਨੇ ਬ੍ਰਹਸਪਤ ਦੀ ਸਲਾਹ ਲੈ ਕੇ ਇਸ ਨੂੰ ਕਿਹਾ, ਸੱਤ ਰਿਖੀਆਂ ਪਾਸੋਂ ਆਪਣੀ ਪਾਲਕੀ ਚੁਕਾ ਕੇ ਤੂੰ ਮੇਰੇ ਪਾਸ ਆ ਫੇਰ ਮੈਂ ਤੇਰਾ ਹੁਕਮ ਮੰਨਾਂਗੀ। ਕਾਮ ਵਿਚ ਅੰਨ੍ਹਾਂ ਹੋ ਕੇ ਸੱਤਾਂ ਰਿਖੀਆਂ ਪਾਸੋਂ ਆਪਣੀ ਪਾਲਕੀ ਚੁਕਾ ਕੇ ਟੁਰ ਪਿਆ। ਰਿਖੀ ਭਜਨ ਵਿਚ ਮਸਤ ਹੋਏ ਹੌਲੀ ਹੌਲੀ ਟੁਰਨ, ਇਸ ਨੇ ਕੋਰੜੇ ਮਾਰ ਕੇ ਕਿਹਾ ਛੇਤੀ ਟੁਰੋ। ਰਿਖੀਆਂ ਨੇ ਗੁੱਸੇ ਵਿਚ ਆ ਕੇ ਸਰਪ ਹੋਣ ਦਾ ਸਰਾਪ ਦੇ ਦਿਤਾ।

ਯਥਾ- ਏਕ ਉਦਾਲਕ ਰਿਖਿ ਹੁਤੋ ਦਿਯੋ ਸ੍ਰਾਪ ਰਿਸਿ ਠਾਨਿ॥
ਤਬ ਤੇਂ ਗਿਰਜੋ ਇੰਦ੍ਰੁਤੁ ਤੇ ਪਰਜੋ ਪ੍ਰਿਥੀ ਪਰ ਆਨਿ॥ ੧੩॥

ਕਲਗੀਧਰ ਜੀ ਨੇ ਨੋਖ ਦੀ ਜਗ੍ਹਾਂ ਜੁਜਾਤੀ ਨਾਮ ਲਿਖ ਕੇ ੧੧੭ਵੇਂ ਚਰਿੱਤਰ ਵਿਚ ਸਾਰਾ ਪ੍ਰਸੰਗ ਲਿਖਿਆ ਹੈ।

ਕਾਨਹੁ ਕਾਟੀ

ਕਾਨਹੁ=ਬਨ ਵਿਚ ਰਹਿਣ ਵਾਲੇ ਸਿੰਙੀ ਰਿਖੀ ਨੂੰ ਕੱਟਣਾ ਕੀਤਾ ਹੈ।

ਸਾਖੀ-ਸਿੰਙੀ ਰਿਖੀ ਦੀ

ਇਹ ਸਿੰਙੀ ਰਿਖੀ ਮ੍ਰਿਗਨੀ ਦੇ ਉਦਰ ਤੋਂ ਪੈਦਾ ਹੋਇਆ ਹੈ ਤੇ ਬਿਭਾਂਡਵ ਰਿਖੀ ਦਾ ਪੁੱਤਰ (ਚੇਲਾ) ਹੈ। ਜਦ ਤੋਂ ਇਸ ਨੇ ਹੋਸ਼ ਸੰਭਾਲੀ ਉਸ ਦਿਨ ਤੋਂ ਇਹ ਤਪੱਸ੍ਵੀ ਬਣ ਗਿਆ। ਸ਼ਹਿਰ ਦੇ ਵਿਚ ਤਾਂ ਕਦੇ ਆਇਆ ਹੀ ਨਹੀਂ, ਜੰਗਲ ਵਿਚ ਰਹਿ ਕੇ ਰਾਤ ਦਿਨ ਪਰਮੇਸ਼ਰ ਦਾ ਸਿਮਰਨ ਕਰਦਾ ਹੈ, ਕਦੇ ਵੇਦਾਂ ਨੂੰ ਪੜ੍ਹਦਾ ਹੈ ਕਦੇ ਸਮਾਧੀ ਵਿਚ ਲੀਨ ਹੁੰਦਾ ਹੈ, ਭੁਖ ਵੇਲੇ ਫਲ ਖਾਂਦਾ ਹੈ।

ਯਥਾ- ਭੂਖਿ ਪਿਆਸ ਲਗੈ ਜਬ ਹੀ, ਤਬ ਕਾਨਨ ਤੇ ਚੁਨਿਕੈ ਫਲ ਖਾਵੈ॥

ਇਕ ਦਿਨ ਐਸਾ ਬਣਿਆ ਕਿ 'ਲੋਮ ਪਾਤ' ਰਾਜੇ ਦੇ ਨਗਰ ਵਿਚ ਕਾਲ ਪੈ ਗਿਆ। ਸਭ ਲੋਕ ਭੁਖੇ ਮਰਨ ਲੱਗ ਪਏ। ਇਕ ਇਕ ਦਾਣੇ ਨੂੰ ਤਰਸਦੇ ਹਨ, ਪਰ ਮਿਲਦਾ ਕੋਈ ਨਹੀਂ। ਅਜਿਹਾ ਸਮਾਂ ਦੇਖ ਕੇ ਰਾਜੇ ਦੇ ਚਿਤ ਵਿਚ ਬੜਾ ਦੁੱਖ ਹੋਇਆ। ਉਸ ਨੇ ਬੜੇ ਬੜੇ ਸਿਆਣੇ ਪੰਡਤ ਜੋਤਸ਼ੀਆਂ ਨੂੰ ਬੁਲਾ ਕੇ ਪੁਛਿਆ ਕਿ ਮੈਨੇ ਐਸਾ ਕੌਣ ਸਾ ਕੁਕਰਮ ਕੀਤਾ ਹੈ ਜਿਸ ਕਰਕੇ ਮੇਰੀ ਪਰਜਾ ਦੁਖਿਤ ਹੋ ਰਹੀ ਹੈ ?

ਜੋਤਸ਼ੀਆਂ ਨੇ ਵਿਚਾਰ ਕੇ ਕਿਹਾ-ਹੇ ਰਾਜਨ ! ਆਪ ਜੀ ਨੇ ਤਾਂ ਕੋਈ ਕੁਕਰਮ ਨਹੀਂ ਕੀਤਾ ਪਰੰਤੂ ਸਾਡੇ ਦਿਲ ਵਿਚ ਇਕ ਸੰਸਾ ਹੈ ਕਿ ਬਾਹਰ ਜੰਗਲ ਵਿਚ ਇਕ ਸਿੰਙੀ ਰਿਖ ਬੈਠਾ ਤਪ ਕਰ ਰਿਹਾ ਹੈ ਉਹ ਤੇਰੀ ਨਗਰੀ ਵਿਚ ਬਿਲਕੁਲ ਨਹੀਂ ਆਇਆ, ਪਤਾ ਨਹੀਂ ਉਹ ਕਿਵੇਂ ਆਪਣਾ ਗੁਜ਼ਾਰਾ ਕਰਦਾ ਹੈ। ਜੇਕਰ ਉਹ ਤੇਰੀ ਨਗਰੀ ਵਿਚ ਚਰਨ ਪਾਏਗਾ ਤਾਂ ਇਹ ਕਾਲ ਦੂਰ ਹੋਵੇਗਾ। ਉਸ ਵੇਲੇ ਰਾਜਾ ਨੇ ਉਸ ਦੇ ਬੁਲਾਉਣ ਵਾਸਤੇ ਵਜ਼ੀਰਾਂ ਤੋਂ ਆਦਿ ਕਈ ਆਦਮੀ ਭੇਜੇ, ਬਲਕਿ ਆਪਣੇ ਲੜਕੇ ਨੂੰ ਭੀ ਭੇਜਿਆ, ਪਰ ਸਿੰਙੀ ਰਿਖ ਜੀ ਨਾ ਆਏ। ਫਿਰ ਰਾਜਾ ਲੋਮਪਾਤ ਆਪ ਗਿਆ, ਬਹੁਤ ਮਿੰਨਤਾਂ ਕੀਤੀਆਂ, ਪਰ ਰਿਖੀ ਨੇ ਇਕ ਨਾ ਮੰਨੀ। ਆਖਿਰ ਰਾਜਾ ਨੇ ਆ ਕੇ ਡੌਂਡੀ ਫਰਾਈ ਕਿ ਜਿਹੜਾ ਰਿਖੀ ਨੂੰ ਜਾ ਕੇ ਲਿਆਏਗਾ ਮੈਂ ਉਸ ਨੂੰ ਅੱਧਾ ਰਾਜ ਦੇ ਦਿਆਂਗਾ। ਜਿਸ ਵੇਲੇ ਇਹ ਗੱਲ ਵੇਸਵਾ ਨੇ ਸੁਣੀ, ਉਸੀ ਵੇਲੇ ਰਾਜੇ ਨੂੰ ਆ ਕੇ ਕਹਿੰਦੀ ਹੈ ਮੈਨੂੰ ਆਗਿਆ ਦਿਓ ਮੈਂ ਉਸ ਨੂੰ ਜਾ ਕੇ ਲਿਆਉਂਦੀ ਹਾਂ। ਰਾਜਾ ਨੇ ਕਿਹਾ ਇਹ ਬੜੀ ਚੰਗੀ ਗੱਲ ਹੈ, ਤੂੰ ਜਾ ਕੇ ਲਿਆ ਮੈਂ ਤੈਨੂੰ ਬੜਾ ਧਨ ਦਿਆਂਗਾ। ਰਾਜਾ ਦੀ ਆਗਿਆ ਲੈ ਕੇ ਵੇਸਵਾ ਉਥੇ ਪਹੁੰਚੀ ਜਿਥੇ ਸਿੰਙੀ ਰਿਖ ਰਹਿੰਦਾ ਸੀ। ਕਈ ਦਿਨ ਰਹਿ ਕੇ ਲੁਕ ਛਿਪ ਕੇ ਉਸ ਦੇ ਵਤੀਰੇ ਨੂੰ ਦੇਖਦੀ ਰਹੀ, ਜਿਨ੍ਹਾਂ ਬ੍ਰਿਛਾਂ ਨਾਲੋਂ ਉਹ ਫਲ ਤੋੜ ਕੇ ਖਾਂਦਾ ਸੀ ਉਹਨਾਂ ਹੀ ਟਾਹਣੀਆਂ ਨਾਲ ਵੇਸਵਾ ਨੇ ਚੰਗੇ ਚੰਗੇ ਪਕਵਾਨ ਲੱਗਾ ਦਿੱਤੇ। ਜਦ ਰਿਖੀ ਜੀ ਨੇ ਉਹ ਪਕਵਾਨ ਖਾਧੇ ਤਾਂ ਮਨ ਵਿਚ ਬੜੀ ਖੁਸ਼ੀ ਹੋਈ ਤੇ ਆਖਦਾ ਹੈ ਇਹ ਫਲ ਪਰਮਾਤਮਾ ਨੇ ਕਿਥੇ ਪੈਦਾ ਕੀਤੇ ਹਨ ਮੈਨੇ ਅੱਜ ਤੱਕ ਅੱਖਾਂ ਨਾਲ ਨਹੀਂ ਦੇਖੇ ਸਨ।

ਯਥਾ- ਸੋਚ ਬਿਚਾਰ ਕੀਯੋ ਚਿਤ ਮੋਂ ਮੁਨਿ, ਏ ਫਲ ਦੈਵ ਕਹਾ ਉਪਜਾਯੋ॥
ਕਾਨਨ ਮੈਂ ਨਿਰਖੇ ਨਹਿ ਨੇਤ੍ਰਨ, ਆਜੁ ਲਗੇ ਕਬਹੂੰ ਨ ਚਬਾਯੋ॥
ਕੈ ਮਘਵਾ ਬਲੁ ਕੈ ਛਲੁ ਕੈ, ਹਮਰੇ ਤਪ ਕੋ ਅਵਿਲੋਕਨ ਆਯੋ॥
ਕੈ ਜਗਦੀਸ ਕ੍ਰਿਪਾ ਕਰਿ ਮੋ ਪਰ. ਮੋਰੇ ਰਿਝਾਵਨ ਕਾਜ ਬਨਾਯੋ॥ ੧੩॥

ਜਿਸ ਵੇਲੇ ਸਿੰਙੀ ਰਿਖ ਨੇ ਉਸ ਵੇਸਵਾ ਨੂੰ ਦੇਖਿਆ ਤਾਂ ਵਿਚਾਰਦਾ ਹੈ, ਇਹ ਕੌਣ ਸਾ ਦੇਵਤਾ ਹੈ ਜਾਂ ਕੋਈ ਰਿਖੀ ਮੁਨੀ ਹੈ ਜਿਸ ਨੇ ਅੱਜ ਇਥੇ ਆ ਕੇ ਦਰਸ਼ਨ ਦਿੱਤੇ ਹਨ। ਸਿੰਙੀ ਰਿਖ ਨੂੰ ਇਹ ਬਿਲਕੁਲ ਪਤਾ ਨਹੀਂ ਇਹ ਵੇਸਵਾ ਹੈ ਕਿ ਇਸਤਰੀ ਹੈ ? ਕਿਉਂਕਿ ਅੱਜ ਦਿਨ ਤੱਕ ਇਹ ਕਦੇ ਸ਼ਹਰਿ ਵਿਚ ਗਿਆ ਹੀ ਨਹੀਂ, ਨਾ ਹੀ ਇਸ ਨੂੰ ਪਤਾ ਹੈ ਇਸਤ੍ਰੀ ਕੀ ਚੀਜ਼ ਹੁੰਦੀ ਹੈ ਅਤੇ ਕਿਸ ਲਈ ਪਰਮਾਤਮਾ ਨੇ ਪੈਦਾ ਕੀਤੀ ਹੈ। ਇਸ ਨੇ ਉਸ ਨੂੰ ਮੁਨੀ ਸਮਝ ਕੇ ਜਾ ਪ੍ਰਣਾਮ ਕੀਤੀ, ਉਸੀ ਵੇਲੇ ਵੇਸਵਾ ਨੇ ਆਪਣੇ ਨੇਤਰਾਂ ਦੀ ਚੰਚਲਤਾ ਨਾਲ ਅਤੇ ਹਾਵ ਭਾਵ ਕਰਕੇ ਸਿੰਙੀ ਰਿਖ ਦੇ ਮਨ ਨੂੰ ਚੁਰਾ ਲਿਆ, ਉਸ ਦੇ ਸਿਰ ਦੀਆਂ ਜਟਾਵਾਂ ਉਤਾਰ ਕੇ ਸਿਰ ਤੇ ਪੱਗ ਬੰਨ੍ਹਾ ਦਿੱਤੀ, ਬਲਕਿ ਆਪਣਾ 'ਪਤੀ' ਬਣਾ ਕੇ ਉਸ ਨੂੰ ਗ੍ਰਹਿਸਤੀ ਕਰ ਲਿਆ।

ਯਥਾ- ਚੰਚਲ ਨੈਨ ਕਿ ਚੰਚਲਤਾਈ ਸੋ, ਟਾਮਨ ਸੋ ਤਿਹ ਕੋ ਕਰਿ ਦੀਨੋ॥
ਹਾਵ ਸੁ ਭਾਵ ਦਿਖਾਇ ਘਨੇ, ਛਿਨਕੇਕ ਬਿਖੈ ਮੁਨਿ ਜੂ ਬਸਿ ਕੀਨੋ॥
ਪਾਗ ਬੰਧਾਇ ਜਟਾਨ ਮੁੰਡਾਇ, ਸੁ ਭੂਖਨ ਅੰਗ ਬਨਾਇ ਨਵੀਨੋ॥
ਜੀਤਿ ਗੁਲਾਮ ਕਿਯੋ ਅਪਨੋ ਤਿਹ, ਤਾਪਸ ਤੇ ਗ੍ਰਿਸਤੀ ਕਰਿ ਲੀਨੋ॥ ੧੯॥
ਭਾਂਤਿ ਅਨੇਕ ਬਿਹਾਰਤ ਸੁੰਦਰ, ਸਾਤ ਸੁਤਾ ਖਟ ਪੂਤ ਪਜਾਯੋ॥
ਤਜਾਗ ਦਯੋ ਬਨ ਕੋ ਬਸਿਬੋ, ਪੁਰ ਭੀਤਰ ਕੋ ਬਸਿਬੋ ਮਨ ਭਾਯੋ॥ ੨੦॥

ਫਿਰ ਵੇਸਵਾ ਰਿਖੀ ਜੀ ਨੂੰ ਨਾਲ ਲੈ ਕੇ ਸ਼ਹਿਰ ਵਿਚ ਆਈ। ਉਸ ਸਮੇਂ-

ਸਾਤ ਸੁਤਾ ਆਗੇ ਕਰੀ, ਤੀਨੁ ਤ੍ਰਿਯਹਿ ਸੁਤ ਲੀਨ॥
ਇਕ ਕਾਂਧੇ ਇਕ ਕਾਂਖ ਮੈ, ਖਸਟਮ ਮੁਨਿ ਸਿਰ ਦੀਨ॥ ੨੩॥

ਸ਼ਹਿਰ ਵਿਚ ਆਉਂਦਿਆਂ ਸਾਰ ਹੀ ਰਿਖੀ ਜੀ ਦੇ ਚਰਨ ਪੈਣ ਨਾਲ ਬੜੀ ਭਾਰੀ ਵਰਖਾ ਹੋਈ ਤੇ ਕਾਲ ਦੂਰ ਹੋ ਗਿਆ, ਸਾਰੇ ਸੁਕਾਲ ਹੀ ਸੁਕਾਲ ਹੋ ਗਿਆ।

ਯਥਾ- ਬਰਖਯੋ ਤਹਾਂ ਅਸੇਖ ਜਲ ਹਰਖੇ ਲੋਕ ਅਪਾਰ॥
ਭਯੋ ਸੁਕਾਲ ਦੁਕਾਲ ਤੇ ਐਸੋ ਚਰਿਤ ਨਿਹਾਰਿ॥ ੨੬॥

ਇਸ ਸਾਖੀ ਦਾ ਭਾਵ ਇਹ ਹੈ ਕਿ ਐਡੇ ਐਡੇ ਤਪਸੀ ਜਿਨ੍ਹਾਂ ਨੇ ਆਪਣਾ ਜੀਵਨ ਜੰਗਲਾਂ ਦੇ ਫਲ, ਫੁਲ, ਪੱਤੇ ਵਗੈਰਾ ਖਾ ਕੇ ਸਮਾਧੀ ਵਿਚ ਬਤੀਤ ਕੀਤਾ ਹੈ, ਮਾਇਆ ਨੇ ਉਹਨਾਂ ਨੂੰ ਭੀ ਨਹੀਂ ਛੱਡਿਆ। ਉਸ ਦੇ ਮਗਰ ਵੇਸਵਾ ਲੱਗਾ ਕੇ ਉਸ ਚੋਂ ਤੇਰਾਂ ਧੀਆਂ ਪੁੱਤਰ ਕਰ ਦਿਖਾਏ।

ਨੋਟ-ਸਿੰਙੀ ਰਿਖੀ ਦੀ ਥਾਂ ਸ਼੍ਰਿੰਗੀ ਰਿਖੀ ਪੜ੍ਹਣਾ।

(ਇਹ ਪ੍ਰਸੰਗ ਕਲਗੀਧਰ ਜੀ ਨੇ ਦਸਮ ਗ੍ਰੰਥ ੧੧੪ਵੇਂ ਚਰਿਤ੍ਰ ਵਿਚ ਕੀਤਾ ਹੈ)

ਕਾਟਿ ਕੂਟਿ ਕੈ ਡਾਰੀ॥

ਕੂਟਿ=ਪਰਬਤਾਂ ਵਿਚ ਰਹਿਣ ਵਾਲੇ ਸੌਰਭ ਰਿਖੀ ਨੂੰ ਕਾਟਿ ਡਾਰੀ=ਕੱਟ ਸੁਟਿਆ ਹੈ।

ਸਾਖੀ-ਸੌਰਭ ਰਿਖੀ ਦੀ

ਰਿਖੀ ਜੀ ਤਪ ਕਰਦੇ ਕਰਦੇ ਬ੍ਰਿਧ ਹੋ ਗਏ। ਇਕ ਦਿਨ ਇਸ਼ਨਾਨ ਕਰਨ ਨੂੰ ਦੇਰ ਹੋ ਗਈ, ਦਿਨ ਚੜ੍ਹੇ ਦਰਿਆ ਤੇ ਇਸ਼ਨਾਨ ਕਰਨ ਗਏ, ਕੀ ਵੇਖਦੇ ਹਨ ਕਿ ਮੱਛ-ਮੱਛਣੀ ਆਪਸ ਵਿਚ ਮਿਲ ਕੇ ਕਾਮ ਚੇਸ਼ਟਾ

ਕਰ ਰਹੇ ਹਨ। ਉਸ ਵੇਲੇ ਚਿਤ ਡੁਲਾਇਮਾਨ ਹੋ ਗਿਆ, ਮੂੰਹੋਂ ਆਖਦਾ ਹੈ-ਇਸਤ੍ਰੀ ਤੋਂ ਬਿਨਾਂ ਮੈਂ ਤਾਂ ਸਾਰੀ ਉਮਰ ਐਵੇਂ ਨਿਸਫਲ ਗਵਾ ਦਿੱਤੀ ਹੈ। ਜਲਦੀ ਜਲਦੀ ਇਸ਼ਨਾਨ ਕਰਕੇ ਸਿਧੇ ਰਾਜ ਦਰਬਾਰ ਵਿਚ ਆ ਗਏ। ਅਗੋਂ ਰਾਜਾ ਨੇ ਬੜੇ ਸਤਿਕਾਰ ਨਾਲ ਬਿਠਾਇਆ, ਸੇਵਾ ਵਾਸਤੇ ਬੇਨਤੀ ਕੀਤੀ, ਰਿਖੀ ਜੀ ! ਫਰਮਾਓ ਕੀ ਚਾਹੁੰਦੇ ਹੋ ? ਮਹਾਤਮਾ ਬੋਲੇ ਹੋਰ ਕੁਝ ਨਹੀਂ ਚਾਹੀਦਾ, ਇਕ ਆਪਣੀ ਕੰਨਿਆ ਵਿਵਾਹ ਦਿਓ।

ਇਹ ਗੱਲ ਸੁਣਕੇ ਰਾਜਾ ਬੜਾ ਹੈਰਾਨ ਹੋਇਆ ਤੇ ਸੋਚਾਂ ਸੋਚਦਾ ਹੈ ਜੇ ਮੈਂ ਇਨਕਾਰ ਕਰਦਾ ਹਾਂ ਤਾਂ ਸਰਾਪ ਦੇ ਦੇਵੇਗਾ ਅਤੇ ਜੇ ਮੈਂ ਵਿਆਹ ਕਰਦਾ ਹਾਂ ਤਾਂ ਲੜਕੀ ਦੁੱਖੀ ਹੋ ਕੇ ਮੈਨੂੰ ਗਾਲ੍ਹਾਂ ਕਢੇਗੀ ਕਿ ਰਾਜਾ ਨੇ ਆਪਣੇ ਸੁਖ ਵਾਸਤੇ ਮੈਨੂੰ ਖੂਹ ਵਿਚ ਸੁਟ ਦਿੱਤਾ ਹੈ। ਰਾਜਾ ਚਿੰਤਾ ਦੇ ਵਹਿਣ ਵਿਚ ਰੁੜ੍ਹ ਗਿਆ। ਆਖਰਕਾਰ ਰਾਜਾ ਨੇ ਸੋਚ ਕੇ ਕਿਹਾ ਰਿਖੀ ਜੀ ! ਆਪ ਹੀ ਮਹਿਲਾਂ ਵਿਚ ਚਲੇ ਜਾਓ ਹਜ਼ਾਰ ਲੜਕੀ ਹੈ ਜਿਹੜੀ ਪਸੰਦ ਕਰੇ ਉਸ ਨਾਲ ਵਿਆਹ ਕਰ ਲਓ।

ਰਿਖੀ ਨੇ ਸੋਚਿਆ ਰਾਜਾ ਤਾਂ ਚਲਿੱਤਰ ਖੇਡ ਗਿਆ ਹੈ ਜੇ ਮੈਂ ਇਸੇ ਤਰ੍ਹਾਂ ਰਣਵਾਸ ਵਿਚ ਚਲਾ ਗਿਆ ਤਾਂ ਮੇਰੇ ਬੁੱਢੇ ਸਰੀਰ ਨੂੰ ਵੇਖ ਕੇ ਕਿਸੀ ਨੇ ਪਸੰਦ ਨਹੀਂ ਕਰਨਾ, ਉਸੀ ਵੇਲੇ ਨੌਜਵਾਨ ਸੁੰਦਰ ਸਰੂਪ ਬਣ ਕੇ ਅੰਦਰ ਚਲੇ ਗਏ ਤਾਂ ਰਿਖੀ ਦੇ ਸਰੂਪ ਨੂੰ ਵੇਖ ਕੇ ਹਜ਼ਾਰ ਹੀ ਲੜਕੀ ਮੋਹਤ ਹੋ ਗਈ। ਰਾਜਾ ਨੇ ਸਾਰੀਆਂ ਦਾ ਇਕੱਠਾ ਵਿਆਹ ਕਰ ਦਿੱਤਾ ਤੇ ਰਿਖੀ ਜੀ ਲੈ ਕੇ ਚਲੇ ਗਏ।

ਕਬੀਰ ਜੀ ਕਥਨ ਕਰਦੇ ਹਨ-ਹੇ ਮਾਇਆ ! ਜਿਵੇਂ ਤੈਨੇ ਰਿਖੀਆਂ ਨੂੰ ਕਟਿਆ ਹੈ, ਤਿਵੇਂ ਮਹਾਤਮਾ ਜਨਾਂ ਨੇ ਵੀ ਤੈਨੂੰ ਕੱਟਣਾ ਕੀਤਾ ਹੈ।

ਨਾਕਹੁ ਕਾਟੀ=ਨੱਕ ਨਾਲ ਸੁਗੰਧੀ ਨਹੀਂ ਲੈਂਦੇ, ਇਹ ਤੈਨੂੰ ਨੱਕ ਤੋਂ ਕੱਟਣਾ ਕੀਤਾ ਹੈ।

ਕਾਨਹੁ ਕਾਟੀ=ਕੰਨਾਂ ਨਾਲ ਖੋਟੇ ਬਚਨ ਨਹੀਂ ਸੁਣਦੇ, ਇਹ ਤੈਨੂੰ ਕੰਨ ਤੋਂ ਕੱਟਣਾ ਕੀਤਾ ਹੈ।

ਕਾਟਿ=ਕਿਸੀ ਨਾਲ ਸਪਰਸ਼ ਨਹੀਂ ਕਰਦੇ, ਇਹ ਤੈਨੂੰ ਕਾਟਿ=ਤੁਚਾ ਸਰੀਰ ਤੋਂ ਕੱਟਣਾ ਕੀਤਾ ਹੈ।

ਕੂਟ=ਅੱਖਾਂ ਨਾਲ ਖੋਟੀ ਦ੍ਰਿਸ਼ਟੀ ਨਹੀਂ ਵੇਖਦੇ, ਇਹ ਤੈਨੂੰ ਅੱਖਾਂ ਤੋਂ ਰਹਿਤ ਕੀਤਾ ਹੈ।

ਕੈ ਡਾਰੀ=ਜਿਹਵਾ ਨਾਲ ਕੋਈ ਦੁਨਿਆਵੀ ਸਵਾਦ ਨਹੀਂ ਲੈਂਦੇ, ਇਸ ਤੇ ਤੈਨੂੰ ਜਿਹਵਾ ਤੋਂ ਕੱਟਣਾ ਕੀਤਾ ਹੈ। ਇਹ ਨਾ ਸਮਝ ਕਿ ਮੈਂ ਹੀ ਸਭ ਨੂੰ ਵਸ ਕਰਨ ਵਾਲੀ ਹਾਂ, ਬੜੇ ਬੜੇ ਮਹਾਤਮਾਂ ਭੀ ਤੈਨੂੰ ਵਸੀਕਾਰ ਕੀਤੀ ਬੈਠੇ ਹਨ।

ਯਥਾ- ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥

ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ॥ ੪॥ ੧॥

(ਆਸਾ ਮਹਲਾ ੫, ਪੰਨਾ ੩੭੦)

ਪੁਨਾ-ਬੇਨਤੀ ਕੀਤੀ ਕਿ ਮਹਾਤਮਾ ਨੇ ਕਿਸ ਸ਼ਕਤੀ ਦੁਆਰਾ ਮਾਇਆ ਨੂੰ ਵਸੀਕਾਰ ਕੀਤਾ ਹੈ ? ਹੁਣ ਦੂਸਰੇ ਅਰਥ ਵਿਖੇ ਮਹਾਤਮਾ ਦਾ ਕਰਤੱਬ ਦੱਸਦੇ ਹਨ-

ਦੂਜਾ ਅਰਥ-

ਇਕਤੁ ਪਤਰਿ ਭਰਿ ਉਰ

ਮਹਾਤਮਾ ਨੇ ਅੰਤਹਕਰਣ ਦਾ ਇਕਤੁ ਪਤਰਿ=ਇਕ ਪਾਸਾ ਭਰਨਾ ਕੀਤਾ ਹੈ। ਉਰ=ਬੜੇ ਸਾਧਨਾਂ ਕਰਕੇ।

ਕਟ ਕੁਰ ਕਟ

ਕੁਰ=ਝੂਠ ਨੂੰ ਕਟ=ਕੌੜਾ ਜਾਣ ਕੇ ਕੱਟ ਦਿੱਤਾ ਹੈ, ਭਾਵ ਤਿਆਗ ਦਿੱਤਾ ਹੈ।

ਇਕਤੁ ਪਤਰਿ ਭਰਿ ਪਾਨੀ॥

ਅੰਤਹਕਰਣ ਦਾ ਇਕ ਪਾਸਾ ਨਾਮ ਰੂਪੀ ਜਲ ਨਾਲ ਭਰਨਾ ਕੀਤਾ ਹੈ।

ਆਸਿ ਪਾਸਿ ਪੰਚ ਜੋਗਿਆ ਬੈਠੇ

ਪਦਾਰਥਾਂ ਦੀ ਆਸਾ ਤੋਂ ਪਾਸਿ=ਲਾਂਭੇ ਹੋਏ ਹਨ। ਪੰਚ=ਸ੍ਰੇਸ਼ਟ=ਪਰਮਾਤਮਾ ਵਿਚ ਜੋਗੀਆ=ਜੁੜ ਬੈਠੇ ਹਨ-

ਬੀਚਿ ਨਕਟ ਦੇ ਰਾਨੀ॥ ੧॥

ਬੀਚਿ=ਭੇਦ ਦੇ ਕੱਟਣ ਵਿਚ ਜਿਨ੍ਹਾਂ ਨੇ ਨ ਦੇਰ+ਆਨੀ=ਦੇਰ ਨਹੀਂ ਲਿਆਵਣਾ ਕੀਤੀ, ਕਿਉਂਕਿ ਇਹ ਭੇਦ ਹੀ ਦੁੱਖਾਂ ਦਾ ਕਾਰਨ ਹੈ, ਭੇਦ ਦੇ ਹੋਣ ਕਰਕੇ ਭਾਵੇਂ ਚੀਜ਼ ਪਾਸ ਹੀ ਪਈ ਹੋਵੇ ਤਾਂ ਭੀ ਦੂਰ ਪਰਤੀਤ ਹੁੰਦੀ ਹੈ।

ਯਥਾ- ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥ ੩॥

(ਸੋਰਠਿ ਮਃ ੫ ਪੰਨਾ ੬੨੪)

ਇਸੀ ਪ੍ਰਕਾਰ ਪੰਜਾਂ ਕੋਸ਼ਾਂ ਰੂਪ ਪੜਦੇ ਦੇ ਹੋਣ ਕਰਕੇ ਪਰਮੇਸ਼ਰ ਦਾ ਦਰਸ਼ਨ ਨਹੀਂ ਹੁੰਦਾ।

ਨਕਟੀ ਕੌ ਠਨਗਨੁ ਬਾਡਾ ਡੂੰ॥

ਨਕਟੀ=ਨਾ ਕੱਟੀ ਜਾਵੇ ਜੋ ਸਸ਼ਤ੍ਰਾਂ ਨਾਲ ਚੇਤਨ ਸਤਾ।

ਯਥਾ- ਨੈਨੰ ਛਿੰਦੰਤੀ ਸ਼ਸਤ੍ਰਾਣੀ, ਨੈਨੰ ਦਹਿਤੀ ਪਾਵਕਾਹ॥
ਨ ਚੈਨੰ ਕਲੇਦਿਯੰਤ ਆਪੋ ਨ ਸ਼ੋਸ਼ਿਯਤੀ ਸਾਰੂਤਾਹ॥

(ਗੀਤਾ ਧਿਆ ਦੂਜਾ ਸਲੋਕ ੨੩)

*ਅਰਥ-*ਸਾਰੇ ਸ਼ਸਤ੍ਰ ਭੀ ਇਸ ਆਤਮਾ ਨੂੰ ਨਹੀਂ ਕੱਟ ਸਕਦੇ ਅਤੇ ਇਸ ਆਤਮਾ ਨੂੰ ਪਾਵਕਾਹ=ਅਗਨੀ ਭੀ ਨ ਦਹਿਤੀ=ਨਹੀਂ ਸਾੜ ਸਕਦੀ।

ਚੇ=ਪੁਨਾ ਇਸ ਆਤਮਾ ਨੂੰ ਆਪੋ=ਜਲ ਭੀ ਕਲੇਦਿਯੰਤ=ਗਿੱਲਾ ਨਹੀਂ ਕਰ ਸਕਦਾ। ਇਸ ਆਤਮਾ ਨੂੰ ਸਾਰੂਤਾਹ=ਪੌਣ ਭੀ ਨਹੀਂ ਸ਼ੋਸ਼ਿਯਤੀ=ਸੁਕਾ ਸਕਦੀ।

ਉਸ ਦਾ ਠਨਗਨੁ=ਪ੍ਰਕਾਸ਼ ਬਾਡਾ=ਬੜਾ ਹੋ ਰਿਹਾ ਹੈ ਡੂੰ=ਦੋ ਕਾਰਨ ਕਾਰਜ ਵਿਚ।

ਕਿਨਹਿ ਬਿਬੇਕੀ ਕਾਟੀ ਡੂੰ॥ ੧॥ ਰਹਾਉ॥

ਕਿਨਹਿ ਬਿਬੇਕੀ=ਕਿਸੇ ਵਿਚਾਰ ਵਾਲੇ ਮਹਾਤਮਾ ਨੇ ਡੂੰ=ਹੰਗਤਾ ਮਮਤਾ ਕੱਟਣਾ ਕੀਤੀ ਹੈ।

ਸਗਲ ਮਾਹਿ ਨਕਟੀ ਕਾ ਵਾਸਾ॥

ਸਾਰਿਆਂ ਵਿਚ ਨਕਟੀ=ਚੇਤਨ ਦੇਵ ਦਾ ਵਾਸਾ ਹੈ। ਇਹ ਵਿਧੀ ਪੂਰਬਕ ਉਪਦੇਸ਼ ਹੈ।

ਸਗਲ ਮਾਰਿ ਅਉਹੇਰੀ॥

ਸਾਰਿਆਂ ਨੂੰ ਮਾਰ ਕੇ, ਭਾਵ ਮਿਥਿਆ ਰੂਪ ਦੱਸ ਕੇ ਅਉ=ਬਾਕੀ ਜੋ ਹੇਰੀ=ਵੇਖਣ ਵਿਚ ਆਵੇ ਜੋ ਅਕਾਲ ਪੁਰਖ ਹੈ। ਇਹ ਨਖੇਧੀ ਪੂਰਬਕ ਉਪਦੇਸ਼ ਹੈ।

ਸਗਲਿਆ ਕੀ ਹਉ ਬਹਿਨ ਭਾਨਜੀ

ਉਹ ਮਹਾਤਮਾ ਸਾਰਿਆਂ ਵਰਨ ਆਸ਼੍ਰਮਾਂ ਦੀ ਹਉ=ਹੰਗਤਾ ਵਿਚ ਬਹਿ+ਨ=ਰੁੜ੍ਹਦੇ ਨਹੀਂ, ਕਿਉਂਕਿ ਭਾਨ ਜੀ=ਭੰਨ ਜੋ ਦਿੱਤੀ।

ਅਥਵਾ: -ਜੀਅ ਵਿਖੇ ਗਿਆਨ ਰੂਪੀ ਭਾਨੁ=ਸੂਰਜ ਉਦੇ ਹੋਣ ਕਰਕੇ ਸਭ ਵਰਨ ਆਸ਼ਰਮਾਂ ਦੀ ਹੰਗਤਾ 'ਚ ਰੁੜ੍ਹਦੇ ਨਹੀਂ ਹਨ।

ਜਿਨਹਿ ਬਰੀ ਤਿਸੁ ਚੇਰੀ॥ ੨॥

ਜਿਨ੍ਹਾਂ ਮਹਾਤਮਾਂ ਦੀ ਏਸ ਤਰ੍ਹਾਂ ਬਰੀ=ਸ੍ਰਿਸ਼ਟ ਬੁੱਧੀ ਹੋਈ ਹੈ, ਹੇ ਮਾਇਆ ! ਤੂੰ ਉਨ੍ਹਾਂ ਦੀ ਦਾਸੀ ਹੈਂ॥ ੨॥

ਹਮਰੋ ਭਰਤਾ ਬਡੋ ਬਿਬੇਕੀ

ਹਮਰੋ ਭਰਤਾ=ਤਮਾਮ ਦੇ ਭਰਨ ਵਾਲਾ ਜੋ ਪਰਮਾਤਮਾ ਹੈ, ਉਹ ਬੜਾ ਬਿਬੇਕੀ=ਵਿਚਾਰਵਾਨ ਹੈ।

ਆਪੇ ਸੰਤੁ ਕਹਾਵੈ॥

ਉਹ ਆਪ ਹੀ ਸ਼ਾਂਤ ਆਤਮਾ ਕਹਾਉਂਦਾ ਹੈ। ਹਜ਼ਾਰਾਂ ਲੋਕ ਉਸ ਨੂੰ ਗਾਲ੍ਹਾਂ ਕੱਢਦੇ ਹਨ, ਪਰ ਜਰਾ ਪ੍ਰਵਾਹ ਨਹੀਂ ਕਰਦਾ ਗੁੱਸਾ ਉਸ ਵਿਚ ਆਉਂਦਾ ਹੀ ਨਹੀਂ।

ਅਥਵਾ :-ਆਪ ਹੀ ਸੰਤ ਅਵਤਾਰ ਕਹਾਉਂਦਾ ਹੈ, ਸੰਤ ਨਿਤ ਅਵਤਾਰ ਹਨ,

ਰਾਮ ਚੰਦਰ ਆਦਿਕ ਨਮਿਤਕ ਅਵਤਾਰ ਹਨ।

ਯਥਾ- ਸਾਧ ਰੂਪ ਅਪੁਨਾ ਤਨ ਧਾਰਿਆ॥

ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ॥ ੩॥

ਉਹ ਅਕਾਲ ਪੁਰਖ ਮੇਰੇ ਸਿਰ ਉੱਤੇ ਇਸਥਿਤ ਹੈ, ਇਸ ਲਈ ਹੋਰ ਕੋਈ ਮੇਰੇ ਨੇੜੇ ਨਹੀਂ ਆ ਸਕਦਾ।

ਇਹ ਗੱਲ ਸੁਣਕੇ ਵੀ ਮਾਇਆ ਨੇ ਖਹਿੜਾ ਨਾ ਛੱਡਿਆ। ਤਿਸ ਵੇਲੇ ਕਬੀਰ ਜੀ ਨੇ ਆਪਣੇ ਪੁੱਤਰ ਕਮਾਲੇ ਪਾਸੋਂ ਤਿੱਖਾ ਛੁਰਾ ਮੰਗਵਾ ਕੇ-

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ॥

ਮਾਇਆ ਨੂੰ ਨੱਕ ਤੋਂ ਕੱਟ ਦਿੱਤਾ, ਕੰਨ ਤੋਂ ਵੀ ਕੱਟ ਦਿਤਾ। ਇਸ ਤਰ੍ਹਾਂ ਕੱਟ ਕੁੱਟ ਕੇ ਗੁਤੋਂ ਫੜ ਕੇ ਬੂਹੇ ਤੋਂ ਬਾਹਰ ਵਾਰ ਡਾਰੀ=ਸੁਟ ਦਿੱਤਾ, ਭਾਵ ਕੱਢ ਦਿੱਤਾ।

ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥ ੪॥ ੪॥

ਕਬੀਰ ਭਗਤ ਜੀ ਕਥਨ ਕਰਦੇ ਹਨ, ਇਹ ਮਾਇਆ ਸੰਤਾਂ ਦੀ ਵੈਰਨ ਹੈ ਤੇ ਤਿੰਨਾਂ ਲੋਕਾਂ ਦੇ ਜੀਵਾਂ ਦੀ ਪਿਆਰੀ ਹੈ। ਤਿਸ ਵੇਲੇ ਸ਼ਹਿਰ ਤੋਂ ਬਾਹਰ ਵਿਸ਼ਨੂੰ ਭਗਵਾਨ ਜੀ ਖੜੇ ਸਨ, ਮਾਇਆ ਦੀ ਇਹ ਹਾਲਤ

ਵੇਖ ਕੇ ਹੱਸ ਪਏ ਤੇ ਆਖਿਆ ਕੀ ਮੇਰੇ ਭਗਤ ਹੋਰ ਵੇਖਣੇ ਹਨ ? ਤਿਸ ਵੇਲੇ ਲਛਮੀ ਨੇ ਚਰਨੀਂ ਪੈ ਕੇ ਮਾਫੀ ਮੰਗੀ ਤੇ ਕਿਹਾ-ਸੁਆਮੀ ਜੀ ! ਆਪ ਜੀ ਦੇ ਭਗਤ ਹੀ ਸਭ ਤੋਂ ਵੱਡੇ ਹਨ। ਇਹ ਦੋਨੋਂ ਅਰਥ ਸੰਪ੍ਰਦਾਈ ਹਨ।

ਸਚਮੁਚ ਹੀ ਮਾਇਆਧਾਰੀ ਪੁਰਸ਼ਾਂ ਨਾਲੋਂ ਸਿਮਰਨ ਵਾਲੇ ਵਡੇ ਹੁੰਦੇ ਹਨ।

ਯਥਾ- ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ ੨੩॥

(ਜਪੁ ਜੀ ਸਾਹਿਬ)

ਤਥਾ- ਕਉਨ ਵਡਾ ਮਾਇਆ ਵਡਿਆਈ॥ ਸੋ ਵਡਾ ਜਿਨਿ ਰਾਮ ਲਿਵ ਲਾਈ॥ ੧॥

(ਗਉੜੀ ਮਹਲਾ ੫ ਪੰਨਾ ੧੮੮)

ਆਸਾ॥

ਉਥਾਨਕਾ-ਇਕ ਸਿੱਖ ਨੇ ਆ ਕੇ ਬੇਨਤੀ ਕੀਤੀ-ਹੇ ਪ੍ਰਭੂ ! ਕਿਸ ਭੇਖ ਦੇ ਧਾਰਨ ਕਰਨ ਨਾਲ ਮੌਤ ਤੋਂ ਬਚ ਸਕੀਦਾ ਹੈ ? ਇਸ ਸ਼ਬਦ ਦੁਆਰਾ ਕਬੀਰ ਜੀ ਕਥਨ ਕਰਦੇ ਹਨ ਚਾਹੇ ਕੋਈ ਭੇਖ ਧਾਰ ਲਵੇ ਮੌਤ ਤੋਂ ਕੋਈ ਨਹੀਂ ਬਚ ਸਕਦਾ। *ਯਥਾ-*

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ॥

ਚਾਹੇ ਕੋਈ ਮਨੁੱਖ ਜੋਗੀਆਂ ਵਾਲੇ ਭੇਖ ਨੂੰ ਧਾਰ ਲਵੇ, ਚਾਹੇ ਕੋਈ ਜਤੀਆਂ ਵਾਲੇ ਭੇਖ ਨੂੰ ਧਾਰ ਲਵੇ, ਚਾਹੇ ਕੋਈ ਤਪੀਆਂ ਵਾਲੇ ਲਿਬਾਸ ਨੂੰ ਧਾਰ ਲਵੇ, ਚਾਹੇ ਕੋਈ ਸੰਨਿਆਸੀਆਂ ਵਾਲੇ ਭੇਖ ਨੂੰ ਧਾਰ ਲਵੇ, ਚਾਹੇ ਕੋਈ ਬਹੁਤ ਤੀਰਥਾਂ ਤੇ ਭ੍ਰਮਨਾ=ਫਿਰ ਲਵੇ।

ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ॥ ੧॥

ਚਾਹੇ ਕੋਈ 'ਪ੍ਰੇਮ ਚਟਾਕਾ, ਅਬ ਸੁਖ ਜਾਤਾ' ਕਹਿਣ ਵਾਲੇ ਲੁੰਜਿਤ=ਸਰੇਵੜਿਆਂ ਵਾਲਾ ਭੇਖ ਧਾਰ ਲਵੇ।

ਚਾਹੇ ਕੋਈ 'ਵਾਲ ਜੰਜਾਲ' ਕਹਿਣ ਵਾਲੇ ਮੁੰਜਿਤ=ਪਰਮ ਹੰਸਾਂ ਵਾਲਾ ਭੇਖ ਧਾਰ ਲਵੇ।

ਚਾਹੇ ਕੋਈ ਮੋਨੀਆਂ ਵਾਲਾ ਭੇਖ ਧਾਰ ਲਵੇ, ਚਾਹੇ ਕੋਈ ਜਟਾਧਾਰੀ ਹੋ ਜਾਵੇ ਤੋਂ ਭੀ ਅੰਤ ਨੂੰ, ਭਾਵ ਔਧੀ ਪੂਰੀ ਹੋਣ ਤੇ ਸਾਰਿਆਂ ਨੇ ਮਰ ਜਾਣਾ ਹੈ॥ ੧॥

ਤਾ ਤੇ ਸੇਵੀਅਲੇ ਰਾਮਨਾ॥

ਜਿਸ ਤੇ ਕਾਲ ਨੇ ਜ਼ਰੂਰ ਮਾਰ ਲੈਣਾ ਹੈ ਤਿਸ ਤੇ ਰਾਮ ਦਾ ਨਾਮ ਸੇਵਨਾ ਕਰੋ, ਅਰਥਾਤ ਜਪਣਾ ਕਰੋ।

ਰਸਨਾ ਰਾਮ ਨਾਮ ਹਿਤੁ ਜਾ ਕੈ ਕਹਾ ਕਰੈ ਜਮਨਾ॥ ੧॥ ਰਹਾਉ॥

ਜਿਸ ਪੁਰਸ਼ ਦਾ ਰਸਨਾ ਦੁਆਰਾ ਰਾਮ ਨਾਮ ਦੇ ਸਿਮਰਨ ਵਿਚ ਹਿਤੁ=ਪਰੇਮ ਹੈ, ਤਿਸ ਨੂੰ ਭਲਾ ਜਮਨਾ=ਜਮ ਕੀ ਕਰ ਸਕਦਾ ਹੈ।

ਅਥਵਾ :-ਜਮਨਾ ਨਦੀ ਦਾ ਭਾਈ ਜੋ ਜਮ ਹੈ ਉਹ ਕੀ ਕਰ ਸਕਦਾ ਹੈ, ਭਾਵ ਕੁਝ ਨਹੀਂ ਕਰ ਸਕਦਾ॥ ੧॥ ਰਹਾਉ॥

ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ॥

ਭਾਵੇਂ ਬਹੁਤੇ ਆਗਮ=ਸ਼ਾਸਤ੍ਰਾਂ ਨੂੰ ਭੀ ਪੜ੍ਹਦਾ ਹੈ, ਚਾਹੇ ਬਹੁਤੇ ਨਿਰਗਮ=ਵੇਦਾਂ ਨੂੰ ਭੀ ਸੁਣਾਂਵਦਾ ਹੈ,

ਚਾਹੇ ਬਹੁਤ ਸਾਰੀ ਜੋਤਿਕ=ਜੋਤਸ਼ ਵਿਦਿਆ ਨੂੰ ਭੀ ਜਾਣਦਾ ਹੈ ਅਤੇ ਵਿਆਕਰਣ ਦਾ ਭੀ ਚਾਹੇ ਚੰਗੀ ਤਰ੍ਹਾਂ ਵਾਕਫ ਹੈ।

[ਪੰਨਾ ੪੭੭]

ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥ ੨ ॥

ਚਾਹੇ ਜੰਤਰ ਮੰਤਰ ਤੰਤਰ ਕਰਕੇ ਭੀ ਜਾਣਦਾ ਹੈ ਅਤੇ ਰੋਗਾਂ ਦੀ ਨਵਿਰਤੀ ਲਈ ਸਭ ਦਵਾਈਆਂ ਦੇਣੀਆਂ ਭੀ ਜਾਣਦਾ ਹੈ ਤਦ ਵੀ ਔਧੀ ਪੂਰੀ ਹੋਣ ਤੇ ਅੰਤ ਨੂੰ ਜ਼ਰੂਰ ਮਰ ਜਾਣਾ ਹੈ॥ ੨ ॥

ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥

ਚਾਹੇ ਰਾਜ ਭੋਗ=ਰਾਜ ਪਦਾਰਥਾਂ ਦੇ ਅਨੰਦ ਨੂੰ ਭੀ ਜਾਣਦਾ ਹੈ ਅਤੇ ਸਿਰ ਤੇ ਛਤ੍ਰ ਵੀ ਝੁਲਾਂਵਦਾ ਹੈ ਤੇ ਸੋਹਣੇ ਸਿੰਘਾਸਣਾਂ ਤੇ ਬੈਠ ਕੇ ਹੁਕੰਮ ਭੀ ਕਰਦਾ ਹੈ ਅਤੇ ਬਹੁਤੀਆਂ ਸੁੰਦਰ ਇਸਤ੍ਰੀਆਂ ਨਾਲ ਰਮਨਾ=ਕਾਮ ਚੇਸ਼ਟਾ ਭੀ ਕਰਦਾ ਹੈ।

ਅਥਵਾ :-ਰਾਜ ਸਿੰਘਾਸਣ 'ਪਰ ਬੈਠ ਕੇ ਚਾਹੇ ਛਤ੍ਰ ਝੁਲਾਂਵਦਾ ਹੈ ਅਤੇ ਭੋਗ=ਵਿਸ਼ੇ ਅਨੰਦ ਲਈ ਚਾਹੇ ਬਹੁਤ ਸੁੰਦਰ ਇਸਤ੍ਰੀਆਂ ਨਾਲ ਰਮਨ ਭੀ ਕਰਦਾ ਹੈ।

ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥ ੩ ॥

ਚਾਹੇ ਪਾਨ ਭੀ ਖਾਂਦਾ ਹੈ ਤੇ ਕਪੂਰਾਂ ਦੀ ਮਾਲਾ ਗਲ ਵਿਚ ਪਾਂਵਦਾ ਹੈ, ਭਾਵੇਂ ਚੰਦਨ ਵਰਗੀਆਂ ਸ੍ਰੇਸ਼ਟ ਸੁਗੰਧੀਆਂ ਭੀ ਮਲਦਾ ਹੈ ਤਦ ਵੀ ਅੰਤ ਨੂੰ ਜ਼ਰੂਰ ਮਰ ਜਾਣਾ ਹੈ॥ ੩ ॥

ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥

ਭਾਵੇਂ ਕੋਈ ਚਾਰ ਵੇਦ, ਅਠਾਰਾਂ ਪੁਰਾਨ, ਸਤਾਈ ਸਿੰਮ੍ਰਤੀਆਂ ਆਦਿਕ ਸਾਰੇ ਗ੍ਰੰਥਾਂ ਨੂੰ ਭੀ ਖੋਜ ਲਵੇ, ਪਰ ਫਿਰ ਭੀ ਕਿਸੀ ਪ੍ਰਕਾਰ ਕਾਲ ਤੋਂ ਬਚ ਨਹੀਂ ਸਕਦਾ।

ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥ ੪ ॥ ੫ ॥

ਕਬੀਰ ਜੀ ਆਖਦੇ ਹਨ-ਰਾਮ ਨਾਮ ਨੂੰ ਜਪਣਾ ਕਰੋ ਅਤੇ ਇਉ=ਇਸ ਪ੍ਰਕਾਰ ਆਪਣੇ ਜਨਮ ਮਰਨ ਨੂੰ ਮੇਟਣਾ ਕਰੋ॥ ੪ ॥ ੫ ॥

ਆਸਾ ॥

ਪਹਿਲਾ ਅਰਥ-

ਉਥਾਨਕਾ-ਕਬੀਰ ਜੀ ਪਾਸੋਂ ਸੰਤਾਂ ਨੇ ਆ ਕੇ ਪੁਛਿਆ-ਸੰਸਾਰ ਸਤ ਹੈ ਕਿ ਅਸੱਤ ?

ਉੱਤਰ- ਅਸੱਤ ਹੈ।

ਪ੍ਰਸ਼ਨ-ਅਸੱਤ ਕਿਵੇਂ ਹੈ?

ਹੁਣ ਕਬੀਰ ਜੀ ਬੰਝਿਆ ਪੁੱਤਰ ਦੇ ਵਿਵਾਹ ਦੀ ਮਿਸਾਲ ਦੇ ਕੇ ਦੱਸਦੇ ਹਨ-

ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ॥

ਜਿਵੇਂ ਕੋਈ ਕਹੇ ਕਿ ਬੰਸ=ਬੰਝਿਆ ਦਾ ਪੁੱਤਰ ਵਿਵਾਹ ਕਰਨ ਨੂੰ ਚਲਿਆ ਹੈ।

ਪ੍ਰਸ਼ਨ-ਕਿਥੇ ਚਲਿਆ ਹੈ ?

ਉੱਤਰ- ਜਿਥੇ ਸੋਨੇ ਦੇ ਮੰਡਪ=ਮੰਦਰ ਅਕਾਸ਼ ਵਿਚ ਬਣੇ ਹੋਏ ਹਨ।

ਪ੍ਰਸ਼ਨ-ਵਿਵਾਹ ਦੇ ਮੌਕੇ ਵਾਜੇ ਵਜਦੇ ਹਨ, ਮੰਗਲਾਚਾਰ ਹੁੰਦੇ ਹਨ, ਹਲਵਾਈ ਆ ਕੇ ਪਕਵਾਨ ਬਣਾਂਦੇ ਹਨ। ਇਸ ਤਰਫ ਵਾਜੇ ਕੌਣ ਵਜਾਉਂਦਾ ਹੈ ? *ਉੱਤਰ*-

ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ ॥

ਫੀਲੁ=ਹਾਥੀ ਨਾਲ ਰਬਾਬੀ ਚਲਿਆ ਹੈ, ਰਬਾਬ ਦੇ ਵਜੌਣ ਵਾਲਾ, ਬਲਦ ਨਾਲ ਪਖਾਵਜੀ ਅਤੇ ਕਉਆ=ਕਾਂ ਤਾਲ=ਕੈਂਸੀਆਂ ਵਜਾਉਂਦਾ ਹੈ।

ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥ ੧ ॥

ਗਦਹਾ=ਖੋਤਾ ਚੋਲਾ ਪਾ ਕੇ ਨੱਚਦਾ ਹੈ, ਭੈਸਾ=ਮੰਢਾ ਭਗਤੀ ਕਰਾਉਂਦਾ ਹੈ, ਭਾਵ ਬੈਂਡ ਮਾਸਟਰ ਹੈ।

ਰਾਜਾ ਰਾਮ ਕਕਰੀਆ ਬਰੇ ਪਕਾਏ ॥

ਜਾਂਞੀਆਂ ਲਈ 'ਰਾਜਾ ਰਾਮ' ਨਾਮੇ ਹਲਵਾਈ ਨੇ ਕਕਰੀਆ=ਕੱਕਰ (ਬਰਫ) ਦੇ ਵੜੇ ਪਕਾ ਕੇ ਲਿਆ ਰੱਖੇ।

ਕਿਨੈ ਬੂਝਨਹਾਰੈ ਖਾਏ ॥ ੧ ॥ ਰਹਾਉ ॥

ਪਰ ਉਹ ਵੜੇ ਕਿਸੇ ਸਿਆਣੇ ਸਮਝ ਵਾਲੇ ਨੇ ਖਾਧੇ ਹਨ।

ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥

ਜਾਂਞੀਆਂ ਦੀ ਪ੍ਰਸੰਨਤਾ ਲਈ ਸਿੰਘੁ=ਸ਼ੇਰ ਆਪਣੇ ਜੰਗਲ ਰੂਪ ਘਰ ਵਿਚ ਬੈਠ ਕੇ ਪਾਨਾਂ ਦੇ ਬੀੜੇ ਲਗਾਂਦਾ ਹੈ ਅਤੇ ਘੀਸ* ਗਲਉਰੇ=ਲੱਡੂ ਲਿਆਉਂਦੀ ਹੈ।

ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥ ੨ ॥

ᵛਘਰਾਂ ਘਰਾਂ ਦੀਆਂ ਮੁਸਰੀ=ਚੂਹੀਆਂ ਇਕੱਠੀਆਂ ਹੋ ਕੇ ਗੀਤ ਗਾਉਂਦੀਆਂ ਹਨ ਅਤੇ ਲਾਵਾਂ ਵੇਲੇ ਕੱਛੂ ਸੰਖ ਵਜਾਂਦਾ ਹੈ॥ ੨ ॥

ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥

ਇਸ ਰੀਤੀ ਨਾਲ ਬੰਝਿਆ ਦਾ ਪੁੱਤਰ ਵਿਵਾਹ ਕਰਨ ਨੂੰ ਚਲਿਆ ਹੈ। ਜਿਥੇ ਸੁੰਨ=ਅਕਾਸ਼ ਵਿਚ ਸੋਨੇ ਦੇ ਮੰਦਰ ਛਾਏ=ਬਣੇ ਹੋਏ ਹਨ।

ਪ੍ਰਸ਼ਨ-ਕਿਸ ਨਾਲ ਵਿਆਹ ਕਰਨ ਚਲਿਆ ਹੈ ? *ਉੱਤਰ*-

**ਘੀਸ ਚੂਹੇ ਦੀ ਇਕ ਜ਼ਾਤੀ ਹੈ, ਪਰ ਚੂਹੇ ਨਾਲੋਂ ਲੰਮੀ ਹੁੰਦੀ ਹੈ।*

ᵛਘਰ ਘਰ ਦਾ ਅਰਥ ਖੁਡ ਕਰਨਾ। ਚੂਹੀਆਂ ਆਪਣੇ ਘਰ ਖੁਡ ਖੁਡ ਵਿਚ ਮੰਗਲਾਂ ਨੂੰ ਗਾਉਂਦੀਆਂ ਹਨ।

ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥ ੩ ॥

ਸਾਰੇ ਸੰਸਾਰ ਦਾ ਜੋ ਸੁੰਦਰ ਰੂਪ ਹੈ, ਏਹੀ ਇਕ ਕੰਨਿਆ=ਲੜਕੀ ਹੈ, ਇਸ ਨਾਲ ਬੇਧੀ=ਮਿਲਾਪ, ਭਾਵ ਵਿਵਾਹ ਹੋਇਆ।

ਅਥਵਾ :-ਬੰਝਿਆ ਦਾ ਪੁਤ੍ਰ ਹੈ ਤੇ ਬੰਝਿਆ ਦੀ ਹੀ ਲੜਕੀ ਲੈਣੀ ਹੈ ਕਿ ਉਹ ਸੁੰਦਰ ਰੂਪ ਵਾਲੀ ਜੋ ਬੰਝਿਆ ਦੀ ਲੜਕੀ ਹੈ ਉਸ ਨਾਲ ਵਿਆਹ ਹੋਇਆ।

ਜਿਵੇਂ ਵਿਆਹ ਸਮੇਂ ਦੋ ਪਰੋਹਤ ਹੁੰਦੇ ਹਨ ਧੇਤਿਆਂ ਤੇ ਪੁਤਰੇਤਿਆਂ ਵਲੋਂ, ਜਿਵੇਂ ਸ੍ਰੀ ਰਾਮ ਚੰਦ੍ ਜੀ ਦੇ ਵਿਆਹ ਸਮੇਂ ਦਸਰਥ ਵਲੋਂ ਵਸ਼ਿਸ਼ਟ ਜੀ ਹੋਏ।

ਤੇ ਰਾਜਾ ਜਨਕ ਵਲੋਂ ਸਤਿਆਨੰਦ ਜੀ ਹੋਏ।

ਇਸੀ ਪ੍ਰਕਾਰ ਬੰਝਿਆ ਪੁੱਤਰ ਦੇ ਵਿਵਾਹ ਸਮੇਂ ਧੇਤਿਆਂ ਵਲੋਂ ਸਸੈ=ਖਰਗੋਸ਼ ਨੇ ਗੁਨ ਗਾਏ=ਗੋਤ੍ਰਾਚਾਰ ਪੜ੍ਹਿਆ ਅਤੇ ਪੁਤਰੇਤਿਆਂ ਵਲੋਂ ਸਿੰਘ=ਸ਼ੇਰ ਨੇ ਗੁਨ ਗਾਏ=ਗੋਤ੍ਰਾਚਾਰ ਪੜ੍ਹਿਆ। ਜੇ ਇਕ ਪਰੋਹਤ ਰੱਖਣਾ ਹੋਵੇ ਤਾਂ ਇਸ ਤਰ੍ਹਾਂ ਅਰਥ ਕਰਨਾ ਕਿ ਸੈ ਦੇ ਸਿੰਘ=ਸਿੰਗਾਂ ਨੇ ਗੋਤ੍ਰਾਚਾਰ ਪੜ੍ਹਨਾ ਕੀਤਾ॥ ੩ ॥

ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥

ਮੁਕੰਮਲ ਵਿਵਾਹ ਕਰਕੇ ਜਦ ਵਾਪਸ ਮੁੜੇ ਤਾਂ ਰਾਹ ਵਿਚ ਇਕ ਪਰਬਤ ਡਿੱਗਾ ਹੋਇਆ ਨਜ਼ਰੀਂ ਆਇਆ।

ਕਬੀਰ ਜੀ ਕਥਨ ਕਰਦੇ ਹਨ-ਹੇ ਸੰਤੋ ! ਸੁਣਨਾ ਕਰੋ ਰਾਹ ਦੇ ਸਾਫ ਕਰਨ ਲਈ ਕੀੜੀ ਨੇ ਪਰਬਤ ਨੂੰ ਖਾ ਲਿਆ।

ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥ ੪ ॥ ੬ ॥

ਜਿਸ ਰਸਤਿਓਂ ਲੰਘਣਾ ਸੀ ਉਸ ਜੰਗਲ ਨੂੰ ਅੱਗ ਲੱਗੀ ਹੋਈ ਵੇਖ ਕੇ ਜਨੇਤੀ ਘਬਰਾ ਗਏ ਤਾਂ ਕੱਛੂ ਕਹਿੰਦਾ ਹੈ ਮੈਨੂੰ ਠੰਢ ਬਹੁਤ ਲੱਗੀ ਹੋਈ ਹੈ ਇਸ ਤੇ ਮੈਂ ਅੱਗ ਦੇ ਅੰਗਿਆਰਾਂ ਨੂੰ ਭਿ=ਬਹੁਤੇ, ਲੋਰਉ=ਲੋੜਦਾ, ਭਾਵ ਚਾਹੁੰਦਾ ਹਾਂ।

ਜਨੇਤ ਖਿਲਰ ਚੁੱਕੀ ਸੀ, ਉਸ ਨੂੰ ਇਕੱਠਿਆਂ ਕਰਨ ਲਈ ਲੂਕੀ=ਗੂਤੀ* ਨੇ ਬੜੀ ਉੱਚੀ ਸ਼ਬਦ ਸੁਣਾਇਆ, ਭਾਵ ਢੰਡੋਰਾ ਫੇਰਿਆ।

ਜਿਸ ਤਰ੍ਹਾਂ ਇਹ ਸਾਰੇ ਦ੍ਰਿਸ਼ਟਾਂਤ ਝੂਠੇ ਤੇ ਅਸੰਭਵ ਹਨ, ਤਿਵੇਂ ਹੀ ਸੰਸਾਰ ਅਸੱਤ ਤੇ ਝੂਠਾ ਹੈ। ਬੰਝਿਆ ਪੁੱਤਰ ਵਾਂਗੂੰ ਸੰਸਾਰ ਤਿੰਨ ਕਾਲ ਹੀ ਨਹੀਂ ਹੈ ?

ਦੂਜਾ ਅਰਥ-

ਉਥਾਨਕਾ-ਝੂਠੇ ਸੰਸਾਰ ਤੋਂ ਤਰਨਾ ਕਿਵੇਂ ਹੁੰਦਾ ਹੈ ?

ਉੱਤਰ-ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਤਰਨਾ ਹੁੰਦਾ ਹੈ।

ਦੂਜੇ ਅਰਥ ਰਾਹੀਂ ਇਸ ਗੱਲ ਦਾ ਹੀ ਨਿਸਚੇ ਕਰਾਉਂਦੇ ਹਨ ਕਿ ਗੁਰੂ ਬਿਨਾਂ ਤਰ ਨਹੀਂ ਸਕਦਾ।

---

*ਗੂਤੀ ਇਕ ਸਭ ਤੋਂ ਸੂਖਮ ਜੀਵ ਹੈ ਜੋ ਮੱਛਰ ਤੋਂ ਭੀ ਨਿੱਕਾ ਹੈ।

ਸੰਸਾਰ ਵਿਚ ਇਕ ਸੁਬੰਸ ਤੇ ਦੂਜੀ ਕੁਬੰਸ ਹੈ। ਪਰਮੇਸ਼ਰ ਦੇ ਪਿਆਰ ਵਾਲੇ ਮਹਾਤਮਾ ਤਾਂ ਸੁਬੰਸ ਹਨ ਤੇ ਮਾਇਆ ਦੇ ਪਿਆਰ ਵਾਲੇ ਆਮ ਲੋਕ ਕੁਬੰਸ ਹਨ।

ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ॥

ਸ੍ਰੇਸ਼ਟ ਬੰਸ ਵਾਲੇ ਜੋ ਮਹਾਤਮਾ ਹਨ ਉਹਨਾਂ ਦਾ ਪੁੱਤਰ ਜਗਿਆਸੂ ਬੀਆ+ਹਨ=ਦਵੈਤ ਦੇ ਨਾਸ ਕਰਨ ਲਈ ਸਤਿਸੰਗਤ ਵੱਲ ਚਲਿਆ, ਜਿਸ ਸਤਸੰਗਤ ਰੂਪ ਮੰਡਪ=ਚੌੜੇ ਸਥਾਨ 'ਪਰ ਸੁਇਨੇ=ਸੁੰਨ ਅਫੁਰ ਅਕਾਲ ਪੁਰਖ ਛਾਏ=ਇਸਥਿਤ ਹੋ ਰਿਹਾ ਹੈ।

ਰਾਜਾ ਰਾਮ ਕਕਰੀਆ ਬਰੇ ਪਕਾਏ॥

ਜਿਸ ਵੇਲੇ ਰਾਜਾ ਰਾਮ=ਪ੍ਰਮਾਤਮਾ ਦੀ ਕਕਰੀਆ=ਕਿਰਪਾ ਦ੍ਰਿਸ਼ਟੀ ਹੋਈ ਤਾਂ ਪੂਰਨ ਗੁਰਾਂ ਦੀ ਪ੍ਰਾਪਤੀ ਹੋਈ ਤੇ ਜਗਿਆਸੂ ਨੇ ਤਨੋ ਮਨੋ ਹੋ ਕੇ ਗੁਰਾਂ ਦੀ ਸੇਵਾ ਟਹਿਲ ਕੀਤੀ ਤਾਂ ਗੁਰਾਂ ਨੇ ਕਕਰੀਆ=ਕਿਰਪਾ ਦ੍ਰਿਸ਼ਟੀ ਕਰਕੇ ਰਾਜਾ ਰਾਮ=ਪਰਮਾਤਮਾ ਦੀ ਪ੍ਰਾਪਤੀ ਦਾ ਉਪਦੇਸ਼ ਦੇ ਕੇ ਕਕਰੀ=ਅੱਕ ਦੀਆਂ ਖਖੱੜੀਆਂ ਵਤ ਦੁਖਦਾਈ ਜੋ ਇੰਦਰੀਏ ਹੋ ਰਹੇ ਸਨ ਵਿਸ਼ਿਆਂ ਵਿਚ ਲੱਗ ਕੇ, ਉਹ ਆਬਰੇ ਪਕਾਏ=ਅੰਬ ਫਲ ਵਾਂਗੂੰ ਪੱਕ ਆਏ, ਭਾਵ ਪਰਮੇਸ਼ਰ ਪ੍ਰਾਇਣ ਹੋ ਗਏ।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਅੱਕ ਦੀਆਂ ਖਖੱੜੀਆਂ ਦਾ ਸਵਾਦ ਅੰਮ੍ਰਿਤ ਨਾਲੋਂ ਵੱਧ ਕੇ ਭਾਈ ਮਰਦਾਨੇ ਨੂੰ ਆਇਆ, ਇਹ ਕੇਵਲ ਕ੍ਰਿਪਾ ਦਾ ਸਦਕਾ ਹੈ।

ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ॥

ਜਿੰਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ ਹੋਈ ਉਨਾਂ ਚਿਰ ਇਹ ਮਨ ਚੰਗੇ ਚੰਗੇ ਪਦਾਰਥ ਖਾ ਕੇ ਫੀਲੁ=ਹਾਥੀ ਵਾਂਗ ਅਸਥੂਲ ਹੋ ਰਿਹਾ ਸੀ।

ਯਥਾ- ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥
ਡਕੈ ਢੂਕੈ ਖੇਹ ਉਡਾਵੈ ਸਾਹਿ ਗਇਆ ਪਛੁਤਾਇ॥ *(ਮਲਾਰ ਵਾਰ ਪੰਨਾ ੧੨੮੬)*

ਬਲਦ ਵਾਂਗੂੰ ਆਲਸੀ ਤੇ ਕਾਂ ਵਾਂਗੂੰ ਕਰੋਧੀ ਹੋ ਰਿਹਾ ਹੈ, ਪਰ ਜਿਸ ਵੇਲੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਇਹ ਮਨ ਰਬਾਬੀ=ਰਬ+ਆਬੀ, ਰੱਬ ਦੀ ਤਰਾਵਤ ਵਾਲਾ ਹੋ ਗਿਆ ਅਤੇ ਉਸ ਪ੍ਰਮਾਤਮਾ ਦੇ ਪਖਾਵਜ=ਪਖ+ਆਵਜ=ਦੇਖਣ ਵਿਚ ਆ ਗਿਆ ਤੇ ਤਾਲ=ਕੈਂਸੀਆਂ ਨੂੰ ਵਜਾ ਕੇ ਕੀਰਤਨ ਕਰਨ ਲੱਗ ਪਿਆ।

ਅਥਵਾ :- ਪਰਮਾਤਮਾ ਦੇ ਤਾਲ=ਜਸ ਨੂੰ ਉਚਾਰਨ ਲਗ ਪਿਆ।

ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥ ੧॥

ਜਿੰਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ ਓਨਾਂ ਚਿਰ ਇਹ ਮਨ ਗਦਹਾ=ਖੋਤੇ ਵਾਂਗੂੰ ਕਾਮੀ ਤੇ ਭੈਸਾ=ਸੰਢੇ ਵਾਂਗੂੰ ਲੋਭੀ ਹੋ ਰਿਹਾ ਸੀ।

ਪਰ ਜਿਸ ਵੇਲੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਇਹ ਮਨ ਲੱਜਾ ਰੂਪੀ ਚੋਲਾ ਪਹਿਨ ਕੇ ਸੱਤ ਅਸੱਤ ਦਾ ਨਾਚੈ=ਨਿਰਣਾ ਕਰਦਾ ਹੋਇਆ ਆਪ ਭਗਤੀ ਕਰਦਾ ਹੋਰਨਾਂ ਪਾਸੋਂ ਭਗਤੀ ਕਰਾਉਂਦਾ ਹੈ।

ਯਥਾ- ਆਪਿ ਜਪੈ ਅਵਰਹ ਨਾਮੁ ਜਪਾਵੈ..... ॥

(ਸਾਰੰਗ ਮ: ੫ ਪੰਨਾ ੧੨੦੬)

ਰਾਜਾ ਰਾਮ ਕਕਰੀਆ ਬਰੇ ਪਕਾਏ॥

(ਇਸ ਦਾ ਅਰਥ ਪਹਿਲੇ ਹੋ ਚੁੱਕਾ ਹੈ।)

ਕਿਨੈ ਬੂਝਨਹਾਰੈ ਖਾਏ॥ ੧॥ ਰਹਾਉ॥

ਪਰ ਕਿਸੇ ਸਮਝ ਵਾਲੇ ਨੇ ਇੰਦ੍ਰੀਆਂ ਦਾ ਖਾਏ=ਦਮਨ ਕੀਤਾ ਹੈ।

ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੀ ਲਿਆਵੈ॥

ਜਿੰਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ, ਓਨਾਂ ਚਿਰ ਇਹ ਮਲਨ ਹੰਕਾਰ ਵਿਸ਼ਿਸ਼ਟ ਮਨ ਰੂਪੀ ਸ਼ੇਰ ਅੰਤਹਕਰਣ ਰੂਪੀ ਘਰ ਵਿਚ ਬੈਠ ਕੇ ਦੇਹੁ ਹੰ ਰੂਪੀ ਪਾਨਾਂ ਦੇ ਬੀੜਿਆਂ ਨੂੰ ਲਗਾਉਂਦਾ ਸੀ।

ਜਿਸ ਵੇਲੇ ਗੁਰਾਂ ਦੀ ਕ੍ਰਿਪਾ ਹੋਈ ਤਾਂ ਸ਼ੁਧ ਹੰਕਾਰ ਵਿਸ਼ਿਸ਼ਟ ਮਨ ਰੂਪੀ ਸ਼ੇਰ ਅੰਤਹਕਰਣ ਰੂਪੀ ਘਰ ਵਿਚ ਬੈਠ ਕੇ ਅਹੰਬ੍ਰਹਮਾਸਮੀ ਰੂਪੀ ਪਾਨਾਂ ਦੇ ਬੀੜੇ ਲਗਾਂਦਾ ਹੋਇਆ। ਜਿੰਨਾ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ, ਓਨਾਂ ਚਿਰ ਘੀਸ=ਬੁੱਧੀ ਸੰਸਾਰਕ ਗੱਲਾਂ ਨੂੰ ਲਿਆਂਦੀ ਸੀ। ਜਿਸ ਵੇਲੇ ਗੁਰਾਂ ਦੀ ਕਿਰਪਾ ਹੋਈ ਤਾਂ ਬੁੱਧੀ ਪਰਮੇਸ਼ਰ ਪ੍ਰਾਪਤੀ ਦੀਆਂ ਗੱਲਾਂ ਨੂੰ ਲਿਆਉਂਦੀ ਹੋਈ।

ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ॥ ੨॥

ਜਿੰਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ, ਓਨਾਂ ਚਿਰ ਇਹ ਮੁਸਰੀ=ਇੰਦ੍ਰੀਆਂ ਘਰਿ ਘਰਿ=ਗੋਲਕ ਗੋਲਕ ਵਿਚ ਸੰਸਾਰਕ ਖੁਸ਼ੀਆਂ ਨੂੰ ਗਾਉਂਦੀਆਂ ਸਨ ਤੇ ਕਛੂਆ=ਚਿਤ ਸੰਸਾਰਕ ਸੰਖੁ=ਗਿਣਤੀਆਂ ਨੂੰ ਕਰਦਾ ਸੀ।

ਪਰ ਜਿਸ ਵੇਲੇ ਗੁਰਾਂ ਦੀ ਕਿਰਪਾ ਹੋਈ ਤਾਂ ਘਰਿ ਘਰਿ=ਗੋਲਕ ਗੋਲਕ ਵਿਚ ਇੰਦ੍ਰੀਆਂ ਪ੍ਰਮੇਸ਼ਰ ਦੇ ਮੰਗਲਾਂ ਨੂੰ ਗਾਉਣ ਲੱਗ ਪਈਆਂ ਤੇ ਕਛੂਆ=ਚਿਤ, ਬਜਾਵੈ=ਪ੍ਰਗਟ ਸੰਖੁ=ਅਸੰਖ ਪਰਮਾਤਮਾ ਦਾ ਜਸ ਉਚਾਰਨ ਲੱਗ ਪਿਆ।

ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ॥

(ਇਸ ਦਾ ਅਰਥ ਪਹਿਲੇ ਹੋ ਚੁੱਕਾ ਹੈ)

ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ॥ ੩॥

ਜਿੰਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ, ਓਨਾਂ ਚਿਰ ਇਹ ਪ੍ਰਤੱਖ ਸੁੰਦਰ ਰੂਪ ਵਾਲੀਆਂ ਕੰਨਿਆ=ਇਸਤ੍ਰੀਆਂ ਵਿਚ ਮਿਲ ਰਿਹਾ ਸੀ ਅਤੇ ਇਹ ਸਸੈ=ਜੀਵ ਆਪਣੇ ਆਪ ਨੂੰ ਕਰਤਾ ਭੋਗਤਾ ਮੰਨੀ ਬੈਠਾ ਸੀ।

ਜਿਸ ਵੇਲੇ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਤਾਂ ਸੁੰਦਰ ਰੂਪ ਵਾਲੀ ਕੰਨਿਆ ਬ੍ਰਹਮ ਵਿੱਦਿਆ ਨਾਲ ਇਸ ਦਾ ਬੇਧੀ=ਮਿਲਾਪ ਹੋਇਆ ਤੇ ਪ੍ਰਮੇਸ਼ਰ ਦੇ ਗੁਣ ਗਾ ਕੇ ਇਹ ਸਸੈ=ਜੀਵ, ਸਿੰਘ=ਪਰਮੇਸ਼ਰ ਦਾ ਰੂਪ ਹੋ ਗਿਆ॥ ੩॥

ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ॥

ਕਬੀਰ ਜੀ ਕਥਨ ਕਰਦੇ ਹਨ-ਹੇ ਸੰਤੋ ! ਸੁਨਣਾ ਕਰੋ, ਜਿੰਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ, ਓਨਾਂ ਚਿਰ ਕੀਟੀ=ਬਿਰਤੀ ਪਰਬਤੁ=ਸੰਸਾਰ ਦੇ ਸੰਕਲਪਾਂ ਨੂੰ ਖਾਇਆ=ਧਾਰਨ ਕਰ ਰਹੀ ਸੀ।

ਜਿਸ ਵੇਲੇ ਗੁਰਾਂ ਦੀ ਕਿਰਪਾ ਹੋਈ ਤਾਂ ਕੀਟੀ=ਬ੍ਰਹਮਾਕਾਰ ਬਿਰਤੀ ਨੇ ਪਰਬਤੁ=ਅਗਿਆਨ ਨੂੰ ਤਤ ਕਾਰਜ ਸੰਸਾਰ ਦੇ ਸਹਿਤ ਹੀ ਖਾਇਆ=ਅਭਾਵ ਕਰ ਦਿੱਤਾ।

ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ॥ ੪॥ ੬॥

ਜਿੰਨਾਂ ਚਿਰ ਗੁਰਾਂ ਦੀ ਕਿਰਪਾ ਨਹੀਂ ਸੀ ਓਨਾਂ ਚਿਰ ਕਛੂਆ=ਮੋਹ, ਅੰਗਾਰ=ਅੱਗ ਦੇ ਅੰਗਾਰਾਂ ਵਾਂਗ ਸੜਨ ਵਾਲੇ ਕਾਮ ਆਦਿਕਾਂ ਨੂੰ ਭਿਲੋਰਉ=ਚਾਹੁੰਦਾ ਸੀ।

ਜਿਸ ਵੇਲੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਕਛੂਆ=ਮੋਹ ਸਤਿਨਾਮੁ ਵਾਹਿਗੁਰੂ ਆਦੀ ਨਾਮਾਂ ਦੇ ਉਚਾਰਨ ਰੂਪੀ ਅੱਗ ਦੇ ਅੰਗਾਰਾਂ ਨੂੰ ਚਾਹੁੰਦਾ ਹੋਇਆ ਪਾਪਾਂ ਨੂੰ ਨਾਸ ਕਰਨ ਲਈ।

ਪਾਪਾਂ ਦੇ ਅਭਾਵ ਕਰਨੇ ਨੂੰ ਪਰਮੇਸ਼ਰ ਦਾ ਨਾਮ ਅਗਨੀ ਸਮਾਨ ਕਥਨ ਕੀਤਾ ਹੈ।

ਯਥਾ- ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ॥ ੧॥

(ਗਉੜੀ ਮ: ੫ ਪੰਨਾ ੨੪੮)

ਤਥਾ- ਘੋਰ ਦੁਖੰ ਅਨਿਕ ਹਤ੍ਹੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ
ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ੧੮॥ *(ਸਹਸਕ੍ਰਿਤੀ ਪੰਨਾ ੧੩੫੫)*

ਹੇ ਸੰਤੋ ! ਇਸ ਸ਼ਬਦ ਦਾ ਲੂਕੀ=ਗੁਝ ਭਾਤਪਰਜ ਤੁਹਾਨੂੰ ਸੁਣਾਉਣਾ ਕੀਤਾ ਹੈ।

ਨੋਟ :-ਇਸ ਸ਼ਬਦ ਦੇ ਹੋਰ ਅਰਥ ਪੜ੍ਹਨ ਲਈ ਇਸੇ ਕਲਮ ਦੀ ਭਗਤ ਬਾਣੀ ਸਟੀਕ ਹਿੱਸਾ ਪਹਿਲਾ ੩੩੫ ਪੰਨੇ ਤੇ ਪੜ੍ਹੋ।

ਆਸਾ॥

ਉਥਾਨਕਾ-ਇਕ ਜੋਗੀ ਨੇ ਆ ਕੇ ਕਿਹਾ, ਆਪ ਜੋਗ ਭੇਖ ਧਾਰਨ ਕਰੋ ਤਾਂ ਆਪ ਜੀ ਨੂੰ ਨੌ-ਨਿਧੀਆਂ ਪ੍ਰਾਪਤ ਹੋਣਗੀਆਂ।

ਕਬੀਰ ਜੀ ਕਹਿੰਦੇ ਹਨ-ਅਸਾਂ ਅੰਤ੍ਰੀਵ ਜੋਗ ਭੇਖ ਧਾਰਿਆ ਹੋਇਆ ਹੈ ਉਹ ਤੂੰ ਸੁਣ-

ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ॥

ਸਤਿਨਾਮ ਰੂਪੀ ਇਕ ਬਟੂਆ ਹੈ, ੭੨ ਕੋਠੜੀਆਂ ਵਾਲੀ ਜੋ ਦੇਹ ਹੈ ਇਹ ਆਧਾਰੀ=ਝੋਲੀ ਹੈ, ਇਕ ਮੂੰਹ ਹੀ ਜਿਸ ਦੇਹ ਰੂਪ ਝੋਲੀ ਦਾ ਵੱਡਾ ਦਰਵਾਜ਼ਾ ਹੈ ਚੀਜ਼ਾਂ ਪਾਉਣ ਵਾਸਤੇ।

ਯਥਾ- ਮੁਖੀਆ ਮੁਖ ਸਿਉ ਚਾਹੀਏ ਖਾਣ ਪਾਣ ਸਿਉ ਹੇਤ॥

ਮੁਖੀ ਪੁਰਸ਼ ਨੂੰ ਮੁਖ ਦੀ ਨਿਆਈਂ ਹੋਣਾ ਚਾਹੀਦਾ ਹੈ। ਜਿਵੇਂ ਮੂੰਹ ਵਿਚ ਕੋਈ ਚੀਜ਼ ਪਾਈਏ ਤਾਂ ਉਹ ਇਕੱਲਾ ਆਪ ਨਹੀਂ ਖਾਂਦਾ ਸਾਰੀਆਂ ਇੰਦ੍ਰੀਆਂ ਨੂੰ ਪਹੁੰਚਾਂਦਾ ਹੈ। ਜੇਕਰ ਮੂੰਹ ਵਿਚੋਂ ਕੋਈ ਚੀਜ਼ ਦੰਦਾਂ ਵਿਚ ਰਹਿ ਭੀ ਜਾਵੇ ਤਾਂ ਉਸ ਨੂੰ ਕੱਖ ਨਾਲ ਬਾਹਰ ਕੱਢ ਦੇਈਦਾ ਹੈ, ਕਿਉਂਕਿ ਮੂੰਹ ਦਾ ਸੁਭਾਉ ਹੀ ਐਸਾ ਹੈ ਜੋ ਇਕੱਲਾ ਨਹੀਂ ਖਾਂਦਾ।

ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ॥ ੧॥

ਪਹਿਲਾ ਅਰਥ :-ਨੌਂ ਖੰਡਾਂ ਵਾਲੀ ਪ੍ਰਿਥਮੀ ਦੇ ਮਾਲਕ ਵਾਹਿਗੁਰੂ ਪਾਸੋਂ ਜੋ ਭਿੱਖਿਆ ਮੰਗਦਾ ਹੈ ਉਹ ਜੋਗੀ ਸੰਸਾਰ ਵਿਚ ਸਾਰਾ=ਸ੍ਰੇਸ਼ਟ ਹੈ।

ਦੂਜਾ ਅਰਥ-ਨਵੈ ਖੰਡ-ਨੌਂ ਹਿੱਸਿਆਂ ਵਾਲੀ ਨੌਧਾ ਪ੍ਰਿਥਵੀ=ਭਗਤੀ ਰੂਪ ਭਿੱਖਿਆ ਨੂੰ ਜੋ ਮੰਗਦਾ ਹੈ, ਉਹ ਜੋਗੀ ਜਗਤ ਵਿਚ ਸ੍ਰੇਸ਼ਟ ਹੈ।

ਤੀਜਾ ਅਰਥ :-ਨਵੈ=ਨਵੀਨ ਅਖੰਡ=ਭੇਦ ਭਾਵ ਤੋਂ ਰਹਿਤ ਜੋ ਪ੍ਰਿਥਵੀ=ਭੂਮਾ ਬ੍ਰਹਮ ਹੈ ਉਸ ਦੀ ਪ੍ਰਾਪਤੀ ਰੂਪ ਭਿੱਖਿਆ ਨੂੰ ਗੁਰਾਂ ਪਾਸੋਂ ਜੋ ਮੰਗਦਾ ਹੈ, ਉਹ ਜੋਗੀ ਜਗਤ ਵਿਚ ਸ੍ਰੇਸ਼ਟ ਹੈ।

ਚੌਥਾ ਅਰਥ-ਬੁੱਧੀ ਰੂਪੀ ਧਰਤੀ ਚੋਂ ੧ ਕਾਮ, ੨ ਕ੍ਰੋਧ, ੩ ਲੋਭ, ੪ ਮੋਹ, ੫ ਅਹੰਕਾਰ, ੬ ਰਾਗ, ੭ ਦਵੈਸ਼, ੮ ਹਰਖ, ੯ ਸ਼ੋਕ ਇਨ੍ਹਾਂ ਨੌਆਂ ਦਾ ਖੰਡਣ ਕਰਨਾ ਜੋ ਮੰਗਦਾ ਹੈ, ਉਹ ਜੋਗੀ ਸੰਸਾਰ ਵਿਚ ਸਾਰਾ=ਸ੍ਰੇਸ਼ਟ ਹੈ।

ਐਸਾ ਜੋਗੀ ਨਉ ਨਿਧਿ ਪਾਵੈ॥
ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ॥ ੧॥ ਰਹਾਉ॥

ਇਸ ਤਰ੍ਹਾਂ ਦੀ ਰੀਤੀ ਕਰਨ ਵਾਲਾ ਜੋਗੀ ਨੌਂ ਨਿਧੀਆਂ ਤੇ ਅਠਾਰਾਂ ਸਿਧੀਆਂ ਨੂੰ ਪਾ ਲੈਂਦਾ ਹੈ।

*ਤਲਕਾ ਬ੍ਰਹਮ=ਜੀਵ ਨੂੰ ਲੈ ਕੇ ਗਗਨਿ+ਚਰਾਵੈ=ਚੇਤਨ ਦੇਵ ਵੱਲ ਲਿਜਾਵੇ,

ਅਥਵਾ :-ਚਰਾਵੈ=ਵਿਚਰਾਵੇ॥ ੧॥ ਰਹਾਉ॥

ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ॥

ਧਿਆਨ ਰੂਪ ਸੂਈ ਵਿਚ ਗੁਰਾਂ ਦੇ ਉਪਦੇਸ਼ ਮਥਿ=ਵਿਚਾਰਨ ਰੂਪ ਤਾਗੇ ਨੂੰ ਘਾਲੈ=ਪਾ ਕੇ ਗਿਆਨ ਰੂਪ ਗੋਦੜੀ ਨੂੰ ਸਿਉਣਾ ਕਰੇ।

ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ॥ ੨॥

ਆਕਾਸ਼ ਚੋਂ-ਅਸੰਗਤਾ ਵਾਯੂ ਚੋਂ-ਸਮਤਾ। ਅਗਨੀ ਚੋਂ-ਤਮ, ਭੈ, ਭੁਖਾਰ ਦੀ ਨਵਿਰਤੀ।

ਯਥਾ- ਭਾਇ ਅਭਾਇ ਜੋ ਨਿਕਟ ਆਵੈ ਸੀਤ ਤਾਕਾ ਜਾਇ॥

ਜਲ ਚੋਂ ਸੀਤਲਤਾ, ਧਰਤੀ ਚੋਂ ਖਿਮਾ ਇਤਿਆਦਿਕ ਪੰਜਾਂ ਤੱਤਾਂ ਦੀ ਰਹਿਣੀ ਧਾਰਣੀ, ਇਹ ਆਪਣੇ ਹੇਠ ਮਿਰਗਾਣੀ=ਮ੍ਰਿਗਸ਼ਾਲਾ, ਹਰਨ ਦੀ ਖਲ ਵਿਛਾਵੇ ਅਤੇ ਗੁਰਾਂ ਦੇ ਦੱਸੇ ਹੋਏ ਰਾਹ ਉਪਰ ਚੱਲਣਾ, ਇਹ ਆਪਣਾ 'ਆਈ ਪੰਥ' ਨਿਸਚੇ ਕਰੇ॥ ੨॥

ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ॥

ਸਾਰਿਆਂ ਗੁਣਾਂ ਨੂੰ ਇਕੱਤ੍ਰ ਕਰਨ ਵਾਸਤੇ ਆਪਣੇ ਪਾਸ ਦਇਆ ਰੂਪ ਫਾਹੁੜੀ ਰਖੇ, ਕਾਇਆ=ਦੇਹ ਅਧਿਆਸ ਨੂੰ ਧੂਈ=ਧੂਣੀ ਕਰੇ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਬਾਲ ਕੇ, ਅਰਥਾਤ ਦੇਹ ਅਧਿਆਸ ਨੂੰ ਸਾੜਨਾ ਕਰੇ।

ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ॥ ੩॥

ਤਿਸ ਪ੍ਰਮਾਤਮਾ ਦਾ ਭਾਉ=ਪ੍ਰਕਾਸ਼, *ਅਥਵਾ* :-ਪਰੇਮ ਹਿਰਦੇ ਅੰਦਰ ਲੈਣਾ ਕਰੇ। ਚਾਰੇ ਜੁਗਾਂ ਵਿਚ ਜੁੜੇ ਹੋਏ ਪਰਮਾਤਮਾ ਵਿਚ ਜਿਹੜੀ ਬਿਰਤੀ ਲਗਾਉਣੀ ਹੈ, ਏਹੀ ਤਾੜੀ=ਸਮਾਧੀ ਲਗਾਵੇ॥ ੩॥

---

*ਜੀਵ ਹੈ ਤਾਂ ਬ੍ਰਹਮ ਰੂਪ, ਪਰ ਇਹ ਆਪਣੇ ਆਪ ਨੂੰ ਕਰਤਾ ਭੋਗਤਾ ਰੂਪ ਮੰਨੀ ਬੈਠਾ ਹੈ ਇਸ ਕਰਕੇ ਇਸ ਨੂੰ ਤਲਕਾ ਬ੍ਰਹਮ ਕਿਹਾ ਹੈ।

ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ॥

ਸੰਪੂਰਣ ਜੋਗਤਣ=ਜੋਗ ਦਾ ਸਾਰ, ਸਿਧਾਂਤ ਕੇਵਲ ਰਾਮ ਦਾ ਨਾਮ ਹੈ, ਜਿਸ ਰਾਮ ਨੇ ਪਿੰਡੁ=ਸਰੀਰ ਤੇ ਪ੍ਰਾਨ ਆਦਿਕ ਦਿੱਤੇ ਹੋਏ ਹਨ।

ਅਥਵਾ :-ਜਿਸ ਨੇ ਪਿੰਡ ਵਿਖੇ ਪ੍ਰਾਣ ਆਦਿਕਾਂ ਨੂੰ ਦਿੱਤਾ ਹੈ।

ਪ੍ਰਸ਼ਨ-ਉਹ ਨਾਮ ਪ੍ਰਾਪਤ ਕਿਵੇਂ ਹੁੰਦਾ ਹੈ ? *ਉੱਤਰ*-

ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ॥ ੪॥ ੭॥

ਕਬੀਰ ਜੀ ਆਖਦੇ ਹਨ-ਜੇ ਵਾਹਿਗੁਰੂ ਕ੍ਰਿਪਾ ਦ੍ਰਿਸ਼ਟੀ ਧਾਰੇ ਤਾਂ ਨਾਮ ਰੂਪੀ ਸੱਚਾ ਨੀਸਾਨਾ=ਪ੍ਰਵਾਨਾ ਦੇਂਦਾ ਹੈ॥ ੪॥ ੭॥

ਆਸਾ॥

ਉਥਾਨਕਾ-ਇਕ ਕਾਜ਼ੀ ਨੇ ਆ ਕੇ ਆਪਣੇ ਮੁਸਲਮਾਨ ਮਜ਼ਹਬ ਦੀ ਬੜੀ ਤਾਰੀਫ ਕੀਤੀ ਤੇ ਹਿੰਦੂ ਮਤ ਦੀ ਨਿੰਦਿਆ ਕੀਤੀ ਕਿ ਸੰਸਾਰ ਵਿਚ ਕੁੱਤੇ ਬਿੱਲੇ ਆਦਿਕ ਜਿਤਨੀਆਂ ਜੂਨਾਂ ਹਨ ਇਹ ਸਭ ਹਿੰਦੂ ਹੀ ਧਾਰਦੇ ਹਨ ਅਤੇ ਦੋਜ਼ਕਾਂ ਵਿਚ ਵੀ ਹਿੰਦੂ ਹੀ ਜਾਂਦੇ ਹਨ, ਇਸ ਤੇ ਆਪ ਨੂੰ ਚਾਹੀਦਾ ਹੈ ਕਿ ਸੁੰਨਤ ਕਰਾਕੇ ਮੁਸਲਮਾਨ ਮਤ ਨੂੰ ਧਾਰਣ ਕਰੋ। ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥

ਹੇ ਕਾਜ਼ੀ ! ਪਹਿਲਾਂ ਤੂੰ ਇਹ ਦੱਸ, ਹਿੰਦੂ ਅਤੇ ਮੁਸਲਮਾਨ ਕਿਥੋਂ ਆਏ ਹਨ ਅਤੇ ਇਨ੍ਹਾਂ ਦੋਹਾਂ ਦਾ ਰਸਤਾ ਕਿਸ ਨੇ ਚਲਾਇਆ ਹੈ ?

ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥ ੧॥

ਅਸੀਂ ਆਪਣੇ ਦਿਲ ਵਿਚ ਸੋਚਦੇ ਹਾਂ, ਤੂੰ ਵਿਚਾਰ ਕੇ ਕਵਾ=ਉੱਤਰ ਦੇਣਾ ਕਰ।

ਅਥਵਾ :-ਤੂੰ ਆਪਣੇ ਦਿਲ ਵਿਚ ਸੋਚ ਵਿਚਾਰ ਕੇ ਉੱਤਰ ਦੇਹ ਕਿ ਸਵਰਗ ਤੇ ਨਰਕ ਦੀ ਜਗ੍ਹਾਂ ਕਿਸ ਨੇ ਪਾਈ ਹੈ ? ਅਗੋਂ ਕਾਜ਼ੀ ਨੇ ਕਿਹਾ-

ਕਤੇਬ ਵਿਚ ਲਿਖਿਆ ਹੋਇਆ ਹੈ ਕਿ ਮੁਸਲਮਾਨ ਮਤ ਸਭ ਤੋਂ ਚੱਛਾ ਹੈ।

ਪੁਨਾ-ਕਬੀਰ ਜੀ ਆਖਦੇ ਹਨ-

ਕਾਜੀ ਤੈ ਕਵਨ ਕਤੇਬ ਬਖਾਨੀ॥

ਹੇ ਕਾਜ਼ੀ ! ਇਹ ਗੱਲ ਤੈਨੇ ਕਿਹੜੀ ਕਿਤਾਬ ਦੀ ਕਹੀ ਹੈ। ਮੈਨੂੰ ਤਾਂ ਤੇਰੀਆਂ ਗੱਲਾਂ ਤੋਂ ਇਉਂ ਮਾਲੂਮ ਹੁੰਦਾ ਹੈ ਕਿ-

ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ॥ ੧॥ ਰਹਾਉ॥

ਤੁਸੀਂ ਸਾਰੇ ਸ਼ਰੱਈ ਲੋਕ ਕਤਾਬਾਂ ਨੂੰ ਪੜ੍ਹਨ ਤੇ ਗੁਨਤ=ਵਿਚਾਰਨ ਵਾਲੇ ਐਵੇਂ ਹੀ ਮਜ਼ਹਬੀ ਝਗੜਿਆਂ ਵਿਚ ਫਸ ਕੇ ਮਾਰੇ ਗਏ, ਪਰਮੇਸ਼ਰ ਦੀ ਪ੍ਰਾਪਤੀ ਦੀ ਖ਼ਬਰ ਕਿਸੇ ਨੇ ਨਹੀਂ ਜਾਣੀ। ਜਿਹੜੀ ਤੂੰ ਇਹ ਗੱਲ ਕਹੀ ਹੈ ਕਿ ਸੁੰਨਤ ਕਰਕੇ ਮੁਸਲਮਾਨ ਹੋ ਜਾਹ, ਇਸ ਪੱਖ ਨਾਲ ਮੇਰੀ ਸੰਮਤੀ ਨਹੀਂ ਹੈ, ਕਿਉਂਕਿ-

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥

ਇਬਰਾਹੀਮ ਪੈਗੰਬਰ ਨੇ ਸਕਤਿ=ਇਸਤਰੀ ਦੇ ਸਨੇਹੁ=ਪ੍ਰੇਮ ਕਰਕੇ ਸੁੰਨਤ ਕੀਤੀ ਹੈ, ਇਸ ਕਰਕੇ ਹੇ ਭਾਈ ! ਮੈਂ ਇਸ ਗੱਲ ਨੂੰ ਨਹੀਂ ਬਦਉਗਾ=ਮੰਨਾਂਗਾ। ਸੁੰਨਤ ਕਰਨ ਨਾਲ ਰਬ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ। ਸੁੰਨਤ ਕਰਨੀ ਇਕ ਮਜ਼ਬੀ ਚਿੰਨ੍ਹ ਹੈ।

ਸਾਖੀ-ਇਬਰਾਹੀਮ ਪੈਕੰਬਰ ਦੀ

ਇਬਰਾਹੀਮ ਪੈਕੰਬਰ ਦੀ ਪਹਿਲੀ ਇਸਤਰੀ 'ਸਾਰਾਹ' ਸੀ। ਇਸ ਦੇ ਔਲਾਦ ਨਹੀਂ ਸੀ ਅਤੇ ਇਸ ਨੇ ਇਬਰਾਹੀਮ ਪਾਸੋਂ ਪ੍ਰਣ ਕਰਵਾਇਆ ਹੋਇਆ ਸੀ ਕਿ ਮੈਂ ਕਿਸੀ ਦੂਜੀ ਔਰਤ ਨਾਲ ਸਬੰਧ ਨਹੀਂ ਕਰਾਂਗਾ, ਜੇ ਕਰਾਂਗਾ ਤਾਂ ਤੂੰ ਮੇਰਾ ਸਿਰ ਵੱਢ ਦੇਈਂ, ਪਰੰਤੂ ਇਕ ਦਿਨ ਇਸ ਦਾ ਕਿਸੀ ਹੋਰ ਔਰਤ ਨਾਲ ਪਰੇਮ ਹੋ ਗਿਆ। ਕਈ ਆਖਦੇ ਹਨ ਅਪੱਛਰਾਂ ਨਾਲ ਪ੍ਰੇਮ ਹੋ ਗਿਆ, ਕਈ ਕਹਿੰਦੇ ਹਨ 'ਹਾਜਿਰਾ' ਨਾਮੇ ਗੋਂਲੀ ਨਾਲ ਇਸ ਦਾ ਪ੍ਰੇਮ ਹੋ ਗਿਆ, ਜਿਸ ਤੋਂ 'ਇਸਮਾਈਲ' ਨਾਮੇ ਪੁਤ੍ਰ ਜੰਮਿਆ।

ਸਮਾਂ ਪਾ ਕੇ ਪਹਿਲੀ ਔਰਤ 'ਸਾਰਾਹ' ਦੇ ਪੇਟੋਂ ਵੀ 'ਇਸਹਾਕ' ਪੁੱਤਰ ਜੰਮ ਪਿਆ। ਜਦ ਪਹਿਲੀ ਔਰਤ ਦੀ ਆਪਣੀ ਔਲਾਦ ਹੋ ਗਈ ਤਾਂ ਦੋਹਾਂ ਸੌਂਕਣਾ ਦਾ ਝਗੜਾ ਹੋਣ ਲੱਗ ਪਿਆ। 'ਸਾਰਾਹ' ਦੇ ਆਖੇ ਲੱਗ ਕੇ ਇਬਰਾਹੀਮ ਨੇ ਦੂਜੀ ਔਰਤ ਗੋਂਲੀ ਨੂੰ 'ਇਸਮਾਈਲ' ਪੁਤ੍ਰ ਦੇ ਸਮੇਤ ਘਰੋਂ ਬਾਹਰ ਕੱਢ ਦਿੱਤਾ। ਜਦ ਉਹ ਫਿਰਦੇ ਫਿਰਦੇ ਮਕੇ ਤੋਂ ਪਰੇ ਕਾਬੇ ਦੇ ਨਜ਼ਦੀਕ ਇਕ ਖੂਹ ਹੈ ਉਸ ਪਾਸ ਆ ਕੇ ਪਹੁੰਚੇ ਤਾਂ 'ਹਾਜਰਾ' ਨੇ ਪਾਣੀ ਦੇਖ ਕੇ ਕਿਹਾ ਹੇ ਪੁਤ੍ਰ ! ਠਹਿਰ, ਠਹਿਰ ! ਜਦ ਉਹ ਪਿਆਸੇ ਇਸ ਖੂਹ 'ਪਰ ਆਏ ਤਾਂ ਪਾਣੀ ਛਪਣ ਹੋ ਗਿਆ। ਮੁੜ ਨਿਰਾਸੇ ਹੋ ਕੇ ਖੁਦਾ ਅਗੇ ਪ੍ਰਾਰਥਨਾ ਕੀਤੀ ਤਾਂ ਫਿਰ ਪਾਣੀ ਪ੍ਰਗਟਿਆ, ਜਿਸ ਨੂੰ ਪੀ ਕੇ ਮਾਂ ਪੁੱਤਰ ਨੇ ਆਪਣੀ ਪਿਆਸ ਬੁਝਾਈ। ਇਸ ਖੂਹ ਦਾ ਨਾਮ 'ਜ਼ਮ ਜ਼ਮ' ਹੈ। ਹਾਜੀ ਲੋਕ ਜ਼ਮ ਜ਼ਮ ਦਾ ਪਾਣੀ ਪੀਣਾ ਪਵਿੱਤ੍ਰ ਕਰਮ ਜਾਣਦੇ ਹਨ ਅਤੇ ਕਈ ਏਸੇ ਖੂਹ ਦੇ ਪਾਣੀ ਨਾਲ ਰੋਜਾ ਖੋਲ੍ਹਦੇ ਹਨ। ਜਿਕੁਰ ਹਰਿਦੁਆਰ ਦੇ ਗੰਗਾ ਜਲ ਨੂੰ ਪਵਿੱਤ੍ਰ ਸਮਝ ਕੇ ਯਾਤਰੂ ਲੋਕ ਸ਼ੀਸ਼ੀਆਂ ਭਰ ਕੇ ਲਿਆਉਂਦੇ ਹਨ ਤੇ ਪ੍ਰਾਣੀ ਦੇ ਮਰਨ ਸਮੇਂ ਮੂੰਹ ਵਿਚ ਗੰਗਾ ਜਲ ਪਾਉਂਦੇ ਹਨ, ਤਿਵੇਂ ਜ਼ਮ ਜ਼ਮ ਦਾ ਪਾਣੀ ਵੀ ਦੇਸਾਂ ਦਿਸਾਂਤਰਾਂ ਵਿਚ ਮੁਸਲਮਾਨ ਲੋਕ ਸ਼ੀਸ਼ੀਆਂ ਭਰ ਕੇ ਲਿਆਉਂਦੇ ਹਨ ਤੇ ਉਹ ਪਾਣੀ ਮਰਨ ਸਮੇਂ ਪ੍ਰਾਣੀ ਦੇ ਮੂੰਹ ਵਿਚ ਪਾਉਣਾ ਵੀ ਪਵਿੱਤ੍ਰ ਸਮਝਦੇ ਹਨ। ਛਡੋ ਇਸ ਪ੍ਰਸੰਗ ਨੂੰ ਆਪਣੇ ਪ੍ਰਕਰਣ ਵਿਚ ਆਓ-

ਦੂਜੀ ਔਰਤ ਨਾਲ ਸਬੰਧ ਕਰਨ ਨਾਲ ਪਹਿਲੀ ਔਰਤ 'ਸਾਰਾਹ' ਨੇ ਕਿਹਾ ਹੁਣ ਤੂੰ ਆਪਣਾ ਪ੍ਰਣ ਪੂਰਾ ਕਰ ਤਾਂ ਇਬਰਾਹੀਮ ਨੇ ਕਿਹਾ ਬੇਸ਼ਕ ਮੇਰਾ ਸਿਰ ਵੱਢ ਦੇਹ, ਹੋਰ ਕੀ ਹੋ ਸਕਦਾ ਹੈ।

'ਸਾਰਾਹ' ਨੇ ਪਤੀ ਦੇ ਪ੍ਰੇਮ ਵਿਚ ਆ ਕੇ ਵਡੀ ਸਜ਼ਾ ਨੂੰ ਛੋਟੀ ਕਰ ਦਿੱਤਾ। ਪ੍ਰਣ ਇਹ ਕੀਤਾ ਸੀ ਕਿ ਤੇਰਾ ਜੋ ਜੋ ਭੀ ਅੰਗ ਦੂਜੀ ਔਰਤ ਨਾਲ ਲਗੇਗਾ, ਉਹ ਮੈਂ ਕੱਟ ਦਿਆਂਗੀ। ਉਸ ਨੂੰ ਪੂਰਿਆਂ ਕਰਨ ਵਾਸਤੇ ਸਿਰ ਵੱਢਣ ਦੀ ਜਗ੍ਹਾਂ ਸਿਰ ਦੇ ਵਾਲ ਕੱਟ ਦਿੱਤੇ। ਹੋਠਾਂ ਦੀ ਜਗ੍ਹਾਂ ਮੁੱਛਾਂ ਕੱਟ ਦਿੱਤੀਆਂ, ਛਾਤੀ ਦੀ ਜਗ੍ਹਾਂ ਛਾਤੀ ਦੇ ਵਾਲ ਕੱਟ ਦਿੱਤੇ। ਇੰਦ੍ਰੀ ਦੀ ਜਗ੍ਹਾਂ ਇੰਦ੍ਰੀ ਦਾ ਅਗਲਾ ਮਾਸ ਕੱਟ ਦਿੱਤਾ ਲੱਤਾਂ ਦੀ ਜਗ੍ਹਾਂ ਲੱਤਾਂ ਦੇ ਵਾਲ ਕੱਟ ਦਿੱਤੇ ਜਾਂ ਸਲਵਾਰ ਕੱਟ ਦਿੱਤੀ ਇਸ ਤਰ੍ਹਾਂ ਜਦ ਇਬਰਾਹੀਮ ਨੇ ਆਪ ਸੁੰਨਤ ਕਰਵਾਈ ਅਤੇ ਆਪਣੀ ਬੰਸ ਵਿਚ ਇਸ ਦਾ ਪ੍ਰਚਾਰ ਜਾਰੀ ਕੀਤਾ ਉਸ ਵੇਲੇ ਉਸ ਦੀ ਉਮਰ ੯੯ ਬਰਸ ਦੀ ਸੀ, ਸਾਰੀ ਉਮਰ ਇਸ ਦੀ ੧੭੫ ਸਾਲ ਦੀ ਸੀ, ਪਰ ਕਬੀਰ ਜੀ ਕਹਿੰਦੇ ਹਨ-ਮੈਂ ਇਸ ਗੱਲ ਨੂੰ ਨਹੀਂ ਮੰਨਦਾ।

ਦੂਜੀ ਬਦਲ ਇਤਨੀ ਹੈ ਕਿ ਜਦ ਇਬਰਾਹੀਮ ਨੇ ਸ਼ਾਦੀ ਕਰਵਾਈ ਸੀ ਤਾਂ ਉਸ ਨੇ ਇਸ ਦੇ ਪਾਸੋਂ ਪ੍ਰਣ ਕਰਵਾ ਲਿਆ ਸੀ ਕਿ ਮੈਂ ਕਿਸੀ ਹੋਰ ਔਰਤ ਨੂੰ ਘਰ ਨਹੀਂ ਰਖਾਂਗਾ, ਜੇ ਘਰ ਰੱਖਾਂਗਾ ਤਾਂ ਤੂੰ ਸਿਰ ਵੱਢ ਦੇਈਂ, ਪਰ ਜਿਸ ਵੇਲੇ ਇਸ ਦਾ ਕਿਸੀ ਹੋਰ ਔਰਤ ਨਾਲ ਪਰੇਮ ਹੋ ਗਿਆ ਤਾਂ ਪਹਿਲੀ ਔਰਤ ਘਰੋਂ ਨਿਕਲ ਕੇ ਪੇਕੇ ਚਲੀ ਗਈ। ਪਿਛੋਂ ਇਕ ਮੌਕੇ ਇਬਰਾਹੀਮ ਦਾ ਮੁਰੀਦ ਆਪਣੇ ਬੇਟੇ ਨੂੰ ਨਾਲ ਲਿਆ ਕੇ ਕਹਿੰਦਾ ਹੈ-ਪੀਰ ਜੀ ! ਇਸ ਕਾਕੇ ਨੂੰ ਸਮਝਾਓ, ਇਹ ਆਪਣੀ ਔਰਤ ਨੂੰ ਘਰੋਂ ਕੱਢੀ ਫਿਰਦਾ ਹੈ। ਜਦ ਪੀਰ ਨੇ ਸਮਝਾਇਆ ਕਿ ਤੈਨੂੰ ਇਹ ਗੱਲ ਕਰਨੀ ਠੀਕ ਨਹੀਂ ਹੈ, ਆਪਣੀ ਔਰਤ ਨੂੰ ਘਰ ਲੈ ਆ। ਤਾਂ ਉਸ ਬੇਟੇ ਨੇ ਕਿਹਾ, ਪੀਰ ਜੀ ! ਪਹਿਲੇ ਆਪਣੀ ਘਰ ਵਾਲੀ ਨੂੰ ਤਾਂ ਘਰ ਲਿਆਓ, ਪਿਛੋਂ ਮੈਨੂੰ ਉਪਦੇਸ਼ ਕਰਨਾ।

ਜਦ ਮੁਰੀਦ ਦੀ ਇਹ ਗੱਲ ਸੁਣੀ ਤਾਂ ਪੀਰ ਦੇ ਸੀਨੇ ਖੁਭ ਗਈ। ਉਸੀ ਵੇਲੇ ਸਹੁਰੇ ਘਰ ਚਲਾ ਗਿਆ ਤੇ ਪਹਿਲੀ ਔਰਤ ਨੂੰ ਕਿਹਾ, ਚੱਲ ਆਪਣੇ ਘਰ। ਉਸ ਨੇ ਕਿਹਾ-ਮੈਂ ਤਾਂ ਜਾਂਦੀ ਹਾਂ ਜੇ ਪਹਿਲੇ ਪ੍ਰਣ ਪੂਰਾ ਕਰੇਂ। ਉਸ ਵੇਲੇ ਔਰਤ ਦੇ ਕਹਿਣ ਪਰ ਇਸ ਨੇ ਆਪਣਾ ਬਚਨ ਪੂਰਾ ਕੀਤਾ। ਉਸ ਵੇਲੇ ਸੁੰਨਤ ਦੀ ਰਸਮ ਜਾਰੀ ਹੋਈ, ਇਸ ਵਾਸਤੇ ਕਬੀਰ ਜੀ ਕਹਿੰਦੇ ਹਨ-

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥

ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟ�ि ਜਾਈ॥ ੨॥

ਜੇਕਰ ਖੁਦਾ ਮੈਨੂੰ ਮੁਸਲਮਾਨ ਕਰਨਾ ਚਾਹੇਗਾ ਤਾਂ ਆਪੇ ਹੀ ਮੇਰੀ ਇੰਦਰੀ ਦਾ ਮਾਸ ਕੱਟ ਜਾਵੇਗਾ, ਤੇਰੇ ਕਹਿਣ ਨਾਲ ਮੈਂ ਤੁਰਕ ਨਹੀਂ ਹੋਣਾ॥ ੨॥

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥

ਜੇਕਰ ਸੁੰਨਤ ਕਰਨ ਨਾਲ ਹੀ ਮੁਸਲਮਾਨ ਹੋਈਦਾ ਹੈ, ਤਾਂ ਫਿਰ ਇਸਤ੍ਰੀ ਦਾ ਕੀ ਕਰਨਾ ਚਾਹੀਦਾ ਹੈ ? ਉਸ ਦਾ ਵੀ ਅੰਗ ਕਟਣਾ ਜ਼ਰੂਰੀ ਹੈ, ਪਰ ਇਸਤ੍ਰੀ ਦੀ ਸੁੰਨਤ ਹੋ ਨਹੀਂ ਸਕਦੀ, ਜੇਕਰ ਉਸ ਦੀ ਸੁੰਨਤ ਨਾ ਹੋਈ ਤਾਂ ਉਹ ਫਿਰ ਹਿੰਦਨੀ ਰਹੀ। ਇਕ ਸਰੀਰ ਮੁਸਲਮਾਨ ਹੋ ਗਿਆ ਤੇ ਦੂਜਾ ਸਰੀਰ ਹਿੰਦੂ ਦਾ ਰਿਹਾ ਤਾਂ ਆਪਸ ਵਿਚ ਮੇਲ ਨਾ ਹੋਇਆ।

ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥ ੩॥

ਅਰਧ ਸਰੀਰੀ=ਅਰਧੰਗੀ ਜੋ ਇਸਤ੍ਰੀ ਹੈ ਉਸ ਨੂੰ ਤੁਸੀਂ ਛੱਡ ਦੇ ਨਹੀਂ, ਇਸ ਵਾਸਤੇ ਹਿੰਦੂ ਮਤ ਵਿਚ ਹੀ ਰਹਿਣਾ ਚਾਹੀਦਾ ਹੈ॥ ੩॥

ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ॥

ਹੇ ਬੌਰੇ ਕਾਜ਼ੀ ! ਕਤੇਬਾਂ ਦੇ ਫਜ਼ੂਲ ਝਗੜੇ ਛੱਡ ਦੇ, ਖੁਦਾ ਨੂੰ ਯਾਦ ਕਰ, ਹਿੰਦੂਆਂ 'ਪਰ ਕਿਸ ਲਈ ਭਾਰੀ ਜ਼ੁਲਮ ਕਰਦਾ ਹੈਂ।

ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ॥ ੪॥ ੮॥

ਕਬੀਰ ਜੀ ਆਖਦੇ ਹਨ-ਮੈਂ ਤਾਂ ਇਕ ਰਾਮ ਦੀ ਓਟ ਫੜੀ ਹੈ, ਮੈਨੂੰ ਮੁਸਲਮਾਨ ਬਨਾਉਣ ਵਾਸਤੇ ਸਿਕੰਦਰ ਵਰਗੇ ਕਈ ਤੁਰਕ ਖਪ ਖਪ ਕੇ ਹਾਰ ਗਏ ਹਨ ਤੇ ਤੂੰ ਭਲਾ ਕਿਹੜੇ ਬਾਗ ਦੀ ਮੂਲੀ ਹੈਂ॥ ੪॥ ੮॥

ਆਸਾ ॥

ਉਥਾਨਕਾ–ਅਗਲੇ ਸ਼ਬਦ ਵਿਚ ਭਗਤ ਕਬੀਰ ਜੀ ਸੇਵਕਾਂ ਨੂੰ ਵੈਰਾਗ ਮਈ ਉਪਦੇਸ਼ ਦੇਂਦੇ ਹਨ।

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ॥

ਪਹਿਲਾ ਅਰਥ–

ਜਿਤਨਾ ਚਿਰ ਦੀਵੇ ਦੇ ਮੂੰਹ ਵਿਚ ਤੇਲ ਅਤੇ ਬੱਤੀ ਹੁੰਦੀ ਹੈ, ਉਤਨਾ ਚਿਰ ਘਰ ਵਿਚ ਸਭ ਕੁਝ ਦਿੱਸਦਾ ਹੈ।

[ਪੰਨਾ ੪੭੮]

ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ॥ ੧ ॥

ਜਿਸ ਵੇਲੇ ਤੇਲ ਦੇ ਸੜ ਜਾਣ ਨਾਲ ਬੱਤੀ ਠਹਰਾਨੀ=ਬੁਝ ਜਾਂਦੀ ਹੈ, ਤਿਸ ਵੇਲੇ ਮੰਦਰੁ=ਘਰ ਪ੍ਰਕਾਸ਼ ਤੋਂ ਸੂੰਨਾ=ਖਾਲੀ ਹੋ ਜਾਂਦਾ ਹੈ॥ ੧ ॥

ਦੂਜਾ ਅਰਥ–

ਏਸੇ ਤਰ੍ਹਾਂ ਜਦ ਤੱਕ ਪ੍ਰਾਣਾਂ ਰੂਪ ਦੀਵੇ ਵਿਚ ਪ੍ਰਾਰਬਧ ਰੂਪ ਤੇਲ ਅੰਤਹਕਰਣ ਰੂਪ ਬੱਤੀ ਚਿਦਾਭਾਸ ਰੂਪੀ ਅੱਗ ਨਾਲ ਜਗ ਰਹੀ ਹੈ ਤਦ ਤੱਕ ਸਰੋਤ ਇੰਦ੍ਰੀਏ ਦੁਆਰਾ ਸਭ ਕੁਝ ਸੁਝਦਾ ਹੈ, ਪਰ ਜਿਸ ਵੇਲੇ ਪ੍ਰਾਰਬਧ ਰੂਪੀ ਤੇਲ ਦੇ ਮੁਕਣੇ ਤੇ ਅੰਤਹਕਰਣ ਰੂਪ ਬੱਤੀ ਬੁਝ ਗਈ ਤਾਂ ਅਸਥੂਲ ਦੇਹ ਰੂਪੀ ਮੰਦਰ ਸੂੰਨਾ=ਖਾਲੀ ਹੋ ਜਾਂਦਾ ਹੈ।

ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ॥

ਹੇ ਝੱਲੇ ਪੁਰਸ਼ਾ! ਉਸ ਵੇਲੇ ਇਕ ਘੜੀ ਭਰ ਵੀ ਤੈਨੂੰ ਘਰ ਵਿਚ ਕੋਈ ਰਖੇਗਾ ਨਹੀਂ।

ਤੂੰ ਰਾਮ ਨਾਮੁ ਜਪਿ ਸੋਈ॥ ੧ ॥ ਰਹਾਉ॥

ਇਸ ਲਈ ਤੂੰ ਵਾਹਿਗੁਰੂ ਦਾ ਨਾਮ ਜਪਣਾ ਕਰ।

ਦੇਹ ਵਲੋਂ ਵੈਰਾਗ ਜਨਕ ਉਪਦੇਸ਼ ਦੇ ਕੇ ਅਗੋਂ ਸਨਬੰਧੀਆਂ ਵਲੋਂ ਵੈਰਾਗ ਜਨਕ ਉਪਦੇਸ਼ ਦੇਂਦੇ ਹਨ।

ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ॥

ਦੱਸ ਖਾਂ ! ਮਾਤਾ ਕਿਸਦੀ ਹੈ ? ਕਹੋ ਖਾਂ ਪਿਤਾ ਕਿਸਦਾ ਹੈ ? ਅਤੇ ਕਿਸ ਪੁਰਖ ਦੀ ਜੋਈ=ਇਸਤ੍ਰੀ ਹੈ। ਸਭ ਆਪੋ ਆਪਣੇ ਸੁਖ ਦੇ ਮਤਲਬੀ ਯਾਰ ਹਨ।

ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ॥ ੨ ॥

ਜਿਸ ਵੇਲੇ ਘਟ=ਸਰੀਰ ਫੁਟਦਾ, ਅਰਥਾਤ ਬਿਨਸਦਾ ਹੈ ਤਾਂ ਕੋਈ ਵੀ ਇਸ ਦੀ ਗੱਲ ਨਹੀਂ ਪੁੱਛਦਾ, ਉਸ ਵੇਲੇ ਸਭ ਸਬੰਧੀਆਂ ਦੇ ਮੂੰਹ ਵਿਚ ਇਹੋ ਗੱਲ ਹੁੰਦੀ ਹੈ ਕਿ ਛੇਤੀ ਕੱਢੋ, ਛੇਤੀ ਕੱਢੋ॥ ੨ ॥

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ॥

ਦਲੀਜ ਤੇ ਬੈਠੀ ਹੋਈ ਮਾਂ ਰੋਂਦੀ ਹੈ ਅਤੇ ਮੰਜੀ ਜਾਂ ਤਖਤੇ 'ਪਰ ਰੱਖ ਕੇ ਮਸਾਣ ਭੂਮਿਕਾ ਨੂੰ ਭਰਾ ਲੈ

ਜਾਂਦੇ ਹਨ।

ਅਥਵਾ :-ਉਸ ਦੀ ਸਾਰੀ ਖੱਟੀ ਕਮਾਈ ਸਾਂਭੀ ਹੋਈ ਅੰਤ ਨੂੰ ਭਰਾ ਲੈ ਜਾਂਦੇ ਹਨ।

ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ॥ ੩॥

ਲਟ=ਗੁਤ ਖੋਲ੍ਹ ਕੇ ਤਿਰੀਆ=ਇਸਤ੍ਰੀ ਰੋਂਦੀ ਹੈ, ਪਰ ਹੰਸੁ=ਜੀਵ ਆਤਮਾ ਇਕੱਲਾ ਹੀ ਪ੍ਰਲੋਕ ਵਿਚ ਜਾਂਦਾ ਹੈ॥ ੩॥

ਯਥਾ- ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ॥ *(ਸੋਰਠਿ ਪੰਨਾ ੬੫੪)*

ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ॥

ਕਬੀਰ ਜੀ ਆਖਦੇ ਹਨ-ਹੇ ਸੰਤੋ ! ਸੁਨਣਾ ਕਰੋ, ਇਹ ਜੀਵ ਭੈਦਾਇਕ ਸੰਸਾਰ ਸਮੁੰਦਰ ਤਾਈਂ ਲੱਗ ਰਿਹਾ ਹੈ।

ਇਸੁ ਬੰਦੇ ਸਿਰਿ ਜੁਲਮੁ ਹੋਤ ਹੈ
ਜਮੁ ਨਹੀ ਹਟੈ ਗੁਸਾਈ॥ ੪॥ ੯॥ ਦੁਤੁਕੇ

ਇਸ ਬੰਦੇ ਦੇ ਸਿਰ ਤੇ ਕੋਈ ਜ਼ੁਲਮ ਹੋ ਰਿਹਾ ਹੈ, ਜੋ ਵਾਹਿਗੁਰੂ ਦਾ ਭੇਜਿਆ ਹੋਇਆ ਜਮ ਇਸ ਦੇ ਮਗਰੋਂ ਹਟਦਾ ਨਹੀਂ ?

ਉੱਤਰ-ਜ਼ੁਲਮ ਨਹੀਂ, ਨਿਆਂ ਹੀ ਹੋ ਰਿਹਾ ਹੈ। *ਅਥਵਾ* :-ਗੁਸਾਈਂ ਦਾ ਜਮ ਜੋ ਨਹੀਂ ਹਟਦਾ, ਇਹ ਇਸ ਬੰਦੇ ਦੇ ਸਿਰ ਤੇ ਜ਼ੁਲਮ ਹੋ ਰਿਹਾ ਹੈ, ਕਿਉਂਕਿ ਸਿਰ ਉਪਰੋਂ ਜਮ ਹਟਣਾ ਚਾਹੀਦਾ ਹੈ॥ ੪॥ ੯॥

'ਦੁਤੁਕੇ' ਦਾ ਭਾਵ ਇਹ ਹੈ ਕਿ ਦੋ ਦੋ ਤੁਕਾਂ ਵਾਲੇ ਨੌਂ ਸ਼ਬਦ ਆ ਚੁੱਕੇ ਹਨ।

ੴ ਸਤਿਗੁਰ ਪ੍ਰਸਾਦਿ॥ ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕਤੁਕੇ॥

ਹੁਣ ਚਾਰ ਚਾਰ ਪਦਿੰਆਂ ਦੇ ਚਾਰ ਸ਼ਬਦ ਆਉਣਗੇ, ਪਰ ਪਦਾ ਇਕ ਇਕ ਤੁਕ ਵਾਲਾ ਹੋਵੇਗਾ।

ਉਥਾਨਕਾ-ਉਸ ਪ੍ਰਮੇਸ਼ਰ ਦਾ ਅੰਤ ਕਿਸੀ ਨੇ ਪਾਇਆ ਹੈ ਜਾਂ ਨਹੀਂ ? *ਉੱਤਰ* -

ਸਨਕ ਸਨੰਦ ਅੰਤੁ ਨਹੀ ਪਾਇਆ॥

ਸਨਕ ਸਨੰਦਨ, ਸਨਾਤਨ, ਸਨਤ ਕੁਮਾਰ, ਚਾਰੇ ਭਰਾਵਾਂ ਨੇ ਉਸ ਵਾਹਿਗੁਰੂ ਦਾ ਅੰਤ ਨਹੀਂ ਪਾਇਆ।

ਯਥਾ- ਸਨਕ ਸਨੰਦ ਮਹੇਸ ਸਮਾਨਾ॥ ਸੇਖ ਨਾਗਿ ਤੇਰੋ ਮਰਮੁ ਨ ਜਾਨਾ॥

ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥ ੧॥

ਵੇਦਾਂ ਨੂੰ ਪੜ੍ਹ ਪੜ੍ਹ ਕੇ ਬ੍ਰਹਮਾ ਨੇ ਵੀ ਆਪਣਾ ਜਨਮ ਗਵਾਇਆ=ਬਿਤੀਤ ਕਰ ਲਿਆ ਹੈ, ਪ੍ਰੰਤੂ ਪਰਮੇਸ਼ਰ ਦਾ ਅੰਤ ਨਹੀਂ ਪਾਇਆ।

ਅਥਵਾ :-ਬ੍ਰਹਮਾ ਜਿਨ੍ਹਾਂ ਵੇਦਾਂ ਦਾ ਪੁਜਾਰੀ ਹੈ ਉਹਨਾਂ ਵੇਦਾਂ ਨੂੰ ਪੜ੍ਹ ਪੜ੍ਹ ਕੇ ਤੇ ਸਿਧਾਂਤ ਧਾਰ ਕੇ ਗੁਰਮੁਖਾਂ ਨੇ ਆਪਣੇ ਜਨਮ ਮਰਨ ਨੂੰ ਗਵਾਇਆ=ਨਵਿਰਤ ਕਰ ਲੀਤਾ ਹੈ।

ਅਥਵਾ - ਬ੍ਰਹਮਾ ਜਿਨ੍ਹਾਂ ਵੇਦਾਂ ਦਾ ਗ੍ਰੰਥੀ ਹੈ, ਉਹਨਾਂ ਵੇਦਾਂ ਨੂੰ ਪੜ੍ਹ ਪੜ੍ਹ ਕੇ ਮਨਮੁਖਾਂ ਨੇ ਆਪਣਾ ਮਨੁੱਖਾ

ਜਨਮ ਨਿਸਫਲ ਗਵਾ ਲਿਆ ਹੈ॥ ੧॥

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥

ਹੇ ਮੇਰੇ ਭਾਈ ! ਹਰੀ ਦੇ ਵਿਚਾਰ ਨੂੰ ਬਿਲੋਵਹੁ=ਵਿਚਾਰਨਾ ਕਰੋ।

ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ ੧॥ ਰਹਾਉ॥

ਸਹਜੇ ਸਹਜੇ ਵਿਚਾਰੋ ਜਿਸ ਕਰਕੇ ਗਿਆਨ ਰੂਪ ਮੱਖਣ ਵੀ ਨਾਸ ਨਾ ਹੋ ਜਾਵੇ। ਅਰਥਾਤ-ਪਹਿਲੇ ਨਿਸ਼ਕਾਮ ਕਰਮ, ਉਪਾਸ਼ਨਾ, ਵਿਵੇਕ, ਵਿਰਾਗ, ਖਟ ਸੰਪਤੀ, ਮੋਖ ਇੱਛਾ, ਸ੍ਰਵਨ ਮਨਨ, ਨਿਧਿਆਸਣ, ਤਤਪਦ, ਤੁਯੰਪਦ ਦਾ ਸੋਧਨ, ਇਸ ਤਰ੍ਹਾਂ ਸਨੇ ਸਨੇ ਵਿਚਾਰ ਕਰੋ। *ਅਥਵਾ*-ਧੀਰੇ ਧੀਰੇ ਵਿਚਾਰੋ, ਜਿਸ ਕਰਕੇ ਤਤੁ=ਸਰੀਰ ਵੀ ਬਾਵਲਾ ਨਾ ਹੋ ਜਾਵੇ॥ ੧॥

ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ॥

ਸਰੀਰ ਨੂੰ ਵਿਸ਼ਿਆ ਤੋਂ ਰਹਿਤ ਕਰਨਾ ਇਹ ਮਟੁਕੀ=ਚਾਟੀ ਕਰੇ, ਸ਼ੁਧ ਮਨ ਨੂੰ ਵਿਚ ਬਿਲੋਈ= ਮਧਾਣੀ ਕਰੇ।

ਇਸੁ ਮਟੁਕੀ ਮਹਿ ਸਬਦੁ ਸੰਜੋਈ॥ ੨॥

ਇਸ ਸਰੀਰ ਰੂਪ ਮਟੁਕੀ=ਚਾਟੀ ਵਿਚ ਨਿਸ਼ਕਾਮ ਕਰਮਾਂ ਰੂਪ ਦੁੱਧ ਪਾ ਕੇ ਗੁਰ ਉਪਦੇਸ਼ ਰੂਪੀ ਜਾਗ ਸੰ=ਭਲੀ ਪ੍ਰਕਾਰ ਜੋਈ=ਮੇਲਣਾ, ਭਾਵ ਲਾਉਂਣਾ ਕਰੋ॥ ੨॥

ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ॥

ਉੱਤਰ-ਮਨ ਕਰਕੇ ਜਿਹੜਾ ਸਤ ਅਸੱਤ ਦਾ ਵਿਚਾਰ ਕਰਨਾ ਹੈ, ਏਹੀ ਹਰੀ ਦਾ ਬਿਲੋਵਨਾ ਹੈ।

ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ॥ ੩॥

ਗੁਰਾਂ ਦੀ ਕਿਰਪਾ ਨਾਲ ਬ੍ਰਹਮਾਨੰਦ ਰੂਪੀ ਅੰਮ੍ਰਿਤ ਦੀ ਧਾਰਾ ਪਾਵਨਾ ਕਰੇ॥ ੩॥

ਕਹੁ ਕਬੀਰ ਨਦਰਿ ਕਰੇ ਜੇ ਮੰਗਿਰਾ॥
ਰਾਮ ਨਾਮ ਲਗਿ ਉਤਰੇ ਤੀਰਾ॥ ੪॥ ੧॥ ੧੦॥

ਕਬੀਰ ਜੀ ਆਖਦੇ ਹਨ, ਮੰਗਿਰਾ=ਪਾਤਸ਼ਾਹ ਵਾਹਿਗੁਰੂ ਜੇ ਕਿਰਪਾ ਦ੍ਰਿਸ਼ਟੀ ਕਰੇ ਤਾਂ-

ਰਾਮ ਨਾਮ ਦੇ ਸਿਮਰਨ ਵਿਚ ਲੱਗ ਕੇ ਇਹ ਜੀਵ ਸੰਸਾਰ ਸਮੁੰਦਰ ਤੋਂ ਤੀਰਾ=ਪਾਰ ਉਤਰ ਜਾਂਦਾ ਹੈ॥ ੪॥ ੧॥ ੧੦॥

ਆਸਾ॥

ਉਥਾਨਕਾ-ਕਬੀਰ ਜੀ ਹਮੇਸ਼ਾਂ ਸੰਧਿਆ ਵੇਲੇ ਦੀਵਾ ਜਗਾ ਕੇ ਪਹਿਲੇ ਢੋਲ ਵਜਾ ਕੇ ਕੀਰਤਨ ਤੇ ਪਿਛੋਂ ਕਥਾ ਕੀਤਾ ਕਰਦੇ ਸਨ। ਇਕ ਦਿਨ ਕੁਝ ਵੀ ਨਾ ਕੀਤਾ, ਨਾ ਦੀਵਾ ਜਗਾਇਆ ਨਾ ਢੋਲ ਖੜਕਾਇਆ। ਰੋਜ਼ ਦੇ ਆਉਣ ਵਾਲੇ ਪ੍ਰੇਮੀਆਂ ਨੇ ਆਪਣੇ ਟਾਈਮ ਸਿਰ ਆ ਕੇ ਪੁਛਿਆ ਭਗਤ ਜੀ ! ਅੱਜ ਕੀ ਕਾਰਨ ਹੈ, ਨਾ ਮੰਦਰ ਵਿਚ ਦੀਵਾ ਜਗਾਇਆ ਹੈ ਨਾ ਹੀ ਕੀਰਤਨ ਸ਼ੁਰੂ ਕੀਤਾ ਹੈ ? ਅਗੋਂ ਕਬੀਰ ਜੀ ਨੇ ਕਿਹਾ-

ਬਾਤੀ ਸੂਕੀ ਤੇਲੁ ਨਿਖੂਟਾ ॥ ਮੰਦਲੁ ਨ ਬਾਜੈ ਨਟੁ ਪੈ ਸੂਤਾ ॥ ੧ ॥

ਪਹਿਲਾ ਅਰਥ-

ਹੇ ਭਾਈ ! ਤੇਲ ਦੇ ਨਿਖੂਟਾ=ਮੁਕਣ ਕਰਕੇ ਬੱਤੀ ਸੁਕ ਗਈ ਹੈ, ਇਸ ਕਰਕੇ ਦੀਵਾ ਨਹੀਂ ਜਗਾਇਆ। ਤਾਂ ਪਰੇਮੀਆਂ ਨੇ ਕਿਹਾ, ਆਪ ਫਿਰ ਢੋਲ ਹੀ ਖੜਕਾਈ ਜਾਂਦੇ ? ਤਾਂ ਕਬੀਰ ਜੀ ਨੇ ਕਿਹਾ-

ਮੰਦਲੁ=ਢੋਲ ਨਹੀਂ ਵੱਜਦਾ, ਕਿਉਂਕਿ ਢੋਲ ਦੇ ਵਜਾਉਣ ਵਾਲਾ ਨਟ ਲੰਮਾ ਪੈ ਕੇ ਸਉਂ ਗਿਆ ਹੈ॥ ੧ ॥

ਸਰਦੀ ਦਾ ਮੌਸਮ ਹੋਣ ਕਰਕੇ ਰਾਤ ਨੂੰ ਅੱਗ ਵੀ ਬਾਲਦੇ ਸਨ। ਪਰੇਮੀਆਂ ਨੇ ਪੁਛਿਆ, ਅੱਜ ਧੂੰਆਂ ਕਿਉਂ ਨਹੀਂ ਨਿਕਲਦਾ ? ਕਬੀਰ ਜੀ ਨੇ ਕਿਹਾ-

ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥

ਅੱਗ ਬੁਝ ਗਈ ਹੈ, ਇਸ ਕਰਕੇ ਧੂੰਆਂ ਨਹੀਂ ਨਿਕਲਦਾ।

ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥ ੧ ॥ ਰਹਾਉ ॥

ਹੁਣ ਤਾਂ ਇਕ ਅੰਧਕਾਰ ਹੀ, *ਅਥਵਾ* :-ਚੁਪ ਚਾਪ ਹੀ ਸਾਰੇ ਰਵਿ ਰਿਹਾ ਹੈ, ਉਸ ਤੋਂ ਬਿਨਾਂ ਹੋਰ ਦੂਆ=ਦੂਜਾ ਕੋਈ ਨਹੀਂ।

ਪ੍ਰੇਮੀਆਂ ਨੇ ਕਿਹਾ-ਆਪ ਫਿਰ ਰਬਾਬ ਹੀ ਵਜਾਉਂਦੇ ਰਹਿੰਦੇ। ਅਗੋਂ ਕਬੀਰ ਜੀ ਨੇ ਕਿਹਾ-

ਟੂਟੀ ਤੰਤੁ ਨ ਬਜੈ ਰਬਾਬੁ ॥

ਤੰਤੁ=ਤਾਰਾਂ ਟੁਟ ਗਈਆਂ ਹਨ, ਇਸ ਕਰਕੇ ਰਬਾਬ ਵੀ ਨਹੀਂ ਵਜਦਾ। ਅੱਗੇ ਅੰਤ੍ਰੀਵ ਭਾਵ ਪ੍ਰਗਟ ਕਰਕੇ ਦੱਸਦੇ ਹਨ।

ਦੂਜਾ ਅਰਥ-

ਗਿਆਨ ਅਵਸਥਾ ਪ੍ਰਾਪਤ ਹੋਣ ਸਮੇਂ ਸਭ ਬਾਹਜ ਸਾਧਨਾ ਦਾ ਅਭਾਵ ਹੋ ਜਾਂਦਾ ਹੈ। ਕਬੀਰ ਜੀ ਕਥਨ ਕਰਦੇ ਹਨ, ਜਿਸ ਵੇਲੇ ਬ੍ਰਹਮ ਗਿਆਨ ਪ੍ਰਾਪਤ ਹੋਇਆ ਤਿਸ ਵੇਲੇ-

ਬਾਤੀ ਸੂਕੀ=ਆਸਾ ਰੂਪੀ ਵੱਟੀ ਸੁਕ ਗਈ।

ਤੇਲੁ ਨਿਖੂਟਾ=ਮੋਹ ਰੂਪੀ ਤੇਲ ਵੀ ਮੁਕ ਗਿਆ।

ਮੰਦਲੁ ਨ ਬਾਜੈ=ਦੇਹ ਅਧਿਆਸ ਰੂਪੀ ਢੋਲ ਨਹੀਂ ਵਜਦਾ।

ਨਟੁ ਪੈ ਸੂਤਾ=ਮਨ ਰੂਪੀ ਨਟੁ=ਮਦਾਰੀ ਸ਼ਾਂਤੀ ਨੀਂਦ ਵਿਚ ਪੈ ਕੇ ਸੌਂ ਗਿਆ ਹੈ।

ਬੁਝਿ ਗਈ ਅਗਨਿ=ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਅੱਗ ਬੁਝ ਗਈ ਹੈ।

ਨ ਨਿਕਸਿਓ ਧੂੰਆ=ਸੰਕਲਪਾਂ ਵਿਕਲਪਾਂ ਰੂਪੀ ਧੂੰਆਂ ਨਹੀਂ ਨਿਕਲਦਾ।

ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥

ਇਕ ਵਾਹਿਗੁਰੂ ਹੀ ਸਾਰਿਆਂ ਵਿਚ ਰਵਿ ਰਿਹਾ ਹੈ, ਹੋਰ ਦੂਜਾ ਕੋਈ ਨਹੀਂ ਹੈ।

ਟੂਟੀ ਤੰਤੁ=ਵਾਸ਼ਨਾ ਰੂਪੀ ਤਾਰਾਂ ਟੁਟ ਗਈਆਂ ਹਨ।

ਨ ਬਜੈ ਰਬਾਬੁ=ਅਗਿਆਨ ਵਸ਼ਿਸ਼ਟ ਹੰਕਾਰ ਰੂਪੀ ਰਬਾਬ ਨਹੀਂ ਵਜਦਾ।

ਜਿਸ ਹੰਕਾਰ ਨਾਲ ਮਿਲਕੇ-

ਭੂਲਿ ਬਿਗਾਰਿਓ ਅਪਨਾ ਕਾਜੁ ॥ ੨ ॥

ਪਰਮੇਸ਼ਰ ਤੋਂ ਭੁਲ ਕੇ, *ਅਥਵਾ* :-ਅਵਿੱਦਿਆ ਕਰਕੇ ਜੀਵ ਨੇ ਆਪਣਾ ਮੁਕਤੀ ਦਾ ਕਾਰਜ ਵਿਗਾੜਿਆ ਹੋਇਆ ਸੀ। *ਅਥਵਾ* :-ਜਿਸ ਵੇਲੇ ਭੁਲ ਨੂੰ ਬਿਗਾਸਿਓ=ਵਿਸਾਰ ਦਿੱਤਾ ਤਾਂ ਆਪਣਾ ਮੁਕਤੀ ਰੂਪ ਕਾਰਜ ਸਵਾਰਨਾ ਕੀਤਾ ॥ ੨ ॥

ਕਥਨੀ ਬਦਨੀ ਕਹਨੁ ਕਹਾਵਨੁ ॥
ਸਮਝਿ ਪਰੀ ਤਉ ਬਿਸਰਿਓ ਗਾਵਨੁ ॥ ੩ ॥

ਜਿੰਨਾਂ ਚਿਰ ਸਮਝ ਨਹੀਂ ਸੀ, ਉਨਾਂ ਚਿਰ ਕਥਾ ਤੇ ਬਦਨੀ=ਕਵੀਸ਼ਰੀਆਂ ਨੂੰ ਆਪ ਕਹਿੰਦੇ ਤੇ ਹੋਰਨਾਂ ਪਾਸੋਂ ਕਹਾਂਵਦੇ ਸੀ।

ਜਿਸ ਵੇਲੇ ਸੱਤ ਅਸੱਤ ਦੇ ਨਿਰਣੇ ਦੀ ਸਮਝ ਪਈ ਤਾਂ ਸਾਜ਼ਾਂ ਦਾ ਵਜਾਉਣਾ ਤੇ ਰਾਗ ਵਿਚ ਗਾਉਣਾ ਆਦਿ ਸਭ ਕੁਝ ਭੁਲ ਗਿਆ ॥ ੩ ॥

ਕਹਤ ਕਬੀਰ ਪੰਚ ਜੋ ਚੂਰੇ ॥
ਤਿਨ ਤੇ ਨਾਹਿ ਪਰਮ ਪਦੁ ਦੂਰੇ ॥ ੪ ॥ ੨ ॥ ੧੧ ॥

ਕਬੀਰ ਜੀ ਕਥਨ ਕਰਦੇ ਹਨ—ਜੇਹੜਾ ਪੁਰਸ਼ ਪੰਜ ਕਾਮ ਆਦਿਕਾਂ ਨੂੰ ਚੂਰੇ=ਚੂਰਨ, ਨਾਸ ਕਰਦਾ ਹੈ। ਉਸ ਤੋਂ ਪਰਮ ਪਦੁ=ਆਤਮ ਪਦ ਦੂਰ ਨਹੀਂ ਹੈ ॥ ੪ ॥ ੨ ॥ ੧੧ ॥

ਆਸਾ ॥

ਉਥਾਨਕਾ-ਪਰਮੇਸ਼ਰ ਦੇ ਸਨਮੁਖ ਨਿੰਮ੍ਰਤਾ ਸਹਿਤ ਬੇਨਤੀ ਕਰਦੇ ਹਨ-

ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥ ੧ ॥

ਹੇ ਪਰਮੇਸ਼ਰ ! ਜਿਸ ਤਰ੍ਹਾਂ ਪੁਤ੍ਰ ਚਾਹੇ ਜਿਤਨੇ ਵੀ ਅਪਰਾਧ ਕਰਦਾ ਹੈ-ਮਾਂ ਨੂੰ ਚਪੇੜਾਂ ਮਾਰਦਾ ਹੈ, ਝੋਲੀ ਵਿਚ ਟੱਟੀ-ਪੇਸ਼ਾਬ ਵਗੈਰਾ ਕਰ ਦੇਂਦਾ ਹੈ।

ਪਰ ਮਾਤਾ ਤੇਤੇ=ਤਿਤਨੇ ਸਾਰੇ ਔਗੁਣਾਂ ਨੂੰ ਆਪਣੇ ਚਿਤ ਵਿਚ ਯਾਦ ਨਹੀਂ ਰੱਖਦੀ ॥ ੧ ॥

ਰਾਮਈਆ ਹਉ ਬਾਰਿਕੁ ਤੇਰਾ ॥
ਕਾਹੇ ਨ ਖੰਡਸਿ ਅਵਗਨੁ ਮੇਰਾ ॥ ੧ ॥ ਰਹਾਉ ॥

ਹੇ ਵਾਹਿਗੁਰੂ ! ਮੈਂ ਆਪ ਜੀ ਦਾ ਬੱਚਾ ਹਾਂ।

ਤੁਸੀਂ ਮੇਰੇ ਔਗੁਣ ਨੂੰ ਕਿਉਂ ਨਹੀਂ ਖੰਡਸਿ=ਨਾਸ ਕਰਦੇ।

ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥
ਤਾ ਭੀ ਚੀਤਿ ਨ ਰਾਖਸਿ ਮਾਇਆ ॥ ੨ ॥

ਜੇ ਅਤਿਅੰਤ ਗੁੱਸੇ ਨੂੰ ਧਾਰ ਕੇ ਛੋਟਾ ਬਾਲਕ ਦੁੱਧ ਆਦਿਕ ਡੋਲ੍ਹ ਦੇਣ ਰੂਪ ਕਾਰਜ ਵਿਗਾੜ ਕੇ ਜਾਂ ਮਾਂ ਨੂੰ ਮਾਰ ਕੇ ਧਾਇਆ=ਦੌੜ ਭੀ ਜਾਂਦਾ ਹੈ।

ਤਾਂ ਫਿਰ ਵੀ ਮਾਇਆ=ਮਾਂ ਚਿਤ ਵਿਚ ਪੁਤ੍ਰ ਦੇ ਔਗੁਣਾਂ ਨੂੰ ਯਾਦ ਨਹੀਂ ਰੱਖਦੀ। ਏਸੇ ਤਰ੍ਹਾਂ ਮੇਰੇ ਔਗੁਣਾਂ ਨੂੰ ਭੀ ਆਪ ਭੁਲਾ ਦਿਓ।

ਚਿੰਤ ਭਵਨਿ ਮਨੁ ਪਰਿਓ ਹਮਾਰਾ ॥
ਨਾਮ ਬਿਨਾ ਕੈਸੇ ਉਤਰਸਿ ਪਾਰਾ ॥ ੩ ॥

ਚਿੰਤਾ ਰੂਪੀ ਭਵਨਿ=ਘਰ ਵਿਚ ਮੇਰਾ ਮਨ ਪਿਆ ਹੋਇਆ ਹੈ।

ਸੰਪ੍ਰਦਾਈ-ਭਵਨਿ ਦਾ ਅਰਥ ਜਲ ਹੈ ਕਿ ਚਿੰਤਾ ਰੂਪੀ ਭਵਨਿ=ਜਲ ਵਿਚ ਮੇਰਾ ਮਨ ਪਿਆ ਗੋਤੇ ਖਾ ਰਿਹਾ ਹੈ।

ਹੇ ਵਾਹਿਗੁਰੂ ! ਤੇਰੇ ਨਾਮ ਤੋਂ ਬਿਨਾਂ ਮੈਂ ਕਿਸ ਤਰ੍ਹਾਂ ਪਾਰ ਉਤਰਾਂਗਾ ? ਆਪ ਕ੍ਰਿਪਾ ਕਰਕੇ ਮੈਨੂੰ ਨਾਮ ਦਾਨ ਬਖਸ਼ਣਾ ਕਰੋ।

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥

(ਰਾਮਕਲੀ ਵਾਰ ਪੰਨਾ ੯੫੮)

ਦੇਹਿ ਬਿਮਲ ਮਤਿ ਸਦਾ ਸਰੀਰਾ ॥
ਸਹਜਿ ਸਹਜਿ ਗੁਨ ਰਵੈ ਕਬੀਰਾ ॥ ੪ ॥ ੩ ॥ ੧੨ ॥

ਮੇਰੇ ਸਰੀਰ ਵਿਚ ਹਮੇਸ਼ਾਂ ਲਈ ਬਿਮਲ ਮਤਿ=ਉੱਜਲ ਬੁੱਧੀ-ਆਤਮ ਵਿਸ਼ੈਣੀ ਬੁੱਧੀ ਦੇਣਾ ਕਰੋ।

ਜਿਸ ਉੱਜਲ ਬੁੱਧੀ ਦੁਆਰਾ ਮੈਂ ਕਬੀਰ ਸਹਜਿ=ਸ਼ਾਂਤੀ, ਸਹਜਿ=ਗਿਆਨ ਦੀ ਪਰਾਪਤੀ ਕਰਨ ਵਾਲੇ ਗੁਣਾਂ ਨੂੰ ਉਚਾਰਦਾ ਰਹਾਂ।

ਅਥਵਾ :-ਸਹਜਿ ਸਹਜਿ=ਸਨੇ ਸਨੇ, ਸਹਿਜੇ ਸਹਿਜੇ ਤੇਰੇ ਗੁਣਾਂ ਨੂੰ ਉਚਾਰਦਾ ਰਹਾਂ, ਕਿਉਂਕਿ ਸਹਿਜੇ ਸਹਿਜੇ ਕੰਮ ਕੀਤਾ ਹੋਇਆ ਹੱਛਾ ਹੁੰਦਾ ਹੈ।

ਯਥਾ-ਸਹਜ ਪਕੇ ਸੋ ਮੀਠਾ ਹੋਇ॥

ਤਥਾ-ਚਿ ਖੁਸ਼ ਗੁਫਤ ਫਿਰਦਸੀ ਏ ਖੁਸ਼ਜ਼ਬਾ। ਸ਼ਤਾਬੀ ਬਵਦ ਕਾਰ ਆਹਰ ਸਨਾ॥

'ਫਿਰਦੌਸੀ' ਕਵੀ ਆਖਦਾ ਹੈ ਖੁਸ਼ ਜੀਭ ਨਾਲ ਜੋ ਬਚਨ ਕਹਿਣਾ ਹੈ ਉਹ ਸਭ ਤੋਂ ਚੰਗਾ ਹੈ, ਜਿਹੜਾ ਜਲਦੀ ਕੰਮ ਕਰਨਾ ਹੈ ਇਹ ਭੂਤਨਿਆਂ ਦਾ ਕੰਮ ਹੈ।

ਇਕ ਰਾਜੇ ਨੇ 'ਫਿਰਦੌਸੀ' ਕਵੀ ਨੂੰ ਕਿਹਾ, ਤੂੰ ਮੈਨੂੰ ਸ਼ਾਇਰੀ ਕਰਕੇ ਸੁਣਾ ਮੈਂ ਤੈਨੂੰ ਇਕ ਇਕ ਬੈਂਤ ਦੀ ਇਕ ਇਕ ਅਸ਼ਰਫੀ ਦੇਵਾਂਗਾ। ਇਹ ਗੱਲ ਸੁਣਕੇ ਕਵੀ ਨੇ ਬੜੇ ਬੜੇ ਸੋਹਣੇ ਬੈਂਤ ਸੁਣਾਏ, ਪਰ ਪਿਛੋਂ ਰਾਜਾ ਮੁਕਰ ਗਿਆ ਤੇ ਇਕ ਰੁਪਿਆ ਦੇਣ ਲੱਗਾ। ਕਵੀ ਨੇ ਲੀਤਾ ਨਾ ਅਤੇ ਇਹ ਸਲੋਕ ਪੜ੍ਹ ਸੁਣਾਇਆ-

ਸ਼ਹਨ ਸ਼ਾਹ ਅੱਵਲ ਬਮਨ ਕੌਲ ਕਰਦ। ਪਸੰਗਾਹ ਬਰ ਕੌਲ ਖੁਦ ਬੌਲ ਕਰਦ।

'ਫਿਰਦੌਸੀ' ਕਵੀ ਨੇ ਰਾਜੇ ਦਾ ਹੁਕਮ ਸੁਣਕੇ ਜਲਦੀ ਤੋਂ ਕੰਮ ਲੀਤਾ ਜਿਸ ਕਰਕੇ ਉਸ ਦੇ ਪੱਲੇ ਕੁਝ

ਨਹੀਂ ਪਿਆ। ਯਾਦ ਰਖੋ ਜਲਦੀ ਤੋਂ ਕੰਮ ਨਹੀਂ ਲੈਣਾ ਚਾਹੀਦਾ।

ਯਥਾ- ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥

ਆਸਾ ॥

ਉਥਾਨਕਾ-ਕਾਜ਼ੀ ਲੋਕਾਂ ਨੇ ਇਕੱਠਿਆਂ ਹੋ ਕੇ ਕਬੀਰ ਜੀ ਨੂੰ ਕਿਹਾ ਮੁਸਲਮਾਨਾਂ ਦੇ ਮਤ ਵਿਚ ਇਕ ਵਾਰ ਮੱਕੇ ਹੋ ਆਵੇ ਤਾਂ ਉਸ 'ਪਰ ਫਿਰ ਸ਼ਰ੍ਹਾ ਦਾ ਡੰਡ ਲਾਗੂ ਨਹੀਂ ਹੁੰਦਾ, ਇਸ ਲਈ ਚੱਲ ਤੈਨੂੰ ਮੱਕੇ ਦੀ ਹੱਜ ਕਰਵਾ ਲਿਆਈਏ। ਇਹ ਗੱਲ ਸੁਣਕੇ ਕਬੀਰ ਜੀ ਆਖਦੇ ਹਨ-

ਹਜ ਹਮਾਰੀ ਗੋਮਤੀ ਤੀਰ॥ ਜਹਾ ਬਸਹਿ ਪੀਤੰਬਰ ਪੀਰ॥ ੧ ॥

ਪਹਿਲਾ ਅਰਥ-

ਗੋਮਤੀ* ਨਦੀ ਦੇ ਤੀਰ=ਕਿਨਾਰੇ ਦੁਆਰਕਾ ਵਿਚ ਸਾਡੀ ਹਜ=ਯਾਤਰਾ ਹੈ।

ਜਿਸ ਦੁਆਰਕਾ ਵਿਚ ਪੀਤੰਬਰ=ਪੀਲੇ ਕਪੜਿਆਂ ਵਾਲਾ ਪੀਰ=ਕ੍ਰਿਸ਼ਨ ਭਗਵਾਨ ਵਸ ਰਿਹਾ ਹੈ॥ ੧ ॥

ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥
ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥ ੧ ॥ ਰਹਾਉ ॥

ਧੰਨ ਹੈ ਧੰਨ ਕ੍ਰਿਸ਼ਨ ਭਗਵਾਨ ਜੋ ਕਿਹਾ ਸੋਹਣਾ ਗਾਉਂਦਾ ਹੈ।

ਤਿਸ ਕ੍ਰਿਸ਼ਨ ਜੀ ਦਾ ਨਾਮ ਮੇਰੇ ਮਨ ਵਿਚ ਚੰਗਾ ਲੱਗਦਾ ਹੈ।

[ਪੰਨਾ ੪੭੯]

ਨਾਰਦ ਸਾਰਦ ਕਰਹਿ ਖਵਾਸੀ॥
ਪਾਸਿ ਬੈਠੀ ਬੀਬੀ ਕਵਲਾ ਦਾਸੀ॥ ੨ ॥

ਨਾਰਦ ਮੁਨੀ, ਸਾਰਦ=ਸਰੁਸਤੀ ਇਹ ਦੋਨੋਂ ਕ੍ਰਿਸ਼ਨ ਜੀ ਉੱਤੇ ਖਵਾਸੀ=ਚੋਰੀ ਬਰਦਾਰੀ ਕਰਦੇ ਹਨ।

ਯਥਾ- ਨਾਰਦ ਸਾਰਦ ਸੇਵਕ ਤੇਰੇ॥ ਤ੍ਰਿਭਵਣਿ ਸੇਵਕ ਵਡਹੁ ਵਡੇਰੇ॥

(ਮਾਰੂ ਸੋਲਹੇ ਮਃ ੧ ਪੰਨਾ ੧੦੨੬)

ਬੀਬੀ ਕਵਲਾ=ਲਛਿਮੀ ਦਾਸੀ ਭਾਵ ਦੇ ਸਹਿਤ 'ਰੁਕਮਨਿ' ਅਤੇ 'ਸਤਭਾਮਾ' ਰੂਪ ਹੋਈ ਪਾਸ ਬੈਠੀ ਹੈ॥ ੨ ॥

ਕੰਠੇ ਮਾਲਾ ਜਿਹਵਾ ਰਾਮੁ॥ ਸਹੰਸ ਨਾਮੁ ਲੈ ਲੈ ਕਰਉ ਸਲਾਮੁ॥ ੩ ॥

**ਕਈ ਗਿਆਨੀ ਇਸ ਦਾ ਅਰਥ ਇਸ ਤਰ੍ਹਾਂ ਵੀ ਕਰਦੇ ਹਨ-*

ਗੋਮਤੀ ਨਦੀ ਦਾ ਕਿਨਾਰਾ ਹੀ ਸਾਡੀ ਹੱਜ ਹੈ, ਜਿਥੇ ਸਾਡਾ ਗੁਰੂ ਰਾਮਾਨੰਦ ਰਹਿੰਦਾ ਹੈ, ਪੀਲੇ ਕਪੜੇ ਪਹਿਨਣ ਵਾਲਾ। ਇਹ ਗੋਮਤੀ ਨਦੀ ਯੂ.ਪੀ. ਵਿਚ ਪੀਲੀ ਭੀਤ ਜ਼ਿਲੇ ਵਿਚੋਂ ਸ਼ਾਹਜ਼ਹਾਨ ਪੁਰ ਦੀ ਝੀਲ ਤੋਂ ਨਿਕਲ ਕੇ ਖੇੜੀ, ਲਖਨਊ, ਜੌਨਪੁਰ ਆਦਿਕ ਵਿਚ ੫੦੦ ਮੀਲ ਵਹਿੰਦੀ ਹੋਈ ਸੈਦਪੁਰ ਦੇ ਮੁਕਾਮ ਜ਼ਿਲਾ ਗਾਜ਼ੀਪੁਰ ਵਿਚ ਗੰਗਾ ਨਾਲ ਮਿਲ ਜਾਂਦੀ ਹੈ। ਰਾਮਕਲੀ ਰਾਗ ਵਿਚ ਭਗਤ ਨਾਮਦੇਵ ਜੀ ਨੇ ਭੀ ਲਿਖਿਆ ਹੈ-

ਗੋਮਤੀ ਸਹਸ ਗਊ ਦਾਨ ਕੀਜੈ॥

ਕ੍ਰਿਸ਼ਨ ਜੀ ਨੇ ਗਲ ਵਿਚ ਵਜੰਤੀ ਮਾਲਾ ਪਾਈ ਹੋਈ ਹੈ ਤੇ ਜਿਹਵਾ ਨਾਲ ਰਾਮ ਨਾਮ ਜਪਦੇ ਹਨ। ਹਜ਼ਾਰਾਂ ਵਾਰੀ ਕ੍ਰਿਸ਼ਨ ਜੀ ਦੇ ਨਾਮ ਲੈ ਲੈ ਕੇ ਮੈਂ ਉਹਨਾਂ ਨੂੰ ਨਮਸ਼ਕਾਰ ਕਰਦਾ ਹਾਂ॥ ੩॥

ਕਹਤ ਕਬੀਰ ਰਾਮ ਗੁਨ ਗਾਵਉ॥
ਹਿੰਦੂ ਤੁਰਕ ਦੋਊ ਸਮਝਾਵਉ॥ ੪॥ ੪॥ ੧੩॥

ਕਬੀਰ ਜੀ ਆਖਦੇ ਹਨ-ਮੈਂ ਪਰਮਾਤਮਾ ਦੇ ਗੁਣ ਗਾਉਂਦਾ ਹਾਂ, ਤੁਸੀਂ ਗਾਵਣਾ ਕਰੋ। ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਮੈਂ ਸਮਝਾਉਂਦਾ ਹਾਂ।

ਦੂਜਾ ਅਰਥ-

ਸ਼ੰਕਾ-ਕਾਜ਼ੀ ਨੇ ਕਿਹਾ, ਆਪ ਨੇ ਹਿੰਦੂਆਂ ਨੂੰ ਭਲਾ ਕੀ ਸਮਝਾਉਣਾ ਹੈ, ਹਿੰਦੂਆਂ ਦੇ ਪੱਖ ਉੱਤੇ ਤਾਂ ਪਹਿਲੇ ਹੀ ਖੜ੍ਹੇ ਹੋ ਰਹੇ ਹੋ ਜੋ ਦੁਆਰਕਾ ਦੇ ਪਾਸ ਤੁਸੀਂ ਆਪਣੀ ਹਜ ਬਣਾਈ ਹੈ।

ਇਸ ਸ਼ੰਕਾ ਦੀ ਨਵਿਰਤੀ ਲਈ ਦੂਜਾ ਅਰਥ ਇਸ ਤਰ੍ਹਾਂ ਕਰਨਾ-

ਕਬੀਰ ਜੀ ਕਥਨ ਕਰਦੇ ਹਨ-

ਹਜ ਹਮਾਰੀ ਗੌਮਤੀ ਤੀਰ॥

ਗੌ=ਵੇਦਾਂ ਦੇ ਸਿਧਾਂਤ ਜਾਨਣ ਵਾਲੀ ਜਿਨ੍ਹਾਂ ਦੀ ਮਤੀ=ਬੁੱਧੀ ਹੈ, ਉਹਨਾਂ ਸੰਤਾਂ ਦੇ ਤੀਰ=ਪਾਸ ਸਾਡੀ ਹਜ ਹੈ।

ਜਹਾ ਬਸਹਿ ਪੀਤੰਬਰ ਪੀਰ॥ ੧॥

ਜਿਨ੍ਹਾਂ ਸੰਤਾਂ ਪਾਸ ਪੀਲੇ ਕਪੜਿਆਂ ਵਾਲਾ ਪੀਰ=ਵਿਸ਼ਨੂੰ ਭਗਵਾਨ ਵਸ ਰਿਹਾ ਹੈ॥ ੧॥

ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥

ਧੰਨ ਹੈ ਧੰਨ ਸੰਤਾਂ ਦਾ ਸਤਿਸੰਗ, ਜੋ ਕਿਹਾ ਸੋਹਣਾ ਵਾਹਿਗੁਰੂ ਦਾ ਜਸ ਗਾਉਂਦਾ ਹੈ।

ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥ ੧॥ ਰਹਾਉ॥

ਉਹਨਾਂ ਸੰਤਾਂ ਦੁਆਰੇ ਹਰੀ ਦਾ ਨਾਮ ਸੁਣਨਾ ਮੇਰੇ ਮਨ ਵਿਚ ਚੰਗਾ ਲਗਦਾ ਹੈ॥ ੧॥ ਰਹਾਉ॥

ਨਾਰਦ ਸਾਰਦ ਕਰਹਿ ਖਵਾਸੀ॥

ਸੰਤਾਂ ਦੀ ਸਤਿਸੰਗਤ ਵਿਚ ਆ ਕੇ ਨਾਰਦ ਮੁਨੀ ਤੇ ਸਰੁਸਤੀ ਦੋਨੋਂ ਖਲੋ ਕੇ ਖਵਾਸੀ=ਚੌਰੀ ਬਰਦਾਰੀ ਕਰਦੇ ਹਨ।

ਪਾਸਿ ਬੈਠੀ ਬੀਬੀ ਕਵਲਾ ਦਾਸੀ॥ ੨॥

ਬੀਬੀ ਕਵਲਾ=ਲਛਮੀ ਦਾਸੀ ਭਾਵ ਦੇ ਸਹਿਤ ਹੋ ਕੇ ਸੰਤਾਂ ਦੇ ਪਾਸ ਬੈਠੀ ਹੋਈ ਹੈ ਤੇ ਬੇਨਤੀਆਂ ਕਰਦੀ ਹੈ ਮੈਨੂੰ ਕੋਈ ਸੇਵਾ ਟਹਿਲ ਦੱਸੋ।

ਕੰਠੇ ਮਾਲਾ ਜਿਹਵਾ ਰਾਮੁ॥

ਸੰਤਾਂ ਦੇ ਗਲ ਵਿਚ ਮਾਲਾ ਪਾਈਆਂ ਹੋਈਆਂ ਹਨ ਅਤੇ ਜਿਹਵਾ ਨਾਲ ਰਾਮ ਰਾਮ ਜਪਦੇ ਹਨ।

ਸਹੰਸ ਨਾਮੁ ਲੈ ਲੈ ਕਰਉ ਸਲਾਮੁ॥ ੩॥

ਹਜ਼ਾਰਾਂ ਵਾਰੀ ਤਿਨ੍ਹਾਂ ਸੰਤਾਂ ਦੇ ਨਾਮ ਲੈ ਲੈ ਕੇ ਮੈਂ ਨਮਸ਼ਕਾਰ ਕਰਦਾ ਹਾਂ॥ ੩॥

ਕਹਤ ਕਬੀਰ ਰਾਮ ਗੁਨ ਗਾਵਉ॥

ਕਬੀਰ ਜੀ ਆਖਦੇ ਹਨ-ਮੈਂ ਰਾਮ ਦੇ ਗੁਣ ਗਾਉਂਦਾ ਹਾਂ ਤੁਸੀਂ ਭੀ ਗਾਉਣਾ ਕਰੋ।

ਹਿੰਦੂ ਤੁਰਕ ਦੋਊ ਸਮਝਾਵਉ॥ ੪॥ ੪॥ ੧੩॥

ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਮੈਂ ਸਮਝਾਉਂਦਾ ਹਾਂ॥ ੪॥ ੪॥ ੧੩॥

ਆਸਾ ਰਾਗ ਦੀ ਭਗਤ ਬਾਣੀ ਦੇ ਆਰੰਭ ਤੋਂ ਦੋ ਦੋ ਤੁਕਾਂ ਵਾਲੇ ਚਾਰ ਪਦਿਆਂ ਦੇ ੯ ਸ਼ਬਦ ਅਤੇ ਇਕ ਇਕ ਤੁਕ ਵਾਲੇ ਚਾਰ ਪਦਿਆਂ ਦੇ ੪ ਸ਼ਬਦ, ਕੁਲ ੧੩ ਸ਼ਬਦ ਆ ਚੁੱਕੇ ਹਨ।

ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫

ਪੰਜ ਪੰਜ ਪਦਿਆਂ 'ਪਰ ਸ਼ਬਦ ਦੀ ਸਮਾਪਤੀ ਵਾਲੇ ਸਾਰੇ ਨੌਂ ਸ਼ਬਦ ਆਉਣਗੇ, ਜਿਸ ਵਿਚੋਂ ਪੰਜ ਸ਼ਬਦ ਪਹਿਲੇ ਦੁਤੁਕੇ ਵਾਲੇ ਆਉਣਗੇ ਉਸ ਤੋਂ ਅਗਲੇ ਚਾਰ ਸ਼ਬਦ ਇਕ ਤੁਕੇ ਵਾਲੇ ਆਉਣਗੇ।

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ-ਇਕ ਬ੍ਰਾਹਮਣ ਪੱਥਰ ਪੂਜਾ ਲਈ ਮਾਲਣੀ ਪਾਸੋਂ ਤੁਲਸੀ ਦੇ ਪੱਤੇ ਅਤੇ ਫੁੱਲ ਤੁੜਾ ਰਿਹਾ ਸੀ ਅਤੇ ਆਪ ਵੀ ਤੋੜ ਰਿਹਾ ਸੀ, ਤਿਸ ਨੂੰ ਅਨੁਕਤੀ ਅਲੰਕਾਰ ਨਾਲ ਉਪਦੇਸ਼ ਦੇਂਦੇ ਹਨ-

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥

ਹੇ ਮਾਲਣ ! ਜੋ ਤੂੰ ਪੱਤੇ ਤੋੜਦੀ ਹੈਂ, ਇਨ੍ਹਾਂ ਪੱਤਿਆਂ ਪੱਤਿਆਂ ਵਿਚ ਜੀਅ ਹੈ।

ਇਹ ਗੱਲ ਸੁਣਕੇ ਪੰਡਿਤ ਨੇ ਵਿਚਾਰਿਆ ਇਹਨਾਂ ਨੇ ਮਾਲਣ ਨੂੰ ਕੀ ਕਹਿਣਾ ਸੀ ਇਹ ਕੁਝ ਮੈਨੂੰ ਹੀ ਕਹਿ ਰਹੇ ਹਨ। ਪਾਸ ਆ ਕੇ ਪੁਛਦਾ ਹੈ, ਭਗਤ ਜੀ ! ਕੀ ਕਿਹਾ ਜੇ ? ਤਾਂ ਕਬੀਰ ਜੀ ਨੇ ਫੁਰਮਾਇਆ-ਹੇ ਮਾਇਆ ਵਿਚ ਲੀਣ ਹੋਈ ਬੁੱਧੀ ਵਾਲੇ ਪੰਡਿਤ ! ਤੂੰ ਪੱਤਿਆਂ ਨੂੰ ਤੋੜ ਰਿਹਾ ਹੈਂ, ਇਨ੍ਹਾਂ ਪੱਤਿਆਂ ਪੱਤਿਆਂ ਵਿਚ ਜੀਅ ਹੈ।

ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥ ੧॥

ਜਿਸ ਪੱਥਰ ਵਾਸਤੇ ਤੁਲਸੀ ਦਲ-ਪੱਤੇ ਅਤੇ ਫੁਲ ਤੋੜਦਾ ਹੈਂ, ਉਹ ਪੱਥਰ ਤਾਂ ਨਿਰਜੀਉ=ਜੜ ਹੈ॥ ੧॥

ਯਥਾ- ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥

(ਮਲਾਰ ਮ: ੪ ਪੰਨਾ ੧੨੬੪)

ਭੂਲੀ ਮਾਲਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥ ੧॥ ਰਹਾਉ॥

ਸਚਮੁਚ ! ਇਹ ਮਾਲਣ ਭੁੱਲੀ ਹੋਈ ਹੈ।

ਅਥਵਾ :-ਹੇ ਪੰਡਿਤ ਜੀ ! ਮਾਇਆ ਵਿਚ ਲੀਨ ਹੋਈ ਹੋਈ ਇਹ ਤੇਰੀ ਬੁੱਧੀ ਭੁੱਲੀ ਹੋਈ ਹੈ। ਦੇਉ=ਪ੍ਰਕਾਸ਼ ਰੂਪ ਹੋਣ ਕਰਕੇ, ਭਾਵ ਬ੍ਰਹਮ ਸਰੂਪ ਹੋਣ ਕਰਕੇ ਸਤਿਗੁਰ ਦੇਵ ਜੀ ਹਮੇਸ਼ਾਂ ਜਾਗਦੀ ਜੋਤ ਹਨ, ਭਾਵ ਚੇਤਨ ਸਰੂਪ ਹਨ।

ਯਥਾ-

ਮਃ ੩॥ ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ॥

ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ॥

(ਵਡਹੰਸ ਦੀ ਵਾਰ ਪੰਨਾ ੫੯੨)

ਹੇ ਪੰਡਿਤ ! ਜੇਕਰ ਪੂਜਨ ਕਰਨਾ ਹੈ ਤਾਂ ਗੁਰਾਂ ਦਾ ਕਰ। ਸਾਰਿਆਂ ਵਿਚ ਤਿੰਨਾਂ ਦੇਵਤਿਆਂ ਦਾ ਨਿਵਾਸ ਹੈ।

ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥

ਜਿਸ ਤਰ੍ਹਾਂ ਕ੍ਰਮ ਪੂਰਵਕ ਪਹਿਲੇ ਵਿਸ਼ਨੂੰ ਜੀ, ਫਿਰ ਬ੍ਰਹਮਾ, ਫਿਰ ਸ਼ਿਵ ਮਹਾਰਾਜ ਜੀ ਹੋਏ ਹਨ, ਏਸੇ ਤਰ੍ਹਾਂ ਪਹਿਲੇ ਟਾਹਣੀਆਂ, ਫਿਰ ਪੱਤੇ, ਫਿਰ ਫੁਲ ਹੁੰਦੇ ਹਨ। ਵਿਸ਼ਨੂੰ ਡਾਲੀ ਹੈ, ਬ੍ਰਹਮਾ ਪੱਤੇ ਹਨ, ਸੰਕਰ ਦੇਉ=ਸ਼ਿਵਜੀ ਫੁਲ ਹਨ।

ਯਥਾ-ਵੇਦ ਵਿਚ ਕਥਨ ਕੀਤਾ ਹੈ-

'ਕੁਸਾਗਰੇ ਬ੍ਰਹਮ ਸਿਸਤੋ, ਕੁਸ ਮੂਲੇ ਜਨਾਰਦਨਾ ਕੁਸਪਤੇ ਸ਼ਿਵੋ॥'

ਕੁਸ਼ਾ ਕੇ ਮੂਲ ਮੇਂ ਜਨਾਰਦਨਾ=ਵਿਸ਼ਨ ਭਗਵਾਨ ਹੈ। ਕੁਸ਼ਾ ਕੇ ਅਗਰ ਭਾਗ ਮੇਂ ਬ੍ਰਹਮਾ ਹੈ। ਕੁਸ਼ਾ ਕੇ ਪਤਿਓਂ ਮੇਂ ਸ਼ਿਵ ਜੀ ਰਹੇ ਹਨ।

ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥੨॥

ਤਿੰਨਾਂ ਦੇਵਤਿਆਂ ਨੂੰ ਪ੍ਰਤੱਖ ਤੋੜ ਰਿਹਾ ਹੈਂ ਤਾਂ ਸੇਵਾ ਕਿਸ ਦੀ ਕਰਨੀ ਹੈ॥ ੨॥

ਸ਼ੰਕਾ-ਫਿਰ ਪੂਜਨ ਨਹੀਂ ਕਰਨਾ ਚਾਹੀਦਾ? *ਉੱਤਰ*-ਪੂਜਨ ਬੇਸ਼ਕ ਕਰੋ ਪ੍ਰੰਤੂ ਛੱਤਰੀ ਲਈ ਬੜਾ ਭਾਰੀ ਦੋਸ਼ ਲਿਖਿਆ ਹੈ ਜਿਹੜਾ ਉਸ ਨੇ ਆਪਣੇ ਹੱਥ ਨਾਲ ਫੁਲ ਤੋੜਨੇ ਹਨ। ਛੱਤ੍ਰੀ ਲਈ ਤਾਂ ਫੁਲ ਤੋੜ ਨੇ ਉੱਝ ਵੀ ਯੋਗ ਨਹੀਂ।

ਯਥਾ-ਇਕ ਸਮੇਂ ਮੀਰੀ ਪੀਰੀ ਦੇ ਧਾਰਨ ਹਾਰੇ ਛੇਵੇਂ ਪਾਤਸ਼ਾਹ ਬਾਗ ਵਿਚ ਸੈਰ ਲਈ ਚਲੇ ਜਾ ਰਹੇ ਸਨ, ਪਿਛੇ ਪਿਛੇ ਸਤਵੇਂ ਪਾਤਸ਼ਾਹ ਜੀ ਇਕੋਤਰ ਸੌ ਕਲੀਆਂ ਵਾਲਾ ਜਾਮਾਂ ਪਹਿਨ ਕੇ ਜਾ ਰਹੇ ਸਨ। ਇਕ ਕਲੀ ਨਾਲ ਅੜ ਕੇ ਫੁਲ ਟੁਟ ਪਿਆ। ਜਦ ਗੁਰੂ ਜੀ ਵਾਪਸ ਹਟ ਕੇ ਆਏ ਤਾਂ ਫੁਲ ਨੂੰ ਟੁਟਾ ਹੋਇਆ ਦੇਖ ਕੇ ਕਹਿਣ ਲੱਗੇ ਕਿ ਇਤਨੇ ਵਿਸਤਾਰ ਵਾਲੇ ਜਾਮੇ ਨੂੰ ਕਿਸ ਲਈ ਪਹਿਨਣਾ ਹੈ ਜੇਕਰ ਸੰਭਾਲ ਕੇ ਨਹੀਂ ਰੱਖਣਾ, ਇਹ ਜਿਹੜਾ ਫੁਲ ਦਾ ਨੁਕਸਾਨ ਹੋਇਆ ਹੈ ਇਹ ਠੀਕ ਨਹੀਂ। ਇਤਨੇ ਬਚਨ ਸੁਣ ਕੇ-ਪਿਛੇ ਜਿਤਨੀ ਉਮਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਰਹੇ ਹਨ, ਜਾਮਾਂ ਸਾਂਭ ਕੇ ਹੱਥ ਵਿਚ ਫੜ ਕੇ ਟੁਰਦੇ ਰਹੇ ਹਨ।

ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ॥

ਕਾਰੀਗਰ ਨੇ ਪਾਖਾਨ=ਪੱਥਰ ਨੂੰ ਗਢਿ ਕੈ=ਘੜ ਕੇ ਅਤੇ ਛਾਤੀ ਉੱਤੇ ਪਾਉ=ਪੈਰ ਰੱਖ ਕੇ ਮੂਰਤੀ ਤਿਆਰ ਕੀਤੀ।

ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥੩॥

ਜੇਕਰ ਇਹ ਮੂਰਤੀ ਸੱਚੀ ਹੁੰਦੀ ਤਾਂ ਘੜਨ ਵਾਲੇ ਕਾਰੀਗਰ ਨੂੰ ਖਾ ਜਾਂਦੀ॥ ੩॥

ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥

ਭਾਤੁ=ਭਤ (ਰਿਧੇ ਹੋਏ ਚੌਲ) ਪਹਿਤਿ=ਦਾਲ ਅਤੇ ਲਾਪਸੀ=ਲਪੀ (ਪਤਲਾ ਕੜਾਹ) ਕਰਕਰਾ= ਪਾਪੜ, ਕਾਸਾਰੁ=ਪੰਜੀਰੀ ਇਤਿਆਦਿਕ ਚੀਜ਼ਾਂ ਨੂੰ-

ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥ ੪॥

ਭੋਗਣਹਾਰੇ ਭੋਗਿਆ=ਖਾਣ ਵਾਲੇ ਪੁਜਾਰੀ ਨੇ ਖਾ ਲਿਆ, ਪਰ ਇਸ ਮੂਰਤੀ ਦੇ ਮੂੰਹ ਪਰ ਛਾਰੁ=ਸੁਆਹ ਦੇਂਦੇ ਹਨ। ਮਿੱਠਾ ਲੱਗਣ ਕਰਕੇ ਕੀੜੇ ਮਕੌੜੇ ਮੂੰਹ ਉਪਰ ਆ ਕੇ ਚੜ੍ਹ ਜਾਂਦੇ ਹਨ, ਇਸ ਕਰਕੇ ਸੁਆਹ ਨਾਲ ਉਸ ਮੂਰਤੀ ਦੇ ਮੂੰਹ ਨੂੰ ਮਾਂਜਦੇ ਹਨ।

ਅਥਵਾ :-ਇਸ ਮੂਰਤੀ ਦੇ ਮੂੰਹ ਨਾਲ ਛਾਰੁ=ਛੁਹਾਂ ਕੇ ਭੋਗਣਹਾਰੇ=ਪੁਜਾਰੀ ਨੇ ਆਪ ਹੀ ਸਭ ਕੁਝ ਖਾ ਲਿਆ॥ ੪॥

ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ॥

ਮਾਲਣ ਵੀ ਭੁਲ ਗਈ। *ਅਥਵਾ* :-ਹੇ ਪੰਡਿਤ ! ਮਾਇਆ ਵਿਚ ਲੀਨ ਹੋਈ ਹੋਈ ਤੇਰੀ ਬੁੱਧੀ ਵੀ ਭੁਲ ਗਈ ਹੈ ਅਤੇ ਸਾਰਾ ਜਗਤ ਵੀ ਭੁਲ ਗਿਆ ਹੈ ਪਰਮੇਸ਼ਰ ਵਲੋਂ, ਪਰੰਤੂ ਅਸੀਂ ਨਹੀਂ ਭੁਲੇ।

ਸ਼ੰਕਾ-ਤੁਸੀਂ ਕਹਿੰਦੇ ਹੋ ਅਸੀਂ ਨਹੀਂ ਭੁਲੇ ਹੋਰ ਸਾਰਾ ਜਗਤ ਭੁਲਾ ਹੈ,

ਇਸ ਵਿਚ ਹੰਕਾਰ ਸਿਧ ਹੁੰਦਾ ਹੈ।

ਉੱਤਰ -ਮੈਂ ਕੋਈ ਆਪਣੀ ਤਾਕਤ ਨਹੀਂ ਦੱਸ ਰਿਹਾ।

ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ॥ ੫॥ ੧॥ ੧੪॥

ਕਬੀਰ ਜੀ ਆਖਦੇ ਹਨ-ਰਾਇ=ਪ੍ਰਕਾਸ਼ ਰੂਪੀ ਹਰੀ ਰਾਮ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਸਾਨੂੰ ਰੱਖ ਲਿਆ ਹੈ, ਇਸ ਕਰਕੇ ਹੰਕਾਰ ਸਿਧ ਨਹੀਂ ਹੋ ਸਕਦਾ॥ ੫॥ ੧॥ ੧੪॥

ਆਸਾ॥

ਉਥਾਨਕਾ-ਗੋਬਿੰਦ ਲੋਕਾਂ ਨੇ ਬੇਨਤੀ ਕੀਤੀ ਇਹ ਜੀਵ ਤਰਦਾ ਕਿਉਂ ਨਹੀ ?

ਉੱਤਰ-ਸਾਰੀ ਉਮਰਾ ਐਵੇਂ ਗੁਆ ਦੇਂਦਾ ਹੈ, ਇਸ ਕਰਕੇ ਤਰਦਾ ਨਹੀਂ।

ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ॥

ਬਾਰਾਂ ਵਰ੍ਹੇ ਤਾਂ ਬਾਲਕਪੁਣੇ, ਭਾਵ ਬਚਪਨ ਵਿਚ ਬੀਤ ਗਏ।

ਯਥਾ- ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ॥

(ਰਾਮਕਲੀ ਮ: ੯ ਪੰਨਾ ੯੦੨)

ਅਤੇ ਵੀਹ ਵਰ੍ਹੇ ਹੋਰ ਲੰਘ ਗਏ, ਉਹਨਾਂ ਵੀਹ ਵਰ੍ਹਿਆਂ ਵਿਚ ਕੁਝ ਜਪ ਤਪ ਨਾ ਕੀਤਾ, ਬਾਰਾਂ ਤੇ ਵੀਹ

ਬੱਤੀਆਂ ਸਾਲਾਂ ਦਾ ਹੋ ਗਿਆ।

ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥ ੧ ॥

ਤੀਹ ਵਰ੍ਹੇ ਹੋਰ ਗੁਜ਼ਰ ਗਏ, ਇਨ੍ਹਾਂ ਤੀਹ ਸਾਲਾਂ ਵਿਚ ਕਿਸੇ ਦੇਵਤੇ ਦਾ, *ਅਥਵਾ* :-ਦੇਵ=ਪ੍ਰਕਾਸ਼ ਰੂਪ ਪ੍ਰਮਾਤਮਾ ਦਾ ਕੁਝ ਪੂਜਨ ਨਾ ਕੀਤਾ, ਬੱਤੀ ਤੇ ਤੀਹ ਬਾਹਠ ਸਾਲਾਂ ਦਾ ਹੋ ਗਿਆ, ਬਾਹਠ ਸਾਲਾਂ ਵਿਚ ਬੁਢੇਪਾ ਹੋ ਜਾਂਦਾ ਹੈ।

ਯਥਾ- ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥

(ਮਾਝ ਵਾਰ, ਪੰਨਾ ੧੩੯)

ਬੁੱਢਾ ਹੋਣ ਕਰਕੇ ਫਿਰ ਪਸਚਾਤਾਪ ਕਰਦਾ ਹੈ।

ਯਥਾ- ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ॥

(ਸਿਰੀਰਾਗੁ ਮਹਲਾ ੪, ਪੰਨਾ ੮੨)

ਮੇਰੀ ਮੇਰੀ ਕਰਤੇ ਜਨਮੁ ਗਇਓ ॥

ਮੇਰੀ ਭੂਮੀ, ਮੇਰੀ ਇਸਤਰੀ, ਮੇਰੀ ਦੇਹ, ਮੇਰੀ ਮਾਇਆ ਐਸੇ ਕਰਦਿਆਂ ਸਾਰਾ ਮਨੁੱਖਾ ਜਨਮ ਐਵੇਂ ਗੁਜ਼ਰ ਗਿਆ।

ਸਾਇਰੁ ਸੋਖਿ ਭੁਜੰ ਬਲਇਓ ॥ ੧ ॥ ਰਹਾਉ ॥

ਬ੍ਰਿਧ ਅਵਸਥਾ ਰੂਪੀ ਅਗਸਤ ਮੁਨੀ ਨੇ ਬਾਹਾਂ ਦੇ ਬਲਇਓ=ਬਲ ਰੂਪੀ ਸਾਇਰੁ=ਸਮੁੰਦਰ ਨੂੰ ਸੋਖਿ= ਸੁਕਾ ਦਿੱਤਾ।

ਬ੍ਰਿਧ ਅਵਸਥਾ ਵਿਚ ਸਰੀਰ ਦੀ ਪੁਸ਼ਟੀ ਵਾਸਤੇ ਔਸ਼ਧੀਆਂ ਖਾਣੀਆਂ ਜਾਂ ਮੁਕਤੀ ਵਾਸਤੇ ਜਪ ਤਪ ਆਦੀ ਸਾਧਨ ਕਰਨੇ ਇਸ ਤਰ੍ਹਾਂ ਨਿਸਫਲ ਹਨ-

ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ॥

ਜਿਸ ਤਰ੍ਹਾਂ ਕੋਈ ਆਦਮੀ ਸੁਕੇ ਹੋਏ ਤਲਾਬ ਨੂੰ ਪਾਣੀ ਵਾਸਤੇ ਪਾਲਿ ਬੰਧਾਵੈ=ਵਟ ਬੰਨ੍ਹੇ ਅਤੇ ਲੂਣੈ=ਵੱਢੇ ਹੋਏ ਖੇਤ ਦੇ ਦੁਆਲੇ ਹੱਥਾਂ ਨਾਲ ਵਾੜ ਕਰੇ ਤਾਂ ਉਸ ਨੂੰ ਕੀ ਲਾਭ ਹੋਣਾ ਹੈ। ਏਸੇ ਤਰ੍ਹਾਂ ਬੁਢੇਪੇ ਵਿਚ ਮੁਕਤੀ ਦੇ ਸਾਧਨ ਕਰਨਾ ਚਾਹਵੇ ਤਾਂ ਨਹੀਂ ਹੋ ਸਕਦੇ।

ਯਥਾ- ਜੈਸੇ ਘਰਿ ਲਾਗੈ ਆਗਿ ਜਾਗਿ ਕੂਆ ਖੋਦਿਓ ਚਾਹੈ, ਕਾਰਜੁ ਨ ਸਿਧਿ ਹੋਇ ਰੋਇ ਪਛੁਤਾਈਐ॥
ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਵਿਦਿਆ, ਅਨਿਥਾ ਉਦਮ ਜੈਤ ਪਦਵੀ ਨ ਪਾਈਐ॥
ਜੈਸੇ ਨਿਸਿ ਸੋਵਤ ਸੰਗਾਤੀ ਚਲਿ ਜਾਤਿ ਪਾਛੇ ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ॥
ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ, ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ॥

(ਭਾਈ ਗੁਰਦਾਸ ਜੀ ਕਬਿੱਤ ੪੯੫)

ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ॥ ੨ ॥

ਪਹਿਲਾ ਅਰਥ-

ਇਹ ਮੂਰਖ ਪੁਰਸ਼ ਮੇਰੀ ਮੇਰੀ ਕਰਦਾ ਫਿਰਦਾ ਹੈ ਕਿ ਸਾਰੀ ਮਾਇਆ ਮੇਰੀ ਹੀ ਹੈ, ਪਰ ਜਿਸ ਵੇਲੇ ਚੋਰ ਆਇਆ ਤਾਂ ਤੁਰੰਤਹ=ਸ਼ੀਘਰ ਹੀ ਧਨ ਨੂੰ ਲੈ ਕੇ ਚਲਾ ਗਿਆ।

ਦੂਜਾ ਅਰਥ-

ਜਿਸ ਵੇਲੇ ਜਮ ਰੂਪੀ ਚੋਰ ਆਇਆ ਤਾਂ ਸ਼ੀਘਰ ਹੀ ਪ੍ਰਾਣਾਂ ਰੂਪੀ ਧਨ ਨੂੰ ਲੈ ਗਿਆ, ਇਹ ਮੂਰਖ ਮੇਰੀ ਰੱਖਦਾ ਫਿਰਦਾ ਹੈ ਕਿ ਇਹ ਜਿੰਦ ਮੇਰੀ ਹੈ।

ਤੀਜਾ ਅਰਥ-

ਜਿਸ ਵੇਲੇ ਹੰਕਾਰ ਰੂਪੀ ਚੋਰ ਆਇਆ ਤਾਂ ਸ਼ੀਘਰ ਹੀ ਸ਼ੁਭ ਗੁਣਾਂ ਰੂਪੀ ਧਨ ਨੂੰ ਲੈ ਗਿਆ।

ਚੌਥਾ ਅਰਥ-

ਜਿਸ ਵੇਲੇ ਬ੍ਰਿਧ ਅਵਸਥਾ ਰੂਪੀ ਚੋਰ ਆਇਆ ਤਾਂ ਸ਼ੀਘਰ ਹੀ ਜੋਬਨ ਅਵਸਥਾ ਰੂਪੀ ਧਨ ਨੂੰ ਲੈ ਗਿਆ। ਇਹ ਮੂਰਖ ਆਦਮੀ ਮੇਰੀ ਰੱਖਦਾ ਫਿਰਦਾ ਹੈ ਕਿ ਮੇਰੇ ਵਰਗੀ ਜੁਆਨੀ ਹੋਰ ਕਿਸੇ ਦੀ ਨਹੀਂ।

ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ॥

ਬ੍ਰਿਧ ਅਵਸਥਾ ਵਿਚ ਪੈਰ, ਸਿਰ, ਕਰ=ਹੱਥ ਕੰਬਣ ਲੱਗ ਪੈਂਦੇ ਹਨ ਅਤੇ ਅੱਖਾਂ ਚੋਂ ਅਸਾਰ=ਬਹੁਤਾ ਜਲ ਵਗਦਾ ਹੈ।

ਯਥਾ- ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮਸੇ॥
ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ॥ ੪॥

(ਤੁਖਾਰੀ ਮਃ ੧ ਪੰਨਾ ੧੧੧੦)

ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ॥ ੩॥

ਦੰਦਾਂ ਦੇ ਨਾ ਹੋਣ ਕਰਕੇ ਜੀਭ ਤੋਂ ਸ਼ੁਧ ਬਚਨ ਨਹੀਂ ਨਿਕਲਦਾ, ਹੇ ਪੁਰਸ਼ਾ ! ਤਿਸ ਵੇਲੇ ਤੂੰ ਧਰਮ ਦੀ ਆਸਾ ਕਰੇਂਗਾ। ਉਸ ਵੇਲੇ ਤੇਰੇ ਪਾਸੋਂ ਕੁਝ ਨਹੀਂ ਹੋਣਾ।

ਯਥਾ- ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥

(ਸੋਰਠਿ ਬਾਣੀ ਭੀਖਨ ਜੀ ਪੰਨਾ ੬੫੯)

ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ॥

ਜਿਸ ਉੱਤੇ ਵਾਹਿਗੁਰੂ ਕਿਰਪਾ ਕਰਦਾ ਹੈ, ਉਹੋ ਪੁਰਸ਼ ਬ੍ਰਿਤੀ ਨੂੰ ਲੱਗਾ ਕੇ ਹਰਿ ਹਰਿ ਨਾਮ ਦੇ ਲਾਭ ਨੂੰ ਲੈਂਦਾ ਹੈ।

ਗੁਰ ਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ॥ ੪॥

ਪੂਰਨ ਗੁਰਾਂ ਦੀ ਕਿਰਪਾ ਵਾਲਿਆਂ ਨੇ ਹਰੀ ਧਨ ਪਾਉਣਾ ਕੀਤਾ ਹੈ, ਜੋ ਹਰੀ ਧਨ ਅੰਤੇ=ਪ੍ਰਾਣਾਂ ਦੇ ਵਿਜੋਗ ਕਾਲ ਵਿਚ ਚਲਦਿਆਂ ਦੇ ਨਾਲ ਚਲਦਾ ਹੈ॥ ੪॥

ਯਥਾ- ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ॥
ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ॥

(ਸਿਰੀ ਰਾਗੁ ਮਹਲਾ ੪ ਪੰਨਾ ੮੨)

ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ॥

ਕਬੀਰ ਜੀ ਆਖਦੇ ਹਨ-ਹੇ ਗੋਬਿੰਦ ਲੋਕੋ ! ਸੁਨਣਾ ਕਰੋ, ਹਰੀ ਧਨ ਤੋਂ ਬਗੈਰ ਅਨੁ=ਹੋਰ ਬਾਹਰਲੇ ਥੋੜ੍ਹੇ ਜਿੰਨੇ ਧਨ ਨੂੰ ਕੋਈ ਭੀ ਨਾਲ ਲੈ ਕੇ ਨਹੀਂ ਗਿਆ।

ਆਈ ਤਲਬ ਗੋਪਾਲ ਰਾਇ ਕੀ
ਮਾਇਆ ਮੰਦਰ ਛੋਡਿ ਚਲਿਓ॥ ੫॥ ੨॥ ੧੫॥

ਜਿਸ ਵੇਲੇ ਗੋਪਾਲ ਰਾਇ=ਪਰਮਾਤਮਾ ਦੀ ਤਲਬ ਕਹੀਏ ਬੁਲਾਹਟ ਆਈ, ਭਾਵ ਸੱਦਾ ਆਇਆ ਤਾਂ ਮਾਇਆ ਨੂੰ ਮੰਦਰਾਂ ਦੇ ਵਿਚ ਛੱਡ ਕੇ ਚਲਾ ਗਿਆ।

ਹਮੇਸ਼ਾਂ ਤਲਬਾਂ ਉਹਨਾਂ ਨੂੰ ਪੈਂਦੀਆਂ ਹਨ ਜਿਨ੍ਹਾਂ ਦੀ ਕੁਝ ਬਾਕੀ ਹੁੰਦੀ ਹੈ।

ਤਥਾ- ਤਲਬਾਂ ਪਉਸਨਿ ਆਕੀਆਂ ਬਾਕੀ ਜਿਨਾ ਰਹੀ॥

ਅਥਵਾ :-ਜਿਸ ਵੇਲੇ ਗੋਪਾਲ ਰਾਇ=ਪਰਮਾਤਮਾ ਦੀ ਤਲਬੁ=ਇੱਛਾ ਹੋ ਆਈ ਕਿ ਅਮਕੇ ਜੀਵ ਨੂੰ ਮੈਂ ਸੱਦ ਲਵਾਂ ਤਾਂ ਉਹ ਜੀਵ ਓਸੇ ਵੇਲੇ ਮਾਇਆ ਅਤੇ ਮੰਦਰਾਂ ਨੂੰ ਛੱਡ ਕੇ ਚਲ ਪੈਂਦਾ ਹੈ॥ ੫॥ ੨॥ ੧੫॥

ਯਥਾ-ਜੀਵਨ ਤਲਬ ਨਿਵਾਰਿ ਸੁਆਮੀ॥

ਏਥੇ ਤਲਬ ਨਾਮ ਇੱਛਾ ਦਾ ਹੈ।

ਆਸਾ॥

ਉਥਾਨਕਾ-ਇਕ ਮੰਦ ਬੁੱਧੀ ਪੁਰਸ਼ ਕਿਸੇ ਪੁੰਨਾਤਮਾ ਪੁਰਸ਼ ਦੀ ਬਹੁਤ ਸਾਰੀ ਵਿਭੂਤੀ ਵੇਖ ਕੇ ਸੜ ਰਿਹਾ ਸੀ ਤੇ ਕਹਿੰਦਾ ਸੀ ਹੇ ਰੱਬਾ ! ਇਤਨੀ ਮਾਇਆ ਤੂੰ ਇਸ ਨੂੰ ਕਿਉਂ ਦੇ ਦਿੱਤੀ ਹੈ, ਜਿਥੇ ਲੋੜ ਹੈ ਓਥੇ ਦੇਂਦਾ ਨਹੀਂ, ਜਿਥੇ ਨਹੀਂ ਲੋੜ ਓਥੇ ਦਿੱਤੀ ਜਾਂਦਾ ਹੈਂ।

ਇਸ ਤਰ੍ਹਾਂ ਦੇ ਬਚਨ ਸੁਣਕੇ ਕਬੀਰ ਜੀ ਉਸ ਨੂੰ ਸ਼ੁਭ ਸਿੱਖਿਆ ਦੇਂਦੇ ਹਨ। 'ਰਹਾਉ' ਦੀ ਪੰਗਤੀ ਤੋਂ ਸ਼ੁਰੂ ਕਰਨਾ।

'ਅਹਿਰਖ ਵਾਦੁ ਨ ਕੀਜੈ ਰੇ ਮਨ॥'

ਹੇ ਪਿਆਰੇ ਸੱਜਣਾ ! ਦੂਜੇ ਦੀ ਬਹੁਤੀ ਮਾਇਆ ਵੇਖ ਕੇ ਤੂੰ ਅਹਿਰਖ=ਈਰਖਾ ਅਤੇ ਵਾਦੁ=ਝਗੜੇ ਨਾ ਕਰ।

'ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥ '

ਹੇ ਪਿਆਰੇ ! ਜੇਕਰ ਤੈਨੂੰ ਮਾਇਆ-ਪ੍ਰਾਪਤੀ ਦੀ ਇੱਛਾ ਹੈ ਤਾਂ ਸੁਕ੍ਰਿਤੁ=ਪੁੰਨ ਕਰਮ ਕਰਕੇ ਪਰਮੇਸ਼ਰ ਪਾਸੋਂ ਲੈਣਾ ਕਰ।

ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ॥

ਉਸ ਪਰਮੇਸ਼ਰ ਨੇ ਕਰਮਾਂ ਅਨੁਸਾਰ ਕਿਸੇ ਨੂੰ ਸੂਤੀ ਬਸਤ੍ਰ ਤੇ ਕਿਸੇ ਨੂੰ ਰੇਸ਼ਮੀ ਬਸਤ੍ਰ ਦਿੱਤੇ ਹੋਏ ਹਨ

ਅਤੇ ਕਿਸੇ ਨੂੰ ਨਿਵਾਰ ਦੇ ਪਲੰਘ ਸੌਣ ਵਾਸਤੇ ਦਿੱਤੇ ਹੋਏ ਹਨ।

ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥ ੧ ॥

ਕਿਸੇ ਨੂੰ ਗਲੀ ਹੋਈ ਗੋਦੜੀ ਵੀ ਨਹੀਂ ਮਿਲਦੀ ਉਪਰ ਲੈਣ ਵਾਸਤੇ ਅਤੇ ਕਿਸੇ ਨੂੰ ਖਾਨ=ਘਰ ਵਿਚ ਪਰਾਲੀ ਵਿਛਾਉਣ ਵਾਸਤੇ ਦਿੱਤੀ ਹੋਈ ਹੈ।

ਅਥਵਾ :-ਕਿਸੇ ਨੂੰ ਪਰਾਲੀ ਵੀ ਨਹੀਂ ਦਿੱਤੀ ਠੰਢ ਸਮੇਂ ਹੇਠਾਂ ਵਿਛਾਣ ਲਈ।

ਅਥਵਾ :-ਕਿਸੇ ਦਾ ਖਾਣਾ ਪਰਾਏ ਹੱਥੀਂ ਕੀਤਾ ਹੋਇਆ ਹੈ।

ਅਹਿਰਖ ਵਾਦੁ ਨ ਕੀਜੈ ਰੇ ਮਨ ॥
ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ ੧ ॥ ਰਹਾਉ ॥

ਹੇ ਪਿਆਰੇ ! ਤੂੰ ਕਿਸੇ ਨਾਲ ਅਹਿਰਖ=ਈਰਖਾ ਅਤੇ ਵਾਦੁ=ਝਗੜੇ ਨਾ ਕਰ।

ਰੇ ਮਨ=ਹੇ ਪਿਆਰੇ ਸੱਜਣ ! ਤੂੰ ਸੁਕ੍ਰਿਤੁ=ਪੁੰਨ ਕਰਮਾਂ ਨੂੰ ਕਰਕੇ ਮਾਇਆ ਲੈਣੀ ਕਰ। ਹੁਣ ਦ੍ਰਿਸ਼ਟਾਂਤ ਕਥਨ ਕਰਦੇ ਹਨ-

ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥

ਜੈਸੇ ਘੁਮਿਆਰ ਨੇ ਜੋ ਇਕ ਜਗ੍ਹਾਂ ਦੀ ਮਿੱਟੀ ਲਿਆ ਕੇ ਗੁੰਨ੍ਹੀ ਹੈ, ਉਸ ਮਿੱਟੀ ਦੇ ਭਾਂਡੇ ਬਣਾ ਕੇ ਉੱਤੇ ਬਹੁਤ ਤਰ੍ਹਾਂ ਦੀ ਰੰਗਤ ਲਾਈ ਹੈ।

ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥ ੨ ॥

ਪਰ ਕਿਸੇ ਭਾਂਡੇ ਵਿਚ ਮੋਤੀ ਤੇ ਕਿਸੇ ਵਿਚ ਮੁਕਤਾਹਲ=ਗਜ ਮੋਤੀ ਅਤੇ ਕਿਸੇ ਭਾਂਡੇ ਨੂੰ ਦੁਰਗੰਧਤਾ ਰੂਪੀ ਬਿਆਧਿ=ਉਪਾਧੀ, ਬੀਮਾਰੀ ਲਾਈ ਹੈ। ਹੁਣ ਵਿਚਾਰ ਕੇ ਵੇਖੋ ਮਿੱਟੀ ਇਕ ਹੀ ਜਗ੍ਹਾਂ ਦੀ ਹੈ, ਘੁਮਿਆਰ ਵੀ ਓਹੋ ਹੈ, ਚੱਕ ਵੀ ਓਹੀ ਹੈ, ਡੰਡਾ ਵੀ ਓਹੀ ਹੈ, ਇਕ ਹੀ ਮਿੱਟੀ ਦੇ ਸਾਰੇ ਭਾਂਡੇ ਬਣੇ ਹਨ, ਪਰ ਕਰਮਾਂ ਅਨੁਸਾਰ ਕਿਸੇ ਭਾਂਡੇ ਵਿਚ ਮੋਤੀ ਵਗੈਰਾ ਸੋਨੇ ਦੇ ਗਹਿਣੇ ਰੱਖੇ ਜਾਂਦੇ ਹਨ, ਕਿਸੇ ਵਿਚ ਦੁੱਧ ਘਿਉ ਆਦਿਕ ਚੰਗੀਆਂ ਚੀਜ਼ਾਂ ਰੱਖੀਆਂ ਜਾਂਦੀਆਂ ਹਨ ਅਤੇ ਕਿਸੇ ਵਿਚ ਗੋ ਮੂਤਰ ਸੱਜੀ ਆਦਿ ਚੀਜ਼ਾਂ ਪਾਈਆਂ ਜਾਂਦੀਆਂ ਹਨ ਅਤੇ ਕਈ ਭਾਂਡੇ ਟੱਟੀ ਵਿਚ ਰੱਖੇ ਜਾਂਦੇ ਹਨ।

ਏਸੇ ਤਰ੍ਹਾਂ ਹੁਣ ਦਾ ਦ੍ਰਿਸ਼ਟਾਂਤ ਸੁਣੋ-

ਬ੍ਰਹਮਾ ਰੂਪੀ ਘੁਮਿਆਰ ਨੇ ਇਕ ਹੀ ਤਰ੍ਹਾਂ ਦੀ ਪੰਜਾਂ ਤੱਤਾਂ ਰੂਪੀ ਮਿੱਟੀ ਗੁੰਨ੍ਹੀ ਹੈ, ਭਾਵ ਪੰਜ ਤੱਤ ਮਿਲਾ ਕੇ ਸਰੀਰਾਂ ਰੂਪੀ ਭਾਂਡੇ ਬਣਾਏ ਹਨ।

ਯਥਾ-ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥

ਫੇਰ ਬਹੁਤ ਹੀ ਤਰ੍ਹਾਂ ਦੀ ਰੰਗਤ ਲਾਈ ਕਿਸੇ ਦਾ ਰੰਗ ਕਾਲਾ, ਕਿਸੇ ਦਾ ਲਾਲ, ਕਿਸੇ ਦਾ ਚਿੱਟਾ ਬਣਾ ਦਿੱਤਾ। ਆਪੋ ਆਪਣੇ ਕਰਮਾਂ ਅਨੁਸਾਰ ਕਿਸੇ ਵਿਚ ਮੋਤੀ=ਵੈਰਾਗ, ਕਿਸੇ ਵਿਚ ਗਜ ਮੋਤੀ=ਮੋਖਛ ਅਤੇ ਕਿਸੇ ਨੂੰ ਹਰਖ ਸੋਗ ਰੂਪੀ ਬੀਮਾਰੀ ਲਾਈ ਹੈ।

ਅਥਵਾ :-ਚੌਰਾਸੀ ਲੱਖ ਜੂਨਾਂ ਭੋਗਣ ਰੂਪੀ ਕਿਸੇ ਨੂੰ ਬਿਆਧਿ ਲਗਾਈ ਹੈ।

ਜੋ ਪੁਰਸ਼ ਧਨ ਪਾ ਕੇ ਨਾ ਆਪ ਖਾਂਦੇ ਹਨ, ਨਾ ਹੀ ਪਰਮੇਸ਼ਰ ਨਮਿਤ ਦੇਂਦੇ ਹਨ ਉਹਨਾਂ ਦੀ ਹਾਲਤ ਦੱਸਦੇ ਹਨ।

ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥

ਸ਼ੂਮ ਨੂੰ ਧਨ ਰਖਣ ਵਾਸਤੇ ਦਿੱਤਾ ਹੈ, ਕਿਉਂਕਿ ਜਿਸ ਤਰ੍ਹਾਂ ਦੀ ਰਾਖੀ ਸ਼ੂਮ ਕਰਦਾ ਹੈ ਹੋਰ ਕੋਈ ਨਹੀਂ ਕਰ ਸਕਦਾ, ਪਰ ਮੂਰਖ ਕਹਿੰਦਾ ਹੈ ਧਨ ਮੇਰਾ ਹੀ ਹੈ।

[ਪੰਨਾ ੪੮੦]

ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥ ੩ ॥

ਜਿਸ ਵੇਲੇ ਸ਼ੂਮ ਦੇ ਮੂੰਡ=ਸਿਰ ਵਿਚ ਜਮਾਂ ਦਾ ਡੰਡਾ ਲੱਗਦਾ ਹੈ ਤਾਂ ਇਕ ਖਿਨ ਵਿਚ ਨਿਬੇਰਾ=ਫੈਸਲਾ ਕਰ ਦੇਂਦਾ ਹੈ॥ ੩ ॥

ਸਾਖੀ-ਸ਼ੂਮ ਦੀ

ਨੋਟ-ਇਹ ਸਾਖੀ ਸ੍ਰੀ ਮਾਨ ਮਹਾਰਾਜ ਸੰਤ ਭਗਵਾਨ ਸਿੰਘ ਜੀ ਨੇ ਆਪਣੀ ਸਟੀਕ ਭਗਤ ਬਾਣੀ ਵਿਖੇ ਪੰਨਾ ੩੪੯ ਤੇ ਲਿਖੀ ਹੈ-

ਇਕ ਸ਼ਾਹੂਕਾਰ ਸੀ, ਹੈਸੀ ਬੜਾ ਸ਼ੂਮ। ਜਿਸ ਵੇਲੇ ਅੱਸੂ ਦੇ ਮਹੀਨੇ ਸਰਾਧ ਉਤਰੇ ਤਾਂ ਘਰ ਵਾਲੀ ਸ਼ਾਹਣੀ ਨੇ ਕਿਹਾ, ਪਿੱਤਰਾਂ ਦੇ ਨਮਿਤ ਕੁਝ ਸਰਾਧ ਕਰਨਾ ਚਾਹੀਦਾ ਹੈ।

ਸ਼ਾਹ ਨੇ ਕਿਹਾ-ਕੀ ਲੋੜ ਹੈ ? ਮਰਨ ਵਾਲੇ ਤਾਂ ਮਰ ਗਏ ਹਨ, ਉਹਨਾਂ ਨੇ ਸਾਡੇ ਘਰ ਦਾ ਕੀ ਖਾਣਾ ਹੈ ? ਪਰ ਸ਼ਾਹਣੀ ਨੇ ਰੋਜ਼ ਕਹਿ ਕਹਿ ਕੇ ਉਸ ਨੂੰ ਬੜਾ ਹੀ ਅਕਾਇਆ।

ਆਖਰ ਮਨ ਵਿਚ ਸੋਚਦਾ ਹੈ ਕਿ ਇਹ ਮੇਰਾ ਪਿੱਛਾ ਛੱਡਦੀ ਨਹੀਂ ਹੁਣ ਸਰਾਧ ਤਾਂ ਜ਼ਰੂਰੀ ਕਰਨਾ ਪੈਣਾ ਹੈ, ਪਰ ਉਹ ਬ੍ਰਾਹਮਣ ਸੱਦ ਕੇ ਘਰ ਲਿਆਵਾਂ ਜਿਹੜਾ ਘਟ ਖਾਵੇ। ਇਸ ਗੱਲ ਦੀ ਪੜਤਾਲ ਕਰਨ ਵਾਸਤੇ ਘਰੋਂ ਤੁਰ ਪਿਆ। ਜਿਥੇ ਜਮਨਾ ਦੇ ਕਿਨਾਰੇ ਬ੍ਰਾਹਮਣ ਇਸ਼ਨਾਨ ਕਰਕੇ ਪਾਠ ਪੂਜਾ ਬੈਠੇ ਕਰਦੇ ਸਨ, ਉਹਨਾਂ ਪਾਸ ਜਾ ਬੈਠਾ। ਇਕ ਬ੍ਰਾਹਮਣ ਤੋਂ ਪੁਛਿਆ ਆਪ ਕਿਤਨਾ ਕੁ ਭੋਜਨ ਖਾਂਦੇ ਹੋ ? ਪੰਡਤ ਨੇ ਇਸ ਦੇ ਚੰਗੇ ਲਿਬਾਸ ਨੂੰ ਦੇਖ ਕੇ ਵਿਚਾਰਿਆ ਇਹ ਸ਼ਾਹੂਕਾਰ ਹੈ, ਚੰਗਾ ਹੀ ਖੁਆਏਗਾ। ਇਸ ਤੇ ਉਸ ਨੇ ਕਿਹਾ, ਪੰਜ ਸੇਰ ਲੱਡੂ, ਦੋ ਸੇਰ ਕਚੌੜੀ, ਦੋ ਸੇਰ ਪੇੜੇ ਇਤਨਾ ਭੋਜਨ ਛਕ ਲਵਾਂਗਾ। ਇਹ ਗੱਲਾਂ ਸੁਣਕੇ ਸ਼ਾਹੂਕਾਰ ਉੱਠ ਪਿਆ। ਦੂਜੇ ਪੰਡਤ ਪਾਸੋਂ ਜਾ ਕੇ ਪੁਛਿਆ ਜੀ ਆਪ ਕਿਤਨਾ ਭੋਜਨ ਪਾਓਗੇ ? ਇਸ ਤਰ੍ਹਾਂ ਚਾਰ ਪੰਜ ਪੰਡਿਆਂ ਪਾਸ ਗਿਆ, ਪਰ ਕਿਸੇ ਉਪਰ ਵੀ ਮਨ ਨਾ ਪਤੀਜਿਆ। ਆਖਰ ਤਲਾਸ਼ ਕਰਦਿਆਂ ਇਕ ਸੁਕੇ ਜਿਹੇ ਸਰੀਰ ਦਾ ਬ੍ਰਾਹਮਣ ਮਿਲ ਗਿਆ। ਉਸ ਪਾਸੋਂ ਪੁਛਿਆ ਆਪ ਕਿਤਨਾ ਭੋਜਨ ਪਾਓਗੇ ? ਉਸ ਨੇ ਕਿਹਾ ਹਮ ਤੋਂ ਰਾਜ਼ੀ ਨਹੀਂ, ਹਮ ਨੇ ਕੀ ਖਾਣਾ ਹੈ। ਜੇਕਰ ਬਦੋਬਦੀ ਆਪ ਨੇ ਖੁਆਣਾ ਹੈ ਤਾਂ ਅੱਧ ਪਾ ਦਾਲ ਤੇ ਦੋ ਤਿੰਨੇ ਫੁਲਕੇ ਸੁਕੇ ਦੇ ਦੇਣਾ।

ਇਹ ਗੱਲ ਸੁਣਕੇ ਸ਼ੂਮ ਸ਼ਾਹੂਕਾਰ ਬੜਾ ਪ੍ਰਸੰਨ ਹੋਇਆ ਤੇ ਆਖਿਆ-ਪੰਡਿਤ ਜੀ ! ਅੱਜ ਬਾਰਾਂ ਵਜੇ ਸਾਡੇ ਘਰ ਆ ਕੇ ਭੋਜਨ ਛਕਣਾ, ਮੈਂ ਆਪਣੀ ਘਰ ਵਾਲੀ ਨੂੰ ਕਹਿ ਜਾਵਾਂਗਾ, ਤੁਸਾਂ ਨੇ ਆਪੇ ਆ ਕੇ ਮੰਗ ਲੈਣਾ। ਇਤਨੀ ਗੱਲ ਆਖ ਕੇ ਸ਼ਾਹ ਜੀ ਘਰ ਆ ਗਏ। ਘਰ ਵਾਲੀ ਨੂੰ ਆਖਦੇ ਹਨ, ਮੈਂ ਅੱਜ ਸੰਤੋਖੀ ਪੰਡਤ

ਨੂੰ ਰੋਟੀ ਮਨਾ ਆਇਆ ਹਾਂ, ਉਹ ਜੋ ਕੁਝ ਤੇਰੇ ਪਾਸੋਂ ਆ ਕੇ ਮੰਗਣਗੇ, ਉਹਨਾਂ ਨੂੰ ਦੇ ਦੇਈਂ ਤੇ ਮੈਂ ਹੱਟੀ ਤੇ ਚਲਿਆ ਹਾਂ।

ਇਹ ਗੱਲ ਆਖ ਕੇ ਸ਼ਾਹ ਜੀ ਦੁਕਾਨ ਤੇ ਚਲੇ ਗਏ। ਪਿਛੋਂ ਪੰਡਤ ਜੀ ਘਰ ਆ ਪਹੁੰਚੇ। ਆਉਂਦਿਆਂ ਪਹਿਲੇ ਅਸ਼ੀਰਵਾਦ ਦਿੱਤੀ ਸ਼ਾਹਣੀ ਇਤਨੇ ਵਿਚ ਹੀ ਬਹੁਤ ਪ੍ਰਸੰਨ ਹੋ ਗਈ।

ਫਿਰ ਪੰਡਤ ਜੀ ਨੇ ਕਿਹਾ-ਸ਼ਾਹਣੀ ਜੀ ! ਸ਼ਾਹ ਜੀ ਕੁਝ ਕਹਿ ਗਏ ਹਨ ਕਿ ਨਹੀਂ।

ਸ਼ਾਹਣੀ ਨੇ ਕਿਹਾ-ਹਾਂ ਜੀ ! ਉਹ ਕਹਿ ਗਏ ਹਨ, ਆਪ ਜੀ ਨੂੰ ਜੋ ਇੱਛਾ ਹੈ ਮੰਗ ਲਓ।

ਪੰਡਤ ਜੀ ਨੇ ਕਿਹਾ-ਪੰਜ ਸੇਰ ਪੱਕੇ ਪੇੜੇ, ਦੋ ਸੇਰ ਲੱਡੂ, ਦੋ ਸੇਰ ਕਚੌੜੀ, ਦਸ ਸੇਰ ਦੁੱਧ, ਦੋ ਸੇਰ ਖੰਡ, ਤਿੰਨ ਪਾ ਘਿਉ ਚਾਹੀਦਾ ਹੈ। ਸ਼ਾਹਨੀ ਨੇ ਓਸੇ ਵੇਲੇ ਨੌਕਰ ਪਾਸੋਂ ਮੰਗਵਾ ਕੇ ਦੇ ਦਿੱਤਾ। ਪੰਡਤ ਜੀ ਬਹੁਤ ਪ੍ਰਸੰਨ ਹੋਏ, ਤੁਰਨ ਲਗਿਆਂ ਆਖਦੇ ਹਨ, ਕੁਝ ਦੱਛਣਾ ਭੀ ਮਿਲਣੀ ਚਾਹੀਦੀ ਹੈ। ਸ਼ਾਹਣੀ ਨੇ ਕਿਹਾ ਮੰਗੋ ਕੀ ਦੱਛਣਾ ਲੈਣੀ ਚਾਹੁੰਦੇ ਹੋ?

ਪੰਡਤ ਜੀ ਨੇ ਕਿਹਾ, ਜੇ ਪਿੱਤਰਾਂ ਨੂੰ ਪਾਰ ਕਰਨ ਦੀ ਇੱਛਾ ਹੈ ਤਾਂ ਜੋ ਗਹਿਣਾ ਤੁਸਾਂ ਨੇ ਪਾਇਆ ਹੋਇਆ ਹੈ, ਉਹ ਲਾਹ ਕੇ ਮੈਨੂੰ ਦੇ ਦਿਓ। ਸ਼ਾਹਣੀ ਨੇ ਗਹਿਣੇ ਉਤਾਰ ਕੇ ਉਸੇ ਵੇਲੇ ਦੇ ਦਿੱਤੇ, ਕਿਉਂਕਿ ਸ਼ਾਹਣੀ ਨੇ ਵਿਚਾਰਿਆ ਹੁਣ ਤਾਂ ਸ਼ਾਹ ਜੀ ਆਪ ਕਹਿ ਗਏ ਹੋਏ ਹਨ ਕਿ ਜੋ ਜੋ ਮੰਗੇ ਉਹ ਦੇ ਦੇਈਂ, ਇਹੋ ਜਿਹਾ ਉਦਾਰ ਦਿਲ ਫਿਰ ਕਦੇ ਨਹੀਂ ਹੋਣਾ ਤੇ ਨਾ ਹੀ ਮੈਨੂੰ ਦਾਨ ਕਰਨ ਦਾ ਮੌਕਾ ਮਿਲਣਾ ਹੈ।

ਪੰਡਤ ਜੀ ਇਤਨਾ ਦਾਨ ਲੈ ਕੇ ਜਲਦੀ ਘਰ ਆ ਪਹੁੰਚੇ ਤੇ ਘਰ ਵਾਲੀ ਨੂੰ ਆਖਦੇ ਹਨ ਕਿ ਭਲੀਏ ਲੋਕੇ ! ਅੱਜ ਦਾਉ ਤਾਂ ਚੰਗਾ ਲੱਗਾ ਹੈ, ਮੈਂ ਲਿਆਂਦਾ ਤਾਂ ਬਹੁਤ ਕੁਝ ਹੈ, ਪਰ ਇਸ ਨੂੰ ਪਚਾਵਣਾ ਤੂੰ ਕਰ, ਕਿਧਰੇ ਸ਼ਾਹ ਮਗਰੋਂ ਆ ਕੇ ਲੈ ਨਾ ਜਾਏ। ਪੰਡਤਾਣੀ ਆਖਦੀ, ਹੱਛਾ ਆਪ ਕੋਈ ਫਿਕਰ ਨਾ ਕਰੋ, ਜਿਹੜਾ ਮਾਲ ਘਰ ਆ ਗਿਆ ਹੈ ਉਹ ਹੁਣ ਸਾਡਾ ਹੀ ਹੋ ਚੁੱਕਾ ਹੈ, ਪਰੰਤੂ ਆਪ ਮੰਜੇ 'ਪਰ ਲੰਮੇ ਪੈ ਜਾਓ, ਮੈਂ ਆਪੇ ਸਾਰਾ ਬੰਦੋਬਸਤ ਕਰ ਲਵਾਂਗੀ। ਪੰਡਤਾਣੀ ਸਿਰ ਦੇ ਵਾਲ ਖੋਲ੍ਹ ਕੇ ਗਲੀ ਤੋਂ ਬਾਹਰ ਵਾਰ ਰੋਵਣ ਲੱਗ ਪਈ।

ਜਿਸ ਵੇਲੇ ਸ਼ਾਹ ਦੁਕਾਨ ਤੋਂ ਘਰ ਆਇਆ ਤੇ ਪੁੱਛਦਾ ਹੈ ਪੰਡਤ ਜੀ ਆਏ ਸਨ? ਸ਼ਾਹਣੀ ਨੇ ਕਿਹਾ, ਹਾਂ ਜੀ ਆਏ ਸਨ। ਜੋ ਜੋ ਉਹਨਾਂ ਨੇ ਮੰਗਿਆ ਹੈ ਉਹ ਮੈਂ ਦੇ ਦਿੱਤਾ ਹੈ ਤੁਹਾਡੇ ਹੁਕਮ ਅਨੁਸਾਰ। ਸ਼ਾਹ ਨੇ ਪੁਛਿਆ ਕੀ ਦਿੱਤਾ ਹੈ ? ਸ਼ਾਹਣੀ ਨੇ ਸਭ ਕੁਝ ਦੱਸ ਦਿੱਤਾ ਕਿ ਪੰਜ ਸੇਰ ਪੇੜੇ, ਦੋ ਸੇਰ ਲੱਡੂ, ਦੋ ਸੇਰ ਕਚੌੜੀ, ਦਸ ਸੇਰ ਦੁੱਧ, ਦੋ ਸੇਰ ਖੰਡ ਤੇ ਮੇਰੇ ਸਰੀਰ 'ਪਰ ਜਿਹੜੇ ਗਹਿਣੇ ਪਏ ਹੋਏ ਸਨ ਉਸ ਦੇ ਮੰਗਣ ਅਨੁਸਾਰ ਉਹ ਭੀ ਦੇ ਦਿੱਤੇ ਹਨ। ਇਹ ਗੱਲਾਂ ਸੁਣਦਿਆਂ ਸਾਰ ਸ਼ਾਹ ਦੇ ਪ੍ਰਾਣ ਸੁਕ ਗਏ। ਆਖਿਆ ਤੂੰ ਇਤਨਾ ਕੁਝ ਕਿਉਂ ਦਿੱਤਾ ਹੈ ? ਸ਼ਾਹਣੀ ਨੇ ਕਿਹਾ ਆਪ ਜੋ ਕਹਿ ਗਏ ਸੀ ਜੋ ਮੰਗੇ ਦੇ ਦੇਈਂ। ਸ਼ਾਹ ਨੇ ਕਿਹਾ ਮੈਨੂੰ ਤਾਂ ਉਸ ਨੇ ਦਾਲ ਫੁਲਕਾ ਕਿਹਾ ਸੀ, ਮੈਂ ਸਮਝਿਆ ਉਸ ਨੇ ਦਾਲ ਫੁਲਕਾ ਹੀ ਆ ਕੇ ਮੰਗਣਾ ਹੈ। ਮੈਨੂੰ ਉਸ ਦੇ ਇਸ ਪਖੰਡ ਦਾ ਪਤਾ ਨਹੀਂ ਜੋ ਉਸ ਨੇ ਇਹ ਕੁਝ ਮੰਗ ਕੇ ਲੈ ਜਾਣਾ ਹੈ। ਸ਼ੂਮ ਦਾ ਹੌਂਸਲਾ ਕਿਥੋਂ ਪਵੇ? ਝੱਟ ਦੌੜ ਕੇ ਉਸ ਬ੍ਰਾਹਮਣ ਦੇ ਘਰ ਆਇਆ ਗਹਿਣਾ ਲੈਣ ਵਾਸਤੇ। ਅਗੋਂ ਪੰਡਤਾਣੀ ਜ਼ੋਰ ਜ਼ੋਰ ਦੀ ਰੋਂਦੀ ਆਖਣ ਲੱਗ ਪਈ ਕਿ ਕਿਸੇ ਕੰਜਰ ਸ਼ੂਮ ਪਾਪੀ ਦੇ ਘਰ ਮੇਰੇ ਪਤੀ ਨੇ ਭੋਜਨ ਖਾਧਾ ਹੈ ਜੋ ਆਉਂਦਿਆਂ ਸਾਰ ਮੰਜੇ ਤੇ ਪੈ ਗਿਆ ਹੈ ਤੇ ਮਰਨ ਨੂੰ ਤਿਆਰ ਹੈ, ਜੇ ਮੈਨੂੰ ਪਤਾ ਲੱਗ ਜਾਵੇ ਕਿ ਕਿਸ ਨੇ ਭੋਜਨ ਖਵਾਇਆ ਹੈ ਤਾਂ ਮੈਂ ਉਸ ਨੂੰ ਫਾਂਸੀ ਦਿਵਾ ਦੇਣਾ ਹੈ।

ਜਿਸ ਵੇਲੇ ਸ਼ਾਹ ਨੇ ਇਹ ਗੱਲਾਂ ਸੁਣੀਆਂ ਤਾਂ ਉਥੇ ਹੀ ਠਠੰਬਰ ਗਿਆ, ਅਗੇ ਹੋਣ ਦਾ ਹੀਆ ਨਾ ਹੋਇਆ, ਘਬਰਾ ਗਿਆ ਕਿ ਮੇਰੇ 'ਪਰ ਕੋਈ ਬਲਾ ਨਾ ਆ ਜਾਵੇ। ਸਗੋਂ ਪੰਜ ਸੱਤ ਰੁਪਏ ਦੇ ਕੇ ਆਖਦਾ ਹੈ, ਪੰਡਤਾਣੀ ਜੀ ! ਰੌਲਾ ਨਾ ਪਾਓ, ਐ ਲਓ ਰੁਪਏ, ਕਿਸੇ ਹਕੀਮ ਨੂੰ ਦਿਖਾ ਕੇ ਇਲਾਜ ਸ਼ੁਰੂ ਕਰਾਓ। ਇਤਨੀ ਗੱਲ ਆਖ ਕੇ ਸ਼ਾਹ ਜੀ ਮਸਾਂ ਆਪਣੇ ਘਰ ਪਹੁੰਚੇ। ਜ਼ੁਮਾਂ ਦਾ ਧਨ ਇਸ ਤਰ੍ਹਾਂ ਚਲਿਆ ਜਾਂਦਾ ਹੈ।

ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ॥

ਪਰਮਾਤਮਾ ਦੇ ਜੋ ਦਾਸ ਜਨ ਹਨ, ਉਹ ਸਾਰਿਆਂ ਤੋਂ ਉੱਤਮ ਭਗਤ ਸਦਾਉਂਦੇ ਹਨ। ਪ੍ਰਮੇਸ਼ਰ ਚਾਹੇ ਦੁੱਖ ਦੇਵੇ ਚਾਹੇ ਸੁਖ ਦੇਵੇ ਉਹ ਭਗਤ ਪਰਮੇਸ਼ਰ ਦੀ ਆਗਿਆ ਮੰਨ ਕੇ ਸੁਖ ਪਦਵੀ ਨੂੰ ਪਾਉਂਦੇ ਹਨ।

ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ॥ ੪॥

ਜੋ ਤਿਸ ਵਾਹਿਗੁਰੂ ਨੂੰ ਭਾਉਂਦਾ ਹੈ, ਉਸ ਨੂੰ ਸੱਚਾ ਕਰਕੇ ਮੰਨਦੇ ਹਨ ਅਤੇ ਵਾਹਿਗੁਰੂ ਦਾ ਭਾਣਾ ਮਿੱਠਾ ਸਮਝ ਕੇ ਮਨ ਵਿਚ ਵਸਾਉਂਦੇ ਹਨ।

ਯਥਾ-'ਤੇਰਾ ਕੀਆ ਮੀਠਾ ਲਾਗੈ॥'

ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ॥

ਕਬੀਰ ਜੀ ਆਖਦੇ ਹਨ-ਹੇ ਸੰਤ ਜਨੋ ! ਸੁਨਣਾ ਕਰੋ, ਮੇਰੀ ਦੇਹ, ਮੇਰੀ ਭੂਮੀ, ਮੇਰੀ ਮਾਇਆ, ਇਹ ਸਭ ਝੂਠੀ ਹੈ।

ਚਿਰਗਟ ਫਾਰਿ ਚਟਾਰਾ ਲੈ ਗਇਓ
ਤਰੀ ਤਾਗਰੀ ਛੂਟੀ॥ ੫॥ ੩॥ ੧੬॥

ਚਿਰਗਟ=ਪਿੰਜਰਾ, ਫਾਰਿ=ਤੋੜ ਕੇ। ਚਟਾਰਾ=ਚਿੜਾ ਜਾਂ ਤੋਤਾ। ਤਰੀ=ਪਾਣੀ ਵਾਲੀ ਠੂਠੀ। ਤਾਗਰੀ=ਚੋਗੇ ਵਾਲੀ ਠੂਠੀ।

ਦ੍ਰਿਸ਼ਟਾਂਤ-ਜਿਸ ਵੇਲੇ ਬਿੱਲਾ ਪਿੰਜਰੇ ਨੂੰ ਤੋੜ ਕੇ ਚਿੜੇ ਨੂੰ ਲੈ ਗਿਆ ਤਾਂ ਪਾਣੀ ਪੀਣ ਵਾਲੀਆਂ ਤੇ ਚੋਗੇ ਖਾਣ ਵਾਲੀਆਂ ਸਭ ਠੂਠੀਆਂ ਠਾਠੀਆਂ ਛੁਟ ਜਾਂਦੀਆਂ ਹਨ।

ਦਾ ਦ੍ਰਿਸ਼ਟਾਂਤ-ਇੰਸੇ ਤਰ੍ਹਾਂ ਜਿਸ ਵੇਲੇ ਜਮ ਰੂਪੀ ਬਿੱਲਾ ਸਰੀਰ ਰੂਪੀ ਪਿੰਜਰੇ ਨੂੰ ਤੋੜ ਕੇ, ਭਾਵ ਪਾਨ ਅਪਾਨ ਦੀ ਗੰਢ ਖੋਹਲ ਕੇ ਜੀਵ ਰੂਪੀ ਚਿੜੇ ਨੂੰ ਲੈ ਗਿਆ ਤਾਂ ਤਰੀ ਤਾਗਰੀ=ਠੂਠੀਆਂ ਠਾਠੀਆਂ, ਭਾਵ ਖਾਣ ਪੀਣ ਦੇ ਸਭ ਪਦਾਰਥ ਛੁਟ ਜਾਂਦੇ ਹਨ।

*ਅਥਵਾ :-*ਤਾਗਰੀ=ਵਾਸ਼ਨਾਂ ਤਰੀ=ਤਣੀਆਂ ਰਹਿੰਦੀਆਂ ਹਨ ਤੇ ਪਦਾਰਥ ਛੁਟ ਜਾਂਦੇ ਹਨ।

*ਅਥਵਾ :-*ਤਰੀ=ਤਣੀਆਂ ਹੋਈਆਂ ਤਾਗਰੀ=ਨਾੜੀਆਂ ਤੇ ਇੰਦਰੀਆਂ ਆਪੋ ਆਪਣੀ ਮਰਯਾਦਾ ਤੋਂ ਛੂਟੀ=ਛੁਟ ਜਾਂਦੀਆਂ ਹਨ॥ ੫॥ ੩॥ ੧੬॥

ਆਸਾ॥

ਉਥਾਨਕਾ-ਇਕ ਕਾਜ਼ੀ ਨੇ ਆ ਕੇ ਆਪਣੇ ਮਜ਼ਹਬ ਦੀ ਤਾਰੀਫ ਕਰਦਿਆਂ ਹੋਇਆਂ ਕਿਹਾ ਕਿ ਮੁਸਲਮਾਨ ਹੋਣ ਨਾਲ ਬਹਿਸ਼ਤ ਦੀ ਪ੍ਰਾਪਤੀ ਹੁੰਦੀ ਹੈ, ਹਿੰਦੂ ਵਗੈਰਾ ਤਾਂ ਸਭ ਜੂਨੀਆਂ ਹੀ ਭੋਗਦੇ ਰਹਿੰਦੇ

ਹਨ, ਇਸ ਲਈ ਤੈਨੂੰ ਚਾਹੀਦਾ ਹੈ ਕਿ ਤੂੰ ਮੁਸਲਮਾਨ ਬਣ ਜਾਹ। ਕਾਜ਼ੀ ਦੇ ਮੁਤਅੱਸਬ ਵਾਲੇ ਬਚਨ ਸੁਣ ਕੇ ਕਬੀਰ ਜੀ ਨੇ ਕਿਹਾ-

'ਕਾਜੀ ਬੋਲਿਆ ਬਨਿ ਨਹੀ ਆਵੈ॥'

ਹੇ ਕਾਜ਼ੀ ! ਤੇਰੇ ਨਾਲ ਸਾਡਾ ਬੋਲਿਆ ਬਣ ਨਹੀਂ ਆਉਂਦਾ, ਕਿਉਂਕਿ-

ਹਮ ਮਸਕੀਨ ਖੁਦਾਈ ਬੰਦੇ ਤੁਮਰਾ ਜਸੁ ਮਨਿ ਭਾਵੈ॥

ਹੇ ਖੁਦਾ ਦੇ ਬੰਦੇ ! ਅਸੀਂ ਮਸਕੀਨ=ਗਰੀਬ ਹਾਂ, ਸਾਨੂੰ ਤਾਂ ਤੇਰਾ ਜਸ ਕਰਨਾ ਹੀ ਮਨ ਵਿਚ ਭਾਉਂਦਾ ਹੈ।

ਅਥਵਾ -ਅਸੀਂ ਖੁਦਾ ਦੇ ਮਸਕੀਨ ਬੰਦੇ ਹਾਂ ਅਤੇ ਤੇਰੇ ਮਨ ਵਿਚ ਰਾਜਸੁ=ਰਜੋ ਗੁਣ ਭਾਉਂਦਾ ਹੈ, ਇਸ ਕਰਕੇ ਤੇਰਾ ਸਾਡਾ ਕੋਈ ਮੇਲ ਨਹੀਂ।

(ਸੰਪ੍ਰਦਾਈ ਪਾਠ 'ਤੁਮ੍ਹਰਾ ਜਸੁ' ਹੈ)

ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ॥ ੧ ॥

ਸਭ ਤੋਂ ਅਵਲਿ=ਪਹਿਲੇ ਪਰਮਾਤਮਾ ਗਰੀਬਾਂ ਦਾ ਮਾਲਕ ਹੈ, ਹਰ ਜਗ੍ਹਾਂ ਗਰੀਬਾਂ ਦੀ ਪੁਕਾਰ ਪਹਿਲੇ ਸੁਣਦਾ ਹੈ।

ਯਥਾ- ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ
ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤੁ ਹੈ॥ ੪॥ ੨੫੬॥

(ਦਸਮ ਗ੍ਰੰਥ, ਪੰਨਾ ੩੬)

ਉਹ ਕਿਸੇ ਉੱਤੇ ਜ਼ੋਰ ਕਰਨਾ ਨਹੀਂ ਫੁਰਮਾਉਂਦਾ ਕਿ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਕਰੋ ਜਾਂ ਉਹਨਾਂ ਪਾਸੋਂ ਧਨ ਖੋਹ ਲਵੋ।

ਕਿ ਹਿੰਦੂਆਂ ਦੇ ਬੱਚੇ ਬੱਚੀਆਂ ਨੂੰ ਆਪਣੇ ਨੌਕਰ ਬਣਾ ਕੇ ਰਖੋ ਕਿ ਬਿਨ ਦੋਸ਼ੇ ਪਸ਼ੂ ਪੰਛੀਆਂ ਦੇ ਗਲ ਵੱਢ ਦਿਓ। ਇਸ ਤਰ੍ਹਾਂ ਦਾ ਜ਼ੋਰ ਕਰਨਾ ਨਹੀਂ ਫੁਰਮਾਉਂਦਾ।

ਚਾਰ ਕਤੇਬਾਂ ਵੀ ਇਹੋ ਆਖਦੀਆਂ ਹਨ ਕਿ ਕਿਸੇ ਉੱਤੇ ਜਿਹੜਾ ਜ਼ੋਰ ਕਰਨਾ ਹੈ, ਇਹ ਹਰਾਮ ਹੈ।

ਯਥਾ- ਜ਼ਫ਼ੂਰ ਅੰਜੀਲ ਤੌਰੇਤ ਫੁਰਕਾਨ॥ ਚਾਰੇ ਕੂਕੇ ਜੋਰ ਹਰਾਮ॥

ਅਥਵਾ :-ਅਵਲਿ=ਆਦਿ ਤੋਂ ਹੀ ਉਹ ਪਰਮਾਤਮਾ ਸਾਰਿਆਂ ਦੀਨ=ਧਰਮਾਂ ਦਾ ਮਾਲਕ ਹੈ। ਉਹ ਕਿਸੇ ਧਰਮ ਉੱਤੇ ਵੀ ਜ਼ੋਰ ਕਰਨਾ ਫੁਰਮਾਉਂਦਾ ਨਹੀਂ।

ਹੇ ਕਾਜ਼ੀ ! ਤੂੰ ਜ਼ਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਕਰਦਾ ਹੈਂ। ਇਸ ਕਰਕੇ-

ਕਾਜੀ ਬੋਲਿਆ ਬਨਿ ਨਹੀ ਆਵੈ॥ ੧ ॥ ਰਹਾਉ ॥

ਹੇ ਕਾਜ਼ੀ ! ਤੇਰੇ ਨਾਲ ਸਾਡਾ ਬੋਲਿਆ ਬਣ ਨਹੀਂ ਆਉਂਦਾ।

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥

ਹੇ ਕਾਜ਼ੀ ! ਤੂੰ ਰੋਜ਼ਿਆਂ ਨੂੰ ਰੱਖਦਾ ਹੈਂ ਪੰਜ ਵੇਲੇ ਪੰਜ ਨਿਮਾਜ਼ਾਂ ਵੀ ਪੜ੍ਹਦਾ ਹੈਂ।

ਪਹਿਲੀ ਨਿਮਾਜ਼- ਫਜ਼ਰ ਦੀ ਹੈ, ਜੋ ਅੰਮ੍ਰਿਤ ਵੇਲੇ ਪੜ੍ਹਦੇ ਹਨ। ਛੇ ਵਜੇ ਦੇ ਕਰੀਬ

ਦੂਜੀ ਨਿਮਾਜ਼- ਜ਼ੁਹਰ ਦੀ ਹੈ, ਜੋ ਦੁਪਹਿਰ ਪਿਛੋਂ ਪੜ੍ਹਦੇ ਹਨ। ੧ ਵਜੇ ਦੇ ਕਰੀਬ

ਤੀਜੀ ਨਿਮਾਜ਼-ਅਸਰ ਦੀ ਹੈ, ਜੋ ਚਾਰ ਘੜੀ ਦਿਨ ਰਹਿੰਦੇ ਪੜ੍ਹਦੇ ਹਨ। ੪ ਵਜੇ ਦੇ ਕਰੀਬ

ਚੌਥੀ ਨਿਵਾਜ਼-ਮਗਰਬੀ ਹੈ, ਜੋ ਦਿਨ ਛਿਪਣ ਵੇਲੇ ਪੜ੍ਹਦੇ ਹਨ।

ਪੰਜਵੀਂ ਨਿਮਾਜ਼-ਇਸ਼ਾ ਦੀ ਹੈ ਜੋ ਚਾਰ ਘੜੀ ਰਾਤ ਗਈ ਪੜ੍ਹਦੇ ਹਨ। ੮ ਵਜੇ ਦੇ ਕਰੀਬ

ਪਹਿਲੀ ਫਜ਼ਰ ਦੀ ਨਿਮਾਜ਼ ਬਾਬੇ ਆਦਮ ਨੇ ਪੜ੍ਹੀ ਹੈ। ਹਨੇਰੇ ਦੇ ਦੁੱਖ ਤੋਂ ਛੁੱਟ ਕੇ।

ਦੂਜੀ ਜ਼ੁਹਰ ਦੀ ਨਿਮਾਜ਼ ਇਬਰਾਹੀਮ ਨੇ ਪੜ੍ਹੀ ਹੈ ਅੱਗ ਬਲਦੀ ਵੇਖ ਕੇ।

ਤੀਜੀ ਅਸਰ ਦੀ ਨਿਮਾਜ਼ ਯੂਨਸ ਨੇ ਪੜ੍ਹੀ ਹੈ ਮਛੀ ਦੇ ਪੇਟ ਚੋਂ ਬਾਹਰ ਨਿਕਲ ਕੇ।

ਚੌਥੀ ਮਗਰਬੀ ਨਿਮਾਜ਼ ਈਸਾ ਨੇ ਪੜ੍ਹੀ ਹੈ ਆਦਮੀਆਂ ਦੇ ਘੇਰੇ ਵਿਚੋਂ ਨਿਕਲ ਕੇ।

ਪੰਜਵੀਂ ਇਸ਼ਾ ਦੀ ਨਿਮਾਜ਼ ਮੂਸਾ ਨੇ ਪੜ੍ਹੀ ਹੈ ਬਦਲ ਤੇ ਬਿਜਲੀ ਦੇ ਡਰ ਤੋਂ ਛੁਟ ਕੇ।

ਬਿਸਮਿਲ ਇਲਾ ਉਲ ਰਹਿਮਾਨ ਉਲ ਰਹੀਮ ਲਾਇਇਲਾ ਇਲ ਇਲਾ

(ਯਹੂਦੀਏ ਇਥੋਂ ਤੱਕ ਪੜ੍ਹਦੇ ਹਨ)

ਮੁਹੰਮਦ ਰਸੂਲ ਲਿਲ ਲਿਲਾ।

(ਇਥੋਂ ਤੱਕ ਸੁੰਨੀਏਂ ਪੜ੍ਹਦੇ ਹਨ।) ਹੇ ਕਾਜ਼ੀ ! ਫਿਰ ਤੂੰ ਕਲਮਾ ਵੀ ਪੜ੍ਹਦਾ ਹੈਂ,

ਪਰ ਦਿਲ ਦੀ ਸਫਾਈ ਤੋਂ ਬਿਨਾਂ ਅਤੇ ਪੱਖਵਾਦ ਛੱਡੇ ਬਿਨਾਂ ਤੈਨੂੰ ਬਹਿਸ਼ਤ ਦੀ ਪ੍ਰਾਪਤੀ ਨਹੀਂ ਹੋਵੇਗੀ।

ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ॥ ੨ ॥

ਘਟ ਹੀ ਭੀਤਰਿ=ਰਿਦੇ ਦੇ ਅੰਦਰ ਹੀ ਜੇ ਕੋਈ ਪੁਰਸ਼ ਅੰਤ੍ਰਮੁਖ-ਬਿਰਤੀ ਕਰਨੀ ਜਾਣੇ ਤਾਂ ਇਕ ਵਾਰ ਕੀ ਸੱਤਰ ਵੇਰੀ ਕਾਬੇ ਵਿਚ ਜਾਣ ਦਾ ਮਹਾਤਮਾ ਉਸ ਨੂੰ ਪ੍ਰਾਪਤ ਹੁੰਦਾ ਹੈ।

ਦੂਜਾ ਅਰਥ-ਸਤਰਿ ਕਾਬਾ=ਪੋਸ਼ੀਦਾ ਕਾਬਾ, ਭਾਵ ਸਾਖੀ ਚੇਤਨ ਘਟ ਦੇ ਵਿਚ ਹੀ ਹੈ, ਪਰ ਜੇਕਰ ਕੋਈ ਉਸ ਨੂੰ ਜਾਨਣਾ ਕਰੇ ਤਾਂ ਤਰ ਜਾਵੇ।

ਨੋਟ-ਫਾਰਸੀ ਵਿਚ 'ਪੋਸ਼ੀਦ' ਲੁਕੀ ਚੀਜ਼ ਨੂੰ ਆਖਦੇ ਹਨ। ਸਾਖੀ ਚੇਤਨ ਜੋ ਬ੍ਰਹਮ ਹੈ ਉਹ ਵੀ ਘਟ ਦੇ ਅੰਦਰ ਲੁਕਿਆ ਹੋਇਆ ਹੈ, ਇਸ ਕਰਕੇ ਉਸ ਨੂੰ ਪੋਸ਼ੀਦਾ ਕਾਬਾ ਕਿਹਾ ਹੈ।

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥

ਨਿਮਾਜ਼ ਇਸ ਦਾ ਨਾਮ ਨਹੀਂ ਹੈ, ਜੋ ਵਿੰਗੇ ਟੇਢੇ ਹੋ ਕੇ ਝੁਕਦਿਆਂ ਰਹਿਣਾ। ਅਸਲ ਨਿਮਾਜ਼ ਦਾ ਪੜ੍ਹਨਾ ਓਹੀ ਹੈ ਜੋ ਨਿਆਂ ਦਾ ਵਿਚਾਰਨਾ ਹੈ। ਜੈਸਾ ਕਿ ਗੁਰੂ ਸਾਹਿਬ ਜੀ ਨੇ ਕਿਹਾ ਹੈ-

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਧੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥

(ਮਾਝ ਦੀ ਵਾਰ ਪੰਨਾ ੧੪੧)

ਦੂਸਰਾ ਅਰਥ-

ਨਿਮਾਜ਼ ਦਾ ਪੜ੍ਹਣਾ ਓਹੀ ਹੈ ਜੋ ਵਿਚਾਰ ਪੂਰਵਕ ਨਿਆਉਂ ਕਰਨਾ ਹੈ, ਗਰੀਬ ਦੀ ਹਮੇਸ਼ਾਂ ਸਹਾਇਤਾ ਕਰੇ। ਐਸਾ ਨਾ ਹੋਵੇ ਜਿਸ ਤਰ੍ਹਾਂ ਇਕ ਜੁਲਾਹੇ ਦਾ ਜੱਟ ਨਾਲ ਝਗੜਾ ਹੋ ਗਿਆ, ਮੁਕੱਦਮਾ ਚਲ ਪਿੱਆ, ਜੁਲਾਹੇ ਨੇ ਬੜੀ ਸੋਹਣੀ ਬਰੀਕ ਤਾਰ ਵਾਲੀ ਪੱਗ ਤਿਆਰ ਕਰਕੇ ਕਾਜ਼ੀ ਨੂੰ ਰਿਸ਼ਵਤ ਦਿੱਤੀ, ਓਧਰ ਜੱਟ ਨੇ ਵੀ ਸੂਈ ਹੋਈ, ਗਊ ਕਾਜ਼ੀ ਦੇ ਘਰ ਲਿਆ ਕੇ ਬੰਨ੍ਹ ਦਿੱਤੀ। ਕਾਜ਼ੀ ਦੇ ਘਰ ਆਮ ਦੁੱਧ ਵਗੈਰਾ ਹੋ ਗਿਆ, ਦੋ ਵੇਲੇ ਦੁੱਧ ਪੀਣ ਨੂੰ ਮਿਲ ਜਾਇਆ ਕਰੇ ਤੇ ਰੋਟੀ ਨਾਲ ਮੱਖਣ ਮਿਲਿਆ ਕਰੇ। ਜਦ ਤਾਰੀਖ ਵਾਲੇ ਦਿਨ ਦੋਵੇਂ ਫ਼ਰੀਕ ਅਦਾਲਤ ਵਿਚ ਹਾਜ਼ਰ ਹੋਏ ਤਾਂ ਕਾਜ਼ੀ ਦੀਆਂ ਗੱਲਾਂ ਜੱਟ ਦੇ ਹੱਕ ਵਿਚ ਸੁਣਕੇ ਜੁਲਾਹਾ ਆਪਣਾ ਹੱਥ ਪੱਗ ਤੇ ਰੱਖ ਕੇ ਕਾਜ਼ੀ ਨੂੰ ਯਾਦ ਕਰਾਉਂਦਾ ਹੈ ਕਿ ਮੈਂ ਤੈਨੂੰ ਪੱਗ ਦਿੱਤੀ ਹੋਈ ਹੈ, ਮੇਰੇ ਹੱਕ ਵਿਚ ਫੈਸਲਾ ਦੇਹ। ਕਾਜ਼ੀ ਨੇ ਕਿਹਾ ਮੈਂ ਤੇਰੀ ਪੱਗ ਨੂੰ ਕੀ ਕਰਾਂ ? ਤੇਰੀ ਪੱਗ ਨੂੰ ਤਾਂ ਗਊ ਖਾ ਗਈ ਹੈ। ਇਸ ਗਊ ਨੇ ਮੈਨੂੰ ਇਤਨਾ ਸੁੱਖ ਦਿੱਤਾ ਜੋ ਮੈਂ ਕਹਿ ਨਹੀਂ ਸਕਦਾ, ਇਸ ਕਰਕੇ ਫੈਸਲਾ ਉਸ ਦੇ ਹੱਕ ਵਿਚ ਹੈ। ਐਸਾ ਨਿਆਉਂ ਨਹੀਂ ਹੋਣਾ ਚਾਹੀਦਾ। ਵੇਖੋ, ਅਨਿਆਇਕਾਰੀ ਹਾਕਮ ਐਸੇ ਹੁੰਦੇ ਹਨ ਜੋ ਦੋਹਾਂ ਧਿਰਾਂ ਤੋਂ ਖਾ ਕੇ ਵੀ ਝੂਠਾ ਨਿਆਂ ਕਰਦੇ ਹਨ।

ਗੁਰੂ ਸਾਹਿਬ ਜੀ ਆਖਦੇ ਹਨ-

'ਕਲਮਾ ਅਕਲਹਿ ਜਾਨੈ' ਕਲਮੇ ਦਾ ਪੜ੍ਹਨਾ ਕਿਹੜਾ ਹੈ ?

ਉੱਤਰ-ਜਿਹੜਾ ਅਕਲਹਿ=ਅਕਲ ਸਰੂਪ ਪਰਮਾਤਮਾ ਨੂੰ ਜਾਨਣਾ ਹੈ, ਏਹੀ ਕਲਮੇ ਦਾ ਪੜ੍ਹਨਾ ਕਰੇ।

ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥ ੩ ॥

ਕਾਮ, ਕ੍ਰੋਧ; ਲੋਭ, ਮੋਹ, ਹੰਕਾਰ ਇਨ੍ਹਾਂ ਪੰਜਾਂ ਨੂੰ ਜਿਹੜਾ ਮੁਸਿ=ਲੁਟਣਾ ਹੈ, ਭਾਵ ਆਪਣੇ ਵਸ ਕਰਨਾ ਹੈ, ਇਹ ਹੇਠਾਂ ਮੁਸੱਲਾ=ਆਸਣ ਵਿਛਾਵੇ, ਤਦ ਇਹ ਦੀਨੁ=ਧਰਮ ਰੂਪ ਪ੍ਰਮੇਸ਼ਰ ਨੂੰ ਪਛਾਣ ਲਏਗਾ।

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥

ਸਾਰਿਆਂ ਵਿਚ ਪਰਮਾਤਮਾ ਨੂੰ ਪਰੀਪੂਰਨ ਜਾਣ ਕੇ, ਦਿਲ ਵਿਚ ਦਇਆ ਧਾਰਨੀ ਕਰ ਤਾਂ ਤੂੰ ਪੂਰਾ ਮੁਸਲਮਾਨ ਹੋ ਸਕਦਾ ਹੈਂ। ਅਤੇ-

ਮਨ ਦੀ ਮਨੌਤ ਨੂੰ ਫਿੱਕੀ ਜਾਣ ਕੇ ਮਾਰਨਾ ਕਰ।

ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥ ੪ ॥

ਆਪ ਵਾਹਿਗੁਰੂ ਨੂੰ ਜਾਣ ਅਤੇ ਹੋਰਨਾਂ ਨੂੰ ਜਨਾਵਣਾ ਕਰ, ਤਦ ਤੂੰ ਭਿਸਤ=ਸਵਰਗ ਦਾ ਸਰੀਕੀ=ਦਾਅਵੇਦਾਰ, ਹੱਕਦਾਰ ਹੋਵੇਂਗਾ।

ਅਥਵਾ :-ਜਿਸ ਤਰ੍ਹਾਂ ਤੂੰ ਆਪਣੇ ਆਪ ਨੂੰ ਜਾਣਦਾ ਹੈਂ ਤਿਸੀ ਤਰ੍ਹਾਂ ਹੋਰਨਾਂ ਨੂੰ ਜਾਣ ਤਦ ਤੂੰ ਬਹਿਸ਼ਤ ਦਾ ਹਿੱਸੇਦਾਰ ਹੋਵੇਂਗਾ।

ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ ॥

ਪੰਜਾਂ ਤੱਤਾਂ ਰੂਪੀ ਇਕ ਮਿੱਟੀ ਤੋਂ ਨਾਨਾ ਭੇਖ ਧਰਿ=ਬਹੁਤ ਸਾਰੇ ਅਕਾਰ ਬਣੇ ਹਨ, ਉਹਨਾਂ ਸਾਰਿਆਂ ਵਿਚ ਮੈਨੇ ਇਕ ਪਰਮਾਤਮਾ ਨੂੰ ਜਾਣਿਆ ਹੈ।

ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ ॥੫॥੪॥੧੭॥

ਕਬੀਰ ਜੀ ਆਖਦੇ ਹਨ-ਹੇ ਕਾਜ਼ੀ ! ਸਵਰਗ ਵਿਚ ਲਿਜਾਣ ਵਾਲੇ ਸ਼ੁਭ ਕਰਮਾਂ ਨੂੰ ਛੱਡ ਕੇ ਦੋਜਕ= ਨਰਕਾਂ ਵਿਚ ਲਿਜਾਣ ਵਾਲੇ ਮੰਦ ਕਰਮਾਂ ਨਾਲ ਤੇਰਾ ਮਨ ਮੰਨਿਆ ਹੋਇਆ ਹੈ॥ ੫॥ ੪॥ ੧੭॥

ਆਸਾ ॥

ਉਥਾਨਕਾ-ਪ੍ਰਾਣਾਯਾਮ ਦੇ ਕਰਨ ਵਾਲੇ ਇਕ ਜੋਗੀ ਸਾਹਿਬ ਕਬੀਰ ਜੀ ਦੇ ਬੜੇ ਮਿੱਤਰ ਸਨ, ਕਿਉਂਕਿ ਕਬੀਰ ਜੀ ਨੇ ਜੋਗੀ ਜੀ ਪਾਸੋਂ ਹਠ ਜੋਗ ਦੀ ਪ੍ਰਕਿਰਿਆ ਸਿੱਖੀ ਸੀ ਅਤੇ ਜੋਗੀ ਜੀ ਨੇ ਕਬੀਰ ਪਾਸੋਂ ਭਗਤੀ ਜੋਗ ਦੀ ਪ੍ਰਕਿਰਿਆ ਸਿੱਖੀ ਹੋਈ ਸੀ ਇਸ ਲਈ ਇਨ੍ਹਾਂ ਦੋਹਾਂ ਦੀ ਆਪਸ ਵਿਚ ਗੁਰੂ ਚੇਲੇ ਵਾਲੀ ਭਾਵਨਾ ਹੋਣ ਕਰਕੇ ਇਕ ਦੂਜੇ ਵੱਲ ਆਇਆ ਜਾਇਆ ਕਰਦੇ ਸਨ। ਇਕ ਦਿਨ ਕਬੀਰ ਜੀ ਜੋਗੀ ਦੇ ਘਰ ਜਾ ਕੇ ਮਿਲਦੇ ਸਨ, ਦੂਜੇ ਦਿਨ ਜੋਗੀ ਜੀ ਕਬੀਰ ਜੀ ਦੇ ਘਰ ਆ ਕੇ ਮਿਲਦੇ ਸਨ। ਅੱਜ ਕਬੀਰ ਜੀ ਦੇ ਪਾਸ ਜੋਗੀ ਜੀ ਦੇ ਆਉਣ ਦੀ ਵਾਰੀ ਸੀ, ਪਰੰਤੂ ਜੋਗੀ ਜੀ ਕੋਈ ਨਾ ਆਏ। ਕਬੀਰ ਜੀ ਬੜਾ ਚਿਰ ਉਡੀਕਦੇ ਰਹੇ ਕਿ ਹੁਣ ਭੀ ਆ ਜਾਂਦੇ ਹਨ, ਆਖਰ ਕੋਈ ਨਾ ਆਏ ਤਾਂ ਬਹੁਤ ਚਿੰਤਾਤੁਰ ਹੋ ਕੇ ਵਿਚਾਰਦੇ ਹਨ ਕਿ ਜੋਗੀ ਜੀ ਨੇ ਅੱਜ ਤੱਕ ਕੋਈ ਨਾਗਾ ਨਹੀਂ ਪਾਇਆ, ਆਪਣੇ ਨਿਯਮ ਅਨੁਸਾਰ ਕਈ ਸਾਲ ਆਉਂਦੇ ਰਹੇ ਹਨ, ਅੱਜ ਕੀ ਕਾਰਨ ਬਣ ਗਿਆ ਹੈ ? ਕੋਈ ਅਜਿਹਾ ਕੰਮ ਪੈ ਗਿਆ ਜਾਂ ਬੀਮਾਰ ਹੋ ਗਏ ਹਨ, ਜਿਸ ਤੇ ਨਹੀਂ ਆਏ। ਚਲੋ ਆਪ ਚਲਕੇ ਪਤਾ ਲੈ ਆਉਂਦੇ ਹਾਂ। ਜਦ ਕਈ ਤਰ੍ਹਾਂ ਦੀਆਂ ਗਿਣਤੀਆਂ ਗਿਣਦੇ ਹੋਏ ਕਬੀਰ ਜੀ ਜੋਗੀ ਜੀ ਦੇ ਘਰ ਪਹੁੰਚੇ ਤਾਂ ਕੀ ਵੇਖਿਆ ਕਿ ਜੋਗੀ ਸਾਹਿਬ ਆਪਣੀ ਸਰੀਰਕ ਯਾਤਰਾ ਪੂਰੀ ਕਰਕੇ ਅਸਾਰ ਸੰਸਾਰ ਨੂੰ ਤਿਆਗ ਗਏ ਹਨ। ਬਸ ਓਥੇ ਹੀ ਬੈਠ ਕੇ ਆਪ ਕੀਰਨੇ ਰਸ ਵਿਚ ਆਸਾ ਰਾਗੁ ਵਿਖੇ ਸ਼ਬਦ ਉਚਾਰਨ ਲੱਗ ਪਏ। ਪਹਿਲੇ 'ਰਹਾਉ' ਦੀਆਂ ਤੁਕਾਂ ਪੜ੍ਹਨੀਆਂ-

ਬਾਬਾ ਬੋਲਤੇ ਤੇ ਕਹਾ ਗਏ..... ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥

ਜਿਸ ਵੇਲੇ ਕੋਈ ਜੋਗੀ ਜੀ ਪਾਸ ਆਉਂਦਾ ਸੀ ਤਾਂ ਅੱਗੋਂ ਐਸੇ ਪਿਆਰ ਭਰੇ ਮਿੱਠੇ ਬਚਨ ਬੋਲਦੇ ਸਨ ਕਿ ਆਈਏ ਬਾਬਾ ਜੀ ! ਆਈਏ ਪਾਰਬ੍ਰਹਮ ਜੀ ! ਆਈਏ ਪਰਮੇਸ਼ਰ ਜੀ ! ਆਈਏ ਮਾਧੋ ਜੀ ! ਆਈਏ ਪਰਮ ਹੰਸ ਜੀ ! ਐਸੇ ਬਚਨਾਂ ਨੂੰ ਲੈ ਕੇ ਪਤਾ ਨਹੀਂ ਜੋਗੀ ਜੀ ਕਿਥੇ ਚਲੇ ਗਏ ਹਨ ?

ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥

ਪਹਿਲਾ ਅਰਥ-

ਜੋਗੀ ਜੀ ਦੇ ਹੁੰਦਿਆਂ ਦਸਮ ਦੁਆਰ ਚੋਂ ਹਜ਼ਾਰਾਂ ਬੂੰਦਾਂ ਜੋਗਾ-ਨੰਦ ਰੂਪੀ ਅੰਮ੍ਰਿਤ ਦੀਆਂ ਵਰ੍ਹਦੀਆਂ ਸਨ ? ਪਰ ਹੁਣ ਗਗਨ ਨਗਰਿ=ਦਸਮ ਦੁਆਰ ਵਿਚੋਂ ਯੋਗਾ-ਨੰਦ ਰੂਪੀ ਅੰਮ੍ਰਿਤ ਦੀ ਇਕ ਵੀ ਬੂੰਦ ਨਹੀਂ ਵਰ੍ਹਦੀ ਅਤੇ ਦਸਮ ਦੁਆਰ ਦੇ ਨਾਦੁ=ਸ਼ਬਦਾਂ ਦਾ ਜੋ ਆਵਾਜ਼ ਸੁਣੀਦਾ ਸੀ; ਉਹ ਹੁਣ ਪਤਾ ਨਹੀਂ ਜੋ ਕਿਥੇ ਸਮਾ ਗਿਆ ਹੈ।

ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥

ਆਈਏ ਪਾਰਬ੍ਰਹਮ ਜੀ ! ਆਈਏ ਪਰਮੇਸ਼ਰ ਜੀ ! ਆਈਏ ਮਾਧੋ ਜੀ ! ਆਈਏ ਪਰਮ ਹੰਸ ਜੀ ! ਇਹੋ ਜਿਹੇ ਮਿੱਠੇ ਮਿੱਠੇ ਤੇ ਪਿਆਰ ਭਰੇ ਬਚਨਾਂ ਨੂੰ ਆਪਣੇ ਨਾਲ ਹੀ ਲੈ ਕੇ ਸਿਧਾਨਾ=ਚਲੇ ਗਏ ਹਨ॥ ੧॥

ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ॥

ਆਈਏ ਬਾਬਾ ਜੀ ! ਇਸ ਤਰ੍ਹਾਂ ਦੇ ਪਿਆਰ ਭਰੇ ਬਚਨ ਹਰ ਇਕ ਨੂੰ ਬੋਲਦੇ ਸਨ, ਉਹ ਹੁਣ ਪਤਾ ਨਹੀਂ ਜੋ ਕਿਥੇ ਚਲੇ ਗਏ ਹਨ, ਭਾਵ ਜਿਧਰ ਜੋਗੀ ਜੀ ਗਏ ਹਨ ਉਧਰ ਇਹ ਸ਼ਬਦ ਵੀ ਚਲੇ ਗਏ ਹਨ।

ਜੋ ਇਸ ਸੁੰਦਰ ਦੇਹ ਦੇ ਨਾਲ ਰਹਿਣਾ ਕਰਦੇ ਸੀ।

ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ॥ ੧॥ ਰਹਾਉ॥

ਜਿਸ ਵੇਲੇ ਆਪਣੀ ਸੁਰਤ ਵਿਚ ਸਨ, ਭਾਵ ਜੀਵਨ ਕਲਾ ਦੇ ਸਹਿਤ ਸਨ, ਉਸ ਵੇਲੇ ਨਿਰਤੇ ਕਰਤੇ=ਨਿਰਤਕਾਰੀ ਕਰਦੇ ਸਨ।

ਅਥਵਾ :-ਸੁਰਤਿ=ਸੰਗੀਤ ਦੇ ਅਨੁਸਾਰ ਜੋ ਨਿਰਤਕਾਰੀ ਕਰਦੇ ਸਨ ਅਤੇ ਜਗਿਆਸੂਆਂ ਦੇ ਸ਼ੰਕੇ ਦੂਰ ਕਰਨ ਵਾਸਤੇ ਕਥਾ ਵਾਰਤਾ ਵੀ ਕਥਨ ਕਰਦੇ ਸਨ।

ਅਥਵਾ :-ਕਥਾ ਸ਼ਾਸਤ੍ਰਕ ਤੇ ਬਾਰਤਾ ਲੌਕਿਕ, ਦੋਨੋਂ ਹੀ ਕਰਦੇ ਸਨ॥ ੧॥

ਓਥੇ ਕਿੱਲੀ ਨਾਲ ਢੋਲਕੀ ਖਲੋਤੀ ਵੇਖ ਕੇ ਕਬੀਰ ਜੀ ਆਖਦੇ ਹਨ-

ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ॥

ਇਸ ਢੋਲਕੀ ਦੇ ਵਜਾਉਣ ਵਾਲਾ ਜੋਗੀ ਕਿਥੇ ਚਲਾ ਗਿਆ ਹੈ, ਜਿਸ ਨੇ ਇਹ ਮੰਦਰੁ=ਮੰਦਲ, ਢੋਲਕ ਨੂੰ ਬਨਾਉਣਾ ਕੀਤਾ ਹੈ।

ਅਥਵਾ :-ਮੰਦਰ ਦੀ ਤਰਫ ਖਿਆਲ ਚਲਾ ਗਿਆ ਤੇ ਆਖਦੇ ਹਨ-ਇਸ ਮੰਦਰ ਦੇ ਬਜਾਵਨ ਹਾਰੋ=ਬਨਾਉਣ ਵਾਲਾ ਜੋਗੀ ਕਿਥੇ ਚਲਾ ਗਿਆ ਹੈ, ਜਿਸ ਜੋਗੀ ਨੇ ਇਹ ਸੁੰਦਰ ਮੰਦਰ ਬਨਾਉਣਾ ਕੀਤਾ ਹੈ।

ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ॥ ੨॥

ਜੋਗੀ ਜੀ ਕਵਿਤਾ ਵੀ ਸੁਣਾਉਂਦੇ ਹੁੰਦੇ ਸਨ, ਕਵਿਤਾ ਦੇ ਤਿੰਨ ਭੇਦ ਹੁਣ ਦੱਸਦੇ ਹਨ-ਸਾਖੀ=ਦੋਹਿਰਾ, ਸਬਦੁ=ਚੌਪਈ, ਸੁਰਤਿ=ਰਮੈਣੀ ਛੇ ਤੁਕੀ, ਇਨ੍ਹਾਂ ਵਿਚੋਂ ਕੋਈ ਵੀ ਕਵਿਤਾ ਉਤਪੰਨ ਨਹੀਂ ਹੁੰਦੀ, ਕਿਉਂਕਿ ਜੋਗੀ ਜੀ ਨੇ ਆਪਣਾ ਸਾਰਾ ਤੇਜ ਸਰੀਰ ਵਿਚੋਂ ਖਿੱਚ ਲੀਤਾ ਹੈ॥ ੨॥

ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ॥

ਹੇ ਜੋਗੀ ਜੀ ! ਤੇਰੇ ਸਰੀਰ ਨਾਲ ਜੋ ਕੰਨ ਸਨ, ਉਹ ਵਿਆਕੁਲ ਹੋ ਗਏ ਹਨ ਅਤੇ ਨੱਕ, ਅੱਖਾਂ ਆਦਿ ਇੰਦਰੀਆਂ ਦਾ ਬਲ ਵੀ ਥੱਕ ਗਿਆ ਹੈ।

ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ॥ ੩॥

ਪੈਰ ਤੁਰਨੋਂ ਰਹਿ ਚੁੱਕੇ ਹਨ, ਕਰ=ਹੱਥ ਵੀ ਕੰਮ ਕਰਨ ਤੋਂ ਢਲਕ ਪਏ ਹਨ ਅਤੇ ਮੂੰਹ ਵਿਚੋਂ ਵੀ ਕੋਈ ਗੱਲ ਨਿਕਲਦੀ ਨਹੀਂ॥ ੩॥

ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਕ੍ਰਮਤੇ॥

ਪੰਜ ਦੂਤ ਜੋ ਕਾਮ ਕਰੋਧ ਆਦਿਕ ਹਨ ਤਸਕਰ ਕਹੀਏ ਚੋਰ, ਸ਼ੁਭ ਗੁਣਾਂ ਰੂਪੀ ਧਨ ਦੇ ਚੁਰਾਉਣ ਵਾਲੇ,

ਓਹ ਭੀ ਸਭ ਥੱਕ ਗਏ ਹਨ, ਜੋ ਦੂਤ ਆਪੋ ਆਪਣੀ ਤਰਫ ਜੀਵ ਨੂੰ ਭਰਮਾਉਂਦੇ ਹਨ।

ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ॥ ੪॥

ਰਿਦੇ ਥਾਂ ਵਿਖੇ ਰਹਿਣ ਵਾਲਾ ਮਨ ਰੂਪੀ ਕੁੰਚਰ=ਹਾਥੀ ਵੀ ਥੱਕ ਗਿਆ ਹੈ, ਜਿਸ ਮਨ ਦੇ ਤੇਜੁ=ਬਲ ਦੇ ਸੂਤੁ=ਪ੍ਰਕਾਰ ਨੂੰ ਧਾਰ ਕੇ ਇੰਦ੍ਰੀਏ ਰਮਤੇ=ਫਿਰਦੇ ਸਨ।

ਅਥਵਾ :-ਜਿਸ ਮਨ ਦੇ ਤੇਜ ਰੂਪੀ ਸੂਤੁ=ਸੂਤਰ ਨੂੰ ਧਾਰ ਕੇ ਇੰਦ੍ਰੀਏ ਫਿਰਦੇ ਸੀ।

ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ॥

ਜੋਗੀ ਦੇ ਮਿਰਤੂ ਹੋਣ ਤੇ ਦਸਾਂ ਪ੍ਰਾਣਾਂ ਦੇ ਬੰਧਨ ਖੁਲ੍ਹ ਗਏ ਅਤੇ ਜੋਗੀ ਨੇ ਮਿੱਤਰ ਭਾਈ ਸਭ ਛੱਡ ਦਿੱਤੇ ਹਨ।

ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ॥ ੫॥ ੫॥ ੧੮॥

ਕਬੀਰ ਜੀ ਕਹਿੰਦੇ ਹਨ-ਜੋਗੀ ਨੇ ਤਾਂ ਮਰ ਕੇ ਬੰਧਨ ਤੋੜੇ ਹਨ ਯੋਗਾ ਅਭਿਆਸੀ ਹੋਣ ਕਰਕੇ, ਪਰੰਤੂ ਜੋ ਭਗਤੀ ਮਾਰਗ ਵਿਚ ਲੱਗ ਕੇ ਹਰੀ ਨੂੰ ਧਿਆਉਂਦਾ ਹੈ ਉਸ ਨੇ ਜੀਂਵਦਿਆਂ ਜੀਂਵਦਿਆਂ ਬੰਧਨ ਤੋੜ ਦਿੱਤੇ ਹਨ॥ ੫॥ ੫॥ ੧੮॥

ਦੂਸਰਾ ਅਰਥ-

ਹਰੀ ਦੇ ਧਿਆਉਣ ਕਰਕੇ ਜਿਸ ਨੂੰ ਬ੍ਰਹਮ ਗਿਆਨ ਹੋਇਆ ਹੈ, ਹੁਣ ਉਸ ਬ੍ਰਹਮ ਗਿਆਨੀ ਦੀ ਦਸ਼ਾ ਕਥਨ ਕਰਦੇ ਹਨ-

ਅਗਿਆਨ ਕਾਲ ਵਿਚ ਸਰੀਰ ਰੂਪੀ ਨਗਰ ਵਿਚੋਂ ਗਗਨ=ਲੋਭ ਦੇ ਸਹਿਤ ਅਨੇਕਾਂ ਹੀ ਵਾਸ਼ਨਾਂ ਰੂਪ ਬੂੰਦਾਂ ਵਰ੍ਹਦੀਆਂ ਸਨ, ਪਰੰਤੂ ਹੁਣ ਬ੍ਰਹਮ ਗਿਆਨ ਹੋਣ ਕਰਕੇ-

ਗਗਨ ਨਗਰਿ ਇਕ ਬੂੰਦ ਨ ਬਰਖੈ

ਸਰੀਰ ਰੂਪੀ ਨਗਰ ਵਿਚੋਂ ਗਗਨ=ਲੋਭ ਦੇ ਸਹਿਤ ਇਕ ਭੀ ਵਾਸ਼ਨਾ ਰੂਪ ਬੂੰਦ ਨਹੀਂ ਵਰਸਦੀ।

ਨਾਦੁ ਕਹਾ ਜੁ ਸਮਾਨਾ॥

ਮੋਹ ਸਬੰਧੀ ਨਾਦੁ=ਸ਼ਬਦ ਦਾ ਪਤਾ ਹੀ ਨਹੀਂ ਜੋ ਕਿਥੇ ਸਮਾ ਗਿਆ ਹੈ।

ਅਥਵਾ :-ਹਰ ਇਕ ਦੇ ਬੂਹੇ ਤੇ ਜਾ ਕੇ ਜੋ ਨਾਦੁ=ਸ਼ਬਦ ਉਚਾਰਦੇ ਸੀ, ਭਾਵ ਤਲੀ ਅੱਡ ਕੇ ਮੰਗਦੇ ਸੀ, ਉਹ ਹੁਣ ਪਤਾ ਨਹੀਂ ਕਿਥੇ ਸਮਾ ਗਿਆ ਹੈ।

ਯਥਾ-

ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ॥

(ਆਸਾ ਮ: ੫ ਪੰਨਾ ੪੦੨)

ਪਾਰਬ੍ਰਹਮ ਪਰਮੇਸੁਰ ਮਾਧੌ ਪਰਮ ਹੰਸੁ ਲੇ ਸਿਧਾਨਾ॥ ੧॥

ਆਤਮ ਅਨਾਤਮ ਦੇ ਵਿਚਾਰ ਕਰਨ ਵਾਲੇ ਜੋ ਪਰਮਹੰਸੁ=ਤਤਵੇਤਾ ਮਹਾਤਮਾ ਹਨ, ਉਹਨਾਂ ਦੁਆਰੇ ਆਪਣੀ ਆਤਮਾ ਨੂੰ ਲੈ ਕੇ ਪਰਾਰੂਪ ਬ੍ਰਹਮ ਵਿਆਪਕ ਮਾਇਆ ਪਤੀ ਪਰਮਾਤਮਾ ਵਿਚ ਉਹ ਬ੍ਰਹਮ ਗਿਆਨੀ ਸਿਧਾਨਾ=ਲੀਨ ਹੋ ਗਿਆ ਹੈ॥ ੧॥

ਬਾਬਾ ਬੋਲਤੇ ਤੇ ਕਹਾ ਗਏ

ਅਗਿਆਨ ਕਾਲ ਵਿਚ ਪਰਮੇਸ਼ਰ ਨੂੰ ਬਾਬਾ ਕਹਿੰਦੇ ਸੀ ਆਪਣੇ ਆਪ ਨੂੰ 'ਸੇਵਕ' ਮੰਨਦੇ ਸੀ। ਇਹ ਭੇਦਵਾਦ ਵਾਲੇ ਬਚਨ ਹੁਣ ਬ੍ਰਹਮ ਗਿਆਨ ਹੋਣ ਕਰਕੇ ਕਾਲ ਵਿਚ ਪਤਾ ਨਹੀਂ ਜੇ ਕਿਥੇ ਚਲੇ ਗਏ ਹਨ।

ਦੇਹੀ ਕੇ ਸੰਗਿ ਰਹਤੇ॥

ਅਗਿਆਨ ਕਾਲ ਵਿਚ ਦੇਹੁਹੰ ਦੇ ਨਾਲ ਰਹਿੰਦੇ ਸੀ, ਹੁਣ ਬ੍ਰਹਮ ਗਿਆਨ ਹੋਣ ਕਰ ਕੇ ਦੇਹੁਹੰ ਵਲੋਂ ਅਸੰਗ ਰਹਿਣਾ ਕਰਦੇ ਹਨ।

ਅਥਵਾ :-ਦੇਹ ਵਾਲੇ ਆਤਮਾ ਦੇ ਨਾਲ ਰਹਿਣਾ ਕਰਦੇ ਹਨ।

ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ॥ ੧॥ ਰਹਾਉ॥

ਅਗਿਆਨ ਕਾਲ ਵਿਚ ਸੁਰਤਿ=ਗ੍ਰੰਥਾਂ ਵਿਚ ਲਿਖੇ ਹੋਏ ਦੇ ਅਨੁਸਾਰ ਜੋ ਨਿਰਣਾ ਕਰਦੇ ਸੀ ਅਤੇ ਕਥਾ ਵਾਰਤਾ ਕਹਿੰਦੇ ਸੀ, ਬ੍ਰਹਮ ਗਿਆਨ ਹੋਣ ਕਰਕੇ ਉਹ ਹੁਣ ਪਤਾ ਨਹੀਂ ਜੋ ਕਿਥੇ ਚਲਾ ਗਿਆ ਹੈ।

ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨਾ॥

ਵੇਦ ਰੂਪੀ ਢੋਲ ਦੇ ਬਜਾਵਨ ਹਾਰੇ=ਵਜਾਉਣ ਵਾਲਾ ਮਨ ਹੁਣ ਪਤਾ ਨਹੀਂ ਕਿਥੇ ਚਲਾ ਗਿਆ ਹੈ, ਜਿਸ ਮਨ ਨੇ ਇਹ ਵੇਦ ਰੂਪੀ ਢੋਲ ਰਚਨਾ ਕੀਤਾ ਹੈ।

ਸ਼ੰਕਾ-ਵੇਦ ਤਾਂ ਈਸ਼ਵਰ ਕ੍ਰਿਤ ਹਨ, ਆਪ ਜੀ ਨੇ ਮਨ ਕ੍ਰਿਤ ਕਹਿਆ ਹੈ, ਇਹ ਦਾ ਕੀ ਕਾਰਨ ਹੈ ?

ਉੱਤਰ-

ਇਹੁ ਮਨੁ ਸਕਤੀ ਇਹੁ ਮਨੁ ਸੀਉ॥ *(ਗਉੜੀ ਕਬੀਰ ਪੰਨਾ ੩੪੨)*

ਇਹ ਮਨ ਮਾਇਆ ਨਾਲ ਮਿਲ ਕੇ ਮਾਇਆ ਰੂਪ ਹੋ ਜਾਂਦਾ ਹੈ। ਸੀਉ=ਕਲਿਆਣ ਸਰੂਪ ਪ੍ਰਮਾਤਮਾ ਨਾਲ ਮਿਲ ਕੇ ਪ੍ਰਮੇਸ਼ਰ ਰੂਪ ਹੋ ਜਾਂਦਾ ਹੈ, ਜਿਸ ਕਾਲ ਵਿਚ ਪਰਮੇਸ਼ਰ ਸਰੂਪ ਹੁੰਦਾ ਹੈ ਉਸ ਕਾਲ ਵਿਚ ਵੇਦਾਂ ਨੂੰ ਉਚਾਰਦਾ ਹੈ, ਇਸ ਕਰਕੇ ਮਨ ਨੂੰ ਵੀ ਵੇਦਾਂ ਦਾ ਕਰਤਾ ਮੰਨਿਆ ਹੈ।

ਦੂਜੀ ਸ਼ੰਕਾ-ਵੇਦ ਨੂੰ ਆਪ ਜੀ ਨੇ ਹੀ ਢੋਲ ਕਿਹਾ ਹੈ ਜਾਂ ਹੋਰ ਕਿਸੇ ਨੇ ਵੀ ਕਿਹਾ ਹੈ ?

ਉੱਤਰ-ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਭੀ ਕਿਹਾ ਹੈ।

ਯਥਾ- ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ॥

(ਮਾਰੂ ਵਾਰ ਪੰਨਾ ੧੦੯੧)

ਅਥਵਾ :-ਸਾਰਿਆਂ ਦੇ ਬਜਾਵਨ ਹਾਰੇ=ਬਨਾਉਣ ਵਾਲਾ ਜੋ ਅਗਿਆਨ ਹੈ, ਉਸ ਦਾ ਪਤਾ ਹੀ ਨਹੀਂ ਜੋ ਕਿਥੇ ਚਲਾ ਗਿਆ ਹੈ ਜਿਸ ਅਗਿਆਨ ਨੇ ਇਹ ਸਾਰਾ ਮੰਦਰੁ=ਸੰਸਾਰ ਰਚਨਾ ਕੀਤਾ ਹੈ।

ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨਾ॥ ੨॥

ਅਗਿਆਨ ਕਾਲ ਵਿਚ ਭੇਦ ਵਾਲੀ ਦ੍ਰਿਸ਼ਟੀ ਹੋਣ ਕਰਕੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਇਹ ◆ਸਾਖੀ ਹੈ, ਇਹ ਸਾਖ* ਹੈ, ਇਹ ਸਬਦੁ=ਬ੍ਰਹਮ ਹੈ, ਇਹ ਜਗਤ ਹੈ, ਪਰ ਜਿਸ ਵੇਲੇ ਬ੍ਰਹਮ ਗਿਆਨ ਹੋਇਆ ਤਿਸ ਵੇਲੇ ਇਹ ਭੇਦਵਾਦ ਵਾਲੀ ਕੋਈ ਸੁਰਤਿ=ਗਿਆਤ ਉਤਪੰਨ ਨਹੀਂ ਹੁੰਦੀ, ਕਿਉਂਕਿ ਬ੍ਰਹਮ ਗਿਆਨ ਨੇ

◆*ਜੋ ਇੰਦ੍ਰੀਆਂ ਨੂੰ ਸਤਾ ਦੇ ਰਿਹਾ ਹੈ, ਉਸ ਨੂੰ 'ਸਾਖੀ' ਕਹਿੰਦੇ ਹਨ।*

**ਇੰਦ੍ਰੀਆਂ ਨੂੰ 'ਸਾਖ' ਕਹਿੰਦੇ ਹਨ।*

ਅਗਿਆਨ ਦਾ ਸਾਰਾ ਤੇਜ ਖਿੱਚ ਲੀਤਾ ਹੈ॥ ੨॥

ਸ੍ਰਵਨਨ ਬਿਕਲ ਭਏ ਸੰਗਿ ਜੇਂ ਇੰਦ੍ਰੀ ਕਾ ਬਲੁ ਥਾਕਾ॥

ਅਗਿਆਨ ਕਾਲ ਵਿਚ ਕੰਨ ਤੇਰ ਮੇਰ ਵਾਲੇ ਬਚਨਾਂ ਦੇ ਸੁਣਨ ਦੇ ਸੰਗੀ ਸਨ, ਹੁਣ ਬ੍ਰਹਮ ਗਿਆਨ ਹੋਣ ਕਰਕੇ ਤੇਰ ਮੇਰ ਵਾਲੇ ਬਚਨਾਂ ਦੇ ਸੁਣਨ ਵਲੋਂ ਵਿਆਕੁਲ ਹੋ ਗਏ ਹਨ, ਭਾਵ ਤੇਰ ਮੇਰ ਵਾਲੇ ਬਚਨਾਂ ਨੂੰ ਨਹੀਂ ਸੁਣਦੇ ਅਤੇ ਨੱਕ ਅੱਖਾਂ ਆਦਿ ਇੰਦ੍ਰੀਆਂ ਦਾ ਬਲ ਵੀ ਥੱਕ ਗਿਆ ਹੈ, ਭਾਵ ਇੰਦ੍ਰੀਆਂ ਹੁਣ ਵਿਸ਼ਿਆਂ ਨੂੰ ਉਤਪੰਨ ਨਹੀਂ ਕਰਦੀਆਂ।

ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ॥ ੩॥

ਪੈਰ ਖੋਟੇ ਰਸਤੇ ਵਲ ਤੁਰਨੋਂ ਰਹਿ ਗਏ ਹਨ, ਕਰ=ਹੱਥ ਚੋਰੀ ਆਦਿਕਾਂ ਵਲੋਂ ਰਹਿ ਗਏ ਹਨ, ਮੂੰਹ ਵਿਚੋਂ ਵੀ ਕੋਈ ਸੰਸਾਰਕ ਗੱਲ ਨਹੀਂ ਨਿਕਲਦੀ॥ ੩॥

ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ॥

ਪੰਚ ਦੂਤ ਜੋ ਕਾਮ ਆਦਿਕ ਹਨ, ਤਸਕਰ=ਚੋਰ, ਅਗਿਆਨ ਕਾਲ ਵਿਚ ਜੋ ਆਪੋ ਆਪਣੀ ਤਰਫ ਭਰਮਾਉਂਦੇ ਸਨ, ਉਹ ਹੁਣ ਬ੍ਰਹਮ ਗਿਆਨ ਹੋਣ ਕਰਕੇ ਸਾਰੇ ਥੱਕ ਗਏ ਹਨ।

ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ॥ ੪॥

ਮਨ ਰੂਪੀ ਕੁੰਚਰ=ਹਾਥੀ ਸੰਸਾਰਕ ਪਦਾਰਥਾਂ ਦੇ ਗ੍ਰਹਿਣ ਕਰਨ ਵਲੋਂ ਥੱਕ ਗਿਆ ਹੈ ਤੇ ਰਿਦਾ ਵੀ ਥੱਕ ਗਿਆ ਹੈ। ਜਿਸ ਅਗਿਆਨ ਦੇ ਤੇਜ ਰੂਪੀ ਸੂਤਰ ਨੂੰ ਧਾਰ ਕੇ ਮਨ ਆਦਿ ਇੰਦ੍ਰੀਏ ਰਮਤੇ=ਫਿਰਦੇ ਸੀ, ਉਸ ਅਗਿਆਨ ਦਾ ਅਭਾਵ ਹੋ ਗਿਆ ਹੈ॥ ੪॥

ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ॥

ਜਿਸ ਵੇਲੇ ਜੀਵਤ ਭਾ ਤੋਂ ਮਰੇ ਤਾਂ ਦਸੋ ਦਿਸ਼ਾਂ ਦੇ ਸਾਰੇ ਬੰਧਨ ਛੁਟ ਗਏ ਅਤੇ ਮਿੱਤ੍ਰ, ਭਾਈ, ਭੈਣ ਆਦਿ ਸੰਬੰਧੀਆਂ ਦੇ ਸਾਰੇ ਸੰਕਲਪ ਛੱਡ ਦਿੱਤੇ।

ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ॥ ੫॥ ੫॥ ੧੮॥

ਕਬੀਰ ਜੀ ਆਖਦੇ ਹਨ-ਜੋ ਪੁਰਸ਼ ਹਰੀ ਨਾਮ ਨੂੰ ਧਿਆਉਂਦਾ ਹੈ, ਉਸ ਨੂੰ ਬ੍ਰਹਮ ਗਿਆਨ ਹੁੰਦਾ ਹੈ। ਜਿਸ ਨੂੰ ਬ੍ਰਹਮ ਗਿਆਨ ਹੁੰਦਾ ਹੈ, ਉਸ ਨੇ ਜੀਂਵਦਿਆਂ ਜੀਂਵਦਿਆਂ ਦੁਨੀਆਂ ਦੇ ਸਾਰੇ ਬੰਧਨ ਤੋੜ ਦਿੱਤੇ ਹਨ॥ ੫॥ ੫॥ ੧੮॥

ਆਸਾ ਇਕਤੁਕੇ ੪॥

ਉਥਾਨਕਾ-ਇਕ ਦਿਨ ਗਰਮੀ ਦੇਂ ਮੌਸਮ ਵਿਚ ਕਬੀਰ ਜੀ ਬਾਹਰ ਬੈਠੇ ਕਥਾ ਕਰ ਰਹੇ ਸਨ, ਸੰਗਤ ਜੁੜੀ ਹੋਈ ਸੀ ਤੇ ਕਿਸੇ ਪਾਸਿਓਂ ਸਰਪਨੀ ਨਿਕਲ ਆਈ। ਲੋਕ ਉੱਠ ਕੇ ਰੌਲਾ ਪਾਉਣ ਲੱਗ ਪਏ ਕਿ 'ਸੱਪ ਓਏ, ਸੱਪ ਓਏ' ਰੌਲੇ ਦੇ ਸ਼ਾਂਤ ਕਰਨ ਵਾਸਤੇ ਕਬੀਰ ਜੀ ਕਹਿੰਦੇ ਹਨ-

ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥

ਹੇ ਭਾਈ ! ਸਰਪਨੀ ਸਰਪਨੀ ਕਿਆ ਕਹਿ ਰਹੇ ਹੋ, ਭਾਵ ਇਸ ਸਰਪਨੀ ਪਾਸੋਂ ਕੀ ਡਰਦੇ ਹੋ ? ਜੋ ਮਾਇਆ ਰੂਪ ਸਰਪਨੀ ਹਮੇਸ਼ਾਂ ਡੰਗ ਮਾਰ ਰਹੀ ਹੈ, ਉਸ ਤੋਂ ਬਚਣ ਦਾ ਖਿਆਲ ਕਰੋ।

ਸਰਪਨੀ ਤੇ ਊਪਰਿ ਨਹੀ ਬਲੀਆ॥

ਮਾਇਆ ਰੂਪ ਸਰਪਨੀ ਤੋਂ ਉਪਰ ਹੋਰ ਕੋਈ ਬਲ ਵਾਲਾ ਨਹੀਂ, ਕਿਉਂਕਿ ਇਸ ਨੇ ਸਾਰਿਆਂ ਨੂੰ ਖਾ

ਲਿਆ ਹੈ।

ਯਥਾ- ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥
ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥ (ਆਸਾ ਮਹਲਾ ੫, ਪੰਨਾ ੩੭੦)

ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ ੧॥

ਜਿਸ ਮਾਇਆ ਨੇ ਸਾਰਿਆਂ ਦੇ ਮੁਖੀ ਬ੍ਰਹਮਾ, ਵਿਸ਼ਨੂੰ, ਸ਼ਿਵ ਇਹਨਾਂ ਤਿੰਨਾਂ ਦੇਵਤਿਆਂ ਨੂੰ ਛਲ ਲਿਆ ਹੈ।

ਯਥਾ- ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

(ਗੂਜਰੀ ਵਾਰ ਪੰਨਾ ੫੧੦)

ਤਥਾ- ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ॥
ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ॥
ਬਲਵੰਤਿ ਬਿਆਪਿ ਰਹੀ ਸਭ ਮਹੀ॥ (ਗੂਜਰੀ ਮ: ੫ ਪੰਨਾ ੪੯੮)

ਤਥਾ- ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥ ਬੋਲੈ ਕਉੜਾ ਜਿਹਬਾ ਕੀ ਫੂੜਿ॥
ਸਦਾ ਭੂਖੀ ਪਿਰੁ ਜਾਨੈ ਦੂਰਿ॥ ੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥ ੧॥ ਰਹਾਉ॥
ਪਾਇ ਠਗਉਲੀ ਸਭੁ ਜਗੁ ਜੋਹਿਆ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥

(ਆਸਾ ਮਹਲਾ ੫, ਪੰਨਾ ੩੯੪)

ਸ਼ੰਕਾ-ਬ੍ਰਹਮਾ ਨੂੰ ਕੈਸੇ ਛਲਿਆ ?

ਉੱਤਰ-ਜਿਸ ਵੇਲੇ ਬ੍ਰਹਮਾ ਨੇ ਸੰਸਾਰ ਦੀ ਰਚਨਾ ਉਤਪੰਨ ਕੀਤੀ ਤਾਂ ਸੰਸਾਰ ਵਿਚ ਕੋਈ ਭੀ ਨਾ ਠਹਿਰੇ, ਤੂੰਬੀ ਲੈ ਕੇ ਸਭ ਬਣ ਵਿਚ ਚਲੇ ਜਾਣ। ਦੁਨੀਆਂ ਦੇ ਵਸਾਣ ਵਾਸਤੇ ਬ੍ਰਹਮਾ ਨੇ ਫਿਰ ਲੜਕੀ ਪੈਦਾ ਕੀਤੀ, ਉਸ ਨੂੰ ਵੇਖ ਕੇ ਬ੍ਰਹਮਾ ਪਹਿਲੇ ਆਪ ਹੀ ਮੋਹਤ ਹੋ ਗਿਆ। ਇਹ ਪ੍ਰਸੰਗ ਭਾਈ ਗੁਰਦਾਸ ਜੀ ਨੇ ਬਾਰ੍ਹਵੀਂ ਵਾਰ ਸਤਵੀਂ ਪਉੜੀ ਵਿਚ ਲਿਖਿਆ ਹੈ-

ਚਾਰੇ ਵੇਦ ਵਖਾਣਦਾ ਚਤਰ ਮੁਖੀ ਹੋਇ ਖਰਾ ਸਿਆਣਾ॥
ਲੋਕਾਂ ਨੂੰ ਸਮਝਾਇੰਦਾ ਵੇਖ ਸੁਰਸਤੀ ਰੂਪ ਲੁਭਾਣਾ॥

ਉਸ ਵੇਲੇ ਸੁਰਸਤੀ ਆਪਣੇ ਧਰਮ ਦੀ ਰੱਖਿਆ ਵਾਸਤੇ ਭੱਜ ਉੱਠੀ। ਪੂਰਬ ਪੱਛਮ, ਉੱਤਰ, ਦੱਖਣ ਚਾਰੇ ਦਿਸ਼ਾਂ ਵੱਲ ਗਈ। ਉਸ ਵੇਲੇ ਚਾਰ ਮੂੰਹਾਂ ਵਾਲਾ ਬ੍ਰਹਮਾ ਚਾਰੇ ਦਿਸ਼ਾ ਵਿਚ ਹੀ ਉਸ ਨੂੰ ਜਦ ਫੜਨ ਲੱਗਾ ਤਾਂ ਉਹ ਅਕਾਸ਼ ਨੂੰ ਉੱਡੀ, ਉਸ ਵੇਲੇ ਬ੍ਰਹਮਾ ਨੇ ਪੰਜਵਾਂ ਮੂੰਹ ਕਰ ਲਿਆ। ਇਸ ਕੌਤਕ ਨੂੰ ਵੇਖ ਕੇ ਸ਼ਿਵ ਜੀ ਨੂੰ ਬੜਾ ਗੁੱਸਾ ਆਇਆ ਤੇ ਤ੍ਰਿਸ਼ੂਲ ਲੈ ਕੇ ਉਸ ਦਾ ਪੰਜਵਾਂ ਸਿਰ ਕੱਟ ਦਿੱਤਾ ਤਾਂ ਫਿਰ ਸ਼ਰਮਿੰਦਾ ਹੋ ਕੇ ਆਪਣੀ ਪੁਤਰੀ ਮਗਰੋਂ ਹਟਿਆ।

ਸ਼ੰਕਾ-ਵਿਸ਼ਨੂੰ ਨੂੰ ਕਿਵੇਂ ਛਲਿਆ ?

ਉੱਤਰ-ਇਕ ਸਮੇਂ ਸ਼ਿਵਾਂ ਦੇ ਘਰ ਵਾਲੀ ਨੂੰ ਦੇਖ ਕੇ ਜਲੰਧਰ ਦੈਂਤ ਲੁਭਾਇਮਾਨ ਹੋ ਗਿਆ ਤੇ ਸ਼ਿਵਾਂ ਨੂੰ ਆਖਦਾ ਹੈ-ਹੇ ਸ਼ਿਵ ! ਚੰਗੀ ਗੱਲ ਤਾਂ ਇਹ ਹੈ ਕਿ ਤੂੰ ਆਪਣੀ ਇਸਤ੍ਰੀ ਸ਼ਿੰਗਾਰ ਕੇ ਆਪ ਮੇਰੇ ਘਰ ਭੇਜ ਦੇ, ਨਹੀਂ ਤਾਂ ਤ੍ਰਿਸ਼ੂਲ ਸੰਭਾਲ ਕੇ ਮੇਰੇ ਨਾਲ ਜੁਧ ਕਰ।

ਯਥਾ- ਕੈ ਸਿਵ ਨਾਰਿ ਸੀਗਾਰਕੈ, ਮਮ ਗ੍ਰਿਹ ਦੇਹ ਪਠਾਇ॥
ਨਾ ਤਰਸੂਲ ਸੰਭਾਰਕੈ ਸੰਗ ਲਰਹੁ ਮੁਰ ਆਇ॥ ੪॥

ਇਹ ਗੱਲ ਸੁਣਕੇ ਸ਼ਿਵਾਂ ਨੂੰ ਬੜਾ ਕ੍ਰੋਧ ਆਇਆ ਤੇ ਵਿਚਾਰਿਆ ਕਿ ਮੈਂ ਆਪਣੀ ਇਸਤ੍ਰੀ ਸ਼ਿੰਗਾਰ ਕੇ ਕਿਵੇਂ ਭੇਜਾਂ। ਉਸੀ ਵੇਲੇ ਤ੍ਰਿਸ਼ੂਲ ਫੜ ਲਿਆ ਤੇ ਬੜਾ ਭਾਰੀ ਜੁਧ ਹੋਇਆ। ਕਾਫੀ ਚਿਰ ਆਪਸ ਵਿਚ ਜੁਧ ਹੁੰਦਾ ਰਿਹਾ, ਆਖਰ ਸ਼ਿਵਾਂ ਨੇ ਵਿਸ਼ਨੂੰ ਨੂੰ ਯਾਦ ਕੀਤਾ ਕਿ ਆਪ ਅਵਤਾਰ ਧਾਰ ਕੇ ਇਸ ਦੈਂਤ ਦਾ ਨਾਸ ਕਰੋ। ਉਸ ਵੇਲੇ ਵਿਸ਼ਨੂੰ ਨੇ ਵਿਚਾਰਿਆ ਕਿ ਇਹ ਦੈਂਤ ਕਿਉਂ ਨਹੀਂ ਮਰਦਾ, ਇਸ ਵਿਚ ਕੀ ਕਾਰਨ ਹੈ ? ਸੋਚਦਿਆਂ ਸੋਚਦਿਆਂ ਇਹ ਪਤਾ ਲੱਗਾ ਕਿ ਇਸ ਦੀ ਇਸਤ੍ਰੀ 'ਬਿੰਦਰਾ' ਪਤੀਬ੍ਰਤ ਧਰਮ ਵਾਲੀ ਹੈ। ਜਿਤਨਾ ਚਿਰ ਉਸ ਦਾ ਪਤੀਬ੍ਰਤ ਧਰਮ ਨਾ ਟੁਟੇਗਾ, ਉਤਨਾ ਚਿਰ ਇਸ ਨੇ ਮਰਨਾ ਨਹੀਂ ਹੈ।

ਉਸ ਵੇਲੇ ਵਿਸ਼ਨੂੰ ਨੇ ਜਲੰਧਰ ਦੈਂਤ ਦਾ ਰੂਪ ਧਾਰ ਕੇ ਉਸ ਦੀ ਔਰਤ 'ਬਿੰਦਰਾ' ਪਾਸ ਆ ਕੇ ਹਾਸ-ਬਿਲਾਸ ਦੇ ਬਚਨ ਕਰਦਿਆਂ ਹੋਇਆਂ ਉਸ ਦੇ ਪਤੀਬ੍ਰਤ ਧਰਮ ਨੂੰ ਤੋੜ ਦਿੱਤਾ। ਪਿਛੋਂ 'ਬਿੰਦਰਾ' ਨੂੰ ਪਤਾ ਲੱਗਾ ਕਿ ਇਹ ਮੇਰਾ ਪਤੀ ਨਹੀਂ ਸੀ, ਇਹ ਤਾਂ ਵਿਸ਼ਨੂੰ ਨੇ ਛਲ ਕਰਕੇ ਮੇਰਾ ਧਰਮ ਤੋੜਿਆ ਹੈ, ਉਸ ਨੇ ਕ੍ਰੋਧ ਵਿਚ ਆ ਕੇ ਸਰਾਪ ਦੇ ਦਿਤਾ-'ਜਾਹ ! ਪੱਥਰ ਜਾ ਕੇ ਬਣ।'

ਵਿਸ਼ਨੂੰ ਨੇ ਕਿਹਾ ਜੇ ਮੈਂ ਪੱਥਰ ਬਣਨਾ ਹੈ ਤਾਂ ਤੂੰ ਤੁਲਸੀ ਬਣ, ਜਿਸ ਤਰ੍ਹਾਂ ਤੇਰਾ ਮੇਰਾ ਮੇਲ ਹਮੇਸ਼ਾਂ ਬਣਿਆ ਰਹੇ। ਇਸ ਵਜ੍ਹਾ ਨਾਲ ਮਾਇਆ ਨੇ ਵਿਸ਼ਨੂੰ ਜੀ ਨੂੰ ਛਲਿਆ ਹੈ।

ਸ਼ੰਕਾ-ਸ਼ਿਵ ਜੀ ਨੂੰ ਕਿਵੇਂ ਛਲਿਆ ?

ਉੱਤਰ-ਜਿਸ ਵੇਲੇ ਭਗਵਾਨ ਨੇ ਮੋਹਨੀ ਅਵਤਾਰ ਧਾਰਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਵੇਖ ਕੇ ਮਹਾਂਦੇਵ ਜੀ ਮੋਹਤ ਹੋ ਗਏ, ਮੋਹਨੀ ਅਵਤਾਰ ਅੱਗੇ ਅੱਗੇ ਤੇ ਮਹਾਂਦੇਵ ਜੀ ਪਿਛੇ ਪਿਛੇ ਦੌੜਦੇ ਗਏ। ਆਖਰਕਾਰ ਮਹਾਂਦੇਵ ਜੀ ਦਾ ਬੀਰਜ ਪਤਨ ਹੋ ਗਿਆ ਇਸ ਰੀਤੀ ਨਾਲ ਸ਼ਿਵ ਜੀ ਨੂੰ ਮਾਇਆ ਨੇ ਛਲਿਆ ਹੈ।

ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥

ਸਭ ਸੰਸਾਰੀ ਜੀਵਾਂ ਨੂੰ ਮਾਰ ਮਾਰ ਕੇ, *ਅਥਵਾ* :-ਬ੍ਰਹਮ ਲੋਕ ਨੂੰ ਮਾਰ ਕੇ ਵਿਸ਼ਨ ਲੋਕ ਨੂੰ ਮਾਰ ਕੇ, ਸ਼ਿਵ ਲੋਕ ਨੂੰ ਮਾਰ ਕੇ, ਇੰਦਰ ਲੋਕ ਨੂੰ ਮਾਰ ਕੇ ਮਾਇਆ ਰੂਪ ਸਰਪਨੀ ਨਿਰਮਲ ਨਾਮ ਜਲ ਵਾਲੇ ਸਤਿਸੰਗ ਸਰੋਵਰ ਵਿਚ ਪੈਠੀ=ਪ੍ਰਵੇਸ਼ ਕਰ ਗਈ ਹੈ।

ਅਥਵਾ :-ਕਿਸੇ ਨੂੰ ਮਾਰੁ=ਕਾਮਦੇਵ ਰੂਪ ਹੋ ਕੇ ਅਤੇ ਕਿਸੇ ਨੂੰ ਮਾਰੁ=ਵਿਹੁ ਰੂਪ ਅਰਥਾਤ ਕ੍ਰੋਧ ਰੂਪ ਹੋ ਕੇ ਮਾਰਦੀ ਹੈ।

ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥ ੧॥ ਰਹਾਉ॥

ਜਿਸ ਮਾਇਆ ਨੇ ਤਿੰਨਾਂ ਲੋਕਾਂ ਦੇ ਜੀਵਾਂ ਨੂੰ ਡੰਗਿਆ ਹੈ, ਉਸ ਮਾਇਆ ਨੂੰ ਗੁਰਾਂ ਦੀ ਕ੍ਰਿਪਾ ਨਾਲ ਮੈਂ ਖੋਟੀ ਵੇਖਿਆ ਹੈ॥ ੧॥ ਰਹਾਉ॥

ਯਥਾ- ਬਲਵੰਤਿ ਬਿਆਪਿ ਰਹੀ ਸਭ ਮਹੀ॥
ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ॥

ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥

ਹੇ ਭਾਈ ! ਤੁਸੀਂ ਪ੍ਰਤੱਖ ਸਰਪਨੀ ਸਰਪਨੀ ਕੀ ਕਹਿੰਦੇ ਹੋ ?

ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥ ੨॥

ਜਿਸ ਨੇ ਸੱਚੇ ਵਾਹਿਗੁਰੂ ਨੂੰ ਪਛਾਣਿਆ ਹੈ, ਜਿਸ ਤਤਵੇਤੇ ਮਹਾਤਮਾ ਨੇ ਮਾਇਆ ਰੂਪ ਸਰਪਨੀ ਖਾਈ=ਅਭਾਵ ਕੀਤੀ, ਭਾਵ ਮਿਥਿਆ ਰੂਪ ਨਿਸ਼ਚੇ ਕੀਤੀ ਹੈ॥ ੨॥

ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥

ਮਾਇਆ ਰੂਪ ਸਰਪਨੀ ਤੋਂ ਬਿਨਾਂ ਅਵਰਾ=ਹੋਰ ਕਿਸੇ ਵਿਚ ਵੀ ਛੂਛ=ਤੁਛਤਾ ਨਹੀਂ।

ਸ੍ਰਪਨੀ ਜੀਤੀ ਕਹਾ ਕਰੈ ਜਮਰਾ॥ ੩॥

ਜਿਸ ਪੁਰਸ਼ ਨੇ ਮਾਇਆ ਰੂਪ ਸਰਪਨੀ ਜਿੱਤ ਲਈ ਹੈ, ਤਿਸ ਨੂੰ ਜਮ ਰਾਜਾ ਕੀ ਕਰ ਸਕਦਾ ਹੈ, ਭਾਵ ਉਸ ਨੂੰ ਕੋਈ ਸਜ਼ਾ ਨਹੀਂ ਦੇ ਸਕਦਾ॥ ੩॥

[ਪੰਨਾ ੪੮੧]

ਇਹ ਸ੍ਰਪਨੀ ਤਾ ਕੀ ਕੀਤੀ ਹੋਈ॥

ਇਹ ਸ੍ਰਪਨੀ=ਮਾਇਆ ਕਰਮਾਂ ਦੇ ਅਨੁਸਾਰ ਉਸ ਪ੍ਰਮਾਤਮਾਂ ਨੇ ਲਗਾਣੀ ਕੀਤੀ ਹੋਈ ਹੈ*।

ਬਲੁ ਅਬਲੁ ਕਿਆ ਇਸ ਤੇ ਹੋਈ॥ ੪॥

ਚੇਤਨ ਦੇਵ ਤੋਂ ਬਿਨਾਂ ਇਸ ਅਬਲੁ=ਇਸਤਰੀ ਤੋਂ ਬਲ ਕੀ ਹੋ ਸਕਦਾ ਹੈ, ਕਿਉਂਕਿ ਰਾਮ ਦੀ ਸੱਤਾ ਤੋਂ ਬਿਨਾਂ ਆਪਣੇ ਆਪ ਇਹ ਕੁਝ ਨਹੀਂ ਕਰ ਸਕਦੀ।

ਯਥਾ-ਮਾਖੀ ਰਾਮ ਕੀ ਤੂ ਮਾਖੀ॥ *(ਸਾਰੰਗ ਮ: ੫, ਪੰਨਾ ੧੨੨੭)*

ਅਥਵਾ :-ਬਲ ਤੋਂ ਅਬਲੁ=ਰਹਿਤ ਹੈ, ਇਸ ਦੇ ਪਾਸੋਂ ਆਪਣੇ ਆਪ ਭਲਾ ਦੱਸੋ ਕੀ ਹੋ ਸਕਦਾ ਹੈ, ਕਿਉਂਕਿ ਇਸਤ੍ਰੀ ਜੋ ਹੋਈ, ਮਰਦ ਜਿਤਨਾ ਬਲ ਔਰਤ ਵਿਚ ਕਦੇ ਨਹੀਂ ਹੋ ਸਕਦਾ, ਭਾਵ ਜਿਤਨਾ ਬਲ ਬ੍ਰਹਮ ਵਿਚ ਹੈ, ਉਤਨਾ ਬਲ ਮਾਇਆ ਵਿਚ ਨਹੀਂ ਹੈ॥ ੪॥

ਇਹ ਬਸਤੀ ਤਾ ਬਸਤ ਸਰੀਰਾ॥

ਜਿੰਨਾ ਚਿਰ ਇਹ ਮਾਇਆ ਰਿਦੇ ਵਿਚ ਵਸਦੀ ਹੈ, ਓਨਾ ਚਿਰ ਜੀਵ ਸਰੀਰਾਂ ਵਿਚ ਵਸਦਾ ਹੈ। *ਅਥਵਾ*- ਜਿਸ ਵੇਲੇ ਇਹ ਤੀ=ਤੀਆ, ਮਾਇਆ ਵਸੀਕਾਰ ਹੋ ਗਈ ਤਾਂ ਸਰੀਰਾਂ ਵਲੋਂ ਜੀਵ ਦੀ ਭੀ ਬਸ ਹੋ ਗਈ, ਭਾਵ

**ਕਈ ਗਿਆਨੀ ਇਸ ਤੁਕ ਦਾ ਅਰਥ ਐਸੇ ਭੀ ਕਰਦੇ ਹਨ ਕਿ ਇਹ ਮਾਇਆ ਤਿਸ ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਹੈ, ਪਰ ਏਸ ਅਰਥ ਕਰਨ ਨਾਲ ਸ਼ੰਕਾ ਪੈਦਾ ਹੋ ਜਾਂਦੀ ਹੈ, ਕਿਉਂਕਿ ਵੇਦਾਂਤੀਆਂ ਨੇ ਮਾਇਆ ਨੂੰ ਅਨਾਦੀ ਮੰਨਿਆ ਹੈ।*

ਚੁਰਾਸੀ ਲੱਖ ਜੂਨ ਦੇ ਫੇਰੇ ਵਲੋਂ ਮੁਕਤ ਹੋ ਗਿਆ।

ਅਥਵਾ :-ਇਸ ਤੀਆ ਦੇ ਵਸੀਕਾਰ ਹੋਣ ਤੇ ਸਰੀਰ ਸ਼ੁਭ ਗੁਣਾਂ ਨਾਲ ਵਸਦਾ ਹੈ।

ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥ ੫ ॥ ੬ ॥ ੧੯ ॥

ਕਬੀਰ ਜੀ ਕਹਿੰਦੇ ਹਨ-ਗੁਰਾਂ ਦੀ ਕਿਰਪਾ ਕਰਕੇ ਅਸੀਂ ਸਹਜਿ=ਸੁਖੈਨ ਹੀ ਸੰਸਾਰ ਸਮੁੰਦਰ ਤੋਂ ਤਰ ਗਏ ਹਾਂ।

ਅਥਵਾ :-ਗੁਰਾਂ ਦੀ ਕਿਰਪਾ ਕਰਕੇ ਸਹਜ ਅਵਸਥਾ ਵਾਲੇ ਜੋ ਗਿਆਨਵਾਨ ਹਨ, ਉਹ ਇਸ ਮਾਇਆ ਤੋਂ ਤਰ ਗਏ, ਭਾਵ ਬਚ ਗਏ ਹਨ, ਬਲਕਿ ਉਹਨਾਂ ਦੀ ਦਾਸੀ ਹੋ ਕੇ ਉਹਨਾਂ ਅੱਗੇ ਬੇਨਤੀਆਂ ਕਰਦੀ ਰਹਿੰਦੀ ਹੈ।

ਯਥਾ- ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥
ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥ ੪ ॥ ੧ ॥

(ਆਸਾ ਮਹਲਾ ੫ ਪੰਨਾ ੩੭੦)

ਆਸਾ ॥

ਉਥਾਨਕਾ-ਕਿਸੇ ਅਨ-ਅਧਿਕਾਰੀ ਪੁਰਸ਼ ਨੂੰ ਕੋਈ ਉਪਦੇਸ਼ ਦੇ ਰਿਹਾ ਸੀ ਉਸ ਵਲ ਦੇਖ ਕੇ ਕਬੀਰ ਜੀ ਕਥਨ ਕਰਦੇ ਹਨ-

ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥

ਜੈਸੇ ਸੁਆਨ=ਕੁੱਤੇ ਨੂੰ ਸਿੰਮ੍ਰਤੀਆਂ ਦਾ ਪਾਠ ਸੁਨਾਉਣ ਦਾ ਕੀ ਲਾਭ ਹੈ, ਭਾਵ ਕੋਈ ਲਾਭ ਨਹੀਂ।

ਯਥਾ- ਖਟ ਸਾਸਤ੍ਰ ਮੂਰਖੈ ਸੁਨਾਇਆ ॥ ਜੈਸੇ ਦਹਦਿਸ਼ ਪਵਨੁ ਝੁਲਾਇਆ ॥

ਕਹਾ ਸਾਕਤ ਪਹਿ ਹਰਿ ਗੁਨ ਗਾਏ ॥ ੧ ॥

ਤੈਸੇ ਦੁਸ਼ਟ ਪੁਰਸ਼ ਦੇ ਪਾਸ ਹਰੀ ਦੇ ਗੁਣ ਗਾਉਣ ਦਾ ਕੀ ਲਾਭ ਹੈ, ਭਾਵ ਕੋਈ ਲਾਭ ਨਹੀਂ।

ਯਥਾ- ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ ॥ ਤਿਉ ਸਾਕਤ ਤੇ ਕੋ ਨ ਬਰਾਸਾਇਆ ॥ ੪ ॥

(ਭੈਰਉ ਮ: ੫, ਪੰਨਾ ੧੧੩੭)

ਰਾਮ ਰਾਮ ਰਾਮ ਰਮੇ ਰਮਿ ਰਹੀਐ ॥

ਮਨ ਕਰਕੇ ਰਾਮ ਨੂੰ ਉਚਾਰਦੇ ਰਹੀਏ, ਬਾਣੀ ਕਰਕੇ ਰਾਮ ਨੂੰ ਉਚਾਰਦੇ ਰਹੀਏ, ਤਨ ਕਰਕੇ ਵੀ ਰਾਮ ਨੂੰ ਉਚਾਰਦੇ ਰਹੀਏ। *ਅਥਵਾ* :- ਰਾਮ ਜੋ ਰਮਿਆ ਹੋਇਆ ਹੈ, ਰਮਿ=ਸੁੰਦਰ, ਉਸ ਰਾਮ ਨੂੰ ਹਰ ਵੇਲੇ ਰਮੇ ਰਹੀਏ=ਉਚਾਰਦੇ ਰਹੀਏ।

ਸਾਕਤ ਸਿਉ ਭੂਲਿ ਨਹੀ ਕਹੀਐ ॥ ੧ ॥ ਰਹਾਉ ॥

ਪਰ ਦੁਸ਼ਟ ਪੁਰਸ਼ ਦੇ ਨਾਲ ਭੁਲ ਕੇ ਵੀ ਕੁਝ ਉਪਦੇਸ਼ ਨਾ ਕਹੀਏ, ਕਿਉਂਕਿ ਅਧਿਕਾਰੀ ਤੋਂ ਬਿਨਾਂ ਨਿਸਫਲ ਚਲਾ ਜਾਂਦਾ ਹੈ।

ਯਥਾ- ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥

(ਮਾਰੂ ਵਾਰ ਪੰਨਾ ੧੦੮੬)

ਤਥਾ- ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥
ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥ ੧੫੪॥

(ਸਲੋਕ ਕਬੀਰ ਪੰਨਾ ੧੩੭੨)

ਕਉਆ ਕਹਾ ਕਪੂਰ ਚਰਾਏ॥

ਕਾਂ ਨੂੰ ਕਪੂਰ ਦੀ ਵਾਸ਼ਨਾ ਚੜ੍ਹਾਉਣ ਕਰਕੇ ਕੀ ਲਾਭ ਹੈ ? ਕੀ ਉਸ ਨੇ ਕੋਈ ਕਾਂ ਕਾਂ ਬੋਲਣ ਵਲੋਂ ਹਟ ਜਾਣਾ ਹੈ ?

ਯਥਾ- ਕਾਉਂ ਕਪੂਰ ਨ ਚਖਈ ਦੁਰਗੰਧਿ ਸੁਖਾਵੈ॥
ਹਾਥੀ ਨੀਰਿ ਨ੍ਹਵਾਲੀਐ ਸਿਰਿ ਛਾਰੁ ਉਡਾਵੈ॥

(ਭਾਈ ਗੁਰਦਾਸ ਜੀ ਵਾਰ ੩੫ ਪਉੜੀ ੨)

ਕਹ ਬਿਸੀਅਰ ਕਉ ਦੂਧੁ ਪੀਆਏ॥ ੨॥

ਬਿਸੀਅਰ=ਸੱਪ ਨੂੰ ਦੁੱਧ ਪਿਲਾਉਣ ਦਾ ਕੀ ਲਾਭ ਹੈ ? ਭਾਵ ਕੋਈ ਲਾਭ ਨਹੀਂ। ਸੱਪ ਨੂੰ ਦੁੱਧ ਪਿਲਾਣ ਕਰਕੇ ਸਗੋਂ ਦੁਣੀ ਵਿਹੁ ਵਧਦੀ ਹੈ॥ ੨॥

ਯਥਾ- ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥ ੧੬॥

(ਸੂਹੀ ਮ: ੩ ਪੰਨਾ ੭੫੫)

ਤਥਾ- ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥
ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ॥
ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥
ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥

(ਸਾਰੰਗ ਵਾਰ ਪੰਨਾ ੧੨੪੪)

ਤਥਾ- ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ॥
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ॥

(ਭਾਈ ਗੁਰਦਾਸ ਜੀ ਵਾਰ ੩੫ ਪਉੜੀ ੧)

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ॥

ਸਤਿਸੰਗਤ ਨਾਲ ਮਿਲਣ ਕਰਕੇ ਗੁਰੂ ਦੁਆਰਾ ਵਿਵੇਕ ਵਾਲੀ ਬੁੱਧੀ ਹੁੰਦੀ ਹੈ।

ਯਥਾ- ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥

(ਟੋਡੀ ਮ: ੪ ਪੰਨਾ ੭੧੧)

ਬਿਬੇਕ ਬੁੱਧੀ ਸਭ ਤੋਂ ਉੱਤਮ ਹੈ।

ਯਥਾ- ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ॥

(ਕਲਿਆਨ ਮ: ੪ ਪੰਨਾ ੧੩੨੫)

ਪਾਰਸੁ ਪਰਸਿ ਲੋਹਾ ਕੰਚਨੁ ਸੋਈ॥ ੩॥

ਜਿਸ ਤਰ੍ਹਾਂ ਪਾਰਸ ਨਾਲ ਛੋਹ ਕੇ ਲੋਹਾ ਸੋਨਾ ਹੋ ਜਾਂਦਾ ਹੈ ਤਿਵੇਂ ਮਹਾਤਮਾ ਨਾਲ ਮਿਲ ਕੇ ਲੋਹੇ ਵਾਂਗੂੰ ਪਾਪੀ ਜੀਵ ਸੋਨੇ ਵਾਂਗ ਸ਼ੁਧ ਹੋ ਜਾਂਦਾ ਹੈ॥ ੩॥

*ਯਥਾ-*ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥ *(ਗੂਜਰੀ ਮਹਲਾ ੧ ਪੰਨਾ ੫੦੫)*

*ਤਥਾ-*ਪਾਰਸ ਕੈ ਸੰਗਿ ਤਾਂਬਾ ਬਿਗਸਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥ *(ਭੈਰਉ ਕਬੀਰ ਪੰਨਾ ੧੧੫੮)*

*ਤਥਾ-*ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥ *(ਸਿਰੀਰਾਗੁ ਮ: ੩ ਪੰਨਾ ੨੭)*

*ਤਥਾ-*ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ॥ *(ਧਨਾਸਰੀ ਮ: ੧ ਪੰਨਾ ੬੬੮)*

*ਤਥਾ-*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥ *(ਮਾਰੂ ਮਹਲਾ ੧ ਪੰਨਾ ੯੯੦)*

*ਤਥਾ-*ਮਾਰੂ ਤੇ ਸੀਤਲੁ ਕਰੇ ਮਨੂਰਹੁ ਕੰਚਨੁ ਹੋਇ॥ *(ਮਾਰੂ ਮ: ੩ ਪੰਨਾ ੯੯੪)*

ਸਾਕਤੁ ਸੁਆਨੁ ਸਭੁ ਕਰੇ ਕਰਾਇਆ॥

ਸੁਆਨੁ=ਕੁੱਤੇ ਵਾਂਗੂ ਲੋਭੀ ਜੋ ਸਾਕਤ ਪੁਰਸ਼ ਹੈ ਸਭ ਪੂਰਬਲੇ ਕਰਮਾਂ ਦਾ ਕਰਾਇਆ ਹੋਇਆ ਕਰਤੱਬ ਕਰਦਾ ਹੈ।

ਜੋ ਧੁਰਿ ਲਿਖਿਆ ਸੁ ਕਰਮ ਕਮਾਇਆ॥ ੪॥

ਜੋ ਪਹਿਲੇ ਧੁਰੋਂ ਹੀ ਲੇਖ ਲਿਖਿਆ ਗਿਆ ਹੈ, ਓਹੀ ਕਰਮ ਸਾਕਤ ਨੇ ਕਮਾਇਆ ਹੈ।

ਯਥਾ- ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ॥ *(ਵਡਹੰਸੁ ਮ: ੩ ਪੰਨਾ ੫੭੧)*

ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ॥

ਅਗੋਂ ਮੰਡੂਕ ਪੁਲਤ ਨਿਆਂ ਨਾਲ ਕਥਨ ਕਰਦੇ ਹਨ-

ਸ਼ੰਕਾ-ਮੰਡੂਕ ਪੁਲਤ ਨਿਆਂ ਕਿਸ ਨੂੰ ਆਖਦੇ ਹਨ ?

*ਉੱਤਰ-*ਜਿਸ ਤਰ੍ਹਾਂ ਡੱਡੂ ਇਕ ਜਗ੍ਹਾਂ ਬੈਠਾ ਹੋਇਆ ਉਥੋਂ ਛਾਲ ਮਾਰ ਕੇ ਦੂਰ ਜਾ ਬੈਠਦਾ ਹੈ, ਵਿਚਲੀ ਜਗ੍ਹਾਂ ਐਵੇਂ ਲੰਘ ਜਾਂਦਾ ਹੈ, ਇਵੇਂ ਪਹਿਲੇ ਚਲਦੇ ਪ੍ਰਸੰਗ ਵਿਚ ਹੋਰ ਪ੍ਰਸੰਗ ਕਹਿ ਕੇ, ਫੇਰ ਉਸੇ ਪ੍ਰਸੰਗ ਨਾਲ ਪ੍ਰਸੰਗ ਜਿਹੜਾ ਮੇਲਣਾ ਹੈ, ਇਸ ਨੂੰ 'ਮੰਡੂਕ ਪੁਲਤ' ਨਿਆਂ ਆਖਦੇ ਹਨ।

ਯਥਾ-

ਕਉਆ ਕਹਾ ਕਪੂਰ ਚਰਾਏ॥ ਕਹ ਬਿਸੀਅਰ ਕਉ ਦੂਧੁ ਪੀਆਏ॥ ੨॥

ਇਸ ਪ੍ਰਸੰਗ ਅਨੁਸਾਰ ਇਹ ਤੁਕਾਂ ਮੇਲ ਖਾਂਦੀਆਂ ਹਨ-

ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ॥

ਦੁੱਧ ਸ਼ਹਿਦ ਆਦਿ ਅੰਮ੍ਰਿਤ ਨੂੰ ਲੈ ਲੈ ਕੇ ਨਿੰਮ ਦੇ ਬਿਰਖ ਨੂੰ ਸਿੰਚੀਏ ਤਾਂ-

ਕਹਤ ਕਬੀਰ ਉਆ ਕੋ ਸਹਜੁ ਨ ਜਾਈ॥ ੫॥ ੭॥ ੨੦॥

ਕਬੀਰ ਜੀ ਕਹਿੰਦੇ ਹਨ, ਉਸ ਨਿੰਮ ਦਾ ਜੋ ਸਹਿਜੇ ਕੌੜਾ ਸੁਭਾਵ ਹੈ ਉਹ ਨਹੀਂ ਜਾਂਦਾ।

ਯਥਾ- ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥
ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ॥
ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥
ਬਿਖੁ ਮਹਿ ਅੰਮ੍ਰਿਤੁ ਸੰਚੀਐ ਬਿਖੁ ਕਾ ਫਲੁ ਪਾਇਆ॥

(ਸਾਰੰਗ ਵਾਰ ਪੰਨਾ ੧੨੪੪)

ਤਥਾ- ਅੰਮ੍ਰਿਤ ਖੰਡ ਦੂਧ ਮਧੁ ਸੰਚਸਿ ਤੂਬ ਨ ਚਾਤੁਰ ਰੇ॥ *(ਮਾਰੂ ਮ: ੧ ਪੰਨਾ ੯੯੦)*

ਤਥਾ- ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ॥ ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ॥

(ਭਾਈ ਗੁਰਦਾਸ ਜੀ ਵਾਰ ੩੫ ਪਉੜੀ ੨)

ਐਸੇ ਹੀ ਦੁਸ਼ਟ ਪੁਰਸ਼ਾਂ ਨੂੰ ਪਰਮੇਸ਼ਰ ਦਾ ਨਾਮ ਸੁਨਾਣਾ ਭੀ ਕਰੀਏ ਤੋਂ ਭੀ ਉਹਨਾਂ ਨੂੰ ਕੋਈ ਅਸਰ ਨਹੀਂ ਹੁੰਦਾ।

ਆਸਾ॥

ਉਥਾਨਕਾ-ਇਕ ਸਮੇਂ ਲੋਈ ਨੇ ਆਪਣੇ ਪਤੀ ਕਬੀਰ ਜੀ ਪਾਸ ਬੇਨਤੀ ਕੀਤੀ-ਸੁਆਮੀ ਜੀ ! ਆਪ ਸਭ ਦੀਆਂ ਭਾਵਨਾਂ ਪੂਰਨ ਕਰਦੇ ਹੋ, ਕਿਰਪਾ ਕਰਕੇ ਮੇਰੇ ਦਿਲ ਦੀ ਭਾਵਨਾ ਵੀ ਪੂਰੀ ਕਰੋ, ਪਰਮਾਤਮਾ ਪਾਸੋਂ ਕੁਝ ਪਦਾਰਥ ਮੰਗ ਕੇ ਘਰ ਦੀ ਤੰਗ਼ੀ ਦੂਰ ਕਰ ਦਿਓ।

ਇਹ ਗੱਲ ਸੁਣਕੇ ਕਬੀਰ ਜੀ ਕਹਿੰਦੇ ਹਨ—

(ਰਹਾਉ ਦੀ ਪੰਗਤੀ ਤੋਂ ਅਰਥ ਸ਼ੁਰੂ ਕਰਨਾ)

ਕਿਆ ਮਾਗਉ ਕਿਛੁ ਥਿਰੁ ਨ ਰਹਾਈ॥ ਦੇਖਤ ਨੈਨ ਚਲਿਓ ਜਗੁ ਜਾਈ॥ ੧॥ ਰਹਾਉ॥

ਹੇ ਲੋਈ ! ਪਰਮਾਤਮਾ ਪਾਸੋਂ ਮੈਂ ਕੀ ਮੰਗਾਂ, ਕਿਉਂਕਿ ਸੰਸਾਰ ਵਿਚ ਕੋਈ ਪਦਾਰਥ ਥਿਰੁ=ਇਸਥਿਤ ਰਹਿੰਦਾ ਨਹੀਂ ਦਿੱਸਦਾ। ਅੱਖਾਂ ਨਾਲ ਵੇਖਦਿਆਂ ਵੇਖਦਿਆਂ ਸਾਰਾ ਜਗਤ ਚਲਿਆ ਜਾ ਰਿਹਾ ਹੈ। ਵਡਿਆਂ ਵਡਿਆਂ ਵੱਲ ਨਿਗ਼ਾ ਮਾਰ ਕੇ ਵੇਖ-

ਲੰਕਾ ਸਾ ਕੋਟੁ ਸਮੁੰਦ ਸੀ ਖਾਈ॥

ਜਿਸ ਰਾਵਣ ਦਾ ਸਾਰੀ ਲੰਕਾ ਹੀ ਕੋਟੁ=ਕਿਲ਼ਾ ਸੀ ਅਤੇ ਸਮੁੰਦਰ ਹੀ ਉਸ ਕਿਲ਼ੇ ਦੇ ਆਲੇ ਦੁਆਲੇ ਖਾਈ ਸੀ।

ਤਿਹ ਰਾਵਨ ਘਰ ਖਬਰਿ ਨ ਪਾਈ॥ ੧॥

ਰਾਵਣ ਐਸਾ ਪ੍ਰਤਾਪੀ ਸੀ ਜੋ ਤਿਸ ਰਾਵਣ ਦੇ ਘਰਾਂ ਦੀ ਖਬਰ ਨਹੀਂ ਪੈਂਦੀ ਸੀ, ਜੋ ਸਾਰੇ ਕਿੰਨੇ ਘਰ ਬਾਰ ਹਨ।

ਅਥਵਾ :-ਅੰਤ ਨੂੰ ਤਿਸ ਰਾਵਣ ਦੇ ਘਰ, ਰਾਵਣ ਦੇ ਮਰਨ ਦੀ ਖਬਰ ਕਿਸੇ ਨੇ ਨਾ ਪਾਈ= ਪਹੁੰਚਾਈ॥ ੧॥

ਕਿਆ ਮਾਗਉ ਕਿਛੁ ਥਿਰੁ ਨ ਰਹਾਈ॥

ਇਸ ਕਰਕੇ ਹੇ ਲੋਈ ! ਮੈਂ ਪਰਮਾਤਮਾ ਪਾਸੋਂ ਕੀ ਮੰਗਾਂ, ਕਿਉਂਕਿ ਦੁਨੀਆਂ ਵਿਚ ਕੁਝ ਇਸਥਿਤ ਰਹਿੰਦਾ ਦਿੱਸਦਾ ਨਹੀਂ।

ਯਥਾ- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ-

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ॥ ੧॥

(ਸੋਰਠਿ ਮਹਲਾ ੧ ਪੰਨਾ ੫੯੭)

ਦੇਖਤ ਨੈਨ ਚਲਿਓ ਜਗੁ ਜਾਈ॥ ੧॥ ਰਹਾਉ॥

ਅੱਖਾਂ ਨਾਲ ਵੇਖਦਿਆਂ ਵੇਖਦਿਆਂ ਸਾਰਾ ਸੰਸਾਰ ਚਲਿਆ ਜਾ ਰਿਹਾ ਹੈ।

ਯਥਾ- ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ॥

(ਗਉੜੀ ਕਬੀਰ ਜੀ ਪੰਨਾ ੩੨੫)

ਇਕੁ ਲਖੁ ਪੂਤ ਸਵਾ ਲਖੁ ਨਾਤੀ॥

ਜਿਸ ਰਾਵਣ ਦਾ ਇਕ ਲੱਖ ਪੁੱਤਰ ਸੀ ਅਤੇ ਸਵਾ ਲੱਖ ਨਾਤੀ=ਪੋਤਰਾ ਸੀ, ਪਰ ਅਫਸੋਸ ਹੈ ਜੋ ਇਤਨੇ ਪਰਵਾਰ ਦੇ ਹੁੰਦਿਆਂ ਸੁੰਦਿਆਂ-

ਤਿਹ ਰਾਵਨ ਘਰ ਦੀਆ ਨ ਬਾਤੀ॥ ੨॥

ਤਿਸ ਰਾਵਣ ਦੇ ਘਰ ਮਗਰੋਂ ਦੀਵਾ ਬੱਤੀ ਕਰਨ ਵਾਲਾ ਕੋਈ ਨਾ ਰਿਹਾ। ਹੋਰ ਕੀ ਆਖਣਾ ਹੈ, ਸਾਰੀ ਸੋਨੇ ਦੀ ਲੰਕਾ ਦਾ ਬਾਦਸ਼ਾਹ ਹੁੰਦਿਆਂ ਹੋਇਆਂ ਅਖੀਰ ਵੇਲੇ ਮੂੰਹ ਵਿਚ ਰੰਚਕ ਭਰ ਸੋਨਾ ਪਾਉਣਾ ਭੀ ਨਾ ਮਿਲਿਆ। ਜਿਸ ਵੇਲੇ ਦੂਤ ਨੇ ਆ ਕੇ ਰਾਵਣ ਦੇ ਮੂੰਹ ਵਿਚ ਪਾਣ ਵਾਸਤੇ ਸੋਨਾ ਮੰਗਿਆ ਤਾਂ ਭਭੀਸ਼ਣ ਨੇ ਕਿਹਾ, ਲੰਕਾ ਸ੍ਰੀ ਰਾਮ ਚੰਦ੍ਰ ਜੀ ਦੀ ਹੈ ਮੈਂ ਸੋਨਾ ਨਹੀਂ ਦੇ ਸਕਦਾ, ਤੂੰ ਉਹਨਾਂ ਪਾਸੋਂ ਜਾ ਕੇ ਮੰਗ। ਜਿਸ ਵੇਲੇ ਸ੍ਰੀ ਰਾਮ ਚੰਦ੍ਰ ਜੀ ਪਾਸੋਂ ਦੂਤ ਨੇ ਆ ਕੇ ਸੋਨਾ ਮੰਗਿਆ ਤਾਂ ਸ੍ਰੀ ਰਾਮ ਚੰਦ੍ਰ ਜੀ ਨੇ ਕਿਹਾ ਲੰਕਾ ਭਭੀਸ਼ਣ ਦੀ ਹੈ, ਸਾਡਾ ਕੋਈ ਵਾਸਤਾ ਨਹੀਂ। ਬ੍ਰਾਹਮਣ ਦੇ ਧਨ ਨੂੰ ਨਾ ਹੱਥ ਲਾਇਆ ਹੈ, ਨਾ ਹੀ ਅਗੋਂ ਲਗਾਣਾ ਹੈ। ਉਸ ਵੇਲੇ ਰਾਮ ਚੰਦ੍ਰ ਜੀ ਨੇ ਇਹ ਸ਼ਬਦ ਕਿਹਾ ਸੀ-

'ਬ੍ਰਾਹਮਣ ਕੇ ਧਨ ਤੋਂ ਸਦਾ ਬੇਮੁਖ ਰਹੋ ਭਾਈ॥'

ਚੰਦੁ ਸੂਰਜੁ ਜਾ ਕੇ ਤਪਤ ਰਸੋਈ॥ ਬੈਸੰਤਰੁ ਜਾ ਕੇ ਕਪਰੇ ਧੋਈ॥ ੩॥

ਪਹਿਲਾ ਅਰਥ-

ਚੰਦ੍ਰਮਾ ਤੇ ਸੂਰਜ ਦੋਨੋਂ ਦੇਵਤਾ ਜਿਸ ਰਾਵਣ ਦੇ ਘਰ ਤਪਤ ਰਸੋਈ=ਖਾਣਾ ਤਿਆਰ ਕਰਦੇ ਸਨ ਅਤੇ ਬੈਸੰਤਰੁ=ਅਗਨ ਦੇਵਤਾ ਜਿਸ ਰਾਵਣ ਦੇ ਕਪੜੇ ਧੋਂਦਾ ਸੀ। ਜਿਸ ਵੇਲੇ ਕਪੜੇ ਮੈਲੇ ਹੋਣੇ ਰਾਵਣ ਨੇ ਲਾਹ ਕੇ ਅੱਗ ਵਿਚ ਸੁਟ ਦੇਣੇ ਤੇ ਅਗਨ ਦੇਵਤਾ ਨੇ ਮੈਲ ਸਾੜ ਕੇ ਕਪੜੇ ਚਿੱਟੇ ਕਰਕੇ ਬਾਹਰ ਕੱਢ ਦੇਣੇ।

ਦੂਜਾ ਅਰਥ-

ਚੰਦੁ ਸੂਰਜੁ ਜਾ ਕੇ ਕਪਰੇ ਧੋਈ॥ ਬੈਸੰਤਰੁ ਜਾ ਕੇ ਤਪਤ ਰਸੋਈ॥

ਚੰਦਰਮਾ ਤੇ ਸੂਰਜ ਦੋਨੋਂ ਦੇਵਤਾ ਜਿਸ ਰਾਵਣ ਦੇ ਕਪੜੇ ਧੋਂਦੇ ਸੀ। ਚੰਦਰਮਾ ਕਪੜੇ ਧੋਂਦਾ ਸੀ, ਸੂਰਜ

ਸੁਕਾ ਕੇ ਤਹਿ ਲੱਗਾ ਕੇ ਰਾਵਣ ਦੇ ਅੱਗੇ ਲਿਆ ਰੱਖਦਾ ਸੀ ਅਤੇ ਅਗਨ ਦੇਵਤਾ ਜਿਸ ਰਾਵਣ ਦੇ ਘਰ ਰਸੋਈ ਤਿਆਰ ਕਰਦਾ ਸੀ, ਭਾਵ ਸਾਰੇ ਦੇਵਤੇ ਰਾਵਣ ਦਾ ਕੰਮ ਕਾਰ ਕਰਦੇ ਸਨ।

ਤਥਾ- ਚਉਰ ਚੰਦ੍ਰੰ ਕਰੰ ਛਤ੍ਰ ਸੂਰੰ ਧਰੰ ਬੇਦ ਬ੍ਰਹਮਾ ਰਰੰ ਦੁਆਰ ਮੇਰੇ॥
ਪਾਕਪਾਵਕ ਕਰੰ ਨੀਰ ਬਰਣੰ ਭਰੰ ਜਛ ਬਿਦਿਆ ਧਰੰ ਕੀਲ ਚੇਰੇ॥
ਅਰਬ ਖਰਬੰਪੁਰੰ ਚਰਬ ਸਰਬੰ ਕਰੇ ਦੇਖੋ ਕੈਸੋ ਕਰੋਂ ਬੀਰ ਖੇਤੰ॥
ਚਿੰਕ ਹੈ ਚਾਵਡਾ ਫਿੰਕ ਹੈ ਫਿਕਰੀ ਨਾਚ ਹੈ ਬੀਰ ਬੈਤਾਲ ਪ੍ਰੇਤੰ॥ ੩੮੩॥

(ਦਸਮ ਗ੍ਰੰਥ ਨਵੀਂ ਪੋਥੀ ਪੰਨਾ ੨੨੦)

ਆਖਿਰ ਨੂੰ ਰਾਵਣ ਸਭ ਕੁਝ ਛੱਡ ਕੇ ਖਾਲੀ ਹੱਥ ਚਲਾ ਗਿਆ ਹੈ।

ਗੁਰਮਤਿ ਰਾਮੈ ਨਾਮਿ ਬਸਾਈ॥ ਅਸਿਥਰੁ ਰਹੈ ਨ ਕਤਹੂੰ ਜਾਈ॥ ੪॥

ਇਹ ਗੱਲ ਜਾਣ ਕੇ ਗੁਰਾਂ ਦੀ ਸਿੱਖਿਆ ਦੁਆਰਾ ਰਾਮ ਨਾਮ ਦੀ ਪ੍ਰੀਤੀ ਮੈਨੇ ਆਪਣੇ ਹਿਰਦੇ ਵਿਚ ਵਸਾਈ ਹੈ। ਯਥਾ-

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥
ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ॥

(ਵਡਹੰਸ ਕੀ ਵਾਰ ਪੰਨਾ ੫੯੪)

ਇਸ ਕਰਕੇ ਅਸਥਿਰੁ=ਅਚਲ ਰਹਿੰਦਾ ਹੈ। ਮੇਰਾ ਮਨ ਹੋਰ ਕਿਧਰੇ ਜਾਂਦਾ ਨਹੀਂ॥ ੪॥

ਕਹਤ ਕਬੀਰ ਸੁਨਹੁ ਰੇ ਲੋਈ॥

ਕਬੀਰ ਜੀ ਕਹਿੰਦੇ ਹਨ, ਹੇ ਲੋਈ ! ਤੂੰ ਸੁਣਨਾ ਕਰ।

ਰਾਮ ਨਾਮ ਬਿਨੁ ਮੁਕਤਿ ਨ ਹੋਈ॥ ੫॥ ੮॥ ੨੧॥

ਰਾਮ ਨਾਮ ਜਪੇ ਬਿਨਾਂ ਮੁਕਤੀ ਨਹੀਂ ਹੁੰਦੀ।

ਯਥਾ- ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕੁ ਕਹੈ ਵੀਚਾਰਾ॥

(ਆਸਾ ਮਹਲਾ ੧ ਪੰਨਾ ੪੩੭)

ਇਸ ਕਰਕੇ ਦੁਨੀਆਂ ਦੇ ਪਦਾਰਥਾਂ ਦਾ ਸੰਕਲਪ ਛੱਡ ਕੇ ਤੂੰ ਕੇਵਲ ਰਾਮ ਨਾਮ ਜਪਣਾ ਕਰ॥ ੫॥ ੮॥ ੨੧॥

ਆਸਾ॥

ਉਥਾਨਕਾ-ਭਗਤ ਜੀ ਦੇ ਪਾਸ ਸੇਵਕਾਂ ਨੇ ਬੇਨਤੀ ਕੀਤੀ ਸੰਸਾਰ ਸੱਤ ਹੈ ਕਿ ਅਸੱਤ ?

ਉੱਤਰ-ਸੰਸਾਰ ਤਿੰਨ ਕਾਲ ਹੀ ਅਸੱਤ, ਭਾਵ ਝੂਠਾ ਹੈ।

ਪਹਿਲਾ ਪੂਤੁ ਪਿਛੈਰੀ ਮਾਈ॥ ਗੁਰੁ ਲਾਗੋ ਚੇਲੇ ਕੇ ਪਾਈ॥ ੧॥

ਪਹਿਲਾ ਅਰਥ-

ਜਿਸ ਤਰ੍ਹਾਂ ਕੋਈ ਕਹੇ, ਪਹਿਲੇ ਪੁੱਤਰ ਜੰਮਿਆ ਹੈ ਅਤੇ ਪਿਛੋਂ ਮਾਂ ਜੰਮੀ ਹੈ ਅਤੇ ਗੁਰੂ ਮੁਕਤ ਹੋਣ ਵਾਸਤੇ ਚੇਲੇ ਦੀ ਪੈਰੀਂ ਲੱਗਾ ਹੈ॥ ੧॥

ਏਕੁ ਅਚੰਭਉ ਸੁਨਹੁ ਤੁਮ੍ ਭਾਈ॥
ਦੇਖਤ ਸਿੰਘੁ ਚਰਾਵਤ ਗਾਈ॥ ੧॥ ਰਹਾਉ॥

ਹੇ ਭਾਈ ! ਏਸੇ ਤਰ੍ਹਾਂ ਇਕ ਹੋਰ ਅਸਚਰਜ ਦੀ ਗੱਲ ਤੁਸੀਂ ਸੁਣਨਾ ਕਰੋ।

ਜਿਸ ਤਰ੍ਹਾਂ ਕੋਈ ਕਹੇ, ਮੇਰੇ ਵੇਖਦਿਆਂ ਵੇਖਦਿਆਂ ਸਿੰਘੁ=ਸ਼ੇਰ ਗਊਆਂ ਨੂੰ ਹਰੇ ਹਰੇ ਘਾਹ 'ਪਰ ਚਰਾਂਦਾ ਹੈ॥ ੧॥

ਜਲ ਕੀ ਮਛੁਲੀ ਤਰਵਰਿ ਬਿਆਈ॥

ਹਮੇਸ਼ਾਂ ਹੀ ਜਲ ਵਿਚ ਰਹਿਣ ਵਾਲੀ ਮੱਛੀ ਤਰਵਰਿ=ਬ੍ਰਿਛ ਉੱਤੇ ਚੜ੍ਹ ਕੇ ਬਿਆਈ=ਪਰਸੂਤ ਹੋਈ ਹੈ।

ਦੇਖਤ ਕੁਤਰਾ ਲੈ ਗਈ ਬਿਲਾਈ॥ ੨॥

ਵੇਖਦਿਆਂ ਵੇਖਦਿਆਂ ਕੁਤਰਾ=ਕਤੂਰੇ ਨੂੰ ਚੁੱਕ ਕੇ ਬਿਲਾਈ=ਬਿੱਲੀ ਲੈ ਗਈ ਹੈ।

ਤਲੈ ਰੇ ਬੈਸਾ ਊਪਰਿ ਸੂਲਾ॥ ਤਿਸ ਕੈ ਪੇਡਿ ਲਗੇ ਫਲ ਫੂਲਾ॥ ੩॥

ਬਿਰਛ ਦੀਆਂ ਬੈਸਾ=ਟਾਹਣੀਆਂ ਤਲੈਰੇ=ਹੇਠਾਂ ਹਨ, ਸੂਲਾ=ਮੁੱਢ ਉਪਰ ਨੂੰ ਹੈ।

ਤਿਸ ਬ੍ਰਿਛ ਦੇ ਪੇਡਿ=ਮੁਢ ਨਾਲ ਫਲ ਅਤੇ ਫੁੱਲ ਲੱਗੇ ਹਨ। ਹੋਰ ਅਸਚਰਜ ਸੁਣੋ-

ਘੋਰੈ ਚਰਿ ਭੈਸ ਚਰਾਵਨ ਜਾਈ॥

ਘੋੜੇ ਉੱਤੇ ਚੜ੍ਹ ਕੇ ਮੱਝ ਘੋੜੀਆਂ ਨੂੰ ਹਰੇ ਹਰੇ ਘਾਹ ਚਰਾਉਣ ਜਾਂਦੀ ਹੈ।

ਬਾਹਰਿ ਬੈਲੁ ਗੋਨਿ ਘਰਿ ਆਈ॥ ੪॥

ਜਿਸ ਤਰ੍ਹਾਂ ਕੋਈ ਕਹੇ ਬੈਲ ਤਾਂ ਬਾਹਰ ਖੜਾ ਹੈ ਤੇ ਗੋਨਿ=ਛੱਟ ਘਰ ਆ ਗਈ ਹੈ।

ਕਹਤ ਕਬੀਰ ਜੁ ਇਸ ਪਦ ਬੂਝੈ॥
ਰਾਮ ਰਮਤ ਤਿਸੁ ਸਭੁ ਕਿਛੁ ਸੂਝੈ॥ ੫॥ ੯॥ ੨੨॥

ਕਬੀਰ ਜੀ ਕਹਿੰਦੇ ਹਨ-ਜੋ ਇਸ ਪਦੇ ਨੂੰ ਬੁਝਦਾ ਹੈ, ਭਾਵ ਇਹ ਨਿਸਚੇ ਕਰਦਾ ਹੈ ਕਿ ਜਿਸ ਤਰ੍ਹਾਂ ਉਪਰਲੀਆਂ ਕਹੀਆਂ ਗੱਲਾਂ ਸਾਰੀਆਂ ਝੂਠੀਆਂ ਹਨ ਐਸੇ ਸੰਸਾਰ ਵੀ ਅਸੱਤ ਹੈ, ਤਿੰਨ ਕਾਲ ਜਗਤ ਹੋਇਆ ਹੀ ਨਹੀਂ ਅਤੇ ਜੋ ਵਾਹਿਗੁਰੂ ਨਾਮ ਨੂੰ ਰਮਤ=ਉਚਾਰਦਾ ਹੈ, ਤਿਸ ਨੂੰ ਸਭ ਕੁਝ ਸੁਝ ਆਉਂਦਾ ਹੈ॥ ੫॥ ੯॥ ੨੨॥

ਦੂਜਾ ਅਰਥ-

ਜੀਵ ਦੀ ਅਵਸਥਾ ਕਥਨ ਕਰਦੇ ਹਨ-

ਪਹਿਲਾ ਪੂਤੁ

ਜਿਸ ਵੇਲੇ ਜੀਵ ਪਹਿਲੇ ਮਾਂ ਦੇ ਪੇਟ ਵਿਚ ਰਹਿ ਕੇ ਭਜਨ ਸਿਮਰਨ ਕਰਦਾ ਸੀ, ਉਸ ਵੇਲੇ ਤਾਂ ਪੂਤੁ=ਪਵਿੱਤ੍ਰ ਸੀ ਅਤੇ ਸੋ ਜਨਮ ਦੀ ਇਸ ਨੂੰ ਖਬਰ ਸੀ।

ਪਿਛੈਰੀ ਮਾਈ॥

ਜਦ ਮਾਂ ਦੇ ਪੇਟ ਤੋਂ ਬਾਹਰ ਆਇਆ ਤਾਂ ਮਾਈ=ਮਾਇਆ ਇਸ ਦੇ ਪਿਛੈਰੀ=ਮਗਰ ਲੱਗ ਗਈ। ਜਿਸ ਵੇਲੇ ਦਾਈ ਨੇ ਮਿੱਠੇ ਵਾਲੀ ਉਂਗਲ ਚੁਸਾਈ ਉਸੀ ਵੇਲੇ ਜੀਵ ਦੁਨੀਆਂ ਦੇ ਰਸ ਵਿਚ ਲੱਗ ਕੇ ਪਰਮਾਤਮਾ ਨੂੰ ਭੁਲਾ ਦੇਂਦਾ ਹੈ।

ਯਥਾ- ਵਿਚਹੁ ਗਰਭੈ ਨਿਕਲਿ ਆਇਆ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥

(ਮਾਰੂ ਮਃ ੫ ਪੰਨਾ ੧੦੦੭)

ਗੁਰੁ ਲਾਗੌ ਚੇਲੇ ਕੀ ਪਾਈ॥ ੧॥

ਗੁਰੁ=ਜੀਵ ਆਪਣੀ ਤਾਕਤ ਨੂੰ ਛੱਡ ਕੇ ਚੇਲੇ=ਮਨ ਦੀ ਪੈਰੀਂ ਲੱਗ ਪਿਆ; ਅਰਥਾਤ ਮਨ ਦੇ ਕਹੇ ਅਨੁਸਾਰ ਜੀਵ ਚਲਦਾ ਹੈ।

ਏਕੁ ਅਚੰਭਉ ਸੁਨਹੁ ਤੁਮ੍ ਭਾਈ॥

ਹੇ ਭਾਈ ! ਤੁਸੀਂ ਇਕ ਅਸਚਰਜ ਦੀ ਗੱਲ ਸੁਨਣਾ ਕਰੋ।

ਦੇਖਤ ਸਿੰਘੁ ਚਰਾਵਤ ਗਾਈ॥ ੧॥ ਰਹਾਉ॥

ਸਭ ਦੇ ਵੇਖਦਿਆਂ ਵੇਖਦਿਆਂ ਮਲਨ ਹੰਕਾਰ ਰੂਪੀ ਸ਼ੇਰ ਗਾਈ=ਇੰਦਰੀਆਂ ਨੂੰ ਵਿਸ਼ਿਆਂ ਰੂਪੀ ਹਰੇ ਘਾਹ ਤੇ ਚਰਾਉਂਦਾ ਹੈ।

ਜਲ ਕੀ ਮਛੁਲੀ ਤਰਵਰਿ ਬਿਆਈ॥

ਨਾਮ ਜਲ ਵਿਚ ਰਹਿਣ ਵਾਲੀ ਬੁੱਧੀ ਰੂਪੀ ਮੱਛੀ ਸੰਸਾਰ ਰੂਪੀ ਬ੍ਰਿਛ ਉੱਤੇ ਬੈਠ ਕੇ ਅਸ਼ੁਭ ਗੁਣ ਨੂੰ ਬਿਆਈ=ਪਰਸੂਤ ਕਰਦੀ ਹੈ।

ਦੇਖਤ ਕੁਤਰਾ ਲੈ ਗਈ ਬਿਲਾਈ॥ ੨॥

ਵੇਖਦਿਆਂ ਵੇਖਦਿਆਂ ਸੰਤੋਖ ਰੂਪੀ ਕੁੱਤੇ ਨੂੰ ਲੋਭ ਦੀ ਬਿਰਤੀ ਰੂਪੀ ਬਿੱਲੀ ਲੈ ਗਈ।

ਤਲੈ ਰੇ ਬੈਸਾ ਊਪਰਿ ਸੂਲਾ॥

ਸ਼ੁਭ ਵਾਸ਼ਨਾ ਰੂਪੀ ਟਾਹਣੀਆਂ ਥਲੇ ਹੋ ਗਈਆਂ ਅਤੇ ਅਵਿਚਾਰ ਰੂਪੀ ਮੁੱਢ ਉਪਰ ਹੋ ਗਿਆ, ਭਾਵ ਸ਼ੁਭ ਵਾਸ਼ਨਾਂ ਨਾਸ ਹੋ ਗਈਆਂ ਤੇ ਖੋਟਾ ਵਿਚਾਰ ਮੁਖ ਹੋ ਗਿਆ।

ਤਿਸ ਕੈ ਪੋਡਿ ਲਗੇ ਫਲ ਫੂਲਾ॥ ੩॥

ਤਿਸ ਅਵਿਚਾਰ ਰੂਪੀ ਮੁਢ ਦੇ ਨਾਲ ਅਧਰਮ ਰੂਪੀ ਫੁਲ ਅਤੇ ਨਰਕ ਦੀ ਪ੍ਰਾਪਤੀ ਰੂਪ ਫਲ ਲੱਗ ਰਹੇ ਹਨ।

ਘੋਰੈ ਚਰਿ ਭੈਸ ਚਰਾਵਨ ਜਾਈ॥

ਚਿਤ ਰੂਪੀ ਘੋੜੇ ਉੱਤੇ ਚੜ੍ਹ ਕੇ ਬੁੱਧੀ ਰੂਪੀ ਭੈਂਸ ਇੰਦ੍ਰੀਆਂ ਨੂੰ ਆਸ਼ਾ ਤ੍ਰਿਸ਼ਨਾ ਰੂਪੀ ਨਦੀ ਦੇ ਕਿਨਾਰੇ ਵਿਸ਼ਿਆਂ ਰੂਪੀ ਘਾਸ ਚਰਾਵਣ ਜਾਂਦੀ ਹੈ।

ਬਾਹਰਿ ਬੈਲੁ ਗੋਨਿ ਘਰਿ ਆਈ॥ ੪॥

ਉੱਦਮ, ਅਥਵਾ ਧਰਮ ਰੂਪੀ ਬੈਲ ਤਾਂ ਬਾਹਰ ਰਿਹਾ ਅਤੇ ਕੇਵਲ ਤ੍ਰਿਸ਼ਨਾ ਰੂਪੀ ਗੋਨਿ=ਛੱਟ ਸਰੀਰ ਘਰ ਵਿਚ ਆਈ ਹੈ॥ ੪॥

ਤੀਜਾ ਅਰਥ-

ਏਕੁ ਅਚੰਭਉ ਸੁਨਹੁ ਤੁਮ੍ ਭਾਈ॥

ਹੇ ਭਾਈ ਇਕ ਹੋਰ ਅਸਚਰਜ ਦੀ ਗੱਲ ਸੁਣੋ-

ਪਹਿਲਾ ਪੂਤੁ ਪਿਛੈਰੀ ਮਾਈ॥ ਗੁਰੁ ਲਾਗੋ ਚੇਲੇ ਕੀ ਪਾਈ॥ ੧॥

ਜਿਸ ਵੇਲੇ ਚੇਲਾ ਪਹਿਲੇ ਆਪਣੇ ਸਤਿਗੁਰਾਂ ਦੀ ਚਰਨੀਂ ਲੱਗਾ ਤੇ ਪਿਛੈਰੀ ਮਾਈ=ਮਾਇਆ ਨੂੰ ਪਿਛੇ ਸੁਟਿਆ ਤਾਂ ਪੂਤੁ=ਪਵਿੱਤਰ ਹੋ ਗਿਆ।

*ਅਥਵਾ-*ਚੇਲਾ=ਮਨ ਜਿਸ ਵੇਲੇ ਗੁਰੂ=ਜੀਵ ਦੀ ਪੈਰੀਂ ਲੱਗਾ, ਭਾਵ ਜੀਵ ਦੇ ਅਨੁਸਾਰ ਹੋ ਕੇ ਚਲਿਆ ਤੇ ਮਾਇਆ ਦੀ ਇੱਛਾ ਨੂੰ ਪਿਛੇ ਸੁਟਿਆ ਤਾਂ ਪੂਤੁ=ਪਵਿੱਤ੍ਰ ਹੋ ਗਿਆ।

ਦੇਖਤ ਸਿੰਘੁ ਚਰਾਵਤ ਗਾਈ॥ ੧॥ ਰਹਾਉ॥

ਵੇਖਦਿਆਂ ਵੇਖਦਿਆਂ ਸ਼ੁਧ ਹੰਕਾਰ ਰੂਪੀ ਸ਼ੇਰ ਗਾਈ=ਇੰਦ੍ਰੀਆਂ ਨੂੰ ਪਰਮੇਸ਼ਰ ਦੀ ਤਰਫ ਚਲਾਂਦਾ ਹੈ।

ਜਲ ਕੀ ਮਛੁਲੀ ਤਰਵਰਿ ਬਿਆਈ॥

ਪਦਾਰਥ ਅਥਵਾ ਵਿਸ਼ਿਆਂ ਰੂਪ ਜਲ ਵਿਚ ਰਹਿਣ ਵਾਲੀ ਬੁੱਧੀ ਰੂਪ ਮੱਛੀ=ਸਤਿਸੰਗਤ ਰੂਪ ਬ੍ਰਿਛ 'ਪਰ ਸ਼ੁਭ ਗੁਣਾਂ ਨੂੰ ਪਰਸੂਤ ਕਰਦੀ ਹੋਈ।

ਦੇਖਤ ਕੁਤਰਾ ਲੈ ਗਈ ਬਿਲਾਈ॥ ੨॥

ਸੰਤੋਖ ਦੀ ਬਿਰਤੀ ਰੂਪ ਬਿੱਲੀ, ਲੋਭ ਰੂਪੀ ਕਤੂਰੇ ਨੂੰ ਵੇਖਦਿਆਂ ਵੇਖਦਿਆਂ ਲੈ ਗਈ, ਭਾਵ ਸੰਤੋਖ ਨੇ ਲੋਭ ਨੂੰ ਮਾਰ ਦਿੱਤਾ।

ਤਲੈ ਰੇ ਬੈਸਾ ਊਪਰਿ ਸੂਲਾ॥

ਅਸ਼ੁਭ ਵਾਸ਼ਨਾ ਰੂਪ ਟਾਹਣੀਆਂ ਹੇਠ ਹੋ ਗਈਆਂ ਅਤੇ ਵਿਚਾਰ ਰੂਪੀ ਮੁੱਢ ਉਪਰ ਹੋ ਗਿਆ, ਭਾਵ ਬਲੀ ਹੋ ਗਿਆ।

ਤਿਸ ਕੈ ਪੋਡਿ ਲਗੇ ਫਲ ਫੂਲਾ॥ ੩॥

ਤਿਸ ਵਿਚਾਰ ਰੂਪ ਮੁਢ ਦੇ ਨਾਲ ਧਰਮ ਰੂਪ ਫੁਲ ਅਤੇ ਬ੍ਰਹਮ ਗਿਆਨ ਰੂਪੀ ਫਲ ਲੱਗੇ ਹਨ।

ਯਥਾ- ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥

(ਵਾਰ ਮਾਝ ਪੰਨਾ ੧੪੭)

ਘੋਰੈ ਚਰਿ ਭੈਸ ਚਰਾਵਨ ਜਾਈ॥

ਚਿਤ ਰੂਪੀ ਘੋੜੇ 'ਪਰ ਚੜ੍ਹ ਕੇ ਸ਼ੁਧ ਬੁੱਧੀ ਰੂਪੀ ਭੈਂਸ ਸ਼ੁਭ ਗੁਣਾਂ ਰੂਪੀ ਹਰੇ ਘਾਹ ਨੂੰ ਚਰਾਉਣ ਜਾਂਦੀ ਹੈ।

ਬਾਹਰਿ ਬੈਲੁ ਗੋਨਿ ਘਰਿ ਆਈ॥ ੪॥

ਆਂਲਸ, ਅਥਵਾ ਅਧਰਮ ਰੂਪੀ ਬੈਲ ਤਾਂ ਬਾਹਰ ਰਹਿ ਗਿਆ, ਕੇਵਲ ਸ਼ਾਂਤੀ ਰੂਪ ਗੁਣ ਘਰਿ=ਹਿਰਦੇ ਵਿਚ ਆ ਕੇ ਪ੍ਰਾਪਤ ਹੋਈ ਹੈ।

ਚਉਥਾ ਅਰਥ-

ਪ੍ਰਸ਼ਨ-ਪਰਮਾਤਮਾ ਨੂੰ ਕਿਸ ਤਰ੍ਹਾਂ ਉਚਾਰਨ ਕਰੇ ?

ਉੱਤਰ- ਗੁਰਾਂ ਦੁਆਰੇ ਉਚਾਰਨ ਕਰੇ।

ਪ੍ਰਸ਼ਨ-ਗੁਰਾਂ ਪਾਸ ਕਿਸ ਤਰ੍ਹਾਂ ਆਵੇ ?

ਉੱਤਰ-ਅੰਤਹਕਰਣ ਵਿਚ ਤਿੰਨ ਦੋਸ਼ ਹਨ-ਮਲ, ਵਿਖੇਪ, ਅਵਰਨ।

ਪਹਿਲਾ ਪੂਤੁ

ਸਭ ਤੋਂ ਪਹਿਲੇ ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੀ ਨਵਿਰਤੀ ਕਰੇ ਤੇ ਉਪਾਸ਼ਨਾ ਕਰਕੇ ਵਿਖੇਪ= ਚੰਚਲਤਾ ਦੋਸ਼ ਦੀ ਨਵਿਰਤੀ ਕਰੇ ਤਾਂ ਪੂਤੁ=ਪਵਿੱਤ੍ਰ ਹੁੰਦਾ ਹੈ।

ਪਿਛੈਰੀ ਮਾਈ॥

ਫਿਰ ਮਾਈ ਮਾਇਆ ਨੂੰ ਪਿਛੇ ਪਾਵੇ, ਅਰਥਾਤ ਵੈਰਾਗ ਆਦਿ ਸਾਧਨਾਂ ਨੂੰ ਧਾਰਨ ਕਰੇ।

ਗੁਰੁ ਲਾਗੌ ਚੇਲੇ ਕੀ ਪਾਈ॥ ੧॥

ਚਾਰ ਸਾਧਨ ਸਪੰਨ ਹੋ ਕੇ ਫਿਰ ਚੇਲੇ ਨੂੰ ਚਾਹੀਦਾ ਹੈ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਪੂਰਨ ਗੁਰਾਂ ਦੀ ਚਰਨੀਂ ਲਗਣਾ ਕਰੇ।

ਏਕੁ ਅਚੰਭਉ ਸੁਨਹੁ ਤੁਮ੍ ਭਾਈ॥

ਚਰਨੀਂ ਲੱਗ ਕੇ ਹੇ ਭਾਈ ! ਤੁਸੀਂ ਏਕਤਾ ਬੋਧਕ ਬਚਨ* ਅਤੇ ◇ਅਚੰਭਉ=ਮਿਥਿਆ ਬੋਧਕ ਬਚਨ ਸੁਣਨਾ ਕਰੋ।

ਦੇਖਤ ਸਿੰਘੁ ਚਰਾਵਤ ਗਾਈ॥ ੧॥ ਰਹਾਉ॥

ਤਾਂ ਉਸ ਸਿੰਘੁ=ਚੇਤਨ ਦੇਵ ਨੂੰ ਵੇਖਦਾ ਹੈ ਜੋ ਚੇਤਨ ਆਪਣੀ ਸਤਾ ਸੁਫਰਤੀ ਦੁਆਰਾ ਗਾਈ=ਇੰਦ੍ਰੀਆਂ ਨੂੰ ਚਰਾਵਤ=ਚਲਾਉਂਦਾ ਹੈ।

ਜਲ ਕੀ ਮਛੁਲੀ ਤਰਵਰਿ ਬਿਆਈ॥

ਪਦਾਰਥਾਂ ਰੂਪ ਜਲ ਵਿਚ ਰਹਿਣ ਵਾਲੀ ਬੁਧੀ ਰੂਪੀ ਮੱਛੀ ਜੀਵਨ ਮੁਕਤ ਅਨੰਦ ਲੈਣ ਵਾਸਤੇ ਬ੍ਰਹਮ

**ਤੂ ਸਦਾ ਸਲਾਮਤਿ ਨਿਰੰਕਾਰ॥*

ਇਤਿਆਦਿ ਅਭੇਦ ਬੋਧਕ ਬਚਨਾਂ ਨੂੰ ਏਕਤਾ ਬੋਧਕ ਬਚਨ ਆਖਦੇ ਹਨ।

◇ਅਚੰਭਉ ਨਾਮ ਅਸਚਰਜ ਦਾ ਹੈ, ਅਸਚਰੰਜ ਦੋ ਵਸਤੂਆਂ ਵਿਚ ਘਟਦਾ ਹੈ-ਬ੍ਰਹਮ ਵਿਚ ਜਾਂ ਮਾਇਆ ਵਿਚ। ਇਥੇ ਅਸਚਰਜ ਦਾ ਅਰਥ ਮਾਇਆ ਕਰਨਾ ਤੇ ਮਾਇਆ ਤਿੰਨ ਕਾਲ ਹੀ ਮਿਥਿਆ ਹੈ, ਏਸ ਕਰਕੇ ਅਚੰਭਉ ਦਾ ਅਰਥ ਮਿਥਿਆ ਕੀਤਾ ਹੈ।

ਰੂਪੀ ਬ੍ਰਿਛ ਉੱਤੇ ਚੜ੍ਹ ਕੇ ਸ਼ੁਭ ਗੁਣਾਂ ਨੂੰ ਬਿਆਈ=ਪਰਸੂਤ ਕਰਦੀ ਹੈ।

ਦੇਖਤ ਕੁਤਰਾ ਲੈ ਗਈ ਬਿਲਾਈ॥ ੨॥

ਪ੍ਰਮਾਤਮਾ ਦੇ ਵੇਖਣ ਨਾਲ ਕੁਤਰਾ=ਖੋਟੀਆਂ ਕੁਤਰਕਾਂ ਦੀ ਲੈ=ਖੋਹ, ਅਰਥਾਤ ਆਦਤ ਬਿਲਾਈ=ਦੂਰ ਹੋ ਗਈ ਹੈ।

ਤਲੈ ਰੇ ਬੈਸਾ ਊਪਰਿ ਸੂਲਾ॥

ਬ੍ਰਹਮ ਰੂਪ ਬ੍ਰਿਛ ਦੀਆਂ ਤਲੇ ਦੇ ਲੋਕ ਬੈਸਾ=ਟਾਹਣੀਆਂ ਅਤੇ ਉਪਰਲੇ ਲੋਕ ਸੂਲਾ=ਮੁੱਢ ਹਨ।

ਯਥਾ- ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ॥

(ਗੂਜਰੀ ਅਸਟ: ਮ: ੧ ਪੰਨਾ ੫੦੩)

ਤਥਾ- ਊਰਧਵ ਮੂਲ ਮਧਃ ਸਾਖਜ ਮਸ਼ਵਤਥਮ ਪ੍ਰਾਹੂ ਰਵਯਯੰ॥
ਛੰਦਾਸਿ ਯਸ ਪਰਣਾਨਿ ਯਸਤੰ ਵੇਦ ਸ ਵੇਦ ਵਿਤ॥

(ਗੀਤਾ ਧਿਆ ੧੫ ਸਲੋਕ ੧)

ਤਿਸ ਕੈ ਪੇਡਿ ਲਗੇ ਫਲ ਫੂਲਾ॥ ੩॥

ਤਿਸ ਬ੍ਰਹਮ ਰੂਪੀ ਬ੍ਰਿਛ ਦੇ ਨਾਲ ਸ਼ੁਭ ਗੁਣਾਂ ਰੂਪੀ ਫਲ ਅਤੇ ਮੋਖਸ਼ ਰੂਪੀ ਫਲ ਲੱਗ ਰਹੇ ਹਨ।

ਪ੍ਰਸ਼ਨ- ਬ੍ਰਹਮ ਗਿਆਨੀ ਅੰਤ ਵੇਲੇ ਪ੍ਰਾਣਾਂ ਰੂਪੀ ਘੋੜੇ ਉੱਤੇ ਅਸਵਾਰ ਹੋ ਕੇ ਅਗਿਆਨੀਆਂ ਵਾਂਗੂ ਪ੍ਰਲੋਕ ਵਿਚ ਗਮਨ ਕਰਦਾ ਹੋਵੇਗਾ ? *ਉੱਤਰ—*

ਘੋਰੈ ਚਰਿ ਭੈਸ ਚਰਾਵਨ ਜਾਈ॥

ਪ੍ਰਾਣਾਂ ਰੂਪੀ ਘੋੜੇ ਉਤੇ ਅਸਵਾਰ ਹੋ ਕੇ ਬ੍ਰਹਮ ਗਿਆਨੀ ਅਗਿਆਨੀਆਂ ਵਾਂਗ ਭੈਸ+ਸ=ਭੈ ਦੇ ਸਹਿਤ ਹੋ ਕੇ ਚਰ ਅਚਰ=ਜੜ੍ਹ ਚੇਤਨ ਸਰੂਪ ਸੰਸਾਰ ਵਿਚ ਆਵ+ਨ ਜਾਈ=ਆਉਂਦਾ ਜਾਂਦਾ ਨਹੀਂ।

*ਪ੍ਰਸ਼ਨ-*ਬ੍ਰਹਮ ਗਿਆਨ ਹਮੇਸ਼ਾਂ ਬਣਿਆ ਰਹਿੰਦਾ ਹੋਵੇਗਾ ? *ਉੱਤਰ-*

ਬਾਹਰਿ ਬੈਲੁ ਗੋਨਿ ਘਰਿ ਆਈ॥ ੪॥

ਜਿਸ ਵੇਲੇ ਮੁਕਤੀ ਰੂਪੀ ਗੋਨਿ=ਛੱਟ ਘਰ ਵਿਚ ਆ ਕੇ ਪ੍ਰਾਪਤ ਹੋਈ ਤਾਂ ਮੋਖਛ ਰੂਪ ਗੁੰਨ ਦੇ ਉਠਾਉਣ ਵਾਲਾ ਗਿਆਨ ਰੂਪੀ ਬੈਲ ਨਿਖਲ ਸੰਸਾਰ ਦੇ ਸਹਿਤ ਬਾਹਰ ਹੀ ਰਹਿੰਦਾ ਹੈ, ਭਾਵ ਮੋਖ ਦੇ ਪ੍ਰਾਪਤ ਹੋਣ ਕਰਕੇ ਫਿਰ ਗਿਆਨ ਦੀ ਲੋੜ ਨਹੀਂ ਰਹਿੰਦੀ, ਚਾਹੇ ਅਭਾਵ ਹੀ ਹੋ ਜਾਵੇ, ਜਿਵੇਂ ਕਪੜਾ ਚਿੱਟਾ ਹੋ ਜਾਵੇ ਤਾਂ ਫਿਰ ਉਸ ਵਿਚ ਸਾਬਣ ਨਹੀਂ ਰਹਿੰਦਾ॥ ੪॥

ਕਹਤ ਕਬੀਰ ਜੁ ਇਸ ਪਦ ਬੂਝੈ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ॥ ੫॥ ੯॥ ੨੨॥

ਕਬੀਰ ਜੀ ਕਹਿੰਦੇ ਹਨ-ਜੋ ਇਸ ਸਿਧਾਂਤ ਨੂੰ ਜਾਣਦਾ ਹੈ ਅਤੇ ਰਾਮ ਨਾਮ ਉਚਾਰਦਾ ਹੈ ਤਿਸ ਨੂੰ ਸਭ ਕੁਝ ਸੁਝ ਆਉਂਦਾ ਹੈ, ਭਾਵ ਉਸ ਨੂੰ ਸਾਰੇ ਜਗਤ ਦੀ ਅੰਤਰਜਾਮਤਾ ਪ੍ਰਾਪਤ ਹੋ ਜਾਂਦੀ ਹੈ।

ਬਾਈਸ ਚਉਪਦੇ ਤਥਾ ਪੰਚਪਦੇ॥

ਚਉਪਦੇ=ਚਾਰ ਚਾਰ ਪਉੜੀਆਂ ਦੇ ਤੇਰਾਂ ਸ਼ਬਦ ਹਨ, ਤਥਾ=ਤੈਸੇ ਹੀ ਪੰਚਪਦੇ=ਪੰਜ ਪੰਜ ਪਉੜੀਆਂ

ਦੇ ਨੌਂ ਸ਼ਬਦ ਹਨ, ਸਾਰੇ ੨੨ ਸ਼ਬਦ ਆਏ ਹਨ।

ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧

ਤਿੰਨ ਤਿੰਨ ਪਦਿਆਂ 'ਪਰ ਸਮਾਪਤੀ ਵਾਲੇ ਪਹਿਲੇ ਅੱਠ ਸ਼ਬਦ ਆਉਣਗੇ। ਇਸ ਤੋਂ ਅੱਗੇ ਦੋ ਦੋ ਪਦਿਆਂ 'ਪਰ ਸਮਾਪਤੀ ਵਾਲੇ ਤਿੰਨ ਸ਼ਬਦ ਆਉਣਗੇ ਤੇ ਚਾਰ ਚਾਰ ਪਦਿਆਂ 'ਪਰ ਸਮਾਪਤੀ ਵਾਲੇ ਚਾਰ ਸ਼ਬਦ ਆਉਣਗੇ। ਦੋ ਪਦਿਆਂ ਵਾਲੇ ਤਿੰਨ ਤੇ ਚਾਰ ਪਦਿਆਂ ਵਾਲੇ ਚਾਰ, ਸਾਰੇ ਸਤ ਸ਼ਬਦ ਆਉਣਗੇ, ਪਰ ਇਹ ਸ਼ਬਦ ਦੋ ਦੋ ਤੁਕਾਂ 'ਪਰ ਅੰਕ ਵਾਲੇ ਹੋਣਗੇ, ਇਸ ਕਰਕੇ ਦੁਤੁਕੇ ੭ ਲਿਖਿਆ ਹੈ।

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ-ਇਕ ਮਨਮੁਖ ਦੀ ਸਾਰੀ ਉਮਰਾ ਸੰਸਾਰਕ ਧੰਦਿਆਂ ਵਿਚ ਹੀ ਬ੍ਰਿਧ ਹੋ ਗਈ। ਕਿਸੀ ਵੇਲੇ ਵੀ ਉਸ ਨੇ ਨਾਮ ਚਿੰਤਨ ਨਹੀਂ ਕੀਤਾ। ਉਸ ਦੀ ਸਾਰੀ ਉਮਰਾ ਵਿਅਰਥ ਸਮਝ ਕੇ ਉਪਦੇਸ਼ ਕਰਦੇ ਹਨ-

ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥

ਬਿੰਦੁ=ਬੀਰਜ। ਪਿੰਡੁ=ਸਰੀਰ। ਅਗਨਿ ਕੁੰਡ=ਮਾਂ ਦਾ ਪੇਟ।

ਹੇ ਜੀਵ ! ਜਿਸ ਪਰਮਾਤਮਾ ਨੇ ਪਿਤਾ ਦੇ ਬੀਰਜ ਤੇ ਮਾਂ ਦੀ ਰਕਤ ਤੋਂ ਤੇਰਾ ਸਰੀਰ ਰਚਨਾ ਕੀਤਾ ਹੈ ਅਤੇ ਅਗਨੀ ਦਾ ਕੁੰਡ=ਤਲਾਅ ਜੋ ਮਾਤਾ ਦਾ ਉਦਰ ਹੈ, ਉਸ ਦੇ ਵਿਚ ਇਸਥਿਤ ਕਰ ਰੱਖਿਆ ਹੈ।

ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥ ੧ ॥

ਫਿਰ ਇਕ ਦੋ ਮਹੀਨੇ ਨਹੀਂ, ਇਕੱਠੇ ਦਸ ਮਹੀਨੇ ਮਾਤਾ ਦੇ ਉਦਰਿ=ਪੇਟ ਵਿਚ ਤੈਨੂੰ ਰੱਖਣਾ ਕੀਤਾ ਹੈ, ਕਿਉਂਕਿ ਓਥੇ ਤੂੰ ਵਾਹਿਗੁਰੂ ਨੂੰ ਚੇਤੇ ਕਰਦਾ ਰਿਹਾ ਸੀ, ਇਸ ਕਰਕੇ ਤੇਰੀ ਰੱਖਿਆ ਕੀਤੀ, ਪਰ ਜਿਸ ਵੇਲੇ ਤੂੰ ਮਾਂ ਦੇ ਪੇਟ ਤੋਂ ਬਾਹਰ ਨਿਕਲਿਆ ਤਾਂ ਫਿਰ ਮਾਇਆ ਤੇਰੇ ਮਗਰ ਲੱਗ ਗਈ॥ ੧॥

ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥

ਹੇ ਪੁਰਸ਼ਾ ! ਕਿਸ ਵਾਸਤੇ ਤੂੰ ਪਦਾਰਥਾਂ ਦੇ ਲੋਭ ਵਿਚ ਲੱਗ ਕੇ ਰਤਨਾਂ ਵਰਗੇ ਅਮੋਲਕ ਮਨੁੱਖਾ ਜਨਮ ਨੂੰ ਐਵੇਂ ਨਿਸਫਲ ਗਵਾ ਲਿਆ ਹੈ।

ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥ ੧ ॥ ਰਹਾਉ ॥

ਪੂਰਬਲੇ ਕਰਮਾਂ ਕਰਕੇ ਤੈਨੂੰ ਜਨਮਿ ਭੂਮਿ=ਮਨੁੱਖਾ ਦੇਹ ਰੂਪੀ ਧਰਤੀ ਮਿਲੀ ਹੈ, ਪਰ ਇਸ ਦੇ ਵਿਚ ਤੈਨੇ ਸ੍ਰੇਸ਼ਟ ਨਾਮ ਰੂਪੀ ਬੀਜ ਨਹੀਂ ਬੀਜਿਆ।

ਅਥਵਾ-ਕਰਮ ਭੂਮਿ=ਭਾਰਤ ਖੰਡ ਦੀ ਧਰਤੀ ਵਿਚ ਪੂਰਬ=ਪਿਛਲੇ ਪੁੰਨਾਂ ਦੇ ਫਲ ਦੁਆਰਾ ਮਨੁੱਖਾ ਜਨਮ ਨੂੰ ਪਾ ਕੇ ਤੈਟੇ ਸ੍ਰੇਸ਼ਟ ਬੀਜ ਨਹੀਂ ਬੀਜਿਆ॥ ੧॥ ਰਹਾਉ॥

ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ॥

ਬਾਲਕ ਅਵਸਥਾ ਤੋਂ ਬੁੱਢਾ ਹੋ ਗਿਆ ਹੈਂ, ਜੋ ਹੋਣਾ ਸੀ ਉਹ ਤਾਂ ਹੋ ਗਿਆ ਹੈ। ਹੁਣ ਤਾਂ ਮਰਨਾ ਨੇੜੇ ਆ ਗਿਆ ਹੈ।

ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥ ੨ ॥

ਜਦੋਂ ਜਮ ਆ ਕੇ ਤੈਨੂੰ ਝੋਟ=ਝਾਟਿਓਂ, ਭਾਵ ਜੂੰਡਿਆਂ ਤੋਂ ਫੜੇਗਾ, ਤਦੋਂ ਤੂੰ ਰੋਵੇਂਗਾ ਤੇ ਜਮ ਆਖਣਗੇ ਹੁਣ ਕਿਉਂ ਰੋਂਦਾ ਹੈਂ ? ਪਹਿਲੇ ਭਜਨ ਸਿਮਰਨ ਕਿਉਂ ਨਾ ਕੀਤਾ !

ਅਥਵਾ-ਤਿਸ ਵੇਲੇ ਫਿਰ ਕਾਹੇ=ਕੀ ਹੋਵੇਗਾ, ਭਾਵ ਰੋਣਾ ਹੀ ਹੋਵੇਗਾ॥ ੨ ॥

[ਪੰਨਾ ੪੮੨]

ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥

ਹੇ ਪੁਰਸ਼ਾ ! ਤੂੰ ਤਾਂ ਜੀਉਣ ਦੀ ਆਸਾ ਕਰਦਾ ਹੈਂ ਕਿ ਮੈਂ ਬਹੁਤ ਚਿਰ ਜੀਉਂਦਾ ਰਹਾਂ, ਪਰ ਜਮ ਤੇਰੇ ਸਵਾਸਾਂ ਨੂੰ ਵੇਖਦਾ ਹੈ ਕਿ ਇਸ ਦੇ ਸਵਾਸ ਪੂਰੇ ਹੋਣ ਤਾਂ ਮੈਂ ਇਸ ਨੂੰ ਫੜ ਕੇ ਲੈ ਜਾਵਾਂ।

ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ ॥ ੩ ॥ ੧ ॥ ੨੩ ॥

ਕਬੀਰ ਜੀ ਆਖਦੇ ਹਨ-ਇਹ ਸੰਸਾਰ ਬਾਜੀਗਰ ਦੀ ਬਾਜੀ ਵਾਂਗ ਮਿਥਿਆ ਹੈ। ਹੇ ਪੁਰਸ਼ਾ ! ਤੂੰ ਵਾਹਿਗੁਰੂ ਦੇ ਚੇਤਨੇ ਰੂਪੀ ਪਾਸੇ ਨੂੰ ਢਾਲਣਾ ਕਰ।

ਅਥਵਾ :-ਤਿੰਨਾਂ ਗੁਣਾਂ ਰੂਪੀ ਪਾਸੇ ਨੂੰ ਢਾਲ ਕੇ, ਭਾਵ ਰਜੋ, ਸਤੋ, ਤਮੋ, ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ ਵਾਹਿਗੁਰੂ ਨੂੰ ਚੇਤਨਾ ਕਰ। *ਅਥਵਾ*:-ਸੰਸਾਰ ਪਾਸੇ ਵਲੋਂ ਆਪਣੇ ਮਨ ਨੂੰ ਢਾਲਿ=ਹਟਾ ਕੇ ਵਾਹਿਗੁਰੂ ਨੂੰ ਚੇਤਨਾ ਕਰ॥ ੩ ॥ ੧ ॥ ੨੩ ॥

ਆਸਾ ॥

ਉਥਾਨਕਾ-ਭਗਤ ਕਬੀਰ ਜੀ ਦੇ ਸਨਬੰਧੀਆਂ ਚੋਂ ਕਿਸੇ ਲੜਕੀ ਦਾ ਵਿਆਹ ਸੀ ਉਸ ਮੌਕੇ ਕਬੀਰ ਜੀ ਦੇ ਪਾਸ ਆ ਕੇ ਬੇਨਤੀ ਕੀਤੀ ਮਹਾਰਾਜ ! ਆਪ ਵਿਆਹ ਤੇ ਚਲੋ। ਇਹ ਗੱਲ ਸੁਣਕੇ ਕਬੀਰ ਜੀ ਕਹਿੰਦੇ ਹਨ-ਸਾਡੇ ਘਰ ਵੀ ਵਿਆਹ ਹੈ, ਏਸ ਕਰਕੇ ਮੈਂ ਨਹੀਂ ਜਾ ਸਕਦਾ।

ਹੁਣ ਰੂਪਕ ਅਲੰਕਾਰ ਨਾਲ ਵਿਆਹ ਦਾ ਢੰਗ ਕਥਨ ਕਰਦੇ ਹਨ। ਵਿਆਹ ਦੇ ਸਮੇਂ ਲੜਕੀਆਂ ਰੰਗੇ ਹੋਏ ਕਪੜੇ ਪਹਿਨਦੀਆਂ ਹਨ, ਸੋ ਕਬੀਰ ਜੀ ਕਹਿੰਦੇ ਹਨ-

ਤਨੁ ਰੈਨੀ ਮਨੁ ਪੁਨਰਪਿ ਕਰਿ ਹਉ ਪਾਚਉ ਤਤ ਬਰਾਤੀ ॥

ਅਸਥੂਲ ਸਰੀਰ ਨੂੰ ਜੇਹੜਾ ਵਿਸ਼ਿਆਂ ਤੋਂ ਰਹਿਤ ਕਰਨਾ ਹੈ, ਏਹੀ ਰੰਗਣ ਵਾਲੀ ਰੈਨੀ=ਮਟਕੀ ਬਣਾ ਕੇ, ਨਾਮ ਰੂਪੀ ਜਲ ਭਗਤੀ ਰੂਪੀ ਰੰਗ ਪਾ ਕੇ ਪੁਨ=ਫੇਰ ਮਨ ਰੂਪੀ ਕਪੜੇ ਨੂੰ ਹਉ=ਮੈਨੇ ਰਪਿ ਕਹੀਏ ਰੰਗਣਾ ਕੀਤਾ ਹੈ ਅਤੇ-

ਪਾਚਉ ਕਹੀਏ ਸ੍ਰੇਸ਼ਟ ਜੋ ਮਹਾਤਮਾ ਹਨ ਤਤ ਮਿਥਿਆ ਦਾ ਵਵੇਚਨ ਕਰਨ ਵਾਲੇ, ਏਹੀ ਬਰਾਤੀ= ਜਨੇਤੀ ਆਏ ਹਨ।

ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ ॥ ੧ ॥

ਰਾਮਰਾਇ=ਅਕਾਲ ਪੁਰਖੀ ਨਾਲ ਮੈਂ ਭਾਵਰਿ=ਲਾਵਾਂ ਫੇਰੇ ਲੈ ਰਹੀ ਹਾਂ, ਭਾਵ ਜਾਗਰਤ ਸੁਪਨ ਸਖੋਪਤ ਇਨ੍ਹਾਂ ਤਿੰਨ ਅਵਸਥਾ ਤੋਂ ਮੈਂ ਲੰਘ ਗਈ ਹਾਂ ਤੇ ਚੌਥੀ ਲਾਵ ਤੁਰੀਆ ਪਦ ਵਿਚ ਮੈਂ ਚਲੀ ਹਾਂ।

ਆਤਮ=ਬੁੱਧੀ ਉਸ ਪਤੀ ਪਰਮਾਤਮਾ ਦੇ ਰੰਗਿ=ਪ੍ਰੇਮ ਵਿਚ ਰੱਤੀ ਹੋਈ ਹੈ, *ਅਥਵਾ* :-ਤਿਸ ਆਤਮਾ ਦੇ ਰੰਗ ਵਿਖੇ ਮੈਂ ਰੱਤੀ ਹਾਂ॥ ੧॥

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥

ਪਿਛੇ ਤਤਵੇਤਾ ਮਹਾਤਮਾ ਨੂੰ ਜਨੇਤੀ ਕਹਿ ਆਏ ਹਨ, ਇਸ ਵਾਸਤੇ ਇਥੇ ਇਕੋ ਜੇਹੀਆਂ ਸਖੀਆਂ ਨੂੰ ਆਖਦੇ ਹਨ-

ਹੇ ਦੁਲਹਨੀ=ਹੇ ਪਿਆਰੀਓ ਸਖੀਓ ! ਤੁਸੀਂ ਆਪਸ ਵਿਚ ਮਿਲ ਕੇ ਸੁੰਦਰ ਮੰਗਲਾਚਾਰ ਗਾਉ ਗਾਉ=ਗਾਵਣਾ ਹੀ ਗਾਵਣਾ ਕਰੋ।

ਅਥਵਾ :-ਹੇ ਇੰਦ੍ਰੀਓ ! ਤੁਸੀਂ ਮੰਗਲਾਚਾਰ ਗਾਉਣ ਵਾਲੀਆਂ ਹੋ ਕੇ ਗਾਉਣਾ ਕਰੋ।

ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥ ੧॥ ਰਹਾਉ॥

ਕਿਉਂਕਿ ਮੇਰੇ ਰਿਦੇ ਘਰ ਵਿਚ ਰਾਜਾ ਰਾਮ-ਅਕਾਲ ਪੁਰਖ ਪਤੀ ਆਏ ਹਨ।

ਯਥਾ- ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ॥ ੧॥
ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥
ਹਮਰੈ ਘਰਿ ਆਇਆ ਜਗਜੀਵਨੁ ਭਤਾਰੁ॥ ੧॥ ਰਹਾਉ॥ *(ਆਸਾ ਮਹਲਾ ੧ ਪੰਨਾ ੩੫੧)*

ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ॥

ਨਾਭਿ ਕਮਲ=ਧੁੰਨੀ ਵਿਚ ਜੇਹੜਾ ਪਰਮਾਤਮਾ ਨੂੰ ਪਰੀਪੂਰਨ ਜਾਣਿਆ ਹੈ, ਏਹੀ ਬੇਦੀ ਰਚੀ ਹੈ। (ਨਾਭਿ ਕਮਲ ਦਾ ਅਰਥ ਧੁੰਨੀ ਹੈ)

ਯਥਾ- ਨਾਭਿ ਕਮਲ ਤੇ ਬ੍ਰਹਮਾ ਉਪਜੇ॥

ਅਤੇ- ਏਕ ਕ੍ਰਿਸ੍ਨ ਸਰਬ ਦੇਵਾ ਦੇਵ ਦੇਵਾ ਤ ਆਤਮਹ॥
ਆਤਮੰ ਸ੍ਰੀ ਬਾਸ੍ਦੇਵਸ੍ ਜੇ ਕੋਈ ਜਾਨਸਿ ਭੇਵ॥ *(ਸਹਸਕ੍ਰਿਤੀ ਪੰਨਾ ੧੩੫੩)*

ਇਤਿਆਦਿ ਅਭੇਦ ਬ੍ਰਹਮ ਗਿਆਨ ਸਬੰਧੀ ਜੋ ਬਚਨ ਉਚਾਰਨੇ ਹਨ, ਇਹੀ ਗੋਤਰਾਚਾਰ ਪੜ੍ਹਿਆ ਹੈ।

ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ॥ ੨॥

ਰਾਮਰਾਇ ਜੋ ਅਕਾਲ ਪੁਰਖ ਹੈ, ਉਸ ਨੂੰ ਮੈਂਨੇ ਦੂਲਹੁ ਕਹੀਏ ਪਤੀ ਪਾਇਆ ਹੈ। ਇਸ ਤਰ੍ਹਾਂ ਦਾ ਸਾਡਾ ਵੱਡਾ ਭਾਗ ਹੈ, ਕਿਉਂਕਿ ਇਹ ਨਿਯਮ ਹੈ ਭਾਗ ਬਲੀ ਹੋਣ ਤਾਂ ਭਗਵਾਨ ਪਤੀ ਮਿਲਦਾ ਹੈ॥ ੨॥

ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ॥

ਸੁਰਿ=ਪੁੰਨ ਕਰਮਾਂ ਨੂੰ ਕਰਕੇ ਜੋ ਸਵਰਗ ਵਿਚ ਜਾਣ ਉਹਨਾਂ ਨੂੰ 'ਸੁਰ' ਕਹਿੰਦੇ ਹਨ। ਕੋਟਿ ਤੇਤੀਸ=ਤੇਤੀ ਕਰੋੜ। ਉਜਾਨਾਂ=ਅਜਾਨ ਸੰਗਿਆ ਦੇ ਦੇਵਤੇ ਜੋ ਬ੍ਰਹਮਾ ਦੇ ਨਾਲ ਹੀ ਉਤਪੰਨ ਹੋਏ ਹਨ।

ਦੇਵਤੇ ਮਨੁੱਖ ਮੁਨੀ ਜਨ ਇਹ ਸਭ ਮੇਰੇ ਕੌਤਕ ਵੇਖਣ ਵਾਸਤੇ ਆਏ ਹਨ ਕਿ ਘੋਰ ਕਲਜੁਗ ਵਿਚ ਮਨੁੱਖ

ਜਨਮ ਪਾ ਕੇ ਥੋਹੜੀ ਉਮਰਾ ਵਿਚ ਹੀ ਇਸ ਨੇ ਸਰੂਪ ਗਿਆਨ ਪ੍ਰਾਪਤ ਕੀਤਾ ਹੈ ਅਤੇ ਬ੍ਰਹਮਾ ਨਾਲ ਉਤਪੰਨ ਹੋਣ ਵਾਲੇ ਤੇਤੀ ਕਰੋੜ ਦੇਵਤੇ ਵੀ ਮੇਰੇ ਦਰਸ਼ਨ ਕਰਨ ਨੂੰ ਆਏ ਹਨ। ਮੁੰਹੋਂ ਆਖਦੇ ਹਨ, ਧੰਨ ਏਹ ਪੁਰਸ਼ ਹੈ ਇਸ ਦਾ ਦਰਸ਼ਨ ਪੁੰਨ ਰੂਪ ਹੈ।

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ
ਪੁਰਖ ਏਕ ਭਗਵਾਨਾ ॥ ੩ ॥ ੨ ॥ ੨੪ ॥

ਕਬੀਰ ਜੀ ਕਹਿੰਦੇ ਹਨ, ਮੈਨੂੰ ਵਿਆਹ ਕੇ ਲੈ ਚਲੇ ਹਨ, ਇਕ ਜੋ ਭਗਵਾਨ ਅਕਾਲ ਪੁਰਖ ਹੈ॥ ੩ ॥ ੨ ॥ ੨੪ ॥

ਪ੍ਰਸ਼ਨ- ਭਗਵਾਨ ਕਿਸ ਨੂੰ ਕਹਿੰਦੇ ਹਨ ?

ਉੱਤਰ- ਜੋ ਖਟ ਭਗਾਂ ਸਪੰਨ ਹੋਵੇ, ਉਸ ਨੂੰ ਭਗਵਾਨ ਕਹਿੰਦੇ ਹਨ।

*ਪ੍ਰਸ਼ਨ-*ਖਟ ਭਗ ਕੌਣ ਸੇ ਹਨ ? *ਉੱਤਰ-*

ਯਥਾ- ਧਰਮ ਜਸ ਵੈਰਾਗ ਪੁਨ, ਐਸ੍ਵਰਜ ਸਰੇਯ ਵਿਗਿਆਨ॥
ਇਹ ਖਟ ਭਗਾਂ ਸਪੰਨ ਜੋ, ਕਹਿਤ ਤਾਹਿ ਭਗਵਾਨ॥

ਤਥਾ- ਜਸ ਐਸ੍ਵਰਜ ਵਿਰਾਗ ਉਦਾਰ॥ ਲਛਮੀ ਗਜਾਨ ਸੁ ਪੂਰਨ ਧਾਰ॥
ਈਸ੍ਵਰ ਕੇ ਖਟ ਗੁਣ ਜੋ ਜਾਨ॥ ਯਾਤੇ ਕਹੀਅਤ ਹੈ ਭਗਵਾਨ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਭੀ ਵਿਆਹ ਦਾ ਢੰਗ ਕਥਨ ਕੀਤਾ ਹੈ-

ਹਰਿ ਪ੍ਰਭਿ ਕਾਜੁ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ॥ ੪॥

(ਸੂਹੀ ਮਹਲਾ ੪ ਪੰਨਾ ੭੭੫)

ਆਸਾ ॥

ਉਥਾਨਕਾ-ਜਿਸ ਤਰ੍ਹਾਂ ਪ੍ਰਤੱਖ ਨੌਜਵਾਨ ਲੜਕੀ ਦਾ ਵਿਆਹ ਹੁੰਦਾ ਹੈ ਤੇ ਉਹ ਸਹੁਰੇ ਘਰੋਂ ਹੋ ਕੇ ਜਿਸ ਵੇਲੇ ਪੇਕੇ ਘਰ ਆਉਂਦੀ ਹੈ ਤਿਸ ਵੇਲੇ ਇਕੋ ਜੇਹੀਆਂ ਰਲ ਕੇ ਖੇਡਣ ਵਾਲੀਆਂ ਪਿਆਰੀਆਂ ਸਖੀਆਂ ਸਹੇਲੀਆਂ ਪਾਸ ਆ ਕੇ ਉਸ ਪਾਸੋਂ ਪੁਛਦੀਆਂ ਹਨ ਤੇਰੀ ਸੱਸ ਕੈਸੀ ਹੈ ? ਤੇਰਾ ਸਹੁਰਾ ਕਿਹੋ ਜਿਹਾ ਹੈ ? ਤੇਰੀ ਨਿਨਾਣ ਦਾ ਸੁਭਾਅ ਕਿਸ ਤਰ੍ਹਾਂ ਦਾ ਹੈ ? ਤੇਰਾ ਜੇਠ ਅਤੇ ਦਿਉਰ ਕੈਸਾ ਹੈ ? ਉਸ ਵੇਲੇ ਵਿਆਹੀ ਹੋਈ ਸਖੀ ਦੱਸਦੀ ਹੈ-

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥

ਪਹਿਲਾ ਅਰਥ-

ਸੱਸ ਨੇ ਮੈਨੂੰ ਬੜਾ ਦੁੱਖੀ ਕੀਤਾ ਹੋਇਆ ਹੈ।

ਯਥਾ- ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥

(ਆਸਾ ਮਹਲਾ ੧, ਪੰਨਾ ੩੫੫)

ਸਖੀਆਂ ਨੇ ਕਿਹਾ-ਉਸ ਨੂੰ ਤੇਰਾ ਸਹੁਰਾ ਨਹੀਂ ਸਮਝਾਉਂਦਾ ?

ਉੱਤਰ-ਸਹੁਰੇ ਦੀ ਤਾਂ ਉਹ ਪਿਆਰੀ ਹੈ, ਸਹੁਰਾ ਭਲਾ ਉਸ ਨੂੰ ਕਿਵੇਂ ਸਮਝਾ ਸਕਦਾ ਹੈ ਅਤੇ ਮੇਰੇ ਪਤੀ ਦਾ ਵੱਡਾ ਭਾਈ ਜੋ ਮੇਰਾ ਜੇਠ ਹੈ, ਉਹ ਐਸੇ ਕਰੜੇ ਸੁਭਾਵ ਵਾਲਾ ਹੈ ਕਿ ਜਿਸ ਵੇਲੇ ਘਰ ਦੀਆਂ ਪਉੜੀਆਂ ਚੜ੍ਹਦਾ ਹੈ ਮੈਂ ਉਸੇ ਵੇਲੇ ਉਸ ਦੇ ਨਾਮ ਨੂੰ ਸੁਣਕੇ ਡਰ ਜਾਂਦੀ ਹਾਂ।

ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥ ੧ ॥

ਸਖੀ ਸਹੇਲੀ=ਪਿਆਰੀਆਂ ਸਖੀਆਂ। ਨਨਦ=ਨਿਨਾਣ। ਦੇਵਰ=ਦਿਉਰ।

ਹੇ ਪਿਆਰੀਆਂ ਸਖੀਓ ! ਨਿਨਾਣ ਨੇ ਤਾਂ ਮੈਨੂੰ ਘਰ ਦੇ ਕੰਮਾਂ ਵਿਚ ਹੀ ਗ੍ਰਸਿਆ ਹੋਇਆ ਹੈ ਅਤੇ ਦਿਉਰ ਭਲਾ ਲੋਕ ਹੈ, ਉਹ ਮੇਰੇ ਆਖੇ ਲੱਗਦਾ ਹੈ, ਪਰ ਉਹ ਘਰ ਨਹੀਂ ਰਹਿੰਦਾ, ਇਸ ਤੇ ਉਸ ਦੇ ਬਿਰਹਿ=ਵਿਛੋੜੇ ਕਰਕੇ ਮੈਂ ਜਰਉ=ਸੜਦੀ ਹਾਂ॥ ੧ ॥

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ॥

ਪਰ ਇਕ ਕਸੂਰ ਮੇਰੇ ਵਿਚ ਵੀ ਹੈ, ਮੇਰੀ ਮਤ ਐਸੀ ਝੱਲੀ ਹੋ ਗਈ ਹੈ ਜੋ ਮੈਂ ਆਪਣੇ ਪਤੀ ਨੂੰ ਭੁਲਾ ਦਿੱਤਾ ਹੈ, ਭਾਵ ਪਤੀ ਦੀ ਮੈਂ ਪਰਵਾਹ ਨਹੀਂ ਰੱਖਦੀ, ਕਿਉਂਕਿ ਰਾਤ ਨੂੰ ਉਹ ਚਿਰਕਾ ਆਉਂਦਾ ਹੈ ਤੇ ਮੈਂ ਬੇ-ਪ੍ਰਵਾਹ ਹੋ ਕੇ ਸੌਂ ਜਾਂਦੀ ਹਾਂ। ਹੁਣ ਦੱਸੋ ਕਿਸ ਤਰ੍ਹਾਂ ਮੈਂ ਸੁਖ ਦੀ ਰਹਿਣੀ ਵਿਚ ਰਹਾਂ ?

ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ॥ ੧ ॥ ਰਹਾਉ ॥

ਮੇਰੇ ਸੁਤਿਆਂ ਹੀ ਸਿਹਜਾ ਉੱਤੇ ਆ ਕੇ ਰਮਦਾ ਤਾਂ ਹੈ, ਪਰ ਮੈਂ ਉਸ ਨੂੰ ਅੱਖਾਂ ਨਾਲ ਵੇਖਦੀ ਨਹੀਂ, ਇਹ ਸਾਰਾ ਆਪਣਾ ਦੁੱਖ ਮੈਂ ਹੁਣ ਕਿਸ ਨੂੰ ਕਹਾਂ॥ ੧ ॥ ਰਹਾਉ ॥

ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ॥

ਜੇ ਮੈਂ ਪੇਕੇ ਘਰ ਆ ਕੇ ਰਹਿੰਦੀ ਹਾਂ ਤਾਂ ਸਾਵਕਾ=ਸਕਾ, *ਅਥਵਾ* :-ਮਤਰੇਇਆ ਪਿਤਾ ਮੇਰੇ ਨਾਲ ਲੜਾਈ ਕਰਦਾ ਹੈ ਤੇ ਆਖਦਾ ਹੈ, ਜਾਹ ਆਪਣੇ ਘਰ ਚਲੀ ਜਾਹ ਤੇ ਮਾਇਆ=ਮਾਂ ਸਦਾ ਝੱਲੀ ਹੈ, ਉਹ ਵੀ ਅਗੋਂ ਆਖਦੀ ਹੈ ਕਿ ਠੀਕ ਹੈ ਲੜਕੀਆਂ ਨੂੰ ਆਪਣੇ ਘਰ ਹੀ ਰਹਿਣਾ ਚਾਹੀਦਾ ਹੈ।

ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉ ਨਾਹ ਪਿਆਰੀ॥ ੨ ॥

ਜਦ ਮੈਂ ਆਪਣੇ ਵੱਡੇ ਭਰਾ ਦੇ ਨਾਲ ਹੁੰਦੀ ਸਾਂ, ਭਾਵ ਜਿੰਨਾਂ ਚਿਰ ਉਹ ਮੇਰੇ ਦੁੱਖ ਸੁਖ ਦੀ ਗੱਲ ਸੁਣਦਾ ਰਿਹਾ, ਤੱਦ ਤੱਕ ਮੈਂ ਆਪਣੇ ਪਤੀ ਨੂੰ ਪਿਆਰੀ ਲੱਗਦੀ ਸਾਂ, ਕਿਉਂਕਿ ਮੇਰਾ ਵੱਡਾ ਭਰਾ ਮੇਰੇ ਪਤੀ ਨੂੰ ਸਮਝਾਂਦਾ ਰਹਿੰਦਾ ਸੀ॥ ੨ ॥

ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ॥

ਕਬੀਰ ਜੀ ਕਹਿੰਦੇ ਹਨ-ਏਹ ਮੇਰਾ ਪੰਜਾਂ ਸੱਤਾਂ ਸਬੰਧੀਆਂ ਦਾ ਝਗੜਾ ਹੈ। ਇਸ ਵਿਚ ਝਗੜਦਿਆਂ ਹੋਇਆਂ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਗਵਾ ਲਿਆ ਹੈ।

ਝੂਠੀ ਮਾਇਆ ਸਭੁ ਜਗੁ ਬਾਧਿਆ
ਮੈ ਰਾਮ ਰਮਤ ਸੁਖੁ ਪਾਇਆ ॥ ੩ ॥ ੩ ॥ ੨੫ ॥

ਝੂਠੀ ਮਾਇਆ ਵਿਚ ਸਾਰਾ ਜਗਤ ਬੱਧਾ ਹੋਇਆ ਹੈ।

*ਪ੍ਰਸ਼ਨ-*ਆਪ ਵੀ ਨਾਲ ਬੱਧੇ ਹੋਵੋਗੇ ?

*ਉੱਤਰ-*ਮੈਂ ਨੇ ਤਾਂ ਰਾਮ ਨਾਮ ਉਚਾਰਨ ਕਰਕੇ ਸੁਖ ਪਾਉਣਾ ਕੀਤਾ ਹੈ॥ ੩ ॥ ੩ ॥ ੨੫ ॥

ਦੂਜਾ ਅਰਥ-

ਹੁਣ ਦਾ ਦ੍ਰਿਸ਼ਟਾਂਤ ਕਥਨ ਕਰਦੇ ਹਨ-

ਜਗਿਆਸੂ ਰੂਪ ਸਖੀ ਆਪਣੀ ਸਾਰੀ ਹਾਲਤ ਬ੍ਰਹਮ ਗਿਆਨਨ ਮਹਾਤਮਾ ਰੂਪ ਸਖੀ ਨੂੰ ਸਣਾਉਂਦੀ ਹੈ-

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ

ਸੰਸੇ ਆਤਮਕ ਬਿਰਤੀ ਰੂਪ ਸੱਸ ਨੇ ਮੈਨੂੰ ਦੁੱਖੀ ਕੀਤਾ ਹੋਇਆ ਹੈ, ਜੋ ਦੇਹ ਅਧਿਆਸ ਰੂਪ ਸਹੁਰੇ ਦੀ ਪਿਆਰੀ ਹੈ। *ਅਥਵਾ :-*ਅਵਿੱਦਿਆ ਰੂਪ ਸੱਸ ਨੇ ਮੈਨੂੰ ਦੁੱਖੀ ਕੀਤਾ ਹੋਇਆ ਹੈ ਜੋ ਅਗਿਆਨ ਰੂਪ ਸਹੁਰੇ ਦੀ ਪਿਆਰੀ ਹੈ।

ਜੇਠ ਕੇ ਨਾਮਿ ਡਰਉ ਰੇ॥

ਅਤੇ ਨਰਕਾਂ ਵਿਚ ਠ=ਠਹਿਰਾਨ ਵਾਲਾ ਜੇਹੜਾ ਧਰਮਰਾਜ ਹੈ ਉਸ ਦਾ ਨਾਮ ਸੁਣਕੇ ਮੈਂ ਡਰਦੀ ਹਾਂ।

ਯਥਾ- ਥਰਹਰ ਕੰਪੈ ਬਾਲਾ ਜੀਉ॥ ਨਾ ਜਾਨਉ ਕਿਆ ਕਰਸੀ ਪੀਉ॥ ੧ ॥

(ਸੂਹੀ ਕਬੀਰ ਜੀ ਪੰਨਾ ੭੯੨)

ਸਖੀ ਸਹੇਲੀ ਨਨਦ ਗਹੇਲੀ

ਹੇ ਬ੍ਰਹਮ ਗਿਆਨਨ ਮਹਾਤਮਾ ਰੂਪ ਪਿਆਰੀ ਸਖੀ ! ਨਨਦ=ਨੂਨਤਾ ਦੇ ਦੇਣ ਵਾਲੀਆਂ ਇੰਦ੍ਰੀਆਂ ਨੇ ਮੈਨੂੰ ਗਹੇਲੀ=ਗ੍ਰਸਿਆ ਹੋਇਆ ਹੈ।

ਦੇਵਰ ਕੈ ਬਿਰਹਿ ਜਰਉ ਰੇ॥ ੧ ॥

ਦੇ+ਵਰ=ਸਰੇਸ਼ਟਤਾਈ ਦੇ ਦੇਣ ਵਾਲਾ ਜੋ ਸ਼ੁਭ ਵਿਚਾਰ ਹੈ, ਉਸ ਦੇ ਵਿਛੋੜੇ ਕਰਕੇ ਮੈਂ ਜਰਉ=ਸੜਦੀ ਹਾਂ।

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ

ਮੇਰੀ ਬੁੱਧੀ ਝਲੀ ਹੋ ਗਈ ਹੈ, ਜੋ ਮੈਂਨੇ ਅਕਾਲ ਪੁਰਖ ਨੂੰ ਵਿਸਾਰ ਦਿਤਾ ਹੈ।

ਕਿਨ ਬਿਧਿ ਰਹਨਿ ਰਹਉ ਰੇ॥

ਹੁਣ ਮੈਂ ਕਿਸੀ ਰੀਤੀ ਨਾਲ ਸੁਖ ਦੀ ਰਹਿਣੀ ਵਿਚ ਰਹਿਣਾ ਕਰਾਂ।

ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ॥ ੧ ॥ ਰਹਾਉ॥

ਪਤੀ ਅਕਾਲ ਪੁਰਖ ਤਾਂ ਅੰਤਹਕਰਣ ਰੂਪੀ ਸਿਹਜਾ ਉੱਤੇ ਰਮ ਰਿਹਾ ਹੈ, ਪਰ ਬੁੱਧੀ ਰੂਪੀ ਨੇਤਰਾਂ ਕਰਕੇ ਮੈਂ ਉਸ ਨੂੰ ਵੇਖ ਨਹੀਂ ਸਕਦੀ, ਇਸ ਲਈ ਇਹ ਦੁੱਖ ਹੇ ਸੰਤ ਜੀ ! ਆਪ ਤੋਂ ਬਿਨਾਂ ਹੋਰ ਕਿਸ ਨੂੰ ਕਹਾਂ ?

ਬਾਪੁ ਸਾਵਕਾ ਕਰੈ ਲਰਾਈ

ਬਾਪੁ-ਬਪ-ਸਰੀਰ ਜੋ ਸਾਵਕਾ-ਸਕਾ ਹੈ* *ਅਥਵਾ* :-ਸਾਵਕਾ=ਪਰਾਇਆ✧ ਏਹ ਖਾਣ ਪੀਣ ਵਾਸਤੇ ਬਹੁਤੀ ਲੜਾਈ ਕਰਦਾ ਹੈ ਕਿ ਮੈਨੂੰ ਫਲਾਣੀ ਚੀਜ਼ ਲੈ ਦਿਓ।

ਅਮਕੀ ਚੀਜ਼ ਲੈ ਦਿਓ।

ਅਥਵਾ :-ਸੰਸਕ੍ਰਿਤ ਵਿਚ 'ਸਾਵਕ' ਦਾ ਅਰਥ 'ਜਣਿਆਂ' ਕਰਦੇ ਹਨ, ਇਸ ਕਰਕੇ ਇਹ ਅਰਥ ਵੀ ਬਣ ਸਕਦਾ ਹੈ ਕਿ ਬਪ ਸਰੀਰ ਜੋ ਸਾਵਕਾ=ਜਣਿਆਂ, ਭਾਵ ਜੰਮਿਆਂ ਹੋਇਆ ਹੈ, ਇਹ ਖਾਣ ਪੀਣ ਵਾਸਤੇ ਬਹੁਤੀ ਲੜਾਈ ਕਰਦਾ ਹੈ।

ਮਾਇਆ ਸਦ ਮਤਵਾਰੀ॥

ਅਤੇ ਮਾਇਆ ਸਦਾ ਆਪ ਝੱਲੀ ਹੈ ਤੇ ਮੈਨੂੰ ਇਸ ਨੇ ਕਮਲਿਆਂ ਕਰ ਛੱਡਿਆ ਹੈ, ਕਿਉਂਕਿ ਜੋ ਝੱਲਿਆਂ ਦੀ ਸੰਗਤ ਕਰੇ ਉਹ ਆਪ ਜ਼ਰੂਰ ਝੱਲਾ ਹੋ ਜਾਂਦਾ ਹੈ।

ਬਡੇ ਭਾਈ ਕੈ ਜਬ ਸੰਗਿ ਹੋਤੀ

ਜਦ ਮੈਂ ਵਡੇ ਭਾਈ ਪ੍ਰੋਖ ਗਿਆਨ✧✧? ਦੇ ਨਾਲ ਸੀ।

ਤਬ ਹਉ ਨਾਹ ਪਿਆਰੀ॥ ੨॥

ਤਦ ਮੈਂ ਨਾਹ=ਪਤੀ ਅਕਾਲ ਪੁਰਖ ਨੂੰ ਪਿਆਰੀ ਲੱਗਦੀ ਸਾਂ।

ਕਹਤ ਕਬੀਰ ਪੰਚ ਕੋ ਝਗਰਾ

ਕਬੀਰ ਜੀ ਕਹਿੰਦੇ ਹਨ-ਇਹ ਪੰਜ ਕਾਮ ਕ੍ਰੋਧ ਆਦਿਕਾਂ ਦਾ ਝਗੜਾ ਹੈ।

ਝਗਰਤ ਜਨਮੁ ਗਵਾਇਆ॥

ਇਸ ਵਿਚ ਝਗੜਦਿਆਂ ਹੀ ਜੀਵਾਂ ਨੇ ਆਪਣਾ ਅਮੋਲਕ ਮਨੁੱਖਾ ਜਨਮ ਐਂਵੇ ਗਵਾ ਲਿਆ ਹੈ।

ਝੂਠੀ ਮਾਇਆ ਸਭੁ ਜਗੁ ਬਾਧਿਆ

ਝੂਠੀ ਮਾਇਆ ਨੇ ਸਾਰਾ ਸੰਸਾਰ ਆਪਣੇ ਵਿਚ ਬੰਨ੍ਹਿਆ ਹੋਇਆ ਹੈ।

ਮੈ ਰਾਮ ਰਮਤ ਸੁਖੁ ਪਾਇਆ॥ ੩॥ ੩॥ ੨੫॥

ਮੈਂ ਵਾਹਿਗੁਰੂ ਨੂੰ ਉਚਾਰ ਕੇ ਸੁਖ ਪਾਉਣਾ ਕੀਤਾ ਹੈ॥ ੩॥ ੩॥ ੨੫॥

(ਇਹ ਦੋਨੋਂ ਅਰਥ ਸੰਪ੍ਰਦਾਈ ਹਨ)

ਕਈ ਵਿਦਵਾਨ ਹੋਰ ਵੀ ਅਰਥ ਕਰਦੇ ਹਨ-(ਸੰਪ੍ਰਦਾਈ ਭਗਤ ਬਾਣੀ ਸਟੀਕ ਵਿਚ ਦੇਖੋ)

ਆਸਾ ॥

ਉਥਾਨਕਾ-ਜਾਤੀ ਹੰਕਾਰ ਵਾਲੇ ਇਕ 'ਮੁਕੰਦਾ' ਨਾਮੀ ਬ੍ਰਾਹਮਣ ਨੇ ਆ ਕੇ ਕਬੀਰ ਜੀ ਨੂੰ ਕਿਹਾ-ਤੇਰੇ ਸਾਰੇ ਕੰਮ ਭ੍ਰਿਸ਼ਟਾਚਾਰੀ ਵਾਲੇ ਹਨ, ਕਿਉਂਕਿ ਤੂੰ ਗਲ ਵਿਚ ਜਨੇਊ ਨਹੀਂ ਪਾਇਆ ਹੋਇਆ, ਇਸ ਕਰਕੇ

**ਸਕਾ ਇਸ ਵਾਸਤੇ ਕਿਹਾ ਹੈ ਜੋ ਜੀਵ ਦੇ ਨਾਲ ਹੀ ਉਤਪੰਨ ਹੋਇਆ ਹੈ, ਭਾਵ ਮਾਂ ਦੇ ਪੇਟ ਤੋਂ ਬਾਹਰ ਦੋਵੇਂ ਇਕੱਠੇ ਨਿਕਲੇ ਹਨ, ਇਸ ਤੇ ਸਕਾ ਕਿਹਾ ਹੈ।*

✧ਪਰਾਇਆ ਇਸ ਵਾਸਤੇ ਕਿਹਾ ਹੈ ਜੋ ਇਹ ਜਮਾਂ ਦਾ ਭਖ ਹੈ ਜਮ ਨੇ ਇਸ ਨੂੰ ਲੈ ਜਾਣਾ ਹੈ।

✧✧ਪਰਮੇਸ਼ਰ ਹੈ, ਇਸ ਨੂੰ ਪ੍ਰੋਖ ਗਿਆਨ ਆਖਦੇ ਹਨ। ਯਥਾ-ਸਤਿਅੰ ਗਿਆਨ ਮਨੰਤੰ ਬ੍ਰਹਮ॥

ਤੂੰ ਅਚਾਰਜ-ਪੁਣੇ ਦੇ ਯੋਗ ਨਹੀਂ। ਇਹ ਗੱਲ ਸੁਣ ਕੇ ਭਗਤ ਕਬੀਰ ਜੀ ਆਖਦੇ ਹਨ-

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥

ਹੇ ਮੁਕੰਦੇ ਬ੍ਰਾਹਮਣ ! ਸਾਡੇ ਘਰ ਵਿਚ ਤਾਂ ਨਿਤਾਪ੍ਰਤੀ, ਭਾਵ ਰੋਜ਼ ਹੀ ਸੂਤ ਦਾ ਤਾਣਾ ਤਣਿਆ ਜਾਂਦਾ ਹੈ ਤੇ ਤੇਰੇ ਗਲ ਵਿਚ ਮਾਸਾ ਜਾਂ ਦੋ ਮਾਸੇ ਦਾ ਜਨੇਊ ਹੈ, ਭਾਵ ਤੇਰੇ ਪਾਸ ਤਾਂ ਥੋਹੜਾ ਜਿਹਾ ਸੂਤ ਹੈ ਤੇ ਸਾਡੇ ਪਾਸ ਬਹੁਤ ਸਾਰਾ ਹੈ, ਇਸ ਕਰਕੇ ਤੇਰੇ ਨਾਲੋਂ ਸਾਡੀ ਵਿਸ਼ੇਸ਼ਤਾ ਹੈ।

'ਮੁਕੰਦੇ' ਨੇ ਕਿਹਾ ਅਸੀਂ ਵੇਦ ਗਾਇਤ੍ਰੀ ਪੜ੍ਹੇ ਹੋਏ ਹਾਂ, ਪਰ ਤੈਨੂੰ ਤਾਂ ਇਨ੍ਹਾਂ ਦੇ ਪੜ੍ਹਨ ਦਾ ਅਧਿਕਾਰ ਹੀ ਨਹੀਂ ਹੈ। *ਉੱਤਰ-*

ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥ ੧॥

ਤੁਸੀਂ ਤਾਂ ਵੇਦਾਂ ਨੂੰ ਪੜ੍ਹਦੇ ਹੋ ਅਤੇ ਗਾਇਤ੍ਰੀ ਦਾ ਜਾਪ ਜਪਦੇ ਹੋ, ਪ੍ਰੰਤੂ ਪਰਮੇਸ਼ਰ ਦੇ ਬੁਝੇ ਬਿਨਾਂ ਸਭ ਨਿਸਫਲ ਹੈ।

ਯਥਾ- ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ॥ ੨॥

(ਸੋਰਠਿ ਮ: ੩, ਪੰਨਾ ੬੦੩)

ਪਰ ਇਹ ਵੇਦ ਤੇ ਗਾਇਤ੍ਰੀ ਮੰਤ੍ਰ ਜਿਸ ਪਰਮਾਤਮਾ ਨੂੰ ਕਥਨ ਕਰਦੇ ਹਨ ਉਹ ਗੋਬਿੰਦ ਪ੍ਰਮਾਤਮਾ ਸਾਡੇ ਹਿਰਦੇ ਵਿਚ ਸਾਖਿਆਤ ਹੈ, ਤੋਂ ਭੀ ਤੇਰੇ ਨਾਲੋਂ ਅਸੀਂ ਵਡੇ ਹਾਂ॥ ੧॥

ਫਿਰ ਤੁਸੀਂ ਤਾਂ ਕਦੇ ਕਦੇ ਨਾਮ ਜਪਦੇ ਹੋ-

ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥

ਮੇਰੀ ਜਿਹਵਾ ਵੀ 'ਵਿਸ਼ਨੁ ਵਿਸ਼ਨੁ' ਦਾ ਜਾਪ ਕਰਦੀ ਹੈ ਮੇਰੇ ਨੇਤ੍ਰਾਂ ਵਿਚ ਵੀ ਨਾਰਾਇਣ ਵਸ ਰਿਹਾ ਹੈ ਅਤੇ ਹਿਰਦੇ ਵਿਚ ਵੀ ਗੋਬਿੰਦ ਦਾ ਧਿਆਨ ਵਸ ਰਿਹਾ ਹੈ।

ਜਮ ਦੁਆਰ ਜਬ ਪੂਛਸਿ ਬਵਰੇ
ਤਬ ਕਿਆ ਕਹਸਿ ਮੁਕੰਦਾ॥ ੧॥ ਰਹਾਉ॥

ਹੇ ਬਉਰੇ ਮੁਕੰਦੇ ! ਜਦੋਂ ਜਮ ਦੁਆਰ=ਧਰਮਰਾਜਾ ਦੇ ਬੂਹੇ 'ਪਰ ਤੈਨੂੰ ਪੁਛਣਗੇ ਕਿ ਸੰਸਾਰ ਵਿਚ ਜਾ ਕੇ ਤੂੰ ਕੇਹੜੀ ਕੇਹੜੀ ਭਲਿਆਈ ਕਰ ਆਇਆ ਹੈਂ ? ਤਿਸ ਵੇਲੇ ਤੂੰ ਕੀ ਕਹੇਂਗਾ ?॥ ੧॥ ਰਹਾਉ॥

ਬ੍ਰਾਹਮਣ ਨੇ ਕਿਹਾ-ਤੁਸੀਂ ਤਾਂ ਸਾਡੀਆਂ ਗਊਆਂ ਹੋ, ਅਸੀਂ ਤੁਹਾਡੇ ਗੁਸਾਈਂ ਹਾਂ, ਇਹ ਗੱਲ ਸੁਣਕੇ ਕਬੀਰ ਜੀ ਕਹਿੰਦੇ ਹਨ-

ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ॥

ਅਸੀਂ ਤੁਹਾਡੀਆਂ ਗਊਆਂ ਹਾਂ ਤੁਸੀਂ ਸਾਡੇ ਗੁਸਾਈ=ਮਾਲਕ ਗੁਆਲੇ ਹੋ ਅਤੇ ਜਨਮਾਂ ਜਨਮਾਂ ਤੋਂ ਤੁਸੀਂ ਸਾਡੀ ਰੱਖਿਆ ਕਰਨ ਵਾਲੇ ਹੋ, ਪਰ ਅਫਸੋਸ ਹੈ-

ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ॥ ੨ ॥

ਕਦੇ ਭੀ ਆਸਾ ਤ੍ਰਿਸ਼ਨਾ ਰੂਪ ਨਦੀ ਤੋਂ ਪਾਰ ਉਤਾਰ ਕੇ ਸਾਨੂੰ ਸ਼ੁਭ ਗੁਣ।

ਅਥਵਾ :-ਬ੍ਰਹਮਾ ਨੰਦ ਰੂਪੀ ਹਰਿਆ ਘਾਹ ਨਹੀਂ ਚਰਾਇਆ ਫਿਰ ਤੁਸੀਂ ਕਿਸ ਤਰ੍ਹਾਂ ਸਾਡੇ ਮਾਲਕ ਬਣ ਸਕਦੇ ਹੋ॥ ੨॥

ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥

ਤੂੰ ਤਾਂ ਮੰਗ ਪਿੰਨ ਕੇ ਖਾਣ ਵਾਲਾ ਬ੍ਰਾਹਮਣ ਹੈਂ ਤੇ ਮੈਂ ਕਾਂਸ਼ੀ ਪੁਰੀ ਦਾ ਜੁਲਾਹਾ ਹਾਂ, ਭਾਵ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਆਪ ਖਾਂਦਾ ਅਤੇ ਹੋਰਨਾਂ ਨੂੰ ਖੁਆਂਦਾ ਹਾਂ।

ਅਥਵਾ :-ਤੂੰ ਬਾਵਨੁ=ਬਾਵਨ ਅਵਤਾਰ ਵਾਂਗੂ ਲੋਭੀ ਹੈਂ ਅਤੇ ਬਾਮਨੁ=ਬਾਮਾਰਗੀਆਂ ਵਾਂਗੂੰ ਟੇਢਾ ਚੱਲਣ ਵਾਲਾ ਹੈਂ ਅਤੇ ਬਾਮਨੁ=ਬ੍ਰਾਹਮਣ ਜ਼ਾਤੀ ਦਾ ਮਾਨੀ ਹੈਂ।

ਅਥਵਾ :-ਮਨ ਦੇ ਨਾਲ ਚੱਲਣ ਵਾਲਾ ਹੈਂ ਤੇ ਕਾਸੀਕ=ਪ੍ਰਕਾਸ਼ ਰੂਪ ਜੋ ਲਾਭ ਵਾਲਾ ਆਤਮ ਪਦ ਹੈ ਉਸ ਨੂੰ ਮੈਂ ਜਾਨਣਾ ਕੀਤਾ ਹੈ। ਤੂੰ ਦਲੀਲ ਦੇ ਕੇ ਮੇਰੇ ਗਿਆਨ ਨੂੰ ਬੁਝਣਾ ਕਰ ਕਿ ਜ਼ਾਤੀ ਅਭਿਮਾਨ ਵਾਲਾ ਸ੍ਰੇਸ਼ਟ ਹੁੰਦਾ ਹੈ ਜਾਂ ਕਿ ਪਰਮੇਸ਼ਰ ਦੇ ਸਿਮਰਨ ਵਾਲਾ ਸ੍ਰੇਸ਼ਟ ਹੁੰਦਾ ਹੈ ? ਫਿਰ ਤੂੰ ਮੰਗਤਾ ਹੈਂ ? ਕਿਉਂਕਿ-

ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ॥ ੩ ॥ ੪ ॥ ੨੬ ॥

ਤੁਸੀਂ ਤਾਂ ਭੂ-ਪਤਿ= ਪ੍ਰਿਥਵੀ ਦੇ ਪਤੀ ਰਾਜਿਆਂ ਪਾਸੋਂ ਹਮੇਸ਼ਾਂ ਦਾਨ ਮੰਗਦੇ ਹੋ ਤੇ ਮੇਰਾ ਧਿਆਨ ਉਸ ਹਰੀ ਵਾਹਿਗੁਰੂ ਨਾਲ ਲੱਗ ਰਿਹਾ ਹੈ। ਹੁਣ ਆਪਣੇ ਮਨ ਵਿਚ ਵਿਚਾਰ ਕੇ ਦੇਖ ਲੈ ਤੂੰ ਉੱਤਮ ਹੈਂ ਜਾਂ ਮੈਂ।

ਇਹ ਉਪਦੇਸ਼ ਸੁਣਦਿਆਂ ਹੀ ਮੁਕੰਦੇ ਦਾ ਹੰਕਾਰ ਦੂਰ ਹੋ ਗਿਆ॥ ੩॥ ੪॥ ੨੬॥

ਆਸਾ ॥

ਉਥਾਨਕਾ-ਹੁਣ ਭਗਤ ਜੀ ਜੀਵਾਂ ਦੀ ਅਗਿਆਨਤਾ ਕਥਨ ਕਰਦੇ ਹਨ-

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥

ਜਗਤ ਦੇ ਜੀਵਨ ਰੂਪ ਪਰਮਾਤਮਾ ਨੂੰ ਲੋਕਾਂ ਨੇ ਐਸੇ ਸਮਝਿਆ ਹੋਇਆ ਹੈ ਕਿ ਸੁਪਨੇ ਵਰਗਾ ਹੈ, ਭਾਵ ਜਿਸ ਤਰ੍ਹਾਂ ਰਾਤ ਨੂੰ ਸੁਪਨਾ ਆਉਂਦਾ ਹੈ, ਉਸ ਸੁਪਨੇ ਵਾਂਗੂ ਮਿਥਿਆ ਨਿਸਚੇ ਕੀਤਾ ਹੋਇਆ ਹੈ ਕਿ ਪ੍ਰਮੇਸ਼ਰ ਹੈ ਹੀ ਨਹੀਂ ਅਤੇ ਜਿਉਣਾ ਸੁਪਨੇ ਦੇ ਸਮਾਨ ਝੂਠਾ ਹੈ, ਪਰੰਤੂ-

ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ॥ ੧ ॥

ਉਸ ਜਿਉਂਣੇ ਨੂੰ ਸੱਚਾ ਜਾਣ ਕਰਕੇ ਹਮ=ਤਮਾਮ ਜੀਵਾਂ ਨੇ ਗੰਢ ਦੇ ਰੱਖੀ ਹੈ, ਭਾਵ ਦ੍ਰਿੜ੍ਹ ਨਿਸਚੇ ਕਰ ਲੀਤਾ ਹੋਇਆ ਹੈ ਕਿ ਅਸਾਂ ਨੇ ਮਰਨਾ ਹੀ ਨਹੀਂ।

ਅਥਵਾ :-ਗਾਠਿ ਦੀਨੀ=ਪ੍ਰੀਤੀ ਦੇਣੀ ਕੀਤੀ ਹੈ ਅਤੇ ਪਰਮ ਨਿੱਧੀਆਂ ਦੇ ਖਜ਼ਾਨੇ ਪ੍ਰਮਾਤਮਾ ਨੂੰ ਛੱਡ ਦਿੱਤਾ ਹੈ। ਉਸ ਦਾ ਭਜਨ ਸਿਮਰਨ ਬਿਲਕੁਲ ਨਹੀਂ ਕਰਦੇ॥ ੧॥

ਬਾਬਾ ਮਾਇਆ ਮੋਹ ਹਿਤੁ ਕੀਨ੍॥
ਜਿਨਿ ਗਿਆਨੁ ਰਤਨੁ ਹਿਰਿ ਲੀਨ੍॥ ੧॥ ਰਹਾਉ॥

ਬਾਬਾ=ਹੇ ਭਾਈ ! ਜੀਵਾਂ ਨੇ ਉਸ ਮਾਇਆ ਦੇ ਮੂੰਹ ਵਿਚ ਹਿਤੁ=ਪਰੇਮ ਕੀਤਾ ਹੋਇਆ ਹੈ ਜਿਸ ਮਾਇਆ ਨੇ ਗਿਆਨ ਰੂਪੀ ਰਤਨ ਨੂੰ ਹਿਰਿ=ਚੁਰਾ ਲਿਆ ਹੈ॥ ੧॥ ਰਹਾਉ॥

ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥

ਜਿਸ ਤਰ੍ਹਾਂ ਪਤੰਗਾਂ ਅੱਖਾਂ ਨਾਲ ਵੇਖ ਕੇ ਦੀਵੇ ਦੀ ਲਾਟ ਉੱਤੇ ਉਰਝੈ=ਉਲਝ, ਭਾਵ ਫਸ ਜਾਂਦਾ ਹੈ ਤੇ ਪਸੁ=ਪਤੰਗਾ ਅੱਗ ਵੱਲ ਨਹੀਂ ਵੇਖਦਾ ਕਿ ਇਹ ਮੈਨੂੰ ਸਾੜ ਦੇਵੇਗੀ।

ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ॥ ੨॥

ਇਸ ਤਰ੍ਹਾਂ ਇਹ ਮੁਗਧੁ=ਮੂਰਖ ਜੀਵ ਕਾਲ ਦੀ ਫਾਹੀ ਨੂੰ ਯਾਦ ਨਹੀਂ ਰੱਖਦਾ ਤੇ ਕਨਿਕ=ਸੋਨੇ ਆਦਿਕ ਪਦਾਰਥਾਂ ਦੇ ਇੱਕਠਿਆਂ ਕਰਨ ਵਿਚ ਤੇ ਕਾਮਿਨਿ=ਇਸਤ੍ਰੀ ਦੇ ਪ੍ਰੇਮ ਵਿਚ ਲੱਗ ਰਿਹਾ ਹੈ॥ ੨॥

ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ॥

ਹੇ ਪੁਰਸ਼ਾ ! ਉਸ ਵਾਹਿਗੁਰੂ ਦਾ ਨਾਮ ਹੀ ਸੰਸਾਰ ਸਮੁੰਦਰ ਤੋਂ ਤਾਰਨ ਨੂੰ ਤਰਨ=ਜਹਾਜ਼ ਰੂਪ ਹੈ, ਤਾਂਤੇ ਤੂੰ ਉਸ ਦੇ ਸਿਮਰਨ ਦਾ ਵਿਚਾਰ ਕਰ ਅਤੇ ਵਿਸ਼ੇ ਵਿਕਾਰਾਂ ਨੂੰ ਪਰਹਰਿ=ਤਿਆਗ ਦੇਹ।

ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ॥ ੩॥ ੫॥ ੨੭॥

ਕਬੀਰ ਜੀ ਕਹਿੰਦੇ ਹਨ-ਜਗਜੀਵਨੁ=ਪ੍ਰਮਾਤਮਾ ਐਸਾ ਕ੍ਰਿਪਾਲੂ ਹੈ ਜਿਸ ਦੇ ਬਰਾਬਰ ਦੂਜਾ ਹੋਰ ਕੋਈ ਨਹੀਂ ਹੈ॥ ੩॥ ੫॥ ੨੭॥

ਆਸਾ॥

ਉਥਾਨਕਾ-ਭਗਤ ਕਬੀਰ ਜੀ ਪਾਸ ਇਕ ਸੇਵਕ ਨੇ ਬੇਨਤੀ ਕੀਤੀ ਕਿ ਆਪ ਵੀ ਕਦੇ ਜੂਨਾਂ ਵਿਚ ਗਏ ਹੋ ਕਿ ਨਹੀਂ ? *ਉੱਤਰ-*

[ਪੰਨਾ ੪੮੩]

ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ॥

ਜਦ ਮੈਂ ਅਗਿਆਨ ਸਹਿਤ ਸੀ, ਉਸ ਵੇਲੇ ਮੈਂ ਬਹੁਤ ਹੀ ਰੂਪ, ਭਾਵ ਜਨਮ ਧਾਰਨ ਕੀਤੇ ਸਨ।

ਯਥਾ- ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁ ਰੰਗਾ॥

ਹੁਣ ਗੁਰਾਂ ਦੀ ਕਿਰਪਾ ਨਾਲ ਬ੍ਰਹਮ ਗਿਆਨ ਹੋਣ ਕਰਕੇ ਕੋਈ ਰੂਪੁ=ਜਨਮ ਨਹੀਂ ਹੋਵੇਗਾ, ਕਿਉਂਕਿ ਜਨਮ ਮਰਨ ਦੇ ਦੇਣ ਵਾਲੀ ਸਮੱਗਰੀ ਦਾ ਅਭਾਵ ਜੋ ਹੋ ਗਿਆ-

ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ॥ ੧॥

ਮੋਹ ਰੂਪ ਧਾਗਾ, ਵਾ-ਦੇਹ ਅਧਿਆਸ ਰੂਪੀ ਧਾਗਾ, ਵਾਸ਼ਨਾ ਰੂਪ ਤਾਰਾਂ ਅਤੇ ਹੋਰ ਸ਼ਕਾਮ ਕਰਮਾਂ ਦਾ ਸਾਰਾ ਸਾਜ ਥੱਕ ਗਿਆ ਹੈ। ਬਸ ਇਹ ਸ਼ਕਾਮ ਕਰਮ ਹੀ ਜਨਮ ਮਰਨ ਦੇ ਦੇਣ ਵਾਲੇ ਸਨ। ਹੁਣ ਮੇਰਾ ਦਿਲ ਰਾਮ ਨਾਮ ਦੇ ਵਸੀਕਾਰ ਹੋ ਗਿਆ ਹੈ॥ ੧॥

ਅਬ ਮੋਹਿ ਨਾਚਨੋ ਨ ਆਵੈ॥
ਮੇਰਾ ਮਨੁ ਮੰਦਰੀਆ ਨ ਬਜਾਵੈ॥ ੧॥ ਰਹਾਉ॥

ਇਸ ਲਈ ਹੁਣ ਮੈਨੂੰ ਚੁਰਾਸੀ ਲੱਖ ਜੂਨਾਂ ਵਿਚ ਨੱਚਣ ਦਾ ਸਮਾਂ ਨਹੀਂ ਆ ਕੇ ਪ੍ਰਾਪਤ ਹੋਵੇਗਾ, ਕਿਉਂਕਿ ਮੇਰਾ ਮਨ ਦਵੈਤ ਰੂਪੀ, ਵਾ-ਦੇਹ ਅਧਿਆਸ ਰੂਪੀ ਮੰਦਰੀਆ=ਢੋਲਕੀ ਨੂੰ ਨਹੀਂ ਵਜਾਉਂਦਾ॥ ੧॥ ਰਹਾਉ॥

ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ॥

ਕਾਮ ਕਰੋਧ ਆਦਿਕਾਂ ਨੂੰ ਤੇ ਮਾਇਆ ਦੀ ਇੱਛਾ ਨੂੰ ਲੈ ਕੇ ਜਾਰੀ=ਸਾੜ ਦਿੱਤਾ ਹੈ।

ਵਾ-ਗੁਰ ਉਪਦੇਸ਼ ਨੂੰ ਲੈ ਕੇ ਕਾਮ ਕ੍ਰੋਧ ਆਦਿਕ ਤੇ ਮਾਇਆ ਨੂੰ ਸਾੜ ਦਿੱਤਾ ਹੈ ਅਤੇ ਪਦਾਰਥਾਂ ਦੇ ਇਕੱਠਿਆਂ ਕਰਨ ਦੀ ਤ੍ਰਿਸ਼ਨਾ ਰੂਪੀ ਘੜੀ ਵੀ ਟੁੱਟ ਗਈ ਹੈ।

ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ॥ ੨॥

ਕਾਮ ਵਾ-ਕਾਮਨਾ ਰੂਪੀ ਚੋਲਾ ਪੁਰਾਣਾ ਹੋ ਗਿਆ ਹੈ, ਭਾਵ ਸਭ ਕਾਮਨਾਂ ਦੂਰ ਹੋ ਗਈਆਂ ਹਨ ਅਤੇ ਭਰਮ ਵੀ ਸਾਰਾ ਛੁੱਟ ਗਿਆ ਹੈ॥ ੨॥

ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ॥

ਅਸਾਂ ਹੁਣ ਇਕ ਵਾਹਿਗੁਰੂ ਨੂੰ ਹੀ ਸਰਬ+ਭੂਤ=ਰੂਪ ਕਰਕੇ ਜਾਨਣਾ ਕੀਤਾ ਹੈ।

ਵਾ-ਸਾਰਿਆਂ ਜੀਵਾਂ ਨੂੰ ਇਕ ਵਾਹਿਗੁਰੂ ਦਾ ਸਰੂਪ ਕਰਕੇ ਜਾਣ ਲਿਆ ਹੈ।

ਬਾਦ=ਆਪਣੇ ਮਤ ਦਾ ਮੰਡਨ ਕਰਨਾ, ਬਿਬਾਦਾ=ਪਰ ਮਤ ਦਾ ਖੰਡਨ ਕਰਨਾ।

ਵਾ-ਬਾਦ=ਬਿਅਰਥ, ਬਿਬਾਦਾ=ਝਗੜੇ ਕਰਨੇ ਚੂਕੇ=ਚੁਕ ਗਏ, ਭਾਵ ਦੂਰ ਹੋ ਗਏ ਹਨ।

ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ॥ ੩॥ ੬॥ ੨੮॥

ਕਬੀਰ ਜੀ ਕਹਿੰਦੇ ਹਨ-ਰਾਮ=ਪਰਮਾਤਮਾ ਦੀ ਪਰਸਾਦਾ=ਕਿਰਪਾ ਹੋਣ ਕਰਕੇ ਮੈਨੇ ਪੂਰਾ ਨਾਮ ਗਿਆਨ ਪਾ ਲਿਆ ਹੈ॥ ੩॥ ੬॥ ੨੮॥

ਆਸਾ॥

ਉਥਾਨਕਾ-ਇਕ ਕਾਜ਼ੀ ਨੇ ਕਿਹਾ, ਮੁਸਲਮਾਨ ਮਜ਼ਹਬ ਸਭ ਤੋਂ ਉੱਤਮ ਹੈ, ਆਪ ਇਸ ਦੀਆਂ ਰਵਾਇਤਾਂ ਅਨੁਸਾਰ ਚਲੋ ਤਾਂ ਆਪ ਨੂੰ ਬਹਿਸ਼ਤ ਦੀ ਪ੍ਰਾਪਤੀ ਹੋਵੇਗੀ। ਇਹ ਗੱਲ ਸੁਣਕੇ ਕਬੀਰ ਜੀ ਆਖਦੇ ਹਨ-

ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥

ਹੇ ਕਾਜ਼ੀ ! ਤੂੰ ਰੋਜ਼ਿਆਂ ਨੂੰ ਰਖਦਾ ਹੈਂ ਤੇ ਅੱਲਾ ਨੂੰ ਮਨਾਂਦਾ ਹੈਂ, ਪਰ ਜੀਭ ਦੇ ਸੁਆਦ ਵਾਸਤੇ ਜਿਹੜਾ ਤੂੰ ਬੱਕਰੇ ਆਦਿ ਜੀਆਂ ਨੂੰ ਮਾਰਦਾ ਹੈਂ, ਇਸ ਹੱਤਿਆ ਦਾ ਦੋਸ਼ ਕਿਥੇ ਲਾਹੇਂਗਾ ?

ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥ ੧॥

ਜਿਸ ਤਰ੍ਹਾਂ ਤੂੰ ਆਪਣੇ ਆਪ ਨੂੰ ਵੇਖਦਾ ਹੈਂ, ਭਾਵ ਆਪਣੀ ਜਾਨ ਪਿਆਰੀ ਸਮਝਦਾ ਹੈਂ, ਐਸੇ ਹੋਰਨਾਂ ਨੂੰ

ਨਹੀਂ ਵੇਖਦਾ। ਜੇ ਪਰਮੇਸ਼ਰ ਨੂੰ ਸਾਰੇ ਪਰੀਪੂਰਨ ਸਮਝੇਂ ਤਾਂ ਫਿਰ ਕਿਸ ਵਾਸਤੇ ਝਖ=ਮੱਛੀਆਂ ਨੂੰ ਮਾਰਦਾ ਹੈਂ।

ਅਥਵਾ :-ਝਖ=ਗੱਪਾਂ ਨੂੰ ਮਾਰਦਾ ਹੈਂ। ਜੀਵ ਹੱਤਿਆ ਕਰਨ ਨਾਲ ਰੋਜ਼ੇ ਰਖਣੇ, ਨਿਮਾਜ਼ਾਂ ਪੜ੍ਹਨੀਆਂ, ਸਭ ਨਿਸਫਲ ਚਲੀਆਂ ਜਾਂਦੀਆਂ ਹਨ॥ ੧॥

ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ॥

ਹੇ ਕਾਜ਼ੀ ! ਕੀ ਸਾਹਿਬੁ=ਪਰਮਾਤਮਾ ਇਕ ਤੇਰੇ ਵਿਚ ਹੀ ਹੈ ਤੇ ਅਤੇ ਤੇਰਾ ਹੀ ਪੱਖੀ ਹੈ ? ਜਾਂ ਤੇਰਾ ਹੀ ਮੁੱਲ ਲੀਤਾ ਹੋਇਆ ਹੈ ? ਤੂੰ ਇਸ ਗੱਲ ਨੂੰ ਸੋਚ ਵਿਚਾਰ ਕੇ ਨਹੀਂ ਵੇਖਦਾ।

ਅਥਵਾ :-ਸਾਨੂੰ ਇਸ ਗੱਲ ਦੀ ਬੜੀ ਸੋਚ ਹੈ ਪਰ ਤੂੰ ਵਿਚਾਰ ਕੇ ਨਹੀਂ ਵੇਖਦਾ।

ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ॥ ੧॥ ਰਹਾਉ॥

ਹੇ ਮਜ਼ਹਬ ਦੇ ਦੀਵਾਨੇ ! ਤੂੰ ਆਪਣੇ ਸਵਾਰਨ ਦੀ ਖਬਰ ਨਹੀਂ ਕਰਦਾ।

ਅਥਵਾ :-ਪਰਮੇਸ਼ਰ ਦੇ ਸਿਮਰਨ ਦੀ ਖਬਰ ਨਹੀਂ ਕਰਦਾ, ਇਸ ਲਈ ਤੇਰਾ ਮਨੁੱਖਾ ਜਨਮ ਲੇਖੇ ਤੋਂ ਬਿਨਾਂ ਹੋਣ ਕਰਕੇ ਨਿਸਫਲ ਹੈ॥ ੧॥ ਰਹਾਉ॥

ਕਾਜ਼ੀ ਨੇ ਕਿਹਾ ਦੀਨ ਦੇ ਵਧਾਉਣ ਦੀ ਖਬਰ ਤਾਂ ਕਤੇਬਾਂ ਵੀ ਆਖਦੀਆਂ ਹਨ ਤਾਂ ਕਬੀਰ ਜੀ ਉੱਤਰ ਦੇਂਦੇ ਹਨ-

ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥

ਕਤੇਬਾਂ ਤਾਂ ਇਕ ਸੱਚੇ ਅੱਲਾ ਨੂੰ ਹੀ ਕਥਨ ਕਰਦੀਆਂ ਹਨ, ਜਿਸ ਵਿਚ ਕੋਈ ਇਸਤ੍ਰੀ ਪੁਰਸ਼ ਭਾਵ ਨਹੀਂ ਹੈ।

ਯਥਾ- ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰ ਸਰੂਪ॥

ਅਤੇ ਵੇਦਾਂਤੀਆਂ ਨੇ ਵੀ ਬ੍ਰਹਮ ਨੂੰ ਨਿਪੁੰਸਕ ਕਥਨ ਕੀਤਾ ਹੈ।

ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ॥ ੨॥

ਹੇ ਬੌਰੇ ਕਾਜ਼ੀ ! ਐਵੇਂ ਪੜ੍ਹਨ ਅਤੇ ਗੁਨੇ=ਵਿਚਾਰਨ ਨਾਲ ਕੁਝ ਲਾਭ ਨਹੀਂ ਹੁੰਦਾ, ਜੇਕਰ ਆਪਣੇ ਦਿਲ ਵਿਚ ਅੱਲਾ ਦੀ ਖਬਰ ਨਹੀਂ ਹੋਈ॥ ੨॥

ਅਥਵਾ :-ਹੇ ਬੌਰੇ ਕਾਜ਼ੀ ! ਪੜ੍ਹਦਾ ਤਾਂ ਹੈਂ, ਪਰ ਵਿਚਾਰਦਾ ਕੁਝ ਨਹੀਂ ਜਿਸ ਕਰਕੇ ਤੇਰੇ ਦਿਲ ਵਿਚ ਖੁਦਾ ਦੀ ਖਬਰ ਨਹੀਂ ਹੁੰਦੀ॥ ੨॥

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥

ਸਾਰਿਆਂ ਹਿਰਦਿਆਂ ਵਿਚ ਅਲਹੁ=ਪਰਮਾਤਮਾ, ਗੈਬੁ=ਗੁਪਤ ਭਾਵ ਛੁਪਿਆ ਹੋਇਆ ਹੈ, ਤੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਦੇਖ ਲੈ।

ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥ ੩॥ ੭॥ ੨੯॥

ਹਿੰਦੂ ਅਤੇ ਮੁਸਲਮਾਨ ਦੋਹਾਂ ਵਿਚ ਇਕੋ ਹੀ ਨਿਰੰਕਾਰ ਹੈ। ਕਬੀਰ ਜੀ ਪੁਕਾਰ ਕੇ ਕਹਿੰਦੇ ਹਨ॥ ੩॥ ੭॥ ੨੯॥

ਆਸਾ ॥ ਤ੍ਰਿਪਦਾ ॥ ਇਕਤੁਕਾ ॥ ਕੀਓ ਸਿੰਗਾਰੁ ਮਿਲਨ ਕੇ ਤਾਈ ॥
ਹਰਿ ਨ ਮਿਲੇ ਜਗਜੀਵਨ ਗੁਸਾਈ ॥ ੧ ॥

ਵਾਹਿਗੁਰੂ ਦੇ ਮਿਲਣ ਵਾਸਤੇ ਮੈਂ ਆਪਣੇ ਆਪ ਬਹੁਤ ਹੀ ਜਪ ਤਪ ਰੂਪੀ ਸ਼ਿੰਗਾਰ ਕੀਤੇ ਹਨ, ਪਰੰਤੂ ਜਗਜੀਵਨ ਗੁਸਾਈਂ ਹਰੀ ਪਰਮਾਤਮਾ ਮੈਨੂੰ ਮਿਲੇ ਨਹੀਂ ॥ ੧ ॥

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥

ਪਰਮਾਤਮਾ ਮੇਰਾ ਪਤੀ ਹੈ, ਮੈਂ ਉਸ ਪਰਮਾਤਮਾ ਦੀ ਬਹੁਰੀਆਂ=ਇਸਤ੍ਰੀ ਹਾਂ।

ਰਾਮ ਬਡੇ ਮੈ ਤਨਕ ਲਹੁਰੀਆ ॥ ੧ ॥ ਰਹਾਉ ॥

ਰਾਮ ਜੀ ਵੱਡੇ ਹਨ, ਭਾਵ ਦੇਸ਼ ਕਾਲ ਵਸਤੂ ਪਰਛੇਦ ਤੋਂ ਰਹਿਤ ਹਨ, ਮੈਂ ਤਨਕ=ਛੋਟੀ ਜਿਹੀ ਲਹੁਰੀਆ=ਦਾਸੀ ਹਾਂ ॥ ੧ ॥ ਰਹਾਉ ॥

ਧਨ ਪਿਰ ਏਕੈ ਸੰਗਿ ਬਸੇਰਾ ॥ ਸੇਜ ਏਕ ਪੈ ਮਿਲਨੁ ਦੁਹੇਰਾ ॥ ੨ ॥

ਧਨ=ਜੀਵ ਰੂਪ ਇਸਤਰੀ ਅਤੇ ਪਿਰ=ਪਰਮਾਤਮਾ ਦਾ ਇਕ ਅੰਤਹਕਰਣ ਰੂਪੀ ਥਾਂ ਤੇ ਵਾਸਾ ਹੋਣ ਕਰਕੇ ਆਪਸ ਵਿਚ ਸੰਗਿ=ਮੇਲ ਹੈ। ਦੋਹਾਂ ਦੀ ਸਿਹਜਾ ਇਕ ਹੀ ਹੈ ਜੀਵ ਅੰਤਹਕਰਣ ਵਿਸ਼ਿਸ਼ਟ ਹੈ, ਸਾਖੀ ਚੇਤਨ ਅੰਤਹਕਰਣ ਉਪਹਿਤ ਹੈ, ਪਰ ਆਪਸ ਵਿਚ ਦੋਹਾਂ ਦਾ ਮਿਲਣਾ ਬਹੁਤ ਹੀ ਦੇਹੁਰਾ=ਕਠਨ ਹੈ ॥ ੨ ॥

ਧੰਨਿ ਸੁਹਾਗਨਿ ਜੋ ਪੀਅ ਭਾਵੈ ॥
ਕਹਿ ਕਬੀਰ ਫਿਰਿ ਜਨਮਿ ਨ ਆਵੈ ॥ ੩ ॥ ੮ ॥ ੩੦ ॥

ਉਹ ਸੁਹਾਗਣ ਇਸਤ੍ਰੀ ਧੰਨਤਾ ਯੋਗ ਹੈ ਜੋ ਆਪਣੇ ਪਿਆਰੇ ਪਤੀ ਨੂੰ ਭਾਉਂਦੀ ਹੈ।
ਕਬੀਰ ਜੀ ਕਹਿੰਦੇ ਹਨ-ਉਹ ਫਿਰ ਜਨਮ ਮਰਨ ਵਿਚ ਨਹੀਂ ਆਉਂਦੀ ॥ ੩ ॥ ੮ ॥ ੩੦ ॥

ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ

ੴ ਸਤਿਗੁਰ ਪ੍ਰਸਾਦਿ ॥
ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥
ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥ ੧ ॥
ਹਰਿ ਕੀ ਕਥਾ ਅਨਾਹਦ ਬਾਨੀ ॥
ਹੰਸੁ ਹੁਇ ਹੀਰਾ ਲੇਇ ਪਛਾਨੀ ॥ ੧ ॥ ਰਹਾਉ ॥

(ਰਹਾਉ ਦੀਆਂ ਤੁਕਾਂ ਤੋਂ ਅਰਥ ਸ਼ੁਰੂ ਕਰਨਾ)

ਪਰਮਾਤਮਾ ਦੀ ਕਥਾ ਅਨਾਹਦ=ਇਕਰਸ ਸਾਰੇ ਬਣ ਰਹੀ ਹੈ। ਜਿਵੇਂ ਹੰਸ ਦੁੱਧ ਪਾਣੀ ਦਾ ਵਿਵੇਚਨ ਕਰਦਾ ਹੈ, ਤਿਵੇਂ ਇਹ ਜੀਵ ਮਹਾਤਮਾ ਦੀ ਨਿਆਈਂ ਤੱਤ ਮਿਥਿਆ ਨੂੰ ਵਿਚਾਰਨ ਵਾਲਾ ਹੋਵੇ ਤਾਂ ਹੀਰਾ= ਪਰਮਾਤਮਾ ਨੂੰ ਪਛਾਣ ਲੈਂਦਾ ਹੈ।

ਜਿਸ ਵੇਲੇ ਕਥਾ ਨੂੰ ਸੁਣਕੇ ਮਨ ਰੂਪੀ ਹੀਰਾ ਗੁਰ ਉਪਦੇਸ਼ ਰੂਪ ਹੀਰੇ ਨਾਲ ਬੇਧਿ=ਮਿਲਿਆ ਤਾਂ ਪਵਨ ਵਤ ਉੱਡਣ ਵਾਲਾ ਚੰਚਲ ਮਨ ਸਹਿਜੇ ਹੀ ਵਾਹਿਗੁਰੂ ਦੇ ਸਿਮਰਨ ਵਿਚ ਸਮਾਅ ਗਿਆ। ਸਿਮਰਨ ਦੀ ਤਾਕਤ ਕਰਕੇ ਫੇਰ ਜੀਵ ਰੂਪੀ ਹੀਰਾ ਪਰਮੇਸ਼ਰ ਰੂਪੀ ਹੀਰੇ ਨਾਲ ਬੇਧਿ=ਮਿਲ ਗਿਆ।

ਯਥਾ- ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ॥ ੨॥

(ਤੁਖਾਰੀ ਮਹਲਾ ੧, ਪੰਨਾ ੧੧੧੨)

ਪੁਨਾ ਇਹ ਨਿਸਚੇ ਕੀਤਾ ਕਿ ਸਾਰਿਆਂ ਵਿਚ ਇਸ ਹੀਰੇ=ਪਰਮਾਤਮਾ ਨੇ ਆਪਣੀ ਜੋਤਿ=ਸਤਾ ਮੇਲੀ ਹੋਈ ਹੈ, ਪਰ ਇਹ ਗੱਲ ਗੁਰਾਂ ਦੇ ਬਚਨਾਂ ਦੁਆਰਾ ਮੈਂ ਜਾਣ ਪਾਈ ਹੈ॥ ੧॥

ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ॥

ਕਬੀਰ ਜੀ ਆਖਦੇ ਹਨ— ਕਿ ਮੈਂ ਐਸਾ ਹੀਰਾ ਪਰਮਾਤਮਾ ਵੇਖਿਆ ਹੈ ਜੋ ਸਾਰੇ ਸੰਸਾਰ ਵਿਚ ਅਸਤੀ ਭਾਂਤੀ ਪ੍ਰੇਯ ਰੂਪ ਹੋ ਕੇ ਸਮਾਅ ਰਿਹਾ ਹੈ।

ਗੁਪਤਾ ਹੀਰਾ ਪ੍ਰਗਟ ਭਇਓ
ਜਬ ਗੁਰ ਗਮ ਦੀਆ ਦਿਖਾਈ॥ ੨॥ ੧॥ ੩੧॥

ਗੁਪਤਾ ਹੀਰਾ=ਪਰਮਾਤਮਾ ਤਦ ਤੋਂ ਮੈਨੂੰ ਪ੍ਰਗਟ ਹੋਇਆ ਹੈ ਜਦ ਤੋਂ ਗਿਆਨ ਗਮ=ਪੂਰਨ ਗੁਰਾਂ ਨੇ ਮੈਨੂੰ ਦਿਖਾ ਦਿੱਤਾ ਹੈ॥ ੨॥ ੧॥ ੩੧॥

ਆਸਾ॥

ਉਥਾਨਕਾ-ਕਿਸੇ ਪ੍ਰੇਮੀ ਨੇ ਭਗਤ ਕਬੀਰ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ! ਆਪ ਜੀ ਨੇ ਦੋ ਵਿਆਹ ਕਿਉਂ ਕਰਾਏ ਹਨ, ਇਸ ਵਿਚ ਕੀ ਕਾਰਨ ਹੈ ?

ਇਹ ਗੱਲ ਸੁਣਕੇ ਕਬੀਰ ਜੀ ਪਹਿਲੇ ਵਿਹਾਰਕ ਗੱਲ ਦੱਸਦੇ ਹਨ ਤੇ ਫਿਰ ਅੰਤ੍ਰੀਵ ਭਾਵ ਦੱਸਣਗੇ।

ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ॥

ਪਹਿਲਾ ਅਰਥ-

ਪਹਿਲੀ 'ਨੂਰਾਂ' ਨਾਮ ਕਰਕੇ ਔਰਤ ਕਰੂਪਿ=ਕੋਝੀ ਭਾਵ ਕਾਲੇ ਰੰਗ ਵਾਲੀ, ਚੌੜੇ ਨੱਕ ਵਾਲੀ, ਮੋਟੇ ਹੋਠਾਂ ਵਾਲੀ, ਬਿੱਲੀਆਂ ਅੱਖਾਂ ਵਾਲੀ ਸੀ ਤੇ ਕੁਜਾਤਿ=ਖੋਟੀ, ਭਾਵ ਨੀਵੀਂ ਜ਼ਾਤ ਵਾਲੀ ਸੀ ਅਤੇ ਕੁਲੱਖਨੀ=ਭੈੜੇ ਲੱਛਣਾਂ ਵਾਲੀ ਸੀ, ਕਿਉਂਕਿ ਜਿਸ ਦਿਨ ਦੀ ਘਰ ਆਈ ਸੀ ਉਸ ਦਿਨ ਤੋਂ ਕੋਈ ਨਾ ਕੋਈ ਨੁਕਸਾਨ ਹੀ ਹੁੰਦਾ ਰਹਿੰਦਾ ਸੀ। ਕਦੇ ਗਊ ਮਰ ਗਈ, ਕਦੇ ਮੱਝ ਮਰ ਗਈ, ਕਦੇ ਘੋੜੀ ਮਰ ਗਈ। ਸਹੁਰੇ ਅਤੇ ਪੇਕੇ ਘਰ ਵਿਚ ਸਦਾ ਬੁਰੀ ਰਹਿੰਦੀ ਸੀ। ਜਿਹਾ ਕਿ-

ਪਾਣੀ ਕੇ ਮਾਂਗਤਿ ਪਾਥਰ ਮਾਰਤ ਨਾਰ ਕਿਧੌ.ਘਰ ਨਾਹਰਿ ਆਨੀ॥

ਕਿਉਂਕਿ ਉਹ ਕਿਸੇ ਦੇ ਆਖੇ ਨਹੀਂ ਲੱਗਦੀ ਸੀ, ਜਿਹੜੀ ਔਰਤ ਪਤੀ ਦੇ ਆਖੇ ਨਾ ਲੱਗੇ ਉਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ 'ਕੁਲੱਖਣੀ' ਤੇ 'ਕੁਨਾਰੀ' ਲਿਖਿਆ ਹੈ।

ਯਥਾ- ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ॥
ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ॥ ੩॥

(ਸੋਰਠਿ ਮ: ੩ ਪੰਨਾ ੬੩੯)

ਤਥਾ- ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ॥
ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ॥
ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ॥ ੨॥

(ਸੋਰਠਿ ਵਾਰ ਪੰਨਾ ੬੫੧)

ਤਥਾ- ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ॥
ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ॥ ੪॥
ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ॥
ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ॥
ਦਰਿ ਘਰਿ ਢੋਈ ਨਾ ਲਹੈ ਛੁਟੀ ਦੂਜੈ ਸਾਦਿ॥ ੫॥

(ਸਿਰੀਰਾਗੁ ਅਸਟਪਦੀਆਂ ਮ: ੧ ਪੰਨਾ ੫੬)

ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ॥ ੧॥

ਹੁਣ ਮਗਰੋਂ ਦੀ ਵਿਆਹੀ ਹੋਈ 'ਲੋਈ' ਨਾਮ ਕਰਕੇ ਦੂਜੀ ਔਰਤ ਸੁੰਦਰ ਸਰੂਪ ਵਾਲੀ ਹੈ, ਆਏ ਗਏ ਦੀ ਸੇਵਾ ਕਰਨ ਵਿਚ ਸੁਜਾਨਿ=ਚਤੁਰ ਹੈ। ਜਿਸ ਵੇਲੇ ਭੀ ਮਹਾਤਮਾ ਜਨ ਘਰ ਆਉਂਦੇ ਹਨ, ਆਪੇ ਹੀ ਪਾਣੀ ਪੱਖਾ ਕਰਨ ਲੱਗ ਜਾਂਦੀ ਹੈ ਅਤੇ ਚੰਗੇ ਲੱਛਣਾਂ ਵਾਲੀ ਹੈ, ਭਾਵ ਆਗਿਆਕਾਰੀ ਹੈ, ਜਿਸ ਵੇਲੇ ਭੀ ਕੁੱਝ ਆਖੀਦਾ ਹੈ ਓਸੇ ਵੇਲੇ ਕੰਮ ਪੂਰਾ ਕਰ ਦੇਂਦੀ ਹੈ। ਪਤੀਬ੍ਰਤਾ ਹੋਣ ਕਰਕੇ ਉਸ ਦੀ ਪ੍ਰੀਤੀ ਅਸਾਂ ਨੇ ਆਪਣੇ ਉਦਰਿ=ਦਿਲ ਵਿਚ ਧਾਰਨ ਕੀਤੀ ਹੈ।

ਅਥਵਾ :-ਪਹਿਲੀ ਵਿਚੋਂ ਕੋਈ ਬੱਚਾ ਨਹੀਂ ਸੀ ਹੁੰਦਾ, ਪਰ ਇਸ ਨੇ ਤਾਂ ਸੁੱਤੇ ਹੀ, ਭਾਵ ਕੋਈ ਇਲਾਜ ਵਗੈਰਾ ਯਤਨ ਕੀਤੇ ਬਿਨਾਂ ਹੀ ਉਦਰਿ ਧਰੀ=ਗਰਭ ਧਾਰ ਲਿਆ ਹੈ॥ ੧॥

ਚੰਗੀ ਔਰਤ ਓਹੀ ਹੁੰਦੀ ਹੈ ਜੋ ਪਤੀ ਦੀ ਆਗਿਆ ਵਿਚ ਚੱਲਦੀ ਹੈ।

ਯਥਾ- ਜੇ ਧਨ ਖਸਮੈ ਚਲੈ ਰਜਾਈ॥ ਦਰਿ ਘਰਿ ਸੋਭਾ ਮਹਲਿ ਬੁਲਾਈ।
ਨਾਨਕ ਕਰਮੀ ਇਹ ਮਤਿ ਪਾਈ॥ ਗੁਰ ਪਰਸਾਦੀ ਸਚਿ ਸਮਾਈ॥ ੧॥

(ਸਿਰੀਰਾਗੁ ਕੀ ਵਾਰ ਪੰਨਾ ੮੫)

ਭਲੀ ਸਰੀ ਮੁਈ ਮੇਰੀ ਪਹਿਲੀ ਬਰੀ॥
ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ॥ ੧॥ ਰਹਾਉ॥

ਚੰਗਾ ਹੋਇਆ ਕਿ ਮੇਰੀ ਪਹਿਲੀ ਬਰੀ=ਵਿਆਹੀ ਹੋਈ ਔਰਤ ਮਰ ਗਈ, ਭਾਵ ਦਿਲੋਂ ਭੁੱਲ ਗਈ ਹੈ। ਰੱਬ ਚੰਗਾ ਕਰੇ, ਤਾਂ ਹੁਣ ਦੀ ਵਿਆਹੀ ਹੋਈ ਮੇਰੀ ਇਸਤਰੀ 'ਲੋਈ' ਜੁਗੋ ਜੁਗ ਜੀਂਵਦੀ ਰਹੇ॥ ੧॥ ਰਹਾਉ॥

ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥

ਕਬੀਰ ਜੀ ਆਖਦੇ ਹਨ, ਜਿਸ ਵੇਲੇ ਲਹੁਰੀ=ਨਵੀਨ ਲੋਈ ਆਈ ਤਾਂ ਬਡੀ=ਪਹਿਲੀ ਇਸਤ੍ਰੀ ਦਾ ਸੁਹਾਗੁ=ਅਨੰਦ ਹਟ ਗਿਆ।

ਲ਼ਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ ॥ ੨ ॥ ੨ ॥ ੩੨ ॥

ਲਹੁਰੀ=ਨਵੀਨ 'ਲੋਈ' ਹੁਣ ਮੇਰੇ ਨਾਲ ਹੋਈ ਹੈ ਅਤੈ ਜੇਠੀ ਵੱਡੀ ਭਾਵ ਪਹਿਲੀ 'ਨੂਰਾਂ' ਇਸਤ੍ਰੀ ਕਿਸੇ ਹੋਰ ਨੂੰ ਜਾ ਕੇ ਧਾਰ ਲਿਆ ਹੈ, ਕਿਉਂ ਜੁ ਭੈੜੇ ਲੱਛਣਾਂ ਵਾਲੀ ਸੀ॥ ੨ ॥ ੨ ॥ ੩੨ ॥

ਦੂਜਾ ਅਰਥ-

ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ॥

ਅਗਿਆਨਤਾ ਦੇ ਸਮੇਂ ਜੋ ਪਹਿਲੇ ਕੁਬੁੱਧੀ ਧਾਰਨ ਕੀਤੀ ਹੋਈ ਸੀ ਉਹ ਕ+ਰੂਪਿ=ਸਫ਼ਾਈ ਰੂਪੀ ਰੂਪ ਤੋਂ ਰਹਿਤ ਸੀ ਤੇ ਕੁ+ਜਾਤਿ=ਕਾਮ ਆਦਿਕਾਂ ਦੇ ਉਤਪੰਨ ਕਰਨ ਵਾਲੀ ਸੀ ਅਤੇ ਕੁਲ+ਖਨੀ=ਸ਼ੁਭ ਗੁਣਾਂ ਰੂਪੀ ਕੁਲ ਦੇ ਘੈ ਕਰਨ ਵਾਲੀ ਸੀ। ਸਾਹੁਰੈ=ਪ੍ਰਲੋਕ ਅਤੇ ਪੇਈਐ=ਇਸ ਲੋਕ ਵਿਚ ਬੁਰੀ ਸੀ।

ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ॥੧॥

ਹੁਣ ਦੀ ਜੋ ਸੁਬੁੱਧੀ ਧਾਰਨ ਕੀਤੀ ਹੈ ਉਹ ਸਫ਼ਾਈ ਰੂਪੀ ਸੁੰਦਰ ਰੂਪ ਵਾਲੀ ਹੈ ਤੇ ਸੁਜਾਨਿ=ਚਤੁਰ ਅਤੇ ਸ੍ਰੇਸ਼ਟ ਲੱਛਣਾਂ ਵਾਲੀ, ਭਾਵ ਸ਼ੁਭ ਗੁਣਾਂ ਦੇ ਸਹਿਤ ਹੈ। ਤਿਸ ਸਬੁੱਧੀ ਨੂੰ ਸਹਿਜ ਭਾਵ ਨਾਲ ਆਪਣੇ ਦਿਲ ਵਿਚ ਮੈਂ ਧਾਰਨ ਕੀਤਾ ਹੈ॥ ੧॥

ਭਲੀ ਸਰੀ ਮੁਈ ਮੇਰੀ ਪਹਿਲੀ ਬਰੀ॥ ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ॥ ੧॥ ਰਹਾਉ॥

ਚੰਗੀ ਗੱਲ ਹੋਈ ਜੋ ਮੇਰੀ ਪਹਿਲੀ ਵਰੀ ਹੋਈ ਕੁਬੁੱਧੀ ਰੂਪ ਇਸਤ੍ਰੀ ਮਰ ਗਈ ਹੈ ਅਤੇ ਹੁਣ ਦੀ ਧਾਰੀ ਹੋਈ ਸੁਬੁੱਧੀ ਰੂਪ ਇਸਤਰੀ ਜੁਗਾਂ ਜੁਗਾਂ ਤੱਕ ਜਿਉਂਦੀ ਰਹੇ॥ ੧॥ ਰਹਾਉ॥

ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ॥

ਕਬੀਰ ਜੀ ਆਖਦੇ ਹਨ— ਜਦ ਤੋਂ ਭਾਵ ਗੁਰਾਂ ਦੇ ਮਿਲਾਪ ਨਾਲ ਨਵੀਨ ਅਨੰਦ ਦਾਤੀ ਸੁਬੁੱਧੀ ਰੂਪ ਇਸਤਰੀ ਮੇਰੇ ਹਿਰਦੇ ਰੂਪ ਘਰ ਵਿਚ ਆਈ ਹੈ ਤਦ ਤੋਂ ਬਡੀ=ਕੁਬੁੱਧੀ ਦਾ ਵਿਹਾਰਕ ਅਨੰਦ ਭਾਵ ਵਿਸ਼ੇ ਸੁਖ ਟਲ ਗਿਆ ਹੈ।

ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ॥ ੨॥ ੨॥ ੩੨॥

ਲਹੁਰੀ=ਨਿੱਕੀ ਜਾਂ ਨਵੀਨ ਸੁਬੁੱਧੀ ਮੇਰੇ ਨਾਲ ਮੇਲ ਵਾਲੀ ਹੋਈ ਹੈ ਅਤੇ ਜੇਠੀ=ਵੱਡੀ ਜੋ ਕੁਬੁੱਧੀ ਸੀ, ਉਸ ਨੇ ਕਿਸੇ ਹੋਰ ਦੁਸ਼ਟ ਨੂੰ ਜਾ ਕੇ ਧਾਰ ਲਿਆ ਹੈ॥ ੨॥ ੨॥ ੩੨॥

[ਪੰਨਾ ੪੮੪]

ਆਸਾ ॥

ਉਥਾਨਕਾ-ਕਬੀਰ ਜੀ ਦੇ ਮਨ ਵਿਖੇ ਆਏ ਗਏ ਮਹਾਂ ਪੁਰਸ਼ਾਂ ਦੀ ਸੇਵਾ ਕਰਨ ਦਾ ਬੜਾ ਸ਼ੌਕ ਸੀ, ਆਪ ਭੀ ਉੱਠ ਕੇ ਸੇਵਾ ਕਰਦੇ ਸਨ ਅਤੇ ਆਪਣੀ ਧਰਮ ਪਤਨੀ 'ਲੋਈ' ਪਾਸੋਂ ਵੀ ਸੇਵਾ ਕਰਾਉਂਦੇ ਹੁੰਦੇ ਸਨ।

ਲੋਈ ਦੀ ਸੇਵਾ 'ਪਰ ਮਹਾਤਮਾ ਬੜੇ ਖੁਸ਼ ਸਨ। ਜਿਸ ਵੇਲੇ ਭੀ ਮਧੂਕੜੀ ਮੰਗਣ ਆਉਂਦੇ ਤਾਂ ਉਸ ਨੂੰ 'ਰਾਮ ਜਨੀ' ਕਰਕੇ ਬੁਲਾਉਂਦੇ ਹੁੰਦੇ ਸਨ, ਕਿਉਂਕਿ ਲੋਈ ਸੇਵਾ ਕਰਦੀ ਹੋਈ ਹਰ ਵੇਲੇ ਮੂੰਹੋਂ 'ਰਾਮ ਰਾਮ' ਉਚਾਰਨ ਕਰਦੀ ਰਹਿੰਦੀ ਸੀ। ਰਾਮ ਦੇ ਉਚਾਰਨ ਵਾਲੇ ਨੂੰ 'ਰਾਮਜਨੀ' ਹੀ ਕਿਹਾ ਜਾਂਦਾ ਹੈ।

ਯਥਾ- ਉਨਿ ਮੋਹੇ ਬਹੁਤੇ ਬ੍ਰਹਮੰਡ॥ ਰਾਮਜਨੀ ਕੀਨੀ ਖੰਡ ਖੰਡ॥ ੩॥

(ਰਾਮਕਲੀ ਮ: ੫ ਪੰਨਾ ੯੬੨)

ਕਬੀਰ ਦੀ ਮਾਂ ਏਸ ਗੱਲ ਨੂੰ ਬੁਰਾ ਮਹਿਸੂਸ ਕਰਦੀ ਸੀ ਕਿ ਇਹ ਸਾਧੜੇ ਮੇਰੀ ਨੁਖਾ ਨੂੰ 'ਰਾਮ ਜਨੀ' ਕਿਉਂ ਕਹਿੰਦੇ ਹਨ, ਕਿਉਂਕਿ ਪੂਰਬ ਵਿਚ 'ਰਾਮ ਜਨੀ' ਵੇਸਵਾ ਨੂੰ ਆਖਦੇ ਹਨ। ਉਸ ਵੇਲੇ ਕਬੀਰ ਜੀ ਦੀ ਮਾਂ ਨੇ ਜੋ ਕੁਝ ਉਲਾਂਭੇ ਦੇ ਤੌਰ ਤੇ ਕਿਹਾ ਹੈ ਉਹ ਹੁਣ ਕਬੀਰ ਜੀ ਸੁਣਾਉਂਦੇ ਹਨ ਕਿ ਇਕ ਦਿਨ ਮੇਰੀ ਮਾਂ ਨੇ ਕਿਹਾ-

ਮੇਰੀ ਬਹੁਰੀਆ ਕੋ ਧਨੀਆ ਨਾਉ॥
ਲੇ ਰਾਖਿਓ ਰਾਮ ਜਨੀਆ ਨਾਉ॥ ੧॥

ਮੇਰੀ ਬਹੁਰੀਆ=ਵਹੁਟੀ ਅਰਥਾਤ ਨੂੰਹ ਦਾ ਨਾਮ ਧਨੀਆ=ਧਨਵੰਤੀ ਸੀ, ਪਰ ਇਨ੍ਹਾਂ ਸੰਤਾਂ ਨੇ ਇਸ ਦਾ ਨਾਮ ਲੈ ਕੇ 'ਰਾਮ ਜਨੀਆ' ਰੱਖ ਦਿੱਤਾ ਹੈ॥ ੧॥

ਇਨ੍ ਮੁੰਡੀਅਨ ਮੇਰਾ ਘਰੁ ਧੁੰਧਰਾਵਾ॥
ਬਿਟਵਹਿ ਰਾਮ ਰਮਉਆ ਲਾਵਾ॥ ੧॥ ਰਹਾਉ॥

ਇਹਨਾਂ ਮੁੰਡੀਅਨ=ਸਾਧਾਂ ਨੇ ਤਾਂ ਮੇਰਾ ਘਰ ਹੀ ਧੁੰਧਰਾਵਾ=ਮਿੱਟੀ ਵਿਚ ਮਿਲਾ ਦਿੱਤਾ ਹੈ ਅਤੇ ਮੇਰੇ ਬਿਟਵਹਿ=ਬੇਟੇ ਕਬੀਰ ਨੂੰ ਰਾਮ ਦੇ ਰਮਉਆ=ਉਚਾਰਨ ਵਿਚ ਲੱਗਾ ਦਿੱਤਾ ਹੈ॥ ੧॥ ਰਹਾਉ॥

ਕਹਤੁ ਕਬੀਰ ਸੁਨਹੁ ਮੇਰੀ ਮਾਈ॥
ਇਨ੍ ਮੁੰਡੀਅਨ ਮੇਰੀ ਜਾਤਿ ਗਵਾਈ॥ ੨॥ ੩॥ ੩੩॥

ਕਬੀਰ ਜੀ ਆਖਦੇ ਹਨ-ਹੇ ਮੇਰੀ ਮਾਂ ! ਤੂੰ ਸੁਣ, ਇਨ ਮੁੰਡੀਅਨ=ਇਹਨਾਂ ਸੰਤਾਂ ਨੇ ਤਾਂ ਮੇਹਰ-ਦ੍ਰਿਸ਼ਟੀ ਕਰਕੇ ਮੇਰੀ ਜ਼ਾਤੀ-ਪਾਤੀ ਦੀ ਹੰਗਤਾ ਦੂਰ ਕਰ ਦਿੱਤੀ ਹੈ, ਭਾਵ ਮੈਨੂੰ ਉਚਾ ਬਣਾ ਦਿੱਤਾ ਹੈ, ਇਸ ਲਈ ਤੂੰ ਇਹਨਾਂ ਸੰਤਾਂ ਦੀ ਨਿੰਦਿਆ ਨਾ ਕਰ॥ ੨॥ ੩॥ ੩੩॥

ਦੂਜਾ ਅਰਥ-

ਮੇਰੀ ਬਹੁਰੀਆ ਕੋ ਧਨੀਆ ਨਾਉ॥

ਜਿੰਨਾਂ ਚਿਰ ਸੰਤਾਂ ਦੀ ਕ੍ਰਿਪਾ ਨਹੀਂ ਸੀ, ਉਨਾਂ ਚਿਰ ਮੇਰੀ ਬਹੁਰੀਆ=ਬੁੱਧੀ ਦਾ ਸੰਸਾਰਕ ਧਨ ਦੇ ਵਿਸ਼ੇ ਕਰਨ ਵਾਲਾ ਨਾਮ ਸੀ।

ਲੇ ਰਾਖਿਓ ਰਾਮ ਜਨੀਆ ਨਾਉ॥ ੧॥

ਜਿਸ ਵੇਲੇ ਸੰਤਾਂ ਦੀ ਮੇਹਰ ਹੋਈ ਤਾਂ ਉਸੇ ਬੁੱਧੀ ਦਾ ਨਾਮ ਰਾਮ ਦੇ ਜਾਨਣ ਵਾਲਾ ਰੱਖ ਦਿਤਾ।

ਇਨ੍ ਮੁੰਡੀਅਨ ਮੇਰਾ ਘਰੁ ਧੁੰਧਰਾਵਾ॥

ਇਹਨਾਂ ਮੁੰਡੀਅਨ=ਸ਼ੁਭ ਗੁਣਾਂ ਨੇ ਮੇਰ ਤੇਰ ਦਾ, *ਅਥਵਾ*-ਮੇਰਾ ਦੇਹ ਅਧਿਆਸ ਰੂਪੀ ਘਰ ਧੂੜ ਨਾਲ

ਮਿਲਾ ਦਿੱਤਾ।

ਬਿਟਵਹਿ ਰਾਮ ਰਮਉਆ ਲਾਵਾ॥ ੧॥ ਰਹਾਉ॥

ਮੇਰੇ ਮਨ ਰੂਪੀ ਬੇਟੇ ਨੂੰ ਰਾਮ ਦੇ ਉਚਾਰਨ ਵਿਚ ਲਾ ਦਿੱਤਾ ਹੈ।

ਕਹਤੁ ਕਬੀਰ ਸੁਨਹੁ ਮੇਰੀ ਮਾਈ॥

ਕਬੀਰ ਜੀ ਕਹਿੰਦੇ ਹਨ-ਹੇ ਮੇਰੇ ਮਾਤਾ ਪਿਤਾ ਰੂਪ ਸੰਤੋ ! ਸੁਣਨਾ ਕਰੋ।

ਇਨ੍ ਮੁੰਡੀਅਨ ਮੇਰੀ ਜਾਤਿ ਗਵਾਈ॥ ੨॥ ੩॥ ੩੩॥

ਇਨ੍ਹਾਂ ਸ਼ੁਭ ਗੁਣਾਂ ਨੇ ਮੇਰੀ ਜ਼ਾਤ-ਪਾਤ ਦੀ ਹੰਗਤਾ ਸਭ ਦੂਰ ਕਰ ਦਿੱਤੀ ਹੈ॥ ੨॥ ੩॥ ੩੩॥

ਆਸਾ॥

ਉਥਾਨਕਾ-ਕਬੀਰ ਜੀ ਦੇ ਪੁਤ੍ਰ 'ਕਮਾਲੇ' ਨੇ ਪਹਿਲੀ ਵਹੁਟੀ ਦੇ ਮਰ ਜਾਣ ਤੇ ਦੂਜਾ ਵਿਆਹ ਕੀਤਾ। ਘਰ ਵਿਚ ਸੰਤ ਆ ਗਏ। 'ਕਮਾਲੇ' ਦੀ ਵਹੁਟੀ ਘੁੰਡ ਕੱਢ ਕੇ ਸੰਤਾਂ ਨੂੰ ਹੱਥ ਧੁਆ ਰਹੀ ਸੀ ਜੁ ਗਰਮ ਪਾਣੀ ਸੰਤਾਂ ਦੇ ਸਿਰ ਤੇ ਪੈ ਗਿਆ। ਕੋਲ ਖਲੋਤੇ ਹੋਏ ਕਬੀਰ ਜੀ ਨੇ ਦੇਖ ਕੇ ਕਿਹਾ ਕਿ-

ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ॥

ਪਹਿਲਾ ਅਰਥ-

ਹੇ ਬਹੁਰੀਆ=ਨੂੰਹ ! ਰਹੁ ਰਹੁ=ਠਹਿਰ ਜਾ, ਠਹਿਰ ਜਾ, ਘੁੰਡ ਜਿਨਿ=ਮਤਾਂ ਕੱਢਣਾ ਕਰ।

ਅੰਤ ਕੀ ਬਾਰ ਲਹੈਗੀ ਨ ਆਢੈ॥ ੧॥ ਰਹਾਉ॥

ਘੁੰਡ ਕੱਢਣ ਦਾ ਫਲ ਅੰਤ ਵੇਲੇ ਆਢੈ=ਅੱਧੀ ਕੌਡੀ ਵੀ ਨਹੀਂ ਲਵੇਂਗੀ॥ ੧॥ ਰਹਾਉ॥

ਘੂੰਘਟੁ ਕਾਢਿ ਗਈ ਤੇਰੀ ਆਗੈ॥
ਉਨ ਕੀ ਗੈਲਿ ਤੋਹਿ ਜਿਨਿ ਲਾਗੈ॥ ੧॥

ਤੇਰੀ ਸੌਂਕਣ ਘੂੰਘਟੁ=ਘੁੰਡ ਦੇ ਕੱਢਣ ਵਾਲੀ ਅੱਗੇ ਚਲੀ ਗਈ ਹੈ। ਉਸ ਤੇਰੀ ਪਹਿਲੀ ਸੌਂਕਣ ਦੀ ਗੈਲਿ=ਪਗਡੰਡੀ ਜਾਂ ਪਿਛਾ ਜਿਨਿ=ਮਤਾਂ ਤੈਨੂੰ ਵੀ ਲੱਗ ਜਾਵੇ॥ ੧॥

ਘੂੰਘਟ ਕਾਢੇ ਕੀ ਇਹੈ ਬਡਾਈ॥
ਦਿਨ ਦਸ ਪਾਂਚ ਬਹੂ ਭਲੇ ਆਈ॥ ੨॥

ਪ੍ਰਤਖ ਘੁੰਡ ਕੱਢਣ ਦੀ ਇਹੋ ਵਡਿਆਈ ਹੈ ਕਿ-

ਸਭ ਆਸ ਪਾਸ ਦੇ ਆਦਮੀ ਪੰਜ ਦਸ ਦਿਨ ਇਹੀ ਆਖਦੇ ਹਨ ਕਿ ਅਮਕੇ ਦੇ ਘਰ ਬਹੂ=ਨੂੰਹ ਬੜੀ ਚੰਗੀ ਆਈ ਹੈ॥ ੧॥

ਘੂੰਘਟੁ ਤੇਰੋ ਤਉ ਪਰਿ ਸਾਚੈ॥
ਹਰਿ ਗੁਨ ਗਾਇ ਕੂਦਹਿ ਅਰੁ ਨਾਚੈ॥ ੩॥

ਤੇਰਾ ਘੁੰਡ ਕਢਿਆ ਹੋਇਆ ਤਾਂ ਭਲੀ ਪਰਕਾਰ ਸੱਚਾ ਹੈ ਜੇ ਤੂੰ ਨੱਚਣ ਕੁੱਦਣ ਵਾਂਗੂ ਬੇਸ਼ਰਮ, ਭਾਵ

ਨਿਰਲੱਜ ਹੋ ਕੇ ਲੋਕ ਲੱਜਿਆ ਤਿਆਗ ਕੇ ਹਰੀ ਦੇ ਗੁਣ ਗਾਵੇਂਗੀ॥ ੩॥

ਯਥਾ- ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥
ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ॥ *(ਤੁਖਾਰੀ ਮ: ੧ ਪੰਨਾ ੧੧੧੨)*

ਕਹਤ ਕਬੀਰ ਬਹੂ ਤਬ ਜੀਤੈ॥
ਹਰਿ ਗੁਨ ਗਾਵਤ ਜਨਮੁ ਬਿਤੀਤੈ॥ ੪॥ ੧॥ ੩੪॥

ਕਬੀਰ ਜੀ ਆਖਦੇ ਹਨ -ਹੇ ਨੂੰਹ ! ਤਾਂ ਤੂੰ ਆਪਣੇ ਮਨੁੱਖਾ ਜਨਮ ਨੂੰ ਜਿੱਤ ਲਵੇਂਗੀ।
ਜੇਕਰ ਹਰੀ ਦੇ ਗੁਣ ਗਾਂਵਦਿਆਂ ਗਾਂਵਦਿਆਂ ਤੇਰਾ ਜਨਮ ਬਿਤੀਤ ਹੋਵੇ॥ ੪॥ ੧॥ ੩੪॥

ਦੂਜਾ ਅਰਥ-

ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ॥

ਹੇ ਬਹੁਰੀਆ=ਬੁੱਧੀ ! ਤੂੰ ਰਹਿ ਜਾ ਰਹਿ ਜਾ, ਲੋਕ ਮੁਲਾਹਜਾ ਰੂਪੀ ਘੁੰਡ ਮਤ ਕੱਢਣਾ ਕਰ।

ਅੰਤ ਕੀ ਬਾਰ ਲਹੈਗੀ ਨ ਆਢੈ॥ ੧॥ ਰਹਾਉ॥

ਅੰਤ ਵੇਲੇ ਇਸ ਲੋਕ ਮੁਲਾਹਜੇ ਰੂਪੀ ਘੁੰਡ ਕੱਢਣ ਦਾ ਫਲ ਆਢੈ=ਆਸਰਾ ਰੂਪ ਪਰਮਾਤਮਾ ਨੂੰ ਨਹੀਂ ਲਵੇਂਗੀ॥ ੧॥ ਰਹਾਉ॥

ਘੂੰਘਟੁ ਕਾਢਿ ਗਈ ਤੇਰੀ ਆਗੈ॥ ਉਨ ਕੀ ਗੈਲਿ ਤੋਹਿ ਜਿਨਿ ਲਾਗੈ॥ ੧॥

ਲੋਕ ਮੁਲਾਹਜੇ ਰੂਪੀ ਘੁੰਡ ਕੱਢਣ ਵਾਲੀ ਤੇਰੀ ਸੋਂਕਣ ਕੁਬੁੱਧੀ ਤੇਰੇ ਆਉਣ ਤੋਂ ਪਹਿਲਾਂ ਚਲੀ ਗਈ ਹੈ। ਉਸ ਕੁਬੁੱਧੀ ਦਾ ਗੈਲਿ=ਪਿਛਾ ਤੈਨੂੰ ਮਤਾ ਲੱਗ ਜਾਵੇ॥ ੧॥

ਘੂੰਘਟ ਕਾਢੇ ਕੀ ਇਹੈ ਬਡਾਈ॥ ਦਿਨ ਦਸ ਪਾਂਚ ਬਹੂ ਭਲੇ ਆਈ॥ ੨॥

ਲੋਕ ਮੁਲਾਹਜੇ ਰੂਪੀ ਘੁੰਡ ਕੱਢਣ ਦੀ ਇਹੋ ਵਡਿਆਈ ਹੈ ਜੋ ਇਸ ਬਹੂ=ਬੁੱਧੀ ਨੂੰ ਪੰਜ ਦਸ ਦਿਨ ਲੋਕ ਚੰਗਾ ਆਖਦੇ ਹਨ॥ ੨॥

ਘੂੰਘਟੁ ਤੇਰੋ ਤਉ ਪਰਿ ਸਾਚੈ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ॥ ੩॥

ਲੋਕ ਮੁਲਾਹਜੇ ਰੂਪੀ ਘੁੰਡ ਕਢਿਆ ਤੇਰਾ ਤਾਂ ਸੱਚਾ ਹੈ ਜੇ ਤੂੰ ਵਾਹਿਗੁਰੂ ਦੇ ਗੁਣ ਗਾਇਣ ਕਰੇਂ ਅਤੇ ਕਾਮ ਆਦਿਕਾਂ ਕੂ+ਦਹਿ=ਨੂੰ ਨਾਸ ਕਰੇਂ ਅਤੇ ਸਤ ਅਸੱਤ ਦਾ ਨਾਚੈ=ਨਿਰਣਾ ਕਰੇਂ॥ ੩॥

ਕਹਤ ਕਬੀਰ ਬਹੂ ਤਬ ਜੀਤੈ॥ ਹਰਿ ਗੁਨ ਗਾਵਤ ਜਨਮੁ ਬਿਤੀਤੈ॥ ੪॥ ੧॥ ੩੪॥

ਕਬੀਰ ਜੀ ਕਹਿੰਦੇ ਹਨ ਹੇ ਬਹੂ=ਬੁੱਧੀ ! ਤਾਂ ਤੂੰ ਸੰਸਾਰ ਬਾਜੀ ਜਿੱਤ ਕੇ ਜਾਏਂਗੀ। ਜੇ ਵਾਹਿਗੁਰੂ ਦੇ ਗੁਣ ਗਾਂਵਦਿਆਂ ਜਨਮ ਬਿਤੀਤ ਹੋਵੇ॥ ੪॥ ੧॥ ੩੪॥

ਆਸਾ ॥

ਉਥਾਨਕਾ-ਇਕ ਸ਼ਾਹੂਕਾਰ ਸੀ, ਪਰ ਕਰਮਾਂ ਦੀ ਅਗਾਧ ਗਤੀ ਨਾਲ ਉਸ ਨੂੰ ਕੋਹੜ ਰੋਗ ਹੋ ਗਿਆ। ਉਸ ਕੋਹੜੀ ਨੇ ਆਪਣਾ ਕੋਹੜ ਹਟਾਉਣ ਲਈ ਬੜੇ ਬੜੇ ਯਤਨ ਕੀਤੇ, ਪਰ ਕੋਹੜ ਨਾ ਹਟਿਆ। ਆਖਿਰ ਤੰਗ ਆ ਕੇ ਇਕ ਰਸਤੇ ਤੇ ਬੈਠ ਗਿਆ ਤੇ ਉੱਚੀ ਉੱਚੀ ਆਪਣਾ ਦੁੱਖ ਰੋਈ ਗਿਆ ਤਾਂ ਜੁ ਕੋਈ ਇਲਾਜ

ਦੱਸ ਦੇਵੇ।

ਇਕ ਦਿਨ ਕਬੀਰ ਜੀ ਦਾ ਸੇਵਕ ਉਥੋਂ ਲੰਘਿਆ। ਉਸ ਦੇ ਵਿਰਲਾਪ ਨੂੰ ਸੁਣਕੇ ਦਿਲ ਕੰਬ ਗਿਆ। ਉਸ ਨੇ ਦੁੱਖ ਵੇਖ ਕੇ ਕਾਂਸ਼ੀ ਵਿਚ ਕਬੀਰ ਜੀ ਦੀ ਦੱਸ ਪਾਈ ਤੇ ਕਿਹਾ ਕਿ ਕਬੀਰ ਦੇ ਦਰ ਤੇ ਪੁਜੋ ਉਥੇ ਤੇਰਾ ਕੋਹੜ ਦੂਰ ਹੋਵੇਗਾ। ਉਹ ਕੋਹੜੀ ਸਹਿਜੇ ਸਹਿਜੇ ਕਾਂਸ਼ੀ ਵਿਚ ਕਬੀਰ ਜੀ ਦੇ ਘਰ ਪੁਜ ਗਿਆ। ਲੋਈ ਘਰ ਸੀ, ਕਬੀਰ ਜੀ ਕਿਸੇ ਮੁਰਦੇ ਦੀ ਅਰਥੀ ਨਾਲ ਮਸਾਣੀਂ ਗਏ ਹੋਏ ਸਨ। ਕੋਹੜੀ ਆਪਣਾ ਦੁੱਖ ਦੱਸ ਕੇ ਮਾਤਾ 'ਲੋਈ' ਅਗੇ ਬਹੁਤ ਹੀ ਰੋਇਆ।

ਉਸ ਦੀ ਵਿਥਿਆ ਸੁਣਕੇ ਲੋਈ ਨੂੰ ਤਰਸ ਆਇਆ ਤੇ ਕੋਹੜੀ ਪਾਸੋਂ ਰਾਮ ਨਾਮ ਕਹਾ ਕੇ ਉਸ ਦਾ ਕੋਹੜ ਦੂਰ ਕਰ ਦਿੱਤਾ। ਦੂਜੀ ਵੇਰਾਂ ਰਾਮ ਨਾਮ ਅਖਵਾ ਕੇ ਉਸ ਦਾ ਘਰ ਪਦਾਰਥਾਂ ਨਾਲ ਭਰ ਦਿੱਤਾ। ਤੀਜੀ ਵੇਰਾਂ ਰਾਮ ਨਾਮ ਅਖਵਾ ਕੇ ਉਸ ਨੂੰ ਮੁਕਤ ਕਰ ਦਿੱਤਾ ਤੇ ਕਿਹਾ ਹੁਣ ਤੂੰ ਆਪਣੇ ਘਰ ਚਲਿਆ ਜਾਹ, ਪਰ ਉਸ ਨੇ ਬੇਨਤੀ ਕੀਤੀ ਕਿ ਮੈਂ ਕਬੀਰ ਜੀ ਦੇ ਦਰਸ਼ਨ ਕਰਨੇ ਹਨ। ਲੋਈ ਨੇ ਦੱਸ ਪਾਈ ਕਿ ਮਸਾਣ ਭੂਮਿਕਾ ਵਿਚ ਚਲਿਆ ਜਾ, ਪਰ ਕਬੀਰ ਜੀ ਦੀ ਨਿਸ਼ਾਨੀ ਇਹ ਹੈ ਕਿ ਉਹਨਾਂ ਦੇ ਸਿਰ ਤੇ ਰੱਬ ਦੇ ਭੈ ਦੀ ਕਲਗੀ ਹੋਵੇਗੀ।

ਜਿਸ ਵੇਲੇ ਉਹ ਕੋਹੜੀ ਮਸਾਣਾਂ ਵੱਲ ਤੁਰਿਆ ਤਾਂ ਉਸ ਨੂੰ ਰਸਤੇ ਵਿਚ ਕਬੀਰ ਜੀ ਦੇ ਦਰਸ਼ਨ ਹੋ ਗਏ, ਉਸ ਨੇ ਸਾਰੀ ਵਿਥਿਆ ਦੱਸ ਕੇ ਕਬੀਰ ਜੀ ਦਾ ਅਤੀ ਧੰਨਵਾਦ ਕੀਤਾ, ਕਿਉਂ ਜੋ ਲੋਈ ਨੇ ਬੜੀ ਕਿਰਪਾ ਕੀਤੀ ਸੀ। ਉਸ ਨੂੰ ਖੁਸ਼ੀ ਖੁਸ਼ੀ ਤੋਰ ਕਰਕੇ ਕਬੀਰ ਜੀ ਘਰ ਆਏ। ਅਗੋਂ ਲੋਈ ਨੇ ਆਪਣੇ ਨਿਯਮ ਅਨੁਸਾਰ ਕਬੀਰ ਜੀ ਅਗੇ ਮੱਥਾ ਟੇਕਿਆ। ਕਬੀਰ ਜੀ ਚੁਪ-ਚੁਪਾਤੇ ਮੂੰਹ ਭਵਾ ਕੇ ਬਹਿ ਗਏ। ਇਹ ਵੇਖ ਕੇ ਲੋਈ ਨੇ ਬੇਨਤੀ ਕੀਤੀ ਕਿ-

ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥ ੧॥

ਪਹਿਲਾ ਅਰਥ-

ਹੇ ਸੁਆਮੀ ਜੀ ! ਕਾਂਸ਼ੀ ਦਾ ਕਰਵਤੁ=ਕਲਵਤ੍ਰ* ਲੈਣਾ ਭਲਾ ਹੈ, ਪਰ ਕਰਵਟ=ਪਿੱਠ ਕਰ ਦੇਣੀ ਆਪ ਲਈ ਚੰਗੀ ਨਹੀਂ। ਮੇਰੀ ਬੇਨਤੀ ਸੁਣ ਕੇ ਮੈਨੂੰ ਆਪਣੇ ਗਲੇ ਨਾਲ ਲਗਾ ਲਓ ਤਾਂ ਜੋ ਮੈਨੂੰ ਯਕੀਨ ਹੋ ਜਾਵੇ ਕਿ ਆਪ ਦਾ ਗੁੱਸਾ ਹਟ ਗਿਆ ਹੈ॥ ੧॥

ਹਉ ਵਾਰੀ ਮੁਖੁ ਫੇਰਿ ਪਿਆਰੇ॥
ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥ ੧॥ ਰਹਾਉ॥

ਹੇ ਸੁਆਮੀ ਜੀ ! ਮੈਂ ਆਪ ਤੋਂ ਕੁਰਬਾਨ ਜਾਂਦੀ ਹਾਂ, ਆਪ ਮੇਰੀ ਤਰਫ ਮੁਖ ਫੇਰੋ। ਕਰਵਟੁ=ਪਿੱਠ ਦੇ ਕੇ ਮੈਨੂੰ ਕਿਸ ਵਾਸਤੇ ਮਾਰਦੇ ਹੋ ?॥ ੧॥ ਰਹਾਉ॥

ਜਉ ਤਨੁ ਚੀਰਹਿ ਅੰਗੁ ਨ ਮੋਰਉ॥
ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥ ੨॥

ਜਉ=ਜੇ ਆਪ ਆਰੇ ਨਾਲ ਮੇਰੇ ਸਰੀਰ ਨੂੰ ਚੀਰ ਵੀ ਸੁਟੋ ਤਾਂ ਵੀ ਪਤੀਬ੍ਰਤ ਧਰਮ ਦੇ ਸਦਕੇ ਮੈਂ ਅੰਗੁ

---

*ਲਕੜੀ ਦੇ ਚੀਰਨ ਵਾਲਾ ਇਕ ਦੰਦੇਦਾਰ ਸੰਦ, ਜਿਸ ਨੂੰ ਆਰਾ ਕਹਿੰਦੇ ਹਨ।
ਯਥਾ-ਅਰਧ ਸਰੀਰ ਕਟਾਈਐ ਸਿਰਿ ਕਰਵਤੁ ਧਰਾਇ॥

ਨ ਮੋਰਉ=ਸਵਾਲ ਜਵਾਬ ਨਹੀਂ ਕਰਾਂਗੀ। ਜੇਕਰ ਪਿੰਡੁ ਪਰੈ=ਸਰੀਰ ਨਾਸ ਵੀ ਹੋ ਜਾਵੇ ਤਾਂ ਵੀ ਪ੍ਰੀਤ ਨਹੀਂ ਤੋੜਾਂਗੀ॥ ੨॥

ਹਮ ਤੁਮ ਬੀਚੁ ਭਇਓ ਨਹੀ ਕੋਈ॥
ਤੁਮਹਿ ਸੁ ਕੰਤ ਨਾਰਿ ਹਮ ਸੋਈ॥ ੩॥

ਹਮ=ਮੇਰੇ ਅਤੇ ਤੁਹਾਡੇ ਵਿਚ ਬੀਚੁ=ਵਿਚੋਲਾ ਕੋਈ ਖੜ੍ਹਾ ਨਹੀਂ ਹੋਇਆ। ਤੁਸੀਂ ਮੇਰੇ ਸੁਆਮੀ ਹੋ ਅਤੇ ਮੈਂ ਆਪ ਦੀ ਨਾਰਿ=ਘਰ ਵਾਲੀ ਹਾਂ॥ ੩॥

ਇਤਨੀਆਂ ਬੇਨਤੀਆਂ ਸੁਣ ਕੇ ਕਬੀਰ ਜੀ ਕਹਿੰਦੇ ਹਨ ਕਿ-

ਕਹਤੁ ਕਬੀਰੁ ਸੁਨਹੁ ਰੇ ਲੋਈ॥
ਅਬ ਤੁਮਰੀ ਪਰਤੀਤਿ ਨ ਹੋਈ॥ ੪॥ ੨॥ ੩੫॥

ਕਬੀਰ ਜੀ ਕਹਿੰਦੇ ਹਨ ਕਿ ਹੇ ਲੋਈ ! ਤੂੰ ਸੁਣ, ਹੁਣ ਤੇਰੀ ਸਾਨੂੰ ਪ੍ਰਤੀਤ ਨਹੀਂ ਹੁੰਦੀ, ਤੈਂਨੇ ਰਾਮ ਨਾਮ ਦੀ ਕੋਈ ਕਦਰ ਨਹੀਂ ਜਾਣੀ, ਤੈਂਨੇ ਤਿੰਨ ਵਾਰ ਰਾਮ ਕਿਉਂ ਕਹਾਇਆ ? ਕੀ ਇਕ ਵਾਰ ਆਖਣ ਨਾਲ ਕੰਮ ਪੂਰਾ ਨਹੀਂ ਸੀ ਹੁੰਦਾ ?

ਅਗੋਂ ਲੋਈ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੁਆਮੀ ਜੀ ! ਓਹ ਕੋਹੜੀ ਬਹੁਤ ਦੁੱਖੀ ਸੀ, ਇਕ ਵਾਰ ਨਾਮ ਕਹਾ ਕੇ ਉਸ ਦਾ ਕੋਹੜ ਦੂਰ ਕੀਤਾ, ਦੂਜੀ ਵਾਰ ਨਾਮ ਕਹਾ ਕੇ ਪਦਾਰਥ ਦਿੱਤੇ, ਭਾਵ ਉਸ ਦਾ ਦਲਿੱਦਰ ਦੂਰ ਕੀਤਾ, ਤੀਜੀ ਵਾਰ ਨਾਮ ਕਹਾ ਕੇ ਉਸ ਨੂੰ ਮੁਕਤ ਕੀਤਾ। ਇਹ ਗੱਲ ਸੁਣ ਕੇ ਕਬੀਰ ਜੀ ਨੇ ਪ੍ਰਸੰਨ ਹੋ ਕੇ ਮੂੰਹ ਫੇਰ ਲਿਆ॥ ੪॥ ੨॥ ੩੫॥

ਦੂਜਾ ਅਰਥ-

ਹੁਣ ਸਾਖੀ ਚੇਤਨ ਨੂੰ ਸੁਮਤੀ ਆਪਣੀ ਗੱਲ ਆਖਦੀ ਹੈ-

ਕਰਵਤੁ ਭਲਾ ਨ ਕਰਵਟ ਤੇਰੀ॥

ਹੇ ਸੁਆਮੀ ਜੀ ! ਮੁਕਤੀ ਦੇ ਸਮੇਂ ਮੇਰਾ ਅਭਾਵ ਕਰਨਾ ਰੂਪ ਕਲਵੱਤਰ ਲੈਣਾ ਚੰਗਾ ਹੈ, ਪਰ ਐਸ ਵੇਲੇ ਕੁਮੱਤੀ ਦੇ ਸਮ ਜਾਣ ਕੇ ਮੇਰੇ ਵੱਲ ਆਪ ਦੀ ਪਿਠ ਕਰਨੀ ਚੰਗੀ ਨਹੀਂ, ਭਾਵ ਇਸ ਵੇਲੇ ਮੈਨੂੰ ਨਾ ਛੱਡੋ, ਮੇਰੇ ਨਾਲ ਹੀ ਰਹੋ।

ਲਾਗੁ ਗਲੇ ਸੁਨੁ ਬਿਨਤੀ ਮੇਰੀ॥ ੧॥

ਮੇਰੀ ਬੇਨਤੀ ਸੁਣ ਕੇ ਮੇਰੇ ਗਲ ਨਾਲ ਲਗੋ, ਭਾਵ ਕਿ ਮੈਨੂੰ ਪ੍ਰਕਾਸ਼ ਕਰੋ॥ ੧॥

ਹਉ ਵਾਰੀ ਮੁਖੁ ਫੇਰਿ ਪਿਆਰੇ॥

ਹੇ ਸੁਆਮੀ ਜੀ ! ਮੈਂ ਆਪ ਜੀ ਤੋਂ ਬਲਿਹਾਰ ਜਾਂਦੀ ਹਾਂ, ਆਪ ਮੇਰੀ ਵੱਲ ਮੂੰਹ ਫੇਰਨਾ ਕਰੋ, ਭਾਵ ਚੰਗੀ ਤਰ੍ਹਾਂ ਪ੍ਰਕਾਸ਼ ਕਰੋ।

ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥ ੧॥ ਰਹਾਉ॥

ਕੁਮੱਤੀ ਵਾਂਗ ਮੋਢਾ ਦੇ ਕੇ ਮੈਨੂੰ ਕਿਸ ਵਾਸਤੇ ਮਾਰਦੇ ਹੋ, ਭਾਵ ਕੁਮੱਤੀ ਵਤ ਜਾਣ ਕੇ ਮੈਨੂੰ ਤਿਆਗਣਾ

ਨਾ ਕਰੋ॥ ੧॥ ਰਹਾਉ॥

ਜਉ ਤਨੁ ਚੀਰਹਿ ਅੰਗੁ ਨ ਮੋਰਉ॥

ਜੇਕਰ ਆਪ ਮੇਰੇ ਤਨ ਨੂੰ ਚੀਰ ਵੀ ਦਿਓ, ਅਰਥਾਤ ਹੋਰਨਾਂ ਪਦਾਰਥਾਂ ਵਾਂਗੂ ਮਿਥਿਆ ਜਾਣ ਕੇ ਮੇਰਾ ਅਭਾਵ ਵੀ ਕਰ ਦਿਓ, ਤਾਂ ਮੈਂ ਫਿਰ ਵੀ ਅੰਗ ਨਹੀਂ ਮੋੜਾਂਗੀ, ਅਰਥਾਤ ਮੈਂ ਆਪ ਦੀ ਚਾਹਵਾਨ ਬਣੀ ਰਹਾਂਗੀ।

ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥ ੨॥

ਜੇ ਮੇਰਾ ਸਰੀਰ ਵੀ ਨਾਸ ਹੋ ਗਿਆ, ਅਰਥਾਤ ਤੁਹਾਡੇ ਮਿਥਿਆ ਜਾਨਣ ਕਰਕੇ ਮੇਰਾ ਅਭਾਵ ਵੀ ਹੋ ਗਿਆ ਤਾਂ ਵੀ ਆਪ ਜੀ ਨਾਲੋਂ ਮੈਂ ਪ੍ਰੀਤੀ ਨਹੀਂ ਤੋੜਾਂਗੀ, ਭਾਵ ਆਪ ਜੀ ਦੇ ਸਰੂਪ ਵਲੋਂ ਮੈਂ ਹਟਾਂਗੀ ਨਹੀਂ॥ ੨॥

ਹਮ ਤੁਮ ਬੀਚੁ ਭਇਓ ਨਹੀ ਕੋਈ॥

ਅੱਜ ਤੱਕ ਸਾਡੇ ਤੁਹਾਡੇ ਵਿਚ ਕੋਈ ਸੰਸਾ ਨਹੀਂ ਹੋਇਆ।

ਤੁਮਹਿ ਸੁ ਕੰਤ ਨਾਰਿ ਹਮ ਸੋਈ॥ ੩॥

ਆਪ ਮੇਰੇ ਪਤੀ ਹੋ ਅਤੇ ਮੈਂ ਆਪ ਦੀ ਨਾਰੀ ਹਾਂ॥ ੩॥

ਕਹਤੁ ਕਬੀਰੁ ਸੁਨਹੁ ਰੇ ਲੋਈ॥ ਅਬ ਤੁਮਰੀ ਪਰਤੀਤਿ ਨ ਹੋਈ॥ ੪॥ ੨॥ ੩੫॥

ਕਬੀਰ ਜੀ ਸ਼ਬਦ ਦੀ ਸਮਾਪਤੀ ਕਰਦੇ ਹੋਏ ਸਾਖੀ ਚੇਤਨ ਵਲੋਂ ਸੁਬੁੱਧੀ ਨੂੰ ਉੱਤਰ ਦੇਂਦੇ ਹਨ ਕਿ ਹੇ ਲੋਈ=ਪ੍ਰਕਾਸ਼ ਰੂਪ ਬੁੱਧੀ ! ਤੂੰ ਸੁਣ, ਮੈਨੂੰ ਚੰਗੀ ਤਰ੍ਹਾਂ ਪ੍ਰਤੀਤ ਹੋ ਚੁੱਕਾ ਹੈ ਕਿ ਮੋਖ ਦਸ਼ਾ ਕਾਲ ਵਿਚ ਤੇਰੀ ਇਸਥਿਤੀ ਬਿਲਕੁਲ ਨਹੀਂ ਹੈ॥ ੪॥ ੨॥ ੩੫॥

ਤੀਜਾ ਅਰਥ-

ਬ੍ਰਹਮ ਵਿੱਦਿਆ ਜਗਿਆਸੂ ਪ੍ਰਤੀ ਕਥਨ ਕਰਦੀ ਹੈ-

ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥ ੧॥ ਰਹਾਉ॥

ਹੇ ਪਿਆਰੇ ਜਗਿਆਸੂ ! ਮੈਂ ਤੇਰੇ ਉਪਰੋਂ ਬਲਿਹਾਰ ਜਾਂਦੀ ਹਾਂ, ਤੂੰ ਮੇਰੀ ਤਰਫ ਆਪਣਾ ਮੂੰਹ ਫੇਰਨਾ ਕਰ, ਭਾਵ ਧਾਰਨਾ ਕਰ। ਮੇਰੀ ਤਰਫ ਕਰਵਟੁ=ਪਿਠ ਦੇ ਕੇ ਮੈਨੂੰ ਕਿਉਂ ਮਾਰਦਾ ਹੈਂ ॥ ੧॥ ਰਹਾਉ॥

ਕਰਵਤੁ ਭਲਾ ਨ ਕਰਵਟ ਤੇਰੀ॥

ਦਵੈਤ ਵਾਦੀਆਂ ਦੀ ਤਰਕਾਂ ਰੂਪੀ ਕਲਵਤ੍ਰ ਲੈਣਾ ਮੈਨੂੰ ਹੱਛਾ ਹੈ, ਪ੍ਰੰਤੂ ਤੇਰੀ ਪਿਠ ਦੇਣੀ ਹੱਛੀ ਨਹੀਂ।

ਲਾਗੁ ਗਲੇ ਸੁਨੁ ਬਿਨਤੀ ਮੇਰੀ॥ ੧॥

ਮੇਰੀ ਬੇਨਤੀ ਸੁਣ ਕੇ ਗਲ ਨਾਲ ਲਗਣਾ ਕਰ, ਭਾਵ ਕੰਠ ਤੋਂ ਅਦਵੈਤ ਦੇ ਕਥਨ ਕਰਨ ਵਾਲੀਆਂ ਸੁਰਤੀਆਂ ਨੂੰ ਉਚਾਰ॥ ੧॥

ਹਉ ਵਾਰੀ ਮੁਖੁ ਫੇਰਿ ਪਿਆਰੇ॥

ਹੇ ਪਿਆਰੇ ਅਧਿਕਾਰੀ ਜਗਿਆਸੂ ! ਮੈਂ ਤੇਰੇ ਉਤੋਂ ਬਲਿਹਾਰ ਜਾਂਦੀ ਹਾਂ, ਤੂੰ ਮੇਰੀ ਤਰਫ ਆਪਣਾ ਮੂੰਹ ਫੇਰ, ਭਾਵ ਮੈਨੂੰ ਧਾਰਨਾ ਕਰ।

ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥ ੧॥ ਰਹਾਉ॥

ਕਰਵਟੁ=ਮੋਢਾ ਦੇ ਕੇ ਮੈਨੂੰ ਕਿਸ ਵਾਸਤੇ ਮਾਰਦਾ ਹੈਂ, ਭਾਵ ਤੂੰ ਮੈਨੂੰ ਕਿਉਂ ਤਿਆਗਦਾ ਹੈਂ॥ ੧॥ ਰਹਾਉ॥

ਜਉ ਤਨੁ ਚੀਰਹਿ ਅੰਗੁ ਨ ਮੋਰਉ॥

ਹੇ ਜਗਿਆਸੂ ! ਜੇਕਰ ਤੂੰ ਮੇਰੀ ਤਰਫੋਂ ਅੰਗੁ ਨ ਮੋਰਉ=ਹਿਰਦਾ ਨਾ ਮੋੜੇਂ ਤਾਂ ਮੈਂ ਤੇਰੇ ਤਨ ਅਭਿਮਾਨ ਨੂੰ, *ਅਥਵਾ*-ਤੇਰੇ ਤਿੰਨੇ ਸਰੀਰਾਂ ਨੂੰ ਚੀਰ ਦੇਵਾਂਗੀ, ਭਾਵ ਸਥੂਲ ਸੂਖਮ, ਕਾਰਨ ਇਹ ਤੇਰੇ ਤਿੰਨਾਂ ਸਰੀਰਾਂ ਦਾ ਅਭਾਵ ਕਰ ਦਿਆਂਗੀ।

ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥ ੨॥

ਹੇ ਜਗਿਆਸੂ ! ਜੇਕਰ ਤੇਰਾ ਪਿੰਡੁ ਪਰੈ=ਸਰੀਰ ਭੀ ਨਾਸ ਹੋ ਜਾਵੇ ਤੋ ਭੀ ਤੂੰ ਮੇਰੇ ਨਾਲੋਂ ਪ੍ਰੀਤੀ ਨਾ ਤੋੜੀਂ॥ ੨॥

ਹਮ ਤੁਮ ਬੀਚੁ ਭਇਓ ਨਹੀ ਕੋਈ॥ ਤੁਮਹਿ ਸੁ ਕੰਤ ਨਾਰਿ ਹਮ ਸੋਈ॥ ੩॥

ਬ੍ਰਹਮ ਵਿੱਦਿਆ ਜਗਿਆਸੂ ਨੂੰ ਆਖਦੀ ਹੈ, ਹਮਾਰੇ ਤੁਮਾਰੇ ਵਿਚ ਕੋਈ ਭੇਦ ਨਹੀਂ ਹੋਇਆ। ਆਪ ਪਤੀ ਹੋ, ਭਾਵ ਅਧਿਕਾਰੀ ਹੋ ਅਤੇ ਮੈਂ ਸੋ ਆਪ ਦੀ ਨਾਰੀ ਹਾਂ, ਜਿਸ ਮੇਰੇ ਕੋ ਪਹਿਲੇ ਤੇਰੇ ਜੈਸੇ ਅਧਿਕਾਰੀ ਮੈਨੂੰ ਧਾਰਦੇ ਆਏ ਹਨ॥ ੩॥

ਕਹਤੁ ਕਬੀਰੁ ਸੁਨਹੁ ਰੇ ਲੋਈ॥ ਅਬ ਤੁਮਰੀ ਪਰਤੀਤਿ ਨ ਹੋਈ॥ ੪॥ ੨॥ ੩੫॥

ਕਬੀਰ ਜੀ ਕਹਿੰਦੇ ਹਨ-ਅਗੋਂ ਜਗਿਆਸੂ ਨੇ ਕਿਹਾ, ਹੇ ਲੋਈ=ਪ੍ਰਕਾਸ਼ ਰੂਪ ਬ੍ਰਹਮ ਵਿੱਦਿਆ ! ਤੂੰ ਸੁਣ, ਹੁਣ ਤੱਕ ਮੈਨੂੰ ਤੇਰੀ ਪ੍ਰਤੀਤ ਨਹੀਂ ਹੋਈ ਸੀ ਤੂੰ ਐਸੀ ਹੈਂ, ਪਰੰਤੂ ਹੁਣ ਤੇਰੀ ਪਰਤੀਤ ਹੋ ਗਈ ਹੈ, ਹੁਣ ਤੈਨੂੰ ਨਹੀਂ ਤਿਆਗਾਂਗਾ॥ ੪॥ ੨॥ ੩੫॥

ਆਸਾ॥

ਉਥਾਨਕਾ-ਬ੍ਰਾਹਮਣਾਂ ਨੇ ਕਿਹਾ ਤੂੰ ਤਾਂ ਜੁਲਾਹਾ ਹੈਂ, ਇਸ ਕਰਕੇ ਤੂੰ ਵੱਡਿਆਂ ਨਾਲ ਗੱਲ ਨਾ ਕੀਤਾ ਕਰ।

ਕਬੀਰ ਜੀ ਆਖਦੇ ਹਨ—ਪਰਮਾਤਮਾ ਖੁਦ ਆਪ ਜੁਲਾਹਾ ਹੈ ਤਾਂ ਤੁਸੀਂ ਕਿਸ ਤਰ੍ਹਾਂ ਬ੍ਰਾਹਮਣ ਸਿਧ ਹੋ ਸਕਦੇ ਹੋ ? *ਯਥਾ-*

ਕੋਰੀ ਕੋ ਕਾਹੂ ਮਰਮੁ ਨ ਜਾਨਾਂ॥
ਸਭੁ ਜਗੁ ਆਨਿ ਤਨਾਇਓ ਤਾਨਾਂ॥ ੧॥ ਰਹਾਉ॥

ਉਸ ਪਰਮਾਤਮਾ ਰੂਪੀ ਕੋਰੀ=ਜੁਲਾਹੇ ਦਾ ਮਰਮੁ=ਭੇਦ ਕਿਸੇ ਨੇ ਭੀ ਨਹੀਂ ਜਾਣਿਆ, ਜਿਸ ਨੇ ਮਾਇਆ ਸਬਲ ਰੂਪ ਹੋ ਕੇ ਆਨਿ=ਦਵੈਤ ਵਿਚ ਸਾਰਾ ਸੰਸਾਰ ਰੂਪ ਤਾਣਾ ਤਨਾਵਨਾ ਕੀਤਾ ਹੈ॥ ੧॥ ਰਹਾਉ॥

ਜਬ ਤੁਮ ਸੁਨਿ ਲੇ ਬੇਦ ਪੁਰਾਨਾਂ॥
ਤਬ ਹਮ ਇਤਨਕੁ ਪਸਰਿਓ ਤਾਨਾਂ॥ ੧॥

ਜਦ ਅਸਾਂ ਵੇਦਾਂ ਪੁਰਾਨਾਂ ਨੂੰ ਸੁਣਿਆ ਤਾਂ ਨਿਸਚੇ ਕੀਤਾ ਕਿ ਸੰਸਾਰ ਤਾਣਾ ਇਤਨਾ ਤਣਿਆ ਹੋਇਆ,

ਭਾਵ ਪਸਰਿਆ ਹੋਇਆ ਹੈ॥ ੧॥

ਜਾਂ ਤੁਸੀਂ ਵੀ ਵੇਦਾਂ ਪੁਰਾਨਾਂ ਨੂੰ ਸੁਣ ਲਓਗੇ ਤਾਂ ਤੁਸੀਂ ਵੀ ਨਿਸਚੇ ਕਰ ਲਓਗੇ ਕਿ ਸੰਸਾਰ ਤਾਣਾ ਇਤਨਾ ਪਸਰਿਆ ਹੋਇਆ ਭਾਵ ਫੈਲਿਆ ਹੋਇਆ ਹੈ।

ਧਰਨਿ ਅਕਾਸ ਕੀ ਕਰਗਹ ਬਨਾਈ॥
ਚੰਦੁ ਸੂਰਜੁ ਦੁਇ ਸਾਥ ਚਲਾਈ॥ ੨॥

ਧਰਤੀ ਤੇ ਅਕਾਸ਼ ਦੀ ਉਸ ਨੇ ਕਰਗਹ=ਕੰਘੀ ਬਣਾਈ ਹੈ। ਚੰਦ੍ਰਮਾਂ ਤੇ ਸੂਰਜ ਇਹ ਦੋਨੋਂ ਇਸ ਤਾਣੇ ਵਿਚ ਸਾਥ=ਨਾਲਾਂ ਚਲਾਈਆਂ ਹਨ॥ ੨॥

ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ॥
ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ॥ ੩॥

ਸਾਰਿਆਂ ਜੀਵਾਂ ਨੂੰ ਵਸ ਕਰਨ ਲਈ ਜਿਹੜੀ ਇਕ ਗੱਲ ਉਸ ਨੇ ਆਪਣੇ ਇਖਤਿਆਰ ਵਿਚ ਰੱਖੀ ਹੈ, ਇਹ ਇਕ ਪਾਈ+ਜੋਰਿ=ਪਉਇਆਂ ਦੀ ਜੋੜੀ ਹੈ। (ਜੋ ਖੱਡੀ ਉੱਤੇ ਬੈਠ ਕੇ ਜੁਲਾਹਿਆ ਆਪਣੇ ਪੈਰਾਂ ਥਲੇ ਰੱਖਦਾ ਹੈ) । ਤਹ=ਉਸ ਤਾਂਤੀ=ਜੁਲਾਹੇ ਤੇ ਮੇਰਾ ਮਨ ਮੰਨਿਆ ਗਿਆ ਹੈ। ਜੋ+ਲਾਹੇ=ਜੋ ਲਾਭ ਵਾਲਾ ਆਪਣਾ ਸਰੂਪ ਘਰ ਹੈ ਉਸ ਨੂੰ ਜਾਣ ਕੇ ਦਿਲ ਵਿਚ ਹੀ ਮੈਂ ਰਾਮ ਨੂੰ ਪਛਾਣਿਆ ਹੈ॥ ੩॥

ਕਹਤੁ ਕਬੀਰੁ ਕਾਰਗਹ ਤੋਰੀ॥
ਸੂਤੈ ਸੂਤ ਮਿਲਾਏ ਕੋਰੀ॥ ੪॥ ੩॥ ੩੬॥

ਕਬੀਰ ਜੀ ਆਖਦੇ ਹਨ-ਕਿ ਜਦ ਧਰਤੀ ਅਕਾਸ਼ ਰੂਪ ਕਾਰਗਹ=ਕੰਘੀ ਤੋੜ ਦਿੱਤੀ ਤਦ ਪਰਮਾਤਮਾ ਰੂਪ ਕੋਰੀ=ਜੁਲਾਹੇ ਨੇ ਸੂਤੈ ਸੂਤ=ਜੋਤਿ ਨਾਲ ਜੋਤਿ ਮੇਲ ਲਈ॥ ੪॥ ੩॥ ੩੬॥

ਆਸਾ॥

ਉਥਾਨਕਾ-ਬ੍ਰਾਹਮਣਾਂ ਨੇ ਫਿਰ ਕਿਹਾ ਹੇ ਜੁਲਾਹੇ ! ਤੈਨੇ ਬੈਕੁੰਠ ਵਿਖੇ ਨਹੀਂ ਜਾਣਾ, ਬੈਕੁੰਠ ਵਿਚ ਅਸਾਂ ਨੇ ਹੀ ਜਾਣਾ ਹੈ। ਇਹ ਗੱਲ ਸੁਣ ਕੇ ਕਬੀਰ ਜੀ ਉਹਨਾਂ ਪਾਖੰਡੀਆਂ ਨੂੰ ਆਖਦੇ ਹਨ-

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ॥ ੧॥

ਜੇ ਦਿਲ ਵਿਚ ਰਾਗ ਦਵੈਸ਼ ਰੂਪ ਮੈਲ ਹੈ ਤੇ ਬੈਕੁੰਠ ਦੀ ਇੱਛਾ ਕਰਕੇ ਤੀਰਥਾਂ ਤੇ ਇਸ਼ਨਾਨ ਕਰਦਾ ਹੈ, ਪਰ ਸਮਝ ਲਵੋ ਕਿ ਉਸ ਨੇ ਬੈਕੁੰਠ ਵਿਚ ਨਹੀਂ ਜਾਣਾ। ਤੀਰਥਾਂ ਦੇ ਨ੍ਹਾਉਣ ਕਰਕੇ ਲੋਕ ਭਾਂ ਪਤੀਜੇ ਜਾਣਗੇ, ਪਰ ਲੋਕਾਂ ਦੇ ਪਤੀਜਣ ਨਾਲ ਕੁਝ ਵੀ ਨਹੀਂ ਹੁੰਦਾ, ਕਿਉਂ ਜੁ ਅੰਤਰਜਾਮੀ ਰਾਮ ਕੋਈ ਬੱਚੇ ਵਾਂਗ ਇਆਣਾ ਨਹੀਂ, ਉਹ ਬੜਾ ਸਿਆਣਾ ਹੈ, ਉਹ ਪੁਰਸ਼ ਦੀ ਕਰਨੀ ਨੂੰ ਵੇਖਦਾ ਹੈ॥ ੧॥

ਪ੍ਰਸ਼ਨ-ਸਾਨੂੰ ਕੀ ਕਰਨਾ ਚਾਹੀਦਾ ਹੈ ? *ਉੱਤਰ*-

ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥ ੧॥ ਰਹਾਉ॥

ਦੇਵਾ=ਪ੍ਰਕਾਸ਼ ਰੂਪ ਜੋ ਇਕ ਰਾਮ ਹੈ ਉਸ ਦੀ ਹੀ ਪੂਜਾ ਕਰੋ। ਗੁਰਾਂ ਦੀ ਜਿਹੜੀ ਸੇਵਾ ਕਰਨੀ ਹੈ ਏਹੀ ਸੱਚਾ ਤੀਰਥਾਂ ਪਰ ਨਾਵਣ=ਇਸ਼ਨਾਨ ਹੈ॥ ੧॥ ਰਹਾਉ॥

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥ ੨॥

ਜੇ ਕੇਵਲ ਜਲ ਵਿਚ ਮਜਨਿ=ਇਸ਼ਨਾਨ ਕੀਤਿਆਂ ਹੀ ਮੁਕਤੀ ਹੋ ਜਾਂਦੀ ਹੋਵੇ ਤਾਂ ਮੇਂਡੁਕ ਦੀ ਮੁਕਤੀ ਜ਼ਰੂਰੀ ਹੋਣੀ ਚਾਹੀਦੀ ਹੈ, ਕਿਉਂ ਜੁ ਮੇਂਡੁਕ=ਡੱਡੂ ਨਿਤਾਪ੍ਰਤੀ ਜਲ ਵਿਚ ਇਸ਼ਨਾਨ ਕਰਦਾ ਹੈ, ਜਿਸ ਤਰ੍ਹਾਂ ਦੇ ਡੱਡੂ ਹਨ, ਤਿਸ ਤਰ੍ਹਾਂ ਦੇ ਉਹ ਪੁਰਸ਼ ਹਨ। ਪਾਣੀ ਵਿਚ ਇਸ਼ਨਾਨ ਕਰਨ ਕਰਕੇ ਮੁਕਤੀ ਮੰਨਣ ਵਾਲੇ ਆਦਮੀ ਫਿਰਿ ਫਿਰਿ=ਮੁੜ ਮੁੜ ਕੇ ਜੂਨੀਆਂ ਦਿਚ ਆਉਂਦੇ ਹਨ॥ ੨॥

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥ ੩॥

ਜੇ ਮਨ ਦਾ ਕਠੋਰ=ਸਖਤ ਪੁਰਸ਼ ਬਨਾਰਸ-ਕਾਂਸ਼ੀ ਵਿਚ ਵੀ ਮਰ ਜਾਵੇ, ਤਦ ਭੀ ਭੂਤ ਜੂਨਿ ਰੂਪ ਨਰਕ ਤੋਂ ਬਚ ਨਹੀਂ ਸਕਦਾ ਅਤੇ ਹਰੀ ਦੀ ਉਪਾਸ਼ਨਾ ਕਰਨ ਵਾਲਾ ਜੇਕਰ ਹੜੰਬੇ ਦੇਸ਼ ਵਿਚ ਵੀ ਮਰ ਜਾਵੇ ਤਾਂ ਉਹ ਆਪਣੀ ਸਾਰੀ ਸੈਨਾ=ਸੰਗਤ ਨੂੰ ਤਰਾ ਲੈਂਦਾ ਹੈ॥ ੩॥

ਯਥਾ- ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ॥
ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ॥ ੩॥

(ਸਿਰੀਰਾਗੁ ਵਾਰ ਪਉੜੀ ੩ ਪੰਨਾ ੮੩)

ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ॥
ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ॥ ੮॥

(ਤਿਲੰਗ ਮਹਲਾ ੪ ਪੰਨਾ ੭੨੫)

*ਪ੍ਰਸ਼ਨ-*ਐਸਾ ਹਰੀ ਰਹਿੰਦਾ ਕਿਥੇ ਹੈ ? *ਉੱਤਰ-*

ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ॥੪॥੪॥੩੭॥

ਜਿਸ ਜਗ੍ਹਾਂ ਦਿਨ ਰਾਤ ਅਤੇ ਵੇਦ ਸ਼ਾਸਤ੍ਰਾਂ ਦੀ ਕਲਪਨਾ ਨਹੀਂ ਹੈ, ਉਥੇ ਨਿਰੰਕਾਰ ਵਾਹਿਗੁਰੂ ਵਸ ਰਿਹਾ ਹੈ। ਕਬੀਰ ਜੀ ਆਖਦੇ ਹਨ-ਹੇ ਪੁਰਸ਼ੋ ! ਉਸ ਵਾਹਿਗੁਰੂ ਨੂੰ ਸਿਮਰਨਾ ਕਰੋ, ਕਿਉਂਕਿ ਉਸ ਤੋਂ ਬਿਨਾਂ ਸਾਰਾ ਸੰਸਾਰ ਝੱਲਾ ਹੋ ਰਿਹਾ ਹੈ॥ ੪॥ ੪॥ ੩੭॥

[ਪੰਨਾ ੪੮੫]

੧ੴ ਸਤਿਗੁਰ ਪ੍ਰਸਾਦਿ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ

ਉਥਾਨਕਾ-ਨਾਮਦੇਵ ਜੀ ਦਾ ਅਭਿਪ੍ਰਾਇ ਸਮਝਣ ਵਾਸਤੇ ਕਿਸੀ ਨੇ ਪੁਛਿਆ ਆਪ ਪਰਮੇਸ਼ਰ ਦਾ

ਨਿਵਾਸ ਕਿਥੇ ਨਿਸਚੇ ਕਰਦੇ ਹੋ ? ਉੱਤਰ-

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥

ਇਕ ਪੂਰਕ=ਪੂਰਨ ਪਰਮਾਤਮਾ ਅਨੇਕਾਂ ਵਿਚ ਵਿਆਪਕ ਹੈ, ਜਿਧਰ ਦੇਖਦੇ ਹਾਂ ਤਿਧਰ ਹੀ ਉਹ ਪਰਮਾਤਮਾ ਹੈ।

ਯਥਾ- ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥ ੩੨ ॥ ੧ ॥

(ਸੂਹੀ ਮ: ੪ ਪੰਨਾ ੭੫੮)

ਤਥਾ- ਗੁਰਿ ਪੂਰੈ ਮੇਲਾਇਆ ਜਤ ਦੇਖਾ ਤਤ ਸੋਇ॥
ਜਨ ਨਾਨਕ ਸੋ ਪ੍ਰਭੁ ਸੇਵਿਆ ਤਿਸੁ ਜੇਵਡੁ ਅਵਰੁ ਨ ਕੋਇ॥ ੨ ॥

(ਰਾਮਕਲੀ ਵਾਰ ਦੂਜੀ ਪੰਨਾ ੯੫੭)

ਅਥਵਾ :-ਇਕ ਪਰਮਾਤਮਾ ਹੀ ਅਨੇਕਾਂ ਵਿਚ ਵਿਆਪਕ ਹੈ ਅਤੇ ਸਭ ਦੀ ਪੂਰਨ ਪਾਲਣਾ ਕਰਨ ਵਾਲਾ ਹੈ।

ਅਥਵਾ :-ਇਕ ਪਰਮਾਤਮਾ ਹੀ ਅਨੇਕਾਂ ਵਿਚ ਵਿਆਪਕ ਹੋ ਕੇ ਪੂਰਨ ਹੋ ਰਿਹਾ ਹੈ।

ਸ਼ੰਕਾ-ਵਿਆਪਕ ਤੇ ਪੂਰਨ ਦੋ ਪਦਾਂ ਦਾ ਇਕ ਹੀ ਅਰਥ ਹੈ, ਇਸ ਵਿਚ ਪੁਨਰੁਕਤੀ ਦੋਸ਼ ਆਉਂਦਾ ਹੈ।

ਉੱਤਰ-ਜਹਾਂ ਉਸਤਤੀ ਹੋਵੇ ਤਹਾਂ ਪੁਨਰੁਕਤੀ ਦਾ ਕੋਈ ਦੋਸ਼ ਨਹੀਂ ਹੁੰਦਾ।

ਯਥਾ-ਭਗਤਮਾਲਾ ਵਿਚ ਲਿਖਿਆ ਹੈ-

ਹਰਖ ਕਰਖ ਆਮਰਖ ਭਏ ਪੁਨ ਦੀਨਤਾ ਉਕਤ॥
ਬਾਦ ਉਸਤਤਿ ਅਭਿਆਸ ਮੇਂ ਦੋਸ਼ ਨਹੀਂ ਪੁਨਰੁਕਤਿ॥

ਅਥਵਾ :-ਜੈਸੇ ਅਕਾਸ਼ ਵਿਆਪਕ ਹੈ, ਤੈਸੇ ਹੀ ਇਕ ਪਰਮਾਤਮਾ ਅਨੇਕਾਂ ਵਿਚ ਅਸਤੀ ਭਾਂਤੀ ਪ੍ਰੇਯ ਰੂਪ ਕਰਕੇ ਪੂਰਕ=ਪੂਰਨ ਹੈ, ਜਿਧਰ ਦੇਖਦੇ ਹਾਂ ਤਿਧਰ ਉਹ ਪਰਮਾਤਮਾ ਹੈ।

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥ ੧ ॥

ਬਚਿਤ੍ਰ=ਨਾਨਾ ਪ੍ਰਕਾਰ ਦੀ ਜੋ ਚਿਤ੍ਰ=ਸੁੰਦਰ ਮਾਇਆ ਹੈ ਇਸ ਦੇ ਬਿ+ਮੋਹਿਤ=ਮੂੰਹ ਤੋਂ ਰਹਿਤ ਹੋਣਾ ਕੋਈ ਵਿਰਲਾ ਪੁਰਸ਼ ਹੀ ਬੁਝਦਾ ਹੈ॥ ੧ ॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

ਪਿਛੇ ਵੀ ਗੋਬਿੰਦ ਸਾਰੇ ਪੂਰਨ ਸੀ, ਹੁਣ ਵੀ ਗੋਬਿੰਦ ਸਾਰੇ ਪੂਰਨ ਹੈ, ਅਗੇ ਵੀ ਗੋਬਿੰਦ ਤੋਂ ਬਿਨਾਂ ਕੋਈ ਨਹੀਂ ਹੋਵੇਗਾ।

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ੧ ॥ ਰਹਾਉ ॥

ਜਿਸ ਪ੍ਰਕਾਰ ਉੱਨ ਦੀ ਮਾਲਾ ਵਿਚ ਸਤ ਸਹੰਸ=ਸੈਂਕੜੇ ਹਜ਼ਾਰਾਂ ਉੱਨ ਦੇ ਮਣਕਿਆਂ ਵਿਚ ਸੂਤਰ ਇਕੋ ਹੈ, ਇਸੀ ਤਰ੍ਹਾਂ ਸਰੀਰਾਂ ਰੂਪ ਮਣਕਿਆਂ ਵਿਚ ਓਤਿਪੋਤਿ=ਤਾਣੇ ਪੇਟੇ ਵਤ ਉਹ ਇਕ ਪ੍ਰਭੂ ਪਰਮਾਤਮਾ ਪੂਰਨ ਹੈ।

ਯਥਾ- ਮਤਾ ਪਰ ਤਰੰਗ ਨਾਨਿਅਤ ਕਿੰਚਤ ਅਸਤਿ ਧਨੰਜੈ॥
ਮਈ ਸਰਵਮਿਦੰ ਪਰੋਤਮ ਸੂਤਰੇ ਮਣੀ ਗਣਾਇਵ॥

ਅਰਥ-ਹੇ ਧਨੰਜੈ=ਅਰਜਨ ! ਮੇਰੇ ਤੋਂ ਬਿਨਾਂ ਹੋਰ ਕੁਛ ਭੀ ਨਹੀਂ ਹੈ। ਮਈ=ਮੇਰੇ ਵਿਚ ਵੀ ਇਹ ਸਾਰਾ ਸੰਸਾਰ ਪਰੋਤਮ=ਪਰੋਇਆ ਹੋਇਆ ਹੈ, ਜੈਸੇ ਧਾਗਾ ਸਰਬ ਮਣੀਆਂ ਵਿਚ ਪਰੋਇਆ ਹੁੰਦਾ ਹੈ। (ਗੀਤਾ)

ਯਥਾ- ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥

(ਸਿਰੀ ਰਾਗ ਮ: ੧ ਪੰਨਾ ੫੮)

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥

ਜਿਸ ਤਰ੍ਹਾਂ ਜਲ ਦੇ ਵਿਚ ਤਰੰਗ=ਲਹਿਰਾਂ ਤੇ ਫੇਨ=ਝਗ ਅਤੇ ਬੁਲ ਬੁਲੇ ਉੱਠਦੇ ਹਨ, ਪਰ ਉਹ ਜਲ ਤੋਂ ਭਿੰਨ=ਵਖਰੇ ਨਹੀਂ ਹੁੰਦੇ। ਤਿਵੇਂ ਹੀ-

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥ ੨॥

ਇਹ ਸੰਸਾਰ ਪਾਰਬ੍ਰਹਮ ਦੀ ਲੀਲਾ=ਖੇਡ ਹੈ, ਵਿਚਾਰਨਾ ਕਰੀਏ ਤਾਂ ਵਖਰਾ ਹੋਰ ਕੁਝ ਨਹੀਂ ਹੁੰਦਾ। ਚਾਰ ਖਾਣੀਆਂ ਰੂਪ ਜੋ ਇਹ ਤਰੰਗ ਬੁਦਬੁਦਾ ਰੂਪ ਪ੍ਰਪੰਚ ਹੈ ਇਹ ਪਰਮਾਤਮਾ ਵਿਚੋਂ ਹੀ ਉਤਪਤ ਹੁੰਦਾ ਹੈ ਤੇ ਉਸ ਦੇ ਵਿਚ ਹੀ ਲੀਨ ਹੋ ਜਾਂਦਾ ਹੈ। ਜੈਸੇ ਰਜੂ ਵਿਚ ਕਈ ਤਰ੍ਹਾਂ ਦੀ ਭ੍ਰਾਂਤੀ ਹੁੰਦੀ ਹੈ, ਸੱਪ, ਭੂਮ ਦਰਾਰ ਮਾਲਾ ਆਦਿ ਦੀ। ਪਰ ਸਭ ਦਾ ਅਧਾਰ (ਆਸਰਾ) ਰਜੂ ਹੈ ਅਤੇ ਲੀਨ ਭੀ ਰਜੂ ਵਿਚ ਹੁੰਦੀ ਹੈ, ਇਤਰ ਅਸਥਾਨ ਵਿਚ ਨਹੀਂ॥ ੨॥

ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥

ਜੋ ਪਦਾਰਥ ਸੁਪਨ ਅਤੇ ਮਨੋਰਥ=ਮਨੋਰਾਜ ਦੇ ਸਮਾਨ ਮਿਥਿਆ ਹਨ, ਉਹਨਾਂ ਪਦਾਰਥਾਂ ਨੂੰ ਭਰਮ ਦੇ ਬਲ ਕਰਕੇ ਇਸ ਜੀਵ ਨੇ ਸੱਚਾ ਜਾਣਿਆ ਹੈ।

ਸ਼ੰਕਾ-ਸੁਪਨ ਵਤ ਕੈਸੇ ਮਿਥਿਆ ਅਤੇ ਮਨੋਰਾਜ ਵਤ ਕੈਸੇ ਮਿਥਿਆ ਹਨ ?

ਉੱਤਰ-ਜਸ ਕੋਈ ਸੁਪਨੇ ਵਿਚ ਰਾਜਾ ਹੋ ਬੈਠਦਾ ਹੈ ਤੇ ਸਭ ਵਸਤੂਆਂ ਪਰਾਪਤ ਕਰ ਲੈਂਦੇ ਹੋ, ਹੁਕਮ ਹਾਸਲ ਕਰਦਾ ਹੈ, ਪਰੰਤੂ ਜਦ ਨੇਤ੍ਰ ਖੋਲ੍ਹਦਾ ਹੈ ਤਾਂ ਆਪਣੇ ਆਪ ਨੂੰ ਓਸੇ ਗਰੀਬੀ ਹਾਲਤ ਵਿਚ ਵੇਖਦਾ ਹੈ ਤਾਂ ਨਿਸਚੇ ਕਰਦਾ ਹੈ ਕਿ ਮੈਨੂੰ ਤਾਂ ਸੁਪਨਾ ਹੀ ਆਇਆ ਸੀ, ਸੁਪਨੇ ਵਤ ਤਾਂ ਐਸੇ ਨਿਸਚੇ ਕਰਦਾ ਹੈ।

ਯਥਾ- ਜਿਉ ਸੁਪਨੈ ਹੋਇ ਬੈਸਤ ਰਾਜਾ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ॥ ੨॥

(ਗਉੜੀ ਮ: ੫ ਪੰਨਾ ੧੭੯)

ਤਥਾ- ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥ ੨੩॥

(ਸਲੋਕ ਮ: ੯, ਪੰਨਾ ੧੪੨੭)

ਮਨੋਰਾਜ ਵਤ ਐਸੇ ਹਨ ਜੈਸੇ ਕਿ-ਸ਼ੇਖਚਿਲੀ ਨੂੰ ਕਿਸੀ ਸਿਪਾਹੀ ਨੇ ਵਿਗਾਰੀ ਫੜ ਲਿਆ ਤੇ ਆਖਿਆ ਮੇਰੇ ਘਰ ਤੂੰ ਘਿਉ ਦਾ ਘੜਾ ਪਹੁੰਚਾ ਦੇ, ਤੈਨੂੰ ਦੋ ਆਨੇ ਦੇਵਾਂਗਾ। ਚੁੱਕ ਕੇ ਤੁਰ ਪਿਆ, ਰਸਤੇ ਵਿਚ ਮਨੋਰਥ ਕਰਨ ਲੱਗ ਪਿਆ ਕਿ ਹੁਣ ਦੋ ਆਨੇ ਮਿਲਣਗੇ, ਇਸ ਦੀ ਮੈਂ ਕੁਕੜੀ ਲੈ ਕੇ ਪਾਲਾਂਗਾ, ਜਿਸ ਵੇਲੇ ਉਹ

ਬਹੁਤ ਹੋ ਜਾਣਗੀਆਂ ਤਾਂ ਉਹਨਾਂ ਸਭਨਾਂ ਨੂੰ ਵੇਚ ਕੇ ਫੇਰ ਬੱਕਰੀ ਲਵਾਂਗਾ, ਉਸ ਨੂੰ ਪਾਲ ਕੇ ਤੇ ਉਹਨਾਂ ਦਾ ਵਾਧਾ ਕਰਕੇ ਫੇਰ ਗਊਆਂ ਲਵਾਂਗਾ। ਉਹਨਾਂ ਦਾ ਵਾਧਾ ਕਰਕੇ ਫੇਰ ਮੱਝਾਂ ਤੇ ਘੋੜੀਆਂ ਖਰੀਦਾਂਗਾ, ਫੇਰ ਮੇਰੇ ਪਾਸ ਬਹੁਤ ਧਨ ਹੋ ਜਾਵੇਗਾ ਤੇ ਵਿਆਹ ਕਰਾਂਗਾ। ਫੇਰ ਪੁੱਤਰ ਜੰਮਣਗੇ, ਵੱਡੇ ਹੋ ਕੇ ਖੇਡਣਗੇ ਮੈਂ ਉਹਨਾਂ ਨੂੰ ਸਮਝਾਵਾਂਗਾ। ਜੇ ਉਹ ਨਾ ਸਮਝਣਗੇ ਤਾਂ ਮੈਂ ਉਹਨਾਂ ਨੂੰ ਲੱਤ ਮਾਰਾਂਗਾ ਤੇ ਉਹ ਨੱਠ ਜਾਣਗੇ। ਜਦ ਐਸੇ ਕਹਿ ਕੇ ਸ਼ੇਖ ਚਿਲੀ ਨੇ ਲੱਤ ਉਠਾ ਕੇ ਮਾਰੀ ਤਾਂ ਸਿਰ ਤੋਂ ਘੜਾ ਡਿੱਗ ਪਿਆ।

ਸਿਪਾਹੀ ਨੇ ਕਿਹਾ-ਓਇ ਸ਼ੇਖ ਚਿਲੀ ! ਇਹ ਤੈਨੇ ਕੀ ਕੀਤਾ ? ਮੇਰਾ ਤਾਂ ਘਿਉ ਦਾ ਘੜਾ ਫੁਟ ਗਿਆ। ਤਾਂ ਸ਼ੇਖ ਚਿਲੀ ਨੇ ਕਿਹਾ ਤੇਰੇ ਇਕ ਘਿਉ ਦੇ ਘੜੇ ਨੂੰ ਕੀ ਕਰਾਂ, ਮੇਰਾ ਤਾਂ ਸਾਰਾ ਟੱਬਰ ਹੀ ਰੁੜ੍ਹ ਗਿਆ ਹੈ।

ਪਿਆਰੇ ਪਾਠਕੋ ! ਸੋਚੋ, ਵਾਸਤਵ ਵਿਚ ਤਾਂ ਕੁਝ ਨਹੀਂ ਸੀ, ਪਰ ਮਨ ਦੇ ਸੰਕਲਪ ਕਰਕੇ ਕਿਤਨੀ ਪ੍ਰਵਿਰਤੀ ਸ਼ੇਖ ਚਿਲੀ ਨੇ ਰਚ ਲਈ ਸੀ। ਐਸੇ ਹੀ ਸਭ ਪਦਾਰਥ ਮਿਥਿਆ ਹਨ, ਪਰ ਭਰਮ ਕਰਕੇ ਇਸ ਨੇ ਪਦਾਰਥਾਂ ਨੂੰ ਸੱਚਾ ਜਾਣਿਆ ਹੈ।

ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥ ੩ ॥

ਜਿਸ ਵੇਲੇ ਸੁਕ੍ਰਿਤ ਮਨਸਾ=ਪੁੰਨ ਰੂਪ ਸਿੱਖਿਆ ਦਾ ਗੁਰਾਂ ਨੇ ਉਪਦੇਸ਼ ਦਿੱਤਾ ਤਾਂ ਗਿਆਨ ਜਾਗਰਤ ਦੇ ਜਾਗਣ 'ਪਰ ਹੀ ਮਨ ਮੰਨਿਆ ਗਿਆ ॥ ੩ ॥

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥

ਨਾਮਦੇਵ ਜੀ ਕਹਿੰਦੇ ਹਨ ਹੇ ਭਾਈ ! ਤੁਸੀਂ ਆਪਣੇ ਹਿਰਦੇ ਵਿਚ ਵਿਚਾਰ ਕੇ ਦੇਖੋ ਕਿ ਇਹ ਸਾਰੀ ਰਚਨਾ ਪਰਮਾਤਮਾ ਦੀ ਹੈ।

ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥ ੪ ॥ ੧ ॥

ਸਾਰਿਆਂ ਘਟਾਂ ਘਟਾਂ ਦੇ ਅੰਦਰ ਨਿਰੰਤਰਿ=ਇਕ-ਰਸ ਕੇਵਲ=ਫਕਤ ਇਕ, ਮੁਰਾਰੀ=ਮੁਰਦੈਤ ਦਾ ਅਰੀ ਪਰਮਾਤਮਾ ਹੀ ਹੈ ॥ ੪ ॥ ੧ ॥

ਆਸਾ ॥

ਉਥਾਨਕਾ-ਨਾਮਦੇਵ ਜੀ ਸ਼ੁਰੂ ਤੋਂ ਹੀ ਜਦ ਦੀ ਹੋਸ਼ ਸੰਭਾਲੀ ਤਦ ਤੋਂ ਹੀ ਠਾਕੁਰ ਪੂਜਾ ਕਰਦੇ ਆਏ, ਪਰ ਜਦ ਅੰਤਹਕਰਣ ਸ਼ੁਧ ਹੋ ਗਿਆ ਤਾਂ ਪਹਿਲੀ ਪਉੜੀ ਠਾਕੁਰ-ਪੂਜਾ ਵਾਲੀ ਤਿਆਗ ਕੇ ਭਜਨ ਪ੍ਰਾਇਨ ਹੋ ਗਏ, ਤਾਂ ਕਿਸੀ ਵੈਸ਼ਨਵ ਨੇ ਤਰਕ ਮਾਰੀ ਕਿ ਤੂੰ ਬੜਾ ਹੰਕਾਰੀ ਤੇ ਪਰਮਾਦੀ ਹੋ ਗਿਆ ਹੈਂ ਜੋ ਤੈਨੇ ਠਾਕੁਰ ਪੂਜਾ ਕਰਨੀ ਛੱਡ ਦਿੱਤੀ ਹੈ। ਹੋਰ ਕੁਝ ਨਾ ਕਰ ਸਕੇਂ ਤਾਂ ਠਾਕੁਰ ਜੀ ਨੂੰ ਇਸ਼ਨਾਨ ਤਾਂ ਕਰਾਇਆ ਕਰ, ਤਾਂ ਨਾਮਦੇਵ ਜੀ ਨੇ ਕਿਹਾ-

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥

ਆਨੀਲੇ=ਆਨੇ ਦਾ ਕੁੰਭ=ਘੜਾ ਆਨੀਲੇ=ਲਿਆਂਦਾ ਤੇ ਉਸ ਨੂੰ ਚੰਗੀ ਤਰ੍ਹਾਂ ਧੋ ਕੇ ਊਦਕ=ਜਲ ਨਾਲ ਭਰਾਇਆ ਕਿ ਠਾਕੁਰ ਜੀ ਨੂੰ ਇਸ਼ਨਾਨ ਕਰਾਵਾਂ, ਪਰੰਤੂ ਉਸੀ ਵੇਲੇ ਮੈਨੂੰ ਇਹ ਵਿਚਾਰ ਆ ਗਈ ਕਿ-

ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥ ੧ ॥

ਬਤਾਲੀ ਲੱਖ ਜੀਅ ਜਲ ਦੇ ਵਿਚ ਹੁੰਦੇ ਹਨ ਤੇ ਉਹਨਾਂ ਸਾਰਿਆਂ ਜੀਆਂ ਵਿਚ ਬੀਠਲੁ=ਪਰਮਾਤਮਾ

ਭੈਲਾ ਕਹੀਏ ਮਿਲਿਆ ਹੋਇਆ ਇਸ਼ਨਾਨ ਕਰ ਰਿਹਾ ਹੈ ਤੇ ਮੈਂ ਫੇਰ ਵਖਰਾ ਇਸ਼ਨਾਨ ਕਾਇ ਕਰਉ=ਕਿਸ ਵਾਸਤੇ ਕਰਾਉਣਾ ਹੈ। ਨਾਲੇ ਸ਼ੇਖ ਸਾਈਂ ਤਾਂ ਅਗੇ ਉਸ ਦਾ ਨਾਮ ਹੈ॥ ੧॥

ਜਤ੍ਰ ਜਾਉ ਤਤ ਬੀਠਲੁ ਭੈਲਾ॥
ਮਹਾ ਅਨੰਦ ਕਰੇ ਸਦ ਕੇਲਾ॥ ੧॥ ਰਹਾਉ॥

ਜਿਧਰ ਜਾਂਦੇ ਹਾਂ, ਤਤ=ਤ੍ਰਿਧਰ ਬੀਠਲੁ=ਪਰਮਾਤਮਾ ਹੀ ਭੈਲਾ ਕਹੀਏ ਮਿਲ ਰਿਹਾ ਹੈ। ਉਹ ਸਦ ਕੇਲਾ=ਸ੍ਰੇਸ਼ਟ ਕ੍ਰੀੜਾ ਦੇ ਕਰਨ ਵਾਲਾ ਪਰਮਾਤਮਾ ਮਹਾਂ ਆਨੰਦ ਕਰੇ=ਬਹੁਤ ਹੀ ਅਨੰਦ ਲੈਣਾ ਕਰ ਰਿਹਾ ਹੈ॥ ੧॥ ਰਹਾਉ॥

ਪੁਨਾ-ਪੰਡਤ ਨੇ ਕਿਹਾ ਹੋਰ ਕੁਝ ਨਾ ਕਰ ਸਕੋ ਤਾਂ ਠਾਕੁਰ ਜੀ ਦੇ ਗਲ ਫੁੱਲਾਂ ਦੀ ਮਾਲਾ ਤਾਂ ਪਾ ਦਿੱਤਾ ਕਰੋ। ਤਾਂ ਨਾਮਦੇਵ ਜੀ ਨੇ ਕਿਹਾ-

ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ॥

ਆਨੀਲੇ=ਆਨੇ ਦੇ ਫੁਲ ਆਨੀਲੇ=ਲਿਆਂਦੇ ਤੇ ਉਸ ਦੀ ਮਾਲਾ ਪਰੋਣੀ ਕੀਤੀ ਕਿ ਮੈਂ ਜਾ ਕੇ ਠਾਕੁਰ ਜੀ ਦੀ ਪੂਜਾ ਕਰਾਂ ਪਰ ਉਸ ਵੇਲੇ ਇਹ ਵਿਚਾਰ ਆ ਗਈ ਕਿ-

ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ॥ ੨॥

ਫੁਲਾਂ ਦੀ ਵਾਸ਼ਨਾਂ ਪਹਿਲੇ ਭੌਰੇ ਨੇ ਲੈ ਲੀਤੀ ਹੈ ਤੇ ਬੀਠਲ=ਪਰਮਾਤਮਾ ਉਸ ਭੌਰੇ ਵਿਚ *ਭੈਲਾ=ਮਿਲਿਆ ਹੋਇਆ ਵਾਸ਼ਨਾਂ ਲੈ ਰਿਹਾ ਹੈ ਤੇ ਮੈਂ ਫਿਰ ਵਖਰੀ ਪੂਜਾ ਫੁਲ ਸੁਟ ਕੇ ਕਿਸ ਵਾਸਤੇ ਕਰਨੀ ਹੈ॥ ੨॥

ਪੁਨਾ-ਪੰਡਿਤ ਨੇ ਕਿਹਾ, ਹੋਰ ਨਾ ਹੋ ਸਕੇ ਤਾਂ ਉਸ ਨੂੰ ਖੀਰ ਦਾ ਭੋਗ ਤਾਂ ਲਗਾਵੋ। ਇਹ ਗੱਲ ਸੁਣ ਕੇ ਨਾਮਦੇਵ ਜੀ ਕਹਿੰਦੇ ਹਨ-

ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥

ਆਨੀਲੇ=ਆਨੇ ਦਾ ਦੁਧ* ਆਨੀਲੇ=ਲਿਆ ਕੇ ਉਸ ਦੀ ਖੀਰ ਰਿੰਨੀ ਕਿ ਠਾਕੁਰ ਜੀ ਨੂੰ ਨੈਵੇਦੁ ਕਰਉ=ਭੋਗ ਲਗਾਉਣਾ ਕਰਾਂ ਪਰ ਉਸ ਵੇਲੇ ਇਹ ਵਿਚਾਰ ਆਈ ਕਿ-

ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ॥ ੩॥

ਪਹਿਲੇ ਤਾਂ ਦੁੱਧ ਨੂੰ ਵੱਛੇ ਨੇ ਬਿਟਾਰਿਓ=ਚੁੰਘ ਲਿਆ ਤੇ ਬੀਠਲੁ=ਪਰਮਾਤਮਾ ਉਸ ਵਛੇ ਦੇ ਵਿਚ ਹੀ ਭੈਲਾ=ਮਿਲ ਰਿਹਾ ਹੈ ਤੇ ਮੈਂ ਫਿਰ ਵਖਰੀ ਖੀਰ ਚੜ੍ਹਾਕੇ ਉਸ ਨੂੰ ਕੀ ਭੋਗ ਲਗਾਣਾ ਕਰਾਂ॥ ੩॥

ਇਨ੍ਹਾਂ ਤੁਕਾਂ ਦਾ ਦੂਜਾ ਭਾਵ ਐਸੇ ਵੀ ਕਰਦੇ ਹਨ ਕਿ ਬਤਾਲੀ ਲੱਖ ਜੀਵ ਜਲ ਦੇ ਵਿਚ ਹੀ ਰਹਿੰਦੇ ਅਤੇ ਜੰਮਦੇ ਮਰਦੇ ਹਨ। ਇਸ ਕਰਕੇ ਅਪਵਿੱਤਰ ਜਲ ਨਾਲ ਮੈਂ ਵਿਚਾਰੇ ਬੀਠਲ ਨੂੰ ਕਿਸ ਵਾਸਤੇ ਇਸ਼ਨਾਨ

---

*ਅਥਵਾ :-ਭੈਲਾ=ਵਿਚਾਰਾ ਜੋ ਬੀਠਲ ਹੈ ਉਸ ਨੂੰ ਕਿਸ ਵਾਸਤੇ ਫੁਲਾਂ ਦੀ ਮਾਲਾ ਪਹਿਰਾਨੀ ਕਰਾਂ।
'ਵਿਚਾਰਾ' ਇਸ ਕਰਕੇ ਹੈ ਕਿ ਉਸ ਨੂੰ ਕਈ ਲੋਕ ਗਾਲ੍ਹੀਆਂ ਕੱਢਦੇ ਹਨ ਅਤੇ ਨਿੰਦਦੇ ਹਨ, ਪਰੰਤੂ ਉਹ ਕੁਛ ਨਹੀਂ ਕਹਿੰਦਾ॥ ੨॥

*ਆਨੇ ਦਾ ਦੁਧ ਇਸ ਵਾਸਤੇ ਕਿਹਾ ਜੋ ਉਸ ਸਮੇਂ ਆਨੇ ਦਾ ਦੁਧ ਦੋ ਤਿੰਨ ਸੇਰ ਦੇ ਕਰੀਬ ਆ ਜਾਂਦਾ ਸੀ।

ਕਰਾਵਾਂ ਅਤੇ ਫੁਲਾਂ ਦੀ ਵਾਸ਼ਨਾਂ ਪਹਿਲੇ ਭੌਰੇ ਨੇ ਲੈ ਲੀਤੀ ਹੈ, ਇਸ ਕਰਕੇ ਉਹ ਫੁਲ ਚਾੜ੍ਹਨ ਦੇ ਯੋਗ ਨਾ ਸਮਝ ਕੇ ਵਿਚਾਰੇ ਬੀਠਲ ਨੂੰ ਕਿਸ ਵਾਸਤੇ ਚਾੜ੍ਹਨਾ ਕਰਾਂ।

ਪੁਨਾ-ਦੁੱਧ ਨੂੰ ਤਾਂ ਪਹਿਲੇ ਵਛੇ ਨੇ ਹੀ ਬਿਟਾਰਿਓ=ਜੂਠਾ ਕਰ ਦਿੱਤਾ ਤੇ ਮੈਂ ਫਿਰ ਵਿਚਾਰੇ ਬੀਠਲ ਨੂੰ ਕਿਸ ਵਾਸਤੇ ਖੀਰ ਦਾ ਭੋਗ ਲਗਾਣਾ ਕਰਾਂ। ਜੂਠਾ ਤੇ ਅਪਵਿੱਤ੍ਰ ਸਮਝ ਕੇ ਮੈਂ ਸਭ ਕੁਛ ਕਰਨਾ ਛੱਡ ਦਿੱਤਾ ਹੈ।

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥

ਈਭੈ=ਇਸ ਦੇਸ ਵਿਚ ਵੀ ਬੀਠਲੁ=ਪਰਮਾਤਮਾ ਹੈ, ਊਭੈ=ਉਸ ਦੇਸ ਵਿਚ ਵੀ ਬੀਠਲੁ= ਪਰਮਾਤਮਾ ਹੈ।

ਅਥਵਾ :-ਈਭੈ=ਇਸ ਲੋਕ ਵਿਚ ਊਭੈ=ਪਰਲੋਕ ਵਿਚ ਬੀਠਲੁ=ਪਰਮਾਤਮਾ ਹੈ, ਬੀਠਲ=ਪਰਮਾਤਮਾ ਤੋਂ ਬਿਨਾਂ ਸੰਸਾਰ ਹੀ ਨਹੀਂ।

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥ ੪॥ ੨॥

ਨਾਮਦੇਵ ਜੀ ਪ੍ਰਣਵੈ=ਕਥਨ ਕਰਦੇ ਹਨ ਹੇ ਪੰਡਤ ਜੀ ! ਤੂੰ ਐਸੇ ਨਿਸਚੇ ਕਰ ਕਿ ਉਹ ਪਰਮਾਤਮਾ ਥਾਨਾ ਅੰਤਰ ਥਾਨਾਂ ਵਿਚ ਅਤੇ ਸਾਰੀ ਮਹੀ=ਪ੍ਰਿਥਵੀ ਵਿਚ ਪੂਰਨ ਹੋ ਰਿਹਾ ਹੈ॥ ੪॥ ੨॥

ਆਸਾ॥

ਉਥਾਨਕਾ-ਕਿਸੀ ਪੁਰਸ਼ ਨੇ ਕਿਹਾ ਨਾਮਦੇਵ ਜੀ ! ਜੇਕਰ ਆਪ ਨੇ ਠਾਕੁਰ ਪੂਜਾ ਕਰਨੀ ਛੱਡ ਦਿੱਤੀ ਹੈ ਤਾਂ ਫਿਰ ਗਜ ਤੇ ਕੈਂਚੀਆਂ ਵਗੈਰਾ ਕਿਉਂ ਛੱਡੇ ਹਨ ? ਤਾਂ ਨਾਮਦੇਵ ਜੀ ਨੇ ਕਿਹਾ, ਇਨ੍ਹਾਂ ਨੂੰ ਵਿਘਨਕਾਰੀ ਸਮਝ ਕੇ ਪ੍ਰਤੱਖ ਗਜ ਤੇ ਕੈਂਚੀਆਂ ਵਗੈਰਾ ਮੈਂ ਛੱਡ ਦਿੱਤੇ ਹਨ ਹੁਣ ਤਾਂ ਅੰਤ੍ਰੀਵ ਰੱਖ ਲੀਤੇ ਹਨ।

ਯਥਾ-

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥
ਮਪਿ ਮਪਿ ਕਾਟਉ ਜਮ ਕੀ ਫਾਸੀ॥ ੧॥

ਜੈਸੇ ਗਜ ਆਪਣੇ ਹੱਥ ਵਿਚ ਹੁੰਦਾ ਹੈ, ਐਸੇ ਮਨ ਨੂੰ ਜਿਹੜਾ ਆਪਣੇ ਅਧੀਨ ਰੱਖਿਆ ਹੈ, ਭਾਵ ਕਾਬੂ ਕੀਤਾ ਹੈ ਇਹ ਮੇਰਾ ਗਜ ਹੈ।

ਅਥਵਾ :-ਗਜ ਵਿਚ ਦੂਜਾ ਗੁਣ ਇਹ ਹੈ ਕਿ ਉਹ ਸਿਧਾ ਹੁੰਦਾ ਹੈ, ਐਸੇ ਮਨ ਨੂੰ ਜੋ ਪਰਮੇਸ਼ਰ ਦੀ ਤਰਫ ਸਿਧਾ ਕੀਤਾ ਹੈ, ਇਹ ਮੇਰਾ ਗਜ ਹੈ ਤੇ ਜਿਹਵਾ ਮੇਰੀ ਕਾਤੀ=ਕੈਂਚੀ ਹੈ। ਜਿਵੇਂ ਕੈਂਚੀ ਦੇ ਦੋ ਫਰ ਹੁੰਦੇ ਹਨ ਐਸੇ ਜਿਹਵਾ ਨਾਲ ਜੋ ਰਾਮ ਨਾਮ ਜਪਦੇ ਹਾਂ, ਇਹ ਰਕਾਰ ਮਕਾਰ ਹੀ ਦੋ ਫਰ ਹਨ। ਮਨ ਰੂਪ ਗਜ ਨਾਲ ਮਪਿ ਮਪਿ=ਮਿਣ ਮਿਣ ਕੇ, ਭਾਵ ਇਤਨੇ ਜਾਪ ਕਰਨ ਨਾਲ ਇੰਨੇ ਪਾਪਾਂ ਦੀ ਨਵਿਰਤੀ ਹੁੰਦੀ ਹੈ, ਐਸੇ ਸਮਝ ਕੇ ਜਮਾਂ ਦੀ ਫਾਹੀ ਨੂੰ ਕੱਟਦਾ ਹਾਂ॥ ੧॥

ਯਥਾ- ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ॥ ੩॥ ੭॥

(ਸੋਰਠਿ ਮ: ੯, ਪੰਨਾ ੬੩੩)

ਤਾਂ ਉਸ ਪੁਰਸ਼ ਨੇ ਕਿਹਾ-ਹੇ ਨਾਮਦੇਵ ! ਆਪਣੀ ਜਾਤੀ ਵੱਲ ਤਾਂ ਵੇਖ, ਜਾਤੀ ਤੇਰੀ ਛੀਂਬਾ ਹੋਣ ਕਰਕੇ

ਨੀਵੀਂ ਹੈ ਤੇ ਗੱਲਾਂ ਤੂੰ ਬੜੇ ਉਚੇ ਦਰਜੇ ਦੀਆਂ ਕਰਦਾ ਹੈਂ। ਇੰਨੀਆਂ ਉਚੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਤਾਂ ਨਾਮਦੇਵ ਜੀ ਨੇ ਕਿਹਾ-

ਕਹਾ ਕਰਉ ਜਾਤੀ ਕਹ ਕਰਉ ਪਾਤੀ॥
ਰਾਮ ਕੋ ਨਾਮੁ ਜਪਉ ਦਿਨ ਰਾਤੀ॥ ੧ ॥ ਰਹਾਉ ॥

ਹੇ ਪੁਰਖ਼ਾ ! ਜਾਤੀ ਨੇ ਕੀ ਕਰਨਾ ਹੈ ਅਤੇ ਪੰਗਤੀ ਨੇ ਕੀ ਕਰਨਾ ਹੈ। ਪਰਮੇਸ਼ਰ ਨੇ ਕੋਈ ਚੰਗੀ ਜਾਤੀ ਵਾਲੇ ਪੁਰਸ਼ ਦੀ ਮੁਕਤੀ ਨਹੀਂ ਕਰਨੀ, ਉਸ ਨੇ ਤਾਂ ਕਰਣੀ ਨੂੰ ਵੇਖਣਾ ਹੈ। ਇਸ ਤੇ ਅਸੀਂ ਰਾਤ ਦਿਨ ਰਾਮ ਦੇ ਨਾਮ ਨੂੰ ਜਪਦੇ ਹਾਂ ਤੁਸੀਂ ਭੀ ਜਪਣਾ ਕਰੋ॥ ੧ ॥ ਰਹਾਉ ॥

ਰਾਂਗਨਿ ਰਾਂਗਉ ਸੀਵਨਿ ਸੀਵਉ॥
ਰਾਮ ਨਾਮ ਬਿਨੁ ਘਰੀਅ ਨ ਜੀਵਉ॥ ੨ ॥

ਹੇ ਭਾਈ ! ਜ਼ਰੂਰਤ ਅਨੁਸਾਰ ਰੰਗਣ ਵਾਲੇ ਕਪੜਿਆਂ ਨੂੰ ਰੰਗਦੇ ਹਾਂ ਅਤੇ ਸੀਵਣ ਵਾਲੇ ਕਪੜਿਆਂ ਨੂੰ ਸੀਂਵਦੇ ਭੀ ਹਾਂ, ਪ੍ਰੰਤੂ ਰਾਮ ਨਾਮ ਤੋਂ ਬਿਨਾਂ ਇਕ ਘੜੀ ਮਾਤ੍ਰ ਵੀ ਜੀਉਂਦੇ ਨਹੀਂ।

ਯਥਾ- ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩ ॥

(ਸਲੋਕ ਕਬੀਰ ਜੀ ਪੰਨਾ ੧੩੭੬)

ਅਥਵਾ :-ਇਹਨਾਂ ਵਿਹਾਰਕ ਕੰਮਾਂ ਨੂੰ ਵਿਘਨ ਰੂਪ ਸਮਝ ਕੇ ਮੈਂ ਕੋਈ ਭੀ ਕੰਮ ਨਹੀਂ ਕਰਦਾ।

ਦੂਜਾ ਅਰਥ-

ਨਾ ਹੀ ਮੈਂ ਰੰਗ ਵਿਚ ਪਾ ਕੇ ਕਪੜਿਆਂ ਨੂੰ ਰੰਗਦਾ ਹਾਂ ਅਤੇ ਨਾ ਹੀ ਸੂਈ ਧਾਗਾ ਲੈ ਕੇ ਸਿਉਣ ਵਾਲੇ ਕਪੜਿਆਂ ਨੂੰ ਸਿਉਂਦਾ ਹਾਂ, ਕਿਉਂਕਿ ਰਾਮ ਨਾਮ ਤੋਂ ਬਿਨਾਂ ਮੈਂ ਘੜੀ ਮਾਤਰ ਵੀ ਨਹੀਂ ਜੀ ਸਕਦਾ॥ ੨ ॥

ਯਥਾ- ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥ ੨ ॥

(ਗੂਜਰੀ ਕਬੀਰ ਜੀ ਪੰਨਾ ੫੨੪)

ਤੀਜਾ ਅਰਥ-

ਸਤਿਸੰਗਤ ਰੂਪ ਰਾਂਗਨਿ=ਮੱਟੀ ਵਿਚ ਨਾਮ ਰੂਪ ਜਲ ਪਾ ਕੇ ਭਗਤੀ ਰੂਪ ਰੰਗ ਘੋਲਿਆ ਹੋਇਆ ਹੈ, ਤਿਸ ਵਿਖੇ ਮਨ ਰੂਪ ਕਪੜੇ ਨੂੰ ਪਾ ਕੇ ਗੁਰੂ ਰੂਪ ਲਲਾਰੀ ਦੁਆਰੇ ਰੰਗਦਾ ਹਾਂ ਅਤੇ ਬ੍ਰਹਮਾਕਾਰ ਬ੍ਰਿਤੀ ਰੂਪ ਸੀਵਨਿ=ਸੂਈ ਕਰਕੇ ਚਿਤ ਰੂਪੀ ਬਸਤ੍ਰ ਨੂੰ ਸੀਂਵਦਾ ਹਾਂ। ਰਾਮ ਨਾਮ ਤੋਂ ਬਿਨਾਂ ਇਕ ਘੜੀ ਮਾਤਰ ਵੀ ਨਹੀਂ ਜੀ ਸਕਦਾ॥ ੨ ॥

ਯਥਾ- ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ॥ *(ਪੰਨਾ ੪੭੭)*

ਭਗਤਿ ਕਰਉ ਹਰਿ ਕੇ ਗੁਨ ਗਾਵਉ॥
ਆਠ ਪਹਰ ਅਪਨਾ ਖਸਮੁ ਧਿਆਵਉ॥ ੩ ॥

ਇਸ ਕਰਕੇ ਮੈਂ ਪਰਮੇਸ਼ਰ ਦੀ ਭਗਤੀ ਕਰਦਾ ਹਾਂ ਤੇ ਹਰੀ ਦੇ ਗੁਣ ਗਾਇਨ ਕਰਦਾ ਹਾਂ ਅਠੇ ਪਹਿਰ

ਆਪਣੇ ਮਾਲਕ ਪਰਮਾਤਮਾ ਨੂੰ ਧਿਆਉਂਦਾ ਹਾਂ।

ਅਥਵਾ :-ਹੇ ਭਾਈ ! ਤੁਸੀਂ ਭੀ ਭਗਤੀ ਕਰੋ ਤੇ ਹਰੀ ਦੇ ਗੁਣ ਗਾਵੋ ਅਤੇ ਅਠੇ ਪਹਿਰ ਆਪਣੇ ਖਸਮ ਪਰਮਾਤਮਾ ਨੂੰ ਧਿਆਵੋ॥ ੩॥

ਸੁਇਨੇ ਕੀ ਸੂਈ ਰੁਪੇ ਕਾ ਧਾਗਾ॥
ਨਾਮੇ ਕਾ ਚਿਤੁ ਹਰਿ ਸਉ ਲਾਗਾ॥ ੪॥ ੩॥

ਸੁਇਨੇ=ਸੁੰਨ ਅਫੁਰ ਪਰਮਾਤਮਾ ਵਿਖੇ ਜੋ ਬਿਰਤੀ ਦਾ ਜੋੜਨਾ ਕੀਤਾ ਹੈ, ਇਹ ਤਾਂ ਇਕ ਸੋਨੇ ਦੀ ਸੂਈ ਕੀਤੀ ਹੈ ਤੇ ਗੁਰਾਂ ਦੇ ਚਰਨਾਂ ਵਿਖੇ ਜੋ ਮਨ ਦਾ ਅਰੋਪਣਾ ਕੀਤਾ ਹੈ ਇਹੀ ਇਕ ਰੁਪੇ ਕਾ ਧਾਗਾ=ਚਾਂਦੀ ਦਾ ਚਿੱਟਾ ਧਾਗਾ ਹੈ, ਇਸ ਸੂਈ ਧਾਗੇ ਕਰਕੇ ਮੈਂ ਨਾਮਦੇਵ ਦਾ ਚਿਤ ਹਰੀ ਨਾਲ ਲੱਗ ਗਿਆ ਹੈ॥ ੪॥ ੩॥

ਆਸਾ॥

ਉਥਾਨਕਾ-ਜਿਸ ਜਗ੍ਹਾਂ ਨਦੀ ਦੇ ਕਿਨਾਰੇ 'ਪਰ ਭਗਤ ਨਾਮਦੇਵ ਜੀ ਰੋਜ਼ਾਨਾ ਕਪੜੇ ਧੋਂਦੇ ਸਨ ਉਥੇ ਹੀ ਇਕ ਪਖੰਡੀ ਸਾਧੂ ਰੋਜ਼ ਆ ਕੇ ਸਮਾਧੀ ਲੱਗਾ ਕੇ ਬੈਠਦਾ ਸੀ।

ਇਕ ਦਿਨ ਸ਼ਾਹੂਕਾਰ ਦਾ ਲੜਕਾ ਇਸ਼ਨਾਨ ਕਰਨ ਵਾਸਤੇ ਉਸੇ ਘਾਟ ਤੇ ਆ ਪਹੁੰਚਾ ਅਤੇ ਰੁਪਿਆਂ ਦੀ ਵਾਂਸਲੀ ਤੇ ਗਲ ਵਾਲਾ ਸੋਨੇ ਦਾ ਹਾਰ ਲਾਹ ਕੇ ਕਪੜਿਆਂ ਵਿਚ ਰੱਖ ਕੇ ਆਪ ਇਸ਼ਨਾਨ ਕਰਨ ਲੱਗ ਪਿਆ। ਉਸ ਪਖੰਡੀ ਸਾਧੂ ਨੇ ਮੌਕਾ ਤਾੜ ਕੇ ਸੋਨੇ ਦਾ ਹਾਰ ਤੇ ਰੁਪਿਆਂ ਦੀ ਵਾਂਸਲੀ ਚੁੱਕ ਕੇ ਆਪਣੇ ਆਸਣ ਹੇਠਾਂ ਰੱਖ ਲਈ ਤੇ ਉਪਰ ਆਸਣ ਜਮਾ ਕੇ ਅੱਖਾਂ ਬੰਦ ਕਰਕੇ ਸਮਾਧੀ ਵਿਚ ਇਸਥਿਤ ਹੋ ਗਿਆ।

ਭਗਤ ਨਾਮਦੇਵ ਆਪਣੇ ਪਰੇਮ ਵਿਚ ਮੱਤਾ ਹੋਇਆ ਕਪੜੇ ਧੋਈ ਜਾਂਦਾ ਹੈ, ਨਾ ਉਸ ਨੂੰ ਉਸ ਦੇ ਨਹਾਉਣ ਦਾ ਪਤਾ ਹੈ ਅਤੇ ਨਾ ਹੀ ਉਸ ਪਖੰਡੀ ਸਾਧੂ ਦੇ ਹਾਰ ਤੇ ਰੁਪਿਆਂ ਦੇ ਚੁੱਕਣ ਦਾ ਪਤਾ ਲੱਗਾ ਹੈ।

ਜਿਸ ਵੇਲੇ ਸ਼ਾਹੂਕਾਰ ਦਾ ਲੜਕਾ ਇਸ਼ਨਾਨ ਕਰਕੇ ਕਪੜੇ ਪਾ ਚੁੱਕਾ ਤੇ ਰੁਪਿਆਂ ਦੀ ਵਾਂਸਲੀ ਤੇ ਸੋਨੇ ਦਾ ਹਾਰ ਉਸ ਨੂੰ ਨਿਗ੍ਹਾ ਨਾ ਆਇਆ, ਤਦ ਉਸ ਨੇ ਵਿਚਾਰਿਆ ਕਿ ਇਹ ਸੰਤ ਤਾਂ ਸਮਾਧੀ ਵਿਚ ਅਡੋਲ ਬੈਠਾ ਹੈ, ਇਸ ਨੂੰ ਤਾਂ ਕੁਝ ਪਤਾ ਹੀ ਨਹੀਂ, ਬਾਕੀ ਇਹ ਗਰੀਬ ਛੀਂਬਾ ਹੈ ਇਸ ਦਾ ਮਨ ਭਰਮ ਗਿਆ ਹੋਣਾ ਹੈ। ਇਹ ਸੋਚ ਕੇ ਉਸ ਨੇ ਨਾਮਦੇਵ ਨੂੰ ਫੜ ਲਿਆ ਤੇ ਕਹਿਣ ਲੱਗਾ-ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ ਤਾਂ ਮੇਰੀ ਵਾਂਸਲੀ ਰੁਪਿਆਂ ਵਾਲੀ ਦੇ ਦੇਹ, ਨਹੀਂ ਤਾਂ ਤੇਰਾ ਬੁਰਾ ਹਾਰ ਕਰਾਵਾਂਗਾ।

ਭਾਵੇਂ ਭਗਤ ਜੀ ਨੇ ਸੱਚ ਹੀ ਕਿਹਾ ਕਿ ਮੈਂ ਤੇਰੀ ਵਾਂਸਲੀ ਨਹੀਂ ਡਿਠੀ ਮੈਂ ਤਾਂ ਆਪਣੇ ਮੂੰਹ ਧਿਆਨ ਕੰਮ ਕਰੀ ਜਾਂਦਾ ਹਾਂ, ਪਰ ਉਸ ਨੇ ਇਕ ਨਾ ਮੰਨੀ। ਇਤਨੇ ਨੂੰ ਰੌਲਾ ਗੌਲਾ ਪਾਉਣ ਨਾਲ ਬਹੁਤ ਲੋਕ ਇਕੱਠੇ ਹੋ ਗਏ, ਕਈਆਂ ਨੇ ਭਗਤ ਨਾਮਦੇਵ ਨੂੰ ਸਮਝਾਇਆ, ਕਈਆਂ ਨੇ ਉਸ ਲੜਕੇ ਨੂੰ ਸਮਝਾਇਆ, ਪਰ ਗੱਲ ਕੋਈ ਨਾ ਮੁੱਕੀ, ਕਿਉਂਕਿ ਜੇਕਰ ਨਾਮਦੇਵ ਜੀ ਨੇ ਚੋਰੀ ਕੀਤੀ ਹੁੰਦੀ ਤਾਂ ਉਹ ਦੇ ਕੇ ਸੁਰਖਰੂ ਹੋ ਜਾਂਦੇ ਤੇ ਜਾਂ ਉਹ ਲੜਕਾ ਦਰ-ਗੁਜਰ ਕਰ ਜਾਂਦਾ ਤਾਂ ਰੌਲਾ ਮੁਕਦਾ। ਇਤਨੇ ਨੂੰ ਬੜੀ ਜ਼ੋਰ ਨਾਲ ਹਵਾ ਚੱਲੀ ਜਿਸ ਹਵਾ ਨਾਲ ਉਸ ਸਾਧੂ ਦਾ ਆਸਣ ਉੱਡ ਕੇ ਇਕੱਠਾ ਹੋ ਗਿਆ ਤੇ ਸੋਨੇ ਦਾ ਹਾਰ ਨਜ਼ਰੀਂ ਪੈ ਗਿਆ, ਫਿਰ ਤਾਂ ਉਸ ਲੜਕੇ ਨੇ ਸਾਧੂ ਦੇ ਗਲ ਵਿਚ ਪੱਲਾ ਪਾ ਲਿਆ ਤੇ ਨਾਮਦੇਵ ਜੀ ਪਾਸੋਂ ਆਖਣੀ ਵਧੀਕੀ ਦੀ ਮੁਆਫੀ ਮੰਗੀ ਅਤੇ ਭਗਤ ਨਾਮਦੇਵ ਜੀ ਨੇ ਉਸ ਪਖੰਡੀ ਸਾਧੂ ਪ੍ਰਤੀ ਇਹ ਸ਼ਬਦ ਉਚਾਰਿਆ-

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥

ਜਿਸ ਤਰ੍ਹਾਂ ਸੱਪ ਕੁੰਜ ਨੂੰ ਤਾਂ ਛੱਡ ਦੇਂਦਾ ਹੈ, ਪਰ ਵਿਹੁ ਨੂੰ ਨਹੀਂ ਛੱਡਦਾ, ਇਸੀ ਪ੍ਰਕਾਰ ਹੇ ਸਾਧੂ ! ਘਰ ਅਤੇ ਗ੍ਰਿਹਸਤ ਵਗੈਰਾ ਤਾਂ ਤੈਂਨੈ ਛੱਡ ਦਿੱਤਾ ਹੈ, ਪਰ ਮਾਇਆ ਦੀ ਇੱਛਾ ਰੂਪ ਵਿਹੁ ਨੂੰ ਤੂੰ ਨਹੀਂ ਛੱਡਿਆ।

ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥ ੧ ॥

ਜਿਵੇਂ ਮੱਛੀ ਨੂੰ ਫੜਨ ਵਾਸਤੇ ਬਗੁ=ਬਗਲਾ ਉਦਕ ਮਾਹਿ=ਪਾਣੀ ਦੇ ਵਿਚ ਧਿਆਨ ਮਾਡੈ=ਕਰਦਾ ਹੈ। ਇਸੀ ਪ੍ਰਕਾਰ ਪਰਾਏ ਧਨ ਚੁਰਾਉਣ ਵਾਸਤੇ ਤੂੰ ਸਮਾਧੀ ਲਾਈ ਬੈਠਾ ਹੈਂ॥ ੧ ॥

ਕਾਹੇ ਕਉ ਕੀਜੈ ਧਿਆਨੁ ਜਪੰਨਾ ॥
ਜਬ ਤੇ ਸੁਧੁ ਨਾਹੀ ਮਨੁ ਅਪਨਾ ॥ ੧ ॥ ਰਹਾਉ ॥

ਜਦ ਤੇਰਾ ਆਪਣਾ ਮਨ ਹੀ ਪਵਿੱਤ੍ਰ ਨਹੀਂ ਹੈ ਤਾਂ ਇਹ ਧਿਆਨ ਕਿਸ ਲਈ ਕਰਨਾ ਹੈ ਤੇ ਜਾਪ ਕਿਸ ਲਈ ਜਪਣਾ ਹੈ॥ ੧ ॥ ਰਹਾਉ ॥

ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥ ੨ ॥

ਜੋ ਪੁਰਸ਼ ਸ਼ੇਰ ਦੀ ਨਿਆਈਂ ਸਿੰਘਚ ਭੋਜਨੁ=ਹਿੱਸਿਆਂ ਵਾਲਾ ਭੋਜਨ ਖਾਣਾ ਜਾਣਦਾ ਹੈ।

ਅਥਵਾ :-ਜੈਸੇ ਸਿੰਘਚ=ਤਿੱਤਰ ਮੁਖ ਤੋਂ ਸੋਹਣੀ ਬੋਲੀ ਬੋਲਦਾ ਹੈ ਕਿ 'ਸੁਬਹਾਨ ਤੇਰੀ ਕੁਦਰਤ' ਪਰੰਤੂ ਖੁਰਾਕ ਉਸ ਦੀ ਕੀੜੇ ਹਨ ਉਸ ਦੀ ਨਿਆਈਂ ਜੋ ਪੁਰਸ਼ ਮੁਖ ਵਿਚੋਂ ਮਿੱਠੇ ਬਚਨ ਬੋਲਦਾ ਹੈ ਤੇ ਉਂਝ ਪਰਾਏ ਧਨ ਨੂੰ ਚੁਰਾਉਂਦਾ ਹੈ, ਐਸੇ ਪੁਰਸ਼ ਠਗਾਂ ਦੇ ਦੇਉ=ਵਡੇ ਠੱਗ ਕਥਨ ਕੀਤੇ ਹਨ।

ਅਥਵਾ :-ਸਿੰਘਚ ਇਕ ਜਾਨਵਰ ਹੈ ਜੋ ਕਹਿੰਦਾ ਹੈ 'ਸਹਿਸਾ ਮਤ ਕਰ, ਸਹਿਸਾ ਮਤ ਕਰ' ਇਸ ਦਾ ਮਤਲਬ ਇਹ ਹੈ ਕਿ ਕਾਹਲੀ ਮਤ ਕਰ, ਕਾਹਲੀ ਮਤ ਕਰ, ਤੇ ਆਪ ਇਤਨੀ ਕਾਹਲੀ ਕਰਦਾ ਹੈ ਜਦ ਸ਼ੇਰ ਉਬਾਸੀ ਲੈਂਦਾ ਹੈ ਤਾਂ ਉਸ ਦੀਆਂ ਦਾਹੜਾਂ ਵਿਚੋਂ ਮਾਸ ਕੱਢ ਕੇ ਲੈ ਜਾਂਦਾ ਹੈ। ਉਸ ਦੀ ਨਿਆਈਂ ਜੋ ਪੁਰਸ਼ ਕਾਹਲੀ ਨਾਲ ਭੋਜਨ ਕਰਨਾ ਜਾਣਦਾ ਹੈ, ਐਸੇ ਪੁਰਸ਼ ਠੱਗਾਂ ਦੇ ਵਡੇ ਠੱਗ ਕਥਨ ਕੀਤੇ ਹਨ॥ ੨ ॥

[ਪੰਨਾ ੪੮੬]

ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥
ਰਾਮ ਰਸਾਇਨ ਪੀਓ ਰੇ ਦਗਰਾ ॥ ੩ ॥ ੪ ॥

ਨਾਮਦੇਵ ਜੀ ਕਥਨ ਕਰਦੇ ਹਨ-ਨਾਮੇ ਦੇ ਸੁਆਮੀ ਨੇ ਅਥਵਾ ਸਰਬ ਦੇ ਸੁਆਮੀ ਪ੍ਰਮਾਤਮਾ ਨੇ ਮੇਰੇ ਗਲੋਂ ਝਗੜਾ ਲਾਹ ਲਿਆ ਹੈ ਅਤੇ ਤੇਰੇ ਗਲ ਪਾ ਦਿੱਤਾ ਹੈ। ਹੇ ਦਗਰਾ=ਦਗੇਬਾਜ਼ ਪਖੰਡੀ ਸਾਧੂ ! ਇਹ ਕਪਟ ਵਾਲਾ ਭੇਖ ਛੱਡ ਕੇ ਰਾਮ ਨਾਮ ਜੋ ਰਸਾਂ ਦਾ ਘਰ ਹੈ ਉਸ ਨੂੰ ਤੂੰ ਪੀਣਾ ਕਰ।

ਅਥਵਾ :-ਦਗਰਾ=ਗਾੜੀ ਖੁਮਾਰੀ ਦੇ ਦੇਣ ਵਾਲਾ ਜੋ ਰਾਮ ਨਾਮ ਰੂਪੀ ਪਿਆਲਾ ਹੈ ਉਸ ਨੂੰ ਪੀਣਾ ਕਰ।

ਅਥਵਾ :-ਹੇ ਭਾਈ ! ਰਾਮ ਨਾਮ ਰੂਪ ਅੰਮ੍ਰਿਤ ਦਾ ਜੋ ਪੀਣਾ ਹੈ ਏਹੋ ਪਰਮੇਸ਼ਰ ਦੀ ਪ੍ਰਾਪਤੀ ਦਾ

ਦਗਰਾ=ਖੁਲ੍ਹਾ ਰਸਤਾ ਹੈ॥ ੩॥ ੪॥

ਆਸਾ ॥

ਉਥਾਨਕਾ-ਆਪਣੇ ਮਨ ਪ੍ਰਤੀ ਉਪਦੇਸ਼ ਕਰਦੇ ਹਨ-

ਪਾਰਬ੍ਰਹਮੁ ਜਿ ਚੀਨ੍ਸੀ ਆਸਾ ਤੇ ਨ ਭਾਵਸੀ॥
ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ॥ ੧॥

ਹੇ ਮਨ ! ਜੋ ਪੁਰਸ਼ ਪਾਰਬ੍ਰਹਮ ਦਾ ਸਿਮਰਨ ਕਰਨਾ ਜਾਣਦੇ ਹਨ, ਤਿਨ੍ਹਾਂ ਨੂੰ ਪਦਾਰਥਾਂ ਦੀ ਆਸਾ ਚੰਗੀ ਨਹੀਂ ਲੱਗਦੀ। ਜੋ ਭਗਤ ਰਾਮ ਨੂੰ ਸਿਮਰਦੇ ਹਨ, ਤਿਨ੍ਹਾਂ ਦੇ ਮਨ ਨੂੰ ਰਾਮ ਅਚਿੰਤ=ਚਿੰਤਾ ਤੋਂ ਰਹਿਤ ਰੱਖਦਾ ਹੈ।

ਅਥਵਾ-ਰਾਮ ਉਹਨਾਂ ਨੂੰ ਹਰ ਵਕਤ ਸਿਮਰਦਾ ਹੈ ਜੋ ਭਗਤ ਮਨ ਨੂੰ ਅਚਿੰਤ=ਵਾਹਿਗੁਰੂ ਵਿਚ ਰੱਖਦਾ ਹੈ॥ ੧॥

ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ॥
ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ॥ ੧॥ ਰਹਾਉ॥

ਹੇ ਮਨ ! ਤੂੰ ਸੰਸਾਰ ਸਾਗਰ ਤੋਂ ਕਿਵੇਂ ਤਰੇਂਗਾ, ਕਿਉਂ ਜੋ ਇਹ ਸੰਸਾਰ ਸਾਗਰ ਵਿਸ਼ਿਆਂ ਰੂਪ ਬਨਾ=ਜਲ ਕਰਕੇ ਭਰਿਆ ਹੋਇਆ ਹੈ। ਹੇ ਮਨ ! ਤੂੰ ਝੂਠੀ ਮਾਇਆ ਨੂੰ ਦੇਖ ਕੇ ਭੁਲਿਆ ਫਿਰਦਾ ਹੈਂ॥ ੧॥ ਰਹਾਉ॥

ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ॥
ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ॥ ੨॥ ੫॥

ਕਰਮਾਂ ਨੇ ਭਾਂ ਛੀਪੇ ਦੇ ਘਰ ਜਨਮ ਦੈਲਾ=ਦਿੱਤਾ ਹੈ, ਪਰ ਇਸ ਜਨਮ ਵਿਚ ਹੀ ਗੁਰਾਂ ਦਾ ਉਪਦੇਸ਼ ਭੈਲਾ=ਮਿਲ ਗਿਆ ਹੈ। ਨਾਮਦੇਵ ਜੀ ਆਖਦੇ ਹਨ-ਕਿ ਸੰਤਾਂ ਦੀ ਕਿਰਪਾ ਕਰਕੇ ਮੈਨੂੰ ਹਰੀ ਪਰਮਾਤਮਾ ਭੇਟੁਲਾ=ਮਿਲ ਗਿਆ ਹੈ॥ ੨॥ ੫॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
੧ਓ ਸਤਿਗੁਰ ਪ੍ਰਸਾਦਿ॥

ਕਾਮ ਆਦਿਕ ਵਿਸ਼ਿਆਂ ਦੀ ਪ੍ਰਬਲਤਾ ਕਹਿੰਦੇ ਹੋਏ ਵਾਹਿਗੁਰੂ ਦੇ ਸਨਮੁਖ ਬੇਨਤੀ ਕਰਦੇ ਹਨ-

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥ ੧॥

ਮ੍ਰਿਗ=ਹਰਨ, ਮੀਨ=ਮੱਛੀ, ਭ੍ਰਿੰਗ=ਭੌਰਾ, ਪਤੰਗ=ਪਤੰਗਾ, ਕੁੰਚਰ=ਹਾਥੀ।
ਇਹ ਪੰਜੇ ਇਕ ਇਕ ਦੋਖ=ਵਿਸ਼ੇ ਦੇ ਸੰਬੰਧ ਕਰਕੇ ਮਰ ਜਾਂਦੇ ਹਨ।

ਯਥਾ- ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ॥

(ਨਟ ਮ: ੪ ਪੰਨਾ ੯੮੩)

ਹੇ ਨਿਰੰਕਾਰ ਵਾਹਿਗੁਰੂ ! ਜਾ=ਜਿਨ੍ਹਾਂ ਆਦਮੀਆਂ ਮਹਿ=ਵਿਚ ਇਹ ਅਸਾਧ=ਨਾ ਹਟ ਸਕਣ ਵਾਲੇ ਪੰਜ ਕਾਮ, ਕਰੋਧ ਆਦਿਕ ਐਬ ਹਨ, ਤਿਨ੍ਹਾਂ ਆਦਮੀਆਂ ਦੇ ਜੀਉਣ ਦੀ ਕੇਤਕ ਕਿੰਨਾਂ ਕੁ ਚਿਰ ਭਲਾ ਆਸਾ ਹੈ ? ਭਾਵ ਉਹ ਜਲਦੀ ਨਸ਼ਟ ਹੋ ਜਾਣਗੇ॥ ੧॥

ਮਾਧੌ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ ੧॥ ਰਹਾਉ॥

ਹੇ ਮਾ+ਧੌ=ਮਾਇਆ ਪਤੀ ਈਸ਼ਵਰ ! ਆਪ ਦੇ ਸਿਮਰਨ ਨੂੰ ਭੁਲਾ ਕੇ ਇਨ੍ਹਾਂ ਜੀਵਾਂ ਨੇ ਅਵਿੱਦਿਆ ਵਿਚ ਹਿਤ=ਪ੍ਰੇਮ ਕੀਤਾ ਹੋਇਆ ਹੈ, ਜਿਸ ਕਰਕੇ ਬਿਬ+ਏਕ=ਦੋ ਤੋਂ ਇਕ ਕਰਨ ਵਾਲਾ ਗਿਆਨ ਰੂਪ ਦੀਵਾ ਮਲੀਨ=ਮਧਮ ਹੋਇਆ ਹੋਇਆ ਹੈ।

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥ ੨॥

ਜਿਸ ਗਿਆਨ ਤੋਂ ਬਿਨਾਂ ਸੱਪ, ਬਿੱਛੂ, ਕੋਹੜ ਕਿਰਲੀ ਆਦਿਕ ਤ੍ਰਿਗਦ=ਟੇਢੀਆਂ ਜੂਨਾਂ ਵਿਚ ਜਾਂਦਾ ਹੈ, ਜਿਨ੍ਹਾਂ ਜੂਨਾਂ ਵਿਚ ਅਚੇਤ=ਅਗਿਆਨਤਾ ਸੰਭਵ=ਉਤਪਤ ਹੁੰਦੀ ਹੈ ਅਤੇ ਪਾਪਾਂ ਪੁੰਨਾਂ ਦੀ ਵੀ ਅਸੋਚ= ਵਿਚਾਰ ਨਹੀਂ ਆਉਂਦੀ।

ਇਹ ਮਨੁੱਖਾ ਅਵਤਾਰ ਦੁਲਭ=ਪ੍ਰਾਪਤ ਹੋਣਾ ਬੜਾ ਔਖਾ ਹੈ। ਇਸ ਜਨਮ ਨੂੰ ਪਾ ਕੇ ਵੀ ਇਹ ਪਾਮਰ ਪੁਰਸ਼ ਤਿਹੀ=ਤਿਨ੍ਹਾਂ ਕਾਮ, ਕ੍ਰੋਧ ਆਦਿਕ ਪੋਚ=ਨੀਚ ਵਿਸ਼ਿਆਂ ਦੀ ਸੰਗਤ ਕਰ ਰਿਹਾ ਹੈ॥ ੨॥

('ਪੋਚ' ਸ਼ਬਦ ਪਿਛੇ ਵੀ ਆ ਚੁੱਕਾ ਹੈ)

ਯਥਾ- ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥ (ਗਉੜੀ ਰਵਿਦਾਸ ਪੰਨਾ ੩੪੫)

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥ ੩॥

ਜਿਥੋਂ ਜਿਥੋਂ ਤੱਕ ਇਹ ਛੋਟੇ ਵੱਡੇ ਆਦਮੀ ਜਾਂਦੇ ਹਨ, ਕਰਮਾਂ ਦੇ ਵਸੀਕਾਰ ਹੋ ਕੇ ਜਾਂਦੇ ਹਨ। ਅਬਧ= ਨਾ ਕਟੀ ਜਾਣ ਵਾਲੀ ਕਾਲ ਦੀ ਫਾਹੀ ਜਦ ਆ ਕੇ ਲੱਗਦੀ ਹੈ ਤਾਂ ਉਸ ਵੇਲੇ ਜੀਵ ਦਾ ਉਪਾਇ=ਯਤਨ ਕੁਝ ਵੀ ਨਹੀਂ ਚਲਦਾ॥ ੩॥

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥ ੪॥ ੧॥

ਦਾਸਾ ਭਾਵ ਨੂੰ ਧਾਰ ਕੇ ਰਵਿਦਾਸ ਜੀ ਆਖਦੇ ਹਨ-ਕਿ ਹੇ ਮਾਧੌ ! ਸੰਸਾਰ ਤੋਂ ਉਦਾਸ ਹੋ ਕੇ ਭਰਮ ਨੂੰ ਛੱਡ ਕੇ, ਤਪਾਂ ਵਿਚੋਂ ਗੁਰ ਸੇਵਾ ਰੂਪ ਸ੍ਰੇਸ਼ਟ ਤਪ ਕਰਕੇ ਗਿਆਨ ਦੀ ਪ੍ਰਾਪਤੀ ਲਈ ਮੈਂ ਆਪ ਦੀ ਸ਼ਰਨ ਆਇਆ ਹਾਂ। ਭਗਤ ਜਨਾਂ ਦੇ ਡਰ ਦੂਰ ਕਰਨ ਵਾਲੇ ਹੇ ਪਰਮਾਨੰਦ ! ਮੇਰੇ ਆਵਾਗਉਣ ਦੇ ਚੱਕਰ ਦਾ, ਅਥਵਾ :-ਕਾਮ ਆਦਿਕਾਂ ਦਾ ਨਿਦਾਨ=ਅੰਤ ਕਰ ਦਿਓ।

ਅਥਵਾ :-ਹੇ ਪਰਮਾਨੰਦ ! ਮੈਂ ਨਿਦਾਨ=ਅਗਿਆਤ ਬਾਲਕ ਦੀ ਅਗਿਆਨ ਰੋਗ ਦੀ ਨਵਿਰਤੀ ਵਾਸਤੇ ਕੋਈ ਨਿਦਾਨ=ਦਵਾਈ ਬੂਟੀ ਕਰੋ।

ਅਥਵਾ :-ਹੇ ਭਗਤ ਜਨਾਂ ਦੇ ਭੈ ਹਰਨ ਵਾਲੇ ਪਰਮਾਨੰਦ ! ਮੈਨੂੰ ਆਪਣਾ ਨਿਦਾਨ=ਬੱਚਾ ਬਣਾ ਲੈਣਾ ਕਰੋ॥ ੪॥ ੧॥

ਆਸਾ ॥

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥ ੧॥

ਹੇ ਅਕਾਲ ਪੁਰਖ ! ਸੰਤ ਤੁਝੀ=ਆਪ ਦਾ ਤਨੁ=ਸਰੂਪ ਹਨ, ਅਥਵਾ ਆਪ ਦੇ ਤਨੁ=ਪੁੱਤਰ ਹਨ ਅਤੇ ਆਪ ਸਤਿਸੰਗਤ ਦੇ ਪ੍ਰਾਣ ਰੂਪ ਹੋ।

ਸਤਿਗੁਰਾਂ ਦੇ ਗਿਆਨ ਦੁਆਰਾ ਮੈਂ ਜਾਣਿਆ ਹੈ ਕਿ ਸੰਤ ਦੇਵਤਿਆਂ ਦੇ ਵੀ ਦੇਵਤੇ ਹਨ, ਪਰ ਉਹਨਾਂ ਸੰਤਾਂ ਨੂੰ ਦੇਵਤਿਆਂ ਦਾ ਦੇਵ ਸਮਝਣਾ ਜੋ ਕਿ ਨਾਮ ਰਸੀਏ ਹਨ।

ਸੰਤ ਚੀ ਸੰਗਤਿ ਸੰਤ ਕਥਾ ਰਸੁ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥ ੧॥ ਰਹਾਉ॥

ਹੇ ਪ੍ਰਭੂ ! ਸੰਤਚੀ=ਸੰਤਾਂ ਦੀ ਸੰਗਤ ਕਰਨੀ ਬਖਸ਼ੋ ਅਤੇ ਸੰਤਾਂ ਦੀ ਕਥਾ ਵਿਚ ਰਸੁ=ਪ੍ਰੇਮ ਕਰਨਾ ਵੀ ਦਿਓ, ਕਿਉਂਕਿ ਸੰਤਾਂ ਦੇ ਬਚਨ ਅੰਮ੍ਰਿਤ ਰੂਪ ਹਨ।

ਯਥਾ- ਅੰਮ੍ਰਿਤ ਬਚਨ ਸਾਧ ਕੀ ਬਾਣੀ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥ ੧॥
(ਸੂਹੀ ਮ: ੫ ਪੰਨਾ ੭੪੪)

ਹੇ ਦੇਵਤਿਆਂ ਦੇ ਦੇਵ=ਪ੍ਰਕਾਸ਼ ਰੂਪ ਵਾਹਿਗੁਰੂ ! ਸੰਤਾਂ ਦੇ ਮਾਝੈ=ਵਿਚ ਮੈਨੂੰ ਪਰੇਮ ਕਰਨਾ ਦਿਓ। *ਅਥਵਾ-*ਮਾਝੇ ਦੇ ਸੰਤਾਂ ਵਿਚ ਪ੍ਰੇਮ ਕਰਨਾ ਦਿਓ॥ ੧॥ ਰਹਾਉ॥

ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ॥ ੨॥

ਸੰਤਾਂ ਵਾਲਾ ਆਚਰਣ=ਕਰਤਬਜ ਅਤੇ ਸੰਤਾਂ ਦਾ ਰਸਤਾ ਮੈਨੂੰ ਦਿਓ, ਕਿਉਂਕਿ-

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥ *(ਸੋਰਠਿ ਮ: ੫ ਪੰਨਾ ੬੨੨)*

ਫਿਰ ਸੰਤਾਂ ਦੇ ਓਲ੍ਹਗ ਓਲ੍ਹਗਣੀ=ਦਾਸਾਂ ਦਾ ਦਾਸ ਮੈਨੂੰ ਕਰ ਦਿਓ।

*ਅਥਵਾ-*ਸੰਤਾਂ ਨੂੰ ਜੋ ਉਸ ਪ੍ਰਭੂ ਦੀ ਲਗਨ ਲੱਗੀ ਹੈ, ਉਹ ਲਗਨ ਮੈਨੂੰ ਵੀ ਲਗਣੀ ਚਾਹੀਦੀ ਹੈ, ਕਿਉਂਕਿ ਸੰਤਾਂ ਨਾਲ ਜੋ ਭੀ ਮਿਲਿਆ ਹੈ ਉਹ ਤਰ ਗਿਆ ਹੈ।

ਅਉਰ ਇਕ ਮਾਗਉ ਭਗਤਿ ਚਿੰਤਾਮਣਿ॥
ਜਣੀ ਲਖਾਵਹੁ ਅਸੰਤ ਪਾਪੀ ਸਣਿ॥ ੩॥

ਹੋਰ ਇਕ ਚੀਜ਼ ਇਹ ਮੰਗਦਾ ਹਾਂ ਕਿ ਚਿੰਤਾਮਣੀ ਵਾਂਗੂੰ ਮਨ ਇੱਛਤ ਚੀਜ਼ਾਂ ਦੇਣ ਵਾਲੀ ਭਗਤੀ ਦਿਓ। ਪਾਪ+ਈਸਣ=ਪਾਪਾਂ ਦੀ ਇੱਛਾ ਵਾਲੇ ਅਸੰਤਾਂ ਦਾ, *ਅਥਵਾ* ਪਾਪ ਹੀ ਜਿਨ੍ਹਾਂ ਦਾ ਇਸ਼ਟ ਹੈ, ਉਹਨਾਂ ਦਾ ਦਰਸ਼ਨ ਜਣੀ ਲਖਾਵਹੁ=ਮਤਾਂ ਕਰਾਵੋ॥ ੩॥

ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥
ਸੰਤ ਅਨੰਤਹਿ ਅੰਤਰੁ ਨਾਹੀ॥ ੪॥ ੨॥

ਰਵਿਦਾਸ ਜੀ ਉਚਾਰਦੇ ਹਨ-ਕਿ ਹੇ ਪ੍ਰਭੂ ਜੀ ! ਹੋਰ ਸੰਸਾਰੀ ਲੋਕਾਂ ਸੰਤਾਂ ਨੂੰ ਜਿਸ ਤਰ੍ਹਾਂ ਜਾਣਦੇ ਹਨ ਸੋ ਪਏ ਜਾਨਣ ਕਿਉਂਕਿ ਉਹ ਕਿਸੇ ਦੇ ਸਮਝਾਇਆਂ ਨਹੀਂ ਸਮਝਦੇ, ਪਰ ਮੇਰੇ ਤੇ ਇਹ ਕਿਰਪਾ ਕਰੋ ਕਿ ਮੈਂ ਸੰਤਾਂ ਵਿਚ ਤੇ ਹੇ ਅਨੰਤਹਿ=ਬੇਅੰਤ ਵਾਹਿਗੁਰੂ ! ਆਪ ਜੀ ਵਿਖੇ ਅੰਤਰੁ=ਭੇਦ ਨਾ ਸਮਝਾਂ॥ ੪॥ ੨॥

ਆਸਾ॥

ਉਥਾਨਕਾ-ਪ੍ਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹੋਏ ਆਪਣੀ ਨਿੰਮ੍ਰਤਾ ਕਥਨ ਕਰਦੇ ਹਨ-

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥ ੧॥

ਹੇ ਪਰਮਾਤਮ ਦੇਵ ! ਆਪ ਬਾਵਨ ਚੰਦਨ ਰੂਪ ਹੋ ਤੇ ਅਸੀਂ ਬਾਪੁਰੇ=ਵਿਚਾਰੇ ਇਰੰਡ ਵਾਂਗੂੰ ਨਿਕੰਮੇ ਸਾਂ, ਪਰ ਆਪ ਜੀ ਨਾਲ ਮਿਲਣ ਕਰਕੇ ਨੀਵੇਂ ਰੁਖ ਇਰੰਡ ਤੋਂ ਉਚੇ ਰੁਖ ਚੰਦਨ ਵਾਂਗੂੰ ਹੋ ਗਏ ਹਾਂ। *ਯਥਾ-*

ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਇਆ॥

(ਬਿਲਾਵਲੁ ਮ: ੪ ਪੰਨਾ ੮੩੪)

ਤਥਾ- ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ੧੧॥

(ਸਲੋਕ ਕਬੀਰ ਪੰਨਾ ੧੩੬੫)

ਅਤੇ ਸੁਗੰਧੀਆਂ ਵਿਚੋਂ ਭਗਤੀ ਰੂਪ ਸੁਗੰਧੀ ਵਿਚ ਵਾਸਾ ਹੋ ਗਿਆ ਹੈ ਤੇ ਆਪ ਦਾ ਸਰੂਪ ਹੋ ਗਏ ਹਾਂ॥ ੧॥

ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥
ਹਮ ਅਉਗਨ ਤੁਮ੍ ਉਪਕਾਰੀ॥ ੧॥ ਰਹਾਉ॥

ਹੇ ਮਾਧਉ ! ਅਸਾਂ ਆਪ ਦੀ ਪ੍ਰਾਪਤੀ ਲਈ ਸਤਸੰਗਤਿ ਦੀ ਸ਼ਰਨ ਪਕੜੀ ਹੈ, ਅਸੀਂ ਅਉਗਣਹਾਰ[ਭ] ਹਾਂ, ਤੁਸੀਂ ਪਰਉਪਕਾਰੀ ਹੋ।

ਯਥਾ- ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥

(ਸ੍ਰੀਰਾਗੁ ਪੰਨਾ ੧੪੦੬)

[ਭ] *ਔਗੁਨੀ ਨ ਮੋਸੋ ਕੋਊ ਗੁਨਵਾਨ ਤੋਸੋ ਨਾਹੀ, ਜਪ ਤਪ ਬ੍ਰਤ ਮੋ ਮੈ ਏਕ ਨਹਿ ਪਾਈ ਐ॥*
ਕਵਿ ਆਯੋ ਹੈ ਸ਼ਰਨ, ਗਹਿ ਧਾਇਕੇ ਚਰਨ, ਗੁਰੂ ਤਾਰਨ ਤਰਨ ਨਿਜ ਹਾਥ ਦੇ ਬਚਾਈਐ॥ (ਨਾਨਕ ਪ੍ਰਕਾਸ਼)

ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥ ੨ ॥

ਹੇ ਗਰੀਬ ਨਿਵਾਜ਼ ! ਤੁਸੀਂ ਸੁਪੇਦ=ਚਿਟੇ ਤੇ ਸਪੀਅਲ=ਪੀਲੇ ਰੰਗ ਦੇ ਮਖਤੂਲ=ਰੇਸ਼ਮੀ ਦੁਸ਼ਾਲੇ ਵਾਂਗ ਹੋ ਤੇ ਅਸੀਂ ਬਪੁਰੇ=ਵਿਚਾਰੇ ਨਿਸ਼ਰਧਕ ਕੀੜਿਆਂ ਵਾਂਗੂ ਹਾਂ। ਜਸ ਕੀਰਾ=ਜਿਸ ਤਰ੍ਹਾਂ ਕੀੜਾ ਦੁਸ਼ਾਲਿਆਂ ਨੂੰ ਕਟ ਦੇਂਦਾ ਹੈ ਤਿਵੇਂ ਅਸੀਂ ਤੁਹਾਡੇ ਵਿਚ ਦੂਸ਼ਨ ਲਗਾਉਂਦੇ ਹਾਂ, ਭਾਵ ਤੇਰੀ ਨਿੰਦਿਆ ਕਰਦੇ ਹਾਂ।

ਅਥਵਾ :- ਅਸੀਂ ਵਿਚਾਰੇ ਕੀਰਾ=ਤਪੜ ਦੀ ਨਿਆਈਂ ਹਾਂ। ਜਿਵੇਂ ਦੁਸ਼ਾਲਿਆਂ ਨਾਲ ਤਪੜ ਵੀ ਸੰਭਾਲ ਕੇ ਰਖੇ ਜਾਂਦੇ ਹਨ, ਤਿਵੇਂ ਅਸਾਂ ਨੀਵਿਆਂ ਦੀ ਵੀ ਤੇਰੇ ਪ੍ਰਤਾਪ ਕਰਕੇ ਕਦਰ ਹੋ ਰਹੀ ਹੈ।

*ਅਥਵਾ :-*ਆਪ ਚਿਟੇ ਤੇ ਪੀਲੇ ਮਖਤੂਲ ਰੇਸ਼ਮ ਵਾਂਗੂ ਹੋ, ਅਸੀਂ ਵਿਚਾਰੇ ਕੀੜੇ ਹਾਂ। ਕੀੜਿਆਂ ਵਿਚੋਂ ਹੀ ਰੇਸ਼ਮ ਨਿਕਲਦਾ ਹੈ। ਜਦ ਕੜਾਹੀ ਵਿਚ ਪਾ ਕੇ ਅੱਗ ਦਾ ਸੇਕ ਦੇਂਦੇ ਹਨ ਤਾਂ ਉਹ ਕੀੜੇ ਰੇਸ਼ਮ ਹੋ ਜਾਂਦੇ ਹਨ। ਏਸੇ ਤਰ੍ਹਾਂ ਸਤਿਸੰਗਤਿ ਰੂਪ ਕੜਾਹੀ ਵਿਚ ਪੈ ਕੇ ਭਗਤੀ ਰੂਪ ਅਗਨੀ ਦਾ ਸੇਕ ਸਹਾਰ ਕੇ ਰੇਸ਼ਮ ਰੂਪ ਭਾਵ ਆਪ ਦਾ ਸਰੂਪ ਹੋ ਗਏ ਹਾਂ।

*ਅਥਵਾ :-*ਆਪ ਚਿੱਟੇ ਤੇ ਪੀਲੇ ਮਖਤੂਲ=ਰੇਸ਼ਮ ਵਤ ਹੋ ਤੇ ਅਸੀਂ ਵਿਚਾਰੇ ਕੀੜੇ ਵਤ ਹਾਂ। ਜਿਵੇਂ ਰੇਸ਼ਮ ਪਿਛੇ ਕੀੜਿਆਂ ਦੀ ਸੰਭਾਲ ਕੀਤੀ ਜਾਂਦੀ ਹੈ, ਭਾਵ ਸ਼ਹਿਤੂਤ ਦੇ ਪੱਤੇ ਪਾ ਕੇ ਉਹਨਾਂ ਨੂੰ ਪਾਲਦੇ ਹਨ, ਤਿਵੇਂ ਆਪ ਜੀ ਦੇ ਪ੍ਰਤਾਪ ਕਰਕੇ ਸਾਡੀ ਸੰਭਾਲ ਹੋ ਰਹੀ ਹੈ।

ਹੇ ਵਾਹਿਗੁਰੂ ! ਆਪ ਤਾਂ ਚਿੱਟੇ, ਪੀਲੇ ਰੇਸ਼ਮ ਜੈਸੇ ਹੋ, ਪਰ ਸਾਨੂੰ ਵਿਚਾਰਿਆਂ ਕੀਰ=ਮੰਗਤਿਆਂ ਨੂੰ ਤੇਰੀ ਪ੍ਰਾਪਤੀ ਕਿਥੇਂ।

(ਹਿੰਦੀ ਵਿਚ ਕੀਰ ਦਾ ਅਰਥ 'ਕੀੜਾ' ਹੈ ਅਤੇ ਸੰਪਰਦਾ ਵਾਲੇ 'ਤੱਪੜ' ਅਰਥ ਕਰਦੇ ਹਨ)

ਹੇ ਮਾਧਉ ! ਕਿਰਪਾ ਕਰ ਜੋ ਆਪ ਜੀ ਦੀ ਸੰਗਤ ਨਾਲ ਇਸ ਤਰ੍ਹਾਂ ਮਿਲੀਏ, ਜਿਸ ਤਰ੍ਹਾਂ ਮਧੁ-ਪ=ਸ਼ਹਿਤ ਦੇ ਪੀਣ ਵਾਲੀਆਂ ਮਖੀਰਾ=ਮੱਖੀਆਂ ਸ਼ਹਿਤ ਨਾਲ ਮਿਲੀਆਂ ਹੁੰਦੀਆਂ ਹਨ॥ ੨ ॥

ਕਿਉਂਕਿ ਸਤਿਸੰਗ ਦਾ ਮਹਾਤਮ ਸਭ ਵੇਦ ਸ਼ਾਸਤ੍ਰ ਕਥਨ ਕਰਦੇ ਹਨ-

ਯਥਾ- ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥
ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥ ੩ ॥

(ਧਨਾਸਰੀ ਮਹਲਾ ੫ ਪੰਨਾ ੬੭੫)

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥ ੩ ॥ ੩ ॥

ਮੇਰੀ ਜਾਤੀ ਨਜੁਣ ਹੈ ਪੰਗਤੀ ਵੀ ਨਜੁਣ ਹੈ ਅਤੇ ਜਨਮ ਵੀ ਅਸਾਡਾ ਤੁਛ ਲਗਣ ਦਾ ਹੈ। ਰਵਿਦਾਸ ਚਮਾਰ ਜੀ ਆਖਦੇ ਹਨ ਹੇ ਰਾਜਾ=ਪ੍ਰਕਾਸ਼ ਰੂਪ ਪਰਮਾਤਮਾ ! ਆਪ ਜੀ ਦੀ ਸੇਵਾ ਮੈਂ ਨਹੀਂ ਕੀਤੀ ਆਪਣੀ ਸੇਵਾ ਕਰਨ ਦਾ ਬਲ ਬਖਸ਼ਣਾ ਕਰੋ॥ ੩ ॥ ੩ ॥

ਆਸਾ ॥

ਉਥਾਨਕਾ–ਰਵਿਦਾਸ ਜੀ ਦੇ ਕੋਲ ਇਕ ਦਸ ਬਾਰਾਂ ਸੇਰ ਦਾ ਪੱਥਰ ਸੀ, ਜਿਸ ਉੱਤੇ ਉਹ ਮੋਚੀ ਦਾ

ਕੰਮ ਕਰਦੇ ਸਨ, ਭਾਵ ਜੁਤੀਆਂ ਸੀਂਵਦੇ ਤੇ ਠੋਕਦੇ ਸਨ, ਪਰ ਉਸ ਪੱਥਰ ਦੀ ਘਾੜਤ ਠਾਕੁਰ ਦੀ ਮੂਰਤੀ ਵਾਂਗੂ ਸੀ।

ਇਕ ਦਿਨ ਇਕ ਵੈਸ਼ਨਵ ਜੁੱਤੀ ਗੰਢਾਉਣ ਵਾਸਤੇ ਆ ਗਿਆ ਰਵਿਦਾਸ ਉਸ ਦੀ ਜੁੱਤੀ ਗੰਢਦਾ ਹੈ ਤੇ ਵੈਸ਼ਨਵ ਉਸ ਸਿਲਾ ਵੱਲ ਦੇਖ ਕੇ ਵਿਚਾਰਦਾ ਹੈ ਕਿ ਇਹ ਤਾਂ ਭਗਵਾਨ ਦੀ ਮੂਰਤੀ ਹੈ, ਇਸ ਦੀ ਇਥੇ ਬੜੀ ਭਾਰੀ ਬਿਅਦਬੀ ਹੋ ਰਹੀ ਹੈ, ਇਸ ਨੂੰ ਇਥੋਂ ਲੈ ਚੱਲੀਏ। ਇਹ ਗੱਲ ਆਪਣੇ ਚਿਤ ਵਿਚ ਨਿਸਚਿਤ ਕਰਕੇ ਉਸ ਵੈਸ਼ਨਵ ਨੇ ਰਵਿਦਾਸ ਜੀ ਨੂੰ ਕਿਹਾ ਕਿ ਇਹ ਪੱਥਰ ਮੈਨੂੰ ਵੇਚ ਦੇਹ। ਰਵਿਦਾਸ ਜੀ ਨਾ ਮੰਨੇ, ਕਿਉਂਕਿ ਉਹਨਾਂ ਦਾ ਗੁਜ਼ਾਰਾ ਉਸ ਪੱਥਰ ਤੇ ਸੀ।

ਇਕ ਦਿਨ ਰਵਿਦਾਸ ਜੀ ਦੇ ਘਰ ਕੁਝ ਸੰਤ ਆ ਗਏ, ਰਵਿਦਾਸ ਦੇ ਘਰ ਉਸ ਵੇਲੇ ਖਵਾਉਣ ਲਈ ਕੁਝ ਨਹੀਂ ਸੀ। ਵਿਚਾਰਿਆ ਕਿ ਵੈਸ਼ਨਵ ਕਈ ਵਾਰ ਮੈਨੂੰ ਕਹਿ ਚੁੱਕਾ ਹੈ ਕਿ ਇਹ ਸਿਲਾ ਮੈਨੂੰ ਦੇ ਦੇਹ ਤੇ ਰੁਪਏ ਲੈ ਲੈ। ਚਲੋ, ਅੱਜ ਉਸੇ ਵੈਸ਼ਨਵ ਪਾਸ ਇਸ ਸਿਲਾ ਨੂੰ ਵੇਚ ਕੇ ਸੰਤਾਂ ਨੂੰ ਅੰਨ ਪਾਣੀ ਛਕਾ ਦੇਈਏ।

ਉਸ ਵੈਸ਼ਨਵ ਕੋਲ ਉਹ ਪੱਥਰ ਵੇਚ ਕੇ ਉਹਨਾਂ ਰੁਪਿਆਂ ਨਾਲ ਸੰਤਾਂ ਦੀ ਖੂਬ ਸੇਵਾ ਟਹਿਲ ਕੀਤੀ। ਵੈਸ਼ਨਵ ਨੇ ਬੜੀ ਪ੍ਰਸੰਨਤਾ ਨਾਲ ਉਸ ਸਿਲਾ ਨੂੰ ਘਰ ਲਿਆ ਕੇ ਬੜੇ ਪਰੇਮ ਨਾਲ ਠਾਕੁਰ ਦੀ ਮੂਰਤੀ ਜਾਣ ਕੇ ਇਸ਼ਨਾਨ ਕਰਾਇਆ, ਫੁਲ ਭੇਟਾ ਕੀਤੇ, ਧੂਪ ਧੁਖਾਇਆ, ਆਰਤੀ ਕੀਤੀ। ਜਦ ਰਾਤ ਪਈ ਤਾਂ ਠਾਕੁਰ ਜੀ ਵੈਸ਼ਨਵ ਦੀ ਛਾਤੀ ਤੇ ਆ ਚੜ੍ਹੇ ਅਰ ਬੜਾ ਤੰਗ ਕੀਤਾ ਤੇ ਕਿਹਾ ਤੂੰ ਸਾਨੂੰ ਉਥੋਂ ਕਿਉਂ ਲਿਆਂਦਾ ਹੈ ? ਸਾਡਾ ਦਿਲ ਉਥੇ ਲਗਾ ਹੋਇਆ ਸੀ। ਜੇ ਸੁਖ ਚਾਹੁੰਦਾ ਹੈਂ ਤਾਂ ਰਵਿਦਾਸ ਜੀ ਦੇ ਕੋਲ ਸਾਨੂੰ ਪੁਚਾ ਦੇਹ, ਅਸੀਂ ਉਸ ਕੋਲ ਹੀ ਸੁਖੀ ਸਾਂ।

ਵੈਸ਼ਨਵ ਭਗਤ ਨੇ ਬੇਨਤੀ ਕੀਤੀ ਕਿ ਸਵੇਰੇ ਪੁਚਾ ਦਿਆਂਗਾ। ਸਵੇਰੇ ਉਸ ਨੂੰ ਚੇਤਾ ਨਾ ਰਿਹਾ। ਦੂਜੀ ਰਾਤ ਵੈਸ਼ਨਵ ਦਾ ਫਿਰ ਓਹੀ ਹਾਲ ਹੋਇਆ, ਫਿਰ ਸਵੇਰੇ ਪੁਚਾਉਣ ਦਾ ਪ੍ਰਣ ਕੀਤਾ। ਅੰਤ ਪੰਜਵੇਂ ਛੇਵੇਂ ਦਿਨ ਪਿਛੋਂ ਉਹ ਵੈਸ਼ਨਵ ਉਸ ਸਿਲਾ ਨੂੰ ਚੁੱਕ ਕੇ ਰਵਿਦਾਸ ਜੀ ਦੇ ਪਾਸ ਲੈ ਆਇਆ ਤੇ ਆਖਦਾ ਹੈ ਆਪਣੀ ਸਿਲਾ ਸਾਂਭ ਲੈ ਤੇ ਮੇਰੇ ਰੁਪਏ ਮੈਨੂੰ ਵਾਪਸ ਦੇ ਦੇਹ।

ਰਵਿਦਾਸ ਜੀ ਨੇ ਕਿਹਾ ਕਿ ਮੈਨੇ ਤਾਂ ਉਹਨਾਂ ਰੁਪਿਆਂ ਦਾ ਸੀਧਾ ਘ੍ਰਿਤ ਲਿਆ ਕੇ ਸੰਤਾਂ ਨੂੰ ਭੋਜਨ ਛਕਾ ਦਿੱਤਾ ਹੈ, ਹੁਣ ਮੇਰੇ ਪਾਸ ਰੁਪਏ ਕੋਈ ਨਹੀਂ ਹਨ, ਇਹ ਸਿਲਾ ਤੂੰ ਲੈ ਜਾਹ।

ਵੈਸ਼ਨਵ ਨੇ ਕਿਹਾ ਮੈਂ ਨਹੀਂ ਲਿਜਾਂਦਾ ਤੂੰ ਮੇਰੇ ਰੁਪਏ ਵਾਪਸ ਦੇ ਦੇਹ। ਹੁਣ ਰਵਿਦਾਸ ਪਾਸ ਰੁਪਏ ਹੋਣ ਤਾਂ ਦੇਵੇ, ਆਖਰ ਉਹ ਵੈਸ਼ਨਵ ਰਾਤ ਦੇ ਡਰ ਕਰਕੇ ਸਿਲਾ ਛੱਡ ਕੇ ਆਪਣੇ ਘਰ ਚਲਾ ਗਿਆ, ਪਰ ਰਵਿਦਾਸ ਜੀ ਰੁਪਏ ਨਾ ਦੇ ਸਕੇ। ਏਸੇ ਵਾਸਤੇ ਠਾਕੁਰ ਜੀ ਉਸ ਰਾਤ ਰਵਿਦਾਸ ਜੀ ਦੀ ਛਾਤੀ ਤੇ ਆ ਸਵਾਰ ਹੋਏ, ਤੇ ਕਿਹਾ, ਰਵਿਦਾਸ ! ਜੇ ਤੂੰ ਆਪਣੀ ਸੁਖ ਚਾਹੁੰਦਾ ਹੈਂ ਤਾਂ ਵੈਸ਼ਨਵ ਦੇ ਰੁਪਏ ਦੇ ਦੇਹ, ਨਹੀਂ ਤਾਂ ਤੈਨੂੰ ਦਾਣਿਆਂ ਵਾਂਗੂ ਪੀਹ ਸੁਟਾਂਗਾ। ਇਹ ਗੱਲ ਸੁਣ ਕੇ ਰਵਿਦਾਸ ਜੀ ਨੇ ਕਿਹਾ, ਹੇ ਭਗਵਾਨ !

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥ ੧ ॥

ਕੀ ਹੋਇਆ ਜੇ ਸਰੀਰ ਛਿਨੁ ਛਿਨੁ=ਟੁਕੜੇ ਟੁਕੜੇ ਹੋ ਗਿਆ, ਕੋਈ ਡਰ ਨਹੀਂ। ਜੇ ਆਪ ਦੇ ਚਰਨਾਂ ਦਾ ਪ੍ਰੇਮ ਹਟ ਜਾਵੇ ਤਾਂ ਮੈਂ ਤੇਰਾ ਦਾਸ ਡਰਦਾ ਹਾਂ॥ ੧ ॥

ਤੁਝਹਿ ਚਰਨ ਅਰਬਿੰਦ ਭਵਨ ਮਨੁ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ॥ ੧॥ ਰਹਾਉ॥

ਆਪ ਜੀ ਦੇ ਚਰਨ 'ਕਵਲ ਫੁਲ' ਵਾਂਗੂ ਹਨ, ਮੇਰਾ ਮਨ ਭਵਨ=ਭ੍ਰਮ-ਭੌਰਾ ਰੂਪ ਹੋ ਕੇ ਉਸ ਉੱਤੇ ਭਵਨ=ਫਿਰ ਰਿਹਾ ਹੈ।

ਅਥਵਾ -ਆਪ ਦੇ ਚਰਨ ਕਵਲਾਂ 'ਪਰ ਮੇਰੇ ਮਨ ਨੇ ਭਵਨ=ਘਰ ਕਰ ਲੀਤਾ ਹੈ।

ਹੇ ਵਾਹਿਗੁਰੂ ! ਆਪ ਜੀ ਦੇ ਚਰਨਾਂ ਦੇ ਅੰਮ੍ਰਿਤ ਨੂੰ ਪਾਨ+ਕਰਤ=ਪੀ ਕਰਕੇ ਸ਼ੁਭ ਗੁਣਾਂ ਰੂਪ ਧਨ ਨੂੰ ਮੈਨੇ ਪਾਉਣਾ ਹੀ ਪਾਉਣਾ ਕੀਤਾ ਹੈ, ਕਿਉਂਕਿ ਲੋਕ ਪ੍ਰਲੋਕ ਦੇ ਸਾਰੇ ਸੁਖ ਗੁਰੂ ਚਰਨਾਂ ਵਿਚ ਹਨ।

ਯਥਾ- ਸਰਬ ਸੁਖਾ ਗੁਰ ਚਰਨਾ॥ ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ॥ ੧॥

(ਦੇਵਗੰਧਾਰੀ ਮ: ੫ ਪੰਨਾ ੫੩੧)

[ਪੰਨਾ ੪੮੭]

ਸੰਪਤਿ ਬਿਪਤਿ ਪਟਲ ਮਾਇਆ ਧਨੁ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ॥ ੨॥

ਪਦ ਅਰਥ-ਸੰਪਤਿ=ਸੁਖ। ਬਿਪਤਿ=ਦੁੱਖ। ਪਟਲ=ਪੜਦਾ। ਮਾਇਆ=ਛਲ। ਮਗਨ=ਮਸਤ। ਜਨੁ=ਦਾਸ।

ਹੇ ਪ੍ਰਭੂ ! ਸੰਪਤਿ ਬਿਪਤਿ=ਸੁਖ ਤੇ ਦੁੱਖ ਅਤੇ ਮਾਇਆ=ਛਲ ਰੂਪ ਜੋ ਧਨ ਹੈ ਤੇਰੀ ਪ੍ਰਾਪਤੀ ਵਿਚ ਪਟਲ=ਪੜਦਾ ਰੂਪ, ਤਿਸ ਧਨ ਦੇ ਵਿਚ ਮੈਂ ਆਪ ਜੀ ਦਾ ਸੇਵਕ ਜਨ ਮਸਤ ਨਹੀਂ ਹੁੰਦਾ॥ ੨॥

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥ ੩॥ ੪॥

ਮੈਂ ਸੇਵਕ ਜਨ ਨੇ ਤੇਰੋ=ਆਪ ਜੀ ਨੂੰ ਪ੍ਰੇਮ ਦੀ ਜੇਵਰੀ=ਰੱਸੀ ਨਾਲ ਬੰਨ੍ਹਿਆ ਹੋਇਆ ਹੈ। ਰਵਿਦਾਸ ਜੀ ਆਖਦੇ ਹਨ-ਆਪ ਕਵਨ+ਗੁਨ=ਕਿਸ ਤਰੀਕੇ ਨਾਲ ਛੁਟ ਸਕੋਗੇ ?

ਯਥਾ- ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥ ੧॥

(ਸੋਰਠਿ ਰਵਿਦਾਸ ਪੰਨਾ ੬੫੮)

ਇਹ ਗੱਲ ਸੁਣਕੇ ਪਰਮਾਤਮਾ ਨੇ ਰਵਿਦਾਸ ਜੀ ਨੂੰ ਗਲ ਨਾਲ ਲਾ ਲੀਤਾ ਤੇ ਕਿਹਾ ਕਿ ਮੈਂ ਤਾਂ ਤੇਰੀ ਪ੍ਰੀਖਿਆ ਲੈਂਦਾ ਸਾਂ॥ ੩॥ ੪॥

ਆਸਾ॥

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥ ੧॥ ਰਹਾਉ॥

ਹਰੀ ਦਾ ਹਰਿ ਹਰਿ ਨਾਮ ਪਿਛੇ ਵੀ ਹਰੇ ਕਰਨ ਵਾਲਾ ਸੀ। ਹਰੀ ਦਾ ਹਰਿ ਹਰਿ ਨਾਮ ਹੁਣ ਵੀ ਜੀਵ ਨੂੰ ਸ਼ੁਭ-ਗੁਣਾਂ ਨਾਲ ਹਰਿਆ ਕਰਨ ਵਾਲਾ ਹੈ, ਹਰੀ ਦਾ ਹਰਿ ਹਰਿ ਨਾਮ ਅਗੇ ਵੀ ਹਰਿਆ ਕਰਨ ਵਾਲਾ ਹੋਵੇਗਾ।

ਅਥਵਾ-ਗੁਰਮੁਖ ਮਨ, ਬਾਣੀ ਅਤੇ ਤਨ ਕਰਕੇ ਹਰਿ ਹਰਿ ਨਾਮ ਨੂੰ ਜਪ ਕੇ ਸ਼ੁਭ ਗੁਣਾਂ ਕਰਕੇ ਹਰੇ ਹੋਏ ਹਨ।

ਯਥਾ- ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥ ੧॥ *(ਬਿਲਾਵਲੁ ਮ: ੫ ਪੰਨਾ ੮੧੦)*

ਅਥਵਾ-ਹਰਿ=ਜਲ ਵਿਚ ਹਰਿ=ਤੰਦੂਏ ਨੇ ਜਿਸ ਵੇਲੇ ਹਰਿ=ਹਾਥੀ ਨੂੰ ਹੇਠਾਂ ਹਰਿ=ਖਿਚਿਆ ਤੇ ਹਾਥੀ ਨੇ ਆਪਣੇ ਸੁਖ ਵਾਸਤੇ ਹਰਿ=ਕਉਲ ਫੁਲ ਦੀ ਭੇਟਾ ਦਿੱਤੀ ਤਾਂ ਉਸ ਵੇਲੇ ਜਿਸ ਹਰੀ ਨੇ ਹਰਿ=ਗਰੁੜ ਦੀ ਅਸਵਾਰੀ ਕਰਕੇ ਹਾਥੀ ਦੇ ਦੁੱਖਾਂ ਨੂੰ ਹਰਿਆ ਹੈ, ਉਸੇ ਹਰੀ ਨੂੰ ਗੁਰਮੁਖ ਜਨ ਸਿਮਰ ਕੇ ਨਿਸਤਰਿ=ਨਾ ਤਰੇ ਜਾਣ ਵਾਲੇ ਕਠਨ ਸੰਸਾਰ ਤੋਂ ਤਰ ਗਏ ਹਨ॥ ੧॥ ਰਹਾਉ॥

ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ॥ ੧॥

ਹਰੀ ਨਾਮ ਨੂੰ ਜਪ ਕੇ ਕਬੀਰ ਜੀ ਵੀ ਦੀਨ ਦੁਨੀਆਂ ਵਿਚ ਉਜਾਗਰ=ਪਰਗਟ ਹੋਏ, ਜਿਨ੍ਹਾਂ ਨੇ ਜਨਮ ਜਨਮ ਦੇ ਕਰਮਾਂ ਦੇ ਜੋ ਹਿਸਾਬ ਵਾਲੇ ਕਾਗਜ਼ ਸਨ, ਉਹ ਕੱਟ ਦਿੱਤੇ॥ ੧॥

ਨਿਮਤ ਨਾਮਦੇਉ ਦੂਧੁ ਪੀਆਇਆ॥
ਤਉ ਜਗ ਜਨਮ ਸੰਕਟ ਨਹੀ ਆਇਆ॥ ੨॥

ਜਿਸ ਵੇਲੇ ਨਾਮਦੇਵ ਜੀ ਨੇ ਨਾਨੇ ਦੇ ਬਾਹਰ ਜਾਣ ਦੇ ਨਿਮਤ=ਕਾਰਨ ਕਰਕੇ ਠਾਕੁਰ ਜੀ ਨੂੰ ਦੁੱਧ ਪਿਆਇਆ ਤਾਂ ਫਿਰ ਸੰਸਾਰ ਵਿਚ ਜਨਮ ਮਰਨ ਦੇ ਸੰਕਟ=ਦੁੱਖਾਂ ਵਿਚ ਨਹੀਂ ਆਇਆ, ਭਾਵ ਇਹ ਕਿ ਮੁਕਤ ਹੋ ਗਿਆ॥ ੨॥

ਜਨ ਰਵਿਦਾਸ ਰਾਮ ਰੰਗਿ ਰਾਤਾ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥ ੩॥ ੫॥

ਰਵਿਦਾਸ ਜੀ ਆਖਦੇ ਹਨ ਕਿ ਮੈਂ ਸੇਵਕ ਜਨ ਸਤਿਗੁਰ ਦੇਵਾਂ ਦੀ ਕਿਰਪਾ ਕਰਕੇ ਰਾਮ ਦੇ ਰੰਗਿ=ਪਰੇਮ ਵਿਚ ਰੱਤਾ ਗਿਆ ਹਾਂ, ਇਸ ਲਈ ਮੈਂ ਨਰਕਾਂ ਵਿਚ ਨਹੀਂ ਜਾਵਾਂਗਾ॥ ੩॥ ੫॥

ਸਾਰੇ ਭਗਤ ਨਾਮ ਦੇ ਪਰਤਾਪ ਕਰਕੇ ਮੁਕਤ ਰੂਪ ਹੋਏ ਹਨ।

ਯਥਾ- ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ॥ ੨॥ ੧॥ ੧੦॥
(ਗੂਜਰੀ ਮ: ੫ ਪੰਨਾ ੪੯੮)

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ ੧॥ ਰਹਾਉ॥

ਵੇਖੋ ! ਇਹ ਪੰਜ ਤੱਤਾਂ ਰੂਪ ਮਿੱਟੀ ਦਾ ਪੁਤਲਾ (ਮਨੁੱਖਾ ਸਰੀਰ) ਵਾਸ਼ਨਾ ਦਾ ਮਾਰਿਆ ਹੋਇਆ ਕਿਸ ਤਰ੍ਹਾਂ ਨੱਚ ਰਿਹਾ ਹੈ। ਜੇ ਕਿਸੇ ਨੇ ਬੋਲਿਆ ਕਿ ਗਲਗਿਤ ਸ਼ਹਿਰ ਵਿਚ ਸੋਨਾ ਬਹੁਤ ਮਿਲਦਾ ਹੈ ਤਾਂ ਇਤਨੀ ਗੱਲ ਸੁਣ ਕੇ ਭਜਿਆ ਫਿਰਦਾ ਹੈ ਤੇ ਉਸ ਸ਼ਹਿਰ ਵਿਚ ਜਾ ਕੇ ਸੋਨਾ ਹੀ ਸੋਨਾ ਵੇਖੀ ਜਾਂਦਾ ਹੈ।

ਅਥਵਾ :-ਕਿਸੀ ਨੇ ਬੋਲਿਆ ਗਲਗਿਤ ਸ਼ਹਿਰ ਵਿਚ ਸੋਨਾ ਹੈ, ਲੋਭੀ ਆਦਮੀ ਸੁਣ ਕੇ ਉਸ ਵੱਲ ਵੇਖੀ ਜਾਂਦਾ ਹੈ ਤੇ ਪੁਛਦਾ ਹੈ ਕੀ ਕਿਹਾ ਜੇ ? ਜਦ ਉਹ ਫਿਰ ਦੱਸਦਾ ਹੈ ਤਾਂ ਦਉਰਿਓ ਫਿਰਤ=ਭੱਜਾ ਫਿਰਦਾ ਹੈ॥ ੧॥ ਰਹਾਉ॥

ਯਥਾ- ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ॥
ਲੋਭ ਸੁਨੈ ਮਨਿ ਸੁਖੁ ਕਰਿ ਮਾਨੈ ਬੇਗਿ ਤਹਾ ਉਠਿ ਧਾਇਓ॥ ੧॥

(ਦੇਵ ਗੰਧਾਰੀ ੫ ਪੰਨਾ ੫੩੧)

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥ ੧॥

ਜਿਸ ਵੇਲੇ ਗਲਗਿਤ ਵਿਚ ਜਾ ਕੇ ਕੁਝ ਧਨ ਪਾਉਂਦਾ ਹੈ ਤਾਂ ਹੰਕਾਰ ਕਰਦਾ ਹੈ। ਚੋਰਾਂ ਦੇ ਲੁਟ ਲੈਣ ਤੇ ਜਦ ਮਾਇਆ ਚਲੀ ਜਾਂਦੀ ਹੈ ਤਾਂ ਰੋਣ ਲੱਗ ਪੈਂਦਾ ਹੈ॥ ੧॥

ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥
ਬਿਨਸਿ ਗਇਆ ਜਾਇ ਕਹੂੰ ਸਮਾਨਾ॥ ੨॥

ਮਨ ਬਾਣੀ ਸਰੀਰ ਕਰਕੇ ਰਸ ਕਸਹਿ=ਮਿੱਠੇ ਖਟੇ ਸਵਾਦਾਂ ਵਿਚ, *ਅਥਵਾ* :-ਕਸਹਿ=ਤਾੜਨਾ ਦੇਣ ਵਾਲੇ ਵਿਸ਼ੇ ਰਸਾਂ ਵਿਚ ਲੁਭਾਇਮਾਨ ਰਹਿੰਦਾ ਹੈ, ਪਰ ਜਿਸ ਵੇਲੇ ਬਿਨਸਿ ਗਇਆ=ਮਰ ਗਿਆ ਤਾਂ ਪਤਾ ਨਹੀਂ ਕਿਸ ਜੂਨ ਵਿਚ ਜਾ ਸਮਾਂਦਾ ਹੈ॥ ੨॥

ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥ ੩॥ ੬॥

ਰਵਿਦਾਸ ਜੀ ਆਖਦੇ ਹਨ-ਕਿ ਇਹ ਸੰਸਾਰ ਬਾਜੀਗਰ ਦੀ ਬਾਜੀ ਵਾਂਗੂ ਝੂਠਾ ਹੈ। ਪਰ ਹੇ ਭਾਈ ! ਮੇਰੀ ਬਾਜੀਗਰ=ਪਰਮਾਤਮਾ ਨਾਲ ਪ੍ਰੀਤੀ ਬਣ ਆਈ ਹੈ॥ ੩॥ ੬॥

ਆਸਾ ਬਾਣੀ ਭਗਤ ਧੰਨੇ ਜੀ ਕੀ
੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਮਨਮੁਖ ਪੁਰਸ਼ ਆਪਣੀ ਅਵਸਥਾ ਨੂੰ ਕਿਵੇਂ ਬਿਤਾਂਦੇ ਹਨ ਅਤੇ ਅੰਤ ਨੂੰ ਉਹਨਾਂ ਦਾ ਕੀ ਹਾਲ ਹੁੰਦਾ ਹੈ ? *ਉੱਤਰ-*

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ॥ ੧॥ ਰਹਾਉ॥

ਜੂਨੀਆਂ ਵਿਚ ਫਿਰਦਿਆਂ ਫਿਰਦਿਆਂ ਬਹੁਤ ਹੀ ਜਨਮ ਬਿਲਾਨੇ=ਬਤੀਤ ਹੋ ਗਏ ਹਨ, ਪਰ ਫਿਰ ਵੀ

ਇਹ ਚੰਚਲ ਮਨ ਧਨ ਵਲੋਂ ਤੇ ਸਰੀਰ ਵਲੋਂ ਧੀਰਜਵਾਨ ਨਹੀਂ ਹੁੰਦਾ।

ਹੀਰੇ ਵਾਂਗੂ ਸ਼ੁਧ ਪ੍ਰਭੂ ਦੇ ਬਿਸਰੇ=ਭੁਲਣ ਕਰਕੇ ਇਹ ਲੁਬਧ=ਲੋਭੀ ਮਨ ਕਾਮਨਾ ਸਹਿਤ ਬਿਖੁ=ਮਾਇਆ ਦੇ ਲਾਲਚ ਵਿਚ ਰੱਤਾ ਹੋਇਆ ਹੈ॥ ੧॥ ਰਹਾਉ॥

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥ ੧॥

ਇਸ ਬਉਰੇ=ਝੱਲੇ ਮਨ ਨੂੰ ਵਿਸ਼ਿਆਂ ਰੂਪੀ ਫਲ ਮਿੱਠੇ ਲੱਗ ਰਹੇ ਹਨ ਅਤੇ ਚਾਰ=ਸੁੰਦਰ ਆਤਮ ਵਿਚਾਰ ਕਰਨਾ ਜਾਣਿਆਂ ਹੀ ਨਹੀਂ। ਗੁਨ=ਵਿਸ਼ਿਆਂ ਵਿਚ ਧਿਆਨ ਹੋਣ ਕਰਕੇ ਅਨਭਾਂਤੀ=ਹੋਰ ਤਰ੍ਹਾਂ ਦੀ ਪ੍ਰੀਤੀ ਵਧਦੀ ਹੈ, ਜਿਸ ਕਰਕੇ ਜਨਮ ਮਰਨ ਦੇ ਫਿਰਿ=ਗੇੜ ਵਿਚ ਤਾਣਿਆ ਜਾਂਦਾ ਹੈ॥ ੧॥

ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ॥ ੨॥

ਪਰਮਾਤਮਾ ਦੇ ਜਾਨਣ ਵਾਲੀ ਜੁਗਤੀ, *ਅਥਵਾ* :-ਜਾਨਿ=ਗਿਆਨ ਦੀ ਜੁਗਤੀ ਉਸ ਦੇ ਦਿਲ ਵਿਚ ਨਹੀਂ ਵਸੀ ਅਤੇ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਜਾਲ=ਜਵਾਲਾ ਭਾਵ ਅੱਗ ਵਿਚ ਸੜਦਾ ਰਿਹਾ, ਇਸ ਤੇ ਗਲ ਵਿਚ ਜਮਾਂ ਦੇ ਫਾਹ ਪੈ ਗਏ। ਵਿਸ਼ਿਆਂ ਰੂਪ ਫਲ ਇਕੱਠਿਆਂ ਕਰਨ ਨਾਲ ਮਨ ਬੁੱਧੀ ਐਸੇ ਭਰੇ ਹੋਏ ਹਨ, ਜਿਸ ਕਰਕੇ ਪਰਮ ਪੁਰਖ ਪ੍ਰਭੂ ਜੀ ਮਨ ਵਿਚੋਂ ਬਿਸਰੇ=ਭੁਲ ਗਏ ਹਨ॥ ੨॥

ਗਿਆਨ ਪ੍ਰਵੇਸੁ ਗੁਰਹਿ ਧਨੁ. ਦੀਆ ਧਿਆਨੁ ਮਾਨੁ ਮਨ ਏਕ ਮਏ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥ ੩॥

ਜਿਸ ਵੇਲੇ ਗੁਰਾਂ ਨੇ ਗਿਆਨ ਵਿਚ ਪ੍ਰਵੇਸ਼ ਕਰਾਉਣ ਵਾਲਾ ਉਪਦੇਸ਼ ਰੂਪੀ ਧਨ ਦਿੱਤਾ ਤਾਂ ਮਨ ਵਿਚ 'ਧਿਆਨੁ+ਮਾਨੁ'=ਧਿਆਨ ਲਗਾਉਣ ਵਾਲੇ ਹੋ ਕੇ ਇਕ ਵਾਹਿਗੁਰੂ ਦਾ ਮਏ=ਸਰੂਪ ਹੀ ਹੋ ਗਏ। ਜਿਸ ਵੇਲੇ ਪ੍ਰੇਮਾ ਭਗਤੀ ਮਾਨੀ=ਕਰਕੇ ਆਤਮ ਸੁਖ ਜਾਣਿਆ ਤਾਂ ਇਸ ਲੋਕ ਦੇ ਪਦਾਰਥਾਂ ਤੋਂ ਤ੍ਰਿਪਤ ਹੋ ਕੇ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਅਘਾਨੇ=ਰੱਜ ਕੇ ਕੇਵਲ ਮੁਕਤੀ ਨੂੰ ਪ੍ਰਾਪਤ ਹੋ ਗਏ ਹਨ॥ ੩॥

ਯਥਾ- ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ॥ ੧॥ ਰਹਾਉ॥

(ਦੇਵਗੰਧਾਰੀ ਮਹਲਾ ੫ ਪੰਨਾ ੫੩੨)

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥ ੪॥ ੧॥

ਜਿਸ ਪ੍ਰਭੂ ਦੀ ਜੋਤਿ=ਚੇਤਨ ਸਤਾ ਸਾਰੇ ਸਮਾਈ ਹੋਈ ਹੈ ਉਸ ਪ੍ਰਭੂ ਦੀ ਪ੍ਰੀਤੀ ਜਿਨ੍ਹਾਂ ਦੇ ਦਿਲ ਵਿਚ ਆ ਕੇ ਸਮਾਈ ਹੈ ਉਹਨਾਂ ਨੇ ਅਛਲੀ=ਨਿਰਛਲ ਪ੍ਰਭੂ ਨੂੰ ਜਾਣ ਲਿਆ ਹੈ।

ਅਥਵਾ :-ਜਿਸ ਦੇ ਹਿਰਦੇ ਵਿਚ ਸਮਾਨੀ=ਸਮਤਾ ਕਰਨੀ ਆਈ ਹੈ, ਉਸ ਨੇ ਅਛਲੀ ਪ੍ਰਭੂ ਜੋਤੀ ਨੂੰ ਸਮਾਇ=ਸਮ ਆਇਆ ਹੋਇਆ ਪਹਿਚਾਣਿਆ ਹੈ।

ਧੰਨਾ ਭਗਤ ਜੀ ਆਖਦੇ ਹਨ-ਸੰਤ ਜਨਾਂ ਨਾਲ ਮਿਲ ਕੇ ਅਤੇ ਉਹਨਾਂ ਦੇ ਉਪਦੇਸ਼ ਵਿਚ ਸਮਾਅ ਕੇ

ਧਰਣੀਧਰੁ=ਪਰਮਾਤਮਾ ਰੂਪ ਧਨ ਮੈਨੇ ਪ੍ਰਾਪਤ ਕੀਤਾ ਹੈ॥ ੪॥ ੧॥

ਮਹਲਾ ੫॥

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੰਨੇ ਭਗਤ ਨੂੰ ਆਪਣੇ ਵਲੋਂ ਇਹ ਸ਼ਬਦ ਰੂਪ ਸਿਰੋਪਾਉ ਦਿੱਤਾ ਹੈ, ਇਸ ਵਾਸਤੇ 'ਮਹਲਾ ੫' ਲਿਖਿਆ ਹੈ।

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥ ਰਹਾਉ॥

ਗੋ+ਬਿੰਦ=ਵੇਦਾਂ ਕਰਕੇ ਜਾਣਨੇ ਯੋਗ ਜੋ ਗੋਬਿੰਦ=ਪਰਮਾਤਮਾ ਹੈ, ਤਿਸ ਗੋਬਿੰਦ ਨਾਲ ਨਾਮਦੇਵ ਜੀ ਦਾ ਮਨ ਲੀਨ ਹੋਇਆ। ਆਢ ਦਾਮ=ਅੱਧੀ ਕੌਡੀ ਦਾ ਛੀਪਰੋ=ਛੀਂਬਾ ਸੀ, ਪਰ ਨਾਮ ਦੇ ਪ੍ਰਤਾਪ ਕਰਕੇ ਲੱਖਾਂ ਵਾਲਾ ਹੋ ਗਿਆ।

ਅਥਵਾ :-ਲਖ ਸਰੂਪ ਦੇ ਜਾਣਨ ਵਾਲਾ ਹੋ ਗਿਆ॥ ੧॥ ਰਹਾਉ॥

ਯਥਾ- ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ॥
ਖਲ ਮੁਗਧ ਮੂੜ ਕਟਾਖ੍ ਸ੍ਰੀਧਰ ਭਏ ਗੁਣ ਮਤਿ ਧੀਰ॥ ੬॥

(ਗੂਜਰੀ ਮਹਲਾ ੫ ਪੰਨਾ ੫੦੮)

ਅਰਥ-ਜਿਨ੍ਹਾਂ ਪਾਸ ਓਢਨ ਵਾਸਤੇ ਚੀਰ=ਬਸਤ੍ਰ ਮਾਤ੍ਰ ਭੀ ਨਹੀਂ ਹੁੰਦੇ, ਭੰਡਾਰਿਆਂ ਦੀ ਨਿਧੀ ਰੂਪ ਜੋ ਹਰੀ ਹੈ, ਤਿਸ ਦੇ ਨਾਮ ਨੂੰ ਜਪ ਕੇ ਉਹ ਧਨਾਢਾਂ ਦਾ ਭੀ ਆਢਿ=ਆਸਰਾ ਰੂਪ ਹੋ ਜਾਂਦੇ ਹਨ, ਭਾਵ ਜੋ ਅਤੀ ਗਰੀਬ ਪੁਰਸ਼ ਹੁੰਦੇ ਹਨ ਸਮਾਂ ਪਾ ਕੇ ਉਹ ਨਾਮ ਦੇ ਪ੍ਰਤਾਪ ਕਰਕੇ ਸ਼ਾਹੂਕਾਰਾਂ ਦਾ ਆਸਰਾ ਰੂਪ ਹੋ ਜਾਂਦੇ ਹਨ।

ਤਥਾ- ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ, ਤਾਸ ਕੀ ਜਾਤਿ ਆਛੋਪ ਛੀਪਾ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ॥ ੧॥

(ਮਲਾਰ ਰਵਿਦਾਸ ਜੀ ਪੰਨਾ ੧੨੯੩)

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਅ ਗਹੀਰਾ॥ ੧॥

ਕਬੀਰ ਜੀ ਨੇ ਆਪਣੇ ਘਰ ਤਾਣੀ ਦਾ ਬੁਣਨਾ ਤੇ ਤਣਨਾ ਤਿਆਗ ਕੇ ਵਾਹਿਗੁਰੂ ਜੀ ਦੇ ਚਰਨਾਂ ਨਾਲ ਪ੍ਰੀਤੀ ਕੀਤੀ। ਨੀਚ ਕੁਲ ਦਾ ਜੁਲਾਹਾ ਸੀ, ਪਰ ਨਾਮ ਦੇ ਪ੍ਰਤਾਪ ਕਰਕੇ ਸ਼ੁਭ ਗੁਣਾਂ ਦਾ ਗਹੀਰਾ=ਸਮੁੰਦਰ ਹੋ ਗਿਆ ਹੈ॥ ੧॥

ਯਥਾ- ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥ ੨॥

(ਮਲਾਰ ਰਵਿਦਾਸ ਜੀ ਪੰਨਾ ੧੨੯੩)

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨ੍ਹ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ ੨॥

ਰਵਿਦਾਸ ਨਿਤਾਪ੍ਰਤੀ ਢੋਰ=ਮੋਏ ਹੋਏ ਪਸ਼ੂਆਂ ਨੂੰ ਢੁਵੰਤਾ=ਢੋਂਦਾ ਹੁੰਦਾ ਸੀ।

ਯਥਾ- ਮੇਰੀ ਜਾਤਿ ਕੁਟ ਬਾਂਢਲਾ, ਢੋਰ ਢੋਵੰਤਾ, ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ, ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ ੩॥

(ਮਲਾਰ ਬਾਣੀ ਰਵਿਦਾਸ ਜੀ ਪੰਨਾ ੧੨੯੩)

ਪਰ ਜਦੋਂ ਨਾਮ ਦੇ ਪ੍ਰਤਾਪ ਕਰਕੇ ਉਸ ਨੇ ਮਾਇਆ ਦੀ ਇੱਛਾ ਤਿਆਗ ਦਿੱਤੀ ਤੇ ਸੰਤਾਂ ਦੇ ਸਤਿਸੰਗ ਵਿਚ ਪ੍ਰਗਟ ਹੋ ਗਿਆ ਤਾਂ ਉਸ ਨੇ ਪ੍ਰਮਾਤਮਾ ਦਾ ਸਾਖਿਆਤ ਦਰਸ਼ਨ ਪਾ ਲੀਤਾ॥ ੨॥

ਯਥਾ-ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ॥
ਪਾਣਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ॥
ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ॥
ਚਹੁ ਵਰਨਾ ਉਪਦੇਸਦਾ ਗਿਆਨ ਧਿਆਨ ਕਰਿ ਭਗਤਿ ਸਹੇਟਾ॥
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ॥
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ॥
ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ॥
ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ॥
ਭਗਤ ਜਨਾਂ ਹਰਿ ਮਾਂ ਪਿਉ ਬੇਟਾ॥ ੧੭॥

(ਭਾਈ ਗੁਰਦਾਸ ਜੀ ਵਾਰ ੧੦)

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥ ੩॥

ਸੈਨ ਨਾਈ ਭਗਤ, ਜੋ ਜਜਮਾਨਾਂ ਦੀਆਂ ਬੁਤਕਾਰੀਆਂ=ਬੁੱਤੀਆਂ ਕਰਨ ਵਾਲਾ ਸੀ ਉਹ ਨਾਮ ਦੇ ਪਰਤਾਪ ਕਰਕੇ ਘਰ ਘਰ ਵਿਚ ਸੁਣਿਆ ਗਿਆ। ਜਦ ਉਸ ਦੇ ਹਿਰਦੇ ਵਿਚ ਪਰਮਾਤਮਾ ਵਸ ਗਿਆ ਤਾਂ ਉਹ ਭਗਤਾਂ ਵਿਚੋਂ ਮੁਖੀ ਗਿਣਿਆ ਗਿਆ॥ ੩॥

ਯਥਾ- ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ॥
ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ॥
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ॥
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ॥
ਸੈਣ ਰੂਪਿ ਹਰਿ ਜਾਇਕੈ ਆਇਆ ਰਾਣੈ ਨੋ ਰੀਝਾਈ॥
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ॥
ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ॥
ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ॥
ਪਰਗਟੁ ਕਰੈ ਭਗਤਿ ਵਡਿਆਈ॥ ੧੬॥ (ਭਾਈ ਗੁਰਦਾਸ ਜੀ ਵਾਰ ੧੦)

[ਪੰਨਾ ੪੮੮]

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ੪ ॥ ੨ ॥

ਇਸ ਰੀਤੀ ਨੂੰ ਗਰੀਬ ਜਿਹਾ ਧੰਨਾ ਜੱਟ ਸੁਣਕੇ ਤੇ ਉੱਠ ਕੇ ਵਾਹਿਗੁਰੂ ਦੀ ਭਗਤੀ ਵਿਚ ਲੱਗ ਗਿਆ ਤਾਂ ਉਸ ਨੂੰ ਭੀ ਗੁਸਾਈਆ=ਪਰਮਾਤਮਾ ਪ੍ਰਤੱਖ ਹੋ ਕੇ ਮਿਲ ਪਏ, ਇਸ ਲਈ ਧੰਨਾ ਭਗਤ ਵੱਡੇ ਭਾਗਾਂ ਵਾਲਾ ਹੋ ਗਿਆ ॥ ੪ ॥ ੨ ॥

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥ ੧ ॥ ਰਹਾਉ ॥

ਹੇ ਚਿਤ ! ਤੂੰ ਦਿਆਲੂ ਦਮੋਦਰ=ਪਰਮਾਤਮਾ ਨੂੰ ਕਿਉਂ ਨਹੀਂ ਸਿਮਰਦਾ ਤੈਨੂੰ ਜ਼ਰੂਰ ਸਿਮਰਨਾ ਚਾਹੀਦਾ ਹੈ, ਕਿਉਂਕਿ ਉਸ ਵਾਹਿਗੁਰੂ ਤੋਂ ਬਿਨਾਂ ਬਿਬਹਿ=ਦੂਜਾ ਹੋਰ ਕੋਈ ਦਿਲ ਦੀ ਜਾਨਣ ਵਾਲਾ ਨਹੀਂ। ਜੇ ਇਹ ਜੀਵ ਆਪਣੀ ਸਿਆਣਪ ਨਾਲ ਖੰਡਾਂ ਬ੍ਰਹਮੰਡਾਂ ਵਿਚ ਵੀ ਦੌੜਿਆ ਫਿਰੇ ਫਿਰ ਵੀ ਕੁਝ ਨਹੀਂ ਬਣਦਾ, ਕਿਉਂਕਿ ਜੋ ਵਾਹਿਗੁਰੂ ਕਰਦਾ ਹੈ ਓਹੀ ਹੁੰਦਾ ਹੈ ॥ ੧ ॥ ਰਹਾਉ ॥

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥ ੧ ॥

ਜਨਨੀ=ਮਾਂ, ਕੇਰੇ=ਦੇ, ਉਦਰ=ਪੇਟ, ਉਦਕ=ਜਲ, ਪਿੰਡੁ=ਸਰੀਰ, ਅਹਾਰੁ=ਭੋਜਨ।

ਅਰਥ-ਮਾਂ ਦੇ ਪੇਟ ਦੇ ਜਲ ਵਿਚ ਜਿਸ ਵਾਹਿਗੁਰੂ ਨੇ ਦਸਾਂ ਦੁਆਰਿਆਂ ਵਾਲਾ ਸਰੀਰ ਪੈਦਾ ਕੀਤਾ ਹੈ ਓਹੀ ਪਰਮਾਤਮਾ ਮਾਂ ਦੇ ਪੇਟ ਦੀ ਜਠਰ ਅਗਨਿ ਵਿਚ ਭੋਜਨ ਦੇ ਕੇ ਬਚਾਈ ਰੱਖਦਾ ਹੈ। ਸਾਡਾ ਵਾਹਿਗੁਰੂ ਪਰਮਾਤਮਾ ਐਸਾ ਮੇਹਰਵਾਨ ਹੈ ॥ ੧ ॥

ਯਥਾ- ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ੧ ॥

(ਤਿਲੰਗ ਮਹਲਾ ੫, ਪੰਨਾ ੭੨੪)

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥ ੨ ॥

ਕੱਛੂ ਕੁੰਮੀ ਬਹੁਤਾ ਪਾਣੀ ਵਿਚ ਰਹਿੰਦੀ ਹੈ ਅਤੇ ਤਨ=ਪੁੱਤਰ ਉਸ ਦੇ ਪਾਣੀ ਤੋਂ ਬਾਹਰ ਰੇਤੇ 'ਪਰ ਹੁੰਦੇ ਹਨ। ਖੀਰੁ=ਦੁੱਧ ਉਸ ਕੁੰਮੀ ਵਿਚ ਨਹੀਂ ਹੁੰਦਾ ਅਤੇ ਬੱਚਿਆਂ ਦੇ ਖੰਭ ਨਹੀਂ ਹੁੰਦੇ, ਜੋ ਉੱਡ ਕੇ ਕੁਝ ਖਾ ਪੀ ਲੈਣ, ਪਰ ਮਨੋਹਰ=ਸੁੰਦਰ ਪਰਮਾਨੰਦ ਪਰਮਾਤਮਾ ਉਹਨਾਂ ਬੱਚਿਆਂ ਨੂੰ ਉਥੇ ਹੀ ਪੂਰਨ=ਤ੍ਰਿਪਤ ਕਰਦਾ ਹੈ, ਇਹ ਗੱਲ ਆਪਣੇ ਮਨ ਵਿਚ ਸਮਝ ਕੇ ਵੇਖਣਾ ਕਰ ॥ ੨ ॥

ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥ ੩ ॥ ੩ ॥

ਪਾਖਣਿ=ਪੱਥਰਾਂ ਵਿਚ ਕੀੜਾ ਗੁਪਤ ਹੋ ਕੇ ਰਹਿੰਦਾ ਹੈ। ਤਾਚੋ=ਤਿਸ ਨੂੰ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਲੱਭਦਾ।

ਧੰਨਾ ਭਗਤ ਜੀ ਆਖਦੇ ਹਨ— ਕਿ ਪਰਮਾਤਮਾ ਪੱਥਰ ਦੇ ਵਿਚ ਤਿਸ ਕੀੜੇ ਨੂੰ ਭੀ ਪੂਰਨ=ਤ੍ਰਿਪਤ ਕਰਦਾ ਹੈ, ਇਸ ਲਈ ਹੇ ਮਨ ! ਤੂੰ ਆਪਣੇ ਜੀਅ ਵਿਚ ਮਤਾਂ ਡਰ॥ ੩॥ ੩॥

ਯਥਾ- ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ॥ ੬॥

(ਮਾਰੂ ਸੋਲਹੇ ਮ: ੪ ਪੰਨਾ ੧੦੭੦)

ਆਸਾ ਸੇਖ ਫਰੀਦ ਜੀਉ ਕੀ ਬਾਣੀ

੧ੴ ਸਤਿਗੁਰ ਪ੍ਰਸਾਦਿ॥
ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ ੧॥

ਜਿਨ੍ਹਾਂ ਗੁਰਮੁਖਾਂ ਦੇ ਦਿਲ ਵਿਚ ਵਾਹਿਗੁਰੂ ਦਾ ਪ੍ਰੇਮ ਹੈ, ਸੇਈ=ਉਹੀ ਸੱਚੇ ਗੁਰਮੁਖ ਹਨ, ਜਿਨ੍ਹਾਂ ਦੇ ਮਨ ਵਿਚ ਹੋਰ ਤੇ ਮੂੰਹ ਵਿਚ ਹੋਰ ਗੱਲ ਹੈ ਉਹ ਆਦਮੀ ਕੱਚੇ ਕਹੇ ਜਾਂਦੇ ਹਨ, ਉਹਨਾਂ ਉੱਤੇ ਭਰੋਸਾ ਕਰਨਾ ਠੀਕ ਨਹੀਂ*॥ ੧॥

ਯਥਾ- ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥

(ਮਾਰੂ ਵਾਰ ਪੰਨਾ ੧੧੦੨)

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥

ਜੋ ਆਦਮੀ ਰੱਬ ਦੇ ਇਸਕ=ਪਰੇਮ ਵਿਚ ਰਤੇ ਹਨ, ਉਹ ਦੀਦਾਰ=ਪਰਮਾਤਮਾ ਦਾ ਰੰਗ ਸਰੂਪ ਹੋ ਗਏ ਹਨ। ਦੀਦਾਰ ਨਾਮ ਪਰਮਾਤਮਾ ਦਾ ਹੈ।

ਯਥਾ- ਹੋਇਂ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ॥ ੨॥

(ਰਾਮਕਲੀ ਵਾਰ ਪਹਿਲੀ ਪੰਨਾ ੯੫੬)

ਤਥਾ- ਪਉੜੀ॥ ਜੋ ਰਤੇ ਦੀਦਾਰ ਸੇਈ ਸਚੁ ਹਾਕੁ॥ *(ਰਾਮਕਲੀ ਵਾਰ ਦੂਜੀ ਪੰਨਾ ੯੫੯)*

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥ ੧॥ ਰਹਾਉ॥

ਜਿਨ੍ਹਾਂ ਨੂੰ ਰੱਬ ਦਾ ਨਾਮ ਵਿਸਰ ਗਿਆ ਹੈ ਉਹ ਭੁਇ=ਧਰਤੀ ਤੇ ਭਾਰੁ=ਬੋਝ ਰੂਪ ਹੋ ਗਏ ਹਨ॥ ੧॥ ਰਹਾਉ॥

**ਹਮੂ ਮਰਦ ਬਾਇਦ ਕਿ ਸ਼ਬਦ ਸੁਖਨਵਰ॥ ਨ ਸਿਕਮੇ ਦਿਗਰ ਦਰ ਦਹਾਨੇ ਦਿਗਰ॥*

ਅਰਥ-ਉਹ ਆਦਮੀ ਚਾਹੀਦਾ ਹੈ ਜੋ ਚੰਗੇ ਸ੍ਰੇਸ਼ਟ ਬਚਨਾਂ ਦੇ ਉਚਾਰਨ ਵਾਲਾ ਹੋਵੇ। ਐਸਾ ਮਨੁੱਖ ਨਾ ਹੋਵੇ ਜਿਸ ਦੇ ਪੇਟ ਅੰਦਰ ਕੁਝ ਹੋਰ ਹੋਵੇ ਤੇ ਦਹਾਨੇ=ਮੂੰਹ ਅੰਦਰ ਦੂਜਾ ਬਚਨ ਹੋਵੇ।

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥

ਜਿਨ੍ਹਾਂ ਵਾਹਿਗੁਰੂ ਨੇ ਆਪਣੇ ਲੜਿ=ਪੱਲੇ ਨਾਲ ਲੱਗਾ ਲੀਤਾ ਹੈ, ਉਹ ਖੁਦਾ ਦੇ ਦਰਵਾਜ਼ੇ ਦੇ ਅਸਲੀ ਦਰਵੇਸ਼=ਫਕੀਰ ਹਨ।

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥ ੨॥

ਉਹਨਾਂ ਦੇ ਜਣਨੇ ਵਾਲੀ ਮਾਂ ਧੰਨਤਾ ਜੋਗ ਹੈ, ਉਹ ਗੁਰਮੁਖ ਸੰਸਾਰ ਵਿਚ ਆਏ ਹੋਏ ਸਫਲ ਹਨ॥ ੨॥

ਯਥਾ- ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ॥
ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਇਆ॥ ੩॥

(ਮਲਾਰ ਮ: ੪, ਪੰਨਾ ੧੨੬੪)

ਪਰਵਦਗਾਰ ਅਪਾਰ ਅਗਮ ਬੇਅੰਤ ਤੂ॥

ਹੇ ਸਾਰਿਆਂ ਦੇ ਪਰਵਦਗਾਰ=ਪਾਲਣਾ ਕਰਨ ਵਾਲੇ ਵਾਹਿਗੁਰੂ ! ਅਪਾਰ ਗੁਣਾਂ ਵਾਲੇ ਆਪ ਬੇਅੰਤ ਤੋਂ ਬੇਅੰਤ ਹੋ।

ਯਥਾ- ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ॥
ਸੁਖਦਾਤੇ ਦੁਖ ਭੰਜਨ ਸੁਆਮੀ ਜਨ ਨਾਨਕ ਸਦ ਬਲਿ ਜਾਈਐ॥ ੨॥ ੧॥

(ਦੇਵਗੰਧਾਰੀ ਮਹਲਾ ੫, ਪੰਨਾ ੫੨੮)

ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥ ੩॥

ਹੇ ਸੱਚੇ ਪਰਮੇਸ਼ਰ ! ਜਿਨ੍ਹਾਂ ਗੁਰਮੁਖਾਂ ਨੇ ਤੈਨੂੰ ਪਛਾਣਿਆ ਹੈ ਤਿਨ੍ਹਾਂ ਦੇ ਚਰਨਾਂ ਨੂੰ ਮੂੰ=ਮੈਂ ਚੁੰਮਦਾ ਹਾਂ॥ ੩॥

ਤੇਰੀ ਪਨਹ ਖੁਦਾਇ ਤੂ ਬਖਸੰਦਗੀ॥

ਹੇ ਖੁਦਾ ! ਮੈਂਨੇ ਆਪ ਦੀ ਪਨਹ=ਸ਼ਰਨ ਪਕੜੀ ਹੈ, ਤੂੰ ਹੀ ਔਗੁਣਾਂ ਦੇ ਬਖਸ਼ਣ ਵਾਲਾ ਹੈਂ।

ਸੇਖ ਫਰੀਦੈ ਖੈਰੁ ਦੀਜੈ ਬੰਦਗੀ॥ ੪॥ ੧॥

ਸ਼ੇਖ ਫਰੀਦ ਜੀ ਆਖਦੇ ਹਨ—ਹੇ ਪ੍ਰਭੂ ! ਮੇਰੇ ਪੱਲੇ ਆਪਣੀ ਬੰਦਗੀ ਦੀ ਖੈਰ ਪਾ ਦਿਓ॥ ੪॥ ੧॥

ਯਥਾ- ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਉ ਲਾਜ ਮੁਰਾਰਿ॥ ੨॥ ੪॥

(ਦੇਵਗੰਧਾਰੀ ਪੰਨਾ ੫੨੮)

ਆਸਾ ॥

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥ ੧॥

ਸ਼ੇਖ ਫਰੀਦ ਜੀ ਬੋਲਦੇ ਹਨ ਕਿ ਹੇ ਪਿਆਰਿਓ ! ਅੱਲਾ ਵਿਚ ਲੱਗੇ ਰਹਿਣਾ ਚਾਹੀਦਾ ਹੈ, ਕਿਉਂ ਜੋ ਇਸ ਸਰੀਰ ਨੇ ਖਾਕ ਰੂਪ ਹੋ ਜਾਣਾ ਹੈ ਅਤੇ ਦੇਹ ਵਿਚਾਰੀ ਨੇ ਗੋਰ=ਕਬਰ ਵਿਚ ਘਰ ਕਰਨਾ ਹੈ।

ਅਥਵਾ-ਨਿਮਾਣੀ ਗੋਰ ਵਿਚ ਇਸ ਨੇ ਘਰ ਕਰਨਾ ਹੈ।

(ਨਿਮਾਣੀ ਇਸ ਵਾਸਤੇ ਕਿਹਾ ਹੈ ਜੋ ਪੁਟ ਕੇ ਬਣਾਈ ਜਾਂਦੀ ਹੈ) ॥ ੧ ॥

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ
ਮਨਹੁ ਮਚਿੰਦੜੀਆ ॥ ੧ ॥ ਰਹਾਉ ॥

ਪਹਿਲਾ ਅਰਥ-

ਸ਼ੇਖ ਫਰੀਦ ਜੀ ਆਖਦੇ ਹਨ-ਕਿ ਆਜੁ=ਹੁਣ ਮਨੁੱਖਾ ਜਨਮ ਵਿਚ ਹੀ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ, ਪਰ ਜੇਕਰ ਕੂੰਜੜੀਆ=ਇੰਦ੍ਰੀਆਂ ਨੂੰ ਟਾਕਿਮ=ਰੋਕੇ, ਜੋ ਇੰਦ੍ਰੀਆਂ ਮਨ ਨੂੰ ਮਚਿੰਦੜੀਆ= ਮਚਾਉਣ ਵਾਲੀਆਂ, ਭਾਵ ਮਛਰਾਣ ਵਾਲੀਆਂ ਹਨ।

ਅਥਵਾ-ਕੂੰਜੜੀਆ=ਵਾਸ਼ਨਾਂ ਨੂੰ ਟਾਕਿਮ=ਰੋਕੇ ਜੋ ਵਾਸ਼ਨਾ ਮਨ ਤੋਂ ਮਚਿੰਦੜੀਆ=ਉਤਪੰਨ ਹੋਣ ਵਾਲੀਆਂ ਹਨ।

ਦੂਜਾ ਅਰਥ-

ਸ਼ੇਖ ਫਰੀਦ ਜੀ ਕਹਿੰਦੇ ਹਨ ਜੇ ਅੱਜ ਪਰਮਾਤਮਾ ਨਾਲ ਮਿਲਾਪ ਹੋ ਜਾਵੇ ਤਾਂ ਕੂੰਜੜੀਆ= ਇੰਦਰੀਆਂ ਟਾਕਿਮ=ਖਿੜ ਆਉਂਦੀਆਂ ਹਨ ਅਤੇ ਮਨਹੁ ਮਚਿੰਦੜੀਆ=ਮਨ ਇੱਛਤ ਫਲ ਪ੍ਰਾਪਤ ਹੁੰਦੇ ਹਨ॥ ੧ ॥ ਰਹਾਉ ॥

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥
ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥ ੨ ॥

ਜੇ ਜਾਣ ਦੇ ਹੋ ਕਿ ਮਰ ਜਾਣਾ ਹੈ ਤੇ ਘੁਮਿ=ਮੁੜ ਕੇ ਸੰਸਾਰ ਵਿਚ ਨਹੀਂ ਆਉਣਾ ਤਾਂ ਹੇ ਭਾਈ ! ਝੂਠੀ ਮਾਇਆ ਵਿਚ ਲੱਗ ਕੇ ਆਪਣੇ ਆਪ ਨੂੰ ਵਞਾਈਐ=ਗਵਾਉਣਾ ਨਾ ਕਰੀਏ॥ ੨ ॥

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥ ੩ ॥

ਧਰਮ ਦੀ ਉਤਪਤੀ ਲਈ ਸਦਾ ਸੱਚ ਨੂੰ ਬੋਲੀਏ, ਕਦਾਚਿਤ ਵੀ ਝੂਠ ਨਾ ਬੋਲੀਏ, ਜੋ ਭੀ ਵਾਟ ਰਸਤਾ ਗੁਰੂ ਜੀ ਦੱਸਣ, ਮੁਰੀਦ ਨੂੰ ਉਸੇ ਰਸਤੇ 'ਪਰ ਜੋਲੀਐ=ਚਲਣਾ ਚਾਹੀਦਾ ਹੈ॥ ੩ ॥

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥ ੪ ॥

ਜਿਵੇਂ ਛੈਲ=ਸੁੰਦਰ ਪਤੀ ਨੂੰ ਦਰਿਆ ਤੋਂ ਪਾਰ ਲੰਘਦਿਆਂ ਵੇਖ ਕੇ ਦਰਿਆ ਦੇ ਉਰਵਾਰਲੇ ਕਿਨਾਰੇ 'ਪਰ ਖੜੀ ਹੋਈ ਗੋਰੀ=ਇਸਤ੍ਰੀ ਦੇ ਮਨ ਵਿਚ ਧੀਰਜ ਹੋ ਜਾਂਦਾ ਹੈ ਕਿ ਮੇਰਾ ਪਤੀ ਮੈਨੂੰ ਇਸ ਦਰਿਆ ਤੋਂ

ਜ਼ਰੂਰ ਪਾਰ ਕਰੇਗਾ, ਤਿਵੇਂ ਛੈਲ=ਗਿਆਨਵਾਨਾਂ ਨੂੰ ਸੰਸਾਰ ਤੋਂ ਪਾਰ ਲੰਘਦਿਆਂ ਵੇਖ ਕੇ ਗੋਰੀ=ਜਗਿਆਸੂਆਂ ਦੇ ਮਨ ਵਿਚ ਧੀਰਜ ਹੋ ਜਾਂਦਾ ਹੈ ਕਿ ਇਹ ਮਹਾਂਪੁਰਸ਼ ਮੈਨੂੰ ਜ਼ਰੂਰ ਤਾਰਨਗੇ। ਜਿਨ੍ਹਾਂ ਨੇ ਆਪਣੇ ਸਰੀਰ ਦੇ ਪਾਸੇ ਕੰਚਨ ਵੰਨੇ=ਸੋਨੇ ਦੇ ਰੰਗ ਵਾਂਗ ਚਿਲਕਾਏ ਹਨ, ਉਹ ਅੰਤ ਨੂੰ ਕਲਵਤਿ=ਆਰੇ ਨਾਲ ਚੀਰੇ ਜਾਂਦੇ ਹਨ।

ਅਥਵਾ :-ਬਾਰਾਂ ਵੰਨੀਆਂ ਦੇ ਸੋਨੇ ਗ੍ਰਹਿਣ ਕਰਨ ਤੋਂ ਜਿਹੜੇ ਪਾਸੇ=ਲਾਂਭੇ ਹੋਏ ਹਨ, ਉਹਨਾਂ ਨੇ ਵਿਚਾਰ ਰੂਪੀ ਕਲਵੱਤਰ ਲੈ ਕੇ ਸੰਸਾਰ ਨੂੰ ਚੀਰ ਦਿੱਤਾ, ਭਾਵ ਮਿਥਿਆ ਨਿਸਚੇ ਕੀਤਾ ਹੈ॥ ੪॥

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥ ੫॥

ਸ਼ੇਖ ਫਰੀਦ ਜੀ ਆਖਦੇ ਹਨ-ਹੈਯਾਤੀ=ਅਮਰ ਹੋ ਕੇ ਸੰਸਾਰ ਵਿਚ ਕੋਈ ਇਸਥਿਤ ਨਹੀਂ ਰਿਹਾ।

ਅਥਵਾ-ਹੈਯਾਤੀ=ਉਮਰਾ ਤੱਕ ਸੰਸਾਰ ਵਿਚ ਕੋਈ ਇਸਥਿਤ ਨਹੀਂ ਰਿਹਾ। ਜਿਸ ਤਰ੍ਹਾਂ ਸਤਜੁਗ ਵਿਚ ਲੱਖ ਵਰ੍ਹੇ ਦੀ ਉਮਰ ਸੀ, ਤਰੇਤੇ ਵਿਚ ਦਸ ਹਜ਼ਾਰ ਵਰ੍ਹੇ ਦੀ ਉਮਰ ਸੀ, ਦੁਆਪਰ ਵਿਚ ਹਜ਼ਾਰ ਵਰ੍ਹੇ ਦੀ ਉਮਰ ਸੀ, ਤਿਵੇਂ ਕਲਜੁਗ ਵਿਚ ਸੌ ਵਰ੍ਹੇ ਦੀ ਉਮਰ ਹੈ, ਪਰੰਤੂ ਸਾਰੀ ਉਮਰ ਨੂੰ ਜੀਵ ਭੋਗਦੇ ਨਹੀਂ, ਸੌ ਵਰ੍ਹੇ ਦੀ ਉਮਰ ਤੋਂ ਪਹਿਲੇ ਹੀ ਮਰ ਜਾਂਦੇ ਹਨ।

ਜਿਸ ਆਸਣਿ=ਥਾਂ ਉੱਤੇ ਅਸੀਂ ਬੈਠੇ ਹਾਂ, ਇਸ ਥਾਂ ਤੇ ਕਿਤਨੇ ਹੀ ਬੈਠ ਬੈਠ ਕੇ ਜੀਵਾਂ ਦਾ ਸਮੁਦਾਇ ਚਲਿਆ ਗਿਆ ਹੈ॥ ੫॥

ਯਥਾ- ਜਹਾ ਜਹਾ ਇਹ ਦੇਹੀ ਧਾਰੀ ਰਹਨੁ ਨ ਪਾਇਓ ਕਬਹੂੰ॥ ੧॥

(ਦੇਵਗੰਧਾਰੀ ਪੰਨਾ ੫੨੯)

ਕਤਿਕ ਕੂੰਜਾਂ ਚੇਤਿ ਭਉ ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥ ੬॥

ਜਿਵੇਂ ਕੱਤਕ ਦੇ ਮਹੀਨੇ ਵਿਚ ਕੂੰਜਾਂ ਆਂਵਦੀਆਂ ਹਨ ਤੇ ਚੇਤ ਦੇ ਮਹੀਨੇ ਵਿਚ ਬਨ ਨੂੰ ਭਉ=ਅਗਨੀ ਲੱਗਦੀ ਹੈ ਤੇ ਸਾਵਣ ਦੇ ਮਹੀਨੇ ਵਿਚ ਬਿਜਲੀਆਂ ਚਮਕਦੀਆਂ ਹਨ, ਸਿਆਲੇ=ਸਿਆਲ ਦੇ ਦਿਨਾਂ ਵਿਚ ਜਿਵੇਂ ਔਰਤ ਦੀਆਂ ਬਾਹੜੀਆਂ=ਬਾਹਾਂ ਪਤੀ ਦੇ ਗਲ ਵਿਚ ਸੋਹੰਦੀਆਂ=ਸ਼ੋਭਦੀਆਂ ਹਨ। ਜਿਵੇਂ ਇਹ ਗੱਲਾਂ ਜ਼ਰੂਰੀ ਹੋਣ ਵਾਲੀਆਂ ਹਨ ਤਿਵੇਂ ਮਰਨਾ ਜ਼ਰੂਰ ਹੈ॥ ੬॥

ਚਲੇ ਚਲਣਹਾਰ ਵਿਚਾਰਾ ਲੇਇ ਮਨੋ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ॥ ੭॥

ਇਹ ਆਪਣੇ ਮਨ ਵਿਚ ਵਿਚਾਰ ਕਰ ਲਵੋ ਕਿ ਚੱਲਣ ਸਮੇਂ ਆ ਕੇ ਅੰਤ ਨੂੰ ਜੀਵ ਨੇ ਚਲਿਆ ਜਾਣਾ ਹੈ। ਸਰੀਰ ਨੂੰ ਬਣਦਿਆਂ ਛੇ ਮਹੀਨੇ ਲੱਗਦੇ ਹਨ ਤੇ ਨਾਸ ਹੋਣ ਲੱਗਿਆਂ ਇਕ ਖਿਨ ਵਿਚ ਨਾਸ ਹੋ ਜਾਂਦਾ ਹੈ॥ ੭॥

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥ ੮॥ ੨॥

ਸ਼ੇਖ ਫਰੀਦ ਜੀ ਕਹਿੰਦੇ ਹਨ-ਜ਼ਮੀਨ ਅਸਮਾਨ ਪਾਸੋਂ ਪੁਛਦੀ ਹੈ ਕਿ ਦੁਨੀਆਂ ਦੇ ਬੜੇ ਬੜੇ ਖੇਵਟ=ਮਲਾਹ, ਭਾਵ ਆਗੂ ਲੋਕ ਕਿਥੇ ਚਲੇ ਗਏ ਹਨ ?

ਅਸਮਾਨ ਉੱਤਰ ਦੇਂਦਾ ਹੈ ਕਿ ਤੈਨੂੰ ਪਤਾ ਨਹੀਂ ? ਉਹ ਤਾਂ ਤੇਰੇ ਉੱਤੇ ਕਬਰਾਂ ਵਿਚ ਪਏ ਹੋਏ ਸਮੇਂ ਨੂੰ ਜਾਲਣ=ਬਤੀਤ ਕਰ ਰਹੇ ਹਨ ਆਪਣੇ ਜੀਅ ਵਿਚ ਉਲਾਹਮੇ ਸਹਾਰ ਕੇ।

ਅਥਵਾ-ਜ਼ਿਮੀ ਵਤ ਧੀਰਜਵਾਨ ਜਗਿਆਸੁ, ਅਸਮਾਨ ਵਾਂਗੂੰ ਨਿਰਲੇਪ ਗੁਰਾਂ ਪਾਸੋਂ ਪੁਛਦਾ ਹੈ ਕਿ ਦੁਨੀਆਂ ਦੇ ਖੇਵਟ=ਮਲਾਹ ਅਵਤਾਰ ਆਦਿਕ ਕਿਥੇ ਚਲੇ ਗਏ ਹਨ ?

ਗੁਰੂ ਜੀ ਉੱਤਰ ਦੇਂਦੇ ਹਨ-ਹਿੰਦੂ ਤਾਂ ਆਪਣੇ ਮਲਾਹਾਂ ਨੂੰ ਸਾੜ ਦੇਂਦੇ ਹਨ ਤੇ ਮੁਸਲਮਾਨ ਕਬਰਾਂ ਵਿਚ ਦੱਬ ਦੇਂਦੇ ਹਨ, ਇਸ ਤੇ ਉਹ ਕਬਰਾਂ ਦੇ ਨਾਲ ਪਏ ਹਨ, ਪਰ ਉਲਾਂਭੇ ਦੋਹਾਂ ਦੇ ਜੀਅ ਸਹਾਰਦੇ ਹਨ, ਕਿਉਂਕਿ ਉਹਨਾਂ ਨੇ ਆਗੂ ਬਣ ਕੇ ਜੀਵਾਂ ਨੂੰ ਸਿਧੇ ਰਾਹ ਨਾ ਚਲਾਇਆ, ਇਸ ਕਰਕੇ ਉਲਾਂਭੇ ਸਹਾਰਦੇ ਹਨ॥ ੮॥ ੨॥

ਆਸਾ ਰਾਗੁ ਸਮਾਪਤੰ॥

ਨੋਟ-ਕਬੀਰ ਜੀ ਦੇ ਸੈਂਤੀ ਸ਼ਬਦਾਂ ਦਾ ਵੇਰਵਾ ਸੁਣੋ-

ਚਾਰ ਚਾਰ ਪਦਿਆਂ ਦੇ	੧੩ ਸ਼ਬਦ ਹਨ।
ਪੰਜ ਪੰਜ ਪਦਿਆਂ ਦੇ	੯ ਸ਼ਬਦ ਹਨ
ਤਿੰਨ ਤਿੰਨ ਪਦਿਆਂ ਦੇ	੮ ਸ਼ਬਦ ਹਨ।
ਦੋ ਦੋ ਪਦਿਆਂ ਦੇ	੩ ਸ਼ਬਦ ਹਨ।
ਚਾਰ ਚਾਰ ਪਦਿਆਂ ਦੇ ਫਿਰ	੪ ਸ਼ਬਦ ਹਨ

ਆਸਾ ਰਾਗ ਵਿਖੇ-

੩੭ ਸ਼ਬਦ ਕਬੀਰ ਜੀ ਦੇ ਹਨ।

੫ ਸ਼ਬਦ ਨਾਮਦੇਵ ਜੀ ਦੇ ਹਨ।

੬ ਸ਼ਬਦ ਰਵਿਦਾਸ ਜੀ ਦੇ ਹਨ।

੩ ਸ਼ਬਦ ਧੰਨੇ ਜੀ ਦੇ ਹਨ।

੨ ਸ਼ਬਦ ਸ਼ੇਖ ਫਰੀਦ ਜੀ ਦੇ ਹਨ।

ਆਸਾ ਰਾਗ ਵਿਚ ਪੰਜਾਂ ਭਗਤਾਂ ਦੇ ਕੁਲ ਸ਼ਬਦ ੫੩ ਹਨ।

ਵਿਸ਼ੇਸ਼ ਸੂਚਨਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੇ ੩੧ ਰਾਗੁ ਹਨ।

(੧) ਸਿਰੀ ਰਾਗੁ, (੨) ਮਾਝ ਰਾਗੁ, (੩) ਗਉੜੀ ਰਾਗੁ, (੪) ਆਸਾ ਰਾਗੁ, (੫) ਗੂਜਰੀ ਰਾਗੁ, (੬) ਦੇਵਗੰਧਾਰੀ ਰਾਗੁ, (੭) ਬਿਹਾਗੜਾ ਰਾਗੁ, (੮) ਵਡਹੰਸੁ ਰਾਗੁ, (੯) ਸੋਰਠਿ ਰਾਗੁ, (੧੦) ਧਨਾਸਰੀ ਰਾਗੁ, (੧੧) ਜੈਤਸਰੀ ਰਾਗੁ, (੧੨) ਟੋਡੀ ਰਾਗੁ, (੧੩) ਬੈਰਾੜੀ ਰਾਗੁ, (੧੪) ਤਿਲੰਗ ਰਾਗੁ, (੧੫) ਸੂਹੀ ਰਾਗੁ, (੧੬) ਬਿਲਾਵਲੁ ਰਾਗੁ, (੧੭) ਗੌਂਡ ਰਾਗੁ, (੧੮) ਰਾਮਕਲੀ ਰਾਗੁ, (੧੯) ਨਟ ਨਾਰਾਇਣ ਰਾਗੁ, (੨੦) ਮਾਲੀ ਗਉੜਾ ਰਾਗੁ, (੨੧) ਮਾਰੂ ਰਾਗੁ, (੨੨) ਤੁਖਾਰੀ ਰਾਗੁ, (੨੩) ਕੇਦਾਰਾ ਰਾਗੁ, (੨੪) ਭੈਰਉ ਰਾਗੁ, (੨੫) ਬਸੰਤੁ ਰਾਗੁ, (੨੬) ਸਾਰਗ ਰਾਗੁ, (੨੭) ਮਲਾਰ ਰਾਗੁ, (੨੮) ਕਾਨੜਾ ਰਾਗੁ, (੨੯) ਕਲਿਆਣ ਰਾਗੁ, (੩੦) ਪ੍ਰਭਾਤੀ ਰਾਗੁ, (੩੧) ਜੈਜਾਵੰਤੀ ਰਾਗੁ।

ਯਥਾ :- ਕਬਿੱਤ-

ਸਿਰੀਰਾਗੁ ਮਾਝ ਗਉੜੀ ਆਸਾ ਸੰਗ ਭਈ ਬਉਰੀ
ਗੂਜਰੀ ਗੰਧਾਰੀ ਤੇ ਬਿਹਾਗੜਾ ਸੁਹਾਇਓ ਹੈ॥
ਵਡਹੰਸ ਸੋਰਠਿ ਧਨਾਸਰੀ ਤੇ ਜੈਤਸਰੀ,
ਟੋਡੀ ਤੇ ਬੈਰਾੜੀ ਔ ਤਿਲੰਗ ਸੂਹੀ ਛਾਇਓ ਹੈ॥
ਬਿਲਾਵਲੁ ਤੇ ਗੌਂਡ ਰਾਮਕਲੀ ਨਟ ਮਾਲੀ ਗਉੜਾ,
ਮਾਰੂ ਤੇ ਤੁਖਾਰੀ ਔ ਕਿਦਾਰ ਭੈਰਉ ਪਾਇਓ ਹੈ॥
ਬਸੰਤੁ ਸਾਰਗ ਮਲਾਰ ਕਾਨੜਾ ਕਲਿਆਨ,
ਪ੍ਰਭਾਤੀ ਬਿਭਾਸ ਤੇ ਜੈਜਾਵੰਤੀ ਗੁਣ ਗਾਇਓ ਹੈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠ ਲਿਖੇ ੧੫ ਭਗਤਾਂ ਦੀ ਬਾਣੀ ਹੈ।

(੧) ਭਗਤ ਕਬੀਰ ਜੀ। (੨) ਭਗਤ ਨਾਮਦੇਵ ਜੀ। (੩) ਭਗਤ ਰਵਿਦਾਸ ਜੀ। (੪) ਭਗਤ ਤ੍ਰਿਲੋਚਨ ਜੀ। (੫) ਭਗਤ ਧੰਨਾ ਜੀ। (੬) ਭਗਤ ਭੀਖਨ ਜੀ। (੭) ਭਗਤ ਜੈ ਦੇਵ ਜੀ। (੮) ਭਗਤ ਬੇਣੀ ਜੀ। (੯) ਭਗਤ ਸ੍ਰੀ ਸੈਣ ਜੀ। (੧੦) ਭਗਤ ਪੀਪਾ ਜੀ। (੧੧) ਭਗਤ ਫਰੀਦ ਜੀ। (੧੨) ਭਗਤ ਸਧਨਾ ਜੀ। (੧੩) ਭਗਤ ਰਾਮਾਨੰਦ ਜੀ। (੧੪) ਭਗਤ ਪਰਮਾਨੰਦ ਜੀ। (੧੫) ਭਗਤ ਸੂਰਦਾਸ ਜੀ।

ਯਥਾ-

ਸਧਨਾ ਵਿਚਾਰ ਕੇ ਉਚਾਰ ਕੇ ਕਬੀਰ, ਰਵਿਦਾਸ ਸੈਣ ਭੀਖਣ ਤ੍ਰਿਲੋਚਨ ਨਿਹਾਰੀਏ॥
ਜੈਦੇਉ ਸੁਖਿਆਲ ਧੰਨਾ ਭਗਤ ਬਿਸਾਲ, ਨਾਮਦੇਵ ਔ ਫਰੀਦ ਰਾਮਾਨੰਦ ਜੂ ਨਿਹਾਰੀਏ॥
ਮਨ ਕੀਨੋ ਹੈ ਪਤੰਗ ਬੇਣੀ ਭਗਤ ਉਤੰਗ, ਸੂਰਦਾਸ ਕਾ ਪ੍ਰਸੰਗ ਸਭ ਜਗਤ ਉਜਾਰੀਏ॥
ਪੀਪਾ ਰਾਜ ਤਿਆਗ ਪਰਮਾਨੰਦ ਜਗੇ ਭਾਗ, ਹਰੀ ਪੂਰਨ ਮੇ ਰਾਗ ਗੁਰੂ ਗ੍ਰੰਥ ਮੇ ਲਿਖਾਰੀਏ॥

ੴ ਸਤਿਗੁਰ ਪ੍ਰਸਾਦਿ ॥

ਆਦਿ


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸੈਂਚੀ ਪੰਜਵੀਂ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਪੰਜਵੀਂ

ਜਿਸ ਵਿਚ-ਰਾਗੁ ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ ਦਾ ਉਥਾਨਕਾਂ, ਪ੍ਰਮਾਣਾਂ, ਸਾਖੀਆਂ ਸਹਿਤ ਸੰਪੂਰਨ ਟੀਕਾ।

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨੰਮ ਰਸੀਏ, ਮਹਾਂਪੁਰਖ, ਸ੍ਰੀ ਮਾਨ ੧੦੮ ਮਹੰਤ ਬਾਬਾ ਊਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-128-2
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
(1200) ਪਹਿਲੀ ਵਾਰ 1972
(1000) ਗਿਆਰ੍ਹਵੀਂ ਵਾਰ : ਅਕਤੂਬਰ 2007
(1000) ਬਾਰ੍ਹਵੀਂ ਵਾਰ ਜਨਵਰੀ 2012

ਭੇਟਾ : 400.00

An ISO 9001:2008 Certified Publishing House
No. 101809-A01

ਪ੍ਰਕਾਸ਼ਕ :-
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਬਾਰ੍ਹਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ ॥

ਸੰਪ੍ਰਦਾਈ ਸਟੀਕ ਪੰਜਵੇਂ ਭਾਗ ਦਾ ਤਤਕਰਾ

ਰਾਗੁ ਗੂਜਰੀ

ਮਹਲਾ ੧

੧. ਤੇਰਾ ਨਾਮੁ ਕਰੀ ਚਨਣਾਠੀਆ ੯
੨. ਨਾਭਿ ਕਮਲ ਤੇ ਬ੍ਰਹਮਾ ੧੧

ਮਹਲਾ ੩

੩. ਧ੍ਰਿਗ ਇਵੇਹਾ ਜੀਵਣਾ ੧੨
੪. ਹਰਿ ਕੀ ਤੁਮ ਸੇਵਾ ੧੩
੫. ਜੁਗ ਮਾਹਿ ਨਾਮੁ ਦੁਲੰਭੁ ਹੈ ੧੫
੬. ਰਾਮ ਰਾਮ ਸਭੁ ਕੋ ਕਹੈ ੧੬
੭. ਤਿਸੁ ਜਨ ਸਾਂਤਿ ਸਦਾ ਮਤਿ ੧੭
੮. ਨਾ ਕਾਸੀ ਮਤਿ ਊਪਜੈ ੧੮
੯. ਏਕੋ ਨਾਮੁ ਨਿਧਾਨੁ ਪੰਡਿਤ ੨੦

ਮਹਲਾ ੪

੧੦. ਹਰਿ ਕੇ ਜਨ ਸਤਿਗੁਰ ੨੧
੧੧. ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ੨੪
੧੨. ਹਰਿ ਜਨ ਊਤਮ, ਊਤਮ ੨੬
੧੩. ਹੋਹੁ ਦਇਆਲ ਮੇਰਾ ਮਨੁ ੨੭
੧੪. ਗੁਰਮੁਖਿ ਸਖੀ ਸਹੇਲੀ ਮੇਰੀ ੨੮
੧੫. ਜਿਨ੍ ਸਤਿਗੁਰੁ ਪੁਰਖੁ ੨੯
੧੬. ਮਾਈ ਬਾਪ ਪੁਤ੍ਰ ਸਭਿ ੩੦

ਮਹਲਾ ੫

੧੭. ਕਾਹੇ ਰੇ ਮਨ ਚਿਤਵਹਿ ੩੨
੧੮. ਕਿਰਿਆਚਾਰ ਕਰਹਿ ੩੪
੧੯. ਹਰਿ ਧਨੁ ਜਾਪ ਹਰਿ ਧਨੁ ੩੬
੨੦. ਜਿਸੁ ਸਿਮਰਤ ਸਭਿ ਕਿਲਵਿਖ ੩੮
੨੧. ਮਤਾ ਕਰੈ ਪਛਮ ਕੈ ਤਾਈ ੩੯
੨੨. ਨਾਮੁ ਨਿਧਾਨੁ ਜਿਨਿ ਜਨਿ ੪੦
੨੩. ਜਿਸੁ ਮਾਨੁਖ ਪਹਿ ਕਰਉ ੪੨
੨੪. ਪ੍ਰਥਮੇ ਗਰਭ ਮਾਤਾ ਕੈ ਵਾਸਾ ੪੩
੨੫. ਦੁਖ ਬਿਨਸੇ ਸੁਖ ਕੀਆ ੪੪
੨੬. ਪਤਿਤ ਪਵਿਤ੍ਰ ਲੀਏ ੪੫
੨੭. ਹੈ ਨਾਹੀ ਕੋਊ ਬੂਝਨਹਾਰੋ ੪੬
੨੮. ਮਤਾ ਮਸੂਰਤਿ ਅਵਰ ੪੭
੨੯. ਦਿਨੁ ਰਾਤੀ ਆਰਾਧਹੁ ਪਿਆਰੋ ੪੮
੩੦. ਮੁਨਿ ਜੋਗੀ ਸਾਸਤ੍ਰਗਿ ੪੯
੩੧. ਦੁਇ ਕਰ ਜੋੜਿ ਕਰੀ ਬੇਨੰਤੀ ੫੦
੩੨. ਮਾਤ ਪਿਤਾ ਭਾਈ ਸੁਤ ਬੰਧਪ ੫੧
੩੩. ਆਲ ਜਾਲ ਭ੍ਰਮ ਮੋਹ ਤਜਾਵੈ ੫੨
੩੪. ਖਿਨ ਮਹਿ ਥਾਪਿ ਉਥਾਪਨਹਾਰਾ ੫੨
੩੫. ਤੂੰ ਦਾਤਾ ਜੀਆ ਸਭਨਾ ਕਾ ੫੩
੩੬. ਕਰਿ ਕਿਰਪਾ ਅਪਨਾ ਦਰਸੁ ੫੪
੩੭. ਬ੍ਰਹਮ ਲੋਕ ਅਰੁ ਰੁਦ੍ ਲੋਕ ੫੪
੩੮. ਅਪਜਸੁ ਮਿਟੈ ਹੋਵੈ ਜਗਿ ੫੫
੩੯. ਬਿਸ੍ਵੰਭਰ ਜੀਅਨ ਕੋ ਦਾਤਾ ੫੬
੪੦. ਜਨ ਕੀ ਪੈਜ ਸਵਾਰੀ ਆਪ ੫੬
੪੧. ਕਬਹੂ ਹਰਿ ਸਿਉ ਚੀਤੁ ਨ ੫੭
੪੨. ਰਸਨਾ ਰਾਮ ਰਾਮ ਰਵੰਤ ੫੮
੪੩. ਛਾਡਿ ਸਗਲ ਸਿਆਣਪਾ ੫੮
੪੪. ਆਪਨਾ ਗੁਰੁ ਸੇਵਿ ਸਦ ਹੀ ੫੯
੪੫. ਗੁਰ ਪ੍ਰਸਾਦੀ ਪ੍ਰਭੁ ਧਿਆਇਆ ੬੦
੪੬. ਅਹੰਬੁਧਿ ਬਹੁ ਸਘਨ ਮਾਇਆ ੬੧
੪੭. ਆਰਾਧਿ ਸ੍ਰੀਧਰ ਸਫਲ ਮੂਰਤਿ ੬੩
੪੮. ਤੂੰ ਸਮਰਥੁ ਸਰਨਿ ਕੋ ਦਾਤਾ ੬੩

ਅਸਟਪਦੀਆ ਮਹਲਾ ੧.

੪੯. ਏਕ ਨਗਰੀ ਪੰਚ ਚੋਰ ੬੫
੫੦. ਕਵਨ ਕਵਨ ਜਾਚਹਿ ਪ੍ਰਭ ਦਾਤੇ ੬੭
੫੧. ਐ ਜੀ ਜਨਮਿ ਮੰਰੈ ੭੦
੫੨. ਐ ਜੀ ਨਾ ਹਮ ਉਤਮ ੭੨
੫੩. ਭਗਤਿ ਪ੍ਰੇਮ ਆਰਾਧਿਤੰ ੭੫

ਮਹਲਾ ੩

੫੪. ਨਿਰਤਿ ਕਰੀ ਇਹੁ ਮਨੁ ਨਚਾਈ ੭੭

ਮਹਲਾ ੪

੫੫. ਹਰਿ ਬਿਨੁ ਜੀਅਰਾ ਰਹਿ ਨ ਸਕੈ ੮੦

ਮਹਲਾ ੫

੫੬. ਰਾਜਨ ਮਹਿ ਤੂੰ ਰਾਜਾ ੮੨
੫੭. ਨਾਥ ਨਰਹਰ ਦੀਨ ਬੰਧਵ ੮੪

ਗੂਜਰੀ ਦੀ ਪਹਿਲੀ ਵਾਰ

ਮਹਲਾ ੩

੫੮. ਇਹੁ ਜਗਤੁ ਮਮਤਾ ਮੁਆ ੮੮
੫੯. ਸਾਹਿਬੁ ਮੇਰਾ ਸਦਾ ਹੈ ੮੯
੬੦. ਸੋ ਜਪੁ ਸੋ ਤਪੁ ਜਿ ਸਤਿਗੁਰ ੯੧
੬੧. ਕਬੀਰ ਮੁਕਤਿ ਦੁਆਰਾ ੯੨
੬੨. ਸਤਿਗੁਰ ਸਿਉ ਚਿਤੁ ਨ ੯੩
੬੩. ਸਭਨਾ ਕਾ ਸਹੁ ਏਕੁ ਹੈ ੯੫
੬੪. ਕਾਇਆ ਹੰਸ ਕਿਆ ਪ੍ਰੀਤਿ ਹੈ ੯੬
੬੫. ਧ੍ਰਿਗੁ ਤਿਨ੍ਹਾ ਦਾ ਜੀਵਿਆ ੯੭
੬੬. ਜਿ ਸਤਿਗੁਰ ਸੇਵੇ ਆਪਣਾ ੯੯
੬੭. ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ੧੦੧
੬੮. ਗੁਰਮੁਖਿ ਧਿਆਨ ਸਹਜ ਧੁਨਿ ੧੦੨
੬੯. ਕਲਿਜੁਗ ਮਹਿ ਨਾਮੁ ਨਿਧਾਨੁ ੧੦੪
੭੦. ਹਉਮੈ ਮਮਤਾ ਮੋਹਣੀ ੧੦੬
੭੧. ਵਾਹੁ ਵਾਹੁ ਆਪਿ ੧੦੮
੭੨. ਵਾਹੁ ਵਾਹੁ ਕਰਤਿਆ ੧੦੯
੭੩. ਵਾਹੁ ਵਾਹੁ ਤਿਸ ਨੋ ਆਖੀਐ ੧੧੦
੭੪. ਵਾਹੁ ਵਾਹੁ ਸੇ ਜਨ ਸਦਾ ਕਰਹਿ ੧੧੨
੭੫. ਵਾਹੁ ਵਾਹੁ ਬਾਣੀ ਨਿਰੰਕਾਰ ਹੈ ੧੧੪
੭੬. ਗੂਜਰੀ ਜਾਤਿ ਗਵਾਰਿ ੧੧੬
੭੭. ਏਹੁ ਸਭੁ ਕਿਛੁ ਆਵਣ ਜਾਣੁ ਹੈ ੧੧੮
੭੮. ਖੇਤਿ ਮਿਆਲਾ ਉਚੀਆ ੧੧੯
੭੯. ਆਸਾ ਕਰਤਾ ਜਗੁ ਮੁਆ ੧੨੦

ਗੂਜਰੀ ਦੀ ਦੂਜੀ ਵਾਰ

ਮਹਲਾ ੫

੮੦. ਅੰਤਰਿ ਗੁਰੁ ਆਰਾਧਣਾ ੧੨੧
੮੧. ਜਾ ਤੂੰ ਤੁਸਹਿ ਮਿਹਰਵਾਨ ੧੨੩
੮੨. ਚੰਗਿਆਈ ਆਲਕੁ ਕਰੇ ੧੨੫
੮੩. ਸਾਜਨ ਤੇਰੇ ਚਰਨ ਕੀ ੧੨੬
੮੪. ਕਾਮੁ ਕ੍ਰੋਧੁ ਲੋਭੁ ਛੋਡੀਐ ੧੨੭
੮੫. ਮਨ ਮਹਿ ਚਿਤਵਉ ਚਿਤਵਨੀ ੧੨੮
੮੬. ਲਗੜੀ ਸੁਥਾਨਿ ੧੨੯
੮੭. ਪ੍ਰੇਮ ਪਟੋਲਾ ਤੈ ਸਹਿ ਦਿਤਾ ੧੩੧
੮੮. ਨਦੀ ਤਰੰਦੜੀ ਮੈਡਾ ਖੋਜੁ ਨ ੧੩੨
੮੯. ਬਾਰਿ ਵਿਡਾਨੜੈ ਹੁੰਮਸ ਧੁੰਮਸ ੧੩੩
੯੦. ਵਿਛੋਹੇ ਜੰਬੂਰ ਖਵੇ ਨ ੧੩੫
੯੧. ਕੜਛੀਆ ਫਿਰੰਨ੍ਹਿ ੧੩੬
੯੨. ਲਧਮੁ ਲਭਣਹਾਰੁ ੧੩੮
੯੩. ਜਾ ਕਉ ਭਏ ਕ੍ਰਿਪਾਲ ੧੩੯
੯੪. ਕੋਟਿ ਬਿਘਨ ਤਿਸੁ ਲਾਗਤੇ ੧੪੦
੯੫. ਕਿਲਵਿਖ ਸਭੇ ਉਤਰਨਿ ੧੪੧
੯੬. ਉਦਮੁ ਕਰੇਦਿਆ ਜੀਉ ਤੂੰ ੧੪੨
੯੭. ਕਾਮ ਕ੍ਰੋਧ ਮਦ ਲੋਭ ਮੋਹ ੧੪੪
੯੮. ਜੀਵਦਿਆ ਨ ਚੇਤਿਓ ੧੪੫
੯੯. ਆਦਿ ਮਧਿ ਅਰੁ ਅੰਤਿ ੧੪੬
੧੦੦. ਰਾਮ ਜਪਹੁ ਵਡਭਾਗੀਹੋ ੧੪੮

ਭਗਤ ਬਾਣੀ

ਭਗਤ ਕਬੀਰ ਜੀ

੧੦੧. ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ੧੫੧
੧੦੨. ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ੧੫੪

ਭਗਤ ਨਾਮਦੇਵ ਜੀ

੧੦੩. ਜੌ ਰਾਜੁ ਦੇਹਿ ਤ ਕਵਨ ਬਡਾਈ ੧੫੫
੧੦੪. ਮਲੈ ਨ ਲਾਛੈ ਪਾਰ ਮਲੋ ੧੫੭

ਭਗਤ ਰਵਿਦਾਸ ਜੀ

੧੦੫. ਦੂਧੁ ਤ ਬਛਰੈ ਬਨਹੁ ੧੫੮

ਭਗਤ ਤ੍ਰਿਲੋਚਨ ਜੀ

੧੦੬. ਅੰਤਰੁ ਮਲਿ ਨਿਰਮਲੁ ਨਹੀ ਕੀਨਾ ੧੬੦
੧੦੭. ਅੰਤਿ ਕਾਲਿ ਜੌ ਲਛਮੀ ਸਿਮਰੈ ੧੬੨

ਭਗਤ ਜੈਦੇਵ ਜੀ

੧੦੮. ਪਰਮਾਦਿ ਪੁਰਖ ਮਨੋਪਿਮੰ ੧੬੪
ਰਾਗੁ ਗੂਜਰੀ ਸਮਾਪਤੰ

ਰਾਗੁ ਦੇਵਗੰਧਾਰੀ

ਮਹਲਾ ੪

੧. ਸੇਵਕ ਜਨ ਬਨੇ ੧੬੫
੨. ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ੧੭੦
੩. ਮੇਰੇ ਮਨ ਮੁਖਿ ਹਰਿ ਹਰਿ ੧੭੧
੪. ਅਬ ਹਮ ਚਲੀ ਠਾਕੁਰ ਪਹਿ ੧੭੧
੫. ਹਰਿ ਗੁਣ ਗਾਵੈ ੧੭੨
੬. ਹਰਿ ਕੇ ਨਾਮ ਬਿਨਾ ੧੭੩

ਮਹਲਾ ੫

੭. ਮਾਈ ਗੁਰ ਚਰਣੀ ਚਿਤੁ ੧੭੪
੮. ਮਾਈ ਹੋਨਹਾਰ ਸੋ ਹੋਈਐ ੧੭੫
੯. ਮਾਈ ਸੁਨਤ ਸੋਚ ਭੈ ਡਰਤ ੧੭੫
੧੦. ਮਨ ਹਰਿ ਕੀਰਤਿ ਕਰਿ ਸਦਹੂੰ ੧੭੬
੧੧. ਮਨ ਜਿਉ ਅਪੁਨੇ ਪ੍ਰਭ ੧੭੭
੧੨. ਪ੍ਰਭ ਜੀ ਤਉ ਪ੍ਰਸਾਦਿ ੧੭੭
੧੩. ਮਨ ਸਗਲ ਸਿਆਨਪ ੧੭੮
੧੪. ਹਰਿ ਪ੍ਰਾਨ ਪ੍ਰਭੂ ਸੁਖਦਾਤੇ ੧੭੯
੧੫. ਸੋ ਪ੍ਰਭੁ ਜਤ ਕਤ ੧੮੦
੧੬. ਹਰਿ ਰਾਮ ਨਾਮੁ ਜਪਿ ਲਾਹਾ ੧੮੦
੧੭. ਮਨ ਕਹ ਅਹੰਕਾਰਿ ੧੮੧
੧੮. ਸੋ ਪ੍ਰਭੁ ਨੇਰੈ ਹੂ ਤੇ ਨੇਰੈ ੧੮੧
੧੯. ਮਨ ਗੁਰ ਮਿਲਿ ਨਾਮੁ ੧੮੨
੨੦. ਮਾਈ ਜੋ ਪ੍ਰਭ ਕੇ ਗੁਨ ੧੮੩
੨੧. ਚੰਚਲੁ ਸੁਪਨੈ ਹੀ ੧੮੪
੨੨. ਸਰਬ ਸੁਖਾ ਗੁਰ ਚਰਨਾ ੧੮੪
੨੩. ਅਪੁਨੇ ਹਰਿ ਪਹਿ ੧੮੫
੨੪. ਗੁਰ ਕੇ ਚਰਨ ੧੮੬
੨੫. ਮਾਈ ਪ੍ਰਭ ਕੇ ਚਰਨ ੧੮੭
੨੬. ਪ੍ਰਭ ਜੀਉ ਪੇਖਉ ਦਰਸੁ ੧੮੭
੨੭. ਤੇਰਾ ਜਨੁ ਰਾਮ ੧੮੮
੨੮. ਮਾਈ ਗੁਰ ਬਿਨੁ ੧੮੯
੨੯. ਠਾਕੁਰ ਹੋਏ ਆਪਿ ੧੮੯
੩੦. ਅਪੁਨੇ ਸਤਿਗੁਰ ਪਹਿ ੧੯੦
੩੧. ਅਨਾਥ ਨਾਥ ਪ੍ਰਭ ੧੯੧
੩੨. ਪ੍ਰਭ ਇਹੈ ਮਨੋਰਥੁ ੧੯੨
੩੩. ਮੀਤਾ ਐਸੇ ਹਰਿ ਜੀਉ ੧੯੨
੩੪. ਦਰਸਨ ਨਾਮ ਕਉ ੧੯੩
੩੫. ਅੰਮ੍ਰਿਤਾ ਪ੍ਰਿਅ ਬਚਨ ੧੯੪
੩੬. ਹਰਿ ਜਪਿ ਸੇਵਕੁ ੧੯੫
੩੭. ਕਰਤ ਫਿਰੇ ਬਨ ਭੇਖ ੧੯੫
੩੮. ਮੈ ਪੇਖਿਓ ਰੀ ਊਚਾ ੧੯੬
੩੯. ਮੈ ਬਹੁ ਬਿਧਿ ਪੇਖਿਓ ੧੯੭
੪੦. ਏਕੈ ਰੇ ਹਰਿ ਏਕੈ ਜਾਨ ੧੯੮
੪੧. ਜਾਨੀ ਨ ਜਾਈ ਤਾ ਕੀ ੧੯੮
੪੨. ਧਿਆਏ ਗਾਏ ਕਰਨੈਹਾਰ ੧੯੯
੪੩. ਉਲਟੀ ਰੇ ਮਨ ਉਲਟੀ ੨੦੦
੪੪. ਸਭ ਦਿਨ ਕੇ ਸਮਰਥ ੨੦੧

ਮਹਲਾ ੯

੪੫. ਯਹ ਮਨੁ ਨੈਕ ੨੦੨
੪੬. ਸਭ ਕਿਛੁ ਜੀਵਤ ਕੋ ੨੦੩
੪੭. ਜਗਤ ਮੈ ਝੂਠੀ ੨੦੩
ਦੇਵਗੰਧਾਰੀ ਰਾਗੁ ਸਮਾਪਤੰ

ਰਾਗੁ ਬਿਹਾਗੜਾ

ਮਹਲਾ ੫

੧. ਦੂਤਨ ਸੰਗਰੀਆ ੨੦੫

ਮਹਲਾ ੯

੨. ਹਰਿ ਕੀ ਗਤਿ ਨਹਿ ੨੦੬

ਛੰਤ ਮਹਲਾ ੪

੩. ਹਰਿ ਹਰਿ ਨਾਮੁ ੨੦੭
੪. ਅੰਮ੍ਰਿਤੁ ਹਰਿ ਹਰਿ ੨੦੯
੫. ਜਗਿ ਸੁਕ੍ਰਿਤੁ ਕੀਰਤਿ ੨੧੨
੬. ਹਉ ਬਲਿਹਾਰੀ ਤਿਨ੍ ਕਉ ੨੧੪
੭. ਜਿਨ੍ ਹਰਿ ਹਰਿ ਨਾਮੁ ੨੧੭
੮. ਸਭਿ ਜੀਅ ਤੇਰੇ ਤੂੰ ੨੧੯

ਛੰਤ ਮਹਲਾ ੫

੯. ਹਰਿ ਕਾ ਏਕੁ ਅਚੰਭਉ ੨੨੧
੧੦. ਅਤਿ ਪ੍ਰੀਤਮ ਮਨ ੨੨੪
੧੧. ਕਰਿ ਕਿਰਪਾ ਗੁਰ ੨੨੭
੧੨. ਵਧੁ ਸੁਖੁ ਰੈਨੜੀਏ ੨੨੯
੧੩. ਹਰਿ ਚਰਣ ਸਰੋਵਰ ੨੩੨
੧੪. ਖੋਜਤ ਸੰਤ ਫਿਰਹਿ ੨੩੫
੧੫. ਅਨ ਕਾਏ ਰਾਤੜਿਆ ੨੩੭
੧੬. ਸੁਨਹੁ ਬੇਨੰਤੀਆ ੨੪੧
੧੭. ਬੋਲਿ ਸੁ ਧਰਮੀੜਿਆ ੨੪੩

ਬਿਹਾਗੜੇ ਕੀ ਵਾਰ ਮਹਲਾ ੪

ਸਲੋਕ ਮਹਲਾ ੩

੧੮. ਗੁਰ ਸੇਵਾ ਤੇ ਸੁਖੁ ੨੪੬
੧੯. ਨਾਨਕ ਗਿਆਨੀ ਜਗੁ ੨੪੭
੨੦. ਗੁਰਮੁਖਿ ਸਚੈ ਭਾਵਦੇ ੨੪੯
੨੧. ਮਨਿ ਪਰਤੀਤਿ ਨ ੨੫੧
੨੨. ਸਾ ਰਸਨਾ ਜਲਿ ਜਾਉ ੨੫੩
੨੩. ਦਰਵੇਸੀ ਕੋ ਜਾਣਸੀ ੨੫੪
੨੪. ਕਰਮ ਧਰਮ ਸਭਿ ੨੫੭
੨੫. ਗੁਰਮੁਖਿ ਪ੍ਰਭੁ ੨੫੯
੨੬. ਸੇਖਾ ਅੰਦਰਹੁ ਜੋਰੁ ੨੬੦
੨੭. ਸਤਿਗੁਰ ਕੀ ਸੇਵਾ ੨੬੨
੨੮. ਬਿਨੁ ਸਤਿਗੁਰ ਸੇਵੈ ੨੬੪
ਸਲੋਕੁ ਮਰਦਾਨਾ ੧
੨੯. ਕਲਿ ਕਲਵਾਲੀ ੨੬੬
੩੦. ਏਹਾ ਸੰਧਿਆ ਪਰਵਾਣੁ ੨੬੮
੩੧. ਹਰਿ ਨਾਮੁ ਨ ਸਿਮਰਹਿ ੨੬੯
੩੨. ਨਾਨਕ ਬਿਨੁ ਸਤਿਗੁਰ ੨੭੦
੩੩. ਮਾਣਸੁ ਭਰਿਆ ਆਣਿਆ ੨੭੨
੩੪. ਕਬੀਰ ਮਰਤਾ ਮਰਤਾ ੨੭੬
੩੫. ਰਾਮੁ ਰਾਮੁ ਕਰਤਾ ੨੭੮
੩੬. ਹਉਮੈ ਵਿਚਿ ਜਗਤੁ ੨੭੯
੩੭. ਕਲੀ ਅੰਦਰਿ ਨਾਨਕਾ ੨੮੧
੩੮. ਸਭੁ ਕਿਛੁ ਹੁਕਮੇ ਆਵਦਾ ੨੮੨
ਸੁਧੁ ਦਾ ਵਿਚਾਰ ੨੮੪

ਬਿਹਾਗੜਾ ਸਮਾਪਤੰ

ਰਾਗੁ ਵਡਹੰਸੁ ਮਹਲਾ ੧

੧. ਅਮਲੀ ਅਮਲੁ ੨੮੫
੨. ਗੁਣਵੰਤੀ ਸਹੁ ੨੮੭
੩. ਮੋਰੀ ਰੁਣਝੁਣ ਲਾਇਆ ੨੮੮

ਮਹਲਾ ੩ ਘਰੁ ੧

੪. ਮਨਿ ਮੈਲੇ ਸਭੁ ਕਿਛੁ ੨੯੭
੫. ਨਦਰੀ ਸਤਗੁਰੁ ਸੇਵੀਐ ੨੯੮
੬. ਮਾਇਆ ਮੋਹੁ ਗੁਬਾਰੁ ੨੯੯
੭. ਸੋਹਾਗਣੀ ਸਦਾ ਮੁਖੁ ੩੦੦
੮. ਅੰਮ੍ਰਿਤੁ ਨਾਮੁ ਸਦ ੩੦੧
੯. ਗੁਰਮੁਖਿ ਸਚੁ ਸੰਜਮੁ ੩੦੨
੧੦. ਰਸਨਾ ਹਰਿ ਸਾਦਿ ਲਗੀ ੩੦੩
੧੧. ਪੂਰੇ ਗੁਰ ਤੇ ਨਾਮੁ ੩੦੪
੧੨. ਹਉਮੈ ਨਾਵੈ ਨਾਲਿ ੩੦੫

ਮਹਲਾ ੪

੧੩. ਸੇਜ ਏਕ ਏਕੋ ਪ੍ਰਭੁ ੩੦੬
੧੪. ਮੇਰਾ ਹਰਿ ਪ੍ਰਭੁ ਸੁੰਦਰੁ ੩੦੭
੧੫. ਮੈ ਮਨਿ ਵਡੀ ਆਸ ਹਰੇ ੩੦੮

ਮਹਲਾ ੫

੧੬. ਅਤਿ ਊਚਾ ਤਾ ਕਾ ਦਰਬਾਰਾ ੩੧੦

੧੭. ਧਨੁ ਸੁ ਵੇਲਾ ੩੧੨
੧੮. ਤੂ ਬੇਅੰਤੁ ਕੋ ਵਿਰਲਾ ੩੧੩
੧੯. ਅੰਤਰਜਾਮੀ ਸੋ ਪ੍ਰਭੁ ੩੧੩
੨੦. ਤੂ ਵਡ ਦਾਤਾ ਅੰਤਰਜਾਮੀ ੩੧੪
੨੧. ਸਾਧਸੰਗਿ ਹਰਿ ਅੰਮ੍ਰਿਤੁ ੩੧੪
੨੨. ਵਿਸਰੁ ਨਾਹੀ ਪ੍ਰਭ ੩੧੫
੨੩. ਤੂ ਜਾਣਾਇਹਿ ਤਾ ਕੋਈ ੩੧੬
੨੪. ਮੇਰੈ ਅੰਤਰਿ ਲੋਚਾ ੩੧੬

ਅਸਟਪਦੀਆ ਮਹਲਾ ੩

੨੫. ਸਚੀ ਬਾਣੀ ਸਚੁ ਧੁਨਿ ੩੧੯
੨੬. ਮਨੂਆ ਦਹ ਦਿਸਿ ਧਾਵਦਾ ੩੨੦

ਛੰਤ ਮਹਲਾ ੧

੨੭. ਕਾਇਆ ਕੂੜਿ ਵਿਗਾੜਿ ੩੨੨
੨੮. ਕਰਹੁ ਦਇਆ ਤੇਰਾ ਨਾਮੁ ੩੨੫

ਛੰਤ ਮਹਲਾ ੩

੨੯. ਆਪਣੇ ਪਿਰ ਕੈ ਰੰਗਿ ੩੩੨
੩੦. ਗੁਰਮੁਖਿ ਸਭੁ ਵਾਪਾਰੁ ੩੩੪
੩੧. ਮਨ ਮੇਰਿਆ ਤੂ ਸਦਾ ੩੩੭
੩੨. ਰਤਨ ਪਦਾਰਥ ਵਣਜੀਅਹਿ ੩੩੯
੩੩. ਸਚਾ ਸਉਦਾ ਹਰਿ ਨਾਮੁ ਹੈ ੩੪੨
੩੪. ਏ ਮਨ ਮੇਰਿਆ ੩੪੫

ਛੰਤ ਮਹਲਾ ੪

੩੫. ਮੇਰੈ ਮਨਿ ਮੇਰੈ ਮਨਿ ੩੪੭
੩੬. ਹੰਉ ਗੁਰ ਬਿਨੁ ਹੰਉ ਗੁਰ ੩੫੦
੩੭. ਹਰਿ ਸਤਿਗੁਰਿ ਹਰਿ ਸਤਿਗੁਰਿ ੩੫੩
੩੮. ਹਰਿ ਕਿਰਪਾ ਹਰਿ ਕਿਰਪਾ ਕਰਿ ੩੫੬

ਮਹਲਾ ੪ ਘੋੜੀਆ

੩੯. ਦੇਹ ਤੇਜਣਿ ਜੀ ੩੫੯
੪੦. ਦੇਹ ਤੇਜਨੜੀ ਹਰਿ ੩੬੨

ਛੰਤ ਮਹਲਾ ੫

੪੧. ਗੁਰ ਮਿਲਿ ਲਧਾ ਜੀ ੩੬੪
੪੨. ਕਿਆ ਸੁਣੇਦੋ ਕੂੜੁ ੩੬੭
੪੩. ਲੋਇਣ ਲੋਈ ਡਿਠ ੩੬੮
੪੪. ਦੇਹ ਅੰਧਾਰੀ ਅੰਧ ੩੬੯
੪੫. ਜੋ ਲੋੜੀਦੇ ਰਾਮ ੩੬੯
੪੬. ਪ੍ਰਭ ਕਰਣ ਕਾਰਣ ੩੭੦

ਮਹਲਾ ੧ ਅਲਾਹਣੀਆ

੪੭. ਧੰਨੁ ਸਿਰੰਦਾ ਸਚਾ ੩੭੩
੪੮. ਆਵਹੁ ਮਿਲਹੁ ਸਹੇਲੀਹੋ ੩੭੬
੪੯. ਸਚੁ ਸਿਰੰਦਾ ਸਚਾ ੩੭੮
੫੦. ਜਿਨਿ ਜਗੁ ਸਿਰਜਿ ੩੮੨
੫੧. ਬਾਬਾ ਆਇਆ ਹੈ ੩੮੮

ਅਲਾਹਣੀਆ ਮਹਲਾ ੩

੫੨. ਪ੍ਰਭੁ ਸਚੜਾ ਹਰਿ ਸਾਲਾਹੀਐ ੩੯੧
੫੩. ਸੁਣਿਅਹੁ ਕੰਤ ਮਹੇਲੀਹੋ ੩੯੪
੫੪. ਰੋਵਹਿ ਪਿਰਹਿ ਵਿਛੁੰਨੀਆ ੩੯੭
੫੫. ਇਹੁ ਸਰੀਰੁ ਜਜਰੀ ਹੈ ੩੯੯

ਵਡਹੰਸ ਕੀ ਵਾਰ

੫੬. ਸਬਦਿ ਰਤੇ ਵਡ ਹੰਸ ਹੈ ੪੦੩
੫੭. ਭੈ ਵਿਚਿ ਸਭੁ ਆਕਾਰੁ ਹੈ ੪੦੫
੫੮. ਸਤਿਗੁਰ ਕੀ ਸੇਵਾ ਚਾਕਰੀ ੪੦੭
੫੯. ਸਤਿਗੁਰਿ ਮਿਲਿਐ ਭੁਖ ੪੦੯
੬੦. ਸਜਣ ਮਿਲੇ ਸਜਣਾ ੪੧੧
੬੧. ਤ੍ਰਿਸਨਾ ਦਾਧੀ ਜਲਿ ਮੁਈ ੪੧੩
੬੨. ਕਲਿ ਮਹਿ ਜਮੁ ਜੰਦਾਰੁ ਹੈ ੪੧੪
੬੩. ਭਗਤਿ ਕਰਹਿ ਮਰਜੀਵੜੇ ੪੧੬
੬੪. ਰਤਨਾ ਪਾਰਖੁ ਜੋ ਹੋਵੈ ੪੧੭
੬੫. ਬਿਨੁ ਸਤਿਗੁਰ ਸੇਵੇ ੪੧੯
੬੬. ਭਗਤ ਜਨਾ ਕੰਉ ਆਪਿ ੪੨੦
੬੭. ਨਾਨਕ ਨਾਮੁ ਨਿਧਾਨੁ ਹੈ ੪੨੧
੬੮. ਮਨਮੁਖੁ ਕਾਇਰੁ ਕਰੂਪੁ ਹੈ ੪੨੨
੬੯. ਸਤਿਗੁਰ ਕੀ ਪਰਤੀਤਿ ਨ ੪੨੩
੭੦. ਬਿਨੁ ਸਤਿਗੁਰ ਸੇਵੇ ੪੨੫
੭੧. ਜਿਨ ਕੰਉ ਸਤਿਗੁਰੁ ਭੇਟਿਆ ੪੨੭
੭੨. ਗੁਰਮੁਖਿ ਸੇਵ ਨ ਕੀਨੀਆ ੪੨੮
੭੩. ਜਗਤੁ ਅਗਿਆਨੀ ਅੰਧੁ ੪੩੦
੭੪. ਮਨਹਠਿ ਕਿਨੈ ਨ ਪਾਇਓ ੪੩੨

੭੫. ਘਰ ਹੀ ਮੁੰਧਿ ਵਿਦੇਸਿ ੪੩੩
੭੬. ਸਤਿਗੁਰ ਨੋ ਸਭੁ ਕੋ ਵੇਖਦਾ ੪੩੪
ਰਾਗੁ ਵਡਹੰਸੁ ਸਮਾਪਤੰ

ਰਾਗੁ ਸੋਰਠਿ

ਮਹਲਾ ੧

੧. ਸਭਨਾ ਮਰਣਾ ਆਇਆ ੪੩੭
੨. ਮਨੁ ਹਾਲੀ ਕਿਰਸਾਣੀ ਕਰਣੀ ੪੩੯
੩. ਮਾਇ ਬਾਪ ਕੋ ਬੇਟਾ ਨੀਕਾ ੪੪੨
੪. ਪੁਤੁ ਧਰਤੀ ਪੁਤੁ ਪਾਣੀ ਆਸਣੁ ੪੪੪
੫. ਹਉ ਪਾਪੀ ਪਤਿਤੁ ਪਰਮ ੪੪੬
੬. ਅਲਖ ਅਪਾਰ ਅਗੰਮ ੪੪੭
੭. ਜਿਉ ਮੀਨਾ ਬਿਨੁ ਪਾਣੀਐ ੪੪੮
੮. ਤੂ ਪ੍ਰਭ ਦਾਤਾ ਦਾਨਿ ਮਤਿ ੪੫੦
੯. ਜਿਸੁ ਜਲ ਨਿਧਿ ਕਾਰਣਿ ੪੫੧
੧੦. ਅਪਨਾ ਘਰੁ ਮੂਸਤ ਰਾਖਿ ੪੫੨
੧੧. ਸਰਬ ਜੀਆ ਸਿਰਿ ਲੇਖੁ ੪੫੪
੧੨. ਜਾ ਤਿਸੁ ਭਾਵਾ ਤਦ ਹੀ ਗਾਵਾ ੪੫੫

ਮਹਲਾ ੩

੧੩. ਸੇਵਕ ਸੇਵ ਕਰਹਿ ਸਭਿ ੪੫੭
੧੪. ਭਗਤਿ ਖਜਾਨਾ ਭਗਤਨ ਕਉ ੪੫੮
੧੫. ਦਾਸਨਿ ਦਾਸੁ ਹੋਵੈ ੪੬੦
੧੬. ਹਰਿ ਜੀਉ ਤੁਧੁ ਨੋ ੪੬੧
੧੭. ਗੁਰਮੁਖਿ ਭਗਤਿ ਕਰਹਿ ੪੬੩
੧੮. ਸੋ ਸਿਖੁ ਸਖਾ ਬੰਧਪੁ ਹੈ ੪੬੫
੧੯. ਸਚੀ ਭਗਤਿ ਸਤਿਗੁਰ ਤੇ ੪੬੬
੨੦. ਸਤਿਗੁਰ ਮਿਲਿਐ ਉਲਟੀ ੪੬੮
੨੧. ਤਿਹੀ ਗੁਣੀ ਤ੍ਰਿਭਵਣੁ ੪੭੦
੨੨. ਸਤਿਗੁਰੁ ਸੁਖ ਸਾਗਰੁ ੪੭੧
੨੩. ਬਿਨੁ ਸਤਿਗੁਰ ਸੇਵੇ ੪੭੨
੨੪. ਸਤਿਗੁਰ ਸੇਵੇ ਤਾ ਸਹਜ ੪੭੩

ਮਹਲਾ ੪

੨੫. ਆਪੇ ਆਪਿ ਵਰਤਦਾ ੪੭੪
੨੬. ਆਪੇ ਅੰਡਜ ਜੇਰਜ ਸੇਤਜ ੪੭੬
੨੭. ਆਪੇ ਹੀ ਸਭੁ ਆਪਿ ਹੈ ੪੭੮
੨੮. ਆਪੇ ਕੰਡਾ ਆਪਿ ਤਰਾਜੀ ੪੮੦
੨੯. ਆਪੇ ਸ੍ਰਿਸਟਿ ਉਪਾਇਦਾ ੪੮੨
੩੦. ਆਪੇ ਸੇਵਾ ਲਾਇਦਾ ੪੮੪
੩੧. ਅਨਿਕ ਜਨਮ ਵਿਛੁੜੇ ੪੮੬
੩੨. ਹਰਿ ਸਿਉ ਪ੍ਰੀਤਿ ਅੰਤਰੁ ੪੮੭
੩੩. ਅਚਰੁ ਚਰੈ ਤਾ ਸਿਧਿ ੪੮੯

ਮਹਲਾ ੫

੩੪. ਕਿਸੁ ਹਉ ਜਾਚੀ ੪੯੦
੩੫. ਗੁਰੁ ਗੋਵਿੰਦੁ ਸਲਾਹੀਐ ੪੯੨
੩੬. ਜਉ ਲਉ ਭਾਉ ਅਭਾਉ ੪੯੩
੩੭. ਪੁਤ੍ਰ ਕਲਤ੍ਰ ਲੋਕ ਗ੍ਰਿਹ ੪੯੫
੩੮. ਗੁਰੁ ਪੂਰਾ ਭੇਟਿਓ ੪੯੬
੩੯. ਸੁਖੀਏ ਕਉ ਪੇਖੈ ਸਭ ੪੯੭
੪੦. ਤਨੁ ਸੰਤਨ ਕਾ ਧਨੁ ੪੯੮
੪੧. ਜਾ ਕੈ ਹਿਰਦੈ ਵਸਿਆ ਤੂ ੪੯੯
੪੨. ਸਗਲ ਸਮਗ੍ਰੀ ਮੋਹਿ ੫੦੦
੪੩. ਖੋਜਤ ਖੋਜਤ ਖੋਜਿ ੫੦੨
੪੪. ਕਰਿ ਇਸਨਾਨੁ ਸਿਮਰਿ ੫੦੩
੪੫. ਏਕੁ ਪਿਤਾ ਏਕਸ ਕੇ ਹਮ ੫੦੪
੪੬. ਕੋਟਿ ਬ੍ਰਹਮੰਡ ਕੋ ੫੦੫
੪੭. ਜਿਨਾ ਬਾਤ ਕੋ ਬਹੁਤੁ ੫੦੭
੪੮. ਚਰਨ ਕਮਲ ਸਿਉ ੫੦੮
੪੯. ਰਾਜਨ ਮਹਿ ਰਾਜਾ ੫੦੯
੫੦. ਹਮ ਮੈਲੇ ਤੁਮ ਊਜਲ ੫੧੦
੫੧. ਮਾਤ ਗਰਭ ਮਹਿ ੫੧੨
੫੨. ਹਮ ਸੰਤਨ ਕੀ ਰੇਨੁ ੫੧੩
੫੩. ਜੇਤੀ ਸਮਗ੍ਰੀ ਦੇਖਹੁ ੫੧੪
੫੪. ਮਿਰਤਕ ਕਉ ਪਾਇਓ ੫੧੫
੫੫. ਰਤਨੁ ਛਾਡਿ ਕਉਡੀ ੫੧੬
੫੬. ਗੁਣ ਗਾਵਹੁ ੫੧੭
੫੭. ਕਰਣ ਕਰਾਵਣਹਾਰ ਪ੍ਰਭ ੫੧੮
੫੮. ਪ੍ਰਭ ਕੀ ਸਰਣਿ ਸਗਲ ੫੧੯
੫੯. ਮਾਇਆ ਮੋਹ ਮਗਨੁ ੫੨੧
੬੦. ਪਾਰਬ੍ਰਹਮ ਹੋਆ ੫੨੨

ਰਾਗੁ ਗੂਜਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੪੮੯

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥
ਰਾਗੁ ਗੂਜਰੀ* ਮਹਲਾ ੧ ਚਉਪਦੇ ਘਰੁ ੧॥

ਉਥਾਨਕਾ:-ਇੱਕ ਪੰਡਿਤ ਠਾਕੁਰ ਪੂਜਨ ਕਰਦਾ ਹੁੰਦਾ ਸੀ, ਉਸ ਨੇ ਇੱਕ ਦਿਨ ਗੁਰੂ ਜੀ ਨੂੰ ਆ ਕੇ ਕਿਹਾ ਆਪ ਭੀ ਠਾਕੁਰ ਪੂਜਨ ਕੀਤਾ ਕਰੋ ਜਿਸ ਕਰਕੇ ਮੁਕਤੀ ਦੀ ਪ੍ਰਾਪਤੀ ਹੋਵੇ, ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ, ਅਸੀਂ ਤਾਂ ਸਭ ਤੋਂ ਵਡੇ ਠਾਕੁਰ ਦਾ ਪੂਜਨ ਕਰਦੇ ਹਾਂ, ਜੇਕਰ ਤੂੰ ਮੁਕਤੀ ਚਾਹੁੰਦਾ ਹੈਂ ਤਾਂ ਤੂੰ ਭੀ ਇਸ ਤਰ੍ਹਾਂ ਉਸ ਦਾ ਪੂਜਨ ਕਰ:-

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥

ਤੇਰਾ=ਤਿਸ ਪ੍ਰਭੂ ਦਾ ਨਾਮ ਚਨਣਾਠੀਆ=ਚੰਦਨ ਦੀ ਲੱਕੜੀ ਦਾ ਟੁਕੜਾ ਕਰ, ਜੇਕਰ ਮਨ ਉਰਸੇ ਵਾਂਗੂੰ ਇਸਥਿਤ ਹੋ ਜਾਵੇ।

---

*ਬੁੱਧ ਪ੍ਰਕਾਸ਼ ਦਰਪਣ ਵਿੱਚ ਗੂਜਰੀ ਦੇ ਅੱਠ ਭੇਦ ਕਹੇ ਹਨ:-

(੧) ਦੱਖਣੀ ਗੂਜਰੀ। (੨) ਦ੍ਰਾਵੜੀ ਗੂਜਰੀ। (੩) ਗੰਧਾਰੀ ਗੂਜਰੀ। (੪) ਸੰਰਾਸਟ੍ਰ ਗੂਜਰੀ। (੫) ਮੰਗਲ ਗੂਜਰੀ। (੬) ਰਾਮਕਲੀ ਗੂਜਰੀ। (੭) ਬਹੁਲਾ ਗੂਜਰੀ। (੮) ਸਿਆਮ ਗੂਜਰੀ। ਅਤੇ ਇਸਤ੍ਰੀ 'ਦੀਪਕ ਰਾਗ' ਦੀ ਲਿਖੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਗਮਾਲਾ ਵਿੱਚ ਭੀ ਪੰਜਵੇਂ ਦੀਪਕ ਰਾਗ ਦੀ ਇਸਤ੍ਰੀ ਲਿਖੀ ਹੈ।

ਯਥਾ:-ਪੁਨਿ ਆਈ ਦੀਪਕ ਕੀ ਬਾਰੀ ॥ ੧॥ ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥ ਕਾਮੋਦੀ ਅਉ ਗੂਜਰੀ ਸੰਗ ਦੀਪਕ ਕੇ ਥਾਪਿ॥ ੧॥

ਚਾਰ ਘੜੀ ਦਿਨ ਚੜ੍ਹੇ ਇਸ ਦੇ ਗਾਇਨ ਕਰਨ ਦਾ ਵੇਲਾ ਹੈ।

ਚਕਲੇ ਦੀ ਸ਼ਕਲ ਵਾਂਗੂੰ ਇੱਕ ਪੱਥਰ ਦਾ ਟੁਕੜਾ ਹੁੰਦਾ ਹੈ, ਜਿਸ ਉੱਤੇ ਚੰਦਨ ਰਗੜੀਦਾ ਹੈ, ਉਸ ਨੂੰ "ਉਰਸਾ" ਆਖਦੇ ਹਨ, ਭਾਵ ਸਥਿਰਤਾ ਤੋਂ ਹੈ।

ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥ ੧ ॥

ਜੇ ਵਿੱਚ ਨਿਸ਼ਕਾਮ ਕਰਮਾਂ ਦੀ ਕਰਣੀ ਰੂਪ ਕੁੰਗੂ=ਕੇਸਰ ਭੀ ਰਲੇ=ਮਿਲ ਜਾਵੇ, ਤਾਂ ਘਟ-ਅੰਤਰਿ=ਅੰਤ੍ਰੀਵ ਪੂਜਾ ਹੁੰਦੀ ਹੈ।

ਅਥਵਾ:-ਘਟ ਦੇ ਅੰਦਰ ਜੋ ਪਰਮਾਤਮਾ ਹੈ, ਉਸ ਦੀ ਪੂਜਾ ਹੁੰਦੀ ਹੈ॥ ੧ ॥

ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥ ੧ ॥ ਰਹਾਉ ॥

ਇਸ ਤਰ੍ਹਾਂ ਦੀ ਪੂਜਾ ਕਰਕੇ ਨਾਮ ਨੂੰ ਧਿਆਉਣਾ ਕਰ, ਕਿਉਂਕਿ ਨਾਮ ਜਪੇ ਬਿਨਾਂ ਪੂਜਾ ਕੀਤੀ ਸਫਲ ਨਹੀਂ ਹੁੰਦੀ। ਅਥਵਾ:-ਨਾਮ ਦੇ ਧਿਆਵਣੇ ਰੂਪੀ ਪੂਜਾ ਕਰ, ਨਾਮ ਤੋਂ ਬਿਨਾਂ ਇਹ ਜੀਵ ਪੂਜਨੀਕ ਨਹੀਂ ਹੁੰਦਾ॥ ੧ ॥ ਰਹਾਉ ॥

ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥

ਬਾਹਰਲਿਆਂ ਦੇਵਤਿਆਂ ਨੂੰ ਚਾਹੇ ਕਿਤਨਾ ਹੀ ਇਸ਼ਨਾਨ ਕਰਾ ਲਵੇ।

ਅਥਵਾ:-ਬਾਹਰੋਂ ਦੇਵ=ਦੇਹ ਭਾਵ ਸਰੀਰ ਨੂੰ ਚਾਹੇ ਕਿਤਨਾ ਹੀ ਪਖਾਲੀਅਹਿ=ਧੋ ਲਵੇ ਕੋਈ ਫਲ ਨਹੀਂ ਮਿਲਦਾ, ਜੇ ਕੋਈ ਨਾਮ ਜਪਕੇ ਮਨ ਨੂੰ ਧੋਣਾ ਕਰੇ ਤਾਂ ਹੀ ਪਾਪਾਂ ਦੀ ਨਿਵਿਰਤੀ ਹੁੰਦੀ ਹੈ।

ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥ ੨ ॥

ਜੀਉ=ਅੰਤਹਕਰਣ ਦੇ ਮਾਂਜਣੇ ਕਰਕੇ ਹੀ ਜੂਠਿ ਲਹੈ=ਅਪਵਿੱਤ੍ਰਤਾ ਦੂਰ ਹੁੰਦੀ ਹੈ, ਅਤੇ ਮੁਕਤੀ ਦੇ ਰਾਹ ਵਿੱਚ ਪਇਆਣਾ=ਚਲਣਾ ਹੁੰਦਾ ਹੈ, ਅਰਥਾਤ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ॥ ੨ ॥

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥

ਪਸ਼ੂਆਂ ਨੂੰ ਚੰਗਿਆਈਆ=ਭਲਿਆਈਆਂ ਭਾਵ ਵਡਿਆਈਆਂ ਮਿਲਦੀਆਂ ਹਨ, ਜੋ ਖੜੁ=ਘਾਹ ਖਾ ਕੇ ਅੰਮ੍ਰਿਤ=ਦੁੱਧ ਦੇਂਦੇ ਹਨ।

ਅਥਵਾ:-ਪਸੂ ਮਿਲ ਜਾਵੇ ਤਾਂ ਉਹ ਚੰਗਾ ਹੈ ਜੋ ਖੜੁ=ਖਲ ਨੂੰ ਅੰਮ੍ਰਿਤੁ=ਦੁੱਧ ਦੇਂਦਾ ਹੈ।

ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥ ੩ ॥

ਜੋ ਆਦਮੀ ਨਾਮ ਸਿਮਰਨ ਤੋਂ ਬਿਨਾਂ ਹਨ, ਤੇ ਸ਼ਕਾਮ ਕਰਮਾਂ ਨੂੰ ਕਰਦੇ ਹਨ,

ਅਥਵਾ:-ਕੁ-ਕਰਮਾਂ ਨੂੰ ਕਰਦੇ ਹਨ ਉਹਨਾਂ ਦੇ ਜੀਵਣ ਨੂੰ ਧ੍ਰਿਕਾਰ ਹੈ॥ ੩ ॥

ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥

ਉਹ ਪ੍ਰਭੂ ਨੇੜੇ ਹੈ, ਉਸ ਨੂੰ ਦੂਰ ਨਾ ਜਾਨਣਾ ਕਰ, ਉਹ ਨਿਤਾਪ੍ਰਤੀ ਸਾਰਿਆਂ ਦੀ ਸੰਭਾਲ ਕਰਦਾ ਹੈ।

ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥ ੪ ॥ ੧ ॥

ਜੋ ਕੁਝ ਪਰਮੇਸ਼ਰ ਦੇਂਦਾ ਹੈ, ਜੀਵ ਓਹੀ ਕੁਝ ਖਾਣਾ ਕਰਦੇ ਹਨ, ਗੁਰੂ ਜੀ ਕਥਨ ਕਰਦੇ ਹਨ, ਅਸਾਡਾ ਮਾਲਕ ਉਹ ਪ੍ਰਭੂ ਸੱਚਾ ਹੈ॥ ੪ ॥ ੧ ॥

ਗੂਜਰੀ ਮਹਲਾ ੧ ॥

ਉਥਾਨਕਾ:-ਕਿਸੀ ਨੇ ਆ ਕੇ ਕਿਹਾ ਉਸ ਵਾਹਿਗੁਰੂ ਦਾ ਅੰਤ ਕਿਸੇ ਨੇ ਪਾਇਆ ਹੈ ਕਿ ਨਹੀਂ? ਗੁਰ ਉੱਤਰ:-

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥

ਵਿਸ਼ਨੂੰ ਦੀ ਨਾਭੀ ਕਮਲ ਤੋਂ ਬ੍ਰਹਮਾਂ ਪੈਦਾ ਹੋਇਆ ਹੈ, ਜੋ ਕੰਠਿ ਮੁਖਿ = ਦੁਆਰਾ ਸਵਾਰ ਸਵਾਰ ਕੇ ਵੇਦਾਂ ਨੂੰ ਪੜ੍ਹਦਾ ਹੈ।

ਅਥਵਾ:-ਵੇਦਾਂ ਮੁਖਿ=ਦੁਆਰੇ ਕੰਠ ਤੋਂ ਸਵਾਰ ਸਵਾਰ ਕੇ ਨਾਮਾਂ ਨੂੰ ਪੜ੍ਹਦਾ ਹੈ।

ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥ ੧ ॥

ਤਿਸ ਕਵਲ ਦੀ ਨਾਲੀ ਦਾ ਅੰਤ ਬ੍ਰਹਮਾਂ ਤੋਂ ਜਾਣਿਆਂ ਨਹੀਂ ਗਿਆ, ਕਈ ਜੁੱਗਾਂ ਤੱਕ ਉਸ ਨਾਲੀ ਦੇ ਗੁਬਾਰਿ=ਹਨ੍ਹੇਰੇ ਵਿੱਚ ਹੀ ਹੇਠਾਂ ਉਤਾਂਹ ਆਉਂਦਾ ਜਾਂਦਾ ਰਿਹਾ। ਤੇ ਪਰਮੇਸ਼ਰ ਦੇ ਅੰਤ ਨੂੰ ਕੋਈ ਕਿਵੇਂ ਪਾ ਸਕਦਾ ਹੈ? ॥ ੧ ॥

ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥

ਜੋ ਮੇਰੇ ਪ੍ਰਾਣਾਂ ਦਾ ਅਧਾਰ=ਆਸਰਾ ਹੈ, ਉਹ ਪ੍ਰੀਤਮ ਮੈਨੂੰ ਕਿਵੇਂ ਭੁੱਲ ਸਕਦਾ ਹੈ।

ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧ ॥ਰਹਾਉ ॥

ਜਿਸ ਪਰਮੇਸ਼ਰ ਦੀ ਭਗਤੀ ਪੂਰੇ ਪੁਰਸ਼ ਕਰਦੇ ਹਨ, ਅਤੇ ਮੁਨੀ-ਜਨ ਭੀ ਗੁਰ ਸ਼ਬਦ ਦੀ ਵੀਚਾਰ ਕਰਕੇ ਜਿਸ ਦੀ ਸੇਵਾ ਕਰਦੇ ਹਨ॥ ੧ ॥ ਰਹਾਉ ॥

ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥

ਤਿੰਨਾਂ ਭਵਨਾਂ ਵਿੱਚ ਜਿਸ ਪਰਮੇਸ਼ਰ ਦੇ ਬਣਾਏ ਹੋਏ ਦੋ ਸੂਰਜ ਚੰਦ੍ਰਮਾ ਦੀਪਕ ਪ੍ਰਕਾਸ਼ ਕਰ ਰਹੇ ਹਨ, ਇਨ੍ਹਾਂ ਦੀਵਿਆਂ ਵਿੱਚ, ਅਥਵਾ:-ਸਾਰਿਆਂ ਵਿੱਚ ਇਕ ਮੁਰਾਰੀ ਦੀ ਜੋਤ ਪ੍ਰਕਾਸ਼ ਰਹੀ ਹੈ।

ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥ ੨ ॥

ਜੋ ਤਾਂ ਗੁਰਮੁਖ ਹੁੰਦੇ ਹਨ ਉਹ ਤਾਂ ਦਿਨ ਰਾਤ ਨਿਰਮਲ ਸਰੂਪ ਨੂੰ ਵੇਖਦੇ ਰਹਿੰਦੇ ਹਨ, ਤੇ ਮਨਮੁਖਾਂ ਦੀ ਸਾਰੀ ਅਵਸਥਾ ਰੂਪੀ ਰਾਤ ਅਗਿਆਨ ਰੂਪ ਅਨ੍ਹੇਰੇ ਵਿੱਚ ਬੀਤ ਜਾਂਦੀ ਹੈ॥ ੨ ॥

ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥

ਸਮਾਧੀਆਂ ਲਗਾਉਣ ਵਾਲੇ ਜੋ ਸਿੱਧ ਹਨ ਉਹ "ਆਪੋ ਆਪਣੇ ਮਤਾਂ ਦੀ ਖਿੱਚ ਕਰਦੇ ਹੋਏ" ਨਿਤਾਪ੍ਰਤੀ ਝਗੜਾ ਕਰਦੇ ਹਨ, ਉਹ ਆਪਣੇ ਦੋ ਨੇਤ੍ਰਾਂ ਨਾਲ ਕੀ ਵੇਖਦੇ ਹਨ ਭਾਵ ਦੁਹੁ=ਦਵੈਤ ਨੂੰ ਹੀ ਵੇਖਦੇ ਹਨ। ਅਥਵਾ:-ਉਹ ਆਪਣੇ ਦੋ ਨੇਤ੍ਰਾਂ ਨਾਲ ਕੀ ਪਰਮੇਸ਼ਰ ਨੂੰ ਵੇਖ ਸਕਦੇ ਹਨ ਅਰਥਾਤ ਨਹੀਂ ਵੇਖ ਸਕਦੇ।

ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ॥ ੩॥

ਸਤਿਗੁਰਾਂ ਦੇ ਸਬਦੁ ਧੁਨਿ=ਉਪਦੇਸ਼ ਨੂੰ ਉਚਾਰਨ ਨਾਲ ਅੰਤਹਕਰਨ ਵਿੱਚ ਜੋਤਿ=ਜੋਤੀ ਪ੍ਰਮਾਤਮਾ ਦੇ ਜਾਗੈ=ਪ੍ਰਗਟ ਹੋਣ ਕਰਕੇ ਗੁਰੂ ਸਾਹਿਬ ਜੀ ਜਨਮ ਮਰਨ ਦੇ ਝਗੜੇ ਨੂੰ ਨਿਬੇੜ ਦੇਂਦੇ ਹਨ॥ ੩॥

ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ॥

ਅਜੋਨੀ=ਜੂਨੀਆਂ ਤੋਂ ਰਹਿਤ ਬਿਅੰਤ ਪਰਮਾਤਮਾ, ਦੇਵਤਿਆਂ, ਮਨੁੱਖਾਂ ਦਾ ਨਾਥ=ਸੁਆਮੀ ਹੈ। ਪੁਨਾ-ਉਹ "ਸੱਚਾ ਮਹਲੀ" ਅਪਾਰ ਗੁਣਾਂ ਵਾਲਾ ਹੈ,

ਅਥਵਾ-ਉਹ ਸੱਚਾ ਪ੍ਰਭੂ ਮਹਲਿ ਅਪਾਰਾ=ਬੇਅੰਤ ਸਰੂਪ ਹੈ।

ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ, ਉਹ ਜਗਜੀਵਨ ਪਰਮਾਤਮਾ ਸਹਜਿ=ਗਿਆਨ ਕਰਕੇ ਮਿਲਦਾ ਹੈ, ਜੇ ਤੁਸੀਂ ਇਸ ਗੱਲ ਵੱਲ ਨਦਰਿ ਕਰਹੁ=ਧਿਆਨ ਦਿਓਗੇ ਤਾਂ ਤੁਹਾਡਾ ਤਰਨਾ ਹੋਵੇਗਾ।

ਅਥਵਾ:-ਉਹ ਜਗਜੀਵਨ ਜਿਨ੍ਹਾਂ ਉੱਤੇ ਆਪਣੀ ਨਦਰਿ ਕਰਹੁ=ਕਿਰਪਾ ਦ੍ਰਿਸ਼ਟੀ ਕਰਦਾ ਹੈ ਉਹਨਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਦਾ ਹੈ॥ ੪॥ ੨॥

(ਪੰਨਾ ੪੯੦)

ਰਾਗੁ ਗੂਜਰੀ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ॥

ਮਨ ਪ੍ਰਤੀ ਉਪਦੇਸ਼ ਕਰਦੇ ਹਨ-ਅਜੇਹੇ ਜੀਵਣ ਨੂੰ ਧ੍ਰਿਕਾਰ ਹੈ, ਜਿਸ ਵਿੱਚ ਹਰੀ ਦੀ ਪ੍ਰੀਤੀ ਨੂੰ ਪਾਂਵਦਾ ਨਹੀਂ ਹੈ।

ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ॥ ੧॥

ਜਿਨ੍ਹਾਂ ਕੰਮਾਂ ਵਿੱਚ ਹਰੀ ਭੁੱਲ ਜਾਵੇ, ਅਤੇ ਦ੍ਵੈਤ ਭਾਵ ਵਿੱਚ ਮਨ ਜਾ ਲੱਗੇ, ਉਹਨਾਂ ਕੰਮਾਂ ਨੂੰ ਭੀ ਧ੍ਰਿਕਾਰ ਹੈ॥ ੧॥

ਐਸਾ ਸਤਿਗੁਰੁ ਸੇਵੀਐ ਮਨਾ ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ ਅਵਰ ਵਿਸਰਿ ਸਭ ਜਾਇ॥

ਹੇ ਮਨ ! ਅਜੇਹੇ ਸਤਿਗੁਰਾਂ ਦੀ ਸੇਵਾ ਕਰ, ਜਿਸ ਦੀ ਸੇਵਾ ਕਰਨ ਨਾਲ ਪ੍ਰਭੂ ਦੀ ਪ੍ਰੀਤੀ ਪੈਦਾ ਹੋਵੇ ਅਤੇ ਅਵਰ=ਹੋਰ ਸਭ ਕੁਝ ਵਿਸਰਿ=ਭੁੱਲ ਜਾਵੇ।

ਹਰਿ ਸੇਤੀ ਚਿਤੁ ਗਹਿ ਰਹੈ ਜਰਾ ਕਾ ਭਉ ਨ ਹੋਵਈ
ਜੀਵਨ ਪਦਵੀ ਪਾਇ ॥ ੧ ॥ ਰਹਾਉ ॥

ਹਰੀ ਦੇ ਨਾਲ ਚਿੱਤ ਗਹਿ ਰਹੈ=ਜੁੜ ਰਹੇ, ਤਾਂ ਜਰਾ=ਬੁਢੇਪੇ ਦਾ ਡਰ ਨਹੀਂ ਹੁੰਦਾ, ਅਤੇ ਜੀਵਨ ਰੂਪ ਪਦਵੀ ਨੂੰ ਅਰਥਾਤ ਮੁਕਤੀ ਨੂੰ ਪਾ ਲੈਂਦਾ ਹੈ॥ ੧ ॥ ਰਹਾਉ ॥

ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ ਵੇਖੁ ਜੈਸੀ ਭਗਤਿ ਬਨੀ ॥

ਗੋਬਿੰਦ ਦੀ ਪ੍ਰੀਤੀ ਨਾਲ ਇਕੁ=ਏਕਤਾ ਦਾ, ਅਥਵਾ:-ਇੱਕ ਪ੍ਰਭੂ ਦਾ ਸਹਜੁ=ਗਿਆਨ ਉਪਜਿਆ, ਵੇਖਣਾ ਕਰ ! ਜੈਸੀ ਭਗਤੀ ਦੀ ਸੋਭਾ ਬਣੀ ਹੈ ਕਿਉਂਕਿ ਗਿਆਨ ਕਰਕੇ ਭਗਤੀ ਦੀ ਅਧਿਕ ਸੋਭਾ ਹੁੰਦੀ ਹੈ। ਅਥਵਾ:-ਵੇਖ ! ਜੈਸੀ ਭਗਤੀ ਕੀਤੀ ਸੀ ਤੈਸੀ ਹੀ ਸੋਭਾ ਬਣੀ ਹੈ।

ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਈ ॥੨ ॥

ਆਪਣੇ ਸਰੂਪ ਦੇ ਵਿਚਾਰ ਨਾਲ ਆਪਾ ਭਾਵ ਹੰਕਾਰ ਨੂੰ ਖਾਇਆ=ਨਾਸ ਕੀਤਾ ਤਾਂ ਮਨ ਸ਼ੁੱਧ ਹੋ ਗਿਆ, ਅਤੇ ਜੋਤੀ=ਪਰਮਾਤਮਾ ਵਿਚ ਜੋਤ ਸਮਾ ਗਈ ॥ ੨ ॥

ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ ॥

ਜੇਕਰ ਸਭ ਕੋਈ ਚਾਹੁਣਾ ਭੀ ਕਰੇ ਤੋਂ ਭੀ ਉੱਤਮ ਭਾਗਾਂ ਤੋਂ ਬਿਨਾਂ ਅਜੇਹੇ ਸਤਿਗੁਰੂ ਪ੍ਰਾਪਤ ਨਹੀਂ ਹੁੰਦੇ।

ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ ॥ ੩ ॥

ਜਾਂ ਗੁਰਾਂ ਦੀ ਕਿਰਪਾ ਨਾਲ ਝੂਠ ਦੀ ਪਾਲਿ=ਵੱਟ=ਕੰਧ ਭਾਵ ਅਗਿਆਨ ਅੰਤਹਕਰਨ ਵਿਚੋਂ ਨਿਕਲ ਜਾਵੇ ਤਾਂ ਸਦਾ=ਨਿੱਤ ਸੁਖ ਭਾਵ ਆਤਮ ਸੁਖ ਪ੍ਰਾਪਤ ਹੁੰਦਾ ਹੈ॥ ੩ ॥

ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ
ਗੁਰ ਆਗੈ ਜੀਉ ਧਰੇਇ ॥

ਗੁਰੂ ਜੀ ਕਥਨ ਕਰਦੇ ਹਨ-ਅਜੇਹੇ ਸਤਿਗੁਰਾਂ ਦੀ ਉਹ ਸੇਵਕ ਕੀ ਸੇਵਾ ਕਰੇ?

ਉੱਤਰ-ਪਹਿਲੇ ਤਾਂ ਗਰਾਂ ਅੱਗੇ ਆਪਣਾ ਜੀਅ ਰੱਖ ਦੇਵੇ। ਫਿਰ-

ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪ ॥੧ ॥੩ ॥

ਸਤਿਗੁਰਾਂ ਦਾ ਭਾਣਾ=ਹੁਕਮ ਚਿੱਤ ਵਿਚ ਧਾਰਨ ਕਰੇ ਭਾਵ ਗੁਰਾਂ ਦੀ ਆਗਿਆ ਮੰਨੇ, ਤਾਂ ਸਤਿਗੁਰੂ ਆਪ ਹੀ ਉਸ ਉੱਤੇ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ॥ ੪ ॥ ੧ ॥ ੩ ॥

ਗੂਜਰੀ ਮਹਲਾ ੩ ॥ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥

ਹੇ ਜੀਵੋ ! ਤੁਸੀਂ ਹਰੀ ਦੀ ਹੀ ਸੇਵਾ ਕਰੋ, ਦੂਜੀ ਹੋਰ ਕੋਈ ਦੇਵੀ ਦੇਵਤਿਆਂ ਭੂਤਾਂ ਪ੍ਰੇਤਾਂ ਦੀ ਸੇਵਾ ਨਾ ਕਰੋ। ਕਿਉਂਕਿ-

ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ॥ ੧ ॥

ਹਰੀ ਦੀ ਸੇਵਾ ਕਰਨ ਨਾਲ ਮਨਹੁ ਚਿੰਦਿਆ=ਮਨ ਇੱਛਤ ਫਲ ਪਾਈਦਾ ਹੈ, ਅਤੇ ਦੂਜਿਆਂ ਦੀ ਸੇਵਾ ਕਰਨ ਨਾਲ ਮਨੁੱਖਾ ਜਨਮ ਬਿਅਰਥ ਜਾਂਦਾ ਹੈ॥ ੧ ॥

ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ॥

ਹਰੀ ਨਾਲ ਮੇਰੀ ਪ੍ਰੀਤੀ ਹੈ ਹਰੀ ਨਾਮ ਹੀ ਮੇਰੀ ਰੀਤਿ=ਮਰਯਾਦਾ ਹੈ, ਹਰੀ ਦਾ ਨਾਮ ਸਿਮਰਨ ਹੀ ਮੇਰੀ ਕਥਾ* ਤੇ ਕਹਾਣੀ* ਹੈ। ਅਥਵਾ:-ਹਰੀ ਨਾਮ ਹੀ ਕਥਾ=ਕਥਨ ਕਰਨੇ ਜੋਗ ਮੇਰੀ ਕਹਾਣੀ ਹੈ।

ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ॥ ੧ ॥ ਰਹਾਉ॥

ਗੁਰਾਂ ਦੀ ਪ੍ਰਸਾਦਿ=ਕਿਰਪਾ ਨਾਲ ਮੇਰਾ ਮਨ ਪ੍ਰੇਮ ਵਿੱਚ ਭਿੱਜ ਗਿਆ ਹੈ, ਮੇਰੀ ਤਰਫੋਂ ਏਹੋ ਸੇਵਾ ਬਣੀ ਹੈ॥ ੧ ॥ ਰਹਾਉ॥

ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ॥

ਹਰੀ ਨਾਮ ਹੀ ਮੇਰਾ ਸਿਮ੍ਰਤੀਆਂ ਰੂਪ ਹੈ, ਹਰੀ ਨਾਮ ਹੀ ਮੇਰਾ ਸ਼ਾਸਤ੍ਰ ਹੈ, ਹਰੀ ਨਾਮ ਹੀ ਮੇਰਾ ਬੰਧਪੁ=ਸਬੰਧੀ ਹੈ, ਹਰੀ ਨਾਮ ਹੀ ਮੇਰਾ ਭਾਈ=ਭਰਾ ਹੈ।

ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ
ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ॥ ੨ ॥

ਹਰੀ ਨਾਮ ਦੀ ਮੈਨੂੰ ਭੁੱਖ ਲਗਦੀ ਹੈ, ਹਰੀ ਨਾਮ ਕਰ ਕੇ ਹੀ ਮੇਰਾ ਮਨ ਤ੍ਰਿਪਤੈ=ਰੱਜਦਾ ਹੈ, ਹਰੀ ਨਾਮ ਹੀ ਮੇਰਾ ਸਾਕੁ=ਨਾਤਾ ਹੈ, ਜੋ ਅੰਤ ਵੇਲੇ ਸਹਾਈ ਹੋਵੇਗਾ॥ ੨ ॥

ਹਰਿ ਬਿਨੁ ਹੋਰ ਰਾਸਿ ਕੂੜੀ ਹੈ ਚਲਦਿਆ ਨਾਲਿ ਨ ਜਾਈ॥

ਹਰੀ ਨਾਮ ਤੋਂ ਬਿਨਾਂ ਹੋਰ ਸਾਰੀ ਰਾਸਿ=ਮੂੜੀ (ਪੂੰਜੀ) ਝੂਠੀ ਹੈ, ਕਿਉਂਕਿ ਸੰਸਾਰ ਤੋਂ ਤੁਰਨ ਲੱਗਿਆਂ ਨਾਲ ਨਹੀਂ ਜਾਂਦੀ।

ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ ਜਹਾ ਹਉ ਜਾਉ ਤਹ ਜਾਈ॥ ੩ ॥

ਹਰੀ ਨਾਮ ਹੀ ਮੇਰਾ ਅਸਲ ਧਨ ਹੈ, ਜੋ ਪ੍ਰਲੋਕ ਵਿੱਚ ਮੇਰੇ ਨਾਲ ਚੱਲੇਗਾ, ਹੁਣ ਭੀ ਜਿੱਥੇ ਮੈਂ ਜਾਵਾਂਗਾ ਤਿੱਥੇ ਨਾਲ ਜਾਵੇਗਾ॥ ੩ ॥

ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ॥

ਜੋ ਝੂਠੇ ਪ੍ਰਪੰਚ ਵਿੱਚ ਲੱਗਾ ਹੋਇਆ ਹੈ ਉਹ ਪੁਰਸ਼ ਝੂਠਾ ਹੈ, ਅਤੇ ਉਹ ਝੂਠੇ=ਮੰਦ ਕਰਮਾਂ ਨੂੰ ਹੀ ਕਮਾਈ=ਕਮਾਉਂਦਾ ਹੈ।

---

*'ਕਥਾ' ਸ਼ਾਸਤ੍ਰਕ ਹੁੰਦੀ ਹੈ, 'ਕਹਾਣੀ' ਲੌਕਿਕ ਹੁੰਦੀ ਹੈ।

ਕਹੈ ਨਾਨਕੁ ਹਰਿ ਕਾ ਭਾਣਾ ਹੋਆ ਕਹਣਾ ਕਛੂ ਨ ਜਾਈ॥ ੪ ॥ ੨ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਦੇ ਭਾਣੇ ਅਨੁਸਾਰ ਸਭ ਕੁਝ ਹੁੰਦਾ ਹੈ, ਇਸ ਲਈ ਅਸਾਡੇ ਪਾਸ ਕੁਝ ਕਿਹਾ ਨਹੀਂ ਜਾਂਦਾ॥ ੪॥ ੨॥ ੪॥

ਗੂਜਰੀ ਮਹਲਾ ੩ ॥ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ॥

ਇਸ ਕਲਜੁਗ ਵਿੱਚ ਨਾਮ ਪਦਾਰਥ ਦੁਰਲੱਭ ਹੈ ਕਿਉਂਕਿ ਆਪਣੇ ਆਪ ਨਹੀਂ ਪਾਇਆ ਜਾਂਦਾ, ਗੁਰਾਂ ਦੁਆਰੇ ਹੀ ਪਾਇਆ ਜਾਂਦਾ ਹੈ।

ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ॥ ੧ ॥

ਨਾਮ ਸਿਮਰਨ ਤੋਂ ਬਿਨਾਂ ਹੋਰ ਜਪ ਤਪ ਆਦਿਕਾਂ ਦੇ ਕਰਨ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ, ਜਿਸ ਨੂੰ ਸੰਸਾ ਹੈ ਉਹ ਕੋਈ ਵਿਉਪਾਇ=ਨਿਰਣਾ ਕਰ ਕੇ ਵੇਖ ਲਵੇ।

ਅਥਵਾ:-ਵਿ+ਉਪਾਇ=ਦੂਜਾ ਯਤਨ ਕਰ ਕੇ ਵੇਖ ਲਵੋ॥ ੧॥

ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ॥

ਮੈਂ ਆਪਣੇ ਗੁਰਾਂ ਤੋਂ ਮਨ ਕਰ ਕੇ ਬਲਿਹਾਰ ਜਾਂਦਾ ਹਾਂ, ਤਨ ਕਰਕੇ ਭੀ ਸਦਾ ਹੀ ਕੁਰਬਾਨ ਜਾਂਦਾ ਹਾਂ।

ਸਤਿਗੁਰ ਮਿਲਿਐ ਹਰਿ ਮਨਿ ਵਸੈ ਸਹਜੇ ਰਹੈ ਸਮਾਇ॥ ੧ ॥ ਰਹਾਉ॥

ਸਤਿਗੁਰਾਂ ਨਾਲ ਮਿਲਣ ਕਰ ਕੇ ਹਰੀ ਮਨ ਵਿੱਚ ਵਸ ਜਾਂਦਾ ਹੈ, ਅਤੇ ਜੀਵ ਸੁਭਾਵਕ ਹੀ ਹਰੀ ਵਿੱਚ ਅਭੇਦ ਹੋ ਜਾਂਦਾ ਹੈ॥ ੧॥ ਰਹਾਉ॥

ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ॥

ਜਾਂ ਵਾਹਿਗੁਰੂ ਆਪਣਾ ਡਰ ਜੀਵ ਦੇ ਮਨ ਵਿੱਚ ਪਾਵੇ, ਤਾਂ ਹੀ ਮਨ ਵਿੱਚ ਵੈਰਾਗ ਆ ਕੇ ਉਤਪੰਨ ਹੁੰਦਾ ਹੈ।

ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥ ੨ ॥

ਵੈਰਾਗ ਤੋਂ ਹੀ ਹਰੀ ਪਾਈਦਾ ਹੈ, ਅਤੇ ਮਨ ਹਰੀ ਨਾਲ ਸਮਾ ਰਹਿੰਦਾ ਹੈ॥ ੨॥

ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ॥

ਜਿਹੜੇ ਪੁਰਸ਼ ਮਨ ਨੂੰ ਜਿੱਤਦੇ ਹਨ, "ਉਹ ਜੀਵਨ ਮੁਕਤ ਰੂਪ ਹਨ", ਉਹਨਾਂ ਦਾ ਮਨ ਫਿਰ ਧਾਤੁ=ਮਾਇਆ ਵੱਲ ਆ ਕੇ ਨਹੀਂ ਲਗਦਾ।

ਅਥਵਾ:-ਉਹਨਾਂ ਨੂੰ ਮੁੜ ਮਾਇਆ ਦਾ ਮੋਹ ਆ ਕੇ ਨਹੀਂ ਲਗਦਾ।

ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ॥ ੩ ॥

ਦਸਾਂ ਦੁਆਰਿਆਂ ਵਿੱਚ ਪੂਰਨ ਜੋ ਪਰਮੇਸ਼ਰ ਹੈ, ਉਸ ਵਿੱਚ ਰਹਿਣਾ ਕਰੇ, ਤਾਂ ਤਿੰਨਾਂ ਲੋਕਾਂ ਦੀ

ਮਿਥਿਆ ਰੂਪਤਾ ਕਰ ਕੇ ਸੋਝੀ ਪਾਂਵਦਾ ਹੈ।

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥

ਸ੍ਰੀ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਤੋਂ ਭਾਈ ਲਹਿਣਾ ਭੀ ਗੁਰੂ ਹੋ ਗਿਆ ਹੈ, ਵੇਖੋ ! ਉਸ ਗੁਰੂ ਨਾਨਕ ਦੇਵ ਜੀ ਦੀ ਰਜਾਇ=ਆਗਿਆ ਮੰਨਣ ਦੀ ਕੇਡੀ ਕੁ ਸ਼ਕਤੀ ਹੈ ਜਿਸ ਨੇ ਸੇਵਕ ਨੂੰ ਗੁਰੂ ਬਣਾ ਦਿੱਤਾ ਹੈ।

(ਪੰਨਾ ੪੯੧)

ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥ ੪ ॥ ੩ ॥ ੫ ॥

ਇਹ ਜੋ ਆਗਿਆ ਦਾ ਪਾਲਨ ਕਰਨਾ ਹੈ ਏਸੇ ਨੂੰ ਕਰਤਾ ਪੁਰਖ ਨੇ ਆਪਣੇ ਨਾਲ ਮਿਲਣ ਦਾ ਕਾਰਨ ਬਣਾਇਆ ਹੈ, ਕਿਉਂਕਿ ਭਾਣਾ ਮੰਨਣ ਵਾਲਾ ਹੀ ਆਪਣੀ ਜੋਤ ਨੂੰ ਜੋਤੀ=ਪਰਮਾਤਮਾ ਵਿਚ ਸਮਾਇ=ਅਭੇਦ ਕਰਦਾ ਹੈ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਨਾਲ ਸਿੱਖ ਗੁਰੂ ਰੂਪ ਹੋਇਆ ਹੈ, ਇਹ ਉਸ ਪ੍ਰਭੂ ਦੀ ਆਗਿਆ ਵੇਖਣਾ ਕਰੋ। ਇਸ ਤਰ੍ਹਾਂ ਦੇ ਕਾਰਨ ਕਾਰਜ ਕਰਤਾ ਪੁਰਖ ਆਪ ਹੀ ਕਰਦਾ ਹੈ, ਜਿਸ ਉੱਤੇ ਜੋਤੀ ਪ੍ਰਮਾਤਮਾ ਕਿਰਪਾ ਕਰਦਾ ਹੈ ਉਸ ਦੀ ਜੋਤ ਨੂੰ ਆਪਣੇ ਵਿੱਚ ਸਮਾਇ=ਅਭੇਦ ਕਰ ਲੈਂਦਾ ਹੈ॥ ੪ ॥ ੩ ॥ ੫ ॥

ਗੂਜਰੀ ਮਹਲਾ ੩ ॥ ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥

ਜ਼ਬਾਨੀ ਤਾਂ ਸਭ ਕੋਈ ਰਾਮ ਰਾਮ ਕਹਿੰਦਾ ਹੈ, ਇੰਜ ਕਹਿਣ ਨਾਲ ਰਾਮ ਦੀ ਪ੍ਰਾਪਤੀ, ਅਥਵਾ:-ਆਰਾਮ ਦੀ ਪ੍ਰਾਪਤੀ ਨਹੀਂ ਹੁੰਦੀ।

ਯਥਾ :- ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ੧੮੦ ॥ (ਪੰਨਾ ੧੩੭੪)

ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥ ੧ ॥

ਗੁਰਾਂ ਦੀ ਪਰਸਾਦੀ=ਕਿਰਪਾ ਨਾਲ ਰਾਮ ਮਨ ਵਿੱਚ ਵਸ ਜਾਵੇ ਤਾਂ ਕੋਈ ਗਿਆਨ ਫਲ ਨੂੰ ਪਾਂਵਦਾ ਹੈ॥ ੧ ॥

ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥
ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧ ॥ਰਹਾਉ ॥

ਜਿਸ ਪੁਰਸ਼ ਦੀ ਗੋਵਿੰਦ ਅੰਦਰ ਪ੍ਰੀਤੀ ਲੱਗੀ ਹੈ ਉਸ ਨੂੰ ਹਰੀ ਨਾਮ ਕਦੇ ਭੀ ਭੁਲਦਾ ਨਹੀਂ, ਉਹ ਸਦਾ ਹੀ ਮਨ ਤੇ ਚਿੱਤ ਕਰ ਕੇ ਹਰਿ ਹਰਿ ਦਾ ਸਿਮਰਨ ਕਰਦਾ ਹੈ॥ ੧ ॥ ਰਹਾਉ ॥

ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥

ਜਿਨ੍ਹਾਂ ਦੇ ਹਿਰਦੇ ਵਿਚ ਕਪਟੁ=ਵਲ ਛਲ ਵਸਦਾ ਹੈ, ਅਤੇ ਬਾਹਰੋਂ ਆਪਣੇ ਆਪ ਨੂੰ ਸੰਤ ਕਹਾਂਦੇ ਹਨ।

ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥ ੨॥

ਉਹਨਾਂ ਦੇ ਅੰਦਰੋਂ ਪਦਾਰਥਾਂ ਦੀ ਤ੍ਰਿਸ਼ਨਾ ਕਦੇ ਦੂਰ ਨਹੀਂ ਹੁੰਦੀ, ਉਹ ਅੰਤ ਸਮੇਂ ਜਮ-ਲੋਕ ਵਿਚ ਗਏ ਹੋਏ ਪਛਤਾਉਂਦੇ ਹਨ॥ ੨॥

ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥

ਜੇ ਯਤਨ ਕਰਕੇ ਅਨੇਕਾਂ ਤੀਰਥਾਂ ਉੱਪਰ ਇਸ਼ਨਾਨ ਭੀ ਕਰ ਲਵੇ, ਤਾਂ ਉਸ ਦੇ ਅੰਦਰ ਦੀ ਹਉਮੈ ਰੂਪੀ ਮੈਲ ਕਦੇ ਨਹੀਂ ਜਾਂਦੀ।

ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮਰਾਇ ਤਿਸੁ ਦੇਇ ਸਜਾਇ॥ ੩॥

ਜਿਸ ਪੁਰਸ਼ ਦੀ ਦ੍ਵੈਤ ਭਾਵਨਾ ਨਹੀਂ ਜਾਂਦੀ, ਧਰਮਰਾਜਾ ਉਸ ਨੂੰ ਅੰਤ ਸਮੇਂ ਭਾਰੀ ਸਜ਼ਾ ਦੇਂਦਾ ਹੈ॥੩॥

ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ॥

ਜਿਸ ਦੇ ਚੰਗੇ ਕਰਮ ਹੁੰਦੇ ਹਨ, ਅਥਵਾ:-ਪ੍ਰਭੂ ਦੀ ਕਿਰਪਾ ਹੁੰਦੀ ਹੈ. ਓਹੀ ਪੁਰਸ਼ ਗੁਰਾਂ ਨੂੰ ਪਾਉਂਦਾ ਹੈ. ਫਿਰ ਕੋਈ ਵਿਰਲਾ ਹੀ ਗੁਰਾਂ ਦੁਆਰੇ ਪਰਮੇਸ਼ਰ ਨੂੰ ਬੁੱਝਦਾ ਹੈ।

ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥ ੪॥ ੪॥ ੬॥

ਗੁਰੂ ਜੀ ਕਥਨ ਕਰਦੇ ਹਨ, ਜਾਂ ਹਿਰਦੇ ਵਿਚੋਂ ਹੰਗਤਾ ਮਮਤਾ ਨੂੰ ਮਾਰੇ ਤਾਂ ਉਹ ਹਰੀ ਜ਼ਰੂਰ ਭੇਟੈ=ਮਿਲਦਾ ਹੈ॥ ੪॥ ੪॥ ੬॥

ਗੂਜਰੀ ਮਹਲਾ ੩॥

ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ ਜਿਸ ਕਾ ਅਭਿਮਾਨੁ ਗਵਾਏ॥

ਉਹ ਪ੍ਰਭੂ ਜਿਸ ਦਾ ਅਭਿਮਾਨੁ=ਹੰਕਾਰ ਦੂਰ ਕਰਦਾ ਹੈ, ਉਸ ਪੁਰਸ਼ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਉਸ ਦੀ ਬੁੱਧੀ ਸਦਾ ਸਥਿਰ ਹੁੰਦੀ ਹੈ।

ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ ਹਰਿ ਚਰਣੀ ਚਿਤੁ ਲਾਏ॥ ੧॥

ਜਿਹੜਾ ਪੁਰਸ਼ ਗੁਰਾਂ ਦੁਆਰੇ ਨਾਮ ਨੂੰ ਬੁੱਝਦਾ ਹੈ ਉਹ ਪੁਰਸ਼ ਪਵਿੱਤਰ ਹੈ, ਅਤੇ ਉਹ ਹਰੀ ਦੇ ਚਰਨਾਂ ਵਿੱਚ ਚਿੱਤ ਨੂੰ ਲਗਾਂਦਾ ਹੈ॥ ੧॥

ਹਰਿ ਚੇਤਿ ਅਚੇਤ ਮਨਾ ਜੋ ਇਛਹਿ ਸੋ ਫਲੁ ਹੋਈ॥

ਹੇ ਅਚੇਤ (ਬੇ-ਸਮਝ) ਮਨ ! ਤੂੰ ਹਰੀ ਨੂੰ ਚੇਤਨਾ ਕਰ, ਜੋ ਇੱਛਾ ਕਰੇਂਗਾ, ਓਹੀ ਫਲ ਪਾ ਲਵੇਂਗਾ।

ਗੁਰਪਰਸਾਦੀ ਹਰਿ ਰਸੁ ਪਾਵਹਿ ਪੀਵਤ ਰਹਹਿ ਸਦਾ ਸੁਖੁ ਹੋਈ ॥੧ ॥ਰਹਾਉ ॥

ਗੁਰਾਂ ਦੀ ਕਿਰਪਾ ਨਾਲ ਤੂੰ ਹਰੀ ਨਾਮ ਰਸ ਨੂੰ ਪਾਵੇਂਗਾ, ਜੇ ਤੂੰ ਹਮੇਸ਼ਾਂ ਪੀਂਦਾ ਰਹੇਂਗਾ ਤਾਂ ਤੈਨੂੰ ਨਿੱਤ ਸੁਖ ਦੀ ਪ੍ਰਾਪਤੀ ਹੋਵੇਗੀ॥ ੧॥ ਰਹਾਉ॥

ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥

ਪਾਰਸ ਰੂਪੀ ਸਤਿਗੁਰਾਂ ਨੂੰ ਮਿਲੇ ਤਾਂ ਇਹ ਜਗਿਆਸੂ ਪਾਰਸ ਰੂਪ ਭਾਵ ਗੁਰੂ ਰੂਪ ਹੁੰਦਾ ਹੈ, ਪਾਰਸ ਰੂਪ ਹੋ ਜਾਵੇ ਤਾਂ ਉਹ ਆਪਣੀ ਪੂਜਾ ਕਰਾਉਂਦਾ ਹੈ।

ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ ॥ ੨ ॥

ਜੋ ਉਸ ਨੂੰ ਪੂਜਦਾ ਹੈ ਉਹ ਮਨ ਇੱਛਤ ਫਲ ਨੂੰ ਪਾਉਂਦਾ ਹੈ।

ਪੁਨਾ-ਉਹ ਹੋਰਨਾਂ ਨੂੰ ਸਿੱਖਿਆ ਦੇ ਕੇ ਸੱਚਾ ਮਾਰਗ ਬੁਝਾਂਵਦਾ (ਸਮਝਾਉਂਦਾ) ਹੈ॥ ੨ ॥

ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥

ਗੁਰੂ ਰੂਪ ਪਾਰਸ ਦੇ ਛੋਹੇ ਤੋਂ ਬਿਨਾਂ ਪੂਜਨੀਕ ਨਹੀਂ ਹੁੰਦਾ, ਜਿਹੜਾ ਜੀਵ ਆਪਣੇ ਮਨ ਦੇ ਪਰਚੇ ਤੋਂ ਬਿਨਾਂ ਅਰਥਾਤ ਪਰਮੇਸ਼ਰ ਵਿੱਚ ਜੁੜੇ ਤੋਂ ਬਿਨਾਂ ਹੋਰਨਾਂ ਨੂੰ ਸਮਝਾਉਂਦਾ ਹੈ।

ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥ ੩ ॥

ਉਹ ਅੰਨ੍ਹਾਂ ਅਗਿਆਨੀ ਆਪਣੇ ਆਪ ਨੂੰ ਗੁਰੂ ਸਦਾਉਂਦਾ ਹੈ, ਤਾਂ ਉਹ ਹੋਰ ਕਿਸੇ ਨੂੰ ਸਿੱਧੇ ਰਾਹ ਉੱਤੇ ਕਿਵੇਂ ਪਾ ਸਕਦਾ ਹੈ॥ ੩ ॥

ਨਾਨਕ ਵਿਣੁ ਨਦਰੀ ਕਿਛੁ ਨ ਪਾਈਐ ਜਿਸੁ ਨਦਰਿ ਕਰੇ ਸੋ ਪਾਏ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਕੁਝ ਵੀ ਪਾਈਦਾ ਨਹੀਂ, ਜਿਸ ਉੱਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਸਭ ਕੁਝ ਪਾ ਲੈਂਦਾ ਹੈ।

ਗੁਰ ਪਰਸਾਦੀ ਦੇ ਵਡਿਆਈ ਆਪਣਾ ਸਬਦੁ ਵਰਤਾਏ ॥ ੪ ॥ ੫ ॥ ੭ ॥

ਗੁਰ ਕਿਰਪਾ ਵਾਲਿਆਂ ਨੂੰ ਆਪਣਾ ਸਬਦੁ=ਹੁਕਮ ਵਰਤਾ ਕੇ ਉਹ ਪਰਮੇਸ਼ਰ ਵਡਿਆਈ ਦੇਂਦਾ ਹੈ॥ ੪ ॥ ੫ ॥ ੭ ॥

ਉਥਾਨਕਾ:-ਕਿਸੀ ਨੇ ਕਿਹਾ, ਕਾਂਸ਼ੀ ਵਿੱਚ ਰਹਿਣ ਕਰ ਕੇ ਸ਼ੁਭ ਮਤੀ ਉਤਪੰਨ ਹੁੰਦੀ ਹੋਵੇਗੀ ਤੇ ਖੋਟੀ ਮਤੀ ਦੂਰ ਹੋ ਜਾਂਦੀ ਹੋਵੇਗੀ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਗੂਜਰੀ ਮਹਲਾ ੩ ਪੰਚਪਦੇ ॥ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥

ਕਾਂਸ਼ੀ ਵਿੱਚ ਰਹਿਣ ਕਰ ਕੇ ਨਾ ਸ਼ੁਧ ਮਤੀ ਉਤਪੰਨ ਹੁੰਦੀ ਹੈ, ਨਾ ਹੀ ਕਾਂਸ਼ੀ ਵਿੱਚ ਰਹਿਣ ਕਰ ਕੇ ਖੋਟੀ ਮਤੀ ਜਾਂਦੀ ਹੈ। ਅਥਵਾ:-ਆਪਣੇ ਆਪ ਨਾ ਕਿਸੀ ਦੀ ਸ਼ੁਭ ਮਤੀ ਉਤਪੰਨ ਹੁੰਦੀ ਹੈ, ਨਾ ਹੀ ਆਪਣੇ ਆਪ ਕਿਸੇ ਦੀ ਖੋਟੀ ਮਤੀ ਜਾਂਦੀ ਹੈ।

ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ॥ ੧॥

ਸਤਿਗੁਰਾਂ ਨਾਲ ਮਿਲਣ ਕਰ ਕੇ ਹੀ ਸ਼ੁਭ ਮਤੀ ਉਤਪੰਨ ਹੁੰਦੀ ਹੈ, ਤੇ ਖੋਟੀ ਮਤੀ ਜਾਂਦੀ ਹੈ, ਗੁਰੂ ਕਿਰਪਾ ਕਰਨ ਤਾਂ ਹੀ ਇਹ ਜੀਵ ਸੋਝੀ=ਗਿਆਤ ਭਾਵ ਗਿਆਨ ਨੂੰ ਪਾਂਵਦਾ ਹੈ॥ ੧॥

ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ॥

ਹੇ ਮਨ ! ਤੂੰ ਹਰੀ ਦੀ ਕਥਾ ਸੁਣਨਾ ਕਰ, ਅਤੇ ਗੁਰ ਉਪਦੇਸ਼ ਨੂੰ ਮਨ ਵਿੱਚ ਵਸਾਉਣਾ ਕਰ।

ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ॥ ੧॥ ਰਹਾਉ॥

ਜਾਂ ਇਹ ਤੇਰੀ ਮਤਿ=ਬੁੱਧੀ ਸੰਸਾਰ ਵੱਲੋਂ ਇਸਥਿਤ ਹੋ ਰਵ੍ਹੇ ਤਾਂ ਤੇਰੇ ਹਿਰਦੇ ਵਿੱਚੋਂ ਭਰਮ ਚਲਿਆ ਜਾਏਗਾ॥ ੧॥ ਰਹਾਉ॥

ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ॥

ਹਰੀ ਦੇ ਚਰਨਾਂ ਦਾ ਧਿਆਨ ਤੂੰ ਹਿਰਦੇ ਵਿੱਚ ਵਸਾਉਣਾ ਕਰ, ਤਾਂ ਤੇਰੇ ਸਾਰੇ ਜਨਮਾਂ ਦੇ ਕਿਲਵਿਖ=ਪਾਪ ਨਾਸ ਹੋ ਜਾਣਗੇ।

ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ॥ ੨॥

ਪੰਚ ਭੂ=ਪੰਜਾਂ ਤੱਤਾਂ ਦੀ ਸਤੋਗੁਣ ਅੰਸ ਤੋਂ ਪੈਦਾ ਹੋਇਆ ਹੋਇਆ ਜੋ ਆਤਮਾ=ਮਨ ਹੈ ਉਸ ਨੂੰ ਵਸੀਕਾਰ ਕਰੇਂ, ਤਾਂ ਆਤਮਾ ਰੂਪੀ ਤੀਰਥ ਉੱਪਰ ਨਿਵਾਸ ਕਰੇਂਗਾ॥ ੨॥

ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ॥

ਮਨਮੁਖਾਂ ਦਾ ਇਹ ਮਨ ਮੁਗਧੁ=ਮੂਰਖ ਭਾਵ ਜੜ੍ਹ ਹੋ ਰਿਹਾ ਹੈ, ਇਸ ਕਰਕੇ ਪ੍ਰਭੂ ਦੀ ਕੁਝ ਸੋਝੀ=ਗਿਆਤ ਨਹੀਂ ਪੈਂਦੀ।

ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ॥ ੩॥

ਹਰੀ ਨਾਮ ਦਾ ਸਿਮਰਨ ਕਰਨਾ ਨਹੀਂ ਬੁੱਝਦਾ ਇਸ ਕਰਕੇ ਅੰਤ ਸਮੇਂ ਪਛਤਾਉਂਦਾ ਹੀ ਗਿਆ ਹੈ॥ ੩॥

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ॥

ਸਤਿਗੁਰਾਂ ਨੇ ਇਹ ਭੇਦ ਸਮਝਾ ਦਿੱਤਾ ਹੈ, ਕਿ ਇਹ ਮਨ ਹੀ ਕਾਂਸ਼ੀ ਆਦਿਕ ਸਾਰੇ ਤੀਰਥ ਅਤੇ ਸਿੰਮ੍ਰਤੀਆਂ ਰੂਪ ਹੈ।

ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ॥੪॥

ਅਠਾਨ ਤੀਰਥ, ਪਵਿੱਤ੍ਰ ਹੋਣ ਵਾਸਤੇ ਉਸ ਗੁਰਮੁਖ ਦੇ ਨਾਲ ਰਹਿੰਦੇ ਹਨ, ਜਿਨ੍ਹਾਂ ਦੇ ਹਿਰਦੇ ਵਿੱਚ ਹਰੀ ਸਮਾ ਰਿਹਾ ਹੈ॥ ੪॥

ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਨਾਲ ਮਿਲ ਕੇ ਜਿਨ੍ਹਾਂ ਨੇ ਹੁਕਮ ਨੂੰ ਬੁੱਝਿਆ ਹੈ, ਉਹਨਾਂ ਦੇ ਮਨ ਵਿੱਚ ਇੱਕ ਪ੍ਰਭੂ ਆ ਕੇ ਵਸਿਆ ਹੈ।

ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ॥ ੫॥ ੬॥ ੮॥

ਹੇ ਪ੍ਰਭੂ ! ਜੋ ਤੈਨੂੰ ਭਾਉਂਦਾ ਹੈ ਉਹ ਸਭ ਸੱਚਾ ਹੈ, ਇਹ ਗੱਲ ਆਖਣ ਵਾਲਾ ਪੁਰਸ਼ ਸੱਚ ਸਰੂਪ ਵਿੱਚ ਸਮਾ ਰਹਿੰਦਾ ਹੈ॥ ੫॥ ੬॥ ੮॥

(ਪੰਨਾ ੪੯੨)

ਉਥਾਨਕਾ:-ਇੱਕ ਪੰਡਿਤ ਨੇ ਆ ਕੇ ਬੇਨਤੀ ਕੀਤੀ, ਸੁਖ ਦੀ ਪ੍ਰਾਪਤੀ,

ਅਥਵਾ:-ਸੱਚ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? ਗੁਰ ਉੱਤਰ:-

ਗੂਜਰੀ ਮਹਲਾ ੩ ਤੀਜਾ ॥ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ॥

ਹੇ ਪੰਡਿਤ ! ਇੱਕ ਪ੍ਰਮੇਸ਼ਰ ਦਾ ਨਾਮ ਹੀ ਸਾਰਿਆਂ ਸੁੱਖਾਂ ਦਾ ਖਜ਼ਾਨਾ ਹੈ, ਉਸੇ ਨੂੰ ਸੁਣ ਤੇ ਸਿਖੁ=ਜਪਣਾ ਕਰ ਤਾਂ ਸਚੁ=ਸੁਖ ਦੀ ਪ੍ਰਾਪਤੀ ਹੋਵੇਗੀ।

ਅਥਵਾ:-ਉਸ ਦੇ ਸੁਣਨੇ ਅਤੇ ਸਿਖਣੇ ਨਾਲ ਉਸ ਸੱਚੇ ਦੀ ਪ੍ਰਾਪਤੀ ਹੁੰਦੀ ਹੈ।

ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ॥ ੧॥

ਦ੍ਵੈਤ ਭਾਵ ਵਿੱਚ ਲਗ ਕੇ ਜਿੰਨਾਂ ਪੜ੍ਹੇਂਗਾ, ਉਸ ਪੜ੍ਹਨੇ ਅਤੇ ਗੁਣਤ=ਵਿਚਾਰਨ ਕਰਕੇ ਸਦਾ ਦੁੱਖ ਦੀ ਪ੍ਰਾਪਤੀ ਹੁੰਦੀ ਹੈ॥ ੧॥

ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ॥

ਹੇ ਪੰਡਿਤ ! ਤੂੰ ਹਰੀ ਸਰੂਪ ਗੁਰਾਂ ਦੇ ਚਰਣੀ ਲੱਗਾ ਰਹੁ, ਕਿਉਂਕਿ ਗੁਰਾਂ ਦੇ ਉਪਦੇਸ਼ ਕਰਕੇ ਹੀ ਹਰੀ ਦੀ ਸੋਝੀ=ਗਿਆਤ ਹੁੰਦੀ ਹੈ।

ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ॥ ੧॥ ਰਹਾਉ॥

ਹੇ ਪੰਡਿਤ !ਤੂੰ ਰਸਨਾਂ ਨਾਲ ਹਰੀ ਰਸ ਨੂੰ ਚੱਖਣਾ ਕਰ, ਤਾਂ ਹੀ ਤੇਰਾ ਮਨ ਸ਼ੁੱਧ ਹੋਵੇਗਾ॥ ੧॥ ਰਹਾਉ॥

ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ॥

ਸਤਿਗੁਰਾਂ ਨਾਲ ਮਿਲਣ ਕਰ ਕੇ ਮਨ ਨੂੰ ਸੰਤੋਖ ਹੁੰਦਾ ਹੈ, ਤਾਂ ਫਿਰ ਮਾਇਆ ਦੀ ਤ੍ਰਿਸ਼ਨਾਂ ਕਰ ਕੇ ਪਦਾਰਥਾਂ ਦੀ ਭੁੱਖ ਨਹੀਂ ਹੁੰਦੀ।

ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ॥ ੨॥

ਜਿਸ ਨੇ ਨਾਮ ਰੂਪ ਖਜ਼ਾਨਾ ਪਾਇਆ ਹੈ, ਉਹ ਕੋਈ ਪਰਾਏ ਘਰਾਂ ਵਿੱਚ ਨਹੀਂ ਜਾਂਦਾ ॥ ੨॥

ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ॥

ਜੇ ਕੋਈ ਮਨਮੁਖ ਕਥਨੀ=ਕਥਨੀਆਂ ਤੇ ਬਦਨੀ=ਕਵੀਸ਼ਰੀਆਂ ਭੀ ਕਰ ਲਵੇ, ਤਾਂ ਉਸ ਨੂੰ ਪਰਮੇਸ਼ਰ ਦੀ ਬੂਝ-ਗਿਆਤ ਨਹੀਂ ਹੁੰਦੀ।

ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ॥ ੩॥

ਗੁਰਾਂ ਦੀ ਸਿੱਖਿਆ ਦੁਆਰੇ ਜੋ ਹਰੀ ਨਾਮ ਨੂੰ ਪਾਂਵਦਾ ਹੈ, ਉਸਦੇ ਘਟ ਅੰਦਰ ਚਾਨਣਾ=ਗਿਆਨ ਹੁੰਦਾ ਹੈ॥ ੩॥

ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ॥

ਹੇ ਪੰਡਿਤ ! ਤੂੰ ਸ਼ਾਸਤ੍ਰਾਂ ਨੂੰ ਸੁਣਕੇ ਭੀ ਆਪਣੇ ਸਰੂਪ ਨੂੰ ਨਹੀਂ ਬੁਝਹੀ-ਸਮਝਦਾ, ਇਸੇ ਲਈ ਤੂੰ ਵਾਰੰ-ਵਾਰ ਦਰ-ਦਰ ਤੇ ਮੰਗਦਾ ਫਿਰਦਾ ਹੈਂ।

ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ॥ ੪॥

ਉਹ ਪੜ੍ਹਿਆ ਹੋਇਆ ਭੀ ਮੂਰਖ ਹੈ ਜੋ ਆਪਣੇ ਸਰੂਪ ਨੂੰ ਨਹੀਂ ਪਛਾਣਦਾ, ਕਿ ਮੈਂ ਕੌਣ ਹਾਂ? ਅਤੇ ਸੱਚ ਵਿੱਚ ਪਿਆਰ ਨਹੀਂ ਰੱਖਦਾ ॥ ੪॥

ਸਚੈ ਜਗਤੁ ਭਹਕਾਇਆ ਕਹਣਾ ਕਛੂ ਨ ਜਾਇ॥

ਸੱਚੇ ਪਰਮੇਸ਼ਰ ਨੇ ਆਪ ਹੀ ਜਗਤ ਨੂੰ ਭਰਮਾਇਆ ਹੋਇਆ ਹੈ, ਇਸ ਕਰਕੇ ਕੁਝ ਕਿਹਾ ਨਹੀਂ ਜਾਂਦਾ।

ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ॥ ੫॥ ੭॥ ੯॥

ਗੁਰੂ ਜੀ ਕਥਨ ਕਰਦੇ ਹਨ, ਜੋ ਉਸ ਨੂੰ ਭਾਉਂਦਾ ਹੈ ਜੀਵ ਉਹੀ ਕਰਦਾ ਹੈ, ਜਿਵੇਂ ਉਸ ਦੀ ਰਜਾਇ=ਆਗਿਆ ਹੁੰਦੀ ਹੈ॥ ੫॥ ੭॥ ੯॥

ੴ ਸਤਿਗੁਰ ਪ੍ਰਸਾਦਿ॥ ਰਾਗੁ ਗੂਜਰੀ ਮਹਲਾ ੪ ਚਉਪਦੇ ਘਰੁ ੧॥

ਉਥਾਨਕਾ:–ਪਹਿਲੀ ਅਵਸਥਾ ਵਿੱਚ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੇ ਪਿਤਾ ਬਾਬਾ ਹਰਦਾਸ ਜੀ ਦੇ ਕਹੇ ਅਨੁਸਾਰ ਘੁੰਘਣੀਆਂ ਵੇਚਕੇ ਜੋ ਪੈਸੇ ਵੱਟਦੇ ਸਨ ਉਹ ਘਰ ਲਿਆ ਦੇਂਦੇ ਸਨ।

ਇੱਕ ਦਿਨ ਮਾਤਾ ਦਇਆ ਕੌਰ ਜੀ ਨੇ ਛੋਲੇ ਉਬਾਲ ਕੇ ਚੰਗੇਰ ਭਰ ਦਿੱਤੀ, ਤਾਂ ਬਜ਼ਾਰ ਜਾਕੇ ਬੜੀ ਮਿੱਠੀ ਸੁਰ ਨਾਲ ਹੋਕਾ ਦਿੱਤਾ। ਇਤਨੇ ਨੂੰ ਭਗਵਾਨ ਆਪ ਪ੍ਰੀਖਿਆ ਲੈਣ ਵਾਸਤੇ ਕਿਸੇ ਸਾਧੂ ਦਾ ਰੂਪ ਧਾਰਕੇ ਸਾਹਮਣੇ ਆ ਖਲੋਤੇ ਤੇ ਕਿਹਾ, ''ਭੁੱਖ ਲੱਗੀ ਹੋਈ ਹੈ ਕੁਝ ਖਾਣ ਲਈ ਦਿਓ।'' ਮਹਾਰਾਜ ਜੀ ਨੇ ਓਥੇ ਹੀ ਛਾਬਾ ਰੱਖਕੇ ਉਸ ਨੂੰ ਇੱਕ ਬੁੱਕ ਭਰ ਕੇ ਦੇ ਦਿੱਤਾ। ਸਾਧੂ ਨੇ ਛਕ ਕੇ ਕਿਹਾ, ਇੱਕ ਬੁੱਕ ਹੋਰ ਦਿਓ ਆਪ ਜੀ ਨੇ ਦੁਬਾਰਾ ਵੀ ਦੇ ਦਿੱਤਾ। ਜਦ ਤੀਜੀ ਵਾਰ ਮੰਗਿਆ ਤਦ ਭੀ ਇਨਕਾਰ ਨ ਕੀਤਾ ਭਾਵ ਕੀ ਇਸ ਤਰ੍ਹਾਂ ਕਈ ਵਾਰ ਮੰਗਕੇ ਸਾਰਾ ਹੀ ਛਾਬਾ ਮੁਕਾ ਦਿੱਤਾ।

ਛਾਬੇ ਨੂੰ ਖਾਲੀ ਦੇਖਕੇ ਵਿਚਾਰਿਆ ਹੁਣ ਘਰ ਕਿਵੇਂ ਜਾਈਏ, ਪਿਤਾ ਜੀ ਗੁੱਸੇ ਹੋਣਗੇ।

ਇਸ ਤਰ੍ਹਾਂ ਵਿਚਾਰਦੇ ਹੀ ਪਏ ਸਨ, ਜੋ ਇਤਨੇ ਨੂੰ ਇੱਕ ਗੁਰ-ਸਿੱਖਾਂ ਦਾ ਟੋਲਾ (ਜੱਥਾ) ਸ਼ਬਦ ਪੜ੍ਹਦਿਆਂ ਲੰਘ ਪਿਆ, ਇਨ੍ਹਾਂ ਨੇ ਪੁੱਛਿਆ ਕਿਥੇ ਜਾ ਰਹੇ ਹੋ? ਇੱਕ ਸਿੱਖ ਨੇ ਕਿਹਾ,-ਨਿਮਾਣਿਆਂ ਦੇ ਮਾਣ ਜੋ ਸ੍ਰੀ ਗੁਰੂ ਅਮਰਦਾਸ ਜੀ ਹਨ ਉਹਨਾਂ ਦੀ ਸੇਵਾ ਲਈ ਗੋਇੰਦਵਾਲ ਜਾ ਰਹੇ ਹਾਂ। ਇਹ ਗੱਲ ਸੁਣਕੇ ਬੜੇ ਪ੍ਰਸੰਨ ਹੋਏ ਤੇ ਨਾਲ ਹੀ ਤੁਰ ਪਏ; ਗੋਇੰਦਵਾਲ ਜਾ ਕੇ ਆਪ ਜੀ ਨੇ ਤਨੋਂ ਮਨੋਂ ਹੋ ਕੇ ਬੜੀ ਭਾਰੀ ਸੇਵਾ ਕੀਤੀ। ਇੱਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੂੰ ''ਰਾਮੋ'' ਜੀ ਨੇ ਕਿਹਾ, ਬੀਬੀ ''ਭਾਨੀ'' ਵੱਡੀ ਹੋ ਗਈ ਹੈ ਹੁਣ ਇਸ ਦਾ ਵਿਆਹ ਕਰ ਦੇਣਾ ਚਾਹੀਦਾ ਹੈ; ਇਹ ਗੱਲ ਸੁਣ ਕੇ ਗੁਰੂ ਜੀ ਨੇ ਬ੍ਰਾਹਮਣ ਨੂੰ ਬੁਲਾ ਕੇ ਕਿਹਾ,''ਬੀਬੀ ਲਈ ਕੋਈ ਵਰ ਘਰ ਦਾ ਪਤਾ ਲਿਆਓ। ਗੁਰੂ ਜੀ ਤੋਂ ਇਹ ਗੱਲ ਸੁਣਕੇ ਜਿਸ ਵੇਲੇ ਪ੍ਰੋਹਤ ਉੱਠਿਆ ਤਾਂ ਟੋਕਰੀ ਚੁੱਕ ਕੇ ਤੁਰੀ ਜਾਂਦੇ ਹੋਏ ਭਾਈ ਜੇਠੇ ਨੂੰ ਵੇਖ ਕੇ ਉਂਗਲ ਦੇ ਇਸ਼ਾਰੇ ਨਾਲ ਦੱਸਕੇ ਗੁਰੂ ਜੀ ਨੂੰ ਕਿਹਾ-ਇਸ ਵਰਗਾ ਬਾਲਕ ਹੋਵੇ ? ਗੁਰੂ ਸਾਹਿਬਾਂ ਨੇ ਵੇਖਕੇ ਕਿਹਾ ਏਹੋ ਬਾਲਕ ਠੀਕ ਹੈ ਇਸ ਵਰਗਾ ਹੋਰ ਕੋਈ ਨਹੀਂ ਹੋਣਾ, ਇਸ ਨੂੰ ਬੁਲਾ ਲਿਆਓ—ਉਸੀ ਵੇਲੇ ਬ੍ਰਾਹਮਣ ਭਾਈ ਜੇਠੇ ਨੂੰ ਗੁਰੂ ਜੀ ਪਾਸ ਬੁਲਾ ਲਿਆਇਆ, ਗੁਰੂ ਜੀ ਨੇ ਪੁੱਛਿਆ ਤੂੰ ਕਿਸ ਦਾ ਪੁੱਤਰ ਹੈਂ, ਤੇਰੀ ਕੀ ਜਾਤ ਹੈ, ਤੇਰੇ ਮਾਪੇ ਕਿੱਥੇ ਰਹਿੰਦੇ ਹਨ? ਭਾਈ ਜੇਠੇ ਨੇ ਕਿਹਾ-ਮੇਰਾ ਨਾਮ ਰਾਮਦਾਸ ਹੈ, ਪਿਤਾ ਦਾ ਨਾਮ ਬਾਬਾ ਹਰਿਦਾਸ ਜੀ ਹੈ; ਜਾਤ ਸੋਢ ਬੰਸ ਹੈ, ਲਾਹੌਰ ਦੇ ਰਹਿਣ ਵਾਲਾ ਹਾਂ। ਇਹ ਗੱਲਾਂ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਇਕ ਪੱਤ੍ਰਕਾ ਲਾਹੌਰ ਲਿਖਕੇ ਇਸ ਦੇ ਮਾਪਿਆਂ ਨੂੰ ਸਦਵਾ ਲਿਆ ਤੇ ਸਗੁਨ ਦੇ ਕੇ ਵਿਆਹ ਦੀ ਗੱਲ ਪੱਕੀ ਕਰ ਲਈ, ਜਿਸ ਵੇਲੇ ਵਿਆਹ ਕਰਨ ਲੱਗਿਆਂ ਪਾਰਿਆਂ ਉੱਤੇ ਬੈਠਾਇਆ, ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, ਹੇ ਪੁਰਖਾ ! ਜੋ ਕੁਝ ਮੰਗਣਾ ਹੈ ਮੰਗ ਲੈ; ਇਹ ਬਚਨ ਸੁਣ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ-

ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ ॥

ਹੇ ਗੁਰਮੁਖ ਜਨਾਂ ਨੂੰ ਹਰੀ ਦੇ ਜਨਾਉਣ ਵਾਲੇ ਸਤਿਗੁਰੂ ਅਮਰਦਾਸ ਜੀ ! ਆਪ ਸਤ ਪੁਰਖਾ=ਪਰਮੇਸ਼ਰ ਰੂਪ ਹੋ, ਹੇ ਗੁਰੂ ! ਮੈਂ ਹੱਥ ਜੋੜਕੇ ਆਪ ਜੀ ਦੇ ਪਾਸ ਇਕ ਬੇਨਤੀ ਕਰਦਾ ਹਾਂ।

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥

ਅਸੀਂ ਆਪ ਜੀ ਦੇ ਕੀਰੇ ਕਿਰਮ=ਦਾਸਾਂ ਦੇ ਦਾਸ ਹਾਂ, ਹੇ ਸਤਿਗੁਰੋ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਆਏ ਹਾਂ, ਜੇ ਕਿਰਪਾ ਦੇ ਘਰ ਵਿਚ ਆਏ ਹੋ ਤਾਂ ਆਪ ਕਿਰਪਾ ਦ੍ਰਿਸ਼ਟੀ ਕਰਕੇ ਨਾਮ ਦਾ ਪ੍ਰਕਾਸ਼ ਕਰੋ॥ ੧॥ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਇਹ ਵਿਆਹ ਦਾ ਮੌਕਾ ਹੈ, ਕੋਈ ਸੰਸਾਰਕ ਵਸਤੂ ਮੰਗ ਲੈ ਇਹ ਗੱਲ ਸੁਣਕੇ ਭਾਈ ਜੇਠਾ ਜੀ ਨੇ ਫਿਰ ਭੀ ਏਹੋ ਕਿਹਾ-

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥

ਹੇ ਮੇਰੇ ਅਸਲੀ ਮਿੱਤਰ ਗੁਰਦੇਵ ਜੀਓ ! ਮੈਨੂੰ ਰਾਮ ਨਾਮ ਦਾ ਹੀ ਪ੍ਰਕਾਸ਼ ਕਰੋ।

ਅਥਵਾ:-ਪ੍ਰਕਾਸ਼ ਰੂਪ ਜੋ ਰਾਮ ਹੈ ਉਸ ਦਾ ਨਾਮ ਦਾਨ ਮੈਨੂੰ ਬਖਸ਼ਣਾ ਕਰੋ।

ਇਹ ਗੱਲ ਸੁਣਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਰਾਮ ਨਾਮ ਤਾਂ ਤੂੰ ਪਹਿਲੇ ਹੀ ਜਪਦਾ ਹੈਂ; ਇਸ ਵੇਲੇ ਤੂੰ ਕੁਝ ਹੋਰ ਚੀਜ਼ ਮੰਗ ਲੈ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ-

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧ ॥ਰਹਾਉ ॥

ਹੇ ਗੁਰਦੇਵ ਜੀਉ ! ਗੁਰ ਸਿੱਖਿਆ ਅਨੁਸਾਰ ਜੋ ਰਾਮ ਨਾਮ ਜਪਣਾ ਹੈ, ਏਹੋ ਮੇਰੇ ਪ੍ਰਾਣਾਂ ਦਾ ਸਖਾਈ=ਮਿੱਤਰ ਹੈ। ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਸੰਸਾਰਕ ਮਰਯਾਦਾ ਅਨੁਸਾਰ ਭੱਲਿਆਂ ਵਿੱਚ ਜਵਾਈਆਂ ਨੂੰ ਕੁਝ ਪਦਾਰਥ ਦੇਣ ਦੀ ਰੀਤੀ ਚਲੀ ਆਈ ਹੈ, ਉਂਹ ਭੀ ਤਾਂ ਪੂਰੀ ਕਰਨੀ ਹੋਈ ਇਸ ਲਈ ਤੂੰ ਕੋਈ ਚੀਜ਼ ਮੰਗ ਲੈ. ਇਹ ਗੱਲ ਸੁਣਕੇ ਭੀ ਗੁਰੂ ਰਾਮਦਾਸ ਜੀ ਨੇ ਸੰਸਾਰਕ ਪਦਾਰਥਾਂ ਦੀ ਮੰਗ ਨਹੀਂ ਕੀਤੀ ਅੰਤ੍ਰੀਵ ਵਸਤੂ ਮੰਗੀ ਹੈ ਕਿ-ਹੇ ਗੁਰੋ ! ਹਰੀ ਦੀ ਜੋ ਕੀਰਤੀ ਕਰਨੀ ਹੈ ਏਹੋ ਅਸਾਡੀ ਰਹਰਾਸਿ=ਰਹੁ ਰੀਤੀ ਹੈ। ਅਥਵਾ:-ਏਹੋ ਅਸਾਡੀ ਰਾਸਿ=ਪੂੰਜੀ ਰਹਿ ਆਵੇ॥ ੧॥ ਰਹਾਉ॥

ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥

ਹੇ ਹਰੀ ਦੇ ਜਨ ਸਤਿਗੁਰ ਦੇਵ ਜੀ ! ਉਹਨਾਂ ਹਰੀ ਜਨਾਂ ਦੇ ਭਾਗ ਵੱਡਿਆਂ ਤੋਂ ਵੱਡੇ ਹਨ, ਜਿਨ੍ਹਾਂ ਨੂੰ ਹਰਿ ਹਰਿ ਦੀ ਸ਼ਰਧਾ ਅਤੇ ਹਰੀ ਦੀ ਪਿਆਸ ਹੈ। ਅਥਵਾ:-ਜਿਨ੍ਹਾਂ ਨੂੰ ਹਰਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ ਉਸ ਦੀ ਸ਼ਰਧਾ ਦੀ ਪਿਆਸ ਹੈ।

ਅਥਵਾ:-ਹਰਿ ਪਿਆਸ=ਤਮਾਮ ਪਿਆਸਿਆਂ ਵਿੱਚੋਂ ਜਿਨ੍ਹਾਂ ਨੂੰ ਹਰਿ ਹਰਿ ਦੀ ਸ਼ਰਧਾ ਹੈ।

ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥ ੨ ॥

ਹੇ ਸਤਿਗੁਰੋ ! ਅਸਾਨੂੰ ਹਰਿ ਹਰਿ ਦਾ ਨਾਮ ਮਿਲੇ ਤਾਂ ਅਸੀਂ ਤ੍ਰਿਪਤ ਹੁੰਦੇ ਹਾਂ, ਆਪ ਜੀ ਦੀ ਸਤਸੰਗਤ ਵਿੱਚ ਮਿਲਣ ਕਰਕੇ ਸ਼ੁਭ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ।

ਅਥਵਾ:-ਪ੍ਰਕਾਸ਼ ਰੂਪ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ॥ ੨॥

ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥

ਜੋ ਹਰੀ ਹਰ-ਇਕ ਜੀਵਾਂ ਦੇ ਹਰੇ ਕਰਨ ਵਾਲਾ ਹੈ, ਉਸ ਦੇ ਨਾਮ ਵਿੱਚ ਜਿਨ੍ਹਾਂ ਨੇ ਰਸੁ=ਪ੍ਰੇਮ ਕਰਨਾ ਨਹੀਂ ਪਾਇਆ, ਉਹ ਭਾਗਹੀਣ ਪੁਰਸ਼ ਜਮਾਂ ਦੇ ਪਾਸ ਜਾਂਦੇ ਹਨ, ਅਥਵਾ:-ਜਮਾਂ ਦੀ ਪਾਸਿ-ਫਾਹੀ ਵਿੱਚ ਫਸਦੇ ਹਨ।

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥ ੩ ॥

ਜੋ ਪੁਰਸ਼ ਸਤਿਗੁਰਾਂ ਦੀ ਸ਼ਰਨ ਅਤੇ ਸਤਸੰਗਤ ਵਿੱਚ ਨਹੀਂ ਆਏ,

ਅਥਵਾ:-ਜੋ ਪੁਰਸ਼ ਸਤਿਗਰਾਂ ਦੀ ਸ਼ਰਨ ਵਿੱਚ ਤਾਂ ਆਏ ਹਨ, ਤੇ ਸਤਸੰਗਤ ਵਿੱਚ ਨਹੀਂ ਆਏ, ਉਹਨਾਂ ਦੇ ਜੀਵਨ ਨੂੰ ਧ੍ਰਿਕਾਰ ਹੈ ਅਤੇ ਜਿਉਣ ਦੀ ਆਸਾ ਨੂੰ ਭੀ ਧ੍ਰਿਕਾਰ ਹੈ॥ ੩॥

ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥

ਅੱਨਵੇਂ ਅੱਖਰ ਲਗਾਉਣੇ-ਜਿਨ੍ਹਾਂ ਦੇ ਮੱਥੇ ਉੱਪਰ ਧੁਰੋਂ ਹੀ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ.

ਉਹਨਾ ਹਰੀ ਦੇ ਸੇਵਕ ਜਨਾਂ ਨੇ ਸਤਿਗੁਰਾਂ ਦੀ ਸੰਗਤ ਕਰਨੀ ਪਾਈ ਹੈ।

ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਨਾਨਕ ਨਾਮੁ ਪਰਗਾਸਿ ॥ ੪ ॥ ੧ ॥

ਹੇ ਸਤਿਗੁਰੋ ! ਆਪ ਧੰਨ ਹੋ, ਆਪ ਜੀ ਦੀ ਸਤਸੰਗਤ ਵੀ ਧੰਨ ਹੈ, ਜਿਸ ਸਤਸੰਗਤ ਕਰਕੇ ਹਰੀ ਨਾਮ ਰਸ ਅਸਾਂ ਨੇ ਪਾਇਆ ਹੈ; ਮੈਨੂੰ ਨਾਮ ਦਾ ਪਰਗਾਸਿ=ਪ੍ਰਕਾਸ਼ ਮਿਲੇ।

ਅਥਵਾ:-ਨਾਮ ਦਾ ਪਰਗਾਸਿ=ਉਚਾਰਨਾ ਮਿਲੇ।

ਅਥਵਾ:-ਮੈਨੂੰ ਨਾਮ ਮਿਲਿਆ ਤਾਂ ਪਰਗਾਸਿ=ਗਿਆਨ ਹੋਇਆ ॥ ੪ ॥ ੧ ॥

ਗੂਜਰੀ ਮਹਲਾ ੪ ॥

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥

ਉਹ ਗੋਬਿੰਦ ਤਨ ਦਾ ਪ੍ਰੀਤਮ ਹੈ, ਉਹ ਗੋਬਿੰਦ ਮਨ ਦਾ ਭੀ ਪ੍ਰੀਤਮ ਹੈ, ਉਸ ਦੀ ਸਤਸੰਗਤ ਵਿੱਚ ਮਿਲਕੇ ਮਨੁ ਮੋਹੈ=ਮਨ ਦੇ ਵਿੱਚ ਗੁਰ ਉਪਦੇਸ਼ ਨੂੰ ਧਾਰਨਾ ਕਰ।

ਅਥਵਾ:-ਗੋਬਿੰਦ ਜੋ ਪ੍ਰਮਾਤਮਾ ਹੈ ਗੋਵਿੰਦੁ=ਵੇਦਾਂ ਕਰਕੇ ਜਾਨਣੇ ਜੋਗ; ਪ੍ਰੀਤਮਾਂ ਵਿਚੋਂ ਮਨਿ=ਸ਼ਰੋਮਣੀ ਪ੍ਰੀਤਮ, ਉਸ ਦੀ ਸਤਸੰਗਤ ਵਿੱਚ ਮਿਲਣਾ ਕਰ ਤਾਂ ਮਨ ਦੇ ਵਿੱਚ ਹੀ ਸਬਦਿ=ਬ੍ਰਹਮ ਨੂੰ ਨਿਸਚੇ ਕਰੇਂਗਾ।

ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥ ੧ ॥

ਗੋਬਿੰਦ ਨੂੰ ਜਪਣਾ ਕਰ ਰਸਨਾਂ ਨਾਲ, ਗੋਬਿੰਦ ਨੂੰ ਧਿਆਉਣਾ ਕਰ ਮਨ ਕਰਕੇ, ਕਿਉਂਕਿ ਉਹ ਪ੍ਰਭੂ ਹੀ ਸਾਰਿਆ ਨੂੰ ਦਾਨ ਦੇਂਦਾ ਹੈ ॥ ੧ ॥

ਮੇਰੇ ਭਾਈ ਜਨਾ ਮੋ ਕਉ ਗੋਵਿੰਦੁ ਗੋਵਿੰਦੁ ਗੋਵਿੰਦੁ ਮਨੁ ਮੋਹੈ ॥

ਹੇ ਮੇਰੇ ਭਾਈ ਜਨਾ ! ਉਹ ਗੋਬਿੰਦ ਮੇਰੇ ਤਨ ਨੂੰ ਮੋਂਹਦਾ ਹੈ, ਉਹ ਗੋਬਿੰਦ ਮੇਰੀ ਬਾਣੀ ਨੂੰ ਮੋਂਹਦਾ ਹੈ, ਉਹ ਗੋਬਿੰਦ ਮੇਰੇ ਮਨ ਨੂੰ ਭੀ ਮੋਂਹਦਾ ਹੈ।

ਅਥਵਾ:-ਤਿੰਨ ਵਾਰ ਕਹਿ ਕੇ ਨਿਸਚੇ ਅਰਥ ਕੀਤਾ ਹੈ, ਉਹ ਗੋਬਿੰਦ ਮੇਰੇ ਮਨ ਨੂੰ ਮੋਂਹਦਾ ਹੈ, ਉਹ ਗੋਬਿੰਦ ਮੇਰੇ ਮਨ ਨੂੰ ਮੋਂਹਦਾ ਹੈ, ਉਹ ਗੋਬਿੰਦ ਮੇਰੇ ਮਨ ਨੂੰ ਮੋਂਹਦਾ ਹੈ।

ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧਸੰਗਤਿ ਜਨੁ ਸੋਹੈ ॥੧ ॥ਰਹਾਉ ॥

ਹੇ ਭਾਈ ! ਤਨ ਕਰਕੇ ਗੋਬਿੰਦ ਦੇ ਗੁਣ ਗਾਵਣਾ ਕਰ, ਬਾਣੀ ਕਰਕੇ ਗੋਬਿੰਦ ਦੇ ਗੁਣ ਗਾਵਣਾ ਕਰ, ਮਨ ਕਰਕੇ ਗੋਬਿੰਦ ਦੇ ਗੁਣ ਗਾਵਣਾ ਕਰ।

ਅਥਵਾ:-ਗੋਬਿੰਦ ਜੋ ਪਰਮੇਸ਼ਰ ਹੈ. ਗੋਵਿੰਦ=ਵੇਦਾਂ ਕਰਕੇ ਜਾਨਣੇ ਜੋਗ, ਉਸ ਗੋਬਿੰਦ ਦੇ ਗੁਣ ਗਾਵਣਾ ਕਰ। ਅਥਵਾ:-ਗੋਵਿੰਦ=ਹੇ ਭਾਈ ! ਗੋਬਿੰਦ ਲੋਕਾਂ ਨਾਲ ਮਿਲਕੇ ਗੋਬਿੰਦ ਦੇ ਗੁਣ ਗਾਵਣਾ ਕਰ, ਜੋ ਗੁਰਾਂ ਦੀ ਸਤਸੰਗਤ ਨਾਲ ਮਿਲਿਆ ਹੈ ਉਹ ਜਨੁ ਸੋਹੈ=ਸੋਭਨੀਕ ਹੁੰਦਾ ਹੈ ॥ ੧ ॥ ਰਹਾਉ ॥

ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥

ਹਰੀ ਦੀ ਭਗਤੀ ਸੁੱਖਾਂ ਦਾ ਸਮੁੰਦਰ ਹੈ, ਜਿਸ ਨੇ ਗੁਰਮਤਿ=ਗੁਰ ਸਿੱਖਿਆ ਲੈ ਕੇ ਹਰੀ ਦੀ ਭਗਤੀ ਕੀਤੀ ਹੈ ਪਗਿ+ਓਹੈ=ਉਸ ਦੇ ਚਰਣੀ ਰਿੱਧੀਆਂ ਸਿੱਧੀਆਂ ਤੇ ਕਉਲਾ=ਲਛਿਮੀ ਲੱਗਦੀ ਹੈ।

(ਪੰਨਾ ੪੯੩)

ਜਨ ਕਉ ਰਾਮ ਨਾਮੁ ਆਧਾਰਾ ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥ ੨ ॥

ਗੁਰਮੁਖ ਜਨਾਂ ਨੂੰ ਰਾਮ ਨਾਮ ਦਾ ਆਧਾਰਾ=ਆਸਰਾ ਹੈ। ਹਰੀ ਨਾਮ ਨੂੰ ਜਪਦੇ ਹਨ, ਹਰੀ ਨਾਮ ਕਰਕੇ ਹੀ ਸੋਹੈ=ਸੋਭਦੇ ਹਨ॥ ੨ ॥

ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥

ਜੋ ਖੋਟੀ ਬੁੱਧੀ ਵਾਲੇ ਭਾਗਹੀਨ ਪੁਰਸ਼ ਮਤੀ ਦੇ ਫਿੱਕੇ ਹਨ ਨਾਮ ਨੂੰ ਸੁਣਦਿਆਂ ਉਹਨਾਂ ਨੂੰ ਅਨੰਦ ਨਹੀਂ ਆਉਂਦਾ, ਸਗੋਂ ਮਨ ਵਿੱਚ ਰੋਹੈ=ਗੁੱਸਾ ਆਉਂਦਾ ਹੈ।

ਯਥਾ:-ਕੂੜਿ ਕਪਟਿ ਅਹੰਕਾਰਿ ਰੀਝਾਨਾ॥ ਨਾਮੁ ਸੁਨਤ ਜਨੁ ਬਿਛੁਅ ਡਸਾਨਾ॥ ੨ ॥ (ਪੰਨਾ ੮੯੩)

ਕਉਆ ਕਾਗ ਕਉ ਅੰਮ੍ਰਿਤ ਰਸੁ ਪਾਈਐ
ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥ ੩ ॥

ਕਉਆ ਜੋ ਕਾਗ=ਕਾਂ ਕਾਂ ਸ਼ਬਦ ਕਰਨ ਵਾਲਾ ਹੈ,

ਅਥਵਾ:-ਕਉਆ-ਦੇਸੀ ਕਾਂ, ਕਾਗ=ਪਹਾੜੀ ਕਾਂ (ਜਿਸ ਨੂੰ ਡੋਡਰ ਕਾਂ ਭੀ ਕਹਿੰਦੇ ਹਨ) ਇਸ ਨੂੰ ਜੇਕਰ ਅੰਮ੍ਰਿਤ ਰਸ ਵਰਗੀਆਂ ਮਿੱਠੀਆਂ ਮਿੱਠੀਆਂ ਚੀਜ਼ਾਂ (ਦੁੱਧ ਵਗੈਰਾ) ਭੀ ਪਾਈਏ, ਤਾਂ ਭੀ ਉਨ੍ਹਾਂ ਚੰਗੀਆਂ ਚੀਜ਼ਾਂ ਨੂੰ ਛੱਡ ਕੇ, ਗੂੰਹ ਖਾ ਕੇ ਤ੍ਰਿਪਤ ਹੁੰਦਾ ਹੈ, ਤੇ ਮੂੰਹ ਤੋਂ ਕਾਂ ਕਾਂ ਗੋਹੈ=ਬੋਲਦਾ ਹੈ। ਇਸੀ ਪ੍ਰਕਾਰ ਕਾਂ ਵਾਗੂੰ ਪਾਪੀ ਜੀਵ ਨੂੰ ਨਾਮ ਅੰਮ੍ਰਿਤ ਰਸ ਭੀ ਪਾਣਾ ਕਰੀਏ ਤੋਭੀ ਉਹ ਵਿਸ਼ਿਆਂ ਰੂਪੀ ਵਿਸਟਾ=ਗੂੰਹ ਨੂੰ ਖਾ ਕੇ ਤ੍ਰਿਪਤ ਹੁੰਦਾ ਹੈ ਤੇ ਮੂੰਹ ਤੋਂ ਖੋਟੇ ਬਚਨਾਂ ਨੂੰ ਗੋਹੈ=ਉਚਾਰਦਾ ਹੈ॥ ੩ ॥

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ ॥

ਸਤਵਾਦੀ ਜੋ ਸਤਿਗੁਰੂ ਅਮਰਦਾਸ ਜੀ ਹਨ, ਜਿਨ੍ਹਾਂ ਨੇ ਹੁਕਮ ਦੇ ਕੇ ਪ੍ਰਤੱਖ ਅੰਮ੍ਰਿਤ ਸਰੋਵਰ ਰਚਿਆ ਹੈ; ਜਿਸ ਵਿੱਚ ਨਹਾਉਂਦਿਆਂ ਕਾਂ ਭੀ ਹੰਸ ਹੋ ਜਾਂਦਾ ਹੈ।

ਅਥਵਾ:-ਸਤਵਾਦੀ=ਸੱਚਾ ਬਚਨ ਉਚਾਰਨ ਵਾਲੇ ਜੋ ਸਤਿਗੁਰੂ ਅਮਰਦਾਸ ਜੀ ਹਨ, ਨਾਮ ਅੰਮ੍ਰਿਤ ਦੇ ਸਰੋਵਰ, ਜਿਸ ਵਿੱਚ ਇਸ਼ਨਾਨ ਕਰਨ ਨਾਲ ਕਾਂ ਵਾਂਗੂੰ ਪਾਪੀ ਜੀਵ, ਹੰਸ ਵਾਂਗੂੰ ਤਤਵੇਤਾ ਬ੍ਰਹਮ ਗਿਆਨੀ ਮਹਾਤਮਾ ਹੋ ਜਾਂਦਾ ਹੈ।

ਭਾਵ ਸਤਿਗੁਰੂ ਜੀ ਦੀ ਸੰਗਤ ਕਰਨ ਨਾਲ ਅਤੇ ਉਹਨਾਂ ਦੇ ਉਪਦੇਸ਼ ਨੂੰ ਹਿਰਦੇ ਵਿੱਚ ਧਾਰਨ ਕਰਕੇ ਪਾਪੀ ਪੁਰਸ਼ ਭੀ ਗੁਰਮੁਖ ਬਣ ਜਾਂਦਾ ਹੈ।

ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਧੰਨਤਾ ਜੋਗ ਵੱਡਿਆਂ ਤੋਂ ਵੱਡੇ ਭਾਗਾ ਵਾਲੇ ਹਨ, ਜਿਨ੍ਹਾਂ

ਨੇ ਗੁਰ ਸਿੱਖਿਆ ਦ੍ਵਾਰੇ ਨਾਮ ਜਪ ਕੇ ਹਿਰਦੇ ਦੀ ਪਾਪਾਂ ਰੂਪੀ ਮੈਲ ਨੂੰ ਧੋ ਲਿਆ ਹੈ॥ ੪॥ ੨॥

ਗੂਜਰੀ ਮਹਲਾ ੪ ॥

ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥

ਹਰੀ ਦੇ ਭਗਤ ਜਨ ਉੱਤਮ ਹਨ, ਉਹਨਾਂ ਦੀ ਬਾਣੀ ਭੀ ਉੱਤਮ ਹੈ, ਕਿਉਂਕਿ ਉਹ ਮੂੰਹੋਂ ਪਰ-ਉਪਕਾਰ ਦੇ ਹੀ ਬਚਨ ਬੋਲਦੇ ਹਨ।

ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥ ੧ ॥

ਜੋ ਪੁਰਸ਼ ਉਹਨਾਂ ਦੇ ਬਚਨਾਂ ਨੂੰ ਸ਼ਰਧਾ ਤੇ ਭਗਤੀ ਨਾਲ ਸੁਣਦਾ ਹੈ, ਉਹਨਾ ਨੂੰ ਹਰੀ ਕਿਰਪਾ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਲੈਂਦਾ ਹੈ॥ ੧॥

ਰਾਮ ਮੋ ਕਉ ਹਰਿ ਜਨ ਮੇਲਿ ਪਿਆਰੇ ॥

ਮੇਰੇ ਪ੍ਰੀਤਮ ਪ੍ਰਾਨ ਸਤਿਗੁਰੁ ਗੁਰੁ ਪੂਰਾ ਹਮ ਪਾਪੀ ਗੁਰਿ ਨਿਸਤਾਰੇ ॥ ੧ ॥ ਰਹਾਉ ॥

ਹੇ ਪਿਆਰੇ ਰਾਮ ! ਮੈਨੂੰ ਹਰੀ ਜਨਾਂ ਨਾਲ ਮੇਲਣਾ ਕਰ।

ਗੁਰੁ=ਪੂਜਨੀਕ ਪੂਰੇ ਸਤਿਗੁਰੂ ਹੀ ਮੇਰੇ ਪ੍ਰਾਣਾਂ ਦੇ ਪ੍ਰੀਤਮ=ਪਿਆਰੇ ਹਨ, ਅਸਾਂ ਪਾਪੀਆਂ ਨੂੰ ਗੁਰਾਂ ਨੇ ਨਿਸਤਾਰੇ=ਤਾਰਨਾ ਕੀਤਾ ਹੈ॥ ੧॥ ਰਹਾਉ॥

ਗੁਰਮੁਖਿ ਵਡਭਾਗੀ ਵਡਭਾਗੇ ਜਿਨ ਹਰਿ ਹਰਿ ਨਾਮੁ ਅਧਾਰੇ ॥

ਉਹ ਗੁਰਮੁਖ ਵੱਡੇ ਭਾਗਾਂ ਵਾਲਿਆਂ ਤੋਂ ਭੀ ਵੱਡਿਆਂ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਹਰਿ ਹਰਿ ਨਾਮ ਦਾ ਅਧਾਰੇ=ਆਸਰਾ ਹੈ।

ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ ਗੁਰਮਤਿ ਭਗਤਿ ਭੰਡਾਰੇ ॥ ੨ ॥

ਉਹ ਹਰੀ ਦੇ ਹਰਿ ਹਰਿ ਨਾਮ ਅੰਮ੍ਰਿਤ ਰਸ ਨੂੰ ਪਾਂਵਦੇ ਹਨ, ਗੁਰ ਸਿੱਖਿਆ ਲੈਣ ਕਰਕੇ ਉਹਨਾਂ ਦੇ ਅੰਤਹਕਰਨ ਰੂਪ ਭੰਡਾਰੇ ਭਗਤੀ ਨਾਲ ਭਰੇ ਹੋਏ ਹਨ॥ ੨॥

ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ ॥

ਜਿਸ ਪੁਰਸ਼ ਨੇ ਸਤ-ਪੁਰਖ=ਪਰਮੇਸ਼ਰ ਰੂਪ ਸਤਿਗੁਰਾਂ ਦਾ ਦਰਸ਼ਨ ਨਹੀਂ ਪਾਇਆ ਉਸ ਭਾਗਾਂ ਤੋਂ ਹੀਣੇ ਨੂੰ ਜਮ ਮਾਰਦਾ ਹੈ।

ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ ॥ ੩ ॥

ਉਹ ਪੁਰਸ਼ ਦਯਿ=ਪ੍ਰੇਰਕ ਪਰਮੇਸ਼ਰ ਦੇ ਮਾਰੇ ਹੋਏ ਮਹਾਂ ਹਤਿਆਰੇ=ਵੱਡੇ ਪਾਪੀ, ਕੂਕਰ=ਕੁੱਤਾ ਸੂਕਰ=ਸੂਰ ਤੇ ਗਰਧਭ=ਖੋਤੇ ਦੀ ਗਰਭ ਜੂਨੀ ਵਿੱਚ ਪੈਂਦੇ ਹਨ॥ ੩॥

ਯਥਾ:- "ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥" (ਪੰਨਾ ੨੮੦)

ਦੀਨ ਦਇਆਲ ਹੋਹੁ ਜਨ ਊਪਰਿ ਕਰਿ ਕਿਰਪਾ ਲੇਹੁ ਉਬਾਰੇ॥

ਹੇ ਪ੍ਰਭੂ ! ਮੈਂ ਦੀਨ ਜਨ ਦੇ ਉੱਪਰ ਆਪ ਦਿਆਲੂ ਹੋਵੇ, ਅਤੇ ਕਿਰਪਾ ਕਰਕੇ ਮੈਨੂੰ ਤਾਰ ਲਵੋ।

ਨਾਨਕ ਜਨ ਹਰਿ ਕੀ ਸਰਣਾਈ ਹਰਿ ਭਾਵੈ ਹਰਿ ਨਿਸਤਾਰੇ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ, ਹੇ ਹਰੀ ! ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਹੇ ਹਰਿ ਹਰਿ! ਜੇਕਰ ਆਪ ਜੀ ਨੂੰ ਭਾਵੇ ਤਾਂ ਮੈਨੂੰ ਤਾਰ ਲਵੋ॥ ੪॥ ੩॥

ਗੂਜਰੀ ਮਹਲਾ ੪॥

ਹੋਹੁ ਦਇਆਲ ਮੇਰਾ ਮਨੁ ਲਾਵਹੁ ਹਉ ਅਨਦਿਨੁ ਰਾਮ ਨਾਮੁ ਨਿਤ ਧਿਆਈ॥

ਹੇ ਪ੍ਰਭੂ ! ਆਪ ਮੇਰੇ ਉੱਪਰ ਦਿਆਲੂ ਹੋਵੋ, ਮੇਰਾ ਮਨ ਸਿਮਰਨ ਵਿੱਚ ਲਗਾਵੋ, ਤਾਂ ਕਿ ਮੈਂ ਰਾਤ ਦਿਨੇ ਇੱਕ-ਰਸ ਸਦਾ ਰਾਮ ਨਾਮ ਨੂੰ ਧਿਆਉਣਾ ਕਰਾਂ।

ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ॥੧॥

ਸਾਰੇ ਸੁਖ, ਸਾਰੇ ਸ਼ੁਭ ਗੁਣ, ਸਾਰੇ ਨਿਧਾਨ=ਖਜ਼ਾਨੇ ਹਰੀ ਨਾਮ ਵਿਚ ਹਨ, ਜਿਸ ਨਾਮ ਦੇ ਜਪਣੇ ਕਰਕੇ ਸਾਰੇ ਦੁਖ ਭੁਖ ਲਹਿ ਜਾਈ=ਦੂਰ ਹੋ ਜਾਂਦੇ ਹਨ॥ ੧॥

ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ॥

ਹੇ ਮੇਰੇ ਮਨ! ਰਾਮ ਦਾ ਨਾਮ ਹੀ ਮੇਰਾ ਸਖਾ=ਮਿੱਤਰ ਹੈ, ਹਰੀ ਨਾਮ ਹੀ ਮੇਰਾ ਭਾਈ=ਭਰਾ ਹੈ।

ਗੁਰਮਤਿ ਰਾਮ ਨਾਮੁ ਜਸੁ ਗਾਵਾ
ਅੰਤਿ ਬੇਲੀ ਦਰਗਹ ਲਏ ਛਡਾਈ॥ ੧॥ ਰਹਾਉ॥

ਗੁਰਾਂ ਦੀ ਸਿੱਖਿਆ ਲੈ ਕੇ ਰਾਮ ਨਾਮ ਜਪਦੇ ਹਾਂ ਤੇ ਹਰੀ ਦੇ ਜਸ ਨੂੰ ਗਾਂਵਦੇ ਹਾਂ, ਜੋ ਹਰੀ ਅੰਤ ਸਮੇਂ ਬੇਲੀ ਹੋ ਕੇ ਦਰਗਾਹ ਵਿਚ ਜਮਾਂ ਤੋਂ ਛੁਡਾ ਲੈਂਦਾ ਹੈ॥ ੧॥ ਰਹਾਉ॥

ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ ਕਰਿ ਕਿਰਪਾ ਲੋਚ ਮੇਰੈ ਮਨਿ ਲਾਈ॥

ਹੇ ਪ੍ਰਭੂ ਅੰਤਰਜਾਮੀ ! ਤੂੰ ਆਪ ਹੀ ਸਾਰਿਆਂ ਦਾ ਦਾਤਾ ਹੈਂ, ਕਿਰਪਾ ਕਰ ਕੇ ਆਪ ਨੇ ਹੀ ਮੇਰੇ ਮਨ ਵਿੱਚ ਲੋਚ=ਚਾਹ ਭਾਵ ਇੱਛਾ ਲਗਾਈ ਹੈ।

ਮੈ ਮਨਿ ਤਨਿ ਲੋਚ ਲਗੀ ਹਰਿ ਸੇਤੀ ਪ੍ਰਭਿ ਲੋਚ ਪੂਰੀ ਸਤਿਗੁਰ ਸਰਣਾਈ॥੨॥

ਮੇਰੇ ਮਨ ਤਨ ਦੇ ਵਿੱਚ ਹਰੀ ਨਾਲ ਚਾਹ ਲੱਗ ਰਹੀ ਹੈ, ਹੇ ਸਤਿਗੁਰੋ ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਆਪ ਕਿਰਪਾ ਕਰ ਕੇ ਪ੍ਰਭੂ ਪ੍ਰਾਪਤੀ ਦੀ ਲੋਚ=ਚਾਹ ਪੂਰੀ ਕਰੋ॥ ੨॥

ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ॥

ਪੂਰਬਲੇ ਪੁੰਨਾਂ ਕਰਕੇ ਮਨੁੱਖਾ ਜਨਮ ਪਾਇਆ ਹੈ ਜੋ ਨਾਮ ਤੋਂ ਬਿਨਾਂ ਬਿਰਥਾ ਜਾਂਦਾ ਹੈ। ਇਸ ਕਰ ਕੇ ਐਸੇ ਜੀਵਨ ਨੂੰ ਧ੍ਰਿਗ ਧ੍ਰਿਗ ਹੈ।

ਨਾਮ ਬਿਨਾ ਰਸ ਕਸ ਦੁਖੁ ਖਾਵੈ ਮੁਖੁ ਫੀਕਾ ਥੁਕ ਥੂਕ ਮੁਖਿ ਪਾਈ ॥ ੩ ॥

ਇਹ ਜੀਵ ਪ੍ਰਭੂ ਦੇ ਨਾਮ ਤੋਂ ਬਿਨਾਂ ਦੁਖਦਾਈ ਰਸਾਂ ਕਸਾਂ ਨੂੰ ਖਾਂਦਾ ਹੈ।

ਅਥਵਾ:-ਕਸੀਸ ਦੇ ਕੇ ਜੋ ਕੱਢੇ ਹੋਏ (ਸ਼ਰਾਬ ਆਦਿਕ) ਰਸ ਹਨ ਉਹਨਾਂ ਨੂੰ ਖਾ ਕੇ ਦੁਖ ਭੋਗਦਾ ਹੈ, ਤੇ ਮੂੰਹੋਂ ਫਿੱਕੇ ਬਚਨ ਬੋਲਦਾ ਹੈ, ਇਸ ਕਰ ਕੇ ਇਸ ਲੋਕ ਵਿੱਚ ਮੂੰਹ ਉੱਪਰ ਥੁੱਕਾਂ ਤੇ ਪ੍ਰਲੋਕ ਵਿੱਚ ਲਾਹਨਤਾਂ ਰੂਪ ਥੁੱਕਾਂ ਪੈਂਦੀਆਂ ਹਨ॥ ੩ ॥

ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥

ਹਰੀ ਜੋ ਹਰ-ਏਕ ਜੀਵਾਂ ਦੇ ਹਰਿਆ ਕਰਨ ਵਲਾ ਹੈ ਜਿਹੜਾ ਪੁਰਸ਼ ਉਸਦੀ ਸ਼ਰਨ ਗ੍ਰਹਿਣ ਕਰਦਾ ਹੈ ਤਿਸ ਨੂੰ ਪ੍ਰਲੋਕ ਦਰਗਾਹ ਵਿੱਚ ਹਰਿ ਹਰਿ=ਪਰਮਾਤਮਾ ਵਡਿਆਈ ਦੇਂਦਾ ਹੈ।

ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ ॥ ੪ ॥ ੪

ਉਹ ਪ੍ਰਭੂ ਆਪਣੇ ਸੇਵਕ ਜਨਾਂ ਨੂੰ ਨਿਸਚੇ ਕਰ ਕੇ ਧੰਨ ਧੰਨ ਤੇ ਸਾਬਾਸਿ=ਧੰਨਤਾ ਜੋਗ ਕਹਿੰਦਾ ਹੈ, ਅਤੇ ਆਪਣੇ ਸੇਵਕ ਜਨਾਂ ਨੂੰ ਆਪਣੇ ਗਲ ਨਾਲ ਲਗਾ ਕੇ ਮੇਲਿ ਲਏ=ਅਭੇਦ ਕਰ ਲੈਂਦਾ ਹੈ॥ ੪ ॥ ੪ ॥

ਗੂਜਰੀ ਮਹਲਾ ੪ ॥

ਗੁਰਮੁਖਿ ਸਖੀ ਸਹੇਲੀ ਮੇਰੀ ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥

ਹੇ ਗੁਰਮੁਖਾਂ ਰੂਪੀ ਮੇਰੀਆਂ ਪਿਆਰੀਆਂ ਸਖੀਓ ! ਪ੍ਰਾਣਾਂ ਦੇ ਜਿਵਾਣ ਵਾਲਾ ਜੋ ਹਰੀ ਹੈ, ਮੈਨੂੰ ਉਸ ਦੇ ਸਿਮਰਨ ਦਾ ਦਾਨ ਦੇਣਾ ਕਰੋ।

ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ
ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥ ੧ ॥

ਅਸੀਂ ਉਹਨਾਂ ਗੁਰ-ਸਿੱਖਾਂ ਦੇ ਲਾਲੇ ਗੋਲੇ=ਦਾਸਾਂ ਦੇ ਦਾਸ ਹੁੰਦੇ ਹਾਂ, ਜਿਨ੍ਹਾਂ ਨੇ ਰਾਤ ਦਿਨ ਪ੍ਰਭੂ ਪੁਰਖ ਦਾ ਹਰੀ ਨਾਮ ਜਪਿਆ ਹੈ॥ ੧ ॥

ਮੇਰੈ ਮਨਿ ਤਨਿ ਬਿਰਹੁ ਗੁਰਸਿਖ ਪਗ ਲਾਇਆ ॥

ਹੇ ਗੁਰਸਿੱਖ ! ਤੁਹਾਡੇ ਚਰਨਾਂ ਦਾ ਬਿਰਹੁ=ਪ੍ਰੇਮ ਮੇਰੇ ਮਨ ਤੇ ਤਨ ਵਿੱਚ ਪ੍ਰਭੂ ਨੇ ਲਗਾਇਆ ਹੈ।

(ਪੰਨਾ ੪੯੪)

ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ
ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥ ੧ ॥ ਰਹਾਉ ॥

ਹੇ ਗੁਰੂ ਦੇ ਸਿੱਖੋ ! ਗੁਰ ਭਾਈਓ! ਤੁਸੀਂ ਹੀ ਮੇਰੇ ਪ੍ਰਾਣਾਂ ਦੇ ਸਖਾ=ਮਿੱਤਰ ਭਾਵ ਪਿਆਰੇ ਹੋ, ਮੈਨੂੰ ਉਪਦੇਸ਼ ਦੇਣਾ ਕਰੋ ਕਿਉਂਕਿ-ਤੁਹਾਡਾ ਮਿਲਾਇਆ ਹੋਇਆ ਹੀ ਹਰੀ ਮਿਲਦਾ ਹੈ॥ ੧ ॥ ਰਹਾਉ ॥

ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ ॥

ਜਾਂ ਹਰੀ ਪ੍ਰਭੂ ਨੂੰ ਭਾ ਜਾਵੇ ਤਾਂ ਗਰਮੁਖਾਂ ਨੂੰ ਆਪਣੇ ਨਾਲ ਮੇਲਦਾ ਹੈ, ਜਿਨ੍ਹਾਂ ਗਰਮੁਖਾਂ ਦੇ ਮਨ ਵਿੱਚ ਗੁਰੂ=ਪੂਜਨੀਕ ਸਤਿਗੁਰਾਂ ਦਾ ਬਚਨ ਭਾਇਆ=ਚੰਗਾ ਲੱਗਾ ਹੈ।

ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥੨ ॥

ਗੁਰੂ ਦੇ ਪਿਆਰੇ ਸਿੱਖ ਵੱਡਿਆਂ ਭਾਗਾਂ ਵਾਲੇ ਹਨ, ਕਿਉਂਕਿ ਉਹਨਾਂ ਨੇ ਨਿਰਬਾਣੀ=ਨਿਰਬੰਧ ਹਰੀ ਦਾ ਸਿਮਰਨ ਕਰਕੇ ਨਿਰਬਾਣ ਪਦੁ=ਆਤਮਾ ਪਦ ਪਾਇਆ ਹੈ॥ ੨ ॥

ਸਤਸੰਗਤਿ ਗੁਰ ਕੀ ਹਰਿ ਪਿਆਰੀ ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥

ਗੁਰਾਂ ਦੀ ਸਤਸੰਗਤ ਹਰੀ ਨੂੰ ਪਿਆਰੀ ਹੈ, ਜਿਨ੍ਹਾਂ ਦੇ ਮਨ ਵਿੱਚ ਹਰਿ ਹਰਿ ਦਾ ਨਾਮ ਮਿੱਠਾ ਭਾ ਗਿਆ ਹੈ।

ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਸੇ ਭਾਗਹੀਣ ਪਾਪੀ ਜਮਿ ਖਾਇਆ ॥ ੩ ॥

ਜਿਸ ਪੁਰਸ਼ ਨੇ ਸਤਿਗੁਰਾਂ ਦੀ ਸਤੰਸਗਤ ਦਾ ਸੰਗ ਕਰਨਾ ਨਹੀਂ ਪਾਇਆ ਉਸ ਭਾਗਾਂ ਤੋਂ ਹੀਣੇ ਪਾਪੀ ਨੂੰ ਜਮਾਂ ਨੇ ਖਾਧਾ ਹੈ॥ ੩ ॥

ਆਪਿ ਕ੍ਰਿਪਾਲੁ ਕ੍ਰਿਪਾ ਪ੍ਰਭੁ ਧਾਰੇ ਹਰਿ ਆਪੇ ਗੁਰਮੁਖਿ ਮਿਲੈ ਮਿਲਾਇਆ ॥

ਕ੍ਰਿਪਾਲੂ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਧਾਰੇ, ਤਾਂ ਗੁਰਮੁਖਾਂ ਦਾ ਮਿਲਾਇਆ ਹੋਇਆ ਹਰੀ ਆਪੇ ਆ ਕੇ ਮਿਲੈ=ਮਿਲਦਾ ਹੈ।

ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਗੁਣਾਂ ਵਾਲੀ ਬਾਣੀ ਬੋਲਦਾ ਹੈ, ਉਹ ਗੁਰਬਾਣੀ ਦੇ ਪ੍ਰਤਾਪ ਕਰਕੇ ਹਰੀ ਨਾਮੀ ਵਿੱਚ ਅਭੇਦ ਹੋ ਜਾਂਦਾ ਹੈ॥ ੪ ॥ ੫ ॥

ਗੂਜਰੀ ਮਹਲਾ ੪ ॥

ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ
ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥

ਜਿਨ੍ਹਾਂ ਜਿਨ੍ਹਾਂ ਨੇ ਸਤਿਗੁਰ ਪੁਰਖਾਂ ਦੁਆਰੇ ਹਰੀ ਪ੍ਰਭੂ ਨੂੰ ਪਾਇਆ ਹੈ, ਉਹ ਮੈਨੂੰ ਉਪਦੇਸ਼ ਕਰਕੇ ਹਰੀ ਦਾ ਨਾਮ ਮਿੱਠਾ ਲਗਾਉਣ।

ਮਨੁ ਤਨੁ ਸੀਤਲੁ ਸਭ ਹਰਿਆ ਹੋਆ ਵਡਭਾਗੀ ਹਰਿ ਨਾਮੁ ਧਿਆਵੈ ॥ ੧ ॥

ਉਸ ਦਾ ਮਨ ਸੀਤਲੁ=ਠੰਢਾ ਤੇ ਤਨ ਸਾਰਾ ਸ਼ੁਭ ਗੁਣਾਂ ਨਾਲ ਹਰਿਆ ਹੋ ਗਿਆ ਹੈ ਜੋ ਵੱਡਿਆਂ ਭਾਗਾਂ ਵਾਲਾ ਹਰੀ ਨਾਮ ਨੂੰ ਧਿਆਉਂਦਾ ਹੈ॥ ੧ ॥

ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥

ਹੇ ਭਾਈ ! ਕੋਈ ਮੈਨੂੰ ਅਜੇਹਾ ਗਰਸਿੱਖ ਆਕੇ ਮਿਲੇ, ਜੋ ਮੈਨੂੰ ਹਰੀ ਨਾਮ ਦ੍ਰਿੜ੍ਹ ਕਰਵਾਵੇ।

ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ
ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥ ੧ ॥ ਰਹਾਉ ॥

ਉਹ ਮੇਰੇ ਪ੍ਰਾਣਾਂ ਦਾ ਪ੍ਰੀਤਮ ਹੈ, ਮੈਂ ਉਸ ਨੂੰ ਮਨ ਤਨ ਤੇ ਸਾਰਾ ਧਨ ਦੇਵਾਂਗਾ, ਜੋ ਮੈਨੂੰ ਮੇਰੇ ਪਿਆਰੇ ਹਰਿ ਹਰਿ ਪ੍ਰਭੂ ਦੀ ਕਥਾ ਸੁਣਾਵੇ ॥ ੧ ॥ ਰਹਾਉ ॥

ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥

ਜਿਸ ਨੇ ਹਰੀ ਸਰੂਪ ਗੁਰਾਂ ਦੀ ਸਿੱਖਿਆ ਕਰ ਕੇ ਧੀਰਜ ਤੇ ਧਰਮ ਨੂੰ ਪਾਇਆ ਹੈ, ਉਹ ਨਿਤਾਪ੍ਰਤੀ ਹਰਿ ਹਰਿ ਨਾਮ ਚਿੱਤ ਬਿਰਤੀ ਲਗਾਂਵਦਾ ਹੈ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ ੨ ॥

ਸਤਿਗੁਰਾਂ ਦੀ ਜੋ ਬਾਣੀ ਹੈ ਏਹੋ ਅੰਮ੍ਰਿਤ ਵਾਂਗੂੰ ਬਚਨ ਹਨ, ਉਹਨਾਂ ਨੂੰ ਜੋ ਬੋਲਦਾ ਹੈ ਉਹ ਮੂੰਹ ਵਿਚ ਬ੍ਰਹਮਾਨੰਦ ਰੂਪ ਅੰਮ੍ਰਿਤ ਨੂੰ ਪਾਉਂਦਾ ਹੈ ॥ ੨ ॥

ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥

ਪਰਮੇਸ਼ਰ ਦਾ ਨਾਮ ਸਭ ਤੋਂ ਨਿਰਮਲ ਹੈ, ਜਿਸ ਨਾਮ ਕਰਕੇ ਕੋਈ ਪਾਪਾਂ ਰੂਪੀ ਮੈਲ ਨਹੀਂ ਲਗਦੀ, ਏਸੇ ਕਰ ਕੇ ਗੁਰ ਸਿੱਖਿਆ ਦੁਆਰੇ ਚਿੱਤ ਬਿਰਤੀ ਲਗਾ ਕੇ ਨਾਮ ਨੂੰ ਜਪਣਾ ਕਰੇ।

ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜਾਵੈ ॥ ੩ ॥

ਜਿਸ ਪੁਰਸ਼ ਨੇ ਨਾਮ ਰੂਪ ਪਦਾਰਥ ਨੂੰ ਨਹੀਂ ਪਾਇਆ ਉਹ ਭਾਗਹੀਣ ਪੁਰਸ਼ ਮਰ ਹੀ ਮਰ ਜਾਂਦਾ ਹੈ। ਅਥਵਾ:-ਮਰਿ=ਤਹਿਕੀਕ (ਨਿਸਚੇ) ਕਰ ਕੇ ਮਰ ਜਾਂਦਾ ਹੈ ॥ ੩ ॥

ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥

ਹੇ ਜਗਜੀਵਨ ਦਾਤਾ ! ਤੂੰ ਅਨੰਦ ਦਾ ਮੂਲ-ਮੁੱਢ ਹੈਂ; ਜੋ ਪੁਰਸ਼ ਹਰੀ ਨਾਮ ਨੂੰ ਧਿਆਉਂਦੇ ਹਨ ਉਹਨਾਂ ਸਭਨਾਂ ਜਨਾਂ ਨੂੰ ਆਪ ਅਨੰਦ ਦੇਣਾ ਕਰਦੇ ਹੋ।

ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥ ੪ ॥ ੬ ॥

ਤੂੰ ਦਾਤਾ ਹੈਂ, ਇਹ ਸਾਰੇ ਜੀਵ ਤੇਰੇ ਮੰਗਤੇ ਹਨ, ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੂੰ ਬਖਸ਼ ਕੇ ਤੂੰ ਆਪਣੇ ਨਾਲ ਮਿਲਾ ਲੈਂਦਾ ਹੈ ॥ ੪ ॥ ੬ ॥

ੴ ਸਤਿਗੁਰ ਪ੍ਰਸਾਦਿ ॥ ਗੂਜਰੀ ਮਹਲਾ ੪ ਘਰੁ ੩ ॥
ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥੧ ॥

ਮਾਂ ਪਿਉ ਪੁੱਤਰ ਆਦਿਕ ਸਾਰੇ ਸਨਬੰਧੀ ਹਰੀ ਦੇ ਪੈਦਾ ਕੀਤੇ ਹੋਏ ਹਨ।
ਇਹਨਾਂ ਸਭਨਾਂ ਦੇ ਸਨਬੰਧ ਭੀ ਹਰੀ ਨੇ ਆਪ ਕਰ ਦਿੱਤੇ ਹਨ ॥ ੧ ॥

ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥
ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥ ੧ ॥ ਰਹਾਉ ॥

ਹੇ ਮੇਰੇ ਭਾਈ ! ਅਸਾਡਾ ਸਾਰਾ ਜੋਰੁ=ਬਲ ਰਹਿ ਚੁੱਕਾ ਹੈ। ਕਿਉਂਕਿ-ਸਭ ਕੁਝ ਤਨ, ਮਨ, ਸੂਖਮ ਸਰੀਰ ਹਰੀ ਦਾ ਹੈ, ਅਤੇ ਅਸਾਡਾ ਸਥੂਲ ਸਰੀਰ ਭੀ ਹਰੀ ਦੇ ਵਸ ਵਿਚ ਹੈ॥ ੧ ॥ ਰਹਾਉ ॥

ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥ ਵਿਚੇ ਗ੍ਰਿਸਤ ਉਦਾਸ ਰਹਾਈ ॥ ੨ ॥

ਆਪ ਹੀ ਭਗਤ ਜਨਾਂ ਨੂੰ ਹਰੀ ਨਾਮ ਜਪਣ ਦੀ ਆਪਣੀ ਸ਼ਰਧਾ ਲਗਾਈ ਹੈ। ਅਤੇ ਗ੍ਰਿਹਸਤ ਦੇ ਵਿਚ ਹੀ ਉਦਾਸ ਰੱਖਿਆ ਹੈ॥ ੨ ॥

ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ ॥

ਜਿਸ ਵੇਲੇ ਅੰਦਰਲੀ ਪ੍ਰੀਤੀ ਹਰੀ ਨਾਲ ਲੱਗ ਗਈ।

ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ ॥ ੩ ॥

ਤਿਸ ਵੇਲੇ ਉਹ ਗੁਰਮੁਖ ਜੋ ਕੁਝ ਭੀ ਕਰਦਾ ਹੈ ਉਹ ਮੇਰੇ ਹਰੀ ਪ੍ਰਭੂ ਨੂੰ ਭਾ ਜਾਂਦਾ ਹੈ॥ ੩ ॥

ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥ ਸੋ ਹਮ ਕਰਹ ਜੋ ਆਪਿ ਕਰਾਏ ॥ ੪ ॥

ਜਿਸ ਕੰਮ ਕਾਰ ਵਿਚ ਅਸਾਨੂੰ ਹਰੀ ਨੇ ਲਗਾਇਆ ਹੈ। ਅਸੀਂ ਓਹੋ ਕੰਮ ਕਰਦੇ ਹਾਂ, ਜੋ ਪ੍ਰਭੂ ਅਸਾਥੋਂ ਆਪ ਕਰਾਉਂਦਾ ਹੈ।

ਜਿਨ ਕੀ ਭਗਤਿ ਮੇਰੇ ਪ੍ਰਭ ਭਾਈ ॥

ਜਿਸ ਪੁਰਸ਼ ਦੀ ਸੇਵਾ ਭਗਤੀ ਕੀਤੀ ਹੋਈ ਮੇਰੇ ਪ੍ਰਭੂ ਨੂੰ ਭਾ ਗਈ ਹੈ।

ਤੇ ਜਨ ਨਾਨਕ ਰਾਮ ਨਾਮ ਲਿਵ ਲਾਈ ॥ ੫ ॥ ੧ ॥ ੭ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ-ਤਿਸ ਪੁਰਸ਼ ਨੇ ਰਾਮ ਨਾਮ ਵਿੱਚ ਬਿਰਤੀ ਜੋੜੀ ਹੈ॥ ੫ ॥ ੧ ॥ ੭ ॥ ੧੬ ॥

ਉਥਾਨਕਾ:-ਜਿਸ ਵੇਲੇ (੧੬੩੮ ਭਾਦਰੋਂ ਸੁਦੀ ਤੀਜ ਨੂੰ) ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜੋਤੀ ਜੋਤ ਸਮਾਏ ਸਨ, ਉਸ ਵੇਲੇ ਭਾਈ ''ਗੁਰਦਾਸ'' ਜੀ ''ਆਗਰੇ'' ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ, ਜਦ ਸੁਣਿਆਂ ਤਾਂ ਉਸੀ ਵੇਲੇ ਸੰਗਤਾਂ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੱਥਾ ਟੇਕ ਕੇ ਬੈਠ ਗਏ ਤੇ ਪ੍ਰਚਾਉਣੀ ਕਰ ਕੇ ਫੇਰ ਸੁੱਖ ਅਨੰਦ ਦੀ ਖਬਰ ਪੁੱਛੀ, ਗੱਲਾਂ ਕਰਦਿਆਂ ਕੁਝ ਸਮਾਂ ਬੀਤ ਗਿਆ ਤਾਂ ਇਤਨੇ ਨੂੰ ਲਾਂਗਰੀ ਨੇ ਆ ਕੇ ਪ੍ਰਸ਼ਾਦ ਛਕਣ ਵਾਸਤੇ ਕਿਹਾ-ਸ੍ਰੀ ਗੁਰੂ ਅਰਜਨ ਦੇਵ ਜੀ ਸਾਰੀਆਂ ਸੰਗਤਾਂ ਸਮੇਤ ਪ੍ਰਸ਼ਾਦ ਛਕਣ ਗਏ. ਤਾਂ ਲਾਂਗਰੀ ਨੇ ਸਾਰਿਆਂ ਨੂੰ ਦੋ ਦੋ ਮਿੱਸੇ ਪ੍ਰਸ਼ਾਦੇ ਤੇ ਇੱਕ ਇੱਕ ਲੱਸੀ ਦਾ ਛੰਨਾ ਦਿੱਤਾ। ਭਾਈ ਗੁਰਦਾਸ ਜੀ ਨੂੰ ਭੀ ਦੋ ਮਿੱਸੇ ਪ੍ਰਸ਼ਾਦੇ ਤੇ ਲੱਸੀ ਦਾ ਛੰਨਾ ਦਿੱਤਾ. ਭਾਈ ਗੁਰਦਾਸ ਜੀ ਖਾਂਦੇ ਹੋਏ ਆਖਦੇ ਹਨ ਜੇਕਰ ਸੰਸਾਰਕ ਸਬੰਧ ਵਿਚਾਰੀਏ ਤਾਂ ਮੈਂ ਵੱਡੀ ਜਗਾ ਉੱਪਰ ਹਾ ਕਿਉਂਕਿ ਆਪ ਜੀ ਦਾ ''ਮਾਮਾ'' ਹਾਂ। ਦੂਜਾ ਸਬੰਧ ਹੋਰ ਭੀ ਹੈ ਸ੍ਰੀ ਗੁਰੂ ਰਾਮਦਾਸ ਸਾਹਿਬ

ਜੀ ਦੀ ਗੁਰਤਾ ਗੱਦੀ ਉੱਪਰ ਬੈਠਣ ਕਰਕੇ ਆਪ ਗੁਰੂ ਹੋ, ਤੇ ਮੈਂ ਆਪ ਜੀ ਦਾ ਸਿੱਖ ਹਾਂ, ਚਿਰ ਬਾਅਦ ਆਉਣ ਕਰਕੇ ਆਪ ਜੀ ਨੂੰ ਮੇਰਾ ਸਤਿਕਾਰ ਕਰਨਾ ਚਾਹੀਦਾ ਸੀ, ਪਰ ਤੁਸਾਂ ਨੇ ਕੁਝ ਵੀ ਨਹੀਂ ਕੀਤਾ। ਇਹ ਗੱਲ ਸੁਣਕੇ ਗੁਰੂ ਜੀ ਨੇ ਹੱਸਕੇ ਕਿਹਾ-ਕਿਸੀ ਨੇ ਲੁਕ ਨੇ ਕੋਈ ਪਦਾਰਥ ਨਹੀਂ ਖਾਧਾ ਤੁਹਾਡੇ ਸਾਹਮਣੇ ਹੀ ਸਾਰਿਆਂ ਨੇ ਖਾਧਾ ਹੈ, ਜੇਕਰ ਚਿੱਤ ਵਿੱਚ ਕੋਈ ਸੰਸਾ ਹੈ ਤਾਂ ਅਸਾਡੇ ਮਾਤਾ ਜੀ (ਆਪ ਜੀ ਦੇ ਭੈਣ ਜੀ) ਉਹ ਅੰਦਰ ਬੈਠੇ ਹਨ ਉਹਨਾਂ ਪਾਸ ਚਲੇ ਜਾਓ। ਭਾਈ ਗੁਰਦਾਸ ਜੀ ਨੇ ਭੈਣ ਜੀ ਨੂੰ ਪ੍ਰਨਾਮ ਕਰਕੇ ਸੁੱਖ ਅਨੰਦ ਦੀ ਖਬਰ ਪੁੱਛ ਕੇ ਕਿਹਾ-''ਕਿ ਕੀ ਕਾਰਨ ਹੈ ਗੁਰੂ ਜੀ ਧਨ ਇਕੱਠਾ ਕਰਨ ਲੱਗ ਪਏ ਹਨ, ਜੋ ਲੰਗਰ ਵਿੱਚ ਮਿੱਸੇ ਪ੍ਰਸ਼ਾਦੇ ਵਰਤਾਉਣੇ ਸ਼ੁਰੂ ਕਰ ਦਿੱਤੇ ਹਨ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵੇਲੇ ਤਾਂ ਨਿੱਤ ਕੜਾਹ ਪ੍ਰਸ਼ਾਦ ਹੁੰਦਾ ਸੀ।'' ਬੀਬੀ ਭਾਨੀ ਜੀ ਨੇ ਕਿਹਾ-ਵੀਰ ਜੀ ! ਅੱਜ ਤਾਂ ਮਿੱਸੇ ਪ੍ਰਸ਼ਾਦੇ ਮਿਲੇ ਹਨ, ਪਰ ਕਦੇ ਕਦੇ ਤਾਂ ਲੰਗਰ ਮਸਤਾਨਾ ਭੀ ਹੋ ਜਾਂਦਾ ਹੈ ਕਿਉਂਕਿ ਵੱਡਾ ਪੁੱਤਰ 'ਪ੍ਰਿਥੀ ਚੰਦ' ਜਿਸ ਵੇਲੇ ਸੰਗਤਾਂ ਨੂੰ ਆਉਂਦਿਆਂ ਸੁਣਦਾ ਹੈ, ਤਾਂ ਉਹ ਅੱਗੇ ਹੀ ਜਾਕੇ ਸੰਗਤਾਂ ਪਾਸੋਂ ਕਾਰ ਭੇਟਾ ਉਗਰਾਹ ਕੇ ਆਪਣੇ ਪਾਸ ਰੱਖ ਲੈਂਦਾ ਹੈ, ਅਸਾਨੂੰ ਕੁਝ ਨਹੀਂ ਦੇਂਦਾ, ਤੇ ਲੰਗਰ ਛਕਣ ਵਾਸਤੇ ਸੰਗਤਾਂ ਨੂੰ ਅਸਾਡੇ ਵੱਲ ਭੇਜ ਦੇਂਦਾ ਹੈ, ਖਰਚ ਵਧਣ ਕਰਕੇ ਮਿੱਸੇ ਪ੍ਰਸ਼ਾਦੇ ਪੱਕਣੇ ਸ਼ੁਰੂ ਹੋ ਗਏ ਹਨ। ਜੋ ਕੋਈ ਸੰਗਤ ਅਸਾਡੇ ਪਾਸ ਪਹੁੰਚ ਜਾਂਦੀ ਹੈ, ਉਹ ਜੋ ਭੀ ਭੇਟਾ ਲਿਆ ਰੱਖਦੀ ਹੈ, ਉਸ ਵਿੱਚੋਂ ਬਹੁਤੀ ਮਾਇਆ ਤਾਂ ਹਰਿਮੰਦਰ ਸਾਹਿਬ ਦੀ ਉਸਾਰੀ ਉੱਪਰ ਖਰਚ ਕਰ ਦਿੰਦੇ ਹਾਂ, ਕਿਉਂਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਖ ਗਏ ਸਨ-ਕਿ ਹਰਿਮੰਦਰ ਸਾਹਿਬ ਦੀ ਸੇਵਾ ਛੇਤੀ ਤੋਂ ਛੇਤੀ ਕਰਨੀ, ਇਸ ਤਰ੍ਹਾਂ ਦੀਆਂ ਗੱਲਾਂ ਸੁਣਕੇ ਭਾਈ ਗੁਰਦਾਸ ਜੀ ਜਰ ਨਾ ਸਕੇ, ਉਸੀ ਵੇਲੇ ਕਿਸੇ ਸਿੱਖ ਪਾਸੋਂ ਸੰਗਤ ਆਉਂਦੀ ਸੁਣਕੇ ਆਪ ਬਾਹਰ ਜਾ ਬੈਠੇ ਜਿੱਥੇ ਪਿਪਲੀ ਸਾਹਿਬ ਗੁਰਦੁਆਰਾ ਹੈ। ਸੰਗਤ ਨੂੰ ਓਥੇ ਹੀ ਬਿਠਾਕੇ ਪਹਿਲਾਂ ਸਤਸੰਗ ਕੀਤਾ, ਫੇਰ ਸਾਰਾ ਭੇਦ ਸਮਝਾ ਦਿੱਤਾ, ਕਿ ਗੁਰੂ ਸਾਹਿਬ ਜੀ ਦੇ ਸਪੁੱਤਰ ਭਾਵੇਂ ਤਿੰਨ ਹਨ, ਪਰ ਗੁਰਿਆਈ ਗੱਦੀ ਉੱਪਰ 'ਸ੍ਰੀ ਗੁਰੂ ਅਰਜਨ ਸਾਹਿਬ ਜੀ' ਸੁਸ਼ੋਭਤ ਹਨ। ਉਹਨਾਂ ਅੱਗੇ ਭੇਟਾ ਰੱਖਕੇ ਉਹਨਾਂ ਦੇ ਹੀ ਦਰਸ਼ਨ ਕੀਤਾ ਕਰੋ, ਇਹ ਗੱਲ ਸੁਣਦਿਆਂ ਸਾਰ ਸੰਗਤ ਨੂੰ ਨਿਸ਼ਚਾ ਹੋ ਗਿਆ ਤੇ 'ਭਾਈ ਗੁਰਦਾਸ ਜੀ' ਦੇ ਨਾਲ ਆ ਕੇ ਗੁਰੂ ਜੀ ਅੱਗੇ ਸਾਰੀ ਭੇਟਾ ਰੱਖਕੇ ਦਰਸ਼ਨ ਕਰਕੇ ਨਿਹਾਲ ਹੋਏ। ਇਹ ਗੱਲ ਵੇਖਕੇ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ:-

ਗੂਜਰੀ ਮਹਲਾ ੫ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥

ਹੇ ਭਾਈ ਗੁਰਦਾਸ ਜੀ ! ਤੁਸਾ ਨੇ ਆਪਣੇ ਮਨ ਵਿੱਚ ਕਿਸ ਵਾਸਤੇ ਉੱਦਮ ਚਿਤਵਿਆ ਹੈ, ਜਾਂ ਹਰਿ ਜੀ ਪਰਮਾਤਮਾ ਅਸਾਡੇ ਖਾਣ ਪਾਣ ਦੇ ਆਹਰਿ=ਉੱਦਮ ਵਿੱਚ ਪਿਆ ਹੋਇਆ ਹੈ।

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥

ਵੇਖੋ ! ਪੱਥਰਾਂ ਦੀਆ ਸਿਲਾਂ ਵਿੱਚ ਅਥਵਾ:-ਸੈਲ=ਭਾਰੀ ਪੱਥਰਾਂ ਵਿੱਚ,

ਅਥਵਾ:-ਸੈਲ=ਖੁਸ਼ਕ ਪੱਥਰਾਂ ਵਿਚ ਜੀਆ ਜੰਤ ਪੈਦਾ ਕੀਤੇ ਹਨ, ਪਰ ਉਹਨਾਂ ਦਾ ਰਿਜਕੁ=ਖਾਣਾ ਵਾਹਿਗੁਰੂ ਨੇ ਉਹਨਾਂ ਦੇ ਅੱਗੇ ਹੀ ਧਰਿਆ=ਰੱਖਿਆ ਹੋਇਆ ਹੈ॥ ੧॥

ਯਥਾ :-ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥ ੩॥ ੩॥ (ਪੰਨਾ ੪੮੮)

ਇਹ ਉਪਦੇਸ਼ ਭਾਈ ਗੁਰਦਾਸ ਜੀ ਨੂੰ ਦੇ ਹੀ ਰਹੇ ਸਨ, ਇਤਨੇ ਨੂੰ ਸੰਤ 'ਮਾਧੋ ਦਾਸ' ਜੀ ਕਸ਼ਮੀਰ ਦੀ ਸੰਗਤ ਅਤੇ ਰਾਜੇ ਨੂੰ ਪ੍ਰਵਾਰ ਸਮੇਤ ਲੈਕੇ ਗੁਰੂ ਜੀ ਪਾਸ ਪਹੁੰਚ ਗਏ ਤੇ ਭੇਟਾ ਦੇ ਅੰਬਾਰ ਲਗਾ ਦਿੱਤੇ, ਭਾਈ ਗੁਰਦਾਸ ਜੀ ਦੇ ਅੰਦਰ ਜੋ ਕੁਝ ਹੰਕਾਰ ਦੀ ਕਣੀ ਆ ਗਈ ਸੀ ਉਸ ਦੀ ਨਿਵਿਰਤੀ ਵਾਸਤੇ ਗੁਰੂ ਜੀ ਨੇ ਮਾਧਉ ਦਾਸ ਨੂੰ ਵੇਖ ਕੇ ਕਿਹਾ-

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ॥

ਹੇ ਸਿੱਖੋ ! ਮੇਰੇ ਪਿਆਰੇ 'ਮਾਧਉ ਦਾਸ' ਜੀ ਦੀ ਸਤਸੰਗਤ ਵਿੱਚ ਜੋ ਮਿਲਿਆ ਹੈ ਉਹ ਤਰ ਗਿਆ ਹੈ।

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ ੧॥ ਰਹਾਉ॥

ਇਹਨਾਂ ਨੇ ਗੁਰਾਂ ਦੀ ਪਰਸਾਦਿ=ਕਿਰਪਾ ਕਰ ਕੇ ਪਰਮ-ਪਦ=ਆਤਮਾ ਪਦ ਪਾਇਆ ਹੈ, ਸੁੱਕਾ ਕਾਠ ਹਰਿਆ ਹੋ ਗਿਆ ਭਾਵ ਸੁੱਕੀ ਸੂਲੀ ਹਰੀ ਭਰੀ ਹੋ ਗਈ ਹੈ।

ਅਥਵਾ:-ਸਾਰਿਆਂ ਵਿਚ ਮੇਰਾ=ਮਿਲਿਆ ਹੋਇਆ ਜੋ ਮਾਧਉ=ਮਾਇਆ ਪਤੀ ਪਰਮਾਤਮਾ ਹੈ ਉਸ ਦੀ ਸੰਗਤ ਵਿੱਚ ਜੋ ਮਿਲਿਆ ਹੈ ਉਹ ਤਰ ਗਿਆ ਹੈ।

ਉਸ ਨੇ ਗੁਰਾਂ ਦੀ ਪਰਸਾਦਿ=ਕਿਰਪਾ ਕਰ ਕੇ ਪਰਮਪਦੁ=ਆਤਮ ਪਦਵੀ ਨੂੰ ਪਾਇਆ ਹੈ, ਅਤੇ ਸੂਕੇ ਕਾਸਟ=ਸੁੱਕਾ ਕਾਠ ਕਠੋਰ ਅੰਤਹਕਰਣ ਸ਼ੁਭ ਗੁਣਾਂ ਨਾਲ ਹਰਿਆ ਹੋ ਗਿਆ ਹੈ॥ ੧॥ ਰਹਾਉ॥

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥

ਜਨਨਿ-ਪਿਤਾ=ਮਾਂ ਪਿਉ ਸਬੰਧੀ, ਸੁਤ=ਪੁੱਤਰ, ਬਨਿਤਾ=ਇਸਤਰੀ ਆਦਿਕਾਂ ਵਿਚੋਂ ਕੋਈ ਭੀ ਕਿਸੇ ਦਾ ਧਰਿਆ=ਆਸਰਾ ਨਹੀਂ। ਮਾਧੋ ਦਾਸ ਜੀ ਨੂੰ ਵਰ ਦੇ ਕੇ ਤੇ ਉਹਨਾਂ ਸਾਰਿਆਂ ਨੂੰ ਵਿਦਾ ਕਰ ਕੇ, ਹੁਣ ਫਿਰ ਭਾਈ ਗੁਰਦਾਸ ਜੀ ਨੂੰ ਸਮਝਾਉਂਦੇ ਹਨ:-

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥ ੨॥

ਹੇ ਭਾਈ ਗੁਰਦਾਸ ਜੀ ! ਉਹ ਠਾਕੁਰੁ=ਸੁਆਮੀ ਪਰਮਾਤਮਾ ਜੀਆਂ ਨੂੰ ਸਿਰਿ ਸਿਰਿ=ਸਿਰਜ ਸਿਰਜ ਕੇ ਅਥਵਾ-ਸਿਰਿ ਸਿਰਿ=ਸਿਰ ਬਸਿਰ ਜਿਥੇ ਕੋਈ ਹੈ ਉਥੇ ਹੀ ਹਰ ਇੱਕ ਨੂੰ ਰਿਜਕੁ=ਖਾਣ ਪਾਣ ਪਹੁੰਚਾਉਂਦਾ ਹੈ, ਤੂੰ ਆਪਣੇ ਮਨ ਵਿਚ ਕਿਸ ਵਾਸਤੇ ਭਉ=ਡਰ ਕੀਤਾ ਹੈ॥ ੨॥

ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥

ਹੋਰ ਵੇਖ ! ਊਡੈ=ਕੂੰਜਾਂ ਸੈ ਕੋਸਾ=ਸੈਂਕੜੇ ਕੋਹਾਂ ਤੋਂ ਉੱਡ ਕੇ ਇੱਥੇ ਆ ਜਾਂਦੀਆਂ ਹਨ, ਤਿਸੁ ਪਾਛੈ=ਤਿਸ (ਆਪਣੇ ਆਉਣ ਤੋਂ) ਪਿੱਛੇ ਬਚਰੇ=ਬੱਚਿਆਂ ਨੂੰ ਛਰਿਆ=ਛੱਡਕੇ ਆਉਂਦੀਆਂ ਹਨ।

ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥ ੩ ॥

ਉਹਨਾਂ ਬੱਚਿਆਂ ਨੂੰ (ਚਿੜੀ ਵਾਗੂੰ) ਕੌਣ ਖੁਆਲਦਾ ਹੈ? ਅਤੇ (ਕੁੱਕੜੀ ਵਾਂਗੂੰ) ਕੌਣ ਚੋਗਾ ਚੁਗਾਂਵਦਾ ਹੈ? ਭਾਵ ਨਾ ਕੋਈ ਖੁਆਂਦਾ ਹੈ, ਨਾ ਹੀ ਕੋਈ ਚੋਗਾ ਚੁਗਾਂਵਦਾ ਹੈ;

ਪ੍ਰਸ਼ਨ-ਉਹਨਾਂ ਬੱਚਿਆਂ ਦੀ ਪਾਲਣਾ ਫਿਰ ਕਿਵੇਂ ਹੁੰਦੀ ਹੈ?

ਉੱਤਰ-ਉਹਨਾਂ ਬੱਚਿਆਂ ਦੀ ਮਾਂ ਕੂੰਜ ਜੋ ਆਪਣੇ ਮਨ ਵਿਚ ਬੱਚਿਆਂ ਦਾ ਸਿਮਰਨ ਕਰਦੀ ਰਹਿੰਦੀ ਹੈ, ਇਤਨੇ ਵਿਚ ਹੀ ਉਹਨਾਂ ਦੀ ਪਾਲਣਾ ਹੁੰਦੀ ਹੈ॥ ੩ ॥

ਯਥਾ-ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥

ਓਇ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰ ਸਮਾਲੀ॥ (ਗਉੜੀ ਮਃ ੪ ਪੰਃ ੧੬੮)

ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥

ਹੇ ਭਾਈ ਗੁਰਦਾਸ ਜੀ ! ਸਾਰੇ ਨਿਧਾਨ=ਖਜ਼ਾਨੇ ਤੇ ਦਸ ਅਸਟ=ਅਠਾਰਾਂ ਸਿੱਧੀਆਂ, ਠਾਕੁਰ ਪਰਮਾਤਮਾ ਨੇ ਆਪਣੇ ਕਰ=ਹੱਥ ਦੀ ਤਲੀ ਪਰ ਧਰੀਆਂ ਹੋਈਆਂ ਹਨ (ਕਿ ਜਿਸ ਵੇਲੇ ਭੀ ਕੋਈ ਭਗਤ ਆ ਕੇ ਮੰਗੇ, ਉਸ ਨੂੰ ਦੇਣ ਲੱਗਿਆਂ ਦੇਰ ਨਾ ਲੱਗੇ)।

ਅਥਵਾ:-ਸਾਰੀਆਂ ਨਿੱਧੀਆਂ ਤੇ ਅਠਾਰਾਂ ਸਿੱਧੀਆਂ ਠਾਕੁਰ ਨੇ ਆਪਣੇ ਸੇਵਕ ਦੀ ਹੱਥ ਦੀ ਤਲੀ ਤੇ ਰੱਖੀਆਂ ਹੋਈਆਂ ਹਨ, ਕਿਉਂਕਿ ਕਈ ਸੇਵਕ ਸ਼ਰਮ ਕਰ ਕੇ ਨਹੀ ਮੰਗਦੇ।

ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪ ॥੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਆਪ ਜੀ ਉੱਤੋਂ ਮੈਂ ਮਨ ਕਰਕੇ ਬਲਿਹਾਰ, ਬਾਣੀ ਕਰ ਕੇ ਬਲਿਹਾਰ, ਸਰੀਰ ਕਰਕੇ ਵੀ ਸਦਾ ਬਲਿਹਾਰ ਜਾਂਦਾ ਹਾਂ।

ਅਥਵਾ:-ਹੇ ਬਲਿ ਬਲਿ=ਪ੍ਰਕਾਸ਼ ਰੂਪ ਪਰਮਾਤਮਾ ਮੈਂ ਆਪ ਜੀ ਉਪਰੋਂ ਸਦਾ ਬਲਿਹਾਰ ਜਾਂਦਾ ਹਾਂ। ਆਪ ਜੀ ਦੇ ਪਾਰ ਉਰਾਰ ਦਾ ਅੰਤ ਕੋਈ ਨਹੀਂ ਜਾਣ ਸਕਦਾ॥ ੪॥ ੧॥

ਗੂਜਰੀ ਮਹਲਾ ੫ ਚਉਪਦੇ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ॥

ਜੀਵ ਚਾਰ ਵੇਦਾਂ ਦੇ ਅਨੁਸਾਰ ਯੱਗ ਆਦਿਕ ਕਿਰਿਆ ਅਤੇ ਖਟੁ=ਛੇ ਪ੍ਰਕਾਰ ਦੇ ਸੰਧਿਆ ਤਰਪਣ ਆਦਿਕ ਕਰਮਾ* ਨੂੰ ਕਰਦੇ ਹਨ, ਸੰਸਾਰੀ ਜੀਵ ਇਤੁ=ਇਹਨਾਂ ਕਰਮਾਂ ਵਿਚ,

ਅਥਵਾ:-ਇਤਿਆਦਿਕ ਕਰਮਾਂ ਵਿਚ ਰਾਤੇ=ਤਦਾਕਾਰ ਹੋ ਰਹੇ ਹਨ।

---

*ਬ੍ਰਾਹਮਣ ਦੇ ਛੇ ਕਰਮ:- ੧ ਪੜ੍ਹਨਾ, ੨ ਪੜ੍ਹਾਉਣਾ, ੩ ਯੱਗ ਕਰਨਾ, ੪ ਯੱਗ ਕਰਾਉਣਾ, ੫ ਦਾਨ ਦੇਣਾ, ੬ ਦਾਨ ਲੈਣਾ। ਅਤੇ ਬ੍ਰਾਹਮਣ ਦੇ ਛੇ ਨਿੱਤ ਕਰਮ:-ਦੋਹਰਾ-ਹੋਮ, ਸੰਧਯਾ, ਜਪੁ, ਸ਼ਨਾਨ, ਪੰਚਮ ਪੂਜ ਅਥਿੱਤ। ਦੇਵ ਅਰਚਨ ਹੈ ਖਸ਼ਟਮੋ; ਖਟਹਿ ਕਰਮ ਇਹ ਨਿੱਤ। (ਸ਼ਮ ਅਰਥ ਕੋਸ਼)

ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ॥ ੧ ॥

ਗੁਰੂ ਤੋਂ ਬਿਨਾਂ ਇਹਨਾਂ ਕਰਮਾਂ ਕਰ ਕੇ ਅੰਦਰਲੀ ਹੰਗਤਾ ਮਮਤਾ ਰੂਪੀ ਮੈਲ ਉਤਰਦੀ ਨਹੀਂ ਹੈ, ਗੁਰਾਂ ਤੋਂ ਬਿਨਾਂ, ਜੀਵਾਂ ਨੇ ਮਨੁੱਖਾ ਦੇਹ ਰੂਪ ਬਾਜੀ ਹਾਰ ਦਿਤੀ ਹੈ॥ ੧ ॥

ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ॥

ਹੇ ਮੇਰੇ ਠਾਕੁਰ ! ਆਪ ਕਿਰਪਾ ਦ੍ਰਿਸ਼ਟੀ ਧਾਰਕੇ ਸੇਵਕ ਰੱਖ ਲਓ।

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥ ੧ ॥ ਰਹਾਉ ॥

ਕਰੋੜਾਂ ਦੇ ਵਿਚੋਂ ਪ੍ਰਭੂ ਦੇ ਚਰਨਾਂ ਦਾ ਕੋਈ ਵਿਰਲਾ ਹੀ ਸੇਵਕ ਹੈ, ਹੋਰ ਸਾਰੇ ਜੀਵ ਵਪਾਰੀ ਹਨ। ਅਰਥਾਤ ਸ੍ਵਰਗ ਦੀ ਪ੍ਰਾਪਤੀ ਵਾਸਤੇ ਸ਼ਕਾਮ ਕਰਮ ਕਰਦੇ ਹਨ॥ ੧ ॥ ਰਹਾਉ ॥

ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥

ਛੇ ਸ਼ਾਸਤਰ, ਚਾਰ ਵੇਦ, ਸਤਾਈ ਸਿੰਮ੍ਰਤੀਆਂ ਆਦਿਕ ਸਾਰੇ ਗ੍ਰੰਥ ਸੋਧੇ=ਵਿਚਾਰ ਕੇ ਡਿੱਠੇ ਹਨ ਸਾਰਿਆਂ ਨੇ ਇੱਕ ਏਹੋ ਗੱਲ ਕਹੀ ਹੈ। ਕਿ-

ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥ ੨ ॥

ਗੁਰੂ ਤੋਂ ਬਿਨਾਂ ਕੋਈ ਮੁਕਤੀ ਨਹੀਂ ਪਾਏਗਾ, ਹੇ ਭਾਈ ! ਬੇਸ਼ਕ ਮਨ ਵਿਚ ਵਿਚਾਰ ਕੇ ਦੇਖ ਲਵੋ॥ ੨ ॥

ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ॥

ਅਠਸਠਿ=ਅਠਾਠ ਤੀਰਥਾਂ ਦੇ ਮਜਨੁ=ਪਰਬਾਂ ਦਾ ਇਸ਼ਨਾਨ ਭੀ ਕਰ ਲਵੇ, ਅਤੇ ਸਾਰੀ ਧਰ=ਧਰਤੀ ਦੀ ਪਰਕਰਮਾਂ ਭੀ ਕਰ ਆਵੇ।

ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ॥ ੩ ॥

ਚਾਹੇ ਰਾਤ ਦਿਨੇ ਅਨੇਕ ਪ੍ਰਕਾਰ ਦੀ ਸੋਚ=ਪਵਿੱਤ੍ਰਤਾ ਭੀ ਕਰ ਲਵੇ, ਪਰ ਸਤਿਗੁਰਾਂ ਤੋਂ ਬਿਨਾਂ, ਅਵਸ੍ਥਾ ਰੂਪੀ ਰਾਤ ਪਾਪਾਂ ਕਰ ਕੇ ਅਨ੍ਹੇਰੀ ਹੈ।

ਅਥਵਾ:-ਅੰਧਿਆਰੀ=ਅਵਿੱਦਿਆ ਜਿਉਂ ਦੀ ਤਿਉਂ ਹੀ ਰਹਿੰਦੀ ਹੈ॥ ੩ ॥

ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ॥

ਫਿਰਦਿਆਂ ਫਿਰਦਿਆਂ ਸਾਰਾ ਜਗਤ ਫਿਰੇ ਹਾਂ . ਅਥਵਾ:-ਧਾ=ਦੌੜ ਜਾਣ ਵਾਲੇ ਪਦਾਰਥਾਂ ਵਿਚ ਧਾਵਣੇ ਵਾਲਾ ਹੋ ਕੇ ਸਾਰਾ ਜਗਤ ਧਾ=ਦੌੜ ਰਿਹਾ ਹੈ, ਹੁਣ ਅਸੀਂ ਹਰੀ ਦੇ ਦੁਆਰੇ ਸਤਸੰਗਤ ਦੀ ਸ਼ਰਨ ਆਏ ਹਾਂ।

ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ॥ ੪ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਗੁਰਮੁਖਾਂ ਦੀ ਸੰਗਤ ਤਾਰੀ=ਨੌਕਾ ਰੂਪ ਹੈ, ਉਹਨਾਂ ਗੁਰਮੁਖਾਂ ਨੇ ਦੁਰਮਤਿ=ਖੋਟੀ ਬੁੱਧੀ ਨਾਸ ਕਰ ਕੇ ਆਤਮ ਵਿਛੈਣੀ ਬੁੱਧ ਪ੍ਰਗਟ ਕਰਕੇ ਸੰਸਾਰ ਸਮੁੰਦਰ ਤੋਂ ਤਾਰੀ=ਤਾਰ ਦਿੱਤਾ ਹੈ॥ ੪ ॥ ੧ ॥ ੨ ॥

ਗੂਜਰੀ ਮਹਲਾ ੫ ॥

ਉਥਾਨਕਾ:-ਇਕ ਦਿਨ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਛੋਟੀ ਉਮਰਾ ਵਿੱਚ ਖੇਡਦੇ ਖੇਡਦੇ, "ਜਿਥੇ ਸ੍ਰੀ ਗੁਰੂ ਅਮਰਦਾਸ ਜੀ ਪਲੰਘ ਉੱਪਰ ਬੈਠੇ ਹੋਏ ਧਿਆਨ ਵਿਚ ਮਸਤ ਸਨ" ਉਥੇ ਜਾ ਪਹੁੰਚੇ; ਪਲੰਘ ਨੇ ਹੱਥ ਪਾ ਕੇ ਉੱਪਰ ਚੜਨ ਦੀ ਕੋਸ਼ਿਸ਼ ਕਰਦੇ ਰਹੇ ਪਰ ਚੜ੍ਹਿਆ ਨਾ ਗਿਆ, ਪਲੰਘ ਦੇ ਹਿੱਲਣ ਕਰਕੇ ਗੁਰੂ ਸਾਹਿਬਾਂ ਦੀ ਸਮਾਧੀ ਖੁੱਲ੍ਹ ਗਈ ਤੇ ਆਪਣੇ ਦੋਹਤਰੇ ਨੂੰ ਵੇਖਕੇ ਬੜੇ ਖੁਸ਼ ਹੋਏ ਤੇ ਆਖਿਆ-ਤੂੰ ਹੁਣੇ ਗੱਦੀ ਲੈਣਾ ਚਾਹੁੰਦਾ ਹੈਂ ਪਰ ਅਜੇ ਤੇਰਾ ਵੇਲਾ ਨਹੀਂ, ਕਿਉਂਕਿ ਪਹਿਲੇ ਤੇਰੇ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਗੁਰਤਾ-ਗੱਦੀ ਉੱਪਰ ਬੈਠ ਕੇ ਸੰਗਤਾਂ ਨੂੰ ਨਿਹਾਲ ਕਰਨਗੇ, ਫਿਰ ਤੇਰੀ ਵਾਰੀ ਆਵੇਗੀ। ਇਹ ਗੱਲ ਆਖ ਕੇ, ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਬਾਹਵਾਂ ਤੋਂ ਫੜ ਕੇ ਆਪਣੀ ਗੋਦ ਵਿਚ ਬਿਠਾਇਆ, ਕੁਝ ਸਰੀਰ ਭਾਰਾ ਹੋਣ ਕਰਕੇ ਇਹ ਵਰ ਦਿੱਤਾ, "ਦੁਹਿਤਾ ਬਾਣੀ ਕਾ ਬੋਹਿਥਾ ॥"

"ਹੇ ਦੋਹਤਰੇ ! ਤੂੰ ਗੁਰਬਾਣੀ ਦਾ ਜਹਾਜ਼ ਹੋਵੇਂਗਾ।" ਅਤੇ ਬਾਂਸ ਦੀ ਨਿਆਈਂ ਆਸਰਾ ਰੂਪ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ ਰੂਪੀ ਬਸਤ੍ਰ ਨੂੰ ਹਰ ਪਾਸੇ ਝੁਲਾਵੇਂਗਾ।

ਪੁਨਾ-ਹਰੀਂ ਦਾ ਨਾਮ ਤੈਨੂੰ ਕਦੇ ਭੁੱਲੇਗਾ ਨਹੀਂ। ਤੇਰਾ ਧਨ, ਤੇਰਾ ਤਪ, ਤੇਰਾ ਭੋਜਨ ਇਤਆਦਿਕ ਤੇਰਾ ਜੋ ਕੁਝ ਨਾਮ ਹੀ ਹੈ ਇਸ ਤਰ੍ਹਾਂ ਦੇ ਵਰ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਮਾਤਾ ਭਾਨੀ ਜੀ ਨੂੰ ਆ ਕੇ ਕਿਹਾ- ਮਾਈ ਖਾਟਿ ਆਇਓ ਘਰਿ ਪੂਤਾ ॥

ਹੇ ਮਾਤਾ ਜੀ ! ਅੱਜ ਤੁਹਾਡਾ ਪੁੱਤਰ ਅਸਲ ਨਾਮ ਧਨ ਖੱਟ ਕੇ ਘਰ ਵਿਚ ਆਇਆ ਹੈ।

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥

ਹਰੀ ਨਾਮ ਧਨ ਰੂਪ ਜਾਪ ਕੀਤਾ ਹੈ, ਹਰੀ ਨਾਮ ਧਨ ਰੂਪ ਤਪ ਕੀਤਾ ਹੈ, ਹਰੀ ਨਾਮ ਧਨ ਰੂਪ ਭੋਜਨ ਚੰਗਾ ਲੱਗਾ ਹੈ।

ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥ ੧ ॥

ਮੇਰੇ ਮਨ ਵਿਚੋਂ ਇੱਕ ਨਿਮਖ ਮਾਤਰ ਭੀ ਹਰਿ ਹਰਿ ਦਾ ਨਾਮ ਭੁੱਲਦਾ ਨਹੀਂ ਹੈ, ਜੋ ਨਾਮ ਸਤਸੰਗਤ ਵਿਚੋਂ ਪਾਇਆ ਜਾਂਦਾ ਹੈਂ ॥ ੧ ॥

ਮਾਈ ਖਾਟਿ ਆਇਓ ਘਰਿ ਪੂਤਾ ॥

ਮਾਈ=ਹੇ ਮਾਤਾ ਜੀ ! ਮੈਂ ਤੁਹਾਡਾ ਪੁੱਤਰ ਅਸਲ ਨਾਮ ਰੂਪੀ ਧਨ ਨੂੰ ਖੱਟ ਕੇ ਘਰ ਵਿਚ ਆਇਆ ਹਾਂ।

ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥ ੧ ॥ ਰਹਾਉ ॥

ਚਲਦਿਆਂ ਭੀ ਹਰੀ ਨਾਮ ਧਨ, ਬੈਠਿਆਂ ਭੀ ਹਰੀ ਨਾਮ ਧਨ, ਜਾਗਦਿਆਂ ਭੀ ਹਰੀ ਨਾਮ ਧਨ, ਸੁੱਤਿਆਂ ਭੀ ਹਰੀ ਨਾਮ ਧਨ ਭੁੱਲਦਾ ਨਹੀਂ ਹੈ ॥ ੧ ॥ ਰਹਾਉ ॥

ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥

ਹਰੀ ਨਾਮ ਧਨ ਹੀ ਮੇਰਾ ਇਸ਼ਨਾਨ ਹੈ, ਹਰੀ ਨਾਮ ਧਨ ਦਾ ਹੀ ਮੈਨੂੰ ਗਿਆਨ ਹੈ, ਅਤੇ ਹਰੀ ਨਾਮ ਧਨ ਨਾਲ ਹੀ ਧਿਆਨ ਲਗਾਇਆ ਹੈ।

ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥ ੨ ॥

ਸੰਕਲਪਾਂ ਵਿਕਲਪਾਂ ਰੂਪੀ ਨਾਲਿਆਂ ਤੋਂ ਪਾਰ ਕਰਨ ਵਾਲਾ ਹਰੀ ਨਾਮ ਧਨ ਹੀ ਤੁਲਹਾ ਹੈ, ਆਸਾ ਤ੍ਰਿਸ਼ਨਾ ਰੂਪੀ ਨਦੀ ਤੋਂ ਪਾਰ ਕਰਨ ਵਾਲੀ ਹਰੀ ਨਾਮ ਧਨ ਹੀ ਬੇੜੀ ਹੈ, ਹਰਿ ਹਰਿ ਦਾ ਨਾਮ ਹੀ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲਾ ਪਰਾਨਾ=ਜਹਾਜ਼ ਹੈ॥ ੨ ॥

ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥

ਹਰੀ ਨਾਮ ਧਨ ਨੇ ਮੇਰੀ ਸਾਰੀ ਚਿੰਤਾ ਦੂਰ ਕੀਤੀ ਹੈ, ਅਤੇ ਹਰੀ ਨਾਮ ਧਨ ਨੇ ਹੀ ਸਾਰਾ ਧੋਖਾ=ਫਿਕਰ ਲਾਹ ਦਿੱਤਾ ਹੈ।

ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥ ੩ ॥

ਹਰੀ ਨਾਮ ਧਨ ਤੋਂ ਹੀ ਮੈਂ ਨੌ ਨਿੱਧੀ ਪਾਈ ਹੈ। ਅਤੇ ਹਰੀ ਨਾਮ ਰੂਪੀ ਥੋਕਾ=ਪਦਾਰਥ ਮੇਰੇ ਮਨ ਰੂਪੀ ਹੱਥ ਵਿਚ ਚਰਿਓ=ਪ੍ਰਾਪਤ ਹੋਇਆ ਹੈ, ਭਾਵ ਮੇਰਾ ਮਨ ਨਾਮ ਸਿਮਰਨ ਵਿਚ ਜੁੜ ਗਿਆ ਹੈ॥ ੩ ॥

(ਪੰਨਾ ੪੯੬)

ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥

ਇਸ ਹਰੀ ਨਾਮ ਧਨ ਨੂੰ ਆਪ ਖਾਵੋ ਅਤੇ ਹੋਰਨਾਂ ਨੂੰ ਖਰਚਣਾ ਕਰੋ ਪਰ ਤੋਟਾ ਨਹੀਂ ਆਵੇਗਾ, ਇਹ ਧਨ ਲੋਕ ਪ੍ਰਲੋਕ ਵਿਚ ਜੀਵ ਦੇ ਨਾਲ ਰਹਿੰਦਾ ਹੈ।

ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪ ॥੨ ॥੩ ॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਨਾਮ ਰੂਪ ਖਜ਼ਾਨਾ ਸ੍ਰੀ ਗੁਰੂ ਰਾਮਦਾਸ ਜੀ ਨੇ ਮੇਰੇ ਸਿਰ ਉੱਪਰ ਲਾਦਿ=ਲੱਦ ਦਿੱਤਾ ਭਾਵ ਰੱਖ ਦਿੱਤਾ ਹੈ। ਜਿਸ ਕਰਕੇ ਇਹ ਮੇਰਾ ਮਨ ਹਰੀ ਦੇ ਰੰਗ ਵਿਚ ਰੰਗਿਆ ਗਿਆ ਹੈ॥ ੪ ॥ ੨ ॥ ੩ ॥

ਗੂਜਰੀ ਮਹਲਾ ੫ ॥

ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਭਰਾ (ਭਾਈ ਸਹਾਰੀ ਜੀ) ਦੇ ਪੁੱਤਰ ਦਾ ਵਿਆਹ ਨੇੜੇ ਆਉਣ ਕਰਕੇ ਭਾਈ ਸਹਾਰੀ ਜੀ ਨੇ ਅੰਮ੍ਰਿਤਸਰ ਆ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਕਿਹਾ-'ਕਾਕੇ' ਦਾ ਵਿਆਹ ਹੈ ਇਹ ਸਾਰਾ ਕੰਮ ਤੁਸਾਂ ਨੇ ਹੀ ਕਰਨਾ ਹੈ ਆਪ ਲਾਹੌਰ ਚਲੋ। ਇਹ ਗੱਲ ਸੁਣ ਕੇ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ-ਜੇਕਰ ਅਸੀਂ ਗਏ ਤਾਂ ਇਹ ਸਾਰੀਆਂ ਸੰਗਤਾਂ ਨਾਲ ਜਾਣਗੀਆਂ ਆਪ ਜੀ ਨੂੰ ਇਹ ਸੰਗਤ ਸਮੇਟਣੀ (ਸੰਭਾਲਣੀ) ਮੁਸ਼ਕਲ ਹੋ ਜਾਵੇਗੀ, ਇਸ ਕਰਕੇ ਅਸੀਂ ਨਹੀਂ ਜਾਂਦੇ, ਤੁਸੀਂ ਅਸਾਡੇ ਪੁੱਤ੍ਰ ਪ੍ਰਿਥਵੀ ਚੰਦ ਜੀ ਨੂੰ ਨਾਲ ਲੈ ਜਾਓ। ਇਹ ਗੱਲ ਸੁਣਕੇ ਭਾਈ ਸਹਾਰੀ ਜੀ ਨੇ ਕਿਹਾ ਚੰਗਾ ਜੀ ਜਿਵੇਂ ਆਪ ਜੀ ਦਾ ਹੁਕਮ ਹੈ। ਉਸ ਵੇਲੇ ਪ੍ਰਿਥਵੀ ਚੰਦ ਜੀ ਨੂੰ ਲਹੌਰ ਜਾਣ ਵਾਸਤੇ ਕਿਹਾ, ਪਰ ਉਸ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਫੇਰ ਮਹਾਂਦੇਵ ਜੀ ਨੂੰ ਕਿਹਾ ਕਿ ਤੁਸੀਂ ਤਾਏ ਜੀ ਦੇ ਨਾਲ ਜਾ ਕੇ ਵਿਆਹ ਦਾ ਕੰਮ ਭੁਗਤਾ ਆਵੋ। ਉਹਨਾਂ ਨੇ ਭੀ ਨਾਂਹ ਕਰ ਦਿਤੀ ਕਿ ਅਸਾਡਾ ਕੋਈ ਤਾਇਆ ਨਹੀਂ ਹੈ ਨਾ ਹੀ ਅਸਾਂ ਨੇ ਵਿਆਹ ਤੇ ਜਾਣਾ ਹੈ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਕਿ ਤੁਸੀਂ ਆਪਣੇ

ਤਾਇਆ ਜੀ ਦੇ ਨਾਲ ਲਾਹੌਰ ਜਾਕੇ ਵਿਆਹ ਦਾ ਕੰਮ ਭੁਗਤਾ ਆਓ, ਇਨ੍ਹਾਂ ਨੇ ਦੋ ਹੱਥ ਜੋੜ ਕੇ ਕਿਹਾ ਸੱਤ-ਬਚਨ ਜੀ, ਤਾਇਆ ਜੀ ਦੇ ਨਾਲ ਜਾਣ ਲਈ ਤਿਆਰ ਹੋ ਗਏ। ਫਿਰ ਘਰ ਮਾਤਾ ਭਾਨੀ ਜੀ ਪਾਸੋਂ ਆਗਿਆ ਲੈਣ ਆਏ-ਕਿ ਗੁਰੂ ਜੀ ਦੀ ਆਗਿਆ ਅਨੁਸਾਰ ਮੈਂ ਲਾਹੌਰ ਚੱਲਿਆ ਹਾਂ, ਤੁਹਾਡਾ ਕੀ ਹੁਕਮ ਹੈ? ਉਸ ਵੇਲੇ ਮਾਤਾ ਜੀ ਨੇ ਪ੍ਰਸੰਨ ਹੋ ਕੇ ਵਰ ਦਿੱਤਾ ਤੇ ਕਿਹਾ, ''ਤੂੰ ਬਹੁਤ ਲਾਇਕ ਪੁੱਤ੍ਰ ਹੈਂ ਤੁਸੀਂ ਆਗਿਆ ਮੰਨਕੇ (ਸੋਢ ਬੰਸ ਦੀ) ਰੱਖ ਵਿਖਾਈ ਹੈ।'' ਉਸ ਵੇਲੇ ਜੋ ਜੋ ਵੀ ਬਚਨ ਮਾਤਾ ਜੀ ਨੇ ਕਹੇ ਸਨ ਉਹ ਬਚਨ ਗੁਰੂ ਜੀ ਨੇ ਇਸ ਸ਼ਬਦ ਦੁਆਰਾ ਸਿੱਖਾਂ ਨੂੰ ਸ੍ਰਵਨ ਕਰਾਏ। ਰਹਾਉ ਦੀ ਤੁਕ ਦਾ ਅਰਥ ਪਹਿਲੇ ਕਰਨਾ-''ਪੂਤਾ ਮਾਤਾ ਕੀ ਆਸੀਸ''-ਹੇ ਪੁੱਤਰ ! ਮੈਂ ਮਾਂ ਦੀ ਤੈਨੂੰ ਅਸ਼ੀਰਵਾਦ ਹੋਵੇ।

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥

ਜਿਸ ਹਰੀ ਨਾਮ ਦੇ ਸਿਮਰਨ ਨਾਲ ਸਾਰੇ ਕਿਲਵਿਖ-ਪਾਪ ਨਾਸ ਹੁੰਦੇ ਹਨ, ਅਤੇ ਪਿਤਰੀ=ਪਿਤਰਾਂ ਦਾ ਉਧਾਰ ਹੁੰਦਾ ਹੈ।

ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥ ੧॥

ਉਸ ਹਰਿ ਹਰਿ ਨਾਮ ਨੂੰ ਤਸੀਂ ਸਦਾ ਹੀ ਜਪਣਾ ਕਰੋ, ਜਿਸਦੇ ਪਾਰ ਉਰਾਰ ਦਾ ਅੰਤ ਨਹੀਂ ਆਉਂਦਾ ॥ ੧॥

ਪੂਤਾ ਮਾਤਾ ਕੀ ਆਸੀਸ॥

ਹੇ ਪੁੱਤਰ ! ਮੈਂ ਮਾਂ ਦੀ ਏਹੋ ਅਸੀਸ ਹੋਵੇ।

ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ਰਹਾਉ॥

ਕਿ ਤੈਨੂੰ ਇੱਕ ਨਿਮਖ ਭਰ ਵੀ ਹਰਿ ਹਰਿ ਨਾਮ ਨਾ ਭੁੱਲੇ, ਜਗਤ ਦੇ ਮਾਲਕ ਪਰਮਾਤਮਾ ਦਾ ਭਜਨ ਸਦਾ ਕਰਦਾ ਰਹੁ॥ ੧॥ ਰਹਾਉ॥

ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ॥

ਸਤਿਗੁਰੁ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਤੇਰੇ ਉੱਤੇ ਸਦਾ ਦਿਆਲੂ ਹੋਣ, ਅਤੇ ਸੰਤਾਂ ਨਾਲ ਤੇਰੀ ਪ੍ਰੀਤੀ ਬਣੀ ਰਹੇ।

ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥ ੨॥

ਉਹ ਪਰਮੇਸ਼ਰ ਤੇਰਾ ਪਤਿ=ਪਤ-ਆਬਰੋ (ਇੱਜ਼ਤ) ਰੂਪੀ ਕੱਪੜਾ ਬਣਾਈ ਰੱਖੇ, ਤੇ ਨਿਤਾਪ੍ਰਤੀ ਕੀਰਤਨ ਕਰਨੇ ਰੂਪ ਭੋਜਨ ਛਕਦੇ ਰਹੋ॥ ੨॥

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥

ਨਾਮ ਅੰਮ੍ਰਿਤ ਨੂੰ ਪੀਂਦੇ ਰਹੋ, ਤੇ ਸਦਾ ਚਿਰੰਜੀਵੀ ਹੋਵੋ, ਹਰੀ ਦੇ ਸਿਮਰਨੇ ਕਰਕੇ ਅਨੰਤਾ=ਬਿਅੰਤ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥ ੩॥

ਰੰਗਾਂ ਰੰਗਾਂ ਦੇ ਤਮਾਸ਼ਿਆਂ ਦਾ ਵੇਖਣਾ ਏਹੀ ਹੈ ਜੋ ਤੁਹਾਡੀ ਆਸਾ ਪੂਰਨ ਹੋ ਗਈ ਹੈ, ਹੁਣ ਤੁਹਾਨੂੰ

ਕਦੇ ਭੀ ਕੋਈ ਚਿੰਤਾ ਨਹੀਂ ਵਿਆਪੇਗੀ॥ ੩॥

ਭਵਰੁ ਤੁਮ੍ਹਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ॥

ਹਰੀ ਦੇ ਚਰਣ ਕੌਲ ਫੁੱਲਾਂ ਦੇ ਸਮਾਨ ਹੋਣ, ਉਹਨਾਂ ਚਰਣਾਂ ਰੂਪ ਕੌਲ ਫੁੱਲਾਂ ਉੱਪਰ ਤੁਹਾਡਾ ਇਹ ਮਨ ਭਵਰੁ=ਭੌਰੇ ਵਾਂਗੂੰ ਮਸਤ ਹੋਵੇ।

ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ॥੪॥੩॥੪॥

ਗੁਰੂ ਜੀ ਕਥਨ ਕਰਦੇ ਹਨ-ਜਿਸ ਤਰ੍ਹਾਂ ਸ੍ਵਾਂਤੀ ਬੂੰਦ ਨਾਲ ਪਪੀਹਾ ਮਉਲਾ=ਮਿਲਕੇ ਮਉਲਾ=ਖਿੜਿਆ ਰਹਿੰਦਾ ਹੈ, ਤਿਸੀ ਤਰ੍ਹਾਂ ਮੈਂ ਦਾਸ ਉਹਨਾਂ ਚਰਨਾਂ ਨਾਲ ਲੰਪਟ ਹੋ ਰਿਹਾ ਹਾਂ॥ ੪॥ ੩॥ ੪॥

ਗੂਜਰੀ ਮਹਲਾ ੫॥

ਕਿਸੀ ਨੇ ਪੁੱਛਿਆ ਜੀਵ ਸੁਤੰਤ੍ਰ ਹੈ, ਯਾਂ ਪਤੰਤ੍ਰ? ਗੁਰੂ ਜੀ ਨੇ ਕਿਹਾ ਜੀਵ ਪਤੰਤ੍ਰ ਹੈ। ਕਿਉਂਕਿ ਆਪਣੇ ਆਪ ਇਹ ਕੁਝ ਨਹੀਂ ਕਰ ਸਕਦਾ। ਰਹਾਉ ਦੀ ਤੁਕ ਦਾ ਅਰਥ ਪਹਿਲੇ ਕਰਨਾ।

"ਸਿਆਨਪ ਕਾਹੂ ਕਾਮਿ ਨ ਆਤ॥"

ਮਾਨੁੱਖ ਦੀ ਆਪਣੀ ਸਿਆਣਪ ਪਰਮੇਸ਼ਰ ਅੱਗੇ ਕਿਸੇ ਕੰਮ ਨਹੀਂ ਆਉਂਦੀ । ਜੇਕਰ ਜੀਵ-

ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥

ਕਿਸੇ ਕੰਮ ਵਾਸਤੇ ਪੱਛਮ ਨੂੰ ਜਾਣ ਦੀ ਮਤਾ=ਸਲਾਹ ਕਰਦਾ ਹੈ, ਤਾਂ ਪਰਮੇਸ਼ਰ ਉਸ ਨੂੰ ਪੂਰਬ ਵੱਲ ਨੂੰ ਹੀ ਲੈ ਜਾਂਦਾ ਹੈ।

ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥੧॥

ਜੋ ਪ੍ਰਭੂ ਇੱਕ ਖਿਨ ਵਿਚ ਹੀ ਉਤਪਤੀ, ਪਾਲਣਾ ਲੈਤਾ ਕਰਨ ਵਾਲਾ ਹੈ, ਸਾਰੀਆਂ ਮਤਾਤ=ਸਲਾਹਾਂ ਉਸ ਨੇ ਆਪਣੇ ਹੱਥ ਵਿਚ ਰੱਖੀਆਂ ਹੋਈਆਂ ਹਨ॥ ੧॥

ਸਿਆਨਪ ਕਾਹੂ ਕਾਮਿ ਨ ਆਤ॥

ਇਸ ਕਰਕੇ ਮਨੁੱਖ ਦੀ ਆਪਣੀ ਸਿਆਣਪ ਕਿਸੇ ਕੰਮ ਨਹੀਂ ਆਉਂਦੀ।

ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥੧॥ਰਹਾਉ॥

ਮੇਰੇ ਠਾਕੁਰਿ=ਸੁਆਮੀ ਨੇ ਜੋ ਗੱਲ "ਅਨਰੂਪਿਓ"=ਠਣੀ ਹੈ ਭਾਵ ਕਹੀ ਹੈ, ਓਹੀ ਗੱਲ ਹੋ ਰਹੀ ਹੈ॥ ੧॥ ਰਹਾਉ॥

ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ॥

ਦੇਸ਼ਾਂ ਵਿੱਚ ਜਾ ਕੇ ਧਨ ਕਮਾਉਣ, ਤੇ ਇਕੱਠਾ ਕਰਨ ਦੀ ਮਨਸਾ=ਆਸਾ ਵਿਚ ਹੀ ਜੀਵ ਦੇ ਸਵਾਸ ਨਿਕਲ ਜਾਂਦੇ ਹਨ।

ਲਸਕਰ ਨੇਬ ਖਵਾਸ ਸਭ ਤਿਆਗੇ ਜਮਪੁਰਿ ਊਠਿ ਸਿਧਾਸ ॥ ੨ ॥

ਚਾਰ ਪ੍ਰਕਾਰ ਦੀਆਂ ਲਸਕਰ=ਫੌਜਾਂ, *ਨੇਬ=ਚੋਬਦਾਰ, ਖਵਾਸ=ਚੌਰੀ ਬਰਦਾਰ,

ਅਥਵਾ:-ਖਵਾਸ=ਖਾਸ ਸੇਵਕ ਮੰਤ੍ਰੀ ਆਦਿਕ ਇਹਨਾਂ ਸਾਰਿਆਂ ਨੂੰ ਤਿਆਗਕੇ ਜਮਪੁਰੀ ਨੂੰ ਉੱਠ ਕੇ ਸਿਧਾਸ=ਤੁਰ ਜਾਂਦਾ ਹੈ॥ ੨ ॥

ਹੋਇ ਅਨੰਨਿ ਮਨ ਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ ॥

ਅਨਿੰਨ ਭਗਤ ਹੋ ਕੇ ਭਾਵ ਇਕ ਰਸ ਭਗਤੀ ਕਰਨ ਵਾਲਾ ਹੋ ਕੇ, ਅਥਵਾ-ਅਨੰਨਿ=ਦੂਜਿਆਂ ਤੋਂ ਰਹਿਤ ਭਾਵ ਅਸੰਗ ਹੋ ਕੇ ਹੱਠ ਵਾਲੇ ਮਨ ਦੀ ਦ੍ਰਿੜ੍ਹਤਾ ਕਰਕੇ ਆਪਣੇ ਆਪ ਨੂੰ ਵੱਡਾ ਜਣਾਉਂਦਾ ਹੈ।

ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ ॥ ੩ ॥

ਜੋ ਅੰਨ ਅਨਿੰਦੁ=ਨਿੰਦਣ ਤੋਂ ਰਹਿਤ ਹੈ ਉਸ ਨੂੰ ਤਾਂ ਨਿੰਦ ਕਰਕੇ ਲੋਕਾਂ ਦੇ ਸਾਹਮਣੇ ਛੱਡ ਦਿੱਤਾ ਹੈ, ਓਸੇ ਅੰਨ ਨੂੰ ਰਾਤ ਵੇਲੇ ਛਿਪ ਕੇ ਮੁੜ ਮੁੜ ਕੇ ਖਾਂਦਾ ਹੈ।

ਯਥਾ -ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥

ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ''ਵਟਿਕਾ''ਸਾਰੀ ॥ (ਪੰਨਾ ੮੭੩)

ਅਥਵਾ:-ਅਨਿੰਦੁ=ਨਿੰਦਿਆ ਤੋਂ ਰਹਿਤ ਉੱਤਮ ਮਹਾਤਮਾਂ ਨੇ ਜੋ ਪਦਾਰਥ ਨਿੰਦੁ=ਨਿੰਦਣੇ ਜੋਗ ਜਾਣਕੇ ਭਾਵ ਬੁਰਾ ਸਮਝ ਕੇ ਤਿਆਗ ਛੱਡਿਆ ਹੈ, ਇਹ ਜੀਵ ਮੁੜ ਮੁੜ ਕੇ ਉਹਨਾਂ ਹੀ ਪਦਾਰਥਾਂ ਨੂੰ, ਅਥਵਾ-ਵਿਸ਼ਿਆਂ ਨੂੰ ਖਾਤ-ਭੋਗਦਾ ਹੈ॥ ੩ ॥

ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨ ਕੀ ਕਾਟੀ ਫਾਸ ॥

ਜਿਸ ਉੱਤੇ ਪ੍ਰਭੂ ਸਹਜ-ਸੁਭਾਇ=ਸੁਤੇ ਸਿੱਧ ਕਿਰਪਾਲੂ ਹੋਏ ਹਨ, ਉਸ ਪੁਰਸ਼ ਦੀ ਫਾਹੀ ਕੱਟੀ ਗਈ ਹੈ।

ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ ॥ ੪ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਪੂਰਾ ਗੁਰੂ ਮਿਲਿਆ ਹੈ, ਚਾਹੇ ਉਹ ਗ੍ਰਿਹਸਤ ਵਿਚ ਰਹਿੰਦਾ ਹੈ ਚਾਹੇ ਉਹ ਉਦਾਸ=ਸਾਧੂਪਣੇ ਵਿਚ ਰਹਿੰਦਾ ਹੈ ਉਹ ਪ੍ਰਮਾਨੀਕ ਹੈ। ਅਰਥਾਤ ਉਸ ਦਾ ਗ੍ਰਿਹਸਤ ਵੀ ਤੇ ਤਿਆਗ ਭੀ ਪ੍ਰਮਾਨੀਕ ਹੈ॥ ੪ ॥ ੪ ॥ ੫ ॥

ਗੂਜਰੀ ਮਹਲਾ ੪ ॥

ਨਾਮੁ ਨਿਧਾਨੁ ਜਿਨਿ ਜਨਿ ਜਪਿਓ ਤਿਨ ਕੇ ਬੰਧਨ ਕਾਟੇ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਨਿਧਾਨੁ=ਨਿੱਧੀਆਂ ਦੇ ਖਜ਼ਾਨੇ ਰੂਪ ਨਾਮ ਨੂੰ ਜਪਿਆ ਹੈ, ਉਹਨਾਂ ਦੇ ਸਭ ਸੰਸਾਰਕ ਬੰਧਨ ਕੱਟੇ ਗਏ ਹਨ।

---

*ਚਾਰ ਪ੍ਰਕਾਰ ਦੀ ਫ਼ੌਜ-੧ ਰੱਥਾਂ ਵਾਲੀ, ੨ ਹਾਥੀ ਅਸਵਾਰ, ੩ ਘੋੜ ਅਸਵਾਰ, ੪ ਪੈਦਲ ਚਲਣ ਵਾਲੀ।

ਕਾਮ ਕ੍ਰੋਧ ਮਾਇਆ ਬਿਖੁ ਮਮਤਾ ਇਹ ਬਿਆਧਿ ਤੇ ਹਾਟੇ ॥ ੧ ॥

ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਤੇ ਬਿਖੁ=ਜ਼ਹਿਰ ਰੂਪ ਮਾਇਆ ਦੀ ਮਮਤਾ ਇਤਿਆਦਿਕ ਬਿਆਧਿ=ਰੋਗਾਂ ਤੋਂ ਉਹ ਹਟ ਗਏ ਹਨ॥ ੧ ॥

ਹਰਿ ਜਸੁ ਸਾਧ ਸੰਗਿ ਮਿਲਿ ਗਾਇਓ ॥

ਗੁਰਮੁਖਾਂ ਨੇ ਸਤਸੰਗਤ ਨਾਲ ਮਿਲਕੇ ਹਰੀ ਜਸ ਨੂੰ ਗਾਵਣਾ ਕੀਤਾ ਹੈ।

ਗੁਰਪਰਸਾਦਿ ਭਇਓ ਮਨੁ ਨਿਰਮਲੁ ਸਰਬ ਸੁਖਾ ਸੁਖ ਪਾਇਅਉ ॥੧ ॥ਰਹਾਉ ॥

ਗੁਰਾਂ ਦੀ ਕਿਰਪਾ ਨਾਲ ਉਹਨਾਂ ਦਾ ਮਨ ਨਿਰਮਲ ਹੋ ਗਿਆ ਹੈ, ਅਤੇ ਸਾਰਿਆਂ ਸੁੱਖਾਂ ਦਾ ਮੂਲ ਰੂਪ ਆਤਮ-ਸੁਖ ਪਾਇਆ ਹੈ॥ ੧ ॥ ਰਹਾਉ ॥

ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ ॥

ਉਨ੍ਹਾਂ ਗੁਰਮੁਖਾ ਨੇ ਅਜੇਹੀ ਭਗਤੀ ਕਮਾਈ ਹੈ, ਕਿ ਵਾਹਿਗੁਰੂ ਨੇ ਜੋ ਕੁਝ ਕੀਤਾ ਹੈ ਉਸ ਨੂੰ ਭਲਾ ਕਰਕੇ ਮਾਨੈ=ਮੰਨਿਆਂ ਹੈ।

ਮਿਤ੍ਰ ਸਤ੍ਰੂ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥ ੨ ॥

ਮਿੱਤਰ ਤੇ ਵੈਰੀ ਸਾਰੇ ਇੱਕ ਸਮਾਨ ਜਾਣੇ ਹਨ, ਭਗਤੀ ਜੋਗ ਵਿਚ ਜੁੜੇ ਰਹਿੰਦੇ ਹਨ ਏਹੋ ਗੁਰਮੁਖਾਂ ਦੀ ਅਸਲ ਨਿਸ਼ਾਨੀ ਹੈ॥ ੨ ॥

ਪੂਰਨ ਪੂਰਿ ਰਹਿਓ ਸ੍ਰਬ ਥਾਈ ਆਨ ਨ ਕਤਹੂੰ ਜਾਤਾ ॥

ਜੋ ਪੂਰਨ ਪਰਮਾਤਮਾ ਸਾਰੀਆਂ ਜਗ੍ਹਾਂ ਉੱਪਰ ਪੂਰਨ ਹੋ ਰਿਹਾ ਹੈ, ਉਸ ਤੋਂ ਬਿਨਾਂ ਗੁਰਮੁਖਾਂ ਨੇ ਹੋਰ ਕਿਸੇ ਨੂੰ ਨਹੀਂ ਜਾਣਿਆ।

ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ ਰਵਿਓ ਰੰਗਿ ਰਾਤਾ ॥ ੩ ॥

ਜੋ ਰੰਗਿ ਰਾਤਾ=ਪਰਮੇਸ਼ਰ ਸਭ ਘਟਾਂ ਘਟਾਂ (ਸਰੀਰਾਂ ਸਰੀਰਾਂ) ਦੇ ਅੰਦਰ ਨਿਰੰਤਰਿ=ਇੱਕਰਸ ਰਵਿਆ ਹੋਇਆ ਹੈ ਗੁਰਮੁਖ ਉਸ ਵਿਚ ਰੰਗਿ=ਪ੍ਰੇਮ ਕਰਦੇ ਹਨ।

ਅਥਵਾ:-ਜੋ ਪਰਮੇਸ਼ਰ ਸਾਰਿਆਂ ਘਟਾਂ ਘਟਾਂ ਅੰਦਰ ਨਿਰੰਤਰਿ=ਇੱਕਰਸ ਰਵਿਆ ਹੋਇਆ ਹੈ ਉਸ ਦੇ ਰੰਗਿ ਰਾਤਾ=ਪ੍ਰੇਮ ਵਿਚ ਤਦਾਕਾਰ ਹੋ ਕੇ ਗੁਰਮੁਖ ਰੰਗਿ=ਅਨੰਦ ਰਹਿੰਦੇ ਹਨ॥ ੩ ॥

ਭਏ ਕ੍ਰਿਪਾਲ ਦਇਆਲ ਗੁਪਾਲਾ ਤਾ ਨਿਰਭੈ ਕੈ ਘਰਿ ਆਇਆ ॥

ਜਾਂ ਦਿਆਲੂ ਗੋਪਾਲ ਕਿਰਪਾਲੂ ਹੋਏ, ਤਾਂ ਇਹ ਜੀਵ ਨਿਰਭਉ ਦੇ ਘਰ ਵਿਚ ਭਾਵ ਸਰੂਪ ਘਰ ਵਿਚ ਆਇਆ ॥

ਕਲਿ ਕਲੇਸ ਮਿਟੇ ਖਿਨ ਭੀਤਰਿ ਨਾਨਕ ਸਹਜਿ ਸਮਾਇਆ ॥੪ ॥੫ ॥੬ ॥

ਗੁਰੂ ਜੀ ਕਥਨ ਕਰਦੇ ਹਨ-ਉਸ ਗੁਰਮੁਖ ਦੇ ਕਲਪਨਾਂ ਤੇ ਕਲੇਸ਼,

ਅਥਵਾ:-ਕਲਜੁਗ ਦੇ ਕਲੇਸ਼ ਇੱਕ ਖਿਨ ਵਿੱਚ ਦੂਰ ਹੋ ਗਏ, ਅਤੇ ਸਹਜਿ=ਗਿਆਨ ਕਰਕੇ ਸਹਜਿ=ਆਤਮ ਸੁਖ ਵਿੱਚ ਸਮਾ ਗਿਆ॥ ੪॥ ੫॥ ੬॥

(ਪੰਨਾ ੪੯੭)

ਗੂਜਰੀ ਮਹਲਾ ੫ ॥ ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥

ਜਿਸ ਮਨੁੱਖ ਦੇ ਪਹਿ=ਕੋਲ ਮੈਂ ਆਪਣੀ ਬੇਨਤੀ ਕਰਦਾ ਹਾਂ, ਭਾਵ ਆਪਣਾ ਦੁੱਖ ਸੁਣਾਉਂਦਾ ਹਾਂ, ਉਹ ਅੱਗੇ ਹੀ ਆਪਣੇ ਦੁੱਖਾਂ ਨਾਲ ਭਰਿਆ ਹੋਇਆ ਹੈ।

ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ ॥ ੧ ॥

ਜਿਸ ਨੇ ਪਾਰਬ੍ਰਹਮ ਨੂੰ ਹਿਰਦੇ ਵਿੱਚ ਸਿਮਰਿਆ ਹੈ ਓਸੇ ਨੇ ਭੈ ਦਾਇਕ ਸੰਸਾਰ ਸਮੁੰਦਰ ਤੋਂ ਤਰਨਾ ਕੀਤਾ ਹੈ॥ ੧ ॥

ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ ॥

ਗੁਰੂ ਤੇ ਹਰੀ ਤੋਂ ਬਿਨਾਂ ਜਨਮ ਮਰਨ ਦੇ ਦੁੱਖ ਦੀ ਬ੍ਰਿਥਾ=ਪੀੜ ਨੂੰ ਕੋਈ ਨਹੀਂ ਕੱਟ ਸਕਦਾ। ਅਥਵਾ:-ਹਰੀ ਸਰੂਪ ਗੁਰਾਂ ਤੋਂ ਬਿਨਾਂ ਬ੍ਰਿਥਾ=ਪੀੜਾ ਤੇ ਦੁੱਖ ਨੂੰ ਕੋਈ ਨਹੀਂ ਕੱਟ ਸਕਦਾ।

ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸੁ ਘਾਟੈ ॥੧ ॥ਰਹਾਉ ॥

ਪ੍ਰਭੂ ਪਰਮਾਤਮਾ ਨੂੰ ਤਿਆਗਕੇ ਜੇ ਕਿਸੇ ਹੋਰ ਦੇ ਸੇਵਕ ਹੋ ਜਾਈਏ, ਤਾਂ ਤਿਸ ਕਰਕੇ ਮਾਨ ਸਮਾਨ ਤੇ ਮਹਤੁ=ਮਰਾਤਬਾ ਅਤੇ ਜਸ ਘਟ ਜਾਂਦਾ ਹੈ॥ ੧ ॥ ਰਹਾਉ ॥

ਮਾਇਆ ਕੇ ਸਨਬੰਧ ਸੈਨ ਸਾਕ ਕਿਤਹੀ ਕਾਮਿ ਨ ਆਇਆ ॥

ਜਿੰਨੇ ਭੀ ਸੈਨ=ਸਾਥੀ ਮਿੱਤਰ ਤੇ ਸਾਕ ਹਨ ਇਹ ਸਭ ਮਾਇਆ ਦੇ ਸਬੰਧ ਕਰਕੇ ਹਨ, ਮਾਇਆ ਤੋਂ ਬਿਨਾਂ ਇਹ ਕਿਸੇ ਕੰਮ ਨਹੀਂ ਆਉਂਦੇ। ਅਥਵਾ:-ਅੰਤ ਸਮੇਂ ਇਹ ਸਬੰਧੀ ਕਿਸੇ ਕੰਮ ਨਹੀਂ ਆਉਂਦੇ।

ਹਰਿ ਕਾ ਦਾਸੁ ਨੀਚ ਕੁਲੁ ਊਚਾ ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥੨ ॥

ਹਰੀ ਦਾ ਦਾਸ ਭਾਵੇਂ ਨੀਚ ਕੁਲ ਵਿੱਚ ਭੀ ਹੋਵੇ ਤੋਂ ਭੀ ਉਹ ਸਭ ਤੋਂ ਉੱਚਾ ਭਾਵ ਉੱਤਮ ਹੈ, ਉਸ ਦੀ ਸੰਗਤ ਕਰਕੇ ਮਨ-ਇੱਛਤ ਫਲ ਪਾਇਆ ਜਾਂਦਾ ਹੈ॥ ੨ ॥

ਲਾਖ ਕੋਟਿ ਬਿਖਿਆ ਕੇ ਬਿੰਜਨ ਤਾ ਮਹਿ ਤ੍ਰਿਸਨ ਨ ਬੂਝੀ ॥

ਬਿਖਿਆ=ਵਿਸ਼ਿਆਂ ਦੀ ਪ੍ਰਾਪਤੀ ਲਈ ਲੱਖਾਂ ਕ੍ਰੋੜਾਂ ਯਤਨ ਕਰਨੇ, ਤੇ ਅਨੇਕ ਤਰ੍ਹਾਂ ਦੇ ਬਿੰਜਨ=ਸਲੂਣੇ ਖਾਣੇ, ਅਥਵਾ:-ਬਿਖਿਆ=ਮਾਇਆ ਦੇ ਸੁਖ ਪਾ ਕੇ ਲੱਖਾਂ ਕ੍ਰੋੜਾਂ ਪ੍ਰਕਾਰ ਦੇ ਜੋ ਬਿੰਜਨ=ਸਲੂਣੇ ਖਾਣੇ ਹਨ, ਉਹਨਾਂ ਵਿੱਚ ਲੱਗਿਆਂ ਤ੍ਰਿਸ਼ਨਾਂ ਮਿਟਦੀ ਨਹੀਂ ਹੈ।

ਸਿਮਰਤ ਨਾਮੁ ਕੋਟਿ ਉਜੀਆਰਾ ਬਸਤੁ ਅਗੋਚਰ ਸੂਝੀ ॥ ੩ ॥

ਨਾਮ ਦੇ ਸਿਮਰਨੇ ਕਰਕੇ ਕ੍ਰੋੜਾਂ ਸੂਰਜਾਂ ਵਰਗਾ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਅਤੇ ਅਗੋਚਰ

ਬਸਤੁ=ਆਤਮ ਵਸਤੂ ਪ੍ਰਾਪਤ ਹੋ ਆਉਂਦੀ ਹੈ॥ ੩॥

ਫਿਰਤ ਫਿਰਤ ਤੁਮ੍ਹਰੈ ਦੁਆਰਿ ਆਇਆ ਭੈ ਭੰਜਨ ਹਰਿ ਰਾਇਆ॥

ਹੇ ਡਰ ਦੇ ਦੂਰ ਕਰਨ ਵਾਲੇ ਹਰੀ ਰਾਜੇ ! ਕਈ ਜਨਮਾਂ ਵਿੱਚ ਭੌਂਦਾ ਭੌਂਦਾ ਹੁਣ ਇਸ ਮਾਨੁੱਖ ਜਨਮ ਵਿੱਚ ਆ ਕੇ ਤੁਹਾਡੇ ਸਤਸੰਗਤ ਰੂਪ ਦੁਆਰੇ ਉੱਪਰ ਆਇਆ ਹਾਂ।

ਸਾਧ ਕੇ ਚਰਨ ਧੂਰਿ ਜਨੁ ਬਾਛੈ ਸੁਖੁ ਨਾਨਕ ਇਹੁ ਪਾਇਆ॥੪॥੬॥੭॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਸੰਤਾਂ ਦੇ ਚਰਨਾਂ ਦੀ ਧੂੜੀ ਨੂੰ ਬਾਛੈ=ਚਾਹੁੰਦਾ ਹਾਂ, ਏਸੇ ਵਿੱਚ ਮੈਂ ਪਾਇਆ ਹੈ॥ ੪॥ ੬॥ ੭॥

ਗੂਜਰੀ ਮਹਲਾ ੫ ਪੰਚਪਦਾ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਪ੍ਰਥਮੇ ਗਰਭ ਮਾਤਾ ਕੈ ਵਾਸਾ ਊਹਾ ਛੋਡਿ ਧਰਨਿ ਮਹਿ ਆਇਆ॥

ਸਭ ਤੋਂ ਪਹਿਲਾਂ ਜੀਵ ਦਾ ਮਾਂ ਦੇ ਗਰਭ ਵਿੱਚ ਨਿਵਾਸ ਹੁੰਦਾ ਹੈ, ਫਿਰ ਉਸ ਥਾਂ ਨੂੰ ਛੱਡ ਕੇ ਧਰਤੀ ਵਿੱਚ ਆਉਂਦਾ ਹੈ।

ਚਿਤ੍ਰਸਾਲ ਸੁੰਦਰ ਬਾਗ ਮੰਦਰ ਸੰਗਿ ਨ ਕਛਹੂ ਜਾਇਆ॥ ੧॥

ਇਥੇ ਆ ਕੇ-ਚਿਤ੍ਰਸਾਲ=ਚਿਤਰਿਆ ਹੋਇਆ ਘਰ, ਭਾਵ ਜਿਸ ਵਿਚ ਸੁੰਦਰ ਤਸਵੀਰਾਂ ਵਾਹੀਆਂ ਹੋਣ, ਬੜੇ ਬੜੇ ਸੁੰਦਰ ਬਾਗ ਬਗੀਚੇ ਤੇ ਮੰਦਰਾਂ ਵਿੱਚ ਰਹਿੰਦਾ ਹੈ, ਪਰ ਇਨ੍ਹਾਂ ਵਿੱਚੋਂ ਜੀਵ ਦੇ ਨਾਲ ਕੁਝ ਭੀ ਨਹੀਂ ਜਾਂਦਾ॥ ੧॥

ਅਵਰ ਸਭ ਮਿਥਿਆ ਲੋਭ ਲਬੀ॥

ਲੋਭ ਵਿੱਚ ਫਸ ਕੇ ਜਿਨ੍ਹਾਂ ਪਦਾਰਥਾਂ ਦੀ ਲਬੀ=ਲਾਲਚੀ ਹੋ ਰਿਹਾ ਹੈ, ਨਾਮ ਸਿਮਰਨ ਤੋਂ ਬਿਨਾਂ ਹੋਰ ਸਾਰੇ ਪਦਾਰਥ ਮਿਥਿਆ=ਝੂਠੇ ਹਨ।

ਗੁਰਿ ਪੂਰੈ ਦੀਓ ਹਰਿ ਨਾਮਾ ਜੀਅ ਕਉ ਏਹਾ ਵਸਤੁ ਫਬੀ॥ ੧॥ ਰਹਾਉ॥

ਪੂਰਿਆਂ ਗੁਰਾਂ ਨੇ ਜੋ ਹਰੀ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਹੈ, ਏਹੋ ਵਸਤੂ ਜੀਵ ਨੂੰ ਫਬੀ=ਸ਼ੁਭਾਇਮਾਨ ਕਰਨ ਵਾਲੀ ਹੈ॥ ੧॥ ਰਹਾਉ॥

ਇਸਟ ਮੀਤ ਬੰਧਪ ਸੁਤ ਭਾਈ ਸੰਗਿ ਬਨਿਤਾ ਰਚਿ ਹਸਿਆ॥

ਪਦ-ਅਰਥ:-ਇਸਟ-ਮੀਤ=ਪਿਆਰੇ ਮਿੱਤਰ, ਬੰਧਪ=ਸਬੰਧੀ, ਸੁਤ=ਪੁੱਤਰ, ਭਾਈ=ਭਰਾ, ਬਨਿਤਾ=ਇਸਤਰੀ, ਅਰਥ:-ਪਿਆਰੇ ਮਿੱਤਰ (ਦੋਸਤ) ਸੰਬੰਧੀ, ਪੁੱਤਰ, ਭਰਾ ਇਸਤਰੀ ਇਤਿਆਦਿਕਾਂ ਨਾਲ ਰਚਕੇ ਹਸਿਆ=ਖੁਸ਼ ਹੋ ਰਿਹਾ ਹੈ।

ਜਬ ਅੰਤੀ ਅਉਸਰੁ ਆਇ ਬਨਿਓ ਹੈ ਉਨ੍ਹ ਪੇਖਤ ਹੀ ਕਾਲਿ ਗ੍ਰਸਿਆ॥੨॥

ਜਿਸ ਵੇਲੇ ਜੀਵ ਉੱਤੇ ਅੰਤੀ ਅਉਸਰੁ=ਅੰਤਮ ਸਮਾਂ ਆਕੇ ਬਣਦਾ ਹੈ, ਤਾਂ ਉਹਨਾਂ ਸਬੰਧੀਆਂ ਦੇ

ਦੇਖਦਿਆਂ ਹੀ ਜਮ ਕਾਲ ਗ੍ਰਸ ਲੈਂਦਾ ਹੈ। ਪਰ ਉਸ ਵੇਲੇ ਕੋਈ ਸਬੰਧੀ ਸਹਾਇਤਾ ਨਹੀਂ ਕਰ ਸਕਦਾ।

ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ ॥

ਅਨਰਥ =ਪਾਪ ਕਰਮਾਂ ਨੂੰ ਕਰ ਕਰਕੇ ਸੁਇਨਾ=ਸੋਨਾ, ਰੂਪਾ=ਚਾਂਦੀ, ਦਾਮਾ=ਦਮੜੇ (ਰੁਪਏ) ਆਦਿਕ ਜੋ ਸੰਪਦਾ ਬਿਹਾਝੀ=ਇਕੱਠੀ ਕੀਤੀ ਸੀ।

ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ ॥ ੩ ॥

ਉਸ ਵਿਚੋਂ ਜੋ ਕੁਝ ਖਾ ਪੀ ਤੇ ਹੰਢਾ ਲਿਆ ਹੈ, ਉਹ ਤਾਂ ਮਾਨੋਂ ਭਾੜੀ=ਮਜ਼ਦੂਰ ਨੂੰ ਭਾੜਾ=ਮਜ਼ਦੂਰੀ ਮਿਲ ਗਈ ਹੈ, ਤੇ ਹੋਰ ਸਭ ਕੁਝ ਪਦਾਰਥ ਬਿਰਾਨਾ=ਬਿਗਾਨਾ ਹੋ ਗਿਆ ਹੈ॥ ੩ ॥

ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ ॥

ਹੈ-ਵਰ=ਸ੍ਰੇਸ਼ਟ ਘੋੜੇ, ਗੈ-ਵਰ=ਸ੍ਰੇਸ਼ਟ ਹਾਥੀ, ਤੇ ਸੰਬਾਹੇ=ਸਮੂਹ ਰੱਥ ਜੋ ਸੰਬਾਹੇ=ਇਕੱਠੇ ਕੀਤੇ ਸਨ, ਅਤੇ ਗਹੁ=ਹੱਠ ਕਰਕੇ, ਅਥਵਾ: ਗਹੁ=ਮੋਹ ਕਰਕੇ ਆਖਦਾ ਸੀ ਕਿ ਇਹ ਸਭ ਮੇਰੇ ਆਪਣੇ ਹਨ।

ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ ॥ ੪ ॥

ਜਿਸ ਵੇਲੇ ਲਾਂਮੀ ਧਾਈ=ਲੰਮੀ ਦੌੜ ਭਾਵ ਪ੍ਰਲੋਕ ਰਸਤੇ ਦੀ ਦੂਰ ਯਾਤ੍ਰਾ ਹੋਈ, ਤਾਂ ਇਹ ਹਾਥੀ ਘੋੜੇ ਆਦਿਕ ਇਕ ਪੈਰੇ=ਇੱਕ ਕਦਮ ਭਰ ਵੀ ਜੀਵ ਦੇ ਨਾਲ ਨਹੀਂ ਤੁਰਦੇ॥ ੪ ॥

ਨਾਮੁ ਧਨੁ ਨਾਮੁ ਸੁਖ ਰਾਜਾ ਨਾਮੁ ਕੁਟੰਬ ਸਹਾਈ ॥

ਮੇਰਾ ਧਨ ਭੀ ਨਾਮ ਹੈ, ਸੁਖ ਭੀ ਨਾਮ ਹੈ, ਨਾਮ ਹੀ ਮੇਰਾ ਰਾਜਾ ਹੈ, ਅਥਵਾ:-ਨਾਮ ਕਰਕੇ ਮਨ ਰਾਜਾ=ਰੱਜ ਗਿਆ ਹੈ, ਨਾਮ ਹੀ ਮੇਰਾ ਕੁਟੰਬ=ਪਰਵਾਰ ਹੈ, ਨਾਮ ਹੀ ਮੇਰੀ ਸਹਾਇਤਾ ਕਰਨ ਵਾਲਾ ਹੈ।

ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ ॥੫ ॥੧ ॥੮ ॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਜੀ ਨੇ ਮੈਨੂੰ ਨਾਮ ਦੀ ਸੰਪਦਾ ਦਿਤੀ ਹੈ, ਉਹ ਸੰਪਦਾ ਕਿਤੇ ਆਉਂਦੀ ਜਾਂਦੀ ਨਹੀਂ ਅਤੇ ਨਾ ਹੀ ਮਰੈ=ਨਾਸ ਹੁੰਦੀ ਹੈ। ਅਥਵਾ:-ਉਸ ਸੰਪਦਾ ਵਾਲਾ ਪੁਰਸ਼ ਨਾ ਜੰਮ ਕੇ ਆਉਂਦਾ ਹੈ ਨਾ ਹੀ ਮਰ ਕੇ ਕਿਤੇ ਜਾਂਦਾ ਹੈ॥ ੫॥ ੧॥ ੮॥

ਗੂਜਰੀ ਮਹਲਾ ੫ ਤਿਪਦੇ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਰਹਾਉ ਦੀ ਪੰਗਤੀ ਤੋਂ ਅਰਥ ਸ਼ੁਰੂ ਕਰਨਾ:-''ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ'' ਜਿਸ ਵੇਲੇ ਮੇਰੇ ਦਿਆਲੂ ਸੁਭਾਅ ਵਾਲੇ ਪ੍ਰਭੂ ਕਿਰਪਾਲੂ ਹੋਏ, ਤਾਂ-

ਦੁਖ ਬਿਨਸੇ ਸੁਖ ਕੀਆ ਨਿਵਾਸਾ ਤ੍ਰਿਸਨਾ ਜਲਨਿ ਬੁਝਾਈ ॥

ਸਾਰੇ ਦੁੱਖ ਨਾਸ ਹੋ ਗਏ, ਸੁੱਖਾਂ ਨੇ ਆਕੇ ਨਿਵਾਸ ਕੀਤਾ ਹੈ, ਅਤੇ ਮਨ ਵਿਚੋਂ ਤ੍ਰਿਸ਼ਨਾਂ ਰੂਪ ਜਲਨਿ=ਅਗਨੀ ਬੁਝ ਗਈ ਹੈ।

ਨਾਮੁ ਨਿਧਾਨੁ ਸਤਿਗੁਰੁ ਦ੍ਰਿੜਾਇਆ ਬਿਨਸਿ ਨ ਆਵੈ ਜਾਈ॥ ੧ ॥

ਜਿਸ ਨੂੰ ਸਤਿਗੁਰਾਂ ਨੇ ਨਾਮ ਨਿੱਧੀਆਂ ਦਾ ਖਜ਼ਾਨਾ ਦ੍ਰਿੜ੍ਹ ਕਰਾਇਆ ਹੈ, ਉਹ ਜੰਮ ਕੇ ਆਉਂਦਾ ਨਹੀਂ ਤੇ ਬਿਨਸਿ=ਮਰ ਕੇ ਜਾਂਦਾ ਨਹੀਂ॥ ੧॥

ਹਰਿ ਜਪਿ ਮਾਇਆ ਬੰਧਨ ਤੂਟੇ॥

ਹਰੀ ਦੇ ਜਪਣ ਕਰਕੇ ਮਾਇਆ ਦੇ ਸਭ ਬੰਧਨ ਟੁੱਟ ਗਏ ਹਨ।

ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ ਸਾਧ ਸੰਗਤਿ ਮਿਲਿ ਛੂਟੇ॥੧॥ਰਹਾਉ॥

ਮੇਰੇ ਪ੍ਰਭੂ ਦਿਆਲੂ ਜਿਨ੍ਹਾਂ ਉੱਤੇ ਕਿਰਪਾਲੂ ਹੋਏ ਹਨ, ਉਹ ਸਾਧ ਸੰਗਤ ਨਾਲ ਮਿਲਕੇ ਦੁੱਖਾਂ ਤੋਂ ਛੁੱਟ ਗਏ ਹਨ॥ ੧॥ ਰਹਾਉ॥

ਆਠ ਪਹਰ ਹਰਿ ਕੇ ਗੁਨ ਗਾਵੈ ਭਗਤਿ ਪ੍ਰੇਮ ਰਸਿ ਮਾਤਾ॥

ਜੋ ਅੱਠੇ ਪਹਿਰ ਹਰੀ ਦੇ ਗੁਣ ਗਾਉਂਦਾ ਹੈ, ਅਤੇ ਪ੍ਰੇਮਾ ਭਗਤੀ ਦੇ ਰਸ ਵਿੱਚ ਮਾਤਾ=ਮਸਤ ਰਹਿੰਦਾ ਹੈ।

ਹਰਖ ਸੋਗ ਦੁਹੁ ਮਾਹਿ ਨਿਰਾਲਾ ਕਰਣੈਹਾਰੁ ਪਛਾਤਾ॥ ੨॥

ਤੇ ਹਰਖ ਸੋਗ ਇਨ੍ਹਾਂ ਦੋਹਾਂ ਵਿਚੋਂ ਨਿਰਾਲਾ=ਅਸੰਗ ਰਹਿੰਦਾ ਹੈ, ਉਸ ਨੇ ਕਰਨਹਾਰ ਪ੍ਰਭੂ ਨੂੰ ਪਛਾਤਾ=ਪਛਾਣ ਲਿਆ ਹੈ॥ ੨॥

(ਪੰਨਾ ੪੯੯)

ਜਿਸ ਕਾ ਸਾ ਤਿਨਹੀ ਰਖਿ ਲੀਆ ਸਗਲ ਜੁਗਤਿ ਬਣਿ ਆਈ॥

ਜਿਸ ਦਾ ਸੇਵਕ ਸਾਂ, ਓਸੇ ਨੇ ਹੀ ਦੁੱਖਾਂ ਤੋਂ ਰੱਖ ਲਿਆ ਹੈ, ਹੁਣ ਸਾਰੀ ਜੁਗਤਿ=ਯੁਗਤੀ ਪੂਰੀ ਬਣ ਆਈ ਹੈ।

ਕਹੁ ਨਾਨਕ ਪ੍ਰਭ ਪੁਰਖ ਦਇਆਲਾ ਕੀਮਤਿ ਕਹਣੁ ਨ ਜਾਈ॥੩॥੧॥੯॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਦਿਆਲੂ ਪੁਰਖ ਹੈ ਉਸ ਦੀ ਕੀਮਤ ਕਿਸੇ ਪਾਸੋਂ ਭੀ ਨਹੀਂ ਕਹੀ ਜਾਂਦੀ॥ ੩॥ ੧॥ ੯॥

ਗੂਜਰੀ ਮਹਲਾ ੫ ਦੁਪਦੇ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ॥

ਜਿਸ ਪਤਿਤ=ਪਾਪੀ ਨੂੰ ਅਪਣਾ ਸੇਵਕ ਬਣਾ ਕੇ ਪਵਿੱਤਰ ਕਰ ਲਿਆ ਹੈ, ਉਸ ਨੂੰ ਦੁਨੀਆਂ ਦੇ ਸਾਰੇ ਲੋਕ ਨਮਸ਼ਕਾਰ ਕਰਦੇ ਹਨ।

ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ॥॥੧॥

ਉਸ ਦੇ ਵਰਨ ਤੇ ਜ਼ਾਤੀ ਨੂੰ ਕੋਈ ਪੁੱਛਦਾ ਨਹੀਂ ਹੈ, ਸਗੋਂ ਸਾਰੇ ਲੋਕ ਉਸ ਦੇ ਚਰਨਾਂ ਦੀ ਰਵਾਰੋ=ਧੂੜੀ ਨੂੰ ਬਾਛਹਿ=ਚਾਹੁੰਦੇ ਹਨ॥ ੧॥

ਠਾਕੁਰ ਐਸੋ ਨਾਮੁ ਤੁਮ੍ਹਾਰੋ ॥

ਹੇ ਸੁਆਮੀ ! ਆਪ ਜੀ ਦਾ ਨਾਮ ਅਜੇਹਾ ਪਤਿਤ ਪਾਵਨ ਹੈ।

ਸਗਲ ਸ੍ਰਿਸਟਿ ਕੋ ਧਨੀ ਕਹੀਜੈ ਜਨ ਕੋ ਅੰਗੁ ਨਿਰਾਰੋ ॥ ੧ ॥ ਰਹਾਉ ॥

ਤੂੰ ਭਾਵੇਂ ਸਾਰੀ ਸ੍ਰਿਸ਼ਟੀ ਦਾ ਮਾਲਕ ਕਹੀਦਾ ਹੈਂ, ਪਰ ਆਪਣੇ ਦਾਸ ਦਾ ਤਾਂ ਨਿਰਾਰੋ=ਨਿਰਾਲਾ ਹੀ ਭਾਵ ਖਾਸ ਕਰਕੇ ਅੰਗੁ=ਪੱਖ ਕਰਦਾ ਹੈਂ ॥ ੧ ॥ ਰਹਾਉ ॥

ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥

ਗੁਰੂ ਜੀ ਕਥਨ ਕਰਦੇ ਹਨ-ਸਤਸੰਗਤ ਦੁਆਰਾ ਜਿਸ ਨੇ ਉੱਤਮ ਬੁੱਧੀ ਪਾਈ ਹੈ, ਉਸ ਨੇ ਹਰੀ ਕੀਰਤਨ ਦਾ ਆਧਾਰੋ=ਆਸਰਾ ਲਿਆ ਹੈ।

ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚਮਿਆਰੋ ॥੨ ॥੧ ॥੧੦ ॥

(ਛੀਂਬਾ) ਨਾਮਦੇਵ, (ਬਾਣੀਆਂ) ਤ੍ਰਿਲੋਚਨ, (ਜੁਲਾਹਾ) ਕਬੀਰ, ਚਮਿਆਰ ਜਾਤੀ ਦਾ ਰਵਿਦਾਸ ਇਤਿ ਅਦਿਕ ਸਾਰੇ ਦਾਸਰੇ=ਦਾਸਾ ਭਾਵ ਨੂੰ ਧਾਰ ਕੇ ਮੁਕਤੀ ਨੂੰ ਪ੍ਰਾਪਤ ਹੋਏ ਹਨ ॥ ੨ ॥ ੧ ॥ ੧੦ ॥

ਗੂਜਰੀ ਮਹਲਾ ੫ ॥

ਇਸ ਸ਼ਬਦ ਦੁਆਰਾ ਪਰਮੇਸ਼ਰ ਦੀ ਬਿਅੰਤਤਾ ਦਾ ਵਰਨਨ ਕਰਦੇ ਹਨ।

ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ ਭਤਾ ॥

ਜਦ ਕਿ ਕੋਈ ਸਮਝਣ ਵਾਲਾ ਹੀ ਨਹੀਂ ਹੈ, ਤਾਂ ਕੋਈ "ਕਵਨੁ ਭਤਾ"=ਕਿਸ ਤਰ੍ਹਾਂ ਜਾਣੇਗਾ।

ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ ॥ ੧ ॥

ਸ਼ਿਵ ਜੀ, ਬਿਰੰਚਿ=ਬ੍ਰਹਮਾ ਅਤੇ ਸਾਰੇ ਮੁਨੀ-ਜਨ ਭੀ ਉਸ ਦੀ ਗਤੀ ਨੂੰ ਗਹਿ ਨ=ਫੜ ਨਹੀਂ ਸਕਦੇ ਅਰਥਾਤ ਅੰਤ ਨਹੀਂ ਪਾ ਸਕਦੇ ॥ ੧ ॥

ਪ੍ਰਭ ਕੀ ਅਗਮ ਅਗਾਧਿ ਕਥਾ ॥

ਕਥਨ ਤੋਂ ਰਹਿਤ ਹੋਣ ਕਰਕੇ ਪ੍ਰਭੂ ਦੀ ਕਥਾ ਅਗਮ ਤੇ ਅਗਾਧ ਹੈ।

ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ ਰਹਤਾ ॥ ੧ ॥ ਰਹਾਉ ॥

ਜੋ ਸੁਣੀਦੀ ਹੋਰ ਪ੍ਰਕਾਰ ਦੀ ਹੈ, ਕਿ ਪਰਮੇਸ਼ਰ ਅਵਤਾਰ ਧਾਰਕੇ ਦੁਸ਼ਟਾਂ ਦਾ ਨਾਸ ਕਰਦਾ ਹੈ, ਤੇ ਭਗਤਾਂ ਦੀ ਰੱਖਿਆ ਕਰਦਾ ਹੈ, ਅਤੇ ਵਿਚਾਰ ਕੇ ਦੇਖੀਏ ਤਾਂ ਹੋਰ ਵਿਧੀ ਸਮਝੀ ਦੀ ਹੈ, ਕਿ ਉਹ ਕਹਿਣ ਕਥਨ ਤੋਂ ਰਹਿਤ ਹੈ। ਅਥਵਾ:-ਬਕਨ=ਬਾਣੀ ਆਦਿਕਾਂ ਦੇ ਕਥਨ ਕਰਨ ਤੋਂ ਰਹਿਤ ਹੈ ॥ ੧ ॥ ਰਹਾਉ ॥

ਆਪੇ ਭਗਤਾ ਆਪਿ ਸੁਆਮੀ ਆਪਨ ਸੰਗਿ ਰਤਾ ॥

ਆਪ ਹੀ ਭਗਤੀ ਦੇ ਕਰਨ ਵਾਲਾ ਭਗਤ ਰੂਪ (ਅਰਥਾਤ ਸੇਵਕ ਰੂਪ) ਹੈ, ਆਪ ਹੀ ਸੁਆਮੀ ਰੂਪ ਹੈ, ਆਪ ਹੀ ਸਾਰਿਆਂ ਨਾਲ ਰਤਾ=ਮਿਲਿਆ ਹੋਇਆ ਹੈ।

ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ ਪੇਖਿਓ ਜਤ੍ਰ ਕਤਾ ॥ ੨ ॥ ੨ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦਾ ਪ੍ਰਭੂ ਸਾਰੇ ਪਰੀਪੂਰਨ ਹੋ ਰਿਹਾ ਹੈ,

ਜਤ੍ਰ-ਕਤਾ=ਜਿਥੇ ਕਿਥੇ ਸਾਰੇ ਉਸਨੂੰ ਵੇਖਣਾ ਕੀਤਾ ਹੈ॥ ੨ ॥ ੨ ॥ ੧੧ ॥

ਗੂਜਰੀ ਮਹਲਾ ੫ ॥

ਮਤਾ ਮਸੂਰਤਿ ਅਵਰ ਸਿਆਨਪ ਜਨ ਕਉ ਕਛੂ ਨ ਆਇਓ ॥

ਚਾਰ ਮਨੁੱਖ ਆਪਸ ਵਿਚ ਰਲ ਕੇ ਕੋਈ ਸਲਾਹ ਕਰਨ ਉਹ ਨੂੰ ਮਤਾ ਕਹਿੰਦੇ ਹਨ,

ਯਥਾ:-ਚਾਰਿ ਯਾਕ ਮਿਲਿ ਮਤਾ ਪਕਾਯੋ॥ (ਦਸਮ ਗ੍ਰੰਥ ਪੰਨਾ ੯੫੩)

ਬਹੁਤੇ ਮਾਨੁੱਖ ਰਲਕੇ ਜੋ ਸਲਾਹ ਕਰਨ ਉਸ ਨੂੰ ਮਸੂਰਤ ਕਹਿੰਦੇ ਹਨ, ਤੇ ਸਿਆਣਪ ਬੁੱਧੀ ਦੀ ਹੁੰਦੀ ਹੈ। ਪਰ ਵਾਹਿਗੁਰੂ ਦੇ ਸਿਮਰਨ ਕਰਨ ਵਾਲੇ ਜੋ ਗੁਰਮੁਖ ਜਨ ਹਨ, ਉਨ੍ਹਾਂ ਨੂੰ ਮਤਾ, ਮਸੂਰਤ ਅਤੇ ਹੋਰ ਬੁੱਧੀ ਦੀ ਸਿਆਣਪ ਆਦਿਕ ਕੁਝ ਵੀ ਯਤਨ ਕਰਨਾ ਨਹੀਂ ਆਉਂਦਾ।

ਸਾਖੀ-ਚਾਰ ਚੋਰਾਂ ਦੀ

ਜੰਗਲ ਵਿਚ ਚਾਰ ਚੋਰ ਸਨ, ਜਦ ਉਹਨਾਂ ਨੂੰ ਖਾਣ ਵਾਸਤੇ ਕੋਈ ਚੀਜ਼ ਨਾ ਮਿਲੀ ਤੇ ਭੁੱਖ ਨੇ ਬਹੁਤ ਤੰਗ ਕਰ ਦਿੱਤਾ, ਚਾਰੇ ਸੋਚਣ ਲੱਗ ਪਏ ਹੁਣ ਕੀ ਕਰੀਏ, ਅਜੇ ਸੋਚ ਹੀ ਰਹੇ ਸਨ, ਇਤਨੇ ਨੂੰ ਇੱਕ ਆਦਮੀ ਮੋਢਿਆਂ ਉੱਤੇ ਬੱਕਰਾ ਚੁੱਕੀ ਚਲਿਆ ਆ ਰਿਹਾ ਸੀ, ਉਸ ਨੂੰ ਵੇਖਕੇ ਚਾਰੇ ਹੀ ਆਪਸ ਵਿੱਚ ਬੱਕਰੇ ਖੋਹਣ ਦੀ ਸਲਾਹ ਕਰਕੇ ਇੱਕ-ਇੱਕ ਕੋਹ ਉੱਤੇ ਖੜੇ ਹੋ ਗਏ।

੧ ਜਦ ਇਕ ਦੇ ਅੱਗੋਂ ਲੰਘਿਆ ਤਾਂ ਉਸਨੇ ਕਿਹਾ,''ਇਹ ਮੋਢੇ ਉੱਪਰ ਕੀ ਚੁੱਕੀ ਜਾ ਰਿਹਾ ਹੈਂ, ਤੈਨੂੰ ਸ਼ਰਮ ਨਹੀਂ ਆਉਂਦੀ'' ਪਰ-ਉਹ ਸੁਣਦਾ ਹੋਇਆ ਅੱਗੇ ਚਲਦਾ ਗਿਆ।

੨ ਅੱਗੋਂ ਦੂਜਾ ਮਨੁੱਖ ਮਿਲਿਆ। ਉਸ ਨੇ ਭੀ ਇਹੋ ਬਚਨ ਕਿਹਾ, ''ਮੋਢੇ ਉੱਪਰ ਕੀ ਚੁੱਕੀ ਜਾ ਰਿਹਾ ਹੈਂ ਕੁਝ ਸ਼ਰਮ ਕਰ।''

੩ ਅੱਗੇ ਜਾਂਦਿਆਂ ਜਾਂਦਿਆਂ ਜਦ ਤੀਜਾ ਮਨੁੱਖ ਮਿਲਿਆ ਤਾਂ ਉਸ ਨੇ ਭੀ ਕਿਹਾ ''ਤੂੰ ਇਤਨਾ ਵੱਡਾ ਸ਼ਾਹ ਹੋ ਕੇ ਕੁੱਤਾ ਚੁੱਕੀ ਲਿਜਾ ਰਿਹਾ ਹੈਂ ਤੈਨੂੰ ਚਾਹੀਦਾ ਨਹੀਂ'' ਫਿਰ ਭੀ ਉਹ ਸੁਣਦਾ ਹੋਇਆ ਤੁਰਿਆ ਗਿਆ।

੪ ਜਦ ਅੱਗੋਂ ਚੌਥਾ ਮਨੁੱਖ ਮਿਲਿਆ ਤੇ ਉਸ ਨੇ ਕਿਹਾ, ''ਸ਼ਾਹ ਜੀ ! ਤੁਸੀਂ ਕੁੱਤਾ ਚੁੱਕ ਕੇ ਜਾ ਰਹੇ ਹੋ ਇਹ ਤੁਹਾਡੀ ਸ਼ਾਨ ਦੇ ਖਿਲਾਫ ਹੈ, ਇਸ ਨੂੰ ਸੁੱਟ ਦਿਓ ਚੁੱਕਿਆ ਤੁਸਾਂ ਨੇ ਹੋਇਆ ਹੈ ਸ਼ਰਮ ਅਸਾਨੂੰ ਆਉਂਦੀ ਹੈ।'' ਜਦ ਚਹੁੰ ਨੇ ਏਸੇ ਤਰ੍ਹਾਂ ਕਿਹਾ ਤਾਂ ਉਸ ਨੇ ਵਿਚਾਰਿਆ ਇਹ ਕੁੱਤਾ ਹੀ ਹੋਵੇਗਾ ਸਾਰੇ ਜੋ ਕਹਿ ਰਹੇ ਹਨ। ਕੁੱਤਾ ਸਮਝਕੇ ਓਥੇ ਸੁੱਟ ਦਿੱਤਾ ਤੇ ਆਪ ਚਲਾ ਗਿਆ, ਮਗਰੋਂ ਉਹਨਾਂ ਚਹੁੰ ਨੇ ਬੱਕਰਾ ਫੜ ਕੇ ਕੁਹ ਲਿਆ ਤੇ ਚਾੜ੍ਹਕੇ ਖਾ ਲਿਆ।

ਇਸ ਤਰ੍ਹਾਂ ਉਹਨਾਂ ਚਾਰਾਂ ਹੀ ਚੋਰਾਂ ਦਾ ਮਤਾ ਪਕਾਇਆ ਹੋਇਆ ਕਾਮਯਾਬ ਹੋ ਗਿਆ। ਭਾਵ ਚਾਰ ਆਦਮੀ ਮਿਲਕੇ ਗੱਲ ਕਰਨ ਤਾਂ ਉਸ ਨੂੰ ਮਤਾ ਕਹਿੰਦੇ ਹਨ।

ਯਥਾ:-ਭਲੋ[1] ਮਨੁੱਖ ਪਛਾਨਿ ਕੈ, ਤੋ ਹਮ ਭਾਖਤ ਤੋਹਿ[2]॥ ਕੂਕਰ[3] ਤੈਂ ਕਾਂਧੇ[4] ਲਯੋ, ਲਾਜ ਲਗਤ ਹੈ ਮੋਹਿ[5]॥ ੪॥ ਚੌਪਈ॥ ਚਾਰਿ ਕੋਸ[6] ਮੂਰਖ ਜਬ[7] ਆਯੋ॥ ਚਹੁੰਅਨ ਯੋਂ ਬਚ ਭਾਖਿ ਸੁਨਾਯੋ॥ ਸਾਚੁ ਸਮਝ[8] ਲਾਜਤ ਚਿਤ ਭਯੋ॥ ਬਕਰਾ ਸ੍ਯਾਨਿ ਜਾਨਿ; ਤਜਿ ਦਯੋ॥ ੫॥

ਦੋਹਰਾ:-ਤਿਨ ਚਾਰੋ ਗਹਿ ਤਿਹੋਂ[10] ਲਯੋ, ਭਖਿਯੋ ਤਾਕਹੋਂ ਜਾਇ[11]॥

ਅਜ ਤਜਿ, ਭਜਿ ਜੜ੍ਹ ਘਰ ਗਯੋ, ਛਲ ਨਹਿ ਲਖਜੋ ਬਨਾਇ॥

(ਦਸਮ ਗ੍ਰੰਥ ਚਰਿਤ੍ਰ ੧੦੬ ਪੰਨਾ ੯੫੩)

ਜਹ ਜਹ ਅਉਸਰੁ ਆਇ ਬਨਿਓ ਹੈ ਤਹਾ ਤਹਾ ਹਰਿ ਧਿਆਇਓ॥ ੧॥

ਜਿੱਥੇ ਜਿੱਥੇ ਵੀ ਕੋਈ ਦੁੱਖ ਦਾ ਅਉਸਰੁ=ਸਮਾਂ ਆ ਬਣਿਆ ਹੈ ਤਹਾ ਤਹਾ=ਤਿੱਥੇ ਤਿੱਥੇ ਹਰੀ ਨੂੰ ਹੀ ਧਿਆਉਣਾ ਕੀਤਾ ਹੈ॥ ੧॥

ਪ੍ਰਭ ਕੋ ਭਗਤਿ ਵਛਲੁ ਬਿਰਦਾਇਓ॥

ਭਗਤਿ-ਵਛਲੁ=ਭਗਤਾਂ ਨਾਲ ਪਿਆਰ ਕਰਨਾ ਏਹ ਪ੍ਰਭੂ ਦਾ ਹੀ ਬਿਰਦਾਇਓ=ਧਰਮ ਬਣ ਆ ਰਿਹਾ ਹੈ।

ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ ਜਨ ਕਉ ਲਾਡ ਲਡਾਇਓ॥੧॥ਰਹਾਉ॥

ਜਿਵੇਂ ਮਾਤਾ ਪਿਤਾ ਬੱਚੇ ਦੀ ਪ੍ਰਤਿਪਾਲ=ਪਾਲਣਾ ਕਰਦੇ ਹਨ, ਤਿਵੇਂ ਉਹ ਪ੍ਰਭੂ ਬੱਚੇ ਵਾਂਗੂੰ ਆਪਣੇ ਦਾਸ ਦੀ ਪ੍ਰਤਿਪਾਲਾ ਕਰਦਾ ਹੈ. ਅਤੇ ਆਪਣੇ ਸੇਵਕ ਨੂੰ ਲਾਡ ਲਡਾਉਂਦਾ ਹੈ, ਅਰਥਾਤ ਪ੍ਰੇਮ ਨਾਲ ਖਿਡਾਉਂਦਾ ਹੈ॥ ੧॥ ਰਹਾਉ॥

ਜਪ ਤਪ ਸੰਜਮ ਕਰਮ ਧਰਮ ਹਰਿ ਕੀਰਤਨੁ ਜਨਿ ਗਾਇਓ॥

ਗੁਰਮੁਖ ਜਨ ਨੇ ਜੋ ਹਰੀ ਕੀਰਤਨ ਗਾਵਣਾ ਕੀਤਾ ਹੈ, ਉਸ ਦੀ ਦ੍ਰਿਸ਼ਟੀ ਵਿੱਚ ਏਹੋ ਜਪ ਤਪ ਆਦਿਕ ਸਾਧਨ ਤੇ ਸੰਜਮ=ਇੰਦ੍ਰੀਆਂ ਦਾ ਦਮਨ ਕਰਨਾ. ਅਤੇ ਕਰਮ ਧਰਮ ਹਨ।

ਸਰਨਿ ਪਰਿਓ ਨਾਨਕ ਠਾਕੁਰ ਕੀ ਅਭੈ ਦਾਨੁ ਸੁਖੁ ਪਾਇਓ॥੨॥੩॥੧੨॥

ਗੁਰੂ ਜੀ ਕਥਨ ਕਰਦੇ ਹਨ-ਜੋ ਜਨ ਠਾਕੁਰ ਪਰਮਾਤਮਾ ਦੀ ਸ਼ਰਨ ਵਿੱਚ ਪਿਆ ਹੈ, ਉਸਨੇ ਨਿਰਭੈ ਦਾਨ ਤੇ ਆਤਮ ਸੁਖ ਪਾਇਆ ਹੈ॥ ੨॥ ੩॥ ੧੨॥

ਗੂਜਰੀ ਮਹਲਾ ੫॥

ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ॥

ਹੇ ਭਾਈ ! ਰਾਤ ਦਿਨੇ ਪਿਆਰੇ ਮੋਹਨ ਨੂੰ ਅਰਾਧਣਾ ਕਰੋ, ਇੱਕ ਨਿਮਖ ਭਰ ਵੀ ਢੀਲਾ-ਢਿੱਲ (ਦੇਰੀ) ਨਾ ਕਰੋ।

---

[1]ਚੰਗਾ ਸਿਆਣਾ। [2]ਤੈਨੂੰ। [3]ਕੁੱਤਾ। [4]ਮੋਢੇ ਉਪਰ। [5]ਮੈਨੂੰ ਦੇਖਕੇ ਸ਼ਰਮ ਆਉਂਦੀ ਹੈ। [6]ਚਾਰ ਕੋਹਾਂ ਤੱਕ। [7]ਜਿਸ ਵੇਲੇ ਪਹੁੰਚਾ। [8]ਇਸ ਤਰ੍ਹਾਂ.ਚਾਰੇ ਹੀ ਚੋਰਾਂ ਨੇ। [9]ਸੱਚ ਜਾਣ ਕੇ. ਚਿੱਤ ਵਿੱਚ ਸ਼ਰਮਸਾਰ ਹੋਇਆ। [10]ਤਿਸ ਬੱਕਰੇ ਨੂੰ ਫੜ ਕੇ। [11]ਤਿਸ ਨੇ ਜਾ ਕੇ ਖਾ ਲਿਆ।

ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ ॥ ੧ ॥

ਮਾਨ ਤੇ ਹਾਠੀਲਾ=ਹੱਠ ਨੂੰ ਤਿਆਗਕੇ ਸੰਤਾਂ ਦੀ ਸੇਵਾ ਕਰਨ ਵਿੱਚ ਭਾਵਨੀ=ਸ਼ਰਧਾ ਲਗਾਉਣਾ ਕਰੀਏ।

ਅਥਵਾ:-ਪਹਿਲੇ ਸੰਤਾਂ ਦੀ ਸੇਵਾ ਕਰੀਏ, ਫਿਰ ਉਹਨਾਂ ਦੇ ਬਚਨਾਂ ਉੱਪਰ ਸ਼ਰਧਾ ਰੱਖੀਏ, ਵਿੱਦਿਆ ਤੇ ਜ਼ਾਤੀ ਦੇ ਮਾਨ ਨੂੰ ਅਤੇ ਹੱਠ ਨੂੰ ਛੱਡ ਦੇਣਾ ਚਾਹੀਦਾ ਹੈ॥ ੧ ॥

ਮੋਹਨੁ ਪ੍ਰਾਨ ਮਾਨ ਰਾਗੀਲਾ ॥

ਉਹ ਮੋਹਨੁ=ਪਰਮਾਤਮਾ ਮਨ ਤੇ ਪ੍ਰਾਣਾਂ ਨੂੰ ਰਾਗੀਲਾ=ਅਨੰਦ ਦੇਣ ਵਾਲਾ ਹੈ।

ਅਥਵਾ:-ਪ੍ਰਾਣਾਂ ਦਾ ਰਾਗੀਲਾ=ਪਿਆਰਾ ਮੋਹਨ ਮਾਨ=ਵਡਿਆਈ ਦੇਣ ਵਾਲਾ ਹੈ।

ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ ॥ ੧ ॥ ਰਹਾਉ ॥

ਜੋ ਹੀਅਰੇ=ਹਿਰਦੇ ਦੇ ਨਾਲ ਹੀ ਵਸ ਰਿਹਾ ਹੈ, ਉਸ ਦੀ ਲੀਲ੍ਹਾ ਨੂੰ ਵੇਖਕੇ ਮਨ ਮੋਹਿਓ=ਮੋਹਿਆ ਗਿਆ ਹੈ॥ ੧ ॥ ਰਹਾਉ ॥

ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ ॥

ਜਿਸ ਦੇ ਸਿਮਰਨ ਕਰਕੇ ਮਨ ਵਿੱਚ ਅਨੰਦ ਹੁੰਦਾ ਹੈ, ਅਤੇ ਮਨ ਤੋਂ ਪਾਪਾਂ ਰੂਪੀ ਜੰਗੀਲਾ=ਜੰਗਲ ਲਹਿ ਜਾਂਦਾ ਹੈ।

ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥੨ ॥੪ ॥੧੩ ॥

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਮਿਲਾਪ ਦੀ ਮਹਿਮਾ ਮੈਂ ਕਥਨ ਨਹੀਂ ਕਰ ਸਕਦਾ, ਜੋ ਪਰੈ ਪਰੀਲਾ=ਪਰੇ ਤੋਂ ਪਰੇ ਹੈ। (ਵਿਆਕਰਣ ਵਿੱਚ "ਈਲਾ" ਦਾ ਅਰਥ ਘਰ ਹੈ) ਇਸ ਤੇ ਦੂਜਾ ਅਰਥ ਇੰਞ ਕਰਨਾ ਪਰੇ ਤੋਂ ਪਰੇ ਜੋ ਸਰੂਪ ਘਰ ਹੈ ਉਸ ਦੀ ਪ੍ਰਾਪਤੀ ਕਰਨ ਵਾਲੀ ਹੈ॥ ੨ ॥ ੪ ॥ ੧੩ ॥

ਗੂਜਰੀ ਮਹਲਾ ੫ ॥

ਕਿਸੀ ਨੇ ਕਿਹਾ ਮਾਇਆ ਕੈਸੀ ਹੈ? ਇਸ ਸ਼ਬਦ ਵਿੱਚ ਗੁਰੂ ਜੀ ਮਾਇਆ ਦੀ ਪ੍ਰਬਲਤਾ ਦੱਸਦੇ ਹਨ। ਰਹਾਉ ਤੋਂ ਪੰਗਤੀ ਉਠਾਣੀ:-ਬਲਵੰਤਿ ਬਿਆਪਿ ਰਹੀ ਸਭ ਮਹੀ ॥ ਬਲ ਵਾਲੀ ਮਾਇਆ ਸਾਰੀ ਧਰਤੀ ਉੱਪਰ ਵਿਆਪਕ ਹੋ ਰਹੀ ਹੈ।

ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ ॥

ਜਿੰਨੇ ਭੀ ਮੁਨੀ, ਜੋਗੀ, ਅਤੇ ਸਾਸਤ੍ਰਗਿ=ਸ਼ਾਸਤਰਾਂ ਦੇ ਗਿਆਤੇ ਕਹਾਉਂਦੇ ਹਨ, ਇਹ ਸਾਰੇ ਹੀ ਮਾਇਆ ਨੇ ਆਪਣੇ ਵੱਸ ਵਿੱਚ ਕੀਤੇ ਹੋਏ ਹਨ।

ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ ॥ ੧ ॥

(ਬ੍ਰਹਮਾ, ਵਿਸ਼ਨੂੰ, ਸ਼ਿਵ ਰੂਪ) ਤਿੰਨ ਦੇਵਤੇ ਅਤੇ ਤੇਤੀ ਕ੍ਰੋੜ ਜੋ ਦੇਵਤੇ ਹਨ, ਉਹਨਾਂ ਦੀ ਹੈਰਤਿ=ਅਕਲ ਭੀ ਮਾਇਆ ਦੇ ਅੱਗੇ ਕੁਝ ਨਹੀਂ ਰਹੀ॥ ੧ ॥

ਬਲਵੰਤਿ ਬਿਆਪਿ ਰਹੀ ਸਭ ਮਹੀ॥

ਬਲਵੰਤਿ=ਬਲ ਵਾਲੀ ਮਾਇਆ ਸਭ ਮਹੀ=ਸਾਰੀ ਧਰਤੀ ਉੱਪਰ ਵਿਆਪਕ ਹੋ ਰਹੀ ਹੈ।

ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ॥ ੧॥ ਰਹਾਉ॥

ਹੋਰ ਕੋਈ ਉਸ ਦੇ ਮਰਮਾ=ਭੇਦ ਨੂੰ ਨਹੀਂ ਜਾਣ ਸਕਦਾ, ਜਿਸ ਉੱਤੇ ਗੁਰੂ ਦੀ ਕਿਰਪਾ ਹੋਈ ਹੈ, "ਤੇ ਨਹੀ"=ਉਸ ਨੇ ਜਾਣ ਲਈ ਹੈ ਕਿ ਮਾਇਆ ਠਗਣੀ ਹੈ॥ ੧॥ ਰਹਾਉ॥

(ਪੰਨਾ ੪੯੯)

ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ॥

ਪਹਿਲਾ ਅਰਥ:-ਰਿਖੀਆਂ ਨੂੰ ਜਿੱਤਕੇ, ਦੇਵਤਿਆਂ ਨੂੰ ਜਿੱਤਕੇ, ਤੀਰਥ ਆਦਿਕ ਸਾਰੇ ਅਸਥਾਨ ਜਿੱਤੇ ਹਨ।

ਦੂਜਾ ਅਰਥ:-ਸਾਰਿਆਂ ਅਸਥਾਨਾਂ ਨੂੰ ਜਿੱਤ ਜਿੱਤ ਕੇ ਜਿੱਤ ਹੀ ਲਿਆ ਹੈ।

ਤੀਜਾ ਅਰਥ:-ਜੋ ਅਸਥਾਨ ਜਿੱਤਣੇ ਤੋਂ ਅਜਿੱਤ ਸਨ, ਉਹ ਸਾਰੇ ਅਸਥਾਨ ਜਿੱਤ ਲਏ ਹਨ।

ਚੌਥਾ ਅਰਥ:-ਮਾਇਆ ਆਪ ਜਿੱਤਣੇ ਤੋਂ ਅਜਿੱਤ ਹੈ, ਤੇ ਹੋਰ ਸਾਰਿਆਂ ਅਸਥਾਨਾਂ ਨੂੰ ਜਿੱਤਣਾ ਕੀਤਾ ਹੈ। ਅਤੇ ਸਾਰਿਆਂ ਚੌਦਾਂ ਭਵਨਾਂ ਵਿੱਚ ਲਪਟਹੀ=ਲਪਟ ਹੋ ਰਹੀ ਹੈ।

ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ॥ ੨॥ ੫॥ ੧੪॥

ਗੁਰੂ ਜੀ ਕਥਨ ਕਰਦੇ ਹਨ-ਇੱਕ ਸੰਤਾਂ ਤੋਂ ਦੂਰ ਭਾਗੀ=ਭੱਜੀ ਹੈ, ਸਫਲ ਹੋਣ ਲਈ ਚੇਰੀ=ਦਾਸੀ ਹੋ ਕੇ ਸੰਤਾਂ ਦੇ ਚਰਨ ਗਹੀ=ਫੜਦੀ ਹੈ॥ ੨॥ ੫॥ ੧੪॥

ਗੂਜਰੀ ਮਹਲਾ ੫॥

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ॥

ਦੁਇ ਕਰ=ਹੱਥ ਜੋੜਕੇ ਮੈਂ ਬੇਨਤੀ ਕੀਤੀ ਹੈ, ਅਤੇ ਆਪਣੇ ਸੁਆਮੀ ਨੂੰ ਧਿਆਉਣਾ ਕੀਤਾ ਹੈ।

ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ॥ ੧॥

ਪਰਮੇਸ਼ਰ ਨੇ ਆਪਣਾ ਹੱਥ ਦੇ ਕੇ ਅਸਾਨੂੰ ਰੱਖ ਲਿਆ ਹੈ, ਸਾਰਿਆਂ ਦੁਰਤੁ=ਪਾਪਾਂ ਦਾ ਪੁੰਜ ਮਿਟਾ ਦਿੱਤਾ ਹੈ॥ ੧॥

ਠਾਕੁਰ ਹੋਏ ਆਪਿ ਦਇਆਲ॥

ਜਿਸ ਵੇਲੇ ਠਾਕੁਰ ਪਰਮਾਤਮਾ ਆਪ ਦਿਆਲੂ ਹੋਏ। ਤਾਂ-

ਭਈ ਕਲਿਆਣ ਆਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ॥ ੧॥ ਰਹਾਉ॥

ਸਭ ਤਰ੍ਹਾਂ ਦੀ ਕਲਿਆਣ ਹੋਈ ਤੇ ਅਨੰਦ ਰੂਪ ਦੀ ਪ੍ਰਾਪਤੀ ਹੋਈ,

ਅਥਵਾ:-ਅਨੰਦ ਰੂਪ ਪਰਮੇਸ਼ਰ ਦੀ ਪ੍ਰਾਪਤੀ ਹੋਣ ਕਰਕੇ ਕਲਿਆਣ=ਮੁਕਤੀ ਹੋਈ ਹੈ, ਗੁਪਾਲ ਦੀ ਕਿਰਪਾ ਨਾਲ ਅਸੀਂ ਬਾਲਕੇ ਉਬਰੇ=ਤਰ ਗਏ ਹਾਂ॥ ੧॥ ਰਹਾਉ॥

ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈ ਕਾਰੁ ॥

ਵਰ=ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲੀਆਂ ਸੰਤਾਂ ਰੂਪ ਨਾਰੀਆਂ ਨਾਲ ਮਿਲਕੇ ਉਸ ਦੇ ਮੰਗਲ ਰੂਪ ਜਸ ਨੂੰ ਗਾਇਆ ਹੈ, ਅਤੇ ਠਾਕੁਰ=ਪਰਮਾਤਮਾ ਦਾ ਜੈ ਜੈ ਕਾਰ ਉਚਾਰਨ ਕੀਤਾ ਹੈ।

ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥੨ ॥੬ ॥੧੫ ॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਉਸ ਗੁਰੂ ਤੋਂ ਬਲਿਹਾਰ ਜਾਂਦੇ ਹਾਂ, ਜਿਸਨੇ ਸਭਨਾਂ ਦਾ ਉਧਾਰ ਕੀਤਾ ਹੈ॥ ੨ ॥ ੬ ॥ ੧੫ ॥

ਗੂਜਰੀ ਮਹਲਾ ੫ ॥

ਸਬੰਧੀਆਂ ਦੀ ਨਿਰਬਲਤਾ ਦੱਸਦੇ ਹੋਏ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਮਾਤ ਪਿਤਾ ਭਾਈ ਸੁਤ ਬੰਧਪ ਤਿਨ ਕਾ ਬਲੁ ਹੈ ਥੋਰਾ ॥

ਮਾਂ, ਪਿਉ, ਭਰਾ, ਪੁੱਤਰ, ਆਦਿਕ ਜੋ ਭੀ ਸਬੰਧੀ ਹਨ, ਉਹਨਾਂ ਸਾਰਿਆਂ ਦਾ ਬਲ ਥੋੜ੍ਹਾ ਹੈ, ਕਿਉਂਕਿ ਪ੍ਰਲੋਕ ਵਿੱਚ ਕੋਈ ਭੀ ਸਹਾਇਤਾ ਨਹੀਂ ਕਰ ਸਕਦੇ।

ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥਿ ਨ ਚਾਲੈ ਭੋਰਾ ॥ ੧ ॥

ਜੋ ਮਾਇਆ ਦੇ ਅਨੇਕਾਂ ਰੰਗ ਦਿਸਦੇ ਹਨ, ਇਨ੍ਹਾਂ ਵਿੱਚੋਂ ਕੁਝ ਭੋਰਾ=ਰੰਚਕ ਮਾਤਰ ਭੀ ਨਾਲ ਨਹੀਂ ਚਲਦਾ॥ ੧ ॥

ਠਾਕੁਰ ਤੁਝ ਬਿਨੁ ਆਹਿ ਨ ਮੋਰਾ ॥

ਹੇ ਠਾਕੁਰ ਪ੍ਰਭੂ ! ਆਪ ਜੀ ਤੋਂ ਬਿਨਾਂ ਮੇਰਾ ਕੋਈ ਆਸਰਾ ਨਹੀਂ ਆਹਿ=ਹੈ।

ਮੋਹਿ ਅਨਾਥ ਨਿਰਗੁਨ ਗੁਣੁ ਨਾਹੀ ਮੈ ਆਹਿਓ ਤੁਮ੍ਹਰਾ ਧੋਰਾ ॥੧ ॥ਰਹਾਉ ॥

ਮੋਹਿ ਅਨਾਥ=ਮੈਂ ਯਤੀਮ ਗੁਣਾਂ ਤੋਂ ਹੀਣਾ ਹਾਂ, ਮੇਰੇ ਵਿਚ ਕੋਈ ਭੀ ਸ਼ੁਭ ਗੁਣ ਨਹੀਂ ਹੈ, ਮੈਂਨੇ ਤੁਹਾਡਾ ਹੀ ਧੋਰਾ=ਆਸਰਾ ਆਹਿਓ=ਚਾਹਿਆ ਭਾਵ ਤੱਕਿਆ ਹੈ॥ ੧ ॥ ਰਹਾਉ ॥

ਬਲਿ ਬਲਿ ਬਲਿ ਬਲਿ ਚਰਣ ਤੁਮ੍ਹਾਰੇ ਈਹਾ ਊਹਾ ਤੁਮ੍ਹਾਰਾ ਜੋਰਾ ॥

ਹੇ ਠਾਕੁਰ ! ਤੁਹਾਡੇ ਚਰਨਾਂ ਉੱਤੇ (ਮਨ, ਬੁੱਧਿ, ਚਿੱਤ, ਹੰਕਾਰ ਰੂਪ ਅੰਤਹਕਰਨ ਕਰਕੇ) ਬਲਿਹਾਰ ਕੁਰਬਾਨ ਜਾਂਦਾ ਹਾਂ, ਕਿਉਂਕਿ ਈਹਾ ਊਹਾ=ਲੋਕ ਪ੍ਰਲੋਕ ਵਿਚ ਤੁਹਾਡਾ ਹੀ ਜੋਰਾ=ਬਲ ਚਲਦਾ ਹੈ, ਅਥਵਾ:- ਲੋਕ ਪ੍ਰਲੋਕ ਵਿਚ ਮੈਨੂੰ ਤੁਹਾਡਾ ਹੀ ਬਲ ਹੈ।

ਸਾਧ ਸੰਗਿ ਨਾਨਕ ਦਰਸੁ ਪਾਇਓ ਬਿਨਸਿਓ ਸਗਲ ਨਿਹੋਰਾ ॥੨ ॥੭ ॥੧੬ ॥

ਗੁਰੂ ਜੀ ਕਥਨ ਕਰਦੇ ਹਨ-ਸਾਧ ਸੰਗ ਵਿਚੋਂ ਆਪ ਜੀ ਦਾ ਦਰਸ਼ਨ ਪਾਇਆ ਹੈ, ਅਤੇ ਸਭ ਦਾ ਨਿਹੋਰਾ=ਅਹਿਸਾਨ ਚੁੱਕ ਗਿਆ ਹੈ। ਅਰਥਾਤ ਹੁਣ ਕਿਸੇ ਦੀ ਖੁਸ਼ਾਮਦ ਨਹੀਂ ਰਹੀ॥ ੨ ॥ ੭ ॥ ੧੬ ॥

ਗੂਜਰੀ ਮਹਲਾ ੫ ॥

ਆਲ ਜਾਲ ਭ੍ਰਮ ਮੋਹ ਤਜਾਵੈ ਪ੍ਰਭ ਸੇਤੀ ਰੰਗੁ ਲਾਈ ॥

ਜਿਹੜਾ ਸੰਤ, ਆਲ ਜਾਲ=ਘਰ ਦੇ ਜੰਜਾਲਾਂ ਵਲੋਂ, ਭਰਮ ਵੱਲੋਂ, ਤੇ ਇਸਤਰੀ ਦੇ ਮੋਹ ਵੱਲੋਂ ਤਜਾਵੈ=ਛੁਡਾਕੇ ਪ੍ਰਭੂ ਨਾਲ ਰੰਗੁ=ਪ੍ਰੇਮ ਲਗਾ ਦੇਂਦਾ ਹੈ।

ਮਨ ਕਉ ਇਹ ਉਪਦੇਸੁ ਦ੍ਰਿੜਾਵੈ ਸਹਜਿ ਸਹਜਿ ਗੁਣ ਗਾਈ ॥ ੧ ॥

ਫੇਰ ਮਨ ਨੂੰ ਇਸ ਤਰ੍ਹਾਂ ਦਾ ਉਪਦੇਸ਼ ਦ੍ਰਿੜ੍ਹ ਕਰਾਵੇ, ਤਾਂ ਕਿ ਮਨ ਸਹਜਿ ਸਹਜਿ=ਹੌਲੀ ਹੌਲੀ ਵਾਹਿਗੁਰੂ ਦੇ ਗੁਣ ਗਾਈ ਜਾਵੇ॥ ੧ ॥

ਸਾਜਨ ਐਸੋ ਸੰਤੁ ਸਹਾਈ ॥

ਅਜੇਹੇ ਸੰਤ ਇਸ ਲੋਕ ਦੇ ਸੱਜਣ ਹਨ, ਅਤੇ ਪ੍ਰਲੋਕ ਵਿੱਚ ਵੀ ਸਹਾਇਤਾ ਕਰਨ ਵਾਲੇ ਹਨ।

ਜਿਸੁ ਭੇਟੇ ਤ੍ਰੁਟਹਿ ਮਾਇਆ ਬੰਧ ਬਿਸਰਿ ਨ ਕਬਹੂੰ ਜਾਈ ॥ ੧ ॥ ਰਹਾਉ ॥

ਜਿਸ ਸੰਤ ਦੇ ਮਿਲਦਿਆਂ ਸਾਰ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ, ਅਤੇ ਮਨ ਵਿਚੋਂ ਵਾਹਿਗੁਰੂ ਨਾਮ ਕਦੇ ਕੁੱਲ ਨਹੀਂ ਜਾਂਦਾ ॥੧ ॥ ਰਹਾਉ ॥

ਕਰਤ ਕਰਤ ਅਨਿਕ ਬਹੁ ਭਾਤੀ ਨੀਕੀ ਇਹ ਠਹਰਾਈ ॥

ਅਨੇਕ ਪੁਰਸ਼ਾਂ ਨਾਲ ਮਿਲਕੇ ਬਹੁਤ ਪ੍ਰਕਾਰ ਦੀਆਂ ਸਲਾਹਾਂ ਕਰਦਿਆਂ ਕਰਦਿਆਂ ਅੰਤ ਨੂੰ ਇਹ ਗੱਲ ਨੀਕੀ=ਚੰਗੀ ਠਹਿਰਾਈ ਹੈ।

ਮਿਲਿ ਸਾਧੂ ਹਰਿ ਜਸੁ ਗਾਵੈ ਨਾਨਕ ਭਵਜਲੁ ਪਾਰਿ ਪਰਾਈ ॥੨ ॥੮ ॥੧੭ ॥

ਗੁਰੂ ਜੀ ਕਥਨ ਕਰਦੇ ਹਨ, ਜੋ ਸੰਤਾਂ ਨਾਲ ਮਿਲਕੇ ਹਰੀ ਜਸ ਨੂੰ ਗਾਂਵਦਾ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਪਰਾਈ=ਤਰ ਜਾਂਦਾ ਹੈ॥ ੨ ॥ ੮ ॥ ੧੭ ॥

ਗੂਜਰੀ ਮਹਲਾ ੫ ॥

ਖਿਨ ਮਹਿ ਥਾਪਿ ਉਥਾਪਨਹਾਰਾ ਕੀਮਤਿ ਜਾਇ ਨ ਕਰੀ ॥

ਜੋ ਪ੍ਰਭੂ ਇੱਕ ਵਿੱਚ ਹੀ ਉਤਪਤੀ, ਪਾਲਣਾ, ਲੈਤਾ ਕਰਨ ਵਾਲਾ ਹੈ, ਉਸ ਦੀ ਕੀਮਤ ਨਹੀਂ ਕੀਤੀ ਜਾਂਦੀ।

ਰਾਜਾ ਰੰਕੁ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ ॥ ੧ ॥

ਪੁਨਾ-ਉਹ ਖਿਨ ਵਿੱਚ ਹੀ ਰਾਜੇ ਨੂੰ ਰੰਕੁ=ਕੰਗਾਲ ਕਰ ਦੇਂਦਾ ਹੈ, ਅਤੇ ਨੀਚ ਕੰਗਾਲ ਵਿੱਚ ਆਪਣੀ ਵਿਸ਼ੇਸ਼ ਜੋਤ ਧਾਰਕੇ ਰਾਜਾ ਕਰ ਦੇਂਦਾ ਹੈ॥ ੧ ॥

ਧਿਆਈਐ ਅਪਨੋ ਸਦਾ ਹਰੀ ॥

ਆਪਣੇ ਵਾਹਿਗੁਰੂ ਨੂੰ ਸਦਾ ਧਿਆਉਣਾ ਕਰੀਏ।

ਸੋਚ ਅੰਦੇਸਾ ਤਾ ਕਾ ਕਹਾ ਕਰੀਐ ਜਾ ਮਹਿ ਏਕ ਘਰੀ ॥ ੧ ॥ ਰਹਾਉ ॥

ਜਾ ਮਹਿ=ਜਿਨ੍ਹਾਂ ਪਦਾਰਥਾਂ ਵਿੱਚ ਇਕ ਘੜੀ ਦਾ ਆਨੰਦ ਹੈ, ਅਥਵਾ-ਇੱਕ ਘੜੀ ਵਿਚ ਜਿਨ੍ਹਾਂ ਪਦਾਰਥਾਂ ਨੇ ਨਾਸ ਹੋ ਜਾਣਾ ਹੈ, ਮੈਂ ਸੋਚਦਾ ਹਾਂ ਉਹਨਾਂ ਪਦਾਰਥਾਂ ਦਾ ਅੰਦੇਸਾ=ਸੰਸਾ ਕੀ ਕਰਨਾਂ ਹੈ॥ ੧ ॥ ਰਹਾਉ ॥

ਤੁਮਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮ੍ਹਾਰੈ ਪਰੀ ॥

ਹੇ ਮੇਰੇ ਪੂਰੇ ਸਤਿਗੁਰੂ ! ਅਸਾਨੂੰ ਇਕ ਆਪ ਜੀ ਦੀ ਟੇਕ=ਓਟ ਹੈ, ਮੇਰੇ ਮਨ ਦੀ ਬਿਰਤੀ ਵੀ ਤੁਹਾਡੇ ਚਰਨਾਂ ਦੀ ਸ਼ਰਣ ਵਿਚ ਪਈ ਹੋਈ ਹੈ।

ਅਚੇਤ ਇਆਨੇ ਬਾਰਿਕ ਨਾਨਕ ਹਮ ਤੁਮ ਰਾਖਹੁ ਧਾਰਿ ਕਰੀ ॥੨ ॥੯ ॥੧੮ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਬੇਸਮਝ ਇਆਣੇ ਬੱਚੇ ਵਰਗੇ ਹਾਂ, ਜਿਵੇਂ ਤੁਸਾਂ ਨੇ ਕਰੀ=ਹਾਥੀ ਦੀ ਰੱਖਿਆ ਕੀਤੀ ਸੀ, ਤਿਵੇਂ ਕਿਰਪਾ ਰੂਪੀ ਕਰੀ=ਹੱਥ ਧਾਰਕੇ ਅਸਾਨੂੰ ਤੁਸੀਂ ਕਰੀ=ਕਲਜੁਗ ਦੇ ਭਿਆਨਕ ਸਮੇਂ ਤੋਂ ਰੱਖਣਾ ਕਰੋ॥ ੨ ॥ ੯ ॥ ੧੮ ॥

ਗੂਜਰੀ ਮਹਲਾ ੫ ॥

ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥

ਹੇ ਵਾਹਿਗੁਰੂ ! ਤੂੰ ਸਾਰਿਆਂ ਜੀਵਾਂ ਦਾ ਦਾਤਾ ਹੈਂ, ਆਪ ਮੇਰੇ ਮਨ ਵਿਚ ਆ ਕੇ ਵਸਣਾ ਕਰੋ।

ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥ ੧ ॥

ਕਿਉਂਕਿ ਜਿਸ ਹਿਰਦੇ ਵਿਚ ਆਪ ਜੀ ਦੇ ਚਰਨ ਕਮਲ ਸਮਾਏ ਹਨ, ਤਿੱਥੇ ਭਰਮ ਰੂਪ ਅਨ੍ਹੇਰਾ ਨਹੀਂ ਰਿਹਾ॥ ੧ ॥

ਠਾਕੁਰ ਜਾ ਸਿਮਰਾ ਤੂੰ ਤਾਹੀ ॥

ਹੇ ਠਾਕੁਰ=ਸੁਆਮੀ ! ਮੈਂ ਜਿਥੇ ਆਪ ਜੀ ਨੂੰ ਸਿਮਰਦਾ ਹਾਂ, ਤੂੰ ਤਾਹੀ=ਓਥੇ ਹੀ ਦਰਸ਼ਨ ਦੇਂਦਾ ਹੈਂ।

ਕਰਿ ਕਿਰਪਾ ਸਰਬ ਪ੍ਰਤਿਪਾਲਕ ਪ੍ਰਭ ਕਉ ਸਦਾ ਸਲਾਹੀ ॥ ੧ ॥ ਰਹਾਉ ॥

ਹੇ ਸਾਰਿਆਂ ਦੇ ਪ੍ਰਤਿਪਾਲਕ=ਪਾਲਣਾ ਕਰਨ ਵਾਲੇ ਪ੍ਰਭੂ! ਆਪ ਅਜੇਹੀ ਕਿਰਪਾ ਕਰੋ, ਜੋ ਸਦਾ ਆਪ ਜੀ ਨੂੰ ਹੀ ਸਲਾਹੁੰਦਾ ਰਹਾਂ॥ ੧ ॥ ਰਹਾਉ ॥

ਸਾਸਿ ਸਾਸਿ ਤੇਰਾ ਨਾਮੁ ਸਮਾਰਉ ਤੁਮ ਹੀ ਕਉ ਪ੍ਰਭ ਆਹੀ ॥

ਅੰਦਰ ਸਵਾਸ ਜਾਂਦਿਆਂ, ਬਾਹਰ ਸਵਾਸ ਆਉਂਦਿਆਂ ਤੇਰਾ ਨਾਮ ਸੰਭਾਲਦਾ ਹਾਂ, ਅਤੇ ਹੇ ਪ੍ਰਭੂ ! ਆਪ ਜੀ ਨੂੰ ਹੀ ਆਹੀ=ਚਾਹੁੰਦਾ ਹਾਂ।

ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥੨ ॥੧੦ ॥੧੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਕਰਤੇ ਪੁਰਖ! ਜਦ ਤੋਂ ਆਪ ਜੀ ਦੀ ਟੇਕ=ਓਟ ਪ੍ਰਾਪਤ ਹੋਈ ਹੈ, ਤਦ ਤੋਂ ਹੋਰ ਬਿਡਾਣੀ=ਪ੍ਰਾਈ ਆਸਾ ਲਾਹ ਦਿੱਤੀ ਹੈ॥ ੨ ॥ ੧੦ ॥ ੧੯ ॥

(ਪੰਨਾ ੫੦੦) ਗੂਜਰੀ ਮਹਲਾ ੫ ॥

ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ ॥

ਹੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਕਰਕੇ ਆਪਣਾ ਦਰਸ਼ਨ ਦੇਣਾ ਕਰੋ, ਮੈਂ ਰਾਤ ਅਤੇ ਭੋਰ=ਦਿਨੇ ਆਪ ਜੀ ਦਾ ਹੀ ਜਸ ਗਾਉਂਦਾ ਹਾਂ।

ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥ ੧ ॥

ਮੇਰੇ ਮਨ ਦਾ ਏਹੋ ਸੰਕਲਪ ਹੈ, ਕਿ ਕੇਸਾਂ ਨਾਲ ਤੁਹਾਡੇ ਦਾਸਾਂ ਦੇ ਚਰਨ ਝਾੜਨਾ ਕਰਾਂ ॥ ੧ ॥

ਠਾਕੁਰ ਤੁਝ ਬਿਨੁ ਬੀਆ ਨ ਹੋਰ ॥

ਹੇ ਸੁਆਮੀ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਦੂਜਾ ਆਸਰਾ ਨਹੀਂ ਹੈ।

ਚਿਤਿ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਰੀ ਓਰ ॥ ੧ ॥ ਰਹਾਉ ॥

ਚਿੱਤ ਵਿਚ ਆਪ ਜੀ ਦਾ ਚਿਤਵਉ=ਚਿੰਤਨ ਕਰਦਾ ਹਾਂ, ਰਸਨਾ ਨਾਲ ਹਰੀ ਨਾਮ ਅਰਾਧਦਾ ਹਾਂ, ਅਤੇ ਅੱਖਾਂ ਨਾਲ ਆਪ ਜੀ ਦੀ ਤਰਫ ਨਿਰਖਉ=ਵੇਖਦਾ ਹਾਂ ॥ ੧ ॥ ਰਹਾਉ ॥

ਦਇਆਲ ਪੁਰਖ ਸਰਬ ਕੇ ਠਾਕੁਰ ਬਿਨਉ ਕਰਉ ਕਰ ਜੋਰਿ ॥

ਹੇ ਦਿਆਲੂ ਪੁਰਖ ! ਆਪ ਸਾਰਿਆਂ ਦੇ ਠਾਕੁਰ=ਸੁਆਮੀ ਹੋ, ਮੈਂ ਕਰ ਜੋਰਿ=ਹੱਥ ਜੋੜਕੇ ਬੇਨਤੀ ਕਰਦਾ ਹਾਂ।

ਨਾਮੁ ਜਪੈ ਨਾਨਕੁ ਦਾਸੁ ਤੁਮਰੋ ਉਧਰਸਿ ਆਖੀ ਫੋਰ ॥ ੨ ॥ ੧੧ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਆਪ ਜੀ ਦਾ ਦਾਸ ਆਪ ਜੀ ਦੇ ਨਾਮ ਨੂੰ ਜਪਦਾ ਹਾਂ, ਆਖੀ ਫੋਰ=ਅੱਖ ਦੇ ਫਰਕਨੇ ਮਾਤ੍ਰ ਵਿਚ ਆਪ ਮੈਨੂੰ ਤਾਰਨਾ ਕਰੋ ॥ ੨ ॥ ੧੧ ॥ ੨੦ ॥

ਗੂਜਰੀ ਮਹਲਾ ੫ ॥

ਕਿਸੀ ਨੇ ਕਿਹਾ, ਮਾਇਆ ਕੈਸੀ ਹੈ? ਗੁਰੂ ਜੀ ਨੇ ਕਿਹਾ, ਮਾਇਆ ਬੜੀ ਪ੍ਰਬਲ ਹੈ। ਜੋ-

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥

ਬ੍ਰਹਮ ਲੋਕ, ਸ਼ਿਵ ਲੋਕ ਅਤੇ ਇੰਦਰ ਲੋਕ ਨੂੰ ਸਾੜ ਕੇ ਉਥੋਂ ਧਾਇ=ਦੌੜ ਆਈ ਹੈ।

ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥ ੧ ॥

ਪਰ ਸਤਸੰਗਤ ਨੂੰ ''ਜੋਹਿ ਨ ਸਾਕੈ''=ਵੇਖ ਭੀ ਨਹੀਂ ਸਕਦੀ, ਸਗੋਂ ਸਤਸੰਗਤ ਦੇ ਚਰਣ ਮਲ ਮਲ ਕੇ ਧੋਂਦੀ ਹੈ ॥ ੧ ॥

ਅਬ ਮੋਹਿ ਆਇ ਪਰਿਓ ਸਰਨਾਇ ॥

ਅਬ=ਹੁਣ ਮੈਂ ਭੀ ਸਤਸੰਗ ਵਿਚ ਆ ਕੇ ਸਤਿਗੁਰਾਂ ਦੀ ਸ਼ਰਨ ਵਿਚ ਆ ਪਿਆ ਹਾਂ।

ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ ॥੧ ॥ਰਹਾਉ ॥

ਇਸ ਗੁਹਜ=ਲੁਕਵੀਂ ਪਾਵਕੋ=ਅੱਗ ਮਾਇਆ ਨੇ ਬਹੁਤਿਆਂ ਪੁਰਸ਼ਾਂ ਨੂੰ ਪ੍ਰਜਾਰੈ=ਚੰਗੀ ਤਰ੍ਹਾਂ ਸਾੜਿਆ ਹੈ, ਮੈਨੂੰ ਸਤਿਗੁਰਾਂ ਨੇ ਇਸ ਤੋਂ ਬਚਣ ਦਾ ਢੰਗ ਬਤਾਇ=ਦੱਸ ਦਿੱਤਾ ਹੈ॥ ੧॥ ਰਹਾਉ॥

ਸਿਧ ਸਾਧਿਕ ਅਰੁ ਜਖ੍ ਕਿੰਨਰ ਨਰ ਰਹੀ ਕੰਠਿ ਉਰਝਾਇ ॥

ਚੌਰਾਸੀ ਸਿੱਧ, ਸਾਧਿਕ=ਸਾਧਨਾ ਕਰਨ ਵਾਲੇ ਜਖ੍=ਕੁਬੇਰ ਦੀ ਕੁਲ ਵਾਲੇ, ਕਿੰਨਰ=ਦੇਵਤਿਆਂ ਦੇ ਗਵਈਏ ਅਤੇ ਨਰ=ਮਨੁੱਖ (ਇਤਿਆਦਿਕ) ਸਾਰਿਆਂ ਦੇ ਗਲ ਨਾਲ ਚੰਮੜ ਰਹੀ ਹੈ।

ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾਕੈ ਕੋਟਿ ਐਸੀ ਦਾਸਾਇ ॥੨ ॥੧੨ ॥੨੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਕਰਤੇ ਨੇ ਮੈਂ ਦਾਸ ਦਾ ਅੰਗੁ-ਪੱਖ ਕੀਤਾ ਹੈ, ਜਿਸ ਦੇ ਦਰ ਉੱਤੇ ਇਸ ਤ੍ਰਹਾਂ ਦੀਆਂ ਕ੍ਰੋੜਾਂ ਹੀ ਦਾਸੀਆਂ ਹਨ॥ ੨॥ ੧੨॥ ੨੧॥

ਗੂਜਰੀ ਮਹਲਾ ੫ ॥

ਕਿਸੀ ਨੇ ਕਿਹਾ, ਨਾਮ ਸਿਮਰਨ ਦਾ ਕੀ ਮਹਾਤਮ ਹੈ? ਗੁਰੂ ਜੀ ਨੇ ਕਿਹਾ-

ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ ॥

ਨਾਮ ਸਿਮਰਨ ਦੇ ਪ੍ਰਤਾਪ ਕਰਕੇ ਅਪਜਸੁ=ਅਪਕੀਰਤੀ (ਬਦਨਾਮੀ) ਮਿਟ ਜਾਂਦੀ ਹੈ, ਜਗਤ ਵਿਚ ਸਾਰੇ ਕੀਰਤੀ ਹੋ ਜਾਂਦੀ ਹੈ, ਅਤੇ ਦਰਗਾਹ ਵਿਚ ਬੈਠਣਾ ਪ੍ਰਾਪਤ ਹੁੰਦਾ ਹੈ।

ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ ਸੁਖ ਅਨਦ ਸੇਤੀ ਘਰਿ ਜਾਈਐ ॥੧ ॥

ਜਮਾਂ ਦੀ ਖੌਫ-ਤਾਈ ਇੱਕ ਖਿਨ ਵਿਚ ਨਾਸ ਹੋ ਜਾਂਦੀ ਹੈ, ਅਤੇ ਸੁਖ ਅਨੰਦ ਦੇ ਨਾਲ ਸਰੂਪ ਘਰ ਵਿਚ ਜਾਈਦਾ ਹੈ॥

ਜਾ ਤੇ ਘਾਲ ਨ ਬਿਰਥੀ ਜਾਈਐ ॥

ਜਾ ਤੇ=ਜਿਸ ਕਰਕੇ ਕੀਤੀ ਹੋਈ ਘਾਲ=ਕਮਾਈ ਵਿਅਰਥ ਨਹੀਂ ਜਾਂਦੀ।

ਆਠ ਪਹਰ ਸਿਮਰਹੁ ਪ੍ਰਭੁ ਆਪਨਾ ਮਨਿ ਤਨਿ ਸਦਾ ਧਿਆਈਐ ॥੧ ॥ਰਹਾਉ ॥

ਅੱਠੇ ਪਹਿਰ ਆਪਣੇ ਪ੍ਰਭੂ ਨੂੰ ਸਿਮਰਨਾ ਕਰੋ, ਮਨ ਤਨ ਦੇ ਵਿਚ ਉਸ ਨੂੰ ਸਦਾ ਧਿਆਉਣਾ ਹੀ ਕਰੀਏ॥ ੧॥ ਰਹਾਉ॥

ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ ॥

ਹੇ ਦੀਨ=ਗਰੀਬਾਂ ਦੇ ਦੁੱਖ ਭੰਜਨ=ਨਾਸ ਕਰਨ ਵਾਲੇ ਪ੍ਰਭੂ ! ਮੈਂ ਆਪ ਦੀ ਸ਼ਰਨ ਪਿਆ ਹਾਂ, ਹੇ ਪ੍ਰਭੂ ! ਜੋ ਤੂੰ ਦੇਂਦਾ ਹੈਂ, ਓਹੀ ਅਸੀਂ ਪਾਉਂਦੇ ਹਾਂ।

ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ ਰਖਾਈਐ ॥੨ ॥੧੩ ॥੨੨ ॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਆਪ ਜੀ ਦੇ ਚਰਨ ਕਮਲਾਂ ਦੇ ਪ੍ਰੇਮ ਵਿਚ ਰੱਤੇ ਹੋਏ ਹਾਂ,

ਹੇ ਹਰੀ ! ਆਪ ਦਾਸਾਂ ਦੀ ਪਤ-ਆਬਰੋ ਰੱਖਣਾ ਕਰੋ॥ ੨॥ ੧੩॥ ੨੨॥

ਗੂਜਰੀ ਮਹਲਾ ੫॥

ਬਿਸ੍ਵੰਭਰ ਜੀਅਨ ਕੋ ਦਾਤਾ ਭਗਤਿ ਭਰੇ ਭੰਡਾਰ॥

ਉਹ ਬਿਸ੍ਵੰ=ਸੰਸਾਰ ਦੇ ਭਰਨ ਵਾਲਾ ਪ੍ਰਭੂ ਸਾਰਿਆਂ ਜੀਵਾਂ ਦਾ ਦਾਤਾ ਹੈ, ਉਸ ਦੀ ਭਗਤੀ ਦੇ ਭੰਡਾਰੇ ਭਰੇ ਹੋਏ ਹਨ ਸੰਤਾਂ ਦੇ ਅੰਤਹਕਰਨ।

ਜਾ ਕੀ ਸੇਵਾ ਨਿਫਲ ਨ ਹੋਵਤ ਖਿਨ ਮਹਿ ਕਰੇ ਉਧਾਰ॥ ੧॥

ਜਿਸ ਪ੍ਰਭੂ ਦੀ ਸੇਵਾ ਕੀਤੀ ਹੋਈ ਨਿਸਫਲ ਨਹੀਂ ਹੁੰਦੀ, ਉਹ ਖਿਨ ਵਿਚ ਸੇਵਕਾਂ ਨੂੰ ਉਧਾਰ=ਤਾਰਨਾ ਕਰਦਾ ਹੈ॥ ੧॥

ਮਨ ਮੇਰੇ ਚਰਨ ਕਮਲ ਸੰਗਿ ਰਾਚੁ॥

ਹੇ ਮੇਰੇ ਮਨ ! ਤੂੰ ਉਸ ਦੇ ਚਰਨ ਕਮਲਾਂ ਨਾਲ ਰਚ ਜਾ।

ਸਗਲ ਜੀਅ ਜਾਕਉ ਆਰਾਧਹਿ ਤਾਹੂ ਕਉ ਤੂੰ ਜਾਚੁ॥ ੧॥ ਰਹਾਉ॥

ਜਿਸ ਪ੍ਰਭੂ ਨੂੰ ਸਾਰੇ ਜੀਵ ਅਰਾਧਦੇ ਹਨ, ਓਸੇ ਨੂੰ ਤੂੰ ਮੰਗਣਾ ਕਰ, ਭਾਵ ਉਸ ਦੇ ਨਾਮ ਦਾਨ ਨੂੰ ਮੰਗਣਾ ਕਰ। ਅਥਵਾ:-ਉਸ ਦੇ ਪਾਸੋਂ ਤੂੰ ਵਸਤੂ ਨੂੰ ਮੰਗਣਾ ਕਰ॥ ੧॥ ਰਹਾਉ॥

ਨਾਨਕ ਸਰਣਿ ਤੁਮ੍ਹਾਰੀ ਕਰਤੇ ਤੂੰ ਪ੍ਰਭ ਪ੍ਰਾਨ ਅਧਾਰ॥

ਗੁਰੂ ਜੀ ਕਥਨ ਕਰਦੇ ਹਨ-ਹੇ ਕਰਤੇ ਪੁਰਖ ! ਮੈਂ ਤੁਹਾਡੀ ਸ਼ਰਨ ਪਿਆ ਹਾਂ, ਹੇ ਪ੍ਰਭੂ ਤੂੰ ਹੀ ਮੇਰੇ ਪ੍ਰਾਣਾਂ ਦਾ ਅਧਾਰ=ਆਸਰਾ ਹੈਂ।

ਹੋਇ ਸਹਾਈ ਜਿਸੁ ਤੂੰ ਰਾਖਹਿ ਤਿਸੁ ਕਹਾ ਕਰੇ ਸੰਸਾਰੁ॥ ੨॥ ੧੪॥ ੨੩॥

ਸਹਾਈ ਹੋ ਕੇ ਜਿਸ ਦੀ ਤੂੰ ਰੱਖਿਆ ਕਰਦਾ ਹੈਂ, ਸੰਸਾਰ ਉਸਦਾ ਕੀ ਵਿਗਾੜ ਕਰ ਸਕਦਾ ਹੈ॥ ੨॥ ੧੪॥ ੨੩॥

ਗੂਜਰੀ ਮਹਲਾ ੫॥

ਉਥਾਨਕਾ-ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤਾਪ ਉਤਰ ਗਿਆ, ਤਾਂ ਪ੍ਰਭੂ ਦੇ ਧੰਨਵਾਦ ਵਿਚ ਇਹ ਸ਼ਬਦ ਉਚਾਰਿਆ।

ਜਨ ਕੀ ਪੈਜ ਸਵਾਰੀ ਆਪ॥

ਮੈਂ ਸੇਵਕ ਜਨ ਕੀ ਪੈਜ=ਇੱਜ਼ਤ ਪ੍ਰਭੂ ਨੇ ਆਪ ਹੀ ਸਵਾਰੀ ਹੈ।

ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ॥ ੧॥ ਰਹਾਉ॥

ਗੁਰਾਂ ਨੇ ਹਰਿ ਹਰਿ ਨਾਮ ਰੂਪ ਦਾਰੂ ਦਿੱਤਾ ਹੈ, ਜਿਸ ਨਾਲ ਸਾਰਾ ਤਾਪ ਲਹਿ ਗਿਆ ਹੈ॥ ੧॥ ਰਹਾਉ॥

ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥

ਪਰਮੇਸ਼ਰ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦੁੱਖਾਂ ਤੋਂ ਰੱਖ ਲਿਆ ਹੈ।

ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥ ੧ ॥

ਨਿੱਤ ਹੀ ਹਰੀ ਦੇ ਗੁਣ ਵਿਚਾਰਨੇ ਕਰ ਕੇ ਬਿਆਧਿ-ਬਿਮਾਰੀ ਮਿਟ ਗਈ ਹੈ, ਤੇ ਸਾਰੇ ਸੁਖ ਪ੍ਰਾਪਤ ਹੋ ਗਏ ਹਨ॥ ੧ ॥

ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥

ਮੇਰੇ ਕਰਤੇ ਅਕਾਲ ਪੁਰਖ ਨੇ ਜੋ ਮੇਰਾ ਅੰਗੀਕਾਰੁ=ਪੱਖ ਕੀਤਾ ਹੈ, ਇਹ ਸਭ ਪੂਰਿਆਂ ਗੁਰਾਂ ਦੀ ਵਡਿਆਈ ਹੈ।

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨ ॥੧੫ ॥੨੪ ॥

ਧੰਨ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਕਿਰਪਾ ਕਰ ਕੇ ਸੋਢ ਬੰਸ ਦੀ

ਅਥਵਾ:-ਗੁਰਤਾ-ਗੱਦੀ ਦੀ ਅਬਚਲ ਨੀਂਹ ਰੱਖੀ ਹੈ।

ਅਥਵਾ:-ਬ੍ਰਹਮ ਰੂਪੀ ਕੋਟ ਦੇ ਉਸਾਰਨੇ ਨੂੰ ਸ਼ਰਧਾ ਰੂਪੀ ਅਬਚਲ ਨੀਂਹ ਰੱਖੀ ਹੈ ਜੋ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹ ਰਹੀ ਹੈ॥ ੨ ॥ ੧੫ ॥ ੨੪ ॥

ਗੂਜਰੀ ਮਹਲਾ ੫ ॥

ਕਬਹੂ ਹਰਿ ਸਿਉ ਚੀਤੁ ਨ ਲਾਇਓ ॥

ਇਸ ਜੀਵ ਨੇ ਕਦੇ ਭੀ ਹਰੀ ਨਾਮ ਨਾਲ ਚਿੱਤ ਨਹੀਂ ਲਗਾਇਆ॥

(ਪੰਨਾ ੫੦੧)

ਧੰਧਾ ਕਰਤ ਬਿਹਾਨੀ ਅਉਧਹਿ ਗੁਣ ਨਿਧਿ ਨਾਮੁ ਨ ਗਾਇਓ ॥੧ ॥ਰਹਾਉ ॥

ਧੰਧੇ ਕਰਦਿਆਂ ਸਾਰੀ ਅਉਧਹਿ=ਉਮਰਾ ਬਿਹਾਨੀ=ਬੀਤ ਗਈ ਹੈ, ਸ਼ੁਭ ਗੁਣਾਂ ਦੀ ਨਿੱਧੀ ਵਾਹਿਗੁਰੂ ਨਾਮ ਨੂੰ ਨਹੀਂ ਜਪਿਆ॥ ੧ ॥ ਰਹਾਉ॥

ਕਉਡੀ ਕਉਡੀ ਜੋਰਤ ਕਪਟੇ ਅਨਿਕ ਜੁਗਤਿ ਕਰਿ ਧਾਇਓ ॥

ਇਹ ਕਪਟੀ ਜੀਵ ਕਪਟੇ=ਛੱਲ ਦੀਆਂ ਅਨੇਕ ਯੁਗਤੀਆਂ ਕਰ ਕੇ ਧਾਇਓ=ਭੱਜਾ ਫਿਰਦਾ ਹੈ ਅਤੇ ਕੌਡੀ ਕੌਡੀ ਇਕੱਠੀ ਕਰੀ ਜਾਂਦਾ ਹੈ।

ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ ਮਹਾ ਮੋਹਨੀ ਖਾਇਓ ॥ ੧ ॥

ਪ੍ਰਭੂ ਤੋਂ ਭੁੱਲੇ ਹੋਏ ਨੂੰ ਜਿੰਨੇ ਦੁੱਖ ਪ੍ਰਾਪਤ ਹੁੰਦੇ ਹਨ ਉਹ ਕਿੰਨੇ ਕੁ ਗਿਣਾਏ, ਮੈਥੋਂ ਤਾਂ ਗਿਣੇ ਨਹੀਂ ਜਾਂਦੇ, ਮਹਾ ਮੋਹਨੀ=ਮਾਇਆ ਨੇ ਇਸ ਨੂੰ ਖਾ ਲਿਆ ਹੈ॥ ੧ ॥

ਕਰਹੁ ਅਨੁਗ੍ਰਹੁ ਸੁਆਮੀ ਮੇਰੇ ਗਨਹੁ ਨ ਮੋਹਿ ਕਮਾਇਓ ॥

ਹੇ ਸੁਆਮੀ ! ਆਪ ਮੇਰੇ ਉੱਤੇ ਕਿਰਪਾ ਕਰੋ, ਮੇਰੇ ਕਮਾਇਓ=ਕਮਾਏ ਹੋਏ ਭਾਵ ਕੀਤੇ ਹੋਏ ਕਰਮਾ ਨੂੰ ਚੇਤੇ ਨਾ ਰੱਖੋ।

ਗੋਬਿੰਦ ਦਇਆਲ ਕ੍ਰਿਪਾਲ ਸੁਖ ਸਾਗਰ ਨਾਨਕ ਹਰਿ ਸਰਣਾਇਓ ॥੨ ॥੧੬ ॥੨੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਗੋਬਿੰਦ ! ਤੂੰ ਦਿਆਲੂ ਤੇ ਕ੍ਰਿਪਾਲੂ ਹੈਂ, ਅਤੇ ਸੁੱਖਾਂ ਦਾ ਸਮੁੰਦਰ ਹੈਂ, ਹੇ ਹਰੀ ! ਮੈਂ ਹਰ ਤਰ੍ਹਾਂ ਕਰ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ॥ ੨॥ ੧੬॥ ੨੫॥

ਗੂਜਰੀ ਮਹਲਾ ੫ ॥ ਰਸਨਾ ਰਾਮ ਰਾਮ ਰਵੰਤ ॥

ਹੇ ਭਾਈ ! ਰਸਨਾਂ ਨਾਲ ਰਾਮ ਨਾਮ ਨੂੰ ਰਵੰਤ=ਉਚਾਰਨਾ ਕਰ।

ਛੋਡਿ ਆਨ ਬਿਉਹਾਰ ਮਿਥਿਆ ਭਜੁ ਸਦਾ ਭਗਵੰਤ ॥ ੧ ॥ ਰਹਾਉ ॥

ਆਨ=ਹੋਰ ਸਾਰੇ ਝੂਠੇ ਕੰਮਾਂ ਨੂੰ ਛੱਡ ਕੇ, ਸਦਾ ਹੀ ਭਗਵੰਤ ਦਾ ਸਿਮਰਨ ਕਰ॥ ੧॥ ਰਹਾਉ॥

ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥

ਭਗਤਾਂ ਨੂੰ ਈਤ-ਇਸ ਲੋਕ ਵਿਚ ਇੱਕ ਨਾਮ ਦਾ ਅਧਾਰੁ=ਆਸਰਾ ਹੈ, ਆਗੈ=ਪ੍ਰਲੋਕ ਵਿਚ ਭੀ ਨਾਮ ਦੀ ਟੇਕ=ਓਟ ਹੈ।

ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥ ੧ ॥

ਗੋਬਿੰਦ ਦੀ ਕਿਰਪਾ ਕਰ ਕੇ ਗੁਰਾਂ ਨੇ ਬੁੱਧੀ ਵਿਚ ਬਿਬੇਕ=ਬਿਬ+ਏਕ-ਦੋਂਹ ਤੋਂ ਇਕ ਹੋਣ ਦਾ ਗਿਆਨ ਦਿੱਤਾ ਹੈ॥ ੧॥

ਕਰਣ ਕਾਰਣ ਸੰਮ੍ਰਥ ਸ੍ਰੀ ਧਰ ਸਰਣਿ ਤਾਕੀ ਗਹੀ ॥

ਜੋ ਸ੍ਰੀ ਧਰ=ਮਾਇਆ ਦਾ ਆਸਰਾ ਰੂਪ ਹਰੀ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਉਸ ਦੀ ਸ਼ਰਨ ਜਿਨ੍ਹਾਂ ਸੰਤਾਂ ਨੇ ਫੜੀ ਹੈ।

ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧਿ ਲਹੀ ॥੨ ॥੧੭ ॥੨੬ ॥

ਉਹਨਾਂ ਸੰਤਾਂ ਦੀ ਜੋ ਚਰਨ ਧੂੜ ਹੈ, ਏਹੋ ਮੁਕਤੀ ਦੀ ਪ੍ਰਾਪਤੀ ਦੀ ਯੁਗਤੀ ਹੈ, ਏਸ ਧੂੜੀ ਕਰਕੇ ਹੀ ਹਰੀ ਰੂਪ ਨਿੱਧੀ ਨੂੰ ਲੈਣਾ ਕੀਤਾ ਹੈ॥ ੨॥ ੧੭॥ ੨੬॥

ਗੂਜਰੀ ਮਹਲਾ ੫ ਘਰੁ ੪ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

ਛਾਡਿ ਸਗਲ ਸਿਆਣਪਾ ਸਾਧ ਸਰਣੀ ਆਉ ॥

ਹੇ ਮਨ ! ਸਾਰੀਆ ਸਿਆਣਪਾਂ ਛੱਡ ਕੇ ਸੰਤਾਂ ਦੀ ਸ਼ਰਨ ਵਿਚ ਆਉਣਾ ਕਰੋ।

ਪਾਰਬ੍ਰਹਮ ਪਰਮੇਸਰੋ ਪ੍ਰਭੁ ਕੇ ਗੁਣ ਗਾਉ ॥ ੧ ॥

ਪਰਾ ਰੂਪ ਬ੍ਰਹਮ=ਬਿਆਪਕ ਜੋ ਪਰਮ ਈਸ਼੍ਵਰ ਹੈ ਉਸ ਪ੍ਰਭੂ ਦੇ ਗੁਣ ਗਾਉਣਾ ਕਰੋ॥ ੧॥

ਰੇ ਚਿਤ ਚਰਣ ਕਮਲ ਅਰਾਧਿ ॥

ਹੇ ਮਨ ! ਪ੍ਰਭੂ ਦੇ ਚਰਨ ਕਮਲਾਂ ਨੂੰ ਅਰਾਧਣਾ ਕਰ।

ਸਰਬ ਸੂਖ ਕਲਿਆਣ ਪਾਵਹਿ ਮਿਟੈ ਸਗਲ ਉਪਾਧਿ ॥ ੧ ॥ ਰਹਾਉ ॥

ਤਦ ਸਾਰੇ ਸੁਖ ਤੇ ਮੁਕਤੀ ਨੂੰ ਪਾਵੇਂਗਾ, ਅਤੇ ਸਾਰੇ ਉਪਾਧਿ=ਦੁੱਖ ਮਿਟ ਜਾਣਗੇ॥ ੧ ॥ ਰਹਾਉ ॥

ਮਾਤ ਪਿਤਾ ਸੁਤ ਮੀਤ ਭਾਈ ਤਿਸੁ ਬਿਨਾ ਨਹੀ ਕੋਇ ॥

ਤਿਸੁ ਬਿਨਾ=ਉਸ ਪ੍ਰਭੂ ਤੋਂ ਬਿਨਾਂ ਮਾਂ, ਪਿਉ, ਪੁੱਤਰ, ਮਿੱਤਰ ਭਰਾ ਆਦਿਕਾਂ ਵਿਚੋਂ, ਦਰਗਾਹ ਵਿਚ ਕੋਈ ਸਾਥਾ ਨਹੀਂ ਹੋਵੇਗਾ।

ਈਤ ਊਤ ਜੀਅ ਨਾਲਿ ਸੰਗੀ ਸਰਬ ਰਵਿਆ ਸੋਇ ॥ ੨ ॥

ਉਹ ਪ੍ਰਭੂ ਈਤ ਊਤ=ਲੋਕ ਪ੍ਰਲੋਕ ਵਿਚ ਜੀਵ ਦੇ ਨਾਲ ਹੀ ਅੰਗ ਸੰਗ ਰਹਿੰਦਾ ਹੈ, ਅਤੇ ਓਹੀ ਸਾਰਿਆਂ ਵਿਚ ਰਵਿਆ ਹੋਇਆ ਹੈ॥ ੨ ॥ ਪਾਠਾਂਤ੍ਰ-'ਊਤ' ਪਾਠ ਭੀ ਹੈ।

ਕੋਟਿ ਜਤਨ ਉਪਾਵ ਮਿਥਿਆ ਕਛੁ ਨ ਆਵੈ ਕਾਮਿ ॥

ਯਤਨ ਪੂਰਬਕ ਕ੍ਰੋੜਾਂ ਉਪਾਵ ਕਰਨੇ ਝੂਠੇ ਹਨ, ਦਰਗਾਹ ਵਿਚ ਕੁਝ ਵੀ ਕੰਮ ਨਹੀਂ ਆਉਂਦੇ।

ਸਰਣਿ ਸਾਧੂ ਨਿਰਮਲਾ ਗਤਿ ਹੋਇ ਪ੍ਰਭ ਕੈ ਨਾਮਿ ॥ ੩ ॥

ਸਾਧੂਆਂ ਦੀ ਸ਼ਰਨ ਵਿਚ ਪਿਆਂ ਮਨ ਪਵਿੱਤਰ ਹੁੰਦਾ ਹੈ, ਅਤੇ ਪ੍ਰਭੂ ਦੇ ਨਾਮ ਸਿਮਰਨ ਕਰਕੇ ਹੀ ਮੁਕਤੀ ਹੁੰਦੀ ਹੈ॥ ੩ ॥

ਅਗਮ ਦਇਆਲ ਪ੍ਰਭੂ ਊਚਾ ਸਰਣਿ ਸਾਧੂ ਜੋਗੁ ॥

ਉਹ ਪ੍ਰਭੂ ਅਗਮ=ਬਿਅੰਤ ਦਿਆਲੂ ਹੈ, ਤੇ ਸਾਰਿਆਂ ਤੋਂ ਉੱਚਾ ਹੈ, ਸ਼ਰਨ ਵਿਚ ਆਏ ਹੋਏ ਸਾਧੂਆਂ ਦੀ ਰੱਖਿਆ ਕਰਨੇ ਜੋਗ ਹੈ। ਅਥਵਾ:-ਸੰਤਾਂ ਨੂੰ ਸ਼ਰਨ ਦੇਣੇ ਜੋਗ ਹੈ।

ਤਿਸੁ ਪਰਾਪਤਿ ਨਾਨਕਾ ਜਿਸੁ ਲਿਖਿਆ ਧੁਰਿ ਸੰਜੋਗੁ ॥ ੪ ॥ ੧ ॥ ੨੭ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਭਾਗਾਂ ਵਿਚ ਧੁਰ ਤੋਂ ਹੀ ਉਸ ਦਾ ਸੰਜੋਗੁ=ਮਿਲਾਪ ਲਿਖਿਆ ਹੋਇਆ ਹੈ॥ ੪ ॥ ੧ ॥ ੨੭ ॥

ਗੂਜਰੀ ਮਹਲਾ ੫ ॥ ਆਪਨਾ ਗੁਰੁ ਸੇਵਿ ਸਦ ਹੀ ਰਮਹੁ ਗੁਣ ਗੋਬਿੰਦ ॥

ਹੇ ਭਾਈ ! ਆਪਣੇ ਗੁਰਾਂ ਦੀ ਸਦਾ ਸੇਵਾ ਕਰੋ, ਅਤੇ ਗੋਬਿੰਦ ਦੇ ਗੁਣਾਂ ਨੂੰ ਰਮਹੁ=ਉਚਾਰਨਾ ਕਰੋ।

ਸਾਸਿ ਸਾਸਿ ਅਰਾਧਿ ਹਰਿ ਹਰਿ ਲਹਿ ਜਾਇ ਮਨ ਕੀ ਚਿੰਦ ॥ ੧ ॥

ਅੰਦਰ ਸਵਾਸ ਜਾਂਦਿਆਂ, ਬਾਹਰ ਸਵਾਸ ਆਉਂਦਿਆਂ ਹਰਿ ਹਰਿ ਨੂੰ ਅਰਾਧਣਾ ਕਰ, ਤਾਂ ਤੇਰੇ ਮਨ ਦੀ ਚਿੰਤਾ ਲਹਿ ਜਾਵੇਗੀ॥ ੧ ॥

ਮੇਰੇ ਮਨ ਜਾਪਿ ਪ੍ਰਭ ਕਾ ਨਾਉ ॥

ਹੇ ਮੇਰੇ ਮਨ ! ਤੂੰ ਪ੍ਰਭੂ ਦੇ ਨਾਮ ਨੂੰ ਜਪਣਾ ਕਰ।

ਸੂਖ ਸਹਜ ਅਨੰਦ ਪਾਵਹਿ ਮਿਲੀ ਨਿਰਮਲ ਥਾਉ ॥ ੧ ॥ ਰਹਾਉ ॥

ਤਾਂ ਤੂੰ ਅਚੁਤ ਸੁਖ ਦੇ ਅਨੰਦ ਨੂੰ ਪਾਵੇਂਗਾ, ਅਤੇ ਰਹਿਣ ਲਈ ਨਿਰਮਲ ਜਗ੍ਹਾ ਮਿਲੇਗੀ ॥ ੧ ॥ ਰਹਾਉ ॥

ਸਾਧ ਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ॥

ਸਤਸੰਗਤਿ ਵਿਚ ਜਾ ਕੇ ਅੱਠੇ ਪਹਿਰ ਪ੍ਰਭੂ ਨੂੰ ਅਰਾਧ ਕੇ ਇਸ ਆਪਣੇ ਮਨ ਨੂੰ ਉਧਾਰ ਲੈ।

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ ॥ ੨ ॥

ਪ੍ਰਭੂ ਦੇ ਅਰਾਧਣੇ ਕਰ ਕੇ ਕਾਮ. ਕ੍ਰੋਧ, ਹੰਕਾਰ ਆਦਿਕ ਬਿਨਸ ਜਾਣਗੇ, ਅਤੇ ਸਾਰੀ ਉਪਾਧੀ ਭੀ ਮਿਟ ਜਾਏਗੀ ॥ ੨ ॥

ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾ ਕੀ ਆਉ ॥

ਜੋ ਸੁਆਮੀ ਅਟੱਲ ਤੇ ਅਛੇਦ ਅਤੇ ਅਭੇਦ=ਭੇਦਾਂ ਤੋਂ ਰਹਿਤ ਹੈ, ਉਸ ਦੀ ਸ਼ਰਨ ਵਿਚ ਆਉਣਾ ਕਰੋ।

ਚਰਣ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥ ੩ ॥

ਹਿਰਦੇ ਵਿਚ ਉਸ ਦੇ ਚਰਨ ਕਮਲਾਂ ਦੀ ਅਰਾਧਣਾ ਕਰਕੇ ਇੱਕ ਪ੍ਰਭੂ ਨਾਲ ਬਿਰਤੀ ਲਗਾਣਾ ਕਰੋ ॥ ੩ ॥

ਪਾਰਬ੍ਰਹਮਿ ਪ੍ਰਭਿ ਦਇਆ ਧਾਰੀ ਬਖਸਿ ਲੀਨੇ ਆਪਿ ॥

ਪ੍ਰਭੂ ਪਾਰਬ੍ਰਹਮ ਨੇ ਦਇਆ ਦ੍ਰਿਸ਼ਟੀ ਧਾਰ ਕੇ ਆਪ ਹੀ ਬਖਸ਼ ਲੀਤਾ ਹੈ !

ਸਰਬ ਸੁਖ ਹਰਿ ਨਾਮੁ ਦੀਆ ਨਾਨਕ ਸੋ ਪ੍ਰਭੁ ਜਾਪਿ ॥ ੪ ॥ ੨ ॥ ੨੮ ॥

ਸਾਰਿਆਂ ਸੁੱਖਾਂ ਦਾ ਸਾਧਨ ਹਰੀ ਨਾਮ ਦਿੱਤਾ ਹੈ, ਇਸ ਕਰਕੇ ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਤੂੰ ਉਸ ਪ੍ਰਭੂ ਨੂੰ ਜਪਣਾ ਕਰ। ਅਥਵਾ-ਜਿਸ ਹਰੀ ਨੇ ਸਾਰੇ ਸੁਖ ਤੇ ਆਪਣਾ ਨਾਮ ਗੁਰਮੁਖਾਂ ਨੂੰ ਦਿਤਾ ਹੈ, ਉਸ ਪ੍ਰਭੂ ਨੂੰ ਤੂੰ ਜਪਣਾ ਕਰ ॥ ੪ ॥ ੨ ॥ ੨੮ ॥

(ਪੰਨਾ ੫੦੨)

ਗੂਜਰੀ ਮਹਲਾ ੫ ॥ ਗੁਰਪ੍ਰਸਾਦੀ ਪ੍ਰਭੁ ਧਿਆਇਆ ਗਈ ਸੰਕਾ ਤੂਟਿ ॥

ਜਾਂ ਗੁਰਾਂ ਦੀ ਪ੍ਰਸਾਦੀ=ਕਿਰਪਾ ਨਾਲ ਪ੍ਰਭੂ ਨੂੰ ਧਿਆਇਆ ਤਾਂ ਸਾਰੀ ਸ਼ੰਕਾ ਟੁੱਟ ਗਈ ॥

ਦੁਖ ਅਨੇਰਾ ਭੈ ਬਿਨਾਸੇ ਪਾਪ ਗਏ ਨਿਖੂਟਿ ॥ ੧ ॥

ਜਨਮ ਮਰਨ ਦਾ ਦੁੱਖ. ਅਗਿਆਨ ਰੂਪ ਹਨੇਰਾ, ਜਮਾਂ ਦਾ ਭੈ ਇਤਿਆਦਿਕ ਸਭ ਨਾਸ ਹੋ ਗਏ ਅਤੇ ਸਾਰੇ ਪਾਪ ਕੀ ਨਿਖੁੱਟ (ਭਾਵ ਮੁੱਕ) ਗਏ ॥ ੧ ॥

ਹਰਿ ਹਰਿ ਨਾਮ ਕੀ ਮਨਿ ਪ੍ਰੀਤਿ ॥

ਮੇਰੇ ਮਨ ਵਿਚ ਹਰਿ ਹਰਿ ਨਾਮ ਦੀ ਪ੍ਰੀਤੀ ਲੱਗ ਰਹੀ ਹੈ।

ਮਿਲਿ ਸਾਧ ਬਚਨ ਗੋਬਿੰਦ ਧਿਆਏ ਮਹਾ ਨਿਰਮਲ ਰੀਤਿ ॥ ੧ ॥ ਰਹਾਉ ॥

ਸੰਤਾਂ ਦੇ ਬਚਨ=ਉਪਦੇਸ਼ ਨਾਲ ਮਿਲਕੇ ਜਿਹੜਾ ਗੋਬਿੰਦ ਨੂੰ ਧਿਆਇਆ ਹੈ, ਏਹੋ ਬੜੀ ਨਿਰਮਲ ਰੀਤਿ=ਮਰਯਾਦਾ ਹੈ॥ ੧ ॥ ਰਹਾਉ ॥

ਜਾਪ ਤਾਪ ਅਨੇਕ ਕਰਣੀ ਸਫਲ ਸਿਮਰਤ ਨਾਮ ॥

ਨਾਮ ਸਿਮਰਨ ਕਰਕੇ ਜਪ ਤਪ ਆਦਿਕ ਅਨੇਕ ਤਰ੍ਹਾਂ ਦੀ ਕਰਣੀ ਸਫਲ ਹੋ ਗਈ ਹੈ।

ਕਰਿ ਅਨੁਗ੍ਰਹੁ ਆਪਿ ਰਾਖੇ ਭਏ ਪੂਰਨ ਕਾਮ ॥ ੨ ॥

ਪ੍ਰਭੂ ਨੇ ਅਨੁਗ੍ਰਹੁ=ਕਿਰਪਾ ਕਰਕੇ ਆਪ ਰੱਖ ਲਿਆ ਹੈ, ਇਸ ਕਰਕੇ ਮੇਰੇ ਸਾਰੇ ਕੰਮ ਪੂਰੇ ਹੋ ਗਏ ਹਨ॥ ੨ ॥

ਸਾਸਿ ਸਾਸਿ ਨ ਬਿਸਰੁ ਕਬਹੂੰ ਬ੍ਰਹਮ ਪ੍ਰਭ ਸਮਰਥ ॥

ਬ੍ਰਹਮ=ਵਿਆਪਕ ਤੇ ਸਮਰੱਥ ਪ੍ਰਭੂ ਨੂੰ ਸਵਾਸ ਸਵਾਸ ਸਿਮਰਦੇ ਹਾਂ, ਕਦੇ ਭੀ ਭੁੱਲਦਾ ਨਹੀਂ।

ਗੁਣ ਅਨਿਕ ਰਸਨਾ ਕਿਆ ਬਖਾਨੈ ਅਗਨਤ ਸਦਾ ਅਕਥ ॥ ੩ ॥

ਉਸ ਦੇ ਗੁਣ ਅਨੇਕਾਂ ਹਨ, ਰਸਨਾ ਕਿਹੜੇ ਕਿਹੜੇ ਗੁਣ ਕਥਨ ਕਰੇ, ਉਹ ਪ੍ਰਭੂ ਗਿਣਤੀ ਤੋਂ ਰਹਿਤ ਹੈ ਤੇ ਸਦਾ ਅਕੱਥ ਹੈ॥ ੩ ॥

ਦੀਨ ਦਰਦ ਨਿਵਾਰਿ ਤਾਰਣ ਦਇਆਲ ਕਿਰਪਾ ਕਰਣ ॥

ਉਹ ਦਿਆਲੂ ਪ੍ਰਮਾਤਮਾ ਦੀਨ=ਗਰੀਬਾਂ ਦੇ ਦਰਦ=ਦੁੱਖ ਦੂਰ ਕਰਨ ਵਾਲਾ ਹੈ, ਤੇ ਦੀਨਾਂ ਨੂੰ ਸੰਸਾਰ ਤੋਂ ਤਾਰਨ ਵਾਲਾ ਹੈ, ਅਤੇ ਕਿਰਪਾ ਕਰਨ ਵਾਲਾ ਹੈ।

ਅਟਲ ਪਦਵੀ ਨਾਮ ਸਿਮਰਣ ਦ੍ਰਿੜੁ ਨਾਨਕ ਹਰਿ ਹਰਿ ਸਰਣ ॥੪ ॥੩ ॥੨੯ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਨਾਮ ਸਿਮਰਨ ਕਰਕੇ ਅਟੱਲ ਪਦਵੀ ਦੀ ਪ੍ਰਾਪਤੀ ਹੁੰਦੀ ਹੈ, ਉਸ ਹਰਿ ਹਰਿ ਦੀ ਸ਼ਰਨ ਅਸਾਂ ਨੇ ਦ੍ਰਿੜ੍ਹ ਕੀਤੀ ਹੈ॥ ੪ ॥ ੩ ॥ ੨੯ ॥

ਗੂਜਰੀ ਮਹਲਾ ੫ ॥

ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥

ਜਿਨ੍ਹਾਂ ਦੀ ਬੁੱਧੀ ਵਿੱਚ ਹੰਗਤਾ ਬਹੁਤ ਹੈ, ਤੇ ਮਾਇਆ ਦੇ ਸੰਕਲਪ ਭੀ ਸਘਨ=ਬਹੁਤ ਹਨ, ਅਥਵਾ:- ਸਘਨ=ਮਾਇਆ ਦੀ ਜੋ ਹੰਗਤਾ ਬੁੱਧੀ ਵਿੱਚ ਬਹੁਤ ਹੈ ਏਹੋ ਇਕ ਬੜਾ ਭਾਰੀ ਦੀਰਘ ਰੋਗ ਹੈ। ਇਸ ਰੋਗ ਦੀ ਨਿਵਿਰਤੀ ਵਾਸਤੇ-

ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥ ੧ ॥

ਸਭ ਕਾਰਨਾਂ ਦੇ ਕਰਨ ਜੋਗ ਜੋ ਗੁਰੂ ਸਾਹਿਬ ਜੀ ਹਨ ਉਹਨਾਂ ਨੇ ਨਾਮੁ=ਪ੍ਰਸਿੱਧ ਹੀ ਨਾਮ ਰੂਪੀ ਅਉਖਧੁ=ਦਾਰੂ ਦੇਣਾ ਕੀਤਾ ਹੈ॥ ੧ ॥

ਮਨਿ ਤਨਿ ਬਾਛੀਐ ਜਨ ਧੂਰਿ॥
ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ॥ ੧ ॥ ਰਹਾਉ ॥

ਮਨ ਤਨ ਵਿਖੇ ਸੰਤ ਜਨਾਂ ਦੇ ਚਰਨਾਂ ਦੀ ਧੂੜੀ ਨੂੰ ਬਾਛੀਐ=ਚਾਹੁਣਾ ਕਰੀਏ। ਕਿਉਂਕਿ ਚਰਨ ਧੂੜੀ ਕਰਕੇ ਹੀ ਕ੍ਰੋੜਾਂ ਜਨਮਾਂ ਦੇ ਪਾਤਿਕ=ਪਾਪ ਦੂਰ ਹੋ ਜਾਂਦੇ ਹਨ, ਅਤੇ ਗੋਬਿੰਦ ਸਭ ਇੱਛਾ ਪੂਰੀਆਂ ਕਰ ਦੇਂਦਾ ਹੈ॥ ੧ ॥ ਰਹਾਉ ॥

ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ॥

ਆਦਿ=ਪਹਿਲੀ ਬਾਲਕ ਅਵਸਥਾ, ਮਧਿ=ਵਿਚਲੀ ਜੋਬਨ ਅਵਸਥਾ, ਅੰਤੇ=ਅੰਤਲੀ ਬ੍ਰਿੱਧ ਅਵਸਥਾ ਇਨ੍ਹਾਂ ਤਿੰਨ ਅਵਸਥਾਂ ਵਿੱਚ ਬਿਕਰਾਲ=ਭਿਆਨਕ ਭਾਵ ਡਰੌਣੀ ਆਸਾ ਰੂਪੀ ਕੂਕਰੀ=ਕੁੱਤੀ ਇਸ ਦੇ ਮਗਰ ਭੌਂਕਦੀ ਫਿਰਦੀ ਹੈ।

ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ॥ ੨ ॥

ਗੋਬਿੰਦ ਦੇ ਕੀਰਤਨ ਰਮਣੰ=ਉਚਾਰਨ ਨਾਲ ''ਗੁਰ ਗਿਆਨ''=ਅਪ੍ਰੋਖ ਗਿਆਨ ਹੁੰਦਾ ਹੈ, ਗਿਆਨ ਕਰਕੇ ਹੀ ਆਸਾ ਰੂਪ ਕੁੱਤੀ ਮਰ ਜਾਂਦੀ ਹੈ ਤੇ ਜਮਾਂ ਦਾ ਫਾਹਾ ਕੱਟਿਆ ਜਾਂਦਾ ਹੈ॥ ੨ ॥

ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ॥

ਜੋ ਪੁਰਸ਼ ਕਾਮ, ਕ੍ਰੋਧ, ਲੋਭ ਤੇ ਮੋਹ ਵਿੱਚ ਮੂਠੇ=ਲੁੱਟੇ ਗਏ ਹਨ, ਉਹਨਾਂ ਦਾ ਸਦਾ ਆਉਣਾ ਜਾਣਾ ਹੁੰਦਾ ਹੈ ਭਾਵ ਉਹ ਸਦਾ ਜੰਮਦੇ ਮਰਦੇ ਰਹਿੰਦੇ ਹਨ।

ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ॥ ੩ ॥

ਪ੍ਰਭੂ ਦੀ ਪ੍ਰੇਮਾ ਭਗਤੀ ਤੇ ਵਾਹਿਗੁਰੂ ਦਾ ਸਿਮਰਣ ਕਰਦਿਆਂ ਹੀ ਜੂਨੀਆਂ ਦਾ ਭਵਣ=ਭੌਣਾ ਦੂਰ ਹੋ ਜਾਂਦਾ ਹੈ॥ ੩ ॥

ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ॥

ਜੋ ਪੁਰਸ਼ ਮਿੱਤਰ, ਪੁੱਤਰ, ਕਲਤ੍ਰ=ਇਸਤ੍ਰੀ ਤੇ ਸੁਰ-ਰਿਦ=ਹਿਰਦੇ ਕਰਕੇ ਦੇਵਤਿਆਂ ਦੀ ਉਪਾਸ਼ਨਾਂ ਵਿੱਚ ਲੱਗੇ ਹਨ, ਅਥਵਾ:-ਸੁਰ ਰਿਦ=ਸੁਹਿਰਦ ਭਾਵ ਦਿਲੀ ਦੋਸਤਾਂ ਵਿੱਚ ਲੱਗੇ ਹਨ ਉਹ ਤਿੰਨਾਂ ਤਾਪਾਂ ਵਿੱਚ ਜਲੰਤ=ਸੜਦੇ ਰਹਿੰਦੇ ਹਨ।

ਜਪਿ ਰਾਮ ਰਾਮਾ ਦੁਖ ਨਿਵਾਰੇ ਮਿਲੈ ਹਰਿ ਜਨ ਸੰਤ॥ ੪ ॥

ਹਰੀ ਦੇ ਸੰਤ ਜਨਾਂ ਨਾਲ ਮਿਲਕੇ ਜਿਨ੍ਹਾਂ ਨੇ ਰਾਮ ਰਾਮ ਨੂੰ ਜਪਿਆ ਹੈ,
ਅਥਵਾ:-ਰਮਣ ਕਰਨੇ ਜੋਗ ਰਾਮ ਨੂੰ ਜਪਿਆ ਹੈ, ਉਹਨਾਂ ਨੇ ਸਾਰੇ ਦੁੱਖ ਨਿਵਿਰਤ ਕਰ ਲਏ ਹਨ॥ ੪ ॥

ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ॥

ਮਨਮੁਖ ਪੁਰਸ ਸਭ ਤਰ੍ਹਾਂ ਨਾਲ ਪੁਕਾਰਦੇ ਫਿਰਦੇ ਹਨ, ਪਰ ਉਹਨਾਂ ਦਾ ਕਿਤੇ ਭੀ,

ਅਥਵਾ:-ਕਿਸੀ ਪ੍ਰਕਾਰ ਕਰਕੇ ਛੁਟਕਾਰਾ ਨਹੀਂ ਹੁੰਦਾ।

ਹਰਿ ਚਰਣ ਸਰਣ ਅਪਾਰ ਪ੍ਰਭ ਕੇ ਦ੍ਰਿੜੁ ਗਹੀ ਨਾਨਕ ਓਟ ॥੫ ॥੪ ॥੩੦ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਅਪਾਰ ਪ੍ਰਭੂ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ, ਉਹਨਾਂ ਨੇ ਦ੍ਰਿੜ੍ਹ ਮਨ ਹੋ ਕੇ ਹਰੀ ਦੀ ਓਟ ਗਹੀ=ਫੜੀ ਹੈ॥ ੫॥ ੪॥ ੩੦॥

ਗੂਜਰੀ ਮਹਲਾ ੫ ਘਰੁ ੪ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਆਰਾਧਿ ਸ੍ਰੀ ਧਰ ਸਫਲ ਮੂਰਤਿ ਕਰਣ ਕਾਰਣ ਜੋਗੁ ॥

ਜੋ ਪ੍ਰਭੂ ਸ੍ਰੀ-ਧਰ=ਮਾਇਆ ਦਾ ਆਸਰਾ ਹੈ, ਤੇ ਜਿਸ ਦੀ ਸਫਲ ਮੂਰਤੀ ਹੈ, ਅਤੇ ਸਭ ਕਾਰਨਾਂ ਦੇ ਕਰਨੇ ਜੋਗ ਹੈ, ਉਸ ਨੂੰ ਅਰਾਧਣਾ ਕਰ।

ਗੁਣ ਰਮਣ ਸ੍ਰਵਣ ਅਪਾਰ ਮਹਿਮਾ ਫਿਰਿ ਨ ਹੋਤ ਬਿਓਗੁ ॥ ੧ ॥

ਜਿਸ ਦੀ ਮਹਿਮਾ ਅਪਾਰ=ਬਿਅੰਤ ਹੈ ਉਸ ਦੇ ਗੁਣ ਰਮਣ=ਉਚਾਰਨ ਤੇ ਸ੍ਰਵਣ=ਸੁਣਨ ਨਾਲ ਫਿਰ ਉਸ ਨਾਲੋਂ ਬਿਓਗੁ=ਵਿਛੋੜਾ ਨਹੀਂ ਹੁੰਦਾ। ਅਥਵਾ:-ਉਸ ਦੇ ਗੁਣ ਉਚਾਰਨ ਨਾਲ ਅਤੇ ਅਪਾਰ ਮਹਿਮਾ ਦੇ ਸੁਣਨ ਨਾਲ ਫਿਰ ਕੋਈ ਬਿਓਗ=ਦੁੱਖ ਨਹੀਂ ਹੁੰਦਾ॥ ੧॥

ਮਨ ਚਰਣਾਰਬਿੰਦ ਉਪਾਸ ॥

ਹੇ ਮਨ ! ਹਰੀ ਦੇ ਚਰਣਾਰਬਿੰਦ=ਚਰਨ-ਅਰਬਿੰਦ (ਚਰਨ ਕਮਲਾਂ) ਦੀ ਉਪਾਸ=ਉਪਾਸ਼ਨਾ ਕਰ।

ਕਲਿ ਕਲੇਸ ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ ॥ ੧ ॥ ਰਹਾਉ ॥

ਸਿਮਰਨ ਕਰਨ ਨਾਲ ਕਲਪਨਾਂ ਤੇ ਕਲੇਸ਼ ਮਿਟ ਜਾਂਦੇ ਹਨ, ਅਤੇ ਜਮਦੂਤਾਂ ਦੀ ਫਾਹੀ ਭੀ ਕੱਟੀ ਜਾਂਦੀ ਹੈ॥ ੧॥ ਰਹਾਉ॥

ਸਤ੍ਰੁ ਦਹਨ ਹਰਿ ਨਾਮ ਕਹਨ ਅਵਰ ਕਛੁ ਨ ਉਪਾਉ ॥

ਹਰੀ ਨਾਮ ਦੇ ਕਹਨ=ਉਚਾਰਨ ਨਾਲ ਕਾਮ ਆਦਿਕ ਸ਼ਤਰੂ ਦਹਨ=ਨਾਸ ਹੋ ਜਾਂਦੇ ਹਨ, ਨਾਮ ਤੋਂ ਬਿਨਾਂ ਹੋਰ ਕੁਝ ਉਪਾਉ=ਯਤਨ ਨਹੀਂ।

ਕਰਿ ਅਨੁਗ੍ਰਹੁ ਪ੍ਰਭੂ ਮੇਰੇ ਨਾਨਕ ਨਾਮ ਸੁਆਉ ॥ ੨ ॥ ੧ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਪ੍ਰਭੂ ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ ਦਾ ਸੁਆਉ=ਲਾਭ ਦੇਣਾ ਕਰੋ॥ ੨॥ ੧॥ ੩੧॥

ਗੂਜਰੀ ਮਹਲਾ ੫ ॥

ਤੂੰ ਸਮਰਥੁ ਸਰਨਿ ਕੋ ਦਾਤਾ ਦੁਖ ਭੰਜਨੁ ਸੁਖ ਰਾਇ ॥

ਹੇ ਗੋਬਿੰਦ! ਤੂੰ ਸਰਬ ਕਲਾ ਸਮਰੱਥ ਹੈਂ, ਸ਼ਰਨ ਆਇਆਂ ਨੂੰ ਸੁਖਾਂ ਦਾ ਦਾਤਾ ਹੈਂ, ਦੁੱਖਾਂ ਦੇ

ਭੰਜਨੁ=ਨਾਸ ਕਰਨ ਵਾਲਾ, ਤੇ ਸੁਖਾਂ ਦਾ ਰਾਜਾ ਹੈਂ।

ਜਾਹਿ ਕਲੇਸ ਮਿਟੇ ਭੈ ਭਰਮਾ ਨਿਰਮਲ ਗੁਣ ਪ੍ਰਭ ਗਾਇ ॥ ੧ ॥

ਹੇ ਨਿਰਮਲ ਪ੍ਰਭੂ ! ਆਪ ਜੀ ਦੇ ਨਿਰਮਲ ਗੁਣਾਂ ਦੇ ਗਾਉਣ ਨਾਲ,

(੧. ਅਵਿੱਦਿਆ, ੨. ਅਸੱਮਤਾ, ੩. ਰਾਗ, ੪. ਦ੍ਵੈਸ਼, ੫. ਅਭੀ ਨਿਵੇਸ ਇਹ) ਪੰਜੇ ਕਲੇਸ਼ ਦੂਰ ਹੋ ਜਾਂਦੇ ਹਨ, ਅਤੇ ਭੈ ਭਰਮ ਆਦਿਕ ਸਭ ਵਿਕਾਰ ਮਿਟ ਜਾਂਦੇ ਹਨ॥ ੧ ॥

ਗੋਵਿੰਦ ਤੁਝ ਬਿਨੁ ਅਵਰੁ ਨ ਠਾਉ ॥

ਹੇ ਗੋਬਿੰਦ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਠਾਉ=ਟਿਕਾਣਾ ਨਹੀਂ ਹੈ।

ਕਰਿ ਕਿਰਪਾ ਪਾਰਬ੍ਰਹਮ ਸੁਆਮੀ ਜਪੀ ਤੁਮਾਰਾ ਨਾਉ ॥ ਰਹਾਉ ॥

ਹੇ ਪਾਰਬ੍ਰਹਮ ਸੁਆਮੀ ! ਇਹ ਕਿਰਪਾ ਕਰ, ਜੋ ਸਦਾ ਹੀ ਆਪ ਜੀ ਦਾ ਨਾਮ ਜਪਦਾ ਰਹਾਂ॥ ਰਹਾਉ ॥

(ਪੰਨਾ ੫੦੩)

ਸਤਿਗੁਰ ਸੇਵਿ ਲਗੇ ਹਰਿ ਚਰਨੀ ਵਡੈ ਭਾਗਿ ਲਿਵ ਲਾਗੀ ॥

ਸਤਿਗੁਰਾਂ ਦੀ ਸੇਵਾ ਵਿੱਚ ਲੱਗਣੇ ਕਰਕੇ ਜਿਨ੍ਹਾਂ ਦੀ ਲਿਵ=ਬਿਰਤੀ ਹਰੀ ਦੇ ਚਰਨਾਂ ਨਾਲ ਲੱਗੀ ਹੈ, ਉਹ ਵਡਭਾਗੀ ਪੁਰਸ਼ ਹਨ।

ਕਵਲ ਪ੍ਰਗਾਸ ਭਏ ਸਾਧ ਸੰਗੇ ਦੁਰਮਤਿ ਬੁਧਿ ਤਿਆਗੀ ॥ ੨ ॥

ਜਿਨ੍ਹਾਂ ਨੇ ਸੰਤਾਂ ਦੇ ਸੰਗ ਕਰਕੇ ਦੁਰਮਤਿ=ਖੋਟੀ ਸਿੱਖਿਆ ਗ੍ਰਹਿਣ ਕਰਨ ਵਾਲੀ ਕੁਬੁੱਧੀ ਤਿਆਗੀ ਹੈ, ਉਹਨਾਂ ਦੇ ਹਿਰਦੇ ਕੌਲ, ਖਿੜਾਉ ਦੇ ਸਹਿਤ ਹੋਏ ਹਨ। ਅਥਵਾ:-ਪ੍ਰਕਾਸ਼ ਦੇ ਸਹਿਤ ਹੋਏ ਹਨ॥ ੨ ॥

ਆਠ ਪਹਰ ਹਰਿ ਕੇ ਗੁਣ ਗਾਵੈ ਸਿਮਰੈ ਦੀਨ ਦੈਆਲਾ ॥

ਜੋ ਗੁਰਮੁਖ ਅੱਠੇ ਪਹਿਰ ਹਰੀ ਦੇ ਗੁਣ ਗਾਉਂਦੇ ਹਨ, ਅਤੇ ਦੀਨ ਦਿਆਲ ਪ੍ਰਭੂ ਦਾ ਸਿਮਰਨ ਕਰਦੇ ਹਨ।

ਆਪਿ ਤਰੈ ਸੰਗਤਿ ਸਭ ਉਧਰੈ ਬਿਨਸੇ ਸਗਲ ਜੰਜਾਲਾ ॥ ੩ ॥

ਉਹਨਾਂ ਦੇ ਸਾਰੇ ਜੰਜਾਲ ਬਿਨਸੇ=ਨਾਸ ਹੋ ਗਏ ਹਨ, ਉਹ ਆਪ ਤਰਕੇ ਆਪਣੀ ਸਾਰੀ ਸੰਗਤ ਨੂੰ ਭੀ ਉਧਰੈ=ਤਾਰ ਲੈਂਦੇ ਹਨ॥ ੩ ॥

ਚਰਣ ਅਧਾਰੁ ਤੇਰਾ ਪ੍ਰਭ ਸੁਆਮੀ ਓਤਿ ਪੋਤਿ ਪ੍ਰਭੁ ਸਾਥਿ ॥

ਹੇ ਪ੍ਰਭੂ ਸੁਆਮੀ ! ਜਿਸ ਨੂੰ ਤੇਰੇ ਚਰਨਾਂ ਦਾ ਅਧਾਰੁ=ਆਸਰਾ ਹੈ, ਹੇ ਪ੍ਰਭੂ ! ਤੂੰ ਓਤਿ ਪੋਤਿ=ਤਾਣੇ ਪੇਟੇ ਸੂਤ੍ਰ ਵਾਂਗੂੰ ਉਸ ਦੇ ਨਾਲ ਹੀ ਵਸਦਾ ਹੈਂ।

ਸਰਨਿ ਪਰਿਓ ਨਾਨਕ ਪ੍ਰਭ ਤੁਮਰੀ ਦੇ ਰਾਖਿਓ ਹਰਿ ਹਾਥ ॥੪ ॥੨ ॥੩੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਜੋ ਤੁਹਾਡੀ ਸ਼ਰਣੀ ਪਿਆ ਹੈ, ਹੇ ਹਰੀ ! ਆਪ ਜੀ ਨੇ ਹੱਥ ਦੇ ਕੇ ਉਸ ਦੀ ਰੱਖਿਆ ਕੀਤੀ ਹੈ॥ ੪ ॥ ੨ ॥ ੩੨ ॥

ਗੂਜਰੀ ਅਸਟਪਦੀਆ ਮਹਲਾ ੧ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥

ਸਰੀਰ ਰੂਪ ਇੱਕ ਨਗਰੀ ਹੈ ਇਸ ਵਿੱਚ (ਕਾਮ ਆਦਿਕਾਂ ਰੂਪੀ) ਪੰਜ ਚੋਰ ਵੱਸਦੇ ਹਨ, ਜੋ ਬਰਜਤ=ਰੋਕਦਿਆਂ ਰੋਕਦਿਆਂ ਚੋਰੀ ਕਰਨ ਨੂੰ ਧਾਵੈ=ਦੌੜਦੇ ਹਨ, ਅਰਥਾਤ ਸ਼ੁਭ ਗੁਣਾਂ ਰੂਪੀ ਮਾਲ ਨੂੰ ਚੋਰੀ ਕਰਕੇ ਲਈ ਜਾਂਦੇ ਹਨ।

ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ॥ ੧॥

ਗੁਰੂ ਜੀ ਕਥਨ ਕਰਦੇ ਹਨ, ਕਾਮ ਆਦਿਆਂ ਰੂਪੀ ਤ੍ਰਿਹਦਸ=ਚੋਰਾਂ ਪਾਸੋਂ,

ਅਥਵਾ:-ਤ੍ਰਿਹਦਸ=ਦੇਵਤਿਆਂ ਪਾਸੋਂ, ਅਥਵਾ:-ਤ੍ਰਿਹ-ਦਸ=ਤਿੰਨ ਤੇ ਦਸ ਤੇਰ੍ਹਾਂ, ਦਸ ਇੰਦ੍ਰੇ ਤੇ ਤ੍ਰਿੰਨ ਗੁਣ ਇਨ੍ਹਾਂ ਤੇਰ੍ਹਾਂ ਪਾਸੋਂ ਜੋ ਪੁਰਸ਼ ਆਪਣੇ ਸ਼ੁਭ ਗੁਣਾਂ ਰੂਪੀ ਮਾਲ ਨੂੰ ਸੰਭਾਲ ਰੱਖਦਾ ਹੈ ਭਾਵ ਚੋਰੀ ਨਹੀਂ ਹੋਣ ਦੇਂਦਾ, ਉਹ ਪੁਰਸ਼ ਮੋਖ-ਮੁਕਤਿ=ਕੇਵਲ ਮੁਕਤੀ ਨੂੰ ਪਾਂਦਾ ਹੈ॥ ੧॥

ਚੇਤਹੁ ਬਾਸੁਦੇਉ ਬਨਵਾਲੀ॥ ਰਾਮੁ ਰਿਦੈ ਜਪਮਾਲੀ॥ ੧॥ ਰਹਾਉ॥

ਬਾਸੁ ਦੇਉ=ਵਾਸਾ ਦੇਣ ਵਾਲਾ ਜੋ ਬਨ ਵਾਲੀ=ਸੰਸਾਰ ਬਨ ਦਾ ਮਾਲਕ ਪਰਮੇਸ਼ਰ ਹੈ, ਉਸ ਨੂੰ ਚੇਤਨਾ ਕਰੋ। ਹਿਰਦੇ ਵਿੱਚ ਜੋ ਰਾਮ ਦਾ ਜਪਣਾ ਹੈ ਏਹੋ ਜਪਮਾਲੀ=ਮਾਲਾ ਫੇਰਨਾ ਕਰੋ॥ ੧॥ ਰਹਾਉ॥

ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ॥

ਬ੍ਰਹਮ ਰੂਪ ਇੱਕ ਬ੍ਰਿੱਛ ਹੈ, ਉਰਧ=ਉਪਰਲੇ ਲੋਕ ਜਿਸ ਦਾ ਮੂਲ=ਮੁੱਢ ਹੈ, ਅਤੇ ਤਲਾਹਾ=ਹੇਠਲੇ ਲੋਕ ਸਾਖ=ਟਾਹਣੀਆਂ ਹਨ, ਚਾਰ ਵੇਦਾਂ ਰੂਪ ਪੱਤੇ ਜਿਸ ਬ੍ਰਹਮ ਰੂਪ ਬ੍ਰਿੱਛ ਨਾਲ ਲੱਗ ਰਹੇ ਹਨ।

ਅਥਵਾ:-ਬ੍ਰਹਿਮਾਂਡ ਰੂਪ ਇੱਕ ਬ੍ਰਿੱਛ ਹੈ, ਉਰਧ=ਉਤ-ਕ੍ਰਿਸ਼ਟ ਮਾਇਆ ਸਬੱਲ ਪਰਮਾਤਮਾ ਜਿਸ ਬ੍ਰਹਿਮਾਂਡ ਰੂਪ ਬ੍ਰਿੱਛ ਦਾ ਮੂਲ=ਮੁੱਢ ਹੈ, ਤਲੇ ਦੇ ਲੋਕ ਸਾਖ=ਟਾਹਣੀਆਂ ਹਨ ਜਿਸ ਨਾਲ ਚਾਰੇ ਵੇਦ ਪੱਤੇ ਲੱਗੇ ਹੋਏ ਹਨ।

ਭਾਵ ਜਿਵੇਂ ਬ੍ਰਿੱਛ ਦੇ ਪੱਤਿਆਂ ਵਿੱਚ ਫਲ ਪ੍ਰਤੀਤ ਹੁੰਦਾ ਹੈ, ਤਿਵੇਂ ਧਰਮ ਅਧਰਮ ਅਤੇ ਉਸ ਦਾ ਫਲ ਸੁਖ ਦੁਖ ਆਦਿ ਵੇਦਾਂ ਦੁਆਰੇ ਪ੍ਰਤੀਤ ਹੁੰਦਾ ਹੈ ਇਸ ਕਰਕੇ ਵੇਦ ਪੱਤੇ ਹਨ।

ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਅਜੇਹਾ ਬ੍ਰਿੱਛ ਸਹਜ ਭਾਇ=ਸੁਭੇ ਸਿੱਧ ਜਾਈਤੇ=ਉਤਪੰਨ ਹੋ ਰਿਹਾ ਹੈ, ਗੁਰਮੁਖ ਉਸ ਪਾਰਬ੍ਰਹਮ ਦੀ ਲਿਵ ਵਿੱਚ ਜਾਗ ਰਹੇ ਹਨ।

ਅਥਵਾ:-ਗੁਰੂ ਜੀ ਕਹਿੰਦੇ ਹਨ ਅਸੀਂ ਪਾਰਬ੍ਰਹਮ ਵਿੱਚ ਲਿਵ ਲਗਾਉਣ ਕਰਕੇ ਮੋਹ ਰੂਪ ਨੀਂਦ ਵੱਲੋਂ ਜਾਗੇ ਹਾਂ, ਅਤੇ ਸਹਜ ਭਾਇ=ਸ਼ਾਂਤੀ ਸੁਭਾਵ ਜਾਇਤੇ=ਉਤਪਨ ਹੋਇਆ ਹੈ॥ ੨॥

ਪਾਠ"ਜਾਇਤੇ" ਇਕੱਠਾ ਹੀ ਕਰਨਾ ਹੈ। ਕਹੇ ਪ੍ਰਸੰਗ ਨੂੰ ਫਿਰ ਸਪੱਸ਼ਟ ਕਰਦੇ ਹਨ।

ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥

ਮੇਰੇ ਸਰੀਰ ਰੂਪੀ ਘਰ ਦੇ ਹਿਰਦੇ ਰੂਪ ਆਗਨਿ=ਵੇਹੜੇ ਵਿਚ ਬ੍ਰਹਮ ਰੂਪੀ ਪਾਰਜਾਤੁ=ਕਲਪ ਬ੍ਰਿੱਛ ਲੱਗ ਰਿਹਾ ਭਾਵ ਸਾਖਿਆਤਕਾਰ ਹੋ ਰਿਹਾ ਹੈ, ਤਤੁ=ਤਿਸ ਬ੍ਰਹਮ ਰਪੀ ਬ੍ਰਿੱਛ ਨਾਲ ਹੇਠਲੇ ਲੋਕ,

ਅਥਵਾ:-ਤਿੰਨੇ ਗੁਣ ਡਾਲਾ=ਟਾਹਣ ਹਨ, ਵੇਦ, ਅਥਵਾ:-ਜੀਵਾਂ ਰੂਪ ਪੱਤੇ ਹਨ, ਕਰਮਾਂ ਰੂਪੀ ਪੁਹਪ=ਫੁੱਲ ਹਨ ਪਰ ਇਹ ਸਾਰੇ ਤਤੁ=ਤਿਸ ਦਾ ਸਰੂਪ ਹਨ।

ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥ ੩ ॥

ਸਾਰਿਆਂ ਵਿਚ ਨਿਰੰਜਨ ਜੋਤੀ ਨੂੰ ਸੰਭੂ=ਸੰਭਾਲੋ, ਅਥਵਾ:-ਸਾਰਿਆਂ ਵਿਚ ਉਹ ਨਿਰੰਜਨ ਜੋਤੀ ਹੀ ਸੰਭੂ=ਪ੍ਰਕਾਸ਼ ਰਿਹਾ ਹੈ, ਇਹ ਗੱਲ ਜਾਣਕੇ ਬਹੁਤਿਆਂ ਜੰਜਾਲਾਂ ਨੂੰ ਛੱਡ ਦਿਓ॥ ੩॥

ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥

ਨਾਨਕ ਬਿਨਵੈ=ਗੁਰੂ ਜੀ ਉਚਾਰਦੇ ਹਨ, ਹੇ ਸਿੱਖਿਆ ਲੈਣ ਵਾਲੇ ਜਗਿਆਸੂ! ਤੂੰ ਸੁਣਨਾ ਕਰ, ਮਾਇਆ ਦੇ ਜੰਜਾਲ ਨੂੰ ਛੱਡ ਦੇਣਾ ਕਰ।

ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥ ੪ ॥

ਮਨ ਵਿਚ ਇਹ ਗੱਲ ਵਿਚਾਰਨਾ ਕਰ, ਕਿ ਜਿਸ ਦੀ ਇੱਕ ਪ੍ਰਭੂ ਵਿਚ ਲਿਵ ਲੱਗੀ ਹੈ, ਪੁਨਾ ਰਪਿ=ਨਿਸਚੇ ਕਰਕੇ ਉਸ ਦਾ ਜੰਮਣਾ ਮਰਣਾ ਨਹੀਂ ਹੁੰਦਾ॥ ੪॥

ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥

ਉਹ ਅਸਲ ਗੁਰੂ ਕਥਨ ਕੀਤਾ ਜਾਂਦਾ ਹੈ, (ਜੋ ਮਲ, ਵਿਖੇਪ, ਅਵਰਨ ਰੂਪੀ) ਰੋਗ ਨੂੰ ਪਛਾਣਕੇ ਉਸ ਦੀ ਨਿਵਿਰਤੀ ਦਾ ਉਪਦੇਸ਼ ਜਗਿਆਸੂ ਨੂੰ ਦੇਣਾ ਕਰਦਾ ਹੈ, ਅਤੇ ਉਹ ਅਸਲ ਸਿੱਖ ਕਥਨ ਕੀਤਾ ਜਾਂਦਾ ਹੈ ਜੋ ਗੁਰ ਉਪਦੇਸ਼ ਉੱਪਰ ਭਰੋਸਾ ਕਰਦਾ ਹੈ, ਇਸ ਉੱਪਰ ਦ੍ਰਿਸ਼ਟਾਂਤ ਦੇਂਦੇ ਹਨ:-ਅਸਲ ਵੈਦ ਓਹੀ ਹੈ ਜੋ ਰੋਗੀ ਦੇ ਰੋਗ ਨੂੰ ਪਛਾਣ ਕੇ ਉਸ ਦੀ ਨਿਵਿਰਤੀ ਦਾ ਦਾਰੂ ਦੇਂਦਾ ਹੈ, ਅਤੇ ਰੋਗੀ ਓਹੀ ਚੰਗਾ ਹੈ ਜਿਹੜਾ ਵੈਦ ਉੱਤੇ ਭਰੋਸਾ ਰਖਦਾ ਹੈ।

ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥ ੫ ॥

ਉਸ ਗੁਰੂ ਨੂੰ ਕੋਈ ਭੀ ਕੰਮ ਸੰਸਾਰ ਦੀ ਪ੍ਰਾਪਤੀ ਦਾ ਕਾਰਨ ਨਹੀਂ ਹੈ, ਅਤੇ ਸਿੱਖ ਨੂੰ ਭੀ ਕੋਈ ਧੰਧਾ ਸੰਸਾਰ ਦੀ ਪ੍ਰਾਪਤੀ ਦਾ ਕਾਰਨ ਨਹੀਂ ਹੈ। ਚਾਹੇ ਗੁਰੂ ਤੇ ਸਿੱਖ ਦੋਵੇਂ ਧੰਧਿਆਂ ਵਿਚ ਗਿਰਹੀ=ਗ੍ਰਸੇ ਹੋਏ ਭੀ ਹਨ, ਤੋਂਭੀ ਉਹ ਕੋਲ ਫੁੱਲ ਵਾਂਗੂੰ ਨਿਰਲੇਪ ਹਨ ਤੇ ਪਰਮੇਸ਼ਰ ਵਿਚ ਜੋਗੀ=ਜੁੜੇ ਹੋਏ ਹਨ॥ ੫॥

ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥

ਉਹਨਾਂ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਮਾਇਆ ਦੀ ਤਿਸ=ਤ੍ਰਿਸ਼ਨਾਂ ਨੂੰ ਤਜੀਅਲੇ=ਤਿਆਗ ਦਿੱਤਾ ਹੋਇਆ ਹੈ।

ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥ ੬ ॥

ਸਾਰਿਆਂ ਵੇਦਾਂ ਦਾ ਤਤੁ=ਸਿਧਾਂਤ ਰੂਪ ਜੋ ਅਵਿਗਤ ਪਰਮਾਤਮਾ ਹੈ, ਤਤੁ=ਉਸ ਨੂੰ ਮਨ ਵਿੱਚ ਧਿਆਉਣਾ ਕੀਤਾ ਹੈ, ਪਰ ਉਸ ਨੂੰ ਗੁਰਾਂ ਦੀ ਪਰਸਾਦੀ=ਕਿਰਪਾ ਨਾਲ ਪਾਇਆ ਹੈ॥ ੬ ॥

ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥

ਗਿਆਨ ਧਿਆਨ ਆਦਿਕ ਸਾਰੇ ਸ਼ੁਭ ਗੁਣ ਏਹ ਪ੍ਰਮੇਸ਼ਰ ਦੀ ਦਾਤ ਕਥਨ ਕੀਤੀ ਜਾਂਦੀ ਹੈ, ਜਿਸ ਨੂੰ ਗੁਰੂ ਸਾਹਿਬ ਜੀ ਕਥਨ ਕਰਕੇ ਇਹ ਗਿਆਨ ਧਿਆਨ ਰੂਪੀ ਦਾਤ ਦੇਂਦੇ ਹਨ ਉਸ ਦੇ ਸਾਰੇ ਕਾਮ ਆਦਿਕ ਦੂਤ ਸੇਤ-ਬਰਨ=ਚਿੱਟੇ ਰੰਗ ਵਾਲੇ ਹੋ ਜਾਂਦੇ ਹਨ, ਭਾਵ ਭੈ ਭੀਤ ਹੋ ਕੇ ਦੌੜ ਜਾਂਦੇ ਹਨ।

ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥ ੭ ॥

ਜੋ ਗਿਆਨ ਜਾਗ੍ਰਤ ਵਿੱਚ ਜਾਗਦਾ ਹੋਇਆ ਅਵਿੱਦਿਆ ਰੂਪ ਨੀਂਦ ਵਿੱਚ ਨਹੀਂ ਸੌਂਦਾ, ਉਹ ਹਿਰਦੇ ਕਮਲ ਦੇ ਮਧੁ=ਵਿੱਚ ਤਿਸ ਬ੍ਰਹਮ ਰਸ ਨੂੰ ਆਦੰ=ਅਦਨ ਭਾਵ ਛਕਣਾ ਕਰਦਾ ਹੈ॥ ੭ ॥

ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁ ਆਇਆ ॥

ਜੋ ਮਹਾ ਗੰਭੀਰ=ਬੜਾ ਭਾਰੀ ਬ੍ਰਹਮ ਰੂਪ ਬ੍ਰਿੱਛ ਹੈ, ਪਤਾਲ ਆਦਿਕ ਤਲੇ ਦੇ ਸੱਤ ਲੋਕ ਜਿਸ ਦੀਆਂ ਟਾਹਣੀਆਂ ਹਨ, ਉਪਰਲੇ ਲੋਕ ਮੁੱਢ ਹਨ, ਵੇਦਾਂ ਰੂਪ ਪੱਤੇ ਹਨ, ਗੁਰੂ ਜੀ ਕਥਨ ਕਰਦੇ ਹਨ, ਐਸਾ ਜੋ ਮਹਾਨ ਰੂਪ ਬ੍ਰਹਮ ਹੈ ਓਹੀ ਸਾਰਿਆਂ ਵਿੱਚ ਸੂਖਮ ਰੂਪ ਹੋ ਕੇ ਆਇਆ ਹੋਇਆ ਹੈ।

ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮ ॥੧ ॥

ਜਿਸ ਨੇ ਮਮ=ਮੇਰੇ ਗੁਰਾਂ ਦੇ ਉਪਦੇਸ਼ ਕਰਕੇ ਵਿਸ਼ਿਆਂ ਰੂਪੀ ਜ਼ਹਿਰ ਨੂੰ ਤਿਆਗਿਆ ਹੈ ਤੇ ਨਾਮ ਅੰਮ੍ਰਿਤ ਆਪ ਪੀਤਾ ਹੈ ਅਤੇ ਹੋਰਨਾਂ ਨੂੰ ਪਿਲਾਇਆ ਹੈ ਉਹ ''ਪੁਨਹਿ ਨ ਗਰਭੰ''=ਫਿਰ ਮਾਂ ਦੇ ਗਰਭ ਵਿੱਚ ਨਹੀਂ ਪੈਂਦਾ॥ ੮ ॥ ੧ ॥

ਗੂਜਰੀ ਮਹਲਾ ੧ ॥

ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ॥

ਹੇ ਪ੍ਰਭੂ ਦਾਤੇ ! ਤੇਰੇ ਪਾਸੋਂ ਕੇਹੜੇ ਕੇਹੜੇ ਜਾਚਹਿ=ਮੰਗਦੇ ਹਨ? ਸੁਮਾਰ=ਗਿਣਤੀ ਕਰੀਏ ਤਾਂ ਉਹਨਾਂ ਦਾ ਅੰਤ ਨਹੀਂ ਪੈਂਦਾ।

ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ ॥ ੧ ॥

ਹੇ ਸਮਰੱਥ ਪ੍ਰਭੂ ! ਜਿਸ ਤਰ੍ਹਾਂ ਦੀ ਭੁੱਖ ਕਿਸੇ ਦੇ ਅਭ=ਹਿਰਦੇ ਅੰਦਰ ਹੁੰਦੀ ਹੈ, ਹੇ ਸੱਚੇ ! ਤੂੰ ਸਚ-ਮੁਚ ਓਹੀ ਕੁਝ ਦੇਣ ਵਾਲਾ ਹੈਂ॥ ੧ ॥

ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ ॥

ਐ ਜੀ=ਹੇ ਮਹਾਰਾਜ ਜੀ ! ਸੱਚ ਨਾਮ ਦਾ ਆਸਰਾ ਗ੍ਰਹਿਣ ਕਰਨ ਨਾਲ ਜਪ ਤਪ ਸੰਜਮ ਆਦਿਕ ਸਾਰੇ ਸਾਧਨ ਸਫਲ ਹੁੰਦੇ ਹਨ।

ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ ਤੇਰੀ ਭਗਤਿ ਭਰੇ ਭੰਡਾਰ ॥੧ ॥ਰਹਾਉ ॥

ਹੇ ਹਰਿ ਹਰਿ ! ਆਪਣਾ ਨਾਮ ਸਿਮਰਨ ਕਰਨਾ ਦੇਹ, ਜਿਸ ਤੇ ਸੁਖ ਪਾਵਣਾ ਕਰੀਏ, ਮਹਾਤਮਾ, ਅੰਤਹ ਕਰਨ, (ਅਥਵਾ:-ਵੇਦ ਸ਼ਾਸਤ੍ਰ ਹੀ ਤੇਰੀ ਭਗਤੀ ਦੇ ਭੰਡਾਰੇ ਭਰੇ ਹੋਏ ਹਨ॥ ੧ ॥ ਰਹਾਉ ॥)

ਅਗਲੀ ਪੰਗਤੀ ਵਿੱਚ ਲਯ ਚਿੰਤਨ ਦਾ ਵਰਣਨ ਕਰਦੇ ਹਨ।

ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥

ਜੋ ਇੱਕੋ ਇੱਕ ਗੁਰ ਉਪਦੇਸ਼ ਨੂੰ ਵਿਚਾਰਕੇ ਲਿਵ ਲਗਾਕੇ "ਸੁੰਨ ਸਮਾਧਿ=ਨਿਰ-ਵਿਕਲਪ ਸਮਾਧੀ ਵਿੱਚ ਰਹਿੰਦੇ ਹਨ।

ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥ ੨ ॥

ਤਿਸ ਸਮਾਧੀ ਵਿੱਚ ਤਹ=ਉਹਨਾਂ ਨੂੰ ਜਲ, ਥਲ, ਧਰਤੀ, ਗਗਨੁ-ਅਕਾਸ਼ ਆਦਿਕ ਕੁਝ ਪ੍ਰਤੀਤ ਨਹੀਂ ਹੁੰਦਾ, ਉਹਨਾਂ ਨੇ ਆਪਣੇ ਆਪ ਨੂੰ ਕਰਤਾਰ ਰੂਪ ਨਿਸਚੇ ਕੀਤਾ ਹੈ,

ਅਥਵਾ:-ਉਨ੍ਹਾਂ ਨੇ ਇਹ ਜਾਣਿਆਂ ਹੈ ਕਿ ਕਰਤਾਰ ਨੇ ਆਪਣੇ ਆਪ ਹੀ ਸਭ ਕੁਝ ਕੀਤਾ ਹੋਇਆ ਹੈ॥ ੨ ॥

ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥

ਤਦੋਂ ਨਾ ਮਾਇਆ ਰਹੀ, ਨਾ ਹੀ ਮਾਇਆ ਦੀ ਮਗਨੁ=ਮਸ਼ਤੀ ਰਹੀ, ਨਾ ਹੀ ਛਾਇਆ=ਅਵਿੱਦਿਆ ਰਹੀ, ਨਾ ਸੂਰਜ, ਨਾ ਹੀ ਚੰਦਰਮਾ ਰਿਹਾ, ਇੱਕ ਅਪਾਰ ਜੋਤੀ ਦਾ ਹੀ ਪ੍ਰਕਾਸ਼ ਰਿਹਾ।

ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥ ੩ ॥

ਜੋ ਪਰਮਾਤਮਾ ਲੋਚਨ=ਅੱਖਾਂ ਨਾਲ ਸਾਰਿਆਂ ਨੂੰ ਦ੍ਰਿਸਟਿ=ਵੇਖ ਰਿਹਾ ਹੈ, ਅਤੇ ਜੋ ਇੱਕ ਨਦਰੀ ਪ੍ਰਮਾਤਮਾ ਤਿੰਨਾਂ ਲੋਕਾਂ ਦਾ ਸਾਰ=ਸਿਧਾਂਤ ਰੂਪ ਹੈ ਉਸ ਨੂੰ ਅਭ ਅੰਤਰਿ=ਹਿਰਦੇ ਅੰਦਰ ਨਿਸਚੇ ਕੀਤਾ।

(ਦੂਜੇ ਅਰਥ ਵਿੱਚ ਤਿੰਨਾਂ ਭੁਕਾਂ ਦਾ ਮਹਾਂ ਪਰਲੋ ਦੇ ਰੂਪ ਵਿੱਚ ਵਰਨਣ ਚਲੇਗਾ।)

ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥

ਜਦ ਮਹਾਂ ਪਰਲੋ ਦੇ ਸਮੇਂ ਕਰਤਾਰ ਨੇ ਆਪਣਾ ਆਪ ਹੀ ਕੀਤਾ ਹੋਇਆ ਸੀ, ਉਸ ਵੇਲੇ ਜਲ, ਥਲ, ਧਰਤੀ, ਅਕਾਸ਼ ਆਦਿਕ ਕੋਈ ਨਹੀਂ ਸੀ।

ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥

ਤਿਸ ਵੇਲੇ ਨਾ ਮਾਇਆ, ਨਾ ਮਾਇਆ ਦੀ ਮਸਤੀ, ਨਾ ਛਾਇਆ=ਅਵਿੱਦਿਆ ਸੀ, ਨਾ ਸੂਰਜ ਤੇ ਨਾ ਹੀ ਚੰਦਰਮਾ ਸੀ, ਉਸ ਵੇਲੇ ਇੱਕ ਅਪਾਰ ਜੋਤੀ ਆਪ ਹੀ ਸੀ।

ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥ ੩ ॥

ਜੋ ਸਾਰਾ ਪ੍ਰਪੰਚ ਅੱਖਾਂ ਨਾਲ ਦ੍ਰਿਸ਼ਟੀ ਆ ਰਿਹਾ ਸੀ, ਉਹ ਪ੍ਰਪੰਚ ਮਹਾਂ ਪਰਲੋ ਵੇਲੇ ਇੱਕ ਜੋ ਨਦਰੀ ਪਰਮਾਤਮਾ ਤਿੰਨਾਂ ਭਵਨਾਂ ਦਾ ਸਾਰ ਰੂਪ ਹੈ ਉਸ ਦੇ ਅਭ ਅੰਤਰਿ=ਹਿਰਦੇ ਅੰਦਰ ਲਯ ਸੀ॥ ੩ ॥

(ਪੰਨਾ ੫੦੪)

ਹੁਣ ਉਤਪਤੀ ਦਾ ਵਰਨਨ ਕਰਦੇ ਹਨ, ਜਿਸ ਵੇਲੇ ਜੀਵਾਂ ਦੇ ਕਰਮ ਫਲ ਦੇਣ ਨੂੰ ਪ੍ਰਗਟ ਹੋਏ ਤਾਂ-

ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ॥

ਉਸ ਪਰਮਾਤਮਾ ਨੇ ਪੌਣ, ਪਾਣੀ ਅੱਗ ਆਦਿਕ ਤੱਤਾਂ ਨੂੰ ਇੱਕਠਾ ਕੀਤਾ, ਅਤੇ ਉਤਪਤੀ ਪਾਲਣਾ, ਲੈਤਾ ਕਰਨ ਲਈ ਬ੍ਰਹਮਾ ਵਿਸ਼ਨੂੰ ਤੇ ਸ਼ਿਵਾਂ ਦੇ ਅਕਾਰ ਕੀਤੇ।

ਅਥਵਾ:-ਇਨ੍ਹਾਂ ਤਿੰਨਾਂ ਦੇਵਤਿਆਂ ਦੁਆਰੇ ਸਾਰੇ ਪ੍ਰਪੰਚ ਦਾ ਅਕਾਰ ਕੀਤਾ।

ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ॥ ੪॥

ਸਾਰੇ ਜੀਵ ਜਾਚਿਕ=ਮੰਗਤੇ ਹਨ, ਹੇ ਪ੍ਰਭੂ ! ਇੱਕ ਤੂੰ ਹੀ ਸਾਰਿਆਂ ਦਾ ਦਾਤਾ ਹੈਂ? ਆਪਣੇ ਵਿਚਾਰ ਦੁਆਰਾ ਦਾਤ ਦੇਣਾ ਕਰਦਾ ਹੈਂ॥ ੪॥

ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ॥

ਹੇ ਪ੍ਰਭੂ ਨਾਇਕ=ਸੁਆਮੀ ! ਤੇਤੀ ਕ੍ਰੋੜ ਦੇਵਤੇ ਭੀ ਤੇਰੇ ਪਾਸੋਂ ਮੰਗਦੇ ਹਨ, ਦੇਂਦੇ ਹੋਇਆਂ ਤੇਰੇ ਭੰਡਾਰੇ ਵਿੱਚੋਂ ਤੋਟਿ=ਘਾਟਾ ਨਹੀਂ ਆਉਂਦਾ।

ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ॥ ੫॥

ਜਿਵੇਂ ਊਂਧੈ=ਮੂੰਧੇ (ਉਲਟੇ) ਭਾਂਡੇ ਵਿਚ ਕੁਝ ਨਹੀਂ ਸਮਾਂਵਦਾ, ਤੇ ਸਿੱਧੇ ਭਾਂਡੇ ਵਿਚ ਅੰਮ੍ਰਿਤ ਰੂਪ ਚੰਗੀਆਂ ਚੰਗੀਆਂ ਚੀਜ਼ਾਂ ਪਈਆਂ ਨਿਹਾਰ=ਵੇਖੀਦੀਆਂ ਹਨ। ਤਿਵੇਂ ਅਗਿਆਨ ਕਰਕੇ ਜਿਸ ਦਾ ਅੰਤਹਕਰਨ ਰੂਪੀ ਭਾਂਡਾ ਮੂੰਧਾ ਹੈ ਭਾਵ ਸੰਸਾਰਕ ਧੰਧਿਆਂ ਵਿਚ ਫਸਿਆ ਹੋਇਆ ਹੈ ਉਸ ਵਿਚ ਕੋਈ ਸ਼ੁਭ ਗੁਣ ਨਹੀਂ ਸਮਾਂਵਦਾਂ, ਜਿਸ ਦਾ ਅੰਤਹਕਰਨ ਰੂਪੀ ਭਾਂਡਾ ਸਿੱਧਾ ਹੈ ਭਾਵ ਪਰਮੇਸ਼ਰ ਵੱਲ ਲੱਗਾ ਹੋਇਆ ਹੈ ਉਸ ਵਿਚ ਬ੍ਰਹਮਾਨੰਦ ਰੂਪੀ ਅੰਮ੍ਰਿਤ ਪਿਆ ਹੋਇਆ ਨਿਹਾਰ=ਦੇਖੀਦਾ ਹੈ॥ ੫॥

ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ॥

ਸਿੱਧ ਲੋਕ ਸਮਾਧੀ ਅੰਦਰ ਇਸਥਿਤ ਹੋ ਕੇ ਜਾਚਹਿ=ਮੰਗਦੇ ਹਨ, ਰਿੱਧੀਆਂ ਸਿੱਧੀਆਂ ਨੂੰ ਜਾਚਿ=ਮੰਗਕੇ ਪਰਮੇਸ਼ਰ ਦੇ ਜੈ ਜੈ ਕਾਰ ਕਰਦੇ ਹਨ।

ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ॥ ੬॥

ਜਿਸ ਤਰ੍ਹਾਂ ਦੀ ਮਨ ਅੰਦਰ ਪਿਆਸ=ਇੱਛਾ ਹੁੰਦੀ ਹੈ, ਉਹ ਪਰਮੇਸ਼ਰ ਓਸੇ ਪ੍ਰਕਾਰ ਦਾ ਜਲ ਭਾਵ ਪਦਾਰਥ ਦੇਂਦਾ ਹੈ॥ ੬॥

ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ॥

ਵੱਡਿਆਂ ਭਾਗਾਂ ਵਾਲੇ ਗੁਰਮੁਖ ਪੁਰਸ਼ ਆਪਣੇ ਗੁਰਦੇਵਾਂ ਨੂੰ ਸੇਂਵਦੇ ਹਨ, ਗੁਰਦੇਵ ਤੇ ਮੁਰਾਰੀ ਵਿਚ ਕੋਈ ਭੇਦ ਨਹੀਂ ਮੰਨਦੇ।

ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ॥ ੭॥

ਜੋ ਗੁਰਮੁਖ ਗੁਰ-ਸ਼ਬਦ ਨੂੰ ਵਿਚਾਰ ਕੇ ਹਿਰਦੇ ਅੰਦਰ ਪਰਮਾਤਮਾ ਨੂੰ ਬੁੱਝਦੇ ਹਨ, ਉਹਨਾਂ ਨੂੰ ਜਮ ਕਾਲ ਜੋਹੈ ਨਾਹੀ=ਦੇਖ ਨਹੀਂ ਸਕਦਾ॥ ੭॥

ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ॥

ਹੇ ਹਰੀ ! ਆਪ ਜੀ ਦੇ ਪਾਸੋਂ ਅਬ ਤਬ=ਸਦਾ ਸਦਾ ਮੈਂ ਹੋਰ ਕੁਝ ਨਹੀਂ ਮੰਗਦਾ, ਅਥਵਾ-ਅਬ=ਇਸ ਸਮੇਂ ਮੈਂ ਆਪ ਜੀ ਦੇ ਪਾਸੋਂ ਹੋਰ ਕੁਝ ਨਹੀਂ ਮੰਗਦਾ ਅਤੇ ਤਬ=ਭਵਿੱਖਤ ਭਾਵ ਅੰਤ ਸਮੇਂ ਭੀ ਆਪ ਜੀ ਪਾਸੋਂ ਹੋਰ ਕੁਝ ਨਹੀਂ ਮੰਗਾਂਗਾ, ਹੇ ਨਿਰੰਜਨ ! ਇੱਕ ਆਪਣੇ ਨਾਮ ਵਿਚ ਪਿਆਰ ਕਰਨਾ ਦਿਓ।

ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ॥੮॥੨॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਚਾਤ੍ਰਿਕੁ=ਪਪੀਹਾ ਆਪ ਜੀ ਦਾ ਜਸ ਰੂਪੀ ਅੰਮ੍ਰਿਤ ਜਲ ਮੰਗਦਾ ਹਾਂ, ਆਪ ਕਿਰਪਾ ਦ੍ਰਿਸ਼ਟੀ ਧਾਰ ਕੇ ਜਸ ਰੂਪੀ ਜਲ ਦੇਣਾ ਕਰੋ॥ ੮॥ ੨॥

ਗੂਜਰੀ ਮਹਲਾ ੧॥

ਇਸ ਸ਼ਬਦ ਵਿਚ ਗੁਰਮੁਖ ਤੇ ਮਨਮੁਖ ਦੀ ਦਸ਼ਾ ਦਾ ਵਰਨਨ ਕਰਦੇ ਹਨ-

ਐ ਜੀ ਜਨਮਿ ਮਰੈ ਆਵੈ ਫੁਨਿ ਜਾਵੈ ਬਿਨੁ ਗੁਰ ਗਤਿ ਨਹੀ ਕਾਈ॥

ਐ ਜੀ=ਹੇ ਭਾਈ ! ਇਹ ਜੀਵ ਗੁਰਾਂ ਤੋਂ ਬਿਨਾਂ ਜੰਮਦਾ ਮਰਦਾ ਹੈ, ਮੁੜ ਮੁੜ ਕੇ ਆਉਂਦਾ ਜਾਂਦਾ ਹੈ, ਗੁਰਾਂ ਤੋਂ ਬਿਨਾਂ ਕਾਈ=ਅਵਿੱਦਿਆ ਵਿਚ ਲੱਗਣ ਕਰਕੇ ਕਾਈ=ਕਿਸੇ ਦੀ ਮੁਕਤੀ ਨਹੀਂ ਹੁੰਦੀ।

ਗੁਰਮੁਖਿ ਪ੍ਰਾਣੀ ਨਾਮੇ ਰਾਤੇ ਨਾਮੇ ਗਤਿ ਪਤਿ ਪਾਈ॥ ੧॥

ਜੋ ਗੁਰਮੁਖ ਪੁਰਸ਼ ਨਾਮ ਵਿਚ ਰੱਤੇ ਹੋਏ ਹਨ, ਉਹਨਾਂ ਨੇ ਨਾਮ ਦੇ ਅਭਿਆਸ ਕਰਕੇ ਹੀ ਗਤਿ=ਮੁਕਤੀ ਤੇ ਪਤਿ=ਇੱਜ਼ਤ ਪਾਈ ਹੈ॥ ੧॥

ਭਾਈ ਰੇ ਰਾਮ ਨਾਮਿ ਚਿਤੁ ਲਾਈ॥

ਹੇ ਭਾਈ ! ਰਾਮ ਨਾਮ ਦੇ ਸਿਮਰਨ ਵਿਚ ਚਿੱਤ ਬਿਰਤੀ ਨੂੰ ਲਗਾਈ ਰੱਖ।

ਗੁਰ ਪਰਸਾਦੀ ਹਰਿ ਪ੍ਰਭ ਜਾਚੇ ਐਸੀ ਨਾਮ ਬਡਾਈ॥ ੧॥ ਰਹਾਉ॥

ਪਰਸਾਦੀ=ਕਿਰਪਾ ਕਰਨ ਵਾਲੇ ਗੁਰਾਂ ਪਾਸੋਂ ਹਰੀ ਪ੍ਰਭੂ ਦੀ ਪ੍ਰਾਪਤੀ ਨੂੰ ਜਾਚੇ=ਮੰਗੇ, ਤਾਂ ਅਜੇਹੀ ਨਾਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ ਜੋ ਵਰਣਨ ਨਹੀਂ ਕੀਤੀ ਜਾ ਸਕਦੀ॥ ੧॥ ਰਹਾਉ॥

ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ ਭਰਨ ਕੈ ਤਾਈ॥

ਐ ਜੀ=ਹੇ ਭਾਈ ! ਕੇਤੇ=ਕਿਤਨੇ ਹੀ ਜੀਵ ਪੇਟ ਭਰਨ ਦੇ ਵਾਸਤੇ ਬਹੁਤੇ ਭੇਖ ਧਾਰਨ ਕਰਕੇ ਭਿੱਖਿਆ ਨੂੰ ਮੰਗਦੇ ਹਨ।

ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ ਬਿਨੁ ਗੁਰ ਗਰਬੁ ਨ ਜਾਈ॥ ੨॥

ਹਰੀ ਦੀ ਭਗਤੀ ਕੀਤੇ ਤੋਂ ਬਿਨਾਂ ਇਸ ਪ੍ਰਾਣੀ ਨੂੰ ਸੁਖ ਨਹੀਂ ਹੁੰਦਾ, ਕਿਉਂਕਿ ਗੁਰਾਂ ਤੋਂ ਬਿਨਾਂ ਹੰਕਾਰ ਨਹੀਂ ਜਾਂਦਾ, ਹੰਕਾਰ ਕਰਕੇ ਹੀ ਦੁੱਖ ਹੁੰਦਾ ਹੈ॥ ੨॥

ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ ਜਨਮਿ ਜਨਮਿ ਵੈਰਾਈ॥

ਐ ਜੀ=ਹੇ ਭਾਈ ! ਜੋ ਕਈ ਜਨਮਾਂ ਜਨਮਾਂਤਰਾਂ ਦਾ ਵੈਰੀ ਹੈ, ਉਹ ਕਾਲ ਸਦਾ ਹੀ ਜੀਵ ਦੇ ਸਿਰ ਉੱਤੇ ਠਾਢੇ=ਖੜਾ ਹੈ।

ਸਾਚੈ ਸਬਦਿ ਰਤੇ ਸੇ ਬਾਚੇ ਸਤਿਗੁਰ ਬੂਝ ਬੁਝਾਈ॥ ੩॥

ਜੋ ਸੱਚੇ ਗੁਰ-ਉਪਦੇਸ਼ ਵਿੱਚ ਰੱਤੇ ਹਨ, ਓਹੀ ਕਾਲ ਤੋਂ ਬਚੇ ਹਨ, ਇਹ ਬੂਝ ਸਤਿਗੁਰਾਂ ਨੇ ਸਮਝਾਈ ਹੈ॥ ੩॥

ਗੁਰ ਸਰਣਾਈ ਜੋਹਿ ਨ ਸਾਕੈ ਦੂਤੁ ਨ ਸਕੈ ਸੰਤਾਈ॥

ਜੋ ਗੁਰਾਂ ਦੀ ਸ਼ਰਨ ਵਿਚ ਆਏ ਹਨ, ਉਹਨਾਂ ਨੂੰ ਜਮਦੂਤ ਜੋਹਿ ਨ ਸਾਕੈ=ਦੇਖ ਭੀ ਨਹੀਂ ਸਕਦੇ, ਅਤੇ ਕਾਮ ਆਦਿਕ ਦੂਤ ਭੀ ਨਹੀਂ ਸਤਾ ਸਕਦੇ। ਕਿਉਂਕਿ-

ਅਵਿਗਤ ਨਾਥ ਨਿਰੰਜਨਿ ਰਾਤੇ ਨਿਰਭਉ ਸਿਉ ਲਿਵ ਲਾਈ॥ ੪॥

ਉਹ ਅਵਿਗਤ ਨਾਥ ਨਿਰੰਜਨ ਨਾਲ ਰੱਤੇ ਹੋਏ ਹਨ, ਅਤੇ ਉਹਨਾਂ ਨੇ ਨਿਰਭਉ ਪ੍ਰਭੂ ਨਾਲ ਆਪਣੀ ਬਿਰਤੀ ਲਗਾਈ ਹੋਈ ਹੈ॥ ੪॥

ਐ ਜੀਉ ਨਾਮੁ ਦਿੜਹੁ ਨਾਮੇ ਲਿਵ ਲਾਵਹੁ ਸਤਿਗੁਰ ਟੇਕ ਟਿਕਾਈ॥

ਐ ਜੀਉ=ਹੇ ਭਾਈ ! ਸਤਿਗੁਰਾਂ ਦੀ ਟੇਕ ਵਿਚ ਆਪਣੇ ਆਪ ਨੂੰ ਟਿਕਾ ਕੇ ਨਾਮ ਵਿਚ ਦ੍ਰਿੜ੍ਹ ਨਿਸਚਾ ਰੱਖੋ, ਅਤੇ ਨਾਮ ਸਿਮਰਨ ਵਿਚ ਆਪਣੀ ਲਿਵ ਲਗਾਈ ਰੱਖੋ।

ਜੋ ਤਿਸੁ ਭਾਵੈ ਸੋਈ ਕਰਸੀ ਕਿਰਤੁ ਨ ਮੇਟਿਆ ਜਾਈ॥ ੫॥

ਜੋ ਉਸ ਪ੍ਰਭੂ ਨੂੰ ਭਾਉਂਦਾ ਹੈ ਓਹੀ ਗੱਲ ਕਰਦਾ ਹੈ ਉਸ ਦਾ ਕਿਰਤੁ=ਕੀਤਾ ਹੋਇਆ ਕਿਸੇ ਪਾਸੋਂ ਮੋੜਿਆ ਨਹੀਂ ਜਾਂਦਾ। ਇਹ ਜਾਣ ਕੇ ਉਸ ਦੇ ਭਾਣੇ ਉੱਤੇ ਸ਼ਾਕਰ ਰਹੋ॥ ੫॥

ਐ ਜੀ ਭਾਗਿ ਪਰੇ ਗੁਰ ਸਰਣਿ ਤੁਮ੍ਹਾਰੀ ਮੈ ਅਵਰ ਨ ਦੂਜੀ ਭਾਈ॥

ਹੇ ਪਿਆਰੇ ਗੁਰਦੇਵ ਜੀ ! ਸੰਸਾਰ ਵੱਲੋਂ ਭੱਜ ਕੇ ਭਾਵ ਉਪਰਾਮ ਹੋ ਕੇ ਆਪ ਜੀ ਦੀ ਸ਼ਰਨ ਵਿੱਚ ਪਏ ਹਾਂ, ਕਿਉਂਕਿ ਮੈਨੂੰ ਹੋਰ ਕੋਈ ਦੂਜੀ ਥਾਂ ਨਹੀਂ ਭਾਂਵਦੀ।

ਅਬ ਤਬ ਏਕੋ ਏਕੁ ਪੁਕਾਰਉ ਆਦਿ ਜੁਗਾਦਿ ਸਖਾਈ॥ ੬॥

ਅਬ ਤਬ=ਸਦਾ ਸਦਾ ਇੱਕ ਹੀ ਇੱਕ ਨੂੰ ਪੁਕਾਰਦੇ ਹਾਂ, ਉਹ ਇੱਕ ਪਰਮੇਸ਼ਰ ਹੀ ਆਦਿ ਜੁਗਾਦਿ=ਸਦਾ ਸਦਾ ਸਖਾਈ=ਸਹਾਇਤਾ ਕਰਨ ਵਾਲਾ ਹੈ।

ਅਥਵਾ:-ਅਬ=ਹੁਣ ਵੀ ਇੱਕ ਦੇ ਨਾਮ ਨੂੰ ਜਪਦੇ ਹਾਂ, ਜਦੋਂ ਕੋਈ ਲੋੜ ਹੁੰਦੀ ਹੈ, ਤਬ=ਤਦੋਂ ਭੀ

ਇੱਕ ਦੇ ਅੱਗੇ ਪੁਕਾਰ ਕਰਦੇ ਹਾਂ, ਕਿਉਂਕਿ ਆਦਿ ਜੁਗਾਦਿ=ਸਦਾ ਸਦਾ ਰੱਖਿਆ ਕਰਨ ਵਾਲਾ ਇੱਕ ਪ੍ਰਭੂ ਹੀ ਸਖਾਈ=ਮਿੱਤ੍ਰ ਹੈ॥ ੬॥

ਐ ਜੀ ਰਾਖਹੁ ਪੈਜ ਨਾਮ ਅਪੁਨੇ ਕੀ ਤੁਝ ਹੀ ਸਿਉ ਬਨਿ ਆਈ॥

ਐ ਜੀ=ਹੇ ਮਹਾਰਾਜ ਜੀ! ਆਪਣੇ ਨਾਮ ਦੀ ਪੈਜ=ਲੱਜਾ ਰੱਖਣਾ ਕਰੋ, ਮੇਰੀ ਪ੍ਰੀਤੀ ਆਪ ਜੀ ਦੇ ਨਾਲ ਬਣ ਆਈ ਹੈ।

ਕਰਿ ਕਿਰਪਾ ਗੁਰ ਦਰਸੁ ਦਿਖਾਵਹੁ ਹਉਮੈ ਸਬਦਿ ਜਲਾਈ॥ ੭॥

ਗੁਰਾਂ ਨੇ ਸ਼ਬਦ ਦੇ ਕੇ ਹਉਮੈ=ਹੰਗਤਾ ਮਮਤਾ ਜਲਾਈ=ਸਾੜ ਦਿੱਤੀ ਹੈ, ਹੁਣ ਤਾਂ ਆਪ ਕਿਰਪਾ ਕਰਕੇ ਆਪਣਾ ਦਰਸ਼ਨ ਦਿਖਾਉਣਾ ਕਰੋ॥ ੭॥

ਐ ਜੀ ਕਿਆ ਮਾਗਉ ਕਿਛੁ ਰਹੈ ਨ ਦੀਸੈ ਇਸੁ ਜਗ ਮਹਿ ਆਇਆ ਜਾਈ॥

ਐ ਜੀ=ਹੇ ਮਹਾਰਾਜ ਜੀ ! ਹੋਰ ਮੈਂ ਕੀ ਮੰਗਾਂ ਕੁਝ ਰਹਿੰਦਾ ਨਹੀਂ ਦਿੱਸਦਾ, ਇਸ ਜਗਤ ਵਿਚ ਜੋ ਆਇਆ ਹੈ, ਉਹ ਤੁਰਿਆ ਜਾਂਦਾ ਹੈ।

ਨਾਨਕ ਨਾਮੁ ਪਦਾਰਥੁ ਦੀਜੈ ਹਿਰਦੈ ਕੰਠਿ ਬਣਾਈ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ, ਮੈਨੂੰ ਨਾਮ ਪਦਾਰਥ ਦੇਣਾ ਕਰੋ, ਜੋ ਮੈਂ ਕੰਠ ਕਰਕੇ ਹਿਰਦੇ ਵਿਚ ਬਣਾਈ ਰੱਖਾਂ। ਅਥਵਾ:-ਆਪਣੇ ਹਿਰਦੇ=ਗਲ ਵਿਚ ਕੰਠੀ ਬਣਾਈ ਰੱਖਾਂ॥ ੮॥ ੩॥

ਗੂਜਰੀ ਮਹਲਾ ੧॥

ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ॥

ਐ ਜੀ=ਹੇ ਮਹਾਰਾਜ ਜੀ ! ਨਾ ਅਸੀਂ ਉੱਤਮ ਹਾਂ, ਨਾ ਨੀਚ ਹਾਂ, ਨਾ ਮਧਿਮ ਹਾਂ,

ਅਥਵਾ:-ਨਾ ਅਸੀਂ ਉੱਤਮ ਹਾਂ, ਨਾ ਨੀਚ ਹਾਂ, ਕੀ ਹਾਂ? ਕਿ ਮਧਿਮ-ਜਗਿਆਸੂ ਹਾਂ।

ਅਥਵਾ:-ਨਾ ਅਸੀਂ ਉੱਤਮ ਹਾਂ, ਨਾ ਹੀ ਮਧਿਮ ਹਾਂ, ਕੀ ਹਾਂ? ਕਿ ਨੀਚ-ਕਨਿਸ਼ਟ ਹਾਂ। ਹਰਿ ਹਰਿ ਦੇ ਜੋ ਸੰਤ ਲੋਕ ਹਨ, ਉਹਨਾਂ ਦੀ ਸ਼ਰਨ ਵਿੱਚ ਪ੍ਰਾਪਤ ਹਾਂ।

ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥੧॥

ਜੋ ਸੰਤ ਸੰਸਾਰ ਵੱਲੋਂ ਬੈਰਾਗੀ ਹੋ ਕੇ, ਅਥਵਾ:-ਪ੍ਰਭੂ ਦੇ ਬੈਰਾਗੀ=ਪ੍ਰੇਮੀ ਹੋ ਕੇ ਕੇਵਲ ਨਾਮ ਵਿਚ ਰੱਤੇ ਰਹਿੰਦੇ ਹਨ, ਅਤੇ ਹਰਖ ਸੋਗ ਦਾ ਜਿਨ੍ਹਾਂ ਨੂੰ ਬਿਜੋਗ=ਵਿਛੋੜਾ ਹੈ, ਤੇ ਹੰਕਾਰ ਰੂਪੀ ਰੋਗ ਨੂੰ ਜਿਨ੍ਹਾਂ ਨੇ ਬਿਸਰਜਿਤ=ਦੂਰ ਕੀਤਾ ਹੋਇਆ ਹੈ॥ ੧॥

(ਪੰਨਾ ੫੦੫)

ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥

ਹੇ ਭਾਈ ! ਗੁਰਾਂ ਦੀ ਕਿਰਪਾ ਕਰਕੇ ਹੀ ਠਾਕੁਰ ਦੀ ਭਗਤੀ ਹੁੰਦੀ ਹੈ।

ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧ ॥ਰਹਾਉ॥

ਸਤਿਗੁਰਾਂ ਦੇ ਨਿਰਮਲ ਵਾਕਿ=ਉਪਦੇਸ਼ ਕਰਕੇ ਹਿਰਦੇ ਵਿਚ ਨਿਰਮਲ ਹਰੀ ਨਾਮ ਵਸ ਜਾਵੇ, ਤਾਂ ਜਮਾਂ ਦੀ ਕਾਣ ਨਹੀਂ ਰਹਿੰਦੀ ਅਤੇ ਨਾ ਹੀ ਜਮਾਂ ਦੀ ਬਾਕੀ ਰਹਿੰਦੀ ਹੈ॥ ੧॥ ਰਹਾਉ॥

ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ॥

ਰਸਨ ਸੰਗੇ=ਜੀਭ ਨਾਲ ਹਰੀ ਪ੍ਰਭੂ ਦੇ ਗੁਣਾਂ ਨੂੰ ਰਵਹਿ=ਉਚਾਰਨਾਂ ਕਰੇ, ਜੋ ਉਸ ਹਰੀ ਨੂੰ ਭਾਉਂਦਾ ਹੈ ਉਹ ਸੁਤੇ ਹੀ ਪ੍ਰਮਾਣੀਕ ਹੁੰਦਾ ਹੈ।

ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ॥੨ ॥

ਹਰੀ ਨਾਮ ਤੋਂ ਬਿਨਾਂ ਜਗਤ ਵਿਚ ਜੀਉਣਾ ਨਿਸਫਲ ਹੈ, ਹਰੀ ਸਿਮਰਨ ਤੋਂ ਬਿਨਾਂ ''ਮੇਕ ਘਰੀ''=ਇੱਕ ਘੜੀ ਭੀ ਨਿਸਫਲ ਹੈ॥ ੨॥

ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ॥

ਐ ਜੀ=ਹੇ ਭਾਈ ਜੀ ! ਸਰੂਪ ਘਰ ਤੋਂ ਬਾਹਰ ਹੋਣ ਕਰਕੇ ਖੋਟੇ ਪੁਰਸ਼ ਨੂੰ ਠਹਿਰਨਾ ਨਹੀਂ ਮਿਲਦਾ, ਅਥਵਾ:-ਖੋਟੇ ਪੁਰਸ਼ ਨੂੰ ਸਰੂਪ ਘਰ ਵਿਚ ਠਹਿਰਨਾ ਨਹੀਂ ਮਿਲਦਾ, ਬਾਹਰਿ=ਚੌਰਾਸੀ ਲੱਖ ਜੂਨੀਆਂ ਵਿਚ ਭਟਕਦਾ ਹੈ, ਕਾਈ=ਅਵਿੱਦਿਆ ਦੇ ਹੋਣ ਕਰਕੇ ਨਿੰਦਕ ਦੀ ਕਾਈ=ਕਿਸੀ ਤਰ੍ਹਾਂ ਭੀ ਮੁਕਤੀ ਨਹੀਂ ਹੁੰਦੀ।

ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ॥ ੩ ॥

ਪ੍ਰਭੂ ਰੋਸੁ=ਗੁੱਸਾ ਕਰਕੇ ਖੋਟਿਆਂ ਪੁਰਸ਼ਾਂ ਦੀ ''ਬਖਸ ਨ ਮੇਟੈ''=ਦਾਤ ਬੰਦ ਨਹੀਂ ਕਰਦਾ , ਸਗੋਂ ਨਿਤਾਪ੍ਰਤੀ ਸਵਾਈ ਚੜ੍ਹਕੇ ਦੇਂਦਾ ਹੈ। ਅਥਵਾ:-ਨਿੰਦਕ ਪੁਰਸ਼ ਤਾਂ ਨਾਮ ਜਪਣ ਵਾਲਿਆਂ ਨਾਲ ਗੁੱਸਾ ਕਰਦਾ ਹੈ, ਪਰ ਵਾਹਿਗੁਰੂ ਆਪਣੀ ਬਖਸ਼ਸ਼ ਨਹੀਂ ਮੇਟਦਾ ਇਸ ਕਰਕੇ ਸੰਤਾਂ ਭਗਤਾਂ ਦੀ ਇੱਜ਼ਤ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹਦੀ ਹੈ॥ ੩॥

ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ॥

ਐ ਜੀ=ਹੇ ਭਾਈ ਜੀ ! ਗੁਰਾਂ ਦੀ ਦਾਤ ਨੂੰ ਕੋਈ ਨਿੰਦਕ ਪੁਰਸ਼ ਮੇਟ ਨਹੀਂ ਸਕਦਾ, ਕਿਉਂਕਿ ਮੇਰੇ ਸੁਆਮੀ ਨੇ ਗੁਰਾਂ ਨੂੰ ਦਾਤ ਆਪ ਦਿਵਾਈ ਹੈ।

ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ॥ ੪ ॥

ਜਿਨ੍ਹਾਂ ਨੂੰ ਗੁਰਾਂ ਦੀ ਦਾਤ ''ਨ ਭਾਈ''=ਚੰਗੀ ਨਹੀਂ ਲੱਗੀ ਭਾਵ ਪਸੰਦ ਨਹੀਂ ਆਈ, ਉਹਨਾਂ ਨਿੰਦਕ ਪੁਰਸ਼ਾਂ ਦੇ ਨਿੰਦਿਆ ਕਰਕੇ ਮੂੰਹ ਕਾਲੇ ਹਨ॥ ੪॥

ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ॥

ਐ ਜੀ=ਹੇ ਭਾਈ ਜੀ ! ਜੋ ਪੁਰਸ਼ ਪ੍ਰਭੂ ਦੀ ਸ਼ਰਨ ਵਿਚ ਪਏ ਹਨ, ਉਹਨਾਂ ਨੂੰ ਬਖਸ਼ਕੇ ਆਪਣੇ

ਨਾਲ ਮਿਲਾ ਲੈਂਦਾ ਹੈ, ਅਧੂਆ=ਅੱਧੀ ਰਾਈ ਜਿੰਨੀ ਭੀ ''ਬਿਲਮ ਨ''=ਦੇਰੀ ਨਹੀ ਕਰਦਾ॥

ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ ॥ ੫ ॥

ਜੋ ਆਨੰਦ ਦਾ ਮੂਲੁ=ਮੁੱਢ ਹੈ, ਨਾਥਾਂ ਦਾ ਸਿਰਿ=ਸ਼੍ਰੋਮਣੀ ਨਾਥ ਹੈ, ਸਤਿਗੁਰੂ ਹੀ ਉਹ ਮੇਲ ਨਾਲ ਮਿਲਾਂਵਦੇ ਹਨ॥ ੫॥

ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ॥

ਐ ਜੀ=ਹੇ ਭਾਈ ਜੀ ! ਜੋ ਪ੍ਰਭੂ ਸਦਾ ਦਿਆਲੂ ਸੁਭਾਅ ਵਾਲਾ ਹੈ, ਉਹ ਗੁਰਾਂ ਦੀ ਦਇਆ ਕਰਕੇ ਰਵਿਆ=ਜਪਿਆ ਜਾਂਦਾ ਹੈ, ਕਿਉਂਕਿ ਗੁਰਾਂ ਦੀ ਸਿੱਖਿਆ ਹੀ ਭ੍ਰਮਨਿ=ਭ੍ਰਾਂਤੀ ਨੂੰ ਦੂਰ ਕਰਦੀ ਹੈ।

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥ ੬ ॥

ਜਿਵੇਂ ਪਾਰਸ ਨਾਲ ਭੇਟਿ=ਮਿਲਕੇ ਹਰ ਇੱਕ ਧਾਤੂ ਕੰਚਨੁ=ਸੋਨਾ ਹੋ ਜਾਂਦੀ ਹੈ, ਏਹੋ ਵਡਿਆਈ ਸਤ ਸੰਗਤ ਦੀ ਹੈ। ਅਰਥਾਤ-ਸਤਸੰਗਤ ਰੂਪ ਪਾਰਸ ਨਾਲ ਮਿਲਕੇ ਧਾਤੂ ਰੂਪ ਜੀਵ ਸੋਨੇ ਵਾਗੂੰ ਸ਼ੁੱਧ ਭਾਵ ਬ੍ਰਹਮ ਰੂਪ ਹੋ ਜਾਂਦਾ ਹੈ। ਅਥਵਾ:-ਗੁਰੂ ਰੂਪ ਪਾਰਸ ਨਾਲ ਮਿਲਕੇ ਕੰਚਨ ਧਾਤੂ ਵਾਗੂੰ ਬੁੱਧੀ ਨਿਰਮਲ ਹੋ ਜਾਂਦੀ ਹੈ, ਗੁਰਾਂ ਦੀ ਜੋ ਸਤਸੰਗਤ ਹੈ ਉਸ ਦੀ ਇਹ ਵਡਿਆਈ ਹੈ॥ ੬॥

ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ॥

ਹਰੀ ਨਾਮ ਰੂਪ ਨਿਰਮਲ ਜਲ ਵਿਚ ਜਿਸ ਦਾ ਮਨ ਇਸ਼ਨਾਨ ਕਰਨ ਵਾਲਾ ਹੋਇਆ ਹੈ, ਉਸ ਦਾ ਮਜਨੁ=ਇਸ਼ਨਾਨ ਕੀਤਾ ਹੋਇਆ ਸਤਿਗੁਰਾਂ ਨੂੰ ਭਾਈ =ਭਾਇਆ ਹੈ।

ਅਥਵਾ:-ਜਿਨ੍ਹਾਂ ਦੀ ਸੇਵਾ ਕੀਤੀ ਹੋਈ ਸਤਿਗੁਰਾਂ ਨੂੰ ਭਾਈ ਹੈ, ਉਹਨਾਂ ਦਾ ਮਨ ਹਰੀ ਨਾਮ ਰੂਪੀ ਨਿਰਮਲ ਜਲ ਵਿਚ ਮਜਨੁ=ਇਸ਼ਨਾਨ ਕਰਕੇ ਇਸਨਾਨੀ=ਪਵਿੱਤਰ ਹੋਇਆ ਹੈ।

ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ॥ ੭ ॥

ਸੰਤ ਜਨਾਂ ਦੀ ਸੰਗਤ ਕਰਨ ਵਾਲੇ ਨੂੰ ਪੁਨ-ਰਪਿ=ਫਿਰ ਨਿਸਚੇ ਕਰਕੇ ਜਨਮ ਨਹੀਂ ਹੁੰਦਾ, ਕਿਉਂਕਿ ਜੋਤੀ=ਪਰਮਾਤਮਾ ਉਸ ਦੀ ਜੋਤ ਨੂੰ ਆਪਣੇ ਵਿਚ ਮਿਲਾਈ=ਮਿਲਾ ਲੈਂਦਾ ਅਰਥਾਤ ਅਭੇਦ ਕਰ ਲੈਂਦਾ ਹੈ॥ ੭॥

ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥

ਹੇ ਅਗੰਮ ਪੁਰਖ ਪਰਮਾਤਮਾ ! ਤੂੰ ਇੱਕ ਵਡਾ ਤਰੋਵਰੁ=ਬ੍ਰਿੱਛ ਹੈਂ, ਅਸੀਂ ਤੇਰੇ ਆਸਰੇ ਵਿਚ ਰਹਿਣ ਵਾਲੇ ਪੰਛੀ ਹਾਂ।

ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ॥ ੮ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਹੇ ਨਿਰੰਜਨ ! ਮੈਨੂੰ ਆਪਣਾ ਨਾਮ ਦਾਨ ਦੇਣਾ ਕਰੋ, ਜੋ ਜੁਗਾਂ ਜੁਗਾਂ ਵਿਚ ਗੁਰ ਸ਼ਬਦ ਦੁਆਰਾ ਸਲਾਹੁੰਦਾ ਹੀ ਰਹਾਂ॥ ੮॥ ੪॥

ਗੂਜਰੀ ਮਹਲਾ ੧ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ॥

ਮਨ ਕਰਕੇ ਪ੍ਰੇਮਾ ਭਗਤੀ ਨੂੰ ਅਰਾਧਦੇ ਹਾਂ, ਬਾਣੀ ਕਰਕੇ ਸੱਚ ਨਾਮ ਦੀ ਪਿਆਸ ਲੱਗ ਰਹੀ ਹੈ, ਸਰੀਰ ਕਰਕੇ ਪਰਮ ਹਿਤੰ=ਬਹੁਤ ਹੀ ਹੋ ਰਿਹਾ ਹੈ। ਅਥਵਾ:-ਪਰਮ ਹਿਤੰ=ਬੜਾ ਹਿਤਕਾਰੀ ਜੋ ਸੱਚਾ ਵਾਹਿਗੁਰੂ ਹੈ ਪਿਆਸਿਆਂ ਵਾਂਗੂੰ ਉਸ ਦੀ ਪ੍ਰੇਮਾ ਭਗਤੀ ਨੂੰ ਅਰਾਧਦੇ ਹਾਂ।

ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ॥ ੧॥

ਵਿਰਲਾਪ ਹੀ ਵਿਰਲਾਪ ਕਰਕੇ, ਅਥਵਾ:-ਬਿੱਲਿਆਂ ਵਾਂਗੂੰ ਵਿਰਲਾਪ ਕਰਕੇ ਚਿੱਤ ਦੇ ਹਿਤੰ=ਪ੍ਰੇਮ ਕਰਕੇ ਬੇਨਤੀਆਂ ਕੀਤੀਆਂ, ਤਾਂ ਹੀ ਸੁਖ ਪ੍ਰਾਪਤ ਭਾਇ=ਹੋਇਆ॥ ੧॥

ਜਪਿ ਮਨ ਨਾਮੁ ਹਰਿ ਸਰਣੀ॥

ਹੇ ਮਨ ! ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਪੈ ਕੇ ਹਰੀ ਨਾਮ ਨੂੰ ਜਪਣਾ ਕਰ।

ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ॥ ੧॥ ਰਹਾਉ॥

ਰਮ=ਰਾਮ ਨਾਮ ਰੂਪੀ ਉੱਤਮ ਕਰਣੀ ਨੂੰ ਕਰ, ਕਿਉਂਕਿ ਸੰਸਾਰ ਸਮੁੰਦਰ ਤੋਂ ਤਾਰਣੇ ਨੂੰ ਏਹੋ ਇੱਕ ਤਾਰਿ=ਜਹਾਜ਼ ਹੈ। ਅਥਵਾ:-ਨਾਮ ਰੂਪ ਸ਼ੁਭ ਕਰਣੀ ਨੂੰ ਰਮ=ਉਚਾਰਨਾ ਕਰ, ਤਾਂ ਉਹ ਤਾਰਣਹਾਰ ਪ੍ਰਭੂ ਤੈਨੂੰ ਸੰਸਾਰ ਸਮੁੰਦਰ ਤੋਂ ਤਾਰ ਲਏਗਾ॥ ੧॥ ਰਹਾਉ॥

ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ॥

ਹੇ ਮਨ ! ਤੂੰ ਸ਼ੁਭ ਚਿੰਤਨ ਵੱਲੋਂ ਮਿਰਤ=ਮਰ ਰਿਹਾ ਹੈਂ ਤੈਨੂੰ ਚਾਹੀਦਾ ਹੈ ਗੁਰ ਸ਼ਬਦ ਦੁਆਰਾ ਹਰੀ ਨਾਮ ਨੂੰ ਰਮਣੰ=ਉਚਾਰਨਾ ਕਰ। ('ਮਿਰਤ' ਦੀ ਜਗ੍ਹਾ 'ਸਿਮਰਤ' ਪਾਠ ਭੀ ਹੁੰਦਾ ਹੈ) ਹੇ ਮਨ ! ਤੂੰ ਸ਼ੁਭ ਸਿਮਰਤ=ਸਿੰਮ੍ਰਤੀਆਂ ਦੁਆਰੇ ਸ਼ੁਭ ਚਿੰਤਨ ਨੂੰ ਸਿਮਰਤ=ਸਿਮਰਨਾ ਕਰ।

ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ॥ ੨॥

ਮਨ ਵਿਚ ਹਰੀ ਨਾਮ ਨੂੰ ਰਮਣੰ=ਉਚਾਰਨਾਂ ਕਰ ਤਾਂ ਮਤਿ=ਬੁੱਧੀ ਵਿਚ ਤਤੁ ਗਿਆਨੰ=ਯਥਾਰਥ ਗਿਆਨ ਹੋਵੇਗਾ, ਗਿਆਨ ਕਰਕੇ ਹੀ ਕਲਿਆਣ ਦਾ ਖਜ਼ਾਨਾ ਹੋਵੇਂਗਾ।

ਅਥਵਾ:-ਕਲਿਆਣਾਂ ਦਾ ਨਿਧਾਨੰ=ਖਜ਼ਾਨਾ ਜੋ ਹਰੀ ਹੈ ਉਸ ਦੇ ਨਾਮ ਨੂੰ ਮਨ ਵਿਚ ਉਚਾਰਨਾ ਕਰ ਤਾਂ ਤੇਰੀ ਬੁੱਧੀ ਵਿਚ ਯਥਾਰਥ ਗਿਆਨ ਹੋਵੇਗਾ॥ ੨॥

ਚਲ ਚਿਤ ਵਿਤ ਕ੍ਰਮਾ ਕ੍ਰਮੰ ਜਗੁ ਮੋਹ ਮਗਨ ਹਿਤੰ॥

ਚਲੇ ਜਾਣ ਵਾਲਾ ਜੋ ਵਿਤ=ਧਨ ਹੈ ਇਸ ਵਿੱਚ ਜੀਵ ਦਾ ਚਿੱਤ ਭਰਮਣਾ ਹੀ ਭਰਮਣਾ ਕਰ ਰਿਹਾ ਹੈ, ਅਥਵਾ:-ਭਰਮ ਦਾ ਭਰਮਾਇਆ ਹੋਇਆ ਧਨ ਵੱਲ ਚਿੱਤ ਚਲ=ਚੰਚਲ ਹੋ ਰਿਹਾ ਹੈ

ਜਗਤ ਮੋਹ ਦੀ ਮਗਨਤਾ ਵਿਚ ਹਿਤੰ=ਪ੍ਰੇਮ ਕਰ ਰਿਹਾ ਹੈ।

ਅਥਵਾ:-ਹਿਤੰ=ਅਗਿਆਨ ਕਰਕੇ ਜੁਗ=ਜੀਵ ਮੋਹ ਵਿਚ ਮਗਨ ਹੋ ਰਿਹਾ ਹੈ।

ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ॥ ੩॥

ਹੇ ਪੁਰਸ਼ ! ਵਾਕਾਂ ਵਿਚੋਂ ਗੁਰ ਸ਼ਬਦ ਵਿਚ ਰਤੰ=ਤਦਾਕਾਰ ਹੋ ਕੇ ਥਿਰ ਕਰਨ ਵਾਲੀ ਜੋ ਨਾਮ ਭਗਤੀ ਹੈ ਉਸ ਨੂੰ ਮਤੀ ਵਿਚ ਦ੍ਰਿੜ੍ਹ ਕਰ।

ਅਥਵਾ:-ਗੁਰਾਂ ਦੇ ਮੁੰਹ ਵਿਚੋਂ ਜੋ ਸੁਭਾਵਕ ਵਾਕ ਨਿਕਲਿਆ ਹੈ, ਅਤੇ ਗੁਰਾਂ ਦਾ ਜੋ ਸਬਦ=ਉਪਦੇਸ਼ ਹੈ ਇਨ੍ਹਾਂ ਦੋਹਾਂ ਵਿਚ ਰਤੰ=ਤਦਾਕਾਰ ਹੋ ਕੇ ਦ੍ਰਿੜ੍ਹ ਮਤੀ ਵਾਲੇ ਸੰਤ, ਨਾਮ ਭਗਤੀ ਕਰਕੇ ਥਿਰ ਹੋਏ ਹਨ॥ ੩॥

ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ॥

ਬਹੁਤਾ ਭਰਮਾਤਿ=ਭਰਮਣੇ ਕਰਕੇ ਅਥਵਾ:-ਤੀਰਥ ਆਦਿਕਾਂ ਉੱਤੇ ਫਿਰਨੇ ਕਰਕੇ ਭਰਮ ਦੂਰ ਨਹੀਂ ਹੁੰਦਾ, ਭਰਮ ਕਰਕੇ ਹੀ ਜਗੁ=ਜੀਵ ਜਨਮ ਮਰਨ ਰੂਪੀ ਬਿਆਧਿ=ਰੋਗ ਵਿਚ ਖਪ ਰਿਹਾ ਹੈ।

ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ॥ ੪॥

ਹਰੀ ਦਾ ਨਿਹਕੇਵਲੰ=ਸ਼ੁੱਧ ਅਸਥਾਨ ਜੋ ਸਤਿ=ਸਤਸੰਗ ਹੈ, ਉਸ ਵਿਚ ਗੁਰ ਸੇਵਾ ਰੂਪੀ ਤਪ ਕਰਕੇ ਮਤੀ=ਬੁੱਧੀ ਵਿਚ ਨਾਮ ਧਾਰਨਾ ਕਰ।

ਅਥਵਾ:-ਹਰੀ ਦਾ ਨਿਹਕੇਵਲ ਅਸਥਾਨ ਜੋ ਸਤਿ=ਸਤਸੰਗ ਹੈ, ਉਸ ਵਿਚ ਸਤ ਮਤੀ ਵਾਲੇ ਗੁਰਮੁਖ ਮਹਾਤਮਾ ਨਾਮ ਰੂਪ ਤਪ ਨੂੰ ਤਪਦੇ ਹਨ॥ ੪॥

ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ॥

ਇਹ ਜਗੁ=ਜੀਵ ਮੋਹ ਦਾ ਹੇਤ=ਕਾਰਨ ਜੋ ਅਗਿਆਨ ਹੈ ਉਸ ਵਿਚ ਵਿਆਪ ਰਿਹਾ ਹੈ, ਏਸ ਕਰਕੇ ਇਸ ਨੂੰ ਜਨਮ ਮਰਨ ਦਾ ਅਧਿਕ=ਬਹੁਤ ਦੁੱਖ ਹੋ ਰਿਹਾ ਹੈ।

ਭਜੁ ਸਰਣਿ ਸਤਿਗੁਰ ਉਬਰਹਿ ਹਰਿ ਨਾਮੁ ਰਿਦ ਰਮਣੰ॥ ੫॥

ਜੋ ਸਤਿਗੁਰਾਂ ਦੀ ਸ਼ਰਨ ਵਿਚ ਭਜੁ=ਪ੍ਰਾਪਤ ਹੋ ਕੇ ਹਰੀ ਨਾਮ ਨੂੰ ਹਿਰਦੇ ਵਿਚ ਰਮਣੰ=ਉਚਾਰਦੇ ਹਨ, ਉਹ ਇਸ ਦੁੱਖ ਤੋਂ ਬਚਦੇ ਹਨ॥ ੫॥

ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ॥

ਨਿਸਚਲ ਕਰਨ ਵਾਲੀ ਗੁਰ ਸਿੱਖਿਆ ਨੂੰ ਮਨ ਵਿਚ ਮੰਨਣ ਕੀਤਾ, ਤਾਂ ਮਨ ਨੇ ਸਹਜ=ਗਿਆਨ ਦੁਆਰੇ ਸਹਜ=ਬ੍ਰਹਮ ਦਾ ਵਿਚਾਰ ਕਰਨਾ ਪਾਇਆ।

ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ॥ ੬॥

ਜਿਸ ਦੇ ਅੰਤਰ ਸੱਚ ਨਾਮ ਹੈ ਉਹ ਨਿਰਮਲੁ=ਸ਼ੁੱਧ ਹੈ, ਜਿਸ ਦਾ ਮਨ ਸ਼ੁੱਧ ਹੈ ਉਹ ਰਤਨ ਰੂਪ ਗਿਆਨ ਨੂੰ, ਅਥਵਾ:-ਰਤਨ=ਵੈਰਾਗ ਤੇ ਗਿਆਨ ਦੋਹਾਂ ਨੂੰ ਸਾਰੰ=ਸੰਭਾਲਦਾ ਹੈ॥ ੬॥

ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ॥

ਹਰੀ ਸਰੂਪ ਗੁਰਾਂ ਦੇ ਚਰਨਾਂ ਵਿਚ ਚਿੱਤ-ਬਿਰਤੀ ਲਗਾਕੇ, ਅਤੇ ਭੈ ਪੂਰਬਕ ਭਾਇ ਭਗਤਿ=ਪ੍ਰੇਮਾ ਭਗਤੀ ਕਰਕੇ ਹੇ ਮਨ ! ਤੂੰ ਸੰਸਾਰ ਸਮੁੰਦਰ ਤੋਂ ਤਰਨਾ ਕਰ।

(ਪੰਨਾ ੫੦੬)

ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ॥ ੭॥

ਪਾਵਨ=ਪਵਿੱਤਰ ਰੂਪ ਹਰੀ ਨਾਮ ਨੂੰ ਜਪਕੇ ਹਿਰਦੇ ਨੂੰ ਪਵਿੱਤਰ ਕਰ, ਅਤੇ ਇਸ ਪੰਜ ਭੂਤਕ ਸਰੀਰ ਨੂੰ ਤਉ=ਤਿਸ ਦੀ ਸ਼ਰਨ ਵਿਚ ਪਾਉਣਾ ਕਰ॥ ੭॥

ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ॥

ਲਬ (ਪਦਾਰਥਾਂ ਦੇ ਖਾਣ ਦਾ), ਲੋਭ (ਪਦਾਰਥਾਂ ਦੇ ਇਕੱਠਿਆਂ ਕਰਨ ਦਾ) ਅਤੇ ਲਹਿਰ-ਤ੍ਰਿਸ਼ਨਾਂ ਇਨ੍ਹਾਂ ਸਾਰਿਆਂ ਨੂੰ ਦੂਰ ਕਰ, ਤੇ ਰਾਸਿ=ਸੱਚੇ ਹਰੀ ਨਾਮ ਨੂੰ ਮੰਨਣਾ ਕਰ।

ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ॥ ੮॥ ੧॥ ੫॥

ਗਰੂ ਜੀ ਕਥਨ ਕਰਦੇ ਹਨ, ਹੇ ਪੁਰਸ਼ਾ ! ਗੁਰਾਂ ਦੀ ਸ਼ਰਨ ਗ੍ਰਹਿਣ ਕਰਕੇ ਮਨ ਨੂੰ ਮਾਰ ਕੇ ਤੂੰ ਨਿਰੰਜਨ ਦੇ ਨਾਮ ਨੂੰ ਜਪਣਾ ਕਰ। ਅਥਵਾ:- ਗੁਰਾਂ ਦੀ ਸ਼ਰਨ ਗ੍ਰਹਿਣ ਕਰਕੇ ਮਨ ਨੂੰ ਮਾਰ, ਤਾਂ ਤੂਹੀਂ ਨਿਰੰਜਨ ਹੈਂ ਉਸ ਨਿਰੰਜਨ ਤੋਂ ਤੂੰ ਵੱਖਰਾ ਨਹੀਂ॥ ੮॥ ੧॥ ੫॥

ਗੂਜਰੀ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਗੋਇੰਦਵਾਲ ਵਿਚ ਆ ਕੇ ਨਿਰਤ ਕਾਰੀਆਂ (ਰਾਸ ਧਾਰੀਆਂ) ਨੇ ਨਿਰਤਕਾਰੀ ਕੀਤੀ, ਉਸ ਨਿਰਤਕਾਰੀ ਨੂੰ ਵੇਖਕੇ ਸਿੱਖਾਂ ਨੇ ਗੁਰੂ ਜੀ ਨੂੰ ਆ ਕੇ ਕਿਹਾ, ਅੱਜ ਬਹੁਤ ਚੰਗੀ ਨਿਰਤਕਾਰੀ (ਰਾਸ) ਵੇਖੀ ਹੈ ਆਪ ਭੀ ਵੇਖਣਾ ਕਰੋ। ਇਹ ਗੱਲ ਸੁਣਕੇ ਗੁਰੂ ਜੀ ਨੇ ਇਸ ਸ਼ਬਦ ਦੁਆਰੇ ਕਿਹਾ-

ਨਿਰਤਿ ਕਰੀ ਇਹੁ ਮਨੁ ਨਚਾਈ॥ ਗੁਰ ਪਰਸਾਦੀ ਆਪੁ ਗਵਾਈ॥

ਜਿਹੜਾ ਸੱਤ ਅਸੱਤ ਵਸਤੂ ਦਾ ਨਿਰਤਿ ਕਰੀ=ਨਿਰਨਾ ਕਰਨਾ ਹੈ ਏਹੋ ਇਸ ਮਨ ਨੂੰ ਨਚਾਵਣਾ ਕਰੇ, ਅਥਵਾ:-ਜਿਹੜਾ ਗੁਰ ਸੇਵਾ ਵਿਚ ਇਸ ਮਨ ਨੂੰ ਨਚਾਵਣਾ ਹੈ ਏਹੋ ਨਿਰਤਕਾਰੀ ਕਰੇ। ਨ=ਪੁਰਸ਼ ਨੂੰ ਚਾਹੀਦਾ ਹੈ ਇਸ ਮਨ ਨੂੰ ਸੰਸਾਰ ਵੱਲੋਂ ਚਾਈ=ਚੁਕ ਕੇ ਨਿਰਤਿ=ਨਿਰਨਾ ਕਰੇ। ਅਥਵਾ:-ਇਸ ਮਨ ਨੂੰ ਗੁਰ ਸੇਵਾ ਵੱਲੋਂ ਨ ਚਾਈ=ਨਾ ਚੁੱਕੇ ਭਾਵ ਦੂਰ ਨ ਕਰੇ। ਅਤੇ ਗੁਰਾਂ ਦੀ ਕਿਰਪਾ ਨਾਲ ਆਪੁ=ਆਪਾ ਭਾਵ ਹੰਕਾਰ ਨੂੰ ਗੁਆਣਾ ਕਰੇ।

ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ॥ ੧॥

ਜੋ ਪੁਰਸ਼ ਚਿੱਤ ਨੂੰ ਥਿਰੁ=ਅਚੱਲ ਰੱਖਦਾ ਹੈ ਓਹੀ ਮੁਕਤ ਰੂਪ ਹੁੰਦਾ ਹੈ, ਅਤੇ ਮਨ ਵਿਚ ਜੋ ਇੱਛਾ ਕਰਦਾ ਹੈ ਓਹੀ ਫਲ ਪਾਂਵਦਾ ਹੈ॥ ੧॥

ਨਾਚੁ ਰੇ ਮਨ ਗੁਰ ਕੈ ਆਗੈ ॥

ਹੇ ਮਨ ! ਤੂੰ ਗੁਰਾਂ ਦੀ ਆਗੈ=ਆਗਿਆ ਮੰਨਣ ਵਿਚ ਨੱਚਣਾ ਕਰ, ਭਾਵ ਸਾਵਧਾਨ ਹੋ ਕੇ ਗੁਰ ਸੇਵਾ ਕਰ।

ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ॥ ਰਹਾਉ ॥

ਗੁਰਾਂ ਦੇ ਭਾਣੈ=ਹੁਕਮ ਮੰਨਣ ਵਿਚ ਨੱਚੇਂਗਾ ਤਾਂ ਹੀ ਤੂੰ ਸੁਖ ਪਾਵੇਂਗਾ, ਅਤੇ ਅੰਤ ਵੇਲੇ ਜਮਾਂ ਦਾ ਡਰ ਦੌੜ ਜਾਵੇਗਾ ॥ ਰਹਾਉ ॥

ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥

ਜੋ ਆਪਣੇ ਆਪ ਨੂੰ ਗੁਰ ਸੇਵਾ ਵਿਚ ਨਚਾਉਂਦਾ ਹੈ, ਉਹ ਅਸਲ ਭਗਤ ਕਿਹਾ ਜਾਂਦਾ ਹੈ, ਅਥਵਾ:- ਪਰਮੇਸ਼ਰ ਆਪਣੇ ਭਾਣੇ ਵਿਚ ਜਿਸ ਨੂੰ ਨਚਾਉਂਦਾ ਹੈ ਉਹ ਪੂਰਨ ਭਗਤ ਕਿਹਾ ਜਾਂਦਾ ਹੈ, ਪਰ ਵਾਹਿਗੁਰੂ ਆਪਣਾ ਪਿਆਰ ਆਪ ਹੀ ਗੁਰਮੁਖਾਂ ਨੂੰ ਲਗਾਂਵਦਾ ਹੈ।

ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥ ੨ ॥

ਜੀਵ ਆਪ ਹੀ ਪ੍ਰਭੂ ਦੇ ਜਸ ਨੂੰ ਗਾਵੇ, ਫਿਰ ਆਪ ਹੀ ਆਪਣੇ ਮਨ ਨੂੰ ਸੁਣਾਵੇ,

ਯਥਾ:-ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥(ਪੰਨਾ ੩੮੧)

ਅਥਵਾ:-ਜੇ ਕੋਈ ਗਾਵਣੇ ਵਾਲਾ ਆ ਜਾਵੇ ਤਾਂ ਆਪ ਸੁਣਨ ਵਿਚ ਆਵੇ, ਜੇ ਕੋਈ ਸ੍ਰੋਤਾ ਆ ਜ਼ਾਵੇ ਤਾਂ ਆਪ ਗਾਵਣਾ ਕਰੇ। ਇਸ ਤਰ੍ਹਾਂ ਇਸ ਅੰਨ੍ਹੇ ਮਨ ਨੂੰ ਵਾਹਿਗੁਰੂ ਦੇ ਰਾਹ ਉੱਤੇ ਤੋਰੇ ॥ ੨ ॥

ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥

ਜੋ ਰਾਤ-ਦਿਨ ਗੁਰ ਸੇਵਾ ਵਿਚ ਨੱਚਦਾ ਹੈ, ਅਥਵਾ:-ਸੱਤ ਅਸੱਤ ਵਸਤੂ ਦਾ ਨਿਰਨਾ ਕਰਦਾ ਤੇ ਸਕਤਿ=ਮਾਇਆ ਦੀ ਇੱਛਾ ਨੂੰ ਦੂਰ ਕਰਦਾ ਹੈ, ਉਹ ਸਿਵ=ਕਲਿਆਣ ਸਰੂਪ ਘਰ ਵਿਚ ਵਾਸਾ ਕਰਦਾ ਹੈ, ਉਸ ਨੂੰ ਫਿਰ ਅਵਿੱਦਿਆ ਰੂਪੀ ਨੀਂਦ ਨਹੀਂ ਹੁੰਦੀ।

ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥੩ ॥

ਸਕਤੀ=ਮਾਇਆ ਦਾ ਘਰ ਜੋ ਜਗਤ ਹੈ ਇਸ ਵਿਚ ਫਸਿਆ ਹੋਇਆ ਜੀਵ ਅਵਿੱਦਿਆ ਰੂਪੀ ਨੀਂਦ ਵਿਚ ਸੁੱਤਾ ਹੋਇਆ ਨੱਚਦਾ ਟੱਪਦਾ ਹੈ ਤੇ ਹੋਰ ਹੀ ਦ੍ਵੈਤ ਦੇ ਗੀਤ ਗਾਉਂਦਾ ਹੈ, ਇਸ ਕਰਕੇ ਉਸ ਮਨਮੁਖ ਪਾਸੋਂ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ ॥ ੩ ॥

ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥

ਸੁਰਿ-ਨਰ=ਦੇਵਤੇ ਤੇ ਮਨੁੱਖ ਸ਼ਕਾਮ ਕਰਮਾਂ ਦੇ ਕਰਨ ਵਾਲੇ ਹੋ ਕੇ ਪ੍ਰਵਿਰਤੀ ਪੱਖ ਵਿਚ ਨੱਚਦੇ ਹਨ, ਅਥਵਾ:-ਦੇਵਤੇ ਤੇ ਮਨੁੱਖ ਵਿਰਤਿ=ਉਪਜੀਵਕਾ ਦੇ ਪੱਖ ਵਾਲੇ ਵਿਹਾਰਕ ਕੰਮਾਂ ਵਿਚ ਨੱਚ ਰਹੇ ਹਨ, ਅਤੇ ਮੁਨੀ ਜਨ ਮਹਾਤਮਾ ਪ੍ਰਭੂ ਦਾ ਗਿਆਨ ਦਾ ਹੀ ਵਿਚਾਰ ਕਰਦੇ ਹਨ।

ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥ ੪ ॥

ਸਿੱਧਾਂ ਸਾਧਕਾਂ ਦੀ ਲਿਵ ਸਿੱਧੀਆਂ ਵਿਚ ਲੱਗੀ ਹੋਈ ਨੱਚ ਰਹੀ ਹੈ, ਜਿਸ ਗੁਰਮੁਖ ਨੇ ਆਤਮ ਵਿਸ਼ੈਣੀ

ਬੁੱਧੀ ਦੀ ਵਿਚਾਰ ਕੀਤੀ ਹੈ ਉਸ ਨੇ ਇਹ ਭੇਦ ਪਾਇਆ ਹੈ-

ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ॥

ਖੰਡਾਂ ਬ੍ਰਹਿਮੰਡਾਂ ਦੇ ਜੀਵ ਰਜੋ, ਸਤੋ, ਤਮੋ, ਰੂਪ ਤਿੰਨ ਗੁਣਾਂ ਵਿਚ ਨੱਚ ਰਹੇ ਹਨ, ਪਰ ਹੇ ਹਰੀ ! ਜਿਨ੍ਹਾਂ ਦੀ ਲਿਵ ਆਪ ਜੀ ਵਿਚ ਲੱਗੀ ਹੈ ਉਹ ਇਸ ਨਾਚ ਤੋਂ ਬਾਹਰ ਹਨ।

ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ॥ ੫॥

ਸੂਖਮ, ਸਥੂਲ, ਸਾਰੇ ਹੀ ਜੀਆ ਜੰਤ ਨੱਚ ਰਹੇ ਹਨ, ਅਤੇ ਅੰਡਜ, ਜੇਰਜ, ਸੇਤਜ, ਉਤਭੁਜ, ਰੂਪ ਚਾਰੇ ਖਾਣੀਆਂ ਭੀ ਨੱਚ ਰਹੀਆਂ ਹਨ॥ ੫॥

ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ॥

ਜਿਨ੍ਹਾਂ ਗੁਰਮੁਖਾਂ ਨੇ ਮੁਖ ਗੁਰਾਂ ਦੇ ਸਬਦਿ=ਉਪਦੇਸ਼ ਵਿਚ ਲਿਵ ਲਗਾਈ ਹੈ ਉਹ ਪੁਰਸ਼ ਆਪ ਜੀ ਨੂੰ ਭਾਉਂਦੇ ਹਨ ਜੋ ਆਪ ਜੀ ਨੂੰ ਭਾਉਂਦੇ ਹਨ ਸੇਈ ਨਾਚਹਿ=ਉਨ੍ਹਾਂ ਦਾ ਨੱਚਣਾ ਸਫਲ ਹੈ।

ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ॥ ੬॥

ਉਹ ਅਸਲ ਭਗਤ ਹਨ, ਓਹੀ ਤਤੁ=ਯਥਾਰਥ ਗਿਆਨੀ ਹਨ, ਜਿਨ੍ਹਾਂ ਨੂੰ ਆਪਣਾ ਹੁਕਮ ਮਨਾਂਵਦਾ ਹੈ॥ ੬॥

ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ॥

ਸੱਚੇ ਨਾਮ ਸਿਮਰਨ ਨਾਲ ਜਿਹੜਾ ਬਿਰਤੀ ਦਾ ਲੱਗ ਜਾਣਾ ਹੈ ਏਹੋ ਅਸਲ ਭਗਤੀ ਹੈ, ਗੁਰ ਸੇਵਾ ਤੋਂ ਬਿਨਾਂ ਭਗਤੀ ਪ੍ਰਾਪਤ ਨਹੀਂ ਹੁੰਦੀ।

ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ॥ ੭॥

ਜਾਂ ਗੁਰ ਉਪਦੇਸ਼ ਨੂੰ ਵਿਚਾਰੇ ਤਾਂ ਜੀਵਤ ਭਾ ਤੋਂ ਮਰਦਾ ਹੈ, ਤਾਂ ਹੀ ਕੋਈ ਸੱਚ ਨੂੰ ਪਾਂਵਦਾ ਹੈ॥ ੭॥

ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ॥

ਮਾਇਆ ਦੀ ਪ੍ਰਾਪਤੀ ਦੇ ਅਰਥਿ=ਵਾਸਤੇ ਤਾਂ ਬਹੁਤ ਹੀ ਲੋਕ ਨੱਚਦੇ ਹਨ, ਪਰ ਤੱਤ੍ਵ ਦੀ ਵਿਚਾਰ ਕਰਨ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ।

ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ॥ ੮॥

ਓਹੀ ਪੁਰਸ਼ ਗੁਰਾਂ ਦੀ ਕਿਰਪਾ ਦੁਆਰੇ ਤੱਤ੍ਵ ਦੀ ਵਿਚਾਰ ਨੂੰ ਪਾਂਦਾ ਹੈ, ਜਿਸ ਉੱਤੇ ਉਸ ਦੀ ਕਿਰਪਾ ਹੁੰਦੀ ਹੈ॥ ੮॥

ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ॥

ਜੇ ਇੱਕ ਦਮੁ=ਸ੍ਵਾਸ ਭੀ ਸੱਚਾ ਵਾਹਿਗੁਰੂ ਭੁੱਲ ਜਾਵੇ, ਤਾਂ ਉਹ ਵੇਲਾ ਵਿਅਰਥ ਜਾਂਦਾ ਹੈ।

ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ॥ ੯॥

ਇਸ ਲਈ ਸ੍ਵਾਸ ਸ੍ਵਾਸ ਉਸਨੂੰ ਸਦਾ ਸੰਮਾਲਣਾ ਕਰੀਏ, ਤਾਂ ਉਹ ਪ੍ਰਭੂ ਆਪ ਹੀ ਬਖਸ਼ਕੇ

ਰਜਾਇ=ਖ੍ਰਿਪਤ ਕਰਦਾ ਹੈ॥ ੯॥

ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ॥

ਜਿਹੜੇ ਗੁਰਮੁਖ ਗੁਰਾਂ ਦੇ ਸ਼ਬਦ ਦੀ ਵਿਚਾਰ ਕਰਦੇ ਹਨ, ਉਹ ਆਪ ਜੀ ਨੂੰ ਭਾਂਵਦੇ ਹਨ, ਓਹੀ ਪ੍ਰੇਮਾ ਭਗਤੀ ਵਿਚ ਨੱਚਦੇ ਹਨ।

ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ॥੧੦॥੧॥ਛ॥

ਗੁਰੂ ਜੀ ਕਥਨ ਕਰਦੇ ਹਨ, ਹੇ ਵਾਹਿਗੁਰੂ! ਜਿਨ੍ਹਾਂ ਨੂੰ ਤੇਰੀ ਕਿਰਪਾ ਦ੍ਰਿਸ਼ਟੀ ਹੋਈ ਹੈ, ਉਹ ਸਹਜ=ਆਤਮ ਸੁਖ ਨੂੰ ਪਾਂਦੇ ਹਨ॥ ੧੦॥ ੧॥ ਛ॥

ਗੂਜਰੀ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ॥

ਜਿਵੇਂ ਦੁੱਧ ਦੇ ਅਧਾਰੀ=ਆਸਰੇ ਰਹਿਣ ਵਾਲਾ ਬੱਚਾ ਦੁੱਧ ਤੋਂ ਬਿਨਾਂ ਨਹੀਂ ਰਹਿ ਸਕਦਾ, ਤਿਵੇਂ ਹਰੀ ਤੋਂ ਬਿਨਾਂ ਮੇਰਾ ਜੀਅ ਰਹਿ ਨਹੀਂ ਸਕਦਾ।

ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ॥੧॥

ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ, ਇਸ ਲਈ ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ॥ ੧॥

ਮਨ ਰੇ ਹਰਿ ਕੀਰਤਿ ਤਰੁ ਤਾਰੀ॥

ਹੇ ਮਨ=ਪਿਆਰੇ! ਹਰੀ ਦੀ ਕੀਰਤੀ ਰੂਪ ਤਾਰੀ=ਨੌਕਾ ਲੈ ਕੇ ਤੂੰ ਤਰਨਾ ਕਰ।

ਪ੍ਰਭੂ ਦੇ ਸਨਮੁੱਖ ਬੇਨਤੀ ਕਰਦੇ ਹਨ-

ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ॥ ਰਹਾਉ॥

ਉਨ੍ਹਾਂ ਗੁਰਾਂ ਦੁਆਰੇ ਨਾਮ ਅੰਮ੍ਰਿਤ ਜਲ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਉੱਤੇ ਆਪ ਜੀ ਦੀ ਕਿਰਪਾ ਦ੍ਰਿਸ਼ਟੀ ਹੈ॥ ਰਹਾਉ॥

(ਪੰਨਾ ੫੦੭)

ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ॥

ਹੇ ਬਨਵਾਰੀ=ਸੰਸਾਰ ਬਨ ਦੇ ਮਾਲਕ ਪ੍ਰਭੂ! ਸਨਕ, ਸਨੰਦਨ, (ਸਨਾਤਨ ਤੇ ਸਨਤ ਕੁਮਾਰ) ਚਾਰੇ ਭਾਈ ਆਪ ਜੀ ਨੂੰ ਸੇਂਵਦੇ ਹਨ, ਅਤੇ ਨਾਰਦ ਵਰਗੇ ਮੁਨੀ ਭੀ ਰਾਤ-ਦਿਨ ਆਪ ਜੀ ਦੇ ਨਾਮ ਨੂੰ ਜਪਦੇ ਰਹਿੰਦੇ ਹਨ।

ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ॥ ੨ ॥

ਜੋ ਪ੍ਰਹਿਲਾਦ ਵਰਗੇ ਭਗਤ-ਜਨ ਆਪ ਜੀ ਦੀ ਸ਼ਰਨ ਵਿਚ ਆਏ ਹਨ, ਉਹਨਾਂ ਦੀ ਪੈਜ=ਇੱਜ਼ਤ ਆਪ ਜੀ ਨੇ ਸਵਾਰੀ ਹੈ॥ ੨ ॥

ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ॥

ਹੇ ਅਲੱਖ ਨਿਰੰਜਨ ! ਪਿੱਛੇ ਭੀ ਇੱਕ ਤੂੰਹੀਂ ਵਰਤਦਾ ਸੀ, ਅਤੇ ਹੁਣ ਵੀ ਹੇ ਮੁਰਾਰੀ ! ਇੱਕ ਆਪ ਜੀ ਦੀ ਜੋਤ ਸਾਰਿਆਂ ਵਿਚ ਹੈ।

ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ॥ ੩ ॥

ਸਾਰੇ ਜੀਵ ਜਾਚਿਕ=ਮੰਗਤੇ ਹਨ ਇੱਕ ਤੂੰਹੀਂ ਦਾਤਾ ਹੈਂ, ਸਾਰੇ ਹੀ ਜੀਵ ਹੱਥ ਪਸਾਰੀ=ਅੱਡ ਕੇ ਮੰਗਦੇ ਹਨ। ਭਾਵ ਆਪਣੇ ਮਨ ਦੇ ਸੰਕਲਪ ਅਨੁਸਾਰ ਮੰਗਦੇ ਹਨ॥ ੩ ॥

ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ॥

ਹੇ ਅਕਥ ਪ੍ਰਭੂ ! ਉਨਾਂ ਭਗਤ ਜਨਾਂ ਦੀ ਬਾਣੀ ਉੱਤਮ ਹੈ, ਜੋ ਨਿਤਾਪ੍ਰਤੀ ਆਪ ਜੀ ਦੀ ਸੰਸਾਰਕ ਕਥਾ ਤੋਂ ਨਿਰਾਲੀ ਕਥਾ ਨੂੰ ਗਾਂਵਦੇ ਹਨ।

ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ॥ ੪ ॥

ਉਹਨਾਂ ਦਾ ਮਨੁੱਖਾ ਜਨਮ ਸਫਲ ਹੋਇਆ ਹੈ, ਉਹ ਆਪ ਸੰਸਾਰ ਸਮੁੰਦਰ ਤੋਂ ਤਰੇ ਹਨ, ਅਤੇ ਆਪਣੀ ਕੁਲ ਭੀ ਤਾਰ ਲਈ ਹੈ॥ ੪ ॥

ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥

ਉਹ ਮਨਮੁਖ ਪੁਰਸ਼ ਦੁਬਿਧਾ=ਦਵੈਤ ਕਰਕੇ ਦੁਰਮਤਿ=ਖੋਟੀ ਸਿੱਖਿਆ ਵਿਚ ਲੱਗੇ ਹੋਏ ਹਨ, ਜਿਨ੍ਹਾਂ ਦੇ ਅੰਦਰ ਮੋਹ ਤੇ ਅਗਿਆਨ ਰੂਪ ਅਨ੍ਹੇਰਾ ਹੈ।

ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥ ੫ ॥

ਉਹਨਾਂ ਨੂੰ ਸੰਤ ਜਨਾਂ ਦੀ ਕਥਾ ਸੁਣਨੀ ਨਹੀਂ ਭਾਉਂਦੀ, ਇਸ ਲਈ ਉਹ ਪ੍ਰਵਾਰ ਦੇ ਸਣੁ=ਸਹਿਤ ਹੀ ਸੰਸਾਰ ਸਮੁੰਦ੍ਰ ਵਿਚ ਡੁੱਬੇ ਹੋਏ ਹਨ॥ ੫ ॥

ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲ ਭਖੁ ਮਾਇਆਧਾਰੀ॥

ਨਿੰਦਕ ਪੁਰਸ਼ ਸੰਤਾਂ ਦੀ ਨਿੰਦਿਆ ਕਰਕੇ ਉਹਨਾਂ ਦੇ ਪਾਪਾਂ ਰੂਪੀ ਮੈਲ ਨੂੰ ਧੋਂਦਾ ਹੈ, ਉਹ ਮਾਇਆਧਾਰੀ ਨਿੰਦਕ ਮਲ ਭਖੁ=ਗੰਦਗੀ ਖਾਂਦਾ ਹੈ। ਅਥਵਾ-ਚਾਹੇ ਉਹ ਮਾਇਆਧਾਰੀ ਭੀ ਹੈ ਤੋਂ ਭੀ ਓਹੁ ਮਲ ਭਖੁ=ਕਾਂ ਅਥਵਾ:-ਸੂਰ ਵਾਂਗੂੰ ਹੈ।

ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ॥ ੬ ॥

ਸੰਤ ਜਨਾਂ ਦੀ ਨਿੰਦਿਆ ਵਿਚ ਵਿਆਪੇ=ਲੱਗਣ ਕਰਕੇ, ਉਹਨਾਂ ਨੂੰ ਨਾ ਇਸ ਲੋਕ ਦਾ ਸੁਖ, ਨਾ ਹੀ ਪਾਰੀ=ਪ੍ਰਲੋਕ ਦਾ ਸੁਖ ਹੈ॥ ੬ ॥

ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ॥

ਇਹ ਸੰਸਾਰ ਦਾ ਸਾਰਾ ਖੇਲ ਕਰਤੇ ਪੁਰਖ ਨੇ ਆਪ ਹੀ ਕੀਤਾ ਹੈ, ਅਤੇ ਹਰੀ ਕਰਤੇ ਨੇ ਹੀ ਸਭਨਾਂ ਵਿਚ ਆਪਣੀ ਕਲ=ਸ਼ਕਤੀ ਧਾਰੀ ਹੋਈ ਹੈ।

ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ॥ ੭॥

ਇੱਕ ਹਰੀ ਦੀ ਸੂਤੁ=ਸੱਤਾ ਸਾਰੇ ਜਗਤ ਅੰਦਰ ਵਰਤ ਰਹੀ ਹੈ, ਜਦ ਸੂਤੁ=ਚੇਤਨ ਸੱਤਾ ਨੂੰ ਖਿੱਚਦਾ ਹੈ ਤਦ ਇਕੱਲਾ ਹੀ ਰਹਿ ਜਾਂਦਾ ਹੈ॥ ੭॥

ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ॥

ਜਿਨ੍ਹਾਂ ਨੇ ਆਪਣੀ ਰਸਨਾ ਹਰੀ ਨਾਮ ਰਸ ਵਿਚ ਧਾਰੀ ਹੋਈ ਹੈ, ਉਹ ਸੰਸਾਰਕ ਰਸਾਂ ਤੋਂ ਨਿ-ਰਸ ਹੋ ਕੇ ਰਸਿ=ਪ੍ਰੇਮ ਨਾਲ ਹਰੀ ਗੁਣਾਂ ਨੂੰ ਗਾਂਵਦੇ ਹਨ।

ਨਾਨਕ ਹਰਿ ਬਿਨੁ ਅਵਰੁ ਨ ਮਾਗਉ ਹਰਿ ਰਸ ਪ੍ਰੀਤਿ ਪਿਆਰੀ॥੮॥੧॥੭॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨਾਮ ਤੋਂ ਬਿਨਾਂ ਮੈਂ ਹੋਰ ਕੁਝ ਨਹੀਂ ਮੰਗਦਾ, ਕਿਉਂਕਿ ਮੈਨੂੰ ਹਰੀ ਰਸ ਦੀ ਪ੍ਰੀਤੀ ਹੀ ਪਿਆਰੀ ਲੱਗ ਰਹੀ ਹੈ॥ ੮॥ ੧॥ ੭॥

ਗੂਜਰੀ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਪਰਮੇਸ਼ਰ ਨੂੰ ਸਰਬ ਰੂਪ ਵਰਨਨ ਕਰਦੇ ਹੋਏ ਸਨਮੁਖ ਬੇਨਤੀ ਕਰਦੇ ਹਨ-

ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ॥

ਹੇ ਪ੍ਰਭੂ! ਰਾਜਿਆਂ ਵਿਚੋਂ ਤੂੰ ਵੱਡਾ ਰਾਜਾ ਕਿਹਾ ਜਾਂਦਾ ਹੈਂ, ਭੂਮਨ=ਜ਼ਿਮੀਂਦਾਰਾਂ ਵਿੱਚੋ ਵੱਡਾ ਜ਼ਿਮੀਂਦਾਰ ਹੈਂ।

ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ॥ ੧॥

ਸਭ ਠਾਕੁਰਾਂ ਵਿੱਚੋਂ ਵੱਡੀ ਠਕੁਰਾਈ ਆਪ ਜੀ ਦੀ ਹੈ, ਠਾਕੁਰ ਰਜਪੂਤਾਂ ਦੀ ਸੰਗਿਆ ਹੈ, ਠਾਕੁਰ ਸੰਗਿਆਂ ਵਿਚੋਂ ਭੀ ਆਪ ਜੀ ਦੀ ਠਕੁਰਾਈ=ਪ੍ਰਭੁਤਾ (ਪ੍ਰਧਾਨਤਾ) ਅਰਥਾਤ ਸਰਦਾਰੀ ਹੈ।

ਯਥਾ:-ਤੂੰ ਮੀਰਾ ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ॥ (ਪੰਨਾ ੧੩੨)

ਕੋਮਾਂ ਵਿੱਚੋਂ ਸਿਰਤਾਜ ਤੇਰੀ ਕੌਮ ਹੈ॥ ੧॥ ਅਥਵਾ:-ਜਾਤੀਆਂ ਵਿੱਚੋਂ ਵੱਡੀ ਜਾਤ ਤੇਰੀ ਹੈ॥ ੧॥

ਪਿਤਾ ਮੇਰੋ ਬਡੋ ਧਨੀ ਅਗਮਾ॥ ਉਸਤਤਿ ਕਵਨ ਕਰੀਜੈ ਕਰਤੇ

ਹੇ ਮੇਰੇ ਪਿਤਾ ਰੂਪ ਪਰਮੇਸ਼ਰ ! ਤੂੰ ਵੱਡਾ ਅਗੰਮ ਧਨੀ ਹੈਂ। ਹੇ ਕਰਤੇ ! ਤੇਰੀ ਕੇਹੜੀ ਉਸਤਤੀ ਕਰੀਏ,

ਪੇਖਿ ਰਹੇ ਬਿਸਮਾ॥ ੧॥ ਰਹਾਉ॥

ਆਪ ਜੀ ਦੇ ਕੌਤਕ ਵੇਖ ਕੇ ਬਿਸਮਾ=ਅਸਚਰਜ ਭਾਵ ਹੈਰਾਨ ਹੋ ਰਹੇ ਹਾਂ॥ ੧॥ ਰਹਾਉ॥

ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ ॥

ਸੁਖੀਆਂ ਵਿਚੋਂ ਤੂੰ ਵੱਡਾ ਸੁਖੀ ਕਿਹਾ ਜਾਂਦਾ ਹੈਂ, ਦਾਤਿਆਂ ਵਿਚੋਂ ਤੂੰ ਸਿਰਿ=ਸ਼ਰੋਮਣੀ ਦਾਤਾ ਕਿਹਾ ਜਾਂਦਾ ਹੈਂ।

ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ ॥ ੨ ॥

ਤੇਜ ਵਾਲਿਆਂ ਵਿਚੋਂ ਤੂੰ ਵੱਡਾ ਤੇਜ-ਵੰਸੀ ਭਾਵ ਤੇਜ ਪ੍ਰਤਾਪ ਵਾਲਾ ਕਹਾਉਂਦਾ ਹੈਂ, ਰਸੀਆ ਹੋ ਕੇ ਰਸੀਆਂ ਵਿੱਚ ਭੀ ਰਾਤਾ=ਮਿਲਿਆ ਹੋਇਆ ਹੈਂ ॥ ੨ ॥

ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ ॥

ਸੂਰਬੀਰਾਂ ਵਿੱਚੋਂ ਤੂੰ ਵੱਡਾ ਸੂਰਬੀਰ ਕਿਹਾ ਜਾਂਦਾ ਹੈਂ, ਭੋਗੀਆਂ ਵਿਚੋਂ ਤੂੰ ਵੱਡਾ ਭੋਗੀ ਹੈਂ।

ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥ ੩ ॥

ਗ੍ਰਿਹਸਤੀਆਂ ਵਿਚੋਂ ਤੂੰ ਵੱਡਾ ਗ੍ਰਿਹਸਤੀ (ਕ੍ਰਿਸ਼ਨ ਰੂਪ) ਹੈਂ, ਅਤੇ ਜੋਗੀਆਂ ਵਿਚੋਂ ਤੂੰ ਵੱਡਾ ਜੋਗੀ (ਸ਼ਿਵ ਰੂਪ) ਹੈਂ ॥ ੩ ॥

ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ ॥

ਕਰਤਿਆਂ ਵਿਚੋਂ ਤੂੰ ਵੱਡਾ ਕਰਤਾ ਕਿਹਾ ਜਾਂਦਾ ਹੈਂ, ਆਚਾਰਨ=ਕਰਤੱਬਾਂ ਦੇ ਕਰਨ ਵਾਲਿਆਂ ਵਿਚੋਂ ਵੱਡਾ ਤੂੰ ਆਚਾਰੀ ਕਰਤੱਬਾਂ ਦੇ ਕਰਨ ਵਾਲਾ ਹੈਂ।

ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ ॥ ੪ ॥

(ਨਰਸੀ ਭਗਤ ਦੀ ਹੁੰਡੀ ਤਾਰਨ ਕਰਕੇ) ਸ਼ਾਹੂਕਾਰਾਂ ਵਿਚੋਂ ਤੂੰ ਸੱਚਾ ਸ਼ਾਹੂਕਾਰ ਹੈਂ, ਵਪਾਰੀਆਂ ਵਿਚੋਂ ਤੂੰ ਵੱਡਾ ਵਪਾਰੀ ਹੈਂ ॥ ੪ ॥

ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ ॥

ਸਾਰਿਆਂ ਦਰਬਾਰਾਂ ਵਿੱਚੋਂ ਆਪ ਜੀ ਦਾ ਦਰਬਾਰ ਵੱਡਾ ਹੈ, ਯਥਾ-ਅਤਿ ਊਚਾ ਤਾਕਾ ਦਰਬਾਰਾ ॥ ਜਿਤਨੇ ਭੀ ਸ਼ਰਨ ਆਇਆਂ ਦੀ ਪਾਲਣਾ ਕਰਨ ਵਾਲੇ ਹਨ, ਉਹਨਾਂ ਸਾਰਿਆਂ ਵਿਚੋਂ ਤੂੰ ਟੀਕਾ=ਸ਼ਰੋਮਣੀ ਹੈਂ।

ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ ॥ ੫ ॥

ਤੇਰੀ ਲਖਿਮੀ=ਦੌਲਤ ਕਿੰਨੀ ਹੈ, ਉਹ ਗਿਣੀ ਹੀ ਨਹੀਂ ਜਾਂਦੀ, ਤੇਰੀ ਸੀਕਾ=ਹਕੂਮਤ ਨੂੰ ਭੀ ਕੋਈ ਗਿਣ ਨਹੀਂ ਸਕਦਾ। ਅਥਵਾ:-ਧਾਤੂ ਉੱਤੇ ਲੱਗੀ ਹੋਈ ਰਾਜ ਦੀ ਮੁਹਰ ਨੂੰ "ਸਿੱਕਾ" ਆਖਦੇ ਹਨ ਜਿਸ ਨੂੰ "ਰੁਪੱਯਾ" ਕਹਿੰਦੇ ਹਨ ॥ ੫ ॥

ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ ॥

ਹੇ ਪ੍ਰਭੂ ! ਨਾਮਾਂ ਵਿਚੋਂ ਆਪ ਜੀ ਦਾ ਨਾਮ ਵੱਡਾ ਹੈ, ਅਤੇ ਗਿਆਨੀਆਂ ਵਿੱਚੋਂ ਤੂੰ ਵੱਡਾ ਗਿਆਨੀ ਹੈਂ ॥

ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ॥ ੬ ॥

ਹੇ ਪ੍ਰਭੂ ! ਜੁਗਤਨ=ਦਲੀਲ ਵਾਲਿਆਂ ਵਿਚੋਂ ਤੇਰੀ ਜੁਗਤਾ=ਦਲੀਲ ਵੱਡੀ ਹੈ, ਅਤੇ ਇਸ਼ਨਾਨੀਆਂ ਵਿਚੋਂ ਤੂੰ ਵੱਡਾ ਇਸ਼ਨਾਨੀ ਹੈਂ॥ ੬ ॥

ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ॥

ਹੇ ਪ੍ਰਭੂ ! ਚੌਰਾਸੀ ਸਿੱਧਾਂ ਵਿਚੋਂ ਤੇਰੀ ਸਿੱਧੀ ਪ੍ਰਬਲ ਹੈ, ਕਰਮਨ=ਕਰਮ ਕਾਂਡੀਆਂ ਵਿਚੋਂ ਸਿਰਿ ਕਰਮਾ=ਸ਼ਰੋਮਣੀ ਕਰਮ ਕਾਂਡੀ ਤੂੰ ਹੈਂ। ਅਥਵਾ:-ਕਰਮਨ=ਕਿਰਪਾ ਦੇ ਕਰਨ ਵਾਲਿਆਂ ਵਿਚੋਂ ਸਿਰਿ ਕਰਮਾ=ਸ਼ਰੋਮਣੀ ਭਾਵ ਵੱਡੀ ਕਿਰਪਾ ਕਰਨ ਵਾਲਾ ਤੂੰ ਹੈਂ।

(ਪੰਨਾ ੫੦੮)

ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ॥ ੭ ॥

ਹੇ ਪ੍ਰਭੂ ਆਗਿਆ ਵਿਚੋਂ ਤੇਰੀ ਆਗਿਆ ਜ਼ਬਰਦਸਤ ਹੈ, ਅਤੇ ਹੁਕਮ ਦੇ ਕਰਨ ਵਾਲੇ ਜਿਤਨੇ-ਕੁ ਰਾਜੇ ਮਹਾਰਾਜੇ ਹਨ, ਉਹਨਾਂ ਦੇ ਸਿਰ ਉੱਤੇ ਆਪ ਜੀ ਦਾ ਹੁਕਮ ਹੈ॥ ੭ ॥

ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥

ਹੇ ਸੁਆਮੀ ! ਜਿਵੇਂ ਤੂੰ ਬੁਲਾਂਵਦਾ ਹੈਂ ਤਿਵੇਂ ਮੈਂ ਬੋਲਦਾ ਹਾਂ, ਨਹੀਂ ਤਾਂ ਅਸਾਡੇ ਵਿਚ ਬੋਲਣ ਦੀ ਕੇਹੜੀ ਕੁਦਰਤਿ=ਤਾਕਤ ਹੈ।

ਸਾਧ ਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ॥ ੮ ॥੧॥ ੮ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਜੋ ਆਪ ਜੀ ਦੀ ਵੱਡੀ ਪਿਆਰੀ ਸਾਧ ਸੰਗਤ ਹੈ, ਮੈਂ ਉਸ ਨਾਲ ਮਿਲ ਕੇ ਆਪ ਜੀ ਦਾ ਜਸ ਗਾਇਆ ਹੈ॥ ੮ ॥ ੧ ॥ ੮ ॥

ਗੂਜਰੀ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ॥

ਹੇ ਨਾਥ=ਸੁਆਮੀ ! ਨਰਹਰ=ਨਰਾਂ ਦੇ ਹਰੇ ਕਰਨ ਵਾਲੇ, ਵਾ:-ਨਰਸਿੰਘ ਅਵਤਾਰ ਧਾਰਨ ਵਾਲੇ ! ਆਪ ਦੀਨ ਬੰਧਵ=ਗ਼ਰੀਬਾਂ ਦੀ ਸਬੰਧੀ ਹੋ, ਅਤੇ ਹੇ ਦੇਵ=ਪ੍ਰਕਾਸ਼ ਰੂਪ ਪ੍ਰਭੂ ! ਆਪ ਪਤਿਤ ਪਾਵਨ=ਪਾਪੀਆਂ ਦੇ ਪਵਿੱਤ੍ਰ ਕਰਨ ਵਾਲੇ ਹੋ।

ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ ਸਫਲ ਸੁਆਮੀ ਸੇਵ॥ ੧ ॥

ਹੇ ਕ੍ਰਿਪਾਲੂ ! ਸ਼ੁਭ ਗੁਣਾਂ ਦੀ ਨਿੱਧੀ ਆਪ ਭੈ-ਤ੍ਰਾਸ=ਭਿਆਨਕ ਡਰ ਦੇ ਨਾਸ ਕਰਨ ਵਾਲੇ ਹੋ, ਪੁਨਾ. ਹੇ ਸੁਆਮੀ ! ਆਪ ਜੀ ਦੀ ਸੇਵਾ ਸਫਲ ਹੈ॥ ੧ ॥

ਹਰਿ ਗੋਪਾਲ ਗੁਰ ਗੋਬਿੰਦ ॥

ਹੇ ਗੁਪਾਲ ਹਰੀ ! ਸਾਰਿਆਂ ਤੋਂ ਗੁਰ=ਵੱਡੇ ਗੋਬਿੰਦ=ਵੇਦਾਂ ਕਰਕੇ ਜਾਣਨੇ ਜੋਗ।

ਚਰਣ ਸਰਣ ਦਇਆਲ ਕੇਸਵ ਤਾਰਿ ਜਗ ਭਵਸਿੰਧ ॥ ੧ ॥ ਰਹਾਉ ॥

ਹੇ ਕੇਸਵ ! ਦਿਆਲੂ ਸੁਭਾਅ ਵਾਲੇ, ਮੈਂ ਆਪ ਜੀ ਦੇ ਚਰਨਾਂ ਦੀ ਸ਼ਰਨ ਹਾਂ, ਆਪ ਮੈਨੂੰ ਭਵ=ਭਿਆਨਕ ਸੰਸਾਰ ਸਮੁੰਦਰ ਤੋਂ ਤਾਰਨਾ ਕਰ ॥ ੧ ॥ ਰਹਾਉ ॥

ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥

ਹੇ ਮੁਰਾਰੀ ! ਆਪ ਕਾਮ, ਕ੍ਰੋਧ, ਦੇ ਹਰਨ=ਨਾਸ ਕਰਨ ਵਾਲੇ ਹੋ, ਤੇ ਮਦ, ਮੋਹ, ਨੂੰ ਦਹਨ=ਸਾੜਨ ਵਾਲੇ ਹੋ, ਮੇਰਾ ਮਨ ਰੂਪੀ ਮਕਰੰਦ=ਭੌਰਾ ਆਪ ਜੀ ਦੇ ਚਰਨ ਕਮਲਾਂ ਦੀ ਮਕਰੰਦ=ਧੂੜੀ, ਅਥਵਾ:-ਰਸ, ਅਥਵਾ: ਸੁਗੰਧੀ ਨੂੰ ਚਾਹੁੰਦਾ ਹੈ।

ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥ ੨ ॥

ਹੇ ਧਰਣੀਧਰ=ਧਰਤੀ ਦੇ ਆਸਰਾ ਰੂਪ ਪਰਮਾਨੰਦ=ਪਰਮ ਅਨੰਦ ਸਰੂਪ ਪ੍ਰਭੂ ! ਜਨਮ ਮਰਨ ਦੇ ਦੁੱਖ ਨੂੰ ਨਿਵਾਰਿ=ਦੂਰ ਕਰਕੇ ਮੇਰੀ ਇੱਜ਼ਤ ਰੱਖ ਲੈ ॥ ੨ ॥

ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥

ਮਾਇਆ ਦੇ ਅਨੇਕ ਤਰ੍ਹਾਂ ਦੇ ''ਤਰੰਗ ਜਲਤ'' -ਸੰਕਲਪਾਂ ਵਿਚ ਮੈਂ ਸੜ ਰਿਹਾ ਹਾਂ, ਹੇ ਹਰੀ ! ਗੁਰ ਮੰਤ੍ਰ ਦੁਆਰਾ ਮੇਰੇ ਹਿਰਦੇ ਵਿਚ ਗਿਆਨ ਦੇਣਾ ਕਰ ॥

ਛੇਦਿ ਅਹੰਬੁਧਿ ਕਰੁਣਾਮੈ ਚਿੰਤ ਮੇਟਿ ਪੁਰਖ ਅਨੰਤ ॥ ੩ ॥

ਹੇ ਕਰੁਣਾਮੈ=ਕਿਰਪਾ ਸਰੂਪ ਪ੍ਰਭੂ ! ਹੰਗਤਾ ਵਾਲੀ ਬੁੱਧੀ ਛੇਦਿ=ਕੱਟਣਾਂ ਕਰ, ਅਤੇ ਹੇ ਅਨੰਤ ਪੁਰਖ ! ਮੇਰੀ ਚਿੰਤਾ ਨੂੰ ਮੇਟਣਾ ਕਰ ॥ ੩ ॥

ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥

ਹੇ ਸਮਰਥ ਪ੍ਰਭੂ ! ਜੋ ਪਲ ਤੇ ਮਹੂਰਤ ਕਾਲ ਵਿਚ ਤੇਰੇ ਸਿਮਰਨ ਦਾ ਧਿਆਨ ਕਰਨਾ ਹੈ, ਮੇਰੇ ਲਈ ਇਹੋ ਸਹਜ=ਨਿਰ-ਵਿਕਲਪ ਸਮਾਧੀ ਹੈ।

ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰੇਜ ਸਾਧ ॥ ੪ ॥

ਹੇ ਦੀਨ ਦਿਆਲ ਪ੍ਰਭੂ ! ਸਾਰਿਆਂ ਵਿਚ ਪੂਰਨ, ਮੈਂ ਆਪ ਜੀ ਤੋਂ ਸੰਤਾਂ ਦੀ ਰਜ ਜਾਚੀਐ=ਧੂੜ ਮੰਗਦਾ ਹਾਂ, ਆਪ ਪ੍ਰਸੰਨ ਹੋ ਕੇ ਦੇਣਾ ਕਰੋ ॥ ੪ ॥

ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥

ਮੋਹ ਕਰਕੇ ਮਿਥਿਆ ਪਦਾਰਥਾਂ ਦੀ ਦੁਰੰਤ=ਬਿਅੰਤ ਆਸਾ, ਅਤੇ ਵਿਕਾਰਾਂ ਦੀ ਮੰਦ ਵਾਸ਼ਨਾ ਲੱਗ ਰਹੀ ਹੈ।

ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥ ੫ ॥

ਹੇ ਨਿਰੰਕਾਰ ਹਰੀ ! ਮੇਰਾ ਸੇਵਕ ਧਰਮ ਰੱਖਕੇ, ਮਨ ਵਿੱਚੋਂ ਭਰਮ ਨੂੰ ਬਿਦਾਰਿ=ਨਾਸ ਕਰਕੇ ਸੰਸਾਰ ਸਮੁੰਦਰ ਤੋਂ ਤਾਰਨਾ ਕਰ॥ ੫॥

ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥

ਹੇ ਨਿੱਧੀਆਂ, ਸਿੱਧੀਆਂ, ਦੇ ਮਾਲਕ ਹਰੀ ! ਜਿਨ੍ਹਾਂ ਦੇ ਤਨ ਉੱਤੇ ਚੀਰ=ਕੱਪੜਾ ਭੀ ਨਹੀਂ ਹੁੰਦਾ ਸੀ, ਉਹ ਤੇਰੇ ਨਾਮ ਭੰਡਾਰੇ ਨੂੰ ਪਾ ਕੇ ਧਨਾਢਿ=ਧਨਵਾਨਾਂ ਦੇ ਭੀ ਆਢਿ=ਆਸਰਾ ਰੂਪ ਹੋ ਗਏ ਹਨ।

ਖਲ ਮੁਗਧ ਮੂੜ ਕਟਾਖ੍ ਸ੍ਰੀਧਰ ਭਏ ਗੁਣ ਮਤਿ ਧੀਰ ॥ ੬ ॥

ਹੇ ਸ੍ਰੀ-ਧਰ=ਮਾਇਆ ਦੇ ਆਸਰਾ ਰੂਪ ਪ੍ਰਭੂ ! ਜੋ ਮਨ, ਬਾਣੀ, ਸਰੀਰ, ਕਰਕੇ ਮਹਾਂ ਜੜ੍ਹ ਮੂਰਖ ਸਨ, ਉਹ ਤੇਰੀ ਕਟਾਖ=ਕਿਰਪਾ ਦ੍ਰਿਸ਼ਟੀ ਕਰਕੇ ਸ਼ੁਭ ਗੁਣ ਪਾ ਕੇ ਮਤੀ ਦੇ ਧੀਰਜਵਾਨ ਹੋ ਗਏ ਹਨ॥ ੬॥

ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥

ਜਿਨ੍ਹਾਂ ਨੇ ਹਿਰਦੇ ਵਿੱਚ ਪਰਤੀਤਿ=ਸ਼ਰਧਾ ਧਾਰਕੇ ਮਨ ਵਿੱਚ ਜਗਤ ਦੇ ਮਾਲਕ ਨੂੰ ਜਪਿਆ ਹੈ, ਉਹ ਜੀਵਨ ਮੁਕਤ ਹੋਏ ਹਨ।

ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ ॥ ੭ ॥

ਕਿਉਂਕਿ ਉਹਨਾਂ ਪਰਮ ਹੰਸਾਂ ਦੀ ਇਹ ਰੀਤੀ ਹੈ, ਕਿ ਸਾਰਿਆਂ ਵਿੱਚ ਮਇਆ=ਕ੍ਰਿਪਾਲੂ ਪ੍ਰਭੂ ਨੂੰ ਰਮਣੰ=ਰਮਿਆ ਹੋਇਆ ਜਾਣਕੇ ਸਾਰਿਆਂ ਜੀਵਾਂ ਉੱਤੇ ਦਇਆ ਕਰਦੇ ਹਨ ਅਥਵਾ:-ਸਾਰਿਆਂ ਜੀਵਾਂ ਉੱਤੇ ਦਇਆ ਕਰਨੀ, ਤੇ ਮਇਆ ਸਰੂਪ ਪ੍ਰਭੂ ਨੂੰ ਸਾਰੇ ਰਮਿਆ ਹੋਇਆ ਨਿਸਚੇ ਕਰਨਾ, ਏਹੋ ਧਰਮ ਹੰਸਹ=ਤੱਤਵੇਤਾ ਮਹਾਤਮਾਂ ਦੀ ਰੀਤੀ ਹੈ॥ ੭॥

ਦੇਤ ਦਰਸਨੁ ਸ੍ਰਵਨ ਹਰਿ ਜਸੁ ਰਸਨ ਨਾਮ ਉਚਾਰ ॥

ਜੋ ਸ੍ਰਵਨ=ਕੰਨਾਂ ਨਾਲ ਹਰੀ ਜਸ ਨੂੰ ਸੁਣਦਾ ਹੈ, ਤੇ ਰਸਨਾ ਨਾਲ ਨਾਮ ਨੂੰ ਉਚਾਰਦਾ ਹੈ ਉਸ ਨੂੰ ਭਗਵਾਨ ਦਰਸ਼ਨ ਦੇਂਦਾ ਹੈ।

ਅੰਗਸੰਗ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ ॥੮ ॥੧ ॥੨ ॥੫ ॥੧ ॥੧ ॥੨ ॥੫੭ ॥

ਗੁਰੂ ਜੀ ਕਥਨ ਕਰਦੇ ਹਨ, ਉਹ ਭਗਵਾਨ ਦੇ ਅੰਗਾਂ ਨਾਲ ਪਰਸਨ=ਸਪਰਸ਼ ਕਰਦਾ ਹੈ, ਜੋ ਪ੍ਰਭੂ ਪਤਿਤ=ਪਾਪੀਆਂ ਨੂੰ ਉਧਾਰਨਾ ਕਰਦਾ ਹੈ॥ ੮॥ ੧॥ ੨॥ ੫॥ ੧॥ ੧॥ ੨॥ ੫੭॥

ਗੂਜਰੀ ਕੀ ਵਾਰ ਮਹਲਾ ੩

ਇਹ ਗੂਜਰੀ ਦੀ ਵਾਰ ਤੀਜੇ ਪਾਤਸ਼ਾਹ ਜੀ ਨੇ ਉਚਾਰੀ ਹੈ, ਇਸ ਵਿੱਚ ਸਾਰੀਆਂ ਵਾਰ=ਪਉੜੀਆਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਹਨ।

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

ਸਿਕੰਦਰ ਅਤੇ ਬਿਰਾਹਿਮ ਦੋ ਰਜਵਾੜੇ ਸਨ। ਸ਼ਰੀਕੇ ਵਿੱਚੋਂ ਭਰਾ ਭਾਈ ਸਨ। ਸਿਕੰਦਰ ਰਾਜਾ ਬਹੁਤ ਧਰਮਾਤਮਾ ਸੀ ਅਤੇ ਬਿਰਾਹਿਮ ਕੁ-ਨਿਆਈਂ ਤੇ ਬੜਾ ਵਿਭਚਾਰੀ ਸੀ। ਇਸ ਦਾ ਇਹ ਨਿਯਮ ਸੀ ''ਜੋ ਨਵਾਂ ਵਿਆਹਿਆ ਡੋਲਾ ਸ਼ਹਿਰ ਵਿੱਚ ਆਉਂਦਾ ਸੀ ਉਸਨੂੰ ਪਹਿਲੇ ਆਪਣੇ ਮੰਦਰਾਂ ਵਿੱਚ ਬੁਲਵਾ ਕੇ ਨੌਜਵਾਨ ਸੁੰਦਰ ਕੰਨਿਆਂ ਨਾਲ ਮੰਦ ਕਰਮ ਕਰਦਾ ਸੀ। ਪਿੱਛੋਂ ਉਸ ਨੂੰ ਮਾਲਕ ਦੇ ਘਰ ਭੇਜਦਾ ਸੀ।''

ਇੱਕ ਸਮੇਂ ਇੱਕ ਬ੍ਰਾਹਮਣ ਨੇ ਆਪਣੇ ਪੁੱਤਰ ਦਾ ਵਿਵਾਹ ਬੜੀ ਧੂਮ ਧਾਮ ਨਾਲ ਕੀਤਾ। ਜਦ ਡੋਲਾ ਲੈ ਕੇ ਤੁਰਿਆ ਤਾਂ ਬ੍ਰਾਹਮਣ ਦੇ ਦਿਲ ਵਿੱਚ ਵਿਚਾਰ ਆ ਗਈ ਕਿ ਜੇ ਡੋਲਾ ਮੈਂ ਆਪਣੇ ਸ਼ਹਿਰ ਲੈ ਗਿਆ ਤਾਂ ਬਿਰਾਹਿਮ ਬਾਦਸ਼ਾਹ ਨੇ ਪਹਿਲੇ ਆਪਣੇ ਮੰਦਰਾਂ ਵਿਚ ਬੁਲਾ ਕੇ ਮੇਰੀ ਨੂੰਹ ਦਾ ਧਰਮ ਭ੍ਰਿਸ਼ਟ ਕਰ ਦੇਣਾ ਹੈ ਸੋ ਜਿੱਥੋਂ ਤੱਕ ਹੋ ਸਕੇ ਧਰਮ ਦੀ ਰੱਖਿਆ ਹਰ ਹਾਲਤ ਵਿੱਚ ਕਰਨੀ ਚਾਹੀਦੀ ਹੈ। ਆਪਣੇ ਦਿਲ ਦੀ ਵਿਚਾਰ ਆਪਣੇ ਭਰਾਵਾਂ ਨਾਲ ਕਰਕੇ ਧਰਮ ਅਤੇ ਆਪਣੀ ਇੱਜ਼ਤ ਬਚਾਉਣ ਲਈ ਸਿਕੰਦਰ ਰਾਜਾ ਦੀ ਸ਼ਰਨ ਆ ਡਿੱਗੇ, ਅਤੇ ਆਪਣਾ ਸਾਰਾ ਬ੍ਰਿਤਾਂਤ ਸੁਣਾ ਦਿੱਤਾ। ਬਿਰਾਹਿਮ ਨੂੰ ਪਤਾ ਲੱਗ ਗਿਆ ਕਿ ਬ੍ਰਾਹਮਣ ਆਪਣੇ ਪੁੱਤਰ ਦੀ ਸ਼ਾਦੀ ਕਰਕੇ ਡੋਲੇ ਨੂੰ ਸਿਕੰਦਰ ਰਾਜੇ ਦੇ ਸ਼ਹਿਰ ਲੈ ਗਿਆ ਹੈ। ਉਸ ਨੇ ਇੱਕ ਚਿੱਠੀ ਲਿਖ ਕੇ ਭੇਜੀ ਕਿ ਮੇਰੀ ਢੱਕ ਤੇਰੇ ਪਾਸ ਆਈ ਏ ਤੂੰ ਇਸਨੂੰ ਜਲਦੀ ਵਾਪਸ ਭੇਜ ਦੇਹ। ਇਸ ਚਿੱਠੀ ਤੋਂ ਸਿਕੰਦਰ ਰਾਜਾ ਸਮਝ ਗਿਆ ਕਿ ਬਿਰਾਹਿਮ ਰਾਜਾ ਠੀਕ ਕਾਮੀ ਹੈ, ਹੋਰਨਾਂ ਦੇ ਧਰਮ ਭ੍ਰਿਸ਼ਟ ਕਰਨ ਵਾਲਾ ਹੈ। ਤਿਸ ਵੇਲੇ ਸਿਕੰਦਰ ਰਾਜਾ ਨੇ ਉਸ ਦੇ ਮੰਦੇ ਖਿਆਲ ਟਲਣ ਵਾਸਤੇ ਵਿਤੋਂ ਪਰੇ ਯਤਨ ਕੀਤੇ। ਜਦ ਦੇਖਿਆ ਕਿ ਉਹ ਕਿਸੇ ਤਰ੍ਹਾਂ ਭੀ ਆਪਣੇ ਮੰਦੇ ਖਿਆਲਾਂ ਤੋਂ ਟਲਣ ਨੂੰ ਤਿਆਰ ਨਹੀਂ, ਤਦ ਖੁਲ੍ਹਮ ਖੁੱਲ੍ਹਾ ਉਸ ਨੂੰ ਆਖ ਦਿੱਤਾ, ''ਬ੍ਰਾਹਮਣ ਤੇ ਬ੍ਰਾਹਮਣੀ ਮੇਰੀ ਸ਼ਰਨ ਵਿੱਚ ਆਏ ਹਨ, ਇਨ੍ਹਾਂ ਦੀ ਪੱਤ ਨੂੰ ਮੈਂ ਆਪਣੀ ਪੱਤ ਸਮਝਦਾ ਹਾਂ।''

ਇਤਨੀ ਗੱਲ ਆਖ ਕੇ ਪਿੱਛੋਂ ਸੈਨਾਂ ਭੇਜ ਕੇ ਜੰਗ ਸ਼ੁਰੂ ਕਰ ਦਿੱਤਾ। ਬਿਰਾਹਿਮ ਦੀ ਸਾਰੀ ਸੈਨਾਂ ਕੈਦ ਕਰ ਲੀਤੀ। ਅੰਤ ਨੂੰ ਬਿਰਾਹਿਮ ਨੂੰ ਵੀ ਕੈਦ ਵਿੱਚ ਪਾ ਦਿੱਤਾ ਤੇ ਆਪ ਰਾਜ ਕਰਨ ਲੱਗ ਪਿਆ। ਕੁਝ ਸਮਾਂ ਇਸ ਤਰ੍ਹਾਂ ਲੰਘ ਗਿਆ। ਸਿਕੰਦਰ ਨੇ ਧਰਮਾਤਮਾ ਰਾਜਿਆਂ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਉਸ ਨੂੰ ਨੇਕ ਰਸਤੇ ਲਿਆਉਣ ਦਾ ਯਤਨ ਕੀਤਾ।

ਦੂਸਰੀ ਇਹ ਗੱਲ ਕਿ ਕੈਦ ਦੇ ਦੁੱਖ ਨੇ ਬਿਰਾਹਿਮ ਤੇ ਕਾਫੀ ਅਸਰ ਪਾਇਆ। ਆਖਰ ਬਿਰਾਹਿਮ ਨੇ ਸਿਕੰਦਰ ਪਾਸੋਂ ਖਿਮਾ ਮੰਗੀ। ਉਸ ਵੇਲੇ ਸਿਕੰਦਰ ਬਾਦਸ਼ਾਹ ਨੇ ਸ਼ੁਭ ਸਿੱਖਿਆ ਦੇ ਕੇ ਉਸ ਨੂੰ ਬੜੇ ਮਾਨ ਸਹਿਤ ਤੋਰ ਦਿੱਤਾ।

ਪਿਛੋਂ ਏਸੇ ਪ੍ਰਸੰਗ ਦੀ ਪੌੜੀ ਢਾਡੀਆਂ ਨੇ ਗਾਇਨ ਕੀਤੀ—

''ਪਾਪੀ ਖਾਨ ਬਿਰਾਹਿਮ ਪਰ ਚੜ੍ਹਿਆ ਸਿਕੰਦਰ।
ਭੇੜ ਦੁਹਾਂ ਦਾ ਮੱਚਿਆ ਬੱਡ ਰਣ ਦੇ ਅੰਦਰ।
ਫੜਿਆ ਖਾਨ ਬਿਰਾਮ ਨੂੰ ਕਰ ਬਡ ਆਡੰਬਰ।

ਬਧਾ ਸੰਗਲ ਪਾਇਕੇ ਜਨੁ ਕੀਲੇ ਬੰਦਰ।

ਆਪਣਾ ਹੁਕਮ ਮਨਾਇਕੈ ਛੋਡਿਆ ਜੱਗ ਅੰਦਰ॥''

ਜਦ 'ਛੇਵੇਂ ਪਾਤਸ਼ਾਹ' ਜੀ ਨੂੰ ਅਕਾਲ ਤਖਤ ਦੇ ਹੇਠਾਂ ਬੈਠਕੇ ਢਾਡੀਆਂ ਨੇ ਇਹ ਪਉੜੀ ਸੁਣਾਈ ਤਾਂ ਗੁਰੂ ਸਾਹਿਬਾਂ ਨੇ ਖੁਸ਼ ਹੋ ਕੇ ਭਾਈ ਗੁਰਦਾਸ ਜੀ ਪਾਸੋਂ ਇਹ ਅੱਖਰ ਲਿਖਵਾਏ 'ਸਿਕੰਦਰ ਬਿਰਾਹਿਮ' ਕੀ ਵਾਰ ਕੀ ਧੁਨੀ ਗਾਉਣੀ ਅਤੇ ਰਾਗੀਆਂ ਨੂੰ ਹੁਕਮ ਦਿੱਤਾ ਕਿ ਜਿਸ ਤਰ੍ਹਾਂ ਇਹਨਾਂ ਦੀ ਪਉੜੀ ਗਾਈ ਗਈ ਹੈ, ਉਸੇ ਤਰ੍ਹਾਂ 'ਗੂਜਰੀ' ਦੀ ਵਾਰ ਦੀਆਂ ਪਉੜੀਆਂ ਗਾਇਣ ਕਰਨੀਆਂ।

੧ੴ ਸਤਿਗੁਰ ਪ੍ਰਸਾਦਿ॥ ਸਲੋਕੁ ਮ: ੩॥

ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ॥

ਇਹ ਸੰਸਾਰ ਮਮਤਾ=ਮੈਂ ਮੇਰੀ ਕਰਦਾ ਹੀ ਮਰ ਰਿਹਾ ਹੈ, ਇਸ ਨੂੰ ਸ੍ਰੇਸ਼ਟ ਜੀਉਣੇ ਦੀ ਵਿਧੀ ਪ੍ਰਾਪਤ ਨਹੀਂ ਹੋਈ।

ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ॥

ਜੋ ਤਾਂ ਗੁਰਾਂ ਦੇ ਭਾਣੇ ਵਿਚ ਚੱਲੇਗਾ, ਉਹ ਤਾਂ ਜੀਵਣ ਪਦਵੀ ਨੂੰ ਪਾਏਗਾ।

ਓਇ ਸਦਾ ਸਦਾ ਜਨ ਜੀਵਤੇ ਜੋ ਹਰਿ ਚਰਣੀ ਚਿਤੁ ਲਾਹਿ॥

ਉਹ ਪੁਰਸ਼ ਸਦਾ ਸਦਾ=ਨਿਤਾਪ੍ਰਤੀ ਜੀਉਂਦੇ ਹਨ, ਜੋ ਹਰੀ ਦੇ ਚਰਨਾਂ ਨਾਲ ਚਿੱਤ ਬਿਰਤੀ ਨੂੰ ਲਾਂਦੇ ਹਨ।

ਨਾਨਕ ਨਦਰੀ ਮਨਿ ਵਸੈ ਗੁਰਮੁਖਿ ਸਹਜਿ ਸਮਾਹਿ॥ ੧॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੁਆਰੇ ਨਦਰੀ=ਪਰਮਾਤਮਾ ਜਿਨ੍ਹਾਂ ਦੇ ਮਨ ਵਿਚ ਵਸਦਾ ਹੈ ਉਹ ਗੁਰਮੁਖ ਸਹਜ ਪਦ ਵਿਚ ਸਮਾਂਵਦੇ ਹਨ॥ ੧॥

ਮ: ੩ ॥ ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ॥

ਮਨਮੁਖ ਦੇ ਅੰਦਰ ਦੁਖਦਾਈ ਸੰਸਾ ਹੈ, ਇਸ ਕਰਕੇ ਉਹ ਆਪ ਹੀ ਆਪਣੇ ਸਿਰ ਨੂੰ ਧੰਦਿਆਂ ਵਿਚ ਮਾਰਦਾ ਹੈ।

ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ॥

ਉਹ ਦ੍ਵੈਤ ਭਾਵ ਵਿਚ ਸੁੱਤੇ ਹੋਏ ਵਾਹਿਗੁਰੂ ਦੇ ਸਿਮਰਨ ਵਿਚ ਕਦੇ ਜਾਗਦੇ ਨਹੀਂ ਹਨ, ਇਸ ਲਈ ਉਹਨਾਂ ਦਾ ਮਾਇਆ ਦੇ ਮੋਹ ਵਿਚ ਪਿਆਰ ਹੈ।

(ਪੰਨਾ ੫੦੬)

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥

ਨਾਮ ਨੂੰ ਨਹੀਂ ਜਪਦੇ, ਨਾ ਹੀ ਗੁਰ ਸ਼ਬਦ ਨੂੰ ਵਿਚਾਰਦੇ ਹਨ, ਅਥਵਾ:-ਨਾ ਹੀ ਸਬਦੁ=ਬ੍ਰਹਮ ਦਾ ਵਿਚਾਰ ਕਰਦੇ ਹਨ, ਮਨਮੁਖਾਂ ਦਾ ਏਹੋ ਕਰਤੱਬ ਹੈ।

੧੯੧. ਪਾੜ ਪੜੋਸਣਿ ਪੂਛਿ ਲੇ ਨਾਮਾ ੭੦੪
੧੯੨. ਅਣਮੜਿਆ ਮੰਦਲੁ ਬਾਜੈ ੭੦੮

ਭਗਤ ਰਵਿਦਾਸ ਜੀ

੧੯੩. ਜਬ ਹਮ ਹੋਤੇ ਤਬ ਤੂ ਨਾਹੀ ੭੧੦
੧੯੪. ਜਉ ਹਮ ਬਾਂਧੇ ਮੋਹ ਫਾਸ ੭੧੩
੧੯੫. ਦੁਲਭ ਜਨਮੁ ਪੁੰਨ ਫਲ ਪਾਇਓ ੭੧੫
੧੯੬. ਸੁਖ ਸਾਗਰੁ ਸੁਰਤਰ ੭੧੬ਖ
੧੯੭. ਜਉ ਤੁਮ ਗਿਰਿਵਰ ੭੧੮
੧੯੮. ਜਲ ਕੀ ਭੀਤਿ ਪਵਨ ਕਾ ੭੧੯
੧੯੯. ਚਮਰਟਾ ਗਾਂਠਿ ਨ ਜਨਈ ੭੨੧

ਭਗਤ ਭੀਖਨ ਜੀ

੨੦੦. ਨੈਨਹੁ ਨੀਰੁ ਬਹੈ ੭੨੨
੨੦੧. ਐਸਾ ਨਾਮੁ ਰਤਨੁ ੭੨੩
ਜੀਵਨ ਭਗਤ ਭੀਖਨ ਜੀ ੭੨੫

ਸਾਖੀਆਂ ਦਾ ਤਤਕਰਾ

੧. ਚਾਰ ਚੋਰਾਂ ਦੀ ੪੭
੨. ਕਬੂਤਰ ਦੀ ੨੧੧
੩. ਮੈਗਲਖਾਨੁ ਪਠਾਣ ਦੀ ੨੭੨
੪. ਮਲੂਕੇ ਚੌਧਰੀ ਦੀ ੨੭੮
੫. ਕੁਦਰਤ ਦਿਖੌਣ ਦੀ ੩੮੨
੬. ਗੋਪਾਲ ਮੂਰਤੀ ਦੇ ਉਗਾਹੀਂ ਦੇਣ ਦੀ ੫੪੮ਖ
੭. ਸੁਪਨੇ ਵਿਚ ਰਾਜੇ ਦੇ ਭਿਖਾਰੀ ਹੋਣ ਦੀ ੭੨੧

ਸੰਪ੍ਰਦਾਈ ਗਿਆਨੀਆਂ ਦੀ ਪ੍ਰਣਾਲੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਭਾਈ ਮਨੀ ਸਿੰਘ ਜੀ ਸ਼ਹੀਦ — ਬਾਬਾ ਦੀਪ ਸਿੰਘ ਜੀ ਸ਼ਹੀਦ

ਭਾਈ ਦੀਵਾਨ ਸਿੰਘ ਜੀ	ਭਾਈ ਗੁਰਦਿਆਲ ਸਿੰਘ ਜੀ	ਭਾਈ ਗੁਰਬਖਸ਼ ਸਿੰਘ ਜੀ
ਭਾਈ ਅਮਰ ਸਿੰਘ ਜੀ	ਭਾਈ ਸੂਰਤ ਸਿੰਘ ਜੀ	ਭਾਈ ਕੋਲ ਸਿੰਘ ਜੀ
ਭਾਈ ਰਾਮ ਸਿੰਘ ਜੀ	ਭਾਈ ਗੁਰਦਾਸ ਸਿੰਘ ਜੀ	ਭਾਈ ਜੱਸਾ ਸਿੰਘ ਜੀ
ਭਾਈ ਚੰਦਾ ਸਿੰਘ ਜੀ	ਭਾਈ ਸੰਤ ਸਿੰਘ ਜੀ	
ਭਾਈ ਹਜਾਰਾ ਸਿੰਘ ਜੀ	ਭਾਈ ਦਇਆ ਸਿੰਘ ਜੀ (ਸੰਤ)	
ਭਾਈ ਸਾਹਿਬ ਭਾਈ ਵੀਰ ਸਿੰਘ ਜੀ	ਭਾਈ ਭਗਵਾਨ ਸਿੰਘ ਜੀ (ਸੰਤ)	

ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਬਜ਼ਾਰ ਸੱਤੋ ਵਾਲਾ *ਅੰਮ੍ਰਿਤਸਰ ਵਾਲੇ (ਦੇਹਾਂਤ ੧ ਕੱਤਕ ਸੰ: ੨੦੧੧)	ਭਾਈ ਫਤੇ ਚੰਦ ਜੀ (ਸੰਤ) (ਸ਼ਾਹਜੀਵਣੇ ਵਾਲੇ) ਸੰਤ ਸੰਗਤ ਸਿੰਘ ਜੀ (ਕਮਾਲੀਏ ਵਾਲੇ)	ਸੰਤ ਬਾਬਾ ਹਰਨਾਮ ਸਿੰਘ ਜੀ ਸੰਤ ਬਿਸ਼ਨ ਸਿੰਘ ਜੀ (ਮੁਰਾਲੇ ਵਾਲੇ) ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ
ਸੰਤ ਕ੍ਰਿਪਾਲ ਸਿੰਘ ਜੀ ਅੰਮ੍ਰਿਤਸਰ		ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ ਜਨਮ ੧ ਫੱਗਣ ੧੯੫੯ ਦੇਹਾਂਤ ੧੫ ਹਾੜ ੨੦੨੯
ਸੰਤ ਕਰਤਾਰ ਸਿੰਘ ਜੀ 'ਖਾਲਸਾ'		ਸੰਤ ਗਿਆਨੀ ਮੋਹਨ ਸਿੰਘ ਜੀ 'ਖਾਲਸਾ'
ਸੰਤ ਜਰਨੈਲ ਸਿੰਘ ਜੀ 'ਖਾਲਸਾ'		

*ਏਸੇ ਸੰਪ੍ਰਦਾਈ ਅਰਥਾਂ ਦੇ ਕਰਨ ਦੀ ਸੇਵਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਨੇ ੧੯੫੧ ਬਿਕ੍ਰਮੀ ਤੋਂ ਲੈ ਕੇ ੨੦੧੧ ਤਕ ਪੂਰੇ ੬੦ ਸਾਲ ਕੀਤੀ ਹੈ।

ਰਾਗੁ ਧਨਾਸਰੀ ਮਹਲਾ ੧

੧. ਜੀਉ ਡਰਤੁ ਹੈ ਆਪਣਾ ੭੨੭
੨. ਹਮ ਆਦਮੀ ਹਾਂ ਇਕ ਦਮੀ ੭੨੯
੩. ਕਿਉ ਸਿਮਰੀ ਸਿਵਰਿਆ ੭੩੦

ਮਹਲਾ ੩

੪. ਨਦਰਿ ਕਰੇ ਤਾ ਸਿਮਰਿਆ ਜਾਇ ੭੩੧

ਮਹਲਾ ੧

ਉਥਾਨਕਾ ੭੩੩
੫. ਜੀਉ ਤਪਤੁ ਹੈ ਬਾਰੋ ਬਾਰ ੭੩੪
੬. ਚੋਰੁ ਸਲਾਹੇ ਚੀਤੁ ਨ ਭੀਜੈ ੭੩੫
੭. ਕਾਇਆਂ ਕਾਗਦੁ ਮਨੁ ੭੩੬
ਉਥਾਨਕਾ ੭੩੮
੮. ਕਾਲੁ ਨਾਹੀ ਜੋਗੁ ਨਾਹੀ ੭੪੦
੯. ਗਗਨ ਮੈ ਥਾਲੁ ੭੪੨

ਮਹਲਾ ੩

੧੦. ਇਹੁ ਧਨੁ ਅਖੁਟੁ ਨ ਨਿਖੁਟੈ ੭੪੪
੧੧. ਹਰਿ ਨਾਮੁ ਧਨੁ ਨਿਰਮਲੁ ੭੪੬
੧੨. ਸਦਾ ਧਨੁ ਅੰਤਰਿ ੭੪੭
੧੩. ਜਗੁ ਮੈਲਾ ਮੈਲੋ ਹੋਇ ਜਾਇ ੭੪੮
੧੪. ਜੋ ਹਰਿ ਸੇਵਹਿ ਤਿਨ ੭੫੦
੧੫. ਮਨੁ ਮਰੈ ਧਾਤੁ ਮਰਿ ੭੫੧
੧੬. ਕਾਚਾ ਧਨੁ ਸੰਚਹਿ ੭੫੨
੧੭. ਨਾਵੈ ਕੀ ਕੀਮਤਿ ਮਿਤਿ ੭੫੩
੧੮. ਹਮ ਭੀਖਕ ਭੇਖਾਰੀ ਤੇਰੇ ੭੫੪

ਮਹਲਾ ੪

੧੯. ਜੋ ਹਰਿ ਸੇਵਹਿ ਸੰਤ ੭੫੫
੨੦. ਹਰਿ ਕੇ ਸੰਤ ਜਨਾ ੭੫੭
੨੧. ਹਰਿ ਕਾ ਸੰਤੁ ਸਤਗੁਰੁ ੭੫੮
੨੨. ਹਮ ਅੰਧੁਲੇ ਅੰਧ ੭੫੯
੨੩. ਹਰਿ ਹਰਿ ਬੂੰਦ ਭਏ ੭੬੧
੨੪. ਕਲਿਜੁਗ ਕਾ ਧਰਮੁ ਕਹਹੁ ੭੬੨
੨੫ ਉਰ ਧਾਰਿ ਬੀਚਾਰਿ ੭੬੩
੨੬ ਗੁਨ ਕਹੁ ਹਰਿ ਲਹੁ ੭੬੪
ਨੌਂ ਵਿਆਕਰਣ, ਛੇ ਸ਼ਾਸਤ੍ਰ
ਛੇ ਵੇਦ ਦੇ ਅੰਗ ੭੬੪
੨੭. ਹਰਿ ਪੜੁ ਹਰਿ ਲਿਖੁ ੭੬੫
੨੮. ਚਉਰਾਸੀਹ ਸਿਧ ਬੁਧ ੭੬੬
੨੯. ਸੇਵਕ ਸਿਖ ਪੂਜਣ ੭੬੭
੩੦. ਇਛਾ ਪੂਰਕ ਸਰਬ ਸੁਖ ੭੬੮
੩੧. ਮੇਰੇ ਸਾਹਾ ਮੈ ੭੬੯

ਮਹਲਾ ੫

੩੨. ਭਵ ਖੰਡਨ ਦੁਖ ਭੰਜਨ ੭੭੦
੩੩. ਬਿਨੁ ਜਲ ਪ੍ਰਾਨ ਤਜੇ ੭੭੨
੩੪. ਕਰਿ ਕਿਰਪਾ ਦੀਓ ੭੭੩
੩੫. ਜਬ ਤੇ ਦਰਸਨ ਭੇਟੇ ੭੭੪
੩੬. ਜਿਸ ਕਾ ਤਨੁ ਮਨੁ ੭੭੫
੩੭. ਵਡੇ ਵਡੇ ਰਾਜਨ ੭੭੬
੩੮. ਲਵੈ ਨ ਲਾਗਨ ਕਉ ੭੭੭
੩੯. ਬਾਰਿ ਜਾਉ ਗੁਰ ਅਪੁਨੇ ੭੭੯
੪੦. ਜਿਹ ਕਰਣੀ ਹੋਵਹਿ ੭੮੦
੪੧. ਪਾਨੀ ਪਖਾ ਪੀਸਉ ਸੰਤ ਆਗੈ ੭੮੨
੪੨. ਜਿਨਿ ਕੀਨੇ ਵਸਿ ੭੮੩
੪੩. ਤੁਮ ਦਾਤੇ ਠਾਕੁਰ ੭੮੫
੪੪. ਪੂਜਾ ਵਰਤ ਤਿਲਕ ੭੮੫
੪੫. ਬੰਧਨ ਤੇ ਛੁਟਕਾਵੈ ੭੮੭
੪੬. ਹਰਿ ਹਰਿ ਲੀਨੇ ਸੰਤ ੭੮੮
੪੭. ਅਬ ਹਰਿ ਰਾਖਨਹਾਰੁ ੭੮੮
੪੮. ਮੇਰਾ ਲਾਗੋ ਰਾਮ ਸਿਉ ੭੮੯
੪੯. ਅਉਖਧ ਤੇਰੋ ਨਾਮ ੭੯੦
੫੦. ਹਾ ਹਾ ਪ੍ਰਭ ੭੯੧
੫੧. ਦੀਨ ਦਰਦ ਨਿਵਾਰਿ ੭੯੨
੫੨. ਫਿਰਤ ਫਿਰਤ ਭੇਟੇ ੭੯੩
੫੩. ਛੋਡਿ ਜਾਹਿ ਸੇ ੭੯੪
੫੪. ਮੋਹਿ ਮਸਕੀਨ ਪ੍ਰਭੁ ੭੯੫
੫੫. ਸੋ ਕਤ ਡਰੈ ਜਿ ੭੯੬
੫੬. ਘਰਿ ਬਾਹਰਿ ਤੇਰਾ ਭਰਵਾਸਾ ੭੯੭
੫੭. ਸਗਲ ਮਨੋਰਥ ਪ੍ਰਭ ਤੇ ੭੯੮
੫੮. ਜਹਿ ਜਹਿ ਪੇਖਉ ੭੯੯
੫੯. ਜਿਨਿ ਤੁਮ ਭੇਜੇ ੮੦੦
੬੦. ਸੁਨਹੁ ਸੰਤ ਪਿਆਰੇ ੮੦੩
੬੧. ਮੇਰੇ ਲਾਲ ਭਲੋ ਰੇ ੮੦੪

੬੨. ਹਰਿ ਏਕੁ ਸਿਮਰਿ ੮੦੫
੬੩. ਸਿਮਰਉ ਸਿਮਰਿ ਸਿਮਰਿ ੮੦੬
੬੪. ਭਏ ਕਿਰਪਾਲ ਦਇਆਲ ੮੦੭
੬੫. ਦਰਬਵੰਤੁ ਦਰਬੁ ਦੇਖਿ ੮੦੮
੬੬. ਜਾ ਕਉ ਹਰਿ ਰੰਗੁ ੮੦੮
੬੭. ਜਤਨ ਕਰੈ ਮਾਨੁਖ ੮੦੯
੬੮. ਨਾਮੁ ਗੁਰਿ ਦੀਓ ਹੈ ੮੧੦
੬੯. ਨੇਤ੍ਰ ਪੁਨੀਤ ਭਏ ੮੧੦
੭੦. ਅਪਨੀ ਉਕਤਿ ਖਲਾਵੈ ੮੧੧
੭੧. ਸੰਤ ਕ੍ਰਿਪਾਲ ਦਇਆਲ ੮੧੨
੭੨. ਛਡਾਇ ਲੀਓ ਮਹਾ ਬਲੀ ਤੇ ੮੧੩
੭੩. ਪਰ ਹਰਨਾ ਲੋਭੁ ਝੂਠ ੮੧੩
੭੪. ਸਿਮਰਿ ਸਿਮਰਿ ਸੁਆਮੀ ੮੧੪
੭੫. ਦੂਤ ਦੁਸਮਨ ਸਭਿ ੮੧੫
੭੬. ਚਤੁਰ ਦਿਸਾ ਕੀਨੋ ੮੧੫
੭੭. ਅਉਖੀ ਘੜੀ ਨ ੮੧੬
੭੮. ਜਿਸ ਕਉ ਬਿਸਰੈ ੮੧੭
੭੯. ਜਨ ਕੇ ਪੂਰਨ ਹੋਏ ੮੧੮
੮੦. ਮਾਂਗਉ ਰਾਮ ਤੇ ਇਕੁ ਦਾਨੁ ੮੧੮
੮੧. ਮਾਂਗਉ ਰਾਮ ਤੇ ਸਭਿ ਥੋਕ ੮੧੯
੮੨. ਤ੍ਰਿਸਨਾ ਬੁਝੈ ਹਰਿ ਕੈ ਨਾਮ ੮੨੦
੮੩. ਜਨ ਕੀ ਕੀਨੀ ਪਾਰਬ੍ਰਹਮਿ ਸਾਰ ੮੨੧
੮੪. ਹਰਿ ਚਰਨ ਸਰਨ ੮੨੧
੮੫. ਹਲਤਿ ਸੁਖੁ ਪਲਤਿ ਸੁਖੁ ੮੨੨
੮੬. ਬੰਦਨਾ ਹਰਿ ਬੰਦਨਾ ੮੨੩
੮੭. ਤ੍ਰਿਪਤਿ ਭਈ ਸਚੁ ਭੋਜਨੁ ੮੨੪
੮੮. ਗੁਰ ਕੇ ਚਰਨ ਜੀਅ ੮੨੫
੮੯. ਕਿਤੈ ਪ੍ਰਕਾਰਿ ਨ ੮੨੬

ਮਹਲਾ ੯

੯੦. ਕਾਹੇ ਰੇ ਬਨ ੮੨੬
੯੧. ਸਾਧੋ ਇਹੁ ਜਗੁ ੮੨੭
੯੨. ਤਿਹ ਜੋਗੀ ਕਉ ਜੁਗਤ ੮੨੭
੯੩. ਅਬ ਮੈ ਕਉਨੁ ਉਪਾਉ ੮੨੮

ਅਸਟਪਦੀਆ ਮਹਲਾ ੧

੯੪. ਗੁਰੁ ਸਾਗਰੁ ਰਤਨੀ ਭਰਪੂਰੇ ੮੨੯
੯੫. ਸਹਜਿ ਮਿਲੈ ਮਿਲਿਆ ੮੩੨

ਮਹਲਾ ੫ ਅਸਟਪਦੀਆ

੯੬. ਜੋ ਜੋ ਜੂਨੀ ਆਇਓ ੮੩੪

ਛੰਤ ਮਹਲਾ ੧

੯੭. ਤੀਰਥਿ ਨਾਵਣ ਜਾਉ ੮੩੮
ਦਸ ਪੁਰਬ ੮੩੮
ਦਸਾਂ ਪਾਪਾਂ ਦਾ ਨਿਰਨਾ ੮੩੯
੯੮. ਜੀਵਾਂ ਤੇਰੈ ਨਾਇ ੮੪੨
੯੯. ਪਿਰ ਸੰਗਿ ਮੂਠੜੀਏ ੮੪੫

ਛੰਤ ਮਹਲਾ ੪

੧੦੦. ਹਰਿ ਜੀਉ ਕ੍ਰਿਪਾ ਕਰੇ ੮੪੯

ਛੰਤ ਮਹਲਾ ੫

੧੦੧. ਸਤਿਗੁਰ ਦੀਨ ਦਇਆਲ ੮੫੨

ਭਗਤ ਬਾਣੀ

ਕਬੀਰ ਜੀ

੧੦੨. ਸਨਕ ਸਨੰਦ ਮਹੇਸ ੮੫੫
੧੦੩. ਦਿਨ ਤੇ ਪਹਰ ੮੫੭
੧੦੪. ਜੋ ਜਨੁ ਭਾਉ ਭਗਤਿ ੮੫੮
੧੦੫. ਇੰਦ੍ਰ ਲੋਕ ਸਿਵ ਲੋਕਹਿ ੮੬੦
੧੦੬. ਰਾਮ ਸਿਮਰਿ ਰਾਮ ਸਿਮਰਿ ੮੬੧

ਨਾਮਦੇਵ

੧੦੭. ਗਹਰੀ ਕਰਿ ਕੈ ਨੀਵ ੮੬੩
੧੦੮. ਦਸ ਬੈਰਾਗਨਿ ਮੋਹਿ ੮੬੯
੧੦੯. ਮਾਰਵਾੜਿ ਜੈਸੇ ਨੀਰੁ ਬਾਲਹਾ ੮੭੨
੧੧੦. ਪਹਿਲ ਪੁਰੀਏ ਪੁੰਡਰਕ ੮੭੪
੧੧੧. ਪਤਿਤ ਪਾਵਨ ਮਾਧਉ ੮੭੯

ਰਵਿਦਾਸ

੧੧੨. ਹਮ ਸਰਿ ਦੀਨੁ ੮੮੦
੧੧੩. ਚਿਤ ਸਿਮਰਨੁ ਕਰਉ ੮੮੧
੧੧੪. ਨਾਮੁ ਤੇਰੋ ਆਰਤੀ ੮੮੩
ਤ੍ਰਿਲੋਚਨ, ਪਹਿਲੀ ਉਥਾਨਕਾ ੮੮੫
ਦੂਜੀ ਉਥਾਨਕਾ ੮੮੬
੧੧੫. ਨਾਰਾਇਣ ਨਿੰਦਸਿ ੮੮੯
ਸਾਖੀ ਅਰੁਣ ਦੀ ੯੦੦
ਬ੍ਰਹਮਾ ਤੇ ਸ਼ਿਵਾਂ ਦੀ ੯੦੨
ਸਾਖੀ ਹਨੂੰਮਾਨ ਦੀ ੯੦੯

ਸ੍ਰੀ ਸੈਣ ਜੀ

੧੧੭. ਧੂਪ ਦੀਪ ਘ੍ਰਿਤ ੯੧੪

ਪੀਪਾ ਜੀ

੧੧੮. ਕਾਯਉ ਦੇਵਾ ਕਾਇਅਉ ਦੇਵਲ ੯੧੭

ਧੰਨਾ ਜੀ

੧੧੯. ਗੋਪਾਲ ਤੇਰਾ ਆਰਤਾ ੯੧੯

ਰਾਗੁ ਜੈਤਸਰੀ ਮਹਲਾ ੪

੧. ਮੇਰੈ ਹੀਅਰੈ ਰਤਨੁ ੯੨੩
੨. ਹੀਰਾ ਲਾਲੁ ਅਮੋਲਕੁ ੯੨੪
੩. ਹਮ ਬਾਰਿਕ ਕਛੂਅ ਨ ੯੨੬
੪. ਸਤਿਗੁਰੁ ਸਾਜਨੁ ਪੁਰਖੁ ੯੨੭
੫. ਜਿਨ ਹਰਿ ਹਿਰਦੈ ਨਾਮੁ ੯੨੮
੬. ਸਤਸੰਗਤਿ ਸਾਧ ਪਾਈ ੯੨੯
੭. ਹਰਿ ਹਰਿ ਸਿਮਰਹੁ ਅਗਮ ੯੩੧
੮. ਹਰਿ ਹਰਿ ਹਰਿ ਹਰਿ ਨਾਮੁ ੯੩੨
੯. ਰਸਿ ਰਸਿ ਰਾਮੁ ਰਸਾਲੁ ੯੩੩
੧੦. ਆਪੇ ਜੋਗੀ ਜੁਗਤਿ ਜੁਗਾਹਾ ੯੩੪
੧੧. ਮਿਲਿ ਸਤਸੰਗਤਿ ਸੰਗਿ ੯੩੫

ਮਹਲਾ ੫

੧੨. ਕੋਈ ਜਾਨੈ ਕਵਨੁ ੯੩੭
੧੩. ਦੇਹੁ ਸੰਦੇਸਰੋ ਕਹੀਅਉ ੯੩੮
੧੪. ਧੀਰਉ ਸੁਨਿ ਧੀਰਉ ਪ੍ਰਭ ਕਉ ੯੩੯
੧੫. ਲੋੜੀਦੜਾ ਸਾਜਨੁ ਮੇਰਾ ੯੩੯
੧੬. ਅਬ ਮੈ ਸੁਖੁ ਪਾਇਓ ੯੪੦
੧੭. ਮਨ ਮਹਿ ਸਤਿਗੁਰ ਧਿਆਨੁ ੯੪੧
੧੮. ਜਾ ਕਉ ਭਏ ਗੋਵਿੰਦ ਸਹਾਈ ੯੪੨
੧੯. ਗੋਬਿੰਦ ਜੀਵਨ ਪ੍ਰਾਨ ੯੪੨
੨੦. ਕੋਈ ਜਨੁ ਹਰਿ ਸਿਉ ੯੪੩
੨੧. ਚਾਤ੍ਰਿਕ ਚਿਤਵਤ ਬਰਸਤ ੯੪੪
੨੨. ਮਨਿ ਤਨਿ ਬਸਿ ਰਹੇ ੯੪੫
੨੩. ਆਏ ਅਨਿਕ ਜਨਮ ਭ੍ਰਮਿ ੯੪੫
੨੪. ਹਰਿ ਜਨ ਸਿਮਰਹੁ ੯੪੬

ਮਹਲਾ ੯

੨੫. ਭੂਲਿਓ ਮਨੁ ਮਾਇਆ ੯੪੭
੨੬. ਹਰਿ ਜੂ ਰਾਖਿ ਲੇਹੁ ੯੪੭
੨੭. ਮਨ ਰੇ ਸਾਚਾ ਗਹੋ ਬਿਚਾਰਾ ੯੪੮

ਛੰਤ ਮਹਲਾ ੫

੨੮. ਦਰਸਨ ਪਿਆਸੀ ਦਿਨਸੁ ਰਾਤਿ ੯੪੯
੨੯. ਊਚਾ ਅਗਮ ਅਪਾਰ ੯੫੨
੩੦. ਨਿਰਤਿ ਨ ਪਵੈ ਅਸੰਖ ਗੁਣ ੯੫੩
੩੧. ਰੇ ਮਨ ਤਾ ਕਉ ੯੫੪
੩੨. ਚਿਤਿ ਜਿ ਚਿਤਵਿਆ ੯੫੫
੩੩. ਪਾਧਾਨੂ ਸੰਸਾਰੁ ਗਾਰਬਿ ੯੫੫

ਵਾਰ ਮਹਲਾ ੫

੩੪. ਆਦਿ ਪੂਰਨ ਮਧਿ ਪੂਰਨ ੯੫੯
ਸ੍ਰਵਣ ਦੇ ਖਟ ਲਿੰਗ ੯੬੦
੩੫. ਰਚੰਤਿ ਜੀਅ ਰਚਨਾ ੯੬੧
੩੬. ਮਨ ਇਛਾ ਦਾਨ ਕਰਣੈ ੯੬੨
੩੭. ਕੁਟੰਬ ਜਤਨ ਕਰਣੰ ੯੬੩
੩੮. ਕੋਟਿ ਦਾਨ ਇਸਨਾਨੰ ੯੬੪
੩੯. ਗ੍ਰਿਹ ਰਚਨਾ ਅਪਾਰੰ ੯੬੫
੪੦. ਚਰਨ ਕਮਲ ਬਿਰਹੰ ੯੬੬
ਉਥਾਨਕਾ-ਭਾਈ ਹੇਮੇ ਦੀ ੯੬੭
੪੧. ਅਨਿਕ ਲੀਲਾ ਰਾਜ ਰਸ ਰੂਪੰ ੯੬੯
੪੨. ਬਸੰਤਿ ਸ੍ਵਰਗ ਲੋਕਹ ੯੭੦
੪੩. ਰਾਜ ਕਪਟੰ ਰੂਪ ਕਪਟੰ ੯੭੧
੪੪. ਨਚ ਰਾਜ ਸੁਖ ਮਿਸਟੰ ੯੭੨
੪੫. ਤ੍ਰਿਅਕਤ ਜਲੰ ਨਹ ਜੀਵ ਮੀਨੰ ੯੭੩
੪੬. ਚਿਤਵੰਤਿ ਚਰਨ ਕਮਲੰ ੯੭੫
੪੭. ਰਸਨਾ ਉਚਰੰਤਿ ਨਾਮੰ ੯੭੬
੪੮. ਭਾਵੀ ਉਦੇਤ ਕਰਣੰ ੯੭੬
੪੯. ਪਤਿਤ ਪੁਨੀਤ ਗੋਬਿੰਦਹ ੯੭੭
੫੦. ਸੰਤ ਉਧਰਣੰ ਦਇਆਲੰ ੯੭੮
੫੧. ਦਇਆ ਕਰਣੰ ਦੁਖ ਹਰਣੰ ੯੭੯
੫੨. ਗੁਰ ਗੋਬਿੰਦ ਗੋਪਾਲ ਗੁਰ ੯੮੦
੫੩. ਦਿਸਟੰਤ ਏਕੈ ਸੁਨੀਅੰਤ ਏਕੋ ੯੮੧

ਭਗਤ ਰਵਿਦਾਸ ਜੀ

੫੪. ਨਾਥ ਕਛੂਅ ਨ ਜਾਨਉ ੯੮੩

ਰਾਗੁ ਟੋਡੀ ਮਹਲਾ ੪

੧. ਹਰਿ ਬਿਨੁ ਰਹਿ ਨ ਸਕੈ ੯੮੭

ਮਹਲਾ ੫

੨. ਸੰਤਨ ਅਵਰ ਨ ਕਾਹੂ ਜਾਨੀ ੯੮੯
੩. ਹਰਿ ਬਿਸਰਤ ਸਦਾ ਖੁਆਰੀ ੯੯੦
੪. ਧਾਇਓ ਰੇ ਮਨ ਦਹ ਦਿਸ ੯੯੧
੫. ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ੯੯੨
੬. ਕ੍ਰਿਪਾ ਨਿਧਿ ਬਸਹੁ ਰਿਦੈ ੯੯੩
੭. ਮਾਗਉ ਦਾਨੁ ਠਾਕੁਰ ਨਾਮ ੯੯੪
੮. ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ ੯੯੫
੯. ਨੀਕੇ ਗੁਣ ਗਾਉ ਮਿਟਹੀ ਰੋਗ ੯੯੬
੧੦. ਸਤਿਗੁਰ ਆਇਓ ਸਰਣਿ ੯੯੬
੧੧. ਰਸਨਾ ਗੁਣ ਗੋਪਾਲ ੯੯੭
੧੨. ਨਿੰਦਕ ਗੁਰ ਕਿਰਪਾ ਤੇ ਹਾਟਿਓ ੯੯੮
੧੩. ਕਿਰਪਨ ਤਨ ਮਨ ਕਿਲਬਿਖ ਭਰੇ ੯੯੯
੧੪. ਹਰਿ ਕੇ ਚਰਨ ਕਮਲ ਮਨਿ ਧਿਆਉ ੧੦੦੦
੧੫. ਹਰਿ ਹਰਿ ਨਾਮੁ ਸਦਾ ਸਦ ੧੦੦੦
੧੬. ਸ੍ਵਾਮੀ ਸਰਨਿ ਪਰਿਓ ਦਰਬਾਰੇ ੧੦੦੧
੧੭. ਹਾਂ ਹਾਂ ਲਪਟਿਓ ਰੇ ਮੂੜੇ ੧੦੦੨
੧੮. ਹਮਾਰੈ ਏਕੈ ਹਰੀ ਹਰੀ ੧੦੦੨
੧੯. ਰੂੜੋ ਮਨੁ ਹਰਿ ਰੰਗੋ ਲੋੜੈ ੧੦੦੩
੨੦. ਗਰਬਿ ਗਹਿਲੜੋ ਮੂੜੜੋ ੧੦੦੪
੨੧. ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ੧੦੦੫
੨੨. ਮਾਈ ਮੇਰੇ ਮਨ ਕੀ ਪ੍ਰੀਤਿ ੧੦੦੬
੨੩. ਪ੍ਰਭ ਜੀ ਮਿਲੁ ਮੇਰੇ ਪ੍ਰਾਨ ੧੦੦੬
੨੪. ਪ੍ਰਭ ਤੇਰੇ ਪਗ ਕੀ ਧੂਰਿ ੧੦੦੭
੨੫. ਮਾਈ ਮੇਰੇ ਮਨ ਕੀ ਪਿਆਸ ੧੦੦੮
੨੬. ਹਰਿ ਹਰਿ ਪਤਿਤ ਪਾਵਨ ੧੦੦੯
੨੭. ਮਾਈ ਮਾਇਆ ਛਲੁ ੧੦੦੯
੨੮. ਮਾਈ ਚਰਨ ਗੁਰ ਮੀਠੇ ੧੦੧੦
੨੯. ਸਾਧਸੰਗਿ ਹਰਿ ਹਰਿ ਨਾਮੁ ੧੦੧੧
੩੦. ਮਾਈ ਮੇਰੇ ਮਨ ਕੋ ਸੁਖੁ ੧੦੧੨
੩੧. ਹਰਿ ਹਰਿ ਚਰਨ ਰਿਦੈ ਉਰ ਧਾਰੇ ੧੦੧੨

ਮਹਲਾ ੯

੩੨. ਕਹਉ ਕਹਾ ਅਪਨੀ ਅਧਮਾਈ ੧੦੧੩

ਭਗਤ ਨਾਮਦੇਵ ਜੀ

੩੩. ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ੧੦੧੫
੩੪. ਕਉਨ ਕੋ ਕਲੰਕੁ ਰਹਿਓ ੧੦੧੭
੩੫. ਤੀਨਿ ਛੰਦੇ ਖੇਲੁ ਆਛੈ ੧੦੨੦

ਰਾਗੁ ਬੈਰਾੜੀ ਮਹਲਾ ੪

੧. ਸੁਨਿ ਮਨ ਅਕਥ ਕਥਾ ੧੦੨੩
ਅਠਾਰਾਂ ਪੁਰਾਣਾਂ ਦਾ ਨਿਰਨਾ ੧੦੨੪
੨. ਮਨ ਮਿਲਿ ਸੰਤ ੧੦੨੫
੩. ਹਰਿ ਜਨੁ ਰਾਮ ੧੦੨੫
੪. ਜਪਿ ਮਨ ਰਾਮ ਨਾਮੁ ੧੦੨੬
੫. ਜਪਿ ਮਨ ਹਰਿ ਨਿਰੰਜਨੁ ੧੦੨੭
੬. ਜਪਿ ਮਨ ਹਰਿ ਹਰਿ ਨਾਮੁ ੧੦੨੮

ਮਹਲਾ ੫

੭. ਸੰਤ ਜਨਾ ਮਿਲਿ ੧੦੨੮
ਗੁਰਬਾਣੀ ਮਹਿਮਾ ਕਵਿਤਾ ੧੦੩੦

੬੧. ਬਿਨਸੈ ਮੋਹੁ ਮੇਰਾ ੫੨੩
੬੨. ਸਗਲ ਬਨਸਪਤਿ ਮਹਿ ੫੨੪
੬੩. ਜਾ ਕੈ ਸਿਮਰਣਿ ਹੋਇ ੫੨੫
੬੪. ਕਾਮ ਕ੍ਰੋਧ ਲੋਭ ਝੂਠ ੫੨੫
੬੫. ਜਾ ਕੈ ਸਿਮਰਣਿ ਸਭੁ ੫੨੬
੬੬. ਅਬਿਨਾਸੀ ਜੀਅਨ ਕੋ ੫੨੭
੬੭. ਜਨਮ ਜਨਮ ਕੇ ਦੂਖ ੫੨੭
੬੮. ਅੰਤਰ ਕੀ ਗਤਿ ੫੨੮
੬੯. ਭਏ ਕ੍ਰਿਪਾਲ ਗੁਰੂ ੫੨੯
੭੦. ਗੁਰ ਕੇ ਚਰਨ ੫੨੯
੭੧. ਸੰਚਨਿ ਕਰਉ ਨਾਮ ੫੩੦
੭੨. ਗੁਰਿ ਪੂਰੈ ਅਪਨੀ ੫੩੧
੭੩. ਸੂਖ ਮੰਗਲ ਕਲਿਆਣ ੫੩੨
੭੪. ਸਾਧੂ ਸੰਗਿ ਭਇਆ ੫੩੨
੭੫. ਗਏ ਕਲੇਸ ਰੋਗ ੫੩੩
੭੬. ਸਿਮਰਿ ਸਿਮਰਿ ਗੁਰੁ ੫੩੪
੭੭. ਹਮਰੀ ਗਣਤ ਨ ੫੩੪
੭੮. ਦੁਰਤੁ ਗਵਾਇਆ ੫੩੫
੭੯. ਬਖਸਿਆ ਪਾਰਬ੍ਰਹਮ ੫੩੬
੮੦. ਭਏ ਕ੍ਰਿਪਾਲ ਸੁਆਮੀ ੫੩੭
੮੧. ਸੰਤਹੁ ਹਰਿ ਹਰਿ ੫੩੭
੮੨. ਮੇਰਾ ਸਤਿਗੁਰੁ ਰਖਵਾਲਾ ੫੩੮
੮੩. ਜੀਅ ਜੰਤ੍ਰ ਸਭਿ ੫੩੯
੮੪. ਮਿਲਿ ਪੰਚਹੁ ਨਹੀ ਸਹਸਾ ੫੪੦
੮੫. ਹਿਰਦੈ ਨਾਮੁ ਵਸਾਇਹੁ ੫੪੨
੮੬. ਗੁਰਿ ਪੂਰੈ ਕਿਰਪਾ ੫੪੩
੮੭. ਸਾਹਿਬੁ ਗੁਨੀ ਗਹੇਰਾ ੫੪੪
੮੮. ਸੂਖ ਸਹਜ ਆਨੰਦਾ ੫੪੬
੮੯. ਠਾਢਿ ਪਾਈ ਕਰਤਾਰੇ ੫੪੬
੯੦. ਵਿਚਿ ਕਰਤਾ ਪੁਰਖੁ ੫੪੯
੯੧. ਪਾਰਬ੍ਰਹਮ ਨਿਬਾਹੀ ਪੂਰੀ ੫੫੦
੯੨. ਗੁਰਿ ਪੂਰੈ ਚਰਨੀ ੫੫੧
੯੩. ਗੁਰਿ ਪੂਰੈ ਕੀਤੀ ਪੂਰੀ ੫੫੩
੯੪. ਦਹ ਦਿਸ ਛਤ੍ਰ ਮੇਘ ੫੫੪
੯੫. ਗਈ ਬਹੋੜੁ ਛੰਦੀ ਛੋੜੁ ੫੫੭
੯੬. ਸਿਮਰਿ ਸਿਮਰਿ ਪ੍ਰਭ ੫੫੮
੯੭. ਗੁਰੁ ਪੂਰਾ ਨਮਸਕਾਰੇ ੫੫੯
੯੮. ਰਾਮਦਾਸ ਸਰੋਵਰਿ ਨਾਤੇ ੫੬੧
੯੯. ਜਿਤੁ ਪਾਰਬ੍ਰਹਮੁ ਚਿਤਿ ੫੬੨
੧੦੦. ਆਗੈ ਸੁਖੁ ਗੁਰਿ ਦੀਆ ੫੬੨
੧੦੧. ਗੁਰ ਕਾ ਸਬਦੁ ੫੬੩
੧੦੨. ਗੁਰ ਅਪੁਨੇ ਬਲਿਹਾਰੀ ੫੬੪
੧੦੩. ਤਾਪੁ ਗਵਾਇਆ ੫੬੪
੧੦੪. ਸੋਈ ਕਰਾਇ ਜੋ ਤੁਧੁ ੫੬੫
੧੦੫. ਹਰਿ ਨਾਮੁ ਰਿਦੈ ੫੬੫
੧੦੬. ਗੁਰ ਮਿਲਿ ਪ੍ਰਭੂ ਚਿਤਾਰਿਆ ੫੬੬
੧੦੭. ਪਾਰਬ੍ਰਹਮਿ ਸਾਜਿ ਸਵਾਰਿਆ ੫੬੭
੧੦੮. ਸਦਾ ਸਦਾ ਹਰਿ ਜਾਪੇ ੫੬੮
੧੦੯. ਅਪਨਾ ਗੁਰੂ ਧਿਆਏ ੫੬੯
੧੧੦. ਪਰਮੇਸਰਿ ਦਿਤਾ ਬੰਨਾ ੫੬੯
੧੧੧. ਐਥੈ ਓਥੈ ਰਖਵਾਲਾ ੫੭੦
੧੧੨. ਸਤਿਗੁਰ ਪੂਰੇ ਭਾਣਾ ੫੭੦
੧੧੩. ਗਰੀਬੀ ਗਦਾ ਹਮਾਰੀ ੫੭੨
੧੧੪. ਗੁਰਿ ਪੂਰੈ ਪੂਰੀ ਕੀਨੀ ੫੭੩
੧੧੫. ਗੁਰੁ ਪੂਰਾ ਆਰਾਧੇ ੫੭੪
੧੧੬. ਭੂਖੇ ਖਾਵਤ ਲਾਜ ਨ ੫੭੪
੧੧੭. ਸੁਖ ਸਾਂਦਿ ਘਰਿ ਆਇਆ ੫੭੫
੧੧੮. ਪ੍ਰਭ ਅਪੁਨਾ ਰਿਦੈ ੫੭੬
੧੧੯. ਹਰਿ ਮਨਿ ਤਨਿ ਵਸਿਆ ੫੭੬
੧੨੦. ਆਗੈ ਸੁਖੁ ਮੇਰੇ ਮੀਤਾ ੫੭੭
੧੨੧. ਨਾਲਿ ਨਾਰਾਇਣੁ ਮੇਰੈ ੫੭੮
੧੨੨. ਸਰਬ ਸੁਖਾ ਕਾ ਦਾਤਾ ੫੭੮
੧੨੩. ਕਰਨ ਕਰਾਵਨ ਹਰਿ ੫੭੯
੧੨੪. ਭਇਓ ਕਿਰਪਾਲੁ ੫੮੦
੧੨੫. ਸਿਮਰਉ ਅਪੁਨਾ ਸਾਂਈ ੫੮੧
੧੨੬. ਸੁਨਹੁ ਬਿਨੰਤੀ ਠਾਕੁਰ ੫੮੨
੧੨੭. ਜੀਅ ਜੰਤ ਸਭਿ ੫੮੨

ਮਹਲਾ ੯

੧੨੮. ਰੇ ਮਨ ਰਾਮ ਸਿਉ ੫੮੩
੧੨੯. ਮਨ ਕੀ ਮਨ ਹੀ ੫੮੪
੧੩੦. ਮਨ ਰੇ ਕਉਨੁ ੫੮੪

੧੩੧. ਮਨ ਰੇ ਪ੍ਰਭ ਕੀ ਸਰਨਿ ੫੮੫
੧੩੨. ਪ੍ਰਾਨੀ ਕਉਨੁ ਉਪਾਉ ੫੮੬
੧੩੩. ਮਾਈ ਮੈ ਕਿਹਿ ਬਿਧਿ ੫੮੭
੧੩੪. ਮਾਈ ਮਨੁ ਮੇਰੋ ਬਸਿ ਨਾਹਿ ੫੮੮
੧੩੫. ਰੇ ਨਰ ਇਹ ਸਾਚੀ ੫੮੯
੧੩੬. ਇਹ ਜਗਿ ਮੀਤੁ ਨ ੫੮੯
੧੩੭. ਮਨ ਰੇ ਗਹਿਓ ਨ ਗੁਰ ੫੯੦
੧੩੮. ਜੋ ਨਰੁ ਦੁਖ ਮੈ ੫੯੧
੧੩੯. ਪ੍ਰੀਤਮ ਜਾਨਿ ਲੇਹੁ ੫੯੨

ਮਹਲਾ ੧ ਅਸਟਪਦੀਆ

੧੪੦. ਦੁਬਿਧਾ ਨ ਪੜਉ ੫੯੩
੧੪੧. ਆਸਾ ਮਨਸਾ ਬੰਧਨੀ ੫੯੭
੧੪੨. ਜਿਨੀ ਸਤਿਗੁਰੁ ਸੇਵਿਆ ੬੦੧
੧੪੩. ਤੂ ਗੁਣਦਾਤੋ ਨਿਰਮਲੋ ੬੦੪

ਅਸਟਪਦੀਆ ਮਹਲਾ ੩

੧੪੪. ਭਗਤਾ ਦੀ ਸਦਾ ਤੂ ੬੦੬
੧੪੫. ਨਿਗੁਣਿਆ ਨੋ ਆਪੇ ੬੦੯
੧੪੬. ਹਰਿ ਜੀਉ ਸਬਦੇ ੬੧੧

ਅਸਟਪਦੀਆ ਮਹਲਾ ੫

੧੪੭. ਸਭੁ ਜਗੁ ਜਿਨਹਿ ਉਪਾਇਆ ੬੧੩
੧੪੮. ਮਾਤ ਗਰਭ ਦੁਖ ਸਾਗਰੋ ੬੧੭
੧੪੯. ਪਾਠ ਪੜਿਓ ਅਰੁ ਬੇਦੁ ੬੨੧

ਸੋਰਠਿ ਕੀ ਵਾਰ ਮਹਲਾ ੪

੧੫੦. ਸੋਰਠਿ ਸਦਾ ਸੁਹਾਗਣੀ ੬੨੪
੧੫੧. ਹਉਮੈ ਜਲਤੇ ਜਲਿ ਮੁਏ ੬੨੬
੧੫੨. ਪੂਰਬਿ ਲਿਖਿਆ ਕਮਾਵਣਾ ੬੨੭
੧੫੩. ਮਾਇਆ ਮਮਤਾ ਮੋਹਣੀ ੬੨੯
੧੫੪. ਜਿਉ ਤਨੁ ਕੋਲੂ ਪੀੜੀਐ ੬੩੧
੧੫੫. ਸਤਿਗੁਰ ਕੀ ਸੇਵਾ ਸਫਲੁ ਹੈ ੬੩੩
੧੫੬. ਸਤਿਗੁਰ ਤੇ ਜੋ ਮੁਹ ਫਿਰੇ ੬੩੫
੧੫੭. ਥਾਲੈ ਵਿਚਿ ਤੈ ਵਸਤੂ ੬੨੬
੧੫੮. ਵਿਣੁ ਨਾਵੈ ਸਭਿ ਭਰਮਦੇ ੬੩੮
੧੫੯. ਅੰਤਰਿ ਗਿਆਨੁ ਨ ਆਇਓ ੬੩੯
ਉਥਾਨਕਾ ੬੪੧

੧੬੦. ਸੇਖਾ ਚਉਚਕਿਆ ੬੪੨
੧੬੧. ਪਰਥਾਇ ਸਾਖੀ ਮਹਾ ਪੁਰਖ ੬੪੩
੧੬੨. ਪੰਡਿਤ ਮੈਲੁ ਨ ਚੁਕਈ ੬੪੫
੧੬੩. ਹਸਤੀ ਸਿਰਿ ਜਿਉ ਅੰਕਸੁ ਹੈ ੬੪੬
੧੬੪. ਨਾਨਕ ਨਾਮੁ ਨ ਚੇਤਨੀ ੬੪੮
੧੬੫. ਬਿਨੁ ਕਰਮੈ ਨਾਉ ਨ ਪਾਈਐ ੬੪੯
੧੬੬. ਨਾਨਕ ਨਾਵਹੁ ਘੁਥਿਆ ੬੫੧
੧੬੭. ਸਤਿਗੁਰ ਕੀ ਸੇਵਾ ਗਾਖੜੀ ੬੫੨
੧੬੮. ਬ੍ਰਹਮ ਬਿੰਦੈ ਤਿਸ ਦਾ ੬੫੪
੧੬੯. ਗੁਰ ਬਿਨੁ ਗਿਆਨੁ ਨ ਹੋਵਈ ੬੫੬
੧੭੦. ਪੜਣਾ ਗੁੜਣਾ ਸੰਸਾਰ ਕੀ ੬੫੭
੧੭੧. ਜਨਮ ਜਨਮ ਕੀ ਇਸੁ ਮਨ ਕਉ ੬੫੯
੧੭੨. ਰੇ ਜਨ ਉਥਾਰੈ ਦਬਿਓਹੁ ੬੬੧
੧੭੩. ਗੁਰ ਸੇਵਾ ਤੇ ਸੁਖੁ ਉਪਜੈ ੬੬੨
੧੭੪. ਹਰਿ ਦਾਸਨ ਸਿਉ ਪ੍ਰੀਤਿ ਹੈ ੬੬੪
੧੭੫. ਅੰਤਰਿ ਅਗਿਆਨੁ ਭਈ ਮਤਿ ੬੬੫
੧੭੬. ਗੁਰਮੁਖਿ ਅੰਤਰਿ ਸਾਂਤਿ ਹੈ ੬੬੭
੧੭੭. ਤਾ ਕੀ ਰਜਾਇ ਲੇਖਿਆ ਪਾਇ ੬੭੦
੧੭੮. ਏ ਮਨ ਹਰਿ ਜੀ ਧਿਆਇ ਤੂ ੬੭੧

ਭਗਤ ਬਾਣੀ ਕਬੀਰ ਜੀ

੧੭੯. ਬੁਤ ਪੂਜਿ ਪੂਜਿ ੬੭੩
੧੮੦. ਜਬ ਜਰੀਐ ਤਬ ਹੋਇ ੬੭੬
੧੮੧. ਬੇਦ ਪੁਰਾਨ ਸਭੈ ਮਤ ਸੁਨਿ ਕੈ ੬੮੧
੧੮੨. ਦੁਇ ਦੁਇ ਲੋਚਨ ਪੇਖਾ ੬੮੬
੧੮੩. ਜਾ ਕੇ ਨਿਗਮ ਦੂਧ ਕੇ ਠਾਟਾ ੬੮੮
੧੮੪. ਜਿਹ ਬਾਝੁ ਨ ਜੀਆ ਜਾਈ ੬੯੦
੧੮੫. ਕਿਆ ਪੜੀਐ ਕਿਆ ਗੁਨੀਐ ੬੯੨
੧੮੬. ਹ੍ਰਿਦੈ ਕਪਟ ਮੁਖ ਗਿਆਨੀ ੬੯੪
੧੮੭. ਬਹੁ ਪਰਪੰਚ ਕਰਿ ਪਰ ਧਨੁ ੬੯੫
੧੮੮. ਸੰਤਹੁ ਮਨ ਪਵਨੈ ਸੁਖੁ ਬਨਿਆ ੬੯੭
੧੮੯. ਭੂਖੇ ਭਗਤਿ ਨ ਕੀਜੈ ੬੯੮

ਨਾਮਦੇਵ ਜੀ

੧੯੦. ਜਬ ਦੇਖਾ ਤਬ ਗਾਵਾ ੭੦੨

ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ

ਨਾਨਕ ਜਮੁ ਮਾਰਿ ਕਰੇ ਖੁਆਰ ॥ ੨ ॥

ਜਿਨ੍ਹਾਂ ਨੇ ਗੁਰਾਂ ਤੋਂ ਹਰੀ ਨਾਮ ਨਹੀਂ ਪਾਇਆ, ਉਨ੍ਹਾਂ ਨੇ ਮਨੁੱਖਾਂ ਜਨਮ ਵਿਅਰਥ ਗਵਾ ਲਿਆ ਹੈ, ਗੁਰੂ ਜੀ ਆਖਦੇ ਹਨ, ਉਨ੍ਹਾਂ ਨੂੰ ਜਮ ਮਾਰ ਕੇ ਖੁਆਰ=ਖਰਾਬ ਕਰਦਾ ਹੈ॥ ੨ ॥

ਪਉੜੀ ॥ ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥

ਜਦੋਂ ਪ੍ਰਭੂ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਸੀ, ਤਦੋਂ ਹੋਰ ਕੋਈ ਦੂਜਾ ਨਹੀਂ ਸੀ।

ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥

ਚਾਰ ਮਨੁੱਖ ਮਿਲ ਕੇ ਜੋ ਸਲਾਹ ਕਰਨ ਉਸ ਨੂੰ ਮਤਾ ਕਹਿੰਦੇ ਹਨ।

ਯਥਾ:-ਚਾਰਿ ਯਾਰ ਮਿਲਿ ਮਤਾ ਪਕਾਯੋ ॥* (ਦਸਮ ਗ੍ਰੰਥ, ਪੰਨਾ ੯੫੩)

ਬਹੁਤ ਲੋਕ ਮਿਲ ਕੇ ਜੋ ਸਲਾਹ ਕਰਨ ਉਸ ਨੂੰ ਮਸੂਰਤ ਕਹਿੰਦੇ ਹਨ।

ਉਹ ਪ੍ਰਭੂ ਆਪ ਹੀ ਆਪਣੇ ਨਾਂਲ ਸਲਾਂਹ ਮਸ਼ਵਰਾ ਕਰਦਾ ਹੈ, ਅਤੇ ਜੋ ਕਰਦਾ ਹੈ ਓਹੋ ਕੁਝ ਹੁੰਦਾ ਹੈ।

ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ॥

ਉਸ ਵੇਲੇ ਕਈ ਅਕਾਸ਼ ਪਤਾਲ ਨਹੀਂ ਸੀ, ਅਤੇ ਨਾ ਹੀ ਤ੍ਰੈ -ਲੋਈ=ਤਿੰਨੇ ਲੋਕ ਸਨ।

ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ ॥

ਤਦੋਂ ਉਹ ਨਿਰੰਕਾਰ ਆਪੇ ਹੀ ਆਪ ਸੀ, ਹੋਰ ਕੋਈ ਉਤਪਤੀ ਨਹੀਂ ਹੋਈ ਸੀ।

ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ॥ ੧ ॥

ਜਿਵੇਂ ਉਸ ਨੂੰ ਭਾਉਂਦਾ ਹੈ, ਤਿਵੇਂ ਕਰਦਾ ਹੈ। ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਕੁਝ ਕਰਨ ਵਾਲਾ ਨਹੀਂ ਹੈ॥ ੧ ॥

ਸਲੋਕੁ ਮ: ੩ ॥ ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥

ਮੇਰਾ ਮਾਲਕ ਪਰਮਾਤਮਾ ਸਦਾ ਹੀ ਥਿਰ ਰੂਪ ਹੈ, ਗੁਰਸ਼ਬਦ ਦੀ ਕਮਾਈ ਕਰਨ ਵਾਲਿਆਂ ਨੂੰ ਦਿਸਦਾ ਹੈ।

ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ॥

ਉਹ ਪਰਮਾਤਮਾ ਅਉ=ਬਹੁੜੋਂ ਹਾਣੀ=ਨਾਸ ਕਦੇ ਨਹੀਂ ਹੁੰਦਾ, ਨਾ ਜੰਮ ਕੇ ਆਉਂਦਾ ਹੈ ਨਾ ਮਰਕੇ ਜਾਂਦਾ ਹੈ।

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥

ਜੋ ਪ੍ਰਭੂ ਸਾਰਿਆਂ ਵਿੱਚ ਸਮਾ ਰਿਹਾ ਹੈ ਉਸ ਸਦਾ=ਨਿਤ ਰੂਪ ਪਰਮਾਤਮਾ ਨੂੰ ਸਦਾ ਸੇਵਨਾ ਕਰੀਏ।

---

*ਦੇਖੋ ਸਾਖੀ ਚਾਰ ਚੋਰਾਂ ਦੀ ਸਫ਼ਾ ੪੭

ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥

ਅਵਰੁ=ਹੋਰ ਕਿਸੇ ਦੂਜੇ ਦੀ ਸੇਵਾ ਕਿਉਂ ਕਰਨੀ ਹੈ, ਜੋ ਜੰਮਦਾ ਅਤੇ ਮਰ ਜਾਂਦਾ ਹੈ।

ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ

ਉਨ੍ਹਾਂ ਦਾ ਜੀਉਣਾ ਨਿਸਫਲ ਹੈ, ਜਿਹੜੇ ਮਨੁੱਖ ਆਪਣੇ ਖਸਮੁ=ਪਰਮੇਸ਼ਰ ਨੂੰ ਨਹੀਂ ਜਾਣਦੇ,

ਅਵਰੀ ਕਉ ਚਿਤੁ ਲਾਇ॥ ਅਤੇ ਚਿੱਤ ਨੂੰ ਹੋਰਨਾ ਕੰਮਾਂ ਵਿੱਚ ਲਗਾਂਦੇ ਹਨ।

ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਏਹ ਨਹੀਂ ਜਾਪਈ=ਜਾਣਿਆਂ ਜਾਂਦਾ, ਜੋ ਕਰਤਾ ਪੁਰਖ ਉਨ੍ਹਾਂ ਨੂੰ ਕੇਤੀ=ਕਿੰਨੀ ਕੁ ਸਜ਼ਾ ਦੇਵੇਗਾ॥ ੧॥

ਮਃ ੩॥ ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ॥

ਜੋ ਸੱਚਾ ਸਾਰਿਆਂ ਵਿੱਚ ਵਰਤ ਰਿਹਾ ਹੈ ਉਸ ਦੇ ਸੱਚ ਨਾਮ ਨੂੰ ਧਿਆਉਣਾ ਕਰੀਏ।

ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ॥

ਗੁਰੂ ਜੀ ਕਥਨ ਕਰਦੇ ਹਨ, ਹੁੱਕਮ ਨੂੰ ਬੁੱਝ ਕੇ ਪ੍ਰਮਾਣੀਕ ਹੋਵੇ, ਤਾਂ ਸੱਚ ਦੀ ਪ੍ਰਾਪਤੀ ਰੂਪ ਫਲ ਨੂੰ, ਅਥਵਾ:-ਮੋਖ ਨੂੰ ਪਾਂਦਾ ਹੈ।

ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ॥੨॥

ਜੋ ਬਦਨੀ=ਮੂੰਹ ਨਾਲ ਕਥਨੀਆਂ ਕਰਦਾ ਫਿਰਦਾ ਹੈ, ਅਥਵਾ:-ਕਥਨੀਆਂ ਤੈ ਬਦਨੀ=ਕਵੀਸ਼ਰੀਆਂ ਕਰਦਾ ਫਿਰਦਾ ਹੈ, ਪਰਮੇਸ਼ਰ ਦੇ ਹੁਕਮ ਨੂੰ ਮੂਲਿ=ਕਦਾਚਿਤ ਬੁੱਝਦਾ ਨਹੀ ਹੈ, ਨਿ=ਵਿਸ਼ੇਸ਼ ਕਰਕੇ ਉਹ ਅੰਨ੍ਹਾ ਅਗਿਆਨੀ ਕੱਚਿਆਂ ਤੋਂ ਭੀ ਕੱਚਾ ਹੈ।

ਅਥਵਾ:- ਕੱਚੇ ਸ਼ਕਾਮ ਕਰਮਾ ਨੂੰ ਕਰਕੇ ਨਿ=ਵਿਸ਼ੇਸ਼ ਕਰਕੇ ਕੱਚਾ ਹੈ॥ ੨॥

ਪਉੜੀ॥ ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥

ਸਾਰੀ ਸ੍ਰਿਸ਼ਟੀ ਦਾ ਮੂਲੁ =ਕਾਰਨ ਜੋ ਅਗਿਆਨ ਹੈ ਉਸ ਦੁਆਰੇ ਜਗਤ ਨੂੰ ਰਚਾਇਆ=ਪੈਦਾ ਕਰਕੇ, ਫਿਰ ਆਪਸ ਵਿੱਚ ਜੀਵਾਂ ਦਾ ਸੰਜੋਗੁ=ਮਿਲਾਪ ਤੇ ਵਿਜੋਗੁ=ਵਿਛੋੜਾ ਪੈਦਾ ਕੀਤਾ ਹੈ।

ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥

ਹੁਕਮੀ=ਪਰਮਾਤਮਾ ਨੇ ਆਪਣੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਸਾਜੀ ਹੈ, ਅਤੇ ਜੋਤੀ=ਪਰਮਾਤਮਾ ਨੇ ਸਾਰਿਆਂ ਵਿੱਚ ਆਪਣੀ ਜੋਤਿ=ਸੱਤਾ ਨੂੰ ਮਿਲਾਇਆ ਹੋਇਆ ਹੈ॥

ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥

ਉਹ ਜੋਤੀ ਤੋਂ ਹੀ ਸਭ ਨੂੰ ਚਾਨਣ ਮਿਲ ਰਿਹਾ ਹੈ,

ਯਥਾ:-ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (ਪੰਨਾ ੬੬੩)

ਮੇਰੇ ਸਤਿਗੁਰਾਂ ਨੇ ਇਹ ਉਪਦੇਸ਼ ਮੈਨੂੰ ਸੁਣਾਇਆ ਹੈ।

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥

ਤ੍ਰੈਗੁਣ=(ਰਜੋ ਸਤੋ ਤਮੋ ਰੂਪ) ਤਿੰਨ ਗੁਣਾਂ ਤੋ ਬ੍ਰਹਮਾ ਵਿਸ਼ਨੂੰ ਸ਼ਿਵ ਤਿੰਨਾਂ ਦੇਵਤਿਆਂ ਨੂੰ ਸਿਰਿ=ਸਿਰਜ ਕੇ ਉਤਪਤੀ, ਪਾਲਣਾ, ਲੈਤਾ, ਰੂਪ ਧੰਧੇ ਵਿੱਚ ਲਗਾਇਆ ਹੋਇਆ ਹੈ।

ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥ ੨ ॥

ਸਾਰਿਆਂ ਦਾ ਮੂਲੁ=ਮੁੱਢ ਜੋ ਮਾਇਆ ਹੈ ਉਸ ਦੁਆਰਾ ਜਗਤ ਨੂੰ ਰਚਿਆ ਹੈ, ਉਸ ਨੂੰ ਤਿਆਗਕੇ ਜੋ ਤੁਰੀਆ-ਪਦ ਵਿੱਚ ਲੱਗਾ ਹੈ ਉਸ ਨੇ ਸੁਖ ਪਾਇਆ ਹੈ॥ ੨ ॥

ਸਲੋਕੁ ਮ:੩ ॥ ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥

ਉਹ ਜਪ ਤੇ ਉਹ ਤਪ ਸਫਲਾ ਹੈ, ਜੇਹੜਾ ਸਤਿਗੁਰਾਂ ਨੂੰ ਭਾਉਂਦਾ ਹੈ।

ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥

ਜੋ ਸਤਿਗੁਰਾਂ ਦੇ ਹੁਕਮ ਵਿੱਚ ਚਲਦਾ ਹੈ, ਉਹ ਵਡਿਆਈ ਪਾਂਵਦਾ ਹੈ।

ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਗੁਰ ਉਪਦੇਸ਼ ਵਿੱਚ ਸਮਾ ਕੇ ਜਿਸਨੇ ਆਪਾ ਭਾਵ ਹੰਕਾਰ ਨੂੰ ਛੱਡਿਆ ਹੈ, ਉਹ ਅੰਤ ਨੂੰ ਗੁਰ=ਪੂਜਯ ਪਰਮਾਤਮਾ ਵਿੱਚ ਸਮਾਵੈ=ਅਭੇਦ ਹੁੰਦਾ ਹੈ॥ ੧ ॥

ਮ:੩ ॥ਗੁਰ ਕੀ ਸਿਖ ਕੋ ਵਿਰਲਾ ਲੇਵੈ ॥ਨਾਨਕ ਜਿਸੁ ਆਪਿ ਵਡਿਆਈ ਦੇਵੈ ॥੨ ॥

ਉਹ ਕੋਈ ਵਿਰਲਾ ਹੀ ਗੁਰਾਂ ਦੀ ਸਿੱਖਿਆ ਨੂੰ ਲੈਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਪ੍ਰਭੂ ਆਪ ਵਡਿਆਈ ਦੇਂਦਾ ਹੈ॥ ੨ ॥

ਪਉੜੀ ॥ ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥

ਮਾਇਆ ਦਾ ਮੋਹ ਆਪਣੇ ਆਪ ਨਿਵਿਰਤ ਹੋਣਾ ਬੜਾ ਬਿਖਮੁ=ਕਠਨ ਹੈ, ਤੇ ਅਗਿਆਨ ਦਾ ਨਿਵਿਰਤ ਹੋਣਾ ਭੀ ਅਤਿ ਭਾਰੀ=ਬੜਾ ਮੁਸ਼ਕਿਲ ਹੈ।

ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥

ਜੀਵ ਨੇ ਬਹੁਤ ਹੀ ਪਾਪਾਂ ਰੂਪ ਪੱਥਰਾਂ ਨੂੰ ਲੱਦਿਆ ਹੋਇਆ ਹੈ, ਸੰਸਾਰ ਰੂਪ ਤਾਰੀ=ਨਦੀ ਤੋਂ ਕਿਵੇਂ ਤਰੇਗਾ।

ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥

ਜੋ ਪੁਰਸ਼ ਰਾਤ-ਦਿਨ ਭਗਤੀ ਵਿਚ ਰਤਿਆ=ਮਿਲਿਆ ਰਹਿੰਦਾ ਹੈ, ਉਸਨੂੰ ਹਰੀ ਪਾਰ ਉਤਾਰਦਾ ਹੈ।

ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥

ਗੁਰਾਂ ਦੇ ਉਪਦੇਸ਼ ਕਰਕੇ ਹੰਗਤਾ ਮਮਤਾ ਤੇ ਵਿਸ਼ੇ ਵਿਕਾਰਾਂ ਨੂੰ ਛੱਡਕੇ ਜਿਸ ਦਾ ਮਨ ਨਿਰਮਲ ਹੋਇਆ ਹੈ।

ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ॥ ੩ ॥

ਅਤੇ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ, ਉਸ ਨੂੰ ਹਰੀ ਹਰ ਤਰ੍ਹਾਂ ਕਰਕੇ ਸੰਸਾਰ ਤੋਂ ਤਾਰ ਦੇਂਦਾ ਹੈ॥ ੩ ॥

ਸਲੋਕੁ॥ ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ॥

ਕਬੀਰ ਜੀ ਕਥਨ ਕਰ੍ਦੇ ਹਨ, ਰਾਈ ਦੇ ਦਸਵੈ ਭਾਇ=ਦਸਵੇਂ ਹਿੱਸੇ ਜੇਡਾ ਮੁਕਤੀ ਦਾ ਦਰਵਾਜ਼ਾ ਗਿਆਨ ਸੰਕੁੜਾ=ਭੀੜਾ (ਤੰਗ) ਅਰਥਾਤ ਅਤੀ ਸੂਖਮ ਹੈ।

ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥

ਜੀਵ ਦਾ ਮਨ ਤਾਂ ਮੈਗਲੁ=ਹਾਥੀ ਜੇਡਾ ਮੋਟਾ ਹੋ ਰਿਹਾ ਹੈ ਇਸ ਕਰਕੇ ਮੁਕਤੀ ਦੇ ਦਰਵਾਜ਼ੇ ਵਿੱਚੋਂ ਕਿਸ ਤਰ੍ਹਾਂ ਨਿਕਲਿਆ ਜਾਏਗਾ? ਉੱਤਰ-

ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥

ਜੇਕਰ ਕੋਈ ਅਜੇਹਾ ਸਤਿਗੁਰੂ ਮਿਲ ਜਾਵੇ ਜੋ ਤੁਠਾ=ਪ੍ਰਸੰਨ ਹੋ ਕੇ ਨਾਮ ਦੀ ਪਸਾਉ=ਦਾਤ ਦੇਣਾ ਕਰੇ। ਤਾਂ-

ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜੀਉ॥ ੧ ॥

ਮੁਕਤੀ ਦਾ ਦਰਵਾਜ਼ਾ ਏਡਾ ਮੋਕਲਾ=ਖੁੱਲ੍ਹਾ ਹੋ ਜਾਦਾ ਹੈ, ਜਿਸ ਵਿੱਚੋਂ ਮਨ ਸਹਜੇ=ਸੁਖੈਨ ਹੀ ਆਉਂਦਾ ਜਾਂਦਾ ਹੈ॥ ੧ ॥ ੩ ॥

ਮ:੩ ॥ ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ॥

ਸ੍ਰੀ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ, ਮੁਕਤੀ ਦਾ ਦਰਵਾਜ਼ਾ ਗਿਆਨ ਅਤਿ ਨੀਕਾ=ਬਹੁਤ ਨਿੱਕਾ ਭਾਵ ਸੂਖਮ ਹੈ, ਜੇਕਰ ਮਨ ਵੀ ਨਾਨ੍=ਨਿੱਕਾ ਹੋਵੇ ਅਰਥਾਤ ਸੂਖਮ ਹੋਵੇ ਤਾਂ ਉਸ ਵਿੱਚ ਪ੍ਰਵੇਸ਼ ਕਰ ਜਾਂਦਾ ਹੈ।

ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥

ਜਿਸ ਦਾ ਹਉਮੈ=ਹੰਗਤਾ ਮਮਤਾ ਕਰਕੇ ਮਨ ਅਸਥੂਲੁ=ਮੋਟਾ ਹੋ ਰਿਹਾ ਹੈ, ਉਹ ਇਸ ਸੂਖਮ ਦਰਵਾਜ਼ੇ ਦੇ ਵਿੱਚ ਕਿਸ ਤਰ੍ਹਾਂ ਪ੍ਰਵੇਸ਼ ਕਰ ਜਾਏਗਾ ਭਾਵ ਨਹੀਂ ਕਰ ਸਕਦਾ।

ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ॥

ਸਤਿਗੁਰਾਂ ਦੇ ਮਿਲਾਪ ਕਰਕੇ ਜਿਸ ਦੀ ਹੰਗਤਾ ਮਮਤਾ ਦੂਰ ਹੋ ਗਈ ਹੈ, ਉਸ ਨੇ ਇਹ ਨਿਸਚੇ ਕੀਤਾ ਹੈ, ਕਿ ਪ੍ਰਭੂ ਦੀ ਜੋਤ ਸਭਨਾਂ ਵਿੱਚ ਆ ਰਹੀ ਹੈ।

(ਪੰਨਾ ੫੧੦)

ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ॥ ੨ ॥

ਇਸ ਤਰ੍ਹਾਂ ਜਾਣਨੇ ਕਰਕੇ ਇਹ ਜੀਵ ਨਿੱਤ ਮੁਕਤ ਸਰੂਪ ਹੈ, ਅਤੇ ਸਹਜੇ=ਗਿਆਨ ਕਰਕੇ 'ਸਹਜ ਪਦ' ਵਿੱਚ ਸਮਾ ਰਹਿੰਦਾ ਹੈ॥ ੨ ॥

ਪਉੜੀ ॥ ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ ॥

ਪ੍ਰਭੂ ਨੇ ਸੰਸਾਰ ਨੂੰ ਪੈਦਾ ਕਰਕੇ ਆਪਣੇ ਵਸ ਵਿੱਚ ਕੀਤਾ ਹੋਇਆ ਹੈ।

ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ ॥

ਕਰਮਾਂ ਦੀ ਗਿਣਤੀ ਕਰਨ ਨਾਲ, ਪ੍ਰਭੂ ਨਹੀਂ ਪ੍ਰਾਪਤ ਹੁੰਦਾ, ਗਿਣਤੀ ਕਰਨ ਵਾਲਾ ਪੁਰਸ਼ ਦ੍ਵੈਤ-ਭਾਵ ਵਿੱਚ ਭਰਮਦਾ ਰਹਿੰਦਾ ਹੈ।

ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ ॥

ਸਤਿਗੁਰਾਂ ਨਾਲ ਮਿਲਕੇ ਜੋ ਜੀਵਤ ਭਾ ਤੋਂ ਮਰਦਾ ਹੈ, ਉਹ ਪ੍ਰਭੂ ਨੂੰ ਬੁੱਝ ਕੇ ਸੱਚ-ਸਰੂਪ ਵਿੱਚ ਸਮੀਤਾ=ਸਮਾ ਜਾਂਦਾ ਭਾਵ ਅਭੇਦ ਹੋ ਜਾਂਦਾ ਹੈ।

ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥

ਗੁਰ ਸ਼ਬਦ ਦੁਆਰੇ ਹੰਗਤਾ ਮਮਤਾ ਨੂੰ ਖੋਣਾ ਕਰੀਏ, ਤਾਂ ਹਰੀ ਆਪਣੇ ਮੇਲ ਵਿੱਚ ਮਿਲਾ ਲੈਂਦਾ ਹੈ।

ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ ॥ ੪ ॥

ਉਹ ਹਰੀ ਆਪ ਹੀ ਸਭ ਨੂੰ ਪੈਦਾ ਕਰਦਾ ਹੈ, ਆਪ ਹੀ ਸਭ ਕੁਝ ਜਾਣਦਾ ਹੈ, ਆਪ ਹੀ ਸਾਰਿਆਂ ਨੂੰ ਵੇਖਕੇ ਵਿਗਸੀਤਾ=ਪ੍ਰਸੰਨ ਹੁੰਦਾ ਹੈ॥ ੪॥

ਸਲੋਕੁ ਮ:੩ ॥ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ ॥

ਜਿਸਨੇ ਸਤਿਗੁਰਾਂ ਨਾਲ ਚਿੱਤ ਨੂੰ ਨਹੀਂ ਲਗਾਇਆ, ਅਤੇ ਜਿਸ ਦੇ ਮਨ ਵਿੱਚ ਨਾਮ ਨਹੀਂ ਆ ਕੇ ਵੱਸਿਆ।

ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥

ਇਸ ਤਰ੍ਹਾਂ ਦੇ ਜੀਵਣ ਨੂੰ ਧ੍ਰਿਕਾਰ ਹੈ, ਦੱਸੋ, ਉਸ ਨੇ ਜਗਤ ਵਿੱਚ ਆ ਕੇ ਕੀ ਲਾਭ ਪਾਇਆ ਹੈ ? ਜੇ ਆਖੇ, "ਮਾਇਆ ਖੱਟੀ ਹੈ" ਤਾਂ-

ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ ॥

ਮਾਇਆ ਦੀ ਰਾਸ ਹੀ ਖੋਟੀ ਹੈ, ਕਿਉਂਕਿ ਇੱਕ ਚਸੇ ਦੇ ਵਿੱਚ ਹੀ ਇਸ ਦਾ ਪਾਜ ਖੁੱਲ੍ਹ ਜਾਦਾ ਹੈ।

ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ ॥

ਮਾਇਆ ਹੱਥੋਂ ਨਿਕਲ ਜਾਵੇ ਤਾਂ ਸਰੀਰ ਦਾ ਰੰਗ ਸਿਆਹੁ=ਕਾਲਾ ਹੋ ਜਾਂਦਾ ਹੈ, ਅਤੇ ਇਸ ਦਾ ਬਦਨੁ=ਚਿਹਰਾ ਕੁਮਲਾ ਜਾਂਦਾ ਹੈ।

ਜਿਨ ਸਤਿਗੁਰ ਸਿਉ ਚਿਤੁ ਲਾਇਆ ਤਿਨ ਸੁਖੁ ਵਸਿਆ ਮਨਿ ਆਇ ॥

ਜਿਨ੍ਹਾਂ ਨੇ ਸਤਿਗੁਰਾਂ ਨਾਲ ਚਿੱਤ-ਬਿਰਤੀ ਨੂੰ ਲਗਾਇਆ ਹੈ, ਉਹਨਾਂ ਦੇ ਮਨ ਵਿੱਚ ਸੁਖ ਆ ਕੇ ਵੱਸਿਆ ਹੈ।

ਹਰਿ ਨਾਮੁ ਧਿਆਵਹਿ ਰੰਗ ਸਿਉ ਹਰਿ ਨਾਮਿ ਰਹੇ ਲਿਵ ਲਾਇ॥

ਉਹ ਗੁਰਮੁਖ ਰੰਗ ਸਿਉ=ਪ੍ਰੇਮ ਨਾਲ ਹਰੀ ਨਾਮ ਨੂੰ ਧਿਆਉਂਦੇ ਹਨ, ਅਤੇ ਹਰੀ ਨਾਮੀ ਦੇ ਨਾਮ ਵਿੱਚ ਬਿਰਤੀ ਲਗਾ ਰਹੇ ਹਨ।

ਨਾਨਕ ਸਤਿਗੁਰ ਸੋ ਧਨੁ ਸਉਪਿਆ ਜਿ ਜੀਅ ਮਹਿ ਰਹਿਆ ਸਮਾਇ॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਨੂੰ ਸਤਿਗੁਰਾਂ ਨੇ ਉਹ ਧਨ ਸੌਂਪਿਆ ਹੈ, ਜਿਹੜਾ ਅੰਤਹਕਰਨ ਵਿੱਚ ਸਮਾ ਰਿਹਾ ਹੈ। ਅਥਵਾ:-ਜਿਹੜਾ ਸਾਰਿਆਂ ਜੀਵਾਂ ਦੇ ਵਿੱਚ ਹੀ ਸਮਾ ਰਿਹਾ ਹੈ।

ਰੰਗੁ ਤਿਸੈ ਕਉ ਅਗਲਾ ਵੰਨੀ ਚੜੈ ਚੜਾਇ॥ ੧॥

ਉਸ ਗੁਰਮੁਖ ਨੂੰ ਅਗਲਾ=ਬਹੁਤਾ ਰੰਗੁ=ਅਨੰਦ ਪ੍ਰਾਪਤ ਹੁੰਦਾ ਹੈ, ਅਤੇ ਗੁਰਾਂ ਦਾ ਚੜ੍ਹਾਇਆ ਹੋਇਆ (ਚਤੁਰਥ ਭੂਮਿਕਾ ਦਾ) ਰੰਗ ਚੜ੍ਹਦਾ ਹੈ॥ ੧॥

ਮ:੩ ॥ ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥

ਮਾਇਆ ਨਾਗਨੀ=ਸੱਪਣੀ ਰੂਪ ਹੋ ਕੇ ਸਾਰੇ ਸੰਸਾਰ ਨਾਲ ਲਿਪਟ ਰਹੀ ਹੈ।

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

ਜੋ ਪੁਰਸ਼ ਇਸ ਮਾਇਆ ਰੂਪ ਸੱਪਣੀ ਦੀ ਸੇਵਾ ਕਰਦਾ ਹੈ; ਭਾਵ-ਇਸ ਨਾਲ ਪ੍ਰੀਤੀ ਕਰਕੇ ਇਸ ਨੂੰ ਕੱਠਾ ਕਰਦਾ ਹੈ ਇਹ ਫਿਰ ਉਲਟਾ ਉਸ ਨੂੰ ਹੀ ਖਾਂਦੀ ਹੈ ਭਾਵ ਦੁੱਖ ਦੇਂਦੀ ਹੈ।

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥

ਸੰਸਾਰ ਵਿੱਚ ਕੋਈ ਵਿਰਲਾ ਹੀ ਗੁਰਮੁਖ ਗਾਰੜੂ=ਮਾਂਦ੍ਰੀ ਹੈ, ਉਸ ਨੇ ਦਲ-ਮਲ ਕੇ ਆਪਣੇ ਪਾਇ=ਚਰਨਾਂ ਨਾਲ ਲਾ ਲਿਆ ਹੈ।

ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ॥ ੨॥

ਗੁਰੂ ਜੀ ਕਥਨ ਕਰਦੇ ਹਨ, ਇਸ ਮਾਇਆ ਤੋਂ ਉਹ ਪੁਰਖ ਉਬਰੇ=ਬਚੇ ਹਨ, ਜੇਹੜੇ ਸੱਚ ਵਿੱਚ ਲਿਵ ਲਗਾ ਰਹੇ ਹਨ॥ ੨॥

ਪਉੜੀ॥ ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ॥

ਢਾਢੀ=ਜਸ ਦੇ ਕਰਨ ਵਾਲਾ ਜਗਿਆਸੂ ਪੁਕਾਰ=ਬੇਨਤੀ ਕਰਕੇ ਪ੍ਰਭੂ ਨੂੰ ਸੁਣਾਂਦਾ ਹੈ।

ਅੰਦਰਿ ਧੀਰਕ ਹੋਇ ਪੂਰਾ ਪਾਇਸੀ॥

ਪਰ ਜੇ ਹਿਰਦੇ ਅੰਦਰ ਧੀਰਕ=ਧੀਰਜ ਹੋਵੇ ਅਰਥਾਤ ਸੁਖ ਦੁਖ ਵਿੱਚ ਡੋਲੇ ਨਾ, ਤਾਂ ਪੂਰੇ ਪ੍ਰਭੂ ਨੂੰ ਪਾਂਦਾ ਹੈ।

ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ॥

ਜੋ ਧੁਰ ਤੋਂ ਲੇਖ ਲਿਖਿਆ ਗਿਆ ਹੈ, ਇਹ ਜੀਵ ਓਹੀ ਕਰਮ ਕਮਾਂਵਦਾ ਹੈ।

ਜਾ ਹੋਵੈ ਖਸਮੁ ਦਇਆਲੁ ਤਾ ਮਹਲੁ ਘਰੁ ਪਾਇਸੀ॥

ਜਾਂ ਖਸਮੁ=ਪਰਮਾਤਮਾ ਦਿਆਲੁ ਹੋਵੇ, ਤਾਂ ਮਹਲੁ=ਸਰੂਪ ਨੂੰ ਆਪਣੇ ਘਰੁ=ਹਿਰਦੇ ਵਿੱਚ ਪਾ ਲੈਂਦਾ ਹੈ।

ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ ਮੇਲਾਇਸੀ॥ ੫॥

ਉਹ ਮੇਰਾ ਪ੍ਰਭੂ ਅਤਿ=ਬਹੁਤ ਵੱਡਾ ਹੈ, ਗੁਰਾਂ ਦੁਆਰੇ ਜਗਿਆਸੂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੫॥

ਸਲੋਕ ਮ:੩ ॥ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ॥

ਸਭ ਜੀਵਾਂ ਰੂਪ ਇਸਤ੍ਰੀਆਂ ਦਾ ਸਹੁ=ਪਤੀ (ਮਾਲਕ) ਇੱਕ ਪ੍ਰਭੂ ਹੀ ਹੈ, ਜੋ ਸਦਾ ਹੀ ਸਭ ਦੇ ਹਜੂਰਿ=ਨੇੜੇ ਰਹਿੰਦਾ ਹੈ।

ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ॥

ਗੁਰੂ ਜੀ ਕਥਨ ਕਰਦੇ ਹਨ, ਜਾਂ ਇਹ ਜੀਵ ਰੂਪ ਇਸਤ੍ਰੀ ਉਸ ਦੇ ਹੁਕਮ ਨੂੰ ਨਹੀਂ ਮੰਨਦੀ, ਤਾਂ ਉਹ ਘਰ ਦੇ ਅੰਦਰ ਹੁੰਦਾ ਹੋਇਆ ਭੀ ਦੂਰ ਪ੍ਰਤੀਤ ਹੁੰਦਾ ਹੈ।

ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ ਕਉ ਨਦਰਿ ਕਰੇਇ॥

ਪਰ, ਹੁਕਮ ਭੀ ਉਨ੍ਹਾਂ ਪਾਸੋਂ ਮਨਾਂਵਦਾ ਹੈ, ਜਿਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ।

ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ॥ ੧॥

ਜਿਸਨੇ ਪ੍ਰੇਮ ਨਾਲ ਪਤੀ ਪਰਮਾਤਮਾ ਦਾ ਹੁਕਮ ਮੰਨਿਆ ਹੈ, ਉਸਨੇ ਸੁਹਾਗਣ ਹੋ ਕੇ ਸੁਖ ਪਾਇਆ ਹੈ॥ ੧॥

ਮ:੩ ॥ ਰੈਣਿ ਸਬਾਈ ਜਲਿ ਮੁਈ ਕੰਤ ਨ ਲਾਇਓ ਭਾਉ॥

ਜਿਸ ਜੀਵ ਰੂਪ ਇਸਤ੍ਰੀ ਨੇ ਆਪਣੇ ਕੰਤ=ਪਤੀ ਪਰਮਾਤਮਾ ਨਾਲ ਭਾਉ=ਪ੍ਰੇਮ ਨਹੀਂ ਲਗਾਇਆ, ਉਹ ਸਾਰੀ ਅਵਸਥਾ ਰੂਪੀ ਰਾਤ ਬਿਰਹੁ ਦੀ ਅੱਗ ਨਾਲ।

ਅਥਵਾ:-ਮਾਇਆ ਦੀ ਤ੍ਰਿਸ਼ਨਾਂ ਰੂਪ ਅੱਗ ਨਾਲ ਜਲਿ=ਸੜਦੀ ਹੋਈ ਮਰ ਗਈ ਹੈ।

ਨਾਨਕ ਸੁਖਿ ਵਸਨਿ ਸੋਹਾਗਣੀ ਜਿਨ੍ਹ ਪਿਆਰਾ ਪੁਰਖੁ ਹਰਿ ਰਾਉ॥ ੨॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਹਰੀ ਰਾਜਾ ਪੁਰਖ ਪਿਆਰਾ ਲੱਗਾ ਹੈ, ਉਹ ਸੁਹਾਗਣਾਂ ਸੁਖ ਪੂਰਬਕ ਵਸਦੀਆਂ ਹਨ॥ ੨॥

ਪਉੜੀ॥ ਸਭੁ ਜਗੁ ਫਿਰਿ ਮੈ ਦੇਖਿਆ ਹਰਿ ਇਕੋ ਦਾਤਾ॥

ਮੈ ਸਾਰਾ ਸੰਸਾਰ ਫਿਰ ਕੇ ਵੇਖਿਆ ਹੈ ਸਾਰਿਆਂ ਦਾ ਦਾਤਾ ਇੱਕ ਹਰੀ ਹੀ ਹੈ।

ਉਪਾਇ ਕਿਤੈ ਨ ਪਾਈਐ ਹਰਿ ਕਰਮ ਬਿਧਾਤਾ॥

ਕਰਮ ਬਿਧਾਤਾ=ਫਲ -ਬਰ ਦਾਤਾ ਜੋ ਹਰੀ ਹੈ, ਉਹ ਕਿਸੇ ਹੋਰ ਉਪਾਇ=ਯਤਨ ਕਰਕੇ ਨਹੀਂ ਪਾਇਆ ਜਾਂਦਾ।

ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥

ਜੋ ਹਰੀ ਮਨ ਵਿੱਚ ਵਸਦਾ ਹੈ, ਗੁਰਾਂ ਦੇ ਉਪਦੇਸ਼ ਕਰਕੇ ਉਹ ਹਰੀ ਨੂੰ ਸਹਜੇ ਹੀ ਜਾਤਾ=ਜਾਣ ਲਿਆ ਹੈ।

ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ ॥

ਜੋ ਸਤਸੰਗ ਰੂਪੀ ਸਰੋਵਰ ਹਰੀ ਨਾਮ ਅੰਮ੍ਰਿਤ ਨਾਲ ਭਰਪੂਰ ਹੈ, ਉਸ ਵਿੱਚ ਜੋ ਨਾ੍ਤਾ=ਇਸ਼ਨਾਨ ਕਰਦਾ ਹੈ, ਉਸ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ।

ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ ॥ ੬ ॥

ਉਹ ਗੁਰਮਖ ਹੀ ਵੱਡੇ ਪ੍ਰਭੂ ਦੀ ਵੱਡੀ ਵਡਿਆਈ ਨੂੰ ਆਪ ਬੋਲਦਾ ਹੈ, ਅਤੇ ਹੋਰਨਾਂ ਪਾਸੋਂ ਬੁਲਾਂਦਾ ਹੈ॥ ੬ ॥

(ਪੰਨਾ ੫੧੧)

ਸਲੋਕੁ ਮ:੩ ॥ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ ॥

ਇਸ ਕਾਇਆਂ ਨਾਲ ਹੰਸ=ਜੀਵ ਦੀ 'ਕੇਹੀ ਪ੍ਰੀਤੀ ਹੈ, ਜੋ ਕਾਇਆਂ ਨੂੰ ਇੱਥੇ ਪਿਆਂ ਹੀ ਛੱਡ ਕੇ ਚਲਾ ਜਾਂਦਾ ਹੈ।

ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ ॥

ਅਤੇ ਇਸ ਕਾਇਆਂ ਨੂੰ ਝੂਠ ਬੋਲ ਕੇ ਕੀ ਖੁਆਣਾ ਹੈ, ਜੋ ਚਲਦਿਆਂ ਵੇਲੇ ਜੀਵ ਦੇ ਨਾਲ ਨਹੀਂ ਜਾਂਦੀ। ਪ੍ਰਸ਼ਨ:-ਕਰਮਾਂ ਦਾ ਲੇਖਾ ਕਿਸ ਪਾਸੋਂ ਪੁੱਛਿਆ ਜਾਂਦਾ ਹੈ।? ਉੱਤਰ-

ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ॥
ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ॥

ਮਿੱਟੀ ਆਦਿਕ ਪੰਜਾਂ ਤੱਤਾਂ ਕਰਕੇ ਰਚੀ ਹੋਈ ਕਾਇਆਂ ਤਾਂ ਅੰਧੁ=ਜੜ੍ਹ ਹੈ, ਇਸ ਕਰਕੇ ਪਉਣੈ=ਪ੍ਰਾਣਾਂ ਦਾ ਪਤੀ ਜੋ ਜੀਵ ਹੈ, ਉਸ ਪਾਸੋਂ ਜਾ ਕੇ ਪੁੱਛਣਾ ਕਰੋ।

ਜੀਵ ਨੇ ਕਿਹਾ, ''ਹਉ=ਮੈਂ ਤਾਂ ਮਾਇਆ ਦਾ ਮੋਹਿਆ ਹੋਇਆ ਹਾਂ'' ਇਸ ਕਰਕੇ ਮੁੜ ਮੁੜ ਕੇ, ਆਵਾ ਜਾਇ=ਆਉਂਦਾ ਜਾਂਦਾ ਹਾਂ।

ਨਾਨਕ ਹੁਕਮੁ ਨ ਜਾਤੋ ਖਸਮ ਕਾ ਜਿ ਰਹਾ ਸਚਿ ਸਮਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜੀਵ ਨੇ ਕਿਹਾ, ''ਮੈਂ ਆਪਣੇ ਮਾਲਕ ਪ੍ਰਭੂ ਦਾ ਹੁਕਮ ਮੰਨਣਾ ਨਹੀਂ ਜਾਣਿਆ, ਜਿਸ ਕਰਕੇ ਮੈਂ ਸੱਚ ਵਿੱਚ ਸਮਾ ਰਹਿੰਦਾ'' ॥ ੧ ॥

ਪ੍ਰਸ਼ਨ:-ਇੱਕ ਸਿੱਖ ਨੇ ਪੁੱਛਿਆ, ਅਚੱਲ ਧਨ ਕਿਹੜਾ ਹੈ?'' ਗੁਰ ਉੱਤਰ-

ਮ:੩ ॥ ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥

ਇੱਕ ਨਾਮ ਧਨ ਹੀ ਅਚੱਲ ਹੈ, ਹੋਰ ਜਿਤਨਾ ਧਨ ਹੈ ਉਹ ਆਉਣੇ ਜਾਣੇ ਵਾਲਾ ਹੈ।

ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ॥

ਇਸ ਨਾਮ ਧਨ ਨੂੰ ਪ੍ਰਤੱਖ ਤਸਕਰੁ =ਚੋਰ, ਵਾ:-ਕਾਮ ਆਦਿਕ ਚੋਰ ਵੇਖ ਭੀ ਨਹੀਂ ਸਕਦੇ, ਨਾ ਹੀ ਪ੍ਰਤੱਖ ਓਚਕਾ=ਠੱਗ, ਅਥਵਾ:-ਮਨ ਰੂਪੀ ਠੱਗ, ਲਿਜਾ ਸਕਦਾ ਹੈ।

ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ॥

ਇਹ ਹਰੀ ਨਾਮ ਰੂਪੀ ਧਨ ਜਿਸ ਜੀਵ ਦੇ ਨਾਲ ਰਵਿ ਰਹਿਆ=ਮਿਲ ਰਿਹਾ ਹੈ,
ਉਸ ਜੀਵ ਦੇ ਨਾਲ ਹੀ ਪ੍ਰਲੋਕ ਵਿਚ ਜਾਂਦਾ ਹੈ।

ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ॥

ਇਹ ਨਾਮ ਧਨ ਪੂਰਿਆਂ ਗੁਰਾਂ ਤੋਂ ਪ੍ਰਾਪਤ ਹੁੰਦਾ ਹੈ, ਮਨਮੁਖਾਂ ਦੇ ਬੁੱਧੀ ਰੂਪ ਪੱਲੇ ਵਿੱਚ ਪੈਂਦਾ ਨਹੀਂ ਹੈ।

ਧਨੁ ਵਾਪਾਰੀ ਨਾਨਕਾ ਜਿਨ੍ਹ ਨਾਮ ਧਨੁ ਖਟਿਆ ਆਇ॥ ੨॥

ਗੁਰੂ ਜੀ ਕਥਨ ਕਰਦੇ ਹਨ, ਉਹ ਗੁਰਮੁਖ ਵਪਾਰੀ ਧੰਨਤਾ ਜੋਗ ਹਨ, ਜਿਨ੍ਹਾਂ ਨੇ ਸੰਸਾਰ ਵਿਚ ਆ ਕੇ ਨਾਮ ਧਨ ਖੱਟਿਆ ਹੈ॥੨॥

ਪਉੜੀ॥ ਮੇਰਾ ਸਾਹਿਬੁ ਅਤਿ ਵਡਾ ਸਚੁ ਗਹਿਰ ਗੰਭੀਰਾ॥

ਮੇਰਾ ਸਾਹਿਬੁ=ਮਾਲਕ ਪ੍ਰਭੂ ਅਤਿ=ਬਹਤੁ ਵੱਡਾ ਹੈ, ਸੱਤ-ਸਰੂਪ ਹੈ, ਗਹਿਰ=ਡੂੰਘਾ, ਗੰਭੀਰਾ= ਨਿਰਹੱਲ ਹੈ।

ਸਭੁ ਜਗੁ ਤਿਸ ਕੈ ਵਸਿ ਹੈ ਸਭੁ ਤਿਸ ਕਾ ਚੀਰਾ॥

ਸਾਰਾ ਸੰਸਾਰ ਉਸ ਦੇ ਵੱਸ ਵਿੱਚ ਹੈ, ਕਿਉਂਕਿ ਸਾਰਾ ਸੰਸਾਰ ਤਿਸ ਦਾ ਚੀਰਾ=ਵਿਸਤਾਰ ਹੈ, ਵਾ:-ਹੱਦ ਹੈ, ਅਥਵਾ:- ਚੀਰਾ=ਦਫ਼ਤਰ ਹੈ।

ਗੁਰ ਪਰਸਾਦੀ ਪਾਈਐ ਨਿਹਚਲੁ ਧਨੁ ਧੀਰਾ॥

ਮਨ ਨੂੰ ਧੀਰਾ=ਧੀਰਜ ਦੇਣ ਵਾਲਾ ਨਾਮ ਰੂਪੀ ਅਚੱਲ ਧਨ ਗੁਰਾਂ ਦੀ ਕਿਰਪਾ ਨਾਲ ਪਾਈਦਾ ਹੈ।

ਕਿਰਪਾ ਤੇ ਹਰਿ ਮਨਿ ਵਸੈ ਭੇਟੈ ਗੁਰੁ ਸੂਰਾ॥

ਸੂਰਾ=ਸੂਰਬੀਰ ਗੁਰੂ ਮਿਲ ਜਾਵੇ, ਤਾਂ ਉਨ੍ਹਾਂ ਦੀ ਕਿਰਪਾ ਨਾਲ ਹਰੀ ਨਾਮ ਮਨ ਵਿੱਚ ਵੱਸਦਾ ਹੈ।

ਗੁਣਵੰਤੀ ਸਾਲਾਹਿਆ ਸਦਾ ਥਿਰੁ ਨਿਹਚਲੁ ਹਰਿ ਪੂਰਾ॥ ੭॥

ਥਿਰੁ=ਇਸਥਿਤ ਰੂਪ ਜੋ ਪਰਬਤ ਹਨ, ਉਹਨਾਂ ਵਾਂਗੂੰ ਨਿਸਚਲ ਪੂਰੇ ਹਰੀ ਨੂੰ ਗੁਣਾਂ ਵਾਲੀਆਂ ਨੇ ਸਦਾ ਸਲਾਹੁਣਾ ਕੀਤਾ ਹੈ। ਅਥਵਾ:-ਜੋ ਪੂਰਾ ਹਰੀ ਸਦਾ ਅਚੱਲ ਹੈ, ਗੁਣਾਂ ਵਾਲੀਆਂ ਮਹਾਤਮਾਂ ਰੂਪ ਸਖੀਆਂ ਨੇ ਆਪਣੇ ਮਨ ਨੂੰ ਥਿਰ ਕਰਕੇ ਉਸ ਨੂੰ ਸਦਾ ਸਲਾਹੁਣਾ ਕੀਤਾ ਹੈ॥ ੭॥

ਸਲੋਕੁ ਮ:੩ ॥ ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ॥

ਉਹਨਾਂ ਦੇ ਜੀਵਨ ਨੂੰ ਧ੍ਰਿਕਾਰ (ਲਾਹਨਤ) ਹੈ, ਜੋ ਸੁਖ ਸਰੂਪ ਹਰੀ ਨਾਮ ਨੂੰ ਤਿਆਗ ਛੱਡਦੇ ਹਨ,

ਅਤੇ ਹੰਗਤਾ ਮਮਤਾ ਦੇ ਸਹਿਤ ਹੋ ਕੇ ਦੁਖਦਾਈ ਪਾਪ ਕਰਮਾਂ ਨੂੰ ਕਮਾਂਦੇ ਹਨ।

ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥

ਉਹ ਮਨਮੁਖ ਅਗਿਆਨੀ ਮਾਇਆ ਦੇ ਮੋਹ ਵਿਚ ਵਿਆਪੇ ਹੋਏ ਹਨ, ਇਸ ਕਰਕੇ ਉਹਨਾਂ ਨੂੰ (ਭਲੇ ਬੁਰੇ ਦੀ) ਕਾਈ=ਕੋਈ ਬੂਝ=ਸਮਝ ਨਹੀਂ ਪੈਂਦੀ।

ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ॥

ਉਹ "ਹਲਤਿ ਪਲਤਿ"=ਲੋਕ ਪ੍ਰਲੋਕ ਵਿਚ ਸੁਖ ਨਹੀਂ ਪਾਂਦੇ, ਅੰਤ ਵੇਲੇ ਇਥੋਂ ਗਏ ਹੋਏ ਪਸਚਾਤਾਪ ਕਰਦੇ ਹਨ।

ਗੁਰ ਪਰਸਾਦੀ ਕੋ ਨਾਮੁ ਧਿਆਏ ਤਿਸੁ ਹਉਮੈ ਵਿਚਹੁ ਜਾਇ॥

ਜੇਹੜਾ ਕੋਈ ਗੁਰਾਂ ਦੀ ਕਿਰਪਾ ਨਾਲ ਨਾਮ ਨੂੰ ਧਿਆਉਂਦਾ ਹੈ, ਉਸ ਦੇ ਹਿਰਦੇ ਵਿਚੋ ਹੰਗਤਾ ਮਮਤਾ ਚਲੀ ਜਾਂਦੀ ਹੈ।

ਨਾਨਕ ਜਿਸੁ ਪੂਰਬਿ ਹੋਵੈ ਲਿਖਿਆ ਸੋ ਗੁਰ ਚਰਣੀ ਆਇ ਪਾਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਮੱਥੇ ਉੱਪਰ ਪਹਿਲਾਂ ਤੋਂ ਹੀ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੁੰਦਾ ਹੈ. ਉਹ ਪੁਰਖ ਗੁਰ ਚਰਨਾਂ ਵਿਚ ਆ ਪੈਂਦਾ ਹੈ॥ ੧॥

ਮ:੩ ॥ ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥

ਮਨਮੁਖ ਦਾ ਹਿਰਦਾ ਕੌਲ ਊਧਾ=ਮੂੰਧਾ (ਉਲਟਾ) ਹੈ ਅਰਥਾਤ ਵਾਹਿਗੁਰੂ ਤੋਂ ਬੇ-ਮੁਖ ਹੈ, ਇਸ ਕਰਕੇ ਨਾ ਉਸ ਤੋਂ ਭਗਤੀ ਹੁੰਦੀ ਹੈ, ਅਤੇ ਨਾ ਹੀ ਉਸ ਤੋਂ ਵਾਹਿਗੁਰੂ ਨਾਮ ਜਪਿਆ ਜਾਂਦਾ ਹੈ।

ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ॥

ਉਹ ਸਕਤੀ=ਮਾਇਆ ਦੇ ਅੰਦਰ ਹੀ ਵਰਤਦਾ ਹੈ, ਅਤੇ ਉਸ ਮਾਇਆ ਦੀ ਪ੍ਰਾਪਤੀ ਦਾ ਉਪਾਉ=ਯਤਨ ਹੀ ਝੂਠ ਬੋਲਣਾ ਹੈ।

ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ॥

ਉਸ ਮਨਮੁਖ ਦਾ ਚਿੱਤ ਸਤ-ਸੰਗਤ ਅੰਦਰ ਨਹੀਂ ਭਿੱਜਦਾ, ਕਿਉਂਕਿ ਉਹ ਮੂੰਹੋਂ ਫਿੱਕੇ ਬਚਨ ਬੋਲਦਾ ਹੈ।

ਓਇ ਧਰਮਿ ਰਲਾਏ ਨਾ ਰਲਨ੍ ਓਨਾ ਅੰਦਰਿ ਕੂੜੁ ਸੁਆਉ॥

ਜੇਕਰ ਉਹ ਮਨਮੁਖ ਧਰਮੀ ਪੁਰਸ਼ਾਂ ਨਾਲ ਰਲਾਏ ਜਾਣ ਤਾਂ ਉਹ ਨਹੀਂ ਰਲਦੇ ਹਨ, ਕਿਉਂਕਿ, ਉਹਨਾਂ ਦੇ ਅੰਦਰ ਝੂਠ ਬੋਲਣ ਦਾ ਸੁਆਉ=ਸ੍ਵਾਦ ਹੈ।

ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ ਬੋਲਿ ਬੋਲਿ ਡੁਬੇ

ਗਰੂ ਜੀ ਕਥਨ ਕਰਦੇ ਹਨ, ਕਰਤੇ ਪੁਰਖ ਨੇ ਹੀ ਇਹ ਬਣਾਵਟ ਬਣਾਈ ਹੈ, ਕਿ ਮਨਮੁਖ ਝੂਠ

ਬੋਲ ਬੋਲਕੇ ਸੰਸਾਰ ਸਮੁੰਦਰ ਵਿਚ ਡੁੱਬੇ ਹਨ,

ਗੁਰਮੁਖਿ ਤਰੇ ਜਪਿ ਹਰਿ ਨਾਉ ॥ ੨ ॥

ਅਤੇ ਗੁਰਮੁਖ ਜਨ ਹਰੀ ਨਾਮ ਨੂੰ ਜਪਕੇ ਸੰਸਾਰ ਸਾਗਰ ਤੋਂ ਤਰੇ ਹਨ॥ ੨ ॥

ਪਉੜੀ ॥ ਬਿਨੁ ਬੂਝੇ ਵਡਾ ਫੇਰੁ ਪਇਆ ਫਿਰਿ ਆਵੈ ਜਾਈ ॥

ਵਾਹਿਗੁਰੂ ਦੇ ਬੁੱਝੇ ਤੋਂ ਬਿਨਾਂ; ਅਥਵਾ:-ਇਸ ਭੇਦ ਦੇ ਬੁੱਝੇ ਤੋਂ ਬਿਨਾਂ ਜੀਵ ਨੂੰ ਚੌਰਾਸੀ ਦਾ ਵੱਡਾ ਫੇਰੁ=ਚੱਕ੍ਰ ਪਿਆ ਹੈ, ਇਸ ਲਈ ਮੁੜ ਮੁੜ ਕੇ ਆਉਂਦਾ ਜਾਂਦਾ ਹੈ।

ਸਤਿਗੁਰ ਕੀ ਸੇਵਾ ਨ ਕੀਤੀਆ ਅੰਤਿ ਗਇਆ ਪਛੁਤਾਈ ॥

ਇਸ ਨੇ ਸਤਿਗੁਰਾਂ ਦੀ ਸੇਵਾ ਨਾ ਕੀਤੀ, ਇਸ ਲਈ ਅੰਤ ਵੇਲੇ ਪਛਤਾਂਦਾ ਚਲਾ ਗਿਆ।

ਆਪਣੀ ਕਿਰਪਾ ਕਰੇ ਗੁਰੁ ਪਾਈਐ ਵਿਚਹੁ ਆਪੁ ਗਵਾਈ ॥

ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰੂ ਪਾਈਦਾ ਹੈ, ਅਤੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆ ਲੈਂਦਾ ਹੈ।

ਤ੍ਰਿਸਨਾ ਭੁਖ ਵਿਚਹੁ ਉਤਰੈ ਸੁਖੁ ਵਸੈ ਮਨਿ ਆਈ ॥

ਦਿਲ ਵਿਚੋਂ ਮਾਇਆ ਦੀ ਤ੍ਰਿਸ਼ਨਾਂ ਰੂਪੀ ਭੁੱਖ ਉਤਰ ਜਾਂਦੀ ਹੈ, ਅਤੇ ਮਨ ਵਿਚ ਸੁਖ ਆ ਵਸਦਾ ਹੈ।

ਸਦਾ ਸਦਾ ਸਾਲਾਹੀਐ ਹਿਰਦੇ ਲਿਵ ਲਾਈ ॥ ੮ ॥

ਲਿਵ ਲਗਾਕੇ ਹਿਰਦੇ ਵਿਚ ਸਦਾ ਰੂਪ ਪਰਮਾਤਮਾ ਨੂੰ ਸਦਾ ਹੀ ਸਲਾਹੁਣਾ ਕਰੀਏ॥ ੮ ॥

ਸਲੋਕੁ ਮ:੩ ॥ ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥

ਜਿਹੜੇ ਪੁਰਖ ਆਪਣੇ ਸਤਿਗੁਰਾਂ ਨੂੰ ਸੇਂਵਦੇ ਹਨ, ਉਹਨਾਂ ਨੂੰ ਸਭ ਕੋਈ ਪੂਜਦਾ ਹੈ।

ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ ॥

ਗੁਰ ਸੇਵਾ ਹੀ ਸਾਰਿਆਂ ਉਪਾਵਾਂ ਦਾ ਸਿਰਿ=ਸ਼ਰੋਮਣੀ ਉਪਾਵ ਹੈ, ਗੁਰ ਸੇਵਾ ਕਰਕੇ ਹੀ ਹਰੀ ਨਾਮ ਪ੍ਰਾਪਤ ਹੁੰਦਾ ਹੈ।

ਅੰਤਰਿ ਸੀਤਲ ਸਾਂਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥

ਅਤੇ ਅੰਤਰਿ=ਅੰਤਹਕਰਨ ਵਿਚ ਸੀਤਲ ਕਰਨ ਵਾਲੀ ਸ਼ਾਂਤੀ ਵਸਦੀ ਹੈ, ਹਿਰਦੇ ਵਿਚ ਨਾਮ ਜਪਿਆਂ ਨਿੱਤ ਸੁਖ ਪ੍ਰਾਪਤ ਹੁੰਦਾ ਹੈ।

ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨ੍ਹਣਾ ਨਾਨਕ ਨਾਮੁ ਵਡਾਈ ਹੋਈ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਨਾਮ ਸਿਮਰਨ ਦੀ ਵਡਿਆਈ ਪ੍ਰਾਪਤ ਹੋਈ ਹੈ, ਉਸ ਦਾ ਖਾਣਾ ਅੰਮ੍ਰਿਤੁ=ਸਫਲ ਹੈ ਤੇ ਕੱਪੜਿਆਂ ਦਾ ਪਹਿਰਣਾ ਭੀ ਅੰਮ੍ਰਿਤੁ=ਸਫਲ ਹੈ।

ਅਥਵਾ:-ਅੰਮ੍ਰਿਤੁ ਖਾਣਾ=ਨਾਮ ਅੰਮ੍ਰਿਤ ਨੂੰ ਜਪਣਾ ਕਰਦੇ ਹਨ,

ਅੰਮ੍ਰਿਤ ਪੈਨ੍ਣਾ=ਨਾਮ ਅੰਮ੍ਰਿਤ ਨੂੰ ਸੁਣਨਾ ਕਰਦੇ ਹਨ,

ਗੁਰੂ ਜੀ ਕਥਨ ਕਰਦੇ ਹਨ, ਨਾਮ ਜਪਣ ਕਰਕੇ ਹੀ ਉਹਨਾਂ ਦੀ ਵਡੀ ਵਡਿਆਈ ਹੁੰਦੀ ਹੈ॥ ੧॥

(ਪੰਨਾ ੫੧੨)

ਮ:੩ ॥ ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥

ਹੇ ਮਨ ! ਤੂੰ ਗੁਰਾਂ ਦੀ ਸਿੱਖਿਆ ਨੂੰ ਸੁਣਨਾ ਕਰ, ਤਾਂ ਸ਼ੁਭ ਗੁਣਾਂ ਦੇ ਨਿਧਾਨੁ=ਖਜ਼ਾਨੇ ਹਰੀ ਨੂੰ ਪਾਵੇਂਗਾ।

ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥

ਸੁਖਾਂ ਦਾ ਦਾਤਾ ਹਰੀ ਮਨ ਵਿਚ ਵਸ ਜਾਵੇ, ਤਾਂ ਹੰਗਤਾ, ਮਮਤਾ, ਤੇ ਜਾਤੀ ਦਾ ਗੁਮਾਨੁ=ਹੰਕਾਰ ਦੂਰ ਹੋ ਜਾਂਦਾ ਹੈ।

ਨਾਨਕ ਨਦਰੀ ਪਾਈਐ ਤਾ ਅਨਦਿਨੁ ਲਾਗੈ ਧਿਆਨੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਾਂ ਰਾਤ-ਦਿਨ ਗੁਰ ਚਰਨਾਂ ਵਿਚ ਧਿਆਨ ਲੱਗ ਜਾਵੇ ਤਾਂ ਨਦਰੀ=ਪਰਮਾਤਮਾ ਪਾਈਦਾ ਹੈ॥ ੨॥

ਪਉੜੀ ॥ ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥

ਗੁਰਮੁਖਾਂ ਦਾ ਸਤ, ਸੰਤੋਖ, ਆਦਿਕ ਸ਼ੁਭ ਗੁਣਾਂ ਦਾ ਧਾਰਨਾ ਤੇ ਸੱਚ ਬੋਲਣਾ ਆਦਿਕ ਸਭ ਕੁਝ ਪਵਿੱਤਰ ਹੈ। ਅਥਵਾ:-ਗੁਰਮੁਖਾਂ ਦਾ ਸਤ, ਸੰਤੋਖ, ਆਦਿਕ ਸਭ ਕੁਝ ਸਚੁ=ਸਫਲਾ ਹੈ, ਅਤੇ ਗੁਰਮੁਖਾਂ ਦਾ ਮਨ ਭੀ ਪਵਿੱਤਰ ਹੈ।

ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥

ਜਿਨ੍ਹਾਂ ਦੇ ਅੰਦਰੋਂ ਕਪਟ ਤੇ ਵਿਕਾਰ ਚਲਾ ਗਿਆ ਹੈ, ਉਨ੍ਹਾਂ ਨੇ ਸਹਜੇ ਹੀ ਮਨ ਨੂੰ ਜਿੱਤ ਲਿਆ ਹੈ।

ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥

ਤਿਨ੍ਹਾਂ ਨੂੰ ਜੋਤੀ ਦਾ ਪ੍ਰਕਾਸ਼ ਹੋਣ ਕਰਕੇ ਆਤਮਕ ਅਨੰਦ ਦਾ ਰਸ ਆਇਆ ਹੈ, ਤੇ ਅਗਿਆਨ ਨੂੰ ਗਵਿਤਾ=ਗੁਆ ਦਿੱਤਾ ਹੈ।

ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥

ਰਾਤ-ਦਿਨ ਹਰੀ ਦੇ ਗੁਣ ਰਵੈ=ਉਚਾਰਦਾ ਹੋਇਆ, ਹੋਰਨਾਂ ਦੇ ਹਿਰਦੇ ਵਿਚ ਭੀ ਸ਼ੁਭ ਗੁਣ ਪ੍ਰਗਟ ਕਰਦਾ ਹੈ। ਅਥਵਾ:-ਸ਼ੁਭ ਗੁਣਾਂ ਨੇ ਉਸ ਨੂੰ ਸੰਸਾਰ ਵਿਚ ਪ੍ਰਗਟ ਕਰ ਦਿੱਤਾ ਹੈ।

ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥ ੯ ॥

ਸਾਰਿਆਂ ਦਾ ਦਾਤਾ ਇੱਕ ਹਰੀ ਹੈ, ਅਤੇ ਇੱਕ ਹਰੀ ਹੀ ਗੁਰਮੁਖਾਂ ਦਾ ਮਿੱਤਰ ਹੈ॥ ੯॥

ਸਲੋਕੁ ਮ:੩ ॥ ਇੱਕ ਸਿੱਖ ਨੇ ਪੁੱਛਿਆ, "ਬ੍ਰਾਹਮਣ ਦੇ ਲੱਖਣ ਕੀ ਹਨ?" ਉੱਤਰ:-

ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ॥

ਜਿਹੜਾ ਰਾਤ-ਦਿਨ ਹਰੀ ਵਿਚ ਲਿਵ ਲਗਾ ਕੇ ਬ੍ਰਹਮ ਨੂੰ ਬਿੰਦੇ=ਜਾਣਦਾ ਹੈ ਓਹੀ 'ਬ੍ਰਾਹਮਣ' ਕਹੀਦਾ ਹੈ।

ਬ੍ਰਹਮ ਬਿੰਦੈ ਤਿਸਦਾ ਬ੍ਰਹਮਤ ਰਹੈ ਏਕ ਸਬਦਿ ਲਿਵ ਲਾਇ॥

ਤਥਾ:-ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪ ਤਰੈ ਸਗਲੇ ਕੁਲ ਤਾਰੈ॥

ਯਥਾ:-ਕਹੁ ਕਬੀਰ ਜੋ ਬ੍ਰਹਮ ਬੀਚਾਰੈ॥ ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ॥

ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ॥

ਜੋ ਸਤਿਗੁਰਾਂ ਤੋਂ ਪੁੱਛ ਕੇ ਸਚੁ ਸੰਜਮੁ=ਨਿਸ਼ਕਪਟ ਇੰਦ੍ਰੀਆਂ ਦਾ ਦਮਨ ਕਰਨਾ ਕਮਾਂਵਦਾਂ ਹੈ, ਉਸ ਬ੍ਰਾਹਮਣ ਦਾ ਹਉਮੈ ਰੂਪੀ ਰੋਗ ਦੂਰ ਹੋ ਜਾਂਦਾ ਹੈ।

ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ॥

ਐਸਾ ਬ੍ਰਾਹਮਣ ਹਰੀ ਗੁਣਾਂ ਨੂੰ ਗਾਉਂਦਾ ਹੈ, ਹਰੀ ਗੁਣਾਂ ਨੂੰ ਸੰਗ੍ਰਹੈ=ਇਕੱਠਾ ਕਰਦਾ ਹੈ, ਜੋਤੀ=ਪਰਮਾਤਮਾ ਨਾਲ ਆਪਣੀ ਜੋਤ ਨੂੰ ਮਿਲਾਂਵਦਾ ਹੈ।

ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ॥

ਇਸ ਕਲਜੁਗ ਵਿਚ ਬ੍ਰਹਮ ਗਿਆਨੀ ਬ੍ਰਾਹਮਣ ਕੋਈ ਵਿਰਲਾ ਹੀ ਹੈ, ਜਿਹੜਾ ਹੰਗਤਾ ਮਮਤਾ ਨੂੰ ਮੇਟ ਕੇ ਸਿਮਰਨ ਵਿਚ ਹੀ ਸਮਾ ਗਿਆ ਹੈ।

ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ॥੧॥

ਗੁਰੂ ਜੀ ਕਥਨ ਕਰਦੇ ਹਨ-ਉਸ ਨੂੰ ਮਿਲਿਆਂ ਨਿੱਤ ਸੁਖ ਪ੍ਰਾਪਤ ਹੁੰਦਾ ਹੈ, ਜਿਹੜਾ ਰਾਤ-ਦਿਨ ਹਰੀ ਨਾਮ ਨੂੰ ਧਿਆਉਂਦਾ ਹੈ॥ ੧॥

ਮ:੩॥ ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥

ਜਿਸ ਮਨਮੁਖ ਅਗਿਆਨੀ ਦੇ ਦਿਲ ਅੰਦਰ ਕਪਟ ਹੈ, ਉਹ ਰਸਨਾਂ ਨਾਲ ਆਪ ਝੂਠ ਬੋਲਦਾ ਹੈ, ਤੇ ਹੋਰਨਾਂ ਪਾਸੋਂ ਝੂਠ ਬੁਲਾਂਦਾ ਹੈ।

ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥

ਕਪਟ ਕੀਤਿਆਂ ਹਰੀ ਪੁਰਖ=ਭੀਜੈ=ਪ੍ਰਸੰਨ ਨਹੀਂ ਹੁੰਦਾ, ਕਿਉਂਕਿ ਉਹ ਜੀਵ ਦੇ ਕੀਤੇ ਹੋਏ ਕਰਤੱਬਾਂ ਨੂੰ ਨਿਤਾਪ੍ਰਤੀ ਸੁਭਾਵਕ ਹੀ ਵੇਖਦਾ ਤੇ ਸੁਣਦਾ ਹੈ।

ਜਿਨਾ ਅੰਦਰਿ ਕਪਟੁ ਵਿਕਾਰੁ ਹੈ ਤਿਨਾ ਗੋਇਕਿਆ ਕੀਜੈ॥

ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ॥

ਕਪਟੀ ਦਾ ਆਪਣਾ ਮਨ ਦ੍ਵੈਤ ਭਾ ਵੱਲ ਜਾਂਦਾ ਹੈ, ਅਤੇ ਮੋਹ ਕਰਕੇ ਬਿਖ ਰੂਪ ਮਾਇਆ ਦੇ ਸੁਆਇ=ਲਾਭ ਵਾਸਤੇ ਜਗਤ ਦੇ ਜੀਵਾਂ ਨੂੰ ਪਰਬੋਧੈ=ਗਿਆਨ ਦੇਂਦਾ ਹੈ।

ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ॥

ਇਸ ਤਰ੍ਹਾਂ ਦੇ ਕਰਮ ਕਮਾਉਣ ਕਰਕੇ ਨਿੱਤ ਹੀ ਦੁੱਖ ਪਾਂਦਾ ਹੈ, ਮੁੜ ਮੁੜ ਜਨਮ ਮਰਨ ਵਿਚ ਆਉਂਦਾ ਜਾਂਦਾ ਹੈ।

ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ॥

ਉਹਨਾਂ ਦਾ ਸੰਸਾ ਮੂਲਿ=ਕਦਾਚਿਤ ਦੂਰ ਨਹੀਂ ਹੁੰਦਾ, ਵਿਸ਼ਿਆਂ ਰੂਪੀ ਵਿਸਟਾ=ਗੰਦਗੀ ਵਿਚ ਆਪ ਪਚੈ=ਖਰਾਬ ਹੁੰਦੇ ਹਨ ਤੇ ਹੋਰਨਾਂ ਨੂੰ ਭੀ ਪਚਾਇ=ਖਰਾਬ ਕਰਦੇ ਹਨ।

ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ॥

ਮੇਰਾ ਸੁਆਮੀ ਪਰਮਾਤਮਾ ਜਿਸ ਉੱਤੇ ਕਿਰਪਾ ਕਰਦਾ ਹੈ, ਉਸ ਨੂੰ ਗੁਰੂ ਦੀ ਸਿੱਖਿਆ ਸੁਣਵਾਂਦਾ ਹੈ।

ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ॥ ੨॥

ਉਹ ਫਿਰ ਹਰੀ ਨਾਮ ਨੂੰ ਧਿਆਉਂਦਾ ਹੈ, ਹਰੀ ਨਾਮ ਨੂੰ ਗਾਉਂਦਾ ਹੈ, ਅਤੇ ਹਰੀ ਨਾਮ ਉਸ ਨੂੰ ਅੰਤ ਵੇਲੇ ਦੇ ਦੁੱਖਾਂ ਤੋਂ ਛੁਡਾ ਲੈਂਦਾ ਹੈ॥ ੨॥

ਪਉੜੀ॥ ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰਿ॥

ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣਾ ਹੁਕਮ ਮਨਵਾਇਆ ਹੈ, ਉਹ ਸੰਸਾਰ ਵਿੱਚ ਪੂਰੇ ਪੁਰਖ ਹਨ।

ਸਾਹਿਬੁ ਸੇਵਨਿ੍ ਆਪਣਾ ਪੂਰੈ ਸਬਦਿ ਵੀਚਾਰਿ॥

ਉਹ ਪੂਰੇ ਗੁਰਾਂ ਦੇ ਸ਼ਬਦ ਦੀ ਵਿਚਾਰ ਦੁਆਰਾ ਆਪਣੇ ਸਾਹਿਬ=ਪ੍ਰਮਾਤਮਾ ਨੂੰ ਸਿਮਰਦੇ ਹਨ।

ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ॥

ਜੋ ਸੱਚੇ ਗੁਰਾਂ ਦੇ ਸ਼ਬਦ ਵਿਚ ਪਿਆਰ ਕਰਨਾ ਹੈ, ਏਹੋ ਹਰੀ ਦੀ ਸੇਵਾ ਤੇ ਚਾਕਰੀ=ਨੌਕਰੀ ਹੈ।

ਅਥਵਾ:-ਜਿਨ੍ਹਾਂ ਨੇ ਸੱਚੇ ਗੁਰਾਂ ਦੇ ਸ਼ਬਦ ਵਿਚ ਪਿਆਰ ਕੀਤਾ ਹੈ, ਉਹਨਾਂ ਨੇ ਚਾ=ਚਾਉ ਨਾਲ ਹਰੀ ਦੀ ਸੇਵਾ ਕਰੀ=ਕੀਤੀ ਹੈ।

ਹਰਿ ਕਾ ਮਹਲੁ ਤਿਨ੍ਹੀ ਪਾਇਆ ਜਿਨ੍ਹ ਹਉਮੈ ਵਿਚਹੁ ਮਾਰਿ॥

ਉਹਨਾਂ ਨੇ ਹਰੀ ਦਾ ਮਹਲੁ=ਸਰੂਪ ਪਾਇਆ ਹੈ, ਜਿਨ੍ਹਾਂ ਨੇ ਹਿਰਦੇ ਵਿਚੋਂ ਹਉਮੈ ਮਾਰੀ ਹੈ।

ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰ ਧਾਰਿ॥ ੧੦॥

ਗੁਰੂ ਜੀ ਕਥਨ ਕਰਦੇ ਹਨ-ਉਹ ਗੁਰਮੁਖ ਪ੍ਰਭੂ ਨਾਲ ਮਿਲ ਰਹੇ ਹਨ, ਜਿਨ੍ਹਾਂ ਨੇ ਹਰੀ ਨਾਮ ਦਾ ਜਪਣਾ ਹਿਰਦੇ ਵਿਚ ਧਾਰਿਆ ਹੈ॥ ੧੦॥

ਸਲੋਕੁ ਮ:੩॥

ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ॥

ਜਿਨ੍ਹਾਂ ਨੇ ਸੱਚ ਨਾਮ ਵਿਚ ਚਿੱਤ ਨੂੰ ਲਗਾਇਆ ਹੈ, ਉਹਨਾਂ ਨੂੰ ਮੁਖ ਗੁਰਾਂ ਦੇ ਧਿਆਨ ਕਰਕੇ ਸਹਜ ਧੁਨਿ=ਸ਼ਾਂਤੀ-ਦਾਇਕ ਬਾਣੀ ਉਤਪੰਨ ਹੋਈ ਹੈ।

ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥

ਗੁਰਮੁਖ ਰਾਤ-ਦਿਨ ਰੰਗਿ=ਪ੍ਰੇਮ ਵਿਚ ਰਾਤਾ=ਰੰਗਿਆ ਰਹਿੰਦਾ ਹੈ, ਅਤੇ ਹਰੀ ਨਾਮ ਦਾ ਸਿਮਰਨ ਮਨ ਵਿਚ ਭਾਇਆ=ਚੰਗਾ ਲੱਗਾ ਹੈ।

ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥

ਗੁਰਮੁਖਾਂ ਨੇ ਹਰੀ ਨੂੰ ਵੇਖਿਆ ਹੈ, ਗੁਰਮੁਖਾਂ ਨੇ ਹਰੀ ਨਾਮ ਨੂੰ ਬੋਲਿਆ ਹੈ, ਗੁਰਮੁਖਾਂ ਨੇ ਸਹਜਿ=ਸੁਭਾਵਕ ਹੀ ਹਰੀ ਵਿਚ ਰੰਗੁ=ਪ੍ਰੇਮ ਲਗਾਇਆ ਹੋਇਆ ਹੈ।

ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੇ ਗੁਰਾਂ ਦੁਆਰੇ ਗਿਆਨ ਦੇ ਪ੍ਰਾਪਤ ਹੋਣ ਕਰਕੇ ਤਿਮਰ=ਅਤਿਸੇ ਕਰਕੇ ਅਗਿਆਨ ਰੂਪ ਅਨ੍ਹੇਰੇ ਨੂੰ ਚੁਕਾਇਆ=ਦੂਰ ਕੀਤਾ ਹੈ। ਅਥਵਾ:-ਜਿਵੇਂ ਸੂਰਜ ਕਰਕੇ ਤਿਮਰ=ਅਨ੍ਹੇਰਾ ਦੂਰ ਹੁੰਦਾ ਹੈ, ਤਿਵੇਂ ਗਿਆਨ ਕਰਕੇ ਅਗਿਆਨ ਰੂਪ ਅਨ੍ਹੇਰਾ ਦੂਰ ਹੁੰਦਾ ਹੈ।

ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧ ॥

ਜਿਸ ਨੂੰ ਧੁਰ ਤੋਂ ਹੀ ਧੁਰ ਰੂਪ ਪਰਮੇਸ਼ਰ ਦਾ ਪੂਰਾ ਕਰਮੁ=ਅਨੁਗ੍ਰਹੁ ਹੁੰਦਾ ਹੈ, ਉਸ ਗੁਰਮੁਖ ਨੇ ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਇਆ ਹੈ॥ ੧ ॥

ਮ:੩ ॥ ਸਤਿਗੁਰੁ ਜਿਨਾ ਨ ਸੇਵਿਓ ਸਬਦਿ ਨ ਲਗੋ ਪਿਆਰੁ ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਨਹੀਂ ਸੇਵਿਆ ਹੈ, ਅਤੇ ਗੁਰ ਉਪਦੇਸ਼ ਵਿਚ ਜਿਨ੍ਹਾਂ ਦਾ ਪਿਆਰ ਨਹੀਂ ਲੱਗਾ।

ਸਹਜੇ ਨਾਮੁ ਨ ਧਿਆਇਆ ਕਿਤੁ ਆਇਆ ਸੰਸਾਰਿ ॥

ਜਿਸ ਨੇ ਸੁਭਾਵਕ ਸਹਜੇ=ਸ਼ਾਂਤ ਸਰੂਪ ਪ੍ਰਭੂ ਦਾ ਨਾਮ ਨਹੀਂ ਧਿਆਇਆ, ਉਹ ਸੰਸਾਰ ਵਿਚ ਕਿਸ ਲਈ ਆਇਆ ਹੈ।

ਫਿਰਿ ਫਿਰਿ ਜੂਨੀ ਪਾਈਐ ਵਿਸਟਾ ਸਦਾ ਖੁਆਰੁ ॥

ਉਹ ਮੁੜ ਮੁੜ ਕੇ ਜੂਨੀਆਂ ਵਿਚ ਪਾਈਦਾ ਹੈ, ਅਤੇ ਸਦਾ ਹੀ ਵਿਸਟਾ=ਗੰਦਗੀ ਵਿਚ ਖੁਆਰ=ਖਰਾਬ ਹੁੰਦਾ ਹੈ।

ਕੂੜੈ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ ॥

ਝੂਠੇ ਪਦਾਰਥਾਂ ਦੇ ਲਾਲਚ ਵਿਚ ਲੱਗਣੇ ਕਰਕੇ, ਨਾ ਉਰਵਾਰੁ=ਇਹ ਲੋਕ, ਨਾਹੀਂ ਪਾਰੁ=ਪ੍ਰਲੋਕ ਸੌਰਦਾ ਹੈ।

(ਪੰਨਾ ੫੧੩)

ਨਾਨਕ ਗੁਰਮੁਖਿ ਉਬਰੇ ਜਿ ਆਪਿ ਮੇਲੇ ਕਰਤਾਰਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਗੁਰਮੁਖ ਦੁੱਖਾਂ ਤੋਂ ਉਬਰੇ=ਬਚੇ ਹਨ,

ਅਥਵਾ:-ਸੰਸਾਰ ਤੋਂ ਤਰੇ ਹਨ, ਜਿਨ੍ਹਾਂ ਨੂੰ ਕਰਤਾਰ ਨੇ ਆਪਣੇ ਨਾਲ ਮੇਲਿਆ ਹੈ॥ ੨ ॥

ਪਉੜੀ॥ ਭਗਤ ਸਚੈ ਦਰਿ ਸੋਹਦੇ ਸਚੈ ਸਬਦਿ ਰਹਾਏ॥

ਉਹ ਭਗਤ ਸੱਚੇ ਦਰਬਾਰ ਵਿਚ ਸ਼ੋਭਦੇ ਹਨ, ਜੋ ਸੱਚੇ ਗੁਰਾਂ ਦੇ ਸਬਦਿ=ਹੁਕਮ ਵਿਚ ਰਹਾਏ=ਰਹਿੰਦੇ ਹਨ।

ਹਰਿ ਕੀ ਪ੍ਰੀਤਿ ਤਿਨ ਊਪਜੀ ਹਰਿ ਪ੍ਰੇਮ ਕਸਾਏ॥

ਤਿਨ੍ਹਾਂ ਦੇ ਅੰਦਰ ਹਰੀ ਦੀ ਪ੍ਰੀਤੀ ਉਤਪੰਨ ਹੋਈ ਹੈ, ਮਾਨੋਂ ਹਰੀ ਨੇ ਉਹਨਾਂ ਨਾਲ ਪ੍ਰੇਮ ਨਾਲ ਕਸਾਏ=ਖਿੱਚ ਲਿਆ ਹੈ।

ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਰਸਨਾ ਹਰਿ ਰਸੁ ਪਿਆਏ॥

ਸਦੀਵ ਕਾਲ ਹਰੀ ਦੇ ਰੰਗਿ=ਪ੍ਰੇਮ ਵਿੱਚ ਰੱਤੇ ਹੋਣ ਕਰਕੇ ਰੰਗਿ=ਆਨੰਦ ਵਿੱਚ ਰਹਿੰਦੇ ਹਨ, ਅਤੇ ਰਸਨਾਂ ਨਾਲ ਹਰੀ ਰਸ ਨੂੰ ਪਿਆਏ=ਪੀਂਦੇ ਹਨ।

ਸਫਲੁ ਜਨਮੁ ਜਿਨ੍ੀ ਗੁਰਮੁਖਿ ਜਾਤਾ ਹਰਿ ਜੀਉ ਰਿਦੈ ਵਸਾਏ॥

ਉਹਨਾਂ ਗੁਰਮੁਖਾਂ ਦਾ ਮਨੁੱਖਾ ਜਨਮ ਸਫਲ ਹੋਇਆ ਹੈ, ਜਿਨ੍ਹਾਂ ਨੇ ਹਿਰਦੇ ਵਿਚ ਹਰਿ ਜੀ ਨੂੰ ਵਸਾਉਣਾ ਜਾਣਿਆ ਹੈ।

ਬਾਝੁ ਗੁਰੂ ਫਿਰੈ ਬਿਲਲਾਦੀ ਦੂਜੈ ਭਾਇ ਖੁਆਏ॥ ੧੧॥

ਸਾਰੀ ਦੁਨੀਆ ਦ੍ਵੈਤ ਭਾ ਵਿਚ ਖੁਆਏ=ਭੁੱਲੀ ਹੋਈ ਗੁਰਾਂ ਤੋਂ ਬਿਨਾਂ ਵਿਰਲਾਪ ਕਰਦੀ ਫਿਰਦੀ ਹੈ॥ ੧੧॥

ਸਲੋਕੁ ਮਃ ੩॥

ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ॥

ਜਿਨ੍ਹਾਂ ਭਗਤਾਂ ਨੇ ਕਲਜੁਗ ਵਿਚ ਨਾਮ ਰੂਪ ਖ਼ਜ਼ਾਨੇ ਨੂੰ ਖੱਟਿਆ ਹੈ, ਉਹਨਾਂ ਨੇ ਹਰੀ ਰੂਪ ਉੱਤਮ ਪਦ ਨੂੰ ਪਾਇਆ ਹੈ।

ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ॥

ਸਤਿਗੁਰ ਦੀ ਸੇਵਾ ਕਰਕੇ ਹਰੀ ਨਾਮ ਨੂੰ ਮਨ ਵਿਚ ਵਸਾਇਆ ਹੈ, ਅਤੇ ਰਾਤ-ਦਿਨ ਵਾਹਿਗੁਰੂ ਨਾਮ ਨੂੰ ਧਿਆਇਆ ਹੈ।

ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ॥

ਜਿਸ ਨੇ ਗੁਰ ਉਪਦੇਸ਼ ਨਾਲ ਹੰਗਤਾ-ਮਮਤਾ ਤੇ ਮੋਹ ਨੂੰ ਜਲਾਇਆ=ਸਾੜਿਆ ਹੈ, ਉਹ ਗ੍ਰਹਿਸਤ ਵਿਚ ਰਹਿੰਦਾ ਹੋਇਆ ਹੀ ਉਦਾਸੀਨ ਹੈ।

ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ॥

ਉਹ ਸੰਸਾਰ ਸਮੁੰਦਰ ਤੋਂ ਆਪ ਤਰਿਆ ਹੈ, ਤੇ ਆਪਣੀ ਕੁਲ ਨੂੰ ਭੀ ਤਾਰ ਲਿਆ ਹੈ, ਉਸ ਦੇ ਜੰਮਣ ਵਾਲੀ ਮਾਂ ਧੰਨ ਹੈ।

ਐਸਾ ਸਤਿਗੁਰੁ ਸੋਈ ਪਾਏ ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ ॥

ਇਸ ਤਰ੍ਹਾਂ ਦੇ ਸਤਿਗੁਰਾਂ ਨੂੰ ਉਹ ਪੁਰਖ ਪਾਂਦਾ ਹੈ, ਜਿਸ ਦੇ ਮੱਥੇ ਉੱਤੇ ਧੁਰ ਤੋਂ ਹਰੀ ਨੇ ਚੰਗਾ ਲੇਖ ਲਿਖ ਪਾਇਆ ਹੈ।

ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ
ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਸ ਗੁਰੂ ਨੇ ਭਰਮ ਵਿਚ ਭੁੱਲੇ ਹੋਏ ਮੇਰੇ ਮਨ ਨੂੰ ਸਿੱਧੇ ਰਸਤੇ ਪਾ ਦਿੱਤਾ ਹੈ॥ ੧ ॥

ਮ:੩ ॥ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥

ਤਿੰਨ ਗੁਣ ਰੂਪ ਮਾਇਆ ਨੂੰ ਵੇਖ ਕੇ ਭੁੱਲੇ ਹੋਏ ਜੀਵ, ਇਉਂ ਦੁਖੀ ਹੋ ਰਹੇ ਹਨ ਜਿਵੇਂ ਪਤੰਗਾ ਦੀਵੇ ਉੱਤੇ ਪਚਾਇਆ=ਦੁਖੀ ਹੁੰਦਾ ਵੇਖੀਦਾ ਹੈ।

ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥

ਪੰਡਿਤ ਵੀ ਵਾਹਿਗੁਰੂ ਵੱਲੋਂ ਭੁੱਲ ਭੁੱਲ ਕੇ ਮਾਇਆ ਵੱਲ ਵੇਖਦੇ ਹਨ, ਕਥਾ ਕਰਦੇ ਹੋਏ ਭੀ ਵੇਖਦੇ ਹਨ ਕਿ ਅਜੇ ਤੱਕ ਕਿਸੇ ਨੇ ਕੁਝ ਲਿਆ ਕੇ ਚੜ੍ਹਾਇਆ ਹੈ ਜਾਂ ਨਹੀਂ।

ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਸਿ ਖੁਆਇਆ ॥

ਦ੍ਵੈਤ ਭਾਉ ਵਿਚ ਲੱਗੇ ਹੋਏ ਨਿੱਤ ਹੀ ਬਿਖਿਆ=ਮਾਇਆ ਲਈ ਪੜ੍ਹਦੇ ਹਨ, ਇਹਨਾਂ ਨੂੰ ਦਸਿ=ਪ੍ਰੇਰਕ ਪਰਮਾਤਮਾ ਨੇ ਹੀ ਨਾਮ ਵੱਲੋਂ ਖੁਆਇਆ=ਭੁਲਾ ਦਿੱਤਾ ਹੈ।

ਜੋਗੀ ਜੰਗਮ ਸੰਨਿਆਸੀ ਭੁਲੇ ਓਨਾ ਅਹੰਕਾਰੁ ਬਹੁ ਗਰਬੁ ਵਧਾਇਆ ॥

ਜੋਗੀ, ਜੰਗਮ ਤੇ ਸੰਨਿਆਸੀ ਭੀ ਭੁੱਲੇ ਹੋਏ ਹਨ; ਉਹਨਾਂ ਨੇ ਆਪਣੇ ਹਿਰਦੇ ਅੰਦਰ ਭੇਖ ਦਾ ਹੰਕਾਰ ਤੇ ਧਨ ਦਾ ਬਹੁਤ ਹੀ ਗਰਬ ਵਧਾਇਆ ਹੋਇਆ ਹੈ।

ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ ॥

ਸਤ ਧਰਮ ਭਿੱਖਿਆ ਅਨੁਸਾਰ ਛਾਦਨੁ=ਕੱਪੜਾ ਤੇ ਭੋਜਨ ਨਹੀਂ ਲੈਂਦੇ* ਮਨ ਦੇ ਹਠ ਕਰਕੇ ਉਹਨਾਂ ਨੇ ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ।

ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ ॥

ਇਤਨਿਆਂ ਵਿਚੋਂ ਉਹ ਪੁਰਖ ਸਮਧਾ=ਸਮਝਿਆ ਹੈ, ਜਿਸ ਗੁਰਮੁਖ ਨੇ ਗੁਰਾਂ ਦੁਆਰੇ ਨਾਮ ਨੂੰ ਧਿਆਉਣਾ ਕੀਤਾ ਹੈ।

---

*ਵਾ:-ਸਤ=ਸ਼ਰਧਾ ਨਾਲ ਦਿੱਤੀ ਹੋਈ, ਅਥਵਾ:-ਸੱਤ ਬਚਨ ਕਹਿ ਕੇ ਨਹੀਂ ਲੈਂਦੇ।

ਅਥਵਾ:-ਜਤ ਸਤ ਦੇ ਸਹਿਤ ਹੋ ਕੇ ਛਾਦਨ ਭੋਜਨ ਦੀ ਭਿੱਖਿਆ ਨਹੀਂ ਲੈਂਦੇ।

ਜਨ ਨਾਨਕ ਕਿਸ ਨੋ ਆਖਿ ਸੁਦਾਈਐ ਜਾ ਕਰਦੇ ਸਭਿ ਕਰਾਇਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਕਿਸ ਪੁਰਖ ਨੂੰ ਕੁਝ ਆਖ ਕੇ ਸੁਣਾਉਣਾ ਕਰੀਏ, ਜਦ ਕਿ ਸਾਰੇ ਹੀ ਆਪਣੇ ਮਨ ਦਾ ਕਰਾਇਆ ਕਰਦੇ ਹਨ ਭਾਵ ਮਨ ਮਰਜ਼ੀ ਅਨੁਸਾਰ ਚਲਦੇ ਹਨ॥ ੨ ॥

ਪਉੜੀ ॥ ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥

ਮਾਹਿਆ ਦੇ ਮੋਹ ਕਰਕੇ ਕਾਮ, ਕ੍ਰੋਧ ਤੇ ਹੰਕਾਰ ਵਾਲਾ ਜੀਵ ਪ੍ਰੇਤ ਰੂਪ ਹੈ।

ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ ॥

ਇਹ ਕਾਮ, ਕ੍ਰੋਧ, ਆਦਿਕ ਜਮ ਦੀ ਸਿਰਕਾਰ=ਰਈਯਤ ਹਨ, ਇਸ ਲਈ ਇਹਨਾਂ ਦੇ ਸੰਗੀ ਜੀਵਾਂ ਉੱਤੇ ਜਮਾਂ ਦਾ ਕਰਾਰਾ=ਤਕੜਾ ਡੰਡਾ ਹੈ।

ਮਨਮੁਖ ਜਮ ਮਗਿ ਪਾਈਅਨ੍ਹਿ ਜਿਨ੍ ਦੂਜਾ ਭਾਉ ਪਿਆਰਾ ॥

ਉਹ ਮਨਮੁਖ ਪੁਰਖ ਜਮਾਂ ਦੇ ਰਸਤੇ ਵਿਚ ਪਾਏ ਜਾਂਦੇ ਹਨ, ਜਿਨ੍ਹਾਂ ਨੂੰ ਦ੍ਵੈਤ ਭਾਉ ਪਿਆਰਾ ਹੈ।

ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ ॥

ਉਹ ਜਮ ਪੁਰੀ ਵਿਚ ਬਧੇ=ਬੰਨ੍ਹੇ ਹੋਏ ਮਾਰ ਖਾਂਦੇ ਹਨ, ਉਹਨਾਂ ਦੀ ਪੁਕਾਰ ਕੋਈ ਨਹੀਂ ਸੁਣਦਾ।

ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ ॥ ੧੨ ॥

ਜਿਸ ਨੂੰ ਪਰਮਾਤਮਾ ਕਿਰਪਾ ਕਰਦਾ ਹੈ ਉਸ ਨੂੰ ਪੂਰਾ ਗੁਰੂ ਮਿਲਦਾ ਹੈ, ਫਿਰ ਉਸ ਗੁਰਮੁਖ ਸਿੱਖ ਦਾ ਜਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ॥ ੧੨ ॥

ਸਲੋਕੁ ਮ:੩ ॥

ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥

ਹੰਗਤਾ ਮਮਤਾ ਵਿਚ ਲਗਣੇ ਕਰਕੇ ਮੋਹਣੀ=ਮਾਇਆ ਮਨਮੁਖਾਂ ਨੂੰ ਖਾ ਗਈ ਹੈ।

ਅਥਵਾ:-ਮੋਹਣੀ=ਮਾਇਆ ਦੀ ਹੰਗਤਾ ਮਮਤਾ ਮਨਮੁਖਾਂ ਨੂੰ ਖਾ ਗਈ ਹੈ।

ਜੋ ਮੋਹਿ ਦੂਜੇ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥

ਜਿਹੜੇ ਪੁਰਖ ਮੋਹ ਅਤੇ ਦ੍ਵੈਤ ਭਾਵ ਵਿਚ ਚਿੱਤ ਨੂੰ ਲਗਾਂਵਦੇ ਹਨ, ਉਹਨਾਂ ਨੂੰ ਮਾਇਆ ਵਿਆਪ ਕੇ ਲੰਪਟ ਹੋ ਰਹੀ ਹੈ।

ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥

ਗੁਰਾਂ ਦੇ ਉਪਦੇਸ਼ ਕਰਕੇ ਪਰ=ਭਲੀ ਪ੍ਰਕਾਰ ਭਾਵ ਚੰਗੀ ਤਰ੍ਹਾਂ ਸਾੜ ਦੇਈਏ, ਤਾਂ ਇਹ ਹਿਰਦੇ ਅੰਦਰੋਂ ਚਲੀ ਜਾਂਦੀ ਹੈ।

ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ॥

ਇਸ ਦੇ ਜਾਣ ਕਰਕੇ, ਤਨ, ਮਨ ਉਜਲਾ=ਪਵਿੱਤਰ ਹੁੰਦਾ ਹੈ, ਅਤੇ ਪ੍ਰਭੂ ਦਾ ਨਾਮ ਮਨ ਵਿਚ ਆ ਵਸਦਾ ਹੈ।

ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ॥੧॥

ਗੁਰੂ ਜੀ ਕਥਨ ਕਰਦੇ ਹਨ-ਮਾਇਆ ਦੇ ਮਾਰਨ ਦਾ ਸਾਧਨ ਹਰੀ ਨਾਮ ਹੈ, ਜੋ ਗੁਰਾਂ ਦੁਆਰੇ ਪਾਇਆ ਜਾਂਦਾ ਹੈ॥ ੧॥

ਮ:੩॥ ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ॥

ਇਹ ਚੰਚਲ ਮਨ ਕਈ ਜੁੱਗਾਂ ਤੱਕ ਭੌਂਦਾ ਰਿਹਾ ਹੈ, ਕਦੇ ਥਿਰੁ=ਇਸਥਿਤ ਨਹੀਂ ਰਹਿੰਦਾ, ਇਸ ਕਰਕੇ ਆਉਂਦਾ ਤੇ ਜਾਂਦਾ ਹੈ।

ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ॥

ਜਾਂ ਹਰੀ ਦਾ ਹੁਕਮ ਹੋਇਆ ਤਾਂ ਸੰਸਾਰ ਰੂਪ ਖੇਡ ਨੂੰ ਉਤਪੰਨ ਕਰਕੇ ਉਸ ਵਿਚ ਇਸ ਜੀਵ ਨੂੰ ਭਰਮਾਇਅਨੁ=ਭੁਆਣਾ ਕੀਤਾ ਹੈ।

(ਪੰਨਾ ੫੧੪)

ਜਾ ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ॥

ਜਾਂ ਹਰੀ ਬਖਸ਼ਸ਼ ਕਰੇ ਤਾਂ ਪੂਰੇ ਗੁਰੂ ਮਿਲਦੇ ਹਨ, ਤਾਂ ਭਰਮਣੇ ਵੱਲੋਂ ਇਸਥਿਤ ਹੋ ਕੇ ਅਚੱਲ ਵਾਹਿਗੁਰੂ ਵਿਚ ਸਮਾ ਰਹਿੰਦਾ ਹੈ।

ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ॥੨॥

ਗੁਰੂ ਜੀ ਕਥਨ ਕਰਦੇ ਹਨ-ਜਦ ਗੁਰਾਂ ਦੇ ਮਨ ਹੀ=ਮੰਤ੍ਰ ਦੇ ਉੱਤੇ ਜੀਵ ਦਾ ਮਨ ਮੰਨਿਆ ਗਿਆ, ਤਾਂ ਇਸ ਤਰ੍ਹਾਂ ਦੀ ਦ੍ਰਿਸ਼ਟੀ ਹੋ ਜਾਂਦੀ ਹੈ, ਕਿ ਨਾ ਕੁਝ ਮਰਦਾ ਹੈ, ਨਾ ਜੰਮਦਾ ਹੈ॥ ੨॥

ਪਉੜੀ॥ ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ॥

ਕਾਇਆਂ ਰੂਪੀ ਕੋਟੁ=ਕਿਲ੍ਹਾ ਅਪਾਰੁ=ਸਰੇਸ਼ਟ ਹੈ, ਇਸ ਦਾ ਮਿਲਣਾ ਪੂਰਬਲੇ ਸ੍ਰੇਸ਼ਟ ਕਰਮਾਂ ਦੇ ਜੋਗ ਕਰਕੇ ਹੁੰਦਾ ਹੈ।

ਕਾਇਆ ਅੰਦਰਿ ਆਪਿ ਵਸਿ ਰਹਿਆ ਆਪੇ ਰਸ ਭੋਗੀ॥

ਇਸ ਕਾਇਆਂ ਦੇ ਅੰਦਰ ਹੀ ਉਹ ਪ੍ਰਭੂ ਆਪ ਵਸ ਰਿਹਾ ਹੈ। ਅਤੇ ਆਪ ਹੀ ਰਸਾਂ ਨੂੰ ਭੋਗਦਾ ਹੈ।

ਆਪਿ ਅਤੀਤੁ ਅਲਿਪਤੁ ਹੈ ਨਿਰਜੋਗੁ ਹਰਿ ਜੋਗੀ॥

ਅਤੀਤੁ=ਤਿੰਨਾਂ ਗੁਣਾਂ ਤੋਂ ਰਹਿਤ ਹੋਣ ਕਰਕੇ ਉਹ ਆਪ ਸਾਰਿਆਂ ਤੋਂ ਅਲਿਪਤੁ=ਅਸੰਗ ਹੈ, ਅਤੇ ਨਿਰਜੋਗੁ=ਸਬੰਧ ਤੋਂ ਰਹਿਤ ਹਰੀ ਸਾਰਿਆਂ ਨਾਲ ਜੋਗੀ=ਜੁੜ ਭਾਵ ਮਿਲ ਰਿਹਾ ਹੈ।

ਜੋ ਤਿਸੁ ਭਾਵੈ ਸੋ ਕਰੇ ਹਰਿ ਕਰੇ ਸੁ ਹੋਗੀ॥

ਜੋ ਉਸ ਨੂੰ ਭਾਉਂਦਾ ਹੈ ਉਹ ਕਰਦਾ ਹੈ ਅਤੇ ਜੋ ਹਰੀ ਕਰੇਗਾ ਉਹੋ ਕੁਝ ਹੋਗੀ=ਹੋਵੇਗਾ।

ਹਰਿ ਗੁਰਮੁਖਿ ਨਾਮੁ ਧਿਆਈਐ ਲਹਿ ਜਾਹਿ ਵਿਜੋਗੀ॥ ੧੩॥

ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਈਏ, ਤਾਂ ਸਾਰੇ ਵਿਜੋਗੀ=ਦੁੱਖ ਲਹਿ ਜਾਂਦੇ ਹਨ॥ ੧੩॥

ਸਲੋਕੁ ਮਃ ੩॥

ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ॥

ਉਹ ਸੱਚਾ ਪ੍ਰਭੂ ਆਪ ਹੀ ਗੁਰ ਸ਼ਬਦੀਆਂ ਪਾਸੋਂ ਵਾਹੁ ਵਾਹੁ=ਵਾਹਿਗੁਰੂ, ਵਾਹਿਗੁਰੂ, ਜਪਵਾਂਦਾ ਹੈ।

ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥

ਵਾਹੁ ਵਾਹੁ=ਵਾਹਿਗੁਰੂ, ਵਾਹਿਗੁਰੂ, ਜਪਣਾ ਹੀ ਸਿਫਤਿ=ਪਰਮੇਸ਼ਰ ਦੀ ਸ਼ਲਾਘਾ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਗੁਰਮੁਖ ਸਮਝਦਾ ਹੈ।

ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥

ਸਚੁ=ਨਿਸਚੇ ਨਾਲ ਵਾਹਿਗੁਰੂ, ਵਾਹਿਗੁਰੂ, ਬਾਣੀ ਦੇ ਜਾਪਣ ਕਰਕੇ ਸੱਚੇ ਨਾਲ ਮਿਲਾਪ ਹੋ ਜਾਂਦਾ ਹੈ।

ਅਥਵਾ:-ਵਾਹਿਗੁਰੂ, ਵਾਹਿਗੁਰੂ, ਬਾਣੀ ਸੱਚ ਦੀ ਹੈ, ਇਸ ਕਰਕੇ ਸੱਚ ਦੇ ਨਾਲ ਮਿਲਾਪ ਹੋ ਜਾਂਦਾ ਹੈ।

ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਵਾਹਿਗੁਰੂ, ਵਾਹਿਗੁਰੂ, ਕਰਦਿਆਂ ਪ੍ਰਭੂ ਪਾਇਆ ਜਾਂਦਾ ਹੈ, ਪਰ ਵਾਹਿਗੁਰੂ ਦਾ ਸਿਮਰਨ ਕਰਮਿ=ਭਾਗਾਂ ਨਾਲ ਪ੍ਰਾਪਤ ਹੁੰਦਾ ਹੈ॥ ੧॥

ਮਃ ੩॥ ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥

ਗੁਰਮੁਖਾਂ ਦੀ ਰਸਨਾਂ ਵਾਹਿਗੁਰੂ, ਵਾਹਿਗੁਰੂ, ਸ਼ਬਦ ਉਚਾਰਨ ਕਰਦਿਆਂ ਸ਼ੋਭਨੀਕ ਹੋਈ ਹੈ।

ਪੂਰੈ ਸਬਦਿ ਪ੍ਰਭੁ ਮਿਲਿਆ ਆਈ॥

ਇਸ ਪੂਰੇ ਸ਼ਬਦ ਦੇ ਜਾਪਣ ਵਾਲੇ ਨੂੰ ਪ੍ਰਭੂ ਆ ਕੇ ਮਿਲਿਆ ਹੈ।

ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ॥

ਵੱਡਿਆਂ ਭਾਗਾਂ ਵਾਲੇ ਪੁਰਖ ਆਪਣੇ ਮੂੰਹੋਂ ਵਾਹਿਗੁਰੂ, ਵਾਹਿਗੁਰੂ, ਹੀ ਉਚਾਰਦੇ ਹਨ।

ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ॥

ਜੋ ਵਾਹਿਗੁਰੂ, ਵਾਹਿਗੁਰੂ ਜਾਪ ਕਰਦੇ ਹਨ, ਉਹ ਪੁਰਸ਼ ਸ਼ੋਭਨੀਕ ਹਨ, ਸਾਰੀ ਪਰਜਾ ਉਹਨਾਂ ਦੇ ਚਰਨਾਂ ਨੂੰ ਪੂਜਣ ਲਈ ਆਉਂਦੀ ਹੈ।

ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਕਰਮਿ=ਜੀਵ ਨੂੰ ਵਾਹਿਗੁਰੂ, ਵਾਹਿਗੁਰੂ, ਦਾ ਜਾਪ ਕਰਨਾ ਪ੍ਰਾਪਤ ਹੋਇਆ ਹੈ, ਓਸੇ ਨੇ ਸੱਚੇ ਦਰਬਾਰ ਵਿਚ ਸੋਭਾ ਪਾਈ ਹੈ॥ ੨ ॥

ਪਉੜੀ॥ ਬਜਰ ਕਪਾਟ ਕਾਇਆ ਗੜ ਭੀਤਰਿ ਕੂੜੁ ਕੁਸਤੁ ਅਭਿਮਾਨੀ॥

ਇਸ ਕਾਇਆਂ ਰੂਪੀ ਗੜ=ਕਿਲ੍ਹੇ ਦੇ ਅੰਦਰ ਬਜਰ ਵਾਂਗੂੰ ਬੜੇ ਸਖ਼ਤ (ਪੰਜਾਂ ਕੋਸ਼ਾਂ ਰੂਪੀ) ਕਪਾਟ=ਤਖ਼ਤੇ ਜੜ੍ਹੇ ਹੋਏ ਹਨ; ਫਿਰ ਇਹ ਅਭਿਮਾਨੀ=ਹੰਕਾਰੀ ਪੁਰਸ਼ ਕੂੜ=ਝੂਠ ਬੋਲਦਾ ਹੈ ਤੇ ਕੁਸਤੁ=ਖੋਟਾ ਹੱਠ ਕਰਦਾ ਹੈ।

ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ॥

ਭਰਮ ਵਿਚ ਭੁੱਲੇ ਹੋਏ ਨੂੰ ਕੁਝ ਨਿਗਾਹ ਨਹੀਂ ਆਉਂਦਾ, ਕਿਉਂਕਿ ਅਗਿਆਨ ਕਰਕੇ ਅੰਨ੍ਹਾ ਹੋ ਰਿਹਾ ਹੈ।

ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ॥

ਕਿਸੇ ਉਪਾਇ=ਯਤਨ ਨਾਲ ਭੀ ਨਹੀਂ ਲੱਭਦਾ, ਕਿਉਂਕਿ ਭੇਖਧਾਰੀ ਪੁਰਸ਼ ਅਨੇਕਾਂ ਭੇਖ ਕਰਕੇ ਥੱਕ ਗਏ ਹਨ।

ਗੁਰ ਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ॥

ਗੁਰ ਸ਼ਬਦੀਆਂ ਨੇ ਹਰੀ ਨਾਮ ਨੂੰ ਜਪਕੇ ਗੁਰਾਂ ਦੁਆਰੇ ਉਹ ਪੰਜਾਂ ਕੋਸ਼ਾਂ ਰੂਪ ਤਖਤੇ ਖੁਲ੍ਹਾਵਣਾ ਕੀਤੇ ਹਨ।

ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ॥ ੧੪ ॥

ਹਰਿ ਜੀਉ=ਪਰਮਾਤਮਾ ਅੰਮ੍ਰਿਤ ਫਲ ਦਾ ਬ੍ਰਿੱਛ (ਦਰੱਖਤ) ਹੈ, ਜਿਸ ਨੇ ਇਸ ਫਲ ਦਾ ਰਸ ਪੀਤਾ ਹੈ ਉਹ ਤ੍ਰਿਪਤਾਨੀ=ਤ੍ਰਿਪਤ ਹੋ ਗਿਆ ਹੈ॥ ੧੪ ॥

ਸਲੋਕੁ ਮ: ੩ ॥ ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥

ਵਾਹਿਗੁਰੂ, ਵਾਹਿਗੁਰੂ ਕਰਦਿਆਂ ਸਾਰੀ ਅਵਸਥਾ (ਉਮਰਾ) ਰੂਪੀ ਰਾਤ ਸੁਖਾਂ ਵਿਚ ਵਿਹਾਇ=ਬਤੀਤ ਹੁੰਦੀ ਹੈ।

ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥

ਹੇ ਮੇਰੀ ਭਾਈ! ਵਾਹਿਗੁਰੂ ਵਾਹਿਗੁਰੂ ਕਰਦਿਆਂ ਸਦਾ ਹੀ ਮਨ ਨੂੰ ਅਨੰਦ ਹੁੰਦਾ ਹੈ।

ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥

ਵਾਹਿਗੁਰੂ ਵਾਹਿਗੁਰੂ ਕਰਦਿਆਂ ਹਰੀ ਨਾਲ ਬਿਰਤੀ ਜੁੜ ਜਾਂਦੀ ਹੈ।

ਵਾਹੁ ਵਾਹੁ ਕਰਮੀ ਬੋਲੈ ਬੋਲਾਇ॥ ਵਾਹੁ ਵਾਹੁ ਕਰਤਿਆ ਸੋਭਾ ਪਾਇ॥

ਵਾਹਿਗੁਰੂ ਦਾ ਬੁਲਾਇਆ ਹੋਇਆ ਹੀ ਕਰਮੀ=ਜੀਵ, ਵਾਹਿਗੁਰੂ ਵਾਹਿਗੁਰੂ ਬੋਲਦਾ ਹੈ।

ਵਾਹਿਗੁਰੂ ਵਾਹਿਗੁਰੂ ਉਚਾਰਨ ਕਰਦਿਆਂ ਹੀ ਜੀਵ ਸੋਭਾ ਪਾਉਂਦਾ ਹੈ।

ਨਾਨਕ ਵਾਹੁ ਵਾਹੁ ਸਤਿ ਰਜਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਵਾਹਿਗੁਰੂ ਵਾਹਿਗੁਰੂ ਮੰਤ੍ਰ ਦਾ ਜੋ ਉਚਾਰਨ ਕਰਨਾ ਹੈ ਇਹ ਸੱਤ-ਸਰੂਪ ਪਰਮੇਸ਼ਰ ਦੀ ਰਜਾਇ=ਆਗਿਆ ਹੈ॥ ੧ ॥

ਮ:੩ ॥ ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥

ਵਾਹਿਗੁਰੂ ਵਾਹਿਗੁਰੂ ਉਚਾਰਨ ਕਰਨਾ ਇਹ ਸੱਚ ਸਰੂਪ ਪਰਮੇਸ਼ਰ ਦੀ ਬਾਣੀ ਹੈ, ਇਹ ਵਾਹਿਗੁਰੂ ਬਾਣੀ ਗੁਰਮੁਖਾਂ ਨੇ ਢੂੰਢਕੇ ਲੱਭੀ ਹੈ।

ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥

ਗੁਰਮੁਖ ਵਾਹਿਗੁਰੂ ਸ਼ਬਦ ਨੂੰ ਮੂੰਹ ਚੋਂ ਉਚਾਰਦੇ ਹਨ, ਅਤੇ ਹਿਰਦੇ ਨਾਲ ਭੀ ਵਾਹਿਗੁਰੂ ਵਾਗਿਗੁਰੂ ਨੂੰ ਉਚਾਰਦੇ ਹਨ।

ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥

ਵਾਹਿਗੁਰੂ ਵਾਹਿਗੁਰੂ ਉਚਾਰਨ ਕਰਦਿਆਂ ਗੁਰਮੁਖਾਂ ਨੇ ਸਹਜੇ ਹੀ ਹਰੀ ਨੂੰ ਢੂੰਢਕੇ ਪਾ ਲਿਆ ਹੈ।

ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜੋ ਹਿਰਦੇ ਵਿਚ ਹਰਿ ਹਰਿ ਨੂੰ ਸੰਭਾਲਦੇ ਹਨ ਉਹ ਵੱਡਿਆਂ ਭਾਗਾਂ ਵਾਲੇ ਹਨ॥ ੨ ॥

ਪਉੜੀ ॥ ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ॥

ਇਹ ਮਨ ਅਤਿ=ਵੱਡਾ ਲੋਭੀ ਹੈ, ਇਸ ਕਰਕੇ ਨਿੱਤ ਹੀ ਲੋਭ ਵਿਚ ਰੱਤਾ ਰਹਿੰਦਾ ਹੈ।

ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ॥
ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥

ਮੋਹਣੀ ਜੋ ਮਾਇਆ ਹੈ ਉਸ ਦੀ ਮਨਸਾ=ਵਾਸ਼ਨਾ ਦੇ ਵੱਸ ਹੋ ਕੇ ਦਸੋ ਦਿਸ਼ਾਂ ਵਿਚ ਫਿਰਦਾ ਹੈ। ਅਗੈ=ਪ੍ਰਲੋਕ ਵਿਚ ਮਨੁੱਖ ਦਾ ਨਾਮ ਤੇ ਜਾਤੀ ਨਹੀਂ ਜਾਂਦੀ, ਪ੍ਰਲੋਕ ਵਿਚ ਜਾਕੇ ਮਨਮੁਖ ਦੁੱਖ ਨੂੰ ਹੀ ਖਾਤਾ=ਭੋਗਦਾ ਹੈ।

ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ ॥

ਉਸ ਨੇ ਜੀਭ ਨਾਲ ਹਰੀ ਨਾਮ ਰਸ ਨਹੀਂ ਚੱਖਿਆ, ਤੇ ਫਿੱਕਿਆਂ ਬਚਨਾਂ ਨੂੰ ਬੋਲਦਾ ਹੈ।

ਜਿਨਾ ਗੁਰਮੁਖਿ ਅਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ ॥ ੧੫ ॥

ਜਿਨ੍ਹਾਂ ਗੁਰਮੁਖਾਂ ਨੇ ਨਾਮ ਅੰਮ੍ਰਿਤ ਰਸ ਚੱਖਿਆ ਹੈ, ਉਹ ਪੁਰਸ਼ ਤ੍ਰਿਪਤ ਹੋ ਗਏ ਹਨ॥ ੧੫ ॥

ਸਲੋਕੁ ਮ:੩ ॥ ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥

ਵਾਹਿਗੁਰੂ ਵਾਹਿਗੁਰੂ ਉਸ ਨੂੰ ਆਖੀਦਾ ਹੈ, ਜਿਹੜਾ ਪ੍ਰਭੂ ਸੱਚਾ, ਗਹਿਰ=ਡੂੰਘਾ ਤੇ ਗੰਭੀਰੁ=ਨਿਰਹਲ ਹੈ।

(ਪੰਨਾ ੫੧੫)

ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ॥

ਵਾਹਿਗੁਰੂ ਵਾਹਿਗੁਰੂ ਉਸ ਨੂੰ ਆਖੀਦਾ ਹੈ, ਜਿਹੜਾ ਸ਼ੁਭ ਗੁਣਾਂ ਦਾ ਦਾਤਾ, ਤੇ ਮਤਿ ਧੀਰੁ=ਧੀਰਜ-ਵਾਨ, ਬੁੱਧੀ ਵਾਲਾ ਹੈ।

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥

ਵਾਹਿਗੁਰੂ ਵਾਹਿਗੁਰੂ ਉਸ ਨੂੰ ਆਖੀਦਾ ਹੈ ਜਿਹੜਾ ਸਾਰਿਆਂ ਵਿਚ ਸਮਾ ਰਿਹਾ ਹੈ।

ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ॥

ਵਾਹਿਗੁਰੂ ਵਾਹਿਗੁਰੂ ਉਸ ਨੂੰ ਆਖੀਦਾ ਹੈ ਜੋ ਰਿਜਕ ਸਬਾਹਿ=ਸਾਰਿਆਂ ਨੂੰ ਰਿਜਕ ਪਹੁੰਚਾ ਦੇਂਦਾ ਹੈ।

ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ॥੧॥

ਗੁਰੂ ਜੀ ਕਥਨ ਕਰਦੇ ਹਨ, ਉਸ ਇੱਕ ਨੂੰ ਵਾਹਿਗੁਰੂ ਵਾਹਿਗੁਰੂ ਕਰਕੇ ਸਲਾਹੁੰਦੇ ਹਾਂ, ਜਿਹੜਾ ਪ੍ਰਭੂ ਅਸਾਨੂੰ ਸਤਿਗੁਰਾਂ ਨੇ ਵਿਖਾ ਦਿੱਤਾ ਹੈ॥ ੧॥

ਮ:੩॥ ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥

ਗੁਰਮੁਖ ਪੁਰਖ ਸਦਾ ਵਾਹਿਗੁਰੂ ਵਾਹਿਗੁਰੂ ਕਰਦੇ ਹਨ, ਅਤੇ ਮਨਮੁਖ ਵਿਸ਼ਿਆਂ ਰੂਪੀ ਬਿਖੁ=ਵਿਹੁ (ਜ਼ਹਿਰ) ਨੂੰ ਖਾ ਕੇ ਮਰਦੇ ਹਨ। ਕਿਉਂਕਿ:-

ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥

ਉਹਨਾਂ ਮਨਮੁਖਾਂ ਨੂੰ ਵਾਹਿਗੁਰੂ ਵਾਹਿਗੁਰੂ ਕਰਨਾ ਨਹੀਂ ਭਾਂਵਦਾ, ਇਸ ਲਈ ਉਹਨਾਂ ਦੀ ਉਮਰਾ ਦੁੱਖ ਹੀ ਦੁੱਖ ਵਿਚ ਬੀਤਦੀ ਹੈ।

ਗੁਰਮੁਖਿ ਅੰਮਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ॥

ਗੁਰਮੁਖ ਲਿਵ ਲਗਾਕੇ ਵਾਹਿਗੁਰੂ ਵਾਹਿਗੁਰੂ ਕਰਨੇ ਰੂਪ ਅੰਮ੍ਰਿਤ ਨੂੰ ਪੀਣਾ ਕਰਦੇ ਹਨ।

ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ॥੨॥

ਗੁਰੂ ਜੀ ਕਥਨ ਕਰਦੇ ਹਨ, ਜੋ ਵਾਹਿਗੁਰੂ ਵਾਹਿਗੁਰੂ ਉਚਾਰਨ ਕਰਦੇ ਹਨ, ਉਹ ਪੁਰਸ਼ ਪਵਿੱਤਰ ਹਨ, ਉਹ ਤਿੰਨਾਂ ਭਵਨਾਂ ਦੀ (ਅੰਤ੍ਰਜਾਮਤਾ ਰੂਪ) ਸੋਝੀ ਨੂੰ ਪਾਂਵਦੇ ਹਨ।

ਅਥਵਾ:-ਮਿਥਿਆ ਰੂਪਤਾ ਦੀ ਸੋਝੀ ਪਾਂਵਦੇ ਹਨ॥ ੨॥

ਪਉੜੀ॥ ਹਰਿ ਕੈ ਭਾਣੈ ਗੁਰੁ ਮਿਲੈ ਸੇਵਾ ਭਗਤਿ ਬਨੀਜੈ॥

ਹਰੀ ਦੇ ਭਾਣੇ ਅੰਦਰ ਗੁਰੂ ਮਿਲਣ ਤਾਂ ਸੇਵਾ ਰੂਪ ਭਗਤੀ ਬਣਦੀ ਹੈ।

ਹਰਿ ਕੈ ਭਾਣੈ ਹਰਿ ਮਨਿ ਵਸੈ ਸਹਜੇ ਰਸੁ ਪੀਜੈ॥

ਹਰੀ ਦੇ ਭਾਣੇ ਅੰਦਰ, ਤਾਂ ਹਰੀ ਮਨ ਵਿਚ ਵਸਦਾ ਹੈ, ਤੇ ਸਹਿਜੇ ਹੀ ਆਤਮ ਰਸ ਨੂੰ ਪੀਂਦਾ ਹੈ।

ਹਰਿ ਕੈ ਭਾਣੈ ਸੁਖੁ ਪਾਈਐ ਹਰਿ ਲਾਹਾ ਨਿਤ ਲੀਜੈ॥

ਹਰੀ ਦੇ ਭਾਣੇ ਅੰਦਰ ਤੁਰੀਏ ਤਾਂ ਸੁਖ ਪਾਈਦਾ ਹੈ, ਤੇ ਨਿਤਾਪ੍ਰਤੀ ਹਰੀ ਪ੍ਰਾਪਤੀ ਦਾ ਲਾਭ ਲਈਦਾ ਹੈ।

ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ॥

ਹਰੀ ਦੇ ਸਤ-ਸੰਗ ਰੂਪ ਤਖਤ ਉੱਪਰ ਆਪਣੇ ਆਪ ਨੂੰ ਬਿਠਾਈਏ, ਤਾਂ ਸਰੂਪ ਰੂਪੀ ਨਿਜ ਘਰ ਵਿਚ ਸਦਾ ਵਸ ਰਹੀਦਾ ਹੈ।

ਹਰਿ ਕਾ ਭਾਣਾ ਤਿਨੀ ਮੰਨਿਆ ਜਿਨਾ ਗੁਰੂ ਮਿਲੀਜੈ॥ ੧੬॥

ਉਨ੍ਹਾਂ ਗੁਰਮੁਖਾਂ ਨੇ ਹਰੀ ਦਾ ਭਾਣਾ ਮੰਨਿਆ ਹੈ, ਜਿਨ੍ਹਾਂ ਨੂੰ ਪੂਰਾ ਗੁਰੂ ਮਿਲਿਆ ਹੈ॥ ੧੬॥

ਸਲੋਕੁ ਮ:੩ ॥ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ॥

ਸੇ ਜਨ=ਉਹ ਪੁਰਸ਼ ਸਦਾ ਹੀ ਵਾਹਿਗੁਰੂ ਵਾਹਿਗੁਰੂ ਉਚਾਰਨ ਕਰਦੇ ਹਨ, ਜਿਨ੍ਹਾਂ ਨੂੰ ਪ੍ਰਭੂ ਇਸ ਦਾ ਮਹਾਤਮਾ ਸਮਝਾ ਦੇਂਦਾ ਹੈ।

ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥

ਵਾਹਿਗੁਰੂ ਵਾਹਿਗੁਰੂ ਕਰਦਿਆਂ ਮਨ ਸ਼ੁੱਧ ਹੁੰਦਾ ਹੈ, ਅਤੇ ਹਿਰਦੇ ਵਿਚੋਂ ਹਉਮੈ ਚਲੀ ਜਾਂਦੀ ਹੈ।

ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ॥

ਜੋ ਗੁਰਸਿੱਖ ਨਿਤਾਪ੍ਰਤੀ ਵਾਹਿਗੁਰੂ ਵਾਹਿਗੁਰੂ ਉਚਾਰਨ ਕਰਦੇ ਹਨ, ਉਹ ਮਨ-ਇੱਛਤ ਫਲ ਨੂੰ ਪਾਉਂਦੇ ਹਨ।

ਵਾਹੁ ਵਾਹੁ ਕਰਹਿ ਸੇ ਜਨ ਸੋਹਦੇ ਹਰਿ ਤਿਨ ਕੈ ਸੰਗਿ ਮਿਲਾਇ॥

ਜੋ ਵਾਹਿਗੁਰੂ ਵਾਹਿਗੁਰੂ ਕਰਦੇ ਹਨ, ਉਹ ਸੋਹਣੇ ਪੁਰਸ਼ ਹਨ, ਹੇ ਹਰੀ ! ਮੈਨੂੰ ਉਨ੍ਹਾਂ ਦੇ ਨਾਲ ਮਿਲਾਵਣਾ ਕਰ।

ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ॥

ਫਿਰ, ਮੈਂ ਹਿਰਦੇ ਵਿਚ ਵਾਹਿਗੁਰੂ ਵਾਹਿਗੁਰੂ ਸਿਮਰਾਂਗਾ, ਅਤੇ ਮੂੰਹੋਂ ਭੀ ਵਾਹਿਗੁਰੂ ਵਾਹਿਗੁਰੂ ਉਚਾਰਨ ਕਰਾਂਗਾ।

ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ॥ ੧॥

ਗੁਰੂ ਜੀ ਕਥਨ ਕਰਦੇ ਹਨ, ਜੋ ਸਿੱਖ ਵਾਹਿਗੁਰੂ ਵਾਹਿਗੁਰੂ ਕਰਦੇ ਹਨ, ਮੈਂ ਉਹਨਾਂ ਨੂੰ ਆਪਣਾ ਤਨ, ਮਨ, ਅਰਪਣ ਕਰ ਦਿਆਂਗਾ॥ ੧॥

ਮ:੩ ॥ ਵਾਹੁ ਵਾਹੁ ਸਾਹਿਬੁ ਸਚੁ ਹੈ ਅੰਮ੍ਰਿਤੁ ਜਾ ਕਾ ਨਾਉ॥

ਜਿਸ ਦਾ ਵਾਹਿਗੁਰੂ ਵਾਹਿਗੁਰੂ ਨਾਮ ਅੰਮ੍ਰਿਤ ਰੂਪ ਹੈ, ਉਹ ਸਾਹਿਬ ਸੱਚਾ ਹੈ।

ਜਿਨਿ ਸੇਵਿਆ ਤਿਨਿ ਫਲੁ ਪਾਇਆ ਹਉ ਤਿਨ ਬਲਿਹਾਰੈ ਜਾਉ ॥

ਜਿਨ੍ਹਾਂ ਨੇ ਵਾਹਿਗੁਰੂ ਨੂੰ ਸੇਵਿਆ=ਸਿਮਰਿਆ ਹੈ ਉਹਨਾਂ ਨੇ ਗਿਆਨ ਫਲ ਪਾਇਆ ਹੈ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ।

ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸ ਨੋ ਦੇਇ ਸੁ ਖਾਇ ॥

ਵਾਹਿਗੁਰੂ ਵਾਹਿਗੁਰੂ ਮੰਤ੍ਰ ਸ਼ੁਭ ਗੁਣਾਂ ਦਾ ਖਜ਼ਾਨਾ ਹੈ, ਜਿਸ ਨੂੰ ਗੁਰੂ ਦੇਂਦਾ ਹੈ ਓਹੀ ਇਸ ਮੰਤ ਨੂੰ ਖਾਇ=ਜਪਦਾ ਹੈ।

ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥

ਜੋ ਵਾਹਿਗੁਰੂ ਜਲਾਂ, ਥਲਾਂ, ਵਿੱਚ ਵਿਆਪਕ ਹੈ, ਉਹ ਵਾਹਿਗੁਰੂ ਗੁਰਾਂ ਦੁਆਰੇ ਪਾਇਆ ਜਾਂਦਾ ਹੈ।

ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ॥

ਹੇ ਗੁਰਸਿੱਖੋ ! ਤੁਸੀਂ ਸਾਰੇ ਰਲਕੇ ਸਦਾ ਹੀ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰੋ, ਕਿਉਂਕਿ ਪੂਰਿਆਂ ਗੁਰਾਂ ਨੂੰ ਵਾਹਿਗੁਰੂ ਵਾਹਿਗੁਰੂ ਕਰਨਾ ਭਾਂਵਦਾ ਹੈ।

ਅਥਵਾ:-ਵਾਹਿਗੁਰੂ ਵਾਹਿਗੁਰੂ ਜਪਣ ਵਾਲਾ ਸਿੱਖ, ਪੂਰਿਆਂ ਗੁਰਾਂ ਨੂੰ ਭਾਂਵਦਾ ਹੈ।

ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜੋ ਪੁਰਸ਼ ਮਨ ਚਿੱਤ ਕਰਕੇ ਵਾਹਿਗੁਰੂ ਵਾਹਿਗੁਰੂ ਕਰਦਾ ਹੈ, ਤਿਸ ਦੇ ਨੇੜੇ ਜਮ ਕੰਕਰੁ=ਜਮਦੂਤ ਨਹੀਂ ਆਉਂਦਾ ॥ ੨ ॥

ਪਉੜੀ ॥ ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥

ਸਚੁ=ਨਿਸਚੇ ਕਰਕੇ, ਅਥਵਾ:-ਸੱਚ-ਮੁਚ ਹਰਿ ਜੀ ਸੱਚਾ ਹੈ, ਅਤੇ ਗੁਰਾਂ ਦੀ ਬਾਣੀ ਭੀ ਸੱਚੀ ਹੈ।

ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥

ਸਤਿਗੁਰਾਂ ਪਾਸੋਂ ਸੱਚ ਨੂੰ ਪਛਾਨਣਾ ਕਰੀਏ, ਤਾਂ ਸਹਜੇ ਸੱਚ ਵਿਖੇ ਅਭੇਦਤਾ ਹੁੰਦੀ ਹੈ।

ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥

ਜੋ ਰਾਤ-ਦਿਨ ਸਿਮਰਨ ਵਿੱਚ ਜਾਗਦੇ ਹਨ, ਤੇ ਮੋਹ ਨੀਂਦ ਵਿੱਚ ਨਹੀਂ ਸੋਂਦੇ, ਉਹਨਾਂ ਦੀ ਸਾਰੀ ਅਵਸਥਾ ਰੂਪੀ ਰਾਤ ਗਿਆਨ ਜਾਗ੍ਰਤ ਵਿੱਚ ਵਿਹਾਣੀ=ਬਤੀਤ ਹੁੰਦੀ ਹੈ।

ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ ॥

ਜਿਨ੍ਹਾਂ ਨੇ ਗੁਰ-ਸਿੱਖਿਆ ਦੁਆਰੇ ਹਰੀ ਨਾਮ ਰਸ ਨੂੰ ਚੱਖਿਆ ਹੈ, ਉਹ ਪਰਾਣੀ=ਜੀਵ ਪੁੰਨਾਤਮਾ ਹਨ।

ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ ॥ ੧੭ ॥

ਪੂਰਿਆਂ ਗੁਰਾਂ ਤੋਂ ਬਿਨਾਂ ਵਾਹਿਗੁਰੂ ਨੂੰ ਕਿਸੇ ਨੇ ਭੀ ਨਹੀਂ ਪਾਇਆ, ਅਜਾਣੀ=ਅਗਿਆਤ ਪੁਰਸ਼ ਵਿਹਾਰਾਂ ਵਿੱਚ ਹੀ ਫਸਕੇ ਮਰ ਗਏ ਹਨ ॥ ੧੭ ॥

ਸਲੋਕੁ ਮ:੩ ॥ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥

ਨਿਰੰਕਾਰ ਦੀ ਜੋ ਵਾਹਿਗੁਰੂ ਵਾਹਿਗੁਰੂ ਰੂਪ ਬਾਣੀ ਹੈ, ਉਸ ਜੇਡਾ ਹੋਰ ਕੋਈ ਮੰਤ੍ਰ ਨਹੀਂ ਹੈ।

ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥

ਵਾਹੁ=ਅਸਚਰਜ ਰੂਪ ਵਾਹਿਗੁਰੂ ਅਗਮ ਤੇ ਅਥਾਹ ਹੈ, ਅਤੇ ਉਸ ਦਾ ਸੱਚਾ ਸਿਮਰਨ ਹੀ ਵਾਹਿਗੁਰੂ ਵਾਹਿਗੁਰੂ ਹੈ।

ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥

ਵਾਹੁ=ਅਸਚਰਜ ਰੂਪ ਵਾਹਿਗੁਰੂ ਵੇ-ਪਰਵਾਹ ਹੈ, ਵਾਹੁ=ਅਸਚਰਜ ਰੂਪ ਵਾਹਿਗੁਰੂ ਜੋ ਕਰਦਾ ਹੈ, ਓਹੀ ਕੁਝ ਹੁੰਦਾ ਹੈ।

ਅਥਵਾ:-ਜੋ ਪੁਰਸ਼ ਵਾਹਿਗੁਰੂ ਵਾਹਿਗੁਰੂ ਸਿਮਰਨ ਕਰਦਾ ਹੈ, ਉਹ ਭੀ ਵੇ-ਪਰਵਾਹ ਹੋ ਜਾਂਦਾ ਹੈ।

ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥

ਵਾਹਿਗੁਰੂ ਵਾਹਿਗੁਰੂ ਨਾਮ ਅੰਮ੍ਰਿਤ ਰੂਪ ਹੈ, ਇਸ ਨੂੰ ਕੋਈ ਵਿਰਲਾ ਹੀ ਗੁਰਮੁਖ ਪਾਉਂਦਾ ਹੈ।

ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥

ਵਾਹਿਗੁਰੂ ਵਾਹਿਗੁਰੂ ਮੰਤ੍ਰ ਨੂੰ ਉਹ ਕਰਮੀ=ਜੀਵ ਪਾਉਂਦਾ ਹੈ ਜਿਸ ਨੂੰ ਪ੍ਰਭੂ ਆਪ ਦਇਆ ਦ੍ਰਿਸ਼ਟੀ ਕਰਕੇ ਦੇਂਦਾ ਹੈ।

(ਪੰਨਾ ੫੧੬)

ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਰਾਤ-ਦਿਨ ਵਾਹਿਗੁਰੂ ਵਾਹਿਗੁਰੂ ਨਾਮ ਨੂੰ ਲੈਂਦੇ ਰਹੀਏ, ਤਾਂ ਗੁਰਾਂ ਦੁਆਰੇ ਵਾਹੁ=ਧੰਨਤਾ ਜੋਗ ਵਾਹੁ=ਅਸਚਰਜ ਰੂਪ ਪਰਮਾਤਮਾ ਪਾਈਦਾ ਹੈ॥ ੧ ॥

ਮ:੩ ॥ ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ ॥

ਸਤਿਗੁਰਾਂ ਦੀ ਸੇਵਾ ਤੋਂ ਬਿਨਾਂ ਸ਼ਾਂਤੀ ਨਹੀਂ ਆਉਂਦੀ, ਕਿਉਂਕਿ ਗੁਰਾਂ ਤੋਂ ਬਿਨਾਂ ਸ਼ਾਂਤੀ ਪ੍ਰਾਪਤ ਕਰਨ ਲਈ ਦੂਜੀ ਜਗ੍ਹਾ ਹੋਰ ਕੋਈ ਨਹੀਂ ਹੈ।

ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥

ਜੇਕਰ ਬਹੁਤੇਰਾ=ਬਹੁਤ ਚਾਹੁੰਣਾ ਭੀ ਕਰੀਏ ਕਿ ਗੁਰੂ ਮਿਲਣ, ਤੋਂ ਭੀ ਸ਼ੁਭ ਕਰਮਾਂ ਤੋਂ ਬਿਨਾਂ ਗੁਰੂ ਨਹੀਂ ਪਾਇਆ ਜਾਂਦਾ।

ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥

ਜਿਨ੍ਹਾਂ ਪੁਰਸ਼ਾਂ ਦੇ ਅੰਤਹਕਰਨ ਦੇ ਵਿੱਚ ਲੋਭ ਆਦਿਕ ਵਿਕਾਰ ਹਨ, ਉਹ ਦ੍ਵੈਤ ਭਾਵ ਵਿੱਚ ਖੁਆਇ=ਭੁੱਲੇ ਫਿਰਦੇ ਹਨ।

ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ॥

ਉਹਨਾਂ ਦਾ ਜੰਮਣਾ ਮਰਨਾ ''ਨ ਚੁਕਈ''=ਨਿਵਿਰਤ ਨਹੀਂ ਹੁੰਦਾ, ਉਹ ਹਉਮੈ ਦੇ ਵਿੱਚ ਹੋਣ ਕਰਕੇ ਦੁਖ ਪਾਉਂਦੇ ਰਹਿੰਦੇ ਹਨ।

ਜਿਨ੍ਹਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ॥

ਜਿਨ੍ਹਾਂ ਨੇ ਸਤਿਗੁਰਾਂ ਨਾਲ ਚਿੱਤ ਬਿਰਤੀ ਨੂੰ ਲਗਾਇਆ ਹੈ, ਉਹਨਾਂ ਵਿੱਚੋਂ ਕੋਈ ਭੀ ਮੁਕਤੀ ਤੋਂ ਖਾਲੀ ਨਹੀਂ ਰਿਹਾ।

ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ॥

ਉਹਨਾਂ ਨੂੰ ਜਮ ਦੀ *ਤਲਬ=ਬੁਲਾਵਣ ਨਹੀਂ ਹੁੰਦੀ, ਅਤੇ ਨਾ ਹੀ ਉਹ ਦੁੱਖ ਸਹਾਰਦੇ ਹਨ।

ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ॥ ੨॥

ਗੁਰੂ ਜੀ ਕਥਨ ਕਰਦੇ ਹਨ, ਸੱਚੇ ਗੁਰਾਂ ਦੇ ਸ਼ਬਦ ਦੇ ਸਮਾਹਿ=ਸਮਾਹੜੇ ਭਾਵ ਅਨੰਦ ਨੂੰ ਪਾ ਕੇ ਗੁਰਮੁਖ ਜਨ ਸੰਸਾਰ ਸਮੁੰਦਰ ਦੇ ਦੁੱਖ ਤੋਂ ਉਬਰੇ=ਬਚ ਗਏ ਹਨ॥ ੨॥

ਪਉੜੀ॥ ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥

ਵਾਰ, ਅਥਵਾ:-ਜਸ ਦੇ ਕਰਨ ਵਾਲਾ ਢਾਢੀ ਉਸ ਨੂੰ ਕਹੀਦਾ ਹੈ, ਜਿਹੜਾ ਮਾਲਕ ਪ੍ਰਭੂ ਨਾਲ ਪਿਆਰ ਧਾਰਦਾ ਹੈ।

ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥

ਸੁਆਮੀ ਦੇ ਦਰਵਾਜ਼ੇ ਉੱਤੇ ਖੜੋਤਾ ਸੇਵਾ ਕਰਦਾ ਹੈ, ਅਤੇ ਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰਦਾ ਹੈ।

ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ॥

ਜੋ ਸੱਚ ਨਾਮ ਨੂੰ ਹਿਰਦੇ ਵਿੱਚ ਧਾਰੀ ਰੱਖਦਾ ਹੈ, ਉਹ ਢਾਢੀ ਸਰੂਪ ਘਰ ਦੀ ਪ੍ਰਾਪਤੀ ਦੇ ਗਿਆਨ ਰੂਪ ਦਰਵਾਜ਼ੇ ਨੂੰ ਪਾਉਂਦਾ ਹੈ।

ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ॥

ਢਾਢੀ ਦਾ ਮਹਲੁ=ਸਰੂਪ ਜੋ ਅਗਲਾ=ਅਨਾਦੀ ਹੈ, ਉਹ ਹਰੀ ਨਾਮ ਦੇ ਪਿਆਰ ਕਰਕੇ ਪ੍ਰਾਪਤ ਹੁੰਦਾ ਹੈ।

ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ॥ ੧੮॥

ਢਾਢੀ ਦੀ ਸੇਵਾ ਨਿਸ਼ਕਾਮ, ਚਾਕਰੀ ਸ਼ਕਾਮ, ਅਥਵਾ:-ਚਾ=ਉਤਸ਼ਾਹ ਨਾਲ ਸੇਵਾ ਕਰੀ=ਕੀਤੀ ਹੋਈ ਵੇਖਕੇ, ਅਤੇ ਹਰੀ ਨਾਮ ਨੂੰ ਜਪਦਿਆਂ ਦੇਖਕੇ ਹਰੀ ਇਸ ਨੂੰ ਤਾਰ ਲੈਂਦਾ ਹੈ॥ ੧੮॥

---

*ਨੋਟ:-ਸਰਕਾਰੀ ਹੁਕਮ ਨਾਲ ਬੁਲਾਏ ਜਾਣ ਦਾ ਨਾਮ ''ਤਲਬ'' ਆਖਦੇ ਹਨ।

ਸਲੋਕੁ ਮਃ ੩ ॥ ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥

ਗੂਜਰੀ ਰਾਗਣੀ ਦੁਆਰਾ ਕਥਨ ਕਰਦੇ ਹਨ, ਹੇ ਗਵਾਰ ਜਾਤੀ ਵਾਲੇ ਪੁਰਸ਼ਾ ! ਜਾਂ ਤੂੰ ਆਪਣੇ ਮਾਲਕ ਪ੍ਰਭੂ ਨੂੰ ਪਾ ਲਵੇਂ ਤਾਂ ਤੂੰ ਤਰ ਜਾਏਂਗਾ।

ਅਥਵਾ:-ਹੇ ਗਵਾਰਿ=ਮੂਰਖਾ ! ਤੇਰੀ ਉਮਰਾ ਧੰਧਿਆਂ ਵਿੱਚ ਹੀ ''ਗੂਜਰੀ ਜਾਤਿ''=ਗੁਜ਼ਰਦੀ ਜਾ ਰਹੀ ਹੈ, ਜਾਂ ਤੂੰ ਆਪਣੇ ਮਾਲਕ ਪ੍ਰਭੂ ਨੂੰ ਪਾਏਂਗਾ ਤਾਂ ਤਰ ਜਾਏਂਗਾ।

ਅਥਵਾ:-ਗਵਾਰ ਜਾਤੀ ਵਾਲੀਆਂ ਗੁੱਜਰਨੀਆਂ ਨੇ ਜਾਂ ਆਪਣੇ ਸਹੁ=ਕ੍ਰਿਸ਼ਨ ਭਗਵਾਨ ਨੂੰ ਪਾ ਲਿਆ ਹੈ, ਕੀ ਤੂੰ ਨਹੀਂ ਪਾ ਸਕਦਾ ?। ਅਥਵਾ:-ਜਾਂ ਤੂੰ ਆਪਣੇ ਸ਼ਹੁ ਨੂੰ ਪਾ ਲਵੇਂ, ਤਾਂ ਜਾਤੀ ਅਭਿਮਾਨ ਅਤੇ ਗਵਾਰ ਤਾਈਂ ਗੂਜਰੀ=ਗੁਜ਼ਰ ਜਾਏਗੀ।

ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥

ਤਾਂਤੇ ਗੁਰਾਂ ਦੇ ਸ਼ਬਦ ਦੀ ਵਿਚਾਰ ਕਰਕੇ, ਰਾਤ-ਦਿਨ ਹਰੀ ਨਾਮ ਜਪੁ=ਜਪੁ ਨੂੰ ਜਾਪਣਾ=ਜਪਣਾ ਕਰ।

ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥

ਜਿਸ ਨੂੰ ਸਤਿਗੁਰ ਦੇਵ ਜੀ ਮਿਲਦੇ ਹਨ, ਉਸ ਨੂੰ ਪਰਮਾਤਮਾ ਦਾ ਡਰ ਪੈਂਦਾ ਹੈ; ਫਿਰ ਓਹੀ ਜੀਵ ਰੂਪ ਇਸਤ੍ਰੀ ਉੱਤਮ ਕੁਲ ਵਾਲੀ ਮੰਨੀ ਜਾਂਦੀ ਹੈ।

ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥

ਜਿਸ ਉੱਤੇ ਕਰਤਾਰ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ, ਓਹੀ ਆਪਣੇ ਪਤੀ ਪਰਮਾਤਮਾ ਦਾ ਹੁਕਮ ਪਛਾਣਦੀ ਹੈ। ਜੋ ਇਸਤ੍ਰੀ ਆਪਣੇ ਮਾਲਕ ਪ੍ਰਭੂ ਦਾ ਹੁਕਮ ਨਹੀਂ ਪਛਾਣਦੀ-

ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥

ਉਹ ਕੁਚਜੀ=ਖੋਟੇ ਕਰਤੱਬਾਂ ਵਾਲੀ ਹੈ, ਕੁਲਖਣੀ=ਖੋਟੇ ਲੱਛਣਾਂ ਵਾਲੀ ਹੈ,

ਅਥਵਾ:-ਸ਼ੁਭ-ਗੁਣਾਂ ਰੂਪੀ ਕੁਲ ਦੇ ਖੈ ਕਰਨ ਵਾਲੀ ਹੈ, ਉਸ ਨੂੰ ਭਤਾਰਿ=ਪਤੀ ਪਰਮਾਤਮਾ ਨੇ ''ਪਰਹਰਿ ਛੋਡੀ''=ਤਿਆਗ ਛੱਡਿਆ ਹੈ।

ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥

ਹਿਰਦੇ ਵਿੱਚ ਪ੍ਰਭੂ ਦਾ ਡਰ ਪੈਣ ਕਰਕੇ ਪਾਪਾਂ ਰੂਪੀ, ਅਥਵਾ:-ਰਾਗ ਦ੍ਵੈਸ਼ ਰੂਪੀ ਮੈਲ ਕੱਟੀ ਜਾਂਦੀ ਹੈ, ਤੇ ਸਰੀਰੁ=ਸੂਖਮ ਸਰੀਰ ਭਾਵ ਅੰਤਹਕਰਨ ਸ਼ੁੱਧ ਹੋ ਜਾਂਦਾ ਹੈ।

ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥

ਸ਼ੁਭ=ਗੁਣਾਂ ਦੇ ਗਹੀਰੁ=ਸਮੁੰਦਰ ਹਰੀ ਨੂੰ ਜਪਦਿਆਂ ਹੋਇਆਂ ਮਤੀ ਉੱਤਮ ਹੁੰਦੀ ਹੈ, ਤੇ ਹਿਰਦੇ ਅੰਦਰ ਪਰਗਾਸੁ=ਗਿਆਨ ਹੋ ਜਾਂਦਾ ਹੈ।

ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥

ਜੋ ਵਾਹਿਗੁਰੂ ਦੇ ਡਰ ਵਿੱਚ ਬੈਠਦਾ ਹੈ, ਡਰ ਵਿੱਚ ਹੀ ਰਹਿੰਦਾ ਹੈ, ਅਤੇ ਡਰ ਵਿੱਚ ਹੀ ਕਾਰ ਕਮਾਂਦਾ ਹੈ।

ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ॥

ਉਸ ਨੂੰ ਐਥੇ=ਇਸ ਲੋਕ ਵਿਚ ਸੁਖ ਤੇ ਵਡਿਆਈਆਂ ਮਿਲਦੀਆਂ ਹਨ, ਤੇ ਮੁਕਤੀ ਰੂਪ ਦਰਵਾਜ਼ੇ ਵਿਚੋਂ ਲੰਘ ਕੇ ਦਰਗਾਹ=ਸੱਚ ਖੰਡ ਵਿਚ ਜਾ ਵਸਦਾ ਹੈ।

ਅਥਵਾ:-ਅੰਤਹਕਰਨ ਰੂਪ ਦਰਗਾਹ ਅੰਦਰ ਮੁਕਤੀ ਦਾ ਦਰਵਾਜ਼ਾ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਅਥਵਾ:-ਐਥੈ=ਇਸ ਲੋਕ ਵਿਚ ਸੁਖ ਪ੍ਰਾਪਤ ਹੁੰਦਾ ਹੈ, ਤੇ ਪ੍ਰਲੋਕ ਦਰਗਾਹ ਵਿਚ ਵਡਿਆਈਆਂ ਅਤੇ ਮੋਖ ਦਾ ਦਰਵਾਜ਼ਾ ਗਿਆਨ ਪ੍ਰਾਪਤ ਹੁੰਦਾ ਹੈ।

ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ॥

ਪ੍ਰਭੂ ਦੇ ਡਰ ਧਾਰਨ ਨਾਲ ਹੀ ਨਿਰਭਉ ਪਦ ਪਾਈਦਾ ਹੈ, ਅਤੇ ਅਪਾਰ ਜੋਤੀ ਪ੍ਰਭੂ ਨਾਲ ਇਸ ਦੀ ਜੋਤ ਮਿਲ ਜਾਂਦੀ ਹੈ।

ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ॥ ੧॥

ਗੁਰੂ ਜੀ ਕਥਨ ਕਰਦੇ .ਹਨ--ਜਿਸ ਜੀਵ ਰੂਪ ਇਸਤ੍ਰੀ ਨੂੰ ਕਰਤਾਰ ਆਪ ਬਖਸ਼ਦਾ ਹੈ, "ਸਾ ਭਲੀ"=ਉਹ ਸਭ ਤੋਂ ਚੰਗੀ ਹੈ ਅਤੇ ਓਹੀ ਖਸਮ ਪਰਮਾਤਮਾ ਨੂੰ ਭਾਂਵਦੀ ਹੈ॥ ੧॥

ਮ:੩॥ ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ॥

ਸਦਾ=ਨਿੱਤ ਰੂਪ ਸੱਚੇ ਪਰਮਾਤਮਾ ਨੂੰ ਸਦਾ ਹੀ ਸਲਾਹੁਣਾ ਕਰੀਏ, ਅਤੇ ਉਸ ਸੱਚੇ ਤੋਂ ਬਲਿਹਾਰ ਜਾਣਾ ਕਰੋ।

ਨਾਨਕ ਏਕੁ ਛੋਡਿ ਦੂਜੈ ਲਗੈ ਸਾ ਜਿਹਵਾ ਜਲਿ ਜਾਉ॥ ੨॥

ਗੁਰੂ ਜੀ ਕਥਨ ਕਰਦੇ ਹਨ-ਜੋ ਇੱਕ ਸੁਆਮੀ ਨੂੰ ਛੱਡ ਕੇ ਦੂਜੇ ਦੇ ਸਿਮਰਨ ਵਿਚ ਲੱਗੀ ਹੈ, ਉਹ ਜੀਭ ਜਲਿ ਜਾਉ=ਸੜ ਜਾਵੇ॥ ੨॥

ਪਉੜੀ॥ ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ॥

੧. ਅੰਸਾ ਅਵਤਾਰ, ੨. ਅਵੇਸ਼ਾ ਅਵਤਾਰ, ੩. ਨਿੱਤਜ ਅਵਤਾਰ, ੪. ਨਮਿੱਤਕ ਅਵਤਾਰ, ੫. ਪੂਰਨ ਅਵਤਾਰ, ੬. ਪੂਰਨ ਤਮ ਅਵਤਾਰ, ਇਸ ਤਰ੍ਹਾਂ ਦੇ ਛੇ ਅਵਤਾਰਾਂ ਵਿਚੋਂ) ਅੰਸਾ ਅਵਤਾਰ ਜੋ ਪਰਸਰਾਮ ਤੇ ਪ੍ਰਿਥੂ ਆਦਿਕਾਂ ਨੂੰ ਪੈਦਾ ਕੀਤਾ ਹੈ, ਉਹਨਾਂ ਨੇ ਭੀ ਆਪਣੇ ਅੰਦਰ ਦ੍ਵੈਤ ਭਾਵ ਧਾਰਨ ਕੀਤਾ ਹੈ। ਅਥਵਾ:-ਦ੍ਵੈਤ ਭਾਵ ਰੂਪ ਜੋ ਸੰਸਾਰ ਪੈਦਾ ਕੀਤਾ ਹੈ, ਇਸ ਦੇ ਵਿਚ ਅੰਸਾ ਅਵਤਾਰ ਪ੍ਰਿਥੂ ਆਦਿਕ ਰਾਜੇ ਉਤਪੰਨ ਕੀਤੇ ਹਨ।

ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ॥

ਜਿਵੇਂ ਆਮ ਰਾਜੇ ਰਾਜ-ਭਾਗ ਕਮਾਂਵਦੇ ਹੋਏ ਦੁੱਖ ਸੁਖ ਲਈ ਭਿੜਦੇ ਹਨ, ਤਿਵੇਂ ਉਹ ਅੰਸਾ ਅਵਤਾਰ ਵੀ ਲੜਦੇ ਹਨ।

ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹੀ ਨ ਲਹੀਆ ॥

ਈਸਰੁ=ਸ਼ਿਵ ਜੀ, ਤੇ ਬ੍ਰਹਮਾ ਆਦਿਕ ਦੇਵਤੇ ਉਸ ਪ੍ਰਭੂ ਨੂੰ ਸੇਂਵਦੇ ਹਨ, ਪਰ ਉਹਨਾਂ ਨੇ ਭੀ ਪ੍ਰਭੂ ਦਾ ਅੰਤ ਨਹੀਂ ਜਾਣਿਆ। ਅਥਵਾ:-ਜਿਹੜੇ ਜੀਵ, ਸ਼ਿਵ ਤੇ ਬ੍ਰਹਮਾ ਆਦਿਕਾਂ ਨੂੰ ਸੇਵਦੇ=ਪੂਜਦੇ ਹਨ, ਉਹਨਾਂ ਜੀਵਾਂ ਨੇ ਭੀ ਪ੍ਰਭੂ ਦਾ ਅੰਤ ਨਹੀਂ ਜਾਣਿਆ।

ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ॥

ਜੋ ਨਿਰੰਕਾਰ ਨਿਰਭਉ ਤੇ ਅਲੱਖ ਹੈ, ਉਹ ਗੁਰਮੁਖਾਂ ਨੂੰ ਪ੍ਰਗਟ ਹੋਇਆ ਹੈ।

ਤਿਥੈ ਸੋਗੁ ਵਿਜੋਗੁ ਨ ਵਿਆਪਈ ਅਸਥਿਰੁ ਜਗਿ ਥੀਆ ॥ ੧੯ ॥

ਜਿੱਥੇ ਗੁਰਮੁਖ ਪਹੁੰਚੇ ਹਨ, ਓਥੇ ਪਦਾਰਥਾਂ ਦਾ ਵਿਜੋਗ ਜਨ ਸੋਗ ਨਹੀਂ ਵਿਆਪਦਾ, ਇਸ ਲਈ ਗੁਰਮੁਖ ਜਗਤ ਵਿਚ ਇਸਥਿਤ ਹੋਏ ਹਨ॥ ੧੯ ॥

ਸਲੋਕੁ ਮ:੩ ॥ ਏਹੁ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ ॥

ਇਹ ਜਿਤਨਾ ਕੁ ਸੰਸਾਰ ਦਿਖਾਈ ਦੇਂਦਾ ਹੈ, ਇਹ ਸਾਰਾ ਕੁਛ ਆਉਣ ਤੇ ਜਾਣ ਵਾਲਾ ਹੈ।

ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ ॥

ਜਿਸ ਨੇ ਇਹ ਆਉਣ ਜਾਣ ਵਾਲਾ ਲੇਖਾ ਲਿਖ ਲਿਆ ਹੈ ਭਾਵ ਇਸ ਹਿਸਾਬ ਨੂੰ ਜਾਣ ਲਿਆ ਹੈ। ਅਥਵਾ:-ਜਿਸ ਨੇ ਇਹ ਨਾਮ ਰੂਪ ਲੇਖਾ ਲਿਖ ਲਿਆ ਹੈ। ਅਥਵਾ:-ਸੱਤ ਅਸੱਤ ਦੇ ਨਿਰਨੇ ਨੂੰ ਜਾਣ ਲਿਆ ਹੈ, ਉਹ ਜੀਵ ਸੰਸਾਰ ਵਿਚ ਪ੍ਰਮਾਣੀਕ ਹੋਇਆ ਹੈ।

ਨਾਨਕ ਜੇ ਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਕੋਈ ਹੰਕਾਰ ਸਹਿਤ ਹੋ ਕੇ ਆਪਣੇ ਆਪ ਨੂੰ ਗਣਾਉਂਦਾ ਹੈ, ਉਹ ਮੂਰਖ ਗਾਵਾਰੁ=ਚੰਡਾਲ ਹੈ॥ ੧ ॥

ਮ:੩ ॥ ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥

ਮਨ ਰੂਪੀ ਕੁੰਚਰੁ=ਹਾਥੀ ਹੈ, ਗੁਰੂ ਪੀਲਕੁ=ਮਹਾਵਤ ਹਨ, ਗਿਆਨ ਕੁੰਡਾ ਹੈ, ਗਿਆਨ ਰੂਪ ਕੁੰਡੇ ਨਾਲ ਜਿੱਧਰ ਗੁਰੂ ਖਿੱਚਦਾ ਹੈ ਓਧਰ ਨੂੰ ਹੀ ਮਨ ਰੂਪ ਹਾਥੀ ਜਾਂਦਾ ਹੈ।

ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮਨ ਰੂਪ ਹਾਥੀ ਗਿਆਨ ਕੁੰਡੇ ਤੋਂ ਬਾਹਰਾ=ਬਿਨਾਂ ਫਿਰਿ ਫਿਰਿ=ਮੁੜ ਮੁੜ ਕੇ ਚੌਰਾਸੀ ਲੱਖ ਜੂਨੀਆਂ ਰੂਪੀ, ਅਥਵਾ:-ਸੰਸਾਰ ਰੂਪ ਉਜਾੜ ਵਿਚ,

ਯਾਂ-ਵਿਸ਼ੇ ਵਿਕਾਰਾਂ ਰੂਪੀ ਉਝੜਿ=ਕੁਰਾਹੇ ਵਿਚ ਪੈਂਦਾ ਹੈ॥ ੨ ॥

(ਪੰਨਾ ੫੧੭)

ਪਉੜੀ॥ ਤਿਸੁ ਆਗੈ ਅਰਦਾਸਿ ਜਿਨਿ ਉਪਾਇਆ॥

ਹੇ ਪੁਰਸ਼ਾ ! ਜਿਸ ਵਾਹਿਗੁਰੂ ਨੇ ਤੈਨੂੰ ਪੈਦਾ ਕੀਤਾ ਹੈ, ਉਸ ਅੱਗੇ ਬੇਨਤੀ ਕਰ।

ਸਤਿਗੁਰੁ ਅਪਣਾ ਸੇਵਿ ਸਭ ਫਲ ਪਾਇਆ॥

ਜਿਸ ਨੇ ਆਪਣੇ ਸਤਿਗੁਰਾਂ ਨੂੰ ਸੇਵਿਆ ਹੈ, ਉਸ ਨੇ ਸਾਰਿਆਂ ਫਲਾਂ ਨੂੰ ਪਾ ਲਿਆ ਹੈ।

ਅੰਮ੍ਰਿਤ ਹਰਿ ਕਾ ਨਾਉ ਸਦਾ ਧਿਆਇਆ॥

ਜਿਸ ਨੇ ਹਰੀ ਦੇ ਨਾਮ ਅੰਮ੍ਰਿਤ ਨੂੰ ਸਦੀਵ ਕਾਲ ਧਿਆਉਣਾ ਕੀਤਾ ਹੈ। ਤੇ-

ਸੰਤ ਜਨਾ ਕੈ ਸੰਗਿ ਦੁਖੁ ਮਿਟਾਇਆ॥

ਸੰਤ ਜਨਾਂ ਦੇ ਸੰਗ ਵਿਚ ਰਹਿਣਾ ਕੀਤਾ ਹੈ, ਉਸ ਨੇ ਸਾਰਿਆਂ ਦੁੱਖਾਂ ਨੂੰ ਮਿਟਾ ਲਿਆ ਹੈ।

ਨਾਨਕ ਭਏ ਅਚਿੰਤੁ ਹਰਿ ਧਨੁ ਨਿਹਚਲਾਇਆ॥ ੨੦॥

ਗੁਰੂ ਜੀ ਕਥਨ ਕਰਦੇ ਹਨ-ਦੁਨੀਆਂ ਵਿਖੇ ਉਹ ਪੁਰਸ਼ ਚਿੰਤਾ ਤੋਂ ਰਹਿਤ ਹੋਏ ਹਨ, ਜਿਨ੍ਹਾਂ ਨੂੰ ਨਿਸਚਲ ਹਰੀ ਨਾਮ ਧਨ ਆ ਕੇ ਪ੍ਰਾਪਤ ਹੋਇਆ ਹੈ॥ ੨੦॥

ਸਲੋਕ ਮ:੩ ॥ ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ॥

ਉੱਚੇ ਘਰ ਅਕਾਸ਼ ਵਿਚ ਰਹਿਣ ਵਾਲਾ ਜੋ ਬੱਦਲ ਹੈ, ਜਦ ਉਸ ਦੇ ਵਰਸਣੇ ਦਾ ਨਿਰਣਉ=ਨਿਰਨਾ ਕਰਦੇ ਹਨ ਤਾਂ ਜਲ ਠਹਿਰਨ ਵਾਸਤੇ ਜ਼ਿਮੀਂਦਾਰ ਖੇਤ ਦੀਆਂ ਮਿਆਲਾ=ਵੱਟਾਂ ਉੱਚੀਆਂ ਕਰ ਲੈਂਦੇ ਹਨ।

ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ॥

ਘਰ ਦੇ ਵਿਚ ਮਹਲ=ਇਸਤ੍ਰੀ ਭਗਤਣੀ ਸਰੈ=ਹੋਵੇ, ਤਾਂ ਹੀ ਸੱਜਣ ਮਹਾਤਮਾਂ ਪ੍ਰਾਹੁਣੇ ਆਉਂਦੇ ਹਨ। ਇਸੇ ਤਰ੍ਹਾਂ ਚੇਤਨ ਅਕਾਸ਼ ਰੂਪੀ ਉੱਚੇ ਘਰ ਵਿਚ ਰਹਿਣ ਵਾਲੇ ਗੁਰੂ ਰੂਪ ਬੱਦਲ ਦੇ ਵਰਸਣੇ ਦਾ ਜਿਸ ਵੇਲੇ ਨਿਰਣਾ ਕਰੇ, ਕਿ-ਹੁਣ ਗੁਰਾਂ ਨੇ ਉਪਦੇਸ਼ ਦੇ ਕੇ ਨਿਹਾਲ ਕਰਨਾ ਹੈ, ਤਾਂ ਜਗਿਆਸੂ ਨੂੰ ਚਾਹੀਦਾ ਹੈ ਆਪਣੇ ਅੰਤਹਕਰਨ ਰੂਪੀ ਖੇਤ ਦੀਆਂ ਸਾਧਨਾਂ ਰੂਪੀ ਵੱਟਾਂ ਉੱਚੀਆਂ ਕਰੇ, ਭਾਵ ਚਾਰ ਸਾਧਨਾਂ ਸੰਯੁਕਤ ਹੋਵੇ। ਘਰਿ=ਅੰਤਹਕਰਨ ਵਿਚ ਭਗਤੀ ਰੂਪੀ ਮਹਲ=ਇਸਤ੍ਰੀ ਹੋਵੇ ਤਾਂ ਸ਼ੁਭ ਗੁਣਾਂ ਰੂਪੀ ਸੱਜਣ ਪ੍ਰਾਹੁਣੇ ਆ ਕੇ ਪ੍ਰਾਪਤ ਹੁੰਦੇ ਹਨ।

ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ॥

ਇਸ ਤਰ੍ਹਾਂ ਬੇਨਤੀ ਕਰੇ, ਹੇ ਪ੍ਰਭੂ ! ਜੇਕਰ ਵਰਸਣਾ ਹੈ ਤਾਂ ਹੁਣੇ ਹੀ ਘਨਾ=ਬਹੁਤਾ ਵਰਸਣਾ ਕਰੋ, ਕਿਉਂਕਿ ਸ਼ੰਕ ਅਵਸਥਾ ਦੇ ਦੂਰ ਹੋਇਆਂ ਫਿਰ ਵਰਸਣਾ ਕਿਸ ਕੰਮ ਹੈ।

ਨਾਨਕ ਤਿਨ੍ ਬਲਿਹਾਰਣੈ ਜਿਨ੍ ਗੁਰਮੁਖਿ ਪਾਇਆ ਮਨ ਮਾਹਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰਾਂ ਦੁਆਰੇ ਮਨ ਵਿਚ ਪ੍ਰਭੂ ਨੂੰ ਪਾਇਆ ਹੈ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ॥ ੧॥

ਮ:੩॥ ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ॥

ਮਿੱਠਾ ਪਦਾਰਥ ਓਹੀ ਹੈਂ ਜੋ ਮਨ ਨੂੰ ਭਾਂਵਦਾ ਹੈ, ਅਸਲ ਸੱਜਣ ਓਹੀ ਹੈ ਜੇਹੜਾ ਰਾਸਿ=ਸਚਿਆਈ ਵਿਚ ਰਹਿੰਦਾ ਹੈ।

ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥ ੨॥

ਗੁਰ ਜੀ ਕਥਨ ਕਰਦੇ ਹਨ-ਉਹ ਅਸਲ ਗੁਰਮੁਖ ਜਾਣੀਦਾ ਹੈ, ਜਿਸ ਨੂੰ ਪ੍ਰਭੂ ਆਪ ਪਰਗਾਸੁ=ਗਿਆਨ ਦੇਣਾ ਕਰਦਾ ਹੈ॥ ੨॥

ਪਉੜੀ॥ ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ॥

ਹੇ ਪ੍ਰਭੂ ! ਆਪ ਜੀ ਦੇ ਪਾਸ ਮੈਂ ਸੇਵਕ ਦੀ ਬੇਨਤੀ ਹੈ, ਕਿਉਂਕਿ ਤੂੰ ਹੀ ਅਸਾਡਾ ਸੱਚਾ ਮਾਲਕ ਹੈਂ।

ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ॥

ਤੂੰ ਹੀ ਅਸਾਡਾ ਸਦਾ ਸਦਾ ਰਖਵਾਲਾ=ਰੱਖਿਆ ਕਰਨ ਵਾਲਾ ਹੈਂ, ਇਸ ਲਈ ਮੈਂ ਆਪ ਜੀ ਨੂੰ ਧਿਆਉਂਦਾ ਹਾਂ।

ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ॥

ਇਹ ਸਾਰੇ ਸੂਖਮ ਸਥੂਲ ਜੀਆ ਜੰਤ ਆਪ ਜੀ ਦੇ ਹਨ, ਤੂੰਹੀਂ ਸਾਰਿਆਂ ਵਿਚ ਸਮਾ ਰਿਹਾ ਹੈਂ।

ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ॥

ਜਿਹੜਾ ਕੋਈ ਤੇਰੇ ਦਾਸ ਦੀ ਨਿੰਦਿਆ ਕਰਦਾ ਹੈ, ਤੂੰ ਉਸ ਨੂੰ ਮਾਰਕੇ ਪਚਾਈ=ਤਬਾਹ ਕਰਦਾ ਹੈਂ।

ਚਿੰਤਾ ਛਡਿ ਅਚਿੰਤੁ ਰਹੇ ਨਾਨਕ ਲਗਿ ਪਾਈ॥ ੨੧॥

ਗੁਰੂ ਜੀ ਕਥਨ ਕਰਦੇ ਹਨ-ਦਾਸਾਂ ਦੇ ਪਾਈ=ਚਰਨੀ ਲੱਗਕੇ ਚਿੰਤਾ ਨੂੰ ਛੱਡ ਕੇ ਨਿਸਚਿੰਤ ਹੋ ਕੇ ਰਹਿਣਾ ਕਰ॥ ੨੧॥

ਸਲੋਕ ਮ:੩॥ ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ॥

ਪਦਾਰਥਾਂ ਦੀ ਆਸਾ ਕਰਦਾ ਹੋਇਆ ਸਾਰਾ ਜਗਤ ਮਰ ਰਿਹਾ ਹੈ, ਪਰ ਇੱਕ ਆਸਾ ਨਹੀਂ ਮਰ ਜਾਂਦੀ।

ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਆਸਾਂ ਤਾਂ ਪੂਰੀਆਂ ਹੁੰਦੀਆਂ ਹਨ, ਜਾਂ ਸੱਚੇ ਨਾਲ ਚਿੱਤ-ਬਿਰਤੀ ਨੂੰ ਲਗਾਣਾ ਕਰੇ॥ ੧॥

ਮ:੩ ॥ ਆਸਾ ਮਨਸਾ ਮਰਿ ਜਾਇਸੀ ਜਿਨਿ ਕੀਤੀ ਸੋ ਲੈ ਜਾਇ ॥

ਮਨਸਾ=ਬੁੱਧੀ ਚੋਂ ਪਦਾਰਥਾਂ ਦੀ ਆਸਾ ਤਾਂ ਮਰ ਜਾਏਗੀ, ਜਾਂ ਜਿਸ ਪ੍ਰਭੂ ਨੇ ਲਗਾਣਾ ਕੀਤੀ ਹੈ ਜਾਂ ਉਹ ਪ੍ਰਭੂ ਲੈ ਜਾਵੇ॥

ਨਾਨਕ ਨਿਹਚਲੁ ਕੋ ਨਹੀ ਬਾਝਹੁ ਹਰਿ ਕੈ ਨਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਦੇ ਨਾਮ ਤੋਂ ਬਿਨਾਂ ਸੰਸਾਰ ਵਿਚ ਕੋਈ ਭੀ ਅਚੱਲ ਨਹੀਂ ਹੈ॥ ੨ ॥

ਪਉੜੀ ॥ ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ ॥

ਵਾਹਿਗੁਰੂ ਨੇ ਆਪ ਹੀ ਪੂਰਾ ਥਾਟੁ=ਬਨਾਉ ਬਣਾਕੇ ਜਗਤ ਨੂੰ ਪੈਦਾ ਕੀਤਾ ਹੈ।

ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ ॥

ਸ਼ਾਹੂਕਾਰ ਭੀ ਆਪ ਹੈ, ਵਣਜਾਰਾ ਭੀ ਆਪ ਹੈ, ਹਰੀ ਆਪੇ ਹੀ ਹਟੀ ਹੈ। ਅਥਵਾ:-ਆਪੇ ਸ਼ਾਹ ਗੁਰੂ ਰੂਪ ਹੈ, ਆਪੇ ਵਣਜਾਰਾ ਜਗਿਆਸੂ ਰੂਪ ਹੈ, ਹਰੀ ਆਪੇ ਹੀ ਹਟੀ ਸਤ-ਸੰਗ ਰੂਪ ਹੈ।

ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ ॥

ਆਪ ਹੀ ਸਮੁੰਦਰ ਰੂਪ ਹੈ, ਆਪ ਹੀ ਜਹਾਜ਼ ਰੂਪ ਹੈ, ਆਪ ਹੀ ਮਲਾਹ ਰੂਪ ਹੈ। ਅਥਵਾ:-ਆਪ ਹੀ ਸੰਸਾਰ ਸਮੁੰਦਰ ਰੂਪ ਹੈ, ਆਪ ਹੀ ਨਾਮ ਗਿਆਨ ਰੂਪੀ ਜਹਾਜ਼ ਹੈ, ਆਪ ਹੀ ਖੇਵਾਟੁ=ਮਲਾਹ ਗੁਰੂ ਰੂਪ ਹੈ।

ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥

ਆਪ ਹੀ ਗੁਰੂ ਰੂਪ ਹੈ, ਆਪ ਹੀ ਚੇਲਾ ਰੂਪ ਹੈ, ਆਪ ਹੀ ਵੈਰਾਗ ਰੂਪੀ ਘਾਟੁ=ਬੇੜੀ ਪੱਤਣ ਦੇ ਦੱਸਣ ਵਾਲਾ ਹੈ।

ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ ॥ ੨੨ ॥ ੧ ॥ ਸੁਧੁ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪੁਰਸ਼ਾ !-ਤੂੰ ਨਾਮ ਨੂੰ ਧਿਆਉਣਾ ਕਰ, ਤਾਂ ਤੇਰੇ ਸਾਰੇ ਕਿਲਵਿਖ=ਪਾਪ ਕੱਟੇ ਜਾਣਗੇ॥ ੨੨ ॥ ੧ ॥ ਸੁਧੁ-ਇਸ ਵਾਰ ਦੇ ਅੱਖਰ ਸ਼ੁੱਧ ਹਨ ਕੋਈ ਸੱਜਣ ਅਦਲਾ-ਬਦਲੀ ਕਰਨ ਦੀ ਕੋਸ਼ਿਸ਼ ਨਾ ਕਰੇ।

ਰਾਗੁ ਗੂਜਰੀ ਵਾਰ ਮਹਲਾ ੫

ਇਹ ਗੂਜਰੀ ਦੀ (ਦੂਜੀ) ਵਾਰ ਪੰਚਮ ਪਿਤਾ ਜੀ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੈ, ਸਲੋਕ, ਮਹੱਲੇ, ਅਤੇ ਪੌੜੀਆਂ, ਸਭ ਪੰਚਮ ਪਾਤਸ਼ਾਹ ਜੀ ਦੀਆਂ ਆਉਣਗੀਆਂ।

ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮ:੫ ॥

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥

ਉਥਾਨਕਾ-ਸਿੱਖ ਨੇ ਬੇਨਤੀ ਕੀਤੀ, ''ਦਰਗਾਹ ਵਿਚ ਥਾਂ ਕਿਸ ਨੂੰ ਮਿਲਦੀ ਹੈ?'' ਉੱਤਰ- ਜਿਹੜਾ ਮਨੁੱਖ ਮਨ ਅੰਦਰ ਗੁਰੂ ਨੂੰ ਅਰਾਧਣਾ ਕਰਦਾ ਹੈ ਅਤੇ ਜੀਭ ਨਾਲ ਗੁਰਾਂ ਦੇ ਨਾਮ ਨੂੰ ਜਪਦਾ ਹੈ।

ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥

ਅੱਖਾਂ ਨਾਲ ਸਤਿਗੁਰਾਂ ਦਾ ਦਰਸ਼ਨ ਵੇਖਦਾ ਹੈ, ਅਤੇ ਕੰਨਾਂ ਨਾਲ ਗੁਰਾਂ ਦਾ ਨਾਮ ਸੁਣਦਾ ਹੈ।

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥

ਤੇ ਸਤਿਗੁਰਾਂ ਦੀ ਸੇਵਾ ਨਾਲ ਮਿਲਿਆ ਰਹਿੰਦਾ ਹੈ, ਉਹ ਮਨੁੱਖ ਪ੍ਰਲੋਕ ਦਰਗਾਹ ਵਿੱਚ ਸੁਖ ਦੀ ਥਾਂ ਪਾਂਵਦਾ ਹੈ।

ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥

ਗੁਰੂ ਜੀ ਆਖਦੇ ਹਨ, ਜਿਸ ਉੱਤੇ ਵਾਹਿਗੁਰੂ ਆਪਣੀ ਕਿਰਪਾ ਕਰਦਾ ਹੈ, ਉਸ ਨੂੰ ਏਹ ਵਥੁ=ਵਸਤਾਂ ਦੇਂਦਾ ਹੈ।

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ ੧ ॥

ਅਜੇਹੇ ਗੁਣਾਂ ਵਾਲੇ ਕੋਈ ਕੋਈ ਵਿਰਲੇ ਹੀ ਸੰਸਾਰ ਵਿੱਚ ਉੱਤਮ ਕਥਨ ਕੀਤੇ ਜਾਂਦੇ ਹਨ।

ਅਥਵਾ:-ਜਗਤ ਵਿਚੋਂ ਅਜੇਹੇ ਗੁਣਾਂ ਵਾਲੇ ਉੱਤਮ ਕੋਈ ਕੋਈ ਵਿਰਲੇ ਹੀ ਕਾਢੀਅਹਿ-ਨਿਕਲਦੇ ਹਨ ॥੧ ॥

ਮ:੫ ॥ ਰਖੇ ਰਖਣਹਾਰਿ ਆਪਿ ਉਬਾਰਿਅਨੁ ॥

ਰੱਖਿਆ ਕਰਨ ਵਾਲਾ ਪ੍ਰਭੂ ਰੱਖਿਆ ਕਰਕੇ, ਆਪ ਹੀ ਦੁੱਖਾਂ ਤੋਂ ਉਬਾਰਿਅਨੁ=ਬਚਾਉਂਦਾ ਹੈ।

ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥

ਗੁਰਾਂ ਦੀ ਚਰਨੀ ਪਾ ਕੇ ਸਿੱਖਾਂ ਦੇ ਕੰਮ ਸਵਾਰ ਦੇਂਦਾ ਹੈ।

ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥

ਜਿਸ ਤੇ ਆਪ ਦਿਆਲੂ ਹੋਇਆ ਹੈ ਉਹ ਮਨੁੱਖ ਉਸ ਪ੍ਰਭੂ ਨੂੰ ਮਨ 'ਚੋਂ ਨਹੀਂ ਭੁਲਾਂਵਦਾ ।

ਅਥਵਾ:-ਉਹ ਪ੍ਰਭੂ ਉਸ ਨੂੰ ਆਪਣੇ ਮਨ 'ਚੋਂ ਨਹੀਂ ਭੁਲਾਂਵਦਾ।

ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥

ਸੰਤ ਜਨਾਂ ਦੇ ਨਾਲ ਮੇਲਕੇ ਸੰਸਾਰ ਸਮੁੰਦਰ ਤੋਂ ਤਾਰ ਦੇਂਦਾ ਹੈ।

ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥

ਸਾਕਤ ਦੁਸ਼ਟਾਂ ਨੂੰ ਅਤੇ ਨਿੰਦਕਾਂ ਨੂੰ ਇੱਕ ਖਿਨ ਵਿੱਚ ਨਾਸ ਕਰਦਾ ਹੈ।

ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਆਪਣੇ ਮਨ ਵਿੱਚ ਉਸ ਸਾਹਿਬ ਦੀ ਓਟ ਗ੍ਰਹਿਣ ਕਰੋ।

(ਪੰਨਾ ੫੧੮)

ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥ ੨॥

ਜਿਸ ਦੇ ਸਿਮਰਦਿਆਂ ਸੁਖ ਹੁੰਦਾ ਹੈ, ਅਤੇ ਸਾਰੇ ਦੁੱਖ ਚਲੇ ਜਾਂਦੇ ਹਨ॥ ੨॥

ਪਉੜੀ॥ ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ॥
ਸਚੋ ਸਚਾ ਸਚੁ ਸਚੁ ਨਿਹਾਰੀਐ॥

ਹੇ ਨਿਰੰਜਨ ਪੁਰਖ ਪਰਮਾਤਮਾ ! ਤੂੰ ਅਕੁਲ=ਕੁਲਾਂ ਤੋਂ ਰਹਿਤ ਹੈਂ, ਅਗਮ=ਪੈਂਡੇ ਤੋਂ ਰਹਿਤ ਹੈਂ, ਅਪਾਰੀਐ=ਪਾਰਾਵਾਰ ਤੋਂ ਰਹਿਤ ਹੈਂ। ਸੱਚੇ ਗੁਰਾਂ ਦੇ, ਸੱਚੇ ਉਪਦੇਸ਼ ਦਵਾਰਾ, ਸੱਚ ਨਾਮ ਨੂੰ ਜਪ ਕੇ ਗੁਰਮੁਖ ਤੇਰੇ ਸੱਚ ਸਰੂਪ ਨੂੰ ਹੀ ਨਿਹਾਰੀਐ=ਵੇਖਦੇ ਹਨ।

ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ॥ ਸਭਸੈ ਦੇ ਦਾਤਾਰੁ ਜੇਤ ਉਪਾਰੀਐ॥

ਹੇ ਪ੍ਰਭੂ! ਆਪ ਜੀ ਦੀ ਬਣਾਈ ਹੋਈ ਜਿੰਨੀ-ਕੁ ਸ੍ਰਿਸ਼ਟੀ ਹੈ, ਇਸ ਵਿਚੋਂ ਕੁਝ ਵੀ ਝੂਠ ਨਹੀਂ ਜਾਪਦਾ।

ਹੇ ਦਾਤਾਰੁ=ਦਾਤੇ ਵਾਹਿਗੁਰੂ ! ਜੇਤ ਉਪਾਰੀਐ=ਜਿੰਨੀ ਕੁ ਸ੍ਰਿਸ਼ਟੀ ਆਪ ਜੀ ਨੇ ਪੈਦਾ ਕੀਤੀ ਹੈ, ਸਾਰਿਆਂ ਨੂੰ ਆਪ ਹੀ ਦਾਤਾਂ ਦੇਂਦੇ ਹੋ।

ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ॥ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ॥

ਇੱਕ ਸ੍ਵਾਸਾਂ ਰੂਪੀ ਸੂਤ੍ਰ ਵਿੱਚ ਪਰੋ ਕੇ ਸਾਰਿਆਂ ਵਿੱਚ ਤੁਸਾਂ ਨੇ ਅਪਣੀ ਜੋਤਿ=ਚੇਤਨ-ਸੱਤਾ ਸੰਜਾਰੀਐ=ਮੇਲੀ ਹੋਈ ਹੈ। ਤੁਸੀਂ ਆਪਣੇ ਹੁਕਮ ਅੰਦਰ ਮਨਮੁਖਾਂ ਨੂੰ ਸੰਸਾਰ ਸਮੁੰਦਰ ਵਿੱਚ ਡੋਬਦੇ ਹੋ, ਅਤੇ ਆਪਣੇ ਹੁਕਮ ਅੰਦਰ ਹੀ ਗੁਰਮੁਖਾਂ ਨੂੰ ਸੰਸਾਰ ਸਾਗਰ ਤੋਂ ਤਾਰਦੇ ਹੋ।

ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗੁ ਮਥਾਰੀਐ॥

ਹੇ ਪ੍ਰਭ ਜੀਓ! ਆਪ ਜੀ ਨੂੰ ਉਹ ਮਨੁੱਖ ਧਿਆਉਂਦਾ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹਨ।

ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ॥ ੧॥

ਤੇਰੀ ਗਤ ਦੀ ਮਿਤਿ=ਮਰਯਾਦਾ ਜਾਣੀ ਨਹੀਂ ਜਾਂਦੀ, ਹਉ=ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਸਲੋਕੁ ਮ:੫॥ ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ॥

ਹੇ ਮੇਹਰਵਾਨ ਪ੍ਰਭੂ ! ਜਾਂ ਤੂੰ ਤੁਸਹਿ=ਪ੍ਰਸੰਨ ਹੋਵੇਂ ਤਾਂ ਅਚਿੰਤ=ਅਚਾਨਕ (ਚੁੱਪ ਕੀਤਾ ਹੀ) ਮਨ ਵਿੱਚ ਆ ਵੱਸਦਾ ਹੈਂ।

ਜਾ ਤੂੰ ਤੁਸਹਿ ਮਿਹਰਵਾਨ ਨਉ ਨਿਧਿ ਘਰ ਮਹਿ ਪਾਹਿ॥

ਹੇ ਮੇਹਰਵਾਨ ਪ੍ਰਭੂ ! ਜਾਂ ਤੂੰ ਤੁਸਹਿ=ਪ੍ਰਸੰਨ ਹੋਵੇਂ ਤਾਂ ਇਹ ਜੀਵ ਘਰ ਵਿੱਚ ਹੀ ਨੌਨਿੱਧੀਆਂ ਪਾਂਵਦਾ ਹੈ।

ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ॥

ਹੇ ਮੇਹਰਵਾਨ ਪ੍ਰਭੂ ! ਜਾਂ ਤੂੰ ਪ੍ਰਸੰਨ ਹੋਵੇਂ ਤਾਂ ਇਹ ਜੀਵ ਗੁਰਾਂ ਦਾ ਮੰਤ੍ਰ=ਉਪਦੇਸ਼ ਕਮਾਂਵਦਾ ਹੈ।

ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ॥ ੧॥

ਗੁਰੂ ਜੀ ਆਖਦੇ ਹਨ-ਹੇ ਮੇਹਰਵਾਨ ਪ੍ਰਭੂ ! ਜਾਂ ਤੂੰ ਤੁਸਹਿ=ਪ੍ਰਸੰਨ ਹੋਵੇਂ ਤਾਂ ਤੇਰੇ ਸੱਚ ਸਰੂਪ ਵਿਖੇ ਜੀਵ ਸਮਾਂਵਦਾ ਹੈ। ਅਥਵਾ:-ਸਚਿ ਸਮਾਹਿ=ਅਨੰਦ ਹੁੰਦਾ ਹੈ॥ ੧॥

ਮ:੫॥ ਕਿਤੀ ਬੈਹਨ੍ਹਿ ਬੈਹਣੇ ਮੁਚੁ ਵਜਾਇਨਿ ਵਜ॥

ਕਿਤਨੇ ਹੀ ਰਾਜੇ ਬੈਹਨਿ=ਤਖਤਾਂ ਤੇ ਬਹਿ ਕੇ ਮੁਚੁ=ਬਹੁਤੇ ਵਾਜਿਆਂ ਨੂੰ ਵਜਾ ਗਏ ਹਨ।

ਅਥਵਾ:-ਜੋ ਆਪਣੀ ਵਡਿਆਈ ਲਈ ਵਾਜਿਆਂ ਨੂੰ ਵਜਾਂਵਦੇ ਸਨ, ਉਹ ਕਿਤਨੇ ਹੀ ਇਸ ਸੰਸਾਰ ਵਹਿਣ ਵਿਖੇ ਬੈਹਣੇ=ਰੁੜ੍ਹ ਗਏ ਹਨ।

ਨਾਨਕ ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ॥ ੨॥

ਗੁਰੂ ਜੀ ਆਖਦੇ ਹਨ-ਸੱਚੇ ਨਾਮ ਤੋਂ ਬਿਨਾਂ ਹੋਣ ਕਰਕੇ ਅੰਤ ਨੂੰ ਕਿਸੇ ਦੀ ਭੀ ਲੱਜਾ (ਇੱਜ਼ਤ) ਨਹੀਂ ਰਹੀ॥ ੨॥

ਪਉੜੀ॥ ਤੁਧੁ ਧਿਆਇਨ੍ਹਿ ਬੇਦ ਕਤੇਬਾ ਸਣੁ ਖੜੇ॥

ਹੇ ਵਾਹਿਗੁਰੂ ! ਪੰਡਿਤ ਲੋਕ ਵੇਦਾਂ ਸਹਿਤ, ਅਤੇ ਕਾਜ਼ੀ, ਮੁੱਲਾਂ, ਕਤੇਬਾਂ ਸਹਿਤ, ਖੜੇ ਹੋ ਕੇ ਤੈਨੂੰ ਧਿਆਉਂਦੇ ਹਨ।

ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ॥

ਜਿੰਨੇ ਕੁ ਤੇਰੇ ਦਰ ਤੇ ਡਿੱਗੇ ਪਏ ਹਨ, ਉਹਨਾਂ ਦੀ ਗਿਣਤੀ ਅਸਾਡੇ ਪਾਸੋਂ ਗਿਣੀ ਨਹੀਂ ਜਾਂਦੀ।

ਬ੍ਰਹਮੇ ਤੁਧੁ ਧਿਆਇਨ੍ਹਿ ਇੰਦ੍ਰ ਇੰਦ੍ਰਾਸਣਾ॥

ਬ੍ਰਹਮੇ ਵੀ ਆਪ ਜੀ ਨੂੰ ਧਿਆਉਂਦੇ ਹਨ, ਤੇਤੀ ਕ੍ਰੋੜ ਦੇਵਤਿਆਂ ਦਾ ਰਾਜਾ ਇੰਦਰ ਭੀ ਆਪਣੇ ਇੰਦ੍ਰਾਸਣਾ=ਸਿੰਘਾਸਣ ਉੱਪਰ ਬੈਠਾ ਹੋਇਆ ਆਪ ਜੀ ਨੂੰ ਧਿਆਉਂਦਾ ਹੈ।

ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ॥

ਸੰਕਰ=ਮਹਾਂ ਦੇਵ ਜੀ, ਅਤੇ ਵਿਸ਼ਨੂੰ ਨੇ ਜੋ ਭੀ ਅਵਤਾਰ ਧਾਰੇ ਹਨ, ਉਹ ਸਾਰੇ ਦੇ ਸਾਰੇ ਹੀ ਹੇ ਹਰੀ! ਆਪ ਜੀ ਦੇ ਜਸ ਨੂੰ ਮੂੰਹੋਂ ਭਣਾ=ਕਥਨ ਕਰਦੇ ਹਨ।

ਪੀਰ ਪਿਕਾਬਰ ਸੇਖ ਮਸਾਇਕ ਅਉਲੀਏ॥

ਮੁਸਲਮਾਨਾਂ ਦੇ ਮੱਤ ਦੀ ਪੀਰ, ਪੈਗੰਬਰ, ਸ਼ੇਖ, ਮਸਾਇਕ=ਮੇਹਨਤਾਂ ਕਰਨ ਵਾਲੇ, ਅਤੇ ਔਲੀਏ, ਸਭ ਆਪ ਜੀ ਦੇ ਜਸ ਨੂੰ ਕਥਨ ਕਰਦੇ ਹਨ।

ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥

ਹੇ ਨਿਰੰਕਾਰ ਓਤਿ ਪੋਤਿ=ਤਾਣੇ ਪੇਟੇ ਵਾਂਗੂੰ ਆਪ ਸਭ ਘਟਾਂ ਘਟਾਂ ਵਿਖੇ ਮਉਲੀਏ=ਮਿਲ ਰਹੇ ਹੋ।

ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥

ਕੂੜਹੁ=ਝੂਠਿਆਂ ਨੂੰ ਤੂੰ ਵਿਣਾਸੁ=ਨਾਸ ਕਰਦਾ ਹੈਂ, ਅਤੇ ਧਰਮੀਆਂ ਨੂੰ ਤਗੀਐ=ਇਸਥਿੱਤ ਕਰਦਾ ਹੈਂ।

ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥ ੨ ॥

ਜਿਸ ਜਿਸ ਤਰਫ ਤੂੰ ਆਪ ਲਾਉਂਦਾ ਹੈਂ, ਤਿਸ ਤਿਸ ਤਰਫ ਲਗੀਂਦਾ ਹੈ॥ ੨ ॥

ਸਲੋਕੁ ਮ:੫ ॥ ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥

ਇਹ ਜੀਵ ਚੰਗਿਆਂ ਕਰਮਾਂ ਦੇ ਕਰਨ ਵੇਲੇ ਆਲਕੁ=ਆਲਸ ਕਰਦਾ ਹੈ,
ਅਤੇ ਬੁਰਿਆਂ ਕਰਮਾਂ ਦੇ ਕਰਨ ਵੇਲੇ ਸੇਰੁ=ਸ਼ੇਰ ਦੀ ਨਿਆਈਂ ਤਕੜਾ ਹੋ ਜਾਂਦਾ ਹੈਂ।
ਯਥਾ:-ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥ ੧ ॥(ਪੰਨਾ ੭੩੮)

ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥ ੧ ॥

ਗੁਰੂ ਜੀ ਆਖਦੇ ਹਨ, ਉਸ ਗਾਫਲ ਦੇ ਪੈਰਾਂ ਵਿਚ ਅੱਜ ਜਾਂ ਕਲ੍ਹ ਫਾਹੀ ਆ ਪਵੇਗੀ॥ ੧ ॥

ਮ:੫ ॥ ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ ॥

ਇਸ ਜੀਵ ਨੇ ਹਿਤੁ=ਪ੍ਰੇਮ ਪੂਰਬਕ ਕਿਤਨੇ ਹੀ ਕੁਢੰਗ=ਖੋਟੇ ਕੰਮ ਕੀਤੇ ਹਨ, ਜੋ "ਗੁਝਾ ਥੀਐ ਨ"=ਛਿਪੇ ਰਹਿਣੇ ਵਾਲੇ ਨਹੀਂ ਸਨ।

ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ ॥ ੨ ॥

ਗੁਰੂ ਜੀ ਆਖਦੇ ਹਨ, ਪਰ ਤਿਸ ਮਾਲਕ ਪ੍ਰਭੂ ਨੇ ਮਨ ਦੇ ਵਿਚ ਹੀ ਢੱਕ ਦਿੱਤੇ ਹਨ, ਇਸ ਕਰਕੇ ਉਹ ਪ੍ਰਭੂ ਸੱਚਾ ਮਿਤ੍ਰ ਹੈ॥ ੨ ॥

ਪਉੜੀ ॥ ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥

ਹੇ ਦਿਆਲੂ ! ਮੈਂ ਆਪ ਜੀ ਪਾਸੋਂ ਇੱਕ ਦਾਨ ਮੰਗਦਾ ਹਾਂ, ਮੈਨੂੰ ਅਪਣਿਆਂ ਦਾਸਾਂ ਦਾ ਗੋਲਿਆ=ਦਾਸ ਕਰ ਲੈ।

ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥

ਜੇਕਰ ਆਪ ਮੇਰੇ ਨਾਲ ਬੋਲ ਪਵੋ ਤਾਂ ਮੇਰਾ ਏਸੇ ਵਿਚ ਜੀਉਣਾ ਹੈ, ਅਤੇ ਏਸੇ ਗੱਲ ਵਿੱਚ ਹੀ ਮੈਂ ਨੌਂ ਨਿੱਧਾਂ, ਤੇ ਰਾਜ-ਭਾਗ ਪ੍ਰਾਪਤ ਕਰ ਲਵਾਂਗਾ।

ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥

ਨਾਮ ਅੰਮ੍ਰਿਤ ਦਾ ਨਿਧਾਨੁ=ਖਜ਼ਾਨਾ ਤੁਹਾਡੇ ਦਾਸਾਂ ਦੇ ਘਰਾਂ ਵਿਚ ਘਣਾ=ਬਹੁਤ ਸਾਰਾ ਹੈ।

ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ॥

ਉਹਨਾਂ ਦਾਸਾਂ ਦੇ ਨਾਲ ਮਿਲਕੇ-ਤੇਰੇ ਜਸ ਨੂੰ ਸ੍ਰਵਣੀ=ਕੰਨਾਂ ਨਾਲ ਸੁਣਕੇ ਮੈਂ ਨਿਹਾਲ ਹੋਵਾਂਗਾ।

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ॥

ਜੇ ਮੈਂ ਉਨ੍ਹਾਂ ਦਾਸਾਂ ਦੀ ਸੇਵਾ ਰੂਪ ਕਾਰ ਕਮਾਵਾਂਗਾ ਤਾਂਹੀ ਮੇਰਾ ਸਰੀਰ ਪਵਿੱਤ੍ਰ ਹੋਵੇਗਾ।

ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥

ਪੱਖਾ ਝੱਲਾਂਗਾ, ਪਾਣੀ ਭਰਾਂਗਾ, ਪੀਸਿ=ਚੱਕੀ ਪੀਹਾਂਗਾ, ਅਤੇ ਉਹਨਾਂ ਦਾਸਾਂ ਦੇ ਚਰਨ ਧੋਵਾਂਗਾ ਤਾਂਹੀ ਬਿਗਸਾ=ਅਨੰਦ ਹੋਵਾਂਗਾ।

ਆਪਹੁ ਕਛੂ ਨ ਹੋਇ ਪ੍ਰਭ ਨਦਰਿ ਲਿਹਾਲੀਐ॥

ਮੈਥੋਂ ਆਪਣੇ ਆਪ ਕੁਝ ਨਹੀਂ ਹੁੰਦਾ, ਹੇ ਪ੍ਰਭੂ ! ਆਪ ਹੀ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਣਾ ਕਰੋ।

ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ॥ ੩॥

ਮੋਹਿ=ਮੈਂ ਨਿਰਗੁਣੇ ਨੂੰ ਸੰਤਾਂ ਦੀ ਧਰਮਸਾਲਾ ਵਿਖੇ ਬੈਠਣ ਲਈ ਥਾਂ ਦਿਚੈ=ਦੇਣਾ ਕਰੋ॥ ੩॥

ਸਲੋਕ ਮਃ੫॥ ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥

ਹੇ ਸੱਜਣ ਪ੍ਰਮਾਤਮਾ ! ਇਹ ਕਿਰਪਾ ਕਰ ਜੋ ਤੇਰੇ ਪਵਿੱਤਰ ਚਰਨਾਂ ਦੀ ਮੈਂ ਸਦਾ ਹੀ ਧੂੜ ਹੋ ਰਹਿਣਾ ਕਰਾਂ।

ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ॥ ੧॥

ਗੁਰੂ ਜੀ ਆਖਦੇ ਹਨ, ਹੇ ਪ੍ਰਭੂ ! ਆਪ ਜੀ ਦੀ ਸ਼ਰਨ ਆਇਆ ਹਾਂ, ਇਹ ਕਿਰਪਾ ਕਰੋ, "ਮੈਂ ਸਦਾ ਹੀ ਆਪ ਜੀ ਨੂੰ ਹਾਜਰਾ ਹਜ਼ੂਰ ਦੇਖਾਂ"॥ ੧॥

ਮਃ੫॥ ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਣੀ ਮਨੁ ਲਾਗ॥

ਹਰੀ ਦੇ ਚਰਨਾਂ ਨਾਲ ਮਨ ਲਗਾਕੇ ਅਸੰਖ=ਅਨਗਿਣਤ ਹੀ ਪਤਿਤ=ਪਾਪੀ, ਪੁਨੀਤ=ਪਵਿੱਤ੍ਰ ਹੋ ਜਾਂਦੇ ਹਨ।

ਅਠਸਠਿ ਤੀਰਥ ਨਾਮੁ ਪ੍ਰਭ ਜਿਸੁ ਨਾਨਕ ਮਸਤਕਿ ਭਾਗ॥ ੨॥

ਪ੍ਰਭੂ ਦੇ ਨਾਮ ਵਿਖੇ ਅਠਾਹਠ ਤੀਰਥਾਂ ਦਾ ਮਹਾਤਮ ਹੈ, ਗੁਰੂ ਜੀ ਆਖਦੇ ਹਨ, "ਨਾਮ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹਨ।"

ਪਉੜੀ॥ ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ॥

ਸਾਰਿਆਂ ਦੀ ਪਰਵਦਿਗਾਰ=ਪਾਲਣਾ ਕਰਨ ਵਾਲੇ ਪ੍ਰਭੂ ਦਾ ਨਾਮ ਨਿਤਾਪ੍ਰਤੀ ਸ੍ਵਾਸ ਲੈਂਦਿਆਂ ਤੇ ਗਿਰਾਸਿ=ਭੋਜਨ ਖਾਂਦਿਆਂ ਜਪਣਾ ਕਰੋ।

ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ॥

ਉਹ ਪ੍ਰਭੂ ਜਿਸ ਤੇ ਰਹੰਮ=ਦਇਆ ਕਰਦਾ ਹੈ ਉਸਨੂੰ ਭੁਲਾਂਵਦਾ ਨਹੀਂ ਹੈ।

ਆਪਿ ਉਪਾਵਣਹਾਰ ਆਪੇ ਹੀ ਮਾਰਦਾ ॥

ਉਹ ਪ੍ਰਭੂ ਆਪ ਹੀ ਜੀਵਾਂ ਦੇ ਪੈਦਾ ਕਰਨ ਵਾਲਾ ਹੈ, ਅਤੇ ਆਪ ਹੀ ਮਾਰਦਾ ਹੈ।

(ਪੰਨਾ ੫੧੯)

ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ॥

ਜਾਣੀਜਾਣ ਪਰਮਾਤਮਾ ਸਭ ਕੁਝ ਜਾਣਦਾ ਹੈ, ਆਪ ਹੀ ਜੀਵਾਂ ਦੇ ਕਰਮਾਂ ਨੂੰ ਬੁੱਝਦਾ ਹੈ, ਆਪ ਹੀ ਫਲ ਦੇਣਾ ਵਿਚਾਰਦਾ ਹੈ।

ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥

ਉਹ ਕੁਦਰਤੀ ਪਰਮਾਤਮਾ ਐਡਾ ਸਮਰੱਥ ਹੈ ਜੋ ਇੱਕ ਖਿਨ ਵਿੱਚ ਹੀ ਅਨੇਕਾਂ ਰੂਪ ਧਾਰ ਲੈਂਦਾ ਹੈ।

ਜਿਸ ਨੋ ਲਾਏ ਸਚਿ ਤਿਸਹਿ ਉਧਾਰਦਾ ॥

ਜਿਸ ਮਨੁੱਖ ਨੂੰ ਸੱਚ ਨਾਮ ਵਿਖੇ ਲਾਉਂਦਾ ਹੈ ਉਸ ਨੂੰ ਸੰਸਾਰ ਸਾਗਰ ਤੋਂ ਤਾਰ ਲੈਂਦਾ ਹੈ।

ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥

ਜਿਸ ਮਨੁੱਖ ਦੇ ਵਲਿ=ਤਰਫ ਹੁੰਦਾ ਹੈ ਉਹ ਮਨੁੱਖ ਕਦੇ ਭੀ ਨਹੀਂ ਹਾਰਦਾ।

ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥ ੪ ॥

ਉਸ ਦਾ ਦੀਬਾਣੁ=ਆਸਰਾ ਸਦਾ ਹੀ ਅਭਗੁ=ਨਾਸ ਤੋਂ ਰਹਿਤ ਹੈ, ਹਉ=ਮੈਂ ਉਸ ਨੂੰ ਨਮਸ਼ਕਾਰ ਕਰਦਾ ਹਾਂ ॥ ੪ ॥

ਸਲੋਕ ਮ:੫ ॥ ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥

ਕਾਮ, ਕ੍ਰੋਧ, ਲੋਭ ਤੇ ਮੋਹ, ਆਦਿਕ ਪੰਜਾਂ ਦੁਸ਼ਟਾਂ ਨੂੰ ਛੱਡ ਦੇਈਏ, ਬਲਕਿ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿੱਚ ਜਲਾਇ=ਸਾੜ ਹੀ ਦੇਈਏ।

ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥ ੧ ॥

ਗੁਰੂ ਜੀ ਆਖਦੇ ਹਨ, ਜੀਉਂਦਿਆਂ ਤੱਕ ਸਦਾ ਹੀ ਸੱਚੇ ਨਾਮ ਨੂੰ ਜਪਣਾ ਕਰੀਏ ॥ ੧ ॥

ਮ:੫ ॥ ਸਿਮਰਤ ਸਿਮਰਤ ਪ੍ਰਭੁ ਆਪਣਾ ਸਭ ਫਲ ਪਾਏ ਆਹਿ ॥

ਅਸਾਂ ਨੇ ਆਪਣੇ ਪ੍ਰਭੂ ਨੂੰ ਸਿਮਰਦਿਆਂ ਸਿਮਰਦਿਆਂ ਸਾਰੇ ਫਲ ਪਾਏ ਆਹਿ=ਹਨ।

ਨਾਨਕ ਨਾਮੁ ਅਰਾਧਿਆ ਗੁਰ ਪੂਰੈ ਦੀਆ ਮਿਲਾਇ ॥ ੨ ॥

ਗੁਰੂ ਜੀ ਆਖਦੇ ਹਨ, ਜਦੋਂ ਪ੍ਰਭੂ ਦੇ ਨਾਮ ਨੂੰ ਅਰਾਧਿਆ ਤਾਂ ਪੂਰਿਆਂ ਗੁਰਾਂ ਨੇ ਅਸਾਨੂੰ ਪ੍ਰਭੂ ਨਾਲ ਮਿਲਾ ਦਿੱਤਾ ॥ ੨ ॥

ਪਉੜੀ ॥ ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥

ਸੰਸਾਰ ਵਿੱਚ ਉਹ ਪੁਰਸ਼ ਮੁਕਤ ਰੂਪ ਹੈ ਜਿਸ ਨੂੰ ਗੁਰਾਂ ਨੇ ਉਪਦੇਸ਼ ਦੇਣਾ ਕੀਤਾ ਹੈ।

ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥

ਉਸ ਦੀ ਅਵਿੱਦਿਆ ਰੂਪ ਬਲਾ ਚਲੀ ਗਈ ਹੈ, ਅਤੇ ਅੰਦੇਸਿਆ=ਸੰਸੇ ਭੀ ਮਿਟ ਗਏ ਹਨ।

ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥

ਉਹਨਾਂ ਗੁਰਮੁਖਾਂ ਦਾ ਦਰਸ਼ਨ ਦੇਖ ਕੇ ਸਾਰਾ ਜਗਤ ਨਿਹਾਲ ਹੁੰਦਾ ਹੈ।

ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥

ਸੰਤ ਜਨਾਂ ਦੇ ਨਾਲ ਮਿਲਕੇ ਪਾਪਾਂ ਰੂਪੀ ਮੈਲ ਨੂੰ ਧੋ ਕੇ ਨਿਹਾਲ ਹੋਈਦਾ ਹੈ।

ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥

ਉਥੇ ਸਤਿ-ਸੰਗ ਵਿਚ ਸੱਚਾ ਨਾਮ ਅੰਮ੍ਰਿਤ ਜਪਿਆ ਜਾਂਦਾ ਹੈ।

ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥

ਮਨ ਨੂੰ ਸੰਤੋਖ ਹੋਣ ਕਰਕੇ ਭੁੱਖਾ ਜੀਵ ਪਦਾਰਥਾਂ ਵੱਲੋਂ ਧ੍ਰਾਪੀਐ=ਰਜ ਜਾਂਦਾ ਹੈ।

ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥

ਜਿਸ ਦੇ ਹਿਰਦੇ ਵਿਚ ਨਾਮ ਵਸਿਆ ਹੈ ਤਿਸ ਦੇ ਸਭ ਬੰਧਨ ਕੱਟੇ ਗਏ ਹਨ।

ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥ ੫ ॥

ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਪੁਰਸ਼ ਨੇ ਹਰੀ ਨਾਮ ਧਨ ਖੱਟਣਾ ਕੀਤਾ ਹੈ॥ ੫॥

ਸਲੋਕ ਮ:੫ ॥ ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ ॥

ਹੇ ਭਾਈ ! ਮਨ ਵਿਖੇ ਨਾਮ ਦੀ ਚਿਤਵਨੀ ਨੂੰ ਚਿਤਵਣਾ ਕਰੋ, ਤੇ ਰੋਜ਼ਾਨਾ ਅੰਮ੍ਰਿਤ ਵੇਲੇ ਉੱਠਣ ਦਾ ਉੱਦਮ ਕਰੋ।

ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥ ੧ ॥

ਗੁਰੂ ਜੀ ਆਖਦੇ ਹਨ, ਹੇ ਭਾਈ! ਇੰਞ ਬੇਨਤੀ ਕਰੋ, ਕਿ "ਹੇ ਹਰੀ ਦੇ ਮਿੱਤਰ ਸਤਿਗੁਰੋ ! ਆਪ ਕਿਰਪਾ ਕਰਕੇ ਮੈਨੂੰ ਹਰੀ ਦੇ ਕੀਰਤਨ ਦਾ ਆਹਰੋ=ਉੱਦਮ ਦੇਣਾ ਕਰੋ" ॥ ੧ ॥

ਮ:੫ ॥ ਦ੍ਰਿਸਟਿ ਧਾਰਿ ਪ੍ਰਭਿ ਰਾਖਿਆ ਮਨੁ ਤਨੁ ਰਤਾ ਮੂਲਿ ॥

ਜਿਸ ਦਾ ਮਨ ਤਨ ਮੂਲਿ=ਅਧਿਸਠਾਨ ਰੂਪ ਪ੍ਰਭੂ ਦੇ ਸਿਮਰਨ ਵਿਖੇ ਰੱਤਾ ਹੈ, ਉਸ ਨੂੰ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ ਰੱਖਿਆ ਹੈ।

ਨਾਨਕ ਜੋ ਪ੍ਰਭ ਭਾਣੀਆ ਮਰਉ ਵਿਚਾਰੀ ਸੂਲਿ ॥ ੨ ॥

ਗੁਰੂ ਜੀ ਆਖਦੇ ਹਨ: ਜੋ ਜੀਵ ਰੂਪ ਇਸਤ੍ਰੀ ਪ੍ਰਭੂ ਨੂੰ ਭਾ ਗਈ ਹੈ, ਵਿਚਾਰਨਾ ਕਰੋ ਉਸ ਵਿਚਾਰੀ ਦੀ ਸੂਲਿ=ਪੀੜਾ ਮਰ ਗਈ ਹੈ। ਭਾਵ ਦੂਰ ਹੋ ਗਈ ਹੈ।

ਪਉੜੀ॥ ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥

ਹੇ ਭਾਈ! ਆਪਣੇ ਜੀਅ ਦੀ ਜੋ ਭੀ ਬਿਰਥਾ=ਹਾਲਤ (ਦਸ਼ਾ) ਹੋਵੇ ਉਹ ਗੁਰਾਂ ਅੱਗੇ ਬੇਨਤੀ ਕਰ। ਕਿਉਂਕਿ- "ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥ ਦੇਵਨ ਕਉ ਏਕੈ ਭਗਵਾਨੁ॥
ਜਿਸ ਕੈ ਦੀਐ ਰਹੈ ਅਘਾਇ॥ ਬਹੁਰਿ ਨ ਤ੍ਰਿਸਨਾ ਲਾਗੈ ਆਇ॥" (ਪੰਨਾ ੨੮੧)

ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥

ਸਾਰੀਆਂ ਸਿਆਣਪਾਂ ਛੱਡ ਕੇ ਮਨ ਵੀ ਅਰਪ ਦੇ, ਤਨ ਵੀ ਗੁਰਾਂ ਅੱਗੇ ਧਰ ਦੇ।

ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ॥

ਗੁਰਾਂ ਦੇ ਪਵਿੱਤ੍ਰ ਚਰਨ ਪੂਜਣਾ ਕਰੋ, ਤਾਂ ਦੁਰਮਤਿ=ਖੋਟੀ ਮੱਤ ਸੜ ਜਾਏਗੀ।

ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ॥

ਸੰਤ ਜਨਾਂ ਦੇ ਨਾਲ ਮਿਲ ਕੇ ਬਿਖਮੁ=ਕਠਨ ਸੰਸਾਰ ਸਮੁੰਦਰ ਤੋਂ ਤਰਨਾ ਕਰ।

ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ॥

ਦੇਵ=ਪ੍ਰਕਾਸ਼ ਰੂਪ ਸਤਿਗੁਰਾਂ ਨੂੰ ਸੇਵਨਾ ਕਰੋ, ਤਾਂ ਅਗੈ=ਪ੍ਰਲੋਕ ਵਿਚ ਡਰ ਕੇ ਨਹੀਂ ਮਰੋਗੇ।

ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ॥

ਸੇਵਕਾਂ ਨੂੰ ਇੱਕ ਖਿਨ ਵਿਖੇ ਨਿਹਾਲ ਕਰਦਾ ਹੈ, ਅਤੇ ਊਣੇ=ਖਾਲੀਆਂ ਨੂੰ ਸੁਭਰ=ਨਕੋ ਨੱਕ ਭਰਦਾ ਹੈ।

ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ॥

ਹਰੀ ਨਾਮ ਨੂੰ ਸਦਾ ਧਿਆਉਣੇ ਕਰਕੇ ਭੁੱਖੇ ਮਨ ਨੂੰ ਸੰਤੋਖ ਹੁੰਦਾ ਹੈ।

ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਧੁਰਿ॥ ੬॥

ਉਹ ਮਨੁੱਖ ਸਤਿਗੁਰਾਂ ਦੀ ਸੇਵਾ ਵਿਚ ਲੱਗਾ ਹੈ, ਧੁਰੋਂ ਜਿਸ ਦੇ ਕਰਮ ਚੰਗੇ ਹਨ॥ ੬॥

ਸਲੋਕ ਮ:੫॥ ਲਗੜੀ ਸੁਥਾਨਿ ਜੋੜਣਹਾਰੈ ਜੋੜੀਆ॥

ਜਿਸ ਦੀ ਬਿਰਤੀ ਜੋੜਨ ਵਾਲੇ ਗੁਰਾਂ ਨੇ ਇਕਾਗਰਤਾ ਵਿਚ ਜੋੜੀ ਹੈ, ਉਸ ਦੀ ਬਿਰਤੀ ਸਰੂਪ ਰੂਪੀ ਸੁਥਾਨਿ=ਸ੍ਰੇਸ਼ਟ ਅਸਥਾਨ ਵਿਚ ਲੱਗੀ ਹੈ।

ਨਾਨਕ ਲਹਰੀ ਲਖ ਸੈਆਨ ਡੁਬਣ ਦੇਇ ਨ ਮਾ ਪਿਰੀ॥ ੧॥

ਗੁਰੂ ਜੀ ਆਖਦੇ ਹਨ-ਭਾਵੇਂ ਵਾਸ਼ਨਾ ਰੂਪੀ ਲਹਿਰਾਂ ਲੱਖਾਂ ਸੈਆਨ=ਸੈਂਕੜੇ ਆਉਣ,

ਅਥਵਾ:-ਆਨ=ਦ੍ਵੈਤ ਦੀਆਂ ਚਾਹੇ ਲੱਖਾਂ ਲਹਿਰਾਂ ਆਉਣ, ਪਰ ਉਹਨਾਂ ਵਿਚ ਮਾ=ਮੇਰਾ ਪਿਰੀ=ਪਰਮਾਤਮਾ ਡੁੱਬਣ ਨਹੀਂ ਦੇਂਦਾ।

ਮ:੫ ॥ ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ ॥

ਦੁੱਖਾਂ ਦੇ ਹਰਤਾ=ਨਾਸ ਕਰਨ ਵਾਲਾ ਜੋ ਹਰੀ ਦਾ ਨਾਮ ਹੈ, ਏਹੀ ਭੀਹਾਵਲੇ=ਭਿਆਨਕ ਬਨਿ=ਸੰਸਾਰ ਵਿਚ ਇੱਕ ਆਪਣਾ ਸਾਥੀ ਲੱਭਣਾ ਕੀਤਾ ਹੈ।

ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥ ੨ ॥

ਗੁਰੂ ਜੀ ਆਖਦੇ ਹਨ, ਅਸੀਂ ਪਿਆਰੇ ਸੰਤਾਂ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ, ਜਿਨ੍ਹਾਂ ਦੇ ਆਪਣੇ ਸਾਰੇ ਕੰਮ ਪੂਰਨ ਹਨ। ਅਥਵਾ:-ਜੋ ਸਿੱਖਾਂ ਦੇ ਕੰਮ ਪੂਰਨ ਕਰਨ ਵਾਲੇ ਹਨ।

ਪਉੜੀ ॥ ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ ॥

ਉਸ ਵਾਹਿਗੁਰੂ ਦੇ ਰੰਗਿ=ਪ੍ਰੇਮ ਵਿਚ ਰੰਗਿਆਂ ਹੋਇਆਂ ਸਾਰੇ ਨਿਧਾਨ=ਖਜ਼ਾਨੇ ਪ੍ਰਾਪਤ ਹੁੰਦੇ ਹਨ।

ਨ ਹੋਵੀ ਪਛੋਤਾਉ ਤੁਧ ਨੋ ਜਪਤਿਆ ॥

ਉਸ ਵਾਹਿਗੁਰੂ ਨੂੰ ਜਪਦਿਆਂ ਹੋਇਆਂ ਪਛਤਾਵਾ ਨਹੀਂ ਹੁੰਦਾ।

ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥

ਜਿਸ ਜਨ ਨੂੰ ਉਸ ਵਾਹਿਗਰੂ ਦੀ ਟੇਕ=ਓਟ ਹੈ, ਉਸ ਨੂੰ ਦੁੱਖ ਦੇਣ ਲਈ ਉਸ ਦੇ ਪਾਸ ਕੋਈ ਦੁਸ਼ਮਣ ਨਹੀਂ ਪਹੁੰਚ ਸਕਦਾ।

ਗੁਰ ਪੂਰੇ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ ॥

ਪੂਰੇ ਗੁਰੂ "ਵਾਹੁ ਵਾਹੁ"=ਧੰਨ ਹਨ ਧੰਨ, ਜਿਨ੍ਹਾਂ ਨੂੰ ਚਿਤਾਰਿ=ਯਾਦ ਕਰਕੇ ਮਨ=ਮੈਂ ਸੁਖ ਲੈਂਦਾ ਹਾਂ।

ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥

ਗੁਰਾਂ ਕੋਲ ਵਾਹਿਗੁਰੂ ਦੀ ਸਿਫਤ ਦਾ ਖਜ਼ਾਨਾ ਹੈ; ਪਰ, ਕਰਮਾਂ ਨਾਲ ਪ੍ਰਾਪਤ ਹੁੰਦਾ ਹੈ।

ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥

ਜਾਂ ਸਤਿਗੁਰ ਦੇਵ ਜੀ ਨਿਹਾਲ=ਮੇਹਰ ਦੀ ਨਜ਼ਰ ਕਰਕੇ ਵੇਖਣ, ਤਾਂ ਫਿਰ ਇਹ ਜੀਵ ਜੂਨੀਆਂ ਵਿਚ ਨਹੀਂ ਦੌੜਦਾ।

ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ ॥

ਦਿਆਲੂ ਪਰਮਾਤਮਾ ਆਪਣਿਆਂ ਦਾਸਾਂ ਨੂੰ ਆਪ ਹੱਥ ਦੇ ਕੇ ਰੱਖਦਾ ਹੈ।

(ਪੰਨਾ ੫੨੦)

ਹਰਿ ਹਰਿ ਹਰਿ ਹਰਿ ਨਾਮੁ ਜੀਵਾ ਸੁਣਿ ਸੁਣੇ ॥ ੭ ॥

ਜੋ ਹਰੀ ਹਰ ਏਕ ਜੀਵਾਂ ਦੇ ਹਰੇ ਕਰਨ ਵਾਲਾ ਹੈ ਉਸ ਹਰੀ ਨਾਮ ਨੂੰ ਸੁਣ ਸੁਣ ਕੇ,

ਅਥਵਾ:-ਸੁਣਿ=ਕੰਨਾਂ ਦੁਆਰੇ ਸੁਣਕੇ ਮੈਂ ਜੀਉਂਦਾ ਹਾਂ ॥ ੭ ॥

ਸਲੋਕ ਮ:੫ ॥ ਪ੍ਰੇਮ ਪਟੋਲਾ ਤੈ ਸਹਿ ਦਿਤਾ, ਢਕਣ ਕੂ ਪਤਿ ਮੇਰੀ ॥

ਹੇ ਸਹਿ=ਮਾਲਕ ਪ੍ਰਭੂ ! ਤੈਨੇ ਮੇਰੀ ਪਤਿ=ਪੱਤ-ਆਬਰੋ ਦੇ ਢੱਕਣ ਕੂ=ਨੂੰ ਪ੍ਰੇਮ ਰੂਪੀ ਪਟੋਲਾ=ਰੇਸ਼ਮੀ ਬਸਤਰ ਦਿੱਤਾ ਹੈ।

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥ ੧ ॥

ਗੁਰੂ ਜੀ ਆਖਦੇ ਹਨ, ਹੇ ਮੇਰੇ ਸਾਂਈਂ ! ਤੂੰ ਦਾਨਾ=ਦਨਾਅ ਤੇ ਬੀਨਾ=ਚਤੁਰ ਹੈਂ; ਪਰ, ਮੈਂ ਤੇਰੀ ਸਾਰ=ਕਦਰ ਜਾਣਦਾ ਨਹੀਂ ਹਾਂ ॥ ੧ ॥

ਮ:੫ ॥ ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ ॥

ਹੇ ਸਾਂਈਂ ! ਤੇਰੇ ਸਿਮਰਨ ਕੀਤਿਆਂ ਹਭ ਕਿਛੁ=ਸਭ ਕੁਝ ਲਧਮੁ=ਲੱਭਦਾ ਹੈ; ਅਤੇ ਕੋਈ ਕੰਮ ਬਿਖਮੁ=ਕਠਨ ਭਾਵ ਮੁਸ਼ਕਲ ਨਹੀਂ ਦਿੱਸਦਾ।

ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥ ੨ ॥

ਗੁਰੂ ਜੀ ਆਖਦੇ ਹਨ, ਹੇ ਸੱਚੇ ਸਾਹਿਬ ! ਜਿਸ ਦੀ ਪੱਤ-ਆਬਰੋ (ਇੱਜ਼ਤ) ਤੂੰ ਰੱਖਦਾ ਹੈਂ, ਉਸ ਦੀ ਇੱਜ਼ਤ ਨੂੰ ਕੋਈ ਭੀ ਨਹੀਂ ਮੇਟ ਸਕਦਾ ॥ ੨ ॥

ਪਉੜੀ ॥ ਹੋਵੈ ਸੁਖੁ ਘਣਾ ਦਯਿ ਧਿਆਇਐ ॥

ਦਯਿ=ਪ੍ਰੇਰਕ ਵਾਹਿਗੁਰੂ ਨੂੰ ਧਿਆਈਐ ਤਾਂ ਘਣਾ=ਬਹੁਤਾ ਸੁਖ ਹੁੰਦਾ ਹੈ।

ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥

ਹਰੀ ਦੇ ਗੁਣ ਗਾਉਣ ਕਰਕੇ ਰੋਗਾਂ ਦਾ ਘਾਣਿ=ਅਗਿਆਨ ਵੰਞੈ=ਦੂਰ ਹੁੰਦਾ ਹੈ।

ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ॥

ਪ੍ਰਭੂ ਦੇ ਚੇਤੇ ਆਉਣ ਕਰਕੇ ਹਿਰਦੇ ਅੰਦਰ ਠੰਢ ਵਰਤ ਜਾਂਦੀ ਹੈ।

ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥

ਮਨ ਵਿਚ ਹਰੀ ਨਾਮ ਦੇ ਵਸਾਉਣ ਕਰਕੇ ਸਭ ਆਸਾ ਪੂਰਨ ਹੁੰਦੀਆਂ ਹਨ।

ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥

ਆਪਾ ਭਾ ਹੰਕਾਰ ਦੇ ਗਵਾਣ ਕਰਕੇ ਕੋਈ ਭੀ ਬਿਘਨ ਨਹੀਂ ਲੱਗਦਾ।

---

*ਨੋਟ:-ਕਈ ਸਜੱਣ ਇਸ ਸਲੋਕ ਦੇ ਅਸਲ ਸਿਧਾਂਤ ਨੂੰ ਨਾ ਜਾਣਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਸਮੇਂ, ਰੁਮਾਲ ਪਾਉਣ ਦੇ ਵਕਤ, ਇਸ ਸਲੋਕ ਨੂੰ ਪੜ੍ਹਦੇ ਹਨ। ਪਰ-ਇਹ ਗੁਰਮਤਿ ਤੋਂ ਬਿਲਕੁਲ ਉਲਟ ਹੈ. ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਭੋਗ ਸਮੇਂ ਰੁਮਾਲਾ ਪਾ ਕੇ ਇਹ ਸਲੋਕ ਨਹੀਂ ਪੜ੍ਹਨਾ ਚਾਹੀਦਾ।

ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ॥

ਗਿਆਨ ਪਦਾਰਥ ਵਾਲੀ ਮਤਿ=ਬੁੱਧੀ ਗੁਰਾਂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ।

ਅਥਵਾ:-ਗੁਰਾਂ ਦੀ ਕਿਰਪਾ ਕਰਕੇ ਮਤਿ=ਬੁੱਧੀ ਵਿਚ ਗਿਆਨ-ਪਦਾਰਥ ਪ੍ਰਾਪਤ ਹੁੰਦਾ ਹੈ।

ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ॥

ਜਿਸ ਨੂੰ ਪ੍ਰਭੂ ਆਪ ਦਿਵਾਉਂਦਾ ਹੈ, ਉਸ ਪੁਰਸ਼ ਨੇ ਸਾਰੇ ਥੋਕ=ਪਦਾਰਥ ਪਾਏ ਹਨ।

ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ॥ ੮॥

ਹੇ ਵਾਹਿਗੁਰੂ ! ਤੂੰ ਸਾਰਿਆਂ ਦਾ ਮਾਲਕ ਹੈਂ, ਸਾਰੇ ਜੀਵ ਤੇਰੀ ਛਾਇਐ=ਛਾਂ ਹੇਠ ਬੈਠੇ ਹਨ, ਭਾਵ ਤੇਰੇ ਆਸਰੇ ਹਨ॥ ੮॥

ਸਲੋਕ ਮ: ੫॥ ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ॥

ਹੇ ਵਾਹਿਗੁਰੂ ! ਮੰਝਿ ਹਿਰਦੇ ਵਿਚ ਤੇਰੀ ਮੁਹੱਬਤ ਹੋਣ ਕਰਕੇ ਸ੍ਰਿਸ਼ਟੀ ਰੂਪ,

ਅਥਵਾ:-ਆਸਾ ਤ੍ਰਿਸ਼ਨਾ ਰੂਪੀ ਤਰੰਦੜੀ=ਤਾਰੂ ਨਦੀ ਵਿਚ ਤਰੰਦੜੀ=ਤਰਦਿਆਂ ਹੋਇਆਂ ਮੇਰਾ ਮਨ ਰੂਪੀ ਖੋਜੁ=ਪੈਰ ਨਹੀਂ ਖੁਭਦਾ।

ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ॥ ੧॥

ਹੇ ਸਹ=ਮਾਲਕ ਪ੍ਰਭੂ ! ਆਪ ਜੀ ਦੇ ਪਵਿੱਤ੍ਰ ਚਰਨਾਂ ਨਾਲ ਮੇਰਾ ਹੀਅੜਾ-ਹਿਰਦਾ ਸੀਤਮੁ=ਸੀਤਾ ਗਿਆ ਹੈ, ਗੁਰੂ ਜੀ ਆਖਦੇ ਹਨ-ਸੰਕਲਪਾਂ, ਵਿਕਲਪਾਂ, ਰੂਪੀ ਨਾਲਿਆਂ ਤੋਂ ਪਾਰ ਕਰਨ ਲ਼ਈ ਹੇ ਹਰੀ ! ਤੂੰਹੀਂ ਪ੍ਰੇਮ ਰੂਪ ਤੁਲਹਾ ਹੈਂ, ਅਤੇ ਆਸਾ, ਤ੍ਰਿਸ਼ਨਾਂ, ਰੂਪ ਨਦੀ ਤੋਂ ਪਾਰ ਕਰਨ ਲਈ ਹੇ ਹਰੀ ! ਤੂੰ ਹੀ ਭਗਤੀ ਰੂਪੀ ਬੇੜੀ ਹੈਂ॥ ੧॥

ਮ:੫॥ ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥

ਜਿਨ੍ਹਾਂ ਦਾ ਦਰਸ਼ਨ ਵੇਖਦਿਆਂ ਸਾਰੇ ਦੁੱਰਮਤਿ ਵੰਞੈ=ਖੋਟੀ ਮੱਤ ਦੂਰ ਹੋ ਜਾਵੇ. ਅਸਾਡੜੇ=ਅਸਾਡੇ ਭਾਂ ਓਹੀ ਮਿੱਤਰ ਹਨ।

ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥ ੨॥

ਗੁਰੂ ਜੀ ਆਖਦੇ ਹਨ-ਮੈਂ ਤਾਂ ਸਾਰਾ ਜਗਤ ਢੂੰਢਿਆ ਹੈ; ਪਰ, ਅਜਿਹੇ ਗੁਰਮੁਖ ਸੰਸਾਰ ਵਿਚ ਕੋਈ ਵਿਰਲੇ ਹੀ ਦਿੱਸਦੇ ਹਨ।

ਪਉੜੀ॥ ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥

ਹੇ ਸਾਹਿਬ ! ਤੇਰਿਆਂ ਭਗਤਾਂ ਦਾ ਦਰਸ਼ਨ ਕੀਤਿਆਂ ਹੀ ਤੂੰ ਚੇਤੇ ਆਉਂਦਾ ਹੈਂ।

ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥

ਸਤ-ਸੰਗਤ ਵਿਚ ਜਾ ਕੇ ਵੁਠਿਆ=ਵੱਸਣ ਨਾਲ ਹੀ ਮਨ ਦੀ ਰਾਗ-ਦ੍ਵੈਸ਼ ਰੂਪੀ ਮੈਲ ਕੱਟੀ ਜਾਂਦੀ ਹੈ।

ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥

ਸੰਤ ਜਨਾਂ ਦਾ ਸਬਦੁ=ਉਪਦੇਸ਼ ਜਪਣ ਨਾਲ ਜਨਮ ਮਰਣ ਦਾ ਭਉ=ਡਰ ਕੱਟਿਆ ਜਾਂਦਾ ਹੈ।

ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ॥

ਸੰਤ ਜਨ ਹੀ ਹਉਮੈ ਦੇ ਬੰਧਨ ਖੋਲ੍ਹ ਦੇਂਦੇ ਹਨ, ਅਤੇ ਉਹਨਾਂ ਦੀ ਕਿਰਪਾ ਨਾਲ ਹੀ ਕਾਮ ਆਦਿਕ ਦੂਤ ਲੁਕ ਜਾਂਦੇ ਹਨ।

ਤਿਸੁ ਸਿਉ ਲਾਇਨ੍ਹਿ ਰੰਗੁ ਜਿਸ ਦੀ ਸਭ ਧਾਰੀਆ॥

ਜਿਸ ਵਾਹਿਗੁਰੂ ਦੀ ਇਹ ਸਾਰੀ ਦੁਨੀਆਂ ਧਾਰੀ ਹੋਈ ਹੈ, ਉਸ ਦੇ ਨਾਲ ਸੰਤ ਜਨ ਰੰਗੁ=ਪ੍ਰੇਮ ਲਗਾਂਦੇ ਹਨ।

ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ॥

ਅਪਾਰ ਗੁਣਾਂ ਵਾਲੇ ਅਗਮ ਰੂਪ ਪਰਮਾਤਮਾ ਦਾ ਸਤ-ਸੰਗ ਰੂਪ ਅਸਥਾਨ ਉੱਚਿਆਂ ਤੋਂ ਉੱਚਾ ਹੈ।

ਅਥਵਾ:-ਅਗਮ ਰੂਪ ਪਰਮਾਤਮਾ ਆਪ ਵੀ ਉੱਚਾ ਹੈ, ਅੱਤੇ ਅਪਾਰ ਗੁਣਾਂ ਵੈਂਲੇ ਪ੍ਰਭੂ ਦਾ ਸਤ-ਸੰਗ ਅਸਥਾਨ ਭੀ ਉੱਚਾ ਹੈ।

ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ॥

ਰਾਤ-ਦਿਨੇ ਕਰ=ਹੱਥ ਜੋੜ ਕੇ ਅੰਦਰ ਸ੍ਵਾਸ ਜਾਂਦਿਆਂ ਅਤੇ ਬਾਹਰ ਸ੍ਵਾਸ ਆਉਂਦਿਆਂ ਉਸ ਵਾਹਿਗੁਰੂ ਨੂੰ ਧਿਆਉਣਾ ਕਰੀਏ।

ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ॥ ੯॥

ਜਾਂ ਉਹ ਪ੍ਰਭੂ ਆਪ ਦਿਆਲੂ ਹੋਵੇ, ਤਾਂ ਭਗਤਾਂ ਦਾ ਸੰਗ ਕਰਨਾ ਪ੍ਰਾਪਤ ਹੁੰਦਾ ਹੈ॥ ੯॥

ਸਲੋਕ ਮ:੫॥ ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥

ਵਿ=ਵਿਸ਼ੇਸ਼ ਕਰਕੇ ਡਾਨੜੈ=ਡੰਨ ਦੇਣ ਵਾਲਾ ਜੋ ਪ੍ਰਲੋਕ ਬਾਰਿ=ਦਰਵਾਜ਼ਾ ਹੈ ਤਿਸ ਵਿਚ ''ਹੁੰਮਸ ਧੁੰਮਸ''=ਡੰਡ-ਰੌਲੀ ਪੈ ਰਹੀ ਹੈ, ਅਤੇ ਰਾਹੀ=ਪਾਪੀ ਜੀਵਾਂ ਦੀਆਂ ਕੂਕਾਂ ਪੈ ਰਹੀਆਂ ਹਨ, ਕਿ-ਹਾਏ ਮਾਰੇ ਗਏ, ਲੁੱਟੇ ਗਏ। ਪ੍ਰਲੋਕ ਵਿਖੇ ਪਾਪੀ ਜੀਵਾਂ ਦੀ ਅਜੇਹੀ ਹਾਲਤ ਹੁੰਦੀ ਸੁਣ ਕੇ-

ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ॥ ੧॥

ਜਿਨ੍ਹਾਂ ਦੀ ਡੋਰੀ=ਬਿਰਤੀ ਉਸ ਮਾਲਕ ਪ੍ਰਭੂ ਦੇ ਨਾਲ ਲੱਗੀ ਹੈ, ਉਹ ਤਾਂ ਅਨੰਦ ਦੇ ਨਾਲ ਅਸ-ਪੱਤ੍ਰ ਬਣ ਨੂੰ ਗਾਹੀ=ਲੰਘ ਜਾਂਦੇ ਹਨ॥ ੧॥

ਅਥਵਾ:-ਬਾਰਿ ਵਿਡਾਨੜੈ=ਪਰਾਇਆ ਬਾਰ ਜੋ ਸੰਸਾਰ ਹੈ, ਤਿਸ ਵਿਖੇ ਤਸਮ ਜੀਵਾਂ ਦੀ ''ਹੁੰਮਸ ਧੁੰਮਸ''=ਡੰਡ-ਰੌਲੀ ਪੈ ਰਹੀ ਹੈ, ਕਾਰ ਵਿਹਾਰਾਂ ਦੀ, ਅਤੇ ਕਾਮ ਆਦਿਕਾਂ ਦੀਆਂ ਤੇ ਵੇਦਾਂ ਸ਼ਾਸਤ੍ਰਾਂ ਦੀਆਂ ਕੂਕਾਂ ਪੈ ਰਹੀਆਂ ਹਨ: ਕਿ-ਕਾਮ ਆਦਿਕਾਂ ਤੋਂ ਬਚੋ ਤੇ ਆਪਣੇ ਆਪ ਨੂੰ ਰਾਹੀ ਨਿਸਚੇ ਕਰੋ। ਇਹ ਗੱਲ

ਸੁਣਦਿਆਂ ਸਾਰ ਜਿਨ੍ਹਾਂ ਦੀ ਡੋਰੀ=ਬਿਰਤੀ ਤਿਸ ਮਾਲਕ ਪ੍ਰਭੂ ਦੇ ਨਾਲ ਲੱਗੀ ਹੈ ਉਹ ਅਨੰਦ ਦੇ ਨਾਲ ਸੰਸਾਰ ਬਨੁ ਗਾਹੀ=ਬਨ (ਜੰਗਲ) ਨੂੰ ਗਾਹੀ ਲੰਘ ਜਾਂਦੇ ਹਨ।

ਅਥਵਾ=ਡਾਨੜੈ=੧. ਰਿਖੀ ਦੰਡ, ੨. ਪਿਤਰ ਡੰਡ, ੩. ਦੇਵ ਦੰਡ, ੪. ਜਮ ਦੰਡ, ਇਹਨਾਂ ਤੋਂ ਵਿ=ਰਹਤ ਕਰਨ ਵਾਲਾ ਜੋ ਸਤ-ਸੰਗ ਰੂਪ ਬਾਰਿ=ਦਰਵਾਜ਼ਾ ਹੈ, ਉਸ ਵਿਚ ਕਥਾ ਕੀਰਤਨ ਦੀ ਹੁੰਮਸ ਧੁੰਮਸ ਪੈ ਰਹੀ ਹੈ। ਅਤੇ ਰਾਹੀ=ਮਹਾਤਮਾਂ ਦੀਆਂ ਕੂਕਾਂ ਪੈ ਰਹੀਆਂ ਹਨ ਕਿ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਨਾ ਗਵਾਓ। ਇਹ ਗੱਲ ਸੁਣ ਕੇ ਤਿਸ ਮਾਲਕ ਪ੍ਰਭੂ ਨਾਲ ਜਿਨ੍ਹਾਂ ਦੀ ਡੋਰੀ=ਬਿਰਤੀ ਲੱਗੀ ਹੈ, ਉਹ ਅਨੰਦ ਦੇ ਨਾਲ ਸੰਸਾਰ ਬਨ ਨੂੰ ਲੰਘ ਜਾਂਦੇ ਹਨ॥ ੧॥

ਮ:੫ ॥ ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥

ਉਹਨਾਂ ਨਾਲ ਬੈਠਕ ਕਰਨੀ ਸੱਚੀ ਹੈ, ਜਿਨ੍ਹਾਂ ਨਾਲ ਮਿਲਕੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ।

ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥ ੨ ॥

ਤਿਨ੍ਹਾਂ ਦੀ ਸੰਗਤ ਨਾਲ ਕਦੇ ਮਿਲਾਪ ਨਹੀਂ ਕਰਨਾ ਚਾਹੀਦਾ, ਗੁਰੂ ਜੀ ਆਖਦੇ ਹਨ, ਜਿਨ੍ਹਾਂ ਨੂੰ ਕੇਵਲ ਆਪਣਾ ਹੀ ਸੁਆਉ=ਪ੍ਰਯੋਜਨ (ਸੁਆਰਥ) ਹੈ।

ਪਉੜੀ ॥ ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥

ਉਹ ਵੇਲਾ ਪ੍ਰਮਾਨੀਕ ਹੈ ਜਿਸ ਵੇਲੇ ਪੂਰਨ ਸਤਿਗੁਰ ਦੇਵ ਜੀ ਮਿਲੇ ਹਨ।

ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ॥

ਜਿਸ ਨੂੰ ਸੰਤਾਂ ਦਾ ਸਤ-ਸੰਗ ਕਰਨਾ ਪ੍ਰਾਪਤ ਹੋਇਆ ਹੈ, ਉਹ ਫਿਰ ਦੁੱਖਾਂ ਦੇ ਤੇਟੇ (ਅੜਿੱਕੇ) ਨਹੀਂ ਚੜ੍ਹਦਾ, ਅਰਥਾਤ ਦੁੱਖਾਂ ਦੇ ਪੰਜੇ ਵਿਚ ਨਹੀਂ ਫਸਦਾ।

ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ ॥

ਜਿਸ ਨੇ ਸਰੂਪ ਰੂਪੀ ਨਿਸਚਲ ਥਾਂ ਪਾਇਆ ਹੈ, ਉਹ ਫਿਰ ਮਾਂ ਦੇ ਗਰਭ ਵਿਚ ਨਹੀਂ ਲੇਟਦਾ।

ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥

ਉਸ ਨੂੰ ਇੱਕ ਬ੍ਰਹਮ ਹੀ ਸਾਰਿਆਂ ਵਿਚ ਅਟਿਆ=ਪਰੀ-ਪੂਰਨ ਨਿਗਾਹ ਆਇਆ ਹੈ।

ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥

ਸੰਸਾਰ ਵੱਲੋਂ ਦ੍ਰਿਸ਼ਟੀ ਨੂੰ ਸਮੇਟ ਕੇ ਜਦੀ ਧਿਆਨ ਲਗਾਇਆ, ਤਾਂ ਤਤੁ ਗਿਆਨੁ=ਯਥਾਰਥ ਗਿਆਨ ਦੀ ਪ੍ਰਾਪਤੀ ਹੋਈ।

ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥

ਉਹ ਜੋ ਭੀ ਮੂੰਹੋਂ ਬਚਨ ਬੋਲਦਾ ਹੈ, ਸਭ ਪ੍ਰਭੂ ਦੇ ਜਪ ਨੂੰ ਜਪਦਾ ਹੈ।

ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥

ਜੋ ਪ੍ਰਭੂ ਦੇ ਹੁਕਮ ਨੂੰ ਬੁੱਝਦਾ ਹੈ ਅਰਥਾਤ ਭਾਣਾ ਮੰਨਦਾ ਹੈ ਉਹ ਸੁਖਾਂ 'ਚੋਂ ਆਤਮ ਸੁਖ ਵਿਚ ਅਟਿਆ ਹੋਇਆ ਨਿਹਾਲੁ=ਵੇਖਣ ਵਿਚ ਆਉਂਦਾ ਹੈ।

ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥ ੧੦ ॥

ਜਿਨ੍ਹਾਂ ਨੂੰ ਪਰਖਕੇ ਵਾਹਿਗੁਰੂ ਨੇ ਸਰੂਪ ਖਜ਼ਾਨੇ ਵਿਚ ਪਾਇਆ ਹੈ, ਉਹ ਫਿਰ ਖੋਟੇ ਨਹੀਂ ਹੁੰਦੇ ॥ ੧੦ ॥

ਵਾਹਿਗੁਰੂ ਦੇ ਪਿਆਰ ਵਾਲੇ ਭਗਤ ਪ੍ਰਭੂ ਦੇ ਵਿਛੋੜੇ ਨੂੰ ਨਹੀਂ ਸਹਾਰ ਸਕਦੇ ਵਿਛੋੜੇ ਕਰਕੇ ਹਰ ਵੇਲੇ ਬਿਹਬਲ ਰਹਿੰਦੇ ਹਨ, ਕਿਉਂਕਿ-

ਸਲੋਕੁ ਮਃ ੫ ॥ ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥

ਵਾਹਿਗੁਰੂ ਦੇ ਵਿਛੋੜੇ ਰੂਪੀ ਜੰਬੂਰ* ਕਾਲੇ ਡੇਮੂੰ ''ਖਵੇ ਨ ਵੰਞਨਿ''=ਸਹਾਰੇ ਨਹੀਂ ਜਾਂਦੇ, ਕਿਉਂਕਿ ਇਹ ਸਹਾਰਨੇ ਬੜੇ ਗਾਖੜੇ=ਕਠਨ ਹਨ।

ਅਥਵਾ:-ਵਿਛੋੜੇ ਰੂਪੀ ਜੰਬੂਰ ਸਹਾਰੇ ਨਹੀਂ ਜਾਂਦੇ ਇਹ ਬੜੇ ਕਠਨ ਹਨ।

ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥ ੧ ॥

ਗੁਰੂ ਜੀ ਆਖਦੇ ਹਨ-ਜੇਕਰ ਉਹ ਧਣੀ=ਮਾਲਕ ਪ੍ਰਭੂ ਮਿਲ ਪਵੇ ਤਾਂ ਸਚੁ=ਨਿਸਚੇ ਕਰਕੇ ਸਮੂਹ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ॥ ੧ ॥

ਜ਼ਮੀਨ ਨਾਲੋਂ ਪਾਣੀ ਦਸ ਹਿੱਸੇ ਵੱਧ ਹੈ, ਪਰ ਪਾਣੀ ਜ਼ਮੀਨ ਨੂੰ ਡੋਬਦਾ ਨਹੀਂ, ਇਹੋ ਵਾਹਿਗੁਰੂ ਦੀ ਕੁਦਰਤ ਹੈ-

(ਪੰਨਾ ੫੨੧)

ਮਃ੫ ॥ ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ ॥

ਜ਼ਮੀਨ ਪਾਣੀ ਵਿਚ ਵਸ ਰਹੀ ਹੈ, ਅਤੇ ਈਧਣੁ=ਲੱਕੜਾਂ ਵਿਚ ਵਾਹਿਗੁਰੂ ਨੇ ਭਾਹਿ=ਅੱਗ ਰੱਖੀ ਹੋਈ ਹੈ।

ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ ॥ ੨ ॥

ਗੁਰੂ ਜੀ ਆਖਦੇ ਹਨ-ਹੇ ਪੁਰਸ਼ਾ! ਉਹ ਸਹੁ=ਮਾਲਕ ਪਰਮਾਤਮਾ ਨੂੰ ਆਹਿ=ਚਾਹੁਣਾ ਕਰ, ਜਿਸ ਦੇ ''ਆਢਲਿ''=ਆਸਰੇ ਹਭੁ ਕੋ=ਸਭ ਕੋਈ ਰਹਿੰਦਾ ਹੈ ॥ ੨ ॥

ਪਉੜੀ ॥ ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥

ਹੇ ਵਾਹਿਗੁਰੂ ਤੇਰੇ ਬਣਾਏ ਹੋਏ ਕੰਮ, ਤੇਰੇ ਹੀ ਦ੍ਰਿਸ਼ਟੀ ਗੋਚਰ ਹਨ।

---

*ਜੰਬੂਰ ਲੋਹੇ ਦੇ ਹੁੰਦੇ ਹਨ ਜਿਸ ਨਾਲ ਫੜ ਕੇ ਭਾਰ ਨੂੰ ਖਿੱਚਦੇ ਹਨ, ਲੁਹਾਰਾਂ ਪਾਸ, ਤੇ ਸੁਨਿਆਰਿਆਂ ਪਾਸ ਹੁੰਦੇ ਹਨ।

ਸੋਈ ਵਰਤੈ ਜਾਗਿ ਜਿ ਕੀਆ ਤੁਧੁ ਧੁਰੇ॥

ਤੁਸਾਂ ਨੇ ਜੋ ਧੁਰ ਤੋਂ ਕੀਤਾ ਹੈ, ਓਹੀ ਜਗਤ ਵਿਖੇ ਵਰਤਦਾ ਹੈ।

ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ॥

ਹੇ ਬਿਸਮਾਦ=ਅਸਚਰਜ ਰੂਪ ਪਰਮਾਤਮਾ ! ਤੇਰੀ ਕੁਦਰਤ ਨੂੰ ਵੇਖ ਕੇ ਅਸੀਂ ''ਬਿਸਮੁ ਭਏ''=ਅਸਚਰਜ ਹੋਏ ਹਾਂ।

ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੇਰੀਆ॥

(ਮੈਂ) ਦਾਸ ਤੇਰੀ ਸ਼ਰਨ ਪਿਆ ਹਾਂ, ਤੂੰ ਕਿਰਪਾ ਕਰ ਜੋ ਮੇਰੀ ਗਤੀ ਹੋ ਜਾਵੇ।

ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ॥

ਸਾਰੇ ਨਿਧਾਨੁ=ਖਜ਼ਾਨੇ ਆਪ ਜੀ ਦੇ ਹੱਥ ਵਿਚ ਹਨ, ਪਰ ਜਿਸ ਨੂੰ ਚਾਹੁੰਦਾ ਹੈਂ ਉਸਨੂੰ ਦੇਂਦਾ ਹੈਂ।

ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ॥

ਜਿਸ ਤੇ ਦਿਆਲੂ ਹੁੰਦਾ ਹੈ, ਉਹੀ ਪੁਰਸ਼ ਹਰੀ ਨਾਮ ਨੂੰ ਲੈਂਦਾ ਹੈ।

ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ॥

ਹੇ ਬੇਅੰਤ ! ਤੂੰ ਮਨ ਕਰਕੇ ਅਗਮ ਹੈਂ, ਇੰਦ੍ਰੀਆਂ ਕਰ ਕੇ ਅਗੋਚਰ ਹੈਂ, ਆਪ ਜੀ ਦਾ ਅੰਤ ਨਹੀਂ ਪਾਇਆ ਜਾਂਦਾ।

ਜਿਸ ਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ॥ ੧੧॥

ਜਿਸ ਉੱਤੇ ਤੂੰ ਕ੍ਰਿਪਾਲੂ ਹੁੰਦਾ ਹੈਂ, ਓਹੀ ਪੁਰਸ਼ ਨਾਮ ਨੂੰ ਧਿਆਉਂਦਾ ਹੈ॥ ੧੧॥

ਸਲੋਕ ਮਃ ੫॥ ਕੜਛੀਆ ਫਿਰੰਨ੍ਹਿ ਸੁਆਉ ਨ ਜਾਣਨ੍ਹਿ ਸੁਵੀਆ॥

ਦ੍ਰਿਸ਼ਟਾਂਤ:-ਜਿਵੇਂ ਕੜਛੀਆਂ ਰਸੋਈ ਵਿਚ ਫਿਰਦੀਆਂ ਹਨ, ਪਰ ਰਸੋਈ ਦੇ ਸੁਆਦ ਨੂੰ ਨਹੀਂ ਜਾਣਦੀਆਂ ਸੁਆਦ ਤੋਂ ਸੁਵੀਆ=ਖਾਲੀ ਰਹਿੰਦੀਆਂ ਹਨ। ਤਿਵੇਂ=ਕੜਛੀਆਂ ਦੀ ਨਿਆਈਂ ਤਮਾਮ ਜੀਵ ਸੰਸਾਰ ਵਿਖੇ ਫਿਰਦੇ ਹਨ ਕੋਈ ਤੀਰਥਾਂ ਉਪਰ ਫਿਰਦਾ ਹੈ, ਕੋਈ ਜੰਗਲਾਂ ਵਿਚ ਫਿਰਦਾ ਹੈ, ਕੋਈ ਮੰਦਰਾਂ ਵਿਚ ਤੇ ਕੋਈ ਮਸੀਤਾਂ ਵਿਚ ਫਿਰਦਾ ਹੈ। ਕੋਈ ਸਿਨੇਮੇ (Theatre)ਤੇ ਕੋਈ ਮੱਲ ਅਖਾੜਿਆਂ ਵਿਚ ਫਿਰਦਾ ਹੈ, ਪਰ ਨਾਮ ਦੇ ਸੁਆਦ ਨੂੰ ਕੋਈ ਨਹੀਂ ਜਾਣਦਾ, ਸਭ ਕੋਈ ਨਾਮ ਤੋਂ ਸੁਵੀਆ=ਖਾਲੀ ਹਨ। ਅਥਵਾ:-ਜਿਵੇਂ ਕੜਛੀਆਂ ਰਸੋਈ ਵਿਚ ਫਿਰਦੀਆਂ ਹੋਈਆਂ ਭੀ ਅਸੰਗ ਰਹਿੰਦੀਆਂ ਹਨ, ਤਿਵੇਂ ਪੂਰਨ ਮਹਾਤਮਾ ਸੰਸਾਰ ਵਿਚ ਫਿਰਦੇ ਹੋਏ ਭੀ ਸੰਸਾਰ ਤੋਂ ਅਸੰਗ ਰਹਿੰਦੇ ਹਨ। ਪਦਾਰਥ ਦੇ ਸੁਆਦ ਨੂੰ ਨਹੀਂ ਜਾਣਦੇ ਪਦਾਰਥਾਂ ਵਲੋਂ ਸੁਵੀਆ=ਖਾਲੀ ਰਹਿੰਦੇ ਹਨ।

ਅਥਵਾ:-ਧਾਰਨਾਂ ਤੋਂ ਬਿਨਾਂ ਜੋ ਪੰਡਿਤ ਤੇ ਗਿਆਨੀ ਪੁਰਸ਼ ਹਨ, ਉਹਨਾਂ ਦੀਆਂ ਜਿਹਵਾ ਰੂਪ ਕੜਛੀਆਂ, ਵੇਦ, ਸ਼ਾਸਤ੍ਰਾਂ ਰੂਪ ਭਾਂਡਿਆਂ ਵਿਚ ਫਿਰਦੀਆਂ ਹਨ; ਪਰ, ਸਿਧਾਂਤ ਰੂਪ ਰਸੋਈ ਦੇ ਸੁਆਦ ਨੂੰ ਨਹੀਂ ਜਾਣਦੀਆਂ ਕਿਉਂਕਿ-ਸਿਧਾਂਤ ਤੋਂ ਸੁਵੀਆ=ਖਾਲੀ ਰਹਿੰਦੀਆਂ ਹਨ।

ਸੇਈ ਮੁਖ ਦਿਸੰਨ੍ਹਿ ਨਾਨਕ ਰਤੇ ਪ੍ਰੇਮ ਰਸਿ ॥ ੧ ॥

ਗੁਰੂ ਜੀ ਆਖਦੇ ਹਨ-ਜੋ ਪ੍ਰੇਮ ਰਸ ਵਿਚ ਰੱਤੇ ਹੋਏ ਹਨ ਓਹੀ ਮੂੰਹ ਉੱਜਲੇ ਦਿਸਦੇ ਹਨ।

ਮ:੫ ॥ ਖੋਜੀ ਲਧਮੁ ਖੋਜੁ ਛਡੀਆ ਉਜਾੜਿ ॥

ਜਿਨ੍ਹਾਂ ਨੇ ਸੰਸਾਰ ਉਜਾੜ ਨੂੰ ਛੱਡਿਆ ਹੈ, ਉਹਨਾਂ ਨੇ ਖੋਜੀ ਹੋ ਕੇ ਪਰਮਾਤਮਾ ਦਾ ਖੋਜੁ=ਖੁਰਾ ਲੱਭ ਲਿਆ ਹੈ।

ਤੈ ਸਹਿ ਦਿਤੀ ਵਾੜਿ ਨਾਨਕ ਖੇਤੁ ਨ ਛਿਜਈ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਸ ਮਾਲਕ ਪ੍ਰਭੂ ਨੇ ਜਦ ਕਿਰਪਾ ਰੂਪੀ ਵਾੜ ਦਿੱਤੀ ਤਾਂ ਸ਼ੁਭ ਗੁਣਾਂ ਰੂਪੀ ਖੇਤ ਛਿਜਈ=ਨਾਸ ਨਹੀਂ ਹੁੰਦਾ। ਅਥਵਾ:-ਉਸ ਮਾਲਕ ਨੇ ਜਦ ਨਾਮ ਭਗਤੀ ਰੂਪੀ ਵਾੜ ਦਿੱਤੀ, ਤਾਂ ਸ੍ਵਾਸਾਂ ਰੂਪੀ ਖੇਤ ਨਿਸਫਲ ਨਹੀਂ ਜਾਂਦਾ।

ਪਉੜੀ ॥ ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ॥

ਜਿਸ ਪ੍ਰਭੂ ਦੇ ਪਾਸ ਸਭ ਕੁਝ ਹੈ ਉਸ ਸੱਚੇ ਨੂੰ ਆਰਾਧਣਾ ਕਰੋ।

ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥

ਦੋਹਾਂ ਸਿਰਿਆਂ ਭਾਵ ਦੋਹਾਂ ਲੋਕਾਂ ਦਾ ਆਪ ਮਾਲਕ ਹੈ, ਅਤੇ ਇੱਕ ਖਿਨ ਵਿਚ ਸਾਰੇ ਕੰਮ ਰਾਸਿ=ਸੂਤ ਕਰ ਦੇਂਦਾ ਹੈ।

ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥

ਹੇ ਭਾਈ ! ਸਾਰਿਆਂ ਯਤਨਾਂ ਨੂੰ ਛੱਡ ਕੇ ਓਸੇ ਦੀ ਓਟ ਪਕੜਨਾ ਕਰੋ।

ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥

ਦੌੜਕੇ ਉਸ ਦੀ ਸ਼ਰਨ ਪੈਣਾ ਕਰੋ, ਤਾਂ ਸੁਖ ਹੀ ਸੁਖ ਲਓਗੇ।

ਅਥਵਾ:-ਸੁਖਾਂ ਵਿਚੋਂ ਆਤਮ ਸੁਖ ਪਾ ਲਓਗੇ।

ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥

ਸੰਤਾਂ ਦੀ ਸੰਗਤ ਦੁਆਰੇ ਸ਼ੁਭ ਕਰਮ ਧਰਮ ਕਰਨ ਨਾਲ ਤਤੁ ਗਿਆਨੁ=ਯਥਾਰਥ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥

ਨਾਮ ਅੰਮ੍ਰਿਤ ਜਪਣੇ ਕਰਕੇ ਕੋਈ ਬਿਘਨ ਨਹੀਂ ਲੱਗਦਾ ॥

ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥

ਜਿਸ ਮਨੁੱਖ ਤੇ ਪ੍ਰਭੂ ਆਪ ਦਿਆਲੂ ਹੁੰਦਾ ਹੈ, ਤਿਸ ਦੇ ਮਨ ਵਿਚ ਵੱਸਿਆ ਹੈ।

ਪਾਈਅਨਿ੍ ਸਭਿ ਨਿਧਾਨ ਸਾਹਿਬਿ ਤੁਠਿਆ ॥੧੨॥

ਮਾਲਕ ਦੇ ਤੁਠਿਆ=ਪ੍ਰਸੰਨ ਹੋਇਆਂ ਹੀ ਸਾਰੇ ਨਿਧਾਨ=ਖਜ਼ਾਨੇ ਪਾਈਦੇ ਹਨ॥ ੧੨॥

ਸਲੋਕ ਮ:੫ ॥ ਲਧਮੁ ਲਭਣਹਾਰੁ ਕਰਮੁ ਕਰੰਦੋ ਮਾ ਪਿਰੀ॥

''ਮਾ+ਪਿਰੀ''=ਮੇਰਾ ਪਤੀ ਜੋ ਪਰਮਾਤਮਾ ਹੈ ਉਸ ਨੇ ਜਿਸ ਉੱਪਰ ਆਪਣਾ ਕਰਮੁ=ਅਨੁਗ੍ਰਹੁ ਕੀਤਾ ਹੈ, ਉਸ ਨੇ ਲੱਭਣ ਵਾਲਾ ਹੋ ਕੇ ਪ੍ਰਭੂ ਨੂੰ ਲੱਭ ਲਿਆ ਹੈ।

ਅਥਵਾ:-ਲੱਭਣ ਵਾਲਾ ਹੋ ਕੇ ਲੱਭ ਲਿਆ ਹੈ, ਕਿ ਕਿਰਪਾ ਕਰਨ ਵਾਲਾ ਮੇਰਾ ਪਤੀ ਪਰਮਾਤਮਾ ਹੈ।

ਇਕੋ ਸਿਰਜਣਹਾਰੁ ਨਾਨਕ ਬਿਆ ਨ ਪਸੀਐ॥੧॥

ਗੁਰੂ ਜੀ ਆਖਦੇ ਹਨ-ਉਹ ਇੱਕੋ ਹੀ ਸਾਰਿਆਂ ਦੇ ਪੈਦਾ ਕਰਨ ਵਾਲਾ ਹੈ, ਉਸ ਵਰਗਾ ਹੋਰ ਕੋਈ ਬਿਆ=ਦੂਜਾ ਪਸੀਐ=ਦਿਸਦਾ ਹੀ ਨਹੀਂ ਹੈ॥ ੧॥

ਮ:੫ ॥ ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨਿ੍ ਕੈ॥

ਨਾਮ ਰੂਪੀ ਸੱਚਾ ਬਾਣ ਸੰਨਿ੍ ਕੈ=ਤਾਣ ਕੇ ਪਾਪਾਂ ਨੂੰ ਪਛਾੜ ਦੇ ਭਾਵ ਨਾਸ ਕਰ ਦੇਹ।

ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥੨॥

ਗੁਰੂ ਜੀ ਕਥਨ ਕਰਦੇ ਹਨ-ਗੁਰ ਮੰਤ੍ਰ ਨੂੰ ਹਮੇਸ਼ਾਂ ਯਾਦ ਰੱਖ, ਪ੍ਰਸ਼ਨ ਕੀਤਾ, ''ਜੀ ! ਮਿਲੇਗਾ ਕੀ''? ਉੱਤਰ=ਤਾਂ ਤੈਨੂੰ ਦੁੱਖ ਨਹੀਂ ਥੀਵਈ=ਹੋਵੇਗਾ॥ ੨॥

ਪਉੜੀ॥ ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ॥

ਸਾਰਿਆਂ ਨੂੰ ਪੈਦਾ ਕਰਨ ਵਾਲਾ ਸਿਰਜਨਹਾਰ ਪ੍ਰਭੂ ਧੰਨ ਧੰਨ ਹੈ, ਜਿਸ ਨੇ ਆਪੇ ਹੀ ਠੰਢ ਪਾਈ ਹੈ।

ਜੀਅ ਜੰਤ ਮਿਹਰਵਾਨੁ ਤਿਸ ਨੋ ਸਦਾ ਜਾਪਿ॥

ਜੋ ਸੂਖਮ, ਅਸਥੂਲ, ਜੀਆਂ ਜੰਤਾਂ, ਉੱਪਰ ਮਿਹਰ ਕਰਣ ਵਾਲਾ ਹੈ, ਉਸ ਨੂੰ ਸਦਾ ਜਪਣਾ ਕਰੋ।

ਦਇਆ ਧਾਰੀ ਸਮਰਥਿ ਚੁਕੇ ਬਿਲ ਬਿਲਾਪ॥

ਜਾਂ ਸਮਰੱਥ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ, ਤਾਂ ਬਿੱਲਿਆਂ ਦੀ ਨਿਆਈਂ ਵਿਰਲਾਪ ਕਰਨੇ ਦੂਰ ਹੋ ਗਏ।
ਅਥਵਾ:-ਬਿਲ=ਬਿਲਕੁਲ ਹੀ ਵਿਰਲਾਪ ਕਰਨੇ ਚੁਕੇ=ਦੂਰ ਹੋ ਗਏ।

ਅਥਵਾ:-ਸਰੀਰ ਰੂਪੀ ਬਿਲ=ਖੁੱਡ ਵਾਸਤੇ ਵਿਰਲਾਪ ਕਰਨੇ ਦੂਰ ਹੋ ਗਏ।

ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ॥

ਪੂਰਿਆਂ ਗੁਰਾਂ ਦੇ ਪ੍ਰਤਾਪ ਕਰਕੇ (ਆਧ, ਬਿਆਧ, ਉਪਾਧ, ਰੂਪ) ਤਿੰਨੇ ਤਾਪ, ਤੇ ਦੁਖਦਾਈ ਅਗਿਆਨ ਰੂਪੀ ਰੋਗ ਨਠੇ=ਨੱਸ ਗਏ।

ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ॥

ਗਰੀਬਾਂ ਨੂੰ ਵਡਿਆਣ ਵਾਲੇ ਵਾਹਿਗੁਰੂ ਨੇ ਕੰਡ (ਪਿੱਠ) ਤੇ ਥਾਪੀ ਦੇ ਕੇ,
ਅਥਵਾ:-ਸ਼ੁਭ ਗੁਣਾਂ ਨਾਲ ਥਾਪ ਕੇ ਆਪਣਿਆਂ ਦਾਸਾਂ ਦੀ ਰੱਖਿਆ ਕੀਤੀ ਹੈ।

ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ॥

ਸਾਰੇ ਸੰਸਾਰਕ ਬੰਧਨ ਕਾਪਿ=ਕੱਟ ਕੇ ਆਪਣਿਆਂ ਦਾਸਾਂ ਨੂੰ ਪ੍ਰਭੂ ਨੇ ਆਪ ਹੀ ਛੁਡਾ ਲਿਆ ਹੈ।

ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ॥

ਤ੍ਰਿਸ਼ਨਾਂ ਦੇ ਬੁਝਣ ਕਰਕੇ ਪਦਾਰਥਾਂ ਦੀ ਆਸਾ ਪੂਰੀ ਹੋ ਗਈ ਹੈ, ਅਤੇ ਮਨ ਸੰਤੋਖ ਕਰਕੇ ਰੱਜ ਗਿਆ ਹੈ।

ਵਡੀ ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ॥ ੧੩॥

ਉਹ ਅਪਾਰ ਖਸਮ ਵੱਡਿਆਂ ਤੋਂ ਵੱਡਾ ਹੈ ਜਿਸ ਨੂੰ ਪਾਪਾਂ-ਪੁੰਨਾਂ ਦਾ ਕੋਈ ਲੇਪ ਨਹੀਂ ਹੈ॥ ੧੩॥

ਸਲੋਕ ਮ: ੫॥ ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ॥

ਜਿਸ ਉੱਪਰ ਪ੍ਰਭੂ ਕ੍ਰਿਪਾਲੂ ਹੋਇਆ ਹੈ, ਓਹੀ ਮਨੁੱਖ ਹਰਿ ਹਰਿ ਨਾਮ ਨੂੰ ਜਪਦੇ ਜਪਾਉਂਦੇ ਹਨ।

ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ॥ ੧॥

ਗੁਰੂ ਜੀ ਆਖਦੇ ਹਨ-ਸੰਤਾਂ ਦੀ ਸੰਗਤ ਨਾਲ ਮਿਲਣ ਕਰਕੇ ਉਹਨਾਂ ਦੀ ਰਾਮ ਨਾਲ ਪ੍ਰੀਤੀ ਲੱਗੀ ਹੈ॥੧॥

ਮ: ੫॥ ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ॥

ਹੇ ਵੱਡੇ ਭਾਗਾਂ ਵਾਲਿਓ ! ਰਾਮ ਨੂੰ ਰਮਹੁ=ਉਚਾਰਨਾਂ ਕਰੋ, ਉਹ ਰਾਮ ਜਲਾਂ, ਥਲਾਂ, ਮਹੀ-ਪ੍ਰਿਥਵੀ ਅਤੇ ਅਲਿ=ਅਕਾਸ਼ ਵਿਚ ਪਰੀ-ਪੂਰਨ ਹੈ।

ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ॥ ੨॥

ਗੁਰੂ ਜੀ ਆਖਦੇ ਹਨ-ਉਸ ਦੇ ਨਾਮ ਅਰਾਧਣੇ ਕਰਕੇ ਕੋਈ ਭੀ ਦੁੱਖ ਨਹੀਂ ਲੱਗਦਾ॥ ੨॥

ਪਉੜੀ॥ ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ॥

ਹੇ ਵਾਹਿਗੁਰੂ ! ਭਗਤਾਂ ਦਾ ਬਚਨ ਬੋਲਿਆ ਹੋਇਆ ਤੈਨੂੰ ਪਰਵਾਣੁ=ਮਨਜ਼ੂਰ ਹੈ; ਕਿਉਂਕਿ, ਉਨ੍ਹਾਂ ਦਾ ਬਚਨ ਦਰਗਾਹ ਵਿਚ ਥਾਂ ਪੈਂਦਾ ਭਾਵ ਕਬੂਲ ਹੁੰਦਾ ਹੈ।

[ਪੰਨਾ ੫੨੨]

ਭਗਤਾ ਤੇਰੀ ਟੇਕ ਰਤੇ ਸਚਿ ਨਾਇ॥

ਭਗਤਾਂ ਨੂੰ ਹਰ ਵੇਲੇ ਤੇਰੀ ਟੇਕ=ਓਟ ਹੈ, ਅਤੇ ਭਗਤ ਸੱਚ ਨਾਮ ਵਿਚ ਰੱਤੇ ਰਹਿੰਦੇ ਹਨ।

ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ॥

ਜਿਸ ਉੱਤੇ ਤੂੰ ਕਿਰਪਾਲੂ ਹੁੰਦਾ ਹੈਂ, ਉਸ ਦਾ ਸਭ ਦੁੱਖ ਚਲਿਆ ਜਾਂਦਾ ਹੈ।

ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ॥

ਹੇ ਦਿਆਲੂ ਪ੍ਰਭੂ ! ਜੋ ਤੇਰੇ ਭਗਤ ਹਨ, ਉਹਨਾਂ ਦੀ ਝੋਲੀ ਵਿਚ ਤੂੰ ਮੇਹਰ ਦਾ ਦਾਨ ਪਾਉਂਦਾ ਹੈਂ।

ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ॥

ਦੁਖ-ਜਨ ਦਰਦ. ਅਥਵਾ:-ਦੁੱਖ ਜਨਮ ਮਰਨ ਦਾ, ਦਰਦੁ=ਸਰੀਰਕ ਪੀੜਾ,

ਅਥਵਾ:-ਸਿਰ ਦਰਦ, ਵੱਡਾ ਰੋਗ ਹੰਕਾਰ ਰੂਪੀ, ਅਤੇ ਮਾਇਆ ਦੀ ਤਿਸੁ=ਤ੍ਰਿਸ਼ਨਾ, ਇਤਿਆਦਿਕ ਕੋਈ ਭੀ ਉਹਨਾਂ ਨੂੰ ਨਹੀਂ ਪੋਂਹਦਾ।

ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥

ਜੋ ਗੋਬਿੰਦ ਦੇ ਗੁਣ ਗਾਉਣੇ ਹਨ-ਏਹੁ ਭਗਤਾਂ ਦਾ ਅਧਾਰੁ=ਆਸਰਾ ਹੈ।

ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥

ਭਗਤ ਰਾਤ-ਦਿਨੇ "ਸਦਾ ਸਦਾ"=ਨਿਤਾਪ੍ਰਤੀ ਇਕਾਗਰ ਚਿੱਤ ਹੋ ਕੇ ਇੱਕੋ ਇੱਕ ਪ੍ਰਭੂ ਨੂੰ ਧਿਆਉਂਦੇ ਹਨ।

ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥ ੧੪ ॥

ਭਗਤ ਜਨ ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਅਤੇ ਨਾਮ ਕਰਕੇ ਹੀ ਸੰਸਾਰਕ ਪਦਾਰਥ ਵੱਲੋਂ ਅਘਾਇ=ਰੱਜ ਰਹੇ ਹਨ॥ ੧੪॥

ਸਲੋਕ ਮਃ੫ ॥ ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥

ਕ੍ਰੋੜਾਂ ਬਿਘਨ=ਦੁੱਖ ਉਸ ਪੁਰਸ਼ ਨੂੰ ਲੱਗਦੇ ਹਨ, ਜਿਸ ਨੂੰ ਪ੍ਰਭੂ ਦਾ ਨਾਮ ਭੁੱਲਦਾ ਹੈ।

ਯਥਾ:-ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ॥ (ਪੰਨਾ ੧੮੬)

ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥ ੧ ॥*

ਗੁਰੂ ਜੀ ਆਖਦੇ ਹਨ-ਉਹ ਪੁਰਸ਼ ਰਾਤ-ਦਿਨੇ ਇਉਂ ਵਿਰਲਾਪ ਕਰਦੇ ਹਨ, ਜਿਵੇਂ ਸੁੰਞੈ=ਖਾਲੀ ਅਰਥਾਤ ਉੱਜੜੇ ਘਰ ਉੱਤੇ ਬੈਠਾ ਕਾਉ=ਕਾਂ ਕੁਰਲੌਂਦਾ ਹੈ॥ ੧॥

ਮਃ੫ ॥ ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ ॥

੧ ਜਦੋਂ ਪਿਰੀ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ, ਪ੍ਰਤੱਖ ਛੇ ਰੁੱਤਾਂ ਚੋਂ ਓਹੀ ਰੁੱਤ ਸ਼ੋਭਨੀਕ ਹੈ।

੨ ਅਥਵਾ:-ਚਾਰ ਜੁਗਾਂ ਰੂਪ ਰੁੱਤਾਂ 'ਚੋਂ ਉਹ ਜੁਗ ਰੂਪੀ ਰੁੱਤ ਸ਼ੋਭਨੀਕ ਹੈ।

੩, ਅਥਵਾ:-ਚਾਰ ਖਾਣੀਆਂ ਰੂਪ ਰੁੱਤਾਂ 'ਚੋਂ ਉਹ ਖਾਣੀ ਰੂਪ ਰੁੱਤ ਸ਼ੋਭਨੀਕ ਹੈ।

੪ ਅਥਵਾ:-ਚਾਰ ਅਵਸਥਾਂ ਰੂਪ ਰੁੱਤਾਂ 'ਚੋਂ ਉਹ ਅਵਸਥਾ ਰੂਪੀ ਰੁੱਤ ਸ਼ੋਭਨੀਕ ਹੈ।

ਘੜੀ ਮੁਹਤੁ ਨਹ ਵੀਸਰੈ ਨਾਨਕ ਰਵੀਐ ਨਿਤ ॥ ੨ ॥

ਇੱਕ ਘੜੀ, ਅਤੇ ਮੁਹਤੁ=ਅੱਧੀ ਘੜੀ ਭੀ ਪ੍ਰਭੂ ਨਾ ਭੁੱਲੇ, ਗੁਰੂ ਜੀ ਆਖਦੇ ਹਨ-ਉਸਨੂੰ ਨਿਤਾਪ੍ਰਤੀ ਰਵੀਐ=ਉਚਾਰਨਾ ਭਾਵ ਯਾਦ ਕਰੀਏ॥ ੨॥

ਪਉੜੀ ॥ ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥

ਕਾਮ, ਕ੍ਰੋਧ, ਆਦਿਕ ਪੰਜੇ ਵਿਸ਼ੇ--ਵਰੀਆਮ=ਅਤ-ਰਥੀ ਸੂਰਬੀਰ ਹਨ, ਇਹਨਾਂ ਨੂੰ ਕਿਸੀ ਨੇ ਭੀ ਹੋੜੀਐ=ਹਟਾਇਆ ਨਹੀਂ ਹੈ।

---

*ਏਹੋ ਸਲੋਕ ਏਸੇ ਵਾਰ ਦੇ ਇੱਕੀਵੇਂ ਸਲੋਕ ਵਿਚ ਭੀ ਆਵੇਗਾ।

ਫਉਜ ਸੜਾਣੀ ਹਾਠ ਪੰਚਾ ਜੋੜੀਐ॥

ਇਹਨਾ ਪੰਜਾਂ ਦੀ ਜੋੜੀ ਹੋਈ ਜੋ ਵਿਕਾਰਾਂ ਰੂਪੀ ਫੌਜ ਹੈ, ਇਹ ਸ+ਤਾਣੀ=ਸਹਿਤ ਬਲ ਦੇ ਹੈ, ਅਤੇ ਬੜੇ ਹੱਠ ਵਾਲੀ ਹੈ। ਅਥਵਾ:-ਮੋਹ ਰਾਜਾ ਦੇ ਹਾਠ=ਤਰਫ ਦੀ ਹੈ।

ਦਸ ਨਾਰੀ ਅਉਧੂਤ ਦੇਨਿ ਚਮੋੜੀਐ॥

ਬੜੇ ਵਿਰਕਤ ਜੋ ਅਉਧੂਤ=ਸਾਧੂ ਹਨ, ਉਹਨਾਂ ਨਾਲ ਵੀ ਦਸ ਨਾਰੀ=ਕਈ ਔਰਤਾਂ ਚਮੋੜ ਦਿੰਦੇ ਹਨ। ਅਥਵਾ:-ਦਸ ਨਾਰੀ=ਦਾਸ ਇੰਦ੍ਰੀਆਂ ਚਮੋੜ ਦਿੰਦੇ ਹਨ।

ਜਿਣਿ ਜਿਣਿ ਲੈਨ੍ਹਿ ਰਲਾਇ ਏਹੋ ਏਨਾ ਲੋੜੀਐ॥

ਇਹ ਕਾਮਾਦਿਕ ਸਾਰਿਆਂ ਨੂੰ ਜਿੱਤ ਜਿੱਤ ਕੇ ਆਪਣੇ ਨਾਲ ਰਲਾ ਲੈਂਦੇ ਹਨ, ਇਹਨਾਂ ਕਾਮ ਆਦਿਕਾਂ ਨੂੰ ਭੀ ਏਹੋ ਲੋੜੀਐ=ਚਾਹੀਦਾ ਹੈ, ਕਿ ਸਾਰਾ ਸੰਸਾਰ ਅਸਾਡੇ ਹੀ ਵਸ ਵਿੱਚ ਹੋ ਜਾਵੇ।

ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ॥

ਤ੍ਰੈ-ਗੁਣੀ ਜੀਵ ਵੀ ਇਨ੍ਹਾਂ ਦੇ ਵਸ ਵਿੱਚ ਹਨ, ਕਿਸੇ ਨੇ ਭੀ ਇਹਨਾਂ ਦਾ ਮੂੰਹ ਨਹੀਂ ਮੋੜਨਾ ਕੀਤਾ।

ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ॥

ਇਹਨਾਂ ਕਾਮ ਆਦਿਕ ਸੂਰਮਿਆਂ ਦਾ ਭਰਮ ਰੂਪੀ ਕੋਟ=ਕਿਲ੍ਹਾ ਹੈ, ਤੇ ਉਸ ਕਿਲ੍ਹੇ ਦੀ ਮਾਇਆ ਰੂਪੀ ਖਾਈ ਹੈ, ਕਤ ਖਾਂ, "ਉਸ ਕਿਲ੍ਹੇ ਨੂੰ ਕਿਸ ਪ੍ਰਕਾਰ ਤੋੜਨਾ ਕਰੀਏ"। ਉੱਤਰ-

ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ॥

ਹੇ ਸਿੱਖ! ਤੂੰ ਪੂਰੇ ਗੁਰਾਂ ਦੁਆਰੇ ਪ੍ਰਭੂ ਨੂੰ ਅਰਾਧਕੇ ਬਿਖਮ=ਕਠਨ ਕਾਮਾਦਿਕਾਂ ਦੀ ਦਲ=ਫੌਜ ਨੂੰ ਫੋੜਨਾ ਕਰ।

ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ॥ ੧੫॥

ਏਸੇ ਕਰਕੇ ਮੈਂ ਤਾਂ ਉਸ ਗੁਰੂ ਅੱਗੇ ਰਾਤ-ਦਿਨ ਕਰ ਜੋੜੀਐ=ਹੱਥ ਜੋੜ ਕੇ ਖਲੋਤਾ ਰਹਿੰਦਾ ਹਾਂ॥ ੧੫॥

ਸਲੋਕ ਮ:੫॥ ਕਿਲਵਿਖ ਸਭੇ ਉਤਰਨਿ ਨੀਤ ਨੀਤ ਗੁਣ ਗਾਉ॥

ਨੀਤ ਨੀਤ=ਨਿਤਾਪ੍ਰਤੀ (ਹਮੇਸ਼ਾਂ) ਪ੍ਰਭੂ ਦੇ ਗੁਣ ਗਾਉਣ ਕਰਕੇ, ਸਾਰੇ ਕਿਲਵਿਖ=ਪਾਪ ਉੱਤਰ ਜਾਂਦੇ ਹਨ।

ਕੋਟਿ ਕਲੇਸਾ ਊਪਜਹਿ ਨਾਨਕ ਬਿਸਰੈ ਨਾਉ॥ ੧॥

ਗੁਰੂ ਜੀ ਆਖਦੇ ਹਨ, ਪ੍ਰਭੂ ਦੇ ਨਾਮ ਵਿਸਰਨੇ ਕਰਕੇ ਕ੍ਰੋੜਾਂ ਕਲੇਸਾ=ਦੁੱਖ ਊਪਜਹਿ=ਪੈਦਾ ਹੁੰਦੇ ਹਨ॥ ੧॥

ਮ:੫॥ ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜਗਤਿ॥

ਗੁਰੂ ਜੀ ਆਖਦੇ ਹਨ, ਪੂਰਨ ਸਤਿਗੁਰਾਂ ਦੇ ਮਿਲਣ ਕਰਕੇ ਸਾਧਨਾਂ ਦੀ ਪੂਰੀ ਜੁਗਤੀ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਦੀ ਜੁਗਤ ਪੂਰੀ ਹੋ ਗਈ ਹੈ, ਉਹਨਾਂ ਬ੍ਰਹਮ ਗਿਆਨੀਆਂ ਦੀ-

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥

ਹਸਦਿਆਂ, ਖੇਡਦਿਆਂ, ਬਸਤਰਾਂ ਦੇ ਪਹਿਨਦਿਆਂ, ਅਤੇ ਚੰਗੇ ਚੰਗੇ ਪਦਾਰਥ ਖਾਂਦਿਆਂ ਦੇ ਵਿਚ ਹੀ ਮੁਕਤੀ ਹੋ ਜਾਂਦੀ ਹੈ॥ ੨ ॥

ਪਉੜੀ ॥ ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥

ਉਹ ਸਤਿਗੁਰੂ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ (ਜਗਿਆਸੂ ਦੇ ਹਿਰਦੇ ਵਿਚੋਂ) ਭਰਮ ਰੂਪ ਗੜ੍ਹ=ਕਿਲ੍ਹੇ ਨੂੰ ਤੋੜਿਆ ਹੈ।

ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥

ਉਹ ਸਤਿਗੁਰੂ ਵਾਹੁ ਵਾਹੁ=ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਹਰੀ ਨਾਲ ਜੋੜਿਆ ਹੈ।

ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥

''ਅਖੁਟੁ ਨਿਧਾਨੁ''=ਨਾ ਮੁੱਕਣ ਵਾਲੇ ਖਜ਼ਾਨੇ 'ਚੋਂ ਗੁਰੂ ਨਾਮ ਰੂਪ ਦਾਰੂ ਦੇਂਦੇ ਹਨ।

ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥

ਬੜਾ ਭਿਆਨਕ ਜੋ ਹੰਕਾਰ ਰੂਪੀ ਰੋਗ ਹੈ, ਤਿਸ ਰੋਗ ਨੂੰ ਉਸ ਨਾਮ ਦਾਰੂ ਦੁਆਰੇ ਗੁਰੂ ਸਾਹਿਬ ਜੀ ਬਿਦਾਰੂਓ=ਨਾਸ ਕਰਦੇ ਹਨ।

ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥

ਗੁਰੂ ਦੀ ਕਿਰਪਾ ਨਾਲ ਬਹੁਤਿਆਂ ਖ਼ਜ਼ਾਨਿਆਂ ਵਿਚੋਂ ਵੱਡਾ ਨਾਮ ਰੂਪੀ ਖਜ਼ਾਨਾ ਪਾਇਆ ਹੈ।

ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥

ਆਪਣੇ ਸ੍ਵੈ-ਸਰੂਪ ਨੂੰ ਪਛਾਣ ਕੇ ਅਪਾਰ=ਸ੍ਰੇਸ਼ਟ ਮਨੁੱਖਾ ਜਨਮ ਨੂੰ ਜਿੱਤ ਲਿਆ ਹੈ।

ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥

ਸਮਰੱਥ ਗੁਰਦੇਵਾਂ ਦੀ ਮਹਿਮਾਂ ਅਸਾਡੇ ਪਾਸੋਂ ਕਹੀ ਨਹੀਂ ਜਾਂਦੀ।

ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥ ੧੬ ॥

ਗੁਰੂ, ਉਸ ਪਾਰਬ੍ਰਹਮ ਪਰਮੇਸ਼ਰ ਦਾ ਸਰੂਪ ਹਨ, ਜੋ ਅਪਰੰਪਰ=ਸੰਸਾਰ ਤੋਂ ਪਰੇ, ਅਲਖ=ਜਾਣਨੇ ਤੋਂ ਰਹਿਤ ਅਤੇ ਅਭੇਵ=ਭੇਦਾਂ ਤੋਂ ਰਹਿਤ ਪ੍ਰਭੂ ਹੈ॥ ੧੬ ॥

ਸਲੋਕੁ ਮ: ੫ ॥ ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥

ਹੇ ਜੀਵ ! ਅੰਮ੍ਰਿਤ ਵੇਲੇ ਉੱਠਣ ਦਾ ਉੱਦਮ ਕਰਦਿਆਂ ਤੇ ਨਾਮ ਜਪਣ ਦੀ ਕਮਾਈ ਕਰਦਿਆਂ ਹੋਇਆਂ ਤੂੰ ਸੁੱਖਾਂ ਨੂੰ ਭੋਗੇਂਗਾ।

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ ੧ ॥

ਗੁਰੂ ਜੀ ਆਖਦੇ ਹਨ—ਨਾਮ ਧਿਆਵਦਿਆਂ ਹੋਇਆਂ ਤੂੰ ਪ੍ਰਭੂ ਨਾਲ ਮਿਲ ਜਾਵੇਂਗਾ, ਅਤੇ ਮਨ

ਵਿਚੋਂ ਚਿੰਤਾ ਉਤਰ ਜਾਏਗੀ॥ ੧॥

ਮ: ੫॥ ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ॥

ਨਿਰਮਲ ਮਨ ਵਾਲੇ ਸਾਧੂਆਂ ਦੇ ਸੰਗ ਮਿਲ ਕੇ ਗੋਬਿੰਦ ਦੇ ਰਮਣ ਰੂਪ ਸ਼ੁਭ ਚਿੰਤਨ ਨੂੰ ਕਰ।

ਅਥਵਾ:-ਸ਼ੁਭ ਚਿੰਤਨ=ਮਨ ਕਰਕੇ ਸ਼ੁਭ ਚਿੰਤਨ ਕਰ, ਬਾਣੀ ਦੁਆਰਾ ਗੋਬਿੰਦ ਦੇ ਨਾਮ ਨੂੰ ਰਮਣ=ਉਚਾਰਨਾ ਕਰ, ਸਰੀਰ ਕਰਕੇ ਨਿਰਮਲ ਸੰਤਾ ਦੀ ਸੰਗਤ ਕਰ।

ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ॥ ੨॥

ਗੁਰੂ ਜੀ ਆਖਦੇ ਹਨ-ਹੇ ਭਾਈ ! ਇਸ ਤਰ੍ਹਾਂ ਬੇਨਤੀ ਕਰ, ''ਭਗਵੰਤ ! ਅਸਾਡੇ ਤੇ ਕਿਰਪਾ ਕਰ ਜੋ ਆਪ ਜੀ ਦਾ ਨਾਮ ਅਸਾਨੂੰ ਇੱਕ ਘੜੀ ਭਰ ਵੀ ਨਾ ਭੁੱਲੇ॥ ੨॥

ਪਉੜੀ॥ ਤੇਰਾ ਕੀਤਾ ਹੋਇ ਤ ਕਾਹੇ ਡਰਪੀਐ॥

ਜਾਂ ਤਿਸ ਪ੍ਰਭੂ ਦਾ ਕੀਤਾ ਹੋਇਆ ਸਭ ਕੁਝ ਹੋ ਰਿਹਾ ਹੈ, ਤਾਂ ਫਿਰ ਕਿਸ ਵਾਸਤੇ ਡਰਨਾ ਹੈ।

ਜਿਸੁ ਮਿਲਿ ਜਪੀਐ ਨਾਉ ਤਿਸੁ ਜੀਉ ਅਰਪੀਐ॥

ਜਿਸ ਦੇ ਮਿਲਿਆਂ ਨਾਮ ਜਪਿਆ ਜਾਵੇ, ਉਸ ਨੂੰ ਆਪਣਾ ਜੀਉ ਅਰਪ ਦੇਣਾ ਚਾਹੀਦਾ ਹੈ।

ਆਇਐ ਚਿਤਿ ਨਿਹਾਲੁ ਸਾਹਿਬ ਬੇਸੁਮਾਰ॥

ਬੇ-ਸੁਮਾਰ=ਅਨ-ਗਿਣਤ ਸਾਹਿਬ ਦੇ ਚੇਤੇ ਆਇਆਂ ਨਿਹਾਲ ਹੋਈਦਾ ਹੈ।

ਤਿਸ ਨੋ ਪੋਹੇ ਕਵਣੁ ਜਿਸੁ ਵਲਿ ਨਿਰੰਕਾਰ॥

ਜਿਸ ਦੇ ਪੱਖ ਵਿਚ ਨਿਰੰਕਾਰ ਆਪ ਹੈ, ਉਸ ਨੂੰ ਭਲਾ ਕੌਣ ਪੋਹ ਸਕਦਾ ਹੈ। ਅਰਥਾਤ ਕੋਈ ਭੀ ਨੇੜੇ ਆ ਕੇ ਦੁੱਖ ਨਹੀਂ ਦੇ ਸਕਦਾ।

ਸਭੁ ਕਿਛੁ ਤਿਸ ਕੈ ਵਸਿ ਨ ਕੋਈ ਬਾਹਰਾ॥

ਉਸ ਪਰਮਾਤਮਾ ਦੇ ਵਸ ਵਿਚ ਸਭ ਕੁਝ ਹੈ ਉਸ ਦੇ ਹੁਕਮ ਤੋਂ ਬਾਹਰ ਕੋਈ ਨਹੀਂ ਹੈ।

(ਪੰਨਾ ੫੨੩)

ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ॥

ਉਹ ਸਮਾਹਰਾ=ਆਨੰਦ ਰੂਪ ਸੱਚਾ ਵਾਹਿਗੁਰੂ ਭਗਤਾਂ ਦੇ ਮਨ ਵਿਚ ਵੱਸ ਰਿਹਾ ਹੈ।

ਤੇਰੇ ਦਾਸ ਧਿਆਇਨਿ ਤੁਧੁ ਤੂੰ ਰਖਣ ਵਾਲਿਆ॥

ਹੇ ਪ੍ਰਭੂ ! ਤੇਰੇ ਦਾਸ ਤੈਨੂੰ ਹੀ ਧਿਆਉਂਦੇ ਹਨ, ਅਤੇ ਤੂੰ ਉਹਨਾਂ ਦੀ ਰੱਖਿਆ ਕਰਨ ਵਾਲਾ ਹੈਂ।

ਸਿਰਿ ਸਭਨਾ ਸਮਰਥੁ ਨਦਰਿ ਨਿਹਾਲਿਆ॥ ੧੭॥

ਅਸਾਂ ਨੇ ਨਦਰਿ ਨਿਹਾਲਿਆ=ਅੱਖੀਂ ਦੇਖਿਆ ਹੈ ਕਿ ਤੂੰ ਸਾਰਿਆਂ ਦੇ ਸਿਰ ਤੇ ਸਮਰੱਥ ਹੈਂ। ਅਥਵਾ:-ਸਾਰਿਆਂ ਦੇ ਸਿਰ ਉੱਪਰ ਤੂੰ ਸਮਰੱਥ ਹੈਂ, ਪਰ ਜਿਸ ਵੱਲ ਨਦਰਿ=ਕ੍ਰਿਪਾ ਦ੍ਰਿਸ਼ਟੀ ਕਰਦੇ ਹੋ ਉਸ ਨੂੰ ਨਿਹਾਲਿਆ=ਦੁੱਖਾਂ ਤੋਂ ਰਹਿਤ ਕਰ ਦਿੰਦੇ ਹੋ॥ ੧੭॥

ਸਲੋਕ ਮ:੫ ॥ ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਟਾ ਨਿਵਾਰਿ ॥

ਕਾਮ, ਕ੍ਰੋਧ, ਮਦ=ਹੰਕਾਰ, ਲੋਭ, ਮੋਹ ਆਦਿ ਜੋ (ਪੰਜ) ਦੁਸ਼ਟ ਹਨ, ਇਹਨਾਂ ਦੀ ਵਾਸ਼ਨਾਂ ਮਨ ਵਿੱਚੋਂ ਦੂਰ ਕਰ ਦਿਓ।

ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ ॥ ੧ ॥

ਹੇ ਆਪਣੇ ਪ੍ਰਭੂ ! ਅਸਾਨੂੰ ਆਪਣੇ ਦਾਸ ਜਾਣਕੇ ਰੱਖ ਲਓ, ਗੁਰੂ ਜੀ ਕਥਨ ਕਰਦੇ ਹਨ, ਅਸੀਂ ਆਪ ਜੀ ਤੋਂ ਸਦਾ ਬਲਿਹਾਰ ਕੁਰਬਾਨ ਜਾਂਦੇ ਹਾਂ ॥ ੧ ॥

ਮ:੫ ॥ ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥

ਚੰਗੇ ਚੰਗੇ ਪਦਾਰਥ ਖਾਂਦਿਆਂ ਖਾਂਦਿਆਂ ਮੂੰਹ ਘਸ ਗਿਆ ਹੈ, ਭਾਵ ਜ਼ੁਬਾਨ ਸਿਥਲ ਹੋ ਗਈ ਹੈ, ਤੇ ਦੰਦ ਨਿਕਲ ਗਏ ਹਨ ਅਤੇ ਕੱਪੜੇ ਪਾਂਦਿਆਂ ਪਾਂਦਿਆਂ ਸਾਰੇ ਅੰਗ ਘਸ ਗਏ ਭਾਵ ਸਿਥਲ(ਕਮਜ਼ੋਰ) ਹੋ ਗਏ ਹਨ।

ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥ ੨ ॥

ਗੁਰੂ ਜੀ ਆਖਦੇ ਹਨ, ਉਹਨਾਂ ਦੇ ਜਿਉਣੇ ਨੂੰ ਧ੍ਰਿਕਾਰ ਹੈ, ਜਿਨ੍ਹਾਂ ਦਾ ਅਜੇ ਤੱਕ ਵੀ ਸੱਚੇ ਵਾਹਿਗੁਰੂ ਨਾਲ ਰੰਗੁ=ਪ੍ਰੇਮ ਨਹੀਂ ਲੱਗਾ ॥ ੨ ॥

ਪਉੜੀ ॥ ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥

ਹੇ ਪ੍ਰਭੂ ! ਜਿਵੇਂ ਜਿਵੇਂ ਆਪ ਜੀ ਦਾ ਹੁਕਮ ਹੁੰਦਾ ਹੈ, ਤਿਵੇਂ ਤਿਵੇਂ ਹੀ ਸਾਥੋਂ ਕੰਮ ਹੁੰਦਾ ਹੈ।

ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥

ਜਿੱਥੇ ਜਿੱਥੇ ਆਪ ਅਸਾਨੂੰ ਰੱਖਦੇ ਹੋ, ਤਿੱਥੇ ਜਾ ਕੇ ਹੀ ਅਸੀਂ ਖਲੋਣਾ ਕਰਦੇ ਹਾਂ।

ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥

ਆਪ ਜੀ ਦੇ ਨਾਮ ਦੇ ਰੰਗਿ=ਪ੍ਰੇਮ ਕਰਕੇ ਹੀ ਦੁਰਮਤਿ=ਖੋਟੀ ਬੁੱਧੀ ਨੂੰ ਧੋਣਾ ਕਰਦੇ ਹਾਂ।

ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥

ਹੇ ਨਿਰੰਕਾਰ ! ਆਪ ਜੀ ਦੇ ਨਾਮ ਜਪ ਨੂੰ ਜਪ ਕੇ ਹੀ ਭਰਮ ਅਤੇ ਜਮਾਂ ਦੇ ਡਰ ਨੂੰ ਖੋਣਾ ਕਰਦੇ ਹਾਂ।

ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥

ਜੋ ਪੁਰਸ਼ ਆਪ ਜੀ ਦੇ ਪ੍ਰੇਮ ਵਿੱਚ ਰੱਤੇ ਹੋਏ ਹਨ, ਉਹ ਜੂਨੀਆਂ ਦੇ ਦੁੱਖਾਂ ਨੂੰ ਜੋਵਣਾ=ਦੇਖਣਾ ਨਹੀਂ ਕਰਦੇ।

ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥

ਉਹ ਸਾਰੇ ਬ੍ਰਹਿਮਾਂਡ ਦੇ ਅੰਦਰ ਬਾਹਰ ਇੱਕ ਆਪ ਜੀ ਨੂੰ ਹੀ ਨੈਣ=ਅੱਖਾਂ ਨਾਲ ਅਲੋਵਣਾ=ਵੇਖਣਾ ਕਰਦੇ ਹਨ।

ਜਿਨ੍ੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ ॥

ਜਿਨ੍ਹਾਂ ਨੇ ਆਪ ਜੀ ਦੇ ਹੁਕਮ ਨੂੰ ਪਛਾਣਨਾ ਕੀਤਾ ਹੈ, ਤਿਨ੍ਹਾਂ ਨੇ ਕਦੇ ਰੋਣਾ ਨਹੀਂ ਕੀਤਾ।

ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਨੇ ਬਖਸ਼ਿਸ਼ ਦੁਆਰੇ ਆਪਣੇ ਮਨ ਵਿੱਚ ਨਾਮ ਨੂੰ ਹੀ ਪਰੋਵਣਾ=ਧਾਰਨਾ ਕੀਤਾ ਹੈ॥ ੧੮ ॥

ਸਲੋਕ ਮਃ ੫ ॥ ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ ॥

ਜਿਸ ਮਨੁੱਖ ਨੇ ਜੀਉਂਦਿਆਂ ਪ੍ਰਭੂ ਦੇ ਨਾਮ ਨੂੰ ਚੇਤਿਆ ਨਹੀਂ ਹੈ, ਉਹ ਮਰਦਾ ਹੀ ਖਾਕ=ਮਿੱਟੀ ਨਾਲ ਰਲੰਦੜੋ=ਰਲ ਗਿਆ ਹੈ।

ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ ॥ ੧ ॥

ਗੁਰੂ ਜੀ ਕਥਨ ਕਰਦੇ ਹ੍ਨ, ਜ਼ਿੰਦਗੀ ਦਾ ਸਾਰਾ ਸਮਾਂ ਦੁਨੀਆਂ ਦੇ ਨਾਲ ਹੀ ਗੁਦਾਰਿਆ=ਬਤੀਤ ਕਰ ਦਿੱਤਾ ਹੈ, ਉਹ ਸਾਕਤ ਮੂਰਖ ਨਪਾਕ=ਅਪਵਿੱਤ੍ਰ ਹੈ॥ ੧ ॥

ਮਃ ੫ ॥ ਜੀਵੰਦਿਆ ਹਰਿ ਚੇਤਿਆ ਮਰੰਦਿਆ ਹਰਿ ਰੰਗਿ ॥

ਜਿਸ ਮਨੁੱਖ ਨੇ ਜੀਉਂਦਿਆਂ ਹਰੀ ਨਾਮ ਨੂੰ ਜਪਿਆ ਹੈ, ਅਤੇ ਮਰਨ ਲੱਗਿਆਂ ਵੀ ਹਰੀ ਵਿੱਚ ਰੰਗਿ=ਪ੍ਰੇਮ ਕੀਤਾ ਹੈ।

ਜਨਮੁ ਪਦਾਰਥੁ ਤਾਰਿਆ ਨਾਨਕ ਸਾਧੂ ਸੰਗਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਉਸ ਨੇ ਸਾਧੂਆਂ ਦੇ ਸੰਗ ਕਰਕੇ ਆਪਣੇ ਜਨਮ ਪਦਾਰਥ ਨੂੰ ਤਾਰ ਲਿਆ ਹੈ-ਭਾਵ ਮਨੁੱਖਾ ਜਨਮ ਨੂੰ ਸਫਲਾ ਕਰ ਲਿਆ ਹੈ॥ ੨ ॥

ਪਉੜੀ ॥ ਆਦਿ ਜੁਗਾਦੀ ਆਪਿ ਰਖਣ ਵਾਲਿਆ ॥

ਉਹ ਪਰਮੇਸ਼ਰ "ਆਦਿ ਜੁਗਾਦੀ"=ਸਦਾ ਸਦਾ ਆਪ ਹੀ ਰੱਖਿਆ ਕਰਨ ਵਾਲਾ ਹੈ।

ਸਚੁ ਨਾਮੁ ਕਰਤਾਰੁ ਸਚੁ ਪਸਾਰਿਆ ॥

ਉਸ ਕਰਤਾਰ ਦਾ ਨਾਮ ਸੱਚਾ ਹੈ, ਅਤੇ ਉਸ ਦਾ ਸੰਸਾਰ ਪਸਾਰਾ ਵੀ ਸੱਚਾ ਹੈ।

ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ ॥

ਕਿਸੀ ਜਗ੍ਹਾ ਤੇ ਵੀ ਊਣਾ ਨਹੀਂ ਹੁੰਦਾ, ਸਾਰਿਆਂ ਘਟਾਂ ਘਟਾਂ ਵਿੱਚ ਪੂਰਨ ਹੈ।

ਮਿਹਰਵਾਨ ਸਮਰਥ ਆਪੇ ਹੀ ਘਾਲਿਆ ॥

ਉਹ ਮਿਹਰਵਾਨ ਪ੍ਰਭੂ (ਸਰਬ ਕਲਾ) ਸਮਰੱਥ ਹੈ, ਆਪੇ ਹੀ ਸਾਰੇ ਕੰਮ ਘਾਲਿਆ=ਕਰਦਾ ਹੈ।

ਅਥਵਾ:-ਆਪ ਹੀ ਸਾਰਿਆਂ ਵਿੱਚ ਸੱਤਾ ਨੂੰ ਘਾਲਿਆ=ਪਾਂਵਦਾ ਹੈ।

ਜਿਨ੍ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ ॥

ਉਹ ਪ੍ਰਭੂ ਜਿਨ੍ਹਾਂ ਦੇ ਮਨ ਵਿੱਚ ਆਪ ਵਸਿਆ ਹੈ, ਉਹ ਪੁਰਸ਼ ਸਦੀਵ ਕਾਲ ਸੁਖੀ ਹਨ।

ਆਪੇ ਰਚਨੁ ਰਚਾਇ ਆਪੇ ਹੀ ਪਾਲਿਆ ॥

ਆਪ ਹੀ ਜੀਵਾਂ ਦੀ ਰਚਨਾਂ ਨੂੰ ਰਚਾਇ=ਬਣਾਉਂਦਾ ਹੈ, ਫਿਰ ਆਪ ਹੀ ਸਾਰਿਆਂ ਨੂੰ ਪਾਲਦਾ ਹੈ।

ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ ॥

(ਸੁਤੰਤ੍ਰ ਰੂਪ ਹੋਣ ਕਰਕੇ) ਸਭ ਕੁਝ ਆਪੇ ਆਪ ਕਰਦਾ ਹੈ, ਉਹ ਬਿਅੰਤ ਗੁਣਾਂ ਕਰਕੇ ਅਪਾਰਿਆ= ਪਾਰਾਵਾਰ ਤੋਂ ਰਹਿਤ ਹੈ।

ਗੁਰ ਪੂਰੇ ਕੀ ਟੇਕ ਨਾਨਕ ਸੰਮ੍ਹਾਲਿਆ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ, ਅਸਾਂ ਨੇ ਪੂਰਿਆਂ ਗੁਰਾਂ ਦੀ ਓਟ ਲੈ ਕੇ, ਉਸ ਨੂੰ ਸੰਭਾਲਣਾ ਕੀਤਾ ਹੈ ॥੧੯ ॥

ਸਲੋਕ ਮ: ੫ ॥ ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥

ਆਦਿ=ਬਾਲਕ ਅਵਸਥਾ, ਮਧਿ=ਵਿਚਾਲੇ ਜੋਬਨ ਅਵਸਥਾ, ਅਤੇ ਅੰਤਿ=ਬ੍ਰਿੱਧ ਅਵਸਥਾ ਵਿਚ ਅਸਾਨੂੰ ਪਰਮੇਸ਼ਰ ਨੇ ਹੀ ਰੱਖਣਾ ਕੀਤਾ ਹੈ।

ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥

ਜਾਂ ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਦੇਣਾ ਕੀਤਾ, ਤਾਂ ਹੀ ਹਰੀ ਨਾਮ ਅੰਮ੍ਰਿਤ ਰਸ ਦੇ ਸੁਆਦ ਨੂੰ ਚੱਖਣਾ ਕੀਤਾ।

ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥

ਸੰਤਾਂ ਦੇ ਨਾਲ ਮਿਲਕੇ ਜੋ ਸਿੱਖ ਰਾਤ-ਦਿਨੇ ਅਪਾਰ ਹਰੀ ਦੇ ਗੁਣਾਂ ਨੂੰ ਰਵੈ=ਉਚਾਰਦਾ ਹੈ।

ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥

ਉਹ ਸਾਰਿਆਂ ਮਨੋਰਥਾਂ ਨੂੰ ਪਾ ਲੈਂਦਾ ਹੈ, ਅਤੇ (ਚੌਰਾਸੀ ਲੱਖ) ਜੂਨੀਆਂ ਵਿੱਚ ਨਹੀਂ ਫਿਰਦਾ।

ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥

ਜੋ ਪ੍ਰਭੂ ਸਭ ਕਾਰਣ ਕਾਰਜਾਂ ਦੇ ਕਰਨ ਵਾਲਾ ਹੈ, ਉਸ ਕਰਤੇ ਪੁਰਖ ਦੇ ਹੱਥ ਵਿਚ ਸਭ ਕੁਝ ਹੈ।

ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਸੰਸਾਰ ਸਾਗਰ ਤੋਂ ਤਾਰਨ ਵਾਲੀ ਜੋ ਸੰਤਾਂ ਦੀ ਚਰਣ ਧੂੜੀ ਹੈ, ਉਸ ਦਾ ਦਾਨ ਆਪ ਜੀ ਤੋਂ ਮੰਗਦਾ ਹਾਂ ॥ ੧ ॥

ਮ:੫ ॥ ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥

ਹੇ ਪੁਰਖਾ! ਜਿਸ ਵਾਹਿਗੁਰੂ ਨੇ ਸਾਰਿਆਂ ਨੂੰ ਪੈਦਾ ਕੀਤਾ ਹੈ, ਉਸ ਨੂੰ ਤੂੰ ਆਪਣੇ ਮਨ ਵਿੱਚ ਵਸਾਣਾ ਕਰ।

ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥

ਜਿਨ੍ਹਾਂ ਜਨਾਂ ਨੇ ਖਸਮੁ=ਪਰਮਾਤਮਾ ਨੂੰ ਧਿਆਉਣਾ ਕੀਤਾ ਹੈ, ਉਹਨਾਂ ਨੇ ਸੁਖ ਪਾਉਣਾ ਕੀਤਾ ਹੈ।

ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥

ਗੁਰਮੁਖਾਂ ਦਾ ਆਇਆ ਹੋਇਆ ਪ੍ਰਮਾਨੀਕ ਮਨੁੱਖਾ ਜਨਮ ਸਫਲਾ ਹੋਇਆ ਹੈ।

ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥

ਖਸਮਿ=ਪਰਮਾਤਮਾ ਨੇ ਜੋ ਹੁਕਮ ਫੁਰਮਾਇਆ ਹੈ, ਉਸ ਹੁਕਮ ਨੂੰ ਬੁੱਝਕੇ ਗੁਰਮੁਖ ਨਿਹਾਲ ਹੋਏ ਹਨ।

ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥

ਜਿਸ (ਸਿੱਖ) ਉੱਤੇ ਪ੍ਰਭੂ ਆਪ ਕਿਰਪਾਲੂ ਹੋਇਆ ਹੈ, ਉਹ (ਸਿੱਖ) ਜੂਨੀਆਂ ਵਿੱਚ ਭਰਮਦਾ ਨਹੀਂ ਹੈ।

ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ ॥

ਖਸਮਿ=ਮਾਲਕ ਪਰਮਾਤਮਾ ਨੇ (ਕਰਮਾਂ ਅਨੁਸਾਰ) ਜੋ ਜੋ ਭੀ ਪਦਾਰਥ ਦਿੱਤਾ ਹੈ, ਉਹਨਾਂ ਨੇ ਉਸ ਨੂੰ ਸੁਖ ਰੂਪ ਕਰਕੇ ਪਾਇਆ ਹੈ।

ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਪ੍ਰਭੂ ਦਿਆਲੂ ਹੁੰਦਾ ਹੈ। ਉਸ ਨੂੰ ਹੁਕਮ ਮੰਨਣ ਦੀ ਮਿਤ=ਪਰਯਾਦਾ ਸਮਝਾਂਦਾ ਹੈ।

ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥ ੨ ॥

ਜਿਸ ਨੂੰ ਆਪਣੇ ਵੱਲੋਂ ਭੁਲਾਂਦਾ ਹੈ, ਉਹ ਪੁਰਸ਼ ਨਿਤਾ-ਪ੍ਰਤੀ ਸੰਸਾਰ ਵਿੱਚ ਮਰਿ=ਤਹਿਕੀਕ (ਨਿਸਚੇ ਕਰਕੇ) ਜੰਮਦਾ ਮਰਦਾ ਹੈ, ਅਥਵਾ:-ਮਰ ਮਰਕੇ ਜੰਮਦਾ ਹੈ।

ਪਉੜੀ ॥ ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥

ਨਿੰਦਕਾਂ ਨੂੰ ਤਤਕਾਲਿ=ਸ਼ੀਘਰ ਹੀ ਮਾਰਨਾ ਕੀਤਾ ਹੈ, ਇੱਕ ਖਿਨ ਭਰ ਵੀ ਟਿਕਣ ਨਹੀਂ ਦਿੱਤਾ।

ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥

ਪ੍ਰਭੂ ਆਪਣਿਆਂ ਦਾਸਾਂ ਦਾ ਦੁੱਖ ਖਵਿ=ਸਹਾਰ ਨਹੀਂ ਸਕਦਾ, ਇਸ ਲਈ ਨਿੰਦਕਾਂ ਨੂੰ ਫੜਕੇ ਜੂਨੀਆਂ ਵਿਖੇ ਜੁਤੇ=ਜੋੜ ਦਿੱਤਾ ਹੈ।

(ਪੰਨਾ ੫੨੪)

ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥

ਸਿਰ ਦੇ ਵਾਲਾਂ ਤੋਂ ਫੜ ਕੇ ਧੋਬੀ ਵਾਂਗੂੰ ਪਛਾੜਦਾ ਭਾਵ ਦੁੱਖ ਦੇਂਦਾ ਹੈ, ਤੇ ਅੰਤ ਨੂੰ ਜਮ ਰਸਤੇ ਵਿਖੇ ਮੁਤੇ=ਭੇਜਦਾ ਹੈ।

ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ॥

ਜਮ ਰਸਤੇ ਵਿੱਚ ਜਮਾਂ ਦੇ ਦੁੱਖ ਲੱਗਣ ਕਰਕੇ, ਨਿੰਦਕ ਵਿਰਲਾਪ ਕਰਦੇ ਹਨ, ਤੇ ਘੋਰਿ=ਕੁੰਡੀ ਨਰਕ ਵਿੱਚ (ਸੂਲਾਂ ਦੀ ਸੇਜਾ ਤੇ) ਸੌਣਾ ਕਰਦੇ ਹਨ।

ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ॥ ੨੦॥

ਗੁਰੂ ਜੀ ਆਖਦੇ ਹਨ, ਸਤੇ=ਸਤ ਚਿੱਤ ਅਨੰਦ ਰੂਪ ਹਰੀ ਨੇ ਆਪਣਿਆਂ ਦਾਸਾਂ ਨੂੰ ਆਪਣੇ ਗਲ ਨਾਲ ਲਗਾ ਕੇ ਰੱਖਣਾ ਕੀਤਾ ॥ ੨੦॥

ਸਲੋਕ ਮਃ ੫॥ ਰਾਮੁ ਜਪਹੁ ਵਡਭਾਗੀਹੋ ਜਲਿ ਥਲਿ ਪੂਰਨੁ ਸੋਇ॥

ਹੇ ਵੱਡਿਆਂ ਭਾਗਾਂ ਵਾਲਿਓ ! ਰਾਮ ਨਾਮ ਨੂੰ ਜਪਣਾ ਕਰੋ, ਉਹ ਰਾਮ ਜਲ, ਥਲ, ਆਦਿਕ ਸਾਰਿਆਂ ਵਿੱਚ ਪੂਰਨ ਹੈ।

ਨਾਨਕ ਨਾਮਿ ਧਿਆਇਐ ਬਿਘਨੁ ਨ ਲਾਗੈ ਕੋਇ॥ ੧॥

ਗੁਰੂ ਜੀ ਆਖਦੇ ਹਨ, ਪ੍ਰਭੂ ਦੇ ਨਾਮ ਧਿਆਉਣ ਕਰਕੇ ਕੋਈ ਭੀ ਬਿਘਨ ਨਹੀਂ ਲੱਗਦਾ॥ ੧॥

ਮਃ੫॥ ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥

ਜਿਸ ਨੂੰ ਪ੍ਰਭੂ ਦਾ ਨਾਮ ਭੁੱਲ ਜਾਂਦਾ ਹੈ, ਉਸ ਪੁਰਸ਼ ਨੂੰ ਕ੍ਰੋੜਾਂ ਬਿਘਨ ਆ ਕੇ ਲੱਗਦੇ ਹਨ।

ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥ ੨॥*

ਗੁਰੂ ਜੀ ਆਖਦੇ ਹਨ, ਉਹ ਰਾਤ-ਦਿਨੇ ਇੰਞ ਵਿਰਲਾਪ ਕਰਦੇ ਰਹਿੰਦੇ ਹਨ, ਜਿਵੇਂ ਸੁੰਞੈ=ਖਾਲੀ ਘਰ ਵਿੱਚ ਕਾਂ ਵਿਰਲਾਪ ਕਰਦਾ ਭਾਵ ਕਰਲੌਂਦਾ ਹੈ॥ ੨॥

ਪਉੜੀ॥ ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ॥

ਦਾਤੇ (ਵਾਹਿਗੁਰੂ) ਨੂੰ ਸਿਮਰਦਿਆਂ ਸਿਮਰਦਿਆਂ ਸੇਵਕ ਦੇ ਸਾਰੇ ਮਨੋਰਥ ਪੂਰੇ ਹੋ ਗਏ ਹਨ।

ਇਛ ਪੁੰਨੀ ਮਨਿ ਆਸ ਗਏ ਵਿਸੂਰਿਆ॥

ਇੱਛਾ ਅਤੇ ਮਨ ਦੀ ਆਸਾ ਪੂਰੀ ਹੋ ਗਈ ਹੈ। ਅਥਵਾ:- ਇਛ ਪੁੰਨੀ=ਪ੍ਰਮਾਤਮਾ ਨੇ ਮਨ ਦੀ ਆਸਾ ਪੂਰੀ ਕੀਤੀ ਹੈ। ਅਥਵਾ :- ਮਨ ਵਿਖੇ ਜੋ ਇੱਛਾ ਸੀ, ਉਹ ਪੁੰਨੀ=ਪੂਰੀ ਹੋ ਗਈ ਆਸ=ਹੈ। ਅਤੇ ਵਿਸੂਰਿਆ=ਝੋਰੇ ਚਲੇ ਗਏ ਹਨ।

ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ॥

ਜਿਸ ਨਾਮ ਖ਼ਜ਼ਾਨੇ ਨੂੰ ਸੇਵਕ ਲੱਭਦਾ ਸੀ, ਓਹੀ ਨਾਮ ਖ਼ਜ਼ਾਨਾ ਸੇਵਕ ਨੈ ਪਾ ਲਿਆ ਹੈ।

---

*ਇਹ ਸਲੋਕ ਏਥੇ ਵਾਰ ਦੇ ਪੰਦ੍ਰਵੇਂ ਸਲੋਕ ਵਿੱਚ ਭੀ ਆ ਚੁੱਕਾ ਹੈ ਪੰਨਾ ੫੨੨।

ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥

ਹੁਣ ਤਾਂ ਜੋਤੀ=ਪਰਮਾਤਮਾ ਨਾਲ ਜੋਤ ਮਿਲ ਗਈ ਹੈ, ਅੱਗੋਂ ਲਈ 'ਰਹਿਆ ਘਾਲਦਾ'=ਕਮਾਈ ਕਰਨ ਤੋਂ ਰਹਿ ਗਿਆ ਹੈ।

ਸੂਖ ਸਹਜ ਆਨੰਦ ਵੁਠੇ ਤਿਤੁ ਘਰਿ ॥

ਤਿਸ ਸੇਵਕ ਦੇ ਘਰ ਵਿਚ ''ਸਹਜ ਸੂਖ''=ਅਚੁਤ ਸੁਖ ਦੇ ਅਨੰਦ ਆ ਕੇ ਵੁਠੇ=ਵਸੇ ਹਨ।

ਆਵਣ ਜਾਣ ਰਹੇ ਜਨਮੁ ਨ ਤਹਾ ਮਰਿ ॥

ਉਸ ਸੇਵਕ ਦਾ ਆਉਣਾ ਜਾਣਾ ਰਹਿ ਗਿਆ ਹੈ, ਅਤੇ ਤਹਾ=ਤਿਸ ਜਗ੍ਹਾ ਜਾ ਕੇ ਟਿਕਿਆ ਹੈ ਜਿੱਥੇ ਜੰਮਣਾ ਮਰਨਾ ਨਹੀਂ ਹੈ।

ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥

ਅਜੇਹਾ ਸੇਵਕ ਤੇ ਸਾਹਿਬ ਪਰਮਾਤਮਾ ਇੱਕ ਹਨ, ਦੋਵੇਂ ਇੱਕ ਰੂਪ ਹੀ ਦ੍ਰਿਸਟਾਇਆ=ਨਜ਼ਰ ਆਏ ਹਨ।

ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ ॥ ੨੧ ॥ ੧ ॥ ੨ ॥ ਸੁਧੁ

ਗੁਰੂ ਜੀ ਆਖਦੇ ਹਨ, ਗੁਰਾਂ ਦੀ ਕਿਰਪਾ ਨਾਲ ਉਹ ਸੇਵਕ ਅੰਤ ਨੂੰ ਸੱਚ ਵਿਚ ਅਭੇਦ ਹੋਇਆ ਹੈ॥ ੨੧ ॥ ੧ ॥ ੨ ॥ ਸੁਧੁ

ਇਹ ਵਾਰ ਸ਼ੁੱਧ ਹੈ ਇਸ ਵਿਚ ਕਿਸੇ ਅੱਖਰ ਦੀ ਅਦਲਾ-ਬਦਲੀ ਨਹੀਂ ਕਰਨੀ।

ਰਾਗੁ ਗੂਜਰੀ ਭਗਤ ਬਾਣੀ

ਰਾਗੁ ਗੂਜਰੀ ਭਗਤਾ ਕੀ ਬਾਣੀ

੧ਓ ਸਤਿਗੁਰ ਪ੍ਰਸਾਦਿ॥

ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ॥

ਉਥਾਨਕਾ:-ਇੱਕ ਪਖੰਡੀ ਸਾਧੂ ਭਿੱਖਿਆ ਦਾ ਅੰਨ ਛੱਡ ਕੇ ਇਕ ਗ੍ਰਹਿਸਤੀ ਦੇ ਚੁਬਾਰੇ ਵਿਚ ਰਹਿ ਕੇ ਓਸੇ ਗ੍ਰਹਿਸਤੀ ਦੇ ਘਰ ਦਾ ਅੰਨ ਛਕ ਕੇ ਅਤੇ ਦੁੱਧ ਪੀ ਕੇ ਉਸ ਦੀ ਮਸਤੀ ਵਿਚ ਬੂਹਾ ਮਾਰ ਕੇ ਅੰਦਣ ਸੁੱਤਾ ਰਹਿੰਦਾ ਸੀ ਤੇ ਪਹਿਲੇ ਸਭਨਾਂ ਨੂੰ ਆਖ ਦੇਂਦਾ ਸੀ ਕਿ ਮੈਨੂੰ ਬੁਲਾਵੇ ਕੋਈ ਨਾ (ਅਤੇ ਲੋਕ ਇਹ ਸਮਝਣ ਕਿ ਇਹ ਸਮਾਧੀ ਵਿਚ ਇਸਥਿਤ ਹੋ ਕੇ ਭਜਨ ਕਰਦਾ ਹੈ) ਕਿਸੀ ਕਾਰਨ ਕਬੀਰ ਜੀ ਭੀ ਓਥੇ ਜਾ ਪਹੁੰਚੇ ਤੇ ਉਸ ਪਖੰਡੀ ਦੀ ਕਿਰਿਆ ਨੂੰ ਦੇਖ ਕੇ ਦਿਲ ਵਿਚ ਬੜੇ ਹੈਰਾਨ ਹੋਏ ਤੇ ਉਸ ਪਖੰਡੀ ਨੂੰ ਆਖਦੇ ਹਨ, "ਹੇ ਭਲਿਆ ਲੋਕਾ ! ਮਧੂਕੜੀ ਦਾ ਅੰਨ ਖਾਣਾ ਸਭ ਤੋਂ ਸ੍ਰੇਸ਼ਟ ਹੈ।"

ਯਥਾ= ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ॥
ਦਾਵਾ ਕਾਹੂ ਕੋ ਨਹੀਂ ਬਡਾ ਦੇਸੁ ਬਡ ਰਾਜੁ॥੧੬੮॥ *(ਸਲੋਕ ਕਬੀਰ ਜੀ, ਪੰਨਾ ੧੩੭੩)*

ਇੱਕ ਗ੍ਰਹਿਸਤੀ ਦੇ ਘਰ ਦਾ ਅੰਨ ਛਕਿਆ ਤਾਂ ਸਫਲ ਹੈ, ਜੇਕਰ ਵਾਹਿਗੁਰੂ ਦਾ ਭਜਨ ਸਿਮਰਨ ਕਰੇ। ਜਾਂ ਸਤਿਸੰਗ ਦੀ ਸੇਵਾ ਕਰੇ, ਜਾਂ ਉਸ ਦੇ ਮਨ ਦੀਆਂ ਕਾਮਨਾਂ ਨੂੰ ਪੂਰਨ ਕਰੇ। ਇਹਨਾਂ ਤਿੰਨਾਂ ਗੱਲਾਂ 'ਚੋਂ ਇੱਕ ਗੱਲ ਜ਼ਰੂਰ ਕਰਨੀ ਚਾਹੀਦੀ ਹੈ। ਪਰ, ਤੇਰੇ ਵਿਚ ਕੋਈ ਗੱਲ ਵੀ ਨਹੀਂ। ਇਸ ਕਰਕੇ ਯਾਦ ਰੱਖ ! ਤੈਨੂੰ ਬਲਦ ਬਣ ਕੇ ਹਿਸਾਬ ਦੇਣਾ ਪਵੇਗਾ।

ਤਾਂ ਅੱਗੋਂ ਉਸ ਨੇ ਕਿਹਾ-"ਓਏ ਜੁਲਾਹੇ ! ਅਸੀਂ ਤੇਰੇ ਵਰਗੇ ਵੀ ਨਾ ਹੋਏ ? ਤੂੰ ਨਜੂਨ ਜਾਤੀ ਵਾਲਾ ਹੋ ਕੇ ਅਸਾਨੂੰ ਉਪਦੇਸ਼ ਦੇਂਦਾ ਹੈਂ?"

ਇਹ ਗੱਲ ਸੁਣ ਕੇ ਕਬੀਰ ਜੀ ਤਾਂ ਚਲੇ ਗਏ। ਪਰ, ਸਮੇਂ ਅਨੁਸਾਰ ਓਹੀ ਪਖੰਡੀ ਮਰ ਕੇ ਉਹਨਾਂ ਦੇ ਘਰ ਬੈਲ ਆ ਬਣਿਆ ਤੇ ਸਮਾਂ ਪਾ ਕੇ ਉਹਨਾਂ ਨੇ ਹਲ ਨਾਲ ਜੋੜਿਆ। ਉਹ ਬਥੇਰਾ ਜ਼ੋਰ ਲਾਵਣ, ਮਾਰਨ ਕੁੱਟਣ ਵੀ ਸਹੀ, ਪੂਛ ਵੀ ਮਰੋੜਨ, ਪਰ ਉਹ ਬੈਲ ਹਿੱਲੇ ਨਾ। ਕੁਦਰਤਨ ਕਬੀਰ ਜੀ ਉਸ ਮੌਕੇ ਫਿਰ ਓਥੇ ਆ ਨਿਕਲੇ। ਮਾਰ ਪੈਂਦੀ ਵੇਖ ਕੇ ਦਿਲ ਵਿਚ ਤਰਸ ਆਇਆ ਤੇ ਅੰਤਰ-ਜਾਮਤਾ ਨਾਲ ਦੇਖਿਆ ਕਿ ਇਹ ਬੈਲ ਤਾਂ ਓਹੀ ਪਖੰਡੀ ਸਾਧੂ ਆ ਕੇ ਬਣਿਆ ਹੈ। ਤਿਸ ਵੇਲੇ ਕਬੀਰ ਜੀ ਨੇ ਲੋਕਾਂ ਨੂੰ ਪਰੇ ਹਟਾ ਕੇ ਉਸ ਦੇ ਕੰਨ ਵਿਚ ਕਿਹਾ, ਕਿ-

"ਦੇਖ ! ਤੈਨੂੰ ਅਸੀਂ ਕਿਹਾ ਸੀ, ਕਿ ਤੂੰ ਭਜਨ ਸਿਮਰਨ ਕਰ, ਨਹੀਂ ਤਾਂ ਤੈਨੂੰ ਹਿਸਾਬ ਦੇਣਾ ਪਵੇਗਾ। ਤਿਸ ਵੇਲੇ ਤੂੰ ਤਮੋਗੁਣੀ ਵਿਚ ਆ ਗਿਆ ਸੀ, ਹੁਣ ਤਾਂ ਹਲ ਵਾਹੇ ਬਿਨਾਂ ਛੁਟਕਾਰਾ ਨਹੀਂ ਹੋਣਾ। ਉਸ ਵੇਲੇ ਕਿਹਾ ਸੀ ਕਿ ਚਾਰ ਪੈਰ, ਦੋ ਸਿੰਗ ਤੇ ਗੁੰਗਾ ਮੂੰਹ ਹੋਵੇਗਾ, ਤਦ ਤੂੰ ਕਿਵੇਂ ਗੁਣਾਂ ਨੂੰ ਗਾਏਂਗਾ। ਹੁਣ ਤੂੰ ਭਲਮਾਣਸੀ ਨਾਲ ਉੱਠ ਕੇ ਚੱਲ ਪਓ।" ਤਦ ਉਹ ਉੱਠ ਕੇ ਚੱਲ ਪਿਆ। ਇਹ ਕੌਤਕ ਵੇਖ ਕੇ ਲੋਕ ਬੜੇ ਹੈਰਾਨ ਹੋਏ ਕਿ ਕਬੀਰ ਨੇ ਕੀ ਜਾਦੂ ਕੀਤਾ ਹੈ। ਤਦ ਲੋਕ ਕਬੀਰ ਜੀ ਦੇ ਮਗਰ ਪੈ ਗਏ ਕਿ ਦੱਸੋ! ਇਹ ਕੀ ਕਾਰਨ ਹੈ ? ਅਸੀਂ ਬਥੇਰਾ ਮਾਰ ਚੁਕੇ ਹਾਂ ਤੇ ਇਹ ਨਹੀਂ ਚਲਿਆ ਸੀ, ਹੁਣ ਤੁਹਾਡੇ ਆਖੇ ਲੱਗ ਕੇ ਇਹ ਝੱਟ ਉੱਠ ਤੁਰਿਆ ਹੈ।

ਕਬੀਰ ਜੀ ਨੇ ਕਿਹਾ, "ਇਹ ਓਹੀ ਸਾਧੂ ਹੈ ਜਿਸ ਨੂੰ ਤੁਸੀਂ ਮਲਾਈ ਪਾ ਕੇ ਦੁੱਧ ਪਿਲਾਂਵਦੇ ਸੀ ਤੇ ਨਾਨ੍ਹਾ ਪਰਕਾਰ ਦੇ ਭੋਜਨ ਤਿਆਰ ਕਰਕੇ ਥਾਲ ਵਿਚ ਪਰੋਸ ਕੇ ਖੁਆਂਦੇ ਸੀ ਉਸ ਵੇਲੇ ਏਸ ਨੇ ਭਜਨ ਸਿਮਰਨ ਨਹੀਂ ਕੀਤਾ ਸੀ, ਉਸ ਦਾ ਹਿਸਾਬ ਹੁਦ ਬਲਦ ਬਣ ਕੇ ਦੇ ਰਿਹਾ ਹੈ।" ਇਹ ਗੱਲ ਕਹਿ ਕੇ ਹੁਣ ਕਬੀਰ ਜੀ ਸਭਨਾਂ ਨੂੰ ਸਾਂਝਾ ਉਪਦੇਸ਼ ਦੇਂਦੇ ਹਨ, ਕਿਉਂਕਿ-

ਪਰਥਾਇ ਸਾਖੀ ਮਹਾ ਪੁਰਖ ਬੋਲਦੇ, ਸਾਂਝੀ ਸਗਲ ਜਹਾਨੈ॥ *(ਸੋਰਠਿ ਵਾਰ ਪੰਨਾ ੬੪੭)*

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥

ਹੇ ਪੁਰਖਾ ! ਜਦੋਂ ਇਸ ਬੈਲ ਦੀ ਨਿਆਈਂ ਤੇਰੇ ਚਾਰ ਪੈਰ, ਦੋ ਸਿੰਙ, ਅਤੇ ਗੁੰਗਾ ਮੂੰਹ ਹੋਵੇਗਾ, ਤਦੋਂ ਕਿਸ ਤਰ੍ਹਾਂ ਪਰਮੇਸ਼ਰ ਦੇ ਗੁਣ ਗਾਵੇਂਗਾ ?

ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥ ੧॥

ਉੱਠਣੇ ਸਮੇਂ ਲਾਠਾ (ਸੋਟਾ) ਮਾਰਨਗੇ ਅਤੇ ਬਹਿਣੇ ਵਕਤ ਠੇਗਾ ਪਰਿ ਹੈ=ਸੋਟਾ ਪਵੇਗਾ, ਤਦੋਂ ਤੂੰ ਕਿਥੇ ਮੂੰਹ ਸਿਰ ਲੁਕਾਵੇਂਗਾ॥ ੧॥

ਯਥਾ:-ਜਮ ਕਾ ਠੇਗਾ ਬੁਰਾ ਹੈ ਉਹ ਨਹੀ ਸਹਿਆ ਜਾਇ॥

ਹਰਿ ਬਿਨੁ ਬੈਲ ਬਿਰਾਨੇ ਹੁਈਹੈ॥

ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥ ੧॥ ਰਹਾਉ॥

ਹਰੀ ਦੇ ਨਾਮ ਜਪੇ ਤੋਂ ਬਿਨਾਂ ਬਿਰਾਨੇ=ਬੀਆਬਾਨ ਉਜਾੜ ਦੇ ਬੈਲ ਹੋਈਦਾ ਹੈ ਜਿਸ ਦਾ ਕੋਈ ਰੱਖਜਕ ਨਹੀਂ ਹੰਦਾ। ਵਾ-ਬਿਰਾਨੇ=ਬਿਗਾਨੇ ਬੈਲ ਹੋਈਦਾ ਹੈ। ਬਿਗਾਨੇ ਬੈਲ ਦੀ ਬਹੁਤ ਦੁਰਦਸ਼ਾ ਹੁੰਦੀ ਹੈ ਕਿਉਂਕਿ ਮੰਗਿਆ ਹੋਇਆ ਜੋ ਹੋਇਆ। ਮੰਗੇ ਹੋਏ ਬੈਲ ਨੂੰ ਪੱਠਾ ਕੋਈ ਨਹੀਂ ਪਾਂਦਾ, ਸਾਰਾ ਦਿਨ ਵਾਹ ਕੇ ਸੰਧਿਆ ਵੇਲੇ ਸਾਂਈਆਂ ਦੇ ਘਰ ਭੇਜ ਦੇਂਦੇ ਹਨ। ਨਕੇਲ ਨਾਲ ਨਾਕਨ=ਨੱਕ ਫਟ ਜਾਂਦੇ ਹਨ, ਪੰਜਾਲੀ ਨਾਲ ਕਾਧਨ=ਮੋਢੇ ਟੁੱਟ ਜਾਂਦੇ ਹਨ, ਅਤੇ ਕੋਧਰੇ ਅੰਨ ਦਾ ਭੁਸ=ਭੋਂ ਖਾਣ ਨੂੰ ਮਿਲਦਾ ਹੈ ਜੋ ਬੜਾ ਖੁਸ਼ਕ ਹੁੰਦਾ ਹੈ॥ ੧॥

ਫਿਰ ਜਦ ਬੈਲ ਬੁੱਢਾ ਹੋ ਜਾਂਦਾ ਹੈ ਤਾਂ ਕਿਸੇ ਕੰਮ ਜੋਗਾ ਨਹੀਂ ਰਹਿੰਦਾ ਤਾਂ ਮਾਲਕ ਉਸ ਨੂੰ ਬਨ (ਜੰਗਲ) ਵਿਚ ਕੱਢ ਦੇਂਦੇ ਹਨ। ਯਥਾ-

ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ

ਫਿਰ ਤਾਂ ਸਾਰਾ ਦਿਨ ਬਨ=ਜੰਗਲ ਦੇ ਮਹੀਆ=ਵਿਚ ਭਟਕਦਾ ਫਿਰਦਾ ਹੈ, ਫਿਰਦਿਆਂ ਫਿਰਦਿਆਂ ਸਾਰਾ ਦਿਨ ਲੰਘ ਜਾਂਦਾ ਹੈ ਤੇ ਰਾਤ ਹੋ ਜਾਂਦੀ ਹੈ ਪਰ ਅਜਹੁ=ਤੋਂ ਭੀ ਪੇਟ ਰੱਜਦਾ ਨਹੀਂ ਕਿਉਂਕਿ ਬੁੱਢੇ ਹੋਣ ਦੇ ਕਾਰਨ ਦੰਦ ਨਹੀਂ ਰਹਿੰਦੇ ਅਤੇ ਹਰਿਆ ਹਰਿਆ ਘਾਹ, ਲੋਕ ਵੱਢ ਕੇ ਲੈ ਜਾਂਦੇ ਹਨ। ਪਿੱਛੋਂ ਧਰਤੀ ਦੇ ਨਾਲ ਜੋ ਛੋਟਾ ਛੋਟਾ ਘਾਹ ਰਹਿ ਜਾਂਦਾ ਹੈ, ਉਹ ਮੂੰਹ ਵਿਚ ਨਹੀਂ ਆਉਂਦਾ ।

ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥ ੨ ॥

ਨਿਯਮ ਸਮਝ ਲਓ ! ਜਿਸ ਨੇ ਭਗਤ ਜਨਾਂ ਦਾ ਕਿਹਾ ਬਚਨ ਨਹੀਂ ਮੰਨਿਆਂ, ਉਹ ਆਪਣੇ ਕੀਤੇ ਕਰਮ ਦਾ ਫਲ ਆਪ ਪਾਉਂਦਾ ਹੈ॥ ੨ ॥

ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ॥

ਮਹਾਂ ਭਰਮ ਵਿਚ ਡੁੱਬਾ ਹੋਇਆ ਜੀਵ ਦੁਖ-ਸੁਖ ਨੂੰ ਧਾਰਨ ਕਰਦਾ ਹੈ ਅਤੇ ਅਨੇਕ ਜੂਨੀਆਂ ਵਿੱਚ ਭਟਕਦਾ ਫਿਰਦਾ ਹੈ।

ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ॥ ੩ ॥

ਪ੍ਰਭੂ ਪਰਮਾਤਮਾ ਨੂੰ ਭੁਲਾ ਕੇ ਰਤਨ ਵਤ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਖੋਹ ਦਿੱਤਾ। ਤਾਂ ਤੇ ਹੇ ਪੁਰਖਾ ! ਇਹ ਮਨੁੱਖ ਜਨਮ ਦੀ ਪ੍ਰਾਪਤੀ ਦਾ ਅਥਵਾ:-ਉੱਤਮ ਪੁਰਖਾਂ ਦੇ ਸਤਿਸੰਗ ਦਾ ਅਉਸਰੁ=ਸਮਾਂ ਫਿਰ ਤੂੰ ਕਦੋਂ ਪਾਵੇਂਗਾ? ਭਾਵ ਇਹ ਸਮਾਂ ਫਿਰ ਤੈਨੂੰ ਨਹੀਂ ਮਿਲੇਗਾ॥ ੩ ॥

ਯਥਾ- ਹਰਿ ਕੇ ਨਾਮ ਬਿਨੁ ਧ੍ਰਿਗ ਸ੍ਵੈਤ॥

ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ॥ ਰਹਾਉ॥
ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ॥
ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ॥ ੧॥
ਤਜਿ ਗੋਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ॥

(ਕੇਦਾਰਾ, ਪੰਨਾ ੧੧੨੧)

ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ॥

-ਪਹਿਲਾ ਅਰਥ-

ਜਿਸ ਪ੍ਰਕਾਰ ਤੇਲਕ=ਤੇਲੀ ਦਾ ਕਪਿ=ਬਲਦ ਕੋਹਲੂ ਦੇ ਅਫੇਰ ਚੌਫੇਰ ਭਰਮਦਾ ਫਿਰਦਾ ਹੈ, ਪ੍ਰੰਤੂ ਚਾਰ ਪੰਜ ਕੋਹ ਪੈਂਡੇ ਦੇ ਗਤਿ ਬਿਨੁ=ਗਮਨ ਕੀਤੇ ਤੋਂ ਬਿਨਾਂ ਹੀ ਉਸ ਦੀ ਸਾਰੀ ਰਾਤ ਬਿਹਈ=ਬਤੀਤ ਹੋ ਜਾਂਦੀ ਹੈ। ਇਸੀ ਪਰਕਾਰ ਤੇਲੀ ਦੇ ਬਲਦ ਦੀ ਨਿਆਈਂ ਇਹ ਜੀਵ ਪਦਾਰਥਾਂ ਵਿਚ ਹੀ ਭਰਮਦੇ ਫਿਰਦੇ ਰਹੇ।

ਯਥਾ-ਭ੍ਰਮਤ ਭ੍ਰਮਤ ਊਹਾਂ ਹੀ ਮੂਏ ਬਾਹੁੜਿ ਗ੍ਰਿਹਿ ਨ ਮੰਝਾਰਿ॥ ੧॥

(ਧਨਾਸਰੀ ਮਹਲਾ ੫, ਪੰਨਾ ੬੭੪)

ਤਥਾ- ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥

(ਬਿਲਾਵਲੁ ਮਹਲਾ ੪ ਪੰਨਾ ੮੦੦)

ਪਰਮੇਸ਼ਰ ਦੀ ਤਰਫ ਗਤਿ ਬਿਨੁ=ਗਮਨ ਕੀਤੇ ਤੋਂ ਬਗੈਰ ਹੀ ਅਵਸਥਾ ਰੂਪੀ ਸਾਰੀ ਰਾਤ ਨਿਸਫਲ ਬਤੀਤ ਹੋ ਗਈ ਹੈ।

-ਦੂਜਾ ਭਾਵ-

ਜਿਸ ਪ੍ਰਕਾਰ ਕਪਿ=ਬਾਂਦਰ ਅਗਨੀ ਸੁਖ ਦੀ ਪ੍ਰਾਪਤੀ ਵਾਸਤੇ ਤੇਲਕ=ਰਤਕਾਂ ਦੇ ਆਲੇ ਦੁਆਲੇ ਭਰਮਦੇ ਫਿਰਦੇ ਹਨ, ਪਰੰਤੂ ਅਸਲੀ ਅਗਨੀ ਸੁਖ ਦੀ ਗਤਿ ਬਿਨੁ=ਪ੍ਰਾਪਤੀ ਤੋਂ ਬਿਨਾਂ ਹੀ ਸਾਰੀ ਰਾਤ ਬਤੀਤ ਹੋ ਜਾਂਦੀ ਹੈ।

ਭਾਵ-''ਜਿਸ ਵੇਲੇ ਸਰਦੀ ਦੇ ਮੌਸਮ ਸਮੇਂ ਰੱਤਕਾਂ ਦੇ ਪਾਸ ਅੱਗ ਸਮਝ ਕੇ ਉਹ ਬਾਂਦਰ ਇਕੱਠੇ ਹੋ ਕੇ ਬੈਠਦੇ ਹਨ ਤਾਂ ਆਪੋ ਵਿਚ ਉਨ੍ਹਾਂ ਨੂੰ ਇੱਕ ਦੂਜੇ ਦਾ ਸੇਕ ਆਉਣ ਲੱਗ ਜਾਂਦਾ ਹੈ ਤੇ ਬਾਂਦਰ ਸਮਝਦੇ ਹਨ ਕਿ ਅਸਾਨੂੰ ਇਹਨਾਂ ਰੱਤਕਾਂ ਵਿਚੋਂ ਸੇਕ ਆ ਰਿਹਾ ਹੈ ਇਸ ਕਰਕੇ ਜੇਹੜਾ ਵੀ ਬਾਂਦਰ ਆਉਂਦਾ ਹੈ, ਉਹ ਉਸ ਦੇ ਆਲੇ ਦੁਆਲੇ ਬੈਠਦਾ ਜਾਂਦਾ ਹੈ।''

ਇਸੀ ਪਰਕਾਰ ਇਹ ਜੀਵ ਬਾਂਦਰ ਦੀ ਨਿਆਈਂ ਸਬੰਧੀਆਂ ਰੂਪੀ ਰੱਤਕਾਂ ਦੇ ਆਲੇ ਦੁਆਲੇ ਭਰਮਦਾ ਫਿਰਦਾ ਹੈ ਜਿਸ ਵੇਲੇ ਭੀ ਕੋਈ ਸਬੰਧੀ ਤਥਾ ਪੁੱਤਰ ਆਦਿ ਆ ਕੇ ਮਿਲਦਾ ਹੈ ਤਾਂ ਚਿੱਤ-ਬਿਰਤੀ ਦੀ ਇਕਾਗਰਤਾ ਹੋਣ ਕਰਕੇ ਇਸ ਨੂੰ ਸੁਖ ਭਾਸਦਾ ਹੈ, ਪਰ ਉਸ ਵੇਲੇ ਇਹ ਪੁੱਤਰ ਨੂੰ ਹੀ ਸੁਖ ਸਰੂਪ ਸਮਝਦਾ ਹੈ।

ਸੱਜਣੋ ! ਜੇਕਰ ਪੁੱਤਰ ਸੁਖ ਰੂਪ ਹੋਵੇ ਤਾਂ ਓਹੀ ਪੁੱਤਰ ਜਦ ਪਾਸ ਰਹਿਣ ਲੱਗ ਜਾਂਦਾ ਹੈ ਤੇ ਪਿਤਾ ਦਾ ਕਿਹਾ ਨਹੀਂ ਮੰਨਦਾ ਤਾਂ ਦੁੱਖ ਰੂਪ ਲੱਗਦਾ ਹੈ ਤੇ ਉਸ ਨੂੰ ਮਾਰਦਾ ਹੈ। ਇਹ ਇੱਕ ਬੜਾ ਭਾਰੀ ਭੁਲੇਖਾ ਹੈ ਜੇਹੜਾ ਪੁੱਤਰ ਨੂੰ ਸੁਖ ਰੂਪ ਸਮਝਣਾ ਹੈ। ਇਸ ਭੁਲੇਖੇ ਕਰ ਕੇ ਹੀ ਅਸਲੀ ਆਤਮਾ ਸੁਖ ਦੀ ਪ੍ਰਾਪਤੀ ਹੋਏ ਤੋਂ ਬਿਨਾਂ ਹੀ ਇਸ ਜੀਵ ਦੀ ਅਵਸਥਾ ਰੂਪੀ ਰਾਤ ਨਿਸਫਲ ਬਿਹਈ ਹੈ=ਬਤੀਤ ਹੋ ਜਾਂਦੀ ਹੈ

-ਤੀਜਾ ਭਾਵ-

ਜਿਸ ਪਰਕਾਰ ਕਪਿ=ਬਾਂਦਰ, ਤੇਲਕ=ਤ੍ਰੇਲ ਦੇ ਕਿਣਕਿਆਂ ਨੂੰ ਸੁੰਦਰ ਫਲ ਜਾਣ ਕੇ ਅਥਵਾ:-ਮੋਤੀ ਸਮਝ ਕੇ ਚਾਂਦਨੀ ਰਾਤ ਵਿਚ ਭਰਮਦੇ ਫਿਰਦੇ ਹਨ। ਜਦ ਹੱਥ ਵਿਚ ਫੜ ਕੇ ਵੇਖਦੇ ਹਨ, ਤਦ ਕੁਛ ਵੀ ਨਹੀਂ ਆਉਂਦਾ, ਉਹ ਤ੍ਰੇਲ ਦੇ ਤਿਪਕੇ ਹੇਠਾਂ ਜ਼ਮੀਨ ਉੱਪਰ ਡਿੱਗ ਪੈਂਦੇ ਹਨ, ਉਹਨਾਂ ਸੁੰਦਰ ਫਲਾਂ ਦੀ ਅਥਵਾ:-ਮੋਤੀਆਂ ਦੀ ਗਤਿ ਬਿਨੁ=ਪ੍ਰਾਪਤੀ ਤੋਂ ਬਿਨਾਂ ਹੀ ਸਾਰੀ ਰਾਤ ਨਿਸਫਲ ਬਤੀਤ ਹੋ ਜਾਂਦੀ ਹੈ। ਇਸੀ ਪਰਕਾਰ ਬਾਂਦਰ ਦੀ ਨਿਆਈਂ ਇਹ ਜੀਵ ਤ੍ਰੇਲ ਵਤ ਜੋ ਮਿਥਿਆ ਪਦਾਰਥ ਹਨ, ਉਹਨਾਂ ਲਈ ਭਰਮਦਾ ਫਿਰਦਾ ਹੈ।

ਯਥਾ-

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥ ੨॥

(ਰਾਮਕਲੀ ਮਹਲਾ ੧, ਪੰਨਾ ੮੭੬)

ਤੇ ਬੁੱਧੀ ਰੂਪ ਹੱਥ ਮਾਰਦਾ ਹੈ, ਪ੍ਰੰਤੂ ਸ਼ੁਭ ਗੁਣ ਰੂਪੀ ਮੋਤੀ ਅਥਵਾ:-ਪਰਮੇਸ਼ਰ ਸੁਖ ਦੀ ਪ੍ਰਾਪਤੀ ਰੂਪ ਸੁੰਦਰ ਫਲ ਮਿਲੇ ਤੋਂ ਬਿਨਾਂ ਇਸ ਜੀਵ ਦੀ ਅਵਸਥਾ ਰੂਪੀ ਰਾਤ ਨਿਸਫਲ ਬਤੀਤ ਹੋ ਜਾਂਦੀ ਹੈ।

ਇਹ ਤਿੰਨੇ ਅਰਥ ਸੰਪ੍ਰਦਾਈ ਹਨ, ਛੋਟੇ ਪ੍ਰਿਆਵਾਂ ਵਿੱਚ ਲਿਖੇ ਹੋਏ ਹਨ।

ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ॥ ੪॥ ੧॥

ਕਬੀਰ ਜੀ ਕਥਨ ਕਰਦੇ ਹਨ, ਇੱਕ ਰਾਮ ਨਾਮ ਤੋਂ ਬਿਨਾਂ ਇਹ ਜੀਵ ਮੂੰਡ ਧੁਨੇ=ਸਿਰ ਫੇਰ ਕੇ ਪਛੁਤਾਵਾ ਕਰਦੇ ਹਨ।

ਅਥਵਾ:-ਉਸ ਪਖੰਡੀ ਨੂੰ ਕਹਿੰਦੇ ਹਨ-ਇੱਕ ਰਾਮ ਨਾਮ ਤੋਂ ਬਿਨਾਂ ਤੂੰ ਸਿਰ ਫੇਰਕੇ ਪਸਚਾਤਾਪ ਕਰਦਾ ਹੈ॥ ੪॥ ੧॥

ਗੂਜਰੀ ਘਰੁ ੩॥

ਉਥਾਨਕਾ:-ਜਿਸ ਵੇਲੇ ਕਬੀਰ ਜੀ ਤਾਣੀ ਦਾ ਤਨਣਾ ਬੁਨਣਾ ਤਿਆਗ ਕੇ ਇੱਕ ਰਾਮ ਨਾਮ ਦੇ ਸਿਮਰਨ ਵਿਚ ਡਟ ਗਏ, ਤਿਸ ਵੇਲੇ ਕਬੀਰ ਜੀ ਦੀ ਮਾਤਾ ਘਰ ਵਿਚ ਨਿੱਕਾ ਨਿੱਕਾ ਜੀਆ ਜੰਤ ਵੇਖਕੇ ਡੁਸਕਾਰਿਆਂ ਸਹਿਤ ਰੋਂਦੀ ਨੇ ਜੋ ਕੁਝ ਆਪਣੇ ਮੂਹੋਂ ਕਿਹਾ, ਹੁਣ ਕਬੀਰ ਜੀ ਚਾਰ ਤੁਕਾਂ ਵਿੱਚ ਉਸ ਦਾ ਅਨੁਵਾਦ ਕਰਦੇ ਹਨ-

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥ ੧॥

ਕਬੀਰ ਜੀ ਦੀ ਮਾਤਾ 'ਨੀਮਾ' ਮੁਸਿ ਮੁਸਿ=ਡੁਸਕ ਡੁਸਕ ਕੇ ਰੋਂਦੀ ਹੈ ਤੇ ਆਖਦੀ ਹੈ,

ਹੇ ਰਘੁਰਾਈ-ਪਰਮੇਸ਼ਰ ! ਇਹ ਬਾਲਕੇ ਕਮਾਲਾ ਕਮਾਲੀ ਕਿਸ ਤਰ੍ਹਾਂ ਜੀਵਣਗੇ, ਇਹਨਾਂ ਨੂੰ ਖਾਣ ਪਾਣ ਨੂੰ ਕਿੱਥੋਂ ਮਿਲੇਗਾ? ਅਥਵਾ:-ਹੇ ਪ੍ਰਮਾਤਮਾ ! ਏਹ ਬਾਲਕਾ ਕਬੀਰ, ਹੁਣ ਕਿਵੇਂ ਜੀਵੇਗਾ? ਏਹ ਤਾਂ ਮਰਨ ਨੂੰ ਤਿਆਰ ਹੈ। ਕਿਉਂਕਿ-

ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥
ਹਰਿ ਕਾ ਨਾਮੁ ਲਿਖਿ ਲੀਓ ਸਰੀਰ॥ ੧॥ ਰਹਾਉ॥

ਤਾਣੀ ਦਾ ਤਨਣਾ ਤੇ ਬੁਨਣਾ ਕਬੀਰ ਨੇ ਸਭ ਤਿਆਗ ਦਿੱਤਾ ਹੈ ਅਤੇ ਇੱਕ ਹਰੀ ਦਾ ਨਾਮ ਹੀ ਸਰੀਰ ਉੱਤੇ ਲਿਖ ਲੀਤਾ ਹੈ।

ਯਥਾ- ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ॥
ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ॥ ੧॥

(ਬਿਲਾਵਲੁ, ਪੰਨਾ ੮੫੬)

ਇੱਥੋਂ ਤਕ ਕਬੀਰ ਜੀ ਦੀ ਮਾਤਾ ਨੇ ਕਿਹਾ ਹੈ। ਅੱਗੋਂ ਹੁਣ ਕਬੀਰ ਜੀ ਆਪਣੀ ਮਾਤਾ ਜੀ ਨੂੰ ਆਪ ਸਮਝਾਂਦੇ ਹਨ-

ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥ ੨॥

ਹੇ ਮਾਤਾ ! ਤਾਣੀ ਦਾ ਕੰਮ ਮੈਂ ਇਸ ਵਾਸਤੇ ਛੱਡਿਆ ਹੈ ਕਿ ਜਦ ਤੱਕ ਮੈਂ *ਬੇਹੀ=ਨਲੀ ਵਿਚ ਤਾਗਾ=ਧਾਗਾ ਬਾਹਉ=ਪਾਂਵਦਾ ਹਾਂ। ਤਦ ਤੱਕ ਮੈਨੂੰ ਸਨੇਹੀ=ਪਿਆਰਾ ਰਾਮ ਵਿੱਸਰ ਜਾਂਦਾ ਹੈ। ਕਿਉਂਕਿ ਧਾਗਾ ਬੇਹੀ ਵਿਚੋਂ ਮੂੰਹ ਦੀ ਫੂਕ ਨਾਲ਼ ਖਿੱਚਣਾ ਪੈਂਦਾ ਹੈ। ਜਿਤਨਾ ਚਿਰ ਫੂਕ ਮਾਰੀਦੀ ਹੈ ਉਤਨਾ ਚਿਰ ਨਾਮ ਨਹੀਂ ਜਪਿਆ ਜਾਂਦਾ। ਇਸ ਕਰਕੇ ਏਸ ਵਿਹਾਰ ਨੂੰ ਵਿਘਨ ਰੂਪ ਸਮਝ ਕੇ ਮੈਂ ਛੱਡ ਦਿੱਤਾ ਹੈ।

ਓਛੀ ਮਤਿ ਮੇਰੀ ਜਾਤਿ ਜੁਲਾਹਾ॥ ਹਰਿ ਕਾ ਨਾਮੁ ਲਹਿਓ ਮੈ ਲਾਹਾ॥ ੩॥

ਓਛੀ=ਤੁੱਛ ਮੇਰੀ ਬੁੱਧੀ ਹੈ ਅਤੇ ਜਾਤੀ ਮੇਰੀ ਜੁਲਾਹਾ ਹੈ ਜੋ ਸਭ ਦੇ ਹਾਸੇ ਜੋਗ ਹੈ ਫਿਰ ਵੀ ਇਸ ਜਾਤੀ ਦੇ ਵਿਚ ਹੀ ਮੈਂ (ਕਬੀਰ) ਨੇ ਹਰੀ ਨਾਮ ਦਾ ਲਾਭ ਲੈਣਾ ਕੀਤਾ ਹੈ। ਜਿਸ ਦੇ ਸਦਕੇ ਤੇਰੀਆਂ ਸਭ ਕੁਲਾਂ ਤਰ ਜਾਣੀਆਂ ਹਨ। ਤੂੰ ਸਗੋਂ ਅਫਸੋਸ ਕਰਦੀ ਹੈਂ।

ਅਥਵਾ:-ਬੁੱਧੀ ਮੇਰੀ ਭਾਵੇਂ ਤੁੱਛ ਹੈ, ਫਿਰ ਵੀ ''ਜੁ+ਲਾਹਾ''=ਜੋ ਲਾਭ ਵਾਲਾ ਆਤਮ-ਪਦ ਹੈ ਉਸ ਨੂੰ ਮੈਂਨੇ ਜਾਤਿ=ਜਾਨਣਾ ਕੀਤਾ ਹੈ।

ਇਹ ਗੱਲ ਸੁਣ ਕੇ ਮਾਂ ਨੇ ਕਿਹਾ, ''ਹੋਰ ਗੱਲ ਤਾਂ ਕੋਈ ਨਹੀਂ ਮੈਨੂੰ ਕੇਵਲ ਇਹਨਾਂ ਬੱਚਿਆਂ ਦਾ ਫਿਕਰ ਖਾ ਰਿਹਾ ਹੈ।''

ਕਹਤ ਕਬੀਰ ਸੁਨਹੁ ਮੇਰੀ ਮਾਈ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥ ੪॥ ੨॥

ਕਬੀਰ ਜੀ ਕਹਿੰਦੇ ਹਨ, ਹੇ ਮੇਰੀ ਮਾਤਾ ! ਤੂੰ ਸੁਣਨਾਂ ਕਰ। ਅਸਾਡਾ ਅਤੇ ਇਹਨਾਂ ਬੱਚਿਆਂ ਦਾ ਦਾਤਾ ਅਰਥਾਤ ਰੋਜ਼ੀ ਦੇਣ ਵਾਲਾ ਇੱਕ ਰਘੁਰਾਈ=ਪਰਮੇਸ਼ਰ ਹੀ ਹੈ॥ ੪॥ ੨॥

(ਪੰਨਾ ੫੨੫)

ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਜਿੱਥੇ ਨਾਮਦੇਵ ਜੀ ਰਹਿੰਦੇ ਸਨ, ਓਥੋਂ ਦੇ ਲੋਕ ਨਾਮਦੇਵ ਜੀ ਨਾਲ ਬੜਾ ਵਿਰੋਧ ਕਰਦੇ ਸਨ। ਪਰ ਨਾਮਦੇਵ ਜੀ ਅੱਗੋਂ ਕੁਝ ਵੀ ਨਹੀਂ ਆਖਦੇ ਸਨ। ਇਸ ਦੀ ਧੀਰਜ ਵੇਖ ਕੇ ਇੱਕ ਸਮੇਂ ਭਗਵਾਨ ਨੇ ਸਾਖਿਆਤ ਦਰਸ਼ਨ ਦੇ ਕੇ ਕਿਹਾ-

---

*ਅੰਗਰੇਜ਼ੀ ਵਿਚ ਬੇਹੀ ''ਸ਼ਟਲ''। ਕਸ਼ਮੀਰ ਵਿਚ ''ਮਕੂ''। ਪੰਜਾਬੀ ਵਿਚ ਨਲੀ। ਪੂਰਬ ਵਿੱਚ ''ਬੇਹੀ'' ਕਹਿੰਦੇ ਹਨ। ਵਿਚਾਰ ਸਾਗਰ ਵਿਚ 'ਵੇਮ' ਕਥਨ ਕੀਤਾ ਹੈ।

ਹੇ ਭਗਤ ਨਾਮਦੇਵ ! ਜੇ ਤੂੰ ਕਹੇਂ ਤਾਂ ਤੈਨੂੰ ਇਸ ਇਲਾਕੇ ਦਾ ਰਾਜਾ ਬਣਾ ਦੇਵਾਂ ਜੋ ਸਾਰਿਆਂ ਉੱਤੇ ਤੂੰ ਆਪਣਾ ਹੁਕਮ ਚਲਾਵੀਂ, ਇਹ ਗੱਲ ਸੁਣ ਕੇ ਨਾਮਦੇਵ ਨੇ ਕਿਹਾ-

ਜੌ ਰਾਜੁ ਦੇਹਿ ਤ ਕਵਨ ਬਡਾਈ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥ ੧॥

ਹੇ ਭਗਵਾਨ ! ਜੇਕਰ ਆਪ ਮੈਨੂੰ ਇਸ ਇਲਾਕੇ ਦਾ ਰਾਜ-ਭਾਗ ਦੇ ਦੇਵੋ ਤਾਂ ਇਸ ਵਿਚ ਮੇਰੀ ਕਾਹਦੀ ਵਡਿਆਈ ਹੈ। ਜੇਕਰ ਮੇਰੇ ਪਾਸੋਂ ਭਿੱਖਿਆ ਮੰਗਵਾ ਲਓ ਤਾਂ ਮੇਰਾ ਕੀ ਘਟ ਜਾਣਾ ਹੈ। ਇਹ ਲਾਭ ਹਾਣ ਤੈਨੂੰ ਹੀ ਹੈ ਕਿਉਂਕਿ ਅਸੀਂ ਹੁਣ ਤੇਰੇ ਹੋ ਚੁੱਕੇ ਹਾਂ॥ ੧॥

ਯਥਾ:- ਲਾਲਾ ਹਾਟਿ ਵਿਹਾੜਿਆ ਕਿਆ ਤਿਸੁ ਚਤੁਰਾਈ॥
ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ॥

(ਗਉੜੀ ਮਹਲਾ ੪, ਪੰਨਾ ੧੬੬)

ਅਸੀਂ ਆਪਣੇ ਮਨ ਨੂੰ ਏਹੀ ਕਹਿੰਦੇ ਹਾਂ, ਕਿ-

ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ॥
ਬਹੁਰਿ ਨ ਹੋਇ ਤੇਰਾ ਆਵਨ ਜਾਨੁ॥ ੧॥ ਰਹਾਉ॥

ਹੇ ਮੇਰੇ ਮਨ ! ਤੂੰ ਹਰੀ ਨੂੰ ਭਜਨਾ (ਯਾਦ) ਕਰ ਜੋ ਹਰੀ ਨਿਰਬਾਨੁ=ਬੰਧਨਾਂ ਤੋਂ ਰਹਿਤ ਆਤਮ ਪਦ ਦੇ ਦੇਣ ਵਾਲਾ ਹੈ। ਬਹੁਰਿ=ਫਿਰ ਤੇਰਾ ਸੰਸਾਰ ਵਿਚ ਆਉਣਾ ਜਾਣਾ ਨਹੀਂ ਹੋਵੇਗਾ॥ ੧॥

ਸਭ ਤੈ ਉਪਾਈ ਭਰਮ ਭੁਲਾਈ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ॥ ੨॥

ਹੇ ਭਗਵਾਨ ! ਸਾਰੀ ਸ੍ਰਿਸ਼ਟੀ ਤੈਂਨੇ ਉਤਪੰਨ ਕਰਕੇ ਭਰਮ ਵਿੱਚ ਭੁਲਾਈ ਹੈ ਕਰਮਾਂ ਅਨੁਸਾਰ, ਜਿਸ ਨੂੰ ਤੂੰ ਕਿਰਪਾ ਕਰਕੇ ਨਾਮ ਦਾਨ ਦੇਂਦਾ ਹੈਂ ਤਿਸ ਨੂੰ ਤੇਰੀ ਬੁਝਾਈ=ਸਮਝ ਆਈ ਹੈ॥ ੨॥

ਸਤਿਗੁਰੁ ਮਿਲੈ ਤ ਸਹਸਾ ਜਾਈ॥
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ॥ ੩॥

ਸਤ ਵਸਤੂ ਦੇ ਜਾਣਨ ਵਾਲੇ ਪੂਰਨ ਗੁਰੂ ਮਿਲਣ ਤਾਂ ਪ੍ਰਮਾਣ ਗਤ ਸੰਸਾ ਤੇ ਪ੍ਰਮੇਯ ਗਤ ਸੰਸਾ ਦੂਰ ਹੋ ਜਾਂਦਾ ਹੈ ਤੇ ਬ੍ਰਹਮ ਦਾ ਨਿਰਨੇ ਹੋ ਜਾਂਦਾ ਹੈ। ਹਰੀ ਤੋਂ ਬਿਨਾਂ ਹਉ=ਮੈਂ ਕਿਸਨੂੰ ਪੂਜਾਂ ਕਿਉਂਕਿ ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਿਗਾਹ ਨਹੀਂ ਆਉਂਦਾ। ਯਥਾ-

ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ॥ ੨॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ॥ ੩॥

(ਰਾਮਕਲੀ ਮਹਲਾ ੩, ਪੰਨਾ ੯੧੦)

ਪੁਨਾ-ਭਗਵਾਨ ਨੇ ਕਿਹਾ. "ਹੇ ਨਾਮਦੇਵ ! ਅੱਗੇ ਤੂੰ ਠਾਕੁਰ ਪੂਜਾ ਕਰਦਾ ਹੁੰਦਾ ਸੀ ਹੁਣ ਕਿਉਂ ਛੱਡ ਬੈਠਾ ਹੈਂ, ਇਸ ਦਾ ਕੀ ਕਾਰਨ ਹੈ ?" ਉੱਤਰ ਹੈ - ਹੇ ਭਗਵਾਨ!

ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥

ਇੱਕ ਪੱਥਰ ਵਿਖੇ ਤਾਂ ਭਾਉ=ਪ੍ਰੇਮ ਕਰੀਏ ਤੇ ਦੂਜੇ ਪੱਥਰ ਨੂੰ ਨਿਸਫਲ ਜਾਣ ਕੇ ਉਸ ਉੱਤੇ ਪੈਰ ਧਰੀਏ ਤਾਂ ਇਹ ਠੀਕ ਨਹੀਂ ਕਿਉਂਕਿ ਪੱਥਰ ਜਾਤੀ ਤਾਂ ਦੋਹਾਂ ਵਿਚ ਇੱਕ ਹੀ ਹੈ।

ਜੇ ਓਹੁ ਦੇਉ ਤ ਓਹੁ ਭੀ ਦੇਵਾ ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥ ੪ ॥ ੧ ॥

ਜੇਕਰ ਉਹ ਪਹਿਲਾ ਪੱਥਰ ਦੇਵਤਾ ਹੈ ਤਾਂ ਉਹ ਦੂਜਾ ਪੱਥਰ ਵੀ ਦੇਵਤਾ ਹੈ। ਨਾਮਦੇਵ ਜੀ ਕਹਿੰਦੇ ਹਨ, ਅਸੀਂ ਤਾਂ ਇਸ ਝੰਬੇਲੇ ਨੂੰ ਛੱਡ ਕੇ ਇੱਕ ਹਰੀ ਦੀ ਸੇਵਾ ਕਰਦੇ ਹਾਂ, ਭਾਵ ਉਸ ਦਾ ਸਿਮਰਨ ਕਰਦੇ ਹਾਂ ॥ ੪ ॥ ੧ ॥

ਗੂਜਰੀ ਘਰੁ ੧ ॥

ਉਥਾਨਕਾ–ਨਾਮਦੇਵ ਜੀ ਕਿਧਰੇ ਬਾਹਰ ਗਏ ਹੋਏ ਸਨ; ਜਦ ਘਰ ਵਿਚ ਆਏ ਤਾਂ ਨਾਲਦੀ ਗੁਆਂਢਣ ਨੇ ਆ ਕੇ ਕਿਹਾ, "ਹੇ ਨਾਮਦੇਵ ! ਤੇਰੇ ਮਗਰੋਂ ਤੇਰੇ ਘਰ ਭਗਵਾਨ ਆਇਆ ਸੀ।"

ਇਹ ਗੱਲ ਸੁਣ ਕੇ ਨਾਮਦੇਵ ਜੀ ਅਸਚਰਜ ਹੋ ਗਏ ਤੇ ਆਖਦੇ ਹਨ–

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥
ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥ ੧ ॥
ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥ ੧ ॥ ਰਹਾਉ ॥

ਅੰਨਵੇਂ-ਰਹਾਉ ਦੀ ਪੰਗਤੀ ਤੋਂ ਅਰਥ ਉਠਾਣਾ--

ਕਉਣੁ ਕਹੈ=ਇਸ ਗੱਲ ਨੂੰ ਕੌਣ ਕਹਿੰਦਾ ਹੈ? ਤੇ, ਕਿਣਿ ਬੂਝੀਐ=ਕਿਸ ਨੂੰ ਸਮਝ ਹੈ? ਅਥਵਾ:-ਕਿਸ ਪਾਸੋਂ ਅਸੀਂ ਪੁੱਛੀਏ? ਰੀ ਬਾਈ=ਹੇ ਮਾਈ ! ਉਹ ਰਮਈਆ=ਪਰਮਾਤਮਾ ਤਾਂ ਆਕੁਲੁ=ਕੁਲਾਂ ਤੋਂ ਰਹਿਤ ਹੈ।

ਪੁਨਾ-ਉਸ ਦੇ ਵਿਚ ਮਲੈ ਨ ਲਾਛੈ=ਅਵਿੱਦਿਆ ਰੂਪ ਮੈਲ ਦਾ ਕੋਈ ਲਾਛੈ=ਚਿੰਨ੍ਹ ਨਹੀਂ, ਇਸੀ ਤੇ ਉਹ ਸਭ ਰਾਗ ਦਵੈਖ ਤੇ ਪਾਪਾਂ ਰੂਪੀ ਪਾਰ+ਮਲੋ=ਮੈਲਾਂ ਤੋਂ ਪਰੇ ਹੈ। ਅਤੇ ਪਰਮਲੀਓ=ਬਾਵਨ ਚੰਦਨ ਰੂਪ ਹੈ, ਹੇ ਮਾਈ ! ਜਿਸ ਨੂੰ ਤੂੰ ਕਹਿੰਦੀ ਹੈਂ ਕਿ ਤੇਰੇ ਘਰ ਵਿਚ ਆ ਕੇ ਬੈਠਾ ਹੈ, ਉਸ ਭਗਵਾਨ ਨੂੰ ਆਂਵਦਾ ਹੋਇਆ ਕਿਸੀ ਨੇ ਦੇਖਿਆ ਨਹੀਂ, ਤੇ ਹੇ ਮਾਈ ! ਉਸ ਦੇ ਰਸਤੇ ਨੂੰ।

ਅਥਵਾ:-ਉਸ ਦੇ ਅਨੰਦ ਨੂੰ ਭਲਾ ਕੌਣ ਜਾਣ ਸਕਦਾ ਹੈ॥ ੧ ॥

ਹੁਣ ਉਸ ਭਗਵਾਨ ਦੇ ਆਵਣ ਵਿਚ ਤਿੰਨ ਦ੍ਰਿਸ਼ਟਾਂਤ ਦੇਂਦੇ ਹਨ-

ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥

(੧) ਪਹਿਲਾ ਦ੍ਰਿਸ਼ਟਾਂਤ-ਜਿਸ ਤਰ੍ਹਾਂ ਅਕਾਸ਼ ਵਿਚ ਉੱਡਦੇ ਜਾਂਦੇ ਪੰਛੀ ਦਾ ਖੋਜੁ=ਰਸਤਾ ਨਿਰਖਿਓ ਨ ਜਾਈ=ਦੇਖਿਆ ਨਹੀਂ ਜਾਂਦਾ, ਤਿਵੇਂ ਉਸ ਪਰਮੇਸ਼ਰ ਦੇ ਆਉਣ ਦੇ ਰਸਤੇ ਨੂੰ ਕੋਈ ਦੇਖ ਨਹੀਂ ਸਕਦਾ।

ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ॥ ੨॥

(੨) ਦੂਜਾ ਦ੍ਰਿਸ਼ਟਾਂਤ-ਜਿਸ ਪ੍ਰਕਾਰ ਪਾਣੀ ਦੇ ਮਾਝੈ=ਵਿੱਚ ਚਿਰ ਕਾਲ ਦੇ ਲੰਘੇ ਹੋਏ ਮਾਛਲੋ=ਮੱਛ ਦਾ ਰਸਤਾ ਵੇਖਿਆ ਨਹੀਂ ਜਾਂਦਾ।

ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ॥

(੩) ਤੀਜਾ ਦ੍ਰਿਸ਼ਟਾਂਤ-ਜਿਵੇਂ ਕੋਈ ਕਹੇ ਕਿ ਅਕਾਸ਼ ਦੀ ਮਿੱਟੀ ਦਾ ਬਣਿਆ ਹੋਇਆ ਘੜੂਅਲੋ=ਘੜਾ ਮ੍ਰਿਗ ਤ੍ਰਿਸ਼ਨਾਂ ਰੂਪੀ ਜਲ ਨਾਲ ਭਰਿਆ ਹੋਇਆ ਅਕਾਸ਼ ਵਿਚ ਹੈ।

ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥ ੩॥ ੨॥

ਨਾਮਦੇਵ ਜੀ ਕਥਨ ਕਰਦੇ ਹਨ, ਹੇ ਮਾਈ ! ਜਿਸ ਮੇਰੇ ਬੀਠੁਲ ਸੁਆਮੀ ਦੇ ਆਉਣ ਵਿਚ ਇਹ ਤਿੰਨ ਦ੍ਰਿਸ਼ਟਾਂਤ ਜਰਿਆ=ਜੁੜੇ ਹਨ । ਜੇਕਰ ਅਕਾਸ਼ ਦੀ ਮਿੱਟੀ ਤੇ ਬੰਝਿਆ ਦਾ ਪੁੱਤਰ ਜਿਸਨੇ ਘੜਾ ਬਣਾਇਆ ਹੈ ਤੇ ਮ੍ਰਿਗ ਤ੍ਰਿਸ਼ਨਾਂ ਦਾ ਜਲ ਇਹ ਤਿੰਨ ਸੱਚੇ ਹਨ ਤਾਂ ਉਸ ਦਾ ਆਉਣਾ ਭੀ ਸੱਚਾ ਹੈ, ਨਹੀਂ ਤਾ ਏਹ ਤਿੰਨੇ ਦ੍ਰਿਸ਼ਟਾਂਤ-ਅਕਾਸ਼ ਵਿਚ ਪੰਛੀ ਦਾ ਰਸਤਾ, ਜਲ ਵਿਚ ਮੱਛ ਦਾ ਰਸਤਾ, ਅਤੇ ਅਕਾਸ਼ ਦੀ ਮਿੱਟੀ ਦਾ ਘੜਾ ਮ੍ਰਿਗ ਤ੍ਰਿਸ਼ਨਾਂ ਰੂਪੀ ਜਲ ਨਾਲ ਭਰਿਆ ਹੋਇਆ, ਜੈਸੇ ਮਿਥਿਆ ਹਨ, ਤੈਸੇ ਉਸ ਭਗਵਾਨ ਦਾ ਆਵਣਾ ਭੀ ਅਸੰਭਵ ਹੈ। ਕਿਉਂਕਿ ਦੇਸ਼ ਕਾਲ ਵਾਲੀ ਵਸਤੂ ਵਿੱਚ ਆਉਣਾ ਜਾਣਾ ਬਣ ਸਕਦਾ ਹੈ ਤੇ ਉਹ ਭਗਵਾਨ ਦੇਸ ਕਾਲ ਤੋਂ ਰਹਿਤ ਹੈ। *-ਦੂਜਾ ਅਰਥ-*

ਨਾਮਦੇਵ ਜੀ ਕਥਨ ਕਰਦੇ ਹਨ, ਜਿਸ ਮੇਰੇ ਸੁਆਮੀ ਚੇ=ਦੇ ਵਿੱਚ ਇਹ ਤਿੰਨ ਗੁਣ ਜੜਤਕਾਰੀ ਹਨ-ਸੰਸਾਰ ਦੀ ''ਬੀ''=ਉਤਪਤੀ ਕਰਨੀ। ਸੰਸਾਰ ਦੀ ''ਠ''=ਠਹਿਰਾਵਣਾ ਭਾਵ ਪਾਲਣਾ ਕਰਨੀ। ਸੰਸਾਰ ਦੀ ''ਲ''=ਲੈਤਾ ਕਰਨੀ॥ ੩॥ ੨॥

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਜਿਸ ਵੇਲੇ ਭਗਤ ਰਵਿਦਾਸ ਜੀ ਉੱਚ ਪਦਵੀ ਤੇ ਪਹੁੰਚ ਕੇ ਠਾਕੁਰ ਪੂਜਾ ਕਰਨੀ ਛੱਡ ਬੈਠੇ ਤਾਂ ਪ੍ਰੀਖਿਆ ਵਾਸਤੇ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਕਿਹਾ, ''ਹੇ ਭਗਤ ! ਅੱਗੇ ਤੂੰ ਮੈਨੂੰ ਖੀਰ ਦਾ ਭੋਗ ਲਗਾਂਦਾ ਸੀ, ਫੁੱਲਾਂ ਦੀ ਮਾਲਾ ਗਲ ਵਿਚ ਪਾਂਦਾ ਸੀ, ਇਸ਼ਨਾਨ ਕਰਾਉਂਦਾ ਸੀ। ਹੁਣ ਤੂੰ ਕਿਉਂ ਛੱਡ ਬੈਠਾ ਹੈਂ?'' ਅੱਗੋਂ ਭਗਤ ਰਵਿਦਾਸ ਨੇ ਆਪਣਾ ਨਿਸਚਾ ਦਸਦਿਆਂ ਹੋਇਆਂ ਕਿਹਾ-

ਦੂਧੁ ਤ ਬਛਰੈ ਥਨਹੁ ਬਿਟਾਰਿਓ॥ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥

ਹੇ ਭਗਵਾਨ ! ਦੁੱਧ ਨੂੰ ਤਾਂ ਵੱਛੇ ਨੇ ਥਣਾਂ ਵਿਚੋਂ ਪੀਕੇ ਬਿਟਾਰਿਓ=ਵਿਗਾੜ ਦਿੱਤਾ ਭਾਵ ਜੂਠਾ ਕਰ ਦਿੱਤਾ। ਹੁਣ ਆਪ ਨੂੰ ਜੂਠੇ ਦੁੱਧ ਦਾ ਭੋਗ ਕੈਸੇ ਲਗਾਵਾਂ। ਜੇ ਆਪ ਫੁੱਲਾਂ ਦੀ ਮਾਲਾ ਕਹੋ, ਤਾਂ ਫੁੱਲਾਂ ਨੂੰ ਭੌਰਿਆਂ ਨੇ ਸੁਗੰਧੀ ਲੈ ਲੈ ਕੇ ਜੂਠਾ ਕਰ ਦਿੱਤਾ ਹੈ। ਜੇ ਆਪ ਕਹੋ ਜਲ ਨਾਲ ਇਸ਼ਨਾਨ ਕਰਾਉਣ ਲਈ

ਕਹੋ ਤਾਂ ਜਲ ਨੂੰ ਮੱਛੀਆਂ ਨੇ ਵਿਗਾੜ ਦਿੱਤਾ ਹੈ। ਉਹ ਟੱਟੀ ਪਿਸ਼ਾਬ ਵਿਚ ਹੀ ਕਰਦੀਆਂ ਹਨ। ਇਸੀ ਕਾਰਨ ਕਰਕੇ ਮੈਂ ਪੂਜਾ ਕਰਨੀ ਛੱਡ ਦਿੱਤੀ ਹੈ।

ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨ ਫੂਲੁ ਅਨੂਪੁ ਨ ਪਾਵਉ ॥ ੧ ॥ ਰਹਾਉ ॥

ਹੇ ਮਾਈ=ਮਾਇਆ ਪਤੀ ਗੋਬਿੰਦ ਤੇਰੀ ਪੂਜਾ ਵਾਸਤੇ ਕਹਾ=ਕਿੱਥੋਂ ਅਥਵਾ:-ਕੇਹੜੀ ਪਵਿੱਤ੍ਰ ਚੀਜ਼ ਲੈ ਕਰਕੇ ਚੜ੍ਹਾਵਾਂ। ਅਥਵਾ:-ਹੇ ਭਾਈ ! ਗੋਬਿੰਦ ਦੀ ਪੂਜਾ ਵਾਸਤੇ ਕੇਹੜੀ ਸਮਿਗ੍ਰੀ ਲੈ ਕੇ ਚੜ੍ਹਾਵਾਂ।

ਯਥਾ- ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ॥

(ਰਾਮਕਲੀ ਮਹਲਾ ੩, ਪੰਨਾ ੯੧੦)

ਕਿਉਂਕਿ ਅਵਰੁਨ=ਹੋਰ ਅਨੂਪੰ ਫੁੱਲ ਭਾਵ ਪਵਿੱਤ੍ਰ ਫੁੱਲ ਮੈਂ ਨਹੀਂ ਪਾਂਵਦਾ। ਅਰਥਾਤ ਸੁੱਚੇ ਫੁੱਲ ਕੋਈ ਲੱਭਦੇ ਨਹੀਂ। (ਟਕਸਾਲ ਦਾ ਸੰਪ੍ਰਦਾਈ ਪਾਠ ''ਅਵਰੁਨ'' ਹੈ)।

ਜੇ ਆਪ ਚੰਦਨ ਛਿਣਕਣ ਵਾਸਤੇ ਕਹੋ, ਤਾਂ-

ਮੈਲਾਗਰ ਬੇਰ੍ਹੈ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥

ਮੈਲਾਗਰ=ਬਾਵਨ ਚੰਦਨ ਵੀ ਭੁਇਅੰਗਾ=ਸਰਪਾਂ ਕਰਕੇ ਬੇਰ੍ਹੇ=ਘੇਰਿਆ ਹੋਇਆ ਹੈ। ਇਸੀ ਤੇ ਵਿਹੁ ਨਾਲ ਭਰਿਆ ਹੋਇਆ ਚੰਦਨ ਚੜ੍ਹਾਣੇ ਯੋਗ ਨਹੀਂ ਹੈ।

ਵਿਹੁ ਤੇ ਅੰਮਿਤ੍ਰ ਇਹ ਦੋਨੋਂ ਇਕੱਠੇ ਹੀ ਇੱਕ ਸਮੁੰਦਰ ਦੇ ਨਾਲ ਵਸ ਰਹੇ ਹਨ।

ਅਥਵਾ:-ਵਿਹੁ ਸ਼ਿਵਾਂ ਦੇ ਕੰਠ ਵਿਚ ਵਸਦੀ ਹੈ ਤੇ ਅੰਮ੍ਰਿਤ ਮਸਤਕ ਵਿੱਚ ਹੈ, ਤੋਂ ਭੀ ਵਿਹੁ ਦੀ ਭੜਾਸ ਅੰਮ੍ਰਿਤ ਵਿਚ ਪ੍ਰਾਪਤ ਹੁੰਦੀ ਹੈ, ਤੋ ਭੀ ਉਹ ਜੋਗ ਨਹੀਂ॥ ੨॥

ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥

ਧੂਪ, ਦੀਪਕ, ਨਈਬੇਦਹਿ=ਗੁੜ ਆਦਿਕ ਮਿੱਠਾ ਭੋਜਨ ਜੋ ਨਈਬੇਦਹਿ=ਅਰਪਨ ਕਰਨਾ ਹੈ! ਇਹ ਸਭ ਬਾਸਾ=ਬੇਹੇ ਹਨ।

ਜੈਸੇ ਕਿਸੀ ਮਨੁੱਖ ਨੂੰ ਜੂਠਾ ਜਾਂ ਬਾਸਾ ਅੰਨ ਛਕਾਈਏ ਤਾਂ ਉਹ ਪ੍ਰਸੰਨ ਨਹੀਂ ਹੁੰਦਾ ਤੇ ਹੇ ਪਰਮੇਸ਼ਰ ! ਤੂੰ ਕਿਵੇਂ ਪ੍ਰਸੰਨ ਹੋਵੇਂਗਾ, ਇਸ ਕਾਰਨ ਕਰਕੇ ਹੇ ਭਗਵਨ ! ਮੈਂ ਦਾਸ ਤੇਰੀ ਪੂਜਾ ਕਿਵੇਂ ਕਰਾਂ॥ ੩॥

ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥ ੪ ॥

ਮੈਂ ਤਾਂ ਤਨ ਮਨ ਦੇ ਅਰਪਣੇ ਰੂਪੀ ਪੂਜਾ ਨੂੰ ਚੜ੍ਹਾਂਦਾ ਹਾਂ। ਗੁਰਾਂ ਦੀ ਕਿਰਪਾ ਦੁਆਰੇ ਨਿਰੰਜਨੁ=ਮਾਇਆ ਮਲ ਤੋਂ ਰਹਿਤ ਪਰਮੇਸ਼ਰ ਨੂੰ ਪਾਂਵਦਾ ਹਾਂ। ਅਥਵਾ:-ਸਿੱਖਾਂ ਨੂੰ ਉਪਦੇਸ਼ ਕਰਦੇ ਹਨ-

ਹੇ ਭਾਈ ! ਤਨ ਮਨ ਦੇ ਅਰਪਣੇ ਰੂਪੀ ਪੂਜਾ ਨੂੰ ਚੜ੍ਹਾਵੋ ਅਤੇ ਗੁਰਾਂ ਦੀ ਕਿਰਪਾ ਦੁਆਰੇ ਨਿਰੰਜਨ ਨੂੰ ਪਾਵੋ॥ ੪॥

ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥ ੫ ॥ ੧ ॥

ਹੇ ਭਗਵਾਨ ! ਇਸ ਤੋਂ ਬਿਨਾਂ ਤੇਰੀ ਪੂਜਾ ਅਰਚਾ ਹੋਰ ਕੋਈ ਨਹੀਂ ਹੈ ਏਹੀ ਮਨ ਤਨ ਦੇ ਅਰਪਣੇ

ਰੂਪੀ ਪੂਜਾ ਸਭ ਤੋਂ ਸ੍ਰੇਸ਼ਟ ਹੈ। ਅਥਵਾ ਹੇ ਭਗਵਾਨ ! ਤੇਰੀ ਅਰਚਾ=ਮੂਰਤੀ ਦੀ ਪੂਜਾ।

ਅਥਵਾ:-ਪੂਜਾ ਤੇ ਅਰਚਾ=ਚੰਦਨ ਦਾ ਛਿਣਕਣਾ ਆਦਿ ਮੇਰੇ ਪਾਸੋਂ ਕੋਈ ਨਹੀਂ ਹੁੰਦਾ ਹੈ।

ਅਥਵਾ:-ਤੇਰੀ ਪੂਜਾ ਦੀ ਤੇ ਅਰਚਾ=ਚੰਦਨ ਛਿਣਕਣ ਦੀ ਮੈਨੂੰ ਕੋਈ ਆਹਿ ਨ=ਚਾਹ ਨਹੀਂ। ਇਸ ਤੇ ਰਵਿਦਾਸ ਜੀ ਕਹਿੰਦੇ ਹਨ, ਹੇ ਭਗਵਾਨ ! ਹੁਣ ਮੇਰੀ ਕੇਹੋ ਜੇਹੀ ਗਤੀ ਹੋਵੇਗੀ? ਇਤਨੀ ਗੱਲ ਸੁਣ ਕੇ ਭਗਵਾਨ ਨੇ ਝਟ ਪਰਗਟ ਹੋ ਕੇ ਭਗਤ ਨੂੰ ਗਲ ਨਾਲ ਲਗਾ ਲੀਤਾ॥ ੫॥੭॥

ਉਪਰਲੇ ਭਾਵ ਨਾਲ ਮਿਲਦਾ ਜੁਲਦਾ ਸ਼ਬਦ ਨਾਮਦੇਵ ਜੀ ਨੇ ਕਿਹਾ ਹੈ-

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥ ੧॥
ਜੜ ਜਾਉ ਤਤ ਬੀਠਲੁ ਭੈਲਾ॥ ਮਹਾ ਅਨੰਦ ਕਰੇ ਸਦ ਕੇਲਾ॥ ੧ ਰਹਾਉ॥
ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ॥
ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ॥ ੨॥
ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥
ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ॥ ੩॥

(ਆਸਾ ਬਾਣੀ ਸ੍ਰੀ ਨਾਮਦੇਉ ਪੰਨਾ ੪੮੫)

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ–ਪਰਮੇਸ਼ਰ ਭਗਤੀ ਬਿਨਾਂ, ਦਿਖਾਵੇ ਮਾਤਰ ਜੋ ਭੇਖ ਧਾਰਨੇ ਹਨ ਤੇ ਜਪ ਤਪ ਤੀਰਥ ਸ਼ਨਾਨ, ਆਦਿਕ ਸਾਧਨ ਕਰਨੇ ਹਨ, ਤਿਨ੍ਹਾਂ ਦੀ ਨਖੇਧੀ ਕਰਦੇ ਹੋਏ ਜੈ ਚੰਦ ਪੰਡਿਤ ਨੂੰ ਉਪਦੇਸ਼ ਦੇਂਦੇ ਹਨ-

ਰਹਾਉ ਤੋਂ ਪੰਗਤੀ ਚੁੱਕਣੀ- ਭਰਮੇ ਭੂਲੀ ਰੇ ਜੈ ਚੰਦਾ॥

ਹੇ ਜੈ ਚੰਦ ਬ੍ਰਾਹਮਣ ! ਤੇਰੀ ਬੁੱਧੀ ਭਰਮ ਵਿਚ ਭੁੱਲ ਰਹੀ ਹੈ। ਭੇਖੀ ਸਾਧੂਆਂ ਵਾਂਗ-

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥

ਜਿਨ੍ਹਾਂ ਪੁਰਸ਼ਾਂ ਨੇ ਅੰਦਰ ਰਾਗ ਦਵੈਸ਼ ਅਵਿੱਦਿਆ ਰੂਪ ਮੈਲ ਹੋਣ ਕਰਕੇ ਆਪਣੇ ਮਨ ਨੂੰ ਨਿਰਮਲ ਨਹੀਂ ਕੀਤਾ ਤੇ ਬਾਹਰੋਂ ਤਨ ਉੱਪਰ ਉਦਾਸੀ (ਸਾਧੂ) ਭੇਖ ਧਾਰਨ ਕੀਤਾ ਹੈ। ਤਿਨ੍ਹਾਂ ਦਾ ਉਦਾਸੀ (ਸਾਧੂ) ਹੋਣਾ ਨਿਸਫਲ ਹੈ।

ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥ ੧॥

ਘਟਿ=ਸਰੀਰ ਵਿਚ ਜੋ ਹਿਰਦਾ ਕੇਵਲ ਹੈ ਉਸ ਵਿਚ ਜਿਨ੍ਹਾਂ ਪੁਰਸ਼ਾਂ ਨੇ ਬ੍ਰਹਮ ਨੂੰ ਜਾਣਿਆ ਨਹੀਂ, ਤਿਨ੍ਹਾਂ ਦਾ ਸੰਨਿਆਸੀ ਹੋਣਾ ਕਿਸ ਕੰਮ ਹੈ।

(ਪੰਨਾ ੫੨੬)

ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧ ॥ਰਹਾਉ ॥

ਹੇ ਜੈ ਚੰਦ ਬ੍ਰਾਹਮਣ ! ਤੇਰੀ ਬੁੱਧੀ ਭਰਮ ਵਿੱਚ ਭੁੱਲ ਰਹੀ ਹੈ। ਭੇਖੀ ਉਦਾਸੀਆਂ (ਸਾਧਾਂ) ਨੇ ਪਰਮਾਨੰਦ ਨੂੰ ਜਾਣਿਆਂ ਨਹੀਂ ਹੈ। ਭੇਖੀ ਸੰਨਿਆਸੀਆਂ ਨੇ ਵੀ ਪਰਮਾਨੰਦ ਨੂੰ ਜਾਣਿਆ ਨਹੀਂ। ਹੇ ਜੈ ਚੰਦ ਬ੍ਰਾਹਮਣ ! ਬਾਹਰਲੇ ਸ਼ਕਾਮ ਕਰਮਾਂ ਦੇ ਕਰਨ ਨਾਲ ਭੀ ਪਰਮਾਨੰਦ ਨੂੰ ਜਾਣਿਆਂ ਨਹੀਂ।

ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥

ਭੇਖੀ ਸਾਧੂਆਂ ਨੇ ਆਪਣੇ ਗਲ ਵਿੱਚ ਖਿੰਥਾ ਤੇ ਕੰਨਾਂ 'ਚ ਮੁੰਦਰਾਂ ਪਾ ਕੇ ਗ੍ਰਹਿਸਤੀਆਂ ਦੇ ਘਰਾਂ ਘਰਾਂ 'ਚੋਂ ਛਤੀਹ ਪਰਕਾਰ ਦੇ ਅੰਮ੍ਰਿਤ ਭੋਜਨ ਖਾਕੇ ਆਪਣੇ ਪਿੰਡੁ=ਸਰੀਰ ਨੂੰ ਵਧਾ ਲੀਤਾ, ਗੋਗੜ ਮੋਟੀ ਕਰ ਲਈ ਪਰ ਵਾਹਿਗੁਰੂ ਨਾਮ ਦਾ ਸਿਮਰਨ ਨਾ ਕੀਤਾ ਕਿਉਂਕਿ ਮਨ ਉਹਨਾਂ ਦਾ ਮਾਇਆ ਵਿਚ ਲੱਗਾ ਰਿਹਾ ਹੈ।

ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥ ੨ ॥

ਮਹਾਂ ਅਪਵਿੱਤਰ, ਮਸਾਣ ਭੂਮੀ ਦੀ ਭਸਮ=ਸੁਆਹ ਸਰੀਰ ਉੱਤੇ ਲਾਵਣਾ ਕੀਤੀ ਮੁਕਤੀ ਫਿਰ ਵੀ ਨਾ ਹੋਈ, ਇਹ ਨਿਯਮ ਹੈ ਗੁਰ ਉਪਦੇਸ਼ ਤੋਂ ਬਿਨਾਂ ਸਭ ਵੇਦਾਂ ਸ਼ਾਸਤਰਾਂ ਦੇ ਸਿਧਾਂਤ ਰੂਪ ਅਕਾਲ ਪੁਰਖ ਨੂੰ ਕਿਸੀ ਨੇ ਪਾਵਣਾ ਨਹੀਂ ਕੀਤਾ।

ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥

ਹੇ ਜੈ ਚੰਦ ਬ੍ਰਾਹਮਣ ! ਪਖੰਡ ਸਹਿਤ ਨਦੀ ਕਿਨਾਰੇ ਬੈਠਕੇ ਜਪ ਕਰਨ ਨਾਲ ਕੀ ਲਾਭ ਹੈ? ਅਰ ਪੰਜ ਧੂਣੀਆਂ ਰੂਪ ਤਪ ਦੇ ਤਪਣ ਨਾਲ ਕੀ ਲਾਭ ਹੈ? ਸ਼ਕਾਮ ਕਰਮਾਂ ਰੂਪ ਜਲ ਰਿੜਕਣ ਨਾਲ ਕਾਇ=ਕੀ ਲਾਭ ਹੈ? ਭਾਵ ਕੁਝ ਲਾਭ ਨਹੀਂ।

ਯਥਾ-*ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥ ੧ ॥*

(ਸੂਹੀ ਮਹਲਾ ੫, ਪੰਨਾ ੭੩੯)

ਤਥਾ- *ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥*

(ਸਾਰਗ ਮਹਲਾ ੫, ਪੰਨਾ ੧੨੦੫)

ਪ੍ਰਸ਼ਨ-ਤਾਂ ਫੇਰ ਕੀ ਕਰਤੱਬ ਕਰਨਾ ਚਾਹੀਦਾ ਹੈ? ਉੱਤਰ-

ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥ ੩ ॥

ਜਿਸ ਪਰਮਾਤਮਾ ਨੇ ਚੌਰਾਸੀ-ਲੱਖ ਜੂਨ ਪੈਦਾ ਕੀਤੀ ਹੈ, ਉਸ ਨਿਰਬੰਧ ਰੂਪ ਵਾਹਿਗੁਰੂ ਨੂੰ ਸਿਮਰਨਾ ਕਰੋ।

ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥

ਪਰਮਾਤਮਾ ਦੇ ਸਿਮਰਨ ਬਿਨਾਂ, ਹੱਥ ਵਿੱਚ ਕਮੰਡਲੁ=ਡੋਲ ਜਾਂ ਚਿੱਪੀ ਆਦਿਕ ਫੜਨ ਨਾਲ ਕੀ

ਲਾਭ ਹੈ? ਤੇ ਰੇ=ਹੇ ਪੰਡਿਤ ! ਕਾਪੜੀ ਭੇਖ ਧਾਰਨ ਨਾਲ ਕੀ ਲਾਭ ਹੈ, ੬੮ ਤੀਰਥਾਂ ਉੱਪਰ ਫਿਰਨ ਨਾਲ ਕੀ ਲਾਭ ਹੈ? ਭਾਵ ਕੁਝ ਨਹੀਂ।

ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥ ੪॥ ੧॥

*ਤ੍ਰਿਲੋਚਨ ਭਗਤ ਜੀ ਕਥਨ ਕਰਦੇ ਹਨ, ਹੇ ਪ੍ਰਾਣੀ ਜੈ ਚੰਦ ਬ੍ਰਾਹਮਣ ! ਤੂੰ ਸੁਣਨਾ ਕਰ। ਮੋਖ ਰੂਪੀ ਕਣ=ਅੰਨ ਤੋਂ ਬਿਨਾਂ ਜੋ ਕਰਮਾ ਰੂਪੀ ਨਾੜ ਹੈ, ਉਹਨਾਂ ਨੂੰ ਗਾਹ ਕੀ ਪਾਉਣਾ ਹੈ ਇੰਦਰੀਆਂ ਰੂਪ ਬੈਲਾਂ ਨੂੰ ਜੋੜਕੇ, ਭਾਵ ਜਿਨ੍ਹਾਂ ਸਾਧਨਾਂ ਵਿੱਚ ਮੁਕਤੀ ਨਹੀਂ ਉਹਨਾਂ ਸਾਧਨਾਂ ਲਈ ਇੰਦਰੀਆਂ ਨੂੰ ਕਿਉਂ ਦੁੱਖ ਦੇਣਾ ਹੈ॥ ੪॥ ੧॥

ਗੂਜਰੀ

ਉਥਾਨਕਾ-ਇੱਕ ਸਮੇਂ ਭਗਤ ਤ੍ਰਿਲੋਚਨ ਜੀ ਪਾਸ ਉਸ ਦੇ ਪ੍ਰੇਮੀ ਸੇਵਕ ਨੇ ਬੇਨਤੀ ਕੀਤੀ, ਕਿ "ਮਹਾਰਾਜ ! ਅੰਤ ਸਮੇਂ ਭਾਵ ਮਰਨ ਤੋਂ ਬਾਅਦ ਜੀਵ ਦੀ ਕੀ ਦਸ਼ਾ ਹੁੰਦੀ ਹੈ?" ਤਾਂ ਭਗਤ ਜੀ ਨਿਯਮ ਕਰਦੇ ਹੋਏ ਕਥਨ ਕਰਦੇ ਹਨ:-

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

ਜੋ ਪੁਰਸ਼, ਅੰਤਿ ਕਾਲ=ਮਰਨ ਸਮੇਂ ਮਾਇਆ ਨੂੰ ਯਾਦ ਕਰਦਾ ਹੈ, ਐਸੀ ਚਿੰਤਾ ਵਿਖੇ ਭਾਵ ਮਾਇਆ ਦੇ ਧਿਆਨ ਚਿੰਤਨ ਵਿੱਚ ਹੀ ਜੇਕਰ ਮਰ ਜਾਂਦਾ ਹੈ। ਤਾਂ-

ਸਰਪ ਜੋਨਿ ਵਲਿ ਵਲਿ ਅਉਤਰੈ॥ ੧॥

ਉਹ ਸਰਪ ਜੂਨੀ ਵਿੱਚ ਵਲਿ ਵਲਿ=ਮੁੜ ਮੁੜ ਕੇ ਅਉਤਰੈ=ਉਤਰਦਾ ਹੈ ਭਾਵ ਆਂਵਦਾ ਹੈ।

ਅਥਵਾ:-ਵਲਿ ਵਲਿ=ਵਲਾਂ ਵਾਲਾ ਭਾਵ ਜਲੇਬੀ ਸਰਪ ਬਣਕੇ ਬਾਰੰ-ਬਾਰ ਸੰਸਾਰ ਵਿੱਚ ਆਂਵਦਾ ਹੈ॥ ੧॥

ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥

ਅਰੀ ਬਾਈ=ਹੇ ਭਾਈ ! ਗੋਬਿਦ=ਅਕਾਲ ਪੁਰਖ ਦਾ ਨਾਮ ਮਤਾਂ ਭੁੱਲ ਜਾਵੇ।

ਅਥਵਾ:-ਮਤਿ-ਬੁੱਧੀ ਵਿੱਚੋਂ ਗੋਬਿੰਦ ਦਾ ਨਾਮ ਭੁੱਲਣੇ ਕਰਕੇ ਇਹ ਜੂਨਾਂ ਧਾਰਨੀਆਂ ਪੈਂਦੀਆਂ ਹਨ।

---

*ਤ੍ਰਿਲੋਚਨ ਦੋ ਹੋਏ ਹਨ, ਇੱਕ ਬ੍ਰਾਹਮਣ ਜਿਸ ਨੇ ਧੰਨੇ ਨੂੰ ਪੱਥਰ ਦਿੱਤਾ ਸੀ ਅਤੇ ਪਖੰਡੀ ਸੀ। ਦੂਜਾ ਬਾਣੀਆਂ, ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਈ ਹੈ।

ਇਸ ਦਾ ਜਨਮ ਸੰਮਤ ੧੩੨੫ ਵਿਖੇ ਬੰਬਈ ਸੂਬਾ, ਜ਼ਿਲ੍ਹਾ ਸ਼ੋਲਾਪੁਰ, ਪਿੰਡ ਬਾਰਸਨੇ ਵਿੱਚ ਹੋਇਆ। ਆਪ ਭਗਤ ਨਾਮਦੇਵ ਜੀ ਦੇ ਸਮ-ਕਾਲੀ ਅਤੇ ਬਹੁਤ ਉੱਚੇ ਸਤ-ਸੰਗੀ ਤੇ ਗ੍ਰਿਹਸਤੀ ਭਗਤ ਸਨ। ਪੰਚਮ ਪਾਤਿਸ਼ਾਹ ਜੀ ਨੇ ਆਪ ਦੇ ਗੁਰਬਾਣੀ ਵਿੱਚ ਚਾਰ ਸ਼ਬਦ ਦਰਜ ਕੀਤੇ ਹਨ।

੧ ਸ਼ਬਦ ਸ੍ਰੀ ਰਾਗੁ ਵਿਖੇ. ੨ ਸ਼ਬਦ ਗੂਜਰੀ ਰਾਗੁ ਵਿਖੇ, ੧ ਸ਼ਬਦ ਧਨਾਸਰੀ ਰਾਗੁ ਵਿੱਚ।

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

ਅੰਤਿ ਕਾਲਿ=ਮਰਨ ਸਮੇਂ ਜੋ ਔਰਤ ਪੁਰਸ਼ ਨੂੰ ਯਾਦ ਕਰਦੀ ਹੈ ਅਤੇ ਐਸੀ ਚਿੰਤਾ ਵਿਖੇ ਭਾਵ ਪੁਰਸ਼ ਨੂੰ ਯਾਦ ਕਰਦਿਆਂ ਕਰਦਿਆਂ ਜੇਕਰ ਮਰ ਜਾਵੇ ਤਾਂ-

ਬੇਸਵਾ ਜੋਨਿ ਵਲਿ ਵਲਿ ਅਉਤਰੈ॥ ੨॥

ਉਹ ਔਰਤ ਵਾਰ-ਵਾਰ ਵੇਸ਼ਵਾ ਦੀ ਜੂਨੀ ਵਿੱਚ ਅਉਤਰੈ=ਉਤਰਦੀ ਭਾਵ ਆਉਂਦੀ ਹੈ ਤੇ ਵੇਸ਼ਵਾ ਰੂਪ ਹੋ ਕੇ ਅਨੇਕਾਂ ਪੁਰਸ਼ਾਂ ਨਾਲ ਭੋਗ ਕਰਦੀ ਹੈ॥ ੨॥

ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥

ਅੰਤਿ ਕਾਲਿ-ਮਰਨ ਸਮੇਂ ਜੋ ਪੁਰਸ਼ ਆਪਣਿਆਂ ਲੜਕਿਆਂ ਨੂੰ ਯਾਦ ਕਰਦਾ ਹੈ ਤੇ ਐਸੀ ਚਿੰਤਾ ਵਿੱਚ ਮਰਦਾ ਹੈ, ਉਹ ਪੁਰਸ਼ ਵਾਰ-ਵਾਰ ਸੂਕਰ=ਸੂਰ ਜੂਨੀ ਵਿੱਚ ਅਉਤਰੈ=ਉਤਰਦਾ ਭਾਵ ਆਂਵਦਾ ਹੈ।

(ਕਿਉਕਿ ਸੂਰ ਦੇ ਬੱਚੇ ਬਹੁਤ ਪੈਦਾ ਹੁੰਦੇ ਹਨ)।

ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ੪॥

ਅੰਤਿ ਕਾਲਿ=ਮਰਨ ਵੇਲੇ ਜੋ ਪੁਰਸ਼ ਮੰਦਰਾਂ ਨੂੰ ਚੇਤੇ ਕਰਦਾ ਹੈ ਤੇ ਇਸੇ ਹੀ ਚਿੰਤਾ ਵਿੱਚ ਮਰਦਾ ਹੈ, ਉਹ ਪੁਰਸ਼ ਮੁੜ ਮੁੜ ਕੇ ਪ੍ਰੇਤ ਜੂਨੀ ਵਿੱਚ ਅਉਤਰੈ=ਉਤਰਦਾ ਭਾਵ ਆਂਵਦਾ ਹੈ॥ ੪॥

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ੫॥ ੨॥

ਅੰਤਿ ਕਾਲਿ=ਪ੍ਰਾਣ ਤਿਆਗਣ ਸਮੇਂ ਜੋ ਪੁਰਸ਼ ਨਾਰਾਇਣੁ=ਪਰਮਾਤਮਾ ਦਾ ਨਾਮ ਸਿਮਰਦਾ ਹੈ ਤੇ ਇਸੇ ਹੀ ਚਿੰਤਾ ਵਿੱਚ ਪ੍ਰਾਣ ਤਿਆਗ ਦਿੰਦਾ ਹੈ ਭਾਵ ਸਿਮਰਨ ਕਰਦਾ ਕਰਦਾ ਮਰਦਾ ਹੈ ਤਾਂ-ਭਗਤ ਤ੍ਰਿਲੋਚਨ ਜੀ ਕਥਨ ਕਰਦੇ ਹਨ, ਉਹ ਪੁਰਸ਼ ਮੁਕਤ ਹੋ ਜਾਂਦਾ ਹੈ ਅਤੇ ਵਾ+ਕੇ ਰਿਦੈ=ਉਸ ਦੇ ਹਿਰਦੇ ਵਿੱਚ ਪੀਤ+ਅੰਬਰੁ=ਪੀਲੇ ਕੱਪੜਿਆਂ ਵਾਲਾ ਪਰਮਾਤਮਾ ਆਕੇ ਵੱਸਦਾ ਹੈ।

ਸੋ ਭਾਵ ਕਿ-"ਅੰਤ ਮਤਾ ਸੋਈ ਗਤਾ", ਭਾਵੇਂ ਭਜਨੀਕ ਹੋਵੇ, ਭਾਂਵੇਂ ਪਾਪੀ, ਅੰਤ ਵੇਲੇ ਜੋ ਸੰਕਲਪ ਫੁਰਦਾ ਹੈ, ਉਸ ਦਾ ਫਲ ਜਲਦੀ ਪ੍ਰਾਪਤ ਹੁੰਦਾ ਹੈ। ਜਿਵੇਂ ਕਿ ਨਾਨਕ ਪਰਕਾਸ਼ ਉਤ੍ਕਾਰਧ ਦੇ ਚੌਥੇ ਧਿਆ ਵਿੱਚ ਲਾਹੌਰ ਵਾਸੀ ਦੁਨੀ ਚੰਦ ਦੇ ਬਾਪ ਦੀ ਸਾਖੀ ਹੈ। ਪਹਿਲੀ ਅਵਸਥਾ ਵਿੱਚ ਭਗਤ ਸੀ, ਪਰ ਅੰਤ ਵੇਲੇ ਮਾਸ ਦਾ ਫੁਰਨਾ ਫੁਰਿਆ ਤੇ ਬਘਿਆੜ ਦੀ ਜੂਨੀ ਵਿੱਚ ਪਿਆ।

ਗੂਜਰੀ

ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ–*ਜੈਦੇਵ ਭਗਤ ਜੀ ਪਾਸੋਂ ਉਸ ਦੇ ਸੇਵਕ ਨੇ ਪੁੱਛ ਕੀਤੀ, ਕਿ "ਮੈਨੂੰ ਲੋਕ ਆਪੋ ਆਪਣੇ ਖਿਆਲਾਂ ਅਨੁਸਾਰ-ਸ਼ਿਵਜੀ, ਗਣੇਸ਼, ਸੂਰਜ, ਅਸ਼ਟਭੁਜੀ ਦੇਵੀ, ਵਿਸ਼ਨੂੰ ਮਹਾਰਾਜ ਜੀ ਦੀ ਉਪਾਸ਼ਨਾ ਕਰਨ ਲਈ ਪ੍ਰੇਰਦੇ ਹਨ, ਤੁਸੀਂ ਦੱਸੋ ਕਿਸ ਦੀ ਉਪਾਸ਼ਨਾ ਕਰਾਂ ਜਿਸ ਤੇ ਜਮਾਂ ਦਾ ਖੌਫ ਦੂਰ ਹੋ ਜਾਵੇ ਤੇ ਮੁਕਤੀ ਨੂੰ ਪ੍ਰਾਪਤ ਹੋ ਜਾਵਾਂ?"

(ਅੰਨਵੇਂ ਤੁਕਾਂ ਵੱਲ ਖਿਆਲ ਕਰੋ।) ਉੱਤਰ:-ਇਛਸਿ ਜਮਾਦਿ ਪਰਾਭਯੰ

ਹੇ ਪੁਰਖਾ, ਜੇ ਤੈਨੂੰ ਜਮ ਆਦਿਕਾਂ ਦੇ ਭੈ ਤੋਂ ਪਰੇ ਹੋਣ ਦੀ ਇੱਛਾ ਹੈ।

ਅਥਵਾ:-ਜਮ ਆਦਿਕਾਂ ਦੇ ਪਰਾਭਯੰ=ਨਿਰਾਦਰ ਕਰਨ ਦੀ ਇੱਛਾ ਹੈ, ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ਕੇਵਲ ਰਾਮ ਨਾਮ ਮਨੋਰਮੰ॥ ਅਰਥ-ਖੋਟੀ ਬੁੱਧੀ ਤੇ ਸਾਰੇ ਪਾਪਾਂ ਨੂੰ ਤਿਆਗਕੇ ਪਰਮਾਤਮਾ ਦੀ ਸ਼ਰਨ ਗ੍ਰਹਿਣ ਕਰ ਤੇ ਕੇਵਲ ਰਾਮ ਦੇ ਨਾਮ ਨੂੰ ਮਨ ਵਿੱਚ ਰਮੰ=ਉਚਾਰਨਾ ਕਰ।

ਜਸੁ-ਹੇ ਪੁਰਖਾ, ਜੇ ਤੈਨੂੰ ਆਪਣੇ ਜਸ ਕਰਾਉਣ ਦੀ ਇੱਛਾ ਹੈ ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ਕੇਵਲ ਰਾਮ ਨਾਮ ਮਨੋਰਮੰ॥

ਸ੍ਰਸਤਿ-ਹੇ ਪੁਰਸ਼ਾ ! ਜੇ ਤੈਨੂੰ ਸ੍ਰਸਤਿ=ਕਲਿਆਣ ਰੂਪ ਹੋਣ ਦੀ ਇੱਛਾ ਹੈ, ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ਕੇਵਲ ਰਾਮ ਨਾਮ ਮਨੋਰਮੰ॥

ਸੁਕ੍ਰਿਤ-ਹੇ ਪੁਰਸ਼ਾ ! ਜੇ ਤੈਨੂੰ ਸੁਕ੍ਰਿਤ=ਪੁੰਨਾਤਮਾ ਰੂਪ ਹੋਣ ਦੀ ਇੱਛਾ ਹੈ, ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ਕੇਵਲ ਰਾਮ ਨਾਮ ਮਨੋਰਮੰ॥

ਕ੍ਰਿਤੰ-ਹੇ ਪੁਰਸ਼ਾ ! ਜੇ ਤੈਨੂੰ ਆਪਣੀ ਕ੍ਰਿਤੰ=ਕੀਰਤੀ ਕਰਾਉਣ ਦੀ ਇੱਛਾ ਹੈ, ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ਕੇਵਲ ਰਾਮ ਨਾਮ ਮਨੋਰਮੰ॥

---

*ਦੱਖਣੀ ਬੰਗਾਲ ਜ਼ਿਲ੍ਹਾ ਬੀਰ ਭੂਮਿ ਦੇ ਕੇਂਦੁਲੀ ਨਾਮੇ ਪਿੰਡ ਦੇ ਨਿਵਾਸੀ ਭੋਜ ਦੇਵ ਬ੍ਰਾਹਮਣ ਦੇ ਸਪੁੱਤਰ ਜੈਦੇਵ ਜੀ ਹੋਏ ਹਨ। ਮਾਤਾ ਰਮਾ ਦੇਵੀ ਦੇ ਉਦਰ ਤੋਂ ਜੈਦੇਵ ਜੀ ਦਾ ਜਨਮ ੧੨੬੫ ਬ੍ਰਿਕਮੀ ਵਿੱਚ ਹੋਇਆ। ਪਹਿਲੇ ਆਪ ਕ੍ਰਿਸ਼ਨ ਉਪਾਸ਼ਕ ਸਨ। ਤੱਤਵੇਤਾ ਮਹਾਤਮਾ ਦੀ ਸਤਸੰਗਤ ਕਰਨ ਨਾਲ ਆਪ ਅਕਾਲ ਪੁਰਖ ਦੇ ਅਨਿੰਨ ਉਪਾਸ਼ਕ ਬਣ ਗਏ। ਰਾਗ ਵਿੱਦਿਆ ਦੇ ਆਪ ਬੜੇ ਪਰੇਮੀ ਸਨ, ਆਪਣੀ ਪਦਮਾਵਤੀ ਇਸਤ੍ਰੀ ਨਾਲ ਮਿਲਕੇ ਮਨੋਹਰ ਸੁਰ ਨਾਲ ਆਪਣੇ ਰਚੇ ਪਦਾਂ ਨੂੰ ਗਾਇਆ ਕਰਦੇ ਸੀ. ਗੀਤ ਗੋਵਿੰਦ, ਰਸਨਾ ਰਘਵਾ. ਚੰਦ੍ ਲੋਕ ਆਦਿ ਕਈ ਗ੍ਰੰਥ ਆਪ ਨੇ ਬਣਾਏ ਹਨ। ਬੰਗਾਲ ਦੇ ਰਾਜਾ ਬਲਾਲਸੇਨ ਦੇ ਪੁੱਤਰ ਰਾਜਾ ਲਖਮਣ ਸੇਨ ਦੀ ਕਚਹਿਰੀ ਵਿਚ ਪੰਜ ਪਰਸਿੱਧ ਕਵੀਆਂ ਚੋਂ ਉੱਚੇ ਕਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪ ਦੇ ਦੋ ਸ਼ਬਦ ਹਨ।

ਹੇ ਪੁਰਖਾ ! ਜੇਕਰ ਭਵਭੂਤ=ਕਲਿਆਣ ਸਰੂਪ ਭਾਵ=ਹੋਣ ਦੀ ਇੱਛਾ ਹੈ, ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ਕੇਵਲ ਰਾਮ ਨਾਮ ਮੰਨੋਰਮੰ॥

ਜੇਕਰ-ਤੇਰੇ ਕੋ ਸਮ+ਅਬਿਅੰ=ਭਲੀ ਪਰਕਾਰ ਅਬਿਨਾਸੀ ਰੂਪ ਹੋਣ ਦੀ ਇੱਛਾ ਹੈ ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ਕੇਵਲ ਰਾਮ ਨਾਮ ਮਨੋਰਮੰ॥

ਜੇਕਰ-ਪਰਮ ਪ੍ਰਸੰਨ ਰੂਪ ਹੋਣ ਦੀ ਇੱਛਾ ਹੈ ਤਾਂ-

ਤਜਿ ਸਕਲ ਦੁਹਕ੍ਰਿਤ ਦੁਰਮਤੀ

ਜੇਕਰ-ਮਿਦੰ ਕਹੀਏ ਇਦੰ=ਏਹ ਜੋ ਆਤਮਾ ਅਭਿੰਨ ਪਰਮਾਤਮਾ ਹੈ ਉਸ ਦਾ ਸਰੂਪ ਹੋਣ ਦੀ ਇੱਛਾ ਹੈ, ਤਾਂ-ਤਜਿ ਸਕਲ ਦੁਹਕ੍ਰਿਤ ਦੁਰਮਤੀ

ਇਸ ਤਰੀਕੇ ਨਾਲ ਪਹਿਲੇ ਆਰੰਭ ਕਰਕੇ ਚੰਗੀ ਤਰ੍ਹਾਂ ਅੱਖਰਾਂ ਦੀ ਜੋਜਨਾਂ ਜੋੜ ਕੇ ਫੇਰ ਆਦ ਤੋਂ ਸ਼ੁਰੂ ਕਰਨਾ। ਪ੍ਰਸ਼ਨ-ਪਰਮਾਤਮਾ ਕੈਸਾ ਹੈ? ਉੱਤਰ-

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥

ਪਰਮਾਦਿ-ਪਰਮ+ਆਦਿ=ਸਭ ਤੋਂ ਵੱਡਾ ਹੈ ਤੇ ਸਾਰਿਆਂ ਦੀ ਆਦ ਰੂਪ ਹੈ।

ਪੁਰਖ=ਪੂਰਨ ਹੈ ਅਥਵਾ:-ਪੁਰਸ਼ ਇੱਕ ਪਰਮਾਤਮਾ ਹੀ ਹੈ ਹੋਰ ਸਭ ਨਾਰੀਆਂ ਹਨ।

ਯਥਾ:-ਠਾਕੁਰੁ ਏਕੁ ਸਬਾਈ ਨਾਰਿ॥ (ਪੰਨਾ ੯੩੩)

ਮਨੋਪਿਮੰ=ਅਨ+ਉਪਮੰ=ਉਪਮਾ ਤੋਂ ਰਹਿਤ ਹੈ, ਉਸ ਦੀ ਉਪਮਾ ਕਥਨ ਕੀਤੀ ਨਹੀਂ ਜਾਂਦੀ। ਸਤਿ ਆਦਿ ਭਾਵ ਰਤੰ॥ ਸਤਿਆਦੀ ਭਾਵ=ਵਿਸ਼ੇਸ਼ਣਾ ਦੇ ਰਤੰ=ਸੰਯੁਕਤ ਹੈ। ਭਾਵ=ਸਤਿ ਚੇਤਨ ਅਨੰਦ ਸਰੂਪ ਹੈ।

ਅਥਵਾ:-ਸਤਿ=ਤਿੰਨ ਕਾਲ ਅਬਾਧ ਹੈ। ਆਦਿ=ਸਭ ਦੀ ਆਦ ਰੂਪ ਹੈ।

ਭਾਵ=ਪਦਾਰਥਾਂ ਵਿਚ ਰਤੰ=ਮਿਲਿਆ ਹੋਇਆ ਹੈ।

ਪਰਮਦਭੁਤੰ ਪਰਕ੍ਰਿਤਿ ਪਰੰ

ਪਰ ਮਦ ਭੁਤੰ=ਪਰੰ+ਅਦਭੁਤੰ ਸਾਰਿਆਂ ਤੋਂ ਪਰੰ=ਪਰੇ ਭਾਵ ਅਸੰਗ ਰੂਪ ਹੈ ਤੇ ਅਦਭੁਤੰ=ਅਸਚਰਜ ਰੂਪ ਹੈ। ਪਰਕ੍ਰਿਤਿ=ਮਾਇਆ ਤੋਂ ਪਰੰ=ਪਰੇ ਹੈ ਭਾਵ ਨਿਰਲੇਪ।

ਜਦਿਚਿੰਤਿ ਸਰਬ ਗਤੰ॥ ੧॥

ਜਦਿ=ਜੋ ਸਭ ਕਰ ਕੇ ਚਿੰਤਨ ਕਰਨ ਯੋਗ ਹੈ ਤੇ ਸਾਰਿਆਂ ਵਿਚ ਗਤੰ=ਪ੍ਰਾਪਤ ਭਾਵ ਮਿਲਿਆ ਹੋਇਆ ਹੈ। ਅਥਵਾ:-ਹੇ ਪੁਰਸ਼ਾ ! ਜਦਿ=ਜੇਕਰ ਤੈਨੂੰ ਚਿੰਤਨ ਕਰਨ ਦੀ ਇੱਛਾ ਹੈ, ਤਾਂ ਸਾਰਿਆਂ ਵਿਚ ਪਰਾਪਤ ਰੂਪ ਜੋ ਪਰਮਾਤਮਾ ਹੈ-

ਕੇਵਲ ਰਾਮ ਨਾਮ ਮਨੋਰਮੰ॥

ਕੇਵਲ=ਸਿਰਫ ਉਸ ਰਾਮ ਦੇ ਨਾਮ ਨੂੰ ਮਨੋਰਮੰ=ਉਚਾਰਨਾ ਕਰ।

ਅਥਵਾ:-ਉਹ ਪਰਮਾਤਮਾ ਕੇਵਲ=ਸ਼ੁੱਧ ਹੈ। ਰਾਮ=ਰਮਿਆ ਹੋਇਆ ਹੈ। ਨਾਮ=ਪ੍ਰਸਿੱਧ ਹੈ। ਮਨੋਰਮੰ=ਸੁੰਦਰ ਹੈ।

ਬਦਿ ਅੰਮ੍ਰਿਤ ਤਤ ਮਇਅੰ॥

ਬਦਿ=ਕਥਨ ਕਰਨ ਯੋਗ ਹੈ, ਅੰਮ੍ਰਿਤ ਰੂਪ ਹੈ ਤੇ ਸਭ ਵੇਦਾਂ ਸ਼ਾਸਤਰਾਂ ਦਾ ਤਤ ਮਇਅੰ=ਸਿਧਾਂਤ ਰੂਪ ਹੈ। ਅਥਵਾ:-ਹੇ ਪੁਰਸ਼ਾ! ਜੇ ਤੈਨੂੰ ਤਰਨ ਦੀ ਇੱਛਾ ਹੈ ਤਾਂ ਸਭ ਵੇਦਾਂ ਸ਼ਾਸਤਰਾਂ ਦੇ ਸਿਧਾਂਤ ਰੂਪ ਪਰਮਾਤਮਾ ਦੇ ਨਾਮ ਅੰਮ੍ਰਿਤ ਨੂੰ ਬਦਿ=ਉਚਾਰਨਾ ਕਰ।

ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ॥ ੧॥ ਰਹਾਉ॥

ਜ=ਜਿਸ ਪਰਮਾਤਮਾ ਦੇ ਸਮਰਣੇਨ=ਸਿਮਰਨ ਕਰਨ ਨਾਲ ਜਨਮ ਮਰਨ ਦੇ ਮਧ ਕਾਲ ਭਾਵ ਜੀਵਨ ਸਮੇਂ ਦੀ ਦਨੋਤਿ=ਪੀੜਾ, ਨ ਭਇਅੰ=ਨਹੀਂ ਹੁੰਦੀ।

ਅਥਵਾ:-ਜਿਸ ਪਰਮਾਤਮਾ ਦੇ ਸਿਮਰਨ ਕਰਨ ਨਾਲ ਜਰਾਧਿ=ਜਰ+ਆਧਿ, ਜਰ=ਬੁਢੇਪਾ, ਜੋਬਨ, ਬਾਲ, ਇਨ੍ਹਾਂ ਤਿੰਨਾਂ ਅਵਸਥਾ ਦੀ ਦਨੋਤਿ=ਪੀੜਾ, ਨ ਭਇਅੰ=ਨਹੀਂ ਹੁੰਦੀ।

ਪੁਨਾ-ਜਿਸ ਪਰਮਾਤਮਾ ਦੇ ਸਿਮਰਨ ਕਰਨ ਨਾਲ ਆਧਿ, ਬਿਆਧਿ, ਉਪਾਧਿ, ਇਨ੍ਹਾਂ ਤਿੰਨਾਂ ਰੋਗਾਂ ਦੀ ਪੀੜਾ ਭੀ ਨਹੀਂ ਹੁੰਦੀ।

ਇਛਸਿ ਜਮਾਦਿ ਪਰਾਭਯੰ ਜਸੁ ਸ੍ਰੁਸਤਿ ਸੁਕ੍ਰਿਤ ਕ੍ਰਿਤੰ॥

ਹੇ ਪੁਰਸ਼ਾ! ਜੇ ਤੈਨੂੰ ਜਮ ਆਦਿਕਾਂ ਦੇ ਭੈ ਤੋਂ ਪਰੇ ਹੋਣ ਦੀ ਜਾਂ ਜਮ ਆਦਿਕਾਂ ਦੇ ਪਰਾਭਯੰ=ਨਿਰਾਦਰ ਕਰਨ ਦੀ ਇੱਛਾ ਹੈ ਤਾਂ ਸ੍ਰੁਸਤਿ=ਕਲਿਆਣ ਰੂਪ ਪਰਮਾਤਮਾ ਦੇ ਸੁਕ੍ਰਿਤ=ਪੁੰਨ ਰੂਪ ਜਸ ਨੂੰ ਕ੍ਰਿਤੰ=ਕਰ।

ਭਵ ਭੂਤ ਭਾਵ ਸਮਬ੍ਹਿਅੰ ਪਰਮੰ ਪ੍ਰਸੰਨਮਿਦੰ॥ ੨॥

ਭਵ=ਭਵਿੱਖਤ, ਅੱਗੋਂ ਆਵਣ ਵਾਲਾ ਸਮਾਂ। ਭੂਤ=ਜੋ ਸਮਾਂ ਪਿੱਛੇ ਲੰਘ ਗਿਆ ਹੈ।

ਭਾਵ=ਵਰਤਮਾਨ, ਜੋ ਹੁਣ ਲੰਘ ਰਿਹਾ ਹੈ। ਸਮਬ੍ਹਿਅੰ=ਸਮ+ਅਬਿਅੰ।

ਭੂਤ, ਭਵਿੱਖਤ, ਵਰਤਮਾਨ, ਤਿੰਨਾਂ ਸਮਿਆਂ ਵਿੱਚ ਜੋ ਅਬਿਅੰ=ਅਬਿਨਾਸੀ ਪਰਮਾਤਮਾ ਇੱਕ ਸਮਾਨ ਰਹਿਣ ਵਾਲਾ ਹੈ।

. ਪੁਨਾ-ਮਿਦੰ=ਇਦੰ=ਇਹ ਜੋ ਆਤਮਾ ਅਭਿੰਨ ਪਰਮਾਤਮਾ ਹੈ, ਉਹ ਪਰਮੰ=ਬਹੁਤ ਪ੍ਰਸੰਨ ਰੂਪ ਹੈ।

ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ॥

ਇੱਕ ਅਵਿਧੀ ਚਰਨ ਹੁੰਦਾ ਹੈ ਦੂਜਾ ਵਿਧੀ ਚਰਨ ਹੁੰਦਾ ਹੈ। ਜਦਿ=ਜੇਹੜੀ ਪਰਾਏ ਘਰਾਂ ਦੇ ਲੈਣ ਵਿੱਚ ਲੋਭ ਆਦਿਕ ਦ੍ਰਿਸ਼ਟੀ ਕਰਨੀ ਹੈ ਇਹ ਅਵਿਧੀ ਚਰਨ ਹੈ।

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥ ੩॥

ਦੁਰ+ਮਤੀ=ਖੋਟੀ ਬੁੱਧੀ ਤੇ ਸਾਰੇ ਦੁਹਕ੍ਰਿਤ=ਪਾਪਾਂ ਨੂੰ ਤਜਿ=ਤਿਆਗ ਕੇ ਚਕ੍ਰ-ਧਰ=ਪਰਮਾਤਮਾ

ਦੀ ਸ਼ਰਨ ਨੂੰ ਜੇਹੜਾ ਗ੍ਰਹਿਣ ਕਰਨਾ ਹੈ, ਇਹ ਵਿਧੀ ਚਰਨ ਹੈ।

ਭਾਵ-ਜਿਨ੍ਹਾਂ ਕਰਮਾਂ ਦੇ ਕਰਨ ਦੀ ਸ਼ਾਸਤ੍ਰ ਵਿੱਚ ਆਗਿਆ ਹੈ ਉਹ ਵਿਧੀ ਚਰਨ ਹੈ ਅਤੇ ਜਿਨ੍ਹਾਂ ਕਰਮਾਂ ਦੇ ਕਰਨ ਦੀ ਆਗਿਆ ਨਹੀਂ ਹੈ ਉਹ ਅਵਿਧੀ ਚਰਨ ਹੈ।

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥

ਹਰੀ ਦੀ ਭਗਤੀ ਨਿਜ=ਆਪ ਨਿਹਕੇਵਲਾ=ਸ਼ੁੱਧ ਹੈ, ਹੋਰਨਾਂ ਨੂੰ ਸ਼ੁੱਧ ਕਰਨ ਵਾਲੀ ਹੈ। ਇਸ ਤੇ ਰਿਦ ਕਰਮਣਾ ਬਚਸਾ=ਮਨ, ਸਰੀਰ, ਬਾਣੀ, ਦੁਆਰਾ ਤਿਸ ਭਗਤੀ ਨੂੰ ਕਰ।

ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥ ੪ ॥

ਪਰਮੇਸ਼ਰ ਦੀ ਭਗਤੀ ਬਿਨਾਂ ਜੋਗ ਕਰਨ ਦਾ ਕਿੰ=ਕੀ ਲਾਭ ਹੈ? ਯੱਗ ਕਰਨ ਦਾ ਕੀ ਲਾਭ ਹੈ:- ਦਾਨ ਕਰਨ ਦਾ ਕੀ ਲਾਭ ਹੈ? ਤਪੱਸਿਆ ਕਰਨ ਦਾ ਕੀ ਲਾਭ ਹੈ? ਭਾਵ ਕੁਝ ਲਾਭ ਨਹੀਂ।

ਤਥਾ-ਸਗਲੇ ਕਰਮ ਧਰਮ ਜੁਗ ਸਾਧਾ ॥ ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥

(ਮਾਰੂ ਮਹਲਾ ੫, ਪੰਨਾ ੧੦੭੨)

ਤਥਾ-ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥

(ਰਾਮਕਲੀ ਮਹਲਾ ੫, ਪੰਨਾ ੯੧੩)

ਤਥਾ-ਯਤਫਲੰ ਨਾਸਤੀ ਤਪਸਾ, ਨ ਜੋਗੇਨ ਸਮਾਧੀ ਨ ਤਤਫਲੰ ॥

ਲਭਜਤੇ ਸਮਜ ਕਲਊ ਕੇਸ਼ਵ ਕੀਰਤਨਾਤ ॥ ੬੮ ॥

(ਸ੍ਰੀ ਮਦਭਾਗਵਤ ਧਿਆ ੧)

ਅਥਵਾ:-ਜਿਸ ਨੇ ਪਰਮਾਤਮਾ ਦੀ ਕੀਰਤਨ ਭਗਤੀ ਕੀਤੀ ਹੈ, ਉਸ ਨੂੰ ਕੀਤੇ ਬਗੈਰ ਹੀ ਸਭ ਸਾਧਨਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਸਮਝੋ ਉਸ ਨੇ ਜੋਗ ਵੀ ਕਿੰ=ਕਰ ਲਿਆ ਹੈ। ਯੱਗ ਵੀ ਕਿੰ=ਕਰ ਲਿਆ ਹੈ। ਦਾਨ ਵੀ ਕਿੰ=ਕਰ ਲਿਆ ਹੈ। ਤਪੱਸਿਆ ਵੀ ਕਰ ਲਈ ਹੈ।

ਯਥਾ-ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ (ਬਿਹਾਗੜਾ ਮਹਲਾ ੫, ਪੰਨਾ ੫੪੬)

ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥

ਹੇ ਪੁਰਸ਼ਾ! ਗੋਬਿੰਦ ਜੋ ਪਰਮਾਤਮਾ ਗੋ=ਵੇਦਾਂ ਕਰਕੇ ਬਿੰਦ=ਜਾਨਣੇ ਜੋਗ ਉਸ ਨੂੰ ਏਤ=ਇਸ ਪ੍ਰਕਾਰ ਜਪਣਾ ਕਰ ਜਿਸ ਤਰ੍ਹਾਂ ਪੂਰਬ ਰੀਤੀ ਕਥਨ ਕੀਤੀ ਹੈ।

ਉਹ ਪਰਮਾਤਮਾ ਸਕਲ=ਸਾਰੀਆਂ ਸਿੱਧੀਆਂ, ਰਿੱਧੀਆਂ ਦਾ ਪਦੰ=ਆਸਰਾ ਹੈ।

ਅਥਵਾ:-ਸਭ ਸਿੱਧੀਆਂ, ਰਿੱਧੀਆਂ ਦੇ ਪਦੰ=ਦੇਣ ਵਾਲਾ ਹੈ।

ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥ ੫ ॥ ੧ ॥

ਜੈ ਦੇਵ ਭਗਤ ਜੀ ਕਥਨ ਕਰਦੇ ਹਨ, ਤਿਸ ਪੁਰਸ਼ ਦਾ ਸੰਸਾਰ ਵਿੱਚ ਆਉਣਾ ਸਫੁਟੰ=ਸਫਲ ਹੈ, ਜਿਸ ਨੇ ਭਵ ਭੂਤ ਕਹੀਏ ਭੂਤ, ਭਵਿਖਤ, ਵਰਤਮਾਨ ਆਦਿ ਸਾਰਿਆਂ ਸਮਿਆਂ ਵਿੱਚ ਪਰਮੇਸ਼ਰ ਨੂੰ ਗਤੰ=ਪ੍ਰਾਪਤ ਰੂਪ ਨਿਸਚੇ ਕੀਤਾ ਹੈ।

-ਦੂਜਾ ਅਰਥ-

ਪਰਮੇਸ਼ਰ ਅੱਗੇ ਆਪਣੀ ਪ੍ਰਾਰਥਨਾਂ ਕਰਦੇ ਹੋਏ ਜੈਦੇਵ ਭਗਤ ਜੀ ਕਥਨ ਕਰਦੇ ਹਨ-

ਹੇ ਭਵਭੂਤ=ਕਲਿਆਣ ਸਰੂਪ ਪ੍ਰਮਾਤਮਾ! ਸਾਰਿਆਂ ਵਿਚ ਗਤੰ=ਪ੍ਰਾਪਤ ਰੂਪ, ਮੈਂ ਸਫੁਟੰ=ਪਰਗਟ ''ਤ''=ਆਪ ਦੀ ''ਸ''=ਸ਼ਰਨ ਵਿਚ ਆਇਆ ਹਾਂ, ਆਪ ਮੇਰੇ ਤੇ ਕਿਰਪਾ ਰੱਖਣੀ।

ਨੋਟ-ਗੂਜਰੀ ਰਾਗ ਵਿਖੇ

੨ ਸ਼ਬਦ ਕਬੀਰ ਜੀ ਦੇ ਹਨ।

੨ ਸ਼ਬਦ ਨਾਮਦੇਵ ਜੀ ਦੇ ਹਨ।

੧ ਸ਼ਬਦ ਰਵਿਦਾਸ ਜੀ ਦਾ ਹੈ।

੨ ਸ਼ਬਦ ਤ੍ਰਿਲੋਚਨ ਜੀ ਦੇ ਹਨ।

੧ ਸ਼ਬਦ ਜੈਦੇਵ ਜੀ ਦਾ ਹੈ।

ਕੁਲ ਸ਼ਬਦ ੮ ਹਨ।

-ਗੂਜਰੀ ਰਾਗ ਸਮਾਪਤੰ-

ਰਾਗੁ ਦੇਵਗੰਧਾਰੀ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥
ਰਾਗੁ ਦੇਵਗੰਧਾਰੀ* ਮਹਲਾ ੪ ਘਰੁ ੧॥

ਕਿਸੀ ਨੇ ਕਿਹਾ, ''ਅਸਲ ਸੇਵਕ ਜਨ ਕਿਹੜਾ ਹੈ?'' ਗਰ ਉੱਤਰ:-

ਸੇਵਕ ਜਨ ਬਨੇ ਠਾਕੁਰ ਲਿਵ ਲਾਗੇ॥

ਹੇ ਠਾਕੁਰ! ਜੋ ਆਪ ਜੀ ਨਾਲ ਲਿਵ ਲਾਉਂਦੇ ਹਨ, ਓਹੀ ਅਸਲ਼ ਸੇਵਕ ਜਨ ਬਣੇ ਹਨ।

ਜੋ ਤੁਮਰਾ ਜਸੁ ਕਹਤੇ ਗੁਰਮਤਿ ਤਿਨ ਮੁਖ ਭਾਗ ਸਭਾਗੇ॥ ੧॥ ਰਹਾਉ॥

ਜੋ ਪੁਰਸ਼ ਗੁਰ ਸਿੱਖਿਆ ਲੈ ਕੇ ਆਪ ਜੀ ਦੇ ਜਸ ਨੂੰ ਕਹਿੰਦੇ ਹਨ, ਉਹਨਾਂ ਸੁਭਾਗਿਆਂ ਦੇ ਮੁਖ=ਉੱਤਮ ਭਾਗ ਹਨ। ਅਥਵਾ:-ਉਹਨਾਂ ਦੇ ਇਸ ਜਨਮ ਦੇ ਮੁਖ ਭਾਗ ਹਨ, ਅਤੇ ਪਿਛਲੇ ਜਨਮ ਦੇ ਭੀ ਸਭਾਗੇ=ਸ੍ਰੇਸ਼ਟ ਭਾਗ ਸਨ॥ ੧॥ ਰਹਾਉ॥

ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ॥

ਹਰੀ ਰਾਮ ਨਾਮ ਦੇ ਸਿਮਰਨ ਵਿਚ ਲਿਵ ਲਗਾਉਣ ਕਰਕੇ ਸੇਵਕ ਦੇ ਗਲੋਂ ਮਾਇਆ ਦੇ ਬੰਧਨ ਰੂਪ ਫਾਹੇ ਟੁੱਟ ਗਏ ਹਨ।

ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ॥ ੧॥

ਮੋਹ ਲੈਣ ਵਾਲੇ ਗੁਰਾਂ ਨੇ ਅਸਾਡਾ ਮਨ ਮੋਹ ਲਿਆ ਹੈ, ਗੁਰਾਂ ਦੇ ''ਮੁਖਿ ਲਾਗੇ'' ਦਰਸ਼ਨ ਕਰਕੇ ਮੈਂ ਬਿਸਮ=ਅਸਚਰਜ ਹੋ ਗਈ ਹਾਂ॥ ੧॥

---

*''ਦੇਵ ਗੰਧਾਰੀ''ਮਾਲਕੌਂਸ ਰਾਗ ਦੀ ਇਸਤ੍ਰੀ ਹੈ।

ਯਥਾ-ਦੁਤੀਆ ਮਾਲਕਉਸਕ ਆਲਾਪਹਿ॥ ਸੰਗਿ ਰਾਗਨੀ ਪਾਚਉ ਥਾਪਹਿ॥

ਗੋਂਡਕਰੀ ਅਰੁ ''ਦੇਵਗੰਧਾਰੀ''॥ (ਰਾਗ ਮਾਲਾ, ਪੰਨਾ ੧੪੨੦)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਨੰਬਰ ਛੇਵਾਂ ਹੈ।

੧. ਪਹਿਲਾ ''ਸਿਰੀਰਾਗੁ'' ਹੈ, ੨. ਦੂਜਾ ''ਮਾਝ ਰਾਗ'', ੩. ਤੀਜਾ ''ਗਉੜੀ ਰਾਗ'', ੪. ਚੌਥਾ ''ਆਸਾ ਰਾਗ''. ੫. ਪੰਜਵਾਂ ''ਗੂਜਰੀ ਰਾਗ''. ੬. ਛੇਵਾਂ ''ਦੇਵ ਗੰਧਾਰੀ'' ਹੈ। ਦੁਪਹਿਰ ਵੇਲੇ ਤੋਂ ਅੱਧੀ-ਰਾਤ ਤੱਕ ਗਾਈ ਜਾਂਦੀ ਹੈ।

ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥

ਅਗਿਆਨ ਰੂਪ ਅਨ੍ਹੇਰੇ ਕਰਕੇ, ਸਾਰੀ ਅਵਸਥਾ ਰੂਪੀ ਰਾਤ ਮੋਹ ਨੀਂਦ ਵਿਚ ਸੁੱਤੇ ਰਹੇ ਸਾਂ, ਹੁਣ ਗੁਰੂ ਜੀ ਦੀ ਕਿੰਚਤ=ਥੋੜ੍ਹੀ ਜਿੰਨੀ ਕਿਰਪਾ ਹੋਣ ਨਾਲ ਹੀ ਜਾਗ ਪਏ ਹਾਂ।

ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨ ॥੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ! ਮੈਂ ਸੇਵਕ ਜਨ ਦੇ ਆਪ ਸੁੰਦਰ ਸੁਆਮੀ ਹੋ, ਮੈਨੂੰ ਆਪ ਜੀ ਦੇ ਸਦਰਸ਼ ਹੋਰ ਕੋਈ ਸੁੰਦਰ ਨਹੀਂ ਲੱਗਦਾ॥ ੨॥ ੧॥

ਦੇਵਗੰਧਾਰੀ॥ ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥

(ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ) ਜਗਿਆਸੂ ਆਖਦਾ ਹੈ-ਹੇ ਸੰਤ ਜੀ ! ਕਹੋ ਖਾਂ ਕਿਸ ਗਲੀ ਵਿਚ ਪ੍ਰਵੇਸ਼ ਕਰਨ ਨਾਲ ਅਰਥਾਤ ਕਿਸ ਸਾਧਨ ਦੇ ਕਰਨ ਨਾਲ ਮੇਰਾ ਸੁੰਦਰ ਪ੍ਰਭੂ ਮਿਲਦਾ ਹੈ?

ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥ ੧ ॥ ਰਹਾਉ ॥

ਹੇ ਹਰੀ ਦੇ ਸੰਤੋ! ਮੈਨੂੰ ਸ਼ੁਭ ਰਸਤਾ ਦੱਸੋ, ਮੈਂ ਆਪ ਜੀ ਦੇ ਪਿੱਛੇ ਪਿੱਛੇ ਲੱਗੀ ਫਿਰਦੀ ਹਾਂ, ਅਰਥਾਤ ਆਪ ਜੀ ਦੀ ਆਗਿਆ ਮੰਨਦੀ ਹਾਂ॥ ੧॥ ਰਹਾਉ॥

ਸੰਤਾਂ ਨੇ ਕਿਹਾ, ''ਹੇ ਜਗਿਆਸੂ ! ਪਹਿਲੇ ਮੈਂ ਭੀ ਤੇਰੇ ਵਾਂਗੂੰ ਭਟਕਦੀ ਫਿਰਦੀ ਸੀ'', ਪਰ-

ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ॥

ਪ੍ਰਿਅ=ਪਿਰੀ ਪਰਮਾਤਮਾ ਦੇ ਬਚਨ ਮੇਰੇ ਹਿਰਦੇ ਵਿਚ ਸੁਖਾਨੇ=ਚੰਗੇ ਲਗੇ ਹਨ, ਅਰਥਾਤ ਉਸ ਦੇ ਭਾਣੇ ਨੂੰ ਮੰਨਦੀ ਹਾਂ ਏਹੋ ਚਾਲ ਸਭ ਤੋਂ ਭਲੀ=ਚੰਗੀ ਬਣੀ ਹੈ।

ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ॥ ੧ ॥

ਭਾਵੇਂ ਲਟੁਰੀ=ਲਟੋਰ ਅਰਥਾਤ ਚੰਚਲ, ਤੇ ਮਧੁਰੀ=ਸ਼ੁਭ ਗੁਣਾਂ ਤੋਂ ਰਹਿਤ ਸੀ,

ਵਾ:-ਨੀਚ ਜਾਤ ਵਾਲੀ ਸੀ, ਪਰ ਉਹ ਸੁੰਦਰ ਠਾਕੁਰ ਨੂੰ ਭਾ ਗਈ।

ਅਥਵਾ:-ਮੈਂ ਲਟੁਰੀ=ਲਟਕ ਵਾਲੀ ਤੇ ਮਧੁਰੀ=ਮਿੱਠੇ ਬਚਨਾਂ ਦੇ ਬੋਲਣ ਵਾਲੀ ਸੀ, ਤਾਂ ਹੀ ਮੈਂ ਠਾਕੁਰ ਨੂੰ ਭਾ ਗਈ, ਅਤੇ ਢੁਲਿ=ਨਿਰ-ਹੰਕਾਰਨ ਹੋ ਕੇ ਉਸ ਸੁੰਦਰ ਹਰੀ ਨੂੰ ਮਿਲ ਗਈ ਹਾਂ॥ ੧॥

ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥

ਸਾਰਿਆਂ ਦਾ ਪਤੀ ਇੱਕ ਪਰਮਾਤਮਾ ਹੈ, ਤੇ ਸਾਰੀਆਂ ਸਖੀਆਂ ਪਰਮਾਤਮਾ ਦੀਆਂ ਹਨ, ਪਰ ਜਿਹੜੀ ਸਖੀ ਪਤੀ ਪਰਮਾਤਮਾ ਨੂੰ ਭਾਉਂਦੀ ਹੈ ਓਹੀ ਚੰਗੀ ਹੈ।

ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ ॥੨ ॥੨ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਵਿਚਾਰਾ ਗਰੀਬ ਕੀ ਕਰ ਸਕਦਾ ਹਾਂ, ਜੋ ਹਰੀ ਨੂੰ ਭਾਉਂਦਾ ਹੈ, ਉਸ ਰਾਹ ਚਲਦੀ ਹਾਂ॥ ੨॥ ੨॥

ਦੇਵਗੰਧਾਰੀ ॥ ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥

ਮੇਰੇ ਮਨ=ਹੇ ਮੇਰੇ ਭਾਈ! ਸਾਰਿਆਂ ਤੋਂ ਮੁਖੀ ਜੋ ਹਰੀ ਹੈ ਮਨ ਕਰਕੇ ਉਸ ਦੇ ਨਾਮਾਂ ਨੂੰ, ਬਾਣੀ ਦੁਆਰੇ ਉਸ ਹਰੀ ਨੂੰ, ਤਨ ਕਰਕੇ ਉਸ ਹਰੀ ਦੇ ਨਾਮਾਂ ਨੂੰ ਬੋਲਣਾ ਕਰੀਏ।

ਅਥਵਾ:-ਮੁਖ ਕਰਕੇ ਹਰੀ ਦੇ ਹਰਿ ਹਰਿ ਨਾਮਾਂ ਨੂੰ ਬੋਲਣਾ ਕਰੀਏ।

ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ ॥ ੧ ॥ ਰਹਾਉ ॥

ਜਾਂ ਗੁਰਮੁਖਿ=ਗੁਰਾਂ ਦੁਆਰੇ ਚਲੂਲੇ=ਗੂੜ੍ਹੇ ਰੰਗ ਵਿਚ ਚੋਲੀ=ਬੁੱਧੀ ਰੰਗੀ ਗਈ ਤਾਂ ਦੇਹ ਰੂਪ ਚੋਲੀ ਹਰੀ ਦੇ ਪ੍ਰੇਮ ਵਿਚ ਭੀਨੀ=ਭਿੱਜ ਗਈ ॥ ੧ ॥ ਰਹਾਉ ॥

ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ ॥

ਤਿਸ ਢੋਲੀਐ=ਪਿਆਰੇ ਹਰੀ ਦੀ ਪ੍ਰਾਪਤੀ ਦੇ ਕਾਰਣਿ=ਵਾਸਤੇ, ਹਉ=ਮੈਂ ਦੀਵਾਨਿਆਂ ਵਾਂਗੂੰ "ਆਵਲ ਬਾਵਲਾ" ਅਸਤ ਬਿ-ਅਸਤ, ਅਥਵਾ:-ਔਲੀ ਬੌਲੀ ਹੋਈ ਫਿਰਦੀ ਹਾਂ।

ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ ॥ ੧ ॥

ਜਿਹੜਾ ਕੋਈ ਮੇਰਾ ਪਿਆਰਾ ਪ੍ਰੀਤਮ ਮੈਨੂੰ ਮਿਲਾਵੇਗਾ ਮੈਂ ਉਸ ਦੀ "ਗੁਲ-ਗੋਲੀਐ"=ਦਾਸਾਂ ਦੀ ਦਾਸੀ ਹੁੰਦੀ ਹਾਂ ॥ ੧ ॥

ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮਿਤੁ ਪੀ ਝੋਲੀਐ ॥

ਮੈਂ ਆਪਣੇ ਸਤਿਗੁਰ ਪੁਰਖਾਂ ਨੂੰ ਮਨਾਉਂਦੀ ਹਾਂ, ਅਤੇ ਉਹਨਾਂ ਦੀ ਕਿਰਪਾ ਨਾਲ ਹੰਗਤਾ-ਮਮਤਾ ਰੂਪੀ ਬੂਰ ਨੂੰ ਝੋਲੀਐ=ਹਟਾ ਕੇ ਹਰੀ ਨਾਮ ਅੰਮ੍ਰਿਤ ਨੂੰ ਪੀਂਦੀ ਹਾਂ।

ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥ ੨ ॥ ੩ ॥

ਗੁਰਮੁਖ ਜਨਾਂ ਨੇ ਗੁਰਾਂ ਦੀ ਕਿਰਪਾ ਨਾਲ ਹਰੀ ਨੂੰ ਪਾਇਆ ਹੈ, ਪ੍ਰਸ਼ਨ -ਹਰੀ ਨੂੰ ਕਿੱਥੋਂ ਪਾਇਆ ਹੈ? ਉੱਤਰ-ਦੇਹ ਦੇ ਵਿਚੋਂ ਹੀ ਹਰੀ ਨੂੰ ਟੋਲੀਐ=ਢੂੰਢਕੇ ਲਾਧਾ=ਲੱਭ ਲਿਆ ਹੈ ॥ ੨ ॥ ੩ ॥

ਦੇਵਗੰਧਾਰੀ* ॥ ਅਬ ਹਮ ਚਲੀ ਠਾਕੁਰ ਪਹਿ ਹਾਰਿ ॥

ਹੇ ਠਾਕੁਰ ! ਹੁਣ ਮੈਂ ਹਾਰ ਕੇ ਆਪ ਜੀ ਦੇ ਪਾਸ ਚਲੀ ਆਈ ਹਾਂ।

ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥ ੧ ॥ ਰਹਾਉ ॥

ਹੇ ਸਮਰੱਥ ਪ੍ਰਭੂ! ਜਦ ਮੈਂ ਆਪ ਜੀ ਦੀ ਸ਼ਰਣ ਵਿਚ ਆ ਗਈ ਹਾਂ,

ਤਾਂ ਹੇ ਪ੍ਰਭੂ! ਤੇਰੀ ਮਰਜ਼ੀ ਹੈ ਭਾਵੇਂ ਰੱਖ ਲੈ, ਭਾਵੇਂ ਮਾਰ ਲੈ ॥ ੧ ॥ ਰਹਾਉ ॥

---

*ਜਿਸ ਵੇਲੇ "ਦੇਵਗੰਧਾਰੀ" ਰਾਗ ਸ਼ੁਰੂ ਹੁੰਦਾ ਹੈ ਉਸ ਵੇਲੇ ਪਹਿਲੇ ਸ਼ਬਦ ਨਾਲ "ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧" ਲਿਖਿਆ ਹੋਇਆ ਹੈ, ਉਸ ਤੋਂ ਅਗਲੇ ਪੰਜ ਸ਼ਬਦਾਂ ਦਾ ਸਿਰਲੇਖ "ਦੇਵਗੰਧਾਰੀ" ਹੀ ਹੈ ਮਹੱਲਾ ਨਹੀਂ ਲਿਖਿਆ ਹੋਇਆ। ਸੰਸੇ ਕਰਨ ਦੀ ਕੋਈ ਲੋੜ ਨਹੀਂ, ਕਿਉਂਕਿ ਸ੍ਰੀ ਕਰਤਾਰ ਪੁਰ ਸਾਹਿਬ ਵਾਲੀ ਬੀੜ, ਅਤੇ ਦਮਦਮੇ ਸਾਹਿਬ ਵਾਲੀ ਜੋ ਬੀੜ ਹੈ, ਉਹਨਾਂ ਦੋਹਾਂ ਬੀੜਾਂ ਵਿਚ ਭੀ ਏਸੇ ਤਰ੍ਹਾਂ ਪੰਜ ਸ਼ਬਦਾਂ ਨਾਲ "ਦੇਵਗੰਧਾਰੀ", ਹੀ ਲਿਖਿਆ ਹੋਇਆ ਹੈ।

(ਪੰਨਾ ੫੨੮) ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥

ਜੋ ਸੰਸਾਰਕ ਲੋਕਾਂ ਦੀ ਚਤੁਰਾਈ ਤੇ ਉਪਮਾ ਹੈ, ਉਸਨੂੰ ਮੈਂ ਗਿਆਨ ਅੱਗ ਵਿਚ ਜਾਰਿ=ਸਾੜ ਦਿੱਤਾ ਹੈ।

ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ ੧॥

ਚਾਹੇ ਕੋਈ ਭਲਾ ਕਹੇ, ਭਾਵੇਂ ਕੋਈ ਬੁਰਾ ਕਹੇ, ਅਸਾਂ ਨੇ ਤੇਰੇ ਉਪਰੋਂ ਤਨ ਮਨ ਨੂੰ ਢਾਰਿ=ਢਾਰਿ ਭਾਵ ਕੁਰਬਾਨ ਕਰ ਦਿੱਤਾ ਹੈ। ਅਥਵਾ-ਅਸਾਂ ਨੇ ਤਾਂ ਤਨੁ=ਦੇਹ ਅਧਿਆਸ ਨੂੰ ਢਾਲ ਦਿੱਤਾ ਭਾਵ ਨਿਵਿਰਤ ਕਰ ਦਿੱਤਾ ਹੈ॥ ੧॥

ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥

ਹੇ ਪ੍ਰਭੂ ਠਾਕੁਰ ! ਜੋ ਆਪ ਜੀ ਦੀ ਸ਼ਰਣ ਵਿਚ ਆਉਂਦਾ ਹੈ, ਉਸ ਨੂੰ ਤੁਸੀਂ ਕਿਰਪਾ ਦ੍ਰਿਸ਼ਟੀ ਧਾਰ ਕੇ ਰੱਖ ਲੈਂਦੇ ਹੋ।

ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥ ੨॥ ੪॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰਿ ਜੀਉ ! ਮੈਂ ਸੇਵਕ ਜਨ ਤੁਹਾਡੀ ਸ਼ਰਣ ਵਿਚ ਪਿਆ ਹਾਂ, ਹੇ ਮੁਰਾਰੀ ! ਆਪ ਮੇਰੀ ਲੱਜਾ ਰੱਖਣਾ ਕਰੋ॥ ੨॥ ੪॥

ਦੇਵਗੰਧਾਰੀ॥ ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ॥

ਜੋ ਪੁਰਸ਼ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ ਮੈਂ ਉਸ ਤੋਂ ਬਲਿਹਾਰ ਜਾਂਦਾ ਹੈ।

ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ॥੧॥ਰਹਾਉ॥

ਜਿਸ ਗੁਰੂ ਦੇ ਹਿਰਦੇ ਵਿਚ ਮੁਰਾਰੀ ਦਾ ਨਾਮ ਵਸਦਾ ਹੈ, ਉਸ ਸਾਧ=ਸ੍ਰੇਸ਼ਟ ਗੁਰਾਂ ਦੇ ਦਰਸ਼ਨ ਨੂੰ ਵੇਖ ਵੇਖ ਕੇ ਮੈਂ ਜੀਊਂਦਾ ਹਾਂ॥ ੧॥ ਰਹਾਉ॥

ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਿਉ ਕਰਿ ਮਿਲਹ ਜੂਠਾਰੀ॥

ਹੇ ਸੁਆਮੀ ਪ੍ਰਭੂ ! ਆਪ ਪਵਿੱਤਰ ਪੁਰਖ ਹੋ, ਅਥਵਾ:-ਹੇ ਸੁਆਮੀ ਪ੍ਰਭੂ ! ਆਪ ਪਵਿੱਤਰ ਹੋ, ਤੇ ਹੋਰਨਾਂ ਪੁਰਖਾਂ ਨੂੰ ਪਾਵਨ=ਪਵਿੱਤਰ ਕਰਨ ਵਾਲੇ ਹੋ, ਅਸੀਂ ਜੂਠਾਰੀ=ਜੂਠੇ ਭਾਵ ਅਪਵਿੱਤਰ ਹਾਂ ਆਪ ਜੀ ਨੂੰ ਕਿਸ ਤਰ੍ਹਾਂ ਮਿਲ ਸਕਦੇ ਹਾਂ।

ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮਹੀਣ ਕੂੜਿਆਰੀ॥ ੧॥

ਅਸਾਡੇ ਦਿਲ ਵਿਚ ਹੋਰ ਕੁਝ ਹੁੰਦਾ ਹੈ, ਅਤੇ ਮੂੰਹ ਵਿਚ ਕੁਝ ਹੋਰ ਹੁੰਦਾ ਹੈ, ਅਸੀਂ ਝੂਠੇ ਪੁਰਸ਼ ਕਰਮ ਹੀਣ=ਭਾਗਾਂ ਤੋਂ ਹੀਣੇ ਹਾਂ। ਅਥਵਾ:-ਅਸੀਂ ਭਾਗਾਂ ਤੋਂ ਹੀਣੇ ਝੂਠਤਾਈ ਦਾ ਘਰ ਹੋ ਰਹੇ ਹਾਂ॥ ੧॥

ਹਮਰੀ ਮੁਦ੍ਰ ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ॥

ਹੇ ਹਰੀ ਸੁਆਮੀ ! ਆਪ ਜੀ ਦਾ ਜੋ ਨਾਮ ਹੈ ਏਹੋ ਅਸਾਡਾ ਇੱਕ ਦਿਖਾਵੇ ਮਾਤਰ ਮੁਦ੍ਰ=ਚਿੰਨ੍ਹ ਹੈ, ਕਿਉਂਕਿ ਅਸੀਂ ਆਪਣੀ ਮਾਨਤਾ ਕਰਾਉਣ ਲਈ (ਸਿਰਫ ਦਿਖਾਵੇ ਮਾਤ੍ਰ) ਹੀ ਨਾਮ ਜਪਦੇ ਹਾਂ। ਅਸਾਡੇ

ਹਿਰਦੇ ਅੰਦਰ ਦੁਸ਼ਟਤਾਈ ਵਾਲੇ ਕਾਮ ਆਦਿਕ ਦੁਸ਼ਟ ਹਨ।

ਅਥਵਾ:-ਹਿਰਦੇ ਅੰਦਰ ਦੁਸਟਾਰੀ=ਦੁਸ਼ਟਤਾਈ ਵਾਲੇ ਜੋ ਕਾਮ ਆਦਿਕ ਹਨ,

ਅਥਵਾ:-ਨਿਵਿਰਤ ਕਰਨੇ ਨੂੰ (ਦੁਸਟ) ਕਠਨ ਜੋ ਦੁਸ਼ਟ ਕਾਮ ਆਦਿਕ ਹਨ, ਏਹੋ ਕੂੜਾ ਹੈ ਇਸ ਦੇ ਮੇਲਣੇ ਨੂੰ ਭਾਵ ਇਕੱਠਾ ਕਰਕੇ ਚੁੱਕ ਕੇ ਬਾਹਰ ਸੁੱਟਣੇ ਨੂੰ ਹੇ ਹਰੀ ਸੁਆਮੀ! ਆਪ ਜੀ ਦਾ ਨਾਮ ਮੁਦ੍ਰ=ਕੂਚੀ ਅਰਥਾਤ ਝਾੜੂ ਹੈ।

ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਣਿ ਤੁਮ੍ਹਾਰੀ॥ ੨ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸੁਆਮੀ! ਮੈਂ ਜਨ ਤੁਹਾਡੀ ਸ਼ਰਣ ਵਿੱਚ ਆਇਆ ਹਾਂ, ਜਿਵੇਂ ਆਪ ਜੀ ਨੂੰ ਭਾਵੇਂ ਤਿਵੇਂ ਰੱਖ ਲਓ॥ ੨ ॥ ੫ ॥

ਦੇਵਗੰਧਾਰੀ॥ ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥

ਚਾਹੇ ਸੁੰਦਰ ਭੀ ਹੈ ਜੇ ਨਕਟੀ=ਨੱਕ ਕੱਟਿਆ ਹੋਇਆ ਹੋਵੇ ਤਾਂ ਜਿਵੇਂ ਕਰੂਪ ਹੁੰਦਾ ਹੈ। ਤਿਵੇਂ ਹਰੀ ਦੇ ਨਾਮ ਜਪੇ ਤੋਂ ਬਿਨਾਂ ਇਹ ਨਾਮ ਹੀਣਾ ਪੁਰਖ ਭੀ ਕਰੂਪ ਹੈ।

ਅਥਵਾ:-ਚਾਹੇ ਸੁੰਦਰ ਭੀ ਹੈ, ਪਰ ਹਰੀ ਨਾਮ ਤੋਂ ਬਿਨਾਂ ਨਕਟੀ=ਜਸ ਰੂਪੀ ਨੱਕ ਤੋਂ ਬਿਨਾਂ ਹੈ। ਇਸ ਉੱਤੇ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ-

ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥੧ ॥ਰਹਾਉ॥

ਜਿਵੇਂ ਵੇਸ਼ਵਾ ਦੇ ਘਰ ਵਿੱਚ ਪੁੱਤਰ ਜੰਮਦਾ ਹੈ, ਤਾਂ ਉਸ ਦਾ ਨਾਮ ਧ੍ਰਕਟੀ=ਪਿਤਾ ਰੂਪ ਥਿਰ ਕੱਟੀ ਹੋਈ ਪੈ ਜਾਂਦਾ ਹੈ, ਅਰਥਾਤ ਪਿਉ ਤੋਂ ਹੀਣਾ ਹੋਣ ਕਰਕੇ ਉਸਦਾ ਨਾਮ "ਹਰਾਮ ਦਾ" ਪੈ ਜਾਂਦਾ ਹੈ।

ਅਥਵਾ:-ਉਸ ਦਾ ਨਾਮ ਧ੍ਰਕਟੀ=ਧ੍ਰਿਕਾਰਿਆ ਜਾਂਦਾ ਹੈ॥ ੧ ॥ ਰਹਾਉ ॥

ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ॥

ਜਿਸ ਪੁਰਸ਼ ਦੇ ਹਿਰਦੇ ਵਿੱਚ ਹਰੀ ਸੁਆਮੀ ਦਾ ਨਾਮ ਨਹੀਂ ਹੈ, ਉਹ ਅੰਦਰੋਂ ਭੀ ਰੂਪ=ਸਰੂਪ ਵੱਲੋਂ ਵਿਗੜ ਜਾਂਦਾ ਹੈ, ਤੇ ਬਾਹਰੋਂ ਭੀ ਬੇਰਕਟੀ=ਕੋਹੜਾ ਹੋ ਜਾਂਦਾ ਹੈ।

ਅਥਵਾ:-ਬਿਗੜ-ਰੂਪ=ਕੋਹੜੀ ਰੂਪ ਹੋ ਕੇ ਬੇਰਕਟੀ-ਭਿਆਨਕ ਹੋ ਜਾਂਦਾ ਹੈ।

ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ॥ ੧ ॥

ਜਿਵੇਂ ਨਿਗੁਰਾ ਪੁਰਸ਼ ਬਹੁਤੀਆਂ ਗੱਲਾਂ ਕਰਨੀਆਂ ਜਾਣਦਾ ਹੈ, ਪਰ ਉਹ ਹਰੀ ਦੀ ਦਰਗਾਹ ਵਿੱਚੋਂ ਭ੍ਰਸ਼ਟਿਆ ਹੋਇਆ ਸਮਝੋ॥ ੧ ॥

ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ ਤਿਨਾ ਸਾਧ ਜਨਾ ਪਗ ਚਕਟੀ॥

ਜਿਨ੍ਹਾਂ ਉੱਤੇ ਮੇਰਾ ਸੁਆਮੀ ਪਰਮਾਤਮਾ ਦਿਆਲੂ ਹੋਇਆ ਹੈ, ਉਹਨਾਂ ਨੇ ਸੰਤ ਜਨਾਂ ਦੇ ਪਗ=ਚਰਨਾਂ ਨੂੰ ਚਕਟੀ=ਚੱਟਿਆ ਹੈ।

ਚਰਨਾਂ ਦੇ ਚੱਟਣ ਨਾਲ ਬ੍ਰਹਮ ਗਿਆਨ ਹੋ ਜਾਂਦਾ ਹੈ, ਜਿਵੇਂ, "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ

ਕਵਲਾਂ ਦੇ ਚੱਟਣ ਨਾਲ ''ਤੁਲਸਾਂ ਦਾਸੀ'' ਨੂੰ ਤ੍ਰਿਲੋਕੀ ਦੀ ਖ਼ਬਰ ਹੋ ਗਈ ਸੀ।'' ਅਥਵਾ:-ਉਹਨਾਂ ਨੂੰ ਸੰਤ ਜਨਾਂ ਦੇ ਚਰਨਾਂ ਦੀ ਚੇਟਕ ਲੱਗ ਗਈ।

ਨਾਨਕ ਪਤਿਤ ਪਵਿਤ ਮਿਲਿ ਸੰਗਤਿ
ਗੁਰ ਸਤਿਗੁਰ ਪਾਛੈ ਛੁਕਟੀ ॥ ੨ ॥ ੬ ॥ ਛਕਾ ੧

ਗੁਰੂ ਜੀ ਕਥਨ ਕਰਦੇ ਹਨ, ਸਤਸੰਗਤ ਨਾਲ ਮਿਲਣ ਕਰਕੇ ਪਤਿਤ=ਪਾਪੀ ਪਵਿੱਤ੍ਰ ਹੋ ਜਾਂਦੇ ਹਨ, ਅਤੇ ਗੁਰੂ=ਪੂਜਯ ਸਤਿਗੁਰਾਂ ਦੇ ਪਿੱਛੇ ਚੱਲਣ ਕਰਕੇ ਜਮਾਂ ਤੋਂ ਛੁਕਟੀ=ਛੁੱਟ ਜਾਂਦਾ ਹੈ॥ ੨ ॥ ੬ ॥ ਛਕਾ ੧

ਛਕਾ=ਛੇ ਸ਼ਬਦਾਂ ਦੇ ਸਮੁਦਾਇ ਨੂੰ ਛੱਕਾ ਆਖਦੇ ਹਨ, ਇਥੋਂ ਤੱਕ ਛੇ ਸ਼ਬਦ ਆ ਗਏ ਹਨ, ਇਸ ਵਾਸਤੇ ਗੁਰੂ ਜੀ ਨੇ ''ਛੱਕਾ ੧'' ਲਿਖਿਆ ਹੈ।

(ਇਸ ਤੇ ਪਾਠੀ ਸਿੰਘ ਵੀ ਪਾਠ ਕਰਨ ਵੇਲੇ, ਸ਼ਬਦ ਦੀ ਸਮਾਪਤੀ ਉੱਪਰ ਛੱਕਾ ਇੱਕ ਪੜ੍ਹਨ)

ਦੇਵਗੰਧਾਰੀ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਮਾਈ ਗੁਰ ਚਰਣੀ ਚਿਤੁ ਲਾਈਐ ॥

ਮਾਈ=ਹੇ ਭਾਈ ! ਗੁਰੂ ਦੇ ਚਰਨਾਂ ਨਾਲ ਚਿੱਤ ਨੂੰ ਲਗਾਉਣਾ ਕਰ।

ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ
ਸਦਾ ਸਦਾ ਹਰਿ ਧਿਆਈਐ ॥ ੧ ॥ ਰਹਾਉ ॥

ਪ੍ਰਭੂ ਦੇ ਕ੍ਰਿਪਾਲੂ ਹੋਣ ਕਰਕੇ ਹਿਰਦਾ ਕਰਮ ਖਿੜ ਜਾਂਦਾ ਹੈ, ਇਸ ਲਈ ਸਦਾ ਸਦਾ ਹਰੀ ਨੂੰ ਧਿਆਉਣਾ ਕਰ॥ ੧ ॥ ਰਹਾਉ ॥

ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥

ਅੰਦਰ ਵੀ ਇੱਕ ਪ੍ਰਭੂ ਹੈ, ਬਾਹਰ ਵੀ ਇੱਕ ਪ੍ਰਭੂ ਹੈ, ਸਾਰਿਆਂ ਵਿੱਚ ਇੱਕ ਪ੍ਰਭੂ ਸਮਾ ਰਿਹਾ ਹੈ।

ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ ॥ ੧ ॥

ਘਟਿ=ਚੇਤਨ ਤੇ ਅਵਘਟਿ=ਜੜ੍ਹਾਂ ਵਿੱਚ, ਅਥਵਾ:-ਸੁਖੇਨ ਘਟਿ=ਰਸਤਿਆਂ ਵਿੱਚ ਤੇ ਅਵਘਟਿ=ਕਠਨ ਰਸਤਿਆਂ ਵਿੱਚ ਸਭ ਜਗ੍ਹਾ ਉੱਪਰ ਉਹ ਪ੍ਰਭੂ ਰਵਿ ਰਹਿਆ ਹੈ, ਹਰ ਇਕ ਵਿੱਚ ਹਰੀ ਪੂਰਨ ਬ੍ਰਹਮ ਵੇਖਣ ਵਿੱਚ ਆ ਰਿਹਾ ਹੈ॥ ੧ ॥

ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ ॥

ਹੇ ਵਾਹਿਗੁਰੂ ! ਤੇਰੀ ਉਸਤਤੀ ਕਿੰਨੀ ਹੀ ਸੇਵਕ, ਰਿਖੀ, ਮੁਨੀ, ਤੇ ਭਗਤ-ਜਨ ਕਰਦੇ ਹਨ, ਪਰ ਤੇਰਾ ਅੰਤ ਕਿਸੇ ਨੇ ਭੀ ਨਹੀਂ ਪਾਇਆ।

ਸੁਖਦਾਤੇ ਦੁਖ ਭੰਜਨ ਸੁਆਮੀ ਜਨ ਨਾਨਕ ਸਦ ਬਲਿ ਜਾਈਐ ॥੨ ॥੧ ॥

ਹੇ ਸੁੱਖਾਂ ਦੇ ਦਾਤੇ! ਤੇ, ਦੁੱਖਾਂ ਨੂੰ ਭੰਜਨ=ਨਾਸ ਕਰਨ ਵਾਲੇ ਸ੍ਵਾਮੀ! ਮੈਂ ਦਾਸ ਨਾਨਕ ਤੇਰੇ ਉੱਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ॥ ੨॥ ੧॥

ਦੇਵਗੰਧਾਰੀ॥ ਮਾਈ ਹੋਨਹਾਰ ਸੋ ਹੋਈਐ॥

ਹੇ ਭਾਈ! ਜੋ ਹੋਨਹਾਰ=ਹੋਣ ਵਾਲੀ ਗੱਲ ਹੈ ਉਹ ਜ਼ਰੂਰ ਹੋ ਕੇ ਰਹਿੰਦੀ ਹੈ।

ਰਾਚਿ ਰਹਿਓ ਰਚਨਾ ਪ੍ਰਭੁ ਅਪਨੀ ਕਹਾ ਲਾਭੁ ਕਹਾ ਖੋਈਐ॥੧॥ਰਹਾਉ॥

ਜਦ ਕਿ ਪ੍ਰਭੂ ਆਪਣੀ ਸੰਸਾਰ ਰਚਨਾਂ ਵਿੱਚ ਹੀ ਰਚ ਮਿਚ ਰਿਹਾ ਹੈ, ਤਾਂ ਫਿਰ ਲਾਭ ਕਿਸ ਵਿੱਚ ਤੇ ਖੋਈਐ=ਘਾਟਾ ਕਿਸ ਵਿੱਚ ਹੈ। ਅਥਵਾ:-ਇਹ ਸੰਸਾਰ ਰਚਨਾਂ ਹੈ ਤਾਂ ਪ੍ਰਭੂ ਦੀ, ਇਹ ਜੀਵ ਆਪਣੀ ਜਾਣਕੇ ਇਸ ਵਿੱਚ ਰਚ ਮਿਚ ਰਿਹਾ ਹੈ, ਇਸ ਕਰਕੇ ਕਦੀ ਲਾਭ ਤੇ ਕਦੀ ਖੋਈਐ=ਘਾਟਾ ਬਣਿਆਂ ਰਹਿੰਦਾ ਹੈ॥ ੧॥ ਰਹਾਉ॥

ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ॥

ਕਿਤੇ ਕੋਈ ਆਨੰਦ ਦੇ ਬਿਖੈ=ਵਿੱਚ ਪ੍ਰਫੁੱਲਤ ਹੋ ਰਿਹਾ ਹੈ, ਕਿਤੇ ਕੋਈ ਸੋਗ ਕਰ ਰਿਹਾ ਹੈ, ਕਦੇ ਕੋਈ ਹੱਸਦਾ ਹੈ ਕਦੇ ਕੋਈ ਰੋਂਦਾ ਹੈ। ਅਥਵਾ:-ਅਨੰਦ ਰੂਪ ਬਿਖੈ=ਵਿਸ਼ਿਆਂ ਵਿੱਚ ਪ੍ਰਫੁੱਲਤ ਹੋ ਕੇ ਕਿਤੇ ਤਾਂ ਇਹ ਜੀਵ ਹੱਸ ਰਿਹਾ ਹੈ, ਤੇ ਕਿਤੇ ਇਨ੍ਹਾਂ ਵਿਸ਼ਿਆਂ ਦੇ ਵਿਜੋਗ ਜਨ ਸੋਗ ਕਰਕੇ ਕਦੇ ਰੋਣ ਲੱਗ ਜਾਂਦਾ ਹੈ।

ਕਬਹੂ ਮੈਲੁ ਭਰੇ ਅਭਿਮਾਨੀ ਕਬ ਸਾਧੂ ਸੰਗਿ ਧੋਈਐ॥੧॥

ਇਹ ਹੰਕਾਰੀ ਜੀਵ ਕਦੇ ਤਾਂ ਰਾਗ=ਦ੍ਵੈਸ਼ ਰੂਪੀ, ਅਥਵਾ:-ਹੰਕਾਰ ਰੂਪੀ ਮੈਲ ਨੂੰ ਭਰ ਰਹੇ ਹਨ, ਤੇ ਕਦੇ ਸੰਤਾਂ ਦੇ ਸਤਸੰਗ ਕਰਕੇ ਉਸ ਮੈਲ ਨੂੰ ਧੋ ਲੈਂਦੇ ਹਨ॥ ੧॥

ਕੋਇ ਨ ਮੇਟੈ ਪ੍ਰਭ ਕਾ ਕੀਆ ਦੂਸਰ ਨਾਹੀ ਅਲੋਈਐ॥

ਪ੍ਰਭੂ ਦਾ ਜੋ ਕੀਤਾ ਹੋਇਆ ਹੈ ਉਸ ਨੂੰ ਕੋਈ ਨਹੀਂ ਮੇਟ ਸਕਦਾ, ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਦਿੱਸਦਾ ਹੀ ਨਹੀਂ ਹੈ।

ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਹ ਪ੍ਰਸਾਦਿ ਸੁਖਿ ਸੋਈਐ॥੨॥੨॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਦੀ ਕਿਰਪਾ ਨਾਲ ਸੁੱਖਾਂ ਵਿੱਚ ਸੋਈਐ=ਸੌਂਈਦਾ ਹੈ, ਅਥਵਾ:-ਸੋਈਐ=ਇਸਥਿੱਤ ਹੋਈਦਾ ਹੈ॥ ੨॥ ੨॥

(ਪੰਨਾ ੫੨੬)

ਦੇਵਗੰਧਾਰੀ॥ ਮਾਈ ਸੁਨਤ ਸੋਚ ਭੈ ਡਰਤ॥

ਮਾਈ=ਹੇ ਭਾਈ ! ਵੇਦਾਂ ਸ਼ਾਸਤ੍ਰਾਂ ਦੁਆਰੇ ਜਮਪੁਰੀ ਦੇ ਦੁੱਖ ਸੁਣਕੇ, ਤੇ ਆਪਣੇ ਕੀਤੇ ਹੋਏ ਕਰਮਾਂ ਨੂੰ ਸੋਚ=ਵਿਚਾਰਕੇ ਭੈ=ਡਰ ਨਾਲ ਡਰ ਜਾਂਦੇ ਹਾਂ।

ਮੇਰ ਤੇਰ ਤਜਉ ਅਭਿਮਾਨਾ ਸਰਨਿ ਸੁਆਮੀ ਕੀ ਪਰਤ ॥ ੧ ॥ ਰਹਾਉ ॥

ਇਸ ਕਰਕੇ ਹੁਣ ਮੇਰ ਤੇਰ ਤੇ ਹੰਕਾਰ ਨੂੰ ਤਿਆਗਕੇ, ਸੁਆਮੀ=ਪਰਮਾਤਮਾ ਦੀ ਸ਼ਰਣ ਵਿੱਚ ਆ ਪਏ ਹਾਂ ॥ ੧ ॥ ਰਹਾਉ ॥

ਜੋ ਜੋ ਕਹੈ ਸੋਈ ਭਲ ਮਾਨਉ ਨਾਹਿਨ ਕਾ ਬੋਲ ਕਰਤ ॥

ਸੁਆਮੀ=ਪਰਮਾਤਮਾ ਜੋ ਜੋ ਭੀ ਕਹਿੰਦਾ ਹੈ ਮੈਂ ਉਸ ਨੂੰ ਭਲਾ ਕਰਕੇ ਮੰਨਦਾ ਹਾਂ,''ਭਾਵ ਵੇਦਾਂ ਸ਼ਾਸਤ੍ਰਾਂ ਦੀ ਆਗਿਆ ਅਨੁਸਾਰ ਚਲਦਾ ਹਾਂ'', ਅਤੇ ਨਾਹਿਨ=ਨਹੀਂ ਦਾ ਬਚਨ ਨਹੀਂ ਕਰਦੇ ਅਰਥਾਤ ਹੁਕਮ ਮੋੜਦੇ ਨਹੀਂ ਹਾਂ। ਨੋਟ-''ਨਾਹਿਨ'' ਪਾਠ ਇਕੱਠਾ ਹੀ ਹੈ।

ਨਿਮਖ ਨ ਬਿਸਰਉ ਹੀਏ ਮੋਰੇ ਤੇ ਬਿਸਰਤ ਜਾਈ ਹਉ ਮਰਤ ॥ ੧ ॥

ਇੱਕ ਨਿਮਖ ਮਾਤ੍ਰ ਭੀ ਮੇਰੇ ਹਿਰਦੇ ਵਿੱਚੋਂ ਭੁੱਲਦਾ ਨਹੀਂ ਹੈ, ਉਸ ਦੇ ਬਿਸਰਤ=ਭੁੱਲ ਜਾਣ ਨਾਲ ਮੇਰਾ ਮਰਨਾ ਹੁੰਦਾ ਹੈ ॥ ੧ ॥

ਸੁਖਦਾਈ ਪੂਰਨ ਪ੍ਰਭੁ ਕਰਤਾ ਮੇਰੀ ਬਹੁਤੁ ਇਆਨਪ ਜਰਤ ॥

ਪ੍ਰਭੂ ਕਰਤਾ ਪੂਰਨ ਸੁੱਖਾਂ ਦੇ ਦੇਣ ਵਾਲਾ ਹੈ, ਮੇਰੀ ਬਹੁਤ ਸਾਰੀ ਇਆਨਪ=ਅਗਿਆਤਤਾਈ ਨੂੰ ਜਰਤ=ਸਹਾਰਦਾ ਹੈ।

ਨਿਰਗੁਨਿ ਕਰੂਪਿ ਕੁਲਹੀਣ ਨਾਨਕ ਹਉ ਅਨਦ ਰੂਪ ਸੁਆਮੀ ਭਰਤ ॥ ੨ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਿਰਗੁਨਿ=ਸ਼ੁਭ-ਗੁਣਾਂ ਤੋਂ ਰਹਿਤ ਹਾਂ, ਕਰੂਪਿ=ਸਫਾਈ ਰੂਪੀ ਰੂਪ ਤੋਂ ਰਹਿਤ ਹਾਂ, ''ਕੁਲ-ਹੀਣ''=ਅਚੁੱਤ ਕੁਲ ਤੋਂ ਰਹਿਤ ਹਾਂ, ਮੇਰਾ ਭਰਤ=ਭਰਤਾ (ਪਤੀ) ਸੁਆਮੀ ਅਨੰਦ ਰੂਪ ਹੈ। ਅਥਵਾ;-ਅਨੰਦ ਰੂਪ ਮੇਰਾ ਸੁਆਮੀ ਸਭ ਦੇ ਭਰਨੇ ਵਾਲਾ ਭਾਵ ਪ੍ਰਤਿਪਾਲਾ ਕਰਨ ਵਾਲਾ ਹੈ ॥ ੨ ॥ ੩ ॥

ਦੇਵਗੰਧਾਰੀ ॥ ਮਨ ਹਰਿ ਕੀਰਤਿ ਕਰਿ ਸਦਹੂੰ ॥

ਹੇ ਮਨ ! ਤੂੰ ਸਦਾ ਹੀ ਹਰੀ ਦੀ ਕੀਰਤੀ ਨੂੰ ਕਰ।

ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ ॥ ੧ ॥ ਰਹਾਉ ॥

ਚਾਹੇ ਕੋਈ ਉੱਤਮ ਵਰਨਾਂ ਵਿਚੋਂ ਹੈ, ਚਾਹੇ ਕੋਈ ਅਬਰਨਾ=ਨੀਚ ਵਰਨਾਂ ਵਿਚੋਂ ਹੈ, ਜੋ ਭੀ ਹਰੀ ਦੀ ਕੀਰਤੀ ਨੂੰ ਗਾਉਣ ਵਾਲੇ ਹਨ, ਜਾਂ ਸੁਣਨ ਵਾਲੇ ਹਨ, ਜਾਂ ਜਪਣ ਵਾਲੇ ਹਨ, ਉਹਨਾਂ ਸਾਰਿਆਂ ਨੂੰ ਪਰਮੇਸ਼ਰ ਤਾਰ ਦੇਂਦਾ ਹੈ ॥ ੧ ॥ ਰਹਾਉ ॥

ਜਹ ਤੇ ਉਪਜਿਓ ਤਹੀ ਸਮਾਇਓ ਇਹ ਬਿਧਿ ਜਾਨੀ ਤਬਹੂੰ ॥
ਜਹਾ ਜਹਾ ਇਹ ਦੇਹੀ ਧਾਰੀ ਰਹਨੁ ਨ ਪਾਇਓ ਕਬਹੂੰ ॥ ੧ ॥

ਅੰਨ੍ਹੇ ਅਰਥ:- ਜਿੱਥੇ ਜਿੱਥੇ ਭੀ ਇਹ ਦੇਹ ਧਾਰੀ ਹੈ, ਤਿੱਥੇ ਤਿੱਥੇ ਕਦੇ ਭੀ ਰਹਿਣਾ ਨਹੀਂ ਪਾਇਆ,

ਇਹ ਬਿਧਿ ਜਾਨੀ ਤਬਹੂੰ=ਜਿਸ ਵੇਲੇ ਇਹ ਬਿਧੀ ਜਾਣ ਲਈ, "ਜਹ ਤੇ ਉਪਜਿਓ ਤਹੀ ਸਮਾਇਓ ਤਬਹੂੰ=ਤਾਂ ਜਿਸ ਬ੍ਰਹਮ ਤੋਂ ਉਪਜਿਆ ਸੀ, ਉਸੀ ਬ੍ਰਹਮ ਵਿਚ ਸਮਾ ਗਿਆ।

ਸੁਖੁ ਆਇਓ ਭੈ ਭਰਮ ਬਿਨਾਸੇ ਕ੍ਰਿਪਾਲ ਹੂਏ ਪ੍ਰਭ ਜਬਹੂ ॥

ਜਿਸ ਵੇਲੇ ਪ੍ਰਭੂ ਕਿਰਪਾਲੂ ਹੋਏ, ਤਾਂ ਭੈ=ਡਰ ਅਤੇ ਭਰਮ ਦੇ ਨਾਸ ਹੋਣ ਕਰਕੇ, ਆਤਮ ਸੁਖ ਆ ਕੇ ਪ੍ਰਾਪਤ ਹੋ ਗਿਆ।

ਕਹੁ ਨਾਨਕ ਮੇਰੇ ਪੂਰੇ ਮਨੋਰਥ ਸਾਧਸੰਗਿ ਤਜਿ ਲਬਹੂੰ ॥ ੨ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਸੰਤਾਂ ਦੇ ਸੰਗ ਦੁਆਰੇ ਲੋਭ ਤੇ ਹੂੰ=ਹੰਕਾਰ ਨੂੰ ਤਜਿ=ਤਿਆਗਿਆ, ਤਾਂ ਮੇਰੇ ਮਨ ਦੇ ਸਾਰੇ ਮਨੋਰਥ ਪੂਰੇ ਹੋ ਗਏ॥ ੨ ॥ ੪ ॥

ਦੇਵਗੰਧਾਰੀ ॥ ਮਨ ਜਿਉ ਅਪੁਨੇ ਪ੍ਰਭ ਭਾਵਉ ॥

ਹੇ ਮਨ ! ਤੂੰ ਉਹ ਕਰਮ ਕਰ, ਜਿਨ੍ਹਾਂ ਨਾਲ ਤੂੰ ਆਪਣੇ ਪ੍ਰਭੂ ਨੂੰ ਭਾਵਉ=ਚੰਗਾ ਲੱਗੇਂ।

ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ ॥ ੧ ॥ ਰਹਾਉ ॥

ਜਿਹੜੇ ਨੀਚਹੁ ਨੀਚੁ=ਨੀਵਿਆਂ ਤੋਂ ਨੀਵੇਂ ਹਨ, ਉਹਨਾਂ ਤੋਂ ਅੱਗੇ ਜੋ ਨੀਚੁ=ਨੀਵੇਂ ਹਨ, ਉਹਨਾਂ ਤੋਂ ਭੀ ਗਰੀਬੀ ਸਹਿਤ ਹੋ ਕੇ ਆਪਣੇ ਆਪ ਨੂੰ ਅਤਿ-ਨਾਨ੍ਹਾ=ਬਹੁਤ ਨਿੱਕਾ ਬੁਲਵਾਣਾ ਕਰ॥ ੧ ॥ ਰਹਾਉ ॥

ਅਨਿਕ ਅਡੰਬਰ ਮਾਇਆ ਕੇ ਬਿਰਥੇ ਤਾ ਸਿਉ ਪ੍ਰੀਤਿ ਘਟਾਵਉ ॥

ਮਾਇਆ ਦੇ ਅਨੇਕਾਂ ਅਡੰਬਰ=ਪਸਾਰੇ ਬਿਅਰਥ ਹਨ, ਉਹਨਾਂ ਨਾਲੋਂ ਤੂੰ ਪ੍ਰੀਤੀ ਘਟਾਵਣਾ ਕਰ।

ਜਿਉ ਅਪੁਨੋ ਸੁਆਮੀ ਸੁਖੁ ਮਾਨੈ ਤਾ ਮਹਿ ਸੋਭਾ ਪਾਵਉ ॥ ੧ ॥

ਜਿਸ ਤਰ੍ਹਾਂ ਆਪਣਾ ਸੁਆਮੀ ਸੁਖ ਕਰਕੇ ਮੰਨੇ, ਤਿਸ ਪ੍ਰਕਾਰ ਦੇ ਕਰਮਾਂ ਵਿਚ ਲਗਕੇ ਤੂੰ ਸੋਭਾ ਨੂੰ ਪਾਵਣਾ ਕਰ॥ ੧ ॥

ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ ॥

ਜੋ ਪ੍ਰਭੂ ਦੇ ਦਾਸਾਂ ਦੇ ਦਾਸ ਹਨ, ਉਹਨਾਂ ਦਾਸਾਂ ਦੇ ਚਰਨਾਂ ਦੀ ਧੂੜ ਗ੍ਰਹਿਣ ਕਰ, ਅਤੇ ਪ੍ਰਭੂ ਦੇ ਜਨਾਂ ਦੀ ਸੇਵਾ ਟਹਲ ਕਮਾਵਣਾ ਕਰ।

ਸਰਬ ਸੂਖ ਬਡਿਆਈ ਨਾਨਕ ਜੀਵਉ ਮੁਖਹੁ ਬੁਲਾਵਉ ॥ ੨ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਜੇ ਆਪ ਮੂੰਹ ਤੋਂ ਬੋਲ ਕੇ ਆਖੋ, ਕਿ ਹੇ ਦਾਸ ! ਤੂੰ ਮੇਰੇ ਪਾਸ ਆ ਕੇ ਬੈਠ ਜਾ, ਤਾਂ ਮੇਰਾ ਏਸੇ ਗੱਲ ਵਿਚ ਜੀਵਉ=ਜੀਉਣਾ ਹੈ, ਅਤੇ ਏਸੇ ਗੱਲ ਵਿਚ ਹੀ ਸਾਰੇ ਸੁਖ ਤੇ ਵਡਿਆਈ ਹੈ। ਅਥਵਾ-ਸਾਰੇ ਸੁਖ ਤੇ ਵਡਿਆਈ ਏਸੇ ਵਿਚ ਹਨ, ਜੋ ਮੂੰਹੋਂ ਪ੍ਰਭੂ ਦਾ ਜਸ ਬੋਲਦਾ ਹੋਇਆ ਜੀਉਂਦਾ ਹਾਂ॥ ੨ ॥ ੫ ॥

ਦੇਵਗੰਧਾਰੀ ॥ ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਭਾਗਿਓ ॥

ਹੇ ਪ੍ਰਭੂ ਜੀ ! ਆਪ ਜੀ ਦੀ ਕ੍ਰਿਪਾ ਨਾਲ ਹਿਰਦੇ 'ਚੋਂ ਭਰਮ ਭਾਗਿਓ=ਦੂਰ ਕਰ ਦਿੱਤਾ ਹੈ।

ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ ॥ ੧ ॥ ਰਹਾਉ ॥

ਆਪ ਜੀ ਦੀ ਕਿਰਪਾ ਨਾਲ ਹੀ ਮੇਰੇ ਮਨ ਵਿਚ ਇਹ ਵਿਚਾਰ ਆਇਆ ਹੈ, ਕਿ ਸਭ ਕੋਈ ਆਪਣਾ ਹੀ ਸੱਜਣ ਹੈ॥ ੧ ॥ ਰਹਾਉ॥

ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ ॥

ਆਪ ਜੀ ਦੀ ਸੇਵਾ ਕਰਨ ਨਾਲ ਕ੍ਰੋੜਾਂ ਪਰਾਧ=ਪਾਪ ਮਿਟ ਗਏ ਹਨ, ਅਤੇ ਆਪ ਜੀ ਦੇ ਦਰਸ਼ਨ ਨੇ ਮੇਰਾ ਸਾਰਾ ਦੁੱਖ ਉਤਾਰ ਦਿੱਤਾ ਹੈ।

ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ ॥ ੧ ॥

ਆਪ ਜੀ ਦਾ ਨਾਮ ਜਪ ਕੇ ਮਹਾ=ਬੜਾ ਭਾਰੀ ਸੁਖ ਪਾਇਆ ਹੈ, ਅਤੇ ਚਿੰਤਾ ਰੂਪੀ ਰੋਗ ਨੂੰ ਬਿਦਾਰਿਓ=ਦੂਰ ਕਰ ਦਿੱਤਾ ਹੈ।

ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਸਾਰਿਓ ॥

ਕਾਮ, ਕ੍ਰੋਧ, ਲੋਭ, ਝੂਠ ਤੇ ਨਿੰਦਿਆ ਇਤ ਆਦਿਕ ਸਾਰੇ ਵਿਕਾਰਾਂ ਨੂੰ ਸਾਧੂਆਂ ਦੀ ਸੰਗਤ ਵਿਚ ਬੈਠ ਕੇ ਭੁਲਾ ਦਿੱਤਾ ਹੈ।

ਮਾਇਆ ਬੰਧ ਕਾਟੇ ਕਿਰਪਾਨਿਧਿ ਨਾਨਕ ਆਪਿ ਉਧਾਰਿਓ ॥ ੨ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਕਿਰਪਾ ਨਿੱਧੀ ਪਰਮਾਤਮਾ ਨੇ ਮਾਇਆ ਦੇ ਸਾਰੇ ਬੰਧਨ ਕੱਟ ਦਿੱਤੇ ਹਨ, ਅਤੇ ਆਪ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲਿਆ ਹੈ॥ ੨ ॥ ੬ ॥

ਦੇਵਗੰਧਾਰੀ ॥ ਮਨ ਸਗਲ ਸਿਆਨਪ ਰਹੀ ॥

ਮੇਰੇ ਮਨ ਦੀ ਸਾਰੀ ਸਿਆਨਪ=ਚਤੁਰਾਈ ਰਹਿ ਗਈ ਹੈ।

ਕਰਨ ਕਰਾਵਨਹਾਰ ਸੁਆਮੀ ਨਾਨਕ ਓਟ ਗਹੀ ॥ ੧ ॥ ਰਹਾਉ ॥

ਗਰੂ ਜੀ ਕਥਨ ਕਰਦੇ ਹਨ, ਸਭ ਗੱਲਾਂ ਦੇ ਕਰਣ ਕਰਾਵਣ ਵਾਲੇ ਸੁਆਮੀ ਦੀ ਓਟ ਮੈਂ ਗ੍ਰਹਿਣ ਕੀਤੀ ਹੈ॥ ੧ ॥ ਰਹਾਉ॥

ਆਪੁ ਮੇਟਿ ਪਏ ਸਰਣਾਈ ਇਹ ਮਤਿ ਸਾਧੂ ਕਹੀ ॥

ਆਪਾ ਭਾ ਹੰਕਾਰ ਨੂੰ ਮੇਟ ਕੇ ਚਰਨਾਂ ਦੀ ਸ਼ਰਨ ਵਿਚ ਪਏ ਹਾਂ, ਪਰ ਇਹ ਸਿੱਖਿਆ ਮੈਨੂੰ ਸੰਤਾਂ ਨੇ ਕਹੀ=ਦੱਸੀ ਹੈ।

ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ਭਰਮੁ ਅਧੇਰਾ ਲਹੀ ॥ ੧ ॥

ਪ੍ਰਭੂ ਦੀ ਆਗਿਆ ਮੰਨ ਕੇ ਹੀ ਸੁਖ ਪਾਇਆ ਹੈ, ਅਤੇ ਭਰਮ ਰੂਪੀ,

ਅਥਵਾ:-ਅਗਿਆਨ ਰੂਪ ਹਨੇਰਾ ਦੂਰ ਹੋ ਗਿਆ ਹੈ॥ ੧ ॥

ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ ਸਰਣਿ ਤੁਮਾਰੀ ਅਹੀ ॥

ਹੇ ਮੇਰੇ ਪ੍ਰਭੂ ਸੁਆਮੀ ! ਆਪ ਜੀ ਨੂੰ ਪ੍ਰਬੀਨ=ਚਤੁਰ ਜਾਣਕੇ ਹੀ ਆਪ ਜੀ ਦੀ ਸ਼ਰਣ ਅਹੀ=ਚਾਹੀ ਹੈ।

ਖਿਨ ਮਹਿ ਥਾਪਿ ਉਥਾਪਨਹਾਰੇ ਕੁਦਰਤਿ ਕੀਮ ਨ ਪਹੀ॥ ੨ ॥ ੭ ॥

ਹੇ ਇੱਕ ਖਿਨ ਵਿਚ ਥਾਪਿ-ਉਥਾਪਨਹਾਰੇ=ਉਤਪਤੀ, ਲੈਤਾ ਕਰਨ ਵਾਲੇ ਪ੍ਰਭੂ ! ਤੇਰੀ ਕੁਦਰਤਿ= ਸ਼ਕਤੀ, ਅਥਵਾ:-ਮਾਇਆ ਦੀ ਕੀਮਤ ਨਹੀਂ ਪੈਂਦੀ ॥ ੨ ॥ ੭ ॥

ਦੇਵਗੰਧਾਰੀ ਮਹਲਾ ੫ ॥ ਹਰਿ ਪ੍ਰਾਨ ਪ੍ਰਭੂ ਸੁਖ ਦਾਤੇ ॥

ਹੇ ਹਰੀ ਪ੍ਰਭੂ ! ਆਪ ਪ੍ਰਾਣ ਤੇ ਸੁੱਖਾਂ ਦੇ ਦਾਤੇ ਹੋ,

ਗੁਰ ਪ੍ਰਸਾਦਿ ਕਾਹੂ ਜਾਤੇ ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਕਾਹੂ=ਕਿਸੇ ਵਿਰਲੇ ਸੰਤ ਨੇ ਹੀ ਆਪ ਜੀ ਨੂੰ ਜਾਤੇ=ਜਾਣਿਆਂ ਹੈ॥ ੧ ॥ ਰਹਾਉ ॥

ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥

ਹੇ ਪ੍ਰੀਤਮ ਪਰਮਾਤਮਾ! ਸੰਤ ਤੁਹਾਡੇ ਦਾਸ ਹਨ, ਆਪ ਸੰਤਾ ਦੇ ਪ੍ਰੀਤਮ=ਪਿਆਰੇ ਹੋ,

ਅਥਵਾ:-ਹੇ ਪ੍ਰਭੂ ! ਤੁਹਾਡੇ ਸੰਤ ਤੁਮਰੇ ਪ੍ਰੀਤਮ=ਆਪ ਜੀ ਨੂੰ ਪਿਆਰੇ ਹਨ, ਉਹਨਾਂ ਨੂੰ ਕਾਲ (ਭਗਵਾਨ) ਨਹੀਂ ਖਾਂਦਾ।

(ਪੰਨਾ ੫੩੦)

ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ ॥ ੧ ॥

ਕਿਉਂਕਿ ਉਹ ਆਪ ਜੀ ਦੇ ਰੰਗਿ=ਪ੍ਰੇਮ ਵਿਚ ਲਾਲ=ਬ੍ਰਹਮ ਗਿਆਨ ਦੇ ਸਹਿਤ ਹੋਏ ਹਨ, ਅਤੇ ਉਹ ਰਾਮ ਨਾਮ ਰੂਪੀ ਰਸ ਵਿਚ ਮਸਤ ਰਹਿੰਦੇ ਹਨ॥ ੧ ॥

ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥

ਹੇ ਪ੍ਰਭੂ ! ਆਪ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ "ਮਹਾ ਕਿਲਬਿਖ"=ਬੜੇ ਭਾਰੀ ਪਾਪ, ਕ੍ਰੋੜਾਂ ਦੋਸ਼ ਤੇ ਰੋਗ ਹਾਤੇ=ਨਾਸ ਹੋ ਜਾਂਦੇ ਹਨ।

ਸੋਵਤ ਜਾਗਿ ਹਰਿ ਹਰਿ ਹਰਿ ਗਾਇਆ
ਨਾਨਕ ਗੁਰ ਚਰਨ ਪਰਾਤੇ ॥ ੨ ॥ ੮ ॥

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖਾਂ ਨੇ ਗੁਰਦੇਵਾਂ ਦੇ ਚਰਨਾਂ ਵਿਚ ਪਰਾਤੇ=ਭਲੀ ਪ੍ਰਕਾਰ ਭਦਾਕਾਰ ਹੋ ਕੇ, ਸੁੱਤਿਆਂ, ਜਾਗਦਿਆਂ, ਉਠਦਿਆਂ, ਬੈਠਦਿਆਂ ਹਰੀ ਦੇ ਹਰਿ ਹਰਿ ਨਾਮ ਨੂੰ ਗਾਇਆ ਹੈ॥ ੨ ॥ ੮ ॥

ਭਾਵ-ਸਵਾਸ ਸਵਾਸ ਆਪ ਦੇ ਨਾਮ ਦਾ ਸਿਮਰਨ ਕੀਤਾ ਹੈ। ਕਿਉਂਕਿ ਉਹਨਾਂ ਮਹਾਂ ਪੁਰਖਾਂ ਦਾ ਕੰਮ ਹੀ ਇਹੋ ਬਣ ਗਿਆ ਹੈ।

ਯਥਾ- *ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥ ੬॥* (ਪੰਨਾ ੨੮੬)

ਦੇਵਗੰਧਾਰੀ ੫ ॥ ਸੋ ਪ੍ਰਭੁ ਜਤ ਕਤ ਪੇਖਿਓ ਨੈਣੀ ॥

ਮੈਂਨੇ ਉਸ ਪ੍ਰਭੂ ਨੂੰ ਹੀ 'ਜਤ ਕਤ'=ਜਿੱਥੇ ਕਿੱਥੇ ਭਾਵ ਸਭ ਜਗ੍ਹਾ ਉੱਪਰ ਅੱਖਾਂ ਨਾਲ ਦੇਖਿਆ ਹੈ।

ਸੁਖਦਾਈ ਜੀਅਨ ਕੋ ਦਾਤਾ ਅੰਮ੍ਰਿਤੁ ਜਾ ਕੀ ਬੈਣੀ ॥ ੧ ॥ ਰਹਾਉ ॥

ਉਹ ਪ੍ਰਭੂ ਸੁਖਾਂ ਦੇ ਦੇਣ ਵਾਲਾ ਸਭ ਜੀਵਾਂ ਦਾ ਦਾਤਾ ਹੈ, ਜਿਸ ਦੀ ਬੈਣੀ=ਬਾਣੀ ਅੰਮ੍ਰਿਤ ਰੂਪ ਹੈ ॥ ੧ ॥

ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ ਦੈਣੀ ॥

ਪੂਰਨ ਸੰਤਾਂ ਨੇ ਅਗਿਆਨ ਰੂਪ ਅਨ੍ਹੇਰਾ ਕੱਟ ਦਿੱਤਾ ਹੈ, ਅਤੇ ਗੁਰਾਂ ਨੇ ਜੀਅ ਦਾਨੁ=ਜ਼ਿੰਦਗੀ ਦਾਨ ਦੇਣਾ ਕੀਤਾ ਹੈ।

ਕਰਿ ਕਿਰਪਾ ਕਰਿ ਲੀਨੋ ਅਪੁਨਾ ਜਲਤੇ ਸੀਤਲ ਹੋਣੀ ॥ ੧ ॥

ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣਾ ਦਾਸ ਕਰ ਲਿਆ ਹੈ, ਜਿਸ ਤ੍ਰਿਸ਼ਨਾਂ ਅੱਗ ਨਾਲ ਜਲਤੇ=ਸੜਦੇ ਸੀ ਉਸ ਵਲੋਂ ਸੀਤਲ ਹੋ ਗਏ ॥ ੧ ॥ "ਜਲਤੇ" ਪਾਠ ਇਕੱਠਾ ਹੈ।

ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ ॥

ਮੇਰੇ ਹਿਰਦੇ ਵਿਚ ਕੁਝ ਕਰਮ ਧਰਮ ਉਤਪਤ ਨਹੀਂ ਹੋ ਆਇਆ, ਅਤੇ ਨਾ ਹੀ ਨਿਰਮਲ ਕਰਣੀ=ਪਵਿੱਤਰ ਭਗਤੀ ਉਤਪਤ ਹੋਈ ਹੈ।

ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥ ੨ ॥ ੯ ॥

ਗੁਰੂ ਜੀ ਕਥਨ ਕਰਦੇ ਹਨ, ਸਾਰੇ ਸੰਜਮ ਤੇ ਸਿਆਣਪਾਂ ਨੂੰ ਛੱਡਕੇ, ਗੁਰੂ ਜੀ ਦੀ ਚਰਨੀਂ ਲੱਗਾ ਹਾਂ ॥ ੨ ॥ ੯ ॥

ਦੇਵਗੰਧਾਰੀ ੫ ॥ ਹਰਿ ਰਾਮ ਨਾਮੁ ਜਪਿ ਲਾਹਾ ॥

ਜਿਨ੍ਹਾਂ ਗੁਰਮੁਖਾਂ ਨੇ ਹਰੀ ਰਾਮ ਨਾਮ ਨੂੰ ਜਪਿਆ ਹੈ, ਉਹਨਾਂ ਨੂੰ ਲਾਹਾ=ਲਾਭ ਪ੍ਰਾਪਤ ਹੋਇਆ ਹੈ।

ਗਤਿ ਪਾਵਹਿ ਸੁਖ ਸਹਜ ਅਨੰਦਾ ਕਾਟੇ ਜਮ ਕੇ ਫਾਹਾ ॥ ੧ ॥ ਰਹਾਉ ॥

ਸਹਜ ਸੁਖ=ਅਚੁਤ ਸੁਖ ਦੇ ਅਨੰਦ ਸਹਿਤ ਉਹ ਗਤਿ=ਮੁਕਤੀ ਨੂੰ ਪਾਉਂਦੇ ਹਨ, ਅਤੇ ਉਹਨਾਂ ਦੇ ਗਲੋਂ ਜਮਾਂ ਦੇ ਫਾਹੇ ਕੱਟੇ ਜਾਂਦੇ ਹਨ ॥ ੧ ॥ ਰਹਾਉ ॥

ਖੋਜਤ ਖੋਜਤ ਖੋਜਿ ਬੀਚਾਰਿਓ ਹਰਿ ਸੰਤ ਜਨਾ ਪਹਿ ਆਹਾ ॥

ਖੋਜਦਿਆਂ ਖੋਜਦਿਆਂ ਇਹ ਖੋਜਿ=ਰਸਤਾ ਵਿਚਾਰਿਆ ਹੈ, ਕਿ ਹਰੀ ਸੰਤ ਜਨਾਂ ਦੇ ਪਹਿ=ਪਾਸ ਵਸਦਾ ਆਹਾ=ਹੈ।

ਤਿਨ੍ਹਾ ਪਰਾਪਤਿ ਏਹੁ ਨਿਧਾਨਾ ਜਿਨ੍ ਕੈ ਕਰਮਿ ਲਿਖਾਹਾ ॥ ੧ ॥

ਪਰ, ਇਹ ਨਿਧਾਨਾ=ਖਜ਼ਾਨਾ ਉਹਨਾਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਕਰਮਾਂ ਵਿਚ ਲਿਖਿਆ ਹੋਇਆ ਹੈ ॥ ੧ ॥

ਸੇ ਬਡਭਾਗੀ ਸੇ ਪਤਿਵੰਤੇ ਸੇਈ ਪੂਰੇ ਸਾਹਾ ॥

ਉਹ ਵੱਡੇ ਭਾਗਾਂ ਵਾਲੇ ਹਨ, ਉਹ ਇੱਜ਼ਤ ਵਾਲੇ ਹਨ, ਓਹੀ ਪੂਰੇ ਸ਼ਾਹ ਹਨ।

ਸੁੰਦਰ ਸੁਘੜ ਸਰੂਪ ਤੇ ਨਾਨਕ ਜਿਨ੍ ਹਰਿ ਹਰਿ ਨਾਮੁ ਵਿਸਾਹਾ ॥੨ ॥੧੦ ॥

ਗੁਰੂ ਜੀ ਕਥਨ ਕਰਦੇ ਹਨ, ਉਹ ਸੁੰਦਰ ਸਰੂਪ ਵਾਲੇ ਹਨ, ਤੇ ਓਹੀ ਸੁਘੜ=ਸ੍ਰੇਸ਼ਟ ਸ਼ੁਭ ਗੁਣਾਂ ਦੀ ਘਾੜਤ ਘੜਣ ਵਾਲੇ ਹਨ, ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਵਿਸਾਹਾ=ਖਰੀਦਿਆ ਹੈ॥ ੨ ॥ ੧੦ ॥

ਦੇਵਗੰਧਾਰੀ ੫ ॥ ਮਨ ਕਹ ਅਹੰਕਾਰਿ ਅਫਾਰਾ ॥

ਹੇ ਮਨ ! ਕਿਸ ਗੱਲ ਦਾ ਹੰਕਾਰ ਕਰਕੇ ਤੂੰ ਅਫਾਰਾ=ਆਫਰਿਆ ਹੋਇਆ ਭਾਵ ਅਮੋੜ ਹੋ ਰਿਹਾ ਹੈਂ।

ਦੁਰਗੰਧ ਅਪਵਿਤ੍ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ ॥ ੧ ॥ ਰਹਾਉ ॥

ਅਪਵਿੱਤਰ ਜੋ ਵਿਸ਼ਿਆਂ ਰੂਪ ਦੁਰਗੰਧੀ ਹੈ, ਉਸ ਵਿੱਚ ਲੱਗਕੇ ਇਹ ਜੀਵ ਅਪਾਵਨ=ਅਪਵਿੱਤ੍ਰ ਹੋ ਰਿਹਾ ਹੈ, ਅਥਵਾ:-ਵਿਸ਼ਿਆਂ ਰੂਪ ਦੁਰਗੰਧੀ ਕਰਕੇ ਬਾਹਰੋਂ ਵੀ ਅਪਵਿੱਤ੍ਰ ਅਤੇ ਅੰਦਰੋਂ ਭੀ ਅਪਵਿੱਤ੍ਰ ਹੋ ਰਿਹਾ ਹੈ, ਜੋ ਕੁਝ ਦਿਸ ਰਿਹਾ ਹੈ ਸਭ ਛਾਰਾ=ਖੇਹ ਹੁੰਦਾ ਜਾ ਰਿਹਾ ਹੈ॥ ੧ ॥ ਰਹਾਉ ॥

ਜਿਨਿ ਕੀਆ ਤਿਸੁ ਸਿਮਰਿ ਪਰਾਨੀ ਜੀਉ ਪ੍ਰਾਨ ਜਿਨਿ ਧਾਰਾ ॥

ਹੇ ਪ੍ਰਾਣੀ ! ਜਿਸ ਨੇ ਤੈਨੂੰ ਪੈਦਾ ਕੀਤਾ ਹੈ, ਅਤੇ ਜਿਸ ਨੇ ਤੇਰੇ ਵਿੱਚ ਜੀਵ ਕਲਾ, ਤੇ ਪ੍ਰਾਣ ਟਿਕਾਏ ਹੋਏ ਹਨ, ਉਸ ਦਾ ਸਿਮਰਨ ਕਰ।

ਤਿਸਹਿ ਤਿਆਗਿ ਅਵਰ ਲਪਟਾਵਹਿ ਮਰਿ ਜਨਮਹਿ ਮੂਗਧ ਗਵਾਰਾ ॥ ੧ ॥

ਜੋ ਉਸ ਪ੍ਰਭੂ ਨੂੰ ਤਿਆਗ ਕੇ ਭਾਵ ਉਸ ਦਾ ਸਿਮਰਨ ਛੱਡਕੇ ਹੋਰਨਾਂ ਧੰਧਿਆਂ ਵਿੱਚ ਲਪਟਾਵਹਿ=ਲੱਗੇ ਹੋਏ ਹਨ, ਉਹ ਮਹਾਂ ਮੂਰਖ ਗਵਾਰ ਮਰਦੇ ਜੰਮਦੇ ਰਹਿੰਦੇ ਹਨ॥ ੧ ॥

ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ ॥

ਹੇ ਰਖਣਹਾਰ ਪ੍ਰਭੂ ! ਗਿਆਨ ਵੈਰਾਗ ਰੂਪੀ ਅੱਖਾਂ ਤੋਂ ਰਹਿਤ ਹੋਣ ਕਰਕੇ ਮੈਂ ਅੰਨ੍ਹਾਂ ਹਾਂ, ਪ੍ਰੀਤੀ ਰੂਪੀ ਜੀਭਾ ਤੋਂ ਰਹਿਤ ਹੋਣ ਕਰਕੇ ਗੁੰਗਾ ਹਾਂ, ਸਾਧਨਾਂ ਰੂਪੀ, ਅਥਵਾ:-ਡਰ ਰੂਪ ਪੈਰਾਂ ਤੋਂ ਬਿਨਾਂ ਹੋਣ ਕਰਕੇ 'ਪਿੰਗਲਾ' ਹਾਂ, ਅਤੇ ਸ਼ੁਭ ਮਤੀ ਤੋਂ ਰਹਿਤ ਹਾਂ, ਆਪ ਮੈਨੂੰ ਰੱਖ ਲਓ।

ਕਰਨ ਕਰਾਵਨਹਾਰ ਸਮਰਥਾ ਕਿਆ ਨਾਨਕ ਜੰਤ ਬਿਚਾਰਾ ॥ ੨ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਮਰੱਥ ਪ੍ਰਭੂ ! ਤੂੰ ਹੀ ਕਰਨ ਤੇ ਕਰਾਣ ਵਾਲਾ ਹੈਂ, ਤੇਰੀ ਪ੍ਰੇਰਨਾਂ ਤੋਂ ਬਿਨਾਂ ਇਹ ਵਿਚਾਰਾ ਜੀਵ ਕੀ ਕਰ ਸਕਦਾ ਹੈ॥ ੨ ॥ ੧੧ ॥।

ਦੇਵਗੰਧਾਰੀ ੫ ॥ ਸੋ ਪ੍ਰਭੁ ਨੇਰੈ ਹੂ ਤੇ ਨੇਰੈ ॥

ਹੇ ਭਾਈ ! ਉਹ ਪ੍ਰਭੂ ਨੇੜੇ ਤੋਂ ਭੀ ਨੇੜੇ ਹੈ।

ਸਿਮਰਿ ਧਿਆਇ ਗਾਇ ਗੁਨ ਗੋਬਿੰਦ ਦਿਨੁ ਰੈਨਿ ਸਾਝ ਸਵੇਰੈ ॥੧ ॥ਰਹਾਉ ॥

ਦਿਨ-ਰਾਤ ਉਸ ਦੇ ਨਾਮ ਨੂੰ ਸਿਮਰਨਾਂ ਕਰ, ਤੇ ਤਨ ਕਰਕੇ ਧਿਆਉਣਾ ਕਰ, ਬਾਣੀ ਦੁਆਰਾ ਸੰਧਿਆ ਤੇ ਸਵੇਰ ਵੇਲੇ ਗੋਬਿੰਦ ਦੇ ਗੁਣ ਗਾਉਣਾ ਕਰ।

ਅਥਵਾ:-ਦਿਨ-ਰਾਤ ਗੋਬਿੰਦ ਦੇ ਨਾਮਾਂ ਨੂੰ ਸਿਮਰਨਾਂ ਕਰ, ਤੇ ਧਿਆਉਣਾ ਕਰ, ਅਤੇ ਗੋਬਿੰਦ ਦੇ ਗੁਣ ਗਾਉਣਾ ਕਰ, ਜੇਕਰ ਦਿਨ-ਰਾਤ ਨਹੀਂ ਗਾ ਸਕਦਾ ਤਾਂ ਸੰਧਿਆ ਵੇਲੇ ਤੇ ਸਵੇਰੇ ਅੰਮ੍ਰਿਤ ਵੇਲੇ ਦੋਨੋਂ ਟਾਇਮ ਜ਼ਰੂਰ ਗਾਵਣਾ ਕਰ, ਤਾਂ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਰੂਪ ਦਿਨ ਉਦੇ ਹੋਵੇਗਾ॥ ੧॥ ਰਹਾਉ॥

ਉਧਰੁ ਦੇਹ ਦੁਲਭ ਸਾਧੂ ਸੰਗਿ ਹਰਿ ਹਰਿ ਨਾਮੁ ਜਪੇਰੈ॥

ਹੇ ਭਾਈ! ਸੰਤਾਂ ਦੇ ਸਤਸੰਗ ਵਿੱਚ ਹਰਿ ਹਰਿ ਨਾਮ ਨੂੰ ਜਪਕੇ ਇਸ ਦੁਰਲਭ ਦੇਹ ਨੂੰ ਉਧਾਰਨਾ ਕਰ।

ਘਰੀ ਨ ਮੁਹਤੁ ਨ ਚਸਾ ਬਿਲੰਬਹੁ ਕਾਲੁ ਨਿਤਹਿ ਨਿਤ ਹੇਰੈ॥ ੧ ॥

ਨਾ ਇੱਕ ਘੜੀ, ਨਾ ਮੁਹਤੁ=ਅੱਧੀ ਘੜੀ, ਤੇ ਨਾ ਹੀ ਚਸਾ ਭਰ ਬਿਲੰਬਹੁ=ਦੇਰੀ ਕਰੋ, ਕਿਉਂਕਿ ਸਿਰ ਤੇ ਖੜਾ ਹੋਇਆ ਕਾਲ ਨਿਤਾਪ੍ਰਤੀ ਹੇਰੈ=ਵੇਖ ਰਿਹਾ ਹੈ॥ ੧॥

ਅੰਧ ਬਿਲਾ ਤੇ ਕਾਢਹੁ ਕਰਤੇ ਕਿਆ ਨਾਹੀ ਘਰਿ ਤੇਰੈ॥

ਹੇ ਕਰਤੇ ! ਇਸ ਸੰਸਾਰ ਰੂਪੀ ਅੰਨ੍ਹੀ ਬਿਲਾ=ਖੁੱਡ ਭਾਵ ਗੁਫਾ ਵਿੱਚੋਂ ਅਸਾਨੂੰ ਬਾਹਰ ਕੱਢ ਲਵੋ, ਆਪ ਜੀ ਦੇ ਘਰ ਵਿੱਚ ਕੀ ਨਹੀਂ ਹੈ ਭਾਵ ਸਭ ਕੁਝ ਹੈ।

ਨਾਮੁ ਅਧਾਰੁ ਦੀਜੈ ਨਾਨਕ ਕਉ ਆਨਦ ਸੂਖ ਘਨੇਰੈ॥੨ ॥੧੨ ॥ਛਕੇ ੨ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ ਨੂੰ ਨਾਮ ਦਾ ਅਧਾਰੁ=ਆਸਰਾ ਦੇਣਾ ਕਰੋ, ਜਿਸ ਨਾਮ ਸਿਮਰਨ ਕਰਕੇ ਘਨੇਰੈ=ਬਹੁਤ ਹੀ ਸੁਖ ਅਨੰਦ ਪ੍ਰਾਪਤ ਹੁੰਦੇ ਹਨ॥ ੨॥ ੧੨॥ ਛਕੇ ੨=ਬਾਰਾਂ ਸ਼ਬਦ ਇੱਥੋਂ ਤੱਕ ਆਉਣ ਕਰਕੇ ਛੱਕੇ ਦੋ ਲਿਖੇ ਹਨ। ਇਸ ਕਰਕੇ ਛੱਕੇ ਦੋ ਪੜ੍ਹਨਾ ਹੈ।

ਦੇਵਗੰਧਾਰੀ ੫ ॥ ਮਨ ਗੁਰ ਮਿਲਿ ਨਾਮੁ ਅਰਾਧਿਓ॥

ਮੇਰੇ ਮਨ ਨੇ ਸਤਿਗੁਰਾਂ ਨਾਲ ਮਿਲਕੇ ਨਾਮ ਨੂੰ ਅਰਾਧਿਓ=ਸਿਮਰਿਆ ਹੈ।

ਸੁਖ ਸਹਜ ਆਨੰਦ ਮੰਗਲ ਰਸ ਜੀਵਨ ਕਾ ਮੂਲੁ ਬਾਧਿਓ॥ ੧ ॥ ਰਹਾਉ ॥

ਅਨੰਦ-ਰੂਪ ਜੋ ਪਰਮੇਸ਼ਰ ਹੈ ਮੰਗਲਾਂ ਦੇ ਕਰਨ ਵਾਲਾ, ਜਦ ਉਸ ਵਿੱਚ ਰਸ=ਪ੍ਰੇਮ ਕੀਤਾ, ਤਾਂ ਸੁਖ ਸਹਜ=ਅਚੁਤ ਸੁਖ ਪ੍ਰਾਪਤ ਹੋਇਆ ਏਹੋ ਇਸ ਜੀਵਣੇ ਦਾ ਮੂਲ ਪੱਲੇ ਬੰਨ੍ਹ ਲਿਆ ਹੈ॥ ੧॥ ਰਹਾਉ॥

ਕਰਿ ਕਿਰਪਾ ਅਪੁਨਾ ਦਾਸੁ ਕੀਨੋ ਕਾਟੇ ਮਾਇਆ ਫਾਧਿਓ॥

ਵਾਹਿਗੁਰੂ ਨੇ ਕਿਰਪਾ ਕਰਕੇ ਮੈਨੂੰ ਆਪਣਾ ਦਾਸ ਕਰ ਲਿਆ ਹੈ, ਅਤੇ ਮਾਇਆ ਦਾ ਫਾਧਿਓ=ਫਾਹਾ ਮੇਰੇ ਗਲ ਵਿੱਚੋਂ ਕੱਟ ਦਿੱਤਾ ਹੈ।

ਭਾਉ ਭਗਤਿ ਗਾਇ ਗੁਣ ਗੋਬਿਦ ਜਮ ਕਾ ਮਾਰਗੁ ਸਾਧਿਓ ॥ ੧ ॥

ਭਾਉ ਭਗਤਿ=ਪ੍ਰੇਮਾ-ਭਗਤੀ ਨਾਲ ਗੋਬਿੰਦ ਦੇ ਗੁਣ ਗਾ ਕੇ ਜਮਾਂ ਦੇ ਮਾਰਗ ਨੂੰ ਸਾਧ ਲਿਆ ਹੈ॥ ੧ ॥

ਭਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ ॥

ਜਿਸ ਵੇਲੇ ਗੁਰਾਂ ਦਾ ਅਨੁਗ੍ਰਹੁ ਹੋਇਆ ਤਾਂ ਕਾਮ ਕ੍ਰੋਧ ਆਦਿਕਾਂ ਦਾ ਮੋਰਚਾ-''ਜੰਗਾ'' ਮਿਟ ਗਿਆ, ਅਥਵਾ:- ਅਵਿੱਦਿਆ ਰੂਪੀ ਮੋਰਚਾ= ''ਜੰਗਾਲ'' ਮਿਟ ਗਿਆ, ਤਾਂ ਗਿਆਨ ਰੂਪੀ ਅਮੋਲਕ ਪਦਾਰਥ ਨੂੰ ਲਾਧਿਓ=ਲੱਭ ਲਿਆ।

(ਪੰਨਾ ੫੩੧)

ਬਲਿਹਾਰੈ ਨਾਨਕ ਲਖ ਬੇਰਾ ਮੇਰੇ ਠਾਕੁਰ ਅਗਮ ਅਗਾਧਿਓ ॥ ੨ ॥ ੧੩ ॥

ਗਰੂ ਜੀ ਕਥਨ ਕਰਦੇ ਹਨ, ਹੇ ਮੇਰੇ ਅਗਮ ਤੇ ਅਗਾਧ ਰੂਪ ਠਾਕੁਰ ! ਮੈਂ ਆਪ ਜੀ ਤੋਂ ਲੱਖਾਂ ਵਾਰੀ ਕੁਰਬਾਨ ਜਾਂਦਾ ਹਾਂ॥ ੨ ॥ ੧੩ ॥

ਦੇਵਗੰਧਾਰੀ ੫ ॥ ਮਾਈ ਜੋ ਪ੍ਰਭ ਕੇ ਗੁਨ ਗਾਵੈ ॥

ਮਾਈ=ਹੇ ਭਾਈ ! ਜੋ ਪ੍ਰਭੂ ਦੇ ਜਸ-ਰੂਪ ਗੁਣਾਂ ਨੂੰ ਗਾਉਂਦਾ ਹੈ।

ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ ॥ ੧ ॥ ਰਹਾਉ ॥

ਉਸ ਦਾ ਆਉਣਾ ਸਫਲ ਹੈ, ਅਤੇ ਉਸੇ ਨੂੰ ਜੀਵਣ ਦਾ ਫਲ ਮਿਲਦਾ ਹੈ, ਜੋ ਪਾਰਬ੍ਰਹਮ ਨਾਲ ਲਿਵ=ਬਿਰਤੀ ਲਗਾਂਦਾ ਹੈ॥ ੧ ॥ ਰਹਾਉ ॥

ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥

ਉਹ ਸੁੰਦਰ ਹੈ, ਸੁਘੜ=ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਹੈ, ਸੂਰ=ਸੂਰਬੀਰ ਹੈ, ਅਤੇ ਬੇਤਾ=ਤੱਤ-ਵੇਤਾ ਹੈ, ਜੋ ਸੰਤਾਂ ਦਾ ਸਤਸੰਗ ਕਰਨਾ ਪਾਉਂਦਾ ਹੈ।

ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ ॥ ੧ ॥

ਜੋ ਰਸਨਾਂ ਨਾਲ ਹਰੀ ਨਾਮ ਦਾ ਉਚਾਰਨ ਕਰਦਾ ਹੈ, ਉਹ ਮੁੜ ਕੇ ਜੂਨੀਆਂ ਵਿੱਚ ਨਹੀਂ ਦੌੜਦਾ॥ ੧ ॥ ਕਿਉਂਕਿ ਉਸ ਦੇ-

ਪੂਰਨ ਬ੍ਰਹਮੁ ਰਵਿਆ ਮਨ ਤਨ ਮਹਿ ਆਨ ਨ ਦ੍ਰਿਸਟੀ ਆਵੈ ॥

ਮਨ ਤਨ ਵਿੱਚ ਪੂਰਨ ਪਾਰਬ੍ਰਹਮ ਰਵਿ ਰਿਹਾ ਹੈ, ਇਸ ਲਈ ਉਸਨੂੰ ਆਨ=ਹੋਰ ਕੋਈ ਦੂਜਾ ਨਿਗਾਹ ਨਹੀਂ ਆਉਂਦਾ।

ਨਰਕ ਰੋਗ ਨਹੀ ਹੋਵਤ ਜਨ ਸੰਗਿ ਨਾਨਕ ਜਿਸੁ ਲੜਿ ਲਾਵੈ ॥ ੨ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ, ਸੰਤ ਜਨਾਂ ਦੀ ਸੰਗਤ ਹੋਣ ਕਰਕੇ ਉਹ ਪ੍ਰਭੂ ਜਿਸ ਨੂੰ ਆਪਣੇ ਨਾਮ

ਰੂਪ ਲੜਿ=ਪੱਲੇ ਨਾਲ ਲਗਾਂਦਾ ਹੈ, ਉਸਨੂੰ ਮੁੜ ਕੇ ਨਰਕਾਂ ਦਾ ਰੋਗ=ਦੁੱਖ ਨਹੀਂ ਹੁੰਦਾ,

ਅਥਵਾ:-ਉਸ ਨੂੰ ਨਾ ਕੋਈ ਰੋਗ, ਤੇ ਨਾ ਹੀ ਨਰਕ ਪ੍ਰਾਪਤ ਹੁੰਦਾ ਹੈ॥ ੨॥ ੧੪॥

ਦੇਵਗੰਧਾਰੀ ੫॥ ਚੰਚਲੁ ਸੁਪਨੈ ਹੀ ਉਰਝਾਇਓ॥

ਇਹ ਚੰਚਲ ਮਨ ਸੁਪਨ ਰੂਪ ਸੰਸਾਰ ਵਿੱਚ, ਅਥਵਾ:-ਸੁਪਨੇ ਵਰਗੇ ਮਿੱਥਿਆ ਪਦਾਰਥਾਂ ਵਿੱਚ ਹੀ ਉਰਝਾਇਓ=ਫਸ ਗਿਆ ਹੈ।

ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ॥੧॥ਰਹਾਉ॥

ਇਤਨਾ ਭੀ ਨਹੀਂ ਬੂਝੈ=ਸਮਝਦਾ ਜੋ ਕਦੇ ਮੈਂ ਭੀ ਇਥੋਂ ਚਲਿਆ ਜਾਣਾ ਹੈ, ਮਾਇਆ ਦੇ ਨਾਲ ਲੱਗ ਕੇ ਬਿਕਲ=ਅਕਲ ਤੋਂ ਹੀਣਾ ਭਾਵ ਪਾਗਲ ਹੋ ਗਿਆ ਹੈ।

ਅਥਵਾ:-ਬਿਕਲ=ਵਿਆਕੁਲ ਹੋ ਗਿਆ ਹੈ॥ ੧॥ ਰਹਾਉ॥

ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ॥

ਕੁਸਮ ਰੰਗ=ਕਸੁੰਭੇ ਰੰਗ ਵਰਗੇ ਮਿਥਿਆ ਪਦਾਰਥਾਂ ਦੇ ਨਾਲ ਰਸਿ=ਪ੍ਰੇਮ ਪੂਰਬਕ ਰਚਿਆ ਹੋਇਆ ਹੈ, ਅਥਵਾ:-ਜਿਨ੍ਹਾਂ ਪਦਾਰਥਾਂ ਦਾ ਰੰਗ=ਅਨੰਦ ਕੁਸਮ=ਫੁੱਲ ਵਾਂਗੂੰ ਮੁਰਝਾ ਜਾਣ ਵਾਲਾ ਹੈ, ਉਹਨਾਂ ਨਾਲ ਪ੍ਰੇਮ ਕਰਕੇ ਲੱਗਾ ਹੋਇਆ, ਇੱਕ ਬਿਖਿਆ=ਮਾਇਆ ਦਾ ਹੀ ਯਤਨ ਕਰਦਾ ਹੈ।

ਲੋਭ ਸੁਨੈ ਮਨਿ ਸੁਖੁ ਕਰਿ ਮਾਨੈ ਬੇਗਿ ਤਹਾ ਉਠਿ ਧਾਇਓ॥ ੧॥

ਜਦ ਕੋਈ ਸੁੰਦਰ ਵਸਤੂ ਸੁਣਦਾ ਹੈ, ਤਾਂ ਮਨ ਵਿੱਚ ਸੁਖ ਕਰਕੇ ਮੰਨਦਾ ਹੈ, ਅਤੇ ਲੋਭ ਕਰਕੇ ਛੇਤੀ ਨਾਲ ਉਸ ਪਾਸੇ ਉੱਠ ਦੌੜਦਾ ਹੈ। ਜਿਵੇਂ ਕਿਸੀ ਨੇ ਕਿਹਾ, "ਅੱਜ ਫਲਾਣੀ ਜਗ੍ਹਾ ਲੰਗਰ ਹੈ ਓਥੇ ਸਭ ਨੂੰ ਦੋ ਦੋ ਰੁਪਏ ਦੱਛਣਾ ਮਿਲਣੀ ਹੈ, ਇਹ ਗੱਲ ਸੁਣਕੇ ਛੇਤੀ ਦੌੜਕੇ ਜਾਂਦਾ ਹੈ।" ਜਿਵੇਂ, ਗੋਇੰਦਵਾਲ ਤਪਾ ਗਿਆ ਸੀ।

ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ ਸੰਤ ਦੁਆਰੈ ਆਇਓ॥

ਜੂਨੀਆਂ ਵਿੱਚ ਫਿਰਦਿਆਂ ਫਿਰਦਿਆਂ ਬਹੁਤ ਹੀ ਸ੍ਰਮੁ=ਕਸ਼ਟ ਅਰਥਾਤ ਤਕਲੀਫ ਪਾਈ ਹੈ, ਹੁਣ ਮੈਂ ਸੰਤਾਂ ਦੇ ਦੁਆਰੇ ਆ ਗਿਆ ਹਾਂ।

ਕਰੀ ਕ੍ਰਿਪਾ ਪਾਰਬ੍ਰਹਮਿ ਸੁਆਮੀ ਨਾਨਕ ਲੀਓ ਸਮਾਇਓ॥ ੨॥ ੧੫॥

ਗੁਰੂ ਜੀ ਕਥਨ ਕਰਦੇ ਹਨ, ਪਾਰਬ੍ਰਹਮ ਸੁਆਮੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਆਪਣੇ ਵਿੱਚ ਸਮਾਇਓ=ਅਭੇਦ ਕਰ ਲੀਤਾ ਹੈ॥ ੨॥ ੧੫॥

ਦੇਵਗੰਧਾਰੀ ੫ ॥ ਸਰਬ ਸੁਖਾ ਗੁਰ ਚਰਨਾ॥

ਗੁਰ ਚਰਨਾਂ ਦੇ ਧਿਆਨ ਵਿੱਚ ਹੀ ਸਾਰੇ ਸੁਖ ਹਨ। ਗੁਰਾਂ ਦੇ ਚਰਨ-

ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥੧॥ਰਹਾਉ॥

ਕਲਿਮਲ ਡਾਰਨ=ਪਾਪਾਂ ਨੂੰ ਨਾਸ ਕਰਨ ਵਾਲੇ ਹਨ, ਮਨ ਨੂੰ ਸੁਧਾਰਨ ਵਾਲੇ ਹਨ, ਏਸੇ ਆਸਰੇ

ਕਰਕੇ ਹੀ ਮੇਰਾ ਤਰਨਾ ਹੋਣਾ ਹੈ॥ ੧॥ ਰਹਾਉ॥

ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ॥

ਪੂਜਾ ਤੇ ਅਰਚਾ=ਚੰਦਨ ਦਾ ਛਿਨਕਣਾ, ਅਥਵਾ:-ਅਰਚਾ=ਮੂਰਤੀ ਦਾ ਪੂਜਨ ਕਰਨਾ, ਸੇਵਾ, ਤੇ ਨਮਸ਼ਕਾਰ ਇਤਿਆਦਿਕ ਮੇਰਾ ਸਭ ਕੁਝ ਏਹੋ ਹੈ ਜਿਹੜਾ ਮੈਂ ਗੁਰਾਂ ਦੀ ਸੇਵਾ ਟਹਲ ਨੂੰ ਕਰਦਾ ਹਾਂ।

ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ॥ ੧॥

ਪਰਗਾਸਾ=ਬ੍ਰਹਮ ਗਿਆਨ ਦੇ ਹੋਣ ਨਾਲ ਮਨ ਬਿਗਸੈ=ਪ੍ਰਸੰਨ ਹੁੰਦਾ ਹੈ, ਅਤੇ ਫਿਰ ਮਾਂ ਦੇ ਗਰਭ ਵਿੱਚ ਪੈਣਾ ਨਹੀਂ ਚਾਹੁੰਦਾ॥ ੧॥

ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ॥

ਸਫਲ=ਸਹਤ ਫਲਾਂ ਦੇ ਜੋ ਸੰਤਾਂ ਦੀ ਮੂਰਤੀ ਹੈ ਉਸ ਨੂੰ ਮੈਂ ਪਰਸਦਾ ਹਾਂ, ਅਤੇ ਏਹੋ ਸੰਤਾਂ ਦੇ ਧਿਆਨ ਨੂੰ ਮੈਂ ਧਾਰਦਾ ਹਾਂ।

ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ॥੨॥੧੬॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਮੈਂ ਦਾਸ ਉੱਤੇ ਠਾਕੁਰ ਕ੍ਰਿਪਾਲੂ ਹੋਇਆ, ਤਾਂ ਮੈਂ ਸੰਤਾਂ ਦੀ ਸ਼ਰਣ ਵਿਚ ਪਿਆ ॥ ੨॥ ੧੬॥

ਦੇਵਗੰਧਾਰ* ਮਹਲਾ ੫॥ ਅਪੁਨੇ ਹਰਿ ਪਹਿ ਬਿਨਤੀ ਕਹੀਐ॥

ਜਿਸ ਪੁਰਖ ਨੇ ਆਪਣੇ ਹਰੀ ਪਾਸ ਹੀ ਬੇਨਤੀ ਕੀਤੀ ਹੈ।

ਚਾਰਿ ਪਦਾਰਥ ਅਨਦ ਮੰਗਲ ਨਿਧਿ
ਸੁਖ ਸਹਜ ਸਿਧਿ ਲਹੀਐ॥ ੧॥ ਰਹਾਉ॥

ਉਸ ਨੇ (ਧਰਮ, ਅਰਥ, ਕਾਮ, ਤੇ ਮੋਖਸ਼ ਰੂਪ) ਚਾਰੇ ਪਾਦਾਰਥ, ਅਨੰਦ-ਦਾਇਕ ਮੰਗਲ, ਨੌਂ ਨਿੱਧੀਆਂ, ਅਠਾਰਾਂ ਸਿੱਧੀਆਂ, ਤੇ ਸਾਰੇ ਸੁਖ ਇਤਿਆਦਿਕ ਸਾਰੇ ਪਦਾਰਥ ਸਹਜ=ਸੁਭਾਵਕ ਹੀ ਪਾ ਲਏ ਹਨ॥ ੧॥ ਰਹਾਉ॥

ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ॥

ਹੇ ਭਾਈ ! ਮਾਨ ਨੂੰ ਤਿਆਗ ਕੇ ਹਰੀ ਦੇ ਚਰਨਾਂ ਨਾਲ ਲੱਗਣਾ ਕਰੋ, ਅਤੇ ਉਸ ਪ੍ਰਭੂ ਦੇ ਨਾਮ ਰੂਪ ਅੰਚਲੁ=ਪੱਲੇ ਨੂੰ ਫੜਨਾ ਕਰੋ।

ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ॥ ੧॥

ਸੁਆਮੀ ਦੀ ਸ਼ਰਨ ਵਿਚ ਅਹੀਐ=ਆਉਣ ਕਰਕੇ, ਅਥਵਾ:- ਸੁਆਮੀ ਦੀ ਸ਼ਰਨ ਅਹੀਐ=ਚਾਹੁਣ ਕਰਕੇ ਤ੍ਰਿਸ਼ਨਾਂ ਅਗਨੀ ਦੇ (ਸੰਸਾਰ) ਸਮੁੰਦ੍ਰ ਵਿਚ ਕਿਸੇ ਕਿਸਮ ਦਾ ਆਂਚ=ਸੇਕ ਭਾਵ ਦੁੱਖ ਨਹੀਂ ਲੱਗਦਾ॥ ੧॥

---

*ਇਥੇ ਦੇਵਗੰਧਾਰ ਸ਼ੁੱਧ ਹੈ। ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਅਤੇ ਸ੍ਰੀ ਦਮਦਮੇ ਸਾਹਿਬ ਵਾਲੀ ਬੀੜ ਉੱਪਰ ਭੀ ਪਾਠ ''ਦੇਵਗੰਧਾਰ'' ਹੀ ਹੈ। ਸ਼੍ਰੋਮਣੀ ਕਮੇਟੀ ਵਾਲੀ ਬੀੜ ਵਿਚ ਦੇਵ ਗੰਧਾਰੀ ਮਹਲਾ ੫॥ ਹੈ।

ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ॥

ਅਸਾਡੇ ਬਹੁਰਿ ਬਹੁਰਿ=ਮੁੜ ਮੁੜ ਕੇ ਕੀਤੇ ਹੋਏ ਕ੍ਰੋੜਾਂ ਅਪਰਾਧਾਂ ਨੂੰ ਤੇ ਕ੍ਰਿਤਘਨ ਵਰਗੇ ਮਹਾਂ ਪਾਪਾਂ ਨੂੰ ਵੇਖ ਕੇ ਭੀ ਉਹੁ ਪ੍ਰਭੂ ਸਹੀਐ=ਸਹਾਰਦਾ ਹੈ।

ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ॥ ੨ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ, ਕਰੁਣਾ-ਮੈ=ਕ੍ਰਿਪਾ ਸਰੂਪ ਜੋ ਸਾਰੇ ਪੂਰਨ ਪਰਮੇਸ਼ਰ ਹੈ, ਤਿਸ ਦੀ ਸਰਨ+ਹੀਐ=ਸ਼ਰਨ ਨੂੰ ਹੀਐ=ਹਿਰਦੇ ਵਿਚ ਧਾਰਨਾਂ ਕਰ। ਵਾ:-ਤਿਸ ਦੇ ਸਰ+ਨਹੀਐ=ਸਦ੍ਰਸ ਕੋਈ ਨਹੀਂ ਹੈ॥ ੨ ॥ ੧੭ ॥

ਦੇਵਗੰਧਾਰੀ ੫ ॥ ਗੁਰ ਕੇ ਚਰਨ ਰਿਦੈ ਪਰਵੇਸਾ॥

ਜਦ ਤੋਂ ਗੁਰਾਂ ਦੇ ਚਰਨਾਂ ਦੇ ਪ੍ਰੇਮ ਨੇ ਮੇਰੇ ਹਿਰਦੇ ਵਿਚ ਪ੍ਰਵੇਸ਼ ਕੀਤਾ ਹੈ।

ਰੋਗ ਸੋਗ ਸਭਿ ਦੂਖ ਬਿਨਾਸੇ ਉਤਰੇ ਸਗਲ ਕਲੇਸਾ॥ ੧ ॥ ਰਹਾਉ ॥

ਤਦ ਤੋਂ ਸਾਰੇ ਰੋਗ, ਸੋਗ=ਫਿਕਰ, ਤੇ ਸਾਰੇ ਦੁੱਖ ਨਾਸ ਹੋ ਗਏ ਹਨ, ਅਤੇ ਸਾਰੇ ਕਲੇਸ਼ ਭੀ ਉਤਰੇ=ਲਹਿ ਗਏ ਹਨ॥ ੧ ॥ ਰਹਾਉ ॥

ਜਨਮ ਜਨਮ ਕੇ ਕਿਲਬਿਖ ਨਾਸਹਿ ਕੋਟਿ ਮਜਨ ਇਸਨਾਨਾ॥

ਜਨਮਾਂ ਜਨਮਾਂਤਰਾਂ ਦੇ ਸਾਰੇ ਕਿਲਵਿਖ=ਪਾਪ ਨਾਸ ਹੋ ਗਏ ਹਨ, ਅਤੇ ਕ੍ਰੋੜਾਂ ਮਜਨ=ਪਰਬਾਂ ਦੇ ਇਸ਼ਨਾਨ ਭੀ ਹੋ ਗਏ ਹਨ। ਪਾਠਾਂਤ੍ਰ=ਕਿਲਬਿਖ ਭੀ ਹੈ।

ਨਾਮੁ ਨਿਧਾਨੁ ਗਾਵਤ ਗੁਣ ਗੋਬਿੰਦ ਲਾਗੋ ਸਹਜਿ ਧਿਆਨਾ॥ ੧ ॥

ਨਾਮ ਖ਼ਜ਼ਾਨੇ ਨੂੰ ਪਾ ਕੇ ਗੋਬਿੰਦ ਦੇ ਗੁਣ ਗਾਉਂਦਿਆਂ ਗਾਉਂਦਿਆਂ ਸਹਜ-ਪਦ ਵਿਚ ਧਿਆਨ ਲੱਗ ਗਿਆ ਹੈ॥ ੧ ॥

ਕਰਿ ਕਿਰਪਾ ਅਪੁਨਾ ਦਾਸੁ ਕੀਨੋ ਬੰਧਨ ਤੋਰਿ ਨਿਰਾਰੇ॥

ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣਾ ਦਾਸ ਕਰ ਲਿਆ ਹੈ, ਇਸ ਲਈ ਮੋਹ ਰੂਪ ਬੰਧਨ ਤੋੜ ਕੇ ਸਭ ਤੋਂ ਨਿਰਾਰੇ=ਨਿਰਾਲੇ ਹੋ ਗਏ ਹਾਂ।

ਜਪਿ ਜਪਿ ਨਾਮੁ ਜੀਵਾ ਤੇਰੀ ਬਾਣੀ
ਨਾਨਕ ਦਾਸ ਬਲਿਹਾਰੇ॥ ੨ ॥ ੧੮ ॥ ਛਕੇ ੩ ॥

ਗੁਰੂ ਜੀ ਕਥਨ ਕਰਦੇ ਹਨ, ਹੁਣ ਮੈਂ ਤੇਰੀ=ਤਿਸਦੀ ਨਾਮ ਬਾਣੀ ਨੂੰ ਜਪ ਜਪ ਕੇ ਜੀਉਂਦਾ ਹਾਂ, ਅਤੇ ਮੈਂ ਦਾਸ ਉਸ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨ ॥ ੧੮ ॥ ਛਕੇ ੩

ਛੇ ਛੇ ਸ਼ਬਦਾਂ ਦਾ ਇੱਕ ਛੱਕਾ ਹੁੰਦਾ ਹੈ ਇੱਥੋਂ ਤੱਕ ਅਠਾਰਾਂ ਸ਼ਬਦ ਆ ਗਏ ਹਨ, ਇਸ ਲਈ ਗੁਰੂ ਜੀ ਨੇ ਛੱਕੇ ੩ (ਤਿੰਨ) ਲਿਖਿਆ ਹੈ। ਨੋਟ-ਛੱਕੇ ਤਿੰਨ ਪੜ੍ਹਨਾਂ ਹੈ ਛੱਕੇ ਤੀਜਾ ਯਾਂ ਤ੍ਰੈ ਨਹੀਂ ਪੜ੍ਹਨਾ।

(ਪੰਨਾ ੫੩੨)

ਦੇਵਗੰਧਾਰੀ ਮਹਲਾ ੫ ॥ ਮਾਈ ਪ੍ਰਭ ਕੇ ਚਰਨ ਨਿਹਾਰਉ ॥

ਹੇ ਮਾਈ=ਮਾਇਆ ਪਤੀ ਪ੍ਰਭੂ ! ਮੈਂ ਆਪ ਜੀ ਦੇ ਚਰਨਾਂ ਵੱਲ ਨਿਹਾਰਉ=ਵੇਖਦਾ ਹਾਂ।

ਕਰਹੁ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੁ ਨ ਡਾਰਉ ॥ ੧ ॥ ਰਹਾਉ ॥

ਹੇ ਮੇਰੇ ਸੁਆਮੀ ! ਆਪ ਮੇਰੇ ਉੱਪਰ ਅਜੇਹੀ ਕ੍ਰਿਪਾ ਦ੍ਰਿਸ਼ਟੀ ਕਰੋ, ਜੋ ਆਪਣੇ ਮਨ ਵਿਚੋਂ ਮੈਨੂੰ ਕਦੇ ਭੀ ਭੁਲਾਓ ਨਾ। ਅਥਵਾ:-ਮੈਂ ਆਪਣੇ ਮਨ ਵਿਚੋਂ ਆਪ ਜੀ ਨੂੰ ਕਦੇ ਭੀ ਭੁਲਾਵਾਂ ਨਾ॥ ੧ ॥ ਰਹਾਉ ॥

ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥

ਮੂੰਹ ਅਤੇ ਮੱਥੇ ਉੱਪਰ ਸੰਤਾਂ ਦੀ ਚਰਨ ਧੂੜੀ ਲਗਾਈ ਹੈ, ਅਥਵਾ:-ਮੁਖੀ ਸੰਤਾਂ ਦੀ ਚਰਨ ਧੂੜੀ ਮੱਥੇ ਉੱਪਰ ਲਗਾਈ ਹੈ, ਅਤੇ ਕਾਮ, ਕ੍ਰੋਧ ਆਦਿਕ ਵਿਸ਼ਿਆਂ ਨੂੰ ਜਾਰਉ=ਸਾੜਦਾ ਹਾਂ।

ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥ ੧ ॥

ਆਤਮ=ਆਪਣੇ ਆਪ ਨੂੰ ਸਭ ਤੋਂ ਨੀਚੁ=ਨੀਵਾਂ ਕਰਕੇ ਮੰਨਦਾ ਹਾਂ, ਇਹੋ ਹੀ ਮਨ ਵਿਚ ਸੁਖ ਧਾਰਿਆ ਹੈ॥ ੧ ॥

ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ ॥

ਹੇ ਅਬਿਨਾਸ਼ੀ ਠਾਕੁਰ ! ਅਸੀਂ ਆਪ ਜੀ ਦੇ ਜਸ ਰੂਪ ਗੁਣਾਂ ਨੂੰ ਗਾਂਵਦੇ ਹਾਂ,

ਆਪ ਅਸਾਡੇ ਸਾਰਿਆਂ ਕਲਮਲ=ਪਾਪਾਂ ਨੂੰ ਝਾਰਉ=ਝਾੜ ਦਿਓ।

ਨਾਮ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿ ਧਾਰਉ ॥੨ ॥੧੯ ॥

ਗੁਰੂ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਬੇਨਤੀ ਕਰੋ ਕਿ ਨਾਮ ਜੋ ਨਿੱਧੀਆਂ ਦਾ ਖ਼ਜ਼ਾਨਾ ਹੈ ਉਸ ਦਾ ਦਾਨ ਮੈਨੂੰ ਪਾਵੋ, ਜੋ ਆਪਣੇ ਕੰਠ ਨਾਲ ਲਗਾ ਕੇ ਹਿਰਦੇ ਵਿਚ ਧਾਰਨ ਕਰ ਰੱਖਾਂ॥ ੨ ॥ ੧੯ ॥

ਦੇਵਗੰਧਾਰੀ ਮਹਲਾ ੫ ॥ ਪ੍ਰਭ ਜੀਉ ਪੇਖਉ ਦਰਸੁ ਤੁਮਾਰਾ ॥

ਹੇ ਪ੍ਰਭੂ ਜੀਉ ! ਮੈਂ ਤੁਹਾਡਾ ਦਰਸ਼ਨ ਵੇਖਦਾ ਹਾਂ।

ਸੁੰਦਰ ਧਿਆਨੁ ਧਾਰੁ ਦਿਨੁ ਰੈਨੀ ਜੀਅ ਪ੍ਰਾਨ ਤੇ ਪਿਆਰਾ ॥ ੧ ॥ ਰਹਾਉ ॥

ਆਪ ਜੀ ਦੇ ਸੁੰਦਰ ਸਰੂਪ ਦਾ ਧਿਆਨ ਦਿਨ-ਰਾਤ ਧਾਰਦਾ ਹਾਂ, ਜੋ ਮੈਨੂੰ ਜੀਅ ਪ੍ਰਾਣਾਂ ਨਾਲੋਂ ਭੀ ਪਿਆਰਾ ਹੈ॥ ੧ ॥ ਰਹਾਉ ॥

ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ ॥

ਛੇ ਸ਼ਾਸਤ੍ਰ, ਚਾਰ ਵੇਦ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਤੀਆਂ, ਇਹਨਾਂ ਸਾਰਿਆਂ ਗ੍ਰੰਥਾਂ ਨੂੰ ਵਿਚਾਰ ਕੇ ਅਵਿਲੋਕੇ=ਵੇਖਿਆ ਹੈ, ਸਾਰਿਆਂ ਦਾ ਤਤੁ=ਸਿਧਾਂਤ ਇਹ ਹੈ। ਕਿ-

ਦੀਨਾ ਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ ॥ ੧ ॥

ਦੀਨਾ=ਗ਼ਰੀਬਾਂ ਦਾ ਨਾਥ, ਪ੍ਰਾਣਾਂ ਦਾ ਪਤੀ, ਜੋ ਸਾਰੇ ਪੂਰਨ ਪਰਮੇਸ਼ਰ ਹੈ, ਓਹੀ ਸੰਸਾਰ ਸਮੁੰਦਰ

ਤੋਂ ਪਾਰ ਲੰਘਾਣ ਵਾਲਾ ਹੈ॥ ੧॥

ਆਦਿ ਜੁਗਾਦਿ ਭਗਤ ਜਨ ਸੇਵਕ ਤਾਕੀ ਬਿਧੈ ਅਧਾਰਾ॥

ਆਦਿ ਜੁਗਾਦਿ=ਸਦਾ ਸਦਾ ਭਗਤ ਜਨ ਤੇ ਸੇਵਕ ਤਾਕੀ ਬਿਧੈ ਅਧਾਰਾ=ਓਸੇ ਦੀ ਓਟ ਵਿਚ ਰਹਿਣਾ ਕਰਦੇ ਹਨ। ਅਥਵਾ:-ਬਿਧੈ=ਵਿਸ਼ਿਆਂ ਤੋਂ ਡਰ ਕੇ ਪ੍ਰਭੂ ਦੇ ਅਧਾਰਾ=ਆਸਰੇ ਨੂੰ ਤਾਕੀ=ਤੱਕਿਆ ਹੈ। ਪਾਠ ''ਤਾਕੀ'' ਕਰਨਾ।

ਤਿਨ ਜਨ ਕੀ ਧੂਰਿ ਬਾਛੈ ਨਿਤ ਨਾਨਕੁ ਪਰਮੇਸਰੁ ਦੇਵਨਹਾਰਾ॥੨॥੨੦॥

ਗੁਰੂ ਜੀ ਕਥਨ ਕਰਦੇ ਹਨ, ਹੇ ਪਰਮੇਸ਼ਰ ! ਉਹਨਾਂ ਭਗਤ ਜਨਾਂ ਦੀ ਚਰਨ ਧੂੜੀ ਨੂੰ ਮੈਂ ਨਿਤਾਪ੍ਰਤੀ ਬਾਛੈ=ਚਾਹੁੰਦਾ ਹਾਂ, ਪਰ ਉਸ ਧੂੜੀ ਦੇ ਦੇਣ ਵਾਲਾ ਤੂੰਹੀਂ ਹੈਂ॥ ੨॥ ੨੦॥

ਦੇਵਗੰਧਾਰੀ ਮਹਲਾ ੫॥ ਤੇਰਾ ਜਨੁ ਰਾਮ ਰਸਾਇਣਿ ਮਾਤਾ॥

ਹੇ ਸੁਆਮੀ ! ਆਪ ਜੀ ਦਾ ਸੇਵਕ ਜਨ ਰਾਮ ਨਾਮ ਜੋ ਰਸਾਇਣਿ=ਰਸਾਂ ਦਾ ਘਰ ਹੈ, ਉਸ ਵਿਚ ਮਾਤਾ=ਮਸਤ ਹੈ।

ਪ੍ਰੇਮ ਰਸਾ ਨਿਧਿ ਜਾਕਉ ਉਪਜੀ ਛੋਡਿ ਨ ਕਤਹੂ ਜਾਤਾ॥ ੧॥ ਰਹਾਉ॥

ਜਿਸ ਦੇ ਅੰਤਹਕਰਨ ਵਿਚ ''ਪ੍ਰੇਮ ਰਸਾ ਨਿਧਿ''=ਪ੍ਰੇਮਾਂ ਭਗਤੀ ਉਤਪਤ ਹੋਈ ਹੈ, ਉਹ ਆਪ ਜੀ ਨੂੰ ਛੱਡ ਕੇ ਹੋਰ ਕਿਸੇ ਪਾਸੇ ਨਹੀਂ ਜਾਂਦਾ॥ ੧॥ ਰਹਾਉ॥

ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ॥

ਉਹ ਬੈਠਾ ਭੀ ਹਰਿ ਹਰਿ ਨਾਮ ਜਪਦਾ ਹੈ, ਸੋਵਤ=ਸੁੱਤਾ ਹੋਇਆ ਭੀ ਹਰਿ ਹਰਿ ਨਾਮ ਜਪਦਾ ਹੈ, ਅਤੇ ਭੋਜਨ ਖਾਂਦਾ ਹੋਇਆ ਭੀ ਹਰੀ ਨਾਮ ਰਸ ਨੂੰ ਲੈਂਦਾ ਹੈ।

ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ॥ ੧॥

ਉਸ ਨੇ ਅਠਾਠ ਤੀਰਥਾਂ ਦਾ ਮਜਨੁ=ਇਸ਼ਨਾਨ ਕਰ ਲਿਆ ਹੈ, ਜਿਸ ਨੇ ਸੰਤ ਚਰਨ ਧੂੜੀ ਵਿਚ ਨਾਤਾ=ਇਸ਼ਨਾਨ ਕੀਤਾ ਹੈ॥ ੧॥

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥

ਹਰੀ ਜਨਾਂ ਦਾ ਪੈਦਾ ਹੋਇਆ ਹੋਇਆ ਮਨੁੱਖਾ ਜਨਮ ਸਫਲ ਹੈ, ਜਿਨ੍ਹਾਂ ਨੇ ਸਿਮਰਨ ਦੀ ਸ਼ਕਤੀ ਨਾਲ ਬਿਧਾਤਾ=ਬ੍ਰਹਮਾ ਨੂੰ ਸਉਤੁ=ਸਫਲਾ, ਅਥਵਾ:-ਸਉਤੁ=ਪੁੱਤਰ ਵਾਲਾ (ਔਲਾਦ) ਵਾਲਾ ਕਰ ਦਿੱਤਾ ਹੈ।

ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥ ੨॥ ੨੧॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਬ੍ਰਹਮ ਨੂੰ ਸਾਰੇ ਪਰੀਪੂਰਨ ਪਛਾਣਿਆਂ ਹੈ, ਉਹ ਆਪਣੀ ਸਾਰੀ ਕੁਲ ਦੇ ਸਮੂਹ=ਸਾਰਿਆਂ ਜੀਵਾਂ ਨੂੰ ਨਾਲ ਲੈ ਕੇ ਸੰਸਾਰ ਸਮੁੰਦਰ ਤੋਂ ਪਾਰ ਉਧਰੇਗਾ॥ ੨॥ ੨੧॥

ਦੇਵਗੰਧਾਰੀ ਮਹਲਾ ੫ ॥ ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥

ਮਾਈ=ਹੇ ਭਾਈ ! ਗੁਰੂ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੁੰਦਾ।

ਯਥਾ:-''ਕੁੰਭੇ ਬਧਾ ਜਲੁ ਰਹੈ, ਜਲ ਬਿਲੁ ਕੁੰਭੁ ਨ ਹੋਇ ॥

ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨੁ ''ਗਿਆਨੁ''ਨ ਹੋਇ'' ॥ ੫ ॥ (ਪੰਨਾ ੪੬੯)

ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥ ੧ ॥ ਰਹਾਉ ॥

ਅਨੇਕ ਤਰ੍ਹਾਂ ਦੇ ਭੇਖ ਕਰਨ ਵਾਲੇ ਵਿਰਲਾਪ ਕਰਦੇ ਫਿਰਦੇ ਹਨ, ਕਿਉਂਕਿ ਉਹਨਾਂ ਨੂੰ ਗੁਸਾਈਂ ਪਰਮਾਤਮਾ ਮਿਲਦਾ ਨਹੀਂ ਹੈ॥ ੧ ॥ ਰਹਾਉ ॥

ਮੋਹ ਰੋਗ ਸੋਗ ਤਨੁ ਬਾਧਿਓ ਬਹੁ ਜੋਨੀ ਭਰਮਾਈਐ ॥

ਜੋ ਪਰਵਾਰ ਦੇ ਮੋਹ, ਤੇ ਰੋਗ ਸੋਗ ਵਿੱਚ ਸਰੀਰ ਬੱਧਾ ਹੋਇਆ ਹੈ, ਉਹ ਬਹੁਤੀਆਂ ਜੂਨਾਂ ਵਿੱਚ ਭਰਮਾਈਐ=ਭੁਆਇਆ ਜਾਂਦਾ ਹੈ।

ਟਿਕਨੁ ਨ ਪਾਵੈ ਬਿਨੁ ਸਤਸੰਗਤਿ ਕਿਸੁ ਆਗੈ ਜਾਇ ਰੁਆਈਐ ॥ ੧ ॥

ਇਹ ਚੰਚਲ ਮਨ ਸਤ-ਸੰਗਤ ਤੋਂ ਬਿਨਾਂ ਟਿਕਣਾ ਨਹੀਂ ਪਾਂਦਾ, ਗੁਰਾਂ ਤੋਂ ਬਿਨਾਂ ਭਾਵੇਂ ਕਿਸੇ ਦੇ ਅੱਗੇ ਜਾਕੇ ਭੀ ਰੋਣਾ ਕਰੇ। ਇੱਕ ਗੁਰੂ ਹੀ ਹਨ ਜੋ ਇਸ ਦੇ ਦੁੱਖ ਨੂੰ ਸੁਣਕੇ ਨਿਵਿਰਤ ਕਰ ਸਕਦੇ ਹਨ, ਗੁਰੂ ਤੋਂ ਬਿਨਾਂ ਹੋਰ ਕੋਈ ਦੁੱਖ ਦੂਰ ਨਹੀਂ ਕਰ ਸਕਦਾ॥ ੧ ॥

ਕਰੈ ਅਨੁਗ੍ਰਹੁ ਸੁਆਮੀ ਮੇਰਾ ਸਾਧ ਚਰਨ ਚਿਤੁ ਲਾਈਐ ॥

ਮੇਰਾ ਸੁਆਮੀ ਪ੍ਰਭੂ ਜਿਸ ਉੱਤੇ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਹ ਸੰਤਾਂ ਦੇ ਚਰਨਾਂ ਨਾਲ ਚਿੱਤ ਨੂੰ ਲਗਾਉਂਦਾ ਹੈ।

ਸੰਕਟ ਘੋਰ ਕਟੇ ਖਿਨ ਭੀਤਰਿ ਨਾਨਕ ਹਰਿ ਦਰਸਿ ਸਮਾਈਐ ॥ ੨ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਘੋਰ=ਭਿਆਨਕ ਸੰਕਟ=ਦੁੱਖ ਇੱਕ ਖਿਨ ਵਿੱਚ ਕੱਟੇ ਜਾਂਦੇ ਹਨ, ਅਤੇ ਉਹ ਹਰੀ ਦੇ ਦਰਸਿ=ਸਰੂਪ ਵਿੱਚ ਅਭੇਦ ਹੁੰਦਾ ਹੈ॥ ੨ ॥ ੨੨ ॥

ਦੇਵਗੰਧਾਰੀ ਮਹਲਾ ੫ ॥ ਠਾਕੁਰ ਹੋਏ ਆਪਿ ਦਇਆਲ ॥

ਮੇਰੇ ਉੱਤੇ ਠਾਕੁਰ ਜੀ ਆਪ ਦਿਆਲੂ ਹੋਏ ਹਨ। ਇਸ ਕਰਕੇ ਮੇਰੀ-

ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ ॥ ਰਹਾਉ ॥

ਕਲਿਆਣ=ਮੁਕਤੀ ਹੋ ਗਈ ਹੈ, ਤੇ ਬੁੱਧੀ ਭੀ ਅਨੰਦ ਰੂਪ ਹੋ ਗਈ ਹੈ, ਗੁਪਾਲ ਦੀ ਕਿਰਪਾ ਨਾਲ ਮੈਂ ਬਾਲਕ ਤਰ ਗਿਆ ਹਾਂ। ਅਥਵਾ:-ਬਾਲ ਗੁਪਾਲ=ਪਰਵਾਰ ਦੇ ਜਿਤਨੇ ਕੁ ਜੀਵ ਸਨ ਸਾਰੇ ਹੀ ਤਰ ਗਏ ॥ ਰਹਾਉ ॥

ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮੁ ਮਨਿ ਧਿਆਇਆ ॥

ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਹੈ ਅਤੇ ਮਨ ਵਿਚ ਪਾਰਬ੍ਰਹਮ ਦਾ ਧਿਆਨ ਕੀਤਾ ਹੈ।

ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ॥ ੧ ॥

ਪਰਮੇਸ਼ਰ ਨੇ ਹੱਥ ਦੇ ਕੇ ਰੱਖ ਲਿਆ ਹੈ, ਅਤੇ ਸਾਰਿਆਂ ਦੁਰਤੁ=ਪਾਪਾਂ ਦਾ ਪੁੰਜ ਮਿਟਾ ਦਿੱਤਾ ਹੈ॥ ੧ ॥

ਵਰ ਨਾਰੀ ਮਿਲਿ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥

ਪਰਮੇਸ਼ਰ ਰੂਪ ਵਰ=ਪਤੀ ਵਾਲੀਆਂ ਮਹਾਤਮਾਂ ਰੂਪ ਨਾਰੀਆਂ ਨਾਲ ਮਿਲ ਕੇ, ਠਾਕੁਰ ਦਾ ਜੈਕਾਰ ਕਰਕੇ, ਉਸ ਦੇ ਜਸ ਰੂਪ ਮੰਗਲ ਨੂੰ ਗਾਇਆ ਹੈ।

ਕਹੁ ਨਾਨਕ ਜਨ ਕਉ ਬਲਿ ਜਾਈਐ ਜੋ ਸਭਨਾ ਕਰੇ ਉਧਾਰੁ ॥ ੨ ॥ ੨੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਹਨਾਂ ਸੰਤ ਜਨਾਂ ਤੋਂ ਬਲਿਹਾਰ ਜਾਂਦਾ ਹਾਂ ਜੋ ਸਾਰਿਆਂ ਜੀਵਾਂ ਦਾ ਉਧਾਰ ਕਰਦੇ ਹਨ॥ ੨ ॥ ੨੩ ॥

(ਪੰਨਾ ੫੩੩) ੧ੴ ਸਤਿਗੁਰ ਪ੍ਰਸਾਦਿ ॥ ਦੇਵਗੰਧਾਰੀ ਮਹਲਾ ੫ ॥

ਅਪੁਨੇ ਸਤਿਗੁਰ ਪਹਿ ਬਿਨਉ ਕਹਿਆ ॥

ਜਿਸ ਵੇਲੇ ਮੈਂ ਆਪਣੇ ਸਤਿਗੁਰਾਂ ਪਾਸ ਬੇਨਤੀ ਦੇ ਸ਼ਬਦਾਂ ਨੂੰ ਕਿਹਾ-

ਭਏ ਕ੍ਰਿਪਾਲ ਦਇਆਲ ਦੁਖ ਭੰਜਨ ਮੇਰਾ ਸਗਲ ਅੰਦੇਸਰਾ ਗਇਆ ॥ ਰਹਾਉ ॥

ਤਾਂ ਦੁਖਾਂ ਦੇ ਨਾਸ ਕਰਨ ਵਾਲੇ ਦਿਆਲੂ ਗੁਰੂ ਜੀ ਮੇਰੇ ਉੱਪਰ ਕ੍ਰਿਪਾਲੂ ਹੋਏ, ਜਿਸ ਤੇ ਮੇਰਾ ਸਾਰਾ ਅੰਦੇਸਰਾ=ਸੰਸਾ ਦੂਰ ਹੋ ਗਿਆ ॥ ਰਹਾਉ ॥

ਹਮ ਪਾਪੀ ਪਾਖੰਡੀ ਲੋਭੀ ਹਮਰਾ ਗੁਨੁ ਅਵਗੁਨੁ ਸਭੁ ਸਹਿਆ ॥

ਅਸੀਂ ਪਾਪੀ, ਪਖੰਡੀ, ਤੇ ਲੋਭੀ ਸਾਂ, ਪਰ ਗੁਰਾਂ ਨੇ ਅਸਾਡਾ ਗੁਣ ਤੇ ਔਗੁਣ ਸਭ ਕੁਝ ਸਹਿਆ=ਸਹਾਰ ਅਰਥਾਤ ਬਰਦਾਸ਼ਤ ਕਰ ਲਿਆ ਹੈ ਅਥਵਾ:-ਅਸਾਡੇ ਸਾਰੇ ਔਗੁਣਾਂ ਨੂੰ ਗੁਣ ਰੂਪ ਕਰਕੇ ਸਹਿਆ=ਸਹਾਰਿਆ ਹੈ।

ਕਰੁ ਮਸਤਕਿ ਧਾਰਿ ਸਾਜਿ ਨਿਵਾਜੇ ਮੁਏ ਦੁਸਟ ਜੋ ਖਇਆ ॥ ੧ ॥

ਮੱਥੇ ਉੱਪਰ ਕਿਰਪਾ ਰੂਪੀ ਕਰੁ=ਹੱਥ ਧਾਰਕੇ ਸ਼ੁਭ-ਗੁਣਾਂ ਨਾਲ ਸਾਜ ਕੇ ਨਿਵਾਜੇ=ਵਡਿਆਇਆ ਹੈ, ਖਇਆ=ਨਾਸ ਕਰਨ ਵਾਲੇ ਜੋ ਕਾਮ ਆਦਿਕ ਦੁਸ਼ਟ ਸਨ ਉਹ ਮਰ ਗਏ। ਅਥਵਾ:-ਉਹ ਦੁਸ਼ਟ ਕਾਮ ਆਦਿਕ ਮਰ ਗਏ ਹਨ, ਜੋ ਮੇਰੇ ਨਾਲ ਖਇਆ=ਖਹਿੰਦੇ ਭਾਵ ਦੁਸ਼ਮਣੀ ਕਰਦੇ ਸਨ॥ ੧ ॥

ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ ॥

ਸ੍ਰੀ ਗੁਰੂ ਰਾਮਦਾਸ ਜੀ ਕੈਸੇ ਹਨ? ਉੱਤਰ-ਕਿ ਪਰ-ਉਪਕਾਰੀ ਹਨ, ਤੇ ਸਭ ਦਾ ਆਸਰਾ ਰੂਪ ਹਨ, ਵਾ:-ਸਭ ਦੇ ਸੁਧਾਰਨੇ ਵਾਲੇ ਹਨ, ਜਿਨ੍ਹਾਂ ਦਾ ਸਹਜਇਆ=ਸੁਭਾਵਕ ਹੀ ਦਰਸ਼ਨ ਕੀਤਾ ਹੋਇਆ ਸਫਲ ਹੈ, ਵਾ:-ਸਹਿਤ ਫਲਾਂ ਦੇ ਹੈ।

ਕਹੁ ਨਾਨਕ ਨਿਰਗੁਣ ਕਉ ਦਾਤਾ ਚਰਣ ਕਮਲ ਉਰ ਧਰਿਆ ॥੨ ॥੨੪ ॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਜੋ ਮੇਰੇ ਗੁਰਦੇਵ ਨਿਰਗੁਣ ਜੀਵਾਂ ਨੂੰ ਸ਼ੁਭ-ਗੁਣਾਂ ਦੇ ਦਾਤਾ ਹਨ ਉਹਨਾਂ ਦੇ ਚਰਨ ਕਵਲਾਂ ਨੂੰ ਮੈਂ ਹਿਰਦੇ ਵਿਚ ਧਰਿਆ ਹੈ॥ ੨॥ ੨੪॥

ਦੇਵਗੰਧਾਰੀ ਮਹਲਾ ੫ ॥ ਅਨਾਥ ਨਾਥ ਪ੍ਰਭ ਹਮਾਰੇ ॥

ਹੇ ਪ੍ਰਭੂ! ਆਪ ਅਨਾਥ=ਗਰੀਬਾਂ ਦੇ ਨਾਥ=ਸੁਆਮੀ ਹੋ, ਤੇ ਅਸਾਡੇ ਪ੍ਰਭ=ਰੱਖਜਕ ਹੋ।

ਸਰਣਿ ਆਇਓ ਰਾਖਨਹਾਰੇ ॥ ਰਹਾਉ ॥

ਹੇ ਰੱਖਿਆ ਕਰਨ ਵਾਲੇ ਪ੍ਰਭੂ ! ਮੈਂ ਆਪ ਜੀ ਦੀ ਸ਼ਰਨੀ ਆਇਆ ਹਾਂ॥ ਰਹਾਉ॥

ਸਰਬ ਪਾਖ ਰਾਖੁ ਮੁਰਾਰੇ ॥ ਆਗੈ ਪਾਛੈ ਅੰਤੀਵਾਰੇ ॥ ੧ ॥

ਹੇ ਮੁਰਾਰੀ ! ਸਭ ਤਰ੍ਹਾਂ ਦਾ ਪੱਖ ਕਰਕੇ ਅਸਾਨੂੰ ਰੱਖਣਾ ਕਰ। ਅਥਵਾ:-ਸਭ ਪੱਖਾਂ ਵੱਲੋਂ ਰੱਖਣਾ ਕਰ। ਆਗੈ=ਪ੍ਰਲੋਕ ਵਿਚ, ਪਾਛੈ=ਇਸ ਲੋਕ ਵਿਚ, ਅੰਤੀਵਾਰੇ=ਅੰਤ ਸਮੇਂ ਪ੍ਰਾਣਾਂ ਦੇ ਵਿਜੋਗ ਕਾਲ ਆਪ ਹੀ ਰੱਖਣਾ ਕਰ॥ ੧॥

ਜਬ ਚਿਤਵਉ ਤਬ ਤੁਹਾਰੇ ॥ ਉਨ ਸਮ੍ਹਾਰਿ ਮੇਰਾ ਮਨੁ ਸਧਾਰੇ ॥ ੨ ॥

ਜਦ ਮੈਂ ਚਿਤਵਉ=ਚਿੰਤਨ ਕਰਦਾ ਹਾਂ, ਤਦ ਆਪ ਜੀ ਦੇ ਹੀ ਗੁਣ ਚਿੰਤਨ ਕਰਦਾ ਹਾਂ। ਉਹਨਾਂ ਗੁਣਾਂ ਨੂੰ ਸਮ੍ਹਾਲਦਿਆਂ ਮੇਰਾ ਮਨ ਸਧਾਰੇ=ਸਹਿਤ ਆਸਰੇ ਦੇ ਹੁੰਦਾ ਹੈ॥ ੨॥

ਸੁਨਿ ਗਾਵਉ ਗੁਰ ਬਚਨਾਰੇ ॥ ਬਲਿ ਬਲਿ ਜਾਉ ਸਾਧ ਦਰਸਾਰੇ ॥ ੩ ॥

ਗੁਰਾਂ ਦੇ ਬਚਨਾਰੇ=ਬਚਨ ਸੁਣ ਕੇ ਆਪ ਜੀ ਦੇ ਗੁਣ ਗਾਉਂਦਾ ਹਾਂ। ਸੰਤਾਂ ਦੇ ਦਰਸ਼ਨ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੩॥

ਮਨ ਮਹਿ ਰਾਖਉ ਏਕ ਅਸਾਰੇ ॥ ਨਾਨਕ ਪ੍ਰਭ ਮੇਰੇ ਕਰਨੈਹਾਰੇ* ॥੪ ॥੨੫ ॥

ਗੁਰੂ ਜੀ ਕਥਨ ਕਰਦੇ ਹਨ, ਹੇ ਕਰਨਹਾਰ ਮੇਰੇ ਪ੍ਰਭੂ ! ਮੈਂ ਆਪਣੇ ਮਨ ਵਿਚ ਇੱਕ ਤੇਰਾ ਹੀ ਅਸਾਰੇ=ਆਸਰਾ ਰੱਖਦਾ ਹਾਂ॥ ੪॥ ੨੫॥

---

*ਅੰਤੀਵਾਰੇ, ਸਧਾਰੇ, ਬਚਨਾਰੇ, ਦਰਸਾਰੇ, ਅਸਾਰੇ, ਕਰਨੈਹਾਰੇ, ਇਹ ਸਾਰੇ ਪਾਠ ਇਕੱਠੇ ਹੀ ਹਨ।

ਦੇਵਗੰਧਾਰੀ ਮਹਲਾ ੫ ॥ ਪ੍ਰਭ ਇਹੈ ਮਨੋਰਥੁ ਮੇਰਾ ॥

ਹੇ ਪ੍ਰਭੂ ਜੀ ! ਮੇਰਾ ਏਹੀ ਮਨੋਰਥੁ=ਸੰਕਲਪ ਹੈ-

ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ ॥ ਰਹਾਉ ॥

ਹੇ ਕਿਰਪਾ ਦੇ ਨਿਧਾਨ=ਖਜ਼ਾਨੇ ਦਿਆਲੂ ਪ੍ਰਭੂ ! ਮੈਨੂੰ ਸੰਤਾਂ ਦਾ ਚੇਰਾ=ਦਾਸ ਕਰ ਦੇਹੁ ॥ ਰਹਾਉ ॥

ਪ੍ਰਾਤਹ ਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥

ਪ੍ਰਾਤਹ ਕਾਲ=ਅੰਮ੍ਰਿਤ ਵੇਲੇ ਉੱਠ ਕੇ ਸੰਤਾਂ ਦੀ ਚਰਨੀ ਲੱਗਾਂ ਭਾਵ ਮੱਥਾ ਟੇਕਾਂ,

ਅਤੇ ਨਿਸ-ਬਾਸੁਰ=ਰਾਤ-ਦਿਨ ਸੰਤਾਂ ਦਾ ਦਰਸ਼ਨ ਹੀ ਪਾਵਉ=ਕਰਦਾ ਰਹਾਂ।

ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥ ੧ ॥

ਆਪਣਾ ਤਨ ਮਨ ਸੰਤਾਂ ਅੱਗੇ ਅਰਪਣ ਕਰਕੇ ਸੰਤਾਂ ਦੀ ਸੇਵਾ ਕਰਦਾ ਰਹਾਂ, ਅਤੇ ਰਸਨਾਂ ਨਾਲ ਹਰੀ ਦੇ ਗੁਣ ਗਾਂਵਦਾ ਰਹਾਂ ॥ ੧ ॥

ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤਸੰਗਿ ਨਿਤ ਰਹੀਐ ॥

ਹੇ ਪ੍ਰਭੂ ! ਆਪਣਾ ਹਰ-ਇਕ ਸਵਾਸ ਸਵਾਸ ਆਪ ਦਾ ਸਿਮਰਨ ਕਰਾਂ, ਅਤੇ ਸੰਤਾਂ ਦੇ ਸਤ-ਸੰਗ ਵਿੱਚ ਨਿਤਾਪ੍ਰਤੀ ਰਹਿਣਾ ਕਰਾਂ।

ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥ ੨ ॥ ੨੬ ॥

ਅਧਾਰੁ=ਆਸਰਾ ਰੂਪ ਜੋ ਇੱਕ ਵਾਹਿਗੁਰੂ ਹੈ ਉਸ ਦਾ ਨਾਮ ਜੋ ਮੇਰਾ ਧਨ ਹੈ, ਏਸੇ ਨਾਮ ਦਾ ਅਨੰਦ ਮੈਂ ਲੈਣਾ ਕਰਾਂ। ਅਥਵਾ:-ਗੁਰੂ ਜੀ ਕਥਨ ਕਰਦੇ ਹਨ, ਤੇਰਾ ਨਾਮ ਧਨ ਹੀ ਇੱਕ ਮੇਰਾ ਆਸਰਾ ਹੈ, ਏਸੇ ਨਾਮ ਸਿਮਰਨ ਵਿੱਚ ਹੀ ਮੈਂ ਆਨੰਦ ਲੈਣਾ ਕੀਤਾ ਹੈ ॥ ੨ ॥ ੨੬ ॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੩

੧ਓ ਸਤਿਗੁਰ ਪ੍ਰਸਾਦਿ ॥ ਮੀਤਾ ਐਸੇ ਹਰਿ ਜੀਉ ਪਾਏ ॥

ਹੇ ਮਿੱਤਰੋ ! ਐਸੇ ਹਰਿ ਜੀ ਨੂੰ ਮੈਂ ਪਾਇਆ ਹੈ। ਪ੍ਰਸ਼ਨ:-ਕੈਸੇ ਹਰੀ ਜੀ ਨੂੰ ਪਾਇਆ ਹੈ?

ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨੁ ਗੁਰ ਮਿਲਿ ਗਾਏ ॥ ੧ ॥ ਰਹਾਉ ॥

ਉਤਰ:-ਜੋ ਛੱਡਕੇ ਨਹੀਂ ਜਾਂਦਾ, ਸਦਾ ਹੀ ਨਾਲ ਵਸਦਾ ਹੈ, ਗੁਰਾਂ ਨਾਲ ਮਿਲਕੇ ਰਾਤ-ਦਿਨ ਉਸੇ ਦੇ ਗੁਣ ਗਾਉਂਦਾ ਹਾਂ ॥ ੧ ॥ ਰਹਾਉ ॥

ਮਿਲਿਓ ਮਨੋਹਰੁ ਸਰਬ ਸੁਖੈਨਾ ਤਿਆਗਿ ਨ ਕਤਹੂ ਜਾਏ ॥

ਸਾਰਿਆਂ ਸੁਖਾਂ ਦਾ ਘਰ ਮਨੋਹਰੁ=ਸੁੰਦਰ ਪਤੀ ਪਰਮਾਤਮਾ ਮਿਲਿਆ ਹੈ, ਜੋ ਹੁਣ ਛੱਡਕੇ ਕਿਤੇ ਹੋਰਥੇ ਜਾਂਦਾ ਹੀ ਨਹੀਂ।

ਅਨਿਕ ਅਨਿਕ ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ ॥ ੧ ॥

ਅਨੇਕ ਪਦਾਰਥਾਂ ਨੂੰ ਅਨੇਕਾਂ ਵਾਰੀ ਬਹੁ ਭਾਤਿ=ਬਹੁਤ ਤਰ੍ਹਾਂ ਨਾਲ ਵਿਚਾਰ ਕੇ ਵੇਖਿਆ ਹੈ, ਪਰ ਮੇਰੇ ਪਿਆਰੇ ਪਿਰੀ ਦੇ ਸਮਸਰਿ=ਸਦ੍ਰਸ ਨਹੀਂ ਲੱਗ ਸਕਦੇ ॥ ੧ ॥

ਯਥਾ:- ਦੀਨਿ ਦੁਨੀਆਂ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾਂ ॥
ਹਰ ਦੋ ਆਲਮ ਕੀਮਤਿ ਯਕ ਤਾਰਿ ਮੂਏ ਯਾਰਿ ਮਾ ॥ ੧ ॥

ਪਦ ਅਰਥ-ਦੀਨਿ=ਧਰਮ ਤੇ। ਦੁਨੀਆਂ=ਲੋਕ। ਕਮੰਦਿ=ਫਾਹੀ। ਆਂ=ਉਸ। ਪਰੀ=ਅਪੱਛਰਾਂ। ਰੁਖ਼ਸਾਰਿ=ਗਲਾਂ ਭਾਵ ਚਿਹਰਾ। ਹਰ ਦੋ ਆਲਮ=ਦੋਵੇਂ ਲੋਕ। ਕੀਮਤਿ=ਮੁੱਲ। ਯਕ=ਇੱਕ। ਯਾਰ=ਮਿੱਤਰ। ਮਾ=ਮੇਰੇ। ਤਾਰਿ ਮੂਏ=ਵਾਲ ਦੀ ਤਾਰ।

ਅਰਥ-ਦੀਨ ਤੇ ਦੁਨੀਆਂ ਅਸਾਡੇ ਓਸ ਪਰੀ ਚਿਹਰੇ ਵਾਲੇ ਦੀ ਫਾਹੀ ਵਿਚ ਹਨ। ਦੋਵੇਂ ਲੋਕ ਅਸਾਡੇ ਯਾਰ ਦੇ ਕੇਸਾਂ ਦੀ ਇੱਕ ਤਾਰ ਦਾ ਮੁੱਲ ਹਨ। (ਗ਼ਜ਼ਲਾਂ ਭਾਈ ਨੰਦ ਲਾਲ ਗ਼ਜ਼ਲ ਨੰ: ੨)

ਮੰਦਰਿ ਭਾਗੁ ਸੋਭ ਦੁਆਰੈ ਅਨਹਤ ਰੁਣੁ ਝੁਣੁ ਲਾਏ ॥

ਉਹ ਪੁਰਖ ਭਾਗਾਂ ਦਾ ਮੰਦਰ, ਪਰਮੇਸ਼ਰ ਦੇ ਦੁਆਰੇ ਵਿਚ ਸੋਭਾ ਵਾਲਾ ਹੋਇਆ ਹੈ, ਜਿਸ ਨੇ ਅਨਹਤ=ਇੱਕ ਰਸ ਰੁਣ-ਝੁਣ ਕਾਰ ਸੰਗਿਆ ਦੇ ਵਾਜਿਆਂ ਵਿਚ ਬਿਰਤੀ ਨੂੰ ਲਗਾਇਆ ਹੈ।

ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ ਥੀਤੇ ਸਦ ਥਾਏ ॥੨ ॥੧ ॥੨੭ ॥

ਗੁਰੂ ਜੀ ਕਥਨ ਕਰਦੇ ਹਨ, ਉਹ ਜਗਿਆਸੂ ਰੂਪ ਇਸਤ੍ਰੀ ਸਦਾ ਹੀ ਰੰਗੁ-ਮਾਣੇ=ਅਨੰਦ ਨੂੰ ਭੋਗਦੀ ਹੈ, ਜਿਸ ਦੇ ਸਰੀਰ ਘਰ ਦੀ ਸਦ ਥਾਏ-ਸ੍ਰੇਸ਼ਟ ਅੰਤਹ-ਕਰਨ ਰੂਪੀ ਜਗ੍ਹਾ ਉੱਪਰ ਪ੍ਰਿਅ-ਪਿਰੀ ਪਰਮਾਤਮਾ ਥੀਤੇ=ਇਸਥਿਤ ਹੋਇਆ ਹੈ ॥ ੨ ॥ ੧ ॥ ੨੭ ॥

ਦੇਵਗੰਧਾਰੀ ੫ ॥ ਦਰਸਨ ਨਾਮ ਕਉ ਮਨੁ ਆਛੈ ॥

ਪ੍ਰਭੂ ਦੇ ਦਰਸ਼ਨ ਨੂੰ, ਤੇ ਨਾਮ ਸਿਮਰਨ ਨੂੰ ਮਨ ਆਛੈ=ਚਾਹੁੰਦਾ ਹੈ।

ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ ॥੧ ॥ ਰਹਾਉ ॥

ਹੇ ਭਾਈ ! ਮੈਂ ਸਾਰੀਆਂ ਜਗ੍ਹਾਂ ਤੇ ਭੌਂਦਾ ਆਇਆ ਹਾਂ, ਅਤੇ ਹੁਣ ਸੰਤਾਂ ਦੇ ਪਿੱਛੇ ਆ ਪਿਆ ਹਾਂ ॥ ੧ ॥ ਰਹਾਉ ॥

ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ ॥

ਹਉ=ਮੈਂ ਕਿਸ ਨੂੰ ਸੇਵਨਾ ਕਰਾਂ? ਕਿਸ ਦੀ ਅਰਾਧਣਾ ਕਰਾਂ? ਕਿਉਂਕਿ-ਜੋ ਭੀ ਕੁਝ ਦ੍ਰਿਸਟੈ=ਨਿਗਾਹ ਆ ਰਿਹਾ ਹੈ, ਉਹ ਗਾਛੈ=ਚਲੇ ਜਾਣ ਵਾਲਾ ਭਾਵ ਨਾਸਵੰਤ ਹੈ।

(ਪੰਨਾ ੫੩੪) ਸਾਧਸੰਗਤਿ ਕੀ ਸਰਨੀ ਪਰੀਐ ਚਰਣ ਰੇਨੁ ਮਨੁ ਬਾਛੈ ॥੧ ॥

ਇਹ ਜਾਣ ਕੇ ਮੈਂ ਸਾਧ ਸੰਗਤ ਦੀ ਸ਼ਰਨ ਵਿੱਚ ਪਿਆ ਹਾਂ, ਅਤੇ ਚਰਨਾਂ ਦੀ ਧੂੜੀ ਨੂੰ ਮੇਰਾ ਮਨ ਬਾਛੈ=ਚਾਹੁੰਦਾ ਹੈ ॥ ੧ ॥

ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇ ਆਛੈ॥

ਮੈਂ ਕੋਈ ਜੁਗਤੀ ਜਾਣਦਾ ਨਹੀਂ ਹਾਂ, ਮੇਰੇ ਵਿੱਚ ਗੁਣ ਭੀ ਕੋਈ ਨਹੀਂ ਜੋ ਮਾਇਆ ਤੋਂ ਤਰ ਜਾਵਾਂ, ਇਹ ਮਾਇਆ ਤਰਨੀ "ਮਹਾ ਦੁਤਰੁ ਆਛੈ" ਬੜੀ ਕਠਨ ਆਛੈ=ਹੈ।

ਯਥਾ:-"ਦੁਤਰ" ਮਹਾ ਬਿਖਮ ਇਹ ਮਾਏ॥ (ਪੰਨਾ ੨੫੮)

ਤਥਾ:-"ਦੁਤਰ" ਅੰਧ ਬਿਖਮ ਇਹ ਮਾਇਆ॥ (ਪੰਨਾ ੩੭੭)

ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ॥੨॥੨॥੨੮॥

ਗੁਰੂ ਜੀ ਕਥਨ ਕਰਦੇ ਹਨ, ਜਦ ਤੋਂ ਗੁਰਾਂ ਦੀ ਚਰਨੀ ਆ ਪਿਆ ਹਾਂ, ਤਦ ਤੋਂ ਮੇਰੀ ਸਾਰੀ ਦੁਰਾਛੈ=ਖੋਟੀ ਇੱਛਾ ਭਾਵ ਬੁਰੀ ਵਾਸ਼ਨਾਂ ਉਤਰੀ=ਦੂਰ ਹੋ ਗਈ ਹੈ॥ ੨॥ ੨॥ ੨੮॥

ਦੇਵਗੰਧਾਰੀ ੫ ॥ ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ॥

ਹੇ ਪ੍ਰਿਅ=ਪਿਆਰੇ ਪਿਰੀ ਪਰਮਾਤਮਾ ਆਪ ਜੀ ਦੇ ਬਚਨ ਅੰਮ੍ਰਿਤ ਵਰਗੇ ਮਿੱਠੇ ਹਨ।

ਅਤਿ ਸੁੰਦਰ ਮਨ ਮੋਹਨ ਪਿਆਰੇ ਸਭਹੂ ਮਧਿ ਨਿਰਾਰੇ॥ ੧॥ ਰਹਾਉ॥

ਫਿਰ ਬੜੇ ਸੁੰਦਰ ਹਨ, ਹੇ ਮਨ ਨੂੰ ਮੋਹਣ ਵਾਲੇ ਪਿਆਰੇ ਪ੍ਰਭੂ ਆਪ ਸਭ ਦੇ ਵਿੱਚ ਰਹਿੰਦੇ ਹੋਏ ਭੀ ਸਭ ਤੋਂ ਨਿਰਾਰੇ=ਨਿਰਲੇਪ ਹੋ॥ ੧॥ ਰਹਾਉ॥

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥

ਮੈਂ ਰਾਜ-ਭਾਗ ਨਹੀਂ ਚਾਹੁੰਦਾ, ਮੁਕਤੀ ਭੀ ਨਹੀਂ ਚਾਹੁੰਦਾ, ਮਨ ਵਿੱਚ ਕੇਵਲ ਆਪ ਜੀ ਦੇ ਚਰਨ ਕਮਲਾਂ ਦੀ ਪ੍ਰੀਤੀ ਚਾਹੁੰਦਾ ਹਾਂ।

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥ ੧॥

ਬ੍ਰਹਮਾ, ਮਹੇਸ=ਸ਼ਿਵ ਜੀ, ਚੌਰਾਸੀ ਸਿੱਧ, ਰਿਖੀ, ਮੁਨੀ, ਇੰਦ੍ਰਾ=ਤੇਤੀ ਕ੍ਰੋੜ ਦੇਵਤਿਆਂ ਦਾ ਰਾਜਾ ਇੰਦਰ, ਅਥਵਾ:-ਇੰਦ੍ਰਾ=ਲਛਿਮੀ, ਇਤਿਆਦਿਕ ਸਾਰਿਆਂ ਦਾ ਆਸਰਾ, ਹੇ ਠਾਕੁਰ ! ਮੈਨੂੰ ਤੂੰ ਹੀ ਦਿੱਸ ਰਿਹਾ ਹੈਂ। ਅਥਵਾ:-ਇਤਿਆਦਿਕ ਸਾਰੇ (ਦੇਵਤੇ) ਤੇਰੇ ਠਾਕੁਰ ਦੇ ਦਰਸ਼ਨ ਨੂੰ ਹੀ ਚਾਹੁੰਦੇ ਹਨ॥ ੧॥

ਦੀਨੁ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ॥

ਹੇ ਠਾਕੁਰ ! ਮੈਂ ਦੀਨ ਮਨ ਹੋ ਕੇ ਆਪ ਜੀ ਦੇ ਸਤ-ਸੰਗ ਦੁਆਰੇ ਉੱਪਰ ਆਇਆ ਹਾਂ, ਅਤੇ ਹਾਰ ਕੇ ਆਪ ਜੀ ਦੇ ਸੰਤਾਂ ਦੀ ਸ਼ਰਨ ਵਿੱਚ ਪਿਆ ਹਾਂ।

ਕਹੁ ਨਾਨਕ ਪ੍ਰਭ ਮਿਲੇ ਮਨੋਹਰ ਮਨੁ ਸੀਤਲ ਬਿਗਸਾਰੇ॥੨॥੩॥੨੯॥

ਗੁਰੂ ਜੀ ਕਥਨ ਕਰਦੇ ਹਨ, ਜਦ ਤੋਂ ਹੇ ਮਨੋਹਰ=ਸੁੰਦਰ ਪ੍ਰਭੂ ਪਰਮਾਤਮਾ ! ਆਪ ਮੈਨੂੰ ਮਿਲੇ ਹੋ, ਤਦ ਤੋਂ ਮੇਰਾ ਮਨ ਸੀਤਲ=ਸ਼ਾਂਤੀ ਸਰੂਪ ਹੋ ਕੇ ਬਿਗਸਾਰੇ=ਅਨੰਦ ਹੋ ਗਿਆ ਹੈ॥ ੨॥ ੩॥ ੨੯॥

ਦੇਵਗੰਧਾਰੀ ਮਹਲਾ ੫ ॥ ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥

ਹਰੀ ਦੇ ਸਿਮਰਨ ਨੇ ਸੇਵਕ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੱਤਾ ਹੈ।

ਦੀਨ ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮਿ ਨਹੀ ਮਾਰਿਓ ॥੧ ॥ਰਹਾਉ ॥

ਆਪਣੇ ਪ੍ਰਭ ਜੀ ਜਿਸ ਦੀਨ ਉੱਤੇ ਦਿਆਲੂ ਹੋਏ ਹਨ, ਉਹ ਬਹੁੜਿ=ਮੁੜ ਕੇ ਜੰਮਦਾ ਮਰਦਾ ਨਹੀਂ ਹੈ॥ ੧ ॥ ਰਹਾਉ ॥

ਸਾਧਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ ॥

ਜੋ ਸਾਧ ਸੰਗਤ ਵਿੱਚ ਬੈਠਕੇ ਹਰੀ ਦੇ ਗੁਣਾਂ ਨੂੰ ਗਾਂਵਦੇ ਹਨ ਉਹ ਰਤਨ ਵਾਂਗੂੰ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਹਾਰਦੇ ਨਹੀਂ ਹਨ।

ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ ॥ ੧ ॥

ਜੋ ਪ੍ਰਭੂ ਦੇ ਗੁਣ ਗਾਉਂਦਾ ਹੋਇਆ ਵਿਸ਼ੇ ਵਾਸ਼ਨਾਂ ਰੂਪੀ ਬਨੁ=ਜਲ ਤੋਂ ਪਾਰਸ ਲੰਘ ਗਿਆ ਹੈ, ਉਸ ਨੇ ਆਪਣੀਆਂ ਸਾਰੀਆਂ ਕੁਲਹ=ਕੁਲਾਂ ਨੂੰ ਤਾਰ ਲਿਆ ਹੈ॥ ੧ ॥

ਚਰਨ ਕਮਲ ਬਸਿਆ ਰਿਦ ਭੀਤਰਿ ਸਾਸਿ ਗਿਰਾਸਿ ਉਚਾਰਿਓ ॥

ਜਿਸ ਦੇ ਹਿਰਦੇ ਵਿੱਚ ਵਾਹਿਗੁਰੂ ਦੇ ਚਰਨ ਕਮਲਾਂ ਦਾ ਪ੍ਰੇਮ ਵਸਿਆ ਹੈ, ਅਤੇ ਸਵਾਸ ਲੈਂਦਿਆਂ, ਗਿਰਾਸਿ=ਭੋਜਨ ਖਾਂਦਿਆਂ, ਰਸਨਾਂ ਨਾਲ ਨਾਮ ਨੂੰ ਉਚਾਰਨ ਕੀਤਾ ਹੈ।

ਨਾਨਕ ਓਟ ਗਹੀ ਜਗਦੀਸੁਰ ਪੁਨਹ ਪੁਨਹ ਬਲਿਹਾਰਿਓ ॥੨ ॥੪ ॥੩੦ ॥

ਗੁਰੂ ਜੀ ਕਥਨ ਕਰਦੇ ਹਨ, ਮਨ ਵਿੱਚ ਜਗਤ ਦੇ ਈਸ਼ੁਰ ਦੀ ਓਟ ਫੜੀ ਹੋਈ ਹੈ, ਅਸੀਂ ਉਸ ਤੋਂ ਮੁੜ ਮੁੜ ਕੇ ਬਲਿਹਾਰ ਜਾਂਦੇ ਹਾਂ॥ ੨॥ ੪॥ ੩੦॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਇਸ ਸ਼ਬਦ ਦੁਆਰਾ ਪਖੰਡ ਦੀ ਨਖੇਧੀ ਕਰਦੇ ਹਨ-

ਕਰਤ ਫਿਰੇ ਬਨ ਭੇਖ ਮੋਹਨ ਰਹਤ ਨਿਰਾਰ ॥ ੧ ॥ ਰਹਾਉ ॥

ਕਥਨ ਸੁਨਾਵਨ ਰੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ ॥ ੧ ॥

ਜੋ ਪੁਰਸ਼ ਪਖੰਡ ਵਾਲੇ ਭੇਖ ਨੂੰ ਧਾਰਨ ਕਰਦੇ ਹਨ, ਅਤੇ ਬਨ=ਜੰਗਲਾਂ ਵਿੱਚ ਫਿਰਦੇ ਹਨ, ''ਮਨ ਮਹਿ ਧਰਤੇ ਗਾਰ''=ਤੇ ਜੇਕਰ ਮਨ ਵਿੱਚ ਗਾਰ=ਹੰਕਾਰ ਧਾਰਦੇ ਹਨ ਉਹਨਾਂ ਤੋਂ ਮੋਹਨ=ਪਰਮਾਤਮਾ ਨਿਰਾਰ=ਨਿਰਾਲਾ ਭਾਵ ਅਸੰਗ ਰਹਿੰਦਾ ਹੈ।

ਪੁਨਾ-ਜੋ ਪੁਰਸ਼ ਸੁੰਦਰ ਕਥਾ ਨੂੰ ਸੁਣਾਉਂਦੇ ਹਨ, ਤੇ ਨੀਕੇ=ਚੰਗੇ ਚੰਗੇ ਗੀਤ ਗਾਉਂਦੇ ਹਨ, ਤੇ

ਜੇਕਰ ਮਨ ਵਿਚ ਗਾਰ=ਹੰਕਾਰ ਧਾਰਦੇ ਹਨ, ਤਾਂ ਮੋਹਨ=ਪਰਮਾਤਮਾ ਉਹਨਾਂ ਤੋਂ ਨਿਰਾਰ=ਨਿਰਾਲਾ ਭਾਵ ਅਸੰਗ ਰਹਿੰਦਾ ਹੈ॥ ੧॥ ਰਹਾਉ॥

ਅਤਿ ਸੁੰਦਰ ਬਹੁ ਚਤੁਰ ਸਿਆਨੇ ਬਿਦਿਆ ਰਸਨਾ ਚਾਰ॥ ੨॥

ਚਾਹੇ ਬੜਾ ਸੁੰਦਰ ਹੈ (ਸਰੀਰ ਕਰਕੇ), ਵਾਕਾਂ ਵਿਚ ਭੀ ਬੜਾ ਚਤੁਰ ਹੈ, ਬੁੱਧੀ ਕਰ ਕੇ ਸਿਆਣਾ ਹੈ, ਰਸਨਾਂ ਨਾਲ ਸਚਾਰ ਵੇਦਾਂ ਦੀ ਵਿੱਦਿਆ ਨੂੰ ਉਚਾਰਦਾ ਹੈ, ਜੇਕਰ "ਮਨ ਮਹਿ ਧਰਤੇ ਗਾਰ (ਤਾਂ) ਮੋਹਨ ਰਹਤ ਨਿਰਾਰ॥" ਅਥਵਾ:-ਅਤਿ ਸੁੰਦਰ=ਬੜਾ ਸੁੰਦਰ ਹੋਣਾ, ਬਹੁਤਾ ਚਤੁਰ ਹੋਣਾ, ਵਿੱਦਿਆ ਪੜ੍ਹ ਕੇ ਸਿਆਣਾ ਹੋਣਾ, ਤੇ ਰਸਨਾਂ ਨਾਲ ਚਾਰ=ਸੁੰਦਰ (ਮਿੱਠੇ) ਬਚਨ ਬੋਲਣੇ ਇਹ ਸਭ ਕੁਝ ਪ੍ਰਾਪਤ ਹੋਣਾ ਸੌਖਾ ਹੈ। ਪਰ-

ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ॥ ੩॥

ਮਾਨ, ਮੋਹੁ ਤੇ ਮੇਰ ਤੇਰ ਆਦਿਕਾਂ ਦਾ ਜੋ ਬਿ-ਬਰਜਿਤ=ਤਿਆਗਣਾ ਹੈ ਇਹ ਰਸਤਾ ਖੰਡੇ ਦੀ ਧਾਰਾ ਉੱਤੇ ਤੁਰਨ ਵਾਂਗੂੰ ਬੜਾ ਔਖਾ ਹੈ॥ ੩॥

ਕਹੁ ਨਾਨਕ ਤਿਨਿ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ॥੪॥੧॥੩੧॥

ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਦੀ ਕਿਰਪਾ ਨਾਲ ਜਿਸ ਨੂੰ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ, ਤਿਸ ਨੇ ਸੰਸਾਰ ਸਮੁੰਦਰ ਤੋਂ ਤਰਨਾ ਕੀਤਾ ਹੈ॥ ੪॥ ੧॥ ੩੧॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੫ ੧ੴ ਸਤਿਗੁਰ ਪ੍ਰਸਾਦਿ॥

ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥

ਰੀ=ਹੇ ਸਖੀ ! ਉੱਚਾ ਜੋ ਮੋਹਨ ਪਰਮਾਤਮਾ ਹੈ, ਉਸਨੂੰ ਮੈਂ ਸਾਰਿਆਂ ਤੋਂ ਉੱਚਾ ਵੇਖਿਆ ਹੈ।

ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ॥ ੧॥ ਰਹਾਉ॥

ਹਮ ਮੂਚਾ=ਅਸੀਂ ਬਹੁਤ ਸਾਰਾ ਢੂੰਢ ਰਹੇ ਹਾਂ, ਉਸ ਦੇ ਸਮਸਰਿ=ਬਰਾਬਰ ਦਾ ਹੋਰ ਕੋਈ ਲੱਗਦਾ ਹੀ ਨਹੀਂ ਹੈ॥ ੧॥ ਰਹਾਉ॥

ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ॥

ਉਹ ਪਰਮੇਸ਼ਰ ਬਹੁਤ ਬਿਅੰਤ ਹੈ, ਅਤਿਸੇ ਕਰਕੇ ਬੜਾ ਗਾਹਰੋ=ਡੂੰਘਾ ਹੈ, ਉਸ ਦੀ ਥਾਹ ਨਹੀਂ ਮਿਲਦੀ, ਤੇ ਅਗਹੂਚਾ=ਅਪੱਕੜ ਹੈ।

ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ॥ ੧॥

ਤੋਲਣੇ ਕਰਕੇ ਤੋਲਿਆ ਨਹੀਂ ਜਾਂਦਾ, ਮੁੱਲ ਪਾਣੇ ਨਾਲ ਉਸ ਦਾ ਮੁੱਲ ਨਹੀਂ ਪੈਂਦਾ,

ਅਥਵਾ:-ਕਿਸੇ ਤੋਲਿ=ਵੱਟੇ ਨਾਲ ਤੁਲੀਂਦਾ ਨਹੀਂ ਹੈ, ਅਤੇ ਮੁੱਲ ਨਾਲ ਨ ਮੁਲੀਐ=ਵਿਕਦਾ

ਨਹੀਂ ਹੈ, ਮੇਰੇ ਮਨ ਨੂੰ ਰੁਚਾ=ਚੰਗਾ ਲੱਗ ਰਿਹਾ ਹੈ, ਪਰ ਉਸ ਨੂੰ ਕਤ ਪਾਈਐ=ਕਿਸ ਵਜ੍ਹਾ ਨਾਲ ਪਾਉਣਾ ਕਰੀਏ॥ ੧॥

ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ॥

ਅਸੰਖਾ=ਅਨਗਿਣਤ ਜੀਵ ਉਸ ਪ੍ਰਭੂ ਨੂੰ ਜੰਗਲਾਂ ਵਿਚ ਖੋਜਦੇ ਹਨ, ਅਨਿਕ ਤਪੰਥਾ=ਅਨੇਕਾਂ ''ਤਪੀ ਲੋਕ'' ਤਪ ਕਰਦੇ ਹਨ, ਅਥਵਾ:-''ਅਨਿਕਤ ਪੰਥਾ''=ਪੰਥਾਂ ਵਾਲੇ ਅਨੇਕਾਂ ਸਾਧੂ ਉਸ ਨੂੰ ਭਾਲਦੇ ਹਨ ਪਰ ਗੁਰੂ ਦੀ ਕਿਰਪਾ ਬਿਨਾਂ ਉਸ ਦੇ ਕੋਲ ਕੋਈ ਨਹੀਂ ਪਹੁੰਚਿਆ।

ਪਾਠ-ਅਨਿਕ ਤਪੰਥਾ ਹੀ ਕਰਨਾ ਹੈ।

ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂੰਚਾ॥੨॥੧॥੩੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਸ ਨੇ ਸੰਤਾਂ ਨਾਲ ਮਿਲ ਕੇ ਆਤਮ ਰਸ ਨੂੰ ਭੁੰਚਾ=ਭੋਗਿਆ ਹੈ॥ ੨॥ ੧॥ ੩੨॥

(ਪੰਨਾ ੫੩੫)

ਦੇਵਗੰਧਾਰੀ ਮਹਲਾ ੫॥ ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ॥

ਹੇ ਸਖੀ ! ਮੈਂ ਬਹੁਤ ਤਰ੍ਹਾਂ ਨਾਲ ਵੇਖਿਆ ਹੈ, ਪਰਮੇਸ਼ਰ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਊ॥੧॥ਰਹਾਉ॥

ਨੌਂ ਖੰਡ, ਸੱਤ ਦੀਪ, ਇਹਨਾਂ ਸਾਰਿਆਂ ਵਿਚ ਰਵ ਰਿਹਾ ਹੈ, ਅਤੇ ਸਾਰੇ ਲੋਕਾਂ ਵਿਚ ਭੀ ਪੂਰਨ ਹੋ ਰਿਹਾ ਹੈ॥ ੧॥ ਰਹਾਉ॥

ਅਗਮ ਅਗੰਮਾ ਕਵਨ ਮਹਿੰਮਾ ਮਨੁ ਜੀਵੈ ਸੁਨਿ ਸੋਊ॥

ਉਹ ਪਰਮੇਸ਼ਰ ਅਗਮ ਤੋਂ ਭੀ ਅਗੰਮ ਹੈ ਅਰਥਾਤ ਬਿਅੰਤ ਤੋਂ ਬਿਅੰਤ ਹੈ, ਦੁਨੀਆਂ ਵਿਚ ਕੌਣ ਹੈ? ਜੋ ਉਸ ਦੀ ਮਹਿਮਾਂ ਕਹਿ ਸਕੇ, ਉਸ ਦੀ ਸੋਊ=ਸੋਭਾ ਨੂੰ ਸੁਣ ਕੇ ਮੇਰਾ ਮਨ ਜੀਉਂਦਾ ਹੈ।

ਚਾਰਿ ਆਸਰਮ ਚਾਰਿ ਬਰੰਨਾ ਮੁਕਤਿ ਭਏ ਸੇਵਤੋਊ॥੧॥

(੧. ਗ੍ਰਹਿਸਤੀ, ੨. ਬਾਨ ਪ੍ਰਸਤੀ, ੩. ਸੰਨਿਆਸੀ, ਤੇ ੪. ਬ੍ਰਹਮਚਾਰੀ) ਇਹ ਚਾਰੇ ਆਸ਼ਰਮ, ੧. ਬ੍ਰਾਹਮਣ, ੨. ਖਤ੍ਰੀ, ੩. ਸ਼ੂਦ੍ਰ ਤੇ ੪. ਵੈਸ਼। ਇਹ ਚਾਰੇ ਵਰਨ ਤਿਸ ਪਰਮੇਸ਼ਰ ਨੂੰ ਸੇਵ ਕੇ ਹੀ ਮੁਕਤ ਰੂਪ ਹੋਏ ਹਨ॥ ੧॥

ਗੁਰਿ ਸਬਦੁ ਦ੍ਰਿੜਾਇਆ ਪਰਮ ਪਦੁ ਪਾਇਆ ਦੁਤੀਅ ਗਏ ਸੁਖ ਹੋਊ॥

ਜਿਸ ਵੇਲੇ ਗੁਰਾਂ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ, ਤੇ ਦੁਤੀਅ ਗਏ=ਦ੍ਵੈਤ ਭਾਵ ਚਲਾ ਗਿਆ, ਤੇ ਪਰਮ-ਪਦ ਨੂੰ ਪਾ ਕੇ ਸੁਖੀ ਹੋਏ ਹਾਂ।

ਕਹੁ ਨਾਨਕ ਭਵ ਸਾਗਰੁ ਤਰਿਆ ਹਰਿ ਨਿਧਿ ਪਾਈ ਸਹਜੋਊ ॥੨ ॥੨ ॥੩੩ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਸਹਜੋਊ=ਸੁਤੇ ਸੁਭਾਵਕ ਹਰੀ ਰੂਪ ਨਿੱਧੀ ਪਾਈ ਤਾਂ ਸੰਸਾਰ ਸਮੁੰਦਰ ਨੂੰ ਤਰਨਾ ਕੀਤਾ॥ ੨ ॥ ੨ ॥ ੩੩ ॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੬ ੧ੴ ਸਤਿਗੁਰ ਪ੍ਰਸਾਦਿ ॥

ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥ ੧ ॥ ਰਹਾਉ ॥

ਹੇ ਭਾਈ ! ਜੋ ਹਰੀ ਇੱਕ ਹੈ ਉਸ ਇੱਕ ਨੂੰ ਜਾਣ ਲੈ। ਅਥਵਾ:-ਹੇ ਭਾਈ ! ਇੱਕੋ ਇੱਕ ਹਰੀ ਨੂੰ ਜਾਣ ਲੈ। ਹੇ ਭਾਈ ! ਗੁਰਮੁਖਿ=ਗੁਰਾਂ ਦੁਆਰੇ ਇੱਕ ਹਰੀ ਨੂੰ ਜਾਣਨਾ ਕਰ॥ ੧ ॥ ਰਹਾਉ ॥

ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ ॥੧ ॥

ਹੇ ਭਾਈ ! ਕਿਸ ਵਾਸਤੇ ਭੌਂਦੇ ਹੋ, ਤੁਸੀਂ ਜੰਗਲਾਂ ਵਿਚ ਨਾ ਫਿਰੋ, ਹੇ ਭਾਈ ! ਵਿਆਪਕ ਪ੍ਰਭੂ ਸਭ ਜਗ੍ਹਾ ਉੱਪਰ ਰਵਿਆ=ਵਿਆਪਕ ਹੈ॥ ੧ ॥

ਜਿਉ ਬੈਸੰਤਰੁ ਕਾਸਟ ਮਝਾਰਿ ਬਿਨੁ ਸੰਜਮ ਨਹੀ ਕਾਰਜ ਸਾਰਿ ॥

ਜਿਵੇਂ ਕਾਸਟ ਮਝਾਰਿ=ਲੱਕੜਾਂ ਦੇ ਵਿਚ ਬੈਸੰਤਰੁ=ਅੱਗ ਵਿਆਪਕ ਹੈ, ਪਰ ਸੰਜਮ=ਸਾਧਨ ਨਾਲ ਪ੍ਰਗਟ ਕੀਤੇ ਤੋਂ ਬਿਨਾਂ ਕੋਈ ਭੀ ਪੁਰਖ ਆਪਣੇ ਕੰਮ ਨੂੰ ਪੂਰਾ ਨਹੀਂ ਕਰ ਸਕਦਾ। ਇਸੇ ਤਰ੍ਹਾਂ ਪ੍ਰਭੂ ਭਾਵੇਂ ਸਭ ਜਗ੍ਹਾ ਤੇ ਵਿਆਪਕ ਹੈ ਪਰ-

ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥

ਸਤਿਗੁਰਾਂ ਤੋਂ ਬਿਨਾਂ ਹਰਿ ਜੀ ਦੇ ਬ੍ਰਹਮ ਗਿਆਨ ਰੂਪ ਦੁਆਰੇ ਨੂੰ ਕੋਈ ਨਹੀਂ ਪਾ ਸਕਦਾ।

ਮਿਲਿ ਸੰਗਤਿ ਤਜਿ ਅਭਿਮਾਨ

ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥ ੨ ॥ ੧ ॥ ੩੪ ॥

ਗੁਰੂ ਜੀ ਕਥਨ ਕਰਦੇ ਹਨ, ਜਿਸਨੇ ਸੱਤ-ਸੰਗਤ ਨਾਲ ਮਿਲ ਕੇ ਹੰਕਾਰ ਨੂੰ ਤਿਆਗਿਆ ਹੈ, ਉਸ ਨੇ ਪਰਮ ਨਿੱਧੀਆਂ ਦੇ ਖਜ਼ਾਨੇ ਅਕਾਲ ਪੁਰਖ ਨੂੰ ਪਾ ਲਿਆ ਹੈ॥ ੨ ॥ ੧ ॥ ੩੪ ॥

ਦੇਵਗੰਧਾਰੀ ੫ ॥ ਜਾਨੀ ਨ ਜਾਈ ਤਾਕੀ ਗਾਤਿ ॥ ੧ ॥ ਰਹਾਉ ॥

ਉਸ ਅਕਾਲ ਪੁਰਖ ਦੀ ਗਾਤਿ=ਗਤੀ (ਰੀਤੀ) ਜਾਣੀ ਨਹੀਂ ਜਾਂਦੀ ॥ ੧ ॥ ਰਹਾਉ ॥

ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ ॥ ੧ ॥

ਹਉ=ਮੈਂ ਆਪਣੀ ਚਤੁਰਾਈ ਕਰ ਕੇ ਕਿਸੇ ਨੂੰ ਕੀ ਵਿਖਾਵਾਂ? ਕਿਉਂਕਿ ਕਹਿਣ ਵਾਲੇ ਵੀ ਅਸਚਰਜ, ਤੇ ਕਹਾਤਿ=ਕਹਾਉਣੇ ਵਾਲੇ ਭਾਵ ਸੁਣਨੇ ਵਾਲੇ ਭੀ ਅਸਚਰਜ ਹੋ ਰਹੇ ਹਨ।

ਅਥਵਾ:- ਅਸਚਰਜ ਰੂਪ ਪਰਮਾਤਮਾ ਦੇ ਜਸ ਨੂੰ ਕਹਿਣ ਸੁਣਨ ਵਾਲੇ ਸਭ ਅਸਚਰਜ ਹੋ ਰਹੇ ਹਨ॥ ੧ ॥

ਗਣ ਗੰਧਰਬ ਸਿਧ ਅਰੁ ਸਾਧਿਕ ॥ ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥

ਸ਼ਿਵਾਂ ਦੇ ਗਣ (ਟੋਣਾ ਛੋਣਾ ਆਦਿਕ) ਦੇਵਤਿਆਂ ਦੇ (ਹਾਹਾ ਹੂਹੂ) ਗੰਧਰਬ, ਚੌਰਾਸੀ ਸਿੱਧ ਅਤੇ ਸਾਧਨਾਂ ਕਰਨ ਵਾਲੇ ਸਾਧਿਕ। ਸੁਰਿ=ਦੇਵਤੇ, ਨਰਦੇਵ=ਰਾਜੇ ਬ੍ਰਹਮ=ਬ੍ਰਾਹਮਣ,

ਅਥਵਾ:-ਵਿਸ਼ਨੂੰ, ਬ੍ਰਹਮਾਦਿਕ=ਬ੍ਰਹਮਾ ਤੋਂ ਆਦਿਕ ਸ਼ਿਵ, ਵਾ:-ਬ੍ਰਹਮਾਂ ਤੋਂ ਆਦਿ ਲੈ ਕੇ ਸਾਰੇ ਦੇਵਤੇ।

ਚਤੁਰ ਬੇਦ ਉਚਰਤ ਦਿਨੁ ਰਾਤਿ ॥ ਅਗਮ ਅਗਮ ਠਾਕੁਰੁ ਆਗਾਧਿ ॥

ਰਾਤ-ਦਿਨ ਚਾਰੇ ਵੇਦਾਂ ਨੂੰ ਉਚਾਰਦੇ ਹੋਏ ਐਸੇ ਆਖਦੇ ਹਨ, ''ਕਿ ਉਹ ਅਗਾਧ ਠਾਕੁਰ ਅਗਮ-ਅਗਮ=ਬਿਅੰਤ ਤੋਂ ਬਿਅੰਤ ਹੈ।''

ਅਥਵਾ:-ਉਹ ਠਾਕੁਰ ਪਿੱਛੇ ਵੀ ਅਗਮ ਸੀ, ਹੁਣ ਵੀ ਅਗਮ ਹੈ, ਅੱਗੇ ਵੀ ਆਗਾਧ ਹੋਵੇਗਾ।

ਗੁਨ ਬੇਅੰਤ ਬੇਅੰਤ ਭਨੁ ਨਾਨਕ
ਕਹਨੁ ਨ ਜਾਈ ਪਰੈ ਪਰਾਤਿ ॥ ੨ ॥ ੨ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਗੁਣ ਬਿਅੰਤ ਹਨ, ਉਸ ਦੇ ਭਨੁ=ਕਥਨ ਕਰਨ ਵਾਲੇ ਵੀ ਬਿਅੰਤ ਹਨ, ਅਥਵਾ:-ਬਿਅੰਤ ਵਾਹਿਗੁਰੂ ਦੇ ਗੁਣ ਬੇਅੰਤ ਹਨ, ਉਸ ਦੀ ਸਮੱਗ੍ਰ ਮਹਿਮਾਂ ਕਹੀ ਨਹੀਂ ਜਾਂਦੀ, ਉਹ ਠਾਕੁਰ ਪਰੇ ਤੋਂ ਪਰੇ ਹੈ॥ ੨ ॥ ੨ ॥ ੩੫ ॥

ਦੇਵਗੰਧਾਰੀ ਮਹਲਾ ੫ ॥ ਧਿਆਏ ਗਾਏ ਕਰਨੈਹਾਰ ॥

ਹੇ ਭਾਈ ! ਸਭ ਦੇ ਕਰਨ ਵਾਲਾ ਜੋ ਪ੍ਰਭੂ ਹੈ ਉਸ ਨੂੰ ਮਨ ਕਰਕੇ ਧਿਆ, ਅਤੇ ਬਾਣੀ ਦੁਆਰਾ ਗਾਉਣਾ ਕਰ।

ਭਉ ਨਾਹੀ ਸੁਖ ਸਹਜ ਅਨੰਦਾ ਅਨਿਕ ਓਹੀ ਰੇ ਏਕ ਸਮਾਰ ॥ ੧ ॥ ਰਹਾਉ ॥

ਰੇ=ਹੇ ਭਾਈ ! ਅਨੇਕਾਂ ਵਿੱਚ ਉਸ ਇੱਕ ਨੂੰ ਸੰਭਾਲਣਾ ਕਰ, ਉਸ ਦੇ ਸਮ੍ਹਾਲਣੇ ਕਰਕੇ ਇੱਕ ਤਾਂ ਡਰ ਨਹੀਂ ਰਹਿੰਦਾ, ਦੂਜਾ ਸਹਜ=ਅੱਚੁਤ ਸੁਖ ਦਾ ਅਨੰਦ ਪ੍ਰਾਪਤ ਹੁੰਦਾ ਹੈ॥ ੧ ॥ ਰਹਾਉ ॥

ਸਫਲ ਮੂਰਤਿ ਗੁਰੁ ਮੇਰੈ ਮਾਥੈ ॥ ਜਤ ਕਤ ਪੇਖਉ ਤਤ ਤਤ ਸਾਥੈ ॥

ਜਦ ਤੋਂ ਸਫਲ ਮੂਰਤੀ ਵਾਲੇ ਗੁਰਾਂ ਨੇ ਮੇਰੇ ਮੱਥੇ ਉੱਪਰ ਕਿਰਪਾ ਰੂਪੀ ਹੱਥ ਧਰਿਆ ਹੈ, ਤਦ ਤੋਂ ਹੀ ਜਿੱਥੇ ਜਿੱਥੇ ਵੇਖਦਾ ਹਾਂ ਉਥੇ ਉਥੇ ਹੀ ਵਾਹਿਗੁਰੂ ਮੇਰੇ ਨਾਲ ਹੈ।

ਚਰਨ ਕਮਲ ਮੇਰੇ ਪ੍ਰਾਨ ਅਧਾਰ ॥ ੧ ॥

ਗੁਰਾਂ ਦੇ ਚਰਨ ਕਮਲ ਹੀ ਮੇਰੇ ਪ੍ਰਾਣਾਂ ਦਾ ਅਧਾਰ=ਆਸਰਾ ਰੂਪ ਹਨ॥ ੧ ॥

ਸਮਰਥ ਅਥਾਹ ਬਡਾ ਪ੍ਰਭੁ ਮੇਰਾ ॥ ਘਟ ਘਟ ਅੰਤਰਿ ਸਾਹਿਬੁ ਨੇਰਾ ॥

ਮੇਰਾ ਪ੍ਰਭੂ ਪਰਮਾਤਮਾ ਵੱਡਾ ਸਮਰੱਥ, ਤੇ ਅਥਾਹ ਹੈ। ਸਭ ਘਟਾਂ ਘਟਾਂ ਦੇ ਅੰਦਰ ਪੂਰਨ ਹੈ, ਅਤੇ ਉਹ ਸਾਹਿਬ ਪਰਮਾਤਮਾ ਸਭ ਦੇ ਨੇਰਾ=ਨੇੜੇ ਹੈ।

ਤਾਕੀ ਸਰਨਿ ਆਸਰ ਪ੍ਰਭ ਨਾਨਕ ਜਾਕਾ ਅੰਤੁ ਨ ਪਾਰਾਵਾਰ ॥੨ ॥੩ ॥੩੬ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਸ ਪ੍ਰਭੂ ਦੀ ਸ਼ਰਨ ਦਾ ਆਸਰਾ ਤਾਕੀਂ=ਤੱਕਿਆ ਹੈ, ਜਿਸ ਦੇ ਪਾਰ ਉਰਾਰ ਦਾ ਅੰਤ ਨਹੀਂ ਹੈ॥ ੨॥ ੩॥ ੩੬॥

ਦੇਵਗੰਧਾਰੀ ਮਹਲਾ ੫ ॥ ਉਲਟੀ ਰੇ ਮਨ ਉਲਟੀ ਰੇ ॥
ਸਾਕਤ ਸਿਉ ਕਰਿ ਉਲਟੀ ਰੇ ॥

ਰੇ=ਹੇ ਭਾਈ ! ਮਨ ਦੀ ਬਿਰਤੀ ਨੂੰ ਉਲਟਾਣਾ ਕਰ, ਹੇ ਭਾਈ ! ਮਨ ਦੀ ਬਿਰਤੀ ਨੂੰ ਉਲਟਾਣਾ ਕਰ, ਪ੍ਰਸ਼ਨ-ਕਿਸ ਵੱਲੋਂ ਉਲਟਾਣਾ ਕਰਾਂ? ਉੱਤਰ—

ਰੇ=ਹੇ ਭਾਈ ! ਸਾਕਤਾਂ ਨਾਲੋਂ ਮਨ ਦੀ ਬਿਰਤੀ ਉਲਟਾਣਾ ਕਰ।

ਅਥਵਾ:-ਜਿਨ੍ਹਾਂ ਸੰਤਾਂ ਦੀ ਆਪਣੀ ਬਿਰਤੀ ਸੰਸਾਰ ਵੱਲੋਂ ਉਲਟੀ ਹੈ, ਤੇ ਹੋਰਨਾਂ ਜਗਿਆਸੂਆਂ ਦੀ ਬਿਰਤੀ ਉਲਟੀ ਕਰਨ ਨੂੰ ਸਮਰੱਥ ਹਨ, ਹੇ ਪਿਆਰੇ ! ਉਹਨਾਂ ਸੰਤਾਂ ਨਾਲ ਮਿਲਕੇ ਤੂੰ ਸਾਕਤਾਂ ਨਾਲੋਂ ਆਪਣੀ ਬਿਰਤੀ ਉਲਟੀ ਕਰ। ਅਥਵਾ:-ਜਿਨ੍ਹਾਂ ਸਾਕਤਾਂ ਦੀ ਬਿਰਤੀ ਪ੍ਰਭੂ ਵੱਲੋਂ ਉਲਟੀ ਹੋਈ ਹੋਈ ਹੈ, ਹੇ ਪਿਆਰੇ ! ਤੂੰ ਉਲਟੀ=ਉਪਰ-ਛਲ ਵਾਂਗੂੰ ਜਾਣਕੇ ਸਾਕਤਾਂ ਨਾਲੋਂ ਬਿਰਤੀ ਨੂੰ ਉਲਟਾਣਾ ਕਰ।

ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ॥
ਸਾਕਤ ਸੰਗਿ ਨ ਛੁਟਕੀ ਰੇ ॥ ੧ ॥ ਰਹਾਉ ॥

ਰੇ=ਹੇ ਭਾਈ ! ਝੂਠੇ ਪੁਰਸ਼ ਦੀ ਪ੍ਰੀਤੀ ਕਰਨੀ ਝੂਠੀ ਹੈ, ਇਸ ਲਈ ਰੇ ਮਨ=ਹੇ ਪਿਆਰੇ ! ਝੂਠੇ ਪੁਰਸ਼ ਨਾਲ ਪ੍ਰੀਤੀ ਕਰਨੀ ਛੱਡ ਦੇਹ ਛੱਡ ਦੇਹ, ਕਿਉਂਕਿ ਝੂਠੇ ਸਾਕਤਾਂ ਦੇ ਸੰਗ ਕਰਕੇ ਜਮਾਂ ਤੋਂ ਛੁਟਕਾਰਾ ਨਹੀਂ ਹੁੰਦਾ। ਅਥਵਾ:-ਰੇ ਮਨ=ਹੇ ਪਿਆਰੇ ਜਿਨ੍ਹਾਂ ਸੰਤਾ ਦੀ ਸੰਸਾਰ ਵੱਲੋਂ ਪ੍ਰੀਤੀ ਛੁੱਟੀ ਹੋਈ ਹੈ, ਉਹਨਾਂ ਸੰਤਾਂ ਦੁਆਰੇ ਤੂੰ ਭੀ ਸੰਸਾਰ ਵੱਲੋਂ ਪ੍ਰੀਤੀ ਕਰਨੀ ਛੁਟਕੀ=ਛੋਡ ਦੇਹ, ਇਹ ਨਿਯਮ ਸਮਝ ਲੈ:- ਸਾਕਤਾਂ ਦੇ ਸੰਗ ਕਰਕੇ ਛੁਟਕਾਰਾ ਨਹੀਂ ਹੁੰਦਾ॥ ੧॥ ਰਹਾਉ॥

ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ ॥

ਜਿਵੇਂ ਮੰਦਰ ਕਾਜਰ=ਕੱਜਲ (ਸ਼ਾਹੀ) ਨਾਲ ਭਰ ਰੱਖਿਆ ਹੋਵੇ, ਉਸ ਮੰਦਰ ਵਿੱਚ ਜੋ ਭੀ ਪੈਸੈ=ਪ੍ਰਵੇਸ਼ ਕਰਦਾ ਹੈ, ਉਹ ਕਾਲੂਖੀ=ਕਾਲਖ ਦੇ ਸਹਿਤ ਹੋ ਜਾਂਦਾ ਹੈ। ਤਿਵੇਂ ਸੰਸਾਰ ਰੂਪ ਮੰਦਰ ਵਿਸ਼ਿਆਂ ਰੂਪੀ ਕੱਜਲ ਨਾਲ ਭਰ ਰੱਖਿਆ ਹੈ, ਜੋ ਇਸ ਵਿੱਚ ਪ੍ਰਵੇਸ਼ ਕਰਦਾ ਹੈ ਭਾਵ ਪਦਾਰਥਾਂ ਨੂੰ ਸੱਚਾ ਨਿਸਚੇ ਕਰਦਾ ਹੈ, ਅਥਵਾ:-ਸਾਕਤਾਂ ਦੀ ਸੰਗਤ ਕਰਦਾ ਹੈ ਉਹ ਅਵਿੱਦਿਆ, ਅਥਵਾ:-ਪਾਪਾਂ ਰੂਪੀ ਕਾਲਖ ਦੇ ਸਹਿਤ ਹੁੰਦਾ ਹੈ ਅਰਥਾਤ ਕਲੰਕੀ ਹੋ ਜਾਂਦਾ ਹੈ। ਇਸੇ ਭਾਵ ਨੂੰ ਮੁਖ ਰੱਖਕੇ ਭਗਤ ਜੀ ਨੇ ਕਿਹਾ:-

''ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ ੧੩੧॥ (ਪੰਨਾ ੧੩੭੧)

ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ॥੧॥

ਪੂਰਨ ਗੁਰਾਂ ਨਾਲ ਮਿਲਣ ਕਰਕੇ ਜਿਸ ਦੀ ਧਿਆਤਾ, ਧਿਆਨ, ਧੇਅ ਰੂਪ,

੨. ਅਥਵਾ:- ਕਾਇਕ, ਵਾਚਕ, ਮਾਨਸ ਰੂਪ, ੩. ਅਥਵਾ:-ਸੁਤ ਵਿਤ ਲੋਕ ਈਖਨਾ ਤੀਨੀ, ਰੂਪ ਤ੍ਰਿਕੁਟੀ ਛੁੱਟ ਗਈ ਹੈ, ਉਹ ਦੂਰ ਤੋਂ ਹੀ ਦੌੜ ਗਿਆ ਹੈ। ਅਰਥਾਤ ਸੰਸਾਰੀ ਜੀਵਾਂ ਦੀ ਸੰਗਤ ਨਹੀਂ ਕਰਦਾ। ਜੋ ਸੰਸਾਰ ਵਿਚ ਰਹਿੰਦਾ ਹੈ ਤਾਂ ਕੌਲ ਫੁਲ ਵਾਂਗੂੰ ਨਿਰਲੇਪ ਰਹਿੰਦਾ ਹੈ॥ ੧॥

(ਪੰਨਾ ੫੩੬)

ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ॥

ਹੇ ਕਿਪਾ ਨਿਧਿ=ਕਿਰਪਾ ਦੇ ਖਜ਼ਾਨੇ ਕ੍ਰਿਪਾਲੂ ਪਰਮਾਤਮਾ, ਮੈਂ ਆਪ ਜੀ ਪਾਸੋਂ ਇਹ ਦਾਨ ਮੰਗਦਾ ਹਾਂ, ਕਿ ਸਾਕਤਾਂ ਦੇ ਨਾਲ ਮੇਰਾ ਮੂੰਹ ਨਾ ਜੁੜੇ, ਅਰਥਾਤ ਸਾਕਤਾਂ ਨਾਲ ਮੇਲ ਨਾ ਹੋਵੇ।

ਜਨ ਨਾਨਕ ਦਾਸ ਦਾਸ ਕੋ ਕਰੀਅਹੁ
ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥ ੨॥ ੪॥ ੩੭॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਨੂੰ ਆਪਣੇ ਦਾਸਾਂ ਦਾ ਦਾਸ ਕਰ ਲਓ, ਅਤੇ ਮੇਰਾ ਮੂੰਡੁ=ਸਿਰ ਸੰਤਾਂ ਦੇ ਚਰਨਾਂ ਹੇਠ ਰੁਲਦਾ ਰਹੇ॥ ੨॥ ੪॥ ੩੭॥

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੭ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ–ਇੱਕ ਸਿੱਖ ਨੇ ਬੇਨਤੀ ਕੀਤੀ ਸੰਤ ਕੈਸੇ ਹਨ ? ਗੁਰ ਉੱਤਰ-

ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ॥

ਬਿਠੁਲੇ=ਉਤਪਤੀ, ਪਾਲਣਾ, ਲੈਤਾ ਦੇ ਕਰਨ ਵਾਲਾ ਜੋ ਪ੍ਰਭੂ ਹੈ ਉਸ ਦੀ ਪ੍ਰਾਪਤੀ ਦਾ ਪੰਥ=ਰਸਤਾ ਵਿਖਾਉਣ ਨੂੰ ਜੋ ਸੰਤ ਸਾਰੇ ਦਿਨਾਂ ਦੇ ਵਿਚ ਸਮਰੱਥ ਹਨ, ਮੈਂ ਉਹਨਾਂ ਸੰਤਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾ ਕੈ ਪਾਉ॥ ੧॥ ਰਹਾਉ॥

ਹੇ ਪ੍ਰਭੂ ! ਤੋਰੈ=ਆਪ ਜੀ ਦੇ ਸੰਤ ਆਪ ਜੀ ਦੇ ਜਸ ਨੂੰ ਗਾਵਨ=ਗਾਂਵਦੇ ਹਨ, ਆਪ ਜੀ ਦੇ ਭਾਵਨ=ਭਾਣੇ ਨੂੰ ਮੰਨਦੇ ਹਨ.

ਅਥਵਾ:-ਆਪ ਜੀ ਨੂੰ ਭਾਵਨ=ਚਾਹੁੰਦੇ ਹਨ, ਉਵਾ=ਉਹਨਾਂ ਸੰਤਾਂ ਕੈ=ਦੇ ਚਰਨ ਮੇਰੇ ਹਿਰਦੇ ਵਿਚ ਪਾਓ ਭਾਵ ਐਸੇ ਸੰਤਾਂ ਦੇ ਚਰਨਾਂ ਦਾ ਧਿਆਨ ਬਖਸ਼ੋ। ਅਥਵਾ:-ਜੋ ਸੰਤ ਤੋਰੈ=ਆਪ ਜੀ ਦੇ ਜਸ ਨੂੰ ਭਾਵਨ=ਸ਼ਰਧਾ ਨਾਲ ਗਾਂਵਦੇ ਹਨ, ਮੈਂ ਉਹਨਾਂ ਸੰਤਾਂ ਦੇ ਚਰਨੀਂ ਪੈਂਦਾ ਹਾਂ॥ ੧॥ ਰਹਾਉ॥

ਜਾਸਨ ਬਾਸਨ ਸਹਜ ਕੇਲ ਕਰੁਣਾ ਮੈ ਏਕ ਅਨੰਤ ਅਨੂਪੈ ਠਾਉ ॥ ੧ ॥

ਪੁਨਾ ਉਹ ਸੰਤ ਜਾਸਨ=ਜਸ ਦੇ ਬਾਸਨ=ਪਾਤ੍ਰ (ਭਾਂਡੇ) ਹਨ,

ਅਥਵਾ:-ਜਾਸਨ=ਜਿਨ੍ਹਾਂ ਵਿਚ ਕਿਸੇ ਪਦਾਰਥ ਦੀ ਬਾਸ ਨ = ਵਾਸ਼ਨਾਂ ਨਹੀਂ ਹੈ ਹੇ ਕਰੁਣਾ+ਮੈਂ= ਕਿਰਪਾ ਸਰੂਪ ਪ੍ਰਭੂ ! ਉਹ ਸੰਤ ਸਹਜੇ ਹੀ ਆਪ ਜੀ ਵਿਚ ਕੇਲ=ਖੁਸ਼ੀਆਂ ਕਰਦੇ ਹਨ।

ਇਕ ਬਿਅੰਤ ਪਰਮਾਤਮਾ ਹੀ ਉਹਨਾਂ ਦੀ ਮਹਾਨ ਸੁੰਦਰ ਜਗ੍ਹਾ ਹੈ। ਅਥਵਾ:-ਹੇ ਅਨੂਪੈ=ਉਪਮਾ ਤੋਂ ਰਹਿਤ ਬਿਅੰਤ ਪਰਮਾਤਮਾ ! ਉਨ੍ਹਾਂ ਸੰਤਾਂ ਦੇ ਹਿਰਦੇ ਵਿੱਚ ਆਪ ਜੀ ਦਾ ਇੱਕ ਠਾਉ=ਥਾਂ ਹੈ॥ ੧ ॥

ਰਿਧਿ ਸਿਧਿ ਨਿਧਿ ਕਰ ਤਲ ਜਗਜੀਵਨ ਸ੍ਰਬ ਨਾਥ ਅਨੇਕੈ ਨਾਉ ॥

ਹੈ ਜਗ ਜੀਵਨ ਪਰਮਾਤਮਾ ! ਰਿਧੀਆਂ, ਸਿਧੀਆਂ ਤੇ ਨਿੱਧੀਆਂ ਸਭ ਆਪ ਜੀ ਦੇ ਹੱਥ ਦੀ ਤਲੀ ਉੱਪਰ ਹਨ, ਅਥਵਾ: ਹੇ ਜਗ ਜੀਵਨ ਪਰਮਾਤਮਾ ! ਆਪ ਜੀ ਨੇ ਰਿੱਧੀਆਂ, ਸਿੱਧੀਆਂ ਤੇ ਨਿੱਧੀਆਂ ਸੰਤਾਂ ਦੇ ਹੱਥ ਦੀ ਤਲੀ ਉੱਪਰ ਰੱਖੀਆਂ ਹੋਈਆਂ ਹਨ, ਆਪ ਸਾਰਿਆਂ ਦੇ ਨਾਥ=ਸੁਆਮੀ ਹੋ, ਪੁਨਾ ਆਪ ਜੀ ਦੇ ਅਨੇਕਾਂ ਨਾਮ ਹਨ।

ਦਇਆ ਮਇਆ ਕਿਰਪਾ ਨਾਨਕ ਕਉ
ਸੁਨਿ ਸੁਨਿ ਜਸੁ ਜੀਵਾਉ ॥ ੨ ॥ ੧ ॥ ੩੮ ॥ ੬ ॥ ੪੪ ॥

ਗੁਰੂ ਜੀ ਕਥਨ ਕਰਦੇ ਹਨ, ਹੇ ਦਇਆ ਸਰੂਪ ਕ੍ਰਿਪਾਲੂ ! ਮੇਰੇ ਉੱਤੇ ਮਾਇਆ=ਕ੍ਰਿਪਾ ਕਰ, ਮੈਂ ਆਪ ਜੀ ਦੇ ਜਸ ਨੂੰ ਸੁਣ ਸੁਣ ਕੇ,

ਅਥਵਾ: ਸੁਨਿ=ਕੰਨਾਂ ਦੁਆਰੇ ਸੁਣਕੇ ਜੀਉਂਦਾ ਹਾਂ॥ ੨ ॥ ੧ ॥ ੩੮ ॥ ੬ ॥ ੪੪ ॥

ੴ ਸਤਿਗੁਰ ਪ੍ਰਸਾਦਿ ॥ ਰਾਗੁ ਦੇਵਗੰਧਾਰੀ ਮਹਲਾ ੯ ॥

ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਮਨ ਦੀ ਦਸ਼ਾ ਕਥਨ ਕਰਦੇ ਹਨ।

ਯਹ ਮਨੁ ਨੈਕ ਨ ਕਹਿਓ ਕਰੈ ॥

ਇਹ ਮਨ ਅਜੇਹਾ ਚੰਚਲ ਹੈ, ਮੇਰਾ ਕਿਹਾ ਹੋਇਆ ਬਚਨ "ਨੈਕ ਨ ਕਰੈ" = ਰੰਚਕ ਮਾਤਰ ਵੀ ਨਹੀਂ ਕਰਦਾ।

ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥ ੧ ॥ ਰਹਾਉ ॥

ਮੈਂ ਆਪਣੀ ਸੀ=ਵੱਲੋਂ ਇਸ ਨੂੰ ਬਥੇਰੀ ਸਿੱਖਿਆ ਸਿਖਾ ਰਿਹਾ ਹਾਂ, ਪਰ ਇਹ ਦੁਰਮਤਿ=ਖੋਟੀ ਮਤ ਵੱਲੋਂ ਹਟਦਾ ਨਹੀਂ ਹੈ॥ ੧ ॥ ਰਹਾਉ ॥

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥

ਮਾਇਆ ਦੇ ਮਦਿ=ਹੰਕਾਰ ਕਰਕੇ ਬਾਵਰੋ=ਝੱਲਾ ਹੋ ਰਿਹਾ ਹੈ ਅਤੇ ਹਰੀ ਜਸ ਨੂੰ ਉਚਾਰਦਾ ਹੀ ਨਹੀਂ ਹੈ।

ਕਰਿ ਪਰਪੰਚੁ ਜਗਤ ਕਉ ਡਹਕੈ ਅਪਨੌ ਉਦਰੁ ਭਰੈ॥ ੧॥

ਪਰਪੰਚੁ=ਛਲ-ਵਲ ਕਰਕੇ ਜਗਤ ਨੂੰ ਡਹਕੈ=ਠੱਗਦਾ ਹੈ,

ਅਥਵਾ: ਭਟਕਾਉਂਦਾ ਹੈ। ਅਤੇ ਆਪਣੇ ਉਦਰ=ਪੇਟ ਨੂੰ ਭਰਦਾ ਹੈ॥ ੧॥

ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥

ਸੁਆਨ=ਕੁੱਤੇ ਦੀ ਪੂਛ ਵਾਂਗੂੰ ਵਿੰਗਾ ਰਹਿੰਦਾ ਹੈ, ਕਦੇ ਭੀ ਸੂਧੋ, ਸਿੱਧਾ ਨਹੀਂ ਹੁੰਦਾ, ਅਤੇ ਗੁਰਾਂ ਦਾ ਕਿਹਾ ਹੋਇਆ ਉਪਦੇਸ਼ ਕੰਨੀ ਨਹੀਂ ਧਰਦਾ॥

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਸਦਾ ਰਾਮ ਨਾਮ ਦਾ ਭਜਨ ਕਰ, ਜਿਸ ਕਰਕੇ ਤੇਰਾ ਮੁਕਤੀ ਰੂਪ ਕਾਰਜ ਸਰੈ=ਪੂਰਾ ਹੋ ਜਾਵੇ॥ ੨॥ ੧॥

ਦੇਵਗੰਧਾਰੀ ਮਹਲਾ ੯॥ ਸਭ ਕਿਛੁ ਜੀਵਤ ਕੋ ਬਿਵਹਾਰ॥

ਸਭ ਕੁਝ ਪਦਾਰਥ ਤੇ ਦੁਨੀਆਂ ਦਾ ਜੋ ਵੀ ਵਿਹਾਰ ਹੈ ਉਹ ਸਾਰ ਜੀਊਂਦੇ ਤੱਕ ਹੀ ਹੈ।

ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥ ੧॥ ਰਹਾਉ॥

ਮਾਂ, ਪਿਉ, ਭਰਾ, ਸੁਤ=ਪੁੱਤਰ, ਬੰਧਪ=ਸਬੰਧੀ, ਅਤੇ ਫਿਰ ਘਰ ਦੀ ਔਰਤ॥ ੧॥ ਰਹਾਉ॥ ਇਤਆਦਿਕ ਸਾਰੇ ਰਿਸ਼ਤੇਦਾਰ-

ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥

ਜਿਸ ਵੇਲੇ ਸਰੀਰ ਤੋਂ ਪ੍ਰਾਣ ਨਿਆਰੇ=ਵੱਖਰੇ ਹੋ ਜਾਂਦੇ ਹਨ ਤਾਂ ਇਸ ਨੂੰ ਪ੍ਰੇਤ ਪ੍ਰੇਤ ਟੇਰਤ=ਉਚਾਰਕੇ ਪੁਕਾਰਨ ਲੱਗ ਜਾਂਦੇ ਹਨ।

ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥ ੧॥

ਅੱਧੀ ਘੜੀ ਭਰ ਵੀ ਘਰ ਵਿਚ ਕੋਈ ਨਹੀਂ ਰੱਖਦਾ, ਝਟ-ਪਟ ਘਰ ਦੇ ਵਿੱਚੋਂ ਬਾਹਰ ਕੱਢ ਦੇਂਦੇ ਹਨ॥ ੧॥

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥

ਯਹ=ਇਹ ਸਾਰੇ ਜਗਤ ਦੀ ਰਚਨਾ ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਂਗੂੰ ਮਿੱਥਿਆ ਹੈ, ਬੇਸ਼ੱਕ ਆਪਣੇ ਹਿਰਦੇ ਵਿਚ ਵਿਚਾਰਕੇ ਦੇਖ ਲਓ।

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ॥ ੨॥ ੨॥

ਗੁਰੂ ਜੀ ਕਥਨ ਕਰਦੇ ਹਨ, ਨਿਤਾ-ਪ੍ਰਤੀ ਰਾਮ ਨਾਮ ਦਾ ਸਿਮਰਨ ਕਰ, ਜਿਸ ਕਰਕੇ ਜੀਵ ਦਾ ਤਰਨਾ ਹੁੰਦਾ ਹੈ॥ ੨॥

ਦੇਵਗੰਧਾਰੀ ਮਹਲਾ ੯॥ ਜਗਤ ਮੈ ਝੂਠੀ ਦੇਖੀ ਪ੍ਰੀਤਿ॥

ਸੰਸਾਰ ਵਿਚ ਸਭਨਾਂ ਦੀ ਆਪੋ ਵਿਚ ਪ੍ਰੀਤੀ ਝੂਠੀ ਦੇਖੀ ਜਾਂਦੀ ਹੈ।

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥ ੧ ॥ ਰਹਾਉ ॥

ਕਿਆ ਦਾਰਾ=ਕੀ ਇਸਤ੍ਰੀ, ਅਤੇ ਕਿਆ ਮੀਤ=ਕੀ ਮਿੱਤਰ ਇਤਿਆਦਿਕ ਸਾਰੇ ਹੀ ਆਪਣੇ ਸੁਖਾਂ ਨਾਲ ਲੱਗੇ ਹੋਏ ਹਨ॥ ੧ ॥ ਰਹਾਉ ॥

ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥

ਜਿਨ੍ਹਾਂ ਦੇ ਹਿਤ=ਮੋਹ ਨਾਲ ਚਿੱਤ ਬੱਧਾ ਹੋਇਆ ਹੈ, ਉਹ ਸਾਰੇ ਹੁਣ ਭਾਂ ਜੀਵ ਨੂੰ ਮੇਰਾ ਮੇਰਾ ਕਹਿੰਦੇ ਹਨ।

ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥ ੧ ॥

ਪਰ ਅੰਤ ਦੇ ਸਮੇਂ ਕੋਈ ਭੀ ਸਾਥੀ ਨਹੀਂ ਹੁੰਦਾ, ਇਹ ਸੰਸਾਰ ਦੀ ਇੱਕ ਅਸਚਰਜ ਰੀਤੀ ਹੈ॥ ੧ ॥

ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥

ਇਹ ਮੂਰਖ ਮਨ ਅਜੇ ਤੱਕ ਸਮਝਿਆ ਨਹੀਂ ਹੈ, ਮੈਂ ਇਸ ਨੂੰ ਨਿੱਤ ਸਿੱਖਿਆ ਦੇਂਦਾ ਹਾਰ ਗਿਆ ਹਾਂ।

ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ ॥ ੨ ॥ ੩ ॥ ੬ ॥ ੩੮ ॥ ੪੭ ॥

ਗੁਰੂ ਜੀ ਕਥਨ ਕਰਦੇ ਹਨ, ਜਦੀ ਇਹ ਜੀਵ ਪ੍ਰਭੂ ਦੇ ਗੀਤ=ਜਸ ਨੂੰ ਗਾਵਣਾ ਕਰੇ, ਤਾਂ ਹੀ ਇਹ ਭਉਜਲੁ=ਸੰਸਾਰ ਸਮੁੰਦਰ ਤੋਂ ਪਾਰ ਉਤਰੇਗਾ॥ ੨ ॥੩ ॥੩ ॥੬੮ ॥੪੭ ॥

—ਦੇਵਗੰਧਾਰੀ ਰਾਗ ਸਮਾਪਤੰ—

ਰਾਗੁ ਬਿਹਾਗੜਾ

੧ੑ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਰਾਗੁ ਬਿਹਾਗੜਾ* ਚਉਪਦੇ ਮਹਲਾ ੫ ਘਰੁ ੨ ॥
ਦੂਤਨ ਸੰਗਰੀਆ ॥ ਭੁਇਅੰਗਨਿ ਬਸਰੀਆ ॥ ਅਨਿਕ ਉਪਰੀਆ ॥ ੧ ॥

ਕਾਮ ਕ੍ਰੋਧ ਆਦਿਕ ਦੂਤਾਂ ਦਾ ਸੰਗਰੀਆ=ਸੰਗ ਕੈਸਾ ਹੈ ਕਿ ਭੁਇਅੰਗਨਿ=ਸੱਪਾਂ ਦਾ ਵਾਸਾ ਹੈ। ਜੋ ਅਨੇਕਾਂ ਹੀ ਜੀਵਾਂ ਨੂੰ ਉਪਰੀਆ=ਪੁੱਟ ਦੇਣ ਵਾਲੇ ਹਨ।

ਤਉ ਮੈ ਹਰਿ ਹਰਿ ਕਰੀਆ ॥ ਤਉ ਸੁਖ ਸਹਜਰੀਆ ॥ ੧ ॥ ਰਹਾਉ ॥

ਇਹਨਾਂ ਤੁਕਾਂ ਦਾ ਅਰਥ ਅਖੀਰ ਤੇ ਕਰਨਾ।

ਮਿਥਨ ਮੋਹਰੀਆ ॥ ਅਨ ਕਉ ਮੇਰੀਆ ॥ ਵਿਚਿ ਘੂਮਨ ਘਿਰੀਆ ॥ ੨ ॥

ਇਹਨਾਂ ਕਾਮ ਆਦਿਕਾਂ ਕਰਕੇ ਜੀਵ ਮਿਥਿਆ ਪਦਾਰਥਾਂ ਦੇ ਮੋਹ ਵਿਚ ਲੱਗ ਰਿਹਾ ਹੈ।

ਇਹ ਕਾਮ ਆਦਿਕ ਅਨੇਕ ਪੁਰਸ਼ਾਂ ਵਿਚ ਉਮੇਰੀਆ=ਮਿਲ ਰਹੇ ਹਨ। ਅਥਵਾ:-''ਅਨ ਕਉ ਮੇਰੀਆ''-ਜੀਵਾਂ ਕਉ=ਨੂੰ ਅਨ=ਦ੍ਵੈਤ ਵਿਚ ਮੇਰੀਆ=ਮੇਲਣ ਵਾਲੇ ਹਨ। ਅਤੇ ਤਿੰਨਾਂ ਗੁਣਾਂ ਰੂਪੀ ਘੁੰਮਣਘੇਰੀ ਵਿਚ ਪਾਂਵਦੇ ਹਨ॥ ੨ ॥ ਨੋਟ:-ਪਾਠ ਪਹਿਲਾ ਹੀ ਠੀਕ ਹੈ (ਅਨਕ ''ਉਮੇਰੀਆ'')

ਸਗਲ ਬਟਰੀਆ ॥ ਬਿਰਖ ਇਕਤਰੀਆ ॥ ਬਹੁ ਬੰਧਹਿ ਪਰੀਆ ॥ ੩ ॥

ਇਹ ਸਾਰੇ ਜੀਵ ਬਟਰੀਆ= ਰਾਹੀ ਵਾਂਗ ਹਨ। ਜੋ ਇਕ ਵੈਰਾਟ ਰੂਪੀ ਬ੍ਰਿੱਤ ਦੇ ਤਰੀਆ=ਤਲੇ

---

*ਬਿਹਾਗੜਾ ਇੱਕ ਰਾਗ ਹੈ, ਕੇਦਾਰੇ ਨਾਲ ਗੌੜੀ ਤੇ ਕੁਝ ਸਯਾਮ ਮਿਲੇ ਤਾਂ ਬਿਹਾਗੜਾ ਹੁੰਦਾ ਹੈ, ਕਾਲੀ ਨਾਥ ਦੇ ਮੱਤ ਵਿਚ ਇਸ ਨੂੰ ਭੈਰਵ ਰਾਗ ਦੀ ਰਾਗਣੀ ਲਿਖਿਆ ਹੈ। ਅਤੇ ਇਹ ਬਿਲਾਵਲੁ ਠਾਟ ਦਾ ਸੰਪੂਰਨ ਰਾਗ ਹੈ, ਇਸ ਦੇ ਗਾਉਣ ਦਾ ਵੇਲਾ ਅੱਧੀ ਰਾਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਬਿਹਾਗੜੇ ਰਾਗ ਦਾ ਨੰਬਰ ਸੱਤਵਾਂ ਹੈ।

੧. ਸਿਰੀਰਾਗੁ ਪੰਨਾ ੧੪। ੨. ਮਾਝ ਰਾਗੁ ਪੰਨਾ ੯੪। ੩. ਗਉੜੀ ਰਾਗੁ ਪੰਨਾ ੧੫੧।
੪. ਆਸਾ ਰਾਗੁ ਪੰਨਾ ੩੪੭। ੫. ਗੂਜਰੀ ਰਾਗੁ ਪੰਨਾ ੪੮੯। ੬. ਦੇਵਗੰਧਾਰੀ ਰਾਗੁ ਪੰਨਾ ੫੨੭।
੭. ਬਿਹਾਗੜਾ ਰਾਗੁ ਪੰਨਾ ੫੩੭ ਉੱਪਰ ਆਇਆ ਹੈ।

ਇਕਤਰੀਆ=ਇਕੱਠ੍ਰ ਹੋ ਰਹੇ ਹਨ। ਕਾਮ ਆਦਿਕਾਂ ਵਿਚ ਲੱਗ ਕੇ, ਬਹੁਤੇ ਬੰਧਨਾਂ ਵਿੱਚ ਪੈ ਰਹੇ ਹਨ॥ ੩॥ ਬੇਨਤੀ ਕੀਤੀ, "ਜੀ ! ਤਰਨਾ ਕੈਸੇ ਹੋਵੇ?" ਉੱਤਰ:

ਥਿਰੁ ਸਾਧ ਸਫਰੀਆ ॥ ਜਹ ਕੀਰਤਨੁ ਹਰੀਆ ॥ ਨਾਨਕ ਸਰਨਰੀਆ ॥ ੪ ॥ ੧ ॥

ਇੱਕ ਸੰਤਾਂ ਦੀ ਸਫਰੀਆ=ਸਭਾ ਥਿਰ ਰੂਪ ਹੈ। ਜਿਸ ਸਭਾ ਵਿਚ ਹਰੀ ਦਾ ਕੀਰਤਨ ਹੋ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ, ਤਿਨ੍ਹਾਂ ਸੰਤਾਂ ਦੀ ਸਰਨਰੀਆ=ਸ਼ਰਨ ਗ੍ਰਹਿਣ ਕਰਕੇ।

(ਹੁਣ ਪਿਛਲੀਆਂ ਪੰਗਤੀਆਂ ਦਾ ਅਰਥ ਕਰਨਾ) ਤਉ ਮੈ ਹਰਿ ਹਰਿ ਕਰੀਆ ॥ ਤਉ ਸੁਖ ਸਹਜਰੀਆ ॥ ਤਉ=ਜਾਂ ਮੈਂਨੇ ਹਰਿ ਹਰਿ ਦੇ ਨਾਮ ਨੂੰ ਉਚਾਰਨ ਕੀਤਾ। ਤਉ=ਤਦ ਸਹਜਰੀਆ ਸੁਖ=ਆਤਮ ਸੁਖ ਦੀ ਪ੍ਰਾਪਤੀ ਹੋਈ॥ ੪॥ ੧॥

੧ੴ ਸਤਿਗੁਰ ਪ੍ਰਸਾਦਿ ॥ ਰਾਗੁ ਬਿਹਾਗੜਾ ਮਹਲਾ ੯ ॥

ਹਰਿ ਕੀ ਗਤਿ ਨਹਿ ਕੋਊ ਜਾਨੈ ॥

ਹਰੀ ਦੀ ਗਤਿ=ਰੀਤੀ (ਮਰਯਾਦਾ) ਨੂੰ ਕੋਈ ਨਹੀਂ ਜਾਣਦਾ।

ਯਥਾ: ਜਾਨੀ ਨ ਜਾਈ ਤੁੰ ਕੀ ਗਾਤਿ॥ (ਦੇਵਗੰਧਾਰੀ ਮਹਲਾ ੫, ਪੰਨਾ ੫੩੫)

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥ ੧ ॥ ਰਹਾਉ ॥

(ਗੋਰਖ ਵਰਗੇ) ਜੋਗੀ (ਹਨੂੰਮਾਨ ਵਰਗੇ) ਜਤੀ (ਬਗਦਾਲਭ ਰਿਖੀ ਵਰਗੇ) ਤਪੀ, ਅਤੇ ਹੋਰ ਭੀ ਬਹੁਤ ਸਾਰੇ ਸਿਆਣੇ ਲੋਕ, ਅਥਵਾ: ਨਿਆਇਕ ਮੱਤ ਵਾਲੇ ਉਸ ਦਾ ਅੰਤ ਲੱਭਦੇ ਲੱਭਦੇ ਪਚਿਹਾਰੇ=ਬਹੁਤ ਦੁਖੀ ਹੋਏ ਹਨ॥ ੧॥ ਰਹਾਉ॥

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥

ਉਹ ਪਰਮੇਸ਼ਰ ਐਸਾ ਹੈ, ਜੋ ਛਿਨ ਵਿਖੇ, ਰੰਕ ਕਉ ਰਾਉ ਕਰਈ=ਕੰਗਾਲ ਨੂੰ ਰਾਜਾ ਕਰ ਦੇਂਦਾ ਹੈ, ਅਤੇ ਰਾਉ=ਰਾਜੇ ਨੂੰ ਰੰਕ ਕਰਿ ਡਾਰੈ=ਕੰਗਾਲ ਕਰ ਸੁੱਟਦਾ ਹੈ।

ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥ ੧ ॥

ਰੀਤੇ=ਖਾਲੀਆਂ ਨੂੰ ਭਰ ਦੇਂਦਾ ਹੈ, ਅਤੇ ਭਰਿਆਂ ਨੂੰ ਸਖਨਾਵੈ=ਖਾਲੀ ਕਰ ਦੇਂਦਾ ਹੈ, ਇਹ ਉਸ ਪਰਮੇਸ਼ਰ ਦਾ ਵਿਹਾਰ ਹੈ॥ ੧॥

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥

ਆਪਣੀ ਮਾਇਆ ਦੁਆਰੇ ਉਸ ਨੇ ਆਪ ਹੀ ਦੁਨੀਆਂ ਦੀ ਖੇਡ ਖਿਲਾਰੀ ਹੋਈ ਹੈ, ਅਤੇ ਆਪ ਹੀ ਵੇਖਣ ਵਾਲਾ ਹੈ।

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ ੨ ॥

ਬਹੁਰੰਗੀ=ਪਰਮਾਤਮਾ ਆਪ ਹੀ ਨਾਨ੍ਹਾਂ ਪਰਕਾਰ ਦੇ ਰੂਪ ਧਾਰਦਾ ਹੈ, ਪੁਨਾ-ਉਹ ਆਪ ਹੀ ਸਭ ਤੋਂ ਨਿਆਰਾ=ਅਸੰਗ ਰਹਿੰਦਾ ਹੈ॥ ੨ ॥ ਪਾਠਾਂਤ੍ਰ:-'ਰਹੈ' ਪਾਠ ਭੀ ਹੈ।

ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥ ੩ ॥ ੧ ॥ ੨ ॥

ਉਹ ਨਿਰੰਜਨ ਪਰਮਾਤਮਾ ਅਗਨਤ=ਗਿਣਤੀ ਤੋਂ ਰਹਿਤ ਹੈ, ਅਪਾਰੁ=ਬਿਅੰਤ ਗੁਣਾਂ ਵਾਲਾ, ਆਪਣੇ ਆਪ ਅਲਖ=ਜਾਨਣੇ ਤੋਂ ਰਹਿਤ ਹੈ, ਜਿਸ ਨੇ ਸਾਰੇ ਜਗਤ ਨੂੰ ਕਰਾਂ ਅਨੁਸਾਰ ਭੁਲਾਇਆ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਾਣੀ ! ਸਭ ਭਰਮਾਂ ਨੂੰ ਤਿਆਗ ਕੇ ਤੂੰ ਉਸ ਵਾਹਿਗੁਰੂ ਦੇ ਚਰਨਾਂ ਵਿਚ ਚਿੱਤ ਬਿਰਤੀ ਨੂੰ ਲਗਾਵਣਾ ਕਰ॥ ੩ ॥ ੧ ॥ ੨ ॥

ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਰਾਮਦਾਸ ਜੀ ਇਹਨਾਂ ਛੰਤਾਂ ਦੁਆਰੇ ਹਿਤ ਉਪਦੇਸ਼ ਦੇਂਦੇ ਹਨ-

ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ ॥

ਹੇ ਮੇਰੀ ਜਿੰਦੁੜੀਏ=ਮੇਰੇ ਭਾਈ ! ਤੂੰ ਹਰਿ ਹਰਿ ਨਾਮ ਨੂੰ ਧਿਆਉਣਾ ਕਰ। ਅਤੇ ਗੁਰਾਂ ਦੁਆਰੇ ਰਾਮ ਦੇ ਅਮੋਲਕ ਨਾਮ ਨੂੰ ਜਪਣਾ ਕਰ।

ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥

ਪਿਆਰਾ ਜੋ ਹਰਿ ਹਰਿ ਹੈ ਤਿਸ ਦੇ ਰਸਿ=ਪ੍ਰੇਮ ਵਿਚ ਜਿਸ ਗੁਰਮੁਖ ਦਾ ਮਨ ਬੀਧਾ=ਤਦਾਕਾਰ ਹੋਇਆ ਹੈ। ਉਸ ਨੇ ਅੱਗੋਂ ਹੋਰਨਾਂ ਦੇ ਮਨ ਨੂੰ ਹਰੀ ਰਾਮ ਦੇ ਨਾਮ ਰਸ ਵਿਚ ਝਕੋਲਣਾ ਕੀਤਾ ਹੈ।

ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥
ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥ ੧ ॥

ਹੇ ਮੇਰੇ ਭਾਈ ! ਗੁਰ-ਸਿੱਖਿਆ ਦੁਆਰੇ ਮਨ ਨੂੰ ਠਹਿਰਾਉਣਾ ਕਰੀਏ, ਐਸਾ ਠਹਿਰਾਈਏ ਜੋ ਰਾਮ ਨੂੰ ਛੱਡਕੇ ਅਨਤ=ਹੋਰ ਕਿਸੀ ਪਾਸੇ ਨਾ ਡੋਲੇ। ਗੁਰੂ ਜੀ ਕਥਨ ਕਰਦੇ ਹਨ, ਉਸਨੇ ਹਰੀ ਪ੍ਰਭੂ ਦੀ ਪ੍ਰਾਪਤੀ ਰੂਪ ਮਨ ਇੱਛਤ ਫਲ ਨੂੰ ਪਾਇਆ ਹੈ, ਜੋ ਰਾਮ ਦੀ ਗੁਣਾਂ ਵਾਲੀ ਬਾਣੀ ਨੂੰ ਬੋਲਦਾ ਹੈ॥ ੧ ॥

ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ
ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥

ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ
ਮਨਿ ਸੁਣੀਐ ਹਰਿ ਲਿਵ ਲਾਏ ਰਾਮ॥

ਹੇ ਮੇਰੇ ਭਾਈ ! ਗੁਰ-ਸਿੱਖਿਆ ਦੁਆਰੇ ਜਿਸ ਦੇ ਮਨ ਵਿਚ ਨਾਮ ਅੰਮ੍ਰਿਤ ਵਸਦਾ ਹੈ, ਉਹ ਮੁਖ ਤੋਂ ਭੀ ਰਾਮ ਦੀ ਪ੍ਰਾਪਤੀ ਕਰਨ ਵਾਲੇ ਅੰਮ੍ਰਿਤ ਰੂਪ ਮਿੱਠੇ ਬਚਨਾਂ ਨੂੰ ਕਥਨ ਕਰਦਾ ਹੈ। ਹੇ ਮੇਰੀ ਸਖੀਏ ! ਭਗਤ ਜਨਾਂ ਦੀ ਬਾਣੀ ਅੰਮ੍ਰਿਤ ਰੂਪ ਹੈ, ਤਿਸ ਨੂੰ ਸੁਣ ਕੇ ਮਨਿ=ਮੰਨਣ ਕਰੀਏ, ਤੇ ਹਰੀ ਰਾਮ ਵਿਚ ਲਿਵ ਲਗਾਣਾ ਕਰੀਏ।

ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ॥
ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ
ਅਨਹਤ ਸਬਦ ਵਜਾਏ ਰਾਮ॥ ੨॥

ਜਿਸ ਨੇ ਭਗਤ ਜਨਾਂ ਦੀ ਬਾਣੀ ਸੁਣ ਕੇ ਮਨ ਵਿਚ ਵਸਾਈ ਹੈ, ਉਸ ਨੇ ਚਿਰੰਕਾਲ ਦਾ ਵਿੱਛੁੜਿਆ ਹੋਇਆ ਹਰੀ ਪ੍ਰਭੂ ਪਾਇਆ, ਤੇ ਸਹਜਿ ਸੁਭਾਏ=ਸੁਤੇ ਸਿੱਧ ਰਾਮ ਗਲ ਨਾਲ ਮਿਲਿਆ ਭਾਵ ਉਸ ਨੇ ਅਭੇਦ ਕਰ ਲੀਤਾ। ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੁੜੀਏ=ਮੇਰੇ ਭਾਈ ! ਮੇਰੇ ਮਨ ਵਿਚ ਅਨੰਦ ਹੋਇਆ ਹੈ, ਤੇ ਰਾਮ ਦੀ ਪ੍ਰਾਪਤੀ ਦੇ ਇਕ-ਰਸ "ਸੁਧੋ ਹੰ ਬੁਧੋ ਹੰ" ਆਦਿਕ-ਸ਼ਬਦ ਵੱਜ ਆਏ॥ ੨॥

ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ॥
ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ
ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ॥

ਹੇ ਮੇਰੀ ਜਿੰਦੁੜੀਏ ! ਮੇਰੀਆਂ ਜੋ ਸਖੀ ਸਹੇਲੀ=ਪਿਆਰੀਆਂ ਸਖੀਆਂ ਹਨ, ਉਹਨਾਂ ਵਿਚੋਂ ਕੋਈ ਹੈ ਜੋ ਆਕੇ ਮੈਨੂੰ ਹਰੀ ਰਾਮ ਪ੍ਰਭੂ ਨਾਲ ਮਿਲਾਵੇ। ਹੇ ਮੇਰੀ ਜਿੰਦੜੀਏ ! ਹਉ=ਮੈਂ ਤਿਸ ਨੂੰ ਆਪਣਾ ਮਨ ਅਰਪਣ ਕਰ ਦੇਂਦਾ ਹਾਂ, ਜੋ ਹਰਿ ਹਰਿ ਰਾਮ ਪ੍ਰਭੂ ਦੀ ਕਥਾ ਸੁਨਾਉਣਾ ਕਰੇ।

ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ
ਮਨ ਚਿੰਦਿਅੜਾ ਫਲੁ ਪਾਵੈ ਰਾਮ॥
ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ
ਵਡਭਾਗੀ ਨਾਮੁ ਧਿਆਵੈ ਰਾਮ॥ ੩॥

ਹੇ ਮੇਰੀ ਜਿੰਦੁੜੀਏ ! ਤੂੰ ਗੁਰਾਂ ਦੁਆਰੇ ਸਦਾ ਹਰੀ ਨੂੰ ਅਰਾਧਣਾ ਕਰ, ਤਾਂ ਰਾਮ ਦੀ ਪ੍ਰਾਪਤੀ ਰੂਪੀ ਮਨ ਇੱਛਤ ਫਲ ਪਾਵੇਂਗਾ। ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੁੜੀਏ ! ਸ਼ਰਨ ਵਿਚ ਪ੍ਰਾਪਤ ਹੋ ਕੇ ਹਰੀ ਨੂੰ ਭਜਨਾ ਕਰ, ਵੱਡਿਆਂ ਭਾਗਾਂ ਵਾਲੇ ਪੁਰਸ਼ ਰਾਮ ਦੇ ਨਾਮ ਨੂੰ ਸਦਾ ਧਿਆਉਂਦੇ ਹਨ॥ ੩॥

ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ ਪਰਗਾਸੇ ਰਾਮ ॥
ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ*
ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥

ਹੇ ਮੇਰੇ ਭਾਈ ! ਤੂੰ ਐਸੇ ਬੇਨਤੀ ਕਰ, ਕਿ "ਹੇ ਪ੍ਰਭੂ ! ਕਿਰਪਾ ਕਰਕੇ ਅਸਾਨੂੰ ਆ ਕੇ ਮਿਲ, ਅਤੇ ਏਹ ਕਿਰਪਾ ਕਰ ਕਿ ਗੁਰ-ਸਿੱਖਿਆ ਦੁਆਰੇ ਰਾਮ ਨਾਮ ਨੂੰ ਪਰਗਾਸੇ=ਉਚਾਰਨਾ ਕਰੀਏ"। ਹੇ ਮੇਰੇ ਭਾਈ ! ਮੈਂ ਹਰੀ ਤੋਂ ਬਿਨਾਂ ਐਸੇ ਉਡੀਣੀਆ=ਨਿਮੋਝੂਣੀ ਤੇ ਉਦਾਸੀਨ ਹਾਂ, ਰਾਮ=ਹੇ ਭਾਈ ! ਜਿਵੇਂ ਜਲ ਤੋਂ ਬਿਨਾਂ ਕੌਲ=ਫੁੱਲ ਉਦਾਸੀਨ ਹੁੰਦਾ ਹੈ।

ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥
ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ
ਜਨ ਨਾਨਕ ਨਾਮਿ ਬਿਗਾਸੇ ਰਾਮ ॥ ੪ ॥ ੧ ॥

ਹੇ ਮੇਰੇ ਭਾਈ ! ਹਰਿ ਹਰਿ ਸੱਜਣ ਪ੍ਰਭੂ ਰਾਮ ਦੇ ਪਾਸ ਪੂਰਿਆਂ ਗੁਰਾਂ ਨੇ ਮਿਲਾਇਆ ਹੈ। ਇਸ ਕਰਕੇ ਗੁਰੂ ਧੰਨ ਹਨ, ਧੰਨ ਜਿਨ੍ਹਾਂ ਨੇ ਹਰੀ ਦੱਸਿਆ ਹੈ, ਗੁਰੂ ਜੀ ਕਥਨ ਕਰਦੇ ਹਨ, ਅਸੀਂ ਭਾਂ ਰਾਮ ਨਾਮ ਜਪ ਕੇ ਬਿਗਾਸੇ=ਅਨੰਦ ਹੋਏ ਹਾਂ॥ ੪ ॥ ੧ ॥

ਰਾਗੁ ਬਿਹਾਗੜਾ ਮਹਲਾ ੪ ॥

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥

ਹੇ ਮੇਰੇ ਭਾਈ ! ਹਰਿ ਹਰਿ ਦਾ ਨਾਮ ਅੰਮ੍ਰਿਤ ਰੂਪ ਹੈ, ਪਰੰਤੂ ਰਾਮ ਦਾ ਨਾਮ ਰੂਪ ਅੰਮ੍ਰਿਤ ਗੁਰਾਂ ਦੀ ਸਿੱਖਿਆ ਦੁਆਰੇ ਮਿਲਦਾ ਹੈ। ਹੇ ਮੇਰੇ ਭਾਈ ! ਮਾਇਆ ਦੀ ਜੋ ਹਉਮੈ ਹੈ ਇਹ ਇੱਕ ਵਿਹੁ ਰੂਪ ਹੈ, ਇਹ ਵਿਹੁ (ਜ਼ਹਿਰ) ਹਰੀ ਰਾਮ ਦੇ ਨਾਮ ਅੰਮ੍ਰਿਤ ਕਰਕੇ ਦੂਰ ਹੋ ਜਾਂਦੀ ਹੈ।

ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥
ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ
ਜਨ ਨਾਨਕ ਨਾਮਿ ਸਮਾਏ ਰਾਮ ॥ ੧ ॥

---

*ਨੋਟ:-ਮੇਰੀ ਜਿੰਦੜੀਏ ਦਾ ਅਰਥ ਹੈ ਹੇ ਮੇਰੇ ਭਾਈ, ਮੇਰੀ ਜਿੰਦੇ ਜਿੱਥੇ ਅਰਥ ਕੀਤਾ ਗਿਆ ਹੈ ਉਥੇ ਭੀ ਮੇਰੇ ਭਾਈ ਹੀ ਸਮਝਣਾ, ਕਈ ਜਗ੍ਹਾ ਉੱਪਰ ਪਦ ਪੂਰਤੀ ਵਾਸਤੇ ਭੀ ਵਰਤਿਆ ਹੈ ਜਿਸ ਨੂੰ ਸੰਸਕ੍ਰਿਤ ਦੇ ਵਿਦਵਾਨ "ਵਾਕਜ ਅਲੰਕਾਰ" ਕਹਿੰਦੇ ਹਨ।

ਹੇ ਮੇਰੇ ਭਾਈ ! ਹਰਿ ਹਰਿ ਰਾਮ ਦੇ ਨਾਮ ਧਿਆਉਣ ਕਰ ਕੇ ਸੁੱਕਾ ਮਨ ਸ਼ੁਭ ਗੁਣਾਂ ਨਾਲ ਹਰਿਆ ਹੋਇਆ ਹੈ। ਹੇ ਮੇਰੇ ਭਾਈ ! ਜਿਨ੍ਹਾਂ ਦੇ ਮੱਥੇ ਉੱਪਰ ਹਰੀ ਨੇ ਵੱਡੇ ਭਾਗ ਲਿਖ ਪਾਏ ਹਨ, ਗੁਰੂ ਜੀ ਕਥਨ ਕਰਦੇ ਹਨ, ਉਹ ਜਨ ਰਾਮ ਨਾਮੀ ਵਿਚ ਸ਼ਮਾਏ=ਅਭੇਦ ਹੋਏ ਹਨ॥ ੧ ॥

ਹਰਿ ਸੇਤੀ ਮਨੁ ਬੇਧਿਆ ਮੇਰੀ ਜਿੰਦੁੜੀਏ ਜਿਉ ਬਾਲਕ ਲਗਿ ਦੁਧ ਖੀਰੇ ਰਾਮ॥
ਹਰਿ ਬਿਨੁ ਸਾਂਤਿ ਨ ਪਾਈਐ ਮੇਰੀ ਜਿੰਦੁੜੀਏ ਜਿਉ ਚਾਤ੍ਰਿਕੁ ਜਲ ਬਿਨੁ ਟੇਰੇ ਰਾਮ॥

ਹੇ ਮੇਰੇ ਭਾਈ ! ਮੇਰਾ ਮਨ ਹਰੀ ਰਾਮ ਦੇ ਨਾਲ ਐਸਾ ਤਦਾਕਾਰ ਹੋਇਆ ਹੈ, ਜਿਵੇਂ ਖੀਰੇ=ਛੋਟਾ ਬਾਲਕਾ ਦੁੱਧ ਦੇ ਪੀਣ ਵਿਚ ਲੱਗਦਾ ਹੈ। ਅਥਵਾ:- ਖੀਰੇ=ਅਸਥਨਾਂ ਦੇ ਦੁੱਧ ਨਾਲ ਲੱਗਦਾ ਹੈ।

ਅਥਵਾ-ਖੀਰੇ ਦਾ ਅਰਥ ਦੁੱਧ ਹੈ, ਜਿਵੇਂ ਬਾਲਕਾ ਖੀਰੇ=ਦੁੱਧ ਦੇ ਪੀਣ ਵਿਚ ਲਗਦਾ ਹੈ। ਹੇ ਮੇਰੇ ਭਾਈ ! ਹਰੀ ਤੋਂ ਬਿਨਾਂ ਸ਼ਾਂਤੀ ਨਹੀਂ ਪੈਂਦੀ, ਜਿਵੇਂ ਪਪੀਹੇ ਨੂੰ ਸ੍ਵਾਂਤੀ ਬੂੰਦ ਤੋਂ ਬਿਨਾਂ ਸ਼ਾਂਤੀ ਨਹੀਂ ਹੁੰਦੀ ਤੇ ਪੀਆ ਪੀਆ ਕਰਕੇ ਟੇਰੇ=ਉਚਾਰਦਾ ਰਹਿੰਦਾ ਹੈ।

ਯਥਾ:- ਤਿਅਕਤ ਜਲੰ ਨਹ ਜੀਵ ਮਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥

.....

ਬੂੰਦ ਵਿਹੂਣਾ ਚਾਤ੍ਰਿਕੋ, ਕਿਉ ਕਰਿ ਤ੍ਰਿਪਤਾਵੈ॥ (ਜੈਤਸਰੀ ਵਾਰ, ਪੰਨਾ ੭੦੮)

ਸਤਿਗੁਰ ਸਰਣੀ ਜਾਇ ਪਉ ਮੇਰੀ ਜਿੰਦੁੜੀਏ ਗੁਣ ਦਸੇ ਹਰਿ ਪ੍ਰਭ ਕੇਰੇ ਰਾਮ॥
ਜਨ ਨਾਨਕ ਹਰਿ ਮੇਲਾਇਆ ਮੇਰੀ ਜਿੰਦੁੜੀਏ ਘਰਿ ਵਾਜੇ ਸਬਦ ਘਣੇਰੇ ਰਾਮ॥੨॥

ਹੇ ਮੇਰੇ ਭਾਈ ! ਸਤਿਗੁਰਾਂ ਦੀ ਸ਼ਰਨ ਵਿਚ ਜਾ ਕੇ ਪੈਣਾ ਕਰ, ਕਿਉਂਕਿ ਗੁਰੂ ਸਾਹਿਬ ਜੀ ਹਰੀ ਰਾਮ ਪ੍ਰਭੂ ਦੀ ਪ੍ਰਾਪਤੀ ਦੇ ਗੁਣ ਦੱਸਦੇ ਹਨ। ਹੇ ਮੇਰੇ ਭਾਈ ! ਜਿਨ੍ਹਾਂ ਜਨਾਂ ਨੂੰ ਹਰੀ ਨੇ ਆਪਣੇ ਨਾਲ ਮਿਲਾਇਆ ਹੈ. ਤਿਨ੍ਹਾਂ ਦੇ ਘਰ ਵਿਚ ਰਾਮ ਦੀ ਪ੍ਰਾਪਤੀ ਦੇ ਘਣੇ ਸ਼ਬਦ ''ਸੁਧੋ ਹੰ ਬੁਧੋ ਹੰ'' ਵਗੈਰਾ ਵੱਜਦੇ ਹਨ॥ ੨ ॥

ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ ਬਿਖੁ ਬਾਧੇ ਹਉਮੈ ਜਾਲੇ ਰਾਮ॥
ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ
ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥

ਹੇ ਮੇਰੇ ਭਾਈ ! ਮਨਮੁਖ ਪੁਰਸ਼ ਹੰਗਤਾ ਮਮਤਾ ਕਰਕੇ ਪਰਮੇਸ਼ਰ ਤੋਂ ਵਿਛੁੜੇ ਹੋਏ ਹਨ, ਰਾਮ ਤੋਂ ਭੁੱਲ ਕੇ ਵਿਸ਼ਿਆਂ ਵਿਚ ਬਾਧੇ=ਬੰਨ੍ਹੇ ਹੋਏ ਹਉਮੈ ਵਿਚ ਜਾਲੇ=ਸੜ ਰਹੇ ਹਨ।

ਅਥਵਾ:-ਵਿਸ਼ਿਆਂ ਕਰ ਕੇ ਹਉਮੈ ਰੂਪੀ ਜਾਲ ਵਿਚ ਬੱਧੇ ਹੋਏ ਹਨ।

ਹੇ ਮੇਰੇ ਭਾਈ ! ਜਿਸ ਪ੍ਰਕਾਰ ਕਪੋਤਿ=ਕਬੂਤਰ ਪੰਛੀ ਆਪਣੇ ਪ੍ਰਵਾਰ ਨੂੰ ਜਾਲ ਵਿਚ ਫਸਿਆ ਹੋਇਆ ਵੇਖਕੇ ਆਪਣੇ ਆਪ ਨੂੰ ਬੰਧਾ ਦੇਂਦਾ ਹੈ ਤੇ ਦਿਲ ਵਿਚ ਆਖਦਾ ਹੈ ਕਬੂਤਰੀ ਤੋਂ ਬਿਨਾਂ ਮੇਰੇ ਜੀਊਣੇ ਨੂੰ ਧ੍ਰਿਕਾਰ ਹੈ। ਤਿਸੀ ਪ੍ਰਕਾਰ ਰਾਮ ਤੋਂ ਭੁੱਲੇ ਹੋਏ ਸਭ ਮਨੁਮਖ ਪੁਰਸ਼ ਕਾਲ ਦੇ ਵਸੀਕਾਰ ਹਨ।

ਸਾਖੀ ਕਪੋਤ (ਕਬੂਤਰ) ਦੀ

ਜੰਗਲ ਵਿਚ ਇੱਕ ਕਬੂਤਰ ਰਹਿੰਦਾ ਸੀ। ਬੜਾ ਸਿੱਧਾ-ਸਾਦਾ ਸੁਭਾਵ ਕਿਸੀ ਨਾਲ ਜ਼ਿਆਦਾ ਸਬੰਧ ਨਹੀਂ ਸੀ ਰੱਖਦਾ, ਵਿਰੱਕਤ-ਪੁਣੇ ਵਿਚ ਕਾਫੀ ਸਮਾਂ ਬਤੀਤ ਕਰਦਾ ਰਿਹਾ, ਬਸ ਇੱਕ ਛੋਟਾ ਜਿਹਾ ਆਲ੍ਹਣਾ ਬਣਾ ਕੇ ਉਸ ਵਿਚ ਰਿਹਾ ਕਰੇ। ਜਿਸ ਵੇਲੇ ਭੁੱਖ ਲੱਗੇ ਬਾਹਰੋਂ ਦਾਣਾ ਚੁਗ ਕੇ ਫਿਰ ਉਸ ਵਿਚ ਆ ਕੇ ਬੈਠ ਜਾਂਦਾ। ਕਿਸੇ ਨਾਲ ਬਹੁਤਾ ਬੋਲ-ਚਾਲ ਇਸ ਵਾਸਤੇ ਨਹੀਂ ਸੀ ਰੱਖਦਾ ਕਿ ''ਬਹੁਤਾ ਸਬੰਧ ਰੱਖਣ ਨਾਲ ਬੇਅੰਤ ਕਸ਼ਟ ਝੱਲਣੇ ਪੈਂਦੇ ਹਨ'' ਇਸ ਕਰਕੇ ਅਤੀਤ-ਪੁਣੇ ਵਿਚ ਸਮਾਂ ਬਿਤਾਣਾ ਚੰਗਾ ਸਮਝ, ਰਿਹਾ ਕਰੇ। ਇੱਕ ਦਿਨ ਦੀ ਗੱਲ ਹੈ, ਸਰਦੀ ਦੀ ਰੁੱਤ ਆਉਣ ਕਾਰਨ ਉੱਪਰੋਂ ਮੀਂਹ ਪੈ ਗਿਆ, ਇੱਕ ਵਿਚਾਰੀ ਕਬੂਤਰੀ ਠੰਢ ਨਾਲ ਕੰਬਦੀ ਹੋਈ ਓਸ ਦੇ ਦੁਆਰੇ ਤੇ ਆ ਕੇ ਆਖਣ ਲੱਗੀ,, ''ਮੈਂ ਸਰਦੀ ਦਾ ਸਮਾਂ ਬਤੀਤ ਕਰਨਾ ਹੈ, ਇਸ ਤੇ ਮੈਨੂੰ ਠਹਿਰਨ ਦੀ ਇਜਾਜ਼ਤ ਮਿਲੇ,'' ਕਬੂਤਰ ਨੇ ਜਵਾਬ ਦੇ ਦਿੱਤਾ। ਉਸ ਵਿਚਾਰੀ ਨੇ ਬਹੁਤ ਜ਼ਿਆਦਾ ਮਿੰਨਤ ਤਰਲੇ ਕਰਕੇ ਆਜ਼ਜ਼ੀ ਨਾਲ ਕਿਹਾ, ਮੈਂ ਇਸ ਸਮੇਂ ਕਿੱਥੇ ਜਾਵਾਂ ਮੇਰੇ ਤੇ ਕਿਰਪਾ ਕਰ? ਰਹਿਮ ਕਰ !! ਮੈਂ ਸ਼ਰਨਾਰਥੀ ਹਾਂ, ਮੈਨੂੰ ਆਪਣੀ ਸ਼ਰਨ 'ਚ ਰਹਿਣ ਦੇਹ। ਜ਼ਿਆਦਾ ਕਹਿਣ ਤੇ ਮੰਨ ਗਿਆ। ਰਹਿਣ ਦੀ ਪ੍ਰਵਾਨਗੀ ਦਿੱਤੀ। ਆਪਸ ਵਿਚ ਮੋਹ ਪਿਆਰ ਨਾਲ ਦਿਨ ਬਤੀਤ ਹੁੰਦੇ ਗਏ, ਅਗਾਂਹ ਪਰਵਾਰ 'ਚ ਵਾਧਾ ਹੋਇਆ ਬੱਚੇ ਪੈਦਾ ਹੋ ਗਏ ਰੋਜ਼ਾਨਾ ਉਹਨਾਂ ਬੱਚਿਆਂ ਲਈ ਉੱਡ ਕੇ ਜਾਂਦੇ ਤੇ ਦਾਣਾ ਆਦਿ ਲੈ ਕੇ ਆਉਂਦੇ। ਇੱਕ ਦਿਨ ਦੀ ਗੱਲ ਹੈ ਉਹ ਦੋਨੋਂ ਜੀਵ (ਕਬੂਤਰ-ਕਬੂਤਰੀ) ਚੋਗਾ ਲੈਣ ਵਾਸਤੇ ਗਏ। ਪਿੱਛੋਂ ਫੰਦਕ ਨੇ ਆ ਕੇ ਜਾਲ ਪਾ ਕੇ ਉਹਨਾਂ ਦੇ ਬੱਚੇ ਆਪਣੇ ਜਾਲ 'ਚ ਫਸਾ ਲਏ। ਜਦ ਉਹ ਦੋਨੋਂ ਚੋਗਾ ਲੈ ਕੇ ਆਏ ਕੀ ਵੇਖਿਆ ''ਅਸਾਡੇ ਬੱਚੇ ਜਾਲ 'ਚ ਫਸੇ ਹੋਏ ਹਨ'' ਦਿਲ ਅੰਦਰ ਮੋਹ ਦੀ ਲਾਟ ਫੁੱਟੀ, ਬੱਚਿਆਂ ਵੱਲ ਦੇਖ ਕੇ ਕਬੂਤਰੀ ਭੀ ਜਾਲ ਵਿਚ ਜਾ ਫਸੀ ਤੇ ਮਗਰੋਂ ਕਬੂਤਰ ਭੀ ਸ਼ਿਕਾਰੀ ਦੇ ਜਾਲ ਵਿਚ ਫਸ ਗਿਆ। ਸਾਰੀ ਸਾਖੀ ਦੇ ਕਹਿਣ ਦਾ ਭਾਵ ਇਹ ਹੈ ਕਿ ਜਿਵੇਂ ਕਬੂਤਰ ਨੇ ਆਪਣੇ ਪਰਵਾਰ ਨੂੰ ਜਾਲ ਵਿਚ ਫਸਿਆ ਦੇਖ ਕੇ ਮੋਹ 'ਚ ਆ ਕੇ ਆਪਣੇ ਆਪ ਨੂੰ ਬੰਨ੍ਹਾ ਦਿੱਤਾ, ਇਸੇ ਤਰ੍ਹਾਂ ਇਹ ਮਨਮੁਖ, ਵਿਸ਼ੱਈ-ਪਾਮਰ ਪੁਰਸ਼ ਪਰਵਾਰ ਦੇ ਮੋਹ ਵਿਚ ਆਪਣੇ ਆਪ ਨੂੰ ਫਸਾਈ ਬੈਠਾ ਹੈ, ਇਸ ਤੇ ਅੰਤ ਨੂੰ ਕਾਲ ਰੂਪ ਸ਼ਿਕਾਰੀ ਆ ਕੇ ਫੜ ਕੇ ਲੈ ਜਾਂਦਾ ਹੈ।

ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇ ਰਾਮ ॥

ਹੇ ਮੇਰੀ ਜਿੰਦੁੜੀਏ=ਮੇਰੇ ਭਾਈ ! ਜੋ ਮਾਇਆ ਦੇ ਮੋਹ ਵਿਚ ਚਿੱਤ ਨੂੰ ਲਗਾਉਂਦੇ ਹਨ, ਉਹ ਮਨਮੁਖ ਮੂਰਖ ਰਾਮ ਤੋਂ ਭੁੱਲੇ ਹੋਏ ਬਿਤਾਲ=ਭੂਤਨੇ ਹਨ, ਅਥਵਾ:-ਸਰੂਪ ਤਾਲ ਤੋਂ ਬਿ=ਰਹਿਤ ਹਨ।

(ਪੰਨਾ ੫੩੯)

ਜਨ ਝਾਹਿ ਝਾਹਿ ਸਰਣਾਗਤੀ ਮੇਰੀ ਜਿੰਦੁੜੀਏ
ਗੁਰ ਨਾਨਕ ਹਰਿ ਰਖਵਾਲੇ ਰਾਮ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੇ ! ਜਿਨ੍ਹਾਂ ਪੁਰਸ਼ਾਂ ਨੇ ਗੁਰਾਂ ਦੀ ਸ਼ਰਨ ਵਿਚ ਆ ਕੇ ਇਸ

ਤਰ੍ਹਾਂ ਬੇਨਤੀ ਕੀਤੀ, ਕਿ "ਮੈਂ ਜਨ ਦੀ ਝ੍ਰਾਹਿ ਝ੍ਰਾਹਿ=ਰੱਖਿਆ ਕਰੋ ! ਰੱਖਿਆ ਕਰੋ!!" ਹਰੀ ਰਾਮ ਦੇ ਸਰੂਪ ਗੁਰੂ ਸਾਹਿਬ ਜੀ ਉਹਨਾਂ ਦੀ ਰੱਖਿਆ ਕਰਨ ਵਾਲੇ ਹੋਏ ਸਨ॥ ੩॥

ਹਰਿ ਜਨ ਹਰਿ ਲਿਵ ਉਬਰੇ ਮੇਰੀ ਜਿੰਦੁੜੀਏ
ਧੁਰਿ ਭਾਗ ਵਡੇ ਹਰਿ ਪਾਇਆ ਰਾਮ॥

ਹੇ ਮੇਰੀ ਜਿੰਦੇ ! ਹਰੀ ਦੇ ਸੇਵਕ-ਜਨ ਹਰੀ ਵਿਚ ਲਿਵ ਲਗਾਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ, ਕਿਉਂਕਿ ਉਹਨਾਂ ਨੇ ਧੁਰ ਦੇ ਵੱਡੇ ਭਾਗਾਂ ਕਰ ਕੇ ਹਰੀ ਰਾਮ ਨੂੰ ਪਾਇਆ ਹੈ।

ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ ਗੁਰ ਖੇਵਟ ਸਬਦਿ ਤਰਾਇਆ ਰਾਮ॥

ਹੇ ਮੇਰੀ ਜਿੰਦੇ ! ਹਰਿ ਹਰਿ ਨਾਮ ਦਾ ਸਿਮਰਨ ਹੀ ਪੋਤੁ=ਜਹਾਜ਼ ਹੈ, ਗੁਰੂ ਖੇਵਟ=ਮਲਾਹ ਹਨ, ਇਸ ਜਹਾਜ਼ ਉੱਤੇ ਜੋ ਚੜ੍ਹਦਾ ਹੈ ਉਸ ਨੂੰ ਗੁਰੂ ਮਲਾਹ ਸ਼ਬਦ ਰੂਪੀ ਅਨਕੂਲੀ ਪੌਣ ਦੇ ਕੇ ਸੰਸਾਰ ਸਮੁੰਦਰ ਤੋਂ ਤਾਰ ਦੇਂਦੇ ਹਨ।

ਹਰਿ ਹਰਿ ਪੁਰਖੁ ਦਇਆਲੁ ਹੈ ਮੇਰੀ ਜਿੰਦੁੜੀਏ
ਗੁਰ ਸਤਿਗੁਰ ਮੀਠ ਲਗਾਇਆ ਰਾਮ॥

ਹੇ ਮੇਰੀ ਜਿੰਦੇ ! ਹਰਿ ਹਰਿ ਪੁਰਖ ਦਿਆਲੂ ਹੈ, ਗੁਰ=ਪੂਜਨੀਕ ਸਤਿਗੁਰਾਂ ਨੇ ਉਸੇ ਦਾ ਰਾਮ ਨਾਮ ਮੀਠ=ਪਿਆਰਾ ਲਗਾਇਆ ਹੈ।

ਕਰਿ ਕਿਰਪਾ ਸੁਣਿ ਬੇਨਤੀ ਹਰਿ ਹਰਿ
ਜਨ ਨਾਨਕ ਨਾਮੁ ਧਿਆਇਆ ਰਾਮ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਮੇਰੀ ਬੇਲਤੀ ਸੁਣੀ, ਤਾਂ ਉਹਨਾਂ ਦੀ ਮਦਦ ਨਾਲ ਮੈਂ ਜਨ ਨੇ ਹਰਿ ਹਰਿ ਦੇ ਨਾਮ ਨੂੰ ਧਿਆਉਣਾ ਕੀਤਾ॥ ੪॥ ੨॥

ਬਿਹਾਗੜਾ ਮਹਲਾ ੪॥ ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ
ਹਰਿ ਕੀਰਤਿ ਹਰਿ ਮਨਿ ਧਾਰੇ ਰਾਮ॥

ਹੇ ਮੇਰੀ ਜਿੰਦੇ ! ਜਗਤ ਵਿਚ ਨਾਮ ਦੀ ਕੀਰਤੀ ਕਰਨੀ ਸੁਕ੍ਰਿਤੁ=ਪੁੰਨ-ਰੂਪ ਹੈ, ਇਸ ਲਈ ਹਰਿ ਹਰਿ ਰਾਮ ਦੀ ਕੀਰਤੀ ਨੂੰ ਮਨ ਵਿਚ ਧਾਰਨਾ ਕਰੋ।

ਹਰਿ ਹਰਿ ਨਾਮੁ ਪਵਿਤੁ ਹੈ ਮੇਰੀ ਜਿੰਦੁੜੀਏ
ਜਪਿ ਹਰਿ ਹਰਿ ਨਾਮੁ ਉਧਾਰੇ ਰਾਮ॥

ਹੇ ਮੇਰੀ ਜਿੰਦੇ! ਹਰਿ ਹਰਿ ਦਾ ਨਾਮ ਪਵਿੱਤਰ ਹੈ, ਜਿਸ ਨੇ ਹਰਿ ਹਰਿ ਨਾਮ ਜਪਿਆ ਹੈ ਉਸ ਨੂੰ ਰਾਮ ਨੇ ਸੰਸਾਰ ਸਮੁੰਦਰ ਤੋਂ ਤਾਰਿਆ ਹੈ।

ਸਭ ਕਿਲਵਿਖ ਪਾਪ ਦੁਖ ਕਟਿਆ ਮੇਰੀ ਜਿੰਦੁੜੀਏ
ਮਲੁ ਗੁਰਮੁਖਿ ਨਾਮਿ ਉਤਾਰੇ ਰਾਮ ॥

ਹੇ ਮੇਰੀ ਜਿੰਦੇ ! ਜਿਸ ਨੇ ਗੁਰਮੁਖਿ=ਗੁਰਾਂ ਦੁਆਰੇ ਰਾਮ ਨਾਮ ਨੂੰ ਜਪਕੇ ਰਾਗ ਦ੍ਵੈਸ਼,

ਅਥਵਾ:-ਈਰਖਾ ਰੂਪੀ ਮੈਲ ਨੂੰ ਉਤਾਰਿਆ ਹੈ, ਉਸ ਨੇ ਚਾਰੇ ਕਿਲਵਿਖਾਂ ਨੂੰ ਤੇ ਸਾਰਿਆਂ ਪਾਪਾਂ ਨੂੰ ਅੰਤੇ ਜਨਮ ਮਰਨ ਆਦਿਕ ਦੁੱਖਾਂ ਨੂੰ ਕੱਟ ਦਿੱਤਾ ਹੈ।

ਵਡ ਪੁੰਨੀ ਹਰਿ ਧਿਆਇਆ ਜਨ ਨਾਨਕ ਹਮ ਮੂਰਖ ਮੁਗਧ ਨਿਸਤਾਰੇ ਰਾਮ ॥੧ ॥

ਗੁਰੂ ਜੀ ਕਥਨ ਕਰਦੇ ਹਨ, ਵੱਡਿਆਂ ਪੁੰਨਾਂ ਕਰਕੇ ਜਿਸ ਨੇ ਹਰੀ ਰਾਮ ਨਾਮ ਨੂੰ ਧਿਆਇਆ ਹੈ, ਉਸ ਨੇ ਹਮ=ਅਸਾਂ ਵਰਗੇ ਮੁਗਧ=ਜੜ੍ਹ ਮੂਰਖਾਂ ਨੂੰ ਭੀ ਨਿਸਤਾਰੇ=ਤਾਰ ਲਿਆ ਹੈ॥ ੧ ॥

ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ ॥

ਹੇ ਮੇਰੀ ਜਿੰਦੇ ! ਜੋ ਪੁਰਸ਼ ਹਰੀ ਰਾਮ ਨੂੰ ਧਿਆਉਂਦੇ ਹਨ, ਰਾਮ ਦੀ ਕਿਰਪਾ ਨਾਲ ਪੰਜ ਗਿਆਨ ਇੰਦ੍ਰੀਏ, ਅਥਵਾ:-ਪੰਜ ਕਾਮ ਕ੍ਰੋਧ ਆਦਿਕ ਉਹਨਾਂ ਦੇ ਵਸਗਤਿ=ਵਸ ਵਿੱਚ ਆ ਗਏ ਹਨ।

ਅੰਤਰਿ ਨਵਨਿਧਿ ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥

ਹੇ ਮੇਰੀ ਜਿੰਦੇ! ਨੌਂ ਨਿੱਧਾਂ ਰੂਪ ਨਾਮ ਅੰਤਹ ਕਰਣ ਵਿਚ ਹੈ; ਪਰ, ਉਸ ਅਲੱਖ ਰਾਮ ਨੂੰ ਗੁਰੂ=ਪੂਜਨੀਕ ਪੂਰੇ ਸਤਿਗੁਰੂ ਹੀ ਲਖਾਉਂਦੇ (ਜਣਾਉਂਦੇ) ਹਨ।

ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੁੜੀਏ ਹਰਿ ਮਿਲਿਆ ਭੁਖ ਸਭ ਜਾਏ ਰਾਮ ॥

ਹੇ ਮੇਰੀ ਜਿੰਦੇ ! ਗੁਰਾਂ ਨੇ ਲੋਕ ਪ੍ਰਲੋਕ ਦੀ ਆਸਾ ਮਨਸਾ, ਅਥਵਾ:-ਮਨਸਾ=ਬੁੱਧੀ ਦੀ ਆਸਾ ਪੂਰੀ ਕਰ ਦਿੱਤੀ ਹੈ, ਅਤੇ ਹਰੀ ਰਾਮ ਦੇ ਮਿਲਿਆਂ ਹੀ ਸਾਰੀ ਭੁੱਖ ਚਲੀ ਗਈ ਹੈ।

ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਮੇਰੀ ਜਿੰਦੁੜੀਏ
ਜਨ ਨਾਨਕ ਹਰਿ ਗੁਣ ਗਾਏ ਰਾਮ ॥ ੨ ॥

ਹੇ ਮੇਰੀ ਜਿੰਦੇ ! ਜਿਨ੍ਹਾਂ ਦੇ ਮੱਥੇ ਉੱਪਰ ਧੁਰ ਤੋਂ ਹੀ ਹਰੀ ਪ੍ਰਭੂ ਨੇ ਸ਼ੁਭ ਲੇਖ ਲਿਖਿਆ ਸੀ, ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਜਨਾਂ ਨੇ ਹਰੀ ਰਾਮ ਦੇ ਗੁਣ ਗਾਏ ਹਨ॥ ੨ ॥

ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ ਪਰ ਦ੍ਰੋਹੀ ਠਗ ਮਾਇਆ ਰਾਮ ॥

ਹੇ ਮੇਰੀ ਜਿੰਦੇ ! ਅਸੀਂ ਪਾਪੀ ਬਲਵੰਚੀਆ=ਵਲ-ਛਲ ਕਰਕੇ ਠੱਗੀ ਕਰਨ ਵਾਲੇ ਹਾਂ, ਰਾਮ ਦੀ ਮਾਇਆ ਦੇ ਠੱਗੇ ਹੋਏ ਪਰ-ਦ੍ਰੋਹੀ=ਪ੍ਰਾਏ ਨਾਲ ਧਰੋਹ ਕਰਦੇ ਹਾਂ।

ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ ॥

ਹੇ ਮੇਰੀ ਜਿੰਦੇ ! ਵਡਭਾਗੀ ਪੁਰਸ਼ਾਂ ਨੇ ਗੁਰੂ ਨੂੰ ਪਾਇਆ ਹੈ, ਅਤੇ ਪੂਰਿਆਂ ਗੁਰਾਂ ਪਾਸੋਂ ਰਾਮ ਦੀ ਗਤਿ=ਪ੍ਰਾਪਤੀ ਦੀ ਮਿਤਿ=ਮਰਯਾਦਾ ਨੂੰ ਪਾਇਆ ਹੈ।

ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥

ਹੇ ਮੇਰੀ ਜਿੰਦੇ! ਮੈਂ ਮਰਦਾ ਸਾਂ, ਪਰ ਗੁਰੂ ਨੇ ਮੇਰੇ ਮੂੰਹ ਵਿਚ ਹਰੀ ਨਾਮ ਅੰਮ੍ਰਿਤ ਚੋਇਆ ਹੈ। ਵਾਰੰ-ਵਾਰ ਮਰਦੇ ਨੂੰ ਬਹੁੜਿ=ਮੁੜ ਜਿਵਾ ਲਿਆ ਹੈ।

ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ
ਤਿਨ ਕੇ ਸਭ ਦੁਖ ਗਵਾਇਆ ਰਾਮ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਮੇਰੀ ਜਿੰਦੇ ! ਜੋ ਪੁਰਸ਼ ਸਤਿਗੁਰਾਂ ਨਾਲ ਮਿਲੇ ਹਨ ਰਾਮ ਨੇ ਉਹਨਾਂ ਦੇ ਸਾਰੇ ਦੁੱਖ ਦੂਰ ਕਰ ਦਿੱਤੇ ਹਨ॥ ੩ ॥

ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਜਿਤੁ ਜਪਿਐ ਪਾਪ ਗਵਾਤੇ ਰਾਮ ॥

ਹੇ ਮੇਰੀ ਜਿੰਦੇ ! ਹਰੀ ਨਾਮ ਅਤਿ=ਵੱਡਾ ਉੱਤਮ ਹੈ, ਜਿਸ ਰਾਮ ਨਾਮ ਦੇ ਜਪਣ ਕਰਕੇ ਸਾਰੇ ਪਾਪ ਗਵਾਤੇ=ਦੂਰ ਹੋ ਜਾਂਦੇ ਹਨ।

ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ ॥

ਹੇ ਮੇਰੀ ਜਿੰਦੇ ! ਹਰੀ ਸਰੂਪ ਗੁਰਾਂ ਨੇ ਹਰੀ ਨਾਮ ਦੇ ਕੇ ਜਿਨ੍ਹਾਂ ਪਾਪੀਆਂ ਨੂੰ ਪਵਿੱਤਰ ਕੀਤਾ ਹੈ, ਉਹ ਚਹੁ ਕੁੰਡੀ=ਦਿਸ਼ਾਂ ਤੇ ਚੌਹਾਂ ਜੁਗਾਂ ਵਿਚ ਜਾਤੇ=ਜਾਣੇ ਗਏ ਹਨ।

ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥

ਹੇ ਮੇਰੀ ਜਿੰਦੇ ! ਹਰਿ ਹਰਿ ਦਾ ਜੋ ਸਤਸੰਗ ਰੂਪੀ ਅੰਮ੍ਰਿਤ ਸਰੋਵਰ ਹੈ ਰਾਮ ਨਾਮ ਰੂਪੀ ਜਲ ਨਾਲ ਭਰਿਆ ਹੋਇਆ ਉਸ ਵਿਚ ਇਸ਼ਨਾਨ ਕਰਨ ਨਾਲ ਸਾਰੀ ਹਉਮੈ ਰੂਪੀ ਮੈਲ ਉਤਰ ਜਾਂਦੀ ਹੈ।

ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ
ਜਨ ਨਾਨਕ ਖਿਨੁ ਹਰਿ ਰਾਤੇ ਰਾਮ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੇ ! ਉਹ ਅਪਰਾਧੀ ਤੇ ਪਾਪੀ ਭੀ ਸੰਸਾਰ ਸਮੁੰਦਰ ਤੋਂ ਤਰ ਗਏ ਹਨ, ਜਿਹੜੇ ਜਨ ਇੱਕ ਖਿਨ ਭਰ ਚਿੱਤ ਬਿਰਤੀ ਦੀ ਇਕਾਗਰਤਾ ਨਾਲ ਹਰੀ ਰਾਮ ਨਾਲ ਰਾਤੇ=ਤਦਾਕਾਰ ਹੋਏ ਹਨ॥ ੪ ॥ ੩ ॥

ਯਥਾ:- ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥ ੧੦੫ ॥ (ਦਸਮ ਗ੍ਰੰਥ, ਪੰਨਾ ੧੨)

ਬਿਹਾਗੜਾ ਮਹਲਾ ੪ ॥

ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ ॥

ਹੇ ਮੇਰੀ ਜਿੰਦੇ ! ਮੈਂ ਉਹਨਾਂ ਤੋਂ ਬਲਿਹਾਰੇ ਜਾਂਦਾ ਹਾਂ, ਜਿਨ੍ਹਾਂ ਨੂੰ ਹਰਿ ਹਰਿ ਨਾਮ ਦਾ ਹੀ ਅਧਾਰੋ=ਆਸਰਾ ਹੈ।

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ
ਬਿਖੁ ਭਉਜਲੁ ਤਾਰਣਹਾਰੋ ਰਾਮ॥

ਹੇ ਮੇਰੀ ਜਿੰਦੇ ! ਗੁਰਿ=ਪੂਜਨੀਕ ਸਤਿਗੁਰਾਂ ਨੇ ਉਹ ਨਾਮ ਦ੍ਰਿੜ੍ਹ ਕਰਵਾਇਆ ਹੈ, ਜੋ ਰਾਮ ਨਾਮ, ਬਿਖੁ=ਜ਼ਹਿਰ ਰੂਪ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ।

ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ ਤਿਨ ਸੰਤ ਜਨਾ ਜੈਕਾਰੋ ਰਾਮ॥

ਹੇ ਮੇਰੀ ਜਿੰਦੇ ! ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਹਰੀ ਰਾਮ ਨਾਮ ਨੂੰ ਧਿਆਉਣਾ ਕੀਤਾ ਹੈ, ਮੈਂ ਉਹਨਾਂ ਸੰਤ ਜਨਾਂ ਨੂੰ ਜੈਕਾਰੋ=ਨਮਸ਼ਕਾਰ ਕਰਦਾ ਹਾਂ।

(ਪੰਨਾ ੫੪੦)

ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ
ਸਭਿ ਦੂਖ ਨਿਵਾਰਣਹਾਰੋ ਰਾਮ॥ ੧॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੇ! ਮੈਂ ਹਰੀ ਨਾਮ ਨੂੰ ਜਪਕੇ ਸੁਖ ਪਾਇਆ ਹੈ, ਜੋ ਰਾਮ ਨਾਮ ਸਾਰਿਆਂ ਦੁੱਖਾਂ ਦੇ ਨਿਵਿਰਤ ਕਰਨ ਵਾਲਾ ਹੈ॥ ੧॥

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥

ਹੇ ਮੇਰੀ ਜਿੰਦੇ ! ਉਹ ਜੀਭ ਧੰਨ ਤੋਂ ਧੰਨ ਹੈ, ਜੋ ਹਰਿ ਹਰਿ ਰਾਮ ਪ੍ਰਭੂ ਕੇਰੇ=ਦੇ ਗੁਣ ਗਾਉਂਦੀ ਹੈ।

ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥

ਹੇ ਮੇਰੀ ਜਿੰਦੇ ! ਤੇਰੇ ਉਹ ਸਰਵਨ=ਕੰਨ ਭਲੇ=ਚੰਗੇ ਤੇ ਸੋਭਨੀਕ=ਸ਼ੋਭਾ ਵਾਲੇ ਹਨ, ਜੋ ਹਰਿ ਹਰਿ ਰਾਮ ਦੇ ਕੀਰਤਨ ਨੂੰ ਸੁਣਦੇ ਹਨ। ਅਥਵਾ-ਹਰ ਵੇਲੇ ਜੋ ਤਿਸ ਹਰੀ ਰਾਮ ਦੇ ਕੀਰਤਨ ਨੂੰ ਸੁਣਦੇ ਹਨ।

ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ॥

ਹੇ ਮੇਰੀ ਜਿੰਦੇ ! ਉਹ ਸਿਰ ਚੰਗਾ ਤੇ ਪਵਿੱਤ੍ਰ ਹੈ, ਜੋ ਰਾਮ ਸਰੂਪ ਗੁਰਾਂ ਦੇ ਚਰਨਾਂ ਨਾਲ ਲੱਗਦਾ ਹੈ।

ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ
ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ॥ ੨॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੇ ! ਮੈਂ ਆਪਣੇ ਗੁਰੂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਗੁਰਾਂ ਨੇ ਹਰਿ ਹਰਿ ਦੇ ਰਾਮ ਨਾਮ ਨੂੰ ਯਾਦ ਕੀਤਾ ਹੈ।

ਅਥਵਾ:-ਜਿਨ੍ਹਾਂ ਗੁਰਾਂ ਦੁਆਰੇ ਆਪ ਨੇ ਹਰਿ ਹਰਿ ਰਾਮ ਦੇ ਨਾਮ ਨੂੰ ਯਾਦ ਕੀਤਾ ਹੈ॥ ੨॥

ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥

ਹੇ ਮੇਰੀ ਜਿੰਦੇ ! ਉਹ ਨੇਤ੍ਰ=ਅੱਖਾਂ ਚੰਗੀਆਂ ਤੇ ਪ੍ਰਮਾਨੀਕ ਹਨ, ਜੋ ਅੱਖਾਂ ਰਾਮ ਰੂਪ ਸੰਤਾਂ ਦੇ ਅਤੇ ਸਤਿਗੁਰਾਂ ਦੇ ਦਰਸ਼ਨ ਨੂੰ ਵੇਖਦੀਆਂ ਹਨ।

ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ
ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥

ਹੇ ਮੇਰੀ ਜਿੰਦੇ ! ਉਹ ਹਸਤ=ਹੱਥ ਪਵਿੱਤ੍ਰ ਤੋਂ ਪਵਿੱਤ੍ਰ ਹਨ, ਜੋ ਹੱਥ ਹਰੀ ਜੋ ਹਰ ਇੱਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਹੈ ਉਸ ਰਾਮ ਦੇ ਜਸ ਨੂੰ ਲਿਖਦੇ ਹਨ।

ਅਥਵਾ: ਜੋ ਹੱਥ ਹਰੀ ਜਸ ਨੂੰ ਅਤੇ ਹਰਿ ਹਰਿ ਦੇ ਰਾਮ ਨਾਮ ਨੂੰ ਲਿਖਦੇ ਹਨ।

ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ
ਜੋ ਮਾਰਗਿ ਧਰਮ ਚਲੇਸਹਿ ਰਾਮ ॥

ਹੇ ਮੇਰੀ ਜਿੰਦੇ ! ਉਸ ਪੁਰਸ਼ ਦੇ ਚਰਨ ਨਿਤਾਪ੍ਰਤੀ ਪੂਜਣੇ ਚਾਹੀਦੇ ਹਨ, ਜੋ ਚਰਨ ਰਾਮ ਦੀ ਪ੍ਰਾਪਤੀ ਵਾਸਤੇ ਧਰਮ ਦੇ ਰਸਤੇ ਵਿਚ ਚਲੇਸਹਿ=ਚੱਲਦੇ ਹਨ।

ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ
ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੇ ! ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ, ਜੋ ਹਰੀ ਨਾਮ ਨੂੰ ਸੁਣਦੇ ਹਨ, ਤੇ ਹਰੀ ਨਾਮ ਨੂੰ ਮਨੇਸਹਿ=ਮੰਨਣ ਕਰਦੇ ਹਨ॥ ੩ ॥

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥

ਹੇ ਮੇਰੀ ਜਿੰਦੇ! ਜਿੰਨੇ - ਕੁ ਜੀਵ ਧਰਤੀ, ਪਤਾਲ ਤੇ ਅਕਾਸ਼ ਵਿਚ ਹਨ, ਉਹ ਸਾਰੇ ਹੀ ਹਰਿ ਹਰਿ ਦੇ ਰਾਮ ਨਾਮ ਨੂੰ ਧਿਆਉਂਦੇ ਹਨ।

ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥

ਹੇ ਮੇਰੀ ਜਿੰਦੇ! ਪੌਣ ਦੇਵਤਾ ਨਿਤਾਪ੍ਰਤੀ ਹਰੀ ਜਸ ਨੂੰ ਗਾਂਵਦਾ ਹੈ, ਪਾਣੀ ਭੀ ਨਿਤਾਪ੍ਰਤੀ ਹਰਿ ਜਸ ਨੂੰ ਗਾਂਵਦਾ ਹੈ, ਬੈਸੰਤਰੋ=ਅਗਨ ਦੇਵਤਾ ਭੀ ਨਿਤਾਪ੍ਰਤੀ ਹਰੀ ਰਾਮ ਦੇ ਜਸ ਨੂੰ ਗਾਂਵਦਾ ਹੈ।

ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ
ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥

ਹੇ ਮੇਰੀ ਜਿੰਦੇ ! ਵਣੁ+ਤ੍ਰਿਣੁ=ਸਥੂਲ ਸੂਖਮ ਜਿਤਨਾ-ਕੁ ਆਕਾਰੁ ਹੈ ਉਹ ਸਾਰਾ ਹੀ ਮੂੰਹ ਨਾਲ ਹਰਿ ਹਰਿ ਦੇ ਰਾਮ ਨਾਮ ਨੂੰ ਧਿਆਉਂਦਾ ਹੈ।

ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ
ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੇ! ਜੋ ਗੁਰਮੁਖ ਪੁਰਸ਼ ਗੁਰਾਂ ਦੁਆਰੇ ਰਾਮ ਦੀ ਭਗਤੀ ਵਿਚ ਮਨ ਨੂੰ ਲਾਉਂਦਾ ਹੈ ਉਹ ਪੁਰਸ਼ ਹਰੀ ਦੀ ਦਰਗਹ ਵਿਚ ਪੈਨ੍ਹਾਇਆ=ਵਡਿਆਇਆ ਜਾਂਦਾ ਹੈ।

ਅਥਵਾ: ਦਰਗਾਹ ਵਿੱਚ ਹਰੀ ਉਸ ਨੂੰ ਜਸ ਰੂਪੀ ਪੁਸ਼ਾਕ ਪਹਿਨਾਂਵਦਾ ਹੈ॥ ੪॥ ੪॥

ਬਿਹਾਗੜਾ ਮਹਲਾ ੪ ॥

ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ
ਤੇ ਮਨਮੁਖ ਮੂੜ ਇਆਣੇ ਰਾਮ ॥

ਹੇ ਮੇਰੀ ਜਿੰਦੇ ! ਜਿਨ੍ਹਾਂ ਨੇ ਹਰਿ ਹਰਿ ਨਾਮ ਦਾ ਸਿਮਰਨ ਨਹੀਂ ਕੀਤਾ, ਉਹ ਮਨਮੁਖ ਮੂਰਖ ਰਾਮ ਤੋਂ ਭੁੱਲੇ ਹੋਏ ਇਆਣੇ=ਅਗਿਆਤ ਭਾਵ ਬੇ-ਸਮਝ ਹਨ।

ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਅੰਤਿ ਗਏ ਪਛੁਤਾਣੇ ਰਾਮ ॥

ਹੇ ਮੇਰੀ ਜਿੰਦੇ ! ਜੋ ਪੁਰਸ਼ ਮਾਇਆ ਦੇ ਮੋਹ ਵਿਚ ਚਿੱਤ ਨੂੰ ਲਗਾਂਵਦੇ ਹਨ, ਉਹ ਰਾਮ ਤੋਂ ਭੁੱਲੇ ਹੋਏ ਅੰਤ ਸਮੇਂ ਪਛਤਾਉਂਦੇ ਹੋਏ ਜਗਤ ਤੋਂ ਚਲੇ ਗਏ ਹਨ।

ਹਰਿ ਦਰਗਹ ਢੋਈ ਨਾ ਲਹਨ੍ਹਿ ਮੇਰੀ ਜਿੰਦੁੜੀਏ ਜੋ ਮਨਮੁਖ ਪਾਪਿ ਲੁਭਾਣੇ ਰਾਮ ॥

ਹੇ ਮੇਰੀ ਜਿੰਦੇ! ਉਹ ਪੁਰਸ਼ ਹਰੀ ਦੀ ਦਰਗਾਹ ਵਿੱਚ ਢੋਈ=ਜਗ੍ਹਾ ਅਥਵਾ: ਆਸਰਾ ਨਹੀਂ ਲਹਨ੍ਹਿ=ਲੈਂਦੇ ਜੋ ਮਨਮੁਖ ਰਾਮ ਤੋਂ ਭੁੱਲੇ ਹੋਏ ਪਾਪ ਕਰਮਾਂ ਵਿਚ ਲੁਭਾਏਮਾਨ ਹਨ।

ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ
ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੀ ਜਿੰਦੇ ! ਜੋ ਪੁਰਸ਼ ਗੁਰਾਂ ਨਾਲ ਮਿਲਕੇ ਹਰੀ ਨਾਮ ਨੂੰ ਜਪਕੇ ਹਰੀ ਰਾਮ ਨਾਮੀ ਵਿੱਚ ਸਮਾਣੇ=ਅਭੇਦ ਹੋਏ ਹਨ, ਉਹ ਜਮਾਂ ਦੀ ਤਾੜਨਾ ਤੋਂ ਉਬਰੇ=ਬਚ ਗਏ ਹਨ॥ ੧॥

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥

ਹੇ ਮੇਰੇ ਭਾਈ ! ਤੁਸੀਂ ਸਾਰੇ ਉਸ ਸਤਿਗੁਰੂ ਨੂੰ ਜਾਕੇ ਮਿਲੋ, ਜੋ ਗੁਰੂ ਹਰਿ ਹਰਿ ਦੇ ਰਾਮ ਨਾਮ ਨੂੰ ਦ੍ਰਿੜ੍ਹਾਉਂਦੇ ਹਨ।

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥

ਹੇ ਮੇਰੇ ਭਾਈ ! ਹਰੀ ਨਾਮ ਨੂੰ ਜਪਦਿਆਂ ਹੋਇਆਂ ਇੱਕ ਖਿਨ ਭਰ ਵੀ ਢਿਲ=ਦੇਰੀ ਨਹੀਂ ਕਰਣੀ

ਚਾਹੀਦੀ, ਕਿਉਂਕਿ ਮਤੁ=ਮਤਾਂ ਕੀ ਜਾਪੈ=ਜਾਣੀਏ, ਦੂਜਾ ਸਾਹੁ=ਸ੍ਵਾਸ ਆਉਣਾ ਹੈ ਜਾਂ ਨਹੀਂ ਆਉਣਾ।

ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ
ਜਿਤੁ ਹਰਿ ਮੇਰਾ ਚਿਤਿ ਆਵੈ ਰਾਮ॥

ਹੇ ਮੇਰੇ ਭਾਈ! ਉਹ ਵੇਲਾ, ਉਹ ਮੂਰਤੁ=ਦੋ ਘੜੀਆਂ, ਉਹ ਇੱਕ ਘੜੀ, ਉਹ ਮੁਹਤੁ=ਅੱਧੀ ਘੜੀ ਸਫਲ ਹੈ, ਜਿਸ ਵਿਚ ਮੇਰਾ ਹਰੀ ਰਾਮ ਚੇਤੇ ਆਉਂਦਾ ਹੈ।

ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ
ਜਮਕੰਕਰੁ ਨੇੜਿ ਨ ਆਵੈ ਰਾਮ॥ ੨॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਭਾਈ ! ਜਿਨ੍ਹਾਂ ਨੇ ਰਾਮ ਨਾਮ ਨੂੰ ਧਿਆਉਣਾ ਕੀਤਾ ਹੈ। ਉਨ੍ਹਾਂ ਦੇ ਨੇੜੇ ਜਮਦੂਤ ਆਉਂਦਾ ਨਹੀਂ ਹੈ॥ ੨॥

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ
ਸੋ ਡਰੈ ਜਿਨਿ ਪਾਪ ਕਮਤੇ ਰਾਮ॥

ਹੇ ਮੇਰੇ ਭਾਈ ! ਹਰੀ ਸਭ ਕੁਝ ਵੇਖਦਾ ਤੇ ਸੁਣਦਾ ਹੈ, ਪਰ ਡਰਦਾ ਉਹ ਹੈ ਜਿਸ ਨੇ ਪਾਪ, ਕਮਤੇ=(ਕਮੱਤੇ) ਕਮਾਏ ਹਨ।

ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ
ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥

ਹੇ ਮੇਰੇ ਭਾਈ ! ਜਿਸ ਦਾ ਹਿਰਦਾ ਅੰਦਰੋਂ ਸ਼ੁੱਧ ਹੈ, ਉਸ ਪੁਰਸ਼ ਨੇ ਰਾਮ ਦੀ ਕਿਰਪਾ ਨਾਲ ਸਾਰੇ ਡਰ ਆਪਣੇ ਹਿਰਦੇ ਵਿੱਚੋਂ ਬਾਹਰ ਸੁੱਟ ਘਤੇ=ਦਿੱਤੇ ਹਨ।

(ਪੰਨਾ ੫੪੧) ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ
ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ॥

ਹੇ ਮੇਰੇ ਭਾਈ ! ਜਿਨ੍ਹਾਂ ਦਾ ਮਨ ਹਰੀ ਨਿਰਭਉ ਦੇ ਰਾਮ ਨਾਮ ਵਿੱਚ ਪਤੀਜ ਗਿਆ ਹੈ, ਉਹਨਾਂ ਦੇ ਸਾਰੇ ਦੁਸ਼ਟ ਕੁਪੱਤੇ ਝਖਾਂ ਮਾਰਦੇ ਹਨ ਭਾਵ ਨਿੰਦਿਆ ਕਰਦੇ ਹਨ ਪਰ ਉਹਨਾਂ ਦਾ ਵਿਗਾੜ ਕੁਝ ਨਹੀਂ ਕਰ ਸਕਦੇ। ਪਾਠ:-''ਕੁਪੱਤੇ'' ਬੋਲੋ॥

ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ
ਜਿਨਿ ਪੈਰੀ ਆਣਿ ਸਭਿ ਘਤੇ ਰਾਮ॥ ੩॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਭਾਈ ! ਅਸਾਂ ਨੇ ਪੂਰਿਆਂ ਗੁਰਾਂ ਨੂੰ ਸੇਵਨਾ ਕੀਤਾ ਹੈ। ਜਿਸ ਨੇ ਸਾਰੇ ਨਿੰਦਕ ਦੁਸ਼ਟ ਅਸਾਡੇ ਪੈਰੀਂ ਲਿਆ ਘਤੇ=ਪਾਏ ਹਨ॥ ੩॥

ਸੋ ਐਸਾ ਹਰਿ ਨਿਤ ਸੇਵੀਐ ਮੇਰੀ ਜਿੰਦੁੜੀਏ ਜੋ ਸਭ ਦੂ ਸਾਹਿਬੁ ਵਡਾ ਰਾਮ ॥

ਹੇ ਮੇਰੇ ਭਾਈ ! ਉਸ ਐਸੇ ਹਰੀ ਨੂੰ ਨਿਤਾਪ੍ਰਤੀ ਸੇਵਨਾ ਕਰੀਏ, ਜੋ ਰਾਮ ਸਾਰਿਆਂ ਤੋਂ ਵੱਡਾ ਸਾਹਿਬ ਹੈ।

ਜਿਨ੍ੀ ਇਕ ਮਨਿ ਇਕੁ ਅਰਾਧਿਆ ਮੇਰੀ ਜਿੰਦੁੜੀਏ
ਤਿਨਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ ॥

ਹੇ ਮੇਰੇ ਭਾਈ ! ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਇੱਕ ਵਾਹਿਗੁਰੂ ਨੂੰ ਆਰਾਧਿਆ ਹੈ, ਰਾਮ ਦੀ ਕਿਰਪਾ ਕਰਕੇ ਉਹਨਾਂ ਨੂੰ ਕਿਸੇ ਦੀ ਕੁਝ ਚਡਾ=ਪ੍ਰਵਾਹ, ਅਥਵਾ:-ਚਾਹ ਨਹੀਂ ਹੈ।

ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ
ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ ॥

ਹੇ ਮੇਰੇ ਭਾਈ! ਜਿਨ੍ਹਾਂ ਨੇ ਗੁਰਾਂ ਦੀ ਸੇਵਾ ਕੀਤੀ ਹੈ ਉਹਨਾਂ ਨੇ ਹਰੀ ਦੇ ਮਹਲੁ=ਸਰੂਪ ਨੂੰ ਪਾਇਆ ਹੈ, ਰਾਮ ਤੋਂ ਭੁੱਲੇ ਹੋਏ ਸਾਰੇ ਨਿੰਦਕ ਘੰਡਾ=ਮੂਰਖ ਝਖ=ਗੱਪਾਂ ਨੂੰ ਮਾਰਦੇ ਹਨ, ਪਰ ਉਹਨਾਂ ਦਾ ਕੁਝ ਵਿਗਾੜ ਨਹੀਂ ਕਰ ਸਕਦੇ।

ਜਨ ਨਾਨਕੁ ਨਾਮੁ ਧਿਆਇਆ ਮੇਰੀ ਜਿੰਦੁੜੀਏ
ਧੁਰਿ ਮਸਤਕਿ ਹਰਿ ਲਿਖਿ ਛਡਾ ਰਾਮ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਭਾਈ! ਉਹਨਾਂ ਗੁਰਮੁਖ ਜਨਾਂ ਨੇ ਨਾਮ ਨੂੰ ਧਿਆਉਣਾ ਕੀਤਾ ਹੈ, ਜਿਨ੍ਹਾਂ ਦੇ ਮੱਥੇ ਉੱਪਰ ਧੁਰ ਤੋਂ ਹੀ ਹਰੀ ਰਾਮ ਨੇ ਸ਼ੁਭ ਕਰਮਾਂ ਦਾ ਲੇਖ ਲਿਖ ਛਡਾ=ਛੱਡਿਆ ਹੈ॥ ੪॥ ੫ ॥

ਬਿਹਾਗੜਾ ਮਹਲਾ ੪ ॥

ਸਭਿ ਜੀਅ ਤੇਰੇ ਤੂੰ ਵਰਤਦਾ ਮੇਰੇ ਹਰਿ ਪ੍ਰਭ ਤੂੰ ਜਾਣਹਿ ਜੋ ਜੀਇ ਕਮਾਈਐ ਰਾਮ ॥

ਹੇ ਮੇਰੇ ਹਰੀ ਪ੍ਰਭੂ! ਸਾਰੇ ਜੀਵ ਤੇਰੇ ਬਣਾਏ ਹੋਏ ਹਨ, ਤੂੰ ਸਾਰਿਆਂ ਦੇ ਵਿਚ ਵਰਤਦਾ ਹੈਂ, ਹੇ ਰਾਮ ! ਇਹ ਜੀਵ ਜੋ ਕੁਝ ਭੀ ਕਮਾਂਵਦੇ ਹਨ ਉਹ ਸਭ ਕੁਝ ਤੂੰ ਜਾਣਦਾ ਹੈਂ।

ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ
ਸਭ ਵੇਖੈ ਮਨਿ ਮੁਕਰਾਈਐ ਰਾਮ ॥

ਹੇ ਮੇਰੇ ਭਾਈ ! ਅੰਦਰ ਭੀ ਤੇ ਬਾਹਰ ਭੀ ਹਰੀ ਨਾਲੇ ਵਸਦਾ ਹੈ, ਰਾਮ ਤਾਂ ਸਭ ਕੁਝ ਵੇਖਦਾ ਹੈ ਪਰ ਇਹ ਮਨਿ=ਜੀਵ ਮੁਕਰਾਈਐ=ਮੁਕਰ ਜਾਂਦਾ ਹੈ।

ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ ਸਭ ਬਿਰਥੀ ਘਾਲ ਗਵਾਈਐ ਰਾਮ ॥

ਹੇ ਮੇਰੇ ਭਾਈ ! ਮਨਮੁਖਾਂ ਨੂੰ ਹਰੀ ਦਾ ਮਿਲਣਾ ਦੂਰ ਹੈ, ਉਹਨਾਂ ਦੀ ਘਾਲ=ਕਮਾਈ ਕੀਤੀ ਹੋਈ ਰਾਮ ਨੇ ਸਾਰੀ ਵਿਅਰਥ ਗੁਆ ਦਿੱਤੀ ਹੈ। ਅਥਵਾ:-ਉਹਨਾਂ ਮਨਮੁਖਾਂ ਨੇ ਆਪਣੀ ਸਾਰੀ ਉਮਰਾ "ਬਿਰਥੀ ਘਾਲਾ"=ਨਿਕੰਮੇ ਕੰਮਾਂ ਵਿਚ ਗੁਆ ਲਈ ਹੈ।

ਜਨ ਨਾਨਕ ਗੁਰਮੁਖਿ ਧਿਆਇਆ ਮੇਰੀ ਜਿੰਦੁੜੀਏ
ਹਰਿ ਹਾਜਰੁ ਨਦਰੀ ਆਈਐ ਰਾਮ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਭਾਈ ! ਜਿਨ੍ਹਾਂ ਗੁਰਮੁਖਾਂ ਨੇ ਨਾਮ ਜਪਿਆ ਹੈ, ਉਹਨਾਂ ਨੂੰ ਹਰੀ ਰਾਮ ਹਾਜਰੁ ਨਦਰੀ=ਪ੍ਰਤੱਖ ਨਿਗਾਹ ਆਇਆ ਹੈ॥ ੧ ॥

ਸੇ ਭਗਤ ਸੇ ਸੇਵਕ ਮੇਰੀ ਜਿੰਦੁੜੀਏ ਜੋ ਪ੍ਰਭ ਮੇਰੇ ਮਨਿ ਭਾਣੇ ਰਾਮ ॥

ਹੇ ਮੇਰੇ ਭਾਈ ! ਜੋ ਮੇਰੇ ਰਾਮ ਪ੍ਰਭੂ ਦੇ ਮਨ ਨੂੰ ਭਾਣੇ=ਭਾ ਗਏ ਹਨ, ਓਹੀ ਅਸਲ ਭਗਤ ਹਨ, ਓਹੀ ਸੱਚੇ ਸੇਵਕ ਹਨ।

ਸੇ ਹਰਿ ਦਰਗਹ ਪੈਨਾਇਆ ਮੇਰੀ ਜਿੰਦੁੜੀਏ ਅਹਿਨਿਸਿ ਸਾਚਿ ਸਮਾਣੇ ਰਾਮ ॥

ਹੇ ਮੇਰੇ ਭਾਈ ! ਜੋ ਗੁਰਮੁਖ ਦਿਨ-ਰਾਤ ਸੱਚ ਵਿੱਚ ਸਮਾਏ ਰਹਿੰਦੇ ਹਨ, ਓਹਨਾਂ ਨੂੰ ਹਰੀ ਨੇ ਪ੍ਰਲੋਕ ਦਰਗਾਹ ਵਿੱਚ ਜਸ ਦਾ ਸਿਰੋਪਾ ਪਹਿਨਾਣਾ ਕੀਤਾ ਹੈ।

ਤਿਨ ਕੈ ਸੰਗਿ ਮਲੁ ਉਤਰੈ ਮੇਰੀ ਜਿੰਦੁੜੀਏ ਰੰਗਿ ਰਾਤੇ ਨਦਰਿ ਨੀਸਾਣੇ ਰਾਮ ॥

ਹੇ ਮੇਰੇ ਭਾਈ ! ਉਹਨਾਂ ਦੇ ਸਤ-ਸੰਗ ਵਿੱਚ ਬੈਠਣ ਕਰਕੇ ਪਾਪਾਂ ਦੀ ਮੈਲ ਲਹਿ ਜਾਂਦੀ ਹੈ, ਜੋ ਪ੍ਰੇਮ ਵਿੱਚ ਰਾਤੇ=ਰੰਗੇ ਹੋਏ ਹਨ ਉਹ ਨਦਰਿ=ਨਦਰੀ ਪਰਮਾਤਮਾ ਨੂੰ ਨੀਸਾਣੇ=ਪ੍ਰਗਟ ਜਾਣਦੇ ਹਨ।

ਅਥਵਾ:-ਜੋ ਰੰਗਿ=ਪ੍ਰੇਮ ਵਿੱਚ ਰੱਤੇ ਹਨ ਉਹਨਾਂ ਉੱਤੇ ਰਾਮ ਦੀ ਨਦਰਿ ਨੀਸਾਣੇ=ਕ੍ਰਿਪਾ ਦ੍ਰਿਸ਼ਟੀ ਹੋਈ ਹੈ।

ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ ਮਿਲਿ ਸਾਧੂ ਸੰਗਿ ਅਘਾਣੇ ਰਾਮ ॥੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਭਾਈ ! ਇਸ ਤਰ੍ਹਾਂ ਕਹੋ ਕਿ "ਹੇ ਪ੍ਰਭੂ ਮੈਂ ਦਾਸ ਦੀ ਆਪ ਜੀ ਅੱਗੇ ਬੇਨਤੀ ਹੈ, ਮੈਨੂੰ ਸੰਤਾਂ ਦਾ ਸਤ-ਸੰਗ ਮਿਲੇ ਜਿਸ ਕਰਕੇ ਰਾਮ ਨਾਮ ਨੂੰ ਜਪਕੇ ਅਘਾਣੇ=ਤ੍ਰਿਪਤ ਹੋਵਾਂ। ਭਾਵ-ਸੱਤ-ਪੁਰਸ਼ਾਂ ਦੀ ਸੰਗਤ ਦੁਆਰੇ ਨਾਮ ਦਾ ਜਾਪ ਕਰਕੇ ਮੈਨੂੰ ਸੰਤੋਖ ਦੀ ਪ੍ਰਾਪਤੀ ਹੋਵੇ" ॥ ੨ ॥

ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ ॥

ਹੇ ਮੇਰੇ ਭਾਈ ! ਰਸਨਾਂ ਨਾਲ ਗੋਬਿੰਦੋ=ਗੋਬਿੰਦ ਨੂੰ ਜਪਣਾ ਕਰ, ਹਰਿ ਹਰਿ ਰਾਮ ਦੇ ਜਪਿਆਂ ਤੇਰੀ ਸਭ ਤ੍ਰਿਸ਼ਨਾਂ ਦੂਰ ਹੋ ਜਾਏਗੀ।

ਜਿਸੁ ਦਇਆ ਕਰੇ ਮੇਰਾ ਪਾਰਬ੍ਰਹਮੁ ਮੇਰੀ ਜਿੰਦੁੜੀਏ
ਤਿਸੁ ਮਨਿ ਨਾਮੁ ਵਸਾਏ ਰਾਮ ॥

ਹੇ ਮੇਰੇ ਭਾਈ ! ਜਿਸ ਉੱਤੇ ਮੇਰਾ ਪਾਰਬ੍ਰਹਮ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਸ ਦੇ ਮਨ ਵਿਚ ਰਾਮ ਨਾਮ ਵਸਾਏ=ਵਸਾਂਵਦਾ ਹੈ।

ਜਿਸੁ ਭੇਟੇ ਪੂਰਾ ਸਤਿਗੁਰੂ ਮੇਰੀ ਜਿੰਦੁੜੀਏ ਸੋ ਹਰਿ ਧਨੁ ਨਿਧਿ ਪਾਏ ਰਾਮ ॥

ਹੇ ਮੇਰੇ ਭਾਈ ! ਜਿਸ ਨੂੰ ਪੂਰੇ ਬ੍ਰਹਮ ਨੇਸ਼ਟੀ ਗੁਰੂ ਭੇਟੇ=ਮਿਲਦੇ ਹਨ, ਉਹ ਹਰੀ ਰਾਮ ਨਾਮ ਧਨ ਰੂਪ ਨਿਧਿ=ਖਜ਼ਾਨੇ ਨੂੰ ਪਾਉਂਦਾ ਹੈ।

ਵਡਭਾਗੀ ਸੰਗਤਿ ਮਿਲੈ ਮੇਰੀ ਜਿੰਦੁੜੀਏ ਨਾਨਕ ਹਰਿ ਗੁਣ ਗਾਏ ਰਾਮ ॥ ੩ ॥

ਗੁਰੂ ਜੀ ਕਥਨ ਕਰਦੇ ਹਨ- ਹੇ ਮੇਰੇ ਭਾਈ ! ਵਡਭਾਗੀਆਂ ਨੂੰ ਸਤਸੰਗਤ ਮਿਲਦੀ ਹੈ, ਇਸੀ ਤੇ ਵਡਭਾਗੀ ਪੁਰਸ਼ ਹਰੀ ਰਾਮ ਦੇ ਗੁਣ ਗਾਉਂਦੇ ਹਨ॥ ੩ ॥

ਯਥਾ:-ਵਡੈ ਭਾਗਿ ਪਾਇਆ ਸਾਧਸੰਗੁ॥ ਪਾਰਬ੍ਰਹਮ ਸਿਉ ਲਾਗੋ ਰੰਗੁ॥ ੧ ॥ (ਪੰਨਾ ੧੭੮)

ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ ਪਾਰਬ੍ਰਹਮੁ ਪ੍ਰਭੁ ਦਾਤਾ ਰਾਮ ॥

ਹੇ ਮੇਰੇ ਭਾਈ ! ਸਾਰਿਆਂ ਦਾ ਦਾਤਾ ਪ੍ਰਭੂ ਪਾਰਬ੍ਰਹਮ ਰਾਮ ਸ਼ਭ ਅਸਥਾਨਾਂ ਉੱਪਰ ਤੇ ਸਭ ਥਾਵਾਂ ਅੰਦਰ ਰਹਿਣ ਵਾਲਿਆਂ ਜੀਵਾਂ ਵਿਚ ਰਵਿ ਰਹਿਆ=ਵਿਆਪਕ ਹੋ ਰਿਹਾ ਹੈ।

ਤਾ ਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ ਪੂਰਨ ਪੁਰਖੁ ਬਿਧਾਤਾ ਰਾਮ ॥

ਹੇ ਮੇਰੇ ਭਾਈ ! ਉਸ ਪ੍ਰਭੂ ਦਾ ਅੰਤ ਨਹੀਂ ਪਾਇਆ ਜਾਂਦਾ, ਜੋ ਰਾਮ ਬਿਧਾਤਾ=ਫਲ-ਬਰ ਦਾਤਾ ਪੂਰਨ ਪੁਰਖ ਹੈ।

ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ ਜਿਉ ਬਾਲਕ ਪਿਤ ਮਾਤਾ ਰਾਮ ॥

ਹੇ ਮੇਰੇ ਭਾਈ ! ਉਹ ਪਰਮਾਤਮਾ ਸਾਰਿਆਂ ਜੀਵਾਂ ਦੀ ਇਸ ਤਰ੍ਹਾਂ ਪਾਲਣਾ ਕਰਦਾ ਹੈ, ਜਿਵੇਂ, ''ਮਾਂ ਪਿਉ ਬੱਚੇ ਦੀ ਪਾਲਣਾ ਕਰਦੇ ਹਨ।''

ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ
ਜਨ ਨਾਨਕ ਗੁਰਮੁਖਿ ਜਾਤਾ ਰਾਮ ॥ ੪ ॥ ੬ ॥ ਛਕਾ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਭਾਈ ! ਹਜ਼ਾਰਾਂ ਸਿਆਣਪਾਂ ਦੇ ਕਰਨ ਨਾਲ ਵੀ ਉਹ ਨਹੀਂ ਮਿਲਦਾ, ਗੁਰਮੁਖਾਂ ਨੇ ਗੁਰਾਂ ਦੁਆਰੇ ਉਸ ਰਾਮ ਨੂੰ ਜਾਤਾ=ਜਾਣਿਆ ਹੈ॥ ੪ ॥ ੬ ॥ ਛਕਾ (ਛਕਾ ਇੱਕ ਬੋਲੋ)।

ਨੋਟ-ਉਪਰਲੇ ਸਾਰੇ ਹੀ ਛੰਤਾਂ ਵਿਚ ਆਏ ਪਾਠ 'ਮੇਰੀ ਜਿੰਦੁੜੀਏ' ਉੱਪਰ ਵਿਸ਼ਰਾਮ ਦੇਣਾ ਚਾਹੀਦਾ ਹੈ।

ਬਿਹਾਗੜਾ ਮਹਲਾ ੫ ਛੰਤ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ ॥

ਹੇ ਮੇਰੇ ਲਾਲ*ਜੀਉ=ਪਿਆਰੇ ਜੀ! ਮੈਂ ਹਰੀ ਦਾ ਇੱਕ ਅਚੰਭਉ=ਅਸਚਰਜ ਕੌਤਕ ਵੇਖਿਆ ਹੈ, ਉਹ ਜੋ ਭੀ ਕਰਦਾ ਹੈ ਸੋ ਧਰਮ ਦਾ ਇਨਸਾਫ ਕਰਦਾ ਹੈ।

(ਪੰਨਾ ੫੪੨) ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ ॥

ਮੇਰੇ ਲਾਲ ਜੀਉ=ਹੇ ਮੇਰੇ ਪਿਆਰੇ ਜੀ ! ਹਰੀ ਨੇ ਰੰਗਾਂ ਰੰਗਾਂ ਦਾ ਸੰਸਾਰ ਅਖਾੜਾ ਪਾਇਓਨੁ=

---

*ਨੋਟ:-ਇਸ ਸਾਰੇ ਛੰਦ ਦੇ ਪਾਠ ਦੇ ਵਿਸ਼ਰਾਮ 'ਮੇਰੇ ਲਾਲ ਜੀਉ' ਉਪਰ ਦੇਣੇ ਚਾਹੀਦੇ ਹਨ।

ਉਤਪੰਨ ਕੀਤਾ ਹੈ। ਫਿਰ ਰਾਮ ਨੇ ਸਬਾਏ=ਸਾਰਿਆਂ ਜੀਵਾਂ ਦਾ ਆਉਣਾ ਜਾਣਾ ਕੀਤਾ ਹੈ।

ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ ॥

ਸੰਸਾਰ ਵਿਚ ਜੀਵਾਂ ਦਾ ਆਉਣਾ ਤੇ ਜਾਣਾ ਭਾਵ ਜੰਮਣਾ ਤੇ ਮਰਨਾ ਓਸੇ ਨੇ ਕੀਤਾ ਹੈ, ਜਿਸ ਪ੍ਰਭੂ ਨੇ ਸਾਰੀ ਮੇਦਨਿ=ਸ੍ਰਿਸ਼ਟੀ ਨੂੰ ਸਿਰਜਿਆ=ਰਚਨਾ ਕੀਤਾ ਹੈ।

ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੂਲੇ ਫਿਰਦਿਆ ॥

ਇਕਨਾਂ ਨੂੰ ਪੂਰਨ ਸਤਿਗੁਰਾਂ ਨਾਲ ਮੇਲ ਕੇ ਮਹਲਿ=ਸਰੂਪ ਵਿਚ ਬੁਲਾ ਲੈਂਦਾ ਹੈ, ਅਤੇ ਇਕ ਮਨਮੁਖ ਜੀਵ ਭਰਮ ਵਿਚ ਭੁੱਲੇ ਫਿਰਦੇ ਹਨ।

ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ ॥

ਹੇ ਪ੍ਰਭੂ ! ਤੇਰਾ ਅੰਤ ਤੂੰ ਆਪ ਹੀ ਜਾਣਦਾ ਹੈਂ, ਕਿਉਂਕਿ ਤੂੰ ਇਹਨਾਂ ਸਾਰਿਆਂ ਵਿਚ ਸਮਾ ਰਿਹਾ ਹੈਂ।

ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸੰਤੋ ! ਸੁਣਨਾ ਕਰੋ, ਮੈਂ ਸੱਚ ਕਹਿੰਦਾ ਹਾਂ, ਉਹ ਹਰੀ ਧਰਮ ਦੇ ਨਿਆਂ ਵਿਚ ਵਰਤਦਾ ਹੈ॥ ੧ ॥

ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ ਹਰਿ ਹਰਿ ਨਾਮੁ ਅਰਾਧੇ ਰਾਮ ॥

ਹੇ ਮੇਰੇ ਲਾਲ=ਪਿਆਰੇ ਜੀ ਦੀਆਂ ਸਹੇਲੀਓ ਮਹਾਤਮਾ ਜੀਉ! ਮੈਨੂੰ ਆ ਕੇ ਮਿਲਣਾ ਕਰੋ, ਜੋ ਆਪਸ ਵਿਚ ਮਿਲ ਕੇ ਹਰਿ ਹਰਿ ਦੇ ਰਾਮ ਨਾਮ ਨੂੰ ਅਰਾਧਣਾ ਕਰੀਏ।

ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ ਜਮ ਕਾ ਮਾਰਗੁ ਸਾਧੇ ਰਾਮ ॥

ਹੇ ਮੇਰੇ ਲਾਲ=ਪਿਆਰੇ ਜੀ ! ਕਰਿ=ਹੱਥਾਂ ਨਾਲ ਪੂਰਿਆਂ ਸਤਿਗੁਰਾਂ ਨੂੰ ਸੇਵਨਾ ਕਰੋ, ਤੇ ਜਮਾਂ ਦੇ ਮਾਰਗੁ=ਰਸਤੇ ਨੂੰ ਸਾਧੇ=ਸਾਧ ਲੈਣਾ ਕਰੋ।

ਮਾਰਗੁ ਬਿਖੜਾ ਸਾਧਿ ਗੁਰਮੁਖਿ ਹਰਿ ਦਰਗਹ ਸੋਭਾ ਪਾਈਐ ॥

ਗੁਰਮੁਖਿ=ਗੁਰਾਂ ਦੁਆਰੇ ''ਬਿਖੜਾ ਮਾਰਗੁ''=ਕਠਨ ਜਮ ਰਸਤੇ ਨੂੰ ਸਾਧ ਕੇ ਹਰੀ ਦੀ ਦਰਗਾਹ ਵਿਚ ਸੋਭਾ ਨੂੰ ਪਾਵਣਾ ਕਰ।

ਜਿਨ ਕਉ ਬਿਧਾਤੈ ਧੁਰਹੁ ਲਿਖਿਆ ਤਿਨ੍ਹਾ ਰੈਣਿ ਦਿਨੁ ਲਿਵ ਲਾਈਐ ॥

ਬਿਧਾਤੇ=ਫਲ-ਬਰ ਦਾਤੇ ਪ੍ਰਭੂ ਨੇ ਜਿਨ੍ਹਾਂ ਦੇ ਮੱਥੇ ਉੱਪਰ ਆਦੋਂ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੈ, ਉਹਨਾਂ ਨੇ ਰਾਤ-ਦਿਨ ਪ੍ਰਭੂ ਵਿਚ ਲਿਵ ਲਗਾਣਾ ਕੀਤੀ ਹੈ।

ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥

ਜਾਂ ਇਹ ਜੀਵ ਸੰਤਾਂ ਦੇ ਸਤ-ਸੰਗ ਨਾਲ ਮਿਲਿਆ, ਤਾਂ ਪਦਾਰਥਾਂ ਦੀ ਹੰਗਤਾ-ਮਮਤਾ ਅਤੇ ਮੋਹ ਤੋਂ ਛੁੱਟ ਗਿਆ ਹੈ।

ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਗੁਰਮੁਖ ਜਨ ਹਰਿ ਹਰਿ ਨਾਮ ਨੂੰ ਅਰਾਧ ਕੇ ਮੁਕਤ ਰੂਪ ਹੋ ਗਿਆ ਹੈ ॥ ੨ ॥

ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ ॥

ਮੇਰੇ ਲਾਲ=ਪਿਆਰੇ ਪ੍ਰਭੂ ਜੀ ਦੇ ਸੰਤ ਜਿਥੇ ਇਕੱਤ੍ਰ ਹੁੰਦੇ ਹਨ, ਓਥੇ ਜਾ ਕੇ ਉਹਨਾਂ ਅੱਗੇ ਕਰ=ਹੱਥ ਜੋੜ ਕੇ ਬੇਨਤੀ ਕਰੋ, ਕਿ "ਮੇਰਾ ਭੀ ਪ੍ਰਭੂ ਨਾਲ ਜੋੜ ਕਰ ਦਿਓ" ਅਤੇ ਅਬਿਨਾਸੀ ਪੁਰਖ ਜੋ ਰਾਮ ਹੈ ਉਸ ਨੂੰ ਪੂਜਣਾ ਕਰੋ।

ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥

ਮੇਰੇ ਲਾਲ=ਪਿਆਰੇ ਪ੍ਰਭੂ ਜੀ ਦੀਆਂ ਬਹੁਤ ਪ੍ਰਕਾਰ ਦੀਆਂ ਪੂਜਾ ਖੋਜੀਆਂ ਹਨ, ਪਰ ਮਨ ਤਨ ਦੇ ਸਹਿਤ ਜਿਹੜਾ ਸਭ ਕੁਝ ਰਾਮ ਨੂੰ ਅਰਪਣਾ ਹੈ ਇਹੀ ਸਭ ਤੋਂ ਉੱਤਮ ਪੂਜਾ ਹੈ।

ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ ਕਿਆ ਕੋ ਪੂਜ ਚੜਾਵਏ ॥

ਜਦ ਕਿ - ਸਾਰਾ ਤਨ, ਮਨ, ਧਨ ਪ੍ਰਭੂ ਦਾ ਹੈ, ਤਾਂ ਫਿਰ ਕੋਈ ਪੂਜਾ ਕੀ ਚੜ੍ਹਾਵੇ?

ਅਰਥਾਤ ਤਨ, ਮਨ, ਧਨ ਆਦਿਕ ਸਭ ਕੁਝ ਅਰਪਣ ਕਰਕੇ ਅਭਿਮਾਨ ਨੂੰ ਦੂਰ ਕਰ ਦੇਵੇ।

ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ ਸੋ ਪ੍ਰਭ ਅੰਕਿ ਸਮਾਵਏ ॥

ਦਿਆਲੂ ਸੁਆਮੀ ਜਿਸ ਉੱਤੇ ਕ੍ਰਿਪਾਲੂ ਹੁੰਦਾ ਹੈ, ਉਹ ਪ੍ਰਭੂ ਦੇ ਅੰਕਿ=ਸਰੂਪ ਵਿਚ ਸਮਾਉਂਦਾ ਹੈ।

ਭਾਗੁ ਮਸਤਕਿ ਹੋਇ ਜਿਸ ਕੈ ਤਿਸੁ ਗੁਰ ਨਾਲਿ ਸਨੇਹਾ ॥

ਜਿਸ ਦੇ ਮੱਥੇ ਦਾ ਉੱਤਮ ਭਾਗ ਹੁੰਦਾ ਹੈ, ਉਸ ਦਾ ਗੁਰੂ ਨਾਲ ਸਨੇਹਾ=ਪ੍ਰੇਮ ਹੁੰਦਾ ਹੈ।

ਜਨੁ ਕਹੈ ਨਾਨਕੁ ਮਿਲਿ ਸਾਧਸੰਗਤਿ ਹਰਿ ਹਰਿ ਨਾਮੁ ਪੂਜੇਹਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਖ਼ਾ ! ਸਤਸੰਗਤ ਨਾਲ ਮਿਲਕੇ ਤੂੰ ਹਰਿ ਹਰਿ ਨਾਮ ਨੂੰ ਪੂਜਣਾ ਕਰ ॥ ੩ ॥

ਦਹ ਦਿਸ ਖੋਜਤ ਹਮ ਫਿਰੇ ਮੇਰੇ ਨਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥

ਮੇਰੇ ਲਾਲ ਜੀਉ=ਮੇਰਾ ਪਿਆਰਾ ਜੋ ਪ੍ਰਭ ਜੀ ਹੈ ਉਸ ਨੂੰ ਅਸੀਂ ਸਾਰੇ ਰਲ ਕੇ ਦਸਾਂ ਦਿਸ਼ਾਂ ਵਿਚ ਲੱਭਦੇ ਫਿਰਦੇ ਰਹੇ ਪਰ ਨਾ ਲੱਭਾ, ਜਿਸ ਵੇਲੇ ਰਾਮ ਦੇ ਸਤ-ਸੰਗ ਘਰ ਵਿੱਚ ਆਏ ਤਾਂ ਹਰਿ ਜੀ ਨੂੰ ਪਾਵਣਾ ਕੀਤਾ।

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥

ਹੇ ਮੇਰੇ ਪਿਆਰੇ ਜੀ ! ਹਰਿ ਜੀ ਨੇ ਇਹ ਸੰਸਾਰ, ਅਥਵਾ:-ਸਰੀਰ ਰੂਪੀ ਹਰੀ ਮੰਦਰ ਸਾਜਿਆ=ਬਣਾਇਆ ਹੈ। ਅਤੇ ਹਰੀ ਆਪ ਹੀ ਇਸ ਹਰੀ ਮੰਦਰ ਵਿੱਚ ਸਮਾ ਰਿਹਾ ਹੈ।

ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥

ਭਾਵੇਂ ਸੁਆਮੀ ਪਰਮਾਤਮਾ ਆਪ ਸਾਰਿਆਂ ਸਰੀਰਾਂ ਵਿਚ ਸਮਾਇਆ ਹੋਇਆ ਹੈ, ਪਰ ਗੁਰਮੁਖਾਂ ਨੂੰ ਪ੍ਰਗਟ ਹੋਇਆ ਹੈ।

ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥

ਜਿਸ ਦੇ ਮੁੰਹ ਵਿਚ ਗੁਰਾਂ ਨੇ ਹਰੀ ਨਾਮ ਰੂਪ ਅੰਮ੍ਰਿਤ ਰਸ ਚੋਇਆ ਹੈ, ਉਸ ਦਾ ਅਗਿਆਨ ਰੂਪ ਅਨ੍ਹੇਰਾ ਮਿਟ ਗਿਆ ਹੈ, ਤੇ ਜਨਮ ਮਰਨ ਦਾ ਦੁੱਖ ਵੀ ਨਾਠਾ=ਨਾਸ ਹੋ ਗਿਆ ਹੈ।

ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥

ਜਿੱਥੇ ਵੇਖਦਾ ਹਾਂ, ਓਥੇ ਹੀ ਸਭ ਜਗ੍ਹਾ ਵਿਚ ਪਾਰਬ੍ਰਹਮ ਸੁਆਮੀ ਵਸ ਰਿਹਾ ਹੈ।

ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥੪ ॥੧ ॥

ਗੁਰੂ ਜੀ ਕਥਨ ਕਰਦੇ ਹਨ- ਜਿਸ ਪੁਰਸ਼ ਨੂੰ ਸਤਿਗੁਰਾਂ ਨੇ ਮਿਲਾਇਆ ਹੈ, ਉਸ ਨੇ ਸਤ-ਸੰਗ ਘਰ ਵਿਚ ਆ ਕੇ ਹਰੀ ਨੂੰ ਪਾਇਆ ਹੈ। ਅਥਵਾ:- ਜਿਸ ਵੇਲੇ ਗੁਰਮੁਖ ਜਨ ਅੰਤ੍ਰ-ਮੁਖਤਾ ਰੂਪੀ ਘਰ ਵਿੱਚ ਆਏ ਤਾਂ ਸਤਿਗੁਰਾਂ ਦਾ ਮਿਲਾਇਆ ਹੋਇਆ ਹਰੀ ਪਾਇਆ॥ ੪॥ ੧॥

ਰਾਗੁ ਬਿਹਾਗੜਾ ਮਹਲਾ ੫ ॥

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥

ਉਹ ਰਾਮ ਅਤਿ ਪ੍ਰੀਤਮ=ਬੜਾ ਪਿਆਰਾ ਹੈ, ਮਨ ਦੇ ਮੋਹਣੇ ਵਾਲਾ ਹੈ ਸਾਰਿਆਂ ਘਟਾਂ ਵਿਚ ਸੋਹਨਾ=ਸੋਭਨੀਕ ਹੋ ਰਿਹਾ ਹੈ ਅਤੇ ਪ੍ਰਾਣਾਂ ਦਾ ਅਧਾਰਾ=ਆਸਰਾ ਰੂਪ ਹੈ।

ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ ॥

ਲਾਲ=ਪਿਆਰੇ ਗੋਪਾਲ ਦਿਆਲੂ ਦੀ ਸੋਭਾ ਸੁੰਦਰ ਹੈ, ਪੁਨਾ-ਉਹ ਰਾਮ ਅਪਰ ਅਪਾਰਾ=ਬਿਅੰਤ ਤੋਂ ਬਿਅੰਤ ਹੈ।

ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ ॥

ਹੇ ਗੋਪਾਲ ! ਦਿਆਲੂ ਸੁਭਾਅ ਵਾਲੇ ਲਾਲਨ=ਪਿਆਰੇ ਗੋਬਿੰਦ ਪਤੀ, ਮੈਂ ਨਿਮਾਣੀ ਨੂੰ ਆ ਕੇ ਮਿਲੋ।

ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ ॥

ਆਪ ਜੀ ਦੇ ਦਰਸ=ਦਰਸਨ ਪ੍ਰਸਨੇ (ਕਰਨ) ਨੂੰ ਨੈਨ=ਨੇਤ੍ਰ ਤਰਸਨ=ਤਰਸ ਰਹੇ ਹਨ, ਨਾ ਸ਼ਾਂਤੀ ਰੂਪ ਨੀਂਦ ਆਉਂਦੀ ਹੈ, ਨਾ ਹੀ ਅਵਸਥਾ ਰੂਪੀ ਰਾਤ ਸੁੱਖਾਂ ਵਿਚ ਬੀਤਦੀ ਹੈ।

ਅਥਵਾ: ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ ਤੇ ਅਵਸਥਾ ਰੂਪੀ ਰਾਤ ਬਤੀਤ ਹੁੰਦੀ ਜਾ ਰਹੀ ਹੈ।

ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥

ਜਿਸ ਨੇ ਬੁੱਧੀ ਰੂਪ ਅੱਖਾਂ ਵਿਚ ਗਿਆਨ ਰੂਪ ਅੰਜਨ=ਸੁਰਮਾ ਪਾਇਆ ਹੈ, ਅਤੇ ਨਾਮ ਸਿਮਰਨ ਦਾ ਭੋਜਨ ਛਕਿਆ ਹੈ, ਉਸ ਦੇ ਸਾਰੇ ਸਾਧਨਾ ਰੂਪੀ ਸ਼ਿੰਗਾਰ ਸਫਲ ਹੋਏ ਹਨ।

ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥ ੧ ॥

ਗੁਰੂ ਜੀ ਪਇਅੰਪੈ=ਕਥਨ ਕਰਦੇ ਹਨ, ਸੰਤਾਂ ਅੱਗੇ ਬੇਨਤੀ ਕਰੋ, ਕਿ ਹੇ ਸੰਤੋ! ਜਿਸ ਵਾਹਿਗੁਰੂ ਨੂੰ ਤੁਸੀਂ ਜੰਪੈ=ਜਪਦੇ ਹੋ, ਓਹੀ ਅਸਾਡਾ ਪਤੀ ਹੈ ਉਸ ਨਾਲ ਮੈਨੂੰ ਭੀ ਮੇਲਣਾ ਕਰੋ॥ ੧ ॥

ਲਾਖ ਉਲਾਹਨੇ ਮੋਹਿ ਹਰਿ ਜਬ ਲਗੁ ਨਹ ਮਿਲੈ ਰਾਮ ॥

ਜਬ ਤੱਕ ਹਰੀ ਰਾਮ ਜੀ ਨਹੀਂ ਮਿਲਦੇ, ਉਤਨਾ ਚਿਰ ਲੱਖਾਂ ਹੀ ਸ਼ਾਸਤ੍ਰਾਂ ਦੇ ਉਲਾਹਨੇ=ਉਲਾਂਭੇ ਮੈਨੂੰ ਸਹਾਰਨੇ ਪੈਂਦੇ ਹਨ।

ਮਿਲਨ ਕਉ ਕਰਉ ਉਪਾਵ ਕਿਛੁ ਹਮਾਰਾ ਨਹ ਚਲੈ ਰਾਮ ॥

ਰਾਮ ਨੂੰ ਮਿਲਣ ਵਾਸਤੇ ਮੈਂ ਅਨੇਕਾਂ ਉਪਾਵ=ਯਤਨ ਕਰਦੀ ਹਾਂ, ਪਰ, ਮੇਰਾ ਕੁਝ ਚਾਰਾ ਨਹੀਂ ਚਲਦਾ।

(ਪੰਨਾ ੫੪੩)

ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ ਕਵਨ ਬਿਧੀ ਨ ਧੀਜੀਐ ॥

ਕਿਉਂਕਿ ਅਨਿਤ ਬਿਤ=ਮਿੱਥਿਆ ਧਨ ਦੇ ਮਗਰ ਲੱਗਕੇ ਚਿੱਤ ਚੰਚਲ ਹੋ ਰਿਹਾ ਹੈ, ਅਤੇ ਪ੍ਰਿਅ=ਪਿਆਰੇ ਪਤੀ ਤੋਂ ਬਿਨਾਂ ਕਿਸ ਤਰ੍ਹਾਂ ਭੀ ਧੀਰਜ ਨੂੰ ਪ੍ਰਾਪਤ ਨਹੀਂ ਹੁੰਦਾ।

ਖਾਨ ਪਾਨ ਸੀਗਾਰ ਬਿਰਥੇ ਹਰਿ ਕੰਤ ਬਿਨੁ ਕਿਉ ਜੀਜੀਐ ॥

ਪਤੀ ਤੋਂ ਬਿਨਾਂ ਖਾਣ ਪਾਣ ਦੇ ਸਾਰੇ ਪਦਾਰਥ ਤੇ ਸ਼ਿੰਗਾਰ ਕਰਨੇ ਬਿਰਥੇ=ਵਿਅਰਥ ਭਾਵ ਨਿਸਫਲ ਹਨ, ਹਰੀ ਪਤੀ ਤੋਂ ਬਿਨਾਂ ਸੁਖ ਨਾਲ ਕਿਵੇਂ ਜਿਉਂਣਾ ਹੋਵੇ।

ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ ॥

ਪਤੀ ਦੀ ਪ੍ਰਾਪਤੀ ਦੀ ਆਸਾ ਕਰਕੇ ਰਾਤ-ਦਿਨ ਪਿਆਸੀ ਹਾਂ, ਇੱਕ ਤਿਲ ਜਿੰਨਾਂ ਸਮਾਂ ਭੀ ਵਿਛੁੜਕੇ ਰਹਿ ਨਹੀਂ ਸਕਦੀ।

ਨਾਨਕੁ ਪਇਅੰਪੈ ਸੰਤ ਦਾਸੀ ਤਉ ਪ੍ਰਸਾਦਿ ਮੇਰਾ ਪਿਰੁ ਮਿਲੈ ॥ ੨ ॥

ਗੁਰੂ ਜੀ ਪਇਅੰਪੈ=ਉਚਾਰਦੇ ਹਨ, ਹੇ ਸੰਤੋ ! ਮੈਂ ਤੁਹਾਡੀ ਦਾਸੀ ਹਾਂ, ਤੁਹਾਡੀ ਕਿਰਪਾ ਨਾਲ ਹੀ ਮੇਰਾ ਪਤੀ ਪਰਮਾਤਮਾ ਮਿਲਣਾ ਹੈ॥ ੨ ॥

ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ॥

ਅੰਤਹਕਰਨ ਰੂਪੀ ਸੇਜਾ ਭੀ ਇੱਕੋ ਹੈ, ਅਤੇ ਪਿਆਰਾ ਪਤੀ ਕੋਲ ਹੀ ਵੱਸਦਾ ਹੈ, ਪਰ ਫਿਰ ਭੀ ਰਾਮ ਪਤੀ ਦਾ ਦਰਸ਼ਨ ਨਹੀਂ ਪਾਇਆ ਜਾਂਦਾ।

ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥

ਕਿਉਂਕਿ ਮੇਰੇ ਵਿੱਚ ਅਨੇਕਾਂ ਔਗੁਣ ਹਨ, ਇਸ ਲਈ ਮੈਨੂੰ ਰਾਮ ਮਹਲਿ=ਸਰੂਪ ਵਿੱਚ ਕਤ=ਕਿਵੇਂ ਬੁਲਾਵੇਗਾ।

ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥

ਮੈਂ ਸ਼ੁਭ ਗੁਣਾਂ ਤੋਂ ਰਹਿਤ, ਨਿਮਾਣੀ ਤੇ ਅਨਾਥਣੀ ਬਿਨਵੈ=ਬੇਨਤੀ ਕਰਦੀ ਹਾਂ, ਹੇ ਕ੍ਰਿਪਾ ਦੇ ਸਮੁੰਦਰ ਪ੍ਰਭੂ ! ਆਪ ਮੈਨੂੰ ਮਿਲਣਾ ਕਰੋ।

ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥

ਭਰਮ ਰੂਪੀ ਭੀਤਿ=ਕੰਧ ਨੂੰ ਖੋਈਐ=ਨਾਸ ਕਰ, ਸਹਜਿ=ਗਿਆਨ, ਅਥਵਾ:-ਸ਼ਾਂਤੀ ਰੂਪੀ ਨੀਂਦ ਵਿਚ ਸੋਣਾ ਕਰ ਤਾਂ ਇੱਕ ਪੱਲ ਵਿੱਚ ਪ੍ਰਭੂ ਨੂੰ ਵੇਖੇਂਗੀ, ਉਸ ਦੇ ਵੇਖਣ ਨਾਲ ਨੌਂ ਨਿੱਧੀਆਂ ਪ੍ਰਾਪਤ ਹੋਣਗੀਆਂ।

ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥

ਅੰਤਹਕਰਨ ਰੂਪੀ ਘਰ ਵਿੱਚ ਲਾਲ=ਪ੍ਰੇਮ ਦੇ ਆਉਣ ਨਾਲ ਸੰਤਾਂ ਦੇ ਸਤਸੰਗ ਵਿਚ ਮਿਲਕੇ ਉਸ ਦੇ ਮੰਗਲਾਂ ਨੂੰ ਗਾਈਏ ਤਾਂ ਮਹਲੁ=ਸਰੂਪ ਨੂੰ ਪਾਵੇਂਗੀ, ਸਰੂਪ ਦੇ ਪਾਉਣ ਕਰਕੇ ਹਿਰਦੇ ਘਰ ਵਿਚ ਲਾਲੁ= ਪਿਆਰਾ ਪ੍ਰਭੂ ਆ ਕੇ ਸਾਖਿਆਤਕਾਰ ਹੁੰਦਾ ਹੈ।

ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਸੰਤਾਂ ਦੀ ਸ਼ਰਨ ਵਿੱਚ ਪੈ ਕੇ ਇਸ ਤਰ੍ਹਾਂ ਬੇਨਤੀ ਕਰੋ, ਹੇ ਸੰਤੋ ! ਮੈਨੂੰ ਪਤੀ ਦਾ ਦਰਸ਼ਨ ਵਿਖਾ ਦੇਵੋ ॥ ੩ ॥

ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ ॥

ਸੰਤਾਂ ਕੈ=ਦੀ ਕਿਰਪਾ ਨਾਲ ਹੀ ਹਰਿ ਹਰਿ ਰਾਮ ਨੂੰ ਪਾਇਆ ਹੈ।

ਇਛ ਪੁੰਨੀ ਮਨਿ ਸਾਂਤਿ ਤਪਤਿ ਬੁਝਾਇਆ ਰਾਮ ॥

ਇੱਛਾ ਪੁੰਨੀ=ਪੂਰੀ ਹੋ ਗਈ ਹੈ, ਮਨ ਵਿੱਚ ਸ਼ਾਂਤੀ ਆ ਗਈ ਹੈ, ਰਾਮ ਨਾਮ ਨੂੰ ਜਪਕੇ ਕਾਮ ਆਦਿਕਾਂ ਦੀ, ਅਥਵਾ:-ਈਰਖਾ ਬਖੀਲੀ ਦੀ ਤਪਸ਼ਤਾ ਨੂੰ ਬੁਝਾ ਦਿੱਤਾ ਹੈ।

ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ ॥

ਉਹ ਦਿਨ ਸਫਲਾ ਹੈ ਉਹ ਰੈਣੇ=ਰਾਤ ਭੀ ਸੋਭਨੀਕ ਹੈ, ਰਸ=ਪ੍ਰੇਮ ਦੇ ਕਰਨੇ ਨਾਲ ਮੰਗਲ ਦਾ ਇੱਕ ਘਣਾ ਅਨੰਦ ਪ੍ਰਾਪਤ ਹੋਇਆ ਹੈ।

ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥

ਗੁਪਾਲ=ਪ੍ਰਿਥਵੀ ਦੇ ਪਾਲਣ ਵਾਲੇ, ਗੋਬਿੰਦ=ਵੇਦਾਂ ਕਰਕੇ ਜਾਨਣੇ ਯੋਗ, ਲਾਲਨ=ਪਿਆਰੇ ਪ੍ਰਭੂ ਪ੍ਰਗਟ ਹੋਏ ਹਨ, ਮੈਂ ਕੌਣ ਹਾਂ ਜੋ ਰਸਨਾਂ ਨਾਲ ਉਸ ਦੇ ਗੁਣਾਂ ਨੂੰ ਉਚਾਰਾਂ,

ਅਥਵਾ:-ਕਿਹੜੀ ਰਸਨਾਂ ਨਾਲ ਉਸ ਦੇ ਗੁਣਾਂ ਨੂੰ ਭਨਾ=ਉਚਾਰਨ ਕਰਾਂ।

ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥

ਜਦ ਮਹਾਤਮਾ ਰੂਪ ਸਖੀ ਨਾਲ ਮਿਲਕੇ ਉਸ ਪ੍ਰਭੂ ਦੇ ਜਸ ਰੂਪ ਮੰਗਲ ਨੂੰ ਗਾਇਆ। ਤਾਂ ਭਰਮ, ਲੋਭ, ਮੋਹ ਆਦਿਕ ਸਾਰੇ ਵਿਕਾਰ ਥੱਕ ਗਏ।

ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪ ॥੨ ॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਸੰਤਾਂ ਦੇ ਗੁਣ ਜਪਣਾ ਕਰੋ, ਅਥਵਾ:-ਸੰਤਾਂ ਨਾਲ ਮਿਲਕੇ ਰਾਮ ਨਾਮ ਜਪਣਾ ਕਰੋ, ਜਿਨ੍ਹਾਂ ਸੰਤਾਂ ਨੇ ਹਰਿ ਹਰਿ ਦੇ ਸੰਜੋਗ ਨਾਲ ਮਿਲਾ ਦਿੱਤਾ ਹੈ॥ ੪॥ ੨॥

ਬਿਹਾਗੜਾ ਮਹਲਾ ੫ ॥

ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ ॥

ਹੇ ਰਾਮ ਪੂਰਨ ਪਾਰਬ੍ਰਹਮ ਗੁਰ=ਪੂਜਜ ! ਆਪ ਅਜੇਹੀ ਕਿਰਪਾ ਕਰੋ, ਜੋ ਰਾਤ-ਦਿਨ ਆਪ ਜੀ ਦੇ ਨਾਮ ਨੂੰ ਵਖਾਣਾ=ਕਥਨ ਕਰਾਂ।

ਅੰਮ੍ਰਿਤ ਬਾਣੀ ਉਚਰਾ ਹਰਿ ਜਸੁ ਮਿਠਾ ਲਾਗੈ ਤੇਰਾ ਭਾਣਾ ਰਾਮ ॥

ਹਰੀ ਜਸ ਰੂਪੀ ਅੰਮ੍ਰਿਤ ਬਾਣੀ ਨੂੰ ਉਚਾਰਨਾ ਕਰਾਂ, ਅਤੇ ਹੇ ਰਾਮ ! ਤੇਰਾ ਭਾਣਾ ਮੈਨੂੰ ਮਿੱਠਾ ਲੱਗੇ।

ਕਰਿ ਦਇਆ ਮਇਆ ਗੋਪਾਲ ਗੋਬਿੰਦ ਕੋਇ ਨਾਹੀ ਤੁਝ ਬਿਨਾ ॥

ਹੇ ਦਇਆ ਸਰੂਪ ! ਮਇਆ ਕਰਨ ਵਾਲੇ ਗੋਬਿੰਦ ਗੋਪਾਲ, ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ ਹੈ।

ਸਮਰਥ ਅਗਥ ਅਪਾਰ ਪੂਰਨ ਜੀਉ ਤਨੁ ਧਨੁ ਤੁਮ੍ ਮਨਾ ॥

ਹੇ ਅਪਾਰ ਗੁਣਾਂ ਵਾਲੇ ਪੂਰਨ ਪ੍ਰਭੂ ! ਆਪ ਸਰਬ ਕਲਾ ਸਮਰੱਥ, ਤੇ ਅਗਥ=ਅਕੱਥ ਹੋ, ਜੀਵ ਨੂੰ ਤਨ, ਮਨ ਧਨ, ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਮਨਾ=ਮੰਨਿਆ ਹੈ।

ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ ॥

ਮੈਂ ਮੂਰਖ ਮੁਗਧ=ਮਹਾਂ ਮੂਰਖ ਹਾਂ, ਅਨਾਥ=ਯਤੀਮ ਹਾਂ, ਚੰਚਲ ਮਨ ਵਾਲਾ, ਤੇ ਗਿਆਨ-ਬਲ ਤੋਂ ਰਹਿਤ ਹਾਂ, ਨੀਚ ਜਾਤੀ ਵਾਲਾ, ਅਥਵਾ:-ਨੀਚ ਸੰਕਲਪਾਂ ਦੇ ਪੈਦਾ ਕਰਨ ਵਾਲਾ ਤੇ ਅਜਾਣਾ=ਬੇ-ਸਮਝ ਹਾਂ॥

ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਪਰ ਮੈਂ ਆਪ ਜੀ ਦੀ ਸ਼ਰਨ ਪਿਆ ਹਾਂ, ਮੈਨੂੰ ਆਉਣ ਜਾਣ ਭਾਵ ਜਨਮ ਮਰਨ ਵੱਲੋਂ ਰਖ ਲਓ॥ ੧॥

ਸਾਧਹ ਸਰਣੀ ਪਾਈਐ ਹਰਿ ਜੀਉ ਗੁਣ ਗਾਵਹ ਹਰਿ ਨੀਤਾ ਰਾਮ ॥

ਹੇ ਹਰਿ ਜੀਉ ! ਮੈਨੂੰ ਸੰਤਾਂ ਦੀ ਸ਼ਰਣੀ ਪਾਓ, ਤਾਂ ਕਿ ਮੈਂ ਹਰਿ ਨੀਤਾ=ਹਰ ਰੋਜ਼ ਰਾਮ ਦੇ ਗੁਣ ਗਾਉਂਦਾ ਰਹਾਂ।

ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ ॥

ਹੇ ਹਰਿ ਜੀਉ ! ਭਗਤਾਂ ਦੇ ਚਰਨਾਂ ਦੀ ਧੂੜੀ ਮੇਰੇ ਮਨ ਤਨ ਵਿਖੇ ਲੱਗ ਜਾਵੇ, ਹੇ ਰਾਮ ! ਜਿਸ 'ਤੇ ਮੈਂ ਸਾਰਿਆਂ ਪਾਪਾਂ ਤੋਂ ਪਵਿੱਤਰ ਹੋ ਜਾਵਾਂਗਾ। ਅਥਵਾ:-ਸਭ ਪਾਪੀਆਂ ਤੋਂ ਮੈਂ ਪਵਿੱਤਰ ਹੋ ਜਾਵਾਂਗਾ।

ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ ਜਿਨ੍ ਬਿਧਾਤਾ ਪਾਇਆ ॥

ਜਿਨ੍ਹਾਂ ਨੇ ਫਲ-ਬਰ ਦਾਤੇ ਵਾਹਿਗੁਰੂ ਨੂੰ ਪਾਇਆ ਹੈ, ਉਹਨਾਂ ਦੀ ਸੰਗਤ ਕਰਕੇ ਸਭ ਪਤਿਤਾ=ਪਾਪੀ ਪੁਨੀਤਾ=ਪਵਿੱਤਰ ਹੋ ਜਾਂਦੇ ਹਨ।

ਨਾਮ ਰਾਤੇ ਜੀਅ ਦਾਤੇ ਨਿਤ ਦੇਹਿ ਚੜਹਿ ਸਵਾਇਆ ॥

ਜੋ ਨਾਮ ਵਿੱਚ ਰੱਤੇ ਹੋਏ ਹਨ, ਉਹ ਜੀਵਨ ਦਾਤੇ ਹਨ, ਜੋ ਨਿਤਾਪ੍ਰਤੀ ਸਵਾਇਆ ਚੜ੍ਹਕੇ ਦੇਂਦੇ ਹਨ। ਅਥਵਾ:-ਉਹ ਜੀਅ ਦਾਤੇ=ਪਰਮਾਤਮਾ ਦੇ ਰੰਗ ਵਿੱਚ ਰੱਤੇ ਹੋਏ ਹਨ, ਵਾਹਿਗੁਰੂ ਦੇ ਦੇਣ ਕਰਕੇ ਉਹਨਾਂ ਦਾ ਜਸ ਨਿੱਤ ਹੀ ਸਵਾਏ ਤੋਂ ਸਵਾਇਆ ਚੜ੍ਹਦਾ ਹੈ।

ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ ॥

ਜਿਨ੍ਹਾਂ ਨੇ ਹਰੀ ਨਾਮ ਨੂੰ ਜਪ ਕੇ ਆਤਮੁ ਜੀਤਾ=ਮਨ ਨੂੰ ਜਿੱਤ ਲਿਆ ਹੈ, ਉਹਨਾਂ ਨੂੰ ਰਿੱਧੀਆਂ ਸਿੱਧੀਆਂ ਅਤੇ ਨੌਂ ਨਿੱਧੀਆਂ ਪ੍ਰਾਪਤ ਹੁੰਦੀਆਂ ਹਨ।

ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ ਸਾਧ ਸਾਜਨ ਮੀਤਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਲੋਕ ਪ੍ਰਲੋਕ ਦੇ ਸੱਜਣ ਮਿੱਤਰ ਜੋ ਸੰਤ ਹਨ, ਉਹ ਵੱਡਿਆਂ ਭਾਗਾਂ ਕਰਕੇ ਪਾਈਦੇ ਹਨ॥ ੨ ॥

ਜਿਨੀ ਸਚੁ ਵਣੰਜਿਆ ਹਰਿ ਜੀਉ ਸੇ ਪੂਰੇ ਸਾਹਾ ਰਾਮ ॥

ਜਿਨ੍ਹਾਂ ਨੇ ਰਾਮ ਦੀ ਕਿਰਪਾ ਨਾਲ ਹਰਿ ਜੀ ਦੇ ਸੱਚ ਨਾਮ ਨੂੰ ਵਣੰਜਿਆ=ਖਰੀਦਿਆ ਹੈ ਉਹ ਪੂਰੇ ਸ਼ਾਹ ਹਨ।

ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ ॥

ਹਰਿ ਜੀਉ ਦਾ ਦਿੱਤਾ ਹੋਇਆ ਉਹਨਾਂ ਦੇ ਪਾਸ ਬਹੁਤ ਹੀ ਖਜ਼ਾਨਾ ਹੈ, ਜੋ ਹਰਿ ਜੀ ਦਾ ਕੀਰਤਨ ਕਰਕੇ ਉਹਨਾਂ ਨੇ ਰਾਮ ਦੀ ਪ੍ਰਾਪਤੀ ਦਾ ਲਾਭ ਖੱਟਿਆ ਹੈ।

ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ ॥

ਜੋ ਪੁਰਸ਼ ਪ੍ਰਭੂ ਜੀ ਦੇ ਪ੍ਰੇਮ ਨਾਲ ਰੱਤਾ ਗਿਆ ਹੈ ਉਸ ਨੂੰ ਕਾਮ ਕ੍ਰੋਧ ਤੇ ਲੋਭ ਆਦਿਕ ਕਦੇ ਬਿਆਪੈ=ਵਿਆਪਦਾ (ਅਰਥਾਤ ਲੱਗਦਾ) ਨਹੀਂ ਹੈ।

ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ ॥

ਜੋ ਪੁਰਸ਼ ਰਾਮ ਦੇ ਪ੍ਰੇਮ ਵਿੱਚ ਮਸਤਿਆ ਗਿਆ ਹੈ, ਉਹ ਇੱਕ ਨੂੰ ਜਾਣਦਾ ਹੈ, ਅਤੇ ਇੱਕ ਦਾ ਭਾਣਾ ਮੰਨਦਾ ਹੈ।

ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ ॥

ਜੋ ਪੁਰਸ਼ ਸੰਤਾਂ ਦੀ ਚਰਣੀ ਲੱਗ ਕੇ ਗੁਰੂ ਦੀ ਸ਼ਰਣੀ ਪਏ ਹਨ, ਉਹਨਾਂ ਦੇ ਮਨ ਵਿੱਚ ਉਮਾਹਾ=ਉਤਸ਼ਾਹ ਹੁੰਦਾ ਹੈ।

(ਪੰਨਾ ੫੪੪) ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਦੇ ਪੱਲੇ ਨਾਮ ਹੈ ਓਹੀ ਸੱਚੇ ਸ਼ਾਹ ਹਨ॥ ੩ ॥

ਨਾਨਕ ਸੋਈ ਸਿਮਰੀਐ ਹਰਿ ਜੀਉ ਜਾ ਕੀ ਕਲ ਧਾਰੀ ਰਾਮ ॥

ਗੁਰੂ ਜੀ ਕਥਨ ਕਰਦੇ ਹਨ, ਉਸ ਹਰਿ ਜੀ ਨੂੰ ਸਿਮਰਨਾ ਕਰੋ, ਜਿਸ ਰਾਮ ਦੀ ਕਲ=ਸ਼ਕਤੀ ਨੇ ਸਾਰੀ ਦੁਨੀਆਂ ਧਾਰੀ ਬਣਾਈ ਹੋਈ ਹੈ। ਅਥਵਾ-ਮਰਯਾਦਾ ਵਿਚ ਧਾਰੀ=ਟਿਕਾਈ ਹੋਈ ਹੈ।

ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ ਕਰਤਾ ਪੁਰਖੁ ਮੁਰਾਰੀ ਰਾਮ ॥

ਉਹ ਹਰਿ ਜੀਉ ਕਰਤਾ ਪੁਰਖ ਮੁਰਾਰੀ ਰਾਮ ਗੁਰਮੁਖਾਂ ਦੇ ਮਨ ਵਿਚੋਂ ਕਦੇ ਭੁਲਦਾ ਨਹੀਂ ਹੈ।

ਦੂਖੁ ਰੋਗੁ ਨ ਭਉ ਬਿਆਪੈ ਜਿਨੀ ਹਰਿ ਹਰਿ ਧਿਆਇਆ ॥

ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ, ਉਨ੍ਹਾਂ ਨੂੰ ਕੋਈ ਦੁੱਖ, ਰੋਗ ਅਤੇ ਡਰ ਨਹੀਂ ਲੱਗਦਾ।

ਸੰਤ ਪ੍ਰਸਾਦਿ ਤਰੇ ਭਵਜਲੁ ਪੂਰਬਿ ਲਿਖਿਆ ਪਾਇਆ ॥

ਜਿਨ੍ਹਾਂ ਨੇ ਪੂਰਬਿ=ਪਿਛਲੇ ਲਿਖੇ ਹੋਏ ਕਰਮਾਂ ਦਾ ਫਲ ਨਾਮ ਪਾਇਆ ਹੈ, ਉਹ ਸੰਤਾਂ ਦੀ ਪ੍ਰਸਾਦਿ=ਕਿਰਪਾ ਨਾਲ ਸੰਸਾਰ ਸਮੁੰਦਰ ਤੋਂ ਤਰ ਗਏ ਹਨ।

ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ ॥

ਜਿਨ੍ਹਾਂ ਨੂੰ ਅਪਾਰ ਪੁਰਖ ਪਰਮਾਤਮਾ ਮਿਲਿਆ ਹੈ, ਉਹਨਾਂ ਦੇ ਮਨ ਵਿਚ ਸ਼ਾਂਤੀ ਆਈ ਹੈ, ਅਤੇ ਅਨੰਦ ਦੀ ਵਧਾਈ ਵਜੀ=ਪਰਗਟ ਹੋਈ ਹੈ।

ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁੰਨੀ ਹਮਾਰੀ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹਰਿ ਹਰਿ ਦਾ ਸਿਮਰਨ ਕਰ ਕੇ ਹੀ ਅਸਾਡੀ ਇੱਛਾ ਪੂਰਨ ਹੋਈ ਹੈ॥ ੪ ॥ ੩ ॥

ਬਿਹਾਗੜਾ ਮਹਲਾ ੫ ਘਰੁ ੨ ੧ੴ ਸਤਿ ਨਾਮੁ ਗੁਰ ਪ੍ਰਸਾਦਿ ॥

ਸਿਆਲ ਦੀਆਂ ਰਾਤਾਂ ਵਿਚ ਬਹੁਤ ਭਜਨ ਸਿਮਰਨ ਕਰਨ ਵਾਲੇ ਮਹਾਤਮਾ ਇਸ ਤਰ੍ਹਾਂ ਆਖਦੇ ਹਨ:-

ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ ॥

ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ ॥

ਹੇ ਸੁਖਦਾਇਕ ਰੈਨੜੀਏ=ਰਾਤੇ ! ਤੂੰ ਵਧ ਜਾ, ਕਿਉਂਕਿ ਮੇਰਾ ਪਿਰੀ ਪਰਮਾਤਮਾ ਨਾਲ ਪ੍ਰੇਮ ਲੱਗ

ਰਿਹਾ ਹੈ। ਹੇ ਦੁੱਖਦਾਇਕ ਨੀਂਦੇ ! ਤੂੰ ਘਟ ਜਾ, ਜੋ ਸਾਰੇ ਪਗਾ=ਰਪਿਆ (ਮਿਲਿਆ) ਹੋਇਆ ਪ੍ਰਭੂ ਹੈ ਮੈਂ ਉਸ ਨੂੰ ਸਦਾ ਹੀ ਪਰਸਨਾ ਕਰਾਂ।

ਅਥਵਾ:-ਹੇ ਸੁਖ ਰੂਪ ਰਾਤੇ ! ਤੂੰ ਵਧ ਜਾ, ਕਿਉਂਕਿ ਸੁਖ ਹੋਵੇਗਾ ਤਾਂ ਹੀ ਭਜਨ-ਸਿਮਰਨ ਹੋਵੇਗਾ, ਮੇਰੇ ਅੰਦਰ ਪਿਰੀ ਪਰਮਾਤਮਾ ਦਾ ਪ੍ਰੇਮ ਲੱਗ ਰਿਹਾ ਹੈ, ਹੇ ਦੁੱਖ ਰੂਪ ਨੀਂਦੇ ! ਤੂੰ ਘਟ ਜਾਹ।

ਅਥਵਾ:-ਹੇ ਦੁਖਦਾਈ ਮੋਹ ਰੂਪ ਨੀਂਦੇ ! ਤੂੰ ਘਟ ਜਾਹ ਜੋ ਸਾਰੇ ਪਗਾ=ਰਪਿਆ ਹੋਇਆ ਪ੍ਰਭੂ ਹੈ ਮੈਂ ਉਸਨੂੰ ਸਦਾ ਪਰਸਨਾ ਕਰਾਂ। (ਪਹਿਲੇ ਅਰਥ ਵਿਚ ਪ੍ਰਤੱਖ ਰਾਤ ਤੇ ਪ੍ਰਤੱਖ ਹੀ ਨਿੰਦ੍ਰਾ ਕਹੀ ਹੈ ਤੇ ਦੂਜੇ ਅਰਥ ਵਿਚ ਸੁਖ ਨੂੰ ਰਾਤ ਤੇ ਦੁਖ ਨੂੰ ਨਿੰਦ੍ਰਾ ਬਣਾਈ ਹੈ)।

ਅਥਵਾ:-ਹੇ ਸੁਖਦਾਇਕ ਅਵਸਥਾ ਰੂਪੀ ਰਾਤੇ ! ਤੂੰ ਵੱਧ ਜਾਹ ਕਿਉਂਕਿ ਪਿਰੀ ਪਰਮਾਤਮਾ ਦਾ ਪ੍ਰੇਮ ਲੱਗ ਰਿਹਾ ਹੈ। ਹੇ ਦੁਖਦਾਈ ਅਵਿੱਦਿਆ ਰੂਪ ਨੀਂਦੇ ! ਤੂੰ ਘਟ ਜਾਹ ਤਾਂ ਕਿ ਮੈਂ ਸਦਾ ਹੀ ਪਤੀ ਦੇ ਚਰਨਾਂ ਨੂੰ ਪਰਸਨਾ ਕਰਾਂ।

ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ॥

ਚਰਨਾਂ ਦੀ ਧੂੜੀ ਨੂੰ ਬਾਛਉ=ਚਾਹੁੰਦੀ ਹਾਂ, ਅਤੇ ਬੈਰਾਗਨੀ=ਪ੍ਰੇਮਣ ਹੋ ਕੇ ਸਦਾ ਹੀ ਨਾਮ ਰਸ ਨੂੰ ਜਾਚਉ=ਮੰਗਦੀ ਹਾਂ।

ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ॥

ਪਿਰੀ ਦੇ ਰੰਗਿ=ਪ੍ਰੇਮ ਵਿਚ ਰੱਤੀ (ਰੰਗੀ) ਸਹਜ=ਸ਼ਾਂਤੀ ਆਦਿਕ ਗੁਣਾਂ ਵਿਚ ਮਸਤ ਹੋ ਕੇ ਮਹਾ ਦੁਰਮਤਿ=ਵੱਡੀ ਖੋਟੀ ਮੱਤ ਨੂੰ ਤਿਆਗ ਦਿੱਤਾ ਹੈ।

ਗਹਿ ਭੁਜਾ ਲੀਨ੍ਹੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ॥

ਪ੍ਰਭੂ ਦੇ ਪ੍ਰੇਮ ਵਿਚ ਭਿੱਜੀ ਤਾਂ ਪ੍ਰਭੂ ਨੇ ਬੁੱਧੀ ਰੂਪੀ ਭੁਜਾ=ਬਾਂਹ ਤੋਂ ਫੜ ਲਿਆ ਤੇ ਕਿਹਾ-ਪ੍ਰੀਤਮ ਪ੍ਰਭੂ ਦੇ ਨਾਲ ਮਿਲਣ ਦਾ ਇਹੋ ਸੱਚਾ ਮਗਾ=ਰਸਤਾ ਹੈ।

ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ॥ ੧॥

ਗੁਰੂ ਜੀ ਉਚਾਰਦੇ ਹਨ, ਹੇ ਪ੍ਰਭੂ ! ਅਜੇਹੀ ਕਿਰਪਾ ਦ੍ਰਿਸ਼ਟੀ ਧਾਰ, ਜੋ ਮੈਂ ਆਪ ਜੀ ਦੇ ਚਰਨਾਂ ਨਾਲ ਹਮੇਸ਼ਾਂ ਲੱਗਾ ਰਹਾਂ॥ ੧॥

ਮੇਰੀ ਸਖੀ ਸਹੇਲੜੀਹੋ ਪ੍ਰਭ ਕੈ ਚਰਣਿ ਲਗਹ॥

ਹੇ ਮੇਰੀ ਪਿਆਰੀਓ ਸਖੀਓ ! ਆਓ ਪ੍ਰਭੂ ਦੇ ਚਰਨਾਂ ਨਾਲ ਲੱਗਣਾ ਕਰੀਏ।

ਮਨਿ ਪ੍ਰਿਅ ਪ੍ਰੇਮੁ ਘਣਾ ਹਰਿ ਕੀ ਭਗਤਿ ਮੰਗਹ॥

ਮਨ ਵਿਚ ਪਿਰੀ ਦਾ ਪ੍ਰੇਮ ਬਹੁਤ ਲੱਗ ਰਿਹਾ ਹੈ, ਤਾਂਤੇ ਹਰੀ ਦੀ ਭਗਤੀ ਮੰਗੀਏ।

ਹਰਿ ਭਗਤਿ ਪਾਈਐ ਪ੍ਰਭੁ ਧਿਆਈਐ ਜਾਇ ਮਿਲੀਐ ਹਰਿ ਜਨਾ ॥
ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ ॥

(ਇਹ ਦੋਵੇਂ ਪੰਗਤੀਆਂ ਅੰਨ੍ਹੇਂ ਲਗਾਉਣੀਆਂ) ਸਭ ਤੋਂ ਪਹਿਲੇ ''ਜਾਇ ਮਿਲੀਐ ਹਰਿ ਜਨਾ''=ਹਰੀ ਦੇ ਭਗਤ ਜਨਾਂ ਨਾਲ ਮਿਲੀਏ, ਫਿਰ ਉਹਨਾਂ ਨੂੰ ''ਅਰਪਿ ਤਨੁ ਧਨੁ ਇਹੁ ਮਨਾ''=ਤਨ, ਧਨ, ਤੇ ਇਹ ਮਨ ਅਰਪਣਾ ਕਰੇ, ਅਤੇ ਉਹਨਾਂ ਦੀ ਸੰਗਤ ਕਰਕੇ ''ਮਾਨੁ ਮੋਹੁ ਬਿਕਾਰੁ ਤਜੀਐ''=ਮਾਨ (ਜਾਤੀ ਦਾ), ਮੋਹ (ਸਬੰਧੀਆਂ ਦਾ) ਤੇ ਵਿਸ਼ੇ ਵਿਕਾਰਾਂ ਨੂੰ ਤਿਆਗਣਾ ਕਰੀਏ ਤੇ ''ਪ੍ਰਭੁ ਧਿਆਈਐ'' ਪ੍ਰਭੂ ਦੇ ਨਾਮਾਂ ਨੂੰ ਧਿਆਈਏ, ਤਾਂ ''ਹਰਿ ਭਗਤਿ ਪਾਈਐ'' ਹਰੀ ਦੀ ਭਗਤੀ ਪ੍ਰਾਪਤ ਹੁੰਦੀ ਹੈ।

ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥

ਸੰਪੂਰਨ ਗੁਣਾਂ ਕਰਕੇ ਪੂਰਨ ਜੋ ਵਡ ਪੁਰਖ ਪਰਮਾਤਮਾ ਹੈ ਉਸ ਹਰਿ ਹਰਿ ਦੇ ਨਾਮ ਨਾਲ ਮਿਲਦਿਆਂ ਹੀ ਭਰਮ ਰੂਪ ਭੀਤਿ=ਕੰਧ ਭਗਹ=ਟੁੱਟ ਜਾਂਦੀ ਹੈ।

ਬਿਨਵੰਤਿ ਨਾਨਕ ਸੁਣਿ ਮੰਤ੍ਰ ਸਖੀਏ ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਖੀਏ ! ਤੂੰ ਮੇਰੀ ਮੰਤ੍ਰ=ਸਲਾਹ ਸੁਣ, ਨਿੱਤ ਰੂਪ ਹਰੀ ਦੇ ਨਾਮ ਨੂੰ ਨਿਤਾ ਪ੍ਰਤੀ ਜਪਣਾ ਕਰ ॥ ੨ ॥

ਹਰਿ ਨਾਰਿ ਸੁਹਾਗਣੇ ਸਭਿ ਰੰਗ ਮਾਣੇ ॥ ਰਾਂਡ ਨ ਬੈਸਈ ਪ੍ਰਭ ਪੁਰਖ ਚਿਰਾਣੇ ॥

ਜੋ ਹਰੀ ਦੀ ਸੁਹਾਗਣ ਇਸਤ੍ਰੀ ਹੈ ਉਹ ਸਾਰੇ ਅਨੰਦਾਂ ਨੂੰ ਭੋਗਦੀ ਹੈ।

ਚਿਰਾਣੇ=ਅਨਾਦੀ ਪੁਰਖ ਜੋ ਪ੍ਰਭੂ ਪਰਮਾਤਮਾ ਹੈ, ਉਸ ਦੀ ਪ੍ਰਾਪਤੀ ਹੋਣ ਕਰਕੇ ਉਹ ਕਦੇ ਰਾਂਡ=ਰੰਡੀ ਹੋ ਕੇ ਨਹੀ ਬੈਸਈ=ਬਹਿੰਦੀ।

ਨਹ ਦੂਖ ਪਾਵੈ ਪ੍ਰਭ ਧਿਆਵੈ ਧੰਨਿ ਤੇ ਬਡਭਾਗੀਆ ॥

ਪ੍ਰਭੂ ਦੇ ਧਿਆਉਣ ਕਰਕੇ ਉਹ ਦੁੱਖ ਨਹੀਂ ਪਾਉਂਦੀ, ਅਤੇ ਉਹ ਵੱਡਿਆਂ ਭਾਗਾਂ ਵਾਲੀ ਇਸਤ੍ਰੀ ਧੰਨ ਹੈ।

ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ ਨਾਮ ਰਸਿ ਰੰਗਿ ਜਾਗੀਆ ॥

ਰਸਿ=ਪ੍ਰੇਮ ਸਹਤ ਨਾਮ ਰੰਗ ਵਿਚ ਜਾਗਣ ਕਰਕੇ ਕਿਲਬਿਖ=ਪਾਪਾਂ ਨੂੰ ਖੋਂਦੀ ਹੈ, ਤੇ ਸਹਜਿ=ਅਚੁੱਤ ਸੁਖ ਵਿਚ ਸੋਂਦੀ ਹੈ।

ਮਿਲਿ ਪ੍ਰੇਮ ਰਹਣਾ ਹਰਿ ਨਾਮੁ ਗਹਣਾ ਪ੍ਰਿਅ ਬਚਨ ਮੀਠੇ ਭਾਣੇ ॥

ਪ੍ਰੇਮ ਵਿਚ ਮਿਲ ਰਹਿਣਾ ਕਰੇ, ਹਰੀ ਨਾਮ ਨੂੰ ਗਹਿਣਾ=ਗ੍ਰਹਿਣ ਕਰੇ,

ਅਥਵਾ:-ਹਰੀ ਨਾਮ ਦਾ ਭੂਖਣ ਕਰੇ, ਤੇ ਮਿੱਠੇ ਬਚਨ ਬੋਲੇ, ਕਿਉਂਕਿ ਮਿੱਠੇ ਬਚਨ ਹੀ ਪਿਰੀ ਨੂੰ ਭਾਂਵਦੇ ਹਨ। ਅਥਵਾ:-ਉਸ ਨੇ ਪਤੀ ਨਾਲ ਮਿਲ ਕੇ ਰਹਿਣਾ ਕੀਤਾ ਹੈ, ਜਿਸ ਨੇ ਪ੍ਰੇਮ ਤੇ ਹਰੀ ਨਾਮ ਦਾ ਗਹਿਣਾ ਪਾਇਆ ਹੈ, ਉਸ ਦੇ ਮਿੱਠੇ ਬਚਨ ਹੀ ਪਤੀ ਨੂੰ ਭਾਂਵਦੇ ਹਨ।

ਬਿਨਵੰਤਿ ਨਾਨਕ ਮਨ ਇਛ ਪਾਈ ਹਰਿ ਮਿਲੇ ਪੁਰਖ ਚਿਰਾਣੇ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਚਿਰਾਣੇ=ਅਨਾਦੀ ਪੁਰਖ ਹਰੀ ਦੇ ਮਿਲਣ ਕਰਕੇ ਉਸ ਨੇ ਮਨ ਇੱਛਤ ਫਲ ਦੀ ਪ੍ਰਾਪਤੀ ਪਾਈ ਹੈ॥ ੩ ॥

ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ ॥

ਉਸ ਦੇ ਘਰ ਵਿਚ ਕ੍ਰੋੜਾਂ ਅਨੰਦ ਤੇ ਸੋਹਿਲੜੇ=ਮੰਗਲ ਹੋ ਰਹੇ ਹਨ।

ਅਥਵਾ:-ਉਸ ਦੇ ਘਰ ਵਿਚ ਕ੍ਰੋੜਾਂ ਹੀ ਸੋਹਿਲੜੇ=ਸੋਭਨੀਕ ਆਨੰਦ ਹੋ ਰਹੇ ਹਨ।

ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ ॥

ਜਿਸ ਦੇ ਮਨ ਤਨ ਦੇ ਵਿੱਚ ਪਰਮ ਅਨੰਦ ਸਰੂਪ ਪ੍ਰਭੂ ਰਵਿ ਰਿਹਾ ਹੈ।

ਹਰਿ ਕੰਤ ਅਨੰਤ ਦਇਆਲ ਸ੍ਰੀਧਰ ਗੋਬਿੰਦ ਪਤਿਤ ਉਧਾਰਣੋ ॥

ਹਰੀ ਪਤੀ ਬਿਅੰਤ ਦਿਆਲੂ ਤੇ ਸ੍ਰੀ-ਧਰ=ਮਾਇਆ ਦਾ ਆਸਰਾ ਹੈ। ਪੁਨਾ-ਉਹ ਗੋਬਿੰਦ ਪਾਪੀਆਂ ਨੂੰ ਤਾਰਨ ਵਾਲਾ ਹੈ।

ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ ॥

ਜਿਸ ਉੱਤੇ ਹਰੀ ਪ੍ਰਭੂ ਮੁਰਾਰੀ ਨੇ ਕ੍ਰਿਪਾ ਦ੍ਰਿਸ਼ਟੀ ਧਾਰੀ ਹੈ ਉਸ ਨੂੰ ਭੈ-ਦਾਇਕ ਸਿੰਧੁ ਸਾਗਰ=ਸੰਸਾਰ ਸਮੁੰਦਰ ਤੋਂ ਤਾਰਨਾ ਕੀਤਾ ਹੈ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

ਜੋ ਭੀ ਪੁਰਸ਼ ਸ਼ਰਨ ਵਿਚ ਆਉਂਦਾ ਹੈ ਉਸ ਨੂੰ ਗਲ ਨਾਲ ਲਗਾ ਲੈਂਦਾ ਹੈ, ਮੇਰੇ ਸੁਆਮੀ ਦਾ ਇਹੀ ਬਿਰਦੁ=ਧਰਮ ਹੈ।

ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ ॥ ੪ ॥ ੧ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਉਹ ਹਰੀ ਪਤੀ ਮਿਲਿਆ ਹੈ ਜੋ ਸਦਾ ਹੀ ਕੇਲ=ਖੁਸ਼ੀਆਂ ਕਰੰਦਾ=ਕਰਦਾ ਹੈ॥ ੪॥ ੧॥ ੪॥

ਬਿਹਾਗੜਾ ਮਹਲਾ ੫ ॥

(ਪੰਨਾ ੫੪੫) ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥

ਹੇ ਮਨ ! ਸਰੋਵਰ ਰੂਪ ਜੋ ਹਰੀ ਦੇ ਚਰਨ ਹਨ ਤਿੱਥੇ ਤੂੰ ਨਿਵਾਸ ਕਰ। ਅਥਵਾ:-ਹੇ ਮਨ ਹਰੀ ਸਰੂਪ ਜੋ ਗੁਰੂ ਸਾਹਿਬ ਜੀ ਹਨ, ਉਹਨਾਂ ਦੇ ਚਰਨਾਂ ਰੂਪ ਸਰੋਵਰ ਵਿਚ ਨਿਵਾਸ ਕਰ।

ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ ॥

ਮਨਾ=ਹੇ ਮਨ ! ਹਰੀ ਦੇ ਸਤ-ਸੰਗ ਸਰੋਵਰ ਵਿਚ ਮਜਨੁ=ਇਸ਼ਨਾਨ ਕਰ, ਤੇ ਸਾਰਿਆਂ ਕਿਲਬਿਖ =ਪਾਪਾਂ ਨੂੰ ਨਾਸ ਕਰ।

ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ॥

ਗੋਬਿੰਦ ਦੇ ਸੱਜਣ ਜੋ ਸੰਤ ਹਨ ਉਹਨਾਂ ਨਾਲ ਮਿਲਕੇ ਤੂੰ ਸਦਾ ਨਾਮ ਜਲ ਵਿੱਚ ਇਸ਼ਨਾਨ ਕਰ, ਤਾਂ ਦੁੱਖ ਦੇਣ ਵਾਲਾ ਅਗਿਆਨ ਰੂਪ ਅਨ੍ਹੇਰਾ ਨਾਸ ਹੋ ਜਾਏਗਾ।

ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ॥

ਜਿਸ ਨੇ ਨਾਮ ਜਲ ਵਿੱਚ ਇਸ਼ਨਾਨ ਕੀਤਾ ਹੈ, ਉਸ ਨੂੰ ਮੁੜ ਕੇ ਜਨਮ ਮਰਨ ਦਾ ਦੁੱਖ ਨਹੀਂ ਹੁੰਦਾ, ਉਸ ਦੇ ਗਲ ਵਿੱਚੋਂ ਜਮਾਂ ਦੇ ਫਾਹੇ ਕੱਟੇ ਜਾਂਦੇ ਹਨ।

ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ॥

ਜਿੱਥੇ ਸਤਸੰਗ ਵਿੱਚ ਮਿਲਕੇ ਨਾਮ ਵਿੱਚ ਰੰਗੇ=ਪ੍ਰੇਮ ਕੀਤਾ ਜਾਂਦਾ ਹੈ, ਉਥੇ ਸਾਰੀਆਂ ਆਸਾਂ ਪੂਰਨ ਹੁੰਦੀਆਂ ਹਨ।

ਬਿਨਵੰਤਿ ਨਾਨਕ ਧਾਰਿ ਕਿਰਪਾ ਹਰਿ ਚਰਣ ਕਮਲ ਨਿਵਾਸੋ॥ ੧॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਗੁਰੂ ਕ੍ਰਿਪਾ ਦ੍ਰਿਸ਼ਟੀ ਧਾਰਦਾ ਹੈ, ਉਸ ਦਾ ਹਰੀ ਦੇ ਚਰਨ ਕਵਲਾਂ ਵਿੱਚ ਨਿਵਾਸ ਹੁੰਦਾ ਹੈ॥ ੧॥

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ॥

ਤਹ=ਤਿਸ ਸਤ-ਸੰਗ ਵਿਚ ਸਦਾ ਹੀ ਅਨੰਦ ਦਾਇਕ ਕੌਤਕ, ਅਤੇ ਅਨਹਦ=ਇੱਕ ਰਸ ਰਾਮ ਦੀ ਪ੍ਰਾਪਤੀ ਦੇ ਰੁਣ ਝੁਣ ਕਾਰ ਸੰਗਿਆ ਦੇ ਵਾਜੇ ਵੱਜ ਰਹੇ ਹਨ।

ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ॥

ਸੰਤ ਜਨ ਆਪਸ ਵਿੱਚ ਮਿਲਕੇ ਰਾਮ ਪ੍ਰਭੂ ਦਾ ਜੈਕਾਰੋ=ਜਸ ਗਾਉਂਦੇ ਹਨ।

ਮਿਲਿ ਸੰਤ ਗਾਵਹਿ ਖਸਮ ਭਾਵਹਿ ਹਰਿ ਪ੍ਰੇਮ ਰਸ ਰੰਗਿ ਭਿੰਨੀਆ॥

ਜੋ ਸੰਤ ਆਪਸ ਵਿੱਚ ਮਿਲਕੇ ਗਾਉਂਦੇ ਹਨ, ਉਹ ਵਾਹਿਗੁਰੂ ਨੂੰ ਭਾਉਂਦੇ ਹਨ, ਰੰਗਿ=ਅਨੰਦ ਰੂਪ ਹਰੀ ਦੇ ਪ੍ਰੇਮ ਰਸ ਵਿਚ ਉਹਨਾਂ ਦੀ ਬੁੱਧੀ ਭਿੰਨੀਆ=ਭਿੱਜੀ ਹੈ।

ਹਰਿ ਲਾਭੁ ਪਾਇਆ ਆਪੁ ਮਿਟਾਇਆ ਮਿਲੇ ਚਿਰੀ ਵਿਛੁੰਨਿਆ॥

ਆਪਾ ਭਾਵ ਹੰਕਾਰ ਨੂੰ ਮਿਟਾਇਆ ਤਾਂ ਹਰੀ ਦੀ ਪ੍ਰਾਪਤੀ ਰੂਪ ਲਾਭ ਨੂੰ ਪਾਇਆ, ਚਿਰੰਕਾਲ ਦੇ ਵਿੱਛੜੇ ਹੋਏ ਹਰੀ ਮਿਲ ਪਏ।

ਗਹਿ ਭੁਜਾ ਲੀਨੇ ਦਇਆ ਕੀਨ੍ਹੇ ਪ੍ਰਭ ਏਕ ਅਗਮ ਅਪਾਰੋ॥

ਇੱਕ ਅਗਮ ਅਪਾਰ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਬੁੱਧੀ ਰੂਪ ਭੁਜਾ=ਬਾਂਹ ਤੋਂ ਫੜ ਲਿਆ ਹੈ।

ਬਿਨਵੰਤਿ ਨਾਨਕ ਸਦਾ ਨਿਰਮਲ ਸਚੁ ਸਬਦੁ ਰੁਣ ਝੁਣਕਾਰੋ॥ ੨॥

ਗੁਰੂ ਜੀ ਕਥਨ ਕਰਦੇ ਹਨ, ਜੋ ਸਦਾ ਨਿਰਮਲ ਹੈ, ਉਸ ਸੱਚੇ=ਸਬਦੁ ਬ੍ਰਹਮ ਦੇ ਰੁਣ ਝੁਣ ਕਾਰੋ=ਜਸ ਨੂੰ ਉਚਾਰਨਾ ਕਰੋ॥ ੨॥

ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥

ਹੇ ਵੱਡਿਆਂ ਭਾਗਾਂ ਵਾਲਿਆ! ਹਰੀ ਰਾਮ ਨਾਮ ਰੂਪ ਅੰਮ੍ਰਿਤ ਬਾਣੀ ਨੂੰ ਸੁਣਨਾ ਕਰ।

ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥

ਜਿਸ ਦੇ ਕਰਮਿ=ਭਾਗਾਂ ਵਿਚ ਇਹ ਬਾਣੀ ਪ੍ਰਭੂ ਨੇ ਲਿਖੀ ਹੈ, ਤਿਸ ਦੇ ਹਿਰਦੇ ਵਿੱਚ ਇਹ ਰਾਮ ਨਾਮ ਰੂਪ ਬਾਣੀ ਸਮਾਈ ਹੈ।

ਅਕਥ ਕਹਾਣੀ ਤਿਨੀ ਜਾਣੀ ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥

ਅਕੱਥ ਪ੍ਰਭੂ ਦੀ ਕਹਾਣੀ ਉਸ ਨੇ ਜਾਣੀ ਹੈ ਜਿਸ ਉੱਤੇ ਪ੍ਰਭੂ ਆਪ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ।

ਅਮਰੁ ਥੀਆ ਫਿਰਿ ਨ ਮੂਆ ਕਲਿ ਕਲੇਸਾ ਦੁਖ ਹਰੇ ॥

ਉਹ ਅਮਰ ਹੋ ਗਿਆ ਹੈ, ਫਿਰ ਕਦੇ ਮਰਦਾ ਨਹੀਂ, ਉਸ ਦੇ ਕਲਪਣਾ ਕਲੇਸ਼ ਅਤੇ ਦੁਖ ਹਰੇ=ਦੂਰ ਹੋ ਗਏ ਹਨ।

ਹਰਿ ਸਰਣਿ ਪਾਈ ਤਜਿ ਨ ਜਾਈ ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥

ਜਿਸ ਨੇ ਹਰੀ ਦੀ ਸ਼ਰਨ ਪਾ ਲਈ ਹੈ ਮੁੜ ਉਸ ਤੋਂ ਤਿਆਗੀ ਨਹੀਂ ਜਾਂਦੀ, ਕਿਉਂਕਿ ਪ੍ਰਭੂ ਦੀ ਪ੍ਰੀਤੀ ਮਨ ਤਨ ਨੂੰ ਭਾਣੀ=ਚੰਗੀ ਲੱਗੀ ਹੈ।

ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਪਵਿੱਤਰ ਰੂਪ ਨਾਮ ਅੰਮ੍ਰਿਤ ਬਾਣੀ ਸਦਾ ਗਾਵਣਾ ਕਰੀਏ ॥ ੩ ॥

ਮਨ ਤਨ ਗਲਤੁ ਭਏ ਕਿਛੁ ਕਹਣੁ ਨ ਜਾਈ ਰਾਮ ॥

ਜੋ ਮਨ ਤਨ ਕਰਕੇ ਰਾਮ ਦੇ ਪ੍ਰੇਮ ਵਿਚ ਗਲਤੁ=ਗਲਤਾਨ (ਤਦਾਕਾਰ) ਹੋ ਗਏ ਹਨ, ਉਹਨਾਂ ਦੀ ਅਵਸਥਾ ਕੁਝ ਕਹੀ ਨਹੀਂ ਜਾਂਦੀ।

ਜਿਸ ਤੇ ਉਪਜਿਅੜਾ ਤਿਨਿ ਲੀਆ ਸਮਾਈ ਰਾਮ ॥

ਜਿਸ ਬ੍ਰਹਮ ਤੋਂ ਉਹ ਪੈਦਾ ਹੋਇਆ ਸੀ, ਤਿਸ ਰਾਮ ਨੇ ਆਪਣੇ ਵਿੱਚ ਉਸ ਨੂੰ ਅਭੇਦ ਕਰ ਲਿਆ ਹੈ।

ਮਿਲਿ ਬ੍ਰਹਮ ਜੋਤੀ ਓਤਿ ਪੋਤੀ ਉਦਕੁ ਉਦਕਿ ਸਮਾਇਆ ॥

ਓਤਿ ਪੋਤੀ=ਤਾਣੇ ਪੇਟੇ ਦੇ ਸੂਤ੍ਰ ਵਾਂਗ ਉਹ ਬ੍ਰਹਮ ਜੋਤੀ ਵਿਚ ਇਸ ਤਰ੍ਹਾਂ ਮਿਲ ਗਿਆ ਹੈ, ਜਿਸ ਤਰ੍ਹਾਂ ਉਦਕੁ=ਪਾਣੀ ਵਿੱਚ ਪਾਣੀ ਸਮਾ ਜਾਂਦਾ ਹੈ।

ਜਲਿ ਥਲਿ ਮਹੀਅਲਿ ਏਕੁ ਰਵਿਆ ਨਹ ਦੂਜਾ ਦ੍ਰਿਸਟਾਇਆ ॥

ਜੋ ਇੱਕ ਪ੍ਰਭੂ ਜਲਾਂ, ਥਲਾਂ, ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿੱਚ ਰਵਿਆ ਹੋਇਆ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਜ਼ਰ ਹੀ ਨਹੀਂ ਆਇਆ।

ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ ਕੀਮਤਿ ਕਹਣੁ ਨ ਜਾਈ॥

ਜੋ ਪੂਰਨ ਪ੍ਰਭੂ ਬਣਿ ਤ੍ਰਿਣਿ=ਜੰਗਲਾਂ ਵਿੱਚ, ਕੱਖਾਂ ਵਿੱਚ ਤੇ ਤਿੰਨਾਂ ਲੋਕਾਂ ਦੇ ਸੰਪੂਰਨ ਜੀਵਾਂ ਵਿਚ ਪੂਰਨ ਹੈ, ਉਸ ਦੀ ਕੁਝ ਕੀਮਤ ਕਹੀ ਨਹੀਂ ਜਾਂਦੀ।

ਬਿਨਵੰਤਿ ਨਾਨਕ ਆਪਿ ਜਾਣੈ ਜਿਨਿ ਏਹ ਬਣਤ ਬਣਾਈ॥੪॥੨॥੫॥

ਗੁਰੂ ਜੀ ਕਥਨ ਕਰਦੇ ਹਨ ਉਹ ਪ੍ਰਭੂ ਆਪ ਹੀ ਸਭ ਕੁਝ ਜਾਣਦਾ ਹੈ, ਜਿਸ ਨੇ ਇਹ ਸੰਸਾਰ ਬਣਾਵਟ ਬਣਾਈ ਹੈ॥ ੪॥ ੨॥ ੫॥

ਬਿਹਾਗੜਾ ਮਹਲਾ ੫॥

ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ॥

ਹੇ ਪ੍ਰਾਣਾਂ ਦੇ ਅਧਾਰੇ, ਆਸਰੇ ਰੂਪ ਰਾਮ ਪ੍ਰਭੂ ! ਆਪ ਜੀ ਨੂੰ ਸੰਤ ਖੋਜਤ=ਢੂੰਢਦੇ ਫਿਰਹਿ=ਫਿਰਦੇ ਹਨ।

ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ॥

ਹੇ ਪਿਆਰੇ ਰਾਮ ! ਆਪ ਜੀ ਦੇ ਮਿਲੇ ਤੋਂ ਬਿਨਾਂ ਤਨ ਦਾ ਤਾਣ=ਬਲ ਖੀਨ ਭਇਆ=ਨਾਸ ਹੋ ਗਿਆ ਹੈ।

ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ॥

ਹੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਧਾਰਕੇ ਆ ਕੇ ਮਿਲਣਾ ਕਰੋ, ਦਇਆ ਦ੍ਰਿਸ਼ਟੀ ਧਾਰਕੇ ਆਪਣੇ ਲੜਿ=ਪੱਲੇ ਨਾਲ ਲਗਾ ਲੈਣਾ ਕਰੋ।

ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ॥

ਹੇ ਸੁਆਮੀ ! ਆਪਣਾ ਨਾਮ ਦਿਓ ਜਿਸ ਨੂੰ ਮੈਂ ਜਪਣਾ ਕਰਾਂ, ਹੇ ਹਰੀ! ਆਪ ਜੀ ਦਾ ਦਰਸ਼ਨ ਵੇਖਣ ਕਰਕੇ ਹੀ ਜੀਊਦਾ ਹੁੰਦਾ ਹੈ।

ਸਮਰਥ ਪੂਰਨ ਸਦਾ ਨਿਹਚਲ ਊਚ ਅਗਮ ਅਪਾਰੇ॥

ਆਪ ਸਰਬ ਕਲਾ ਸਮਰੱਥ, ਸ਼ੁਭ ਗੁਣਾਂ ਕਰਕੇ ਪੂਰਨ, ਤੇ ਸਦਾ ਅਚੱਲ ਹੋ, ਅਤੇ ਸਭ ਤੋਂ ਉੱਚੇ ਤੇ ਅਗਮ ਅਪਾਰ ਹੋ।

ਬਿਨਵੰਤਿ ਨਾਨਕ ਧਾਰਿ ਕਿਰਪਾ ਮਿਲਹੁ ਪ੍ਰਾਨ ਪਿਆਰੇ॥੧॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਾਣ ਪਿਆਰੇ ਪ੍ਰਭੂ ! ਆਪ ਕ੍ਰਿਪਾ ਧਾਰਕੇ ਮੈਨੂੰ ਆ ਕੇ ਮਿਲੋ॥ ੧॥

ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ॥

ਹੇ ਚਰਣਾ=ਪੂਜਨੀਕ, ਅਥਵਾ:-ਵੇਦਾਂ ਕਰਕੇ ਪ੍ਰਤਿਪਾਦਜ ਰਾਮ ਆਪ ਜੀ ਦੇ ਵੇਖਣ ਨੂੰ ਅਨੇਕਾਂ ਜਪ, ਤਪ, ਤੇ ਬਰਤ ਕੀਤੇ ਹਨ।

ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ॥

ਹੇ ਰਾਮ ! ਆਪ ਜੀ ਦੀ ਸ਼ਰਨ ਗ੍ਰਹਿਣ ਕੀਤੇ ਬਿਨਾਂ ਵਿਛੋੜੇ ਦੀ ਤਪਤਿ=ਤਪਸ਼ ਕਿਸੇ ਪ੍ਰਕਾਰ ਬੁਝਦੀ ਨਹੀਂ ਹੈ।

ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ॥

ਹੇ ਪ੍ਰਭੂ ! ਤੇਰੀ ਸ਼ਰਨ ਵਿੱਚ ਆਇਆ ਹਾਂ ਆਪ ਮੇਰੀ ਮੋਹ, ਅਥਵਾ: ਜਨਮ ਮਰਨ ਰੂਪ ਬੇੜੀ ਨੂੰ ਕੱਟਕੇ ਸੰਸਾਰ ਸਮੁੰਦਰ ਤੋਂ ਤਾਰਨਾ ਕਰੋ।

ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ॥

ਮੈਂ ਅਨਾਥ=ਯਤੀਮ ਸ਼ੁਭ ਗੁਣਾਂ ਤੋਂ ਰਹਿਤ ਹਾਂ, ਮੈਂ ਕੁਝ ਜਪ, ਤਪ ਕਰਨਾ ਨਹੀਂ ਜਾਣਦਾ, ਆਪ ਮੇਰਾ ਕੁਝ ਗੁਣ ਔਗੁਣ ਨਾ ਵਿਚਾਰਨਾਂ ਕਰੋ।

ਦੀਨ ਦਇਆਲ ਗੋਪਾਲ ਪ੍ਰੀਤਮ ਸਮਰਥ ਕਾਰਣ ਕਰਣਾ॥

ਹੇ ਦੀਨ ਦਿਆਲ ਗੋਪਾਲ ਪ੍ਰੀਤਮ ! ਆਪ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੋ।

(ਪੰਨਾ ੫੪੬)

ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ ਜਪਿ ਜੀਵਾ ਹਰਿ ਹਰਿ ਚਰਣਾ॥ ੨॥

ਗੁਰੂ ਜੀ ਕਥਨ ਕਰਦੇ ਹਨ, ਜਿਵੇਂ ਪ੍ਰਤੱਖ ਪਪੀਹਾ ਹਰਿ ਬੂੰਦ=ਸ੍ਵਾਂਤੀ ਬੂੰਦ ਮੰਗਦਾ ਹੈ, ਤਿਵੇਂ ਮੈਂ ਜਗਿਆਸੂ ਰੂਪ ਪਪੀਹਾ ਹਰੀ ਨਾਮ ਰੂਪੀ ਸ੍ਵਾਂਤੀ ਬੂੰਦ ਮੰਗਦਾ ਹਾਂ, ਅਤੇ ਹਰਿ ਹਰਿ ਨਾਮ ਨੂੰ ਜਪਕੇ ਤੇ ਚਰਨਾਂ ਦਾ ਧਿਆਨ ਧਾਰਕੇ ਜਿਉਂਦਾ ਹਾਂ॥ ੨॥

ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ॥

ਨਾਮ ਅੰਮ੍ਰਿਤ ਦਾ ਸਰੋਵਰ ਜੋ ਸਤ-ਸੰਗ ਹੈ ਉਸ ਵਿੱਚੋਂ ਹਰਿ ਹਰਿ ਰਾਮ ਦੇ ਨਾਮ ਰੂਪ ਅੰਮ੍ਰਿਤ ਨੂੰ ਪੀਣਾ ਕਰੋ।

ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ॥

ਰਾਮ=ਹੇ ਭਾਈ ! ਸੰਤਾਂ ਦੇ ਸਤ-ਸੰਗ ਵਿੱਚ ਮਿਲਕੇ ਨਾਮ ਜਪਦਿਆਂ ਹੀ ਸਾਰੇ ਕੰਮ ਪੂਰਨ ਹੁੰਦੇ ਹਨ।

ਸਭ ਕਾਮ ਪੂਰਨ ਦੁਖ ਬਿਦੀਰਨ ਹਰਿ ਨਿਮਖ ਮਨਹੁ ਨ ਬੀਸਰੈ॥

ਜਿਸ ਦੇ ਸਿਮਰਨ ਕਰਕੇ ਸਾਰੇ ਕੰਮ ਪੂਰਨ ਹੁੰਦੇ ਹਨ, ਅਤੇ ਦੁਖ ਬਿਦੀਰਨ=ਨਾਸ ਹੁੰਦੇ ਹਨ, ਉਹ ਹਰੀ ਦਾ ਨਾਮ ਮੇਰੇ ਮਨ ਵਿੱਚੋਂ ਇੱਕ ਨਿਮਖ ਮਾਤ੍ਰ ਭੀ ਨਾ ਭੁੱਲੇ।

ਆਨੰਦ ਅਨਦਿਨੁ ਸਦਾ ਸਾਚਾ ਸਰਬ ਗੁਣ ਜਗਦੀਸਰੈ॥

ਜਿਸ ਜਗਤ ਦੇ ਮਾਲਕ ਜਗਦੀਸਰ ਵਿੱਚ ਸਾਰੇ ਸ਼ੁਭ ਗੁਣ ਹਨ, ਉਸ ਦਾ ਸੱਚਾ ਨਾਮ ਜਪਣ ਕਰਕੇ ਦਿਨ-ਰਾਤ ਸਦਾ ਹੀ ਸੱਚਾ ਆਨੰਦ ਬਣਿਆਂ ਰਹਿੰਦਾ ਹੈ।

ਅਗਣਤ ਊਚ ਅਪਾਰ ਠਾਕੁਰ ਅਗਮ ਜਾ ਕੋ ਧਾਮਾ ॥

ਜ ਠਾਕੁਰ ਅਨ-ਗਿਣਤ ਤੇ ਅਪਾਰ ਉੱਚਾ ਹੈ, ਜਿਸ ਦਾ ਸਰੂਪ ਘਰ ਅਗੰਮ ਹੈ।

ਬਿਨਵੰਤਿ ਨਾਨਕ ਮੇਰੀ ਇਛ ਪੂਰਨ ਮਿਲੇ ਸ੍ਰੀਰੰਗ ਰਾਮਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਸ੍ਰੀ ਰੰਗ=ਲਛਿਮੀ ਨੂੰ ਅਨੰਦ ਦੇਣ ਵਾਲੇ ਰਾਮ ਦੇ ਮਿਲਣ ਕਰਕੇ ਮੇਰੀ ਇੱਛਾ ਪੂਰਨ ਹੋਈ ਹੈ॥ ੩ ॥

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥

ਰਾਮ ਦੇ ਗੁਣ ਗਾਉਣ ਤੇ ਸੁਣਨ ਵਾਲੇ ਨੂੰ ਕਈ ਕਰੋੜਾਂ ਯੁਗਾਂ ਦਾ ਫਲ ਪ੍ਰਾਪਤ ਹੁੰਦਾ ਹੈ।

ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥

ਰਾਮ=ਹੇ ਭਾਈ ! ਹਰਿ ਹਰਿ ਨਾਮ ਜਪਣ ਵਾਲਾ ਗੁਰਮੁਖ, ਸਭ ਕੁਲਾਂ ਨੂੰ ਤਾਰ ਲੈਂਦਾ ਹੈ।

ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ਤਾ ਕੀ ਮਹਿਮਾ ਕਿਤ ਗਨਾ ॥

ਜੋ ਪ੍ਰਾਣੀ ਹਰੀ ਨਾਮ ਨੂੰ ਜਪਦਿਆਂ ਸੋਹੰਤ=ਸੁਭਾਇਮਾਨ ਹੁੰਦਾ ਹੈ, ਉਸ ਦੀ ਮਹਿਮਾ ਮੈਂ ਕਿਤ=ਕਿਸ ਤਰ੍ਹਾਂ ਗਨਾ=ਗਿਣ ਸਕਦਾ ਹਾਂ।

ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ਚਿਤਵੰਤਿ ਦਰਸਨੁ ਸਦ ਮਨਾ ॥

ਹੇ ਪ੍ਰਾਣ ਪਿਆਰੇ ਹਰੀ ! ਤੁਸੀਂ ਕਦੇ ਭੀ ਨਾ ਭੁੱਲੋ, ਮੇਰਾ ਮਨ ਸਦਾ ਤੇਰੇ ਦਰਸ਼ਨ ਨੂੰ ਚਿਤਵੰਤਿ=ਲੋਚਦਾ ਹੈ।

ਸੁਭ ਦਿਵਸ ਆਏ ਗਹਿ ਕੰਠਿ ਲਾਏ ਪ੍ਰਭ ਊਚ ਅਗਮ ਅਪਾਰੇ ॥

ਹੇ ਸਾਰਿਆਂ ਤੋਂ ਉੱਚੇ ਅਗਮ ਅਪਾਰ ਪ੍ਰਭੂ ! ਜਿਸ ਵੇਲੇ ਮੇਰੇ ਚੰਗੇ ਦਿਨ ਆਏ ਤਾਂ ਆਪ ਜੀ ਨੇ ਫੜ ਕੇ ਮੈਨੂੰ ਆਪਣੇ ਗਲ ਨਾਲ ਲਗਾ ਲਿਆ।

ਬਿਨਵੰਤਿ ਨਾਨਕ ਸਫਲੁ ਸਭੁ ਕਿਛੁ ਪ੍ਰਭ ਮਿਲੇ ਅਤਿ ਪਿਆਰੇ ॥ ੪ ॥ ੩ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਅੱਜ ਮੇਰਾ ਸਭ ਕੁਝ ਸਫਲ ਹੈ, ਕਿਉਂਕਿ ਅਤਿ=ਵੱਡੇ ਵੱਡੇ ਪਿਆਰੇ ਪ੍ਰਭੂ ਜੀ ਆ ਕੇ ਮਿਲੇ ਹਨ॥ ੪ ॥ ੩ ॥ ੬ ॥

ਬਿਹਾਗੜਾ ਮਹਲਾ ੫ ਛੰਤ ॥

ਇਸ ਸ਼ਬਦ ਦੁਆਰਾ ਹਿਤ ਉਪਦੇਸ਼ ਦੇਂਦੇ ਹਨ।

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥

ਅਨ=ਦ੍ਵੈਤ ਭਾਵ ਵਿਚ ਕਾਏ=ਕਿਸ ਵਾਸਤੇ ਰਾਤੜਿਆ=ਤਦਾਕਾਰ ਹੋ ਰਿਹਾ ਹੈਂ,

ਅਥਵਾ:-ਅਨਕਾਏ=ਅਨੇਕਾਂ ਪਦਾਰਥਾਂ ਵਿਚ ਕਿਸ ਵਾਸਤੇ ਤਦਾਕਾਰ ਹੋ ਰਿਹਾ ਹੈਂ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਅਗਲੀ ਜਮਾਂ ਦੀ ਵਾਟ=ਡੰਡੀ ਬਹੁਤ ਦੁਹੇਲੀ=ਦੁਖਦਾਈ ਹੈ।

ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥

ਰਾਮ=ਹੇ ਭਾਈ ਰਾਮ ਦੇ ਸਿਮਰਨ ਤੋਂ ਬਿਨਾਂ, ਪਾਪ ਕਰਮਾਂ ਦੇ ਕਮਾਉਂਦਿਆਂ ਤੇਰਾ ਕੋਈ ਵੀ ਸਹਾਇਕ ਨਹੀਂ ਹੋਵੇਗਾ।

ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥

ਪ੍ਰਲੋਕ ਵਿਚ ਤੇਰਾ ਕੋਈ ਭੀ ਸਹਾਇਕ ਨਹੀਂ ਹੋਵੇਗਾ, ਫਿਰ ਤੂੰ ਸਦਾ ਹੀ ਪਸਚਾਤਾਪ ਕਰੇਂਗਾ।

ਗੁਨ ਗੋਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ॥

ਹੁਣ ਤੂੰ ਗੋਪਾਲ ਦੇ ਗੁਣਾਂ ਨੂੰ ਰਸਨਾਂ ਨਾਲ ਜਪਦਾ ਨਹੀਂ ਹੈਂ, ਫਿਰ ਉਹ ਨਾਮ ਜਪਣ ਵਾਲੇ ਦਿਨ ਕਦੋਂ ਆਉਣਗੇ ਅਰਥਾਤ ਫਿਰ ਨਹੀਂ ਆਉਣਗੇ।

ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ॥

ਜਿਵੇਂ ਤਰਵਰ=ਦਰੱਖਤ ਨਾਲੋਂ ਵਿਛੁੰਨੇ=ਵਿੱਛੁੜੇ ਹੋਏ ਭਾਵ ਟੁੱਟੇ ਹੋਏ ਪੱਤੇ ਮੁੜ ਉਸ ਨਾਲ ਨਹੀਂ ਜੁੜ ਸਕਦੇ, ਤਿਵੇਂ ਹੱਥੋਂ ਨਿਕਲ ਚੁੱਕੇ ਹੋਏ ਦਿਨ ਮੁੜ ਕੇ ਹੱਥ ਨਹੀਂ ਆਉਂਦੇ, ਅਤੇ ਅੱਗੇ ਜਮ ਰਸਤੇ ਵਿਚ ਇਕੱਲਿਆਂ ਹੀ ਗਉਨੁ=ਚਲਣਾ ਹੁੰਦਾ ਹੈ।

ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ॥੧॥

ਗੁਰੂ ਜੀ ਕਥਨ ਕਰਦੇ ਹਨ, ਹਰੀ ਦੇ ਨਾਮ ਸਿਰਮਨ ਤੋਂ ਬਿਨਾਂ ਜੀਵ ਰੂਪ ਇਸਤ੍ਰੀ ਜਮ ਮਾਰਗ ਵਿਚ ਸਦਾ ਹੀ ਦੁਹੇਲੀ=ਦੁਖੀ ਫਿਰਦੀ ਹੈ॥ ੧॥

ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ॥

ਰਾਮ=ਹੇ ਭਾਈ ! ਤੂੰ ਲੁਕ ਕੇ ਵਲਵੰਚ=ਠੱਗੀਆਂ ਕਰਦਾ ਹੈਂ, ਪਰ ਉਹ ਜਾਨਣ ਵਾਲਾ ਰਾਮ ਸਭ ਕੁਝ ਜਾਣਦਾ ਹੈ।

ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ॥

ਜਿਸ ਵੇਲੇ ਧਰਮ ਰਾਜਾ ਦੀ ਦਰਗਾਹ ਵਿਚ ਤੇਰਾ ਲੇਖਾ=ਹਿਸਾਬ ਹੋਵੇਗਾ, ਤਾਂ ਘਾਣੀ ਵਿਚ ਪੀੜੇ ਜਾਣ ਵਾਲੇ ਤਿਲਾਂ ਵਾਂਗੂੰ ਤੇਰਾ ਹਾਲ ਹੋਵੇਗਾ।

ਅਥਵਾ-ਨਰਕ ਘਾਣੀ ਵਿਚ ਤਿਲਾਂ ਵਾਂਗੂੰ ਤੈਨੂੰ ਪੀੜਨਗੇ।

ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ॥

ਜਮਦੂਤ ਆਖਦੇ ਹਨ, ਹੇ ਪ੍ਰਾਣੀ ਕੀਤੇ ਹੋਏ ਕਰਮਾਂ ਅਨੁਸਾਰ ਹੁਣ ਤੂੰ ਦੁੱਖ ਸਹਾਰਨਾ ਕਰ, ਅਤੇ ਤੈਨੂੰ ਅਨੇਕ ਜੂਨੀਆਂ ਵਿਚ ਭੁਆਇਆ ਜਾਏਗਾ।

ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ॥

ਸਭ ਦੇ ਮੋਹਣੇ ਵਾਲੀ ਵੱਡੀ ਮਾਇਆ ਦੇ ਨਾਲ ਤਦਾਕਾਰ ਹੋ ਕੇ ਤੈਨੇ ਰਤਨ ਵਾਂਗ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗੁਆ ਲਿਆ ਹੈ।

ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ॥

ਇਕ ਹਰੀ ਨਾਮ ਸਿਮਰਨ ਤੋਂ ਬਿਨਾਂ ਹੋਰਨਾਂ ਕੰਮਾਂ ਵਿਚ ਤਾਂ ਤੂੰ ਬੜੀ ਸਿਆਣੀ ਹੈਂ।

ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ॥ ੨॥

ਗੁਰੂ ਜੀ ਕਥਨ ਕਰਦੇ ਹਨ, ਤੇਰੇ ਮੱਥੇ ਉੱਪਰ ਲੇਖ ਹੀ ਅਜੇਹਾ ਲਿਖਿਆ ਗਿਆ ਹੈ, ਜਿਸ ਕਰਮ ਨੇ ਤੈਨੂੰ ਭਰਮ ਵਿਚ ਅਤੇ ਮੋਹ ਵਿਚ ਲੁਭਾਇਮਾਨ ਕੀਤਾ ਹੈ॥ ੨॥

ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ॥

ਜਿਸ ਵੇਲੇ ਅਕਿਰਤਘਣੁ ਸਬੰਧੀਆਂ ਤੋਂ ਵਿੱਛੁੜ ਗਿਆ ਭਾਵ ਮਿਰਤੂ ਹੋ ਗਿਆ, ਤਾਂ ਇਸ ਦੀ ਬੀਚੁ=ਵਿਚੋਲਗੀ ਕੋਈ ਨਹੀਂ ਕਰਦਾ।

ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ॥

ਖਰੇ=ਚੰਗੇ ਕਠਿਨ ਜੋ ਜਮਦੂਤ ਹਨ ਉਹਨਾਂ ਨੇ ਆ ਕੇ ਇਸ ਮਨਮੁਖ ਨੂੰ ਫੜ ਲਿਆ।

ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ॥

ਜੋ ਸਾਰੀ ਉਮਰਾ ਮਹਾ ਮੋਹਨੀ=ਮਾਇਆ ਵਿੱਚ ਰੱਤਾ ਰਿਹਾ ਹੈ, ਉਹ ਮਨਮੁਖ ਨੂੰ ਆਪਣੇ ਕਮਾਏ ਕਰਮਾਂ ਅਨੁਸਾਰ ਜਮਦੂਤਾਂ ਨੇ ਫੜ ਕੇ ਜਮ ਰਸਤੇ ਚਲਾਉਣਾ ਕੀਤਾ।

ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ ਲਾਤਿਆ॥

ਜਿਸ ਨੇ ਗੁਰਮੁਖਿ=ਗੁਰਾਂ ਦੁਆਰੇ ਗੋਬਿੰਦ ਦੇ ਗੁਣਾਂ ਨੂੰ ਨਹੀਂ ਜਪਿਆ, ਉਸ ਨੂੰ ਗਲੋਂ ਫੜ ਕੇ ਤੱਤੇ ਥੰਮੇ ਨਾਲ ਲਾਤਿਆ=ਲਗਾਣਾ ਕੀਤਾ।

ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ॥

ਜਿਹੜਾ ਪੁਰਸ਼ ਕਾਮ, ਕ੍ਰੋਧ ਤੇ ਹੰਕਾਰ ਆਦਿਕਾਂ ਵਿਚ ਮੂਠਾ=ਲੁੱਟਿਆ ਗਿਆ ਹੈ, ਉਹ ਗਿਆਨ ਨੂੰ ਖੋਇ=ਗੁਆ ਕੇ ਪਸਚਾਤਾਪ ਕਰਦਾ ਹੈ।

ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ॥ ੩॥

ਗੁਰੂ ਜੀ ਕਥਨ ਕਰਦੇ ਹਨ, ਮੰਦ ਕਰਮਾਂ ਦੇ ਸੰਜੋਗ ਕਰਕੇ ਜਿਹੜਾ ਪੁਰਸ਼ ਗੁਰਾਂ ਦੇ ਸੰਜੋਗ ਤੋਂ ਭੁੱਲ ਗਿਆ ਹੈ, ਉਸ ਨੇ ਰਸਨਾਂ ਨਾਲ ਹਰੀ ਨਾਮ ਜਪ ਨੂੰ ਜਪਿਆ ਨਹੀਂ ਹੈ॥ ੩॥

ਤੁਝ ਬਿਨੁ ਕੋ ਨਾਹੀ ਪ੍ਰਭ ਰਾਖਨਹਾਰਾ ਰਾਮ॥

ਹੇ ਰਾਮ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਰੱਖਣ ਵਾਲਾ ਨਹੀਂ ਹੈ।

ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ॥

ਹੇ ਹਰੀ ਰਾਮ ! ਪਾਪੀਆਂ ਦੇ ਤਾਰਨ ਵਾਲਾ ਆਪ ਜੀ ਦਾ ਬਿਰਦੁ=ਧਰਮ ਹੈ।

ਪਤਿਤ ਉਧਾਰਨ ਸਰਨਿ ਸੁਆਮੀ ਕ੍ਰਿਪਾ ਨਿਧਿ ਦਇਆਲਾ ॥

ਹੇ ਪਾਪੀਆਂ ਦੇ ਤਾਰਨ ਵਾਲੇ, ਹੇ ਕਿਰਪਾ ਦੇ ਸਮੁੰਦਰ ਦਿਆਲੂ ਪ੍ਰਭੂ ! ਮੈਂ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ।

ਅੰਧ ਕੂਪ ਤੇ ਉਧਰੁ ਕਰਤੇ ਸਗਲ ਘਟ ਪ੍ਰਤਿਪਾਲਾ ॥

ਹੇ ਕਰਤੇ ! ਆਪ ਸਾਰਿਆਂ ਘਟਾਂ ਦੀ ਪ੍ਰਤਿਪਾਲਾ ਕਰਨ ਵਾਲੇ ਹੋ, ਮੈਨੂੰ ਅੰਨ੍ਹੇ ਖੂਹ ਸੰਸਾਰ ਤੋਂ ਬਾਹਰ ਉਧਰੁ=ਕੱਢ ਲੈ।

ਸਰਨਿ ਤੇਰੀ ਕਟਿ ਮਹਾ ਬੇੜੀ ਇਕੁ ਨਾਮੁ ਦੇਹਿ ਅਧਾਰਾ ॥

ਮੈਂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਇਕ ਨਾਮ ਦਾ ਅਧਾਰਾ=ਆਸਰਾ ਦੇ ਕੇ ਮੋਹ ਰੂਪੀ,
ਅਥਵਾ:-ਅਵਿੱਦਿਆ ਰੂਪੀ ਵੱਡੀ ਬੇੜੀ ਕੱਟ ਦੇਹ।

(ਪੰਨਾ ੫੪੭)

ਬਿਨਵੰਤ ਨਾਨਕ ਕਰ ਦੇਇ ਰਾਖਹੁ ਗੋਬਿੰਦ ਦੀਨ ਦਇਆਰਾ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਹੇ ਦੀਨ ਦਇਆਲ ਗੋਬਿੰਦ ਆਪਣਾ ਕਰ=ਹੱਥ ਦੇ ਕੇ ਮੈਨੂੰ ਰੱਖ ਲਓ ॥ ੪ ॥

ਸੋ ਦਿਨੁ ਸਫਲੁ ਗਣਿਆ ਹਰਿ ਪ੍ਰਭੁ ਮਿਲਾਇਆ ਰਾਮ ॥

ਰਾਮ=ਹੇ ਭਾਈ ! ਉਹ ਦਿਨ ਸਫਲਾ ਗਿਣਿਆ ਗਿਆ ਹੈ, ਜਿਸ ਦਿਨ ਹਰੀ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ।

ਸਭਿ ਸੁਖ ਪਰਗਟਿਆ ਦੁਖ ਦੂਰਿ ਪਰਾਇਆ ਰਾਮ ॥

ਹੇ ਭਾਈ ! ਸਾਰੇ ਸੁਖ ਪ੍ਰਗਟ ਹੋਏ ਹਨ, ਅਤੇ ਦੁੱਖ ਦੂਰ ਪਰਾਇਆ=ਭੱਜ ਗਏ ਹਨ।

ਸੁਖ ਸਹਜ ਅਨਦ ਬਿਨੋਦ ਸਦ ਹੀ ਗੁਨ ਗੁਪਾਲ ਨਿਤ ਗਾਈਐ ॥

ਸੁਖ ਸਹਜ=ਅਚੁੱਤ ਸੁਖ ਤੇ ਅਨੰਦ-ਦਾਇਕ ਬਿਨੋਦ=ਕੌਤਕ ਸਦਾ ਹੀ ਹੁੰਦੇ ਰਹਿੰਦੇ ਹਨ, ਨਿਤਾਪ੍ਰਤੀ ਗੋਪਾਲ ਦੇ ਗੁਣ ਗਾਉਣ ਕਰਕੇ।

ਭਜੁ ਸਾਧਸੰਗੇ ਮਿਲੇ ਰੰਗੇ ਬਹੁੜਿ ਜੋਨਿ ਨ ਧਾਈਐ ॥

ਸਤਸੰਗਤ ਵਿਚ ਭਜਨ ਕਰਨ ਨਾਲ ਜਿਸ ਨੂੰ ਰੰਗੇ=ਅਨੰਦ ਸਰੂਪ ਪ੍ਰਭੂ ਮਿਲੇ ਹਨ, ਉਹ ਪੁਰਸ਼ ਮੁੜ ਕੇ ਜੂਨੀਆਂ ਵਿਚ ਨਹੀਂ ਦੌੜਦਾ।

ਗਹਿ ਕੰਠਿ ਲਾਏ ਸਹਜਿ ਸੁਭਾਏ ਆਦਿ ਅੰਕੁਰੁ ਆਇਆ ॥

ਜਿਸ ਵੇਲੇ ਆਦਿ=ਪਹਿਲੇ ਜਨਮ ਦੇ ਕਰਮਾਂ ਦਾ ਅੰਗੂਰ ਫੁਟ ਆਇਆ, ਤਾਂ ਪ੍ਰਭੂ ਨੇ ਸਹਜਿ ਸੁਭਾਏ=ਸੁਤੇ ਸਿੱਧ ਹੀ ਗਹਿ=ਫੜ ਕੇ ਆਪਣੇ ਗਲ ਨਾਲ ਲਾ ਲਿਆ।

ਬਿਨਵੰਤ ਨਾਨਕ ਆਪਿ ਮਿਲਿਆ ਬਹੁੜਿ ਕਤਹੂ ਨ ਜਾਇਆ ॥ ੫ ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਪ੍ਰਭੂ ਆਪ ਆ ਕੇ ਮਿਲਿਆ ਹੈ, ਉਸ ਦਾ ਮਨ ਫਿਰ ਕਿਸੇ ਹੋਰ ਤਰਫ ਨਹੀਂ ਜਾਂਦਾ।

ਅਥਵਾ:-ਉਹ ਪ੍ਰਭੂ ਉਸ ਨੂੰ ਛੱਡ ਕੇ ਫਿਰ ਕਿਸੇ ਹੋਰ ਵੱਲ ਨਹੀਂ ਜਾਂਦਾ॥ ੫॥ ੪॥ ੭॥

ਬਿਹਾਗੜਾ ਮਹਲਾ ੫ ਛੰਤ ॥

ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥ ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥

ਹੇ ਮੇਰੇ ਸੁਆਮੀ ਰਾਮ ! ਆਪ ਮੇਰੀ ਬੇਨਤੀ ਸੁਣੋ।

ਹੇ ਰਾਮ ! ਭਾਵੇਂ ਅਸੀਂ ਕ੍ਰੋੜਾਂ ਅਪਰਾਧਾਂ ਨਾਲ ਭਰੇ ਹੋਏ ਹਾਂ, ਫਿਰ ਭੀ ਆਪ ਜੀ ਦੇ ਚੇਰੇ =ਦਾਸ ਹਾਂ।

ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ ॥

ਹੇ ਦੁੱਖਾਂ ਦੇ ਹਰਨ=ਨਾਸ ਕਰਨ ਵਾਲੇ! ਕਿਰਪਾ ਕਰਨ ਵਾਲੇ ਮੋਹਣ!! ਆਪ ਮੇਰੇ ਕਲਿ=ਕਲੁਪਣਾ ਤੇ ਕਲੇਸ਼ ਆਦਿਕ ਦੁੱਖ ਭੰਜਨਾ=ਨਾਸ ਕਰੋ।

ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ ॥

ਹੇ ਸਰਬ+ਮੈ=ਸਰਬ ਰੂਪ ਨਿਰੰਜਨ ! ਮੈਂ ਆਪ ਜੀ ਦੀ ਸ਼ਰਨ ਪਿਆ ਹਾਂ, ਆਪ ਮੇਰੀ ਲੱਜਾ ਰੱਖ ਲਓ।

ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ॥

ਹੇ ਪ੍ਰਭੂ ! ਤੂੰ ਨੇੜਿਆਂ ਤੋਂ ਭੀ ਨੇੜੇ ਹੈਂ, ਅਤੇ ਸਭਨਾਂ ਦੇ ਨਾਲ ਹੋ ਕੇ ਸਭ ਦੀਆਂ ਗੱਲਾਂ ਸੁਨਤ=ਸੁਣਦਾ ਤੇ ਸਭ ਦੇ ਕਰਤੱਬ ਪੇਖਤ=ਵੇਖਦਾ ਹੈਂ।

ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸੁਆਮੀ ! ਮੈਂ ਨਾਨਕ ਦੀ ਬੇਨਤੀ ਸੁਣਕੇ, ਘਰ ਦੇ ਚੇਰੇ=ਸੇਵਕ ਨੂੰ ਰੱਖ ਲੈਣਾ ਕਰੋ॥ ੧ ॥

ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ ॥

ਹੇ ਰਾਮ ! ਤੂੰ ਸਰਬਦਾ ਕਾਲ ਸਮਰੱਥ ਹੈਂ, ਅਸੀਂ ਦੀਨ ਆਪ ਜੀ ਦੇ ਦਰ ਦੇ ਭੇਖਾਰੀ=ਮੰਗਤੇ ਹਾਂ।

ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ ॥

ਮਾਇਆ ਦੇ ਮੋਹ ਵਿੱਚ ਮਸਤ ਹਾਂ, ਹੇ ਰਾਮ ਮੁਰਾਰੀ ! ਇਸ ਵਿੱਚੋਂ ਅਸਾਨੂੰ ਕੱਢ ਲਓ।

ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥

ਅਸੀਂ ਲੋਭ ਮੋਹ ਦੇ ਵਿਕਾਰਾਂ ਵਿਚ ਬੱਧੇ ਹੋਏ ਅਨੇਕ ਤਰ੍ਹਾਂ ਦੇ ਦੋਖ=ਪਾਪ ਕਰਮਾਂ ਨੂੰ ਕਮਾਉਂਦੇ ਹਾਂ।

ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ॥

ਹੇ ਬੰਧਨਾਂ ਤੋਂ ਰਹਿਤ ਅਲਿਪਤ ਕਰਤੇ ! ਅਸੀਂ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਪਾਂਵਦੇ ਹਾਂ।

ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ॥

ਹੇ ਪਤਿਤ ਪਾਵਨ ! ਮੇਰੇ ਉੱਤੇ ਆਪ ਅਨੁਗ੍ਰਹੁ=ਕ੍ਰਿਪਾ ਦ੍ਰਿਸ਼ਟੀ ਕਰੋ, ਬਹੁਤੀਆਂ ਜੂਨੀਆਂ ਵਿੱਚ ਭ੍ਰਮਤੇ=ਫਿਰਦੇ ਹੋਏ ਹਾਰੀ=ਹਾਰ ਗਏ ਹਾਂ।

ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ॥ ੨॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ। ਮੈਂ ਆਪ ਜੀ ਦਾ ਦਾਸ ਹਾਂ, ਹੇ ਪਭੂ ! ਆਪ ਮੇਰੇ ਜੀਅ ਅਤੇ ਪ੍ਰਾਣਾਂ ਦਾ ਅਧਾਰੀ=ਆਸਰਾ ਹੋ॥ ੧॥

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥

ਹੇ ਰਾਮ ! ਤੂੰ ਵੱਡਾ ਸਮਰੱਥ ਹੈਂ, ਅਤੇ ਮੇਰੀ ਅਕਲ ਥੋੜ੍ਹੀ ਹੈ।

ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥

ਹੇ ਰਾਮ ! ਤੂੰ ਅਕ੍ਰਿਤਘਣਾ ਨੂੰ ਭੀ ਪਾਲਦਾ ਹੈਂ, ਤੇਰੀ ਪੂਰਨ ਦ੍ਰਿਸ਼ਟੀ ਹੈ, ਅਥਵਾ:-ਪੂਰਨ=ਸਾਰਿਆਂ ਉੱਤੇ ਤੇਰੀ ਦ੍ਰਿਸ਼ਟੀ ਹੈ।

ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥

ਹੇ ਅਪਾਰ ਕਰਤੇ ! ਆਪ ਜੀ ਦਾ ਬੋਧਿ=ਗਿਆਨ ਅਗਾਧ ਹੈ, ਮੈਂ ਨੀਚ ਤੇਰਾ ਭੇਦ ਕੁਝ ਭੀ ਨਹੀਂ ਜਾਣਦਾ। ਅਥਵਾ:-ਮੈਂ ਨੀਚ ਨੇ ਤੇਰਾ ਕੁਝ ਵੀ ਉਪਕਾਰ ਨਹੀਂ ਜਾਣਿਆ।

ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ॥

ਮੈਂ ਅਜਿਹਾ ਨੀਚ ਇਆਨਾ=ਬੇ-ਸਮਝ ਪਸ਼ੂ ਹਾਂ, ਜੋ ਰਤਨ ਰੂਪ ਨਾਮ ਨੂੰ ਤਿਆਗ ਕੇ ਕਉਡੀ=ਮਾਇਆ ਨੂੰ ਸੰਗ੍ਰਹਨ=ਕੱਠੀ ਕਰ ਰਿਹਾ ਹਾਂ।

ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ॥

ਜੋ ਬੜੀ ਚੰਚਲ ਮਾਇਆ ਜੀਵ ਦੇ ਸਾਥ ਨੂੰ ਛੱਡਕੇ ਚਲੀ ਜਾਂਦੀ ਹੈ, ਦੋਖ=ਪਾਪ ਕਰਮਾਂ ਨੂੰ ਕਰ ਕਰਕੇ ਉਸ ਮਾਇਆ ਨੂੰ ਜੋੜਨਾ ਕੀਤਾ ਹੈ।

ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ॥ ੩॥

ਗੁਰੂ ਜੀ ਕਥਨ ਕਰਦੇ ਹਨ, ਹੇ ਸ਼ਰਨ ਆਇਆਂ ਦੀ ਰੱਖਿਆ ਕਰਨੇ ਨੂੰ ਸਮਰੱਥ ਸੁਆਮੀ ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ ਆਪ ਮੇਰੀ ਲੱਜਾ ਰੱਖੋ॥ ੩॥

ਜਾ ਤੇ ਵੀਛੁੜਿਆ ਤਿਨਿ ਆਪਿ ਮਿਲਾਇਆ ਰਾਮ॥

ਜਿਸ ਤੋਂ ਵਿੱਛੁੜਿਆ ਹੋਇਆ ਸੀ ਉਸ ਰਾਮ ਨੇ ਆਪ ਹੀ ਆਪਣੇ ਨਾਲ ਮਿਲਾ ਲਿਆ ਹੈ।

ਸਾਧੂ ਸੰਗਮੇ ਹਰਿ ਗੁਣ ਗਾਇਆ ਰਾਮ॥

ਸਾਧੂਆਂ ਦੀ ਸਤਸੰਗਤਿ ਵਿੱਚ ਬੈਠਕੇ ਹਰੀ ਰਾਮ ਦੇ ਗੁਣਾਂ ਨੂੰ ਗਾਇਆ ਹੈ।

ਗੁਣ ਗਾਇ ਗੋਵਿਦ ਸਦਾ ਨੀਕੇ ਕਲਿਆਣ ਮੈ ਪਰਗਟ ਭਏ॥

ਜਦ ਗੋਬਿੰਦ ਦੇ ਨੀਕੇ=ਭਲੇ ਗੁਣਾਂ ਨੂੰ ਸਦਾ ਗਾਉਣਾ ਕੀਤਾ, ਤਾਂ ਕਲਿਆਣ ਮੈ=ਕਲਿਆਣ ਸਰੂਪ ਪਰਮਾਤਮਾ ਆਪ ਹੀ ਪ੍ਰਗਟ ਹੋ ਗਏ।

ਸੇਜਾ ਸੁਹਾਵੀ ਸੰਗਿ ਪ੍ਰਭ ਕੈ ਆਪਣੇ ਪ੍ਰਭ ਕਰਿ ਲਏ॥

ਪ੍ਰਭੂ ਦੇ ਨਾਲ ਹੋਣ ਕਰਕੇ ਅੰਤਹਕਰਣ ਰੂਪੀ ਸੇਜਾ ਸੋਭਨੀਕ ਹੋਈ ਹੈ, ਅਤੇ ਪ੍ਰਭੂ ਨੇ ਮੈਨੂੰ ਆਪਣੇ ਬਣਾ ਲਿਆ ਹੈ।

ਛੋਡਿ ਚਿੰਤ ਅਚਿੰਤ ਹੋਏ ਬਹੁੜਿ ਦੂਖੁ ਨ ਪਾਇਆ॥

ਗ੍ਰਿਹਸਤ ਦੀ ਚਿੰਤਾ ਨੂੰ ਛੱਡਕੇ ਨਿਸਚਿੰਤ ਹੋ ਗਏ ਹਾਂ, ਬਹੁੜਿ=ਮੁੜ ਕੇ ਕੋਈ ਦੁੱਖ ਨਹੀਂ ਪਾਇਆ।

ਨਾਨਕ ਦਰਸਨੁ ਪੇਖਿ ਜੀਵੇ ਗੋਵਿੰਦ ਗੁਣ ਨਿਧਿ ਗਾਇਆ॥੪॥੫॥੮॥

ਗੁਰੂ ਜੀ ਕਥਨ ਕਰਦੇ ਹਨ, ਸ਼ੁਭ ਗੁਣਾਂ ਦੀ ਨਿੱਧੀ ਰੂਪ ਜਿਸ ਗੋਬਿੰਦ ਦੇ ਗੁਣਾਂ ਨੂੰ ਗਾਇਆ ਹੈ, ਉਸ ਦੇ ਦਰਸ਼ਨ ਨੂੰ ਵੇਖਕੇ ਜੀਊਂਦੇ ਹਾਂ॥ ੪॥ ੫॥ ੮॥

ਬਿਹਾਗੜਾ ਮਹਲਾ ੫ ਛੰਤ॥

ਉਥਾਨਕਾ:–ਇੱਕ ਸਮੇਂ ਸੁਕੇਤ ਮੰਡੀ ਵਾਲਾ ਰਾਜਾ ਸ੍ਰੀ ਅੰਮ੍ਰਿਤਸਰ ਆਇਆ ਤੇ ਪੰਚਮ ਸਤਿਗੁਰਾਂ ਦੇ ਦਰਸ਼ਨ ਕਰਕੇ ਕਈ ਦਿਨ ਬਚਨ-ਬਿਲਾਸ ਕਰਦਾ ਰਿਹਾ। ਆਖਰ ਬਹੁਤ ਬਿਮਾਰ ਹੋ ਗਿਆ ਤਿਸਦਾ ਅੰਤ ਸਮਾਂ ਨੇੜੇ ਆਇਆ ਦੇਖਕੇ ਗੁਰੂ ਜੀ ਨੇ ਇਸ ਛੰਤ ਦੁਆਰਾ ਉਸ ਨੂੰ ਉਪਦੇਸ਼ ਦਿੱਤਾ।

ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ॥

ਹੇ ਸ੍ਰੇਸ਼ਟ ਧਰਮ ਵਿਚ ਅੜੇ ਹੋਏ ਧਰਮੀ ਰਾਜੇ ! ਤੂੰ ਇਸ ਵੇਲੇ ਸੁ=ਉਸ ਰਾਮ ਨਾਮ ਨੂੰ ਬੋਲਣਾ ਕਰ, ਰਾਮ ਨਾਮ ਵੱਲੋਂ ਮੋਨਿ=ਚੁੱਪ ਕਤ=ਧਾਰੀ=ਧਾਰਨ ਕੀਤੀ ਹੋਈ ਹੈ।

ਤੂ ਨੇੜੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ॥

ਜਿਤਨੇ ਕੁ ਰਾਮ ਦੀ ਮਾਇਆ ਦੇ ਬਿਉਹਾਰ ਹਨ, ਇਹ ਸਭ ਤੂੰ ਆਪਣੇ ਨੇੜੀ=ਅੱਖਾਂ ਨਾਲ ਵੇਖ ਚਲਿਆ ਹੈਂ।

ਸੰਗਿ ਤੇਰੈ ਕਛੁ ਨ ਚਾਲੈ ਬਿਨਾ ਗੋਬਿੰਦ ਨਾਮਾ॥

ਗੋਬਿੰਦ ਦੇ ਨਾਮ ਤੋਂ ਬਿਨਾਂ ਇਸ ਵਿੱਚੋਂ ਤੇਰੇ ਨਾਲ ਕੁਝ ਭੀ ਨਹੀਂ ਜਾਣਾ।

ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ॥

ਦੇਸ, ਭੇਸ, ਸੁਵਰਨ=ਸੋਨਾ, ਰੂਪਾ=ਚਾਂਦੀ ਇਤਆਦਿਕ ਇਹ ਸਗਲ=ਸਾਰੇ ਕੰਮ ਊਣੇ=ਅਧੂਰੇ ਹਨ।

ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ॥

ਪੁੱਤਰ, ਕਲਤ੍ਰ=ਇਸਤ੍ਰੀ, ਦੁਨੀਆਂ ਦੀ ਸੋਭਾ, ਹਸਤ=ਹਾਥੀ, ਘੋਰਿ=ਘੋੜੇ ਇਹ ਸਭ ਵਿਕਾਰੀ=ਦੁੱਖ ਰੂਪ ਹਨ, ਅਥਵਾ:-ਜਿਨ੍ਹਾਂ ਕਰਕੇ ਮਨ ਵਿਕਾਰੀ ਹੋ ਰਿਹਾ ਹੈ ਇਨ੍ਹਾਂ ਵਿੱਚੋਂ ਪ੍ਰਲੋਕ ਵਿੱਚ ਜੀਵ ਦੇ ਨਾਲ ਕੁਝ ਭੀ ਨਹੀਂ ਜਾਣਾ।

(ਪੰਨਾ ੫੪੮)

ਬਿਨਵੰਤ ਨਾਨਕ ਬਿਨੁ ਸਾਧ ਸੰਗਮ ਸਭ ਮਿਥਿਆ ਸੰਸਾਰੀ॥ ੧॥

ਗੁਰੂ ਜੀ ਕਥਨ ਕਰਦੇ ਹਨ, ਸੰਤਾਂ ਦੇ ਸਬੰਧ ਤੋਂ ਬਿਨਾਂ ਸੰਸਾਰ ਦੀ ਸਾਰੀ ਕਿਰਿਆ ਮਿੱਥਿਆ ਹੈ॥ ੧॥

ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ॥

ਹੇ ਰਾਜਨ ! ਅੱਖਾਂ ਵਿੱਚ ਨੀਂਦ ਭਰਕੇ ਤੂੰ ਕਿਉਂ ਸੁੱਤਾ ਹੋਇਆ ਹੈਂ, ਤੂੰ ਰਾਮ ਵੱਲ ਜਾਗਦਾ ਕਿਉਂ ਨਹੀਂ ਹੈਂ।

ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ॥

ਰਾਮ=ਹੇ ਭਾਈ ! ਝੂਠੀ ਮਾਇਆ ਵਾਸਤੇ ਝੂਠਾ ਰੁਦਨ ਕਰਕੇ ਕਿਤਨੇ ਹੀ ਪੁਰਸ਼ ਵਿਰਲਾਪ ਕਰ ਰਹੇ ਹਨ।

ਬਿਲਲਾਹਿ ਕੇਤੇ ਮਹਾ ਮੋਹਨ ਬਿਨੁ ਨਾਮ ਹਰਿ ਕੇ ਸੁਖੁ ਨਹੀ॥

ਮਹਾ ਮੋਹਨ=ਮਾਇਆ ਵਾਸਤੇ ਬੜਾ ਮੋਹ ਕਰਕੇ ਕਿਤਨੇ ਹੀ ਵਿਰਲਾਪ ਕਰ ਰਹੇ ਹਨ, ਪਰ ਹਰੀ ਨਾਮ-ਸਿਮਰਨ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ।

ਸਹਸ ਸਿਆਣਪ ਉਪਾਵ ਥਾਕੇ ਜਹ ਭਾਵਤ ਤਹ ਜਾਹੀ॥

ਸਹਸ=ਹਜ਼ਾਰਾਂ ਪੁਰਸ਼ ਸਿਆਣਪਾਂ ਤੇ ਉਪਾਵ=ਯਤਨ ਕਰਕੇ ਥੱਕ ਗਏ ਹਨ, ਜਹ ਭਾਵਤ=ਜਿੱਥੇ ਜਾਣਾ ਚਾਹੁੰਦੇ ਹਨ ਉਥੇ ਜਾਂਦੇ ਭੀ ਹਨ, ਪਰ ਸੁਖ ਕਿਤੇ ਭੀ ਨਹੀਂ ਮਿਲਦਾ।

ਆਦਿ ਅੰਤੇ ਮਧਿ ਪੂਰਨ ਸਰਬਤ੍ਰ ਘਟਿ ਘਟਿ ਆਹੀ॥

ਹੇ ਰਾਜਨ ! ਜੋ ਪ੍ਰਭੂ ਆਦਿ, ਅੰਤ, ਮਧ ਤਿੰਨਾਂ ਕਾਲਾਂ ਵਿੱਚ ਪੂਰਨ ਹੈ, ਅਤੇ ਸਾਰਿਆਂ ਘਟਾਂ ਘਟਾਂ ਵਿਚ ਪੂਰਨ ਹੈ।

ਬਿਨਵੰਤ ਨਾਨਕ ਜਿਨ ਸਾਧ ਸੰਗਮੁ ਸੇ ਪਤਿ ਸੇਤੀ ਘਰਿ ਜਾਹੀ॥ ੨॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸਤਸੰਗਤ ਵਿੱਚ ਜਾਕੇ ਉਸ ਦੇ ਨਾਮ ਨੂੰ ਜਪਿਆ ਹੈ ਉਹ ਪੁਰਸ਼ ਪਤ-ਆਬਰੋ (ਇੱਜ਼ਤ) ਦੇ ਨਾਲ ਪ੍ਰਲੋਕ ਘਰ ਵਿੱਚ ਜਾਂਦੇ ਹਨ॥ ੨॥

ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ ॥

ਹੇ ਨਰਪਤਿ=ਰਾਜਨ ! ਰਾਮ ਨਾਮ ਤੋਂ ਬਿਨਾਂ ਸਿਆਣੇ ਸੇਵਕ ਜਾਣ ਕੇ ਜਿਨ੍ਹਾਂ ਨੂੰ ਤੂੰ ਗ੍ਰਹਿਓ=ਫੜਿਆ ਹੋਇਆ ਹੈ। ਅਥਵਾ:-ਹੇ ਰਾਜਨ ! ਤੂੰ ਜੋ ਜਾਣਦਾ ਹੈਂ ਇਹ ਮੇਰੇ ਗ੍ਰਹਿਓ=ਘਰ ਹਨ, ਅਤੇ ਇਹ ਮੇਰੇ ਸਿਆਣੇ ਸੇਵਕ ਹਨ।

ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ ॥

ਇਨ੍ਹਾਂ ਤੋਂ ਸਰਪਰ=ਜ਼ਰੂਰ ਵਿੱਛੁੜ ਜਾਣਾ ਹੈ, ਰਾਮ ਤੋਂ ਭੁੱਲੇ ਹੋਏ ਮੋਹ ਵਾਲੇ ਪੁਰਸ਼ ਅੰਤ ਨੂੰ ਪਸ਼ਚਾਤਾਪ ਕਰਦੇ ਹਨ।

ਹਰਿਚੰਦਉਰੀ ਦੇਖਿ ਭੂਲਾ ਕਹਾ ਅਸਥਿਤਿ ਪਾਈਐ ॥

ਹਰਿਚੰਦਉਰੀ=ਗੰਧਰਬ ਨਗਰੀ ਵਰਗੇ ਜੋ ਝੂਠੇ ਪਦਾਰਥ ਹਨ, ਇਹਨਾਂ ਨੂੰ ਵੇਖ ਕੇ ਤੂੰ ਭੁੱਲਿਆ ਫਿਰਦਾ ਹੈਂ. ਇਹਨਾਂ ਪਦਾਰਥਾਂ ਦੀ ਇਸਥਿਤੀ ਕਿੱਥੋਂ ਪਾਈਦੀ ਹੈ।

ਬਿਨੁ ਨਾਮ ਹਰਿ ਕੇ ਆਨ ਰਚਨਾ ਅਹਿਲਾ ਜਨਮੁ ਗਵਾਈਐ ॥

ਹਰੀ ਦੇ ਨਾਮ ਤੋਂ ਬਿਨਾਂ ਜੋ ਆਨ=ਹੋਰ ਰਚਨਾਂ ਵਿਚ ਲਗਣਾ ਹੈ, ਇਸ ਤਰ੍ਹਾਂ ਤਾਂ ਸੁੰਦਰ ਮਨੁੱਖਾ ਜਨਮ ਅਹਿਲਾ=ਨਿਸਫਲ ਗੁਆ ਲੈਣਾ ਹੈ।

ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਂਮ ਪੂਰਨ ਗਿਆਨੇ ॥

ਹੰਗਤਾ ਹੀ ਹੰਗਤਾ ਕਰਦਿਆਂ ਪਦਾਰਥਾਂ ਦੀ ਤ੍ਰਿਸ਼ਨਾਂ ਬੁਝਦੀ ਨਹੀਂ ਹੈ, ਨਾ ਕਾਮਨਾ ਪੂਰੀ ਹੁੰਦੀ ਹੈ, ਨਾ ਹੀ ਗਿਆਨ ਪ੍ਰਾਪਤ ਹੁੰਦਾ ਹੈ। ਅਥਵਾ:-ਇਹ ਗਿਆਨੇ=ਜਾਣ ਲੈ, ਹਉ ਹਉ=ਮੈਂ ਮੈਂ ਕਰਦਿਆਂ ਤ੍ਰਿਸ਼ਨਾਂ ਰੂਪ ਅੱਗ ਭੀ ਨਹੀਂ ਬੁਝਦੀ, ਅਤੇ ਕੰਮ ਭੀ ਪੂਰੇ ਨਹੀਂ ਹੁੰਦੇ।

ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਨੇ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਦੇ ਨਾਮ ਜਪੇ ਤੋਂ ਬਿਨਾਂ ਕਿਤਨੇ ਹੀ ਪੁਰਸ਼ ਪਸ਼ਚਾਤਾਪ ਕਰਦੇ ਚਲੇ ਗਏ ਹਨ॥ ੩ ॥

''ਇਸ ਉਪਦੇਸ਼ ਦੇ ਸੁਣਨ ਨਾਲ ਜਦ ਰਾਂਜੇ ਦਾ ਮਨ ਸ਼ੁੱਧ ਹੋ ਗਿਆ'', ਤਾਂ ਗੁਰੂ ਜੀ ਨੇ ਕਿਹਾ:-

ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ ॥

ਹੇ ਰਾਜਨ ! ਰਾਮ ਨੇ ਅਨੁਗ੍ਰਹੋ=ਕਿਰਪਾ ਧਾਰ ਕੇ ਤੈਨੂੰ ਆਪਣਾ ਦਾਸ ਕਰ ਲਿਆ ਹੈ।

ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ ॥

ਹੇ ਰਾਜਨ ! ਰਾਮ ਨੇ ਤੈਨੂੰ ਸੰਤਾਂ ਦਾ ਸਤਸੰਗ ਦੇ ਕੇ ਬੁੱਧੀ ਰੂਪ ਭੁਜਾਂ ਤੋਂ ਫੜ ਕੇ ਮੋਹ ਜਾਲ ਵਿਚੋਂ ਕੱਢ ਲਿਆ ਹੈ।

ਸਾਧ ਸੰਗਮਿ ਹਰਿ ਅਰਾਧੇ ਸਗਲ ਕਲਮਲ ਦੁਖ ਜਲੇ॥

ਸਤਸੰਗਤ ਵਿਚ ਬੈਠ ਕੇ ਹਰੀ ਨਾਮ ਦੇ ਆਰਾਧਣ ਕਰਕੇ ਤੇਰੇ ਸਾਰੇ ਕਲਮਲ=ਪਾਪ ਅਤੇ ਦੁੱਖ ਜਲੇ=ਸੜ ਗਏ ਭਾਵ ਭਸਮ ਹੋ ਗਏ ਹਨ।

ਮਹਾ ਧਰਮ ਸੁਦਾਨ ਕਿਰਿਆ ਸੰਗਿ ਤੇਰੈ ਸੇ ਚਲੇ॥

ਸੁ-ਦਾਨ=ਸ੍ਰੇਸ਼ਟ ਦਾਨ, ਸ਼ੁਭ ਕਿਰਿਆ, ਤੇ ਧਰਮ ਆਦਿਕ ਜੋ ਮਹਾ=ਬੜੇ ਸਾਧਨ ਹਨ, ਉਹ ਤੇਰੇ ਨਾਲ ਸਾਥੀ ਹੋ ਕੇ ਪ੍ਰਲੋਕ ਰਸਤੇ ਵਿਚ ਚਲਣਗੇ।

ਰਸਨਾ ਅਰਾਧੈ ਏਕੁ ਸੁਆਮੀ ਹਰਿ ਨਾਮਿ ਮਨੁ ਮਨੁ ਭੀਨਾ॥

ਰਸ਼ਨਾਂ ਨਾਲ ਇੱਕ ਸੁਆਮੀ ਨੂੰ ਆਰਾਧਣਾ ਕਰ, ਜਿਸ ਤੇ ਹਰੀ ਨਾਮ ਸਿਮਰਨ ਵਿਚ ਤੇਰਾ ਮਨ ਤਨ ਭਿੱਜ ਜਾਵੇ।

ਨਾਨਕ ਜਿਸ ਨੋ ਹਰਿ ਮਿਲਾਏ ਸੋ ਸਰਬ ਗੁਣ ਪਰਬੀਨਾ॥ ੪॥ ੬॥ ੯॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਹਰੀ ਆਪਣੇ ਨਾਲ ਮਿਲਾਉਂਦਾ ਹੈ, ਉਹ ਸਾਰਿਆਂ ਸ਼ੁਭ-ਗੁਣਾਂ ਕਰਕੇ ਪਰਬੀਨਾ=ਚਤੁਰ ਹੁੰਦਾ ਹੈ॥ ੪॥ ੬॥ ੯॥

ਬਿਹਾਗੜੇ ਕੀ ਵਾਰ ਮਹਲਾ ੪ ੧ੴ ਸਤਿਗੁਰ ਪ੍ਰਸਾਦਿ॥

ਬਿਹਾਗੜੇ ਦੀ ਵਾਰ ਵਿਚ ਵਾਰ=ਪਉੜੀਆਂ ਸਭ ਚੌਥੇ ਪਾਤਸ਼ਾਹ ਜੀ ਦੀਆਂ ਹਨ, ਸਲੋਕ ਸਾਂਝੇ ਹਨ।

ਉਥਾਨਕਾ:-ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅੱਗੇ ਸਿੱਖਾਂ ਨੇ ਬੇਨਤੀ ਕੀਤੀ ਕਿ ਜੀਵ ਨੂੰ ਸੁਖ ਕਿਵੇਂ ਪ੍ਰਾਪਤ ਹੋਵੇ? ਉੱਤਰ—

ਸਲੋਕ ਮਃ ੩॥ ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ॥

ਪੂਰਨ ਗੁਰਾਂ ਦੀ ਸੇਵਾ ਕਰਨ ਨਾਲ ਹੀ ਸੁਖ ਪ੍ਰਾਪਤ ਹੁੰਦਾ ਹੈ, ਹੋਰ ਥੈ=ਹੋਰ ਜਗ੍ਹਾਂ ਤੋਂ ਸੁਖ ਨਹੀਂ ਲੱਭਦਾ।

ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ॥

ਗੁਰਾਂ ਦੇ ਉਪਦੇਸ਼ ਵਿਖੇ ਮਨ ਨੂੰ ਭੇਦੀਐ=ਮਿਲਾਈਏ, ਅਥਵਾ:-ਗੁਰਾਂ ਦੇ ਉਪਦੇਸ਼ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਭੇਦੀਐ=ਵਿੰਨ੍ਹ ਦੇਈਏ ਤਾਂ ਮਨ ਸਦਾ ਹੀ ਹਰੀ ਦੇ ਨਾਲ ਵਸਦਾ ਹੈ।

ਨਾਨਕ ਨਾਮੁ ਤਿਨਾ ਕਉ ਮਿਲੈ ਜਿਨ ਹਰਿ ਵੇਖੈ ਨਦਰਿ ਨਿਹਾਲਿ॥ ੧॥

ਗੁਰੂ ਜੀ ਆਖਦੇ ਹਨ-ਗੁਰਾਂ ਦਵਾਰੇ ਨਾਮ ਉਹਨਾਂ ਨੂੰ ਮਿਲਦਾ ਹੈ, ਜਿਨ੍ਹਾਂ ਨੂੰ ਹਰੀ ਕਿਰਪਾ ਦੀ ਨਜ਼ਰ ਨਾਲ ਦੇਖ ਕੇ ਨਿਹਾਲ ਕਰਦਾ ਹੈ॥ ੧॥

ਮਃ ੩॥ ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ॥

ਸਿਫਤਿ=ਸਿਫਤੀ ਪਰਮਾਤਮਾ ਦਾ ਬਖਸ਼ਸ਼ ਰੂਪ ਖ਼ਜ਼ਾਨਾ ਹੈ, ਜਿਸ ਨੂੰ ਬਖਸ਼ਦਾ ਹੈ ਉਹ ਪੁਰਸ਼ ਆਪ

ਖਾਂਦਾ ਤੇ ਹੋਰਨਾਂ ਨੂੰ ਖਰਚਾਉਂਦਾ ਹੈ ਭਾਵ ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਵੀ ਨਾਮ ਜਪਾਉਂਦਾ ਹੈ।

ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥

ਪ੍ਰੰਤੂ ਸਤਿਗੁਰਾਂ ਦੀ ਕਿਰਪਾ ਬਿਨਾਂ ਇਹ ਬਖਸ਼ਸ਼ ਰੂਪ ਖਜ਼ਾਨਾ ਜੀਵ ਦੇ ਹਥ ਆਉਂਦਾ ਨਹੀਂ ਹੈ, ਸਾਰੇ ਜੀਵ ਆਪਣੇ ਆਪ ਕਰਮਾਂ ਨੂੰ ਕਮਾ ਕਮਾ ਕੇ ਥੱਕ ਗਏ ਹਨ।

ਨਾਨਕ ਮਨਮੁਖੁ ਜਗਤੁ ਧਨ ਹੀਣੁ ਹੈ ਅਗੈ ਭੁਖਾ ਕਿ ਖਾਇ ॥ ੨ ॥

ਗੁਰੂ ਜੀ ਆਖਦੇ ਹਨ, ਮਨਮੁਖ ਪੁਰਸ਼ ਜਗਤ ਵਿਖੇ ਨਾਮ ਧਨ ਤੋਂ ਹੀਣੁ=ਰਹਿਤ ਭਾਵ ਖਾਲੀ ਹੈ, ਅੱਗੇ ਜਾ ਕੇ ਭੁੱਖ ਲੱਗਿਆਂ ਕਿ ਕੀ=ਖਾਏਂਗਾ?

ਪਉੜੀ ॥ ਸਭ ਤੇਰੀ ਤੂ ਸਭਸ ਦਾ ਸਭ ਤੁਧੁ ਉਪਾਇਆ ॥

ਹੇ ਵਾਹਿਗੁਰੂ ! ਸਾਰੀ ਦੁਨੀਆਂ ਤੇਰੀ ਹੈ, ਤੂੰ ਸਾਰਿਆਂ ਦਾ ਮਾਲਕ ਹੈਂ, ਕਿਉਂਕਿ ਤੁਸਾਂ ਨੇ ਹੀ ਸਾਰਿਆਂ ਨੂੰ ਪੈਦਾ ਕੀਤਾ ਹੈ।

ਸਭਨਾ ਵਿਚਿ ਤੂ ਵਰਤਦਾ ਤੂ ਸਭਨੀ ਧਿਆਇਆ ॥

ਸਾਰਿਆਂ ਵਿਚ ਤੂ ਵਰਤਦਾ=ਵਿਆਪਕ ਹੈਂ ਅਤੇ ਸਾਰਿਆਂ ਜੀਵਾਂ ਨੇ ਆਪ ਜੀ ਨੂੰ ਧਿਆਉਣਾ ਕੀਤਾ ਹੈ।

ਤਿਸ ਦੀ ਤੂ ਭਗਤਿ ਥਾਇ ਪਾਇਹਿ ਜੋ ਤੁਧੁ ਮਨਿ ਭਾਇਆ ॥

ਉਸ ਦੀ ਭਗਤੀ ਕੀਤੀ ਹੋਈ ਨੂੰ ਤੂੰ ਥਾਇ=ਕਬੂਲ ਪਾਇਹਿ=ਪਾਉਂਦਾ ਹੈਂ, ਜੋ ਆਪ ਜੀ ਦੇ ਮਨ ਨੂੰ ਭਾ ਗਿਆ ਹੈ।

ਜੋ ਹਰਿ ਪ੍ਰਭ ਭਾਵੈ ਸੋ ਥੀਐ ਸਭਿ ਕਰਨਿ ਤੇਰਾ ਕਰਾਇਆ ॥

ਹੇ ਹਰੀ ਪ੍ਰਭੂ ! ਜੋ ਆਪ ਜੀ ਨੂੰ ਭਾਉਂਦਾ ਹੈ ਓਹੋ ਕੁਝ ਥੀਐ= ਹੁੰਦਾ ਹੈ, ਅਤੇ ਆਪ ਜੀ ਦਾ ਕਰਾਇਆ ਹੋਇਆ ਹੀ ਸਾਰੇ ਜੀਵ ਕਰਦੇ ਹਨ।

ਸਲਾਹਿਹੁ ਹਰਿ ਸਭਨਾ ਤੇ ਵਡਾ ਜੋ ਸੰਤ ਜਨਾਂ ਕੀ ਪੈਜ ਰਖਦਾ ਆਇਆ ॥ ੧ ॥

ਸਾਰਿਆਂ ਤੋਂ ਵੱਡਾ ਜੋ ਹਰੀ ਹੈ ਉਸ ਨੂੰ ਸਲਾਹੁਣਾ ਕਰੋ, ਜੋ ਸਦਾ ਹੀ ਸੰਤ ਜਨਾਂ ਦੀ ਪੈਜ=ਪੱਤ ਆਬਰੋ ਰੱਖਦਾ ਆਇਆ ਹੈ॥ ੧ ॥

ਸਲੋਕ ਮ: ੩ ॥ ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥

ਗੁਰੂ ਜੀ ਆਖਦੇ ਹਨ, ਗਿਆਨਵਾਨਾਂ ਨੇ ਉਸ ਜਗਤ ਨੂੰ ਜਿੱਤਣਾ ਕੀਤਾ ਹੈ, ਜਿਸ ਜਗਤ ਨੇ ਸਭ ਕਿਸੇ ਨੂੰ ਜਿੱਤਣਾ ਕੀਤਾ ਹੈ। ਅਥਵਾ:-ਗੁਰੂ ਜੀ ਆਖਦੇ ਹਨ, ਉਸ ਜਗਤ ਵਿੱਚ ਗਿਆਨਵਾਨਾਂ ਦਾ ਜਿਉਣਾ ਸਫਲਹੈ, ਜਿਸ ਜਗਤ ਵਿਚ ਸਭ ਕੋਈ ਜੀਤਾ=ਜੀਉਂਦਾ ਹੈ।

ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥

ਨਾਮ ਜਪਣ ਕਰਕੇ ਸਾਰੇ ਕਾਰਜ ਸਿੱਧ ਹੁੰਦੇ ਹਨ, ਨਾਮ ਜਪਦਿਆਂ ਜਪਦਿਆਂ ਇਹ ਨਿਸਚੇ ਹੋ ਜਾਂਦਾ ਹੈ ਕਿ ਜੋ ਸਹਜੇ ਹੁੰਦਾ ਹੈ ਉਹ ਹੋਵੇ ਪਿਆ।

ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥

ਗੁਰਮਤੀਆਂ ਦੀ ਮਤਿ=ਬੁੱਧੀ ਅਚੱਲ ਹੈ, ਅਥਵਾ:- ਗੁਰ ਸਿੱਖਿਆ ਲੈ ਕੇ ਗਿਆਨੀਆਂ ਦੀ ਬੁੱਧੀ ਅਚੱਲ ਹੋਈ ਹੈ, ਗਿਆਨਵਾਨਾਂ ਦੀ ਬੁੱਧੀ ਨੂੰ ਵਿਸ਼ਿਆਂ ਵਿੱਚ ਕੋਈ ਭੀ ਚਲਾ ਨਹੀਂ ਸਕਦਾ।

(ਪੰਨਾ ੫੪੯) ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ॥

ਭਗਤਾਂ ਦਾ ਅੰਗੀਕਾਰੁ=ਪੱਖ ਹਰੀ ਆਪ ਕਰਦਾ ਹੈ, ਇਸ ਲਈ ਭਗਤਾਂ ਦਾ ਕੰਮ ਸੋਹਣਾ ਹੁੰਦਾ ਹੈ।

ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥

ਲਬੁ=ਪਦਾਰਥਾਂ ਦੇ ਖਾਣ ਦਾ, ਲੋਭ=ਪਦਾਰਥਾਂ ਦੇ ਇਕੱਠੇ ਕਰਨ ਦਾ, ਹੰਕਾਰ ਜਾਤੀ ਦਾ, ਅਥਵਾ:- ਵਿੱਦਿਆਂ ਦਾ, ਇਨ੍ਹਾਂ ਗੱਲਾਂ ਵਿਚ ਮਨਮੁਖ ਪੁਰਸ਼ ਨੂੰ ਮੂਲਹੁ=ਮੁੱਢ ਤੋਂ ਹੀ ਭੁਲਾਉਣਾ ਕੀਤਾ ਹੈ।

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥

ਝਗੜਾ ਕਰਦਿਆਂ ਹੀ ਰਾਤ-ਦਿਨ ਗੁਜ਼ਰ ਜਾਂਦਾ ਹੈ, ਪਰ ਮਨਮੁਖ ਪੁਰਸ਼ ਗੁਰ ਸ਼ਬਦ ਦੀ ਵੀਚਾਰ ਨਹੀਂ ਕਰਦਾ।

ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ॥

ਉਹਨਾਂ ਦੀ ਸ਼ੁੱਧ ਮਤੀ ਕਰਤੇ ਪੁਰਖ ਨੇ ਹਿਰਿ ਲਈ=ਖੋਹ ਲਈ ਹੈ, ਇਸ ਲਈ ਉਹ ਮਨਮੁਖ ਸਾਰੇ ਵਿਕਾਰ ਰੂਪ ਬਚਨਾਂ ਨੂੰ ਬੋਲਦੇ ਹਨ।

ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ॥

ਉਹਨਾਂ ਨੂੰ ਪਰਮੇਸ਼ਰ ਨੇ ਕਰਮਾਂ ਅਨੁਸਾਰ ਕਿਤਨੇ ਹੀ ਪਦਾਰਥ ਦਿੱਤੇ ਹਨ, ਪਰ ਉਹਨਾਂ ਨੂੰ ਕਿਸੇ ਪ੍ਰਕਾਰ ਭੀ ਸੰਤੋਖ ਨਹੀਂ ਹੁੰਦਾ, ਕਿਉਂਕਿ ਉਹਨਾਂ ਦੇ ਹਿਰਦੇ ਅੰਦਰ ਪਦਾਰਥਾਂ ਦੀ ਤ੍ਰਿਸ਼ਨਾਂ ਬਹੁਤ ਹੈ ਤੇ ਅਗਿਆਨ ਰੂਪ ਅੰਧਾਰੁ=ਅਨ੍ਹੇਰਾ ਹੈ।

ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ॥੧॥

ਗੁਰੂ ਜੀ ਆਖਦੇ ਹਨ, ਮਨਮੁਖਾਂ ਨਾਲੋਂ ਪ੍ਰੀਤੀ ਟੁੱਟੀ ਹੀ ਭਲੀ=ਚੰਗੀ ਹੈ, ਜਿਨ੍ਹਾਂ ਦਾ ਕੇਵਲ ਮਾਇਆ ਨਾਲ ਪਿਆਰ, ਤੇ ਸਬੰਧੀਆਂ ਵਿਚ ਮੋਹ ਹੈ॥ ੧॥

ਮ: ੩॥ ਤਿਨ੍ ਭਉ ਸੰਸਾ ਕਿਆ ਕਰੇ ਜਿਨ ਸਤਿਗੁਰੁ ਸਿਰਿ ਕਰਤਾਰੁ॥

ਜਿਨ੍ਹਾਂ ਦੇ ਸਿਰ ਤੇ ਕਰਤਾਰ ਰੂਪ ਗੁਰਾਂ ਦਾ ਹੱਥ ਹੈ, ਉਹਨਾਂ ਨੂੰ ਡਰ ਤੇ ਸੰਸਾ ਕੀ ਕਰ ਸਕਦਾ ਹੈ।

ਧੁਰਿ ਤਿਨ ਕੀ ਪੈਜ ਰਖਦਾ ਆਪੇ ਰਖਣਹਾਰੁ॥

ਰੱਖਿਆ ਕਰਨ ਵਾਲਾ ਪ੍ਰਭੂ ਧੁਰ ਤੋਂ ਹੀ ਉਹਨਾਂ ਦੀ ਪੈਜ=ਪੱਤ-ਆਬਰੋ ਆਪ ਰੱਖਦਾ ਹੈ।

ਮਿਲਿ ਪ੍ਰੀਤਮ ਸੁਖੁ ਪਾਇਆ ਸਚੈ ਸਬਦਿ ਵੀਚਾਰਿ॥

ਉਹਨਾਂ ਨੇ ਗੁਰਾਂ ਦੇ ਸੱਚੇ ਸ਼ਬਦ ਦੀ ਵਿਚਾਰ ਕਰਕੇ ਪ੍ਰੀਤਮ ਪ੍ਰਭੂ ਨਾਲ ਮਿਲ ਕੇ ਸੁਖ ਪਾਇਆ ਹੈ।

ਨਾਨਕ ਸੁਖਦਾਤਾ ਸੇਵਿਆ ਆਪੇ ਪਰਖਣਹਾਰੁ ॥ ੨ ॥

ਗੁਰੂ ਜੀ ਆਖਦੇ ਹਨ-ਉਹਨਾਂ ਨੇ ਆਪੇ ਹੀ ਜੀਵਾਂ ਨੂੰ ਪਰਖਣੇ ਵਾਲਾ ਤੇ ਸੁੱਖਾਂ ਦੇ ਦੇਣ ਵਾਲਾ ਜੋ ਪ੍ਰਭੂ ਹੈ ਉਸ ਨੂੰ ਸੇਵਣਾ ਕੀਤਾ ਹੈ॥ ੨ ॥

ਪਉੜੀ ॥ ਜੀਅ ਜੰਤ ਸਭਿ ਤੇਰਿਆ ਤੂ ਸਭਨਾ ਰਾਸਿ ॥

ਹੇ ਪ੍ਰਭੂ ! ਇਹ ਸੂਖਮ ਅਸਥੂਲ ਸਾਰੇ ਜੀਆ ਜੰਤ ਆਪ ਜੀ ਦੇ ਗੁਮਾਸਤੇ ਹਨ, ਤੂੰ ਹੀ ਸਾਰਿਆਂ ਨੂੰ ਰਾਸਿ=ਪੂੰਜੀ ਦੇਣ ਵਾਲਾ ਸ਼ਾਹ ਹੈਂ।

ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ ॥

ਜਿਸ ਨੂੰ ਤੂੰ ਦੇਂਦਾ ਹੈਂ ਤਿਸਨੂੰ ਸਭ ਕੁਝ ਮਿਲਦਾ ਹੈ, ਤੇਰੇ ਪਾਸ ਹੋਰ ਕੋਈ ਤੇਰਾ ਸ਼ਰੀਕ ਨਹੀਂ ਹੈ।

ਤੂ ਇਕੋ ਦਾਤਾ ਸਭਸ ਦਾ ਹਰਿ ਪਹਿ ਅਰਦਾਸਿ ॥

ਸਾਰਿਆਂ ਦਾ ਦਾਤਾ ਇੱਕ ਤੂੰ ਹੀ ਹੈਂ, ਹੇ ਹਰੀ ! ਅਸਾਡੀ ਅਰਦਾਸ ਤਾਂ ਆਪ ਜੀ ਦੇ ਪਾਸ ਹੈ।

ਜਿਸ ਦੀ ਤੁਧੁ ਭਾਵੈ ਤਿਸ ਦੀ ਤੂ ਮੰਨਿ ਲੈਹਿ ਸੋ ਜਨੁ ਸਾਬਾਸਿ ॥

ਜਿਸ ਦੀ (ਅਰਦਾਸ) ਬੇਨਤੀ ਆਪ ਜੀ ਨੂੰ ਭਾਉਂਦੀ ਹੈ ਉਸ ਦੀ ਤੂੰ ਮੰਨ ਲੈਹਿ=ਲੈਂਦਾ ਹੈਂ, ਜਿਸ ਦੀ ਤੂੰ ਬੇਨਤੀ ਮੰਨ ਲੈਂਦਾ ਹੈਂ ਉਸ ਸੇਵਕ ਜਨ ਨੂੰ ਤੂੰ ਸਾਬਾਸਿ=ਧੰਨਤਾ ਯੋਗ ਕਰ ਦੇਂਦਾ ਹੈਂ।

ਸਭੁ ਤੇਰਾ ਚੋਜੁ ਵਰਤਦਾ ਦੁਖੁ ਸੁਖੁ ਤੁਧੁ ਪਾਸਿ ॥ ੨ ॥

ਸਾਰਾ ਤੇਰਾ ਹੀ ਚੋਜ=ਕੌਤਕ ਵਰਤਦਾ ਹੈ, ਅਤੇ ਦੁਖ ਸੁਖ ਤੇਰੇ ਪਾਸ ਹੀ ਕਿਹਾ ਬਣਦਾ ਹੈ।

ਅਥਵਾ:-ਆਪ ਜੀ ਨੇ ਕਰਮਾਂ ਦੇ ਅਨੁਸਾਰ ਦੁਖ ਸੁਖ ਜੀਵਾਂ ਦੇ ਪਾਸ ਕੀਤੇ ਹੋਏ ਹਨ॥ ੨ ॥

ਸਲੋਕ ਮ: ੩ ॥ ਗੁਰਮੁਖਿ ਸਚੈ ਭਾਵਦੇ ਦਰਿ ਸਚੈ ਸਚਿਆਰ ॥

ਗੁਰਮੁਖਤਾ ਕਰਕੇ ਗੁਰਮੁਖ ਪੁਰਸ਼ ਸੱਚੇ ਵਾਹਿਗੁਰੂ ਨੂੰ ਭਾਉਂਦੇ ਹਨ, ਅਤੇ ਸੱਚੇ ਦਰਬਾਰ ਵਿੱਚ ਗੁਰਮੁਖ ਸਚਿਆਰ=ਸੱਚੇ ਹੁੰਦੇ ਹਨ।

ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ ॥

ਗੁਰਾਂ ਦਾ ਉਪਦੇਸ਼ ਵਿਚਾਰਨ ਕਰਕੇ ਗੁਰਮੁਖ ਸੱਜਣਾਂ ਦੇ ਮਨ ਵਿੱਚ ਅਨੰਦ ਹੋਇਆ ਹੈ।

ਅੰਤਰਿ ਸਬਦੁ ਵਸਾਇਆ ਦੁਖੁ ਕਟਿਆ ਚਾਨਣੁ ਕੀਆ ਕਰਤਾਰਿ ॥

ਗੁਰਮੁਖਾਂ ਨੇ ਹਿਰਦੇ ਅੰਦਰ ਗੁਰਾਂ ਦਾ ਉਪਦੇਸ਼ ਵਸਾਇਆ ਹੈ, ਇਸ ਲਈ ਉਹਨਾਂ ਦਾ ਦੁੱਖ ਕੱਟਿਆ ਗਿਆ ਹੈ, ਅਤੇ ਕਰਤਾਰ ਨੇ ਉਹਨਾਂ ਦੇ ਅੰਦਰ ਗਿਆਨ ਦਾ ਚਾਨਣੁ=ਪ੍ਰਕਾਸ਼ ਕੀਤਾ ਹੈ।

ਨਾਨਕ ਰਖਣਹਾਰਾ ਰਖਸੀ ਅਪਣੀ ਕਿਰਪਾ ਧਾਰਿ ॥ ੧ ॥

ਗੁਰੂ ਜੀ ਆਖਦੇ ਹਨ, ਰਖਣਹਾਰਾ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਧਾਰਕੇ ਗੁਰਮੁਖਾਂ ਨੂੰ ਆਪ ਹੀ ਰੱਖਦਾ ਹੈ॥ ੧ ॥

ਮਃ ੩ ॥ ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥

ਸੇਵਾ=ਚਾਹੇ ਨਿਸ਼ਕਾਮ ਹੋ ਕੇ ਗੁਰਾਂ ਕੀ ਸੇਵਾ ਕਰੇ, ਚਾਹੇ ਚਾਕਰੀ=ਸ਼ਕਾਮ ਹੋ ਕੇ ਗੁਰਾਂ ਦੀ ਸੇਵਾ ਕਰੇ, ਦੋਵੇਂ ਹੀ ਸਫਲੀਆਂ ਹਨ। ਅਥਵਾ: ਸੰਸਾਰ ਵੱਲੋਂ ਮਨ ਨੂੰ ਚਾ+ਕਰੀ ਚੱਕ ਕਰਕੇ ਗੁਰਾਂ ਦੀ ਸੇਵਾ ਕਰੇ, ਅਤੇ ਭੈ=ਡਰ ਵਿਚ ਰਚਿ=ਤਦਾਕਾਰ ਹੋ ਕੇ ਸੇਵਾ ਰੂਪ ਕਾਰ ਕਮਾਏ।

ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ॥

ਜੇਹੋ ਜੇਹਾ ਭਾਉ ਰੱਖਕੇ ਗੁਰਾਂ ਨੂੰ ਸੇਂਵਦਾ ਹੈ ਤੇਹੋ ਜੇਹਾ ਫਲ ਹੁੰਦਾ ਹੈ, ਜੇ ਉਹਨਾਂ ਗੁਰਾਂ ਦੀ ਆਗਿਆ ਵਿੱਚ ਚੱਲਣਾ ਕਰੇ। ਤਾਂ ਇੰਞ ਨਿਸਚੇ ਕਰਦਾ ਹੈ ਕਿ-

ਨਾਨਕ ਸਭੁ ਕਿਛੁ ਆਪਿ ਹੈ ਅਵਰੁ ਨ ਦੂਜੀ ਜਾਇ ॥ ੨ ॥

ਉਹ ਪ੍ਰਭੂ ਆਪ ਹੀ ਸਭ ਕੁਝ ਹੋ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜੀ ਜਗ੍ਹਾ ਨਹੀਂ ਹੈ॥ ੨ ॥

ਪਉੜੀ ॥ ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ ॥

ਹੇ ਵਾਹਿਗੁਰੂ ! ਤੇਰੀ ਜੋ ਵਡਿਆਈ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ, ਕਿਉਂਕਿ ਤੇਰੇ ਜੇਡਾ ਹੋਰ ਕੋਈ ਨਹੀਂ ਹੈ।

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ॥

ਤੇਰੇ ਜੇਡਾ ਹੋਰ ਕੋਈ ਸ਼ਰੀਕ ਹੋਏ ਤਾਂ ਆਖਣਾ ਕਰੀਏ ਪਰ ਤੇਰੇ ਵਰਗਾ ਕੋਈ ਹੈ ਨਹੀਂ, ਤੇਰੇ ਜੇਡਾ ਤੂੰ ਆਪ ਹੀ ਹੋ ਰਿਹਾ ਹੈਂ।

ਜਿਨਿ ਤੂ ਸੇਵਿਆ ਤਿਨਿ ਸੁਖੁ ਪਾਇਆ ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ ॥

ਜਿਸ ਨੇ ਤੈਨੂੰ ਸ਼ਰਧਾ ਭਾਵ ਨਾਲ ਸੇਵਣਾ ਕੀਤਾ ਹੈ ਉਸ ਨੇ ਸੁਖ ਪਾਇਆ ਹੈ, ਹੋਰ ਕੋਈ ਮਨੁੱਖ ਉਸ ਦੀ ਰੀਸ ਕੀ ਕਰ ਸਕਦਾ ਹੈ।

ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ
ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ ॥

ਹੇ ਸਾਰਿਆਂ ਦੇ ਦਾਤਾਰੁ=ਦਾਤੇ ਵਾਹਿਗੁਰੂ ! ਤੂੰ ਆਪ ਹੀ ਜੀਵਾਂ ਦੇ ਘੜਨ ਬਣਾਉਣ ਤੇ ਭੰਨਣ=ਨਾਸ ਕਰਨ ਨੂੰ ਸਮਰੱਥ ਹੈਂ, ਭਾਵ-ਉਤਪਤੀ (ਪਾਲਣਾ) ਲੈਤਾ ਆਦਿ ਕਰਨ ਨੂੰ ਤੂੰ ਹੀ ਇੱਕ ਸਮਰੱਥ ਹੈਂ ਇਹ ਕੰਮ ਕਿਸੇ ਹੋਰ ਦੇ ਜ਼ਿੰਮੇ ਨਹੀਂ ਲਾਇਆ। ਸਾਰੀ ਦੁਨੀਆਂ ਮੰਗਣ ਵਾਸਤੇ ਹੱਥ ਜੋੜ ਕੇ ਆਪ ਜੀ ਦੇ ਅੱਗੇ ਖਲੋਤੀ ਹੋਈ ਹੈ।

ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ
ਤੁਧੁ ਸਭਸੈ ਨੋ ਦਾਨ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ ॥ ੩ ॥

ਤੇਰੇ ਜੇਡਾ ਵੱਡਾ ਦਾਤਾ ਮੈਨੂੰ ਕੋਈ ਨਿਗਾਹ ਨਹੀਂ ਆਉਂਦਾ, ਕਿਉਂਕਿ ਤੁਸਾਂ ਨੇ ਨੌਂ ਖੰਡਾਂ,

ਬ੍ਰਹਿਮੰਡਾਂ ਦੇ ਸਾਰਿਆਂ ਜੀਵਾਂ ਨੂੰ ਅਤੇ ਪਤਾਲਾਂ ਤੇ ਪੁਰਈ=ਪੁਰੀਆਂ ਦੇ ਸਾਰਿਆਂ ਲੋਈ=ਲੋਕਾਂ ਨੂੰ ਦਾਨ ਦੇਣਾ ਕੀਤਾ ਹੈ॥ ੩॥

ਸਲੋਕ ਮ: ੩ ॥ ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥

ਜਿਸ ਦੇ ਮਨ ਵਿਚ ਗੁਰਾਂ ਦਾ ਪਰਤੀਤਿ=ਭਰੋਸਾ ਨਹੀਂ ਆਇਆ, ਅਤੇ ਸਹਜਿ=ਸ਼ਾਂਤੀ ਸਰੂਪ ਪਰਮਾਤਮਾ ਵਿਚ ਭਾਉ=ਪ੍ਰੇਮ ਨਹੀਂ ਲੱਗਾ।

ਸਬਦੈ ਸਾਦੁ ਨ ਪਾਇਓ ਮਨ ਹਠਿ ਕਿਆ ਗੁਣ ਗਾਇ ॥

ਗੁਰਾਂ ਦੇ ਉਪਦੇਸ਼ ਦਾ ਵੀ ਸਾਦੁ=ਅਨੰਦ ਨਹੀਂ ਪਾਇਆ, ਉਸ ਮਨ ਦੇ ਹਠੀਏ ਨੇ ਗੁਣ ਗਾ ਕੇ ਕੀ ਲਾਭ ਪ੍ਰਾਪਤ ਕਰਨਾ ਹੈ।

ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ ॥ ੧ ॥

ਗੁਰੂ ਜੀ ਆਖਦੇ ਹਨ, ਸੰਸਾਰ ਵਿਚ ਆਇਆ ਹੋਇਆ ਉਹ ਮਨੁੱਖ ਪ੍ਰਮਾਣੀਕ ਹੈ ਜਿਹੜਾ ਗੁਰਾਂ ਦੁਆਰੇ ਸੱਚ ਸਰੂਪ ਵਿਚ ਸਮਾਂ ਰਹਿੰਦਾ ਹੈ॥ ੧॥

ਮ: ੩ ॥ ਆਪਣਾ ਆਪੁ ਨ ਪਛਾਣੈ ਮੂੜਾ ਅਵਰਾ ਆਖਿ ਦੁਖਾਏ ॥

ਮੂੜਾ=ਮੂਰਖ ਪੁਰਸ਼ ਆਪਣੇ ਆਪ ਨੂੰ ਪਛਾਣਦਾ ਨਹੀਂ ਹੈ ਕਿ ਮੇਰਾ ਕੀ ਸਰੂਪ ਹੈ, ਸਗੋਂ ਕੋੜੇ ਬਚਨ ਆਖਿ=ਬੋਲਕੇ ਅਵਰਾ=ਹੋਰਨਾਂ ਦੇ ਮਨ ਨੂੰ ਦੁਖਾਉਂਦਾ ਹੈ।

ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਏ ॥

ਇਸ ਅੰਨ੍ਹੇ ਅਗਿਆਨੀ ਵਿਖੇ ਜੋ ਮੁੰਢੈ=ਮੁੱਢ ਦੀ ਭੈੜੀ ਖਸਲਤਿ=ਖੋਹ (ਵਾਦੀ, ਆਦਤ) ਸੀ ਉਹ ਦੂਰ ਨ ਹੋਈ ਇਸ ਤੇ ਵਾਹਿਗੁਰੂ ਤੋਂ ਵਿੱਛੜ ਕੇ ਜਮਾਂ ਦੀਆਂ ਚੋਟਾਂ ਖਾਂਦਾ ਹੈ।

ਅਥਵਾ :- ਵਿਛੋੜੇ ਦੀਆਂ ਚੋਟਾਂ ਖਾਂਦਾ ਹੈ।

ਸਤਿਗੁਰ ਕੈ ਭੈ ਭੰਨਿ ਨ ਘੜਿਓ ਰਹੈ ਅੰਕਿ ਸਮਾਏ ॥

ਸਤਿਗੁਰਾਂ ਦੇ ਡਰ ਨੂੰ ਧਾਰਕੇ ਕਾਮ ਆਦਿਕਾਂ ਨੂੰ ਭੰਨਿਆਂ ਨਹੀਂ, ਤੇ ਸ਼ੁਭ ਗੁਣਾਂ ਨੂੰ ਘੜਿਆ ਨਹੀਂ।

ਅਥਵਾ :-ਸਤਿਗੁਰਾਂ ਦੇ ਡਰ ਨੂੰ ਧਾਰਕੇ ਮਨ ਨੂੰ ਵਿਕਾਰਾਂ ਵੱਲੋਂ ਭੰਨਕੇ ਘੜਿਆ ਨਹੀਂ, ਇਸ ਲਈ ਅੰਕਿ=ਸਰੂਪ ਵਿਚ ਸਮਾਏ=ਸਮਾਉਣ ਵੱਲੋਂ ਰਹੈ=ਰਹਿ ਗਿਆ ਹੈ।

(ਪੰਨਾ ੫੫੦) ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥

ਗੁਰ ਸ਼ਬਦ ਤੋਂ ਬਿਨਾਂ ਸੰਸਾ ਕਦੇ ਦੂਰ ਨਹੀਂ ਹੁੰਦਾ ਇਸ ਲਈ ਅਨਦਿਨੁ=ਰਾਤ-ਦਿਨ ਦੁੱਖ ਪਾਉਂਦਾ ਹੈ।

ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥

ਕਾਮ, ਕ੍ਰੋਧ, ਲੋਭ ਆਦਿਕਾਂ ਦਾ ਦਲ ਸਰੀਰ ਅੰਦਰ ਸ+ਬਲਾ=ਸਹਿਤ ਬਲ ਦੇ ਹੈ, ਇਸ ਲਈ ਨਿਤਾ ਪ੍ਰਤੀ ਧੰਧਾ ਕਰਦਿਆਂ ਹੀ ਸਾਰਾ ਸਮਾਂ ਵਿਹਾਏ=ਬਤੀਤ ਹੁੰਦਾ ਹੈ।

ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ॥

ਪਦ ਅਰਥਃ-ਚਰਣ=ਪੈਰ, ਕਰ=ਹੱਥ, ਦੇਖਤ=ਨੇਤਰ, ਸੁਣਿ=ਕੰਨ, ਦਿਹ=ਦਿਨ। ਮੁਕੇ=ਖਤਮ ਹੋ ਗਏ। ਨੇੜੈ=ਨਜ਼ਦੀਕ। ਅਰਥਃ- ਹੱਥ, ਪੈਰ, ਅੱਖਾਂ, ਕੰਨ ਆਦਿਕ ਸਭ ਇੰਦਰੇ ਥੱਕ ਗਏ ਹਨ, ਜੀਵਨ ਦੇ ਦਿਨ ਮੁੱਕ ਗਏ ਹਨ ਮੌਤ ਦੇ ਦਿਨ ਨੇੜੈ=ਨਜ਼ਦੀਕ ਆ ਗਏ ਹਨ।

ਅਥਵਾਃ-ਮੌਤ ਦੇ ਦਿਨ ਨੇੜੇ ''ਆਏ ਮੁਕੇ''=ਆ ਚੁੱਕੇ ਹਨ।

ਸਚਾ ਨਾਮੁ ਨ ਲਗੋ ਮੀਠਾ ਜਿਤੁ ਨਾਮਿ ਨਵ ਨਿਧਿ ਪਾਏ॥

ਨਾਮੀ ਪ੍ਰਭੂ ਦਾ ਸੱਚਾ ਨਾਮ ਮੀਠਾ=ਪਿਆਰਾ ਨ ਲੱਗਾ ਜਿਸ ਨਾਮ ਕਰਕੇ ਨੌਂ ਨਿੱਧੀਆਂ ਨੂੰ ਪਾ ਲੈਂਦਾ।

ਅਥਵਾਃ- ਸੱਚਾ ਨਾਮ ਪਿਆਰਾ ਨ ਲੱਗਾ, ਜਿਸ ਨਾਮ ਕਰਕੇ ਨਾਮੀ ਦੀ ਪ੍ਰਾਪਤੀ ਰੂਪ ਨੌਂ ਨਿੱਧੀ ਨੂੰ ਪਾ ਲੈਂਦਾ।

ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ॥

ਜਿਸ ਸੰਸਾਰ ਵਾਲੇ ਪਾਸੇ ਜੀਊਂਦਾ ਹੈ ਉਸ ਵੱਲੋਂ ਮਰ ਜਾਵੇ, ਤੇ ਜਿਸ ਪਰਮੇਸ਼ਰ ਵੱਲੋਂ ਮਰਿਆ ਹੋਇਆ ਹੈ ਉਸ ਪਾਸੇ ਜੀਵੇ ਤਾਂ ਅੰਤਰੇ (ਭੇਦ) ਵੱਲੋਂ ਮੋਖ=ਛੁੱਟਣਾ ਪਾਉਂਦਾ ਹੈ,

ਅਥਵਾ :- ਅੰਤਰ ਹੀ ਮੋਖ=ਮੁਕਤੀ ਨੂੰ ਪਾਉਂਦਾ ਹੈ।

ਧੁਰਿ ਕਰਮੁ ਨ ਪਾਇਓ ਪਰਾਣੀ ਵਿਣੁ ਕਰਮਾ ਕਿਆ ਪਾਏ॥

ਇਸ ਪ੍ਰਾਣੀ ਨੇ ਧੁਰ ਤੋਂ ਹੀ ਸ਼ੁਭ ਕਰਮਾਂ ਦਾ ਕਰਣਾ ਨਹੀਂ ਪਾਇਆ, ਦੱਸੋ ? ਇਹ ਕਰਮਾਂ ਤੋਂ ਬਿਨਾਂ ਕੀ ਪਾਏਗਾ।

ਗੁਰ ਕਾ ਸਬਦੁ ਸਮਾਲਿ ਤੂ ਮੂੜੇ ਗਤਿ ਮਤਿ ਸਬਦੇ ਪਾਏ॥

ਹੇ ਮੂਰਖਾ ! ਤੂੰ ਗੁਰਾਂ ਦੇ ਉਪਦੇਸ਼ ਨੂੰ ਸਮਾਲਿ=ਯਾਦ ਕਰ, ਕਿਉਂਕਿ ਗੁਰ-ਉਪਦੇਸ਼ ਕਰਕੇ ਹੀ ਤੂੰ ਗਤਿ=ਮੁਕਤੀ ਦੇ ਸਾਧਨਾਂ ਨੂੰ ਮਤਿ=ਬੁੱਧੀ ਵਿਚ ਪਾਵੇਂਗਾ।

ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ॥ ੨॥

ਗੁਰੂ ਜੀ ਆਖਦੇ ਹਨ, ਹੇ ਮੂਰਖਾ ! ਸਤਿਗੁਰਾਂ ਨੂੰ ਤਾਂ ਹੀ ਪਾਏਂਗਾ, ਜਾਂ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆ ਦੇਵੇਂ॥ ੨॥

ਪਉੜੀ॥ ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ
ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ॥

ਮੇਰਾ ਸੁਆਮੀ ਪਰਮਾਤਮਾ ਜਿਸ ਦੇ ਚਿੱਤ ਵਿਚ ਵਸਿਆ ਹੈ, ਉਸ ਨੂੰ ਭਲਾ ਕਿਸੇ ਗੱਲ ਦਾ ਅੰਦੇਸਾ=ਸੰਸਾ ਕਿਉਂ ਚਾਹੀਦਾ ਹੈ ਭਾਵ ਨਹੀਂ ਕਰਨਾ ਚਾਹੀਦਾ।

ਹਰਿ ਸੁਖਦਾਤਾ ਸਭਨਾ ਗਲਾ ਕਾ
ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ॥

ਹਰੀ ਸਾਰੀਆਂ ਗੱਲਾਂ ਦਾ ਸੁਖ ਦੇਣ ਵਾਲਾ ਹੈ, ਉਸ ਨੂੰ ਧਿਆਉਂਦਿਆਂ ਹੋਇਆਂ, ਇਕ ਘੜੀ ਯਾਂ ਨਿਮਖ ਮਾਤ੍ਰ ਸਮਾਂ ਕਿਸ ਲਈ ਮੂੰਹ ਮੋੜਨਾ ਹੈ।

ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ॥

ਜਿਸ ਨੇ ਹਰੀ ਨਾਮ ਨੂੰ ਧਿਆਇਆ ਹੈ ਉਸ ਨੂੰ ਸਾਰੇ ਕਲਿਆਣ=ਸੁਖ ਪ੍ਰਾਪਤ ਹੋਏ ਹਨ, ਇਸ ਲਈ ਨਿਤਾਪ੍ਰਤੀ ਸੰਤਾਂ ਦੀ ਸਤ-ਸੰਗਤ ਵਿਚ ਜਾ ਕੇ ਬੈਠਣਾ ਕਰੀਏ, ਤੇ ਮੂੰਹ ਨੂੰ ਭਜਨ ਸਿਮਰਨ ਵਿਚ ਜੋੜਨਾ ਕਰੀਏ।

ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ॥

ਹਰੀ ਦੇ ਜੋ ਸੇਵਕ ਹਨ ਉਹਨਾਂ ਦੇ ਦੁੱਖ ਭੁੱਖ ਆਦਿਕ ਸਾਰੇ ਰੋਗ ਚਲੇ ਗਏ ਹਨ, ਅਤੇ ਸੇਵਕ ਜਨਾਂ ਦੇ ਸਾਰੇ ਬੰਧਨ ਟੁੱਟ ਗਏ ਹਨ।

ਹਰਿ ਕਿਰਪਾ ਤੇ ਹੋਆ ਹਰਿ ਭਗਤੁ
ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥ ੪॥

ਹਰੀ ਦੀ ਕਿਰਪਾ ਨਾਲ ਜੋ ਹਰੀ ਦਾ ਭਗਤ ਹੋਇਆ ਹੈ, ਉਹਨਾਂ ਹਰੀ ਭਗਤ ਜਨਾਂ ਦਾ ਦਰਸ਼ਨ ਦੇਖਿਆਂ ਹੀ ਸਾਰਾ ਜਗਤ ਤਰਨਾ "ਲੋੜੀਐ"=ਚਾਹੀਦਾ ਹੈ॥ ੪॥

ਸਲੋਕ ਮਃ ੩॥ ਸਾ ਰਸਨਾ ਜਲਿ ਜਾਉ
ਜਿਨਿ ਹਰਿ ਕਾ ਸੁਆਉ ਨ ਪਾਇਆ॥

ਉਹ ਰਸਨਾ=ਜੀਭ ਸੜ-ਬਲ ਜਾਵੇ ਜਿਸ ਨੇ ਹਰੀ ਨਾਮ ਦਾ ਸੁਆਦ ਨਹੀਂ ਪਾਇਆ।

ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ॥ ੧॥

ਗੁਰੂ ਜੀ ਆਖਦੇ ਹਨ, ਉਸ ਗੁਰਮੁਖ ਨੇ ਆਪਣੀ ਰਸਨਾਂ ਗੁਰ-ਸ਼ਬਦ ਵਿਚ ਰਸਾਈ ਹੈ, ਜਿਸ ਨੇ ਮਨ ਵਿਚ ਹਰਿ ਹਰਿ ਨਾਮ ਨੂੰ ਵਸਾਉਣਾ ਕੀਤਾ ਹੈ॥ ੧॥

ਮਃ ੩॥ ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ॥

ਸਾ ਰਸਨਾ=ਉਹ ਜੀਭ ਸੜ-ਬਲ ਜਾਵੇ ਜਿਸ ਨੇ ਹਰੀ ਦੇ ਨਾਮ ਨੂੰ ਭੁਲਾ ਦਿੱਤਾ ਹੈ।

ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ॥ ੨॥

ਗੁਰੂ ਜੀ ਆਖਦੇ ਹਨ, ਗੁਰਮੁਖ ਰਸਨਾਂ ਦੁਆਰੇ ਹਰੀ ਨੂੰ ਜਪਦੇ ਹਨ, ਅਤੇ ਹਰੀ ਦੇ ਨਾਮ ਵਿਚ ਹੀ ਪਿਆਰ ਕਰਦੇ ਹਨ॥ ੨॥

ਪਉੜੀ॥ ਹਰਿ ਆਪੇ ਠਾਕੁਰੁ ਸੇਵਕੁ ਭਗਤੁ ਹਰਿ ਆਪੇ ਕਰੇ ਕਰਾਏ॥

ਹਰੀ ਆਪ ਹੀ ਸਾਰਿਆਂ ਦਾ ਠਾਕੁਰ=ਸੁਆਮੀ ਹੈ, ਆਪ ਹੀ ਸੇਵਕ ਰੂਪ ਹੈ, ਆਪ ਹੀ ਭਗਤ ਰੂਪ ਹੈ; ਅਤੇ ਹਰੀ ਆਪ ਹੀ ਸਾਰੇ ਕੰਮ ਕਰਦਾ ਕਰਾਉਂਦਾ ਹੈ।

ਹਰਿ ਆਪੇ ਵੇਖੈ ਵਿਗਸੈ ਆਪੇ ਜਿਤੁ ਭਾਵੈ ਤਿਤੁ ਲਾਏ॥

ਹਰੀ ਆਪ ਹੀ ਸਾਰਿਆਂ ਨੂੰ ਵੇਖਦਾ ਹੈ, ਫਿਰ ਆਪ ਹੀ ਵਿਗਸੈ=ਖੁਸ਼ ਹੁੰਦਾ ਹੈ, ਜਿੱਧਰ ਚਾਹੁੰਦਾ ਹੈ ਉਸੇ ਪਾਸੇ ਸਾਰਿਆਂ ਨੂੰ ਲਾਉਂਦਾ ਹੈ।

ਹਰਿ ਇਕਨਾ ਮਾਰਗਿ ਪਾਏ ਆਪੇ ਹਰਿ ਇਕਨਾ ਉਝੜਿ ਪਾਏ॥

ਹਰੀ ਆਪ ਹੀ ਇਕਨਾਂ ਨੂੰ ਸ਼ੁਭ ਰਸਤੇ ਪਾਉਂਦਾ ਹੈ, ਅਤੇ ਹਰੀ ਇਕਨਾਂ ਨੂੰ ਉਝੜਿ=ਔਝੜ (ਕੁਰਾਹੇ) ਪਾਉਂਦਾ ਹੈ।

ਹਰਿ ਸਚਾ ਸਾਹਿਬੁ ਸਚੁ ਤਪਾਵਸੁ ਕਰਿ ਵੇਖੈ ਚਲਤ ਸਬਾਏ॥

ਹਰੀ ਆਪ ਸੱਚਾ ਸਾਹਿਬ ਹੈ, ਉਸ ਦਾ ਤਪਾਵਸੁ=ਨਿਆਂ ਵੀ ਸੱਚਾ ਹੈ, ਆਪ ਹੀ ਸਾਰੇ ਚਲਤੁ=ਕੌਤਕਾਂ ਨੂੰ ਕਰਕੇ ਵੇਖਦਾ ਹੈ।

ਗੁਰ ਪਰਸਾਦਿ ਕਹੈ ਜਨੁ ਨਾਨਕੁ ਹਰਿ ਸਚੇ ਕੇ ਗੁਣ ਗਾਏ॥ ੫॥

ਗੁਰੂ ਜੀ ਆਖਦੇ ਹਨ, ਗੁਰਾਂ ਦੀ ਕਿਰਪਾ ਨਾਲ ਹੀ ਸੇਵਕ ਜਨਾਂ ਪਾਸੋਂ ਹਰੀ ਸੱਚੇ ਦੇ ਗੁਣ ਗਾਏ ਜਾਂਦੇ ਹਨ॥ ੫॥

ਉਥਾਨਕਾ:-ਕਿਸੀ ਨੇ ਕਿਹਾ ਗ੍ਰਹਿਸਤ ਮਾਰਗ ਬਹੁਤ ਔਖਾ ਹੈ ਜੇ ਆਪ ਹੁਕਮ ਦਿਓ ਤਾਂ ਮੈਂ ਦਰਵੇਸ਼ (ਸਾਧੂ) ਬਣ ਜਾਵਾਂ ? ਗੁਰ ਉੱਤਰ-

ਸਲੋਕ ਮਃ ੩॥ ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ॥

ਜੇਹੜਾ ਕੋਈ ਦਰਵੇਸੀ=ਫਕੀਰੀ ਨੂੰ ਧਾਰਨਾ ਜਾਣਦਾ ਹੈ, ਉਹ ਕੋਈ ਵਿਰਲਾ ਹੀ ਦਰਵੇਸੁ=ਫਕੀਰ ਹੈ। ਜਣਾ-ਖਣਾ ਆਦਮੀ ਫਕੀਰੀ ਨਹੀਂ ਧਾਰ ਸਕਦਾ।

ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ॥

ਜੇਹੜਾ ਮਨੁੱਖ ਕਮਾਈ ਕੀਤੇ ਬਗੈਰ ਘਰਾਂ ਘਰਾਂ ਵਿਚ ਮੰਗਦਾ ਹੰਢੈ=ਫਿਰਦਾ ਹੈ, ਉਸ ਦੇ ਜੀਊਣੇ ਨੂੰ ਧਿਕਾਰ ਹੈ, ਅਤੇ ਉਸ ਦੇ ਵੇਸੁ=ਭੇਖ ਨੂੰ ਵੀ ਧਿਕਾਰ (ਲਾਹਨਤ) ਹੈ।

ਜੇ ਆਸਾ ਅੰਦੇਸਾ ਤਜਿ ਰਹੈ ਗੁਰਮੁਖਿ ਭਿਖਿਆ ਨਾਉ॥

ਜੇਕਰ ਪਦਾਰਥਾਂ ਦੀ ਆਸਾ ਤੇ ਅੰਦੇਸਾ=ਫਿਕਰ ਨੂੰ "ਤਜਿ ਰਹੈ"=ਤਿਆਗ ਰਹੇ, ਅਤੇ ਮੁੱਖੀ ਗੁਰਾਂ ਪਾਸੋਂ ਨਾਮ ਰੂਪੀ ਭਿਖਿਆ ਮੰਗਕੇ ਖਾਵੇ। ਤਾਂ-

ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ ॥ ੧ ॥

ਗੁਰੂ ਜੀ ਆਖਦੇ ਹਨ, ਮੈਂ ਉਸ ਦੇ ਚਰਨ ਪਖਾਲੀਅਹਿ=ਧੋਂਦਾ ਹਾਂ, ਅਤੇ ਸਦਾ ਹੀ ਉਸ ਤੋਂ ਬਲਿਹਾਰ ਜਾਂਦਾ ਹਾਂ॥ ੧ ॥

ਮਃ ੩ ॥ ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥

ਗੁਰੂ ਜੀ ਆਖਦੇ ਹਨ, ਇਕ ਸਰੀਰ ਰੂਪੀ ਤਰਵਰੁ=ਬ੍ਰਿਛ ਹੈ, ਫਲ ਦੁਇ=ਸੁਖ ਦੁਖ ਰੂਪ ਦੋ ਫਲ ਹਨ, ਅਤੇ ਦੁਇ ਪੰਖੇਰੂ ਆਹਿ='ਚਿਦਾ ਭਾਸ' ਤੇ 'ਕੂਟਸਥ' ਰੂਪ ਦੋ ਪੰਛੀ ਹਨ।

ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥

ਉਹ ਕੂਟਸਥ ਰੂਪ ਪੰਛੀ ਆਉਂਦਾ ਜਾਂਦਾ ਦਿੱਸਦਾ ਨਹੀਂ ਹੈ, ਕਿਉਂਕਿ ਤਿਸ ਕੂਟਸਥ ਰੂਪ ਪੰਛੀ ਦੇ 'ਸੰਕਲਪਾਂ' ਰੂਪ ਪਰ=ਖੰਭ ਜੋ ਨਹੀਂ ਹਨ।

ਅਥਵਾ:- ''ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥'' ਸੰਸਾਰ ਰੂਪੀ ਇਕ ਤਰਵਰੁ=ਬ੍ਰਿੱਛ ਹੈ ਸੁਖ ਦੁਖ ਰੂਪ ਦੋ ਫਲ ਹਨ ਅਤੇ 'ਜੀਵ' 'ਈਸ਼ੁਰ' ਰੂਪ ਦੋ ਪੰਛੀ ਹਨ। ''ਆਵਤ ਜਾਤ ਨ ਦੀਸਹੀ, ਨਾ ਪਰ ਪੰਖੀ ਤਾਹਿ ॥'' ਜੀਵ ਵਾਂਗ ਉਹ ਈਸ਼ੁਰ ਰੂਪ ਪੰਛੀ ਆਉਂਦਾ ਜਾਂਦਾ ਦਿਸਦਾ ਨਹੀਂ ਹੈ ਕਿਉਂਕਿ ਤਾਹਿ=ਤਿਸ ਈਸ਼ੁਰ ਰੂਪ ਪੰਛੀ ਦੇ ਨਾ ਪਰ=ਵਾਸ਼ਨਾਂ ਰੂਪ ਖੰਭ ਜੋ ਨਹੀਂ ਹਨ।

ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ ॥

''ਚਿਦਾ ਭਾਸ'' ਰੂਪ ਪੰਛੀ ਤਾਂ ਬਹੁਤ ਰੰਗਾਂ-ਰੰਗਾਂ ਦੇ ਰਸਾਂ ਨੂੰ ਭੋਗਦਾ ਹੈ, ਅਤੇ ਸਬਦਿ=''ਕੂਟਸਥ''* ਰੂਪ ਪੰਛੀ ਨਿਰਬਾਣੁ=ਬੰਧਨਾਂ ਤੋਂ ਰਹਿਤ ਰਹਿੰਦਾ ਹੈ।

ਇਸੇ ਪ੍ਰਸੰਗ ਦੇ ਨਾਲ ਮਿਲਦਾ-ਜੁਲਦਾ ਭਾਵ ਪੰਡਿਤ ਨਿਸਚਲ ਦਾਸ ਜੀ ਨੇ ਵਿਚਾਰ ਸਾਗਰ ਦੇ ਚੌਥੇ ਤਰੰਗ ਵਿਚ ਵੀ ਕਥਨ ਕੀਤਾ ਹੈ, ਜਿਸ ਨੂੰ ਅਸੀਂ ਹੂਬਹੂ ਹੇਠਾਂ ਪੰਜਾਬੀ ਵਿਚ ਲਿਖਦੇ ਹਾਂ:-

ਸ਼ੰਕਾ ਕੀ ਚੌਪਈ ॥

ਸੁਨਹੁ ਗੁਰੂ ਦੂਜੋ ਪੁਨਿ ਸੰਸੈ। ਜੀਵ-ਬ੍ਰਹਮ ਏਕੱਰ੍ਹ ਪ੍ਰਨੰਸੈ।
ਏਕ ਬ੍ਰਿੱਛ ਮੈ ਸਮ ਦੈ ਪੱਛੀ। ਫਲ ਭੋਗੈ ਇਕ, ਦੂਜੇ ਸ੍ਰੱਛੀ॥ ੭੦ ॥
ਭੋਗ ਸਹਿਤ ਪਰਕਾਸ਼ ਅਸੰਗਾ। ਵੇਦ ਵਚਨ ਤਹ ਕੇਹਤ ਪ੍ਰਸੰਗਾ।
ਕਰਮ ਉਪਾਸਨ ਪੁਨਿ ਬਹੁ ਭਾਖੈ। ਜੀਵ-ਬ੍ਰਹਮ ਯਾਤੇ ਦ੍ਰਯ ਰਾਖੈ॥ ੭੧ ॥

ਕੂਟਸਥ ਵਰਨਨ ਦੋਹਾਂ-

**ਮਤਿ ਵਾ ਵਯਸ਼ਟੀ ਅਗਜਾਨ ਕੋ, ਅਧਿਸਾਨ ਚੈਤੰਨਜ॥*

ਨ

ਘਟਾ-ਕਾਸ਼ ਸਮ ਮਾਨੀਯੇ, ਸੋ ਕੂਟਸਥ ਅਜੰਨਜ॥ ੮੩ ॥

(ਵਿਚਾਰ ਸਾਗਰ ਚਤੁਰਥ ਤਰੰਗ)

ਕੂਟਸਥ=ਕੂਟ ਕਹੀਏ ਪਰਬਤ ਵਾਂਗ ਜਿਸ ਦੀ ਇਸਥਿਤੀ ਹੈ ਸਾ ਕੂਟੱਸਥਾ।

ਸ੍ਰੀ ਗੁਰੂ ਵਾਚ-ਚੌਪਈ: -

ਸੁਨਹੁ ਸ਼ਿਸ਼ਜ ਇਕ ਕਹੂੰ ਵਿਚਾਰਾ। ਹੈ ਜਾਤੇ ਸ਼ੰਕਾ ਨਿਸਤਾਰਾ।
ਘਟਾਂ-ਕਾਸ਼ ਇਕ ਜਲ ਆਕਾਸ਼ਾ। ਮੇਘਾ-ਕਾਸ਼, ਮਹਾ ਆਕਾਸ਼ਾ॥ ੭੨॥
ਚਜਾਰਿ ਭੇਦ ਯੇ ਨਭ ਕੇ ਜਾਨਹੁ। ਪੁਨਿ ਚੇਤਨ ਕੇ ਤਥਾ ਪਛਾਨਹੁ।
ਇਕ ਕੂਟਸਥ, ਜੀਵ ਪੁਨਿ ਕਹੀਏ। ਈਸ਼, ਬ੍ਰਹਮ, ਹੀਯ ਜਾਨੇ ਰਹੀਏ॥ ੭੩॥
ਜਬ ਇਨਕੋ ਤੂ ਰੂਪ ਪਛਾਨੇ। ਨਿਜ ਸੰਕਾ ਤਬ ਹੀ ਸਬ ਭਾਨੇ।
ਯਾਤੇ ਸੁਨ ਇਨ ਕੋ ਅਬ ਭੇਦਾ। ਨਸ਼ੈ ਸੁਨਤ, ਜਨਮਾਦਿਕ ਖੇਦਾ॥ ੭੪॥

(ਵਿਚਾਰ ਸਾਗਰ ਚਤੁਰਥ ਤਰੰਗ)

ਹਰਿ ਰਸਿ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ॥ ੨॥

ਗੁਰੂ ਜੀ ਆਖਦੇ ਹਨ, ਜੋ ਪੁਰਸ਼ ਹਰੀ ਰਸਰੂਪੀ ਫਲ ਵਿਚ ਰੱਤੇ ਹਨ, ਉਹਨਾਂ ਨੂੰ ਸੱਚਾ ਕਰਮਿ= (ਕਰਮੀ) ਪਰਮਾਤਮਾ ਨੀਸਾਣੁ=ਪ੍ਰਗਟ ਹੋਇਆ ਹੈ॥ ੨॥

ਸਰਬ ਰੂਪ ਕਰਕੇ ਵਾਹਿਗੁਰੂ ਦਾ ਜਸ ਨਿਰੂਪਣ ਕਰਦੇ ਹਨ-

ਪਉੜੀ॥ ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ॥

ਉਹ ਪਰਮਾਤਮਾ ਆਪ ਹੀ ਧਰਤੀ ਰੂਪ ਹੈ, ਆਪ ਹੀ ਰਾਹਕੁ=ਜ਼ਿਮੀਂਦਾਰ ਹੈ, ਆਪ ਹੀ ਦਾਣਿਆਂ ਨੂੰ ਜਮਾਉਂਦਾ ਹੈ, ਆਪ ਹੀ ਦਾਣਿਆਂ ਨੂੰ ਪੀਹਾਉਂਦਾ ਹੈ।

ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ॥
ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥ (ਪੰਨਾ ੫੫੧)
ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ॥

ਅੰਨਵੇਂ ਤੁਕਾਂ ਲਗਣੀਆਂ ਹਨ-

ਆਪੇ ਰੋਟੀ ਪਕਾਉਂਦਾ ਹੈ, ''ਆਪੇ ਸੰਗਤਿ ਸਦਿ ਬਹਾਲੈ''=ਆਪ ਹੀ ਸੰਗਤਾਂ ਨੂੰ ਸਦਕੇ ਬੈਠਾਉਂਦਾ ਹੈ, ''ਆਪਿ ਭਾਂਡੇ ਦੇਇ ਪਰੋਸੈ'' ਆਪ ਹੀ ਭਾਂਡਿਆਂ ਵਿਚ ਪਰੋਸ ਕੇ ਦੇਂਦਾ ਹੈ। ਆਪੇ ਹੀ ਬਹਿ ਖਾਵੈ=ਆਪ ਹੀ (ਜੀਵ ਰੂਪ ਹੋ ਕੇ) ਬੈਠ ਕੇ ਭੋਜਨ ਖਾਂਦਾ ਹੈ। ''ਆਪੇ ਜਲੁ ਆਪੇ ਦੇ ਛਿੰਗਾ''=ਆਪ ਹੀ ਪਾਣੀ ਦੇਂਦਾ ਹੈ ਆਪ ਹੀ ਛਿੰਗਾ* ਦੇਂਦਾ ਹੈ।

''ਆਪੇ ਚੁਲੀ ਭਰਾਵੈ''=ਆਪ ਹੀ ਚੁਲਾ ਭਰਾ ਕੇ ਹੱਥ ਸੁੱਚੇ ਕਰਾਉਂਦਾ ਹੈ। ਫਿਰ ''ਆਪੇ ਵਿਦਾ ਕਰਾਵੈ''=ਆਪ ਹੀ ਸਾਰਿਆਂ ਨੂੰ ਦੱਛਣਾ ਦੇ ਕੇ ਵਿਦਾ ਕਰਕੇ ਟੋਰ ਦੇਂਦਾ ਹੈ।

ਦੂਜਾ ਅਰਥ :-ਆਪੇ ਧਰਤੀ=ਆਪ ਹੀ ਬੁੱਧੀ ਰੂਪ ਅਥਵਾ:-ਸਾਧ ਸੰਗਤ ਰੂਪ ਧਰਤੀ ਹੈ,

*ਪੂਰਬ ਦੀ ਚਾਲ ਹੈ ਰੋਟੀ ਖਾਣ ਦੇ ਮਗਰੋਂ ਦੰਦਾਂ ਵਿਚ ਫਸੀ ਹੋਈ ਰੋਟੀ ਵਗੈਰਾ ਕੱਢਣ ਲਈ ਜੋ ਤੀਲਾ ਦੇਂਦੇ ਹਨ ਉਸ ਦਾ ਨਾਂ 'ਛਿੰਗਾ' ਹੈ।

ਆਪੇ ਹੈ ਰਾਹਕੁ=ਆਪ ਹੀ ਗੁਰੂ ਰੂਪ ਜ਼ਿਮੀਂਦਾਰ ਹੈ।

ਆਪਿ ਜੰਮਾਇਦ=ਆਪ ਹੀ (ਜਗਿਆਸੂ ਰੂਪ ਹੋ ਕੇ) ਸ੍ਰਵਣ ਕਰਦਾ ਹੈ,

ਪੀਸਾਵੈ=ਆਪ ਹੀ ਮੰਨਣ ਕਰਦਾ ਹੈ।

ਆਪਿ ਪਕਾਵੈ=ਆਪ ਹੀ ਨਿਧਿਆਸਣ ਕਰਦਾ ਹੈ।

ਆਪੇ ਸੰਗਤਿ ਸਦਿ ਬਹਾਲੈ=ਆਪ ਹੀ ਜਗਿਆਸੂਆਂ ਦੀ ਸੰਗਤ ਸੱਦ ਕੇ ਬੈਠਾਲਦਾ ਹੈ।

ਆਪਿ ਭਾਂਡੇ ਦੇਇ ਪਰੋਸੈ=ਆਪ ਹੀ ਅੰਤਹਕਰਣ ਰੂਪ ਭਾਂਡਿਆਂ ਵਿਚ ਨਾਮ ਰੂਪ ਭੋਜਨ ਪ੍ਰੋਸ ਦੇਂਦਾ ਹੈ।

ਆਪੇ ਹੀ ਬਹਿ ਖਾਵੈ=ਆਪ ਹੀ ਬੈਠ ਕੇ ਖਾਂਦਾ ਹੈ ਭਾਵ ਬ੍ਰਹਮ ਦਾ ਅਨੰਦ ਮਾਣਦਾ ਹੈ।

(ਪੰਨਾ ੫੧੧) ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥

ਆਪ ਹੀ ਨਾਮ ਰੂਪ ਜਲ ਦੇਂਦਾ ਹੈ, ਆਪ ਹੀ (ਕਰੁਣਾ, ਮੈਤ੍ਰੀ, ਮੁੱਦਤਾ, ਰੂਪ) ਛਿੰਗਾ ਦੇਂਦਾ ਹੈ, ਆਪ ਹੀ "ਚੁਲੀ ਭਰਾਵੈ"=ਸੰਸਾਰ ਨੂੰ ਮਿੱਥਿਆ ਰੂਪ ਨਿਸ਼ਚੇ ਕਰਾਉਂਦਾ ਹੈ।

ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ॥

"ਆਪੇ ਸੰਗਤਿ ਸਦਿ ਬਹਾਲੈ" ਇਸ ਤੁਕ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਆਪੇ ਵਿਦਾ ਕਰਾਵੈ=ਆਪ ਹੀ ਬ੍ਰਹਮ ਵਿਚ ਜਗਿਆਸੂ ਨੂੰ ਅਭੇਦ ਕਰਦਾ ਹੈ ਗੁਰੂ ਰੂਪ ਹੋ ਕੇ।

ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ॥ ੬॥

ਆਪ ਹਰੀ ਜਿਸ ਉੱਤੇ ਕ੍ਰਿਪਾਲੂ ਹੁੰਦਾ ਹੈ, ਉਸ ਪਾਸੋਂ ਆਪਣਾ ਹੁਕਮ ਮਨਾਉਂਦਾ ਹੈ॥ ੬॥

ਸਲੋਕ ਮਃ ੩॥ ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ॥

ਪਾਪਾਂ ਪੁੰਨਾਂ ਦੇ ਸਬੰਧ ਕਰਕੇ ਜਿਤਨੇ-ਕੁ ਕਰਮ ਧਰਮ ਹਨ ਉਹ ਸਾਰੇ ਦੇ ਸਾਰੇ ਹੀ ਬੰਧਨ ਰੂਪ ਹਨ।

ਅਥਵਾ :- ਨਾਮ ਤੋਂ ਬਿਨਾਂ ਸਭ ਕਰਮ ਧਰਮ ਬੰਧਨ ਰੂਪ ਹਨ, ਜੋ ਕਰਮ ਪਾਪਾਂ ਪੁੰਨਾਂ ਰੂਪੀ ਸਨ=ਰੱਸੀ ਨਾਲ ਬੰਧੁ=ਬੰਨ੍ਹ ਦੇਂਦੇ ਹਨ।

ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ॥

ਪਦਾਰਥਾਂ ਦੀ ਮਮਤਾ ਬੰਧਨ ਰੂਪ ਹੈ, ਪੁੱਤਰ ਤੇ ਕਲਤ੍ਰ=ਇਸਤ੍ਰੀ ਆਦਿਕਾਂ ਦਾ ਮੋਹ ਵੀ ਬੰਧਨ ਰੂਪ ਹੈ, ਸੰਸਾਰਕ ਧੰਧੇ ਵੀ ਬੰਧਨ ਰੂਪ ਹਨ।

ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥

ਜਿਧਰ ਦੇਖਦੇ ਹਾਂ ਤਿਧਰ ਹੀ ਹੰਗਤਾ ਮਮਤਾ ਰੂਪ ਜੇਵੜੀ (ਰੱਸੀ) ਹੈ, ਇਹ ਸਾਰਾ ਜਗਤ ਮਾਇਆ ਦੇ ਸਬੰਧ ਕਰਕੇ ਹੀ ਹੈ।

ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥ ੧ ॥

ਗੁਰੂ ਜੀ ਆਖਦੇ ਹਨ, ਸੱਚੇ ਨਾਮ ਤੋਂ ਬਿਨਾ ਸਾਰਾ ਜਗਤ ਅੰਧਤਾਈਆਂ ਵਾਲੀ ਵਰਤਣ ਵਿਚ ਵਰਤ ਰਿਹਾ ਹੈ॥ ੧ ॥

ਮਃ ੪ ॥ ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥

ਅੰਧੇ=ਅਗਿਆਨੀ ਪੁਰਸ਼ ਨੂੰ ਗਿਆਨ ਦਾ ਚਾਨਣ ਤਾਂ ਹੁੰਦਾ ਹੈ, ਜਾਂ ਸਤਿਗੁਰਾਂ ਦੀ ਰਜਾਇ ਆਗਿਆ ਮੰਨਣ ਵਿਚ ਮਿਲ ਜਾਵੇ।

ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥

ਸੰਸਾਰਕ ਬੰਧਨਾਂ ਨੂੰ ਤੋੜਕੇ ਸੱਚ ਵਿਚ ਵਸ ਜਾਵੇ ਤਾਂ ਅਗਿਆਨ ਰੂਪ ਵਿਚ ਅਨ੍ਹੇਰਾ ਚਲਿਆ ਜਾਂਦਾ ਹੈ।

ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥

ਜੋ ਕੁਝ ਵੀ ਸੰਸਾਰ ਵਿਚ ਹੈ ਸਭ ਕੁਝ ਉਸੇ ਪਰਮਾਤਮਾ ਦਾ ਵੇਖਣਾ ਕਰੇ, ਜਿਸ ਪ੍ਰਭੂ ਨੇ ਸਰੀਰ ਨੂੰ ਸਾਜਣਾ ਕੀਤਾ ਹੈ।

ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥ ੨ ॥

ਗੁਰੂ ਜੀ ਆਖਦੇ ਹਨ, ਕਰਤਾਰ ਦੀ ਸ਼ਰਨ ਪਈਏ ਤਾਂ ਕਰਤਾ ਪੁਰਖ ਵਾਹਿਗੁਰੂ ਆਪ ਹੀ ਲੱਜਾ ਰਾਖੈ=ਰੱਖਦਾ ਹੈ॥ ੨ ॥

ਪਉੜੀ ॥ ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ ॥

ਜਦੋਂ ਕਰਤੇ ਪੁਰਖ ਨੇ ਸਮਾਧੀ ਵਿਚ ਬਹਿ=ਬੈਠਕੇ ਆਪ ਹੀ ਮਹਾਂ ਪਰਲੋ ਦਾ ਥਾਟੁ=ਬਣਾਵ ਕੀਤਾ ਸੀ,

ਅਥਵਾ:- ਜਦੋਂ ਕਰਤੇ ਪੁਰਖ ਨੇ ਆਪ ਹੀ ਥਾਟੁ=ਸੰਸਾਰ ਨੂੰ ਬਹਿ=ਬਹਾਵਣਾ ਭਾਵ ਰੁੜ੍ਹਾਵਨਾ ਕੀਤਾ ਸੀ, ਤਦੋਂ ਬੀਆ=ਦੂਜੇ ਕਿਸੇ ਸੇਵਕ ਪਾਸੋਂ ਨਹੀਂ ਪੁੱਛਿਆ ਸੀ।

ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨ ਦੂਜਾ ਕੀਆ ॥

ਤਦੋਂ ਕੋਈ ਕੀ ਲੈਂਦਾ ਸੀ, ਤੇ ਕੀ ਕੋਈ ਦੇਂਦਾ ਸੀ, ਜਾਂ ਹੋਰ ਕੋਈ ਦੂਜਾ ਕੀਤਾ ਹੀ ਨਹੀਂ ਸੀ ਹੋਇਆ ਜਿਸ ਵੇਲੇ ਜੀਵਾਂ ਦੇ ਕਰਮ ਫਲ ਦੇਣੇ ਨੂੰ ਉਦੇ ਹੋ ਗਏ: -

ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ ॥

ਤਾਂ ਫਿਰ ਕਰਤੇ ਪੁਰਖ ਨੇ ਆਪ ਹੀ ਜਗਤ ਨੂੰ ਉਤਪੰਨ ਕਰ ਦਿੱਤਾ, ਅਤੇ ਆਪ ਹੀ ਸਾਰਿਆਂ ਜੀਵਾਂ ਨੂੰ ਦਾਨ ਦੇਣਾ ਕੀਤਾ।

ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤੁ ਪੀਆ ॥

ਪ੍ਰਭੂ ਨੇ ਆਪ ਹੀ ਗੁਰਮੁਖਾਂ ਦੀ ਸੇਵਾ ਕਰਨੀ ਬਣਾਈ ਹੈ, ਅਤੇ ਆਪ ਹੀ ਗੁਰਮੁਖ ਹੋ ਕੇ ਨਾਮ ਅੰਮ੍ਰਿਤ ਪੀਤਾ ਹੈ।

ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ ॥ ੭ ॥

ਨਿਰੰਕਾਰ=ਨਿਰਗੁਣ ਬ੍ਰਹਮ ਰੂਪ ਵੀ ਆਪ ਹੈ, ਆਕਾਰੁ=ਸਰਗੁਣ ਸਰੂਪ ਭੀ ਆਪ ਹੈ, ਜੋ ਆਪ ਕਰਦਾ ਹੈ ਉਹੀ ਹੁੰਦਾ ਹੈ।

ਸਲੋਕ ਮਃ ੩ ॥ ਗੁਰਮੁਖਿ ਪ੍ਰਭੁ ਸੇਵਹਿ ਸਦ ਸਾਚਾ ਅਨਦਿਨੁ ਸਹਜਿ ਪਿਆਰਿ ॥

ਗੁਰਮੁਖ ਜਨ ਸਦਾ ਹੀ ਸੱਚੇ ਪ੍ਰਭੂ ਨੂੰ ਸੇਂਵਦੇ ਹਨ, ਅਤੇ ਰਾਤ-ਦਿਨ ਸਹਜਿ=ਸ਼ਾਂਤੀ ਆਦਿਕ ਗੁਣਾਂ ਨਾਲ ਪਿਆਰ ਰੱਖਦੇ ਹਨ।

ਸਦਾ ਅਨੰਦਿ ਗਾਵਹਿ ਗੁਣ ਸਾਚੇ ਅਰਧਿ ਉਰਧਿ ਉਰਿ ਧਾਰਿ ॥

ਅਰਧਿ ਉਰਧਿ=ਜੀਵ.ਈਸ਼ਵਰ ਦੀ ਏਕਤਾ ਨੂੰ ਹਿਰਦੇ ਵਿਚ ਧਾਰਕੇ ਸੱਚੇ ਦੇ ਗੁਣ ਗਾਂਵਦੇ ਹੋਏ ਹਮੇਸ਼ਾਂ ਅਨੰਦ ਰਹਿੰਦੇ ਹਨ। ਅਥਵਾ:- ਅਰਧਿ=ਅਰਾਧਣੇ ਜੋਗ ਜੋ ਉਰਧਿ=ਉਤ-ਕ੍ਰਿਸ਼ਟ ਸੱਚਾ ਵਾਹਿਗੁਰੂ ਹੈ, ਉਸ ਦੇ ਗੁਣਾਂ ਨੂੰ ਹਿਰਦੇ ਵਿੱਚ ਧਾਰਕੇ ਸਦਾ ਅਨੰਦ ਰਹਿੰਦੇ ਹਨ।

ਅੰਤਰਿ ਪ੍ਰੀਤਮੁ ਵਸਿਆ ਧੁਰਿ ਕਰਮੁ ਲਿਖਿਆ ਕਰਤਾਰਿ ॥

ਗੁਰਮੁਖਾਂ ਦੇ ਹਿਰਦੇ ਅੰਦਰ ਪ੍ਰੀਤਮ ਵਾਹਿਗੁਰੂ ਵਸ ਰਿਹਾ ਹੈ, ਕਿਉਂਕਿ ਕਰਤਾਰ ਨੇ ਗੁਰਮੁਖਾਂ ਦੇ ਮੱਥੇ ਉੱਪਰ ਧੁਰ ਤੋਂ ਹੀ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੈ।

ਨਾਨਕ ਆਪਿ ਮਿਲਾਇਅਨੁ ਆਪੇ ਕਿਰਪਾ ਧਾਰਿ ॥ ੧ ॥

ਗੁਰੂ ਜੀ ਆਖਦੇ ਹਨ, ਵਾਹਿਗੁਰੂ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰਕੇ ਗੁਰਮੁਖਾਂ ਨੂੰ ਆਪਣੇ ਨਾਲ ਮਿਲਾਉਣਾ ਕੀਤਾ ਹੈ॥ ੧ ॥

ਮਃ ੩ ॥ ਕਹਿਐ ਕਥਿਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ ॥

ਕਥਿਐ=ਕਥਾ ਦੇ ਕਹਿਣ ਨਾਲ ਉਹ ਪ੍ਰਭੂ ਨਹੀਂ ਪਾਇਆ ਜਾਂਦਾ, ਅਥਵਾ:-ਜ਼ਬਾਨੀ ਕਿਹਾਂ, ਯਾਂ ਕਥਾ ਦੇ ਕੀਤਿਆਂ ਉਹ ਪ੍ਰਭੂ ਨਹੀਂ ਪਾਇਆ ਜਾਂਦਾ, ਜੇਕਰ ਰਾਤ-ਦਿਨ ਸਦਾ ਹੀ ਗੁਣ ਗਾਉਂਦਾ ਰਹੇ ਤਾਂ ਉਹ ਪ੍ਰਭੂ ਪ੍ਰਾਪਤ ਹੁੰਦਾ ਹੈ।

ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ ॥

ਪਰ ਭਾਗਾਂ ਤੋਂ ਬਿਨਾ ਕਿਸੇ ਨੇ ਭੀ ਨਹੀਂ ਪਾਇਆ, ਕੁੱਤੇ ਦੀ ਨਿਆਈਂ ਭਉਕਿ=ਭੌਂਕਦੇ ਤੇ ਬਿਲਲਾਇ=ਵਿਰਲਾਪ ਕਰਦੇ ਸਭ ਮੁਏ=ਮਰ ਗਏ ਹਨ।

ਗੁਰ ਕੈ ਸਬਦਿ ਮਨੁ ਤਨੁ ਭਿਜੈ ਆਪਿ ਵਸੈ ਮਨਿ ਆਇ ॥

ਪੂਰਨ ਗੁਰਾਂ ਦੇ ਉਪਦੇਸ਼ ਵਿੱਚ ਜੀਵ ਦਾ ਮਨ ਤਨ ਭਿੱਜ ਜਾਵੇ, ਤਾਂ ਪ੍ਰਭੂ ਆਪੇ ਮਨ ਵਿੱਚ ਆ ਵਸਦਾ ਹੈ।

ਨਾਨਕ ਨਦਰੀ ਪਾਈਐ ਆਪੇ ਲਏ ਮਿਲਾਇ ॥ ੨ ॥

ਗੁਰੂ ਜੀ ਆਖਦੇ ਹਨ, ਨਦਰੀ=ਪਰਮਾਤਮਾ ਤਾਂ ਪ੍ਰਾਪਤ ਹੁੰਦਾ ਹੈ, ਜਾਂ ਜੀਵ ਨੂੰ ਪਹਿਲੇ ਆਪ ਗੁਰਾਂ ਨਾਲ ਮਿਲਾ ਲਵੇ॥ ੨ ॥

ਪਉੜੀ॥ ਆਪੇ ਵੇਦ ਪੁਰਾਣ ਸਭਿ ਸਾਸਤ ਆਪਿ ਕਥੈ ਆਪਿ ਭੀਜੈ॥

ਉਹ ਪ੍ਰਭੂ ! ਆਪ ਹੀ ਵੇਦ, ਪੁਰਾਣ ਤੇ ਸਾਰੇ ਸ਼ਾਸਤ੍ਰ ਰੂਪ ਹੈ, ਆਪ ਹੀ ਗੁਰੂ ਰੂਪ ਹੋ ਕੇ ਕਥਨ ਕਰਦਾ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ ਕਥਾ ਦੇ ਸੁਣਨ ਵਿਚ ਭਿੱਜਦਾ ਹੈ।

ਆਪੇ ਹੀ ਬਹਿ ਪੂਜੇ ਕਰਤਾ ਆਪਿ ਪਰਪੰਚੁ ਕਰੀਜੈ॥

ਕਰਤਾ ਪੁਰਖ ਆਪ ਹੀ ਬੈਠਕੇ ਪੂਜਾ ਕਰਦਾ ਹੈ, ਅਤੇ ਆਪ ਹੀ ਬੈਠ ਕੇ ਪਰਪੰਚੁ ਕਰੀਜੈ=ਪਸਾਰੇ ਨੂੰ ਖਲਾਰਨਾ ਕਰਦਾ ਹੈ।

ਆਪਿ ਪਰਵਿਰਤਿ ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ॥

ਆਪ ਹੀ ਪਰਵਿਰਤੀ ਰੂਪ ਹੈ, ਆਪ ਹੀ ਨਿਵਿਰਤੀ ਰੂਪ ਹੈ, ਆਪ ਹੀ ਅਕੱਥ ਕਥਾ ਨੂੰ ਕਥਨ ਕਰਦਾ ਹੈ।

ਆਪੇ ਪੁੰਨੁ ਸਭੁ ਆਪਿ ਕਰਾਏ ਆਪਿ ਅਲਿਪਤੁ ਵਰਤੀਜੈ॥

ਆਪ ਹੀ ਪੁੰਨ ਰੂਪ ਹੈ, ਅਤੇ ਆਪ ਹੀ ਸਾਰਿਆਂ ਕੋਲੋਂ ਪੁੰਨ ਕਰਾਉਂਦਾ ਹੈ, ਆਪ ਹੀ ਸਾਰਿਆਂ ਤੋਂ ਅਲਿਪਤੁ=ਅਸੰਗ ਹੋ ਕੇ ਵਰਤਦਾ ਹੈ।

ਆਪੇ ਸੁਖੁ ਦੁਖੁ ਦੇਵੈ ਕਰਤਾ ਆਪੇ ਬਖਸ ਕਰੀਜੈ॥ ੮॥

ਕਰਤਾ ਪੁਰਖ ਵਾਹਿਗੁਰੂ ਆਪ ਹੀ ਜੀਵਾਂ ਨੂੰ ਕਰਮਾਂ ਅਨੁਸਾਰ ਦੁਖ ਸੁਖ ਦੇਂਦਾ ਹੈ, ਅਤੇ ਆਪ ਹੀ ਬਖਸ਼ਸ਼ ਕਰਦਾ ਹੈ॥ ੮॥

ਸਲੋਕ ਮਃ ੩॥

ਉਥਾਨਕਾ :- ਜਿਸ ਵੇਲੇ ਸ੍ਰੀ ਗੋਇੰਦਵਾਲ ਵਿਖੇ ਸਿੱਖ ਬਿਆਸਾ ਨਦੀ ਤੇ ਪਾਣੀ ਭਰਨ ਲਈ ਘੜੇ ਲੈ ਕੇ ਜਾਂਦੇ ਸਨ ਤਾਂ ਸ਼ੇਖਾਂ ਦੇ ਲੜਕੇ ਗੁਲੇਲੇ ਮਾਰਕੇ ਭੰਨ ਦੇਂਦੇ ਸਨ, ਸਿੱਖਾਂ ਦੀ ਸ਼ਿਕਾਇਤ ਕਰਨ ਉੱਪਰ ਗੁਰੂ ਜੀ ਨੇ ਕਿਹਾ, ਤੁਸੀਂ ਮਸ਼ਕਾਂ ਵਿੱਚ ਪਾਣੀ ਲੈ ਆਇਆ ਕਰੋ, ਜਦ ਸਿੱਖ ਮਸ਼ਕਾਂ ਵਿੱਚ ਪਾਣੀ ਲਿਆਣ ਲੱਗ ਪਏ ਤਾਂ ਸ਼ੇਖਾਂ ਦੇ ਬਾਲਕਾਂ ਨੇ ਤੀਰ ਕਮਾਨ ਚਲਾ ਕੇ ਮਸ਼ਕਾਂ ਵਿੱਚ ਛੇਕ ਕਰਨੇ ਸ਼ੁਰੂ ਕਰ ਦਿੱਤੇ। ਸਿੱਖਾਂ ਨੇ ਗੁਰੂ ਜੀ ਨੂੰ ਫਿਰ ਆ ਕੇ ਕਿਹਾ, ਕਿ ਹੁਣ ਤੀਰ ਚਲਾ ਕੇ ਮਸ਼ਕਾਂ ਵਿਚ ਛੇਕ ਕਰ ਦਿੰਦੇ ਹਨ। ਤਾਂ ਹਜੂਰ ਨੇ ਹੱਸ ਕੇ ਕਿਹਾ, ਤੁਸੀਂ ਗਾਗਰਾਂ ਵਿੱਚ ਜਲ ਲੈ ਆਇਆ ਕਰੋ। ਸਿੱਖਾਂ ਨੇ ਗਾਗਰਾਂ ਲੈ ਕੇ ਜਲ ਭਰਨਾ ਸ਼ੁਰੂ ਕਰ ਦਿੱਤਾ, ਪਰ ਸ਼ੇਖ ਫਿਰ ਵੀ ਨਾ ਹਟੇ, ਉਨ੍ਹਾਂ ਨੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਿੱਖਾਂ ਨੇ ਫਿਰ ਆ ਕੇ ਬੇਨਤੀ ਕੀਤੀ, ਕਿ ਮਹਾਰਾਜ ਹੁਣ ਉਹ ਇੱਟਾਂ ਮਾਰਨ ਲੱਗ ਪਏ ਹਨ। ਇਹ ਗੱਲ ਸੁਣਕੇ ਗੁਰੂ ਸਾਹਿਬ ਜੀ ਚੁੱਪ ਹੋ ਗਏ। ਇੱਕ ਦਿਨ ਗੁਰੂ ਸਾਹਿਬ ਜੀ ਸੈਰ ਕਰਕੇ ਆ ਰਹੇ ਸਨ ਤਾਂ ਉਨ੍ਹਾਂ ਦਾ ਵੱਡਾ ਸ਼ੇਖ ਮਿਲ ਪਿਆ ਉਸ ਦੇ ਪ੍ਰਤੀ ਗੁਰੂ ਸਾਹਿਬ ਜੀ ਨੇ ਇਹ ਸਲੋਕ ਉਚਾਰਿਆ:-

ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ॥

ਹੇ ਸ਼ੇਖ ! ਤੂੰ ਆਪਣੇ ਅੰਦਰੋਂ ਜੁਆਨੀ ਦਾ ਬਲ ਛੱਡ ਦੇ, ਕੁਝ ਖੁਦਾ ਦਾ ਡਰ ਕਰ, ਇਹ ਝਲੁ=

ਸ਼ੁਦਾਪਣਾ ਗੁਆ ਦੇ, ਘੜੇ ਭੰਨਣੇ, ਗਾਗਰਾਂ ਤੋੜਨੀਆਂ, ਇਹ ਕੋਈ ਚੰਗੀ ਗੱਲ ਨਹੀਂ।

ਅਥਵਾ :- ਹੇ ਸੇਖਾ=ਸਿੱਖਿਆ ਦੇ ਲੈਣ ਵਾਲੇ ਜਗਿਆਸੂ ਪੁਰਸ਼ਾਂ ! ਤੂੰ ਆਪਣੇ ਅੰਦਰੋਂ ਧਨ, ਜਾਤੀ, ਅਤੇ ਵਿੱਦਿਆ ਦਾ ਜੋਰੁ=ਹੰਕਾਰ ਛੱਡ ਦੇਹ ਗੁਰਾਂ ਦਾ ਡਰ ਧਾਰ ਕੇ ਆਸੁਰੀ ਸੰਪਦਾ ਦੇ ਝਲੁ=ਸਮੁਦਾਇ ਨੂੰ ਗਵਾ ਦੇਹ।

ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ॥

ਗੁਰਾਂ ਦੇ ਡਰ ਧਾਰਨ ਕਰਕੇ ਕਿਤਨੇ ਹੀ ਪੁਰਸ਼ ਤਰ ਗਏ ਹਨ, ਭੈ ਵਿਚਿ=ਡਰ ਦੇ ਵਿਚ ਰਿਹਾਂ ਹੀ ਨਿਰਭਉ=ਪਰਮਾਤਮਾ ਪ੍ਰਾਪਤ ਹੁੰਦਾ ਹੈ।

ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ॥

ਗੁਰਾਂ ਦੇ ਸ਼ਬਦ ਦਵਾਰਾ ਤੂੰ ਮਨ ਦੇ ਕਠੋਰ ਸੁਭਾਅ ਨੂੰ ਭੇਦਿ=ਵਿੰਨ੍ਹ ਦੇ ਤਾਂ ਤੇਰੇ ਮਨ ਵਿਚ ਸ਼ਾਂਤੀ ਆ ਕੇ ਵਸੇਗੀ।

ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ॥

ਜੋ ਸ਼ਾਂਤੀ ਵਿਚ ਕਾਰ ਕਮਾਈ ਜਾਂਦੀ ਹੈ ਸਾ=ਉਸ ਕਾਰ ਨੂੰ ਖਸਮੁ=ਪਰਮਾਤਮਾ ਥਾਂ ਪਾਉਂਦਾ ਹੈ ਭਾਵ ਕਬੂਲ ਕਰਦਾ ਹੈ।

ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ॥ ੧॥

ਗੁਰੂ ਜੀ ਆਖਦੇ ਹਨ, ਕਾਮ ਕ੍ਰੋਧ ਆਦਿਕਾਂ ਵਿਚ ਲੱਗ ਕੇ ਕਿਸੀ ਨੇ ਵੀ ਪ੍ਰਭੂ ਨੂੰ ਨਹੀਂ ਪਾਇਆ, ਜੇ ਅਸਾਡੇ ਕਹਿਣ ਵਿਚ ਸੰਸਾ ਹੈ, ਤਾਂ ਬੇ-ਸ਼ੱਕ ਗਿਆਨੀਆਂ ਪਾਸੋਂ ਜਾ ਕੇ ਪੁੱਛ ਲਵੋ॥ ੧॥

(ਪੰਨਾ ੫੫੨)

ਹੁਣ ਮਨਮੁਖਾਂ ਦੀ ਦਸ਼ਾ ਆਖਦੇ ਹਨ-

ਮ: ੩॥ ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ॥

ਮਨਮੁਖ ਦੇ ਮਨ ਵਿਚ ਮਾਇਆ ਦਾ ਮੋਹ ਪਰਬਲ ਹੈ, ਇਸ ਕਰਕੇ ਉਸ ਦਾ ਪ੍ਰਭੂ ਦੇ ਨਾਮ ਵਿਚ ਪ੍ਰੇਮ ਨਹੀਂ ਲੱਗਦਾ।

ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ॥

ਮਨਮੁਖ ਝੂਠ ਨੂੰ ਕਮਾਂਵਦਾ ਹੈ, ਝੂਠ ਨੂੰ ਹੀ ਸੰਗ੍ਰਹੈ=ਇਕੱਤ੍ਰ (ਇਕੱਠਾ) ਕਰਦਾ ਹੈ, ਅਤੇ ਝੂਠ ਦਾ ਹੀ ਆਹਾਰੁ=ਭੋਜਨ ਛਕਣਾ ਕਰਦਾ ਹੈ।

ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ॥

ਬਿਖੁ=ਜ਼ਹਿਰ ਵਾਂਗ ਦੁੱਖ ਰੂਪ ਤੇ ਮਾਇਆ=ਛਲ ਰੂਪ ਧਨ ਨੂੰ ਸੰਚਿ=ਇਕੱਠਾ ਕਰਦਾ ਹੀ ਮਰ ਜਾਂਦਾ ਹੈ, ਅੰਤ ਨੂੰ ਸਾਰਾ ਧਨ ਛਾਰੁ=ਸੁਆਹ ਰੂਪ ਹੋ ਜਾਂਦਾ ਹੈ।

ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥

ਬਾਹਰੋਂ ਲੋਕ ਦਿਖਾਵੇ ਲਈ ਚੰਗੇ ਚੰਗੇ ਕਰਮ ਧਰਮ, ਤੇ ਸੁਚ=ਪਵਿੱਤ੍ਰਤਾ ਆਦਿਕ ਕਈ ਸੰਜਮ=ਸਾਧਨ ਕਰਦਾ ਹੈ, ਪਰ ਮਨਮੁਖ ਦੇ ਹਿਰਦੇ ਅੰਦਰ ਲੋਭ ਰੂਪ ਵਿਕਾਰ ਹੈ।

ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥੨ ॥

ਗੁਰੂ ਜੀ ਆਖਦੇ ਹਨ, ਮਨਮੁਖ ਜੋ ਭੀ ਕਰਮ ਕਮਾਉਂਦਾ ਹੈ, ਉਹ ਥਾਇ=ਕਬੂਲ ਨਹੀਂ ਪੈਂਦਾ, ਇਸ ਲਈ ਮਨਮੁਖ ਦਰਗਾਹ ਵਿਚ ਖੁਆਰੁ=ਖਰਾਬ ਹੁੰਦਾ ਹੈ॥ ੨ ॥

ਪਉੜੀ ॥ ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ ॥

ਉਹ ਪ੍ਰਭੂ ਆਪ ਹੀ ਚਾਰ ਖਾਣੀਆਂ ਰੂਪ ਹੈ, ਆਪ ਹੀ ਚਾਰ ਬਾਣੀਆਂ ਰੂਪ ਹੈ, ਆਪ ਹੀ ਨੌਂ ਖੰਡਾਂ ਬ੍ਰਹਿਮੰਡਾਂ ਦੇ ਕਰਨ ਵਾਲਾ ਹੈ।

ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ ॥

ਆਪੇ ਆਪ ਸੱਤ ਸਮੁੰਦਰ ਰੂਪ ਹੋ ਰਿਹਾ ਹੈ, ਅਥਵਾ :- ਆਪ ਹੀ ਸਮੁੰਦ੍ਰ ਰੂਪ ਹੋ ਰਿਹਾ ਹੈ, ਆਪ ਹੀ ਸਾ+ਗਰੁ=ਉਸ ਵਿਚ ਵਿਹੁ (ਜ਼ਹਿਰ) ਰੂਪ ਹੋ ਰਿਹਾ ਹੈ, ਅਤੇ ਉਸ ਨੇ ਆਪ ਹੀ ਸਮੁੰਦ੍ਰ ਵਿਚ ਚੌਦਾਂ ਰਤਨ ਧਰੇ ਹੋਏ ਹਨ।

ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ ॥

ਜਿਸ ਉੱਤੇ ਕਿਰਪਾ ਕਰਦਾ ਹੈ ਉਸ ਨੂੰ ਆਪ ਹੀ ਰਤਨ ਲਹਾਏ=ਲਭਾਉਂਦਾ ਹੈ, ਅਤੇ ਆਪ ਹੀ ਹਰੀ ਜਿਸ ਨੂੰ ਗੁਰਮੁਖ ਕਰਦਾ ਹੈ ਓਹੀ ਸ਼ੁਭ ਗੁਣਾਂ ਨਾਲ ਹਰੇ=ਹਰਾ ਹੁੰਦਾ ਹੈ।

ਅਥਵਾ :- ਉਹੀ ਗੁਰਮੁਖ ਹੁੰਦਾ ਹੈ।

ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ ॥

ਆਪ ਹੀ ਭਉਜਲੁ=ਸੰਸਾਰ ਰੂਪ ਸਮੁੰਦਰ ਹੈ, ਆਪ ਹੀ ਨਾਮ ਗਿਆਨ ਰੂਪੀ ਬੋਹਿਥਾ=ਜਹਾਜ਼ ਹੈ, ਆਪ ਹੀ ਗੁਰੂ ਰੂਪ ਖੇਵਟੁ=ਮਲਾਹ ਹੈ, ਅਤੇ ਆਪ ਹੀ ਤਰਨੇ ਵਾਲਾ ਜਗਿਆਸੂ ਰੂਪ ਹੈ।

ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥ ੯ ॥

ਹੇ ਕਰਤਾ ਪੁਰਖ ! ਤੂੰ ਆਪ ਹੀ ਕਰਨੇ ਕਰਾਉਣੇ ਵਾਲਾ ਹੈਂ. 'ਤੁਝੈ ਸਰੇ'=ਤੇਰੇ ਬਰਾਬਰ ਦਾ ਹੋਰ ਕੋਈ ਦੂਜਾ ਨਹੀਂ ਹੈ॥ ੯ ॥

ਸਲੋਕ ਮਃ ੩ ॥ ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥

ਸਤਿਗੁਰਾਂ ਦੀ ਸੇਵਾ ਕਰਨੀ ਸਹਿਤ ਫਲਾਂ ਦੇ ਹੈ, ਪਰ ਜੇਹੜਾ ਕੋਈ ਚਿੱਤ ਲਾ ਕੇ ਸੇਵਾ ਕਰਦਾ ਹੈ ਓਸੇ ਨੂੰ ਫਲ ਮਿਲਦਾ ਹੈ।

ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ॥

ਸੇਵਾ ਕਰਕੇ ਹੀ, ਨਾਮ ਪਕਾਰਥ ਪ੍ਰਾਪਤ ਹੁੰਦਾ ਹੈ, ਅਤੇ ਅਚਿੱਤੁ=ਅਚਾਨਕ ਹੀ ਮਨ ਵਿਚ ਪ੍ਰਭੂ ਆ ਵਸਦਾ ਹੈ। ਅਥਵਾ :- ਅਚਿੰਤਭਾਈ ਮਨ ਵਿਚ ਆ ਕੇ ਵਸਦੀ ਹੈ।

ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ॥

ਸੇਵਾ ਕਰ ਕੇ ਹੀ, ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ, ਅਤੇ ਹੰਗਤਾ ਮਮਤਾ ਵੀ ਚਲੀ ਜਾਂਦੀ ਹੈ।

ਉਤਮ ਪਦਵੀ ਪਾਈਐ ਸਚੇ ਰਹੈ ਸਮਾਇ॥

ਸੇਵਾ ਕਰਕੇ ਹੀ, ਉੱਤਮ ਪਦਵੀ ਪ੍ਰਾਪਤ ਹੁੰਦੀ ਹੈ, ਅਤੇ ਸੱਚੇ ਪ੍ਰਭੂ ਵਿਚ ਅਭੇਦ ਹੋ ਰਹਿੰਦਾ ਹੈ।

ਨਾਨਕ ਪੂਰਬਿ ਜਿਨ ਕਉ ਲਿਖਿਆ ਤਿਨਾ ਸਤਿਗੁਰੁ ਮਿਲਿਆ ਆਇ॥੧॥

ਗੁਰੂ ਜੀ ਆਖਦੇ ਹਨ, ਪੂਰਬਲੇ ਜਨਮ ਦਾ ਸ਼ੁਭ ਲੇਖ ਜਿਨ੍ਹਾਂ ਦੇ ਮੱਥੇ ਉੱਪਰ ਲਿਖਿਆ ਹੋਇਆ ਹੈ, ਉਹਨਾਂ ਨੂੰ ਹੀ ਸਤਿਗੁਰੂ ਆ ਕੇ ਮਿਲਿਆ ਹੈ॥ ੧॥

ਮਃ ੩॥ ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ॥

ਜੋ ਨਾਮੀ ਦੇ ਨਾਮ ਵਿੱਚ ਰਤਾ=ਮਿਲਿਆ ਹੋਇਆ ਹੈ ਓਹੀ ਸਤਿਗੁਰੂ ਹੈ, ਕਲਜੁਗ ਵਿਚ ਜੀਵਾਂ ਦੇ ਤਾਰਨੇ ਨੂੰ ਓਹੀ ਗੁਰੂ ਬੋਹਿਥੁ=ਜਹਾਜ਼ ਰੂਪ ਹੈ।

ਯਥਾ:- ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ ੧॥ (ਪੰਨਾ ੨੮੬)

ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ॥

ਜੋ ਗੁਰਮੁਖ ਹੁੰਦਾ ਹੈ, ਅਥਵਾ-ਜੋ ਗੁਰਾਂ ਦੇ ਸਨਮੁਖ ਹੁੰਦਾ ਹੈ ਓਹੀ ਸੰਸਾਰ ਸਮੁੰਦਰ ਤੋਂ ਪਾਰ ਪੈਂਦਾ ਹੈ, ਪ੍ਰਸ਼ਨ-ਗੁਰਮੁਖ ਕੌਣ ਹੁੰਦਾ ਹੈ ? ਉੱਤਰ-ਜਿਨ੍ਹਾਂ ਦੇ ਅੰਦਰ ਉਹ ਸੱਚਾ ਵਾਹਿਗੁਰੂ ਹੈ ਓਹੀ ਗੁਰਮੁਖ ਹੁੰਦਾ ਹੈ।

ਨਾਮੁ ਸਮਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ॥

ਨਾਮ ਨੂੰ ਸਮ੍ਹਾਲੇ=ਸੰਭਾਲਣਾ ਕਰੇ, ਨਾਮ ਨੂੰ ਹੀ ਇਕੱਠਾ ਕਰੇ, ਕਿਉਂਕਿ ਨਾਮ ਕਰਕੇ ਹੀ ਜੀਵ ਦੀ ਪੱਤਰੋ-ਆਬ (ਇੱਜ਼ਤ) ਹੁੰਦੀ ਹੈ।

ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ॥੨॥

ਗੁਰੂ ਜੀ ਆਖਦੇ ਹਨ, ਸਤਿਗੁਰਾਂ ਦਾ ਪਾਉਣਾ ਭਾਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ।

ਅਥਵਾ : - ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ ਹੈ ਉਨ੍ਹਾਂ ਕਰਮੀਆਂ ਨੂੰ ਪਰਮੇਸ਼ਰ ਪ੍ਰਾਪਤ ਹੁੰਦਾ ਹੈ॥ ੨॥

ਇਸ ਪਉੜੀ ਵਿਚ ਪਰਮੇਸ਼ਰ ਨੂੰ ਸਰਬ ਰੂਪ ਵਰਨਣ ਕਰਦੇ ਹਨ :-

ਪਉੜੀ॥ ਆਪੇ ਪਾਰਸੁ ਆਪਿ ਧਾਤੁ ਹੈ ਆਪਿ ਕੀਤੋਨੁ ਕੰਚਨੁ॥

ਹੇ ਵਾਹਿਗੁਰੂ ! ਤੂੰ ਆਪ ਹੀ ਪਾਰਸ ਰੂਪ ਹੈਂ, ਆਪ ਹੀ ਧਾਤੁ=ਲੋਹਾ ਰੂਪ ਹੈਂ ਤੈਨੇ ਆਪ ਹੀ ਲੋਹੇ ਨੂੰ ਸੋਨਾ ਕੀਤਾ ਹੈ। ਅਥਵਾ:-ਤੂੰ ਆਪ ਹੀ ਪਾਰਸੁ=ਗੁਰੂ ਰੂਪ ਹੈਂ, ਆਪ ਹੀ ਧਾਤੁ=ਜਗਿਆਸੂ ਰੂਪ ਹੈਂ, ਤੈਨੇ ਆਪ ਹੀ ਜਗਿਆਸੂ ਨੂੰ ਸੋਨੇ ਵਾਂਗ ਸ਼ੁੱਧ ਕੀਤਾ ਹੈ।

ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ॥

ਤੂੰ ਆਪ ਹੀ ਠਾਕੁਰ ਰੂਪ ਹੈਂ, ਤੂੰ ਆਪ ਹੀ ਸੇਵਕ ਰੂਪ ਹੈਂ, ਤੂੰ ਆਪ ਹੀ ਪਾਪਾਂ ਦੇ ਖੰਡਨੁ=ਨਾਸ ਕਰਨ ਵਾਲਾ ਹੈਂ।

ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ॥

ਹੇ ਸੁਆਮੀ ! ਤੂੰ ਆਪ ਹੀ ਸਾਰਿਆਂ ਘਟਾਂ ਵਿਚ ਇਸਥਿਤ ਹੋ ਕੇ ਪਦਾਰਥਾਂ ਨੂੰ ਭੋਗ ਰਿਹਾ ਹੈਂ, ਅਤੇ ਆਪ ਹੀ ਅੰਜਨੁ=ਕਾਲਖ (ਮਾਇਆ) ਰੂਪ ਹੋ ਰਿਹਾ ਹੈਂ।

ਅਥਵਾ:- ਤੂੰ ਆਪ ਹੀ ਸਭ ਗੁਰਮੁਖਾਂ ਦੇ ਬੁੱਧੀ ਰੂਪ ਨੇਤ੍ਰਾਂ ਵਿਚ ਗਿਆਨ ਰੂਪੀ ਅੰਜਨੁ=ਸੁਰਮਾ ਦੇਂਦਾ ਹੈਂ।

ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ॥

ਤੂੰ ਆਪ ਹੀ ਵਿਵੇਕ ਰੂਪ ਹੈਂ, ਆਪ ਹੀ ਸਾਰਿਆਂ ਦੇ ਬੇਤਾ=ਜਾਨਣ ਵਾਲਾ ਹੈਂ,

ਅਥਵਾ:-ਸਾਰਿਆਂ ਸ਼ਾਸਤ੍ਰਾਂ ਦਾ ਬੇਤਾ ਹੈਂ, ਅਤੇ ਆਪ ਹੀ ਗੁਰਮੁਖ ਹੋ ਕੇ ਭੰਜਨੁ=ਭਜਨ ਕਰਦਾ ਹੈਂ।

ਅਥਵਾ:-ਪਾਪਾਂ ਨੂੰ ਤੇ ਕਾਮ ਆਦਿਕਾਂ ਨੂੰ ਭੰਜਨੁ=ਨਾਸ ਕਰਦਾ ਹੈਂ।

ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ॥੧੦॥

ਗੁਰੂ ਜੀ ਆਖਦੇ ਹਨ, ਹੇ ਕਰਤੇ ਪੁਰਖ ! ਮੈਂ ਜਨ ਆਪ ਜੀ ਨੂੰ ਸਲਾਹੁੰਦਾ ਹੋਇਆ ਰੱਜਦਾ ਨਹੀਂ ਹਾਂ, ਹੇ ਹਰੀ ! ਤੂੰ ਵੱਡਾ ਹੀ ਸੁਖਾਂ ਦਾ ਦਾਤਾ ਹੈਂ॥ ੧੦॥

ਸਲੋਕੁ ਮ: ੪॥ ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਜਿਤਨੇ ਭੀ ਕਰਮ ਕਮਾਉਣੇ ਹਨ ਉਹ ਸਾਰੇ ਜੀਅ ਦੇ ਤਾਂਈਂ ਬੰਧਨ ਰੂਪ ਹੋ ਕੇ ਢੁੱਕਦੇ ਹਨ।

ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਜੀਵ ਠਹਿਰਨਾ ਨਹੀਂ ਪਾਂਦਾ, ਭਾਵ-ਮੁਕਤ ਰੂਪ ਨਹੀਂ ਹੁੰਦਾ, ਮੁਕਤ ਰੂਪ ਨਾ ਹੋਣ ਕਰਕੇ ਜਨਮ ਮਰਨ ਵਿਚ ਹੀ ਆਉਂਦਾ ਜਾਂਦਾ ਹੈ।

ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਜੀਵ ਫਿੱਕਿਆਂ ਬਚਨਾਂ ਨੂੰ ਬੋਲਦਾ ਹੈ, ਇਸ ਲਈ ਮਨ ਵਿਚ ਨਾਮ ਆ ਕੇ ਨਹੀਂ ਵਸਦਾ।

ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ
ਮੁਹਿ ਕਾਲੈ ਉਠਿ ਜਾਹਿ॥ ੧॥

ਗੁਰੂ ਜੀ ਆਖਦੇ ਹਨ, ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ, ਜਿਸ ਵੇਲੇ ਅੰਤ ਸਮੇਂ ਕਾਲੇ ਮੂੰਹ ਵਾਲੇ ਜਮਦੂਤਾਂ ਨਾਲ ਉੱਠ ਕੇ ਜਾਂਦੇ ਹਨ, ਤਾਂ ਜਮਪੁਰੀ ਵਿਖੇ ਬੰਨ੍ਹ ਕੇ ਮਾਰੇ ਜਾਂਦੇ ਹਨ॥ ੧॥

ਮਃ ੩ ॥ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ॥

ਜੇਹੜੇ ਇੱਕ ਸਤਿਗੁਰਾਂ ਦੀ ਸੇਵਾ ਰੂਪ ਚਾਕਰੀ=ਨੌਕਰੀ ਕਰਦੇ ਹਨ।

ਅਥਵਾ:-ਸੰਸਾਰ ਵਲੋਂ ਮਨ ਨੂੰ ਚਾ+ਕਰੀ=ਚੱਕ ਕਰਕੇ ਸੇਵਾ ਕਰਦੇ ਹਨ ਉਹਨਾਂ ਦਾ ਹਰੀ ਨਾਮ ਨਾਲ ਪਿਆਰ ਲੱਗਦਾ ਹੈ।

ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ॥ ੨॥

ਗੁਰੂ ਜੀ ਆਖਦੇ ਹਨ, ਉਹ ਆਪਣੇ ਮਨੁੱਖਾ ਜਨਮ ਨੂੰ ਸਵਾਰ ਲੈਂਦੇ ਹਨ ਭਜਨ ਸਿਮਰਨ ਸੇਵਾ ਆਦਿ ਸ਼ੁਭ ਕਰਮ ਕਰਕੇ, ਅਤੇ ਆਪਣੀ ਕੁਲ ਦਾ ਭੀ ਉਧਾਰ ਕਰ ਲੈਂਦੇ ਹਨ॥ ੨॥

ਪਉੜੀ ॥ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ॥

ਹੇ ਵਾਹਿਗੁਰੂ ! ਤੂੰ ਆਪ ਹੀ ਚਾਟਸਾਲ=ਪਾਠਸ਼ਾਲਾ (ਸਕੂਲ) ਰੂਪ ਹੈਂ, ਆਪ ਹੀ ਪਾਂਧਾ (ਮਾਸਟਰ) ਰੂਪ ਹੈਂ, ਆਪ ਹੀ ਚਾਟੜਿਆਂ ਨੂੰ ਪੜ੍ਹਣ ਲਈ ਆਣੇ=ਲਿਆਉਂਦਾ ਹੈਂ।

ਅਥਵਾ:-ਆਪ ਹੀ ਚਾਟਸਾਲਾ ਸਤਸੰਗ ਰੂਪ ਹੈਂ, ਆਪ ਹੀ ਪਾਂਧਾ (ਗੁਰੂ) ਰੂਪ ਹੈਂ, ਆਪ ਹੀ ਜਗਿਆਸੂ ਰੂਪ ਚਾਟੜਿਆਂ ਨੂੰ ਪੜ੍ਹਨ ਲਈ ਲਿਆਉਂਦਾ ਹੈਂ।

ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ॥

ਤੂੰ ਆਪ ਹੀ ਪਿਤਾ ਰੂਪ ਹੈਂ, ਤੂੰ ਆਪ ਹੀ ਮਾਤਾ ਰੂਪ ਹੈਂ, ਤੂੰ ਆਪ ਹੀ ਜਗਿਆਸੂ ਰੂਪ ਬਾਲਕਿਆਂ ਨੂੰ ਸਿਆਣਾ ਕਰਦਾ ਹੈਂ।

ਇਕ ਥੈ ਪੜਿ ਬੁਝੈ ਸਭੁ ਆਪੇ ਇਕ ਥੈ ਆਪੇ ਕਰੇ ਇਆਣੇ॥

ਇਕ+ਥੈ ਇੱਕ ਸਤਸੰਗ ਅਸਥਾਨ ਵਿੱਚ ਪੜ੍ਹਕੇ ਸਾਰੇ ਉੱਤਮ ਜਗਿਆਸੂ ਆਪਣੇ ਸਰੂਪ ਨੂੰ ਬੁੱਝਦੇ ਹਨ। ਇਕ+ਥੈ=ਇੱਕ ਕੁਸੰਗ ਅਸਥਾਨ ਵਿੱਚ ਜਾਣ ਵਾਲੇ ਜੀਵ ਆਪਣੇ ਆਪ ਨੂੰ ਇਆਣੇ=ਅਗਿਆਤ ਕਰਦੇ ਹਨ।

(ਪੰਨਾ ੫੫੩)

ਇਕਨਾ ਅੰਦਰਿ ਮਹਲਿ ਬੁਲਾਏ ਜਾ ਆਪਿ ਤੇਰੈ ਮਨਿ ਸਚੇ ਭਾਣੇ॥

ਹੇ ਸੱਚੇ ਵਾਹਿਗੁਰੂ ! ਜਾਂ ਤੇਰੇ ਮਨ ਵਿੱਚ ਆਪ ਭਾ ਗਏ ਤਾਂ ਉਹਨਾਂ ਇਕਨਾਂ ਨੂੰ ਤੂੰ ਮਹਲਿ=ਸਰੂਪ ਅੰਦਰ ਬੁਲਾ ਲੈਂਦਾ ਹੈਂ।

ਜਿਨਾ ਆਪੇ ਗੁਰਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ ॥੧੧॥

ਜਿਨ੍ਹਾਂ ਗੁਰਮੁਖਾਂ ਨੂੰ ਤੂੰ ਆਪ ਵਡਿਆਈ ਦੇਂਦਾ ਹੈਂ, ਉਹ ਪੁਰਸ਼ ਸੱਚੀ ਦਰਗਾਹ ਵਿਚ ਸੱਚੇ ਜਾਣੇ ਜਾਂਦੇ ਹਨ॥ ੧॥

ਅਗਲਾ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੇ ਪ੍ਰਤੀ ਉਚਾਰਿਆ ਹੈ ਇਸ ਲਈ ਸਲੋਕੁ ਮਰਦਾਨਾ ੧ ਲਿਖਿਆ ਹੈ। ਇਕ ਦਿਨ ਭਾਈ ਮਰਦਾਨੇ ਨੇ ਬੇਨਤੀ ਕੀਤੀ ਹੇ ਗੁਰੂ ਜੀ ! ਜਿਹੜੇ ਲੋਕ ਸ਼ਰਾਬ ਪੀਂਦੇ ਹਨ ਉਹ ਸ਼ਰਾਬ ਕਿਉਂ ਪੀਂਦੇ ਹਨ? ਅਤੇ ਸ਼ਰਾਬ ਪੀਣ ਵਾਲਿਆਂ ਦਾ ਹਾਲ ਕੀ ਹੁੰਦਾ ਹੈ? ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਆਖਦੇ ਹਨ:-

ਸਲੋਕੁ ਮਰਦਾਨਾ ੧* ॥ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥

ਕਲਜੁਗ ਦੀ ਜੋ ਕਲਾ ਵਾਲੀ ਕਿਰਿਆ ਹੈ ਏਹੀ ਕਲਵਾਲੀ=ਮੱਟੀ ਹੈ, ਇਸ ਵਿਚ ਕਾਮ ਰੂਪ ਮਦੁ=ਸ਼ਰਾਬ ਹੈ, ਤੇ ਮਨ ਇਸ ਤਰ੍ਹਾਂ ਦੀ ਸ਼ਰਾਬ ਦੇ ਪੀਣੇ ਵਾਲਾ ਹੈ।

ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥

ਕ੍ਰੋਧ ਰੂਪੀ ਕਟੋਰੀ ਹੈ, ਮੋਹ ਰੂਪੀ ਭਰੀ=ਸੁਰਾਹੀ ਹੈ, ਅਤੇ ਸ਼ਰਾਬ ਦੇ ਪਿਲਾਉਣ ਵਾਲਾ ਹੰਕਾਰ ਹੈ।

ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥

ਕੂੜਿਆਂ ਤੇ ਲੱਬੀਆਂ ਪੁਰਸ਼ਾਂ ਦੀ ਮਜਲਸ=ਸਭਾ ਹੈ, ਉਹ ਸਾਰੇ ਹੀ ਪੁਰਸ਼ ਇਸ ਸ਼ਰਾਬ ਨੂੰ ਪੀ ਪੀ ਕੇ ਖੁਆਰੁ=ਖਰਾਬ ਹੋ ਰਹੇ ਹਨ। ਜੋ ਖਰਾਬੀ ਤੋਂ ਬਚਿਆ ਚਾਹੁੰਦਾ ਹੈ ਤਾਂ ਉਹ ਅੰਤ੍ਰੀਵ ਸ਼ਰਾਬ ਪੀਵੇ। ਮਰਦਾਨੇ ਨੇ ਪੁੱਛਿਆ ਉਹ ਕੇਹੜੀ ਸ਼ਰਾਬ ਹੈ? ਗੁਰ ਉੱਤਰ-

ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ॥

ਨਿਸ਼ਕਾਮ ਕਰਮਾਂ ਦੀ ਕਰਨੀ ਇਹ ਲਾਹਣਿ=ਮੱਟੀ ਕਰੇ, ਸੱਚ ਦਾ ਬੋਲਣਾ ਗੁੜ ਪਾਵੇ ਸੱਚ ਨਾਮ ਦਾ ਸਾਰੁ=ਸੰਭਾਲਣਾ ਇਹ ਸਰਾ=ਸ਼ਰਾਬ ਪੀਣਾ ਕਰੇ।

ਸ਼ਰਾਬ ਦੇ ਪਿਛੋਂ ਕੁਝ ਨੁਕਲ ਕਰਦੇ ਹਨ, ਇਸ ਤਰਫ-

ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ॥

ਸ਼ੁਭ ਗੁਣਾਂ ਦਾ ਧਾਰਨਾ ਇਹ ਮੰਡੇ=ਫੁਲਕੇ (ਪਰਸ਼ਾਦੇ) ਹਨ, ਸੀਲ ਸੁਭਾਅ ਰੂਪ ਘਿਉ ਨਾਲ ਚੋਪੜਨਾ ਕਰੇ, ਖੋਟਿਆਂ ਕਰਮਾਂ ਵੱਲੋਂ ਸ਼ਰਮ ਕਰਨੀ,

ਅਥਵਾ:- ਸਰਮ=ਵੈਰਾਗ ਧਾਰਨਾ ਇਹੋ ਮਾਸ ਦਾ ਆਹਾਰੁ=ਭੋਜਨ ਛਕਣਾ ਕਰੇ।

ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ॥ ੧॥

ਗੁਰੂ ਜੀ ਆਖਦੇ ਹਨ-ਅਜੇਹਾ ਭੋਜਨ ਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ, ਇਸ ਭੁਜਨ ਦੇ ਖਾਣ ਨਾਲ

*ਜ਼ਰੂਰੀ ਨੋਟ ਪਾਠੀ ਸਿੰਘ ਭੀ ਪਾਠ ਕਰਨ ਵਕਤ "ਸਲੋਕ ਮਰਦਾਨਾ ਪਹਿਲਾ" ਪੜ੍ਹਨ ਦੀ ਕ੍ਰਿਪਾ ਕਰਨ।

ਮਨ ਵਿਚੋਂ ਸਾਰੇ ਵਿਕਾਰ ਚਲੇ ਜਾਂਦੇ ਹਨ॥੧॥

ਮਰਦਾਨੇ ਨੇ ਕਿਹਾ-ਇਸ ਤਰ੍ਹਾਂ ਦੀ ਸ਼ਰਾਬ ਤੇ ਭੋਜਨ ਦਾ ਵਰਨਣ ਫਿਰ ਕਰੋ ਤਾਂ ਗੁਰੂ ਸਾਹਿਬ ਜੀ ਕਹੇ ਪ੍ਰਸੰਗ ਨੂੰ ਫਿਰ ਸਪੱਸ਼ਟ ਕਰਦੇ ਹਨ।

ਮਰਦਾਨਾ ੧॥ ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥

ਹੇ ਭਾਈ ਮਰਦਾਨੇ! ਕਾਇਆ=ਦੇਹ ਅਧਿਆਸ ਰੂਪ ਲਾਹਣਿ=ਮੱਟੀ ਹੈ ਪੂਰ ਦੇ ਸਹਿਤ, ਆਪੁ ਮਦੁ=ਆਪਾ ਭਾ ਹੰਕਾਰ ਰੂਪੀ ਸ਼ਰਾਬ ਹੈ। ਤ੍ਰਿਸ਼ਨਾਂ ਕਰਕੇ ਪਦਾਰਥਾਂ ਵੱਲ ਧਾਤੁ=ਦੌੜਨ ਵਾਲੇ ਜੋ ਤ੍ਰਿਸ਼ਨਾਲੂ ਪੁਰਸ਼ ਹਨ ਉਹਨਾਂ ਦੀ ਮਜਲਸ=ਸਭਾ ਹੈ।

ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥

ਮਨਸਾ=ਵਾਸ਼ਨਾਂ ਰੂਪੀ ਕਟੋਰੀ ਹੈ, 'ਕੂੜਿ ਭਰੀ'=ਝੂਠ ਰੂਪ ਸੁਰਾਹੀ ਹੈ, ਪਿਲਾਉਣ ਵਾਲਾ ਜਮਕਾਲ ਹੈ।

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥

ਗੁਰੂ ਜੀ ਆਖਦੇ ਹਨ, ਹੇ ਮਰਦਾਨਿਆਂ! ਇਸ ਸ਼ਰਾਬ ਪੀਤਿਆਂ ਬਹੁਤੇ ਵਿਕਾਰ ਖੱਟੇ ਜਾਂਦੇ ਹਨ।

ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ॥

ਗਿਆਨ ਗੁੜੁ= (ਇਹਨਾਂ ਅੱਖਰਾਂ ਦਾ ਅਰਥ ਇੱਥੇ ਨਹੀਂ ਕਰਨਾ) ਕਿਉਂਕਿ ਗੁੜ ਨੇ ਸ਼ਰਾਬ ਵਿਚ ਪੈਣਾ ਹੈ। ਸਲਾਹ ਮੰਡੇ=ਵਾਹਿਗੁਰੂ ਦੀ ਸ਼ਲਾਘਾ ਕਰਨੀ ਇਹ ਫੁਲਕੇ (ਪਰਸ਼ਾਦੇ) ਹਨ। ਮਨ ਵਿਚ ਮੌਤ ਦਾ ਭਉ=ਡਰ ਰੱਖਣਾ ਇਹ ਮਾਸ ਦਾ ਆਹਾਰੁ=ਭੋਜਨ ਹੁੰਦਾ ਹੈ।

ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ॥ ੨॥

ਗੁਰੂ ਜੀ ਆਖਦੇ ਹਨ, ਇਹ ਭੋਜਨ ਸੱਚਾ ਹੈ, ਪਰ ਮਿਲਦਾ ਤਾਂ ਹੈ ਜੇਕਰ ਸੱਚੇ ਨਾਮ ਦਾ ਗ੍ਰਹਿਣ ਕਰੇ॥ ੨॥

ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥

ਕਾਂਯਾਂ=ਸ਼ੁੱਧ ਬੁੱਧੀ ਰੂਪੀ ਲਾਹਣਿ=ਮੱਟੀ ਹੈ, ਗਿਆਨ ਰੂਪੀ ਗੁੜ ਹੈ, ਆਪੁ ਮਦੁ= ਆਪਾ ਭਾ (ਸ਼ੁੱਧ ਹੰਕਾਰ) ਇਹ ਸ਼ਰਾਬ ਹੈ, ਤਿਸ ਦੀ ਧਾਰਾ ਜੀਵ ਨੂੰ ਅੰਮ੍ਰਿਤ=ਅਮਰ ਕਰਨ ਵਾਲੀ ਹੈ।

ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ॥ ੩॥

ਜੇਹੜਾ ਸਤਸੰਗਤ ਨਾਲ ਮਿਲਾਪ ਹੋਣਾ ਹੈ ਏਹੀ ਮਜਲਸੁ=ਸਭਾ ਹੈ, ਲਿਵ ਰੂਪ ਕਟੋਰੀ ਹੈ, ਅੰਮ੍ਰਿਤ=ਭਗਤੀ ਰੂਪ ਭਰੀ ਸੁਰਾਹੀ ਹੈ, ਇਸ ਸ਼ਰਾਬ ਨੂੰ ਪੀ ਪੀ ਕੇ ਵਿਕਾਰ ਕੱਟੇ ਜਾਂਦੇ ਹਨ॥ ੩॥

ਇਸ ਲਈ ਮਰਦਾਨਿਆਂ ਅੰਤ੍ਰੀਵ ਸੱਚੀ ਸ਼ਰਾਬ ਪੀਣਾ ਕਰੀਏ॥ ੩॥

ਪਉੜੀ॥ ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ॥

ਉਹ ਵਾਹਿਗੁਰੂ ਆਪ ਹੀ ਦੇਵਤਾ, ਮਨੁੱਖ, ਗਣ, ਗੰਧਰਬ ਰੂਪ ਹੋ ਰਿਹਾ ਹੈ, ਅਤੇ ਆਪ ਹੀ ਖਟ ਦਰਸਨ=ਛਿਆਂ ਭੇਖਾਂ ਦੀ ਬਾਣੀ, ਅਥਵਾ:-ਬਾਣੀ=ਬਣਾਵਟ ਰੂਪ ਹੋ ਰਿਹਾ ਹੈ।

ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ॥

(ਸ਼ਿਵ ਸ਼ੰਕਰ ਮਹੇਸ਼ਾ ਤਿੰਨ ਵਿਚ ਲਿਖੇ ਹੋਏ ਹਨ ਅੱਠ ਉੱਪਰੋਂ ਹੋਰ ਲੈਣੇ ਭਾਵ) ਯਾਰਾਂ ਰੁਦ੍ਰ ਰੂਪ ਆਪ ਹੋ ਰਿਹਾ ਹੈ। ਅਥਵਾ:-ਆਪ ਹੀ ਸੰ=ਭਲੀ ਪ੍ਰਕਾਰ ਸਿਵ=ਕਲਿਆਣ ਦੇ ਕਰ=ਕਰਨੇ ਵਾਲਾ ਮਹੇਸਾ=ਪ੍ਰਿਥਵੀ ਦਾ ਈਸ਼ਰ ਰੂਪ ਹੋ ਰਿਹਾ ਹੈ। ਅਤੇ ਆਪ ਹੀ ਗੁਰਮੁਖ ਹੋ ਕੇ ਗੁਰਾਂ ਦੁਆਰੇ ਅਕੱਥ ਕਹਾਣੀ ਨੂੰ ਕਥਨ ਕਰਦਾ ਹੈ।

ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ॥

ਆਪੇ ਜੋਗੀ ਰੂਪ, ਆਪੇ ਭੋਗੀ (ਗ੍ਰਿਹਸਤੀ) ਰੂਪ ਹੋ ਰਿਹਾ ਹੈ, ਅਤੇ ਆਪ ਹੀ ਸੰਨਿਆਸੀ ਰੂਪ ਹੋ ਕੇ ਉਜਾੜਾਂ ਵਿਚ ਫਿਰਦਾ ਹੈ।

ਆਪੈ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ॥

ਆਪਣੇ ਨਾਲ ਆਪ ਹੀ ਗੋਸਟਿ=ਚਰਚਾ ਕਰਦਾ ਹੈ, ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਦੇਂਦਾ ਹੈ, ਆਪ ਹੀ ਸੁਘੜੁ ਸਰੂਪੁ=ਸੁੰਦਰ ਸਰੂਪ ਤੇ ਬੜਾ ਸਿਆਣਾ ਹੈ।

ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ॥੧੨॥

ਆਪਣੇ ਚੋਜੁ=ਕੌਤਕ ਨੂੰ ਆਪ ਹੀ ਕਰਕੇ ਵੇਖਦਾ ਹੈ, ਅਤੇ ਆਪ ਹੀ ਸਾਰਿਆਂ ਜੀਵਾਂ ਦਾ ਜਾਣੀਜਾਣ ਹੈ॥ ੧੨॥

ਉਥਾਨਕਾ:-ਕੋਈ ਮਨੁੱਖ ਸੰਧਿਆ ਕਰ ਰਿਹਾ ਸੀ ਉਸ ਨੂੰ ਵੇਖ ਕੇ ਕਹਿੰਦੇ ਹਨ-

ਸਲੋਕੁ ਮ: ੩ ॥ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ॥

ਏਹ ਸੰਧਿਆ ਕਰਨੀ ਪ੍ਰਮਾਨੀਕ ਹੈ ਜਿਸ ਦੇ ਕੀਤਿਆਂ ਮੇਰਾ ਹਰੀ ਪ੍ਰਭੂ ਚੇਤੇ ਆਉਂਦਾ ਹੈ। ਅਤੇ—

ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ॥

ਹਰੀ ਨਾਲ ਪ੍ਰੀਤੀ ਊਪਜੈ=ਉਤਪੰਨ ਹੋਵੇ, ਤੇ ਮਾਇਆ ਦਾ ਮੋਹ ਜਲਾਵੈ=ਸੜ ਜਾਵੇ।

ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ॥

ਗੁਰਾਂ ਦੀ ਕ੍ਰਿਪਾ ਨਾਲ ਦੁਬਿਧਾ=ਦ੍ਵੈਤ ਮਰ ਜਾਵੇ, ਤਾਂ ਹੀ ਮਨ ਮਨਾਉਤ ਵੱਲੋਂ ਅਚੱਲ ਹੋ ਕੇ ਇਸ ਸੰਧਿਆ ਦਾ ਵਿਚਾਰ ਕਰਦਾ ਹੈ।

ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ॥੧॥

ਗੁਰੂ ਜੀ ਆਖਦੇ ਹਨ, ਜੋ ਜੀਵ ਮਨਮੁਖੀ ਸੰਧਿਆ ਕਰਦੇ ਹਨ, ਉਸ ਕਰਕੇ ਉਹਨਾਂ ਦਾ ਜੀਉ=ਮਨ ਟਿਕਦਾ ਨਹੀਂ ਹੈ ਇਸ ਤੇ ਉਹ ਜੰਮਣੇ ਮਰਣੇ ਵਿਚ ਖੁਆਰੁ=ਖਰਾਬ ਹੁੰਦੇ ਹਨ॥ ੧॥

ਮਃ ੩ ॥ ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ ਮੇਰੀ ਪਿਆਸ ਨ ਜਾਇ ॥

ਪਿਰੀ, ਪਿਰੀ ਕਰਦੀ ਹੋਈ ਮੈਂ ਸਾਰਾ ਜਗਤ ਫਿਰੀ ਹਾਂ, ਪਰ ਮੇਰੀ ਪਿਆਸ=ਤਰੇਹ ਨਹੀਂ ਗਈ।

ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ ਪਿਰੁ ਪਾਇਆ ਘਰਿ ਆਇ ॥੨ ॥

ਗੁਰੂ ਜੀ ਆਖਦੇ ਹਨ, ਸਤਿਗੁਰਾਂ ਨੂੰ ਮਿਲਿਆਂ ਹੀ ਮੇਰੀ ਤਰੇਹ ਚਲੀ ਗਈ ਹੈ, ਕਿਉਂਕਿ ਗੁਰਾਂ ਦੀ ਕ੍ਰਿਪਾ ਨਾਲ ਮੈਂਨੇ ਅੰਤ੍ਰ-ਮੁਖਤਾ ਰੂਪ ਘਰ ਵਿੱਚ ਆ ਕੇ ਆਪਣੇ ਪਿਰੀ=ਪਤੀ ਪਰਮਾਤਮਾ ਨੂੰ ਪਾਇਆ ਹੈ॥ ੨ ॥

ਪਉੜੀ ॥ ਆਪੇ ਤੰਤੁ ਪਰਮ ਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ ॥

ਉਹ ਪ੍ਰਭੂ ਆਪ ਹੀ ਤੰਤੁ=ਜੀਵ ਰੂਪ ਹੈ, ਆਪ ਹੀ ਪਰਮ ਤੰਤੁ=ਈਸ਼ਵਰ ਰੂਪ ਹੈ, ਆਪ ਹੀ ਠਾਕੁਰ ਰੂਪ, ਆਪ ਹੀ ਦਾਸ ਰੂਪ ਭਇਆ=ਹੋ ਰਿਹਾ ਹੈ।

ਆਪੇ ਦਸ ਅਠ ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ ॥

ਉਸ ਨੇ ਆਪ ਹੀ ਦਸ ਅਠ=ਅਠਾਰਾਂ ਵਰਨ ਪੈਦਾ ਕੀਤੇ ਹਨ।* ਆਪ ਹੀ ਬ੍ਰਹਮਾ ਰੂਪ ਹੈ, ਆਪ ਹੀ ਰਾਜ-ਭਾਗ ਲੀਤਾ ਹੈ। ਅਥਵਾ :- ਆਪ ਹੀ ਬ੍ਰਹਮ ਰੂਪ ਹੈ ਆਪ ਹੀ ਰਾਜੁ=ਪ੍ਰਕਾਸ਼ ਲੀਤਾ ਹੈ।

ਆਪੇ ਮਾਰੇ ਆਪੇ ਛੋਡੈ ਆਪੇ ਬਖਸੇ ਕਰੇ ਦਇਆ ॥

ਆਪੇ ਮਾਰਦਾ ਹੈ, ਆਪ ਹੀ ਛੱਡਦਾ ਹੈ, ਅਤੇ ਆਪ ਹੀ ਕਿਰਪਾ ਦ੍ਰਿਸ਼ਟੀ ਕਰਕੇ ਬਖਸ਼ ਦੇਂਦਾ ਹੈ।

ਆਪਿ ਅਭੁਲੁ ਨ ਭੁਲੈ ਕਬ ਹੀ ਸਭੁ ਸਚੁ ਤਪਾਵਸੁ ਸਚੁ ਥਿਆ ॥

ਉਹ ਪ੍ਰਭੂ ਆਪ ਭੁੱਲਣ ਤੋਂ ਰਹਿਤ ਹੈ, ਕਦੇ ਭੁੱਲਦਾ ਨਹੀਂ, ਸੱਚੇ ਦਾ ਸਾਰੇ ਸੱਚਾ ਹੀ ਤਪਾਵਸੁ=ਨਿਆਂ ਹੋ ਰਿਹਾ ਹੈ।

ਆਪੇ ਜਿਨਾ ਬੁਝਾਏ ਗੁਰਮੁਖਿ ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩ ॥

ਆਪ ਹੀ ਜਿਨ੍ਹਾਂ ਗੁਰਮੁਖਾਂ ਨੂੰ ਗੁਰਾਂ ਦਵਾਰੇ ਸਮਝਾਉਂਦਾ ਹੈ, ਉਹਨਾਂ ਦੇ ਅੰਦਰੋਂ ਦ੍ਵੈਤ ਭਾ ਤੇ ਭਰਮ ਦੂਰ ਹੋ ਗਿਆ ਹੈ॥ ੧੩ ॥

ਸਲੋਕੁ ਮਃ ੫ ॥ ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥

ਜੋ ਸਤਸੰਗਤ ਵਿਚ ਜਾ ਕੇ ਹਰੀ ਨਾਮ ਨੂੰ ਨਹੀਂ ਸਿਮਰਦੇ, ਉਹਨਾਂ ਦੇ ਤਨ ਉੱਪਰ ਲਾਹਨਤਾਂ ਰੂਪੀ ਖੇਹ ਉਡਦੀ ਹੈ। ਅਥਵਾ:-ਉਹਨਾਂ ਦੇ ਤਨ ਖੇਹ ਰੂਪ ਹੋ ਕੇ ਉੱਡ ਜਾਂਦੇ ਹਨ।

ਅਥਵਾ:-ਉਹਨਾਂ ਦੇ ਤਨਿ=ਅੰਤਹਕਰਨ ਵਿੱਚ ਪਾਪਾਂ ਰੂਪੀ,

ਅਥਵਾ:-ਕਾਮ ਆਦਿਕਾਂ ਰੂਪੀ ਖੇਹ ਉਡਦੀ ਹੈ। ਕਿਉਂਕਿ-

---

*ਚਾਰ ਵਰਨ ਸੁੱਧ ਹਨ-ਬ੍ਰਾਹਮਣ ਖੱਤ੍ਰੀ ਸ਼ੂਦਰ ਵੈਸ਼, ਬਾਰਾਂ ਵਰਨ ਆਪਸ ਵਿੱਚ ਰਲ ਮਿਲਕੇ ਬਣਦੇ ਹਨ, ਦੋ ਗੁੰਡ ਦੇ ਕੁੰਭ ਹਨ, ਭਾਵ-ਇੱਕ ਰੰਡੀ ਦੇ ਪੇਟੋਂ, ਦੂਜਾ ਕੁਆਰੀ ਦੇ ਪੇਟੋਂ ਹੋਇਆ ਹੈ।

ਇਸ ਤਰ੍ਹਾਂ ਅਠਾਰਾਂ ਵਰਨ ਹੁੰਦੇ ਹਨ।

ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ॥ ੧॥

ਜਿਸ ਵਾਹਿਗੁਰੂ ਨੇ ਪਾਲਣਾ-ਪੋਸਣਾ ਕੀਤੀ ਹੈ ਉਸ ਨੂੰ ਉਹ ਨਹੀਂ ਜਾਣਦੇ, ਗੁਰੂ ਜੀ ਆਖਦੇ ਹਨ, ਅਲੂਣੀ=ਨਾਮ ਰੂਪ ਲੂਣ ਤੋਂ ਬਿਨਾਂ ਹੋਣ ਕਰਕੇ ਉਹਨਾਂ ਦੀ ਦੇਹ ਨੂੰ ਫਿੱਟੇ ਮੂੰਹ ਹੈ॥ ੧॥

(ਪੰਨਾ ੫੫੪)

ਮਃ ੫॥ ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ॥

ਜਿਸ ਹਿਰਦੇ ਵਿੱਚ ਵਾਹਿਗੁਰੂ ਦੀ ਚਰਣਾਰਬਿੰਦ ਚਰਨ+ਅਰਬਿੰਦ (ਚਰਨ ਕਵਲ) ਵਸਦੇ ਹਨ. ਅਤੇ ਜੀਭ ਗੋਪਾਲ ਦੇ ਨਾਮ ਨੂੰ ਜਪਦੀ ਹੈ। ਅਤੇ-

ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥ ੨॥

ਗੁਰੂ ਜੀ ਆਖਦੇ ਹਨ-ਜਿਸ ਸਰੀਰ ਕਰਕੇ ਉਹ ਪ੍ਰਭੂ ਸਿਮਰਿਆ ਜਾਂਦਾ ਹੈ ਤਿਸ ਦੇਹੀ ਨੂੰ ਚੰਗੀ ਤਰ੍ਹਾਂ ਪਾਲਣਾ ਕਰੋ। ਅਥਵਾ:- ਜਿਨ੍ਹਾਂ ਸੰਤਾਂ ਦੇ ਘਟਿ=ਹਿਰਦੇ ਵਿੱਚ ਗੁਰਾਂ ਦੇ ਚਰਨ ਕਵਲ ਵਸਦੇ ਹਨ, ਤੇ ਜੀਭ ਗੋਪਾਲ ਨਾਮ ਨੂੰ ਜਪਦੀ ਹੈ। ਅਤੇ ਤਨ ਕਰਕੇ ਉਸ ਪ੍ਰਭੂ ਦਾ ਸਿਮਰਨ ਕਰਦੇ ਹਨ; ਗੁਰੂ ਜੀ ਆਖਦੇ ਹਨ, 'ਉਹਨਾਂ ਸੰਤਾਂ ਦੀ ਦੇਹ ਨੂੰ ਪਾਲਣਾ ਕਰੋ'॥ ੨॥

ਪਉੜੀ॥ ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ॥

ਕਰਤਾ ਪੁਰਖ ਵਾਹਿਗੁਰੂ ਆਪ ਹੀ ਅਠਾਠ ਤੀਰਥ ਰੂਪ ਹੈ, ਆਪ ਹੀ ਯਾਤਰੂ ਹੋ ਕੇ ਤੀਰਥਾਂ ਉੱਪਰ ਇਸ਼ਨਾਨ ਕਰਦਾ ਹੈ।

ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ॥

ਸ੍ਵਾਮੀ ਪਰਮਾਤਮਾ ਆਪ ਹੀ ਸੰਜਮੀ ਹੋ ਕੇ ਸੰਜਮਾਂ ਵਿੱਚ ਵਰਤਦਾ ਹੈ, ਆਪ ਹੀ ਨਾਮ ਜਪਵਾਉਂਦਾ ਹੈ।

ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ॥

ਆਪ ਹੀ ਦਿਆਲੂ ਹੋ ਕੇ ਡਰ ਨੂੰ ਖੰਡਨੁ=ਨਾਸ ਕਰਦਾ ਹੈ, ਆਪ ਹੀ ਸਾਰਿਆਂ ਜੀਵਾਂ ਨੂੰ ਦਾਨ ਕਰਦਾ ਹੈ।

ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ॥

ਆਪ ਹੀ ਜਿਸ ਨੂੰ ਗੁਰਮੁਖ=ਗੁਰਾਂ ਦਵਾਰੇ ਸਮਝਾਉਂਦਾ ਹੈ ਉਹ ਸਦਾ ਹੀ ਦਰਗਾਹ ਵਿਚ ਮਾਨ ਪਾਉਂਦਾ ਹੈ।

ਜਿਸ ਦੀ ਪੈਜ ਰਖੈ ਹਰਿ ਸੁਆਮੀ ਸੋ ਸਚਾ ਹਰਿ ਜਾਨੁ॥ ੧੪॥

ਹਰੀ ਸੁਆਮੀ ਜਿਸ ਦੀ ਪੈਜ=ਇੱਜ਼ਤ ਰੱਖਣੀ ਚਾਹੁੰਦਾ ਹੈ, ਉਹ ਪੁਰਸ਼ ਸੱਚੇ ਹਰੀ ਨੂੰ ਜਾਣਦਾ ਹੈ॥ ੧੪॥

ਸਲੋਕੁ ਮਃ ੩॥ ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ॥

ਗੁਰੂ ਜੀ ਆਖਦੇ ਹਨ, ਸਤਿਗੁਰਾਂ ਨੂੰ ਮਿਲੇ ਤੋਂ ਬਿਨਾਂ ਸਾਰਾ ਜਗੁ=ਜਗਤ ਅੰਨ੍ਹਾ ਹੈ, ਅਤੇ ਅੰਨ੍ਹੇ ਹੀ ਕਰਮਾਂ ਨੂੰ ਕਮਾਉਂਦਾ ਹੈ।

ਸਬਦੈ ਸਿਉ ਚਿਤੁ ਨ ਲਾਵਈ ਜਿਤੁ ਸੁਖੁ ਵਸੈ ਮਨਿ ਆਇ॥

ਗੁਰਾਂ ਦੇ ਉਪਦੇਸ਼ ਨਾਲ ਚਿੱਤ ਨਹੀਂ ਲਾਵਈ=ਲਾਉਂਦਾ, ਜਿਸ ਕਰਕੇ ਮਨ ਵਿੱਚ ਸੁਖ ਆ ਕੇ ਵਸਣਾ ਸੀ।

ਤਾਮਸਿ ਲਗਾ ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ॥

ਸਦੀਵ ਕਾਲ ਤਾਮਸਿ=ਤਮੋ ਗੁਣ (ਕ੍ਰੋਧ) ਵਿੱਚ ਲੱਗਾ ਫਿਰਦਾ ਹੈ, ਰਾਤ-ਦਿਨ ਤ੍ਰਿਸ਼ਨਾ ਅਗਨੀ ਵਿੱਚ ਸੜਦਿਆਂ ਹੀ ਉਮਰਾ ਨੂੰ ਬਿਹਾਇ=ਬਤੀਤ ਕਰਦਾ ਹੈ।

ਜੋ ਤਿਸੁ ਭਾਵੈ ਸੋ ਥੀਐ ਕਹਣਾ ਕਿਛੂ ਨ ਜਾਇ॥ ੧॥

ਜੋ ਉਸ ਵਾਹਿਗੁਰੂ ਨੂੰ ਭਾਉਂਦਾ ਹੈ ਓਹੋ ਕੁਝ ਹੁੰਦਾ ਹੈ, ਉਸ ਤੋਂ ਉਲਟ ਕੁਝ ਕਿਹਾ ਨਹੀਂ ਜਾਂਦਾ॥ ੧॥

ਮਃ ੩॥ ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥

ਸਤਿਗੁਰਾਂ ਨੇ ਹੁਕਮ ਦਿੱਤਾ ਹੈ ਕਿ ਇਹ ਕਾਰੀ=ਕੰਮ ਕਰੋ, ਅਥਵਾ: ਇਹ ਕਾਰੀ=ਦਵਾਈ ਕਰੋ।

ਗੁਰੂ ਦੁਆਰੈ ਹੋਇ. ਕੈ ਸਾਹਿਬੁ ਸੰਮਾਲੇਹੁ॥

ਗੁਰਾਂ ਦੇ ਸਨਮੁਖ ਹੋ ਕੇ ਆਪਣੇ ਸਾਹਿਬੁ=ਮਾਲਕ ਵਾਹਿਗੁਰੂ ਨੂੰ ਸੰਮਾਲੇਹੁ=ਯਾਦ ਕਰੋ।

ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ॥

ਉਹ ਮਾਲਕ ਵਾਹਿਗੁਰੂ ਸਦਾ ਹਾਜ਼ਰਾ ਹਜੂਰ ਹੈ, ਭਰਮ ਦੇ ਛਉੜ=ਪੜਦੇ ਕੱਟਕੇ ਉਸ ਜੋਤੀ ਨੂੰ ਹਿਰਦੇ ਅੰਦਰ ਧਾਰਨਾ ਕਰੋ।

ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ॥

ਹਰੀ ਦਾ ਨਾਮ ਹੀ ਅੰਮ੍ਰਿਤ ਰੂਪ ਹੈ, ਇਸ ਨਾਮ ਰੂਪ ਦਾਰੂ ਨੂੰ "ਲਾਏਹੁ"=ਲੈਣਾ ਕਰੋ।

ਅਥਵਾ:-"ਲਾਏਹੁ=ਵਰਤੋ।

ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ॥

ਸਤਿਗੁਰਾਂ ਦਾ ਭਾਣਾ ਮੰਨਣਾ ਚਿੱਤ ਵਿਖੇ ਯਾਦ ਰੱਖੋ, ਵਾਹਿਗੁਰੂ ਵਿਖੇ ਜਿਹੜਾ ਸੱਚਾ ਪ੍ਰੇਮ ਕਰਨਾ ਹੈ ਏਹੋ ਸੰਜਮੁ=ਪੱਥ (ਪ੍ਰਹੇਜ਼) ਰੱਖਣਾ ਕਰੋ।

ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ॥ ੨॥

ਗੁਰੂ ਜੀ ਆਖਦੇ ਹਨ, ਇਹ ਕੰਮ ਕੀਤਿਆਂ ਵਾਹਿਗੁਰੂ ਐਥੈ=ਇਸ ਲੋਕ ਵਿੱਚ ਸੁੱਖਾਂ ਵਿੱਚ ਰੱਖੇਗਾ, ਤੇ ਅੱਗੇ ਜਾ ਕੇ ਹਰੀ ਨਾਲ ਕੇਲ=ਕ੍ਰੀੜਾ ਭਾਵ ਅਨੰਦ ਲੈਣਾ ਕਰੋਗੇ॥ ੨॥

ਪਉੜੀ॥ ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਏ॥

ਉਹ ਪ੍ਰਭੂ ਆਪ ਹੀ ਅਠਾਰਾਂ ਭਾਰ* ਬਨਾਸਪਤੀ ਰੂਪ ਹੋ ਰਿਹਾ ਹੈ। ਆਪ ਹੀ ਸਾਰਿਆਂ ਨੂੰ ਫਲ ਆਉਂਦਾ ਹੈ।

---

*੩੨੬੦ ਤੋਲੇ ਦਾ ਇੱਕ ਭਾਰ ਹੁੰਦਾ ਹੈ।

ਅਥਵਾ:-ਆਪ ਹੀ ਅਠਾਰਾਂ ਭਾਰ ਬਨਾਸਪਤਿ=ਅਠਾਰਾਂ ਪੁਰਾਣ ਰੂਪ ਹੋ ਰਿਹਾ ਹੈ,

ਅਥਵਾ:-ਅਠਾਰਾਂ ਪਰਬ (ਮਹਾਂ ਭਾਰਥ ਦੇ) ਹੋ ਰਿਹਾ ਹੈ, ਉਹਨਾਂ ਦੁਆਰੇ ਆਪ ਹੀ ਬ੍ਰਹਮ ਗਿਆਨ ਰੂਪੀ ਫਲ ਲਾਉਂਦਾ ਹੈ।

ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ॥

ਆਪ ਹੀ ਮਾਲੀ ਰੂਪ ਹੈ, ਆਪ ਹੀ ਸਾਰਿਆਂ ਨੂੰ ਸਿੰਜਦਾ ਭਾਵ ਪਾਣੀ ਦੇਂਦਾ ਹੈ, ਆਪੇ ਹੀ ਸਾਰੇ ਫਲ ਮੂੰਹ ਵਿੱਚ ਪਾਏ=ਪਾਂਵਦਾ ਭਾਵ ਖਾਂਦਾ ਹੈ।

ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ॥

ਆਪੇ ਕਰਨ ਵਾਲਾ ਹੈ, ਆਪੇ ਭੋਗਣ ਵਾਲਾ ਹੈ, ਅਤੇ ਆਪੇ ਹੀ ਦੇਂਦਾ ਦਿਵਾਉਂਦਾ ਹੈ।

ਆਪੇ ਸਾਹਿਬੁ ਆਪੇ ਹੈ ਰਾਖਾ ਆਪੇ ਰਹਿਆ ਸਮਾਏ॥

ਆਪੇ ਸਾਹਿਬੁ=ਮਾਲਕ ਹੈ, ਆਪੇ ਰਾਖਾ ਹੈ, ਅਤੇ ਆਪ ਹੀ ਸਾਰਿਆਂ ਵਿੱਚ ਸਮਾਏ=ਮਿਲ ਰਿਹਾ ਹੈ।

ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ ਜਿਸ ਨੋ ਤਿਲੁ ਨ ਤਮਾਏ॥੧੫॥

ਗੁਰੂ ਜੀ ਆਖਦੇ ਹਨ, ਹਰੀ ਕਰਤੇ ਪੁਰਖ ਦੀ ਵਡਿਆਈ ਨੂੰ ਉਹ ਪੁਰਸ਼ ਆਖਦਾ ਹੈ, ਜਿਸ ਨੂੰ ਤਿਲ ਮਾਤ੍ਰ ਵੀ ਤਮਾਏ=ਤਮੋ ਗੁਣ, ਅਥਵਾ :- ਤਮਾਏ=ਇੱਛਾ ਨਹੀਂ ਹੈ॥ ੧੫॥

ਸਲੋਕ ਮ: ੩॥ ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥

ਇੱਕ ਮਨੁੱਖ ਨੇ ਸ਼ਰਾਬ ਦਾ ਭਰਿਆ ਹੋਇਆ ਮਟਕਾ ਆਣਿਆ=ਲਿਆਂਦਾ, ਉਸ ਵਿੱਚੋਂ ਦੂਜੇ ਮਨੁੱਖ ਨੇ ਆ ਕੇ ਪਿਆਲਾ ਭਰਨਾ ਕੀਤਾ ਉਸ ਨੇ ਆਪ ਭੀ ਪੀਤਾ ਦੂਜੇ ਨੂੰ ਵੀ ਪਿਲਾਇਆ॥

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥

ਜਿਸ ਸ਼ਰਾਬ ਦੇ ਪੀਣ ਨਾਲ ਅਕਲ ਦੂਰ ਹੋ ਜਾਂਦੀ ਹੈ, ਅਤੇ ਦਿਲ ਵਿੱਚ ਬਰਲੁ=ਸ਼ੁਦਾਪੁਣਾ ਆ ਕੇ ਪੈਂਦਾ ਹੈ।

ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥

ਸ਼ਰਾਬ ਦੇ ਪੀਣ ਕਰਕੇ ਫਿਰ ਆਪਣਾ ਬਿਗਾਨਾ ਨਹੀਂ ਪਛਾਣਦਾ, ਅਤੇ ਪਰਮਾਤਮਾ ਵੱਲੋਂ ਧੱਕੇ ਖਾਂਦਾ ਹੈ।

(ਸਾਖੀ ਮੈਗਲ ਖਾਨ ਤੇ ਰੁਤਸ ਪ੍ਰਭਾ ਦੀ)

ਬਟਾਲੇ ਸ਼ਹਿਰ ਵਿੱਚ ਇੱਕ ਪਠਾਣ "ਮੈਗਲ ਖਾਨ" ਨਾਮੀ ਰਹਿੰਦਾ ਸੀ। ਭਾਗ-ਹੀਣ ਹੋਣ ਕਰਕੇ ਕੋਈ ਨੇਕ ਸਤ-ਪੁਰਸ਼ ਦੀ ਸੰਗਤ ਨਾ ਕੀਤੀ। ਇਹ ਦਿਨ-ਰਾਤ ਭੈੜੀਆਂ ਖਸਲਤਾਂ ਵਿਖੇ ਆਪਣੇ ਜ਼ਿੰਦਗੀ ਦੇ ਅਮੋਲਕ ਸ੍ਵਾਸ ਬਤੀਤ ਕਰ ਰਿਹਾ ਸੀ। ਇੱਕ ਦਿਨ ਕੁਝ ਮੀਂਹ ਪੈ ਰਿਹਾ ਸ਼ੀ ਕੁਝ ਠੰਢੀ ਮੌਸਮ ਸੀ ਏਸ ਨੇ ਸ਼ਰਾਬ ਮੰਗਾ ਕੇ ਰੱਜ ਪੀਤੀ। ਮੀਂਹ ਬੰਦ ਹੋਇਆ, ਸ਼ਰਾਬ ਪੀ ਕੇ ਗਲੀਆਂ ਵਿਖੇ ਚੱਕਰ

ਕੱਟਣੇ ਸ਼ੁਰੂ ਕੀਤੇ, ਘੁੰਮਦਿਆਂ ਘੁੰਮਦਿਆਂ ਸਾਰੇ ਸ਼ਹਿਰ ਦਾ ਚੱਕਰ ਲਾ ਦਿੱਤਾ, ਇਹ ਇੱਕ ਐਸੀ ਜਗ੍ਹਾ ਪਹੁੰਚਾ, ਜਿਥੇ ਨਗਰ ਦੀਆਂ ਔਰਤਾਂ ਇਕੱਠੀਆਂ ਹੋ ਕੇ ਖੁਸ਼ੀ ਦੇ ਗੀਤ ਗਾ ਰਹੀਆਂ ਸਨ। ਇਹ ਦੂਰ ਥੋੜ੍ਹਾ ਉਹਨਾਂ ਵੱਲ ਦੇਖਦਾ ਰਿਹਾ ਕੁਝ ਚਿਰ ਦੇਖਣ ਤੋਂ ਬਾਅਦ ਇਸ ਦੀ ਨਜ਼ਰ ਇੱਕ ਸੁੰਦਰ, ਰਾਜ-ਲੜਕੀ (ਰੁਤਿਸ ਪ੍ਰਭਾ) ਉੱਤੇ ਪਈ। ਏਸ ਪਾਪੀ ਦਾ ਮਨ ਬੇਈਮਾਨ ਹੋਇਆ ਦਿਲ ਅੰਦਰ ਸੋਚਣ ਲੱਗਾ ਕਿਵੇਂ ਵੀ ਹੋਵੇ ਏਸ ਨੂੰ ਜਾ ਕੇ ਮਿਲਾਂ ਪਰ ਔਰਤਾਂ ਦਾ ਬਹੁਤ ਇਕੱਠ, ਦਿਨ ਦਾ ਚਾਨਣਾ, ਲੋਕਾਂ ਦੀ ਆਵਾਜਾਈ ਦੇ ਕਾਰਨ ਕੁਝ ਹਿਰਦੇ 'ਚ ਝਿਝਕ ਖਾਧੀ, ਆਖਰ ਇੱਕ ਫੱਫੇ ਕੁਟਣੀ ਨੂੰ ਇਸ ਇਸ਼ਾਰਾ ਕੀਤਾ ਉਹ ਇਸ ਪਾਸ ਆਈ। ਫੱਫੇ ਕੁਟਣੀ; ''ਜੀ ਪਠਾਣ ਸਾਹਿਬ ਆਪ ਮੈਨੂੰ ਬੁਲਾਇਆ''।

ਪਠਾਣ, ''ਹਾਂ'' ਮੈਂ ਬੁਲਾਇਆ।

ਔਰਤ, ''ਆਪ ਦਾ ਕੀ ਹੁਕਮ ਹੈ'' । ਪਠਾਣ, ''ਔਹ ਵੇਖ ! ਸਾਹਮਣੇ ਸੁੰਦਰ ਨੌਜਵਾਨ ਰਾਜ-ਲੜਕੀ ਹੈ ਨਾ ਉਸ ਦੀ ਮੇਰੇ ਨਾਲ ਗੱਲ-ਬਾਤ ਕਰਾਉਣੀ ਹੈ ਮੈਂ ਤੈਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ''। ਔਰਤ, ''ਸਤ-ਬਚਨ ਜੀ'' ਕਹਿ ਕੇ ਚਲੀ ਗਈ। ਉਹ ਫੱਫੇ ਕੁਟਣੀ ਨੇ ਉਸ ਅਨ-ਭੋਲ, ਅਲ੍ਹੜ, ਸੁੰਦਰ ਕੁਮਾਰੀ ਨੂੰ ਵੱਖਰਿਆਂ ਕੀਤਾ, ਕੁਝ ਕੰਨ 'ਚ ਕਹਿ ਕੇ, ਸੈਰ ਦੇ ਬਹਾਨੇ ਇੱਕ ਬਾਗ ਵਿੱਚ ਲੈ ਕੇ ਆ ਗਈ। ਜਿਸ ਜਗ੍ਹਾ ਪਠਾਣ ਬੈਠਾ ਸੀ ਉਹ ਉਥੇ ਪਹੁੰਚੀ, ਪਠਾਣ ਨੇ ਉਸ ਦੀ ਬਾਂਹ ਫੜੀ ਉਹ ਠਠੰਬਰ ਗਈ ਸਰੀਰ ਦੇ ਰੋਮਾਂਚ ਖੜੇ ਹੋ ਗਏ, ਪਠਾਣ ਨੇ ਆਪਣੀ ਮੰਦ-ਭਾਵਨਾ ਪ੍ਰਗਟ ਕੀਤੀ। ਓਸ ਵਿਚਾਰੀ ਨੇ ਦਿਲ ਅੰਦਰ ਸੋਚਿਆ ਮੈਂ ਇਸ ਤਰ੍ਹਾਂ ਛੁਟ ਤਾਂ ਸਕਦੀ ਨਹੀਂ ਕੋਈ ਬਹਾਨਾ ਗੁੰਦੀਏ, ਵਿਚਾਰ ਕੇ ਕਹਿਣ ਲੱਗੀ, ''ਦੇਖ ! ਦਿਨ ਦਾ ਚਾਨਣਾ ਲੋਕਾਂ ਦੀ ਆਵਾਜਾਈ ਹੈ ਇੰਞ ਕਰ ਮੈਨੂੰ ਹੁਣ ਜਾਣ ਦੇਹ ਮੈਂ ਪਰਸੋਂ ਤੇਰੇ ਪਾਸ ਆਪ ਹੀ ਆ ਜਾਵਾਂਗੀ ਤੂੰ ਮੈਨੂੰ ਆਪਣਾ ਟਿਕਾਣਾ ਦੱਸ ਦੇ। ਪਠਾਣ ਕਹਿਣ ਲੱਗਾ ਚੰਗਾ, ਅੱਜ ਤੂੰ ਜਾ, ਪਰਸੋਂ ਆ ਜਾਵੀਂ, ਜਿੱਥੇ ਮੇਰੀ ਲੜਕੀ ਸੁੱਤੀ ਪਈ ਹੋਵੇਗੀ ਤੂੰ ਉਥੇ ਉਹਦੇ ਨਾਲਦੇ ਮੰਜੇ ਉੱਪਰ ਪਹੁੰਚ ਜਾਵੀਂ, ਇਕਰਾਰ ਹੋ ਗਏ। ਤੀਜਾ ਦਿਨ ਆਇਆ ਪਠਾਣ ਜੀ ਤਾਂ ਸ਼ਰਾਬ ਦੇ ਦੌਰ 'ਚ ਮਸਤ ਹੋ ਗਏ। ਏਸ ਤਰ੍ਹਾਂ ਹੀ ਸ਼ਾਮ ਪੈ ਗਈ, ਸੂਰਜ ਅਸਤ ਹੋਇਆ, ਸੰਧਿਆ ਦੇ ਸਮੇਂ 'ਰੁਤਿਸ ਪ੍ਰਭਾ' ਆ ਕੇ ਮੰਜੇ ਤੇ ਥੋੜ੍ਹਾ ਚਿਰ ਪੈ ਕੇ ਚੁੱਪ ਕਰਕੇ ਆਪਣੇ ਘਰ ਚਲੀ ਗਈ-ਇੱਧਰ ਜਦ ਪਠਾਣ ਆਇਆ ਤਾਂ ਸ਼ਰਾਬ ਦੇ ਲੋਰ ਵਿੱਚ ਜਿਸ ਜਗ੍ਹਾ ਓਸ ਦੀ ਆਪਣੀ ਲੜਕੀ ਪਈ ਸੀ ਓਸ ਨੂੰ ਜਾ ਹੱਥ ਪਾਇਆ। ਅੱਗੋਂ ਲੜਕੀ ਨੇ ਕਿਹਾ, ''ਅੱਬਾ ਜਾਨ ਜਾ ਓਧਰ ਸੋਂ ਜਾਹ, ਏਧਰ ਕੀ ਲੈਣ ਆਇਆ ਹੈਂ, ਸ਼ਰਾਬ ਵਿਚ ਮਖਮੂਰ ਹੋਣ ਕਰਕੇ ਪਠਾਣ ਨੇ ਉਸ ਵੇਚਾਰੀ ਦੀ ਇਕ ਵੀ ਨਾ ਸੁਣੀ, ਉਸ ਨੇ ਬਥੇਰੇ ਤਰਲੇ ਕੀਤੇ ਪਰ ਪਠਾਣ ਨੇ ਇੱਕ ਨਾ ਮੰਨੀ। ਜਦ ਸ਼ਰਾਬ ਦਾ ਨਸ਼ਾ ਉਤਰਿਆ ਤਾਂ ਆਪਣੀ ਪੁੱਤਰੀ ਪਛਾਣ ਕੇ ਛੋੜ ਦਿੱਤਾ। ਸ੍ਰੀ ਕਲਗੀਧਰ ਜੀ ਨੇ ਇਸੇ ਕਰਕੇ ਕਿਹਾ ਹੈ, ''ਇੱਕ ਚੜ੍ਹਦੀ ਜਵਾਨੀ ਹੋਵੇ, ਦੂਜਾ ਕੋਲ ਪੈਸਾ ਖੁੱਲ੍ਹਾ ਹੋਵੇ ਤੇ ਤੀਜਾ ਸ਼ਰਾਬੀ ਹੋਵੇ ਤਾਂ ਉਹ ਫੇਰ ਪਾਪ ਕਰਮ ਕਰਨ ਤੋਂ ਕਿਵੇਂ ਬਚ ਸਕਦਾ ਹੈ। ਓਸ ਨੂੰ ਤਾਂ ਰਾਮ ਵਾਹਿਗੁਰੂ ਹੀ ਕਿਰਪਾ ਕਹਕੇ ਬਚਾਵੇ ਤਾਂ ਹੀ ਬਚ ਸਕਦਾ ਹੈ ਆਪਣੇ ਆਪ ਤਾਂ ਬਚਣਾ ਬੜਾ ਮੁਸ਼ਕਲ ਹੈ।

''ਗੁਰੂ ਜੀ ਨੇ ਫੁਰਮਾਇਆ ਹੈ:-

ਏਕ ਮਦੀ, ਦੂਜੈ ਤਰੁਨ ਤੀਜੇ ਅਤਿ ਧਨ ਧਾਮ॥
ਪਾਪ ਕਰੇ ਬਿਨ ਕਯੋਂ ਬਚੈ, ਬਚੈ ਬਚਾਵੈ ਰਾਮ॥ ੧੯॥

(ਦਸਮ ਗ੍ਰੰਥ ਚਰਿਤ੍ਰ ੧੮੩ ਪੰਨਾ ੧੦੭੭)

(ਦੂਜੀ ਸਾਖੀ ਮਲੂਕੇ ਚੌਧਰੀ ਦੀ)

ਏਸੇ ਤਰ੍ਹਾਂ ਹੀ ਖਡੂਰ ਸਾਹਿਬ ਦੇ ਇੱਕ ਇਤਿਹਾਸ ਵਿੱਚ ਸਾਖੀ ਆਉਂਦੀ ਹੈ। ਖਡੂਰ ਨਿਵਾਸੀ ਇੱਕ ਮਲੂਕਾ ਨਾਮੀ ਆਦਮੀ ਸ਼ਰਾਬ ਪੀਂਦਾ ਸੀ ਓਸ ਨੂੰ ਮਿਰਗੀ ਦਾ ਦੌਰਾ ਪੈਣਾ ਸ਼ੁਰੂ ਹੋ ਗਿਆ ਸੀ। ਸਿੱਖ-ਸੰਗਤਾਂ ਦੀ ਆਵਾਜਾਈ ਵੇਖਕੇ ਏਸ ਦੇ ਮਨ ਵਿੱਚ ਸ਼ਰਧਾ ਆਈ, ਦਰਬਾਰ ਵਿੱਚ ਆ ਕੇ ਗੁਰੂ ਸਾਹਿਬ ਜੀ ਪਾਸ ਆਇਆ। ਬੇਨਤੀ ਕੀਤੀ, ''ਸੱਚੇ ਪਾਤਸ਼ਾਹ ! ਮਿਰਗੀ ਪੈਂਦੀ ਹੈ ਕੋਈ ਹੋਸ਼ ਨਹੀਂ ਰਹਿੰਦੀ ਕਦੀ ਗਲੀਆਂ ਵਿੱਚ ਹੀ ਪਿਆ ਰਹਿੰਦਾ ਹਾਂ। ਪਤਾ ਨਹੀਂ ਰਹਿੰਦਾ ਕਦੋਂ ਇਹ ਦੌਰਾ ਪੈ ਜਾਂਦਾ ਹੈ। ਆਪ ਜੀ ਕਿਰਪਾ ਕਰੋ''। ਸਤਿਗੁਰੂ ਸੱਚੇ ਪਾਤਸ਼ਾਹ ਜੀ ਕਹਿਣ ਲੱਗੇ, ''ਚੰਗਾ ਭਾਈ ! ਸ਼ਰਾਬ ਪੀਣੀ ਬੰਦ ਕਰ ਦੇ, ਜਦ ਤੱਕ ਸ਼ਰਾਬ ਨਹੀਂ ਪੀਵੇਂਗਾ ਤਦ ਤੱਕ ਤੈਨੂੰ ਮਿਰਗੀ ਨਹੀਂ ਪਵੇਗੀ''। ਕਹਿੰਦਾ ਸੱਤ ਬਚਨ ਜੀ ਅੱਜ ਦਿਨ ਤੋਂ ਮੈਂ ਸ਼ਰਾਬ ਨਹੀਂ ਪੀਆਂਗਾ। ਸਾਧ ਸੰਗਤ ਜੀ ! ਅੱਠ ਸਾਲ ਸ਼ਰਾਬ ਨਹੀਂ ਪੀਤੀ, ਮਿਰਗੀ ਨਹੀਂ ਆਈ ਇਹ ਸਤਿਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੋਈ। ਇੱਕ ਦਿਨ ਮੀਂਹ ਥੋੜ੍ਹਾ ਥੋੜ੍ਹਾ ਪੈ ਰਿਹਾ ਸੀ ਠੰਢੀ ਹਵਾ ਚਲ ਰਹੀ ਸੀ ਫੇਰ ਓਸਦਾ ਸ਼ਰਾਬ ਪੀਣ ਨੂੰ ਦਿਲ ਕਰ ਆਇਆ ਨੌਕਰ ਨੂੰ ਭੇਜਕੇ ਸ਼ਰਾਬ ਮੰਗਾਈ, ਪੀ ਕੇ ਸ਼ਰਾਬ ਦੇ ਲੋਰ 'ਚ ਆ ਕੇ ਕੋਠੇ ਚੁਬਾਰੇ ਚੜ੍ਹਕੇ (ਜੋ ਕਿ ਗੁਰੂ ਸਾਹਿਬ ਜੀ ਦੇ ਅਸਥਾਨ ਦੇ ਨੇੜੇ ਸੀ) ਕਹਿਣ ਲੱਗਾ, ''ਤਪਾ ਜੀ ! ਮੇਰੇ ਪਾਸੋਂ ਰਿਹਾ ਨਹੀਂ ਗਿਆ ਮੈਂ ਆਪ ਦਾ ਹੁਕਮ ਭੁਲਾਕੇ ਸ਼ਰਾਬ ਪੀ ਲਈ ਹੈ''। ਜਿਸ ਵਕਤ ਏਨੀ ਗੱਲ ਗੁਰੂ ਸਾਹਿਬ ਦੇ ਕੰਨੀਂ ਪਈ ਸਤਿਗੁਰੂ ਜੀ ਕਹਿਣ ਲੱਗੇ, ''ਜੇ ਤੂੰ ਅਸਾਡਾ ਹੁਕਮ ਹਟਾ ਦਿੱਤਾ ਹੈ ਤੇਰੇ ਪਾਸੋਂ ਨਹੀਂ ਰਿਹਾ ਗਿਆ ਤਾਂ ਮਿਰਗੀ ਵੀ ਅਸਾਡੇ ਬਚਨਾਂ ਦੀ ਬੰਨ੍ਹੀ ਹੋਈ ਸੀ ਉਹ ਵੀ ਆ ਗਈ ਸੰਭਲ ਜਾਹ। ਏਨੀ ਕਹਿਣ ਦੀ ਦੇਰ ਹੀ ਹੋਈ ਦੌਰਾ ਪਿਆ ਕੋਠੇ ਤੋਂ ਡਿਗ ਕੇ ਸਿਰ ਪਾਟ ਗਿਆ ਤੇ ਮਰ ਗਿਆ।

ਯਥਾ:-ਤਪਾ ਹਟਾਯੋ ਹੁਕਮ ਤੁਮਾਰਾ। ਬੁੰਦੈਂ ਬਰਖਤਿ ਬਡੀ ਬਹਾਰਾ।
ਰਹਜੋ ਨ ਜਾਹਿ ਮੋਹਿ ਤੇ ਕੈਸੇ। ਪਾਵਤਿ ਅਤਿ ਪ੍ਰਮੋਦ ਮੈ ਜੈਸੇ॥ ੩੧॥
ਸ੍ਰੀ ਅੰਗਦ ਸੁਨਿ ਬਿਗਸੇ ਤਬੈ। ਕਹਜੋ ਸੁਚੇਤ ਹੋਹੁ ਤੂੰ ਅਬੈ॥
ਛੁਟਿ ਮਿਰਗੀ ਆਈ ਦਿਸ ਤੋਹਿ। ਹੁਕਮ ਹਟਾਵਨਿ ਕੀਨਸਿ ਮੋਹਿ॥ ੩੨॥
ਬਾਂਧੀ ਹੁਤੀ ਹੁਕਮ ਕੀ ਏਹੀ। ਹੁਕਮ ਨ ਰਹਜੋ, ਟਿਕਹਿ ਕਬਿ ਕੇਹੀ।
ਤੱਤ ਛਿਨ ਉਠੀ ਚੌਧਰੀ ਜਾਇ। ਗਿਰਜੋ ਅਟਾਰੀ ਤੇ ਉਥਲਾਇ॥ ੩੩॥

(ਗੁਰ ਪ੍ਰਤਾਪ ਸੂਰਜ ਅੰਸੂ ੧੩ ਰਾਸ ੧)

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥

ਜਿਸ ਸ਼ਰਾਬ ਦੇ ਪੀਤਿਆਂ ਖਸਮੁ=ਮਾਲਕ ਵਾਹਿਗੁਰੂ ਵਿਸਰ ਜਾਂਦਾ ਹੈ, ਅਤੇ ਪ੍ਰਲੋਕ ਦਰਗਾਹ ਵਿਚ ਬੜੀ ਭਾਰੀ ਸਜ਼ਾ ਮਿਲਦੀ ਹੈ।

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

ਜੇਕਾ ਪਾਰਿ ਵਸਾਇ=ਜਿਥੋਂ ਤੱਕ ਵੱਸ ਚੱਲੇ ਉਥੋਂ ਤੱਕ ਝੂਠਾ ਸ਼ਰਾਬ ਕਦੇ ਨ ਪੀਵੇ।

ਅਥਵਾ:-ਮਾਣ+ਸੁ=ਹੰਕਾਰ ਸਹਿਤ ਔਗੁਣਾਂ ਦਾ ਭਰਿਆ ਹੋਇਆ ਜੀਵ ਮਾਤਲੋਕ ਵਿੱਚ ਆਣਿਆ= ਆਇਆ ਹੈ। ਇੱਥੇ ਆ ਕੇ ਵੀ ਕੋਈ ਸ਼ੁਭ ਕੰਮ ਨਾ ਕੀਤਾ ਸਗੋਂ ਮਾਣ+ਸੁ = ਹੰਕਾਰ ਸਹਿਤ ਹੋ ਕੇ ਪਾਪਾਂ ਨੂੰ ਭਰਨਾ ਕੀਤਾ, ਅਥਵਾ:-ਹੰਕਾਰ ਆਦਿਕਾਂ ਨੂੰ ਭਰਨਾ ਕੀਤਾ। **ਜਿਤੁ ਪੀਤੈ**=ਜਿਸ ਹੰਕਾਰ ਰੂਪ ਸ਼ਰਾਬ ਦੇ ਪੀਣੇ ਕਰਕੇ ਸ਼ੁਭਮਤੀ ਦੂਰ ਹੁੰਦੀ ਹੈ, ਤੇ ਸਰੀਰ ਵਿੱਚ ਕਾਮ ਆਦਿਕਾਂ ਦਾ ਸ਼ੁਦਾਪੁਣਾ ਆ ਕੇ ਪੈਂਦਾ ਹੈ। **''ਆਪਣਾ ਪਰਾਇਆ''**=ਹੰਕਾਰ ਵਿੱਚ ਆ ਕੇ ਆਪਣਾ ਬਿਗਾਨਾ ਕੁਝ ਨਹੀਂ ਪਛਾਣਦਾ, ਪਰਮਾਤਮਾ ਵੱਲੋਂ ਧੱਕੇ ਖਾਂਦਾ ਹੈ। **ਜਿਤੁ ਪੀਤੈ**=ਜਿਸ ਹੰਕਾਰ ਰੂਪ ਸ਼ਰਾਬ ਦੇ ਪੀਣ ਨਾਲ ਮਾਲਕ ਵਾਹਿਗੁਰੂ ਵਿਸਰ ਜਾਂਦਾ ਹੈ, ਅਤੇ ਦਰਗਾਹ ਵਿੱਚ ਬੜੀ ਭਾਰੀ ਸਜ਼ਾ ਮਿਲਦੀ ਹੈ। **ਝੂਠਾ ਮਦੁ**=ਜਿੱਥੋਂ ਤੱਕ ਵਸ ਚੱਲੇ ਓਥੋਂ ਤੱਕ ਝੂਠਾ ਹੰਕਾਰ ਰੂਪੀ ਸ਼ਰਾਬ ਕਦੇ ਨ ਪੀਵੇ।

ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥

ਗੁਰੂ ਜੀ ਆਖਦੇ ਹਨ, ਨਦਰੀ=ਗੁਰਾਂ ਦੀ ਕਿਰਪਾ ਦ੍ਰਿਸ਼ਟੀ ਕਰਕੇ ਸੱਚ ਨਾਮ ਰੂਪੀ ਸ਼ਰਾਬ ਪ੍ਰਾਪਤ ਹੁੰਦੀ ਹੈ, ਯਥਾ:-''ਨਾਮ ਖੁਮਾਰੀ ਨਾਨਕਾ ਚੜ੍ਹੀ ਰਹੈ ਦਿਨ ਰਾਤ।'' ਪਰ ਜਿਸ ਦੇ ਭਾਗ ਚੰਗੇ ਹਨ ਉਸ ਨੂੰ ਸਤਿਗੁਰੂ ਆ ਕੇ ਮਿਲਦੇ ਹਨ।

ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥ ੧ ॥

ਸਦੀਵ ਕਾਲ ਮਾਲਕ ਦੇ ਰੰਗ=ਪ੍ਰੇਮ ਵਿਚ ਰੱਤਾ ਰਹੇ ਤਾਂ ਹੀ ਮਹਲੀ=ਜਗਿਆਸੂ ਸਰੂਪ ਥਾਂ ਨੂੰ ਪਾਂਵਦਾ ਹੈ॥ ੧ ॥

ਮ: ੩ ॥ ਇਹੁ ਜਗਤੁ ਜੀਵਤੁ ਮਰੈ ਜਾ ਇਸ ਨੋ ਸੋਝੀ ਹੋਇ ॥

ਇਹ ਜਗਤ ਜੀਵਤ ਭਾ ਤੋਂ ਤਾਂ ਮਰਦਾ ਹੈ, ਜਾਂ ਇਸ ਨੂੰ ਸ਼ੁਭ ਗਿਆਤ ਹੋਵੇ।

ਜਾ ਤਿਨਿ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ ॥

ਜਾਂ ਉਸ ਪ੍ਰਭੂ ਨੇ ਸੁਆਇਆ ਹੈ ਤਾਂ ਹੀ ਇਹ ਸੌਂ ਰਿਹਾ ਹੈ, ਜਾਂ ਉਹ ਪ੍ਰਭੂ ਜਗਾਵੇ ਤਾਂ ਹੀ ਇਸ ਨੂੰ ਖਬਰ ਹੁੰਦੀ ਹੈ। ਅਥਵਾ:-ਜਾਂ ਗਿਆਨ ਜਾਗ੍ਰਤ ਵਿੱਚ ਜਗਾਵੇ ਤਾਂ ਹੀ ਇਸ ਨੂੰ ਆਤਮਾ ਦੀ ਸੁਧਿ=ਖਬਰ ਹੁੰਦੀ ਹੈ।

ਨਾਨਕ ਨਦਰਿ ਕਰੇ ਜੇ ਆਪਣੀ ਸਤਿਗੁਰੁ ਮੇਲੈ ਸੋਇ ॥

ਗੁਰੂ ਜੀ ਆਖਦੇ ਹਨ ਜੇ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤਾਂ ਉਹ ਪੂਰਨ ਸਤਿਗੁਰਾਂ ਨਾਲ ਮੇਲਦਾ ਹੈ।

ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ ॥ ੨ ॥

ਗੁਰਾਂ ਦੀ ਕਿਰਪਾ ਨਾਲ ਜੀਵਤ ਭਾ ਤੋਂ ਮਰਨਾ ਕਰੇ, ਤਾਂ ਫਿਰ ਇਸ ਦਾ ਮਰਨਾ ਨਹੀਂ ਹੁੰਦਾ॥ ੨ ॥

ਪਉੜੀ ॥ਜਿਸ ਦਾ ਕੀਤਾ ਸਭੁ ਕਿਛੁ ਹੋਵੈ ਤਿਸ ਨੋ ਪਰਵਾਹ ਨਾਹੀ ਕਿਸੈ ਕੇਰੀ ॥

ਜਿਸ ਪ੍ਰਭੂ ਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ, ਉਸ ਪ੍ਰੋਭੂ ਨੂੰ ਕਿਸੇ ਦੀ ਪਰਵਾਹ ਨਹੀਂ ਹੈ।

(ਪੰਨਾ ੫੫੫)

ਹਰਿ ਜੀਉ ਤੇਰਾ ਦਿਤਾ ਸਭੁ ਕੋ ਖਾਵੈ ਸਭ ਮੁਹਤਾਜੀ ਕਢੈ ਤੇਰੀ ॥

ਹੇ ਹਰਿ ਜੀਉ ! ਆਪ ਜੀ ਦਾ ਦਿੱਤਾ ਹੋਇਆ ਹੀ ਸਭ ਕੋਈ ਖਾਂਦਾ ਹੈ, ਇਸ ਲਈ ਸਾਰੇ ਤੇਰੀ ਹੀ ਮੁਥਾਜੀ ਕੱਢਦੇ ਹਨ। ਭਾਵ ਆਪ ਜੀ ਦੀ ਅਧੀਨਤਾ ਵਿੱਚ ਰਹਿਣਾ ਕਰਦੇ ਹਨ।

ਜਿ ਤੁਧ ਨੋ ਸਾਲਾਹੇ ਸੁ ਸਭੁ ਕਿਛੁ ਪਾਵੈ ਜਿਸ ਨੋ ਕਿਰਪਾ ਨਿਰੰਜਨ ਕੇਰੀ ॥

ਜਿਹੜਾ ਮਨੁੱਖ ਆਪ ਜੀ ਨੂੰ ਸਲਾਹੁੰਦਾ ਹੈ, ਉਹ ਸਭ ਕੁਝ ਪਾਉਂਦਾ ਹੈ, ਪਰ ਸਲਾਹੁੰਦਾ ਉਹ ਹੈ ਜਿਸ ਉੱਤੇ ਨਿਰੰਜਨ ਪ੍ਰਭੂ ਕੇਰੀ=ਦੀ ਕਿਰਪਾ ਦ੍ਰਿਸ਼ਟੀ ਹੈ।

ਸੋਈ ਸਾਹੁ ਸਚਾ ਵਣਜਾਰਾ ਜਿਨਿ ਵਖਰੁ ਲਦਿਆ ਹਰਿ ਨਾਮੁ ਧਨੁ ਤੇਰੀ ॥

ਉਹੀ ਸ਼ਾਹੂਕਾਰ ਤੇ ਸੱਚਾ ਵਣਜਾਰਾ (ਵਾਪਾਰੀ) ਹੈ, ਜਿਸ ਨੇ ਤੇਰੀ=ਮੇਰ ਤੇਰ ਦੂਰ ਕਰਕੇ ਧੰਨਤਾ ਜੋਗ ਤੇਰੀ ਪ੍ਰਾਪਤੀ ਕਰਨ ਵਾਲੇ ਹਰੀ ਨਾਮ ਰੂਪ ਵਖਰੁ=ਸੌਦੇ ਨੂੰ ਲੱਦਣਾ ਕੀਤਾ ਹੈ।

ਸਭਿ ਤਿਸੈ ਨੋ ਸਾਲਾਹਿਹੁ ਸੰਤਹੁ
ਜਿਨਿ ਦੂਜੇ ਭਾਵ ਕੀ ਮਾਰਿ ਵਿਡਾਰੀ ਢੇਰੀ ॥ ੧੬ ॥

ਹੇ ਸੰਤ ਜਨੋ ! ਤੁਸੀਂ ਸਾਰੇ ਮਿਲਕੇ ਉਸ ਨੂੰ ਸਲਾਹੁਣਾ ਕਰੋ, ਜਿਸਨੇ ਦਵੈਤ ਭਾ ਦੀ ਢੇਰੀ ਨੂੰ ਮਾਰ ਕੇ ਭਾਵ ਢਾਹ ਕੇ ਵਿਡਾਰੀ=ਨਾਸ ਕਰ ਦਿੱਤਾ ਹੈ॥ ੧੬ ॥

ਸਲੋਕ ॥ ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥

ਕਬੀਰ ਜੀ ਕਥਨ ਕਰਦੇ ਹਨ, ਮਰਦਾ ਮਰਦਾ ਸਾਰਾ ਜਗਤ ਹੀ ਮਰ ਗਿਆ ਹੈ, ਪਰ ਅਸਲੀ ਮਰਨੇ ਨੂੰ ਕੋਈ ਭੀ ਜਾਣਦਾ ਨਹੀਂ ਹੈ।

ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥ ੧ ॥

ਜਿਵੇਂ ਮਹਾਤਮਾ ਸੰਸਾਰ ਵੱਲੋਂ ਮਰਦੇ ਹਨ ! ਐਸੀ ਮਰਨੀ=ਅਜੇਹੀ ਮਰਨੀ ਨਾਲ ਜੋ ਪੁਰਸ਼ ਮਰਦੇ ਹਨ ਉਹਨਾਂ ਪੁਰਸ਼ਾਂ ਦਾ ਬਹੁਰਿ=ਫਿਰ ਮਰਨਾ ਨਹੀਂ ਹੁੰਦਾ॥ ੧ ॥

ਮ: ੩ ॥ ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥

ਕੀ ਜਾਣੀਏ ! ਜੋ ਕਿਸ ਤਰ੍ਹਾਂ ਮਰਾਂਗੇ ਅਸਾਡਾ ਮਰਨਾ ਕਿਵੇਂ ਹੋਵੇਗਾ। ਕਿਉਂਕਿ-

''ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ'' ॥ ੩੯ ॥

(ਪੰਨਾ ੧੩੬੬)

ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥

ਜੇਕਰ ਮਨ ਵਿਚੋਂ ਮਾਲਕ ਪ੍ਰਭੂ ਨਾ ਭੁੱਲੇ, ਤਾਂ ਇਸ ਦਾ ਮਰਨਾ ਸਹਿਲਾ ਹੋਇ=ਸਫਲਾ ਹੁੰਦਾ ਹੈ।

ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥

ਜਗਤ ਮਰਨ ਤੋਂ ਡਰਦਾ ਹੈ, ਅਤੇ ਸਭ ਕੋਈ ਜੀਊਦਾ ਹੀ ਲੋੜੈ=ਚਾਹੁੰਦਾ ਹੈ।

ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ॥

ਜਿਹੜਾ ਮਨੁੱਖ ਗੁਰਾਂ ਦੀ ਕਿਰਪਾ ਨਾਲ ਜੀਵਤ ਭਾ ਤੋਂ ਮਰਦਾ ਹੈ, ਉਹ ਪ੍ਰਭੂ ਦੇ ਹੁਕਮ ਨੂੰ ਅਚੱਲ ਸਮਝਦਾ ਹੈ।

ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ॥ ੨॥

ਗੁਰੂ ਜੀ ਆਖਦੇ ਹਨ-ਜੋ ਅਜੇਹੀ ਮਰਨੀ ਵਿਚ ਮਰਦਾ ਹੈ ਭਾਵ ਜੋ ਜੀਵਤ ਭਾ ਤੋਂ ਮਰਦਾ ਹੈ ਤਾਂ ਉਸ ਦਾ ਜੀਊਣਾ ਸਦ=ਸ੍ਰੇਸ਼ਟ ਹੁੰਦਾ ਹੈ॥ ੨॥

ਪਉੜੀ॥ ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ
ਤਾ ਆਪਣਾਂ ਨਾਉ ਹਰਿ ਆਪਿ ਜਪਾਵੈ॥

ਜਾਂ ਹਰੀ ਸੁਆਮੀ ਆਪ ਕਿਰਪਾਲੂ ਹੋਵੇ, ਤਾਂ ਆਪਣਾ ਨਾਮ ਹਰੀ ਆਪ ਹੀ ਜਪਾਉਂਦਾ ਹੈ।

ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾਂ ਸੇਵਕੁ ਆਪਿ ਹਰਿ ਭਾਵੈ॥

ਹਰੀ ਆਪ ਹੀ ਸਤਿਗੁਰਾਂ ਨਾਲ ਮੇਲ ਕੇ ਸੁਖ ਦੇਂਦਾ ਹੈ, ਕਿਉਂਕਿ ਆਪਣਾ ਸੇਵਕ ਹਰੀ ਨੂੰ ਆਪ ਹੀ ਭਾਉਂਦਾ ਹੈ।

ਆਪਣਿਆ ਸੇਵਕਾ ਕੀ ਆਪਿ ਪੈਜ ਰਖੈ ਆਪਣਿਆ ਭਗਤਾ ਕੀ ਪੈਰੀ ਪਾਵੈ॥

ਆਪਣਿਆਂ ਦਾਸਾਂ ਦੀ ਹਰੀ ਆਪ ਹੀ ਪੱਤ-ਆਬਰੋ ਰੱਖਦਾ ਹੈ, ਅਤੇ ਸਾਰਿਆਂ ਜੀਵਾਂ ਨੂੰ ਆਪਣਿਆਂ ਭਗਤਾਂ ਦੀ ਚਰਨੀ ਪਾਉਂਦਾ ਹੈ।

ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ॥

ਧਰਮ ਰਾਜਾ ਹਰੀ ਦਾ ਕੀਤਾ ਹੋਇਆ ਹੈ, ਇਸ ਵਾਸਤੇ ਹਰੀ ਦੇ ਜੋ ਸੇਵਕ ਜਨ ਹਨ ਉਹਨਾਂ ਦੇ ਨੇੜੇ ਉਹ ਆਉਂਦਾ ਨਹੀਂ ਹੈ। ਯਥਾ:-

ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ
ਹੋਰ ਕੇਤੀ ਝਖਿ ਝਖਿ ਆਵੈ ਜਾਵੈ॥ ੧੭॥

ਜੋ ਮਨੁੱਖ ਹਰੀ ਦਾ ਪਿਆਰਾ ਹੈ ਉਹ ਸਾਰਿਆਂ ਦਾ ਪਿਆਰਾ ਹੈ, ਹੋਰ ਕਿਤਨੀ ਹੀ ਸ੍ਰਿਸ਼ਟੀ ਖੱਪ ਖੱਪ ਕੇ ਆਉਂਦੀ ਜਾਂਦੀ ਹੈ॥ ੧੭॥

ਸਲੋਕ ਮਃ ੩ ॥ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥

ਲੋਕ ਦਿਖਾਵੇ ਲਈ ਸਾਰਾ ਜਗਤ ਰਾਮ ਰਾਮ ਕਰਦਾ ਫਿਰਦਾ ਹੈ, ਇਸ ਕਰਕੇ ਉਹ ਰਾਮ ਪ੍ਰਭੂ ਪਾਇਆ ਨਹੀਂ ਜਾਂਦਾ।

ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥

ਕਿਉਂਕਿ ਰਾਮ ਅਗਮ=ਮਨ ਦੀ ਪਹੁੰਚ ਤੋਂ ਪਰੇ ਹੈ, ਅਗੋਚਰ=ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਅਤਿ ਵਡਾ=ਬਹੁਤ ਵੱਡਾ ਹੈ, ਨਾ ਤੋਲੇ ਜਾਣ ਵਾਲਾ ਰਾਮ ਤੋਲਿਆ ਭੀ ਨਹੀਂ ਜਾਂਦਾ।

ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥

ਉਸ ਰਾਮ ਦੀ ਕੀਮਤ ਕਿਸੀ ਨੇ ਨਹੀਂ ਪਾਈ, ਅਤੇ ਨਾ ਹੀ ਕਿਸੇ ਮੁੱਲ ਤੋਂ ਲਿਆ ਜਾਂਦਾ ਹੈ।

ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥

ਜਿਸ ਨੂੰ ਭੇਦਿਆ=ਮਿਲਿਆ ਹੈ ਉਸ ਨੂੰ ਗੁਰਾਂ ਦੇ ਉਪਦੇਸ਼ ਕਰਕੇ ਮਿਲਿਆ ਹੈ,
ਅਥਵਾ:- ਗੁਰਾਂ ਦੇ ਉਪਦੇਸ਼ ਦੁਆਰਾ ਜਿਸ ਨੇ ਮਨ ਦੇ ਕਠੋਰ ਸੁਭਾਅ ਨੂੰ ਭੇਦਿਆ=ਵਿੰਨਿਆਂ ਹੈ ਉਸ ਦੇ ਮਨ ਵਿਚ ਇਸ ਵਿਧੀ ਨਾਲ ਆ ਕੇ ਵਸਿਆ ਹੈ।

ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥

ਗੁਰੂ ਜੀ ਆਖਦੇ ਹਨ, ਉਹ ਪ੍ਰਭੂ ਆਪ ਅਮੇਉ=ਮਾਪੇ ਤੋਂ ਰਹਿਤ ਹੈ, ਗੁਰਾਂ ਦੀ ਕਿਰਪਾ ਨਾਲ ਉਸ ਨੂੰ ਸਾਰਿਆਂ ਵਿਚ ਸਮਾਇ=ਮਿਲ ਰਿਹਾ ਨਿਸਚੇ ਕੀਤਾ ਹੈ।

ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ ॥ ੧ ॥

ਜੋ ਆਪਣੇ ਸਰੂਪ ਵਿਚ ਮਿਲਿਆ ਹੈ, ਉਸ ਨਾਲ ਜੋ ਜਗਿਆਸੂ ਮਿਲ ਰਿਹਾ ਹੈ, ਉਸ ਨੂੰ ਉਹ ਪ੍ਰਭੂ ਆਪੇ ਆ ਕੇ ਮਿਲਿਆ ਹੈ॥ ੧ ॥

ਮਃ ੩ ॥ ਏ ਮਨ ਇਹੁ ਧਨੁ ਨਾਮੁ ਹੈ ਜਿਤੁ ਸਦਾ ਸਦਾ ਸੁਖੁ ਹੋਇ ॥

ਹੇ ਮਨ ! ਨਾਮ ਰੂਪ ਧਨ ਅਜੇਹਾ ਹੈ ਜਿਸ ਕਰਕੇ ਸਦਾ ਸਦਾ ਸੁਖ ਹੁੰਦਾ ਹੈ।

ਤੋਟਾ ਮੂਲਿ ਨ ਆਵਈ ਲਾਹਾ ਸਦ ਹੀ ਹੋਇ ॥

ਮੂਲਿ=ਕਦਾਚਿਤ ਤੋਟਾ=ਘਾਟਾ ਆਉਂਦਾ ਨਹੀਂ ਅਤੇ ਸਦਾ ਹੀ ਲਾਹਾ=ਲਾਭ (ਨਫ਼ਾ) ਹੁੰਦਾ ਹੈ।

ਖਾਧੈ ਖਰਚਿਐ ਤੋਟਿ ਨ ਆਵਈ ਸਦਾ ਸਦਾ ਓਹੁ ਦੇਇ ॥

ਆਪ ਖਾਂਧਿਆਂ ਹੋਰਨਾਂ ਨੂੰ ਖਰਚਦਿਆਂ ਵੀ ਤੋਟਿ=ਘਾਟਾ ਨਹੀਂ ਆਉਂਦਾ, ਉਹ ਨਾਮ ਧਨ ਸਦਾ ਲਾਭ ਹੀ ਦੇਂਦਾ ਹੈ।

ਸਹਸਾ ਮੂਲਿ ਨ ਹੋਵਈ ਹਾਣਤ ਕਦੇ ਨ ਹੋਇ ॥

ਇਸ ਨਾਮ ਧਨ ਦੇ ਚੋਰੀ ਹੋਣ ਦਾ ਕਦਾਚਿਤ ਸੰਸਾ ਨਹੀਂ ਹੁੰਦਾ, ਅਤੇ ਨਾਹੀ ਇਸ ਨਾਮ ਧਨ ਦਾ ਕਦੇ ਹਾਣਤ=ਨਾਸ ਹੁੰਦਾ ਹੈ।

ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥ ੨ ॥

ਗੁਰੂ ਜੀ ਆਖਦੇ ਹਨ, ਇਹ ਨਾਮ ਧਨ ਗੁਰਾਂ ਦਵਾਰੇ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਉੱਤੇ ਵਾਹਿਗੁਰੂ ਆਪ ਕਿਰਪਾ ਦੀ ਨਦਰਿ=ਨਜ਼ਰ ਕਰਦਾ ਹੈ॥ ੨ ॥

ਪਉੜੀ ॥ ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ ॥

ਉਹ ਪ੍ਰਭੂ ਆਪ ਹੀ ਸਾਰਿਆਂ ਘਟਾਂ ਦੇ ਅੰਦਰ ਹੈ, ਅਤੇ ਆਪੇ ਹੀ ਬਾਹਰ ਹੈ।

ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ ॥

ਆਪ ਹੀ ਲੁਕ ਕੇ ਵਰਤਦਾ ਹੈ, ਅਤੇ ਆਪੇ ਹੀ ਸਾਰੇ ਜਾਹਰਿ=ਪ੍ਰਸਿੱਧ (ਪ੍ਰਗਟ) ਹੈ।

ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ ॥

ਮਹਾਂ ਪਰਲੋ ਵੇਲੇ ਛਤੀਹ ਜੁਗੁ ਗੁਬਾਰੁ=ਅਨ੍ਹੇਰਾ ਕਰਕੇ ਆਪ ਹੀ ਸੁੰਨਾ ਹਰਿ=ਅਫੁਰ ਹਰੀ ਵਰਤ ਰਿਹਾ ਸੀ।

ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ ॥

ਓਥੈ ਮਹਾਂ ਪਰਲੋ ਕਾਲ ਮੇਂ ਵੇਦ, ਪੁਰਾਣ, ਸ਼ਾਸਤ੍ਰ ਕੋਈ ਭੀ ਨਹੀਂ ਸੀ, ਨਰਹਰਿ=ਨਰਾਂ ਦੀ ਹਰੇ ਕਰਨ ਵਾਲਾ ਇੱਕ ਹਰੀ ਆਪ ਹੀ ਸੀ।

ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ ॥

ਸਾਰਿਆਂ ਤੋਂ ਬਾਹਰ ਹੋਇਆ ਹੋਇਆ ਆਪ ਹੀ ਤਾੜੀ=ਸਮਾਧੀ ਲਾਈ ਬੈਠਾ ਸੀ।

ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰੁ ॥ ੧੮ ॥

ਉਹ ਪ੍ਰਭੂ ਆਪਣੀ ਮਿਤਿ=ਮਰਯਾਦਾ ਨੂੰ ਆਪ ਹੀ ਜਾਣਦਾ ਹੈ, ਅਤੇ ਆਪ ਹੀ ਗਉਹਰੁ=ਮੋਤੀ ਵਾਂਗੂੰ ਸ਼ੁੱਧ ਹੈ। ਅਥਵਾ:-ਸਮੁੰਦਰ ਦੀ ਨਿਆਈਂ ਗੰਭੀਰ ਹੈ॥ ੧੮ ॥

ਸਲੋਕ ਮ: ੩ ॥ ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥

ਸਾਰਾ ਜਗਤ ਹਉਮੈ ਵਿੱਚ ਮਰਿਆ ਹੋਣ ਕਰਕੇ ਮਰਦਾ ਹੀ ਮਰਦਾ ਜਾਂਦਾ ਹੈ।

(ਪੰਨਾ ੫੫੬)

ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥

ਜਿਤਨਾ ਚਿਰ ਸਰੀਰ ਵਿਚ ਦੰਮੁ=ਸ੍ਵਾਸ ਹੁੰਦੇ ਹਨ ਉਤਨਾ ਚਿਰ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ, ਇਸ ਲਈ ਅੱਗੇ ਪ੍ਰਲੋਕ ਵਿਚ ਜਾ ਕੇ ਕੀ ਕਰੇਗਾ?

ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥

ਜੋ ਮਨੁੱਖ ਗਿਆਨਵਾਨ ਹੁੰਦੇ ਹਨ ਉਹ ਚੇਤਨ ਪ੍ਰਭੂ ਦਾ ਸਰੂਪ ਹੁੰਦੇ ਹਨ, ਅਤੇ ਅਗਿਆਨੀ ਪੁਰਸ਼ ਅੰਨ੍ਹੇ ਹੀ ਕਰਮਾਂ ਨੂੰ ਕਮਾਉਂਦੇ ਹਨ।

ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥ ੧॥

ਗੁਰੂ ਜੀ ਆਖਦੇ ਹਨ-ਜੋ ਕਰਮ ਇੱਥੇ ਕਮਾਉਂਦਾ ਹੈ, ''ਅਗੈ ਪਾਏ ਜਾਇ''=ਉਸ ਦਾ ਫਲ ਅੱਗੇ ਜਾਕੇ ਪਾਏਗਾ। ਅਤੇ ਜੋ ਕਰਮ ਪਿਛਲੇ ਜਨਮ ਵਿਚ ਕਮਾਏ ਸਨ ਉਹਨਾਂ ਦਾ ਫਲ ਹੁਣ ਮਿਲਦਾ ਹੈ॥ ੧॥

ਮ: ੩ ॥ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ॥

ਧੁਰ ਤੋਂ ਹੀ ਵਾਹਿਗੁਰੂ ਦਾ ਹੁਕਮ ਹੋਇਆ ਹੋਇਆ ਹੈ, ਕਿ ਸਤਿਗੁਰਾਂ ਤੋਂ ਬਿਨਾਂ ਪ੍ਰਭੂ ਦਾ ਨਾਮ ਜਪਿਆ ਨਹੀਂ ਜਾਂਦਾ।

ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ॥

ਜੋ ਮਨੁੱਖ ਸਤਿਗੁਰਾਂ ਨੂੰ ਮਿਲਿਆ ਹੈ, ਉਸ ਨੇ ਜਾਣ ਲਿਆ ਹੈ ਕਿ ਉਹ ਪ੍ਰਭੂ ਮੇਰੇ ਅੰਦਰ ਹੀ ਰਵਿ ਰਿਹਾ ਹੈ, ਇਸ ਲਈ ਉਹ ਸਦਾ ਹੀ ਪ੍ਰਭੂ ਵਿਚ ਆਪਣੀ ਲਿਵ ਲਗਾ ਰਿਹਾ ਹੈ।

ਦਮਿ ਦਮਿ ਸਦਾ ਸਮ੍ਹਲਦਾ ਦੰਮੁ ਨ ਬਿਰਥਾ ਜਾਇ॥

ਸਦਾ ਹੀ ਦਮ ਦਮ=ਸ੍ਵਾਸ ਸ੍ਵਾਸ ਨੂੰ ਯਾਦ ਕਰਦਾ ਹੈ, ਉਸ ਦਾ ਕੋਈ ਭੀ ਸ੍ਵਾਸ ਨਿਸਫਲ ਨਹੀਂ ਜਾਂਦਾ।

ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥

ਉਸ ਦੇ ਮਨ 'ਚੋ ਜਨਮ ਮਰਨ ਦਾ ਡਰ ਨਿਕਲ ਗਿਆ ਹੈ, ਅਤੇ ਉਸ ਨੇ ਜੀਵਨ ਪਦਵੀ ਪਾਈ ਹੈ।

ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ॥ ੨॥

ਗੁਰੂ ਜੀ ਆਖਦੇ ਹਨ-ਇਹ ਮਰਾਤਬਾ ਉਸ ਨੂੰ ਦੇਂਦਾ ਹੈ, ਜਿਸ ਉੱਤੇ ਰਜਾਇ=ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ॥ ੨॥

ਪਉੜੀ॥ ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ॥

ਉਹ ਪ੍ਰਭੂ ਆਪ ਹੀ ਦਾਨਾਂ=ਦਨਾਈ ਵਾਲਾ ਹੈ, ਆਪ ਹੀ ਬੀਨਿਆ=ਦ੍ਰਿਸ਼ਟਾ ਹੈ, ਆਪ ਹੀ ਸਾਰਿਆਂ 'ਚੋਂ ਪਰਧਾਨਾਂ=ਮੁਖੀ ਹੈ।

ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ॥

ਆਪ ਹੀ ਸ੍ਵੈ-ਸਰੂਪ ਨੂੰ ਦਿਖਾਉਂਦਾ ਹੈ, ਅਤੇ ਆਪ ਹੀ ਧਿਆਨਾਂ=ਸਮਾਧੀ ਲਾਉਂਦਾ ਹੈ।

ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ॥

ਆਪ ਹੀ ਮੋਨੀ=ਚੁੱਪ ਹੋ ਕੇ ਵਰਤਦਾ ਹੈ, ਅਤੇ ਆਪ ਹੀ ਗਿਆਨ ਦੀਆਂ ਗੱਲਾਂ ਕਥਨ ਕਰਦਾ ਹੈ।

ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ॥

ਕੌੜਾ ਦੁਖਦਾਇਕ ਕਿਸੇ ਨੂੰ ਨਹੀਂ ਲੱਗਦਾ, ਸਾਰਿਆਂ ਨੂੰ ਭਾਨਾ=ਚੰਗਾ ਹੀ ਲੱਗਦਾ ਹੈ।

ਉਸਤਤਿ ਬਰਨਿ ਨ ਸਕੀਐ ਸਦ ਸਦ ਕੁਰਬਾਨਾ ॥ ੧੬ ॥

ਉਸ ਦੀ ਉਸਤਤ ਬਰਨਿ ਨ ਸਕੀਐ=ਕਥਨ ਨਹੀਂ ਕੀਤੀ ਜਾ ਸਕਦੀ, ਇਸ ਤੇ ਮੈਂ ਉਸਨੂੰ ਬਲਿਹਾਰ ਕੁਰਬਾਨ ਜਾਂਦਾ ਹੈ॥ ੧੬ ॥

ਸਲੋਕ ਮਃ ੧ ॥ ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥

ਗੁਰੂ ਜੀ ਆਖਦੇ ਹਨ-ਕਲੀ=ਕਲਜੁਗ ਦੇ ਅੰਦਰ, ਅਥਵਾ:-ਕਲੀ=ਕਲਾ ਰੂਪ=ਪ੍ਰਪੰਚ ਦੇ ਅੰਦਰ ਨਾਮਹੀਣ ਪੁਰਸ਼ ਜਿੰਨਾਂ=ਭੂਤਨਿਆਂ ਦਾ ਅਵਤਾਰ ਹਨ।

ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥ ੧ ॥

ਉਨ੍ਹਾਂ ਦਾ ਪੁੱਤਰ ਜਿਨੂਰਾ=ਛੋਟਾ ਭੂਤਨਾ ਹੈ, ਧੀਅ=ਲੜਕੀ ਛੋਟੀ ਭੂਤਨੀ ਹੈ, ਅਤੇ ਜੋਰੂ=ਇਸਤ੍ਰੀ ਜਿੰਨਾ=ਭੂਤਨਿਆਂ ਦਾ ਸਿਕਦਾਰੁ=ਸਰਦਾਰ ਹੈ ਅਰਥਾਤ ਵੱਡੀ ਭੂਤਨੀ ਔਰਤ ਹੈ ਜਿਸ ਨੇ ਆਪਣੇ ਪਰਿਵਾਰ ਨੂੰ ਚੰਗੇ ਪਾਸੇ ਨਹੀਂ ਲਗਾਇਆ।

ਅਥਵਾ;-ਕਲੀ=ਕਲੇਸ਼ ਦੇ ਅੰਦਰ ਹੋਣ ਕਰਕੇ ਸਾਰੇ ਮਨੁੱਖ ਭੂਤਨਿਆਂ ਦਾ ਅਵਤਾਰ ਹਨ। ਪੁਤੁ ਜਿਨੂਰਾ=ਮਨ ਵੀ ਭੂਤਨਾ ਹੈ, ਧੀਅ ਜਿੰਨੂਰੀ=ਬੁੱਧੀ ਵੀ ਭੂਤਨੀ ਹੈ, ਜੋਰੂ=ਅਵਿੱਦਿਆ ਤਾਂ ਭੂਤਨਿਆਂ ਦਾ ਸਿਕਦਾਰੁ=ਸਰਦਾਰ ਹੈ॥ ੧ ॥

ਮਃ ੧ ॥ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥

ਹਿੰਦੂ ਲੋਕ ਮੂਲ ਰੂਪ ਪਰਮਾਤਮਾ ਤੋਂ ਭੁੱਲੇ ਹੋਏ ਅਖੁਟੀ ਜਾਂਹੀ=ਨਿਸਫਲ ਜਾ ਰਹੇ ਹਨ।

ਨਾਰਦ ਰਿਖੀ ਜੀ ਨੇ ਦੋ ਗੱਲਾਂ ਕਹੀਆਂ ਹਨ, ੧. ਪ੍ਰੇਮਾ ਭਗਤੀ ਕਰਨੀ ਤੇ ੨. ਠਾਕੁਰ ਪੂਜਾ ਕਰਨੀ। ਪਰ ਜੀਵ ਨੇ ਪ੍ਰੇਮਾ ਭਗਤੀ ਵਾਲੀ ਗੱਲ ਤਾਂ ਛੱਡ ਹੀ ਦਿੱਤੀ ਹੈ। ਅਤੇ:-

ਨਾਰਦਿ ਕਹਿਆ ਸਿ ਪੂਜ ਕਰਾਂਹੀ ॥

ਨਾਰਦ ਰਿਖੀ ਜੀ ਨੇ ਜੋ ਠਾਕੁਰ ਪੂਜਨ ਕਿਹਾ ਹੈ, ਉਸ ਅਨੁਸਾਰ ਠਾਕੁਰ ਪੂਜਨ ਕਰਦੇ ਹਨ,

ਅਥਵਾ:-ਨਾਰਦਿ=ਮਨ ਦੇ ਕਹੇ ਅਨੁਸਾਰ ਠਾਕੁਰ ਪੂਜਨ ਵਾਲੀ ਗੱਲ ਕਰਦੇ ਹਨ।

ਅੰਧੇ ਗੁੰਗੇ ਅੰਧ ਅੰਧਾਰੁ ॥

ਪਰਮਾਰਥ ਤੇ ਵਿਹਾਰਕ ਦੋਹਾਂ ਅੱਖਾਂ ਤੋਂ ਰਹਿਤ ਹੋਣ ਕਰਕੇ ਅੰਨ੍ਹੇ ਹਨ।

ਯਥਾ:- ਹਿੰਦੂ ਅੰਨ੍ਹਾ ਤੁਰਕੂ ਕਾਣਾ ॥ (ਗੌਂਡ ਨਾਮਦੇਵ ਜੀ, ਪੰਨਾ ੮੭੫)

ਅਥਵਾ:-ਗਿਆਨ ਵੈਰਾਗ ਰੂਪ ਦੋਹਾਂ ਅੱਖਾਂ ਤੋਂ ਰਹਿਤ ਹੋਣ ਕਰਕੇ ਅੰਨ੍ਹੇ ਹਨ।

ਪ੍ਰੀਤੀ ਰੂਪੀ "ਜਿਹਵਾ" ਤੋਂ ਰਹਿਤ ਹੋਣ ਕਰਕੇ ਗੁੰਗੇ ਹਨ, ਅੰਨ੍ਹਿਆਂ ਨੂੰ ਅਗਿਆਨ ਰੂਪ ਅਨ੍ਹੇਰਾ ਬਣਿਆਂ ਹੀ ਰਹਿੰਦਾ ਹੈ।

ਪਾਥਰੁ ਲੈ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ ੨ ॥

ਮੂਰਖ ਤੇ ਗਵਾਰ ਜੋ ਹਿੰਦੂ ਲੋਕ ਹਨ, ਉਹ ਕੇਵਲ ਪੱਥਰਾਂ ਨੂੰ ਹੀ ਲੈ ਕੇ ਪੂਜਦੇ ਰਹਿੰਦੇ ਹਨ।

ਜੇਕਰ ਉਹ ਪੱਥਰ ਆਪ ਹੀ ਜਲ ਵਿਚ ਡੁੱਬ ਜਾਂਦੇ ਹਨ ਤਾਂ ਤੁਹਾਨੂੰ ਤਾਰਨ ਵਾਲੇ ਕਿਵੇਂ ਹੋਣਗੇ ? ਭਾਵ ਨਾ ਉਹ ਆਪ ਤਰਦੇ ਹਨ ਨਾ ਦੂਜੇ ਨੂੰ ਤਾਰ ਸਕਦੇ ਹਨ॥ ੨॥

ਯਥਾ:- ਕੈਸੇ ਤੋਹਿ ਤਾਰਿ ਹੈ ਸੁਨਿ ਜੜ ਆਪ ਡੁਬਜੋ ਭਵ ਸਾਗਰ॥

ਛੁਟਿਹੋ ਕਾਲ ਫਾਸ ਤੇ ਤਬ ਹੀ ਗਹੋ ਸਰਨਿ ਜਗਤਾਗਰ॥ ੩॥ ੧॥ (ਦਸਮ ਗ੍ਰੰਥ, ਪੰਨਾ ੭੧੧)

ਤਥਾ:- ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥

ਪਾਹਣੁ ਨੀਰਿ ਪਖਾਲੀਐ ਭਾਈ ਜੰਲ ਮਹਿ ਬੂਡਹਿ ਤੇਹਿ॥ ੬॥

(ਸੋਰਠਿ ਮਹਲਾ ੧, ਪੰਨਾ ੬੩੭)

ਇਸੇ ਕਰਕੇ ਗੁਰੂ ਕਲਗੀਧਰ ਜੀ ਨੇ ਕਿਹਾ, ਹੇ ਖਾਲਸਾ ਜੀ ! ਪੱਥਰ ਪੂਜਾ ਨਹੀਂ ਕਰਨੀ ਤੇ ਸਰਬ-ਸ਼ਕਤੀਮਾਨ ਅਕਾਲ ਪੁਰਖ ਦੇ ਚਰਨੀਂ ਪੈਣਾ ਕਰੋ:-

ਤਥਾ:-ਪਾਹਨ ਕੀ ਪੂਜਾ ਨਹਿ ਕਰਿਯੈ॥ ਮਹਾ ਕਾਲ ਕੇ ਪਾਇਨ ਪਰਿਯੈ॥ (ਦਸਮ ਗ੍ਰੰਥ, ਪੰਨਾ ੧੨੧੦)

ਪਉੜੀ॥ ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ॥

ਹੇ ਵਾਹਿਗੁਰੂ ! ਸਭ ਕੁਝ ਆਪ ਜੀ ਦੇ ਵੱਸ ਵਿਚ ਹੈ, ਤੂੰਹੀਂ ਸੱਚਾ ਮਾਲਕ ਹੈਂ।

ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ॥

ਪੂਰਾ ਵੇਸਾਹੁ=ਭਰੋਸਾ ਹੋਣ ਕਰਕੇ ਭਗਤ ਲੋਕ ਇਕ ਆਪ ਜੀ ਦੇ ਰੰਗ ਵਿਚ ਰੱਤੇ ਹੋਏ ਹਨ।

ਅੰਮ੍ਰਿਤੁ ਭੋਜਨੁ ਨਾਮੁ ਹਰਿ ਰਜਿ ਰਜਿ ਜਨ ਖਾਹੁ॥

ਭਗਤ ਜਨ ਹਰੀ ਨਾਮ ਰੂਪ ਅੰਮ੍ਰਿਤ ਭੋਜਨ ਨੂੰ ਰੱਜ ਰੱਜ ਕੇ ਖਾਹੁ=ਖਾਂਦੇ ਹਨ।

ਸਭਿ ਪਦਾਰਥ ਪਾਈਅਨਿ ਸਿਮਰਣੁ ਸਚੁ ਲਾਹੁ॥

ਸੱਚ ਨਾਮ ਸਿਮਰਨ ਦੇ ਲਾਭ ਕਰਕੇ ਭਗਤ ਜਨ ਸਭ ਪਦਾਰਥਾਂ ਨੂੰ ਪਾਉਂਦੇ ਹਨ।

ਸੰਤ ਪਿਆਰੇ ਪਾਰਬ੍ਰਹਮ ਨਾਨਕ ਹਰਿ ਅਗਮ ਅਗਾਹੁ॥ ੨੦॥

ਗੁਰੂ ਜੀ ਆਖਦੇ ਹਨ, ਉਸ ਪਾਰਬ੍ਰਹਮ ਨੂੰ ਸੰਤ ਪਿਆਰੇ ਹਨ, ਜੋ ਹਰੀ ਪਾਰਬ੍ਰਹਮ ਅਗਮ ਅਗਾਧ ਹੈ॥ ੨੦॥

ਸਲੋਕ ਮ: ੩॥ ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ॥

ਵਾਹਿਗੁਰੂ ਦੇ ਹੁਕਮ ਵਿਚ ਹੀ ਸਭ ਕੁਛ ਆਉਂਦਾ ਹੈ ਅਤੇ ਹੁਕਮ ਵਿਚ ਹੀ ਜਾਂਦਾ ਹੈ।

ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ॥

ਜਿਹੜਾ ਕੋਈ ਮੂਰਖ ਆਪਣੇ ਆਪ ਨੂੰ ਹੀ ਜਾਣਦਾ ਹੈ, ਉਹ ਅੰਨ੍ਹਾਂ ਅੰਨ੍ਹੇ ਹੀ ਕਰਮਾਂ ਨੂੰ ਕਮਾਉਂਦਾ ਹੈ।

ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ॥ ੧॥

ਗੁਰੂ ਜੀ ਆਖਦੇ ਹਨ, ਉਹ ਕੋਈ ਗੁਰਮੁਖ ਹੀ ਹੁਕਮ ਨੂੰ ਸਮਝਦਾ ਹੈ, ਜਿਸ ਉੱਤੇ ਰਜਾਇ=ਵਾਹਿਗੁਰੂ ਕਿਰਪਾ ਕਰਦਾ ਹੈ॥ ੧॥

ਮ: ੩ ॥ਸੋ ਜੋਗੀ ਜੁਗਤਿ ਸੋ ਪਾਏ ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ॥

ਉਹ ਅਸਲ ਜੋਗੀ ਹੈ, ਓਹੀ ਪ੍ਰਭੂ ਵਿਚ ਜੁੜਨ ਦੀ ਜੁਗਤੀ ਪਾਉਂਦਾ ਹੈ, ਜਿਸ ਨੂੰ ਗੁਰਾਂ ਦਵਾਰੇ ਨਾਮ ਪ੍ਰਾਪਤ ਹੁੰਦਾ ਹੈ।

ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ॥

ਉਸ ਜੋਗੀ ਦਾ ਦੇਹ ਰੂਪ ਨਗਰੀ ਵਿਚ ਸਭ ਕੋਈ (ਸਤ ਸੰਤੋਖ ਆਦਿਕ ਸ਼ੁਭ ਗੁਣ) ਵਸਦੇ ਹਨ, ਕੇਵਲ ਭੇਖੀ ਬਣਿਆਂ ਜੋਗ ਪ੍ਰਾਪਤ ਨਹੀਂ ਹੁੰਦਾ।

ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ॥ ੨॥

ਗੁਰੂ ਜੀ ਆਖਦੇ ਹਨ, ਅਜਿਹਾ ਜੋਗੀ ਕੋਈ ਵਿਰਲਾ ਹੈ, ਜਿਸ ਦੇ ਦਿਲ ਵਿਚ ਵਾਹਿਗੁਰੂ ਪ੍ਰਗਟ ਹੁੰਦਾ ਹੈ॥ ੨॥

ਪਉੜੀ॥ ਆਪੇ ਜੰਤ ਉਪਾਇਅਨੁ ਆਪੇ ਆਧਾਰੁ॥

ਹੇ ਵਾਹਿਗੁਰੂ ! ਤੈਨੇ ਆਪ ਹੀ ਜੀਵਾਂ ਨੂੰ ਪੈਦਾ ਕੀਤਾ ਹੈ, ਅਤੇ ਆਪ ਹੀ ਸਾਰਿਆਂ ਜੀਵਾਂ ਦਾ ਆਧਾਰੁ=ਆਸਰਾ ਰੂਪ ਹੋ ਰਿਹਾ ਹੈਂ॥

ਆਪੇ ਸੂਖਮੁ ਭਾਲੀਐ ਆਪੇ ਪਾਸਾਰੁ॥

ਅਸਾਂ ਨੇ ਸ਼ਾਸਤਰਾਂ ਦਵਾਰੇ ਭਾਲਿਆ ਹੈ ਕਿ ਤੂੰ ਆਪ ਹੀ ਸੂਖਮ ਸਰੂਪ ਹੈਂ ਅਤੇ ਆਪ ਹੀ ਤੂੰ ਬੜੇ ਪਸਾਰੇ ਵਾਲਾ ਹੈਂ।

ਆਪਿ ਇਕਾਤੀ ਹੋਇ ਰਹੈ ਆਪੇ ਵਡ ਪਰਵਾਰੁ॥

ਤੂੰ ਆਪ ਹੀ ਮਹਾਤਮਾ ਰੂਪ ਹੋ ਕੇ ਇਕਾਂਤ ਜਗ੍ਹਾ ਪਰ ਇੱਕਲਾ ਰਹਿੰਦਾ ਹੈਂ, ਅਤੇ ਤੂੰ ਆਪ ਹੀ (ਗ੍ਰਹਿਸਤੀ ਰੂਪ ਹੋ ਕੇ) ਵੱਡੇ ਪਰਵਾਰ ਵਾਲਾ ਹੋ ਰਿਹਾ ਹੈਂ।

ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਨਾਰੁ॥

ਗੁਰੂ ਜੀ ਆਖਦੇ ਹਨ, ਹੇ ਹਰੀ ! ਮੈਂ ਤੇਰੇ ਸੰਤਾਂ ਦੇ ਚਰਨਾਂ ਦੀ ਰੇਨਾਰੁ=ਧੂੜੀ ਦਾ ਦਾਨ ਮੰਗਦਾ ਹਾਂ।

ਹੋਰੁ ਦਾਤਾਰੁ ਨ ਸੁਝਈ ਤੂ ਦੇਵਣਹਾਰੁ॥ ੨੧॥ ੧॥ ਸੁਧੁ॥

ਮੈਨੂੰ ਤੇਰੇ ਜਿਹਾ ਹੋਰ ਕੋਈ ਦਾਤਾ ਨਿਗਾਹ ਨਹੀਂ ਆਉਂਦਾ ਤੂੰ ਆਪ ਹੀ ਸਭ ਦਾਤਾਂ ਦੇ ਦੇਣ ਵਾਲਾ ਹੈਂ॥ ੨੧॥ ੧॥ ਸੁਧੁ॥

'ਸੁਧੁ'- ਇਹ ਬਿਹਾਗੜੇ ਦੀ ਵਾਰ ਸੁਧੁ ਕਹੀਏ ਸੋਧੀ ਹੋਈ ਹੈ ਭਾਵ ਠੀਕ ਹੈ, ਇਸ ਵਾਰ ਦੇ ਸੋਧਣ ਦਾ ਹੋਰ ਕਿਸੇ ਨੂੰ ਹੱਕ ਨਹੀਂ ਹੈ, ਕਿਉਂਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁਲ ਬਾਈ ਵਾਰਾਂ ਹਨ।

ਪਹਿਲੀ ਵਾਰ ਦੇ ਅੰਤ ਵਿੱਚ 'ਸੁਧੁ' ਹੈ। (ਪੰਨਾ ੯੧ ਦੇਖੋ)

ਦੂਜੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੧੫੦ ਦੇਖੋ)

ਤੀਜੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੩੧੮ ਦੇਖੋ)

ਪਰ ਚੌਥੀ ਵਾਰ ਦੇ ਅੰਤ ਵਿੱਚ 'ਸੁਧੁ ਕੀਚੇ' ਲਿਖਿਆ ਹੈ। (ਪੰਨਾ ੩੨੩ ਦੇਖੋ)

ਪੰਜਵੀਂ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੪੭੫ ਦੇਖੋ)

ਛੇਵੀਂ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੫੧੭ ਦੇਖੋ)

ਸੱਤਵੀਂ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੫੨੪ ਦੇਖੋ)

ਅੱਠਵੀਂ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੫੫੬ ਦੇਖੋ)

ਨੌਵੀਂ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੫੯੪ ਦੇਖੋ)

ਦਸਵੀਂ ਸੋਰਠਿ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੬੫੪ ਦੇਖੋ)

ਯਾਰਵੀਂ ਸੋਰਠਿ ਦੀ ਵਾਰ ਦੇ ਅੰਤ ਵਿੱਚ ਕੁਛ ਨਹੀਂ ਲਿਖਿਆ। (ਪੰਨਾ ੭੧੦ ਦੇਖੋ)

ਬਾਹਰਵੀਂ ਸੂਹੀ ਦੀ ਵਾਰ ਦੇ ਅੰਤ ਵਿੱਚ ਕੁਝ ਨਹੀਂ ਲਿਖਿਆ। (ਪੰਨਾ ੭੬੨ ਦੇਖੋ)

ਤੇਹਰਵੀਂ ਬਿਲਾਵਲੁ ਦੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੮੫੫ ਦੇਖੋ)

ਚੌਧਵੀਂ ਰਾਮਕਲੀ ਦੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੯੫੬ ਦੇਖੋ)

ਪੰਦਰਵੀਂ ਰਾਮਕਲੀ ਦੀ ਦੂਜੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੯੬੬ ਦੇਖੋ)

ਸੋਹਲਵੀਂ ਰਾਮਕਲੀ ਦੀ ਵਾਰ ਸਤੇ ਬਲਵੰਡ ਦੀ, ਇੱਥੇ ਕੁਝ ਨਹੀਂ ਲਿਖਿਆ। (ਪੰਨਾ ੯੬੮ ਦੇਖੋ)

ਸਤਾਰ੍ਹਵੀਂ ਮਾਰੂ ਦੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੧੦੯੪ ਦੇਖੋ)

ਅਠਾਰ੍ਹਵੀਂ ਮਾਰੂ ਡਖਣੇ ਦੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੧੧੦੨ ਦੇਖੋ)

ਉਨ੍ਹੀਵੀਂ ਬਸੰਤ ਦੀ ਵਾਰ ਦੇ ਅੰਤ ਵਿੱਚ ਕੁਛ ਨਹੀਂ ਲਿਖਿਆ। (ਪੰਨਾ ੧੧੯੩ ਦੇਖੋ)

ਵੀਹਵੀਂ ਸਾਰਗ ਦੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੧੨੫੧ ਦੇਖੋ)

ਇਕੀਹਵੀਂ ਮਲਾਰ ਦੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੧੨੯੧ ਦੇਖੋ)

ਬਾਈਵੀਂ ਕਾਨੜੇ ਦੀ ਵਾਰ ਦੇ ਅੰਤ ਵਿੱਚ ਭੀ 'ਸੁਧੁ' ਹੈ। (ਪੰਨਾ ੧੩੧੮ ਦੇਖੋ)

ਸੋਲ੍ਹਾਂ ਵਾਰਾਂ ਦੇ ਅੰਤ ਵਿੱਚ 'ਸੁਧੁ' ਲਿਖਿਆ ਹੋਇਆ ਹੈ
ਪਰ ਗਉੜੀ ਦੀ ਦੂਜੀ ਵਾਰ ਪੰਨਾ ੩੨੩ ਪਰ 'ਸੁਧੁ ਕੀਚੇ' ਲਿਖਿਆ ਹੋਇਆ ਹੈ।

ਇੱਕ ਹੀ ਵਾਰ ਵਿੱਚ 'ਸੁੱਧ ਕੀਚੇ' ਸ਼ਬਦ ਆਉਂਦਾ ਹੈ।

ਪੰਜ ਵਾਰਾਂ ਦੇ ਅੰਤ ਵਿੱਚ ਕੁਝ ਵੀ ਨਹੀਂ ਲਿਖਿਆ।

ਜੇਕਰ ਗੁਰੂ ਸਾਹਿਬ ਜੀ ਨੇ ਪੰਜਾਂ ਵਾਰਾਂ ਦੇ ਅੰਤ ਵਿਖੇ 'ਸੁਧੁ' ਨਹੀਂ ਲਿਖਿਆ ਤਾਂ ਇਹ ਉਹਨਾਂ ਦੀ ਆਪਣੀ ਮਰਜ਼ੀ ਹੈ।

(ਰਾਗੁ ਬਿਹਾਗੜਾ ਸਮਾਪਤ)

ਰਾਗੁ ਵਡਹੰਸੁ (ਪੰਨਾ ੫੫੭)

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਰਾਗੁ ਵਡਹੰਸੁ ਮਹਲਾ ੧ ਘਰੁ ੧॥

ਉਥਾਨਕਾ:–ਜਿਸ ਵੇਲੇ ਦੇਸ਼ਾਂ ਦਿਸ਼ਾਂਤਰਾਂ ਵਿਚ ਫਿਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਤਲਵੰਡੀ ਭਾਈ ਬਾਲੇ ਦੇ ਪਿਤਾ ''ਚੰਦ੍ਰ ਭਾਨ'' ਸੰਧੂ ਦੇ ਖੂਹ ਉੱਪਰ ਆ ਕੇ ਬੈਠੇ, ਤਾਂ ਕਿਸੀ ਨੇ ਮਾਤਾ ਜੀ ਨੂੰ ਆ ਕੇ ਕਿਹਾ ਤੇਰਾ ਪੁੱਤਰ (ਗੁਰ ਨਾਨਕ) ਤਾਂ ਚੰਦ੍ਰ ਭਾਨ ਦੇ ਖੂਹ ਤੇ ਬੈਠਾ ਹੋਇਆ ਹੈ। ਇਹ ਗੱਲ ਸੁਣ ਕੇ ਮਾਤਾ ਤ੍ਰਿਪਤਾ ਜੀ ਦੌੜੇ ਆਏ ਤੇ ਪਿਆਰ ਦੇ ਕੇ ਕਿਹਾ-ਸਦਕੇ ਜਾਵਾਂ ਘੋਲੀ ਜਾਵਾਂ, ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ- ਹੇ ਮਾਤਾ ਜੀ ! ''ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥''

ਉਸ ਮਾਲਕ ਪ੍ਰਭੂ ਦੇ ਨਾਮ ਤੋਂ ਮੈਂ ਬਲਿਹਾਰ ਜਾਂਦਾ ਹਾਂ ਟੁਕੜੇ ਟੁਕੜੇ ਜਾਂਦਾ ਹਾਂ। ਫੇਰ ਮਾਤਾ ਜੀ ਨੇ ਕਿਹਾ-ਆਪ ਅੱਠੇ ਪਹਿਰ ਨਾਮ ਹੀ ਜਪਦੇ ਰਹਿੰਦੇ ਹੋ ਕਿਸੇ ਨਾਲ ਗੱਲ-ਬਾਤ ਨਹੀਂ ਕਰਦੇ ਇਸ ਦਾ ਕੀ ਕਾਰਨ ਹੈ? ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ-ਮੇਰੇ ਅੰਦਰ ਅਜੇਹਾ ਪਿਆਰ ਹੈ ਜੋ ਮੈਂ ਨਾਮ ਸਿਮਰਨ ਤੋਂ ਬਿਨਾਂ ਨਹੀਂ ਰਹਿ ਸਕਦਾ। ਜਿਵੇਂ-

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥

ਅਮਲੀ ਪੁਰਸ਼ ਨੂੰ ਅਮਲ ਨਾ ਅੰਬੜੈ=ਪਹੁੰਚੇ ਤੇ ਉਹ ਦੁਖੀ ਹੁੰਦਾ ਹੈ,

ਯਥਾ:- ਹਰਿ ਬਿਨੁ ਰਹਿ ਨ ਸਕਉ ਇਕ ਰਾਤੀ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ॥ ਰਹਾਉ॥ (ਪੰਨਾ ੬੬੮)

ਤਥਾ:- ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥
ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥
(ਪੰਨਾ ੮੩੬)

ਅਤੇ ਮੱਛੀ ਨੂੰ ਜਲ ਨਾ ਪ੍ਰਾਪਤ ਹੋਵੇ ਤਾਂ ਉਹ ਮਰ ਜਾਂਦੀ ਹੈ।

ਯਥਾ:- ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ॥
ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥ ੧॥
(ਪੰਨਾ ੬੦੭)

ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥ ੧॥

ਇਸ ਤਰ੍ਹਾਂ ਜੋ ਪੁਰਸ਼ ਆਪਣੇ ਸਹਿ=ਮਾਲਕ ਪ੍ਰਭੂ ਵਿਚ ਰੱਤੇ ਹੋਏ ਹਨ, ਉਹਨਾਂ ਨੂੰ ਹੋਰ ਭਾਵੈ=ਚਾਹੇ ਸਭ ਕੁਝ ਪ੍ਰਾਪਤ ਹੋਏ। ਪਰ ਪਿਆਰੇ ਤੋਂ ਬਿਨਾਂ ਉਹਨਾਂ ਨੂੰ ਹੋਰ ਕੋਈ ਚੀਜ਼ ਚੰਗੀ ਨਹੀਂ ਲਗਦੀ ਅਤੇ ਨਾਹੀ ਉਹ ਜੀਉਂ ਸਕਦੇ ਹਨ॥ ੧॥

ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥ ੧॥ ਰਹਾਉ॥

ਉਸ ਮਾਲਕ ਪ੍ਰਭੂ ਦੇ ਨਾਮ ਉਤੋਂ ਹਉ ਵਾਰੀ ਵੰਞਾ=ਮੈਂ ਬਲਿਹਾਰ ਜਾਂਦਾ ਹਾਂ, ਖੰਨੀਐ ਵੰਞਾ=ਟੁਕੜੇ ਜਾਂਦਾ ਹਾਂ, ਭਾਵ ਕੁਰਬਾਨ ਜਾਂਦਾ ਹਾਂ॥ ੧॥ ਰਹਾਉ॥

ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥

ਸਾਹਿਬੁ=ਮਾਲਕ ਪਰਮਾਤਮਾ ਸ+ਫ਼ਲਿੳ=ਸਹਿਤ ਫਲਾਂ ਦੇ ਰੁਖੜਾ=ਬ੍ਰਿੱਛ ਹੈ, ਜਿਸ ਦਾ ਨਾਮ ਅੰਮ੍ਰਿਤ ਰੂਪ ਹੈ।

ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ॥ ੨॥

ਜਿਨ੍ਹਾਂ ਨੇ ਉਸ ਨਾਮ ਅੰਮ੍ਰਿਤ ਨੂੰ ਪੀਤਾ ਹੈ ਉਹ ਤ੍ਰਿਪਤ ਹੋਏ ਹਨ, ਹਉ=ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ॥ ੨॥

ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥

ਮਾਤਾ ਜੀ ਨੇ ਕਿਹਾ - ਹੇ ਪੁੱਤਰ ! ਜੇਕਰ ਉਹ ਪ੍ਰਭੂ ਹਭੀਆਂ=ਸਾਰੀਆਂ ਸਖੀਆਂ ਦੇ ਨਾਲ ਵਸ ਰਿਹਾ ਹੈ, ਤਾਂ ਮੈਨੂੰ ਉਹ ਨਿਗਾਹ ਕਿਉਂ ਨਹੀਂ ਆਉਂਦਾ ?

ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥ ੩॥

ਗੁਰੂ ਜੀ ਨੇ ਕਿਹਾ, ਹੇ ਮਾਤਾ ਜੀ ! ਜਾਂ ਸਰੋਵਰ ਦੇ ਵਿਚ ਪਾਲਿ=ਵੱਟ ਹੋਵੇ ਤਾਂ ਤ੍ਰਿਖਾ ਕਰਕੇ ਪਿਆਸਾ ਪੁਰਸ਼ ਜਲ ਨੂੰ ਕਿਵੇਂ ਲੈ ਸਕਦਾ ਹੈ? ਏਸੇ ਤਰ੍ਹਾਂ ਜਾਂ ਅੰਤਹਕਰਨ ਰੂਪੀ ਸਰੋਵਰ ਦੇ ਵਿਚ ਪੰਜਾਂ ਕੋਸ਼ਾਂ* ਰੂਪੀ ਵੱਟ ਹੈ ਤਾਂ ਪਿਆਸਿਆਂ ਵਾਂਗੂੰ ਇਹ ਤ੍ਰਿਖਾੜੂ ਜੀਵ ਆਤਮਾ ਰੂਪੀ ਜਲ ਨੂੰ ਕਿਵੇਂ ਲੈ ਸਕਦਾ ਹੈ ਅਰਥਾਤ ਨਹੀਂ ਲੈ ਸਕਦਾ।

ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰੇ, ਹੇ ਪ੍ਰਭੂ ! ਮੈਂ ਤੇਰਾ ਬਾਣੀਆ=ਗੁਮਾਸਤਾ ਹਾਂ, ਮੈਨੂੰ ਸ੍ਵਾਸਾਂ ਰੂਪੀ ਰਾਸਿ=ਪੂੰਜੀ ਦੇ ਦੇਣ ਵਾਲਾ ਤੂੰ ਮੇਰਾ ਸਾਹਿਬੁ=ਮਾਲਕ ਹੈਂ।

---

*੧. ਅੰਨਮਯ ਕੋਸ਼, ੨. ਪ੍ਰਾਣਮਯ ਕੋਸ਼, ੩. ਮਨੋਮਯ ਕੋਸ਼,
੪. ਵਿਗਯਾਨਮਯ ਕੋਸ਼, ੫. ਅਨੰਦਮਯ ਕੋਸ਼।

ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥ ੪ ॥ ੧ ॥

ਹੇ ਸਿਫਤੀ ਪਰਮਾਤਮਾ ! ਜਾਂ ਅਰਦਾਸੀਆ ਹੋ ਕੇ ਆਪ ਜੀ ਦੀ ਸਿਫਤਿ=ਉਸਤਤੀ ਕਰਾਂ, ਤਾਂ ਹੀ ਮਨ ਦੇ ਵਿਚੋਂ ਧੋਖਾ=ਸੰਸਾ ਲਹੈ=ਲਹਿੰਦਾ (ਉਤਰਦਾ) ਹੈ॥ ੪॥ ੧॥

ਵਡਹੰਸੁ ਮਹਲਾ ੧ ॥ ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥

ਗੁਣਾਂ ਵਾਲੀਆਂ ਮਹਾਤਮਾ ਰੂਪ ਸਖੀਆਂ ਨੇ ਸਹੁ=ਪਤੀ ਪਰਮਾਤਮਾ ਦੇ ਅਨੰਦ ਨੂੰ ਰਾਵਿਆ=ਭੋਗਿਆ ਹੈ, ਤੇ ਇਹ ਨਿਰਗੁਣਿ=ਗੁਣ ਹੀਣੀ ਕਿਸ ਵਾਸਤੇ ਕੂਕੇ=ਕੂਕਦੀ (ਪੁਕਾਰਾਂ) ਕਰਦੀ ਹੈ?

ਉੱਤਰ:-ਕਾਇ=ਕਾਇਆਂ ਵਿਚ, ਅਥਵਾ:-ਅਵਿੱਦਿਆ ਵਿਚ ਲੱਗ ਰਹੀ ਹੈ ਇਸ ਲਈ ਕੂਕਦੀ ਹੈ?

ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥ ੧ ॥

ਜੇਕਰ ਇਹ ਜੀਵ ਰੂਪ ਇਸਤ੍ਰੀ ਸ਼ੁਭ ਗੁਣਾਂ ਵਾਲੀ ਥੀ ਰਹੈ=ਹੋ ਰਹੇ, ਤਾਂ ਇਹ ਭੀ ਉਹਨਾਂ ਸੰਤਾਂ ਦੀ ਨਿਆਈਂ ਸਹੁ=ਪਤੀ (ਪਰਮੇਸ਼ਰ) ਦੇ ਰਾਵਣ=ਮਾਣਨ ਨੂੰ ਜਾਏਗੀ॥ ੧॥

ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ ॥ ੧ ॥ ਰਹਾਉ ॥

ਜਦ ਕਿ ਮੇਰਾ ਪਤੀ ਪਰਮਾਤਮਾ ਰੀਸਾਲੂ=ਸੁੰਦਰ ਹੈ, ਅਥਵਾ:-ਰਸਾਂ ਦਾ ਘਰ ਹੈ ਤਾਂ ਇਹ ਜਗਿਆਸੂ ਰੂਪ ਇਸਤ੍ਰੀ ਕੀ=ਕਿਸ ਵਾਸਤੇ ਹੋਰਨਾਂ ਨੂੰ ਰਾਵੇ=ਰਮਣ ਕਰਨ ਜਾਂਦੀ ਹੈ। ਅਰਥਾਤ ਪਰਮੇਸ਼ਰ ਨੂੰ ਛੱਡਕੇ ਹੋਰਨਾਂ ਦੇਵੀ ਦੇਵਤਿਆਂ ਦੀ ਉਪਾਸ਼ਨਾਂ ਵਿਚ ਕਿਉਂ ਲੱਗ ਰਹੀ ਹੈ॥ ੧॥ ਰਹਾਉ॥

ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥

ਜਿਵੇਂ ਪ੍ਰਤੱਖ ਇਸਤ੍ਰੀ ਟੂਣਾ ਕਰਕੇ ਆਪਣੇ ਪਤੀ ਨੂੰ ਵਸ ਕਰ ਲੈਂਦੀ ਹੈ, ਤਿਵੇਂ ਨਿਸ਼ਕਾਮ ਕਰਮਾਂ ਦੀ ਕਰਨੀ ਰੂਪੀ ਜੇਕਰ ਕਾਮਣ=ਟੂਣਾ, ਅਥਵਾ:- ਮਣਕਾ ਹੋ ਜਾਵੇ, ਅਤੇ ਜੇਕਰ ਸ਼ੁੱਧ ਮਨ ਰੂਪੀ,

ਅਥਵਾ:-ਮਨ ਦਾ ਕਾਬੂ ਕਰਨੇ ਰੂਪੀ, ਅਥਵਾ:-ਮਨੁ=ਮੰਨਣ ਕਰਕੇ ਰੂਪੀ ਧਾਗਾ=ਤੰਤ੍ਰ ਹੋ ਜਾਵੇ ਤਾਂ ਉਹ ਪਤੀ (ਪਰਮਾਤਮਾ) ਵਸੀਕਾਰ ਹੁੰਦਾ ਹੈ।

ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥ ੨ ॥

ਪ੍ਰਤੱਖ ਮਾਣਕਾਂ ਦੇ ਮੁੱਲ ਕਰਕੇ ਉਹ ਪ੍ਰਭੂ ਨਹੀਂ ਪਾਇਆ ਜਾਂਦਾ, ਸਾਧਨਾਂ ਕਰਕੇ ਉਸ ਨੂੰ ਚਿੱਤ ਵਿਚ ਪਰੋ ਲੈਣਾ ਕਰੇ॥ ੨॥

ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥

ਰਾਹੁ ਦਸਾਈ=ਰਸਤਾ ਤਾਂ ਪੁੱਛਦੀ ਹੈ, ਪਰ ਉਸ ਰਸਤੇ ਨ ਜੁਲਾਂ=ਚਲਦੀ ਨਹੀਂ ਹੈ ਤੇ ਮੂੰਹੋਂ ਆਖਦੀ ਹੈ ਕਿ ਮੈਂ ਅੰਮੜੀਆਸੁ=ਪਹੁੰਚ ਗਈ ਤਾਂ ਪਰ ਉਹ ਕਿਵੇਂ ਪਹੁੰਚ ਸਕਦੀ ਹੈ। ਇਸੇ ਤਰ੍ਹਾਂ ਗਿਆਨ ਵੈਰਾਗ ਰੂਪੀ ਰਸਤੇ ਨੂੰ ਤਾਂ ਪੁੱਛਦੀ ਹੈ, ਪਰ ਉਸ ਰਸਤੇ ਚਲਦੀ ਨਹੀਂ ਹੈ ਤੇ ਮੂੰਹੋਂ ਆਖਦੀ ਹੈ ਕਿ ਮੈਂ ਪਹੁੰਚ ਗਈ ਹਾਂ ਪਰ ਉਹ ਕਿਵੇਂ ਪਹੁੰਚ ਸਕਦੀ ਹੈ।

ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥ ੩ ॥

ਤੈ ਸਹ=ਤਿਸ ਪਤੀ ਪਰਮਾਤਮਾ ਦੇ ਨਾਲ ਤਾਂ ਅਕੂਅਣਾ=ਬੋਲਦੀ ਨਹੀਂ ਹੈ ਅਰਥਾਤ ਉਸ ਦੇ ਜਸ ਨੂੰ ਉਚਾਰਕੇ ਉਸ ਦੀ ਪ੍ਰਸੰਨਤਾ ਲੈਂਦੀ ਨਹੀਂ ਹੈ, ਤਾਂ ਸਰੂਪ ਘਰ ਵਿਚ ਕਿਵੇਂ ਵਾਸਾ (ਵਸਣਾ) ਹੋ ਸਕਦਾ ਹੈ॥ ੩ ॥

ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥

ਗੁਰੂ ਜੀ ਕਥਨ ਕਰਦੇ ਹਨ-ਇੱਕ ਪ੍ਰਭੂ ਤੋਂ ਬਾਹਰਾ=ਬਿਨਾਂ ਹੋਰ ਕੋਈ ਦੂਜਾ ਰੱਖਜਕ ਨਹੀਂ ਹੈ।

ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥ ੪ ॥ ੨ ॥

ਜਿਹੜੀ ਇਸਤ੍ਰੀ ਤੈ ਸਹ=ਉਸ ਪਤੀ ਪਰਮਾਤਮਾ ਦੇ ਸਿਮਰਨ ਨਾਲ ਲੱਗੀ ਰਹਿੰਦੀ ਹੈ, ਓਹੀ ਉਸ ਸਹੁ=ਪਤੀ ਪਰਮਾਤਮਾ ਦੇ ਆਨੰਦ ਨੂੰ ਰਾਵੈ=ਭੋਗਦੀ ਹੈ॥ ੪ ॥ ੨ ॥

ਵਡਹੰਸੁ ਮਹਲਾ ੧ ਘਰੁ ੨ ॥

ਉਥਾਨਕਾ:-ਬ੍ਰਹਮਾ ਦੀ ਕੁਲ ਵਿਚ ਕਸ਼ਪ ਰਿਖੀ ਜੀ ਹੋਏ, ਜਿਸ ਦੇ ਘਰ ਹਿਰਨਕਸ਼ਪ ਤੇ ਹਰਨਾਖਸ਼ ਹੋਇਆ ਤੇ ਹਰਨਾਖਸ਼ ਦੇ ਘਰ ਪ੍ਰਹਿਲਾਦ ਭਗਤ ਸੀ, ਉਹਨਾਂ ਦੇ ਅੱਗੇ ਰਾਜਾ ਬਿਰੋਚਨ ਜੀ, ਰਾਜਾ ਬਿਰੋਚਨ ਜੀ ਦੇ ਘਰ ਬਲ-ਰਾਜਾ ਨੂੰ ਵਿਸ਼ਨੂੰ ਜੀ ਨੇ ਬਾਵਨ ਰੂਪ ਹੋ ਕੇ ਛਲਿਆ ਅਤੇ ਉਸ ਦੀ ਭਗਤੀ ਦੇ ਪ੍ਰਭਾਵ ਕਰਕੇ ਪਤਾਲ ਵਿਚ ਉਸ ਦੇ ਦਰਵਾਜ਼ੇ ਅੱਗੇ ਪਹਿਰਾ ਦੇਣਾ ਸਵੀਕਾਰ ਕੀਤਾ। ਇਸ 'ਬਲ ਰਾਜਾ' ਦੇ ਘਰ 'ਬਾਨਾਸੁਰ' ਨਾਮੀ ਪੁੱਤਰ ਪੈਦਾ ਹੋਇਆ ਜਿਸ ਨੇ "ਕੈਲਾਸ਼ ਪਰਬਤ' ਤੇ ਬੈਠ ਕੇ ਬੜਾ ਭਾਰੀ ਤਪ ਕੀਤਾ ਅਤੇ ਸ਼ਿਵਜੀ ਨੂੰ ਪ੍ਰਸੰਨ ਕਰਕੇ ਉਸ ਤੋਂ ਹਜ਼ਾਰ ਬਾਹਾਂ ਦਾ ਬਲ ਵਰ ਦਾਨ ਲਿਆ। ਰਾਜਾ 'ਬਾਨਾਸੁਰ' ਨੇ ਬੜੀਆਂ ਖੁਸ਼ੀਆਂ ਕੀਤੀਆਂ। ਮ੍ਰਿਦੰਗ ਆਦਿਕ ਵਾਜੇ ਵਜਾ ਕੇ ਸ਼ਿਵਜੀ ਮਹਾਰਾਜ ਨੂੰ ਬਹੁਤ ਪ੍ਰਸੰਨ ਕੀਤਾ। ਉਪਰੰਤ ਆਪਣੇ ਸ਼ਹਿਰ ਵਿੱਚ ਅਗਨੀ ਤੇ ਪੌਣ ਦਾ ਕੋਟ ਉਸਾਰ ਕੇ ਚੌਫੇਰੇ ਜਲ ਖਾਈ ਤਿਆਰ ਕਰਕੇ ਬੜਾ ਆਨੰਦ ਪੂਰਬਕ ਨਿਰਭੈ ਹੋ ਕੇ ਰਹਿਣ ਲੱਗਾ। ਆਪਣਾ ਅਮਿਤ ਬਲ ਵੇਖਕੇ ਰਾਜਾ 'ਬਾਨਾਸੁਰ' ਦੀਆਂ ਭੁਜਾਂ ਕਿਸੇ ਨਾਲ ਯੁੱਧ ਕਰਨ ਵਾਸਤੇ ਫੁਰਕਣ ਲੱਗ ਪਈਆਂ। ਰਾਜਾ ਦਿਲ ਵਿਚ ਵਿਚਾਰੇ:-

ਚੌਪਈ:-ਭਈ ਖੁਰਕ ਲਰਬੇ ਬਿਨ ਭਾਰੀ। ਕਾਂਕੇ ਸੰਗ ਕਰੌਂ ਯੁੱਧ ਭਾਰੀ।
ਨਹੀਂ ਸੂਰ ਦੇਖਤ ਮੈਂ ਐਸਾ। ਜਾਂਕੇ ਸੰਗ ਕਰੌਂ ਰਣ ਵੈਸਾ॥ ੧ ॥

ਅਰਥਾਤ:-ਰਾਜਾ ਦਿਲ ਵਿਚ ਵਿਚਾਰਦਾ ਹੈ ਕਿ ਬਾਹਾਂ ਨੂੰ ਬੜੀ ਖੁਰਕ ਹੋ ਰਹੀ ਹੈ ਜੋ ਕਿਸੇ ਜੋਧੇ ਨਾਲ ਜੰਗ ਕੀਤੇ ਤੋਂ ਬਿਨਾਂ ਹਟ ਨਹੀਂ ਸਕਦੀ। ਇਸ ਕਰਕੇ ਮੇਰੇ ਬਰਾਬਰ ਦਾ ਹੋਰ ਕਿਹੜਾ ਹੈ ਜਿਸ ਨਾਲ ਮੈਂ ਜੰਗ ਕਰਕੇ ਬਾਹਾਂ ਦੀ ਖੁਰਕ ਮਿਟਾਵਾਂ। ਏਸੇ ਜੋਸ਼ ਵਿਚ ਕਈ ਪਹਾੜਾਂ ਨੂੰ ਟਕਰਾ ਟਕਰਾ ਕੇ ਚੂਰ ਕਰ ਦਿੱਤਾ ਪਰ ਬਾਹਾਂ ਦੀ ਖਰਕ ਫੇਰ ਵੀ ਨਾ ਗਈ। ਅੰਤ ਨੂੰ ਸ਼ਿਵਜੀ ਪਾਸ ਜਾ ਕੇ ਕਿਹਾ ਕਿ ਮੈਨੂੰ ਕੋਈ ਮਹਾਂਬਲੀ ਸੂਰਮਾ ਦੱਸ, ਜਿਸ ਨਾਲ ਮੈਂ ਯੁੱਧ ਕਰਕੇ ਦਿਲ ਦਾ ਜੋਸ਼ ਠੰਢਾ ਕਰਾਂ।

ਇਹ ਗੱਲ ਸੁਣਕੇ ਸ਼ਿਵਜੀ ਨੇ ਕਿਹਾ, ਘਬਰਾ ਨਹੀਂ ਤੇਰੇ ਨਾਲ ਯੁੱਧ ਕਰਨ ਵਾਲਾ ਯਾਦਵ ਕੁਲ ਵਿੱਚ ਸ੍ਰੀ ਕਿਸ਼ਨ ਭਗਵਾਨ ਵਿਸ਼ਨੂੰ ਦਾ ਅਵਤਾਰ ਹੋਵੇਗਾ। ਬਾਨਾਸੁਰ ਪ੍ਰਸੰਨ ਹੋ ਕੇ ਕਹਿਣ ਲੱਗਾ ਉਹ ਕਦੋਂ ਅਵਤਾਰ ਲਵੇਗਾ? ਮੈਨੂੰ ਕਿਸ ਤਰ੍ਹਾਂ ਪਤਾ ਲੱਗੇਗਾ, ਕਿ ਕ੍ਰਿਸ਼ਨ ਜੀ ਨੇ ਅਵਤਾਰ ਧਾਰ ਲਿਆ ਹੈ ਅਤੇ ਮੇਰੇ ਨਾਲ ਕਿਸ ਸਮੇਂ ਯੁੱਧ ਕਰੇਗਾ?

ਇਹ ਗੱਲ ਸੁਣਕੇ ਸ਼ਿਵਜੀ ਨੇ ਰਾਜੇ ਨੂੰ ਇੱਕ ਧੁਜਾ (ਝੰਡਾ) ਦੇ ਕੇ ਕਿਹਾ ਇਸ ਨੂੰ ਆਪਣੇ ਮੰਦਰ ਉੱਪਰ ਖੜਾ ਕਰ ਦੇਹ। ਜਿਸ ਵੇਲੇ ਇਹ ਆਪਣੇ ਆਪ ਡਿੱਗ ਪਵੇਗਾ ਤਾਂ ਸਮਝ ਲਵੀਂ ਕਿ ਮੇਰਾ ਸ਼ੱਤਰੂ ਪੈਦਾ ਹੋ ਗਿਆ ਹੈ। ਰਾਜੇ ਨੇ ਸੱਤ-ਬਚਨ ਕਹਿ ਕੇ ਸ਼ਿਵਜੀ ਪਾਸੋਂ ਧੁਜਾ ਲੈ ਲਈ ਅਤੇ ਘਰ ਜਾ ਕੇ ਆਪਣੇ ਮੰਦਰ ਉੱਪਰ ਖੜ੍ਹੀ ਕਰ ਦਿੱਤੀ।

ਇਹ ਜੋ ਕੁਝ ਉੱਪਰ ਦੱਸਿਆ ਹੈ ਇਹ ਉਸ ਦੇ ਘਰਾਣੇ ਦਾ ਹਾਲ ਹੈ ਜਿਸ ਦਾ ਕਿ ਅਸਾਡੀ ਸਾਖੀ ਨਾਲ ਅਸਲੀ ਸਬੰਧ ਹੈ, ਇਸ ਰਾਜੇ ਬਾਨਾਸੁਰ ਦੀ ਇੱਕ ਲੜਕੀ "ਊਖਾਂ"* ਨਾਮ ਕਰਕੇ ਸੀ, ਜੋ ਬੜੀ ਅਕਲ ਸ਼ਕਲ ਵਾਲੀ ਸੀ। ਵਿੱਦਿਆ ਪ੍ਰਾਪਤੀ ਵਾਸਤੇ ਰਾਜੇ ਨੇ ਇਸ ਨੂੰ ਪਾਰਬਤੀ ਪਾਸ ਪੜ੍ਹਣੇ ਪਾਇਆ ਹੋਇਆ ਸੀ ਜੋ ਸੱਤ ਸਾਲ ਲਗਾਤਾਰ ਆਪਣੇ ਘਰੋਂ ਕੈਲਾਸ਼ ਪਰਬਤ ਉੱਤੇ ਪੜ੍ਹਣ ਜਾਂਦੀ ਤੇ ਮੁੜ ਘਰ ਆਉਂਦੀ ਸੀ।

ਇੱਕ ਦਿਨ ਊਖਾਂ ਨੇ ਕਿਤੇ ਦੇਵ ਨੇਤ ਹੀ ਸ਼ਿਵਜੀ ਪਾਰਬਤੀ ਨੂੰ ਗ੍ਰਹਿਸਤ-ਧਰਮ ਕਰਦਿਆਂ ਵੇਖ ਲਿਆ, ਜਿਸ ਤੋਂ ਪਤੀ ਦੀ ਪ੍ਰਾਪਤੀ ਵਾਸਤੇ ਊਖਾਂ ਦੇ ਦਿਲ ਵਿਚ ਵੀ ਇੱਛਾ ਪੈਦਾ ਹੋ ਗਈ। ਪਾਰਬਤੀ ਨੇ ਇਸ ਦੇ ਅੰਤ੍ਰੀਵ ਭਾਵ ਨੂੰ ਸਮਝ ਕੇ ਕਿਹਾ ਉਤਾਵਲੀ ਨਾ ਹੋ ਤੈਨੂੰ ਤੇਰੇ ਹੋਣ ਵਾਲੇ ਪਤੀ ਦਾ ਪਹਿਲਾਂ ਸੁਪਨੇ ਵਿੱਚ ਚਿਤਰ ਆਵੇਗਾ ਫਿਰ ਤੂੰ ਉਸ ਨੂੰ ਲੱਭਕੇ ਪਤੀ ਵਰ ਲਵੀਂ, ਇਉਂ ਭਵਿੱਖਤ ਬਚਨ ਕਹਿ ਕੇ ਊਖਾਂ ਨੂੰ ਵਿਦਾ ਕਰ ਦਿੱਤਾ। ਘਰ ਆ ਕੇ ਊਖਾਂ ਰਾਤ ਦਿਨ ਉਦਾਸੀ ਵਿਚ ਰਹਿਣ ਲੱਗ ਪਈ, ਜਿਸ ਤੇ ਅੰਨ-ਪਾਣੀ ਵੀ ਥੋੜ੍ਹਾ ਖਾਇਆ ਕਰੇ, ਅਤੇ ਹਾਸ-ਬਿਲਾਸ ਤੋਂ ਵੀ ਵਾਂਝੀ ਰਹੇ। ਇਸ ਦੀ ਐਸੀ ਦਸ਼ਾ ਵੇਖਕੇ ਰਾਜੇ ਨੇ ਇਸ ਨੂੰ ਇੱਕ ਸੁੰਦਰ ਬਗੀਚਾ ਤੇ ਉਸ ਵਿਚ ਤਲਾਬ ਬਣਵਾ ਦਿੱਤਾ। ਹੱਸਣ ਖੇਡਣ ਵਾਸਤੇ ਦਾਸੀਆਂ ਰੱਖ ਦਿੱਤੀਆਂ। ਊਖਾਂ ਨੇ ਉਸ ਬਗੀਚੇ ਵਿੱਚ ਪਾਰਬਤੀ ਦੀ ਪੂਜਾ ਵਾਸਤੇ ਇੱਕ ਸੁੰਦਰ ਅਸਥਾਨ ਤਿਆਰ ਕਰਵਾਇਆ ਅਤੇ ਸਦੀਵ ਕਾਲ ਪਾਰਬਤੀ ਦੀ ਪੂਜਾ ਕਰਦੀ ਰਹੇ।

ਇੱਕ ਦਿਨ ਪਤੀ ਮਿਲਾਪ ਦੀ ਯਾਦ ਵਿੱਚ ਸੌਂ ਗਈ ਅਤੇ ਪਾਰਬਤੀ ਦੇ ਵਰ ਕਰਕੇ ਇੱਕ ਸੁੰਦਰ ਚੜ੍ਹਦੀ ਜਵਾਨੀ ਵਾਲੇ ਗਭਰੂ ਦਾ ਸੁਪਨੇ ਵਿਚ ਦਰਸ਼ਨ ਹੋਇਆ। ਸੁਪਨੇ ਵਿੱਚ ਹੀ ਆਹਮੋ-ਸਾਹਮਣੇ ਬੈਠ ਕੇ ਪ੍ਰੇਮ ਮਈ ਗੱਲਾਂ ਕਰਦੇ ਰਹੇ. ਜਦ ਊਖਾਂ ਨੇੜੇ ਹੋ ਕੇ ਸਰੀਰਕ ਛੋਹ ਪ੍ਰਾਪਤ ਕਰਨ ਲੱਗੀ ਤਾਂ ਨੀਂਦ ਖੁਲ੍ਹ ਗਈ। ਹੱਥ ਪਸਾਰਦੀ ਤੇ ਮੁੜ ਅੱਖਾਂ ਮੀਟਦੀ ਹੀ ਰਹਿ ਗਈ ਪਰ ਪਤੀ-ਦੇਵ ਜੀ ਮੁੜ ਨਾ ਆਏ। ਬਸ ਪਾਰਬਤੀ ਦੇ ਬਚਨ ਅਨੁਸਾਰ ਆਪਣਾ ਹੋਣ ਵਾਲਾ ਪਤੀ ਸਮਝ ਕੇ ਓਸੇ ਦੀ ਯਾਦ ਤੇ ਮੇਲ ਦੇ ਖਿਆਲ ਵਿਚ ਲੀਨ ਹੋ ਕੇ ਉਦਾਸ ਰਹਿਣ ਲੱਗੀ। ਸਖੀਆਂ ਸਹੇਲੀਆਂ ਨੇ ਬਹੁਤ ਪੁੱਛਿਆ ਪਰੰਤੂ ਕਿਸੇ ਨੂੰ ਆਪਣਾ ਭੇਤ ਨਾ ਦੱਸੇ। ਅੰਤ ਨੂੰ ਇੱਕ ('ਚਿਤ੍ਰਰ ਰੇਖਾ' ਨਾਮੀ) ਸਖੀ ਨੇ, ਜੋ ਚਿਤ੍ਰਕਾਰੀ ਵਿੱਚ

*ਇਸ ਦੀ ਮਾਂ ਦਾ ਨਾਮ "ਬਾਨਾਵਤੀ" ਕਰਕੇ ਸੀ ਜੋ ਰਾਜੇ ਬਾਨਾਸੁਰ ਦੀ ਪਟਰਾਣੀ ਸੀ।

ਚਤੁਰ ਸੀ, ਵਿਸ਼ਵਾਸ ਦੇ ਕੇ ਕਿਹਾ ਤੂੰ ਬੇ-ਝੱਕ ਹੋ ਕੇ ਆਪਣੇ ਦਿਲ ਦੀ ਗੱਲ ਮੈਨੂੰ ਦੱਸ ਦੇ, ਮੈਂ ਤੇਰਾ ਕੰਮ ਪੂਰਾ ਕਰਾਂਗੀ ਕਿਉਂਕਿ:-

ਮੋਕ ਵਰ ਬ੍ਰਹਮਾ ਨੇ ਦੀਨੋ॥ ਵਸ ਮੇਰੇ ਸਭ ਹੀ ਕੋ ਕੀਨੋ॥
ਮੇਰੇ ਸੰਗ ਸਾਰਦਾ ਰਹੈ॥ ਵਾਂਕੇ ਬਲ ਕਰਹੋਂ ਜੋ ਕਹੈ॥
ਅਬ ਤੂੰ ਕਹੁ ਸਭ ਅਪਨੀ ਬਾਤ॥ ਕੈਸੇ ਕਟੀ ਆਜ ਕੀ ਰਾਤ॥
ਮੋ ਸੋ ਕਪਟ ਕਰੋ ਜਿਨ ਪਿਆਰੀ॥ ਪੁਜਵੋਂਗੀ ਸਭ ਆਸ ਤਿਹਾਰੀ॥ ੧॥

ਬਸ ਚਿਤ੍ਰ ਰੇਖਾ ਦੀ ਇਹ ਗੱਲ ਸੁਣ ਕੇ ਊਖਾਂ ਨੇ ਆਪਣਾ ਸਾਰਾ ਦਿਲ ਉਸ ਅੱਗੇ ਖੋਹਲ ਦਿੱਤਾ, ਅਤੇ ਜੋ ਕੁਝ ਸੁਪਨੇ ਵਿੱਚ ਬੀਤਿਆ ਸੀ ਉਸ ਦਾ ਨਕਸ਼ਾ ਗੁਰੂ ਸਾਹਿਬ ਜੀ ਨੇ ਇਸ ਸ਼ਬਦ ਦੁਆਰਾ ਪਰਗਟ ਕੀਤਾ ਹੈ। ਹੁਣ ਊਖਾਂ ਆਪਣੇ ਸੁਪਨ*ਦਰਸ਼ਨ ਦੀ ਸਾਰੀ ਹਾਲਤ ਸੁਣਾਉਂਦੀ ਹੈ-

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥

(ਪੰਨਾ ੫੫੮)

ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥
ਮਾਠਿ ਗੁੰਦਾਇੰਦੀ ਪਟੀਆ ਭਰੀਐ ਮਾਗ ਸੰਧੂਰੇ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥

---

*ਕਿਉਂਕਿ - ਕਾਵਜ ਸ਼ਾਸਤ੍ਰ ਵਿੱਚ ਚਾਰ ਪ੍ਰਕਾਰ ਦਾ ਦਰਸ਼ਨ ਕਥਨ ਕੀਤਾ ਹੈ-

੧. ਪ੍ਰਤੱਖ ਦਰਸ਼ਨ, ੨. ਮੂਰਤੀ ਦਰਸ਼ਨ, ੩. ਸਰਵਣ ਦਰਸ਼ਨ, ੪. ਸੁਪਨ ਦਰਸ਼ਨ।

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧ ॥੩ ॥

(ਇਸ ਸ਼ਬਦ ਦਾ ਅਰਥ ਅੰਨਵੇਂ ਤੁਕਾਂ ਅਨੁਸਾਰ ਜਿਵੇਂ ਵਰਣਨ ਕੀਤਾ ਗਿਆ ਹੈ, ਆਪ ਧਿਆਨ ਨਾਲ ਪੜ੍ਹਣਾ)

ਸੁਪਨੈ ਆਇਆ:- ਸੁਪਨ ਦੇ ਵਿੱਚ ਜਦ ਪਤੀ ਅਨਰੁਧ ਦਾ ਦਰਸ਼ਨ ਆ ਕੇ ਪ੍ਰਾਪਤ ਹੋਇਆ।

ਭੈਣੇ ਸਾਵਣੁ ਆਇਆ:-ਹੇ ਭੈਣੇ ਚਿਤ੍ਰ ਰੇਖਾ! ਤਾਂ ਮੈਨੂੰ ਐਸਾ ਸਾਵਣੁ=ਅਨੰਦ ਪ੍ਰਾਪਤ ਹੋਇਆ।

ਮੋਰੀ ਰੁਣ ਝੁਣ ਲਾਇਆ:-ਜਿਸ ਤਰ੍ਹਾਂ ਸਾਵਣ ਦੇ ਮਹੀਨੇ ਬੱਦਲਾਂ ਨੂੰ ਵੇਖਕੇ ਮੋਰ ਰੁਣ-ਝੁਣ ਲਾ ਕੇ ਪੈਲਾਂ ਪਾਉਂਦੇ ਹਨ।

ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ:- ਤਿਸ ਦੇ ਨੇਤਰ ਕਟਾਖਸ਼ ਜੋ ਜੇਵਡਾ=ਰੱਸੇ ਵਾਂਗ-ਫਹਾਵਣੇ ਵਾਲੇ ਹਨ, ਤਿਨ੍ਹਾਂ ਲੋਭੀਆਂ ਨੇ ਲੋਭ ਦੇ ਕੇ ਮੈਂ ਮੁੰਧ ਨੂੰ ਲੁਭਾਇਆਨ ਕਰ ਲੀਤਾ।

ਮੈ ਮਾਣੁ ਕੀਆ:-ਤਿਸ ਵੇਲੇ ਮੈਂ ਆਪਣੇ ਚਿੱਤ ਵਿਚ ਮਾਣ ਕਰ ਲੀਤਾ ਕਿ ਪਤੀ ਆਪੇ ਆ ਕੇ ਮਿਲ ਗਿਆ।

ਭੀ ਗਇਆ ਮੈ ਜਲੁ ਭਰਿਆ ਰੋਇ:-ਮਾਣ ਕਰਨ ਨਾਲ ਭੀ=ਬਹੁੜੋ ਚਲਾ ਗਿਆ। ਸਾਰੀ ਰਾਤ ਮੈਂ ਫਿਰ ਅੱਖਾਂ ਵਿਚ ਜਲ ਭਰ ਕੇ ਰੋਣਾ ਕੀਤਾ। ਇਤਨੀ ਗੱਲ ਚਿਤਰ ਰੇਖਾ ਨੂੰ ਸੁਣਾਂਦੀ ਸੁਣਾਂਦੀ ਪਤੀ ਦੇ ਧਿਆਨ ਵਿੱਚ ਮਸਤ ਹੋ ਗਈ ਤੇ ਆਪਣੇ ਸਨਮੁਖ ਪਤੀ ਨੂੰ ਖੜ੍ਹਾ ਸਮਝ ਕੇ ਕਥਨ ਕਰਦੀ ਹੈ

ਤੇਰੇ ਦਰਸਨ ਵਿਟਹੁ ਖੰਨੀਐ ਵੰਞਾ:- ਹੇ ਪਤੀ ! ਮੈਂ ਤੁਹਾਡੇ ਦਰਸ਼ਨ ਉੱਪਰੋਂ ਖੰਨੀਐ ਵੰਞਾ=ਟੁਕੜੇ ਟੁਕੜੇ ਜਾਂਦੀ ਹਾਂ।

ਤੇਰੇ ਨਾਮ ਵਿਟਹੁ ਕੁਰਬਾਣੈ:- ਅਤੇ ਆਪ ਦੇ ਨਾਮ ਤੋਂ ਵੀ ਬਲਿਹਾਰ ਕੁਰਬਾਨ ਜਾਂਦੀ ਹਾਂ।

ਜਾ ਤੂ ਤਾ ਮੈ ਮਾਣੁ ਕੀਆ ਹੈ:- ਜਾਂ ਆਪ ਪ੍ਰਾਪਤ ਹੋਏ ਤਾਂ ਹੀ ਮੈਨੇ ਮਾਣ ਕੀਤਾ ਹੈ।

ਤੁਧੁ ਬਿਨੁ ਕੇਹਾ ਮੇਰਾ ਮਾਣੋ:-ਆਪ ਤੋਂ ਬਗੈਰ ਮੇਰਾ ਕਾਹਦਾ ਮਾਣ ਹੈ, ਕਿਉਂਕਿ ਪਤੀ ਤੋਂ ਬਗੈਰ ਔਰਤ ਦਾ ਕੁਛ ਮਾਣ ਨਹੀਂ ਹੁੰਦਾ। ਚਿਤ੍ਰ ਰੇਖਾ ਨੂੰ ਕਹਿੰਦੀ ਹੈ ਕਿ ਮੈਂ ਤਾਂ ਉਸ ਦੇ ਵਾਸਤੇ ਸੁੰਦਰ ਚੂੜਾ ਪਾਇਆ ਤੇ ਸੋਹਣਾ ਪਲੰਘ ਵਿਛਾਇਆ ਸੀ ਫਿਰ ਪਤਾ ਨਹੀਂ ਕਿਉਂ ਚਲਾ ਗਿਆ।

ਅੱਗੋਂ ਚਿਤ੍ਰ ਰੇਖਾ ਜਵਾਬ ਦੇਂਦੀ ਹੈ।

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥:- ਹੇ ਮੁੰਧੇ=ਊਖਾਂ! ਬਾਹਾ=ਭੁਜਾਂ ਸਹਿਤ ਚੂੜੇ ਨੂੰ ਭੰਨ ਦੇਹ, ਅਤੇ ਬਾਹੀਆਂ ਸਹਿਤ ਪਲੰਘ ਨੂੰ ਤੋੜ ਦੇਹ। ਕਿਉਂਕਿ-

ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਹੇ ਮੁੰਧੇ=ਪਿਆਰੀ ਸਖੀ! ਇਤਨੇ ਲਿਬਾਸ ਕਰਨ ਨਾਲ ਵੀ ਜੇਕਰ ਸਹੁ=ਅਵਰਾਹਾ=ਹੋਰਨਾਂ ਵਿੱਚ ਜਾ ਰੱਤਾ ਹੈ। ਪਤੀ ਤੋਂ ਬਿਨਾਂ ਇਸਤ੍ਰੀ ਦੇ ਸ਼ਿੰਗਾਰ ਕਰਨੇ ਕਿਸੇ ਲੇਖੇ ਨਹੀਂ ਹਨ।

ਯਥਾ- ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ॥ ਓਇ ਭੀ ਜਾਨਉ ਕਿਤੈ ਨ ਲੇਖੈ॥

(ਆਸਾ ਮਹਲਾ ੫, ਪੰਨਾ.੩੭੩)

ਤਥਾ- ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ॥
ਚੋਆ ਚੰਦਨੁ ਬਹੁ ਘਣਾ ਪਾਨਾਂ ਨਾਲਿ ਕਪੂਰੁ॥
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ॥ ੪॥
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ॥

(ਸਿਰੀਰਾਗੁ ਮਹਲੁ ੧, ਪੰਨਾ ੧੯)

ਊਖਾਂ ਬੋਲੀ:-

ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਮੈਨੂੰ ਉਹ ਮਨੀਆਰ ਨਹੀਂ ਮਿਲਦਾ ਜਿਸ ਨੇ ਰਾਤ ਨੂੰ ਚੂੜੀਆਂ ਪਾਈਆਂ ਸਨ, ਅਤੇ ਨਾ ਹੀ ਰਾਤ ਵਾਲੀਆਂ ਚੂੜੀਆਂ ਦਾ ਕੁਝ ਪਤਾ ਹੈ ਜੋ ਕਿੱਥੇ ਗਈਆਂ। ਉਹ ਰਾਤ ਵਾਲੀਆਂ ਕੱਚ ਦੀਆਂ ਵੰਗਾਂ ਵੀ ਨਹੀਂ ਹਨ।

ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥- ਜੋ ਆਪਣੇ ਪਤੀ ਦੇ ਗਲ ਨਾਲ ਨਹੀਂ ਲਗਦੀਆਂ ਉਹ ਬਾਹਾਂ ਜਲਨੁ=ਸੜ ਜਾਣ।

ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ : ਸਾਰੀਆਂ ਸਖੀਆਂ ਆਪੋ ਆਪਣੇ ਪਤੀ ਨਾਲ ਰਾਵਣਿ=ਅਨੰਦ ਭੋਗਣ ਵਾਸਤੇ ਘਰਾਂ ਵਿਚ ਗਈਆਂ ਹੋਈਆਂ ਹਨ। ਹਉ=ਮੈਂ ਵਿਛੋੜੇ ਦੀ ਅੱਗ ਨਾਲ ਦਾਧੀ=ਸੜੀ ਹੋਈ ਕਿਸ ਦੇ ਦਰਿ=ਬੂਹੇ ਤੇ ਜਾਵਾਂ।

ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ:-ਹੇ ਅੰਮਾਲੀ=ਅੰਮਾ (ਮਾ) ਵਤ ਪਿਆਰੀ ਸਖੀ ਚਿਤ੍ਰ ਰੇਖਾ ! ਮੈਂ ਆਪਣੇ ਵੱਲੋਂ ਖਰੇ ਚੰਗੇ ਸੁਚੱਜਪੁਣੇ ਕੀਤੇ ਹਨ, ਪਰੰਤੂ ਤਿਸ ਪਤੀ ਨੂੰ ਮੇਰੇ ਚੰਗੇ ਚੰਗੇ ਸੁਚੱਜਾਂ ਵਿੱਚੋਂ ਇੱਕ ਵੀ ਸੁਚੱਜ ਨ ਭਾਵਾ=ਚੰਗਾ ਨਹੀਂ ਲੱਗਾ।

ਚਿਤ੍ਰ ਰੇਖਾ ਨੇ ਕਿਹਾ ਤੈਂਨੇ ਕੇਹੜੇ ਕੇਹੜੇ ਸੁਚੱਜੱਪੁਣੇ ਕੀਤੇ ਹਨ। ਤਾਂ ਊਖਾਂ ਨੇ ਕਿਹਾ-

ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਮਾਠਿ=ਬਣਾ ਕੇ ਭਾਵ ਕੰਘੀ ਨਾਲ ਇੱਕੋ ਜਿਹੇ ਵਾਲ ਕਰਕੇ ਪੱਟੀਆਂ ਗੁੰਦਣਾਂ ਕੀਤੀਆਂ ਅਤੇ ਮਾਂਗ* ਦੇ ਵਿਚ ਸੰਧੂਰ ਵੀ ਭਰਨਾ ਕੀਤਾ ਹੈ।

ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ:-ਜਿਸ ਵੇਲੇ ਪਤੀ ਨੇ ਅੱਗੇ ਗਈ ਭਾਵ ਸਨਮੁਖ

ਨੋਟ : *ਜਦ ਚੀਰਣੀ ਪਾ ਕੇ ਕੇਸ ਦੋਹੀਂ ਪਾਸੀਂ ਕੀਤੇ ਜਾਣ, ਤਦ ਵਿਚਕਾਰ ਸਿਰ ਦੀ ਤੁਚਾ ਦਿਖਾਈ ਦੇਣ ਲੱਗਦੀ ਹੈ ਇਸੇ ਰੇਖਾ ਦਾ ਨਾਮ ਮਾਂਗ ਹੈ, ਸ਼ੋਭਾ ਵਾਸਤੇ ਇਸੇ ਰੇਖਾ ਉੱਪਰ ਸੰਧੂਰ ਲਗਾਇਆ ਜਾਂਦਾ ਹੈ।

ਹੋਈ ਤਾਂ ਮਨਜ਼ੂਰ ਨਾ ਹੋਈ। ਜੇ ਮਨਜੂਰ ਹੁੰਦੀ ਤਾਂ ਛੱਡ ਕੇ ਨਾ ਜਾਂਦਾ। ਇਸ ਤੇ ਮੈਂ ਝੁਰ ਝੁਰ ਕੇ ਮਰਦੀ ਹਾਂ।

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥ ਜਿਸ ਵੇਲੇ ਪਤੀ ਚਲਾ ਗਿਆ ਤਾਂ ਮੈਂ ਇਤਨਾ ਰੋਈ, ਮੈਨੂੰ ਵੇਖ ਕੇ ਮੇਰੇ ਭਾਣੇ ਸਾਰਾ ਜਗਤ ਹੀ ਰੁੰਨਾ (ਰੋਂਦਾ) ਹੈ ਹੋਰ ਭਲਾ ਕੀ ਆਖਣਾ ਹੈ,

ਵਣਹੁ=ਬਣ ਦੇ ਸਾਰੇ ਪੰਛੀ ਵੀ ਰੁਦਨ ਕਰਦੇ ਹੋਏ।

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥ ਪਰ ਮੇਰੇ ਤਨ ਦਾ ਬਿਰਹਾ= ਵਿਛੋੜਾ ਇੱਕ ਨਹੀਂ ਰੁੰਨਾ, ਜਿਸ ਨੇ ਮੈਨੂੰ ਪਤੀ ਨਾਲੋਂ ਵਿਛੋੜ ਦਿੱਤਾ ਹੈ।

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ (ਇਸ ਤੁਕ ਦਾ ਅਰਥ ਪਹਿਲੇ ਹੋ ਚੁਕਾ ਹੈ)

ਆਂਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ:-ਥਾਂ ਟਿਕਾਣੇ ਦਾ ਪੂਰਾ ਪਤਾ ਨਾ ਹੋਣ ਕਰਕੇ ਹੇ ਪਿਆਰੇ ਪਤੀ ਤੁਝ ਕਨਿ=ਤੇਰੇ ਵੱਲ ਮੈਂ ਆ ਨਹੀਂ ਸਕਦੀ, ਇਸੀ ਤੇ ਨਾ ਹੀ ਕਿਸੇ ਹੋਰ ਨੂੰ ਆਪ ਵੱਲ ਭੇਜ ਸਕਦੀ ਹਾਂ।

ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥ :- ਹੇ ਸਭਾਗੀ ਨਿੰਦਰੇ! ਤੂੰ ਆ ਕੇ ਪ੍ਰਾਪਤ ਹੋ। ਤੇਰੇ ਆਉਣ ਨਾਲ ਮਤੁ=ਮਤਾਂ (ਸ਼ਾਇਦ) ਮੈਂ ਆਪਣੇ ਪਤੀ ਨੂੰ ਵੇਖ ਲਵਾਂ। ਤਾਂ ਚਿਤ੍ਰ ਰੇਖਾ ਬੋਲੀ

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥:-ਤੇਰੇ ਮਾਲਕ ਪਤੀ ਦੀ ਗੱਲ-ਬਾਤ ਤੈਨੂੰ ਕੋਈ ਆਖੇ ਤਾਂ ਉਸ ਨੂੰ ਤੂੰ ਕੀ ਦੇਵੇਂਗੀ? ਤਾਂ ਊਖਾਂ ਨੇ ਉੱਤਰ ਦਿੱਤਾ:-

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ:- ਮੈਂ ਆਪਦਾ ਸਿਰ ਵੱਢ ਕੇ ਉਸ ਉੱਤੇ ਬੈਠਣ ਨੂੰ ਦੇਵਾਂਗੀ, ਸਿਰ ਤੋਂ ਬਿਨਾਂ ਹੀ ਮੈਂ ਉਸ ਦੀ ਸੇਵਾ ਕਰਾਂਗੀ।

ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥ ੧॥ ੩॥:-ਉਸ ਅੱਗੇ ਕਿਉਂ ਨਾ ਮਰ ਜਾਈਏ ਅਤੇ ਆਪਣੇ ਜੀਅ ਨੂੰ ਕਿਉਂ ਨਾ ਅਰਪਣ ਕਰ ਦੇਈਏ ਜਾਂ, ਵਿਡਾਣਾ=ਪਰਾਇਆ ਹੋਇਆ ਪਤੀ ਆਪਣਾ ਹੋ ਜਾਵੇ।

ਊਖਾਂ ਦਾ ਇਹ ਸਾਰਾ ਹਾਲ ਸੁਣ ਕੇ ਚਿਤ੍ਰ ਰੇਖਾ ਨੇ ਲਿਖਣ ਦਾ ਸਾਰਾ ਸਾਮਾਨ ਮੰਗਵਾ ਕੇ ਆਪਣੇ ਗੁਰਾਂ ਦਾ ਧਿਆਨ ਧਰ ਕ ਸਭ ਸ਼ਹਿਰਾਂ ਦੇ ਚਿਤ੍ਰ ਲਿਖ ਕੇ ਦਿਖਾਣੇ ਸ਼ੁਰੂ ਕਰ ਦਿੱਤੇ। ਹੋਰ ਕਿਸੇ ਚਿਤ੍ਰ ਉੱਪਰ ਪ੍ਰਸੰਨ ਨਾ ਹੋਈ, ਜਦ ਦੁਆਰਕਾ ਦਾ ਚਿੱਤਰ ਲਿਖਿਆ, ਕ੍ਰਿਸ਼ਨ ਬਲਭਦ੍ਰ ਆਦਿਕ ਦੀਆਂ ਤਸਵੀਰਾਂ ਵੇਖੀਆਂ ਤਾਂ ਮੂੰਹ ਤੇ ਕੁਝ ਕੁਝ ਪ੍ਰਸੰਨਤਾ ਆਉਣ ਲੱਗ ਪਈ ਅਰ "ਅਨਰੁਧ" ਦੀ ਮੂਰਤੀ ਵੇਖਦਿਆਂ ਸਾਰ ਲੱਜਤ ਹੋ ਕੇ ਬੋਲੀ-

ਚੌਪਈ॥ ਅਬ ਮਨ ਚੋਰ ਸਖੀ ਮੈਂ ਪਾਇਓ॥ ਰਾਤ ਯਹੀ ਮੇਰੇ ਢਿਗ ਆਇਓ॥

ਕਰ ਅਬ ਸਖੀ ਤੂੰ ਕਛੂ ਉਪਾਹਿ॥ ਯਾਂ ਕੋ ਢੂੰਡ ਕਹੂੰ ਤੇ ਲਿਆਇ॥

ਇਹ ਗੱਲ ਸੁਣ ਕੇ ਚਿਤ੍ਰ ਰੇਖਾ ਨੇ ਕਿਹਾ ਤੂੰ ਇਸ ਨੂੰ ਨਹੀਂ ਜਾਣਦੀ? ਇਹ ਤਾਂ ਸਮੁੰਦਰ ਦੇ ਕਿਨਾਰੇ ਦੁਆਰਕਾ ਨਗਰੀ ਵਿਚ ਰਹਿੰਦਾ ਹੈ। ਯਾਦਵ ਬੰਸ ਵਿਚ ਕ੍ਰਿਸ਼ਨ ਜੀ ਦਾ ਪੋਤਰਾ ਹੈ, 'ਪ੍ਰਦੁਮਨ' ਦਾ ਪੁੱਤਰ ਹੈ। ਇਤਨੀ ਗੱਲ ਆਖ ਕੇ ਚਿਤ੍ਰ ਰੇਖਾ ਜੋਗਨੀ ਇਲ੍ਹ ਦਾ ਰੂਪ ਧਾਰ ਕੇ ਉੱਡ ਗਈ। ਦਵਾਰਕਾ ਵਿਚ ਆ

ਕੇ ਕ੍ਰਿਸ਼ਨ ਜੀ ਦੇ ਮੰਦਰਾਂ ਵਿਚ ਪ੍ਰਵੇਸ਼ ਕਰ ਗਈ, 'ਅਨਰੁਧ' ਨੂੰ ਸੁੱਤਾ ਵੇਖ ਕੇ ਪਲੰਘ ਸਹਿਤ ਉਠਾ ਕੇ ਆਪਣੇ ਰਸਤੇ ਲੈ ਤੁਰੀ ਊਖਾਂ ਦੇ ਮੰਦਰ ਵਿੱਚ ਲਿਆ ਕੇ ਵਿਜੋਗਨੀ ਦਾ ਦੁੱਖ ਦੂਰ ਕਰ ਦਿੱਤਾ।

ਇਹ ਸਾਰਾ ਪ੍ਰਸੰਗ ਭਾਗਵਤ ਦੇ ਦਸਵੇਂ ਸਕੰਧ ੬੩ਵੇਂ ਧਿਆ ਵਿਚ ਲਿਖਿਆ ਹੋਇਆ ਹੈ। ਅਤੇ ਗੁਰੂ ਕਲਗੀਧਰ ਜੀ ਨੇ ਵੀ ਦਸਮ ਗ੍ਰੰਥ ਕਿਸਨਾ ਅਵਤਾਰ ਵਿਚ ਪੰਨਾ ੫੩੦ ਉੱਪਰ ਲਿਖਿਆ ਹੈ।

ਦੂਜਾ ਅਰਥ

ਉਥਾਨਕਾ:-ਜਗਿਆਸੂ ਰੂਪ ਸਖੀ ਨੂੰ ਉਪਾਸ਼ਨਾ ਕਰਦਿਆਂ ਕਰਦਿਆਂ ਚਿੱਤ-ਬਿਰਤੀ ਦੀ ਇੱਕਾਗਰਤਾ ਹੋਣ ਨਾਲ ਚਮਤਕਾਰ ਰੂਪ ਪਰਮੇਸ਼ਰ ਦਾ ਦਰਸ਼ਨ ਹੋਇਆ ਲੇਕਿਨ ਥੋੜ੍ਹੇ ਸਮੇਂ ਬਾਅਦ ਫੇਰ ਉਹ ਦਰਸ਼ਨ ਨਾ ਰਿਹਾ। ਉਸ ਵਿਜੋਗ ਦੇ ਦੁੱਖ ਕਰਕੇ ਜਗਿਆਸੂ ਸਖੀ ਆਪਣੀ ਬਿਵਸਥਾ ਮਹਾਤਮਾ ਨੂੰ ਸੁਣਾਉਂਦੀ ਹੈ-

ਸੁਪਨੈ ਆਇਆ:-ਹੇ ਸੰਤੋ!ਸਮਾਧੀ ਰੂਪ ਨੀਂਦ ਵਿਚ ਚਿੱਤ-ਬਿਰਤੀ ਦੀ ਇਕਾਗਰਤਾ ਰੂਪ ਸੁਪਨਾ ਆਇਆ ਤਾਂ ਪਰਮਾਤਮਾ ਦਾ ਚਮਤਕਾਰ ਹੋਇਆ।

ਭੈਣੇ ਸਾਵਣੁ ਆਇਆ॥ ਹੇ ਭੈਣੇ=ਸੰਤ ਜਨੋ! ਤਾਂ ਮੈਨੂੰ ਬੜਾ ਹੀ ਸਾਵਣ=ਆਨੰਦ ਆ ਕੇ ਪ੍ਰਾਪਤ ਹੋਇਆ।

ਮੋਰੀ ਰੁਣ ਝੁਣ ਲਾਇਆ॥ ਤੇ ਮੋਰੀ =ਗੋਲਕਾਂ ਵਿਚ ਰਹਿਣ ਵਾਲੀਆਂ ਇੰਦ੍ਰੀਆਂ ਰੁਣਝੁਣ ਲਾਇਆ ਪਰਮੇਸ਼ਰ ਪ੍ਰਾਇਣ ਹੋ ਗਈਆਂ।

ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥:-ਤਿਸ ਪਰਮਾਤਮਾ ਦੇ ਜੋ ਕਿਰਪਾ ਕਟਾਖਸ਼ ਹਨ ਜੇਵਡਾ=ਰੱਸੇ ਵਾਂਗ ਫਹਾਵਣੇ ਵਾਲੇ, ਤਿਨ੍ਹਾਂ ਲੋਭੀਆਂ ਨੇ ਲੋਭ ਦੇ ਕੇ ਮੈਂ ਮੁੰਧ ਨੂੰ ਲੁਭਾਇਮਾਨ ਕਰ ਲੀਤਾ।

ਮਹਾਤਮਾ ਬੋਲੇ-ਹੇ ਸਖੀ! ਉਹ ਅਨੰਦ ਹੁਣ ਕਿੱਥੇ ਹੈ? ਜਗਿਆਸੂ ਸਖੀ ਆਖਦੀ ਹੈ,

ਮੈ ਮਾਣੁ ਕੀਆ:- ਮੈਂ ਆਪਣੇ ਚਿੱਤ ਵਿਚ ਮਾਣ ਕੀਆ=ਹੰਕਾਰ ਕਰ ਬੈਠੀ ਹਾਂ।

ਭੀ ਗਇਆ ਮੈ ਜਲੁ ਭਰਿਆ ਰੋਇ॥:-ਇਸ ਕਰਕੇ ਭੀ=ਬਹੁੜੋ ਉਹ ਅਨੰਦ ਚਲਾ ਗਿਆ ਤਾਂ ਫਿਰ ਮੈਨੂੰ ਬੁੱਧੀ ਰੂਪ ਅੱਖਾਂ ਵਿਚ ਵੈਰਾਗ ਰੂਪੀ ਜਲ ਭਰ ਕੇ ਰੋਣਾ ਕੀਤਾ ਭਾਵ ਕੁਛ-ਕੁ ਨੂਨਤਾ (ਘਾਟਾ) ਸਮਝਕੇ ਫੇਰ ਵੈਰਾਗ ਧਾਰਨਾ ਕੀਤਾ ਹੈ, ਅਤੇ ਇਸ ਤਰ੍ਹਾਂ ਬੇਨਤੀ ਕੀਤੀ-

ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥੧॥:- ਹੇ ਪਰਮਾਤਮਾ! ਮੈਂ ਆਪ ਜੀ ਦੇ ਦਰਸ਼ਨ ਉੱਪਰੋਂ ਟੁਕੜੇ ਟੁਕੜੇ ਜਾਂਦੀ ਹਾਂ ਅਤੇ ਆਪ ਜੀ ਦੇ ਨਾਮ ਉੱਪਰੋਂ ਵੀ ਬਲਿਹਾਰ ਕੁਰਬਾਨ ਜਾਂਦੀ ਹਾਂ।

'ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ'॥

ਹੇ ਪਰਮਾਤਮਾ! ਜਾਂ ਆਪ ਪ੍ਰਾਪਤ ਹੋਏ ਤਾਂ ਹੀ ਮੈਂ ਨੇ ਮਾਣ ਕੀਤਾ। ਆਪ ਜੀ ਤੋਂ ਬਿਨਾਂ ਮੇਰਾ ਕਾਹਦਾ ਮਾਣ ਹੈ!

ਮਹਾਤਮਾ ਬੋਲੇ-ਹੇ ਜਗਿਆਸੂ!ਪਰਮੇਸ਼ਰ ਪ੍ਰਾਪਤੀ ਵਾਸਤੇ ਤੈਂਨੇ ਕੋਈ ਸਾਧਨ ਵੀ ਕੀਤਾ ਹੈ ਕਿ ਨਹੀਂ? ਉੱਤਰ:- ਮੈਂ ਕਰਮਾਂ ਰੂਪੀ ਸਾਧਨ ਤਾਂ ਬਹੁਤ ਕੀਤੇ ਹਨ। ਫੇਰ ਮਹਾਤਮਾ ਨੇ ਕਿਹਾ-

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥:- ਹੇ ਮੁੰਧੇ=ਜਗਿਆਸੂ, ਸ਼ਕਾਮ ਕਰਮਾਂ ਰੂਪੀ ਚੂੜੇ ਨੂੰ ਚਤੁਸ਼ਟੇ ਸਾਧਨਾ ਰੂਪੀ ਪਲੰਘ ਦੇ ਸਹਿਤ ਭੰਨ ਦੇ, ਕਿਉਂਕਿ ਦਿਖਾਲੇ ਮਾਤਰ ਕਰਮ ਕੀਤੇ ਥਾਂ ਨਹੀਂ ਪੈਂਦੇ।

ਪ੍ਰਸ਼ਨ:-ਕਿਸ ਤਰ੍ਹਾਂ ਭੰਨਾਂ?

ਉੱਤਰ: ਸ਼ਕਾਮ ਕਰਮਾਂ ਰੂਪੀ ਚੂੜੇ ਨੂੰ ਵਿਧੀਆਂ ਰੂਪੀ ਬਾਹਵਾਂ ਸਹਿਤ ਭੰਨ ਦੇਹ ਅਤੇ ਚਤੁਸ਼ਟੇ ਸਾਧਨ ਰੂਪ ਪਲੰਘ ਨੂੰ ਬਿਰਤੀਆਂ ਰੂਪ ਬਾਹੀਆਂ ਸਹਿਤ ਭੰਨ ਦੇਹ,

ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥:-ਕਿਉਂਕਿ ਹੇ ਮੁੰਧੇ=ਜਗਿਆਸੂ ਇਤਨੇ ਵੇਸ=ਸਾਧਨਾ ਦੇ ਕਰਨ ਨਾਲ ਹੀ ਜੇ ਪਤੀ ਪਰਮਾਤਮਾ ਹੋਰਨਾਂ ਵਿਚ ਜਾ ਤਦਾਕਾਰ ਹੋਇਆ ਹੈ ਤਾਂ ਉਹਨਾਂ ਸਾਧਨਾ ਦੇ ਕਰਨ ਦੀ ਕੀ ਲੋੜ ਹੈ। ਤਾਂ ਜਗਿਆਸੂ ਕਥਨ ਕਰਦਾ ਹੈ- ਹੇ ਸੰਤ ਜੀ!

ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ :- ਮਨੀਆਰੁ=ਸ੍ਰੇਸ਼ਟ ਗੁਰੂ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਮੈਨੂੰ ਨਹੀਂ ਮਿਲੇ, ਨਿਸ਼ਕਾਮ ਕਰਮਾਂ ਰੂਪੀ ਚੂੜੀਆਂ ਵੀ ਨਹੀਂ ਮਿਲੀਆਂ ਅਤੇ ਕਰੁਣਾ, ਮੈਤਰੀ, ਮੁੱਦਤਾ ਉਪੇਖਸ਼ਾ ਰੂਪ ਸ੍ਰੇਸ਼ਟ ਵੰਗਾਂ ਭੀ ਨਹੀਂ ਮਿਲੀਆਂ।

ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ :-ਮਹਾਤਮਾ ਆਖਦੇ ਹਨ ਜੋ ਵਿਧੀਆਂ ਰੂਪ ਬਾਹਵਾਂ ਪਤੀ ਪਰਮਾਤਮਾ ਦੇ ਗਲ ਨਾਲ ਨਹੀਂ ਲੱਗੀਆਂ ਭਾਵ-ਜਿਹੜੀਆਂ ਵਿਧੀਆਂ ਪਰਮਾਤਮਾ ਪ੍ਰਾਪਤੀ ਨਹੀਂ ਕਰ ਸਕਦੀਆਂ ਉਹ ਵਿਧੀਆਂ ਰੂਪ ਬਾਹਵਾਂ ਸੜ ਜਾਣ।

ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ :-ਜਗਿਆਸੂ ਰੂਪੀ ਸਖੀ ਆਖਦੀ ਹੈ-ਸਾਰੀਆਂ ਮਹਾਤਮਾਂ ਰੂਪੀ ਸਖੀਆਂ ਸਹੁ=ਪਤੀ ਪ੍ਰਮਾਤਮਾ ਦੇ ਅਨੰਦ ਨੂੰ ਰਾਵਣੇ ਕਈਆਂ ਹਨ, ਮੈਂ ਵਿਛੋੜੇ ਦੀ ਅੱਗ ਨਾਲ ਦਾਧੀ=ਸੜੀ ਹੋਈ ਕਿਸ ਦੇ ਦਰਵਾਜ਼ੇ ਜਾਵਾਂ।

ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥:- ਹੇ ਅੰਮਾਂ ਵਤ ਪਿਆਰੀ ਬ੍ਰਹਮ ਗਿਆਨਣ ਮਹਾਤਮਾ ਰੂਪ ਸਖੀ! ਮੈਂ ਆਪਣੇ ਆਪ ਬਹੁਤ ਖਰੇ= ਚੰਗੇ ਸੁਚੱਜਪੁਣੇ ਕੀਤੇ ਹਨ, ਪਰ ਮੇਰਾ ਸੁਚੱਜਪੁਣਾ ਕੀਤਾ ਇੱਕ ਵੀ ਤਿਸ ਪਤੀ ਪਰਮਾਤਮਾ ਨੂੰ ਚੰਗਾ ਨਹੀਂ ਲੱਗਾ, ਤਾਂ ਮਹਾਤਮਾਂ ਬੋਲੇ ਤੂੰ ਕਿਹੜੇ ਸੁਚੱਜਪੁਣੇ ਕੀਤੇ ਹਨ? ਤਦ ਜਗਿਆਸੂ ਰੂਪ ਸਖੀ ਆਖਦੀ ਹੈ-

ਮਾਠਿ ਗੁੰਦਾਈ ਪਟੀਆ:-ਅੱਖੀਆਂ ਮੀਟ ਲੈਣੀਆਂ, ਅਥਵਾ :- ਕੰਨੀ ਬੁੱਜੇ ਦੇਣੇ, ਖੜਾਵਾਂ ਤੇ ਝੁਰਨਾ ਸਿੱਖ ਲਿਆ।

ਭਰੀਐ ਮਾਗ ਸੰਧੂਰੈ ॥ :-ਪੂਜਾ ਕਰਨੀ ਸਿੱਖ ਲਈ, ਅਥਵਾ :- ਦੁਆਰਕਾ ਦਾ ਤਿਲਕ ਛਾਪਾ ਲਗਾਇਆ। ਅਥਵਾ :- ਮਾਠਿ ਗੁੰਦਾਈ ਪਟੀਆ।

ਪਟੀਆ=ਪਟ ਦੇਣ ਵਾਲੀਆਂ ਇੰਦਰੀਆਂ ਨੂੰ ਮਾਠਿ=ਸਵਾਰ ਕੇ, ਗੁੰਦਾਈ=ਗੁੰਦਣਾ ਭਾਵ ਦਮਨ ਕੀਤਾ। ਅਥਵਾ :-ਪਟੀਆ=ਜੜਾਵਾਂ ਨੂੰ ਮਾਠਿ=ਸਵਾਰ ਕੇ ਗੁੰਦਣਾ ਕੀਤਾ।

ਅਥਵਾ:- ਪੱਟੀਆ=ਜੜਾਵਾਂ ਨੂੰ ਮਾਠਿ=ਸਵਾਰ ਕੇ ਗੁੰਦਣਾ ਕੀਤਾ।

ਭਰੀਐ ਮਾਗ ਸੰਧੂਰੈ ॥ :- ਤੇ ਮਾਗ=ਜੜਾਵਾਂ ਵਿਚ ਸੰ=ਭਲੀ ਪ੍ਰਕਾਰ ਧੂਰੈ=ਧੂੜ ਭਰਨਾ ਕੀਤੀ।

ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ:- ਅਗੈ ਗਈ=ਪਰਮਾਤਮਾ ਵਲ ਬਿਰਤੀ ਜੋੜੀ ਪਰ ਨ ਮੰਨੀਆ=ਬਿਰਤੀ ਲੱਗੀ ਨਾ। ਭਾਵ ਬ੍ਰਹਮਾਕਾਰ ਬਿਰਤੀ ਨਾ ਹੋਈ ਇਸ ਤੇ ਮੈਂ ਝੁਰ ਝੁਰ ਕੇ ਮਰਦੀ ਹਾਂ।

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥:- ਇਤਨੇ ਸਾਧਨ ਕਰਨ ਨਾਲ ਵੀ ਜਦ ਪਰਮੇਸ਼ਰ ਨਾ ਮਿਲਿਆ, ਤਾਂ ਮੈਂ ਬਹੁਤ ਸਾਰਾ ਰੋਵੰਦੀ=ਰੋਈ, ਮੇਰੇ ਨਾਲ ਸਾਰਾ ਜਗਤ ਵੀ ਰੁਨਾ=ਰੋਇਆ ਅਤੇ ਬਣ ਦੇ ਸਾਰੇ ਪੰਛੀ=ਬਾਨ ਪ੍ਰਸਤੀ ਵੀ ਹੋਏ ਕਿ ਇਤਨੇ ਸਾਧਨ ਇਸ ਨੇ ਕੀਤੇ ਹਨ ਤੇ ਪ੍ਰਮੇਸ਼ਰ ਫਿਰ ਵੀ ਨਹੀਂ ਮਿਲਿਆ।

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥:- ਅਤੇ ਜੋ ਮੇਰੇ ਤਨ ਦਾ ਵਿਛੋੜਾ ਹੈ, ਉਹ ਇੱਕ ਨ ਰੁਨਾ=ਰੋਇਆ ਜਿਸ ਨੇ ਮੈਨੂੰ ਪਤੀ ਨਾਲੋਂ ਵਿਛੋੜ ਦਿੱਤਾ ਹੈ।

ਅਥਵਾ:- ਮੇਰੇ ਪਤੀ ਨਾਲੋਂ ਵਿਛੋੜਾ ਪਾਉਣ ਵਾਲੇ ਜੋ ਕਾਮ ਆਦਿਕਾਂ ਦਾ ਪੁੰਜ (ਸਮੁਦਾਇ) ਹੈ ਉਹ ਇੱਕ ਨਾ ਰੁੰਨਾ, ਜਿਨ੍ਹਾਂ ਕਾਮ ਆਦਿਕਾਂ ਨੇ ਮੈਨੂੰ ਪਤੀ ਨਾਲੋਂ ਵਿਛੋੜ ਦਿੱਤਾ ਹੈ।

ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥:-ਹੇ ਪਿਆਰੇ ਪਤੀ ਪਰਮਾਤਮਾ! ਮੈਂ ਤੇਰੇ ਵੱਲ ਆ ਨਹੀਂ ਸਕਦੀ ਕਿਉਂਕਿ ਨਿਸ਼ਕਪਟ ਸਾਧਨ ਕੋਈ ਕੀਤਾ ਨਹੀਂ ਅਤੇ ਨਾ ਹੀ ਕੋਈ ਇੰਦ੍ਰੀ ਆਪ ਜੀ ਦੀ ਵਲ ਭੇਜ ਸਕਦੀ ਹਾਂ ਕਿਉਂਕਿ ਇੰਦ੍ਰੀਆਂ ਸਾਰੀਆਂ ਵਿਸ਼ੇ ਪ੍ਰਾਇਣ ਹਨ।

ਅਥਵਾ:-ਇਹਨਾਂ ਇੰਦ੍ਰੀਆਂ ਦੇ ਆਪ ਵਿਸ਼ੇ ਨਹੀਂ ਹੋ।

ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥:-ਹੇ ਸਮਾਧੀ ਰੂਪ ਸਭਾਗੀ ਨੀਂਦਰੇ! ਤੂੰ ਆ ਕੇ ਪ੍ਰਾਪਤ ਹੋ! ਮਤਾਂ ਚਿੱਤ-ਬਿਰਤੀ ਦੀ ਇਕਾਗਰਤਾ ਰੂਪ ਸੁਪਨਾ ਆ ਜਾਵੇ ਤਾਂ ਮੈਂ ਆਪਣੇ ਪਤੀ ਪਰਮਾਤਮਾ ਨੂੰ ਵੇਖ ਲਵਾਂ। ਮਹਾਤਮਾ ਬੋਲੇ-

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥:-ਤਿਸ ਮਾਲਕ ਪਰਮਾਤਮਾ ਦੀ ਗਲ-ਬਾਤ ਜੇ ਤੈਨੂੰ ਕੋਈ ਆਖੈ=ਸੁਣਾਵੇ, ਤਾਂ ਉਸ ਨੂੰ ਤੂੰ ਕੀ ਦੇਵੇਂਗੀ?

ਜਗਿਆਸੂ ਰੂਪ ਸਖੀ ਨੇ ਕਿਹਾ-

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥:-ਸੀਸੁ=ਹੰਕਾਰ ਨੂੰ ਵੱਢ ਕੇ ਬੈਠਣ ਨੂੰ ਜਗ੍ਹਾ ਦੇਵਾਂਗੀ ਅਤੇ ਵਿਣੁ ਸਿਰ=ਨਿਰ-ਹੰਕਾਰ ਹੋ ਕੇ ਸੇਵਾ ਕਰਾਂਗੀ।

ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥੩॥:- ਜੀਵਤ ਭਾ ਤੋਂ ਕਿਉਂ ਨਾ ਮਰਾਂਗੀ ਤੇ ਆਪਣੇ ਜੀਅ ਨੂੰ ਕਿਉਂ ਨਾ ਦੇਵਾਂਗੀ ਭਾਵ ਜਰੂਰ ਦੇਵਾਂਗੀ ਜਿਨ੍ਹਾਂ ਦੀ ਕਿਰਪਾ ਨਾਲ ਸਹੁ=ਪਤੀ ਪਰਮਾਤਮਾ ਵਿਡਾਣਾ=ਪਰਾਇਆ ਹੋਇਆ ਹੋਇਆ ਮੇਰਾ ਆਪਣਾ ਹੋਵੇਗਾ॥ ੧॥ ੩॥

ਯਥਾ:- ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥

(ਗਉੜੀ ਛੰਤ ਮਹਲਾ ੫, ਪੰਨਾ ੨੪੭)

ਗੁਰੂ ਜੀ ਨੇ ਐਸੇ ਪ੍ਰੇਮ ਵਿਚ ਮਸਤ ਹੋ ਕੇ ਇਹ ਸ਼ਬਦ ਉਚਾਰਿਆ ਹੈ ਕਿ ਰਹਾਉ ਲਿਖਣਾ ਵੀ ਰਹਿ ਗਿਆ ਹੈ। ਅਤੇ ਇਸ ਸ਼ਬਦ ਵਿਚ ਅੰਕ ਭੀ ਕੋਈ ਨਹੀਂ ਲਿਖਿਆ।

ਵਡਹੰਸੁ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥

ਮਨ ਦੇ ਮੈਲੇ ਹੋਣ ਕਰਕੇ ਜੀਵ ਦਾ ਸਭ ਕਰਤੱਬ ਮੈਲਾ ਹੈ, ਤਨਿ=ਸਰੀਰ ਦੇ ਧੋਤੇ ਜਾਣ ਨਾਲ ਮਨ ਹਛਾ=ਸ਼ੁੱਧ ਨਹੀਂ ਹੁੰਦਾ।

ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥ ੧॥

ਇਸ ਜਗਤ ਨੂੰ ਭਰਮ ਨੇ ਭੁਲਾਇਆ ਹੋਇਆ ਹੈ, ਇਸ ਗੱਲ ਨੂੰ ਕੋਈ ਵਿਰਲਾ ਹੀ ਬੁੱਝਦਾ ਹੈ।

ਅਥਵਾ:-ਨਾਮ ਸਿਮਰਨ ਨੂੰ ਕੋਈ ਵਿਰਲਾ ਹੀ ਸਮਝਦਾ ਹੈ॥ ੧॥

ਜਪਿ ਮਨ ਮੇਰੇ ਤੂ ਏਕੋ ਨਾਮੁ॥

ਹੇ ਮੇਰੇ ਮਨ! ਤੂੰ ਇੱਕ ਨਾਮ ਨੂੰ ਹੀ ਜਪਣਾ ਕਰ।

ਸਤਗੁਰਿ ਦੀਆ ਮੋ ਕਉ ਏਹੁ ਨਿਧਾਨੁ॥ ੧॥ ਰਹਾਉ॥

ਇਹ ਨਾਮ ਰੂਪ ਨਿਧਾਨੁ=ਖਜ਼ਾਨਾ, ਮੈਨੂੰ ਸਤਿਗੁਰਾਂ ਨੇ ਦਿੱਤਾ ਹੈ॥ ੧॥ ਰਹਾਉ॥

ਸਿਧਾ ਕੇ ਆਸਣ ਜੇ ਸਿਧੈ ਇੰਦ੍ਰੀ ਵਸਿ ਕਰਿ ਕਮਾਇ॥

ਜੇ ਕੋਈ ਸਿੱਧਾਂ ਵਾਲੇ ਪਦਮ-ਆਸਣ, ਸਿਧਾਸਣ ਆਦਿਕ ਚੌਰਾਸੀ ਆਸਣ ਲਗਾਣੇ ਭੀ ਸਿੱਖ ਲਵੇ, ਅਤੇ ਇੰਦ੍ਰੀਆਂ ਨੂੰ ਵੱਸ ਵਿਚ ਕਰਕੇ ਭੀ ਕਰਮਾਂ ਨੂੰ ਕਮਾਉਣਾ ਕਰੇ।

ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥ ੨॥

ਤੋ ਭੀ ਮਨ ਦੀ ਰਾਗ ਦ੍ਵੈਸ਼ ਰੂਪੀ ਮੈਲ ਉਤਰਦੀ ਨਹੀਂ ਹੈ, ਕਿਉਂਕਿ ਕਰਮਾਂ ਕਰਕੇ ਹਉਮੈ ਰੂਪੀ ਮੈਲ ਜਾਂਦੀ ਨਹੀਂ ਹੈ।

ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ॥

ਇੱਕ ਸਤਿਗੁਰਾਂ ਦੀ ਸ਼ਰਣ ਗ੍ਰਹਿਣ ਤੋਂ ਬਿਨਾਂ ਇਸ ਮਨ ਨੂੰ ਸ਼ੁੱਧ ਕਰਨ ਦਾ ਹੋਰ ਕੋਈ ਸੰਜਮੁ=ਸਾਧਨ ਨਹੀਂ ਹੈ।

ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ॥ ੩॥

ਸਤਿਗੁਰਾਂ ਦੇ ਨਾਲ ਮਿਲਣ ਕਰਕੇ ਜਿਨ੍ਹਾਂ ਦੀ ਬਿਰਤੀ ਸੰਸਾਰ ਵੱਲੋਂ ਉਲਟੀ ਹੋਈ ਹੈ, ਉਹਨਾਂ ਦਾ ਕਹਣਾ=ਜਸ ਕੁਝ ਕਿਹਾ ਨਹੀਂ ਜਾਂਦਾ॥ ੩॥

ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ॥

ਗੁਰੂ ਜੀ ਭਣਤਿ=ਕਥਨ ਕਰਦੇ ਹਨ, ਸਤਿਗੁਰਾਂ ਨੂੰ ਮਿਲਦਿਆਂ ਹੀ ਜਿਹੜੇ ਕੋਈ ਜੀਵਤ ਭਾਵ ਤੋਂ

ਮਰਦੇ ਹਨ, ਉਹ ਕੋਈ ਗੁਰਾਂ ਦੇ ਉਪਦੇਸ਼ ਕਰਕੇ ਫਿਰ ਸੰਸਾਰ ਵਿਚ ਸਫਲ ਜੀਉਂਦੇ ਹਨ।

ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥ ੪ ॥ ੧ ॥

ਉਹਨਾਂ ਦੀ ਮਮਤਾ ਰੂਪੀ ਮੈਲ ਉੱਤਰ ਜਾਂਦੀ ਹੈ, ਅਤੇ ਇਹ ਮਨ ਹਛਾ=ਸ਼ੁੱਧ ਹੋ ਜਾਂਦਾ ਹੈ॥ ੪ ॥ ੧ ॥

ਵਡਹੰਸੁ ਮਹਲਾ ੩ ॥ ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ ॥

ਨਦਰੀ=ਕਿਰਪਾ ਦ੍ਰਿਸ਼ਟੀ ਕਰਨ ਵਾਲੇ, ਅਥਵਾ:-ਗਿਆਨ ਵੈਰਾਗ ਰੂਪੀ ਨਜ਼ਰ ਵਾਲੇ ਸਤਿਗੁਰਾਂ ਦੀ ਸੇਵਾ ਕਰੀਏ, ਤਾਂ ਉਸ ਨਦਰੀ=ਪਰਮਾਤਮਾ ਦੀ ਸੇਵਾ ਹੋ ਜਾਂਦੀ ਹੈ।

ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ ॥ ੧ ॥

ਗੁਰਾਂ ਦੀ ਨਦਰੀ=ਕਿਰਪਾ ਦ੍ਰਿਸ਼ਟੀ ਨਾਲ ਹੀ ਇਹ ਮਨ ਵਸ ਵਿੱਚ ਆਉਂਦਾ ਹੈ, ਅਤੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਮਨ ਸ਼ੁੱਧ ਹੋ ਜਾਂਦਾ ਹੈ॥ ੧ ॥

ਮੇਰੇ ਮਨ ਚੇਤਿ ਸਚਾ ਸੋਇ ॥

ਹੇ ਮੇਰੇ ਮਨ ! ਉਸ ਸੱਚੇ ਵਾਹਿਗੁਰੂ ਨੂੰ ਚੇਤਿ=ਯਾਦ ਕਰ।

ਏਕੋ ਚੇਤਹਿ ਤਾ ਸੁਖੁ ਪਾਵਹਿ ਫਿਰਿ ਦੂਖੁ ਨ ਮੂਲੇ ਹੋਇ ॥ ੧ ॥ ਰਹਾਉ ॥

ਇੱਕ ਵਾਹਿਗੁਰੂ ਨੂੰ ਚੇਤੇਂਗਾ ਤਾਂ ਹੀ ਸੁਖ ਪਾਵੇਂਗਾ ਫਿਰ ਤੈਨੂੰ ਕਦਾਚਿਤ ਦੁੱਖ ਨਹੀਂ ਹੋਵੇਗਾ॥ ੧ ॥ ਰਹਾਉ ॥

ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥

ਗੁਰਾਂ ਦੀ ਕਿਰਪਾ ਦ੍ਰਿਸ਼ਟੀ ਕਰਕੇ ਹੀ ਜੀਵਤ ਭਾਵ ਤੋਂ ਮਰ ਕੇ ਪਰਮਾਤਮਾ ਵੱਲ ਜੀਉਣਾ ਕਰੀਏ, ਅਤੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਕਰਕੇ ਹੀ ਸਬਦੁ=ਬ੍ਰਹਮ, ਮਨ ਵਿਚ ਆ ਵਸਦਾ ਹੈ।

ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥ ੨ ॥

ਕਿਰਪਾ ਦ੍ਰਿਸ਼ਟੀ ਕਰਨ ਵਾਲੇ ਗੁਰਾਂ ਦੇ ਹੁਕਮ ਨੂੰ ਬੁੱਝਣਾ ਕਰੀਏ, ਤਾਂ ਹੁਕਮ ਕਰਨ ਵਾਲੇ ਪ੍ਰਭੂ ਵਿਚ ਸਮਾ ਰਹਿਦਾ ਹੈ॥ ੨ ॥

ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ ॥

ਜਿਸ ਜਿਹਵਾ ਨੇ ਹਰੀ ਨਾਮ ਰਸ ਨੂੰ ਨਹੀਂ ਚੱਖਿਆ, ਉਹ ਜੀਭ ਜਲਿ ਜਾਉ=ਸੜ ਜਾਵੇ।

ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ ॥ ੩ ॥

ਜੋ ਜਿਹਵਾ ਹੋਰਨਾਂ ਸੁਆਦਾਂ ਵਿੱਚ ਲੱਗ ਰਹੀ ਹੈ, ਉਸ ਨੇ ਦ੍ਵੈਤ ਭਾਵ ਕਰਕੇ ਦੁੱਖ ਹੀ ਪਾਇਆ ਹੈ॥ ੩ ॥

(ਪੰਨਾ ੫੫੯) ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ ॥

ਸਾਰਿਆਂ ਜੀਵਾਂ ਉੱਪਰ ਇੱਕ ਪ੍ਰਭੂ ਦੀ ਨਿਗਾਹ ਹੈ, ਅਤੇ ਕਰਮਾਂ ਅਨੁਸਾਰ ਉਸ ਨੇ ਆਪ ਹੀ ਜੀਵਾਂ ਦਾ ਫਰਕ=ਭੇਦ ਕੀਤਾ ਹੋਇਆ ਹੈ।

ਨਾਨਕ ਸਤਗੁਰਿ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸਤਿਗੁਰਾਂ ਨਾਲ ਮਿਲਕੇ ਨਾਮ ਪਾਇਆ ਹੈ, ਉਸ ਨੂੰ ਪਰਮਾਤਮਾ ਨਾਮ ਦਾ ਫਲ ਵਡਿਆਈ ਦੇਂਦਾ ਹੈ। ਅਥਵਾ:- ਜਿਸ ਨੂੰ ਗੁਰੂ ਸਾਹਿਬ ਜੀ ਨਾਮ ਦੀ ਵਡਿਆਈ ਦੇਂਦੇ ਹਨ, ਉਸ ਨੇ ਸਤਿਗੁਰਾਂ ਨਾਲ ਮਿਲਕੇ ਗਿਆਨ ਫਲ ਪਾਇਆ ਹੈ॥ ੪ ॥ ੨ ॥

ਵਡਹੰਸੁ ਮਹਲਾ ੩ ॥ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥

ਮਾਇਆ ਦਾ ਜੋ ਮੋਹ ਹੈ ਏਹੀ ਗੁਬਾਰੁ=ਅਨ੍ਹੇਰਾ ਹੈ, ਇਸ ਦੇ ਦੂਰ ਕਰਨ ਵਾਲਾ ਜੋ ਗਿਆਨ ਰੂਪ ਚਾਨਣਾ ਹੈ ਉਹ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ।

ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥ ੧ ॥

ਜੋ ਸ਼ਬਦ ਦੇ ਅਭਿਆਸ ਵਿਚ ਲੱਗੇ ਹਨ ਉਹਨਾਂ ਨੇ ਸ੍ਵੈ-ਸਰੂਪ ਨੂੰ ਬੁੱਝ ਲਿਆ ਹੈ, ਹੋਰ ਸਾਰੀ ਪਰਜਾ ਦ੍ਵੈਤ ਭਾਵ ਨੇ ਵਿਗੋਈ=ਖਰਾਬ ਕੀਤੀ ਹੈ॥ ੧ ॥

ਮਨ ਮੇਰੇ ਗੁਰਮਤਿ ਕਰਣੀ ਸਾਰੁ ॥

ਹੇ ਮੇਰੇ ਮਨ ! ਜੋ ਗੁਰਾਂ ਦੀ ਸਿੱਖਿਆ ਧਾਰਨ ਕਰਨੀ ਹੈ ਏਹੋ ਕਰਣੀ ਸਭ ਤੋਂ ਸਾਰੁ=ਸ੍ਰੇਸ਼ਟ ਹੈ।

ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥ ੧ ॥ ਰਹਾਉ ॥

ਜੇਕਰ ਸਦਾ ਰੂਪ ਹਰੀ ਪ੍ਰਭੂ ਦੇ ਨਾਮਾਂ ਨੂੰ ਸਦਾ ਹੀ ਰਵਹਿ=ਉਚਾਰੇਂਗਾ, ਤਾਂ ਤੂੰ ਮੁਕਤੀ ਦਾ ਦਰਵਾਜ਼ਾ ਗਿਆਨ ਪਾਏਂਗਾ॥ ੧ ॥ ਰਹਾਉ ॥

ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥

ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਇੱਕ ਨਾਮ ਹੀ ਹੈ, ਜਿਸ ਨੂੰ ਆਪ ਗੁਰੂ ਦੇਂਦੇ ਹਨ ਤਾਂ ਉਹ ਕੋਈ ਪਾਂਵਦਾ ਹੈ।

ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥ ੨ ॥

ਵਾਹਿਗੁਰੂ ਨਾਮ ਤੋਂ ਬਿਨਾਂ ਸਾਰੀ ਦੁਨੀਆਂ ਵਿੱਛੁੜੀ ਹੋਈ ਹੈ, ਗੁਰਾਂ ਦੇ ਉਪਦੇਸ਼ ਕਰਕੇ ਮਿਲਾਪ ਹੁੰਦਾ ਹੈ॥ ੨ ॥

ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥

ਜੋ ਪਰਸ਼ ਮੇਰੀ ਮੇਰੀ ਕਰਦੇ ਹੋਏ ਘਟਿ ਗਏ=ਮਿਰਤੂ ਹੋ ਗਏ ਹਨ, ਉਹਨਾਂ ਦੇ ਹੱਥ ਵਿੱਚ ਕੁਝ ਭੀ ਨਹੀਂ ਆਇਆ। ਅਥਵਾ:-ਜੋ ਮੇਰੀ ਮੇਰੀ ਕਰਦੇ ਸਨ ਉਹਨਾਂ ਦੇ ਸ਼ੁਭ ਗੁਣ ਘਟ ਗਏ ਹਨ, ਉਨ੍ਹਾਂ ਦੇ ਹੱਥ ਵਿਚ ਕੁਝ ਭੀ ਨਹੀਂ ਆਇਆ, ਭਾਵ ਉਸ ਨੂੰ ਕੋਈ ਸੁਖ ਨਹੀਂ ਮਿਲਿਆ।

ਸਤਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥ ੩ ॥

ਜੋ ਸਤਿਗੁਰਾਂ ਨਾਲ ਮਿਲਕੇ ਸੱਚੇ-ਨਾਮ ਵਿੱਚ ਮਿਲਿਆ ਹੈ, ਉਹ ਸੱਚੇ ਨਾਮੀ ਪਰਮਾਤਮਾ ਵਿੱਚ ਸਮਾ ਗਿਆ ਹੈ॥ ੩ ॥

ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥

ਮਨਮੁਖ ਸਮਝਦਾ ਹੈ ਇਹ ਸਰੀਰ ਮੇਰਾ ਹੈ ਇਸ ਕਰਕੇ ਉਸ ਨੂੰ ਆਸਾ ਇੰਸ ਲੋਕ ਦੇ ਪਦਾਰਥਾਂ ਦੀ ਤੇ ਮਨਸਾ=ਵਾਸ਼ਨਾ ਪ੍ਰਲੋਕ ਦੇ ਪਦਾਰਥਾਂ ਦੀ ਲੱਗ ਰਹੀ ਹੈ, ਅਤੇ ਨਾਮ ਅਭਿਆਸੀ ਜੋ ਗੁਰਮੁਖ ਹੰਨ ਉਹਨਾਂ ਦੇ ਅੰਤਹਕਰਨ ਵਿੱਚ ਜੋਤੀ ਦਾ ਜਗਾਏ=ਪ੍ਰਕਾਸ਼ ਭਾਵ ਗਿਆਨ ਹੋ ਰਿਹਾ ਹੈ।

ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਆਸਾ ਮਨਸ਼ਾ ਨੇ ਤਾਂ ਮਨੰਮੁਖਾਂ ਨੂੰ ਬੰਨ੍ਹ ਦਿੱਤਾ ਹੈ, ਅਤੇ ਗਿਆਨ ਨੇ ਗੁਰਮੁਖਾਂ ਨੂੰ ਮੁਕਤ ਕਰਾ ਦਿੱਤਾ ਹੈ॥ ੪॥ ੩॥

ਵਡਹੰਸੁ ਮਹਲਾ ੩ ॥ਸੋਹਾਗਣੀ ਸਦਾ ਮੁਖੁ ਉਜਲਾ ਗੁਰ ਕੈ ਸਹਜਿ ਸੁਭਾਏ ॥

ਗੁਰਾਂ ਦੇ ਬਖਸ਼ੇ ਹੋਏ ਸਹਜਿ ਸੁਭਾਏ=ਸ਼ਾਂਤੀ ਸੁਭਾਵ ਕਰਕੇ ਸੁਹਾਗਣ ਇਸਤ੍ਰੀਆਂ ਦਾ ਮੂੰਹ ਸਦਾ ਉੱਜਲਾ ਹੈ।

ਸਦਾ ਪਿਰੁ ਰਾਵਹਿ ਆਪਣਾ ਵਿਚਹੁ ਆਪੁ ਗਵਾਇ ॥ ੧ ॥

ਹਿਰਦੇ ਵਿੱਚੋਂ ਆਪਾ ਭਾਵ ਹੰਕਾਰ ਗਵਾਕੇ ਸਦਾ ਹੀ ਆਪਣੇ ਪਤੀ ਦਾ ਆਨੰਦ ਰਾਵਹਿ=ਮਾਣਦੀਆਂ ਹਨ॥ ੧॥

ਮੇਰੇ ਮਨ ਤੂ ਹਰਿ ਹਰਿ ਨਾਮੁ ਧਿਆਇ ॥

ਹੇ ਮੇਰੇ ਮਨ ! ਤੂੰ ਸਦੀਵ ਕਾਲ ਹਰਿ ਹਰਿ ਨਾਮ ਨੂੰ ਧਿਆਉਣਾ ਕਰ। ਕਿਉਂਕਿ-

ਸਤਗੁਰਿ ਮੋ ਕਉ ਹਰਿ ਦੀਆ ਬੁਝਾਇ ॥ ੧ ॥ ਰਹਾਉ ॥

ਸਤਿਗੁਰਾਂ ਨੇ ਮੈਨੂੰ ਹਰਿ ਹਰਿ ਨਾਮ ਦਾ ਸਿਮਰਨ ਕਰਨਾ ਸਮਝਾ ਦਿੱਤਾ ਹੈ॥ ੧॥ ਰਹਾਉ॥

ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ ॥

ਮਨਮੁਖ ਰੂਪ ਛੁੱਟੜ ਇਸਤ੍ਰੀਆਂ ਖਰੀਆ=ਚੰਗੀਆਂ ਭਾਵ ਬਹੁਤ ਸ਼ਾਰਾ ਵਿਰਲਾਪ ਕਰਦੀਆਂ ਹਨ, ਕਿਉਂਕਿ ਉਹਨਾਂ ਨੇ ਮਹਲੁ=ਸਰੂਪ ਨੂੰ ਪਾਇਆ ਹੀ ਨਹੀਂ।

ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ ॥ ੨ ॥

ਦ੍ਵੈਤ ਭਾਵ ਕਰਕੇ ਉਹ ਕਰੂਪੀ=ਸਫਾਈ ਰੂਪੀ ਰੂਪ ਤੋਂ ਰਹਿਤ ਹਨ, ਇਸ ਤੇ ਆਗੈ=ਪ੍ਰਲੋਕ ਵਿੱਚ ਜਾ ਕੇ ਦੁੱਖ ਪਾਣਗੀਆਂ॥ ੨॥

ਗੁਣਵੰਤੀ ਨਿਤ ਗੁਣ ਰਵੈ ਹਿਰਦੈ ਨਾਮੁ ਵਸਾਇ ॥

ਸ਼ੁਭ ਗਣਾਂ ਵਾਲੀ ਗੁਰਮੁਖ ਇਸਤ੍ਰੀ ਹਿਰਦੇ ਵਿੱਚ ਨਾਮ ਨੂੰ ਵਸਾਕੇ ਨਿੱਤ ਹੀ ਪਿਆਰੇ ਪ੍ਰਭੂ ਦੇ ਗੁਣਾਂ ਨੂੰ ਰਵੈ=ਉਚਾਰਦੀ ਹੈ।

ਅਉਗਣਵੰਤੀ ਕਾਮਣੀ ਦੁਖੁ ਲਾਗੈ ਬਿਲਲਾਇ ॥ ੩ ॥

ਔਗੁਣਾਂ ਵਾਲੀ ਮਨਮੁਖ ਕਾਮਣੀ=ਇਸ਼ਤ੍ਰੀ ਨੂੰ ਜਿਸ ਵੇਲੇ ਜਮਾਂ ਦਾ ਦੁੱਖ ਲੱਗਦਾ ਹੈ ਤਾਂ ਬੜਾ ਵਿਰਲਾਪ ਕਰਦੀ ਹੈ॥ ੩ ॥

ਸਭਨਾ ਕਾ ਭਤਾਰੁ ਏਕੁ ਹੈ ਸੁਆਮੀ ਕਹਣਾ ਕਿਛੂ ਨ ਜਾਇ ॥

ਦੁਹਾਗਣਾਂ ਤੇ ਸੁਹਾਗਣਾਂ ਇਨ੍ਹਾਂ ਸਾਰਿਆਂ ਦਾ ਭਤਾਰੁ=ਪਤੀ ਇੱਕ ਸੁਆਮੀ ਪਰਮਾਤਮਾ ਹੈ, ਇਸ ਲਈ ਕੁਝ ਕਿਹਾ ਨਹੀਂ ਜਾਂਦਾ।

ਨਾਨਕ ਆਪੇ ਵੇਕ ਕੀਤਿਅਨੁ ਨਾਮੇ ਲਇਅਨੁ ਲਾਇ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਉਸ ਨੇ ਆਪ ਹੀ ਮਨਮੁਖ ਪੁਰਸ਼ ਨਾਮ ਤੋਂ ਵੇਕ=ਭਿੰਨ ਭਾਵ ਵੱਖ ਕੀਤੇ ਹਨ, ਅਤੇ ਆਪ ਹੀ ਗੁਰਮੁਖਾਂ ਨੂੰ ਨਾਮ ਸਿਮਰਨ ਵਿੱਚ ਲੱਗਾ ਲੀਤਾ ਹੈ॥ ੪ ॥ ੪ ॥

ਵਡਹੰਸੁ ਮਹਲਾ ੩ ॥

ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ ॥

ਨਾਮ ਅੰਮ੍ਰਿਤ ਸਦਾ ਮਿੱਠਾ ਲੱਗਾ ਹੈ, ਪਰ ਗੁਰਾਂ ਦੇ ਉਪਦੇਸ਼ ਕਰਕੇ ਨਾਮ ਦਾ ਸ੍ਵਾਦ ਆਇਆ ਹੈ।

ਅਥਵਾ:- ਜਿਨ੍ਹਾਂ ਗੁਰ ਸ਼ਬਦੀਆਂ ਨੂੰ ਉਪਦੇਸ਼ ਦਾ ਅਨੰਦ ਆਇਆ ਹੈ, ਉਹਨਾਂ ਨੂੰ ਪ੍ਰਭੂ ਦਾ ਨਾਮ ਅੰਮ੍ਰਿਤ ਸਦਾ ਮਿੱਠਾ ਲੱਗਾ ਹੈ।

ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ ॥ ੧ ॥

ਗੁਰਾਂ ਦੀ ਸੱਚੀ-ਬਾਣੀ ਵਿੱਚ ਬਿਰਤੀ ਸਹਜੇ ਹੀ ਸਮਾ ਗਈ ਹੈ, ਇਸੀ ਤੇ ਹਰਿ ਜੀ (ਪਰਮਾਤਮਾ) ਮਨ ਵਿਚ ਆ ਵਸਿਆ ਹੈ। ਅਥਵਾ:- ਗੁਰਾਂ ਦੀ ਸੱਚੀ ਬਾਣੀ ਦੁਆਰੇ ਹਰਿ ਜੀ ਨੂੰ ਮਨ ਵਿਚ ਵਸਾਇਆ ਤਾਂ ਬਿਰਤੀ ਸਹਜਿ ਸਮਾਣੀ=ਸ਼ਾਂਤੀ ਵਿਚ ਅਭੇਦ ਹੋਈ॥ ੧ ॥

ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ ॥

ਹਰੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਸਤਿਗੁਰਾਂ ਨਾਲ ਮਿਲਾਇਆ ਹੈ।

ਪੂਰੈ ਸਤਗੁਰਿ ਹਰਿ ਨਾਮੁ ਧਿਆਇਆ ॥ ੧ ॥ ਰਹਾਉ ॥

ਪੂਰਿਆਂ ਸਤਿਗੁਰਾਂ ਨੇ ਕਿਰਪਾ ਕਰਕੇ ਮੇਰੇ ਪਾਸੋਂ ਹਰੀ ਨਾਮ ਜਪਵਾਇਆ ਹੈ॥ ੧ ॥ ਰਹਾਉ ॥

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥

ਭਾਵੇਂ ਬ੍ਰਹਮਾ ਨੇ ਵੇਦ ਬਾਣੀ ਪਰਗਾਸੀ=ਪ੍ਰਗਟ ਕੀਤੀ ਹੈ, ਪਰ ਉਸ ਦੇ ਅੰਦਰ ਭੀ ਮਾਇਆ ਦੇ ਮੋਹ ਦਾ ਪਸਾਰਾ ਹੋ ਰਿਹਾ ਹੈ। "ਜੋ ਆਪਣੀ ਪੁੱਤਰੀ ਦੇ ਸੋਹਣੇ ਰੂਪ ਨੂੰ ਵੇਖਕੇ ਮੋਹਤ ਹੋ ਗਿਆ"।

ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥ ੨ ॥

ਭਾਵੇਂ ਮਹਾਦੇਉ=ਸ਼ਿਵ ਜੀ ਗਿਆਨੀ ਹੋ ਕੇ ਆਪਣੇ ਘਰਿ=ਸਰੂਪ ਵਿਚ ਵਰਤ ਰਿਹਾ ਹੈ, ਪਰ

ਉਸ ਦੇ ਆਪਣੇ ਘਰਿ=ਹਿਰਦੇ ਵਿਚ ਭੀ ਤਾਮਸੁ=ਤਮੋ ਗੁਣ ਤੇ ਹੰਕਾਰ ਬਹੁਤ ਸਾਰਾ ਹੈ। "ਜਿਸ ਵੇਲੇ ਭ੍ਰਿਗੂ ਰਿਖੀ ਪ੍ਰੀਖਿਆ ਲੈਣ ਗਿਆ ਤਾਂ ਇਹ ਗੁੱਸੇ ਵਿੱਚ ਭਰਕੇ ਉਸ ਦੇ ਮਗਰ ਦੌੜ ਪਿਆ"॥ ੨॥

ਕਿਸਨੁ ਸਦਾ ਅਵਤਾਰੀ ਰੁਧਾ ਕਿਤੁ ਲਗਿ ਤਰੈ ਸੰਸਾਰਾ॥

ਕਿਸਨੁ=ਵਿਸ਼ਨੂੰ ਤਾਂ ਸਦਾ ਹੀ ਅਵਤਾਰਾਂ ਦੇ ਧਾਰਨ ਵਿਚ ਰੁਧਾ=ਰੁਕਿਆ ਹੋਇਆ ਹੈ। ਇਨ੍ਹਾਂ ਤਿੰਨਾਂ ਦੇਵਤਿਆਂ ਨੂੰ ਤਾਂ ਉਪਦੇਸ਼ ਦੇ ਕੇ ਜੀਵਾਂ ਦੇ ਤਾਰਨ ਦਾ ਅਵਿਕਾਸ਼ (ਸਮਾਂ) ਹੀ ਨਹੀਂ ਹੈ ਤਾਂ ਦੱਸੋ ਸੰਸਾਰ ਕਿਸ ਦੇ ਆਸਰੇ ਲੱਗਕੇ ਤਰੇਗਾ। ਨੋਟ:-"ਕਿਸਨੁ" ਦਾ ਸੰਕੇਤੀ ਅਰਥ ਇੱਥੇ ਵਿਸ਼ਨੂੰ ਕੀਤਾ ਹੈ।

ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ॥ ੩॥

ਜੋ ਉੱਤਮ ਜਗਿਆਸੂ ਗੁਰਾਂ ਦੁਆਰੇ ਬ੍ਰਹਮ ਗਿਆਨ ਵਿੱਚ ਰੱਤੇ ਹਨ, ਉਹਨਾਂ ਦਾ ਮੋਹ ਰੂਪ ਗੁਬਾਰਾ=ਅਨ੍ਹੇਰਾ ਦੂਰ ਹੋਣ ਕਰਕੇ ਉਹ ਇਸ ਕਲਜੁਗ ਵਿਚ ਮੁਕਤ ਰੂਪ ਹਨ॥ ੩॥

ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ॥

ਸਤਿਗੁਰਾਂ ਦੀ ਸੇਵਾ ਕਰਕੇ ਹੀ ਨਿਸਤਾਰਾ ਹੁੰਦਾ ਹੈ, ਗੁਰਮੁਖ ਸੇਵਾ ਕਰਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ।

ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖ ਦੁਆਰਾ॥ ੪॥

ਜੋ ਅਸਲ ਵੈਰਾਗੀ ਹੋ ਕੇ ਸੱਚੇ ਨਾਮ ਸਿਮਰਨ ਵਿੱਚ ਰੱਤੇ ਹਨ, ਉਹ ਮੋਖ ਦੀ ਦੁਆਰਾ ਗਿਆਨ ਪਾਂਵਦੇ ਹਨ॥ ੪॥

ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ॥

ਸ ਰਿਆਂ ਦੇ ਅੰਦਰ ਇੱਕ ਸੱਚਾ ਵਾਹਿਗੁਰੂ ਵਰਤ ਰਿਹਾ ਹੈ, ਜੋ ਸਾਰਿਆਂ ਜੀਵਾਂ ਦਾ ਪ੍ਰਤਿਪਾਲਾ ਕਰਦਾ ਹੈ।

ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ
ਸਭਨਾ ਦੀਵਾਨੁ ਦਇਆਲਾ॥ ੫॥ ੫॥

ਗੁਰੂ ਜੀ ਕਥਨ ਕਰਦੇ ਹਨ, ਇੱਕ ਪ੍ਰਭੂ ਤੋ ਬਿਨਾਂ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ, ਉਹ ਦਿਆਲੂ ਹੀ ਸਾਰਿਆਂ ਦਾ ਦੀਵਾਨੁ-ਆਸਰਾ ਹੈ॥ ੫॥ ੫॥

ਵਡਹੰਸੁ ਮਹਲਾ ੩॥ ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ॥

ਗੁਰਮੁਖਿ=ਗੁਰਾਂ ਦੁਆਰੇ ਸੱਚਾ ਸੰਜਮੁ (ਨਿਸ਼ਕਪਟ ਇੰਦ੍ਰੀਆਂ ਦਾ ਦਮਨ ਕਰੇ) ਤਾਂ ਤਤੁ ਗਿਆਨੁ= ਯਥਾਰਥ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

(ਪੰਨਾ ੫੬੦) ਗੁਰਮੁਖਿ ਸਾਚੇ ਲਗੈ ਧਿਆਨੁ॥ ੧॥

ਗੁਰਮੁਖ ਹਮੇਸ਼ਾਂ ਸੱਚੇ ਵਾਹਿਗੁਰੂ ਦੇ ਧਿਆਨ ਵਿਚ ਲੱਗੇ ਰਹਿੰਦੇ ਹਨ।

ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥ਸਦਾ ਨਿਬਹੈ ਚਲੈ ਤੇਰੈ ਨਾਲਿ ॥ਰਹਾਉ ॥

ਹੇ ਮੇਰੇ ਮਨ ! ਤੂੰ ਗੁਰਮੁਖ ਹੋ ਕੇ ਗੁਰਾਂ ਦੁਆਰੇ ਨਾਮ ਨੂੰ ਸਮ੍ਹਾਲਣਾ ਕਰ। ਜੋ ਇਸ ਲੋਕ ਵਿੱਚ ਸਦੀਵ ਕਾਲ ਤੇਰੇ ਨਾਲ ਨਿਭੇਗਾ, ਅਤੇ ਪ੍ਰਲੋਕ ਵਿੱਚ ਵੀ ਤੇਰੇ ਨਾਲ ਚੱਲੇਗਾ ॥ ਰਹਾਉ ॥

ਗੁਰਮੁਖਿ ਜਾਤਿ ਪਤਿ ਸਚੁ ਸੋਇ ॥ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥੨ ॥

ਗੁਰਮੁਖਾਂ ਦੀ ਜਾਤੀ ਤੇ ਪਤਿ=ਪਤ-ਆਬਰੋ, ਅਥਵਾ:-ਸੰਗਤੀ ਉਹ ਸੱਚਾ ਪ੍ਰਭੂ ਹੀ ਹੈ। ਗੁਰਮੁਖਾਂ ਦੇ ਅੰਦਰ ਉਹ ਪ੍ਰਭੂ ਦੀ ਸਖਾਈ=ਸਹਾਇਤਾ ਦੇ ਕਰਨ ਵਾਲਾ ਹੁੰਦਾ ਹੈ॥ ੨ ॥

ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥
ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥ ੩ ॥

ਉਹ ਪ੍ਰਭੂ ਜਿਸ ਨੂੰ ਆਪ ਗੁਰਮੁਖ ਕਰਦਾ ਹੈ ਉਹੀ ਪੁਰਸ਼ ਗੁਰਮੁਖ ਹੁੰਦਾ ਹੈ। ਉਹ ਪ੍ਰਭੂ ਆਪ ਹੀ ਗੁਰਮੁਖਾਂ ਨੂੰ ਵਡਿਆਈ ਦੇਂਦਾ ਹੈ॥ ੩ ॥

ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪ ॥੬ ॥

ਗੁਰਮੁਖਿ ਗੁਰ ਉਪਦੇਸ਼ ਰੂਪੀ ਸੱਚੀ ਕਰਣੀ ਨੂੰ ਸਾਰੁ=ਸੰਭਾਲਦੇ ਹਨ।

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ ਆਪਣੇ ਪ੍ਰਤੱਖ ਪ੍ਰਵਾਰ ਨੂੰ, ਅਥਵਾ:-ਸਿੱਖੀ ਸੇਵਕੀ ਰੂਪੀ ਪ੍ਰਵਾਰ ਨੂੰ, ਅਥਵਾ:-ਇੰਦ੍ਰੀਆਂ ਰੂਪੀ ਪ੍ਰਵਾਰ ਨੂੰ ਸੁਧਾਰ ਲੈਂਦੇ ਹਨ। ਅਥਵਾ:-ਸਾਧਾਰੁ=ਸਹਿਤ ਆਸਰੇ ਦੇ ਕਰ ਲੈਂਦੇ ਹਨ॥ ੪ ॥ ੬ ॥

ਵਡਹੰਸੁ ਮਹਲਾ ੩ ॥ ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥

ਸਹਜਿ ਸੁਭਾਇ=ਸੁੱਤੇ ਸਿੱਧ, ਅਥਵਾ:-ਸ਼ਾਂਤੀ ਸੁਭਾਵ ਨਾਲ ਰਸਨਾ ਹਰੀ ਨਾਮ ਦਾ ਸ੍ਵਾਦ ਲੈਣ ਲੱਗੀ ਹੋਈ ਹੈ।

ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥ ੧ ॥

ਅਤੇ ਹਰੀ ਰਾਮ ਨੂੰ ਧਿਆ ਕੇ ਮਨ ਪਦਾਰਥਾਂ ਵੱਲੋਂ ਤ੍ਰਿਪਤ ਹੋ ਗਿਆ ਹੈ॥ ੧ ॥

ਸਦਾ ਸੁਖੁ ਸਾਚੈ ਸਬਦਿ ਵੀਚਾਰੀ ॥

ਸੱਚੇ ਗੁਰਾਂ ਦੇ ਸ਼ਬਦ ਦੀ ਵੀਚਾਰ ਕਰਕੇ ਸਦਾ ਹੀ ਸੁਖ ਹੋਇਆ ਹੈ।

ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ ॥ ੧ ॥ ਰਹਾਉ ॥

ਮੈਂ ਆਪਣੇ ਸਤਿਗੁਰਾਂ ਦੇ ਵਿਟਹੁ=ਉੱਪਰੋਂ ਸਦਾ ਬਲਿਹਾਰ ਜਾਂਦਾ ਹਾਂ॥ ੧ ॥ ਰਹਾਉ ॥

ਅਖੀ ਸੰਤੋਖੀਆ ਏਕ ਲਿਵ ਲਾਇ ॥ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨ ॥

ਇੱਕ ਪ੍ਰਭੂ ਦੇ ਧਿਆਨ ਵਿੱਚ ਲਿਵ=ਬਿਰਤੀ ਦੇ ਲਗਾਉਣ ਕਰਕੇ ਅੱਖਾਂ ਨੂੰ ਸੰਤੋਖ ਆ ਗਿਆ ਹੈ।

ਦ੍ਵੈਤ ਭਾਵ ਦੇ ਗੁਆਣ ਕਰਕੇ ਮਨ ਨੂੰ ਸੰਤੋਖ ਹੋਇਆ ਹੈ॥ ੨॥

ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ॥

ਗੁਰ ਉਪਦੇਸ਼ ਦੁਆਰੇ ਹਰੀ ਨਾਮ ਜਪਣ ਕਰਕੇ ਸਥੂਲ ਦੇਹ ਤੇ ਸੂਖਮ ਸਰੀਰ ਨੂੰ ਸੁਖ ਹੁੰਦਾ ਹੈ।

ਨਾਮੁ ਪਰਮਲੁ ਹਿਰਦੈ ਰਹਿਆ ਸਮਾਇ॥ ੩॥

ਪਰਮਲੁ=ਚੰਦਨ ਵਾਂਗੂੰ ਸੀਤਲ ਨਾਮ ਹਿਰਦੇ ਵਿੱਚ ਸਮਾ ਰਿਹਾ ਹੈ॥ ੩॥

ਨਾਨਕ ਮਸਤਕਿ ਜਿਸੁ ਵਡਭਾਗੁ॥ਗੁਰ ਕੀ ਬਾਣੀ ਸਹਜ ਬੈਰਾਗੁ॥੪॥੭॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਮੱਥੇ ਦੇ ਵੱਡੇ ਭਾਗ ਹਨ।

ਸਤਿਗੁਰਾਂ ਦੀ ਬਾਣੀ ਕਰਕੇ ਉਸ ਨੂੰ ਸਹਜ=ਗਿਆਨ ਤੇ ਵੈਰਾਗ ਪ੍ਰਾਪਤ ਹੁੰਦਾ ਹੈ॥ ੪॥ ੭॥

ਵਡਹੰਸੁ ਮਹਲਾ ੩॥ ਪੂਰੇ ਗੁਰ ਤੇ ਨਾਮੁ ਪਾਇਆ ਜਾਇ॥

ਸਚੈ ਸਬਦਿ ਸਚਿ ਸਮਾਇ॥ ੧॥

ਪ੍ਰਭੂ ਦਾ ਨਾਮ ਪੂਰਿਆਂ ਗੁਰਾਂ ਤੋਂ ਪਾਇਆ ਜਾਂਦਾ ਹੈ। ਸੱਚੇ ਗੁਰਾਂ ਦੇ ਉਪਦੇਸ਼ ਕਰਕੇ ਹੀ ਸੱਚ ਵਿੱਚ ਸਮਾਂਵਦਾ ਹੈ॥ ੧॥

ਏ ਮਨ ਨਾਮੁ ਨਿਧਾਨੁ ਤੂ ਪਾਇ॥ਆਪਣੇ ਗੁਰ ਕੀ ਮੰਨਿ ਲੈ ਰਜਾਇ॥੧॥ਰਹਾਉ॥

ਹੇ ਮਨ! ਤੂੰ ਨਾਮ ਰੂਪ ਖਜ਼ਾਨੇ ਨੂੰ ਪਾਉਣਾ ਕਰ। ਅਤੇ ਆਪਣੇ ਗੁਰਾਂ ਦੀ ਆਗਿਆ ਨੂੰ ਮੰਨ ਲੈ ॥ ੧॥ ਰਹਾਉ॥

ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ॥ਨਿਰਮਲੁ ਨਾਮੁ ਵਸੈ ਮਨਿ ਆਇ॥੨॥

ਗੁਰਾਂ ਦੇ ਉਪਦੇਸ਼ ਕਰਕੇ ਹਿਰਦੇ ਵਿੱਚੋਂ ਰਾਗ ਦਵੈਸ਼ ਰੂਪੀ ਮੈਲ ਨੂੰ ਦੂਰ ਕਰ। ਤਾਂ ਪਵਿੱਤਰ ਨਾਮ ਤੇਰੇ ਮਨ ਵਿਚ ਆ ਵੱਸੇਗਾ॥ ੨॥

ਭਰਮੇ ਭੂਲਾ ਫਿਰੈ ਸੰਸਾਰੁ॥ ਮਰਿ ਜਨਮੈ ਜਮੁ ਕਰੇ ਖੁਆਰੁ॥ ੩॥

ਸਾਰਾ ਸੰਸਾਰ ਭਰਮ ਵਿੱਚ ਭੁੱਲਿਆ ਫਿਰਦਾ ਹੈ। ਇਸ ਤੇ ਜੰਮਦਾ ਮਰਦਾ ਹੈ, ਤੇ ਜਮ ਰਾਜਾ ਇਸ ਨੂੰ ਖਰਾਬ ਕਰਦਾ ਹੈ॥ ੩॥

ਨਾਨਕ ਸੇ ਵਡਪਾਗੀ ਜਿਨ ਹਰਿ ਨਾਮੁ ਧਿਆਇਆ॥

ਗੁਰੂ ਜੀ ਕਥਨ ਕਰਦੇ ਹਨ, ਉਹ ਵੱਡਿਆਂ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ।

ਗੁਰ ਪਰਸਾਦੀ ਮੰਨਿ ਵਸਾਇਆ॥ ੪॥ ੮॥

ਅਤੇ ਗੁਰਾਂ ਦੀ ਕਿਰਪਾ ਨਾਲ ਹਰੀ ਨਾਮ ਨੂੰ ਮਨ ਵਿੱਚ ਵਸਾਇਆ ਹੈ॥ ੪॥ ੮॥

ਵਡਹੰਸੁ ਮਹਲਾ ੩ ॥

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥

ਹਉਮੈ=ਹੰਕਾਰ ਦਾ ਵਾਹਿਗੁਰੂ ਨਾਮ ਨਾਲ ਬੜਾ ਭਾਰੀ ਵਿਰੋਧ ਹੈ, ਇਹ ਦੋਵੇਂ ਇੱਕ ਅੰਤਹਕ੍ਰਰਨ ਰੂਪੀ ਅਸਥਾਨ ਉੱਪਰ ਨਹੀਂ ਵਸਦੇ।

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ ੧ ॥

ਹੰਗਤਾ ਮਮਤਾ ਵਿਚ ਹੋਣ ਵਾਲੇ ਤੋਂ ਸੇਵਾ ਨਹੀਂ ਹੁੰਦੀ, ਜੇ ਗੁਰੂ ਦੀ ਸੇਵਾ ਨਾ ਹੋਵੇ ਤਾਂ ਮਨ ਦਾ ਸਾਰਾ ਕਰਤੱਬ ਕੀਤਾ ਹੋਇਆ ਬਿਰਥਾ ਜਾਇ=ਨਿਸਫਲ ਜਾਂਦਾ ਹੈ॥ ੧ ॥

ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥

ਹੇ ਮੇਰੇ ਮਨ ! ਤੂੰ ਗੁਰਾਂ ਦਾ ਉਪਦੇਸ਼ ਕਮਾ ਕੇ ਹਰੀ ਨਾਮ ਨੂੰ ਚੇਤਿ=ਚੇਤਨਾ ਕਰ।

ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥

ਜੇ ਤੂੰ ਗੁਰੂ ਦਾ ਹੁਕਮ ਮੰਨੇਂਗਾ, ਤਾਂ ਹਰੀ ਤੈਨੂੰ ਮਿਲੇਗਾ, ਤਾਂ ਹੀ ਤੇਰੇ ਹਿਰਦੇ ਵਿਚੋਂ ਹੰਗਤਾ ਮਮਤਾ ਚਲੀ ਜਾਏਗੀ॥ ਰਹਾਉ ॥

ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥

ਜਿਤਨੇ-ਕੁ ਸਰੀਰ ਹਨ ਸਾਰਿਆਂ ਵਿਚ ਹਉਮੈ ਹੈ, ਅਤੇ ਹੰਕਾਰ ਕਰਕੇ ਹੀ ਸਾਰਿਆਂ ਦੀ ਉਤਪਤੀ ਹੋਈ ਹੈ।

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥ ੨ ॥

ਹਉਮੈ=ਹੰਕਾਰ ਹੀ ਇੱਕ ਵੱਡਾ ਅਨ੍ਹੇਰਾ ਹੈ, ਇਸ ਲਈ ਹੰਕਾਰ ਵਿਚ ਹੋਣ ਕਰਕੇ ਕੋਈ ਕੁਝ ਜਾਣ ਨਹੀਂ ਸਕਦਾ॥ ੨ ॥

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥

ਹੰਕਾਰ ਵਿਚ ਭਗਤੀ ਕੀਤੀ ਹੋਈ ਕਬੂਲ ਨਹੀਂ ਹੁੰਦੀ ਅਤੇ ਹੰਕਾਰ ਵਿਚ ਭਾਣਾ ਵੀ ਨਹੀਂ ਸਮਝਿਆ ਜਾਂਦਾ।

ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥ ੩ ॥

ਜਿਹੜਾ ਜੀਵ ਹੰਕਾਰ ਵਿਚ ਬੱਧਾ ਹੋਇਆ ਹੈ, ਉਸ ਦੇ ਮਨ ਵਿਚ ਆ ਕੇ ਨਾਮ ਵੱਸਦਾ ਹੀ ਨਹੀਂ ਹੈ॥ ੩ ॥

ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥

ਗੁਰੂ ਜੀ ਕਥਨ ਕਰਦੇ ਹਨ, ਸਤਿਗੁਰਾਂ ਨਾਲ ਮਿਲਣ ਕਰ ਕੇ ਜਿਸ ਦੀ ਹੰਗਤਾ ਮਮਤਾ ਮਿਟ ਗਈ ਹੈ, ਤਾਂ ਉਸ ਦੇ ਮਨ ਵਿਚ ਸੱਚ-ਨਾਮ ਆ ਕੇ ਵਸਿਆ ਹੈ।

ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥ ੪ ॥ ੯ ॥ ੧੨ ॥

ਉਹ ਸੱਚ ਨਾਮ ਦੀ ਕਮਾਈ ਕਰਦਾ ਹੈ, ਅਤੇ ਸੱਚੇ ਗੁਰਾਂ ਦੀ ਸੇਵਾ ਕਰਕੇ ਸੱਚੇ ਵਾਹਿਗੁਰੂ ਵਿੱਚ ਸਮਾ ਰਹਿੰਦਾ ਹੈ॥ ੪॥ ੯॥ ੧੨॥

ਵਡਹੰਸੁ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਸੇਜ ਏਕ ਏਕੋ ਪ੍ਰਭੁ ਠਾਕੁਰੁ॥ ਗੁਰਮੁਖਿ ਹਰਿ ਰਾਵੇ ਸੁਖ ਸਾਗਰੁ॥ ੧ ॥

ਇੱਕ ਹੀ ਅੰਤਹਕਰਣ ਰੂਪ ਸੇਜਾ ਹੈ, ਉਸ ਉੱਤੇ ਇੱਕ ਪ੍ਰਭੂ ਠਾਕੁਰ ਹੀ ਬਿਰਾਜਮਾਨ ਹੈ। ਉਸ ਸੁਖ ਸਾਗਰ=ਸੁਖਾਂ ਦੇ ਸਮੁੰਦਰ ਹਰੀ ਦੇ ਅਨੰਦ ਨੂੰ ਗੁਰਮੁਖ ਹੀ ਰਾਵੇ=ਭੋਗਦੇ ਹਨ॥ ੧॥

ਮੈ ਪ੍ਰਭ ਮਿਲਣ ਪ੍ਰੇਮ ਮਨਿ ਆਸਾ॥

ਮੇਰੇ ਮਨ ਵਿੱਚ ਪ੍ਰੇਮ ਹੋਣ ਕਰਕੇ ਪ੍ਰਭੂ ਨਾਲ ਮਿਲਣ ਦੀ ਆਸਾ ਲੱਗ ਰਹੀ ਹੈ।

(ਪੰਨਾ ੫੬੧) ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ

ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ॥ ੧ ॥ ਰਹਾਉ॥

ਮੇਰੇ ਪ੍ਰੀਤਮ ਨੂੰ ਪੂਰੇ ਗੁਰੂ ਹੀ ਮਿਲਾਣ ਵਾਲੇ ਹਨ, ਇਸ ਕਰਕੇ ਮੈਂ ਆਪਣੇ ਗੁਰੂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥ ਰਹਾਉ॥

ਮੈ ਅਵਗਣ ਭਰਪੂਰਿ ਸਰੀਰੇ॥ ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ॥ ੨ ॥

ਮੇਰਾ ਸਰੀਰ ਔਗੁਣਾਂ ਕਰਕੇ ਭਰਪੂਰ ਹੈ। ਇਸ ਲਈ ਮੈਂ ਆਪਣੇ ਪੂਰੇ ਪ੍ਰੀਤਮ ਨਾਲ ਕਿਵੇਂ ਮਿਲਣਾ ਕਰਾਂ॥ ੨॥

ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ॥

ਸੇ ਮੈ ਗੁਣ ਨਾਹੀ ਹਉ ਕਿਉ ਮਿਲਾ ਮੇਰੀ ਮਾਇਆ॥ ੩ ॥

ਸ਼ੁਭ ਗੁਣਾਂ ਵਾਲੀਆਂ ਨੇ ਜਿਨ੍ਹਾਂ ਗੁਣਾਂ ਕਰਕੇ ਮੇਰਾ ਪ੍ਰੀਤਮ ਪਾਇਆ ਹੈ, ਉਹ ਗੁਣ ਮੇਰੇ ਵਿੱਚ ਨਹੀਂ ਹਨ, ਹੇ ਮੇਰੀ ਮਾਤਾ ! ਮੈਂ ਕਿਵੇਂ ਮਿਲਣਾ ਕਰਾਂ॥ ੩॥

ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ॥

ਨਾਨਕ ਗਰੀਬ ਰਾਖਹੁ ਹਰਿ ਮੇਰੇ॥ ੪ ॥ ੧ ॥

ਹਉ=ਮੈਂ ਬਹੁਤੇਰੇ=ਬਹੁਤ ਤਰ੍ਹਾਂ ਦੇ ਉਪਾਵ ਕਰ ਕਰ ਕੇ ਥੱਕ ਗਿਆ ਹਾਂ। ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਹਰੀ ! ਮੈਂ ਗਰੀਬ ਨੂੰ ਰੱਖ ਲਓ॥ ੪॥ ੧॥

ਵਡਹੰਸੁ ਮਹਲਾ ੪ ॥ ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ ॥

ਮੇਰਾ ਹਰੀ ਪ੍ਰਭੂ ਸੁੰਦਰ ਹੈ, ਪਰ ਮੈਂ ਉਸ ਦੀ ਸਾਰ ਸੰਭਾਲ ਭਾਵ ਕਦਰ ਨਹੀਂ ਜਾਣੀ।

ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ ॥ ੧ ॥
ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ ॥

ਕਿਉਂਕਿ ਮੈਂ ਹਰੀ ਪ੍ਰਭੂ ਨੂੰ ਛੱਡ ਕੇ ਦੂਜੈ=ਸੰਸਾਰ ਵਿਚ ਅਥਵਾ:-ਦ੍ਵੈਤ ਭਾਵ ਵਿੱਚ ਲੁਭਾਇਮਾਨ ਹੋ ਰਹੀ ਹਾਂ ॥ ੧ ॥ ਮੈਂ ਇਆਣੀ=ਅਗਿਆਤ ਇਸਤ੍ਰੀ ਆਪਣੇ ਪਤੀ ਪਰਮਾਤਮਾ ਨੂੰ ਕਿਸ ਤਰ੍ਹਾਂ ਮਿਲਾਂਗੀ?

ਜੋ ਪਿਰ ਭਾਵੈ ਸਾ ਸੋਹਾਗਣਿ ਸਾਈ ਪਿਰ ਕਉ ਮਿਲੈ ਸਿਆਣੀ ॥੧ ॥ਰਹਾਉ ॥

ਜੋ ਇਸਤ੍ਰੀ ਪਤੀ (ਪਰਮੇਸ਼ਰ) ਨੂੰ ਭਾਂਵਦੀ ਹੈ ਓਹੀ ਸੁਹਾਗਣ ਹੈ, ਅਤੇ "ਓਹੀ ਸਿਆਣੀ ਇਸਤ੍ਰੀ ਪਤੀ (ਪਰਮਾਤਮਾ) ਨੂੰ ਮਿਲਦੀ ਹੈ" ॥ ੧ ॥ ਰਹਾਉ ॥

ਮੈ ਵਿਚਿ ਦੋਸ ਹਉ ਕਿਉ ਕਰਿ ਪਿਰੁ ਪਾਵਾ ॥
ਤੇਰੇ ਅਨੇਕ ਪਿਆਰੇ ਹਉ ਪਿਰ ਚਿਤਿ ਨ ਆਵਾ ॥ ੨ ॥

ਦੋਸ਼ ਮੇਰੇ ਵਿੱਚ ਹਨ, ਫਿਰ ਮੈਂ ਪਤੀ (ਪਰਮਾਤਮਾ) ਨੂੰ ਕਿਸ ਤਰ੍ਹਾਂ ਪਾਵਾਂਗੀ। ਹੇ ਪਤੀ ! ਤੇਰੇ ਪਿਆਰ ਵਾਲੇ ਤਾਂ ਅਨੇਕਾਂ ਹਨ, ਇਸ ਲਈ ਮੈਂ ਤੈਨੂੰ ਯਾਦ ਨਹੀਂ ਆਉਂਦੀ ॥ ੨ ॥

ਜਿਨਿ ਪਿਰੁ ਰਾਵਿਆ ਸਾ ਭਲੀ ਸੁਹਾਗਣਿ ॥
ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ ॥ ੩ ॥

ਜਿਸ ਨੇ ਪਤੀ ਦਾ ਅਨੰਦ ਭੋਗਿਆ ਹੈ ਉਹ ਸੁਹਾਗਣ ਭਲੀ ਹੈ। ਉਹ ਗੁਣ ਮੇਰੇ ਵਿੱਚ ਨਹੀਂ ਹਨ, ਇਸ ਤੇ ਹਉ=ਮੈਂ ਦੁਹਾਗਣਿ=ਛੁੱਟੜ ਇਸਤ੍ਰੀ ਕੀ ਕਰ ਸਕਦੀ ਹਾਂ ॥ ੩ ॥

ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥ ਮੈ ਕਰਮਹੀਣ ਕਬ ਹੀ ਗਲਿ ਲਾਵੈ ॥ ੪ ॥

ਸੁਹਾਗਣਾਂ ਤਾਂ ਨਿੱਤ ਹੀ ਆਪਣੇ ਪਤੀ ਦੇ ਅਨੰਦ ਨੂੰ ਸਦਾ ਭੋਗਦੀਆਂ ਹਨ। ਪਰ ਮੈਂ ਕਰਮਾਂ ਤੋਂ ਹੀਣੀ ਨੂੰ ਭੀ ਕਦੇ ਆਪਣੇ ਗਲ ਨਾਲ ਲਗਾਵੇਗਾ ॥ ੪ ॥

ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ ॥
ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥ ੫ ॥ ੨ ॥

ਹੇ ਪਤੀ (ਪਰਮਾਤਮਾ)! ਤੂੰ ਸ਼ੁਭ ਗੁਣਾਂ ਵਾਲਾ ਹੈਂ, ਤੇ ਮੈਂ ਔਗੁਣਾਂ ਵਾਲਾ ਹਾਂ। ਮੈਂ ਨਿਰਗੁਣ ਵਿਚਾਰੇ ਨੂੰ ਬਖਸ਼ ਲੈਣਾ ਕਰੋ।

ਅਥਵਾ:-ਹੇ ਪਿਰੀ (ਪਰਮਾਤਮਾ)! ਤੂੰ ਗੁਣਾਂ ਵਾਲਿਆਂ ਨੂੰ ਮਿਲਦਾ ਹੈਂ, ਤੇ ਮੈਂ ਔਗੁਣਾਂ ਵਾਲੀ ਹਾਂ। ਗੁਰੂ ਜੀ ਕਥਨ ਕਰਦੇ ਹਨ, ਮੈਂ ਗੁਣ ਹੀਣੀ ਵਿਚਾਰੀ ਨੂੰ ਆਪਣਾ ਦਰਸ਼ਨ ਬਖਸ਼ ਦੇਹੁ ॥ ੫ ॥ ੨ ॥

ਵਡਹੰਸੁ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ॥

ਹਰੀ ਦੀ ਪ੍ਰਾਪਤੀ ਦੀ ਮੇਰੇ ਮਨ ਵਿਚ ਵੱਡੀ ਆਸਾ ਲੱਗ ਰਹੀ ਹੈ, ਹਰੀ ਦੇ ਦਰਸ਼ਨ ਨੂੰ ਮੈਂ ਕਿਸ ਤਰ੍ਹਾਂ ਪਾਵਣਾ ਕਰਾਂ।

ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ॥

ਮੈਂ ਆਪਣੇ ਸਤਿਗੁਰਾਂ ਪਾਸੋਂ ਜਾ ਕੇ ਪੁੱਛਦੀ ਹਾਂ, ਗੁਰਾਂ ਪਾਸੋਂ ਪੁੱਛ ਕੇ ਮੈਂ ਆਪਣੇ ਮੂਰਖ ਮਨ ਨੂੰ ਸਮਝਾਵਾਂਗੀ।

ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ॥

ਜੇਕਰ ਮੇਰਾ ਮਨ ਭੁੱਲਿਆ ਹੋਇਆ ਗੁਰਾਂ ਦੇ ਉਪਦੇਸ਼ ਕਰਕੇ ਸਮਝ ਜਾਵੇ, ਤਾਂ ਮੈਂ ਹਰਿ ਹਰਿ ਦੇ ਨਾਮਾਂ ਨੂੰ ਸਦਾ ਧਿਆਵਾਂਗੀ।

ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ॥੧॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਮੇਰਾ ਪਿਆਰਾ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਓਹੀ ਹਰੀ ਦੇ ਚਰਨਾਂ ਵਿਚ ਚਿੱਤ-ਬਿਰਤੀ ਨੂੰ ਲਗਾਂਦਾ ਹੈ॥ ੧॥

ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ॥

ਮੈਂ ਪਤੀ ਦੀ ਪ੍ਰਸੰਨਤਾ ਦੇ ਵਾਸਤੇ ਸਭ ਤਰ੍ਹਾਂ ਦੇ ਭੇਖ ਕਰਦੀ ਹਾਂ, ਜੇਕਰ ਸੱਚੇ ਹਰੀ ਪ੍ਰਭੂ ਨੂੰ ਭਾ ਜਾਵਾਂ।

ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ॥

ਪਰ ਉਹ ਪਿਆਰਾ ਪਤੀ ਮੇਰੇ ਵੱਲ ਨਜ਼ਰ ਭਰ ਕੇ ਵੇਖਦਾ ਹੀ ਨਹੀਂ ਹੈ, ਇਸ ਤੇ ਮੈਂ ਕਿਵੇਂ ਧੀਰਜ ਨੂੰ ਪਾਉਣਾ ਕਰਾਂ।

ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ॥

ਜਿਸ ਨੂੰ ਪ੍ਰਸੰਨ ਕਰਨ ਵਾਸਤੇ ਮੈਂ ਸ਼ਿੰਗਾਰ ਸ਼ਿੰਗਾਰਦੀ ਭਾਵ ਕਰਦੀ ਹਾਂ, ਉਹ ਮੇਰਾ ਪਤੀ ਅਵਰਾ=ਹੋਰਨਾਂ ਵਿੱਚ ਰੱਤਾ ਹੋਇਆ ਹੈ।

ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ॥੨॥

ਗੁਰੂ ਜੀ ਕਥਨ ਕਰਦੇ ਹਨ, ਉਹ ਸੁਹਾਗਣਾਂ ਮਨ, ਬਾਣੀ, ਸਰੀਰ ਕਰਕੇ ਧੰਨ ਹਨ, ਜਿਨ੍ਹਾਂ ਸੁਹਾਗਣਾਂ ਨੇ ਸੱਚੇ ਪਿਰੀ ਨੂੰ ਸਵਰਾ=ਸਵਾਰ ਕੇ, ਵਾ:-ਸਵੇਰੇ ਉੱਠ ਕੇ, ਵਾ:-ਸਵਰਾ=ਸਸਤਾ ਜਾਣ ਕੇ ਰਾਵਿਅੜਾ=ਉਚਾਰਿਆ ਹੈ। ਅਥਵਾ:-ਜਿਨ੍ਹਾਂ ਨੇ ਸਵਰਾ=ਸਾਵਲੇ ਰੰਗ ਵਾਲੇ, ਸਵਰਾ=ਪਤੀ ਦੇ ਅਨੰਦ ਨੂੰ ਭੋਗਿਆ ਹੈ॥ ੨॥

ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥

ਜਿਸ ਵੇਲੇ ਮੈਂ ਉਨ੍ਹਾਂ ਸੁਹਾਗਣਾਂ ਨੂੰ ਜਾ ਕੇ ਪੁੱਛਿਆ ਕਿ ਤੁਸਾਂ ਨੇ ਮੇਰੇ ਪਤੀ (ਪ੍ਰਭੂ) ਦੇ ਸੋਹਾਗੁ=ਅਨੰਦ ਨੂੰ ਕਿਵੇਂ ਪਾਇਆ ਹੈ ? ਤਾਂ ਉਹਨਾਂ ਨੇ ਕਿਹਾ-

ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥

ਜਿਸ ਵੇਲੇ ਮੈਂ ਆਪਣੇ ਮਨ ਵਿਚੋਂ ਮੇਰਾ ਤੇਰਾ ਭਾਵ ਛੱਡ ਦਿੱਤਾ, ਤਾਂ ਫਿਰ ਮੇਰੇ ਉੱਤੇ ਸੱਚੇ ਪਤੀ (ਪਰਮਾਤਮਾ) ਨੇ ਕ੍ਰਿਪਾ ਦ੍ਰਿਸ਼ਟੀ ਕੀਤੀ।

ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥

ਜੇ ਤੈਨੂੰ ਉਸ ਦੀ ਇੱਛਾ ਹੈ ਤਾਂ ਤੂੰ ਭੀ ਮੇਰਾ ਤੇਰਾ ਛੱਡ ਕੇ, ਸਭ ਕੁਝ ਮਨ, ਤਨ ਜੀਉ ਹਰੀ ਪ੍ਰਭੂ ਦਾ ਕਰ ਦੇਹ, ਹੇ ਭੈਣੇ ! ਇਸ ਰਸਤੇ ਤੁਰੀਏ ਤਾਂ ਪਤੀ ਮਿਲਦਾ ਹੈ।

ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜਦ ਆਪਣਾ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਕੇ ਵੇਖੇ, ਤਾਂ ਜੋਤੀ ਨਾਲ ਇਸ ਦੀ ਜੋਤ ਰਲ ਜਾਂਦੀ ਹੈ॥ ੩ ॥

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥

ਜੋ ਮੈਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਸੁਨੇਹਾ ਦੇਵੇਗਾ, ਮੈਂ ਉਸਨੂੰ ਆਪਣਾ ਤਨ ਮਨ ਅਰਪਣ ਕਰ ਦੇਵਾਂਗਾ।

ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥

ਨਿਤਾਪ੍ਰਤੀ ਉਸ ਨੂੰ ਪੱਖਾ ਝੱਲਾਂਗਾ, ਸੇਵਾ ਕਰਾਂਗਾ, ਅਤੇ ਉਸ ਦੇ ਅੱਗੇ ਪਾਣੀ ਢੋਵਾਂਗਾ।

(ਪੰਨਾ ੫੬੨)

ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥

ਉਸ ਹਰੀ ਦੇ ਜਨ ਦੀ ਨਿਤ ਨਿਤ=ਨਿਤਾਪ੍ਰਤੀ ਸੇਵਾ ਕਰਾਂਗਾ, ਜੋ ਹਰ ਤਰ੍ਹਾਂ ਨਾਲ ਹਰਿ ਹਰਿ ਦੀ ਕਥਾ ਸੁਣਾਵੇਗਾ।

ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥ ੪ ॥

ਗੁ=ਅਨ੍ਹੇਰੇ ਵਿਚ ਰੂ=ਪ੍ਰਕਾਸ਼ ਕਰਨ ਵਾਲੇ ਗੁਰ=ਪੂਜਨੀਕ ਪੂਰੇ ਸਤਿਗੁਰੂ ਧੰਨ ਹਨ ਧੰਨ, ਜੋ ਮਨ ਦੀ ਆਸਾ ਪੂਰਨ ਕਰਨ ਵਾਲੇ ਹਨ॥ ੪ ॥

ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥

ਹੇ ਹਰੀ ! ਮੇਰਾ ਸੱਜਣ ਜੋ ਗੁਰੂ ਹੈ ਉਸ ਨਾਲ ਮੈਨੂੰ ਮਿਲਾ ਦੇ, ਜਿਸ ਗੁਰੂ ਨਾਲ ਮਿਲ ਕੇ ਮੈਂ ਹਰੀ ਨਾਮ ਨੂੰ ਧਿਆਵਾਂ।

ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ ॥

ਗੁਰ=ਪੂਜਨੀਕ ਸਤਿਗੁਰਾਂ ਪਾਸੋਂ ਹੇ ਹਰੀ ! ਆਪ ਜੀ ਦੀ ਗੋਸਟਿ=ਕਥਾ ਪੁੱਛਾਂ, ਫਿਰ ਗੁਰਾਂ ਨਾਲ ਸਾਂਝੀ=ਭਾਈਵਾਲੀ ਕਰਕੇ ਭਾਵ ਸ਼ਰਧਾ ਦੇ ਕੇ ਉਪਦੇਸ਼ ਲੈ ਕੇ ਹੇ ਹਰੀ ! ਆਪ ਜੀ ਦੇ ਗੁਣ ਗਾਵਣਾ ਕਰਾਂ।

ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥

ਹੇ ਹਰੀ ! ਆਪ ਜੀ ਦੇ ਸਦ=ਸ੍ਰੇਸ਼ਟ ਗੁਣ ਨਿਤਾਪ੍ਰਤੀ ਗਾਵਣਾ ਕਰਾਂ, ਆਪ ਜੀ ਦਾ ਨਾਮ ਸੁਣ ਕੇ ਹੀ ਮੇਰਾ ਮਨ ਜੀਉਂਦਾ ਹੈ।

ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ
ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਸੁਆਮੀ ! ਜਿਸ ਵੇਲੇ ਤੂੰ ਮੈਨੂੰ ਭੁੱਲ ਜਾਂਦਾ ਹੈਂ, ਉਸੀ ਵੇਲੇ ਮੇਰਾ ਜੀਅ ਮਰ ਜਾਂਦਾ ਹੈ॥ ੫ ॥

ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥

ਹਰੀ ਦੇ ਦਰਸ਼ਨ ਨੂੰ ਸਭ ਕੋਈ ਲੋਚੈ=ਚਾਹੁੰਦਾ ਹੈ ਪਰ, ਜਿਸ ਨੂੰ ਆਪ ਵਿਖਾਂਦਾ ਹੈ ਓਹੀ ਦਰਸ਼ਨ ਨੂੰ ਵੇਖਦਾ ਹੈ।

ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥

ਜਿਸ ਉੱਤੇ ਮੇਰਾ ਪਿਆਰਾ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਸਦਾ ਹੀ ਹਰਿ ਹਰਿ ਨਾਮ ਨੂੰ ਸਮ੍ਹਾਲਦਾ ਹੈ।

ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥

ਜਿਸ ਨੂੰ ਮੇਰੇ ਪੂਰੇ ਸਤਿਗੁਰੂ ਮਿਲੇ ਹਨ, ਉਹ ਗੁਰਮੁਖ ਸਦਾ ਸਦਾ ਹਰਿ ਨਾਮ ਨੂੰ ਸੰਭਾਲਦਾ ਭਾਵ ਜਪਦਾ ਹੈ।

ਨਾਨਕ ਹਰਿ ਜਨ ਹਰਿ ਇਕੇ ਹੋਏ
ਹਰਿ ਜਪਿ ਹਰਿ ਸੇਤੀ ਰਲਿਆ ॥ ੬ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਦਾ ਸੇਵਕ ਜਨ ਦੋਵੇਂ ਇਕ ਰੂਪ ਹੋ ਗਏ ਹਨ, ਕਿਉਂਕਿ ਜਿਸ ਨੇ ਹਰੀ ਨੂੰ ਜਪਿਆ ਹੈ ਉਹ ਹਰੀ ਦੇ ਨਾਲ ਰਲ ਗਿਆ ਹੈ॥ ੬ ॥ ੧ ॥ ੩ ॥

ਵਡਹੰਸੁ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ ॥

ਉਸ ਪ੍ਰਭੂ ਦਾ ਦਰਬਾਰ ਅਤਿ=ਵੱਡਾ ਉੱਚਾ ਹੈ। ਉਸ ਦੇ ਪਾਰ-ਉਰਾਰ ਦਾ ਕੁਝ ਅੰਤ ਨਹੀਂ ਆਉਂਦਾ।

ਕੋਟਿ ਕੋਟਿ ਕੋਟਿ ਲਖ ਧਾਵੈ॥ ਇਕੁ ਤਿਲੁ ਤਾ ਕਾ ਮਹਲੁ ਨ ਪਾਵੈ॥ ੧॥

ਪਿੱਛੇ ਵੀ ਕ੍ਰੋੜਾਂ ਉਸ ਦੇ ਲਖਣੇ ਨੂੰ ਦੌੜਦੇ ਸਨ, ਹੁਣ ਭੀ ਕ੍ਰੋੜਾਂ ਉਸ ਦੇ ਲਖਣੇ (ਜਾਣਨ) ਨੂੰ ਦੌੜਦੇ ਹਨ, ਅੱਗੇ ਭੀ ਕ੍ਰੋੜਾਂ ਉਸ ਦੇ ਲਖਣੇ (ਜਾਣਨੇ) ਨੂੰ ਧਾਵੈ=ਦੌੜਣਗੇ।

ਅਥਵਾ: ਕ੍ਰੋੜਾਂ ਜੀਵ ਕ੍ਰੋੜਾਂ ਕੋਟਿ=ਕੋਟੀਆਂ (ਜੁਗਤੀਆਂ) ਨੂੰ ਦੇ ਕੇ ਉਸ ਦੇ ਲਖਣੇ (ਜਾਣਨੇ) ਨੂੰ ਦੌੜਦੇ ਹਨ। ਪਰ ਇੱਕ ਤਿਲ ਜਿਤਨਾ ਭੀ ਉਸ ਦੇ ਮਹਲੁ=ਸਰੂਪ ਨੂੰ ਨਹੀਂ ਪਾ ਸਕਦੇ॥ ੧॥

ਸੁਹਾਵੀ ਕਉਣੁ ਸੁ ਵੇਲਾ ਜਿਤੁ ਪ੍ਰਭ ਮੇਲਾ॥ ੧॥ ਰਹਾਉ॥

ਉਹ ਕਿਹੜਾ ਸ਼ੋਭਨੀਕ ਵੇਲਾ ਹੈ, ਜਿਸ ਵੇਲੇ ਪ੍ਰਭੂ ਨਾਲ ਮਿਲਾਪ ਹੁੰਦਾ ਹੈ॥ ੧॥ ਰਹਾਉ॥

ਲਾਖ ਭਗਤ ਜਾ ਕਉ ਆਰਾਧਹਿ॥ ਲਾਖ ਤਪੀਸਰ ਤਪੁ ਹੀ ਸਾਧਹਿ॥

ਲੱਖਾਂ ਭਗਤ ਜਿਸ ਪਰਮੇਸ਼ਰ ਨੂੰ ਅਰਾਧਦੇ ਹਨ। ਲੱਖਾਂ ਹੀ ਤਪੀਸਰ ਜਿਸ ਨੂੰ ਮਿਲਣ ਵਾਸਤੇ ਤਪ ਨੂੰ ਸਾਧਹਿ=ਕਰਦੇ ਹਨ।

ਲਾਖ ਜੋਗੀਸਰ ਕਰਤੇ ਜੋਗਾ॥ ਲਾਖ ਭੋਗੀਸਰ ਭੋਗਹਿ ਭੋਗਾ॥ ੨॥

ਲੱਖਾਂ ਹੀ ਜੋਗੀਸਰ ਜਿਸ ਦੀ ਪ੍ਰਾਪਤੀ ਖਾਤਰ ਜੋਗ ਕਰਦੇ ਹਨ। ਲੱਖਾਂ ਹੀ ਭੋਗੀਸਰ=ਭੋਗ ਲੁਆਉਣ ਵਾਲੇ ਪੁਜਾਰੀ ਠਾਕੁਰਾਂ ਨੂੰ ਭੋਗਾ=ਪਦਾਰਥਾਂ ਦਾ ਭੋਗ ਲਗਾਉਂਦੇ ਹਨ।

ਘਟਿ ਘਟਿ ਵਸਹਿ ਜਾਣਹਿ ਥੋਰਾ॥ ਹੈ ਕੋਈ ਸਾਜਣੁ ਪਰਦਾ ਤੋਰਾ॥

ਸਾਰਿਆਂ ਘਟਾਂ ਘਟਾਂ ਵਿੱਚ ਵਸ ਰਿਹਾ ਹੈ, ਪਰ ਥੋੜ੍ਹੇ ਪੁਰਸ਼ ਹੀ ਉਸ ਨੂੰ ਜਾਣਦੇ ਹਨ। ਜਿਸ ਨੇ ਭਰਮ ਰੂਪ ਪੜਦਾ ਤੋੜਿਆ ਹੈ ਐਸਾ ਸੱਜਣ ਕੋਈ ਵਿਰਲਾ ਹੈ।

ਕਰਉ ਜਤਨ ਜੇ ਹੋਇ ਮਿਹਰਵਾਨਾ॥ ਤਾ ਕਉ ਦੇਈ ਜੀਉ ਕੁਰਬਾਨਾ॥ ੩॥

ਮੈਂ ਜਤਨ ਤਾਂ ਕਰਦਾ ਹਾਂ ਜੇ ਕਿਵੇਂ ਪਰਮੇਸ਼ਰ ਮੇਹਰਬਾਨ ਹੋ ਜਾਵੇ। ਮੈਂ ਤਿਸ ਨੂੰ ਫਿਰ ਆਪਣਾ ਜੀਅ ਕੁਰਬਾਨ ਕਰ ਦੇਵਾਂਗਾ॥ ੩॥

ਫਿਰਤ ਫਿਰਤ ਸੰਤਨ ਪਹਿ ਆਇਆ॥
ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ॥

ਸਾਰਿਆਂ ਅਸਥਾਨਾਂ ਉੱਪਰ ਫਿਰਦਾ ਫਿਰਦਾ ਜਿਸ ਵੇਲੇ ਮੈਂ ਸੰਤਾਂ ਦੇ ਪਾਸ ਆਇਆ। ਤਾਂ ਸੰਤਾਂ ਨੇ ਕਿਰਪਾ ਕਰਕੇ ਦੁੱਖ ਅਤੇ ਭਰਮ ਮੇਰਾ ਸਾਰਾ ਮਿਟਾ ਦਿੱਤਾ।

ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੁੰਚਾ॥
ਕਹੁ ਨਾਨਕ ਪ੍ਰਭੁ ਮੇਰਾ ਊਚਾ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ, ਉਸ ਮੇਰੇ ਉੱਚੇ ਪ੍ਰਭੂ ਨੇ ਜਦ ਮਹਲਿ=ਸਰੂਪ ਵਿੱਚ ਬੁਲਾਇਆ ਤਾਂ ਅੰਮ੍ਰਿਤ=ਆਤਮ-ਰਸ ਨੂੰ ਭੋਗਿਆ॥ ੪॥ ੧॥

ਵਡਹੰਸੁ ਮਹਲਾ ੫ ॥ ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥ ੧ ॥

ਹੇ ਪ੍ਰਭੂ ! ਜਿਸ ਵੇਲੇ ਮੈਂ ਆਪ ਜੀ ਦਾ ਦਰਸ਼ਨ ਕਰਦਾ ਹਾਂ ਉਹ ਵੇਲਾ ਧੰਨ ਹੈ। ਮੈਂ ਸਤਿਗੁਰਾਂ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ॥ ੧ ॥

ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥
ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥ ੧ ॥ ਰਹਾਉ ॥

ਹੇ ਸਰਬ ਜੀਆਂ ਦੇ ਦਾਤੇ ਪ੍ਰਭੂ ! ਆਪ ਮੇਰੇ ਪ੍ਰੀਤਮ ਹੋ। ਹੇ ਪ੍ਰਭੂ ਆਪ ਜੀ ਦੇ ਨਾਮ ਨੂੰ ਸਿਮਰ ਕੇ ਮੇਰਾ ਮਨ ਜੀਊਂਦਾ ਹੈ॥ ੧ ॥ ਰਹਾਉ ॥

ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥ ੨ ॥

ਆਪ ਜੀ ਦਾ ਰਾਮ ਨਾਮ ਰੂਪ ਮੰਤ੍ਰ ਸੱਚਾ ਹੈ, ਆਪ ਜੀ ਦੀ ਵੇਦ-ਬਾਣੀ ਵੀ ਅੰਮ੍ਰਿਤ ਰੂਪ ਹੈ। ਹੇ ਸੁਜਾਣ ਪੁਰਖ ! ਆਪ ਜੀ ਦੀ ਦ੍ਰਿਸ਼ਟੀ ਸੀਤਲ ਹੈ ਭਾਵ ਤੇਰੀ ਨਿਗਾਹ ਠੰਢ ਪਾਉਣ ਵਾਲੀ ਹੈ।

ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥ ੩ ॥

ਹੇ ਸੱਚੇ ਤਖਤ ਉੱਪਰ ਨਿਵਾਸ ਕਰਨ ਵਾਲੇ ਪ੍ਰਭੂ ! ਆਪ ਜੀ ਦਾ ਹੁਕਮ ਸੱਚਾ ਹੈ। ਹੇ ਮੇਰੇ ਪ੍ਰਭੂ ! ਤੂੰ ਅਬਿਨਾਸੀ ਹੋਣ ਕਰ ਕੇ ਆਉਂਦਾ ਜਾਂਦਾ ਨਹੀਂ ਹੈਂ॥ ੩ ॥

ਤੁਮ ਮਿਹਰਵਾਨ ਦਾਸ ਹਮ ਦੀਨਾ ॥ ਨਾਨਕ ਸਾਹਿਬੁ ਭਰਪੁਰਿ ਲੀਨਾ ॥ ੪ ॥ ੨ ॥

ਆਪ ਮੇਹਰਵਾਨ ਹੋ, ਮੈਂ ਆਪ ਜੀ ਦਾ ਦੀਨਾ=ਗਰੀਬ ਦਾਸ ਹਾਂ। ਗੁਰੂ ਜੀ ਕਥਨ ਕਰਦੇ ਹਨ, ਹੇ ਸਾਹਿਬ ! ਆਪ ਭਰਪੂਰ ਹੋ ਕੇ ਸਾਰੇ ਲੀਣ ਹੋ॥ ੪ ॥ ੨ ॥

ਵਡਹੰਸੁ ਮਹਲਾ ੫ ॥ ਤੂ ਬੇਅੰਤੁ ਕੋ ਵਿਰਲਾ ਜਾਣੈ ॥
ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥ ੧ ॥

ਹੇ ਪ੍ਰਭੂ ! ਤੂੰ ਬੇਅੰਤ ਹੈਂ, ਤੈਨੂੰ ਕੋਈ ਵਿਰਲਾ ਹੀ ਜਾਣਦਾ ਹੈ। ਗੁਰਾਂ ਦੀ ਕਿਰਪਾ ਨਾਲ ਸਬਦਿ=ਸੰਸਾਰ ਵਿਚ ਸਬਦਿ=ਬ੍ਰਹਮ ਨੂੰ ਕੋਈ ਵਿਰਲਾ ਹੀ ਪਛਾਣਦਾ ਹੈ॥ ੧ ॥

ਸੇਵਕ ਕੀ ਅਰਦਾਸਿ ਪਿਆਰੇ ॥ (ਪੰਨਾ ੫੬੩)
ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥ ੧ ॥ ਰਹਾਉ ॥

ਹੇ ਪਿਆਰੇ ਪ੍ਰਭੂ ! ਮੈਂ ਸੇਵਕ ਦੀ ਇਹ ਬੇਨਤੀ ਹੈ ਕਿ ਤੁਹਾਡੇ ਚਰਨਾਂ ਦੇ ਆਸਰੇ ਹੋ ਕੇ ਨਾਮ ਨੂੰ ਜਪ ਕੇ ਜੀਵਾਂ ॥ ੧ ॥ ਰਹਾਉ ॥

ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥ ੨ ॥

ਹੇ ਮੇਰੇ ਪ੍ਰਭੂ ਦਾਤੇ ! ਆਪ ਦਿਆਲੂ ਪੁਰਖ ਹੋ। ਜਿਸ ਨੂੰ ਗੁਰਾਂ ਦੁਆਰੇ ਆਪ ਜਣਾਉਂਦੇ ਹੋ, ਉਸੇ ਨੇ ਤੁਹਾਨੂੰ ਜਾਤੇ=ਜਾਣਿਆਂ ਹੈ॥ ੨ ॥

ਸਦਾ ਸਦਾ ਜਾਈ ਬਲਿਹਾਰੀ ॥ ਇਤ ਉਤ ਦੇਖਉ ਓਟ ਤੁਮਾਰੀ ॥ ੩ ॥

ਮੈਂ ਆਪ ਜੀ ਤੋਂ ਸਦਾ ਸਦਾ ਬਲਿਹਾਰ ਜਾਂਦਾ ਹਾਂ। ਲੋਕ-ਪ੍ਰਲੋਕ ਵਿਚ ਇੱਕ ਆਪ ਦੀ ਹੀ ਓਟ ਵੇਖਦਾ ਹਾਂ॥ ੩ ॥

ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ ॥
ਨਾਨਕ ਸਾਧੂ ਦੇਖਿ ਮਨੁ ਰਾਤਾ ॥ ੪ ॥ ੩ ॥

ਮੈਂ ਨਿਰਗੁਣ ਨੇ ਆਪ ਜੀ ਦਾ ਕੁਝ ਵੀ ਗੁਣੁ=ਉਪਕਾਰ ਨਹੀਂ ਜਾਤਾ=ਜਾਣਿਆਂ। ਗੁਰੂ ਜੀ ਕਥਨ ਕਰਦੇ ਹਨ, ਸੰਤਾਂ ਦੇ ਪ੍ਰਤਾਪ ਨੂੰ ਵੇਖ ਕੇ ਮੇਰਾ ਮਨ ਪ੍ਰੇਮ ਵਿਚ ਰਾਤਾ=ਤਦਾਕਾਰ ਹੋਇਆ ਹੈ॥ ੪ ॥ ੩ ॥

ਵਡਹੰਸੁ ਮਃ ੫ ॥ ਅੰਤਰਜਾਮੀ ਸੋ ਪ੍ਰਭੁ ਪੂਰਾ ॥ ਦਾਨੁ ਦੇਇ ਸਾਧੂ ਕੀ ਧੂਰਾ ॥ ੧ ॥

ਹੇ ਪੂਰਨ ਪ੍ਰਭੂ ! ਤੂੰ ਅੰਤਰਜਾਮੀ ਹੈਂ। ਸੋ=ਉਹ ਜੋ ਆਪ ਜੀ ਦੇ ਸੰਤ ਹਨ ਉਹਨਾਂ ਸੰਤਾਂ ਦੀ ਧੂੜੀ ਦਾ ਦਾਨ ਦੇਣਾ ਕਰੋ॥ ੧ ॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥
ਤੇਰੀ ਓਟ ਪੂਰਨ ਗੋਪਾਲਾ ॥ ੧ ॥ ਰਹਾਉ ॥

ਹੇ ਦੀਨ ਦਿਆਲ ਪ੍ਰਭੂ ! ਤੂੰ ਮੇਰੇ ਤੇ ਕਿਰਪਾ ਕਰ। ਹੇ ਪੂਰਨ ਗੋਪਾਲ ! ਮੈਨੂੰ ਇੱਕ ਤੇਰੀ ਓਟ ਹੈ॥ ੧ ॥ ਰਹਾਉ ॥

ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥ ੨ ॥

ਜਲਾਂ, ਥਲਾਂ, ਮਹੀ=ਪ੍ਰਿਥਵੀ, ਅਲਿ=ਅਕਾਸ਼ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈਂ। ਸਭ ਦੇ ਨੇੜੇ ਵਸ ਰਿਹਾ ਹੈਂ, ਹੇ ਪ੍ਰਭੂ ! ਤੂੰ ਕਿਸੇ ਤੋਂ ਦੂਰ ਨਹੀਂ ਹੈਂ॥ ੨ ॥

ਜਿਸ ਨੋ ਨਦਰਿ ਕਰੇ ਸੋ ਧਿਆਏ ॥ ਆਠ ਪਹਰ ਹਰਿ ਕੇ ਗੁਣ ਗਾਏ ॥ ੩ ॥

ਹੇ ਹਰੀ ! ਜਿਸ ਉੱਤੇ ਤੂੰ ਕਿਰਪਾ ਦੀ ਨਜ਼ਰ ਕਰਦਾ ਹੈਂ ਉਹ ਤੈਨੂੰ ਧਿਆਉਂਦਾ ਹੈ। ਅਤੇ ਹੇ ਹਰੀ ! ਉਹ ਅੱਠੇ ਪਹਿਰ ਆਪ ਜੀ ਦੇ ਗੁਣ ਗਾਉਂਦਾ ਹੈ॥ ੩ ॥

ਜੀਅ ਜੰਤ ਸਗਲੇ ਪ੍ਰਤਿਪਾਰੇ ॥ ਸਰਨਿ ਪਰਿਓ ਨਾਨਕ ਹਰਿ ਦੁਆਰੇ ॥ ੪ ॥ ੪ ॥

ਹੇ ਹਰੀ ! ਸਾਰੇ ਸੂਖਮ ਸਥੂਲ ਜੀਅ ਜੰਤ ਆਪ ਜੀ ਨੇ ਪ੍ਰਤਿਪਾਲੇ ਹਨ। ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ! ਮੈਂ ਆਪ ਜੀ ਦੇ ਸਤ-ਸੰਗ ਰੂਪ ਦੁਆਰੇ ਦੀ ਸ਼ਰਨ ਪਿਆ ਹਾਂ॥ ੪ ॥ ੪ ॥

ਵਡਹੰਸੁ ਮਹਲਾ ੫ ॥

ਤੂ ਵਡ ਦਾਤਾ ਅੰਤਰਜਾਮੀ ॥ ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ ॥ ੧ ॥

ਹੇ ਪ੍ਰਭੂ ! ਤੂੰ ਸਾਰਿਆਂ ਤੋਂ ਵੱਡਾ ਦਾਤਾ ਹੈਂ ਤੇ ਅੰਤਰਜਾਮੀ ਹੈਂ। ਹੇ ਪੂਰਨ ਪ੍ਰਭੂ ਸੁਆਮੀ ! ਤੂੰ ਸਾਰਿਆਂ ਵਿਚ ਰਵਿਆ=ਵਿਆਪਕ ਹੋ ਰਿਹਾ ਹੈਂ॥ ੧ ॥

ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ ॥
ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ ॥ ੧ ॥ ਰਹਾਉ ॥

ਹੇ ਮੇਰੇ ਪ੍ਰੀਤਮ ਪ੍ਰਭੂ ! ਤੇਰਾ ਨਾਮ ਹੀ ਮੇਰਾ ਆਸਰਾ ਰੂਪ ਹੈ। ਹਉ=ਮੈਂ ਆਪ ਜੀ ਦਾ ਨਾਮ ਸੁਣ ਸੁਣ ਕੇ ਜੀਉਂਦਾ ਹਾਂ॥ ੧ ॥ ਰਹਾਉ ॥

ਤੇਰੀ ਸਰਣਿ ਸਤਿਗੁਰ ਮੇਰੇ ਪੂਰੇ ॥ ਮਨੁ ਨਿਰਮਲੁ ਹੋਇ ਸੰਤਾ ਧੂਰੇ ॥ ੨ ॥

ਹੇ ਮੇਰੇ ਪੂਰੇ ਸਤਿਗੁਰੂ ! ਮੈਂ ਆਪ ਜੀ ਦੀ ਸ਼ਰਨ ਹਾਂ। ਕਿਰਪਾ ਕਰਕੇ ਮੈਨੂੰ ਸੰਤਾਂ ਦੀ ਧੂੜ ਦਿਓ ਤਾਂ ਕਿ ਮੇਰਾ ਮਨ ਨਿਰਮਲੁ=ਸ਼ੁੱਧ ਹੋ ਜਾਵੇ॥ ੨ ॥

ਚਰਨ ਕਮਲ ਹਿਰਦੈ ਉਰਿ ਧਾਰੇ ॥ ਤੇਰੇ ਦਰਸਨ ਕਉ ਜਾਈ ਬਲਿਹਾਰੇ ॥ ੩ ॥

ਆਪ ਜੀ ਦੇ ਚਰਨ-ਕਵਲ ਮੈਂ ਹਿਰਦੇ ਦੇ ਉਰਿ=ਵਿਚ ਧਾਰੇ ਹੋਏ ਹਨ। ਅਤੇ ਤੇਰੇ ਦਰਸ਼ਨ ਕਉ=ਤੋਂ ਮੈਂ ਬਲਿਹਾਰ ਜਾਂਦਾ ਹਾਂ॥ ੩ ॥

ਕਰਿ ਕਿਰਪਾ ਤੇਰੇ ਗੁਣ ਗਾਵਾ ॥ ਨਾਨਕ ਨਾਮੁ ਜਪਤ ਸੁਖੁ ਪਾਵਾ ॥ ੪ ॥ ੫ ॥

ਇਹ ਕਿਰਪਾ ਕਰ ਜੋ ਆਪ ਜੀ ਦੇ ਗੁਣ ਗਾਂਵਦਾ ਰਹਾਂ। ਗੁਰੂ ਜੀ ਕਥਨ ਕਰਦੇ ਹਨ, ਤੇਰਾ ਨਾਮ ਜਪਦਿਆਂ ਹੀ ਸੁਖ ਪਾਵਾਂਗਾ॥ ੪ ॥ ੫ ॥

ਵਡਹੰਸੁ ਮਹਲਾ ੫ ॥

ਸਾਧਸੰਗਿ ਹਰਿ ਅੰਮ੍ਰਿਤੁ ਪੀਜੈ ॥ ਨਾ ਜੀਉ ਮਰੈ ਨ ਕਬਹੂ ਛੀਜੈ ॥ ੧ ॥

ਜੇਕਰ ਸਤਸੰਗਤ ਵਿਚੋਂ ਹਰੀ ਨਾਮ ਅੰਮ੍ਰਿਤ ਪੀਤਾ ਜਾਵੇ। ਤਾਂ ਫਿਰ ਜੀਵ ਮਰਦਾ ਨਹੀਂ ਹੈ, ਤੇ ਨਾ ਹੀ ਅਵਸਥਾ ਨਿਸਫਲ ਜਾਂਦੀ ਹੈ। ਅਥਵਾ:-ਨਾ ਕਦੇ ਛੀਜੈ=ਦੁਖੀ ਹੁੰਦਾ ਹੈ॥ ੧ ॥

ਵਡਭਾਗੀ ਗੁਰੁ ਪੂਰਾ ਪਾਈਐ ॥
ਗੁਰ ਕਿਰਪਾ ਤੇ ਪ੍ਰਭੂ ਧਿਆਈਐ ॥ ੧ ॥ ਰਹਾਉ ॥

ਵਡਿਆਂ ਭਾਗਾਂ ਨਾਲ ਪੂਰਾ ਗੁਰੂ ਪਾਈਦਾ ਹੈ। ਅਤੇ ਗੁਰਾਂ ਦੀ ਕਿਰਪਾ ਨਾਲ ਪ੍ਰਭੂ ਨੂੰ ਧਿਆ ਸਕੀਦਾ ਹੈ॥ ੧ ॥ ਰਹਾਉ ॥

ਰਤਨ ਜਵਾਹਰ ਹਰਿ ਮਾਣਕ ਲਾਲਾ ॥
ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ ॥ ੨ ॥

ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਸਿਮਰ ਸਿਮਰ ਕੇ ਰਤਨ=ਵੈਰਾਗ, ਜਵਾਹਰ=ਗਿਆਨ, ਮਾਣਕ=ਸ੍ਰਵਣ ਮੰਨਣ, ਨਿਧਿਆਸਣ, ਤੇ ਲਾਲਾ=ਪ੍ਰੇਮ ਨੂੰ ਪਾਇਆ ਹੈ ਓਹੀ ਭਏ ਨਿਹਾਲਾ=ਕ੍ਰਿਤ ਕ੍ਰਿਤ ਹੋਏ ਹਨ॥ ੨ ॥

ਜਤ ਕਤ ਪੇਖਉ ਸਾਧੂ ਸਰਣਾ ॥
ਹਰਿ ਗੁਣ ਗਾਇ ਨਿਰਮਲ ਮਨੁ ਕਰਣਾ ॥ ੩ ॥

ਮੈਂ ਜਿੱਥੇ ਕਿੱਥੇ ਸੰਤਾਂ ਨੂੰ ਹੀ ਵੇਖਦਾ ਹਾਂ, ਫਿਰ ਸੰਤਾਂ ਦੀ ਸ਼ਰਨ ਪੈ ਕੇ, ਤੇ ਹਰੀ ਗੁਣਾਂ ਨੂੰ ਗਾ ਕੇ ਮਨ ਨੂੰ ਨਿਰਮਲ ਕਰਦਾ ਹਾਂ॥ ੩ ॥

ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ ॥
ਨਾਨਕ ਨਾਮੁ ਪਾਇਆ ਪ੍ਰਭੁ ਤੂਠਾ ॥ ੪ ॥ ੬ ॥

ਜੋ ਮੇਰਾ ਸੁਆਮੀ ਘਟਾਂ ਘਟਾਂ ਅੰਦਰ ਵੂਠਾ=ਵਸ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ, ਜਦ ਉਹ ਪ੍ਰਭੂ ਤੂਠਾ=ਪ੍ਰਸੰਨ ਹੋਇਆ ਤਾਂ ਗੁਰਾਂ ਪਾਸੋਂ ਨਾਮ ਪਾਇਆ ਤਾਂ ਸੰਸਾਰ ਸਾਗਰ ਤੋਂ ਤਰ ਗਿਆ॥ ੪ ॥, ੬ ॥

ਵਡਹੰਸੁ ਮਹਲਾ ੫ ॥ ਵਿਸਰੁ ਨਾਹੀ ਪ੍ਰਭ ਦੀਨ ਦਇਆਲਾ ॥
ਤੇਰੀ ਸਰਣਿ ਪੂਰਨ ਕਿਰਪਾਲਾ ॥ ੧ ॥ ਰਹਾਉ ॥

ਹੇ ਦੀਨ ਦਿਆਲ ਪ੍ਰਭੂ ! ਤੂੰ ਮੈਨੂੰ ਨਾ ਭੁੱਲ ! ਹੇ ਪੂਰਨ ਕਿਰਪਾਲੂ ! ਮੈਂ ਤੇਰੀ ਸ਼ਰਨ ਹਾਂ॥ ੧ ॥ ਰਹਾਉ ॥

ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥
ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥ ੧ ॥

ਜਿਸ ਅਸਥਾਨ ਤੇ ਤੂੰ ਚੇਤੇ ਆਉਂਦਾ ਹੈਂ ਉਹ ਅਸਥਾਨ ਸ਼ੋਭਨੀਕ ਹੈ। ਜਿਸ ਵੇਲੇ ਤੂੰ ਭੁੱਲ ਜਾਂਦਾ ਹੈਂ ਤਾਂ ਮੈਨੂੰ ਓਸੇ ਵੇਲੇ ਹਾਵਾ=ਝੋਰਾ (ਪਛੁਤਾਵਾ) ਲੱਗਦਾ ਹੈ॥ ੧ ॥

ਤੇਰੇ ਜੀਅ ਤੂ ਸਦ ਹੀ ਸਾਥੀ ॥ ਸੰਸਾਰ ਸਾਗਰ ਤੇ ਕਢੁ ਦੇ ਹਾਥੀ ॥ ੨ ॥

ਸਾਰੇ ਜੀਵ ਤੇਰੇ ਹਨ, ਤੂੰ ਸਦਾ ਹੀ ਸਭਨਾਂ ਦਾ ਸਾਥੀ ਹੈਂ, ਹਾਥੀ=ਕਿਰਪਾ ਰੂਪ ਹੱਕ ਦਾ ਸਹਾਰਾ ਦੇ ਕੇ ਸੰਸਾਰ ਸਮੁੰਦ੍ਰ ਵਿਚੋਂ ਕੱਢ ਲੈ। ਅਥਵਾ:-ਸ੍ਰਵਣ, ਮੰਨਣ, ਨਿਧਿਆਸਣ ਰੂਪੀ ਹਾਥੀ ਦੇ ਕੇ ਕੱਢ ਲੈ। ਅਥਵਾ:-ਪ੍ਰੀਤੀ ਰੂਪੀ ਹਾਥੀ=ਚੱਪੀ ਦੇ ਕੇ ਕੱਢ ਲੈ।

ਅਥਵਾ:- ਜਿਵੇਂ ਹਾਥੀ ਨੂੰ ਹਰੀ-ਹਰ ਛੇਤਰ ਵਿਖੇ ਕੱਢਿਆ ਸੀ ਤਿਵੇਂ ਮੈਨੂੰ ਭੀ ਕੱਢ ਲੈ॥ ੨ ॥

ਆਵਣੁ ਜਾਣਾ ਤੁਮ ਹੀ ਕੀਆ ॥ ਜਿਸੁ ਤੂ ਰਾਖਹਿ ਤਿਸੁ ਦੂਖੁ ਨ ਥੀਆ ॥ ੩ ॥

ਆਉਣਾ ਤੇ ਜਾਣਾ ਭਾਵ ਜੰਮਣਾ ਤੇ ਮਰਣਾ ਤੁਸਾਂ ਨੇ ਹੀ ਕੀਤਾ ਹੈ। ਜਿਸ ਨੂੰ ਤੂੰ ਆਪ ਰੱਖਦਾ ਹੈਂ ਤਿਸਨੂੰ ਦੁੱਖ ਨ ਥੀਆ=ਨਹੀਂ ਹੁੰਦਾ॥ ੩ ॥

ਤੂ ਏਕੋ ਸਾਹਿਬੁ ਅਵਰੁ ਨ ਹੋਰਿ ॥ ਬਿਨਉ ਕਰੈ ਨਾਨਕੁ ਕਰ ਜੋਰਿ ॥ ੪ ॥ ੭ ॥

ਇੱਕ ਤੂੰ ਹੀ ਮੇਰਾ ਮਾਲਕ ਹੈਂ ਮੈਨੂੰ ਹੋਰ ਕੋਈ ਦੂਜਾ ਸਹਾਰਾ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ, ਮੈਂ ਕਰ ਜੋਰਿ=ਹੱਥ ਜੋੜ ਕੇ ਬੇਨਤੀ ਕਰਦਾ ਹਾਂ॥ ੪॥ ੭॥

ਵਡਹੰਸੁ ਮਃ ੫ ॥ ਤੂ ਜਾਣਾਇਹਿ ਤਾ ਕੋਈ ਜਾਣੈ ॥ ਤੇਰਾ ਦੀਆ ਨਾਮੁ ਵਖਾਣੈ ॥ ੧ ॥

ਹੇ ਪ੍ਰਭੂ ! ਤੂੰ ਜਣਾਵੇਂ ਤਾਂ ਹੀ ਕੋਈ ਆਪ ਦੀ ਪ੍ਰਾਪਤੀ ਦੀ ਯੁਕਤੀ ਨੂੰ ਜਾਣਦਾ ਹੈ। ਅਤੇ ਆਪ ਜੀ ਦਾ ਦਿੱਤਾ ਹੋਇਆ ਹੀ ਕੋਈ ਨਾਮ ਨੂੰ ਕਥਨ ਕਰਦਾ ਹੈ॥ ੧॥

ਤੂ ਅਚਰਜੁ ਕੁਦਰਤਿ ਤੇਰੀ ਬਿਸਮ੍ਹ ॥ ੧ ॥ ਰਹਾਉ ॥

ਹੇ ਪ੍ਰਭੂ ! ਤੂੰ ਆਪ ਅਸਚਰਜ ਰੂਪ ਹੈਂ, ਅਤੇ ਤੇਰੀ ਕੁਦਰਤ ਭੀ ਬਿਸਮਾ=ਅਸਚਰਜ ਰੂਪ ਹੈ॥ ੧॥

(ਪੰਨਾ ੫੬੪)

ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥ ੨ ॥

ਕਾਰਨ ਰੂਪ ਭੀ ਤੂੰ ਆਪ ਹੈਂ, ਕਾਰਜ ਰੂਪ ਭੀ ਆਪ ਹੈਂ, ਤੇ ਕਰਨੇ ਵਾਲਾ ਭੀ ਆਪ ਹੈਂ, ਕਰਾਉਣ ਵਾਲਾ ਭੀ ਆਪ ਹੈਂ। ਤੇਰੇ ਹੁਕਮ ਵਿਚ ਜਨਮ ਹੁੰਦਾ ਹੈ, ਅਤੇ ਤੇਰੇ ਹੁਕਮ ਵਿਚ ਹੀ ਮਰਨਾ ਹੁੰਦਾ ਹੈ॥ ੨॥

ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥ ੩ ॥ ੮ ॥

ਤੇਰਾ ਨਾਮ ਹੀ ਮੇਰੇ ਮਨ ਤਨ ਦਾ ਆਧਾਰੀ=ਆਸਰਾ ਰੂਪ ਹੈ। ਗੁਰੂ ਜੀ ਕਥਨ ਕਰਦੇ ਹਨ, (ਮੈਂ) ਦਾਸ ਨੂੰ ਤਾਂ ਕੇਵਲ ਆਪ ਜੀ ਦੀ ਹੀ ਬਖਸ਼ੀਸ਼ ਹੈ।

ਵਡਹੰਸੁ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ ॥

ਹੇ ਪੂਰੇ ਗੁਰੋ ! ਮੇਰੇ ਹਿਰਦੇ ਅੰਦਰ ਪਿਆਰੇ ਪ੍ਰਭੂ ਦੇ ਮਿਲਣ ਦੀ ਲੋਚਾ=ਚਾਹ ਲੱਗ ਰਹੀ ਹੈ, ਮੈਂ ਉਸ ਨੂੰ ਕਿਵੇਂ ਪਾਉਣਾ ਕਰਾਂ ?

ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ ॥

ਜੇਕਰ ਬੱਚੇ ਨੂੰ ਸਉ=ਸੈਂਕੜੇ ਤਰ੍ਹਾਂ ਦੀਆਂ ਖੇਡਾਂ ਨਾਲ ਭੀ ਖਿਡਾਈਏ, ਤੋਂ ਭੀ ਬੱਚਾ ਖੀਰੇ=ਦੁੱਧ ਤੋਂ ਬਿਨਾਂ ਰਹਿ ਨਹੀਂ ਸਕਦਾ। ਇਸੇ ਤਰ੍ਹਾਂ ਹੀ-

ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ ॥

ਹੇ ਅੰਮਾਲੀ=ਅੰਮਾਂ ਵਾਂਗੂੰ ਪਿਆਰੀ ਸਖੀ ! ਜੇਕਰ ਕੋਈ ਸੈਂਕੜੇ ਪ੍ਰਕਾਰ ਦੇ ਭੋਜਨ ਮੈਨੂੰ ਨੀਰੇ=ਪਰੋਸ ਕੇ ਦੇਵੇ, ਤੋ ਭੀ ਮੇਰੇ ਅੰਦਰ ਦੀ ਭੁੱਖ ਨਹੀਂ ਉਤਰਦੀ।

ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ ॥ ੧ ॥

ਮੇਰੇ ਮਨ ਤਨ ਦੇ ਵਿੱਚ ਪਿਆਰੇ ਪ੍ਰਭੂ ਦਾ ਪ੍ਰੇਮ ਲੱਗ ਰਿਹਾ ਹੈ, ਉਸ ਦੇ ਦਰਸ਼ਨ ਤੋਂ ਬਿਨਾਂ ਮਨ ਨੂੰ ਕਿਵੇਂ ਧੀਰਜ ਆਵੇ॥ ੧ ॥

ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰ ਸੁਖਦਾਤਾ ॥

ਹੇ ਮੇਰੇ ਸੱਜਣ, ਮਿੱਤਰ, ਭਰਾਓ ! ਸੁਣੋ, ਮੈਨੂੰ ਸੁਖਦਾਤੇ ਮਿੱਤਰ ਗੁਰਾਂ ਨਾਲ ਮੇਲਿਹੁ=ਮੇਲਣਾ ਕਰੋ।

ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ ॥

ਉਹ ਗੁਰੂ ਮੇਰੇ ਦਿਲ ਦੀ ਸਾਰੀ ਬੇਦਨ=ਪੀੜ੍ਹ ਜਾਣਦੇ ਹਨ, ਤੇ ਨਿਤਾਪ੍ਰਤੀ ਹਰੀ ਦੀਆਂ ਬਾਤਾ=ਗੱਲਾਂ ਸੁਣਾਉਂਦੇ ਹਨ।

ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ ॥

ਹਉ=ਮੈਂ ਇੱਕ ਖਿਨ ਭਰ ਵੀ ਤਿਸ ਤਿਆਰੇ ਤੋਂ ਬਿਨਾਂ ਰਹਿ ਨਹੀਂ ਸਕਦਾ, ਜਿਵੇਂ ਚਾਤ੍ਰਿਕੁ=ਪਪੀਹਾ, ਜਲ ਕਉ=ਸ੍ਵਾਂਤੀ ਵਾਸਤੇ ਵਿਲਕਦਾ ਹੈ।

ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ ॥ ੨ ॥

ਹੇ ਸਖੀ ! ਤੇਰੇ ਅੱਗੇ ਮੈਂ ਉਸ ਦੇ ਕੇਹੜੇ-ਕੇਹੜੇ ਗੁਣ ਸਾਰ ਸੰਭਾਲਕੇ ਸੁਣਾਵਾਂ, ਉਹ ਤਾਂ ਮੇਰੇ ਜਿਹੇ ਨਿਰਗੁਣਾਂ ਨੂੰ ਭੀ ਰੱਖ ਲੈਂਦਾ ਹੈ॥ ੨ ॥

ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ ॥

ਹੇ ਅੰਮਾ ਵਤ ਪਿਆਰੀ ਸਖੀ ! ਮੈਂ ਪਤੀ ਨੂੰ ਮਿਲਣ ਵਾਸਤੇ ਉਡੀਣੀ=ਉਦਾਸ,

ਅਥਵਾ:-ਨਿਮੋਝੂਣੀ ਹੋ ਰਹੀ ਹਾਂ, ਉਸ ਪਤੀ ਨੂੰ ਅੱਖਾਂ ਨਾਲ ਕਦੋਂ ਵੇਖਾਂਗੀ।

ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ ॥

ਮੈਨੂੰ ਤਾਂ ਸਾਰੇ ਰਸ ਭੋਗਣੇ ਭੁੱਲ ਗਏ ਹਨ, ਕਿਉਂਕਿ ਪਤੀ ਤੋਂ ਬਿਨਾਂ ਇਹ ਕਿਤੈ=ਕਿਸੇ ਭੀ ਲੇਖੇ ਵਿਚ ਨਹੀਂ ਹਨ।

ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ ॥

ਇਹ ਕੱਪੜੇ ਪਹਿਰਣੇ ਭੀ ਤਨ ਉੱਤੇ ਸੁਖਾਉਂਦੇ ਨਹੀਂ ਹਨ, ਅਤੇ ਮੈਂ ਵੇਸਾ=ਸ਼ਿੰਗਾਰ ਭੀ ਨਹੀਂ ਕਰ ਸਕਦੀ।

ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ ॥ ੩ ॥

ਜਿਨ੍ਹਾਂ ਮਹਾਤਮਾਂ ਰੂਪ ਸਖੀਆਂ ਨੇ ਪਿਆਰੇ ਪਤੀ ਦੇ ਆਨੰਦ ਨੂੰ ਮਾਣਿਆ ਹੈ, ਮੈਂ ਉਹਨਾਂ ਦੇ ਅੱਗੇ ਨਮਸ਼ਕਾਰ ਕਰਦੀ ਹਾਂ॥ ੩ ॥

ਮੈ ਸਭਿ ਸੀਗਾਰ ਬਣਾਇਆ ਅੰਮਾਲੀ ਬਿਨੁ ਪਿਰ ਕਾਮਿ ਨ ਆਏ॥

ਹੇ ਅੰਮਾਲੀ=ਅੰਮਾ ਵਤ ਪਿਆਰੀ ਸਖੀ ! ਮੈਂਨੇ ਸਾਰੇ ਸਾਧਨਾ ਰੂਪੀ ਸ਼ਿੰਗਾਰਾਂ ਨੂੰ ਬਣਾਇਆ ਸੀ, ਪਰ ਪਤੀ ਤੋਂ ਬਿਨਾਂ ਉਹ ਕਿਸੇ ਭੀ ਕੰਮ ਨਹੀਂ ਆਏ।

ਜਾ ਸਹਿ ਬਾਤ ਨ ਪੁਛੀਆ ਅੰਮਾਲੀ ਤਾ ਬਿਰਥਾ ਜੋਬਨੁ ਸਭੁ ਜਾਏ॥

ਹੇ ਅੰਮਾਲੀ=ਅੰਮਾਂ ਵਤ ਪਿਆਰੀ ਸਖੀ ! ਜਾਂ ਪਤੀ ਨੇ ਕੋਈ ਗੱਲ ਹੀ ਨਹੀਂ ਪੁੱਛੀ, ਤਾਂ ਪ੍ਰਤੱਖ ਜੋਬਨ ਅਥਵਾ:-ਪ੍ਰੇਮ ਰੂਪੀ ਸਾਰਾ ਜੋਬਨ ਹੀ ਬਿਰਥਾ ਜਾ ਰਿਹਾ ਹੈ।

ਧਨੁ ਧਨੁ ਤੇ ਸੋਹਾਗਣੀ ਅੰਮਾਲੀ ਜਿਨ ਸਹੁ ਰਹਿਆ ਸਮਾਏ॥

ਹੇ ਅੰਮਾਂ ਵਾਂਗੂੰ ਪਿਆਰੀ ਸਖੀ ! ਉਹ ਸੁਹਾਗਣੀ ਧੰਨ ਹੈ ਧੰਨ ਹੈ, ਜਿਸ ਦੇ ਘਰ ਵਿਚ ਪਤੀ ਸਮਾ ਰਿਹਾ ਹੈ।

ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ ਪਾਏ॥ ੪॥

ਹੇ ਅੰਮਾਂ ਵਾਂਗੂੰ ਪਿਆਰੀ ਸਖੀ ! ਉਹਨਾਂ ਸੁਹਾਗਣਾਂ ਤੋਂ ਮੈਂ ਕੁਰਬਾਨ ਜਾਂਦੀ ਹਾਂ, ਅਤੇ ਮੈਂ ਸਦਾ ਉਹਨਾਂ ਦੇ ਪਾਏ=ਚਰਣ ਧੋਂਦੀ ਹਾਂ॥ ੪॥

ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ॥

ਹੇ ਅੰਮਾਂ ਵਾਂਗੂੰ ਪਿਆਰੀ ਸਖੀ ! ਜਿਤਨਾ ਚਿਰ ਹਿਰਦੇ ਵਿੱਚ ਦ੍ਵੈਤ ਭਾਵ ਤੇ ਭਰਮ ਸੀ, ਉਤਨਾ ਚਿਰ ਮੈਂ ਪ੍ਰਭੂ ਨੂੰ ਦੂਰ ਜਾਣਿਆ ਸੀ।

ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ ਤਾ ਆਸਾ ਮਨਸਾ ਸਭ ਪੂਰੇ॥

ਹੇ ਅੰਮਾਂ ਵਾਂਗੂੰ ਪਿਆਰੀ ਸਖੀ ! ਜਾਂ ਪੂਰਾ ਸਤਿਗੁਰੂ ਮਿਲ ਪਿਆ, ਤਾਂ ਮਨਸਾ=ਬੁੱਧੀ ਦੀਆਂ ਸਭ ਆਸਾਂ ਪੂਰੀਆਂ ਹੋ ਗਈਆ।

ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ ਪਿਰੁ ਸਰਬ ਰਹਿਆ ਭਰਪੂਰੇ॥

ਹੇ ਅੰਮਾ ਵਾਂਗੂੰ ਪਿਆਰੀ ਸਖੀ ! ਮੈਂ ਸਾਰੇ ਸੁਖਾਂ ਦਾ ਸੁਖ ਰੂਪ ਉਹ ਪਤੀ ਪਾਇਆ ਹੈ, ਜੋ ਪਤੀ (ਪਰਮਾਤਮਾ) ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ।

ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ
ਗੁਰ ਸਤਿਗੁਰ ਕੈ ਲਗਿ ਪੈਰੇ॥ ੫॥ ੧॥ ੯॥

ਗੁਰੂ ਜੀ ਕਥਨ ਕਰਦੇ ਹਨ, ਹੇ ਅੰਮਾਂ ਵਾਂਗੂੰ ਪਿਆਰੀ ਸਖੀ ! ਗੁਰ=ਪੂਜਨੀਕ ਸਤਿਗੁਰਾਂ ਦੇ ਚਰਨੀ ਲੱਗਕੇ ਮੈਂ ਸੇਵਕ ਜਨ ਨੇ ਹਰੀ ਪਤੀ ਦੇ ਰੰਗੁ=ਅਨੰਦ ਨੂੰ ਭੋਗਿਆ ਹੈ॥ ੫॥ ੧॥ ੯॥

ਨੋਟ-ਉਪਰਲੇ ਸ਼ਬਦ ਵਿੱਚ ਆਏ ਅੰਮਾਲੀ ਪਦ ਤੇ ਸਾਰੇ ਵਿਸ਼੍ਰਾਮ ਹਨ।

ਵਡਹੰਸੁ ਮਹਲਾ ੩ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥

ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥

ਅਸਾਂ ਨੇ ਸਚੁ=ਨਿਸ਼ਚੇ ਕਰਕੇ ਸੱਚੀ ਨਾਮ ਬਾਣੀ ਨੂੰ ਧੁਨਿ=ਉਚਾਰਿਆ ਹੈ, ਅਤੇ ਸੱਚੇ ਸਬਦੁ=ਬ੍ਰਹਮ ਦਾ ਵਿਚਾਰ ਕੀਤਾ ਹੈ।

ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥ ੧ ॥

ਰਾਤ ਦਿਨ ਸੱਚ ਨੂੰ ਹੀ ਸਲਾਹੁਣਾ ਕੀਤਾ ਹੈ, ਇਸ ਕਰਕੇ ਅਸਾਡੇ ਵੱਡੇ ਭਾਗ ਧਨੁ ਧਨੁ=ਧੰਨਤਾ ਦੇ ਜੋਗ ਹਨ॥ ੧ ॥

ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥

ਹੇ ਮੇਰੇ ਮਨ ! ਸੱਚੇ ਨਾਮ ਦੇ ਉੱਪਰੋਂ ਬਲਿਹਾਰ ਜਾਣਾ ਕਰੋ।

ਦਾਸਨਿ ਦਾਸਾ ਹੋਇ ਰਹਹਿ ਤਾ ਪਾਵਹਿ ਸਚਾ ਨਾਉ ॥ ੧ ॥ ਰਹਾਉ ॥

ਗੁਰੂ ਜੀ ਦੇ ਦਾਸਾਂ ਦਾ ਦਾਸ ਹੋ ਰਹੇਂਗਾ, ਤਾਂ ਤੂੰ ਸੱਚਾ ਨਾਮ ਪਾਵੇਂਗਾ॥ ੧ ॥ ਰਹਾਉ॥

(ਪੰਨਾ ੫੬੫) ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ ॥

ਉਹ ਜੀਭ ਸੱਚੀ ਹੈ ਤੇ ਸੱਚ ਨਾਮ ਵਿੱਚ ਰੱਤੀ ਹੋਈ ਹੈ, ਉਸ ਕਰਕੇ ਤਨ ਮਨ ਭੀ ਸਚਾ=ਸਫਲਾ ਹੁੰਦਾ ਹੈ।

ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ ॥ ੨ ॥

ਸੱਚੇ ਨਾਮ ਤੋਂ ਬਿਨਾਂ ਜੋ ਹੋਰ ਦੀ ਸ਼ਲਾਘਾ ਕਰਦਾ ਹੈ, ਉਹ ਆਪਣਾ ਮਨੁੱਖਾ ਜਨਮ ਸਾਰਾ ਨਿਸਫਲ ਗੁਆ ਕੇ ਜਾਂਦਾ ਹੈ॥ ੨ ॥

ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ ॥

ਅਨਦਿਨੁ ਲਾਹਾ ਸਚੁ ਨਾਮੁ ਧਨੁ ਭਗਤਿ ਭਰੇ ਭੰਡਾਰਾ ॥ ੩ ॥

ਉਸ ਦੀ ਪ੍ਰਤੱਖ ਖੇਤੀ ਕਰਨੀ ਸਚੁ=ਸਫਲੀ ਹੈ, ਬੀਜ ਬੀਜਣਾ ਭੀ ਸਫਲਾ ਹੈ, ਵਪਾਰ ਕਰਨਾ ਭੀ ਸਫਲਾ ਹੈ। ਜਿਸ ਨੇ ਰਾਤ ਦਿਨ ਸੱਚ ਨਾਮ ਦਾ ਲਾਭ ਖੱਟਿਆ ਹੈ, ਤੇ ਭਗਤੀ ਰੂਪ ਧਨ ਕਰਕੇ ਅੰਤਹਕਰਣ ਰੂਪ ਭੰਡਾਰੇ ਭਰੇ ਹਨ॥ ੩ ॥

ਸਚੁ ਖਾਣਾ ਸਚੁ ਪੈਨਣਾ ਸਚੁ ਟੇਕ ਹਰਿ ਨਾਉ ॥

ਜਿਸ ਨੋ ਬਖਸੇ ਤਿਸੁ ਮਿਲੈ ਮਹਲੀ ਪਾਏ ਥਾਉ ॥ ੪ ॥

ਜਿਸ ਨੂੰ ਹਰੀ ਨਾਮ ਦਾ ਸੱਚਾ ਟੇਕ=ਆਸਰਾ ਹੈ, ਉਸ ਦਾ ਖਾਣਾ ਸਚੁ=ਸਫਲਾ ਹੈ, ਕੱਪੜਿਆਂ ਦਾ ਪਹਿਨਣਾ ਭੀ ਸਫਲਾ ਹੈ। ਜਿਸ ਨੂੰ ਪ੍ਰਭੂ ਬਖਸ਼ਦਾ ਹੈ ਉਸ ਨੂੰ ਨਾਮ ਸਿਮਰਨ ਮਿਲਦਾ ਹੈ, ਅਤੇ ਓਹੀ

ਜਗਿਆਸੁ ਸਰੂਪ ਥਾਂ ਨੂੰ ਪਾਉਂਦਾ ਹੈ॥ ੪॥

ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ॥

ਸੱਚੇ ਗੁਰਮੁਖ ਆਪਣੀ ਮਰਜ਼ੀ ਨਾਲ ਆਉਂਦੇ ਹਨ, ਸੱਚੇ ਗੁਰਮੁਖ ਆਪਣੀ ਮਰਜ਼ੀ ਨਾਲ ਜਾਂਦੇ ਹਨ, ਉਹ ਜੂਨੀਆਂ ਦੇ ਫੇਰੇ ਵਿਚ ਮੂਲਿ=ਕਦਾ-ਚਿੱਤ ਨਹੀਂ ਪੈਂਦੇ।

ਗੁਰਮੁਖਿ ਦਰਿ ਸਾਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ॥ ੫॥

ਗੁਰਮੁਖ ਸੱਚੇ ਵਾਹਿਗੁਰੂ ਦੇ ਦਰਿ-ਦਰਬਾਰ ਵਿੱਚ ਸੱਚੇ ਹਨ, ਅੰਤ ਨੂੰ ਸੱਚੇ ਹਰੀ ਵਿੱਚ ਅਭੇਦ ਹੋ ਜਾਂਦੇ ਹਨ॥ ੫॥

ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ॥

ਉਨ੍ਹਾਂ ਦਾ ਅੰਤਰੁ=ਹਿਰਦਾ ਸੱਚਾ ਹੈ, ਮਨ ਭੀ ਸੱਚਾ ਹੈ, ਜੋ ਪ੍ਰਭੂ ਦੀ ਸੱਚੀ ਸਿਫਤ ਨੂੰ ਸਨਾਇ=ਪਛਾਣਦੇ ਹਨ।

ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ॥ ੬॥

ਜੋ ਸਤਸੰਗਤ ਰੂਪੀ ਸੱਚੇ ਅਸਥਾਨ ਉੱਪਰ ਬੈਠ ਕੇ ਸੱਚ ਨੂੰ ਸਲਾਹੁਣਾ ਕਰਦੇ ਹਨ, ਐਸੇ ਸਤਿਗੁਰਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ॥ ੬॥

ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ॥

ਜਿਸ ਵੇਲੇ ਸੱਚੇ ਨਾਲ ਪਿਆਰ ਲੱਗ ਜਾਵੇ, ਉਹ ਵੇਲਾ ਭੀ ਸਚੁ=ਸਫਲਾ ਹੈ, ਉਹ ਮੂਰਤੁ=ਦੋ ਘੜੀਆਂ ਭੀ ਸਫਲੀਆਂ ਹਨ।

ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ॥ ੭॥

ਉਹ ਸੱਚ ਨੂੰ ਵੇਖਦਾ ਹੈ, ਸੱਚ ਹੀ ਬੋਲਦਾ ਹੈ, ਉਸ ਦੇ ਸਰੀਰ ਦਾ ਸਾਰਾ ਅਕਾਰ ਭੀ ਸਚਾ=ਸਫਲਾ ਹੈ॥ ੭॥

ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ॥

ਗੁਰੂ ਜੀ ਕਥਨ ਕਰਦੇ ਹਨ, ਸੱਚੇ ਪ੍ਰਭੂ ਨੇ ਜਾਂ ਗੁਰਾਂ ਨਾਲ ਮੇਲਿਆ ਤਾਂ ਹੀ ਗੁਰਾਂ ਨਾਲ ਮਿਲੇ, ਉਨ੍ਹਾਂ ਨੂੰ ਫਿਰ ਪ੍ਰਭੂ ਨੇ ਆਪ ਹੀ ਆਪਣੇ ਨਾਲ ਮਿਲਾ ਲਿਆ ਹੈ।

ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ॥ ੮॥ ੧॥

ਜਿਵੇਂ ਉਸ ਨੂੰ ਭਾਂਵਦਾ ਹੈ ਤਿਵੇਂ ਰੱਖਦਾ ਹੈ, ਕਿਉਂਕਿ ਉਹ ਸਭ ਕੁਝ ਆਪਣੀ ਰਜਾਇ=ਮਰਜ਼ੀ ਨਾਲ ਕਰਦਾ ਹੈ॥ ੮॥ ੧॥

ਵਡਹੰਸੁ ਮਹਲਾ ੩॥

ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥

ਮਨਮੁਖਾਂ ਦਾ ਮਨ ਦਸੋਂ ਦਿਸਾਂ ਵਿੱਚ ਭੱਜਾ ਫਿਰਦਾ ਹੈ, ਉਹ ਕਿਸ ਤਰ੍ਹਾਂ ਹਰੀ ਦੇ ਗੁਣ ਗਾ ਸਕਦੇ ਹਨ।

ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥ ੧ ॥

ਉਹਨਾਂ ਦੀਆਂ ਇੰਦ੍ਰੀ=ਇੰਦ੍ਰੀਆਂ ਅਧਿਕਾਈ=ਵਿਸ਼ੇਸ਼ਤਾ ਕਰਕੇ ਆਪੋ ਆਪਣੇ ਵਿਸ਼ਿਆਂ ਵਿੱਚ ਵਿਆਪ=ਲੱਗ ਰਹੀਆਂ ਹਨ, ਅਤੇ ਕਾਮ ਕ੍ਰੋਧ ਆਦਿਕ ਨਿੱਤ ਹੀ ਉਨ੍ਹਾਂ ਨੂੰ ਸਤਾਉਂਦੇ ਰਹਿੰਦੇ ਹਨ॥ ੧ ॥

ਵਾਹੁ ਵਾਹੁ ਸਹਜੇ ਗੁਣ ਰਵੀਜੈ ॥
ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥੧ ॥ਰਹਾਉ ॥

ਉਹ ਪਰਮੇਸ਼ਰ ਵਾਹੁ ਵਾਹੁ=ਧੰਨ ਹੈ ਧੰਨ ਐਸੇ ਕਹਿ ਕੇ ਸਹਜੇ ਹੀ ਉਸ ਦੇ ਗੁਣ ਰਵੀਜੈ=ਉਚਾਰਨਾ ਕਰੀਏ। ਇਸ ਕਲਜੁਗ ਵਿੱਚ ਇਕ ਰਾਮ ਦਾ ਨਾਮ ਹੀ ਦੁਰਲੱਭ ਵਸਤੂ ਹੈ, ਉਸ ਹਰੀ ਨਾਮ ਰਸ ਨੂੰ ਗੁਰ-ਸਿੱਖਿਆ ਦੁਆਰੇ ਪੀਣਾ ਕਰੀਏ॥ ੧ ॥ ਰਹਾਉ ॥

ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥

ਗੁਰ ਉਪਦੇਸ਼ ਨੂੰ ਚੀਨਿ=ਪਛਾਣੇ ਤਾਂ ਮਨ ਸ਼ੁੱਧ ਹੁੰਦਾ ਹੈ, ਜਾਂ ਮਨ ਸ਼ੁੱਧ ਹੋਵੇ ਤਾਂ ਹੀ ਹਰੀ ਦੇ ਗੁਣ ਗਾਂਵਦਾ ਹੈ।

ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥ ੨ ॥

ਗੁਰਮਤੀ=ਗੁਰ-ਸਿੱਖਿਆ ਦੁਆਰੇ ਆਪਣੇ ਸਰੂਪ ਨੂੰ ਆਪ ਪਛਾਣੇ, ਤਾਂ ਹੀ ਆਪਣੇ ਸਰੂਪ ਘਰ ਵਿੱਚ ਵਾਸਾ ਪਾਉਂਦਾ ਹੈ॥ ੨ ॥

ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ ॥

ਹੇ ਮੇਰੇ ਮਨ ! ਸਦਾ ਹੀ ਪ੍ਰਭ ਦੇ ਰੰਗਿ=ਪ੍ਰੇਮ ਵਿੱਚ ਰੱਤੇ ਹੋਏ, ਤੂੰ ਨਿੱਤ ਹੀ ਹਰੀ ਦੇ ਗੁਣ ਗਾਵਣਾ ਕਰ।

ਹਰਿ ਨਿਰਮਲੁ ਸਦਾ ਸੁਖਦਾਤਾ ਮਨਿ ਚਿੰਦਿਆ ਫਲੁ ਪਾਉ ॥ ੩ ॥

ਨਿਰਮਲੁ=ਪਵਿੱਤਰ ਹਰੀ ਸਦਾ ਹੀ ਸੁਖਾਂ ਦੇ ਦੇਣ ਵਾਲਾ ਹੈ, ਉਸ ਦੀ ਕਿਰਪਾ ਨਾਲ ਉਸ ਪਾਸੋਂ ਤੂੰ ਮਨ ਦੀ ਇੱਛਾ ਅਨੁਸਾਰ ਫਲ ਪਾਵਣਾ ਕਰ॥ ੩ ॥

ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ ॥
ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ ॥ ੪ ॥

ਅਸੀਂ ਨੀਚ ਸੀ, ਹਰੀ ਦੀ ਸ਼ਰਨ ਪੈ ਕੇ ਉੱਤਮ ਹੋ ਗਏ ਹਾਂ। ਮੈਂ ਪੱਥਰ ਵਾਂਗੂੰ ਡੁਬਦਾ ਜਾਂਦਾ ਸੀ, ਹਰੀ ਨੇ ਕੱਢ ਲਿਆ, ਇਹ ਉਸ ਦੀ ਸੱਚੀ ਵਡਿਆਈ ਹੈ॥ ੪ ॥

ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥
ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥ ੫ ॥

ਜਦ ਤੋਂ ਗੁਰਾਂ ਦੀ ਸਿੱਖਿਆ ਦੁਆਰੇ ਆਤਮ ਵਿਸ਼ੈਣੀ ਬੁੱਧੀ ਪਾਈ ਹੈ ਤਦ ਤੋਂ ਹੀ ਜ਼ਹਿਰ ਤੋਂ

ਅੰਮ੍ਰਿਤ ਰੂਪ ਹੋ ਗਏ ਹਾਂ। ਗੁਰਾਂ ਨੇ ਮੇਰੇ ਅੰਤਹਕਰਣ ਵਿੱਚ ਭਗਤੀ ਰੂਪ ਵਾਸ਼ਨਾਂ ਵਸਾਹੀ ਹੈ, ਇਸ ਕਰਕੇ ਅੱਕ ਤੋਂ ਪਰਮਲ=ਚੰਦਨ ਰੂਪ ਹੋ ਗਏ ਹਾਂ॥ ੫॥

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ॥

ਇਹ ਜੋ ਪ੍ਰਾਪਤ ਹੋਣਾ ਦੁਰਲੱਭ ਮਨੁੱਖਾ ਜਨਮ ਹੈ, ਜਗਤ ਵਿਚ ਆ ਕੇ ਇਸ ਨੂੰ ਖੱਟ ਲਿਆ ਅਰਥਾਤ ਸਫਲਾ ਕਰ ਲਿਆ ਹੈ।

ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ॥ ੬॥

ਪੂਰਿਆਂ ਭਾਗਾਂ ਨਾਲ ਸਤਿਗੁਰਾਂ ਦੇ ਮਿਲਣ ਕਰਕੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ॥ ੬॥

ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ॥ ੭॥

ਮਨਮੁਖ ਵਾਹਿਗੁਰੂ ਤੋਂ ਭੁੱਲੇ ਹੋਏ ਵਿਸ਼ੇ ਵਿਕਾਰਾਂ ਵਿੱਚ ਲੱਗ ਰਹੇ ਹਨ, ਇਸ ਕਰਕੇ ਸੁੰਦਰ ਮਨੁੱਖਾ ਜਨਮ ਅਹਿਲਾ=ਨਿਸਫਲ ਗਵਾ ਲਿਆ ਹੈ। ਹਰੀ ਦਾ ਨਾਮ ਤੇ ਗੁਰਾਂ ਦਾ ਸੱਚਾ ਸ਼ਬਦ ਨਿੱਤ ਹੀ ਸੁਖਾਂ ਦਾ ਸਾਗਰੁ=ਸਮੁੰਦਰ ਹੈ ਪਰ ਮਨਮੁਖਾਂ ਨੂੰ ਭਾਇਆ ਨ=ਚੰਗਾ ਨਹੀਂ ਲੱਗਾ॥ ੭॥

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥

ਮੂੰਹੋਂ ਤਾਂ ਸਭੋ ਕੋਈ ਹਰਿ ਹਰਿ ਨੂੰ ਉਚਾਰਨ ਕਰਦਾ ਹੈ, ਪਰ ਕਿਸੇ ਵਿਰਲੇ ਨੇ ਹਿਰਦੇ ਵਿਚ ਵਸਾਇਆ ਹੈ।

ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥ ੮॥ ੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਹਿਰਦੇ ਵਿਚ ਹਰੀ-ਨਾਮ ਵਸਿਆ ਹੈ, ਤਿਨ੍=ਉਸ ਨੇ ਮੋਖ ਮੁਕਤਿ=ਕੇਵਲ-ਮੁਕਤੀ ਨੂੰ ਪਾਇਆ ਹੈ॥ ੮॥ ੨॥

ਵਡਹੰਸੁ ਮਹਲ ੧ ਛੰਤ ੧ੴ ਸਤਿਗੁਰ ਪ੍ਰਸਾਦਿ॥

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥ ਨਾਤਾ ਸੋ ਪਰਵਾਣੁ ਸਚੁ ਕਮਾਈਐ॥

ਜਦ ਕਾਇਆ=ਬੁੱਧੀ ਨੂੰ ਕੂੜਿ=ਝੂਠ ਨੇ ਵਿਗਾੜ ਦਿੱਤਾ ਹੈ, ਤਾਂ ਨ੍ਹਾਂਤਿਆਂ ਕੀ ਫਲ ਹੋਣਾ ਹੈ। ਨ੍ਹਾਉਣਾ ਉਸ ਦਾ ਪ੍ਰਮਾਨੀਕ ਹੈ ਜੋ ਸੱਚ-ਨਾਮ ਨੂੰ ਕਮਾਉਂਦਾ ਹੈ।

ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ॥ (ਪੰਨਾ ੫੬੬)
ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥

ਜਦ ਸੱਚ ਨਾਮ ਜਪਣ ਕਰਕੇ ਅੰਦਰਿ=ਅੰਤਹਕਰਣ ਸੱਚਾ ਹੁੰਦਾ ਹੈ, ਤਾਮਿ=ਤਦ ਹੀ ਸੱਚਾ

ਪਰਮਾਤਮਾ ਪਾਈਦਾ ਹੈ। ਹਿਰਦੇ ਵਿੱਚ ਗੁਰ-ਸ਼ਬਦ ਦੇ ਲਿਖੇ ਤੋਂ ਬਿਨਾਂ। ਅਥਵਾ:- ਪੂਰਬਲੇ ਸ਼ੁਭ ਕਰਮਾਂ ਦੇ ਲਿਖੇ ਤੋਂ ਬਿਨਾਂ ਸੁਰਤਿ=ਗਿਆਤ ਨਹੀਂ ਹੁੰਦੀ, ਸ਼ੁਭ ਗਿਆਤ ਤੋਂ ਬਿਨਾਂ, ਬੋਲਿ=ਬਚਨਾਂ ਨੂੰ ਬੋਲਕੇ ਗੁਆ ਲਈਦਾ ਹੇ। ਅਥਵਾ:-ਐਵੇਂ ਬੋਲ ਬੋਲ ਕੇ ਉਮਰਾ ਨੂੰ ਹੀ ਗੁਆਣਾ ਹੈ।

ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥ ੧॥

ਜਿੱਥੇ ਭੀ ਜਾ ਕੇ ਬੈਠੀਏ ਓਥੇ ਚੰਗਾ ਹੀ ਬਚਨ ਕਹੀਏ, ਅਥਵਾ:-ਪਰਮੇਸ਼ਰ ਦਾ ਕੋਈ ਭਲਾ = ਉਪਕਾਰ ਹੀ ਕਹੀਏ, ਅਤੇ ਗੁਰ ਸ਼ਬਦ ਦੀ ਸੁਰਤਿ=ਗਿਆਤ ਲਿਖਣ ਵਿੱਚ ਆਈ ਹੈ। ਜਦ ਕਿ ਕਾਇਆ=ਬੁੱਧੀ ਨੂੰ ਝੂਠ ਨੇ ਵਿਗਾੜ ਦਿੱਤਾ ਹੈ ਤਾਂ ਨਹਾਂਤਿਆਂ ਕੀ ਹੋਣਾ ਹੈ॥ ੧॥

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥
ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ॥

ਹੇ ਪ੍ਰਭੂ ! ਜਾਂ ਆਪ ਜੀ ਨੇ ਪ੍ਰੇਰ ਕੇ ਕਹਾਇਆ ਹੈ ਤਾਂ ਹੀ ਇਹ ਕਹਣੁ=ਬਚਨ ਮੈਂ ਕਿਹਾ ਹੈ। ਹੇ ਹਰੀ ! ਮੇਰੇ ਮਨ ਵਿੱਚ ਤਾਂ ਇੱਕ ਆਪ ਜੀ ਦਾ ਨਾਮ ਅੰਮ੍ਰਿਤ ਹੀ ਭਾਇਆ=ਚੰਗਾ ਲੱਗਾ ਹੈ।

ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ॥
ਸੁਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ॥

ਆਪ ਜੀ ਦਾ ਨਾਮ ਅੰਮ੍ਰਿਤ ਹੀ ਮੇਰੇ ਮਨ ਵਿੱਚ ਮਿੱਠਾ ਲੱਗਾ ਹੈ, ਉਸ ਨਾਮ ਨੇ ਦੁੱਖਾਂ ਦਾ ਡੇਰਾ ਅਗਿਆਨ ਢਾਹ ਦਿੱਤਾ ਹੈ। ਜਾਮਿ=ਜਦ ਤੋਂ ਤੁਸਾਂ ਨੇ ਹੁਕਮ ਦਿੱਤਾ ਹੈ। ਤਦ ਤੋਂ ਹੀ ਮੇਰੇ ਮਨ ਵਿਚ ਸੁਖ ਆ ਵੱਸਿਆ ਹੈ।

ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥ ੨॥

ਮੇਰੀ ਤਾਂ ਆਪ ਜੀ ਅੱਗੇ ਅਰਦਾਸਿ=ਬੇਨਤੀ ਹੈ ਤੇ ਨਦਰਿ=ਕਿਰਪਾ ਦ੍ਰਿਸ਼ਟੀ ਆਪ ਜੀ ਨੇ ਕਰਨੀ ਹੈ, ਜਿਸ ਆਪ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ। ਜਾਂ ਆਪ ਜੀ ਨੇ ਪ੍ਰੇਰ ਕੇ ਕਹਾਇਆ ਹੈ ਤਾਂ ਹੀ ਮੈਂ ਇਹ ਕਹਣੁ=ਬਚਨ, ਅਥਵਾ:-ਉਲਾਂਭਾ ਕਿਹਾ ਹੈ॥ ੨॥

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥
ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥

ਖਸਮੁ=ਪਰਮਾਤਮਾ ਦੇ ਕਢਾਏ=ਉਚਾਰਨੇ ਦੀ ਇਹ ਵਾਰੀ ਹੈ ਇਸ ਤੇ ਨਾਮ ਜਪਣੇ ਰੂਪੀ ਕਿਰਤੁ=ਕਰਮ ਨੂੰ ਕਮਾਉਣਾ ਕਰ। ਅਥਵਾ:-ਕਰਮਾਂ ਦੇ ਕਮਾਏ ਅਨੁਸਾਰ ਖਸਮ ਨੇ ਇਹ ਮਨੁੱਖਾ ਦੇਹ

ਰੂਪੀ ਵਾਰੀ ਕਢਾ ਦਿੱਤੀ ਹੈ। ਕਿਸੇ ਨੂੰ ਮੰਦਾ=ਬੁਰਾ ਸ਼ਬਦ ਕਹਿ ਕੇ ਆਪਣੇ ਗਲ ਝਗੜਾ ਨਾ ਪਾਉਣਾ ਕਰ।

ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥
ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੁਆਵਣਾ ॥

ਆਪਣੇ ਸੁਆਮੀ ਨਾਲ ਝਗੜਾ ਬਿਲਕੁਲ ਨਹੀਂ ਪਾਉਣਾ ਚਾਹੀਦਾ ਭਾਵ ਆਪਣੇ ਸੁਆਮੀ ਦੇ ਕੀਤੇ ਉੱਪਰ ਤਰਕ ਨਹੀਂ ਕਰਨੀ ਚਾਹੀਦੀ, ਜੇ ਝਗੜਾ ਕਰਾਂਗੇ ਤਾਂ ਆਪ ਹੀ ਆਪਣਾ ਕੁਝ ਗੁਆਉਣਾ ਹੈ।

ਅਥਵਾ:-ਆਪਣੇ ਸੁਆਮੀ ਅੱਗੇ ਤਾਂ ਆਪਾ ਭਾਵ ਹੰਕਾਰ ਵਞਾਵਣਾ=ਗੁਆ ਦੇਣਾ ਚਾਹੀਦਾ ਹੈ। ਜਿਸ ਸੁਆਮੀ ਨਾਲ ਸੰਗਤ ਕਰਨੀ ਹੈ, ਜੇ ਉਸ ਨਾਲ ਸਰੀਕੀ ਕਰੀਏ, ਤਾਂ ਉਸ ਸੁਆਮੀ ਦਾ ਕੀ ਜਾਣਾ ਹੈ, ਇਸ ਜੀਵ ਨੇ ਹੀ ਰੋਣਾ ਹੈ।

ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ੩ ॥

ਸੁਆਮੀ ਜੋ ਭੀ ਦੁੱਖ ਜਾਂ ਸੁੱਖ ਦੇਵੇ ਉਸ ਨੂੰ ਸਹਾਰਨਾ ਕਰੇ, ਉਸ ਦੇ ਉਲਟ ਕਹਿਣਾ ਮਨ੍ਹਾਂ ਹੈ ਕਿ ਸੁਆਮੀ ਨੇ ਮੈਨੂੰ ਦੁੱਖ ਕਿਉਂ ਦਿੱਤਾ ਹੈ ਇਸ ਤਰ੍ਹਾਂ ਕਹਿਣ ਤੋਂ ਮਨ੍ਹਾਂ ਹੋਵੇ, ਇਸ ਤਰ੍ਹਾਂ ਦਾ ਕੁਝ ਸ਼ਬਦ ਕਹਿ ਕੇ ਨਾਹੀ ਵਾਵਣਾ=ਗੁਆਣਾ ਨਾ ਕਰੇ।

ਅਥਵਾ:-ਅਸਾਡਾ ਕਹਿਣਾ ਮੰਨ ਲੈ, ਉਲਟ ਗੱਲ ਆਖ ਕੇ ਗੁਆਣਾ ਨਾ ਕਰ ! ਖਸਮ ਦੇ ਨਾਮ ਉਚਾਰਨੇ ਦੀ ਇਹ ਵਾਰੀ ਏ, ਇਸ ਕਰਕੇ ਨਾਮ ਜਪਣੇ ਰੂਪੀ ਕਰਮ ਕਮਾਵਣਾ ਕਰ॥ ੩ ॥

ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥
ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥

ਸਾਰੀ ਦੁਨੀਆਂ ਉਸ ਨੇ ਆਪ ਉਤਪਤ ਕੀਤੀ ਹੈ, ਅਤੇ ਆਪ ਹੀ ਸਾਰਿਆਂ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ। ਉਸ ਕੋਲੋਂ ਕਉੜਾ=ਦੁੱਖ ਕੋਈ ਨਹੀਂ ਮੰਗਦਾ, ਸਭ ਕੋਈ ਮੀਠਾ=ਸੁਖ ਹੀ ਮੰਗਦਾ ਹੈ।

ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥
ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥

ਸਭ ਕੋਈ ਮੀਠਾ=ਸੁਖ ਹੀ ਮੰਗਦਾ ਦਿੱਸਦਾ ਹੈ, ਪਰ ਜੋ ਮਾਲਕ ਨੂੰ ਭਾਉਂਦਾ ਹੈ ਉਹੋ ਕੁਝ ਕਰਦਾ ਹੈ। ਜੋ ਕੁਝ ਦਾਨ-ਪੁੰਨ ਆਦਿਕ ਅਨੇਕ ਤਰ੍ਹਾਂ ਦੀ ਸ਼ੁਭ ਕਰਣੀ ਹੈ, ਜੇ ਤੁਲਿ=ਵਿਚਾਰਿਆ ਜਾਏ ਤਾਂ ਨਾਮ ਦੇ ਬਰਾਬਰ ਕੁਝ ਭੀ ਨਹੀਂ ਹੈ।

ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਨਾਮ ਮਿਲਿਆ ਹੈ, ਉਹਨਾਂ ਨੂੰ ਕਦੇ ਨਾ ਕਦੇ ਧੁਰ ਦਾ

ਕਰਮੁ=ਅਨੁਗ੍ਰਹੁ ਹੋਇਆ ਸਮਝੋ। ਸਾਰੀ ਦੁਨੀਆਂ ਉਸ ਨੇ ਆਪ ਉਤਪਤ ਕੀਤੀ ਹੈ, ਅਤੇ ਆਪ ਹੀ ਸਾਰਿਆਂ ਉੱਤੇ ਨਦਰਿ=ਨਜ਼ਰ ਕਰਦਾ ਹੈ॥ ੪॥ ੧॥

ਵਡਹੰਸੁ ਮਹਲਾ ੧॥ ਕਰਹੁ ਦਇਆ ਤੇਰਾ ਨਾਮੁ ਵਖਾਣਾ॥
ਸਭ ਉਪਾਈਐ ਆਪਿ ਆਪੇ ਸਰਬ ਸਮਾਣਾ॥

ਹੇ ਪ੍ਰਭੂ ! ਅਜੇਹੀ ਦਇਆ ਕਰੋ ਜੋ ਮੈਂ ਆਪ ਜੀ ਦਾ ਨਾਮ ਕਥਨ ਕਰਾਂ।

ਤੁਸਾਂ ਨੇ ਸਾਰੀ ਦੁਨੀਆਂ ਆਪ ਪੈਦਾ ਕੀਤੀ ਹੈ, ਅਤੇ ਆਪ ਹੀ ਸਾਰਿਆਂ ਵਿਚ ਸਮਾ ਰਹੇ ਹੋ।

ਸਰਬੇ ਸਮਾਣਾ ਆਪਿ ਤੂਹੈ ਉਪਾਇ ਧੰਧੈ ਲਾਈਆ॥
ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ ਭਵਾਈਆ॥

ਤੂੰ ਆਪ ਸਾਰਿਆਂ ਵਿਚ ਸਮਾ ਰਿਹਾ ਹੈਂ, ਅਤੇ ਪੈਦਾ ਕਰਕੇ ਧੰਧਿਆਂ ਵਿਚ ਲਾਇਆ ਹੋਇਆ ਹੈ। ਤੁਸਾਂ ਨੇ ਇਕਨਾਂ ਨੂੰ ਰਾਜੇ ਕੀਤਾ ਹੈ, ਅਤੇ ਕਰਮਾਂ ਅਨੁਸਾਰ ਇਕਨਾਂ ਨੂੰ ਮੰਗਤਾ ਬਣਾ ਕੇ ਭਿਖ=ਭਿੱਖਿਆ ਮੰਗਣ ਵਿਚ ਭੁਆਇਆ ਹੈ।

ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ॥
ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ॥ ੧॥

ਤੁਸਾਂ ਨੇ ਹੀ ਲੋਭ ਤੇ ਮੋਹ ਨੂੰ ਮਿੱਠਾ ਬਣਾ ਦਿੱਤਾ ਹੈ, ਇਸ ਭਰਮ ਵਿਚ ਜੀਵ ਨੂੰ ਭੁਲਾ ਦਿੱਤਾ ਹੈ। ਹੇ ਪ੍ਰਭੂ ! ਤੁਸੀਂ ਹਮੇਸ਼ਾਂ ਆਪਣੀ ਦਇਆ ਕਰੀ ਰੱਖੋ ਤਾਂ ਮੈਂ ਸਦਾ ਆਪ ਜੀ ਦਾ ਨਾਮ ਵਖਾਣਾ=ਕਥਨ ਕਰਦਾ ਰਹਾਂ॥ ੧॥

ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ॥
ਦੂਖੁ ਗਇਆ ਸੁਖੁ ਆਇ ਸਮਾਣਾ॥

ਆਪ ਜੀ ਦਾ ਨਾਮ ਜੋ ਸਦੀਵ ਕਾਲ ਸੱਚਾ ਹੈ, ਉਹ ਨਾਮ ਹੀ ਮੇਰੇ ਮਨ ਨੂੰ ਭਾਣਾ=ਭਾਉਂਦਾ ਹੈ। ਉਸ ਨਾਮ ਕਰਕੇ ਦੁੱਖ ਦੂਰ ਹੋ ਗਿਆ ਹੈ ਅਤੇ ਸੁਖ ਮਨ ਵਿਚ ਆ ਸਮਾਇਆ ਹੈ।

ਗਾਵਨਿ ਸੁਰਿ ਨਰ ਸੁਘੜ ਸੁਜਾਣਾ॥
ਸੁਰਿ ਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ॥

ਸੁਰਿ=ਦੇਵਤੇ, ਨਰ=ਮਨੁੱਖ, ਸੁਘੜ=ਸ੍ਰੇਸ਼ਟ ਘਾੜਤਾਂ ਦੇ ਘੜਨ ਵਾਲੇ ਤੇ ਸੁਜਾਣਾ=ਚਤੁਰ, ਸਭ ਆਪ ਜੀ ਦੇ ਜਸ ਨੂੰ ਗਾਂਵਦੇ ਹਨ। ਸੁਰਿ-ਨਰ=ਦੇਵਤੇ, ਮਨੁੱਖ ਅਤੇ ਸੁਘੜ ਸੁਜਾਣ ਸਭ ਆਪ ਜੀ ਦੇ ਜਸ ਨੂੰ ਗਾਂਵਦੇ ਹਨ, ਜੋ ਆਪ ਜੀ ਦੇ ਮਨ ਨੂੰ ਭਾਉਂਦੇ ਹਨ।

ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ॥

ਜੋ ਮਾਇਆ ਦੇ ਮੋਹੇ ਹੋਏ ਆਪ ਜੀ ਦਾ ਸਿਮਰਨ ਨਹੀਂ ਕਰਦੇ, ਉਹ ਸੁੰਦਰ ਮਨੁੱਖਾ ਜਨਮ ਨੂੰ

ਨਿਸਫਲ ਗੁਆਂਦੇ ਹਨ।

ਇਕਿ ਮੂੜ ਮੁਗਧ ਨ ਚੇਤਹਿ ਮੂਲੇ ਜੋ ਆਇਆ ਤਿਸੁ ਜਾਣਾ॥
ਨਾਮੁ ਤੇਰਾ ਸਦਾ ਸਾਚਾ ਸੋਇ ਮੈ ਮਨਿ ਭਾਣਾ॥ ੨॥

ਇੱਕ ਐਸੇ ਮੂਰਖ ਮੁਗਧ=ਜੜ੍ਹ ਹਨ ਜੋ ਮੂਲੇ=ਕਦਾਚਿੱਤ ਪ੍ਰਭੂ ਦਾ ਸਿਮਰਨ ਨਹੀਂ ਕਰਦੇ, ਜੋ ਸੰਸਾਰ ਵਿੱਚ ਆਇਆ ਹੈ ਉਸ ਨੇ ਜ਼ਰੂਰ ਚਲਿਆ ਜਾਣਾ ਹੈ। ਆਪ ਜੀ ਦਾ ਨਾਮ ਸਦਾ ਸੱਚਾ ਹੈ ਉਹ ਨਾਮ ਹੀ ਮੇਰੇ ਮਨ ਵਿੱਚ ਭਾਇਆ ਹੈ॥ ੨॥

ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ॥
ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ॥

ਹੇ ਪ੍ਰਭੂ ! ਮਨੁੱਖਾ ਦੇਹ ਰੂਪੀ ਵਖਤੁ=ਵਕਤ (ਸਮਾਂ) ਤੇਰਾ ਦਿੱਤਾ ਹੋਇਆ ਸੋਭਨੀਕ ਹੈ, ਤੇਰੀ ਵੇਦ, ਅਥਵਾ:- ਨਾਮ-ਬਾਣੀ ਅੰਮ੍ਰਿਤ ਰੂਪ ਹੈ। ਜੋ ਸੇਵਕ ਭਾਉ ਕਰਿ=ਪ੍ਰੇਮ ਕਰਕੇ ਸੇਵਾ ਕਰਦੇ ਹਨ, ਉਹਨਾਂ ਪ੍ਰਾਣੀਆਂ ਨੂੰ ਸਾਉ=ਅਨੰਦ ਲਾਗਾ=ਪ੍ਰਾਪਤ ਹੋਇਆ ਹੈ।

ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ॥
ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ॥

ਉਹਨਾਂ ਪ੍ਰਾਣੀਆਂ ਨੂੰ ਸਾਉ=ਅਨੰਦ ਲੱਗਾ ਹੈ ਜਿਨ੍ਹਾਂ ਨੇ ਨਾਮ ਅੰਮ੍ਰਿਤ ਪਾਇਆ ਹੈ। ਜੋ ਪੁਰਸ਼ ਆਪ ਜੀ ਦੇ ਨਾਮ ਸਿਮਰਨ ਵਿਚ ਰੱਤੇ ਹਨ, ਉਹਨਾਂ ਦਾ ਪ੍ਰਤਾਪ ਨਿਤ ਹੀ ਸਵਾਇਆ ਚੜ੍ਹਦਾ ਹੈ।

ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ॥
ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ॥ ੩॥

ਜਾਮਿ=ਜਦ ਤੱਕ ਹੇ ਪ੍ਰਭੂ ! ਇੱਕ ਤੇਰੀ ਪਛਾਣ ਵਾਲਾ ਨਾ ਹੋਵੇ, ਤਦ ਤੱਕ ਕਰਮ ਧਰਮ ਅਤੇ ਸੰਜਮ ਆਦਿਕ ਕੀਤਾ ਹੋਇਆ ਇੱਕ ਭੀ ਸਫਲ ਨਹੀਂ ਹੁੰਦਾ। ਆਪ ਜੀ ਦਾ ਮਨੁੱਖਾ ਦੇਹ ਰੂਪੀ ਵਖਤ ਦਿੱਤਾ ਹੋਇਆ ਸਦਾ ਸੋਭਨੀਕ ਹੈ, ਅਤੇ ਤੇਰੀ ਨਾਮ-ਬਾਣੀ ਵੀ ਅੰਮ੍ਰਿਤ ਰੂਪ ਹੈ,

ਅਥਵਾ: ਇਸ ਜੀਭ ਨੂੰ ਅੰਮ੍ਰਿਤ=ਅਮਰ ਕਰਨ ਵਾਲੀ ਹੈ॥ ੩॥

(ਪੰਨਾ ੫੬੭) ਹਉ ਬਲਿਹਾਰੀ ਸਾਚੇ ਨਾਵੈ॥ ਰਾਜੁ ਤੇਰਾ ਕਬਹੁ ਨ ਜਾਵੈ॥

ਹੇ ਪ੍ਰਭੂ ! ਮੈਂ ਤੇਰੇ ਸੱਚੇ ਨਾਮ ਤੋਂ ਕੁਰਬਾਨ ਜਾਂਦਾ ਹਾਂ। ਤੇਰਾ ਰਾਜੁ=ਹੁਕਮ,

ਅਥਵਾ:-ਪ੍ਰਕਾਸ਼ ਨਿਸਚਲ ਹੋਣ ਕਰਕੇ ਕਦੇ ਜਾਂਦਾ ਨਹੀਂ ਹੈ।

ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ॥
ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ॥

ਤੇਰਾ ਰਾਜ ਸਦਾ ਅਚੱਲ ਹੈ, ਅਥਵਾ:- ਤੇਰਾ ਹੁਕਮ ਸਦਾ ਅਚੱਲ ਹੈ, ਇਹ ਤਾਂ ਕਦੇ ਭੀ ਨਹੀਂ ਜਾਏਗਾ।

ਤੇਰਾ ਚਾਕਰੁ=ਸੇਵਕ ਉਹ ਪ੍ਰਮਾਨੀਕ ਹੁੰਦਾ ਹੈ ਜੋ ਸਹਜਿ=ਸ਼ਾਂਤੀ ਵਾ:-ਗਿਆਨ ਵਿੱਚ ਸਮਾਂਵਦਾ ਏ।

ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ ॥
ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥ ੪ ॥

ਦੁਸ਼ਮਣ ਤੇ ਦੁੱਖ ਉਸ ਨੂੰ ਮੂਲੇ=ਕਦਾਚਿਤ ਨਹੀਂ ਲੱਗੇਗਾ, ਅਤੇ ਉਸ ਦੇ ਨੇੜੇ ਪਾਪ ਭੀ ਨਹੀਂ ਆਵੇਗਾ। ਮੈਂ ਇੱਕ ਤੇਰੇ ਨਾਮ ਤੋਂ ਸਦਾ ਹੀ ਕੁਰਬਾਨ ਹੁੰਦਾ ਹਾਂ ॥ ੪ ॥

ਜੁਗਹ ਜੁਗੰਤਰਿ ਭਗਤ ਤੁਮਾਰੇ ॥ ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥
ਜਪਹਿ ਤ ਸਾਚਾ ਏਕੁ ਮੁਰਾਰੇ ॥

ਜੁਗਾਂ ਜੁਗਾਂ ਅੰਦਰ ਜੋ ਆਪ ਜੀ ਦੇ ਭਗਤ ਹਨ। ਹੇ ਸੁਆਮੀ ! ਉਹ ਆਪ ਜੀ ਦੇ ਸਤਸੰਗ ਦੁਆਰੇ ਉੱਪਰ ਖੜੇ ਹੋਏ ਤੇਰੀ ਕੀਰਤੀ ਕਰਦੇ ਹਨ। ਜੇਕਰ ਜਪਦੇ ਹਨ ਤਾਂ ਹੇ ਸੱਚੇ ਮੁਰਾਰੀ ! ਇਕ ਆਪ ਜੀ ਦੇ ਨਾਮ ਨੂੰ ਹੀ ਜਪਦੇ ਹਨ।

ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ ॥
ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ ॥

ਹੇ ਸੱਚੇ ਮੁਰਾਰੀ ! ਤੈਨੂੰ ਤਾਂ ਜਪਦੇ ਹਨ, ਜਾਮਿ=ਜਦ ਤੂੰ ਉਹਨਾਂ ਦੇ ਮਨ ਵਿਚ ਵਸਾ ਦੇਵੇਂ,

ਅਥਵਾ:-ਜਦ ਮਨ ਵਿਚ ਗੁਰ-ਉਪਦੇਸ਼ ਵਸਾਉਣ। ਭਰਮ ਦਾ ਭੁਲੇਖਾ ਤੁਸਾਂ ਨੇ ਹੀ ਕੀਤਾ ਹੋਇਆ ਹੈ, ਜਦੋਂ ਤੁਸੀਂ ਇਸ ਨੂੰ ਦੂਰ ਕਰੋ ਤਾਂ ਹੀ ਦੂਰ ਹੁੰਦਾ ਹੈ।

ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ ॥
ਜੁਗਹ ਜੁਗੰਤਰਿ ਭਗਤ ਤੁਮਾਰੇ ॥ ੫ ॥

ਆਪ ਕਿਰਪਾ ਕਰੋ ਤਾਂ ਗੁਰਾਂ ਦੀ ਕਿਰਪਾ ਹੁੰਦੀ ਹੈ, ਅਥਵਾ:- ਆਪ ਜੀ ਦੀ ਪਰਸਾਦੀ=ਕਿਰਪਾ ਸਭ ਤੋਂ ਗੁਰ=ਵੱਡੀ ਹੈ, ਆਪ ਹੀ ਕਿਰਪਾ ਕਰ ਕੇ ਮੈਨੂੰ ਜਮਾਂ ਤੋਂ ਬਚਾ ਲਓ। ਜੁਗਾਂ ਜੁਗਾਂ ਦੇ ਅੰਦਰ ਆਪ ਜੀ ਦੇ ਭਗਤ ਆਪ ਦੀ ਕੀਰਤੀ ਕਰਦੇ ਹੋਏ ਅਨੰਦ ਸਰੂਪ ਹਨ ॥ ੫ ॥

ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥
ਕਿਉ ਕਰਿ ਕਰਉ ਬੇਨੰਤੀ ਹਉ ਆਖਿ ਨ ਜਾਣਾ ॥
ਨਦਰਿ ਕਰਹਿ ਤਾ ਸਾਚੁ ਪਛਾਣਾ ॥

ਹੇ ਮੇਰੇ ਵੱਡੇ ਸਾਹਿਬਾ ! ਤੂੰ ਅਲੱਖ ਤੇ ਅਪਾਰ ਹੈਂ। ਮੈਂ ਤੇਰੇ ਅੱਗੇ ਕਿਸ ਤਰ੍ਹਾਂ ਬੇਨਤੀ ਕਰਾਂ, ਕਿਉਂਕਿ ਮੈਂ ਬੋਲਣਾ ਨਹੀਂ ਜਾਣਦਾ। ਜਦ ਤੂੰ ਨਦਰਿ=ਕਿਰਪਾ=ਦ੍ਰਿਸ਼ਟੀ ਕਰੇਂਗਾ ਤਾਂ ਮੈਂ ਸੱਚ ਨੂੰ ਪਛਾਣਾਗਾ।

ਸਾਚੋ ਪਛਾਣਾ ਤਾਮਿ ਤੇਰਾ ਜਾਮਿ ਆਪਿ ਬੁਝਾਵਹੇ॥
ਦੂਖ ਭੂਖ ਸੰਸਾਰਿ ਕੀਏ ਸਹਸਾ ਏਹੁ ਚੁਕਾਵਹੇ॥

ਜਾਮਿ=ਜਦ ਤੂੰ ਆਪ ਸਮਝਾਵੇਂਗਾ, ਤਦ ਹੀ ਤੇਰਾ ਸੱਚਾ ਨਾਮ ਪਛਾਣਾਗਾ। ਜੋ ਤੁਸਾਂ ਨੇ ਸੰਸਾਰ ਵਿਚ ਦੁੱਖ ਭੁੱਖ ਤੇ ਸੰਸਾ ਕੀੜਾ ਹੋਇਆ ਹੈ ਇਨ੍ਹਾਂ ਨੂੰ ਆਪ ਚੁਕਾਵਹੇ=ਦੂਰ ਕਰ ਦਿਓ।

ਬਿਨਵੰਤਿ ਨਾਨਕੁ ਜਾਇ ਸਹਸਾ ਬੂਝੈ ਗੁਰ ਬੀਚਾਰਾ॥
ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ॥ ੬॥

ਗੁਰੂ ਜੀ ਕਥਨ ਕਰਦੇ ਹਨ, ਗੁਰ-ਸ਼ਬਦ ਦੀ ਵਿਚਾਰ ਨੂੰ ਬੁੱਝਣਾ ਕਰੇ ਤਾਂ ਸੰਸਾ ਦੂਰ ਹੋ ਜਾਂਦਾ ਹੈ। ਉਹ ਮੇਰਾ ਸਾਹਿਬ ਸਾਰਿਆਂ ਤੋਂ ਵੱਡਾ ਹੈ ਫਿਰ ਆਪ ਅਲੱਖ ਤੇ ਪਾਰਾਵਾਰ ਤੋਂ ਰਹਿਤ ਹੈ॥ ੬॥

ਸਭ ਤੋਂ ਪਹਿਲਾਂ ਜੀਵ ਨੂੰ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ,

ਜਦ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਨਾ ਹੋ ਸਕੇ ਤਾਂ ਸਰਗੁਣ ਦੀ ਉਪਾਸ਼ਨਾ ਕਰੇ। ਜੇ ਸਰਗੁਣ ਦੀ ਉਪਾਸ਼ਨਾ ਨਾ ਹੋ ਸਕੇ ਤਾਂ ਈਸ਼ਵਰ ਨੇ ਜੋ ਰਾਮ ਕ੍ਰਿਸ਼ਨ ਆਦਿਕ ਅਵਤਾਰ ਧਾਰੇ ਹਨ, ਉਨ੍ਹਾਂ ਅਵਤਾਰਾਂ ਦੀ ਉਪਾਸ਼ਨਾ ਕਰੇ। ਪਹਿਲੇ ਅਰਥ ਵਿਚ ਕ੍ਰਿਸ਼ਨ ਜੀ ਦੀ ਉਸਤਤੀ ਕਥਨ ਕਰਦੇ ਹਨ।

ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥
ਕੰਚਨ ਕਾਇਆ ਸੁਇਨੇ ਕੀ ਢਾਲਾ॥

ਤੇਰੇ ਲੋਇਣ=ਨੇਤ੍ਰ ਬੰਕੇ=ਸੁੰਦਰ ਹਨ, ਦੰਤ ਰੀਸਾਲਾ=ਦੰਦ ਭੀ ਸੁੰਦਰ ਹਨ, ਨੱਕ ਭੀ ਸੋਹਣਾ ਹੈ, ਜਿਸ ਆਪ ਜੀ ਦੇ ਵਾਲਾ=ਕੇਸ ਬੜੇ ਲੰਮੇ ਹਨ, ਕੰਚਨ=ਸੋਨੇ ਵਰਗੀ ਤੇਰੀ ਦੇਹ ਹੈ ਜੋ ਸੋਨੇ ਦੀ ਢਾਲਾ=ਤਰ੍ਹਾਂ ਚਮਕ ਰਹੀ ਹੈ। ਅਥਵਾ:-ਜੋ ਸੋਨੇ ਦੀ ਹੀ ਢਾਲੀ ਹੋਈ ਹੈ।

ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥

ਜੋ ਸੋਨੇ ਦੀ ਢਾਲੀ ਹੋਈ ਹੈ, ਜਿਸ ਕ੍ਰਿਸ਼ਨ ਦੇ ਗਲ ਵਿੱਚ ਕ੍ਰਿਸ਼ਨ ਮਾਲਾ=ਬਜੰਤੀ ਮਾਲਾ ਪਾਈ ਹੋਈ ਹੈ, ਹੇ ਸਹੇਲੀਓ ! ਤੁਸੀਂ ਉਸ ਨੂੰ ਜਪਣਾ ਕਰੋ।

ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥

ਹੇ ਮਹੇਲੀਹੋ=ਜਗਿਆਸੂ ਰੂਪ ਸਖੀਓ ! ਮੇਰੀ ਇਹ ਸਿੱਖਿਆ ਸੁਣੋ, ਫਿਰ ਤੁਸੀਂ ਜਮਰਾਜਾ ਦੇ ਦਰਬਾਰ ਵਿਚ ਖੜੀਆਂ ਨਾ ਹੋਵੋਗੀਆਂ।

ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥
ਬੰਕੇ ਲੋਇਣ ਦੰਤ ਰੀਸਾਲਾ॥ ੭॥

ਜੋ ਪਹਿਲੇ ਬਗ ਬਗਾ=ਬਗਲਿਆਂ ਤੋਂ ਬਗਲੇ ਭਾਵ ਪਖੰਡੀਆਂ ਤੋਂ ਭੀ ਬੜੇ ਪਖੰਡੀ ਸਨ, ਮਨ ਦੀ ਜਾਲਾ=ਅਵਿੱਦਿਆ ਦੇ ਲਹਿ ਜਾਣ ਤੇ ਉਹ ਹੰਸਾਂ ਤੋਂ ਹੰਸ ਭਾਵ ਪਰਮ-ਹੰਸ ਅਰਥਾਤ ਤੱਤ੍ਵਵੇਤਾ ਮਹਾਤਮਾ ਬਣ ਜਾਂਦੇ ਹਨ। ਆਪ ਜੀ ਦੇ ਨੇਤ੍ਰ ਬੰਕੇ=ਸੁੰਦਰ ਹਨ, ਦੰਦ ਭੀ ਰੀਸਾਲਾ=ਸੁੰਦਰ ਹਨ॥ ੭॥

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ ਕੁਹਕਨਿ ਕੋਕਿਲਾ ਤਰਲ ਜੁਆਣੀ ॥

ਹੇ ਕ੍ਰਿਸ਼ਨ ਜੀ ! ਆਪ ਜੀ ਦੀ ਚਾਲ ਸੋਭਨੀਕ ਹੈ, ਅਤੇ ਆਪ ਜੀ ਦੀ ਬਾਣੀ ਭੀ ਐਸੀ ਮਿੱਠੀ ਹੈ, ਮਾਨੋਂ ਕੋਕਿਲਾ=ਕੋਇਲਾਂ ਹੀ ਕੁਹਕਨਿ=ਕੂਕਦੀਆਂ ਹਨ। ਤਰਲ=ਚੜ੍ਹਦੀ ਜੁਆਨੀ, ਅਥਵਾ:-ਚੰਚਲ ਜੁਆਨੀ ਵਾਲੀ ਆਪ ਜੀ ਦੀ ਅਵਸਥਾ ਹੈ।

ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ ॥
ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ ॥

ਆਪ ਜੀ ਦੀ ਤਰਲਾ=ਚੜ੍ਹਦੀ ਜੁਆਨੀ ਮੈਨੂੰ ਭਾਂਵਦੀ ਹੈ, ਆਪ ਮਨ ਦੀਆਂ ਇੱਛਾਂ ਨੂੰ ਪੂਰਨ ਕਰਦੇ ਹੋ। ਸਾਰੰਗ=ਮਕਣੇ* ਹਾਥੀ ਵਾਂਗੂੰ ਆਪ ਠੁੰਮਕ ਠੁੰਮਕ ਕੇ ਪੈਰ ਧਰਦੇ ਹੋ, ਫਿਰ ਆਪਣੇ ਆਪ ਵਿਚ ਸੰਧੂਰਏ=ਮਸਤ ਰਹਿੰਦੇ ਹੋ।

ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ ॥
ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥੮ ॥੨ ॥

ਸ੍ਰੀ=ਲਛਿਮੀ ਆਪ ਜੀ ਦੇ ਰੰਗ=ਪ੍ਰੇਮ ਵਿੱਚ ਰੱਤੀ ਹੋਈ ਮਾਤੀ=ਮਸਤ ਫਿਰਦੀ ਹੈ, ਆਪ ਜੀ ਦੀ ਵਾਣੀ=ਬਾਣੀ ਗੰਗਾ ਉਦਕੁ=ਜਲ ਵਾਂਗੂੰ ਪਵਿੱਤਰ ਹੈ। ਗੁਰੂ ਜੀ ਕਥਨ ਕਰਦੇ ਹਨ, ਹੇ ਪੁਰਖਾ ! ਤੂੰ ਹਰੀ ਦਾ ਦਾਸ ਹੈਂ, ਤੇ ਐਸੇ ਪ੍ਰਭੂ ਅੱਗੇ ਪ੍ਰਾਰਥਨਾਂ ਕਰ-ਹੇ ਕ੍ਰਿਸ਼ਨ ਜੀ ! ਆਪ ਜੀ ਦੀ ਚਾਲ ਸੋਭਨੀਕ ਹੈ ਤੇ ਬਾਣੀ ਭੀ ਮਿੱਠੀ ਹੈ॥ ੮ ॥ ੨ ॥

(ਦੂਜਾ ਅਰਥ ਜੀਵ ਵੱਲ ਲਗਾਵਣਾ)

ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਹੇ ਜੀਵ ! ਪਰਮੇਸ਼ਰ ਨੇ ਤੈਨੂੰ ਸੁੰਦਰ ਨੇਤਰ ਦਿੱਤੇ ਹਨ, ਤੇ ਸੁੰਦਰ ਦੰਦ ਦਿੱਤੇ ਹਨ।

ਸੋਹਣੇ ਨਕ ਜਿਨ ਲੰਮੜੇ ਵਾਲਾ॥ :-ਜਿਸ ਪ੍ਰਮੇਸ਼ਰ ਨੇ ਤੈਨੂੰ ਸੋਹਣਾ ਨੱਕ ਦਿੱਤਾ ਹੈ, ਤੇ ਵਾਲਾ=ਕੇਸ ਭੀ ਲੰਮੇ ਦਿੱਤੇ ਹਨ।

ਕੰਚਨ ਕਾਇਆ ਸੁਇਨੇ ਕੀ ਢਾਲਾ॥ :- ਸੋਨੇ ਵਰਗੀ ਗੋਰੇ ਰੰਗ ਵਾਲੀ ਕਾਇਆ ਦਿੱਤੀ ਹੈ, ਐਸੀ ਸੁੰਦਰ ਹੈ ਮਾਨੋਂ ਸੋਨੇ ਦੀ ਹੀ ਢਾਲੀ ਹੋਈ ਹੈ।

ਅਥਵਾ:-ਰਾਜਿਆਂ ਲੋਕਾਂ ਨੂੰ ਸੋਨੇ ਦੀਆਂ ਢਾਲਾਂ ਦਿੱਤੀਆਂ ਹੋਈਆਂ ਹਨ।

ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥ :- ਸੋਨੇ ਵਰਗੀ ਤੇਰੀ ਦੇਹ ਹੈ, ਜਿਸ ਪਰਮਾਤਮਾ ਵਿਚ ਕ੍ਰਿਸ਼ਨ=ਕ੍ਰਿਸ ਤਾਈ ਨਹੀਂ ਹੈ, ਹੇ ਸਖੀਓ ! ਤੁਸੀਂ ਮਾਲਾ ਲੈ ਕੇ ਉਸਨੂੰ ਜਪਣਾ ਕਰੋ।

ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥ :- ਹੇ ਮਹੇਲੀਹੋ=ਪਿਆਰੀਆਂ ਸਖੀਓ ! ਮੇਰੀ ਸਿੱਖਿਆ ਸੁਣਕੇ ਧਾਰਨ ਕਰੋ ਤਾਂ ਤੁਸੀਂ ਜਮਰਾਜਾ ਦੇ ਦਰਵਾਜ਼ੇ ਉੱਪਰ ਖੜ੍ਹੀਆਂ ਨਹੀਂ ਹੋਵੋਗੀਆਂ।

---

*ਨੋਟ ਮਕਣਾ ਹਾਥੀ:-ਹਾਥੀ ਦੇ ਬੱਚੇ ਨੂੰ ਕਹਿੰਦੇ ਹਨ-ਜਿਸ ਦੇ ਬਾਹਰਲੇ ਦੰਦ ਅਜੇ ਨਾ ਨਿਕਲੇ ਹੋਣ।

ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥:- ਜਿਸ ਦੇ ਮਨ ਦੀ ਜਾਲਾ-ਅਵਿੱਦਿਆ ਲਹਿ ਗਈ ਹੈ ਉਸ ਨੇ ਇਹ ਨਿਸਚੇ ਕੀਤਾ ਹੈ ਹੰਸ ਹੰਸ ਹੀ ਹਨ ਭਾਵ ਮਹਾਤਮਾਂ, ਮਹਾਤਮਾਂ ਹੀ ਹਨ ਤੇ ਬਗਲੇ ਬਗਲੇ ਹੀ ਹਨ ਭਾਵ ਪਖੰਡੀ, ਪਖੰਡੀ ਹੀ ਹਨ।

ਬੰਕੇ ਲੋਇਣ ਦੰਤ ਰੀਸਾਲਾ॥ ੭॥ ਹੇ ਜੀਵ ! ਜਿਸ ਪ੍ਰਮੇਸ਼ਰ ਨੇ ਤੈਨੂੰ ਸੁੰਦਰ ਨੇਤ੍ਰ ਤੇ ਸੁੰਦਰ ਦੰਦ ਦਿੱਤੇ ਹਨ ਤੂੰ ਉਸ ਨੂੰ ਜਪ॥ ੭॥

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥:- ਹੇ ਜੀਵ ! ਜਿਸ ਪਰਮੇਸ਼ਰ ਦੀ ਕਿਰਪਾ ਨਾਲ ਤੇਰੀ ਚਾਲ ਸ਼ੋਭਨੀਕ ਹੈ, ਅਤੇ ਤੇਰੀ ਬਾਣੀ ਭੀ ਮਿੱਠੀ ਹੈ।

ਕੁਹਕਨਿ ਕੋਕਿਲਾ ਤਰਲ ਜੁਆਣੀ॥ :-ਮਾਨੋ ਕੋਕਿਲਾ=ਕੋਇਲਾਂ ਹੀ ਕੁਹਕਨਿ=ਬੋਲ ਰਹੀਆਂ ਹਨ, ਤੇਰੀ ਤਰਲ=ਚੜ੍ਹਦੀ ਜੁਆਨੀ ਹੈ।

ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ॥ :-ਤਰਲਾ=ਚੜ੍ਹਦੀ ਜੁਆਨੀ ਆਪ ਤੈਨੂੰ ਭਾਉਂਦੀ ਹੈ, ਅਤੇ ਕਈਆਂ ਦੇ ਮਨ ਦੀ ਇੱਛਾ ਨੂੰ ਤੂੰ ਪੂਰੀਏ=ਪੂਰਨ ਕਰਦਾ ਹੈਂ।

ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥ :-ਸਾਰੰਗ=ਮਕਣੇ ਹਾਥੀ ਵਾਂਗੂੰ ਤੂੰ ਠੁਕਮ ਠੁਕਮ ਕੇ ਪੈਰ ਰੱਖਦਾ ਹੈਂ, ਅਤੇ ਆਪਣੇ ਆਪ ਵਿਚ ਤੂੰ ਸੰਧੂਰਏ=ਮਸਤ ਹੈਂ।

ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ॥ :-ਹੇ ਜੀਵ ! ਜਿਸ ਪਰਮੇਸ਼ਵਰ ਦੀ ਸ੍ਰੀ=ਸੋਭਾ ਸਾਰੇ ਫਿਰੈ=ਫਿਰ ਰਹੀ ਹੈ ਭਾਵ ਸਾਰੇ ਜੀਵ ਕਰ ਰਹੇ ਹਨ, ਤੂੰ ਭੀ ਉਸ ਦੇ ਰੰਗ ਰਾਤੀ=ਪ੍ਰੇਮ ਵਿਚ ਤਦਾਕਾਰ ਹੋ ਕੇ ਉਸ ਦੀ ਸੋਭਾ ਕਰਨ ਵਿੱਚ ਮਾਤੀ=ਮਸਤ ਹੋ ਜਾ, ਤਾਂ ਤੇਰੀ ਬਾਣੀ ਗੰਗਾ ਜਲ ਵਾਂਗੂੰ ਪਵਿੱਤਰ ਹੋ ਜਾਵੇਗੀ।

ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ ੮॥ ੨॥ :-ਗੁਰੂ ਜੀ ਉਚਾਰਦੇ ਹਨ, ਹੇ ਜੀਵ ! ਤੂੰ ਹਰੀ ਦਾ ਦਾਸ ਹੋ, ਤੇਰੀ ਚਾਲ ਸੋਭਨੀਕ ਹੈ ਅਤੇ ਤੇਰੀ ਬਾਣੀ ਭੀ ਮਿੱਠੀ ਹੈ॥ ੨੮॥

(ਤੀਜਾ ਅਰਥ ਜਗਿਆਸੂ ਪ੍ਰਤੀ ਹੈ)

ਤੇਰੇ ਬੰਕੇ ਲੋਇਣ=ਹੇ ਜਗਿਆਸੂ ! ਜਿਸ ਪ੍ਰਮਾਤਮਾ ਨੇ ਤੇਰੇ ਤਾਈਂ ਸੁਰਤੀ ਸਿਮ੍ਰਿਤੀ ਰੂਪ, ਅਥਵਾ:- ਗਿਆਨ ਵੈਰਾਗ ਰੂਪੀ ਸੁੰਦਰ ਨੇਤ੍ਰ ਦਿੱਤੇ ਹਨ। ਦੰਤ ਰੀਸਾਲਾ=ਦ੍ਵੈਤ ਅਭਾਵ ਰੂਪੀ ਰੀਸਾਲਾ=ਸੁੰਦਰ ਦੰਦ ਦਿੱਤੇ ਹਨ। ਅਥਵਾ:-ਗੁਰ-ਉਪਦੇਸ਼ ਰੂਪੀ ਸੁੰਦਰ ਦੰਤ=ਦੰਦ ਦਿੱਤੇ ਹਨ।

ਯਥਾ:-ਜਗੁ ਕਰੜਾ ਮਨਮੁਖੁ ਗਾਵਾਰੁ॥ ਸਬਦੁ ਕਮਾਈਐ ਖਾਈਐ ਸਾਰੁ॥ (ਸਿਧ ਗੋਸਟਿ ਪੰਨਾ ੯੪੩)

ਸੋਹਣੇ ਨਕ=ਜਸ ਰੂਪੀ ਸੋਹਣਾ ਨੱਕ ਤੇਰੇ ਤਾਈਂ ਦਿੱਤਾ ਹੈ।

ਜਿਨ ਲੰਮੜੇ ਵਾਲਾ॥ ਜਿਸ ਪਰਮੇਸ਼ਰ ਨੇ ਤੇਰੇ ਤਾਈਂ ਇਕਬਾਲ ਰੂਪੀ, ਅਥਵਾ:-ਸਿੱਖੀ ਪਰ ਸਿੱਖੀ ਰੂਪ ਲੰਬੇ ਵਾਲ ਦਿੱਤੇ ਹਨ।

ਕੰਚਨ ਕਾਇਆ ਸੁਇਨੇ ਕੀ ਢਾਲਾ॥ ਜਿਸ ਪਰਮੇਸ਼ਰ ਨੇ ਤੇਰੀ ਕਾਇਆ=ਬੁੱਧੀ "ਕੰਚਨ ਸੁਇਨੇ ਕੀ ਢਾਲਾ"=ਬਾਰ੍ਹਾਂ ਵੰਨੀਆਂ ਦੇ ਸੋਨੇ ਵਾਂਗੂੰ ਢਾਲ ਦਿੱਤੀ ਹੈ। ਅਰਥਾਤ ਪੰਜ ਗਿਆਨ ਇੰਦ੍ਰੇ ਪੰਜ ਕਰਮ ਇੰਦਰੇ ਮਨ, ਚਿੱਤ ਇਨ੍ਹਾਂ ਬਾਰ੍ਹਾਂ ਦਾ ਦਮਨ ਕਰਕੇ ਤੇਰੀ ਬੁੱਧੀ ਸ਼ੁੱਧ ਕਰ ਦਿੱਤੀ ਹੈ। **ਸੋਵੰਨ ਢਾਲਾ**=ਸੋਨੇ ਵਾਂਗੂੰ ਜਿਨ੍ਹਾਂ ਸੰਤਾਂ ਨੇ ਆਪਣੀ ਬੁੱਧੀ ਸ਼ੁੱਧ ਕੀਤੀ ਹੈ। ਉਨ੍ਹਾਂ ਸੰਤਾਂ ਦੇ ਪਾਸ ਜਾ ਕੇ ***ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥*** ਹੇ ਜਗਿਆਸੂ ਰੂਪ ਸਖੀਓ ! ਤੁਸੀਂ ਭੀ ਮਾਲਾ ਲੈ ਕੇ ਉਸ

ਕ੍ਰਿਸ਼ਨ=ਪਰਮਾਤਮਾ ਦੇ ਨਾਮ ਨੂੰ ਜਪਣਾ ਕਰੋ।

ਜਮੁ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥ :-ਹੇ ਜਗਿਆਸੂ ਰੂਪ ਮਹੇਲੀਹੋ=ਸਖੀਓ! ਜੇਕਰ ਸੰਤਾਂ ਦੀ ਸਿੱਖਿਆ ਸੁਣੋਗੀਆਂ ਤਾਂ ਜਮ ਰਾਜੇ ਦੇ ਦਰਵਾਜ਼ੇ ਉੱਪਰ ਜਾ ਕੇ ਤੁਸੀਂ ਖੜ੍ਹੀਆਂ ਨਹੀਂ ਹੋਵੋਗੀਆਂ। ਹੰਸ *ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥* ਜੋ ਪਹਿਲੇ ਬਗਲਿਆਂ ਤੋਂ ਬਗਲੇ ਭਾਵ ਪਖੰਡੀਆਂ ਤੋਂ ਪਖੰਡੀ ਸਨ, ਸੰਤਾਂ ਦੀ ਕਿਰਪਾ ਨਾਲ ਮਨ ਦੀ ਜਾਲਾ=ਅਵਿੱਦਿਆ ਦੇ ਲਹਿ ਜਾਣ ਤੇ ਉਹ ਹੰਸਾਂ ਤੋਂ ਹੰਸ ਭਾਵ ਤੱਤ੍ਵਵੇਤਾ ਮਹਾਤਮਾ ਹੋ ਗਏ ਹਨ।

ਬੰਕੇ ਲੋਇਣ ਦੰਤ ਰੀਸਾਲਾ:-ਸੁਰਤੀ ਸਿਮ੍ਰਿਤੀ ਰੂਪ, ਗਿਆਨ ਵੈਰਾਗ ਰੂਪੀ ਸੁੰਦਰ ਨੇਤ੍ਰ ਅਤੇ ਦ੍ਵੈਤ ਅਭਾਵ ਰੂਪੀ, ਅਥਵਾ:-ਗੁਰ ਉਪਦੇਸ਼ ਰੂਪੀ ਸੰਦਰ ਦੰਦ ਜਿਸ ਨੇ ਦੇਣੇ ਕੀਤੇ ਹਨ॥ ੭॥

ਤੇਰੀ ਚਾਲ ਸੁਹਾਵੀ=ਤੇਰੀ ਭਗਤੀ ਕਰਨੇ ਰੂਪੀ ਸੋਹਣੀ ਚਾਲ ਹੈ। ਯਥਾ:-

ਭਗਤਾ ਕੀ ਚਾਲ ਨਿਰਾਲੀ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥

(ਪੰਨਾ ੯੧੮)

ਮਧੁਰਾੜੀ ਬਾਣੀ॥ ਸਤਿਨਾਮੁ ਵਾਹਿਗੁਰੂ ਦੇ ਜਾਪ ਕਰਨੇ ਰੂਪੀ ਬਾਣੀ ਮਿੱਠੀ ਹੈ।

ਕੁਹਕਨਿ ਕੋਕਿਲਾ ਤਰਲ ਜੁਆਣੀ॥ :-ਸੰਤਾਂ ਦੀ ਰਸਨਾਰੂਪੀ ਕੋਇਲ ਵੈਰਾਗ ਸਬੰਧੀ ਬਚਨਾਂ ਨੂੰ ਕੁਹਕਨਿ= ਬੋਲਦੀ ਹੈ, ਅਤੇ ਸ਼ੌਕ ਅਵਸਥਾ ਰੂਪੀ ਤਰਲ=ਚੜ੍ਹਦੀ ਜੁਆਨੀ ਹੈ।

ਤਰਲਾ ਜੁਆਣੀ ਆਪਿ ਭਾਣੀ=ਸ਼ੌਕ ਅਵਸਥਾ ਰੂਪੀ ਚੜ੍ਹਦੀ ਜੁਆਨੀ ਆਪ ਉਹ ਪ੍ਰਮੇਸ਼ਰ ਨੂੰ ਭਾਂਵਦੀ ਹੈ,

ਇਛ ਮਨ ਕੀ ਪੂਰੀਏ॥:- ਜੋ ਪਰਮੇਸ਼ਰ ਮਨ ਦੀਆਂ ਸਭ ਇੱਛਾ ਪੂਰਨ ਕਰਦਾ ਹੈ।

ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ :- ਸਾਰੰਗ ਜਿਉ=ਹਾਥੀ ਵਾਂਗੂੰ ਮਨ ਦੇ ਸੰਕਲਪਾਂ ਰੂਪੀ ਪੈਰਾਂ ਨੂੰ ਸੰਸਾਰ ਵਲੋਂ ਠਿਮਿ ਠਿਮਿ=ਰੋਕ-ਰੋਕ ਕੇ ਪਰਮੇਸ਼ਰ ਵੱਲ ਧਰਦਾ ਹੈ।

ਆਪਿ ਆਪੁ ਸੰਧੂਰਏ॥ ਸੰ=ਭਲੀ ਪ੍ਰਕਾਰ ਸੰਤਾਂ ਦੇ ਚਰਨਾਂ ਦੀ ਧੂਰਏ=ਧੂੜੀ ਨੂੰ ਲੈ ਕੇ ਆਪਣੀ ਆਤਮਾ ਦੇ ਲਖਸ਼ ਭਾਵ ਨੂੰ ਤੇ ਆਪੁ=ਪਰਮਾਤਮਾ ਦੇ ਲਖਸ਼ ਭਾਵ ਨੂੰ ਇੱਕ ਸਰੂਪ ਕਰਕੇ ਜਾਣਦਾ ਹੈ।

ਯਥਾ:-ਆਤਮਾ ਪਰਾਤਮਾ ਏਕੋ ਕਰੈ॥ (ਧਨਾਸਰੀ ਪੰਨਾ ੬੬੧)

ਸ੍ਰੀਰੰਗ ਰਾਤੀ ਫਿਰੈ ਮਾਤੀ:-ਉਨ੍ਹਾਂ ਦੀ ਬੁੱਧੀ ਸ੍ਰੀ ਰੰਗ ਰਾਤੀ=ਪਰਮੇਸ਼ਰ ਦੇ ਪ੍ਰੇਮ ਵਿਚ ਰੱਤੀ ਹੋਈ ਮਾਤੀ=ਮਸਤ ਫਿਰਦੀ ਹੈ,

ਉਦਕੁ ਗੰਗਾ ਵਾਣੀ॥ ਸਤੋ ਗੁਣ ਦੀ ਪ੍ਰਧਾਨਤਾ ਕਰਕੇ ਉਨ੍ਹਾਂ ਦੇ ਸਰੀਰ ਦੀ ਵਾਣੀ=ਬਣਾਵਟ ਉਦਕੁ ਗੰਗਾ=ਗੰਗਾ ਜਲ ਵਾਂਗੂੰ ਪਵਿੱਤਰ ਹੈ।

ਬਿਨਵੰਤਿ ਨਾਨਕੁ ਦਾਸੁ ਹਰਿ ਕਾ:-ਗੁਰੂ ਜੀ ਕਥਨ ਕਰਦੇ ਹਨ, ਹੇ ਜਗਿਆਸੂ ! ਤੂੰ ਉਸ ਹਰੀ ਦਾ ਦਾਸ ਬਣਿਆਂ ਰਹੁ।

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ ੮॥ ੨॥ ਜਿਸ ਹਰੀ ਦੀ ਕਿਰਪਾ ਨਾਲ ਤੇਰੀ ਭਗਤੀ ਰੂਪੀ ਚਾਲ ਸੋਭਨੀਕ ਹੈ, ਅਤੇ ਨਾਮਾਂ ਰੂਪੀ ਬਾਣੀ ਮਿੱਠੀ ਹੈ॥ ੮॥ ੨॥

ਵਡਹੰਸੁ ਮਹਲਾ ੩ ਛੰਤ ੧ੴ ਸਤਿਗੁਰ ਪ੍ਰਸਾਦਿ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਸਾਹਿਬ ਜੀ ਹਿਤ ਉਪਦੇਸ਼ ਦੇਂਦੇ ਹਨ, ਕਿਸੇ ਦੇਸ਼ ਦੀ ਬੋਲੀ ਮੁਤਾਬਕ ਇੱਥੇ ਮੁਈਏ ਦਾ ਅਰਥ ਪਿਆਰਾ ਕਰਨਾ।

ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ॥

ਹੇ ਮੁਈਏ=ਪਿਆਰੀਏ ! ਜੋ ਆਪਣੇ ਪਤੀ ਪਰਮਾਤਮਾ ਦੇ ਪ੍ਰੇਮ ਵਿੱਚ ਰੱਤੀ ਹੋਈ ਹੈ, ਉਹ ਇਸਤ੍ਰੀ ਸੋਭਾ ਵਾਲੀ ਹੈ।

ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ॥

ਹੇ ਮੁਈਏ=ਪਿਆਰੀਏ ! ਜੋ ਗੁਰਾਂ ਦੇ ਸੱਚੇ ਉਪਦੇਸ਼ ਵਿੱਚ ਮਿਲ ਰਹੀ ਹੈ, ਉਹ ਪਿਆਰੇ ਪਿਰੀ ਨੂੰ ਭਾਇ=ਪ੍ਰੇਮ ਸਹਿਤ ਰਾਵੇ=ਰਾਂਵਦੀ ਹੈ।

ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ॥

ਜੋ ਪਿਆਰੀ ਸੱਚੇ ਪ੍ਰਭੂ ਵਿਚ ਭਾਇ=ਪ੍ਰੇਮ ਕਰਦੀ ਹੈ, ਉਸਨੂੰ ਕੰਤਿ=ਪਤੀ ਪਰਮੇਸ਼ਰ ਨੇ ਸਵਾਰਿਆ ਹੈ। ਜਿਸ ਨੂੰ ਸਵਾਰਿਆ ਹੈ ਓਸੇ ਨੇ ਹਰਿ ਹਰਿ ਦੇ ਨਾਲ ਨੇਹੁ=ਪ੍ਰੇਮ ਰਚਾਉਣਾ ਕੀਤਾ ਹੈ।

ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ॥

ਜਿਸ ਦਾ ਮਨ ਗੁਰਾਂ ਦੇ ਉਪਦੇਸ਼ ਵਿੱਚ ਸਮਾਇਆ ਹੈ ਉਸਨੇ ਆਪਾ ਭਾ ਹੰਕਾਰ ਗਵਾਇਆ ਹੈ। ਜਾਂ ਹੰਕਾਰ ਆਦਿਕਾਂ ਨੂੰ ਗਵਾਇਆ ਤਾਂ ਹੀ ਪਿਰੀ ਪਰਮਾਤਮਾ ਨੂੰ ਪਾਇਆ।

ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ॥

ਜਿਸ ਨੂੰ ਗੁਰਾਂ ਦੇ ਸ਼ਬਦ ਕਰਕੇ ਪ੍ਰੇਮ ਦੀ ਕਸਾਈ=ਖਿੱਚ ਆਈ ਹੈ ਤੇ ਅੰਤਹਕਰਨ ਵਿੱਚ ਵਾਹਿਗੁਰੂ ਦੀ ਪ੍ਰੀਤੀ ਪਿਆਰੀ ਲੱਗੀ ਹੈ। ਸਾ ਧਨ=ਉਹ ਜੀਵ ਰੂਪ ਇਸਤ੍ਰੀ ਸੁਹਾਈ=ਸੋਭਾ ਵਾਲੀ ਹੋਈ ਹੈ।

ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ॥ ੧॥

ਗੁਰੂ ਜੀ ਕਥਨ ਕਰਦੇ ਹੱਨ, ਉਹ ਇਸਤ੍ਰੀ ਪਿਰੀ ਨੇ ਆਪਣੇ ਨਾਲ ਮੇਲ ਲਈ ਹੈ, ਅਤੇ ਸੱਚੇ ਸਹੁ ਨੇ ਉਸ ਦੀ ਇੱਜ਼ਤ ਸਵਾਰੀ ਹੈ॥ ੧॥

ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ॥

ਹੇ ਸ਼ੁਭ-ਗੁਣਾਂ ਤੋਂ ਰਹਿਤ ਮਤ ਵਾਲੀਏ ! ਰਾਮ ਪਤੀ ਨੂੰ ਤੂੰ ਆਪਣੇ ਕੋਲ ਹੀ ਵੇਖ।

(ਪੰਨਾ ੫੬੮)

ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ॥

ਹੇ ਮੁਈਏ=ਪਿਆਰੀਏ ! ਜਿਨ੍ਹਾਂ ਨੇ ਗੁਰਾਂ ਦੁਆਰੇ ਉਸ ਦੇ ਨਾਮਾਂ ਨੂੰ ਰਾਵਿਆ=ਉਚਾਰਿਆ ਹੈ, ਉਸ

ਨੇ ਨਾਮ ਪਿਰੀ ਨੂੰ ਸਾਰੇ ਭਰਪੂਰ ਰਵਿ ਰਿਹਾ ਨਿਸਚੇ ਕੀਤਾ ਹੈ।

ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ ॥

ਜਿਸ ਨੇ ਭਰਪੂਰੇ=ਪੂਰਨ ਪਤੀ ਨੂੰ ਸਾਰੇ ਰਵਿ ਰਿਹਾ ਜਾਣਕੇ ਆਪਣੇ ਪਾਸ ਹੀ ਵੇਖਿਆ ਹੈ, ਤੇ ਜੁਗਾਂ ਜੁਗਾਂ ਵਿਚ ਇਕ ਨੂੰ ਜਾਤਾ=ਜਾਣਿਆ ਹੈ।

ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ ॥

ਉਹ ਸੰਸਾਰ ਵਲੋਂ ਭੋਲੀ ਭਾਲੀ ਧਨ=ਇਸਤ੍ਰੀ, ਬਾਲੀ=ਨਿੰਮ੍ਰਤਾ ਦੇ ਸਹਿਤ, ਸਹਜੇ ਹੀ ਪਤੀ ਦੇ ਆਨੰਦ ਨੂੰ ਭੋਗਦੀ ਹੈ, ਅੜੇ ਫਰ-ਬਰ ਦਾਤਾ ਪਤੀ ਪਰਮਾਤਮਾ ਉਸ ਨੂੰ ਆਪੇ ਆਣਕੇ ਮਿਲਿਆ ਹੈ।

ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ ॥

ਜਿਸ ਨੇ ਹਰੀ ਨਾਮ ਰਸ ਨੂੰ ਚੱਖਿਆ ਹੈ ਤੇ ਸਬਦਿ ਸੁਭਾਖਿਆ=ਬ੍ਰਹਮ ਨੂੰ ਉਚਾਰਿਆ ਹੈ ਉਹ ਹਰੀ ਦੇ ਸਤਸੰਗ ਸਰੋਵਰ ਵਿਚ ਇਸ਼ਨਾਨ ਕਰਕੇ ਪਵਿੱਤ੍ਰਤਾ ਵਿਚ ਭਰਪੂਰ ਹੋ ਰਹੀ ਹੈ।

ਅਥਵਾ:-ਜਿਸ ਨੇ ਗੁਰਾਂ ਦਾ ਸ਼ਬਦ ਉਚਾਰਿਆ ਹੈ ਤੇ ਹਰੀ ਦੇ ਸਤ-ਸੰਗ ਸਰੋਵਰ ਵਿਚ ਭਰਪੂਰੇ=ਮਿਲ ਰਹੀ ਹੈ ਉਸ ਨੇ ਹਰੀ ਰਸ ਨੂੰ ਚੱਖਿਆ ਹੈ।

ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਓਹੀ (ਜਗਿਆਸੂ ਰੂਪੀ) ਕਾਮਣਿ=ਇਸਤ੍ਰੀ ਪਤੀ ਨੂੰ ਭਾਂਵਦੀ ਹੈ, ਜੋ ਗੁਰਾਂ ਦੇ ਹਦੂਰੇ=ਪਾਸ ਰਹਿ ਕੇ ਸ਼ਬਦ ਨੂੰ ਧਾਰਦੀ ਹੈ॥ ੨ ॥

ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥

ਹੇ ਮੁਈਏ=ਪਿਆਰੀਏ ! ਜਿਨ੍ਹਾਂ ਨੇ ਹਿਰਦੇ ਵਿਚੋਂ ਆਪਾ ਭਾਵ ਹੰਕਾਰ ਨੂੰ ਗਵਾਇਆ ਹੈ, ਉਹਨਾਂ ਸੁਹਾਗਣਾਂ ਪਾਸ ਜਾ ਕੇ ਪਤੀ ਦੀ ਪ੍ਰਾਪਤੀ ਦਾ ਸਾਧਨ ਪੁੱਛੋ।

ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥

ਹੇ ਮੁਈਏ=ਪਿਆਰੀਏ ! ਜਿਨ੍ਹਾਂ ਨੇ ਹਿਰਦੇ ਵਿਚੋਂ ਆਪਾ ਭਾਵ ਹੰਕਾਰ ਨੂੰ ਨਹੀਂ ਗਵਾਇਆ ਉਸ ਨੇ ਹੁਕਮ ਕਰਨ ਵਾਲੇ ਪਤੀ ਦਾ ਅਨੰਦ ਨਹੀਂ ਪਾਇਆ।

ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥

ਜਿਨ੍ਹਾਂ ਨੇ ਆਪਾ ਭਾਵ ਹੰਕਾਰ ਨੂੰ ਗੁਆਇਆ ਹੈ ਉਹਨਾਂ ਨੇ ਪਿਰੀ ਨੂੰ ਪਾਇਆ ਹੈ, ਉਹ ਪ੍ਰੇਮ ਨਾਲ ਰਲੀਆਂ ਨੂੰ ਮਾਣਦੀਆਂ ਹਨ।

ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥

ਜੋ ਰੰਗਿ ਰਾਤੀ=ਪ੍ਰੇਮ ਵਿਚ ਰਤੀ ਹੋਈ ਰਾਤ-ਦਿਨ ਨਾਮ ਨੂੰ ਵਖਾਣੈ=ਕਥਨ ਕਰਦੀ ਹੈ, ਉਹ ਸਦਾ ਹੀ ਸਹਜੇ=ਗਿਆਨ ਕਰਕੇ ਪਰਮੇਸ਼ਰ ਵਿਚ ਮਾਤੀ=ਮਸਤ ਰਹਿੰਦੀ ਹੈ।

ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ॥

ਜਿਸ ਵਡਭਾਗਣ ਕਾਮਣਿ=ਇਸਤ੍ਰੀ ਨੂੰ ਹਰੀ ਦਾ ਪ੍ਰੇਮ ਸੁਭਾਇਆ=ਚੰਗਾ ਲੱਗਾ ਹੈ, ਉਸ ਦੀ ਅੰਤਰ ਆਤਮੇ ਲਿਵ ਲੱਗੀ ਹੈ।

ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ॥ ੩॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਸੱਚ ਦੀ ਪ੍ਰਾਪਤੀ ਦਾ ਜਪ ਤਪ ਰੂਪੀ ਸ਼ਿੰਗਾਰ ਬਣਾਇਆ ਹੈ, ਉਹ (ਜਗਿਆਸੂ ਰੂਪ) ਇਸਤ੍ਰੀ ਸਹਜੇ=ਗਿਆਨ ਕਰਕੇ ਪ੍ਰਭੂ ਨਾਲ ਤਦਾਕਾਰ ਹੋਈ ਹੈ॥ ੩॥

ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ॥
ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ॥

ਹੇ ਮੁਈਏ=ਪਿਆਰੀਏ ! ਤੂੰ ਹਉਮੈ ਨੂੰ ਮਾਰਨਾ ਕਰ ਤੇ ਗੁਰਾਂ ਦੇ ਭਾਣੇ ਵਿਚ ਚੱਲ। ਹੇ ਮੁਈਏ=ਪਿਆਰੀਏ ! ਤਾਂ ਤੂੰ ਹਰੀ ਵਰੁ=ਪਤੀ ਦੇ ਅਨੰਦ ਨੂੰ ਰਾਵਹਿ=ਭੋਗੇਂਗੀ, ਅਤੇ ਸਦਾ ਹੀ ਸਰੂਪ-ਰੂਪੀ ਨਿਜ ਘਰ ਵਿਚ ਵਾਸਾ ਪਾਏਂਗੀ।

ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ॥

ਜੋ ਗੁਰ-ਸ਼ਬਦ ਨੂੰ ਵਜਾਏ=ਉਚਾਰਦੀ ਹੈ ਉਹ ਆਪਣੇ ਸਰੂਪ ਘਰ ਵਿਚ ਵਾਸਾ ਪਾਂਵਦੀ ਹੈ, ਅਤੇ ਉਹ ਇਸਤ੍ਰੀ ਸਦਾ ਸੁਹਾਗਵੰਤੀ ਹੈ।

ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ॥

ਜੋ ਪਤੀ ਰਲੀਆਲਾ=ਖ਼ੁਸ਼ੀਆਂ ਕਰਨ ਵਾਲਾ ਤੇ ਜੋਬਨੁ=ਜੁਆਨੀ ਵਾਲਾ ਹੈ ਉਸ ਪਤੀ ਨੇ ਰਾਤ ਦਿਨ ਉਸ ਦੀ (ਬੁੱਧੀ ਰੂਪੀ) ਸੇਜਾ ਸਵਾਰੀ ਹੈ।

ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ॥
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ॥ ੪॥ ੧॥

ਜਿਸ ਦੇ ਮੱਥੇ ਦਾ ਭਾਗ ਚੰਗਾ ਹੈ, ਉਹ ਸੱਚੇ ਗੁਰਾਂ ਦੇ ਸ਼ਬਦ ਕਰਕੇ ਹਰੀ-ਪਤੀ ਦੇ ਸੋਹਾਗੋ=ਅਨੰਦ ਨੂੰ ਪਾ ਕੇ ਸੁਹਾਏ=ਸੋਭਾ ਵਾਲੀ ਹੋਈ ਹੈ। ਗੁਰੂ ਜੀ ਕਥਨ ਕਰਦੇ ਹਨ, ਇਹ (ਜਗਿਆਸੂ ਰੂਪ) ਇਸਤ੍ਰੀ ਜਾਂ ਸਤਿਗੁਰਾਂ ਦੇ ਭਾਣੇ ਅਨੁਸਾਰ ਚੱਲੇ ਤਾਂ ਹੀ ਹਰੀ ਦੇ ਰੰਗ ਵਿਚ ਤਦਾਕਾਰ ਹੁੰਦੀ ਹੈ॥ ੪॥ ੧॥

ਵਡਹੰਸੁ ਮਹਲਾ ੩॥ ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ॥

ਜੇਹੜਾ ਰਾਮ ਦੀ ਕਿਰਪਾ ਨਾਲ ਤੇ ਸਹਜੇ=ਸ਼ਾਂਤੀ ਸੁਭਾਅ ਨਾਲ ਕੀਤਾ ਜਾਂਦਾ ਹੈ ਗੁਰਮੁਖਾਂ ਦਾ ਉਹ, ਸਾਰਾ ਵਪਾਰ ਭਲਾ=ਚੰਗਾ ਹੈ।

ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ॥

ਗੁਰਮੁਖ ਰਾਤ-ਦਿਨ ਨਾਮ ਨੂੰ ਕਥਨ ਕਰਦੇ ਹਨ, ਅਤੇ ਲਾਹਾ=ਲਾਭਦਾਇਕ ਹਰੀ ਰਾਮ ਰਸ ਨੂੰ ਪੀਂਦੇ ਹਨ।

ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ॥
ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ॥

ਹਰੀ ਰਸ ਦਾ ਲਾਭ ਲੈਂਦੇ ਹਨ, ਹਰੀ ਦੇ ਅਨੰਦ ਰਾਵੀਜੈ=ਭੋਗਦੇ ਹਨ, ਤੇ ਰਾਤ-ਦਿਨ ਨਾਮ ਨੂੰ ਹੀ ਕਥਨ ਕਰਦੇ ਹਨ। ਸ਼ੁਭ-ਗੁਣਾਂ ਨੂੰ ਸੰਗ੍ਰਹਿ=ਇਕੱਠਾ ਕਰਦੇ ਹਨ, ਔਗੁਣਾਂ ਨੂੰ ਵਿਕਣਹਿ=ਤਿਆਗਦੇ ਹਨ, ਆਪਣੇ ਸਰੂਪ ਨੂੰ ਆਪ ਪਛਾਣ ਲੈਂਦੇ ਹਨ।

ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ॥
ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ॥ ੧॥

ਜਿਨ੍ਹਾਂ ਨੇ ਗੁਰ-ਸਿੱਖਿਆ ਪਾਈ ਹੈ ਉਹਨਾਂ ਦੀ ਵਡਿਆਈ ਵੱਡੀ ਹੈ, ਕਿਉਂਕਿ ਉਹ ਸੱਚੇ ਬ੍ਰਹਮ ਦੇ ਨਾਮ ਰੂਪ ਰਸ ਨੂੰ ਪੀਂਦੇ ਹਨ। ਗੁਰੂ ਜੀ ਕਥਨ ਕਰਦੇ ਹਨ, ਹਰੀ ਦੀ ਨਿਰਾਲੀ ਭਗਤੀ ਕਿਸੇ ਵਿਰਲੇ ਗੁਰਮੁਖ ਨੇ ਕੀਤੀ ਹੈ॥ ੧॥

ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ॥

ਗੁਰਮੁਖਿ=ਗੁਰਾਂ ਦੁਆਰੇ ਗੁਰਮੁਖਾਂ ਨੇ ਸਰੀਰ ਦੇ ਅੰਦਰ ਹਰਿ ਹਰਿ ਦੇ ਨਾਮਾਂ ਰੂਪੀ ਖੇਤੀ ਬੀਜੀ ਹੈ ਇਸੀ ਤੇ ਸ਼ੁਭ ਗੁਣਾਂ ਰੂਪੀ ਬੋਹਲ ਨੂੰ।

ਅਥਵਾ:- ਰਾਮ ਦੀ ਪ੍ਰਾਪਤੀ ਰੂਪੀ ਬੋਹਲ ਨੂੰ ਜਮਾ ਲੈਣਾ ਕੀਤਾ ਹੈ।

ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ ਪਰਥਾਏ ਰਾਮ॥

ਤੂੰ ਆਪਣੇ ਘਰ ਅੰਦਰ ਬੈਠਾ ਹੀ ਆਤਮ-ਰਸ ਨੂੰ ਭੁੰਚ=ਛਕ, ਇਸ ਪਰਥਾਏ=ਸਬੱਬ ਕਰਕੇ ਤੂੰ ਰਾਮ ਦੀ ਪ੍ਰਾਪਤੀ ਦਾ ਲਾਭ ਲੈ।

ਲਾਹਾ ਪਰਥਾਏ ਹਰਿ ਮੰਨਿ ਵਸਾਏ ਧਨੁ ਖੇਤੀ ਵਾਪਾਰਾ॥
ਹਰਿ ਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ॥

ਇਸ ਪਰਥਾਏ=ਸਬੱਬ ਕਰਕੇ ਥਾਵਾਂ ਤੋਂ ਪਰੇ ਜੋ ਹਰੀ ਹੈ ਉਸ ਦਾ ਲਾਭ ਲੈਣਾ ਕਰ, ਹਰੀ ਨੂੰ ਮਨ ਵਿਚ ਵਸਾਣਾ ਕਰ, ਉਸ ਦੀ ਖੇਤੀ ਤੇ ਵਪਾਰ ਕਰਨਾ ਧੰਨਤਾ ਜੋਗ ਹੈ।

ਅਥਵਾ:-ਸ਼ੁਭ ਗੁਣਾਂ ਰੂਪੀ ਖੇਤੀ ਤੇ ਨਾਮ ਦਾ ਵਾਪਾਰ ਕਰਨਾ ਧੰਨ ਹੈ। ਜੋ ਗੁਰਾਂ ਦੇ ਵਿਚਾਰ ਨੂੰ ਬੁੱਝਦਾ ਹੈ ਤੇ ਹਰੀ ਨਾਮ ਨੂੰ ਧਿਆਉਂਦਾ ਹੈ ਓਹੀ ਮਨ ਵਿਚ ਵਸਾਉਂਦਾ ਹੈ।

ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ॥
ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ॥ ੨॥

ਮਨਮੁਖ ਪੁਰਸ਼ ਖੇਤੀਆਂ ਤੇ ਵਣਜ ਕਰਕੇ ਥੱਕ ਜਾਂਦੇ ਹਨ, ਪਰ ਉਹਨਾਂ ਦੇ ਅੰਦਰੋਂ ਪਦਾਰਥਾਂ ਦੀ

ਤ੍ਰਿਸ਼ਨਾਂ ਰੂਪੀ ਭੁੱਖ ਨਹੀਂ ਜਾਂਦੀ। ਗੁਰੂ ਜੀ ਕਥਨ ਕਰਦੇ ਹਨ, ਹੇ ਪੁਰਸ਼ਾ ! ਸੱਚੇ ਗੁਰਾਂ ਦੇ ਸ਼ਬਦ ਕਰਕੇ ਤੂੰ ਮਨ ਅੰਦਰ ਨਾਮ ਬੀਜ ਬੀਜਣਾ ਕਰ ਤਾਂ ਸੰਸਾਰ ਵਿਚ ਸੁਭਾਏ=ਸੋਭਾ ਵਾਲਾ ਹੋਵੇਂਗਾ॥ ੨ ॥

ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ॥

ਹਰੀ ਨਾਮ ਦੇ ਵਪਾਰ ਵਿਚ ਉਹ ਪੁਰਸ਼ ਲੱਗੇ ਹਨ, ਜਿਨ੍ਹਾਂ ਦੇ ਮੱਥੇ ਉੱਪਰ ਵੱਡਿਆਂ ਭਾਗਾਂ ਦੀ ਮਣੀ=ਰੱਤੀ ਹੈ।

ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ॥

ਗੁਰਾਂ ਦੀ ਸਿੱਖਿਆ ਕਰਕੇ ਉਹਨਾਂ ਦਾ ਮਨ ਆਪਣੇ ਸਰੂਪ ਘਰ ਵਿਚ ਵਸਿਆ ਹੈ, ਰਾਮ ਦੀ ਕਿਰਪਾ ਨਾਲ ਸੱਚੇ ਗੁਰਾਂ ਦੇ ਸ਼ਬਦ ਕਰਕੇ ਉਹ ਸੰਸਾਰ ਤੋਂ ਵੈਰਾਗਵਾਨ ਹੋਏ ਹਨ।

ਮੁਖਿ ਮਸਤਕਿ ਭਾਗੋ ਸਚਿ ਬੈਰਾਗੋ ਸਾਚਿ ਰਤੇ ਵੀਚਾਰੀ॥
ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ॥

ਜਿਨ੍ਹਾਂ ਦੇ ਮੱਥੇ ਉੱਪਰ ਮੁਖਿ=ਮੁਖੀ ਭਾਗ ਹਨ, ਉਹ ਸੱਚੇ ਵੈਰਾਗੀ ਹਨ, ਅਤੇ ਉਹ ਸੱਚੇ ਵਿਚਾਰ ਵਿਚ ਰੱਤੇ ਹੋਏ ਹਨ। ਨਾਮ ਤੋਂ ਬਿਨਾਂ ਸਾਰਾ ਸੰਸਾਰ ਬਉਰਾਨਾ=ਝੱਲਾ ਹੈ, ਗੁਰਮੁਖਾਂ ਨੇ ਗੁਰ-ਸ਼ਬਦ ਦੁਆਰਾ ਹੰਗਤਾ ਮਮਤਾ ਮਾਰਨਾ ਕੀਤੀ ਹੈ।

ਸਾਚੈ ਸਬਦਿ ਲਾਗਿ ਮਤਿ ਉਪਜੈ ਗੁਰਮੁਖਿ ਨਾਮੁ ਸੋਹਾਗੋ॥ (ਪੰਨਾ ੫੬੯)

ਸੱਚੇ ਗੁਰਾਂ ਦੇ ਉਪਦੇਸ਼ ਵਿਚ ਲੱਗੇ, ਤਾਂ ਸ਼ੁਭ ਮਤੀ ਉਤਪੰਨ ਹੁੰਦੀ ਹੈ, ਗੁਰਮੁਖਾਂ ਨੂੰ ਗੁਰਾਂ ਦੁਆਰੇ ਨਾਮ ਦਾ ਸੋਹਾਗੋ=ਅਨੰਦ ਹੈ।

ਨਾਨਕ ਸਬਦਿ ਮਿਲੈ ਭਉ ਭੰਜਨੁ ਹਰਿ ਰਾਵੈ ਮਸਤਕਿ ਭਾਗੋ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਮਸਤਕ ਦੇ ਭਾਗ ਚੰਗੇ ਹਨ, ਉਹ ਗੁਰ=ਸ਼ਬਦ ਨਾਲ ਮਿਲ ਕੇ ਭਉ=ਡਰ ਦੇ ਭੰਜਨੁ=ਨਾਸ ਕਰਨ ਵਾਲੇ ਹਰੀ ਦੇ ਅਨੰਦ ਨੂੰ ਰਾਵੈ=ਭੋਗਦਾ ਹੈ॥ ੩ ॥

ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ॥

ਗੁਰਮੁਖਾਂ ਨੇ ਜੋ ਹਰੀ ਦਾ ਹੁਕਮ ਮੰਨਿਆ ਹੈ ਏਹ ਗੁਰਮੁਖਾਂ ਦੀ ਖੇਤੀ ਤੇ ਸਾਰੇ ਵਾਪਾਰ ਹਨ, ਅਤੇ ਰਾਮ ਦੇ ਹੁਕਮ ਮੰਨਣੇ ਕਰਕੇ ਹੀ ਗੁਰਮੁਖਾਂ ਦੀ ਵਡਿਆਈ ਹੁੰਦੀ ਹੈ।

ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ॥

ਜਿਨ੍ਹਾਂ ਨੇ ਗੁਰ-ਸਿੱਖਿਆ ਲੈ ਕੇ ਪ੍ਰਭੂ ਦੇ ਹੁਕਮ ਨੂੰ ਬੁੱਝਿਆ ਹੈ, ਹੁਕਮ ਕਰਨ ਵਾਲੇ ਰਾਮ ਨੇ ਉਨ੍ਹ ਨੂੰ ਆਪਣੇ ਮੇਲ ਨਾਲ ਮਿਲਾ ਲਿਆ ਹੈ।

ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ॥

ਅਪਾਰ ਦੀ ਪ੍ਰਾਪਤੀ ਕਰਨ ਵਾਲਾ ਜੋ ਗੁਰ-ਸ਼ਬਦ ਹੈ ਉਸ ਦੁਆਰੇ ਜਿਨ੍ਹਾਂ ਨੇ ਹੁਕਮ ਵਿਚ ਆਪਣੀ ਲਿਵ ਮਿਲਾਈ ਹੈ, ਉਹਨਾਂ ਦੀ ਸਹਜ-ਪਦ ਵਿਚ ਸਮਾਈ ਹੋਈ ਹੈ।

ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥

ਗੁਰਮੁਖਾਂ ਨੇ ਗੁਰਾਂ ਤੋਂ ਸੱਚੀ ਵਡਿਆਈ ਪਾਈ ਹੈ, ਸੱਚਾ ਪਰਮਾਤਮਾ ਹੀ ਉਨ੍ਹਾਂ ਦੇ ਅੰਤਹਕਰਣ ਦੇ ਸਵਾਰਨ ਵਾਲਾ ਹੈ।

ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥

ਜਿਨ੍ਹਾਂ ਗੁਰਮੁਖਾਂ ਨੇ ਮੁਖ ਗੁਰਾਂ ਦੇ ਮੇਲ ਨਾਲ ਮਿਲਾ ਕੇ ਆਪਾ ਭਾਵ ਹੰਕਾਰ ਗੁਆਇਆ ਹੈ, ਉਹਨਾਂ ਨੇ ਭਉ ਭੰਜਨੁ=ਪਰਮੇਸ਼ਰ ਨੂੰ ਪਾਇਆ ਹੈ।

ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥੪ ॥੨ ॥

ਗੁਰੂ ਜੀ ਕਥਨ ਕਰਦੇ ਹਨ, ਨਿਰੰਜਨ ਪ੍ਰਭੂ ਦਾ ਨਾਮ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਨਿਰੰਜਨ ਦੇ ਨਾਮ ਜਪਣ ਵਾਲਾ ਮਨੁੱਖ, ਹੁਕਮ ਦੇ ਕਰਨ ਵਾਲੇ ਪ੍ਰਭੂ ਵਿਚ ਸਮਾਈ ਕਰ ਰਹਿੰਦਾ ਹੈ॥ ੪ ॥ ੨ ॥

ਵਡਹੰਸੁ ਮਹਲਾ ੩ ॥ ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥

ਹੇ ਮੇਰੇ ਮਨ ! ਤੂੰ ਸਦੀਵ ਕਾਲ ਸੱਚੇ ਨਾਮ ਨੂੰ ਆਪਣੇ ਜੀਅ ਵਿਚ ਸਮ੍ਹਾਲਣਾ ਕਰ।

ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮਕਾਲੁ ਜੀਉ ॥

ਫਿਰ ਤੂੰ ਆਪਣੇ ਸਰੂਪ ਘਰ ਵਿਚ ਸੁਖ ਸਹਿਤ ਵਸੇਂਗਾ, ਅਤੇ ਜਮਕਾਲ ਤੈਨੂੰ ਪੋਹਿ=ਛੋਹ ਨਹੀਂ ਸਕੇਗਾ।

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ ॥

ਸਚੇ ਸ਼ਬਦ ਵਿਚ ਲਿਵ ਲਗਾਣ ਕਰਕੇ ਜਮਕਾਲ, ਜਾਲੁ=ਫਾਹਾ ਲੈ ਕੇ ਤੈਨੂੰ ਜੋਹਿ ਨ ਸਾਕੈ=ਵੇਖ ਨਹੀਂ ਸਕੇਗਾ।

ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ ॥

ਜੋ ਸਦਾ ਹੀ ਸੱਚੇ ਨਾਮ ਵਿਚ ਰੱਤਾ ਹੈ ਉਸ ਦਾ ਮਨ ਨਿਰਮਲੁ=ਸ਼ੁੱਧ ਹੈ ਉਹ ਜੰਮਣ ਮਰਣ ਵੱਲੋਂ ਰਹਾਏ=ਰਹਿ ਗਿਆ ਹੈ।

ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ ॥

ਮਨਮੁਖਾਂ ਦੀ ਬੁੱਧੀ ਦ੍ਵੈਤ ਭਾਵ ਕਰਕੇ ਭਰਮ ਵਿਚ ਵਿਗੁਤੀ=ਖਰਾਬ ਹੋ ਰਹੀ ਹੈ, ਏਸੇ ਕਰਕੇ ਜਮਕਾਲ ਨੇ ਮਨਮੁਖ ਨੂੰ ਮੋਹ ਲਿਆ ਹੈ।

ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਮਨ ! ਅਸਾਡੀ ਸਿੱਖਿਆ ਸੁਣ ਕੇ ਤੂੰ ਸਦਾ ਸੱਚੇ ਨਾਮ ਨੂੰ ਸਮ੍ਹਾਲਣਾ ਕਰ॥ ੧ ॥

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ॥
ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ॥

ਹੇ ਮੇਰੇ ਮਨ ! ਨਿੱਧੀਆਂ ਦਾ ਖਜ਼ਾਨਾ (ਪਰਮੇਸ਼ਰ) ਤੇਰੇ ਅੰਤਹਕਰਣ ਦੇ ਵਿੱਚ ਹੀ ਹੈ, ਤੂੰ ਆਤਮ-ਵਸਤੂ ਨੂੰ ਆਪਣੇ ਅੰਤਹਕਰਣ ਤੋਂ ਬਾਹਰ ਨਾ ਲੱਭ। ਜੇ ਤੂੰ ਗੁਰਮੁਖਿ=ਗੁਰਾਂ ਦੁਆਰੇ ਗਿਆਨ ਨਜ਼ਰ ਨਾਲ ਉਸ ਨੂੰ ਨਿਹਾਲਿ=ਵੇਖੇਂਗਾ, ਤਾਂ ਤੂੰ ਜੋ ਜਾਹੇਂਗਾ ਓਹੀ ਸੁਖ ਭੋਗੇਂਗਾ।

ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ॥

ਹੇ ਮੇਰੇ ਮਨ ! ਸਹਾਇਤਾ ਕਰਨ ਵਾਲਾ ਹਰੀ ਨਾਮੀ ਤੇਰੇ ਅੰਦਰ ਹੀ ਹੈ ਤੂੰ ਗੁਰਾਂ ਦੁਆਰੇ ਗਿਆਨ ਦ੍ਰਿਸ਼ਟੀ ਨਾਲ ਵੇਖਣਾ ਕਰ।

ਪਰ ਮਨਮੁਖ ਅੰਨ੍ਹੇ ਇਸ ਬ੍ਰਹਮ ਗਿਆਨ ਤੋਂ ਬਿਨਾਂ ਹੋਣ ਕਰਕੇ ਦ੍ਵੈਤ ਭਾਵ ਵਿੱਚ ਭੁੱਲੇ ਫਿਰਦੇ ਹਨ।

ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ॥
ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ॥ ੨॥

ਨਾਮ ਸਿਮਰਨ ਤੋਂ ਬਿਨਾਂ ਕੋਈ ਭੀ ਛੁੱਟਦਾ ਨਹੀਂ ਹੈ, ਜਮਕਾਲ ਨੇ ਸਾਰੀ ਦੁਨੀਆਂ ਬੱਧੀ ਹੋਈ ਹੈ।

ਗੁਰੂ ਜੀ ਕਥਨ ਕਰਦੇ ਹਨ, ਨਿਧਾਨੁ=ਖਜ਼ਾਨਾ ਤੇਰੇ ਅੰਦਰ ਹੀ ਹੈ, ਤੂੰ ਅੰਤਹਕਰਣ ਤੋਂ ਬਾਹਰ ਵਸਤੂ ਨੂੰ ਨਾ ਲੱਭ॥ ੨॥

ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ ਇਕਿ ਸਚਿ ਲਗੇ ਵਾਪਾਰਾ॥

ਹੇ ਮੇਰੇ ਮਨ ! ਇਸ ਅਮੋਲਕ ਜਨਮ-ਪਦਾਰਥ ਨੂੰ ਪਾ ਕੇ ਇੱਕ ਗੁਰਮੁਖ ਸੱਚੇ ਨਾਮ ਦੇ ਵਪਾਰ ਵਿੱਚ ਲੱਗੇ ਹੋਏ ਹਨ।

ਸਤਿਗੁਰੁ ਸੇਵਨਿ ਆਪਣਾ ਅੰਤਰਿ ਸਬਦੁ ਅਪਾਰਾ॥

ਉਹ ਆਪਣੇ ਸਤਿਗੁਰਾਂ ਨੂੰ ਸੇਵਨਾ ਕਰਦੇ ਹਨ, ਅਤੇ ਉਹਨਾਂ ਦੇ ਅੰਦਰ ਅਪਾਰਾ=ਸ੍ਰੇਸ਼ਟ ਅਪਾਰ ਪ੍ਰਭੂ ਦੀ ਪ੍ਰਾਪਤੀ ਦੇ ਕਰਨ ਵਾਲਾ ਗੁਰ-ਉਪਦੇਸ਼ ਹੈ।

ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ ਨਾਮੇ ਨਉ ਨਿਧਿ ਪਾਈ॥

ਜਿਨ੍ਹਾਂ ਦੇ ਹਿਰਦੇ ਅੰਦਰ ਅਪਾਰ ਗੁਰਾਂ ਦਾ ਸ਼ਬਦ ਹੈ, ਉਹਨਾਂ ਨੂੰ ਹਰੀ ਨਾਮ ਪਿਆਰਾ ਲੱਗਾ ਹੈ, ਅਤੇ ਨਾਮ ਕਰਕੇ ਹੀ ਉਹਨਾਂ ਨੇ ਨੌਂ ਨਿੱਧੀ ਪਾ ਲਈ ਹੈ।

ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ॥

ਜੋ ਮਨਮੁਖ ਮਾਇਆ ਦੇ ਮੋਹ ਵਿਚ ਵਿਆਪੇ=ਲੱਗੇ ਹੋਏ ਹਨ, ਉਹ ਦੁੱਖਾਂ ਕਰਕੇ ਸੰਤਾਪੇ=ਦੁਖੀ ਹੁੰਦੇ ਹਨ ਦ੍ਵੈਤ ਭਾਵ ਵਿੱਚ ਲੱਗਕੇ ਉਹਨਾਂ ਨੇ ਆਪਣੀ ਇੱਜ਼ਤ ਗੁਆ ਲਈ ਹੈ।

ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ॥
ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ॥ ੩॥

ਜਿਨ੍ਹਾਂ ਨੇ ਅਧਿਕਾਈ=ਵਿਸ਼ੇਸ਼ਤਾ ਕਰਕੇ ਸੱਚੇ ਨਾਮ ਵਿੱਚ ਤਦਾਕਾਰ ਹੋ ਕੇ ਹਉਮੈ ਨੂੰ ਮਾਰਿਆ ਹੈ, ਉਹ ਸੱਚੇ ਬ੍ਰਹਮ ਵਿੱਚ ਅਭੇਦ ਹੋਏ ਹਨ। ਗੁਰੂ ਜੀ ਕਥਨ ਕਰਦੇ ਹਨ, ਮਨੁੱਖਾ ਜਨਮ ਪ੍ਰਾਪਤ ਹੋਣਾ ਬੜਾ ਕਠਨ ਹੈ ਪਰ ਇਹ ਬੂਝ-ਸਮਝ ਸਤਿਗੁਰਾਂ ਨੇ ਬੁਝਾਈ=ਸਮਝਾਈ ਹੈ॥ ੩॥

ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ॥
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ॥

ਹੇ ਮੇਰੇ ਮਨ! ਜੋ ਆਪਣਿਆਂ ਸਤਿਗੁਰਾਂ ਨੂੰ ਸੇਂਵਦੇ ਹਨ ਉਹ ਪੁਰਸ਼ ਵੱਡਿਆਂ ਭਾਗਾਂ ਵਾਲੇ ਹਨ। ਜੋ ਆਪਣੇ ਮਨ ਨੂੰ ਮਾਰਨਾ ਕਰਦੇ ਹਨ, ਉਹ ਰਾਮ ਦੇ ਵੈਰਾਗੀ ਪੁਰਖ ਹਨ।

ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ॥

ਉਹ ਵੈਰਾਗੀ ਪੁਰਸ਼ ਹਨ ਜਿਨ੍ਹਾਂ ਦੀ ਸੱਚ ਵਿੱਚ ਲਿਵ ਲੱਗੀ ਹੈ, ਇਸ ਲਈ ਉਹਨਾਂ ਨੇ ਆਪਣੇ ਸਰੂਪ ਨੂੰ ਆਪ ਪਛਾਣ ਲਿਆ ਹੈ।

ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਸਹਜੇ ਨਾਮ ਨੂੰ ਕਥਨ ਕੀਤਾ ਹੈ ਉਹਨਾਂ ਦੀ ਬੁੱਧੀ ਅਚੱਲ ਅਤੇ ਗੂੜੀ=ਸੰਘਣੇ ਅਨੰਦ ਵਾਲੀ ਹੋਈ ਹੈ।

ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ
ਮਨਮੁਖ ਸੋਇ ਰਹੇ ਅਭਾਗੇ॥

ਇੱਕ ਮਨਮੁਖ ਇਸਤ੍ਰੀਆਂ ਦੇ ਪ੍ਰੇਮੀ ਹੋ ਕੇ ਮਾਇਆ ਦੇ ਮੋਹ ਵਿੱਚ ਪਿਆਰ ਕਰਦੇ ਹਨ, ਉਹ ਅਭਾਗੇ=ਖੋਟੇ ਭਾਗਾਂ ਵਾਲੇ ਮਨਮੁਖ (ਅਵਿੱਦਿਆ ਦੀ) ਨੀਂਦ ਵਿੱਚ ਸੌਂ ਰਹੇ ਹਨ।

ਨਾਨਕ ਸਹਜੇ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ, ਜੋ ਸਹਜੇ ਹੀ ਆਪਣੇ ਗੁਰਾਂ ਦੀ ਸੇਵਾ ਕਰਦੇ ਹਨ, ਉਹ ਪੂਰੇ ਵੱਡਿਆਂ ਭਾਗਾਂ ਵਾਲੇ ਹਨ॥ ੪॥ ੩॥

ਵਡਹੰਸੁ ਮਹਲਾ ੩॥

ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ॥

ਹੇ ਭਾਈ! ਰਾਮ ਰੂਪ ਸਤਿਗੁਰਾਂ ਨੇ ਸਮਝਾ ਦਿੱਤਾ ਹੈ ਕਿ ਰਤਨ=ਵੈਰਾਗ ਆਦਿਕ ਪਦਾਰਥਾਂ ਨੂੰ, ਅਥਵਾ:-ਰਤਨ=ਨਾਮ ਪਦਾਰਥ ਨੂੰ ਖਰੀਦਣਾ ਕਰੋ।

ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ॥

ਹਰੀ ਦੀ ਭਗਤੀ ਕਰਨ ਵਿਚ ਲਾਭਦਾਇਕ ਲਾਭ ਹੈ, ਅਥਵਾ:-ਲਾਭਾਂ ਵਿਚੋਂ ਹਰੀ ਦੀ ਭਗਤੀ ਦਾ ਅਸਲੀ ਲਾਭ ਹੈ। ਅਥਵਾ:-ਗੁਰਮੁਖਾਂ ਨੇ ਹਰੀ ਦੀ ਭਗਤੀ ਦੇ ਲਾਭ ਨੂੰ ਲੱਦਿਆ ਹੈ। ਹਿਰਦੇ ਵਿਚ ਸ਼ੁਭ ਗੁਣ ਧਾਰਕੇ ਰਾਮ ਗੁਣੀ ਵਿਚ ਸਮਾਈ=ਅਭੇਦਤਾ ਹੋਈ ਹੈ।

(ਪੰਨਾ ੫੭੦)

ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ॥

ਹਿਰਦੇ ਵਿਚ ਸ਼ੁਭ ਗੁਣ ਧਾਰਕੇ ਗੁਣੀ=ਪਰਮਾਤਮਾ ਵਿਚ ਅਭੇਦ ਹੋਏ ਹਨ, ਜਿਸ ਨੂੰ ਪਰਮੇਸ਼ਰ ਆਪ ਸਮਝਾਉਂਦਾ ਹੈ ਉਸ ਨੂੰ ਸੰਸਾਰ ਵਿਚ ਭਗਤੀ ਦਾ ਲਾਭ ਹੁੰਦਾ ਹੈ।

ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ॥

ਭਗਤੀ ਕੀਤੇ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ, ਦ੍ਵੈਤ ਭਾ ਵਾਲਿਆਂ ਨੇ ਆਪਣੀ ਇੱਜ਼ਤ ਖੋਈ= ਗੁਆਈ ਹੈ, ਗੁਰਮਤੀਆਂ ਨੂੰ ਨਾਮ ਦਾ ਹੀ ਆਸਰਾ ਹੈ।

ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ॥

ਨਾਮ ਰੂਪ ਸੌਦੇ ਵਿਚ ਹਮੇਸ਼ਾਂ ਲਾਭੁ=ਨਫ਼ਾ ਹੁੰਦਾ ਹੈ, ਪਰ ਜਿਸ ਨੂੰ ਇਸ ਨਾਮ ਦੇ ਵਪਾਰ ਵਿਚ ਲਗਾਉਂਦਾ ਹੈ ਓਹੀ ਲੱਗਦਾ ਹੈ।

ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ॥ ੧॥

ਜਾਂ ਸਤਿਗੁਰੂ ਸਿੱਖਿਆ ਦੇ ਕੇ ਬੁਝਾਏ=ਸਮਝਾ ਦੇਣ ਤਾਂ ਇਹ ਜਗਿਆਸੂ ਰਤਨ-ਪਦਾਰਥ=ਨਾਮ ਨੂੰ ਖਰੀਦਦਾ ਹੈ॥ ੧॥

ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ॥

ਰਾਮ=ਹੇ ਭਾਈ ! ਸਾਰਿਆਂ ਦੁੱਖਾਂ ਦਾ ਕਾਰਨ ਮਾਇਆ ਦਾ ਮੋਹ ਹੈ, ਇਹ ਮਾਇਆ ਦਾ ਵਾਪਾਰ ਕਰਨਾ ਖੋਟਾ ਹੈ।

ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ॥

ਝੂਠ ਬੋਲ ਕੇ ਬਿਖੁ=ਵਿਹੁ ਖਾਣਾ ਕਰਦੇ ਹਨ, ਅਰਥਾਤ ਝੂਠ ਬੋਲ ਕੇ ਮਾਇਆ ਇਕੱਠੀ ਕਰਦੇ ਹਨ, ਰਾਮ=ਹੇ ਭਾਈ ! ਜਿਸ ਮਾਇਆ ਕਰਕੇ ਬਹੁਤੇ ਵਿਕਾਰ ਹੀ ਵਧਦੇ ਹਨ।

ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ॥

ਇਹ ਸਾਰਾ ਸੰਸਾਰ ਸੰਸਾ ਰੂਪ ਹੈ ਇਸ ਵਿਚ ਬਹੁਤੇ ਵਿਕਾਰ ਹੀ ਵਧਦੇ ਹਨ, ਇਸ ਜੀਵ ਨੇ ਨਾਮ ਤੋਂ ਬਿਨਾਂ ਆਪਣੀ ਇੱਜ਼ਤ ਗੁਆ ਲਈ ਹੈ।

ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ॥

ਵੇਖੋ ! ਪੰਡਿਤ ਲੋਕ ਵੇਦਾਂ, ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਵਾਦੁ=ਝਗੜਿਆਂ ਨੂੰ ਹੀ ਕਥਨ ਕਰਦੇ ਹਨ, ਪਰ ਸਮਝੇ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ।

ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ॥

ਜੋ ਮਾਇਆ ਦੇ ਮੋਹ ਵਿੱਚ ਪਿਆਰ ਕਰਦਾ ਹੈ,ਸਦਾ ਜੰਮਣਾ ਮਰਨਾ ਕਦੇ ਦੂਰ ਨਹੀਂ ਹੁੰਦਾ।

ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ॥ ੨॥

ਮਾਇਆ ਦਾ ਮੋਹ ਹੀ ਸਾਰੇ ਦੁੱਖ ਰੂਪ ਹੈ, ਅਤੇ ਇਹ ਵਪਾਰ ਖੋਟਾ ਹੈ॥ ੨॥

ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥

ਉਸ ਰਾਮ ਦੇ ਸੱਚੇ ਦਰਬਾਰ ਵਿੱਚ ਸਾਰੇ ਬੁਰੇ ਭਲੇ ਪਰਖੀਅਨਿ=ਪਰਖੇ ਜਾਂਦੇ ਹਨ।

ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ॥

ਖੋਟੇ ਪੁਰਸ਼ ਰਾਮ ਦੀ ਦਰਗਾਹ ਵਿੱਚੋਂ ਸੁੱਟੇ ਜਾਂਦੇ ਹਨ, ਅਤੇ ਬੂਹੇ ਉੱਤੇ ਊਭੇ=ਖੜ੍ਹੇ ਹੋ ਕੇ ਪੁਕਾਰਾਂ ਨੂੰ ਕਰਦੇ ਹਨ।

ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ॥

ਇਹ ਮੂਰਖ ਗਵਾਰ ਊਭੇ=ਖੜ੍ਹੇ ਹੋ ਕੇ ਪੁਕਾਰਾਂ ਨੂੰ ਹੀ ਕਰਦੇ ਰਹਿੰਦੇ ਹਨ, ਮਨਮੁਖਾਂ ਨੇ ਮਨਮੁਖਤਾ ਵਿਚ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗੁਆ ਲਿਆ ਹੈ।

ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ॥

ਇਹ ਮਾਇਆ ਐਸੀ ਬਿਖਿਆ=ਜ਼ਹਿਰ ਰੂਪ ਹੈ ਜਿਸ ਨੇ ਸਾਰੇ ਜਗਤ ਨੂੰ ਭੁਲਾਇਆ ਹੋਇਆ ਹੈ, ਅਤੇ ਮਾਇਆ ਕਰਕੇ ਹੀ ਇਸ ਜੀਵ ਨੂੰ ਸੱਚਾ ਨਾਮ ਚੰਗਾ ਨਹੀਂ ਲੱਗਾ।

ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ॥

ਮਨਮੁਖ ਪੁਰਸ਼ ਸੰਤਾਂ ਨਾਲ ਵੈਰ ਕਰਕੇ ਸੰਸਾਰ ਵਿੱਚ ਦੁੱਖ ਖਟੇ=ਪ੍ਰਾਪਤ ਕਰਦਾ ਹੈ।

ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ॥ ੩॥

ਉਸ ਰਾਮ ਦੇ ਸੱਚੇ ਦਰਬਾਰ ਵਿੱਚ ਖੋਟੇ ਖਰੇ=ਬੁਰੇ-ਭਲੇ ਪੁਰਸ਼ ਸਾਰੇ ਪਰਖੇ ਜਾਂਦੇ ਹਨ॥੩॥

ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ਰਾਮ॥

ਰਾਮ ਆਪ ਹੀ ਸਭ ਕੁਝ ਕਰਦਾ ਹੈ, ਅਸੀਂ ਬੁਰਾ-ਭਲਾ ਕਿਸ ਨੂੰ ਆਖੀਏ, ਰਾਮ ਤੋਂ ਬਿਨਾਂ ਹੋਰ ਕਿਸੇ ਪਾਸੋਂ ਕੁਝ ਕੀਤਾ ਨਹੀਂ ਜਾਂਦਾ।

ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ॥

ਜਿਸ ਪਾਸੇ ਚਾਹੁੰਦਾ ਹੈ ਓਸੇ ਪਾਸੇ ਲਾਉਂਦਾ ਹੈ, ਜਿਵੇਂ ਉਸ ਰਾਮ ਦੀ ਵਡਿਆਈ=ਇੱਛਾ ਹੁੰਦੀ ਹੈ ਉਸੇ ਤਰ੍ਹਾਂ ਕਰਦਾ ਹੈ।

ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ॥

ਜਿਵੇਂ ਉਸ ਦੀ ਵਡਿਆਈ=ਇੱਛਾ ਹੁੰਦੀ ਹੈ ਤਿਵੇਂ ਆਪ ਕਰਾਉਂਦਾ ਹੈ।

ਆਪਣੇ ਆਪ ਨਾ ਕੋਈ ਵਰਿਆਮੁ=ਸੂਰਮਾ ਹੈ, ਨਾ ਕੋਈ ਫੁਸੀ=ਕਾਇਰ ਹੈ।

ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ॥

ਜਗਜੀਵਨ ਦਾਤਾ (ਪਰਮੇਸ਼ਰ) ਆਪ ਹੀ ਜੀਵਾਂ ਨੂੰ ਫਲ-ਬਰ ਦਾਤਾ ਹੈ, ਅਤੇ ਉਹ ਪ੍ਰਭੂ ਆਪ ਹੀ ਬਖਸ਼ਦਾ ਹੈ।

ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੀ ਕਿਰਪਾ ਦੁਆਰੇ ਆਪਾ ਭਾ ਹੰਕਾਰ ਨੂੰ ਗੁਆਈਏ ਤਾਂ ਨਾਮੀ ਦੇ ਨਾਮ ਕਰਕੇ ਇੱਜ਼ਤ ਪਾਈਦੀ ਹੈ।

ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ॥ ੪॥ ੪॥

ਜਦ ਕਿ ਆਪ ਹੀ ਸਭ ਕੁਝ ਕਰਦਾ ਹੈ ਤਾਂ ਕਿਸਨੂੰ ਆਖੀਏ, ਕਿਉਂਕਿ ਹੋਰ ਕਿਸੇ ਤੋਂ ਕੁਝ ਕੀਤਾ ਨਹੀਂ ਜਾਂਦਾ॥ ੪॥ ੪॥

ਵਡਹੰਸੁ ਮਹਲਾ ੩॥ ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ॥

ਹਰੀ ਨਾਮ ਰੂਪੀ ਸੌਦਾ ਸੱਚਾ ਹੈ, ਰਾਮ ਦਾ ਸਿਮਰਨ ਕਰਨ ਰੂਪੀ ਵਪਾਰ ਭੀ ਸੱਚਾ ਹੈ।

ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥

ਗੁਰ-ਸਿੱਖਿਆ ਦੁਆਰੇਂ ਹਰੀ ਨਾਮ ਖਰੀਦਿਆ ਜਾਂਦਾ ਹੈ, ਰਾਮ ਦੀ ਪ੍ਰਾਪਤੀ ਦਾ ਮੁੱਲ ਅਤਿ ਅਫਾਰਾ=ਬੜਾ ਅਸਹਿ ਹੈ। ਅਥਵਾ:- ਅਫਾਰਾ=ਅਪਾਰ ਮੁੱਲ ਹੈ।

ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ॥

ਸੱਚ-ਨਾਮ ਰੂਪੀ ਵਪਾਰ ਦਾ ਮੁੱਲ ਅਤਿ ਅਫਾਰਾ=ਬਹੁਤ ਭਾਰਾ ਹੈ, ਇਸ ਸੱਚ-ਨਾਮ ਦੇ ਵਾਪਾਰ, ਵਿੱਚ ਵਡਭਾਗੀ ਪੁਰਸ਼ ਲੱਗੇ ਹਨ।

ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ॥

ਜਿਨ੍ਹਾਂ ਦੀ ਸੱਚ-ਨਾਮ ਵਿੱਚ ਲਿਵ ਲੱਗ ਗਈ ਹੈ, ਉਹ ਅੰਦਰੋਂ ਬਾਹਰੋਂ ਭਗਤੀ ਵਿੱਚ ਰੱਤੇ ਗਏ ਹਨ।

ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ॥

ਜਿਸ ਉੱਤੇ ਪ੍ਰਭੂ ਕਿਰਪਾ ਕਰਦਾ ਹੈ ਓਹੀ ਪੁਰਸ਼ ਗੁਰਾਂ ਦੇ ਸ਼ਬਦ ਨੂੰ ਵਿਚਾਰਕੇ ਸੱਚ ਨੂੰ ਪਾਉਂਦਾ ਹੈ।

ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜੋ ਸੱਚ ਦੇ ਵਾਪਾਰ ਵਿੱਚ ਲੱਗੇ ਹਨ, ਉਹਨਾਂ ਨੇ ਹੀ ਨਾਮੀ ਦੇ ਨਾਮ ਵਿੱਚ ਤਦਾਕਾਰ ਹੋ ਕੇ ਆਤਮ ਸੁਖ ਪਾਇਆ ਹੈ॥ ੧ ॥

ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥

ਰਾਮ=ਹੇ ਭਾਈ ! ਮਾਇਆ ਦੀ ਜੋ ਹੰਗਤਾ ਮਮਤਾ ਹੈ ਏਹੋ ਮੈਲ ਹੈ ਇਸ ਮਾਇਆ ਦੀ ਮੈਲ ਨਾਲ ਮਨ ਭਰਿਆ ਹੋਇਆ ਭਾਵ ਲਿਬੜਿਆ ਹੋਇਆ ਹੈ।

ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥

ਗੁਰਮਤੀਆਂ ਦਾ ਮਨ ਸ਼ੁੱਧ ਹੈ ਜੋ ਜੀਭ੍ ਨਾਲ ਹਰੀ-ਰਾਮ ਰਸ ਨੂੰ ਪੀਜੈ=ਪੀਂਦੇ ਹਨ।

ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥

ਰਸਨਾ ਨਾਲ ਹਰੀ ਰਸ ਨੂੰ ਪੀਂਦੇ ਹਨ, ਸੱਚੇ ਗੁਰਾਂ ਦੇ ਸ਼ਬਦ ਵਿਚਾਰਨ ਨਾਲ ਉਹਨਾਂ ਦਾ ਅੰਤਰੁ=ਅੰਤਹਕਰਣ ਆਤਮ-ਰਸ ਵਿੱਚ ਭਿੱਜਿਆ ਹੋਇਆ ਹੈ।

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥

ਅੰਤਰਿ=ਅੰਤਹਕਰਣ ਰੂਪੀ ਖੂਹਟਾ=ਖੂਹ ਆਤਮ ਰੂਪੀ ਅੰਮ੍ਰਿਤ ਜਲ ਨਾਲ ਭਰਿਆ ਹੋਇਆ ਹੈ, ਗੁਰ-ਉਪਦੇਸ਼ ਦੁਆਰਾ ਪਨਿਹਰੀ=ਪਾਣੀ ਭਰਨ ਵਾਲੀ ਬੁੱਧੀ ਰੂਪੀ ਇਸਤ੍ਰੀ, ਅਥਵਾ:-ਜੀਵ ਰੂਪੀ ਇਸਤ੍ਰੀ ਉਸ ਜਲ ਨੂੰ ਕੱਢ ਕੇ ਪੀਣਾ ਕਰੇ।

ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥

ਜਿਸ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਸੱਚ ਵਿੱਚ ਲੱਗਦਾ ਹੈ, ਅਤੇ ਉਸ ਦੀ ਜੀਭ ਰਾਮ ਨਾਮ ਨੂੰ ਰਵੀਜੈ=ਉਚਾਰਦੀ ਹੈ।

ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਵਿੱਚ ਰੱਤੇ ਹੋਏ ਹਨ ਉਹ ਸ਼ੁੱਧ ਹਨ, ਹੋਰ ਸਾਰੇ ਹਉਮੈ ਦੀ ਮੈਲ ਨਾਲ ਭਰੇ ਹੋਏ ਹਨ॥ ੨ ॥

(ਪੰਨਾ ੫੭੧)

ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥

ਰਾਮ=ਹੇ ਭਾਈ ! ਪੰਡਿਤ ਤੇ ਜੋਤਕੀ=ਜੋਤਸ਼ੀ ਵੇਦਾਂ, ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਕੂਕਦੇ=ਪੁਕਾਰਦੇ ਹਨ, ਪਰ ਕਿਸ ਦੇ ਪਾਸ ਪੁਕਾਰ ਕਰਨ, ਕਿਉਂਕਿ ਆਪ ਤਾਂ ਮਾਇਆ ਤਿਆਗਦੇ ਨਹੀਂ ਹਨ।

ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥

ਰਾਮ=ਹੇ ਭਾਈ ! ਉਨ੍ਹਾਂ ਦੇ ਹਿਰਦੇ ਅੰਦਰ ਮਾਇਆ ਦੀ ਮੋਹ ਰੂਪੀ ਮੈਲ ਲੱਗ ਰਹੀ ਹੈ, ਅਤੇ

ਮਾਇਆ ਦੇ ਵਾਪਾਰ ਵਿੱਚ ਹੀ ਲੱਗੇ ਹੋਏ ਹਨ।

ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ॥

ਜਗਤ ਨੂੰ ਪਿਆਰਾ ਜਾਣਕੇ ਮਾਇਆ ਦੇ ਵਾਪਾਰ ਵਿੱਚ ਲੱਗ ਰਿਹਾ ਹੈ, ਇਸੀ ਤੇ ਜਨਮ ਮਰਨ ਦੇ ਦੁੱਖ ਨੂੰ ਪਾਉਂਦਾ ਹੈ।

ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ॥

ਪਿੱਛੇ ਵੀ ਬਿਖੁ=ਜ਼ਹਿਰ ਰੂਪ ਮਾਇਆ ਦਾ ਕੀੜਾ ਸੀ, ਹੁਣ ਭੀ ਵਿਸ਼ਿਆਂ ਨਾਲ ਲੱਗ ਰਿਹਾ ਹੈ, ਅੱਗੇ ਮਰਕੇ ਭੀ ਨਰਕ ਰੂਪ ਵਿਸ਼ਟਾ ਵਿੱਚ ਸਮਾਏਗਾ।

ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ॥

ਜੋ ਧੁਰ ਤੋਂ ਲੇਖ ਲਿਖਿਆ ਗਿਆ ਹੈ ਓਸੇ ਅਨੁਸਾਰ ਕਰਮ ਕਮਾਉਂਦਾ ਹੈ, ਉਸ ਨੂੰ ਮੇਟਣ ਦੀ ਸਮਰੱਥਾ ਵਾਲਾ ਕੋਈ ਨਹੀਂ ਹੈ।

ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ
ਹੋਰਿ ਮੂਰਖ ਕੂਕਿ ਮੁਏ ਗਾਵਾਰਾ॥ ੩॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮੀ ਦੇ ਨਾਮ ਵਿੱਚ ਰੱਤੇ ਹਨ ਉਨ੍ਹਾਂ ਨੇ ਸਦਾ ਆਤਮ-ਸੁਖ ਪਾਇਆ ਹੈ, ਹੋਰ ਸਾਰੇ ਮੂਰਖ ਗਵਾਰ ਕੂਕਾਂ=ਮਾਰਦੇ ਹੀ ਮਰ ਗਏ ਹਨ॥ ੩॥

ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ॥

ਮਨਮੁਖਾਂ ਦਾ ਮਨ ਮਾਇਆ ਦੇ ਮੋਹ ਵਿੱਚ ਰੰਗਿਆ ਹੋਇਆ ਹੈ, ਮੋਹ ਦੀ ਪ੍ਰਧਾਨਤਾ ਕਰਕੇ ਉਸਨੂੰ ਰਾਮ ਦੀ ਕੋਈ ਸੁਧਿ=ਖਬਰ ਨਹੀਂ ਹੈ।

ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ॥

ਜਦ ਗੁਰਾਂ ਦੁਆਰੇ ਇਸ ਮਨ ਨੂੰ ਨਾਮ ਰੰਗ ਵਿੱਚ ਰੰਗਣਾ ਕਰੀਏ, ਤਾਂ ਦੂਜਾ ਮੋਹ ਦਾ ਰੰਗ, ਅਥਵਾ:-ਮਨਮੁਖਤਾ ਵਾਲਾ ਰੰਗ ਦੂਰ ਹੋ ਜਾਂਦਾ ਹੈ।

ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ॥
ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ॥

ਜਦ ਦੂਜਾ ਮੋਹ ਦਾ ਰੰਗ ਜਾਂਦਾ ਹੈ, ਤਾਂ ਸੱਚ ਵਿੱਚ ਸਮਾਈ ਹੁੰਦੀ ਹੈ, ਤੇ ਅੰਤਹਕਰਨ ਰੂਪ ਭੰਡਾਰਾ ਸੱਚੇ-ਨਾਮ ਨਾਲ ਭਰ ਜਾਂਦਾ ਹੈ। ਜਿਹੜਾ ਗੁਰਮੁਖ ਹੁੰਦਾ ਹੈ ਉਹ ਇਸ ਭੇਦ ਨੂੰ ਸਮਝਾਉਂਦਾ ਹੈ, ਸੱਚਾ ਵਾਹਿਗੁਰੂ ਉਨ੍ਹਾਂ ਦੇ ਸਵਾਰਨ ਵਾਲਾ ਹੁੰਦਾ ਹੈ।

ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ॥

ਜਿਸ ਨੂੰ ਹਰੀ ਆਪ ਗੁਰਾਂ ਨਾਲ ਮੇਲਦਾ ਹੈ ਓਹੀ ਹਰੀ ਨਾਲ ਮਿਲਦਾ ਹੈ, ਹੋਰ ਕੁਝ ਭੀ ਉਪਾਉ ਕਿਹਾ ਨਹੀਂ ਜਾਂਦਾ।

ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪ ॥੫ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਤੋਂ ਬਿਨਾਂ ਹੋਣ ਕਰਕੇ ਮਨਮੁਖਾਂ ਨੂੰ ਭਰਮ ਵਿੱਚ ਭੁਲਾਇਆ ਹੋਇਆ ਹੈ, ਅਤੇ ਇੱਕ ਗੁਰਮੁਖ ਰੰਗੁ ਲਾਏ=ਪ੍ਰੇਮ ਲਗਾ ਕੇ ਨਾਮੀ ਦੇ ਨਾਮ ਵਿਚ ਰੱਤੇ ਹੋਏ ਹਨ॥ ੪॥ ੫॥

ਵਡਹੰਸੁ ਮਹਲਾ ੩ ॥

ਏ ਮਨ ਮੇਰਿਆ ਆਵਾਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ ॥

ਹੇ ਮੇਰੇ ਮਨ ! ਇਹ ਸਾਰਾ ਸੰਸਾਰ ਆਵਾਗਉਣੁ=ਆਉਣੇ ਜਾਣੇ ਵਾਲਾ ਹੈ, ਅੰਤ ਨੂੰ ਰਾਮ ਦੀ ਦਰਗਾਹ ਵਿੱਚ ਸੱਚਾ ਨਿਬੇੜਾ=ਨਿਆਂ ਹੁੰਦਾ ਹੈ।

ਅਥਵਾ:-ਸੱਚ ਨਾਮ ਕਰਕੇ ਨਿਬੇੜਾ=ਛੁਟਕਾਰਾ ਹੁੰਦਾ ਹੈ।

ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ ॥

ਸੱਚ ਨਾਮ ਜਪਣ ਵਾਲੇ ਨੂੰ ਸੱਚਾ ਵਾਹਿਗੁਰੂ ਆਪ ਹੀ ਬਖਸ਼ ਲੈਂਦਾ ਹੈ, ਫਿਰ ਉਸ ਦਾ ਜੂਨੀਆਂ ਵਿੱਚ ਫੇਰਾ=ਚੱਕਰ ਨਹੀਂ ਹੁੰਦਾ।

ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ ਮਿਲੈ ਵਡਿਆਈ ॥

ਮੁੜ ਉਸ ਦਾ ਜੂਨੀਆਂ ਵਿੱਚ ਫੇਰਾ ਨਹੀਂ ਹੁੰਦਾ ਅੰਤ ਨੂੰ ਸੱਚ ਹੀ ਨਾਮ ਕਰਕੇ ਨਿਬੇੜਾ=ਛੁਟਕਾਰਾ ਹੁੰਦਾ ਹੈ, ਪਰ ਗੁਰਮੁਖਾਂ ਨੂੰ ਵਡਿਆਈ ਮਿਲਦੀ ਹੈ।

ਸਾਚੈ ਰੰਗਿ ਰਾਤੇ ਸਹਜੇ ਮਾਤੇ ਸਹਜੇ ਰਹੇ ਸਮਾਈ ॥

ਗੁਰਮੁਖ ਸੱਚੇ ਪ੍ਰੇਮ ਵਿੱਚ ਰਤੇ ਹੋਏ ਸੁਭਾਵਕ ਹੀ ਮਾਤੇ=ਮਸਤ ਹਨ, ਅਤੇ ਸੁਭਾਵਕ ਹੀ ਪਰਮੇਸ਼ਰ ਵਿੱਚ ਸਮਾ ਰਹੇ ਹਨ।

ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ ॥

ਜਿਨ੍ਹਾਂ ਦੇ ਮਨ ਵਿੱਚ ਸੱਚਾ ਭਾਇਆ ਹੈ ਉਨ੍ਹਾਂ ਨੇ ਸੱਚੇ ਨਾਮ ਨੂੰ ਮਨ ਵਿੱਚ ਵਸਾਇਆ ਹੈ, ਸ਼ਬਦ ਵਿੱਚ ਰੰਗੇ ਹੋਏ ਹੋਣ ਕਰਕੇ ਉਨ੍ਹਾਂ ਦਾ ਅੰਤ ਸਮੇਂ ਸੰਸਾਰ ਤੋਂ ਨਿਬੇਰਾ=ਛੁਟਕਾਰਾ ਹੋ ਗਿਆ ਹੈ।

ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਵਿੱਚ ਰੰਗੇ ਗਏ ਹਨ ਉਹ ਸੱਚੇ ਵਿੱਚ ਅਭੇਦ ਹੋਏ ਹਨ, ਉਨ੍ਹਾਂ ਦਾ ਮੁੜ ਕੇ ਭਵਜਲਿ=ਸੰਸਾਰ ਵਿੱਚ ਫੇਰਾ ਨਹੀਂ ਹੁੰਦਾ॥ ੧॥

ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥

ਮਾਇਆ ਦਾ ਮੋਹ ਸਭ ਨੂੰ ਬਰਲੁ=ਸ਼ੁਦਾ (ਝਲ-ਪੁਣੇ) ਦੇ ਸਹਿਤ ਕਰਨ ਵਾਲਾ ਹੈ, ਦ੍ਵੈਤ ਭਾ ਨੇ ਸਾਰੀ ਦੁਨੀਆਂ ਰਾਮ ਵੱਲੋਂ ਖੁਆਈ=ਭੁਲਾਈ ਹੋਈ ਹੈ।

ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ ॥

ਰਾਮ=ਹੇ ਭਾਈ ! ਮਾਂ ਪਿਉ ਆਦਿਕ ਸਾਰੇ ਸਬੰਧੀ ਹੇਤੁ=ਮੋਹ ਦਾ ਕਾਰਨ ਹਨ, ਏਹੋ ਹੀ ਹੇਤੇ=ਮੋਹ ਵਿਚ ਪਲਚਾਈ=ਫਸਾਉਂਦੇ ਹਨ।

ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ ॥

ਪੂਰਬਲੀ ਕਮਾਈ ਅਨੁਸਾਰ ਸਭ ਦੁਨੀਆਂ ਹੇਤੇ=ਮੋਹ ਵਿਚ ਪਲਚ ਰਹੀ ਹੈ, ਇਸ ਮੋਹ ਨੂੰ ਕੋਈ ਮੇਟ ਨਹੀਂ ਸਕਦਾ ॥

ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ ॥

ਜਿਸ ਨੇ ਸ੍ਰਿਸ਼ਟੀ ਸਾਜੀ ਹੈ ਓਹੀ ਬਣਾ ਕੇ ਵੇਖ ਰਿਹਾ ਹੈ, ਉਸ ਦੇ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ ॥

ਮਨਮੁਖ ਅਗਿਆਨੀ ਤ੍ਰਿਸ਼ਨਾਂ ਦੀ ਅੱਗ ਵਿਚ ਤਪ ਤਪ ਕੇ ਖੱਪਦਾ ਹੈ, ਕਿਉਂਕਿ ਗੁਰ ਉਪਦੇਸ਼ ਤੋਂ ਬਿਨਾਂ ਸ਼ਾਂਤੀ ਨਹੀਂ ਆਉਂਦੀ।

ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਤੋਂ ਬਿਨਾਂ ਸਭ ਕੋਈ ਭੁੱਲਾ ਫਿਰਦਾ ਹੈ, ਮਾਇਆ ਦੇ ਮੋਹ ਨੇ ਸਭ ਨੂੰ ਨਾਮ ਵਲੋਂ ਖੁਆਈ=ਭੁਲਾ ਛੱਡਿਆ ਹੈ ॥ ੨ ॥

ਇਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥

ਰਾਮ=ਹੇ ਭਾਈ ! ਇਸ ਜਗਤ ਨੂੰ ਤ੍ਰਿਸ਼ਨਾਂ ਦੀ ਅੱਗ ਵਿਚ ਸੜਦਿਆਂ ਵੇਖ ਕੇ, ਗੁਰਮੁਖ ਜਨ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਭੱਜ ਕੇ ਪਏ ਹਨ।

ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ ॥

ਪੂਰਿਆਂ ਗੁਰਾਂ ਅੱਗੇ ਉਹ ਇਸ ਤਰ੍ਹਾਂ ਅਰਦਾਸ ਕਰੀ=ਕਰਦੇ ਹਨ, ਕਿ ਰਾਮ ਨਾਮ ਦੇ ਸਿਮਰਨ ਰੂਪ ਵਡਿਆਈ ਦੇ ਕੇ ਇਸ ਅੱਗ ਤੋਂ ਅਸਾਨੂੰ ਰੱਖ ਲਓ।

ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ ॥

ਹੇ ਗੁਰੋ ! ਹਰੀ ਨਾਮ ਦੀ ਵਡਿਆਈ ਦੇ ਕੇ ਆਪਣੀ ਸ਼ਰਨ ਵਿਚ ਰੱਖ ਲਓ, ਤੁਹਾਡੇ ਜੇਡਾ ਹੋਰ ਕੋਈ ਦਾਤਾ ਨਹੀਂ ਹੈ।

ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ ॥

ਜੋ ਸੇਵਾ ਵਿਚ ਲੱਗੇ ਹਨ ਉਹ ਵੱਡਿਆਂ ਭਾਗਾਂ ਵਾਲੇ ਹਨ ਉਹਨਾਂ ਨੇ ਜੁਗਾਂ ਜੁਗਾਂ ਵਿਚ ਇੱਕ ਪ੍ਰਭੂ ਨੂੰ ਜਾਤਾ=ਜਾਣਿਆਂ ਹੈ।

ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ॥

ਭਾਵੇਂ ਕਿਤਨੇ ਹੀ ਜਤ, ਸਤ, ਸੰਜਮ ਆਦਿਕ ਕਰਮ ਕਮਾ ਲਵੇ, ਪਰ ਗੁਰੂ ਤੋਂ ਬਿਨਾਂ ਕਿਸੇ ਨੇ ਮੁਕਤੀ ਨਹੀਂ ਪਾਈ।

ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ॥ ੩॥

ਗੁਰੂ ਜੀ ਕਥਨ ਕਰਦੇ ਹਨ, ਜੋ ਗੁਰਮੁਖ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਪੈਂਦਾ ਹੈ, ਉਸ ਨੂੰ ਗੁਰੂ ਸਾਹਿਬ ਜੀ ਸਬਦੁ=ਬ੍ਰਹਮ ਦੀ ਪ੍ਰਾਪਤੀ ਸਮਝਾ ਦੇਂਦੇ ਹਨ॥ ੩॥

ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ॥

ਹੇ ਹਰੀ ਰਾਮ ! ਜੋ ਮੱਤ ਤੂੰ ਦੇਂਦਾ ਹੈਂ ਓਹੀ ਪ੍ਰਗਟ ਹੁੰਦੀ ਹੈ, ਹੋਰ ਕੋਈ ਅਕਲ ਦੇਣ ਵਾਲਾ ਨਹੀਂ ਹੈ।

ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ॥

ਸਾਰਿਆਂ ਦੇ ਅੰਦਰ ਬਾਹਰ ਇੱਕ ਤੂੰ ਹੀ ਹੈਂ, ਹੇ ਰਾਮ ! ਤੂੰ ਆਪ ਹੀ ਗੁਰਮੁਖਾਂ ਨੂੰ ਸਮਝਾ ਦੇਂਦਾ ਹੈਂ।

ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ॥

ਹੇ ਹਰੀ ! ਜਿਨ੍ਹਾਂ ਨੂੰ ਤੂੰ ਆਪ ਸਮਝਾ ਦੇਂਦਾ ਹੈਂ, ਉਹਨਾਂ ਨੂੰ ਹੋਰ ਕੋਈ ਗੱਲ ਚੰਗੀ ਨਹੀਂ ਲੱਗੀ, ਉਹਨਾਂ ਗੁਰਮੁਖਾਂ ਨੇ ਹਰੀ ਨਾਮ ਰਸ ਨੂੰ ਚੱਖਿਆ ਹੈ।

ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ॥

ਸੱਚੇ ਪਰਮਾਤਮਾ ਦੇ ਦਰਬਾਰ ਵਿਚ ਉਹ ਸਦਾ ਹੀ ਸੱਚਾ ਹੈ, ਜਿਸ ਨੇ ਸੱਚੇ ਗੁਰਾਂ ਦੇ ਉਪਦੇਸ਼ ਨੂੰ ਸੁਭਾਖਿਆ=ਕਥਨ ਕੀਤਾ ਹੈ।

(ਪੰਨਾ ੫੭੨) ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਨਾਮ ਦੀ ਵਡਿਆਈ ਦਿੱਤੀ ਹੈ, ਉਹਨਾਂ ਨੇ ਅੰਤਹਕਰਣ ਰੂਪੀ ਘਰ ਦੇ ਵਿਚ ਹੀ ਸਰੂਪ ਰੂਪੀ ਨਿਜ ਘਰ ਨੂੰ ਪਾਇਆ ਹੈ।

ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ॥੪॥੬॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਵਿਚ ਰੱਤੇ ਹੋਏ ਹਨ। ਓਹੀ ਮਹਲੁ=ਸਰੂਪ ਨੂੰ ਪਾਉਂਦੇ ਹਨ, ਜੋ ਸੱਚ ਨੂੰ ਵਿਚਾਰਦੀ ਹੈ ਓਹੀ ਬੁੱਧੀ ਪ੍ਰਮਾਨੀਕ ਹੈ॥ ੪॥ ੬॥

ਵਡਹੰਸੁ ਮਹਲਾ ੪ ਛੰਤ ੧ੴ ਸਤਿਗੁਰ ਪ੍ਰਸਾਦਿ॥

ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ॥
ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ॥

ਮੇਰੇ ਮਨ ਨੇ ਮੇਰੇ ਮਨ ਨੇ, ਅਥਵਾ:-ਮੇਰੇ ਮਨ ਨੇ ਮੇਰਾ ਮੰਨ ਕੇ ਕਿ ਗੁਰੂ ਮੇਰੇ ਹਨ, ਰਾਮ ਸਰੂਪ

ਸਤਿਗੁਰੂ ਵਿੱਚ ਪ੍ਰੀਤੀ ਲਗਾਈ ਹੈ। ਜੋ ਹਰੀ ਹਰ-ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ ਉਸ ਹਰੀ ਰਾਮ ਨਾਮ ਦੀ ਪ੍ਰੀਤੀ ਗੁਰਾਂ ਨੇ ਮੇਰੇ ਮਨ ਵਿਚ ਵਸਾਈ ਹੈ।

ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਸਭਿ ਦੂਖ ਵਿਸਾਰਣਹਾਰਾ॥

ਹਰਿ ਹਰਿ ਨਾਮ ਦੀ ਪ੍ਰੀਤੀ ਮੇਰੇ ਮਨ ਵਿਚ ਵਸਾਈ ਹੈ, ਜੋ ਨਾਮ ਸਾਰਿਆਂ ਦੁੱਖਾਂ ਦੇ ਦੂਰ ਕਰਨ ਵਾਲਾ ਹੈ।

ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਸਤਿਗੁਰੂ ਹਮਾਰਾ॥

ਵੱਡਿਆਂ ਭਾਗਾਂ ਕਰਕੇ ਮੈਂ ਗੁਰਾਂ ਦਾ ਦਰਸ਼ਨ ਪਾਇਆ ਹੈ, ਮੇਰਾ ਸਤਿਗੁਰੂ ਧੰਨ ਹੈ ਧੰਨ ਹੈ।

ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ॥

ਉਠਦਿਆਂ ਬੈਠਦਿਆਂ ਮੈਂ ਸਤਿਗੁਰਾਂ ਨੂੰ ਸੇਂਵਦਾ ਹਾਂ ਜਿਨ੍ਹਾਂ ਗੁਰਾਂ ਦੀ ਸੇਵਾ ਕਰਦਿਆਂ ਮੈਂਨੇ ਸ਼ਾਂਤੀ ਪਾਈ ਹੈ।

ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ॥ ੧॥

ਹੇ ਮੇਰੇ ਮਨਿ=ਪਿਆਰੇ ! ਮੇਰੇ ਮਨ ਨੇ ਸਤਿਗੁਰਾਂ ਵਿੱਚ ਪ੍ਰੀਤੀ ਲਗਾਈ ਹੈ॥ ੧॥

ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ਰਾਮ॥
ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ॥

ਰਾਮ ਸਰੂਪ ਸਤਿਗੁਰਾਂ ਨੂੰ ਵੇਖਕੇ ਸਰਸੇ=ਅਧਿਕ ਅਨੰਦ ਦੇ ਸਹਿਤ ਮੈਂ ਜੀਉਂਦਾ ਹਾਂ।

ਅਥਵਾ:-ਜੋ ਰਾਮ ਰੂਪ ਸਤਿਗੁਰੂ ਹਉ=ਹੰਗਤਾ ਤੋਂ ਰਹਿਤ ਕਰਵਾਕੇ ਪਰਮੇਸ਼ਰ ਵੱਲ ਜੀਵਾ=ਜੀਵਾਲਣ ਵਾਲੇ ਹਨ, ਉਹਨਾਂ ਨੂੰ ਵੇਖਕੇ ਮੈਂ ਅਧਿਕ ਅਨੰਦ ਸਹਿਤ ਜੀਉਂਦਾ ਹਾਂ।

ਗੁਰੂ ਜੀ ਹਰੀ ਨਾਮ ਨੂੰ ਦ੍ਰਿੜਾਂਵਦੇ ਹਨ, ਹਰੀ ਨਾਮ ਨੂੰ ਦ੍ਰਿੜਾਉਂਦੇ ਹਨ,

ਅਥਵਾ:-ਹਰਿ=ਤਮਾਮ ਨਾਮਾਂ ਵਿੱਚੋਂ ਹਰੀ ਨਾਮ ਨੂੰ ਦ੍ਰਿੜ੍ਹ ਕਰਵਾਂਦੇ ਹਨ, ਹਰਿ ਹਰਿ ਦੇ ਰਾਮ ਨਾਮ ਨੂੰ ਜਪਕੇ ਵਿਗਸੈ=ਅਨੰਦ ਹੁੰਦੇ ਹਾਂ।

ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੰ ਨਿਧਿ ਪਾਈ॥

ਹਰਿ ਹਰਿ ਨਾਮ ਜਪਦਿਆਂ ਹਿਰਦਾ ਕੌਲ ਪਰਗਾਸੇ=ਖਿੜ ਪਿਆ ਹੈ, ਅਤੇ ਹਰੀ ਨਾਮ ਨੂੰ ਜਪਕੇ ਨਵੰ ਨਿਧਿ=ਨੌਂ ਨਿੱਧੀ ਪਾਈ ਹੈ।

ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ॥

ਹਉਮੈ ਰੂਪੀ ਰੋਗ ਮਿਟ ਗਿਆ ਹੈ, ਤੇ ਜਨਮ ਮਰਣ ਰੂਪ ਦੁੱਖ ਵੀ ਲਾਥਾ=ਲਹਿ ਗਿਆ ਹੈ, ਅਤੇ ਹਰੀ ਵਿੱਚ ਸਹਜੇ ਸਮਾਧੀ ਲੱਗ ਗਈ ਹੈ।

ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ॥

ਹਰੀ ਨਾਮ ਦੀ ਵਡਿਆਈ ਸਤਿਗੁਰਾਂ ਤੋਂ ਪਾਈ ਹੈ, ਦੇਵ=ਪ੍ਰਕਾਸ਼ ਰੂਪ ਸਤਿਗੁਰਾਂ ਦੇ ਚਰਨ ਪਰਸਕੇ ਮਨ ਨੂੰ ਸੁਖ ਹੋਇਆ ਹੈ।

ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ॥ ੨ ॥

ਸਤਿਗੁਰਾਂ ਦਾ ਦਰਸ਼ਨ ਵੇਖਕੇ ਮੈਂ ਅਧਿਕ ਅਨੰਦ ਸਹਿਤ ਜੀਉਂਦਾ ਹਾਂ, ਮੈਂ ਅਧਿਕ ਅਨੰਦ ਸਹਿਤ ਜੀਉਂਦਾ ਹਾਂ ॥ ੨ ॥

ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥

ਐਸਾ ਕੋਈ ਹੈ, ਜਿਹੜਾ ਕੋਈ ਮੈਨੂੰ ਸੰਸਾਰ ਵੱਲੋਂ ਆਣਿ=ਲਿਆਕੇ ਸੰਸਾਰ ਵੱਲੋਂ ਆਣਿ=ਲਿਆਕੇ ਰਾਮ ਰੂਪ ਪੂਰਿਆਂ ਸਤਿਗੁਰਾਂ ਨਾਲ ਮਿਲਾਵੇ। ਅਥਵਾ:-ਐਸਾ ਕੋਈ ਹੈ, ਜਿਹੜਾ ਕੋਈ ਮੈਨੂੰ ਸੰਸਾਰ ਵੱਲੋਂ ਆਣਿ=ਲਿਆਕੇ, ਤੇ ਗੁਰਾਂ ਨੂੰ ਪਰਮੇਸ਼ਰ ਵੱਲੋਂ ਆਣਿ=ਲਿਆਕੇ ਭਾਵ ਸਮਾਧੀ ਤੋਂ ਹਟਾਕੇ,

ਅਥਵਾ:-ਆਣਿ=ਦ੍ਵੈਤ ਵੱਲੋਂ ਆਣਿ=ਸੋਂਹ ਪਾਕੇ ਮੈਨੂੰ ਰਾਮ ਰੂਪ ਪੂਰਿਆਂ ਸਤਿਗੁਰਾਂ ਨਾਲ ਮਿਲਾਵੇ।

ਅਥਵਾ:-ਕੋਈ ਉਪਕਾਰੀ ਆਵੇ ਕੋਈ ਉਪਕਾਰੀ ਆਵੇ, ਜੋ ਮੈਨੂੰ ਰਾਮ ਰੂਪ ਪੂਰਿਆਂ ਸਤਿਗੁਰਾਂ ਨਾਲ ਮਿਲਾਵੇ।

ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥

ਹਉ=ਮੈਂ ਮਨ, ਤਨ, ਮੈਂ ਆਪਣਾ ਮਨ, ਤਨ ਉਸ ਨੂੰ ਭੇਟਾ ਕਰ ਦੇਵਾਂਗਾ, ਅਤੇ ਸਰੀਰ ਨਾਲੋਂ ਆਪਣਾ ਸਿਰ ਕੱਟਕੇ ਉਸ ਨੂੰ ਬੈਠਣ ਲਈ ਦੇਵਾਂਗਾ।

ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥

ਹਉ=ਮੈਂ ਆਪਣੇ ਮਨ ਤਨ ਨੂੰ ਕੱਟ ਕੱਟ ਕੇ ਉਸ ਤੋਂ ਵਾਰਨੇ ਕਰ ਦੇਵਾਂਗਾ, ਜੋ ਮੈਨੂੰ ਸਤਿਗੁਰਾਂ ਦੇ ਬਚਨ ਸੁਣਾਏਗਾ।

ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ ॥

ਵੈਰਾਗੀਆਂ ਦੀ ਨਿਆਈਂ ਮੇਰੇ ਮਨ ਵਿਚ ਵੈਰਾਗ ਹੋਇਆ ਹੈ, ਗੁਰਾਂ ਦਾ ਦਰਸ਼ਨ ਮਿਲਣ ਨਾਲ ਸੁਖ ਪਾਇਆ ਹੈ।

ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ ॥

ਹੇ ਸੁਖ ਦਾਤੇ ਹਰਿ ਹਰਿ ! ਆਪ ਕਿਰਪਾ ਕਰੋ, ਮੈਨੂੰ ਸਤਿਗੁਰਾਂ ਦੇ ਚਰਨਾਂ ਦੀ ਧੂੜੀ ਦਾ ਦਾਨ ਦੇਣਾ ਕਰੋ।

ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ॥ ੩ ॥

ਕੋਈ ਉਪਕਾਰੀ ਆਣਿ=ਆਵੇ, ਕੋਈ ਐਸਾ ਉਪਕਾਰੀ ਆਵੇ, ਜੋ ਮੈਨੂੰ ਮੇਰੇ ਪੂਰਿਆਂ ਸਤਿਗੁਰਾਂ ਨਾਲ ਮਿਲਾਵੇ ॥ ੩ ॥

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ ॥

ਗੁਰੂ ਜੇਡਾ ਦਾਤਾ ਪਿੱਛੇ ਨਹੀਂ ਸੀ, ਗੁਰੂ ਜੇਡਾ ਦਾਤਾ ਮੈਨੂੰ ਹੋਰ ਹੁਣ ਭੀ ਕੋਈ ਦਿੱਸਦਾ ਨਹੀਂ ਹੈ।

ਅਥਵਾ:- ਜੇਡੇ ਵੱਡੇ ਗੁਰੂ ਦਾਤਾ ਹਨ ਉਹਨਾਂ ਗੁਰਾਂ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥

ਜੋ ਗੁਰੂ ਹਰੀ ਨਾਮ ਦਾ ਦਾਨ, ਹਰੀ ਨਾਮ ਦਾ ਦਾਨ ਦੇਂਦੇ ਹਨ, ਅਥਵਾ:-ਹਰਿ=ਤਮਾਮ ਦਾਨਾਂ ਵਿਚੋਂ ਹਰੀ ਨਾਮ ਦਾ ਦਾਨ ਦੇਂਦੇ ਹਨ, ਉਹ ਗੁਰੂ ਹਰੀ ਰਾਮ ਨਿਰੰਜਨ ਪੁਰਖ ਦੇ ਸਰੂਪ ਹਨ।

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕਾ ਦੁਖੁ ਭਰਮੁ ਭਉ ਭਾਗਾ ॥

ਜਿਨ੍ਹਾਂ ਨੇ ਹਰਿ ਹਰਿ ਨਾਮੁ ਨੂੰ ਅਰਾਧਿਆ ਹੈ ਉਹਨਾਂ ਦਾ ਦੁੱਖ, ਭਰਮ ਤੇ ਡਰ ਭਾਗਾ=ਨਾਸ ਹੋ ਗਿਆ ਹੈ।

ਸੇਵਕ ਭਾਇ ਮਿਲੇ ਵਡਭਾਗੀ ਜਿਨ ਗੁਰ ਚਰਨੀ ਮਨੁ ਲਾਗਾ ॥

ਜਿਨ੍ਹਾਂ ਦਾ ਗੁਰ ਚਰਨਾਂ ਨਾਲ਼ ਮਨ ਲੱਗਾ ਹੈ ਉਹ ਵਡਭਾਗੀ ਸੇਵਕ ਭਾਉ ਕਰਕੇ ਪ੍ਰਭੂ ਨਾਲ ਮਿਲ ਗਏ ਹਨ।

ਕਹੁ ਨਾਨਕ ਹਰਿ ਆਪਿ ਮਿਲਾਏ ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਹਰੀ ਨੇ ਆਪ ਮਿਲਾਇਆ ਹੈ, ਉਹ ਪੁਰਖ ਨੂੰ ਸਤਿਗੁਰਾਂ ਨਾਲ ਮਿਲਕੇ ਸੁਖ ਦੀ ਪ੍ਰਾਪਤੀ ਹੋਈ ਹੈ।

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ॥ ੪ ॥ ੧ ॥

ਜੇਡੇ ਵੱਡੇ ਗੁਰੂ ਦਾਤਾ ਹਨ, ਉਹਨਾਂ ਗੁਰਾਂ ਜੇਡਾ ਵੱਡਾ, ਮੈਨੂੰ ਹੋਰ ਕੋਈ ਦਿਸਦਾ ਨਹੀਂ ਹੈ।। ੪।। ੧।।

ਵਡਹੰਸੁ ਮਹਲਾ ੪ ॥

***ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ਰਾਮ ॥**

ਮੈਂ ਰਾਮ ਰੂਪ ਗੁਰਾਂ ਤੋਂ ਬਿਨਾਂ ਮੈਂ ਗੁਰਾਂ ਤੋਂ ਬਿਨਾਂ ਖਰੀ=ਹੱਛੀ ਨਿਮਾਣੀ ਹੋ ਰਹੀ ਹਾਂ।

ਅਥਵਾ:- ਗੁਰ=ਪੂਜਨੀਕ ਜੋ ਗੁਰੂ ਹਨ ਉਹਨਾਂ ਅੱਗੇ ਬਿਨੁ=ਨਿੰਮ੍ਰਤਾ ਧਾਰੇ ਤੋਂ ਬਿਨਾਂ ਹੰਉ=ਮੈਂ ਹੱਛੀ ਨਿਮਾਣੀ ਹੋ ਰਹੀ ਹੰਉ=ਹਾਂ।

---

*ਇਸ ਛੰਦ ਦੀ ਪਹਿਲੀ ਪਉੜੀ ਵਿਚ ਹਉ ਪਦ ਚਾਰ ਵਾਰੀ ਆਇਆ ਹੈ। ਜਿਸ ਵਿਚ ਛਾਪੇ ਦੀਆਂ ਆਮ ਬੀੜਾਂ ਵਿਚ ਪਹਿਲੀ ਲਾਈਨ ਵਿਚ ਹਉ ਦੇ ਉਪਰ ਅੱਧਕ (ੱ) ਛਪੀ ਹੋਈ ਤੇ ਦੂਜੀ ਲਾਈਨ ਵਿਚ (ੰ) ਟਿੱਪੀਆਂ ਹਨ। ਪਰ ਲਿਖਤ ਦੀਆਂ ਬੀੜਾਂ ਭੀ ਦੇਖੀਆਂ ਹਨ, ਭਾਈ ਬੰਨੋ ਜੀ ਦੀ ਬੀੜ ਵਿਚ ਇਨ੍ਹਾਂ ਦੋਹਾਂ ਲਾਈਨਾਂ ਵਿਚ ਆਏ ਹਉ ਪਦ ਉੱਪਰ ਕੁਛ ਵੀ ਨਹੀਂ ਲਿਖਿਆ ਹੋਇਆ ਤੇ ਦਮਦਮੇ ਸਾਹਿਬ ਵਾਲੀ ਜੋ ਲਿਖਤ ਦੀ ਬੀੜ ਹੈ ਉਸ ਵਿਚ ਚਾਰੇ ਹਉ ਪਦਾਂ ਉੱਪਰ ਅੱਧਕ (ੱ) ਹੀ ਲੱਗੀ ਹੋਈ ਹੈ। ਅਤੇ ਸ਼ਰੋਮਣੀ ਗੁ. ਪ੍ਰਬੰਧਕ ਕਮੇਟੀ ਨੇ ਜੋ ਸੋਧ ਕੇ ਬੀੜ ਛਾਪੀ ਹੈ ਉਸ ਵਿਚ ਇੱਥੇ ਹਉ ਪਦ ਉੱਪਰ ਚਾਰੇ ਪਦਾ ਉੱਪਰ ਟਿੱਪੀ (ੰ) ਛਪੀ ਹੋਈ ਹੈ। ਅਤੇ ਕਰਤਾਰ ਪੁਰ ਸਾਹਿਬ ਵਾਲੀ ਬੀੜ ਵਿਚ ਭੀ ਚਾਰੇ "ਹੰਉ" ਪਦਾਂ ਉੱਪਰ ਟਿੱਪੀ ਹੀ ਹੈ। ਇਸ ਦੇ ਉਚਾਰਣ ਵਿਚ ਕੋਈ ਭੀ ਫਰਕ ਨਹੀਂ ਹੈ।

ਜਗਜੀਵਨੁ ਜਗਜੀਵਨੁ ਦਾਤਾ ਗੁਰ ਮੇਲਿ ਸਮਾਣੀ ਰਾਮ ॥

ਉਹ ਪ੍ਰਭੂ ਜਗਤ ਦੇ ਜੀਵਾਂ ਦਾ ਦਾਤਾ ਹੈ, ਉਹ ਪ੍ਰਭੂ ਜਗਤ ਦੇ ਜੀਵਾਂ ਦਾ ਦਾਤਾ ਹੈ, ਗੁਰੂ ਨੂੰ ਮਿਲਕੇ ਮੇਰੀ ਬੁੱਧੀ ਰਾਮ ਵਿਚ ਸਮਾਈ ਹੈ. ਅਥਵਾ:-ਜਗਤ ਦੇ ਜੀਵਨ ਦਾਤੇ ਗੁਰੂ ਨੂੰ ਮਿਲਕੇ ਮੇਰੀ ਬੁੱਧੀ ਜਗਜੀਵਨ ਰਾਮ ਵਿਚ ਸਮਾ ਗਈ ਹੈ।

ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ ਜਪਿ ਹਰਿ ਹਰਿ ਨਾਮੁ ਧਿਆਇਆ ॥

ਸਤਿਗੁਰਾਂ ਨਾਲ ਮਿਲਕੇ ਬੁੱਧੀ ਹਰੀ ਰਾਮ ਦੇ ਵਿਚਾਰ ਵਿਚ ਸਮਾ ਗਈ ਹੈ, ਜੀਭ ਨਾਲ ਹਰੀ ਨਾਮ ਨੂੰ ਜਪਿਆ ਅਤੇ ਮਨ ਕਰਕੇ ਹਰੀ ਨਾਮ ਨੂੰ ਧਿਆਇਆ ਹੈ।

ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ ॥

ਜਿਸ ਨੂੰ ਢੂੰਢਣ ਵਾਸਤੇ ਮੈਂ ਬਾਹਰ ਢੂੰਢਦੀ ਫਿਰਦੀ ਸਾਂ ਉਸ ਹਰੀ ਸੱਜਣ ਨੂੰ ਮੈਂ ਹਿਰਦੇ ਘਰ ਵਿਚੋਂ ਹੀ ਪਾ ਲਿਆ ਹੈ।

(ਪੰਨਾ ੫੭੩) ਏਕ ਦ੍ਰਿਸ੍ਟਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ ॥

ਇੱਕ ਸਮ ਦ੍ਰਿਸ਼ਟੀ ਕਰਕੇ ਸਾਰਿਆਂ ਵਿਚ ਇੱਕ ਹਰੀ ਨੂੰ ਜਾਤਾ=ਜਾਣਿਆ ਹੈ, ਆਤਮਾ ਨੂੰ ਹਰੀ ਰਾਮ ਰੂਪ ਕਰਕੇ ਪਛਾਣਿਆ ਹੈ।

ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ॥ ੧ ॥

ਮੈਂ ਗੁਰਾਂ ਤੋਂ ਬਿਨਾਂ ਹੱਛੀ ਨਿਮਾਣੀ ਹਾਂ, ਮੈਂ ਗੁਰਾਂ ਤੋਂ ਬਿਨਾਂ ਹੱਛੀ ਨਿਮਾਣੀ ਹਾਂ ॥੧॥

ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ
ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ ਹੈ, ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ ਹੈ, ਅਥਵਾ:-ਜਿਨ੍ਹਾਂ ਜਿਨ੍ਹਾਂ ਸੰਤ=ਤ੍ਰੈਕਾਲ ਅਬਾਧ ਗੁਰੁ=ਪੂਜਨੀਕ ਸਤਿਗੁਰਾਂ ਨੂੰ ਪਾਇਆ ਹੈ, ਉਨ੍ਹਾਂ ਸਭਨਾਂ ਨੂੰ ਹਰੀ ਪ੍ਰਭੂ ਨੇ ਆਪਣੇ ਮੇਲ ਨਾਲ ਮਿਲਾ ਲਿਆ ਹੈ।

ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨ ਕੈ ਪਾਏ ਰਾਮ ॥

ਉਨ੍ਹਾਂ ਦੇ ਚਰਨਾਂ ਨੂੰ ਉਨ੍ਹਾਂ ਦੇ ਚਰਨਾਂ ਨੂੰ ਸੇਂਵਦੇ ਹਾਂ, ਅਥਵਾ:-ਉਨ੍ਹਾਂ ਦੇ ਚਰਨਾਂ ਵਿਚ ਪੁੱਜਕੇ ਉਨ੍ਹਾਂ ਦੇ ਚਰਨਾਂ ਨੂੰ ਸੇਂਵਦੇ ਹਾਂ। ਰਾਮ=ਹੇ ਭਾਈ ! ਅਸੀਂ ਉਨ੍ਹਾਂ ਦੇ ਚਰਣੀ ਲੱਗਦੇ ਹਾਂ।

ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧ੍ਯਾਇਆ ॥

ਹੇ ਹਰਿ ਹਰਿ ! ਅਸੀਂ ਉਨ੍ਹਾਂ ਦੇ ਚਰਨਾਂ ਨੂੰ ਸੇਂਵਦੇ ਹਾਂ, ਜਿਨ੍ਹਾਂ ਨੇ ਪ੍ਰਭੂ ਰੂਪ ਜਾਣਕੇ ਸਤਿਗੁਰ ਪੁਰਖਾਂ ਨੂੰ ਧਿਆਇਆ ਹੈ। ਅਥਵਾ:-ਜਿਨ੍ਹਾਂ ਨੇ ਸਤਿਗੁਰਾਂ ਦੁਆਰੇ ਪ੍ਰਭੂ ਪੁਰਖ ਨੂੰ ਧਿਆਉਣਾ ਕੀਤਾ ਹੈ।

ਤੂ ਵਡਦਾਤਾ ਅੰਤਰਜਾਮੀ ਮੇਰੀ ਸਰਧਾ ਪੂਰਿ ਹਰਿ ਰਾਇਆ ॥

ਹੇ ਹਰੀ ਰਾਜੇ ! ਤੂੰ ਵੱਡਾ ਦਾਤਾ ਤੇ ਅੰਤਰਜਾਮੀ ਹੈਂ, ਮੇਰੀ ਸ਼ਰਧਾ ਪੂਰੀ ਕਰ।

ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ ॥

ਗੁਰ-ਸਿੱਖਿਆ ਨਾਲ ਮੇਲ, ਅਥਵਾ:-ਉਨ੍ਹਾਂ ਗੁਰਸਿੱਖਾਂ ਨਾਲ ਮੇਲ ਜੋ ਰਾਤ-ਦਿਨ ਰਾਮ ਦੇ ਗੁਣ ਗਾਂਵਦੇ ਹਨ ਤਾਂ ਮੇਰੀ ਸ਼ਰਧਾ ਪੂਰੀ ਹੋਵੇਗੀ।

ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨ ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ ਹੈ, ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ ਹੈ, ਉਨ੍ਹਾਂ ਨੂੰ ਹਰੀ ਪ੍ਰਭੂ ਨੇ ਆਪਣੇ ਮੇਲ ਨਾਲ ਮਿਲਾਇਆ ਹੈ॥ ੨ ॥

ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ਰਾਮ ॥

ਮੈਂ ਬਲਿਹਾਰ ਜਾਂਦਾ ਹਾਂ, ਮੈਂ ਬਲਿਹਾਰ ਜਾਂਦਾ ਹਾਂ, ਅਥਵਾ:-ਹੰਗਤਾ ਰੂਪੀ ਵਾੜ ਨੂੰ ਸਾੜ ਕੇ ਮੈਂ ਬਲਿਹਾਰ ਜਾਂਦਾ ਹਾਂ, ਜੋ ਰਾਮ ਦੇ ਪਿਆਰੇ ਗੁਰਾਂ ਦੇ ਮਿੱਤਰ ਸਿੱਖ ਹਨ।

ਹਰਿ ਨਾਮੋ ਹਰਿ ਨਾਮੁ ਸੁਣਾਏ ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ ॥

ਹਰੀ ਨਾਮ ਨੂੰ ਹਰੀ ਨਾਮ ਨੂੰ ਸੁਣਾਂਵਦੇ ਹਨ, ਅਥਵਾ:- ਹਰਿ=ਤਮਾਮ ਨਾਮਾਂ ਵਿੱਚੋਂ ਹਰੀ ਨਾਮ ਨੂੰ ਸੁਣਾਉਂਦੇ ਹਨ, ਮੇਰਾ ਪ੍ਰੀਤਮ ਜੋ ਰਾਮ ਹੈ ਉਸ ਦਾ ਮੈਨੂੰ ਅਧਾਰੋ=ਆਸਰਾ ਹੈ।

ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥

ਹਰਿ ਹਰਿ ਦਾ ਨਾਮ ਹੀ ਮੇਰੇ ਪ੍ਰਾਣਾਂ ਦਾ ਸਖਾਈ=ਮਿੱਤਰ (ਸਹਾਇਤਾ ਕਰਨ ਵਾਲਾ) ਹੈ, ਮੈਂ ਉਸ ਤੋਂ ਬਿਨਾਂ ਇੱਕ ਘੜੀ ਤੇ ਨਿਮਖ ਭਰ ਵੀ ਜੀਉਂਦਾ ਨਹੀਂ ਰਹਿ ਸਕਦਾ।

ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ ॥

ਸੁਖ ਦਾਤਾ ਹਰਿ ਹਰਿ ਕਿਰਪਾ ਕਰੇ ਤਾਂ ਗੁਰਾਂ ਦੁਆਰੇ ਹਰੀ ਨਾਮ ਅੰਮ੍ਰਿਤ ਨੂੰ ਪੀਵਾਂਗਾ॥

ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ ॥

ਹਰੀ ਆਪ ਹੀ ਸ਼ਰਧਾ ਲਗਾ ਕੇ ਮਿਲਾਂਵਦਾ ਹੈ, ਹਰੀ ਆਪੇ ਆਪ ਹੀ ਉਸ ਦੇ ਅੰਤਹਕਰਣ ਨੂੰ ਸਵਾਰਦਾ ਹੈ।

ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ॥ ੩ ॥

ਗੁਰੂ ਦੇ ਸਿੱਖ ਜੋ ਪਿਆਰੇ ਮਿੱਤਰ ਹਨ, ਉਨ੍ਹਾਂ ਤੋਂ ਮੈਂ ਬਲਿਹਾਰ, ਮੈਂ ਕੁਰਬਾਨ ਜਾਂਦਾ ਹਾਂ॥ ੩ ॥

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ਰਾਮ ॥

ਪਿੱਛੇ ਵੀ ਹਰੀ ਆਪ ਸੀ, ਹੁਣ ਭੀ ਹਰੀ ਆਪ ਹੈ, ਅਥਵਾ:-ਹਰੀ ਆਪੇ ਆਪਿ=ਸੁਤੰਤ੍ਰ ਹੈ ਸੋਈ=ਉਹੀ ਹਰੀ ਰਾਮ ਨਿਰੰਜਨ ਪੁਰਖ ਹੈ।

ਹਰਿ ਆਪੇ ਹਰਿ ਆਪੇ ਮੇਲੈ ਕਰੈ ਸੋ ਹੋਈ ਰਾਮ ॥

ਹਰੀ ਆਪ ਹੀ ਮੇਲਦਾ ਹੈ ਹਰੀ ਆਪ ਹੀ ਮੇਲਦਾ ਹੈ, ਅਥਵਾ:- ਆਪ ਹੀ ਮੇਲਦਾ ਹੈ, ਫਿਰ ਆਪ ਹੀ ਹਰੀ ਰਾਮ ਜੋ ਕੁਝ ਕਰਦਾ ਹੇ ਉਹ ਕੁਝ ਹੀ ਹੁੰਦਾ ਹੈ।

ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ ॥

ਜੋ ਹਰੀ ਪ੍ਰਭੂ ਨੂੰ ਭਾਉਂਦਾ ਹੈ ਓਹੀ ਹੁੰਦਾ ਹੈ, ਉਸ ਤੋਂ ਬਿਨਾਂ ਹੋਰ ਕੁਝ ਨਹੀਂ ਕੀਤਾ ਜਾਂਦਾ।

ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ ॥

ਬਹੁਤੀਆਂ ਸਿਆਣਪਾਂ ਨਾਲ ਭੀ ਉਸ ਦਾ ਭੇਦ ਲਿਆ ਨਹੀਂ ਜਾਂਦਾ, ਸਾਰੇ ਚਤੁਰਾਈਆਂ ਕਰਨ ਵਾਲੇ ਥੱਕ ਗਏ ਹਨ।

ਗੁਰ ਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਨੇ ਗੁਰਾਂ ਦੀ ਕਿਰਪਾ ਨਾਲ ਵੇਖਿਆ ਹੈ, ਮੈਨੂੰ ਹਰੀ ਤੋਂ ਬਿਨਾਂ ਹੋਰ ਕੋਈ ਨਹੀਂ ਦਿੱਸਦਾ।

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ॥ ੪ ॥ ੨ ॥

ਉਹ ਹਰੀ ਆਪ ਹੀ ਪੁਰਖ ਰੂਪ ਹੈ, ਉਹ ਹਰੀ ਆਪ ਹੀ ਨਿਰੰਜਨ ਰੂਪ ਹੈ ॥ ੪ ॥ ੨ ॥

ਵਡਹੰਸੁ ਮਹਲਾ ੪ ॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ
ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥

ਹੇ ਹਰੀ ! ਸਤਿਗੁਰਾਂ ਨਾਲ ਮੇਲ, ਹੇ ਹਰੀ ! ਸਤਿਗੁਰਾਂ ਨਾਲ ਮੇਲ। ਅਥਵਾ:-ਹੇ ਹਰੀ ਜਿਨ੍ਹਾਂ ਸਤਿਗੁਰਾਂ ਨਾਲ ਤੂੰ ਮਿਲਿਆ ਹੋਇਆ ਹੈਂ ਹੇ ਹਰੀ ! ਉਨ੍ਹਾਂ ਸਤਿਗੁਰਾਂ ਨਾਲ ਮੈਨੂੰ ਮੇਲ, ਹਰੀ ਸਰੂਪ ਸਤਿਗੁਰਾਂ ਦੇ ਚਰਨਾਂ ਦਾ ਧਿਆਨ ਮੈਨੂੰ ਭਾਇਆ=ਚੰਗਾ ਲੱਗਾ ਹੈ।

ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥

ਜਿਸ ਵੇਲੇ ਰਾਮ ਰੂਪ ਗੁਰਾਂ ਨੇ ਬੁੱਧੀ ਰੂਪ ਅੱਖਾਂ ਵਿਚ "ਗੁਰ ਗਿਆਨੁ ਅੰਜਨੁ"=ਅਪ੍ਰੋਖ ਗਿਆਨ ਰੂਪੀ ਸੁਰਮਾ ਪਾਇਆ, ਤਾਂ ਤਿਮਰ=ਅਤਸੇ ਕਰਕੇ ਅਗਿਆਨ ਰੂਪ ਤਿਮਰ=ਅਨ੍ਹੇਰਾ ਗਵਾਇਆ=ਦੂਰ ਹੋ ਗਿਆ।

ਗੁਰ ਗਿਆਨ ਅੰਜਨੁ ਸਤਿਗੁਰੁ ਪਾਇਆ ਅਗਿਆਨ ਅੰਧੇਰ ਬਿਨਾਸੇ ॥

ਜਿਸ ਵੇਲੇ ਸਤਿਗੁਰਾਂ ਬੁੱਧੀ ਰੂਪੀ ਅੱਖਾਂ ਵਿੱਚ ਗੁਰ ਗਿਆਨ ਅੰਜਨੁ=ਅਪ੍ਰੋਖ ਗਿਆਨ ਰੂਪੀ ਸੁਰਮਾ ਪਾਇਆ ਤਾਂ ਅਗਿਆਨ ਰੂਪੀ ਅਨ੍ਹੇਰਾ ਬਿਨਾਸੇ=ਦੂਰ ਹੋ ਗਿਆ।

ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥

ਸਤਿਗੁਰਾਂ ਦੀ ਸੇਵਾ ਕਰਕੇ ਸ੍ਵਾਸ ਲੈਂਦਿਆਂ ਗਿਰਾਸ=ਭੋਜਨ ਖਾਂਦਿਆਂ ਹਰੀ ਨਾਮ ਨੂੰ ਜਪਿਆ ਤਾਂ ਪਰਮ ਪਦਵੀ ਨੂੰ ਪਾਇਆ।

ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥

ਜਿਨ੍ਹਾਂ ਨੂੰ ਹਰੀ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ, ਉਨ੍ਹਾਂ ਨੂੰ ਸਤਿਗੁਰਾਂ ਦੀ ਸੇਵਾ ਵਿੱਚ ਲਗਾਇਆ ਹੈ।

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧ ॥

ਹੇ ਹਰੀ ! ਸਤਿਗੁਰਾਂ ਨਾਲ ਮੇਲ, ਹੇ ਹਰੀ ! ਸਤਿਗੁਰਾਂ ਨਾਲ ਮੇਲ, ਹਰੀ ਸ੍ਵਰੂਪ ਸਤਿਗੁਰਾਂ ਦੇ ਚਰਨਾਂ ਦਾ ਧਿਆਨ ਮੈਨੂੰ ਭਾਇਆ=ਚੰਗਾ ਲੱਗਾ ਹੈ॥ ੧ ॥

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥

ਮੇਰਾ ਸਤਿਗੁਰੂ ਪਿਆਰਾ ਹੈ, ਮੇਰਾ ਸਤਿਗੁਰੂ ਪਿਆਰਾ ਹੈ, ਅਥਵਾ:-ਮੇਰਾ ਆਸਰਾ ਸਤਿਗੁਰੂ ਹੈ, ਮੇਰਾ ਪਿਆਰਾ ਭੀ ਸਤਿਗੁਰੂ ਹੈ, ਮੈਥੋਂ ਰਾਮ ਸਰੂਪ ਗੁਰਾਂ ਤੋਂ ਬਿਨਾਂ ਰਿਹਾ ਨਹੀਂ ਜਾਂਦਾ।

ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ ॥

ਹਰੀ ਨਾਮ ਨੂੰ ਹਰੀ ਨਾਮ ਨੂੰ ਦੇਂਦੇ ਹਨ, ਵਾ:-ਹਰਿ=ਭਮਾਮ ਨਾਮਾਂ ਵਿੱਚੋਂ ਹਰੀ ਨਾਮ ਨੂੰ ਦੇਂਦੇ ਹਨ, ਜੋ ਰਾਮ ਨਾਮ ਅੰਤਮ ਸਮੇਂ ਮੇਰਾ ਸਖਾਈ=ਸਹਾਈ ਹੈ।

ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥

ਹਰਿ ਹਰਿ ਨਾਮ ਹੀ ਮੇਰਾ ਅੰਤ ਸਮੇਂ ਸਹਾਇਤਾ ਕਰਨ ਵਾਲਾ ਹੈ, ਗੁਰਿ=ਪੂਜਨੀਕ ਸਤਿਗੁਰਾਂ ਨੇ ਨਾਮ ਦ੍ਰਿੜ੍ਹ ਕਰਵਾਇਆ ਹੈ।

ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥

ਜਿਸ ਜਗ੍ਹਾ ਪੁੱਤਰ ਕਲਤ੍ਰ=ਇਸਤ੍ਰੀ ਆਦਿਕ ਕੋਈ ਭੀ ਸਬੰਧੀ ਮਿੱਤਰ ਨਹੀਂ ਹੁੰਦਾ, ਓਥੇ ਹਰਿ ਹਰਿ ਦਾ ਨਾਮ ਹੀ ਛੁਡਾਉਂਦਾ ਹੈ।

ਯਥਾ:- ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ (ਪੰਨਾ ੨੬੪)

ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥

ਨਿਰੰਜਨ ਪੁਰਖ ਦੇ ਰੂਪ ਸਤਿਗੁਰੂ ਧੰਨ ਧੰਨ ਹਨ, ਜਿਸ ਗੁਰੂ ਨੂੰ ਮਿਲ ਕੇ ਹਰੀ ਨਾਮ ਨੂੰ ਧਿਆਈਦਾ ਹੈ।

(ਪੰਨਾ ੫੭੪)

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨ ॥

ਸਤਿਗੁਰੂ ਮੇਰਾ ਪਿਆਰਾ ਹੈ, ਸਤਿਗੁਰੂ ਮੇਰਾ ਪਿਆਰਾ ਹੈ, ਮੈਥੋਂ ਗੁਰਾਂ ਤੋਂ ਬਿਨਾਂ ਰਿਹਾ ਨਹੀਂ ਜਾਂਦਾ॥ ੨ ॥

ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ ॥

ਰਾਮ ਰੂਪ ਸਤਿਗੁਰ ਪੁਰਖਾਂ ਦਾ ਦਰਸ਼ਨ ਜਿਨ੍ਹਾਂ ਨੇ ਨਹੀਂ ਪਾਇਆ, ਜਿਨ੍ਹਾਂ ਨੇ ਦਰਸ਼ਨ ਨਹੀਂ ਪਾਇਆ।

ਅਥਵਾ:-ਜਿਨ੍ਹਾਂ ਜਿਨ੍ਹਾਂ ਨੇ ਦਰਸ਼ਨਾਂ ਵਿੱਚੋਂ ਰੂਪ ਸਤਿਗੁਰ ਪੁਰਖਾਂ ਦਾ ਦਰਸ਼ਨ ਨਹੀਂ ਪਾਇਆ।

ਤਿਹ ਨਿਹਫਲੁ ਤਿਨ ਨਿਹਫਲੁ ਜਨਮੁ ਸੰਭੁ ਬ੍ਰਿਥਾ ਗਵਾਇਆ ਰਾਮ ॥

ਉਨ੍ਹਾਂ ਦਾ ਮਨੁੱਖਾ ਜਨਮ ਨਿਸਫਲ ਹੈ ਨਿਸਫਲ ਹੈ, ਉਨ੍ਹਾਂ ਨੇ ਸਾਰਾ ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ। ਅਥਵਾ:-ਉਨ੍ਹਾਂ ਨੇ ਨਿਸਫਲ ਪੁਰਸ਼ਾਂ ਨਾਲ ਮਿਲਕੇ, ਨਿਸਫਲ ਕਰਮ ਕਰਕੇ ਸਾਰਾ ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ। ਅਥਵਾ:-ਉਨ੍ਹਾਂ ਦੇ ਸਾਰੇ ਕਰਮ ਨਿਸਫਲ ਹਨ, ਉਨ੍ਹਾਂ ਦਾ ਜਨਮ ਭੀ ਨਿਸਫਲ ਹੈ ਕਿਉਂਕਿ ਉਨ੍ਹਾਂ ਨੇ ਨਾਮ ਤੋਂ ਬਿਨਾਂ ਸਾਰਾ ਸਮਾਂ ਨਿਸਫਲ ਗਵਾਇਆ ਹੈ।

ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥

ਉਨ੍ਹਾਂ ਨੇ ਮਨੁੱਖਾ ਜਨਮ ਨਿਸਫਲ ਕੰਮਾਂ ਵਿੱਚ ਲੱਗ ਕੇ ਵਿਅਰਥ ਗੁਆਇਆ ਹੈ, ਉਹ ਸਾਕਤ ਮਰਿ=ਭਹਿਕੀਕ (ਨਿਸਚੇ) ਕਰਕੇ ਝੁਰ-ਝੁਰ ਕੇ ਮਰਦੇ ਹਨ।

ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥

ਘਰ ਵਿੱਚ ਅਮੋਲਕ ਪਦਾਰਥ ਦੇ ਹੁੰਦਿਆਂ ਹੋਇਆਂ ਭੀ ਭਾਗਾਂ ਤੋਂ ਬਿਨਾਂ ਹਰੀ ਤੋਂ ਦੂਰ ਰਹਿ ਕੇ ਭੁੱਖੇ ਮਰਦੇ ਹਨ।

ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥

ਹੇ ਹਰਿ ਹਰਿ ! ਉਨ੍ਹਾਂ ਦਾ ਦਰਸ਼ਨ ਨਾ ਕਰਵਾਓ, ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਨਹੀਂ ਧਿਆਇਆ।

ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ॥ ੩ ॥

ਜਿਨ੍ਹਾਂ ਜਿਨ੍ਹਾਂ ਨੇ ਦਰਸ਼ਨਾਂ ਵਿੱਚੋਂ ਸਤਿਗੁਰ ਪੁਰਖਾਂ ਦਾ ਦਰਸ਼ਨ ਨਹੀਂ ਪਾਇਆ, ਉਹਨਾਂ ਦਾ ਜਨਮ ਨਿਸਫਲ ਹੈ॥ ੩ ॥

ਹਮ ਚਾੜ੍ਰਿਕ ਹਮ ਚਾੜ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ ॥

ਅਸੀਂ ਚਾੜ੍ਰਿਕ ਅਸੀਂ ਚਾੜ੍ਰਿਕ ਦੀਨ ਮਨ ਹੋ ਕੇ, ਹਰੀ ਰਾਮ ਦੇ ਪਾਸ ਬੇਨਤੀ ਕਰਦੇ ਹਾਂ।

ਅਥਵਾ:-ਜਿਵੇਂ ਹਮ=ਤਮਾਮ ਪਪੀਹੇ ਪੁਕਾਰਦੇ ਹਨ, ਤਿਵੇਂ ਅਸੀਂ ਜਗਿਆਸੂ ਰੂਪ ਚਾੜ੍ਰਿਕ, ਦੀਨ ਮਨ ਹੋ ਕੇ ਹਰੀ ਰਾਮ ਦੇ ਪਾਸ ਬੇਨਤੀ ਕਰਦੇ ਹਾਂ।

ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ ॥

ਮੇਰੇ ਪਿਆਰੇ ਗੁਰਾਂ ਨਾਲ ਮੇਲ, ਗੁਰਾਂ ਨਾਲ ਮੇਲ ਅਥਵਾ:-ਜਿਨ੍ਹਾਂ ਗੁਰਾਂ ਨਾਲ ਤੂੰ ਮਿਲਿਆ ਹੋਇਆ ਹੈਂ, ਤੇ ਜਿਹੜੇ ਗੁਰੂ ਤੇਰੇ ਨਾਲ ਮਿਲੇ ਹੋਏ ਹਨ ਉਹਨਾਂ ਪਿਆਰਿਆਂ ਗੁਰਾਂ ਨਾਲ ਮੇਲ, ਤਾਂ ਕਿ ਅਸੀਂ ਸਤਿਗੁਰਾਂ ਦੀ ਸੇਵਾ ਰੂਪ ਭਗਤੀ ਕਰੀਏ।

ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥

ਜਾਂ ਹਰੀ ਪ੍ਰਭੂ ਕਿਰਪਾ ਦ੍ਰਿਸ਼ਟੀ ਧਾਰੇ, ਤਾਂ ਹਰਿ ਹਰਿ ਸਰੂਪ ਸਤਿਗੁਰਾਂ ਦੀ ਭਗਤੀ ਕਰਾਂਗੇ।

ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮਾਰੇ॥

ਮੈ ਜਾਣਿਆ ਹੈ ਕਿ ਗੁਰਾਂ ਤੋਂ ਬਿਨਾਂ ਹੋਰ ਕੋਈ ਸਾਥੀ ਨਹੀਂ ਹੈ, ਇਸ ਲਈ ਗੁਰੂ=ਪੂਜਨੀਕ ਸਤਿਗੁਰੂ ਹੀ ਅਸਾਡੇ ਪ੍ਰਾਣ ਰੂਪ ਹਨ।

ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਨੇ ਮੈਨੂੰ ਨਾਮ ਦ੍ਰਿੜ੍ਹ ਕਰਵਾਇਆ ਹੈ, ਕਿਹੜਾ ਨਾਮ ?

ਉੱਤਰ:- ਹਰੀ ਜੋ ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ ਉਸ ਦਾ ਸਤੀ=ਸਤਿਨਾਮੁ ਦ੍ਰਿੜ੍ਹ ਕਰਵਾਇਆ ਹੈ।

ਹਮ ਚਾੜ੍ਰਿਕ ਹਮ ਚਾੜ੍ਰਿਕ ਦੀਨ ਹਰਿ ਪਾਸਿ ਬੇਨੰਤੀ॥ ੪॥ ੩॥

ਹਮ=ਤਮਾਮ ਚਾੜ੍ਰਿਕਾਂ ਦੀ ਨਿਆਈਂ ਅਸੀਂ ਜਗਿਆਸੂ ਰੂਪ ਪਪੀਹੇ, ਦੀਨ ਮਨ ਹੋ ਕੇ ਹਰੀ ਪਾਸ ਬੇਨਤੀ ਕਰਦੇ ਹਾਂ॥ ੪॥ ੩॥

ਵਡਹੰਸੁ ਮਹਲਾ ੪॥

ਹਰਿ ਕਿਰਪਾ ਹਰਿ ਕਿਰਪਾ ਕਰਿ ਸਤਿਗੁਰੁ ਮੇਲਿ ਸੁਖਦਾਤਾ ਰਾਮ॥

ਹੇ ਹਰੀ ! ਕਿਰਪਾ ਕਰ, ਹੇ ਹਰੀ ! ਕਿਰਪਾ ਕਰ, ਅਥਵਾ:-ਹੇ ਹਰਿ ਹਰਿ ਕਿਰਪਾ ਦੀ ਖਾਨ ! ਤੂੰ ਕਿਰਪਾ ਕਰ, ਅਥਵਾ:-ਹੇ ਕਿਰਪਾਲੂ ਹਰੀ ! ਹਰ ਤਰ੍ਹਾਂ ਦੀ ਕਿਰਪਾ ਕਰਕੇ ਰਾਮ ਰੂਪ ਸੁਖਦਾਤੇ ਸਤਿਗੁਰਾਂ ਨਾਲ ਮੇਲਣਾ ਕਰ।

ਹਮ ਪੂਛਹ ਹਮ ਪੂਛਹ ਸਤਿਗੁਰ ਪਾਸਿ ਹਰਿ ਬਾਤਾ ਰਾਮ॥

ਅਸੀਂ ਪੁੱਛਦੇ ਹਾਂ, ਅਸੀਂ ਪੁੱਛਦੇ ਹਾਂ, ਅਥਵਾ:- ਜਿਵੇਂ ਹਮ=ਤਮਾਮ ਜੀਵ ਪੁੱਛਦੇ ਹਨ ਤਿਵੇਂ ਅਸੀਂ ਭੀ ਪੁੱਛਦੇ ਹਾਂ ਸਤਿਗੁਰਾਂ ਦੇ ਪਾਸੋਂ ਹਰੀ ਰਾਮ ਦੀਆਂ ਬਾਤਾ=ਗੱਲਾਂ ਨੂੰ।

ਸਤਿਗੁਰ ਪਾਸਿ ਹਰਿ ਬਾਤ ਪੂਛਹ ਜਿਨਿ ਨਾਮੁ ਪਦਾਰਥੁ ਪਾਇਆ॥

ਉਹਨਾਂ ਸਤਿਗੁਰਾਂ ਪਾਸੋਂ ਹਰੀ ਦੀਆਂ ਗੱਲਾਂ ਪੁੱਛਦੇ ਹਾਂ, ਜਿਨ੍ਹਾਂ ਨੇ ਨਾਮ ਪਦਾਰਥ ਨੂੰ ਪਾਇਆ ਹੋਇਆ ਹੈ।

ਪਾਇ ਲਗਹ ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ॥

ਗੁਰੂ ਦੀ ਪਾਇ=ਚਰਨੀ ਲੱਗਕੇ ਨਿੱਤ ਬੇਨਤੀ ਕਰਦੇ ਹਾਂ, ਕਿਉਂਕਿ ਗੁਰਿ=ਪੂਜਨੀਕ ਸਤਗੁਰ ਨੇ ਪ੍ਰਭੂ ਦੀ ਪ੍ਰਾਪਤੀ ਦਾ ਪੰਥੁ=ਰਸਤਾ ਦੱਸਿਆ ਹੈ।

ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ ਹਰਿ ਹਰਿ ਨਾਮਿ ਹਰਿ ਰਾਤਾ॥

ਸੋਈ=ਉਹ ਅਸਲ ਭਗਤ ਹੈ, ਜਿਹੜਾ ਦੁਖ ਸੁਖ ਨੂੰ ਸੁਮਤੁ=ਸਮਾਨ ਕਰਿ=ਕਰਕੇ ਜਾਣੈ=ਜਾਣਦਾ ਹੈ, ਅਤੇ ਹਰੀ ਦੇ ਹਰਿ ਹਰਿ ਨਾਮ ਵਿੱਚ ਰੱਤਾ ਰਹਿੰਦਾ ਹੈ।

ਹਰਿ ਕਿਰਪਾ ਹਰਿ ਕਿਰਪਾ ਕਰਿ ਗੁਰੁ ਸਤਿਗੁਰੁ ਮੇਲਿ ਸੁਖਦਾਤਾ ॥ ੧ ॥

ਹੇ ਕਿਰਪਾਲੂ ਹਰੀ ! ਹਰ ਤਰ੍ਹਾਂ ਦੀ ਕਿਰਪਾ ਕਰਕੇ ਗੁਰੁ=ਪੂਜਨੀਕ ਸੁਖਦਾਤੇ ਸਤਿਗੁਰਾਂ ਨਾਲ ਮੇਲਣਾ ਕਰ ॥ ੧ ॥

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹੰਉਮੈ ਪਾਪਾ ਰਾਮ ॥

ਗੁਰਮੁਖ ਹੋ ਕੇ ਨਾਮ ਸੁਣ, ਗੁਰਮੁਖ ਹੋ ਕੇ ਨਾਮ ਸੁਣ, ਅਥਵਾ:-ਗੁਰ+ਮੁਖਿ=ਗੁਰ=ਚੇਤਨ ਮੁਖਿ=ਅਧਿਸਠਾਨ ਰੂਪ ਪਰਮੇਸ਼ਰ ਦੇ ਨਾਮ ਨੂੰ ਗੁਰਮੁਖਿ=ਗੁਰਾਂ ਦੁਆਰੇ ਸੁਣਿ=ਕੰਨਾਂ ਵਿੱਚ ਸੁਣ, ਤਾਂ ਹਉਮੈ ਆਦਿਕ ਸਾਰੇ ਪਾਪ ਬਿਨਸ ਜਾਣਗੇ।

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥

ਹਰਿ ਹਰਿ ਨਾਮ ਨੂੰ ਜਪ, ਹਰਿ ਹਰਿ ਨਾਮ ਨੂੰ ਜਪ, ਅਥਵਾ:- ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ ਜਪਣੇ ਜੋਗ ਉਹ ਹਰੀ ਦੇ ਨਾਮ ਜਪ ਨੂੰ ਜਪਦਾ ਕਰ, ਜਗਤ ਦੇ ਸਾਰੇ ਤਾਪ ਲਹਿ ਜਾਣਗੇ।

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥

ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਅਰਾਧਿਆ ਹੈ, ਹਰੀ ਨੇ ਉਹਨਾਂ ਦੇ ਦੁੱਖ ਤੇ ਪਾਪ ਸਾਰੇ ਨਿਵਿਰਤ ਕਰ ਦਿੱਤੇ ਹਨ।

ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥

ਸਤਿਗੁਰਾਂ ਨੇ ਗਿਆਨ ਰੂਪੀ ਖੜਗੁ=ਖੰਡਾ ਜਿਸ ਵੇਲੇ ਮਨ ਰੂਪੀ ਹੱਥ ਵਿੱਚ ਫੜਾ ਦਿੱਤਾ, ਤਾਂ ਮਾਰਨ ਵਾਲੇ ਜਮਾਂ ਦੇ ਦੂਤ ਬਿਦਾਰੇ=ਨਾਸ ਕਰ ਦਿੱਤੇ।

ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੈ ਦੁਖ ਲਾਥੇ ਪਾਪ ਸੰਤਾਪਾ ॥

ਜਿਸ ਵੇਲੇ ਸੁਖ ਦਾਤੇ ਹਰੀ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਧਾਰੀ, ਤਾਂ ਸਾਰੇ ਪਾਪ, ਸੰਤਾਪ ਤੇ ਦੁੱਖ ਲਹਿ ਗਏ।

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥ ੨ ॥

ਗੁਰਮੁਖ ਹੋ ਕੇ ਨਾਮ ਨੂੰ ਸੁਣ, ਗੁਰਮੁਖ ਹੋ ਕੇ ਨਾਮ ਨੂੰ ਸੁਣ, ਨਾਮ ਦੇ ਸੁਣਦਿਆਂ ਹੀ ਹਉਮੈ ਆਦਿਕ ਸਾਰੇ ਪਾਪ ਬਿਨਸ ਜਾਂਦੇ ਹਨ ॥ ੨ ॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ ॥

ਹਰਿ ਹਰਿ ਨਾਮ ਨੂੰ ਜਪ, ਹਰਿ ਹਰਿ ਨਾਮ ਨੂੰ ਜਪ, ਹਰੀ ਰਾਮ ਦਾ ਨਾਮ ਹੀ ਮੇਰੇ ਮਨ ਨੂੰ ਭਾਇਆ=ਚੰਗਾ ਲਗਾ ਹੈ।

ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥

ਮੁਖ ਗੁਰਾਂ ਦੁਆਰੇ ਮੁਖ ਗੁਰਾਂ ਦੁਆਰੇ ਨਾਮ ਨੂੰ ਜਪਕੇ ਸਾਰਿਆਂ ਰੋਗਾਂ ਨੂੰ ਗੁਆ ਦਿੱਤਾ ਹੈ।

ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥

ਗੁਰਾਂ ਦੁਆਰੇ ਰਾਮ ਨਾਮ ਜਪਕੇ ਸਾਰਿਆਂ ਰੋਗਾਂ ਨੂੰ ਗੁਆ ਦਿੱਤਾ ਹੈ, ਅਤੇ ਸਰੀਰ ਅਰੋਗ ਹੋ ਗਿਆ ਹੈ।

ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥

ਜਿਸ ਵੇਲੇ ਗਹਿਰ ਗੰਭੀਰ ਹਰੀ ਨੂੰ ਜਪਿਆ, ਤਾਂ ਰਾਤ-ਦਿਨ ਹਰੀ ਵਿੱਚ ਸਹਜ ਸਮਾਧਿ=ਨਿਰਵਿਕਲਪ ਸਮਾਧੀ ਲੱਗ ਗਈ।

ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥

ਜਾਤਿ=ਉੱਚ ਜਾਤੀ ਤੇ ਅਜਾਤਿ=ਨੀਚ ਜਾਤੀ ਵਾਲਿਆਂ ਵਿੱਚੋਂ ਜਿਸ ਨੇ ਭੀ ਨਾਮ ਨੂੰ ਧਿਆਇਆ ਹੈ ਤਿਸ ਨੇ ਮੁਕਤੀ ਰੂਪ ਪਰਮ ਪਦਾਰਥ ਨੂੰ ਪਾ ਲਿਆ ਹੈ।

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥ ੩ ॥

ਹਰਿ ਹਰਿ ਨਾਮ ਜਪਦਾ ਹਾਂ, ਕਿਉਂਕਿ ਹਰਿ ਹਰਿ ਨਾਮ ਜਪਣਾ ਹੀ ਮੇਰੇ ਮਨ ਵਿੱਚ ਚੰਗਾ ਲੱਗਾ ਹੈ ॥ ੩ ॥

(ਪੰਨਾ ੫੭੫)

ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥

ਹੇ ਹਰੀ ! ਕਿਰਪਾ ਧਾਰੋ. ਹੇ ਹਰੀ ! ਕ੍ਰਿਪਾ ਦ੍ਰਿਸ਼ਟੀ ਧਾਰਨਾ ਕਰੋ,

ਹੇ ਰਾਮ ! ਕਿਰਪਾ ਕਰਕੇ ਦਾਸ ਨੂੰ ਬਚਾ ਲਓ।

ਹਮ ਪਾਪੀ ਹਮ ਪਾਪੀ ਨਿਰਗੁਣ ਦੀਨ ਤੁਮ੍ਹਾਰੇ ਰਾਮ ॥

ਹੇ ਰਾਮ ! ਅਸੀਂ ਪਾਪੀ ਹਾਂ. ਅਸੀਂ ਪਾਪੀ ਹਾਂ, ਅਥਵਾ:-ਤਮਾਮ ਪਾਪੀਆਂ ਵਿੱਚੋਂ ਅਸੀਂ ਵੱਡੇ ਪਾਪੀ ਹਾਂ, ਫਿਰ ਸ਼ੁਭ ਗੁਣਾਂ ਤੋਂ ਰਹਿਤ ਅਸੀਂ ਆਪ ਜੀ ਦੇ ਦੀਨ=ਗਰੀਬ ਦਾਸ ਹਾਂ।

ਹਮ ਪਾਪੀ ਨਿਰਗੁਣ ਦੀਨ ਤੁਮ੍ਹਾਰੇ ਹਰਿ ਦੈਆਲ ਸਰਣਾਇਆ ॥

ਅਸੀਂ ਪਾਪੀ ਸ਼ੁਭ ਗੁਣਾਂ ਤੋਂ ਰਹਿਤ ਆਪ ਜੀ ਦੇ ਗਰੀਬ ਦਾਸ ਹਾਂ, ਹੇ ਦਿਆਲੂ ਹਰੀ ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ।

ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ ॥

ਤੂੰ ਦੁੱਖਾਂ ਦੇ ਨਾਸ ਕਰਨ ਵਾਲਾ, ਤੇ ਸਾਰੇ ਸੁਖਾਂ ਦੇ ਦੇਣ ਵਾਲਾ ਹੈਂ, ਅਸੀਂ ਪੱਥਰਾਂ ਵਾਂਗੂੰ ਪਾਪਾਂ ਕਰਕੇ ਭਾਰੇ ਹਾਂ, ਆਪ ਜੀ ਦਾ ਤਰਾਇਆ ਹੋਇਆ ਹੀ ਤਰ ਸਕਦੇ ਹਾਂ।

ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨਾਮੀ ਦੇ ਨਾਮ ਨੇ ਅਨੇਕਾਂ ਜੀਵ ਤਾਰੇ ਹਨ. ਸਤਿਗੁਰਾਂ ਨੂੰ ਮਿਲ ਕੇ ਦਾਸ ਨੇ ਉਸ ਰਾਮ ਨਾਮ ਰੂਪੀ ਰਸ ਨੰ ਪਾਇਆ ਹੈ।

ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪ ॥੪ ॥

ਹੇ ਹਰੀ ! ਕਿਰਪਾ ਧਾਰੋ, ਹੇ ਹਰੀ ! ਕ੍ਰਿਪਾ ਦ੍ਰਿਸ਼ਟੀ ਧਾਰਨਾ ਕਰੋ, ਹੇ ਰਾਮ ! ਕਿਰਪਾ ਕਰਕੇ ਮੈਨੂੰ ਉਬਾਰੇ=ਬਚਾ ਲਓ॥ ੪॥ ੪॥

ਵਡਹੰਸੁ ਮਹਲਾ ੪ ਘੋੜੀਆ ੧ੴ ਸਤਿਗੁਰ ਪ੍ਰਸਾਦਿ॥

੧. ਘੋੜੀਆਃ- ਘੋੜੀਆਂ ਛੰਦਾ ਦੀ ਚਾਲ ਹੈ। ੨. ਅਥਵਾਃ-ਜਿਵੇਂ ਪ੍ਰਤੱਖ ਵਿਆਹ ਵੇਲੇ ਇਸਤ੍ਰੀਆਂ ਘੋੜੀਆਂ ਨਾਮੇ ਗੀਤ ਨੂੰ ਗਾਉਂਦੀਆਂ ਹਨ। ਤਿਵੇਂ ਪਰਮਾਤਮਾ ਰੂਪ ਪਤੀ ਦੇ ਨਾਲ ਵਿਆਹ ਸਮੇਂ ਇਨ੍ਹਾਂ ਘੋੜੀਆਂ ਨੂੰ ਭਾਵ ਇਨ੍ਹਾਂ ਸ਼ਬਦਾਂ ਨੂੰ ਪੜ੍ਹੇ। ੩. ਅਥਵਾਃ-ਜਿਵੇਂ ਲੜਕਾ ਘੋੜੀ ਉੱਤੇ ਚੜ੍ਹ ਕੇ ਲੜਕੀ ਨੂੰ ਵਿਆਹੁਣ ਜਾਂਦਾ ਹੈ. ਤਿਵੇਂ ਜੀਵ ਰੂਪੀ ਲਾੜਾ ਮਨੁੱਖਾ ਦੇਹ ਰੂਪੀ ਘੋੜੀ ਉੱਤੇ ਚੜ੍ਹ ਕੇ ਮੋਖ ਰੂਪ ਬਧੂ=ਇਸਤ੍ਰੀ ਨੂੰ ਵਿਆਹੁਣੇ ਜਾਂਦਾ ਹੈ।

ਏਸੇ ਪ੍ਰਸੰਗ ਨੂੰ ਗੁਰੂ ਸਾਹਿਬ ਜੀ ਇਸ ਸ਼ਬਦ ਦੁਆਰਾ ਸ੍ਰਵਣ ਕਰਾਉਂਦੇ ਹਨਃ-

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ॥

ਜੋ ਰਾਮ ਸਾਰੇ ਰਮਿਆ ਹੋਇਆ ਹੈ ਉਸ ਨੇ ਮਨੁੱਖਾ ਦੇਹ ਰੂਪੀ ਤੇਜਣ ਜਾਤੀ ਦੀ ਭਾਵ ਖੁਰਾਸਾਨੀ ਘੋੜੀ ਉਤਪੰਨ ਕੀਤੀ ਹੈ।

ਇਹ ਮਨੁੱਖਾ ਜਨਮ ਧੰਨਤਾ ਜੋਗ ਹੈ ਜੋ ਰਾਮ ਨੇ ਪੁੰਨਾਂ ਦਾ ਫਲ ਪਾਉਣਾ ਕੀਤਾ ਹੈ।

ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ॥

ਇਹ ਮਨੁੱਖਾ ਜਨਮ ਵੱਡੇ ਪੁੰਨਾਂ ਕਰਕੇ ਪਾਇਆ ਹੈ, ਸਭ ਦੇਹਾਂ ਨਾਲੋਂ ਇਹ ਮਨੁੱਖਾ ਦੇਹ ਕੰਚਨ=ਸੋਨੇ ਵਾਂਗੂੰ ਸ਼ੁੱਧ ਤੇ ਚੰਗੀ ਹੈ।

ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ॥

ਗੁਰਮੁਖਿ=ਗੁਰਾਂ ਦੁਆਰੇ ਇਹ ਦੇਹ ਰੂਪੀ ਘੋੜੀ ਨੂੰ ਪ੍ਰੇਮ ਰੂਪੀ ਚਲੂਲਾ=ਗਾੜ੍ਹਾ ਰੰਗ ਪਾ ਕੇ ਹਰੀ ਦੇ ਹਰਿ ਹਰਿ ਨਾਮ ਸਿਮਰਨ ਰੂਪ ਨਵੇਂ ਰੰਗ ਵਿੱਚ ਰੰਗ ਦੇਵੇ।

ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ॥

ਇਹ ਮਨੁੱਖਾ ਦੇਹ ਬਹੁਤ ਬਾਂਕੀ=ਸੁੰਦਰ ਹੈ, ਜਿਸ ਕਰਕੇ ਹਰੀ ਨਾਮ ਜਾਪੀ=ਜਪਿਆ ਜਾਂਦਾ ਹੈ, ਅਥਵਾਃ-ਹਰੀ ਜਾਪੀ=ਜਾਣਿਆ ਜਾਂਦਾ ਹੈ। ਅਤੇ ਹਰਿ ਹਰਿ ਨਾਮੀ ਕਰਕੇ ਹੀ ਸੁਹਾਵੀਆ=ਸੋਭਨੀਕ ਭਾਵ ਸਫਲੀ ਹੈ।

ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਵੱਡਿਆਂ ਭਾਗਾਂ ਕਰਕੇ ਇਹ ਦੇਹ ਪਾਈ ਜਾਂਦੀ ਹੈ, ਅਤੇ ਸਖਾਈ=ਸਹਾਇਕ ਨਾਮ ਦੇ ਸਿਮਰਨ ਵਾਸਤੇ ਹੀ ਰਾਮ ਨੇ ਉਤਪਤ ਕੀਤੀ ਹੈ। ਅਥਵਾ:-ਵੱਡਿਆਂ ਭਾਗਾਂ ਨਾਲ ਨਾਮ ਦੀ ਮਿੱਤ੍ਰਤਾ ਪਾਈ ਹੈ, ਇਸ ਦੇਹ ਨੂੰ ਰਾਮ ਨੇ ਹੀ ਉਤਪੰਨ ਕੀਤਾ ਹੈ॥ ੧ ॥

ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥

ਸਭ ਤੋਂ ਚੰਗੇ ਰਾਮ ਦਾ ਜੇਹੜਾ ਬੁੱਝਣਾ ਹੈ ਏਹੋ ਮਨੁੱਖਾ ਦੇਹ ਰੂਪੀ ਘੋੜੀ ਉੱਤੇ ਜੀਨ=ਕਾਠੀ ਪਾਵੇ। ਮਨੁੱਖਾ ਦੇਹ ਰੂਪੀ ਘੋੜੀ ਉੱਤੇ ਚੜ੍ਹ ਕੇ ਭਾਵ ਭਗਤੀ ਨੂੰ ਕਰਕੇ ਬਿਖਮੁ=ਕਠਨ ਭੁਇਅੰਗਾ=ਵਰਤਲਾ ਕਾਰ ਜੋ ਸੰਸਾਰ ਹੈ ਇਸ ਤੋਂ ਪਾਰ ਲੰਘਣਾ ਕਰ।

ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥

ਬਿਖਮੁ=ਕਠਨ, ਭੁਇਅੰਗਾ=ਵਰਤਲਾ ਕਾਰ, ਜਿਸ ਵਿੱਚ ਅਨੇਕਾਂ ਸੰਕਲਪਾਂ ਰੂਪੀ ਤਰੰਗ ਉਠ ਰਹੇ ਹਨ, ਐਸੇ ਸੰਸਾਰ ਸਮੁੰਦ੍ਰ ਤੋਂ ਗੁਰ+ਮੁਖਿ=ਮੁਖ ਗੁਰੂ ਹੀ ਪਾਰ ਲੰਘਾਂਵਦੇ ਹਨ।

ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥

ਬਹੁਤ ਘੋੜੀਆਂ ਸਮੁੰਦ੍ਰ ਨਹੀਂ ਲੰਘ ਸਕਦੀਆਂ ਉਨ੍ਹਾਂ ਨੂੰ ਫਿਰ ਜਹਾਜ਼ ਉੱਤੇ ਚੜ੍ਹਾ ਕੇ ਪਾਰ ਲੰਘਾਈਦਾ ਹੈ। ਇਸ ਤਰਫ ਹਰੀ ਨਾਮ ਰੂਪੀ ਜਹਾਜ਼ ਉੱਤੇ ਦੇਹ ਰੂਪੀ ਘੋੜੀ ਨੂੰ ਚੜ੍ਹਾ ਕੇ ਕੋਈ ਵਡਭਾਗੀ ਹੀ ਲੰਘਦਾ ਹੈ. ਗੁਰੂ ਰੂਪੀ ਖੇਵਟੁ=ਮਲਾਹ ਸ਼ਬਦ ਰੂਪੀ ਅਨਕੂਲੀ ਪੌਣ ਦੇ ਕੇ ਤਰਾਉਂਦੇ ਹਨ।

ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥

ਹਰ-ਰੰਗਾਂ ਵਿਚ ਰੰਗਿਆ ਜੋ ਹਰਿ-ਹਰੀ ਹੈ, ਰਾਤ-ਦਿਨ ਉਸ ਹਰੀ ਵਿੱਚ ਰੰਗਿ=ਪ੍ਰੇਮ ਕਰਕੇ ਹਰੀ ਗੁਣਾਂ ਨੂੰ ਗਾਵਣਾ ਕਰੇ।

ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ ਜਨਾਂ ਨੇ ਨਿਰਬਾਣ ਪਦੁ=ਨਿਰਬੰਧ ਪਦ ਨੂੰ ਪਾਇਆ ਹੈ, ਜੋ ਹਰਿ=ਹਰ ਤਰ੍ਹਾਂ ਕਰਕੇ ਹਰੀ ਉੱਤਮ ਪਦ ਸਭ ਤੋਂ ਚੰਗਾ ਹੈ॥ ੨ ॥

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥

ਰਾਮ ਦੀ ਪ੍ਰਾਪਤੀ ਦਾ ਗੁਰਾਂ ਨੇ ਜਿਹੜਾ ਗਿਆਨ ਦ੍ਰਿੜ੍ਹ ਕਰਵਾਇਆ ਹੈ, ਇਹ ਦੇਹ ਰੂਪੀ ਘੋੜੀ ਦੇ ਮੂੰਹ ਵਿੱਚ ਕੜਿਆਲਾ* ਪਾਇਆ ਹੈ। ਤਨ ਵਿੱਚ ਜੋ ਹਰਿ ਹਰਿ ਦਾ ਪ੍ਰੇਮ ਹੈ ਏਹੀ ਤਨਿ=ਦੇਹ ਰੂਪੀ ਘੋੜੀ ਉੱਤੇ ਚਾਬਕ ਮਾਰਿਆ ਹੈ। ਯਥਾ:-ਹਿਚਹਿ ਤੇ ਪ੍ਰੇਮ ਕੇ ਚਾਬੁਕ ਮਾਰਉ॥ (ਕਬੀਰ ਜੀ ਪੰਨਾ ੩੨੯)

---

*ਕੰਡਿਆਂ ਵਾਲੀ ਲਗਾਮ ਨੂੰ ਕੜਿਆਲਾ ਆਖਦੇ ਹਨ, ਜਿਹੜੀ ਮੂੰਹ ਜ਼ੋਰ ਘੋੜੀ ਚਲਦੀ ਹੈ ਉਸ ਦੇ ਮੂੰਹ ਵਿਚ ਕੰਡਿਆਂ ਵਾਲੀ ਲਗਾਮ ਪਾਉਂਦੇ ਹਨ।

ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥

ਤਨ ਵਿਚ ਜੋ ਹਰਿ ਹਰਿ ਦਾ ਪ੍ਰੇਮ ਹੈ ਏਹੀ ਦੇਹ ਰੂਪੀ ਘੋੜੀ ਨੂੰ ਚਾਬਕ ਲਗਾਣਾ ਕਰ, ਗੁਰਮੁਖਾਂ ਨੇ ਮਨ ਨੂੰ ਜਿੱਤ ਕੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ।

ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥

ਗੁਰ-ਸ਼ਬਦ ਨੂੰ ਪਾਕ ਜਿਸ ਨੇ ਹਰੀ ਰਸ ਰੂਪੀ ਅਪਿਉ=ਅੰਮ੍ਰਿਤ ਪੀਤਾ ਹੈ, ਉਸ ਨੇ ਅਘੜ ਮਨ ਨੂੰ ਘੜ ਲੀਤਾ ਭਾਵ ਵਸੀਕਾਰ ਕਰ ਲਿਆ ਹੈ।

ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥

ਗੁਰਾਂ ਨੇ ਜੋ ਬਾਣੀ ਕਥਨ ਕੀਤੀ ਹੈ ਉਹ ਸ੍ਰਵਣ=ਕੰਨਾਂ ਵਿਚ ਸੁਣ, ਵਿਆਹ ਵੇਲੇ ਘੋੜੀ ਨੂੰ ਰੰਗ ਚੜ੍ਹਾਉਂਦੇ ਹਨ। ਇਸ ਤਰਫ ਦੇਹ ਰੂਪ ਘੋੜੀ ਉੱਤੇ ਹਰੀ ਦਾ ਪ੍ਰੇਮ ਰੂਪੀ ਰੰਗ ਚੜ੍ਹਾਇਆ ਹੈ।

ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜੋ ਬੜਾ ਕਠਨ ਜਮ ਮਾਰਗ ਸੀ ਉਸ ਪੰਥ ਤੋਂ ਗੁਰਾਂ ਨੇ ਪਾਰ ਲੰਘਾ ਦਿੱਤਾ ਹੈ। ਅਥਵਾ:- ਮਾਰਗਾਂ ਵਿਚੋਂ ਜੋ ਭਗਤੀ ਰੂਪੀ ਬੜਾ ਕਠਨ ਰਸਤਾ ਹੈ ਗੁਰਾਂ ਨੇ ਉਸ ਤੋਂ ਪਾਰ ਲੰਘਾ ਦਿੱਤਾ॥ ੩ ॥

ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥

ਮਨੁੱਖਾ ਦੇਹ ਰੂਪੀ ਤੇਜਣ ਜਾਤੀ ਦੀ ਘੋੜੀ ਰਾਮਿ=ਰਾਮ ਨੇ ਰਾਮ=ਅਰਾਮ ਵਾਸਤੇ ਪੈਦਾ ਕੀਤੀ ਹੈ।

ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ ॥

ਜਿਸ ਮਨੁੱਖਾ ਦੇਹ ਰੂਪੀ ਘੋੜੀ ਕਰਕੇ ਹਰੀ ਪ੍ਰਭੂ ਰਾਮ ਜਾਪੈ=ਜਾਣਿਆ ਜਾਂਦਾ ਹੈ, ਉਹ ਮਨੁੱਖਾ ਦੇਹ ਰੂਪੀ ਤੁਖਾਈਆ=ਘੋੜੀ ਧੰਨਤਾ ਜੋਗ ਹੈ।

ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ ॥

ਜਿਸ ਮਨੁੱਖਾ ਦੇਹ ਕਰਕੇ ਹਰੀ ਪ੍ਰਭੂ, ਜਾਪੈ=ਜਾਣਿਆ ਜਾਂਦਾ ਹੈ, ਉਹ ਦੇਹ ਧੰਨੁ ਸਾਬਾਸੈ=ਧੰਨਤਾ ਦੇ ਜੋਗ ਹੈ, ਕਿਰਤੁ=ਕਰਮਾਂ ਅਨੁਸਾਰ ਧੁਰ ਰੂਪ ਪਰਮੇਸ਼ਰ ਵਿਚ ਜੁੜਨਾ ਪਾਇਆ ਹੈ।

ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ ॥

ਮਨੁੱਖਾ ਦੇਹ ਰੂਪੀ ਘੋੜੀ ਉੱਤੇ ਚੜ੍ਹ ਕੇ ਭਾਵ ਭਗਤੀ ਕਰਕੇ ਗੁਰਮੁਖ ਜਨ ਪਰਮਾਨੰਦ ਨੂੰ ਮਿਲਕੇ ਹੋਰਨਾਂ ਨੂੰ ਕਠਨ ਸੰਸਾਰ ਤੋਂ ਪਾਰ ਲੰਘਾਉਂਦੇ ਹਨ।

ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ ॥

ਪੂਰਿਆਂ ਗੁਰਾਂ ਨੇ ਹਰਿ ਹਰਿ ਦੀ ਪ੍ਰਾਪਤੀ ਦਾ ਕਾਜੁ=ਵਿਆਹ ਰਚਾਇਆ ਹੈ, ਜੋ ਸੰਤ ਜਨਾਂ ਦਾ ਮਿਲਾਪ ਕੀਤਾ ਹੈ ਏਹੀ ਜੰਞ ਆਈ ਹੈ।

ਜਨ ਨਾਨਕ ਹਰਿ ਵਰੁ ਪਾਇਆ ਮੰਗਲੁ
ਮਿਲਿ ਸੰਤ ਜਨਾ ਵਾਧਾਈ॥ ੪ ॥ ੧ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਮੰਗਲੁ=ਅਨੰਦ ਸਰੂਪ ਹਰੀ-ਪਤੀ ਨੂੰ ਪਾਇਆ ਹੈ, ਸੰਤ ਜਨਾਂ ਨਾਲ ਮਿਲਣ ਕਰਕੇ ਅਨੰਦ ਦੀ ਵਧਾਈ ਵੱਜੀ ਹੈ॥ ੪॥ ੧॥ ੫॥

ਪਹਿਲੇ ਕਹੇ ਪ੍ਰਸੰਗ ਨੂੰ ਫਿਰ ਸਪੱਸ਼ਟ ਕਰਦੇ ਹਨ-

(ਪੰਨਾ ੫੭੬) ਵਡਹੰਸੁ ਮਹਲਾ ੪ ॥

ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ॥

ਤੇਜਨੜੀ=ਤੇਜਣ ਜਾਤੀ ਦੀ ਖੁਰਾਸਾਨੀ ਮਨੁੱਖਾ ਦੇਹ ਰੂਪੀ ਤੇਜਨੜੀ=ਘੋੜੀ ਨਵੀਨ ਹਰੀ ਰਾਮ ਵਿਚ ਰੰਗਣੇ ਵਾਲੀ ਹੈ।

ਨੋਟ:-''ਤੇਜਨੜੀ'' ਦੇ ਦੋ ਅਰਥ ਸਮਝਣੇ ਚਾਹੀਦੇ ਹਨ, ੧. ਤੇਜਣ ਜਾਤਿ ਦੀ, ੨. ਘੋੜੀ।

ਗੁਰ ਗਿਆਨੁ ਗੁਰੁ ਹਰਿ ਮੰਗਿਆ ਰਾਮ॥

ਹਰੀ ਰਾਮ ਦੀ ਪ੍ਰਾਪਤੀ ਵਾਸਤੇ ਗੁਰਾਂ ਪਾਸੋਂ ਗੁਰ ਗਿਆਨੁ=ਅਪ੍ਰੋਖ ਗਿਆਨ ਮੰਗਣਾ ਕਰੇ।

ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ॥

ਗਿਆਨ ਦੀ ਪ੍ਰਾਪਤੀ ਵਾਸਤੇ ਹਰੀ ਦੀ ਚੰਗੀ ਕਥਾ ਮੰਗਣਾ ਕਰੇ, ਜਿਸ ਨੇ ਹਰੀ ਨਾਮ ਜਪਿਆ ਹੈ ਉਸ ਨੇ ਗਤਿ=ਮੁਕਤੀ ਦੀ ਮਰਯਾਦਾ ਨੂੰ ਜਾਣਿਆ ਹੈ।

ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ॥

ਜਿਨ੍ਹਾਂ ਨੇ ਹਰੀ ਰਾਮ ਨਾਮ ਨੂੰ ਕਥਨ ਕੀਤਾ ਹੈ, ਕਰਤੇ ਪੁਰਖ ਨੇ ਉਹਨਾਂ ਦਾ ਸਾਰਾ ਮਨੁੱਖਾ ਜਨਮ ਸਫਲ ਕੀਤਾ ਹੈ। ਪਾਠਾਂਤ੍ਰ:- 'ਸਫਲਿਉ' ਭੀ ਹੈ।

ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ ਹਰਿ ਭਗਤਿ ਹਰਿ ਜਨ ਮੰਗਿਆ॥

ਹਰਿ ਹਰਿ ਪ੍ਰਭੂ ਦੇ ਰਾਮ ਨਾਮ ਨੂੰ ਸਲਾਹੁਣਾ ਕਰ, ਹਰੀ ਦੇ ਜਨਾਂ ਨੇ ਹਰੀ ਦੀ ਭਗਤੀ ਮੰਗੀ ਹੈ।

ਜਨੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸੰਤੋ ! ਸੁਣਨਾ ਕਰੋ, ਹਰੀ ਗੋਬਿੰਦ ਦੀ ਭਗਤੀ ਸਭ ਤੋਂ ਚੰਗੀ ਹੈ॥ ੧॥

ਦੇਹ ਕੰਚਨ ਜੀਨੁ ਸੁਵਿਨਾ ਰਾਮ॥ ਜੜਿ ਹਰਿ ਹਰਿ ਨਾਮੁ ਰਤੰਨਾ ਰਾਮ॥

ਮਨੁੱਖਾ ਦੇਹ ਰੂਪੀ ਘੋੜੀ ਕੰਚਨ=ਸੋਨੇ ਵਾਂਗੂੰ ਸੁੰਦਰ ਹੈ, ਸੁਵਿਨਾ=ਸ੍ਰੇਸ਼ਟ ਰੰਗ ਵਾਲੇ ਰਾਮ ਦਾ ਜੋ ਬੁੱਝਣਾ ਹੈ ਇਹੀ ਸੁਵਿਨਾ ਜੀਨੁ=ਸੋਨੇ ਦੀ ਕਾਠੀ ਹੈ। ਹਰਿ ਹਰਿ ਰਾਮ ਦੇ ਨਾਮਾਂ ਰੂਪੀ ਰਤਨ ਜਿਸ ਵਿਚ ਜੜੇ ਹੋਏ ਹਨ।

ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ॥

ਨਾਮ ਰੂਪ ਰਤਨਾਂ ਦੇ ਜੜਨ ਕਰਕੇ ਗੋਬਿੰਦ ਨੂੰ ਪਾਇਆ ਹੈ। ਅਥਵਾ:-ਰਤਨੁ=ਅਮੋਲਕ ਨਾਮ ਵਿਚ ਮਨ ਨੂੰ ਜੜਿਆ ਤਾਂ ਗੋਬਿੰਦ ਨੂੰ ਪਾਇਆ। ਹਰਿ ਹਰਿ ਦੇ ਗੁਣਾਂ ਕਰਕੇ ਘਣੇ=ਬਹੁਤੇ ਸੁਖ ਮਿਲੇ ਹਨ।

ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ
ਵਡਭਾਗੀ ਹਰਿ ਰੰਗ ਹਰਿ ਬਣੇ॥

ਜਿਸ ਨੇ ਗੁਰ-ਉਪਦੇਸ਼ ਨੂੰ ਪਾ ਕੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ, ਉਹ ਵਡਭਾਗੀ ਹਰੀ ਵਿਚ ਰੰਗ=ਪ੍ਰੇਮ ਕਰਕੇ ਹਰੀ ਦਾ ਸਰੂਪ ਬਣੇ ਹਨ।

ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ ਹਰਿ ਨਵ ਰੰਗੀਆ॥

ਅੰਤਰਜਾਮੀ ਹਰੀ ਸੁਆਮੀ ਆ ਕੇ ਮਿਲੇ, ਜੋ ਹਰੀ ਪਿੱਛੇ ਨਵਤਨ=ਨਵੀਨ ਸੀ ਅਤੇ ਹੁਣ ਭੀ ਨਵ ਰੰਗੀਆ=ਨਵੀਨ ਅਨੰਦ ਦੇਣ ਵਾਲਾ ਹੈ।

ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ॥ ੨॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਦੇ ਪ੍ਰਤਾਪ ਨੂੰ ਜਾਣਦੇ ਹਨ, ਉਹ ਹਰੀ ਪ੍ਰਭੂ ਪਾਸੋਂ ਹਰਿ ਹਰਿ ਨਾਮ ਹੀ ਮੰਗਦੇ ਹਨ॥ ੨॥

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ॥
ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ॥

ਜਿਵੇਂ ਮਨੁੱਖਾ ਦੇਹ ਰੂਪੀ ਘੋੜੀ ਦੇ ਮੂੰਹ ਵਿਚ ਗੁਰਾਂ ਨੇ ਗਿਆਨ ਰੂਪ ਕੜਿਆਲਾ ਪਾਇਆ ਹੈ। ਇਸੇ ਤਰ੍ਹਾਂ ਗੁਰਾਂ ਦੇ ਉਪਦੇਸ਼ ਰੂਪੀ ਅੰਕਸੁ=ਕੁੰਡੇ ਨਾਲ ਮਨ ਰੂਪੀ ਮੈਗਲੁ=ਹਾਥੀ ਵਸ ਵਿਚ ਆਇਆ ਹੈ।

ਮਨੁ ਵਸਗਤਿ ਆਇਆ ਪਰਮ ਪਦੁ ਪਾਇਆ ਸਾ ਧਨ ਕੰਤਿ ਪਿਆਰੀ॥

ਜਿਸ ਦਾ ਮਨ ਪੂਰੀ ਤਰ੍ਹਾਂ ਵਸ ਵਿਚ ਆ ਗਿਆ ਹੈ ਉਸ ਨੇ ਪਰਮ-ਪਦ ਪਾਇਆ ਹੈ, ਅਤੇ ਸਾ ਧਨ= ਉਹ ਜੀਵ ਰੂਪੀ ਇਸਤ੍ਰੀ ਪਤੀ ਪਰਮਾਤਮਾ ਨੂੰ ਪਿਆਰੀ ਲੱਗੀ ਹੈ।

ਅੰਤਰਿ ਪ੍ਰੇਮੁ ਲਗਾ ਹਰਿ ਸੇਤੀ ਘਰਿ ਸੋਹੈ ਹਰਿ ਪ੍ਰਭ ਨਾਰੀ॥

ਜਿਸ ਦੇ ਅੰਤਹਕਰਨ ਵਿਚ ਹਰੀ ਨਾਲ ਮਿਲਣ ਦਾ ਪ੍ਰੇਮ ਲੱਗਾ ਹੈ, ਉਹ ਜਗਿਆਸੂ ਰੂਪ ਇਸਤ੍ਰੀ ਹਰੀ ਪ੍ਰਭੂ ਦੇ ਸਰੂਪ ਘਰ ਵਿਚ ਜਾ ਕੇ ਸੋਹੈ=ਸੋਭਾ ਪਾਉਂਦੀ ਹੈ।

ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ॥

ਜੋ ਹਰੀ ਦੇ ਰੰਗਿ=ਪ੍ਰੇਮ ਵਿਚ ਰੱਤੀ ਹੈ ਉਹ ਸਹਜੇ=ਗਿਆਨ ਵਿਚ ਮਾਤੀ=ਮਸਤ ਹੋਈ ਹੈ, ਉਸ ਨੇ ਹਰਿ ਹਰਿ ਜੋ ਪ੍ਰਭੂ=ਰੱਖਜਕ ਹੈ, ਉਸ ਹਰੀ ਨੂੰ ਪਾਇਆ ਹੈ।

ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜੋ ਜਨ ਹਰੀ ਦਾਸ ਕਿਹਾ ਜਾਂਦਾ ਹੈ, ਉਸ ਵਡਭਾਗੀ ਨੇ ਹਰਿ ਹਰਿ ਨੂੰ ਧਿਆਉਣਾ ਕੀਤਾ ਹੈ॥ ੩ ॥

ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ ॥
ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ ॥

ਉਹ ਮਨੁੱਖਾ ਦੇਹ ਰੂਪੀ ਘੋੜੀ ਸ੍ਰੇਸ਼ਟ ਹੈ, ਜਿਸ ਉੱਤੇ ਚੜ੍ਹਕੇ ਹਰੀ ਰਾਮ ਜੀ ਨੂੰ ਪਾ ਲਈਦਾ ਹੈ। ਜਿਸ ਨੂੰ ਸਤਿਗੁਰੂ ਜੀ ਮਿਲੇ ਹਨ ਉਸ ਨੇ ਰਾਮ ਜੀ ਦੇ ਮੰਗਲਾਂ ਨੂੰ ਗਾਇਆ ਹੈ।

ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵ ਕੀ ॥

ਰਾਮ ਹੈ ਨਾਮ ਜਿਸ ਦਾ ਉਸ ਹਰੀ ਦੇ ਮੰਗਲਾਂ ਨੂੰ ਗਾਇਆ ਹੈ, ਸੇਵਣੇ ਜੋਗ ਜੋ ਹਰੀ ਹੈ ਉਸ ਦੇ ਸੇਵਕਾਂ ਦੀ ਸੇਵਾ ਕੀ=ਕੀਤੀ। ਅਥਵਾ:-ਸੇਵਣੇ ਜੋਗ ਹਰੀ ਦੇ ਸੇਵਕ ਹੋਏ ਤਾਂ ਫਿਰ ਹੋਰ ਕਿਸੇ ਦੀ ਕੀ ਸੇਵਾ ਕਰਨੀ ਹੈ। ਅਥਵਾ :- ਮਨ ਬਾਣੀ, ਸਰੀਰ ਕਰਕੇ ਹਰੀ ਦੀ ਸੇਵਾ ਕੀ=ਕੀਤੀ।

ਅਥਵਾ :- ਜੀਵਾਂ ਕਰਕੇ ਸੇਵਣੇ ਜੋਗ ਜੋ ਬ੍ਰਹਮਾ ਆਦਿਕ ਹਨ, ਬ੍ਰਹਮਾ ਆਦਿਕਾਂ ਕਰਕੇ ਸੇਵਣੇ ਜੋਗ ਜੋ ਰਹੀ ਹੈ ਉਸ ਦੀ ਸੇਵ ਕੀ=ਸੇਵਾ ਕੀਤੀ।

ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗ ਕੀ ॥

ਉਹ ਮਹਲੀ=ਜਗਿਆਸੂ ਪ੍ਰਭੂ ਰੰਗ ਮਹਲੀ ਦੀ ਜਾਇ=ਜਗ੍ਹਾ ਨੂੰ ਪਾਉਂਦਾ ਹੈ, ਜਿਸ ਨੇ ਰੰਗ ਕੀ=ਪ੍ਰੇਮ ਕੀਤਾ ਹੈ ਉਹ ਹਰੀ ਦੇ ਰੰਗੁ=ਅਨੰਦ ਨੂੰ ਮਾਣਦਾ ਹੈ। ਅਥਵਾ:-ਜਿਸ ਨੇ ਹਰੀ ਦੇ ਰੰਗੁ=ਅਨੰਦ ਨੂੰ ਮਾਣਿਆਂ ਹੈ ਉਸ ਨੂੰ ਹੋਰ ਰੰਗ ਦੀ ਕੀ ਲੋੜ ਹੈ।

ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ ॥

ਮਨ ਵਿਚ ਸੁਭਾਏ=ਸ੍ਰੇਸ਼ਟ ਪ੍ਰੇਮ ਹੋਣ ਕਰਕੇ ਰਾਮ ਦੇ ਗੁਣ ਗਾਏ ਹਨ, ਗੁਰਮਤੀਆਂ ਨੇ ਮਨ ਵਿਚ ਹਰੀ ਨੂੰ ਸਿਮਰਿਆ ਹੈ।

ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ ॥੪ ॥੨ ॥੬ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਜਨ ਉੱਤੇ ਹਰੀ ਨੇ ਕ੍ਰਿਪਾ ਦ੍ਰਿਸ਼ਟੀ ਧਾਰੀ ਹੈ, ਉਸ ਨੇ ਮਨੁੱਖਾ ਦੇਹ ਰੂਪੀ ਘੋੜੀ ਉੱਤੇ ਚੜ੍ਹਕੇ ਹਰੀ ਨੂੰ ਪਾਇਆ ਹੈ॥ ੪॥ ੨॥ ੬॥

ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ ॥

ਰਾਮ=ਹੇ ਭਾਈ ! ਜੋ ਰਾਮ ਸਾਰੇ ਰਮਿਆ ਹੋਇਆ ਹੈ, ਉਸ ਨੂੰ ਗੁਰਾਂ ਨਾਲ ਮਿਲ ਕੇ ਲਧਾ= ਲੱਭ ਲਿਆ ਹੈ।

ਇਹੁ ਤਨੁ ਤਨੁ ਦਿਤੜਾ ਵਾਰੋ ਵਾਰਾ ਰਾਮ ॥

ਰਾਮ=ਹੇ ਭਾਈ ! ਇਹ ਤਨ ਰਾਮ ਤੋਂ ਵਾਰਨੇ ਕਰ ਦਿੱਤਾ ਹੈ, ਅਤੇ ਮਨ ਨੂੰ ਭੀ ਰਾਮ ਤੋਂ ਵਾਰਨੇ ਕਰ ਦਿੱਤਾ ਹੈ।

ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ ॥

ਤਨ ਮਨ ਨੂੰ ਕੁਰਬਾਨ ਕਰ ਦਿੱਤਾ ਹੈ ਸੰਸਾਰ ਨੂੰ ਜਿੱਤ ਲਿਆ ਹੈ, ਜਮਾਂ ਦੀ ਕਾਣ ਕਨੌਡ ਚੁੱਕ ਗਈ ਹੈ।

ਅਸਥਿਰੁ ਥੀਆ ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ ॥

ਨਾਮ ਅੰਮ੍ਰਿਤ ਪੀਆ=ਪੀਣ ਕਰਕੇ ਮਨ ਇਸਥਿਤ ਹੋਇਆ, ਤਾਂ ਜਨਮ ਮਰਨ ਰਹਿ ਗਿਆ।

ਸੋ ਘਰੁ ਲਧਾ ਸਹਜਿ ਸਮਧਾ ਹਰਿ ਕਾ ਨਾਮੁ ਅਧਾਰਾ ॥

ਹਰੀ ਨਾਮ ਦਾ ਅਧਾਰਾ=ਆਸਰਾ ਪਾ ਕੇ ਸਹਜਿ ਸਮਧਾ=ਗਿਆਨ ਵਿੱਚ ਸਮਾਇਆ ਤਾਂ ਉਸ ਸਰੂਪ ਘਰ ਨੂੰ ਲਧਾ=ਲੱਭ ਲਿਆ।

ਕਹੁ ਨਾਨਕ ਸੁਖਿ ਮਾਣੇ ਰਲੀਆਂ ਗੁਰ ਪੂਰੇ ਕੰਉ ਨਮਸਕਾਰਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਸੁਖੀ ਹੋ ਕੇ ਰਲੀਆਂ=ਖੁਸ਼ੀਆਂ ਮਾਣਦੇ ਹਾਂ, ਅਤੇ ਪੂਰਿਆਂ ਗੁਰਾਂ ਨੂੰ ਨਮਸ਼ਕਾਰ ਕਰਦੇ ਹਾਂ ॥ ੧ ॥

ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥ ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥

ਹੇ ਮੇਰੇ ਸੱਜਣੋ! ਰਾਮ ਦੇ ਮਿੱਤਰੋ! ਤੁਸੀਂ ਸੁਣਨਾ ਕਰੋ, ਗੁਰਾਂ ਨੇ ਸਚੁ=ਨਿਸਚੇ ਕਰਕੇ ਰਾਮ ਦੀ ਪ੍ਰਾਪਤੀ ਕਰਨ ਵਾਲਾ ਉਪਦੇਸ਼ ਰੂਪ ਮੰਤ੍ਰ ਦੇਣਾ ਕੀਤਾ ਹੈ।

ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ ॥

ਸੱਚੇ ਸਬਦੁ=ਬ੍ਰਹਮ ਨੂੰ ਧਿਆਇਆ ਅਤੇ ਉਸੇ ਦੇ ਮੰਗਲੁ=ਜਸ ਨੂੰ ਗਾਇਆ ਤਾਂ ਮਨ ਵਿਚੋਂ ਸਾਰੇ ਅਦੇਸਾ=ਸੰਸੇ ਚੁੱਕ ਗਏ।

ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ ॥

ਉਸ ਪ੍ਰਭੂ ਨੂੰ ਪਾਇਆ ਹੈ ਜੋ ਛੱਡਕੇ ਕਿਤੇ ਨਹੀਂ ਜਾਂਦਾ, ਸਦਾ=ਨਿੱਤ ਰੂਪ ਪਰਮਾਤਮਾ ਦੇ ਨਾਲ ਸਦਾ ਬੈਠਣਾ ਕੀਤਾ।

(ਪੰਨਾ ੫੭੭) ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ ਦੀਤਾ ॥

ਜੋ ਪ੍ਰਭੂ ਜੀ ਨੂੰ ਭਾਣਾ=ਭਾਇਆ ਹੈ ਉਸ ਨੇ ਸੱਚਾ ਅਨੰਦ ਮਾਣਿਆਂ ਹੈ, ਕਿਉਂਕਿ ਉਸ ਨੂੰ ਪ੍ਰਭੂ ਨੇ ਸਹਜੇ ਹੀ ਹਰੀ ਨਾਮ ਧਨ ਦਿੱਤਾ ਹੈ।

ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਸ ਮਹਾਤਮਾ ਤੋਂ ਸਦਾ ਬਲਿਹਾਰ ਜਾਂਦਾ ਹਾਂ, ਜਿਸ ਪਾਸੋਂ ਤੇਰੇ

ਨਾਮ ਦਾ ਦਾਨ ਸਭਨਾਂ ਜਗਿਆਸੂਆਂ ਨੇ ਲਿਆ ਹੈ॥ ੨॥

ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ॥
ਮਨੁ ਥੀਆ ਠੰਢਾ ਸਭ ਤ੍ਰਿਸਨ ਬੁਝਾਏ ਰਾਮ॥

ਹੇ ਰਾਮ ! ਜਦ ਆਪ ਜੀ ਦਾ ਭਾਣਾ=ਹੁਕਮ ਮੰਨਿਆ ਤਾਂ ਅਸੀਂ ਤ੍ਰਿਪਤ ਹੋ ਕੇ ਅਘਾਏ=ਰੱਜ ਗਏ। ਹੇ ਰਾਮ! ਸਾਰਿਆਂ ਪਦਾਰਥਾਂ ਦੀ ਤ੍ਰਿਸ਼ਨਾਂ ਬੁਝਾਕੇ ਮਨ ਠੰਢਾ=ਸ਼ਾਂਤ ਹੋ ਗਿਆ ਹੈ।

ਮਨੁ ਥੀਆ ਠੰਢਾ ਚੂਕੀ ਡੰਝਾ ਪਾਇਆ ਬਹੁਤੁ ਖਜਾਨਾ॥

ਮਨ ਠੰਢਾ=ਸ਼ਾਂਤ ਹੋ ਗਿਆ ਹੈ, ਡੰਝਾ=ਚਾਹ।

ਅਥਵਾ:-ਜਲਨਤਾ ਮਿਟ ਗਈ ਹੈ, ਬਹਤੁ ਪ੍ਰਕਾਰ ਦਾ ਸ਼ੁਭ ਗੁਣਾਂ ਰੂਪ ਖਜ਼ਾਨਾ ਪਾਇਆ ਹੈ।

ਸਿਖ ਸੇਵਕ ਸਭਿ ਭੁੰਚਣ ਲਗੇ ਹੰਉ ਸਤਗੁਰ ਕੈ ਕੁਰਬਾਨਾ॥

ਇੱਕ ਮੇਰੀ ਕੀ ਗੱਲ ਹੈ, ਸਾਰੇ ਸਿੱਖ, ਸੇਵਕ ਉਸ ਆਤਮਕ ਅਨੰਦ ਨੂੰ ਭੁੰਚਣ=ਭੋਗਣ ਲੱਗੇ ਹਨ, ਤਾਂਤੇ ਮੈਂ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ॥

ਜਾਂ ਮਾਲਕ ਪਰਮਾਤਮਾ ਦੇ ਰੰਗਿ=ਪ੍ਰੇਮ ਵਿਚ ਤਦਾਕਾਰ ਹੋਏ ਤਾਂ ਜਮਾਂ ਦੀ ਖ਼ੌਫਤਾਈ ਬੁਝਾ ਕੇ ਨਿਰਭਉ ਹੋ ਗਏ ਹਾਂ।

ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ॥ ੩॥

ਗੁਰੂ ਜੀ ਕਥਨ ਕਰਦੇ ਹਨ. ਹੇ ਪਰਮੇਸ਼ਰ ! ਦਾਸ ਨਿੱਤ ਹੀ ਤੇਰੇ ਸੰਗ ਹਨ, ਅਤੇ ਤੂੰ ਸੇਵਕਾਂ ਦੇ ਨਾਲ ਹੈਂ, ਮੈਂ ਬਿਰਤੀ ਲਗਾ ਕੇ ਆਪ ਜੀ ਦੀ ਭਗਤੀ ਕਰਦਾ ਹਾਂ॥੩॥

ਪੂਰੀ ਆਸਾ ਜੀ ਮਨਸਾ ਮੇਰੇ ਰਾਮ॥
ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ॥

ਹੇ ਰਾਮ ਜੀ ! ਆਪ ਜੀ ਨੇ ਮੇਰੀ ਮਨਸਾ=ਬੁੱਧੀ ਦੀ ਆਸਾ ਪੂਰਨ ਕੀਤੀ ਹੈ।

ਹੇ ਰਾਮ ਜੀ ! ਮੈਂ ਤਾਂ ਸ਼ੁਭ-ਗੁਣਾਂ ਤੋਂ ਰਹਿਤ ਹਾਂ, ਇਹ ਸਾਰੇ ਤੇਰੇ ਹੀ ਗੁਣ=ਉਪਕਾਰ ਹਨ।

ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ॥

ਹੇ ਮੇਰੇ ਠਾਕੁਰ ! ਤੇਰੇ ਵਿਚ ਹੀ ਸਾਰੇ ਸ਼ੁਭ ਗੁਣ ਹਨ, ਮੈਂ ਕਿਤ ਮੁਖਿ=ਕਿਸ ਮੂੰਹ ਨਾਲ ਤੇਰੀ ਉਪਮਾ ਕਰਾਂ।

ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ॥

ਤੁਸਾਂ ਨੇ ਮੇਰਾ ਗੁਣ ਔਗੁਣ ਕੁਝ ਭੀ ਨਹੀਂ ਵਿਚਾਰਿਆ, ਇੱਕ ਖਿਨ ਵਿੱਚ ਹੀ ਮੈਨੂੰ ਬਖਸ਼ ਲੀਤਾ ਹੈ।

ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ॥

ਭਗਤੀ ਰੂਪ ਨੌਂ-ਨਿਧੀ ਪਾਈ ਹੈ, ਇਸ ਤੇ ਵਾਧਾਈ ਵਜੀ=ਖੁਸ਼ੀ ਪ੍ਰਗਟ ਹੋਈ ਹੈ, ਅਤੇ ਅਨਹਦ=ਇੱਕ ਰਸ ਅਹੰ ਬ੍ਰਹਮਾਸਮੀ ਰੂਪੀ ਤੂਰੇ=ਵਾਜੇ ਵੱਜੇ ਹਨ।

ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ॥੪॥੧॥

ਗੁਰੂ ਜੀ ਕਥਨ ਕਰਦੇ ਹਨ, ਮੈਂ ਘਰ ਵਿੱਚੋਂ ਹੀ ਵਰੁ=ਪਤੀ ਨੂੰ ਪਾ ਲਿਆ ਹੈ, ਅਤੇ ਮੇਰੇ ਜੀਅ ਦੇ ਸਾਰੇ ਵਿਸੂਰੇ=ਝੋਰੇ ਲਹਿ ਗਏ ਹਨ॥ ੪॥ ੧॥

ਸਲੋਕੁ॥ ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ॥

ਹੇ ਜੀਵ ! ਝੂਠੇ ਪਦਾਰਥਾਂ ਦੇ ਬਚਨ ਕੀ ਸੁਣਦਾ ਹੈਂ, ਇਹ ਤਾਂ ਪਵਣ ਝੁਲਾਰਿਆ=ਹਵਾ ਦੇ ਬੁੱਲ੍ਹੇ ਵਾਂਗੂੰ ਵੰਞਨਿ=ਤੁਰੇ ਜਾਂਦੇ ਹਨ।

ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ॥੧॥

ਗੁਰੂ ਜੀ ਕਥਨ ਕਰਦੇ ਹਨ, ਉਹ ਸੁਣੀਅਰ=ਕੰਨ ਪਰਵਾਣੁ=ਸਫਲੇ ਹਨ, ਜੋ ਕੰਨ ਮਾਲਕ ਦੇ ਸੱਚੇ ਨਾਮ ਨੂੰ ਸੁਣੇਦੇ=ਸੁਣਦੇ ਹਨ॥ ੧॥

ਛੰਤੁ॥ ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ॥

ਹੇ ਭਾਈ ! ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਪ੍ਰਭੂ ਦਾ ਨਾਮ ਸਰਵਣੀ=ਕੰਨੀਂ ਸੁਣਿਆ ਹੈ।

ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥

ਰਾਮ=ਹੇ ਭਾਈ ਉਹ ਪੁਰਸ਼ ਸਹਜੇ ਹੀ ਸੁਹੇਲੇ=ਸੁਖੀ ਹਨ, ਜਿਨ੍ਹਾਂ ਨੇ ਰਸਨਾਂ ਨਾਲ ਹਰਿ ਹਰਿ ਦੇ ਨਾਮ ਨੂੰ ਭਣਿਆ=ਉਚਾਰਿਆ ਹੈ।

ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ॥

ਉਹ ਸਹਜੇ ਸੁਹੇਲੇ=ਸੁਖੀ ਹਨ, ਉਹਨਾਂ ਕੋਲ ਅਮੋਲਕ ਗੁਣ ਹਨ; ਉਹ ਜਗਤ ਨੂੰ ਉਧਾਰਣ=ਤਾਰਨ ਵਾਸਤੇ ਆਏ ਹਨ।

ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ॥

ਉਹ ਮਲਾਹ ਰੂਪ ਭੈ=ਹੋਏ ਹਨ, ਭੈ ਦਾਇਕ ਸੰਸਾਰ ਸਮੁੰਦਰ ਤੋਂ ਕਿਤਨੇ ਹੀ ਜੀਵ ਉਹਨਾਂ ਨੇ ਪ੍ਰਭੂ ਦੇ ਚਰਨਾਂ ਰੂਪ ਜਹਾਜ਼ ਉੱਤੇ ਚੜ੍ਹਾਕੇ ਪਾਰ ਲੰਘਾਏ ਹਨ।

ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ॥

ਜਿਨ੍ਹਾਂ ਉੱਤੇ ਮੇਰੇ ਠਾਕੁਰ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਹਨਾਂ ਦੇ ਪਾਪਾਂ ਪੁੰਨਾਂ ਦਾ ਹਿਸਾਬ ਨਹੀਂ ਗਿਣਿਆ।

ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਵਣੀ ਸੁਣਿਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਹਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਪ੍ਰਭੂ ਦਾ ਨਾਮ ਸ੍ਵਣੀ=ਕੰਨੀ ਸੁਣਿਆ ਹੈ॥ ੧ ॥

ਸਲੋਕੁ ॥ ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥

ਮੈਨੇ ਸ਼ੁੱਧ ਬੁੱਧੀ ਰੂਪੀ ਲੋਇਣ=ਅੱਖਾਂ ਨਾਲ ਲੋਈ=ਪ੍ਰਕਾਸ਼ ਰੂਪ ਪਰਮਾਤਮਾ ਨੂੰ ਡਿਠ=ਵੇਖਿਆ ਹੈ; ਪਰ ਤਰੇਹ ਫਿਰ ਭੀ ਨਹੀਂ ਬੁਝੀ, ਸਗੋਂ ਮੂ=ਮੈਨੂੰ ਘਣੀ=ਬਹੁਤੀ ਚਾਹ ਹੋ ਗਈ ਹੈ।

ਅਥਵਾ:-ਅੱਖਾਂ ਨਾਲ ਸਾਰੀ ਦੁਨੀਆਂ ਵੇਖੀ ਹੈ, ਪਰ ਲੋਈ=ਪ੍ਰਕਾਸ਼ ਰੂਪ ਪ੍ਰਭੂ ਦੇ ਵੇਖੇ ਬਿਨਾਂ ਪਿਆਸ ਨਹੀਂ ਬੁਝਦੀ ਸਗੋਂ ਮੂ=ਮੈਨੂੰ ਘਣੀ=ਬਹੁਤ ਪਿਆਸ ਲੱਗ ਰਹੀ ਹੈ।

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੧ ॥ *

ਗੁਰੂ ਜੀ ਕਥਨ ਕਰਦੇ ਹਨ, ਉਹ ਅੱਖੀਆਂ ਬਿਅੰਨਿ=ਹੋਰ ਹੀ ਹਨ, ਜਿਨ੍ਹਾਂ ਗਿਆਨ ਵੈਰਾਗ ਰੂਪ ਅੱਖਾਂ ਨਾਲ ਮੇਰਾ ਪਿੰਰੀ-ਪਰਮਾਤਮਾ ਡਿਸੰਦੋ=ਨਿਗਾਹ ਆਂਵਦਾ ਹੈ॥ ੧ ॥

ਛੰਤੁ ॥ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ਸੇ ਸਾਚੀ ਦਰਗਹ ਭਾਣੇ ਰਾਮ ॥

ਰਾਮ=ਹੇ ਭਾਈ ! ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਵੇਖਿਆ ਹੈ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ।

ਰਾਮ=ਹੇ ਭਾਈ ! ਉਹ ਸੱਚੀ ਦਰਗਾਹ ਵਿਚ ਰਾਮ ਨੂੰ ਅਥਵਾ:-ਸਭ ਨੂੰ ਭਾ ਗਏ ਹਨ।

ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥

ਜੇਹੜੇ ਪੁਰਸ਼ ਠਾਕੁਰ ਨੇ ਮੰਨੇ ਹਨ, ਉਹ ਪਰਧਾਨੇ=ਮੁਖੀ ਹਨ, ਉਹ ਹਰੀ ਦੇ ਪ੍ਰੇਮ ਨਾਲ ਰਾਤੇ=ਤਦਾਕਾਰ ਭਾਵ ਮਸਤ ਰਹਿੰਦੇ ਹਨ।

ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥

ਹਰੀ ਨਾਮ ਰਸ ਕਰਕੇ ਉਹ ਅਘਾਏ=ਰੱਜ ਗਏ ਹਨ, ਸਹਜਿ=ਸ਼ਾਂਤੀ ਵਿਚ ਸਮਾਏ ਹਨ, ਅਤੇ ਉਹਨਾਂ ਨੇ ਘਟਿ ਘਟਿ=ਸਰੀਰ-ਸਰੀਰ ਵਿੱਚ ਪ੍ਰਭੂ ਨੂੰ ਜਾਤੇ=ਜਾਣਿਆ ਹੈ।

ਸੋਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥

ਜੋ ਪੁਰਸ਼ ਆਪਣੇ ਠਾਕੁਰ ਨੂੰ ਭਾਣੇ=ਚੰਗੇ ਲੱਗੇ ਹਨ, ਉਹ ਸੱਜਣ ਸੰਤ ਹਨ, ਅਤੇ ਉਹ ਸੁਖੀ ਹਨ।

ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ. ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਵੇਖਿਆ ਹੈ, ਮੈਂ ਉਹਨਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੨ ॥

---

*ਇਹ ਸਲੋਕੁ ਅੱਗੇ ਮਾਰੂ ਵਾਰ ਭੁੱਖਣੇ ਸੋਲ੍ਹਵੇਂ ਸਲੋਕ ਵਿਚ ਭੀ ਆਵੇਗਾ ਦੇਖੋ ਪੰਨਾ ੧੦੯੯।

ਸ਼ਲੋਕੁ ॥ ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ ॥

ਉਹਨਾਂ ਅੰਨ੍ਹਿਆਂ ਮਨਮੁਖਾਂ ਦੀ ਦੇਹ ਅੰਧ=ਅਗਿਆਨ ਕਰਕੇ ਅੰਧਾਰੀ=ਅੰਨ੍ਹੀ ਹੈ, ਅਤੇ ਨਾਮ ਸਿਮਰਨ ਤੋਂ ਵਿਹੂਣੀਆ=ਬਿਨਾਂ ਸ਼ੁਭ ਗੁਣਾਂ ਤੋਂ ਸੁੰਞੀ=ਖਾਲੀ ਹੈ।

ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦਾ ਮਨੁੱਖਾ ਜਨਮ ਸਫਲ ਹੈ, ਜੈ ਘਟਿ=ਜਿਸ ਦੇ ਹਿਰਦੇ ਵਿੱਚ ਸੱਚਾ ਵਾਹਿਗੁਰੂ ਵੱਸਿਆ ਹੈ॥ ੧ ॥

ਛੰਤੁ ॥ ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥

ਰਾਮ=ਹੇ ਭਾਈ ! ਮੈਂ ਉਹਨਾਂ ਤੋਂ ਖੰਨੀਐ ਵੰਞਾ=ਕੁਰਬਾਨ ਜਾਂਦਾ ਹਾਂ; ਜਿਨ੍ਹਾਂ ਨੇ ਮੇਰੇ ਹਰੀ ਰਾਮ ਨੂੰ ਡੀਠਾ=ਵੇਖਿਆ ਹੈ।

ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥

ਉਹ ਗੁਰਮੁਖ ਜਨ ਹਰਿ ਹਰਿ ਰਾਮ ਦਾ ਨਾਮ ਰੂਪ ਮਿੱਠਾ ਅੰਮ੍ਰਿਤ ਚਖ ਕੇ ਭਾਵ ਛਕ ਕੇ ਅਘਾਣੇ=ਰੱਜ ਗਏ ਹਨ।

ਹਰਿ ਮਨਹਿ ਮੀਠਾ ਪ੍ਰਭੁ ਤੁਠਾ ਅਮਿਉ ਵੁਠਾ ਸੁਖ ਭਏ ॥

ਜਿਨ੍ਹਾਂ ਦੇ ਮਨ ਵਿੱਚ ਮਿੱਠਾ ਹਰੀ ਨਾਮ ਅੰਮ੍ਰਿਤ ਵੁਠਾ=ਵੱਸਿਆ ਹੈ, ਉਹਨਾਂ ਉੱਤੇ ਪ੍ਰਭੂ ਤੁਠਾ=ਪ੍ਰਸੰਨ ਹੋਇਆ ਹੈ, ਇਸ ਲਈ ਉਹਨਾਂ ਨੂੰ ਆਤਮ ਸੁਖ ਪ੍ਰਾਪਤ ਹੋਇਆ ਹੈ।

ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ ॥

ਜਗਤ ਦੇ ਈਸ਼ਰ ਜੋ ਬ੍ਰਹਮਾ ਆਦਿਕ ਹਨ, ਉਹਨਾਂ ਦਾ ਈਸਹ=ਮਾਲਕ ਜੋ ਪ੍ਰਭੂ ਹੈ ਉਸ ਦੇ ਜਪਿ ਜੈ ਜਏ=ਜੈ ਜੈਕਾਰਿਆਂ ਨੂੰ ਜਪਿਆ, ਤਾਂ ਦੁੱਖ ਨਾਸ ਹੋ ਗਏ ਅਤੇ ਤਨ=ਸੂਖਮ ਸਰੀਰ ਅੰਤਹਕਰਣ ਵਿੱਚੋਂ ਭਰਮ ਭੀ ਨਾਸ ਹੋ ਗਿਆ।

(ਪੰਨਾ ੫੭੮) ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥

ਮੋਹ ਤੋਂ ਰਹਿਤ ਹੋਣ ਕਰਕੇ ਸਭ ਵਿਕਾਰ ਥਾਕੇ=ਦੂਰ ਹੋ ਗਏ ਹਨ, ਅਤੇ ਪੰਜ ਕਾਮ ਆਦਿਕਾਂ ਦਾ ਸੰਗ ਟੁੱਟ ਗਿਆ ਹੈ।

ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੁਠਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਹਨਾਂ ਤੋਂ ਖੰਨੀਐ ਵੰਞਾ=ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੇ ਹਿਰਦੇ ਵਿਚ ਮੇਰਾ ਹਰੀ ਪ੍ਰਭੂ ਵੁਠਾ=ਵੱਸਿਆ ਹੈ॥ ੨ ॥

ਸਲੋਕੁ ॥ ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥

ਜੋ ਅੱਠੇ ਪਹਿਰ ਰਾਮ ਪ੍ਰਭੂ ਨੂੰ ਲੋੜੀਦੇ=ਚਾਹੁੰਦੇ ਹਨ, ਅਥਵਾ:-ਢੂੰਢਦੇ ਹਨ, ਓਹੀ ਅਸਲੀ

ਮੇਵਕ ਕਾਂਢਿਆ=ਕਥਨ ਕੀਤੇ ਜਾਂਦੇ ਹਨ।

ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਇਹ ਜਾਣੇ ਸਤਿ=ਸੱਚ ਜਾਣੋ, ਸਾਂਈ=ਪਰਮਾਤਮਾ, ਸੰਤਾਂ ਤੋਂ ਬਾਹਰਾ=ਭਿੰਨ (ਵੱਖਰਾ) ਨਹੀਂ ਹੈ॥ ੧ ॥

ਛੰਤੁ ॥ਮਿਲਿ ਜਲੁ ਜਲਹਿ ਖਟਾਨਾ ਰਾਮ ॥ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥

ਰਾਮ=ਹੇ ਭਾਈ ! ਜਿਵੇਂ ਪਾਣੀ ਨਾਲ ਮਿਲਕੇ ਪਾਣੀ ਇੱਕ ਰੂਪ ਹੋ ਜਾਂਦਾ ਹੈ। ਤਿਵੇਂ ਰਾਮ ਜੋਤੀ ਨਾਲ ਮਿਲਕੇ ਸੰਤਾਂ ਦੀ ਜੋਤ ਅਭੇਦ ਰੂਪ ਹੋ ਜਾਂਦੀ ਹੈ।

ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥

ਉਹ ਪੂਰਨ ਕਰਤੇ ਪੁਰਖ ਵਿੱਚ ਸੰਮਾਇ=ਅਭੇਦ ਹੋ ਗਏ ਹਨ, ਉਹ ਆਪਣੇ ਆਪ ਨੂੰ ਬ੍ਰਹਮ ਰੂਪ ਕਰਕੇ ਜਾਣਦੇ ਹਨ।

ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥

ਤਿਸ ਅਫੁਰ ਬ੍ਰਹਮ ਵਿੱਚ ਉਹਨਾਂ ਦੀ ਸਹਜੇ ਸਮਾਧੀ ਲੱਗੀ ਹੈ, ਸਾਰੇ ਵੇਦ, ਸ਼ਾਸਤ੍ਰ, ਜਿਸ ਇੱਕ ਬ੍ਰਹਮ ਨੂੰ ਇੱਕ ਕਰਕੇ ਹੀ ਕਥਨ ਕਰਦੇ ਹਨ।

ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥

ਗੁਰਮੁਖਾਂ ਨੇ ਇਸ ਤਰ੍ਹਾਂ ਨਿਸਚੇ ਕੀਤਾ ਹੈ, ਕਿ ਉਹ ਆਪ ਹੀ ਗੁਪਤਾ=ਨਿਰਗੁਣ ਬ੍ਰਹਮ ਰੂਪ ਹੋ ਰਿਹਾ ਹੈ, ਆਪ ਹੀ ਮੁਕਤ ਰੂਪ ਹੈ, ਉਹ ਆਪਣੇ ਜਸ ਨੂੰ ਆਪ ਹੀ ਵਖਾਨਾ=ਕਥਨ ਕਰਦਾ ਹੈ।

ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਪੰਜ ਪ੍ਰਕਾਰ ਦਾ ਭਰਮ, ਭੈ=ਡਰ, ਅਤੇ ਰਜੋ, ਸਤੋ, ਤਮੋ ਰੂਪ ਤਿੰਨੇ ਗੁਣ ਨਾਸ ਹੋ ਗਏ, ਤਾਂ ਉਸ ਬ੍ਰਹਮ ਵਿੱਚ ਇਸ ਤਰ੍ਹਾਂ ਅਭੇਦ ਹੋਏ, ਜਿਵੇਂ ਪਾਣੀ ਨਾਲ ਪਾਣੀ ਮਿਲਕੇ ਅਭੇਦ ਹੋ ਜਾਂਦਾ ਹੈ॥ ੪ ॥ ੨ ॥

ਵਡਹੰਸੁ ਮਹਲਾ ੫ ॥

ਪ੍ਰਭ ਕਰਣ ਕਾਰਣ ਸਮਰਥਾ ਰਾਮ ॥ ਰਖੁ ਜਗਤੁ ਸਗਲ ਦੇ ਹਥਾ ਰਾਮ ॥

ਹੇ ਰਾਮ ਪ੍ਰਭੂ ! ਆਪ ਸਾਰਿਆਂ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੋ। ਹੇ ਰਾਮ ! ਆਪ ਹੀ ਕਿਰਪਾ ਰੂਪੀ ਹੱਥ ਦੇ ਕੇ ਸਾਰੇ ਜਗਤ ਨੂੰ ਰੱਖਦੇ ਹੋ।

ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ ॥

ਹੇ ਸਮਰੱਥ ਸੁਆਮੀ ! ਆਪ ਸ਼ਰਨ ਆਇਆਂ ਦੀ ਰੱਖਿਆ ਕਰਨੇ ਜੋਗ ਹੋ, ਕਿਰਪਾ ਦੀ ਨਿਧੀ ਹੋ ਅਤੇ ਸੁਖਾਂ ਦੇ ਦਾਤੇ ਹੋ।

ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ ॥

ਮੈਂ ਤੇਰੇ ਉਹਨਾਂ ਦਾਸਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਸਾਰਿਆਂ ਵਿਚ ਇੱਕ ਆਪ ਜੀ ਨੂੰ ਪਛਾਤਾ=ਪਛਾਣਿਆ ਹੈ।

ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ ॥

ਆਪ ਜੀ ਦਾ ਕੋਈ ਵਰਨੁ=ਰੰਗ ਤੇ ਚਿੰਨ੍ਹ ਜਾਣਿਆ ਨਹੀਂ ਜਾਂਦਾ, ਆਪ ਕਥਨ ਤੋਂ ਭੀ ਅਕੱਥ ਹੋ।

ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਪ੍ਰਭੂ ! ਆਪ ਮੇਰੀ ਬੇਨਤੀ ਸੁਣਨਾ ਕਰੋ ॥ ੧ ॥

ਏਹਿ ਜੀਅ ਤੇਰੇ ਤੂ ਕਰਤਾ ਰਾਮ ॥ ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ ॥

ਹੇ ਰਾਮ ! ਏਹ ਸਾਰੇ ਜੀਵ ਤੇਰੇ ਹਨ, ਤੂੰ ਇਨ੍ਹਾਂ ਦਾ ਕਰਤਾ ਹੈਂ । ਹੇ ਰਾਮ ਪ੍ਰਭੂ ! ਤੂੰ ਹੀ ਦੁੱਖ ਜਨ ਦਰਦ ਤੇ ਭਰਮ ਦੇ ਹਰਤਾ=ਨਾਸ ਕਰਨ ਵਾਲਾ ਹੈਂ।

ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ ਰਖਿ ਲੇਹੁ ਦੀਨ ਦੈਆਲਾ ॥

ਹੇ ਦੀਨ ਦਿਆਲ ਪ੍ਰਭੂ ! ਭਰਮ, ਦੁੱਖ ਅਤੇ ਦਰਦ ਇੱਕ ਖਿਨ ਵਿੱਚ ਦੂਰ ਕਰਕੇ ਮੈਂ ਦੀਨ=ਗਰੀਬ ਨੂੰ ਰੱਖ ਲਓ।

ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੋਪਾਲਾ ॥

ਹੇ ਗੋਪਾਲ ! ਮੇਰਾ ਮਾਂ, ਪਿਓ, ਸੁਆਮੀ ਅਤੇ ਸੱਜਣ ਤੂੰਹੀ ਹੈਂ ਸਾਰਾ ਜਗਤ ਆਪ ਜੀ ਦਾ ਬਾਲ=ਬਾਲਕਾ (ਬੱਚਾ) ਹੈ।

ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ ॥

ਜੋ ਆਪ ਜੀ ਦੀ ਸ਼ਰਨ ਵਿਚ ਆਉਂਦਾ ਹੈ, ਉਹ ਗੁਣਾਂ ਦਾ ਨਿਧਾਨ=ਖ਼ਜ਼ਾਨਾ ਪਾਉਂਦਾ ਹੈ, ਅਤੇ ਮੁੜ ਕੇ ਜੰਮਦਾ ਮਰਦਾ ਨਹੀਂ ਹੈ।

ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਭੀ ਆਪ ਜੀ ਦਾ ਦਾਸ ਹਾਂ, ਸਾਰੇ ਜੀਵ ਤੇਰੇ ਹਨ, ਤੂੰ ਇਹਨਾਂ ਸਾਰਿਆਂ ਜੀਵਾਂ ਦਾ ਕਰਤਾ ਹੈਂ ॥ ੨ ॥

ਆਠ ਪਹਰ ਹਰਿ ਧਿਆਈਐ ਰਾਮ ॥ ਮਨ ਇਛਿਅੜਾ ਫਲੁ ਪਾਈਐ ਰਾਮ ॥

ਅੱਠੇ ਪਹਿਰ ਹਰੀ ਰਾਮ ਨੂੰ ਧਿਆਉਣਾ ਕਰੀਏ। ਰਾਮ ਦੇ ਧਿਆਉਣ ਕਰਕੇ ਮਨ-ਇੱਛਤ ਫਲ ਨੂੰ ਪਾ ਲਈਦਾ ਹੈ।

ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ ॥

ਪ੍ਰਭੂ ਦੇ ਧਿਆਉਣ ਕਰਕੇ ਮਨ-ਇੱਛਤ ਫਲ ਪਾਈਦਾ ਹੈ, ਅਤੇ ਜਮਾਂ ਦੇ ਤ੍ਰਾਸਾ=ਡਰ ਵੀ ਮਿਟ ਜਾਂਦੇ ਹਨ।

ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ ॥

ਜਿਨ੍ਹਾਂ ਨੇ ਸੰਤਾਂ ਦੇ ਸੰਗ ਕਰਕੇ ਗੋਬਿੰਦ ਦਾ ਜਸ ਗਾਇਆ ਹੈ, ਉਹਨਾਂ ਦੀ ਆਸਾ ਪੂਰਨ ਹੋਈ ਹੈ।

ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥

ਮਾਨ, ਮੋਹ, ਆਦਿਕ ਸਾਰੇ ਵਿਕਾਰਾਂ ਨੂੰ ਤਜਿ=ਤਿਆਗੀਏ, ਤਾਂ ਪ੍ਰਭੂ ਦੇ ਮਨ ਵਿਚ ਭਾਈਐ=ਚੰਗੇ ਲੱਗੀਦਾ ਹੈ।

ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥ ੩ ॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ, ਰਾਤ ਦਿਨ ਹਮੇਸ਼ਾਂ ਹੀ ਹਰਿ ਹਰਿ ਨਾਮ ਨੂੰ ਧਿਆਉਣਾ ਕਰੀਏ ॥ ੩ ॥

ਦਰਿ ਵਾਜਹਿ ਅਨਹਤ ਵਾਜੇ ਰਾਮ ॥ ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥

ਰਾਮ ਦੇ ਦਰਵਾਜ਼ੇ ਉੱਪਰ ਇੱਕ ਰਸ ਵਾਜੇ ਵੱਜ ਰਹੇ ਹਨ। ਹਰੀ ਰਾਮ ਗੋਬਿੰਦ ਘਟਾਂ ਘਟਾਂ ਵਿਚ ਗਾਜੇ=ਪ੍ਰਗਟ ਹੋ ਰਿਹਾ ਹੈ।

ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥

ਉਹ ਗੋਬਿੰਦ ਗਾਜੇ=ਪ੍ਰਗਟ ਹੋ ਕੇ ਸਦਾ ਬਿਰਾਜਮਾਨ ਹੋ ਰਿਹਾ ਹੈ, ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ ਅਤੇ ਸਾਰਿਆਂ ਤੋਂ ਉੱਚਾ ਹੈ।

ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ ॥

ਉਸ ਦੇ ਗੁਣ ਬਿਅੰਤ ਹਨ, ਸਾਥੋਂ ਕੁਝ ਕਹੇ ਨਹੀਂ ਜਾਂਦੇ, ਅਤੇ ਉਸ ਦੇ ਬਰਾਬਰ ਕੋਈ ਪਹੁੰਚ ਨਹੀਂ ਸਕਦਾ। ਅਥਵਾ:-ਉਸ ਦੀ ਮਹਿਮਾ ਨੂੰ ਕੋਈ ਪਹੁੰਚ ਨਹੀਂ ਸਕਦਾ।

ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ ॥

ਆਪ ਹੀ ਤੱਤਾਂ ਨੂੰ ਉਤਪਤ ਕਰਦਾ ਹੈ, ਪੁਨਾ ਆਪ ਹੀ ਉਨ੍ਹਾਂ ਤੱਤਾਂ ਦੁਆਰੇ ਸੂਖਮ ਸਥੂਲ ਰੂਪ ਸਾਰਿਆਂ ਜੀਆਂ ਜੰਤਾਂ ਨੂੰ ਸਾਜਦਾ ਹੈ। ਅਤੇ ਆਪ ਹੀ ਸਾਰਿਆਂ ਦੀ ਪ੍ਰਤਿਪਾਲਾ ਕਰਦਾ ਹੈ।

ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਭਗਤੀ ਵਿੱਚ ਹੀ ਸੁਖ ਹੈ, ਸੰਸਾਰ, ਅਥਵਾ:-ਸਤਸੰਗ ਦਰਵਾਜ਼ੇ ਉੱਪਰ ਇੱਕ-ਰਸ ਵਾਜੇ ਵੱਜ ਰਹੇ ਹਨ ॥ ੪ ॥ ੩ ॥

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ ੧ੴ ਸਤਿਗੁਰ ਪ੍ਰਸਾਦਿ॥

ਅਲਾਹਣੀਆਂ ਛੰਦ ਦੀ ਚਾਲ ਹੈ। ਅਥਵਾ:-ਪ੍ਰਾਣੀ ਦੇ ਮਰ ਜਾਣ ਤੇ ਸਿਆਪੇ ਵਿੱਚ ਨਾਇਣ ਜੋ ਮਰਨ ਵਾਲੇ ਦੀ ਸਲਾਹੁਤਾ ਰੂਪ ਗੀਤ ਗਾਉਂਦੀ ਹੈ, ਅਤੇ ਉਸੇ ਦੇ ਤੁਕਾਂਤ ਉੱਤੇ ਔਰਤਾਂ ਪਿੱਟਦੀਆਂ ਹਨ ਉਸੇ ਨੂੰ ਅਲਾਹਣੀਆਂ ਕਹਿੰਦੇ ਹਨ।

ਗੁਰੂ ਸਾਹਿਬਾਂ ਨੇ ਇਹ ਵੈਰਾਗ ਮਈ ਬਾਣੀ ਅੰਤਮ ਸਮੇਂ ਦੀ ਉਚਾਰ ਕੇ ਇਸ ਦਾ ਨਾਮ ਅਲਾਹਣੀਆਂ ਰੱਖਿਆ ਹੈ। ਤੇ ਹੁਕਮ ਦਿੱਤਾ ਹੈ ਕਿ ਪ੍ਰਾਣੀ ਦੇ ਮਰਨ ਮਗਰੋਂ ਇਨ੍ਹਾਂ ਅਲਾਹਣੀਆਂ ਦਾ ਪਾਠ ਕਰਨਾ ਚਾਹੀਦਾ ਹੈ।

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥

ਸੰਸਾਰ ਦੇ ਸਿਰੰਦਾ=ਸਿਰਜਣੇ ਵਾਲਾ ਸੱਚਾ ਪਾਤਸ਼ਾਹ ਧੰਨ ਹੈ, ਜਿਸ ਨੇ ਸਾਰੇ ਸੰਸਾਰ ਨੂੰ ਧੰਧਿਆਂ ਵਿੱਚ ਲਗਾਇਆ ਹੋਇਆ ਹੈ।

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥

ਸੰਸਾਰ ਵਿੱਚ ਰਹਿਣ ਲਈ ਜਿਤਨੀ ਕੁ ਮੁਹਲਤ ਮਿਲੀ ਸੀ, ਉਹ ਜਿਸ ਵੇਲੇ ਉਮਰਾ ਦੀ ਮੁਹਲਤ ਪੁਨੀ=ਪੂਰੀ ਹੋਈ, ਤਾਂ ਭਰੀ ਹੋਈ ਪਾਈ* ਦੇ ਪਲਟਣੇ ਵਾਂਗੂੰ ਜਾਨੀਅੜਾ=ਪਿਆਰੇ ਦੇ ਗਲ ਵਿੱਚ ਸੰਗਲ ਘਤਿ=ਪਾ ਕੇ ਅੱਗੇ ਪ੍ਰਲੋਕ ਰਸਤੇ ਵਿੱਚ ਤੋਰਿਆ ਜਾਂਦਾ ਹੈ।

(ਪੰਨਾ ੫੭੯)

ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥

ਜਿਸ ਵੇਲੇ ਦਰਗਾਹ ਦਾ ਲਿਖਿਆ ਹੋਇਆ ਹੁਕਮਨਾਮਾ ਆਇਆ ਤਾਂ ਜਾਨੀ=ਪਿਆਰੇ ਜੀਵ ਨੂੰ ਛੱਟੇ ਉੱਤੇ ਪਾ ਕੇ ਮਸਾਣ ਭੂਮਿਕਾ ਵੱਲ ਚਲਾਇਆ। ਅਥਵਾ:- ਪਿਆਰੇ ਜੀਵ ਦੇ ਗੱਲ ਵਿੱਚ ਸੰਗਲ ਪਾ ਕੇ ਪ੍ਰਲੋਕ ਰਸਤੇ ਵਿੱਚ ਚਲਾਇਆ ਉਸ ਵੇਲੇ ਸਾਰੇ ਵੀਰ ਰੋਣ ਲੱਗ ਪਏ।

ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥

ਹੇ ਮੇਰੇ ਮਾਏ=ਭਾਈ ! ਜਦ ਉਮਰਾ ਦੇ ਦਿਨ ਪੁੰਨੇ=ਪੂਰੇ ਹੋ ਗਏ ਤਾਂ ਦੇਹ ਤੇ ਹੰਸ=ਜੀਵ ਦਾ ਵਿਛੋੜਾ ਹੋ ਗਿਆ।

---

*ਨੋਟ:-ਪਾਈ-ਚਾਰ ਟੋਪਿਆਂ ਦੀ ਇੱਕ ਪਾਈ ਹੁੰਦੀ ਹੈ, ਤੇ ਟੋਪਾ ਦੋ ਸੇਰ ਦਾ ਹੁੰਦਾ ਹੈ। ਅਤੇ ਚਾਰ ਪੜੋਪੀਆਂ ਦਾ ਇੱਕ ਟੋਪਾ। ਪੜੋਪੀ ਵਿੱਚ ਅੱਧ ਸੇਰ ਦਾਣੇ, ਟੋਪੇ ਵਿੱਚ ਦੋ ਸੇਰ ਦਾਣੇ, ਪਾਈ ਵਿੱਚ ਅੱਠ ਸੇਰ ਦਾਣੇ ਪੈਂਦੇ ਹਨ।

ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥

ਜੇਹੋ ਜੇਹਾ ਪੂਰਬਲੇ ਜਨਮ ਵਿੱਚ ਕਰਮ ਕਮਾਇਆ ਸੀ, ਤੇ ਇਸ ਜਨਮ ਵਿੱਚ ਉਸ ਅਨੁਸਾਰ ਜੇਹਾ ਲੇਖ ਲਿਖਿਆ ਗਿਆ ਹੈ ਉਸ ਦਾ ਫਲ ਹੁਣ ਪਾਇਆ ਹੈ, ਅਤੇ ਜੇਹਾ ਕਰਮ ਹੁਣ ਇਸ ਜਨਮ ਵਿੱਚ ਕਮਾਇਆ ਹੈ ਉਸ ਦਾ ਫਲ ਅੱਗੇ ਜਾ ਕੇ ਪਾਵੇਗਾ।

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥ ੧ ॥

ਸਿਰੰਦਾ=ਸਿਰਜਣਹਾਰ ਸੱਚਾ ਪਾਤਸ਼ਾਹ ਧੰਨ ਹੈ, ਜਿਸ ਨੇ ਸਾਰੇ ਜਗਤ ਨੂੰ ਧੰਧਿਆਂ ਵਿੱਚ ਲਗਾਇਆ ਹੋਇਆ ਹੈ॥ ੧ ॥

ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥

ਹੇ ਮੇਰੇ ਭਾਈਓ ! ਸਾਹਿਬ ਨੂੰ ਸਿਮਰਨਾ ਕਰੋ, ਇੱਥੋਂ ਸਾਰਿਆਂ ਨੇ ਇਸੀ ਪ੍ਰਕਾਰ ਪਇਆਣਾ=ਚਲਿਆ ਜਾਣਾ ਹੈ।

ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥

ਇੱਥੇ ਤਾਂ ਚਾਰ ਦਿਨਾਂ ਦਾ ਝੂਠਾ ਧੰਧਾ ਹੈ, ਆਗੈ=ਪ੍ਰਲੋਕ ਵਿੱਚ ਸਰਪਰ=ਜ਼ਰੂਰ ਚਲਿਆ ਜਾਣਾ ਹੈ।

ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥

ਇੱਥੇ ਜੀਵ ਮਿਹਮਾਣਾ ਜਿਉ=ਪ੍ਰਾਹੁਣੇ ਵਾਂਗੂੰ ਹੈ, ਇਸ ਨੇ ਆਗੈ=ਪ੍ਰਲੋਕ ਵਿਚ ਸਰਪਰ=ਜ਼ਰੂਰ ਜਾਣਾ ਹੈ, ਫਿਰ ਗਾਰਬੁ=ਹੰਕਾਰ ਕਿਉਂ ਕਰਨਾ ਹੈ।

ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥

ਜਿਸ ਦੇ ਸੇਵਨੇ ਕਰਕੇ ਦਰਗਾਹ ਵਿੱਚ ਸੁਖ ਪਾਈਦਾ ਹੈ, ਉਸ ਪ੍ਰਭ ਦਾ ਨਾਮ ਲੈਣਾ ਕਰੋ।

ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥

ਆਗੈ=ਪ੍ਰਲੋਕ ਵਿੱਚ ਕਿਸੇ ਦਾ ਹੁਕਮ ਮੂਲੇ=ਕਦਾਚਿਤ ਨਹੀਂ ਚਲਦਾ, ਹਰ ਇੱਕ ਜੀਵ ਦੇ ਸਿਰ ਸਿਰ ਉੱਤੇ ਕੀ ਬਤੀਤ ਹੁੰਦਾ ਹੈ? ਭਾਵ ਆਪਣੇ ਕੀਤੇ ਕਰਮਾਂ ਅਨੁਸਾਰ ਫਲ ਭੋਗਦਾ ਹੈ।

ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥ ੨ ॥

ਹੇ ਮੇਰੇ ਭਾਈਓ ! ਸਾਹਿਬ ਨੂੰ ਸਿਮਰਨਾ ਕਰੋ, ਇੱਥੋਂ ਸਾਰਿਆਂ ਨੇ ਇਸੀ ਪ੍ਰਕਾਰ ਚਲਿਆ ਜਾਣਾ ਹੈ॥ ੨ ॥

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥

ਉਸ ਸਮਰੱਥ ਪ੍ਰਭੂ ਨੂੰ ਜੋ ਭਾਉਂਦਾ ਹੈ ਓਹੀ ਹੁੰਦਾ ਹੈ, ਇਹ ਸੰਸਾਰ ਦਾ ਹੀਲੜਾ=ਬਹਾਨਾ ਰੂਪ, ਅਥਵਾ:-ਦੁੱਖ ਰੂਪ ਹੈ।

ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ ॥

ਉਹ ਸੱਚਾ ਸਿਰਜਣਹਾਰ ਪ੍ਰਭੂ ਜਲਾਂ ਵਿੱਚ, ਥਲਾਂ ਵਿੱਚ, ਮਹੀ=ਪ੍ਰਿਥਵੀ ਤੇ ਅਲਿ=ਅਕਾਸ਼ ਵਿਚ ਰਵਿ ਰਿਹਾ ਹੈ।

ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ ॥

ਉਹ ਸੱਚਾ ਸਿਰਜਣਹਾਰ ਪ੍ਰਭੂ ਅਲਖ ਤੇ ਅਪਾਰ ਹੈ, ਉਸ ਦਾ ਅੰਤ ਨਹੀਂ ਪਾਇਆ ਜਾਂਦਾ।

ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥

ਉਸ ਦਾ ਆਇਆ ਸੰਸਾਰ ਵਿੱਚ ਸਫਲਾ ਹੋਇਆ ਹੈ, ਜਿਸ ਨੇ ਇਕਾਗਰ ਮਨ ਹੋ ਕੇ ਉਸ ਵਾਹਿਗੁਰੂ ਨੂੰ ਸਿਮਰਿਆ ਹੈ।

ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥

ਢਾਹੁਣੇ ਉਸਾਰਨੇ ਵਾਲਾ ਜੋ ਪ੍ਰਭੂ ਹੈ ਉਹ ਆਪਣੇ ਹੁਕਮ ਦੇ ਵਿਚ ਹੀ ਜਗਤ ਨੂੰ ਢਾਹੁੰਦਾ ਤੇ ਉਸਾਰਦਾ ਹੈ।

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥ ੩ ॥

ਉਸ ਸਮਰੱਥ ਪ੍ਰਭੂ ਨੂੰ ਜੋ ਭਾਉਂਦਾ ਹੈ ਓਹੀ ਹੁੰਦਾ ਹੈ, ਇਹ ਸਾਰਾ ਸੰਸਾਰ ਹੀਲੜਾ=ਬਹਾਨਾ,
ਅਥਵਾ:-ਦੁੱਖ ਰੂਪ ਹੈ॥ ੩ ॥

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥

ਗੁਰੂ ਜੀ ਕਥਨ ਕਰਦੇ ਹਨ, ਬਾਬਾ=ਹੇ ਭਾਈ ! ਅਸਲੀ ਰੋਣਾ ਇਸ ਦਾ ਤਾਂ ਜਾਨਣਾ ਕਰੋ, ਜੇਕਰ ਪਿਆਰ ਲਗਾ ਕੇ ਰੋਣਾ ਕਰੇ। ਅਥਵਾ:-ਜੇਕਰ ਪ੍ਰਭੂ ਦੇ ਪਿਆਰ ਲਗਾਣ ਵਿੱਚ ਰੋਣਾ ਕਰੇ।

ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥

ਬਾਬਾ=ਹੇ ਭਾਈ ! ਇਹ ਲੋਕ ਤਾਂ ਵਸਤ ਵਲੇਵੇ (ਸਮਾਨ) ਵਾਸਤੇ ਰੋਂਦੇ ਹਨ,
ਇਸ ਲਈ ਇਨ੍ਹਾਂ ਦਾ ਸਾਰਾ ਰੋਣਾ ਬਿਕਾਰੋ=ਝੂਠਾ ਹੈ।

ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥

ਇਨ੍ਹਾਂ ਸਾਰਿਆਂ ਦਾ ਰੋਣਾ ਬਿਕਾਰੋ=ਵਿਕਾਰ ਰੂਪ ਭਾਵ ਝੂਠਾ ਹੈ,
ਇਹ ਗਾਫਲੁ=ਭੁੱਲਾ ਹੋਇਆ ਜੀਵ ਸੰਸਾਰ ਵਿੱਚ ਮਾਇਆ ਵਾਸਤੇ ਰੋਂਦਾ ਹੈ।

ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥

ਭਲਾ ਬੁਰਾ ਇਸ ਨੂੰ ਕੁਝ ਦਿਸਦਾ ਨਹੀਂ ਹੈ, ਇਸ ਅਮੋਲਕ ਸਰੀਰ ਨੂੰ ਪਿੱਟ ਪਿੱਟ ਕੇ ਐਵੇਂ ਨਾਸ ਕਰ ਲੈਂਦਾ ਹੈ। ਜੋ ਭੀ ਐਥੈ=ਇਸ ਸੰਸਾਰ ਵਿੱਚ ਆਇਆ ਹੈ ਸਭ ਕਿਸੇ ਨੇ ਚਲਿਆ ਜਾਣਾ ਹੈ, ਇਹ ਝੂਠਾ ਹੀ ਹੰਕਾਰ ਕਰਦੇ ਹਨ।

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਬਾਬਾ=ਹੇ ਭਾਈ ! ਇਸ ਦਾ ਅਸਲੀ ਰੋਣਾ ਤਾਂ ਜਾਣੀਏ, ਜੇ ਪ੍ਰਭੂ ਵਿੱਚ ਪਿਆਰ ਲਗਾਉਣ ਦਾ ਰੋਵੈ=ਜਤਨ ਕਰੇ। ਅਥਵਾ:-ਰੋਣਾ ਕਰੇ॥ ੪ ॥ ੧ ॥

ਵਡਹੰਸੁ ਮਹਲਾ ੧ ॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥

ਹੇ ਸਹੇਲੀਓ ਆ ਕੇ ਮੈਨੂੰ ਮਿਲਣਾ ਕਰੋ, ਅਸੀਂ ਰਲ ਮਿਲ ਕੇ ਸੱਚਾ ਨਾਮ ਲੈਣਾ ਕਰੀਏ।

ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ ॥

ਪਰਮੇਸ਼ਰ ਦੇ ਤਨ=ਨਾਲੋਂ ਜੋ ਬਿਰਹਾ=ਵਿਛੋੜਾ ਹੋ ਰਿਹਾ ਹੈ ਉਸ ਨੂੰ ਰੋਣਾ ਕਰੀਏ, ਭਾਵ ਉਸ ਵਿਛੋੜੇ ਦੀ ਨਿਵਿਰਤੀ ਲਈ ਜਤਨ ਕਰੀਏ, ਤੇ ਆਪਣੇ ਸਾਹਿਬ ਨੂੰ ਸੰਮ੍ਹਾਲਣਾ ਕਰੀਏ।

ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥

ਸਾਹਿਬ ਨੂੰ ਸੰਮ੍ਹਾਲਣਾ ਕਰੀਏ, ਅਤੇ ਉਸ ਰਸਤੇ ਨੂੰ ਨਿਹਾਲਿਹ=ਵੇਖਣਾ ਕਰੋ, ਜਿੱਥੇ ਲੋਕੀ ਤੁਰੇ ਜਾਂਦੇ ਹਨ, ਕਿਉਂਕਿ ਸਮੇਂ ਅਨੁਸਾਰ ਅਸਾਂ ਨੇ ਭੀ ਓਸੇ ਰਸਤੇ ਤੁਰ ਜਾਣਾ ਹੈ।

ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥

ਜਿਸ ਦਾ ਇਹ ਜੀਵ ਪੈਦਾ ਕੀਤਾ ਹੋਇਆ ਸੀ, ਓਸੇ ਨੇ ਮਾਰ ਲੀਤਾ ਹੈ,

ਜੋ ਉਸ ਦਾ ਭਾਣਾ=ਹੁਕਮ ਹੁੰਦਾ ਹੈ ਓਹੀ ਕੁਝ ਹੁੰਦਾ ਹੈ।

ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ ॥

ਜੋ ਉਸ ਪ੍ਰਭੂ ਨੇ ਮੱਥੇ ਉੱਪਰ ਲਿਖ ਪਾਉਣਾ ਕਰਿ=ਕੀਤਾ ਹੈ, ਓਹੀ ਜੀਵ ਦੇ ਅੱਗੇ ਆ ਕੇ ਪ੍ਰਾਪਤ ਹੋਇਆ ਹੈ, ਅਸੀਂ ਹੋਰ ਕੀ ਹੁਕਮ ਕਰ ਸਕਦੇ ਹਾਂ।

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥ ੧ ॥

ਹੇ ਪਿਆਰੀਆਂ ਸਖੀਓ ! ਆ ਕੇ ਮਿਲਣਾ ਕਰੋ, ਅਸੀਂ ਰਲ ਮਿਲ ਕੇ ਸੱਚਾ ਨਾਮ ਲੈਣਾ ਕਰੀਏ ॥ ੧ ॥

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥

ਹੇ ਲੋਕੋ ! ਮਰਨੇ ਨੂੰ ਬੁਰਾ ਕਰਕੇ ਨਾ ਆਖੋ, ਜਿਵੇਂ ਮਹਾਤਮਾ ਜੀਵਤ ਭਾ ਤੋਂ ਮਰਦੇ ਹਨ ਜੇ ਕੋਈ ਇਸ ਤਰ੍ਹਾਂ ਦਾ ਮਰਨਾ ਜਾਨਣਾ ਕਰੇ।

ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥

ਆਪਣੇ ਸਮਰੱਥ ਸਾਹਿਬ ਨੂੰ ਸੇਵਨਾ ਕਰੋ, ਤਾਂ ਆਗੈ=ਪ੍ਰਲੋਕ ਦਾ ਰਸਤਾ ਸੁਹੇਲਾ=ਸੌਖਾ ਹੋਵੇਗਾ।

ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥

ਜੇ ਸਿਮਰੋਗੇ ਤਾਂ ਪਹਿਲੇ ਇਹ ਫਲ ਪਾਓਗੇ ਕਿ ਸੌਖੇ ਰਸਤੇ ਜਾਓਗੇ, ਦੂਜਾ ਆਗੈ=ਪ੍ਰਲੋਕ ਵਿੱਚ ਗਿਆਂ ਵਡਿਆਈ ਮਿਲੇਗੀ। ਅਥਵਾ:-ਭਗਤੀ ਰੂਪੀ ਸੌਖੇ ਰਸਤੇ ਵਿੱਚ ਜਾਵੋ ਤਾਂ ਗਿਆਨ ਫਲ ਨੂੰ ਪਾਓਗੇ, ਤੇ ਆਗੈ=ਪ੍ਰਲੋਕ ਵਿੱਚ ਵਡਿਆਈ ਮਿਲੇਗੀ।

ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥

ਨਾਮ ਸਿਮਰਨ ਰੂਪੀ ਭੇਟਾ ਦੇ ਸਿਉ= ਸਹਿਤ ਜਾਓਗੇ ਤਾਂ ਸੱਚ-ਸਰੂਪ ਵਿੱਚ ਸਮਾਓਗੇ, ਤਾਂ ਹੀ ਤੁਹਾਡੀ

ਪਤ=ਆਬਰੋ ਲੇਖੇ ਵਿੱਚ ਪਵੇਗੀ।

ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥

ਹੇ ਮਹਲੀ=ਜਗਿਆਸੂ ਰੂਪ ਇਸਤ੍ਰੀਓ ਸਰੂਪ ਜਗ੍ਹਾ ਨੂੰ ਪਾਉਣਾ ਕਰੋ ਤਾਂ ਖਸਮ ਨੂੰ ਭਾ ਜਾਉਗੀਆਂ ਅਤੇ ਰੰਗ ਸਿਉ=ਪ੍ਰੇਮ ਨਾਲ ਰਲੀਆ ਮਾਣੈ=ਖੁਸ਼ੀਆਂ ਭੋਗੋਗੀਆਂ।

ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥ ੨॥

ਹੇ ਲੋਕੋ ! ਮਰਨੇ ਨੂੰ ਬੁਰਾ ਕਰਕੇ ਨਾ ਆਖੋ, ਜੇ ਕੋਈ ਜੀਵਤ ਭਾ ਤੋਂ ਮਰਨਾ ਜਾਣਦਾ ਹੈ ਤਾਂ ਉਸ ਦਾ ਮਰਨਾ ਚੰਗਾ ਹੈ॥ ੨॥

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥

ਉਨ੍ਹਾਂ ਸੂਰਿਆਂ ਸੂਰਬੀਰ ਮੁਣਸਾ=ਮਨੁੱਖਾਂ ਦਾ ਮਰਨਾ ਹਕੁ=ਸੱਚਾ ਹੈ, ਜਿਹੜੇ ਪਰਵਾਣੋ=ਪ੍ਰਮਾਨੀਕ ਹੋ ਕੇ ਮਰਦੇ ਹਨ।

(ਪੰਨਾ ੫੮੦)

ਸੂਰੇ ਸੇਈ ਆਗੈ ਆਖੀਅਹਿ ਦਰਗਾਹ ਪਾਵਹਿ ਸਾਚੀ ਮਾਣੋ॥

ਆਗੈ=ਪ੍ਰਲੋਕ ਵਿੱਚ ਉਹ ਸੂਰਬੀਰ ਮਨੁੱਖ ਆਖੇ ਜਾਂਦੇ ਹਨ, ਜੋ ਸੱਚੀ ਸਤਸੰਗ ਦਰਗਾਹ ਵਿੱਚ ਮਾਣ ਪਾਉਂਦੇ ਹਨ।

ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥

ਜੋ ਸਤਸੰਗ ਦਰਗਾਹ ਵਿੱਚ ਮਾਣ ਪਾਉਂਦੇ ਹਨ ਉਹ ਇੱਜ਼ਤ ਨਾਲ ਜਾਂਦੇ ਹਨ, ਪ੍ਰਲੋਕ ਵਿਚ ਉਹਨਾਂ ਨੂੰ ਕੋਈ ਦੁੱਖ ਨਹੀਂ ਲੱਗਦਾ।

ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥

ਜਾਂ ਇੱਕ ਅਕਾਲ ਪੁਰਖ ਨੂੰ ਧਿਆਉਣਾ ਕਰੇ ਤਾਂ ਹੀ ਮਨੁੱਖ ਜਨਮ ਦਾ ਫਲ ਪਾਂਵਦੇ ਹਨ, ਜਿਸ ਹਰੀ ਦੀ ਸੇਵਾ ਕਰਨ ਨਾਲ ਸਾਰੇ ਡਰ ਦੌੜ ਜਾਂਦੇ ਹਨ।

ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥

ਕਿਸੇ ਨੂੰ ਉੱਚਾ ਸ਼ਬਦ ਭਾਵ ਦੁਖਾਵਾਂ ਸ਼ਬਦ ਨਹੀਂ ਕਹਿਣਾ, ਜੇ ਕੋਈ ਕਹੇ ਤਾਂ ਆਪਣੇ ਮਨ ਵਿੱਚ ਸਹਾਰ ਰਹਿਣਾ ਕਰੇ, ਕਿਉਂਕਿ ਉਹ ਜਾਨਣਹਾਰ ਪ੍ਰਭੂ ਆਪ ਹੀ ਸਭ ਕੁਝ ਜਾਣਦਾ ਹੈ।

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥ ੩॥

ਉਹਨਾਂ ਸੂਰਬੀਰ ਮਨੁੱਖਾਂ ਦਾ ਮਰਨਾ ਹਕੁ=ਸੱਚਾ ਹੈ, ਜਿਹੜੇ ਪ੍ਰਮਾਨੀਕ ਹੋ ਕੇ ਮਰਦੇ ਹਨ॥ ੩॥

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥

ਗੁਰੂ ਜੀ ਕਥਨ ਕਰਦੇ ਹਨ, ਬਾਬਾ=ਹੇ ਭਾਈ ! ਕਿਸਨੂੰ ਰੋਣਾ ਕਰੀਏ, ਇਹ ਸੰਸਾਰ ਤਾਂ ਬਾਜੀਗਰ ਦੀ ਬਾਜੀ ਵਾਂਗੂੰ ਮਿਥਿਆ ਹੈ।

ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ॥

ਸਾਹਿਬੁ=ਮਾਲਕ ਪਰਮਾਤਮਾ ਆਪਣੇ ਕੀਤੇ ਹੋਏ ਪ੍ਰਪੰਚ ਨੂੰ ਆਪ ਹੀ ਵੇਖਣਾ ਕਰਦਾ ਹੈ, ਅਤੇ ਆਪਣੀ ਕੁਦਰਤ ਦੁਆਰਾ ਸਭ ਦਾ ਵਿਚਾਰ ਕਰਦਾ ਹੈ।

ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ॥

ਉਹ ਕੁਦਰਤੀ ਪਰਮਾਤਮਾ ਆਪਣੀ ਕੁਦਰਤ ਦੁਆਰੇ ਸਭ ਦਾ ਵਿਚਾਰ ਕਰਦਾ ਹੈ, ਤੇ ਆਪ ਹੀ ਧਾਰਣ=ਮਰਯਾਦਾ ਵਿੱਚ ਧਾਰਦਾ ਹੈ, ਜਿਸ ਪ੍ਰਭੂ ਨੇ ਇਸ ਨੂੰ ਪੈਦਾ ਕੀਤਾ ਹੈ ਓਹੀ ਇਸ ਦਾ ਸਾਰਾ ਭੇਦ ਜਾਣਦਾ ਹੈ।

ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ॥

ਆਪ ਹੀ ਬ੍ਰਹਮ ਗਿਆਨੀ ਹੋ ਕੇ ਵੇਖਦਾ ਹੈ। ਆਪ ਹੀ ਜਗਿਆਸੂ ਰੂਪ ਹੋ ਕੇ ਬੂਝੈ=ਪੁੱਛਦਾ ਹੈ, ਤੇ ਆਪ ਹੀ ਭਗਤ ਰੂਪ ਹੋ ਕੇ ਹੁਕਮ ਨੂੰ ਪਛਾਣਦਾ ਹੈ। ਅਥਵਾ:-ਆਪ ਹੀ ਗੁਰਾਂ ਤੋਂ ਬੂਝੈ=ਪੁੱਛਦਾ ਹੈ, ਆਪ ਹੀ ਸਰੂਪ ਨੂੰ ਵੇਖਦਾ ਹੈ; ਆਪ ਹੀ ਹੁਕਮ ਨੂੰ ਪਛਾਣਦਾ ਹੈ।

ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ॥
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥ ੪॥ ੨॥

ਜਿਸ ਨੇ ਕੁਝ ਤਪ ਕੀਤਾ ਹੈ ਓਹੀ ਉਸ ਪ੍ਰਭੂ ਨੂੰ ਜਾਣਦਾ ਹੈ ਉਸ ਦਾ ਰੂਪ-ਸਰੂਪ ਬਿਅੰਤ ਹੈ।

ਅਥਵਾ:-ਜਿਸ ਪ੍ਰਭੂ ਨੇ ਸਭ ਕੁਝ ਕੀਤਾ ਹੈ, ਓਹੀ ਸਭ ਦੇ ਦੁੱਖ-ਸੁਖ ਨੂੰ ਜਾਣਦਾ ਹੈ, ਉਸ ਪ੍ਰਭੂ ਦਾ ਰੂਪ ਅਪਾਰੋ=ਪਾਰਾਵਾਰ ਤੋਂ ਰਹਿਤ ਹੈ। ਗੁਰੂ ਜੀ ਕਥਨ ਕਰਦੇ ਹਨ, ਬਾਬਾ=ਹੇ ਭਾਈ ! ਕਿਸ ਨੂੰ ਰੋਣਾ ਹੈ, ਇਹ ਸੰਸਾਰ ਤਾਂ ਬਾਜੀਗਰ ਦੀ ਬਾਜੀ ਵਾਂਗੂੰ ਮਿੱਥਿਆ ਹੈ॥ ੪॥ ੨॥

ਵਡਹੰਸੁ ਮਹਲਾ ੧ ਦਖਣੀ॥

ਦੱਖਣੀ, ਛੰਦ ਦੀ ਚਾਲ ਹੈ। ਅਥਵਾ:-ਦੱਖਣੀ, ਇੱਕ ਰਾਗਣੀ ਦਾ ਨਾਮ ਹੈ।

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ॥

ਜੋ ਸਿਰੰਦਾ=ਸਿਰਜਨ ਵਾਲਾ ਸੱਚਾ ਹੈ, ਤੇ ਸਭ ਦੀ ਪਰਵਦਗਾਰੋ=ਪਾਲਣਾ ਭੀ ਕਰਨ ਵਾਲਾ ਹੈ, ਉਸ ਸੱਚੇ ਨੂੰ ਸੱਚਾ ਜਾਨਣਾ ਕਰੀਏ।

ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ॥

ਜਿਸ ਨੇ ਆਪਣੇ ਆਪ ਤੋਂ ਸਾਰੇ ਸੰਸਾਰ ਨੂੰ ਸਾਜਿਆ ਹੈ, ਉਹ ਸੱਚਾ ਪ੍ਰਭੂ ਅਲਖ ਤੇ ਅਪਾਰ ਹੈ।

ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ॥

ਧਰਤੀ ਤੇ ਅਕਾਸ਼ ਇਹ ਦੋ ਪੁੜ ਜੁੜੇ ਹੋਏ ਸਨ, ਉਸ ਨੇ ਆਪ ਹੀ ਇਨ੍ਹਾਂ ਨੂੰ ਵਿਛੋੜਨਾ ਕੀਤਾ ਹੈ, ਧਰਤੀ ਨੂੰ ਗਲੀਚਾ ਤੇ ਅਕਾਸ਼ ਨੂੰ ਚੰਦੋਆ ਬਣਾਇਆ ਹੈ। ਇਸ ਰਚਨਾ ਵਿੱਚ ਗੁਰਾਂ ਤੋਂ ਬਿਨਾਂ ਘੋਰੁ=ਭਿਆਨਕ ਅਗਿਆਨ ਰੂਪ ਅਨ੍ਹੇਰਾ ਹੈ।

ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥ ੧ ॥

ਸੂਰਜ ਤੇ ਚੰਦ੍ਰਮਾ ਇਹ ਦੋ ਦੀਵੇ ਬਣਾਏ ਹਨ, ਵਿਚਾਰਨ ਕਰੋ ਉਹ ਦਿਨ-ਰਾਤ ਚਲਦੇ ਰਹਿੰਦੇ ਹਨ। ਅਥਵਾ:-ਜਿਨ੍ਹਾਂ ਦੀ ਚਲਤੁ=ਚਾਲ ਤੋਂ ਦਿਨ-ਰਾਤ ਦਾ ਵਿਚਾਰ ਹੁੰਦਾ ਹੈ॥ ੧॥

ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥

ਹੇ ਸੱਚੇ ਸਾਹਿਬ ! ਤੂੰ ਤਿੰਨਾਂ ਕਾਲਾਂ ਵਿਚ ਸੱਚ ਹੈਂ, ਅਥਵਾ:-ਹੇ ਸੱਚੇ ! ਤੂੰ ਸੱਚਾ ਸਾਹਿਬ ਹੈਂ, ਮੈਨੂੰ ਆਪਣਾ ਸੱਚਾ ਪਿਆਰ ਦੇਣਾ ਕਰ॥ ਰਹਾਉ॥

ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥
ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥

ਆਪ ਜੀ ਨੇ ਮੇਦਨੀ=ਸ੍ਰਿਸ਼ਟੀ ਬਣਾਈ ਹੈ, ਆਪ ਹੀ ਕਰਮਾਂ ਅਨੁਸਾਰ ਦੁੱਖ-ਸੁਖ ਦੇ ਦੇਣ ਵਾਲਾ ਹੈਂ। ਤੁਸਾਂ ਨੇ ਹੀ ਇਸਤ੍ਰੀ ਪੁਰਸ਼ ਬਣਾਏ ਹਨ, ਫਿਰ ਇਨ੍ਹਾਂ ਦਾ ਆਪਸ ਵਿੱਚ ਮੋਹ ਕੀਤਾ ਹੈ ਅਤੇ ਬਿਖੁ=ਵਿਹੁ ਰੂਪ ਮਾਇਆ ਵਿੱਚ ਪਿਆਰ ਕੀਤਾ ਹੈ।

ਅਥਵਾ:-ਇਨ੍ਹਾਂ ਵਿੱਚ ਵਿਸ਼ਿਆਂ ਦਾ ਪਿਆਰ, ਤੇ ਮਾਇਆ ਦਾ ਮੋਹ ਕੀਤਾ ਹੈ।

ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥

(ਅੰਡਜ, ਜੇਰਜ, ਸੇਤਜ, ਉਤਭੁਜ ਰੂਪ) ਚਾਰ ਖਾਣੀਆਂ, (ਪਰਾ, ਪਸੰਤੀ, ਮਧਮਾ, ਬੈਖਰੀ ਰੂਪ) ਚਾਰ ਬਾਣੀਆਂ ਭੀ ਤੇਰੀਆਂ ਰਚੀਆਂ ਹੋਈਆਂ ਹਨ, ਤੂੰਹੀਂ ਜੀਵਾਂ ਨੂੰ ਆਧਾਰੋ=ਆਸਰਾ ਦੇਂਦਾ ਹੈਂ।

ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥ ੨ ॥

ਤੈਂਨੇ ਆਪ ਹੀ ਆਪਣੀ ਕੁਦਰਤਿ=ਸ਼ਕਤੀ ਦੁਆਰਾ ਸੰਸਾਰ, ਵਾ:-ਸਤਸੰਗ,

ਅਥਵਾ:-ਪ੍ਰਲੋਕ ਤਖਤ ਨੂੰ ਬਣਾਇਆ ਹੈ, ਅਤੇ ਤੂੰਹੀਂ ਸਾਰਿਆਂ ਦੇ ਸੱਚੇ ਨਿਆਂ ਨਿਬੇੜਨ ਵਾਲਾ ਹੈਂ ॥ ੨ ॥

ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥

ਆਪ ਜੀ ਨੇ ਹੀ ਆਵਾ ਗਵਣ ਰੂਪ ਸੰਸਾਰ ਨੂੰ ਬਣਾਇਆ ਹੈ, ਹੇ ਕਰਨਹਾਰ ਪ੍ਰਭੂ ! ਇਕ ਤੂੰਹੀਂ ਥਿਰ ਰੂਪ ਹੈਂ। ਅਥਵਾ:-ਤੁਸਾਂ ਨੇ ਹੀ ਜੀਵ ਦਾ ਆਉਣਾ ਜਾਣਾ ਬਣਾਇਆ ਹੈ, ਅਤੇ ਤੂੰਹੀਂ ਇਸ ਜੀਵ ਨੂੰ ਥਿਰੁ=ਅਚੱਲ ਕਰਨ ਵਾਲਾ ਹੈਂ।

ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥

ਜੀਵ ਉੱਤੇ ਜੰਮਣਾ ਮਰਨਾ ਆ ਗਿਆ ਹੈ, ਵਿਸ਼ੇ ਵਿਕਾਰ ਹੀ ਜੀਵਾਂ ਦਾ ਬਧਿਕੁ=ਨਾਸ ਕਰਦੇ ਹਨ,

ਅਥਵਾ:-ਇਹ ਜੀਵ ਵਿਕਾਰਾਂ ਕਰਕੇ ਬਧਿਕੁ=ਹਿੰਸਕ ਹੋ ਰਿਹਾ ਹੈ।

ਬੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥

ਜਿਸ ਬੂਡੜੈ=ਭੈੜੇ ਜੀਵ ਨੇ ਵਾਹਿਗੁਰੂ ਨਾਮ ਭੁਲਾ ਦਿੱਤਾ ਹੈ, ਉਸ ਬੂਡੜੈ=ਡੁੱਬੇ ਹੋਏ ਦਾ ਕੀ ਚਾਰਾ ਚਲ ਸਕਦਾ ਹੈ।

ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥ ੩ ॥

ਸ਼ੁਭ-ਗੁਣਾਂ ਨੂੰ ਛੱਡਕੇ ਬਿਖੁ=ਜ਼ਹਿਰ ਰੂਪ ਪਾਪਾਂ ਨੂੰ ਲੱਦ ਲਿਆ ਹੈ, ਅਤੇ ਇਹ ਔਗੁਣਾਂ ਦਾ ਵਣਜਾਰੋ-ਗ੍ਰਾਹਕ ਹੋ ਰਿਹਾ ਹੈ॥ ੩ ॥

ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥

ਜਿਸ ਵੇਲੇ ਸੱਚੇ ਕਰਤਾਰ ਦੇ ਹੁਕਮ ਵਿਚ ਉਨ੍ਹਾਂ ਜਾਨੀਆ=ਪਿਆਰਿਆਂ ਜੀਵਾਂ ਨੂੰ ਸਦੜੇ=ਸੱਦੇ ਆਏ।

ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥

ਤਾਂ ਇਸਤ੍ਰੀ ਪੁਰਸ਼ ਦਾ ਵਿਛੋੜਾ ਹੋ ਗਿਆ ਅਰਥਾਤ ਇਸਤ੍ਰੀ ਨਾਲੋਂ ਪੁਰਸ਼ ਦਾ ਤੇ ਪੁਰਸ਼ ਨਾਲੋਂ ਇਸਤ੍ਰੀ ਦਾ ਵਿਛੋੜਾ ਹੋ ਗਿਆ, ਫਿਰ ਵਿਛੁੱੜਿਆਂ ਨੂੰ ਮੇਲਣ ਵਾਲਾ ਕੌਣ ਹੈ ?

ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥

ਜਿਨ੍ਹਾਂ ਦੇ ਸਿਰ ਉੱਤੇ ਹੁਕਮ ਦੀ ਕਾਰ ਬੱਧੀ ਹੋਈ ਹੈ ਉਹ ਜਮਦੂਤ ਸੋਹਣੀਐ=ਸੋਹਣੇ (ਸੁੰਦਰ) ਤੇ ਕੁ-ਸੁੰਦਰ ਰੂਪ ਨੂੰ ਨਹੀਂ ਜਾਣਦੇ।

ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥ ੪ ॥

ਬਾਲਕ ਹੈ ਜਾਂ ਬੁੱਢਾ ਇਸ ਗੱਲ ਨੂੰ ਭੀ ਨਹੀਂ ਜਾਣਦੇ, ਉਹਨਾਂ ਦਾ ਪਿਆਰ ਦੇ ਤੋੜਨ ਵਿੱਚ ਹੇਤੁ=ਪ੍ਰੇਮ ਹੈ।

ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥

ਸੱਚੇ ਪ੍ਰੱਭੂ ਦੇ ਹੁਕਮ ਵਿੱਚ ਸਰੀਰ ਦੇ ਨੌਂ ਗੋਲਕਾਂ ਰੂਪ ਨੌਂ ਦਰਵਾਜ਼ੇ ਠਾਕੇ=ਬੰਦੇ ਹੋ ਗਏ, ਹੰਸੁ=ਜੀਵ ਗੈਣਾਰੇ=ਅਕਾਸ਼ ਰਸਤੇ ਚਲਾ ਗਿਆ।

ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ ॥

ਜਿਸ ਦਾ ਪਤੀ ਮਰ ਗਿਆ ਹੈ, ਸਾ ਧਨ=ਉਹ ਇਸਤ੍ਰੀ ਅੰਙਨੜੇ=ਵੇਹੜੇ ਦੇ ਬਾਰੇ=ਦਰਵਾਜ਼ੇ ਉੱਪਰ ਪਤੀ ਨੂੰ ਮਰਿਆ ਵੇਖਕੇ ਛੁਟੀ=ਛੁੱਟੜ ਹੋਈ ਹੋਈ ਝੂਠੇ ਸੰਸਾਰ ਵਿੱਚ ਵਿਧਣੀਆ=ਦੁੱਖ ਸਹਿਤ ਕਥਨ ਕਰਦੀ ਹੈ ਕਿ ਮੈਂ ਅੱਜ ਮੁਠੀ=ਲੁੱਟੀ ਗਈ ਹਾਂ।

ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ ॥

ਹੇ ਮਾਈਏ=ਮਾਈ ! ਮਰੁ=ਮੌਤ ਨੇ ਮੇਰੀ ਸੁਰਤ ਮਾਰ ਦਿੱਤੀ ਹੈ, ਇਸ ਤਰ੍ਹਾਂ ਕਹਿ ਕੇ ਮਹਲ=ਇਸਤ੍ਰੀ ਦਰਬਾਰੇ=ਘਰ ਦੇ ਬੂਹੇ ਉੱਪਰ ਰੁੰਨੀ=ਰੋਂਦੀ ਹੈ।

ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥ ੫ ॥

ਹੇ ਮਹੇਲੀਹੋ=ਇਸਤ੍ਰੀਓ ! ਸੱਚੇ ਕੰਤ ਦੇ ਸ਼ੁਭ-ਗੁਣਾਂ ਦੇ ਸਾਰੇ=ਸੰਭਾਲਣ ਵਿਚ ਰੋਣਾ ਕਰੋ,

ਅਥਵਾ:-ਯਤਨ ਕਰੋ॥ ੫ ॥

ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ॥

ਜਾਨੀ=ਪਿਆਰੇ ਨੂੰ ਮਲ-ਮਲ ਕੇ ਜਲ ਨਾਲ ਨ੍ਹਵਾ ਦਿੱਤਾ, ਅਤੇ ਕਪੜਿ ਪਟਿ ਅੰਬਾਰੇ=ਛੱਟ ਦਾ ਬਿਬਾਣ ਤਿਆਰ ਕਰ ਦਿੱਤਾ। ਅਥਵਾ:-ਪਟ ਦੇ ਕੱਪੜਿਆਂ ਦੇ ਅੰਬਾਰ ਲੱਗ ਗਏ*।

ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ॥

ਰਾਮ ਨਾਮ ਸੱਤ ਹੈ, ਵਾਹਿਗੁਰੂ ਨਾਮ ਸੱਤ ਹੈ, ਇਸ ਤਰ੍ਹਾਂ ਸੱਚੀ ਬਾਣੀਆਂ ਦੇ ਵਾਜੇ ਉਸ ਦੇ ਆਲੇ ਦੁਆਲੇ ਵੱਜੇ। ਜਿਨ੍ਹਾਂ ਦੇ ਮਨ ਮਾਰੇ ਹੋਏ ਹਨ ਉਹ ਪੰਜ ਸੱਤ ਸਬੰਧੀ ਮੁਏ=ਦੁਖੀ ਹੋਏ।

ਅਥਵਾ:-ਮੋਏ ਪੁਰਸ਼ ਦੇ ਪੰਜ ਸਬੰਧੀ (ਮਾਂ, ਪਿਉ, ਭੈਣ, ਪੁੱਤਰ ਤੇ ਇਸਤ੍ਰੀ) ਮਨ ਦੇ ਮੋਹ ਦੇ ਮਾਰੇ ਹੋਏ ਦੁੱਖੀ ਹੁੰਦੇ ਹਨ। ਅਥਵਾ:-ਜਿਸ ਵੇਲੇ ਮਨੁ ਮਾਰੇ=ਜੀਵ ਮਰਿਆ ਤਾਂ ਪੰਜ ਗਿਆਨ ਇੰਦਰੇ ਵੀ ਮੁਏ=ਦੁਖੀ ਹੋਏ।

ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ॥

ਇਸਤ੍ਰੀ ਆਖਦੀ ਹੈ, ਜਾਨੀ=ਪਿਆਰੇ ਪਤੀ ਦੇ ਵਿੱਛੁੜਨੇ ਕਰਕੇ ਮੇਰਾ ਮਰਨਾ ਹੋ ਰਿਹਾ ਹੈ, ਪਤੀ ਤੋਂ ਬਿਨਾਂ ਸੰਸਾਰ ਵਿਚ ਮੇਰੇ ਜੀਉਣੇ ਨੂੰ ਧ੍ਰਿਕਾਰ ਹੈ।

ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ॥ ੬॥

ਅਸਲੀ ਮਰਨਾ ਉਸੇ ਦਾ ਜਾਣਨਾ ਕਰੋ ਜੋ ਜੀਵਤ ਭਾ ਤੋਂ ਮਰਦਾ ਹੈ, ਅਤੇ ਸੱਚੇ ਪਿਰੀ ਵਿੱਚ ਹਿੱਤ ਪਿਆਰ ਕਰਦਾ ਹੈ॥ ੬॥

ਝੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ॥

ਝੂਠੇ ਸੰਸਾਰ ਵਿੱਚ ਝੁਸੀਂ ਮੁਠੀ=ਠਗੀਆਂ ਗਈਆਂ ਹੋ, ਝੁਸੀਂ ਰੋਣ ਵਾਸਤੇ ਹੀ ਆਈਆਂ ਹੋ, ਇਸ ਕਰਕੇ ਪਿੱਟ ਪਿੱਟ ਕੇ ਰੋਣਾ ਕਰੋ॥

(ਪੰਨਾ ੫੮੧)

ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ॥

ਹਉਮੈ ਦੀਆਂ ਮੁਠੜੀ=ਠੱਗੀਆਂ ਹੋਈਆਂ ਨੂੰ ਪਿਰੀ ਨੇ ਛੱਡ ਦਿੱਤਾ ਹੈ, ਅਥਵਾ:-ਪਤੀ ਤੋਂ ਛੁੱਟੜ ਹੋ ਕੇ ਵਿਧਣਕਾਰੇ=ਦੁਖਦਾਈ ਧੰਧਿਆਂ ਵਿਚ ਧਾਵਣੀਆ=ਭੱਜੀਆਂ ਫਿਰਦੀਆਂ ਹਨ।

ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ॥

ਮਹੇਲੀਆ=(ਜਗਿਆਸੂ ਰੂਪ) ਇਸਤ੍ਰੀਆਂ ਦੇ ਘਰ ਘਰ ਵਿੱਚ ਜੋ ਪਤੀ (ਪਰਮਾਤਮਾ) ਹੈ, ਉਸ ਵਿੱਚ ਜਿਨ੍ਹਾਂ ਨੇ ਹਿੱਤ ਪਿਆਰ ਕੀਤਾ ਹੈ ਉਹ ਰੂੜੈ=ਸੁੰਦਰ ਸਰੂਪ ਵਾਲੀਆਂ ਹਨ।

---

*"ਕਪੜਿ ਪਟਿ ਅੰਬਾਰੇ" ਦਾ ਅਰਥ:-ਛੱਟ ਦਾ ਬਿਬਾਣ ਪਰੰਪਰਾ ਤੋਂ ਸੰਪ੍ਰਦਾਇ ਦੇ ਸੰਕੇਤੀ ਨਿਯਮ ਅਨੁਸਾਰ ਹੈ- ਸ੍ਰੀ ਮਾਨ ਗਿ: ਚੰਦਾ ਸਿੰਘ ਜੀ ਨੇ ਭੀ ਆਪਣੇ ਪ੍ਰਿਆਵਾਂ ਦੇ ੧੩੯ ਪੰਨੇ ਉੱਪਰ ਭੀ ਏਹੋ ਅਰਥ ਕੀਤਾ ਹੈ ਅਤੇ ਫਰੀਦਕੋਟ ਦੇ ਟੀਕੇ ਵਿੱਚ ਭੀ ਏਹੋ ਅਰਥ ਲਿਖਿਆ ਹੈ।

ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ ॥ ੭ ॥

ਮੈਂਨੇ ਸੱਚੇ ਪਿਰੀ ਨੂੰ ਸਲਾਹੁਣਾ ਕੀਤਾ ਹੈ, ਭਤਾਰੇ=ਪਤੀ ਦੇ ਨਾਮ ਨੂੰ ਜਪਕੇ ਹਉ ਰਹਸਿਅੜੀ=ਮੈਂ ਅਨੰਦ ਹੋਈ ਹਾਂ ॥ ੭ ॥

ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥

ਜਿਸ ਜਗਿਆਸੂ ਰੂਪ ਇਸਤ੍ਰੀ ਦਾ ਗੁਰਾਂ ਦੇ ਨਾਲ ਮਿਲਣੇ ਕਰਕੇ ਵੇਸੁ=ਸੁਭਾਅ ਬਦਲ ਗਿਆ ਹੈ ਸਾ ਧਨ=ਉਸ ਇਸਤ੍ਰੀ ਦੇ ਸਾਰੇ ਜਪ ਤਪ ਰੂਪ ਸ਼ਿੰਗਾਰ ਸਚੁ=ਸਫਲੇ ਹਨ।

ਅਥਵਾ:-ਜਿਸ ਵੇਲੇ ਪੂਰਿਆਂ ਸਤਿਗੁਰਾਂ ਨਾਲ ਮਿਲਕੇ ਸੱਚੇ ਸਾਧਨਾ ਦਾ ਸ਼ਿੰਗਾਰ ਕੀਤਾ, ਤਾਂ ਵੇਸ=ਭੇਸ ਅਰਥਾਤ ਸੁਭਾਵ ਨੂੰ ਬਦਲ ਲਿਆ।

ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ ॥

ਹੇ ਪਿਆਰੀਓ ਸਖੀਓ ! ਆ ਕੇ ਮਿਲਣਾ ਕਰੋ, ਅਤੇ ਸਿਰਜਣਹਾਰ ਪ੍ਰਭੂ ਨੂੰ ਸਿਮਰਨਾ ਕਰੋ।

ਬਈਅਰਿ ਨਾਮਿ ਸੁਹਾਗਣੀ ਸਚੁ ਸਵਾਰਣਹਾਰੋ ॥

ਉਸ ਬਈਅਰਿ=ਇਸਤ੍ਰੀ ਦਾ ਨਾਮ ਸੁਹਾਗਣ ਹੈ, ਜਿਸ ਦੇ ਸਵਾਰਨ ਵਾਲਾ ਸੱਚਾ ਪ੍ਰਭੂ ਆਪ ਹੈ।

ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥ ੮ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਉਸ ਪ੍ਰਭੂ ਦੇ ਗੀਤੁ=ਜਸ ਨੂੰ ਗਾਵੋ ਅਤੇ ਬ੍ਰਹਮ ਦਾ ਵਿਚਾਰ ਕਰੋ, ਤਾਂ ਫਿਰ ਬਿਰਹੜਾ=ਵਿਛੋੜਾ ਨਹੀਂ ਹੋਵੇਗਾ ॥ ੮ ॥ ੩ ॥

ਵਡਹੰਸੁ ਮਹਲਾ ੧ ॥

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ॥

ਜਿਸ ਨੇ ਜਗਤ ਨੂੰ ਸਿਰਜਿਆ ਹੈ ਫਿਰ ਆਪ ਹੀ ਸਮਾਇਆ=ਲਯ ਕੀਤਾ ਹੈ।

ਅਥਵਾ:-ਫਿਰ ਆਪ ਹੀ ਇਸ ਦੇ ਵਿੱਚ ਸਮਾ ਰਿਹਾ ਹੈ, ਉਹ ਸਾਹਿਬ ਕੁਦਰਤ ਦੁਆਰੇ ਜਾਣਿਆਂ ਜਾਂਦਾ ਹੈ। ਇਸੇ ਭਾਵ ਦੀ ਇੱਕ ਇਤਿਹਾਸਕ ਸਾਖੀ ਹੈ-

(ਸਾਖੀ ਕੁਦਰਤ ਦੀ)

ਸਤਿਗੁਰੂ ਨਾਨਕ ਦੇਵ ਮਹਾਰਾਜ ਜੀ ਦੇਸ਼ਾਂ-ਪ੍ਰਦੇਸ਼ਾਂ ਦਾ ਚੱਕਰ ਲਾਉਂਦੇ ਸਤਿਨਾਮੁ ਦਾ ਜਾਪ ਦ੍ਰਿੜ੍ਹ ਕਰਵਾਉਂਦੇ ਹੋਏ ਜਿਸ ਵੇਲੇ ਮੁਨਾਫਿਕ ਦੇਸ਼ ਵਿਚ ਪਹੁੰਚੇ। ਜਿਥੋਂ ਦੇ ਲੋਕ ਪ੍ਰਭੂ ਤੋਂ ਬੇ-ਮੁੱਖ, ਸਾਧ ਸੰਗਤ ਆਦਿ ਸ਼ੁਭ ਕਰਮਾਂ ਰਹਿਤ ਸਨ। ਜਿਹਨਾਂ ਨੂੰ ਕੋਈ ਪਤਾ ਨਹੀਂ ਸੀ ਪਰਮੇਸ਼ਰ ਭੀ ਕੋਈ ਚੀਜ਼ ਹੈ। ਭਾਈ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਜਿਸ ਵੇਲੇ ਨਗਰ ਤੋਂ ਬਾਹਰ-ਵਾਰ ਇਕ ਖੇਤ ਦੇ ਬੰਨੇ ਬੈਠ ਗਏ। ਸਤਿਗੁਰੂ ਜੀ ਦੇ ਹੁਕਮ ਨਾਲ ਭਾਈ ਬਾਲੇ ਨੇ ਕੁਝ ਲੱਕੜਾਂ ਲਿਆ ਕੇ ਅੱਗ ਬਾਲੀ ਧੂੰਆਂ ਹੋਇਆ। ਸਾਧੂ-ਸੰਤਾਂ ਵਾਲਾ ਸਤਿਗੁਰੂ ਜੀ ਨੇ ਸਰੀਰ ਉੱਪਰ ਲਿਬਾਸ ਲਿਆ ਹੋਇਆ ਹੈ। ਓਥੇ ਇਕ

ਬੜੀ ਭੈੜੀ ਰੀਤੀ ਸੀ, ਕਿ ਜਿਸ ਵੇਲੇ ਮੀਂਹ ਦੀ ਲੋੜ ਪੈਂਦੀ ਉਹ ਰਾਜੇ ਪਾਸ ਜਾਂਦੇ। ਰਾਜੇ ਦੇ ਪਾਸ ਅਰਜ਼ ਕਰਦੇ। 'ਰਾਜਾ' ਇੰਦ੍ਰ ਦਾ ਮੰਤ੍ਰ ਪੜ੍ਹਦਾ ਤੇ ਮੀਂਹ ਪੈ ਜਾਂਦਾ ਸੀ। ਰਾਜੇ ਨੂੰ ਹੀ ਪਰਮੇਸ਼ਰ ਰੂਪ ਜਾਣ ਕੇ ਉਸਦੀ ਖ਼ਿਦਮਤ ਕਰਦੇ। ਕਰਤਾਰ ਦੀ ਕੁਦਰਤ, ਜਿਸ ਦਿਨ ਤੋਂ ਸਤਿਗੁਰੂ ਜੀ ਉਥੇ ਜਾ ਕੇ ਬੈਠੇ ਮੀਂਹ ਪੈਣਾ ਬੰਦ ਹੋ ਗਿਆ। ਜ਼ਿਮੀਂਦਾਰ-ਲੋਕ ਰਾਜੇ ਪਾਸ ਚਲਕੇ ਆਏ ਮੀਂਹ ਪਵਾਉਣ ਵਾਸਤੇ ਬੇਨਤੀ ਕੀਤੀ। ਰਾਜੇ ਨੇ ਇੰਦ੍ਰ-ਮੰਤ੍ਰ ਆਦਿ ਪੜ੍ਹੇ ਪਰ ਮੀਂਹ ਕੋਈ ਨਾ ਪਿਆ। ਤਿੰਨ-ਕੁ ਦਿਨ ਇਸੇ ਤਰ੍ਹਾਂ ਹੀ ਬਤੀਤ ਹੋ ਗਏ। ਤੀਜੇ ਦਿਨ ਉਹ ਜ਼ਿਮੀਂਦਾਰ-ਲੋਕ ਫਿਰ ਚਲਕੇ ਆਏ। ਰਾਜੇ ਨੂੰ ਅਰਜ਼ ਕੀਤੀ, ਕਿ ਮੀਂਹ ਪਵੇ। ਰਾਜਾ ਕਹਿਣ ਲੱਗਾ, ਮੈਂ ਯਤਨ ਕਰਦਾ ਹਾਂ ਕੋਈ ਫਿਕਰ ਨਾ ਕਰੋ ਮੀਂਹ ਪੈ ਜਾਵੇਗਾ, ਯਤਨ ਬੜੇ ਕੀਤੇ ਪਰ ਮੀਂਹ ਨਾ ਪਿਆ। ਏਸੇ ਤਰ੍ਹਾਂ ਕਰਦਿਆਂ ਹੀ ਛੇ ਸੱਤ ਦਿਨ ਬਤੀਤ ਹੋ ਗਏ। ਮਨਾਂ 'ਚ ਬੜੀ ਹੈਰਾਨਗੀ ਪੈਂਦੀ ਜਾ ਰਹੀ ਹੈ ਗੁਜ਼ਾਰਾ ਕਿਵੇਂ ਹੋਵੇ ਹੋਰ ਕੋਈ ਸਾਧਨ ਨਹੀਂ। ਕੋਈ ਖੂਹ ਨਹੀਂ ਹੈ, ਨਾ ਕੋਈ ਨਦੀ-ਨਹਿਰ ਚਲਦੀ ਹੈ ਜਿਸ ਨਾਲ ਖੇਤੀ ਹੋ ਜਾਣ ਦੀ ਆਸ ਹੋਵੇ, ਲੋਕ-ਚਿੰਤਾ ਦੀ ਨਦੀ 'ਚ ਡੁੱਬੇ ਜਾ ਰਹੇ ਸਨ। ਇਕ ਜ਼ਿਮੀਂਦਾਰ ਜਿਸ ਦੇ ਖੇਤ ਪਾਸ ਸਤਿਗੁਰੂ ਜੀ ਬੈਠੇ ਸਨ ਉਹ ਚਲਕੇ ਆਪਣੀ ਖੇਤੀ ਦੇਖਣ ਵਾਸਤੇ ਪਹੁੰਚਿਆ। ਦਿਲ ਚਿੰਤਾ ਨਾਲ ਗ੍ਰਸਿਆ, ਚਿਹਰਾ ਕੁਮਲਾਇਆ ਹੋਇਆ ਹੈ, ਮਨ ਢੱਠਾ ਵੇਖਕੇ ਘਟ-ਘਟ ਦੇ ਜਾਨਣਹਾਰ ਸਤਿਗੁਰਾਂ ਨੇ ਕਿਹਾ, ਭਲਿਆ ਲੋਕਾ ! ਤੇਰਾ ਚਿਹਰਾ ਮੁਰਝਾਇਆ ਹੋਇਆ ਹੈ। ਬੜਾ ਉਦਾਸ ਜਾਪਦਾ ਹੈਂ ਕੀ ਗੱਲ ਹੈ? ਜ਼ਿਮੀਂਦਾਰ ਕਹਿਣ ਲੱਗਾ, ''ਸੰਤ ਜੀ ! ਸੱਚ ਪੁਛੋ ਤਾਂ ਜਿਉਣ ਦੀ ਕੋਈ ਆਸ ਨਹੀਂ ਹੈ।'' ਸਤਿਗੁਰੂ ਜੀ ਬੋਲੇ, ''ਉਹ ਕਿਓਂ?'' ਜ਼ਿਮੀਂਦਾਰ ਨੇ ਕਿਹਾ, ''ਮੀਂਹ ਪਿਆ ਨਹੀਂ, ਖੇਤੀ ਸੁਕਦੀ ਜਾ ਰਹੀ ਹੈ।'' ਸਤਿਗੁਰੂ ਜੀ ਨੇ ਪੁੱਛਿਆ, ਅੱਗੇ ਮੀਂਹ ਕਿਵੇਂ ਪੈਂਦਾ ਸੀ।'' ਤਾਂ ਜ਼ਿਮੀਂਦਾਰ ਨੇ ਕਿਹਾ, 'ਆਪਣੇ ਰਾਜਾ ਜੀ ਅੱਗੇ ਜਾ ਕੇ ਅਰਜ਼ ਕਰਦੇ ਸਾਂ ਤੇ ਮੀਂਹ ਪੈ ਜਾਂਦਾ ਸੀ ਹੁਣ ਉਸ ਨੇ ਭੀ ਬੜੇ ਯਤਨ ਕੀਤੇ ਹਨ, ਪਰ ਮੀਂਹ ਨਹੀਂ ਪਿਆ। ਕਾਲ ਪੈ ਰਿਹਾ ਦਿਸਦਾ ਹੈ। ਸਭ ਦੇ ਮਨ ਵਿੱਚ ਚਿੰਤਾ ਹੀ ਲੱਗ ਰਹੀ ਹੈ ਹੋਰ ਕੁਝ ਉਪਾਓ ਸੁੱਝਦਾ ਨਹੀਂ, ਜਿਸ ਕਰਕੇ ਧੀਰਜ ਧਰਨ।

ਜ਼ਿਮੀਂਦਾਰ ਦੀ ਦਰਦ-ਨਾਕ ਕਹਾਣੀ ਸੁਣਕੇ ਗੁਰੂ ਜੀ ਕਹਿਣ ਲੱਗੇ ''ਹੇ ਪੁਰਖਾ ! ਇੱਕ ਕਰਤਾਰ ਨੂੰ ਯਾਦ ਕਰੋ ਉਸੇ ਦੀ ਆਸਾ ਦਿਲ ਅੰਦਰ ਧਾਰਨਾ ਕਰੋ। ਉਹ ਕਰਤਾਰ ਹੀ ਸਭ ਦੀ ਆਸਾ ਪੂਰੀ ਕਰਦਾ ਹੈ। ਫੇਰ ਬਹੁਤ ਮੀਂਹ ਪਵੇਗਾ, ਅਤੇ ਜਿਤਨਾ ਤੁਸੀਂ ਅਨਾਜ ਚਾਹੋਗੇ ਹੋ ਜਾਵੇਗਾ।''

ਇਹ ਗੱਲ ਸੁਣਕੇ ਜ਼ਿਮੀਂਦਾਰ ਕਹਿਣ ਲੱਗਾ, ''ਜੀ ! ਤੁਸੀਂ ਜਿਹੜਾ ਕਰਤਾਰ ਕਹਿੰਦੇ ਹੋ ਉਹ ਕਿੱਥੇ ਰਹਿੰਦਾ ਹੈ ? ਉਸ ਦਾ ਘਰ ਕਿੱਥੇ ? ਅੱਗੇ ਕਦੀਂ ਕੰਨੀਂ ਨਹੀਂ ਸੁਣਿਆਂ ਨਾ ਹੀ ਕਿਸੇ ਦੇਖਿਆ ਹੈ। ਨਾ ਕਿਸੇ ਦੇਸ਼ ਵਿੱਚ ਆ ਕੇ ਰਿਹਾ ਹੈ। ਨਾ ਕਿਸੇ ਨੂੰ ਦਾਨ ਦਿੰਦਿਆਂ ਕਦੀ ਦੇਖਿਆ।'' ਗੁਰੂ ਜੀ ਕਹਿਣ ਲੱਗੇ, ''ਪੁਰਖਾ ! ਉਹ ਕਰਤਾਰ ਸਾਰਿਆਂ ਸਰੀਰਾਂ ਵਿੱਚ ਰਹਿੰਦਾ ਹੈ। ਉਸ ਨੂੰ ਯਾਦ ਕਰੀਏ ਤਾਂ ਪ੍ਰਗਟ ਹੁੰਦਾ ਹੈ।'' ਜ਼ਿਮੀਂਦਾਰ ਕਹਿਣ ਲੱਗਾ, ਸੰਤੋ ! ਅੱਜ ਤੁਹਾਡੇ ਮੂੰਹੋਂ ਹੀ ਪਹਿਲੀ ਵਾਰੀ ਸੁਣਿਆਂ ਹੈ, ਅੱਗੇ ਤਾਂ ਕਿਸੇ ਨੇ ਕਰਤਾਰ ਦਾ ਨਾਮ ਉੱਚਾਰਿਆ ਨਹੀਂ। ਨਾ ਕਿਸੇ ਨੂੰ ਉਸ ਦੀ ਪਹਿਚਾਣ ਹੈ। ਇੱਕ ਵਾਰ ਉਸ ਦਾ ਮੂੰਹ ਤਾਂ ਦਿਖਾ ਦਿਓ। ਅਸੀਂ ਆਪਣੀ ਅੱਖੀਂ ਦੇਖ ਕੇ ਉਸ ਦਾ ਸਿਮਰਨ ਕਰੀਏ।

ਗੁਰੂ ਜੀ ਨੇ ਕਿਹਾ, ਭਾਈ ! ਉਹ ਪਰਮੇਸ਼ਰ ਇਹਨਾਂ ਅੱਖਾਂ ਨਾਲ ਵੇਖਿਆ ਨਹੀਂ ਜਾਂਦਾ, ਉਸ ਦਾ

ਸਿਮਰਨ ਕਰੋ ! ਤੁਹਾਡੀ ਸਾਰੀ ਇੱਛਾ ਪੂਰੀ ਕਰ ਦੇਵੇਗਾ। ਆਪਣੇ ਆਪ ਕਿਸੇ ਤੋਂ ਜਾਣਿਆਂ ਨਹੀਂ ਜਾ ਸਕਦਾ, ਕੁਦਰਤ ਦੁਆਰਾ ਸਮਝਿਆ ਜਾਂਦਾ ਹੈ ਕਿ ਪਰਮੇਸ਼ਰ ਕੋਈ ਚੀਜ਼ ਹੈ। ਤਾਂ ਉਸ ਨੇ ਕਿਹਾ, ਮੈਨੂੰ ਤਾਂ ਕੁਦਰਤ ਦਾ ਪਤਾ ਨਹੀਂ ਹੈ ਆਪ ਦਸੋ ਕੁਦਰਤ ਕਿਸ ਨੂੰ ਕਹਿੰਦੇ ਹਨ।

ਗੁਰੂ ਜੀ ਨੇ ਕਿਹਾ, ਭਾਈ ! ਤੂੰ ਹਲ ਲਿਆ ਤੇ ਵਾਹ ਕੇ ਬੀਜ ਬੀਜ ਦੇ ਅਸਾਡਾ ਬਚਨ ਮੰਨ ਤੇ ਜਿਸ ਵੇਲੇ ਖੇਤੀ ਉਗੇਗੀ ਫਸਲ ਪੱਕ ਜਾਵੇਗੀ ਓਸ ਵੇਲੇ ਕੁਦਰਤ ਦਾ ਤੈਨੂੰ ਪਤਾ ਲੱਗੇਗਾ। ਇੰਨੀ ਗੱਲ ਸੁਣਕੇ ਉਹ ਨਗਰ ਨੂੰ ਗਿਆ। ਅੱਗੇ ਸੱਥ ਬੈਠੀ ਸੀ ਉਸ ਨੇ ਸਾਰੀ ਗੱਲ-ਬਾਤ ਉਹਨਾਂ ਨੂੰ ਦੱਸੀ, ਕਿ ਮੇਰੇ ਖੇਤ ਦੇ ਪਾਸ ਤਿੰਨ ਫਕੀਰ ਬੈਠੇ ਹਨ। ਉਹਨਾਂ ਮੈਨੂੰ ਕਿਹਾ, "ਪਹਿਲਾਂ ਕਰਤਾਰ ਨੂੰ ਯਾਦ ਕਰ ਫਿਰ ਖੇਤੀ ਬੀਜ ਤੇਰਾ ਕੰਮ ਪੂਰਾ ਹੋ ਜਾਵੇਗਾ। ਪਿੰਡ ਦੇ ਲੋਕਾਂ ਨੇ ਬੜੀ ਹਾਸੀ ਕੀਤੀ ਕਿ ਚੰਗਾ ! ਤੂੰ ਆਪਣੀ ਖੇਤੀ ਬੀਜ ਤੇ ਆਪਣਾ ਘਰ ਭਰ ਲੈ। ਲੋਕ ਕਹਿਣ ਲੱਗੇ ਅਣਜਾਣਾ ! ਸੋਚ ਤਾਂ ਸਹੀ ਮੀਂਹ ਤੋਂ ਬਿਨਾਂ ਖੇਤੀ ਕਿਵੇਂ ਹੋ ਜਾਵੇਗੀ। ਉਹਨਾਂ ਦੇ ਦਲੀਲ ਭਰੇ ਸ਼ਬਦ ਸੁਣਕੇ ਹੈਰਾਨ ਹੋ ਗਿਆ ਤੇ ਉਥੋਂ ਤੁਰਕੇ ਗੁਰੂ ਜੀ ਦੇ ਪਾਸ ਆਯਾ।

ਯਥਾ:-"ਹੈ ਸਾਧ ਵਹਿਰ ਮਮ ਖੇਤ ਪਾਸ। ਤਿਨ ਕਹੇ ਬਚਨ ਇਹ ਬਿਧਿ ਪ੍ਰਕਾਸ਼ ॥ ੫੫ ॥

ਪ੍ਰਿਥਮੈ ਸਿਮਰੋ ਕਰਤਾਰ ਨਾਮ। ਪੁਨ ਬੋਇ ਖੇਤ ਹੁਇ ਸਫਲ ਕਾਮ' ॥
ਸੁਨਿ ਨਰਨ ਕਾਨ ਸਭਿ ਹਾਸ ਕੀਨ। ਮਨ ਜਾਨ, ਤਾਂਹਿ ਕੋ ਬੁਧਿ ਹੀਨ ॥ ੫੬ ॥
ਬਿਨ ਮੇਹੁੰ ਖੇਤ ਕਿਸ ਰੀਤਿ ਹੋਇ। ਤੂੰ ਜਾਇ ਬੀਜ ਘਰ ਪੂਰ ਸੋਇ ॥
ਸੁਨਿ ਬੈਨ ਤਿਨ੍ਹੋਂ ਕੇ ਯੁਕਤਿ ਹਾਸ। ਗੁਰ ਢਿਗ ਆਯੋ ਹੋ ਕਰਿ ਉਦਾਸ ॥ ੫੭ ॥

ਤੇ ਗੁਰੂ ਜੀ ਦੇ ਪਾਸ ਆ ਕੇ ਕਹਿਣ ਲੱਗਾ, "ਪਿੰਡ ਦੇ ਲੋਕਾਂ ਨੇ ਮੇਰੇ ਨਾਲ ਹਾਸੀ ਕੀਤੀ ਹੈ ਤੇ ਮੈਨੂੰ ਅਕਲ ਤੋਂ ਹੀਣਾ ਸਮਝਿਆ ਹੈ ਅਤੇ ਕਿਹਾ ਕਿ ਮੀਂਹ ਤੋਂ ਬਿਨਾਂ ਖੇਤੀ ਕਿਵੇਂ ਹੋਵੇਗੀ ?"

ਸਤਿਗੁਰੂ ਜੀ ਨੇ ਕਿਹਾ, "ਭਾਈ ! ਤੂੰ ਇਕ ਸੇਰ ਅਨਾਜ ਲਿਆ ਤੇ ਕਰਤਾਰ ਨੂੰ ਯਾਦ ਕਰਕੇ ਬੀਜ ਦੇ। ਜੇਕਰ ਤੇਰੀ ਖੇਤੀ ਨਹੀਂ ਉਗੇਗੀ ਤਾਂ ਅਸੀਂ ਵਿੱਚ ਜਾਮਨ ਹਾਂ ਤੇਰਾ ਸਾਰਾ ਹਰਜਾਨਾ ਭਰਾਂਗੇ। ਇਹ ਗੱਲ ਸੁਣਕੇ ਜ਼ਿਮੀਂਦਾਰ ਨੇ ਬੀਜ ਲਿਆਂਦਾ ਤੇ ਹਲ ਜੋੜਿਆ ਪਰਮੇਸ਼ਰ ਨੂੰ ਯਾਦ ਕਰਦਿਆਂ ਖੇਤੀ ਬੀਜੀ। ਸਾਰੀ ਬੀਜਾਈ ਕਰਕੇ ਹਲ ਛੱਡਕੇ ਗੁਰੂ ਜੀ ਪਾਸ ਕੁਝ ਚਿਰ ਬੈਠਾ ਤੇ ਸ਼ਾਮ ਹੋਈ ਘਰ ਚਲਾ ਗਿਆ। ਰਾਤ ਬੀਤੀ ਸਵੇਰ ਹੋਈ ਉੱਠਕੇ ਗੁਰੂ ਜੀ ਪਾਸ ਆਇਆ ਤੇ ਕੀ ਦੇਖਿਆ ਕਿ ਖੇਤੀ ਹਰੀ-ਭਰੀ ਲਹਿ-ਲਹਿ ਕਰ ਰਹੀ ਹੈ। ਜਿਸ ਤਰ੍ਹਾਂ ਬਹੁਤ ਪਾਣੀ ਨਾਲ ਸਿੰਜੀ ਹੁੰਦੀ ਹੈ; ਦੋਨੋਂ ਹੱਥ ਜੋੜ ਚਰਨਾਂ ਤੇ ਮੱਥਾ ਟੇਕਿਆ ਬੜੀ ਸ਼ਰਧਾ ਵਧੀ। ਪਿੰਡ 'ਚ ਸਾਰੇ ਰੋਲਾ ਪੈ ਗਿਆ ਸਾਰੇ ਲੋਕ ਚਲਕੇ ਆਏ ਜਥਾ-ਸ਼ਕਤਿ ਭੇਟਾ ਰੱਖਕੇ ਮੱਥਾ ਟੇਕਿਆ ਤੇ ਸਾਰਿਆਂ ਅਰਜ਼ ਕੀਤੀ, "ਐ ਮਹਾਂ ਪੁਰਖੋ ! ਅਸਾਨੂੰ ਵੀ ਕੋਈ ਵਿਧੀ ਦੱਸੋ ਜਿਸ ਨਾਲ ਖੇਤੀ ਦੀ ਕ੍ਰਿਤ ਕਰੀਏ। ਗੁਰੂ ਜੀ ਨੇ ਕਿਹਾ, "ਭਾਈ ! ਪਹਿਲੇ ਕਰਤਾਰ ਨੂੰ ਯਾਦ ਕਰਕੇ ਫਿਰ ਖੇਤੀ ਦਾ ਕੰਮ ਕਰੋ ਇਹ ਬਰਖਾ ਵਾਸਤੇ ਪਰਮੇਸ਼ਰ ਅੱਗੇ ਅਰਦਾਸ ਕਰੋ। ਉਹਨਾਂ ਸਾਰਿਆਂ ਨੇ ਇਸੇ ਤਰ੍ਹਾਂ ਕੀਤਾ, ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕੀਤੀ ਅਤੇ ਇਕੱਠੇ ਹੋ ਇੱਕ ਮਨ ਹੋ ਕੇ ਅਰਦਾਸ ਕੀਤੀ ਵਾਹਿਗੁਰੂ ਦੀ ਕਿਰਪਾ ਨਾਲ ਬੇਅੰਤ ਮੀਂਹ ਪਿਆ ਸਾਰਾ ਕਾਲ ਦਾ ਦੁੱਖ ਦੂਰ ਹੋ ਗਿਆ। ਗੁਰੂ ਸਾਹਿਬ

ਜੀ ਦੀ ਬੜੀ ਮਹਿਮਾਂ ਫੈਲ ਗਈ। ਉਸੇ ਨਗਰ ਦਾ ਰਾਜਾ ਵੀ ਫੌਜਾਂ ਸਮੇਤ ਦਰਸ਼ਨ ਕਰਨ ਆਇਆ ਬੜੀ ਨਿੰਮ੍ਰਤਾ, ਪਿਆਰ, ਸਤਿਕਾਰ ਨਾਲ ਅੱਗੇ ਭੇਟਾ ਰੱਖਕੇ ਮੱਥਾ ਟੇਕਿਆ; ਮਨ 'ਚ ਨਿੰਮ੍ਰਤਾ ਧਾਰਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਕੋਈ ਸ਼ੁਭ ਉਪਦੇਸ਼ ਦਿਓ।" ਬੇ-ਸਮਝੀ ਵਿਚ ਇਹ ਸਾਰਾ ਦੇਸ਼ ਪਰਮੇਸ਼ਰ ਤੋਂ ਬੇ-ਮੁਖ ਇੰਦ੍ਰ ਤੋਂ ਬਰਖਾ ਦੀ ਮੰਗ ਕਰਦਾ ਸੀ ਕਦੀਂ ਕਿਸੇ ਨੂੰ ਪਰਮੇਸ਼ਰ ਦੀ ਸਮਝ ਨਹੀਂ ਸੀ ਆਪ ਨੇ ਉਲਟੀ ਕੁਰੀਤੀ ਜਾਣਕੇ ਹਟਾਣਾ ਕੀਤੀ ਹੈ। ਹੁਣ ਸੱਚੇ ਪਾਤਸ਼ਾਹ ਜੀ ! ਉਹ ਉਪਦੇਸ਼ ਦਿਓ ਜਿਸ ਨਾਲ ਪਰਲੋਕ ਵਿੱਚ ਤੇ ਇਸ ਲੋਕ ਵਿੱਚ ਵੀ ਸੁਖ ਦੀ ਪ੍ਰਾਪਤੀ ਹੋਵੇ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਹਿ ਕੇ ਧਰਮਸਾਲਾ ਬਣਵਾਈ ਤੇ ਸਾਰੇ ਲੋਕ ਇਕੱਠੇ ਹੋਣ ਲੱਗ ਪਏ ਉਹਨਾਂ ਸਾਰਿਆਂ ਨੂੰ ਇਹ ਉਪਦੇਸ਼ ਦਿੱਤਾ ਕਿ ਸਤਿਨਾਮ ਵਾਹਿਗੁਰੂ ਦਾ ਜਾਪ ਕਰਨਾ, ਧਰਮ ਦੀ ਕ੍ਰਿਤ ਕਰਨੀ, ਵੰਡ ਕੇ ਛਕਣਾ, ਭੁੱਖੇ ਨੂੰ ਰੋਟੀ, ਨੰਗੇ ਨੂੰ ਬਸਤਰ ਦੇਣਾ। ਈਰਖਾ, ਕਪਟ, ਛਲ, ਫਰੇਬ ਤੋਂ ਰਹਿਤ ਹੋਣਾ। ਸਤ, ਸੰਤੋਖ, ਧੀਰਜ, ਧਰਮ ਆਦਿ ਸ਼ੁਭ ਗੁਣਾਂ ਨੂੰ ਧਾਰਨਾ। ਇਸ ਤਰ੍ਹਾਂ ਦਾ ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਦੋਨੋਂ ਸਮੇਂ ਸੰਗਤ ਜੁੜਨ ਲੱਗ ਪਈ। ਉਹ ਜਿਹੜਾ ਪਹਿਲਾਂ ਆਦਮੀ ਮਿਲਿਆ ਸੀ ਦੋ ਹੱਥ ਜੋੜ ਕੇ ਕਹਿਣ ਲੱਗਾ, ਸੱਚੇ ਪਾਤਸ਼ਾਹ ਜੀ ! ਕੁਦਰਤ ਵਿਖਾਓ। ਗੁਰੂ ਜੀ ਨੇ ਕਿਹਾ, ਖੇਤ ਵਿਚ ਜਾਹ ਤੇ ਕੁਛਕੁ ਕਣਕ ਦੇ ਬੂਟੇ ਪੁੱਟ ਕੇ ਕੁਦਰਤ ਵੇਖ ਲੈ।

ਇਹ ਗੱਲ ਸੁਣਕੇ ਉਹ ਜ਼ਿਮੀਂਦਾਰ ਖੇਤ ਵਿੱਚ ਗਿਆ, ਉਸ ਨੇ ਕਣਕ ਦੇ ਬੂਟੇ ਪੁੱਟੇ, ਹੇਠਾਂ ਕੀ ਵੇਖਿਆ, ਅੱਗ ਦੇ ਲਾਲ ਅੰਗਾਰ ਭਖ ਰਹੇ ਹਨ, ਦੇਖਕੇ ਹੈਰਾਨ ਹੋ ਗਿਆ। ਹੋਰ ਵੀ ਨਗਰ ਨਿਵਾਸੀ ਸੁਣਕੇ ਆਏ ਦੇਖਕੇ ਸਾਰੇ ਹੈਰਾਨ ਹੋ ਗਏ।

"ਨਿਜ ਕਾਨ ਸੁਨਿ ਮਤਿਵਾਨ ਮਾਨਵ, ਖੇਤ ਮਹਿਂ ਤਬ ਜਾਇ॥
ਗੋਧੂਮ ਬੂਟ ਉਖਾਰਿ ਦੇਖਯੋ, ਰਹਯੋ ਉਰ ਬਿਸਮਾਇ॥
ਅੰਗਾਰ ਅਗਨੀ ਅਰੁਨ ਦੀਸਤਿ, ਤੇਜ ਨਹਿ ਸਹਿ ਜਾਇ॥
ਸਭਿ ਲੋਕ ਹੇਰਨ ਹੇਤੁ ਦੌਰੇ, ਬਹੁਤ ਜਿਨ ਮਨ ਚਾਇ॥ ੬੬॥"

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਹਾ, ਭਾਈ ਏਹੀ ਕਰਤਾਰ ਦੀ ਕੁਦਰਤ ਹੈ। ਜਿਸ ਦੇ ਹੇਠਾਂ ਅੰਗਾਰ ਹਨ ਤੇ ਉੱਪਰ ਹਰੀ ਖੇਤੀ ਪੈਦਾ ਹੋਈ ਹੈ। ਇਸ ਤਰ੍ਹਾਂ ਗੁਰੂ ਜੀ ਨੇ ਨਗਰ ਨਿਵਾਸੀਆਂ ਨੂੰ ਕੁਦਰਤ ਦਿਖਾਕੇ ਤੇ ਸਤਿਨਾਮੁ-ਵਾਹਿਗੁਰੂ ਦਾ ਜਾਪ ਦ੍ਰਿੜ੍ਹ ਕਰਵਾ ਕੇ ਪਰਮੇਸ਼ੂਰ ਵੱਲ ਲਗਾਕੇ ਨਿਹਾਲ ਕੀਤਾ।*

(ਨਾਨਕ ਪ੍ਰਕਾਸ਼ ਉਤ੍ਰਾਰ੍ਧ ਧਿਆ ੧੧)

ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ॥

ਉਸ ਸੱਚੇ ਨੂੰ ਦੂਰ ਨਾ ਭਾਲਣਾ ਕਰੋ, ਉਸ ਸਬਦੁ=ਬ੍ਰਹਮ ਨੂੰ ਘੱਟ ਘੱਟ ਵਿਚ ਪਛਾਣਨਾ ਕਰੋ।

---

*ਨੋਟ:-ਇਸੇ ਤਰ੍ਹਾਂ ਦੀ ਮਿਲਦੀ-ਜੁਲਦੀ ਸਾਖੀ ਅੱਗੇ ਉਤ੍ਰਾਰ੍ਧ ੧੨ਵੇਂ ਧਿਆ ਵਿੱਚ ਭੀ ਆਉਂਦੀ ਹੈ ਜੋ ਕਿ ਕਾਹੂ (ਹਾਰੂ) ਦੇਸ ਵਿੱਚ ਗੁਰੂ ਨਾਨਕ ਦੇਵ ਜੀ ਨੇ ਜਾ ਕੇ ਸਰੇਵੜੇ ਦੇ ਉਪਾਸ਼ਕ ਰਾਜੇ ਨੂੰ ਉਪਦੇਸ਼ ਦਿੱਤਾ ਹੈ।

ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ॥

ਜਿਸ ਨੇ ਇਹ ਸੰਸਾਰ ਰਚਨਾ ਰਚੀ ਹੈ ਉਸ ਸੱਚ ਨੂੰ ਦੂਰ ਕਰਕੇ ਨਾ ਜਾਣੋ, ਸਗੋਂ ਉਸ ਸੱਚੇ ਬ੍ਰਹਮ ਨੂੰ ਆਪਣੇ ਹਿਰਦੇ ਵਿੱਚ ਹੀ ਪਛਾਣੋ।

ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ॥

ਇਹ ਜੀਵ ਨਾਮ ਨੂੰ ਧਿਆਵੇ ਤਾਂ ਹੀ ਸੁਖ ਨੂੰ ਪਾਉਂਦਾ ਹੈ, ਨਾਮ ਸਿਮਰਨ ਤੋਂ ਬਿਨਾਂ ਮਨੁੱਖਾ ਦੇਹ ਰੂਪੀ ਪਿੜ=ਬਾਜੀ ਕੱਚੀ ਹੈ।

ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੋ॥

ਜਿਸ ਪ੍ਰਭੂ ਨੇ ਇਹ ਸ੍ਰਿਸ਼ਟੀ ਸਥਾਪਨ ਕੀਤੀ ਹੈ ਇਸ ਦੀ ਬਿਧਿ ਨੂੰ ਓਹੀ ਜਾਣਦਾ ਹੈ, ਹੋਰ ਕੋਈ ਕੀ ਕਹਿ ਕੇ ਕਥਨ ਕਰ ਸਕਦਾ ਹੈ।

ਜਿਨਿ ਜਗੁ ਥਾਪਿ ਵਤਾਇਆ ਜਾਲੋ ਸੋ ਸਾਹਿਬੁ ਪਰਵਾਣੋ॥ ੧॥

ਜਿਸ ਨੇ ਜਗਤ ਨੂੰ ਥਾਪਿ=ਬਣਾਇਆ ਹੈ ਓਸੇ ਨੇ ਮੋਹ ਰੂਪ ਜਾਲ ਨੂੰ ਵਤਾਇਆ=ਫੇਰਿਆ ਹੈ, ਉਹ ਮਾਲਕ ਪਰਮਾਤਮਾ ਪ੍ਰਮਾਨੀਕ ਹੈ। ਅਥਵਾ:-ਉਸ ਸਾਹਿਬ ਨੂੰ ਪਰਵਾਣੋ=ਪਛਾਣੋ॥ ੧॥

ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ॥

ਬਾਬਾ=ਹੇ ਭਾਈ ! ਜੋ ਸੰਸਾਰ ਵਿੱਚ ਆਇਆ ਹੈ ਉਸ ਨੇ ਉੱਠ ਕੇ ਚਲੇ ਜਾਣਾ ਹੈ, ਕਿਉਂਕਿ ਇਹ ਸੰਸਾਰ ਅਧ ਪੰਧੈ=ਅਧਵਾਟੇ ਭਾਵ ਜਨਮ ਮਰਨ ਵਾਲਾ ਹੈ। ਅਥਵਾ:-ਅਧ ਪੰਧੈ=ਮੁਸਾਫ਼ਰ-ਖਾਨਾ ਹੈ।

ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ॥

ਸੱਚੇ ਨੇ ਜੋ ਹਰ-ਇੱਕ ਦੇ ਸਿਰ ਸਿਰ ਉੱਤੇ ਦੁਖ ਸੁਖ ਦਾ ਲੇਖ ਲਿਖਿਆ ਹੈ, ਇਹ ਆਪਣੇ ਪੂਰਬਲੇ ਕਰਮਾਂ ਦਾ ਫਲ ਵਿਚਾਰਨਾ ਕਰੋ।

ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ॥

ਜੇਹੋ ਜੇਹਾ ਕਰਮ ਪਿੱਛੇ ਕੀਤਾ ਸੀ ਉਸ ਦਾ ਫਲ ਹੀ ਦੁਖ ਤੇ ਸੁਖ ਕਰਤਾਰ ਨੇ ਦਿੱਤਾ ਹੈ, ਜੇਹਾ ਕੀਆ=ਜੈਸਾ ਕਰਮ ਹੁਣ ਕੀਤਾ ਹੈ ਓਹੀ ਜੀਵ ਦੇ ਨਾਲ ਅੱਗੇ ਨਿਭੇਗਾ।

ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ॥

ਉਹ ਕਰਤਾ ਜੇਹੋ ਜੇਹੇ ਕਰਮ ਕਰਾਉਂਦਾ ਹੈ, ਉਸ ਤੋਂ ਵੱਖਰੀ ਹੋਰ ਕੋਈ ਦੂਜੀ ਕਾਰ ਨਾ ਭਾਲੇ।

ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ॥

ਉਹ ਪ੍ਰਭੂ ਆਪ ਅਸੰਗ ਹੈ, ਹੋਰ ਸਾਰੀ ਦੁਨੀਆਂ ਧੰਧਿਆਂ ਵਿੱਚ ਬਾਧੀ=ਬੰਨ੍ਹੀ ਹੋਈ ਹੈ, ਆਪ ਹੀ ਹੁਕਮ ਨੂੰ ਮੰਨਵਾਕੇ ਜੀਵ ਨੂੰ ਜਨਮ ਮਰਨ ਤੋਂ ਛੁਡਾਉਣ ਵਾਲਾ ਹੈ।

ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ ॥ ੨ ॥

ਦ੍ਵੈਤ ਭਾ ਆਦਿਕ ਵਿਕਾਰਾਂ ਵਿੱਚ ਲੱਗਣ ਕਰਕੇ ਜੀਵ ਨੂੰ ਅੱਜ, ਕੱਲ੍ਹ ਕਰਦਿਆਂ ਹੀ ਕਾਲ ਆ ਕੇ ਬਿਆਪਦਾ ਹੈ॥ ੨ ॥

ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ ॥

ਜੀਵ ਨੂੰ ਪੰਥਾਂ ਵਿੱਚੋਂ ਜਮਾਂ ਦਾ ਰਸਤਾ ਨਹੀਂ ਸੁੱਝਦਾ, ਜਮਾਂ ਦੀ ਉਜਾੜ ਵਿੱਚ ਗਾੜ੍ਹਾ ਅਨ੍ਹੇਰਾ ਹੈ।

ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ ॥

ਉਥੇ ਨਾ ਪਾਣੀ ਮਿਲਦਾ ਹੈ, ਨਾ ਲੇਫ ਤੇ ਤੁਲਾਈਆਂ ਮਿਲਦੀਆਂ ਹਨ, ਅਤੇ ਨਾ ਹੀ ਪਰਕਾਰੋਵਾ=ਅਨੇਕ ਤਰ੍ਹਾਂ ਦਾ ਸੁੰਦਰ ਭੋਜਨ ਮਿਲਦਾ ਹੈ।

ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ ॥

ਉਥੇ ਤਾਂ ਪ੍ਰੇਮ ਨਾਲ ਭੋਜਨ ਤੇ ਠੰਢਾ ਪਾਣੀ ਕੋਈ ਨਹੀਂ ਦੇਂਦਾ, ਨਾ ਹੀ ਸੋਹਣੇ ਕੱਪੜੇ, ਤੇ ਨਾ ਹੀ ਕੋਈ ਸ਼ਿੰਗਾਰ ਕਰਨ ਦੇਂਦਾ ਹੈ।

ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ ॥

ਨਾ ਹੀ ਕੋਈ ਘਰ ਦਾ ਬਾਰੋ=ਦਰਵਾਜ਼ਾ ਨਿਗਾਹ ਆਉਂਦਾ ਹੈ, ਉਥੇ ਤਾਂ ਗਲ ਵਿੱਚ ਸੰਗਲ ਪਾ ਕੇ ਸਿਰ ਉੱਤੇ ਊਭੌ=ਖੜ੍ਹੇ ਹੋ ਕੇ ਜਮਦੂਤ ਮਾਰਦੇ ਹਨ।

ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥

ਕੀਤੇ ਹੋਏ ਪਾਪਾਂ ਦਾ ਭਾਰ ਸਿਰ ਉੱਤੇ ਵੇਖਕੇ ਜੀਵ ਪਛੁਤਾਉਂਦਾ ਹੈ, ਤੇ ਆਖਦਾ ਹੈ, "ਹੁਣ ਛੱਡ ਦਿਓ ਮੈਂ ਕੁਝ ਦਾਨ-ਪੁੰਨ ਕਰ ਲੈਂਦਾ ਹਾਂ"। ਇਹ ਗੱਲ ਸੁਣਕੇ ਜਮਦੂਤ ਕਹਿੰਦੇ ਹਨ, ਇਬ ਕੇ ਰਾਹੇ=ਹੁਣ ਦੇ ਬੀਜ ਬੀਜੇ ਹੋਏ ਨਹੀਂ ਜੰਮ ਸਕਦੇ।

ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਏਹੁ ਬੀਚਾਰੋ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਇਹ ਸੱਚਾ ਵਿਚਾਰ ਹੈ ਕਿ ਓਥੇ ਸੱਚੇ ਨਾਮ ਤੋਂ ਬਿਨਾਂ ਹੋਰ ਕੋਈ ਬੇਲੀ ਨਹੀਂ ਹੁੰਦਾ॥ ੩ ॥

ਬਾਬਾ ਰੋਵਹਿ ਰਵਹਿ ਸੁਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ ॥

ਬਾਬਾ=ਹੇ ਭਾਈ ! ਸੁਜਾਣੀਅਹਿ=ਚਤੁਰ ਪਰਮੇਸ਼ਰ ਦੇ ਰਵਹਿ=ਉਚਾਰਨ ਵਿੱਚ ਰੋਣਾ ਕਰੇ, ਅਤੇ ਸੰਤਾਂ ਨਾਲ ਮਿਲਕੇ ਸ਼ੁਭ-ਗੁਣਾਂ ਦੇ ਸੰਭਾਲਣ ਵਿਚ ਰੋਣਾ ਕਰੇ। ਅਥਵਾ:-ਬਾਬਾ=ਪਰਮਾਤਮਾ ਦੇ ਉਚਾਰਨ ਵਿੱਚ ਜੋ ਰੋਵਹਿ=ਯਤਨ ਕਰਦਾ ਹੈ, ਸੁ ਜਾਣੀਅਹਿ=ਉਹ ਪੁਰਸ਼ ਸ੍ਰੇਸ਼ਟ ਜਾਣਿਆ ਜਾਂਦਾ ਹੈ।

ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ ॥

ਜੇਹੜੀ ਜੀਵ ਰੂਪ ਇਸਤ੍ਰੀ ਮਾਇਆ ਦੀ ਮੁਠੜੀ=ਲੁੱਟੀ ਹੋਈ ਹੈ, ਉਸ ਰੋਵਣ ਵਾਲੀ ਦਾ ਰੋਣਾ ਤਾਂ

ਇਕ ਧੰਧਾ ਰੂਪ ਹੈ। ਅਥਵਾ:-ਇਹ ਜੀਵ ਰੂਪੀ ਇਸਤ੍ਰੀ ਮਾਇਆ ਦੀ ਲੁੱਟੀ ਹੋਈ ਰੁਦਨ ਕਰ ਰਹੀ ਹੈ, ਅਤੇ ਧੰਧਿਆਂ ਦੇ ਰੋਵਣ ਵਾਲੀ ਹੋ ਰਹੀ ਹੈ।

ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ॥

ਧੰਧਿਆਂ ਨੂੰ ਰੋਂਦੇ ਹਨ, ਅੰਤਹਕਰਨ ਦੀ ਪਾਪਾਂ ਰੂਪੀ ਮੈਲ ਨੂੰ ਨਾਮ ਜਲ ਨਾਲ਼ ਨਹੀਂ ਧੋਂਦੇ, ਸੁਪਨ ਰੂਪ ਸੰਸਾਰ ਅੰਦਰ ਫਸੇ ਰਹਿੰਦੇ ਹਨ।

ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ॥

ਜਿਸ ਤਰ੍ਹਾਂ ਬਾਜੀਗਰ ਦੀ ਬਾਜੀ=ਖੇਡ ਨੂੰ ਵੇਖਕੇ ਲੋਕੀ ਭਰਮ ਵਿੱਚ ਭੁੱਲ ਜਾਂਦੇ ਹਨ, ਏਸੇ ਤਰ੍ਹਾਂ ਝੂਠੀ ਜੀਵ ਰੂਪ ਇਸਤ੍ਰੀ ਹੰਕਾਰ ਆਦਿਕਾਂ ਵਿੱਚ ਮੁਠੀ=ਠੱਗੀ ਗਈ ਹੈ।

ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ॥

ਉਹ ਪ੍ਰਭੂ ਆਪੇ ਰਸਤੇ ਵਿੱਚ ਪਾਉਣ ਵਾਲਾ ਹੈ, ਤੇ ਆਪ ਹੀ ਜੀਵ ਰੂਪ ਹੋ ਕੇ ਕਰਮ ਕਮਾਉਂਦਾ ਹੈ।

ਨਾਮਿ ਰਤੇ ਗੁਰਿ ਪੂਰੈ ਰਾਖੇ ਨਾਨਕ ਸਹਜਿ ਸੁਭਾਏ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਸਿਮਰਨ ਵਿੱਚ ਰੱਤੇ ਹਨ ਉਹਨਾਂ ਦੇ ਪੂਰੇ ਗੁਰੂ ਰਾਖੇ ਹੋਏ ਹਨ, ਅਤੇ ਉਹਨਾਂ ਦਾ ਸ਼ਾਂਤੀ ਸੁਭਾਅ ਹੋਇਆ ਹੈ॥ ੪॥ ੪॥

ਵਡਹੰਸੁ ਮਹਲਾ ੧॥

ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ॥

ਬਾਬਾ=ਹੇ ਭਾਈ! ਜਗਤ ਵਿੱਚ ਜੋ ਭੀ ਆਇਆ ਹੈ ਉਸ ਨੇ ਉੱਠ ਕੇ ਚਲੇ ਜਾਣਾ ਹੈ, ਕਿਉਂਕਿ ਇਹ ਜਗਤ ਦਾ ਪਸਾਰਾ ਸਾਰਾ ਝੂਠਾ ਹੈ।

ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ॥

ਸੱਚਾ ਘਰ ਜੋ ਸਤਸੰਗ ਹੈ ਉਸ ਵਿੱਚ ਜਾ ਕੇ ਜੋ ਸੱਚੇ ਨੂੰ ਸੇਵੀਐ=ਸਿਮਰਦਾ ਹੈ, ਉਹ ਸੱਚ-ਮੁੱਚ, ਅਥਵਾ:-ਸੱਚੇ ਨੂੰ ਪਾ ਕੇ ਖਰਾ ਸਚਿਆਰ ਜੋ ਬ੍ਰਹਮ ਹੈ ਉਸ ਦਾ ਸਰੂਪ ਹੁੰਦਾ ਹੈ।

ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ॥

ਝੂਠ ਅਤੇ ਪਦਾਰਥਾਂ ਦੇ ਲੱਬ ਕਰਕੇ ਜਾਂ ਇਹ ਜੀਵ ਸਤਸੰਗ ਥਾਂ ਨੂੰ ਨਹੀਂ ਪਾਏਗਾ, ਤਾਂ ਅਗੈ=ਪ੍ਰਲੋਕ ਵਿੱਚ ਸੁਖ ਦੀ ਜਗ੍ਹਾ, ਅਥਵਾ:-ਮੁਕਤੀ ਦੀ ਜਗ੍ਹਾ ਨਹੀਂ ਲਵੇਗਾ।

ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ॥

ਅੰਦਰ ਆ ਕੇ ਬੈਠ ਜਾਓ ਐਸੇ ਆਦਰ ਦੇ ਸ਼ਬਦ ਕੋਈ ਨਹੀਂ ਕਹੇਗਾ, ਜਿਵੇਂ ਸੁੰਞੈ=ਖਾਲੀ ਘਰ ਵਿੱਚ ਜਾ ਕੇ ਕਾਓ=ਕਾਂ ਜਾ ਕੇ ਬੈਠਦਾ ਹੈ ਤੇ ਐਵੇਂ ਆ ਜਾਂਦਾ ਹੈ ਤਿਵੇਂ ਮਨੁੱਖ ਦੀ ਹਾਲਤ ਸਮਝੋ।

ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥

ਜੰਮਣ ਮਰਨ ਰੂਪ ਜੋ ਵੱਡਾ ਵੇਛੋੜਾ=ਦੁੱਖ ਹੈ. ਇਸੇ ਵਿਚ ਸਬਾਏ=ਸਾਰਾ ਜਗਤ ਬਿਨਸੈ=ਨਾਸ ਹੋ ਰਿਹਾ ਹੈ।

ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਘੜਾ ਰੂਆਏ ॥ ੧ ॥

ਮਾਇਆ ਦੇ ਲੋਭ ਨੇ ਜਗਤ ਨੂੰ ਧੰਧਿਆਂ ਵਿਚ ਭੁਲਾਇਆ ਹੋਇਆ ਹੈ, ਅਤੇ ਕਾਲ ਸਿਰ ਉੱਤੇ ਖੜਾ ਰੂਆਏ=ਰੁਕੇ, ਭਾਵ ਆਵਾਜ਼ਾਂ ਮਾਰ ਰਿਹਾ ਹੈ॥ ੧ ॥

(ਪੰਨਾ ੫੮੨)

ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ ॥

ਆਵਹੁ ਭਾਈ ਹੋ=ਹੇ ਭਾਈਓ ! ਆਓ, ਬਾਬਾ=ਪਰਮੇਸ਼ਰ ਦੇ ਗਲ ਨਾਲ ਮਿਲਣ ਦੀਆਂ ਤੁਸੀਂ ਮਿਲ-ਮਿਲ ਕੇ ਅਸੀਸਾਂ ਦੇਵੋ।

ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ ॥

ਸੱਚੇ ਬਾਬੇ ਪਰਮਾਤਮਾ ਦਾ ਮੇਲ ਕਦੇ ਦੂਰ ਨਾ ਹੋਵੇ, ਉਸ ਪ੍ਰੀਤਮ ਪਰਮਾਤਮਾ ਦੇ ਨਾਲ ਮਿਲਣ ਦੀਆਂ ਅਸੀਸਾਂ ਦੇਵੋ।

ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ ॥

ਐਸੀਆਂ ਅਸੀਸਾਂ ਦੇਵੋ ਜੋ ਅਸੀਂ ਭਗਤੀ ਕਰਦੇ ਰਹੀਏ, ਮਿਲਿਆ ਹੋਇਆਂ ਦਾ ਕੀ ਮੇਲਣਾ ਹੈ ਅਸਾਨੂੰ ਵਿੱਛੁੜਿਆਂ ਨੂੰ ਮੇਲੋ। ਅਥਵਾ:-ਤੁਸਾਂ ਮਿਲਿਆ ਹੋਇਆਂ ਦੇ ਮੇਲ ਦਾ ਹੋਰ ਕੀ ਲਾਭ ਹੈ, ਅਰਥਾਤ ਤੁਹਾਡੇ ਨਾਲ ਮਿਲਣ ਦਾ ਏਹੋ ਲਾਭ ਹੈ ਜੋ ਅਸੀਂ ਭਗਤੀ ਕਰਦੇ ਰਹੀਏ।

ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ ॥

ਇਕ ਮਨਮੁਖ ਨਾਮ ਤੋਂ ਭੁੱਲੇ ਹੋਏ ਹਨ, ਥੇਹਹੁ=ਸਤਸੰਗ ਤੋਂ ਭੁੱਲੇ ਹੋਏ ਹਨ, ਥਾਵਹੁ=ਸਰੂਪ ਤੋਂ ਭੁੱਲੇ ਹੋਏ ਹਨ, ਇਕ ਗੁਰਮੁਖ ਗੁਰ-ਸ਼ਬਦ ਦੁਆਰਾ ਸੱਚ ਵਿਚ ਖੇਲਦੇ ਹਨ।

ਅਥਵਾ:-ਹੇ ਗੁਰੋ ! ਜੋ ਇਕ ਦੇ ਨਾਮ ਤੋਂ, ਥੇਹਹੁ=ਸਤਸੰਗ ਤੋਂ, ਥਾਵਹੁ=ਸਰੂਪ ਤੋਂ ਭੁੱਲੇ ਹੋਏ ਹਨ, ਉਹਨਾਂ ਨੂੰ ਤੁਸੀਂ ਉਪਦੇਸ਼ ਦੇ ਕੇ ਸੱਚ-ਸਰੂਪ ਵਿਚ ਖਿਡ੍ਹਾਉਂਦੇ ਹੋ।

ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ ॥

ਸਬਦਿ=ਬ੍ਰਹਮ ਵਿਚ ਸਮਾਉਣ ਕਰਕੇ ਉਹਨਾਂ ਨੇ ਜਮ ਰਸਤੇ ਵਿਚ ਨਹੀਂ ਜਾਣਾ, ਜੁਗਾਂ ਜੁਗਾਂ ਵਿਚ ਉਹ ਸੱਚੇ ਦਾ ਵੇਸੇ=ਸਰੂਪ ਹਨ।

ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ ॥ ੨ ॥

ਪਰਮੇਸ਼ਰ ਦੇ ਸੰਜੋਗੀ ਜੋ ਸੱਜਣ ਮਹਾਤਮਾਂ ਹਨ ਉਹਨਾਂ ਦੇ ਸੈਣ=ਨਾਲ ਮਿਲਣਾ ਕਰੋ, ਜਿਨ੍ਹਾਂ ਮਹਾਤਮਾਂ ਨੇ ਗੁਰਾਂ ਨਾਲ ਮਿਲਕੇ ਮੋਹ ਦੇ ਫਾਹੇ ਖੋਲ੍ਹ ਦਿੱਤੇ ਹਨ॥ ੨ ॥

ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ ॥

ਬਾਬਾ=ਹੇ ਭਾਈ ! ਜੀਵ ਦੁਖ ਸੁਖ ਦਾ ਲੇਖ ਲਿਖਾਕੇ ਜਗਤ ਵਿਚ ਨੰਗਾ ਹੀ ਆਇਆ ਹੈ।

ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ ॥

ਪੂਰਬਲੇ ਜਨਮ ਵਿਚ ਇਸ ਜੀਵ ਨੇ ਜੇਹੜਾ ਕਰਮ ਕਮਾਇਆ ਹੈ; ਉਸ ਦੇ ਅਨੁਸਾਰ ਸਾਹਾ=ਪਰਮਾਤਮਾ ਨੇ ਜੋ ਇਸ ਜਨਮ ਵਿਚ ਲੇਖ ਲਿਖ ਦਿੱਤਾ ਹੈ ਉਹ ਭੋਗੇ ਬਿਨਾਂ ਟਲਦਾ ਨਹੀਂ ਹੈ।

ਅਥਵਾ:-ਲਿਖਿਆ ਹੋਇਆ ਸਾਹਾ=ਮਰਨ ਦਾ ਸਮਾਂ ਕਦੇ ਟਲਦਾ ਨਹੀਂ ਹੈ।

ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ ॥

ਸੱਚੇ ਨੇ ਬੈਠਕੇ ਆਪ ਅੰਮ੍ਰਿਤੁ-ਬਿਖਿਆ=ਸੁਖ ਦੁਖ ਲਿਖਣਾ ਕੀਤਾ ਹੈ, ਜਿਸ ਪਾਸੇ ਜੀਵ ਨੂੰ ਲਗਾਇਆ ਹੈ ਓਸੇ ਪਾਸੇ ਲੱਗ ਰਿਹਾ ਹੈ।

ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ ॥

ਕਾਮਣਿਆਰੀ=ਜਾਦੂ ਕਰਨ ਵਾਲੀ ਇਸਤ੍ਰੀ ਮਾਇਆ ਨੇ ਕਾਮਣ=ਟੂਣਾ (ਜਾਦੂ) ਕਰਕੇ ਇਸ ਦੇ ਗਲ ਵਿਚ ਬਹੁਤੇ ਰੰਗਾਂ ਦਾ ਮੋਹ ਰੂਪੀ ਧਾਗਾ ਪਾ ਦਿੱਤਾ ਹੈ।

ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ ॥

ਮਾਇਆ ਦੀ ਹੋਛੀ=ਤੁਛ ਮਤੀ ਕਰਕੇ ਜੀਵ ਦਾ ਆਪਣਾ ਮਨ ਹੋਛਾ ਹੋ ਗਿਆ ਹੈ, ਜੀਵ ਰੂਪ ਮੱਖੀ ਨੇ ਸਾ=ਉਸ ਮਾਇਆ ਰੂਪ ਢਿੱਲੇ ਗੁੜ ਨੂੰ ਖਾਧਾ ਹੈ।

ਅਥਵਾ:-ਵਿਸ਼ਿਆਂ ਰੂਪੀ ਗੁੜ ਨੇ ਜੀਵ ਰੂਪ ਮੱਖੀ ਨੂੰ ਖਾ ਲਿਆ ਹੈ। ਅਰਥਾਤ ਜਿਵੇਂ ਮੱਖੀ ਗੁੜ ਨੂੰ ਖਾਣ ਜਾਂਦੀ ਹੈ, ਪਰ ਗੁੜ ਉਸ ਨੂੰ ਫੜ ਲੈਂਦਾ ਹੈ ਕਿਉਂਕਿ ਗਿੱਲੇ ਗੁੜ ਵਿਚ ਮੱਖੀ ਦੇ ਪੈਰ ਫਸ ਜਾਂਦੇ ਹਨ, ਤਿਵੇਂ ਜੀਵ ਵਿਸ਼ਿਆਂ ਨੂੰ ਭੋਗਣ ਜਾਂਦਾ ਹੈ ਅੱਗੋਂ ਭੋਗ ਹੀ ਇਸ ਨੂੰ ਖਾ ਜਾਂਦੇ ਹਨ।

ਯਥਾ:-ਭੁਗਤਾ ਜਾਨ ਭੋਗ ਮੈਂ ਭੋਗੇ ਉਲਟਾ ਭੋਗੋਂ ਭੋਗਯੋ ਮੋਹਿ ॥

(ਵੈਰਾਗ ਸ਼ਤਕ ਧਿਆ: ੨ ਸ਼ੈਯਾ ੯)

ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥ ੩ ॥

ਕਲਾ ਰੂਪ ਸੰਸਾਰ ਦੇ ਵਿਚ ਇਹ ਜੀਵ ਨਾ ਮਰਜਾਦੁ=ਬੇ-ਮਰਜਾਦਾ ਭਾਵ ਨੰਗਾ ਆਇਆ ਹੈ, ਅੰਤ ਨੂੰ ਨੰਗਾ ਹੀ ਬੰਧਿ=ਬੰਨ੍ਹ ਕੇ ਚਲਾਇਆ=ਤੋਰਿਆ ਜਾਂਦਾ ਹੈ।

ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ ॥

ਬਾਬਾ=ਹੇ ਭਾਈ ! ਜੇ ਕਿਸੇ ਨੇ ਰੋਣਾ ਹੈ ਤਾਂ ਬੇ-ਸ਼ੱਕ ਰੋ ਲਵੇ, ਕਿਉਂਕਿ ਜਾਨੀਅੜਾ=ਪਿਆਰਾ ਜੀਵ ਬੰਨ੍ਹ ਕੇ ਭੇਜਿਆ, ਭਾਵ ਤੋਰਿਆ ਗਿਆ ਹੈ। ਉਸ ਨੇ ਤਾਂ ਮੁੜ ਕੇ ਆਉਣਾ ਨਹੀਂ ਹੈ, ਕਿਉਂਕਿ –

ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ॥

ਲਿਖਿਆ ਹੋਇਆ ਲੇਖ ਮੇਟਿਆ ਨਹੀਂ ਜਾਂਦਾ, ਉਸ ਪਰਮੇਸ਼ਰ ਦੇ ਦਰਵਾਜ਼ੇ ਦਾ ਹਾਕਾਰੜਾ=ਹਕਾਰਾ (ਹੁਕਮ, ਸੱਦਾ) ਆਇਆ ਹੈ।

ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ॥

ਜਾਂ ਉਸ ਨੂੰ ਭਾਇਆ=ਚਾਹਿਆ ਤਾਂ ਹੀ ਹਕਾਰਾ=ਹੁਕਮ ਆਇਆ, ਜਦ ਮਿਰਤੂ ਹੋ ਗਿਆ ਤਾਂ ਰੋਣ ਵਾਲੇ ਸਬੰਧੀ ਰੋਣ ਲੱਗ ਪਏ।

ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ॥

ਪੁੱਤਰ, ਭਰਾ, ਤੇ ਭਤੀਜੇ, ਅਤੇ ਅਤਿ=ਬੜੇ ਪਿਆਰ ਵਾਲੇ ਪ੍ਰੀਤਮ ਇਹ ਸਭ ਰੋਂਦੇ ਹਨ।

ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ॥

ਭੈ=ਭੈਣ* ਉਸ ਦੇ ਸਾਰਿ=ਸ੍ਰੇਸ਼ਟ ਗੁਣਾਂ ਨੂੰ ਸੰਭਾਲਕੇ ਰੋਂਦੀ ਹੈ, ਪਰ ਮੋਏ ਦੇ ਨਾਲ ਕੋਈ ਮਰਦਾ ਨਹੀਂ ਹੈ। ਅਥਵਾ:- ਭੈ=ਡਰ ਨੂੰ ਧਾਰਕੇ ਪ੍ਰਭੂ ਦੇ ਸਾਰਿ=ਸ੍ਰੇਸ਼ਟ ਗੁਣਾਂ ਦੇ ਸਮ੍ਹਾਲਣੇ ਵਿਖੇ ਰੋਵੈ=ਯਤਨ ਕਰੇ।

ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ, ਜੁਗਾਂ ਜੁਗਾਂ ਵਿਚ ਉਸ ਨੂੰ ਸਿਜਾਣਾ=ਸੁਜਾਣ ਭਾਵ ਚਤੁਰ ਜਾਣਨਾ ਕਰੋ, ਜੇਹੜਾ ਸੱਚ ਨਾਮ ਨੂੰ ਸਮ੍ਹਾਲਦਾ ਹੋਇਆ ਰੋਂਦਾ ਹੈ॥ ੪॥ ੫॥

ਵਡਹੰਸੁ ਮਹਲਾ ੩ ਮਹਲਾ ਤੀਜਾ ੧ੴ ਸਤਿਗੁਰ ਪ੍ਰਸਾਦਿ॥

ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜੁ ਸਭੁ ਕਿਛੁ ਕਰਣੈ ਜੋਗੁ॥

ਉਸ ਸੱਚੇ ਹਰੀ ਪ੍ਰਭੂ ਨੂੰ ਸਲਾਹੁਣਾ ਕਰੀਏ, ਜੋ ਸਭ ਤਰ੍ਹਾਂ ਦੇ ਕਾਰਜੁ=ਕੰਮ ਕਰਨ ਦੇ ਜੋਗੁ=ਲਾਇਕ ਭਾਵ ਸਮਰੱਥ ਹੈ।

ਸਾ ਧਨ ਰੰਡ ਨ ਕਬਹੂ ਬੈਸਈ ਨਾ ਕਦੇ ਹੋਵੈ ਸੋਗੁ॥

ਜੇਹੜੀ ਉਸ ਨੂੰ ਸਲਾਹੁੰਦੀ ਹੈ, ਉਹ ਇਸਤ੍ਰੀ ਕਬਹੂ=ਕਦੇ ਰੰਡੀ ਹੋ ਕੇ ਨਹੀਂ ਬੈਸਈ=ਬਹਿੰਦੀ, ਅਤੇ ਨਾ ਹੀ ਉਸ ਨੂੰ ਕਦੇ ਸੋਗ ਹੁੰਦਾ ਹੈ।

ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ ਸਾ ਧਨ ਮਹਲਿ ਸਮਾਣੀ॥

ਉਸ ਨੂੰ ਕਦੇ ਸੋਗ ਨਹੀਂ ਹੁੰਦਾ, ਰਾਤ-ਦਿਨ ਰਸ=ਅਨੰਦ ਭੋਗਦੀ ਹੈ, ਕਿਉਂਕਿ ਸਾ ਧਨ=ਉਹ ਜੀਵ

---

*ਨੋਟ:-ਭੈ=ਦਾ ਅਰਥ ਭੈਣ, ਸ੍ਰੀਮਾਨ ਗਿਆਨੀ ਚੰਦਾ ਸਿੰਘ ਜੀ ਨੇ ਆਪਣੇ ਪ੍ਰਿਆਵਾਂ ਦੇ ੧੩੯ ਪੰਨੇ ਉੱਪਰ ਲਿਖਿਆ ਹੈ। ਏਥੇ ਪਿੰਗਲ ਦੇ ਹਿਸਾਬ ਅਨੁਸਾਰ "ਣ" ਅਲੋਪ ਹੈ।

ਰੂਪ ਇਸਤ੍ਰੀ ਮਹਲਿ=ਸਰੂਪ ਵਿਚ ਅਭੇਦ ਹੋਈ ਹੋਈ ਹੈ।

ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ ਬੋਲੇ ਅੰਮ੍ਰਿਤ ਬਾਣੀ॥

ਜਿਸ ਨੇ ਫਲ-ਬਰ ਦਾਤੇ ਪ੍ਰਿਉ=ਪਤੀ-ਪਰਮਾਤਮਾ ਨੂੰ ਜਾਣਿਆਂ ਹੈ, ਉਹ ਸਦਾ ਹੀ ਨਾਮ ਅੰਮ੍ਰਿਤ ਬਾਣੀ ਨੰ ਬੋਲਦੀ ਰਹਿੰਦੀ ਹੈ।

ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ॥

ਜੋ ਸ਼ੁਭ-ਗੁਣਾਂ ਵਾਲੀਆਂ ਮਹਾਤਮਾਂ ਰੂਪ ਸਖੀਆਂ ਸ਼ੁਭ-ਗੁਣਾਂ ਨੂੰ ਸਾਰਹਿ=ਸੰਭਾਲਕੇ ਆਪਣੇ ਕੰਤ=ਪਤੀ ਨੂੰ ਸਿਮਰਦੀਆਂ ਹਨ, ਉਹਨਾਂ ਨੂੰ ਕਦੇ ਵੀ ਵਿਛੋੜੇ ਦਾ ਦੁੱਖ ਨਹੀਂ ਲੱਗਦਾ।

ਸਚੜਾ ਪਿਰੁ ਸਾਲਾਹੀਐ ਸਭੁ ਕਿਛੁ ਕਰਣੈ ਜੋਗੋ॥ ੧॥

ਉਸ ਸੱਚੇ ਪਤੀ-ਪਰਮਾਤਮਾ ਨੂੰ ਸਲਾਹੁਣਾ ਕਰੀਏ, ਜੋ ਸਭ ਕੁਝ ਕਰਨੇ ਦੇ ਜੋਗੋ=ਲਾਇਕ ਭਾਵ ਸਮਰੱਥ ਹੈ॥ ੧॥

ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ॥

ਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਸੱਚੇ ਸਾਹਿਬ ਨੂੰ ਸਭਨਾਂ ਵਿਚ ਪਛਾਣਨਾ ਕਰੀਏ, ਤਾਂ ਉਹ ਆਪਣੇ ਨਾਲ ਮਿਲਾ ਲੈਂਦਾ ਹੈ।

ਸਾ ਧਨ ਪ੍ਰਿਅ ਕੈ ਰੰਗਿ ਰਤੀ ਵਿਚਹੁ ਆਪੁ ਗਵਾਏ॥

ਸਾ ਧਨ=ਉਹ ਜੀਵ ਰੂਪ ਇਸਤ੍ਰੀ ਪ੍ਰਿਅ=ਪਤੀ-ਪਰਮਾਤਮਾ ਦੇ ਰੰਗਿ=ਅਨੰਦ ਵਿਚ ਰੱਤੀ ਰਹਿੰਦੀ ਹੈ ਜੋਹੜੀ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆਂਦੀ ਹੈ।

ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ ਗੁਰਮੁਖਿ ਏਕੋ ਜਾਤਾ॥

ਜੋਹੜੀ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆਂਦੀ ਹੈ ਤੇ ਗੁਰਾਂ ਦੁਆਰੇ ਇਕ ਨੂੰ ਜਾਣਦੀ ਹੈ ਉਸ ਨੂੰ ਫਿਰ ਕਾਲ ਨਹੀਂ ਖਾਂਦਾ।

ਕਾਮਣਿ ਇਛ ਪੁੰਨੀ ਅੰਤਰਿ ਭਿੰਨੀ ਮਿਲਿਆ ਜਗਜੀਵਨੁ ਦਾਤਾ॥

ਜੋ ਅੰਦਰੋਂ ਪ੍ਰੇਮ ਵਿਚ ਭਿੱਜੀ ਹੋਈ ਹੈ ਉਸ ਨੂੰ ਜਗ ਜੀਵਨ ਦਾਤਾ ਪ੍ਰਭੂ ਮਿਲਿਆ ਹੈ, ਪ੍ਰਭੂ ਦੇ ਮਿਲਣ ਕਰਕੇ ਉਸ ਕਾਮਣਿ ਇਸਤ੍ਰੀ ਦੀ ਸਭ ਇੱਛਾ ਪੁੰਨੀ=ਪੂਰੀ ਹੋਈ ਹੈ।

ਸਬਦ ਰੰਗਿ ਰਾਤੀ ਜੋਬਨਿ ਮਾਤੀ ਪਿਰ ਕੈ ਅੰਕਿ ਸਮਾਏ॥

ਜੋ ਗੁਰ-ਉਪਦੇਸ਼ ਦੇ ਰੰਗ ਵਿਚ ਰੱਤੀ ਹੋਈ ਸ਼ੋਕ ਅਵਸਥਾ ਰੂਪੀ ਜੋਬਨ ਵਿਚ ਮਾਤੀ=ਮਸਤ ਹੋਈ ਹੈ, ਉਹ ਪਿਰੀ ਦੇ ਅੰਕਿ=ਸਰੂਪ ਵਿਚ ਸਮਾਈ ਹੈ।

ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ॥ ੨॥

ਗੁਰ-ਉਪਦੇਸ਼ ਦੁਆਰਾ ਸੱਚੇ ਸਾਹਿਬ ਨੂੰ ਪਛਾਣੀਏ ਤਾਂ ਉਸ ਨੂੰ ਸੱਚਾ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ॥ ੨॥

(ਪੰਨਾ ੫੮੩) ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ॥

ਜਿਨ੍ਹਾਂ ਸੰਤਾਂ ਨੇ ਆਪਣੇ ਕੰਤ=ਪਤੀ-ਪਰਮਾਤਮਾ ਨੂੰ ਪਛਾਣਿਆ ਹੈ, ਮੈਂ ਉਹਨਾਂ ਸੰਤਾਂ ਪਾਸੋਂ ਜਾ ਕੇ ਪੂਛਉ=ਪੁੱਛਦੀ ਹਾਂ, ਕਿ ਤੁਹਾਨੂੰ ਕਿਵੇਂ ਮਿਲਿਆ ਹੈ?

ਆਪੁ ਛੋਡਿ ਸੇਵਾ ਕਰੀ ਪਿਰੁ ਸਚੜਾ ਮਿਲੈ ਸਹਜਿ ਸੁਭਾਏ॥

ਸੰਤਾਂ ਨੇ ਕਿਹਾ, ਜਿਸ ਵੇਲੇ ਆਪਾ ਭਾ ਹੰਕਾਰ ਨੂੰ ਛੱਡਕੇ ਅਸਾਂ ਨੇ ਗੁਰਾਂ ਦੀ ਸੇਵਾ ਕੀਤੀ, ਤਾਂ ਸੱਚਾ ਪਤੀ-ਪਰਮਾਤਮਾ ਸੁੱਤੇ ਸਿੱਧ ਆ ਕੇ ਮਿਲ ਪਿਆ।

ਪਿਰੁ ਸਚਾ ਮਿਲੈ ਆਏ ਸਾਚੁ ਕਮਾਏ ਸਾਚਿ ਸਬਦਿ ਧਨ ਰਾਤੀ॥

ਸੱਚ ਨਾਮ ਦੇ ਕਮਾਉਣ ਕਰਕੇ ਜਿਸ ਨੂੰ ਸੱਚਾ ਪਤੀ=ਪਰਮਾਤਮਾ ਆ ਮਿਲਿਆ ਹੈ, ਉਹ ਧਨ=ਇਸਤ੍ਰੀ ਸੱਚੇ ਸਬਦਿ=ਬ੍ਰਹਮ ਵਿਚ ਰੱਤੀ ਰਹਿੰਦੀ ਹੈ।

ਕਦੇ ਨ ਰਾਂਡ ਸਦਾ ਸੋਹਾਗਣਿ ਅੰਤਰਿ ਸਹਜ ਸਮਾਧੀ॥

ਉਹ ਕਦੇ ਰੰਡੀ ਨਹੀਂ ਹੁੰਦੀ, ਸਦਾ ਹੀ ਸੁਹਾਗਣ ਰਹਿੰਦੀ ਹੈ, ਤੇ ਅੰਤਹਕਰਣ ਅੰਦਰ ਸੁਭਾਵਕ ਸਮਾਧੀ ਲੱਗੀ ਰਹਿੰਦੀ ਹੈ।

ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ ਰੰਗੁ ਮਾਣੇ ਸਹਜਿ ਸੁਭਾਏ॥

ਜੋ ਪਤੀ-ਪਰਮਾਤਮਾ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ, ਉਸ ਨੂੰ ਆਪਣੇ ਪਾਸ ਵੇਖਦੀ ਹੋਈ ਸੁਤੇ ਸਿੱਧ ਪਤੀ ਦੇ ਸੰਜੋਗ ਦਾ ਅਨੰਦ ਮਾਣੇ=ਭੋਗਦੀ ਹੈ।

ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ॥ ੩॥

ਜਿਨ੍ਹਾਂ ਸੰਤਾਂ ਨੇ ਇਸ ਤਰ੍ਹਾਂ ਆਪਣੇ ਪਤੀ ਨੂੰ ਪਛਾਣਿਆ ਹੈ, ਮੈਂ ਉਹਨਾਂ ਸੰਤਾਂ ਤੋਂ ਜਾ ਕੇ ਮਿਲਣ ਦਾ ਸਾਧਨ (ਤਰੀਕਾ) ਪੁੱਛਦੀ ਹਾਂ॥ ੩॥

ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ॥

ਜੇ ਸੱਚੇ ਸਤਿਗੁਰਾਂ ਦੀ ਪਾਏ=ਚਰਣੀ ਲੱਗਣ ਤਾਂ ਪਤੀ-ਪਰਮਾਤਮਾ ਤੋਂ ਵਿੱਛੁੜੀਆਂ ਹੋਈਆਂ ਭੀ ਉਸ ਨੂੰ ਮਿਲ ਸਕਦੀਆਂ ਹਨ।

ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ॥

ਕਿਉਂਕਿ ਸਤਿਗੁਰੂ ਸਦਾ ਹੀ ਦਿਆਲੂ ਹਨ, ਜੋ ਉਪਦੇਸ਼ ਨਾਲ ਇਸ ਦੇ ਔਗੁਣਾਂ ਨੂੰ ਸਾੜ ਦੇਂਦੇ ਹਨ।

ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ॥

ਉਪਦੇਸ਼ ਨਾਲ ਔਗੁਣਾਂ ਨੂੰ ਸਾੜ ਦੇਂਦੇ ਹਨ, ਦ੍ਵੈਤ ਭਾਵ ਨੂੰ ਨਾਸ ਕਰ ਦੇਂਦੇ ਹਨ, ਸੱਚ ਨਾਮ ਜਪਣ ਵਾਲੀ ਜੀਵ ਰੂਪ ਇਸਤ੍ਰੀ ਸੱਚੀ ਹੋ ਕੇ ਸੱਚ ਵਿਚ ਰੱਤੀ ਰਹਿੰਦੀ ਹੈ।

ਸਚੈ ਸਬਦਿ ਸਦਾ ਸੁਖੁ ਪਾਇਆ ਹਉਮੈ ਗਈ ਭਰਾਤੀ॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਹਉਮੈ ਤੇ ਭਰਾਤੀ=ਭ੍ਰਾਂਤੀ ਜਿਸ ਦੀ ਦੂਰ ਹੋ ਗਈ ਹੈ ਉਸ ਨੇ ਆਤਮ ਸੁਖ ਪਾਇਆ ਹੈ।

ਪਿਰੁ ਨਿਰਮਾਇਲੁ ਸਦਾ ਸੁਖਦਾਤਾ ਨਾਨਕ ਸਬਦਿ ਮਿਲਾਏ॥

ਗੁਰੂ ਜੀ ਕਥਨ ਕਰਦੇ ਹਨ, ਉਹ ਪਤੀ-ਪਰਮਾਤਮਾ ਨਿਰਮਲ ਹੈ ਤੇ ਸਦਾ ਸੁਖ ਦੇਂਦਾ ਹੈ, ਗੁਰਾਂ ਦੇ ਉਪਦੇਸ਼ ਕਰਕੇ ਉਸ ਨਾਲ ਮਿਲਾਪ ਹੁੰਦਾ ਹੈ।

ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ॥ ੪ ॥ ੧ ॥

ਪਤੀ-ਪਰਮਾਤਮਾ ਤੋਂ ਵਿੱਛੁੜੀਆਂ ਹੋਈਆਂ ਭੀ=ਪੁਨਾ ਮਿਲ ਸਕਦੀਆਂ ਹਨ, ਜੇ ਸੱਚੇ ਸਤਿਗੁਰਾਂ ਦੀ ਪਾਏ=ਚਰਨੀ ਲਾਗਹ=ਲਗਣਾ ਕਰਨ॥ ੪ ॥ ੧ ॥

ਵਡਹੰਸੁ ਮਹਲਾ ੩ ॥

ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ॥

ਹੇ ਪਤੀ ਦੀ ਚਾਹ ਵਾਲੀ ਇਸਤ੍ਰੀਓ ! ਤੁਸੀਂ ਸੁਣਨਾ ਕਰੋ, ਗੁਰ ਸ਼ਬਦ ਦੀ ਵਿਚਾਰ ਕਰਕੇ ਪਤੀ ਨੂੰ ਸੇਵਨਾ ਕਰੋ।

ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥

ਔਗੁਣਾਂ ਵਾਲੀ ਇਸਤ੍ਰੀ ਪਤੀ (ਪਰਮਾਤਮਾਂ) ਨੂੰ ਨਹੀਂ ਜਾਣਦੀ, ਮਾਇਆ ਦੀ ਮੁਠੀ=ਲੁੱਟੀ ਹੋਈ ਪਤੀ ਨੂੰ ਵਿਸਾਰਕੇ (ਭੁਲਾਕੇ). ਰੋਵੈ=ਰੋਂਦੀ ਹੈ।

ਰੋਵੈ ਕੰਤੁ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ॥

ਪਤੀ-ਪਰਮਾਤਮਾ ਦੇ ਸਮ੍ਹਾਲਣ ਦਾ ਰੋਵੈ=ਯਤ੍ਨ ਕਰੇ, ਸਦਾ ਉਸ ਦੇ ਗੁਣਾਂ ਨੂੰ ਸਾਰਿ=ਸੰਭਾਲੇ, ਉਹ ਪਤੀ ਨਾ ਮਰਦਾ ਹੈ. ਨ ਜਾਏ=ਜੰਮਦਾ ਹੈ।

ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ॥

ਗੁਰਮੁਖਾਂ ਨੇ ਸੱਚੇ ਪ੍ਰੇਮ ਵਿਚ ਸਮਾਕੇ ਸਬਦਿ=ਉਪਦੇਸ਼, ਅਥਵਾ:-ਬ੍ਰਹਮ ਦਾ ਪਛਾਨਣਾ ਜਾਤਾ= ਜਾਣਿਆ ਹੈ।

ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ॥

ਜਿਨ੍ਹਾਂ ਨੇ ਆਪਣੇ ਫਲ-ਬਰ ਦਾਤੇ ਪਤੀ ਨੂੰ ਨਹੀਂ ਜਾਤਾ=ਜਾਣਿਆ ਉਹ ਕੁੜਿਆਰ ਇਸਤ੍ਰੀ ਕੂੜਿ=ਝੂਠ ਆਦਿਕਾਂ ਕਰਕੇ ਮੁਨੀ=ਲੁੱਟੀ ਗਈ ਹੈ।

ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ॥ ੧ ॥

ਹੇ ਪਤੀ-ਪਰਮਾਤਮਾ ਦੀ ਪ੍ਰਾਪਤੀ ਦੀ ਚਾਹ ਵਾਲੀ ਇਸਤ੍ਰੀਓ ! ਤੁਸੀਂ ਸੁਣੋ ! ਗੁਰ ਉਪਦੇਸ਼ ਦੀ ਵਿਚਾਰ ਕਰਕੇ ਪਤੀ ਨੂੰ ਸੇਵਨਾ ਕਰੋ॥ ੧ ॥

ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥

ਉਸ ਪ੍ਰਭੂ ਨੇ ਆਪ ਹੀ ਸਾਰੇ ਜਗਤ ਨੂੰ ਪੈਦਾ ਕੀਤਾ ਹੈ, ਫਿਰ ਸਾਰੇ ਸੰਸਾਰ ਦਾ ਆਉਣਾ ਜਾਣਾ ਭਾਵ ਜੰਮਣਾ ਮਰਨਾ ਕੀਤਾ ਹੈ।

ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥

ਮਾਇਆ ਦੇ ਮੋਹ ਨੇ ਜੀਵ ਨੂੰ ਖੁਆਇਅਨੁ=ਭੁਲਾ ਦਿੱਤਾ ਹੈ, ਇਸ ਲਈ ਵਾਰੋ-ਵਾਰਾ=ਮੁੜ-ਮੁੜ ਕੇ ਮਰਦਾ ਤੇ ਜੰਮਦਾ ਹੈ।

ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥

ਵਾਰੋ-ਵਾਰਾ=ਮੁੜ-ਮੁੜ ਕੇ ਮਰਦਾ ਜੰਮਦਾ ਹੈ, ਕਈ ਤਰ੍ਹਾਂ ਦੇ ਵਿਕਾਰ ਵੱਧਦੇ ਹਨ, ਸਰੂਪ ਗਿਆਨ ਤੋਂ ਬਿਨਾਂ ਹੋਣ ਕਰਕੇ ਮੂਠੀ=ਲੁੱਟੀ ਗਈ।

ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥

ਗੁਰ-ਉਪਦੇਸ਼ ਤੋਂ ਬਿਨਾਂ ਅੱਜ ਤੱਕ ਪਤੀ ਨੂੰ ਕਿਸੇ ਨੇ ਨਹੀਂ ਪਾਇਆ, ਮਨੁੱਖਾ ਜਨਮ ਨੂੰ ਨਿਸਫਲ ਗੁਆ ਦਿੱਤਾ, ਝੂਠੀ ਇਸਤ੍ਰੀ ਔਗੁਣਾਂ ਵਾਲੀ ਹੋ ਕੇ ਰੋਵੈ=ਰੋਂਦੀ ਹੈ।

ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ ॥

ਜਗਤ ਦਾ ਜੀਵਨ ਰੂਪ ਪਤੀ ਅਸਾਡੇ ਪਾਸ ਹੈ ਤਾਂ ਫਿਰ ਅਸੀਂ ਕਿਸਨੂੰ ਰੋਣਾ ਹੈ, ਜਿਨ੍ਹਾਂ ਨੇ ਪਤੀ ਨੂੰ ਵਿਸਾਰਿਆ ਹੈ ਉਹ ਰੋਂਦੀਆਂ ਹਨ।

ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ ॥ ੨ ॥

ਉਸ ਪ੍ਰਭੂ ਨੇ ਆਪ ਹੀ ਸਾਰੇ ਜਗਤ ਨੂੰ ਪੈਦਾ ਕੀਤਾ ਹੈ, ਅਤੇ ਸਾਰੇ ਸੰਸਾਰ ਦਾ ਆਉਣਾ ਜਾਣਾ ਭਾਂਵ ਜੰਮਣਾ ਮਰਨਾ ਕੀਤਾ ਹੈ ॥ ੨ ॥

ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥

ਉਹ ਪਤੀ-ਪਰਮਾਤਮਾ ਪਿੱਛੇ ਸੱਚਾ ਸੀ, ਹੁਣ ਭੀ ਸਦਾ ਸੱਚਾ ਹੈ, ਨਾ ਉਹ ਮਰਦਾ ਹੈ ਨਾ ਹੀ ਜੰਮਦਾ ਹੈ।

ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥

ਇਹ ਅਗਿਆਤ ਇਸਤ੍ਰੀਆਂ ਭੁੱਲੀਆਂ ਫਿਰਦੀਆਂ ਹਨ, ਦ੍ਵੈਤ ਭਾ ਕਰਕੇ ਰੰਡੀਆਂ ਹੋ ਕੇ ਬੈਠੀਆਂ ਹਨ। ਭਾਵ ਨਾਸਤਕ ਹੋ ਗਈਆਂ ਹਨ।

ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥

ਦ੍ਵੈਤ ਭਾ ਕਰਕੇ ਰੰਡੀਆਂ ਹੋ ਕੇ ਬੈਠੀਆਂ ਹਨ, ਮਾਇਆ ਦੇ ਮੋਹ ਵਿਚ ਲੱਗ ਕੇ ਦੁੱਖ ਪਾਉਂਦੀਆਂ ਹਨ, ਆਵ=ਉਮਰਾ ਘਟਣੇ ਕਰਕੇ ਤਨ ਛੀਜੈ=ਛਿੱਜਦਾ (ਕ੍ਰਿਸ ਹੁੰਦਾ) ਜਾ ਰਿਹਾ ਹੈ।

ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ॥

ਜੋ ਕੁਝ ਆਇਆ ਹੈ ਸਭ ਕੁਝ ਚਲੇ ਜਾਣ ਵਾਲਾ ਹੈ, ਦ੍ਵੈਤ ਭਾ ਵਾਲਿਆ ਨੂੰ ਦੁੱਖ ਲੱਗਾ ਹੈ।

ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ॥

ਇਸ ਨੂੰ ਜਮ ਕਾਲ ਸੁਝਦਾ ਨਹੀਂ ਹੈ, ਇਹ ਜਗੁ=ਜੀਵ ਮਾਇਆ ਵਾਸਤੇ ਲੂਝੈ=ਲੜਦਾ ਝਗੜਦਾ ਹੈ, ਲਬਿ=ਪਦਾਰਥਾਂ ਦੇ ਖਾਣ ਦਾ, ਲੋਭਿ=ਪਦਾਰਥਾਂ ਦੇ ਇਕੱਠਿਆਂ ਕਰਨ ਦਾ ਇਨ੍ਹਾਂ ਵਿਚ ਚਿੱਤ ਨੂੰ ਲਗਾਉਂਦਾ ਹੈ।

ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ॥ ੩॥

ਉਹ ਪਤੀ-ਪਰਮਾਤਮਾ ਪਿੱਛੇ ਸੱਚਾ ਸੀ, ਹੁਣ ਭੀ ਸਦਾ ਸੱਚਾ ਹੈ, ਨਾ ਉਹ ਮਰਦਾ ਹੈ ਨਾ ਜਾਏ=ਜੰਮਦਾ ਹੈ॥ ੩॥

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ॥

ਇਕ ਮਨਮੁਖ ਇਸਤ੍ਰੀ ਪਤੀ-ਪਰਮਾਤਮਾ ਤੋਂ ਵਿੱਛੁੜੀ ਹੋਈ ਰੋਂਦੀ ਹੈ, ਪਰ ਅੰਨ੍ਹੀ ਇਹ ਨਹੀਂ ਜਾਣਦੀ ਹੈ ਕਿ ਪਤੀ-ਪਰਮਾਤਮਾ ਮੇਰੇ ਨਾਲ ਹੀ ਹੈ।

ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ॥

ਗੁਰਾਂ ਦੀ ਪਰਸਾਦੀ=ਕਿਰਪਾ ਨਾਲ ਆਪਣੇ ਹਿਰਦੇ ਅੰਦਰ ਸਦਾ ਵਾਹਿਗੁਰੂ ਨੂੰ ਸਮ੍ਹਾਲੇ, ਤਾਂ ਸੱਚਾ ਪਤੀ-ਪਰਮਾਤਮਾ ਅੰਦਰੋਂ ਹੀ ਮਿਲ ਪੈਂਦਾ ਹੈ।

ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ॥

ਪਿਰੀ ਨੂੰ ਆਪਣੇ ਹਿਰਦੇ ਅੰਦਰ ਸਮ੍ਹਾਲਣਾ ਕਰੇ, ਉਹ ਸਦਾ ਹੀ ਨਾਲ ਹੈ, ਪਰ ਮਨਮੁਖਾਂ ਨੇ ਉਸ ਨੂੰ ਦੂਰ ਜਾਣਿਆ ਹੈ।

ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ
ਜਿਨਿ ਖਸਮੁ ਨ ਜਾਤਾ ਹਦੂਰੇ॥

ਜਿਨ੍ਹਾਂ ਨੇ ਖਸਮ ਨੂੰ ਆਪਣੇ ਹਦੂਰੇ=ਪਾਸ ਨਹੀਂ ਜਾਣਿਆ, ਉਹਨਾਂ ਦਾ ਇਹ ਸਰੀਰ ਮੌਤ ਦਾ ਯਾਂ ਕਰਮਾਂ ਦਾ ਰੁਲਾਇਆ ਹੋਇਆ ਮਿੱਟੀ ਵਿਚ ਰੁਲੈ=ਰੁਲਦਾ ਹੈ ਇਹ ਸਰੀਰ ਕਿਸੇ ਕਾਮਿ=ਕੰਮ ਨਹੀਂ ਆਉਂਦਾ।

(ਪੰਨਾ ੫੮੪)

ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ॥

ਗੁਰੂ ਜੀ ਕਥਨ ਕਰਦੇ ਹਨ, ਜੋ ਹਿਰਦੇ ਅੰਦਰ ਪਿਰੀ ਨੂੰ ਸਦਾ ਸਮ੍ਹਾਲਦੀ ਹੈ, ਸਾ ਧਨ=ਉਹ ਇਸਤ੍ਰੀ ਗੁਰਾਂ ਦੀ ਮਿਲਾਈ ਹੋਈ ਪ੍ਰਭੂ ਨਾਲ ਮਿਲਦੀ ਹੈ।

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥ ੪ ॥ ੨ ॥

ਇਕ ਮਨਮੁਖ ਇਸਤ੍ਰੀ ਪਤੀ-ਤੋਂ ਵਿੱਛੁੜੀ ਹੋਈ ਰੋਂਦੀ ਹੈ, ਪਰ ਅੰਨ੍ਹੀ ਜਾਣਦੀ ਨਹੀਂ ਹੈ ਕਿ ਪਤੀ ਸਦਾ ਮੇਰੇ ਨਾਲ ਹੈ॥ ੪॥ ੨॥

ਵਡਹੰਸੁ ਮਃ ੩ ॥

ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥

ਜੋ ਪਤੀ ਤੋਂ ਵਿੱਛੁੜੀਆਂ ਹੋਈਆਂ ਹਨ ਉਹ ਰੋਂਦੀਆਂ ਹਨ, ਮੇਰਾ ਸੱਚਾ-ਪਤੀ ਸਦਾ ਮੇਰੇ ਨਾਲ ਹੈ ਇਸਤੇ ਮੈਂ ਕਿਉਂ ਰੋਵਾਂ?

ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ॥

ਜਿਨ੍ਹਾਂ ਨੇ ਸੰਸਾਰ ਤੋਂ ਚਲਣਾ ਭਾਵ ਮਰਨਾ ਸਹੀ=ਨਿਸਚੇ ਕਰਕੇ ਸਹੀ=ਸੱਚਾ ਜਾਣਿਆ ਹੈ, ਉਹ ਸਤਿਗੁਰਾਂ ਦੀ ਸੇਵਾ ਕਰਦੇ ਹਨ ਤੇ ਵਾਹਿਗੁਰੂ ਨਾਮ ਨੂੰ ਸਮ੍ਹਾਲਦੇ ਹਨ।

ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸ਼ਤਿਗੁਰੁ ਸੇਵਿ ਸੁਖੁ ਪਾਇਆ ॥

ਸਦਾ ਵਾਹਿਗੁਰੂ ਨਾਮ ਨੂੰ ਸਮ੍ਹਾਲਦੇ ਹਨ, ਸਤਿਗੁਰਾਂ ਦੇ ਨਾਲ ਰਹਿੰਦੇ ਹਨ, ਸਤਿਗੁਰਾਂ ਦੀ ਸੇਵਾ ਕਰਕੇ ਆਤਮ-ਸੁਖ ਪਾਇਆ ਹੈ।

ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ ॥

ਗੁਰ-ਉਪਦੇਸ਼ ਦੁਆਰੇ ਸੱਚ ਨਾਮ ਨੂੰ ਹਿਰਦੇ ਵਿਚ ਧਾਰਕੇ ਕਾਲ ਨੂੰ ਮਾਰ ਲਿਆ ਹੈ, ਮੁੜ ਕੇ ਉਹਨਾਂ ਦਾ ਜੰਮਣਾ ਮਰਨਾ ਨਹੀਂ ਹੋਇਆ।

ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ ਨਿਹਾਲੇ ॥

ਉਹ ਆਪ ਸੱਚਾ ਸਾਹਿਬ ਹੈ, ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ, ਕਿਰਪਾ ਦ੍ਰਿਸ਼ਟੀ ਨਾਲ ਵੇਖਕੇ ਨਿਹਾਲ ਕਰ ਦੇਂਦਾ ਹੈ।

ਰੋਵਹਿ ਪਿਰਹੁ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥ ੧ ॥

ਜੋ ਪਤੀ ਤੋਂ ਵਿੱਛੁੜੀਆਂ ਹੋਈਆਂ ਹਨ ਉਹ ਰੋਵਹਿ=ਰੋਂਦੀਆਂ ਹਨ, ਮੇਰਾ ਸੱਚਾ ਪਤੀ ਸਦਾ ਮੇਰੇ ਨਾਲ ਹੈ ਇਸਤੇ ਮੈਂ ਕਿਉਂ ਰੋਵਾਂ॥ ੧॥

ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਵ ਮਿਲਾਂ ਪ੍ਰੀਤਮ ਪਿਆਰੇ ॥

ਮੇਰਾ ਮਾਲਕ ਪ੍ਰਭੂ ਸਾਰਿਆਂ ਤੋਂ ਉੱਚਾ ਹੈ, ਉਸ ਪਿਆਰੇ ਪ੍ਰੀਤਮ ਨੂੰ ਮੈਂ ਕਿਵੇਂ ਮਿਲਾਂ।

ਸਤਿਗੁਰਿ ਮੇਲੀ ਤਾਂ ਸਹਜਿ ਮਿਲੀ ਪਿਰੁ ਰਾਖਿਆ ਉਰ ਧਾਰੇ ॥

ਸਤਿਗੁਰਾਂ ਨੇ ਮਿਲਾਇਆ ਹੈ ਤਾਂ ਸੁਭਾਵਕ ਹੀ ਮਿਲ ਗਈ ਹਾਂ, ਹੁਣ ਤਾਂ ਪਤੀ ਨੂੰ ਹਿਰਦੇ ਵਿਚ ਧਾਰ ਰੱਖਿਆ ਹੈ।

ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ ਸਤਿਗੁਰ ਤੇ ਪਿਰੁ ਦਿਸੈ॥

ਸਦਾ ਹਿਰਦੇ ਵਿਚ ਧਾਰਿਆ ਹੈ ਤੇ ਉਸ ਪਿਆਰੇ ਦੇ ਨਾਲ ਨੇਹੁ=ਪ੍ਰੇਮ ਨੂੰ ਕੀਤਾ ਹੈ, ਪਰ, ਸਤਿਗੁਰਾਂ ਦੀ ਕਿਰਪਾ ਨਾਲ ਪਤੀ-ਪਰਮਾਤਮਾ ਦਾ ਦਿਸੈ=ਦਰਸ਼ਨ ਹੋ ਜਾਂਦਾ ਹੈ।

ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ॥

ਜੋ ਮਾਇਆ ਦਾ ਮੋਹ ਹੈ ਇਹ ਕੱਚਾ ਪੁਸ਼ਾਕਾ ਹੈ, ਉਸਦੇ ਪਾਉਣ ਨਾਲ ਮਨ ਰੂਪੀ ਪਗੁ=ਪੈਰ ਪਰਮੇਸ਼ਰ ਦੇ ਸਿਮਰਨ ਵੱਲੋਂ ਖਿਸੈ=ਖਿਸਕ ਜਾਂਦਾ ਹੈ। ਅਥਵਾ:-ਮਾਇਆ ਦਾ ਮੋਹ ਹੋਣ ਕਰਕੇ ਇਹ ਸਰੀਰ ਰੂਪ ਚੋਲਾ ਕਚਾ=ਨਿਸਫਲ ਹੈ, ਤਿਸ ਸਰੀਰ ਰੂਪ ਚੋਲੇ ਦੇ ਪੈਧੈ=ਪਾਉਣ ਨਾਲ ਭਾਵ ਦੇਹ ਅਧਿਆਸ ਕਰਨ ਨਾਲ ਬੁੱਧੀ ਰੂਪ ਪੈਰ ਪਰਮੇਸ਼ਰ ਵੱਲੋਂ ਖਿਸਕ ਜਾਂਦਾ ਹੈ।

ਪਿਰ ਰੰਗਿ ਰਾਤਾ ਸੋ ਸਚਾ ਚੋਲਾ ਤਿਤੁ ਪੈਧੈ ਤਿਖਾ ਨਿਵਾਰੇ॥

ਪਿਰੀ-ਪਰਮਾਤਮਾ ਦੇ ਰੰਗਿ=ਪ੍ਰੇਮ ਵਿਚ ਜੋ ਰਤਾ ਹੈ ਉਹ ਸਰੀਰ ਰੂਪ ਚੋਲਾ ਸਚਾ=ਸਫਲਾ ਹੈ, ਉਸ ਦੇ ਪਾਉਣ ਨਾਲ ਪਦਾਰਥਾਂ ਦੀ ਤਿਖਾ=ਤਰੇਹ ਭਾਵ ਤ੍ਰਿਸ਼ਨਾਂ ਨਿਵਿਰਤ ਹੋ ਜਾਂਦੀ ਹੈ।

ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਉ ਮਿਲਾ ਪ੍ਰੀਤਮ ਪਿਆਰੇ॥ ੨॥

ਮੇਰਾ ਮਾਲਕ ਪ੍ਰਭੂ ਸਾਰਿਆਂ ਤੋਂ ਉੱਚਾ ਹੈ, ਉਸ ਪਿਆਰੇ ਪ੍ਰੀਤਮ ਨੂੰ ਮੈਂ ਕਿਵੇਂ ਮਿਲਾਂ॥ ੨॥

ਮੈ ਪ੍ਰਭੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ॥

ਮੈਂ ਸੱਚੇ ਪ੍ਰਭੂ ਨੂੰ ਪਛਾਣ ਲਿਆ ਹੈ, ਹੋਰ ਔਗੁਣਾਂ ਵਾਲੀ ਹੋਰ ਥਾਂ ਤੇ ਭੁੱਲੀ ਫਿਰਦੀ ਹੈ।

ਮੈ ਸਦਾ ਰਾਵੇ ਪਿਰੁ ਆਪਣਾ ਸਚੜੈ ਸਬਦਿ ਵੀਚਾਰੇ॥

ਸੱਚੇ ਗੁਰਾਂ ਦੇ ਉਪਦੇਸ਼ ਨੂੰ ਵਿਚਾਰਕੇ ਮੈਂ ਸਦੀਵ ਕਾਲ ਆਪਣੇ ਪਤੀ ਦੇ ਅਨੰਦ ਨੂੰ ਰਾਵੇ=ਭੋਗਦੀ ਹਾਂ।

ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ ਮਿਲਿ ਸਤਿਗੁਰ ਪ੍ਰੀਤਮੁ ਪਾਇਆ॥

ਜੋ ਜਗਿਆਸੂ ਰੂਪ ਇਸਤ੍ਰੀ ਰੰਗਿ ਰਾਤੀ=ਪ੍ਰੇਮ ਵਿਚ ਰੱਤੀ ਹੋਈ ਸੱਚੇ ਸ਼ਬਦ ਨੂੰ ਵਿਚਾਰਦੀ ਹੈ ਉਸ ਨੇ ਸਤਿਗੁਰਾਂ ਨਾਲ ਮਿਲਕੇ ਪ੍ਰੀਤਮੁ=ਪਰਮਾਤਮਾ ਨੂੰ ਪਾਇਆ ਹੈ।

ਅੰਤਰਿ ਰੰਗਿ ਰਾਤੀ ਸਹਜੇ ਮਾਤੀ ਗਇਆ ਦੁਸਮਨੁ ਦੂਖੁ ਸਬਾਇਆ॥

ਜੋ ਰੰਗਿ=ਪ੍ਰੇਮ ਅੰਦਰ ਰੱਤੀ ਹੈ ਉਹ ਸਹਜੇ=ਸ਼ਾਂਤੀ ਆਦਿਕ ਗੁਣਾਂ ਵਿਚ ਮਾਤੀ=ਮਸਤ ਹੋਈ ਹੈ, ਕਾਮ ਆਦਿਕ ਦੁਸ਼ਮਣਾਂ ਦਾ ਸਬਾਇਆ=ਸਾਰਾ ਦੁੱਖ ਚਲਾ ਗਿਆ ਹੈ।

ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ॥

ਆਪਣਿਆਂ ਗੁਰਾਂ ਨੂੰ ਤਨ ਮਨ ਭੇਟਾ ਕਰ ਦੇਈਏ, ਤਾਂ ਮਨ ਸਿਮਰਨ ਵਿਚ ਭਿੱਜਦਾ ਹੈ, ਉਸ ਦੇ ਪ੍ਰਤਾਪ ਕਰਕੇ ਪਦਾਰਥਾਂ ਦੀ ਤ੍ਰਿਸ਼ਨਾਂ ਅਤੇ ਦੁੱਖ ਨਿਵਿਰਤ ਹੋ ਜਾਂਦੇ ਹਨ।

ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥ ੩ ॥

ਮੈਂ ਆਪਣੇ ਸੱਚੇ ਪਤੀ ਨੂੰ ਪਛਾਣ ਲਿਆ ਹੈ, ਹੋਰ ਔਗੁਣਾਂ ਵਾਲੀ ਇਸਤ੍ਰੀ ਹੋਰ ਥਾਂ ਤੇ ਭੁੱਲੀ ਫਿਰਦੀ ਹੈ ॥ ੩ ॥

ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥

ਸੱਚੇ ਪ੍ਰਭੂ ਨੇ ਆਪ ਹੀ ਜਗਤ ਨੂੰ ਪੈਦਾ ਕੀਤਾ ਹੈ, ਇਸ ਵਿਚ ਗੁਰੂ ਤੋਂ ਬਿਨਾਂ ਘੋਰ=ਭਿਆਨਕ ਅਗਿਆਨ ਰੂਪ ਅਨ੍ਹੇਰਾ ਬਣਿਆ ਰਹਿੰਦਾ ਹੈ।

ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ ॥

ਆਪਿ ਮਿਲੈ=ਆਪ ਹੀ ਜਗਿਆਸੂ ਰੂਪ ਹੋ ਕੇ ਮਿਲਦਾ ਹੈ, ਆਪ ਹੀ ਗੁਰੂ ਰੂਪ ਹੋ ਕੇ ਪਿਆਰ ਦੇਂਦਾ ਹੈ। ਫਿਰ ਆਪ ਹੀ ਈਸ਼ੂਰ ਰੂਪ ਹੋ ਕੇ ਆਪਣੇ ਨਾਲ ਮਿਲਾਂਵਦਾ ਹੈ।

ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥

ਜਿਸ ਨੂੰ ਆਪ ਪਿਆਰ ਦੇਂਦਾ ਹੈ ਉਹ ਸਹਜਿ=ਗਿਆਨ ਦਾ ਵਪਾਰ ਕਰਦਾ ਹੈ, ਗੁਰਮੁਖ ਆਪਣੇ ਮਨੁੱਖਾ ਜਨਮ ਨੂੰ ਸੁਆਰ ਲੈਂਦਾ ਹੈ।

ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥

ਜਿਸ ਨੇ ਆਪਾ ਭਾ ਹੰਕਾਰ ਗੁਆਇਆ ਹੈ ਉਸ ਦਾ ਜਗਤ ਵਿਚ ਆਇਆ ਧੰਨਤਾ ਜੋਗ ਹੈ, ਉਹ ਸੱਚੇ ਦਰਬਾਰ ਅੰਦਰ ਸਚਿਆਰ ਹੁੰਦਾ ਹੈ।

ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦਾ ਨਾਮ ਸਿਮਰਨ ਨਾਲ ਪਿਆਰ ਹੈ, ਉਸ ਦੇ ਘਟਿ=ਅੰਤਹ-ਕਰਣ ਅੰਦਰ ਰਤਨਿ=ਵੈਰਾਗ ਤੇ ਗਿਆਨ ਦਾ, ਅਥਵਾ:-ਗਿਆਨ ਰੂਪ ਰਤਨ ਦਾ ਚਾਨਣ ਹੋਇਆ ਹੈ।

ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥ ੪ ॥ ੩ ॥

ਸੱਚੇ ਪ੍ਰਭੂ ਨੇ ਆਪ ਹੀ ਜਗਤ ਨੂੰ ਪੈਦਾ ਕੀਤਾ ਹੈ, ਇਸ ਵਿਚ ਗੁਰੂ ਤੋਂ ਬਿਨਾਂ ਘੋਰ=ਬੜਾ ਅਗਿਆਨ ਰੂਪ ਅੰਧਾਰੋ=ਅਨ੍ਹੇਰਾ ਹੈ।

ਵਡਹੰਸੁ ਮਹਲਾ ੩ ॥

ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ ॥

ਇਹ ਸਰੀਰ ਜਜਰੀ=ਕ੍ਰਿਸ ਹੁੰਦਾ ਜਾ ਰਿਹਾ ਹੈ ਕਿਉਂਕਿ ਇਸ ਨੂੰ ਜਰੁ=ਬੁਢੇਪਾ ਆ ਕੇ ਪਹੁੰਚ ਰਿਹਾ ਹੈ।

ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ॥

ਜਿਨ੍ਹਾਂ ਨੂੰ ਗੁਰਾਂ ਨੇ ਰੱਖਿਆ ਹੈ ਉਹ ਉਬਰੇ=ਬਚ ਗਏ ਹਨ, ਹੋਰ ਤਾਂ ਸਾਰੇ ਜੰਮ ਕੇ ਆਉਂਦੇ ਹਨ ਮਰਕੇ ਜਾਂਦੇ ਹਨ।

ਹੋਰਿ ਮਰਿ ਜੰਮਹਿ ਆਵਹਿ ਜਾਵਹਿ

ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ॥

ਹੋਰ ਜੋ ਜਨਮ ਮਰਨ ਵਿਚ ਆਉਂਦੇ ਜਾਂਦੇ ਹਨ, ਉਹ ਅੰਤ ਨੂੰ ਪਛਤਾਉਂਦੇ ਗਏ ਹਨ, ਕਿਉਂਕਿ ਨਾਮ ਸਿਮਰਨ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ।

ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ॥

ਜੋ ਐਥੈ=ਇਸ ਲੋਕ ਵਿਚ ਕਰਮ ਕਮਾਂਵਦਾ ਹੈ ਉਸ ਦਾ ਫਲ ਅੱਗੇ ਜਾ ਕੇ ਪਾਵੇਗਾ, ਮਨਮੁਖਾਂ ਨੇ ਤਾਂ ਆਪਣੀ ਇੱਜ਼ਤ ਗੁਆ ਲਈ ਹੈ।

ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ॥

ਜਮਪੁਰੀ ਦੇ ਘੋਰ ਅਨ੍ਹੇਰੇ ਮਾਰਗ ਵਿਚ ਜਿੱਥੇ ਮਹਾ ਗੁਬਾਰੁ=ਬੜਾ ਭਾਰੀ ਅੰਧਕਾਰ ਹੈ, ਓਥੇ ਜੀਵ ਦੇ ਨਾਲ ਨਾ ਭੈਣ ਜਾਂਦੀ ਹੈ, ਅਤੇ ਨਾ ਹੀ ਭਰਾ ਸਾਥੀ ਹੁੰਦਾ ਹੈ।

ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ॥ ੧ ॥

ਇਹ ਸਰੀਰ ਜਜਰੀ=ਕ੍ਰਿਸ ਹੁੰਦਾ ਜਾ ਰਿਹਾ ਹੈ, ਕਿਉਂਕਿ ਇਸ ਨੂੰ ਜਰੁ=ਬੁਢੇਪਾ ਆਈ=ਆ ਕੇ ਪਹੁੰਚ ਰਿਹਾ ਹੈ॥ ੧ ॥"

---

*ਨੋਟ:-ਜਜਰੀ=ਸੰਸਕ੍ਰਿਤ ਵਿਚ ਅਸਲ ਸ਼ਬਦ ਜਰ੍ਜਰ 'ਜਰਜਰ' ਹੈ ਅਰਥ:-ਜੀਰਣ, ਯਾਂ ਪੁਰਾਣਾ ਹੈ ਇੱਥੇ "ਜਜਰੀ" ਪਦ ਦੇ ਵਿੱਚ 'ਰ' ਅਲੋਪ ਹੈ। ਇਸ ਤੋਂ ਮੁਰਾਦ ਏਹ ਹੈ ਕਿ ਏਹ ਸਰੀਰ-ਜੀਰਣ (ਕਮਜ਼ੋਰ) ਹੁੰਦਾ ਜਾਂਦਾ ਹੈ।

(ਮਹਾਨ ਕੋਸ਼ ਪੰਨਾ ੩੭੫ ਦੂਜੀ ਐਡੀਸ਼ਨ)

(ਪੰਨਾ ੫੮੫) ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ॥

ਜਾਂ ਸਤਿਗੁਰ ਦੇਵ ਜੀ ਆਪਣੇ ਉਪਦੇਸ਼ ਨਾਲ ਮਿਲਾ ਲੈਣ, ਤਾਂ ਇਹ ਦੇਹ ਸੋਨੇ ਵਾਂਗੂੰ ਸ਼ੁੱਧ ਤੇ ਸੁੰਦਰ ਥੀਐ= ਹੁੰਦੀ ਹੈ।

ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥

ਮਾਇਆ ਕ੍ਰਿਤ ਭਰਮ ਹਿਰਦੇ ਵਿੱਚੋਂ ਕੱਟਿਆ ਜਾਵੇ ਤਾਂ ਸੱਚੇ ਨਾਮੀ ਵਿੱਚ ਅਭੇਦ ਹੁੰਦਾ ਹੈ।

ਸਚੈ ਨਾਮਿ ਸਮਾਏ ਹਰਿ ਗੁਣ ਗਾਏ ਮਿਲਿ ਪ੍ਰੀਤਮ ਸੁਖੁ ਪਾਏ॥

ਸੱਚੇ ਨਾਮੀ ਵਿੱਚ ਅਭੇਦ ਹੁੰਦਾ ਹੈ, ਜੋ ਭੀ ਹਰੀ ਗੁਣਾਂ ਨੂੰ ਗਾਉਂਦਾ ਹੈ ਉਹ ਪ੍ਰੀਤਮ ਪ੍ਰਭੂ ਨਾਲ ਮਿਲਕੇ ਸੁਖ ਪਾਉਂਦਾ ਹੈ।

ਸਦਾ ਅਨੰਦਿ ਰਹੈ ਦਿਨੁ ਰਾਤੀ ਵਿਚਹੁ ਹਉਮੈ ਜਾਏ॥

ਜਾਂ ਹਿਰਦੇ ਵਿੱਚੋਂ ਹਉਮੈ ਚਲੀ ਜਾਵੇ ਤਾਂ ਦਿਨ -ਰਾਤ ਸਦਾ ਅਨੰਦ ਰਹਿੰਦਾ ਹੈ।

ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ ਤਿਨ ਕੈ ਹੰਉ ਲਾਗਉ ਪਾਏ॥

ਜਿਨ੍ਹਾਂ ਪੁਰਖਾਂ ਨੇ ਹਰੀ ਨਾਮ ਵਿੱਚ ਚਿੱਤ-ਬਿਰਤੀ ਨੂੰ ਲਗਾਇਆ ਹੈ, ਮੈਂ ਉਹਨਾਂ ਦੇ ਚਰਨੀ ਲੱਗਦਾ ਹਾਂ।

ਕਾਂਇਆ ਕੰਚਨੁ ਤਾਂ ਥੀਐ ਜਾ ਸਤਿਗੁਰੁ ਲਏ ਮਿਲਾਏ॥ ੨॥

ਜਾਂ ਸਤਿਗੁਰੁ ਦੇਵ ਜੀ ਆਪਣੇ ਉਪਦੇਸ਼ ਨਾਲ ਮਿਲਾ ਲੈਣ, ਤਾਂ ਇਹ ਦੇਹ ਸੋਨੇ ਵਾਂਗੂੰ ਸ਼ੁੱਧ ਤੇ ਸੁੰਦਰ ਹੁੰਦੀ ਹੈ॥ ੨॥

ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ॥

ਜੇਕਰ ਸਤਿਗੁਰ ਦੇਵ ਜੀ ਸਮਝਾ ਦੇਣ ਤਾਂ ਉਸ ਸੱਚੇ ਪ੍ਰਭੂ ਨੂੰ ਸਚੁ=ਨਿਸਚੇ ਕਰਕੇ ਸਲਾਹੁਣਾ ਕਰੀਏ।

ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ॥

ਸਤਿਗੁਰਾਂ ਤੋਂ ਬਿਨਾਂ ਜੋ ਭਰਮ ਵਿੱਚ ਭੁੱਲੀਆਂ ਫਿਰਦੀਆਂ ਹਨ, ਉਹ ਆਗੈ=ਪ੍ਰਲੋਕ ਵਿੱਚ ਜਾ ਕੇ ਕਿਆ= ਕੀ ਮੂੰਹ ਦੇਣਗੀਆਂ।

ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਧੋ ਦੁਖੁ ਕਮਾਏ॥

ਅੱਗੇ ਜਾਕੇ ਉਹ ਕੀ ਮੂੰਹ ਦੇਣਗੀਆਂ, ਔਗੁਣਾਂ ਕਰਕੇ ਪਸ਼ਚਾਤਾਪ ਕਰਨਗੀਆਂ, ਦੁੱਖ ਹੀ ਦੁੱਖ ਨੂੰ ਭੋਗਣਗੀਆਂ।

ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ॥

ਜੋ ਨਾਮੀ ਦੇ ਨਾਮ ਵਿੱਚ ਰੱਤੀਆਂ ਹਨ ਉਹਨਾਂ ਨੂੰ ਚਲੂਲਾ=ਗਾੜ੍ਹਾ ਰੰਗ ਚੜ੍ਹਿਆ ਹੈ, ਇਸੀ ਤੇ ਉਹ ਪਿਰੀ ਦੇ ਅੰਕਿ=ਸਰੂਪ ਵਿੱਚ ਸਮਾਈਆਂ ਹਨ।

ਤਿਸੁ ਜੇਵਡੁ ਅਵਰੁ ਨ ਸੂਝਈ ਕਿਸੁ ਆਗੈ ਕਹੀਐ ਜਾਏ ॥

ਉਸ ਪਰਮਾਤਮਾ ਜੇਡਾ ਹੋਰ ਕੋਈ ਨਿਗਾਹ ਨਹੀਂ ਆਉਂਦਾ, ਉਸ ਨੂੰ ਛੱਡ ਕੇ ਹੋਰ ਕਿਸ ਦੇ ਅੱਗੇ ਜਾਕੇ ਆਪਣਾ ਦੁੱਖ ਕਹੀਏ?

ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥ ੩ ॥

ਜੇਕਰ ਸਤਿਗੁਰ ਦੇਵ ਜੀ ਬੁਝਾਏ=ਸਮਝਾ ਦੇਣ, ਤਾਂ ਉਸ ਸੱਚੇ ਪ੍ਰਭੂ ਨੂੰ ਸਚੁ=ਨਿਸਚੇ ਕਰਕੇ ਸਲਾਹੁਣਾ ਕਰੀਏ।

ਜਿਨੀ ਸਚੜਾ ਸਚੁ ਸਲਾਹਿਆ ਹੰਉ ਤਿਨ ਲਾਗਉ ਪਾਏ ॥

ਜਿਨ੍ਹਾਂ ਨੇ ਸੱਚੇ ਪ੍ਰਭੂ ਦੇ ਸੱਚੇ ਨਾਮ ਨੂੰ ਸਲਾਹਿਆ ਹੈ, ਹੰਉ=ਮੈਂ ਉਹਨਾਂ ਦੇ ਪਾਏ=ਚਰਨੀ ਲੱਗਦਾ ਹਾਂ।

ਸੇ ਜਨ ਸਚੇ ਨਿਰਮਲੇ ਤਿਨ ਮਿਲਿਆ ਮਲੁ ਸਭ ਜਾਏ ॥

ਉਹ ਪੁਰਸ਼ ਸੱਚੇ ਤੇ ਨਿਰਮਲੇਂ=ਪਵਿੱਤ੍ਰ ਹਨ, ਉਹਨਾਂ ਦੇ ਨਾਲ ਮਿਲਿਆਂ ਹੀ ਸਾਰੀ ਪਾਪਾਂ ਰੂਪੀ ਮੈਲ ਚਲੀ ਜਾਂਦੀ ਹੈ।

ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ ਸਚੈ ਸਹਜਿ ਸੁਭਾਏ ॥

ਉਹਨਾਂ ਦੇ ਨਾਲ ਮਿਲਿਆਂ ਹੀ ਸਾਰੀ ਪਾਪਾਂ ਰੂਪੀ ਮੈਲ ਦੂਰ ਹੋ ਜਾਂਦੀ ਹੈ, ਜੇਹੜੇ ਸਤਸੰਗ ਰੂਪ ਸੱਚੇ ਸਰਿ=ਸਰੋਵਰ ਵਿੱਚ ਨਾਏ=ਇਸ਼ਨਾਨ ਕਰਕੇ ਸਹਜੇ ਹੀ ਸੱਚੇ ਪ੍ਰਭੂ ਦਾ ਸੁਭਾਏ=ਸਰੂਪ ਹੋਏ ਹਨ।

ਅਥਵਾ-ਸੱਚੇ ਤੇ ਸਹਜਿ ਸੁਭਾਏ=ਸ਼ਾਂਤੀ ਸੁਭਾਉ ਵਾਲੇ ਹੋਏ ਹਨ।

ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ ॥

ਅਗਮ ਅਗੋਚਰ ਪ੍ਰਭੂ ਦਾ ਨਿਰੰਜਨ ਨਾਮ ਸਤਿਗੁਰਾਂ ਨੇ ਸਮਝਾ ਦਿੱਤਾ ਹੈ।

ਅਨਦਿਨੁ ਭਗਤਿ ਕਰਹਿ ਰੰਗਿ ਰਾਤੇ ਨਾਨਕ ਸਚਿ ਸਮਾਏ ॥

ਗੁਰੂ ਜੀ ਕਥਨ ਕਰਦੇ ਹਨ, ਜੋ ਰੰਗਿ=ਪ੍ਰੇਮ ਵਿੱਚ ਰੱਤੇ ਹੋਏ ਰਾਤ-ਦਿਨ ਭਗਤੀ ਕਰਦੇ ਹਨ, ਉਹ ਸੱਚ-ਸਰੂਪ ਵਿਚ ਅਭੇਦ ਹੋਏ ਹਨ।

ਜਿਨੀ ਸਚੜਾ ਸਚੁ ਧਿਆਇਆ ਹੰਉ ਤਿਨ ਕੈ ਲਾਗਉ ਪਾਏ ॥ ੪ ॥ ੪ ॥

ਜਿਨ੍ਹਾਂ ਨੇ ਸੱਚੇ ਪ੍ਰਭੂ ਦੇ ਸੱਚੇ ਨਾਮ ਨੂੰ ਧਿਆਉਣਾ ਕੀਤਾ ਹੈ, ਹੰਉ=ਮੈਂ ਉਹਨਾਂ ਦੇ ਪਾਏ=ਚਰਨੀ ਲੱਗਦਾ ਹਾਂ॥ ੪ ॥ ੪ ॥

ਵਡਹੰਸ ਕੀ ਵਾਰ ਮਹਲਾ ੪

ਵਡਹੰਸੁ ਰਾਗੁ ਵਿੱਚ ਵਾਰ=ਪਉੜੀਆਂ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਆਉਣਗੀਆਂ।

ਲਲਾਂ ਬਹਲੀਮਾ ਕੀ ਧੁਨਿ ਗਾਵਣੀ

ਲਲਾ ਅਤੇ ਬਹਿਲੀਮਾ ਇਹ ਦੋਵੇਂ ਪੜੋਸੀ ਰਾਜੇ ਸਨ। ਲਲਾ ਦਾ ਇਲਾਕਾ ਖੁਸ਼ਕ ਸੀ ਅਤੇ ਬਹਿਲੀਮਾ ਦਾ ਸ਼ਰ ਸਬਜ਼ ਸੀ। ਇੱਕ ਮੌਕੇ ਬਰਸਾਤ ਘਟ ਹੋਣ ਦੇ ਕਾਰਨ ਲਲਾ ਨੇ ਬਹਿਲੀਮਾ ਪਾਸੋਂ ਹਮੇਸ਼ਾ ਵਹਿਣ ਵਾਲੀ ਕੂਲ ਦਾ ਪਾਣੀ ਮੰਗਿਆ। ਬਹਿਲੀਮਾ ਨੇ ਕਿਹਾ, ਜੇ ਮੈਂ ਪਾਣੀ ਦੇਵਾਂ ਤਾਂ ਉਸ ਦੇ ਬਦਲੇ ਤੂੰ ਕੀ ਦੇਵੇਂਗਾ? ਲਲਾ ਨੇ ਕਿਹਾ, ਜਿਤਨਾ ਕੁ ਪੈਦਾਵਾਰ ਹੋਵੇਗੀ ਉਸ ਦਾ ਛੇਵਾਂ ਹਿੱਸਾ ਮੈਂ ਤੈਨੂੰ ਦਿਆਂਗਾ। ਬਹਿਲੀਮਾ ਨੇ ਇਹ ਗੱਲ ਮੰਨਕੇ ਉਸ ਨੂੰ ਪਾਣੀ ਦੇ ਦਿੱਤਾ। ਪਰ ਫਸਲ ਤਿਆਰ ਹੋਣ ਉੱਪਰ ਲਲਾ ਆਪਣੇ ਕੀਤੇ ਹੋਏ ਬਚਨਾਂ ਤੋਂ ਫਿਰ ਗਿਆ, ਆਪਣੇ ਕੀਤੇ ਇਕਰਾਰ ਅਨੁਸਾਰ ਬਹਿਲੀਮੇ ਨੂੰ ਕੁਝ ਵੀ ਨਾ ਦਿੱਤਾ, ਜਿਸ ਤੇ ਆਪਸ ਵਿੱਚ ਝਗੜਾ ਵਧ ਜਾਣ ਤੇ ਤਕੜੀ ਲੜਾਈ ਸ਼ੁਰੂ ਹੋ ਗਈ ਅੰਤ ਨੂੰ ਲਲਾ ਹਾਰ ਗਿਆ, ਬਹਿਲੀਮੇ ਨੇ ਉਸ ਨੂੰ ਕੈਦ ਵਿਚ ਰੱਖਕੇ ਆਪਣਾ ਛੇਵਾਂ ਹਿੱਸਾ ਵਸੂਲ ਕਰ ਲਿਆ। ਮਗਰੋਂ ਉਸ ਨੂੰ ਸਮਝਾਕੇ ਉਸ ਦਾ ਰਾਜ ਓਸੇ ਦੇ ਹਵਾਲੇ ਕਰ ਦਿੱਤਾ, ਇਨ੍ਹਾਂ ਦੀ ਬਹਾਦਰੀ ਅਤੇ ਧਰਮੱਗਤਾ ਉੱਤੇ ਢਾਢੀਆਂ ਨੇ ਵਾਰ ਬਣਾਕੇ ਗਾਇਨ ਕੀਤੀ:-

ਕਾਲ ਲਲਾ ਦੇ ਦੇਸ ਦਾ ਖੋਇਆ ਬਹਲੀਮਾ। ਹਿੱਸਾ ਛਠਾ ਮਨਾਇਕੈ ਜਲ ਨਹਿਰੀ ਦੀਮਾ।
ਫਿਰਾਹੁਨ ਹੂਇ ਲਲਾ ਨੇ ਰਣ ਮੰਡਿਆ ਧੀਮਾ। ਭੇੜ ਦੁਹੂੰ ਦਿਸ ਮਚਿਆ ਸਟ ਪਈ ਅਜੀਮਾ।
ਸਿਰ ਧੜ ਡਿੱਗੇ ਖੇਤ ਵਿਚ ਜਿਉ ਵਾਹਣ ਢੀਮਾ। ਮਾਰ ਲਲਾ ਬਹਿਲੀਮ ਨੇ ਰਣ ਮੇ ਧਰ ਸੀਮਾ।

ਇਹ ਵਾਰ ਜਿਸ ਵੇਲੇ ਢਾਢੀਆਂ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਅਕਾਲ ਤਖਤ ਸਾਹਿਬ ਦੇ ਹੇਠਾਂ ਬੈਠਕੇ ਸੁਣਾਈ ਤਾਂ ਗੁਰੂ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਕੇ ਹੁਕਮ ਦਿੱਤਾ ਕਿ ਜਿਵੇਂ ਲਲਾ ਤੇ ਬਹਿਲੀਮਾ ਦੀ ਪਉੜੀ ਗਾਈ ਜਾਂਦੀ ਹੈ ਉਸੇ ਤਰ੍ਹਾਂ ਵਡਹੰਸ ਦੀ ਵਾਰ ਦੀਆਂ ਪਉੜੀਆਂ ਗਾਇਨ ਕਰਨੀਆਂ।

ੴ ਸਤਿਗੁਰ ਪ੍ਰਸਾਦਿ॥ ਸਲੋਕ ਮਃ ੩॥

ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥

ਗੁਰ-ਉਪਦੇਸ਼ ਵਿੱਚ ਤਦਾਕਾਰ ਹੋ ਕੇ ਜਿਸ ਨੇ ਸੱਚੇ ਨਾਮ ਨੂੰ ਹਿਰਦੇ ਵਿਚ ਧਾਰਿਆ ਹੈ, ਉਹ ਵੱਡੇ ਹੰਸ=ਤਤਵੇਤਾ ਮਹਾਤਮਾ ਹਨ। ਉਹ ਹਰ ਵੇਲੇ ਸੱਚੇ ਨਾਮ ਨੂੰ ਸੰਗ੍ਰਹਹਿ=ਇਕੱਤ੍ਰ ਕਰਦੇ ਹਨ, ਤੇ ਸਦੀਵ ਕਾਲ ਸੱਚੇ ਨਾਮ ਵਿੱਚ ਰਹਿੰਦੇ ਹਨ। ਉਹ ਹਰ ਵੇਲੇ ਸੱਚੇ ਨਾਮ ਨੂੰ ਸੰਗ੍ਰਹਹਿ=ਇਕੱਤ੍ਰ ਕਰਦੇ ਹਨ, ਤੇ ਸਦੀਵ ਕਾਲ ਸੱਚੇ ਨਾਮ ਵਿੱਚ ਰਹਿੰਦੇ ਹਨ, ਅਤੇ ਸੱਚੇ ਨਾਮ ਨਾਲ ਹੀ ਪਿਆਰ ਧਾਰਦੇ ਹਨ।

ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ॥

ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥ ੧ ॥

ਉਹ ਸਦੀਵ ਕਾਲ ਨਿਰਮਲ ਰਹਿੰਦੇ ਹਨ, ਰਾਗ ਦ੍ਵੈਸ਼ ਰੂਪੀ ਮੈਲ ਨਹੀਂ ਲੱਗਦੀ, ਕਿਉਂਕਿ ਉਹਨਾਂ ਉੱਤੇ ਕਰਤਾਰ ਨੇ ਮੇਹਰ ਦੀ ਨਜ਼ਰ ਕੀਤੀ ਹੈ। ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਉੱਤੋਂ ਮੈਂ ਬਲਿਹਾਰ ਜਾਂਦਾ ਹਾਂ, ਜੇਹੜੇ ਰਾਤ ਦਿਨੇ ਮੁਰਾਰੀ ਦਾ ਨਾਮ ਜਪਦੇ ਹਨ॥੧॥

ਉਥਾਨਕਾ:- ਇੱਕ ਪਖੰਡੀ ਸੰਤ ਗੋਇੰਦਵਾਲ ਆਇਆ, ਤਾਂ ਮਹਾਰਾਜ ਜੀ ਨੇ ਸੰਤ ਜਾਣਕੇ ਉਸ ਦਾ ਬੜਾ ਸਤਿਕਾਰ ਕੀਤਾ। ਤੇ ਆਪਣੇ ਪਾਸ ਬਿਠਾ ਲਿਆ, ਪਰ ਉਸ ਨੇ ਸਮਾਂ ਤਾੜਕੇ ਮਹਾਰਾਜ ਜੀ ਦੇ ਸੁੱਚੇ ਮੋਤੀਆਂ ਦਾ ਸਿਮਰਨਾ ਚੁਰਾ ਲਿਆ, ਮਹਾਰਾਜ ਜੀ ਨੇ ਸਭ ਸੇਵਾਦਾਰਾਂ ਨੂੰ ਪੁੱਛਿਆ ਪਰ ਕਿਸੇ ਪਾਸੋਂ ਨਾ ਮਿਲਿਆ, ਜਿਸ ਵੇਲੇ ਉਹ ਸੰਤ ਉੱਠਿਆ ਤਾਂ ਦੇਵ -ਨੇਤ ਨਾਲ ਉਸ ਦੇ ਕੱਪੜਿਆਂ ਵਿੱਚੋਂ ਡਿੱਗ ਗਿਆ, ਉਸ ਵੈਲੇ ਗੁਰੂ ਨੇ ਉਸ ਦੇ ਪ੍ਰਥਾਇ ਏਹ ਸਲੋਕ ਉਚਾਰਿਆ-

ਮਃ ੩ ॥ ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥
ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥ ੨ ॥ *

ਮੈਂ ਤਾਂ ਜਾਣਿਆਂ ਸੀ ਕਿ ਇਹ ਸੰਤ ਵੱਡਾ ਹੰਸ, ਭਾਵ ਤਤਵੇਤਾ ਮਹਾਤਮਾ ਹੈ, ਤਾਂ ਹੀ ਮੈਨੇ ਇਸ ਦਾ ਸੰਗ ਕੀਤਾ ਸੀ । ਜੇਕਰ ਜਾਣਦਾ ਕਿ ਏਹ ਬਪੁੜਾ=ਵਿਚਾਰਾ ਬਗੁ=ਬਗਲਾ (ਪਖੰਡੀ) ਹੈ, ਤਾਂ ਜਨਮ ਤੋਂ ਹੀ ਭਾਵ ਜਿਸ ਵੇਲੇ ਏਹ ਆਇਆ ਸੀ ਉਸ ਵੇਲੇ ਤੋਂ ਹੀ ਇਸ ਨਾਲ ਅੰਗ ਨਾ ਦੇਂਦੇ, ਅਰਥਾਤ ਆਪਣੇ ਪਾਸ ਇਸ ਨੂੰ ਬਿਠਾਂਵਦੇ ਨਾ।

ਦੂਜਾ ਅਰਥ:- ਇਸ ਮਨੁੱਖਾ ਸਰੀਰ ਨੂੰ ਮੈਨੇ ਤਾਂ ਵੱਡਾ ਹੰਸ ਜਾਣਿਆਂ ਸੀ ਕਿ ਸਭ ਜੂਨਾਂ ਨਾਲੋਂ ਏਹ ਸ੍ਰੇਸ਼ਟ ਹੈ ਤਾਂਹੀ ਮੈਂਨੇ ਇਸ ਦਾ ਸੰਗ ਕੀਤਾ ਸੀ ਭਾਵ ਇਸ ਨੂੰ ਪਾਲਿਆ ਪੋਸਿਆ ਸੀ।

ਜੇਕਰ ਜਾਣਦਾ ਕਿ ਵਿਚਾਰਾ ਬਗੁਲਾ ਹੈ ਇਸ ਨੇ ਹੋਰ ਦਾ ਹੋਰ ਹੁੰਦਾ ਜਾਣਾ ਹੈ, ਅਰਥਾਤ-ਪਹਿਲੇ ਬਾਲਕ ਫੇਰ-ਕਿਸ਼ੋਰ, ਜੋਬਨ, ਅਧਖੜ, ਬੁੱਢਾ ਹੋ ਜਾਣਾ ਹੈ, ਤਾਂ ਜਨਮ ਤੋਂ ਹੀ ਭਾਵ ਪਹਿਲੀ ਬਾਲਕ ਅਵਸਥਾ ਤੋਂ ਹੀ ਇਸ ਨਾਲ ਅੰਗੁ=ਪਿਆਰ ਨਾ ਦੇਂਦੇ ॥ ੨ ॥

ਮਃ ੩ ॥ ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥ ੩ ॥ *

---

*ਇਸ ਵਡਹੰਸੁ ਦੀ ਵਾਰ ਵਿੱਚ ਅਤੇ ਅੱਗੇ ਫ਼ਰੀਦ ਜੀ ਦੇ ਸਲੋਕਾਂ ਵਿੱਚ ਆਏ ਦੋਨਾਂ ਸਲੋਕਾਂ ਦਾ ਜੋ ਅੱਖਰਾਂ, ਮਾਤ੍ਰਾਂ ਦਾ ਕੁਝ ਕੁ ਭੇਦ ਹੈ ਉਹ ਅਸੀਂ ਹੇਠਾਂ ਆਹਮੋ- ਸਾਹਮਣੇ ਕਰਕੇ ਦੇ ਰਹੇ ਹਾਂ, ਪਾਠਕ-ਜਨ ਪੜ੍ਹਕੇ ਆਪ ਹੀ ਵਿਚਾਰ ਲੈਣ।

ਪੰਨਾ ੫੮੫ ਵਾਰ ਮ: ੩

ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ॥
ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ॥੨॥

(ਪੰਨਾ ੫੮੫)

ਮ:੩ ॥ ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥੩॥

ਪੰਨਾ ੧੩੮੪ ਸਲੋਕ ਸ਼ੇਖ ਫਰੀਦ ਜੀ

ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇਡੀ ਅੰਗੁ॥ ੧੨੩ ॥

(ਪੰਨਾ ੧੩੮੪)

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥ ੧੨੨ ॥

ਹੰਸ ਜੋ ਤਤਵੇਤਾ ਮਹਾਤਮਾਂ ਹਨ ਉਹਨਾਂ ਨੂੰ ਸੰਸਾਰ ਤੋਂ ਤਰਦਿਆਂ ਵੇਖਕੇ ਬਗਾ=ਬਗਲਿਆਂ (ਪਖੰਡੀਆਂ) ਨੂੰ ਭੀ ਚਾਉ=ਉਤਸ਼ਾਹ ਆ ਗਿਆ। ਪਰ, ਵਿਚਾਰੇ ਬਗਲੇ (ਪਖੰਡੀ) ਸੰਸਾਰ ਸਮੁੰਦ੍ਰ ਦੇ ਵਿਚ ਹੀ ਡੁੱਬਕੇ ਮਰ ਗਏ। ਸਿਰ ਤਲੇ ਤੇ ਪੈਰ ਉੱਪਰ ਭਾਵ ਫੇਰ ਮਾਂ ਉਦਰ (ਪੇਟ) ਵਿਚ ਟੰਗੇ ਗਏ॥੩॥

ਪਉੜੀ॥ ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ॥
ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ॥

ਹੇ ਨਿੰਰਕਾਰ ! ਤੂੰ ਆਪ ਹੀ ਆਪਿ ਆਪਿ-ਸੁਤੰਤ੍ਰ ਹੈਂ, ਸਭ ਕਾਰਨਾਂ ਨੂੰ ਤੈਂਨੇ ਆਪ ਹੀ ਕੀਤਾ ਹੈ ! ਤੂੰ ਆਪੇ ਆਪ ਹੀ ਨਿਰੰਕਾਰੁ=ਅਕਾਰ ਤੋਂ ਰਹਿਤ ਭਾਵ ਨਿਰਗੁਣ ਬ੍ਰਹਮ ਹੈ; ਤੇਰੇ ਬਿਨਾਂ ਹੋਰ ਬੀਆ=ਦੂਜਾ ਕੋਈ ਨਹੀਂ।

ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ॥
ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ॥

ਤੂੰ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੈਂ, ਜੋ ਤੂੰ ਕਰਦਾ ਹੈਂ ਸੋਈ ਥੀਆ=ਹੁੰਦਾ ਹੈ। ਸਭਨਾਹਾ ਜੀਆ= ਸਾਰਿਆਂ ਜੀਵਾਂ ਨੂੰ ਤੂੰ ਦਾਨ ਦੇ ਕੇ ਅਣਮੰਗ ਕਰ ਦੇਂਦਾ ਹੈਂ।

ਅਥਵਾ:- ਅਣਮੰਗ ਜੋ ਮਹਾਤਮਾਂ ਹਨ ਉਹਨਾਂ ਨੂੰ ਭੀ ਤੂੰ ਹੀ ਦਾਨ ਦੇਂਦਾ ਹੈਂ,

ਅਥਵਾ:- ਜੋ ਦਾਨ ਮੰਗਿਆਂ ਕੋਈ ਨਾ ਦੇਵੇ ਉਹ ਦਾਨ ਤੂੰ ਹੀ ਦੇਂਦਾ ਹੈਂ, ਧਾਮ, ਬਾਮ, ਸਰੂਪ।

ਅਥਵਾ:- ਦੁੱਖ ਨੂੰ ਕੋਈ ਨਹੀਂ ਮੰਗਦਾ ਉਹ ਦੁੱਖ ਰੂਪੀ ਦਾਨ ਭੀ ਤੂੰ ਹੀ ਦੇਂਦਾ ਹੈਂ।

ਸਭਿ ਆਖਹੁ ਸਤਿਗੁਰੁ ਵਾਹੁ ਵਾਹੁ
ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ॥੧॥

ਤਾਂ ਤੇ ਤੁਸੀਂ ਸਾਰੇ ਮਿਲਕੇ ਆਖੋ, ਧੰਨ ਸ੍ਰੀ ਗੁਰੂ ਅਮਰਦਾਸ ਜੀ, ਧੰਨ ਸ੍ਰੀ ਗੁਰੂ ਅਮਰਦਾਸ ਜੀ, ਜਿਨ੍ਹਾਂ ਗੁਰਾਂ ਨੇ ਸਭ ਤੋਂ ਮੁਖੀ ਹਰੀ ਨਾਮ ਰੂਪੀ ਦਾਨ ਦਿੱਤਾ ਹੈ॥੧॥

ਸਲੋਕੁ ਮਃ ੩॥ (ਪੰਨਾ ੫੮੬)

ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ॥
ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ॥

ਜਿਤਨੇ ਕੁ ਆਕਾਰ ਹਨ-ਸਾਰੇ ਹੀ ਉਸ ਦੇ ਭੈ ਵਿਚ ਹਨ, ਇੱਕ ਉਹ ਹਰਿ ਜੀਉ ਖੌਫ ਤੋਂ ਰਹਿਤ ਹੈ। ਸਤਿਗੁਰਾਂ ਦੀ ਸੇਵਾ ਕਰਨ ਨਾਲ ਜਦ ਹਰੀ ਮਨ ਵਿਚ ਵਸ ਜਾਵੇ, ਤਿਸ ਜਗ੍ਹਾਂ ਫਿਰ ਕਦੇ ਭੀ ਭਉ=ਡਰ ਨਹੀਂ ਹੁੰਦਾ।

ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ॥

ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ॥

ਤਿਸਦੇ ਨਜ਼ਦੀਕ ਦੁਸ਼ਮਣ ਅਤੇ ਦੁੱਖ ਕੋਈ ਭੀ ਨਹੀਂ ਆਉਂਦਾ, ਅਤੇ ਨਾ ਹੀ ਕੋਈ ਉਸ ਨੂੰ ਪੋਹਿ=ਛੁਹ ਸਕਦਾ ਹੈ। ਅਥਵਾ:- ਨਾ ਹੀ ਕੋਈ ਪੋਹਿ=ਦੇਖ ਸਕਦਾ ਹੈ। ਗੁਰਮੁਖਾਂ ਨੇ ਮਨ ਵਿਚ ਇਹ ਵਿਚਾਰਿਆ ਹੈ ਕਿ ਜੋ ਉਸ ਪਰਮੇਸ਼ਰ ਨੂੰ ਭਾਂਵਦਾ ਹੈ ਉਹੀ ਹੁੰਦਾ ਹੈ।

ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਉਹ ਪਰਮੇਸ਼ਰ ਆਪ ਹੀ ਆਪਣੇ ਸੇਵਕਾਂ ਦੀ ਪਤ-ਆਬਰੋ ਰੱਖਦਾ ਹੈ, ਅਤੇ ਜੋ ਕੋਈ ਕੰਮ ਪੈ ਜਾਵੇ ਤਾਂ ਉਹ ਪਰਮੇਸ਼ਰ ਆਪ ਹੀ ਦਾਸਾਂ ਦੇ ਕਾਰਜ ਨੂੰ ਸਵਾਰਦਾ ਹੈ॥੧॥

ਮਃ ੩॥ ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ॥
ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ॥

ਇੱਕ ਸੱਜਣ ਚਲੇ=ਚਲਣੇ ਨੂੰ ਤਿਆਰ ਹਨ, ਤੇ ਇੱਕ ਚਲੇ ਗਏ ਹਨ, ਅਤੇ ਜੇਹੜੇ ਰਹਿੰਦੇ ਹਨ ਉਹ ਭੀ ਪੁਨਾ ਚਲੇ ਜਾਣਗੇ। ਜਿਨ੍ਹਾਂ ਪੁਰਸ਼ਾਂ ਨੇ ਸਤਿਗੁਰਾਂ ਨੂੰ ਸੇਵਿਆ ਨਹੀਂ, ਉਹ ਸੰਸਾਰ ਵਿਚ ਆਉਂਦੇ ਹੋਇ ਪਛੁਤਾਉਂਦੇ ਹਨ, ਅਤੇ ਗਏ=ਜਾਂਦੇ ਹੋਇ ਭੀ ਪਸ਼ਚਾਤਾਪ ਕਰਦੇ ਹਨ।

ਅਥਵਾ:- ਉਹ ਪੁਰਸ਼ ਸੰਸਾਰ ਵਿਚ ਆਕੇ ਪਸ਼ਚਾਤਾਪ ਕਰਦੇ ਚਲੇ ਗਏ।

ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥ ੨॥

ਗੁਰੂ ਜੀ ਕਥਨ ਕਰਦੇ ਹਨ, ਸਤਿਗੁਰਾਂ ਦੀ ਸੇਵਾ ਵਿਚ ਸਮਾ ਕੇ ਜੇਹੜੇ ਸੱਚ ਨਾਮ ਵਿਚ ਰੱਤੇ ਹਨ ਸੇ=ਉਹ ਪਰਮਾਤਮਾ ਨਾਲੋਂ ਵਿੱਛੁੜਦੇ ਨਹੀਂ ਹਨ॥੨॥

ਪਉੜੀ॥ ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ॥
ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ॥

ਉਸ ਸਤਿਗੁਰੂ ਸੱਜਣ ਨਾਲ ਮਿਲਣਾ ਕਰੀਏ, ਜਿਸ ਗੁਰੂ ਦੇ ਅੰਦਰ ਕਾਰੀ=ਸੁੰਦਰ,

ਅਥਵਾ:- ਔਸ਼ਧੀ ਰੂਪ ਹਰੀ ਦੇ ਗੁਣ ਹਨ। ਉਸ ਪ੍ਰੀਤਮ ਸਤਿਗੁਰੂ ਨਾਲ ਮਿਲਣਾ ਕਰੀਏ, ਜਿਸ ਨੇ ਹਿਰਦੇ ਵਿੱਚੋਂ ਹੰਗਤਾ ਮਮਤਾ ਮਾਰ ਦਿੱਤੀ ਹੈ।

ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ॥
ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ॥

ਉਹ ਪੂਰੇ ਸਤਿਗੁਰੂ ਧੰਨਤਾ ਜੋਗ ਹਨ, ਜਿਨ੍ਹਾਂ ਨੇ ਹਰੀ ਨਾਮ ਉਪਦੇਸ਼ ਦੇ ਕੇ ਸਾਰੀ ਸ੍ਰਿਸ਼ਟੀ ਸੁਆਰੀ ਹੈ। ਹੇ ਸੰਤੋ ! ਨਿਤਾਪ੍ਰਤੀ ਰਾਮ ਨਾਮ ਨੂੰ ਜਪਣਾ ਕਰੋ, ਜੋ ਬਿਖੁ=ਜ਼ਹਿਰ ਰੂਪ ਭਾਵ ਦੁੱਖ ਰੂਪ ਭਉਜਲ=ਸੰਸਾਰ ਤੋਂ ਤਾਰਨ ਵਾਲਾ ਹੈ।

ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ॥ ੨॥

ਪੂਰੇ ਗੁਰਾਂ ਨੇ ਹੀ ਹਰੀ ਨਾਮ ਦਾ ਉਪਦੇਸ਼ ਦੇਣਾ ਕੀਤਾ ਹੈ, ਇਸ ਕਰਕੇ ਗੁਰਾਂ ਦੇ ਵਿਟੜਿਅਹੁ=ਉੱਪਰੋਂ ਮੈਂ ਸਦੀਵ ਕਾਲ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨॥

ਸਲੋਕੁ ਮਃ ੩॥ ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ॥
ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥

ਸਤਿਗੁਰਾਂ ਦੀ ਸੇਵਾ ਨਿਸ਼ਕਾਮ, ਤੇ ਚਾਕਰੀ ਸ਼ਕਾਰ, ਅਥਵਾ:- ਸਤਿਗੁਰਾਂ ਦੀ ਸੇਵਾ ਚਾ+ਕਰੀ= ਉਤਸ਼ਾਹ ਨਾਲ ਕੀਤੀ ਹੋਈ, ਅਥਵਾ:- ਮਨ ਨੂੰ ਸੰਸਾਰ ਵੱਲੋਂ ਚਾ+ਕਰੀ=ਚੁੱਕ ਕੇ ਕੀਤੀ ਹੋਈ, ਸੁਖਾਂ ਵਿਚੋਂ ਸਾਰੁ ਸੁਖ=ਸ੍ਰੇਸ਼ਟ ਸੁਖ ਦੇ ਦੇਣ ਵਾਲੀ ਹੈ। ਗੁਰ ਸੇਵਾ ਕਰਕੇ ਐਥੈ=ਇਸ ਲੋਕ ਵਿਚ ਵਡਿਆਈਆਂ ਮਿਲਦੀਆਂ ਹਨ, ਅਤੇ ਦਰਗਾਹ ਵਿਚ ਮੋਖ ਦਾ ਦੁਆਰਾ ਗਿਆਨ ਪ੍ਰਾਪਤ ਹੁੰਦਾ ਹੈ।

ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ॥
ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ॥

ਜਿਸ ਨੇ ਸੱਚੀ ਭਗਤੀ ਰੂਪੀ ਕਾਰ ਕਮਾਉਣਾ ਕੀਤੀ ਹੈ ਤੇ ਸੱਚੇ ਨਾਮ ਦਾ ਅਧਾਰੁ=ਆਸਰਾ ਗ੍ਰਹਿਣ ਕੀਤਾ ਹੈ, ਉਸ ਦਾ ਖਾਣਾ ਅਤੇ ਕੱਪੜਿਆਂ ਦਾ ਪਹਿਨਣਾ ਸਭ ਸਚੁ=ਸਫਲਾ ਹੈ। ਸੱਚੀ ਸਤਿਸੰਗਤਿ ਦੁਆਰਾ ਸੱਚੇ ਨਾਮ ਵਿਚ ਪ੍ਰੇਮ ਕਰੇ ਤਾਂ ਸੱਚਾ ਵਾਹਿਗੁਰੂ ਮਿਲੈ=ਮਿਲਦਾ ਹੈ।

ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ॥
ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ॥ ੧॥

ਸੱਚੇ ਉਪਦੇਸ਼ ਕਰਕੇ ਸਦੀਵਕਾਲ ਹਰਖੁ=ਅਨੰਦ ਹੁੰਦਾ ਹੈ, ਤੇ ਸੱਚੇ ਦਰ ਵਿਚ ਸਚਿਆਰ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਸਤਿਗੁਰਾਂ ਦੀ ਸੇਵਾ ਸੋ=ਉਹ ਪੁਰਸ਼ ਕਰਦਾ ਹੈ ਜਿਸ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ॥ ੧॥

ਮਃ ੩॥ ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ॥
ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ॥

ਜੇਹੜਾ ਪੁਰਸ਼ ਗੁਰਾਂ ਨੂੰ ਛੱਡਕੇ ਹੋਰ ਵਿਡਾਣੀ=ਪਰਾਈ ਨੌਕਰੀ ਨੂੰ ਕਰਦਾ ਹੈ, ਉਸ ਦੇ ਜੀਉਣ ਨੂੰ ਧ੍ਰਿਕਾਰ ਹੈ, ਅਤੇ ਉਸ ਦੇ ਵਸਣੇ ਨੂੰ ਭੀ ਧ੍ਰਿਕਾਰ ਹੈ। ਜੋ ਨਾਮ ਰੂਪ ਅੰਮ੍ਰਿਤ ਨੂੰ ਛੱਡਕੇ ਵਿਸ਼ਿਆਂ ਵਿਚ ਲੱਗੇ ਹਨ, ਉਹ ਵਿਹੁ ਦੀ ਰਾਸਿ=ਪੂੰਜੀ ਅਰਥਾਤ ਅਸ਼ਰਧਾ ਕਰਕੇ ਬਿਖ ਨੂੰ ਖੱਟਦੇ ਭਾਵ ਦੁੱਖਾਂ ਨੂੰ ਪ੍ਰਾਪਤ ਕਰਦੇ ਹਨ।

ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥
ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥

ਉਸ ਦਾ ਖਾਣਾ ਭੀ ਵਿਹੁ ਰੂਪ ਹੈ, ਉਸ ਦਾ ਪਹਿਰਣਾ ਵੀ ਵਿਹੁ ਰੂਪ ਹੈ, ਮੂੰਹ ਵਿਚ ਜੋ ਗਿਰਾਸ=ਬੁਰਕੀਆਂ ਪਾਉਂਦਾ ਹੈ ਉਹ ਭੀ ਵਿਹੁ ਰੂਪ ਹੈ। ਉਹ ਪੁਰਸ਼ ਐਥੈ=ਇਸ ਲੋਕ ਵਿਚ ਦੁੱਖ ਹੀ ਦੁੱਖ ਕਮਾਉਂਦਾ ਹੈ, ਅਤੇ ਮਰ ਕੇ ਨਰਕਾਂ ਵਿਚ ਨਿਵਾਸ ਕਰਦਾ ਹੈ।

ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ ॥
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ ॥

ਉਹਨਾਂ ਮਨਮੁਖਾਂ ਦੇ ਮੂੰਹ ਮੈਲੇ ਹਨ, ਜੋ ਗੁਰ-ਉਪਦੇਸ਼ ਨੂੰ ਜਾਣਦੇ ਨਹੀਂ, ਅਤੇ ਕਾਮ ਕ੍ਰੋਧ ਵਿਚ ਲੱਗ ਕੇ ਵਿਣਾਸੁ=ਨਾਸ ਹੁੰਦੇ ਹਨ। ਜਿਨ੍ਹਾਂ ਨੇ ਸਤਿਗੁਰਾਂ ਦਾ ਭਉ=ਡਰ ਧਾਰਨਾ ਛੱਡ ਦਿੱਤਾ ਹੈ, ਉਹਨਾਂ ਮਨ-ਹਠੀਆਂ ਦਾ ਕੋਈ ਭੀ ਕੰਮ ਰਾਸ ਨਹੀਂ ਆਉਂਦਾ।

ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ ॥ ੨ ॥

ਉਹ ਜਮਪੁਰੀ ਵਿਚ ਬੱਧੇ ਹੋਏ ਮਾਰੇ ਜਾਂਦੇ ਹਨ, ਉਹਨਾਂ ਦੀ ਬੇਨਤੀ ਕੋਈ ਭੀ ਸੁਣਦਾ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ, ਜੈਸਾ ਪੂਰਬਲਾ ਲੇਖ ਲਿਖਿਆ ਗਿਆ ਹੈ ਤੈਸੇ ਕਰਮਾਂ ਨੂੰ ਕਮਾਉਂਦਾ ਹੈ, ਗੁਰਮੁਖ ਪੁਰਸ਼ ਗੁਰਾਂ ਦੁਆਰੇ ਨਾਮ ਜਪਕੇ ਨਾਮੀ ਵਿਚ ਨਿਵਾਸ ਕਰਦਾ ਹੈ॥ ੨ ॥

ਪਉੜੀ ॥ ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥
ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥

ਹੇ ਸੰਤ ਜਨੋ ! ਉਸ ਸਤਿਗੁਰਾਂ ਨੂੰ ਸੇਵਨਾ ਕਰੋ, ਜਿਸ ਨੇ ਹਰਿ ਹਰਿ ਦਾ ਨਾਮ ਦ੍ਰਿੜ੍ਹ ਕਰਵਾਇਆ ਹੈ। ਉਸ ਸਤਿਗੁਰਾਂ ਨੂੰ ਰਾਤ-ਦਿਨੇ ਪੂਜਣਾ ਕਰੋ, ਜਿਸ ਨੇ ਜਗਤ ਦੇ ਸੁਆਮੀ ਜਗਦੀਸ਼ਰ ਦਾ ਨਾਮ ਜਪਾਇਆ ਹੈ।

ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ
ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥
ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ॥

ਉਸ ਸਤਿਗੁਰਾਂ ਦੇ ਦਰਸ਼ਨ ਨੂੰ ਇਕ ਨਿਮਖ ਨਿਮਖ ਕਾਲ ਵੇਖੋ, ਜਿਸ ਨੇ ਹਰਿ ਹਰਿ ਦੀ ਪ੍ਰਾਪਤੀ ਦਾ ਗਿਆਨ ਭਗਤੀ ਰੂਪੀ ਰਸਤਾ ਦੱਸਿਆ ਹੈ। ਉਸ ਸਤਿਗੁਰਾਂ ਦੀ ਪਗੀ=ਚਰਨੀ ਸਾਰੇ ਪੈਣਾ ਕਰੋ, ਜਿਸ ਨੇ ਮੋਹ=ਅਗਿਆਨ ਰੂਪ ਅਨ੍ਹੇਰੇ ਨੂੰ ਦੂਰ ਕੀਤਾ ਹੈ।

ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ
ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥ ੩ ॥

ਉਸ ਸਤਿਗੁਰਾਂ ਨੂੰ ਸਾਰੇ ਰਲਕੇ ਧੰਨ ਧੰਨ ਆਖੋ, ਜਿਸ ਨੇ ਹਰੀ ਦੀ ਭਗਤੀ ਰੂਪ ਭੰਡਾਰਾ ਲਹਾਇਆ=ਲਭਾ ਦਿੱਤਾ ਹੈ॥ ੩ ॥

ਸਲੋਕੁ ਮਃ ੩ ॥ ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ ॥

ਜਿਸ ਦੀ ਭੁੱਖ ਗਈ ਹੈ-ਸੋ ਸਤਿਗੁਰਾਂ ਨਾਲ ਮਿਲਣ ਕਰਕੇ ਗਈ ਹੈ, ਭੇਖਾਂ ਦੇ ਧਾਰਨ ਨਾਲ ਪਦਾਰਥਾਂ ਦੀ ਭੁਖ=ਤ੍ਰਿਸ਼ਨਾਂ ਜਾਂਦੀ ਨਹੀਂ ਹੈ।

(ਪੰਨਾ ੫੮੭)

ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ ॥

ਜਿਸ ਵੇਲੇ ਭੇਖੀ ਪੁਰਸ਼ ਨੂੰ ਭੁੱਖ ਦਾ ਦੁੱਖ ਲੱਗਦਾ ਹੈ ਤਾਂ ਉਹ ਘਰ ਘਰ ਵਿਚ ਫਿਰਦਾ ਹੈ। ਇਸ ਕਰਕੇ ਉਸ ਨੂੰ ਅਗੈ=ਪਰਲੋਕ ਵਿਚ ਅੱਗੇ ਨਾਲੋਂ ਦੂਣੀ ਸਜ਼ਾ ਮਿਲਦੀ ਹੈ।

ਅੰਦਰਿ ਸਹਜੁ ਨ ਆਇਓ ਸਹਜੇ ਹੀ ਲੈ ਖਾਇ ॥
ਮਨਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ ॥

ਉਸ ਦੇ ਹਿਰਦੇ ਅੰਦਰ ਸਹਜੁ=ਗਿਆਨ ਨਹੀਂ ਆਇਆ, ਜਿਸਤੇ ਸ਼ਾਂਤੀ ਪੂਰਬਕ ਸੁਤੇ ਹੀ ਭਿੱਖਿਆ ਲੈ ਕੇ ਖਾਂਦਾ। ਇਸ ਲਈ ਮਨ ਦੇ ਹੱਠ ਕਰਕੇ ਜਿਸ ਕੋਲੋਂ ਮੰਗਣਾ ਹੈ, ਤੇ ਜੇ ਉਸ ਨੇ ਥੋੜ੍ਹਾ ਦਿੱਤਾ ਤਾਂ ਲੈਣ ਲੱਗਿਆਂ ਭੀ ਦੁੱਖ ਮਨਾਣਾ। ਇਸ ਲਈ -

ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥
ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ ॥

ਇਸ ਭੇਖ ਨਾਲੋਂ ਤਾਂ ਗਿਰਹੁ=ਗ੍ਰਿਹਸਤ ਹੀ ਭਲਾ=ਚੰਗਾ ਹੈ, ਜਿੱਥੋਂ ਕੋਈ ਗਰੀਬ ਗੁਰਬਾ ਵਰਸਾਇ=ਸੁਖ ਪਾਂਵਦਾ ਹੈ। ਪਰ ਇਸ ਗੱਲ ਦੀ ਸੋਝੀ=ਗਿਆਤ ਉਹਨਾਂ ਨੂੰ ਪਈ ਹੈ ਜੋ ਗੁਰ=ਉਪਦੇਸ਼ ਵਿਚ ਰੱਤੇ ਹਨ, ਅਤੇ ਦੂਜੇ ਪੁਰਸ਼ ਤਾਂ ਐਵੇਂ ਭਰਮ ਵਿਚ ਭੁੱਲੇ ਫਿਰਦੇ ਹਨ।

ਪਇਐ ਕਿਰਤਿ ਕਮਾਵਣਾ ਕਹਣਾ ਕਛੂ ਨ ਜਾਇ ॥
ਨਾਨਕ ਜੋ ਤਿਸੁ ਭਾਵਹਿ ਸੇ ਭਲੇ ਜਿਨ ਕੀ ਪਤਿ ਪਾਵਹਿ ਥਾਇ ॥ ੧ ॥

ਉਹਨਾਂ ਦੇ ਮੱਥੇ ਉੱਪਰ ਜੈਸੇ ਲੇਖ ਪਿਆ ਹੈ ਤੈਸੇ ਹੀ ਉਹ ਕਿਰਤਿ ਕਮਾਵਣਾ=ਕਰਮਾਂ ਦਾ ਕਮਾਉਣਾ ਕਰਦੇ ਹਨ, ਪਰ ਉਹਨਾਂ ਦਾ ਹਾਲ ਕੁਛ ਕਿਹਾ ਨਹੀਂ ਜਾਂਦਾ।

ਅਥਵਾ: - ਇਸ ਗੱਲ ਦੇ ਉੱਪਰ ਹੋਰ ਕੁਝ ਕਿਹਾ ਨਹੀਂ ਜਾਂਦਾ। ਜੋ ਪੁਰਸ਼ ਤਿਸ ਵਾਹਿਗੁਰੂ ਨੂੰ ਭਾਂਵਦੇ

ਹਨ, ਓਹੀ ਭਲੇ ਹਨ। ਜਿਨ੍ਹਾਂ ਦੀ ਪਤ-ਆਬਰੋ ਨੂੰ ਥਾਂ ਵਿਚ ਪਾਂਵਦਾ ਹੈ ਓਹੀ ਉਸ ਨੂੰ ਪਾਂਵਦੇ ਹਨ॥ ੧॥

ਮਃ ੩ ॥ ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਸਦਾ ਸੁਖ ਹੁੰਦਾ ਹੈ, ਅਤੇ ਜਨਮ ਮਰਨ ਦਾ ਦੁੱਖ ਚਲਾ ਜਾਂਦਾ ਹੈ। ਚਿੰਤਾ ਮੂਲਿ=ਕਦਾਚਿਤ ਨਹੀਂ ਹੁੰਦੀ, ਪਰਮਾਤਮਾ ਅਚਿੰਤੁ=ਅਚਾਨਕ ਹੀ ਉਸ ਦੇ ਮਨ ਵਿਚ ਆ ਕੇ ਵੱਸਦਾ ਹੈ।

ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥

ਅੰਤਹਕਰਨ ਦੇ ਅੰਦਰ ਗਿਆਨ ਰੂਪ ਤੀਰਥ ਹੈ, ਅਥਵਾ:-ਗਿਆਨੁ=ਜਾਣੋ, ਆਤਮਾ ਰੂਪੀ ਤੀਰਥ ਅੰਦਰ ਹੈ, ਇਹ ਸਤਿਗੁਰਾਂ ਨੇ ਸਮਝਾ ਦਿੱਤਾ ਹੈ। ਅੰਮ੍ਰਿਤ ਸਰੋਵਰ ਤੀਰਥ ਉੱਪਰ ਇਸ਼ਨਾਨ ਕਰਨ ਨਾਲ ਰਾਗ ਦ੍ਵੈਸ਼ ਰੂਪੀ ਮੈਲ ਚਲੀ ਗਈ ਹੈ, ਅਤੇ ਮਨ ਸ਼ੁੱਧ ਹੋ ਗਿਆ ਹੈ।

ਅਥਵਾ:-ਤੀਰਥਿ=ਪਵਿੱਤ੍ਰ ਆਤਮਾ ਜੋ ਗੁਰੂ ਸਾਹਿਬ ਜੀ ਹਨ ਨਾਮ ਅੰਮ੍ਰਿਤ ਦੇ ਸਰਿ=ਸਰੋਵਰ, ਉਹਨਾਂ ਗੁਰਾਂ ਵਿਚ ਇਸ਼ਨਾਨ ਕਰਨੇ ਸੇ ਪਾਪਾਂ ਦੀ ਮੈਲ ਚਲੀ ਗਈ ਤੇ ਮਨ ਭੀ ਨਿਰਮਲ ਹੋ ਗਿਆ।

ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥

ਸਜਣ=ਜਗਿਆਸੂ ਸਜਣਾ=ਗੁਰਾਂ ਨਾਲ ਮਿਲੇ ਤੇ ਸੱਚੇ ਉਪਦੇਸ਼ ਵਿਚ ਸੁਭਾਇ=ਸ੍ਨੇਹ ਪ੍ਰੇਮ ਕੀਤਾ। ਤਾਂ ਹਿਰਦੇ ਘਰ ਹੀ ਪਰਚਾ=ਪ੍ਰੇਮ ਪਾਇਆ ਤਾਂ ਜੋਤੀ ਪਰਮਾਤਮਾ ਨਾਲ ਜੋਤ ਮਿਲ ਗਈ।

ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥ ੨ ॥

ਪਖੰਡ ਦੇ ਕਰਨ ਨਾਲ ਜਮਕਾਲ ਛੱਡਦਾ ਨਹੀਂ, ਪਤ-ਆਬਰੋ ਨੂੰ ਗਵਾਕੇ ਪਖੰਡੀਆਂ ਨੂੰ ਲੈ ਜਾਏਗਾ। ਗੁਰੂ ਜੀ ਕਥਨ ਕਰਦੇ ਹਨ, ਜੋ ਹਰੀ ਨਾਮ ਵਿਚ ਰੱਤੇ ਹਨ-ਸੱਚੇ ਨਾਲ ਬਿਰਤੀ ਲਗਾ ਕੇ ਉਹ ਪੁਰਸ਼ ਉਬਰੇ=ਤਰ ਗਏ ਹਨ॥ ੨ ॥

ਪਉੜੀ ॥ ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥

ਹੇ ਭਾਈ ! ਉਸ ਸਤਿਸੰਗਤ ਵਿਚ ਜਾ ਕੇ ਬੈਠੋ, ਜਿੱਥੇ ਹਰਿ ਹਰਿ ਦਾ ਨਾਮ ਬਿਲੋਈਐ=ਵਿਚਾਰਿਆ ਜਾਂਦਾ ਹੈ। ਸਹਜੇ=ਸ਼ਾਂਤੀ ਨਾਲ ਹਰੀ ਨਾਮ ਲੈਣਾ ਕਰੋ, ਸਭ ਵੇਦਾਂ, ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਜੋ ਹਰੀ ਨਾਮ ਹੈ, ਉਸ ਨੂੰ ਖੋਣਾ ਨਾ ਕਰੋ।

ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ॥
ਸੋ ਪਾਏ ਪੂਰਾ ਸਤਗੁਰੂ ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ॥

ਰਾਤ ਦਿਨੇ ਨਿਤਾਪ੍ਰਤੀ ਹਰਿ ਹਰਿ ਨਾਮ ਨੂੰ ਜਪਣਾ ਕਰੋ, ਤਾਂ ਹਰੀ ਦੀ ਦਰਗਾਹ ਵਿਚ ਢੋਈਐ=ਜਗ੍ਹਾ ਮਿਲਦੀ ਹੈ। ਪੂਰੇ ਸਤਿਗੁਰਾਂ ਦੇ ਉਪਦੇਸ਼ ਨੂੰ ਉਹ ਪੁਰਸ਼ ਪਾਂਵਦਾ ਹੈ, ਜਿਸ ਦੇ ਲਿਲਾਟਿ=ਮੱਥੇ ਉਪਰ ਮਸਤਕਿ=ਸ਼ਰੋਮਣੀ ਸ੍ਰੇਸ਼ਟ ਲੇਖ ਲਿਖਿਆ ਹੁੰਦਾ ਹੈ।

ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ
ਜਿਨਿ ਹਰਿ ਕੀ ਹਰਿ ਗਾਲ ਗਲੋਈਐ॥ ੪॥

ਉਸ ਗੁਰੂ ਕੰਉ=ਨੂੰ ਸਾਰੇ ਰਲਕੇ ਨਮਸ਼ਕਾਰ ਕਰੋ, ਜਿਸ ਗੁਰਾਂ ਨੇ ਹਰਿ ਹਰਿ ਦੀ ਗਾਲ ਗਲੋਈਐ=ਕਥਾ ਕਥਨ ਕੀਤੀ ਹੈ॥ ੪॥

ਸਲੋਕ ਮਃ ੩॥ ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ॥
ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ॥

ਓਹੀ ਗੁਰਮੁਖ ਸਜਣ ਸਜਣਾ=ਪਰਮੇਸ਼ਰ ਨਾਲ ਮਿਲੇ ਹਨ, ਜਿਨ੍ਹਾਂ ਦਾ ਸਤਿਗੁਰਾਂ ਨਾਲ ਪਿਆਰ ਹੈ। ਉਹਨਾਂ ਨੇ ਗੁਰੂ ਪ੍ਰੀਤਮ ਨਾਲ ਮਿਲਕੇ ਪ੍ਰੇਮ ਪਿਆਰ ਕਰਕੇ ਸੱਚੇ ਪਰਮੇਸ਼ਰ ਨੂੰ ਧਿਆਇਆ ਹੈ।

ਮਨਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ॥
ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ॥

ਗੁਰਾਂ ਦੇ ਮਨਹੀ=ਮੰਤਰ ਦੇ ਉੱਪਰ ਮਨ ਮੰਨਿਆ ਗਿਆ, ਗੁਰਾਂ ਦਾ ਉਪਦੇਸ਼ ਕੈਸਾ ਹੈ? ਕਿ ਅਪਾਰ ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲਾ ਹੈ।

ਅਥਵਾ:-ਅਪਾਰ ਦੀ ਪ੍ਰਾਪਤੀ ਕਰਨ ਵਾਲਾ ਜੋ ਗੁਰ-ਸ਼ਬਦ ਹੈ ਉਸ ਨੂੰ ਜਦ ਮੰਨਿਆਂ ਤਾਂ ਮਨਹੀ ਤੇ ਮਨੁ=ਮਨੋਂਤ ਵੱਲੋਂ ਮਨ੍ਹਾ ਹੋ ਗਏ। ਇਸ ਪ੍ਰਕਾਰ ਦੇ ਸੱਜਣ ਵਾਹਿਗੁਰੂ ਨਾਲ ਮਿਲੇ ਹੋਏ ਕਦੇ ਨਹੀਂ ਵਿੱਛੁੜਦੇ, ਜੇਹੜੇ ਕਰਤਾਰ ਨੇ ਆਪ ਆਪਣੇ ਨਾਲ ਮੇਲੇ ਹਨ।

ਇਕਨਾ ਦਰਸਨ ਕੀ ਪਰਤੀਤਿ ਨ ਆਈਆ ਸਬਦਿ ਨ ਕਰਹਿ ਵੀਚਾਰੁ॥
ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ॥

ਇਕਨਾਂ ਮਨਮੁਖਾਂ ਨੂੰ ਗੁਰਾਂ ਦੇ ਦਰਸ਼ਨ ਉੱਪਰ ਪ੍ਰਤੀਤ ਨਹੀਂ ਆਈ, ਅਤੇ ਨਾ ਹੀ ਉਹ ਗੁਰ ਉਪਦੇਸ਼ ਦਾ ਵਿਚਾਰ ਕਰਦੇ ਹਨ। ਉਹਨਾਂ ਵਿੱਛੁੜਿਆਂ ਦਾ ਕੀ ਵਿਛੋੜਨਾ ਹੈ ਉਹ ਤਾਂ ਅੱਗੇ ਹੀ ਵਿੱਛੁੜੇ ਹੋਏ ਹਨ,

ਅਥਵਾ:-ਉਹਨਾਂ ਵਿੱਛੁੜਿਆਂ ਹੋਇਆਂ ਦਾ ਕੀ ਕਰੇ?

ਉੱਤਰ:-ਵਿਛੋੜਨਾ ਕਰੇ, ਜਿਨ੍ਹਾਂ ਮਨਮੁਖਾਂ ਦਾ ਦ੍ਵੈਤ ਭਾ ਵਿਚ ਪਿਆਰ ਹੈ।

ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ॥

ਮਨਮੁਖ ਪੁਰਸ਼ਾਂ ਨਾਲ ਜੇਹੜੀ ਦੋਸਤੀ ਕਰਨੀ ਹੈ, ਏਹ ਥੋਹੜੇ ਦਿਨ ਰਹਿਣ ਵਾਲੀ ਹੈ, ਕਿੰਨੇ ਦਿਨ? ਉੱਤਰ:-ਚਾਰ ਕੁ ਦਿਨ ਰਹਿਣ ਵਾਲੀ ਹੈ। ਇਸ ਪ੍ਰੀਤੀ ਦੇ ਤੁੱਟਦਿਆਂ ਵਿਲਮੁ=ਦੇਰੀ ਨਹੀਂ ਹੁੰਦੀ, ਅਤੇ ਇਸ ਦੋਸਤੀ ਕਰਕੇ ਕਈ ਤਰ੍ਹਾਂ ਦੇ ਵਿਕਾਰ ਚਲਦੇ ਹਨ।

ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ॥
ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ॥੧॥

ਜਿਨ੍ਹਾਂ ਦੇ ਅੰਦਰ ਸੱਚੇ ਪਰਮੇਸ਼ਰ ਦਾ ਡਰ ਨਹੀਂ ਹੈ, ਅਤੇ ਨਾਮ ਵਿਚ ਪਿਆਰ ਨਹੀਂ ਕਰਦੇ। ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਦੇ ਨਾਲ ਦੋਸਤੀ ਕਿਆ ਕੀਚੈ=ਕੀਹ ਕਰਨੀ ਹੈ, ਜੇਹੜੇ ਮਨੁੱਖ ਕਰਤਾਰ ਨੇ ਆਪ ਹੀ ਭੁਲਾਏ ਹਨ॥ ੧॥

ਮਃ ੩ ॥ਇਕਿ ਸਦਾ ਇਕਤੈ ਰੰਗਿ ਰਹਹਿ ਤਿਨ ਕੈ ਹਉ ਸਦ ਬਲਿਹਾਰੈ ਜਾਉ॥
ਤਨੁ ਮਨੁ ਧਨੁ ਅਰਪੀ ਤਿਨ ਕਉ ਨਿਵਿ ਨਿਵਿ ਲਾਗਉ ਪਾਇ॥

ਇਕ ਗੁਰਮੁਖ ਪੁਰਸ਼ ਸਦੀਵਕਾਲ ਇਕ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰਹਿੰਦੇ ਹਨ। ਮੈਂ ਸਦਾ ਹੀ ਉਹਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ। ਆਪਣਾ ਤਨ, ਮਨ ਧਨ, ਸਭ ਉਹਨਾਂ ਨੂੰ ਸੌਂਪਦਾ ਹਾਂ, ਅਤੇ ਨਿਉਂ ਨਿਉਂ ਕੇ ਉਹਨਾਂ ਦੀ ਚਰਨੀ ਲੱਗਦਾ ਹਾਂ।

ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ॥
ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ॥ ੨॥

ਉਹਨਾਂ ਨਾਲ ਮਿਲਣ ਕਰਕੇ ਮਨ ਸੰਤੋਖੀ ਹੁੰਦਾ ਹੈ, ਅਤੇ ਸਭ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਚਲੀ ਜਾਂਦੀ ਹੈ। ਗੁਰੂ ਜੀ ਕਥਨ ਕਰਦੇ ਹਨ, ਜੋ ਪੁਰਸ਼ ਸੱਚੇ ਨਾਲ ਲਿਵ ਲਗਾ ਕੇ ਨਾਮ ਵਿਚ ਰੱਤੇ ਹਨ ਉਹ ਸਦੀਵ ਕਾਲ ਸੁਖੀ ਰਹਿੰਦੇ ਹਨ॥ ੨॥

(ਪੰਨਾ ੫੮੮)

ਪਉੜੀ ॥ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ॥
ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ॥

ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਮੈਨੂੰ ਹਰਿ ਹਰਿ ਦੀ ਕਥਾ ਸੁਣਾਈ ਹੈ।
ਮੈਂ ਉਸ ਗੁਰੂ ਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਹਰੀ ਦੀ ਸੇਵਾ ਰੂਪੀ ਬਣਾਵਟ ਬਣਾਈ ਹੈ।

ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ॥
ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥

ਉਹ ਪਿਆਰਾ ਸਤਿਗੁਰੂ ਮੇਰੇ ਨਾਲ ਵਸਦਾ ਹੈ, ਓਹੀ ਮੈਨੂੰ ਜਿੱਥੇ ਕਿੱਥੇ ਛੁਡਾ ਲੈਂਦਾ ਹੈ।
ਤਿਸ ਗੁਰੂ ਨੂੰ ਸਾਬਾਸਿ=ਧੰਨਤਾ ਜੋਗ ਹੈ, ਜਿਸ ਨੇ ਹਰੀ ਪ੍ਰਾਪਤੀ ਦੀ ਸੋਝੀ=ਗਿਆਤ ਪਾਈ ਹੈ।

ਨਾਨਕੁ ਗੁਰ ਵਿਟਹੁ ਵਾਰਿਆ
ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ॥ ੫॥

ਮੈਂ ਉਸ ਗੁਰੂ ਦੇ ਉੱਪਰੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਹਰੀ ਨਾਮ ਦਿੱਤਾ ਹੈ ਅਤੇ ਮੇਰੇ ਮਨ ਦੀ ਆਸਾ ਪੁਰਾਈ=ਪੂਰੀ ਕੀਤੀ ਹੈ॥ ੫॥

ਸਲੋਕ ਮਃ ੩॥ ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ॥
ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ॥

ਤ੍ਰਿਸ਼ਨਾਂ ਰੂਪੀ ਅੱਗ ਦੀ ਦਾਧੀ=ਸੜੀ ਹੋਈ ਇਹ ਜੀਵ ਰੂਪੀ ਇਸਤ੍ਰੀ ਸੜ ਮੋਈ ਹੈ, ਅਤੇ ਜਾਲਿ ਜਲਿ=ਸੜ ਸੜਕੇ ਪੁਕਾਰ ਕਰਦੀ ਹੈ। ਜੇਕਰ ਸੀਤਲ ਕਰਨ ਵਾਲਾ ਨਾਮ ਸਤਿਗੁਰਾਂ ਪਾਸੋਂ ਮਿਲ ਜਾਵੇ ਤਾਂ ਫਿਰ ਦੂਜੀ ਵਾਰ ਸੜਦੀ ਨਹੀਂ ਹੈ।

ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ ਜਿਚਰੁ ਸਬਦਿ ਨ ਕਰੇ ਵੀਚਾਰੁ॥੧॥

ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਤੋਂ ਬਿਨਾਂ ਨਿਰਭੈ ਕੋਈ ਨਹੀਂ, ਜਿਚਰੁ=ਜਦ ਤੱਕ ਗੁਰਾਂ ਦੇ ਉਪਦੇਸ਼ ਦਾ ਵਿਚਾਰ ਨਹੀਂ ਕਰਦੀ॥ ੧॥

ਮਃ ੩॥ ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥
ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ॥

ਭੇਖਾਂ ਦੇ ਧਾਰਨ ਨਾਲ ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਅੱਗ ਨਹੀਂ ਬੁਝਦੀ, ਕਿਉਂਕਿ ਭੇਖੀ ਦੇ ਮਨ ਵਿਚ ਪਦਾਰਥਾਂ ਦੇ ਪਾਉਣ ਦੀ ਹਰ ਵੇਲੇ ਚਿੰਤਾ ਰਹਿੰਦੀ ਹੈ। ਜਿਵੇਂ ਵਰਮੀ ਮਾਰੀ=ਖੁੱਡ ਦੇ ਬੰਦ ਕੀਤਿਆਂ ਸੱਪ ਨਹੀਂ ਮਰਦਾ ਤੈਸੇ ਨਿਗੁਰੇ ਪੁਰਸ਼ਾਂ ਦੇ ਕਰਮ ਕਮਾਉਣੇ ਨਿਸਫਲ ਹਨ। ਭਾਵ-ਐਸਾ ਹੀ ਸਰੀਰ ਨੂੰ ਦੁੱਖ ਦਿੱਤਿਆਂ ਮਨ ਨਹੀਂ ਮਰਦਾ।

ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ॥
ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ॥

ਨਾਮ ਦਾਤੇ ਸਤਿਗੁਰਾਂ ਦੀ ਸੇਵਾ ਕਰੀਏ ਤਾਂ ਮਨ ਵਿਚ ਉਪਦੇਸ਼ ਆ ਕੇ ਵਸਦਾ ਹੈ। ਮਨ ਵੀ ਸੀਤ ਤੇ ਤਨ ਨੂੰ ਵੀ ਸ਼ਾਂਤੀ ਹੁੰਦੀ ਹੈ, ਤ੍ਰਿਸ਼ਨਾਂ ਰੂਪੀ ਅੱਗ ਬੁੱਝ ਜਾਂਦੀ ਹੈ।

ਸੁਖਾ ਸਿਰਿ ਸਦਾ ਸੁਖੁ ਹੋਇ ਜਾ ਵਿਚਹੁ ਆਪੁ ਗਵਾਇ॥
ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ॥

ਜਾਂ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗਵਾ ਦੇਵੇ, ਤਾਂ ਸੁਖਾਂ ਵਿਚੋਂ ਸਦਾ ਸ਼ਰੋਮਣੀ ਸੁੱਖ ਹੁੰਦਾ ਹੈ। ਗੁਰਾਂ ਦੁਆਰੇ ਉਦਾਸ-ਤਾਈ ਨੂੰ ਉਹ ਪੁਰਸ਼ ਧਾਰਨ ਕਰਦਾ ਹੈ, ਜੇਹੜਾ ਸੱਚ ਵਿਚ ਲਿਵ ਨੂੰ ਲਗਾ ਰਹਿੰਦਾ ਹੈ।

ਚਿੰਤਾ ਮੂਲਿ ਨ ਹੋਵਈ ਹਰਿ ਨਾਮਿ ਰਜਾ ਆਘਾਇ॥
ਨਾਨਕ ਨਾਮ ਬਿਨਾ ਨਹ ਛੂਟੀਐ ਹਉਮੈ ਪਚਹਿ ਪਚਾਇ॥ ੨॥

ਜੋ ਪੁਰਸ਼ ਹਰੀ ਨਾਮ ਜਪਕੇ ਇਸ ਲੋਕ ਦੇ ਪਦਾਰਥਾਂ ਤੋਂ ਰੱਜਿਆ ਹੈ ਅਤੇ ਪ੍ਰਲੋਕ ਦੇ ਪਦਾਰਥਾਂ ਵੱਲੋਂ ਵੀ ਤ੍ਰਿਪਤ ਹੋਇਆ ਹੈ ਉਸ ਨੂੰ ਚਿੰਤਾ ਕਦਾਚਿਤ ਨਹੀਂ ਹੁੰਦੀ।

ਗੁਰੂ ਜੀ ਕਥਨ ਕਰਦੇ ਹਨ, ਨਾਮ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ, ਜੀਵ ਹਉਮੈ ਵਿਚ ਆਪ ਪਚਦਾ ਹੈ ਤੇ ਹੋਰਨਾਂ ਨੂੰ ਪਚਾਇ=ਖਰਾਬ ਕਰਦਾ ਹੈ॥ ੨॥

ਪਉੜੀ॥ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ॥
ਸਭੁ ਜਨਮੁ ਤਿਨਾ ਕਾ ਸਫਲੁ ਹੈ ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ॥

ਜਿਨ੍ਹਾਂ ਪੁਰਸ਼ਾਂ ਨੇ ਹਰਿ ਹਰਿ ਨਾਮ ਨੂੰ ਧਿਆਇਆ ਹੈ, ਉਹਨਾਂ ਨੇ ਸਾਰੇ ਸੁਖ ਪਾਉਣਾ ਕੀਤੇ ਹਨ। ਉਹਨਾਂ ਦਾ ਸਾਰਾ ਮਨੁੱਖਾ ਜਨਮ ਸਫਲਾ ਹੈ, ਜਿਸ ਦੇ ਮਨ ਵਿਚ ਹਰੀ ਦੇ ਨਾਮ ਦੀ ਭੁੱਖ ਲੱਗੀ ਹੈ।

ਜਿਨੀ ਗੁਰ ਕੈ ਬਚਨਿ ਆਰਾਧਿਆ ਤਿਨ ਵਿਸਰਿ ਗਏ ਸਭਿ ਦੁਖਾ॥
ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ॥

ਜਿਨ੍ਹਾਂ ਨੇ ਗੁਰਾਂ ਦੇ ਬਚਨਾਂ ਦੁਆਰੇ ਹਰੀ ਨੂੰ ਅਰਾਧਿਆ ਹੈ, ਉਹਨਾਂ ਦੇ ਸਾਰੇ ਦੁੱਖ ਵਿਸਰ ਗਏ ਹਨ। ਉਹ ਸੰਤ ਗੁਰੂ ਕੇ ਸਿੱਖ ਚੰਗੇ ਹਨ, ਜਿਸ ਨੂੰ ਚੁਖਾ=ਰੰਚਕ ਮਾਤ੍ਰ ਵੀ ਪਰਾਈ ਚਿੰਤਾ ਨਹੀਂ ਹੈ।

ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ॥ ੬॥

ਉਹਨਾਂ ਦਾ ਗੁਰੂ ਧੰਨ ਧੰਨ ਹੈ, ਜਿਨ੍ਹਾਂ ਦੇ ਮੂੰਹ ਵਿਚ ਹਰੀ ਨਾਮ ਅੰਮ੍ਰਿਤ ਰੂਪ ਫਲ ਲੱਗੇ ਹਨ॥ ੬॥

ਸਲੋਕ ਮਃ ੩॥ ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ॥
ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ॥

ਕਲਜੁਗ ਵਿੱਚ, ਅਥਵਾ:-ਕਲਾ ਰੂਪ ਪਰਪੰਚ ਵਿੱਚ ਜਮ ਜਿੰਦ ਦਾ ਅੈਰੀ (ਦੁਸ਼ਮਣ) ਹੈ, ਜੋ ਹੁਕਮ ਦੇ ਵਿੱਚ ਕਾਰ ਕਮਾਉਂਦਾ ਹੈ। ਜਿਸ ਦੇ ਗੁਰੂ ਰੱਖਜਕ ਹਨ ਉਹ ਬਚ ਗਏ ਹਨ, ਮਨਮੁਖ ਪੁਰਸ਼ਾਂ ਨੂੰ ਜਮ ਸਜ਼ਾ ਦੇਂਦਾ ਹੈ।

ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਢਰੁ ਨ ਕੋਇ ॥
ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥

ਇਹ ਸਾਰਾ ਜਗਤ ਜਮ ਕਾਲ ਦੇ ਵੱਸ ਵਿਚ ਬੱਧਾ ਹੋਇਆ ਹੈ ਇਸ ਲਈ ਉਸ ਦਾ ਢਰੁ=ਰੱਖਜਕ, ਅਥਵਾ:-ਹੱਥ ਫੜਨੇ ਵਾਲਾ ਕੋਈ ਨਹੀਂ ਹੈ। ਜਿਸ ਨੇ ਜਮ ਨੂੰ ਪੈਦਾ ਕੀਤਾ ਹੈ।,

ਅਥਵਾ:-ਜਿਸ ਨੇ ਜਮ ਨੂੰ ਲਗਾਉਣਾ ਕੀਤਾ ਹੈ, ਗੁਰਾਂ ਦੁਆਰੇ ਉਸ ਪਰਮੇਸ਼ਰ ਨੂੰ ਸੇਵਨਾ ਕਰੀਏ, ਤਾਂ ਉਸ ਗੁਰਮੁਖ ਪੁਰਸ਼ ਨੂੰ ਕੋਈ ਦੁੱਖ ਨਹੀਂ ਹੁੰਦਾ।

ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਗੁਰਮੁਖਾਂ ਦੀ ਸੇਵਾ ਜਮ ਕਰਦਾ ਹੈ, ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਉਹ ਸੱਚਾ ਵਾਹਿਗੁਰੂ ਹੁੰਦਾ ਹੈ॥ ੧ ॥

ਮਃ ੩ ॥ਏਹਾ ਕਾਇਆ ਰੋਗਿ ਭਰੀ ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥
ਸਤਿਗੁਰੁ ਮਿਲੈ ਤਾ ਨਿਰਮਲ ਹੋਵੈ ਹਰਿ ਨਾਮੋ ਮੰਨਿ ਵਸਾਇ ॥

ਇਹ ਦੇਹ ਰੋਗਾਂ ਨਾਲ ਭਰੀ ਹੋਈ ਹੈ, ਗੁਰੂ ਉਪਦੇਸ਼ ਤੋਂ ਬਿਨਾਂ ਦੁਖਦਾਈ ਹਉਮੈ ਰੂਪੀ ਰੋਗ ਨਹੀਂ ਜਾਂਦਾ। ਸਤਿਗੁਰਾਂ ਨਾਲ ਮਿਲਕੇ ਹਰੀ ਨਾਮ ਨੂੰ ਮਨ ਵਿਚ ਵਸਾਵੇ ਤਾਂ ਮਨ ਸ਼ੁੱਧ ਹੁੰਦਾ ਹੈ।

ਨਾਨਕ ਨਾਮੁ ਧਿਆਇਆ ਸੁਖਦਾਤਾ ਦੁਖੁ ਵਿਸਰਿਆ ਸਹਜਿ ਸੁਭਾਇ ॥੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਸੁਖ ਦਾਤੇ ਦਾ ਨਾਮ ਧਿਆਇਆ ਹੈ, ਉਸ ਦਾ ਦੁੱਖ ਸੁੱਤੇ ਸਿੱਧ ਵਿੱਸਰ ਗਿਆ ਹੈ॥ ੨ ॥

ਪਉੜੀ ॥ਜਿਨਿ ਜਗਜੀਵਨੁ ਉਪਦੇਸਿਆ ਤਿਸੁ ਗੁਰ ਕਉ ਹਉ ਸਦਾ ਘੁਮਾਇਆ ॥
ਤਿਸੁ ਗੁਰ ਕਉ ਹਉ ਖੰਨੀਐ ਜਿਨਿ ਮਧੁਸੂਦਨੁ ਹਰਿ ਨਾਮੁ ਸੁਣਾਇਆ ॥

ਜਿਸ ਗੁਰੂ ਨੇ ਜਗਜੀਵਨੁ=ਪਰਮੇਸ਼ਰ ਦੀ ਪ੍ਰਾਪਤੀ ਦਾ ਉਪਦੇਸ਼ ਦਿੱਤਾ ਹੈ, ਉਸ ਗੁਰੂ ਉੱਤੋਂ ਮੈਂ ਸਦਾ ਘੁਮਾਇਆ=ਬਲਿਹਾਰ ਜਾਂਦਾ ਹਾਂ। ਮੈਂ ਉਸ ਗੁਰੂ ਤੋਂ ਖੰਨੀਐ=ਕੁਰਬਾਨ ਜਾਂਦਾ ਹਾਂ, ਜਿਸ ਨੇ ਮਧੂ ਦੈਂਤ ਦੇ ਸੂਦਨੁ=ਨਾਸ ਕਰਨ ਵਾਲੇ ਹਰੀ ਦਾ ਨਾਮ ਸੁਣਾਇਆ ਹੈ।

ਤਿਸੁ ਗੁਰ ਕਉ ਹਉ ਵਾਰਣੈ ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥
ਤਿਸੁ ਸਤਿਗੁਰ ਕਉ ਵਡ ਪੁੰਨੁ ਹੈ ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥

ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਹਉਮੈ ਰੂਪੀ ਰੋਗ ਤੇ ਬਿਖੁ ਸਭੁ=ਸਾਰਿਆਂ ਵਿਸ਼ਿਆਂ ਨੂੰ ਨਾਸ ਕੀਤਾ ਹੈ। ਉਸ ਗੁਰੂ ਨੂੰ ਬੜਾ ਭਾਰੀ ਪੁੰਨ ਪ੍ਰਾਪਤ ਹੁੰਦਾ ਹੈ।

ਜਿਸ ਗੁਰੂ ਨੇ ਔਗੁਣਾਂ ਨੂੰ ਕੱਟ ਕੇ ਗੁਣੀ=ਪਰਮਾਤਮਾ ਦੀ ਪ੍ਰਾਪਤੀ ਦਾ ਯਤਨ ਸਮਝਾ ਦਿੱਤਾ ਹੈ।

(ਪੰਨਾ ੫੮੯) ਸੋ ਸਤਿਗੁਰੁ ਤਿਨ ਕਉ ਭੇਟਿਆ ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ ॥ ੭ ॥

ਉਹ ਸਤਿਗੁਰੂ ਉਹਨਾਂ ਨੂੰ ਭੇਟਿਆ=ਮਿਲਿਆ ਹੈ, ਜਿਨ੍ਹਾਂ ਦੇ ਮਸਤਕਿ=ਮੱਥੇ ਉੱਪਰ ਮੁਖ ਭਾਗਾਂ ਦਾ ਲੇਖ ਲਿਖ ਪਾਇਆ ਹੈ॥ ੭ ॥

ਸਲੋਕੁ ਮਃ ੩ ॥ ਭਗਤਿ ਕਰਹਿ ਮਰਜੀਵੜੇ ਗੁਰਮੁਖਿ ਭਗਤਿ ਸਦਾ ਹੋਇ ॥ ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ ਮੇਟਿ ਨ ਸਕੈ ਕੋਇ ॥

ਮਰਜੀਵੜੇ=ਸੰਸਾਰ ਦੀ ਤਰਫੋਂ ਮਰੇ ਹੋਏ ਜੋ ਗੁਰਮੁਖ ਹਨ ਓਹੀ ਪਰਮੇਸ਼ਰ ਦੀ ਭਗਤੀ ਕਰਦੇ ਹਨ, ਉਹਨਾਂ ਦੀ ਭਗਤੀ ਕੀਤੀ ਹੋਈ ਸਦੀਵਕਾਲ ਕਬੂਲ ਹੁੰਦੀ ਹੈ। ਕਿਉਂਕਿ ਉਹਨਾਂ ਮਰਜੀਵੜਿਆਂ ਨੂੰ ਧੁਰ ਤੋਂ ਹੀ ਵਾਹਿਗੁਰੂ ਨੇ ਭਗਤੀ ਰੂਪੀ ਖਜ਼ਾਨਾ ਬਖਸ਼ਿਆ ਹੋਇਆ ਹੈ, ਇਸ ਲਈ ਉਸ ਨੂੰ ਕੋਈ ਭੀ ਮੇਟ ਨਹੀਂ ਸਕਦਾ।

ਗੁਣ ਨਿਧਾਨੁ ਮਨਿ ਪਾਇਆ ਏਕੋ ਸਚਾ ਸੋਇ ॥ ਨਾਨਕ ਗੁਰਮੁਖਿ ਮਿਲਿ ਰਹੇ ਫਿਰਿ ਵਿਛੋੜਾ ਕਦੇ ਨ ਹੋਇ ॥ ੧ ॥

ਗੁਣਾਂ ਦਾ ਨਿਧਾਨੁ=ਖਜ਼ਾਨਾ ਜੋ ਇਕ ਸੱਚਾ ਹੈ ਉਸ ਨੂੰ ਉਹਨਾਂ ਨੇ ਮਨ ਵਿਚ ਪਾ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ ਪੁਰਸ਼ ਉਸ ਵਾਹਿਗੁਰੂ ਨਾਲ ਐਸੇ ਮਿਲ ਰਹੇ ਹਨ, ਜਿਸ ਤੇ ਫਿਰ ਉਹਨਾਂ ਦਾ ਵਿਛੋੜਾ ਕਦੇ ਨਹੀਂ ਹੁੰਦਾ॥ ੧ ॥

ਮਃ ੩ ॥ ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ ॥ ਸਬਦੈ ਸਾਰ ਨ ਜਾਣਈ ਬਿਖੁ ਭੂਲਾ ਗਾਵਾਰੁ ॥

ਜਿਸ ਪੁਰਸ਼ ਨੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ, ਉਸ ਨੇ ਸੱਤ ਅਸੱਤ ਦੇ ਨਿਰਨੇ ਦਾ ਵੀਚਾਰ ਕੀ ਕਰਨਾ ਹੈ। ਜੋ ਗੁਰਾਂ ਦੇ ਉਪਦੇਸ਼ ਦੀ ਸਾਰ=ਕਦਰ ਨਹੀਂ ਜਾਣਦਾ, ਉਹ ਗਾਵਾਰੁ=ਮੂਰਖ ਵਿਸ਼ਿਆਂ ਵਿਚ ਭੁੱਲਾ ਫਿਰਦਾ ਹੈ।

ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੈ ਭਾਇ ਪਿਆਰੁ ॥ ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥

ਅੰਧਾ ਅਗਿਆਨੀ ਪੁਰਸ਼ ਬਹੁਤ ਪ੍ਰਕਾਰ ਦੇ ਕਰਮਾਂ ਨੂੰ ਕਮਾਉਂਦਾ ਹੈ, ਅਤੇ ਦ੍ਵੈਤ ਭਾ ਵਿੱਚ ਪਿਆਰ ਕਰਦਾ ਹੈ। ਅਣਹੋਦਾ=ਆਪਣੇ ਵਿੱਚ ਸ਼ੁਭ ਗੁਣ ਕੋਈ ਨਹੀਂ ਹੈ, ਪਰ ਆਪਣੇ ਆਪ ਨੂੰ ਸ੍ਰੇਸ਼ਟ ਗਿਣਾਂਦੇ ਹਨ, ਜਮ ਉਹਨਾਂ ਨੂੰ ਮਾਰ ਕੇ ਖੁਆਰੁ=ਖ਼ਰਾਬ ਕਰਦਾ ਹੈ।

ਨਾਨਕ ਕਿਸ ਨੋ ਆਖੀਐ ਜਾ ਆਪੇ ਬਖਸਣਹਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਕਿਸ ਨੂੰ ਜਾ ਕੇ ਕੁਝ ਆਖਣਾ ਕਰੀਏ, ਜਦ ਆਪ ਹੀ ਵਾਹਿਗੁਰੂ ਬਖਸ਼ਣੇ ਵਾਲਾ ਹੈ ॥ ੨ ॥

ਪਉੜੀ ॥ ਤੂ ਕਰਤਾ ਸਭੁ ਕਿਛੁ ਜਾਣਦਾ ਸਭਿ ਜੀਅ ਤੁਮਾਰੇ ॥
ਜਿਸੁ ਤੂ ਭਾਵੈ ਤਿਸੁ ਤੂ ਮੇਲਿ ਲੈਹਿ ਕਿਆ ਜੰਤ ਵਿਚਾਰੇ ॥

ਹੇ ਕਰਤਾ ਵਾਹਿਗੁਰੂ ! ਤੂੰ ਸਭ ਕੁਝ ਜਾਣਦਾ ਹੈਂ, ਕਿਉਂਕਿ ਸਾਰੇ ਜੀਅ ਤੇਰੇ ਹੀ ਪੈਦਾ ਕੀਤੇ ਹੋਏ ਹਨ। ਜਿਸ ਨੂੰ ਤੂੰ ਚਾਹੁੰਦਾ ਹੈਂ ਉਸ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ, ਇਹ ਜੀਵ ਵਿਚਾਰੇ ਕੌਣ ਹਨ, ਜੋ ਆਪਣੇ ਆਪ ਤੈਨੂੰ ਮਿਲ ਸਕਣ।

ਤੂ ਕਰਣ ਕਾਰਣ ਸਮਰਥੁ ਹੈ ਸਚੁ ਸਿਰਜਣਹਾਰੇ ॥
ਜਿਸੁ ਤੂ ਮੇਲਹਿ ਪਿਆਰਿਆ ਸੋ ਤੁਧੁ ਮਿਲੈ ਗੁਰਮੁਖਿ ਵੀਚਾਰੇ ॥

ਹੇ ਸੱਚੇ ਸਿਰਜਣਹਾਰ ! ਤੂੰ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੈਂ। ਹੇ ਪਿਆਰਿਆ ! ਜਿਸ ਨੂੰ ਤੂੰ ਆਪਣੇ ਨਾਲ ਮੇਲਦਾ ਹੈਂ, ਉਹ ਤੈਨੂੰ ਮਿਲਦਾ ਹੈ, ਪਰ ਇਸ ਗੱਲ ਨੂੰ ਗੁਰਮੁਖ ਜਨ ਹੀ ਵਿਚਾਰਦੇ ਹਨ।

ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ ਲਖਾਰੇ ॥ ੮ ॥

ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਮੇਰਾ ਅਲਖ ਹਰੀ ਮੈਨੂੰ ਲਖਾਰੇ=ਜਣਾ ਦਿੱਤਾ ਹੈ ॥ ੮ ॥

ਸਲੋਕ ਮਃ ੩ ॥ ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥

ਜੋ ਪੁਰਸ਼ ਰਤਨਾਂ ਦੇ ਪਰਖਣੇ ਵਾਲਾ ਹੁੰਦਾ ਹੈ ਓਹੀ ਰਤਨਾਂ ਦੀ ਵੀਚਾਰ ਕਰਦਾ ਹੈ। ਏਸੇ ਤਰ੍ਹਾਂ ਸ਼ੁਭ ਗੁਣਾਂ ਦੇ ਪਰਖਣੇ ਵਾਲਾ ਜੋ ਹੁੰਦਾ ਹੈ ਓਹੀ ਸ਼ੁਭ-ਗੁਣਾਂ ਦਾ ਵਿਚਾਰ ਕਰਦਾ ਹੈ। ਸ਼ੁਭ ਗੁਣਾਂ ਰੂਪੀ ਰਤਨਾਂ ਦੀ ਸਾਰ=ਕਦਰ ਨੂੰ ਜੇਹੜਾ ਨਹੀਂ ਜਾਣਦਾ, ਉਸ ਅੰਧੇ ਅਗਿਆਨੀ ਨੂੰ ਅਨ੍ਹੇਰਾ ਹੀ ਰਹਿੰਦਾ ਹੈ।

ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥
ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥

ਗੁਰਾਂ ਦਾ ਜੋ ਉਪਦੇਸ਼ ਹੈ ਏਹੀ ਰਤਨ ਰੂਪ ਹੈ, ਕੋਈ ਵਿਰਲਾ ਹੀ ਬੁੱਝਣੇ ਵਾਲਾ ਇਸ ਉਪਦੇਸ਼ ਰੂਪੀ ਰਤਨ ਨੂੰ ਸਮਝਦਾ ਹੈ। ਮੂਰਖ ਪੁਰਸ਼ ਆਪਣੇ ਆਪ ਨੂੰ ਗਣਾਉਂਦੇ ਹਨ, ਇਸ ਤੇ ਉਹ ਮਰਨੇ ਜੰਮਣੇ ਵਿਚ ਖਰਾਬ ਹੁੰਦੇ ਹਨ।

ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ॥
ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ॥

ਗੁਰੂ ਜੀ ਕਥਨ ਕਰਦੇ ਹਨ, ਉਪਦੇਸ਼ ਰੂਪ ਰਤਨ ਨੂੰ ਉਹ ਪੁਰਸ਼ ਲਹੈ=ਲੈਂਦਾ ਹੈ, ਜਿਸ ਗੁਰਮੁਖ ਦਾ ਮੁਖੀ ਗੁਰਾਂ ਵਿੱਚ ਪ੍ਰੇਮ ਲੱਗਾ ਹੈ। ਉਹ ਸਦਾ ਸਦਾ ਨਾਮ ਨੂੰ ਉਚਰੈ=ਉਚਾਰਦਾ ਹੈ, ਅਤੇ ਹਰੀ ਨਾਮ ਦਾ ਨਿਤਾ-ਪ੍ਰਤੀ ਵਿਹਾਰ ਕਰਦਾ ਹੈ।

ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ॥ ੧॥

ਜੇਕਰ ਪਰਮੇਸ਼ਰ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤਾਂ ਇਹ ਜੀਵ ਹਿਰਦੇ ਵਿਚ ਹਰੀ ਨੂੰ ਧਾਰ ਰੱਖਦਾ ਹੈ॥ ੧॥

ਮਃ ੩॥ ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ॥
ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ॥

ਜਿਨ੍ਹਾਂ ਨੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ, ਅਤੇ ਜਿਨ੍ਹਾਂ ਦਾ ਹਰੀ ਨਾਮ ਸਿਮਰਨ ਵਿਚ ਪ੍ਰੇਮ ਨਹੀਂ ਲੱਗਾ। ਤੁਸੀਂ ਉਹਨਾਂ ਨੂੰ ਮਤਾਂ ਜੀਂਵਦਾ ਜਾਣੋ, ਕਿਉਂਕਿ ਉਨ੍ਹਾਂ ਨੂੰ ਕਰਤਾਰ ਨੇ ਆਪ ਮਾਰ ਦਿੱਤਾ ਹੈ।

ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ॥ ੨॥

ਉਨ੍ਹਾਂ ਦੇ ਅੰਦਰ ਹਉਮੈ ਰੂਪੀ ਇੱਕ ਵੱਡਾ ਰੋਗ ਹੈ, ਉਹ ਦ੍ਵੈਤ ਭਾ ਦੇ ਸਹਿਤ ਕਰਮ ਕਮਾਉਂਦੇ ਹਨ।

ਗੁਰੂ ਜੀ ਕਥਨ ਕਰਦੇ ਹਨ, ਮਨਮੁਖ ਪੁਰਸ਼ ਜੀਉਂਦਿਆਂ ਹੀ ਮੋਇਆਂ ਵਰਗੇ ਹਨ, ਉਹਨਾਂ ਨੂੰ ਹਰੀ ਨਾਮ ਭੁੱਲ ਗਿਆ ਹੈ ਇਸ ਲਈ ਉਹ ਦੁੱਖ ਪਾਉਂਦੇ ਹਨ॥ ੨॥

ਪਉੜੀ॥ ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ॥
ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ॥

ਜਿਸ ਪੁਰਸ਼ ਦਾ ਅੰਦਰੋਂ ਹਿਰਦਾ ਸ਼ੁੱਧ ਹੈ, ਉਸ ਪੁਰਸ਼ ਨੂੰ ਸਾਰੇ ਲੋਕ ਮੱਥਾ ਟੇਕਦੇ ਹਨ। ਜਿਸ ਪੁਰਸ਼ ਦ ਅੰਦਰ ਨਾਮ ਨਿੱਧੀਆਂ ਦਾ ਖਜ਼ਾਨਾ ਹੈ, ਉਸ ਪੁਰਸ਼ ਤੋਂ ਮੈਂ ਬਲਿਹਾਰ ਜਾਂਦਾ ਹਾਂ।

ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ॥
ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ॥

ਜਿਸ ਦੀ ਬੁੱਧੀ ਅੰਦਰ ਵਿਵੇਕ ਹੈ, ਅਤੇ ਹਰੀ ਮੁਰਾਰੀ ਦਾ ਨਾਮ ਹੈ। ਉਹ ਸਤਿਗੁਰੂ ਸਾਰਿਆਂ ਦਾ ਮਿਤੁ=ਮਿੱਤਰ ਹੈ, ਅਤੇ ਸਾਰੇ ਲੋਕ ਤਿਨ੍ਹਾਂ ਨਾਲ ਪਿਆਰ ਕਰਦੇ ਹਨ।

ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ॥ ੯॥

ਗੁਰਾਂ ਨੇ ਬੁੱਧੀ ਵਿਚ ਏਹ ਗੱਲ ਵਿਚਾਰੀ ਹੈ, ਕਿ ਰਾਮ ਨੇ ਸਾਰਿਆਂ ਵਿਚ ਆਤਮ=ਆਪਣਾ ਆਪ ਪਸਾਰਿਆ ਹੋਇਆ ਹੈ॥ ੯॥

ਸਲੋਕ ਮਃ ੩॥

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ॥
ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਏਹ ਜੀਵ ਹਉਮੈ ਦੇ ਵਿੱਚ ਲੱਗਕੇ ਜਿਤਨੇ ਕੁ ਕਰਮ ਕਮਾਉਂਦਾ ਹੈ, ਉਹ ਸਭ ਜੀਵ ਕੇ ਤਾਈਂ ਬੰਧਨ ਰੂਪ ਹਨ। ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਸਰੂਪ ਰੂਪੀ ਠਉਰ=ਜਗ੍ਹਾ ਨੂੰ ਨਹੀਂ ਪਾਂਵਦਾ, ਬਸ, ਮਰਨ ਜੰਮਣ ਵਿੱਚ ਆਉਂਦਾ ਜਾਂਦਾ ਹੈ।

(ਪੰਨਾ ੮੯੦)

ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ॥
ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ
ਮੁਹਿ ਕਾਲੈ ਉਠਿ ਜਾਹਿ॥ ੧॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਇਹ ਜੀਵ ਫਿੱਕੇ ਬਚਨ ਬੋਲਦਾ ਹੈ, ਅਤੇ ਇਸ ਦੇ ਮਨ ਵਿੱਚ ਹਰੀ ਨਾਮ ਵੱਸਦਾ ਨਹੀਂ। ਗੁਰੂ ਜੀ ਕਥਨ ਕਰਦੇ ਹਨ, ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਜਮਪੁਰੀ ਵਿੱਚ ਬੱਧੇ ਹੋਏ ਮਾਰੀਦੇ ਹਨ, ਅਤੇ ਕਾਲੇ ਮੂੰਹ ਵਾਲੇ ਜਮਦੂਤਾਂ ਨਾਲ ਉੱਠਕੇ ਜਾਂਦੇ ਹਨ॥ ੧॥

ਮਹਲਾ ੧॥ ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥ ੨॥

ਐਹੋ ਜੇਹੀ ਰੀਤੀ ਜਾਲਉ=ਸਾੜ ਦਿਓ, ਜਿਸ ਰੀਤੀ ਕਰਕੇ ਮੈਨੂੰ ਪਿਆਰਾ ਵਾਹਿਗੁਰੂ ਵੀਸਰੈ=ਭੁੱਲ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਓਹੀ ਪ੍ਰੀਤੀ ਭਲੀ ਹੈ, ਜਿਸ ਕਰਕੇ ਸਾਹਿਬ=ਮਾਲਕ ਨਾਲ ਇੱਜ਼ਤ ਬਣੀ ਰਹੈ=ਰਹਿੰਦੀ ਹੈ॥ ੨॥

ਪਉੜੀ॥ ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥

ਹੇ ਭਾਈ ! ਇੱਕ ਹਰੀ ਦਾਤੇ ਨੂੰ ਸੇਵਨਾ ਕਰੋ, ਅਤੇ ਇੱਕ ਹਰੀ ਨੂੰ ਧਿਆਉਣਾ ਕਰੋ। ਜੇ ਇੱਕ ਹਰੀ ਦਾਤੇ ਪਾਸੋਂ ਮੰਗੀਏ, ਤਾਂ ਮਨ ਚਿੰਦਿਆ=ਮਨ-ਇੱਛਤ ਫਲ ਪਾਈਦਾ ਹੈ।

ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥
ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ॥

ਜੇਕਰ ਪਰਮੇਸ਼ਰ ਨੂੰ ਛੱਡਕੇ, ਦੂਜੇ ਪਾਸੋਂ ਕੋਈ ਵਸਤੂ ਮੰਗੀਏ ਤਾਂ ਲੱਜਿਆ (ਸ਼ਰਮ) ਵਿੱਚ ਮਰਨਾ ਹੁੰਦਾ ਹੈ। ਜਿਸ ਨੇ ਇੱਕ ਪਰਮੇਸ਼ਰ ਨੂੰ ਸੇਵਿਆ ਹੈ ਤਿਸਨੇ ਗਿਆਨ-ਫਲ ਪਾਇਆ ਹੈ, ਅਤੇ ਤਿਸ ਪੁਰਸ਼ ਦੀ ਸਾਰੀ ਭੁੱਖ ਦੂਰ ਹੋ ਜਾਂਦੀ ਹੈ।

ਨਾਨਕੁ ਤਿਨ ਵਿਟਹੁ ਵਾਰਿਆ
ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ॥ ੧੦॥

ਗੁਰੂ ਜੀ ਕਥਨ ਕਰਦੇ ਹਨ, ਤਿਸਦੇ ਵਿਟਹੁ=ਉੱਪਰੋਂ ਮੈਂ ਵਾਰਿਆ=ਬਲਿਹਾਰ ਜਾਂਦਾ ਹਾਂ, ਜਿਸ ਨੇ ਰਾਤ-ਦਿਨੇ ਹਿਰਦੇ ਵਿਚ ਹਰੀ ਨਾਮ ਨੂੰ ਧਿਆਇਆ ਹੈ॥ ੧੦॥

ਸਲੋਕੁ ਮਃ ੩॥

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥

ਮੇਰਾ ਪਿਆਰਾ ਪਰਮੇਸ਼ਰ ਭਗਤ-ਜਨਾਂ ਨੂੰ ਆਪ ਤੁਠਾ=ਪ੍ਰਸੰਨ ਹੋਇਆ ਹੈ, ਭਗਤ ਜਨਾਂ ਨੂੰ ਆਪਣੀ ਸ਼ਰਨ ਵਿਚ ਆਪ ਹੀ ਲਗਾ ਲੀਤਾ ਹੈ। ਸਰੂਪ ਦੀ ਪਾਤਸ਼ਾਹੀ ਭਗਤ-ਜਨਾਂ ਨੂੰ ਦਿੱਤੀ ਹੈ, ਅਤੇ ਹਰੀ ਨੇ ਉਹਨਾਂ ਸੰਤਾਂ ਦੇ ਸਿਰ ਉੱਪਰ ਸੱਚਾ ਜਸ ਰੂਪੀ ਛਤਰ ਬਣਾਇਆ ਹੈ।

ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ॥
ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥

ਸਤਿਗੁਰਾਂ ਦੀ ਸੇਵਾ ਰੂਪੀ ਕਾਰ ਕਮਾ ਕੇ ਭਗਤ-ਜਨ ਸਦੀਵਕਾਲ ਸੁਖੀ ਤੇ ਨਿਰਮਲੇ=ਸ਼ੁੱਧ ਹਨ। ਉਹ ਰਾਜੇ ਨਹੀਂ ਆਖੀਂਦੇ, ਜੋ ਆਪਸ ਵਿਚ ਲੜ ਮਰਦੇ ਤੇ ਫਿਰ ਜੂਨੀਆਂ ਵਿਚ ਪਾਹਿ=ਪੈਂਦੇ ਹਨ।

ਨਾਨਕ ਵਿਣੁ ਨਾਵੈ ਨਕਾਂ ਵਢਾਂ ਫਿਰਹਿ ਸੋਭਾ ਮੂਲਿ ਨ ਪਾਹਿ॥ ੧॥

ਗੁਰੂ ਜੀ ਕਥਨ ਕਰਦੇ ਹਨ, ਨਾਮ ਤੋਂ ਬਿਨਾਂ ਮਨਮੁਖ ਪੁਰਸ਼ ਜਸ ਰੂਪੀ ਨੱਕ ਵਢਾਈ ਫਿਰਦੇ ਹਨ, ਤੇ ਮੂਲਿ=ਕਦਾਚਿਤ ਸੋਭਾ ਨੂੰ ਨਹੀਂ ਪਾਉਂਦੇ॥ ੧॥

ਯਥਾ:-ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥ *(ਪੰਨਾ ੫੨੯)*

ਮਃ ੩॥ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ॥

ਜਿਚਰੁ=ਜਦ ਤੱਕ ਮੁਖ ਗੁਰਾਂ ਦਾ ਉਪਦੇਸ਼ ਮਨ ਵਿਚ ਨਹੀਂ ਲੱਗਦਾ, ਤਦ ਤੱਕ ਸਿੱਖਿਆ ਸੁਣਕੇ ਭੀ ਸਾਦੁ=ਆਨੰਦ ਨਹੀਂ ਆਉਂਦਾ। ਸਤਿਗੁਰਾਂ ਦੀ ਸੇਵਾ ਕਰਨ ਨਾਲ ਮਨ ਵਿਚ ਨਾਮ ਵਸਦਾ ਹੈ, ਅਤੇ ਹਿਰਦੇ ਵਿਚ ਭਰਮ ਤੇ ਡਰ ਦੂਰ ਹੋ ਜਾਂਦਾ ਹੈ।

ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ॥

ਜੇਹੋ ਜੇਹਾ ਸਤਿਗੁਰਾਂ ਨੇ=ਨੂੰ ਜਾਣਦਾ ਹੈ ਤੇਹੋ ਜੇਹਾ ਫਲ ਹੋਵੈ=ਹੁੰਦਾ ਹੈ, ਜੇਕਰ ਬ੍ਰਹਮ ਸਰੂਪ ਕਰਕੇ ਜਾਣੇ ਤਾਂ ਸਚ-ਨਾਮ ਵਿਚ ਲਿਵ ਲੱਗਦੀ ਹੈ॥

ਯਥਾ:-ਨਿਵਰੈ ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ॥ (ਪੰਨਾ ੩੩੩)

ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ॥ ੨॥

ਗੁਰੂ ਜੀ ਕਥਨ ਕਰਦੇ ਹਨ, ਨਾਮ ਜਪਣ ਨਾਲ ਵਡਿਆਈ ਮਿਲਦੀ ਹੈ, ਅਤੇ ਅੱਗੇ ਜਾ ਕੇ ਹਰੀ ਦੇ ਦਰ ਵਿਚ ਭੀ ਸੋਹਨਿ=ਸੋਭਾ ਹੁੰਦੀ ਹੈ॥ ੨॥

ਪਉੜੀ॥ ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ॥
ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ॥

ਗੁਰਸਿੱਖਾਂ ਦੇ ਮਨ ਵਿੱਚ ਹਰੀ ਦੀ ਪ੍ਰੀਤੀ ਹੈ, ਜਿਸ ਕਰਕੇ ਗੁਰੂ ਨੂੰ ਪੂਜਣ ਆਉਂਦੇ ਹਨ।

ਰੰਗ ਸਿਉ=ਪ੍ਰੇਮ ਨਾਲ ਹਰੀ ਨਾਮ ਨੂੰ ਵਣੰਜਹਿ=ਖਰੀਦਦੇ ਹਨ, ਅਤੇ ਹਰੀ ਨਾਮ ਦਾ ਲਾਭ ਲੈ ਜਾਂਦੇ ਹਨ।

ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ॥
ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ॥

ਗੁਰਸਿੱਖਾਂ ਦੇ ਮੂੰਹ ਉੱਜਲੇ ਹਨ, ਜੋ ਹਰੀ ਦੀ ਦਰਗਾਹ ਵਿੱਚ ਭਾਉਂਦੇ ਹਨ। ਗੁਰੁ=ਪੂਜਨੀਕ ਸਤਿਗੁਰਾਂ ਪਾਸ ਹਰੀ ਨਾਮ ਰੂਪ ਦਾਣਿਆਂ ਦਾ ਬੋਹਲ (ਢੇਰ) ਹੈ, ਵਡਭਾਗੀ ਸਿੱਖ ਜੇਹੜੇ ਹਨ, ਉਹ ਗੁਣਾਂ ਦੀ ਸਾਂਝ=ਭਾਈ-ਵਾਲੀ ਆਪ ਕਰਦੇ ਤੇ ਹੋਰਨਾਂ ਪਾਸੋਂ ਕਰਵਾਉਂਦੇ ਹਨ।

ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥ ੧੧॥

ਮੈਂ ਉਹਨਾਂ ਗੁਰਸਿੱਖਾਂ ਤੋਂ ਬਲਿਹਾਰ ਜਾਂਦਾ ਹੈ, ਜੋ ਬਹਦਿਆਂ ਉੱਠਦਿਆਂ ਹਰੀ ਨਾਮ ਧਿਆਉਂਦੇ ਹਨ॥ ੧੧॥

ਸਲੋਕ ਮਃ ੩॥ ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ॥
ਮਨਮੁਖ ਘਰਿ ਹੋਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਪਰਮੇਸ਼ਰ ਦਾ ਨਾਮ ਨਿੱਧੀਆਂ ਦਾ ਖਜ਼ਾਨਾ ਹੈ। ਪਰ, ਉਹ ਨਾਮ ਗੁਰਾਂ ਦੁਆਰੇ ਪਾਇਆ ਜਾਂਦਾ ਹੈ। ਮਨਮੁਖ ਪੁਰਸ਼ ਆਤਮ-ਵਸਤੂ ਘਰ ਹੁੰਦੀ ਨੂੰ ਭੀ ਜਾਣਦੇ ਨਹੀਂ, ਅੰਨ੍ਹੇ ਅਗਿਆਨੀ ਪੁਰਸ਼ ਵਿਰਲਾਪ ਕਰਦੇ ਭੌਂਕਦੇ ਮਰ ਜਾਂਦੇ ਹਨ॥-੧॥

ਮਃ ੩॥ ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ॥
ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ॥

ਉਹ ਕਾਇਆ=ਬੁੱਧੀ ਕੰਚਨ=ਸੋਨੇ ਵਾਂਗੂੰ ਨਿਰਮਲ ਹੈ, ਜੋ ਸਚਿ=ਨਿਸਚੇ ਕਰਕੇ ਸੱਚ ਨਾਮ ਵਿਚ ਲੱਗੀ ਹੋਈ ਹੈ। ਗੁਰਾਂ ਦੁਆਰੇ ਨਿਰਮਲ ਜੋਤੀ ਨਿਰੰਜਨ ਨੂੰ ਪਾਇਆ ਤਾਂ ਭਰਮ ਭਉ ਸਭ ਭਾਗੀ=ਦੌੜ ਗਏ।

ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ॥ ੨॥

ਗੁਰੂ ਜੀ ਕਥਨ ਕਰਦੇ ਹਨ, ਰਾਤ-ਦਿਨ ਹਰੀ ਵਿਚ ਬੈਰਾਗੀ=ਪ੍ਰੇਮ ਧਾਰਕੇ ਗੁਰਮੁਖ ਪੁਰਸ਼ ਸਦਾ ਸੁਖ ਨੂੰ ਪਾਂਵਦਾ ਹੈ॥ ੨॥

ਪਉੜੀ॥ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ॥

ਉਹ ਗੁਰੂ ਦੇ ਸਿੱਖ ਧੰਨ ਧੰਨ ਹਨ, ਜਿਨ੍ਹਾਂ ਨੇ ਕੰਨੀ=ਕਿਨਾਰੇ ਕਰਨ ਵਾਲਾ,

ਅਥਵਾ:-ਕੰਨੀ=ਕੰਨ ਦੇ ਕੇ ਹਰੀ ਨਾਮ ਦਾ ਉਪਦੇਸ਼ ਗੁਰਾਂ ਤੋਂ ਸੁਣਿਆ ਹੈ।

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ॥

ਜਿਨ੍ਹਾਂ ਨੂੰ ਗੁਰਿ=ਪੂਜਨੀਕ ਸਤਿਗੁਰਾਂ ਨੇ ਨਾਮ ਦ੍ਰਿੜ੍ਹਾਇਆ ਹੈ, ਉਹਨਾਂ ਨੇ ਹਉਮੈ ਤੇ ਦੁਬਿਧਾ ਭੰਨੀ=ਭੰਨ ਦਿੱਤੀ ਹੈ।

ਬਿਨੁ ਹਰਿ ਨਾਵੈ ਕੋ ਮਿਤ੍ਰ ਨਾਹੀ ਵੀਚਾਰਿ ਡਿਠਾ ਹਰਿ ਜੰਨੀ॥

ਹਰਿ ਜੰਨੀ=ਹਰੀ ਜਨਾਂ ਨੇ ਵਿਚਾਰ ਕੇ ਦੇਖਿਆ ਹੈ, ਕਿ ਹਰੀ ਨਾਮ ਤੋਂ ਬਿਨਾਂ ਜੀਵ ਦਾ ਕੋਈ ਮਿੱਤਰ ਨਹੀਂ ਹੈ।

(ਪੰਨਾ ੫੯੧)

ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ॥
ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ॥ ੧੨॥

ਜਿਨਾ=ਜਿਨ੍ਹਾਂ ਗੁਰਸਿੱਖਾਂ ਉੱਤੇ ਹਰੀ ਸੰਤੁਸਟੁ=ਪ੍ਰਸੰਨ ਹੋਇਆ ਹੈ, ਤਿਨੀ=ਉਹਨਾਂ ਨੇ ਸਤਿਗੁਰਾਂ ਦੀ ਕਹੀ ਹੋਈ ਗੱਲ ਮੰਨੀ ਹੈ। ਜੋ ਗੁਰਮੁਖ ਜਨ ਨਾਮ ਨੂੰ ਧਿਆਉਂਦੇ ਹਨ, ਤਿਨੀ=ਉਹਨਾਂ ਨੂੰ ਚਵਗਣਿ=ਚਤੁਰਥ ਭੂਮਿਕਾ ਦੀ ਵੰਨੀ=ਰੰਗਤ ਚੜ੍ਹੀ ਹੈ॥ ੧੨॥

ਸਲੋਕ ਮਃ ੩॥ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ॥
ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ॥

ਮਨਮੁਖ ਪੁਰਸ਼ ਕਾਇਰ ਹੈ ਅਤੇ ਕਰੂਪ=ਸਫਾਈ ਰੂਪੀ ਰੂਪ ਤੋਂ ਰਹਿਤ ਹੈ, ਨਾਮ ਤੋਂ ਬਿਨਾਂ ਹੋਣ ਕਰਕੇ ਜਸ ਰੂਪੀ ਨੱਕ ਨਹੀਂ ਹੈ। ਰਾਤ-ਦਿਨ ਧੰਧਿਆਂ ਵਿਚ ਵਿਆਪਿਆ=ਲੱਗਾ ਰਿਹਾ ਹੈ, ਸੁਪਨੈ=ਸੁਪਨੇ ਮਾਤ੍ਰ ਵੀ, ਅਥਵਾ:-ਸੰਸਾਰ ਸੁਪਨੇ ਵਿੱਚ, ਸੁਪਨੈ=ਕਦਾਚਿਤ ਉਸ ਨੂੰ ਸੁਖ ਨਹੀਂ ਹੁੰਦਾ।

ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ ਨਾਹਿ ਤ ਬਧੇ ਦੁਖ ਸਹਾਹਿ॥ ੧॥

ਗੁਰੂ ਜੀ ਕਥਨ ਕਰਦੇ ਹਨ, ਜੇਕਰ ਉਹ ਮਨਮੁਖ ਗੁਰਮੁਖ ਹੋਣਗੇ ਤਾਂ ਬਚ ਜਾਣਗੇ, ਨਹੀਂ ਤਾਂ ਬੱਧੇ ਹੋਏ ਦੁੱਖਾਂ ਨੂੰ ਸਹਾਰਨਗੇ॥ ੧॥

ਮਃ ੩ ॥ ਗੁਰਮੁਖਿ ਸਦਾ ਦਰਿ ਸੋਹਣੇ ਗੁਰ ਕਾ ਸਬਦੁ ਕਮਾਹਿ॥
ਅੰਤਰਿ ਸਾਂਤਿ ਸਦਾ ਸੁਖੁ ਦਰਿ ਸਚੈ ਸੋਭਾ ਪਾਹਿ॥

ਉਹ ਗੁਰਮੁਖ ਸਦਾ ਹੀ ਦਰਗਾਹ ਵਿਚ ਸੋਭਦੇ ਹਨ, ਜੋ ਗੁਰਾਂ ਦਾ ਉਪਦੇਸ਼ ਕਮਾਉਂਦੇ ਹਨ। ਉਹਨਾਂ ਦੇ ਅੰਦਰ ਸਦਾ ਸ਼ਾਂਤੀ ਸੁਖ ਵਸਦਾ ਹੈ, ਅਤੇ ਉਹ ਸੱਚੇ ਦਰ ਵਿਚ ਸੋਭਾ ਪਾਉਂਦੇ ਹਨ।

ਨਾਨਕ ਗੁਰਮੁਖਿ ਹਰਿ ਨਾਮੁ ਪਾਇਆ ਸਹਜੇ ਸਚਿ ਸਮਾਹਿ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਗੁਰਮੁਖ ਨੇ ਗੁਰਾਂ ਦੁਆਰੇ ਹਰੀ ਨਾਮ ਪਾਇਆ ਹੈ ਉਹ ਸੁਤੇ ਸਿੱਧ ਸੱਚ ਵਿਚ ਸਮਾਉਂਦੇ ਹਨ॥ ੨॥

ਪਉੜੀ॥ ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥
ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ॥

ਗੁਰਮੁਖਿ=ਗੁਰਾਂ ਦੁਆਰੇ-ਪ੍ਰਹਿਲਾਦ ਭਗਤ ਨੇ ਹਰੀ ਨੂੰ ਜਪਕੇ ਮੁਕਤੀ ਪਾਈ ਹੈ*।

ਗੁਰਮੁਖਿ=ਗੁਰਾਂ ਦੁਆਰੇ ਰਾਜਾ ਜਨਕ ਨੇ ਹਰੀ ਨਾਮ ਵਿੱਚ ਲਿਵ ਲਗਾਈ ਹੈ।

ਅਥਵਾ:-ਗੁਰਮੁਖ ਜੋ ਜਨਕ ਰਾਜਾ ਹੈ ਉਸ ਦੁਆਰੇ ਸੁਕਦੇਵ ਨੇ ਹਰੀ ਨਾਮ ਵਿੱਚ ਲਿਵ ਲਗਾਈ ਹੈ।

ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥
ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ॥

ਮੁਖੀ ਗੁਰੂ ਜੋ ਵਸਿਸਟ ਜੀ ਹਨ, ਉਹਨਾਂ ਨੇ ਹਰਿ=ਰਾਮਚੰਦ੍ਰ ਜੀ ਨੂੰ ਉਪਦੇਸ਼ ਸੁਣਾਇਆ ਹੈ ਅਰਥਾਤ ਸ੍ਰੀ ਰਾਮਚੰਦ੍ਰ ਜੀ ਨੇ ਵਸਿਸਟ ਮਹਾਰਾਜ ਜੀ ਪਾਸੋਂ ਉਪਦੇਸ਼ ਗ੍ਰਹਿਣ ਕੀਤਾ ਹੈ।

ਹੇ ਮੇਰੇ ਭਾਈ ! ਗੁਰਾਂ ਤੋਂ ਬਿਨਾਂ ਕਿਸੀ ਨੇ ਭੀ ਹਰੀ ਨਾਮ ਨਹੀਂ ਪਾਇਆ।

ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ॥ ੧੩ ॥

ਮੁਖੀ ਗੁਰੂ ਜੋ ਦੁਰਬਾਸ਼ਾ ਜੀ ਹਨ, ਉਹਨਾਂ ਨੇ ਹਰੀ ਦੀ ਭਗਤੀ ਹਰਿ=ਕ੍ਰਿਸ਼ਨ ਜੀ ਨੂੰ ਆਪ ਲਹਾਈ=ਲਭਾਈ ਹੈ॥ ੧੩॥

ਸਲੋਕੁ ਮਃ ੩ ॥

ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ॥
ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ॥

---

*ਨੋਟ:-ਪ੍ਰਹਿਲਾਦ ਦੇ ਗੁਰੂ ਨਾਰਦ ਜੀ ਹਨ। ਜਨਕ ਰਾਜਾ ਜੀ ਦੇ ਗੁਰੂ ਅਸ਼ਟਾਵਕ੍ਰ ਜੀ ਹਨ।

ਜਿਸ ਨੂੰ ਸਤਿਗੁਰੂ ਦੀ ਪ੍ਰਤੀਤ ਨਹੀਂ ਆਈ, ਅਤੇ ਉਪਦੇਸ਼ ਵਿਚ ਭਾਉ=ਪ੍ਰੇਮ ਨਹੀਂ ਲੱਗਾ। ਉਸ ਨੂੰ ਸੁੱਖ ਉਤਪਤ ਨਹੀਂ ਹੁੰਦਾ, ਭਾਵੇਂ ਸਉ ਗੇੜਾ=ਸੈਂਕੜੇ ਵਾਰੀ ਆਵੇ ਜਾਵੇ।

ਨਾਨਕ ਗੁਰਮੁਖਿ ਸਹਜਿ ਮਿਲੈ ਸਚੇ ਸਿਉ ਲਿਵ ਲਾਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਸੱਚੇ ਨਾਲ ਲਿਵ ਲਗਾਣ ਕਰਕੇ ਗੁਰਮੁਖ ਜਨ ਸਹਜਿ=ਗਿਆਨ ਵਿਚ ਮਿਲਦਾ ਹੈ॥ ੧ ॥

ਮਃ ੩ ॥ ਏ ਮਨ ਐਸਾ ਸਤਿਗੁਰੁ ਖੋਜਿ ਲਹੁ
ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥

ਹੇ ਮਨ ! ਤੂੰ ਐਸੇ ਸਤਿਗੁਰਾਂ ਨੂੰ ਖੋਜਿ=ਲੱਭ ਲੈ, ਜਿਸ ਦੀ ਸੇਵਾ ਕੀਤਿਆਂ ਜਨਮ ਮਰਨ ਦਾ ਦੁੱਖ ਚਲਿਆ ਜਾਵੇ।

ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥

ਗੁਰ-ਉਪਦੇਸ਼ ਦੁਆਰਾ ਹਉਮੈ ਨੂੰ ਸਾੜ ਦੇ, ਤਾਂ ਫਿਰ ਮੂਲ=ਕਦਾਚਿਤ ਸੰਸਾ ਨਹੀਂ ਹੋਵੇਗਾ।

ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥
ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ ॥

ਹਿਰਦੇ ਵਿਚੋਂ ਝੂਠ ਦੀ ਪਾਲਿ=ਵੱਟ ਨਿਕਲ ਜਾਵੇ, ਤਾਂ ਮਨ ਵਿਚ ਸੱਚਾ ਆ ਕੇ ਵਸਦਾ ਹੈ। ਸਚ ਸੰਜਮਿ=ਨਿਸ਼ਕਪਟ ਇੰਦ੍ਰੀਆਂ ਦੇ ਦਮਨ ਕਰਕੇ ਰੂਪੀ ਕਾਰ ਦੇ ਕਮਾਉਣ ਕਰਕੇ ਮਨ ਅੰਦਰ ਸ਼ਾਂਤੀ ਸੁਖ ਹੁੰਦਾ ਹੈ।

ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਪੂਰਬਲੇ ਸ੍ਰੇਸ਼ਟ ਕਰਮ ਹੋਵਣ ਤਾਂ ਸਤਿਗੁਰ ਦੇਵ ਜੀ ਮਿਲਦੇ ਹਨ, ਜਾਂ ਸਤਿਗੁਰ ਦੇਵ ਜੀ ਮਿਲਣ ਤਾਂ ਰਜਾਇ=ਆਗਿਆ ਦੇ ਕਰਨ ਵਾਲਾ ਹਰਿ ਜੀਉ ਕਿਰਪਾ ਕਰਦਾ ਹੈ॥ ੨ ॥

ਪਉੜੀ ॥ ਜਿਸ ਕੈ ਘਰਿ ਦੀਬਾਨੁ ਹਰਿ ਹੋਵੈ
ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ ॥

ਜਿਸ ਪੁਰਸ਼ ਦੇ ਘਰਿ=ਹਿਰਦੇ ਵਿਚ ਹਰੀ ਦਾ ਦੀਬਾਨੁ=ਆਸਰਾ ਹੁੰਦਾ ਹੈ, ਉਸ ਦੀ ਮੁੱਠੀ ਵਿਚ ਸਾਰਾ ਜਗਤ ਆਇਆ ਹੈ। ਜਿਵੇਂ ਮੁੱਠੀ ਵਿਚ ਜੋ ਚੀਜ਼ ਹੋਵੇ ਉਹ ਆਪਣੇ ਅਧੀਨ ਹੁੰਦੀ ਹੈ, ਇਸੀ ਪ੍ਰਕਾਰ ਸਾਰਾ ਜਗਤ ਉਸ ਦੇ ਅਧੀਨ ਹੈ।

ਤਿਸ ਕਉ ਤਲਕੀ ਕਿਸੈ ਦੀ ਨਾਹੀ
ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ ॥

ਉਸ ਪੁਰਸ਼ ਨੂੰ ਕਿਸੇ ਦੀ ਤਲਕੀ=ਮੁਥਾਜੀ, ਅਥਵਾ:-ਇੱਛਾ ਨਹੀਂ ਹੈ, ਦੀਬਾਨਿ= ਆਸਰਾ ਰੂਪ ਹਰੀ ਨੇ ਸਭਨਾਂ ਨੂੰ ਲਿਆ ਕੇ ਤਿਸਦੀ ਪੈਰੀਂ ਪਾਇਆ ਹੈ।

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ
ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥

ਮਾਣਸਾ ਕਿਅਹੁ ਦੀਬਾਣਹੁ=ਮਨੁੱਖਾਂ ਦੇ ਆਸਰੇ ਹੇਠੋਂ ਤਾਂ ਕੋਈ ਨੱਸ ਭੱਜਕੇ ਨਿਕਲ ਸਕਦਾ ਹੈ, ਪਰ ਹਰੀ ਦੇ ਦੀਬਾਣਹੁ=ਆਸਰੇ ਹੇਠੋਂ ਨਿਕਲਕੇ ਕੋਈ ਕਿੱਥੇ ਜਾ ਸਕਦਾ ਹੈ।

ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ
ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ ॥

ਉਹ ਐਸਾ ਦੀਬਾਨੁ=ਆਸਰਾ ਰੂਪ ਹਰੀ ਭਗਤਾਂ ਦੇ ਹਿਰਦੇ ਵਿਚ ਵੱਸ ਰਿਹਾ ਹੈ, ਤਿਸ ਹਰੀ ਨੇ ਬਾਕੀ ਰਹਦੇ ਖੁਹਦੇ=ਬਚੇ ਖੁਚੇ, ਅਥਵਾ:-ਜੋ ਰਹਿਦੇ ਖੁਹਦੇ=ਖਹਿੰਦੇ ਸਨ ਉਹ ਸਾਰੇ ਲਿਆਕੇ ਭਗਤਾਂ ਅੱਗੇ ਖਲਵਾ ਦਿੱਤੇ ਹਨ।

ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ
ਗੁਰਮੁਖਿ ਵਿਰਲੈ ਕਿਨੈ ਧਿਆਇਆ ॥ ੧੪ ॥

ਹਰੀ ਨਾਮ ਦੀ ਵਡਿਆਈ ਪੂਰਬਲੇ ਕਰਮਾਂ ਨਾਲ ਪ੍ਰਾਪਤ ਹੁੰਦੀ ਹੈ, ਉਸ ਹਰੀ ਨੂੰ ਕਿਨੈ=ਕਿਸੀ ਵਿਰਲੇ ਗੁਰਮੁਖ ਨੇ ਧਿਆਉਣਾ ਕੀਤਾ ਹੈ॥ ੧੪ ॥

ਸਲੋਕੁ ਮ: ੩ ॥

ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥
ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥

ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਸਾਰਾ ਜਗਤ ਨਿਸਫਲ ਮਰ ਰਿਹਾ ਹੈ, ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗਵਾ ਕੇ। ਦ੍ਵੈਤ ਭਾ ਕਰਕੇ ਏਹ ਅਤਿਅੰਤ ਦੁੱਖ ਲੱਗਾ ਹੈ, ਜੇਹੜਾ ਜੰਮਣ ਮਰਨ ਵਿਚ ਆਉਂਦਾ ਜਾਂਦਾ ਹੈ।

ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥
ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥ ੧ ॥

ਤੇ ਉਸ ਦਾ ਗੰਦਗੀ ਅੰਦਰ ਵਾਸਾ ਹੁੰਦਾ ਹੈ ਤੇ ਵਾਰੰ-ਵਾਰ ਜੂਨੀਆਂ ਵਿਚ ਪੈਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਤੋਂ ਬਿਨਾਂ ਜਮ ਮਾਰਦਾ ਹੈ, ਅਤੇ ਅੰਤਿ=ਪ੍ਰਾਣਾਂ ਦੇ ਵਿਜੋਗ ਕਾਲ ਵੇਲੇ ਗਿਆ ਹੋਇਆ ਪਸ਼ਚਾਤਾਪ ਕਰਦਾ ਹੈ॥ ੧ ॥

ਮਃ ੩ ॥ ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥

ਇਸ ਸੰਸਾਰ ਵਿਚ ਇਕ ਪਰਮੇਸ਼ਰ ਹੀ ਪੁਰਖ ਹੈ, ਸਬਾਈ=ਸਾਰੀ ਸ੍ਰਿਸ਼ਟੀ ਵਿੱਚ ਹੋਰ ਸਗਲੀ=ਸਾਰੀਆਂ ਨਾਰੀਆਂ (ਇਸਤ੍ਰੀਆਂ) ਹਨ।

(ਪੰਨਾ ੫੯੨) ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥
ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥

ਸਾਰਿਆਂ ਘਟਾਂ ਨੂੰ ਭੋਗਦਾ ਹੋਇਆ ਫਿਰ ਉਹ ਅਲਿਪਤੁ=ਅਸੰਗ ਰਹਿੰਦਾ ਹੈ, ਉਹ ਅਲੱਖ ਪਰਮਾਤਮਾ ਆਪਣੇ ਆਪ ਜਾਣਿਆ ਨਹੀਂ ਜਾਂਦਾ। ਅੰਨਵੇ:-ਪੂਰਿਆਂ ਗੁਰਾਂ ਨੇ ਸਬਦੇ=ਉਪਦੇਸ਼ ਦੁਬਾਰਾ ਸੋਝੀ=ਗਿਆਤ ਪਾਈ=ਪਾਕੇ ਪਰਮੇਸ਼ਰ ਨੂੰ ਵਿਖਾਲਿਆ ਹੈ।

ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥
ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥

ਜੋ ਅਕਾਲ ਪੁਰਖ ਨੂੰ ਸੇਂਵਦੇ ਹਨ, ਉਹ ਅਕਾਲ ਪੁਰਖ ਦਾ ਰੂਪ ਹੀ ਹੋ ਜਾਂਦੇ ਹਨ, ਪਰ ਉਸ ਨੂੰ ਸੇਂਵਦਾ ਉਹ ਹੈ, ਜਿਸ ਨੇ ਗੁਰ ਉਪਦੇਸ਼ ਦੁਆਰਾ ਹਉਮੈ ਸਾੜੀ ਹੈ। ਤਿਸ ਦਾ ਸ਼ਰੀਕ ਭੀ ਕੋਈ ਨਹੀਂ ਅਤੇ ਕੰਟਕੁ=ਦੁਖਦਾਈ ਵੈਰੀ ਭੀ ਉਸ ਦਾ ਕੋਈ ਨਹੀਂ।

ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥
ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥
ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥ ੨ ॥

ਤਿਸਦਾ ਰਾਜੁ=ਹੁਕਮੁ ਅਥਵਾ:-ਸਰੂਪ ਨਿਸਚਲ ਹੈ, ਨਾ ਉਹ ਆਉਂਦਾ ਨਾ ਜਾਂਦਾ ਹੈ। ਸੇਵਕ ਹੋ ਕੇ ਰਾਤ-ਦਿਨੇ ਉਸ ਦੀ ਸੇਵਾ ਕਰੇ, ਅਤੇ ਸੱਚੇ ਹਰੀ ਦੇ ਗੁਣ ਗਾਵਣਾ ਕਰੇ। ਗੁਰੂ ਜੀ ਕਥਨ ਕਰਦੇ ਹਨ, ਅਸੀਂ ਸੱਚੇ ਹਰੀ ਦੀ ਵਡਿਆਈ ਨੂੰ ਵੇਖਕੇ ਵਿਗਸਿਆ=ਪ੍ਰਸੰਨ ਹੁੰਦੇ ਹਾਂ ॥ ੨ ॥

ਪਉੜੀ ॥ ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ
ਹਰਿ ਨਾਮੋ ਤਿਨ ਕੰਉ ਰਖਣਹਾਰਾ ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰ ਹਮਾਰਾ ॥

ਜਿਨ੍ਹਾਂ ਦੇ ਹਿਰਦੇ ਵਿੱਚ ਸਦਾ ਹਰੀ ਨਾਮ ਵਸਿਆ ਹੈ, ਹਰੀ ਨਾਮੀ ਉਹਨਾਂ ਨੂੰ ਰੱਖਣ ਵਾਲਾ ਹੈ। ਕਿਉਂਕਿ ਉਹ ਐਸੇ ਨਿਸਚੇ ਕਰਦੇ ਹਨ ! ਕਿ ਹਰੀ ਨਾਮ ਹੀ ਪਿਉ ਹੈ, ਹਰੀ ਨਾਮ ਹੀ ਮਾਂ ਹੈ, ਅਤੇ ਹਰੀ ਨਾਮ ਹੀ ਅਸਾਡਾ ਸਖਾਈ=ਪਿਆਰਾ, ਅਥਵਾ:-ਸਾਥ ਦਾ ਮਿੱਤਰ ਹੈ।

ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ
ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ
ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥

ਹਰੀ ਨਾਮ ਨਾਲ ਅਸੀਂ ਗੱਲਾਂ ਕਰਦੇ ਹਾਂ, ਹਰੀ ਨਾਮ ਨਾਲ ਹੀ ਅਸਾਡੀ ਮਸਲਤਿ=ਸਲਾਹ ਹੈ, ਕਿਉਂਕਿ ਹਰੀ ਨਾਮ ਹੀ ਅਸਾਡੀ ਨਿਤਾਪ੍ਰਤੀ ਸਾਰ ਸੰਭਾਲ ਕਰਦਾ ਹੈ। ਰਹੀ ਨਾਮ ਹੀ ਅਸਾਡੀ ਅਤਿਅੰਤ ਪਿਆਰੀ ਸੰਗਤ ਹੈ, ਹਰੀ ਨਾਮ ਹੀ ਕੁਲ ਤੇ ਹਰੀ ਨਾਮ ਹੀ ਪਰਵਾਰ ਹੈ।

ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ
ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥੧੫॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਨੂੰ ਉਸ ਹਰੀ ਦਾ ਨਾਮ ਹਰੀ ਸਰੂਪ ਗੁਰਾਂ ਨੇ ਦਿੱਤਾ ਹੈ, ਜੋ ਹਰੀ ਹਲਤਿ ਪਲਤਿ=ਲੋਕ ਪ੍ਰਲੋਕ ਵਿੱਚ ਸਦੀਵ ਕਾਲ ਨਿਸਤਾਰਾ ਕਰਦੇ ਹੈ॥ ੧੫॥

ਸਲੋਕੁ ਮਃ ੩ ॥ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ॥
ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ ਸਚੈ ਸਬਦਿ ਸਮਾਹਿ॥

ਜਿਨ੍ਹਾਂ ਨੂੰ ਸਤਿਗੁਰੂ ਭੇਟਿਆ=ਮਿਲਿਆ ਹੈ, ਉਹ ਪੁਰਸ਼ ਹਰੀ ਦੀ ਕੀਰਤੀ ਰੂਪੀ ਕਰਮ ਨੂੰ ਸਦਾ ਕਮਾਉਂਦੇ ਹਨ। ਉਹਨਾਂ ਦੇ ਮਨ ਵਿੱਚ ਅਚਿੰਤੁ=ਅਚਾਨਕ ਹੀ ਹਰੀ ਨਾਮ ਵਸਿਆ ਹੈ, ਅਤੇ ਉਹ ਸੱਚੇ ਸਬਦਿ=ਬ੍ਰਹਮ ਵਿੱਚ ਸਮਾਏ ਹਨ।

ਕੁਲੁ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ॥
ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ ਜੋ ਗੁਰ ਚਰਨੀ ਜਨ ਪਾਹਿ॥

ਉਹ ਆਪਣੀ ਕੁਲ ਨੂੰ ਤਾਰ ਲੈਂਦੇ ਹਨ, ਅਤੇ ਮੋਖ ਪਦਵੀ ਨੂੰ ਭੀ ਆਪ ਪਾਉਂਦੇ ਹਨ। ਉਹਨਾਂ ਨੂੰ ਪਾਰਬ੍ਰਹਮ (ਪਰਮਾਤਮਾ) ਸੰਤੁਸਟੁ=ਪ੍ਰਸੰਨ ਹੋਇਆ ਹੈ, ਜੋ ਪੁਰਸ਼ ਗੁਰਾਂ ਦੀ ਚਰਨੀ ਪਾਹਿ=ਪਏ ਹਨ।

ਜਨੁ ਨਾਨਕ ਹਰਿ ਕਾ ਦਾਸੁ ਹੈ ਕਰਿ ਕਿਰਪਾ ਹਰਿ ਲਾਜ ਰਖਾਹਿ॥੧॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਹੇ ਹਰੀ ! ਆਪ ਜੀ ਦਾ ਦਾਸ ਹਾਂ, ਹੇ ਹਰੀ ! ਕਿਰਪਾ ਕਰਕੇ ਆਪ ਲੱਜਾ ਰਖਾਹਿ=ਰੱਖਣੀ ਕਰੋ॥ ੧॥

ਮਃ ੩ ॥ ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥

ਮਨਮੁਖਾਂ ਦੇ ਹਿਰਦੇ ਅੰਦਰ ਹਉਮੈ ਰੂਪੀ ਖੜਕੁ=ਖੰਡਾ ਖੜਕਣੇ ਵਾਲਾ ਹੈ, ਉਸ ਦੇ ਖੜਕਣੇ ਵਿੱਚ

ਹੀ ਉਮਰਾ ਵਿਹਾਇ=ਬੀਤਦੀ ਜਾਂਦੀ ਹੈ। ਅਥਵਾ:-ਮਨਮੁਖਾਂ ਦੇ ਹਿਰਦੇ ਅੰਦਰ ਹਉਮੈ ਰੂਪੀ ਖੜਕੁ=ਖੋਭ ਹੈ ਖੜਕੇ ਖੜਕਿ=ਖੋਭ ਹੀ ਖੋਭ ਵਿੱਚ ਉਮਰਾ ਬੀਤਦੀ ਜਾਂਦੀ ਹੈ।

ਹਉਮੈ ਰੂਪੀ ਇੱਕ ਵੱਡਾ ਭਾਰੀ ਰੋਗ ਹੈ-ਇਸ ਕਰਕੇ ਜੀਵ ਜੰਮਣ ਮਰਨ ਵਿੱਚ ਆਉਂਦਾ ਜਾਂਦਾ ਹੈ।

ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ॥
ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ॥ ੨॥

ਜਿਨ੍ਹਾਂ ਦੇ ਮੱਥੇ ਉੱਪਰ ਪੂਰਬਲਾ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ, ਉਹਨਾਂ ਨੂੰ ਪ੍ਰਭੂ ਰੂਪ ਸਤਿਗੁਰਾਂ ਦਾ ਉਪਦੇਸ਼ ਆ ਕੇ ਮਿਲਿਆ ਹੈ। ਅਥਵਾ:-ਸਤਿਗੁਰਾਂ ਦੁਆਰੇ ਪ੍ਰਭੂ ਆ ਕੇ ਮਿਲਿਆ ਹੈ।

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੀ ਕਿਰਪਾ ਵਾਲੇ ਗੁਰ-ਉਪਦੇਸ਼ ਦੁਆਰਾ ਹਉਮੈ ਨੂੰ ਸਾੜ ਕੇ ਸੰਸਾਰ ਤੋਂ, ਅਥਵਾ:-ਜਨਮ ਮਰਨ ਤੋਂ ਉਬਰੇ=ਬਚ ਗਏ ਹਨ॥ ੨॥

ਪਉੜੀ॥ ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ
ਅਬਿਨਾਸੀ ਪੁਰਖੁ ਬਿਧਾਤਾ॥
ਹਰਿ ਨਾਮੁ ਹਮ ਸੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ॥

ਅੰਨ੍ਹੇ:-ਪ੍ਰਭੂ ਅਬਿਗਤ ਅਗੋਚਰ ਅਬਨਾਸੀ ਬਿਧਾਤਾ=ਫਲ-ਬਰ ਦਾਤੇ ਹਰੀ ਦਾ ਨਾਮ ਹੀ ਅਸਾਡਾ ਪ੍ਰਭੂ=ਰੱਖਜਕ ਹੈ। ਇਸ ਕਰਕੇ ਅਸੀਂ ਹਰੀ ਨਾਮ ਨੂੰ ਸੇਂਵਦੇ ਹਾਂ, ਹਰੀ ਨਾਮ ਨੂੰ ਹੀ ਪੂਜਦੇ ਹਾਂ, ਅਤੇ ਹਰੀ ਨਾਮ ਵਿੱਚ ਹੀ ਅਸਾਡਾ ਮਨ ਰੱਤਾ ਹੋਇਆ ਹੈ।

ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥

ਹਰੀ ਨਾਮ ਜੇਡਾ ਅਸਾਨੂੰ ਅਵਰੁ=ਹੋਰ ਕੋਈ ਸੁਝਦਾ ਨਹੀਂ, ਅੰਤ ਦੇ ਵੇਲੇ ਹਰੀ ਨਾਮ ਹੀ ਅਸਾਂ ਨੂੰ ਛੁਡਾਉਣ ਵਾਲਾ ਹੈ। ਪਰ-ਉਪਕਾਰੀ ਗੁਰਾਂ ਨੇ ਹਰੀ ਨਾਮ ਦਿੱਤਾ ਹੈ, ਇਸ ਲਈ ਗੁਰੂ ਜੀ ਦਾ ਪਿਤਾ ''ਬਾਬਾ ਤੇਜ ਭਾਨਾ'' ਜੀ ਧੰਨ ਹੈ, ਮਾਤਾ ''ਰੂਪ ਕੌਰ'' ਜੀ ਵੀ ਧੰਨ ਹੈ।

ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥ ੧੬॥

ਅਸੀਂ ਆਪਣੇ ਸਤਿਗੁਰਾਂ ਨੂੰ ਸਦੀਵ ਕਾਲ ਨਮਸ਼ਕਾਰ ਕਰਦੇ ਹਾਂ, ਜਿਤੁ=ਜਿਨ੍ਹਾਂ ਗੁਰਾਂ ਨਾਲ ਮਿਲਕੇ ਮੈਂ ਹਰੀ ਨਾਮ ਨੂੰ ਜਾਤਾ=ਜਾਣਿਆ ਹੈ॥ ੧੬॥

ਸਲੋਕੁ ਮਃ ੩॥

ਗੁਰਮੁਖਿ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ॥

ਸਬਦੈ ਸਾਦੁ ਨ ਆਇਓ ਮਰਿ ਜਨਮੈ ਵਾਰੋ ਵਾਰ ॥

ਜਿਸ ਪੁਰਸ਼ ਨੇ ਮੁਖਿ ਗੁਰਾਂ ਦੀ ਸੇਵਾ ਨਹੀਂ ਕੀਤੀ, ਅਤੇ ਹਰੀ ਨਾਮ ਵਿੱਚ ਪਿਆਰ ਨਹੀਂ ਲੱਗਾ। ਤੇ ਗੁਰਾਂ ਦੇ ਉਪਦੇਸ਼ ਦਾ ਸੁਆਦ ਨਹੀਂ ਆਇਆ, ਉਹ ਪੁਰਸ਼ ਵਾਰੰ-ਵਾਰ ਜੰਮਦਾ ਮਰਦਾ ਹੈ।

ਮਨਮੁਖਿ ਅੰਧੁ ਨ ਚੇਤਈ ਕਿਤੁ ਆਇਆ ਸੈਸਾਰਿ ॥
ਨਾਨਕ ਜਿਨ ਕਉ ਨਦਰਿ ਕਰੇ ਸੇ ਗੁਰਮੁਖਿ ਲੰਘੇ ਪਾਰਿ ॥ ੧ ॥

ਜੋ ਅੰਧੁ=ਅੰਨ੍ਹਾ ਮਨਮੁਖ ਵਾਹਿਗੁਰੂ ਨਾਮ ਚੇਤਈ=ਯਾਦ ਨਹੀਂ ਕਰਦਾ, ਉਹ ਸੰਸਾਰ ਵਿੱਚ ਕਿਤੁ=ਕਿਸ ਵਾਸਤੇ ਆਇਆ ਹੈ। ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਵਾਹਿਗੁਰੂ ਮੇਹਰ ਦੀ ਨਜ਼ਰ ਕਰਦਾ ਹੈ ਸੇ=ਉਹ ਗੁਰਮੁਖ ਜਨ ਸੰਸਾਰ ਸਮੁੰਦਰ ਤੋਂ ਪਾਰ ਲੰਘੇ ਹਨ॥ ੧ ॥

ਮਃ ੩ ॥ ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥
ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥

ਇੱਕ ਸਤਿਗੁਰ ਦੇਵ ਹੀ ਗਿਆਨ ਜਾਗ੍ਰਤ ਵਿੱਚ ਜਾਗਦਾ ਹੈ, ਹੋਰ ਸਾਰਾ ਜਗੁ=ਜਗਤ ਸੰਬੰਧੀਆਂ ਦੇ ਮੋਹ, ਤੇ ਪਦਾਰਥਾਂ ਦੀ ਪਿਆਸ ਵਿੱਚ ਸੁੱਤਾ ਹੋਇਆ ਹੈ। ਸਤਿਗੁਰਾਂ ਦੀ ਸੇਵਾ ਕਰਕੇ ਜੋ ਪੁਰਸ਼ ਗੁਣਤਾਸਿ=ਗੁਣਾਂ ਦੇ ਖਜ਼ਾਨੇ ਪਰਮੇਸ਼ਰ ਦੇ ਸੱਚ ਨਾਮ ਵਿੱਚ ਰੱਤੇ ਹਨ, ਸੇ=ਓਹੀ ਗਿਆਨ ਜਾਗ੍ਰਤ ਵਿੱਚ ਜਾਗੰਨਿ=ਜਾਗਦੇ ਹਨ।

(ਪੰਨਾ ੫੯੩) ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ ॥
ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨ ॥

ਅੰਨ੍ਹੇ ਮਨਮੁਖ ਵਾਹਿਗੁਰੂ ਨੂੰ ਚੇਤਦੇ ਨਹੀਂ, ਇਸੀ ਤੇ ਜਨਮ ਮਰਨ ਵਿੱਚ ਬਿਨਾਸਿ=ਖਰਾਬ ਹੁੰਦੇ ਹਨ। ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਗੁਰਮੁਖਾਂ ਨੇ ਨਾਮ ਧਿਆਇਆ ਹੈ, ਜਿਨ੍ਹਾਂ ਨੂੰ ਧੁਰ ਤੋਂ ਹੀ ਪੂਰਬਲਾ ਸ੍ਰਿਸ਼ਟ ਲੇਖ ਲਿਖਿਆ ਹੋਇਆ ਆਸਿ=ਹੈ॥ ੨ ॥

ਪਉੜੀ ॥ ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥

ਹਰੀ ਦਾ ਨਾਮ ਹੀ ਅਸਾਡਾ ਛੱਤੀਹ ਪ੍ਰਕਾਰ ਦਾ ਅੰਮ੍ਰਿਤ ਭੋਜਨ ਹੈ, ਜਿਸ ਹਰੀ ਨਾਮ ਭੋਜਨ ਦੇ ਖਾਣ ਕਰਕੇ ਅਸਾਡੇ ਮਨ ਨੂੰ ਤ੍ਰਿਪਤੀ ਹੋਈ ਹੈ।

ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ ॥

ਹਰੀ ਦਾ ਨਾਮ ਹੀ ਅਸਾਡਾ ਕੱਪੜਿਆਂ ਦਾ ਪੈਨਣੁ=ਪਹਿਰਣਾ ਹੈ, ਜਿਸ ਹਰੀ ਨਾਮ ਰੂਪ ਕੱਪੜੇ ਦੇ

ਪਹਿਰਣ ਕਰਕੇ ਫਿਰ ਨੰਗੇ ਨਹੀਂ ਹੋਈਦਾ, ਅਤੇ ਹੋਰ ਪ੍ਰਤੱਖ ਕੱਪੜਿਆਂ ਦੇ ਪਹਿਰਣ ਦੀ ਅਸਾਡੀ ਸ਼ਰਧਾ ਚਲੀ ਗਈ ਹੈ।

ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ
ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ॥

ਹਰੀ ਨਾਮ ਹੀ ਅਸਾਡਾ ਵਣਜ ਹੈ, ਹਰੀ ਨਾਮ ਹੀ ਵਾਪਾਰ ਹੈ, ਸਤਿਗੁਰਾਂ ਨੇ ਅਸਾਨੂੰ ਹਰੀ ਨਾਮ ਦੀ ਕਾਰ ਕੁਨੀ=ਕਰਨੀ ਦਿੱਤੀ ਹੈ, ਅਥਵਾ:-=ਕਾਰ ਵੀ ਹਰੀ ਨਾਮ ਦੀ ਅਤੇ ਦਸ ਹਜ਼ਾਰ ਦੀ ਕੁੰਨੀ=ਥੈਲੀ ਵੀ ਹਰੀ ਨਾਮ ਦੀ ਦਿੱਤੀ ਹੈ। ਅਥਵਾ:-ਕਾਰਕੁਨੀ=ਆਮ ਮੁਖਤਿਆਰੀ ਦਿੱਤੀ ਹੈ।

ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ॥

ਹਰੀ ਨਾਮ ਦਾ ਅਸਾਂ ਨੇ ਲੇਖਾ ਲਿਖਿਆ ਹੈ, ਜਿਸ ਕਰਕੇ ਅਗਲੀ ਜਮਾਂ ਦੀ ਸਾਰੀ ਕਾਣਿ=ਕਾਨ-ਕਨੌਡ ਚਲੀ ਗਈ ਹੈ।

ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ
ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ॥ ੧੭॥

ਕਿਸੀ ਵਿਰਲੇ ਗੁਰਮੁਖ ਨੇ ਹਰੀ ਦਾ ਨਾਮ ਧਿਆਇਆ ਹੈ, ਜਿਨ੍ਹਾਂ ਨੂੰ ਧੁਰ ਤੋਂ ਸ੍ਰੇਸ਼ਟ ਕਰਮਾਂ ਦੀ ਲਿਖਤ ਪਈ ਹੋਈ, ਹੁਣ ਫਲ ਦੇਣੇ ਨੂੰ ਪ੍ਰਾਪਤ ਹੋਈ ਹੈ॥ ੧੭॥

ਸਲੋਕ ਮਃ ੩ ॥ ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ॥

ਇਹ ਅਗਿਆਨੀ ਜਗਤੁ=ਜੀਵ ਅੰਨ੍ਹਾ ਹੋ ਰਿਹਾ ਹੈ, ਤੇ ਦ੍ਵੈਤ ਭਾ ਦੇ ਕਰਮ ਕਮਾ ਰਿਹਾ ਹੈ। ਦ੍ਵੈਤ ਭਾ ਵਿੱਚ ਲੱਗ ਕੇ ਜਿਤਨੇ ਕਰਮ ਕਰਦਾ ਹੈ, ਉਤਨੇ ਹੀ ਦੁੱਖ ਤਨ ਨੂੰ ਦੌੜਕੇ ਲੱਗਦੇ ਹਨ।

ਗੁਰ ਪਰਸਾਦੀ ਸੁਖੁ ਉਪਜੈ ਜਾ ਗੁਰ ਕਾ ਸਬਦੁ ਕਮਾਇ॥
ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ॥

ਗੁਰਾਂ ਦੀ ਕਿਰਪਾ ਨਾਲ ਜਾਂ ਗੁਰਾਂ ਦਾ ਉਪਦੇਸ਼ ਕਮਾਉਣਾ ਕਰੇ ਤਾਂ ਸੁਖ ਉਤਪੰਨ ਹੁੰਦਾ ਹੈ। ਸੱਚੀ ਬਾਣੀ ਜਪਣੇ ਰੂਪੀ ਕਰਮ ਕਰੇ, ਅਤੇ ਰਾਤ-ਦਿਨੇ ਹਰੀ ਨਾਮ ਨੂੰ ਧਿਆਵੇ।

ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨ ਜਾਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਜਿਸ ਤਰਫ਼ ਹਰੀ ਨੇ ਆਪ ਜੀਵ ਲਗਾਏ ਹਨ ਤਿਸੀ ਤਰਫ਼ ਲੱਗ ਰਹੇ ਹਨ, ਇਸ ਉੱਪਰ ਹੋਰ ਕੁਝ ਕਹਿਣਾ ਕਰੀਏ ਤਾਂ ਕੁਛ ਕਿਹਾ ਨਹੀਂ ਜਾਂਦਾ ਹੈ॥ ੧॥

ਮਃ ੩ ॥ ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ ॥
ਸਤਗੁਰੁ ਦਾਤਾ ਜੀਅ ਕਾ ਸਦ ਜੀਵੈ ਦੇਵਣਹਾਰਾ ॥

ਗੁਰੂ ਜੀ ਕਥਨ ਕਰਦੇ ਹਨ ਅਸਾਡੇ ਘਰ ਵਿਚ ਸਦੀਵ ਕਾਲ ਨਾਮ ਰੂਪ ਖ਼ਜ਼ਾਨਾ ਹੈ, ਅਤੇ ਭਗਤੀ ਦੇ ਭੰਡਾਰੇ ਭਰੇ ਹੋਏ ਹਨ। ਸਤਿਗੁਰੂ ਹੀ ਜੀਵਾਂ ਦੇ ਦਾਤੇ ਹਨ, ਦੇਵਣ ਵਾਲੇ ਗੁਰੂ ਸਾਹਿਬ ਜੀ ਸਦਾ ਹੀ ਜੀਵੈ=ਜੀਉਂਦੇ ਹਨ।

ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥
ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥

ਅਪਾਰ ਦੀ ਪ੍ਰਾਪਤੀ ਕਰਨ ਵਾਲੇ ਗੁਰ-ਉਪਦੇਸ਼ ਦੁਆਰਾ ਗੁਰਮੁਖ ਜਨ ਸਦੀਵ ਕਾਲ ਰਾਤ-ਦਿਨ ਕੀਰਤਨ ਕਰਹਿ=ਕਰਦੇ ਹਨ। ਜੁਗਾਂ ਜੁਗਾਂ ਵਿਚ ਨਾਮ ਦੀ ਦਾਤ ਵਰਤਾਉਣ ਵਾਲੇ ਜੋ ਗੁਰੂ ਹਨ, ਉਹਨਾਂ ਗੁਰਾਂ ਦੇ ਉਪਦੇਸ਼ ਨੂੰ ਗੁਰਮੁਖ-ਜਨ ਸਦਾ ਉਚਾਰਦੇ ਹਨ।

ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਾਪਾਰਾ ॥
ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥

ਇਹ ਮਨ ਸਦੀਵ ਕਾਲ ਸੁਖ ਵਿੱਚ ਤਾਂ ਵੱਸਦਾ ਹੈ, ਜੇ ਸਹਜੇ=ਸ਼ਾਂਤੀ ਪੂਰਬਕ ਨਾਮ ਦਾ ਵਾਪਾਰ ਕਰੇ। ਗੁਰਾਂ ਦੇ ਅੰਦਰ ਜੋ ਰਤਨ ਰੂਪ ਹਰੀ ਦਾ ਗਿਆਨ ਹੈ, ਓਹੀ ਮੁਕਤੀ ਕਰਾਉਣ ਵਾਲਾ ਹੈ।

ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਗੁਰੂ ਜੀ ਕਿਰਪਾ ਦ੍ਰਿਸ਼ਟੀ ਕਰਦੇ ਹਨ, ਓਹੀ ਗਿਆਨ ਨੂੰ ਪਾਉਂਦਾ ਹੈ; ਜੋ ਗਿਆਨ ਪਾਉਂਦਾ ਹੈ, ਓਹੀ ਪੁਰਸ਼ ਦਰਬਾਰ ਵਿੱਚ ਸਚਿਆਰ ਹੁੰਦਾ ਹੈ॥ ੨ ॥

ਪਉੜੀ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥

ਉਹ ਗੁਰਸਿੱਖ ਧੰਨ ਧੰਨ ਕਹੀਦਾ ਹੈ, ਜੋ ਸਿੱਖ ਸਤਿਗੁਰਾਂ ਦੀ ਚਰਨੀ ਜਾ ਕੇ ਪਿਆ ਹੈ।

ਉਹ ਗੁਰਸਿੱਖ ਧੰਨ ਧੰਨ ਕਹੀਦਾ ਹੈ, ਜਿਸ ਨੇ ਮੁੱਖ ਤੋਂ ਹਰੀ ਰਾਮ ਦੇ ਨਾਮਾਂ ਨੂੰ ਕਥਨ ਕੀਤਾ ਹੈ।

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥

ਉਹ ਗੁਰਸਿੱਖ ਧੰਨ ਧੰਨ ਕਹੀਦਾ ਹੈ, ਹਰੀ ਨਾਮ ਸੁਣਨ ਕਰਕੇ ਜਿਸ ਦੇ ਮਨ ਵਿੱਚ ਅਨੰਦ ਭਇਆ=ਹੋਇਆ ਹੈ।

ਉਹ ਗੁਰਸਿੱਖ ਧੰਨ ਧੰਨ ਕਹੀਦਾ ਹੈ, ਜਿਸ ਨੇ ਸਤਿਗੁਰਾਂ ਦੀ ਸੇਵਾ ਕਰਕੇ ਹਰੀ ਨਾਮ ਲੈਣ ਕੀਤਾ ਹੈ।

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ ੧੮ ॥

ਉਸ ਗੁਰਸਿੱਖ ਨੂੰ ਮੈਂ ਸਦਾ ਹੀ ਮੱਥਾ ਟੇਕਦਾ ਹਾਂ, ਜੋ ਗੁਰਸਿੱਖ ਗੁਰਾਂ ਦੇ ਭਾਣੈ=ਹੁਕਮ ਵਿੱਚ ਚੱਲਿਆ ਹੈ॥ ੧੮ ॥

ਸਲੋਕੁ ਮਃ ੩ ॥ ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥

ਮਨ ਦੇ ਹੱਠ ਕਰਕੇ ਪਰਮਾਤਮਾ ਨੂੰ ਕਿਸੀ ਨੇ ਪਾਇਆ ਨਹੀਂ, ਸਾਰੇ ਜੀਵ ਕਰਮਾਂ ਨੂੰ ਕਮਾ ਕੇ ਥੱਕ ਗਏ ਹਨ। ਮਨ ਦੇ ਹਠੀਏ ਭੇਖਾਂ ਨੂੰ ਧਾਰਨ ਕਰਕੇ ਭੜਕਦੇ ਫਿਰਦੇ ਹਨ, ਉਹਨਾਂ ਨੇ ਦੂਜੈ ਭਾਇ=ਦਵੈਤ ਭਾ ਕਰਕੇ ਦੁੱਖ ਪਾਇਆ ਹੈ।

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥

ਰਿੱਧੀਆਂ ਸਿੱਧੀਆਂ ਸਭ ਮੋਹ ਰੂਪ ਹਨ, ਇਨ੍ਹਾਂ ਵਿੱਚ ਲੱਗਣੇ ਕਰਕੇ ਮਨ ਵਿੱਚ ਹਰੀ ਨਾਮ ਆ ਕੇ ਨਹੀਂ ਵਸਦਾ। ਗੁਰ ਸੇਵਾ ਕੇ ਕਰਨ ਨਾਲ ਮਨ ਸ਼ੁੱਧ ਹੁੰਦਾ ਹੈ, ਅਤੇ ਅਗਿਆਨ ਰੂਪ ਅਨ੍ਹੇਰਾ ਦੂਰ ਹੋ ਜਾਂਦਾ ਹੈ।

ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥ ੧ ॥

। ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਘਰਿ=ਹਿਰਦੇ ਵਿੱਚ ਨਾਮ ਰੂਪ ਰਤਨ ਪ੍ਰਗਟ ਹੋਇਆ ਹੈ, ਉਹ ਸਹਜਿ ਸਮਾਇ=ਗਿਆਨ ਵਿੱਚ ਸਮਾਂਵਦਾ ਹੈ॥ ੧ ॥

(ਪੰਨਾ ੫੯੪)

ਮਃ ੩ ॥ ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥
ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥ ੨ ॥

ਜਿਸ ਨੂੰ ਸਬਦੈ=ਗੁਰ-ਉਪਦੇਸ਼ ਦਾ ਸਾਦੁ=ਸੁਆਦ ਨਹੀਂ ਆਇਆ, ਅਤੇ ਹਰੀ ਨਾਮ ਵਿੱਚ ਪਿਆਰ ਨਹੀਂ ਲਗੋ=ਲੱਗਾ। ਜੋ ਰਸਨਾਂ ਤੋਂ ਫਿੱਕੇ ਬਚਨ ਬੋਲਦਾ ਹੈ, ਉਹ ਪੁਰਸ਼ ਨਿਤ ਨਿਤ=ਨਿਤਾਪ੍ਰਤੀ ਖੁਆਰੁ=ਖਰਾਬ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਮੱਥੇ ਉੱਪਰ ਜੈਸੇ ਕਿਰਤ ਪਏ ਹਨ, ਤੈਸੇ ਹੀ ਉਹ ਅੱਗੋਂ ਕਰਮਾਂ ਨੂੰ ਕਮਾਉਂਦਾ ਹੈ, ਭੋਗੇ ਬਿਨਾਂ ਉਹਨਾਂ ਕਰਮਾਂ ਨੂੰ ਕੋਈ ਮੇਟਣ ਵਾਲਾ ਨਹੀਂ ਹੈ॥ ੨ ॥

ਪਉੜੀ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥

ਸਤ ਪੁਰਖੁ=ਪਰਮੇਸ਼ਰ ਰੂਪ ਅਸਾਡੇ ਸਤਿਗੁਰੂ ਧੰਨ ਧੰਨ ਹਨ, ਜਿਸ ਗੁਰਾਂ ਨਾਲ ਮਿਲਣ ਕਰਕੇ ਅਸਾਨੂੰ ਸ਼ਾਂਤੀ ਆਈ ਹੈ। ਸਤ ਪੁਰਖੁ=ਪਰਮੇਸ਼ਰ ਰੂਪ ਅਸਾਡੇ ਸਤਿਗੁਰੂ ਧੰਨ ਧੰਨ ਹਨ ਜਿਸ ਗੁਰਾਂ ਨਾਲ ਮਿਲਕੇ ਅਸਾਂ ਨੇ ਹਰੀ ਦੀ ਭਗਤੀ ਪਾਈ ਹੈ।

ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ
ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ॥

ਹਰੀ ਦੀ ਭਗਤੀ ਕਰਾਉਣ ਵਾਲੇ ਅਸਾਡੇ ਸਤਿਗੁਰੂ ਧੰਨ ਧੰਨ ਹਨ, ਜਿਸ ਗੁਰੂ ਦੀ ਸੇਵਾ ਨਾਲ ਹੀ ਅਸਾਂ ਨੇ ਹਰਿ ਹਰਿ ਨਾਮ ਵਿੱਚ ਲਿਵ ਲਗਾਈ ਹੈ।

ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥

ਹਰਿ ਗਿਆਨੀ=ਹਰੀ ਸਰੂਪ ਦੇ ਜਣਾਉਣ ਵਾਲੇ ਅਸਾਡੇ ਸਤਿਗੁਰੂ ਧੰਨ ਧੰਨ ਹਨ, ਜਿਸ ਗੁਰੂ ਦੀ ਸੇਵਾ ਨਾਲ ਹੀ ਅਸਾਂ ਨੇ ਹਰਿ ਹਰਿ ਨਾਮ ਵਿੱਚ ਲਿਵ ਲਗਾਈ ਹੈ।

ਹਰਿ ਗਿਆਨੀ=ਹਰੀ ਸਰੂਪ ਦੇ ਜਣਾਉਣ ਵਾਲੇ ਅਸਾਡੇ ਸਤਿਗੁਰੂ ਧੰਨ ਧੰਨ ਹਨ, ਜਿਸ ਗੁਰੂ ਨੇ ਵੈਰੀ ਤੇ ਮਿੱਤਰ ਸਾਰੇ ਹੀ ਅਸਾਨੂੰ ਸਮ-ਦ੍ਰਿਸ਼ਟੀ ਵਿਖਾਏ ਹਨ।

ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ
ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ॥ ੧੯॥

ਅਸਾਡੇ ਅਸਲੀ ਮਿੱਤਰ ਸਤਿਗੁਰੂ ਧੰਨ ਧੰਨ ਹਨ, ਜਿਸ ਗੁਰੂ ਨੇ ਹਰੀ ਨਾਮ ਨਾਲ ਅਸਾਡੀ ਪ੍ਰੀਤੀ ਬਣਾ ਦਿੱਤੀ ਹੈ॥ ੧੯॥

ਸਲੋਕੁ ਮਃ ੧॥ ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥ ੧॥

ਇਸ ਜੀਵ ਰੂਪੀ ਮੁੰਧਿ=ਇਸਤ੍ਰੀ ਦੇ ਸਰੀਰ ਘਰ ਦੇ ਵਿੱਚ ਹੀ ਪਿਰੀ-ਪਰਮਾਤਮਾ ਵੱਸਦਾ ਹੈ, ਪਰ ਇਹ ਇਸਤ੍ਰੀ ਉਸ ਨੂੰ ਵਿਦੇਸਿ=ਪਰਦੇਸ ਜਾਣਕੇ ਭਾਵ ਦੂਰ ਜਾਣਕੇ ਨਿਤਾਪ੍ਰਤੀ ਝੁਰਦੀ ਤੇ ਸੰਮ੍ਹਾਲੇ=ਯਾਦ ਕਰਦੀ ਹੈ। ਜੇਕਰ ਇਹ ਜੀਵ ਰੂਪ ਇਸਤ੍ਰੀ ਆਪਣੀ ਨੀਅਤਿ=ਬੁੱਧੀ ਨੂੰ ਰਾਸਿ ਕਰੇ=ਸਾਫ ਕਰ ਲਵੇ ਤਾਂ

ਉਸ ਪਤੀ-ਪਰਮਾਤਮਾ ਨਾਲ ਮਿਲਦਿਆਂ ਹੋਇਆਂ ਕੋਈ ਢਿਲ=ਦੇਰੀ ਨਹੀਂ ਹੁੰਦੀ।

ਯਥਾ:-ਮ: ੩ ॥ ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥ ੧੦੪॥ *(ਪੰਨਾ ੧੩੮੩)*

ਮ: ੧ ॥ ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ॥
ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਉਸ ਵਾਹਿਗੁਰੂ ਦੀ ਪ੍ਰੀਤੀ ਤੋਂ ਬਾਝੁ=ਬਿਨਾਂ ਜੋ ਗੱਲਾਂ ਕਰਨੀਆਂ ਹਨ, ਉਹ ਸਭ ਕੂੜੀਆ=ਝੂਠੀਆਂ ਹਨ। ਤਿਚਰੁ=ਤਦ ਤੱਕ ਇਹ ਜੀਵ ਉਸ ਪਰਮੇਸ਼ਰ ਨੂੰ ਭਲਾ ਕਰਕੇ ਜਾਣੈ=ਜਾਣਦਾ ਹੈ ਜਿਚਰੁ=ਜਦ ਤੱਕ ਉਹ ਦੇਂਦਾ ਰਹੇ, ਤੇ ਇਹ ਜੀਵ ਪਦਾਹਥ ਲੈਂਦਾ ਰਹੇ॥ ੨ ॥

ਪਉੜੀ॥ ਜਿਨਿ ਉਪਾਏ ਜੀਅ ਤਿਨਿ ਹਰਿ ਰਾਖਿਆ॥
ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ॥

ਜਿਸ ਪਰਮੇਸ਼ਰ ਨੇ ਜੀਵ ਪੈਦਾ ਕੀਤੇ ਹਨ, ਓਸੇ ਹਰੀ ਨੇ ਰੱਖਣਾ ਕੀਤੇ ਹਨ। ਉਸ ਸੱਚੇ ਪਰਮੇਸ਼ਰ ਦੇ ਨਾਮ ਅੰਮ੍ਰਿਤ ਭੋਜਨ ਨੂੰ ਜਿਸ ਨੇ ਚਾਖਿਆ=ਖਾਧਾ ਹੈ।

ਤਿਪਤਿ ਰਹੇ ਆਘਾਇ ਮਿਟੀ ਭਭਾਖਿਆ॥
ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ ਲਾਖਿਆ॥

ਉਹ ਤ੍ਰਿਪਤ ਹੋ ਕੇ ਆਘਾਇ=ਰੱਜ ਰਹੇ ਹਨ ਉਹਨਾਂ ਦੀ ਭਭਾਖਿਆ=ਅਭਿਲਾਖਾ, ਯਾਂ ਤ੍ਰਿਸ਼ਨਾਂ ਮਿਟ ਗਈ। ਸਾਰਿਆਂ ਅੰਦਰ ਇਕ ਪਰਮੇਸ਼ਰ ਵਰਤ ਰਿਹਾ ਹੈ, ਇਸ ਗੱਲ ਨੂੰ ਕਿਸੀ ਵਿਰਲੇ ਨੇ ਲਾਖਿਆ=ਜਾਣਿਆ ਹੈ।

ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ॥ ੨੦ ॥

ਗੁਰੂ ਜੀ ਕਥਨ ਕਰਦੇ ਹਨ, ਉਹ ਜਨ ਨਿਹਾਲ ਹੋਏ ਹਨ, ਜਿਨ੍ਹਾਂ ਨੇ ਪ੍ਰਭੂ ਦੀ ਪਾਖਿਆ=ਸ਼ਰਨ ਗ੍ਰਹਿਣ ਕੀਤੀ ਹੈ॥ ੨੦ ॥

ਸਲੋਕੁ ਮ: ੩ ॥ ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

ਸੰਸਾਰ ਵਿੱਚ ਜੇਤਾ=ਜਿਤਨਾ ਕੁ ਜਗਤ=ਜੀਵਾਂ ਦਾ ਪੁੰਜ ਹੈ, ਉਹ ਸਭ ਕੋਈ ਸਤਿਗੁਰਾਂ ਨੂੰ ਵੇਖਦਾ ਹੈ। ਅਥਵਾ:-ਜਿਤਨਾ ਭੀ ਜਗਤ ਹੈ, ਉਤਨਾ ਸਾਰਾ ਸੰਸਾਰ ਹੀ ਸਤਿਗੁਰਾਂ ਦੇ ਦਰਸ਼ਨ ਨੂੰ ਵੇਖਦਾ ਹੈ।

ਪਰ ਸਤਿਗੁਰ ਦੇ ਡਿਠੈ=ਦਰਸ਼ਨ ਕੀਤਿਆਂ ਹੀ ਮੁਕਤੀ ਨਹੀਂ ਹੁੰਦੀ, ਜਿਚਰੁ=ਜਦ ਤੱਕ ਸਬਦਿ=ਗੁਰ-ਉਪਦੇਸ਼ ਦੀ ਵਿਚਾਰ ਨਾ ਕੀਤੀ ਜਾਵੇ।

ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥

ਗੁਰ-ਉਪਦੇਸ਼ ਤੋਂ ਬਿਨਾਂ ਹਉਮੈ ਰੂਪੀ ਮੈਲ ਦੂਰ ਨਹੀਂ ਹੁੰਦੀ, ਅਤੇ ਨਾ ਹੀ ਹਰੀ ਨਾਮ ਵਿੱਚ ਪਿਆਰ ਲੱਗਦਾ ਹੈ। ਜਿਨ੍ਹਾਂ ਨੇ ਗੁਰ-ਉਪਦੇਸ਼ ਦੁਆਰਾ ਦੁਬਿਧਾ ਆਦਿਕ ਵਿਕਾਰ ਤਿਆਗੇ ਹਨ, ਉਹਨਾਂ ਇਕਨਾ ਨੂੰ ਵਾਹਿਗੁਰੂ ਨੇ ਆਪ ਹੀ ਬਖਸ਼ਕੇ ਆਪਣੇ ਨਾਲ ਮਿਲਾ ਲੀਤਾ ਹੈ।

ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ॥ ੧॥

ਗੁਰੂ ਜੀ ਕਥਨ ਕਰਦੇ ਹਨ, ਇਕ ਗੁਰਮੁਖ ਪੁਰਸ਼ ਸਤਿਗੁਰਾਂ ਦੇ ਦਰਸ਼ਨ ਨੂੰ ਵੇਖਕੇ, ਤੇ ਉਹਨਾਂ ਸਤਿਗੁਰਾਂ ਨਾਲ ਹਿੱਤ-ਪਿਆਰ ਕਰਕੇ ਜੀਵਤ ਭਾ ਤੋਂ ਮਰਕੇ ਪਰਮੇਸ਼ਰ ਨਾਲ ਮਿਲੇ ਹਨ॥ ੧॥

ਮਃ ੩॥ ਸਤਿਗੁਰੂ ਨ ਸੇਵਿਓ ਮੂਰਖ ਅੰਧ ਗਵਾਰਿ॥
ਦੂਜੈ ਭਾਇ ਬਹੁਤੁ ਦੁਖੁ ਲਾਗਾ ਜਲਤਾ ਕਰੇ ਪੁਕਾਰ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਸੇਵਨਾ ਨਹੀਂ ਕੀਤਾ, ਉਹ ਮੂਰਖ ਅੰਨ੍ਹੇ ਤੇ ਗਵਾਰਿ=ਚੰਡਾਲ ਹਨ।

ਦੂਜੈ ਭਾਇ=ਦ੍ਵੈਤ ਭਾ ਕਰਕੇ ਉਸ ਨੂੰ ਬਹੁਤ ਦੁੱਖ ਲੱਗਾ ਹੈ, ਉਹ ਜਲਤਾ=ਸੜਦਾ ਹੋਇਆ ਪੁਕਾਰ ਕਰੇ=ਕਰਦਾ ਹੈ।

ਜਿਨ ਕਾਰਣਿ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ॥
ਨਾਨਕ ਗੁਰਮਤੀ ਸੁਖੁ ਪਾਇਆ ਬਖਸੇ ਬਖਸਣਹਾਰ॥ ੨॥

ਜਿਨ੍ਹਾਂ ਸੰਬੰਧੀਆਂ ਦੇ ਵਾਸਤੇ ਇਸ ਨੇ ਗੁਰਾਂ ਨੂੰ ਭੁਲਾਇਆ ਹੈ, ਉਹ ਸੰਬੰਧੀ ਅੰਤੀ ਵਾਰ=ਅੰਤ ਵੇਲੇ ਉਪਕਰੇ=ਸਹਾਇਤਾ ਨਹੀਂ ਕਰਦੇ।

ਗੁਰੂ ਜੀ ਕਥਨ ਕਰਦੇ ਹਨ, ਗੁਰ-ਸਿੱਖਿਆ ਲੈਣ ਵਾਲੇ ਨੇ ਸੁਖ ਪਾਇਆ ਹੈ, ਬਖਸ਼ਣਹਾਰ ਪਰਮਾਤਮਾ ਵੀ ਉਸ ਨੂੰ ਬਖਸ਼ ਲੈਂਦਾ ਹੈ॥ ੨॥

ਪਉੜੀ॥ ਤੂ ਆਪੇ ਆਪਿ ਆਪਿ ਸਭੁ ਕਰਤਾ
ਕੋਈ ਦੂਜਾ ਹੋਇ ਸੁ ਅਵਰੋ ਕਹੀਐ॥

ਹੇ ਪਰਮੇਸ਼ਰ ! ਤੂੰ ਆਪੇ ਆਪਿ=ਸੁਤੰਤ੍ਰ ਹੈਂ, ਤੇ ਆਪ ਹੀ ਸਭ ਦਾ ਕਰਤਾ ਹੈਂ, ਆਪ ਤੋਂ ਬਿਨਾਂ ਕੋਈ ਅਵਰੋ=ਹੋਰ ਦੂਜਾ ਹੋਵੇ ਤਾਂ ਕਥਨ ਕਰੀਏ।

ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ॥

ਹਰੀ ਆਪ ਹੀ ਬੋਲਦਾ ਹੈ, ਹਰੀ ਆਪ ਹੀ ਬੁਲਾਉਂਦਾ ਹੈ, ਹਰੀ ਆਪ ਹੀ ਜਲ ਥਲ ਵਿੱਚ ਰਵਿ=ਭਰਪੂਰ ਹੋ ਰਿਹਾ ਹੈ।

ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ ॥

ਹਰੀ ਆਪ ਹੀ ਮਾਰੈ=ਮਾਰਦਾ ਹੈ, ਹਰੀ ਆਪ ਹੀ ਛੋਡੈ=ਛੱਡਦਾ ਹੈ, ਇਸ ਲਈ ਹੇ ਮਨ ! ਤੂੰ ਹਰੀ ਦੀ ਸ਼ਰਨ ਵਿੱਚ ਪੈ ਰਹਿਣਾ ਕਰ।

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ
ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥

ਹਰੀ ਤੋਂ ਬਿਨਾਂ ਹੋਰ ਕੋਈ ਮਾਰ ਜਿਵਾਲ ਨਹੀਂ ਸਕਦਾ, ਐਸਾ ਨਿਸਚਾ ਧਾਰਕੇ ਹੇ ਮਨ ! ਨਿਚਿੰਦ=ਨਿਸਚਿੰਤ ਹੋ ਕੇ ਨਿ+ਸਲੁ=ਦੁੱਖਾਂ ਤੋਂ ਰਹਿਤ ਹੋ ਰਹਿਣਾ ਕਰੀਏ।

ਅਥਵਾ:-ਹੇ ਮਨ ! ਨਿਚਿੰਦ=ਬੇ-ਫਿਕਰ ਹੋ ਕੇ ਅਤੇ ਨਿਸਲ ਹੋ ਕੇ ਸੌਂ ਰਹਿਣਾ ਕਰੀਏ।

ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ
ਜਨ ਨਾਨਕ ਗੁਰਮੁਖਿ ਹਰਿ ਲਹੀਐ ॥ ੨੧ ॥ ੧ ॥ ਸੁਧੁ ॥

ਉੱਠਦਿਆਂ ਬਹਿੰਦਿਆਂ ਸੁੱਤਿਆਂ ਸਦਾ-ਸਦਾ ਹਰੀ ਨਾਮ ਨੂੰ ਧਿਆਉਣਾ ਕਰੀਏ। ਗੁਰੂ ਜੀ ਕਥਨ ਕਰਦੇ ਹਨ, ਹੇ ਪੁਰਸ਼ ! ਗੁਰਮੁਖਿ=ਗੁਰਾਂ ਦੁਆਰੇ ਹਰੀ ਨੂੰ ਲਹੀਐ=ਲਖਣਾ (ਜਾਣਨਾ) ਕਰੀਏ ॥ ੨੧ ॥ ੧ ॥

ਸੁਧੁ ॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਹੇ ਭਾਈ ! ਇਹ ਵਾਰ ਸੁਧੁ=ਸ਼ੁੱਧ ਹੈ, ਠੀਕ ਹੈ। ਅਰਥਾਤ ਸੋਧੀ ਹੋਈ ਹੈ, ਇਸ ਵਿਚ ਕੋਈ ਗਲਤੀ ਨਹੀਂ।

(ਵਡਹੰਸੁ ਰਾਗੁ ਸਮਾਪਤੰ)

ਰਾਗੁ ਸੋਰਠਿ

(ਪੰਨਾ ੫੯੫)

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
*ਸੋਰਠਿ ਮਹਲਾ ੧ ਘਰੁ ੧ ਚਉਪਦੇ॥

ਸਿੱਖਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਬੇਨਤੀ ਕੀਤੀ, ਸੰਸਾਰ ਵਿਚ ਕੋਈ ਇਸਥਿਤ ਭੀ ਹੈ ਯਾਂ ਕਿ ਨਹੀਂ? ਗੁਰ ਉੱਤਰ-

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥

ਸੰਸਾਰ ਵਿਚ ਜੋ ਭੀ ਆਇਆ ਹੈ ਸਾਰਿਆਂ ਨੇ ਮਰ ਜਾਣਾ ਹੈ, ਅਥਵਾ:-ਸਭਨਾਂ ਦੇ ਸਿਰ ਉੱਪਰ ਮਰਨਾ ਆ ਰਿਹਾ ਹੈ। ਸਭਨਾਹ=ਸਭਨਾਂ ਦਾ ਪਦਾਰਥਾਂ ਨਾਲੋਂ ਵਿਛੋੜਾ ਹੋ ਜਾਣਾ ਹੈ,

ਅਥਵਾ:-ਸਭਨਾਹ=ਸਭਨਾਂ ਸੰਬੰਧੀਆਂ ਨਾਲੋਂ ਸਭ ਦਾ ਵਿਛੋੜਾ ਹੋ ਜਾਣਾ ਹੈ।

ਪ੍ਰਸ਼ਨ – ਇਹ ਜੀਵ ਨਿਸਫਲ ਕਿਉਂ ਜੰਮਦੇ ਮਰਦੇ ਹਨ ? ਉੱਤਰ:-ਸਭ ਦਾ ਨਾਹ=ਪਤੀ-ਪਰਮਾਤਮਾ ਨਾਲੋਂ ਵਿਛੋੜਾ ਹੋ ਰਿਹਾ ਹੈ ਇਸ ਕਰਕੇ ਨਿਸਫਲ ਜੰਮਦੇ ਮਰਦੇ ਹਨ।

ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ॥

ਸਿਆਣਿਆ=ਬੁੱਧੀਵਾਨ ਜੋ ਮਹਾਤਮਾ ਹਨ, ਉਹਨਾਂ ਪਾਸੋਂ ਜਾ ਕੇ ਪੁੱਛੋ, ਆਗੈ=ਪ੍ਰਲੋਕ ਵਿੱਚ ਸੰਬੰਧੀਆਂ ਨਾਲ, ਅਥਵਾ:-ਪਦਾਰਥਾਂ ਨਾਲ, ਜਾਂ ਪਰਮਾਤਮਾ ਨਾਲ ਮਿਲਣਾ ਹੋਵੇਗਾ ਕਿ ਨਹੀਂ?

ਉੱਤਰ:-ਕਿ=ਜੋ ਆਗੈ=ਪ੍ਰਲੋਕ ਵਿੱਚ ਸਬੰਧੀਆਂ, ਪਦਾਰਥਾਂ ਅਤੇ ਪਰਮਾਤਮਾ ਨਾਲ ਮਿਲਣਾ ਨਹੀਂ ਹੋਵੇਗਾ। ਪਾਠ ''ਕਿਨਾਹ'' ਇਕੱਠਾ ਹੀ ਹੈ।

---

*ਇਹ ਸੋਰਠਿ ਰਾਗਣੀ ਛੇਵੇਂ ਮੇਘ ਰਾਗ ਦੀ ਇਸਤਰੀ ਹੈ।

ਯਥਾ:- ਖਸਟਮ ਮੇਘ ਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥
ਸੋਰਠਿ ਗੋਂਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥

(ਰਾਗ ਮਾਲਾ, ਪੰਨਾ ੧੪੩੦)

ਇਹ ਸਿਧਵੀ ਕਾਨੜਾ ਕਾਫੀ ਤੇ ਮਲਾਰ ਦੇ ਮੇਲ ਤੋਂ ਬਣਦੀ ਹੈ। ਪਹਿਰ ਰਾਤ ਲੰਘ ਗਈ ਤੋਂ ਗਾਇਨ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਸ ਦੀ ਗਿਣਤੀ ਨੌਵੀਂ ਥਾਂ ਤੇ ਹੈ।

ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥ ੧ ॥

ਜਿਹਨਾਂ ਨੂੰ ਮੇਰਾ ਸਾਹਿਬੁ=ਮਾਲਕ ਪਰਮਾਤਮਾ ਵੀਸਰੈ=ਭੁੱਲ ਜਾਂਦਾ ਹੈ, ਤਿਨਾਹ=ਉਹਨਾਂ ਨੂੰ ਬੜੀ ਭਾਰੀ ਵੇਦਨ=ਪੀੜਾ ਹੁੰਦੀ ਹੈ॥ ੧ ॥

ਭੀ ਸਾਲਾਹਿਹੁ ਸਾਚਾ ਸੋਇ ॥ ਜਾ ਕੀ ਨਦਰਿ ਸਦਾ ਸੁਖੁ ਹੋਇ ॥ ਰਹਾਉ ॥

ਭੀ=ਮੁੜ-ਮੁੜ ਕੇ ਉਸ ਸੱਚੇ ਪ੍ਰਭੂ ਨੂੰ ਸਲਾਹੁਣਾ ਕਰੋ ! ਜਿਸ ਦੀ ਕਿਰਪਾ ਦ੍ਰਿਸ਼ਟੀ ਨਾਲ ਨਿੱਤ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ਰਹਾਉ ॥

ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ ॥
ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ ॥

ਉਸ ਪ੍ਰਭੂ ਨੂੰ ਸਭ ਤੋਂ ਵੱਡਾ ਜਾਣ ਕਰਿ=ਕਰਕੇ ਸਲਾਹੁਣਾ ਕਰੋ, ਉਹ ਹੁਣ ਹੈ, ਭੀ=ਪਿੱਛੇ ਸੀ, ਅਤੇ ਹੋਸੀ=ਅੱਗੇ ਹੋਵੇਗਾ। ਹੇ ਪੁਰਸ਼ਾ ! ਤੂੰ ਇੰਞ ਨਿਸਚੇ ਕਰ, ਕਿ ਸਾਰਿਆਂ ਦਾ ਦਾਤਾ ਇਕ ਪ੍ਰਭੂ ਹੀ ਹੈ, ਕਿਸੇ ਮਨੁੱਖ ਤੋਂ ਅਜੇਹੀ ਦਾਤ ਨਹੀਂ ਹੋ ਸਕਦੀ।

ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ॥ ੨ ॥

ਜੋ ਉਸ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ, ਰੰਨ ਕਿ ਰੁੰਨੈ=ਰੋਣੇ ਰਾਣੇ ਨਾਲ ਕੀ ਹੁੰਦਾ ਹੈ।

ਅਥਵਾ:-ਰੰਨਾਂ ਦੇ ਰੋਣ ਨਾਲ ਕੀ ਹੁੰਦਾ ਹੈ। ਅਥਵਾ:-ਰੰਨਾਂ ਵਾਂਗੂੰ ਸੰਸਾਰਕ ਦੁੱਖਾਂ ਵਿੱਚ ਰੋਣ ਨਾਲ ਕੀ ਹੁੰਦਾ ਹੈ॥ ੨ ॥

ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥

ਇਸ ਧਰਤੀ ਉੱਤੇ ਕੋਟ ਗੜ=ਕ੍ਰੋੜਾਂ ਕਿਲ੍ਹੇ ਬਣਾਕੇ, ਅਥਵਾ:-ਕੋਟ=ਸਫੀਲਾਂ ਤੇ ਗੜ=ਕਿਲ੍ਹੇ ਬਣਾ ਕੇ ਕੇਤੀ=ਕਿਤਨੀ ਹੀ ਦੁਨੀਆਂ ਪ੍ਰਤੱਖ ਵਾਜੇ, ਅਥਵਾ:-ਆਪਣੀ ਹਕੂਮਤ ਦੇ ਧੌਂਸੇ ਵਜਾ ਗਈ ਹੈ।

ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥

ਰਾਵਣ ਤੇ ਹਰਨਾਖਸ਼ ਆਦਿਕ ਐਡੇ ਹੰਕਾਰੀ ਸਨ ਜੋ ਅਸਮਾਨ ਵਿੱਚ ਭੀ ਨਹੀਂ ਮਿਉਂਦੇ ਸਨ, ਉਹਨਾਂ ਦੇ ਨੱਕ ਵਿੱਚ ਕਾਲ ਭਗਵਾਨ ਨੇ ਨੱਥਾਂ ਪਾਈਆਂ ਸਨ, ਅਰਥਾਤ ਆਪਣੇ ਅਧੀਨ ਕਰ ਲਏ ਸਨ।

ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥ ੩ ॥

ਹੇ ਮਨ ! ਜੇ ਤੂੰ ਜਾਣਦਾ ਹੈਂ ਕਿ ਇਨ੍ਹਾਂ ਪਦਾਰਥਾਂ ਵਿੱਚ ਲੱਗਣ ਕਰਕੇ ਸੂਲੀਆ=ਦੁੱਖ ਹਨ, ਤਾਂ ਕਿਸ ਵਾਸਤੇ ਮਿੱਠਿਆਂ ਪਦਾਰਥਾਂ ਨੂੰ ਖਾਂਦਾ ਹੈ। ਅਥਵਾ:-ਜੇਕਰ ਮਨ ਪ੍ਰਲੋਕ ਦੇ ਦੁੱਖਾਂ ਨੂੰ ਜਾਣ ਲਵੇ, ਤਾਂ ਫਿਰ ਵਿਕਾਰਾਂ ਰੂਪੀ ਮਿੱਠੇ ਗੁੜ ਨੂੰ ਕਿਸ ਵਾਸਤੇ ਖਾਂਦਾ ਹੈ॥ ੩ ॥

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥

ਗੁਰੂ ਜੀ ਕਥਨ ਕਰਦੇ ਹਨ, ਇਸ ਜੀਵ ਨੇ ਜੇਤੜੇ=ਜਿਤਨੇ ਕੁ ਔਗੁਣ ਕੀਤੇ ਹਨ, ਤੇਤੇ=ਉਤਨੇ

ਹੀ ਇਸ ਦੇ ਗਲ ਵਿੱਚ ਜੰਜੀਰ=ਸੰਗਲ ਪੈਣਗੇ।

ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥

ਜੇਕਰ ਸ਼ੁਭ-ਗੁਣ ਪੱਲੇ ਹੋਣਗੇ ਤਾਂ ਉਹ ਔਗੁਣਾਂ ਰੂਪ ਸੰਗਲ ਕੱਟੇ ਜਾਣਗੇ। ਉਹ ਸ਼ੁਭ-ਗੁਣ ਹੀ ਇਸ ਦੇ ਭਰਾ ਹਨ, ਉਹ ਸ਼ੁਭ-ਗੁਣ ਹੀ ਇਸ ਦੇ ਸੂਰਬੀਰ ਮਿੱਤਰ ਹਨ।

ਅਥਵਾ:-ਸੇ ਸੇ=ਉਹ-ਉਹ ਸ਼ੁਭ-ਗੁਣ ਹੀ ਇਸ ਦੇ ਭਾਈ ਵੀਰ=ਸੱਕੇ ਭਰਾ ਵਾਂਗੂੰ ਹਨ।

ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ॥ ੪॥ ੧॥

ਵੇ-ਪੀਰ=ਗੁਰੂ ਪੀਰ ਤੋਂ ਵੇ=ਰਹਿਤ ਜੋ ਨਿਗੁਰੇ ਪੁਰਸ਼ ਹਨ, ਉਹ ਅਗੈ=ਪ੍ਰਲੋਕ ਵਿੱਚ ਗਏ ਹੋਏ ਮਾਨਨੀਕ ਨਹੀਂ ਹੁੰਦੇ ਧਰਮਰਾਜ ਦੂਤਾਂ ਨੂੰ ਕਹਿੰਦਾ ਹੈ ਕਿ ਇਨ੍ਹਾਂ ਨੂੰ ਮਾਰ ਕੇ ਬਾਹਰ ਕੱਢ ਦਿਓ॥ ੪॥ ੧॥

ਸੋਰਠਿ ਮਹਲਾ ੧ ਘਰੁ ੧॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸਾਂ ਦਿਸਾਂਤਰਾਂ ਵਿਚ ਰਟਨ ਕਰਦੇ ਹੋਏ ਤਲਵੰਡੀ ਸ਼ਹਿਰ ਤੋਂ ਬਾਹਰ ਭਾਈ ਬਾਲੇ ਜੀ ਦੇ ਪਿਤਾ ''ਚੰਦਨ ਭਾਨ'' ਦੇ ਖੂਹ ਉੱਪਰ ਆ ਕੇ ਬੈਠੇ ਹਨ। ਤਾਂ ਕਿਸੀ ਨੇ ਬਾਬਾ ਕਾਲੂ ਜੀ ਨੂੰ ਆ ਕੇ ਕਿਹਾ, ''ਤੇਰਾ ਪੁੱਤਰ ਬਾਹਰ ਆਇਆ ਬੈਠਾ ਹੈ''। ਇਹ ਗੱਲ ਸੁਣ ਕੇ ਪਿਤਾ ਜੀ ਉਸੀ ਵੇਲੇ ਝੱਟ ਗੁਰੂ ਨਾਨਕ ਜੀ ਪਾਸ ਆ ਗਏ, ਤੇ ਸੁਖ-ਅਨੰਦ ਦੀ ਖ਼ਬਰ ਪੁੱਛੀ, ਫਿਰ ਪਤਾ ਜੀ ਨੇ ਮਨ ਵਿੱਚ ਵਿਚਾਰਿਆ ਇਨ੍ਹਾਂ ਨੂੰ ਕਿਸੇ ਕੰਮ ਕਾਰ ਵਿੱਚ ਲਗਾ ਕੇ ਇੱਥੇ ਹੀ ਅਟਕਾ ਲਈਏ, ਇਹ ਗੱਲ ਮਨ ਵਿੱਚ ਵਿਚਾਰਕੇ ਕਿਹਾ, ''ਹੇ ਪੁੱਤਰ ! ਹੁਣ ਇੱਥੇ ਰਹਿ ਕੇ ਤੂੰ ਖੇਤੀਆਂ ਕਰਵਾਇਆ ਕਰ ਜਿਸ ਕਰਕੇ ਤੇਰਾ ਮਨ ਇੱਥੇ ਪਰਚਿਆ ਰਹੇ।'' ਇਹ ਗੱਲ ਸੁਣਕੇ ਗੁਰੂ ਨਾਨਕ ਦੇਵ ਜੀ ਨੇ ਕਿਹਾ, ''ਅਸੀਂ ਤਾਂ ਅੱਗੇ ਹੀ ਖੇਤੀ ਕਰ ਰਹੇ ਹਾਂ, ਪਰ ਤੁਸੀਂ ਭੀ ਅੰਤ੍ਰੀਵ ਖੇਤੀ ਬੀਜਿਆ ਕਰੋ'', ਪਿਤਾ ਜੀ ਨੇ ਪੁੱਛਿਆ, ''ਉਹ ਅੰਤ੍ਰੀਵ ਖੇਤੀ ਕੇਹੜੀ ਹੈ''? ਗੁਰੂ ਜੀ ਕਥਨ ਕਰਦੇ ਹਨ-

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥

ਮਨ ਨੂੰ ਪਰਮੇਸ਼ਰ ਦੇ ਭਜਨ ਸਿਮਰਨ ਵੱਲ ਸਾਵਧਾਨ ਕਰਨਾ ਇਹੀ ਇਸ ਉੱਦਮੀ ਮਨ ਨੂੰ ਹਾਲੀ=ਹਲ ਦੇ ਜੋੜਨ ਵਾਲਾ ਹਾਲੀ ਕਰੋ, ਨਿਸ਼ਕਾਮ ਕਰਮਾਂ ਦੀ ਕਰਨੀ ਰੂਪੀ ਕਿਰਸਾਣੀ=ਖੇਤੀ ਕਰੋ, ਖੋਟਿਆਂ ਕਰਮਾਂ ਵੱਲੋਂ ਸ਼ਰਮ ਕਰਨੀ, ਅਥਵਾ:-ਵੈਰਾਗ ਧਾਰਨਾ ਇਹ ਪਾਣੀ ਦੇਣਾ ਕਰੋ, ਸਰੀਰ ਨੂੰ ਖੇਤੁ=ਜ਼ਮੀਨ ਬਣਾਓ।

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਨਾਮ ਰੂਪ ਬੀਜ ਬੀਜੋ, ਸੰਤੋਖ ਧਾਰਨਾ ਯਥਾ ਲਾਭ ਤਥਾ ਸੰਤੁਸਟ ਰਹਿਣਾ ਇਹ ਸੁਹਾਗਾ ਫੇਰੋ, ਜੇਹੜਾ ਸਰੀਰ ਉੱਤੇ ਗਰੀਬੀ ਵੇਸ ਧਾਰਨਾ ਹੈ ਏਹੋ ਉਸ ਖੇਤੀ ਦੀ ਰੱਖਿਆ ਕਰਨੀ ਹੈ।

ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ੧॥

ਭਾਉ=ਪ੍ਰੇਮ ਰੂਪ ਜੋ ਕਰਮ ਕਰਨਾ ਹੈ ਏਹੋ ਉਸ ਖੇਤੀ ਦਾ ਜੰਮਸੀ=ਜਮਾਉ ਹੈ, ਇਸ ਤਰ੍ਹਾਂ ਦੀਆਂ

ਅੰਤ੍ਰੀਵ ਖੇਤੀਆਂ ਜਿਨ੍ਹਾਂ ਨੇ ਕੀਤੀਆਂ ਹਨ, ਉਹ ਘਰ ਭਾਗਠ=ਧਨਾਢ (ਅਮੀਰ) ਦੇਖੇ ਜਾਂਦੇ ਹਨ।

ਅਥਵਾ:-ਭਾਗਾਂ ਵਾਲੇ ਦੇਖੇ ਜਾਂਦੇ ਹਨ॥ ੧॥

ਬਾਬਾ ਮਾਇਆ ਸਾਥਿ ਨ ਹੋਇ॥

ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥

ਬਾਬਾ=ਹੇ ਪਿਤਾ ਜੀ! ਜਿਸ ਮਾਇਆ ਵਾਸਤੇ ਆਪ ਪ੍ਰਤੱਖ ਖੇਤੀਆਂ ਕਰਨੀਆਂ ਕਹਿੰਦੇ ਹੋ, ਇਸ ਮਾਇਆ ਨੇ ਪ੍ਰਲੋਕ ਦਾ ਸਾਥੀ ਨਹੀਂ ਹੋਣਾ। ਇਸ ਮਾਇਆ ਨੇ ਸਾਰੇ ਜਗਤ ਨੂੰ ਮੋਹ ਲਿਆ ਹੈ, ਕੋਈ ਵਿਰਲਾ ਪੁਰਸ਼ ਹੀ ਇਸ ਨੂੰ ਛਲ ਰੂਪ ਯਾਂ ਦੁੱਖ ਰੂਪ ਸਮਝਦਾ ਹੈ॥ ਰਹਾਉ॥

ਇਹ ਗੱਲ ਸੁਣਕੇ ਪਿਤਾ ਜੀ ਨੇ ਵਿਚਾਰਿਆ ਇਸ ਦਾ ਮਨ ਖੇਤੀਆਂ ਕਰਨ ਦਾ ਨਹੀਂ ਹੈ, ਤਾਂ ਪਿਤਾ ਜੀ ਨੇ ਕਿਹਾ, "ਜੇ ਆਪ ਖੇਤੀ ਨਹੀਂ ਕਰਨੀ ਚਾਹੁੰਦੇ ਤਾਂ ਹੱਟੀ ਕਰ ਲਵੋ", ਤਾਂ ਗੁਰੂ ਜੀ ਨੇ ਕਿਹਾ,

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥

ਜੋ ਆਰਜਾ=ਉਮਰਾ ਨੂੰ ਹਾਣ ਰੂਪ ਨਿਸਚੇ ਕੀਤਾ ਹੈ ਕਿ ਸਮੇਂ ਦੇ ਚੱਕਰ ਅਨੁਸਾਰ ਦਿਨ-ਦਿਨ ਦੀ ਸੰਗਿਆ ਕਰਕੇ ਉਮਰਾ ਘਟਦੀ ਜਾ ਰਹੀ ਹੈ, ਇਹ ਮੈਂ ਹੱਟੀ ਕੀਤੀ ਹੈ ਅਤੇ ਉਸ ਵਿੱਚ ਸੱਚ ਨਾਮ ਰੂਪ ਵਥੁ=ਸੌਦਾ ਇਕੱਠਾ ਕੀਤਾ ਹੈ।

ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥

ਸੁਰਤਿ=ਗਿਆਤ, ਅਥਵਾ:-ਸ੍ਰੇਸ਼ਟ ਪ੍ਰੀਤੀ ਇਹ ਭਾਂਡਸਾਲ=ਭਾਂਡਿਆਂ ਦੇ ਰੱਖਣ ਦੀ ਜਗ੍ਹਾ ਹੈ, ਸੋਚ=ਪਵਿੱਤ੍ਰਤਾ ਰੂਪ ਭਾਂਡੇ ਹਨ, ਉਸ ਪਵਿੱਤ੍ਰਤਾ ਰੂਪ ਭਾਂਡਿਆਂ ਵਿੱਚ ਉਸ ਨਾਮ-ਸੌਦੇ ਨੂੰ ਰੱਖਣਾ ਕੀਤਾ ਹੈ।

ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥ ੨॥

ਮਹਾਤਮਾਂ ਰੂਪ ਵਣਜਾਰਿਆਂ ਨਾਲ ਮਿਲਕੇ ਅਸਾਂ ਨੇ ਨਾਮ ਦਾ ਵਣਜੁ=ਵਪਾਰ ਕੀਤਾ ਹੈ, ਅਤੇ ਆਤਮ ਲਾਭ ਨੂੰ ਲੈ ਕੇ ਮਨ ਹਸੁ=ਪ੍ਰਸੰਨ ਹੋ ਰਿਹਾ ਹੈ। ਇਸ ਲਈ ਪਿਤਾ ਜੀ! ਤੁਸੀਂ ਭੀ ਸੰਤਾਂ ਰੂਪ ਵਣਜਾਰਿਆਂ ਨਾਲ ਮਿਲਕੇ ਨਾਮ ਦਾ ਵਣਜ ਕਰੋ, ਅਤੇ ਲਾਹਾ=ਨਫ਼ਾ ਲੈ ਕੇ ਮਨ ਨੂੰ ਪ੍ਰਸੰਨ ਕਰੋ॥ ੨॥

ਇਹ ਗੱਲ ਸੁਣਕੇ ਪਿਤਾ ਜੀ ਨੇ ਵਿਚਾਰਿਆ ਇਸ ਦਾ ਮਨ ਹੱਟੀ ਕਰਨ ਦਾ ਭੀ ਨਹੀਂ ਹੈ, ਇਸ ਦਾ ਮਨ ਫਿਰਕੇ ਪ੍ਰਸੰਨ ਰਹਿੰਦਾ ਹੈ ਇਸ ਲਈ ਇਸ ਨੂੰ ਸੌਦਾਗਰੀ ਕਰਨ ਉੱਪਰ ਲਗਾ ਦੇਈਏ, ਇਹ ਸੋਚਕੇ ਪਿਤਾ ਜੀ ਨੇ ਕਿਹਾ, ਜੇਕਰ ਤੈਨੂੰ ਸੈਰ ਕਰਨ ਦਾ ਸ਼ੌਕ ਹੈ ਤਾਂ ਤੂੰ ਘੋੜਿਆਂ ਦੀ ਸੌਦਾਗਰੀ ਕੀਤਾ ਕਰ! ਤੈਨੂੰ ਘੋੜੇ ਖਰੀਦ ਦੇਂਦੇ ਹਾਂ। ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ-

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥

ਸ਼ਰਧਾ ਸਹਿਤ ਜੋ ਪਰਮੇਸ਼ਰ ਸੰਬੰਧੀ ਸ਼ਾਸਤਰਾਂ ਨੂੰ ਸੁਣਦੇ ਹਾਂ ਏਹੋ ਅਸੀਂ ਸੌਦਾਗਰੀ ਕਰਦੇ ਹਾਂ, ਅਤੇ ਸਤ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਆਦਿਕ ਸੁਭ-ਗੁਣਾਂ ਰੂਪੀ ਘੋੜਿਆਂ ਨੂੰ ਲੈ ਕੇ ਚਲਦੇ ਹਾਂ।

ਅਥਵਾ:-ਸਤੁ ਘੋੜੇ:-ਵੈਰਾਗ, ਵਿਵੇਕ, ਖਟ ਸੰਪੱਤੀ, ਮੁਮੁਖ ਇੱਛਾ, ਸ੍ਰਵਣ, ਮੰਨਨ, ਨਿਧਿਆਸਣ ਰੂਪ ਸਤ ਘੋੜਿਆਂ ਨੂੰ ਲੈ ਕੇ ਚੱਲਣਾ ਕੀਤਾ ਹੈ।

ਜਿਸ ਵੇਲੇ ਸੌਦਾਗਰ ਲੋਕ ਬਾਹਰ ਸੌਦਾਗਰੀ ਕਰਨ ਜਾਂਦੇ ਹਨ ਤਾਂ ਨਾਲ ਖਰਚਾ ਬੰਨ੍ਹ ਲੈਂਦੇ ਹਨ, ਇਸ ਤਰਫ-

ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥

ਚੰਗਿਆਂ ਕਰਮਾਂ ਦੇ ਕਰਨੇ ਰੂਪੀ ਖਰਚ ਅਸਾਂ ਨੇ ਪੱਲੇ ਬੰਨ੍ਹ ਲਿਆ ਹੈ, ਹੇ ਪਿਤਾ ਜੀ ! ਤੁਸੀਂ ਭੀ ਇਹ ਖਰਚਾ ਆਪਣੇ ਪੱਲੇ ਬੰਨ੍ਹ ਲਵੋ ! ਮਤਾਂ ਆਪਣੇ ਮਨ ਵਿੱਚ ਜਾਣੋ ਕਿ ਕਲ੍ਹ ਬੰਨ੍ਹਾਂਗੇ, ਇਹ ਖਰਚ, ਹੁਣ ਪੱਲੇ ਬੰਨ੍ਹ ਲੈਣਾ ਚਾਹੀਦਾ ਹੈ ਕਲ੍ਹ ਛੱਡਕੇ ਘੜੀ ਦਾ ਕੋਈ ਭਰੋਸਾ ਨਹੀਂ ਹੈ।

ਯਥਾ:- ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰ ਆਵੈ ਕਾਲੁ॥ ੧੩੮॥

(ਪੰਨਾ ੧੩੭੧)

ਜਿਵੇਂ ਪ੍ਰਤੱਖ ਸੌਦਾਗਰ ਪ੍ਰਤੱਖ ਦੇਸਾਂ ਦਿਸਾਂਤਰਾਂ ਵਿੱਚ ਸੌਦਾਗਰੀ ਕਰਕੇ ਭਾਵ ਘੋੜੇ ਵੇਚਕੇ ਨਫਾ ਖਟਦੇ ਹਨ। ਏਧਰ-

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥ ੩॥

ਨਿਰੰਕਾਰ ਦੇ ਸਤਸੰਗ ਰੂਪੀ ਦੇਸ ਵਿੱਚ ਜਾ ਕੇ ਸ਼ੁਭ-ਗੁਣਾਂ ਰੂਪੀ ਘੋੜਿਆਂ ਦਾ ਵਾਪਾਰ ਕਰੇ, ਤਾਂ ਮਹਲੁ=ਸਰੂਪ ਸੁਖ ਨੂੰ ਪਾ ਲੈਣਾ ਕਰਦਾ ਹੈ॥ ੩॥

ਇਹ ਗੱਲ ਸੁਣਕੇ ਪਿਤਾ ਜੀ ਨੇ ਵਿਚਾਰਿਆ ਇਸ ਦਾ ਮਨ ਸੌਦਾਗਰੀ ਕਰਨ ਵਿੱਚ ਭੀ ਨਹੀਂ ਹੈ। ਫਿਰ ਪਿਤਾ ਜੀ ਨੇ ਕਿਹਾ, ''ਜੇਕਰ ਆਪ ਕਿਸੇ ਰਾਜੇ ਦੀ ਨੌਕਰੀ ਕਰਨੀ ਚਾਹੋ। ਤਾਂ ਮੈਂ ਉਹ ਯਤਨ ਕਰਕੇ ਲੈ ਦੇਂਦਾ ਹਾਂ। ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ ਹੇ ਪਿਤਾ ਜੀ !''

(ਪੰਨਾ ੫੯੬) ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥

ਚਿੱਤ ਨੂੰ ਲਗਾ ਕੇ ਪਰਮੇਸ਼ਰ ਦੀ ਚਾਕਰੀ ਕੀਤੀ ਹੈ, ਜੋ ਸਤਿਨਾਮੁ ਵਾਹਿਗੁਰੂ ਨਾਮ ਨੂੰ ਮੰਨਿ=ਮੰਨਣ ਕੀਤਾ ਹੈ ਏਹੀ ਕੰਮ ਕੀਤਾ ਹੈ। ਚਾਕਰ ਕੀ ਤੇ ਅਰਾਮ ਕੀ, ਜਿਵੇਂ ਚਾਕਰ ਹੋ ਕੇ ਹਰ ਵੇਲੇ ਕੰਮਾਂ ਵਿੱਚ ਧਾਵਣੀ=ਦੌੜਨਾ ਪੈਂਦਾ ਹੈ, ਜਾਂ ਦੁਸ਼ਮਣਾਂ ਉੱਤੇ ਚੜ੍ਹਾਈ ਕਰਕੇ ਦੌੜਨਾ ਪੈਂਦਾ ਹੈ, ਇਸ ਤਰਫ—

ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥

ਬਦੀਆ=ਖੋਟਿਆਂ ਕੰਮਾਂ ਵੱਲੋਂ ਜੋ ਮਨ ਨੂੰ ਬੰਨੁ=ਬੰਨ੍ਹਿਆਂ ਹੈ, ਏਹੋ ਧਾਵਣੀ ਕੀਤੀ ਹੈ, ਜੋ ਇਸ ਤਰ੍ਹਾਂ ਦੀ ਚਾਕਰੀ ਕਰਦਾ ਹੈ, ਤਾਂ ਸਭ ਕੋਈ ਇਸ ਨੂੰ ਧੰਨ ਆਖਦਾ ਹੈ।

ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ, ਜੇਕਰ ਪ੍ਰਭੂ ਕਿਰਪਾ ਦ੍ਰਿਸ਼ਟੀ ਨਾਲ ਵੇਖਣਾ ਕਰੇ, ਤਾਂ ਇਸ ਨੂੰ ਚੌਗੁਣਾ ਵੰਨੁ=ਰੰਗ ਚੜ੍ਹਦਾ ਹੈ ਅਰਥਾਤ ਚੌਥੀ ਭੂਮਿਕਾ (ਤੁਰੀਆ-ਪਦ) ਦਾ ਅਨੰਦ ਪ੍ਰਾਪਤ ਹੁੰਦਾ ਹੈ॥ ੪॥ ੨॥

ਸੋਰਠਿ ਮਃ ੧ ਚਉਤੁਕੇ॥

ਉਥਾਨਕਾ:-ਕਿਸੇ ਪੁਰਸ਼ ਨੂੰ ਪ੍ਰਵਾਰ ਵਿੱਚ ਫਸਿਆ ਵੇਖਕੇ ਉਪਦੇਸ਼ ਦਿੰਦੇ ਹਨ, ਕਿ ਅੰਤ ਸਮੇਂ ਕੋਈ ਭੀ ਸੰਬੰਧੀ ਕਿਸੇ ਦਾ ਸਹਾਇਕ ਨਹੀਂ ਹੈ, ਵਿਹਾਰਕ ਨਿਗਾਹ ਵਿੱਚ ਤਾਂ ਸਭ ਕੋਈ ਇੱਕ ਦੂਜੇ ਨੂੰ ਪਿਆਰਾ ਲੱਗ ਰਿਹਾ ਹੈ। ਜਿਵੇ:-

ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ॥

ਮਾਂ ਪਿਉ ਨੂੰ ਆਪਣਾ ਪੁੱਤਰ ਚੰਗਾ ਲੱਗ ਰਿਹਾ ਹੈ, ਅਤੇ ਸਸੁਰੈ=ਸਹੁਰੇ ਨੂੰ ਚਤੁਰੁ=ਸਿਆਣਾ ਜਵਾਈ ਚੰਗਾ ਲੱਗ ਰਿਹਾ ਹੈ।

ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥

ਬਾਲਕ ਅਵਸਥਾ ਵਾਲੀ ਕੰਨਿਆ ਨੂੰ ਆਪਣਾ ਪਿਤਾ ਪਿਆਰਾ ਲੱਗ ਰਿਹਾ ਹੈ, ਅਥਵਾ:-ਬਾਲ ਕੰਨਿਆ=ਮੁੰਡੇ ਕੁੜੀ ਨੂੰ ਆਪਣਾ ਪਿਤਾ ਪਿਆਰਾ ਲੱਗ ਰਿਹਾ ਹੈ, ਅਤੇ ਭਰਾ ਨੂੰ ਭਰਾ ਅਤਿ=ਬੜਾ ਪਿਆਰਾ ਲੱਗ ਰਿਹਾ ਹੈ।

ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ॥

ਪਰ, ਜਿਸ ਵੇਲੇ ਪਰਮਾਤਮਾ ਦਾ ਹੁਕਮ ਸਤ ਭਇਆ=ਹੋ ਗਿਆ ਭਾਵ ਮਰ ਗਿਆ, ਤਾਂ ਉਸ ਨੂੰ ਘਰ ਤੋਂ ਉਠਾ ਕੇ ਬਾਹਰ ਮਸਾਣ ਭੂਮੀ ਵਿੱਚ ਛੱਡ ਆਏ, ਜੋ ਬਿਭੂਤੀ ਆਪਣੀ ਮੰਨੀ ਹੋਈ ਸੀ ਉਹ ਇੱਕ ਖਿਨ ਵਿੱਚ ਪਰਾਈ ਹੋ ਗਈ।

ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ॥੧॥

ਜਿਸ ਮਨਮੁਖ ਨੇ ਨਾਮ ਨਹੀਂ ਜਪਿਆ, ਦਾਨ ਨਹੀਂ ਕੀਤਾ, ਅਤੇ ਸਵੇਰੇ ਉੱਠ ਕੇ ਇਸ਼ਨਾਨ ਭੀ ਨਹੀਂ ਕੀਤਾ, ਉਸ ਦੇ ਤਨ ਵਿੱਚ ਕਾਮ ਆਦਿਕਾਂ ਰੂਪੀ ਧੂੜ, ਅਥਵਾ:-ਲਾਹਨਤਾਂ ਰੂਪੀ ਧੂੜ, ਅਥਵਾ:- ਪਾਪਾਂ ਰੂਪੀ ਧੂੜ ਧੁਮਾਈ=ਉੱਡਦੀ ਹੈ। ਅਥਵਾ:-ਪ੍ਰਤੱਖ ਮਸਾਣ ਭੂਮੀ ਵਿੱਚ ਉਸ ਦੇ ਤਨ ਦੀ ਧੂੜ ਉੱਡਦੀ ਹੈ॥ ੧॥

ਮਨੁ ਮਾਨਿਆ ਨਾਮੁ ਸਖਾਈ॥

ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ॥ ਰਹਾਉ॥

ਲੋਕ ਪ੍ਰਲੋਕ ਵਿੱਚ ਸਖਾਈ=ਸਹਾਇਤਾ ਕਰਨ ਵਾਲਾ ਜੋ ਨਾਮ ਹੈ, ਉਸ ਉੱਤੇ ਮੇਰਾ ਮਨ ਮੰਨਿਆ ਗਿਆ ਹੈ। ਜਿਨ੍ਹਾਂ ਗੁਰਾਂ ਨੇ ਸੱਚੀ ਬੂਝ=ਸਿੱਖਿਆ ਬੁਝਾਈ=ਸਮਝਾਈ ਹੈ, ਉਨ੍ਹਾਂ ਦੇ ਪਾਇ=ਚਰਨੀ ਪੈ ਕੇ ਉਨ੍ਹਾਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ॥ ਰਹਾਉ॥

ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ॥

ਮਨਮੁਖ ਨੇ ਝੂਠੀ ਪ੍ਰੀਤੀ ਕਰਕੇ ਜਗਤ ਨਾਲ ਮਨ ਬੇਧਿਆ=ਮਿਲਾਇਆ ਹੋਇਆ ਹੈ ਅਤੇ

ਸੰਤ ਜਨਾਂ ਨਾਲ ਵਾਦੁ=ਝਗੜੇ ਰਚਾਈ ਰਚਾਉਂਦਾ, ਭਾਵ ਕਰਦਾ ਹੈ।

ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ॥

ਮਾਇਆ ਵਿੱਚ ਮਗਨੁ=ਮਸਤ ਹੋ ਕੇ ਰਾਤ=ਦਿਨ ਮਾਇਆ ਦੀ ਪ੍ਰਾਪਤੀ ਦੇ ਰਸਤੇ ਨੂੰ ਹੀ ਜੋਹੈ=ਵੇਖਦਾ ਹੈ, ਵਾਹਿਗੁਰੂ ਨਾਮ ਨੂੰ ਨਹੀਂ ਲੈਂਦਾ, ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਦੇ ਖਾਣ ਵਿੱਚ ਹੀ ਮਰਦਾ ਹੈ।

ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ॥

ਹਿਤਕਾਰੀ=ਪ੍ਰੇਮੀ ਹੋ ਕੇ ਗੰਦਿਆਂ ਬਚਨਾਂ ਦੇ ਕਹਿਣੇ ਸੁਣਨੇ ਵਿੱਚ ਰਤਾ=ਤਦਾਕਾਰ ਭਾਵ ਮਸਤ ਰਹਿੰਦਾ ਹੈ, ਗੁਰਾਂ ਦੇ ਉਪਦੇਸ਼ ਦੀ ਸੁਰਤ ਨਾ ਆਈ, ਅਥਵਾ:-ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਸਬਦੈ=ਬ੍ਰਹਮ ਹੈ, ਸੁ+ਰਤਿ=ਉਸ ਦੀ ਪ੍ਰੀਤੀ ਮਨ ਵਿੱਚ ਨਾ ਆਈ।

ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ॥ ੨ ॥

ਜਿਸ ਤੇ ਰੰਗਿ=ਪ੍ਰੇਮ ਵਿੱਚ ਤਦਾਕਾਰ ਨਹੀਂ ਹੋਇਆ ਇਸੀ ਤੇ ਨਾਮ-ਰਸ ਵਿੱਚ ਨਹੀਂ ਮਿਲਿਆ, ਅਥਵਾ:-ਆਤਮ-ਰਸ ਵਿੱਚ ਨਹੀਂ ਮਿਲਿਆ ਇਸੀ ਤੇ ਰੰਗਿ=ਅਨੰਦ ਵਿੱਚ ਨਹੀਂ ਤਦਾਕਾਰ ਹੋਇਆ, ਇਨ੍ਹਾਂ ਕੰਮਾਂ ਵਿੱਚ ਲੱਗ ਕੇ ਮਨਮੁਖ ਨੇ ਇੱਜ਼ਤ ਗਵਾ ਲਈ ਹੈ॥ ੨ ॥

ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ॥

ਸੰਤਾਂ ਦੀ ਸਭਾ ਵਿੱਚ ਜਾ ਕੇ ਸਹਜੁ=ਗਿਆਨ-ਫਲ ਨੂੰ ਨਹੀਂ ਚੱਖਿਆ, ਫਿੱਕੇ ਬਚਨ ਬੋਲਣ ਕਰਕੇ ਜ਼ਬਾਨ ਵਿੱਚ ਰਾਈ ਜਿੰਨਾ ਭੀ ਰਸ ਨਹੀਂ ਹੈ।

ਅਥਵਾ:-ਜ਼ਬਾਨ ਕਰਕੇ ਰਾਈ ਜਿੰਨਾ ਭੀ ਨਾਮ-ਰਸ ਨਾ ਲੀਤਾ।

ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ॥

ਮਨ, ਤਨ ਤੇ ਧਨ ਨੂੰ ਆਪਣਾ ਮੰਨ ਛੱਡਿਆ ਹੈ, ਸਤਸੰਗ, ਅਥਵਾ:-ਗਿਆਨ ਰੂਪ ਦਰ=ਦਰਵਾਜ਼ੇ ਦੀ ਖਬਰ ਇਸ ਜੀਵ ਨੇ ਨਹੀਂ ਪਾਈ।

ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ॥

ਹੇ ਭਾਈ ! ਜਿਸ ਵੇਲੇ ਅੱਖਾਂ ਮੀਟਕੇ ਭਾਵ ਮਰ ਕੇ ਅਨ੍ਹੇਰੇ ਰਸਤੇ ਭਾਵ ਜਮ ਮਾਰਗ ਵਿੱਚ ਚਲਿਆ, ਤਾਂ ਉਸ ਵੇਲੇ ਇਹ ਘਰ ਤੇ ਦਰਵਾਜ਼ੇ ਫਿਰ ਨਿਗਾਹ ਨਹੀਂ ਆਉਂਦੇ।

ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ॥ ੩ ॥

ਜਮਾਂ ਦੇ ਦਰਵਾਜ਼ੇ ਵਿੱਚ ਬਾਧਾ=ਬੰਨ੍ਹਿਆ ਹੋਇਆ ਮਾਰ ਖਾਂਦਾ ਹੈ, ਸੁਖ ਦੀ ਠਉਰ=ਥਾਂ ਨਹੀਂ ਪਾਉਂਦਾ, ਕਿਉਂਕਿ ਓਥੇ ਤਾਂ ਆਪਣਾ ਕੀਤਾ ਹੋਇਆ ਕਰਮ ਹੀ ਕਮਾਈ=ਕੰਮ ਆਉਂਦਾ ਹੈ।

ਅਥਵਾ:-ਆਪਣੇ ਮੰਦ ਕਰਮ ਕੀਤੇ ਅਨੁਸਾਰ ਕਮਾਈ=ਕੰਮਤਾਈ (ਨਿਊਣ-ਤਾਈ) ਆ ਕੇ ਪ੍ਰਾਪਤ ਹੋਈ॥ ੩ ॥

ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ॥

ਪਰਮਾਤਮਾ ਕਿਰਪਾ ਦ੍ਰਿਸ਼ਟੀ ਕਰੇ ਤਾਂ ਕੋਈ ਉਸ ਨੂੰ ਅਖੀ=ਅੱਖਾਂ ਨਾਲ ਵੇਖਾ=ਵੇਖਦਾ ਹੈ, ਆਪਣੇ ਆਪ ਕਹਿਣਾ ਕਰੀਏ ਤਾਂ ਕੁਝ ਕਥਨ ਨਹੀਂ ਕੀਤਾ ਜਾਂਦਾ।

ਕੰਨੀਂ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ॥

ਗੁਰ-ਸ਼ਬਦ ਨੂੰ ਕੰਨੀ ਸੁਣ ਸੁਣ ਕੇ ਉਸ ਦੀ ਸ਼ਲਾਘਾ ਕਰੇ, ਅਤੇ ਨਾਮ-ਅੰਮ੍ਰਿਤ ਨੂੰ ਹਿਰਦੇ ਵਿਚ ਵਸਾਉਣਾ ਕਰੇ।

ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥

ਜੋ ਡਰ ਤੋਂ ਰਹਿਤ ਹੈ, ਅਕਾਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਉਸੇ ਪੂਰਨ ਪ੍ਰਭੂ ਦੀ ਜੋਤਿ=ਸੱਤਾ ਸਾਰਿਆਂ ਵਿੱਚ ਸਮਾਈ ਹੋਈ ਹੈ।

ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ, ਗੁਰੂ ਤੋਂ ਬਿਨਾਂ ਭਰਮ ਨਾਸ ਨਹੀਂ ਹੁੰਦਾ, ਸੱਚੇ ਨਾਮੀ ਦੇ ਨਾਮ ਜਪਣ ਕਰਕੇ ਵਡਿਆਈ ਮਿਲਦੀ ਹੈ॥ ੪॥ ੩॥

ਸੋਰਠਿ ਮਹਲਾ ੧ ਦੁਤੁਕੇ॥

ਉਥਾਨਕਾ:-ਪਰਮੇਸ਼ਰ ਦੀ ਸਮਰੱਥਾ ਦਾ ਵਰਣਨ ਕਰਦੇ ਹੋਏ ਉਸ ਦੇ ਸਨਮੁਖ ਬੇਨਤੀ ਕਰਦੇ ਹਨ:-

ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥

ਹੇ ਪ੍ਰਭੂ ! ਆਪ ਜੀ ਨੇ ਧਰਤੀ ਦੇ ਪੁੜ ਨੂੰ ਪਾਣੀ ਦੇ ਪੁੜ ਵਿੱਚ ਆਸਣੁ=ਇਸਥਿਤ ਕੀਤਾ ਹੈ, (ਦਸ ਹਿੱਸੇ ਪਾਣੀ ਬਹੁਤ ਹੋਣ ਤੇ ਭੀ ਪਾਣੀ ਧਰਤੀ ਨੂੰ ਡੋਬਦਾ ਨਹੀਂ) ਫਿਰ ਆਪ ਜੀ ਨੇ ਚਾਰਿ ਕੁੰਟ=ਚਾਰ ਦਿਸ਼ਾਂ ਰੂਪ ਚੁਬਾਰਾ ਬਣਾਇਆ ਹੈ*।

ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ॥ ੧॥

ਸਾਰਿਆਂ ਚੌਦਾਂ ਭੁਵਨਾਂ ਦੀਆਂ ਜੋ ਮੂਰਤੀਆਂ ਹਨ ਏਹੋ ਇੱਕ ਵੈਰਾਟ ਰੂਪ ਕਰਕੇ ਆਪ ਜੀ ਦੀ ਮੂਰਤੀ ਹੈ, ਜਿਤਨੇ ਕੁ ਜੀਵਾਂ ਦੇ ਮੂੰਹ ਹਨ ਏਹੋ ਆਪ ਜੀ ਦੀ ਟਕਸਾਲ ਹੈ ਜੋ ਨਵੀਂ-ਨਵੀਂ ਬਾਣੀ ਉਚਾਰਦੇ ਹਨ। ਅਥਵਾ:-ਸਾਰਿਆਂ ਤੋਂ ਮੁਖੀ ਜੋ ਮਰੀਚ ਆਦਿਕ ਰਿਖੀ ਹਨ ਇਹ ਆਪ ਜੀ ਦੀ ਟਕਸਾਲ ਹੈ। ਅਥਵਾ:-ਤੇਰੇ ਮੂੰਹ ਤੋਂ ਉਚਰੇ ਹੋਏ ਜੋ ਵੇਦ ਹਨ, ਏਹੋ ਆਪ ਜੀ ਦੀ ਟਕਸਾਲ ਹੈ॥ ੧॥

---

*ਅਥਵਾ:- ਇੱਕ ਧਰਤੀ ਦਾ ਪੁੜ ਹੈ ਦੂਜਾ ਪਾਣੀ ਦਾ ਪੁੜ ਹੈ ਇਨ੍ਹਾਂ ਪੁੜਾਂ ਦੁਆਰੇ ਚਾਰ ਕੁੰਟਾਂ (ਚਾਰ ਦਿਸ਼ਾਂ) ਰੂਪ ਚੁਬਾਰੇ ਨੂੰ ਬਣਾ ਕੇ ਤੂੰ ਵਿੱਚ ਆਪ ਇਸਥਿਤ ਹੋ ਰਿਹਾ ਹੈਂ।

ਅਥਵਾ:-ਧਰਤੀ ਦਾ ਪੁੜ, ਤੇ ਪਾਣੀ ਦਾ ਪੁੜ ਇਤਿਆਦਿਕ ਤੱਤਾਂ ਦੁਆਰੇ ਚਾਰਿ ਕੁੰਟ=ਚਾਰ ਦਿਸ਼ਾਂ ਨੂੰ ਬਣਾ ਕੇ ਵਿੱਚ ਤੂੰ ਆਪ ਇਸਥਿਤ ਹੋ ਰਿਹਾ ਹੈਂ. ਤੇ ਹਵਾ ਭੱਖਣ ਵਾਸਤੇ ਬੈਕੁੰਠ ਧਾਮ ਰੂਪ ਚੁਬਾਰਾ ਬਣਾਇਆ ਹੈ।

ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥

ਹੇ ਮੇਰੇ ਮਾਲਕਾ ! ਤੇਰੇ ਵਿਡਾਣਾ=ਅਸਚਰਜ ਕੌਤਕ ਹਨ। ਜਲਾਂ, ਥਲਾਂ ਵਿੱਚ ਭਰਪੂਰ ਹੋ ਰਿਹਾ ਹੈਂ, ਅਤੇ ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿੱਚ ਵੀ ਲੀਨ ਹੋ ਰਿਹਾ ਹੈਂ, ਸਾਰਿਆਂ ਜੀਵਾਂ ਵਿੱਚ ਤੂੰ ਆਪ ਸਮਾ ਰਿਹਾ ਹੈਂ ॥ ਰਹਾਉ ॥

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥

ਮੈਂ ਜਿੱਥੇ ਜਿੱਥੇ ਵੇਖਦਾ ਹਾਂ ਉਥੇ ਤੇਰੀ ਹੀ ਜੋਤਿ=ਸੱਤਾ ਹੈ, ਚੇਤਨ-ਸੱਤਾ ਤੋਂ ਬਿਨਾਂ ਤੇਰਾ ਹੋਰ ਕਿਹੜਾ ਰੂਪ ਹੈ ? ਅਰਥਾਤ ਇਦੰਮਿਥ ਕਰਕੇ ਆਪ ਜੀ ਦਾ ਕੋਈ ਰੂਪ ਕਥਨ ਨਹੀਂ ਕੀਤਾ ਜਾਂਦਾ।

ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥ ੨ ॥

ਇੱਕ ਜੀਵ ਰੂਪ ਹੋ ਕੇ ਤੂੰ ਪਰਛੰਨਾ=ਭਿੰਨ-ਭਿੰਨ (ਵੱਖੋ-ਵੱਖ) ਹੋ ਕੇ ਫਿਰਦਾ ਹੈਂ, ਪਰ ਕੋਈ ਭੀ ਕਿਸੇ ਜੇਹਾ ਪੈਦਾ ਨਹੀਂ ਕੀਤਾ। ਦਸਤਾਰ, ਗੁਫਤਾਰ, ਰਫਤਾਰ, ਸਭ ਦੀ ਭਿੰਨ ਭਿੰਨ ਹੈ ॥ ੨ ॥

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥

ਅੰਡਿਆਂ ਤੋਂ ਪੈਦਾ ਹੋਣ ਵਾਲੀ ਅੰਡਜ ਖਾਣੀ, ਜੇਰ ਤੋਂ ਪੈਦਾ ਹੋਣ ਵਾਲੀ ਜੇਰਜ ਖਾਣੀ, ਪ੍ਰਿਥਵੀ ਤੋਂ ਪੈਦਾ ਹੋਣ ਵਾਲੀ ਉਤਭੁਜ ਖਾਣੀ ਬ੍ਰਿੱਛ ਆਦਿਕ। ਪਸੀਨੇ ਤੋਂ ਪੈਦਾ ਹੋਣ ਵਾਲੀ ਜੂਆਂ, ਲੀਖਾਂ ਚਿੱਚੜ ਆਦਿਕ ਸੇਤਜ ਖਾਣੀ, ਚਾਰ ਖਾਣੀਆਂ ਤੋਂ ਪੈਦਾ ਹੋਣ ਵਾਲੇ ਸਾਰੇ ਜੰਤ ਤੇਰੇ ਹੀ ਪੈਦਾ ਕੀਤੇ ਹੋਏ ਹਨ।

ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥ ੩ ॥

ਹੇ ਪ੍ਰਭੂ ! ਮੈਂ ਤੇਰਾ ਇੱਕ ਪੁਰਬੁ=ਪ੍ਰਤਾਪ, ਅਥਵਾ:-ਅਸਚਰਜ ਕੌਤਕ ਵੇਖਿਆ ਹੈ, ਕਿ ਆਪ ਹੀ ਬਣਾ ਕੇ ਫਿਰ ਤੂੰ ਆਪ ਹੀ ਸਾਰਿਆਂ ਵਿੱਚ ਰਵੰਤਾ=ਰਵ ਰਿਹਾ ਹੈਂ ॥ ੩ ॥

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥

ਹੇ ਪ੍ਰਭੂ ! ਤੇਰੇ ਗੁਣ=ਉਪਕਾਰ ਮੇਰੇ ਉੱਤੇ ਬਹੁਤ ਹੀ ਕੀਤੇ ਹੋਏ ਹਨ ਪਰ ਮੈਂ ਮੂਰਖ ਨੇ ਇੱਕ ਭੀ ਉਪਕਾਰ ਨਹੀਂ ਜਾਣਿਆ ਤਾਂ ਤੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਮੈਂ ਮੂਰਖ ਨੂੰ ਕੁਝ ਨਾਮ-ਦਾਨ ਦੇਣਾ ਕਰੋ।

ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥ ੪ ॥ ੪ ॥

ਗੁਰੂ ਸਾਹਿਬ ਜੀ ਪ੍ਰਣਵਤਿ=ਕਥਨ ਕਰਦੇ ਹਨ, ਹੇ ਮੇਰੇ ਮਾਲਕਾ ! ਸੁਣ, ਮੈਂ ਪੱਥਰ ਵਾਂਗੂੰ ਸੰਸਾਰ ਸਮੁੰਦਰ ਵਿੱਚ ਡੁੱਬਦਾ ਜਾਂਦਾ ਹਾਂ ਮੈਨੂੰ ਬਾਹਰ ਕੱਢ ਲਵੋ ॥ ੪ ॥ ੪ ॥

ਅਗਲੇ ਸ਼ਬਦ ਵਿੱਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ -

ਸੋਰਠਿ ਮਹਲਾ ੧ ॥

ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ॥

ਹੇ ਨਿਰੰਕਾਰ ! ਤੂੰ ਤਾਂ ਨਿਰਮਲ ਹੈਂ, ਤੇ ਮੈਂ ਪਾਪੀਆਂ ਤੋਂ ਭੀ ਵੱਡਾ ਪਾਪੀ ਹਾਂ, ਅਤੇ ਪਰਮ=ਵੱਡਾ ਪਖੰਡੀ ਹਾਂ।

ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ॥ ੧ ॥

ਹੇ ਠਾਕੁਰ ! ਤੁਹਾਡੀ ਸ਼ਰਨ ਵਿਚ ਆ ਕੇ ਨਾਮ-ਅੰਮ੍ਰਿਤ ਨੂੰ ਚੱਖਿਆ ਤਾਂ ਹੀ ਪਰਮ ਰਸਿ=ਆਤਮ ਰਸ ਵਿੱਚ ਤਦਾਕਾਰ ਹੋਏ॥ ੧ ॥

ਕਰਤਾ ਤੂ ਮੈ ਮਾਣੁ ਨਿਮਾਣੇ॥

ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ॥ ਰਹਾਉ॥

ਹੇ ਕਰਤਾ ਪੁਰਖ ! ਮੈਂ ਨਿਮਾਣੇ ਦਾ ਤੂੰ ਹੀ ਮਾਣ ਹੈਂ।

ਸੱਚੇ ਗੁਰਾਂ ਦੇ ਸਬਦਿ=ਉਪਦੇਸ਼ ਵਿੱਚ ਸਮਾ ਕੇ ਜੋ ਮੈਂ ਬੁੱਧੀ ਰੂਪ ਪੱਲੇ ਵਿੱਚ ਨਾਮ-ਧਨ ਬੰਨ੍ਹਿਆਂ ਹੈ ਇਸੀ ਕਰਕੇ ਮੇਰਾ ਮਾਣ ਸਨਮਾਨ ਅਤੇ ਮਹਤੁ=ਮਰਾਤਬਾ ਵੱਡਾ ਹੋ ਰਿਹਾ ਹੈ॥ ਰਹਾਉ॥

(ਪੰਨਾ ੫੯੭) ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ॥

ਹੇ ਕਰਤਾ ! ਤੂੰ ਸ਼ੁਭ-ਗੁਣਾਂ ਨਾਲ ਪੂਰਾ ਹੈਂ, ਅਸੀਂ ਸ਼ੁਭ ਗੁਣਾਂ ਤੋਂ ਊਰੇ=ਅਧੂਰੇ (ਊਣੇ) ਹਾਂ, ਤੇ ਹੋਛੇ=ਤੁੱਛ ਖਿਆਲਾਂ ਵਾਲੇ ਹਾਂ, ਤੂੰ ਗਉਰਾ=ਭਾਰੀ ਹੈਂ, ਅਸੀਂ ਹਉਰੇ=ਹੌਲੇ ਹਾਂ।

ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ॥ ੨ ॥

ਹੇ ਹਰੀ ! ਮਨ ਆਦਿਕ ਚਤੁਸ਼ਟੇ ਅੰਤਹਕਰਨ ਦਿਨ-ਰਾਤ ਆਪ ਜੀ ਵਿੱਚ ਰਾਤੇ=ਤਦਾਕਾਰ ਹਨ, ਪਰਭਾਤੇ=ਸਵੇਰ ਤੇ ਸੰਧਿਆ ਵੇਲੇ ਰਸਨਾਂ ਨਾਲ ਆਪ ਜੀ ਦੇ ਨਾਮ ਨੂੰ ਜਪਦਾ ਹਾਂ, ਅਤੇ ਮਨ ਕਰਕੇ ਮਨ=ਮੰਨਣ ਕਰਦਾ ਹਾਂ॥ ੨ ॥

ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ॥

ਤੁਸੀਂ ਸੱਚੇ ਹੋ ਏਸੇ ਕਰਕੇ ਸੱਚੇ ਗੁਰਾਂ ਦੇ ਸ਼ਬਦ ਨੂੰ ਭੇਦਿ=ਜਾਣ ਕੇ, ਅਥਵਾ-ਸ਼ਬਦ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਭੇਦਿ=ਨਾਸ ਕਰਕੇ ਪੁਨਾ ਅਸੀਂ ਆਪ ਜੀ ਵਿੱਚ ਰਾਚੇ=ਤਦਾਕਾਰ ਹੋਏ ਹਾਂ।

ਅਹਿਨਿਸਿ ਨਾਮਿ ਰਤੇ ਸੇ ਸੂਚੇ ਮਰਿ ਜਨਮੇ ਸੇ ਕਾਚੇ॥ ੩ ॥

ਅਹਿਨਿਸਿ=ਦਿਨ-ਰਾਤ ਜੋ ਭੀ ਤੇਰੇ ਨਾਮ ਵਿੱਚ ਰੱਤੇ ਰਹਿੰਦੇ ਹਨ ਉਹ ਸੂਚੇ=ਪਵਿੱਤ੍ਰ ਹਨ, ਜੋ ਨਾਮ ਨਹੀਂ ਜਪਦੇ, ਉਹ ਕੱਚੇ ਮਨੁੱਖ ਮਰਦੇ ਜੰਮਦੇ ਰਹਿੰਦੇ ਹਨ॥ ੩ ॥

ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ॥

ਹੇ ਪ੍ਰਭੂ ! ਆਪ ਜੀ ਵਰਗਾ ਹੋਰ ਕੋਈ ਨਹੀਂ ਦਿੱਸਦਾ ਮੈਂ ਕਿਸ ਨੂੰ ਸਲਾਹਵਾਂ, ਕਿਉਂਕਿ ਤਿਸਹਿ=ਆਪ ਜੀ ਦਾ ਸਰੀਕ ਭਾਵ ਆਪ ਜੀ ਜੈਸਾ ਦੂਜਾ ਹੋਰ ਕੋਈ ਨਹੀਂ ਹੈ।

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥ ੪ ॥ ੫ ॥

ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ, ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹਾਂ, ਸੋ ਆਪ ਜੀ ਨੂੰ ਗੁਰ-ਸਿੱਖਿਆ ਦੁਆਰੇ ਜਾਣਿਆ ਹੈ। ਅਥਵਾ:-ਗੁਰ-ਸਿੱਖਿਆ ਦੁਆਰੇ ਜਿਸ ਨੇ ਸੋਈ=ਉਸ ਪ੍ਰਭੂ ਨੂੰ ਜਾਣਿਆ ਹੈ, ਮੈਂ ਉਸ ਦੇ ਦਾਸਾਂ ਦਾ ਦਾਸ ਹਾਂ॥ ੪ ॥ ੫ ॥

ਸੋਰਠਿ ਮਹਲਾ ੧ ॥

ਨਿਰਗੁਣ ਬ੍ਰਹਮ ਦੇ ਲੱਖਣ (ਚਿੰਨ੍ਹ) ਦੱਸਕੇ ਜਗਿਆਸੂ ਨੂੰ ਉਪਦੇਸ਼ ਦੇਂਦੇ ਹਨ:-

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥

ਉਹ ਨਿਰਗੁਣ ਬ੍ਰਹਮ ਅਲਖ=ਜਾਣਨੇ ਤੋਂ ਰਹਿਤ ਹੈ, ਅਪਾਰ=ਪਾਰਾਵਾਰ ਤੋਂ ਰਹਿਤ ਹੈ, ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਤਿਸ ਵਿੱਚ ਭੂਤ, ਭਵਿੱਖਤ, ਵਰਤਮਾਨ, ਰੂਪ ਤਿੰਨੇ ਕਾਲ ਨਹੀਂ ਹਨ ਅਤੇ ਨਾ ਹੀ ਉਹ ਕਰਮ ਕਰਦਾ ਹੈ। ਅਥਵਾ:-ਉਹ ਕਰਮ ਨਹੀਂ ਕਰਦਾ ਏਸੇ ਕਰਕੇ ਉਸ ਦਾ ਸਰੀਰ ਨਹੀਂ ਹੈ, ਜਿਸ ਤੇ ਸਰੀਰ ਨਹੀਂ ਇਸੀ ਤੇ ਉਸ ਨੂੰ ਕਾਲ ਨਹੀਂ ਮਾਰਦਾ।

ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥ ੧ ॥

ਨਾ ਉਸ ਦੀ ਉੱਚੀ ਜਾਤੀ ਹੈ ਨਾ ਹੀ ਅਜਾਤਿ=ਨੀਚ ਜਾਤੀ, ਨਾਈ, ਛੀਂਬਾ ਆਦਿਕ ਹੈ, ਅਜੋਨੀ=ਜੂਨੀਆਂ ਤੋਂ ਰਹਿਤ ਹੈ, ਅਥਵਾ:-ਅ=ਵਿਸ਼ੇਸ਼ ਕਰਕੇ ਸਾਰਿਆਂ ਦਾ ਜੋਨੀ=ਕਾਰਨ ਰੂਪ ਹੈ, ਸੰਭਉ=ਸੁਤੇ ਪ੍ਰਕਾਸ਼ ਰੂਪ ਹੈ, ਨਾ ਉਸ ਵਿੱਚ ਭਾਉ=ਪ੍ਰੇਮ,

ਅਥਵਾ:-ਗਿਆਨ ਹੈ, ਨਾਹੀ ਭਰਮ ਹੈ॥ ੧ ॥

ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥

ਸਚਿਆਰ=ਯਥਾਰਥ ਵਕਤਾ ਜੋ ਸਚਾ ਬ੍ਰਹਮ ਹੈ, ਉਸ ਉੱਤੋਂ ਮੈਂ ਕੁਰਬਾਨ ਜਾਂਦਾ ਹਾਂ।

ਉਸ ਦਾ ਕੋਈ ਰੂਪ ਨਹੀਂ, ਵਰਨ ਨਹੀਂ, ਅਤੇ ਕੱਛ ਮੱਛ ਆਦਿਕ ਰੇਖਾ ਭੀ ਨਹੀਂ ਹੈ, ਪਰ ਸੱਚੇ ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਨੀਸਾਣੁ=ਪ੍ਰਗਟ ਹੋ ਜਾਂਦਾ ਹੈ।

ਅਥਵਾ:-ਉਹ ਸੱਚਾ ਬ੍ਰਹਮ ਸਾਰੇ ਪ੍ਰਗਟ ਹੈ॥ ਰਹਾਉ॥

ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥

ਮਾਂ, ਪਿਉ, ਪੁੱਤਰ ਸਬੰਧੀ ਆਦਿਕ ਓਸ ਦਾ ਕੋਈ ਨਹੀਂ ਹੈ, ਨਾ ਉਸ ਦੇ ਅੰਦਰ ਕਾਮੁ=ਕਾਮਨਾ ਹੈ,

ਅਥਵਾ:-ਨਾ ਹੀ ਕਾਮਚੇਸ਼ਟਾ ਵਾਲਾ ਸੁਭਾਅ ਹੈ ਨਾ ਹੀ ਉਸ ਦੀ ਕੋਈ ਨਾਰੀ=ਇਸਤ੍ਰੀ ਹੈ।

ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥ ੨ ॥

ਉਹ ਨਿਰਜੰਨ ਕੁਲਾਂ ਤੋਂ ਰਹਿਤ ਹੈ, ਅਪਰ=ਸੰਸਾਰ ਤੋਂ ਪਰੇ ਜੋ ਬ੍ਰਹਮਾ ਆਦਿਕ ਹਨ ਉਹਨਾਂ ਤੋਂ ਭੀ ਉਹ ਪਰੇ ਹੈ, ਸਾਰਿਆਂ ਵਿੱਚ ਉਸ ਦੀ ਜੋਤਿ=ਚੇਤਨ ਸੱਤਾ ਆ ਰਹੀ ਹੈ।

ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ॥

ਸਾਰਿਆਂ ਘਟਾਂ ਘਟਾਂ ਅੰਦਰ ਮਾਇਆ ਨੇ ਬ੍ਰਹਮ ਨੂੰ ਛਪਾਇਆ ਹੋਇਆ ਹੈ,

ਅਥਵਾ: -ਬ੍ਰਹਮ ਨੇ ਆਪਣੇ ਅੰਦਰ ਸਾਰਿਆਂ ਘਟਾਂ ਘਟਾਂ ਨੂੰ ਲੁਕਾਇਆ ਹੋਇਆ ਹੈ, ਅਤੇ ਸਾਰਿਆਂ ਘਟਾਂ ਘਟਾਂ ਵਿੱਚ ਉਸ ਦੀ ਜੋਤਿ=ਚੇਤਨ ਸੱਤਾ ਆ ਰਹੀ ਹੈ।

ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ॥ ੩॥

ਜਿਸ ਨੇ ਗੁਰ-ਸਿੱਖਿਆ ਦੁਆਰੇ ਨਿਰਭਉ ਪ੍ਰਭੂ ਵਿੱਚ ਤਾੜੀ=ਬਿਰਤੀ,

ਅਥਵਾ:-ਸਮਾਧੀ ਲਗਾਈ ਹੈ, ਉਸ ਦੇ ਬੱਜਰ ਵਾਂਗੂੰ ਸਖਤ ਪੰਜਾਂ ਕੋਸ਼ਾਂ ਰੂਪੀ ਕਪਾਟ=ਤਖਤੇ ਮੁਕਤੇ=ਖੁਲ੍ਹ ਗਏ ਹਨ॥ ੩॥

ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ॥

ਜੀਵਾਂ ਨੂੰ ਪੈਦਾ ਕਰਕੇ ਫਿਰ ਜੀਵਾਂ ਦੇ ਸਿਰ ਉੱਤੇ ਕਾਲ ਨੂੰ ਖੜਾ ਕਰ ਦਿੱਤਾ ਹੈ, ਅਤੇ ਜੀਵਾਂ ਦੇ ਖਾਣ ਪਾਣ ਦੀ ਸਾਰੀ ਜੁਗਤੀ ਆਪਣੇ ਵਸ ਵਿੱਚ ਰੱਖੀ ਹੋਈ ਹੈ।

ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ॥ ੪॥

ਹੇ ਭਾਈ ! ਤੂੰ ਸਤਿਗੁਰਾਂ ਦੀ ਸੇਵਾ ਕਰ, ਤਾਂ ਨਾਮ-ਪਦਾਰਥ ਨੂੰ ਪਾਵੇਂਗਾ, ਅਤੇ ਗੁਰ-ਸ਼ਬਦ ਦੀ ਕਮਾਈ ਕਰ ਤਾਂ ਬੰਧਨਾਂ ਤੋਂ, ਅਥਵਾ:-ਕਾਲ ਤੋਂ ਛੁੱਟ ਜਾਵੇਂਗਾ॥ ੪॥

ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ॥

ਸੂਚੈ=ਪਵਿੱਤ੍ਰ ਅੰਤਹਕਰਨ ਰੂਪ ਭਾਂਡੇ ਵਿੱਚ ਸੱਚ ਨਾਮ ਸਮਾਉਂਦਾ ਹੈ, ਪਰ ਸੂਚਾਚਾਰੀ=ਪਵਿੱਤ੍ਰ ਕਰਤੱਬ ਕਰਨ ਵਾਲੇ ਪੁਰਸ਼ ਜਗਤ ਵਿੱਚ ਵਿਰਲੇ ਹਨ।

ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥ ੫॥ ੬॥

ਗੁਰੂ ਜੀ ਕਥਨ ਕਰਦੇ ਹਨ, ਸ੍ਰੇਸ਼ਟ ਕਰਤੱਬ ਕਰਨ ਵਾਲੇ ਤੰਤੈ=ਜੀਵ ਨੂੰ ਪਰਮ ਤੰਤੁ=ਪਰਮਾਤਮਾ ਨੇ ਆਪਣੇ ਨਾਲ ਮਿਲਾਇਆ ਹੈ, ਇਸ ਕਰਕੇ ਹੇ ਪ੍ਰਭੂ ! (ਮੈਂ) ਜਨ ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ॥ ੫॥ ੬॥

ਸੋਰਠਿ ਮਹਲਾ ੧ ॥ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ॥

ਜਿਸ ਤਰ੍ਹਾਂ ਮੀਨਾ=ਮੱਛੀ ਪਾਣੀ ਤੋਂ ਬਿਨਾਂ ਦੁਖੀ ਹੋ ਕੇ ਮਰਦੀ ਹੈ, ਤਿਵੇਂ ਸਾਕਤ ਪੁਰਸ਼ ਪਦਾਰਥਾਂ ਦੀ ਪਿਆਸ ਕਰਕੇ ਦੁਖੀ ਹੋ ਕੇ ਮਰਦਾ ਹੈ।

ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ॥ ੧॥

ਹੇ ਮਨ ! ਤਿਸੀ ਪ੍ਰਕਾਰ ਹਰੀ ਨਾਮ ਤੋਂ ਬਿਨਾਂ ਅਸਾਡਾ ਮਰਨਾ ਹੁੰਦਾ ਹੈ, ਜੋ ਭੀ ਸਵਾਸ ਅੰਦਰ ਬਾਹਰ

ਜਾਂਦਾ ਆਉਂਦਾ ਹੈ, ਉਹ ਬਿਰਥਾ=ਨਿਸਫਲ ਹੈ। ਅਥਵਾ:- ਤਿਸੀ ਪ੍ਰਕਾਰ ਹਰੀ ਨਾਮ ਸਿਮਰਨ ਤੋਂ ਬਿਨਾਂ ਜੋ ਇੱਕ ਸ੍ਵਾਸ ਭੀ ਬਿਰਥਾ=ਵਿਅਰਥ ਜਾਂਦਾ ਹੈ, ਉਸ ਵੇਲੇ ਅਸਾਡਾ ਮਰਨਾ ਹੁੰਦਾ ਹੈ॥ ੧॥

ਮਨ ਰੇ ਰਾਮ ਨਾਮ ਜਸੁ ਲੇਇ॥

ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ॥ ਰਹਾਉ॥

ਹੇ ਮਨ! ਰਾਮ ਨਾਮ ਦੇ ਜਸ ਨੂੰ ਲੈਣਾ ਕਰ, ਜਸ ਖੱਟ ਲੈ। ਪਰ ਗੁਰੂ ਤੋਂ ਬਿਨਾਂ ਇਸ ਰਸ ਨੂੰ, ਮਿਲ ਪਵੇ ਭਾਂ ਉਹ ਹਰੀ ਨਾਮ ਦੇਂਦੇ ਹਨ। ਅਥਵਾ:-ਰਾਮ ਨਾਮ ਜਪਕੇ ਸੰਸਾਰ ਵਿੱਚ ਅਥਵਾ:-ਅਨੰਦ ਨੂੰ ਕਿਵੇਂ ਲਵੇਂਗਾ, ਗੁਰੂ ਅਥਵਾ:-ਹਰੀ ਕਿਰਪਾ ਕਰਕੇ ਗੁਰੂ ਨਾਲ ਮਿਲਾ ਦੇਵੇ, ਭਾਂ ਉਹ ਰਸ ਮਿਲਦਾ ਹੈ॥ ਰਹਾਉ॥

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ॥

ਹੇ ਭਾਈ! ਤੂੰ ਸੰਤ ਜਨਾਂ ਦੀ ਸਤਸੰਗਤ ਨਾਲ ਮਿਲਣਾ ਕਰ, ਭਾਂ ਗੁਰਾਂ ਦੁਆਰੇ ਤੇਰਾ ਮਨ ਤੀਰਥੁ=ਪਵਿੱਤ੍ਰ ਹੋਵੇਗਾ। ਅਥਵਾ:-ਸੰਤ ਜਨਾਂ ਦੀ ਸਤਸੰਗਤ ਵਿੱਚ ਮਿਲਕੇ ਰਹੁ, ਕਿਉਂਕਿ ਗੁਰਾਂ ਦਾ ਬਣਾਇਆ ਹੋਇਆ ਸਤਸੰਗ ਹੀ ਮੁਖਿ ਤੀਰਥ ਹੋ ਰਿਹਾ ਹੈ।

ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ॥ ੨॥

ਅਠਾਠ ਤੀਰਥਾਂ ਦੇ ਮਜਨਾ=ਇਸ਼ਨਾਨ ਦਾ ਫਲ ਗੁਰਾਂ ਦੇ ਦਰਸ਼ਨ ਕਰਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ॥ ੨॥

ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ॥

ਜਿਵੇਂ ਜਤ ਤੋਂ ਬਾਹਰਾ=ਬਿਨਾਂ ਜੋਗੀ ਦਾ ਜੋਗ ਨਿਸਫਲ ਹੈ, ਅਤੇ ਸਤ ਸੰਤੋਖ ਆਦਿਕ ਸ਼ੁਭ-ਗੁਣਾਂ ਤੋਂ ਬਿਨਾਂ ਤਪੀਏ ਦਾ ਤਪ ਨਿਸਫਲ ਹੈ। ਅਥਵਾ:-ਜਿਵੇਂ ਜੋਗੀ ਜੋਗ ਤੋਂ ਬਿਨਾਂ, ਜਤੀ ਜਤ ਤੋਂ ਬਿਨਾਂ, ਤਪੀ ਤਪ ਤੋਂ ਬਿਨਾਂ, ਸਤ੍ਵਾਦੀ ਸਤ ਤੋਂ ਬਿਨਾਂ, ਸੰਤੋਖੀ ਸੰਤੋਖ ਤੋਂ ਬਿਨਾਂ ਨਿਸਫਲ ਹੈ।

ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ॥ ੩॥

ਤਿਵੇਂ ਹਰੀ ਨਾਮ ਤੋਂ ਬਿਨਾਂ ਇਹ ਦੇਹੁਰੀ=ਦੇਹ ਨਿਸਫਲ ਹੈ, ਇਸ ਦੇ ਅੰਦਰਲੇ ਦੋਖੁ=ਦੋਸ਼ਾਂ (ਪਾਪਾਂ) ਕਰਕੇ ਜਮ ਮਾਰਦਾ ਹੈ॥ ੩॥

ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ॥

ਸਾਕਤਾਂ ਵਿੱਚ ਪ੍ਰੇਮ ਕਰਨ ਨਾਲ ਹਰੀ ਪ੍ਰਾਪਤ ਨਹੀਂ ਹੁੰਦਾ, ਸਤਿਗੁਰਾਂ ਵਿੱਚ ਭਾਇ=ਪ੍ਰੇਮ ਕਰਨ ਨਾਲ ਹਰੀ ਪ੍ਰਾਪਤ ਹੁੰਦਾ ਹੈ। ਅਥਵਾ:-ਸਾਕਤ-ਤਾਈਂ ਕਰਕੇ ਹਰੀ ਦਾ ਪ੍ਰੇਮ ਪ੍ਰਾਪਤ ਨਹੀਂ ਹੁੰਦਾ, ਸਤਿਗੁਰਾਂ ਦੀ ਕਿਰਪਾ ਕਰਕੇ ਹਰੀ ਦਾ ਭਾਇ=ਪ੍ਰੇਮ ਪ੍ਰਾਪਤ ਹੁੰਦਾ ਹੈ।

ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ॥ ੪॥ ੭॥

ਸੁਖਾਂ ਦੀ ਪ੍ਰਾਪਤੀ ਦਾ ਦਾਤਾ ਤੇ ਦੁੱਖਾਂ ਦੀ ਨਿਵਿਰਤੀ ਦਾ ਦਾਤਾ ਗੁਰੂ ਮਿਲ ਪਵੇ।

ਅਥਵਾ:-ਦੁੱਖ ਨੂੰ ਸੁਖ ਕਰ ਦੇਣ ਵਾਲਾ ਗੁਰੂ ਮਿਲ ਪਵੇ; ਗੁਰੂ ਜੀ ਕਥਨ ਕਰਦੇ ਹਨ, ਤਾਂ ਫਿਰ ਸਿਫਤਿ ਸਮਾਇ=ਪਰਮਾਤਮਾ ਵਿੱਚ ਅਭੇਦ ਹੁੰਦਾ ਹੈ॥ ੪॥ ੭॥

ਸੋਰਠਿ ਮਹਲਾ ੧॥

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ॥

ਹੇ ਪ੍ਰਭੂ ! ਤੂੰ ਸਾਰੀਆਂ ਦਾਤਾਂ ਦਾ ਦਾਨੀ ਹੈਂ, ਅਥਵਾ:-ਦਾਨ ਦੇਣ ਵਾਲਾ ਦਾਤਾ ਹੈਂ ਤੇ ਪੂਰਨ ਮਤੀ ਵਾਲਾ ਹੈਂ। ਅਸੀਂ ਤੇਰੇ ਦਰ ਦੇ ਭੇਖਾਰੀ=ਮੰਗਤੇ ਹਾਂ।

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ॥੧॥

ਹੇ ਹਰੀ ! ਮੈਂ ਆਪ ਜੀ ਪਾਸੋਂ ਕੀ ਮੰਗਾਂ? ਕੁਝ ਵਸਤੂ ਥਿਰੁ=ਅਚੱਲ ਨਹੀਂ ਰਹਾਈ=ਰਹਿੰਦੀ, ਇਸ ਲਈ ਹਰੀ ਨਾਮ ਰੂਪ ਪਿਆਰੀ ਵਸਤੂ ਮੈਨੂੰ ਦੇਣਾ ਕਰੋ॥ ੧॥

ਘਟਿ ਘਟਿ ਰਵਿ ਰਹਿਆ ਬਨਵਾਰੀ॥

ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ॥ਰਹਾਉ॥

ਹੇ ਬਨਵਾਰੀ=ਸੰਸਾਰ ਬਨ ਦੇ ਮਾਲਕ ! ਤੂੰ ਸਾਰਿਆਂ ਘਟਾਂ ਘਟਾਂ ਵਿੱਚ ਰਵਿ ਰਿਹਾ ਹੈਂ। ਜਲ ਵਿੱਚ, ਥਲ ਵਿੱਚ, ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਤੂੰ ਗੁਪਤ ਹੋ ਕੇ ਵਰਤ ਰਿਹਾ ਹੈਂ, ਗੁਰ ਸ਼ਬਦੀਏ ਆਪ ਜੀ ਨੂੰ ਵੇਖਕੇ ਨਿਹਾਰੀ=ਨਿਹਾਲ ਹੋਏ ਹਨ। ਅਥਵਾ:-ਜਿਨ੍ਹਾਂ ਗੁਰ-ਸ਼ਬਦੀਆਂ ਨੇ ਆਪ ਜੀ ਨੂੰ ਵੇਖਿਆ ਹੈ, ਉਹਨਾਂ ਦੁਆਰੇ ਮੈਂ ਭੀ ਆਪ ਜੀ ਨੂੰ ਨਿਹਾਰੀ=ਵੇਖਿਆ ਹੈ।

ਅਥਵਾ:-ਗੁਰਮੁਖਾਂ ਨੇ ਗੁਰ-ਸ਼ਬਦ ਦੁਆਰਾ ਦੇਖਿ=ਅੱਖਾਂ ਨਾਲ ਆਪ ਜੀ ਨੂੰ ਨਿਹਾਰੀ=ਵੇਖ ਲਿਆ ਹੈ। ਅਥਵਾ:-ਜਿਨ੍ਹਾਂ ਗੁਰ-ਸ਼ਬਦੀਆਂ ਨੇ ਆਪ ਜੀ ਨੂੰ ਅੰਦਰ ਵੇਖਿਆ ਹੈ, ਉਹਨਾਂ ਨੇ ਬਾਹਰ ਵੀ ਆਪ ਜੀ ਨੂੰ ਸਾਰੇ ਪੂਰਨ ਨਿਹਾਰੀ=ਵੇਖਿਆ ਹੈ।

ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ॥

ਗੁਰਿ=ਪੂਜਨੀਕ ਸਤਿਗੁਰਾਂ ਨੇ ਜਿਸ ਵੇਲੇ ਗੁਰਿ=ਵੱਡੀ ਭਾਰੀ ਕਿਰਪਾ ਦ੍ਰਿਸ਼ਟੀ ਧਾਰੀ ਤਾਂ ਮਰਤ=ਮਾਤ ਲੋਕ, ਪਇਆਲ=ਪਤਾਲ, ਅਤੇ ਅਕਾਸੁ=ਸੁਰਗ ਲੋਕ, ਇਨ੍ਹਾਂ ਸਾਰਿਆਂ ਵਿੱਚ ਆਪ ਜੀ ਨੂੰ ਪਰੀ-ਪੂਰਨ ਵਿਖਾ ਦਿੱਤਾ।

(ਪੰਨਾ ੫੯੮)

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ॥ ੨॥

ਉਹ ਬ੍ਰਹਮ ਜੂਨੀਆਂ ਤੋਂ ਰਹਿਤ ਹੈ, ਹੁਣ ਵਰਤਮਾਨ ਸਮੇਂ ਵਿੱਚ ਹੈ, ਭੀ=ਪਿੱਛੇ ਸੀ, ਹੋਨੀ=ਅੱਗੇ ਹੋਵੇਗਾ, ਗੁਰਮੁਖਾਂ ਨੇ ਉਸ ਮੁਰਾਰੀ ਨੂੰ ਆਪਣੇ ਘਟ ਦੇ ਵਿੱਚ ਹੀ ਵੇਖ ਲਿਆ ਹੈ॥ ੨॥

ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥

ਇਸ ਮਨਮੁਖ ਨੇ ਦ੍ਵੈਤ ਭਾ ਵਿੱਚ ਲੱਗ ਕੇ ਭਗਤੀ ਕਰਨੀ ਭੁਲਾ ਦਿੱਤੀ ਹੈ, ਇਸ ਕਰਕੇ ਇਹ ਵਿਚਾਰਾ ਜਗੁ=ਜੀਵ ਜਨਮ ਮਰਨ ਨੂੰ ਪ੍ਰਾਪਤ ਹੋ ਰਿਹਾ ਹੈ।

ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥ ੩ ॥

ਪੂਰੇ ਸਤਿਗੁਰੂ ਮਿਲਣ ਤਾਂ ਗੁਰ-ਸਿੱਖਿਆ ਪ੍ਰਾਪਤ ਹੁੰਦੀ ਹੈ। ਨਿਗੁਰੇ ਸਾਕਤ ਨੇ ਆਪਣੀ ਅਮੋਲਕ ਮਨੁੱਖਾ ਦੇਹ ਰੂਪ ਬਾਜੀ ਨੂੰ ਹਾਰ ਦਿੱਤਾ ਹੈ॥ ੩ ॥

ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥

ਪੂਰਿਆਂ ਸਤਿਗੁਰਾਂ ਨੇ ਬੰਧਨ ਤੋੜਕੇ ਜਿਸ ਨੂੰ ਸੰਸਾਰ ਤੋਂ ਨਿਰਾਰੇ=ਨਿਰਾਲਾ (ਅਸੰਗ) ਕੀਤਾ ਹੈ, ਉਹ ਫਿਰ ਮਾਂ ਦੇ ਗਰਭ ਮਝਾਰੀ=ਵਿੱਚ ਨਹੀਂ ਪੈਂਦਾ।

ਨਾਨਕ ਗਿਆਨ ਰਤਨੁ ਪਰਗਾਸਿਆ
ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥ ੪ ॥ ੮ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਅੰਦਰ ਗਿਆਨ ਰੂਪ ਰਤਨ ਦਾ ਪ੍ਰਕਾਸ਼ ਹੋਇਆ ਹੈ, ਅਤੇ ਉਸ ਦੇ ਮਨ ਵਿੱਚ ਹਰੀ ਨਿਰੰਕਾਰ ਵਸਿਆ ਹੈ॥ ੪॥ ੮ ॥

ਸੋਰਠਿ ਮਹਲਾ ੧ ॥

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥

ਸੁਖਾਂ ਦੀ ਨਿੱਧੀ ਜੋ ਨਾਮ-ਜਲ ਹੈ, ਜਿਸ ਨਾਮ ਦੀ ਪ੍ਰਾਪਤੀ ਵਾਸਤੇ ਤੁਸੀਂ ਜਗਤ ਵਿੱਚ ਆਏ ਹੋ ! ਉਹ ਨਾਮ-ਅੰਮ੍ਰਿਤ ਗੁਰਾਂ ਦੇ ਪਾਹੀ=ਪਾਸ ਹੈ।

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ੧ ॥

ਅਨੇਕ ਪ੍ਰਕਾਰ ਦੇ ਭੇਖਾਂ ਦੇ ਵੇਸੁ=ਸਰੂਪ ਧਾਰਨੇ, ਮਨ ਦੀਆਂ ਚਤੁਰਾਈਆਂ ਤੇ ਦੁਬਿਧਾ ਆਦਿਕ ਵਿਕਾਰ ਛੱਡ ਦਿਓ, ਕਿਉਂਕਿ ਦੁਬਿਧਾ ਆਦਿਕ ਵਿਕਾਰਾਂ ਕਰਕੇ ਇਹ ਗਿਆਨ-ਫਲ ਪ੍ਰਾਪਤ ਨਹੀਂ ਹੁੰਦਾ॥ ੧ ॥

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥

ਹੇ ਮਨ ! ਸਤਸੰਗ ਘਰ ਵਿੱਚ ਥਿਰੁ=ਇਸਥਿਤ ਹੋ ਕੇ ਬੈਠਾ ਰਹੁ, ਮਤੁ=ਮਤਾਂ ਕਤ=ਕਿਧਰੇ ਬਾਹਰ ਜਾਣਾ ਕਰ।

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ
ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥

ਜੋ ਸਰੀਰ ਤੋਂ ਬਾਹਰ ਢੂਢਤ=ਲੱਭਦੇ ਹਨ ਉਹ ਬਹੁਤ ਸਾਰਾ ਦੁੱਖ ਪਾਉਂਦੇ ਹਨ, ਅੰਮ੍ਰਿਤ ਦਾ ਘਟ=ਘੜਾ

(ਪ੍ਰਭੂ) ਤੇਰੇ ਸਰੀਰ-ਘਰ ਦੇ ਅੰਦਰ ਹੀ ਹੈ। ਅਥਵਾ:-ਘਰਿ=ਸਰੀਰ ਦੇ ਵਿੱਚ ਜੋ ਘਟ=ਹਿਰਦਾ ਹੈ, ਉਸ ਵਿੱਚ ਨਾਮ-ਅੰਮ੍ਰਿਤ ਹੈ॥ ਰਹਾਉ॥

ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ॥

ਹੇ ਭਾਈ ! ਔਗੁਣਾਂ ਨੂੰ ਤਿਆਗਕੇ ਸ਼ੁਭ-ਗੁਣਾਂ ਦੇ ਗ੍ਰਹਿਣ ਕਰਨ ਨੂੰ ਧਾਵਹੁ=ਦੌੜੋ ਭਾਵ ਸ਼ੁਭ-ਗੁਣਾਂ ਦੀ ਪ੍ਰਾਪਤੀ ਦਾ ਜਤਨ ਕਰੋ, ਕਿਉਂਕਿ ਔਗੁਣਾਂ ਕਰਕੇ ਪਸਚਾਤਾਪ ਹੀ ਕਰਨਾ ਪਵੇਗਾ।

ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ॥ ੨॥

ਹੇ ਜੀਵ ! ਸਰ-ਅਪਸਰ=ਭਲੇ ਬੁਰੇ ਦੀ ਸਾਰ ਸੰਭਾਲ ਨੂੰ ਨਹੀਂ ਜਾਣਦਾ, ਇਸੀ ਤੇ ਮੁੜ-ਮੁੜ ਕੇ ਆਪਣੇ ਆਪ ਨੂੰ ਮੋਹ ਰੂਪੀ, ਅਥਵਾ:-ਵਿਸ਼ਿਆਂ ਰੂਪੀ ਕੀਚ=ਚਿੱਕੜ ਵਿੱਚ ਬੁਡਾਹੀ=ਡੁਬਾਉਂਦਾ ਹੈਂ॥ ੨॥

ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥

ਹੇ ਝੂਠੇ ਪੁਰਸ਼ਾ ! ਤੇਰੇ ਅੰਦਰ ਝੂਠੇ ਪਦਾਰਥਾਂ ਦੀ ਲੋਭ'ਰੂਪੀ ਮੈਲ ਬਹੁਤ ਸਾਰੀ ਲੱਗ ਰਹੀ ਹੈ, ਤਾਂ ਫਿਰ ਬਾਹਰੋਂ ਨ੍ਹਾਉਣਾ ਕਿਸ ਅਰਥ ਹੈ। ਬਾਹਰ ਨ੍ਹਾਉਣ ਕਰਕੇ ਅੰਦਰ ਦੀ ਮੈਲ ਨਹੀਂ ਉਤਰ ਸਕਦੀ।

ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ॥ ੩॥

ਗੁਰਮੁਖ ਬਣਕੇ ਗੁਰਾਂ ਦੁਆਰੇ ਸਦਾ ਨਿਰਮਲ ਨਾਮ ਨੂੰ ਜਪਣਾ ਕਰੋ, ਤਾਂ ਤਿਸੀ ਸਮੇਂ ਅੰਤਰੇ ਭੇਦ ਦੀ ਗਤਿ=ਨਿਵਿਰਤੀ ਹੋ ਜਾਏਗੀ॥ ੩॥

ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ॥

ਪਦਾਰਥਾਂ ਦੇ ਲੋਭ ਨੂੰ ਪਰਹਰਿ=ਦੂਰ ਕਰਕੇ ਨਿੰਦਿਆ ਅਤੇ ਝੂਠ ਦਾ ਤਿਆਗ ਕਰੋ, ਸੱਚੇ ਗੁਰਾਂ ਦੇ ਬਚਨਾਂ ਉੱਤੇ ਸਚੁ=ਨਿਸਚਾ ਕਰਕੇ ਗਿਆਨ-ਫਲ ਨੂੰ ਪਾਉਣਾ ਕਰੋ।

ਜਿਉ ਭਾਵੈ ਤਿਉ ਰਾਖਹੁ ਹਰਿ ਜੀਉ
ਜਨ ਨਾਨਕ ਸਬਦਿ ਸਲਾਹੀ ਜੀਉ॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ, ਇੰਞ ਬੇਨਤੀ ਕਰੋ-ਹੇ ਹਰਿ ਜੀਉ ! ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਆਪ ਮੈਨੂੰ ਰੱਖ ਲਓ, ਮੈਂ ਜਨ ਤਾਂ ਗੁਰ-ਸ਼ਬਦ ਦੁਆਰਾ ਆਪ ਜੀ ਨੂੰ ਹੀ ਸਲਾਹੁੰਦਾ ਹਾਂ॥ ੪॥ ੯॥

ਸੋਰਠਿ ਮਹਲਾ ੧ ਪੰਚਪਦੇ॥

ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ॥

ਹੇ ਭਾਈ ! ਕਾਮ ਆਦਿਕ ਚੋਰਾਂ ਕਰਕੇ ਤੇਰਾ ਆਪਣਾ ਘਰ ਮੂਸਤ=ਲੁੱਟਿਆ ਜਾ ਰਿਹਾ ਹੈ, ਉਸ ਨੂੰ ਤੂੰ ਰੱਖ ਨਹੀਂ ਸਕਦਾ, ਅਤੇ ਪਰਾਏ ਘਰਾਂ ਵੱਲ ਕੀ ਜੋਹਨ=ਵੇਖਣ ਲੱਗਾ ਹੋਇਆ ਹੈਂ। ਅਰਥਾਤ ਆਪਣੇ ਔਗੁਣ ਤੂੰ ਛੱਡਦਾ ਨਹੀਂ ਹੈਂ ਤੇ ਦੂਜਿਆਂ ਦੇ ਔਗੁਣਾਂ ਵੱਲ ਵੇਖ ਰਿਹਾ ਹੈਂ।

ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥ ੧ ॥

ਆਪਣੇ ਸਰੀਰ ਘਰ ਦੇ ਅੰਦਰ ਤਾਂ ਤੂੰ ਸ਼ੁਭ -ਗੁਣਾਂ ਨੂੰ ਸੰਭਾਲ ਰੱਖੇਂਗਾ, ਜੇ ਤੂੰ ਪ੍ਰੇਮ ਰਸ ਨੂੰ ਚੱਖੇਂਗਾ, ਪਰਮੇਸ਼ਰ ਦੇ ਅਨੰਦ ਨੂੰ ਓਹੀ ਮਾਣਦਾ ਹੈ ਜੋ ਸੇਵਕ ਬਣਕੇ ਗੁਰਾਂ ਦੁਆਰੇ ਸਿਮਰਨ ਵਿੱਚ ਲੱਗਾ ਰਹਿੰਦਾ ਹੈ।

ਅਥਵਾ:-ਜੋ ਸੇਵਕ ਬਣ ਕੇ ਮੁਖ ਗੁਰਾਂ ਦੀ ਸੇਵਾ ਵਿੱਚ ਲੱਗਾ ਰਹਿੰਦਾ ਹੈ॥ ੧ ॥

ਮਨ ਰੇ ਸਮਝੁ ਕਵਨ ਮਤਿ ਲਾਗਾ ॥

ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥

ਹੇ ਮਨ ! ਤੂੰ ਸਮਝਣਾ ਕਰ, ਕਵਨ ਮਤਿ=ਕਿਸ ਖੋਟੀ ਬੁੱਧੀ ਵਿੱਚ ਲੱਗ ਰਿਹਾ ਹੈਂ। ਸਤਿਨਾਮੁ ਨੂੰ ਭੁਲਾਕੇ ਅਨ=ਹੋਰ ਦੁਨਿਆਵੀ ਰਸਾਂ ਵਿੱਚ ਲੁਭਾਇਮਾਨ ਹੋ ਰਿਹਾ ਹੈਂ, ਹੇ ਅਭਾਗਾ=ਖੋਟਿਆਂ ਭਾਗਾਂ ਵਾਲਿਆ ਪੁਰਸ਼ਾ! ਜਦੋਂ ਜਮਾਂ ਦੀ ਮਾਰ ਖਾਏਂਗਾ ਫਿਰ ਪਛੁਤਾਹਿ=ਪਸ਼ਚਾਤਾਪ ਕਰੇਂਗਾ॥ ਰਹਾਉ॥

ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ ॥

ਆਉਂਦੇ ਧਨ ਨੂੰ ਵੇਖਕੇ ਤੂੰ ਹਰਖ=ਪ੍ਰਸੰਨ ਹੁੰਦਾ ਹੈਂ, ਪਦਾਰਥਾਂ ਨੂੰ ਜਾਂਦਿਆਂ ਵੇਖਕੇ ਰੋਂਦਾ ਹੈਂ, ਅਥਵਾ:-ਪੁੱਤਰ ਆਉਂਦੇ ਨੂੰ ਵੇਖਕੇ ਤੂੰ ਪ੍ਰਸੰਨ ਹੁੰਦਾ ਹੈਂ ਤੇ ਵਾਜੇ ਵਜਵਾਉਂਦਾ ਹੈਂ, ਜੇ ਪੁੱਤਰ ਚਲਿਆ ਜਾਵੇ ਭਾਵ ਮਰ ਜਾਵੇ ਤਾਂ ਤੂੰ ਰੋਂਦਾ ਹੈਂ, ਇਹ ਦੁਖ ਸੁਖ ਤਾਂ ਤੇਰੇ ਨਾਲ ਲੱਗ ਰਿਹਾ ਹੈ।

ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ ਅਨਰਾਗਾ ॥ ੨ ॥

ਜੋ ਪ੍ਰਭੂ ਆਪ ਹੀ ਦੁਖਾਂ ਸੁਖਾਂ ਦੇ ਭੋਗਾਂ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ ਭੁਗਾਉਂਦਾ ਹੈ, ਤੂੰ ਗੁਰਮੁਖ ਹੋ ਕੇ ਸੋ=ਉਸ ਪ੍ਰਭੂ ਨਾਲ ਅਨਰਾਗਾ=ਪ੍ਰੇਮ ਕਰ॥ ੨ ॥

ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥

ਹਰੀ ਨਾਮ-ਰਸ ਤੋਂ ਉੱਪਰ ਹੋਰ ਕਿਹੜਾ ਰਸ ਕਹੀਏ? ਅਰਥਾਤ ਹੋਰ ਕੋਈ ਰਸ ਨਹੀਂ ਹੈ, ਜਿਸ ਨੇ ਇਹ ਨਾਮ-ਰਸ ਪੀਤਾ ਹੈ ਉਹ ਤ੍ਰਿਪਤਾਗਾ=ਤ੍ਰਿਪਤ ਭਾਵ ਰੱਜ ਗਿਆ ਹੈ।

ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥ ੩ ॥

ਜਿਸ ਨੇ ਮਾਇਆ ਦੇ ਮੋਹਿਤ=ਮੋਹ ਵਿੱਚ ਫਸਕੇ ਇਹ ਨਾਮ ਰਸ ਹੱਥੋਂ ਗੁਆ ਲਿਆ ਹੈ, ਉਹ ਸਾਕਤ ਖੋਟੀ ਸਿੱਖਿਆ ਵਿੱਚ ਜਾ ਲੱਗਾ ਹੈ॥ ੩ ॥

ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥

ਮਨ ਦਾ ਜੀਉ=ਆਸਰਾ ਪੌਣ ਹੈ, ਅਤੇ ਪੌਣ ਦਾ ਪਤੀ ਦੇਹੀ=ਜੀਵ ਹੈ, ਤਿਸ ਦੇਹੀ=ਜੀਵ ਵਿੱਚ "ਦੇਉ ਸਮਾਗਾ"=ਪ੍ਰਕਾਸ਼ ਰੂਪ ਪ੍ਰਭੂ ਸਮਾ ਰਿਹਾ ਹੈ।

ਅਥਵਾ:- ਮਨ ਦਾ ਜੀਉ=ਆਸਰਾ ਦੇਹੀ=ਦੇਹ ਵਾਲਾ ਜੀਵ ਹੈ, ਤੇ ਪੌਣ ਦਾ ਪਤੀ ਭਾਵ ਆਸਰਾ ਭੀ ਦੇਹੀ=ਦੇਹ ਵਾਲਾ ਜੀਵ ਹੈ, ਤਿਸ ਦੇਹੀ=ਜੀਵ ਵਿੱਚ ਦੇਉ ਸਮਾਗਾ=ਪ੍ਰਕਾਸ਼ ਰੂਪ ਪਰਮਾਤਮਾ ਸਮਾ ਰਿਹਾ ਹੈ।

ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥ ੪ ॥

ਹੇ ਮਨ ! ਜੇ ਤੂੰ ਆਪਣੀ ਬਿਰਤੀ ਦੇਵੇਂ ਤਾਂ ਹਰੀ ਰਸ ਦੇ ਗਾਈ=ਗਾਇਨ ਕਰਨ ਵਾਲਾ ਹੋ ਕੇ ਹਰੀ ਵਿੱਚ ਲਿਵ ਲਗਾਕੇ ਤ੍ਰਿਪਤ ਹੋਵੇਂਗਾ। ਭਾਵ-ਨਾਮ ਸਿਮਰਨ ਦੁਆਰੇ ਤੈਨੂੰ ਸੰਤੋਖ ਦੀ ਪ੍ਰਾਪਤੀ ਹੋਵੇਗੀ ਫਿਰ ਤੈਨੂੰ ਕਿਸੇ ਪਦਾਰਥ ਦੀ ਇੱਛਾ ਨਹੀਂ ਰਹੇਗੀ ਏਹੀ ਰੱਜਣਾ ਹੈ।

ਅਥਵਾ:-ਹੇ ਹਰੀ ! ਜੇ ਤੂੰ ਕਿਰਪਾ ਕਰ ਦੇਵੇਂ ਤਾਂ ਇਹ ਜੀਵ ਰਸੁ=ਪ੍ਰੇਮ ਸਹਿਤ ਜਸ ਨੂੰ ਗਾਵੇਗਾ, ਹੇ ਹਰੀ ! ਤੇਰੇ ਵਿਚ ਲਿਵ ਲਗਾਉਣ ਕਰਕੇ ਹੀ ਮਨ ਤ੍ਰਿਪਤ ਹੁੰਦਾ ਹੈ॥ ੪ ॥

ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥

ਹੇ ਭਾਈ ! ਸਤਸੰਗਤ ਜ਼ਰੂਰ ਕੀਤਾ ਕਰੋ। ਕਿਉਂਕਿ ਸਤਸੰਗਤ ਵਿੱਚ ਜਾਣ ਕਰਕੇ ਹੀ ਹਰੀ=ਰਸ ਪ੍ਰਾਪਤ ਹੁੰਦਾ ਹੈ, ਅਤੇ ਗੁਰਾਂ ਨਾਲ ਮਿਲਣ ਕਰਕੇ ਜਮਾਂ ਦਾ ਡਰ ਭਾਗਾ=ਦੌੜ ਜਾਂਦਾ ਹੈ।

ਨਾਨਕ ਨਾਮ ਨਾਮੁ ਜਪਿ ਗੁਰਮੁਖਿ ਹਰਿ ਪਾਏ ਮਸਤਕਿ ਭਾਗਾ ॥ ੫ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖਾਂ ਨੇ ਰਾਮ ਨਾਮ ਨੂੰ ਜਪਿਆ ਹੈ, ਅਤੇ ਮੱਥੇ ਦੇ ਭਾਗਾਂ ਨਾਲ ਹਰੀ ਨੂੰ ਪਾਇਆ ਹੈ॥ ੫ ॥ ੧੦ ॥

ਸੋਰਠਿ ਮਹਲਾ ੧ ॥

ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥

ਸਰਿਆਂ ਜੀਵਾਂ ਦੇ ਸਿਰ ਉੱਤੇ ਧੁਰਾਹੂ=ਧੁਰ ਤੋਂ ਹੀ ਲੇਖ ਲਿਖਿਆ ਹੋਇਆ ਹੈ, ਲੇਖੇ ਤੋਂ ਬਿਨਾਂ ਕੋਈ ਭੀ ਨਹੀਂ ਹੈ।

ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥ ੧ ॥

ਉਹ ਪ੍ਰਭੂ ਆਪ ਲੇਖਾਂ ਤੋਂ ਰਹਿਤ ਹੈ, ਕੁਦਰਤਿ=ਮਾਇਆ ਦੁਆਰੇ ਸਾਰਿਆਂ ਨੂੰ ਰਚਕੇ ਵੇਖ ਰਿਹਾ ਹੈ, ਅਤੇ ਉਹ ਪ੍ਰਭੂ ਹੀ ਸਾਰਿਆਂ ਨੂੰ ਆਪਣੇ ਹੁਕਮ ਵਿੱਚ ਚਲਾਏ=ਤੋਰਦਾ ਹੈ॥ ੧ ॥

ਮਨ ਰੇ ਰਾਮ ਜਪਹੁ ਸੁਖੁ ਹੋਈ ॥ (ਪੰਨਾ ੫੯੯)

ਹੇ ਮਨ ! ਤੁਸੀਂ ਰਾਮ ਨੂੰ ਜਪਹੁ=ਤਾਂ ਤੁਹਾਨੂੰ ਸੁਖ ਪ੍ਰਾਪਤ ਹੋਵੇਗਾ।

ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥

ਦਿਨ-ਰਾਤ ਗੁਰੂ ਦੇ ਚਰਨਾਂ ਦੀ ਸੇਵਾ ਕਰ, ਤਾਂ ਤੁਸੀਂ ਨਿਸਚੇ ਕਰੋਗੇ ਕਿ ਉਹ ਹਰੀ ਗੁਰੂ ਰੂਪ ਭੀ ਹੈ, ਦਾਤਾ ਭੀ ਆਪ ਹੈ, ਭੁਗਤਾ ਭੀ ਆਪ ਹੈ॥ ਰਹਾਉ ॥

ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥

ਜੋ ਪ੍ਰਭੂ ਸਰੀਰ ਦੇ ਅੰਦਰ ਹੈ ਉਸੇ ਨੂੰ ਬਾਹਰਿ=ਬ੍ਰਹਮਾਂਡ ਵਿੱਚ ਪਰੀਪੂਰਨ ਦੇਖੋ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥ ੨ ॥

ਗੁਰਮੁਖਿ=ਗੁਰਾਂ ਦੁਆਰੇ ਇੱਕ ਅਦ੍ਵੈਤ ਦ੍ਰਿਸ਼ਟੀ ਪ੍ਰਾਪਤ ਕਰਕੇ ਉਸ ਨੂੰ ਦੇਖਣਾ ਕਰੋ, ਸਾਰਿਆਂ ਘਟਾਂ ਘਟਾਂ ਵਿੱਚ ਓਸੇ ਦੀ ਜੋਤ ਸਮਾ ਰਹੀ ਹੈ॥ ੨ ॥

ਚਲਤੋ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥

ਚਲਤੋ=ਦੌੜਦੇ ਮਨ ਨੂੰ ਠਾਕਿ=ਰੋਕ ਕੇ ਆਪਣੇ ਸਰੂਪ ਘਰ ਵਿੱਚ ਰੱਖਣਾ ਕਰੋ। ਪਰ ਗੁਰਾਂ ਨਾਲ ਮਿਲਣ ਕਰਕੇ ਇਸ ਮਨ ਦੇ ਰੋਕਣ ਵਾਲੀ ਸ਼ੁਭ ਮਤੀ ਪ੍ਰਾਪਤ ਹੁੰਦੀ ਹੈ।

ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥ ੩ ॥

ਜੋ ਪਰਮਾਤਮਾ ਆਪਣੇ ਆਪ ਅਦ੍ਰਿਸਟੁ=ਵੇਖਣ ਤੋਂ ਰਹਿਤ ਹੈ, ਉਸ ਨੂੰ ਗੁਰਾਂ ਦੁਆਰੇ ਵੇਖ ਕੇ ਬਿਸਮਾਦੀ=ਅਸਚਰਜ ਰੂਪ ਹੋ ਰਹਿਣਾ ਕਰੋ; ਜਿਸ ਤੇ ਦੁੱਖ ਭੁੱਲ ਜਾਣਗੇ ਤੇ ਸੁਖ ਪ੍ਰਾਪਤ ਹੋਣਗੇ॥ ੩ ॥

ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥

ਨਾਮ ਅਪਿਉ=ਅੰਮ੍ਰਿਤ ਨੂੰ ਪੀਵੋ, ਤਾਂ ਸਰੂਪ ਰੂਪੀ ਨਿਜ ਘਰ ਵਿੱਚ ਵਾਸਾ ਹੋਵੇਗਾ, ਅਤੇ ਪਰਮ=ਵੱਡਾ ਸੁਖ ਪ੍ਰਾਪਤ ਹੋਵੇਗਾ, ਭਾਵ ਆਤਮਿਕ ਸੁਖ ਪ੍ਰਾਪਤ ਹੋਵੇਗਾ।

ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥ ੪ ॥

ਜਨਮ ਮਰਨ ਦੇ ਭਵ ਭੰਜਨੁ=ਡਰ ਨਾਸ ਕਰਨ ਵਾਲੇ ਪ੍ਰਭੂ ਦੇ ਜਸ ਨੂੰ ਗਾਈਏ, ਤਾਂ ਪੁਨ ਰਪਿ=ਫਿਰ ਨਿਸ਼ਚੇ ਕਰਕੇ ਕਦੇ ਭੀ ਜਨਮ ਮਰਨ ਨਹੀਂ ਹੋਵੇਗਾ॥ ੪ ॥

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥

ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਜੋ ਨਿਰੰਜਨ ਹੈ ਜਿਸ ਦੀ ਜੋਤਿ=ਚੇਤਨ-ਸੱਤਾ ਸਬਾਈ=ਸਾਰਿਆਂ ਵਿੱਚ ਆਈ ਹੋਈ ਹੈ, ਸੋ ਹੰ=ਉਹ ਬ੍ਰਹਮ ਮੈਂ ਹਾਂ, ਅਤੇ ਮੈਂ ਉਸ ਦਾ ਰੂਪ ਹਾਂ, ਉਸ ਵਿਚ ਤੇ ਮੇਰੇ ਵਿੱਚ ਕੋਈ ਭੇਦ ਨਹੀਂ ਹੈ, ਅਰਥਾਤ ਤਤ (ਪਰਮੇਸ਼ਰ) ਤੇ ਤੁੰ (ਜੀਵ) ਦੋਵੇਂ ਇਕ ਰੂਪ ਹਨ।

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥ ੫ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ, ਅਪਰ=ਸੰਸਾਰ ਤੋਂ ਪਰੇ ਜੋ ਪਰਾ ਰੂਪ ਬ੍ਰਹਮੁ ਵਿਆਪਕ ਪਰਮੇਸ਼ਰ ਹੈ, ਓਹੀ ਮੈਨੂੰ ਗੁਰੂ ਰੂਪ ਹੋ ਕੇ ਮਿਲਿਆ ਹੈ॥ ੫ ॥ ੧੧ ॥

ਸੋਰਠਿ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥

ਜਾ ਤਿਸੁ ਭਾਵਾ ਤਦ ਹੀ ਗਾਵਾ ॥ ਤਾ ਗਾਵੇ ਕਾ ਫਲੁ ਪਾਵਾ ॥

ਗਾਵੇ ਕਾ ਫਲੁ ਹੋਈ ॥ ਜਾ ਆਪੇ ਦੇਵੈ ਸੋਈ ॥ ੧ ॥

ਤੁਕਾਂ ਅੰਨਵੇਂ ਲੱਗਣੀਆਂ ਹਨ -

ਜਾਂ ਉਸ ਪ੍ਰਭੂ ਦੇ ਜਸ ਨੂੰ ਗਾਵਾ=ਗਾਇਨ ਕੀਤਾ, ਤਾਂ ਤਿਸੁ ਭਾਵਾ=ਉਸ ਨੂੰ ਭਾ ਗਿਆ, ਜਾਂ ਭਾ ਗਿਆ। ਤਾ ਗਾਵੇ ਕਾ ਫਲੁ ਪਾਵਾ ॥ ਤਾਂ ਹੀ ਗਾਇਨ ਕਰਨ ਦਾ ਫਲ ਪਾਉਣਾ ਕੀਤਾ, ਗਾਵੇ ਕਾ ਫਲੁ ਹੋਈ ॥ :-ਜਾਂ ਗਾਇਨ ਕਰਨ ਦਾ ਫਲ ਗਿਆਨ ਪ੍ਰਾਪਤ ਹੋਇਆ। ਜਾ ਆਪੇ ਦੇਵੈ ਸੋਈ ॥ :- ਤਾਂ ਉਹ ਪ੍ਰਭੂ ਆਪਣਾ ਆਪ ਸਾਖਿਆਤ ਕਰ ਦੇਂਦਾ ਹੈ ॥ ੧ ॥

ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥ ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ ॥

ਮੇਰੇ ਮਨ ਨੇ ਗੁਰਾਂ ਦੇ ਬਚਨਾਂ ਕਰਕੇ ਆਤਮ-ਗਿਆਨ ਰੂਪ ਨਿੱਧੀ ਪਾਈ ਹੈ।

ਉਸੇ ਕਰਕੇ ਮੈਂ ਸਚ-ਸਰੂਪ ਵਿਚ ਸਮਾਈ ਕਰ ਰਿਹਾ ਹਾਂ ॥ ਰਹਾਉ ॥

ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥

ਜਾਂ ਗੁਰਾਂ ਦੀ ਸਿੱਖਿਆ ਹਿਰਦੇ ਅੰਦਰ ਜਾਗੀ=ਪ੍ਰਕਾਸ਼ੀ। ਤਾਂ ਬੁੱਧੀ ਨੇ ਚੰਚਲਤਾ ਤਿਆਗ ਦਿੱਤੀ।

ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧਾਰਾ ॥ ੨ ॥

ਜਿਸ ਵੇਲੇ ਗੁਰ-ਸਿੱਖਿਆ ਦਾ ਉਜੀਆਰਾ=ਪ੍ਰਕਾਸ਼ ਹੋਇਆ। ਤਾਂ ਸਾਰਾ ਅਗਿਆਨ ਰੂਪ ਅਨ੍ਹੇਰਾ ਨਾਸ ਹੋ ਗਿਆ ॥ ੨ ॥

ਗੁਰ ਚਰਨੀ ਮਨੁ ਲਾਗਾ ॥ ਤਾ ਜਮ ਕਾ ਮਾਰਗੁ ਭਾਗਾ ॥

ਜਿਸ ਵੇਲੇ ਗੁਰੂ ਦੇ ਚਰਨਾਂ ਨਾਲ ਮਨ ਜੁੜ ਗਿਆ। ਤਾਂ ਜਮਾਂ ਦਾ ਮਾਰਗੁ=ਰਸਤਾ ਭਾਗਾ=ਦੂਰ ਹੋ ਗਿਆ।

ਭੈ ਵਿਚਿ ਨਿਰਭਉ ਪਾਇਆ ॥ ਤਾ ਸਹਜੈ ਕੈ ਘਰਿ ਆਇਆ ॥ ੩ ॥

ਗੁਰਾਂ ਦੇ, ਅਥਵਾ:-ਪ੍ਰਭੂ ਦੇ ਭੈ ਵਿੱਚ ਰਹਿ ਕੇ ਜਾਂ ਨਿਰਭਉ-ਸਰੂਪ ਪ੍ਰਭੂ ਨੂੰ ਪਾਇਆ।

ਤਾਂ ਸਹਜੈ=ਸ਼ਾਂਤੀ ਦੇ ਘਰ ਵਿੱਚ ਆ ਗਿਆ ॥ ੩ ॥

ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥ ਇਸੁ ਜਗ ਮਹਿ ਕਰਣੀ ਸਾਰੀ ॥

ਗੁਰੂ ਜੀ ਕਥਨ ਕਰਦੇ ਹਨ, ਇਸ ਬੀਚਾਰੀ=ਸ਼ੁਭ ਵਿਚਾਰ ਨੂੰ ਕੋ=ਕੋਈ ਵਿਰਲਾ ਹੀ ਬੂਝੈ=ਸਮਝਦਾ ਹੈ। ਕਿ ਇਸ ਜਗਤ ਵਿੱਚ ਭਗਤੀ ਕਰਨੀ ਹੀ ਸਾਰੀ=ਸ੍ਰੇਸ਼ਟ ਹੈ।

ਕਰਣੀ ਕੀਰਤਿ ਹੋਈ ॥ ਜਾ ਆਪੇ ਮਿਲਿਆ ਸੋਈ ॥ ੪ ॥ ੧ ॥ ੧੨ ॥

ਜਾਂ ਉਸ ਪ੍ਰਭੂ ਦੀ ਕੀਰਤੀ ਕਰਨੀ ਪ੍ਰਾਪਤ ਹੋਈ। ਤਾਂ ਉਹ ਪ੍ਰਭੂ ਆਪੇ ਆ ਕੇ ਮਿਲ ਪਿਆ ॥ ੪ ॥ ੧ ॥ ੧੨ ॥

ਸੋਰਠਿ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਹੁਣ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਮੁਖਾਰਬਿੰਦ ਤੋਂ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ:-

ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ ॥

ਜਿਨ੍ਹਾਂ ਨੂੰ ਗੁਰ-ਸ਼ਬਦ ਦਾ ਸਾਦੁ=ਸ੍ਵਾਦ ਆਇਆ ਹੈ, ਉਹ ਸਾਰੇ ਸੇਵਕ ਬਣ ਕੇ ਤੇਰੀ ਸੇਵ=ਸੇਵਾ ਕਰਹਿ=ਕਰਦੇ ਹਨ।

ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥

ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਨੇ ਹਿਰਦੇ ਵਿਚੋਂ ਆਪਾ ਭਾ ਹੰਕਾਰ ਗਵਾਇਆ ਹੈ, ਉਨ੍ਹਾਂ ਦਾ ਮਨ ਸ਼ੁੱਧ ਹੋਇਆ ਹੈ।

ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ ॥ ੧ ॥

ਹੇ ਸੱਚੇ ਪ੍ਰਭੂ ! ਜੋ ਰਾਤ ਦਿਨ ਨਿਤਾਪ੍ਰਤੀ ਗੁਰਾਂ ਦੇ ਸ਼ਬਦ ਦੁਆਰਾ ਆਪ ਜੀ ਦੇ ਗੁਣ ਗਾਉਂਦੇ ਹਨ, ਉਨ੍ਹਾਂ ਦਾ ਸਾਰਾ ਕਰਤੱਬ ਸੁਹਾਇਆ=ਸਫਲ ਹੈ॥ ੧ ॥

ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥

ਹੇ ਮੇਰੇ ਮਾਲਕਾ ! ਹਮ-ਅਸੀਂ ਆਪ ਜੀ ਦੇ ਬਾਰਿਕ=ਬੱਚੇ ਤੁਮਾਰੀ=ਤੁਹਾਡੀ ਸ਼ਰਨ ਵਿੱਚ ਆਏ ਹਾਂ।

ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥ ਰਹਾਉ ॥

ਹੇ ਮੁਰਾਰੀ ! ਸਚੁ=ਨਿਸਚੇ ਕਰਕੇ ਇੱਕ ਤੂੰਹੀਂ ਸੱਚਾ ਹੈਂ, ਅਤੇ ਆਪ ਹੀ ਕੇਵਲ ਸ਼ੁੱਧ-ਸਰੂਪ ਹੋ॥ ਰਹਾਉ ॥

ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥

ਜਿਨ੍ਹਾਂ ਨੇ ਸਬਦੇ=ਗੁਰ-ਸ਼ਬਦ ਦੁਆਰਾ ਹਉਮੈ=ਹੰਗਤਾ ਮਮਤਾ ਮਾਰੀ ਹੈ, ਤੇ ਗਿਆਨ ਜਾਗ੍ਰਤ ਵਿਚ ਜਾਗਦੇ ਰਹਿੰਦੇ ਹਨ, ਉਨ੍ਹਾਂ ਨੇ ਪ੍ਰਭੂ ਨੂੰ ਪਾਇਆ ਹੈ।

ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥

ਤਤ=ਯਥਾਰਥ ਗਿਆਨ ਦੇ ਵਿਚਾਰ ਵਾਲੇ ਹਰਿ ਜਨ=ਹਰੀ ਦੇ ਸੇਵਕ-ਜਨ ਗਿਰਹੀ ਮਹਿ=ਗ੍ਰਿਹਸਤ ਵਿੱਚ ਰਹਿੰਦੇ ਹੋਏ ਭੀ ਸੰਸਾਰ ਵੱਲੋਂ ਉਦਾਸੀਨ ਰਹਿੰਦੇ ਹਨ।

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਰਾਖਿਆ ਉਰ ਧਾਰੀ ॥ ੨ ॥

ਉਨ੍ਹਾਂ ਨੇ ਸਤਿਗੁਰਾਂ ਦੀ ਸੇਵਾ ਕਰਕੇ ਹਰੀ ਨੂੰ ਹਿਰਦੇ ਵਿੱਚ ਧਾਰਨ ਕਰ ਰੱਖਿਆ ਹੈ, ਇਸੀ ਕਰਕੇ ਆਤਮ-ਸੁਖ ਪਾਇਆ ਹੈ॥ ੨ ॥

ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥ (ਪੰਨਾ ੬੦੦)

ਇਹ ਮਨ ਦ੍ਵੈਤ ਭਾਉ ਦਾ ਭੁਲਾਇਆ ਹੋਇਆ ਦਸੋ ਦਿਸ਼ਾਂ ਵਿੱਚ ਧਾਵਦਾ-ਭੱਜਾ ਫਿਰਦਾ ਹੈ।

ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ ॥

ਜੋ ਮਨਮੁਖ ਮੂਰਖ ਹਰੀ ਨਾਮ ਦਾ ਸਿਮਰਨ ਨਹੀਂ ਕਰਦਾ, ਉਸ ਨੇ ਆਪਣਾ ਮਨੁੱਖਾ ਜਨਮ ਵਿਅਰਥ ਗਵਾ ਲਿਆ ਹੈ।

ਸਤਿਗੁਰੁ ਭੇਟੇ ਤਾ ਨਾਉ ਪਾਏ ਹਉਮੈ ਮੋਹੁ ਚੁਕਾਇਆ ॥ ੩ ॥

ਜਾਂ ਸਤਿਗੁਰੂ ਭੇਟੇ=ਮਿਲਣ ਤਾਂ ਵਾਹਿਗੁਰੂ ਨਾਮ ਪਾਂਵਦਾ ਹੈ, ਨਾਮ ਸਿਮਰਨ ਨੇ ਹੀ ਮਨ ਵਿਚੋਂ ਹਉਮੈ ਤੇ ਮੋਹ ਨੂੰ ਦੂਰ ਕੀਤਾ ਹੈ॥ ੩ ॥

ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ ॥

ਜੋ ਗੁਰੂ ਦੇ ਸ਼ਬਦ ਦੀ ਵੀਚਾਰ ਕਰਦੇ ਹਨ, ਉਹ ਸੱਚੇ ਹਰੀ ਦੇ ਜਨ, ਸੱਚ ਦੀ ਕਮਾਈ ਕਰਦੇ ਹਨ।

ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰ ਧਾਰੀ ॥

ਜਿਨ੍ਹਾਂ ਨੇ ਸੱਚ ਨਾਮ ਨੂੰ ਹਿਰਦੇ ਵਿੱਚ ਧਾਰਨ ਕਰ ਰੱਖਿਆ ਹੈ, ਉਨ੍ਹਾਂ ਨੂੰ ਸੱਚੇ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ।

ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਜਪਣ ਤੋਂ ਹੀ ਗਤਿ=ਮੁਕਤੀ ਤੇ ਮਤਿ=ਬੁੱਧੀ ਪਾਈ ਜਾਂਦੀ ਹੈ, ਇਹ ਨਾਮ ਹੀ ਅਸਾਡੀ ਰਾਸਿ=ਪੂੰਜੀ (ਮੂੜੀ) ਹੈ॥ ੪ ॥ ੧ ॥

ਸੋਰਠਿ ਮਹਲਾ ੩ ॥

ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥

ਹਰਿ ਸੋਇ=ਉਸ ਹਰੀ ਨੇ ਨਾਮ ਭਗਤੀ ਰੂਪ ਸੱਚੇ ਧਨ ਦਾ ਖਜ਼ਾਨਾ ਆਪਣਿਆਂ ਭਗਤਾਂ ਨੂੰ ਦਿੱਤਾ ਹੈ।

ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥

ਨਾਮ ਰੂਪ ਧਨ ਅਖੁੱਟ (ਅਮੁੱਕ) ਹੈ, ਜੋ ਕਦੇ ਨਿਖੁਟੈ=ਮੁਕਦਾ ਨਹੀਂ ਹੈ, ਅਤੇ ਕਿਸੇ ਪਾਸੋਂ ਉਸ ਦਾ ਕੀਮਤਿ=ਮੁੱਲ ਭੀ ਨਹੀਂ ਹੁੰਦਾ। ਯਥਾ - ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥

ਪੂਰੈ ਸਤਿਗੁਰ ਦੀਆ ਦਿਖਾਇ ॥ *(ਪੰਨਾ ੬੬੩)*

ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥ ੧ ॥

ਨਾਮ-ਧਨ ਕਰਕੇ ਜਿਨ੍ਹਾਂ ਦੇ ਮੂੰਹ ਉੱਜਲੇ ਹੋਏ ਹਨ, ਉਨ੍ਹਾਂ ਨੇ ਉਸ ਸੱਚੇ ਹਰੀ ਨੂੰ ਪਾਇਆ ਹੈ॥ ੧ ॥

ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥

ਹੇ ਮੇਰੇ ਮਨ ! ਗੁਰ-ਉਪਦੇਸ਼ ਕਰਕੇ ਹੀ ਹਰੀ ਨਾਮ-ਧਨ ਪਾਇਆ ਜਾਂਦਾ ਹੈ।

ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥

ਗੁਰ-ਉਪਦੇਸ਼ ਤੋਂ ਬਿਨਾਂ ਜੋ ਜਗੁ=ਜੀਵ ਭੁੱਲਿਆ ਫਿਰਦਾ ਹੈ, ਉਸ ਨੂੰ ਪ੍ਰਲੋਕ ਦਰਗਾਹ ਵਿੱਚ ਬੜੀ ਭਾਰੀ ਸਜ਼ਾ ਮਿਲਦੀ ਹੈ॥ ਰਹਾਉ ॥

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥

ਇਸ ਸਰੀਰ ਦੇ ਅੰਦਰ ਹੀ ਪੰਜ ਚੋਰ, 'ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ' ਵਸ ਰਹੇ ਹਨ।

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

ਜੋ ਚੋਰ ਅੰਮ੍ਰਿਤ ਰੂਪ ਸ਼ੁਭ-ਗੁਣਾਂ ਨੂੰ ਲੁੱਟ ਰਹੇ ਹਨ, ਪਰ ਮਨਮੁਖ ਇਸ ਗੱਲ ਨੂੰ ਜਾਣਦੇ ਨਹੀਂ ਹਨ, ਜਦ ਪ੍ਰਲੋਕ ਵਿੱਚ ਮਾਰ ਪੈਂਦੀ ਹੈ, ਤਾਂ ਮਨਮੁਖਾਂ ਦੀ ਪੁਕਾਰ ਕੋਈ ਭੀ ਨਹੀਂ ਸੁਣਦਾ।

ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥ ੨ ॥

ਕਾਮ ਕ੍ਰੋਧ ਆਦਿਕਾਂ ਕਰਕੇ ਜਗਤ ਅੰਨ੍ਹਾ ਹੈ, ਉਸ ਦਾ ਵਰਤਾਰਾ=ਵਿਹਾਰ ਭੀ ਅੰਨ੍ਹਾ ਹੈ, ਗੁਰੂ ਤੋਂ ਬਿਨਾਂ ਇਹ ਅਗਿਆਨ ਰੂਪ ਅਨ੍ਹੇਰਾ ਬਣਿਆਂ ਹੀ ਰਹਿੰਦਾ ਹੈ ਦੂਰ ਨਹੀਂ ਹੁੰਦਾ ॥ ੨ ॥

ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥

ਹਉਮੈ=ਮੈਂ ਇਸਦਾ ਮਾਲਕ ਹਾਂ, ਇਹ ਸਭ ਕੁਝ ਮੇਰਾ ਹੈ, ਇਸ ਤਰ੍ਹਾਂ ਦਾ ਹੰਕਾਰ ਕਰ ਕਰ ਕੇ ਮਨਮੁਖ ਵਿਗੁਤੇ=ਖਰਾਬ ਹੋ ਰਹੇ ਹਨ; ਪਰ ਇੱਥੋਂ ਚਲਦਿਆ=ਤੁਰਦੀ ਵਾਰੀ ਕੁਝ ਭੀ ਨਾਲ ਚਲੈ ਨ=ਨਹੀਂ ਚਲਦਾ।

ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥

ਜੋ ਗੁਰਮੁਖ ਹੁੰਦੇ ਹਨ ਉਹ ਸਤਿਨਾਮ ਨੂੰ ਧਿਆਉਂਦੇ ਰਹਿੰਦੇ ਹਨ ਮਨ ਕਰਕੇ, ਅਤੇ ਬਾਣੀ ਕਰਕੇ ਭੀ ਸਦਾ ਹਰੀ ਨਾਮ ਨੂੰ ਚੇਤੇ ਰੱਖਦੇ ਹਨ।

ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥ ੩ ॥

ਜੋ ਗੁਰਮੁਖ ਹਰੀ ਦੇ ਗੁਣਾਂ ਰੂਪ ਸੱਚੀ ਬਾਣੀ ਨੂੰ ਗਾਉਂਦੇ ਹਨ, ਨਦਰੀ=ਪਰਮਾਤਮਾ ਨਦਰਿ=ਕਿਰਪਾ ਦ੍ਰਿਸ਼ਟੀ ਨਾਲ ਵੇਖ ਕੇ ਉਸ ਨੂੰ ਨਿਹਾਲ ਕਰ ਦੇਂਦਾ ਹੈ ॥ ੩ ॥

ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥

ਸਤਿਗੁਰਾਂ ਦੇ ਦਿੱਤੇ ਹੋਏ ਗਿਆਨ ਦਾ ਸਦੀਵ ਕਾਲ ਜਿਸ ਦੇ ਘਟਿ=ਹਿਰਦੇ ਵਿੱਚ ਚਾਨਣੁ=ਪ੍ਰਕਾਸ਼ ਹੈ, ਬਾਦਸ਼ਾਹਾਂ ਦੇ ਸਿਰ ਉੱਤੇ ਉਸ ਦਾ ਅਮਰੁ=ਹੁਕਮ ਹੈ। ਅਥਵਾ:-ਜਿਸ ਪ੍ਰਭੂ ਦਾ ਬਾਦਸ਼ਾਹਾਂ ਦੇ ਸਿਰ ਉੱਤੇ ਅਮਰੁ=ਹੁਕਮ ਹੈ, ਉਸ ਦੇ ਗਿਆਨ ਦਾ ਚਾਨਣ ਸਤਿਗੁਰਾਂ ਦੁਆਰੇ ਸਦਾ ਹਿਰਦੇ ਵਿੱਚ ਹੋਇਆ।

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥

ਜੋ ਅਨ-ਦਿਨੁ=ਇੱਕ-ਰਸ ਦਿਨ ਰਾਤ ਭਗਤੀ ਕਰਦੇ ਹਨ, ਉਨ੍ਹਾਂ ਨੂੰ ਰਾਮ ਨਾਮ ਦਾ ਸੱਚਾ ਲਾਭ ਪ੍ਰਾਪਤ ਹੋਇਆ ਹੈ। ਅਥਵਾ:-ਰਾਮ ਨਾਮ ਰੂਪੀ ਸੱਚੇ ਲਾਭ ਕਰਕੇ ਜੋ ਦਿਨ ਰਾਤ ਭਗਤੀ ਕਰਦੇ ਹਨ, ਉਨ੍ਹਾਂ ਨੂੰ ਅਵਿੱਦਿਆ ਰੂਪੀ ਅਨ=ਰਾਤ ਤੋਂ ਗਿਆਨ ਰੂਪੀ ਦਿਨ ਉਦੇ ਹੋਇਆ ਹੈ।

ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਰਾਮ ਨਾਮ ਦੇ ਸਿਮਰਨ ਕਰਕੇ ਹੀ ਨਿਸਤਾਰਾ=ਤਰਨਾ ਹੁੰਦਾ ਹੈ, ਜੋ ਗੁਰ-ਉਪਦੇਸ਼ ਵਿੱਚ ਰਤੇ=ਤਦਾਕਾਰ ਹੋਏ ਹਨ ਉਨ੍ਹਾਂ ਨੇ ਹਰੀ ਨੂੰ ਪਾਹਾ=ਪਾ ਲਿਆ ਹੈ।

ਅਥਵਾ:-ਹਰੀ ਉਨ੍ਹਾਂ ਦੇ ਪਾਹਾ=ਪਾਸ ਹੈ। ਅਥਵਾ:-ਜਿਨ੍ਹਾਂ ਨੂੰ ਗੁਰ-ਉਪਦੇਸ਼ ਰੂਪੀ ਪਾਹ ਚੜ੍ਹੀ ਹੈ, ਉਹ ਗੁਰਮੁਖ ਹਰੀ ਵਿੱਚ ਰਤੇ=ਰਮ ਗਏ ਹਨ॥ ੪॥ ੨॥

ਸੋਰਠਿ ਮਃ ੩ ॥

ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ ॥

ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆ ਕੇ ਦਾਸਾਂ ਦਾ ਦਾਸ ਹੋ ਜਾਵੇ ਤਾਂ ਹਰੀ ਨੂੰ ਪਾਏ=ਪਾਂਵਦਾ ਹੈ।

ਭਗਤਾ ਕਾ ਕਾਰਜੁ ਹਰਿ ਅਨੰਦੁ ਹੈ ਅਨਦਿਨੁ ਹਰਿ ਗੁਣ ਗਾਈ ॥

ਅਨੰਦ ਰੂਪ ਜੋ ਹਰੀ ਹੈ ਰਾਤ ਦਿਨੇ ਉਸ ਹਰੀ ਦੇ ਗੁਣਾਂ ਦਾ ਜੋ ਗਾਇਨ ਕਰਨਾ ਹੈ ਏਹੋ ਭਗਤਾਂ ਦਾ ਅਸਲੀ ਕਾਰਜ ਹੈ। ਅਥਵਾ:-ਜੋ ਰਾਤ ਦਿਨ ਹਰੀ ਗੁਣਾਂ ਨੂੰ ਗਾਂਵਦੇ ਹਨ, ਹਰੀ ਉਨ੍ਹਾਂ ਭਗਤਾਂ ਦਾ ਕਾਰਜ ਸਵਾਰਕੇ ਉਨ੍ਹਾਂ ਨੂੰ ਅਨੰਦ ਦੇ ਸਹਿਤ ਰੱਖਦਾ ਹੈ।

ਸਬਦਿ ਰਤੇ ਸਦਾ ਇਕ ਰੰਗੀ ਹਰਿ ਸਿਉ ਰਹੇ ਸਮਾਈ ॥ ੧ ॥

ਭਗਤ ਜਨ ਸਦਾ ਹੀ ਸ਼ਬਦ ਵਿੱਚ ਰਤੇ ਰਹਿੰਦੇ ਹਨ, ਅਤੇ ਇਕ ਪ੍ਰਭੂ ਦੇ ਰੰਗੀ=ਪ੍ਰੇਮ ਕਰਕੇ ਹਰੀ ਦੇ ਨਾਲ ਹੀ ਸਮਾ ਰਹਿੰਦੇ ਹਨ॥ ੧॥

ਹਰਿ ਜੀਉ ਸਾਚੀ ਨਦਰਿ ਤੁਮਾਰੀ ॥

ਹੇ ਹਰਿ ਜੀਉ ! ਤੁਮਾਰੀ=ਤੁਹਾਡੀ ਸੱਚੀ ਨਦਰਿ=ਕਿਰਪਾ ਦ੍ਰਿਸ਼ਟੀ ਹੈ।

ਆਪਣਿਆ ਦਾਸਾ ਨੋ ਕ੍ਰਿਪਾ ਕਰਿ ਪਿਆਰੇ
ਰਾਖਹੁ ਪੈਜ ਹਮਾਰੀ ॥ ਰਹਾਉ ॥

ਹੇ ਪਿਆਰੇ ਪ੍ਰਭੂ ! ਜਿਵੇਂ ਆਪਣਿਆਂ ਦਾਸਾਂ ਉੱਤੇ ਕਿਰਪਾ ਦ੍ਰਿਸ਼ਟੀ ਕਰਦੇ ਹੋ, ਤਿਵੇਂ ਅਸਾਡੀ ਭੀ ਪੈਜ ਰੱਖ ਲਓ॥ ਰਹਾਉ॥

ਸਬਦਿ ਸਲਾਹੀ ਸਦਾ ਹਉ ਜੀਵਾ ਗੁਰਮਤੀ ਭਉ ਭਾਗਾ ॥

ਸਬਦਿ=ਬ੍ਰਹਮ ਦੀ ਸ਼ਲਾਘਾ ਕਰਦਾ ਹੋਇਆ ਮੈਂ ਸਦਾ ਜੀਉਂਦਾ ਹਾਂ, ਗੁਰਮਤੀ=ਗੁਰਾਂ ਦੀ ਸਿੱਖਿਆ ਕਰਕੇ ਮੇਰਾ ਡਰ ਦੂਰ ਹੋ ਗਿਆ ਹੈ।

ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ ਗੁਰੁ ਸੇਵਿਆ ਚਿਤੁ ਲਾਗਾ ॥

ਮੇਰਾ ਪ੍ਰਭੂ ਸਚਾ ਅਤਿ=ਅਤਸੈ ਕਰਕੇ ਸੁਆਲਿਓ=ਸਲਾਹੁਣੇ ਜੋਗ ਹੈ, ਅਥਵਾ:-ਸੁੰਦਰ ਹੈ, ਗੁਰਾਂ ਦੀ ਸੇਵਾ ਕਰਨ ਨਾਲ ਉਸ ਵਿੱਚ ਚਿੱਤ ਲੱਗਾ ਹੈ।

ਸਾਚਾ ਸਬਦੁ ਸਚੀ ਸਚੁ ਬਾਣੀ ਸੋ ਜਨੁ ਅਨਦਿਨੁ ਜਾਗਾ ॥ ੨ ॥

ਉਹ ਸਬਦੁ=ਬ੍ਰਹਮ ਸੱਚਾ ਹੈ, ਉਸ ਦੀ ਨਾਮ-ਬਾਣੀ, ਅਥਵਾ:-ਵੇਦ-ਬਾਣੀ ਭੀ ਸੱਚੀ ਹੈ, ਜੋ ਇੰਵ ਸਚੁ=ਨਿਸਚੇ ਕਰਦਾ ਹੈ, ਉਹ ਗੁਰਮੁਖ-ਜਨ ਰਾਤ ਦਿਨ ਗਿਆਨ ਜਾਗ੍ਰਤ ਵਿੱਚ ਜਾਗਦਾ ਰਹਿੰਦਾ ਹੈ॥ ੨ ॥

ਮਹਾ ਗੰਭੀਰੁ ਸਦਾ ਸੁਖਦਾਤਾ ਤਿਸ ਕਾ ਅੰਤੁ ਨ ਪਾਇਆ ॥

ਉਹ ਮਹਾਂ ਗੰਭੀਰ ਹੈ ਤੇ ਸਦੀਵਕਾਲ ਸੁਖਾਂ ਦਾ ਦਾਤਾ ਹੈ, ਅੱਜ ਤੱਕ ਉਸ ਦਾ ਅੰਤ ਕਿਸੇ ਨੇ ਨਹੀਂ ਪਾਇਆ।

ਪੂਰੇ ਗੁਰ ਕੀ ਸੇਵਾ ਕੀਨੀ ਅਚਿੰਤੁ ਹਰਿ ਮੰਨਿ ਵਸਾਇਆ ॥

ਜਿਸ ਨੇ ਪੂਰਿਆਂ ਗੁਰਾਂ ਦੀ ਸੇਵਾ ਕੀਤੀ ਹੈ, ਉਸ ਦੇ ਮਨ ਵਿੱਚ ਅਚਾਨਕ ਹਰੀ ਵਸ ਆਇਆ ਹੈ।

ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ ਵਿਚਹੁ ਭਰਮੁ ਚੁਕਾਇਆ ॥ ੩ ॥

ਜਿਸ ਨੇ ਆਪਣੇ ਹਿਰਦੇ ਵਿੱਚੋਂ ਭਰਮ ਨੂੰ ਦੂਰ ਕੀਤਾ ਹੈ, ਉਸ ਦਾ ਮਨ ਤਨ ਸ਼ੁੱਧ ਹੋ ਗਿਆ ਹੈ, ਇਸ ਲਈ ਉਨ੍ਹਾਂ ਦੇ ਅੰਦਰ "ਸਦਾ ਸੁਖੁ"=ਨਿੱਤ ਸੁਖ ਪ੍ਰਾਪਤ ਹੋਇਆ ਹੈ॥ ੩ ॥

ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ ਕੋ ਪਾਏ ਗੁਰ ਵੀਚਾਰਾ ॥

ਮਾਰਗਾਂ ਵਿੱਚੋਂ ਹਰੀ ਦੀ ਪ੍ਰਾਪਤੀ ਦਾ ਪੰਥੁ=ਰਸਤਾ ਸਦਾ ਵਿਖੜਾ=ਕਠਨ ਹੈ, ਗੁਰ-ਉਪਦੇਸ਼ ਦੀ ਵਿਚਾਰ ਦੁਆਰਾ ਉਸ ਰਸਤੇ ਨੂੰ ਕੋਈ ਵਿਰਲਾ ਹੀ ਪਾਂਵਦਾ ਹੈ।

ਅਥਵਾ:-ਹਰੀ ਦੀ ਪ੍ਰਾਪਤੀ ਦਾ ਜੋ ਗਿਆਨ ਭਗਤੀ ਰੂਪ ਮਾਰਗੁ=ਰਸਤਾ ਹੈ, ਉਹ ਪੰਥੁ=ਰਸਤਾ ਸਦਾ ਹੀ ਵਿਖੜਾ=ਵਿਖਮ ਭਾਵ ਕਠਨ ਹੈ, ਉਸ ਰਸਤੇ ਨੂੰ ਗੁਰਾਂ ਦੇ ਵਿਚਾਰ ਦੁਆਰਾ ਕੋਈ ਵਿਰਲਾ ਹੀ ਪਾਂਵਦਾ ਹੈ।

ਹਰਿ ਕੈ ਰੰਗਿ ਰਾਤਾ ਸਬਦੇ ਮਾਤਾ ਹਉਮੈ ਤਜੇ ਵਿਕਾਰਾ ॥

ਜਿਸ ਨੇ ਗੁਰ-ਉਪਦੇਸ਼ ਵਿੱਚ ਮਸਤ ਹੋ ਕੇ ਹਉਮੈ ਆਦਿਕ ਵਿਕਾਰ ਤਿਆਗੇ ਹਨ, ਉਹ ਹਰੀ ਦੇ ਰੰਗ ਵਿੱਚ ਰੱਤਾ ਗਿਆ ਹੈ, ਜੋ ਹਰੀ ਦੇ ਰੰਗ ਵਿੱਚ ਰੱਤਾ ਗਿਆ ਹੈ ਓਹੀ ਸਬਦੇ ਮਾਤਾ=ਬ੍ਰਹਮ ਵਿੱਚ ਮਸਤ ਹੋਇਆ ਹੈ।

ਨਾਨਕ ਨਾਮਿ ਰਤਾ ਇਕ ਰੰਗੀ ਸਬਦਿ ਸਵਾਰਣਹਾਰਾ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਅੰਤਹਕਰਨ ਦੇ ਸਵਾਰਨ ਵਾਲਾ ਗੁਰ-ਉਪਦੇਸ਼ ਪ੍ਰਾਪਤ ਹੋਇਆ ਹੈ, ਉਹ ਨਾਮੀ ਦੇ ਨਾਮ ਵਿੱਚ ਰੱਤਾ ਹੋਇਆ ਇਕ ਰੰਗੀ=ਯਕ-ਰੰਗੀ ਹੋਇਆ ਹੈ॥ ੪ ॥ ੩ ॥

(ਪੰਨਾ ੬੦੧) ਸੋਰਠਿ ਮਹਲਾ ੩ ॥

ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ ਜਿਚਰੁ ਘਟ ਅੰਤਰਿ ਹੈ ਸਾਸਾ ॥

ਸਨਮੁਖ ਬੇਨਤੀ ਕਰਦੇ ਹਨ, ਹੇ ਪਿਆਰੇ ਹਰਿ ਜੀਉ ! ਇਹ ਕਿਰਪਾ ਕਰ, ਜਿੰਨਾ ਚਿਰ ਮੇਰੇ ਸਰੀਰ ਅੰਦਰ ਸ੍ਵਾਸ ਹਨ, ਉਤਨਾ ਚਿਰ ਸਦਾ ਹੀ ਆਪ ਜੀ ਨੂੰ ਸਲਾਹੁੰਦਾ ਰਹਾਂ।

ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥

ਹੇ ਸੁਆਮੀ ! ਜੇ ਤੂੰ ਇੱਕ ਖਿਨ ਪੱਲ ਭੀ ਭੁੱਲ ਜਾਵੇਂ ਤਾਂ ਮੈਂ ਉਤਨੇ ਸਮੇਂ ਨੂੰ ਪਚਾਸਾ=ਪੰਜਾਹ ਵਰ੍ਹੇ ਜਾਣਉ=ਸਮਝਦਾ ਹਾਂ।

ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੈ ਸਬਦਿ ਪ੍ਰਗਾਸਾ ॥ ੧ ॥

ਹੇ ਭਾਈ=ਭਾਵਨੇ ਜੋਗ ਹਰੀ ! ਅਸੀਂ ਮੂਰਖਾਂ ਸ੍ਰੀਖੇ ਸਦਾ ਮੂਰਖ ਸੀ, ਪਰ ਗੁਰਾਂ ਦੇ ਉਪਦੇਸ਼ ਕਰਕੇ ਤੇਰਾ ਪ੍ਰਕਾਸ਼ ਹੋਇਆ ਹੈ॥ ੧ ॥

ਹਰਿ ਜੀਉ ਤੁਮ ਆਪੇ ਦੇਹੁ ਬੁਝਾਈ ॥

ਹੇ ਹਰਿ ਜੀਉ ! ਤੁਸੀਂ ਆਪ ਹੀ ਬੁਝਾਈ=ਸਮਝਾ ਦੇਹੁ=ਦੇਂਦੇ ਹੋ।

ਹਰਿ ਜੀਉ ਤੁਧੁ ਵਿਟਹੁ ਵਾਰਿਆ ਸਦ ਹੀ ਤੇਰੇ ਨਾਮ ਵਿਟਹੁ ਬਲਿ ਜਾਈ ॥ਰਹਾਉ ॥

ਹੇ ਹਰਿ ਜੀਉ ! ਮੈਂ ਸਦਾ ਹੀ ਆਪ ਜੀ ਉੱਪਰੋਂ ਕੁਰਬਾਨ ਜਾਂਦਾ ਹਾਂ, ਅਤੇ ਤੇਰੇ ਨਾਮ ਦੇ ਉਪਰੋਂ ਭੀ ਬਲਿਹਾਰ ਜਾਂਦਾ ਹਾਂ॥ ਰਹਾਉ ॥

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥

ਅਸੀਂ ਗੁਰ-ਉਪਦੇਸ਼ ਕਰਕੇ ਜੀਵਤ ਭਾ ਤੋਂ ਮੁਏ ਹਾਂ, ਕਿਉਂਕਿ ਗੁਰਾਂ ਦਾ ਉਪਦੇਸ਼ ਹੀ ਸੰਸਾਰ ਵੱਲੋਂ ਮਾਰਕੇ ਪਰਮੇਸ਼ਰ ਵੱਲ ਜਿਵਾਉਣ ਵਾਲਾ ਹੈ, ਅਤੇ ਗੁਰਾਂ ਦੇ ਉਪਦੇਸ਼ ਕਰਕੇ ਹੀ ਅਸਾਂ ਨੇ ਮੁਕਤੀ ਪਾਈ ਹੈ।

ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥

ਗੁਰਾਂ ਦੇ ਉਪਦੇਸ਼ ਕਰਕੇ ਮਨ ਤਨ ਨਿਰਮਲੁ=ਸ਼ੁੱਧ ਹੋ ਗਿਆ ਹੈ ਅਤੇ ਮਨ ਵਿੱਚ ਹਰੀ ਆ ਵਸਿਆ ਹੈ।

ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥ ੨ ॥

ਉਪਦੇਸ਼ ਦਾਤੇ ਗੁਰੂ ਨਾਲ ਜਿਸ ਦਾ ਮਨ ਤਦਾਕਾਰ ਹੋਇਆ ਹੈ, ਉਹ ਹਰੀ ਨਾਲ ਸਮਾ ਰਿਹਾ ਹੈ॥ ੨ ॥

ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥

ਜੋ ਗੁਰ-ਉਪਦੇਸ਼ ਨੂੰ ਨਹੀਂ ਜਾਣਦੇ ਉਹ ਅੰਨ੍ਹੇ ਤੇ ਬੋਲੇ ਹਨ, ਉਹ ਸੰਸਾਰ ਵਿੱਚ ਕਿਸ ਵਾਸਤੇ ਆਏ ਹਨ ਨਾ ਆਉਂਦੇ ਤਾਂ ਚੰਗਾ ਸੀ।

ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥

ਜਿਨ੍ਹਾਂ ਨੇ ਹਰੀ ਨਾਮ-ਰਸ ਨੂੰ ਨਹੀਂ ਪਾਇਆ ਉਹਨਾਂ ਨੇ ਆਪਣਾ ਮਨੁੱਖਾ ਜਨਮ ਵਿਅਰਥ ਗਵਾਇਆ ਹੈ. ਉਹ ਮੁੜ-ਮੁੜ ਕੇ ਜੰਮਦੇ ਮਰਦੇ ਹਨ।

ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥ ੩ ॥

ਮਨਮੁਖ ਮੂਰਖ ਅਗਿਆਨ ਰੂਪ ਅੰਨ੍ਹੇਰੇ ਕਰਕੇ ਬਿਸਟਾ ਕੇ ਕੀੜੇ=ਗੂੰਹ ਦੇ ਕੀੜੇ ਹੋ ਕੇ ਬਿਸਟਾ=ਗੂੰਹ

ਦੇ ਵਿੱਚ ਹੀ ਸਮਾਣੇ=ਸਮਾਉਣਗੇ। ਅਥਵਾ: ਬਿਸਟਾ ਕੇ ਕੀੜੇ=ਨਰਕੀ ਜੀਵ ਫਿਰ ਵੀ ਬਿਸਟਾ ਮਾਹਿ ਸਮਾਣੇ=ਨਰਕਾਂ ਵਿੱਚ ਹੀ ਸਮਾਣਗੇ॥ ੩॥

ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ॥

ਹੇ ਭਾਈ ! ਉਹ ਪ੍ਰਭੂ ਆਪ ਹੀ ਉਤਪਤੀ ਕਰਕੇ ਵੇਖਦਾ ਹੈ ਆਪ ਹੀ ਸ਼ੁਭ ਰਸਤੇ ਵਿੱਚ ਲਗਾਉਂਦਾ ਹੈ, ਉਸ ਤੋਂ ਬਿਨਾਂ ਹੋਰ ਕੋਈ ਕੁਝ ਨਹੀਂ ਕਰ ਸਕਦਾ।

ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ॥

ਹੇ ਭਾਈ ! ਜੋ ਧੁਰ ਤੋਂ ਲੇਖ ਪ੍ਰਭੂ ਨੇ ਲਿਖ ਦਿੱਤਾ ਹੈ ਉਸ ਨੂੰ ਕੋਈ ਨਹੀਂ ਮੇਟਦਾ, ਕਰਤਾ ਪੁਰਖ ਜੋ ਕਰਦਾ ਹੈ ਓਹੀ ਹੁੰਦਾ ਹੈ।

ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ॥੪॥੪॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਉਸ ਦਾ ਨਾਮ ਅਸਾਡੇ ਮਨ ਅੰਦਰ ਵਸਿਆ ਹੈ, ਜਿਸ ਵਰਗਾ ਅਵਰੁ=ਹੋਰ ਕੋਈ ਦੂਜਾ ਨਹੀਂ ਹੈ॥ ੪॥ ੪॥

ਸੋਰਠਿ ਮਹਲਾ ੩॥

ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ॥

ਜੋ ਗੁਰਮੁਖ ਭਗਤੀ ਕਰਹਿ=ਕਰਦੇ ਹਨ, ਤੇ ਰਾਤ-ਦਿਨ ਵਾਹਿਗੁਰੂ ਨਾਮ ਨੂੰ ਵਖਾਣੇ=ਕਥਨ ਕਰਦੇ ਹਨ, ਉਹ ਪੁਰਸ਼ ਪ੍ਰਭੂ ਨੂੰ ਭਾਵਹਿ=ਭਾਂਵਦੇ ਹਨ।

ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ॥

ਹੇ ਪ੍ਰਭੂ ! ਜੋ ਮੇਰੇ ਮਨ ਵਿੱਚ ਭਾਣੇ=ਭਾਏ ਹਨ, ਉਹਨਾਂ ਭਗਤਾਂ ਦੀ ਸਾਰ=ਸੰਭਾਲ ਤੂੰ ਕਰਹਿ=ਕਰਦਾ ਹੈਂ, ਅਤੇ ਤੂੰ ਆਪ ਹੀ ਰਾਖਹਿ=ਰੱਖਿਆ ਕਰਦਾ ਹੈਂ।

ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ॥੧॥

ਗੁਰ-ਉਪਦੇਸ਼ ਕਰਕੇ ਮੈਂ ਇਹ ਪਛਾਣਿਆ ਹੈ ਕਿ ਤੂੰ ਸ਼ੁਭ-ਗੁਣਾਂ ਦਾ ਦਾਤਾ ਹੈਂ ਤੇਰੇ ਗੁਣ ਕਹਿਣ ਵਾਲੇ ਗੁਣੀ ਪੁਰਸ਼ ਤੇਰੇ ਵਿੱਚ ਸਮਾਏ ਹਨ॥ ੧॥

ਮਨ ਮੇਰੇ ਹਰਿ ਜੀਉ ਸਦਾ ਸਮਾਲਿ॥

ਹੇ ਮੇਰੇ ਮਨ ! ਤੂੰ ਹਰਿ ਜੀ ਨੂੰ ਸਦਾ ਸਮਾਲਿ=ਚੇਤੇ ਕਰ।

ਅੰਤ ਕਾਲਿ ਤੇਰਾ ਬੇਲੀ ਹੋਵੈ ਸਦਾ ਨਿਬਹੈ ਤੇਰੈ ਨਾਲਿ॥ ਰਹਾਉ॥

ਜੋ ਅੰਤ ਸਮੇਂ ਤੇਰਾ ਬੇਲੀ=ਮਿੱਤਰ ਹੋਵੇਗਾ ਅਤੇ ਸਦਾ ਹੀ ਤੇਰੇ ਨਾਲ ਨਿਬਹੈ=ਚੱਲੇਗਾ॥ ਰਹਾਉ॥

ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥

ਦੁਰਜੋਧਨ, ਕਰਨ, ਦੁਹਸਾਸਨ, ਸ਼ਕਨੀ ਇਸ ਤਰ੍ਹਾਂ ਦੀ ਦੁਸ਼ਟ ਚੌਕੜੀ (ਬੁਰਿਆਂ ਦੀ ਟੋਲੀ) ਸਦਾ

ਝੂਠ ਨੂੰ ਕਮਾਂਵਦੀ ਹੈ ਵੀਚਾਰਕੇ ਉਸ ਦੇ ਫਲ ਨੂੰ ਜਾਣਦੀ ਨਹੀਂ। ਏਸੇ ਤਰ੍ਹਾਂ ਜਿਸ ਦੀ ਚਤੁਸ਼ਟੇ ਅੰਤਹਕਰਨ ਰੂਪੀ ਚੌਕੜੀ ਦੁਸ਼ਟ ਹੈ, ਉਹ ਸਦਾ ਝੂਠ ਬੋਲਦੀ ਹੈ, ਸ਼ੁਭ ਵਿਚਾਰ ਨੂੰ ਨਹੀਂ ਬੂਝਹਿ=ਬੁੱਝਦੀ।

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥

ਨਿੰਦਿਆ ਤੇ ਦੁਸ਼ਟ-ਭਾਈ ਦੇ ਕਰਨ ਨਾਲ ਕਿਸਨੇ ਸੁਖ-ਫਲ ਪਾਇਆ ਹੈ ਭਾਵ ਕਿਸੀ ਨੇ ਨਹੀਂ ਪਾਇਆ। ਅਥਵਾ:- ਕਿਸ ਨੇ ਕੁਝ ਫਲ ਪਾਇਆ ਹੈ ? ਹਾਂ, ਵੇਖੋ ! ਹਰਨਾਖਸ਼ ਨੇ ਦੁਸ਼ਟ-ਭਾਈ ਕੀਤੀ ਤਾਂ ਭਗਵਾਨ ਨਰਸਿੰਘ ਰੂਪ ਹੋ ਕੇ ਉਸਨੂੰ ਨਖਹਿ=ਨਖਾਂ (ਨੌਂਹਾਂ) ਨਾਲ ਬਿਦਾਰੇ=ਚੀਰ ਸੁੱਟਿਆ।

ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥ ੨ ॥

ਪ੍ਰਹਿਲਾਦ-ਜਨ ਸਦਾ ਹਰੀ ਦੇ ਗੁਣ ਨੂੰ ਗਾਂਵਦਾ ਸੀ, ਇਸ ਕਰਕੇ ਉਸਨੂੰ ਹਰਿ ਜੀ ਨੇ ਬਚਾ ਲਿਆ॥ ੨ ॥

ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥

ਮਨਮੁਖਾਂ ਵਿੱਚ ਅਕਲ ਤਾਂ ਕੋਈ ਹੁੰਦੀ ਨਹੀਂ, ਪਰ ਆਪਣੇ ਆਪ ਨੂੰ ਬਹੁਤ ਹੀ ਚੰਗਾ ਕਰਕੇ ਜਾਣਹਿ=ਜਾਣਦੇ ਹਨ।

ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥

ਏਸੇ ਕਰਕੇ ਸਾਧੂ ਜਨਾਂ ਦੀ ਨਿੰਦਿਆ ਕਰਨ ਵਿਚ ਵਿਆਪੇ=ਲੱਗੇ ਰਹਿੰਦੇ ਹਨ, ਮਨੁੱਖਾ ਜਨਮ ਨੂੰ ਨਿਸਫਲ ਗੁਆ ਕੇ ਜਾਸਨਿ=ਜਾਂਦੇ ਹਨ।

ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ॥ ੩ ॥

ਰਾਮ ਨਾਮ ਨੂੰ ਕਦੇ ਚੇਤਹਿ=ਸਿਮਰਦੇ ਨਹੀਂ ਹਨ, ਇਸ ਕਰਕੇ ਉਹ ਅੰਤ ਸਮੇਂ ਪਛਤਾਉਂਦੇ ਹੀ ਗਏ ਹਨ॥ ੩ ॥

ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥

ਵਾਹਿਗੁਰੂ ਨੇ ਉਹਨਾਂ ਭਗਤਾਂ ਦਾ ਮਨੁੱਖਾ ਜਨਮ ਸਫਲ ਕੀਤਾ ਹੈ, ਜਿਨ੍ਹਾਂ ਨੂੰ ਪ੍ਰਭੂ ਨੇ ਆਪ ਗੁਰ ਸੇਵਾ ਵਿਚ ਲਗਾਇਆ ਹੈ।

ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥

ਜੋ ਗੁਰ-ਉਪਦੇਸ਼ ਵਿਚ ਰੱਤੇ ਹੋਏ ਸਹਜੇ=ਸ਼ਾਂਤੀ ਆਦਿਕ ਗੁਣਾਂ ਵਿੱਚ ਮਾਤੇ=ਮਸਤ ਹੋਏ ਹਨ, ਉਹ ਅਨਦਿਨੁ=ਰਾਤ-ਦਿਨ ਹਰੀ ਗੁਣਾਂ ਨੂੰ ਗਾਂਵਦੇ ਹਨ।

ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਇਹ ਬੇਨਤੀ ਕਹਿੰਦਾ ਹਾਂ ਕਿ ਆਪ ਅਜੇਹੀ ਕਿਰਪਾ ਕਰੋ ! ਜੋ ਮੈਂ ਉਹਨਾਂ ਦੇ ਚਰਨੀਂ ਲੱਗਾ ਰਹਾਂ ॥ ੪ ॥ ੫ ॥

ਸੋਰਠਿ ਮਹਲਾ ੩ ॥

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥

ਹੇ ਭਾਈ ! ਜਿਹੜਾ ਗੁਰੂ ਦੇ ਭਾਣੇ ਵਿੱਚ ਆਉਂਦਾ ਹੈ, ਓਹੀ ਸਿੱਖ ਹੈ, ਓਹੀ ਸਖਾ=ਮਿੱਤਰ ਹੈ, ਓਹੀ ਅਸਲ ਬੰਧਪੁ=ਸਬੰਧੀ ਹੈ।

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

ਹੇ ਭਾਈ ! ਜਿਹੜਾ ਪੁਰਸ਼ ਆਪਣੇ ਭਾਣੇ ਅੰਦਰ ਭਾਵ ਮਨਮਤ ਵਿੱਚ ਤੁਰਦਾ ਹੈ, ਉਹ ਵਾਹਿਗੁਰੂ ਤੋਂ ਵਿੱਛੁੜਕੇ ਜਮਾਂ ਦੀਆਂ ਚੋਟਾਂ ਖਾਂਦਾ ਹੈ।

(ਪੰਨਾ ੬੦੨)

ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥ ੧ ॥

ਹੇ ਭਾਈ ! ਸਤਿਗੁਰਾਂ ਦੇ ਹੁਕਮ ਅਨੁਸਾਰ ਚੱਲੇ ਤੋਂ ਬਿਨਾਂ ਕਦੇ ਭੀ ਕੋਈ ਸੁਖ ਨਹੀਂ ਪਾਂਵਦਾ, ਮਨਮਤ ਅਨੁਸਾਰ ਚਲਣ ਕਰਕੇ ਮੁੜ-ਮੁੜ ਕੇ ਪਸ਼ਚਾਤਾਪ ਕਰਦਾ ਹੈ॥ ੧ ॥

ਹਰਿ ਕੇ ਦਾਸ ਸੁਹੇਲੇ ਭਾਈ ॥

ਹੇ ਭਾਈ ! ਹਰੀ ਦੇ ਦਾਸ ਸਦਾ ਸੁਹੇਲੇ=ਸੁਖੀ ਹਨ।

ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥

ਕਿਉਂਕਿ ਉਨ੍ਹਾਂ ਦੇ ਜਨਮਾਂ ਜਨਮਾਂਤਰਾਂ ਦੇ ਕਿਲਵਿਖ=ਪਾਪ ਤੇ ਦੁੱਖ ਕੱਟ ਕੇ ਵਾਹਿਗੁਰੂ ਆਪਣੇ ਮੇਲ ਨਾਲ ਮਿਲਾ ਲੈਂਦਾ ਹੈ॥ ਰਹਾਉ ॥ ਕਿਲਵਿਖ ਦੀ ਥਾਂ ਕਿਲਬਿਖ ਪਾਠ ਭੀ ਹੈ॥

ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥

ਹੇ ਭਾਈ ! ਇਹ ਸਾਰਾ ਕੁਟੰਬੁ=ਪਰਵਾਰ ਜੀਅ ਦੇ ਵਾਸਤੇ ਬੰਧਨ ਰੂਪ ਹੈ ਸਾਰਾ ਸੈਂਸਾਰਾ=ਸੰਸਾਰ ਹੀ ਭਰਮ ਕਰਕੇ ਇਸ ਵਿੱਚ ਭੁਲਾ=ਭੁੱਲ ਰਿਹਾ ਹੈ।

ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥

ਗੁਰੂ ਨੂੰ ਮਿਲੇ ਤੋਂ ਬਿਨਾਂ ਮੋਹ ਬੰਧਨ ਟੁੱਟਦੇ ਨਹੀਂ ਹਨ, ਗੁਰਮੁਖਾਂ ਨੂੰ ਗੁਰਾਂ ਦੁਆਰੇ ਮੋਖ ਦਾ ਦਰਵਾਜ਼ਾ ਗਿਆਨ ਪ੍ਰਾਪਤ ਹੁੰਦਾ ਹੈ।

ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥ ੨ ॥

ਜੋ ਅਨੇਕ ਪ੍ਰਕਾਰ ਦੇ ਸ਼ਕਾਮ ਕਰਮ ਕਰਦੇ ਹਨ ਤੇ ਗੁਰ-ਉਪਦੇਸ਼ ਨੂੰ ਨਹੀਂ ਪਛਾਣਦੇ।

ਅਥਵਾ:- ਗੁਰਾਂ ਦੇ ਸਬਦੁ=ਹੁਕਮ ਨੂੰ ਨਹੀਂ ਪਛਾਣਦੇ, ਉਹ ਮੁੜ-ਮੁੜ ਕੇ ਮਰਦੇ ਜੰਮਦੇ ਹਨ॥ ੨ ॥

ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ ॥

ਹੇ ਭਾਈ ! ਸਾਰਾ ਸੰਸਾਰ ਹਉ ਮੇਰਾ=ਹੰਗਤਾ-ਮਮਤਾ ਵਿੱਚ ਪਲਚਿ=ਫਸ ਰਿਹਾ ਹੈ, ਪਰ ਅੰਤ ਨੂੰ ਕੋਈ ਭੀ ਕਿਸੀ ਦਾ ਸਾਥੀ ਨਹੀਂ ਹੈ।

ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ ਨਿਜ ਘਰਿ ਹੋਇ ਬਸੇਰਾ ॥

ਜੋ ਗੁਰਮੁਖ-ਜਨ ਮਹਲੁ=ਸਤਸੰਗ ਨੂੰ ਪਾ ਕੇ ਹਰੀ ਦੇ ਗੁਣ ਗਾਂਵਦੇ ਹਨ, ਉਨ੍ਹਾਂ ਦਾ ਸਰੂਪ ਰੂਪੀ ਨਿਜ ਘਰ ਵਿਚ ਬਸੇਰਾ=ਵਾਸਾ ਹੁੰਦਾ ਹੈ।

ਐਥੈ ਬੂਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ ॥ ੩ ॥

ਜੋ ਐਥੈ=ਇਸ ਲੋਕ ਵਿੱਚ ਗੁਰਾਂ ਤੋਂ ਕੁਝ ਬੂਝੈ=ਸਮਝਦੇ ਹਨ, ਉਹ ਆਪਣੇ ਸਰੂਪ ਨੂੰ ਪਛਾਣਦੇ ਹਨ, ਇਸ ਕਰਕੇ ਉਹ ਹਰੀ ਪ੍ਰਭੂ ਤਿਸਦਾ ਹੀ ਰਖੱਜਕ ਹੈ॥ ੩ ॥

ਸਤਿਗੁਰੁ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥

ਹੇ ਭਾਈ ! ਸਤਿਗੁਰੂ ਤਾਂ ਹਮੇਸ਼ਾਂ ਹੀ ਦਿਆਲੂ ਹਨ, ਪਰ ਭਾਗਾਂ ਤੋਂ ਬਿਨਾਂ ਕੀ ਪਾਇਆ ਜਾਂਦਾ ਹੈ।

ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥

ਸਤਿਗੁਰੂ ਤਾਂ ਸਾਰਿਆਂ ਉੱਤੇ ਇੱਕ ਨਿਗਾਹ ਕਰਕੇ ਵੇਖਦੇ ਹਨ, ਪਰ ਜੇਹਾ ਕਿਸੇ ਦਾ ਭਾਉ=ਪ੍ਰੇਮ ਹੁੰਦਾ ਹੈ, ਤੇਹੋ ਜੇਹਾ ਉਹ ਫਲ ਪਾਈਐ=ਪਾਉਂਦਾ ਹੈ।

ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਜੇ ਹਿਰਦੇ ਵਿੱਚੋਂ ਆਪਾ ਭਾ ਹੰਕਾਰ ਗੁਆ ਦੇਈਏ ਤਾਂ ਮਨ ਅੰਦਰ ਨਾਮ ਆਕੇ ਵਸੈ=ਵਸਦਾ ਹੈ॥ ੪ ॥ ੬ ॥

ਸੋਰਠਿ ਮਹਲਾ ੩ ਚਉਤੁਕੇ ॥

ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ ॥

ਉਸ ਨੂੰ ਸਤਿਗੁਰਾਂ ਤੋਂ ਸੱਚੀ ਭਗਤੀ ਪ੍ਰਾਪਤ ਹੁੰਦੀ ਹੈ, ਜਿਸ ਦੇ ਹਿਰਦੇ ਵਿੱਚ ਸੱਚੀ ਉਪਦੇਸ਼ ਬਾਣੀ ਹੈ।

ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ ॥

ਜੋ ਸਤਿਗੁਰਾਂ ਨੂੰ ਸੇਂਵਦਾ ਹੈ ਨਿੱਤ ਸੁਖ ਨੂੰ ਪਾਂਵਦਾ ਹੈ, ਗੁਰਾਂ ਦੇ ਉਪਦੇਸ਼ ਕਰਕੇ ਉਸ ਦੇ ਅੰਦਰੋਂ ਹਉਮੈ ਸਮਾਣੀ=ਦੂਰ ਹੋ ਗਈ ਹੈ।

ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ ॥

ਸੱਚੇ ਗੁਰਾਂ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ, ਹੋਰ ਇਆਣੀ=ਅਗਿਆਤ ਦੁਨੀਆਂ, ਹੋਰਨਾਂ ਕੰਮਾਂ ਵਿੱਚ ਐਵੇਂ ਹੀ ਭੁੱਲੀ ਫਿਰੈ=ਫਿਰਦੀ ਹੈ।

ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ॥ ੧॥

ਜੋ ਮਨਮੁਖ ਮਨਮੁਖਤਾ ਵਿੱਚ ਫਿਰਦੇ ਹਨ ਉਹ ਸਦਾ ਦੁੱਖ ਪਾਉਂਦੇ ਹਨ। ਨਾਮ-ਪਾਣੀ ਤੋਂ ਬਿਨਾਂ ਸੰਸਾਰ ਸਾਗਰ ਦੇ ਵਿੱਚ ਡੁਬ ਕੇ ਮਰ ਗਏ। ਅਥਵਾ:- ਵਿਣੁ ਪਾਣੀ=ਪਦਾਰਥਾਂ ਰੂਪ ਪਾਣੀ ਮਿਲੇ ਤੋਂ ਬਿਨਾਂ ਹੀ ਵਿਸ਼ੇ ਵਾਸ਼ਨਾਂ ਵਿੱਚ ਡੁੱਬ ਕੇ ਮਰ ਗਏ॥ ੧॥

ਭਾਈ ਰੇ ਸਦਾ ਰਹਹੁ ਸਰਣਾਈ॥

ਹੇ ਭਾਈ ! ਤੂੰ ਸਦੀਵ ਕਾਲ ਗੁਰਾਂ ਦੀ ਸ਼ਰਨ ਵਿੱਚ ਰਹਹੁ=ਰਹਿਣਾ ਕਰ।

ਆਪਣੀ ਨਦਰਿ ਕਰੇ ਪਤਿ ਰਾਖੈ ਹਰਿ ਨਾਮੋ ਦੇ ਵਡਿਆਈ॥ ਰਹਾਉ॥

ਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਤੇਰੀ ਪਤਿ=ਇੱਜ਼ਤ ਰਾਖੈ=ਰੱਖੇਗਾ, ਅਤੇ ਹਰੀ ਨਾਮ ਦੀ ਵਡਿਆਈ ਦੇਵੇਗਾ॥ ਰਹਾਉ॥

ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ॥

ਜਿਸ ਨੇ ਪੂਰਿਆਂ ਗੁਰਾਂ ਨੂੰ ਆਪਣਾ ਸਰੂਪ ਪਛਾਣਿਆਂ ਹੈ, ਉਹ ਸੱਚੇ ਸਬਦਿ=ਬ੍ਰਹਮ ਦਾ ਵਿਚਾਰ ਕਰਦਾ ਹੈ।

ਹਿਰਦੈ ਜਗਜੀਵਨੁ ਸਦ ਵਸਿਆ ਤਜਿ ਕਾਮੁ ਕ੍ਰੋਧੁ ਅਹੰਕਾਰਾ॥

ਉਨ੍ਹਾਂ ਦੇ ਹਿਰਦੇ ਵਿੱਚ ਜਗਜੀਵਨੁ=ਪਰਮਾਤਮਾ ਸਦਾ ਵਸਿਆ ਰਹਿੰਦਾ ਹੈ, ਕਿਉਂਕਿ ਉਨ੍ਹਾਂ ਨੇ ਕਾਮ ਕ੍ਰੋਧ ਤੇ ਹੰਕਾਰ ਆਦਿਕਾਂ ਨੂੰ ਤਜਿ=ਤਿਆਗਿਆ ਹੈ।

ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ॥

ਸੋ ਸਦਾ ਹਾਜਰਾ ਹਜੂਰ ਹੈ ਤੇ ਸਭ ਜਗ੍ਹਾਂ ਵਿੱਚ ਰਵਿਆ ਹੋਇਆ ਹੈ, ਉਸ ਅਪਾਰ ਪ੍ਰਭੂ ਦਾ ਨਾਮ ਹਿਰਦੇ ਵਿੱਚ ਧਾਰਿਆ ਹੈ।

ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ॥ ੨॥

ਜੁਗਾਂ ਜੁਗਾਂ ਵਿੱਚ ਸਬਦਿ=ਵੇਦ-ਬਾਣੀ, ਅਥਵਾ-ਉਪਦੇਸ਼-ਬਾਣੀ ਪਛਾਣੀ ਤਾਂ ਮਿੱਠਾ ਨਾਮ ਮਨ ਵਿੱਚ ਪਿਆਰਾ ਲੱਗਾ। ਅਥਵਾ:-ਜਿਸ ਨੂੰ ਗੁਰ-ਸ਼ਬਦ ਕਰਕੇ ਮਿੱਠਾ ਨਾਮ ਮਨ ਵਿੱਚ ਪਿਆਰਾ ਲੱਗਾ ਹੈ, ਉਸ ਨੇ ਜੁਗਾਂ ਜੁਗਾਂ ਵਿੱਚ ਸਾਰੀ ਬਾਣੀ=ਬਣਾਵਟ ਸਬਦਿ=ਬ੍ਰਹਮ ਦੀ ਪਛਾਣੀ ਹੈ॥ ੨॥

ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ॥

ਜਿਸ ਨੇ ਸਤਿਗੁਰਾਂ ਦੀ ਸੇਵਾ ਕਰਕੇ ਨਾਮ ਨੂੰ ਪਛਾਣਿਆ ਹੈ ਉਸੀ ਦਾ ਮਨੁੱਖਾ ਜਨਮ ਸਫਲ ਹੈ, ਓਹੀ ਜਗਤ ਵਿੱਚ ਆਇਆ ਧੰਨਤਾ ਜੋਗ ਹੈ।

ਅਥਵਾ:-ਉਸੀ ਦਾ ਜਗਤ ਵਿੱਚ ਆਇਆ ਹੋਇਆ ਮਨੁੱਖਾ ਜਨਮ ਸਫਲ ਹੈ।

ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥

ਹਰੀ ਰਸ ਨੂੰ ਚੱਖ ਕੇ ਉਨ੍ਹਾਂ ਦਾ ਮਨ ਸਦਾ ਰੱਜਿਆ ਰਹਿੰਦਾ ਹੈ, ਗੁਣਾਂ ਨੂੰ ਗਾ ਕੇ ਤੇ ਗੁਣੀ-ਪਰਮਾਤਮਾ ਨੂੰ ਪਾ ਕੇ ਸਦਾ ਤ੍ਰਿਪਤ ਰਹਿੰਦਾ ਹੈ।

ਅਥਵਾ:-ਗੁਣੀ-ਪਰਮਾਤਮਾ ਦੇ ਗੁਣਾਂ ਨੂੰ ਗਾ ਕੇ ਉਹ ਸਦਾ ਤ੍ਰਿਪਤ ਰਹਿੰਦਾ ਹੈ।

ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥

ਉਸ ਦਾ ਹਿਰਦਾ ਕੌਲ ਖਿੜਿਆ ਰਹਿੰਦਾ ਹੈ ਤੇ ਸਦਾ ਪ੍ਰੇਮ ਰੰਗ ਵਿੱਚ ਰੱਤਾ ਰਹਿੰਦਾ ਹੈ, ਅਤੇ ਉਸ ਨੇ ਇੱਕ-ਰਸ ਬ੍ਰਹਮ ਨੂੰ ਵਜਾਇਆ=ਉਚਾਰਨ ਕੀਤਾ ਹੈ।

ਅਥਵਾ:-ਜੋ ਸਦਾ ਰੰਗਿ=ਪ੍ਰੇਮ ਵਿਚ ਰੱਤਾ ਰਹਿੰਦਾ ਹੈ, ਉਸ ਨੂੰ ਹੱਦ ਤੋਂ ਰਹਿਤ ਬ੍ਰਹਮ ਵਜਾਇਆ=ਪ੍ਰਗਟ ਹੋਇਆ ਹੈ, ਇਸ ਲਈ ਉਸ ਦਾ ਹਿਰਦਾ ਕੌਲ ਖਿੜਿਆ ਰਹਿੰਦਾ ਹੈਂ।

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥ ੩ ॥

ਉਸ ਦਾ ਤਨ ਮਨ ਨਿਰਮਲ ਹੈ, ਬਾਣੀ ਭੀ ਸ਼ੁੱਧ ਹੋਈ ਹੈ, ਸਚਿ=ਨਿਸਚੇ ਕਰਕੇ ਉਹ ਸੱਚੇ ਪਰਮਾਤਮਾ ਵਿੱਚ ਅਭੇਦ ਹੋਇਆ ਹੈ॥ ੩ ॥

ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ ॥

ਰਾਮ ਨਾਮ ਸਿਮਰਨ ਦੀ ਗਤਿ=ਰੀਤੀ ਨੂੰ ਹੋਰ ਕੋਈ ਨਹੀਂ ਬੂਝੈ=ਬੁੱਝ ਸਕਦਾ, ਇਹ ਰੀਤੀ ਇਕ ਗੁਰਮਤੀਆਂ ਦੇ ਰਿਦੈ=ਹਿਰਦੇ ਵਿੱਚ ਹੀ ਸਮਾਈ ਹੈ।

ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸਿ ਰਸਨ ਰਸਾਈ ॥

ਜੋ ਗੁਰਮੁਖ ਹੁੰਦੇ ਹਨ ਉਹ ਉਸ ਦੇ ਮਗੁ=ਰਸਤੇ ਨੂੰ ਪਛਾਣਦੇ ਹਨ, ਗੁਰਮੁਖਾਂ ਨੇ ਆਪਣੀ ਰਸਨ ਰਸਨਾ ਹਰੀ ਰਸ ਵਿੱਚ ਰਸਾਈ ਹੈ।

ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥

ਜਿਸ ਨੇ ਗੁਰਾਂ ਦੁਆਰੇ ਹਿਰਦੇ ਵਿੱਚ ਨਾਮ ਦੀ ਪ੍ਰੀਤੀ ਵਸਾਈ ਹੈ, ਉਸ ਦਾ ਜਪ ਤਪ ਤੇ ਸੰਜਮ ਆਦਿਕ ਸਭ ਕੁਝ ਸਫਲ ਹੁੰਦਾ ਹੈ।

ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਨੂੰ ਸੰਭਾਲਦੇ ਹਨ, ਉਹ ਜਨ ਸੋਭਦੇ ਹਨ, ਅਤੇ ਉਹਨਾਂ ਨੇ ਸੱਚੇ ਦਰ ਅੰਦਰ ਇੱਜ਼ਤ ਪਾਈ ਹੈ॥ ੪ ॥ ੭ ॥

ਸੋਰਠਿ ਮਃ ੩ ਦੁਤੁਕੇ ॥

ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥

ਹੇ ਭਾਈ ! ਸਤਿਗੁਰਾਂ ਨਾਲ ਮਿਲਣ ਕਰਕੇ ਸੰਸਾਰ ਵੱਲੋਂ ਬਿਰਤੀ ਉਲਟ ਹੋਈ ਹੈ, ਜੀਵਤ ਭਾ ਤੋਂ ਮਰੇ ਤਾਂ ਉਸ ਦੀ ਬੂਝ=ਸਮਝ ਨੂੰ ਪਾਉਂਦਾ ਹੈ।

ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥ ੧ ॥

ਹੇ ਭਾਈ ! ਉਹ ਅਸਲ ਗੁਰੂ ਹੈ ਜਿਸ ਗੁਰੂ ਨੇ ਜੋਤੀ=ਪਰਮਾਤਮਾ ਨਾਲ ਆਪਣੀ ਜੋਤ ਮਿਲਾਈ ਹੋਈ ਹੈ, ਅਤੇ ਉਹ ਅਸਲ ਸਿੱਖ ਹੈ ਜਿਸ ਨੇ ਗੁਰੂ ਨੂੰ ਜੋਤੀ=ਪਰਮੇਸ਼ਰ ਰੂਪ ਸਮਝਕੇ ਉਹਨਾਂ ਦੀ ਸੇਵਾ ਵਿੱਚ ਆਪਣੀ ਜੋਤਿ=ਗਿਆਤ ਮਿਲਾਈ ਹੋਈ ਹੈ॥ ੧ ॥

ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥

ਹੇ ਮਨ ! ਹਰਿ ਹਰਿ ਨਾਮ ਸੇਤੀ=ਨਾਲ ਬਿਰਤੀ ਲਗਾਉਣਾ ਕਰ।

(ਪੰਨਾ ੬੦੩)

ਮਨ ਹਰਿ ਜਪਿ ਮੀਠਾ ਲਾਗੈ ਭਾਈ ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥

ਹੇ ਭਾਈ ! ਜਿਸ ਦੇ ਮਨ ਵਿੱਚ ਹਰੀ ਨਾਮ ਜਪ ਮੀਠਾ=ਪਿਆਰਾ ਲੱਗਦਾ ਹੈ, ਉਹ ਗੁਰਮੁਖ ਹੋਰੀ ਦੇ ਸਰੂਪ ਥਾਂ ਨੂੰ ਪਾਂਵਦਾ ਹੈ।

ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥

ਹੇ ਭਾਈ ! ਗੁਰੂ ਤੋਂ ਬਿਨਾਂ ਵਾਹਿਗੁਰੂ ਦੀ ਪ੍ਰੀਤੀ ਪੈਦਾ ਨਹੀਂ ਹੁੰਦੀ, ਅਤੇ ਮਨਮੁਖ ਦ੍ਵੈਤ ਭਾ ਵਿੱਚ ਲੱਗ ਰਹੇ ਹਨ।

ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੁ ਨ ਪਾਇ ॥ ੨ ॥

ਹੇ ਭਾਈ! ਮਨਮੁਖ ਜਿਤਨੇ ਭੀ ਕਰਮ ਕਰਦੇ ਹਨ ਉਹ ਤੁਹ=ਕੁੱਟਦੇ ਹਨ, ਅਰਥਾਤ-ਜਿਵੇਂ ਕੋਈ ਤੁਹਾਂ ਨੂੰ ਕੁੱਟੇ ਤਾਂ ਚੌਲਾਂ ਦੀ ਪ੍ਰਾਪਤੀ ਨਹੀਂ ਹੁੰਦੀ, ਤਿਵੇਂ ਸ਼ਕਾਮ ਕਰਮਾਂ ਦੇ ਕਰਨੇ ਰੂਪੀ ਤੁਹਾਂ ਦੇ ਕੁੱਟਣੇ ਕਰਕੇ ਬ੍ਰਹਮ-ਗਿਆਨ ਰੂਪ ਚੌਲਾਂ ਦੀ ਪ੍ਰਾਪਤੀ ਨਹੀਂ ਹੁੰਦੀ, ਉਨ੍ਹਾਂ ਦੇ ਬੁੱਧੀ ਰੂਪ ਪੱਲੇ ਵਿੱਚ ਕੁਝ ਵੀ ਨਹੀਂ ਪੈਂਦਾ॥ ੨ ॥

ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ ਸਾਚੀ ਪ੍ਰੀਤਿ ਪਿਆਰਿ ॥

ਹੇ ਭਾਈ ! ਜਿਸ ਨੇ ਗਰੂ ਨਾਲ ਮਿਲਕੇ ਮਨ ਵਿੱਚ ਨਾਮ ਨੂੰ ਰਵਿਆ=ਸਿਮਰਿਆ ਹੈ, ਉਸ ਦੀ ਪਿਆਰੇ ਪ੍ਰਭੂ ਨਾਲ ਸੱਚੀ ਪ੍ਰੀਤੀ ਲੱਗੀ ਹੈ।

ਸਦਾ ਹਰਿ ਕੇ ਗੁਣ ਰਵੈ ਭਾਈ ਗੁਰ ਕੈ ਹੇਤਿ ਅਪਾਰਿ ॥ ੩ ॥

ਹੇ ਭਾਈ ! ਜੋ ਗੁਰਾਂ ਨਾਲ ਅਪਾਰਿ=ਬੇਅੰਤ ਹੇਤਿ=ਪ੍ਰੇਮ ਕਰਨ ਵਾਲਾ ਹੈ, ਉਹ ਸਦਾ ਹੀ ਹਰੀ ਦੇ ਗੁਣਾਂ ਨੂੰ ਰਵੈ=ਉਚਾਰਦਾ ਹੈ॥ ੩ ॥

ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥

ਹੇ ਭਾਈ ! ਸੰਸਾਰ ਵਿੱਚ ਉਹ ਮਨੁੱਖ ਆਇਆ ਹੋਇਆ ਪ੍ਰਮਾਨੀਕ ਹੈ, ਜਿਹੜਾ ਗੁਰੂ ਦੀ ਸੇਵਾ ਵਿੱਚ ਚਿੱਤ ਨੂੰ ਲਾਇ=ਲਗਾਉਂਦਾ ਹੈ।

ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥ ੪ ॥ ੮ ॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਗੁਰ-ਸ਼ਬਦੀਆਂ ਨਾਲ ਮਿਲਾ ਕੇ ਹਰੀ ਨਾਮ ਨੂੰ ਪਾਉਣਾ ਕਰੀਏ॥ ੪ ॥ ੮ ॥

ਸੋਰਠਿ ਮਹਲਾ ੩ ਘਰੁ ੧ ॥

ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥

ਹੇ ਭਾਈ ! ਗੁਰਮੁਖਿ=ਮੁਖ ਗੁਰਾਂ ਨੇ ਮੈਨੂੰ ਇਹ ਬੂਝ=ਸਿੱਖਿਆ ਸਮਝਾਈ ਹੈ, ਕਿ-ਤ੍ਰਿ+ਭਵਣੁ=ਤਿੰਨੇ ਲੋਕ (ਰਜੋ, ਸਤੋ, ਤਮੋ ਰੂਪ) ਤਿੰਨਾਂ ਗੁਣਾਂ ਵਿੱਚ ਵਿਆਪ ਰਹੇ ਹਨ।

ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ ॥ ੧ ॥

ਹੇ ਭਾਈ ! ਰਾਮ ਨਾਮ ਦੇ ਸਿਮਰਨ ਵਿੱਚ ਲੱਗ ਕੇ ਤਿੰਨਾਂ ਗੁਣਾਂ ਤੋਂ ਛੁੱਟੀਦਾ ਹੈ, ਬੇ-ਸ਼ੱਕ ਗਿਆਨੀਆਂ ਕੋਲੋਂ ਜਾ ਕੇ ਪੂਛਹੁ=ਪੁੱਛ ਵੇਖੋ॥ ੧ ॥

ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥

ਹੇ ਮਨ ! (ਰਜੋ, ਸਤੋ, ਤਮੋ ਰੂਪ) ਤਿੰਨਾਂ ਗੁਣਾਂ ਨੂੰ ਛੱਡ ਕੇ ਚਉਥੈ=ਤੁਰੀਆ-ਪਦ ਵਿੱਚ ਚਿੱਤ ਨੂੰ ਲਗਾਉਣਾ ਕਰ।

ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥

ਹੇ ਭਾਈ ! ਉਹ ਹਰਿ ਜੀਉ ਤੇਰੇ ਮਨ ਵਿੱਚ ਆ ਵਸੇਗਾ, ਤੂੰ ਸਦਾ ਹਰੀ.ਦੇ ਗੁਣ ਗਾਉਣਾ ਕਰ॥ ਰਹਾਉ ॥

ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥

ਹੇ ਭਾਈ ! ਨਾਮ ਜਪਣ ਕਰਕੇ ਸਾਰੇ ਸੁਖ ਪੈਦਾ ਹੁੰਦੇ ਹਨ ਅਤੇ ਨਾਮ ਦੇ ਭੁੱਲਿਆਂ ਨਿਸਫਲ ਮਰ ਜਾਣਾ ਹੁੰਦਾ ਹੈ। ਅਥਵਾ :- ਨਾਮ ਦੇ ਭੁੱਲਿਆਂ ਮਰਨ ਤੇ ਜਾਇ=ਜੰਮਣ ਦਾ ਦੁੱਖ ਹੁੰਦਾ ਹੈ।

ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥ ੨ ॥

ਅਗਿਆਨੀ ਜੀਵ ਸੰਸਾਰ ਵਿੱਚ ਅੰਨ੍ਹੇ ਹਨ, ਜੋ ਮੋਹ ਅਥਵਾ:-ਅਗਿਆਨ ਨੀਂਦ ਵਿੱਚ ਸੁੱਤੇ ਹੋਏ ਸ਼ੁਭ-ਗੁਣਾਂ ਨੂੰ ਮੁਹਾਇ=ਲੁਟਾ ਗਏ ਹਨ॥ ੨ ॥

ਗੁਰਮੁਖਿ ਜਾਗੇ ਸੇ ਉਬਰੇ ਭਾਈ ਭਵਜਲੁ ਪਾਰਿ ਉਤਾਰਿ ॥

ਹੇ ਭਾਈ ! ਜੋ ਗੁਰਮੁਖ ਬਣਕੇ ਗੁਰਾਂ ਦੁਆਰੇ ਗਿਆਨ ਜਾਗ੍ਰਤ ਵਿੱਚ ਜਾਗੇ ਹਨ ਉਹ ਤਿੰਨਾਂ ਗੁਣਾਂ ਤੋਂ ਉਬਰੇ=ਬਚ ਗ਼ਏ ਹਨ, ਅਤੇ ਉਨ੍ਹਾਂ ਨੂੰ ਪ੍ਰਭੂ ਨੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਲਿਆ ਹੈ।

ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ ਹਿਰਦੈ ਰਖਿਆ ਉਰ ਧਾਰਿ ॥ ੩ ॥

ਹੇ ਭਾਈ ! ਜਗਤ ਵਿੱਚ ਹਰੀ ਨਾਮ ਸਿਮਰਨ ਦਾ ਜੋ ਲਾਭ ਹੈ, ਉਹ ਅਸਾਂ ਨੇ ਹਿਰਦੇ ਦੇ ਉਰ=ਵਿੱਚ ਧਾਰਿ=ਧਾਰਨ ਕਰ ਰੱਖਿਆ ਹੈ॥ ੩ ॥

ਗੁਰ ਸਰਣਾਈ ਉਬਰੇ ਭਾਈ ਰਾਮ ਨਾਮਿ ਲਿਵ ਲਾਇ ॥

ਹੇ ਭਾਈ! ਜੋ ਗੁਰੂ ਦੀ ਸ਼ਰਨ ਵਿੱਚ ਆ ਕੇ ਰਾਮ ਨਾਮ ਦੇ ਸਿਮਰਨ ਵਿੱਚ ਲਿਵ ਲਗਾਉਂਦੇ ਹਨ, ਉਹ ਦੁੱਖਾਂ ਤੋਂ ਉਬਰੇ=ਬਚ ਗਏ ਹਨ।

ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ ॥੪ ॥੯ ॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਪ੍ਰਭੂ ਦਾ ਨਾਮ ਹੀ ਬੇੜਾ ਹੈ, ਨਾਮ ਹੀ ਤੁਲਹਾ ਹੈ, ਜਿਸ ਦੇ ਆਸਰੇ ਲੱਗ ਕੇ ਗੁਰਮੁਖ-ਜਨ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਪਾਂਵਦੇ ਹਨ॥ ੪॥ ੯॥

ਸੋਰਠਿ ਮਹਲਾ ੩ ਘਰੁ ੧ ॥

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥

ਹੇ ਭਾਈ ! ਇਸ ਜਗਤ ਵਿੱਚ ਸਤਿਗੁਰੂ ਹੀ ਸੁਖਾਂ ਦਾ ਸਮੁੰਦਰ ਹੈ, ਹੋਰ ਕਿਸੇ ਥੈ=ਅਥਾਨ ਤੋਂ ਸੁਖ ਨਹੀਂ ਮਿਲ ਸਕਦਾ।

ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥ ੧ ॥

ਹਉਮੈ ਰੂਪੀ ਰੋਗ ਕਰਕੇ ਸਾਰੇ ਜਗਤ ਨੂੰ ਦੁੱਖ ਵਿਆਪ ਰਿਹਾ ਹੈ, ਏਸੇ ਕਰਕੇ ਮਰਦਾ ਜੰਮਦਾ ਹੈ ਤੇ ਧਾਹੀ=ਧਾਹਾਂ ਮਾਰ ਕੇ ਰੋਂਵੈ=ਰੋਂਦਾ ਹੈ॥ ੧॥

ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥

ਹੇ ਪੁਰਸ਼ਾ ! ਸਤਿਗੁਰਾਂ ਨੂੰ ਸੇਵਨਾ ਕਰ ਤਾਂ ਤੂੰ ਸੁਖ ਪਾਵੇਂਗਾ।

ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ਰਹਾਉ ॥

ਜਾਂ ਸਤਿਗੁਰਾਂ ਦੀ ਸੇਵਾ ਕਰੇਂਗਾ ਤਾਂ ਹੀ ਸੁਖ ਨੂੰ ਪਾਵੇਂਗਾ, ਨਹੀਂ ਤਾਂ ਮਨੁੱਖਾ ਜਨਮ ਨੂੰ ਨਿਸਫਲ ਗੁਆ ਜਾਵੇਂਗਾ॥ ਰਹਾਉ॥

ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥

ਜੀਵ ਤਿੰਨਾਂ ਗੁਣਾਂ ਵਿਚ ਘਾਤੁ=ਦੌੜਦਾ ਹੋਇਆ ਬਹੁਤ ਪ੍ਰਕਾਰ ਦੇ ਕਰਮ ਕਰਦਾ ਹੈ, ਇਸ ਕਰਕੇ ਉਸ ਨੂੰ ਹਰੀ-ਰਸ ਦਾ ਸਾਦੁ=ਸ੍ਵਾਦ ਨਹੀਂ ਆਇਆ।

ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥ ੨ ॥

ਭਾਵੇਂ ਉਹ ਸੰਧਿਆ ਤਰਪਣ ਆਦਿਕ ਕਰਮ ਅਤੇ ਗਾਇਤ੍ਰੀ ਦਾ ਪਾਠ ਭੀ ਕਰਦਾ ਹੈ, ਪਰ ਪਰਮੇਸ਼ਰ ਦੇ ਬੂਝੈ=ਸਮਝੇ ਤੋਂ ਬਿਨਾਂ, ਦੁੱਖ ਹੀ ਪਾਇਆ ਹੈ॥ ੨॥

ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥

ਜਿਸ ਨੂੰ ਪ੍ਰਭੂ ਆਪ ਸਤਿਗੁਰਾਂ ਨਾਲ ਮਿਲਾਂਵਦਾ ਹੈ, ਓਹੀ ਵਡਭਾਗੀ ਪੁਰਸ਼ ਸਤਿਗੁਰਾਂ ਨੂੰ ਸੇਂਵਦਾ ਹੈ।

ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥ ੩ ॥

ਗੁਰਮੁਖ-ਜਨ ਹਰੀ ਨਾਮ ਰਸ ਨੂੰ ਪੀ ਕੇ, ਅਤੇ ਹਿਰਦੇ ਵਿੱਚੋਂ ਆਪਾ ਭਾ ਹੰਕਾਰ ਨੂੰ ਗੁਆ ਕੇ ਸਦਾ ਹੀ ਰੱਜੇ ਰਹਿੰਦੇ ਹਨ॥ ੩ ॥

ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥

ਇਹ ਅੰਨ੍ਹਾ ਜਗੁ=ਜੀਵ ਸਾਰੇ ਅੰਨ੍ਹੇ ਕਰਮ ਕਮਾਉਂਦਾ ਹੈ, ਗੁਰੂ ਤੋਂ ਬਿਨਾਂ ਪ੍ਰਭੂ ਦੀ ਪ੍ਰਾਪਤੀ ਦੇ ਮਗੁ=ਰਸਤੇ ਨੂੰ ਨਹੀਂ ਪਾਉਂਦਾ।

ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੇ ਅੰਦਰਿ ਸਚੁ ਪਾਏ ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਜੇ ਪੂਰੇ ਸਤਿਗੁਰੂ ਮਿਲ ਪੈਣ ਤਾਂ ਗਿਆਨ-ਵੈਰਾਗ ਰੂਪੀ ਅੱਖਾਂ ਨਾਲ ਉਸ ਨੂੰ ਵੇਖ ਲੈਂਦਾ ਹੈ, ਅਤੇ ਅੰਤਹਕਰਨ ਰੂਪੀ ਘਰ ਦੇ ਅੰਦਰ ਹੀ ਸੱਚ ਸਰੂਪ ਨੂੰ ਪਾ ਲੈਂਦਾ ਹੈ॥ ੪ ॥ ੧੦ ॥

ਸੋਰਠਿ ਮਹਲਾ ੩ ॥

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ ॥

ਹੇ ਹਰੀ ! ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਇਸਨੂੰ ਬਹੁਤ ਸਾਰਾ ਦੁੱਖ ਲੱਗਦਾ ਹੈ, ਅਤੇ ਚਾਰੇ ਜੁਗ ਜੂਨੀਆਂ ਵਿੱਚ ਭਰਮਦਾ (ਫਿਰਦਾ) ਰਹਿੰਦਾ ਹੈ।

ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ ॥ ੧ ॥

ਅਸੀਂ ਦੀਨ-ਗਰੀਬ ਹਾਂ, ਆਪ ਜੁਗਾਂ ਜੁਗਾਂ ਵਿੱਚ ਜੀਵਾਂ ਦੇ ਦਾਤੇ ਹੋ, ਗੁਰ-ਸ਼ਬਦ ਦੁਆਰਾ ਮੈਨੂੰ ਆਪਣੀ ਗਿਆਤ ਸਮਝਾ ਦਿਓ॥ ੧ ॥

ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥

ਹੇ ਪਿਆਰੇ ਹਰਿ ਜੀਉ ਆਪ ਕਿਰਪਾ ਦ੍ਰਿਸ਼ਟੀ ਕਰੋ ।

ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥

ਨਾਮ ਦੇ ਦਾਤੇ ਜੋ ਸਤਿਗੁਰੂ ਹਨ ਉਨ੍ਹਾਂ ਦੇ ਮੇਲ ਨਾਲ ਮੈਨੂੰ ਮਿਲਾ ਦਿਓ।

ਅਤੇ ਹਰੀ ਨਾਮ ਦਾ ਆਧਾਰੇ=ਆਸਰਾ ਦੇਣਾ ਕਰੋ॥ ਰਹਾਉ ॥

(ਪੰਨਾ ੬੦੪)

ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥

ਜਿਸ ਦੀ ਮਨਸਾ=ਬੁੱਧੀ ਦੁਬਿਧਾ ਨੂੰ ਮਾਰ ਕੇ ਸਹਜਿ=ਸ਼ਾਂਤੀ ਵਿੱਚ ਸਮਾਈ ਹੈ, ਉਸ ਨੇ ਅਪਾਰ ਪ੍ਰਭੂ ਦਾ ਨਾਮ ਪਾਇਆ ਹੈ।

ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥ ੨ ॥

ਕਿਲਬਿਖ=ਪਾਪਾਂ ਦੇ ਕੱਟਣ ਵਾਲੇ ਹਰੀ ਨਾਮ ਰਸ ਨੂੰ ਚੱਖਿਆ ਤਾਂ ਮਨ ਸ਼ੁੱਧ ਹੋ ਗਿਆ ॥ ੨ ॥

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥

ਜੇ ਗੁਰ-ਉਪਦੇਸ਼ ਕਰਕੇ ਜੀਵਤ ਭਾਵ ਤੋਂ ਮਰੋਗੇ ਤਾਂ ਫਿਰ ਸਦਾ ਹੀ ਜੀਵੋਗੇ, ਮੁੜ ਕਦੇ ਮਰਣਾ ਨਹੀਂ ਹੋਵੇਗਾ।

ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ ੩ ॥

ਨਾਮ-ਅੰਮ੍ਰਿਤ ਸਦਾ ਹੀ ਮਨ ਵਿੱਚ ਮਿੱਠਾ ਲੱਗਣ ਵਾਲਾ ਹੈ, ਪਰ ਗੁਰਾਂ ਦੇ ਸ਼ਬਦ ਕਰਕੇ ਕੋਈ ਵਿਰਲਾ ਹੀ ਪਾਉਂਦਾ ਹੈ ॥ ੩ ॥

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥

ਦਾਤੈ=ਪਰਮੇਸ਼ਰ ਨੇ ਨਾਮ ਦੀ ਦਾਤ, ਅਥਵਾ:-ਪ੍ਰਤੱਖ ਦਾਤ ਆਪਣੇ ਹੱਥ ਵਿੱਚ ਰੱਖੀ ਹੋਈ ਹੈ, ਇਸ ਨੂੰ ਭਾਵੈ=ਚਾਹੁੰਦਾ ਹੈ ਉਸ ਨੂੰ ਦੇਂਦਾ ਹੈ।

ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥ ੪ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮੀ ਦੇ ਨਾਮ ਵਿੱਚ ਰੱਤੇ ਹੋਏ ਹਨ ਉਹਨਾਂ ਨੇ ਆਤਮ-ਸੁਖ ਪਾਇਆ ਹੈ, ਅਤੇ ਉਹ ਪ੍ਰਲੋਕ ਦਰਗਾਹ ਵਿੱਚ ਭੀ ਪ੍ਰਮਾਨੀਕ ਜਾਣੇ ਜਾਂਦੇ ਹਨ ॥ ੪ ॥ ੧੧ ॥

ਸੋਰਠਿ ਮਹਲਾ ੩ ॥

ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥

ਸਤਿਗੁਰਾਂ ਦੀ ਸੇਵਾ ਕਰੇ, ਤਾਂ ਸਹਜ ਧੁਨਿ=ਸ਼ਾਂਤੀ-ਦਾਇਕ ਬਾਣੀ ਪ੍ਰਗਟ ਹੁੰਦੀ ਹੈ, ਤਦੋਂ ਹੀ ਮਤਿ=ਬੁੱਧੀ ਵਿੱਚ ਉਸ ਦੀ ਗਤਿ=ਪ੍ਰਾਪਤੀ ਨੂੰ ਪਾਉਂਦਾ ਹੈ।

ਅਥਵਾ :-ਤਦੋਂ ਹੀ ਉਸ ਦੀ ਗਤਿ=ਪ੍ਰਾਪਤੀ ਵਾਲੀ ਆਤਮ ਵਿਸ਼ੈਣੀ ਮਤਿ=ਬੁੱਧੀ ਨੂੰ ਪਾਉਂਦਾ ਹੈ।

ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥ ੧ ॥

ਉਸ ਦੇ ਮਨ ਵਿੱਚ ਹਰੀ ਦਾ ਸੱਚਾ ਨਾਮ ਵਸਿਆ ਹੈ, ਉਹ ਨਾਮ ਜਪਕੇ ਨਾਮਿ=ਨਾਮੀ ਪਰਮਾਤਮਾ ਵਿੱਚ ਸਮਾਏ=ਅਭੇਦ ਹੁੰਦਾ ਹੈ ॥ ੧ ॥

ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥

ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ ਸਾਰਾ ਜਗੁ=ਜਗਤ ਬਉਰਾਨਾ=ਝੱਲਾ (ਮਸਤਾਨਾ) ਹੈ। ਕਿਉਂਕਿ -

ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥

ਅੰਨ੍ਹਾਂ ਅਗਿਆਨੀ ਮਨਮੁਖ ਸਬਦੁ=ਗੁਰ-ਉਪਦੇਸ਼ ਨੂੰ ਜਾਣਦਾ ਨਹੀਂ ਹੈ, ਝੂਠੇ=ਝੂਠਿਆਂ ਪਦਾਰਥਾਂ-

ਦੇ ਭਰਮ ਵਿੱਚ ਭੁਲਾਨਾ=ਭੁੱਲਾ ਫਿਰਦਾ ਹੈ॥ ਰਹਾਉ॥

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ॥

ਤ੍ਰਿਗੁਣ ਆਤਮਕ ਮਾਇਆ ਨੇ ਤ੍ਰੈ ਗੁਣੀ ਜੀਵਾਂ ਨੂੰ ਭਰਮ ਵਿੱਚ ਭੁਲਾਇਆ ਹੋਇਆ ਹੈ, ਇਸ ਲਈ ਹਉਮੈ ਦੇ ਸਹਿਤ ਬੰਧਨ ਰੂਪ ਕਰਮਾਂ ਨੂੰ ਕਮਾਉਂਦਾ ਹੈ।

ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ॥ ੨॥

ਉਸ ਜੀਵ ਦੇ ਸਿਰ ਉੱਤੇ ਜਨਮ ਮਰਨ ਊਭਉ=ਖੜਾ ਰਹਿੰਦਾ ਹੈ, ਅਤੇ ਉਹ ਮਾਂ ਦੀ ਗਰਭ ਜੂਨੀ ਵਿੱਚ ਦੁੱਖ ਨੂੰ ਪਾਏ=ਪਾਉਂਦਾ ਹੈ॥ ੨॥

ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ॥

ਸਾਰਾ ਸੰਸਾਰ ਤਿੰਨਾਂ ਗੁਣਾਂ ਵਿੱਚ ਵਰਤ ਰਿਹਾ ਹੈ, ਅਤੇ ਹਉਮੈ ਵਿੱਚ ਲੱਗ ਕੇ ਜੀਵ ਨੇ ਆਪਣੀ ਪਤਿ=ਇੱਜ਼ਤ ਖੋਈ=ਗੁਆ ਲਈ ਹੈ।

ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ॥ ੩॥

ਜੋ ਗੁਰਮੁਖ ਹੁੰਦਾ ਹੈ ਉਹ ਚਉਥਾ=ਤੁਰੀਆ-ਪਦ ਨੂੰ ਚੀਨੈ=ਜਾਣਦਾ ਹੈ, ਅਤੇ ਰਾਮ ਨਾਮ ਦੇ ਸਿਮਰਨ ਕਰਕੇ ਉਸ ਨੂੰ ਸੁਖ ਪ੍ਰਾਪਤ ਹੁੰਦਾ ਹੈ॥ ੩॥

ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ॥

ਤ੍ਰੈ-ਗੁਣੀ ਜੀਵ ਸਾਰੇ ਤੇਰੇ ਰਚੇ (ਬਣਾਏ) ਹੋਏ ਹਨ, ਕਿਉਂਕਿ ਤੂੰ ਆਪ ਹੀ ਸਭ ਦਾ ਕਰਤਾ ਹੈਂ, ਜੋ ਤੂੰ ਕਰਹਿ=ਕਰਦਾ ਹੈਂ ਓਹੀ ਕੁਝ ਹੁੰਦਾ ਹੈ।

ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ॥ ੪॥ ੧੨॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਗੁਰ-ਸ਼ਬਦ ਦੁਆਰਾ ਜਿਸ ਦੀ ਹਉਮੈ ਰੂਪੀ ਮੈਲ ਤੁਸਾਂ ਨੇ ਖੋਈ=ਨਾਸ ਕੀਤੀ ਹੈ, ਰਾਮ ਨਾਮ ਜਪਦਿਆਂ ਹੀ ਉਸ ਦਾ ਸੰਸਾਰ ਸਮੁੰਦਰ ਤੋਂ ਤਰਨਾ ਹੋਇਆ ਹੈ॥ ੪॥ ੧੨॥

ਸੋਰਠਿ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਾਸ ਰਾਜਾ ''ਇੰਦ੍ਰ'' ਚੱਲਕੇ ਆਇਆ ਹੈ, ਉਸ ਨੇ ਕਿਹਾ, ''ਉਹ ਪ੍ਰਭੂ ਕਿੱਥੇ ਰਹਿੰਦਾ ਹੈ?'' ਤਾਂ ਗੁਰੂ ਜੀ ਨੇ ਛੇ ਸ਼ਬਦਾਂ ਵਿੱਚ ਉਸ ਨੂੰ ਦੱਸਿਆ ਹੈ, ਕਿ ''ਸਰਬ ਰੂਪ ਹੁੰਦਾ ਹੋਇਆ ਉਹ ਪ੍ਰਭੂ ਸਾਰੇ ਭਰਪੂਰ ਹੈ''. ਵੇਦਾਂਤ ਦਾ ਸਿਧਾਂਤ ਭੀ ਏਹੋ ਹੈ।

ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ॥

ਪਿਆਰਾ ਪ੍ਰਭੂ ਆਪੇ ਜਗਤ ਨੂੰ ਪੈਦਾ ਕਰਦਾ ਹੈ, ਆਪ ਹੀ ਉਸ ਵਿੱਚ ਵਰਤ ਰਿਹਾ ਹੈ, ਅਤੇ

ਆਪਣੇ ਪਸਾਰੇ ਤੋਂ ਆਪ ਹੀ ਅਪਾਹੁ=ਨਿਰਲੇਪ ਹੈ। ਅਥਵਾ:-ਪਿਆਰਾ ਪ੍ਰਭੂ ਆਪੇ ਆਪ ਸਾਰੇ ਵਰਤ ਰਿਹਾ ਹੈ, ਤੇ ਆਪੇ ਆਪ ਹੀ ਅਪਾਹੁ=ਨਿਰਲੇਪ ਹੈ।

ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ॥

ਪਿਆਰਾ ਪ੍ਰਭੂ ਆਪੇ ਜਗਤ ਵਿੱਚ ਵਣਜਾਰਾ* ਰੂਪ ਹੈ।

ਅਥਵਾ:-ਪਿਆਰਾ ਪ੍ਰਭੂ ਜਗਤ ਵਿੱਚ ਆਪ ਜਗਿਆਸੂ ਰੂਪ ਵਣਜਾਰਾ ਹੈ, ਤੇ ਆਪ ਹੀ ਗੁਰੂ ਰੂਪ ਸੱਚਾ ਸ਼ਾਹ ਹੈ।

ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ॥ ੧॥

ਪਿਆਰਾ ਪ੍ਰਭੂ ਆਪ ਹੀ ਨਾਮ ਰੂਪ ਵਣਜੁ=ਸੌਦਾ ਹੈ। ਆਪ ਹੀ ਵਾਪਾਰੀ ਜਗਿਆਸੂ ਰੂਪ ਹੈ, ਆਪ ਹੀ ਗੁਰੂ ਸ਼ਾਹ ਪਾਸੋਂ ਸੱਚ ਨਾਮ ਰੂਪ ਸੌਦੇ ਨੂੰ ਵੇਸਾਹ=ਖਰੀਦਦਾ ਹੈ॥ ੧॥

ਜਪਿ ਮਨ ਹਰਿ ਹਰਿ ਨਾਮੁ ਸਲਾਹ॥

ਹੇ ਮਨ ! ਹਰੀ ਨਾਮ ਨੂੰ ਜਪ, ਅਤੇ ਹਰੀ ਦੀ ਸ਼ਲਾਘਾ ਕਰ।

ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤੁ ਅਗਮ ਅਥਾਹ॥ ਰਹਾਉ॥

ਜੋ ਅਗਮ ਅਥਾਹ ਪ੍ਰਭੂ ਅੰਮ੍ਰਿਤੁ=ਮਰਨ ਤੋਂ ਰਹਿਤ ਹੈ, ਉਹ ਪਿਆਰਾ ਪ੍ਰਭੂ ਗੁਰਾਂ ਦੀ ਕਿਰਪਾ ਨਾਲ ਪਾਈਦਾ ਹੈ॥ ਰਹਾਉ॥

ਆਪੇ ਸੁਣਿ ਸਭ ਵੇਖਦਾ ਪਿਆਰਾ ਮੁਖਿ ਬੋਲੇ ਆਪਿ ਮੁਹਾਹੁ॥

ਪਿਆਰਾ ਪ੍ਰਭੂ ਆਪ ਹੀ ਸਭ ਦੀ ਗੱਲ ਸੁਣਦਾ ਹੈ, ਆਪ ਹੀ ਸਭ ਦੇ ਸ਼ੁਭਾ-ਸ਼ੁਭ ਕਰਮਾਂ ਨੂੰ ਵੇਖਦਾ ਹੈ, ਆਪ ਹੀ ਮੂੰਹ ਤੋਂ ਬੋਲਦਾ ਹੈ ਆਪ ਹੀ ਮੁਹਾਹੁ=ਮੂੰਹ ਰੂਪ ਹੈ।

ਅਥਵਾ:-ਆਪ ਹੀ ਮੁਹਾਹੁ=ਮੋਹਿਆ ਜਾਂਦਾ ਹੈ।

ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ॥

ਪਿਆਰਾ ਪ੍ਰਭੂ ਆਪ ਹੀ ਸੰਸਾਰ ਉਜਾੜ ਵਿੱਚ ਪਾਉਂਦਾ ਹੈ, ਅਤੇ ਆਪ ਹੀ ਗੁਰਾਂ ਦੁਆਰੇ ਗਿਅਨ ਵੈਰਾਗ;. ਤੇ ਭਗਤੀ ਰੂਪ ਰਾਹੁ=ਰਸਤੇ ਨੂੰ ਵਿਖਾਉਂਦਾ ਹੈ।

ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਵੇਪਰਵਾਹੁ॥ ੨॥

ਪਿਆਰਾ ਪ੍ਰਭੂ ਆਪੇ ਆਪ ਹੀ ਸਾਰਿਆਂ ਵਿੱਚ ਪੂਰਨ ਹੈ, ਅਤੇ ਆਪ ਹੀ ਵੇ-ਪਰਵਾਹ ਹੈ।

ਅਥਵਾ:- ਉਹ ਵੇ-ਪਰਵਾਹ ਆਪ ਹੀ ਸਭ ਤੋਂ ਅਸੰਗ ਹੈ॥ ੨॥

---

*ਵਪਾਰ ਕਰਨ ਵਾਲਾ ਸੌਦਾਗਰ, ਭਾਵ ਵਪਾਰੀ ਹੈ। ਇੱਥਰ ਨਾਮ ਰੂਪ ਵਸਤੂ ਦਾ ਖਰੀਦਾਰ ਜਗਿਆਸੂ ਰੂਪ ਵਪਾਰੀ ਹੈ।

ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ॥

ਪਿਆਰਾ ਪ੍ਰਭੂ ਆਪਣੇ ਤੋਂ ਆਪ ਹੀ ਸਭ ਨੂੰ ਪੈਦਾ ਕਰਦਾ ਹੈ, ਅਤੇ ਆਪ ਹੀ ਸਿਰ-ਬਸਿਰ ਹਰ ਇੱਕ ਨੂੰ ਧੰਧੜੈ=ਧੰਧਿਆਂ ਵਿੱਚ ਲਾਉਂਦਾ ਹੈ।

ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ॥

ਪਿਆਰਾ ਪ੍ਰਭੂ ਆਪ ਹੀ ਜਮਾਂ ਤੋਂ ਸਾਖਤੀ=ਤਾੜਨਾ ਕਰਾਉਂਦਾ ਹੈ, ਆਪ ਹੀ ਮਾਰਦਾ ਹੈ ਤੇ ਆਪ ਹੀ ਜੀਵ ਰੂਪ ਹੋ ਕੇ ਮਰਿ ਜਾਹੁ=ਮਰ ਜਾਂਦਾ ਹੈ।

ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ॥ ੩॥

ਪਿਆਰਾ ਪ੍ਰਭੂ ਆਪ ਵੈਰਾਗ ਰੂਪ ਪਤਣੁ=ਘਾਟ ਹੈ, ਆਪ ਹੀ ਪਾਤਣੀ=ਮਲਾਹ ਵੈਰਾਗਵਾਨ ਗੁਰੂ ਰੂਪ ਹੈ, ਆਪ ਹੀ ਪਾਰ ਲੰਘਣੇ ਵਾਲਾ ਜਗਿਆਸੂ ਰੂਪ ਹੈ ਤੇ ਪਾਰ ਲੰਘਾਉਣ ਵਾਲਾ ਗੁਰੂ ਰੂਪ ਮਲਾਹ ਹੈ॥ ੩॥

ਆਪੇ ਸਾਗਰੁ ਬੋਹਿਥਾ ਪਿਆਰਾ ਗੁਰੁ ਖੇਵਟੁ ਆਪਿ ਚਲਾਹੁ॥

ਪਿਆਰਾ ਪ੍ਰਭੂ ਆਪ ਸੰਸਾਰ ਸਮੁੰਦਰ ਰੂਪ ਹੈ, ਆਪ ਹੀ ਬੋਹਿਥਾ=ਜਹਾਜ਼ ਨਾਮ ਰੂਪ ਹੈ, ਆਪ ਹੀ ਗੁਰੂ ਰੂਪ ਖੇਵਟੁ=ਮਲਾਹ ਹੈ, ਆਪ ਹੀ ਹੁਕਮ ਦੇ ਕੇ ਨਾਮ-ਜਹਾਜ਼ ਦੇ ਚਲਾਉਣ ਵਾਲਾ ਹੈ।

ਆਪੇ ਹੀ ਚੜਿ ਲੰਘਦਾ ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ॥

ਪਿਆਰਾ ਪ੍ਰਭੂ ਆਪ ਹੀ ਜਗਿਆਸੂ ਰੂਪ ਹੋ ਕੇ ਨਾਮ-ਜਹਾਜ਼ ਉੱਤੇ ਚੜ੍ਹਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਦਾ ਹੈ, ਆਪ ਹੀ ਚੋਜਾਂ ਨੂੰ ਕਰ ਰਿਹਾ ਹੈ ਅਤੇ ਆਪ ਹੀ ਪਾਤਸ਼ਾਹ ਰੂਪ ਹੋ ਕੇ ਵੇਖ ਰਿਹਾ ਹੈ।

ਆਪੇ ਆਪਿ ਦਇਆਲੁ ਹੈ ਪਿਆਰਾ ਜਨ ਨਾਨਕ ਬਖਸਿ ਮਿਲਾਹੁ॥੪॥੧॥

ਗੁਰੂ ਜੀ ਕਥਨ ਕਰਦੇ ਹਨ, ਪਿਆਰਾ ਪ੍ਰਭੂ ਆਪੇ ਆਪ ਦਿਆਲੂ ਹੈ, ਆਪ ਹੀ ਸੇਵਕ-ਜਨਾਂ ਨੂੰ ਬਖਸ਼ਕੇ ਆਪਣੇ ਨਾਲ ਮਿਲਾ ਲੈਂਦਾ ਹੈ॥ ੪॥ ੧॥

(ਪੰਨਾ ੬੦੫)

ਸੋਰਠਿ ਮਹਲਾ ੪ ਚਉਥਾ॥*

ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥

ਉਹ ਪ੍ਰਭੂ ਆਪ ਹੀ ਅੰਡਜ, ਜੇਰਜ, ਸੇਤਜ, ਤੇ ਉਤਭੁਜ ਇਹ ਚਾਰ ਖਾਣੀਆਂ ਰੂਪ ਹੋ

*ਕਈ ਪਾਠੀ ਸੱਜਣ, ਸੋਰਠਿ ਮਹੱਲਾ ਚਾਰ ਪੜ੍ਹਦੇ ਹਨ, ਉਨ੍ਹਾਂ ਸੱਜਣਾਂ ਦੀ ਗਿਆਤ ਵਾਸਤੇ ਗੁਰੂ ਜੀ ਨੇ ਅੱਖਰਾਂ ਵਿੱਚ ਚਉਥਾ ਲਿਖਕੇ ਦੱਸਿਆ ਹੈ ਕਿ ਚਾਰ ਨਹੀਂ ਪੜ੍ਹਨਾ, ਸੋਰਠਿ ਮਹੱਲਾ ਚਉਥਾ ਹੀ ਪੜ੍ਹਨਾ ਹੈ।

ਰਿਹਾ ਹੈ,* ਆਪ ਹੀ ਨੌਂ ਖੰਡ ਰੂਪ ਹੋ ਰਿਹਾ ਹੈ, ਅਤੇ ਆਪ ਹੀ ਸਭ ਲੋਕ ਰੂਪ ਹੋ ਰਿਹਾ ਹੈ,

ਅਥਵਾ:-ਚੌਦਾਂ ਲੋਕ ਰੂਪ ਹੋ ਰਿਹਾ ਹੈ।

ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ ॥

ਆਪ ਹੀ ਪ੍ਰਾਣਾਂ ਰੂਪੀ, ਅਥਵਾ:-ਸੱਤਾ ਰੂਪੀ ਸੂੜ੍ਹ ਹੈ, ਆਪ ਹੀ ਦੇਹਾਂ ਰੂਪੀ ਬਹੁਤ ਪ੍ਰਕਾਰ ਦੀਆਂ ਮਣੀਆਂ ਹਨ, ਆਪਣੀ ਸ਼ਕਤੀ ਕਰਕੇ ਸਾਰੇ ਜਗਤ ਨੂੰ ਪ੍ਰਾਣਾਂ ਰੂਪੀ ਸੂੜ੍ਹ ਵਿੱਚ ਪਰੋ ਰੱਖਿਆ ਹੈ।

ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ ॥ ੧ ॥

ਪਿਆਰਾ ਪ੍ਰਭੂ ਆਪ ਹੀ ਪ੍ਰਾਣਾਂ ਰੂਪੀ ਸੂਤ ਦੇ ਧਾਰਨ ਵਾਲਾ ਹੈ ਅਰਥਾਤ ਜੀਵਾਂ ਰੂਪੀ ਕਾਠ ਦੀਆਂ ਪੁਤਲੀਆਂ ਨੂੰ ਨਚਾਉਣ ਵਾਲਾ ਨਟ ਰੂਪ ਹੈ। ਜਿਸ ਵੇਲੇ ਪ੍ਰਾਣਾਂ ਰੂਪੀ ਸੂਤ ਨੂੰ ਖਿੱਚਦਾ ਹੈ ਤਾਂ ਸਭ ਪੁਤਲੀਆਂ ਢਹਿ ਕੇ ਸੁਆਹ ਦੀ ਢੇਰੀ ਹੋ ਜਾਂਦੀਆਂ ਹਨ॥ ੧ ॥

ਮੇਰੇ ਮਨ ਮੈ ਹਰਿ ਬਿਨੁ ਅਵਰੁ ਨ ਕੋਇ ॥

ਹੇ ਮੇਰੇ ਮਨ ! ਮੈਨੂੰ ਤਾਂ ਹਰੀ ਤੋਂ ਬਿਨਾਂ ਅਵਰੁ=ਹੋਰ ਕੋਈ ਨਹੀਂ ਦਿਸਦਾ।

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ
ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ ਰਹਾਉ ॥

ਸਭ ਦਾ ਪਿਆਰਾ ਜੋ ਹਰੀ ਹੈ ਉਸ ਦਾ ਨਾਮ ਰੂਪ ਨਿਧਾਨੁ=ਖਜ਼ਾਨਾ ਸਤਿਗੁਰਾਂ ਵਿੱਚ ਹੈ, ਜਿਸ ਉੱਤੇ ਗੁਰੂ ਦਇਆ ਕਰਦੇ ਹਨ ਉਸ ਦੇ ਮੂੰਹ ਵਿੱਚ ਨਾਮ-ਅੰਮ੍ਰਿਤ ਚੋ ਦੇਂਦੇ ਹਨ॥ ਰਹਾਉ ॥

ਆਪੇ ਜਲ ਥਲਿ ਸਭਤੁ ਹੈ ਪਿਆਰਾ ਪ੍ਰਭੁ ਆਪੇ ਕਰੇ ਸੁ ਹੋਇ ॥

ਪਿਆਰਾ ਪ੍ਰਭੂ ਆਪ ਹੀ ਜਲ ਥਲ ਆਦਿਕ ਸਾਰੀਆਂ ਜਗ੍ਹਾਂ ਵਿੱਚ ਪੂਰਨ ਹੈ, ਜੋ ਪ੍ਰਭੂ ਆਪੇ ਕਰਦਾ ਹੈ ਓਹੀ ਕੁਝ ਹੁੰਦਾ ਹੈ।

ਸਭਨਾ ਰਿਜਕੁ ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ ॥

ਪਿਆਰਾ ਪ੍ਰਭੂ ਆਪ ਹੀ ਸਾਰਿਆਂ ਨੂੰ ਰਿਜ਼ਕ ਸਮਾਹਦਾ=ਪੁਚਾਉਂਦਾ ਹੈ, ਉਸ ਦੇ ਬਰਾਬਰ ਹੋਰ ਕੋਈ ਦੂਜਾ ਨਹੀਂ ਹੈ।

---

*ਅੰਡਜ=ਅੰਡੇ ਤੋਂ ਪੈਦਾ ਹੋਣ ਵਾਲੀ ਪੰਛੀਆਂ ਦੀ ਖਾਣ ਹੈ।

ਜੇਰਜ=ਰਕਤ ਬਿੰਦ ਤੋਂ ਪੈਦਾ ਹੋਣ ਵਾਲੀ ਮਨੁੱਖ ਤੇ ਪਸੂ ਆਦਿਕਾਂ ਦੀ ਖਾਣ ਹੈ।

ਸੇਤਜ=ਪਸੀਨੇ ਤੋਂ ਪੈਦਾ ਹੋਣ ਵਾਲੀ ਖਾਣੀ, ਜਿਵੇਂ ਮਨੁੱਖ ਦੇ ਮਸੀਨੇ (ਮੁੜ੍ਹਕੇ) ਤੋਂ ਜੂਆਂ, ਲੀਖਾਂ ਆਦਿਕ ਪੈਦਾ ਹੁੰਦੀਆਂ ਹਨ। ਪਸ਼ੂਆਂ ਦੇ ਪਸੀਨੇ ਤੋਂ ਚਿੱਚੜ ਆਦਿਕ ਪੈਦਾ ਹੁੰਦੇ ਹਨ।

ਬ੍ਰਿੱਛਾਂ ਦੇ ਪਸੀਨੇ ਤੋਂ ਲਾਖ ਗੂੰਦ ਆਦਿਕ ਪੈਦਾ ਹੁੰਦੀ ਹੈ।

ਪੱਥਰਾਂ ਦੇ ਪਸੀਨੇ ਤੋਂ ਹੀਰੇ ਮਣੀਆਂ ਆਦਿਕ ਹੁੰਦੇ ਹਨ।

ਉਤਭੁਜ=ਪ੍ਰਿਥਵੀ ਤੋਂ ਪੈਦਾ ਹੋਣ ਵਾਲੀ ਉਤਭੁਜ ਖਾਣੀ ਹੈ ਬ੍ਰਿੱਛ, ਪਹਾੜ, ਖੇਤੀਆਂ ਆਦਿਕ।

ਆਪੇ ਖੇਲ ਖੇਲਾਇਦਾ ਪਿਆਰਾ ਆਪੇ ਕਰੇ ਸੁ ਹੋਇ ॥ ੨ ॥

ਪਿਆਰਾ ਪ੍ਰਭੂ ਆਪ ਹੀ ਸਾਰਿਆਂ ਨੂੰ ਖੇਡਾਂ ਖਿਡਾਉਂਦਾ ਹੈ, ਜੋ ਆਪ ਕਰਦਾ ਹੈ ਓਹੀ ਕੁਝ ਹੁੰਦਾ ਹੈ ॥ ੨ ॥

ਆਪੇ ਹੀ ਆਪਿ ਨਿਰਮਲਾ ਪਿਆਰਾ ਆਪੇ ਨਿਰਮਲ ਸੋਇ ॥

ਪਿਆਰਾ ਪ੍ਰਭੂ ਆਪੇ ਹੀ ਆਪ ਨਿਰਮਲਾ=ਸ਼ੁਧ ਸਰੂਪ ਹੈ, ਆਪੇ ਹੀ ਨਿਰਮਲ=ਉੱਜਲ ਸੋਇ=ਸੋਭਾ ਵਾਲਾ ਹੈ।

ਆਪੇ ਕੀਮਤਿ ਪਾਇਦਾ ਪਿਆਰਾ ਆਪੇ ਕਰੇ ਸੁ ਹੋਇ ॥

ਪਿਆਰਾ ਪ੍ਰਭੂ ਆਪਣਿਆਂ ਗੁਣਾਂ ਦੀ ਕੀਮਤ ਨੂੰ ਆਪ ਹੀ ਪਾਉਂਦਾ ਹੈ, ਜੋ ਆਪ ਕਰਦਾ ਹੈ ਓਹੀ ਕੁਝ ਹੁੰਦਾ ਹੈ।

ਆਪੇ ਅਲਖੁ ਨ ਲਖੀਐ ਪਿਆਰਾ ਆਪਿ ਲਖਾਵੈ ਸੋਇ ॥ ੩ ॥

ਪਿਆਰਾ ਪ੍ਰਭੂ ਆਪ ਅਲੱਖ ਹੈ ਕਿਸੀ ਤੋਂ ਆਪਣੇ ਆਪ ਲਖੀਐ=ਜਾਣਿਆ ਨਹੀਂ ਜਾਂਦਾ, ਜਿਸ ਉੱਤੇ ਕਿਰਪਾ ਕਰਦਾ ਹੈ ਉਸ ਨੂੰ ਆਪਣਾ ਸਰੂਪ ਲਖਾਵੈ=ਲਖਾਉਂਦਾ (ਜਣਾਉਂਦਾ) ਹੈ ॥ ੩ ॥

ਆਪੇ ਗਹਿਰ ਗੰਭੀਰੁ ਹੈ ਪਿਆਰਾ ਤਿਸੁ ਜੇਵਡੁ ਅਵਰੁ ਨ ਕੋਇ ॥

ਪਿਆਰਾ ਪ੍ਰਭੂ ਆਪ ਹੀ ਗਹਿਰ=ਡੂੰਘਾ ਤੇ ਗੰਭੀਰੁ=ਨਿਰਮਲ ਹੈ, ਉਸ ਜੇਡਾ ਹੋਰ ਕੋਈ ਨਹੀਂ ਹੈ।

ਸਭਿ ਘਟ ਆਪੇ ਭੋਗਵੈ ਪਿਆਰਾ ਵਿਚਿ ਨਾਰੀ ਪੁਰਖ ਸਭੁ ਸੋਇ ॥

ਪਿਆਰਾ ਪ੍ਰਭੂ ਆਪ ਹੀ ਸਾਰਿਆਂ ਘਟਾਂ ਵਿੱਚ ਭੋਗਾਂ ਨੂੰ ਭੋਗ ਰਿਹਾ ਹੈ, ਸਭ ਇਸਤ੍ਰੀਆਂ ਪੁਰਸ਼ਾਂ ਵਿੱਚ ਉਹ ਪ੍ਰਭੂ ਹੈ।

ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮੁਖਿ ਪਰਗਟੁ ਹੋਇ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਉਹ ਪਿਆਰਾ ਪ੍ਰਭੂ ਆਪ ਹੀ ਗੁਪਤ ਰੂਪ ਹੋ ਕੇ ਵਰਤ ਰਿਹਾ ਹੈ, ਉਹ ਪ੍ਰਭੂ ਗੁਰਮੁਖਿ=ਗੁਰਾਂ ਦੁਆਰੇ ਪ੍ਰਗਟ ਹੁੰਦਾ ਹੈ ॥ ੪ ॥ ੨ ॥

ਸੋਰਠਿ ਮਹਲਾ ੪ ॥ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ ॥

ਉਹ ਪਿਆਰਾ ਪ੍ਰਭੂ ਸਾਰੇ ਆਪੇ ਹੀ ਆਪ ਹੈ, ਉਹ ਆਪ ਹੀ ਸੰਸਾਰ ਨੂੰ ਥਾਪਦਾ ਹੈ ਤੇ ਆਪ ਹੀ ਉਥਾਪੈ=ਨਾਸ ਕਰਦਾ ਹੈ।

ਆਪੇ ਵੇਖਿ ਵਿਗਸਦਾ ਪਿਆਰਾ ਕਰਿ ਚੋਜ ਵੇਖੈ ਪ੍ਰਭੁ ਆਪੈ ॥

ਪਿਆਰਾ ਪ੍ਰਭੂ ਆਪ ਹੀ ਚੋਜ=ਕੌਤਕ ਕਰਦਾ ਹੈ, ਆਪ ਹੀ ਵੇਖਦਾ ਹੈ, ਅਤੇ ਆਪ ਹੀ ਵੇਖ ਕੇ ਵਿਗਸਦਾ=ਖ਼ੁਸ਼ ਹੁੰਦਾ ਹੈ।

ਆਪੇ ਵਣਿ ਤਿਣਿ ਸਭਤੁ ਹੈ ਪਿਆਰਾ ਆਪੇ ਗੁਰਮੁਖਿ ਜਾਪੈ ॥ ੧ ॥

ਪਿਆਰਾ ਪ੍ਰਭੂ ਆਪ ਹੀ ਸਭ ਵਣਾਂ ਤ੍ਰਿਣਾਂ ਵਿੱਚ ਹੈ, ਅਥਵਾ:-ਆਪ ਹੀ ਵਣਿ=ਸਰੀਰ ਤੇ ਤਿਣਿ=ਇੰਦ੍ਰੀਆਂ ਵਿੱਚ ਹੈ, ਉਹ ਪ੍ਰਭੂ ਆਪ ਹੀ ਗੁਰਮੁਖਿ=ਗੁਰਾਂ ਦੁਆਰੇ ਜਾਪੈ=ਜਾਣਿਆ ਜਾਂਦਾ ਹੈ ॥ ੧ ॥

ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ॥

ਹੇ ਮਨ ! ਹਰਿ ਹਰਿ ਨਾਮ ਨੂੰ ਜਪ, ਤਾਂ ਤੂੰ ਆਤਮ-ਰਸ ਕਰਕੇ ਧ੍ਰਾਪੈ=ਤ੍ਰਿਪਤ ਹੋ ਜਾਵੇਂਗਾ, ਭਾਵ ਰੱਜ ਜਾਏਂਗਾ ਤੈਨੂੰ ਦੁਨੀਆਂ ਦੇ ਕਿਸੇ ਪਦਾਰਥ ਦੀ ਭੁੱਖ ਨਹੀਂ ਰਹੇਗੀ।

ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰ ਸਬਦੀ ਚਖਿ ਜਾਪੈ॥ ਰਹਾਉ॥

ਨਾਮ-ਅੰਮ੍ਰਿਤ ਦਾ ਰਸੁ=ਸ੍ਵਾਦ ਮਹਾ=ਵੱਡਾ ਮਿੱਠਾ ਹੈ, ਗੁਰਾਂ ਦੇ ਸਬਦੀ=ਉਪਦੇਸ਼ ਕਰਕੇ ਚੱਖੀਏ ਤਾਂ ਜਾਪੈ=ਜਾਣਿਆ ਜਾਂਦਾ ਹੈ॥ ਰਹਾਉ॥

ਆਪੇ ਤੀਰਥੁ ਤੁਲਹੜਾ ਪਿਆਰਾ ਆਪਿ ਤਰੈ ਪ੍ਰਭੁ ਆਪੈ॥

ਪਿਆਰਾ ਪ੍ਰਭੂ ਆਪ ਗੰਗਾ ਆਦਿਕ ਤੀਰਥ ਰੂਪ ਹੈ, ਅਥਵਾ:- ਤੀਰਥੁ=ਪਵਿੱਤ੍ਰ ਰੂਪ ਹੈ, ਆਪ ਹੀ ਅਦ੍ਵੈਤ ਨਿਸਚਾ ਰੂਪ ਤੁਲਹਾ* ਹੈ, ਆਪ ਜੀਵ ਰੂਪ ਹੋ ਕੇ ਤਰਦਾ ਹੈ ਤੇ ਆਪ ਹੀ ਗੁਰੂ ਰੂਪ ਹੋ ਕੇ ਤਾਰਦਾ ਹੈ।

ਆਪੇ ਜਾਲੁ ਵਤਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ॥

ਪਿਆਰਾ ਪ੍ਰਭੂ ਆਪ ਹੀ ਮੋਹ ਰੂਪੀ ਜਾਲ ਨੂੰ ਜੀਵਾਂ ਉੱਪਰ ਵਤਾਇਦਾ=ਫੇਰਦਾ ਹੈ, ਸਾਰਾ ਜਗਤ ਮੱਛੀ ਰੂਪ ਹੈ, ਹਰੀ ਆਪ ਹੀ ਪਦਾਰਥਾਂ ਰੂਪੀ ਹਰਿ=ਜਲ ਹੋ ਰਿਹਾ ਹੈ।

ਆਪਿ ਅਭੁਲੁ ਨ ਭੁਲਈ ਪਿਆਰਾ ਅਵਰੁ ਨ ਦੂਜਾ ਜਾਪੈ॥ ੨॥

ਪਿਆਰਾ ਪ੍ਰਭੂ ਆਪ ਅਭੁੱਲ ਹੈ, ਕਦੇ ਭੁੱਲਦਾ ਨਹੀਂ ਹੈ, ਹੋਰ ਕੋਈ ਦੂਜਾ ਉਸ ਵਰਗਾ ਜਾਪਦਾ ਨਹੀਂ ਹੈ॥ ੨॥ ਯਥਾ-ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ (ਪੰਨਾ ੬੧)

ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੈ॥**

ਪਿਆਰਾ ਪ੍ਰਭੂ ਆਪ ਹੀ ਪ੍ਰਤੱਖ ਜੋਗੀਆਂ ਦੀ ਸਿੰਙੀ ਰੂਪ ਹੈ ਆਪ ਹੀ ਨਾਦੁ=ਸੰਖ ਰੂਪ ਹੈ, ਆਪ ਹੀ ਵਜਾਉਂਦਾ ਹੈ, ਆਪ ਹੀ ਧੁਨ (ਅਵਾਜ਼) ਰੂਪ ਹੋ ਰਿਹਾ ਹੈ। ਅਥਵਾ:-ਪਿਆਰਾ ਪ੍ਰਭੂ ਆਪ ਹੀ ਸਿੰਙੀ=ਬਿਰਤੀ ਰੂਪ ਹੈ, ਆਪ ਹੀ ਨਾਦੁ=ਉਪਦੇਸ਼ ਰੂਪ ਹੈ, ਆਪੇ ਆਪ ਹੀ ਧੁਨਿ=ਬਾਣੀ ਨੂੰ ਵਜਾਏ=ਉਚਾਰਦਾ ਹੈ।

ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ॥

ਪਿਆਰਾ ਪ੍ਰਭੂ ਆਪ ਹੀ ਜੋਗੀ ਪੁਰਖੁ ਹੈ, ਅਤੇ ਆਪ ਹੀ ਤਪ ਦੇ ਤਪਣੇ ਵਾਲਾ ਹੈ।

ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ॥ ੩॥

ਪਿਆਰਾ ਪ੍ਰਭੂ ਆਪੇ ਸਤਿਗੁਰੂ ਰੂਪ ਹੈ ਆਪ ਹੀ ਚੇਲਾ ਰੂਪ ਹੈ, ਪ੍ਰਭੂ ਆਪ ਹੀ ਉਪਦੇਸ਼ ਕਰਨ ਵਾਲਾ ਹੈ॥ ੩॥

---

*ਤੁਲਹਾ ਹੁੰਦਾ ਹੈ ਨਦੀ ਤੋਂ ਪਾਰ ਹੋਣ ਵਾਸਤੇ, ਕਾਠ ਨੂੰ ਰੱਸਿਆਂ ਨਾਲ ਬੰਨ੍ਹ ਲੈਂਦੇ ਹਨ ਓਸੇ ਨੂੰ "ਤੁਲਹਾ" ਕਹਿੰਦੇ ਹਨ।

**ਸਿੰਙੀ=ਜੋਗੀਆਂ ਦੀ ਤੁਰੀ ਜਿਸਨੂੰ ਜੋਗੀ ਲੋਕ ਵਜਾਉਂਦੇ ਹਨ, ਅਸਲ ਇਹ ਹਰਨ ਦਾ ਸਿੰਙ ਹੁੰਦਾ ਹੈ।*

ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ॥

ਪਿਆਰਾ ਪ੍ਰਭੂ ਆਪੇ ਨਾਮ ਜਪਾਉਂਦਾ ਹੈ, ਅਤੇ ਆਪ ਹੀ ਜਪ ਨੂੰ ਜਾਪੈ=ਜਪਦਾ ਹੈ।

ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ॥

ਪਿਆਰਾ ਪ੍ਰਭੂ ਆਪੇ ਅੰਮ੍ਰਿਤ ਰੂਪ ਹੈ, ਆਪ ਹੀ ਪਿਆਰਾ=ਪਿਆਲਾ ਹੈ, ਆਪ ਹੀ ਅੰਮ੍ਰਿਤ-ਰਸ ਨੂੰ ਆਪੈ=ਪਾਨ ਕਰਦਾ ਹੈ। ਅਥਵਾ:-ਆਪਣੇ ਆਪ ਹੀ ਅੰਮ੍ਰਿਤ-ਰਸ ਨੂੰ ਲੈਂਦਾ ਹੈ।

ਆਪੇ ਆਪਿ ਸਲਾਹਦਾ ਪਿਆਰਾ ਜਨ ਨਾਨਕ ਹਰਿ ਰਸਿ ਧ੍ਰਾਪੈ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਪਿਆਰਾ ਪ੍ਰਭੂ ਆਪਣੇ ਨੂੰ ਆਪ ਹੀ ਸਲਾਹੁੰਦਾ ਹੈ, ਇਸ ਰਸ ਕਰਕੇ ਹਰੀ ਆਪ ਹੀ ਧ੍ਰਾਪੈ=ਤ੍ਰਿਪਤ ਹੁੰਦਾ ਹੈ।

ਅਥਵਾ:-ਗੁਰਮੁਖ-ਜਨ ਹਰੀ ਨਾਮ-ਰਸ ਨੂੰ ਪੀ ਕੇ ਧ੍ਰਾਪੈ=ਤ੍ਰਿਪਤ ਹੁੰਦੇ ਹਨ॥ ੪॥ ੩॥

ਸੋਰਠਿ ਮਹਲਾ ੪॥

ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ॥

ਪਿਆਰਾ ਪ੍ਰਭੂ ਆਪੇ ਕੰਡਾ ਰੂਪ ਹੈ, ਆਪ ਤਰਾਜੀ=ਤੱਕੜੀ ਰੂਪ ਹੈ, ਆਪ ਹੀ ਤੋਲਿ=ਵੱਟਾ ਰੂਪ ਹੈ, ਆਪ ਹੀ ਤੋਲਾਣੇ ਵਾਲਾ ਹੈ। ਅਥਵਾ:-ਪਿਆਰਾ ਪ੍ਰਭੂ ਆਪੇ ਪ੍ਰੇਮ ਰੂਪੀ ਕੰਡਾ ਹੈ, ਆਪੇ ਬੁੱਧੀ ਰੂਪ ਤੱਕੜੀ ਹੈ, ਆਪ ਹੀ ਵਿਚਾਰ ਰੂਪੀ ਤੋਲਿ=ਵੱਟੇ ਨਾਲ ਤੋਲਾਇਆ=ਵਿਚਾਰ ਕਰਾਉਂਦਾ ਹੈ।

ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ॥

ਆਪੇ ਸ਼ਾਹ ਰੂਪ ਹੈ ਆਪੇ ਵਣਜਾਰਾ=ਵਪਾਰੀ ਹੈ ਅਤੇ ਆਪ ਹੀ ਦਲਾਲ ਰੂਪ ਹੋ ਕੇ ਸੌਦਾ ਕਰਾਉਂਦਾ ਹੈ। ਅਥਵਾ:-ਆਪੇ ਸਾਹੁ=ਗੁਰੂ ਰੂਪ ਹੈ, ਆਪ ਹੀ ਵਣਜਾਰਾ=ਜਗਿਆਸੂ ਰੂਪ ਹੈ, ਆਪ ਹੀ ਜਗਿਆਸੂ ਨੂੰ ਗੁਰਾਂ ਪਾਸੋਂ ਨਾਮ ਰੂਪ ਸੌਦਾ ਕਰਵਾਉਂਦਾ ਹੈ।

ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ* ਚੜਾਇਆ॥ ੧ ॥

ਪਿਆਰੇ ਪ੍ਰਭੂ ਨੇ ਆਪ ਹੀ ਚਾਰ ਤੱਤਾਂ ਰੂਪੀ ਟੰਕੁ=ਚਾਰ ਮਾਸੇ ਨੂੰ ਪਿੱਛੇ ਚਾੜ੍ਹ ਕੇ ਭਾਵ ਚਾਰ ਤੱਤਾਂ ਨੂੰ ਰਚਕੇ ਉਨ੍ਹਾਂ ਦੁਆਰੇ ਫਿਰ ਆਪ ਹੀ ਧਰਤੀ ਸਾਜਣਾ ਕੀਤੀ ਹੈ। ਅਥਵਾ:-ਪਿਆਰੇ ਪ੍ਰਭੂ ਨੇ ਆਪ ਹੀ ਬੁੱਧੀ ਰੂਪ ਧਰਤੀ ਸਾਜੀ ਹੈ ਪਿੱਛੇ ਚਾਰ ਸਾਧਨਾ** ਰੂਪੀ, ਵਾ: ਚਾਰੇ ਮਹਾਂ ਵਾਕਾਂ*** ਰੂਪੀ ਟੰਕ ਚੜ੍ਹਾਕੇ॥ ੧॥

---

*ਟੰਕੁ-ਚਾਰ ਮਾਸਿਆਂ ਦਾ ਇਕ ਵੱਟਾ ਹੁੰਦਾ ਹੈ। ਅਥਵਾ:-ਸਾਢੇ ਤਿੰਨ ਮਾਸਿਆਂ ਦਾ ਭੀ ਟੰਕ ਹੁੰਦਾ ਹੈ। ਇਸ ਤਰਫ ਓਅੰਕਾਰ ਮੰਤ੍ਰ ਦੀਆਂ ਜੋ ਸਾਢੇ ਤਿੰਨ ਮਾਤ੍ਰਾਂ ਹਨ (ਅਕਾਰ, ਉਕਾਰ, ਮਕਾਰ, ਅਰਧ ਬਿੰਦ) ਉਸ ਦੀ ਸੱਤਾ ਸਫੁਰਤੀ ਰੂਪੀ ਟੰਕ ਨੂੰ ਪਿੱਛੇ ਚਾੜ੍ਹਕੇ ਪਿਆਰੇ ਪ੍ਰਭੂ ਨੇ ਆਪ ਹੀ ਧਰਤੀ ਰੂਪ ਸਾਰੀ ਸ੍ਰਿਸ਼ਟੀ ਸਾਜਣਾ ਕੀਤੀ ਹੈ।

**ਚਾਰ ਸਾਧਨ:-੧. ਵੈਰਾਗ, ੨. ਵਿਵੇਕ, ੩. ਖਟ ਸੰਪੱਤੀ, ੪. ਮਮੋਖ ਇੱਛਾ।*

***ਚਾਰ ਮਹਾਂ ਵਾਕ:- ੧. "ਪ੍ਰਗਯਾਨਮਾਨੰਦ ਬ੍ਰਹਮ" (ਰਿਗ ਵੇਦ) । ੨. ਅਹੰ ਬ੍ਰਹਮਾਸਮੀ" (ਯਜੁਰਵੇਦ)। ੩. "ਤਤ੍ਤੁਮਸੀ" (ਸ਼ਾਮਵੇਦ) । ੪. "ਅਯੰਆਤਮ ਬ੍ਰਹਮ" (ਅਥਰਬਣ ਵੇਦ)।*

ਇਹ ਚਾਰੇ ਵੇਦਾਂ ਦੇ ਚਾਰ ਮਹਾਂ ਵਾਕਾਂ ਰੂਪ ਟੰਕ ਪਿੱਛੇ ਚੜ੍ਹਉਣਾ ਕੀਤਾ ਹੈ।

ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥

ਮੇਰੇ ਮਨ ਨੇ ਹਰਿ ਹਰਿ ਨਾਮ ਨੂੰ ਧਿਆ ਕੇ ਹੀ ਸੁਖ ਪਾਇਆ ਹੈ।

ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥

ਪਿਆਰੇ ਹਰਿ ਹਰਿ ਦਾ ਜੋ ਨਾਮ ਰੂਪ ਨਿਧਾਨੁ=ਖਜ਼ਾਨਾ ਹੈ, ਉਹ ਪੂਰਿਆਂ ਗੁਰਾਂ ਨੇ ਮੈਨੂੰ ਮਿੱਠਾ ਲਗਾਇਆ ਹੈ॥ ਰਹਾਉ॥

ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥

ਪਿਆਰਾ ਪ੍ਰਭੂ ਆਪੇ ਧਰਤੀ ਰੂਪ ਹੈ, ਆਪੇ ਜਲ ਰੂਪ ਹੈ ਆਪ ਹੀ ਸਭ ਕੁਝ ਕਰਦਾ ਕਰਾਉਂਦਾ ਹੈ।

(ਪੰਨਾ ੬੦੬)

ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥

ਪਿਆਰਾ=ਪਰਮੇਸ਼ਰ ਆਪਣੇ ਹੁਕਮ ਵਿੱਚ ਆਪ ਹੀ ਵਰਤ ਰਿਹਾ ਹੈ, ਪਾਣੀ ਵਿੱਚ ਮਿੱਟੀ ਨੂੰ ਬੰਧਿ=ਬੰਨ੍ਹ ਕੇ ਰੱਖਿਆ ਹੋਇਆ ਹੈ। ਦਸ ਹਿੱਸੇ ਪਾਣੀ ਵਿੱਚ ਇੱਕ ਹਿੱਸਾ ਧਰਤੀ ਹੈ, ਪਰ ਪ੍ਰਭੂ ਦੇ ਹੁਕਮ ਕਰਕੇ ਪਾਣੀ ਧਰਤੀ ਨੂੰ ਡੋਬਦਾ ਨਹੀਂ ਹੈ।

ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥ ੨ ॥

ਪਿਆਰਾ ਪ੍ਰਭੂ ਆਪ ਹੀ ਸਾਰਿਆਂ ਨੂੰ ਭਉ=ਡਰ ਪਾਂਵਦਾ ਹੈ, ਬੱਕਰੀ ਤੇ ਸੀਹੁ=ਸ਼ੇਰ ਨੂੰ ਬੰਨਿ=ਬੰਨ੍ਹ ਕੇ ਹਢਾਇਆ=ਫਿਰਾਇਆ ਹੈ। ਅਰਥਾਤ ਬੱਕਰੀ ਸਮਾਨ ਧਰਤੀ ਹੈ ਸ਼ੇਰ ਵਾਂਗ ਜਲ ਹੈ ਭਾਵੇਂ ਆਪਸ ਵਿੱਚ ਵਿਰੋਧੀ ਹਨ, ਪਰ ਪ੍ਰਭੂ ਦੇ ਹੁਕਮ ਕਰਕੇ ਇਕੱਠੇ ਰਹਿੰਦੇ ਹਨ॥ ੨ ॥

ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥

ਪਿਆਰਾ ਪ੍ਰਭੂ ਆਪੇ ਕਾਸਟ=ਲੱਕੜ ਰੂਪ ਹੈ, ਆਪ ਹੀ ਹਰਿ=ਅੱਗ ਰੂਪ ਹੈ, ਅਤੇ ਉਸਨੇ ਆਪ ਹੀ ਕਾਸਟ=ਲੱਕੜਾਂ ਵਿਚ ਅੱਗ ਨੂੰ ਰੱਖਿਆ ਹੋਇਆ ਹੈ।

ਨੋਟ:-ਇੱਥੇ ''ਹਰਿ'' ਪਦ ਦਾ ਅਰਥ ਸੰਕੇਤੀ ਅੱਗ ਹੈ।

ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥

ਪਿਆਰਾ ਪ੍ਰਭੂ ਆਪੇ ਹੀ ਆਪ ਸਾਰੇ ਵਰਤ ਰਿਹਾ ਹੈ, ਜਿਸ ਦੇ ਭੈ=ਡਰ ਕਰਕੇ ਅਗਨਿ=ਅੱਗ ਲੱਕੜਾਂ ਨੂੰ ਜਲਾਇਆ=ਸਾੜ ਨਹੀਂ ਸਕੈ=ਸਕਦੀ।

ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ ॥ ੩ ॥

ਪਿਆਰਾ ਪ੍ਰਭੂ ਆਪੇ ਮਾਰਦਾ ਹੈ ਆਪੇ ਜੀਵਾਉਂਦਾ ਹੈ, ਉਸ ਦੇ ਲਵਾਇਆ=ਦਿਵਾਏ ਹੋਏ ਸਾਰੇ ਸਾਹ=ਸ੍ਵਾਸ ਲੈਂਦੇ ਹਨ॥ ੩ ॥

ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ॥

ਪਿਆਰਾ ਪ੍ਰਭੂ ਆਪੇ ਤਨ ਦਾ ਤਾਣੁ=ਬਲ ਰੂਪ ਹੈ, ਆਪੇ ਮਨ ਦਾ ਦੀਬਾਣੁ=ਆਸਰਾ ਰੂਪ ਹੈ, ਉਸ ਨੇ ਆਪ ਹੀ ਸਾਰਿਆਂ ਨੂੰ ਕਾਰੈ=ਕੰਮਾਂ ਵਿੱਚ ਲਗਾਇਆ ਹੋਇਆ ਹੈ।

ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥

ਹੇ ਪਿਆਰੇ ! ਜਿਵੇਂ ਆਪ ਚਲਾਉਂਦਾ ਹੈ ਤਿਵੇਂ ਚੱਲਣਾ ਹੁੰਦਾ ਹੈ, ਮੇਰੇ ਪਿਆਰੇ ਹਰੀ ਪ੍ਰਭੂ ਨੂੰ ਜਿਵੇਂ ਭਾਇਆ ਹੈ ਤਿਵੇਂ ਹੋ ਰਿਹਾ ਹੈ।

ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥ ੪ ॥ ੪ ॥

ਪਿਆਰਾ ਪ੍ਰਭੂ ਆਪੇ ਜੰਤੀ=ਵਜੰਤ੍ਰੀ ਰੂਪ ਅਰਥਾਤ ਵਾਜਿਆਂ ਦੇ ਵਜਾਉਣ ਵਾਲਾ ਹੈ, ਆਪ ਹੀ ਜੰਤੁ=ਵਾਜਾ ਰੂਪ ਹੈ, ਉਸ ਦੇ ਵਜਾਏ ਹੋਏ ਸਾਰੇ ਵਾਜੇ ਵੱਜ ਰਹੇ ਹਨ।

ਅਥਵਾ:-ਪਿਆਰਾ ਪ੍ਰਭੂ ਆਪ ਹੀ ਜੰਤੀ=ਈਸ਼੍ਵਰ ਰੂਪ ਹੈ, ਆਪ ਹੀ ਜੰਤੁ=ਜੀਵ ਰੂਪ ਹੈ, ਉਸ ਦੇ ਵਜਾਇਆ=ਬੁਲਾਏ ਹੋਏ ਸਾਰੇ ਵਜਹਿ=ਬੋਲ ਰਹੇ ਹਨ॥ ੪ ॥ ੪ ॥

ਸੋਰਠਿ ਮਹਲਾ ੪ ॥

ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ ॥

ਪਿਆਰਾ ਪ੍ਰਭੂ ਆਪੇ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਆਪ ਹੀ ਸ੍ਰਿਸ਼ਟੀ ਵਿੱਚ ਸੂਰਜ ਚੰਦ੍ਰਮਾ ਦਾ ਚਾਨਾਣੁ=ਪ੍ਰਕਾਸ਼ ਕਰਦਾ ਹੈ। ਅਥਵਾ:-ਪਿਆਰਾ ਪ੍ਰਭੂ ਆਪ ਹੀ ਸ੍ਰਿਸਟਿ=ਸਤਸੰਗ ਨੂੰ ਪੈਦਾ ਕਰਦਾ ਹੈ, ਆਪ ਹੀ ਸੂਰਜੁ ਚੰਦੁ=ਗਿਆਨ ਵੈਰਾਗ ਦਾ ਚਾਨਣ ਕਰਦਾ ਹੈ।

ਅਥਵਾ:- ਆਪ ਹੀ ਸ੍ਰਿਸ਼ਟੀ ਵਿੱਚ ਜੀਵਾਂ ਨੂੰ ਪੈਦਾ ਕਰਦਾ ਹੈ, ਆਪ ਹੀ ਸੂਰਜੁ ਚੰਦੁ=ਸੱਜੇ ਖੱਬੇ ਨੇਤ੍ਰ ਵਿੱਚ ਪ੍ਰਕਾਸ਼ ਕਰਦਾ ਹੈ ਭਾਵ-ਇਨ੍ਹਾਂ ਅੱਖਾਂ ਵਿੱਚ ਰੌਸ਼ਨੀ ਆਪ ਹੀ ਦੇਂਦਾ ਹੈ।

ਆਪਿ ਨਿਤਾਣਿਆ ਤਾਣੁ ਹੈ ਪਿਆਰਾ ਆਪਿ ਨਿਮਾਣਿਆ ਮਾਣੁ ॥

ਪਿਆਰਾ ਪ੍ਰਭੂ ਆਪ ਹੀ ਨਿਤਾਣਿਆਂ ਦਾ ਤਾਣੁ=ਬਲ ਰੂਪ ਹੈ, ਅਤੇ ਆਪ ਹੀ ਨਿਮਾਣਿਆਂ ਨੂੰ ਮਾਣ ਦੇਣ ਵਾਲਾ ਹੈ।

ਆਪਿ ਦਇਆ ਕਰਿ ਰਖਦਾ ਪਿਆਰਾ ਆਪੇ ਸੁਘੜੁ ਸੁਜਾਣੁ ॥ ੧ ॥

ਪਿਆਰਾ ਪ੍ਰਭੂ ਆਪ ਹੀ ਦਇਆ ਦ੍ਰਿਸ਼ਟੀ ਕਰਕੇ ਰੱਖਿਆ ਕਰਦਾ ਹੈ, ਅਤੇ ਆਪ ਹੀ ਸ੍ਰੇਸ਼ਟ ਘਾੜਤ ਤੇ ਘੜਣ ਨੂੰ ਸੁਜਾਣੁ-ਚਤੁਰ ਹੈ॥ ੧ ॥

ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ ॥

ਹੇ ਮੇਰੇ ਮਨ ! ਤੂੰ ਨੀਸਾਣੁ=ਪ੍ਰਗਟ ਹੋ ਕੇ ਰਾਮ ਨਾਮ ਨੂੰ ਜਪ, ਵਾ:-ਨੀਸਾਣੁ=ਪ੍ਰਵਾਨਾ ਰੂਪ ਜੋ ਰਾਮ ਨਾਮ ਹੈ ਉਸ ਨੂੰ ਜਪ।

ਸਤਸੰਗਤਿ ਮਿਲਿ ਧਿਆਇ ਤੂ ਹਰਿ ਹਰਿ ਬਹੁੜਿ ਨ ਆਵਣ ਜਾਣੁ ॥ਰਹਾਉ ॥

ਤੂੰ ਸਤਸੰਗਤ ਨਾਲ ਮਿਲ ਕੇ ਹਰਿ ਹਰਿ ਨਾਮ ਨੂੰ ਧਿਆਉਣਾ ਕਰ, ਬਹੁੜਿ=ਫਿਰ ਤੇਰਾ ਆਉਣਾ ਜਾਣਾ ਨਹੀਂ ਹੋਵੇਗਾ ॥ ਰਹਾਉ ॥

ਆਪੇ ਹੀ ਗੁਣ ਵਰਤਦਾ ਪਿਆਰਾ ਆਪੇ ਹੀ ਪਰਵਾਣੁ ॥

ਪਿਆਰਾ ਪ੍ਰਭੂ ਆਪ ਹੀ (ਰਜੋ, ਸਤੋ, ਤਮੋ) ਤਿੰਨ ਗੁਣ ਰੂਪ ਹੋ ਕੇ ਵਰਤ ਰਿਹਾ ਹੈ, ਉਨ੍ਹਾਂ ਦੁਆਰੇ ਜੋ ਰਚਨਾ ਰਚੀ ਹੈ ਉਸ ਨੂੰ ਆਪ ਹੀ ਪ੍ਰਵਾਨ ਕਰਦਾ ਹੈ।

ਆਪੇ ਬਖਸ ਕਰਾਇਦਾ ਪਿਆਰਾ ਆਪੇ ਸਚੁ ਨੀਸਾਣੁ ॥

ਪਿਆਰਾ ਪ੍ਰਭੂ ਆਪ ਹੀ ਗੁਰਾਂ ਪਾਸੋਂ ਬਖਸ਼ਿਸ਼ ਕਰਾਉਂਦਾ ਹੈ, ਆਪ ਹੀ ਨਾਮ ਰੂਪੀ ਸੱਚਾ ਨੀਸਾਣੁ=ਪ੍ਰਵਾਨਾ ਹੈ। ਅਥਵਾ:-ਸੱਚਾ ਪ੍ਰਭੂ ਆਪ ਹੀ ਸਾਰੇ ਨੀਸਾਣੁ=ਪ੍ਰਗਟ ਹੈ।

ਆਪੇ ਹੁਕਮਿ ਵਰਤਦਾ ਪਿਆਰਾ ਆਪੇ ਹੀ ਫੁਰਮਾਣੁ ॥ ੨ ॥

ਪਿਆਰਾ ਪ੍ਰਭੂ ਆਪ ਹੀ ਹੁਕਮ ਵਿੱਚ ਵਰਤਦਾ=ਭੁਰਦਾ ਹੈ, ਅਤੇ ਆਪ ਹੀ ਫੁਰਮਾਣੁ=ਹੁਕਮ ਕਰਦਾ ਹੈ ॥ ੨ ॥

ਆਪੇ ਭਗਤਿ ਭੰਡਾਰ ਹੈ ਪਿਆਰਾ ਆਪੇ ਦੇਵੈ ਦਾਣੁ ॥

ਪਿਆਰਾ ਪ੍ਰਭੂ ਆਪ ਹੀ ਭਗਤੀ ਦਾ ਭੰਡਾਰਾ ਗੁਰੂ ਰੂਪ ਹੈ, ਅਤੇ ਆਪ ਹੀ ਭਗਤੀ ਦਾ ਦਾਨ ਦੇਂਦਾ ਹੈ।

ਆਪੇ ਸੇਵ ਕਰਾਇਦਾ ਪਿਆਰਾ ਆਪਿ ਦਿਵਾਵੈ ਮਾਣੁ ॥

ਪਿਆਰਾ ਪ੍ਰਭੂ ਆਪ ਹੀ ਸੇਵਾ ਕਰਾਉਂਦਾ ਹੈ, ਅਤੇ ਆਪ ਹੀ ਮਾਣ ਦਿਵਾਵੈ=ਦਿਵਾਉਂਦਾ ਹੈ।

ਆਪੇ ਤਾੜੀ ਲਾਇਦਾ ਪਿਆਰਾ ਆਪੇ ਗੁਣੀ ਨਿਧਾਨੁ ॥ ੩ ॥

ਪਿਆਰਾ ਪ੍ਰਭੂ ਆਪ ਹੀ ਤਾੜੀ=ਸਮਾਧੀ ਲਾਉਂਦਾ ਹੈ, ਅਤੇ ਆਪ ਹੀ ਸ਼ੁਭ-ਗੁਣਾਂ ਦਾ ਨਿਧਾਨੁ=ਖਜ਼ਾਨਾ ਹੈ ॥ ੩ ॥

ਆਪੇ ਵਡਾ ਆਪਿ ਹੈ ਪਿਆਰਾ ਆਪੇ ਹੀ ਪਰਧਾਣੁ ॥

ਪਿਆਰਾ ਪ੍ਰਭੂ ਆਪੇ ਆਪ ਸਭ ਤੋਂ ਵੱਡਾ ਹੈ, ਅਥਵਾ:-ਆਪੇ ਵੱਡਾ ਹੈ, ਆਪ ਹੀ ਸਭ ਦਾ ਪਿਆਰਾ ਹੈ, ਅਤੇ ਆਪ ਹੀ ਸਾਰਿਆਂ ਵਿਚੋਂ ਪਰਧਾਣੁ=ਮੁਖੀ ਹੈ।

ਆਪੇ ਕੀਮਤਿ ਪਾਇਦਾ ਪਿਆਰਾ ਆਪੇ ਤੁਲੁ ਪਰਵਾਣੁ ॥

ਪਿਆਰਾ ਪ੍ਰਭੂ ਆਪਣੀ ਕੀਮਤ ਨੂੰ ਆਪ ਹੀ ਪਾਉਂਦਾ ਹੈ, ਆਪ ਹੀ ਤੁਲੁ=ਤੱਕੜੀ ਤੇ ਪਰਵਾਣੁ=ਵੱਟਾ ਰੂਪ ਹੈ। ਅਥਵਾ:-ਆਪ ਹੀ ਬੁੱਧੀ ਰੂਪ ਤੱਕੜੀ ਹੈ, ਆਪ ਹੀ ਵਿਚਾਰ ਰੂਪੀ ਪਰਵਾਣੁ=ਵੱਟਾ ਹੈ।

ਆਪੇ ਅਤੁਲੁ ਤੁਲਾਇਦਾ ਪਿਆਰਾ ਜਨ ਨਾਨਕ ਸਦ ਕੁਰਬਾਣੁ ॥ ੪ ॥ ੫ ॥

ਪਿਆਰਾ ਪ੍ਰਭੂ ਆਪ ਹੀ ਆਪਣੇ ਅਤੁੱਲ ਸਰੂਪ ਨੂੰ ਤੁਲਾਇਦਾ=ਵਿਚਰਾਉਂਦਾ ਹੈ, ਮੈਂ ਜਨ ਉਸ ਤੋਂ ਸਦਾ ਕੁਰਬਾਨ ਜਾਂਦਾ ਹਾਂ ॥ ੪ ॥ ੫ ॥

ਸੋਰਠਿ ਮਹਲਾ ੪ ॥ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ ॥

ਪਿਆਰਾ ਪ੍ਰਭੂ ਆਪੇ ਸੇਵਾ ਵਿੱਚ ਲਾਉਂਦਾ ਹੈ, ਆਪੇ ਹੀ ਭਗਤਾਂ ਨੂੰ ਉਮਾਹਾ=ਉਤਸ਼ਾਹ ਦੇਂਦਾ ਹੈ, ਅਥਵਾ:-ਆਪ ਹੀ ਭਗਤੀ ਕਰਨ ਦਾ ਉਤਸ਼ਾਹ ਦੇਂਦਾ ਹੈ।

ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ ॥

ਪਿਆਰਾ ਪ੍ਰਭੂ ਆਪ ਹੀ ਗੁਣਾਂ ਨੂੰ ਗਾਇਨ ਕਰਵਾਉਂਦਾ ਹੈ, ਆਪ ਹੀ ਸਾਰੇ ਸਬਦਿ=ਸੰਸਾਰ ਵਿੱਚ ਸਮਾ ਰਿਹਾ ਹੈ। ਅਥਵਾ:- ਆਪ ਹੀ ਜਗਿਆਸੂ ਰੂਪ ਹੋ ਕੇ ਸਬਦਿ=ਉਪਦੇਸ਼ ਵਿੱਚ ਸਮਾਂਵਦਾ ਹੈ, ਅਥਵਾ:- ਆਪ ਹੀ ਸਬਦਿ ਬ੍ਰਹਮ ਦਾ ਸਮਾਹਾ=ਸਮਾਹੜਾ (ਅਨੰਦ) ਦੇਂਦਾ ਹੈ।

ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ ॥ ੧ ॥

ਆਪੇ ਲੇਖਣਿ=ਕਲਮ ਰੂਪ ਹੈ, ਆਪੇ ਲਿਖਾਰੀ ਹੈ, ਅਤੇ ਆਪ ਹੀ ਲੇਖਾਂ ਨੂੰ ਲਿਖਵਾਉਂਦਾ ਹੈ।

ਅਥਵਾ:-ਆਪੇ ਹੁਕਮ ਰੂਪੀ ਕਲਮ ਹੈ, ਆਪ ਹੀ ਲਿਖਾਰੀ ਬ੍ਰਹਮਾ ਹੈ, ਆਪ ਹੀ ਲੇਖਾਂ ਦੇ ਲਿਖਾਉਣ ਵਾਲਾ ਈਸ਼ਵਰ ਹੈ। ਵਾ:-ਆਪੇ ਲੇਖਣਿ=ਬੁੱਧੀ ਰੂਪ ਹੈ, ਆਪੇ ਲਿਖਾਰੀ=ਜਗਿਆਸੂ ਰੂਪ ਹੈ, ਅਤੇ ਆਪੇ ਲੇਖ ਦੇ ਲਿਖਾਉਣ ਵਾਲਾ ਗੁਰੂ ਰੂਪ ਹੈ।

ਮੇਰੇ ਮਨ ਜਪਿ ਰਾਮ ਨਾਮੁ ਉਮਾਹਾ ॥

ਹੇ ਮੇਰੇ ਮਨ ਉਮਾਹਾ=ਉਤਸ਼ਾਹ ਨਾਲ ਰਾਮ ਨਾਮ ਜਪਣਾ ਕਰ।

ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ ॥ ਰਹਾਉ ॥

ਹੇ ਵਡਭਾਗੀ ਪੁਰਸ਼ਾ ! ਪੂਰਿਆਂ ਗੁਰਾਂ ਪਾਸੋਂ ਹਰੀ ਨਾਮ ਦਾ ਲਾਭ ਲੈ, ਫਿਰ ਤੂੰ ਦਿਨੇ ਰਾਤੀਂ ਅਨੰਦ ਹੋਵੇਂਗਾ ॥ ਰਹਾਉ ॥

ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥

੧. ਪਿਆਰਾ ਪ੍ਰਭੂ ਆਪੇ ਗੋਪੀ=ਰਾਧਕਾਂ ਰੂਪ ਹੈ ਆਪ ਹੀ ਕਾਨੁ=ਕ੍ਰਿਸ਼ਨ ਰੂਪ ਹੈ, ਆਪ ਹੀ ਬਨਿ= ਬਿੰਦ੍ਰਾਬਨ ਰੂਪ ਹੈ, ਆਪ ਹੀ ਗਉਆਂ ਦੇ ਚਰਾਉਣ ਵਾਲਾ ਹੈ।

੨. ਅਥਵਾ:- ਪਿਆਰਾ ਪ੍ਰਭੂ ਆਪ ਹੀ ਗੋਪੀ=ਇੰਦ੍ਰੀਆਂ ਰੂਪ ਹੈ, ਕਾਨੁ=ਸਾਖੀ-ਚੇਤਨ ਰੂਪ ਹੋ ਰਿਹਾ ਹੈ। ਆਪ ਹੀ ਬਨਿ=ਬਿੰਦ੍ਰਾਬਨ ਅੰਤਹਕਰਨ ਰੂਪ ਹੈ, ਆਪ ਹੀ ਗਊ=ਬ੍ਰਹਮਾਕਾਰ ਬਿਰਤੀ ਰੂਪ ਹੈ। ਆਪ ਹੀ ਬ੍ਰਹਮਾ ਨੰਦ ਰੂਪੀ ਘਾਹ ਚਰਾਉਂਦਾ ਹੈ।

੩. ਅਥਵਾ:- ਪਿਆਰਾ ਪ੍ਰਭੂ ਆਪ ਹੀ ਗੋਪੀ=ਪ੍ਰਿਥਵੀ ਦਾ ਪਤੀ ਈਸ਼੍ਵਰ ਰੂਪ ਹੈ, ਕਾਨੁ=ਸੁਖ ਸਰੂਪ ਸ਼ੁੱਧ ਚੇਤਨ ਹੈ। ਆਪ ਹੀ ਬਨਿ=ਬਿੰਦ੍ਰਾਬਨ ਸੰਸਾਰ ਰੂਪ ਹੈ, ਗਊ=ਬਿਰਤੀ ਰੂਪ ਹੈ, ਆਪ ਹੀ ਦੁੱਖ ਸੁੱਖ ਰੂਪ ਚਾਰੇ ਨੂੰ ਚਰਾਉਂਦਾ ਹੈ।

੪. ਅਥਵਾ:- ਪਿਆਰਾ ਪ੍ਰਭੂ ਆਪ ਹੀ ਗੋਪੀ=ਇਸਤ੍ਰੀ ਰੂਪ ਹੈ, ਕਾਨੁ=ਪੁਰਸ਼ ਰੂਪ ਹੈ, ਆਪੇ ਹੀ ਸੰਸਾਰ ਬਨ ਵਿੱਚ ਇੰਦ੍ਰੀਆਂ ਰੂਪ ਗਉਆਂ ਨੂੰ ਆਪੋ ਆਪਣੇ ਵਿਸ਼ਿਆਂ ਰੂਪ ਘਾਹ ਨੂੰ ਚਰਾਉਂਦਾ ਹੈ।

ਪ. ਅਥਵਾ: ਪਿਆਰਾ ਪ੍ਰਭੂ ਆਪ ਹੀ ਗੋਪੀ=ਘੜੀਆਂ ਰੂਪ ਹੈ, ਆਪ ਹੀ ਕਾਨੁ=ਪਹਿਰ ਰੂਪ ਹੈ।

ਯਥਾ:-ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ॥ (ਰਾਗ ਆਸਾ ਪੰਨਾ ੪੬੫)

ਆਪ ਹੀ ਤਤਵੇਤਾ ਪੁਰਸ਼ਾਂ ਦੀ ਬੁੱਧੀ ਰੂਪ ਗਊ ਨੂੰ ਵੇਦ ਰੂਪ ਬਨ (ਜੰਗਲ) ਵਿੱਚ ਸਿਧਾਂਤ ਰੂਪੀ ਘਾਹ ਚਰਾਉਂਦਾ ਹੈ।

ਯਥਾ:- ਆਪੇ ਗੋਪੀ ਆਪੇ ਕਾਨਾ॥ ਆਪੇ ਗਉ ਚਰਾਵੈ ਬਾਨਾ॥ (ਮਾਰੂ ਮਹਲਾ ਪ, ਪੰਨਾ ੧੦੮੩)

ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ॥

ਆਪ ਹੀ ਪਿਆਰਾ ਪ੍ਰਭੂ ਸੁੰਦਰ ਸਾਵਲੇ ਰੰਗ ਵਾਲਾ ਹੈ, ਅਤੇ ਆਪ ਹੀ ਵੰਸੁ=ਬੰਸਰੀ ਨੂੰ ਵਜਾਉਂਦਾ ਹੈ। ਅਥਵਾ:-ਪਿਆਰਾ ਪ੍ਰਭੂ ਆਪ ਹੀ ਸਾਵਲ=ਮਾਇਆ ਸਬਲ ਹੋ ਰਿਹਾ ਹੈ, ਆਪ ਹੀ ਸੁੰਦਰਾ=ਸੱਤ ਚਿੱਤ ਅਨੰਤ ਸਰੂਪ ਹੋ ਰਿਹਾ ਹੈ, ਆਪ ਹੀ ਚੇਤਨ ਸੱਤਾ ਰੂਪੀ ਬੰਸਰੀ ਨੂੰ ਵਜਾਉਂਦਾ ਹੈ।

ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਂਹਾ॥੨॥

ਪਿਆਰਾ ਪ੍ਰਭੂ ਆਪ ਹੀ ਕੁਵਲੀਆ ਪੀੜੁ='ਕੁਵਲੀਆ ਗਿਰ' ਹਾਥੀ ਨੂੰ ਮਰਾਉਂਦਾ ਹੋਇਆ, ਆਪ ਹੀ ਬਾਲਕ ਰੂਪ ਧਾਰਨ ਕਰਕੇ ਭਾਵ ਕ੍ਰਿਸ਼ਨ ਰੂਪ ਹੋ ਕੇ ਉਸ ਹਾਥੀ ਨੂੰ ਪਚਾਹਾ=ਪਛਾੜਨਾ ਕੀਤਾ, ਅਰਥਾਤ ਮਾਰਨਾ ਕੀਤਾ।

ਇਹ ਰਾਜ ਕੰਸ ਦਾ ਵੱਡਾ ਬਲ ਵਾਲਾ ਮਦਮੱਤ ਹਾਥੀ ਸੀ, ਰਾਜੇ ਕੰਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਇਹ ਹਾਥੀ ਯੱਗ ਦੇ ਬੂਹੇ ਅੱਗੇ ਖੜਾ ਕੀਤਾ ਹੋਇਆ ਸੀ, ਪਰ ਕ੍ਰਿਸ਼ਨ ਜੀ ਨੇ ਇਸ ਨੂੰ ਮਾਰ ਦਿੱਤਾ।

ਅਥਵਾ:- ਹੰਕਾਰ ਰੂਪੀ ਕੁਵਲੀਆ ਗਿਰ ਹਾਥੀ ਨੂੰ ਆਪ ਹੀ ਮਰਵਾਉਂਦਾ ਹੈ, ਬਾਲਕ=ਗਿਆਨ ਸਰੂਪ ਹੋ ਕੇ ਆਪ ਹੀ ਉਸ ਹੰਕਾਰ ਰੂਪੀ ਹਾਥੀ ਨੂੰ ਨਾਸ ਕਰਦਾ ਹੈ॥ ੨॥

ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ॥

ਪਿਆਰਾ ਪ੍ਰਭੂ ਆਪ ਹੀ ਮੱਲ ਅਖਾੜੇ ਨੂੰ ਰਚਦਾ ਹੈ, ਅਤੇ ਆਪਣੇ ਚੋਜਾਹਾ=ਚੋਜਾਂ (ਕੌਤਕਾਂ) ਨੂੰ ਆਪ ਹੀ ਵੇਖਣਾ ਕਰਦਾ ਹੈ। ਅਥਵਾ:-ਪਿਆਰਾ ਪ੍ਰਭੂ ਆਪ ਹੀ ਸੰਸਾਰ ਰੂਪ ਮੱਲ ਅਖਾੜੇ ਨੂੰ ਪਾਇਦਾ=ਰਚਦਾ ਹੈ ਅਤੇ ਆਪਣੇ ਕੌਤਕਾਂ ਨੂੰ ਆਪ ਹੀ ਵੇਖਣਾ ਕਰਦਾ ਹੈ।

ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ॥

ਪਿਆਰਾ ਪ੍ਰਭੂ ਆਪ ਹੀ ਬਾਲਕ ਰੂਪ=ਕ੍ਰਿਸ਼ਨ ਰੂਪ ਉਤਪੰਨ ਹੋ ਕੇ, ਜੋ ਕੰਸ ਦੇ ਦੋ ਪਹਿਲਵਾਨ ਸਨ ''ਚੰਡੂਰ'' ਤੇ ''ਮੁਸਟਕ'' ਉਨ੍ਹਾਂ ਦੋਹਾਂ ਦੈਂਤਾਂ ਨੂੰ ਮਾਰਨਾ ਕੀਤਾ, ਕ੍ਰਿਸ਼ਨ ਜੀ ਨੇ ਚੰਡੂਰ ਨੂੰ ਮਾਰਿਆ ਹੈ ਅਤੇ ਮੁਸਟਕ ਨੂੰ ਬਲਭਦ੍ਰ ਨੇ ਮਾਰਿਆ ਹੈ, ਅਤੇ ਰਾਜੇ ਕੰਸ ਨੂੰ ਕੇਸਾਂ ਤੋਂ ਫੜਕੇ ਮਾਰਿਆ ਹੈ। ਅਥਵਾ:-ਕੰਸ ਨੂੰ ਮਾਰਿਆ ਅਤੇ ਕੇਸੀ ਦੈਂਤ ਨੂੰ ਭੀ ਮਾਰਿਆ ਜੋ ਕੰਸ ਦੀ ਆਗਿਆ ਨਾਲ ਘੋੜੇ ਦੀ ਸ਼ਕਲ ਬਣਾ ਕੇ ਕ੍ਰਿਸ਼ਨ ਜੀ ਨੂੰ ਮਾਰਨ ਆਇਆ ਸੀ, ਪਰ ਕ੍ਰਿਸ਼ਨ ਜੀ ਨੇ ਇਸ ਦੇ ਮੂੰਹ ਵਿੱਚ ਆਪਣੀ ਬਾਂਹ ਪਾ ਕੇ ਇਸ ਦੇ ਪ੍ਰਾਣ ਨਾਸ ਕਰ ਦਿੱਤੇ।

ਯਥਾ:- ਕੇਸੀ ਕੰਸ ਮਥਨੁ ਜਿਨਿ ਕੀਆ॥ *(ਗੌਂਡ ਨਾਮਦੇਉ, ਪੰਨਾ ੮੭੪)*

ਅਥਵਾ:- ਪਿਆਰਾ ਪ੍ਰਭੂ ਆਪ ਹੀ ਬਾਲਕ ਰੂਪ=ਗਿਆਨ ਸਰੂਪ ਮਹਾਤਮਾ ਨੂੰ ਪੈਦਾ ਕਰਦਾ ਹੈ।

ਚੰਡੂਰੁ=ਮੋਹ, ਮੁਸਟਕ=ਕਾਮ, ਕੰਸ=ਅਗਿਆਨ, ਕੇਸੁ=ਸੰਕਲਪ=ਵਿਕਲਪ ਇਨ੍ਹਾਂ ਸਾਰਿਆਂ ਨੂੰ ਮਾਰਦਾ ਹੈ।

(ਪੰਨਾ ੬੦੭)

ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ ॥ ੩ ॥

ਪਿਆਰਾ ਪ੍ਰਭੂ ਆਪੇ ਬਲ ਰੂਪ ਹੈ, ਆਪ ਹੀ ਮੂਰਖਾਂ ਵਿਚ ਬਲ ਪਾਉਂਦਾ ਹੈ, ਅਤੇ ਆਪ ਹੀ ਜੜ੍ਹ ਮੂਰਖਾਂ ਦੇ ਬਲ ਨੂੰ ਭੰਨੈ=ਭੰਨਦਾ ਹੈ। ਅਥਵਾ:-ਪਿਆਰਾ ਪ੍ਰਭੂ ਆਪ ਹੀ ਵਿਵੇਕ ਦੇ ਬਲ ਸਹਿਤ ਹੈ, ਅਤੇ ਆਪ ਹੀ ਮੂਰਖ ਮੁਗਧਾਹਾ=ਅਬਿਬੇਕ ਦੇ ਬਲ ਨੂੰ ਭੰਨੈ=ਭੰਨਦਾ ਹੈ।

ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ ॥

ਪਿਆਰਾ ਪ੍ਰਭੂ ਆਪ ਹੀ ਸਾਰੇ ਸੰਸਾਰ ਨੂੰ ਪੈਦਾ ਕਰਦਾ ਹੈ, ਅਤੇ ਸਾਰਿਆਂ ਨੂੰ ਆਪਣੇ ਵਸ ਵਿੱਚ ਰੱਖਣ ਵਾਸਤੇ ਸਭ ਦੇ ਖਾਣ-ਪੀਣ ਦੀ ਜੁਗਤੀ ਆਪਣੇ ਹਥਾਹਾ=ਹੱਥ ਵਿੱਚ ਰੱਖੀ ਹੋਈ ਹੈ।

ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ ॥

ਪਿਆਰਾ ਪ੍ਰਭੂ ਆਪ ਹੀ ਸਭ ਦੇ ਗਲ ਵਿੱਚ ਪ੍ਰਾਰਬਧ ਰੂਪੀ ਜੇਵੜੀ=ਰੱਸੀ ਪਾਉਂਦਾ ਹੈ, ਜਿਵੇਂ ਪ੍ਰਭੂ ਖਿੱਚਦਾ ਹੈ ਤਿਵੇਂ ਸਭ ਕੋਈ ਜਾਂਦਾ ਹੈ।

ਯਕਾ:- ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥ ੭੪ ॥ *(ਕਬੀਰ ਜੀ, ਪੰਨਾ ੧੩੬੮)*

ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਜੋ ਹੰਕਾਰ ਕਰਦਾ ਹੈ ਉਹ ਪਚਸੀ=ਖਰਾਬ ਹੁੰਦਾ ਹੈ, ਅਤੇ ਜੋ ਪਿਆਰੇ ਪ੍ਰਭੂ ਦੇ ਨਾਮ ਨੂੰ ਜਪਦਾ ਹੈ ਉਸ ਨੂੰ ਭਗਤੀ ਦਾ ਸਮਾਹਾ=ਸਮ੍ਹਾੜਾ (ਅਨੰਦ) ਹੁੰਦਾ ਹੈ॥ ੪ ॥ ੬ ॥

ਸੋਰਠਿ ਮ: ੪ ਦੁਤੁਕੇ ॥

ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥

ਮਨਮੁਖ ਪੁਰਸ਼ ਅਹੰਕਾਰੀ ਹੋਇਆ ਹੋਇਆ ਕਰਮ ਕਰਦਾ ਹੈ, ਇਸ ਕਰਕੇ ਹੇ ਪ੍ਰਭੂ ! ਆਪ ਜੀ ਨਾਲੋਂ ਵਿੱਛੁੜਕੇ ਅਨੇਕਾਂ ਜਨਮ ਦੁੱਖ ਹੀ ਪਾਇਆ ਹੈ।

ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥ ੧ ॥

ਗੁਰਮੁਖਾਂ ਨੇ ਉਹਨਾਂ ਸਾਧੂਆਂ ਦੇ ਚਰਨ ਪਰਸਦਿਆਂ ਹੀ ਹੇ ਪ੍ਰਭੂ ! ਆਪ ਜੀ ਨੂੰ ਪਾਇਆ ਹੈ, ਜਿਨ੍ਹਾਂ ਸਾਧੂਆਂ ਨੇ ਹੀ ਗੋਬਿੰਦ ! ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੧ ॥

ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥

ਹੇ ਗੋਬਿੰਦ ! ਆਪ ਜੀ ਦੀ ਪ੍ਰੀਤੀ ਮੈਨੂੰ ਅਤਿ=ਬੜੀ ਪਿਆਰੀ ਲੱਗੀ ਹੈ।

ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ ॥ ਰਹਾਉ ॥

ਜਿਸ ਵੇਲੇ ਸਾਧੂਆਂ ਜਨਾਂ ਦੇ ਸਤਸੰਗ ਵਿੱਚ ਪ੍ਰਾਪਤ ਹੋਏ ਤਾਂ ਹੇ ਸ਼ਾਂਤੀ ਸਰੂਪ ਮੁਰਾਰੀ ! ਆਪ ਹਿਰਦੇ ਵਿੱਚੋਂ ਹੀ ਮਿਲ ਪਏ। ਅਥਵਾ:- ਹੇ ਮੁਰਾਰੀ ! ਆਪ ਜੀ ਦੇ ਮਿਲਿਆਂ ਹਿਰਦੇ ਵਿੱਚ ਸ਼ਾਂਤੀ ਹੋ ਗਈ ॥ ਰਹਾਉ ॥

ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥

ਹੇ ਪ੍ਰਭੂ ! ਤੂੰ ਦਿਨ-ਰਾਤ ਹਿਰਦੇ ਵਿੱਚ ਗੁਪਤ ਵਸ ਰਿਹਾ ਹੈਂ, ਇਹ ਗਵਾਰੀ=ਮੂਰਖ ਲੋਕ ਤੇਰੇ ਭਾਉ=ਪ੍ਰਭਾਵ (ਪ੍ਰਤਾਪ) ਨੂੰ ਸਮਝਦੇ ਨਹੀਂ। (ਅਥਵਾ:- ਤੇਰੇ ਭਾਉ=ਪ੍ਰੇਮ ਨੂੰ)

ਅਥਵਾ:- ਤੇਰੇ ਭਾਉ=ਸਰੂਪ ਨੂੰ ਸਮਝਦੇ ਨਹੀਂ ਹਨ।

ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ ॥ ੨ ॥

ਸਤਿਗੁਰਾਂ ਨਾਲ ਮਿਲਕੇ ਜੋ ਗੁਣਾਂ ਨੂੰ ਗਾਵੈ=ਗਾਂਵਦਾ ਹੈ ਅਤੇ ਗੁਣਾਂ ਦਾ ਹੀ ਵਿਚਾਰ ਕਰਦਾ ਹੈ, ਅਥਵਾ:- ਸ਼ੁਭ-ਗੁਣਾਂ ਦੇ ਵਿਚਾਰਨ ਵਾਲਾ ਜੋ ਗੁਣਾਂ ਨੂੰ ਗਾਵੈ=ਗਾਂਵਦਾ ਹੈ, ਉਸ ਪੁਰਸ਼ ਨੂੰ ਹੇ ਪ੍ਰਭੂ ! ਤੂੰ ਪ੍ਰਗਟ ਹੋਇਆ ਹੈਂ ॥ ੨ ॥

ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ ॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਬੁੱਧੀ ਵਿੱਚੋਂ ਦੁਰਮਤਿ=ਖੋਟੀ ਸਿੱਖਿਆ ਨਿਵਿਰਤ ਕੀਤੀ ਹੈ, ਉਸ ਨੂੰ ਪ੍ਰਗਾਸੁ ਭਇਆ=ਬ੍ਰਹਮ ਗਿਆਨ ਪ੍ਰਾਪਤ ਹੋਣ ਕਰਕੇ ਸ਼ਾਂਤੀ ਆ ਕੇ ਪ੍ਰਾਪਤ ਹੋਈ ਹੈ।

ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥ ੩ ॥

ਹੇ ਪੁਰਖ=ਅਕਾਲ ਪੁਰਖ ! ਤੁਹਾਡੀ ਸਤਸੰਗਤ ਕਰਕੇ ਆਤਮ=ਆਪਣੇ ਆਪ ਨੂੰ ਬ੍ਰਹਮ ਰੂਪ ਚੀਨਿ=ਜਾਣਿਆਂ ਤਾਂ ਹੀ ਸੁਖ ਨੂੰ ਪਾਇਆ ਹੈ ॥ ੩ ॥

ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ ॥

ਜਿਸ ਉੱਤੇ ਆਪ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ, ਉਸ ਨੇ ਪੂਰਾ ਗੁਰੂ ਪਾਇਆ ਹੈ, ਅਤੇ ਉਹ ਜਗਿਆਸੂ ਪੁਰਖ ਹੇ ਅਕਾਲ ਪੁਰਖ ! ਆਪ ਜੀ ਨਾਲ ਮਿਲ ਗਿਆ ਹੈ।

ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨੁ ਜਾਗਤੁ ਰਹੈ ਬਨਵਾਰੀ ॥੪ ॥੭ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸੰਸਾਰ ਬਨ ਦੇ ਮਾਲਕ ਪ੍ਰਭੂ ! ਜੋ ਰਾਤ ਦਿਨ ਆਪ ਜੀ ਦੇ ਭਜਨ ਸਿਮਰਨ ਵਿੱਚ ਜਾਗਦਾ ਰਹੈ=ਰਹਿੰਦਾ ਹੈ, ਉਸ ਨੇ ਸਹਜੇ ਹੀ ਅਤੁੱਲ ਸੁਖ ਪਾਇਆ ਹੈ ॥ ੪ ॥ ੭ ॥

ਸੋਰਠਿ ਮਹਲਾ ੪ ॥

ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ ॥

ਅੰਤਰੁ=ਅੰਦਰਲੀ ਪ੍ਰੀਤੀ ਕਰਕੇ ਹਰੀ ਨਾਲ ਮੇਰਾ ਮਨ ਬੇਧਿਆ=ਵਿੰਨ੍ਹਿਆ ਗਿਆ ਹੈ, ਹੁਣ ਮੇਰੇ ਪਾਸੋਂ ਹਰੀ ਤੋਂ ਬਿਨਾਂ ਰਹਣੁ ਨ ਜਾਈ=ਰਿਹਾ ਨਹੀਂ ਜਾਂਦਾ।

ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥ ੧॥

ਜਿਵੇਂ ਮੱਛੀ ਪਾਣੀ ਤੋਂ ਬਿਨਾਂ ਬਿਨਸੈ=ਮਰ ਜਾਂਦੀ ਹੈ, ਤਿਵੇਂ ਨਾਮ ਤੋਂ ਬਿਨਾਂ ਮੇਰਾ ਮਰ ਜਾਣਾ ਹੁੰਦਾ ਹੈ॥ ੧॥

ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ॥

ਹੇ ਮੇਰੇ ਪ੍ਰਭੂ ! ਆਪ ਮੈਨੂੰ ਕਿਰਪਾ ਦ੍ਰਿਸ਼ਟੀ ਕਰਕੇ ਹਰੀ ਨਾਮ ਰੂਪੀ ਜਲ ਦੇਣਾ ਕਰੋ।

ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ॥ ਰਹਾਉ॥

ਹਉ ਅੰਤਰਿ=ਮੈਂ ਅੰਦਰੋਂ ਮਨ ਕਰਕੇ ਦਿਨ ਰਾਤ ਨਾਮ ਮੰਗਦਾ ਹਾਂ, ਕਿਉਂਕਿ ਨਾਮ ਕਰਕੇ ਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ॥ ਰਹਾਉ॥

ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ॥

ਜਿਵੇਂ ਚਾਤ੍ਰਿਕੁ=ਪਪੀਹਾ ਜਲ=ਸ੍ਵਾਂਤੀ ਬੂੰਦ ਤੋਂ ਬਿਨਾਂ ਵਿਰਲਾਪ ਕਰਦਾ ਹੈ, ਕਿਉਂਕਿ ਸ੍ਵਾਂਤੀ ਬੂੰਦ ਤੋਂ ਬਿਨਾਂ ਉਸ ਦੀ ਪਿਆਸ=ਤਰੇਹ ਜਾਂਦੀ ਨਹੀਂ ਹੈ।

ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ॥ ੨॥

ਤਿਵੇਂ, ਗੁਰਮੁਖ ਨਾਮ-ਜਲ ਤੋਂ ਬਿਨਾਂ ਦੁਖੀ ਹੁੰਦਾ ਹੈ, ਪਰ ਗੁਰਾਂ ਦੁਆਰੇ ਨਾਮ ਜਲ ਨੂੰ ਪਾ ਕੇ ਸੁਖ ਸਹਜੇ=ਆਤਮ ਸੁਖ ਤੇ ਭਾਇ=ਪ੍ਰੇਮ ਨਾਲ ਹਰਿਆ ਹੋ ਕੇ ਸੁਭਾਈ=ਸੋਭਾ ਵਾਲਾ ਹੁੰਦਾ ਹੈ।

ਅਥਵਾ:-ਗੁਰਾਂ ਦੁਆਰੇ ਨਾਮ-ਜਲ ਨੂੰ ਪਾਵੇ ਤਾਂ ਸੁਭਾਵਕ ਸੁਖ ਹੁੰਦਾ ਹੈ, ਅਤੇ ਸੁਭਾਈ=ਸੁਭਾਵਕ ਹੀ ਭਾਇ=ਪ੍ਰੇਮ ਕਰਨ ਨਾਲ ਸ਼ੁਭ-ਗੁਣਾਂ ਕਰਕੇ ਹਰਿਆ ਹੁੰਦਾ ਹੈ॥ ੨॥

ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ॥

ਮਨਮੁਖ=ਭੂਖੇ=ਤ੍ਰਿਸ਼ਨਾ ਦੇ ਮਾਰੇ ਹੋਏ ਦਸੋ ਦਿਸ਼ਾਂ ਵਿੱਚ ਡੋਲਹਿ=ਭੱਜੇ ਫਿਰਦੇ ਹਨ, ਅਤੇ ਨਾਮ ਤੋਂ ਬਿਨਾਂ ਦੁੱਖ ਹੀ ਪਾਉਂਦੇ ਹਨ।

ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹਿ ਮਿਲੈ ਸਜਾਈ॥ ੩॥

ਜੰਮਦੇ ਮਰਦੇ ਹੋਏ ਮੁੜ ਮੁੜ ਕੇ ਜੂਨੀਆਂ ਵਿੱਚ ਆਵੈ=ਆਉਂਦੇ ਹਨ, ਅੱਗੇ ਜਾਕੇ ਪ੍ਰਲੋਕ ਦਰਗਾਹ ਵਿੱਚ ਭੀ ਉਹਨਾਂ ਨੂੰ ਸ਼ਜ਼ਾ ਮਿਲਦੀ ਹੈ॥ ੩॥

ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ ਹਰਿ ਰਸੁ ਅੰਤਰਿ ਪਾਈ॥

ਹੇ ਹਰੀ ! ਜੇ ਤੂੰ ਕਿਰਪਾ ਕਰੇਂਗਾ ਤਾਂ ਮੈਂ ਤੇਰੇ ਗੁਣਾਂ ਨੂੰ ਗਾਵਾਂਗਾ, ਅਤੇ ਹਰੀ ਰਸ ਨੂੰ ਹਿਰਦੇ ਅੰਦਰ ਪਾਵਾਂਗਾ।

ਨਾਨਕ ਦੀਨ ਦਇਆਲ ਭਏ ਹੈ ਤ੍ਰਿਸਨਾ ਸਬਦਿ ਬੁਝਾਈ॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੀਨ=ਗਰੀਬ ਉੱਤੇ ਗੁਰੂ ਜੀ ਦਿਆਲੂ ਹੋਏ ਹਨ, ਉਪਦੇਸ਼ ਦੇ ਕੇ ਉਸ ਦੀ ਤ੍ਰਿਸ਼ਨਾਂ ਰੂਪੀ ਅੱਗ ਬੁਝਾ ਦਿੱਤੀ ਹੈ॥ ੪॥ ੮॥

ਸੋਰਠਿ ਮਹਲਾ ੪ ਪੰਚਪਦਾ* ॥

ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥

ਅਚਰੁ=ਨਾ ਚਰੇ ਜਾਣ ਵਾਲੇ ਕਾਮ ਆਦਿਕਾਂ ਨੂੰ ਚਰੈ=ਅਭਾਵ ਕਰੇ,

ਅਥਵਾ:- ਅਚਰੁ=ਨਾਮ ਨੂੰ ਚਰੈ=ਧਾਰੇ ਤਾਂ ਅੰਤਹਕਰਨ ਦੀ ਸਿਧਿ=ਸੁੱਧੀ ਭਾਵ ਪਵਿੱਤ੍ਰਤਾ ਅਤੇ ਆਤਮ ਵਿਸ਼ੈਣੀ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ, ਆਤਮ ਵਿਸ਼ੈਣੀ ਬੁੱਧੀ ਕਰਕੇ ਹੀ ਸਿਧੀ=ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ॥ ੧ ॥

ਜਾਂ ਸੂਖਮ ਸਰੀਰ ਦੇ ਵਿੱਚ ਪ੍ਰੇਮ ਰੂਪ ਸਰ=ਬਾਣ ਲੱਗਦੇ ਹਨ, ਤਾਂ ਸਾਰਾ ਭਰਮ ਕੱਟਿਆ ਜਾਂਦਾ ਹੈ॥ ੧ ॥

ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ॥

ਹੇ ਮੇਰੇ ਗੋਬਿੰਦ ! ਆਪਣੇ ਦਾਸ ਨੂੰ ਨਾਮ ਸਿਮਰਨ ਦੀ ਵਡਿਆਈ ਦੇਣਾ ਕਰੋ।

ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ॥ ਰਹਾਉ॥

ਗੁਰਾਂ ਦੀ ਸਿੱਖਿਆ ਦੁਆਰੇ ਮੇਰੇ ਹਿਰਦੇ ਵਿੱਚ ਰਾਮ ਨਾਮ ਦਾ ਪ੍ਰਕਾਸ਼ ਕਰੋ ! ਤਾਂ ਕਿ ਮੈਂ ਸਦਾ ਹੀ ਆਪ ਜੀ ਦੀ ਸ਼ਰਣੀ ਪਿਆ ਰਹਾਂ॥ ਰਹਾਉ॥

ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ॥

ਮੈਂ ਆਪਣੇ ਮੂਰਖ ਮਨ ਨੂੰ ਸਮਝਾਉਂਦਾ ਹਾਂ ਕਿ ਇਹ ਸਾਰਾ ਸੰਸਾਰ ਆਉਣੇ ਜਾਣੇ ਵਾਲਾ ਹੈ, ਇਸ ਕਰਕੇ ਹੇ ਅਜਾਣਾ=ਅਗਿਆਤ (ਬੇਸਮਝਾ) ! ਉਸ ਪ੍ਰਭੂ ਨੂੰ ਚੇਤਿ=ਚੇਤਨਾ (ਯਾਦ) ਕਰ।

ਭਾਵ ਇਹ ਜੋ ਸੰਸਾਰ ਦੇਖ ਰਿਹਾ ਹੈਂ ਇਹ ਸਾਰਾ ਨਾਸ ਵੰਤ ਹੈ।

ਯਥਾ:- ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ *(ਮਾਰੂ ਮ: ੫ ਪੰਨਾ ੧੦੮੩)*

ਸੱਚ-ਸਰੂਪ ਪਰਮੇਸ਼ਰ ਨੂੰ ਇਸ ਦਾ ਆਸਰਾ ਰੂਪ ਜਾਣਕੇ ਉਸ ਦਾ ਸਿਮਰਨ ਕਰ।

ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ॥ ੨ ॥

ਹੇ ਹਰਿ ਜੀਉ ! ਤੁਸੀਂ ਭੀ ਕਿਰਪਾ ਕਰਕੇ ਗੁਰਾਂ ਨਾਲ ਮੇਲੋ ! ਤਾਂ ਇਹ ਮੇਰਾ ਮਨ ਹਰੀ ਨਾਮ ਵਿੱਚ ਸਮਾਏਗਾ॥ ੨ ॥

ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ॥

ਜਿਸ ਆਪ ਦੀ ਇਹ ਨਾਮ-ਵਸਤੂ ਹੈ ਉਸ ਨੂੰ ਹੇ ਪ੍ਰਭੂ ! ਆਪ ਹੀ ਜਾਣਦੇ ਹੋ,

ਪੁਨਾ - ਜਿਸ ਨੂੰ ਆਪ ਦੇਂਦੇ ਹੋ ਓਹੀ ਨਾਮ-ਵਸਤੂ, ਅਥਵਾ:-ਆਤਮ-ਵਸਤੂ ਨੂੰ ਪਾਉਂਦਾ ਹੈ।

---

*ਇਹ ਪਾਠ ਦੋਨੋਂ ਹੀ ਆ ਜਾਂਦੇ ਹਨ ਕਿਤੇ "ਪੰਚਪਦਾ" ਹੈ ਕਿਤੇ "ਪੰਚਪਦਾ" ਹੈ।

(ਪੰਨਾ ੬੦੮)

ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ॥ ੩ ॥

ਇਹ ਅਲੱਖ ਵਸਤੂ ਬੜੀ ਅਨੂਪ=ਉਪਮਾ ਤੋਂ ਰਹਿਤ ਹੈ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਇਸ ਅਲੱਖ ਵਸਤੂ ਨੂੰ ਪੂਰੇ ਗੁਰੂ ਹੀ ਲਖਾਏ=ਜਣਾਉਂਦੇ ਹਨ॥ ੩ ॥

ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥

ਜਿਸ ਨੇ ਇਹ ਵਸਤੂ ਚਾਖੀ=ਚੱਖੀ ਭਾਵ ਖਾਧੀ ਹੈ ਇਸਦੇ ਆਨੰਦ ਨੂੰ ਓਹੀ ਜਾਣੈ=ਜਾਣਦਾ ਹੈ, ਜਿਵੇਂ ਗੂੰਗੇ ਦੀ ਖਾਧੀ ਹੋਈ ਮਿਠਿਆਈ ਤੇ ਸ੍ਵਾਦ ਨੂੰ ਉਹ ਗੂੰਗਾ ਹੀ ਜਾਣਦਾ ਹੈ।

ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥ ੪ ॥

ਜੇ ਕੋਈ ਪੁਰਸ਼ ਲੁਕਾ ਕੇ ਰੱਖੇ, ਤਾਂ ਇਹ ਨਾਮ ਰੂਪ ਰਤਨ ਲੁਕਾਇਆ ਹੋਇਆ ਭੀ ਲੁਕਦਾ ਨਹੀਂ॥ ੪ ॥

ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ॥

ਇਹ ਸਭ ਕੁਝ ਆਪ ਜੀ ਦਾ ਹੈ, ਤੂੰ ਸਾਰਿਆਂ ਦੇ ਅੰਦਰ ਦੀ ਜਾਣਦਾ ਹੈਂ, ਅਤੇ ਉਨ੍ਹਾਂ ਸਾਰਿਆਂ ਦਾ ਤੂੰ ਪ੍ਰਭੂ=ਰੱਖਜਕ ਹੈਂ।

ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ॥ ੫ ॥ ੯ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਤੂੰ ਦਾਤ ਦੇਣੀ ਕਰਦਾ ਹੈਂ ਓਹੀ ਪਾਉਂਦਾ ਹੈ, ਤੇਰੇ ਵਰਗਾ ਹੋਰ ਕੋਈ ਦਾਤਾ ਨਹੀਂ ਹੈ॥ ੫ ॥ ੯ ॥

ਸੋਰਠਿ ਮਹਲਾ ੫ ਘਰੁ ੧ ਤਿਤੁਕੇ ੧ੴ ਸਤਿਗੁਰ ਪ੍ਰਸਾਦਿ॥

ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ॥

ਹੇ ਪ੍ਰਭੂ ! ਜਾਂ ਸਭ ਕੁਝ ਆਪ ਜੀ ਦਾ ਕੀਤਾ ਹੋ ਰਿਹਾ ਹੈ ਅਤੇ ਅੱਗੇ ਹੋਵੇਗਾ, ਤਾਂ ਮੈਂ ਕਿਸੁ ਜਾਚੀ=ਕਿਸ ਤੋਂ ਮੰਗਾਂ, ਅਤੇ ਕਿਸ ਦੀ ਅਰਾਧਨਾ ਕਰਾਂ।

ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ॥

ਜੋ ਜੋ ਭੀ ਵੱਡੇ ਤੋਂ ਵੱਡਾ ਨਿਗਾਹ ਆ ਰਿਹਾ ਹੈ, ਉਹ ਉਹ ਹੀ ਖਾਕੁ=ਖਾਕ ਵਿੱਚ ਰਲ ਜਾਏਗਾ।

ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵ ਨਿਧਿ ਦੇਸੀ॥ ੧ ॥

ਹੇ ਨਿਰਭਉ ਨਿਰੰਕਾਰ ! ਤੂੰ ਹੀ ਭਵ ਖੰਡਨੁ=ਡਰ ਦੇ ਨਾਸ ਕਰਨ ਵਾਲਾ ਹੈਂ, ਅਤੇ ਸਾਰੇ ਸੁਖ ਤੇ ਨੌਂ ਨਿੱਧਾਂ ਦੇ ਦੇਣ ਵਾਲਾ ਹੈਂ॥ ੧ ॥

ਹਰਿ ਜੀਉ ਤੇਰੀ ਦਾਤੀ ਰਾਜਾ ॥

ਹੇ ਹਰਿ ਜੀਉ ! ਮੈਂ ਤੇਰੀਆਂ ਦਾਤਾਂ ਕਰਕੇ ਰਾਜਾ=ਰੱਜਿਆ ਹੋਇਆ ਹਾਂ।

ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ ॥ ਰਹਾਉ ॥

ਮਾਣਸੁ=ਮਨੁੱਖ ਬਪੁੜਾ=ਵਿਚਾਰਾ ਕੀ ਚੀਜ਼ ਹੈ, ਉਸ ਦੀ ਕਿਆ=ਕੀ ਸ਼ਲਾਘਾ ਕਰਨੀ ਹੈ, ਉਸ ਦੇ ਮੁਹਤਾਜਾ=ਮੁਥਾਜ (ਅਧੀਨ) ਕੀ ਹੋਣਾ ਹੈ॥ ਰਹਾਉ ॥

ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ ਤਿਸ ਕੀ ਭੂਖ ਗਵਾਈ ॥

ਜਿਸ ਨੇ ਹੇ ਹਰੀ ! ਆਪ ਜੀ ਦੇ ਨਾਮ ਨੂੰ ਧਿਆਉਣਾ ਕੀਤਾ ਹੈ, ਉਸ ਦਾ ਸਭ ਕੁਝ ਕੀਤਾ ਹੋਇਆ ਕਰਤੱਬ ਸਫਲਾ ਹੈ, ਪੁਨਾ ਤੁਸਾਂ ਨੇ ਉਸ ਦੀ ਸਾਰੀ ਭੁੱਖ ਗੁਆ ਦਿੱਤੀ ਹੈ।

ਐਸਾ ਧਨੁ ਦੀਆ ਸੁਖਦਾਤੈ ਨਿਖੁਟਿ ਨ ਕਬ ਹੀ ਜਾਈ ॥

ਹੇ ਸੁਖਦਾਤੇ ਪ੍ਰਭੂ ! ਆਪ ਜੀ ਨੇ ਉਸ ਨੂੰ ਐਸਾ ਨਾਮ-ਧਨ ਦਿੱਤਾ ਹੈ, ਜੋ ਕਦੇ ਨਿਖੁਟਿ=ਮੁੱਕ ਨਹੀਂ ਜਾਂਦਾ।

ਅਨਦੁ ਭਇਆ ਸੁਖ ਸਹਜਿ ਸਮਾਣੇ ਸਤਿਗੁਰਿ ਮੇਲਿ ਮਿਲਾਈ ॥ ੨ ॥

ਜਿਸ ਨੇ ਸਤਿਗੁਰਾਂ ਦੀ ਮੇਲਿ=ਸੰਗਤ ਵਿੱਚ ਆਪਣੀ ਬੁੱਧੀ ਮਿਲਾਈ ਓਸੇ ਨੂੰ ਅਨੰਦ ਪ੍ਰਾਪਤ ਹੋਇਆ ਹੈ, ਅਤੇ ਉਸ ਦੇ ਚਤੁਸ਼ਟੇ (ਚਾਰੇ) ਅੰਤਹਕਰਨ ਸੁਖ ਸਹਜਿ ਸਮਾਣੇ=ਅਚੁੱਤ-ਸੁਖ ਵਿੱਚ ਸਮਾਏ ਹਨ॥ ੨ ॥

ਮਨ ਨਾਮੁ ਜਪਿ ਨਾਮੁ ਆਰਾਧਿ ਅਨਦਿਨੁ ਨਾਮੁ ਵਖਾਣੀ ॥

ਮਨ=ਮੈਂ ਨਾਮ ਨੂੰ ਜਪਦਾ ਹਾਂ, ਨਾਮ ਨੂੰ ਅਰਾਧਦਾ ਹਾਂ, ਅਤੇ ਰਾਤ-ਦਿਨ ਜੀਭਾ ਨਾਲ ਨਾਮ ਨੂੰ ਹੀ ਵਖਾਣੀ=ਕਥਨ ਕਰਦਾ ਹਾਂ।

ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ ॥

ਸਾਧ=ਸ੍ਰੇਸ਼ਟ ਸੰਤਾਂ ਦਾ ਉਪਦੇਸ਼ ਸੁਣਿਆ ਹੈ, ਜਿਸ ਕਰਕੇ ਜਮਾਂ ਦੀ ਸਾਰੀ ਕਾਣ ਦੂਰ ਹੋ ਗਈ ਹੈ।

ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ ॥ ੩ ॥

ਹੇ ਮੇਰੇ ਪ੍ਰਭੂ ! ਜਿਨ੍ਹਾਂ ਉੱਤੇ ਤੂੰ ਕ੍ਰਿਪਾਲੂ ਹੋਇਆ ਹੈਂ, ਸੇ=ਉਹ ਗੁਰਾਂ ਦੀ ਉਪਦੇਸ਼-ਬਾਣੀ ਵਿਚ ਲਾਗੇ=ਲੱਗੇ ਹਨ॥ ੩ ॥

ਕੀਮਤਿ ਕਉਣੁ ਕਰੈ ਪ੍ਰਭ ਤੇਰੀ ਤੂ ਸਰਬ ਜੀਆ ਦਇਆਲਾ ॥

ਹੇ ਪ੍ਰਭੂ ! ਤੇਰੀ ਕੀਮਤ ਕੌਣ ਕਰ ਸਕਦਾ ਹੈ, ਤੂੰ ਸਾਰਿਆਂ ਜੀਵਾਂ ਉੱਤੇ ਦਿਆਲੂ ਹੈਂ।

ਸਭੁ ਕਿਛੁ ਕੀਤਾ ਤੇਰਾ ਵਰਤੈ ਕਿਆ ਹਮ ਬਾਲ ਗੁਪਾਲਾ ॥

ਹੇ ਗੋਪਾਲ ! ਸਭ ਕੁਝ ਤੇਰਾ ਕੀਤਾ ਵਰਤ ਰਿਹਾ ਹੈ, ਅਸੀਂ ਅਗਿਆਤ ਬਾਲਕੇ ਕੀ ਕਰ ਸਕਦੇ ਹਾਂ।

ਰਾਖਿ ਲੇਹ ਨਾਨਕੁ ਜਨੁ ਤੁਮਰਾ ਜਿਉ ਪਿਤਾ ਪੂਤ ਕਿਰਪਾਲਾ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਕ੍ਰਿਪਾਲੂ ! ਮੈਂ ਆਪ ਜੀ ਦਾ ਦਾਸ ਹਾਂ, ਮੈਨੂੰ ਇਸ ਤਰ੍ਹਾਂ ਰੱਖ ਲਵੋ,

ਜਿਵੇਂ ਪਿਤਾ ਪੁੱਤਰ ਨੂੰ ਰੱਖਦਾ ਹੈ॥ ੪॥ ੧॥

ਸੋਰਠਿ ਮਹਲਾ ੫ ਘਰੁ ੧ ਚੌਤੁਕੇ॥

ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ॥

ਹੇ ਭਾਈ ! ਗੁਰ-ਉਪਦੇਸ਼ ਨੂੰ ਹਿਰਦੇ ਵਿੱਚ ਧਾਰਕੇ, ਮਨ ਤਨ ਵਿੱਚ ਗੋਬਿੰਦ ਨੂੰ ਸਲਾਹੁਣਾ ਕਰ।

ਸਾਚਾ ਸਾਹਿਬੁ ਮਨਿ ਵਸੈ ਭਾਈ ਏਹਾ ਕਰਣੀ ਸਾਰ॥

ਹੇ ਭਾਈ ! ਜਿਹੜਾ ਮਨ ਵਿੱਚ ਸੱਚੇ ਸਾਹਿਬ ਦਾ ਵਸ ਜਾਣਾ ਹੈ, ਏਹੋ ਕਰਣੀ ਸਾਰ=ਸ੍ਰੇਸ਼ਟ ਹੈ।

ਜਿਤੁ ਤਨਿ ਨਾਮੁ ਨ ਊਪਜੈ ਭਾਈ ਸੇ ਤਨ ਹੋਇ ਛਾਰ॥

ਹੇ ਭਾਈ ! ਜਿਸ ਸਰੀਰ ਵਿੱਚ ਨਾਮ ਨ ਉਪਜੈ=ਪੈਦਾ ਨਹੀਂ ਹੁੰਦਾ, ਉਹ ਸਰੀਰ ਛਾਰ=ਸੁਆਹ ਵਾਂਗੂੰ ਨਿਸਫਲ ਹੋ ਜਾਂਦੇ ਹਨ।

ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ॥ ੧॥

ਹੇ ਭਾਈ ! ਮੈਂ ਸਤਸੰਗਤ ਕਉ=ਤੋਂ ਵਾਰਿਆ=ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੂੰ ਇੱਕ ਵਾਹਿਗੁਰੂ ਦਾ ਅਧਾਰ=ਆਸਰਾ ਹੈ॥ ੧॥

ਸੋਈ ਸਚੁ ਅਰਾਧਣਾ ਭਾਈ ਜਿਸ ਤੇ ਸਭੁ ਕਿਛੁ ਹੋਇ॥

ਹੇ ਭਾਈ ! ਉਸ ਸੱਚੇ ਨੂੰ ਆਰਾਧਣਾ ਕਰੋ, ਜਿਸ ਤੋਂ ਸਭ ਕੁਝ ਹੋ ਰਿਹਾ ਹੈ।

ਗੁਰਿ ਪੂਰੈ ਜਾਣਾਇਆ ਭਾਈ ਤਿਸੁ ਬਿਨੁ ਅਵਰੁ ਨ ਕੋਇ॥ ਰਹਾਉ॥

ਹੇ ਭਾਈ ! ਪੂਰਿਆਂ ਗੁਰਾਂ ਨੇ ਇਹ ਜਣਾ ਦਿੱਤਾ ਹੈ, ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਅਰਾਧਣੇ ਯੋਗ ਨਹੀਂ ਹੈ॥ ਰਹਾਉ॥

ਨਾਮ ਵਿਹੂਣੇ ਪਚਿ ਮੁਏ ਭਾਈ ਗਣਤ ਨ ਜਾਇ ਗਣੀ॥

ਹੇ ਭਾਈ ! ਨਾਮ ਸਿਮਰਨ ਤੋਂ ਬਿਨਾਂ ਹੋਣੇ ਕਰਕੇ ਇਤਨੇ ਪੁਰਸ਼ ਪਚਿ=ਦੁਖੀ ਹੋ ਕੇ ਮਰ ਗਏ ਹਨ, ਜਿਨ੍ਹਾਂ ਦੀ ਗਣਤ=ਗਿਣਤੀ ਨਹੀਂ ਗਿਣੀ ਜਾਂਦੀ।

ਵਿਣੁ ਸਚ ਸੋਚ ਨ ਪਾਈਐ ਭਾਈ ਸਾਚਾ ਅਗਮ ਧਣੀ॥

ਹੇ ਭਾਈ ! ਸੱਚ ਨਾਮ ਦੀ ਸੋਚ=ਵਿਚਾਰ ਕੀਤੇ ਤੋਂ ਬਿਨਾਂ, ਸੱਚਾ ਜੋ ਅਗਮ ਧਣੀ ਹੈ ਉਹ ਪ੍ਰਾਪਤ ਨਹੀਂ ਹੁੰਦਾ।

ਆਵਣ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ॥

ਹੇ ਭਾਈ ! ਝੂਠੀ ਦੁਨੀਆਂ ਦੀ ਝੂਠੀ ਮਣੀ=ਮਨੌਂਤ ਹੋਣ ਕਰਕੇ ਜੰਮਣਾ ਮਰਨਾ ਦੂਰ ਨਹੀਂ ਹੁੰਦਾ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥ ੨॥

ਹੇ ਭਾਈ ! ਮੁਖ ਗੁਰੂ ਇੱਕ ਨਾਮ ਦੀ ਕਣੀ=ਰੰਚਕ ਮਾਤ੍ਰ ਸਿੱਖਿਆ ਦੇ ਕੇ ਕ੍ਰੋੜਾਂ ਜੀਵਾਂ ਨੂੰ ਤਾਰਦਾ ਹੈ॥ ੨॥

ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ॥

ਹੇ ਭਾਈ ! ਭਾਵੇਂ ਸਿੰਮ੍ਰਿਤੀਆਂ ਸ਼ਾਸਤ੍ਰਾਂ ਨੂੰ ਕਿੰਨਾ ਹੀ ਸੋਧਿਆ ਜਾਵੇ, ਪਰ ਸਤਿਗੁਰਾਂ ਤੋਂ ਵਿਣੁ=ਬਿਨਾਂ ਭਰਮ ਨਹੀਂ ਜਾਂਦਾ।

ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ॥

ਹੇ ਭਾਈ ! ਨਿਗੁਰਾ ਪੁਰਸ਼ ਅਨੇਕ ਪ੍ਰਕਾਰ ਦੇ ਕਰਮ ਕਰਦਾ ਹੋਇਆ ਥੱਕ ਗਿਆ ਹੈ, ਮੁੜ-ਮੁੜ ਕੇ ਉਸਨੂੰ ਬੰਧਨ ਪੈਂਦੇ ਹਨ।

ਚਾਰੇ ਕੁੰਡਾ ਸੋਧੀਆ ਭਾਈ ਵਿਣੁ ਸਤਿਗੁਰ ਨਾਹੀ ਜਾਇ॥

ਹੇ ਭਾਈ ! ਚਾਰੇ ਕੁੰਡਾ=ਚਾਰੇ ਦਿਸ਼ਾਂ ਵਿੱਚ ਸੋਧੀਆ=ਫਿਰਕੇ ਵੇਖ ਚੁੱਕਾ ਹਾਂ, ਪਰ ਸਤਿਗੁਰਾਂ ਤੋਂ ਬਿਨਾਂ ਹੋਰ ਕੋਈ ਸੁਖ ਦੀ ਜਾਇ=ਜਗ੍ਹਾ ਨਹੀਂ ਹੈ।

(ਪੰਨਾ ੬੦੯)

ਵਡਭਾਗੀ ਗੁਰੁ ਪਾਇਆ ਭਾਈ ਹਰਿ ਹਰਿ ਨਾਮੁ ਧਿਆਇ॥ ੩॥

ਹੇ ਭਾਈ ! ਜਿਸ ਵਡਭਾਗੀ ਪੁਰਸ਼ ਨੇ ਗੁਰਾਂ ਨੂੰ ਪਾਇਆ ਹੈ, ਓਹੀ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ॥ ੩॥

ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ॥

ਹੇ ਭਾਈ ! ਸੱਚਾ ਵਾਹਿਗੁਰੂ ਸਦਾ ਨਿਰਮਲ ਹੈ, ਉਸ ਸੱਚੇ ਦੀ ਸੋਇ=ਸੋਭਾ ਵੀ ਨਿਰਮਲ=ਉੱਜਲ ਹੈ।

ਨਦਰਿ ਕਰੇ ਜਿਸੁ ਆਪਣੀ ਭਾਈ ਤਿਸੁ ਪਰਾਪਤਿ ਹੋਇ॥

ਹੇ ਭਾਈ ! ਉਹ ਪ੍ਰਭੂ ਜਿਸ ਉੱਤੇ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਓਸੇ ਨੂੰ ਪ੍ਰਾਪਤ ਹੁੰਦਾ ਹੈ।

ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈ ਕੋਇ॥

ਹੇ ਭਾਈ ! ਉਹ ਗੁਰਮੁਖ ਕ੍ਰੋੜਾਂ ਵਿਚੋਂ ਕੋਈ ਕੋਈ ਵਿਰਲਾ ਹੀ ਪਾਈਐ=ਪਾਈਦਾ ਹੈ।

ਨਾਨਕ ਰਤਾ ਸਚਿ ਨਾਮਿ ਭਾਈ ਸੁਣਿ ਮਨੁ ਤਨੁ ਨਿਰਮਲੁ ਹੋਇ॥੪॥੨॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਜੋ ਸੱਚੇ ਨਾਮੀ ਦੇ ਨਾਮ ਸਿਮਰਨ ਵਿੱਚ ਰੱਤਾ ਹੋਇਆ ਹੈ, ਜੇ ਉਸ ਦੇ ਪਾਸੋਂ ਨਾਮ ਸੁਣੀਏ ਤਾਂ ਆਪਣਾ ਮਨ ਤਨ ਨਿਰਮਲੁ=ਸ਼ੁੱਧ ਹੋ ਜਾਂਦਾ ਹੈ॥ ੪॥ ੨॥

ਸੋਰਠਿ ਮਹਲਾ ੫ ਦੁਤੁਕੇ॥

ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ॥

ਇਹ ਜੀਵ ਜਦ ਤੱਕ ਭਾਉ=ਰਾਗ, ਅਭਾਉ=ਦ੍ਵੈਸ਼ ਨੂੰ ਮੰਨਦਾ ਹੈ, ਤਦ ਤੱਕ ਪ੍ਰਭੂ ਨਾਲ ਮਿਲਣਾ ਦੂਰਾਹੀ=ਦੂਰ ਹੈ।

ਆਨ ਆਪਨਾ ਕਰਤ ਬੀਚਾਰਾ ਤਉ ਲਉ ਬੀਚੁ ਬਿਖਾਈ॥ ੧ ॥

ਇਹ ਜੀਵ ਜਦ ਤੱਕ ਆਨ ਆਪਨਾ=ਇਹ ਪਦਾਰਥ ਹੋਰ ਦਾ ਹੈ ਤੇ ਇਹ ਆਪਣਾ ਹੈ, ਅਰਥਾਤ ਮੇਰ ਤੇਰ ਦਾ ਵਿਚਾਰ ਕਰਦਾ ਹੈ, ਤਉ ਲਉ=ਓਨਾਂ ਚਿਰ ਹੀ ਵਿਚਾਲੇ ਬਿਖਾਈ=ਬਿਖਮਤਾ (ਕਠਨਤਾ) ਆ ਰਹੀ ਹੈ। ਅਥਵਾ:-ਬਿਖਾਈ=ਵਿੱਥ ਆ ਰਹੀ ਹੈ॥ ੧ ॥

ਮਾਧਵੇ ਐਸੀ ਦੇਹੁ ਬੁਝਾਈ॥

ਹੇ ਪ੍ਰਭੂ ! ਮੈਨੂੰ ਐਸੀ ਸਿਖਿਆ ਸਮਝਾ ਦਿਉ।

ਸੇਵਉ ਸਾਧ ਗਹਉ ਓਟ ਚਰਨਾ ਨਹ ਬਿਸਰੈ ਮੁਹਤੁ ਚਸਾਈ॥ ਰਹਾਉ॥

ਜੋ ਸੰਤਾਂ ਦੀ ਸੇਵਾ ਕਰਾਂ, ਤੇ ਉਹਨਾਂ ਦੇ ਚਰਨਾਂ ਦੀ ਓਟ=ਆਸਰਾ ਗਹਉ=ਫੜੀ ਰੱਖਾਂ, ਅਤੇ ਮੁਹਤੁ=ਅੱਧੀ ਘੜੀ ਤੇ ਚਸਾਈ=ਚਸਾ ਭਰ ਵੀ ਸਿਮਰਨ ਨਾ ਬਿਸਰੈ=ਭੁੱਲੇ॥ ਰਹਾਉ॥

ਰੇ ਮਨ ਮੁਗਧ ਅਚੇਤ ਚੰਚਲ ਚਿਤ ਤੁਮ ਐਸੀ ਰਿਦੈ ਨ ਆਈ॥

ਹੇ ਮੂਰਖ ਮਨ ! ਅਚੇਤ=ਅਗਿਆਤ ਤੂੰ ਚੰਚਲ-ਤਾਈਆਂ ਨੂੰ ਚਿੱਤ=ਚਿਤਵ ਰਿਹਾ ਹੈਂ, ਤੇਰੇ ਹਿਰਦੇ ਵਿੱਚ ਅਜੇਹੀ ਵਿਚਾਰ ਕਦੇ ਨਹੀਂ ਆਈ, ਕਿ ਚੰਚਲ-ਤਾਈਆਂ ਦੁੱਖ ਰੂਪ ਹਨ।

ਪ੍ਰਾਨਪਤਿ ਤਿਆਗਿ ਆਨ ਤੂ ਰਚਿਆ ਉਰਝਿਓ ਸੰਗਿ ਬੈਰਾਈ॥ ੨ ॥

ਪ੍ਰਾਨਪਤਿ=ਪਰਮੇਸ਼ਰ ਨੂੰ ਤਿਆਗ ਕੇ ਤੂੰ ਆਨ=ਹੋਰਨਾਂ ਵਿਚ,

ਅਥਵਾ:-ਦ੍ਵੈਤ ਵਿੱਚ ਰਚਿਆ=ਲੱਗਿਆ ਹੋਇਆ ਹੈਂ, ਅਤੇ ਤੇਰੇ ਵੈਰਾਈ=ਵੈਰੀ ਜੋ ਸਬੰਧੀ ਹਨ ਉਨ੍ਹਾਂ ਦੇ ਨਾਲ ਉਰਝਿਓ=ਫਸਿਆ ਹੋਇਆ ਹੈਂ॥ ੨ ॥

ਸੋਗੁ ਨ ਬਿਆਪੈ ਆਪੁ ਨ ਥਾਪੈ ਸਾਧ ਸੰਗਤਿ ਬੁਧਿ ਪਾਈ॥

ਜਿਸ ਨੇ ਸਤਸੰਗਤ ਵਿਚੋਂ ਭਜਨ-ਸਿਮਰਨ ਕਰਨ ਵਾਲੀ ਬੁੱਧੀ ਪਾਈ ਹੈ, ਉਸ ਨੂੰ ਪ੍ਰਵਾਰ ਵਿੱਚ ਰਹਿੰਦਿਆਂ ਹੋਇਆਂ ਭੀ ਸੋਗ ਨਹੀਂ ਵਿਆਪਦਾ ਕਿਉਂਕਿ ਉਹ ਆਪਾ ਭਾ ਹੰਕਾਰ ਨੂੰ ਨਹੀਂ ਕਰਦਾ।

ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ॥ ੩ ॥

ਸਾਕਤ=ਦੁਸ਼ਟਾਂ ਦਾ ਬਕਨਾ=ਬੋਲਣਾ ਇਸ ਤਰ੍ਹਾਂ ਜਾਣੋ! ਜਿਵੇਂ ਪੌਣ (ਹਵਾ) ਦਾ ਝੁਲਾਈ=ਬੁੱਲ੍ਹਾ ਆਉਂਦਾ ਹੈ ਤੇ ਲੰਘ ਜਾਂਦਾ ਹੈ॥ ੩ ॥

ਕੋਟਿ ਪਰਾਧ ਅਛਾਦਿਓ ਇਹੁ ਮਨੁ ਕਹਣਾ ਕਛੂ ਨ ਜਾਈ॥

ਇਹ ਚੰਚਲ ਮਨ ਕ੍ਰੋੜਾਂ ਅਪਰਾਧਾਂ ਕਰਕੇ ਅਛਾਦਿਓ=ਢਕਿਆ ਹੋਇਆ ਹੈ, ਇਸ ਕਰਕੇ ਕੁਝ ਕਿਹਾ ਨਹੀਂ ਜਾਂਦਾ।

ਜਨ ਨਾਨਕ ਦੀਨ ਸਰਨਿ ਆਇਓ ਪ੍ਰਭ ਸਭੁ ਲੇਖਾ ਰਖਹੁ ਉਠਾਈ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਬੇਨਤੀ ਕਰੋ ਮੈਂ ਦੀਨ=ਗਰੀਬ ਜਨ=ਸੇਵਕ ਹੋ ਕੇ

ਹੇ ਪ੍ਰਭੂ ! ਆਪ ਜੀ ਦੀ ਸ਼ਰਨ ਵਿੱਚ ਆਇਆ ਹਾਂ, ਕਿਰਪਾ ਕਰਕੇ ਆਪ ਮੇਰਾ ਸਾਰਾ ਲੇਖਾ ਉਠਾ ਰੱਖੋ, ਅਰਥਾਤ ਦੂਰ ਕਰ ਦਿਓ॥ ੪॥ ੩॥

ਸੋਰਠਿ ਮਹਲਾ ੫॥

ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ॥

ਪੁਤ੍ਰ ਦੀ ਕਲਤ੍ਰ=ਇਸਤ੍ਰੀ ਭਾਵ ਨੂੰਹ, ਸਬੰਧੀ ਲੋਕ ਆਪਣੇ ਘਰ ਦੀ ਬਨਿਤਾ=ਇਸਤ੍ਰੀ ਇਤਆਦਿਕ ਸਾਰੇ ਲੋਕ ਮਾਇਆ ਦੇ ਹੀ ਸਨਬੰਧੇਹੀ=ਸਬੰਧੀ ਹਨ।

ਅਥਵਾ:-ਮਾਇਆ ਰੂਪੀ ਸਨ=ਰੱਸੀ ਨਾਲ ਬੰਧੇਹੀ=ਬੰਨ੍ਹੇ ਹੋਏ ਹਨ।

ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ॥ ੧॥

ਅੰਤ ਦੇ ਵੇਲੇ ਸਹਾਇਤਾ ਕਰਨ ਵਾਸਤੇ ਕੋਈ ਪਾਸ ਖੜ੍ਹਾ ਨਹੀਂ ਹੁੰਦਾ, ਇਨ੍ਹਾਂ ਸਾਰਿਆਂ ਸਬੰਧੀਆਂ ਦਾ ਅਸਨੇਹੀ=ਪ੍ਰੇਮ ਮਿਥਿਆ ਹੈ॥ ੧॥

ਰੇ ਨਰ ਕਾਹੇ ਪਪੋਰਹੁ ਦੇਹੀ॥

ਹੇ ਪੁਰਸ਼ਾ ! ਤੂੰ ਕਿਸ ਵਾਸਤੇ ਦੇਹੀ=ਦੇਹ ਨੂੰ ਪਪੋਰਹੁ=ਪਾਲਦਾ ਪੋਸਦਾ ਹੈਂ।

ਊਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ॥ ਰਹਾਉ॥

ਇਹ ਦੇਹ ਤਾਂ ਧੂਮੁ=ਧੂੰਏਂ ਦੇ ਬਾਦਰੋ=ਬੱਦਲ ਵਾਂਗੂੰ ਉੱਡ ਜਾਏਗੀ, ਇਸ ਕਰਕੇ ਤੁਸੀਂ ਇੱਕ ਸਨੇਹੀ=ਪਿਆਰੇ ਰਾਮ ਨੂੰ ਭਾਜਹੁ=ਭਜਨਾ ਕਰੋ॥ ਰਹਾਉ॥

ਤੀਨਿ ਸੰਝਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ॥

ਤੀਨਿ ਸੰਝਿਆ=ਤਿੰਨਾਂ ਦੇ ਸਬੰਧ ਕਰਕੇ ਦੇਹ ਪੈਦਾ ਕੀਤੀ ਹੈ, ਜਲ=ਸਤੋ ਗੁਣ ਕੂ=ਪ੍ਰਿਥਵੀ (ਰਜੋ ਗੁਣ) ਭਸਮੇਹੀ=ਤਮੋ ਗੁਣ, ਇਨ੍ਹਾਂ ਤਿੰਨਾਂ ਗੁਣਾਂ ਤੋਂ ਪੈਦਾ ਕਰ=ਕੀਤੀ ਹੈ।

ਅਥਵਾ:- ਜਲ, ਕੂ=ਪ੍ਰਿਥਵੀ, ਭਸਮੇਹੀ=ਅੱਗ ਇਤਿਆਦਿਕ ਪੰਜਾਂ ਤੱਤਾਂ ਤੋਂ ਪੈਦਾ ਕਰ=ਕੀਤੀ ਹੈ।

ਅਥਵਾ:- ਜਿਸ ਵੇਲੇ ਪ੍ਰਾਣ ਅੰਤ ਹੁੰਦੇ ਹਨ ਤਾਂ ਦੇਹ ਦੀ ਸੰਝਿਆ=ਹਾਲਤ ਤਿੰਨ ਤਰ੍ਹਾਂ ਨਾਲ ਕਰਦੇ ਹਨ, ਕਈ ਜਲ ਪ੍ਰਵਾਹ ਕਰਦੇ ਹਨ, ਕਈ ਕੂ=ਪ੍ਰਿਥਵੀ ਵਿੱਚ ਦੱਬਣਾ ਕਰਦੇ ਹਨ, ਕਈ ਭਸਮੇਹੀ=ਅੱਗ ਵਿਚ ਸਾੜਕੇ ਭਸਮ ਕਰ ਦੇਂਦੇ ਹਨ।

ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ॥ ੨॥

ਇਹ ਜੀਵ ਆਮਰੋ=ਅਮਰ ਹੋ ਕੇ ਸਰੀਰ ਘਰ ਵਿੱਚ ਬੈਠਾ ਹੋਇਆ ਹੈ, ਸਭ ਕਾਰਨਾਂ ਦੇ ਕਰਨ ਵਾਲੇ ਪ੍ਰਭੂ ਨੂੰ ਬਿਸਰੋਹੀ=ਭੁਲਾ ਦਿੱਤਾ ਹੈ॥ ੨॥

ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ॥

ਅਨੇਕ ਭਾਤਿ=ਤਰ੍ਹਾਂ ਦੇ ਦੇਹਾਂ ਰੂਪ ਮਣਕੇ ਸਾਜੇ=ਬਣਾਕੇ, ਪ੍ਰਾਣਾਂ ਰੂਪੀ ਕਾਚੈ=ਕੱਚੇ ਤਾਗਿ=ਧਾਗੇ ਵਿੱਚ ਪਰੋਹੀ=ਪ੍ਰੋਤੇ ਹੋਏ ਹਨ।

ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ ਪਛੁਤੋਹੀ॥ ੩॥

ਹੇ ਵਿਚਾਰੇ ਜੀਵ ! ਜਿਸ ਵੇਲੇ ਪ੍ਰਾਣਾਂ ਰੂਪੀ ਸੂਤ੍ਰ ਟੁੱਟ ਜਾਵੇਗਾ ਅਰਥਾਤ ਸ੍ਵਾਸ ਪੂਰੇ ਹੋ ਜਾਣਗੇ, ਤਾਂ ਫਿਰ ਮਗਰੋਂ ਪਛੁਤੋਹੀ=ਪਛੁਤਾਏਂਗਾ॥ ੩॥

ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ॥

ਜਿਸ ਨੇ ਪੰਜਾਂ ਤਤਾਂ ਨੂੰ ਸਿਰਜ ਕੇ ਤੁਹਾਡੇ ਸਰੀਰ ਨੂੰ ਸਿਰਜਿਆ ਹੈ, ਫੇਰ ਕੱਪੜਿਆਂ ਨਾਲ

ਅਥਵਾ:-ਅੰਗਾਂ ਨਾਲ ਸਵਾਰਿਆ ਹੈ, ਦਿਨ-ਰਾਤ ਉਸ ਨੂੰ ਧਿਆਉਣਾ ਕਰੋ।

ਜਨ ਨਾਨਕ ਪ੍ਰਭ ਕਿਰਪਾ ਧਾਰੀ ਮੈ ਸਤਿਗੁਰ ਓਟ ਗਹੇਹੀ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ, ਮੇਰੇ ਉੱਤੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ, ਇਸ ਕਰਕੇ ਮੈਂ ਸਤਿਗੁਰਾਂ ਦੀ ਓਟ ਗਹੇਹੀ=ਫੜੀ ਹੈ॥ ੪॥ ੪॥

ਸੋਰਠਿ ਮਹਲਾ ੫॥

ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ॥

ਵੱਡਿਆਂ ਭਾਗਾਂ ਕਰਕੇ ਅਸਾਨੂੰ ਪੂਰਾ ਗੁਰੂ ਭੇਟਿਓ=ਮਿਲਿਆ ਹੈ, ਏਸੇ ਕਰਕੇ ਮਨ ਵਿੱਚ ਪਰਗਾਸਾ=ਗਿਆਨ ਹੋਇਆ ਹੈ।

ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ॥ ੧॥

ਅਸਾਡੀ ਬਰਾਬਰੀ ਕਰਨ ਵਾਲਾ, ਅਥਵਾ:- ਅਸਾਨੂੰ ਦੁੱਖ ਦੇਣ ਵਾਸਤੇ ਹੋਰ ਕੋਈ ਦੂਜਾ ਅਸਾਡੇ ਪਾਸ ਪਹੁੰਚਣੇ ਵਾਲਾ ਨਹੀਂ ਹੈ, ਕਿਉਂਕਿ ਅਸਾਨੂੰ ਆਪਣੇ ਮਾਲਕ (ਪਰਮਾਤਮਾ) ਦਾ ਭਰਵਾਸਾ=ਭਰੋਸ਼ਾ ਹੈ॥ ੧॥

ਅਪੁਨੇ ਸਤਿਗੁਰ ਕੈ ਬਲਿਹਾਰੈ॥

ਅਸੀਂ ਆਪਣਿਆਂ ਸਤਿਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ।

ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ॥ ਰਹਾਉ॥

ਅਸਾਡੇ ਹਿਰਦੇ ਘਰ ਵਿੱਚ ਅਨੰਦ ਸਰੂਪ ਪਰਮੇਸ਼ਰ ਪ੍ਰਗਟਿਆ ਹੈ, ਇਸ ਕਰਕੇ ਪਾਛੈ=ਇਸ ਲੋਕ ਵਿੱਚ ਸਹਜਾ=ਸੁਭਾਵਕ ਹੀ ਅਥਵਾ:-ਸਹਜਾ=ਗਿਆਨ ਕਰਕੇ ਸੁਖ ਬਣਿਆ ਹੋਇਆ ਹੈ ਅਤੇ ਆਗੈ=ਪ੍ਰਲੋਕ ਵਿੱਚ ਹੀ ਸੁਖ ਹੋਵੇਗਾ॥ ਰਹਾਉ॥

ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ॥

ਜੋ ਸਾਰੇ ਪ੍ਰਪੰਚ ਦੇ ਕਰਨ ਵਾਲਾ ਹੈ, ਤੇ ਸਾਰਿਆਂ ਦੇ ਅੰਦਰ ਦੀ ਜਾਣਨ ਵਾਲਾ ਹੈ ਓਹੀ ਅਸਾਡਾ ਖਸਮੁ=ਮਾਲਕ ਹੈ।

ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ॥ ੨॥

ਪੂਰਿਆਂ ਗੁਰਾਂ ਦੀ ਚਰਨੀਂ ਲੱਗਕੇ ਇੱਕ ਰਾਮ ਨਾਮ ਦਾ ਆਧਾਰਾ=ਆਸਰਾ ਲਿਆ ਹੈ, ਇਸ ਲਈ ਹੁਣ ਨਿਰ+ਭਉ=ਡਰ ਤੋਂ ਰਹਿਤ ਭਏ=ਹੋ ਗਏ ਹਾਂ॥ ੨॥

ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥

ਅਕਾਲ ਮੂਰਤਿ=ਅਕਾਲ ਸਰੂਪ ਪ੍ਰਭੂ ਦਾ ਦਰਸ਼ਨ ਸਹਿਤ ਫਲਾਂ ਦੇ ਹੈ, ਹੁਣ ਹੈ, ਭੀ=ਪਿੱਛੇ ਸੀ, ਹੋਵਨਹਾਰਾ=ਅੱਗੇ ਭੀ ਹੋਵੇਗਾ।

ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥ ੩ ॥

ਉਸ ਨੇ ਆਪਣੇ ਸੇਵਕ ਜਨ ਆਪਣੇ ਕੰਠਿ=ਗਲ ਨਾਲ ਲਗਾਕੇ ਰੱਖੇ ਹਨ, ਆਪਣੀ ਪ੍ਰੀਤੀ ਦਾ ਪਿਆਰਾ=ਪਿਆਲਾ ਪਿਆਲ ਕੇ। ਅਥਵਾ:-ਉਹ ਆਪਣੀ ਪ੍ਰੀਤੀ ਦਾ ਪਿਆਰਾ ਹੈ।

ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥

ਜਿਸ ਪ੍ਰਭੂ ਦੀ ਵਡਿਆਈ ਸਭ ਤੋਂ ਵੱਡੀ ਹੈ, ਉਸ ਦੀ ਅਸਚਰਜ ਸੋਭਾ ਕੀਤੀ ਤਾਂ ਕਾਰਜ ਰਾਸ ਆ ਗਿਆ। ਅਥਵਾ:- ਜਿਸ ਦੀ ਵਡਿਆਈ ਵੱਡੀ ਹੈ ਤੇ ਸੋਭਾ ਅਸਚਰਜ ਹੈ, ਉਸ ਦੀ ਸ਼ਰਨ ਪੈਣ ਕਰਕੇ ਕਾਰਜ ਰਾਸ ਆਇਆ ਹੈ ਭਾਵ ਕਾਰਜ ਪੂਰਾ ਹੋ ਗਿਆ ਹੈ।

(ਪੰਨਾ ੬੧੦) ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪ ॥੫ ॥

ਗੁਰੂ ਜੀ ਕਥਨ ਕਰਦੇ ਹਨ, ਮੈਨੂੰ ਪੂਰਾ ਗੁਰੂ ਭੇਟਿਓ=ਮਿਲਿਆ ਹੈ, ਇਸ ਕਰਕੇ ਸਾਰੇ ਦੁੱਖ ਬਿਨਾਸੇ=ਦੂਰ ਹੋ ਗਏ ਹਨ॥ ੪॥ ੫॥

ਸੋਰਠਿ ਮਹਲਾ ੫ ॥

ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ ॥

ਜਿਵੇਂ ਸੁਖੀ ਪੁਰਸ਼ ਨੂੰ ਸਾਰੇ ਮਨੁੱਖ ਸੁਖੀ ਪੇਖੈ=ਦਿਸਦੇ ਹਨ, ਅਤੇ ਰੋਗੀ ਦੇ ਭਾਣੇ ਸਾਰੇ ਰੋਗੀ ਹੀ ਹਨ।

ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ ॥ ੧ ॥

ਜੋ ਸੁਆਮੀ (ਪਰਮਾਤਮਾ) ਸਭ ਦੇ ਪੈਦਾ ਕਰਨ ਵਾਲਾ ਹੈ ਅਤੇ ਸਭ ਤੋਂ ਕਰਮਾਂ ਦੇ ਕਰਾਉਣ ਵਾਲਾ ਹੈ, ਸਭ ਕੁਝ ਉਸ ਦੇ ਆਪਣੇ ਹੱਥ ਵਿੱਚ ਹੈ, ਫਿਰ ਉਹ ਸਾਰਿਆਂ ਦਾ ਸੰਜੋਗੀ ਹੈ, ਅਰਥਾਤ ਸਾਰਿਆਂ ਨਾਲ ਮਿਲ ਰਿਹਾ ਹੈ॥ ੧॥

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥

ਹੇ ਮੇਰੇ ਮਨ ! ਜਿਸ ਨੇ ਆਪਣਾ ਭਰਮ ਗਵਾਤਾ=ਗੁਆ ਲਿਆ ਹੈ। ਅਤੇ -

ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥

ਜਿਨਿ=ਜਿਸਨੇ ਸਾਰੇ ਜਗਤ ਨੂੰ ਬ੍ਰਹਮ ਰੂਪ ਕਰਕੇ ਪਛਾਤਾ=ਪਛਾਣਿਆ ਹੈ, ਉਸ ਦੇ ਭਾਣੇ ਵਿੱਚ ਕੋਈ ਭੀ ਭੁੱਲਾ ਹੋਇਆ ਨਹੀਂ ਹੈ॥ ਰਹਾਉ॥

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥

ਸੰਤਾਂ ਦੇ ਸਤਸੰਗ ਕਰਕੇ ਜਿਸ ਦਾ ਮਨ ਸੀਤਲੁ=ਸ਼ਾਂਤ (ਠੰਢਾ) ਹੋ ਗਿਆ ਹੈ, ਉਹ ਸਾਰੀ ਦੁਨੀਆਂ

ਨੂੰ ਠਾਂਢੀ=ਸ਼ਾਂਤ ਸਰੂਪ ਸਮਝਦਾ ਹੈ।

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ ॥ ੨ ॥

ਜਿਸ ਦਾ ਆਪਣਾ ਮਨ ਹਉਮੈ ਰੂਪੀ ਰੋਗ ਵਿੱਚ ਬਿਆਪਿਤ=ਲੱਗਾ ਹੋਇਆ ਹੈ, ਉਹ ਆਪ ਜੰਮਦਾ ਮਰਦਾ ਹੈ, ਅਤੇ ਸਾਰੀ ਦੁਨੀਆਂ ਨੂੰ ਭੀ ਵਿਰਲਾਪ ਕਰਦਿਆਂ ਦੇਖਦਾ ਹੈ॥ ੨ ॥

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥

ਜਿਸ ਦੀਆਂ ਮਨ ਬੁੱਧੀ ਰੂਪ ਅੱਖਾਂ ਵਿਚ ਗਿਆਨ ਰੂਪੀ ਅੰਜਨੁ=ਸੁਰਮਾ ਪਿਆ ਹੈ, ਤਿਸ ਨੂੰ ਸਾਰੇ ਪਾਸੇ ਪ੍ਰਕਾਸ਼ ਹੀ ਨਿਗਾਹ ਆਉਂਦਾ ਹੈ।

ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥ ੩ ॥

ਜੋ ਅਗਿਆਨ ਦੇ ਅਨ੍ਹੇਰੇ ਵਿੱਚ ਪਿਆ ਹੋਇਆ ਹੈ, ਉਸ ਨੂੰ ਕੁਝ ਭੀ ਸੁੱਝਦਾ ਨਹੀਂ ਹੈ,
ਇਸ ਲਈ ਉਹ ਬਹੁੜਿ ਬਹੁੜਿ=ਮੁੜ ਮੁੜ ਕੇ ਜੂਨੀਆਂ ਵਿੱਚ ਭਰਮਾਤਾ=ਭਰਮਦਾ ਹੈ॥ ੩ ॥

ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਸੁਆਮੀ! ਮੇਰੀ ਬੇਨਤੀ ਸੁਣ, ਮੈਂ ਆਪਣੇ ਵਾਸਤੇ ਇਹੋ ਸੁਖ ਮਾਗੈ=ਮੰਗਦਾ ਹਾਂ।

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥ ੪ ॥ ੬ ॥

ਜਿੱਥੇ ਭੀ ਸਾਧੂ ਜਨ ਤੇਰਾ ਕੀਰਤਨ ਗਾਵਹਿ=ਗਾਂਵਦੇ ਹਨ, ਤਹ=ਤਿੱਥੇ ਮੇਰਾ ਮਨ ਲਾਗੈ=ਲੱਗਾ ਰਹੇ॥ ੪ ॥ ੬ ॥

ਸੋਰਠਿ ਮਹਲਾ ੫ ॥

ਸ੍ਰੀ ਗੁਰੂ ਅਰਜਨ ਸਾਹਿਬ ਜੀ ਇਸ ਸ਼ਬਦ ਦੁਆਰਾ ਸੰਤਾਂ ਦੀ ਮਹਿਮਾ ਵਰਣਨ ਕਰਦੇ ਹੋਏ ਆਖਦੇ ਹਨ ਕਿ-''ਸੰਤਨ ਬਿਨੁ ਅਵਰੁ ਨ ਦਾਤਾ ਬੀਆ'' ॥

ਸੰਤਾਂ ਤੋਂ ਬਿਨਾਂ ਹੋਰ ਕੋਈ ਦੂਜਾ ਦਾਤਾ ਨਹੀਂ ਹੈ।

ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥

ਇਹ ਤਨੁ=ਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਸੰਤ ਬਾਬਾ ਬੁੱਢਾ ਜੀ ਦਾ ਬਖਸ਼ਿਆ ਹੋਇਆ ਹੈ, ਧਨ ਵੀ ਸੰਤ ਬਾਬਾ ਬੁੱਢਾ ਜੀ ਦਾ ਬਖਸ਼ਿਆ ਹੋਇਆ ਹੈ ਕਿਉਂਕਿ ਗੁਰਤਾ-ਗੱਦੀ ਦਾ ਤਿਲਕ ਬਾਬਾ ਜੀ ਨੇ ਦਿੱਤਾ ਹੈ, ਅਸਾਡਾ ਮਨ ਵੀ ਸੰਤ ਬਾਬਾ ਬੁੱਢਾ ਜੀ ਦਾ ਨਿਰਮਲ ਕੀਤਾ ਹੋਇਆ ਹੈ।

੨. ਅਥਵਾ:- ਅਸਾਡਾ ਤਨ ਭੀ ਸੰਤਾਂ ਦਾ ਹੈ, ਸਾਰਾ ਧਨ ਭੀ ਸੰਤਾਂ ਦਾ ਹੈ, ਅਤੇ ਅਸਾਂ ਨੇ ਮਨ ਭੀ ਸੰਤਾਂ ਦਾ ਕਰ ਦਿੱਤਾ ਹੈ। ਭਾਵ-ਸਭ ਕੁਝ ਸੰਤਾਂ ਨੂੰ ਅਰਪਨ ਕਰ ਦਿੱਤਾ ਹੈ।

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥ ੧ ॥

ਸੰਤਾਂ ਦੀ ਪ੍ਰਸਾਦਿ=ਕਿਰਪਾ ਦ੍ਰਿਸ਼ਟੀ ਨਾਲ ਹਰੀ ਨਾਮ ਜਪਿਆ ਹੈ, ਤਦੇ ਹੀ ਅਸਾਨੂੰ ਸਭ ਤਰ੍ਹਾਂ ਦਾ ਸੁੱਖ ਪ੍ਰਾਪਤ ਹੋਇਆ ਹੈ॥ ੧ ॥

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥

ਸੰਤਾਂ ਤੋਂ ਬਿਨਾਂ ਸੰਸਾਰਕ ਸੁਖਾਂ ਦਾ ਅਤੇ ਪ੍ਰਮਾਰਥਕ ਸੁਖਾਂ ਦਾ ਦਾਤਾ ਹੋਰ ਕੋਈ ਬੀਆ=ਦੂਜਾ ਨਹੀਂ ਹੈ।

ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥

ਜੋ ਜੋ ਪੁਰਸ਼ ਸੰਤਾਂ ਦੀ ਸਰਣੀ ਪਿਆ ਹੈ, ਉਸ ਉਸ ਨੂੰ ਸੰਤਾਂ ਨੇ ਸੰਸਾਰ-ਸਮੁੰਦਰ ਤੋਂ ਪਾਰ ਕੀਤਾ ਹੈ॥ ਰਹਾਉ ॥

ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥

ਸੰਤ ਜਨਾਂ ਦੀ ਸੇਵਾ ਕਰਨ ਨਾਲ ਕ੍ਰੋੜਾਂ ਅਪਰਾਧ (ਪਾਪ) ਮਿਟਹਿ=ਮਿਟ ਜਾਂਦੇ ਹਨ, ਅਤੇ ਰਸਿ=ਪ੍ਰੇਮ ਨਾਲ ਹਰੀ ਦਾ ਕੀਰਤਨ ਭੀ ਗਾਇਆ ਜਾਂਦਾ ਹੈ।

ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥ ੨ ॥

ਈਹਾ=ਇਸ ਲੋਕ ਵਿੱਚ ਸੁਖ ਹੁੰਦਾ ਹੈ, ਆਗੈ=ਪ੍ਰਲੋਕ ਵਿੱਚ ਮੁਖ ਉੱਜਲਾ ਹੁੰਦਾ ਹੈ, ਪਰ ਵੱਡਿਆਂ ਭਾਗਾਂ ਨਾਲ ਹੀ ਸੰਤਾਂ ਦਾ ਸੰਗ ਪਾਈਦਾ ਹੈ॥ ੨ ॥

ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥

ਮੇਰੀ ਜੀਭ ਇੱਕ ਹੈ, ਉਨ੍ਹਾਂ ਵਿੱਚ ਅਨੇਕਾਂ ਗੁਣ ਪੂਰਨ ਹਨ, ਇਸ ਕਰਕੇ ਸੰਤ ਜਨਾਂ ਦੀ ਮੈਂ ਕਿੰਨੀ ਕੁ ਉਪਮਾ ਕਹਿ ਸਕਦਾ ਹਾਂ।

ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥ ੩ ॥

ਜੋ ਪ੍ਰਭੂ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ=ਅਵਿਸ਼ੇ ਹੈ, ਅਤੇ ਸਦਾ ਨਾਸ ਤੋਂ ਰਹਿਤ ਹੈ, ਉਹ ਸੰਤਾਂ ਦੀ ਸ਼ਰਨ ਵਿੱਚ ਪੈਣ ਕਰਕੇ ਲਿਆ ਜਾਂਦਾ ਹੈ॥ ੩ ॥

ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥

ਮੈਂ ਨਿਰਗੁਨ ਨੀਚ ਅਨਾਥ=ਯਤੀਮ ਅਪਰਾਧੀ=ਪਾਪੀ ਨੇ ਸੰਤਾਂ ਦੀ ਓਟ ਆਹੀ=ਚਾਹੀ ਹੈ।

ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ, ਗ੍ਰਿਹਸਤ ਰੂਪ ਅੰਨ੍ਹੇ ਖੂਹ ਦੇ ਮੋਹ ਰੂਪ ਚਿੱਕੜ ਵਿੱਚ ਬੂਡਤ=ਡੁੱਬਦੇ ਜਾਂਦੇ ਨੂੰ ਨਿਬਾਹੀ=ਕੱਢ ਲਵੋ॥ ੪ ॥ ੭ ॥

ਸੋਰਠਿ ਮਹਲਾ ੫ ਘਰੁ ੧ ॥

ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ ਪੁਜਾਈ ॥

ਹੇ ਕਰਤੇ ਵਾਹਿਗੁਰੂ ! ਜਿਸ ਦੇ ਹਿਰਦੇ ਵਿੱਚ ਤੂੰ ਵਸਿਆ ਹੈਂ, ਉਸ ਦੀ ਤੂੰ ਆਸਾ ਪੁਜਾਈ=ਪੂਰੀ ਕੀਤੀ ਹੈ।

ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨਿ ਭਾਈ ॥ ੧ ॥

ਤੂੰ ਆਪਣੇ ਉਸ ਦਾਸ ਨੂੰ ਕਦੇ ਭੁੱਲਦਾ ਨਹੀਂ ਹੈਂ, ਜਿਸ ਦੇ ਮਨ ਵਿੱਚ ਸੰਤਾਂ ਦੀ ਚਰਨ ਧੂੜੀ ਭਾਈ=ਚੰਗੀ ਲੱਗੀ ਹੈ॥ ੧ ॥

ਤੇਰੀ ਅਕਥ ਕਥਾ ਕਥਨੁ ਨ ਜਾਈ॥

ਆਪ ਜੀ ਦੀ ਕਥਾ ਅਕੱਥ ਹੈ, ਮੇਰੇ ਪਾਸੋਂ ਕੁਝ ਕਥਨ ਨਹੀਂ ਕੀਤੀ ਜਾਂਦੀ।

ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ॥ ਰਹਾਉ॥

ਹੇ ਸ਼ੁਭ ਗੁਣਾਂ ਦੇ ਨਿਧਾਨ=ਖਜ਼ਾਨੇ ਸੁਖਦਾਤੇ ਪ੍ਰਭੂ ! ਆਪ ਜੀ ਦੀ ਬਡਾਈ=ਵਡਿਆਈ ਸਾਰਿਆਂ ਤੋਂ ਉੱਚੀ ਹੈ॥ ਰਹਾਉ॥

ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ॥

ਇਹ ਪ੍ਰਾਣੀ ਸੋ ਸੋ=ਉਹ-ਉਹ ਕਰਮ ਕਰਦਾ ਹੈ, ਜਿਸ ਤਰ੍ਹਾਂ ਦੀ ਲਿਖਤ ਤੁਸਾਂ ਨੇ ਮੱਥੇ ਉੱਪਰ ਲਿਖ ਪਾਈ ਹੈ।

ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ॥ ੨॥

ਜਿਸ ਸੇਵਕ ਨੂੰ ਤੁਸਾਂ ਨੇ ਆਪਣੀ ਸੇਵਾ ਕਰਨੀ ਦਿੱਤੀ ਹੈ, ਆਪ ਜੀ ਦੇ ਦਰਸ਼ਨ ਵੇਖਦਿਆਂ ਨਾਲ ਉਸ ਦੀ ਬੁੱਧੀ ਤ੍ਰਿਪਤ ਹੋਈ ਹੈ॥ ੨॥

ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਹੁ ਆਪਿ ਬੁਝਾਈ॥

ਨਿਰੰਤਰਿ=ਇੱਕ ਰਸ ਸਾਰਿਆਂ ਦੇ ਅੰਦਰ ਆਪ ਸਮਾਏ ਹੋਏ ਹੋ, ਪਰ ਇਹ ਸਮਝ ਉਸ ਨੂੰ ਆਈ ਹੈ ਜਿਸਨੂੰ ਤੁਸਾਂ ਨੇ ਆਪ ਇਹ ਗੱਲ ਬੁਝਾਈ=ਸਮਝਾਈ ਹੈ।

ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ॥ ੩॥

ਗੁਰਾਂ ਦੀ ਕਿਰਪਾ ਨਾਲ ਜਿਸ ਦਾ ਅਗਿਆਨ ਮਿਟ ਗਿਆ ਹੈ, ਉਸ ਨੂੰ ਤੁਸੀਂ ਸਭ ਜਗ੍ਹਾਂ ਤੇ ਪ੍ਰਗਟ ਹੋਏ ਹੋ॥ ੩॥

ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ॥

ਓਹੀ ਗਿਆਨੀ ਹੈ ਓਹੀ ਧਿਆਨੀ ਹੈ, ਓਹੀ ਸੁਭਾਈ=ਪ੍ਰੇਮੀ ਪੁਰਖ ਹੈ।

ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ॥੪॥੮॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਆਪ ਦਿਆਲੂ ਹੋਏ ਹੋ, ਉਸ ਨੂੰ ਮਨ ਵਿੱਚੋਂ ਕਦੇ ਭੀ ਬਿਸਰਿ=ਭੁੱਲ ਨਹੀਂ ਜਾਂਦੇ ਹੋ॥ ੪॥ ੮॥

ਸੋਰਠਿ ਮਹਲਾ ੫॥ ਸਗਲ ਸਮਗ੍ਰੀ ਮੋਹਿ ਵਿਆਪੀ ਕਬ ਊਚੇ ਕਬ ਨੀਚੇ॥

ਸਾਰੀ ਸਮਗ੍ਰੀ=ਸ੍ਰਿਸ਼ਟੀ ਪਦਾਰਥਾਂ ਦੇ ਮੋਹ ਵਿੱਚ ਵਿਆਪੀ=ਫਸੀ ਹੋਈ ਹੈ, ਇਸ ਲਈ ਕਦੇ ਉੱਚੇ ਸੰਕਲਪ ਅਤੇ ਕਦੇ ਨੀਵੇਂ ਸੰਕਲਪ ਕਰਦੀ ਹੈ।

ਅਥਵਾ:-ਸਾਰੀ ਸ੍ਰਿਸ਼ਟੀ ਮੋਹਿ ਵਿਆਪੀ=ਅਗਿਆਨ ਵਿੱਚ ਵਿਆਪ ਰਹੀ ਹੈ, ਇਸ ਲਈ ਸ੍ਰਿਸ਼ਟੀ ਦੇ ਜੀਵ ਕਦੇ ਊਚੇ=ਸੁਰਗ ਵਿੱਚ ਕਦੇ ਨੀਚੇ=ਨਰਕ ਵਿੱਚ ਜਾਂਦੇ ਹਨ।

(ਪੰਨਾ ੬੧੧) ਸੁਧੁ ਨ ਹੋਈਐ ਕਾਹੂ ਜਤਨਾ ਓੜਕਿ ਕੋ ਨ ਪਹੂਚੇ ॥ ੧ ॥

ਨਾਮ ਤੋਂ ਬਿਨਾਂ, ਹੋਰ ਕਿਸੇ ਜਤਨ ਨਾਲ ਸ਼ੁੱਧ ਨਹੀਂ ਹੋਈਦਾ, ਕਿਉਂਕਿ ਓੜਕਿ=ਅੰਤ ਤੱਕ ਕੋਈ ਭੀ ਸਾਧਨ ਪਹੁੰਚਦਾ ਨਹੀਂ ਹੈ। ਅਥਵਾ :- ਓੜਕਿ=ਮੋਖ ਨੂੰ,

ਅਥਵਾ:-ਪਰਮਾਤਮਾ ਨੂੰ ਕੋਈ ਪਹੁੰਚਦਾ ਨਹੀਂ ਹੈ॥ ੧ ॥

ਮੇਰੇ ਮਨ ਸਾਧ ਸਰਣਿ ਛੁਟਕਾਰਾ ॥

ਹੇ ਮੇਰੇ ਮਨ! ਸੰਤਾਂ ਦੀ ਸ਼ਰਣ ਪਿਆਂ ਹੀ ਛੁਟਕਾਰਾ ਹੁੰਦਾ ਹੈ।

ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ ਬਾਰੋ ਬਾਰਾ ॥ ਰਹਾਉ ॥

ਪੂਰਿਆਂ ਗੁਰਾਂ ਤੋਂ ਬਿਨਾਂ ਜਨਮ ਮਰਣ ਤੋਂ ਰਹਿਤ ਨਹੀਂ ਹੁੰਦਾ, ਨਿਗੁਰਾ ਜੀਵ ਮੁੜ-ਮੁੜ ਕੇ ਚੌਰਾਸੀ ਦੇ ਫੇਰੇ ਵਿਚ ਆਵਤ=ਆਉਂਦਾ ਹੈ॥ ਰਹਾਉ ॥

ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ ॥

ਉਹ ਜਿਹੜਾ ਭਰਮ ਰੂਪ ਭੁਲੇਖਾ ਕਿਹਾ ਜਾਂਦਾ ਹੈ, ਅਥਵਾ:-ਉਹ ਜਿਹੜਾ ਭੁਲਾਣੇ ਵਾਲਾ ਅਗਿਆਨ ਅਤੇ ਭਰਮ ਕਹੀਅਤ=ਕਿਹਾ ਜਾਂਦਾ ਹੈ, ਓਸੇ ਵਿਚ ਸਾਰਾ ਸੰਸਾਰ ਉਰਝਿਓ=ਫਸਿਆ ਹੋਇਆ ਹੈ।

ਪੂਰਨ ਭਗਤੁ ਪੁਰਖ ਸੁਆਮੀ ਕਾ ਸਰਬ ਥੋਕ ਤੇ ਨਿਆਰਾ ॥ ੨ ॥

ਸੁਆਮੀ ਪੁਰਖ ਦਾ ਜੋ ਪੂਰਨ=ਪੂਰਾ ਭਗਤ ਹੈ, ਉਹ ਸਾਰਿਆਂ ਥੋਕ=ਪਦਾਰਥਾਂ ਤੋਂ ਨਿਆਰਾ=ਅਸੰਗ ਹੈ॥ ੨ ॥

ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ ॥

ਕਾਹੂ=ਕਿਸੇ ਗੱਲ ਕਰਕੇ ਭੀ ਸੰਸਾਰ ਨੂੰ ਨਿੰਦਣਾ ਨਾ ਕਰੋ, ਕਿਉਂਕਿ ਇਹ ਸੰਸਾਰ ਖਸਮੁ=ਪ੍ਰਭੂ ਦਾ ਕੀਤਾ ਹੋਇਆ ਹੈ।

ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ ਮਿਲਿ ਸਾਧਸੰਗਤਿ ਨਾਉ ਲੀਆ ॥ ੩ ॥

ਜਿਸ ਉੱਤੇ ਮੇਰੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਸ ਨੇ ਸਤਸੰਗਤ ਵਿਚ ਮਿਲਕੇ ਵਾਹਿਗੁਰੂ ਨਾਮ ਲੈਣਾ ਕੀਤਾ ਹੈ॥ ੩ ॥

ਪਾਰਬ੍ਰਹਮ ਪਰਮੇਸੁਰ ਸਤਿਗੁਰ ਸਭਨਾ ਕਰਤ ਉਧਾਰਾ ॥

ਪਾਰਬ੍ਰਹਮ=ਪਰਾ ਰੂਪ ਵਿਆਪਕ ਪਰਮੇਸ਼ਰ ਦੇ ਸਰੂਪ ਸਤਿਗੁਰੂ ਹੀ ਸਭਨਾਂ ਦਾ ਉਧਾਰ ਕਰਦੇ ਹਨ।

ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ ॥ ੪ ॥ ੯ ॥

ਗੁਰੂ ਜੀ ਕਥਨ ਕਰਦੇ ਹਨ, ਪੂਰਨ ਗੁਰਾਂ ਤੋਂ ਬਿਨਾਂ ਨਹੀਂ ਤਰ ਸਕੀਦਾ, ਇਹ ਪੂਰਨ ਤਤੁ=ਸਿਧਾਂਤ ਵਿਚਾਰਿਆ ਹੈ॥ ੪ ॥ ੯ ॥

ਸੋਰਠਿ ਮਹਲਾ ੫ ॥

ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥

ਢੂੰਢਦਿਆਂ ਢੂੰਢਦਿਆਂ ਇਹ ਖੋਜਿ=ਰਾਹ ਵਿਚਾਰਿਆ ਹੈ, ਅਥਵਾ:-ਮਨ ਬਾਣੀ ਸਰੀਰ ਦੁਆਰਾ ਖੋਜਕੇ ਇਹ ਵਿਚਾਰਿਆ ਹੈ, ਅਥਵਾ:-ਖੋਜਨੇ ਵਾਲਾ ਹੋ ਕੇ ਜਿਨ੍ਹਾਂ ਨੇ ਖੋਜਿਆ ਹੈ, ਉਹਨਾਂ ਦੁਆਰੇ ਅਸਾਂ ਨੇ ਭੀ ਖੋਜਿਆ ਹੈ, ਕਿ ਰਾਮ ਨਾਮ ਹੀ ਸਾਰਿਆਂ ਵੇਦਾਂ ਦਾ "ਸਾਰਾ ਤਤੁ"=ਸ੍ਰੇਸ਼ਟ ਸਿਧਾਂਤ ਰੂਪ ਹੈ।

ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥ ੧ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਇੱਕ ਨਿਮਖ ਮਾਤ੍ਰ ਭੀ ਅਰਾਧਿਆ ਹੈ, ਉਹਨਾਂ ਨੇ ਕਿਲਬਿਖ=ਪਾਪਾਂ ਨੂੰ ਕੱਟਕੇ ਆਪਣੇ ਆਪ ਨੂੰ, ਅਥਵਾ:-ਹੋਰਨਾਂ ਜਗਿਆਸੂਆਂ ਨੂੰ ਭੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰਿਆ ਹੈ॥ ੧ ॥

ਹਰਿ ਰਸੁ ਪੀਵਹੁ ਪੁਰਖ ਗਿਆਨੀ ॥

ਹੇ ਗਿਆਨੀ ਪੁਰਖੋ ! ਹਰੀ ਨਾਮ ਰਸ ਨੂੰ ਪੀਣਾ ਕਰੋ,

ਅਥਵਾ:-ਗਿਆਨੀ ਪੁਰਖਾਂ ਦੁਆਰੇ ਉਸ ਹਰੀ ਨਾਮ ਰਸ ਨੂੰ ਪੀਵੋ।

ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥

ਜਿਸ ਨਾਮ-ਅੰਮ੍ਰਿਤ ਬਾਣੀ ਨੂੰ ਸੰਤਾਂ ਪਾਸੋਂ ਸੁਣ ਸੁਣ ਕੇ

ਅਥਵਾ:-ਸੁਣਿ=ਕੰਨਾਂ ਦੁਆਰੇ ਸੁਣਿ=ਸੁਣ ਕੇ ਮਨ ਪੂਰਨ ਤ੍ਰਿਪਤੀ ਨੂੰ ਪਾਉਂਦਾ ਹੈ॥ ਰਹਾਉ ॥

ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥

ਸੱਚ ਨਾਮ ਤੋਂ ਹੀ ਮੁਕਤੀ, ਭੁਗਤੀ, ਤੇ ਜੁਗਤੀ ਪਾਈਦੀ ਹੈ, ਅਤੇ ਨਾਮ ਹੀ ਸਾਰਿਆਂ ਸੁਖਾਂ ਦਾ ਦਾਤਾ ਹੈ।

ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥ ੨ ॥

ਬਿਧਾਤਾ=ਫਲ-ਬਰ ਦਾਤਾ ਜੋ ਪੂਰਨ ਪੁਰਖ ਪਰਮਾਤਮਾ ਹੈ, ਉਹ ਆਪਣੇ ਦਾਸ ਨੂੰ ਭਗਤੀ-ਦਾਨ ਦੇਂਦਾ ਹੈ॥ ੨ ॥

ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥

ਸ੍ਰਵਣੀ=ਕੰਨਾਂ ਨਾਲ ਉਸ ਦਾ ਜਸ ਸੁਣੀਏ, ਰਸਨਾਂ ਨਾਲ ਉਸ ਦੇ ਜਸ ਨੂੰ ਗਾਵਣਾ ਕਰੀਏ, ਅਤੇ ਹਿਰਦੇ ਵਿਚ ਉਸ ਦਾ ਧਿਆਨ ਕਰੀਏ।

ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥ ੩ ॥

ਉਹ ਸੁਆਮੀ ਸਾਰਿਆਂ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਜਿਸ ਦੇ ਦਰ ਤੋਂ ਕੋਈ ਭੀ ਬ੍ਰਿਥਾ=ਖਾਲੀ ਨਹੀਂ ਮੁੜਦਾ॥ ੩ ॥

ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥

ਵੱਡਿਆਂ ਭਾਗਾਂ ਨਾਲ ਇਹ ਰਤਨ=ਅਮੋਲਕ ਮਨੁੱਖਾ ਜਨਮ ਪਾਇਆ ਹੈ, ਹੇ ਕ੍ਰਿਪਾਲੂ ! ਆਪ ਕਿਰਪਾ ਦ੍ਰਿਸ਼ਟੀ ਕਰੋ।

ਸਾਧਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋਪਾਲਾ ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਜੋ ਸਤਸੰਗਤ ਵਿਚ ਜਾ ਕੇ ਮੇਰਾ ਮਨ ਆਪ ਜੀ ਦੇ ਗੁਣਾਂ ਨੂੰ ਗਾਵੇ, ਅਤੇ ਸਦਾ ਹੀ ਗੋਪਾਲਾ ਨਾਮ ਨੂੰ ਸਿਮਰਨਾ ਕਰੋ॥ ੪ ॥ ੧੦ ॥

ਸੋਰਠਿ ਮਹਲਾ ੫ ॥

ਜਿਸ ਵੇਲੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਤਾਪ (ਬੁਖਾਰ) ਦੂਰ ਹੋ ਗਿਆ, ਉਸ ਵੇਲੇ ਇਹ ਸ਼ਬਦ ਉਚਾਰਿਆ, ਤੇ ਇਸ਼ਨਾਨ ਕਰਨ ਦਾ ਵਰ ਦਿੱਤਾ।

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥

ਇਸ਼ਨਾਨ ਕਰਕੇ ਆਪਣੇ ਪ੍ਰਭੂ ਨੂੰ ਸਿਮਰਨਾ ਕਰੋ, ਕਿਉਂਕਿ ਉਸ ਦੀ ਕਿਰਪਾ ਨਾਲ ਤੁਸੀਂ ਮਨ ਤਨ ਕਰਕੇ ਅਰੋਗ ਹੋਏ ਹੋ।

ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ ੧ ॥

ਪ੍ਰਭੂ ਦੀ ਸ਼ਰਣੀ ਪੈਣ ਕਰਕੇ ਕ੍ਰੋੜਾਂ ਬਿਘਨ ਲਹਿ ਗਏ ਹਨ, ਅਤੇ ਚੰਗੇ ਕਰਮਾਂ ਦੇ ਸੰਜੋਗ ਪ੍ਰਗਟ ਹੋਏ ਹਨ।

ਪ੍ਰਭ ਬਾਣੀ ਸਬਦੁ ਸੁਭਾਖਿਆ ॥

ਗੁਰਾਂ ਦੀ ''ਸਬਦੁ ਬਾਣੀ''=ਉਪਦੇਸ਼ ਬਾਣੀ ਦੁਆਰਾ ਪ੍ਰਭੂ ਦੇ ਸੁ=ਸ੍ਰੇਸ਼ਟ ਜਸ ਨੂੰ ਭਾਖਿਆ=ਉਚਾਰਿਆ ਹੈ।

ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥

ਹੇ ਭਾਈ ! ਤੁਸੀਂ ਭੀ ਪ੍ਰਭੂ ਦੇ ਜਸ ਨੂੰ, ਅਥਵਾ:-ਗੁਰਾਂ ਦੀ ਬਾਣੀ ਨੂੰ ਗਾਵੋ, ਸੁਣੋ ਅਤੇ ਪੜ੍ਹਨਾਂ ਕਰੋ, ਪੂਰੇ ਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਤੈਨੂੰ ਰੱਖਿਆ ਹੈ॥ ਰਹਾਉ ॥

ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥

ਉਹ ਸਾਹਿਬ ਸੱਚਾ ਹੈ, ਉਸ ਦੀ ਵਡਿਆਈ ਭੀ ਅਮਿਤਿ=ਬੇਅੰਤ ਹੈ, ਅਤੇ ਉਹ ਦਿਆਲੂ ਭਗਤਾਂ ਦਾ ਵਛਲ=ਪਿਆਰਾ ਹੈ।

ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥ ੨ ॥

ਉਹ ਹਮੇਸ਼ਾਂ ਸੰਤਾਂ ਦੀ ਇੱਜ਼ਤ ਰੱਖਦਾ ਆਇਆ ਹੈ, ਉਹ ਆਦਿ=ਸ਼ੁਰੂ ਤੋਂ ਹੀ ਆਪਣੇ ਬਿਰਦ (ਧਰਮ) ਨੂੰ ਪਾਲਦਾ ਆਇਆ ਹੈ॥ ੨ ॥

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ॥

ਹਰੀ ਨਾਮ ਰੂਪੀ ਅੰਮ੍ਰਿਤ ਭੋਜਨ ਨੂੰ ਨਿਤਾਪ੍ਰਤੀ ਭੁੰਚਹੁ=ਛਕੋ, ਅਤੇ ਸਰਬ ਵੇਲਾ=ਹਰ ਵੇਲੇ ਇਸੇ ਦੀ ਗ੍ਰਾਹੀ ਨੂੰ ਮੂੰਹ ਵਿਚ ਪਾਵੋ, ਅਰਥਾਤ ਹਰ ਵੇਲੇ ਨਾਮ ਸਿਮਰਨ ਕਰਦੇ ਰਹੋ।

ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ॥ ੩॥

ਨਿਤਾਪ੍ਰਤੀ ਗੋਬਿੰਦ ਦੇ ਗੁਣ ਗਾਵਣਾ ਕਰੋ, ਤਾਂ ਜਰਾ ਮਰਾ ਰੋਗ, ਅਥਵਾ:-ਜਰਾ=ਬੁਢੇਪੇ ਦਾ ਦੁਖ, ਮਰਨੇ ਦਾ ਦੁੱਖ; ਹੋਰ ਭੀ ਸਭ ਤਰ੍ਹਾਂ ਦਾ ਤਾਪ ਨਾਠਾ=ਨਸ ਜਾਏਗਾ॥ ੩॥

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥

ਮੇਰੇ ਸੁਆਮੀ ਨੇ ਮੇਰੀ ਬੇਨਤੀ ਸੁਣ ਲਈ ਹੈ, ਏਸੇ ਕਰਕੇ ਸਾਰੀ ਕਲਾ=ਸ਼ਕਤੀ ਮੇਰੇ ਵਿਚ ਬਣ ਆਈ ਹੈ, ਅਥਵਾ:-ਸਾਰੀ ਕਲਾ=ਜੁਗਤੀ ਪੂਰੀ ਬਣ ਆਈ ਹੈ।

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥੪॥੧੧॥

ਸਾਰਿਆਂ ਜੁਗਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਪ੍ਰਗਟ ਹੋ ਗਈ ਹੈ॥ ੪॥ ੧੧॥

ਸੋਰਠਿ ਮਹਲਾ ੫ ਘਰੁ ੨ ਚਉਪਦੇ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਪ੍ਰਿਥੀਚੰਦ ਦੀ ਸੰਗਤ ਕਰਕੇ ਕੁਝ ਸਮਾਂ ਮਹਾਂਦੇਵ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬੇ-ਮੁਖ ਰਹੇ। ਪਰ ਜਿਸ ਵੇਲੇ ਪਾਸ ਰਹਿਣ ਕਰਕੇ ਮਹਾਰਾਜ ਜੀ ਦਾ ਸੁਭਾਅ ਅਤੇ ਰਹਿਣੀ ਬਹਿਣੀ ਚੰਗੀ ਵੇਖੀ ਤਾਂ ਦਿਨੋ-ਦਿਨ ਸ਼ਰਧਾ ਵਧਦੀ ਗਈ, ਇੱਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਬੈਠਕੇ ਮਹਾਂਦੇਵ ਜੀ ਬੜੀ ਨਿੰਮ੍ਰਤਾ ਨਾਲ ਬੇਨਤੀ ਕਰਨ ਲੱਗੇ-

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ॥

ਤੁਹਾਡਾ ਤੇ ਅਸਾਡਾ ਇੱਕ ਪਿਤਾ ਹੈ, ਹਮ=ਅਸੀਂ ਇੱਕ ਪਿਤਾ ਦੇ ਹੀ ਪੁੱਤਰ ਹਾਂ, ਇੱਕੋ ਗੁਰੂ ਹੋਣ ਕਰਕੇ ਤੂੰ ਮੇਰਾ ਗੁਰਹਾਈ=ਗੁਰਭਾਈ ਹੈ। ਪਾਠ "ਗੁਰਹਾਈ" ਇੱਕਠਾ ਹੈ।

(ਪੰਨਾ ੬੧੨)

ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨ ਦੇਹੁ ਦਿਖਾਈ॥੧॥

ਹੇ ਮਿੱਤਰ ਜੀ ! ਸੁਣੋ, ਮੇਰਾ ਜੀਅ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹੈ, ਆਪ ਕਿਰਪਾ ਕਰਕੇ ਮੈਨੂੰ ਹਰੀ ਦਾ ਦਰਸ਼ਨ ਵਿਖਾ ਦਿਓ॥ ੧॥

ਸੁਣਿ ਮੀਤਾ ਧੂਰੀ ਕਉ ਬਲਿ ਜਾਈ॥ ਇਹੁ ਮਨੁ ਤੇਰਾ ਭਾਈ॥ ਰਹਾਉ॥

ਹੇ ਮਿੱਤਰ ! ਸੁਣ, ਮੈਂ ਤੇਰੇ ਚਰਨਾਂ ਦੀ ਧੂੜੀ ਤੋਂ ਬਲਿਹਾਰ ਜਾਂਦਾ ਹਾਂ, ਹੇ ਭਾਈ=ਕ੍ਰਾਤਾ ਜੀ ! ਮੈਂ ਇਹ ਆਪਣਾ ਮਨ ਤੇਰਾ ਦਾਸ ਕਰ ਦਿੱਤਾ ਹੈ। ਭਾਵ ਆਪ ਜੀ ਨੂੰ ਅਰਪਨ ਕਰ ਦਿੱਤਾ ਹੈ।
ਅਥਵਾ:-ਮੈਨੂੰ ਇਹ ਗੱਲ ਭਾਈ ਹੈ ਕਿ ਇਹ ਮਨ ਭੀ ਆਪ ਜੀ ਦਾ ਹੈ॥ ਰਹਾਉ॥

ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥

ਆਪ ਜੀ ਦੇ ਪਾਵ=ਚਰਨਾਂ ਨੂੰ ਮਲੋਵਾ=ਝੱਸਦਾ ਹਾਂ ਤੇ ਮਲ ਮਲ ਕੇ ਧੋਂਦਾ ਹਾਂ, ਅਤੇ ਇਹ ਆਪਣਾ ਮਨ ਤੈ+ਕੂ ਦੇਸਾ=ਆਪ ਜੀ ਨੂੰ ਅਰਪਨ ਕਰ ਦੇਂਦਾ ਹਾਂ।

ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥ ੨ ॥

ਹੇ ਮਿੱਤਰ ! ਸੁਣ, ਮੈਂ ਆਪ ਜੀ ਦੀ ਸ਼ਰਣੀ ਆਇਆ ਹਾਂ, ਪ੍ਰਭੂ ਨਾਲ ਮਿਲਣ ਦਾ ਮੈਨੂੰ ਉਪਦੇਸ਼ ਦੇਣਾ ਕਰੋ॥ ੨ ॥ ਇੱਥੋਂ ਤੱਕ ਮਹਾਂਦੇਵ ਜੀ ਨੇ ਬੇਨਤੀ ਕੀਤੀ ਹੈ।

ਅੱਗੋਂ ਸ੍ਰੀ ਗੁਰੂ ਅਰਜਨ ਦੇਵ ਜੀ ਉੱਤਰ ਦੇਂਦੇ ਹਨ-

ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥

ਹੇ ਭ੍ਰਾਤਾ ਜੀ ! ਕਿਸੇ ਗੱਲ ਦਾ ਮਾਨ ਨਾ ਕਰ, ਅਥਵਾ:-ਇਹ ਮਾਨ ਨਾ ਕਰ ਕਿ ਮੈਂ ਗੁਰੂ ਜੀ ਦਾ ਪੁੱਤਰ ਹਾਂ, ਸਤਸੰਗਤ ਤੇ ਗੁਰੂ ਦੀ ਸ਼ਰਨ ਪੈਣਾ ਕਰ ! ਜੋ ਵਾਹਿਗੁਰੂ ਕਰੇ ਉਸ ਨੂੰ ਭਲਾ ਕਰਕੇ ਮਨਾਈਏ।

ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ
ਇਉ ਦਰਸਨੁ ਹਰਿ ਜੀਉ ਪਾਈਐ ॥ ੩ ॥

ਹੇ ਮਿੱਤ੍ਰ ! ਸੁਣ, ਆਪਣਾ ਜੀਅ, ਪਿੰਡੁ=ਸਥੂਲ ਸਰੀਰ, ਤਨ=ਸੂਖਮ ਸਰੀਰ ਇਤਆਦਿਕ ਸਭ ਕੁਝ ਅਰਪਨਾ ਕਰ, ਇਸ ਤਰ੍ਹਾਂ ਨਾਲ ਹਰਿ ਜੀ ਦੇ ਦਰਸ਼ਨ ਨੂੰ ਪਾਵਣਾ ਕਰ॥ ੩ ॥

ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥

ਸੰਤਾਂ ਦੇ ਪ੍ਰਸਾਦਿ=ਪ੍ਰਸੰਨ ਹੋਣ ਤੇ ਜਦ ਹਰੀ ਦਾ ਅਨੁਗ੍ਰਹੁ ਹੋਇਆ, ਅਥਵਾ:-ਪ੍ਰਸਾਦਿ=ਕ੍ਰਿਪਾਲੂ ਸੰਤਾਂ ਦੇ ਅਨੁਗ੍ਰਹੁ=ਕ੍ਰਿਪਾਲੂ ਹੋਇਆਂ ਹੀ ਹਰੀ ਦਾ ਨਾਮ ਮਿੱਠਾ ਲੱਗਾ ਹੈ।

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ
ਸਭੁ ਅਕੁਲ ਨਿਰੰਜਨੁ ਡੀਠਾ ॥ ੪ ॥ ੧ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦਾਸ ਨੂੰ ਗੁਰਾਂ ਨੇ ਕਿਰਪਾ ਧਾਰੀ=ਕੀਤੀ ਹੈ, ਉਸ ਨੇ ਸਭ ਪਾਸੇ ਅਕੁਲ=ਕੁਲਾਂ ਤੋਂ ਰਹਿਤ ਨਿਰੰਜਨੁ=ਮਲ ਵਿਖੇਪ ਅਵਿੱਦਿਆ ਤੋਂ ਰਹਿਤ ਪਰਮੇਸ਼ਰ ਨੂੰ ਵੇਖ ਲਿਆ ਹੈ॥ ੪ ॥ ੧ ॥ ੧੨ ॥

ਸੋਰਠਿ ਮਹਲਾ ੫ ॥

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥

ਜੋ ਸੁਆਮੀ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, ਅਤੇ ਸਾਰਿਆਂ ਜੀਵਾਂ ਦਾ ਦਾਤਾ ਹੈ।

ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥ ੧ ॥

ਜੋ ਸਭ ਦੀ ਪ੍ਰੜਿਪਾਲਾ ਕਰਦਾ ਹੈ ਅਤੇ ਨਿੱਤ ਹੀ ਖ਼ਬਰ ਸਾਰ ਰੱਖਦਾ ਹੈ, ਮੈਂ ਮੂਰਖ ਨੇ ਉਸ ਦੇ ਇੱਕ ਭੀ ਗੁਨੁ=ਉਪਕਾਰ ਨੂੰ ਜਾਣਿਆਂ ਨਹੀਂ ਹੈ॥ ੧ ॥

ਹਰਿ ਆਰਾਧਿ ਨ ਜਾਨਾ ਰੇ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ॥

ਵਿਧੀ ਪੂਰਬਕ ਮੈਂ ਹਰੀ ਨਾਮ ਦਾ ਅਰਾਧਨ ਕਰਨਾ ਜਾਣਦਾ ਨਹੀਂ ਹਾਂ।

ਰੇ=ਹੇ ਭਾਈ ! ਕੇਵਲ ਹਰਿ ਹਰਿ ਤੇ ਗੁਰੂ ਗੁਰੂ ਕਰਤਾ=ਕਰਦਾ ਹਾਂ।

ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ ਰਹਾਉ॥

ਹੇ ਹਰਿ ਜੀਉ ! ਮੇਰਾ ਨਾਮ ਤਾਂ ਰਾਮ ਦਾ ਦਾਸੁ=ਸੇਵਕ ਪੈ ਗਿਆ ਹੈ॥ ਰਹਾਉ॥

ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ॥

ਜੋ ਦੀਨ ਦਿਆਲ ਪ੍ਰਭੂ ਕ੍ਰਿਪਾਲੂ ਸੁਭਾਅ ਵਾਲਾ ਤੇ ਸੁਖਾਂ ਦਾ ਸਮੁੰਦਰ ਹੈ, ਓਹੀ ਸਾਰਿਆਂ ਘਟਾਂ ਵਿਚ ਪੂਰਨ ਹੋ ਰਿਹਾ ਹੈ।

ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥ ੨ ॥

ਜੋ ਸਦਾ ਹੀ ਮੇਰੇ ਨਾਲ ਰਹਿ ਕੇ ਸਭ ਕੁਝ ਵੇਖਦਾ ਤੇ ਸੁਣਦਾ ਹੈ, ਪਰ ਮੈਂ ਮੂਰਖ ਨੇ ਉਸਨੂੰ ਦੂਰ ਜਾਣਿਆ ਹੈ॥ ੨ ॥

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥

ਰੇ=ਹੇ ਭਾਈ ! ਹਰੀ ਬਿਅੰਤ ਗੁਣ ਸਪੰਨ ਹੈ, ਤੇ ਹਉ=ਮੈਂ ਉਸਨੂੰ ਮਰਯਾਦਾ ਦੇ ਅੰਦਰ ਵਰਨਉ=ਕਥਨ ਕਰਦਾ ਹਾਂ, ਪਰ ਮੈਂ ਕੀ ਜਾਣਾ ਉਹ ਕੈਸਾ ਹੋਵੇਗਾ।

ਅਥਵਾ:-ਹਰੀ ਬੇਅੰਤ ਹੈ ਮੈਂ ਉਸਨੂੰ ਮਿਤਿ=ਮਰਯਾਦਾ ਦੇ ਅੰਦਰ ਵਰਣਨ ਕਰਦਾ ਹਾਂ ਕਿ ਇਤਨੇ ਹੀ ਉਸ ਦੇ ਗੁਣ ਹਨ, ਇਸ ਅਪਰਾਧ ਕਰਕੇ ਮੈਂ ਕੀ ਜਾਣਾ ਜੋ ਮੇਰਾ ਕਿਸ ਤਰ੍ਹਾਂ ਦਾ ਹਾਲ ਹੋਵੇਗਾ।

ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ॥ ੩ ॥

ਇਸ ਲਈ ਆਪਣੇ ਸਤਿਗੁਰਾਂ ਪਾਸ ਬੇਨਤੀ ਕਰਦਾ ਹਾਂ, ਕਿ ਮੈਂ ਮੂਰਖ ਨੂੰ ਆਪ ਉਪਦੇਸ਼ ਦੇਣਾ ਕਰੋ॥ ੩ ॥

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥

ਮੈਂ ਇੱਕ ਮੂਰਖ ਦੀ ਕੀ ਗੱਲ ਹੈ, ਸਤਿਗੁਰਾਂ ਦੀ ਕਿਰਪਾ ਨਾਲ ਤਾਂ ਕੋਟਿ=ਕ੍ਰੋੜਾਂ ਹੀ ਪਰਾਧੀ=ਪਾਪੀ ਸੰਸਾਰ ਸਮੁੰਦਰ ਤੋਂ ਤਰ ਗਏ ਹਨ।

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥ ੪ ॥ ੨ ॥ ੧੩ ॥

ਜਿਸ ਕਿਸੇ ਨੇ ਸ਼ਰਧਾ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ, ਅਥਵਾ:-ਉਪਦੇਸ਼ ਨੂੰ ਸੁਣਿਆ ਹੈ,

ਅਤੇ ਅੱਖਾਂ ਨਾਲ ਦਰਸ਼ਨ ਵੇਖਿਆ ਹੈ, ਉਹ ਮੁੜ ਕੇ ਮਾਤਾ ਦੇ ਗਰਭ ਵਿਚ ਨਹੀਂ ਪੈਂਦਾ।

ਅਥਵਾ:-ਜਿਸਨੇ ਗੁਰਾਂ ਦੁਆਰੇ ਨਾਨਕੁ=ਦ੍ਵੈਤ ਰਹਿਤ ਬ੍ਰਹਮ ਦੇ ਨਾਮ ਨੂੰ ਸੁਣਿਆ=ਸ੍ਰਵਣ, ਮੰਨਣ ਨਿਧਿਆਸਣ ਕਰਕੇ ਸ੍ਵੈ-ਸਰੂਪ ਨੂੰ ਵੇਖਿਆ ਹੈ, ਉਹ ਮੁੜ ਕੇ ਮਾਂ ਦੇ ਗਰਭ ਵਿਚ ਨਹੀਂ ਪੈਂਦਾ॥ ੪॥ ੨॥ ੧੩॥

ਸੋਰਠਿ ਮਹਲਾ ੫॥

ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ॥

ਜਿਨ੍ਹਾਂ ਗੱਲਾਂ ਦਾ ਬਹੁਤ ਸਾਰਾ ਅੰਦੇਸਰੋ=ਸੰਸਾ ਸੀ, ਉਹ ਸੰਸੇ ਸਾਰੇ ਹੀ ਮਿਟ ਗਏ ਹਨ।

ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ॥ ੧॥

ਮਨ ਨੂੰ ਸੁਖ ਦੇਣ ਵਾਲੀ ਜੋ ਭਗਤੀ ਰੂਪ ਨਾਰੀ ਹੈ, ਉਸ ਵਿਚ ਸਹਜ=ਸੁਭਾਵਕ ਹੀ ਸੈਨ=ਇਸਥਿਤੀ ਹੋਈ ਹੈ, ਅਤੇ ਊਧ=ਮੂੰਧਾ (ਉਲਟਾ) ਜੋ ਹਿਰਦਾ ਕਵਲ ਸੀ ਉਹ ਬਿਗਸਇਆ=ਖਿੜ ਗਿਆ ਹੈ॥ ੧॥

ਦੇਖਹੁ ਅਚਰਜੁ ਭਇਆ॥

ਹੇ ਭਾਈ ! ਵੇਖੋ ਕੈਸਾ ਅਸਚਰਜ ਹੋਇਆ ਹੈ।

ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ॥ ਰਹਾਉ॥

ਜਿਸ ਠਾਕੁਰ ਨੂੰ ਸੁਣ ਦੇ ਸਾਂ ਕਿ ਉਸ ਦਾ ਬੋਧਿ=ਜਾਨਣਾ ਅਗਾਧਿ=ਕਠਨ ਹੈ, ਸੋ=ਉਸ (ਪਰਮਾਤਮਾ) ਨੂੰ ਗੁਰਾਂ ਨੇ ਰਿਦੈ=ਹਿਰਦੇ ਵਿਚ ਹੀ ਪਰਗਟ ਕਰ ਦਇਆ=ਦਿੱਤਾ ਹੈ॥ ਰਹਾਉ॥

ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ॥

ਜੋਇ ਦੂਤ=ਜਿਹੜੇ ਕਾਮ ਆਦਿਕ ਦੂਤ ਮੈਨੂੰ ਬਹੁਤ ਸਤਾਉਂਦੇ ਸਨ, ਹੁਣ ਉਨ੍ਹਾਂ ਨੂੰ ਭਿਆਨਕ ਅਰਥਾਤ ਬਹੁਤ ਸਾਰਾ ਡਰ ਭਇਆ=ਹੋ ਗਿਆ ਹੈ।

ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ॥ ੨॥

ਉਹ ਮੇਰੇ ਅੱਗੇ ਬੇਨਤੀ ਕਰਦੇ ਹਨ, ਕਿ ਅਸਾਨੂੰ ਠਾਕੁਰ ਦੇ ਕ੍ਰੋਧ ਤੋਂ ਰੱਖ ਲੈ, ਅਸੀਂ ਤੇਰੀ ਸਰਣੀ ਪਏ ਹਾਂ॥ ੨॥

ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ॥

ਜਿੱਥੇ ਗੋਬਿੰਦ ਦਾ ਸਤਸੰਗ ਰੂਪ ਭੰਡਾਰਾ ਖੁਲ੍ਹਿਆ ਹੋਇਆ ਹੈ, ਉਹ ਜਿਸ ਨੂੰ ਪ੍ਰਾਪਤ ਹੋਣਾ ਲਿਖਿਆ ਹੈ ਓਸੇ ਨੇ ਲੀਤਾ ਹੈ। ਅਥਵਾ:-ਜੇਹੜਾ ਪੁਰਸ਼ ਉਸ ਸਤਸੰਗਤ ਵਿਚ ਪ੍ਰਾਪਤ ਹੋਇਆ ਹੈ, ਉਸਨੇ ਗੋਬਿੰਦ ਦਾ ਨਾਮ ਲੀਤਾ ਹੈ।

ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ॥ ੩॥

ਮੈਨੂੰ ਭੀ ਗੁਰਾਂ ਨੇ ਇੱਕ ਨਾਮ, ਅਥਵਾ:-ਗਿਆਨ ਰੂਪ ਰਤਨ ਦੀਨਾ=ਦਿੱਤਾ ਹੈ, ਜਿਸਨੂੰ ਪਾ ਕੇ ਮੇਰਾ ਮਨ ਤਨ ਸੀਤਲੁ=ਠੰਢਾ ਥਿਆ=ਹੋ ਗਿਆ ਹੈ॥ ੩॥

ਏਕ ਬੂੰਦ ਗੁਰਿ ਅੰਮਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥

ਜਾਂ ਗੁਰਾਂ ਨੇ ਕਿਰਪਾ ਕਰਕੇ ਅੰਮ੍ਰਿਤ ਬੂੰਦ ਵਰਗਾ ਮਿੱਠਾ ਇੱਕ ਨਾਮ ਦਿੱਤਾ, ਤਾਂ ਅਮਰ ਹੋ ਕੇ ਅਟਲ ਹੋ ਗਏ, ਫਿਰ ਮੋਇਆ ਨਾ।

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ ॥ ੪ ॥ ੩ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ, ਜਦ ਤੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਮੈਨੂੰ ਭਗਤੀ ਦਾ ਭੰਡਾਰ ਸੌਂਪਿਆ ਹੈ, ਫਿਰਿ=ਮੁੜ ਕੇ ਮੂਲਿ=ਕਦਾਚਿੱਤ ਅਰਥਾਤ ਕਦੇ ਭੀ ਲੇਖਾ=ਹਿਸਾਬ ਨਹੀਂ ਲੀਤਾ ॥ ੪ ॥ ੩ ॥ ੧੪ ॥

ਸੋਰਠਿ ਮਹਲਾ ੫ ॥

ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ ॥

ਜਿਨ੍ਹਾਂ ਦਾ ਪ੍ਰਭੂ ਦੇ ਚਰਨ-ਕਮਲਾਂ ਨਾਲ ਮਨ ਲੀਨ ਹੋਇਆ ਹੈ, ਉਹ ਪੁਰਸ਼ ਤ੍ਰਿਪਤੀ ਨੂੰ ਪਾ ਕੇ ਅਘਾਈ=ਰੱਜ ਗਏ ਹਨ।

ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ ਤ੍ਰਿਖਾਈ ॥ ੧ ॥

ਅਮੋਲਕ ਗੁਣਾਂ ਵਾਲਾ ਪ੍ਰਭੂ ਜਿਸ ਦੇ ਹਿਰਦੇ ਵਿਚ ਨਹੀਂ ਵਸਿਆ, ਉਹ ਪੁਰਸ਼ ਤ੍ਰਿਸ਼ਨਾਂ ਕਰਕੇ ਹਮੇਸ਼ਾ ਹੀ ਤ੍ਰਿਖਾਈ=ਪਿਆਸਾ ਰਹਿੰਦਾ ਹੈ ॥ ੧ ॥

ਹਰਿ ਆਰਾਧੇ ਅਰੋਗ ਅਨਦਾਈ ॥

ਹਰੀ ਦੇ ਆਰਾਧਣ ਕਰਕੇ ਅਰੋਗਤਾ ਅਤੇ ਅਨੰਦਤਾ ਆ ਕੇ ਪ੍ਰਾਪਤ ਹੁੰਦੀ ਹੈ।

ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ ਤਿਸੁ ਲਾਖ ਬੇਦਨ ਜਣੁ ਆਈ ॥ ਰਹਾਉ ॥

ਜਿਸ ਨੂੰ ਮੇਰਾ ਸਨੇਹੀ=ਪਿਆਰਾ ਰਾਮ ਵਿਸਰੈ=ਭੁੱਲ ਗਿਆ ਹੈ, ਉਸਨੂੰ ਲੱਖਾਂ ਤਰ੍ਹਾਂ ਦੀ ਬੇਦਨ=ਪੀੜਾ ਆ ਕੇ ਜਣੁ=ਉਤਪਤ ਹੁੰਦੀ ਹੈ।

(ਪੰਨਾ ੬੧੩) ਜਿਹ ਜਨ ਓਟ ਗਹੀ ਪ੍ਰਭ ਤੇਰੀ ਸੇ ਸੁਖੀਏ ਪ੍ਰਭ ਸਰਣੇ ॥

ਹੇ ਸਮਰੱਥ ਪ੍ਰਭੂ ! ਜਿਨ੍ਹਾਂ ਪੁਰਸ਼ਾਂ ਨੇ ਆਪ ਜੀ ਦੀ ਓਟ ਗਹੀ=ਫੜਨਾ ਕੀਤੀ ਹੈ, ਅਤੇ ਹੇ ਪ੍ਰਭੂ ! ਆਪ ਜੀ ਦੀ ਸ਼ਰਨ ਵਿਚ ਪਏ ਹਨ, ਉਹ ਸਭ ਤਰ੍ਹਾਂ ਕਰਕੇ ਸੁਖੀ ਹੋਏ ਹਨ।

ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ ॥ ੨ ॥

ਜਿਨ੍ਹਾਂ ਪੁਰਸ਼ਾਂ ਨੂੰ ਬਿਧਾਤਾ=ਫਲ-ਬਰ ਦਾਤਾ ਅਕਾਲ ਪੁਰਖ ਭੁੱਲ ਗਿਆ ਹੈ, ਉਹ ਪੁਰਸ਼ ਦੁਖੀਆਂ ਵਿਚ ਗਨਣੇ=ਗਿਣੇ ਜਾਂਦੇ ਹਨ ॥ ੨ ॥

ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥

ਜਿਸ ਨੇ ਗੁਰਾਂ ਦੀ ਆਗਿਆ ਮੰਨਕੇ ਪ੍ਰਭੂ ਵਿਚ ਲਿਵ=ਬਿਰਤੀ ਲਗਾਈ ਹੈ, ਉਸਨੇ ਮਹਾ=ਬੜੇ

ਅਨੰਦ ਦਾ ਰਸ ਪ੍ਰਾਪਤ ਕੀਤਾ ਹੈ।

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥ ੩ ॥

ਜਿਸ ਨੇ ਪ੍ਰਭੂ ਨੂੰ ਭੁਲਾ ਦਿੱਤਾ ਹੈ ਅਤੇ ਗੁਰੂ ਤੋਂ ਬੇਮੁਖਤਾ ਧਾਰੀ ਹੈ, ਉਹ ਘੋਰ=ਕੁੰਭੀ ਨਰਕ ਵਿਚ ਪਿਆ ਹੈ॥ ੩ ॥

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੋ ਹੀ ਵਰਤਾਰਾ ॥

ਜਿੱਧਰ ਕਿਸੇ ਨੂੰ ਕਰਮਾਂ ਨੇ ਲਗਾਇਆ ਹੈ ਉਹ ਓਸੇ ਪਾਸੇ ਲੱਗਾ ਹੋਇਆ ਹੈ, ਜੈਸਾ ਹੁਣ ਵਰਤਾਰਾ ਕਰਦਾ ਹੈ ਤੈਸਾ ਅੱਗੇ ਜਾ ਕੇ ਫਲ ਪਾਏਗਾ।

ਨਾਨਕ ਸਹ ਪਕਰੀ ਸੰਤਨ ਕੀ ਰਿਦੈ ਭਏ ਮਗਨ ਚਰਨਾਰਾ ॥੪ ॥੪ ॥੧੫ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸੰਤਾਂ ਦੀ ਸਹ=ਸ਼ਰਨ ਪਕਰੀ=ਫੜੀ ਹੈ, ਉਹ ਰਿਦੈ=ਹਿਰਦੇ ਕਰਕੇ ਚਰਨਾਰਾ=ਚਰਨਾਂ ਦੇ ਧਿਆਨ ਵਿਚ ਮਗਨ=ਮਸਤ ਹੋਏ ਹਨ॥ ੪ ॥ ੪ ॥ ੧੫ ॥

ਸੋਰਠਿ ਮਹਲਾ ੫ ॥

ਉਥਾਨਕਾ:- ਸਿੱਖਾਂ ਨੇ ਬੇਨਤੀ ਕੀਤੀ ਗਿਆਨੀ ਕਿਸ ਰੰਗ ਵਿਚ ਰਚੇ ਰਹਿੰਦੇ ਹਨ? ਸੰਤ ਕਿਸ ਨਾਲ ਪ੍ਰੇਮ ਕਰਦੇ ਹਨ? ਹਰੀ ਦੇ ਜਨ ਕੀ ਕਰਤੱਬ ਕਰਦੇ ਹਨ? ਉੱਤਰ-

ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ ॥

ਜਿਵੇਂ ਰਾਜਾ ਰਾਜ-ਭਾਗ ਦੇ ਪਦਾਰਥ ਵਿਚ ਫਸਿਆ ਹੁੰਦਾ ਹੈ, ਅਤੇ ਜਿਵੇਂ ਅਭਿਮਾਨੀ=ਮਾਨੀ ਪੁਰਸ਼ ਮਾਨ ਵਡਿਆਈ ਵਿਚ ਫਸਿਆ ਹੁੰਦਾ ਹੈ।

ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ ॥ ੧ ॥

ਜਿਵੇਂ ਪਦਾਰਥਾਂ ਦੇ ਲੋਭ ਵਿਚ ਲੋਭੀ ਪੁਰਸ਼ ਲੁਭਾਇਮਾਨ ਹੁੰਦਾ ਹੈ, ਤਿਵੇਂ-ਗਿਆਨੀ-ਪੁਰਸ਼ ਹਰੀ ਦੇ ਰੰਗਿ=ਪ੍ਰੇਮ, ਅਥਵਾ:-ਅਨੰਦ ਵਿਚ ਰਚੇ ਰਹਿੰਦੇ ਹਨ॥ ੧ ॥

ਹਰਿ ਜਨ ਕਉ ਇਹੀ ਸੁਹਾਵੈ ॥

ਹਰੀ ਦੇ ਸੇਵਕ ਜਨਾਂ ਨੂੰ ਏਹੋ ਸੁਹਾਵੈ=ਸੁਹਾਉਂਦਾ ਹੈ।

ਪੇਖਿ ਨਿਕਟਿ ਕਰਿ ਸੇਵਾ ਸਤਿਗੁਰ ਹਰਿ ਕੀਰਤਨਿ ਹੀ ਤ੍ਰਿਪਤਾਵੈ ॥ਰਹਾਉ ॥

ਜੋ ਪ੍ਰਭੂ ਨੂੰ ਆਪਣੇ ਪਾਸ ਵੇਖਦੇ ਹਨ, ਸਤਿਗੁਰਾਂ ਦੀ ਸੇਵਾ ਕਰਦੇ ਹਨ, ਅਤੇ ਹਰੀ ਦੇ ਕੀਰਤਨ ਕਰਕੇ ਹੀ ਤ੍ਰਿਪਤਾਵੈ=ਰੱਜਦੇ ਹਨ॥ ਰਹਾਉ ॥

ਅਮਲਨ ਸਿਉ ਅਮਲੀ ਲਪਟਾਇਓ ਭੂਮਨ ਭੂਮਿ ਪਿਆਰੀ ॥

ਜਿਵੇਂ ਅਮਲੀ ਪੁਰਸ਼ ਅਮਲਾਂ (ਨਸ਼ਿਆਂ) ਨਾਲ ਲੰਪਟ ਰਹਿੰਦੇ ਹਨ, ਅਤੇ ਜਿਵੇਂ ਭੂਮਨ=ਜ਼ਿਮੀਂਦਾਰਾਂ ਨੂੰ ਭੂਮੀ=ਜ਼ਮੀਨ ਪਿਆਰੀ ਹੁੰਦੀ ਹੈ।

ਖੀਰ ਸੰਗਿ ਬਾਰਿਕੁ ਹੈ ਲੀਨਾ ਪ੍ਰਭ ਸੰਤ ਐਸੇ ਹਿਤਕਾਰੀ॥ ੨ ॥

ਜਿਵੇਂ ਬਾਰਿਕੁ=ਬੱਚੇ ਦਾ ਮਨ ਖੀਰ=ਦੁੱਧ ਨਾਲ ਲੀਨ ਹੁੰਦਾ ਹੈ, ਇਸੇ ਤਰ੍ਹਾਂ ਸੰਤ ਪ੍ਰਭੂ ਦੇ ਨਾਲ ਹਿਤ=ਪ੍ਰੇਮ ਕਾਰੀ=ਕਰਦੇ ਹਨ॥ ੨ ॥

ਬਿਦਿਆ ਮਹਿ ਬਿਦੁਅੰਸੀ ਰਚਿਆ ਨੈਨ ਦੇਖਿ ਸੁਖੁ ਪਾਵਹਿ॥

ਜਿਵੇਂ ਬਿਦੁਅੰਸੀ=ਵਿਦਿਆਰਥੀ ਵਿੱਦਿਆ ਪੜ੍ਹਨ ਵਿਚ ਰਚਿਆ ਹੁੰਦਾ ਹੈ, ਜਿਵੇਂ ਨੈਨ=ਨੇਤ੍ਰ ਰੂਪ ਨੂੰ ਵੇਖ ਕੇ ਸੁਖ ਪਾਉਂਦੇ ਹਨ। ਅਥਵਾ:-ਜਿਵੇਂ ਕਿਸੇ ਅੰਨੇ ਪੁਰਸ਼ ਨੂੰ-ਨੇਤਰ ਮਿਲ ਜਾਣ ਤੇ ਵੇਖਕੇ ਸੁਖ ਪਾਉਂਦਾ ਹੈ।

ਜੈਸੇ ਰਸਨਾ ਸਾਦਿ ਲੁਭਾਨੀ ਤਿਉ ਹਰਿ ਜਨ ਹਰਿ ਗੁਣ ਗਾਵਹਿ॥ ੩ ॥

ਜਿਵੇਂ ਜੀਭ ਸਾਦਿ=ਸੁਆਦਾਂ ਵਿਚ ਲੁਭਾਨੀ=ਲੁਭਾਇਮਾਨ ਹੁੰਦੀ ਹੈ, ਤਿਵੇਂ ਹਰੀ ਦੇ ਸੰਤ ਜਨ ਹਰੀ ਦੇ ਗੁਣ ਗਾਵਹਿ=ਗਾਉਂਦੇ ਹਨ॥ ੩ ॥

ਜੈਸੀ ਭੂਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ॥

ਜਿਸ ਤਰ੍ਹਾਂ ਦੀ ਕਿਸੇ ਨੂੰ ਭੁੱਖ ਹੁੰਦੀ ਹੈ, ਤੈਸੀ=ਉਸੇ ਤਰ੍ਹਾਂ ਦੀ ਉਹ ਪੂਰਕੁ ਕਾ=ਪੂਰੀ ਕਰਨ ਵਾਲਾ ਹੈ ਅਤੇ ਉਹ ਸਾਰਿਆਂ ਘਟਾਂ ਦਾ ਮਾਲਕ ਹੈ।

ਨਾਨਕ ਪਿਆਸ ਲਗੀ ਦਰਸਨ ਕੀ
ਪ੍ਰਭੁ ਮਿਲਿਆ ਅੰਤਰਜਾਮੀ॥ ੪ ॥ ੫ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਦਰਸ਼ਨਾਂ ਦੀ ਪਿਆਸ=ਤਰੇਹ (ਇੱਛਾ) ਅਸਾਨੂੰ ਲੱਗ ਰਹੀ ਹੈ, ਏਸੇ ਕਰਕੇ ਅੰਤਰਜਾਮੀ ਪ੍ਰਭੂ ਅਸਾਨੂੰ ਆ ਕੇ ਮਿਲਿਆ ਹੈ॥ ੪ ॥ ੫ ॥ ੧੬ ॥

ਸੋਰਠਿ ਮਹਲਾ ੫ ॥

ਇਸ ਸ਼ਬਦ ਵਿਚ ਆਪਣੇ ਔਗੁਣ ਤੇ ਪ੍ਰਭੂ ਦੇ ਗੁਣਾਂ ਦਾ ਵਰਨਨ ਕਰਦੇ ਹੋਏ ਸਨਮੁਖ ਬੇਨਤੀ ਕਰਦੇ ਹਨ। ਰਹਾਉ ਦੀ ਤੁਕ ਦਾ ਅਰਥ ਪਹਿਲੇ ਕਰਨਾ-''ਮਾਧੋ ਹਮ ਐਸੇ ਤੂ ਐਸਾ॥''

ਹੇ ਮਾਧੋ ! ਅਸੀਂ ਇਸ ਤਰ੍ਹਾਂ ਦੇ ਹਾਂ ਤੇ ਤੂੰ ਐਸਾ ਹੈਂ:-

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ॥

ਹੇ ਕਰਤੇ ਪੁਰਖ ! ਅਸੀਂ ਪਾਪਾਂ ਕਰਕੇ ਮੈਲੇ ਹਾਂ, ਆਪ ਪਾਪਾਂ ਤੋਂ ਰਹਿਤ ਹੋਣ ਕਰਕੇ ਉੱਜਲ ਹੋ, ਅਸੀਂ ਨਿਰਗੁਨ=ਸ਼ੁਭ-ਗੁਣਾਂ ਤੋਂ ਰਹਿਤ ਹਾਂ, ਅਤੇ ਆਪ ਸ਼ੁਭ-ਗੁਣਾਂ ਦੇ ਦਾਤੇ ਹੋ।

ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥ ੧ ॥

ਅਸੀਂ ਮੂਰਖ ਹਾਂ, ਤੁਸੀਂ ਸਿਆਣੇ ਤੇ ਚਤੁਰ ਹੋ, ਅਤੇ ਤੂੰ ਸਾਰੀਆਂ ਕਲਾ=ਵਿੱਦਿਆ ਦਾ,
ਅਥਵਾ :- ਸ਼ਕਤੀਆਂ ਦਾ ਗਿਆਤਾ=ਜਾਨਣ ਵਾਲਾ ਹੈਂ॥ ੧ ॥

ਮਾਧੋ ਹਮ ਐਸੇ ਤੂ ਐਸਾ ॥

ਹੇ ਮਾਧੋ=ਮਾਇਆ-ਪਤੀ ਪਰਮਾਤਮਾ ! ਅਸੀਂ ਇਸ ਤਰ੍ਹਾਂ ਦੇ ਬੁਰੇ ਹਾਂ, ਅਤੇ ਤੂੰ ਇਸ ਤਰ੍ਹਾਂ ਦਾ ਚੰਗਾ ਹੈਂ।

ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ ਰਹਾਉ ॥

ਅਸੀਂ ਪਾਪੀ ਹਾਂ ਆਪ ਪਾਪਾਂ ਦੇ ਖੰਡਨ=ਨਾਸ ਕਰਨ ਵਾਲੇ ਹੋ! ਅਤੇ ਸਾਰਿਆਂ ਦੇਸਾਂ ਦਾ ਤੂੰ ਨੀਕੋ=ਚੰਗਾ ਠਾਕੁਰ ਹੈਂ। ਅਥਵਾ:-ਹੇ ਠਾਕੁਰ ! ਆਪ ਜੀ ਦੇ ਦੇਸਾ=ਅੰਗ ਸਭ ਤੋਂ ਚੰਗੇ ਹਨ,

ਅਥਵਾ:-ਹੇ ਠਾਕੁਰ ! ਆਪ ਜੀ ਦਾ ਦੇਸਾ=ਸਤਸੰਗ, ਵਾ:-ਸਰੂਪ ਸਭ ਤੋਂ ਚੰਗਾ ਹੈ॥ ਰਹਾਉ॥

ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ ॥

ਤੁਸਾਂ ਨੇ ਸਾਰੇ ਜੀਵ ਬਣਾਏ ਹਨ, ਸਾਜਿ=ਬਣਾਕੇ ਨਿਵਾਜੇ=ਵਡਿਆਏ ਹਨ, ਅਤੇ ਫਿਰ ਇਨ੍ਹਾਂ ਨੂੰ ਦੇਹ ਤੇ ਪ੍ਰਾਣ ਦਿੱਤੇ ਹਨ। ਅਥਵਾ:-ਤੁਸਾਂ ਨੇ ਪੰਜਾਂ ਤੱਤਾਂ ਨੂੰ ਸਾਜਕੇ ਫਿਰ ਪਿੰਡੁ=ਸਰੀਰਾਂ ਨੂੰ ਸਾਜ ਕੇ ਵਡਿਆਇਆ ਹੈ, ਏਸੇ ਵਿਚ ਜੀਅ ਤੇ ਪ੍ਰਾਣ ਦਿੱਤੇ ਹਨ।

ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥ ੨ ॥

ਅਸੀਂ ਸ਼ੁਭ-ਗੁਣਾਂ ਤੋਂ ਰਹਿਤ ਹਾਂ ਅਸਾਡੇ ਵਿਚ ਕੋਈ ਭੀ ਗੁਣ ਨਹੀਂ ਹੈ, ਤੁਸੀਂ ਮੇਹਰਵਾਨ ਹੋ ਕੇ ਸਭਨਾਂ ਨੂੰ ਦਾਨ ਦੇਂਦੇ ਹੋ॥ ੨॥

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ ॥

ਤੁਸੀਂ ਅਸਾਡਾ ਭਲਾ ਕਰਦੇ ਹੋ, ਪਰ ਅਸੀਂ ਤੁਹਾਡੇ ਕੀਤੇ ਹੋਏ ਭਲੇ ਨੂੰ ਜਾਣਦੇ ਨਹੀਂ ਹਾਂ, ਹੇ ਸਦਾ-ਨਿੱਤ ਸਰੂਪ ਪ੍ਰਭੂ ! ਆਪ ਸਦਾ ਹੀ ਦਿਆਲੂ ਰਹਿੰਦੇ ਹੋ।

ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ ॥ ੩ ॥

ਹੇ ਬਿਧਾਤੇ ਪੁਰਖ=ਫਲ-ਬਰ ਦਾਤੇ ਪ੍ਰਭੂ ! ਆਪ ਸੁਖਾਂ ਦੇ ਦਾਤੇ ਹੋ, ਅਤੇ ਤੁਸੀਂ ਆਪਣੇ ਬਾਲਾ=ਬਾਲਕ ਜਾਣ ਕੇ ਅਸਾਨੂੰ ਰਾਖਹੁ=ਰੱਖਦੇ ਹੋ॥ ੩॥

ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ ॥

ਹੇ ਸੁਲਿਤਾਨ=ਚੱਕ੍ਰਵਰਤੀ ਪਾਤਿਸ਼ਾਹ (ਪਰਮਾਤਮਾ)! ਆਪ ਅਟੱਲ ਖਜ਼ਾਨਿਆਂ ਦੇ ਮਾਲਕ ਹੋ ਜਿਤਨੇ ਕੁ ਜੀਆ ਜੰਤ ਹਨ ਸਭ ਆਪ ਜੀ ਦੇ ਪਾਸੋਂ ਜਾਚੈ=ਮੰਗਦੇ ਹਨ।

ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥ ੪ ॥ ੬ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ. ਅਸਾਡਾ ਤਾਂ ਇਹ ਹਵਾਲਾ=ਹਾਲ ਹੈ, ਸੰਤਾਂ ਦੇ ਪਿੱਛੇ ਅਸਾਨੂੰ ਭੀ ਰੱਖ ਲਵੋ॥ ੪॥ ੬॥ ੧੭॥

ਸੋਰਠਿ ਮਹਲਾ ੫ ਘਰੁ ੨ ॥

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥

ਮਾਂ ਦੇ ਗਰਭ ਵਿਚ ਬੈਠੇ ਹੋਏ ਬੱਚੇ ਨੂੰ ਆਪਣਾ ਸਿਮਰਨ ਦੇ ਕੇ ਓਥੇ ਤੁਸੀਂ ਹੀ ਰਾਖਨਹਾਰੇ=ਰੱਖਿਆ ਕਰਨ ਵਾਲੇ ਹੋ।

ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥ ੧ ॥

ਤ੍ਰਿਸ਼ਨਾਂ ਰੂਪੀ ਪਾਵਕ=ਅੱਗ ਦੇ ਸਾਗਰ=ਸਮੁੰਦਰ (ਸੰਸਾਰ) ਵਿਚ ਰਾਗ ਦ੍ਵੈਸ਼ ਰੂਪੀ ਅਥਾਹ=ਬੇਅੰਤ ਲਹਰਿ=ਲਹਿਰਾਂ ਉੱਠ ਰਹੀਆਂ ਹਨ, ਤੇ ਤਾਰਨਹਾਰ ਪ੍ਰਭੂ ! ਆਪ ਅਸਾਨੂੰ ਤਾਰਨਾ ਕਰੋ ॥ ੧ ॥

ਮਾਧੌ ਤੂ ਠਾਕੁਰੁ ਸਿਰਿ ਮੋਰਾ ॥ ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥

ਹੇ ਮਾਧੌ=ਮਾਇਆ-ਪਤੀ (ਪਰਮਾਤਮਾ) ! ਤੂੰ ਸਭ ਦਾ ਸੁਆਮੀ ਹੈਂ ਤੇ ਸਾਰਿਆਂ ਦਾ ਸਿਰਿ ਮੋਰਾ=ਸ਼ਰੋਮਣੀ ਹੈਂ। ਅਥਵਾ:-ਹੇ ਮਾਧੌ ! ਤੂੰ ਮੇਰੇ ਸਿਰ ਦਾ ਠਾਕੁਰੁ=ਸੁਆਮੀ ਹੈਂ। ਮੈਨੂੰ ਈਹਾ=ਇਸ ਲੋਕ ਵਿਚ ਊਹਾ=ਪ੍ਰਲੋਕ ਵਿਚ ਆਪ ਜੀ ਦਾ ਹੀ ਧੋਰਾ=ਆਸਰਾ ਹੈ॥ ਰਹਾਉ ॥

ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥

ਤੇਰੇ ਪੈਦਾ ਕੀਤੇ ਪਦਾਰਥਾਂ ਨੂੰ ਮੇਰੈ ਸੰਮਾਨੈ=ਸੁਮੇਰ ਪ੍ਰਬਤ ਦੇ ਸਮਾਨ ਮੰਨਦਾ ਹੈ, ਅਤੇ ਹੇ ਕਰਣਹਾਰ ਪ੍ਰਭੂ ! ਆਪ ਜੀ ਨੂੰ ਤ੍ਰਿਣੁ=ਕੱਖ ਵਰਗਾ ਹੌਲਾ ਭਾਵ ਤੁੱਛ ਜਾਣਦਾ ਹੈ।

ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥ ੨ ॥

ਇੱਕ ਤੂੰਹੀਂ ਦਾਤਾ ਹੈਂ, ਤੇ ਮੰਗਣੇ ਨੂੰ ਸਾਰੀ ਦੁਨੀਆਂ ਖੜੋਤੀ ਹੈ, ਹੇ ਪ੍ਰਭੂ ! ਤੂੰ ਆਪਣੇ ਭਾਨੈ=ਹੁਕਮ ਵਿਚ ਹੀ, ਅਥਵਾ:-ਆਪਣੀ ਮਰਜ਼ੀ ਅਨੁਸਾਰ ਹੀ ਦਾਨ ਦੇਂਦਾ ਹੈਂ॥ ੨ ॥

ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥

ਇੱਕ ਖਿਨ ਵਿਚ ਤੂੰ ਅਵਰੁ=ਹੋਰ ਹੁੰਦਾ ਹੈਂ, ਅਤੇ ਦੂਜੀ ਖਿਨ ਵਿਚ ਹੋਰ ਤਰ੍ਹਾਂ ਦਾ ਹੋ ਜਾਂਦਾ ਹੈਂ, ਅਥਵਾ:-ਇੱਕ ਖਿਨ ਵਿਚ ਕੁਝ ਹੋਰ ਹੁੰਦਾ ਹੈਂ, ਅਤੇ ਦੂਜੀ ਖਿਨ ਵਿਚ ਕੁਝ ਹੋਰ ਹੋ ਜਾਂਦਾ ਹੈਂ, ਏਹ ਆਪ ਜੀ ਦੇ ਅਸਚਰਜ ਕੌਤਕ ਹਨ।

ਯਥਾ:- ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ *(ਮਾਝ ਦੀ ਵਾਰ, ਪੰਨਾ ੧੪੪)*

ਤਥਾ:- ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥ ੧ ॥ *(ਪੰਨਾ ੫੩੭)*

(ਪੰਨਾ ੬੧੪) ਰੂੜੋ ਗੂੜੋ ਗਹਿਰ ਗੰਭੀਰੋ ਊਚੋ ਅਗਮ ਅਪਾਰੇ ॥ ੩ ॥

ਹੇ ਅਗਮ ਅਪਾਰ ਪ੍ਰਭੂ ! ਆਪ ਰੂੜੋ=ਸੁੰਦਰ ਹੋ, ਗੂੜੋ=ਗੁਜ, ਵਾ ਗੁਹਜ ਭਾਵ ਵਾਲੇ ਹੋ, ਗਹਿਰ=ਡੂੰਘੇ, ਗੰਭੀਰੋ=ਨਿਰਹੱਲ, ਅਤੇ ਸਾਰਿਆਂ ਤੋਂ ਉੱਚੇ ਹੋ ॥ ੩ ॥

ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥

ਜਦ ਤੁਸਾਂ ਨੇ ਮੈਨੂੰ ਸਤਸੰਗ ਵਿਚ ਮਿਲਾਇਆ ਤਦ ਹੀ ਮੈਂ ਆਪ ਜੀ ਦੀ ਰਾਮ ਨਾਮ ਬਾਣੀ ਸੁਣੀ ਹੈ।

ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥ ੪ ॥ ੭ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ, ਹੇ ਨਿਰਬਾਣੀ=ਨਿਰਬੰਧ ਪੁਰਖ ! ਆਪ ਜੀ ਦਾ ਪ੍ਰਤਾਪ ਵੇਖਦਿਆਂ ਹੀ ਮੈਂ ਅਨੰਦ ਹੋ ਗਿਆ ਹਾਂ ॥ ੪ ॥ ੭ ॥ ੧੮ ॥

ਸੋਰਠਿ ਮਹਲਾ ੫ ॥ ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥

ਹੇ ਪਿਆਰੇ ! ਅਸਾਂ ਨੇ ਸੰਤਾਂ ਦੀ ਚਰਨ ਧੂੜ ਗ੍ਰਹਿਣ ਕੀਤੀ ਹੈ, ਅਸੀਂ ਸੰਤਾਂ ਦੀ ਸ਼ਰਨ ਪਏ ਹਾਂ।

ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥ ੧ ॥

ਸੰਤ ਹੀ ਅਸਾਡੀ ਬਲ ਵਾਲੀ ਓਟ ਹੈ, ਸੰਤ ਹੀ ਅਸਾਡਾ ਗਹਿਣਾ ਹਨ, ਜਿਵੇਂ ਗਹਿਣੇ ਪਾਉਣ ਕਰਕੇ ਸੋਭਾ ਹੁੰਦੀ ਹੈ ਤਿਵੇਂ ਸੰਤਾਂ ਦੇ ਸੰਗ ਕਰਕੇ ਅਸਾਡੀ ਸੋਭਾ ਹੈ। ਅਥਵਾ:-ਸੰਤ ਹੀ ਅਸਾਡਾ ਗਹਣਾ=ਆਸਰਾ ਰੂਪ ਹਨ ॥ ੧ ॥

ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥

ਅਸਾਡੀ ਸੰਤਾਂ ਨਾਲ ਪ੍ਰੀਤੀ ਬਣ ਆਈ ਹੈ। ਪੂਰਬਲਿਆਂ ਕਰਮਾਂ ਦੇ ਲਿਖੇ ਅਨੁਸਾਰ ਸੰਤਾਂ ਦੀ ਸੰਗਤ ਕਰਨੀ ਪਾਈ ਹੈ।

ਇਹੁ ਮਨੁ ਤੇਰਾ ਭਾਈ ॥ ਰਹਾਉ ॥

ਹੇ ਭਾਈ ! ਮੇਰਾ ਇਹ ਮਨ ਤੇਰਾ ਦਾਸ ਹੈ। ਅਥਵਾ:-ਇਸ ਪ੍ਰਕਾਰ ਜੇਕਰ ਤੇਰਾ ਮਨ ਵੀ ਸੰਤਾਂ ਨਾਲ ਭਾਈ=ਪ੍ਰੇਮ ਕਰੇਗਾ ਤਾਂ ਅੱਚੁਤ ਸੁਖ ਹੋਵੇਗਾ ॥ ਰਹਾਉ ॥

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥

ਸੰਤਾਂ ਦੇ ਨਾਲ ਹੀ ਮੇਰਾ ਲੇਵਾ ਦੇਵੀ=ਲੈਣਾ ਦੇਣਾ ਹੈ, ਅਤੇ ਸੰਤਾਂ ਨਾਲ ਹੀ ਵਿਹਾਰ ਹੈ।

ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥ ੨ ॥

ਸੰਤਾਂ ਦੇ ਨਾਲ ਮਿਲ ਕੇ ਅਸਾਂ ਨੇ ਪਰਮੇਸ਼ਰ ਦੀ ਪ੍ਰਾਪਤੀ ਰੂਪ ਲਾਭ ਨੂੰ ਖੱਟਿਆ ਹੈ, ਕਿਉਂਕਿ ਸੰਤਾਂ ਦੇ ਅੰਤਹਕਰਨ ਹਰੀ ਦੇ ਭਗਤੀ ਰੂਪ ਭੰਡਾਰੇ ਨਾਲ ਭਰੇ ਹੋਏ ਹਨ ॥ ੨ ॥

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥

ਸੰਤਾਂ ਨੇ ਮੈਨੂੰ ਸ਼ਰਧਾ, ਵਾ:-ਨਾਮ ਰੂਪ ਪੂੰਜੀ ਸੌਂਪੀ ਹੈ, ਤਦੇ ਹੀ ਮਨ ਦਾ ਧੋਖਾ=ਸੰਸਾ ਉਤਰ ਗਿਆ ਹੈ।

ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥ ੩ ॥

ਹੁਣ ਧਰਮ ਰਾਜਾ ਅਸਾਡਾ ਕੀ ਕਰੇਗਾ, ਜਦ ਕਿ ਹਿਸਾਬ ਦਾ ਸਾਰਾ ਲੇਖਾ=ਚਿੱਠਾ ਹੀ ਫਾਟਿਓ=ਪਾਟ ਗਿਆ ਹੈ॥ ੩ ॥

ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥

ਜਿਸ ਵੇਲੇ ਸੰਤਾਂ ਦੇ ਲੰਗਰ ਵਿਚੋਂ ਪ੍ਰਸ਼ਾਦੇ ਛਕ ਕੇ ਸੁਖ ਪਾਇਆ ਤਾਂ ਮਹਾ=ਬੜੇ ਅਨੰਦ ਦੇ ਸਹਿਤ ਹੋਏ। ਅਥਵਾ:-ਸੰਤਾਂ ਦੇ ਪਰਸਾਦੇ=ਅਨੁਗ੍ਰਹੁ ਕਰਕੇ ਬੜੇ ਅਨੰਦ ਹੋਏ ਹਾਂ ਅਤੇ ਆਤਮ-ਸੁਖ ਪਾਇਆ ਹੈ।

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪ ॥੮ ॥੧੯ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਲ ਮਨ ਮੰਨਿਆ ਗਿਆ ਹੈ, ਅਤੇ ਬਿਸਮਾਦੇ=ਅਸਚਰਜ ਰੂਪ ਪਰਮਾਤਮਾ ਦੇ ਰੰਗਿ=ਪ੍ਰੇਮ, ਵਾ:-ਅਨੰਦ ਵਿਚ ਰਤੇ=ਰੰਗੇ ਗਏ ਹਾਂ॥ ੪ ॥ ੮ ॥ ੧੯ ॥

ਸੋਰਠਿ ਮ: ੫ ॥ ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥

ਰੇ ਨਰ=ਹੇ ਪੁਰਸ਼ਾ ! ਸੰਸਾਰ ਦੀ ਜਿੰਨੀ ਕੁ ਸਮਗ੍ਰੀ ਵੇਖਦਾ ਹੈਂ, ਤੇਤੀ=ਉਤਨੀ ਸਾਰੀ ਦੀ ਸਾਰੀ ਹੀ ਛੱਡ ਜਾਣੀ ਹੈ।

ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ ॥ ੧ ॥

ਭਾਂਤੇ ਤੂੰ ਰਾਮ ਦੇ ਨਾਮ ਨਾਲ ਵਿਹਾਰ ਕਰ, ਤਦ ਨਿਰਬਾਨੀ=ਮੁਕਤੀ-ਪਦ ਨੂੰ ਪਾਵਹਿ=ਪਾਵੇਂਗਾ॥ ੧ ॥

ਪਿਆਰੇ ਤੂ ਮੇਰੋ ਸੁਖਦਾਤਾ ॥

ਹੇ ਪਿਆਰੇ ਪ੍ਰਭੂ ! ਤੂੰਹੀਂ ਮੈਨੂੰ ਸੁਖਾਂ ਦੇ ਦੇਣ ਵਾਲਾ ਹੈਂ।

ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ ਪਰਾਤਾ ॥ ਰਹਾਉ ॥

ਪੂਰਿਆਂ ਗੁਰਾਂ ਨੇ ਮੈਨੂੰ ਉਪਦੇਸ਼ ਦਿੱਤਾ ਹੈ, ਇਸ ਕਰਕੇ ਮੈਂ ਆਪ ਜੀ ਨੂੰ ਆਪਣਾ ਸੰਗੀ ਪਰਾੜਾ=ਪਛਾਣਿਆਂ ਹੈ॥ ਰਹਾਉ॥

ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥

ਜੋ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿਕ ਦੁਸ਼ਮਨ ਹਨ, ਤਿਨ੍ਹਾਂ ਵਿਚੋਂ ਸੁਖ ਪ੍ਰਾਪਤ ਨਹੀਂ ਹੁੰਦਾ॥

ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥ ੨ ॥

ਹੇ ਮੇਰੇ ਮਨ ! ਤੂੰ ਸਾਧਿਆ ਦੇ ਚਰਨਾਂ ਦੀ ਧੂੜ ਹੋ ਜਾ, ਤਾਂ ਅਨੰਦ ਰੂਪ ਜੋ ਪ੍ਰਭੂ ਹੈ ਮੰਗਲਾਂ ਦੇ ਕਰਨ ਵਾਲਾ ਉਸ ਦੇ ਸੁਖ ਨੂੰ ਪਾਵੇਂਗਾ। ਅਥਵਾ:-ਅਨੰਦ-ਦਾਇਕ ਮੰਗਲਾਂ ਨੂੰ ਅਤੇ ਸੁਖੁ ਨੂੰ ਪਾਏਗਾ॥ ੨ ॥

ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾ ਕੀ ਕਰਿ ਮਨ ਸੇਵਾ ॥

ਜੋ ਪ੍ਰਭੂ ਕਿਸੇ ਦੀ ਕੀਤੀ ਹੋਈ ਘਾਲ=ਕਮਾਈ ਨੂੰ ਭਾਨੈ=ਭੰਨਦਾ ਨਹੀਂ ਹੈ, ਅਤੇ ਅੰਦਰ ਦੀ ਬਿਧਿ=ਹਾਲਤ ਨੂੰ ਜਾਣਦਾ ਹੈ, ਹੇ ਮਨ ! ਤੂੰ ਉਸ ਦੀ ਸੇਵਾ ਕਰ।

ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥ ੩ ॥

ਉਸ ਪ੍ਰਭੂ ਦੀ ਪੂਜਾ ਕਰ, ਅਤੇ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਇਸ ਮਨ ਨੂੰ ਹੋਮਿ=ਹਵਨ ਕਰ ਦੇ, ਭਾਵ ਦੇਹ ਅਧਿਆਸ ਤਿਆਗ ਦੇ, ਉਹ ਪ੍ਰਭੂ ਅਕਾਲ ਸਰੂਪ ਹੈ, ਗੁਰ=ਪੂਜਨੀਕ ਹੈ, ਅਤੇ ਦੇਵਾ=ਪ੍ਰਕਾਸ਼ ਰੂਪ ਹੈ। ਅਥਵਾ:-ਜੋ ਗੁਰਦੇਵ ਅਕਾਲ ਸਰੂਪ ਹਨ ਉਨ੍ਹਾਂ ਦੀ ਪੂਜਾ ਕਰ, ਅਤੇ ਉਨ੍ਹਾਂ ਦੇ ਸੇਵਾ ਰੂਪ ਅੱਗ ਵਿਚ ਇਸ ਮਨ ਨੂੰ ਹਵਨ ਕਰ ਦੇਹ॥ ੩ ॥

ਗੋਬਿਦ ਦਾਮੋਦਰ ਦਇਆਲ ਮਾਧਵੇ ਪਾਰਬ੍ਰਹਮ ਨਿਰੰਕਾਰਾ ॥

ਗੋਬਿੰਦ ਗੋਬਿੰਦ, ਦਾਮੋਦਰ ਦਾਮੋਦਰ, ਦਿਆਲ੍ਹ ਦਿਆਲ੍ਹ, ਮਾਧਵ ਮਾਧਵ, ਪਾਰਬ੍ਰਹਮ ਪਾਰਬ੍ਰਹਮ, ਨਿਰੰਕਾਰ ਵਾਹਿਗੁਰੂ।

ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ ॥੪ ॥੯ ॥੨੦ ॥

ਇਤ ਆਦਿਕ ਨਾਮਾਂ ਦਾ ਸਿਮਰਨ ਹੀ ਵਰਤਨ ਬਣਾਓ, ਨਾਮ ਨੂੰ ਹੀ ਘਰ ਦਾ ਵਾਲੇਵਾ=ਵਸਤ ਵਲੇਵਾ (ਪਦਾਰਥ) ਸਮਝੋ!

ਗੁਰੂ ਜੀ ਕਥਨ ਕਰਦੇ ਹਨ, ਨਾਮ ਨੂੰ ਹੀ ਪ੍ਰਾਣਾਂ ਦਾ ਅਧਾਰਾ=ਆਸਰਾ ਨਿਸਚੇ ਕਰ॥ ੪ ॥ ੯ ॥ ੨੦ ॥

ਸੋਰਠਿ ਮਹਲਾ ੫ ॥

ਰਹਾਉ ਦੀ ਤੁਕ ਤੋਂ ਅਰਥ ਕਰਨਾ, "ਪੂਰੇ ਗੁਰ ਕੀ ਦੇਖੁ ਵਡਾਈ ॥":-

ਹੇ ਪੁਰਸ਼ਾ ਤੂੰ ਪੂਰਿਆਂ ਗੁਰਾਂ ਦੀ ਵਡਿਆਈ ਨੂੰ ਵੇਖਣਾ ਕਰ।

ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥

ਗੁਰਾਂ ਨੇ ਵਿੱਛੁੜੇ ਹੋਏ ਜੀਵ ਨੂੰ ਆਨਿ=ਲਿਆਕੇ ਜਿਹੜਾ ਪ੍ਰਭੂ ਨਾਲ ਮਿਲਾਇਆ ਹੈ, ਏਹੀ ਇੱਕ ਮੁਰਦੇ ਸਰੀਰ ਵਿਚ ਸ੍ਵਾਸਾਂ ਨੂੰ ਪਾਇਆ ਹੈ।

ਪਸੂ ਪਰੇਤ ਮੁਗਧ ਭਏ ਸੂਤੇ ਹਰਿ ਨਾਮਾ ਮੁਖਿ ਗਾਇਆ ॥ ੧ ॥

ਜੋ ਪਹਿਲੇ ਪਸੂਆਂ ਪ੍ਰੇਤਾਂ ਵਾਗੂੰ ਮੁਗਧ=ਮੂਰਖ ਸਨ, ਉਹ ਜਿਸ ਵੇਲੇ ਗੁਰ-ਉਪਦੇਸ਼ ਦੇ ਸੂੱਤੇ ਭਏ=ਹੋਏ, ਤਾਂ ਉਨ੍ਹਾਂ ਨੇ ਮੂੰਹ ਨਾਲ ਹਰਿ ਹਰਿ ਨਾਮਾਂ ਨੂੰ ਗਾਉਣਾ ਕੀਤਾ॥ ੧ ॥

ਪੂਰੇ ਗੁਰ ਕੀ ਦੇਖੁ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥

ਹੇ ਭਾਈ ! ਤੂੰ ਪੂਰਿਆਂ ਗੁਰਾਂ ਦੀ ਵਡਿਆਈ ਨੂੰ ਵੇਖਣਾ ਕਰ। ਉਨ੍ਹਾਂ ਦੀ ਕੀਮਤ ਕੁਝ ਕਹੀ ਨਹੀਂ ਜਾਂਦੀ॥ ਰਹਾਉ ॥

ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ ॥

ਗੁਰਾਂ ਦੀ ਕਿਰਪਾ ਨਾਲ ਦੁੱਖਾਂ ਤੇ ਸੋਗਾਂ ਦਾ ਡੇਰਾ=ਅਗਿਆਨ ਢਾਹ ਦਿੱਤਾ ਹੈ, ਭਾਵ ਦੂਰ ਕਰ ਦਿੱਤਾ ਹੈ, ਅਤੇ ਅਨੰਦ ਰੂਪ ਜੋ ਪ੍ਰਭੂ ਹੈ ਮੰਗਲਾਂ ਦੇ ਕਰਨ ਵਾਲਾ ਉਸ ਵਿਚ ਬਿਸਰਾਮਾ=ਇਸਥਿਤੀ ਕੀਤੀ ਹੈ।

ਮਨ ਬਾਂਛਤ ਫਲ ਮਿਲੇ ਅਚਿੰਤਾ ਪੂਰਨ ਹੋਏ ਕਾਮਾ ॥ ੨ ॥

ਅਚਿੰਤਾ=ਅਚਾਨਕ ਭਾਵ ਆਪਣੇ ਆਪ ਹੀ ਮਨ-ਇੱਛਤ ਫਲ ਮਿਲ ਗਏ ਹਨ, ਅਤੇ ਸਾਰੇ ਕੰਮ ਪੂਰੇ ਹੋ ਗਏ ਹਨ॥ ੨ ॥

ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥

ਈਹਾ=ਇਸ ਲੋਕ ਵਿਚ ਸੁਖ, ਅਤੇ ਆਗੈ=ਪ੍ਰਲੋਕ ਵਿਚ ਮੂੰਹ ਉੱਜਲਾ ਹੋਵੇਗਾ, ਅਤੇ ਜਨਮ ਮਰਨ ਦੇ ਦੁੱਖ ਮਿਟ ਗਏ ਹਨ।

ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥ ੩ ॥

ਆਪਣੇ ਸਤਿਗੁਰਾਂ ਦੇ ਮਨ ਵਿਚ ਭਾ ਗਏ ਹਾਂ, ਹਿਰਦੇ ਵਿਚ ਨਾਮ ਵੱਸ ਗਿਆ ਹੈ, ਏਸੇ ਕਰਕੇ ਜਮਾਂ ਦੇ ਡਰ ਤੋਂ ਰਹਿਤ ਹੋ ਗਏ ਹਾਂ॥ ੩ ॥

ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ ॥

ਉਠਦਿਆਂ ਬਹਿੰਦਿਆਂ ਹਰੀ ਦੇ ਗੁਣ ਗਾਉਂਦੇ ਹਾਂ, ਏਸੇ ਕਰਕੇ ਦੁਖ-ਜਨ-ਦਰਦ ਅਤੇ ਭਰਮ ਭਾਗਾ=ਭੱਜ ਗਿਆ ਹੈ।

ਕਹੁ ਨਾਨਕ ਤਾ ਕੇ ਪੂਰ ਕਰੰਮਾ ਜਾ ਕਾ ਗੁਰ ਚਰਨੀ ਮਨੁ ਲਾਗਾ ॥੪ ॥੧੦ ॥੨੧ ॥

ਗੁਰੂ ਜੀ ਕਥਨ ਕਰਦੇ ਹਨ ਉਸ ਦੇ ਕਰਮ ਪੂਰਨ ਹਨ, ਜਿਸ ਦਾ ਮਨ ਗੁਰੂ ਦੇ ਚਰਨਾਂ ਨਾਲ ਲੱਗ ਗਿਆ ਹੈ॥ ੪ ॥ ੧੦ ॥ ੨੧ ॥

(ਪੰਨਾ ੬੧੫) ਸੋਰਠਿ ਮਹਲਾ ੫ ॥

ਰਤਨੁ ਛਾਡਿ ਕਉਡੀ ਸੰਗਿ ਲਾਗੇ ਜਾ ਤੇ ਕਛੂ ਨ ਪਾਈਐ ॥

ਇਹ ਜੀਵ ਰਤਨ ਰੂਪ ਪ੍ਰਭੂ ਦੇ ਨਾਮ ਨੂੰ ਛੱਡ ਕੇ ਕਉਡੀ=ਤੁੱਛ ਮਾਇਆ ਦੇ ਨਾਲ, ਅਥਵਾ:-ਵਿਸ਼ਿਆਂ ਦੇ ਨਾਲ ਲੱਗ ਰਹੇ ਹਨ, ਜਿਸ ਕਰਕੇ ਕੁਝ ਸੁਖ ਪ੍ਰਾਪਤ ਨਹੀਂ ਹੁੰਦਾ।

ਪੂਰਨ ਪਾਰਬ੍ਰਹਮ ਪਰਮੇਸੁਰ ਮੇਰੇ ਮਨ ਸਦਾ ਧਿਆਈਐ ॥ ੧ ॥

ਹੇ ਮੇਰੇ ਮਨ ! ਸਾਰਿਆਂ ਵਿਚ ਪੂਰਨ ਜੋ ਪਾਰਬ੍ਰਹਮ ਪਰਮੇਸ਼ਰ ਹੈ, ਉਸਨੂੰ ਤੂੰ ਸਦਾ ਧਿਆਉਣਾ ਕਰ ॥ ੧ ॥

ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥
ਬਿਨਸੈ ਕਾਚੀ ਦੇਹ ਅਗਿਆਨੀ ॥ ਰਹਾਉ ॥

ਹੇ ਪ੍ਰਾਣੀ ! ਪਰਾਨੀ=ਪਛਾਣਕੇ ਹਰਿ ਹਰਿ ਨਾਮ ਨੂੰ ਸਿਮਰਨਾ ਕਰੋ।

ਹੇ ਅਗਿਆਨੀ ! ਇਹ ਕਾਚੀ=ਕੱਚੀ ਦੇਹ ਖਿਨ ਵਿਚ ਹੀ ਨਾਸ ਹੋ ਜਾਣ ਵਾਲੀ ਹੈ॥ ਰਹਾਉ॥

ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ॥

ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਂਗੂੰ ਅਤੇ ਸੁਪਨ, ਤੇ ਮਨੋਰਥ=ਮਨੋ-ਰਾਜ ਵਾਂਗੂੰ ਇਹ ਪਦਾਰਥ ਮਿੱਥਿਆ ਹਨ, ਇਸ ਕਰਕੇ ਤਿਸ ਮਾਇਆ ਦੀ ਕੁਝ ਵਡਿਆਈ ਨਹੀਂ ਹੈ।

ਰਾਮ ਭਜਨ ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ॥ ੨॥

ਰਾਮ ਸਿਮਰਨ ਤੋਂ ਬਿਨਾਂ ਇਹ ਮਾਇਆ ਕਿਸੇ ਕੰਮ ਨਹੀਂ ਆਉਂਦੀ, ਇਹ ਮਾਇਆ ਕਿਸੀ ਦੇ ਨਾਲ ਭੀ ਨਹੀਂ ਜਾਂਦੀ॥ ੨॥

ਹਉ ਹਉ ਕਰਤ ਬਿਹਾਇ ਅਵਰਦਾ ਜੀਅ ਕੋ ਕਾਮੁ ਨ ਕੀਨਾ॥

ਹਉ ਹਉ=ਮੈਂ ਮੈਂ ਕਰਦਿਆਂ ਅਵਰਦਾ=ਉਮਰਾ ਐਵੇਂ ਬੀਤਦੀ ਜਾਂਦੀ ਹੈ, ਇਸ ਜੀਵ ਦਾ ਸਾਥੀ ਹੋਣ ਵਾਲਾ ਕੋਈ ਸ਼ੁਭ ਕੰਮ ਨਾ ਕੀਤਾ।

ਧਾਵਤ ਧਾਵਤ ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ॥ ੩॥

ਧਾਵਤ ਧਾਵਤ=ਦੌੜਦਿਆਂ ਦੌੜਦਿਆਂ, ਅਥਵਾ:-ਧਾਵਤ=ਧਾ ਜਾਣੇ ਵਾਲੀ ਜੋ ਮਾਇਆ ਹੈ, ਉਸ ਵਿਚ ਧਾਵਤ=ਦੌੜਦਿਆਂ ਮਨ ਰੱਜਿਆ ਨਹੀ; ਅਤੇ ਰਾਮ ਦਾ ਨਾਮ ਭੀ ਜਾਣਿਆ ਨਹੀਂ ਹੈ॥ ੩॥

ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ॥

ਵਿਸ਼ੇ ਵਿਕਾਰਾਂ ਦੇ ਸ੍ਵਾਦਾਂ ਵਿਚ ਰਸ=ਪ੍ਰੇਮ ਨਾਲ ਮਾਤੋ=ਮਸਤ ਹੋ ਕੇ ਅਸੰਖ=ਅਨਗਿਣਤ ਖਤੇ=ਗੁਨਾਹ ਕਰਦੇ ਫਿਰਦੇ ਹਾਂ।

ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ॥ ੪॥ ੧੧॥ ੨੨॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਦਾਸ ਦੀ ਆਪ ਜੀ ਪਾਹਿ=ਪਾਸ ਇਹ ਬੇਨਤੀ ਹੈ, ਕਿ ਆਪ ਮੇਰੇ ਔਗੁਣਾਂ ਨੂੰ ਕਾਟਹੁ=ਕੱਟ ਦਿਓ॥ ੪॥ ੧੧॥ ੨੨॥

ਸੋਰਠਿ ਮਹਲਾ ੫॥ ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ॥

ਮੈਂ ਪੂਰਨ ਅਬਿਨਾਸੀ ਦੇ ਗੁਣਾਂ ਨੂੰ ਗਾਂਵਦਾ ਹਾਂ, ਅਤੇ ਕਾਮ ਕ੍ਰੋਧ ਆਦਿਕ ਵਿਸ਼ਿਆਂ ਨੂੰ ਜਾਰੇ=ਸਾੜ ਦਿੱਤਾ ਹੈ।

ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ॥ ੧॥

ਮਹਾ ਬਿਖਮੁ=ਬੜੇ ਕਠਨ ਅੱਗ ਦੇ ਸਮੁੰਦਰ ਸੰਸਾਰ ਤੋਂ ਮੈਨੂੰ ਸੰਤਾਂ ਦੇ ਸੰਗ ਨੇ ਉਧਾਰ ਲਿਆ ਹੈ॥ ੧॥

ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ॥ ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ॥ ਰਹਾਉ॥

ਪੂਰਿਆਂ ਗੁਰਾਂ ਨੇ ਮੇਰੇ ਅੰਦਰੋਂ ਭਰਮ ਰੂਪ ਅਨ੍ਹੇਰਾ ਮੇਟਿਓ=ਦੂਰ ਕਰ ਦਿੱਤਾ ਹੈ।

ਪ੍ਰੇਮਾ ਭਗਤੀ ਭਜੁ=ਕਰਕੇ ਪ੍ਰਭੂ ਨੂੰ ਨੇੜੇ ਹੀ ਵੇਖ ਲਿਆ ਹੈ॥ ਰਹਾਉ॥

ਹਰਿ ਹਰਿ ਨਾਮੁ ਨਿਧਾਨ ਰਸੁ ਪੀਆ ਮਨ ਤਨ ਰਹੇ ਅਘਾਈ॥

ਨਿਧਾਨ=ਨਿੱਧੀਆਂ ਦਾ ਖਜ਼ਾਨਾ ਰੂਪ ਹਰਿ ਹਰਿ ਨਾਮ ਰਸ ਨੂੰ ਪੀਤਾ ਹੈ, ਹੁਣ ਤਾਂ ਮਨ ਤਨ ਕਰਕੇ ਤ੍ਰਿਪਤ ਹੋ ਰਹੇ ਹਾਂ।

ਜਤ ਕਤ ਪੂਰਿ ਰਹਿਓ ਪਰਮੇਸਰੁ ਕਤ ਆਵੈ ਕਤ ਜਾਈ॥ ੨ ॥

ਜਿੱਥੇ ਕਿੱਥੇ ਉਹ ਪਰਮੇਸ਼ਰ ਪੂਰਨ ਹੋ ਰਿਹਾ ਹੈ, ਜਦ ਉਸ ਨਾਲ ਮਿਲਾਪ ਹੋ ਗਿਆ, ਤਾਂ ਫਿਰ ਆਉਣਾ ਕਹਾਂ, ਤੇ ਜਾਈ=ਜਾਣਾ ਕਹਾਂ, ਭਾਵ=ਫਿਰ ਆਉਣਾ ਜਾਣਾ ਕੋਈ ਨਹੀਂ॥ ੨॥

ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ॥

ਜਿਸ ਦੇ ਮਨ ਵਿਚ ਗੋਪਾਲ ਵਸਦਾ ਹੈ, ਓਹੀ ਜਪ, ਤਪ, ਸੰਜਮ ਦੇ ਸਹਿਤ ਤਤ-ਗਿਆਨ ਦੇ ਬੇਤਾ=ਜਾਣਨ ਵਾਲਾ ਹੈ।

ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ॥ ੩ ॥

ਜਿਨ੍ਹਾਂ ਗੁਰਮੁਖਾਂ ਨੇ ਮੁਖੀ ਗੁਰਾਂ ਤੋਂ ਨਾਮ ਰੂਪ ਰਤਨ ਪਾਇਆ ਹੈ, ਉਨ੍ਹਾਂ ਦੀ ਘਾਲ ਕਮਾਈ ਪੂਰਨ ਹੋਈ ਹੈ॥ ੩॥

ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ॥

ਕਲਪਨਾ, ਕਲੇਸ਼ ਤੇ ਸਾਰੇ ਦੁੱਖ ਮਿਟ ਗਏ ਹਨ, ਅਤੇ ਜਮਾਂ ਦੀ ਫਾਹੀ ਭੀ ਕੱਟੀ ਗਈ ਹੈ।

ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ॥੪ ॥੧੨ ॥੨੩ ॥

ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ=ਕੀਤੀ ਹੈ, ਇਸ ਕਰਕੇ ਮਨ ਤਨ ਆਦਿਕ ਸਭ ਬਿਗਾਸਾ=ਪ੍ਰਸੰਨਤਾ ਦੇ ਸਹਿਤ ਹੋ ਗਏ ਹਨ॥ ੪॥ ੧੨॥ ੨੩॥

ਸੋਰਠਿ ਮਹਲਾ ੫॥

ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ॥

ਜੋ ਕਰਨੇ ਤੇ ਕਰਾਉਣ ਵਾਲਾ ਪ੍ਰਭੂ ਸਮਰੱਥ ਦਾਤਾ ਹੈ, ਉਹ ਪਾਰਬ੍ਰਹਮ ਪ੍ਰਭੂ ਹੀ ਮੇਰਾ ਸ੍ਵਾਮੀ ਹੈ।

ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ॥ ੧ ॥

ਉਸ ਦਿਆਲੂ ਪ੍ਰਭੂ ਨੇ ਸਾਰੇ ਜੀਵ ਪੈਦਾ ਕੀਤੇ ਹਨ। ਅਥਵਾ:-ਉਸ ਪ੍ਰਭੂ ਅੰਤਰਜਾਮੀ ਨੇ ਸਾਰੇ ਜੀਵ ਅਸਾਡੇ ਉੱਪਰ ਦਿਆਲੂ ਕੀਤੇ ਹਨ॥ ੧॥

ਮੇਰਾ ਗੁਰੁ ਹੋਆ ਆਪਿ ਸਹਾਈ॥

ਉਹ ਗੁਰੂ ਆਪ ਹੀ ਮੇਰਾ ਸਹਾਈ ਹੋਇਆ ਹੈ।

ਸੁਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ॥ ਰਹਾਉ ॥

ਅਨੰਦ ਰੂਪ ਜੋ ਪ੍ਰਭੂ ਹੈ ਮੰਗਲਾਂ ਦੇ ਕਰਨ ਵਾਲਾ ਜਦ ਉਸ ਵਿਚ ਰਸ=ਪ੍ਰੇਮ ਕੀਤਾ ਤਾਂ

ਸੂਖ ਸਹਜ=ਅਚੁੱਤ ਸੁਖ ਦੇ ਸਹਿਤ ਹੀ ਅਸਚਰਜ ਵਡਿਆਈ ਹੋਈ ਹੈ॥ ਰਹਾਉ॥

ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ॥

ਗੁਰਾਂ ਦੀ ਸ਼ਰਨ ਪੈਣ ਕਰਕੇ ਸਭ ਭੈ=ਡਰ ਨਾਸ ਹੋ ਗਏ ਹਨ, ਅਤੇ ਸੱਚੀ ਦਰਗਹ ਵਿਚ ਭੀ ਮਾਨੇ=ਮੰਨੇ ਗਏ ਹਾਂ।

ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ॥ ੨ ॥

ਗੁਣਾਂ ਦੇ ਗਾਉਣ ਕਰਕੇ ਤੇ ਹਰੀ ਨਾਮ ਦੇ ਆਰਾਧਣੇ ਕਰਕੇ ਆਪਣੇ ਸਰੂਪ ਅਸਥਾਨ ਵਿਚ ਆਏ ਹਾਂ॥ ੨ ॥

ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ॥

ਸੰਤਾਂ ਦੀ ਸੰਗਤ ਪਿਆਰੀ ਲੱਗਣ ਕਰਕੇ, ਜੈ ਜੈ ਕਾਰ ਕਰਦੇ ਹੋਏ ਸਾਰੇ ਲੋਕ ਉਸਤਤੀ ਕਰਦੇ ਹਨ। ਅਥਵਾ:-ਪ੍ਰਭੂ ਦੀ ਪਿਆਰੀ ਜੋ ਸਤਸੰਗਤ ਹੈ ਉਸ ਦੇ ਜੈ ਜੈਕਾਰ ਕਰਕੇ ਸਾਰੇ ਲੋਕ ਉਸਤਤੀ ਕਰਦੇ ਹਨ।

ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ॥ ੩ ॥

ਮੈਂ ਆਪਣੇ ਪ੍ਰਭੂ ਤੋਂ ਸਦਾ ਬਲਿਹਾਰ ਜਾਂਦਾ ਹਾਂ, ਜਿਸ ਨੇ ਮੇਰੀ ਪੂਰਨ ਪੈਜ=ਇੱਜ਼ਤ ਸਵਾਰੀ ਹੈ॥ ੩ ॥

ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ॥

ਜਿਨ੍ਹਾਂ ਜਿਨ੍ਹਾਂ ਨੇ ਗੁਰਾਂ ਦਾ ਦਰਸ਼ਨ ਕਰਨਾ ਪਾਇਆ ਹੈ ਤੇ ਸਤਿਨਾਮੁ ਨੂੰ ਸੁਣਿਆ ਹੈ, ਉਹ ਗਿਆਨ-ਗੋਸਟ ਕਰਕੇ ਸੰਸਾਰ ਤੋਂ ਉਧਰ ਗਏ ਹਨ। ਅਥਵਾ:-ਜਿਨ੍ਹਾਂ ਨੇ ਨਾਮ ਸੁਣਿਆ ਹੈ, ਤੇ ਜਿਨ੍ਹਾਂ ਨੇ ਗਿਆਨ-ਗੋਸਟ ਕੀਤੀ ਹੈ, ਉਨ੍ਹਾਂ ਨੇ ਪ੍ਰਭੂ ਦਾ ਦਰਸ਼ਨ ਪਾਇਆ ਹੈ ਓਹੀ ਸੰਸਾਰ-ਸਮੁੰਦ੍ਰ ਤੋਂ ਤਰ ਗਏ ਹਨ।

ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ
ਅਨਦ ਸੇਤੀ ਘਰਿ ਆਇਆ॥ ੪ ॥ ੧੩ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਉੱਤੇ ਮੇਰਾ ਆਪਣਾ ਪ੍ਰਭੂ ਕ੍ਰਿਪਾਲੂ ਹੋਇਆ ਹੈ ਉਹ ਸੁਖ ਅਨੰਦ ਦੇ ਸਹਿਤ ਸਰੂਪ ਘਰ ਵਿਚ ਆਇਆ ਹੈ।

ਅਥਵਾ:- ਜਦ ਆਪਣਾ ਪ੍ਰਭੂ ਸ੍ਰੀ ਗੁਰੂ ਰਾਮਦਾਸ ਕ੍ਰਿਪਾਲੂ ਹੋਇਆ ਤਾਂ ਮੈਂ ਅਨੰਦ ਦੇ ਨਾਲ (ਅੰਮ੍ਰਿਤਸਰ ਰੂਪ) ਘਰ ਵਿਚ ਆਇਆ॥ ੪॥ ੧੩॥ ੨੪॥

ਸੋਰਠਿ ਮਹਲਾ ੫॥

ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥

ਪ੍ਰਭੂ ਦੀ ਸਰਣ ਵਿਚ ਪੈਣ ਕਰਕੇ ਸਾਰੇ ਭੈ=ਡਰ ਲਾਥੇ=ਲਹਿ ਗਏ ਹਨ, ਦੁੱਖ ਬਿਨਸੇ=ਨਾਸ ਹੋ ਗਏ ਹਨ, ਤੇ ਸੁਖ ਨੂੰ ਪਾਇਆ ਹੈ।

ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥ ੧ ॥

ਜਦ ਪੂਰੇ ਸਤਿਗੁਰੂ ਦਿਆਲੂ ਹੋਏ ਤਾਂ ਪਾਰਬ੍ਰਹਮ ਸੁਆਮੀ ਨੂੰ ਧਿਆਉਣਾ ਕੀਤਾ ॥ ੧ ॥

ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥

ਹੇ ਪ੍ਰਭੂ ਜੀ ! ਤੂੰ ਮੇਰਾ ਮਾਲਕ ਹੈਂ ਅਤੇ ਸੁਖਾਂ ਦਾ ਦਾਤਾ ਹੈਂ।

ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥

ਹੇ ਦੀਨ ਦਿਆਲ ਪ੍ਰਭੂ ! ਮੈਂ ਦੀਨ=ਗਰੀਬ ਉੱਪਰ ਕਿਰਪਾ ਦ੍ਰਿਸ਼ਟੀ ਕਰ, ਤਾਂ ਕਿ ਰੰਗਿ=ਪ੍ਰੇਮ ਵਿਚ ਰਾਤਾ=ਰੰਗਿਆ ਹੋਇਆ ਆਪ ਜੀ ਦੇ ਗੁਣ ਗਾਂਵਦਾ ਰਹਾਂ ॥ ਰਹਾਉ।

(ਪੰਨਾ ੬੧੬) ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥

ਸਤਿਗੁਰਾਂ ਨੇ ਨਾਮ ਨਿੱਧੀਆਂ ਦਾ ਖਜ਼ਾਨਾ ਦ੍ਰਿੜ੍ਹ ਕਰਾ ਦਿੱਤਾ ਹੈ, ਇਸ ਕਰਕੇ ਮੇਰੀ ਸਾਰੀ ਚਿੰਤਾ ਨਾਸ ਹੋ ਗਈ ਹੈ।

ਕਰਿ ਕਿਰਪਾ ਅਪਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥ ੨ ॥

ਅਬਿਨਾਸੀ ਪ੍ਰਭੂ ਕਿਰਪਾ ਕਰਕੇ ਮੇਰੇ ਮਨ ਵਿਚ ਆ ਵਸਿਆ ਹੈ, ਅਤੇ ਉਸ ਨੇ ਮੈਨੂੰ ਆਪਣਾ ਦਾਸ ਕਰ ਲਿਆ ਹੈ। ਅਥਵਾ:-ਗੁਰਾਂ ਨੇ ਕਿਰਪਾ ਕਰਕੇ ਆਪਣਾ ਦਾਸ ਕਰ ਲਿਆ ਹੈ, ਇਸੀ ਤੇ ਮਨ ਵਿਚ ਅਬਿਨਾਸੀ ਨਾਮ ਵਸਿਆ ਹੈ ॥ ੨ ॥

ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥

ਉਹਨਾਂ ਨੂੰ ਕੋਈ ਬਿਘਨ ਨਹੀਂ ਲੱਗਦਾ, ਜਿਨ੍ਹਾਂ ਨੂੰ ਸਤਿਗੁਰਾਂ ਨੇ ਆਪਣੇ ਕਰਕੇ ਰੱਖ ਲਿਆ ਹੈ।

ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥ ੩ ॥

ਜਿਨ੍ਹਾਂ ਦੇ ਹਿਰਦੇ ਅੰਦਰ ਗੁਰੂ ਦੇ ਚਰਨ-ਕਵਲ ਵਸੇ ਹਨ, ਉਹਨਾਂ ਨੇ ਹਰੀ ਨਾਮ ਅੰਮ੍ਰਿਤ ਦਾ ਰਸ ਚੱਖਿਆ ਹੈ ॥ ੩ ॥

ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ ॥

ਜਿਨ੍ਹਾਂ ਨੇ ਸੇਵਕ ਹੋ ਕੇ ਆਪਣੇ ਪ੍ਰਭੂ ਦੀ ਸੇਵਾ ਕੀਤੀ ਹੈ, ਉਹਨਾਂ ਦੇ ਮਨ ਦੀ ਇੱਛਾ ਪੁਜਾਈ=ਪੂਰੀ ਹੋਈ ਹੈ।

ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ ॥੪ ॥੧੪ ॥੨੫ ॥

ਗੁਰੂ ਜੀ ਕਥਨ ਕਰਦੇ ਹਨ, (ਮੈਂ) ਦਾਸ ਉਸ ਤੋਂ ਬਲਿਹਾਰ ਜਾਂਦਾ ਹੈ, ਜਿਸ ਪੂਰਨ ਪਰਮਾਤਮਾ ਨੇ (ਪੈਜ) ਇੱਜ਼ਤ ਰੱਖੀ ਹੈ ॥ ੪ ॥ ੧੪ ॥ ੨੫ ॥

ਸੋਰਠਿ ਮਹਲਾ ੫ ॥

ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥

ਹੇ ਪੁਰਸ਼ਾ ! ਅਗਿਆਨ ਰੂਪ ਅਨ੍ਹੇਰੇ ਕਰਕੇ ਤੂੰ ਮਾਇਆ ਦੇ ਮੋਹ ਵਿਚ ਮਗਨੁ=ਮਸਤ ਹੈਂ, ਦਾਤਾਂ ਦੇ ਦੇਣ ਵਾਲੇ ਪ੍ਰਭੂ ਨੂੰ ਤੂੰ ਜਾਣਦਾ ਨਹੀਂ ਹੈਂ।

ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ ॥ ੧ ॥

ਜਿਸ ਨੇ ਪੰਜਾਂ ਤੱਤਾਂ ਨੂੰ ਸਾਜਕੇ ਹੇ ਜੀਵ ! ਤੇਰੇ ਪਿੰਡੁ=ਸਰੀਰ ਨੂੰ ਰਚਿਆ ਹੈ, ਉਸ ਨੂੰ ਭੁਲਾਕੇ ਕਰਮਾਂ ਦੇ ਕਰਨ ਵਿਚ ਤੂੰ ਆਪਣਾ ਬਲ ਮੰਨਦਾ ਹੈਂ॥ ੧ ॥

ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥

ਹੇ ਮੂਰਖ ਮਨ ! ਪ੍ਰਭੂ ਸੁਆਮੀ ਤੇਰੇ ਵੱਲ ਵੇਖ ਰਿਹਾ ਹੈ।

ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ ॥ ਰਹਾਉ ॥

ਜੋ ਕੁਝ ਭੀ ਤੂੰ ਲੁਕ ਛੁਪ ਕੇ ਕਰਦਾ ਹੈਂ ਓਹੀ ਓਹੀ ਗੱਲ ਉਹ ਜਾਣਦਾ ਹੈ, ਉਸ ਤੋਂ ਕੁਝ ਭੀ ਛਾਨੀ=ਲੁਕੀ ਨਹੀਂ ਰਹਿੰਦੀ॥ ਰਹਾਉ॥

ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥

ਜੀਭ ਦੇ ਸੁਆਦਾਂ ਵਿਚ ਤੇ ਪਦਾਰਥਾਂ ਦੇ ਲੋਭ ਅਤੇ ਮਦਿ=ਹੰਕਾਰ ਆਦਿਕਾਂ ਵਿਚ ਜੋ ਤੂੰ ਮਸਤ ਹੋ ਰਿਹਾ ਹੈਂ, ਇਨ੍ਹਾਂ ਤੋਂ ਤਾਂ ਅਨੇਕਾਂ ਹੀ ਵਿਕਾਰ ਪੈਦਾ ਹੁੰਦੇ ਹਨ।

ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥ ੨ ॥

ਹਉਮੈ ਆਦਿਕ ਬੰਧਨਾਂ ਦੇ ਭਾਰ ਕਰਕੇ ਤੈਨੇ ਬਹੁਤ ਹੀ ਜੂਨੀਆਂ ਵਿਚ ਭਰਮ ਕਰਕੇ ਦੁੱਖ ਪਾਇਆ ਹੈ॥ ੨ ॥

ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥

ਦੇਇ ਕਿਵਾੜ=ਬੂਹੇ ਮਾਰ ਕੇ ਅਨੇਕ ਪ੍ਰਕਾਰ ਦੇ ਪੜਦਿਆਂ ਵਿਚ ਲੁਕ ਕੇ ਪਰ ਦਾਰਾ=ਇਸਤ੍ਰੀਆ ਦੇ ਨਾਲ ਫਾਕੈ=ਫਸਦਾ ਭਾਵ ਵਿਸ਼ੇ ਭੋਗ ਭੋਗਦਾ ਹੈਂ।

ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥ ੩ ॥

ਜਿਸ ਵੇਲੇ ਚਿਤ੍ਰ ਗੁਪਤ ਤੇਰੇ ਪਾਸੋਂ ਹਿਸਾਬ ਮੰਗਣਗੇ, ਉਸ ਵੇਲੇ ਤੇਰਾ ਪੜਦਾ ਕੌਣ ਢਾਕੈ=ਢਕੇਗਾ। ਭਾਵ ਕੋਈ ਨਹੀਂ ਢਕੇਗਾ। ਇਸ ਤੇ ਤੂੰ ਇੰਞ ਬੇਨਤੀ ਕਰ-

ਦੀਨ ਦਇਆਲ ਪੂਰਨ ਦੁਖ ਭੰਜਨ ਤੁਮ ਬਿਨੁ ਓਟ ਨ ਕਾਈ ॥

ਹੇ ਦੀਨ ਦਿਆਲ ! ਸੰਪੂਰਨ ਦੁੱਖਾਂ ਦੇ ਭੰਜਨ=ਨਾਸ ਕਰਨ ਵਾਲੇ, ਆਪ ਜੀ ਤੋਂ ਬਿਨਾਂ ਮੇਰਾ ਹੋਰ

ਕੋਈ ਓਟ=ਆਸਰਾ ਨਹੀਂ ਹੈ।

ਕਾਢਿ ਲੇਹੁ ਸੰਸਾਰ ਸਾਗਰ ਮਹਿ ਨਾਨਕ ਪ੍ਰਭ ਸਰਣਾਈ॥੪॥੧੫॥੨੬॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਆਪ ਜੀ ਦੀ ਸ਼ਰਣ ਪਿਆ ਹਾਂ, ਮੈਨੂੰ ਸੰਸਾਰ ਸਾਗਰ=ਸਮੁੰਦਰ ਵਿਚੋਂ ਕੱਢ ਲਵੋ॥ ੪॥ ੧੫॥ ੨੬॥

ਸੋਰਠਿ ਮਹਲਾ ੫॥

ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ॥

ਪਾਰਬ੍ਰਹਮ ਉਹਨਾਂ ਦਾ ਸਹਾਈ ਹੋਇਆ ਹੈ, ਜਿਸ ਨੂੰ ਕਥਾ ਤੇ ਕੀਰਤਨ ਸੁਣਨਾ ਸੁਖਦਾਈ ਲੱਗਾ ਹੈ।

ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ॥੧॥

ਹੇ ਪ੍ਰਾਣੀਓ ! ਪੂਰਿਆਂ ਗੁਰਾਂ ਦੀ ਬਾਣੀ ਨੂੰ ਨਿਤਾਪ੍ਰਤੀ ਜਪ ਕੇ ਅਨੰਦ ਲੈਣਾ ਕਰੋ॥ ੧॥

ਹਰਿ ਸਾਚਾ ਸਿਮਰਹੁ ਭਾਈ॥

ਹੇ ਭਾਈ ! ਸੱਚੇ ਹਰੀ ਨੂੰ ਸਿਮਰਨਾ ਕਰੋ।

ਸਾਧਸੰਗਿ ਸਦਾ ਸੁਖੁ ਪਾਈਐ ਹਰਿ ਬਿਸਰਿ ਨ ਕਬਹੂ ਜਾਈ॥ ਰਹਾਉ॥

ਸਤਸੰਗਤ ਕਰਨ ਨਾਲ ਨਿੱਤ ਸੁਖ ਪਾਈਦਾ ਹੈ, ਅਤੇ ਸਤਸੰਗ ਦੇ ਪ੍ਰਤਾਪ ਕਰਕੇ ਹਰੀ ਨਾਮ ਕਦੇ ਬਿਸਰਿ=ਭੁੱਲ ਨਹੀਂ ਜਾਂਦਾ॥ ਰਹਾਉ॥

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥

ਤੇਰਾ=ਤਿਸ ਪਰਮੇਸ਼ਰ ਦਾ ਨਾਮ ਅੰਮ੍ਰਿਤ ਰੂਪ ਹੈ, ਜੋ ਭੀ ਨਾਮ ਨੂੰ ਸਿਮਰਦਾ ਹੈ ਓਹੀ ਜੀਉਂਦਾ ਹੈ।

ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ॥੨॥

ਇਹ ਨਾਮ ਪੂਰਬਲਿਆਂ ਕਰਮਾਂ ਕਰਕੇ, ਅਥਵਾ:-ਗੁਰਾਂ ਦੀ ਕਰਮਿ=ਕਿਰਪਾ ਕਰਕੇ ਜਿਸਨੂੰ ਪ੍ਰਾਪਤ ਹੁੰਦਾ ਹੈ, ਉਹ ਪੁਰਸ਼ ਪਵਿੱਤ੍ਰ ਥੀਵੈ=ਹੁੰਦਾ ਹੈ॥ ੨॥

ਬਿਘਨ ਬਿਨਾਸਨ ਸਭਿ ਦੁਖ ਨਾਸਨ ਗੁਰ ਚਰਣੀ ਮਨੁ ਲਾਗਾ॥

ਜੋ ਬਿਘਨਾਂ ਨੂੰ ਨਾਸ ਕਰਨ ਵਾਲਾ ਤੇ ਸਾਰਿਆਂ ਦੁੱਖਾਂ ਨੂੰ ਭੀ ਨਾਸ ਕਰਨ ਵਾਲਾ ਹੈ, ਉਸ ਗੁਰੂ ਦੇ ਚਰਨਾਂ ਨਾਲ ਜਿਸ ਦਾ ਮਨ ਲੱਗਾ ਹੈ।

ਗੁਣ ਗਾਵਤ ਅਚੁਤ ਅਬਿਨਾਸੀ ਅਨਦਿਨੁ ਹਰਿ ਰੰਗਿ ਜਾਗਾ॥੩॥

ਉਹ ਅਚੁੱਤ=ਅਗਿੜ ਅਬਿਨਾਸੀ ਦੇ ਗੁਣ ਗਾਂਵਦਾ ਹੋਇਆ, ਰਾਤ-ਦਿਨ ਹਰੀ ਦੇ ਰੰਗਿ=ਪ੍ਰੇਮ ਵਿਚ ਜਾਗਾ=ਜਾਗਦਾ ਰਹਿੰਦਾ ਹੈ॥ ੩॥

ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ॥

ਜਿਸ ਨੂੰ ਹਰੀ ਦੀ ਕਥਾ ਸੁਹੇਲੀ=ਸੁੰਦਰ, ਅਥਵਾ:-ਸੁਖਦਾਇਕ ਪ੍ਰਤੀਤ ਹੋਈ ਹੈ, ਉਹ ਆਪਣੇ ਮਨ ਵਿਚ ਜੋ ਭੀ ਇਛੇ=ਚਾਹੁੰਦਾ ਹੈ ਓਹੀ ਫਲ ਪਾਉਂਦਾ ਹੈ।

ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ॥ ੪॥ ੧੬॥ ੨੭॥

ਗੁਰੂ ਜੀ ਕਥਨ ਕਰਦੇ ਹਨ, ਆਦਿ ਅੰਤਿ ਮਧਿ=ਤਿੰਨਾਂ ਕਾਲਾਂ ਵਿਚ ਉਸ ਨੂੰ ਪ੍ਰਭੂ ਹੀ ਬੇਲੀ=ਮਿੱਤਰ ਹੋ ਕੇ ਸਹਾਇਕ ਹੋਇਆ ਹੈ॥ ੪॥ ੧੬॥ ੨੭॥

ਸੋਰਠਿ ਮਹਲਾ ੫ ਪੰਚਪਦਾ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਕਥਨ ਕਰਦੇ ਹਨ, ਜਗਿਆਸੂ ਆਖਦਾ ਹੈ, "ਸੰਤਹੁ ਇਹਾ ਬਤਾਵਹੁ ਕਾਰੀ॥" ਹੇ ਸੰਤੋ ! ਇਹ ਕਾਰੀ=ਔਸ਼ਧੀ ਦੱਸੋ ਜਿਸ ਕਰਕੇ-

ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ॥ ੧॥

ਸਬੰਧੀਆਂ ਦਾ ਮੋਹ, ਇਹ ਮੇਰਾ ਪਦਾਰਥ ਹੈ, ਅਤੇ ਇਹ ਤੇਰਾ ਪਦਾਰਥ ਹੈ, ਇਸ ਤਰ੍ਹਾਂ ਦਾ ਸੁਭਾਵ ਬਿਨਸ ਜਾਵੇ, ਅਤੇ ਜੋ ਭੀ ਆਪਣੀ ਮਮਤਾ ਧਾਰੀ ਹੋਈ ਹੈ ਉਹ ਸਭ ਬਿਨਸ ਜਾਵੇ॥ ੧॥

ਸੰਤਹੁ ਇਹਾ ਬਤਾਵਹੁ ਕਾਰੀ॥ ਜਿਤੁ ਹਉਮੈ ਗਰਬੁ ਨਿਵਾਰੀ॥ ੧॥ ਰਹਾਉ॥

ਹੇ ਸੰਤੋ! ਮੈਨੂੰ ਇਹ ਕਾਰੀ=ਕਾਰ (ਕਿਰਤ, ਕੰਮ) ਦੱਸੋ। ਅਥਵਾ:-ਇਹ ਕਾਰੀ=ਔਸ਼ਧੀ ਦੱਸੋ। ਅਥਵਾ:-ਕਾਰੀ=ਯੁਕਤੀ ਬਤਾਵਹੁ=ਦੱਸੋ । ਜਿਸ ਨਾਲ ਹਉਮੈ ਤੇ ਗਰਬੁ=ਹੰਕਾਰ ਨਿਵਿਰਤ ਹੋ ਜਾਵੇ॥ ੧॥ ਰਹਾਉ॥

ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ॥ ੨॥

ਸਰਬ ਭੂਤ=ਸਰਬ ਰੂਪ ਕਰਕੇ ਪਾਰਬ੍ਰਹਮ ਨੂੰ ਮੰਨਣਾ ਕਰਾਂ,

ਅਥਵਾ:-ਸਰਵ ਭੂਤ=ਸਾਰਿਆਂ ਜੀਵਾਂ ਨੂੰ ਪਾਰਬ੍ਰਹਮ ਰੂਪ ਕਰਕੇ ਮੰਨਿਆਂ ਜਾਵੇ, ਅਤੇ ਮੈਂ ਸਾਰਿਆਂ ਦੇ ਚਰਨਾਂ ਦੀ ਰੇਨਾਰੀ=ਧੂੜੀ ਹੋ ਜਾਵਾਂ। "ਸੰਤਹੁ ਇਹਾ ਬਤਾਵਹੁ ਕਾਰੀ"॥ ੨॥

ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ॥ ੩॥

ਪ੍ਰਭ ਜੀ ਨੂੰ ਮੈਂ ਆਪਣੇ ਸੰਗੇ=ਨਾਲ ਵੇਖਣਾ ਕਰਾਂ, ਅਤੇ ਭਰਮ ਰੂਪ ਭੀਤਿ=ਕੰਧ ਚੂਕੈ=ਨਿਵਿਰਤ ਹੋ ਜਾਵੇ। "ਸੰਤਹੁ ਇਹਾ ਬਤਾਵਹੁ ਕਾਰੀ"॥ ੩॥

ਅਗਲੀ ਪੰਗਤੀ ਵਿਚ ਮਹਾਤਮਾ ਉੱਤਰ ਦੇਂਦੇ ਹਨ:-

ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ॥ ੪॥

ਅਗਿਆਨ ਰੂਪ ਰੋਗ ਦੀ ਨਿਵਿਰਤੀ ਕਰਨੇ ਨੂੰ ਪਰਮੇਸ਼ਰ ਦਾ ਨਾਮ ਔਸ਼ਧੀ ਰੂਪ ਹੈ,

ਜਨਮ ਮਰਨ ਰੂਪੀ ਰੋਗ ਦੀ ਨਿਵਿਰਤੀ ਕਰਨੇ ਨੂੰ ਪਰਮੇਸ਼ਰ ਦਾ ਨਾਮ ਅੰਮ੍ਰਿਤ ਰੂਪ ਹੈ

ਅਤੇ ਮਨ ਦੇ ਸੀਤਲ ਕਰਨੇ ਨੂੰ ਪਰਮੇਸ਼ਰ ਦਾ ਨਾਮ ਨਿਰਮਲ ਜਲ ਹੈ, ਪਰ ਇਹ ਨਾਮ ਅੰਮ੍ਰਿਤ ਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ। ਅਥਵਾ:-ਪਰਮੇਸ਼ਰ ਦਾ ਨਾਮ ਅੰਮ੍ਰਿਤ ਜੋ ਨਿਰਮਲ ਜਲ ਹੈ ਏਹੀ ਇੱਕ ਔਸ਼ਧੀ ਰੂਪ ਹੈ, ਉਹ ਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ॥ ੪॥

(ਪੰਨਾ ੬੧੭) ਕਹੁ ਨਾਨਕ ਜਿਸੁ ਮਸਤਕਿ ਲਿਖਿਆ
ਤਿਸੁ ਗੁਰ ਮਿਲਿ ਰੋਗ ਬਿਦਾਰੀ॥ ੫॥ ੧੭॥ ੨੮॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਮੱਥੇ ਉੱਤੇ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਉਸ ਦੇ ਗੁਰਾਂ ਨਾਲ ਮਿਲਕੇ ਹਉਮੈ ਰੂਪੀ ਰੋਗ ਨੂੰ ਬਿਦਾਰੀ=ਨਾਸ ਕਰ ਲਿਆ ਹੈ॥ ੫॥ ੧੭॥ ੨੭॥

ਸੋਰਠਿ ਮਹਲਾ ੫ ਘਰੁ ੨ ਦੁਪਦੇ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਇਸ ਸ਼ਬਦ ਦੁਆਰਾ ਗੁਰਦੇਵ ਜੀ ਪ੍ਰਭੂ ਦੀ ਪਰੀ-ਪੂਰਨਤਾ ਵਰਨਨ ਕਰਦੇ ਹਨ-

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥

ਜਿਵੇਂ ਸਾਰੀ ਬਨਾਸਪਤੀ ਵਿਚ ਬੈਸੰਤਰੁ=ਅੱਗ ਹੈ, ਅਤੇ ਸਾਰਿਆਂ ਦੁੱਧਾਂ ਵਿਚ ਘਿਉ ਹੈ।

ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥ ੧॥

ਤਿਵੇਂ ਉੱਚ ਜਾਤੀ ਵਾਲੇ ਤੇ ਨੀਚ ਜਾਤੀ ਵਾਲੇ ਜੀਆ=ਜੀਵਾਂ ਦੇ ਘਟਾਂ ਘਟਾਂ ਵਿਚ ਮਾਧਉ=ਮਾਇਆ-ਪਤੀ (ਪਰਮਾਤਮਾ) ਦੀ ਜੋਤਿ=ਚੇਤਨ ਸੱਤਾ ਸਮਾ ਰਹੀ ਹੈ॥ ੧॥

ਸੰਤਹੁ ਘਟਿ ਘਟਿ ਰਹਿਆ ਸਮਾਹਿਓ॥

ਹੇ ਸੰਤੋ ! ਉਹ ਪ੍ਰਭੂ ਸਾਰਿਆਂ ਘਟਾਂ ਘਟਾਂ ਵਿਚ ਸਮਾ ਰਿਹਾ ਹੈ।

ਪੂਰਨ ਪੂਰਿ ਰਹਿਓ ਸਰਬ ਮਹਿ
ਜਲਿ ਥਲਿ ਰਮਈਆ ਆਹਿਓ॥ ੧॥ ਰਹਾਉ॥

ਪੂਰਨ ਪੁਰਖ ਪਰਮਾਤਮਾ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ, ਉਹ ਰਮਈਆ=ਪਰਮਾਤਮਾ ਜਲਾਂ ਥਲਾਂ ਵਿਚ ਰਮਿਆ ਹੋਇਆ ਆਹਿਓ=ਹੈ॥ ੧॥ ਰਹਾਉ॥

ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਸ਼ੁਭ-ਗੁਣਾਂ ਦੇ ਖਜ਼ਾਨੇ ਪ੍ਰਭੂ ਦੇ ਜਸ ਨੂੰ ਗਾਂਵਦੇ ਹਾਂ, ਸਤਿਗੁਰਾਂ ਨੇ ਅਸਾਡਾ ਭਰਮ ਚੁਕਾਇਓ=ਦੂਰ ਕਰ ਦਿੱਤਾ ਹੈ।

ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ॥ ੨॥ ੧॥ ੨੯॥

ਸਰਬ ਨਿਵਾਸੀ=ਪਰਮਾਤਮਾ ਸਾਰਿਆਂ ਵਿਚ ਸਮਾ ਰਿਹਾ ਹੈ, ਅਤੇ ਸਦੀਵ ਕਾਲ ਸਭ ਤੋਂ

ਅਲੁਪਾ-ਅਸੰਗ ਹੈ॥ ੨ ॥ ੧ ॥ ੨੯ ॥

ਸੋਰਠਿ ਮਹਲਾ ੫ ॥

ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ॥

ਜਾ ਕੈ=ਜਿਸ ਪ੍ਰਭੂ ਦੇ ਸਿਮਰਨ ਕਰਕੇ ਅਨੰਦ ਪ੍ਰਾਪਤ ਹੁੰਦਾ ਹੈ, ਅਤੇ ਜਨਮ ਮਰਨ ਦਾ ਦੁੱਖ ਤੇ ਜਮਾਂ ਦਾ ਭੈ=ਡਰ ਬਿਨਸ ਜਾਂਦਾ ਹੈ।

ਅਥਵਾ:- ਜਿਸ ਜਨਮ ਮਰਨ ਦੇ ਭੈ ਕਰਕੇ ਦੁਖੀ ਹੋ ਰਿਹਾ ਸੀ ਉਹ ਬਿਨਸ ਜਾਂਦਾ ਹੈ।

ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ॥ ੧ ॥

ਧਰਮ, ਅਰਥ, ਕਾਮ, ਮੋਖ ਰੂਪ ਚਾਰੇ ਪਦਾਰਥ, ਤੇ ਨੌਂ ਨਿੱਧਾਂ ਨੂੰ ਪਾਂਵਦਾ ਹੈ, ਅਤੇ ਫਿਰ ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਭੁਖੀ=ਭੁੱਖ ਨਹੀਂ ਲੱਗਦੀ।

ਅਥਵਾ:-ਫਿਰ ਇਸ ਨੂੰ ਪਦਾਰਥਾਂ ਦੀ ਤ੍ਰਿਸ਼ਨਾਂ ਭੁਖੀ=ਭਖਾਂਵਦੀ (ਤਪਾਉਂਦੀ) ਨਹੀਂ॥ ੧ ॥

ਜਾ ਕੋ ਨਾਮੁ ਲੈਤ ਤੂ ਸੁਖੀ॥

ਹੇ ਪੁਰਸ਼ਾ ! ਜਾ ਕੋ=ਜਿਸ ਦਾ ਨਾਮ ਲੈਤ=ਲੈਣ ਨਾਲ ਤੂੰ ਸੁਖੀ ਹੋਵੇਂਗਾ।

ਸਾਸਿ ਸਾਸਿ ਧਿਆਵਹੁ ਠਾਕੁਰ ਕਉ
ਮਨ ਤਨ ਜੀਅਰੇ ਮੁਖੀ॥ ੧ ॥ ਰਹਾਉ ॥

ਹੇ ਜੀਅਰੇ=ਜੀਵ ! ਤੂੰ ਸ੍ਵਾਸ ਸ੍ਵਾਸ ਅਤੇ ਮਨ ਬਾਣੀ ਸਰੀਰ ਦੁਆਰਾ ਮੁਖੀ ਠਾਕੁਰ ਨੂੰ ਧਿਆਉਣਾ ਕਰ॥ ੧ ॥ ਰਹਾਉ ॥

ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ॥

ਪੁਨਾ ਤੂੰ ਸ਼ਾਤੀ ਪਾਵੇਂਗਾ, ਮਨ ਤੇਰਾ ਠੰਢਾ ਹੋਵੇਗਾ, ਤੇਰੇ ਅੰਦਰ ਤ੍ਰਿਸ਼ਨਾਂ ਰੂਪੀ ਅੱਗ ਨਹੀਂ ਧੁਖੇਗੀ॥

ਗੁਰ ਨਾਨਕ ਕਉ ਪ੍ਰਭੂ ਦਿਖਾਇਆ
ਜਲਿ ਥਲਿ ਤ੍ਰਿਭਵਣਿ ਰੁਖੀ ॥ ੨ ॥ ੨ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਨੇ ਮੈਨੂੰ ਉਹ ਪ੍ਰਭੂ ਜਲਾਂ ਵਿਚ ਥਲਾਂ ਵਿਚ, ਤਿੰਨਾਂ ਭਵਨਾਂ ਵਿਚ ਅਤੇ ਰੁਖੀ=ਰੁੱਖਾਂ (ਬ੍ਰਿੱਛਾਂ) ਵਿਚ ਵਿਖਾਇਆ ਹੈ। ਅਥਵਾ:-ਪਦਾਰਥਾਂ ਵੱਲੋਂ ਬੁੱਧੀ ਰੁੱਖੀ ਕਰਕੇ ਤ੍ਰਿਭਵਣ ਰੂਪ ਜਲਾਂ ਥਲਾਂ ਵਿਚ ਪ੍ਰਭੂ ਦਿਖਾਇਆ ਹੈ॥ ੨ ॥ ੨ ॥ ੩੦ ॥

ਸੋਰਠਿ ਮਹਲਾ ੫ ॥

ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ॥

ਕਾਮ, ਕ੍ਰੋਧ, ਲੋਭ, ਝੂਠ ਅਤੇ ਨਿੰਦਿਆ ਇਤ ਆਦਿਕ ਵਿਕਾਰਾਂ ਵੱਲੋਂ ਮੈਨੂੰ ਆਪ ਛੁਡਾਵਣਾ ਕਰੋ।

ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥ ੧ ॥

ਮੇਰੇ ਇਸ ਮਨ ਵਿਚੋਂ ਇਨ੍ਹਾਂ ਵਿਕਾਰਾਂ ਨੂੰ ਡਾਰਹੁ=ਸੁਟ ਦੇਵੋ, ਅਤੇ ਆਪਣੇ ਪਾਸ ਬੁਲਾ ਲਵੋ॥ ੧ ॥

ਅਪੁਨੀ ਬਿਧਿ ਆਪਿ ਜਨਾਵਹੁ ॥ ਹਰਿ ਜਨ ਮੰਗਲ ਗਾਵਹੁ ॥ ੧ ॥ ਰਹਾਉ ॥

ਆਪਣੇ ਪਾਉਣ ਦੀ ਵਿਧੀ ਨੂੰ ਆਪ ਸਮਝਾ ਦਿਓ। ਜਿਸ ਕਰਕੇ ਹੇ ਹਰੀ ! ਆਪ ਜੀ ਦੇ ਸੰਤ ਜਨਾਂ ਨਾਲ ਮਿਲ ਕੇ ਆਪ ਜੀ ਕੇ ਜਸ ਰੂਪ ਮੰਗਲ ਨੂੰ ਗਾਵਣਾ ਕਰਾਂ॥ ੧ ॥ ਰਹਾਉ ॥

ਬਿਸਰੁ ਨਾਹੀ ਕਬਹੂ ਹੀਏ ਤੇ ਇਹ ਬਿਧਿ ਮਨ ਮਹਿ ਪਾਵਹੁ ॥

ਮੇਰੇ ਹੀਏ ਤੇ=ਹਿਰਦੇ ਵਿਚੋਂ ਆਪ ਕਦੇ ਭੀ ਬਿਸਰੁ ਨਹੀ=ਨਾ ਭੁੱਲੇ, ਏਹੀ ਬਿਧਿ-ਰੀਤੀ ਮੇਰੇ ਮਨ ਵਿਚ ਪਾ ਦਿਓ।

ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥ ੨ ॥ ੩ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ, ਵੱਡਿਆਂ ਭਾਗਾਂ ਨਾਲ ਪੂਰਾ ਗੁਰੂ ਭੇਟਿਓ=ਮਿਲਿਆ ਹੈ, ਇਸ ਲਈ ਹੁਣ ਮਨ ਕਿਸੇ ਵੱਲ ਭੀ ਨਹੀਂ ਧਾਵਹੁ=ਦੌੜਦਾ॥ ੨ ॥ ੩ ॥ ੩੧ ॥।

ਸੋਰਠਿ ਮਹਲਾ ੫ ॥

ਜਾ ਕੈ ਸਿਮਰਣਿ ਸਭੁ ਕਛੁ ਪਾਈਐ ਬਿਰਥੀ ਘਾਲ ਨ ਜਾਈ ॥

ਜਿਸ ਪ੍ਰਭੂ ਦੇ ਸਿਮਰਨ ਕਰਨ ਨਾਲ ਸਭ ਕੁਝ ਪਾਈਦਾ ਹੈ, ਅਤੇ ਘਾਲ=ਕਮਾਈ ਕੀਤੀ ਹੋਈ ਬਿਰਥੀ=ਖਾਲੀ ਨਹੀਂ ਜਾਂਦੀ।

ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ਜੋ ਸਭ ਮਹਿ ਰਹਿਆ ਸਮਾਈ ॥ ੧ ॥

ਜੋ ਪ੍ਰਭੂ ਸਾਰਿਆਂ ਵਿਚ ਸਮਾ ਰਿਹਾ ਹੈ, ਉਸ ਪ੍ਰਭੂ ਨੂੰ ਛੱਡਕੇ ਹੋਰਨਾਂ ਦੀ ਪੂਜਾ ਵਿਚ ਕਤ=ਕਿਉਂ ਰਾਚਹੁ=ਲੱਗੇ ਹੋ॥ ੧ ॥

ਹਰਿ ਹਰਿ ਸਿਮਰਹੁ ਸੰਤ ਗੋਪਾਲਾ ॥

ਹੇ ਭਾਈ ! ਸੰਤਾਂ ਨਾਲ ਮਿਲਕੇ ਹਰਿ ਹਰਿ ਨਾਮਾਂ ਨੂੰ ਤੇ ਗੋਪਾਲ ਨਾਮ ਨੂੰ ਸਿਮਰਨਾ ਕਰੋ।

ਸਾਧਸੰਗਿ ਮਿਲਿ ਨਾਮੁ ਧਿਆਵਹੁ ਪੂਰਨ ਹੋਵੈ ਘਾਲਾ ॥ ੧ ॥ ਰਹਾਉ ॥

ਸਤਸੰਗਤ ਨਾਲ ਮਿਲਕੇ ਸਤਿਨਾਮੁ ਨੂੰ ਧਿਆਉਣਾ ਕਰੋ, ਤਾਂ ਘਾਲਾ=ਕਮਾਈ ਪੂਰਨ ਹੋਵੇਗੀ॥ ੧ ॥ ਰਹਾਉ ॥

ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ ॥

ਜੋ ਪ੍ਰਭੂ ਸਾਰਿਆਂ ਦੀ ਸੰਭਾਲ ਕਰਦਾ ਹੈ, ਹਰ ਰੋਜ਼ ਪਾਲਣਾ ਕਰਦਾ ਹੈ, ਅਤੇ ਪ੍ਰੇਮ ਨਾਲ ਆਪਣਿਆਂ ਸੇਵਕਾਂ ਨੂੰ ਆਪਣੇ ਗਲ ਨਾਲ ਲਾਉਂਦਾ ਹੈ।

ਕਹੁ ਨਾਨਕ ਪ੍ਰਭ ਤੁਮਰੇ ਬਿਸਰਤ ਜਗਤ ਜੀਵਨੁ ਕੈਸੇ ਪਾਵੈ ॥੨ ॥੪ ॥੩੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਤੇਰੇ ਹਿਰਦੇ ਵਿਚੋਂ ਪ੍ਰਭੂ ਦੇ ਭੁੱਲ ਜਾਣ ਤੇ ਤੂੰ ਜਗਤ ਜੀਵਨੁ=ਪਰਮਾਤਮਾ ਨੂੰ ਕਿਵੇਂ ਪਾਵੇਂਗਾ।

ਅਥਵਾ:-ਜਗਤ ਵਿਚ ਸਫਲ ਜੀਵਣਾ ਕਿਵੇਂ ਪਾਵੇਂਗਾ॥ ੨॥ ੪॥ ੩੨॥

ਸੋਰਠਿ ਮਹਲਾ ੫ ॥

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ॥

ਜੋ ਸਾਰਿਆਂ ਜੀਅਨ ਕੋ=ਜੀਵਾਂ ਦਾ ਦਾਤਾ ਨਾਸ ਤੋਂ ਰਹਿਤ ਹੈ, ਉਸ ਦਾ ਸਿਮਰਨ ਕਰਦਿਆਂ ਹੀ ਸਾਰੀ ਪਾਪਾਂ ਰੂਪੀ ਮੈਲ ਖੋਈ=ਨਾਸ ਹੋ ਜਾਂਦੀ ਹੈ।

ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ॥ ੧ ॥

ਜੋ ਸ਼ੁਭ-ਗੁਣਾਂ ਦਾ ਨਿਧਾਨ=ਖਜ਼ਾਨਾ ਹੈ, ਭਗਤਾਂ ਨੂੰ ਬਰਤਨਿ=ਵਸਤ-ਵਲੇਵਾ ਦੇਣ ਵਾਲਾ ਹੈ, ਅਥਵਾ:-ਭਗਤਾਂ ਨਾਲ ਵਰਤਨ ਵਾਲਾ ਹੈ, ਉਸ ਨੂੰ ਕੋਈ ਵਿਰਲਾ ਹੀ ਪਾਉਂਦਾ ਹੈ॥ ੧॥

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ॥

ਹੇ ਮੇਰੇ ਮਨ ! ਗੁਰਾਂ ਦੁਆਰੇ ਉਸ ਗੋਪਾਲ ਪ੍ਰਭੂ ਨੂੰ ਜਪਣਾ ਕਰ।

ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਹੁੜਿ ਦੂਖੁ ਨ ਹੋਈ॥ ੧ ॥ ਰਹਾਉ ॥

ਜਿਸ ਦੀ ਸ਼ਰਨ ਵਿਚ ਪਿਆਂ ਅਜੇਹਾ ਸੁਖ ਪਾਈਦਾ ਹੈ, ਜੋ ਬਹੁੜਿ=ਮੁੜ ਕੇ ਦੁੱਖ ਨਹੀਂ ਹੋਈ=ਹੁੰਦਾ॥ ੧॥ ਰਹਾਉ॥

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥

ਵੱਡਿਆਂ ਭਾਗਾਂ ਨਾਲ ਸਤਸੰਗਤ ਪ੍ਰਾਪਤ ਹੁੰਦੀ ਹੈ, ਅਤੇ ਤਿਸ ਸਤਸੰਗਤ ਨਾਲ ਮਿਲਦਿਆਂ ਹੀ ਦੁਰਮਤਿ ਖੋਈ=ਖੋਟੀ ਬੁੱਧੀ ਨਾਸ ਹੋ ਜਾਂਦੀ ਹੈ।

(ਪੰਨਾ ੬੧੮) ਤਿਨ ਕੀ ਧੂਰਿ ਨਾਨਕ ਦਾਸੁ ਬਾਛੈ
ਜਿਨ ਹਰਿ ਨਾਮੁ ਰਿਦੈ ਪਰੋਈ॥ ੨ ॥ ੫ ॥ ੩੩ ॥

ਗੁਰੂ ਜੀ ਕਥਨ ਕਰਦੇ ਹਨ, (ਮੈਂ) ਦਾਸ ਉਹਨਾਂ ਦੇ ਚਰਨ ਧੂੜੀ ਨੂੰ ਬਾਛੈ=ਚਾਹੁੰਦਾ ਹਾਂ, ਜਿਨ੍ਹਾਂ ਨੇ ਹਿਰਦੇ ਵਿਚ ਹਰੀ ਨਾਮ ਪ੍ਰੋਤਾ ਹੋਇਆ ਹੈ॥ ੨॥ ੫॥ ੩੩॥

ਸੋਰਠਿ ਮਹਲਾ ੫ ॥

ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ॥

ਗੁਰੂ ਜੀ ਐਸੇ ਸਮਰੱਥ ਹਨ, ਜੋ ਜਨਮਾਂ ਜਨਮਾਂਤਰਾਂ ਦੇ ਦੁੱਖਾਂ ਨੂੰ ਨਿਵਿਰਤ ਕਰਦੇ ਹਨ, ਅਤੇ ਸੁੱਕੇ

ਮਨ ਨੂੰ ਸਾ+ਧਾਰੈ=ਸਹਿਤ ਆਸਰੇ ਦੇ ਕਰਦੇ ਹਨ। ਅਥਵਾ:- ਸੁੱਕੇ ਮਨ ਨੂੰ ਸੁਧਾਰ ਦੇਂਦੇ ਹਨ।

ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥ ੧ ॥

ਜਿਨ੍ਹਾਂ ਦਾ ਦਰਸ਼ਨ ਭੇਟਤ=ਕਰਦਿਆਂ ਮਨ ਨਿਹਾਲ ਹੁੰਦਾ ਹੈ, ਅਤੇ ਹਰੀ ਦੇ ਨਾਮ ਨੂੰ ਵਿਚਾਰਨ ਲਗ ਪੈਂਦਾ ਹੈ॥ ੧॥

ਮੇਰਾ ਬੈਦੁ ਗੁਰੂ ਗੋਵਿੰਦਾ ॥

ਗੋਬਿੰਦ ਰੂਪ ਗੁਰੂ ਹੀ ਮੇਰਾ ਵੈਦ ਹੈ।

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥ ੧ ॥ ਰਹਾਉ ॥

ਹਰਿ ਹਰਿ ਨਾਮ ਦੇ ਸਿਮਰਨ ਰੂਪੀ ਅਉਖਧੁ=ਦਵਾਈ ਜਿਸ ਦੇ ਮੂੰਹ ਵਿਚ ਪਾ ਦੇਂਦੇ ਹਨ, ਉਸ ਦੇ ਗਲ ਵਿਚੋਂ ਜਮਾਂ ਦੀ ਫਾਹੀ ਕੱਟ ਦੇਂਦੇ ਹਨ॥ ੧॥ ਰਹਾਉ॥

ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰਾ ॥

ਜੋ ਸਮਰੱਥ ਪੁਰਖ ਸਾਰਿਆਂ ਵਿਚ ਪੂਰਨ ਤੇ ਬਿਧਾਤੇ=ਫਲ-ਬਰ-ਦਾਤਾ ਹੈ ਉਸ ਦਾ ਸਰੂਪ ਗੁਰੂ ਸਾਹਿਬ ਜੀ ਹਨ, ਅਤੇ ਆਪ ਹੀ ਸਭ ਕੁਝ ਕਰਨ ਵਾਲੇ ਹਨ।

ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ ॥ ੨ ॥ ੬ ॥ ੩੪ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਦਾ ਆਸਰਾ ਦੇ ਕੇ ਗੁਰੂ ਜੀ ਨੇ ਆਪਣਾ ਦਾਸ ਆਪੇ ਹੀ ਦੁੱਖਾਂ ਤੋਂ ਉਬਾਰਿਆ=ਬਚਾ ਲਿਆ ਹੈ॥ ੨॥ ੬॥ ੩੪॥

ਸੋਰਠਿ ਮਹਲਾ ੫ ॥

ਅੰਤਰ ਕੀ ਗਤਿ ਤੁਮ ਹੀ ਜਾਨੀ ਤੁਝ ਹੀ ਪਾਹਿ ਨਿਬੇਰੋ ॥

ਹੇ ਪ੍ਰਭੂ ! ਅਸਾਡੇ ਅੰਦਰ ਦੀ ਗਤਿ=ਰੀਤੀ (ਹਾਲਤ) ਤੁਸਾਂ ਨੇ ਹੀ ਜਾਣੀ ਹੈ,
ਇਸ ਕਰਕੇ ਤੁਹਾਡੇ ਪਾਸ ਹੀ ਅਸਾਡਾ ਨਿਬੇਰੋ=ਨਿਆਂ (ਫੈਸਲਾ) ਹੈ।

ਬਖਸਿ ਲੈਹੁ ਸਾਹਿਬ ਪ੍ਰਭ ਅਪਨੇ ਲਾਖ ਖਤੇ ਕਰਿ ਫੇਰੋ ॥ ੧ ॥

ਹੇ ਪ੍ਰਭੂ ਸਾਹਿਬ ! ਆਪਣੇ ਦਾਸ ਨੂੰ ਬਖਸ਼ ਲੈ, ਅਸੀਂ ਲੱਖਾਂ ਹੀ ਖਤੇ=ਗੁਨਾਹ ਕਰਦੇ ਫਿਰਦੇ ਹਾਂ॥ ੧॥

ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ ॥ ਹਰਿ ਚਰਣ ਸਰਣ ਮੋਹਿ ਚੇਰੋ ॥ ੧ ॥ ਰਹਾਉ ॥

ਹੇ ਪ੍ਰਭੂ ਜੀ ! ਤੂੰ ਮੇਰਾ ਮਾਲਕ ਮੇਰੇ ਨੇੜੇ ਹੀ ਵਸਦਾ ਹੈਂ। ਹੇ ਹਰੀ ! ਮੈਂ ਚੇਰੋ=ਦਾਸ ਆਪ ਜੀ ਦੇ ਚਰਨਾਂ ਦੀ ਸ਼ਰਨ ਹਾਂ॥ ੧॥ ਰਹਾਉ॥

ਬੇਸੁਮਾਰ ਬੇਅੰਤ ਸੁਆਮੀ ਊਚੋ ਗੁਨੀ ਗਹੇਰੋ ॥

ਹੇ ਸੁਆਮੀ ! ਆਪ ਬੇ-ਸ਼ੁਮਾਰ=ਗਿਣਤੀ ਤੋਂ ਰਹਿਤ ਹੋ, ਬਿਅੰਤ ਗੁਣਾਂ ਵਾਲੇ ਹੋ, ਸਾਰਿਆਂ ਤੋਂ

ਉਚੇ ਹੋ, ਸ਼ੁਭ-ਗੁਣਾਂ ਦਾ ਗਹੇਰੋ=ਸਮੁੰਦਰ ਹੋ।

ਕਾਟਿ ਸਿਲਕ ਕੀਨੋ ਅਪੁਨੋ ਦਾਸਰੋ ਤਉ ਨਾਨਕ ਕਹਾ ਨਿਹੋਰੋ ॥੨ ॥੭ ॥੩੫ ॥

ਗੁਰੂ ਜੀ ਕਥਨ ਕਰਦੇ ਹਨ, ਜਦ ਮੋਹ ਰੂਪੀ ਸਿਲਕ=ਫਾਹੀ ਕੱਟ ਕੇ ਤੁਸਾਂ ਨੇ ਆਪਣਾ ਦਾਸਰੋ=ਦਾਸ ਕਰ ਲਿਆ ਹੈ, ਤਾਂ ਅਸਾਨੂੰ ਕਿਸੇ ਦਾ ਕਾਹਦਾ ਨਿਹੋਰੋ=ਅਹਿਸਾਨ ਹੈ॥ ੨॥ ੭॥ ੩੫॥

ਸੋਰਠਿ ੫* ॥

ਭਏ ਕ੍ਰਿਪਾਲ ਗੁਰੁ ਗੋਵਿੰਦਾ ਸਗਲ ਮਨੋਰਥ ਪਾਏ ॥

ਜਿਸ ਵੇਲੇ ਗੋਬਿੰਦ ਰੂਪ ਗੁਰੂ ਕ੍ਰਿਪਾਲੂ ਹੋ ਗਏ, ਤਾਂ ਸਾਰੇ ਮਨੋਰਥਾਂ ਦੇ ਫਲ ਪਾ ਲਏ।

ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ ॥ ੧ ॥

ਗੋਬਿੰਦ ਦੇ ਗੁਣ ਗਾਏ ਹਨ, ਤੇ ਹਰੀ ਦੀ ਚਰਨੀ ਲੱਗ ਕੇ ਅਸਥਿਰ ਭਏ=ਅਚੱਲ ਹੋ ਗਏ ਹਾਂ॥ ੧॥
ਅਥਵਾ:-ਹਰੀ ਸਰੂਪ ਗੁਰੂ ਦੀ ਚਰਨੀ ਲੱਗਕੇ ਗੋਬਿੰਦ ਦੇ ਗੁਣ ਗਾਏ ਤਾਂ ਅਚੱਲ ਹੋ ਗਏ॥ ੧॥

ਭਲੋ ਸਮੂਰਤੁ ਪੂਰਾ ॥

ਉਹ ਸਮੂਰਤੁ=ਦੋ ਘੜੀਆਂ ਦਾ ਸਮਾਂ ਸਭ ਤੋਂ ਭਲੋ=ਚੰਗਾ ਤੇ ਪੂਰਾ ਹੈ। ਜਿਸ ਸਮੇਂ-

ਸਾਂਤਿ ਸਹਜ ਆਨੰਦ ਨਾਮ ਜਪਿ ਵਾਜੇ ਅਨਹਦ ਤੂਰਾ ॥ ੧ ॥ ਰਹਾਉ ॥

ਨਾਮ ਨੂੰ ਜਪ ਕੇ ਸਹਜੇ ਸ਼ਾਂਤੀ ਅਨੰਦ ਨੂੰ, ਅਥਵਾ:-ਸ਼ਾਂਤੀ ਤੇ ਸਹਜ=ਗਿਆਨ ਅਨੰਦ ਨੂੰ ਪਾਇਆ ਹੈ, ਅਤੇ ਅਨਹਦ=ਇੱਕ ਰਸ ਨਾਮਾਂ ਰੂਪੀ, ਅਥਵਾ:-ਜਸ ਰੂਪੀ ਵਾਜੇ ਵੱਜੇ ਹਨ॥ ੧॥ ਰਹਾਉ॥

ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ ॥

ਜਿਸ ਵੇਲੇ ਆਪਣੇ ਪ੍ਰੀਤਮ ਸੁਆਮੀ ਮਿਲੇ ਤਾਂ ਪ੍ਰਤੱਖ ਘਰ ਅਤੇ ਮੰਦਰ ਸੁਖਦਾਈ ਹੋਏ ਹਨ।

ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ ॥੨ ॥੮ ॥੩੬ ॥

ਗੁਰੂ ਜੀ ਕਥਨ ਕਰਦੇ ਹਨ, (ਮੈਂ) ਜਨ ਨੇ ਗੁਰਾਂ ਪਾਸੋਂ ਹਰੀ ਨਾਮ ਰੂਪੀ ਖਜ਼ਾਨਾ ਪਾਇਆ ਹੈ, ਇਸ ਕਰਕੇ ਮੇਰੀ ਸਾਰੀ ਇੱਛਾ ਪੂਰੀ ਹੋ ਗਈ ਹੈ॥ ੨॥ ੮॥ ੩੬॥

ਸੋਰਠਿ ਮਹਲਾ ੫ ॥

ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ ਲਖਣ ਪ੍ਰਭਿ ਕੀਨੇ ॥

ਮੇਰੇ ਹਿਰਦੇ ਅੰਦਰ ਗੁਰੂ ਦੇ ਚਰਨ ਵਸੇ ਹਨ, ਇਸ ਕਰਕੇ ਪ੍ਰਭਿ=ਸਮਰੱਥ ਗੁਰੂ ਨੇ ਮੈਨੂੰ ਸ਼ੁਭ ਲਖਣਾਂ ਵਾਲਾ ਕਰ ਦਿੱਤਾ ਹੈ।

---

*ਨੋਟ:-ਇਸ ਜਗ੍ਹਾ ਪੁਰਾਤਨ ਬੀੜਾਂ ਵਿਚ "ਸੋਰਠਿ ੫" ਪਾਠ ਹੈ, ਪਰ ਨਵੇਂ ਸ਼੍ਰੋਮਣੀ ਕਮੇਟੀ ਦੇ ਛਪ ਰਹੇ ਸਰੂਪਾਂ ਵਿਚ ਯਾਂ ਪੋਥੀਆਂ ਵਿਚ "ਸੋਰਠਿ ਮ: ੫" ਪਾਠ ਹੈ, ਜੋ (ਮ:) ਪੁਰਾਣੇ ਸਰੂਪਾਂ 'ਚ ਨਹੀਂ ਹੈ।

ਭਏ ਕ੍ਰਿਪਾਲ ਪੂਰਨ ਪਰਮੇਸਰ ਨਾਮ ਨਿਧਾਨ ਮਨਿ ਚੀਨੇ॥ ੧॥

ਪੂਰਨ ਪਰਮੇਸ਼ਰ ਜੀ ਕ੍ਰਿਪਾਲੂ ਹੋਏ ਹਨ, ਮਨ ਵਿਚ ਨਾਮ ਨੂੰ ਨਿੱਧੀਆਂ ਦਾ ਖਜ਼ਾਨਾ ਚੀਨੇ=ਜਾਣ ਲਿਆ ਹੈ॥ ੧॥

ਮੇਰੋ ਗੁਰੁ ਰਖਵਾਰੋ ਮੀਤ॥

ਮਿੱਤਰ ਗੁਰੂ ਹੀ ਮੇਰਾ ਰਖਵਾਲਾ ਹੋਇਆ ਹੈ।

ਦੂਣ ਚਉਣੀ ਦੇ ਵਡਿਆਈ ਸੋਭਾ ਨੀਤਾ ਨੀਤ ॥ ੧॥ ਰਹਾਉ॥

ਉਸ ਗੁਰੂ ਨੇ ਦੂਣ ਚਉਣੀ=ਅਧਿਕ ਤੋਂ ਅਧਿਕ ਵਡਿਆਈ ਦਿੱਤੀ ਹੈ,

(੨) ਅਥਵਾ:-ਦੂਣ=ਦੋਹਾਂ ਪਾਤਿਸ਼ਾਹਾਂ ਦੀ, ਚਉਣੀ=ਚਾਰੇ ਪਾਤਿਸ਼ਾਹਾਂ ਦੀ ਵਡਿਆਈ ਦਿੱਤੀ ਹੈ।

(੩) ਅਥਵਾ:-ਦੂਣ=ਦੋਹਾਂ ਅੱਖਰਾਂ ਦੀ-ਹਾਹਾ ਰਾਰਾ=ਹਰੀ, ਰਾਰਾ ਮਮਾ=ਰਾਮ, ਗੱਗਾ ਰਾਰਾ=ਗੁਰੂ।

(੪) ਅਥਵਾ:-ਗਿਆਨ ਵੈਰਾਗ ਦੀ। (੫) ਅਥਵਾ:-ਜੀਵ ਈਸ਼ੂਰ ਦੀ ਏਕਤਾ ਰੂਪ ਦੋ ਅੱਖਰਾਂ ਦੀ ਵਡਿਆਈ ਦਿੱਤੀ ਹੈ।

ਚਉਣੀ:-ਚਾਰੇ ਅੱਖਰਾਂ ਦੀ-ਸਤਿਨਾਮੁ, ਵਾਹਿਗੁਰੂ। ਅਥਵਾ:-ਚਤੁਸ਼ਟੇ ਸਾਧਨਾਂ ਦੀ।

ਅਥਵਾ:-ਚਤੁਰਥ ਭੂਮਿਕਾ ਦੀ। ਅਥਵਾ:-ਚਾਰੇ ਪਦਾਰਥਾਂ ਦੀ ਪ੍ਰਾਪਤੀ ਰੂਪ।

ਅਥਵਾ:-ਚਾਰੇ ਮਹਾਂ ਵਾਕਾਂ ਦੀ ਪ੍ਰਾਪਤੀ ਰੂਪ। ਅਥਵਾ:-ਚਤੁਸ਼ਟੇ ਅੰਤਹਕਰਨ ਦੀ ਸ਼ੁੱਧੀ ਰੂਪ ਵਡਿਆਈ ਦਿੱਤੀ ਹੈ, ਇਸ ਕਰਕੇ ਨੀਤਾ ਨੀਤ=ਨਿਤਾਪ੍ਰਤੀ (ਹਰ ਰੋਜ਼) ਮੇਰੀ ਸੋਭਾ ਹੋ ਰਹੀ ਹੈ॥ ੧॥ ਰਹਾਉ॥

ਜੀਅ ਜੰਤ ਪ੍ਰਭਿ ਸਗਲ ਉਧਾਰੇ ਦਰਸਨੁ ਦੇਖਣਹਾਰੇ॥

ਗੁਰੂ ਜੀ ਦਾ ਦਰਸ਼ਨ ਵੇਖਣ ਵਾਲੇ ਜਿੰਨੇ ਕੁ ਸੂਖਮ-ਸਥੂਲ ਜੀਅ-ਜੰਤ ਸਨ, ਪ੍ਰਭੂ ਨੇ ਸਾਰੇ ਹੀ ਸੰਸਾਰ-ਸਮੁੰਦਰ ਤੋਂ ਉਧਾਰੇ=ਤਾਰ ਦਿੱਤੇ ਹਨ।

ਗੁਰ ਪੂਰੇ ਕੀ ਅਚਰਜ ਵਡਿਆਈ ਨਾਨਕ ਸਦ ਬਲਿਹਾਰੇ॥ ੨॥ ੯॥ ੩੭॥

ਗੁਰੂ ਜੀ ਕਥਨ ਕਰਦੇ ਹਨ, ਪੂਰਿਆਂ ਗੁਰਾਂ ਦੀ ਅਸਚਰਜ ਵਡਿਆਈ ਹੈ, ਮੈਂ ਉਨ੍ਹਾਂ (ਗੁਰਾਂ) ਤੋਂ ਸਦਾ ਹੀ ਬਲਿਹਾਰ ਜਾਂਦਾ ਹਾਂ॥ ੨॥ ੯॥ ੩੭॥

ਸੋਰਠਿ ਮਹਲਾ ੫॥

ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ॥

ਪਵਿੱਤ੍ਰ ਨਾਮ ਧਨ ਨੂੰ ਸੰਚਨਿ=ਇਕੱਠਾ ਕਰੋ, ਅਗਮ=ਮਨ ਕਰਕੇ, ਅਪਾਰ=ਪਾਰਵਾਰ ਤੋਂ ਰਹਿਤ, ਜੋ ਪ੍ਰਭੂ ਹੈ, ਉਸ ਦੀ ਪ੍ਰਾਪਤੀ ਦੀ ਇਹ ਥਾਤੀ=ਥੈਲੀ ਹੈ।

ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ॥ ੧॥

ਹੇ ਸਿੱਖੋ ! ਪਰਮੇਸ਼ਰ ਦਾ ਨਾਮ ਬਿਲਛਿ=ਆਮ ਖਾਸ ਨੂੰ ਦੇਣਾ ਕਰੋ, ਬਿਨੋਦ=ਸਬੰਧੀਆਂ ਨੂੰ ਦੇਣਾ

ਕਰੋ, ਅਤੇ ਆਪ ਭੀ ਨਾਮ-ਅੰਮ੍ਰਿਤ ਭੋਜਨ ਨੂੰ ਖਾਇ=ਖਾ ਕੇ ਭਾਵ ਜਪਕੇ ਸੁਖ ਅਨੰਦ ਮਾਨਣਾ ਕਰੋ, ਇਸ ਤਰ੍ਹਾਂ ਪਰਵਾਰ ਵਿਚ ਜੀਊਣਾ ਕਰੋ। ਅਥਵਾ:-ਗੁਰਾਂ ਨੂੰ ਪਰਵਾਰ=ਘੇਰਾ ਪਾ ਕੇ ਤੇ ਉਨ੍ਹਾਂ ਦੀ ਸਿਖ=ਸਿੱਖਿਆ ਖਾਇ=ਧਾਰਕੇ, ਜਗਤ ਰੂਪ 'ਬਿਨੋਦ=ਕੌਤਕ ਨੂੰ ਰਚਕੇ ਬਿਲਛਿ=ਆਮ-ਖਾਸ ਨੂੰ ਦੇਣ ਵਾਲਾ' ਜੋ ਪ੍ਰਭੂ ਹੈ, ਉਸ ਦੇ ਸੁਖ ਅਨੰਦ ਨੂੰ ਮਾਣ ਤਾਂ ਸਫਲ ਜੀਵਨ ਹੋਵੇਗਾ॥ ੧॥

ਹਰਿ ਕੇ ਚਰਨ ਕਮਲ ਆਧਾਰ॥

ਅਸਾਂ ਨੇ ਹਰੀ ਦੇ ਚਰਨ-ਕਮਲਾਂ ਦਾ ਆਧਾਰ=ਆਸਰਾ ਲਿਆ ਹੈ।

ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ ਲੰਘਉ ਬਿਖੁ ਸੰਸਾਰ॥੧॥ਰਹਾਉ॥

ਸੰਤਾਂ ਦੀ ਕਿਰਪਾ ਨਾਲ ਸੱਚ-ਨਾਮ ਰੂਪੀ ਬੋਹਿਥੁ=ਜਹਾਜ਼ ਪਾਇਆ ਹੈ, ਤੁਸੀਂ ਭੀ ਉਸ ਜਹਾਜ਼ ਉੱਤੇ ਚੜ੍ਹ ਕੇ ਬਿਖੁ=ਜ਼ਹਿਰ ਦੇ ਸਮੁੰਦਰ ਸੰਸਾਰ ਤੋਂ ਪਾਰ ਲੰਘਣਾ ਕਰੋ॥ ੧॥ ਰਹਾਉ॥

ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ॥

ਨਾਸ ਤੋਂ ਰਹਿਤ ਪੂਰਨ ਪੁਰਖ ਨੇ ਕ੍ਰਿਪਾਲੂ ਹੋ ਕੇ ਆਪ ਹੀ ਅਸਾਡੀ ਸਾਰ=ਸੰਭਾਲ ਕੀਨੀ=ਕੀਤੀ ਹੈ!

ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਾਹੀ ਸੁਮਾਰ॥੨॥੧੦॥੩੮॥

ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਦੇ ਗੁਣਾਂ ਦੀ ਸੁਮਾਰ=ਗਿਣਤੀ ਨਹੀਂ ਆਉਂਦੀ, ਅਸੀਂ ਉਸ ਨੂੰ ਵੇਖ ਵੇਖ ਕੇ ਬਿਗਸਾਨੋ=ਅਨੰਦ ਹੋ ਰਹੇ ਹਾਂ॥ ੨॥ ੧੦॥ ੩੮॥

ਸੋਰਠਿ ਮਹਲਾ ੫॥

ਗੁਰਿ ਪੂਰੈ ਅਪਨੀ ਕਲ ਧਾਰੀ ਸਭ ਘਟ ਉਪਜੀ ਦਇਆ॥

ਪੂਰਿਆਂ ਗੁਰਾਂ ਨੇ ਆਪਣੀ ਅਜੇਹੀ ਕਲ=ਸ਼ਕਤੀ ਧਾਰੀ ਹੈ, ਜੋ ਸਾਰਿਆਂ ਜੀਵਾਂ ਦੇ ਘਟ=ਹਿਰਦੇ ਵਿਚ ਦਇਆ ਉਪਜੀ=ਪੈਦਾ ਹੋ ਗਈ ਹੈ।

(ਪੰਨਾ ੬੧੯) ਆਪੇ ਮੇਲਿ ਵਡਾਈ ਕੀਨੀ ਕੁਸਲ ਖੇਮ ਸਭ ਭਇਆ॥੧॥

ਆਪਣੇ ਨਾਲ ਮੇਲਕੇ ਅਸਾਡੀ ਵਡਿਆਈ ਪ੍ਰਗਟ ਕੀਤੀ ਹੈ ਅਸਾਨੂੰ ਸਭ ਤਰ੍ਹਾਂ ਦਾ ਖੇਮ=ਰੱਖਿਆ ਦੇ ਸਹਿਤ ਕੁਸਲ=ਸੁਖ ਅਨੰਦ ਪ੍ਰਾਪਤ ਹੋਇਆ ਹੈ॥ ੧॥

ਸਤਿਗੁਰੁ ਪੂਰਾ ਮੇਰੈ ਨਾਲਿ॥ ਪਾਰਬ੍ਰਹਮੁ ਜਪਿ ਸਦਾ ਨਿਹਾਲ॥ ਰਹਾਉ॥

ਪੂਰਾ ਸਤਿਗੁਰੂ ਮੇਰੇ ਨਾਲ ਵਸ ਰਿਹਾ ਹੈ। ਪਾਰਬ੍ਰਹਮ ਨੂੰ ਜਪਕੇ ਮੈਂ ਸਦਾ ਹੀ ਨਿਹਾਲ ਹੋਇਆ ਹਾਂ, ਵਾ:-ਨਿ+ਹਾਲ ਦੁੱਖਾਂ ਤੋਂ ਰਹਿਤ ਹੋਇਆ ਹਾਂ॥ ਰਹਾਉ॥

ਅੰਤਰਿ ਬਾਹਰਿ ਥਾਨ ਥਨੰਤਰਿ ਜਤ ਕਤ ਪੇਖਉ ਸੋਈ॥

ਸਰੀਰ ਦੇ, ਵਾ:-ਬ੍ਰਹਿਮਾਂਡ ਦੇ ਅੰਦਰ ਬਾਹਰ ਥਾਨਾ ਅੰਦਰ ਥਾਨਾ ਵਿਚ ਜਿੱਥੇ ਕਿੱਥੇ ਉਸ

ਪਰਮੇਸ਼ਰ ਨੂੰ ਵੇਖਦਾ ਹਾਂ।

ਨਾਨਕ ਗੁਰੁ ਪਾਇਓ ਵਡਭਾਗੀ
ਤਿਸੁ ਜੇਵਡੁ ਅਵਰੁ ਨ ਕੋਈ॥ ੨ ॥ ੧੧ ॥ ੩੯ ॥

ਗੁਰੂ ਜੀ ਕਥਨ ਕਰਦੇ ਹਨ, ਵਡਭਾਗੀ ਗੁਰਾਂ ਨੂੰ ਵਡਿਆਂ ਭਾਗਾਂ ਨਾਲ ਪਾਇਆ ਹੈ, ਉਸ ਜੇਡਾ (ਵੱਡਾ) ਹੋਰ ਕੋਈ ਭੀ ਨਹੀਂ ਹੈ॥ ੨ ॥ ੧੧ ॥ ੩੯ ॥

ਸੋਰਠਿ ਮਹਲਾ ੫ ॥

ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ ॥

ਪ੍ਰਭੂ ਰੂਪ ਗੁਰਾਂ ਦੇ ਚਰਨਾਂ ਨੂੰ ਨਿਹਾਰਿਆ=ਵੇਖਿਆ, ਤਾਂ ਸੁਖ ਮੰਗਲ, ਕਲਿਆਣ=ਕੇਵਲ-ਮੁਕਤੀ, ਤੇ ਸਹਜ ਧੁਨਿ=ਸ਼ਾਂਤੀ ਦਾਇਕ ਬਾਣੀ ਇਹ ਸਭ ਪ੍ਰਾਪਤ ਹੋ ਗਈਆਂ।

ਅਥਵਾ:-ਮੰਗਲਾਂ ਦੇ ਕਰਨ ਵਾਲਾ ਕਲਿਆਨ-ਸਰੂਪ ਜੋ ਪ੍ਰਭੂ ਹੈ ਉਸ ਦੀ ਪ੍ਰਾਪਤੀ ਦੀ ਜਦ ਗੁਰਾਂ ਨੇ ਉਪਦੇਸ਼ ਬਾਣੀ ਧੁਨਿ=ਉਚਾਰੀ ਤਾਂ ਸਹਜ=ਸੁਤੇ ਸਿਧ ਚਰਣ=ਪੂਜਨੀਕ ਪ੍ਰਭੂ ਨੂੰ ਵੇਖ ਲਿਆ, ਜਾਂ ਵੇਖਿਆ ਤਾਂ ਸੁਖ ਪ੍ਰਾਪਤ ਹੋਇਆ।

ਰਾਖਨਹਾਰੈ ਰਾਖਿਓ ਬਾਰਿਕੁ ਸਤਿਗੁਰਿ ਤਾਪੁ ਉਤਾਰਿਆ ॥ ੧ ॥

ਰੱਖਣ ਵਾਲੇ ਨੇ ਬਾਰਿਕੁ=ਬਾਲਕ (ਛੇਵੇਂ ਪਾਤਸ਼ਾਹ) ਹਰਿਗੋਬਿੰਦ ਨੂੰ ਰੱਖ ਲਿਆ ਹੈ, ਅਤੇ ਸਤਿਗੁਰਾਂ ਨੇ ਤਾਪ ਭੀ ਉਤਾਰ ਦਿੱਤਾ ਹੈ॥ ੧ ॥

ਉਬਰੇ ਸਤਿਗੁਰ ਕੀ ਸਰਣਾਈ॥ ਜਾ ਕੀ ਸੇਵ ਨ ਬਿਰਥੀ ਜਾਈ॥ ਰਹਾਉ ॥

ਉਨ੍ਹਾਂ ਸਤਿਗੁਰਾਂ ਦੀ ਸ਼ਰਨੀ ਪੈ ਕੇ ਦੁੱਖਾਂ ਤੋਂ ਉਬਰੇ=ਬਚੇ ਹਾਂ। ਜਿਨ੍ਹਾਂ ਦੀ ਸੇਵਾ ਕੀਤੀ ਹੋਈ ਬਿਰਥੀ=ਖਾਲੀ (ਨਿਸਫਲ) ਨਹੀਂ ਜਾਂਦੀ॥ ਰਹਾਉ॥

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥

ਆਪਣੇ ਪ੍ਰਭੂ ਮੇਰੇ ਉੱਤੇ ਦਿਆਲੂ ਹੋਏ ਹਨ, ਇਸ ਕਰਕੇ ਘਰ ਵਿਚ ਭੀ ਸੁਖ ਹੈ ਪੁਨਾ ਬਾਹਰ ਭੀ ਸੁਖ ਪਾਇਆ ਹੈ।

ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ॥ ੨ ॥ ੧੨ ॥ ੪੦ ॥

ਗੁਰੂ ਜੀ ਕਥਨ ਕਰਦੇ ਹਨ, ਹੁਣ ਕੋਈ ਵਿਘਨ ਲੱਗਦਾ ਨਹੀਂ ਹੈ, ਕਿਉਂਕਿ ਮੇਰਾ ਪ੍ਰਭੂ ਮੇਰੇ ਉੱਤੇ ਕ੍ਰਿਪਾਲੂ ਹੋਇਆ ਹੈ॥ ੨ ॥ ੧੨ ॥ ੪੦ ॥

ਸੋਰਠਿ ਮਹਲਾ ੫ ॥

ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥

ਸੰਤਾਂ ਦੇ ਸੰਗ ਕਰਕੇ ਮਨ ਵਿਚ ਉੱਦਮ ਪ੍ਰਾਪਤ ਹੋਇਆ ਹੈ, ਜਿਸ ਕਰਕੇ ਰਤਨ ਵਾਂਗ ਅਮੋਲਕ

ਨਾਮ ਨੂੰ ਤੇ ਜਸ ਰੂਪ ਬਾਣੀ ਨੂੰ ਗਾਈ=ਗਾਉਣਾ ਕੀਤਾ ਹੈ।

ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ॥ ੧॥

ਹੇ ਭਾਈ ! ਸਾਰੀ ਚਿੰਤਾ ਮਿਟ ਗਈ ਹੈ, ਅਤੇ ਬੇਅੰਤ ਰੂਪ ਪ੍ਰਭੂ ਨੂੰ ਸਿਮਰਕੇ ਸੰਸਾਰ-ਸਮੁੰਦਰ ਤੋਂ ਤਰ ਗਿਆ ਹਾਂ॥ ੧॥

ਹਿਰਦੈ ਹਰਿ ਕੇ ਚਰਣ ਵਸਾਈ॥

ਹਿਰਦੇ ਵਿਚ ਹਰੀ ਦੇ ਚਰਨਾਂ ਦੀ ਪ੍ਰੀਤੀ ਵਸਾਈ ਹੈ।

ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ॥ ਰਹਾਉ॥

ਆਤਮ ਸੁਖ ਪਾਇਆ ਹੈ, ਸਹਜ ਧੁਨਿ=ਸ਼ਾਂਤੀ ਦਾਇਕ ਬਾਣੀ ਉਤਪਤ ਹੋਈ ਹੈ, ਅਤੇ ਰੋਗਾਂ ਦੀ ਘਾਣਿ=ਘਾਣੀ (ਅਗਿਆਨ) ਨੂੰ ਮਿਟਾ ਦਿੱਤਾ ਹੈ॥ ਰਹਾਉ॥

ਕਿਆ ਗੁਣ ਤੇਰੇ ਆਖਿ ਵਖਾਣਾ ਕੀਮਤਿ ਕਹਣੁ ਨ ਜਾਈ॥

ਆਪ ਜੀ ਦੇ ਕੇਹੜੇ ਕੇਹੜੇ ਗੁਣ ਆਖ ਕੇ ਕਥਨ ਕਰਾਂ, ਆਪ ਜੀ ਦੀ ਕੀਮਤ ਮੈਥੋਂ ਕਹੀ ਨਹੀਂ ਜਾਂਦੀ।

ਨਾਨਕ ਭਗਤ ਭਏ ਅਬਿਨਾਸੀ ਅਪੁਨਾ ਪ੍ਰਭੁ ਭਇਆ ਸਹਾਈ॥੨॥੧੩॥੪੧॥

ਗੁਰੂ ਜੀ ਕਥਨ ਕਰਦੇ ਹਨ, ਭਗਤ ਅਬਿਨਾਸੀ ਪ੍ਰਭੂ ਦਾ ਰੂਪ ਹੋਏ ਹਨ, ਕਿਉਂਕਿ ਆਪਣਾ ਪ੍ਰਭੂ ਉਨ੍ਹਾਂ ਦਾ ਸਹਾਇਕ ਹੋਇਆ ਹੈ॥ ੨॥ ੧੩॥ ੪੧॥

ਸੋਰਠਿ ਮਃ ੫॥ ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ॥

ਜਿਸ ਵੇਲੇ ਆਪਣੇ ਪ੍ਰਭੂ ਨੇ ਮੇਰੇ ਉੱਤੇ ਕਿਰਪਾ ਦ੍ਰਿਸ਼ਟੀ ਧਾਰੀ=ਕੀਤੀ ਤਾਂ ਰਾਗ ਦ੍ਵੈਸ਼ ਆਦਿਕ ਕਲੇਸ਼ ਦੂਰ ਹੋ ਗਏ ਅਤੇ ਸਾਰੇ ਰੋਗ ਭੀ ਨਾਸੇ=ਨਸ ਗਏ।

ਆਠ ਪਹਰ ਆਰਾਧਹੁ ਸੁਆਮੀ ਪੂਰਨ ਘਾਲ ਹਮਾਰੀ॥ ੧॥

ਅੱਠੇ ਪਹਿਰ ਸੁਆਮੀ ਦੇ ਅਰਾਧਣ ਕਰਕੇ ਅਸਾਡੀ ਸਾਰੀ ਘਾਲ=ਕਮਾਈ ਪੂਰਨ=ਸਫਲ ਹੋ ਗਈ ਹੈ॥ ੧॥

ਹਰਿ ਜੀਉ ਤੂ ਸੁਖ ਸੰਪਤਿ ਰਾਸਿ॥

ਹੇ ਹਰੀ ਜੀਉ ! ਤੂੰ ਸੁਖ ਤੇ ਸੰਪਦਾ ਦੀ ਰਾਸਿ=ਪੂੰਜੀ (ਮੂੜੀ) ਦੇਣ ਵਾਲਾ ਹੈਂ।

ਅਥਵਾ:-ਰਾਸਿ=ਸੱਚੀ ਸੰਪਦਾ ਦੇ ਦੇਣ ਵਾਲਾ ਹੈਂ।

ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ॥ ਰਹਾਉ॥

ਹੇ ਪ੍ਰਭੂ ! ਆਪ ਜੀ ਅੱਗੇ ਇਹ ਬੇਨਤੀ ਹੈ, ਕਿ ਮੇਰੇ ਭਾਈ=ਪ੍ਰੇਮੀਆਂ ਨੂੰ ਆਪ ਰੱਖ ਲੈਣਾ ਕਰੋ।

ਅਥਵਾ:-ਮੇਰੇ ਕਉ=ਮੈਨੂੰ ਇਹ ਗੱਲ ਭਾਈ ਹੈ, ਕਿ ਆਪ ਮੈਨੂੰ ਰੱਖ ਲਓ।

ਅਥਵਾ:-ਮੇਰੇ ਭਾਈ=ਭਾਵਨੇ ਜੋਗ (ਸ੍ਰੀ ਗੁਰੂ) ਹਰਿਗੋਬਿੰਦ ਨੂੰ ਰੱਖ ਲੈਣਾ ਕਰੋ।

ਅਥਵਾ:-ਮੇਰਾ ਭਾਈ=ਭਰਾ ਜੋ ਪ੍ਰਿਥੀ ਚੰਦ ਹੈ, ਉਸ ਤੋਂ ਮੈਨੂੰ ਰੱਖ ਲੋ।

ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ ॥

ਜੋ ਜੋ ਮੰਗਦਾ ਹਾਂ ਓਹੀ ਓਹੀ ਪਾਉਂਦਾ ਹਾਂ, ਮੈਨੂੰ ਆਪਣੇ ਮਾਲਕ ਦਾ ਭਰੋਸਾ ਹੈ।

ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥੨ ॥੧੪ ॥੪੨ ॥

ਗੁਰੂ ਜੀ ਕਥਲ ਕਰਦੇ ਹਨ, ਪੂਰਾ ਗੁਰੂ ਭੇਟਿਓ=ਮਿਲਿਆ ਹੈ, ਇਸ ਕਰਕੇ ਸਾਰਾ ਅੰਦੇਸਾ=ਸੰਸਾ ਮਿਟ ਗਿਆ ਹੈ॥ ੨॥ ੧੪॥ ੪੨॥

ਸੋਰਠਿ ਮਹਲਾ ੫ ॥

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥

ਗੁਰੁ=ਪੂਜਨੀਕ ਆਪਣਿਆਂ ਸਤਿਗੁਰਾਂ ਨੂੰ ਸਿਮਰ ਸਿਮਰਕੇ ਸਾਰਾ ਦੁੱਖ ਮਿਟਾ ਲਿਆ ਹੈ।

ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥ ੧ ॥

ਗੁਰਾਂ ਦੇ ਬਚਨਾਂ ਕਰਕੇ ਤਾਪ ਤੇ ਸਾਰੇ ਰੋਗ ਮਿਟ ਗਏ ਹਨ, ਅਤੇ ਮਨ ਇੱਛਤ ਫਲ ਪਾ ਲਿਆ ਹੈ॥ ੧॥

ਮੇਰਾ ਗੁਰੁ ਪੂਰਾ ਸੁਖਦਾਤਾ ॥

ਮੇਰਾ ਪੂਰਾ ਗੁਰੂ ਹੀ ਸੁਖ ਦੇਣ ਵਾਲਾ ਹੈ।

ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ ॥ ਰਹਾਉ ॥

ਜੋ ਸੁਆਮੀ ਸਭ ਕਾਰਨਾਂ ਦੇ ਕਰਨ ਵਾਲਾ ਹੈ, ਤੇ ਪੂਰਨ ਪੁਰਖ ਹੈ ਅਤੇ ਬਿਧਾਤਾ=ਫਲ-ਬਰ-ਦਾਤਾ ਹੈ ਉਸ ਦੀ ਪ੍ਰਾਪਤੀ ਕਰਨ ਵਿਚ ਗੁਰੂ ਸਮਰੱਥ ਹਨ॥ ਰਹਾਉ॥

ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ ॥

ਸ੍ਰੀ ਗੁਰ ਰਾਮਦਾਸ ਸਾਹਿਬ ਜੀ ਦੇ ਦਿਆਲੂ ਹੋਣ ਕਰਕੇ ਅਨੰਦ ਦਾਇਕ ਕੌਤਕਾਂ ਦੇ ਕਰਨ ਵਾਲੇ ਪ੍ਰਭੂ ਦੇ ਮੰਗਲ ਰੂਪ ਗੁਣਾਂ ਨੂੰ ਗਾਂਵਦੇ ਹਾਂ।

ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ ॥੨ ॥੧੫ ॥੪੩ ॥

ਪਾਰਬ੍ਰਹਮ ਆਪ ਰਖਵਾਲਾ ਹੋਇਆ ਹੈ, ਅਥਵਾ:-ਪਾਰਬ੍ਰਹਮ ਰੂਪ ਗੁਰੂ ਰਾਮਦਾਸ ਆਪ ਰਖਵਾਲਾ ਹੋਇਆ ਹੈ ਇਸ ਕਰਕੇ ਸੰਸਾਰ ਦੇ ਵਿਚ ਅਸਾਡੇ ਜੈ ਜੈ ਕਾਰ ਹੋ ਰਹੇ ਹਨ॥ ੨॥ ੧੫॥ ੪੩॥

ਸੋਰਠਿ ਮਹਲਾ ੫ ॥

ਰਹਾਉ ਦੀ ਪੰਗਤੀ ਦਾ ਅਰਥ ਪਹਿਲੇ ਕਰਨਾ, ''ਸਾਚਾ ਸਾਹਿਬੁ ਸਦ ਮਿਹਰਵਾਣ॥'' ਉਹ ਸੱਚਾ ਸਾਹਿਬ ਸਦਾ ਹੀ ਮੇਹਰਵਾਨ ਹੈ।

ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥

ਉਸ ਨੇ ਪਤਿਤ ਪਾਵਨ ਆਪਣਾ ਬਿਰਦੁ=ਧਰਮ ਪਛਾਣਕੇ, ਅਸਾਡੇ ਕਰਮਾਂ ਦੀ ਕੋਈ ਗਿਣਤੀ

ਨਹੀਂ ਗਣੀਆ=ਗਿਣੀ।

ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ॥ ੧ ॥

ਆਪਣੇ ਦਾਸ ਬਣਾਕੇ ਉਸਨੇ ਹੱਥ ਦੇ ਕੇ ਰੱਖ ਲਿਆ ਹੈ, ਹੁਣ ਅਸੀਂ ਹਮੇਸ਼ਾ ਹੀ ਸਦਾ ਰੂਪ ਪਰਮਾਤਮਾ ਦੇ ਰੰਗੁ=ਅਨੰਦ ਨੂੰ ਮਾਣਿ=ਭੋਗਦੇ ਹਾਂ॥ ੧ ॥

ਸਾਚਾ ਸਾਹਿਬੁ ਸਦ ਮਿਹਰਵਾਣ॥

ਉਹ ਸੱਚਾ ਸਾਹਿਬ ਪਰਮਾਤਮਾ ਸਦਾ ਹੀ ਮੇਹਰਵਾਨ ਹੈ।

ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ॥ ਰਹਾਉ ॥

ਮੇਰੇ ਹਿਰਦੇ ਵਿਚ ਪੂਰਿਆਂ ਸਤਿਗੁਰਾਂ ਨੇ ਨਾਮ ਦਾ ਬੰਧੁ=ਬੰਨਾ ਪਾਇਆ ਹੈ,

ਅਥਵਾ:-ਰੁੜ੍ਹੇ ਜਾਂਦੇ ਨੂੰ ਬੰਧੁ=ਰੋਕਾ ਪਾਇਆ ਹੈ, ਅਥਵਾ:-ਬੰਧੁ=ਸੰਤੋਖ ਪਾਇਆ ਹੈ, ਇਸ ਕਰਕੇ ਸਭ ਤਰ੍ਹਾਂ ਦੀ ਕਲਿਆਣਿ=ਸੁਖ ਦੀ ਪ੍ਰਾਪਤੀ ਹੋਈ ਹੈ॥ ਰਹਾਉ॥

(ਪੰਨਾ ੬੨੦) ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ॥

ਜਿਸ ਪ੍ਰਭ ਨੇ ਪਿੰਡੁ=ਸਰੀਰ ਨੂੰ ਸਾਜਕੇ ਵਿਚ ਜੀਵ ਨੂੰ ਪਾਉਣਾ ਕੀਤਾ ਹੈ,

ਅਤੇ ਪਹਿਨਣ ਨੂੰ ਕੱਪੜੇ ਤੇ ਖਾਣ ਨੂੰ ਬਹੁਤ ਸਾਰਾ ਅਨਾਜ ਦਿੱਤਾ ਹੈ।

ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ॥੨ ॥੧੬ ॥੪੪ ॥

ਗੁਰੂ ਜੀ ਕਥਨ ਕਰਦੇ ਹਨ, ਉਸ ਨੇ ਆਪਣੇ ਦਾਸ ਦੀ ਆਪ ਹੀ ਪੈਜ=ਇੱਜ਼ਤ ਰਾਖੀ=ਰੱਖੀ ਹੈ, ਮੈਂ ਉਸ ਤੋਂ ਸਦ=ਸਦਾ ਬਲਿਹਾਰ ਜਾਂਦਾ ਹਾਂ॥ ੨ ॥ ੧੬ ॥ ੪੪ ॥

ਸੋਰਠਿ ਮਹਲਾ ੫ ॥

ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ ॥

ਹਰੀ ਪ੍ਰਭੂ ਨੇ ਆਪ ਹੀ ਦੁਰਤੁ=ਪਾਪਾਂ ਨੂੰ ਦੂਰ ਕੀਤਾ ਹੈ, ਅਤੇ ਸਾਰੇ ਸੰਸਾਰ ਦੇ ਦੁੱਖਾਂ ਤੋਂ ਉਬਾਰਿਆ=ਬੱਚਾ ਲਿਆ ਹੈ।

ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ ॥ ੧ ॥

ਆਪਣਾ ਬਿਰਦੁ=ਧਰਮ ਸੰਭਾਲਕੇ ਪ੍ਰਭੂ ਪਾਰਬ੍ਰਹਮ ਨੇ ਅਸਾਡੇ ਤੇ ਕਿਰਪਾ ਦ੍ਰਿਸ਼ਟੀ ਧਾਰੀ=ਕੀਤੀ ਹੈ॥ ੧ ॥

ਹੋਈ ਰਾਜੇ ਰਾਮ ਕੀ ਰਖਵਾਲੀ॥

ਰਾਜੇ ਰਾਮ ਦੀ ਕਿਰਪਾ ਹੀ ਅਸਾਡੀ ਰਖਵਾਲੀ=ਰੱਖਿਆ ਕਰਨ ਵਾਲੀ ਹੋਈ ਹੈ।

ਸੂਖ ਸਹਜ ਆਨਦ ਗੁਣ ਗਾਵਹੁ ਮਨੁ ਤਨੁ ਦੇਹ ਸੁਖਾਲੀ॥ ਰਹਾਉ ॥

ਸੂਖ ਸਹਜ=ਅਚੁੱਤ ਸੁਖ ਦੇ ਦੇਣ ਵਾਲਾ ਜੋ ਅਨੰਦ ਸਰੂਪ ਪਰਮਾਤਮਾ ਹੈ ਉਸ ਦੇ ਗੁਣ ਗਾਂਵਦੇ ਹਾਂ,

ਗੁਣਾਂ ਕਰਕੇ ਮਨ ਤੇ ਤਨੁ=ਨਾਲੇ ਸਥੂਲ ਦੇਹ ਸੁਖੀ ਹੋ ਗਈ ਹੈ॥ ਰਹਾਉ॥

ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ॥

ਮੇਰਾ ਸਤਿਗੁਰੂ ਪਾਪੀਆਂ ਦੇ ਉਧਾਰਣੁ=ਤਾਰਣ ਵਾਲਾ ਹੈ, ਮੈਨੂੰ ਉਸੇ ਦਾ ਭਰਵਾਸਾ=ਭਰੋਸਾ ਹੈ।

ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ॥੨॥੧੭॥ ੪੫॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਅਰਦਾਸਾ=ਬੇਨਤੀ ਸੁਣ ਕੇ ਸੱਚੇ ਮਾਲਕ ਨੇ ਮੇਰੇ ਸਾਰੇ ਔਗੁਣ ਬਖਸ਼ ਲੀਤੇ ਹਨ॥ ੨॥ ੧੭॥ ੪੫॥

ਸੋਰਠਿ ਮਹਲਾ ੫॥

ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ॥

ਜਿਸ ਪਾਰਬ੍ਰਹਮ ਪਰਮੇਸ਼ਰ ਨੇ ਬਖਸ਼ਿਆ ਹੈ, ਓਸੇ ਨੇ (ਸ੍ਰੀ ਗੁਰੂ) ਹਰਿਗੋਬਿੰਦ ਜੀ ਦੇ ਸਾਰੇ ਰੋਗ ਬਿਦਾਰੇ=ਦੂਰ ਕਰ ਦਿੱਤੇ ਹਨ।

ਗੁਰ ਪੂਰੇ ਕੀ ਸਰਣੀ ਉਬਰੇ ਕਾਰਜ ਸਗਲ ਸਵਾਰੇ॥੧॥

ਪੂਰਿਆਂ ਗੁਰਾਂ ਦੀ ਸ਼ਰਨੀ ਪੈ ਕੇ ਦੁੱਖਾਂ ਤੋਂ ਬਚੇ ਹਾਂ, ਗੁਰਾਂ ਨੇ ਅਸਾਡੇ ਸਾਰੇ ਕਾਰਜ ਸਵਾਰੇ=ਸੁਆਰ ਦਿੱਤੇ ਹਨ॥ ੧॥

ਹਰਿ ਜਨਿ ਸਿਮਰਿਆ ਨਾਮ ਅਧਾਰਿ॥

ਹਰੀ ਦੇ ਜਨਾਂ ਦੇ ਅਧਾਰਿ=ਆਸਰੇ ਹੋ ਕੇ ਨਾਮ ਨੂੰ ਸਿਮਰਿਆ ਹੈ।

ਅਥਵਾ:-ਮੈਂ ਜਨ ਨੇ ਅਧਾਰਿ=ਆਸਰਾ ਰੂਪ ਹਰੀ ਦਾ ਨਾਮ ਸਿਮਰਿਆ ਹੈ।

ਤਾਪੁ ਉਤਾਰਿਆ ਸਤਿਗੁਰਿ ਪੂਰੈ ਅਪਣੀ ਕਿਰਪਾ ਧਾਰਿ॥ ਰਹਾਉ॥

ਪੂਰਿਆਂ ਸਤਿਗੁਰਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰਕੇ (ਛੇਵੇਂ ਪਾਤਸ਼ਾਹ ਜੀ ਦਾ) ਤਾਪ ਉਤਾਰਿਆ=ਲਾਹ ਦਿੱਤਾ ਹੈ।

ਅਥਵਾ:-ਜਗਿਆਸੂ ਦਾ ਆਧਿ, ਬਿਆਧ, ਉਪਾਧ, ਰੂਪ ਤਾਪ ਲਾਹ ਦਿੱਤਾ ਹੈ॥ ਰਹਾਉ॥

ਸਦਾ ਅਨੰਦ ਕਰਹ ਮੇਰੇ ਪਿਆਰੇ ਹਰਿ ਗੋਵਿਦੁ ਗੁਰਿ ਰਾਖਿਆ॥

ਹੇ ਮੇਰੇ ਪਿਆਰਿਓ ! ਅਸੀਂ ਤਾਂ ਸਦਾ ਹੀ ਅਨੰਦ ਲੈਣਾ ਕਰਹੁ=ਕਰਦੇ ਹਾਂ, ਕਿਉਂਕਿ ਹਰਿਗੋਬਿੰਦ ਨੂੰ ਪੂਰਿਆਂ ਗੁਰਾਂ ਨੇ ਰੱਖ ਲਿਆ ਹੈ। ਅਥਵਾ:-ਗੁਰਾਂ ਨੇ ਹਰਿਗੋਬਿੰਦ ਨੂੰ ਰੱਖ ਲਿਆ ਹੈ, ਇਸ ਕਰਕੇ ਮੇਰੇ ਪਿਆਰੇ ਸੱਜਣ ਮਿੱਤਰ ਸਦਾ ਹੀ ਖੁਸ਼ੀਆਂ ਕਰਦੇ ਹਨ।

ਵਡੀ ਵਡਿਆਈ ਨਾਨਕ ਕਰਤੇ ਕੀ

ਸਾਚੁ ਸਬਦੁ ਸਤਿ ਭਾਖਿਆ॥ ੨॥ ੧੮॥ ੪੬॥

ਗੁਰੂ ਜੀ ਕਥਨ ਕਰਦੇ ਹਨ, ਉਸ ਕਰਤੇ ਦੀ ਵਡਿਆਈ ਸਭ ਤੋਂ ਵੱਡੀ ਹੈ, ਸਤਿ=ਨਿਸਚੇ ਕਰਕੇ

ਅਸਾਂ ਨੇ ਇਹ ਸੱਚਾ ਸ਼ਬਦ ਭਾਖਿਆ=ਕਥਨ ਕੀਤਾ ਹੈ।

ਅਥਵਾ:-ਸਤਿ=ਨਿਸਚੇ ਨਾਲ ਸੱਚੇ ਗੁਰਾਂ ਦੇ ਉਪਦੇਸ਼ ਨੂੰ ਕਥਨ ਕੀਤਾ ਹੈ॥ ੨॥ ੧੮॥ ੪੬॥

ਸੋਰਠਿ ਮਹਲਾ ੫ ॥ ਭਏ ਕ੍ਰਿਪਾਲ ਸੁਆਮੀ ਮੇਰੇ ਤਿਤੁ ਸਾਚੈ ਦਰਬਾਰਿ॥

ਜਿਸ ਵੇਲੇ ਮੇਰੇ ਸੁਆਮੀ ਮੇਰੇ ਉੱਤੇ ਕ੍ਰਿਪਾਲੂ ਹੋਏ, ਤਾਂ ਉਸ ਸੱਚੇ ਦੇ ਦਰਬਾਰ ਵਿਚ ਸੱਚੇ ਹੋਏ।

ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਪਈ ਸੰਸਾਰਿ॥

ਹੇ ਭਾਈ ! ਜਿਸ ਵੇਲੇ ਸਤਿਗੁਰਾਂ ਨੇ (ਛੇਵੇ ਪਾਤਸ਼ਾਹ ਜੀ) ਹਰਿਗੋਬਿੰਦ ਦਾ ਤਾਪ ਗਵਾਇਆ=ਦੂਰ ਕਰ ਦਿੱਤਾ, ਤਾਂ ਅਸਾਡੇ ਭਾਣੇ ਸਾਰੇ ਸੰਸਾਰ ਵਿਚ ਹੀ ਠੰਢ ਪੈ ਗਈ।

ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ॥ ੧॥

ਵਾਹਿਗੁਰੂ ਨੇ ਆਪਣਿਆਂ ਜੀਆਂ ਜੰਤਾਂ ਦੀ ਆਪੇ ਰੱਖਿਆ ਕੀਤੀ ਹੈ, ਅਤੇ ਜਮਾਂ ਦੀ ਹਟਤਾਰਿ= ਹੜਤਾਲ ਕਰ ਦਿੱਤੀ। ਅਥਵਾ:-ਹਟ+ਤਾਰਿ=ਤਾੜਕੇ ਜਮਾਂ ਨੂੰ ਹਟ=ਹਟਾ ਦੇਣਾ ਕੀਤਾ॥ ੧॥

(ਪਾਠ 'ਹਟਤਾਰਿ') ਇਕੱਠਾ ਹੈ।

ਹਰਿ ਕੇ ਚਰਣ ਰਿਦੈ ਉਰਿ ਧਾਰਿ॥

ਹਰੀ ਸਰੂਪ ਗੁਰਾਂ ਦੇ ਚਰਨਾਂ ਨੂੰ ਰਿਦੈ=ਹਿਰਦੇ ਦੇ ਉਰਿ=ਵਿਚ ਧਾਰਿਆ ਹੈ।

ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ॥੧ ॥ਰਹਾਉ॥

ਹੇ ਭਾਈ ! ਸਦਾ=ਨਿੱਤ ਸਰੂਪ ਪ੍ਰਭੂ ਨੂੰ ਸਦਾ ਹੀ ਸਿਮਰਨਾ ਕਰੀਏ, ਜੋ ਦੁੱਖਾਂ ਤੇ ਕਿਲਬਿਖ=ਪਾਪਾਂ ਦੇ ਕੱਟਣ ਵਾਲਾ ਹੈ॥ ੧॥ ਰਹਾਉ॥

ਤਿਸ ਕੀ ਸਰਣੀ ਊਬਰੈ ਭਾਈ ਜਿਨਿ ਰਚਿਆ ਸਭੁ ਕੋਇ॥

ਹੇ ਭਾਈ ! ਜਿਸ ਪ੍ਰਭੂ ਨੇ ਸਭ ਕਿਸੇ ਨੂੰ ਰਚਿਆ=ਬਣਾਇਆ ਹੈ, ਉਸ ਦੀ (ਚਰਨਾਂ ਦੀ) ਸ਼ਰਨ ਪੈ ਕੇ ਹੀ ਅਸੀਂ ਦੁੱਖਾਂ ਤੋਂ ਬਚੇ ਹਾਂ।

ਕਰਣ ਕਾਰਣ ਸਮਰਥੁ ਸੋ ਭਾਈ ਸਚੈ ਸਚੀ ਸੋਇ॥

ਹੇ ਭਾਈ ! ਉਹ ਪ੍ਰਭੂ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਉਸ ਸੱਚੇ ਪ੍ਰਭੂ ਦੀ ਸੱਚੀ ਹੀ ਸੋਇ=ਸੋਭਾ ਹੈ।

ਨਾਨਕ ਪ੍ਰਭੂ ਧਿਆਈਐ ਭਾਈ ਮਨੁ ਤਨੁ ਸੀਤਲੁ ਹੋਇ॥ ੨॥ ੧੯॥ ੪੭॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਉਸ ਪ੍ਰਭੂ ਨੂੰ ਧਿਆਉਣਾ ਕਰੀਏ,
ਤਾਂ ਇਸ ਦਾ ਮਨ ਤਨ ਠੰਢਾ ਹੋ ਜਾਂਦਾ ਹੈ॥ ੨॥ ੧੯॥ ੪੭॥

ਸੋਰਠਿ ਮਹਲਾ ੫॥ ਸੰਤਹੁ ਹਰਿ ਹਰਿ ਨਾਮੁ ਧਿਆਈ॥

ਹੇ ਸੰਤੋ ! ਮੈਂ ਹਰਿ ਹਰਿ ਨਾਮ ਨੂੰ ਧਿਆਉਂਦਾ ਹਾਂ।

ਸੁਖ ਸਾਗਰ ਪ੍ਰਭੁ ਵਿਸਰਉ ਨਾਹੀ

ਮਨ ਚਿੰਦਿਅੜਾ ਫਲੁ ਪਾਈ॥ ੧ ॥ ਰਹਾਉ ॥

ਉਹ ਸੁਖਾਂ ਦਾ ਸਾਗਰ=ਸਮੁੰਦਰ ਪ੍ਰਭੂ ਮੈਨੂੰ ਭੁੱਲਦਾ ਨਹੀਂ ਹੈ, ਉਸ ਤੋਂ ਮੈਂ ਮਨ ਚਿੰਦਿਅੜਾ=ਮਨ ਇੱਛਤ ਫਲ ਦੀ ਪ੍ਰਾਪਤੀ ਪਾਈ ਹੈ॥ ੧ ॥ ਰਹਾਉ॥

ਸਤਿਗੁਰਿ ਪੂਰੈ ਤਾਪੁ ਗਵਾਇਆ ਅਪਣੀ ਕਿਰਪਾ ਧਾਰੀ॥

ਪੂਰਿਆਂ ਸਤਿਗੁਰਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰ ਕੇ (ਸ੍ਰੀ ਗੁਰੂ) ਹਰਿਗੋਬਿੰਦ ਜੀ ਦਾ ਤਾਪ ਦੂਰ ਕਰ ਦਿੱਤਾ ਹੈ।

ਪਾਰਬ੍ਰਹਮ ਪ੍ਰਭ ਭਏ ਦਇਆਲਾ ਦੁਖੁ ਮਿਟਿਆ ਸਭ ਪਰਵਾਰੀ॥ ੧ ॥

ਪ੍ਰਭੂ ਪਾਰਬ੍ਰਹਮ ਦਿਆਲੂ ਹੋਏ ਹਨ, ਇਸ ਕਰਕੇ ਸਾਰੇ ਪ੍ਰਵਾਰ ਦਾ ਦੁੱਖ ਮਿਟ ਗਿਆ ਹੈ॥ ੧ ॥

ਸਰਬ ਨਿਧਾਨ ਮੰਗਲ ਰਸ ਰੂਪਾ ਹਰਿ ਕਾ ਨਾਮੁ ਅਧਾਰੋ॥

ਜੋ ਸਾਰਿਆਂ ਸੁੱਖਾਂ ਦਾ ਨਿਧਾਨ=ਖਜ਼ਾਨਾ, ਮੰਗਲ ਤੇ ਰਸ ਰੂਪ ਹੈ, ਉਸ ਹਰੀ ਦੇ ਨਾਮ ਦਾ ਅਧਾਰੋ=ਆਸਰਾ ਲਿਆ ਹੈ। ਅਥਵਾ:-ਸਾਰਿਆਂ ਗੁਣਾਂ ਦਾ ਖਜ਼ਾਨਾ, ਜੋ ਮੰਗਲ ਸਰੂਪ ਪ੍ਰਭੂ ਹੈ, ਉਸ ਵਿਚ ਰਸ=ਪ੍ਰੇਮ ਕਰਕੇ ਹਰੀ ਨਾਮ ਦਾ ਆਸਰਾ ਲਿਆ ਹੈ, ਤੁਸੀਂ ਲੈਣਾ ਕਰੋ।

ਨਾਨਕ ਪਤਿ ਰਾਖੀ ਪਰਮੇਸਰਿ ਉਧਰਿਆ ਸਭੁ ਸੰਸਾਰੋ॥ ੨ ॥ ੨੦ ॥ ੪੮ ॥

ਗੁਰੂ ਜੀ ਕਥਨ ਕਰਦੇ ਹਨ, ਉਸ ਪਰਮੇਸ਼ਰ ਨੇ ਅਜੇਹੀ ਪਤ-ਆਬਰੋ ਰੱਖੀ ਹੈ, ਜੋ ਸਾਰੇ ਸੰਸਾਰ ਤੋਂ ਉਧਰ ਗਏ ਹਾਂ। ਅਥਵਾ:-ਉਸ ਪਰਮੇਸ਼ਰ ਨੇ ਇੱਜ਼ਤ ਰੱਖੀ ਹੈ, ਜਿਸ ਦੀ ਕਿਰਪਾ ਨਾਲ ਸਾਰਾ ਸੰਸਾਰ ਤਰਿਆ ਹੈ॥ ੨ ॥ ੨੦ ॥ ੪੮ ॥

ਸੋਰਠਿ ਮਹਲਾ ੫ ॥ ਮੇਰਾ ਸਤਿਗੁਰੁ ਰਖਵਾਲਾ ਹੋਆ ॥

ਸਤਿਗੁਰੂ ਹੀ ਮੇਰਾ ਰਖਵਾਲਾ=ਰੱਖਿਆ ਕਰਨ ਵਾਲਾ ਹੋਇਆ ਹੈ।

ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ ॥੧ ॥ਰਹਾਉ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰਕੇ ਹੱਥ ਦੇ ਕੇ ਰੱਖਿਆ ਹੈ, ਹੁਣ ਹਰਿਗੋਬਿੰਦ ਨਵਾ ਨਿਰੋਆ=ਨਵੀਨ ਅਰੋਗ ਹੋ ਗਿਆ ਹੈ, ਭਾਵ ਬਿਲਕੁਲ ਤੰਦਰੁਸਤ ਹੋ ਗਿਆ ਹੈ॥ ੧ ॥ ਰਹਾਉ ॥

ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ॥

ਜਿਸ ਵੇਲੇ ਪ੍ਰਭੂ ਨੇ ਆਪ ਮਿਟਾਇਆ ਤਾਂ ਤਾਪ ਦੂਰ ਹੀ ਚਲਾ ਗਿਆ, ਮੈਂ ਜਨ ਦੀ ਲੱਜਾ (ਇੱਜ਼ਤ) ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਪ ਹੀ ਰਖਾਈ=ਰੱਖ ਲਈ ਹੈ।

(ਪੰਨਾ ੬੨੧)

ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਦੀ॥ ੧॥

ਏਹ ਸਾਰੇ ਫਲ ਸਤਸੰਗਤ ਤੋਂ ਪਾਏ ਹਨ, ਇਸ ਕਰਕੇ ਸਤਿਗੁਰਾਂ ਤੋਂ ਬਲਿਹਾਰ ਜਾਂਦੇ ਹਾਂ। ਕਿਉਂਕਿ ਸਤਿਗੁਰੂ ਹੀ ਸਤਸੰਗਤ ਦਾ ਸਰੂਪ ਹਨ॥ ੧॥

ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥

ਪ੍ਰਭੂ ਨੇ ਮੇਰੇ ਹਲਤੁ=ਲੋਕ ਪਲਤੁ=ਪ੍ਰਲੋਕ, ਦੋਵੇਂ ਸਵਾਰ ਦਿੱਤੇ ਹਨ ਅਸਾਡਾ ਗੁਣ ਔਗੁਣ ਕੋਈ ਨਹੀਂ ਵਿਚਾਰਨਾ ਕੀਤਾ।

ਅਟਲ ਬਚਨੁ ਨਾਨਕ ਗੁਰ ਤੇਰਾ
ਸਫਲ ਕਰੁ ਮਸਤਕਿ ਧਾਰਿਆ॥ ੨॥ ੨੧॥ ੪੯॥

ਹੇ ਗੁਰੂ ਨਾਨਕ ! ਆਪ ਜੀ ਦਾ ਬਚਨ ਅਟੱਲ ਹੈ, ਆਪਣਾ ਸਫਲ ਕਰੁ=ਹੱਥ ਮੇਰੇ ਮੱਥੇ ਉੱਪਰ ਆਪ ਜੀ ਨੇ ਰੱਖਿਆ ਹੈ। ਅਥਵਾ:-ਹੇ ਗੁਰੂ ਨਾਨਕ ! ਆਪ ਜੀ ਦਾ ਬਚਨ ਅਟੱਲ ਹੈ, ਉਸ ਨੂੰ ਸਫਲ ਜਾਣ ਕਰਕੇ ਹੀ ਮੈਂ ਆਪਣੇ ਮਸਤਕਿ=ਸਿਰ ਉੱਪਰ ਧਰਿਆ ਹੈ। ਅਰਥਾਤ ਆਪ ਜੀ ਦੇ ਹੁਕਮ ਨੂੰ ਮਿੱਠਾ ਕਰਕੇ ਮੰਨਿਆ ਹੈ॥ ੨॥ ੨੧॥ ੪੯॥

ਸੋਰਠਿ ਮਹਲਾ ੫॥ ਜੀਅ ਜੰਤ੍ਰ ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ॥

ਸੂਖਮ ਸਥੂਲ ਜੀਵ ਸਾਰੇ ਉਸ ਦੇ ਪੈਦਾ ਕੀਤੇ ਹੋਏ ਹਨ, ਓਹੀ ਪਰਮਾਤਮ ਦੇਵ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ।

ਅਪੁਨੇ ਸੇਵਕ ਕੀ ਆਪੇ ਰਾਖੈ ਪੂਰਨ ਭਈ ਬਡਾਈ॥ ੧॥

ਉਹ ਆਪਣਿਆਂ ਸੇਵਕਾਂ ਦੀ ਆਪ ਹੀ ਪੈਜ ਰੱਖਦਾ ਹੈ, ਇਸੀ ਕਰਕੇ ਅਸਾਡੀ ਵੀ ਸਾਰੇ ਸੰਸਾਰ ਵਿਚ ਪੂਰਨ ਵਡਿਆਈ ਹੋਈ ਹੈ॥ ੧॥

ਪਾਰਬ੍ਰਹਮੁ ਪੂਰਾ ਮੇਰੈ ਨਾਲਿ॥

ਪੂਰਾ ਪਾਰਬ੍ਰਹਮ ਮੇਰੇ ਨਾਲ ਵਸ ਰਿਹਾ ਹੈ।

ਗੁਰਿ ਪੂਰੈ ਪੂਰੀ ਸਭ ਰਾਖੀ ਹੋਏ ਸਰਬ ਦਇਆਲ॥ ੧॥ ਰਹਾਉ॥

ਪੂਰਿਆਂ ਗੁਰਾਂ ਨੇ ਮੇਰੀ ਸਭ ਤਰ੍ਹਾਂ ਨਾਲ ਪੂਰੀ ਪੈਜ ਰੱਖਣਾ ਕੀਤੀ ਹੈ, ਅਤੇ ਸਾਰੇ ਪਰਵਾਰ ਉੱਤੇ ਦਿਆਲੂ ਹੋਏ ਹਨ। ਅਥਵਾ:-ਮੇਰੇ ਉੱਤੇ ਸਾਰੇ ਜੀਵ ਦਿਆਲੂ ਹੋਏ ਹਨ॥ ੧॥ ਰਹਾਉ॥

ਅਨਦਿਨੁ ਨਾਨਕੁ ਨਾਮੁ ਧਿਆਏ ਜੀਅ ਪ੍ਰਾਨ ਕਾ ਦਾਤਾ॥

ਗੁਰੂ ਜੀ ਕਥਨ ਕਰਦੇ ਹਨ, ਨਾਨਕੁ=ਮੈਂ (ਨਾਨਕ) ਰਾਤ-ਦਿਨ ਉਸੇ ਦੇ ਨਾਮ ਨੂੰ ਧਿਆਉਂਦਾ ਹਾਂ, ਜੋ ਪ੍ਰਭੂ ਜੀਅ ਅਤੇ ਪ੍ਰਾਣਾਂ ਦਾ ਦਾਤਾ ਹੈ।

ਅਪੁਨੇ ਦਾਸ ਕਉ ਕੰਠਿ ਲਾਏ ਰਾਖੈ
ਜਿਉ ਬਾਰਿਕ ਪਿਤ ਮਾਤਾ ॥ ੨ ॥ ੨੨ ॥ ੫੦ ॥

ਉਹ ਪ੍ਰਭੂ ਆਪਣੇ ਦਾਸ ਨੂੰ ਇਸ ਤਰ੍ਹਾਂ ਗਲ ਨਾਲ ਲਗਾਕੇ ਰੱਖਦਾ ਹੈ, ਜਿਵੇਂ ਬੱਚੇ ਨੂੰ ਮਾਂ ਪਿਉ ਗਲ ਨਾਲ ਲਾਈ ਰੱਖਦੇ ਹਨ॥ ੨ ॥ ੨੨ ॥ ੫੦ ॥

ਸੋਰਠਿ ਮਹਲਾ ੫ ਘਰੁ ੩ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:–ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ੧੬੩੮ ਬਿਕ੍ਰਮੀ ਭਾਦਰੋਂ ਸੁਦੀ ਦੂਜ ਨੂੰ ਗੁਰਤਾ-ਗੱਦੀ ਉੱਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਠਾ ਕੇ ਆਪ ਦੂਜੇ ਦਿਨ ਭਾਦਰੋਂ ਸੁਦੀ ਤੀਜ ਨੂੰ ਜੋਤੀ ਜੋਤ ਸਮਾ ਗਏ। ਤਾਂ ਪਿੱਛੋਂ ਪ੍ਰਿਥੀ ਚੰਦ ਬਹੁਤਿਆਂ ਪਾਸ ਪੁਕਾਰ ਕਰਨ ਵਾਸਤੇ ਗਿਆ, ਕਿ ਵੱਡਾ ਪੁੱਤਰ ਮੈਂ ਹਾਂ, ਗੱਦੀ ਉੱਪਰ ਬੈਠਣ ਦਾ ਹੱਕ ਮੇਰਾ ਹੈ ਤੇ ਛੋਟਾ ਭਰਾ ਬੈਠ ਗਿਆ ਹੈ। ਇਹ ਮੇਰਾ ਨਿਆਂ ਹੋਣਾ ਚਾਹੀਦਾ ਹੈ।

ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥
ਸਿਕਦਾਰਹੁ ਨਹ ਪਤੀਆਇਆ ॥

ਪਹਿਲੇ ਪੰਚਹੁ=ਚੌਧਰੀਆਂ ਨੂੰ ਜਾ ਕੇ ਮਿਲਿਆ ਤੇ ਆਪਣੀ ਸਾਰੀ ਗੱਲ ਸੁਣਾਈ, ਪਰ ਉਨ੍ਹਾਂ ਨੇ ਪ੍ਰਿਥੀ ਚੰਦ ਦਾ ਸੰਸਾ ਦੂਰ ਨਾ ਕੀਤਾ।

ਫੇਰ ਸਿਕਦਾਰਹੁ=ਥਾਣੇਦਾਰ ਨੂੰ ਜਾ ਕੇ ਕਿਹਾ, ਪਰ ਉਸਨੇ ਭੀ ਗੱਦੀ ਦਿਵਾਉਣ ਦਾ ਭਰੋਸਾ ਨਾ ਦਿੱਤਾ। ਅਥਵਾ:-ਥਾਣੇਦਾਰ ਦੀਆਂ ਗੱਲਾਂ ਸੁਣਕੇ ਪ੍ਰਿਥੀ ਚੰਦ ਦਾ ਉਸ ਉੱਤੇ ਭਰੋਸਾ ਨਾ ਬੱਝਾ।

ਉਮਰਾਵਹੁ ਆਗੈ ਝੇਰਾ ॥ ਮਿਲਿ ਰਾਜਨ ਰਾਮ ਨਿਬੇਰਾ ॥ ੧ ॥

ਫੇਰ ਦਿੱਲੀ ਜਾ ਕੇ ਉਮਰਾਵ=ਅਹਿਲਕਾਰ (ਵਜ਼ੀਰ) ਜੋ 'ਸੁਲਹੀ' 'ਸੁਲੱਬੀ' ਸਨ, ਉਨ੍ਹਾਂ ਅੱਗੇ ਆਪਣਾ ਝਗੜਾ ਰੱਖਿਆ। ਉਨ੍ਹਾਂ ਨੇ ਬਾਦਸ਼ਾਹ ਨੂੰ ਜਾ ਕੇ ਦੱਸਿਆ, ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਇਹ ਵੱਡਾ ਪੁੱਤਰ ਆ ਕੇ ਪੁਕਾਰ ਕਰਦਾ ਹੈ, ਕਿ ਮੇਰੇ ਪਿਆ ਜੋਤੀ ਜੋਤ ਸਮਾ ਗਏ ਹਨ ਤੇ ਗੱਦੀ ਉੱਤੇ ਬੈਠਣ ਦਾ ਹੱਕ ਮੇਰਾ ਹੈ ਤੇ ਛੋਟਾ ਭਰਾ ਬੈਠ ਗਿਆ ਹੈ ਮੇਰਾ ਨਿਆਂ ਹੋਣਾ ਚਾਹੀਦਾ ਹੈ। ਉਸ ਵੇਲੇ ਜਹਾਂਗੀਰ* ਬਾਦਸ਼ਾਹ ਨੇ ਆਪਣੇ ਪਾਸ ਪ੍ਰਿਥੀ ਚੰਦ ਨੂੰ ਬੁਲਾ ਕੇ ਪੁੱਛਿਆ, ਕਿ "ਤੇਰਾ ਛੋਟਾ ਭਰਾ ਆਪਣੇ ਆਪ ਜ਼ਬਰ-ਦਸਤੀ ਗੱਦੀ ਤੇ ਬੈਠਾ ਹੈ, ਯਾਂ ਕਿ ਪਿਤਾ ਜੀ ਆਪ ਬਿਠਾ ਗਏ ਹਨ ?" ਉਸ ਵੇਲੇ ਪ੍ਰਿਥੀ ਚੰਦ ਨੇ ਹੌਲੇ ਜਿਹਾ ਕਿਹਾ, "ਪਿਤਾ ਜੀ ਆਪ ਬਿਠਾ ਗਏ ਹਨ"। ਇਹ ਗੱਲ ਸੁਣਕੇ ਬਾਦਸ਼ਾਹ ਨੇ ਕਿਹਾ, "ਜੇਕਰ ਪਿਤਾ ਜੀ ਆਪ ਬਿਠਾ ਗਏ ਹਨ, ਤਾਂ ਫਿਰ ਤੇਰਾ ਹੱਕ ਨਹੀਂ ਬਣਦਾ, ਫਿਰ ਤਾਂ ਉਸ ਦਾ ਹੱਕ ਹੈ, ਤੂੰ ਝਗੜਾ ਨਾ ਕਰ"। ਰਾਜਿਆਂ ਦਾ ਰਾਜਾ ਜੋ ਰਾਮ ਪਰਮਾਤਮਾ ਹੈ, ਉਸ ਨੇ ਬਾਦਸ਼ਾਹ

---

*ਕਈ ਲਿਖਾਰੀਆਂ ਨੇ ਅਕਬਰ ਬਾਦਸ਼ਾਹ ਪਾਸ ਪ੍ਰਿਥੀ ਚੰਦ ਦੀ ਪੁਕਾਰ ਕਰਨੀ ਲਿਖੀ ਹੈ। ਪਰ ਗੁਰ ਪ੍ਰਤਾਪ ਸੂਰਜ ਦੇ ਕਰਤਾ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਜਹਾਂਗੀਰ ਬਾਦਸ਼ਾਹ ਪਾਸ ਪ੍ਰਿਥੀ ਚੰਦ ਦੀ ਪੁਕਾਰ ਕਰਨੀ ਲਿਖੀ ਹੈ।

ਦੀ ਰਸਨਾ ਨਾਲ ਮਿਲਕੇ ਇਸ ਤਰ੍ਹਾਂ ਦਾ ਨਿਬੇਰਾ=ਫੈਸਲਾ ਕਰ ਦਿੱਤਾ।

ਦੂਜਾ ਅਰਥ ਜਗਿਆਸੂ ਵੱਲੋਂ ਹੈ, ਜਗਿਆਸੂ ਆਖਦਾ ਹੈ-

ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥:-ਪੰਡਿਤਾਂ ਨਾਲ ਮੈਂ ਮਿਲਿਆ ਹਾਂ ਤਾਂ ਉਨ੍ਹਾਂ ਨੇ ਜੀਵ ਈਸ਼੍ਵਰ ਦੀ ਏਕਤਾ ਦਾ ਸਹਸਾ=ਸੰਸਾ ਦੂਰ ਨਾ ਕੀਤਾ ਸਗੋਂ ਕਰਮ ਕਾਂਡ ਵਿਚ ਜੋੜ ਦਿੱਤਾ।

ਸਿਕਦਾਰਹੁ ਨਹ ਪਤੀਆਇਆ ॥:-ਸਿਕਦਾਰਹੁ=ਜੋਤਸ਼ੀਆਂ ਉੱਪਰ ਭੀ ਮੇਰਾ ਮਨ ਭਰੋਸੇ ਵਾਲਾ ਨਾ ਹੋਇਆ, ਕਿ ਇਹ ਮੈਨੂੰ ਤਾਰ ਦੇਣਗੇ। ਅਥਵਾ:-ਜੋਤਸ਼ੀਆਂ ਦਾ ਆਪਣਾ ਮਨ ਭੀ ਜੀਵ ਈਸ਼੍ਵਰ ਦੀ ਏਕਤਾ ਉੱਪਰ ਭਰੋਸੇ ਵਾਲਾ ਨਹੀਂ ਹੋਇਆ॥

ਉਮਰਾਵਹੁ ਆਗੈ ਝੇਰਾ ॥:-ਉਮਰਾਵ ਜੋ ਦੇਵਤੇ ਹਨ ਓਹਨਾਂ ਅੱਗੇ ਆਪਣਾ ਝਗੜਾ ਰੱਖਿਆ ਅਰਥਾਤ ਉਹਨਾਂ ਦੀ ਉਪਾਸ਼ਨਾ ਭੀ ਕੀਤੀ ਪਰ ਉਹਨਾਂ ਨੇ ਭੀ ਨਿਰਸੰਦੇਹ ਨਹੀਂ ਕੀਤਾ।

ਤੀਜੇ ਅਰਥ ਵਿਚ ਥੋੜ੍ਹੀ ਜੇਹੀ ਬਦਲ ਹੈ।

ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥:-ਪੰਚਹੁ=ਪੰਡਿਤਾਂ ਨਾਲ ਮਿਲਿਆ ਤਾਂ ਉਹਨਾਂ ਨੇ ਭੀ ਮੇਰਾ ਸੰਸਾ ਦੂਰ ਨਾ ਕੀਤਾ।

ਸਿਕਦਾਰਹੁ ਨਹ ਪਤੀਆਇਆ ॥:-ਸਿਕਦਾਰਹੁ=ਦੇਵਤਿਆਂ ਦੀ ਉਪਾਸ਼ਨਾ ਕੀਤੀ, ਪਰ ਉਹਨਾਂ ਉੱਤੇ ਭੀ ਮਨ ਭਰੋਸੇ ਵਾਲਾ ਨਾ ਹੋਇਆ॥

ਉਮਰਾਵਹੁ ਆਗੈ ਝੇਰਾ ॥:-ਜਿਨ੍ਹਾਂ ਸੰਤਾਂ ਦਾ ਮਨ ਪਰਮੇਸ਼ਰ ਵੱਲ ਉਮਗਿਆ ਹੋਇਆ ਹੈ, ਉਹ ਸੰਤ ਹੀ ਪਰਮੇਸ਼ਰ ਦੇ ਉਮਰਾਵ ਹਨ, ਜਦ ਉਹਨਾਂ ਅੱਗੇ ਆਪਣਾ ਝੇਰਾ=ਝਗੜਾ ਰੱਖਿਆ ਕਿ ਜੀਵ ਪਰਮੇਸ਼ਰ ਤੋਂ ਭਿੰਨ (ਵੱਖਰਾ) ਹੈ, ਯਾਂ ਅਭਿੰਨ ਹੈ?

ਮਿਲਿ ਰਾਜਨ ਰਾਮ ਨਿਬੇਰਾ ॥ ੧ ॥:-ਤਾਂ ਉਹਨਾਂ ਨੇ ਜੀਵ ਈਸ਼੍ਵਰ ਦੀ ਏਕਤਾ ਰੂਪ ਮਹਾਂਵਾਕ ਦਾ ਉਪਦੇਸ਼ ਦੇ ਕੇ ਅਤੇ ਰਾਜਨ ਰਾਮ ਪਰਮਾਤਮਾ ਨਾਲ ਮਿਲਾਕੇ ਜਨਮ ਮਰਨ ਦਾ ਨਿਬੇੜਾ ਕਰ ਦਿੱਤਾ ॥ ੧ ॥

ਅਬ ਢੂਢਨ ਕਤਹੁ ਨ ਜਾਈ॥ ਗੋਬਿਦ ਭੇਟੇ ਗੁਰ ਗੋਸਾਈ ॥ ਰਹਾਉ॥

ਹੁਣ ਮੇਰਾ ਮਨ ਢੂਢਨ=ਲੱਭਣ ਵਾਸਤੇ ਕਿਸੇ ਤਰਫ ਨਹੀਂ ਜਾਂਦਾ। ਕਿਉਂਕਿ-

ਗੁਰਾਂ ਦੁਆਰੇ ਗੋਬਿਦ ਗੋਸਾਈ=ਪਰਮੇਸ਼ਰ ਘਰ ਵਿਚ ਹੀ ਆ ਮਿਲਿਆ ਹੈ॥ ਰਹਾਉ॥

ਆਇਆ ਪ੍ਰਭ ਦਰਬਾਰਾ॥ ਤਾ ਸਗਲੀ ਮਿਟੀ ਪੂਕਾਰਾ॥

ਜਦ ਤੋਂ ਪ੍ਰਭੂ ਦੇ ਸਤੰਸਗ ਦਰਬਾਰ ਵਿਚ ਆਇਆ ਹਾਂ। ਤਦ ਤੋਂ ਸਾਰੀ ਪੁਕਾਰ ਮਿਟ ਗਈ।

ਲਬਧਿ ਆਪਣੀ ਪਾਈ॥ ਤਾ ਕਤ ਆਵੈ ਕਤ ਜਾਈ॥ ੨ ॥

ਜਿਸ ਵਸਤੂ ਨੂੰ ਲਬਧਿ=ਲੱਭਦੇ ਸੀ ਜਦ ਉਹ ਆਪਣੀ ਸਰੂਪ-ਵਸਤੂ ਪਾਈ, ਤਾਂ ਫਿਰ ਆਉਣਾ ਕਿੱਥੇ ਤੇ ਜਾਣਾ ਕਿੱਥੇ ਹੈ, ਭਾਵ ਫਿਰ ਕਿਧਰੇ ਆਉਂਦਾ ਜਾਂਦਾ ਨਹੀਂ ਹੈ॥ ੨ ॥

ਤਹ ਸਾਚ ਨਿਆਇ ਨਿਬੇਰਾ॥ ਊਹਾ ਸਮ ਠਾਕੁਰੁ ਸਮ ਚੇਰਾ॥

ਤਿਸ ਸਤਸੰਗ ਦਰਬਾਰ ਵਿਚ ਸੱਚੇ ਨਿਆਂ ਦਾ ਫੈਸਲਾ ਹੈ। ਓਥੇ ਸਤਸੰਗ ਵਿਚ ਸਮਾਨ ਹੀ ਮਾਲਕ

ਹੈ ਤੇ ਸਮਾਨ ਹੀ ਚੇਰਾ=ਦਾਸ ਹੈ। ਅਰਥਾਤ ਓਥੇ ਊਚੇ ਨੀਵੇਂ ਦਾ ਕੋਈ ਭਿੰਨ ਭੇਦ ਨਹੀਂ ਹੈ।

ਅੰਤਰਜਾਮੀ ਜਾਨੈ ॥ ਬਿਨੁ ਬੋਲਤ ਆਪਿ ਪਛਾਨੈ ॥ ੩ ॥

ਅੰਦਰ ਦੀ ਜਾਨਣ ਵਾਲੇ ਗੁਰੂ ਸਭ ਕੁਝ ਜਾਣ ਲੈਂਦੇ ਹਨ। ਬਿਨੁ ਬੋਲਤ=ਦੱਸੇ ਤੋਂ ਬਿਨਾਂ ਹੀ ਆਪ ਸਾਰੀ ਗੱਲ ਪਹਿਚਾਨ ਲੈਂਦੇ ਹਨ॥ ੩ ॥

ਸਰਬ ਥਾਨ ਕੋ ਰਾਜਾ ॥ ਤਹ ਅਨਹਦ ਸਬਦ ਅਗਾਜਾ ॥

ਉਹ ਪ੍ਰਭੂ ਸਾਰਿਆਂ ਅਸਥਾਨਾਂ ਦਾ ਰਾਜਾ ਹੈ। ਤਿਸ ਸਤਸੰਗ ਵਿਚ ਉਹ ਸਬਦ=ਬ੍ਰਹਮ ਅਨਹਦ=ਇੱਕ ਰਸ ਅਗਾਜਾ=ਪ੍ਰਗਟ ਹੋ ਰਿਹਾ ਹੈ।

ਤਿਸੁ ਪਹਿ ਕਿਆ ਚਤੁਰਾਈ ॥ ਮਿਲੁ ਨਾਨਕ ਆਪੁ ਗਵਾਈ ॥ ੪ ॥ ੧ ॥ ੫੧ ॥

ਤਿਸ ਪ੍ਰਭੂ ਪਹਿ=ਪਾਸ ਕਿਸੇ ਦੀ ਕੀ ਚਤੁਰਾਈ ਚਲ ਸਕਦੀ ਹੈ। ਗੁਰੂ ਜੀ ਕਥਨ ਕਰਦੇ ਹਨ, ਆਪੁ=ਹੰਕਾਰ ਗਵਾ ਕੇ ਉਸ ਨੂੰ ਮਿਲੇ।

ਅਥਵਾ:-ਤਿਸ ਸਤਸੰਗ ਵਿਚ ਸੰਤਾਂ ਪਾਸ ਕੀ ਚਤਰਾਈ ਚਲ ਸਕਦੀ ਹੈ।

ਗੁਰੂ ਜੀ ਕਥਨ ਕਰਦੇ ਹਨ, ਹੇ ਪੁਰਸ਼ਾ ! ਆਪੁ=ਹੰਕਾਰ ਗਵਾ ਕੇ ਸੰਤਾਂ ਨੂੰ ਮਿਲਣਾ ਕਰ ॥ ੪ ॥ ੧ ॥ ੫੧ ॥

ਸੋਰਠਿ ਮਹਲਾ ੫ ॥

ਹਿਰਦੈ ਨਾਮੁ ਵਸਾਇਹੁ ॥ ਘਰਿ ਬੈਠੇ ਗੁਰੂ ਧਿਆਇਹੁ ॥

ਹੇ ਭਾਈ ! ਆਪਣੇ ਹਿਰਦੇ ਵਿਚ ਨਾਮ ਨੂੰ ਵਸਾਇਹੁ=ਵਸਾਉਣਾ ਕਰੋ।

ਅਤੇ ਘਰ ਵਿਚ ਬੈਠਿਆਂ ਹੀ ਆਪਣੇ ਗੁਰਾਂ ਨੂੰ ਧਿਆਉਣਾ ਕਰੋ।

ਗੁਰਿ ਪੂਰੈ ਸਚੁ ਕਹਿਆ ॥ ਸੋ ਸੁਖੁ ਸਾਚਾ ਲਹਿਆ ॥ ੧ ॥

ਪੂਰਿਆਂ ਗੁਰਾਂ ਦਾ ਕਿਹਾ ਹੋਇਆ ਬਚਨ ਜਿਸ ਨੇ ਸੱਚ ਸਮਝਿਆ ਹੈ।

ਉਸ ਨੇ ਸੱਚਾ ਸੁਖ ਲੈਣਾ ਕੀਤਾ ਹੈ। ਭਾਵ=ਆਤਮਕ ਸੁਖ ਪ੍ਰਾਪਤ ਕੀਤਾ ਹੈ॥ ੧ ॥

ਅਪੁਨਾ ਹੋਇਓ ਗੁਰੁ ਮਿਹਰਵਾਨਾ ॥

ਜਿਸ ਵਲੇ ਆਪਣੇ ਗੁਰੂ ਮੇਹਰਵਾਨ ਹੋਏ।

ਅਨਦ ਸੂਖ ਕਲਿਆਣ ਮੰਗਲ ਸਿਉ
ਘਰਿ ਆਏ ਕਰਿ ਇਸਨਾਨਾ ॥ ਰਹਾਉ ॥

ਤਾਂ ਅਨੰਦ ਰੂਪ ਜੋ ਪਰਮਾਤਮਾ ਮੰਗਲਾਂ ਦੇ ਕਰਨ ਵਾਲਾ ਹੈ, ਉਸ ਦਾ ਜੋ ਨਾਮ ਜੀਵ ਦੀ ਕਲਿਆਨ ਕਰਨ ਵਾਲਾ ਹੈ; ਸਤਸੰਗ ਘਰ ਵਿਚ ਆ ਕੇ ਜਦ ਨਾਮ-ਜਲ ਵਿਚ ਇਸ਼ਨਾਨ ਕੀਤਾ, ਤਾਂ ਸੁਖ ਸਿਉ=ਸੁਖਾਂ ਦੇ ਸਹਿਤ ਹੋ ਗਏ॥ ਰਹਾਉ ॥

ਸਾਚੀ ਗੁਰ ਵਡਿਆਈ॥ ਤਾ ਕੀ ਕੀਮਤਿ ਕਹਣੁ ਨ ਜਾਈ॥

ਗੁਰਾਂ ਦੀ ਵਡਿਆਈ ਸੱਚੀ ਹੈ। ਉਹਨਾਂ ਦੀ ਕੀਮਤ ਕਹੀ ਨਹੀਂ ਜਾਂਦੀ।

ਸਿਰਿ ਸਾਹਾ ਪਾਤਿਸਾਹਾ॥ ਗੁਰ ਭੇਟਤ ਮਨਿ ਓਮਾਹਾ॥ ੨॥

ਗੁਰੂ ਸਾਹਿਬ ਜੀ ਸ਼ਾਹਾਂ ਤੋਂ ਅਤੇ ਬਾਦਸ਼ਾਹਾਂ ਤੋਂ ਸਿਰਿ=ਸ਼ਰੋਮਣੀ ਹਨ।

ਗੁਰਾਂ ਨਾਲ ਮਿਲਣ ਕਰਕੇ ਮਨ ਵਿਚ ਬੜਾ ਭਾਰੀ ਓਮਾਹਾ=ਉਤਸ਼ਾਹ ਹੁੰਦਾ ਹੈ॥ ੨॥

ਸਗਲ ਪਰਾਛਤ ਲਾਥੇ॥ ਮਿਲਿ ਸਾਧਸੰਗਤਿ ਕੈ ਸਾਥੇ॥

ਸਤਸੰਗਤ ਦੇ ਨਾਲ ਮਿਲਣ ਕਰਕੇ, ਸਾਰੇ ਪਰਾਛਤ=ਪਾਪ ਲਹਿ ਗਏ ਹਨ।

ਗੁਣ ਨਿਧਾਨ ਹਰਿ ਨਾਮਾ॥ ਜਪਿ ਪੂਰਨ ਹੋਏ ਕਾਮਾ॥ ੩॥

ਸੁਭ-ਗੁਣਾਂ ਦਾ ਨਿਧਾਨ=ਖਜ਼ਾਨਾ ਜੋ ਹਰੀ ਦਾ ਨਾਮ ਹੈ।

ਉਸ ਨੂੰ ਜਪਦਿਆਂ ਜਪਦਿਆਂ ਸਾਰੇ ਕੰਮ ਪੂਰੇ ਹੋਏ ਹਨ॥ ੩॥

ਗੁਰਿ ਕੀਨੋ ਮੁਕਤਿ ਦੁਆਰਾ॥ ਸਭ ਸ੍ਰਿਸਟਿ ਕਰੈ ਜੈਕਾਰਾ॥

ਗੁਰਾਂ ਤੋਂ ਮੁਕਤੀ ਦਾ ਦਰਵਾਜ਼ਾ ਗਿਆਨ ਪ੍ਰਾਪਤ ਕੀਤਾ ਹੈ।

ਇਸ ਲਈ ਸਾਰੀ ਸ੍ਰਿਸ਼ਟੀ ਜੈ ਜੈ ਕਾਰ ਕਰਦੀ ਹੈ।

ਨਾਨਕ ਪ੍ਰਭੁ ਮੇਰੈ ਸਾਥੇ॥ ਜਨਮ ਮਰਣ ਭੈ ਲਾਥੇ॥ ੪॥ ੨॥ ੫੨॥

ਗੁਰੂ ਜੀ ਕਥਨ ਕਰਦੇ ਹਨ, ਉਹ ਪ੍ਰਭੂ ਮੇਰੇ ਨਾਲ ਵਸ ਰਿਹਾ ਹੈ।

ਏਸੇ ਕਰਕੇ ਜਨਮ ਮਰਨ ਦੇ ਭੈ=ਡਰ ਲਹਿ ਗਏ ਹਨ॥ ੪॥ ੨॥ ੫੨॥

ਸੋਰਠਿ ਮਹਲਾ ੫॥

ਗੁਰਿ ਪੂਰੈ ਕਿਰਪਾ ਧਾਰੀ॥ ਪ੍ਰਭਿ ਪੂਰੀ ਲੋਚ ਹਮਾਰੀ॥

ਮੇਰੇ ਚੰਗਿਆਂ ਕਰਮਾਂ ਨੂੰ ਵੇਖ ਕੇ ਪੂਰਿਆਂ ਗੁਰਾਂ ਨੇ ਮੇਰੇ ਉੱਤੇ ਕਿਰਪਾ ਦ੍ਰਿਸ਼ਟੀ ਧਾਰੀ=ਕੀਤੀ ਹੈ। ਅਤੇ ਪ੍ਰਭੂ ਨੇ ਮੇਰੇ ਦਿਲ ਦੀ ਸਭ ਲੋਚ=ਇੱਛਾ ਪੂਰੀ ਕਰ ਦਿੱਤੀ ਹੈ।

ਕਰਿ ਇਸਨਾਨੁ ਗ੍ਰਿਹਿ ਆਏ॥ ਅਨਦ ਮੰਗਲ ਸੁਖ ਪਾਏ॥ ੧॥

ਨਾਮ ਜਲ ਵਿਚ ਇਸ਼ਨਾਨ ਕਰਕੇ ਸਰੂਪ ਘਰ ਵਿਚ ਆਏ ਹਾਂ।

ਅਨੰਦ ਰੂਪ ਜੋ ਪ੍ਰਭੂ ਹੈ ਮੰਗਲਾਂ ਦੇ ਕਰਨ ਵਾਲਾ ਉਸ ਦੇ ਸੁਖ ਪਾਏ ਹਨ॥ ੧॥

(ਪੰਨਾ ੬੨੨) ਸੰਤਹੁ ਰਾਮ ਨਾਮਿ ਨਿਸਤਰੀਐ॥

ਹੇ ਸੰਤੋ ! ਰਾਮ ਨਾਮ ਕਰਕੇ ਨਿਸਤਰੀਐ=ਪਾਰ ਉਤਾਰਾ ਹੁੰਦਾ ਹੈ।

ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧ ॥ਰਹਾਉ ॥

ਇਸ ਕਰਕੇ ਉਠਦਿਆਂ ਬਹਿੰਦਿਆਂ ਹਰਿ ਹਰਿ ਨਾਮ ਨੂੰ ਧਿਆਉਣਾ ਕਰੀਏ, ਅਤੇ ਰਾਤ-ਦਿਨ ਸੁਕ੍ਰਿਤੁ=ਪੁੰਨ ਕਰਮਾਂ ਨੂੰ ਕਰੀਏ॥ ੧॥ ਰਹਾਉ॥

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤਾਂ ਦਾ ਦੱਸਿਆ ਹੋਇਆ ਜੋ ਮਾਰਗੁ=ਰਾਹ ਹੈ, ਏਹੀ ਧਰਮ ਦੀ ਪੌੜੀ ਹੈ,
ਇਸ ਨੂੰ ਕੋਈ ਵਡਿਆਂ ਭਾਗਾਂ ਵਾਲਾ ਹੀ ਪਾਂਵਦਾ ਹੈ।

ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥ ੨ ॥

ਹਰੀ ਦੇ ਚਰਨਾਂ ਵਿਚ, ਵਾ:-ਹਰੀ ਸਰੂਪ ਗੁਰਾਂ ਦੇ ਚਰਨਾਂ ਵਿਚ ਚਿੱਤ ਲਗਾਉਣ ਕਰਕੇ ਕ੍ਰੋੜਾਂ ਹੀ ਜਨਮਾਂ ਦੇ ਕਿਲਬਿਖ=ਪਾਪ ਨਾਸੇ=ਨੱਸ ਜਾਂਦੇ ਹਨ॥ ੨॥

ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥

ਆਪਣੇ ਪ੍ਰਭੂ ਦੀ ਹਮੇਸ਼ਾਂ ਉਸਤਤੀ ਕਰਦੇ ਰਹੋ, ਜਿਨਿ=ਜਿਸ ਨੇ ਆਪਣੀ ਪੂਰੀ ਕਲ=ਸ਼ਕਤੀ ਸੰਸਾਰ ਵਿਚ ਰੱਖੀ ਹੋਈ ਹੈ।

ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥ ੩ ॥

ਜਿਨ੍ਹਾਂ ਨੇ ਸਤਿਗੁਰਾਂ ਦੀ ਸੱਚੀ ਸਿੱਖਿਆ ਸੁਣੀ ਹੈ, ਉਹ ਸੂਖਮ-ਸਥੂਲ ਸਾਰੇ ਜੀਆ ਜੰਤ ਸੰਸਾਰ ਵਿਚ ਪਵਿੱਤ੍ਰ ਹੋਏ ਹਨ॥ ੩॥

ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥

ਜੋ ਬਿਘਨਾਂ ਦੇ ਬਿਨਾਸ਼ਨ=ਨਾਸ ਕਰਨ ਵਾਲਾ ਤੇ ਸਾਰਿਆਂ ਦੁੱਖਾਂ ਦੇ ਨਾਸਨ=ਮਿਟਾਉਣਾ ਵਾਲਾ ਹੈ, ਉਹ ਨਾਮ ਸਤਿਗੁਰਾਂ ਨੇ ਦ੍ਰਿੜ੍ਹ ਕਰਵਾਇਆ ਹੈ।

ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪ ॥੩ ॥੫੩ ॥

ਗੁਰੂ ਜੀ ਕਥਨ ਕਰਦੇ ਹਨ, ਸਾਰਿਆਂ ਪਾਪਾਂ ਦੇ ਖੋਏ=ਨਾਸ ਹੋਣ ਕਰਕੇ ਉਹ ਪਾਵਨ=ਪਵਿੱਤ੍ਰ ਹੋਏ ਹਨ। ਅਥਵਾ:-ਪਾਪਾਂ ਦੇ ਨਾਸ ਹੋਣ ਕਰਕੇ ਸਾਰੇ ਇੰਦਰੇ, ਅਥਵਾ:- ਪ੍ਰਵਾਰ ਦੇ ਸਾਰੇ ਜੀਆ ਜੰਤ ਪਵਿੱਤ੍ਰ ਹੋਏ ਹਨ। ਉਨ੍ਹਾਂ ਦੇ ਪ੍ਰਤੱਖ ਘਰ ਵਿਚ, ਅਥਵਾ:-ਸਰੀਰ ਘਰ ਵਿਚ, ਵਾ:-ਹਿਰਦੇ ਘਰ ਵਿਚ ਸੁਖ ਆ ਕੇ ਪ੍ਰਾਪਤ ਹੋਇਆ ਹੈ।

ਅਥਵਾ:-ਉਹ ਗੁਰਮੁਖ-ਜਨ ਸਰੂਪ ਰੂਪੀ ਸੁਖ ਘਰ ਵਿਚ ਆਇਆ ਹੈ॥ ੪॥ ੩॥ ੫੩॥

ਸੋਰਠਿ ਮਹਲਾ ੫ ॥

ਸਾਹਿਬੁ ਗੁਨੀ ਗਹੇਰਾ ॥ ਘਰੁ ਲਸਕਰੁ ਸਭੁ ਤੇਰਾ ॥

ਹੇ ਸਾਹਿਬ ! ਤੂੰ ਸ਼ੁਭ-ਗੁਣਾਂ ਦਾ ਗਹੇਰਾ=ਸਮੁੰਦਰ ਹੈਂ। ਪ੍ਰਤੱਖ ਘਰ ਦੇ ਪ੍ਰਤੱਖ ਲਸਕਰੁ=ਸੈਨਾ ਸਭ

ਕੁਝ ਆਪ ਦਾ ਹੈ। ਅਥਵਾ:-ਘਰੁ=ਅੰਤਹਕਰਨ, ਲਸਕਰੁ ਸ਼ੁਭ-ਗੁਣਾਂ ਦਾ ਹੈ। ਸਭ ਕੁਝ ਆਪ ਜੀ ਦਾ ਹੈ। ਅਥਵਾ:- ਘਰੁ=ਸਰੀਰ, ਲਸਕਰੁ=ਪ੍ਰਾਣਾਂ ਦਾ ਸਮੁਦਾਇ, ਸਭ ਕੁਝ ਆਪ ਜੀ ਦਾ ਹੈ।

ਰਖਵਾਲੇ ਗੁਰ ਗੋਪਾਲਾ ॥ ਸਭਿ ਜੀਅ ਭਏ ਦਇਆਲਾ ॥ ੧ ॥

ਹੇ ਗੋਪਾਲ ! ਆਪ ਗੁਰ=ਵੱਡੇ ਰਖਵਾਲੇ ਹੋ। ਹੇ ਦਿਆਲੂ ! ਸਾਰੇ ਜੀਵ ਤੇਰੇ ਤੋਂ ਹੀ ਪੈਦਾ ਹੋਏ ਹਨ। ਅਥਵਾ:-ਹੇ ਗੋਪਾਲ ! ਆਪ ਹੀ ਗੁਰੂ ਰੂਪ ਹੋ ਕੇ ਅਸਾਡੇ ਰਖਵਾਲੇ ਹੋ।

ਸਾਰੇ ਜੀਵ ਮੇਰੇ ਉੱਪਰ ਦਿਆਲੂ ਹੋਏ ਹਨ॥ ੧ ॥

ਜਪਿ ਅਨਦਿ ਰਹਉ ਗੁਰ ਚਰਣਾ ॥ਭਉ ਕਤਹਿ ਨਹੀ ਪ੍ਰਭ ਸਰਣਾ ॥ਰਹਾਉ ॥

ਗੁਰੂ ਦੀ ਚਰਨੀ ਪੈ ਕੇ ਨਾਮ ਜਪ ਕੇ ਅਨੰਦ ਰਹਿੰਦਾ ਹਾਂ।

ਪ੍ਰਭੂ ਦੀ ਸ਼ਰਨ ਆਉਣ ਕਰਕੇ ਕਿਸੇ ਪ੍ਰਕਾਰ ਦਾ ਭਉ=ਡਰ ਨਹੀਂ ਰਹਿੰਦਾ॥ ਰਹਾਉ ॥

ਤੇਰਿਆ ਦਾਸਾ ਰਿਦੈ ਮੁਰਾਰੀ ॥ ਪ੍ਰਭਿ ਅਬਿਚਲ ਨੀਵ ਉਸਾਰੀ ॥

ਹੇ ਮੁਰਾਰੀ ! ਤੇਰਿਆਂ ਦਾਸਾਂ ਦੇ ਹਿਰਦੇ ਵਿਚ ਤੇਰੀ ਭਗਤੀ ਹੈ। ਹੇ ਪ੍ਰਭੂ ! ਤੈਨੇ ਭਗਤੀ ਦੀ ਅਬਚਲ ਨੀਵ=ਨੀਂਹ ਉਸਾਰੀ ਹੈ। ਅਥਵਾ:- ਸ੍ਰੀ ਹਰਿਮੰਦਰ ਸਾਹਿਬ ਦੀ ਅਬਚਲ ਨੀਂਹ ਉਸਾਰੀ ਹੈ। ਵਾ:- ਸੋਢ ਬੰਸ ਰੂਪੀ, ਵਾ:-ਗੁਰਿਆਈ ਗੱਦੀ ਰੂਪੀ ਅਬਚਲ ਨੀਂਹ ਉਸਾਰੀ ਹੈ। ਅਥਵਾ:-ਬ੍ਰਹਮ ਰੂਪੀ ਕਿਲ੍ਹੇ ਦੇ ਉਸਾਰਨੇ ਲਈ ਭਗਤੀ ਰੂਪ ਕੰਧ ਤੇ ਸ਼ਰਧਾ ਰੂਪ ਅਬਚਲ ਨੀਂਹ ਉਸਾਰੀ ਹੈ।

ਬਲੁ ਧਨੁ ਤਕੀਆ ਤੇਰਾ ॥ ਤੂ ਭਾਰੋ ਠਾਕੁਰੁ ਮੇਰਾ ॥ ੨ ॥

ਅਸਾਨੂੰ ਤੇਰਾ ਹੀ ਬਲ, ਧਨ ਤੇ ਤਕੀਆ=ਸਿਰ੍ਹਾਣਾ, ਵਾ:-ਆਸਰਾ ਹੈ। ਅਥਵਾ:-ਤੇਰਾ ਹੀ ਬਲ ਧਨ ਤਕੀਆ=ਤੱਕਣਾ ਭਾਵ ਵੇਖਣਾ ਕੀਤਾ ਹੈ। ਤੂੰ ਮੇਰਾ ਭਾਰਾ ਸੁਆਮੀ ਹੈਂ॥ ੨ ॥

ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥

ਜਿਸ ਜਿਸ ਨੇ ਸੰਤਾਂ ਦਾ ਸੰਗ ਕਰਨਾ ਪਾਇਆ ਹੈ।

ਉਸਨੂੰ ਹੇ ਪ੍ਰਭੂ ! ਤੈਨੇ ਆਪ ਹੀ ਸੰਸਾਰ-ਸਮੁੰਦਰ ਤੋਂ ਤਰਾਇਆ ਹੈ।

ਕਰਿ ਕਿਰਪਾ ਨਾਮ ਰਸੁ ਦੀਆ ॥ ਕੁਸਲ ਖੇਮ ਸਭ ਥੀਆ ॥ ੩ ॥

ਕਿਰਪਾ ਦ੍ਰਿਸ਼ਟੀ ਕਰਕੇ ਜਿਸਨੂੰ ਆਪ ਜੀ ਨੇ ਨਾਮ ਰਸ ਦਿੱਤਾ ਹੈ।

ਉਸਨੂੰ ਸਾਰਾ ਸੁਖ ਅਨੰਦ ਪ੍ਰਾਪਤ ਹੋਇਆ ਹੈ॥ ੩ ॥

ਹੋਏ ਪ੍ਰਭੂ ਸਹਾਈ ॥ ਸਭ ਉਠਿ ਲਾਗੀ ਪਾਈ ॥

ਹੇ ਪ੍ਰਭੂ ! ਆਪ ਜਿਸ ਦੇ ਸਹਾਈ ਹੋਏ ਹੋ। ਸਾਰੀ ਦੁਨੀਆਂ ਉੱਠਕੇ ਉਸ ਦੀ ਪਾਈ=ਚਰਨੀ ਲੱਗੀ ਹੈ।

ਸਾਸਿ ਸਾਸਿ ਪ੍ਰਭੁ ਧਿਆਈਐ ॥ਹਰਿ ਮੰਗਲੁ ਨਾਨਕ ਗਾਈਐ ॥੪ ॥੪ ॥੫॥

ਹੇ ਪ੍ਰਭੂ ! ਇਹ ਕਿਰਪਾ ਕਰੋ, ਸ੍ਵਾਸ ਸ੍ਵਾਸ ਆਪ ਜੀ ਨੂੰ ਧਿਆਂਵਦੇ ਰਹੀਏ।

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ! ਆਪ ਜੀ ਦਾ ਹੀ ਮੰਗਲੁ=ਜਸ ਗਾਂਵਦੇ ਰਹੀਏ॥ ੪ ॥ ੪ ॥ ੫੪ ॥

ਸੋਰਠਿ ਮਹਲਾ ੫ ॥ ਸੂਖ ਸਹਜ ਆਨੰਦਾ ॥ ਪ੍ਰਭੁ ਮਿਲਿਓ ਮਨਿ ਭਾਵੰਦਾ ॥

ਜਿਸ ਵੇਲੇ ਮਨ ਭਾਂਵਦਾ ਪ੍ਰਭੂ ਮਿਲਿਆ ਤਾਂ ਅਚੁੱਤ ਸੁਖ ਦਾ ਆਨੰਦ ਪ੍ਰਾਪਤ ਹੋਇਆ ॥

ਪੂਰੈ ਗੁਰਿ ਕਿਰਪਾ ਧਾਰੀ ॥ ਤਾ ਗਤਿ ਭਈ ਹਮਾਰੀ ॥ ੧ ॥

ਜਾਂ ਪੂਰਿਆਂ ਗੁਰਾਂ ਨੇ ਕਿਰਪਾ ਕੀਤੀ। ਤਾਂ ਹੀ ਅਸਾਡੀ ਗਤਿ=ਮੁਕਤੀ ਭਈ=ਹੋਈ ॥ ੧ ॥

ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ॥ ਨਿਤ ਬਾਜੇ ਅਨਹਤ ਬੀਨਾ ॥ ਰਹਾਉ ॥

ਜਾਂ ਹਰੀ ਦੀ ਪ੍ਰੇਮਾ ਭਗਤੀ ਵਿਚ ਮਨ ਲੀਤਾ=ਲੀਨ ਭਾਵ, ਤਦਾਕਾਰ ਹੋਇਆ।
ਤਾਂ ਨਿਤਾਪ੍ਰਤੀ ਅਨਹਤ=ਇੱਕ-ਰਸ ਜਸ ਰੂਪੀ ਬੀਨਾ=ਵਾਜੇ ਬਾਜੇ=ਵੱਜ ਆਏ ॥ ਰਹਾਉ ॥

ਹਰਿ ਚਰਣ ਕੀ ਓਟ ਸਤਾਣੀ ॥ ਸਭ ਚੂਕੀ ਕਾਣਿ ਲੋਕਾਣੀ ॥

ਸ+ਤਾਣੀ=ਸਹਿਤ ਬਲ ਦੇ ਹਰੀ ਦੇ ਚਰਨਾਂ ਦੀ ਓਟ ਗ੍ਰਹਿਣ ਕੀਤੀ।
ਤਾਂ ਸਾਰਿਆਂ ਲੋਕਾਂ ਦੀ ਕਾਣਿ=ਕਨੋਡ ਚੂਕੀ=ਦੂਰ ਹੋ ਗਈ।

ਜਗਜੀਵਨੁ ਦਾਤਾ ਪਾਇਆ ॥ ਹਰਿ ਰਸਕਿ ਰਸਕਿ ਗੁਣ ਗਾਇਆ ॥ ੨ ॥

ਜਾ ਰਸਕਿ=ਪ੍ਰੇਮੀਆਂ ਨਾਲ ਮਿਲਕੇ ਸਾਰਿਆਂ ਰਸਾਂ ਵਿਚ ਰਸੇ ਹੋਏ ਹਰੀ ਦੇ ਗੁਣਾਂ ਨੂੰ ਗਾਇਆ।
ਤਾਂ ਜਗਜੀਵਨ ਦਾਤੇ ਪ੍ਰਭੂ ਨੂੰ ਪਾਇਆ ॥ ੨ ॥

ਪ੍ਰਭ ਕਾਟਿਆ ਜਮ ਕਾ ਫਾਸਾ ॥ ਮਨ ਪੂਰਨ ਹੋਈ ਆਸਾ ॥

ਪ੍ਰਭੂ ਨੇ ਜਮਾਂ ਦਾ ਫਾਹਾ ਕੱਟ ਦਿੱਤਾ ਹੈ। ਹੁਣ ਮੇਰੇ ਮਨ ਦੀ ਸਾਰੀ ਆਸਾ ਪੂਰੀ ਹੋ ਗਈ ਹੈ।

ਜਹ ਪੇਖਾ ਤਹ ਸੋਈ ॥ ਹਰਿ ਪ੍ਰਭ ਬਿਨੁ ਅਵਰੁ ਨ ਕੋਈ ॥ ੩ ॥

ਜਿੱਥੇ ਵੇਖਦਾ ਹਾਂ, ਓਥੇ ਉਹ ਪ੍ਰਭੂ ਹੀ ਹੈ। ਉਸ ਹਰੀ ਪ੍ਰਭੂ ਤੋਂ ਬਿਨਾਂ ਹੋਰ ਕੋਈ ਦਿਸਦਾ ਨਹੀਂ ਹੈ ॥ ੩ ॥

ਕਰਿ ਕਿਰਪਾ ਪ੍ਰਭਿ ਰਾਖੇ ॥ ਸਭਿ ਜਨਮ ਜਨਮ ਦੁਖ ਲਾਥੇ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਰੱਖ ਲਿਆ ਹੈ। ਮੇਰੇ ਜਨਮਾਂ ਜਨਮਾਂ ਦੇ ਸਾਰੇ ਦੁੱਖ ਲਹਿ ਗਏ ਹਨ।

ਨਿਰਭਉ ਨਾਮੁ ਧਿਆਇਆ ॥
ਅਟਲ ਸੁਖੁ ਨਾਨਕ ਪਾਇਆ ॥ ੪ ॥ ੫ ॥ ੫੫ ॥

ਗੁਰੂ ਜੀ ਕਥਨ ਕਰਦੇ ਹਨ, ਨਿਰਭਉ ਦੇ ਨਾਮ ਨੂੰ ਧਿਆਉਣਾ ਕੀਤਾ ਹੈ।
ਏਸੇ ਕਰਕੇ ਮੈਨੇ ਅਟੱਲ ਸੁਖ ਪਾਇਆ ਹੈ ॥ ੪ ॥ ੫ ॥ ੫੫ ॥

ਸੋਰਠਿ ਮਹਲਾ ੫ ॥ ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥

ਕਰਤਾਰ ਨੇ ਸਾਰੇ ਪਰਵਾਰ ਵਿਚ ਠੰਢ ਪਾ ਦਿੱਤੀ ਹੈ। ਕਿਉਂਕਿ (ਸ੍ਰੀ ਗੁਰੂ) ਹਰਿਗੋਬਿੰਦ ਨੂੰ ਤਾਪ ਛੱਡ ਗਿਆ ਹੈ।

ਗੁਰਿ ਪੂਰੈ ਹੈ ਰਾਖੀ॥ ਸਰਣਿ ਸਚੇ ਕੀ ਤਾਕੀ॥ ੧॥

ਜਾਂ ਮੈਂ ਸੱਚੇ ਪ੍ਰਭੂ ਦੀ ਸ਼ਰਨ ਤਾਕੀ=ਤੱਕੀ ਤਾਂ ਪੂਰਿਆਂ ਗੁਰਾਂ ਨੇ ਮੇਰੀ ਇੱਜ਼ਤ ਰੱਖ ਲਈ॥ ੧॥

ਪਰਮੇਸਰੁ ਆਪਿ ਹੋਆ ਰਖਵਾਲਾ॥

ਪਰਮੇਸ਼ਰ ਆਪ ਹੀ ਅਸਾਡੀ ਰੱਖਿਆ ਕਰਨ ਵਾਲਾ ਹੋਇਆ ਹੈ।

ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ॥ ਰਹਾਉ॥

ਸਹਜੇ ਸ਼ਾਂਤੀ ਸੁਖ ਇੱਕ ਖਿਨ ਵਿਚ ਪੈਦਾ ਹੋ ਗਿਆ ਹੈ।

ਇਸ ਕਰਕੇ ਸਦਾ ਲਈ ਮਨ ਸੁਖਾਲਾ=ਸੁਖੀ ਹੋ ਗਿਆ ਹੈ॥ ਰਹਾਉ॥

ਹਰਿ ਹਰਿ ਨਾਮੁ ਦੀਓ ਦਾਰੂ॥ ਤਿਨਿ ਸਗਲਾ ਰੋਗੁ ਬਿਦਾਰੂ॥

ਗੁਰੂ ਰੂਪੀ ਵੈਦ ਨੇ ਜੋ ਹਰਿ ਹਰਿ ਨਾਮ ਰੂਪੀ ਦਾਰੂ ਦਿੱਤਾ ਹੈ।

ਤਿਨਿ=ਉਸ ਨੇ ਸਾਰਾ ਰੋਗ ਬਿਦਾਰੂ=ਕੱਟ ਦਿੱਤਾ ਹੈ।

ਅਪਣੀ ਕਿਰਪਾ ਧਾਰੀ॥ ਤਿਨਿ ਸਗਲੀ ਬਾਤ ਸਵਾਰੀ॥ ੨॥

ਪ੍ਰਭੂ ਨੇ ਆਪਣੀ ਕਿਰਪਾ ਕੀਤੀ ਹੈ। ਤਿਸ ਕਿਰਪਾ ਨੇ ਹੀ ਸਾਰੀ ਗੱਲ ਸੁਆਰ ਦਿੱਤੀ ਹੈ॥ ੨॥

ਪ੍ਰਭਿ ਅਪਨਾ ਬਿਰਦੁ ਸਮਾਰਿਆ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥

ਪ੍ਰਭੂ ਨੇ ਆਪਣਾ ਧਰਮ ਹੀ ਸੰਭਾਲਿਆ ਹੈ। ਮੇਰਾ ਗੁਣ ਔਗੁਣ ਕੁਝ ਵੀ ਨਹੀਂ ਵਿਚਾਰਿਆ।

ਗੁਰ ਕਾ ਸਬਦੁ ਭਇਓ ਸਾਖੀ॥ ਤਿਨਿ ਸਗਲੀ ਲਾਜ ਰਾਖੀ॥ ੩॥

ਗੁਰਾਂ ਦੇ ਉਪਦੇਸ਼ ਵਿਚ ਸਾਖੀ=ਗਵਾਹ ਹੋਇਆ ਹੈ।

ਉਸ ਨੇ ਮੇਰੀ ਹਰ ਤਰ੍ਹਾਂ ਨਾਲ ਲਾਜ=ਇੱਜ਼ਤ ਰੱਖੀ ਹੈ॥ ੩॥

(ਪੰਨਾ ੬੨੩) ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ ਗੁਣੀ ਗਹੇਰਾ॥

ਮੈਂ ਆਪ ਜੀ ਦਾ ਬੁਲਾਇਆ ਹੀ ਬੋਲਦਾ ਹਾਂ।

ਹੇ ਸ਼ੁਭ-ਗੁਣਾਂ ਦੇ ਗਹੇਰਾ=ਸਮੁੰਦਰ ਪ੍ਰਭੂ ! ਤੂੰ ਮੇਰਾ ਸਾਹਿਬੁ-ਮਾਲਕ ਹੈਂ।

ਜਪਿ ਨਾਨਕ ਨਾਮੁ ਸਚੁ ਸਾਖੀ॥
ਅਪੁਨੇ ਦਾਸ ਕੀ ਪੈਜ ਰਾਖੀ॥ ੪॥ ੬॥ ੫੬॥

ਗੁਰੂ ਜੀ ਕਥਨ ਕਰਦੇ ਹਨ, ਸਾਖੀ ਚੇਤਨ ਦੇ ਸੱਚੇ ਨਾਮ ਨੂੰ ਜਪਿਆ ਹੈ।

ਅਥਵਾ:-ਗੁਰਾਂ ਦੀ ਸੱਚੀ ਸਿੱਖਿਆ ਦੁਆਰੇ ਨਾਮ ਨੂੰ ਜਪਿਆ ਹੈ।

ਅਥਵਾ:-ਜਿਸ ਨੇ ਸੱਚੀ ਸਾਖੀ=ਗਵਾਹੀ ਦਿੱਤੀ ਹੈ, ਉਸ ਦੇ ਨਾਮ ਨੂੰ ਜਪਿਆ। ਉਸ ਨੇ ਆਪਣੇ ਦਾਸ ਦੀ ਆਪ ਹੀ ਇੱਜ਼ਤ ਰੱਖੀ ਹੈ॥ ੪॥ ੬॥ ੫੬॥

ਸਾਖੀ-ਗੋਪਾਲ ਦੀ ਮੂਰਤੀ ਦੇ ਉਗਾਹੀ ਦੇਣ ਦੀ

ਜਗਨਨਾਥ ਪੁਰੀ ਦੇ ਲਾਗੇ ਇੱਕ ਖੁਰਦਨ ਨਾਮੇ ਨਗਰ ਹੈ, ਤਿਸ ਪਿੰਡ ਵਿਚੋਂ ਦੋ ਬ੍ਰਾਹਮਣ ਤੀਰਥ ਯਾਤ੍ਰਾ ਕਰਨ ਚੱਲੇ, ਇੱਕ ਉਚੀ ਜਾਤ ਵਾਲਾ (ਗੌਤ ਵਾਲਾ) ਅਤੇ ਇੱਕ ਨਿਉਨ ਜਾਤੀ (ਗੌਤ ਵਾਲਾ) ਸੀ, ਜਿਸ ਵੇਲੇ ਬਿੰਦ੍ਰਾਬਨ ਪਹੁੰਚੇ। ਤਦ ਉਚੀ ਜਾਤ ਵਾਲੇ ਬ੍ਰਾਹਮਣ ਨੂੰ ਬੁਖਾਰ ਚੜ੍ਹ ਗਿਆ, ਦੂਜੇ ਬ੍ਰਾਹਮਣ ਨੇ ਉਸ ਦੀ ਬੜੀ ਸੇਵਾ ਕੀਤੀ, ਉਸਨੇ ਖੁਸ਼ ਹੋ ਕੇ ਕਿਹਾ, ''ਮੈ ਆਪਣੀ ਲੜਕੀ ਤੈਨੂੰ ਦੇ ਦਿੱਤੀ'', ਤਦ ਨੀਵੀਂ ਜਾਤ ਵਾਲੇ ਬ੍ਰਾਹਮਣ ਨੇ ਕਿਹਾ, ''ਇਸ ਵਿਚ ਉਗਾਹੀ ਕਿਸਦੀ ਹੈ'', ਉਸ ਅਸਥਾਨ ਵਿਚ ਗੋਪਾਲ ਦੀ ਮੂਰਤੀ ਸੀ, ਉਸ ਦੀ ਉਗਾਹੀ ਰੱਖਣੀ ਬ੍ਰਾਹਮਣ ਨੇ ਕਹੀ। ਜਦ ਘਰ ਆਏ, ਉਸ ਬ੍ਰਾਹਮਣ ਨੇ ਆਪਣੇ ਘਰ ਵਾਲਿਆਂ ਨੂੰ ਸਾਰੀ ਗੱਲ ਦੱਸੀ, ਤਦ ਘਰ ਵਾਲਿਆਂ ਨੇ ਕਿਹਾ, ''ਤੂੰ ਤਾਂ ਅਸਾਨੂੰ ਕਲੰਕ ਲਗਾ ਦਿੱਤਾ ਹੈ, ਜੋ ਲੜਕੀ ਨੀਵੀਂ ਜਾਤ ਵਾਲੇ ਦੇ ਘਰ ਦੇਣੀ ਮੰਨ ਲਈ ਹੈ।'' ਇੰਨੀ ਗੱਲ ਸੁਣਕੇ ਬ੍ਰਾਹਮਣ ਮੁੱਕਰ ਗਿਆ, ਤਦ ਦੂਜੇ ਬ੍ਰਾਹਮਣ ਨੇ ਕਚ੍ਹਿਰੀ ਜਾ ਕੇ ਮੁਕੱਦਮਾ ਕਰ ਦਿੱਤਾ, ਉਥੇ ਉਗਾਹੀ ਮੰਗੀ। ਤਾਂ ਉਸ ਬ੍ਰਾਹਮਣ ਨੇ ਮੂਰਤੀ ਦੀ ਹਰ ਤਰ੍ਹਾਂ ਕਰਕੇ ਪੂਜਾ ਕੀਤੀ, ਪੂਜਾ ਕਰਕੇ ਫੇਰ ਉਪਾਸ਼ਨਾਂ ਵਿਚ ਜੁੜ ਗਿਆ, ਅਤਿਅੰਤ ਉਪਾਸ਼ਕ ਜਾਣਕੇ ਅਰਥਾਤ ਉਸ ਦੀ ਬਹੁਤੀ ਸ਼ਰਧਾ ਜਾਣਕੇ ਗੋਪਾਲ ਦੀ ਮੂਰਤੀ ਕਹਿਣ ਲੱਗੀ, ''ਕਦੇ ਪੱਥਰ ਨੇ ਭੀ ਉਗਾਹੀ ਦਿੱਤੀ ਹੈ''। ਇਹ ਗੱਲ ਸੁਣਕੇ ਬ੍ਰਾਹਮਣ ਕਹਿਣ ਲੱਗਾ, ''ਜੇਕਰ ਪੱਥਰ ਉਗਾਹੀ ਨਹੀਂ ਦੇ ਸਕਦਾ ਤਾਂ ਪੱਥਰ ਬੋਲਿਆ ਕਿਵੇਂ ?-ਜਿਵੇਂ ਬੋਲਿਆ ਹੈ, ਤਿਵੇਂ ਉਗਾਹੀ ਦੇਵੇ।'' ਤਦ ਗੋਪਾਲ ਦੀ ਮੂਰਤੀ ਨੇ ਕਿਹਾ, ਤੂੰ ਅੱਗੇ ਅੱਗੇ ਚਲਿਆ ਚਲ, ਪਿੱਛੇ ਪਿੱਛੇ ਮੈਂ ਵੀ ਆਉਂਦੀ ਹਾਂ, ਜਦ ਤੂੰ ਪਿੱਛੇ ਮੁੜ ਕੇ ਦੇਖੇਂਗਾ ਤਾਂ ਮੈਂ ਓਥੇ ਹੀ ਖੜ੍ਹ ਜਾਵਾਂਗੀ।

ਬ੍ਰਾਹਮਣ ਚਲ ਪਿਆ ਤਾਂ ਪਿੱਛੇ ਪਿੱਛੇ ਮੂਰਤੀ ਵੀ ਚਲੀ ਆਈ। ਜਦ ਪਿੰਡ ਦੀ ਹੱਦ ਵਿਚ ਆਇਆ, ਤਦ ਬ੍ਰਾਹਮਣ ਨੇ ਪਿੱਛੇ ਦੇਖਿਆ ਕਿ ਮੂਰਤੀ ਆਉਂਦੀ ਹੈ ਕਿ ਨਹੀਂ, ਜਦ ਦੇਖਿਆ ਤਦ ਮੂਰਤੀ ਓਥੇ ਹੀ ਖੜ੍ਹੀ ਹੋ ਗਈ।

ਹੋਰ ਅੱਗੇ ਨ ਚੱਲੀ, ਅਤੇ ਕਿਹਾ ਮੇਰਾ ਤੇਰੇ ਨਾਲ ਇਹੀ ਬਚਨ ਸੀ ਕਿ ਜਦ ਤੂੰ ਪਿੱਛੇ ਦੇਖੇਂਗਾ ਤਾਂ ਮੈਂ ਉਸੀ ਜਗ੍ਹਾ ਠਹਿਰ ਜਾਵਾਂਗੀ ਹੋਰ ਅੱਗੇ ਨਹੀਂ ਜਾਵਾਂਗੀ, ਹੁਣ ਜਿਸ ਤਰ੍ਹਾਂ ਤੇਰੀ ਮਰਜ਼ੀ ਹੈ, ਓਸੇ ਤਰ੍ਹਾਂ ਕਰ। ਤਦ ਉਸ ਬ੍ਰਾਹਮਣ ਨੇ ਉਗਾਹੀ ਲੈਣ ਵਾਲਿਆਂ ਨੂੰ ਓਥੇ ਹੀ ਬੁਲਾਕੇ ਲਿਆਂਦਾ। ਜਦ ਉਗਾਹੀ ਲੈਣ ਵਾਲੇ ਓਥੇ ਬੁਲਾਏ ਉਸ ਵੇਲੇ ਗੋਪਾਲ ਦੀ ਮੂਰਤੀ ਨੇ ਇਸ ਪ੍ਰਕਾਰ ਉਗਾਹੀ ਦਿੱਤੀ ਕਿਹਾ, ''ਇਸ ਬ੍ਰਾਹਮਣ ਨੇ ਮੇਰੇ ਸਾਹਮਣੇ ਬਚਨ ਕੀਤਾ ਸੀ, ਕਿ ਮੈਂ ਆਪਣੀ ਲੜਕੀ ਦਾ ਰਿਸ਼ਤਾ ਤੇਰੇ ਨਾਲ ਕਰਾਂਗਾ''। ਪੱਥਰ ਦੀ ਮੂਰਤੀ ਪਾਸੋਂ ਉਹਨਾਂ ਸਾਰਿਆਂ ਨੇ ਉਗਾਹੀ ਸੁਣਕੇ ਫੈਸਲਾ ਇਸ ਗਰੀਬ ਬ੍ਰਾਹਮਣ ਦੇ ਹੱਕ ਵਿਚ ਕੀਤਾ, ਅਤੇ ਦੂਜੇ ਬ੍ਰਾਹਮਣ ਪਾਸੋਂ ਲੜਕੀ ਦੁਆ ਦਿੱਤੀ।

ਸੋਰਠਿ ਮਹਲਾ ੫ ॥

ਜਿਸ ਵੇਲੇ ਸ੍ਰੀ ਅੰਮ੍ਰਿਤਸਰ ਸਰੋਵਰ ਰਚਿਆ ਤਾਂ ਇਹ ਸ਼ਬਦ ਉਚਾਰਿਆ।

ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥

ਇਸ ਸਰੋਵਰ ਦੇ ਕਾਰਜ ਪੂਰਿਆਂ ਕਰਨ ਵਿਚ ਕਰਤਾ ਪੁਰਖ ਆਪ ਖਲੋਤਾ ਹੈ। ਇਸ ਲਈ ਅਸਾਡਾ ਵਾਲ ਭੀ ਵਿੰਗਾ ਨਹੀਂ ਹੋਇਆ। ਭਾਵ ਕੋਈ ਵਿਘਨ ਨਹੀਂ ਪਿਆ।

ਅਥਵਾ:-ਉੱਤਮ ਜਗਿਆਸੂ ਦੇ ਸਾਧਨਾਂ ਦੇ ਪੂਰਿਆਂ ਕਰਨ ਵਿਚ ਕਰਤਾ ਪੁਰਖ ਆਪ ਖਲੋਤਾ ਹੈ, ਇਸ ਲਈ ਜਗਿਆਸੂ ਦਾ ਵਾਲ ਭੀ ਵਿੰਗਾ ਨਹੀਂ ਹੋਇਆ ॥

ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥ ੧ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਰੋਵਰ ਦਾ ਇਸ਼ਨਾਨ ਕੀਤਾ ਹੋਇਆ ਗੁਰਾਂ ਨੇ ਰਾਸ ਲਿਆਂਦਾ ਹੈ। ਅਥਵਾ:-ਜਗਿਆਸੂ ਦਾ ਨਾਮ-ਜਲ ਵਿਚ ਇਸ਼ਨਾਨ ਕੀਤਾ ਹੋਇਆ ਗੁਰਾਂ ਨੇ ਰਾਸ ਲਿਆਂਦਾ ਹੈ। ਹਰਿ ਹਰਿ ਨਾਮ ਜਪਦਿਆਂ ਸਾਰੇ ਕਿਲਵਿਖ=ਪਾਪ ਨੱਸ ਗਏ ਹਨ ॥ ੧ ॥

ਸੰਤਹੁ ਰਾਮਦਾਸ ਸਰੋਵਰੁ ਨੀਕਾ ॥

ਹੇ ਸੰਤੋ ! ਸ੍ਰੀ ਰਾਮਦਾਸ ਸਾਹਿਬ ਜੀ ਦਾ ਸਰੋਵਰ ਸਭ ਤੋਂ ਨੀਕਾ=ਚੰਗਾ ਹੈ।

ਅਥਵਾ:-ਹੇ ਸੰਤੋ ! ਰਾਮ ਦੇ ਦਾਸਾਂ ਦਾ ਸਤਸੰਗ ਸਰੋਵਰ ਸਭ ਤੋਂ ਚੰਗਾ ਹੈ।

ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥ ੧ ॥ ਰਹਾਉ ॥

ਜੋ ਪ੍ਰਤੱਖ ਸਰੋਵਰ ਵਿਚ, ਅਥਵਾ:-ਸਤਸੰਗ ਸਰੋਵਰ ਵਿਚ ਨ੍ਹਾਂਵਦਾ ਹੈ ਉਹ ਆਪਣੀ ਕੁਲ ਨੂੰ ਤਾਰ ਲੈਂਦਾ ਹੈ, ਅਤੇ ਉਸ ਦੇ ਜੀਅ ਦਾ ਭੀ ਸੰਸਾਰ=ਸਮੁੰਦਰ ਤੋਂ ਤਰਨਾ ਹੁੰਦਾ ਹੈ ॥ ੧ ॥ ਰਹਾਉ ॥

ਜੈ ਜੈ ਕਾਰੁ ਜਗੁ ਗਾਵੈ ॥ ਮਨਿ ਚਿੰਦਿਅੜੇ ਫਲ ਪਾਵੈ ॥

ਜੋ ਪੁਰਸ਼ ਇਸ ਤੀਰਥ ਦਾ ਜੈ ਜੈ ਕਾਰ ਜਗਤ ਵਿਚ ਗਾਂਵਦਾ ਹੈ। ਉਹ ਭੀ ਮਨਿ ਚਿੰਦਿਅੜੇ=ਮਨ ਇੱਛਤ ਭਾਵ ਮਨ ਭਾਉਂਦੇ ਫਲ ਪਾਂਵਦਾ ਹੈ।

ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੁ ਧਿਆਏ ॥ ੨ ॥

ਸਹੀ ਸਲਾਮਤਿ=ਸੁਖ ਆਨੰਦ ਦੇ ਸਹਿਤ ਇਸ਼ਨਾਨ ਕਰਕੇ ਆਏ ਹਾਂ।

ਅਥਵਾ:-ਸਹੀ=ਨਿਸਚੇ ਨਾਲ ਇਸ਼ਨਾਨ ਕਰਕੇ ਸਲਾਮਤਿ ਆਏ=ਇਸਥਿਤੀ ਵਿਚ ਆਏ ਹਾਂ। ਅਤੇ ਆਪਣੇ ਪ੍ਰਭੂ ਪਰਮਾਤਮਾ ਨੂੰ ਧਿਆਂਵਦੇ ਹਾਂ ॥ ੨ ॥

ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮਗਤਿ ਪਾਵੈ ॥

ਸੰਤ=ਸ਼ਾਂਤ ਆਤਮਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਰੋਵਰ ਵਿਚ ਜੋ ਇਸ਼ਨਾਨ ਕਰਦਾ ਹੈ। ਅਥਵਾ:-ਸੰਤਾਂ ਦੇ ਸਤੰਸਗ ਸਰੋਵਰ ਵਿਚ ਜੋ ਨਾਵੈ=ਇਸ਼ਨਾਨ ਕਰਦਾ ਹੈ। ਉਹ ਪੁਰਸ਼ ਪਰਮ+ਗਤਿ= ਕੇਵਲ-ਮੁਕਤੀ ਨੂੰ ਪਾਂਵਦਾ ਹੈ।

ਮਰੈ ਨ ਆਵੈ ਜਾਈ॥ ਹਰਿ ਹਰਿ ਨਾਮੁ ਧਿਆਈ॥ ੩ ॥

ਇਸ਼ਨਾਨ ਕਰਕੇ ਜੋ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ। ਉਹ ਨਾ ਮਰਕੇ ਜਾਂਦਾ ਹੈ, ਨਾ ਹੀ ਜੰਮ ਕੇ ਆਉਂਦਾ ਹੈ, ਅਰਥਾਤ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ॥ ੩ ॥

ਇਹੁ ਬ੍ਰਹਮ ਬਿਚਾਰੁ ਸੁ ਜਾਨੈ॥ ਜਿਸੁ ਦਇਆਲੁ ਹੋਇ ਭਗਵਾਨੈ॥

ਇਸ ਬ੍ਰਹਮ=ਵੇਦ ਦੇ ਵਿਚਾਰ ਨੂੰ, ਅਥਵਾ:-ਬ੍ਰਹਮ ਦੇ ਵਿਚਾਰ ਨੂੰ ਉਹ ਪੁਰਸ਼ ਜਾਣਦਾ ਹੈ। ਜਿਸ ਉਤੇ ਭਗਵਾਨੈ=ਖਟਾਂ ਭਗਾਂ* ਸਪੰਨ ਪਰਮਾਤਮਾ ਦਿਆਲੂ ਹੁੰਦਾ ਹੈ।

ਬਾਬਾ ਨਾਨਕ ਪ੍ਰਭ ਸ਼ਰਣਾਈ॥ਸਭ ਚਿੰਤਾ ਗਣਤ ਮਿਟਾਈ॥੪ ॥੭ ॥੫੭ ॥

ਗੁਰੂ ਜੀ ਕਥਨ ਕਰਦੇ ਹਨ, ਬਾਬਾ=ਹੇ ਭਾਈ ! ਮੈਂ ਪ੍ਰਭੂ ਦੀ ਸ਼ਰਨੀ ਪਿਆ ਹਾਂ। ਜਿਸ ਸ਼ਰਨ ਨੇ ਮੇਰੀ ਸਾਰੀ ਚਿੰਤਾ ਅਤੇ ਕਰਮਾਂ ਦੀ ਗਿਣਤੀ ਦੂਰ ਕਰ ਦਿੱਤੀ ਹੈ॥ ੪ ॥ ੭ ॥ ੫੭ ॥

ਸੋਰਠਿ ਮਹਲਾ ੫ ॥

ਪਾਰਬ੍ਰਹਮਿ ਨਿਬਾਹੀ ਪੂਰੀ॥ ਕਾਈ ਬਾਤ ਨ ਰਹੀਆ ਊਰੀ॥

ਪਾਰਬ੍ਰਹਮ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਪੂਰੀ ਪੁਜਾਈ ਹੈ।

ਅਥਵਾ:-ਮੇਰੀ ਭਗਤੀ ਪੂਰੀ ਨਿਬਾਹੀ ਹੈ। ਅਥਵਾ:-ਦਾਸਾਂ ਨਾਲ ਆਪਣੀ ਪ੍ਰਤਗਿਆ ਪੂਰੀ ਨਿਬਾਹੀ ਹੈ। ਕਿਸੇ ਗੱਲ ਦੀ ਥੁੜ ਨਹੀਂ ਰਹੀ।

ਗੁਰਿ ਚਰਨ ਲਾਇ ਨਿਸਤਾਰੇ॥ ਹਰਿ ਹਰਿ ਨਾਮੁ ਸਮ੍ਹਾਰੇ॥ ੧ ॥

ਦਾਸਾਂ ਨੂੰ ਗੁਰਾਂ ਦੇ ਚਰਨਾਂ ਨਾਲ ਲਗਾਕੇ ਤਾਰ ਦਿੱਤਾ ਹੈ। ਜੇਹੜੇ ਦਾਸ ਹਰਿ ਹਰਿ ਨਾਮ ਨੂੰ ਸੰਭਾਲਦੇ ਹਨ।

ਅਥਵਾ:-ਗੁਰਾਂ ਦੇ ਚਰਨਾਂ ਨਾਲ ਮਨ ਲਗਾ ਕੇ ਜੋ ਹਰ ਵੇਲੇ ਹਰੀ ਨਾਮ ਨੂੰ ਸੰਭਾਲਦੇ ਹਨ ਉਹ ਦਾਸ ਸੰਸਾਰ-ਸਮੁੰਦਰ ਤੋਂ ਤਾਰ ਦਿੱਤੇ ਹਨ॥ ੧ ॥

ਅਪਨੇ ਦਾਸ ਕਾ ਸਦਾ ਰਖਵਾਲਾ॥

ਵਾਹਿਗੁਰੂ ਆਪਣਿਆਂ ਦਾਸਾਂ ਦਾ ਸਦਾ ਹੀ ਰਖਵਾਲਾ ਹੈ।

ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ ਪਾਲਾ॥ ੧ ॥ ਰਹਾਉ ॥

ਵਾਹਿਗੁਰੂ ਨੇ ਕਿਰਪਾ ਕਰਕੇ ਆਪਣੇ ਦਾਸ ਕਰਿ=ਹੱਥ ਦੇ ਕੇ ਰੱਖੇ ਹਨ, ਅਤੇ ਮਾਂ ਪਿਉ ਵਾਂਗ ਦਾਸਾਂ ਨੂੰ ਪਾਲਦਾ ਹੈ॥ ੧ ॥ ਰਹਾਉ ॥

---

*ਧਰਮ, ਜਸ, ਵੈਰਾਗ ਪੁੰਨ; ਐਸ਼ਰਜ, ਸ੍ਰੇਯ, ਵਿਚਜਾਨ।

ਇਹ ਖਟ ਭਗਾਂ ਸਪੰਨ ਜੋ ਕਹਤ ਤਾਂਹਿ ਭਗਵਾਨ।

ਇਹ ਖਟ ਭਗਾਂ ਸਪੰਨ ਜੋ, ਕਹਤ ਭਾਹਿ ਭਗਵਾਨ।

ਵਡਭਾਗੀ ਸਤਿਗੁਰੁ ਪਾਇਆ ॥ ਜਿਨਿ ਜਮ ਕਾ ਪੰਥੁ ਮਿਟਾਇਆ ॥

ਵਡਭਾਗੀ ਦਾਸਾਂ ਨੇ ਉਹਨਾਂ ਸਤਿਗੁਰਾਂ ਨੂੰ ਪਾਇਆ ਹੈ। ਜਿਨ੍ਹਾਂ ਸਤਿਗੁਰਾਂ ਨੇ ਜਮਾਂ ਦਾ ਰਸਤਾ ਹੀ ਮਿਟਾ ਦਿੱਤਾ ਹੈ।

ਹਰਿ ਭਗਤਿ ਭਾਇ ਚਿਤੁ ਲਾਗਾ ॥ ਜਪਿ ਜੀਵਹਿ ਸੇ ਵਡਭਾਗਾ ॥ ੨ ॥

ਹਰੀ ਦੀ ਪ੍ਰੇਮਾ ਭਗਤੀ ਵਿਚ ਦਾਸਾਂ ਦਾ ਚਿੱਤ ਲੱਗਾ ਹੈ। ਉਹ ਵਡਭਾਗੀ ਦਾਸ ਹਰੀ ਨਾਮ ਨੂੰ ਜਪਕੇ ਜੀਉਂਦੇ ਹਨ॥ ੨ ॥

ਹਰਿ ਅੰਮ੍ਰਿਤ ਬਾਣੀ ਗਾਵੈ ॥ ਸਾਧਾ ਕੀ ਧੂਰੀ ਨਾਵੈ ॥

ਜੋ ਹਰੀ ਨਾਮ-ਅੰਮ੍ਰਿਤ ਬਾਣੀ ਨੂੰ ਗਾਵੈ=ਗਾਂਵਦਾ ਹੈ। ਅਤੇ ਸੰਤਾਂ ਦੀ ਚਰਨ ਧੂੜੀ ਵਿਚ ਨਾਵੈ=ਨ੍ਹਾਉਂਦਾ ਹੈ।

ਅਪੁਨਾ ਨਾਮੁ ਆਪੇ ਦੀਆ ॥ ਪ੍ਰਭ ਕਰਣਹਾਰ ਰਖਿ ਲੀਆ ॥ ੩ ॥

ਉਸ ਨੂੰ ਪ੍ਰਭੂ ਨੇ ਆਪਣਾ ਨਾਮ ਆਪੇ ਦਿੱਤਾ ਹੈ। ਅਤੇ ਕਰਨਹਾਰ ਪ੍ਰਭੂ ਨੇ ਉਸਨੂੰ ਆਪ ਹੀ ਜਨਮ ਮਰਨ ਤੋਂ ਰੱਖ ਲਿਆ ਹੈ॥ ੩ ॥

ਹਰਿ ਦਰਸਨ ਪ੍ਰਾਨ ਅਧਾਰਾ ॥ ਇਹੁ ਪੂਰਨ ਬਿਮਲ ਬੀਚਾਰਾ ॥

ਹਰੀ ਦਾ ਦਰਸ਼ਨ ਹੀ ਦਾਸਾਂ ਦੇ ਪ੍ਰਾਣਾਂ ਦਾ ਅਧਾਰਾ=ਆਸਰਾ ਹੈ। ਏਹੋ ਉਹਨਾਂ ਦਾਸਾਂ ਦਾ ਪੂਰਨ ਤੇ ਬਿਮਲ=ਪਵਿੱਤ੍ਰ ਵਿਚਾਰ ਹੈ।

ਕਰਿ ਕਿਰਪਾ ਅੰਤਰਜਾਮੀ ॥ ਦਾਸ ਨਾਨਕ ਸਰਣਿ ਸੁਆਮੀ ॥ ੪ ॥ ੮ ॥ ੫੮ ॥

ਹੇ ਅੰਤਰਜਾਮੀ ਪ੍ਰਭੂ ! ਤੂੰ ਮੇਰੇ ਤੇ ਕਿਰਪਾ ਕਰ। ਗੁਰੂ ਜੀ ਕਥਨ ਕਰਦੇ ਹਨ, ਹੇ ਸੁਆਮੀ ! ਦਾਸ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪ ॥ ੮ ॥ ੫੮ ॥

ਸੋਰਠਿ ਮਹਲਾ ੫ ॥

ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥

ਪੂਰਿਆਂ ਗੁਰਾਂ ਨੇ ਮੈਨੂੰ ਆਪਣੀ ਚਰਨੀ ਲਾ ਲਿਆ ਹੈ। ਜੋ ਹਰੀ ਅੰਗ ਸੰਗ ਹੋ ਕੇ ਸਹਾਇਤਾ ਕਰਨ ਵਾਲਾ ਹੈ, ਉਸ ਨੂੰ ਮੈਂ ਸੰਗਿ=ਸਤਸੰਗ ਵਿਚੋਂ ਪਾ ਲਿਆ ਹੈ।

ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥ ੧ ॥

ਜਿੱਥੇ ਜਾਂਦੇ ਹਾਂ, ਉਥੇ ਹੀ ਸੁਹੇਲੇ=ਸੁਖੀ ਹਾਂ। ਕਿਉਂਕਿ ਪ੍ਰਭੂ ਨੇ ਕਿਰਪਾ ਕਰਕੇ ਆਪਣੇ ਨਾਲ ਮੇਲ ਲਿਆ ਹੈ॥ ੧ ॥

ਹਰਿ ਗੁਣ ਗਾਵਹੁ ਸਦਾ ਸੁਭਾਈ ॥

ਜੋ ਹਰੀ ਸਦੀਵ ਕਾਲ ਸੁਭਾਈ=ਸੋਭਨੀਕ ਹੈ, ਉਸ ਹਰੀ ਦੇ ਗੁਣ ਸਦਾ ਗਾਵਣਾ ਕਰੋ।

ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ॥ ੧ ॥ ਰਹਾਉ ॥

ਤਾਂ ਮਨ ਚਿੰਦੇ=ਮਨ ਇੱਛਤ ਸਾਰੇ ਫਲ ਪਾਓਗੇ, ਅਤੇ ਇਹ ਤੁਹਾਡੇ ਜੀਅ ਦੇ ਸੰਗਿ=ਨਾਲ ਅੱਗੇ ਭੀ ਸਹਾਇਤਾ ਕਰਨ ਵਾਲਾ ਹੋਵੇਗਾ॥ ੧ ॥ ਰਹਾਉ ॥

ਨਾਰਾਇਣ ਪ੍ਰਾਣ ਅਧਾਰਾ॥ ਹਮ ਸੰਤ ਜਨਾਂ ਰੇਨਾਰਾ॥

ਉਹ ਨਰਾਇਣ ਹੀ ਅਸਾਡੇ ਪ੍ਰਾਣਾਂ ਦਾ ਅਧਾਰਾ=ਆਸਰਾ ਹੈ। ਅਸਾਂ ਨੇ ਸੰਤ ਜਨਾਂ ਦੇ ਚਰਨਾਂ ਦੀ ਰੇਨਾਰਾ=ਧੂੜ ਗ੍ਰਹਿਣ ਕੀਤੀ ਹੈ। ਅਥਵਾ:-ਜਿਨ੍ਹਾਂ ਦੇ ਪ੍ਰਾਣਾਂ ਦਾ ਆਸਰਾ ਨਰਾਇਣ ਹੈ। ਉਹਨਾਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਅਸਾਂ ਨੇ ਗ੍ਰਹਿਣ ਕੀਤੀ ਹੈ।

ਪਤਿਤ ਪੁਨੀਤ ਕਰਿ ਲੀਨੇ॥ ਕਰਿ ਕਿਰਪਾ ਹਰਿ ਜਸੁ ਦੀਨੇ॥ ੨ ॥

ਜਿਸ ਨੇ ਪਤਿਤ=ਪਾਪੀਆਂ ਨੂੰ ਪੁਨੀਤ=ਪਵਿੱਤ੍ਰ ਕਰ ਲਿਆ ਹੈ।

ਉਸ ਹਰੀ ਨੇ ਕਿਰਪਾ ਕਰਕੇ ਮੈਨੂੰ ਆਪਣਾ ਜਸ ਕਰਨਾ ਦਿੱਤਾ ਹੈ॥ ੨ ॥

ਪਾਰਬ੍ਰਹਮੁ ਕਰੇ ਪ੍ਰਤਿਪਾਲਾ॥ ਸਦ ਜੀਅ ਸੰਗਿ ਰਖਵਾਲਾ॥

ਜੋ ਪਾਰਬ੍ਰਹਮ ਸਾਰਿਆਂ ਦੀ ਪ੍ਰਤਿਪਾਲਾ=ਪਾਲਣਾ ਕਰਦਾ ਹੈ। ਉਹ ਸਦਾ ਹੀ ਜੀਵ ਦਾ ਰਖਵਾਲਾ ਅਤੇ ਜੀਵ ਦਾ ਸਾਥੀ ਹੈ।

(ਪੰਨਾ ੬੨੪)

ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥ ੩ ॥

ਹੇ ਭਾਈ ! ਦਿਨ ਰਾਤ ਹਰੀ ਦੇ ਕੀਰਤਨ ਨੂੰ ਗਾਵਣਾ ਕਰ। ਮੁੜ ਕੇ ਤੂੰ ਜੂਨੀਆਂ ਦੇ ਦੁੱਖਾਂ ਨੂੰ ਨਹੀਂ ਪਾਵੇਂਗਾ॥ ੩ ॥

ਜਿਸੁ ਦੇਵੈ ਪੁਰਖੁ ਬਿਧਾਤਾ॥ ਹਰਿ ਰਸੁ ਤਿਨ ਹੀ ਜਾਤਾ॥

ਫਲ ਬਰ ਦਾਤਾ ਅਕਾਲ ਪੁਰਖ ਜਿਸਨੂੰ ਦੇਂਦਾ ਹੈ। ਉਸ ਨੇ ਹੀ ਹਰੀ ਦੇ ਰਸੁ=ਅਨੰਦ ਨੂੰ ਜਾਣਿਆਂ ਹੈ।

ਅਥਵਾ:-ਉਸ ਨੇ ਹੀ ਹਰੀ ਦੀ ਭਗਤੀ ਦੇ ਰਸ ਨੂੰ ਜਾਤਾ=ਜਾਣਿਆਂ ਹੈ।

ਜਮਕੰਕਰੁ ਨੇੜਿ ਨ ਆਇਆ॥

ਸੁਖੁ ਨਾਨਕ ਸਰਣੀ ਪਾਇਆ॥ ੪ ॥ ੯ ॥ ੫੯ ॥

ਗਰੂ ਜੀ ਕਥਨ ਕਰਦੇ ਹਨ, ਜਿਸ ਨੇ ਸ਼ਰਨ ਦਾ ਸੁਖ ਪਾਇਆ ਹੈ। ਅਥਵਾ:-ਗੁਰਾਂ ਦੀ ਸ਼ਰਨ ਵਿਚ ਆ ਕੇ ਜਿਸ ਨੇ ਸੁਖ ਸਰੂਪ ਪਰਮਾਤਮਾ ਨੂੰ ਪਾਇਆ ਹੈ। ਉਸ ਦੇ ਨੇੜੇ ਜਮ ਕੰਕਰੁ=ਜਮਦੂਤ ਨਹੀਂ ਆਇਆ॥ ੪ ॥ ੯ ॥ ੫੯ ॥

ਸੋਰਠਿ ਮਹਲਾ ੫ ॥

ਗੁਰਿ ਪੂਰੈ ਕੀਤੀ ਪੂਰੀ॥ ਪ੍ਰਭੁ ਰਵਿ ਰਹਿਆ ਭਰਪੂਰੀ॥

ਪੂਰਿਆਂ ਗੁਰਾਂ ਨੇ ਪੂਰੀ ਹੀ ਕਮਾਈ ਕੀਤੀ ਹੈ। ਏਸੇ ਕਰਕੇ ਭਰਪੂਰੀ=ਪੂਰਨ ਪ੍ਰਭੂ ਗੁਰਾਂ ਵਿਚ ਰਵਿ ਰਹਿਆ=ਮਿਲ ਰਿਹਾ ਹੈ। ਅਥਵਾ:-ਜੋ ਪ੍ਰਭੂ ਸਾਰੇ ਭਰਪੂਰ ਹੈ ਕੇ ਰਵਿ ਰਿਹਾ ਹੈ। ਉਸ ਦੀ ਪ੍ਰਾਪਤੀ ਦੀ ਪੂਰਿਆਂ ਗੁਰਾਂ ਨੇ ਪੂਰੀ ਸਿੱਖਿਆ ਦੇਣਾ ਕੀਤੀ ਹੈ।

ਖੇਮ ਕੁਸਲ ਭਇਆ ਇਸਨਾਨਾ॥ ਪਾਰਬ੍ਰਹਮ ਵਿਟਹੁ ਕੁਰਬਾਨਾ॥ ੧ ॥

ਖੇਮ=ਰੱਖਿਆ ਤੇ ਕੁਸਲ=ਸੁਖ ਦੇ ਸਹਿਤ ਇਸ਼ਨਾਨ ਹੋਇਆ ਹੈ।

ਉਸ ਪਾਰਬ੍ਰਹਮ ਤੋਂ ਮੈ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਗੁਰ ਕੇ ਚਰਨ ਕਵਲ ਰਿਦ ਧਾਰੇ॥

ਗੁਰੂ ਦੇ ਚਰਨ-ਕਮਲਾਂ ਨੂੰ ਰਿਦ=ਹਿਰਦੇ ਵਿਚ ਧਾਰਿਆ ਹੈ।

ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ॥ ੧ ॥ ਰਹਾਉ॥

ਤਿਲ ਜਿੰਨਾ ਭੀ ਕੋਈ ਬਿਘਨ ਨਹੀਂ ਲਗਦਾ, ਗੁਰਾਂ ਨੇ ਸਾਰੇ ਕੰਮ ਸਵਾਰ ਦਿੱਤੇ ਹਨ॥ ੧॥ ਰਹਾਉ॥

ਮਿਲਿ ਸਾਧੂ ਦੁਰਮਤਿ ਖੋਏ॥ ਪਤਿਤ ਪੁਨੀਤ ਸਭ ਹੋਏ॥

ਸੰਤਾਂ ਨਾਲ ਮਿਲਕੇ ਦੁਰਮਤਿ=ਖੋਟੀ ਬੁੱਧੀ ਤੇ, ਖੋਟੀ ਸਿੱਖਿਆ ਆਦਿਕ ਵਿਕਾਰ ਸਭ ਖੋ ਦਿੱਤੇ ਹਨ। ਅਤੇ ਸਾਰਿਆਂ ਪਤਿਤ=ਪਾਪਾਂ ਤੋਂ ਪੁਨੀਤ=ਪਵਿੱਤ੍ਰ ਹੋ ਗਏ ਹਾਂ।

ਰਾਮਦਾਸਿ ਸਰੋਵਰ ਨਾਤੇ॥ ਸਭ ਲਾਥੇ ਪਾਪ ਕਮਾਤੇ॥ ੨ ॥

ਜੋ ਪੁਰਸ਼ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਰੋਵਰ ਵਿਚ ਇਸ਼ਨਾਨ ਕਰਦੇ ਹਨ।

ਅਥਵਾ:-ਰਾਮ ਦੇ ਦਾਸਾਂ ਦੇ ਸਤਸੰਗ ਸਰੋਵਰ ਵਿਚ ਜੋ ਇਸ਼ਨਾਨ ਕਰਦੇ ਹਨ।

ਉਨ੍ਹਾਂ ਦੇ ਕਮਾਤੇ=ਕਮਾਏ ਹੋਏ ਭਾਵ ਕੀਤੇ ਹੋਏ ਸਾਰੇ ਪਾਪ ਲਹਿ ਗਏ ਹਨ॥ ੨॥

ਗੁਨ ਗੋਬਿੰਦ ਨਿਤ ਗਾਈਐ॥ ਸਾਧਸੰਗਿ ਮਿਲਿ ਧਿਆਈਐ॥

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਨਿੱਤ ਹੀ ਗੋਬਿੰਦ ਦੇ ਗੁਣ ਗਾਏ ਜਾਂਦੇ ਹਨ।

ਸਾਧੂ ਵੀ ਸਤਸੰਗਤ ਵਿਚ ਮਿਲਕੇ ਨਾਮ ਨੂੰ ਧਿਆਉਂਦੇ ਹਨ।

ਅਥਵਾ:-ਉਥੋਂ ਦੇ ਸੰਤਾਂ ਦੀ ਸੰਗਤ ਵਿਚ ਮਿਲਕੇ ਹੇ ਭਾਈ! ਤੁਸੀਂ ਭੀ ਨਾਮ ਧਿਆਉਣਾ ਕਰੋ।

ਮਨ ਬਾਂਛਤ ਫਲ ਪਾਏ॥ ਗੁਰੁ ਪੂਰਾ ਰਿਦੈ ਧਿਆਏ॥ ੩ ॥

ਉਹ ਮਨ ਬਾਂਛਤ=ਮਨ ਇੱਛਤ ਫਲਾਂ ਨੂੰ ਪਾਂਵਦਾ ਹੈ। ਜੋ ਹਿਰਦੇ ਵਿਚ ਪੂਰਿਆਂ ਗੁਰਾਂ ਨੂੰ ਧਿਆਉਂਦਾ ਹੈ। ਅਥਵਾ:-ਪੂਰਿਆਂ ਗੁਰਾਂ ਦੁਆਰੇ ਪ੍ਰਭੂ ਨੂੰ ਹਿਰਦੇ ਵਿਚ ਧਿਆਉਂਦਾ ਹੈ॥ ੩॥

ਗੁਰ ਗੋਪਾਲ ਆਨੰਦਾ ॥ ਜਪਿ ਜਪਿ ਜੀਵੈ ਪਰਮਾਨੰਦਾ ॥

ਗੁਰਾਂ ਦੁਆਰੇ ਗੋਪਾਲ ਨੂੰ ਜਪੇ ਤਾਂ ਅਨੰਦ ਹੁੰਦਾ ਹੈ, ਅਥਵਾ:-ਗੋਪਾਲ ਰੂਪ ਗੁਰੂ ਅਨੰਦ ਦੇ ਦੇਣ ਵਾਲੇ ਹਨ। ਗੁਰਸਿੱਖ ਪਰਮ ਅਨੰਦ ਸਰੂਪ ਪ੍ਰਭੂ ਨੂੰ ਜਪ ਜਪ ਕੇ ਜੀਉਂਦੇ ਹਨ।

ਜਨ ਨਾਨਕ ਨਾਮੁ ਧਿਆਇਆ ॥

ਪ੍ਰਭ ਅਪਨਾ ਬਿਰਦੁ ਰਖਾਇਆ ॥ ੪ ॥ ੧੦ ॥ ੬੦ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਪੁਰਸ਼ਾਂ ਨੇ ਨਾਮ ਨੂੰ ਧਿਆਇਆ ਹੈ।

ਪ੍ਰਭੂ ਨੇ ਆਪਣਾ ਬਿਰਦੁ=ਧਰਮ ਜਾਣਕੇ ਉਨ੍ਹਾਂ ਦੀ ਕਾਮ ਆਦਿਕਾਂ ਵੱਲੋਂ ਰੱਖਿਆ ਕੀਤੀ ਹੈ॥ ੪॥ ੧੦॥ ੬੦॥

ਰਾਗੁ ਸੋਰਠਿ ਮਹਲਾ ੫ ॥

ਉਥਾਨਕਾ:-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆ ਮੰਨਕੇ ਗੁਰੂ ਅਰਜਨ ਸਾਹਿਬ ਜੀ ਆਪਣੇ ਤਾਏ (ਸਹਾਰੀ ਮੱਲ) ਜੀ ਨਾਲ ਜਿਸ ਵੇਲੇ ਵਿਆਹ ਦਾ ਕਾਰਜ ਨਿਭਾਉਣ ਵਾਸਤੇ ਲਾਹੌਰ ਗਏ ਹਨ। ਵਿਆਹ ਹੋ ਜਾਣ ਤੋਂ ਬਾਅਦ ਭੀ ਜਦ ਬਹੁਤ ਸਮਾਂ ਬੀਤ ਗਿਆ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਨਾ ਕੋਈ ਪੱਤ੍ਰਕਾ ਭੇਜੀ, ਨਾ ਹੀ ਕੋਈ ਸਿੱਖ ਭੇਜ ਕੇ ਬੁਲਵਾਇਆ। ਉਸ ਵੇਲੇ ਪਿਆਰੇ ਗੁਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਬ੍ਰਿਹਣੀ ਇਸਤ੍ਰੀ ਦੇ ਅਲੰਕਾਰ ਵਿਚ ਇਹ ਸ਼ਬਦ ਉਚਾਰਿਆ-

ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥

ਦਹ ਦਿਸ=ਦਸਾਂ ਦਿਸ਼ਾਂ ਵਿਚ ਮੇਘਾਂ ਦੀਆਂ ਘਟਾਂ ਅਘਟ=ਇੱਕ-ਰਸ ਛਤ੍ਰਾ ਕਾਰ ਹੋ ਰਹੀਆਂ ਹਨ, ਅਤੇ ਉਨ੍ਹਾਂ ਬੱਦਲਾਂ ਵਿਚ ਦਾਮਨਿ=ਬਿਜਲੀ ਚਮਕ ਕਰਕੇ ਡਰਾਉਂਦੀ ਹੈ।

ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥ ੧ ॥

ਪਤੀ ਦੇ ਨਾ ਹੋਣ ਕਰਕੇ ਜਿਵੇਂ ਸੇਜਾ ਉੱਤੇ ਪਤੀ-ਬ੍ਰਤਾ ਇਸਤ੍ਰੀ ਇਕੱਲੀ ਹੋਵੇ, ਤਾਂ ਉਸਦੀਆਂ ਨੈਨਹ=ਅੱਖਾਂ ਵਿਚ ਨੀਂਦ ਨਹੀਂ ਆਉਂਦੀ, ਕਿਉਂਕਿ ਉਸ ਦਾ ਪਿਆਰਾ ਪਤੀ ਜੋ ਪ੍ਰਦੇਸ ਗਿਆ ਹੋਇਆ ਹੈ। ਐਹੋ ਜੇਹੇ ਸਮੇਂ ਵਿਚ ਜਿਵੇਂ ਉਹ ਦੁਖੀ ਹੁੰਦੀ ਹੈ, ਇਸੇ ਤਰ੍ਹਾਂ ਗੁਰਾਂ ਦੇ ਵਿਛੋੜੇ ਕਰਕੇ ਮੈਂ ਦੁਖੀ ਹਾਂ।

ਹੁਣਿ ਨਹੀ ਸੰਦੇਸਰੋ ਮਾਇਓ ॥

ਹੇ ਭਾਈਓ ! ਹੁਣ ਤੱਕ ਕੋਈ ਸੰਦੇਸਰੋ=ਸੁਨੇਹਾ ਭੀ ਨਹੀਂ ਆਇਆ।

ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ਰਹਾਉ ॥

ਲਾਲ=ਪਿਆਰਾ ਗੁਰੂ ਪਹਿਲੇ ਜਦ ਇੱਕ ਕੋਹ ਤੱਕ ਭੀ ਕਿਧਰੇ ਸਿਧਿ=ਸਿਧਾਨਾ ਭਾਵ ਜਾਣਾ ਕਰਦੇ ਸੀ, ਤਦ ਚਤੁਰ ਪਾਤਰੋ=ਚਾਰ ਪੱਤ੍ਰਕਾ ਆ ਜਾਂਦੀਆਂ ਸਨ।

ਅਥਵਾ:-ਚਤਰ ਪਾਤ=ਚਾਰ ਪਹਿਰ ਰੋਣੇ ਵਿਚ ਆਉਂਦੇ ਸੀ॥ ਰਹਾਉ॥

ਕਿਸੇ ਸਿੱਖ ਨੇ ਕਿਹਾ, "ਜੇਕਰ ਉਹ ਨਹੀਂ ਬੁਲਾਉਂਦੇ, ਤਾਂ ਤੁਸੀਂ ਭੀ ਵਿਸਾਰ ਦਿਉ", ਇਥੇ ਹੀ

ਅਨੰਦ ਪੂਰਬਕ ਰਹੋ। ਤਾਂ ਗੁਰੂ ਜੀ ਨੇ ਕਿਹਾ-

ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ ॥

ਜੋ ਸਾਰਿਆਂ ਗੁਣਾਂ ਤੇ ਸੁਖਾਂ ਦੇ ਦੇਣ ਵਾਲਾ ਹੈ, ਇਸ ਤਰ੍ਹਾਂ ਦਾ ਪਿਆਰਾ ਲਾਲ (ਸ੍ਰੀ ਗੁਰੂ ਰਾਮਦਾਸ) ਮੈਨੂੰ ਕਿਵੇਂ ਭੁੱਲ ਸਕਦਾ ਹੈ।

ਫੇਰ ਗੁਰੂ ਅਰਜਨ ਜੀ ਨੇ ਸਿੱਖਾਂ ਨੂੰ ਕਿਹਾ, "ਕੋਠੇ ਤੇ ਚੜ੍ਹਕੇ ਵੇਖਦੇ ਹਾਂ, ਸ਼ਾਇਦ ਕੋਈ ਸਿੱਖ ਆਂਵਦਾ ਹੀ ਹੋਵੇ।"

ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥ ੨ ॥

ਜਿਸ ਵੇਲੇ ਮੰਦਰਿ=ਕੋਠੇ ਉੱਤੇ ਚਰਿ ਕੈ=ਚੜ੍ਹਕੇ ਅੰਮ੍ਰਿਤਸਰ ਦੇ ਰਸਤੇ ਨੂੰ ਵੇਖਿਆ, ਤੇ ਕੋਈ ਸਿੱਖ ਆਂਵਦਾ ਨਿਗਾਹ ਨਾ ਆਇਆ ਤਾਂ ਨੈਨ=ਅੱਖਾਂ ਵਿਚ ਨੀਰਿ=ਪਾਣੀ ਭਰ ਆਇਆ ॥ ੨ ॥

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥

ਹਉ=ਮੇਰੇ ਵਿਚ ਕੋਈ ਹਉ=ਹੰਗਤਾ ਦੀ ਭੀਤਿ=ਕੰਧ ਹੋ ਗਈ ਹੋਣੀ ਹੈ, ਜਿਸ ਕਰਕੇ ਗੁਰੂ ਜੀ ਨੇ ਬੁਲਾਇਆ ਨਹੀਂ ਹੈ, ਇੱਕ ਸਿੱਖ ਨੇ ਕਿਹਾ ਦੇਸ ਦੂਰ ਹੋਵੇਗਾ? ਤਾਂ ਗੁਰੂ ਜੀ ਨੇ ਕਿਹਾ-ਅੰਮ੍ਰਿਤਸਰ ਦੇਸ ਸੁਣਨ ਵਿਚ ਤਾਂ ਨੇੜੇ ਹੀ ਆਉਂਦਾ ਹੈ।

ਵਸਤੂ ਭਾਵ ਨੇੜੇ ਹੋਵੇ, ਪਰ ਵੇਖੇ ਤੋਂ ਬਿਨਾਂ ਦੂਰ ਹੈ, ਜਿਵੇਂ ਵਿਚਾਲੇ-

ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ੩ ॥

ਭਾਂਬੀਰੀ ਦੇ ਪਾਤ=ਖੰਭ ਵਰਗਾ ਪਤਲਾ ਪਰਦੋ=ਪੜਦਾ ਭੀ ਹੋਵੇ, ਪਰ ਵੇਖੇ ਤੋਂ ਬਿਨਾਂ ਤਾਂ ਦੂਰ ਹੈ। ਜਿਸ ਤਰ੍ਹਾਂ ਪਾਰਸ ਅਤੇ ਲੋਹੇ ਵਿਚ ਭੰਬੀਰੀ ਦੇ ਪੱਤੇ ਜਿਤਨਾ ਹੀ ਪੜਦਾ ਰਹਿ ਜਾਵੇ, ਤਾਂ ਭੀ ਪਾਰਸ ਲੋਹੇ ਨੂੰ ਸੋਨਾਂ ਨਹੀਂ ਕਰ ਸਕਦਾ ॥ ੩ ॥

ਦੂਜੇ ਅਰਥ ਵਿਚ ਜਗਿਆਸੂ ਆਪਣੀ ਸਿਥਲਤਾ ਸੰਤਾਂ ਨੂੰ ਸੁਣਾਉਂਦਾ ਹੈ:-

ਦਹ ਦਿਸ ਛਤ੍ਰ ਮੇਘ ਘਟਾ ਘਟ:-ਦਸਾਂ ਇੰਦ੍ਰੀਆਂ ਰੂਪ ਦਸਾਂ ਦਿਸ਼ਾਂ ਵਿਚ ਮੋਹ ਰੂਪ ਬੱਦਲਾਂ ਦੀਆਂ ਘਟਾਂ ਅਘਟ=ਇੱਕ-ਰਸ ਛਤ੍ਰਾ ਕਾਰ ਹੋ ਕੇ ਛਾ ਰਹੀਆਂ ਹਨ।

ਦਾਮਨਿ ਚਮਕਿ ਡਰਾਇਓ ॥:-ਅਤੇ ਮਾਇਆ ਰੂਪ ਬਿਜਲੀ ਚਮਕਾਰੇ ਮਾਰ ਕੇ ਅਰਥਾਤ ਹਾਵ ਭਾਵ ਕਰਕੇ ਡਰਾਉਂਦੀ ਹੈ।

ਸੇਜ ਇਕੇਲੀ ਨੀਦ ਨਹੁ ਨੈਨਹ:-ਸ਼ਰਧਾ ਰੂਪੀ ਸੇਜਾ ਤੇ ਮੈਂ ਇਕੱਲੀ ਹਾਂ, ਬੁੱਧੀ ਰੂਪ ਅੱਖਾਂ ਵਿਚ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ।

ਪਿਰੁ ਪਰਦੇਸਿ ਸਿਧਾਇਓ ॥ ੧ ॥-ਪਤੀ-ਪਰਮਾਤਮਾ ਪ੍ਰਦੇਸ ਗਿਆ ਹੋਇਆ ਹੈ,

ਭਾਵ-ਸਾਖਿਆਤਕਾਰ ਹੈ ਹੁਣਿ ਨਹੀ ਸੰਦੇਸਰੋ ਮਾਇਓ ॥:-ਹੇ ਭਾਈ ! ਹੁਣ ਤੱਕ ਗੁਰ-ਉਪਦੇਸ਼ ਰੂਪੀ ਸੁਨੇਹਾ ਨਹੀਂ ਸੁਣਿਆ। ਅਥਵਾ:-ਵੇਦਾਂਤ ਵਾਕਾਂ ਰੂਪੀ ਸੁਨੇਹਾ ਨਹੀਂ ਸੁਣਿਆ।

ਏਕ ਕੇਸਰੋ ਸਿਧਿ ਕਰਤ ਲਾਲੁ:-ਜਦ ਲਾਲੁ=ਪਿਆਰੇ ਪ੍ਰਭੂ ਦੀ ਪ੍ਰਾਪਤੀ ਵਾਸਤੇ ਇੱਕ ਅੰਨਮਯ ਕੋਸ਼ ਨੂੰ ਸਿੱਧ ਕਰਦੇ ਹਾਂ, ਕਿ ਮੈਂ ਅੰਨਮਯ ਕੋਸ਼ ਨਹੀਂ ਹਾਂ।

ਤਬ ਚਤੁਰ ਪਾਤਰੋ ਆਇਓ ॥ ਰਹਾਉ ॥:-ਤਿਸ ਵੇਲੇ ਪ੍ਰਾਣ ਮਯ, ਮਨੋ ਮਯ, ਵਿਗਆਨ ਮਯ, ਆਨੰਦ-ਮਯ, ਰੂਪ, ਇਨ੍ਹਾਂ ਚਾਰ ਕੋਸ਼ਾਂ ਦਾ ਅੱਗੇ ਹੋਰ ਪਾਤਰੋ=ਪੜਦਾ ਆ ਜਾਂਦਾ ਹੈ। ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖ ਦਾਇਓ ॥

ਜੋ ਸਾਰਿਆਂ ਗੁਣਾਂ ਦਾ ਅਤੇ ਸਾਰਿਆਂ ਸੁਖਾਂ ਦਾ ਪਿਆਰਾ ਪ੍ਰਭੂ ਹੈ।

ਉਹ ਲਾਲ ਵਤ ਬੇ-ਕੀਮਤਾ ਪਿਆਰਾ ਪ੍ਰਭੂ, ਮੈਨੂੰ ਕਿਵੇਂ ਭੁੱਲ ਸਕਦਾ ਹੈ।

ਮੰਦਰਿ ਚਰਿਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥ ੨ ॥

ਪ੍ਰੇਮ ਰੂਪੀ ਮੰਦਰ ਉੱਤੇ ਚੜ੍ਹਕੇ ਗਿਆਨ ਭਗਤੀ ਰੂਪ ਰਸਤੇ ਨੂੰ ਵੇਖਦਾ ਹਾਂ, ਜਾਂ ਪ੍ਰਾਪਤ ਨਾ ਹੋਇਆ ਤਾਂ ਬੁੱਧੀ ਰੂਪ ਨੈਨ=ਅੱਖਾਂ ਵਿਚ ਵੈਰਾਗ ਰੂਪੀ ਜਲ ਭਰ ਆਇਆ ॥ ੨ ॥

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥

ਹਉ=ਮੇਰੇ ਅਤੇ ਪਰਮਾਤਮਾ ਦੇ ਵਿਚ ਹਉ ਭੀਤਿ=ਹੰਗਤਾ ਰੂਪੀ ਕੰਧ ਦਾ ਬੀਚੋ=ਪੜਦਾ ਹੈ, ਉਂਵ ਅੰਤਹਕਰਨ ਰੂਪੀ ਦੇਸ ਨੇੜੇ ਸੁਣਨ ਵਿਚ ਆਉਂਦਾ ਹੈ।

ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੁਰਾਇਓ ॥ ੩ ॥

ਜਿਵੇਂ ਰਗੜੇ ਤੋਂ ਬਿਨਾਂ ਮਹਿੰਦੀ ਵਿਚ ਭਾਂਭੀਰੀ=ਮਹਿੰਦੀ ਦੇ ਪੱਤੇ ਦਾ ਪੜਦਾ ਹੈ,

ਇਸੇ ਤਰ੍ਹਾਂ ਉਹ ਪ੍ਰਭੂ ਭਾਵੇਂ ਅੰਤਹਕਰਨ ਦੇ ਵਿਚ ਹੀ ਹੈ, ਪਰ ਗੁਰਾਂ ਦੁਆਰੇ ਵੇਖੇ ਤੋਂ ਬਿਨਾਂ ਦੂਰ ਹੈ ॥ ੩ ॥

ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥

ਜਿਸ ਵੇਲੇ ਸਾਰਿਆਂ ਦਾ ਸੁਆਮੀ ਪ੍ਰਭੂ ਕ੍ਰਿਪਾਲੂ ਹੋਇਆ, ਤਾਂ ਉਸ ਨੇ ਮੇਰਾ ਸਾਰਾ ਦੁੱਖ ਮਿਟਾ ਦਿੱਤਾ।

ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥੪ ॥

ਗੁਰੂ ਜੀ ਕਥਨ ਕਰਦੇ ਹਨ, ਜਾਂ ਗੁਰਾਂ ਨੇ ਹਉਮੈ ਦੀ ਭੀਤਿ=ਕੰਧ ਢਾਹ ਦਿੱਤੀ, ਤਾਂ ਮੈਂ ਦਿਆਲੂ ਬੀਠਲ ਨੂੰ ਪਾ ਲਿਆ ॥ ੪ ॥

ਸਭੁ ਰਹਿਓ ਅੰਦੇਸਰੋ ਮਾਇਓ

ਹੇ ਭਾਈਓ ! ਹੁਣ ਸਾਰਾ ਸੰਸਾ ਰਹਿ ਗਿਆ ਹੈ।

ਜੋ ਚਾਹਤ ਸੋ ਗੁਰੂ ਮਿਲਾਇਓ ॥

ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥ ੧੧ ॥ ੬੧ ॥

ਜਿਸ ਨੂੰ ਚਾਹੁੰਦੇ ਸਾਂ ਉਸ ਨਾਲ ਗੁਰਾਂ ਨੇ ਮਿਲਾ ਦਿੱਤਾ ਹੈ, ਉਹ ਰਾਇਓ=ਪ੍ਰਕਾਸ਼ ਰੂਪ ਪਰਮਾਤਮਾ ਸਾਰਿਆਂ ਸ਼ੁਭ ਗੁਣਾਂ ਦੀ ਨਿੱਧੀ ਰੂਪ ਹੈ॥ ਰਹਾਉ ਦੂਜਾ ॥ ੧੧ ॥ ੬੧ ॥

ਸੋਰਠਿ ਮਹਲਾ ੫ ॥

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥

ਆਪ ਨਿਸਫਲ ਗਈ ਹੋਈ ਅਵਸਥਾ ਨੂੰ ਬਹੋੜ=ਮੋੜਨ ਵਾਲੇ ਹੋ, ਭਾਵ ਸਫਲ ਕਰਨ ਵਾਲੇ ਹੋ, ਅਥਵਾ:-ਸੰਸਾਰ ਵੱਲ ਗਈ ਹੋਈ ਬਿਰਤੀ ਨੂੰ ਆਪ ਮੋੜਨ ਵਾਲੇ ਹੋ, ਅਥਵਾ:-ਨਿਸਫਲ ਗਈ ਹੋਈ ਵਸਤੂ ਨੂੰ ਆਪ ਮੋੜਨ ਵਾਲੇ ਹੋ, ਭਾਵ ਸਫਲ ਕਰਨ ਵਾਲੇ ਹੋ, ਪੁਨਾ ਹੇ ਨਿਰੰਕਾਰ ! ਆਪ ਦੁੱਖਾਂ ਦੇ ਦਾਰੀ=ਨਾਸ ਕਰਨ ਵਾਲੇ ਹੋ।

ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥

ਮੈਂ ਕੋਈ ਸ਼ੁਭ ਕਰਮ ਕਰਨਾ ਨਹੀਂ ਜਾਣਦਾ ਹਾਂ, ਧਰਮ ਭੀ ਨਹੀਂ ਜਾਣਦਾ ਹਾਂ,
ਮੈਂ ਲੋਭੀ ਨੇ ਮਾਇਆ ਦੀ ਪ੍ਰੀਤੀ ਹੀ ਮਨ ਵਿਚ ਧਾਰੀ ਹੋਈ ਹੈ।

ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥ ੧ ॥

ਪਰ ਮੇਰਾ ਨਾਮ ਗੋਬਿੰਦ ਦਾ ਭਗਤ ਪੈ ਗਿਆ ਹੈ, ਇਹ ਹੁਣ ਤੁਹਾਡੀ ਇੱਜ਼ਤ ਹੈ, ਤੁਸਾਂ ਨੇ ਆਪ ਹੀ ਰੱਖਣੀ ਹੈ॥ ੧ ॥

ਹਰਿ ਜੀਉ ਨਿਮਾਣਿਆ ਤੂ ਮਾਣੁ ॥

ਹੇ ਹਰਿ ਜੀਉ ! ਤੂੰ ਨਿਮਾਣਿਆਂ ਦਾ ਮਾਣ ਹੈਂ।

ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥

ਹੇ ਮੇਰੇ ਗੋਬਿੰਦ ! ਤੂੰ ਨਾਲਾਇਕਾਂ ਨੂੰ ਚੀਜ=ਲਾਇਕ ਕਰ ਦੇਂਦਾ ਹੈਂ, ਮੈਂ ਤੇਰੀ ਕੁਦਰਤਿ=ਤਾਕਤ ਤੋਂ ਬਲਿਹਾਰ ਜਾਂਦਾ ਹਾਂ॥ ਰਹਾਉ ॥

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥

ਜਿਸ ਤਰ੍ਹਾਂ ਬਾਲਕ ਭਾਇ=ਪ੍ਰੇਮ ਨਾਲ ਚਾਹੇ ਸੁਭਾਈ=ਅਪ੍ਰੇਮ ਨਾਲ,
ਅਥਵਾ:-ਸੁਭਾਵਕ ਹੀ ਪ੍ਰੇਮ ਨਾਲ ਲੱਖਾਂ ਅਪਰਾਧ ਕਮਾਵੈ=ਗੁਨਾਹ ਕਰਦਾ ਹੈ।

ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥

ਤਾਂ ਪਿਤਾ ਪਹਿਲਾਂ ਉਸ ਨੂੰ ਬਹੁ ਭਾਤੀ ਝਿੜਕੇ=ਬਹੁਤ ਤਰ੍ਹਾਂ ਨਾਲ ਤਾੜਨਾ ਤੇ ਉਪਦੇਸ਼ ਦੇਣਾ ਕਰਦਾ ਹੈ, ਬਹੁੜਿ=ਫਿਰ ਅਰਥਾਤ ਮਗਰੋਂ ਬਾਲਕ ਨੂੰ ਆਪਣੇ ਗਲ ਨਾਲ ਲਾ ਲੈਂਦਾ ਹੈ।

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ ੨ ॥

ਏਸੇ ਤਰ੍ਹਾਂ ਹੇ ਪ੍ਰਭੂ ! ਮੇਰੇ ਪਿਛਲੇ ਕੀਤੇ ਹੋਏ ਔਗੁਣਾਂ ਨੂੰ ਬਖਸ਼ ਲੈਣਾ ਕਰ, ਅਤੇ ਅੱਗੋਂ ਲਈ ਸ਼ੁਭ ਰਸਤੇ ਵਿਚ ਪਾਉਣਾ ਕਰ॥ ੨ ॥

ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ॥

ਹੇ ਅੰਤਰਜਾਮੀ ਹਰੀ ! ਜਦ ਤੂੰ ਸਾਰੀ ਵਿਧੀ ਜਾਣਦਾ ਹੈਂ, ਤਾਂ ਫਿਰ ਹੋਰ ਕਿਸ ਦੇ ਪਹਿ=ਪਾਸ ਆਖ ਕੇ ਸੁਣਾਈਐ=ਸੁਣਾਵਣਾ ਕਰੀਏ।

ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ॥

ਹੇ ਗੋਬਿੰਦ ਹਰੀ ! ਤੂੰ ਕਥਨੀਆਂ ਦੇ ਕਹਿਣ ਨਾਲ ਭੀਜੈ=ਪ੍ਰਸੰਨ ਨਹੀਂ ਹੁੰਦਾ, ਹੇ ਹਰੀ ! ਜਿਹੜਾ ਆਪ ਜੀ ਨੂੰ ਭਾਉਂਦਾ ਹੈ, ਆਪ ਉਸ ਦੀ ਇੱਜ਼ਤ ਰਖਾਉਂਦੇ ਹੋ।

ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ॥ ੩॥

ਹੋਰ ਸਾਰਿਆਂ ਦੀ ਓਟ ਮੈਂ ਵੇਖੀ ਹੈ, ਪਰ ਤੇਰੇ ਵਰਗਾ ਕੋਈ ਨਹੀਂ ਹੈ, ਇਸ ਕਰਕੇ ਮੈਂ ਇੱਕ ਤੇਰੀ ਓਟ ਵਿਚ ਰਹਾਈਐ=ਰਹਿਣਾ ਕੀਤਾ ਹੈ॥ ੩॥

(ਪੰਨਾ ੬੨੫)

ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ॥

ਹੇ ਕ੍ਰਿਪਾਲੂ ਸੁਭਾਅ ਵਾਲੇ ਪ੍ਰਭੂ ਠਾਕੁਰ ! ਤੂੰ ਦਿਆਲੂ ਹੋ ਕੇ ਆਪ ਹੀ ਸੇਵਕਾਂ ਦੀ ਬੇਨਤੀ ਸੁਣੈ=ਸੁਣਦਾ ਹੈਂ।

ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ॥

ਜਦ ਤੂੰ ਪੂਰਿਆਂ ਸਤਿਗੁਰਾਂ ਦੇ ਮੇਲ ਵਿਚ ਮਿਲਾਉਂਦਾ ਹੈਂ, ਤਾਂ ਮਨ ਦੀ ਸਾਰੀ ਚਿੰਤਾ ਚੂਕੈ=ਦੂਰ ਹੋ ਜਾਂਦੀ ਹੈ।

ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ
ਜਨ ਨਾਨਕ ਸੁਖਿ ਵਸੰਤੀ॥ ੪॥ ੧੨॥ ੬੨॥

ਗੁਰੂ ਜੀ ਕਥਨ ਕਰਦੇ ਹਨ, ਹਰਿ ਹਰਿ ਨਾਮ ਰੂਪ ਅਵਖਦੁ=ਔਸ਼ਧੀ (ਦਾਰੂ) ਨੂੰ ਗੁਰਾਂ ਨੇ ਜਿਸ ਦੇ ਮੂੰਹ ਵਿਚ ਪਾਇਆ ਹੈ, ਉਹ ਪੁਰਸ਼ ਸੁਖਾਂ ਵਿਚ ਵਸਦਾ ਹੈ॥ ੪॥ ੧੨॥ ੬੨॥

ਸੋਰਠਿ ਮਹਲਾ ੫॥

ਸਿਮਰਿ ਸਿਮਰਿ ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ॥

ਪ੍ਰਭੂ ਨੂੰ ਸਿਮਰਦਿਆਂ ਸਿਮਰਦਿਆਂ ਮਨ ਵਿਚ ਅਨੰਦ ਹੋਏ ਹਨ, ਜਨਮ ਮਰਨ ਦੇ ਦੁੱਖ ਤੇ ਰਾਗ ਦ੍ਵੈਸ਼ ਆਦਿਕ ਸਾਰੇ ਕਲੇਸ਼, ਨਾਠੇ=ਨਸ ਗਏ ਹਨ।

ਗੁਨ ਗਾਵਤ ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ॥ ੧॥

ਆਪਣੇ ਪ੍ਰਭੂ ਦੇ ਗੁਣ ਗਾਉਂਦਿਆਂ ਤੇ ਨਾਮ ਨੂੰ ਜਪਦਿਆਂ ਹੀ ਮੇਰੇ ਸਾਰੇ ਕਾਰਜ=ਕੰਮ ਸਾਂਠੇ=ਸਿਰੇ ਚੜ੍ਹ ਗਏ, ਭਾਵ ਪੂਰੇ ਹੋ ਗਏ ਹਨ॥ ੧॥

ਜਗਜੀਵਨ ਨਾਮੁ ਤੁਮਾਰਾ ॥

ਹੇ ਜਗਜੀਵਨ ਪ੍ਰਭੂ ! ਤੁਹਾਡਾ ਨਾਮ ਜੀਵਨ ਦਾਤਾ ਹੈ।

ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ ਪਾਰਿ ਉਤਾਰਾ ॥ ਰਹਾਉ ॥

ਪੂਰਿਆਂ ਗੁਰਾਂ ਨੇ ਨਾਮ ਦਾ ਉਪਦੇਸ਼ ਦਿੱਤਾ ਹੈ, ਉਸ ਨੂੰ ਜਪ ਕੇ ਹੀ ਮੈਂ ਭਉਜਲੁ=ਸਮੁੰਦ੍ਰ (ਸੰਸਾਰ) ਤੋਂ ਪਾਰ ਉਤਰਿਆ ਹਾਂ॥ ਰਹਾਉ ॥

ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ ਸਭੁ ਕਿਛੁ ਕਰਣੈਹਾਰਾ ॥

ਹੇ ਪ੍ਰਭੂ! ਮੇਰਾ ਮੰਤ੍ਰੀ=ਸਲਾਹਕਾਰ ਭੀ ਤੂੰ ਹੀ ਹੈਂ, ਮੇਰੀ ਬੇਨਤੀ ਭੀ ਤੂੰ ਹੀ ਸੁਣਦਾ ਹੈਂ, ਅਤੇ ਤੂੰ ਹੀ ਸਭ ਕੁਝ ਕਰਨ ਵਾਲਾ ਹੈਂ।

ਤੂ ਆਪੇ ਦਾਤਾ ਆਪੇ ਭੁਗਤਾ ਕਿਆ ਇਹੁ ਜੰਤੁ ਵਿਚਾਰਾ ॥ ੨ ॥

ਤੂੰ ਆਪ ਹੀ ਪਦਾਰਥਾਂ ਦੇ ਦੇਣ ਵਾਲਾ ਦਾਤਾ ਹੈਂ, ਤੂੰ ਆਪ ਹੀ ਚੀਜ਼ਾਂ ਦੇ ਖਾਣ ਵਾਲਾ ਭੁਗਤਾ ਹੈਂ, ਇਹ ਵਿਚਾਰਾ ਜੀਵ ਆਪ ਜੀ ਦੀ ਸੱਤਾ ਤੋਂ ਬਿਨਾਂ ਕੀ ਕਰ ਸਕਦਾ ਹੈ॥ ੨ ॥

ਕਿਆ ਗੁਣ ਤੇਰੇ ਆਖਿ ਵਖਾਣੀ ਕੀਮਤਿ ਕਹਣੁ ਨ ਜਾਈ ॥

ਮੈਂ ਤੇਰੇ ਕੇਹੜੇ ਕੇਹੜੇ ਗੁਣਾਂ ਨੂੰ ਆਖ ਕੇ ਵਖਾਣੀ=ਕਥਨ ਕਰਾਂ,

ਅਥਵਾ:-ਆਖਿ=ਮੂੰਹ ਨਾਲ ਕਥਨ ਕਰਾਂ, ਆਪ ਜੀ ਦੀ ਕੀਮਤ ਮੇਰੇ ਪਾਸੋਂ ਕਹੀ ਨਹੀਂ ਜਾਂਦੀ।

ਪੇਖਿ ਪੇਖਿ ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ ॥ ੩ ॥

ਗੁਰਮੁਖ ਆਪ ਜੀ ਨੂੰ ਆਪਣਾ ਪ੍ਰਭੂ ਜਾਣਕੇ, ਅਤੇ ਆਪ ਜੀ ਦੀ ਅਚਰਜ ਵਡਿਆਈ ਨੂੰ ਪੇਖਿ ਪੇਖਿ=ਵੇਖ ਵੇਖ ਕੇ ਜੀਵੈ=ਜਿਉਂਦੇ ਹਨ॥ ੩ ॥

ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ ਪਤਿ ਮਤਿ ਕੀਨੀ ਪੂਰੀ ॥

ਹੇ ਪ੍ਰਭੂ ਸੁਆਮੀ ! ਤੁਸਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰਕੇ, ਸ਼ੁਭ ਮਤਿ=ਸਿੱਖਿਆ ਦੇ ਕੇ ਪੂਰੀ ਪਤ-ਆਬਰੋ ਕੀਤੀ ਹੈ।

ਸਦਾ ਸਦਾ ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ ॥ ੪ ॥ ੧੩ ॥ ੬੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸਦਾ ਸਦਾ ਆਪ ਜੀ ਤੋਂ ਬਲਿਹਾਰ ਜਾਦਾ ਹਾਂ, ਅਤੇ ਸਦਾ ਹੀ ਸੰਤਾਂ ਦੀ ਚਰਨ ਧੂੜੀ ਬਾਛਉ=ਚਾਹੁੰਦਾ ਹੈ॥ ੪ ॥ ੧੩ ॥ ੬੩ ॥

ਸੋਰਠਿ ਮਃ ੫ ॥

ਗੁਰੁ ਪੂਰਾ ਨਮਸਕਾਰੇ ॥ ਪ੍ਰਭਿ ਸਭੇ ਕਾਜ ਸਵਾਰੇ ॥

ਪੂਰਿਆਂ ਗੁਰਾਂ ਨੂੰ ਨਮਸ਼ਕਾਰ ਕਰਦੇ ਹਾਂ। ਜਿਸ ਦੀ ਕਿਰਪਾ ਨਾਲ ਪ੍ਰਭੂ ਨੇ ਸਾਰੇ ਕੰਮ ਮੇਰੇ ਸਵਾਰ ਦਿੱਤੇ ਹਨ।

ਹਰਿ ਅਪਣੀ ਕਿਰਪਾ ਧਾਰੀ ॥ ਪ੍ਰਭ ਪੂਰਨ ਪੈਜ ਸਵਾਰੀ ॥ ੧ ॥

ਹਰੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕੀਤੀ ਹੈ। ਪ੍ਰਭੂ ਨੇ ਮੇਰੀ ਪੂਰੀ ਤਰ੍ਹਾਂ ਨਾਲ ਇੱਜ਼ਤ ਸਵਾਰੀ ਹੈ॥ ੧ ॥

ਅਪਨੇ ਦਾਸ ਕੋ ਭਇਓ ਸਹਾਈ ॥

ਮੈਂ ਜੋ ਉਸ ਦਾ ਆਪਣਾ ਦਾਸ ਹਾਂ, ਉਹ ਮੇਰਾ ਆਪ ਹੀ ਸਹਾਈ=ਸਹਾਇਕ ਹੋਇਆ ਹੈ।

ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ ॥ ਰਹਾਉ ॥

ਕਰਤੇ ਪੁਰਖ ਨੇ ਮੇਰੇ ਮਨ ਦੇ ਸਾਰੇ ਮਨੋਰਥ ਪੂਰੇ ਕਰ ਦਿੱਤੇ ਹਨ, ਕਿਸੇ ਗੱਲ ਦੀ ਊਣਤਾ ਨਹੀਂ ਰਹੀ॥ ਰਹਾਉ ॥

ਕਰਤੈ ਪੁਰਖਿ ਤਾਲੁ ਦਿਵਾਇਆ ॥ ਪਿਛੈ ਲਗਿ ਚਲੀ ਮਾਇਆ ॥

ਕਰਤੇ ਪੁਰਖ ਨੇ ਆਪ ਹੀ ਇਹ ਤਾਲੁ=ਸਰੋਵਰ ਦਿਵਾਇਆ=ਲਗਵਾਇਆ ਹੈ।

ਓਸੇ ਪ੍ਰਭੂ ਦੀ ਕਿਰਪਾ ਨਾਲ ਮਾਇਆ ਅਸਾਡੇ ਪਿੱਛੇ ਪਿੱਛੇ ਲੱਗਕੇ ਚਲੀ ਆਉਂਦੀ ਹੈ।

ਤੋਟਿ ਨ ਕਤਹੂ ਆਵੈ ॥ ਮੇਰੇ ਪੂਰੇ ਸਤਗੁਰ ਭਾਵੈ ॥ ੨ ॥

ਕਦੇ ਭੀ ਕਿਸੇ ਤਰ੍ਹਾਂ ਦਾ ਤੋਟਾ ਨਹੀਂ ਆਉਂਦਾ। ਸਰੋਵਰ ਦਾ ਤਿਆਰ ਹੋਣਾ ਮੇਰੇ ਪੂਰੇ ਸਤਿਗੁਰਾਂ ਨੂੰ ਭਾਂਵਦਾ ਹੈ॥ ੨ ॥

ਸਿਮਰਿ ਸਿਮਰਿ ਦਇਆਲਾ ॥ ਸਭਿ ਜੀਅ ਭਏ ਕਿਰਪਾਲਾ ॥

ਦਿਆਲੂ ਸੁਭਾਅ ਵਾਲੇ ਪ੍ਰਭੂ ਨੂੰ ਸਿਮਰਦਿਆਂ ਸਿਮਰਦਿਆਂ ਸਾਰੇ ਜੀਅ-ਜੰਤ ਕਿਰਪਾਲੂ ਹੋ ਗਏ ਹਨ।

ਜੈ ਜੈ ਕਾਰੁ ਗੁਸਾਈ ॥ ਜਿਨਿ ਪੂਰੀ ਬਣਤ ਬਣਾਈ ॥ ੩ ॥

ਉਸ ਗੁਸਾਈ=ਪਰਮਾਤਮਾ ਦਾ ਜੈ ਜੈ ਕਾਰ ਕਰਦੇ ਹਾਂ। ਜਿਸ ਨੇ ਇਸ ਤੀਰਥ ਦੇ ਪ੍ਰਗਟ ਕਰਨ ਦੀ ਪੂਰੀ ਬਣਤ=ਬਿਉਂਤ ਬਣਾਈ ਹੈ॥ ੩ ॥

ਤੂ ਭਾਰੋ ਸੁਆਮੀ ਮੋਰਾ ॥ ਇਹੁ ਪੁੰਨੁ ਪਦਾਰਥੁ ਤੇਰਾ ॥

ਤੂੰ ਮੇਰਾ ਸਭ ਤੋਂ ਭਾਰੇ=ਵੱਡਾ ਸੁਆਮੀਂ ਹੈਂ। ਮੇਰੇ ਪਾਸ ਜਿਤਨਾ ਭੀ ਪਦਾਰਥ ਹੈ, ਇਹ ਸਭ ਤੇਰਾ ਹੀ ਪੁੰਨ ਪ੍ਰਤਾਪ ਹੈ।

ਜਨ ਨਾਨਕ ਏਕੁ ਧਿਆਇਆ ॥
ਸਰਬ ਫਲਾ ਪੁੰਨੁ ਪਾਇਆ ॥ ੪ ॥ ੧੪ ॥ ੬੪ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਨੇ ਇੱਕ ਆਪ ਜੀ ਨੂੰ ਧਿਆਉਣਾ ਕੀਤਾ ਹੈ।

ਆਪ ਜੀ ਦੇ ਪੁੰਨ ਪ੍ਰਤਾਪ ਕਰਕੇ ਸਾਰਿਆਂ ਫਲਾਂ ਨੂੰ ਪਾਇਆ ਹੈ।

ਅਥਵਾ:-ਸਾਰਿਆਂ ਪੁੰਨਾਂ ਦਾ ਫਲ ਪਾਉਣਾ ਕੀਤਾ ਹੈ॥ ੪ ॥ ੧੪ ॥ ੬੪ ॥

ਸੋਰਠਿ ਮਹਲਾ ੫ ਘਰੁ ੩ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤ-ਸਰੋਵਰ ਤਿਆਰ ਕੀਤਾ ਹੈ, ਉਸ ਵੇਲੇ ਗੁਰਸਿੱਖਾਂ ਨੇ ਗੁਰੂ ਸਾਹਿਬ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ ! ਇਸ ਪਾਵਨ ਸਰੋਵਰ ਵਿਚ ਨ੍ਹਾਉਣ ਨਾਲ ਕੀ ਫਲ ਮਿਲਦਾ ਹੈ, ਅਤੇ ਇਸ ਦੇ ਵਿਚ ਨ੍ਹਾਉਣ ਦੀ ਵਿਧੀ ਦੱਸੋ?" ਸਿੱਖਾਂ ਦੀ ਬੇਨਤੀ ਸੁਣਕੇ ਗੁਰੂ ਸਾਹਿਬ ਸਰੋਵਰ ਵਿਚ ਨ੍ਹਾਉਣ ਦੀ ਵਿਧੀ ਤੇ ਫਲ ਦੱਸਦੇ ਹਨ-

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥

ਜੋ ਪੁਰਸ਼ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਰੋਵਰ ਵਿਚ ਨਾਤੇ=ਇਸ਼ਨਾਨ ਕਰਦੇ ਹਨ। ਉਹਨਾਂ ਦੇ ਕਮਾਤੇ=ਕਮਾਏ ਹੋਏ, ਭਾਵ ਕੀਤੇ ਹੋਏ ਸਾਰੇ ਪਾਪ ਉਤਰ ਗਏ ਹਨ।

ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥ ੧ ॥

ਪਹਿਲੇ ਨਿਰਮਲ ਹੋ ਕੇ ਭਾਵ ਖੂਹ ਉੱਪਰ ਇਸਨਾਨਾ=ਨਹਾਕੇ ਫੇਰ ਸਰੋਵਰ ਵਿਚ ਇਸ਼ਨਾਨ ਕਰੇ। ਪੂਰਿਆਂ ਗੁਰਾਂ ਨੇ ਇਹ ਦਾਨਾ=ਜਣਾਉਣਾ ਕੀਤਾ ਹੈ। ਅਥਵਾ:-ਇਸ਼ਨਾਨ ਕਰਕੇ ਜੋ ਨਿਰਮਲ ਮਨ ਵਾਲੇ ਹੋਏ ਹਨ, ਉਹਨਾਂ ਨੂੰ ਪੂਰਿਆਂ ਗੁਰਾਂ ਨੇ ਨਾਮ ਦਾਨ ਦੇਣਾ ਕੀਤਾ ਹੈ॥ ੧ ॥

ਸਭਿ ਕੁਸਲ ਖੇਮ ਪ੍ਰਭਿ ਧਾਰੇ ॥

ਉਹਨਾਂ ਵਿਚ ਪ੍ਰਭੂ ਨੇ ਸਾਰੇ ਕੁਸਲ ਖੇਮ=ਸੁਖ ਅਨੰਦ ਟਿਕਾਏ ਹਨ।

ਅਥਵਾ:-ਖੇਮ=ਰੱਖਿਆ ਆਦਿਕ ਸਾਰੇ ਸੁਖ ਟਿਕਾਏ ਹਨ।

ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥

ਉਹਨਾਂ ਨੇ ਸਹੀ ਸਲਾਮਤਿ=ਸੁਖ ਅਨੰਦ ਨਾਲ ਸਾਰੇ ਥੋਕ=ਪਦਾਰਥ ਬਚਾ ਲਏ ਹਨ, ਜਿਨ੍ਹਾਂ ਨੇ ਗੁਰਾਂ ਦਾ ਉਪਦੇਸ਼ ਵਿਚਾਰਿਆ ਹੈ॥ ਰਹਾਉ॥

ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥

ਸਤਸੰਗਤ ਵਿਚ ਬੈਠਣ ਕਰਕੇ ਪਾਪਾਂ ਰੂਪੀ ਮੈਲ ਲਾਥੀ=ਲੱਥ ਗਈ ਹੈ।

ਅਤੇ ਇਸ ਦਾ ਪਾਰਬ੍ਰਹਮ ਆਪ ਹੀ ਸਾਥੀ ਹੋਇਆ ਹੈ।

ਨਾਨਕ ਨਾਮੁ ਧਿਆਇਆ ॥
ਆਦਿ ਪੁਰਖ ਪ੍ਰਭੁ ਪਾਇਆ ॥ ੨ ॥ ੧ ॥ ੬੫ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਨਾਮ ਨੂੰ ਜਪਿਆ ਹੈ। ਉਸ ਨੇ ਆਦਿ ਪੁਰਖ ਰੂਪ ਪ੍ਰਭੂ ਨੂੰ ਪਾਇਆ ਹੈ॥ ੨ ॥ ੧ ॥ ੬੫ ॥

(ਪੰਨਾ ੬੨੬) ਸੋਰਠਿ ਮਹਲਾ ੫ ॥

ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥

ਜਿਸ ਹਿਰਦੇ ਘਰ ਵਿਚ ਪਾਰਬ੍ਰਹਮ ਚੇਤੇ ਆਇਆ ਹੈ। ਸੋ=ਉਹ ਘਰ ਦਯਿ=ਪ੍ਰੇਰਕ ਪ੍ਰਭੂ ਨੇ ਸ਼ੁਭ-ਗੁਣਾਂ ਨਾਲ ਵਸਾਇਆ ਹੈ।

ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥ ੧ ॥

ਸੁਖਾਂ ਦਾ ਸਮੁੰਦਰ ਜੋ ਗੁਰੂ ਹੈ, ਜਾਂ ਉਸ ਨੂੰ ਪਾਇਆ ਤਾ ਸਾਰਾ ਸੰਸਾ ਮਿਟਾ ਦਿੱਤਾ ॥ ੧ ॥

ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥

ਹਰੀ ਦੇ ਨਾਮ ਦੀ ਵਡਿਆਈ ਕਰਨੀ ਅਤੇ ਅੱਠੇ ਪਹਿਰ ਗੁਣਾਂ ਦਾ ਗਾਇਨ ਕਰਨਾ।

ਗੁਰ ਪੂਰੇ ਤੇ ਪਾਈ ॥ ਰਹਾਉ ॥

ਇਹ ਦਾਤ ਪੂਰਿਆਂ ਗੁਰਾਂ ਤੋਂ ਪਾਈ ਹੈ ॥ ਰਹਾਉ ॥

ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥

ਉਸ ਪ੍ਰਭੂ ਦੀ ਕਹਾਣੀ ਅਕੱਥ ਹੈ। ਸੰਤ ਜਨ ਨਾਮ-ਅੰਮ੍ਰਿਤ ਬਾਣੀ ਨੂੰ ਬੋਲਹਿ=ਬੋਲਦੇ ਹਨ।

ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥ ੨ ॥ ੨ ॥ ੬੬ ॥

ਗੁਰੂ ਜੀ ਕਥਨ ਕਰਦੇ ਹਨ, (ਮੈਂ) ਦਾਸ ਨੇ ਭੀ ਓਸ ਦੀ ਕਥਾ ਵਖਾਣੀ=ਕਥਨ ਕੀਤੀ ਹੈ। ਪਰ, ਪੂਰਿਆਂ ਗੁਰਾਂ ਤੋਂ ਇਹ ਗੱਲ ਜਾਣੀ ਹੈ ॥ ੨ ॥ ੨ ॥ ੬੬ ॥

ਸੋਰਠਿ ਮਹਲਾ ੫ ॥

ਆਗੈ ਸੁਖੁ ਗੁਰਿ ਦੀਆ ॥ ਪਾਛੈ ਕੁਸਲ ਖੇਮ ਗੁਰਿ ਕੀਆ ॥

ਆਗੈ=ਪ੍ਰਲੋਕ ਦਾ ਸੁਖ ਗੁਰਾਂ ਨੇ ਦਿੱਤਾ ਹੈ ਅਤੇ ਪਾਛੈ=ਇਸ ਲੋਕ ਵਿਚ ਭੀ ਖੇਮ=ਰੱਖਿਆ ਤੇ ਕੁਸਲ=ਸੁਖ ਗੁਰਾਂ ਨੇ ਪ੍ਰਗਟ ਕੀਤਾ ਹੈ।

ਸਰਬ ਨਿਧਾਨ ਸੁਖ ਪਾਇਆ ॥ ਗੁਰੁ ਅਪੁਨਾ ਰਿਦੈ ਧਿਆਇਆ ॥ ੧ ॥

ਉਸ ਨੇ ਸਾਰਿਆਂ ਸੁਖਾਂ ਦਾ ਨਿਧਾਨ=ਖਜ਼ਾਨਾ ਪਾਇਆ ਹੈ। ਜਿਸ ਨੇ ਆਪਣੇ ਗੁਰੂ ਦਾ ਉਪਦੇਸ਼ ਰਿਦੈ=ਹਿਰਦੇ ਵਿਚ ਧਿਆਇਆ ਹੈ ॥ ੧ ॥

ਅਪਨੇ ਸਤਿਗੁਰ ਕੀ ਵਡਿਆਈ ॥ ਮਨ ਇਛੇ ਫਲ ਪਾਈ ॥

ਇਹ ਸਾਰੀ ਵਡਿਆਈ ਆਪਣੇ ਸਤਿਗੁਰਾਂ ਦੀ ਹੈ। ਜੋ ਮਨ ਇੱਛਤ ਫਲਾਂ ਦੀ ਪ੍ਰਾਪਤੀ ਪਾਈ ਹੈ।

ਸੰਤਹੁ ਦਿਨੁ ਦਿਨੁ ਚੜੈ ਸਵਾਈ ॥ ਰਹਾਉ ॥

ਹੇ ਸੰਤੋ ! ਇਹ ਦਾਤ ਦਿਨੋ-ਦਿਨ ਸਵਾਈ ਚੜ੍ਹ ਰਹੀ ਹੈ ॥ ਰਹਾਉ ॥

ਜੀਅ ਜੰਤ ਸਭਿ ਭਏ ਦਇਆਲਾ ਪ੍ਰਭਿ ਅਪਨੇ ਕਰਿ ਦੀਨੇ॥

ਪ੍ਰਭੂ ਨੇ ਅਸਾਨੂੰ ਆਪਣਾ ਦਾਸ ਕਰ ਲਿਆ ਹੈ, ਇਸੇ ਕਰਕੇ ਸਾਰੇ ਜੀਆ-ਜੰਤ ਅਸਾਡੇ ਉੱਤੇ ਦਿਆਲੂ ਹੋਏ ਹਨ। ਅਥਵਾ:-ਸਾਰੇ ਜੀਆ-ਜੰਤ ਅਸਾਡੇ ਉੱਪਰ ਦਿਆਲੂ ਹੋਏ ਹਨ, ਕਿਉਂਕਿ ਪ੍ਰਭੂ ਨੇ ਸਾਰੇ ਆਪਣੇ ਸੱਜਣ ਕਰ ਦਿੱਤੇ ਹਨ।

ਸਹਜ ਸੁਭਾਇ ਮਿਲੇ ਗੋਪਾਲਾ ਨਾਨਕ ਸਾਚਿ ਪਤੀਨੇ॥ ੨॥ ੩॥ ੬੭॥

ਗੁਰੂ ਜੀ ਕਥਨ ਕਰਦੇ ਹਨ, ਸੱਚ ਵਿਚ ਪਤੀਨੇ=ਭਰੋਸਾ ਕਰਨ ਨਾਲ, ਗੋਪਾਲਾ ਜੀ ਸੁਤੇ ਸਿੱਧ ਆ ਮਿਲੇ ਹਨ॥ ੨॥ ੩॥ ੬੭॥

ਸੋਰਠਿ ਮਹਲਾ ੫॥

ਗੁਰ ਕਾ ਸਬਦੁ ਰਖਵਾਰੇ॥ ਚਉਕੀ ਚਉਗਿਰਦ ਹਮਾਰੇ॥

ਗੁਰੂ ਦਾ ਉਪਦੇਸ਼ ਰੱਖਿਆ ਕਰਨ ਵਾਲਾ ਹੈ। ਪੁਲੀਸ ਦੀ ਚੌਂਕੀ ਵਾਂਗੂੰ ਅਸਾਡੇ ਚਉਗਿਰਦ=ਚਾਰੇ ਪਾਸੇ ਰੱਖਿਆ ਕਰਦਾ ਹੈ।

ਰਾਮ ਨਾਮਿ ਮਨੁ ਲਾਗਾ॥ ਜਮੁ ਲਜਾਇ ਕਰਿ ਭਾਗਾ॥ ੧॥

ਰਾਮ ਨਾਮ ਦੇ ਸਿਮਰਨ ਵਿਚ ਅਸਾਡਾ ਮਨ ਲੱਗ ਗਿਆ ਹੈ। ਇਸ ਕਰਕੇ ਜਮੁ ਲਜਾਇ=ਸ਼ਰਮਿੰਦਾ ਹੋ ਕੇ ਭਾਗਾ=ਦੌੜ ਗਿਆ ਹੈ॥ ੧॥

ਪ੍ਰਭ ਜੀ ਤੂ ਮੇਰੋ ਸੁਖਦਾਤਾ॥

ਹੇ ਮੇਰੇ ਪ੍ਰਭ ਜੀ ! ਤੂੰਹੀਂ ਸਾਰਿਆਂ ਸੁਖਾਂ ਦਾ ਦਾਤਾ ਹੈਂ।

ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ॥ ਰਹਾਉ॥

ਤੂੰਹੀਂ ਬੰਧਨਾਂ ਨੂੰ ਕਾਟਿ=ਕੱਟਕੇ ਮਨ ਨੂੰ ਸ਼ੁੱਧ ਕਰਦਾ ਹੈਂ, ਹੇ ਪੂਰਨ ਪੁਰਖ ! ਤੂੰਹੀਂ ਫਲ-ਬਰ ਦਾਤਾ ਹੈਂ॥ ਰਹਾਉ॥

ਨਾਨਕ ਪ੍ਰਭੁ ਅਬਿਨਾਸੀ॥ ਤਾ ਕੀ ਸੇਵ ਨ ਬਿਰਥੀ ਜਾਸੀ॥

ਗੁਰੂ ਜੀ ਕਥਨ ਕਰਦੇ ਹਨ, ਹੇ ਅਬਿਨਾਸੀ ਪ੍ਰਭੂ ! ਜੋ ਦਾਸ ਹਨ। ਤਾਕੀ=ਉਨ੍ਹਾਂ ਦੀ ਸੇਵਾ ਕੀਤੀ ਹੋਈ ਵਿਅਰਥ ਨਹੀਂ ਜਾਸੀ=ਜਾਂਦੀ।

ਅਨਦ ਕਰਹਿ ਤੇਰੇ ਦਾਸਾ॥ ਜਪਿ ਪੂਰਨ ਹੋਈ ਆਸਾ॥ ੨॥ ੪॥ ੬੮॥

ਤੇਰੇ ਦਾਸ ਸਦਾ ਹੀ ਅਨੰਦ ਨੂੰ ਲੈਣਾ ਕਰਦੇ ਹਨ। ਕਿਉਂਕਿ ਤੇਰਾ ਨਾਮ ਜਪਦਿਆਂ ਹੋਇਆਂ ਉਨ੍ਹਾਂ ਦੀ ਆਸਾ ਪੂਰਨ ਹੋਈ ਹੈ॥ ੨॥ ੪॥ ੬੮॥

ਸੋਰਠਿ ਮਹਲਾ ੫॥

ਉਥਾਨਕਾ:-(ਸ੍ਰੀ ਗੁਰੂ) ਹਰਿਗੋਬਿੰਦ ਸਾਹਿਬ ਜੀ ਦੇ ਤਾਪ ਉਤਰ ਜਾਣ ਤੇ ਪ੍ਰਭੂ ਦੇ ਧੰਨਵਾਦ ਵਿਚ

ਦੋ ਸ਼ਬਦ ਉਚਾਰਦੇ ਹਨ-

ਗੁਰ ਅਪੁਨੇ ਬਲਿਹਾਰੀ॥ ਜਿਨਿ ਪੂਰਨ ਪੈਜ ਸਵਾਰੀ॥

ਅਸੀਂ ਆਪਣਿਆਂ ਗੁਰਾਂ ਤੋਂ ਬਲਿਹਾਰ ਜਾਂਦੇ ਹਾਂ। ਜਿਨ੍ਹਾਂ ਨੇ ਅਸਾਡੀ ਪੂਰੀ ਪੈਜ=ਪ੍ਰਤੱਗਿਆ ਸਵਾਰੀ ਹੈ।

ਮਨ ਚਿੰਦਿਆ ਫਲੁ ਪਾਇਆ॥ ਪ੍ਰਭੁ ਅਪੁਨਾ ਸਦਾ ਧਿਆਇਆ॥ ੧॥

ਅੰਨਵੇਂ:-ਆਪਣੇ ਪ੍ਰਭੂ ਨੂੰ ਸਦਾ ਧਿਆਉਣਾ ਕੀਤਾ ਹੈ। ਏਸੇ ਕਰਕੇ ਮਨ ਇੱਛਤ ਫਲ ਨੂੰ ਪਾਇਆ ਹੈ॥ ੧॥

ਸੰਤਹੁ ਤਿਸੁ ਬਿਨੁ ਅਵਰੁ ਨ ਕੋਈ॥ ਕਰਣ ਕਾਰਣ ਪ੍ਰਭੁ ਸੋਈ॥ ਰਹਾਉ॥

ਹੇ ਸੰਤੋ ! ਉਸ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ ਹੈ।

ਸੋਈ=ਉਹ ਪ੍ਰਭੂ ਹੀ ਸਭ ਕਾਰਨਾਂ ਦੇ ਕਰਨ ਵਾਲਾ ਹੈ॥ ਰਹਾਉ॥

ਪ੍ਰਭਿ ਅਪਨੈ ਵਰ ਦੀਨੇ॥ ਸਗਲ ਜੀਅ ਵਸਿ ਕੀਨੇ॥

ਆਪਣੇ ਪ੍ਰਭੂ ਨੇ ਅਜੇਹੇ ਵਰ ਦਿੱਤੇ ਹਨ। ਜਿਸ ਦੀ ਤਾਕਤ ਨਾਲ ਸਾਰੇ ਜੀਵ ਵੱਸ ਕਰ ਲੀਤੇ ਹਨ।

ਜਨ ਨਾਨਕ ਨਾਮੁ ਧਿਆਇਆ॥ ਤਾ ਸਗਲੇ ਦੂਖ ਮਿਟਾਇਆ॥ ੨॥ ੫॥ ੬੯॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਨੇ ਨਾਮ ਨੂੰ ਧਿਆਉਣਾ ਕੀਤਾ ਹੈ।

ਤਾਂ ਹੀ ਸਾਰਿਆਂ ਦੁੱਖਾਂ ਨੂੰ ਨਾਸ ਕਰ ਲਿਆ ਹੈ॥ ੨॥ ੫॥ ੬੯॥

ਸੋਰਠਿ ਮਹਲਾ ੫॥

ਤਾਪੁ ਗਵਾਇਆ ਗੁਰਿ ਪੂਰੇ॥ ਵਾਜੇ ਅਨਹਦ ਤੂਰੇ॥

ਪੂਰਿਆਂ ਗੁਰਾਂ ਨੇ (ਛੇਵੇਂ ਪਾਤਸ਼ਾਹ ਜੀ ਦਾ) ਤਾਪ ਦੂਰ ਕਰ ਦਿੱਤਾ ਹੈ।

ਅਨਹਦ=ਇੱਕ-ਰਸ ਖੁਸ਼ੀ ਦੇ ਤੂਰੇ=ਵਾਜੇ ਵੱਜੇ ਹਨ।

ਸਰਬ ਕਲਿਆਣ ਪ੍ਰਭਿ ਕੀਨੇ॥ ਕਰਿ ਕਿਰਪਾ ਆਪਿ ਦੀਨੇ॥ ੧॥

ਪ੍ਰਭੂ ਨੇ ਸਾਰੇ ਕਲਿਆਣ=ਸੁਖ ਪ੍ਰਾਪਤ ਕਰ ਦਿੱਤੇ ਹਨ।

ਪ੍ਰਭੂ ਨੇ ਕਿਰਪਾ ਕਰਕੇ ਆਪ ਹੀ ਬਖਸ਼ ਦਿੱਤੇ ਹਨ॥ ੧॥

ਬੇਦਨ ਸਤਿਗੁਰਿ ਆਪਿ ਗਵਾਈ॥

ਸਤਿਗੁਰਾਂ ਨੇ ਆਪ ਹੀ ਕਿਰਪਾ ਦ੍ਰਿਸ਼ਟੀ ਕਰਕੇ ਬੇਦਨ=ਪੀੜਾ ਗੁਆ ਦਿੱਤੀ ਹੈ।

ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ॥ ਰਹਾਉ॥

ਹਰਿ ਹਰਿ ਨਾਮ ਦੇ ਧਿਆਉਣ ਵਾਲੇ ਸਿੱਖ, ਸੰਤ, ਸਭ ਸਰਸੇ=ਅਧਿਕ ਅਨੰਦ ਵਾਲੇ ਹੋਏ ਹਨ। ਅਥਵਾ:-ਸਿਖ=ਸਿੱਖਿਆ ਲੈਣ ਵਾਲੇ ਸੰਤ, ਵਾ:-ਸੰਤ=ਸ਼ਾਂਤ ਆਤਮਾ ਸਿੱਖ ਸਾਰੇ ਸਰਸੇ=ਸਹਿਤ ਰਸ ਦੇ ਹੋਏ ਹਨ॥ ਰਹਾਉ॥

ਜੋ ਮੰਗਹਿ ਸੋ ਲੇਵਹਿ॥ ਪ੍ਰਭ ਅਪਣਿਆ ਸੰਤਾ ਦੇਵਹਿ॥

ਜੋ ਭੀ ਮੰਗਦੇ ਹਨ ਉਹ ਪ੍ਰਭੂ ਪਾਸੋਂ ਲੈ ਲੇਵਹਿ=ਲੈਂਦੇ ਹਨ।

ਕਿਉਂਕਿ ਪ੍ਰਭੂ ਆਪਣਿਆਂ ਸੰਤਾਂ ਨੂੰ ਮੂੰਹ ਮੰਗੀ ਦਾਤ ਦੇਂਦਾ ਹੈ।

ਹਰਿ ਗੋਵਿਦੁ ਪ੍ਰਭਿ ਰਾਖਿਆ॥ ਜਨ ਨਾਨਕ ਸਾਚੁ ਸੁਭਾਖਿਆ॥ ੨॥ ੬॥ ੭੦॥

ਗੁਰੂ ਜੀ ਕਥਨ ਕਰਦੇ ਹਨ, ਜਿਸ ਪ੍ਰਭੂ ਨੇ ਹਰਿਗੋਬਿੰਦ ਨੂੰ ਰੱਖਿਆ ਹੈ।

(ਮੈਂ) ਜਨ ਨੇ ਉਸ ਦੇ ਸੱਚੇ ਨਾਮ ਨੂੰ ਸੁਭਾਖਿਆ=ਕਥਨ ਕੀਤਾ ਹੈ॥ ੨॥ ੬॥ ੭੦॥

ਸੋਰਠਿ ਮਹਲਾ ੫॥

ਇਸ ਸ਼ਬਦ ਦੁਆਰਾ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਸੋਈ ਕਰਾਇ ਜੋ ਤੁਧੁ ਭਾਵੈ॥ ਮੋਹਿ ਸਿਆਣਪ ਕਛੂ ਨ ਆਵੈ॥

ਹੇ ਪ੍ਰਭੂ ! ਜੋ ਆਪ ਜੀ ਨੂੰ ਭਾਂਵਦਾ ਹੈ, ਮੇਰੇ ਪਾਸੋਂ ਓਹੀ ਕੰਮ ਕਰਾਇ=ਕਰਾਓ।

ਮੈਨੂੰ ਹੋਰ ਕੁਝ ਸਿਆਣਪ ਨਹੀਂ ਆਉਂਦੀ।

ਹਮ ਬਾਰਿਕ ਤਉ ਸਰਣਾਈ॥ ਪ੍ਰਭਿ ਆਪੇ ਪੈਜ ਰਖਾਈ॥ ੧॥

ਮੈਂ ਬਾਲਕਾ ਆਪ ਜੀ ਦੀ ਸ਼ਰਨੀ ਆਇਆ ਹਾਂ।

ਹੇ ਪ੍ਰਭੂ ! ਤੁਸਾਂ ਨੇ ਆਪ ਹੀ ਮੇਰੀ ਪੈਜ=ਇੱਜ਼ਤ ਰਖਾਈ=ਰੱਖੀ ਹੈ॥ ੧॥

ਮੇਰਾ ਮਾਤ ਪਿਤਾ ਹਰਿ ਰਾਇਆ॥

ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੰ਀ ਤੇਰਾ ਕਰਾਇਆ॥ ਰਹਾਉ॥

ਹੇ ਹਰੀ ਰਾਜੇ ! ਤੂੰ ਹੀ ਮੇਰਾ ਮਾਂ ਪਿਉ ਹੈਂ। ਤੂੰ ਹੀ ਕਿਰਪਾ ਦ੍ਰਿਸ਼ਟੀ ਕਰਕੇ ਮੇਰੀ ਪ੍ਰਤਿਪਾਲਾ ਕਰਨ ਵਿਚ ਲੱਗਾ ਹੋਇਆ ਹੈਂ, ਮੈਂ ਭੀ ਤੇਰਾ ਕਰਾਇਆ ਹੋਇਆ ਕਰਮ ਕਰਦਾ ਹਾਂ॥ ਰਹਾਉ॥

ਜੀਅ ਜੰਤ ਤੇਰੇ ਧਾਰੇ॥ ਪ੍ਰਭ ਡੋਰੀ ਹਾਥਿ ਤੁਮਾਰੇ॥ (ਪੰਨਾ ੬੨੭)

ਏਹ ਸਾਰੇ ਜੀਅ ਜੰਤ ਆਪ ਜੀ ਦੇ ਧਾਰੇ=ਆਸਰੇ ਹਨ। ਹੇ ਪ੍ਰਭੂ ! ਇਨ੍ਹਾਂ ਦੀ ਪ੍ਰਾਰਬਧ,

ਅਥਵਾ:-ਪ੍ਰਾਣਾਂ ਰੂਪੀ ਡੋਰੀ ਆਪ ਜੀ ਦੇ ਹੱਥ ਵਿਚ ਹੈ।

ਜਿ ਕਰਾਵੈ ਸੋ ਕਰਣਾ॥ ਨਾਨਕ ਦਾਸ ਤੇਰੀ ਸਰਣਾ॥ ੨॥ ੭॥ ੭੧॥

ਜੋ ਆਪ ਕਰਵਾਉਂਦੇ ਹੋ ਇਹ ਜੀਵ ਓਹੀ ਕਰਮ ਕਰਦੇ ਹਨ। ਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਤੇਰੀ ਸ਼ਰਨ ਵਿਚ ਪਿਆ ਹਾਂ॥ ੨॥ ੭॥ ੭੧॥

ਸੋਰਠਿ ਮਹਲਾ ੫॥

ਹਰਿ ਨਾਮੁ ਰਿਦੈ ਪਰੋਇਆ॥ ਸਭੁ ਕਾਜੁ ਹਮਾਰਾ ਹੋਇਆ॥

ਅਸਾਂ ਨੇ ਹਿਰਦੇ ਵਿਚ ਹਰੀ ਨਾਮ ਪਰੋ ਲਿਆ ਹੈ। ਇਸ ਕਰਕੇ ਅਸਾਡਾ ਸਾਰਾ ਕੰਮ ਪੂਰਾ ਹੋ ਗਿਆ ਹੈ।

ਪ੍ਰਭ ਚਰਣੀ ਮਨੁ ਲਾਗਾ ॥ ਪੂਰਨ ਜਾ ਕੇ ਭਾਗਾ ॥ ੧ ॥

ਪ੍ਰਭੂ ਦੇ ਚਰਨਾਂ ਨਾਲ ਉਸ ਦਾ ਮਨ ਲੱਗਾ ਹੈ। ਜਿਸ ਦੇ ਭਾਗ ਪੂਰਨ ਹਨ॥ ੧ ॥

ਮਿਲਿ ਸਾਧਸੰਗਿ ਹਰਿ ਧਿਆਇਆ ॥

ਦਾਸਾਂ ਨੇ ਸਤਸੰਗ ਵਿਚ ਮਿਲਕੇ ਹਰੀ ਨੂੰ ਸਿਮਰਿਆ ਹੈ।

ਆਠ ਪਹਰ ਅਰਾਧਿਓ ਹਰਿ ਹਰਿ ਮਨ ਚਿੰਦਿਆ ਫਲੁ ਪਾਇਆ ॥ ਰਹਾਉ ॥

ਅੱਠੇ ਪਹਿਰ ਹਰਿ ਹਰਿ ਨਾਮ ਨੂੰ ਅਰਾਧਿਆ ਹੈ, ਇਸ ਕਰਕੇ ਦਾਸਾਂ ਨੇ ਮਨ ਲੋੜੀਂਦਾ ਫਲ ਪਾਇਆ ਹੈ॥ ਰਹਾਉ ॥

ਪਰਾ ਪੂਰਬਲਾ ਅੰਕੁਰੁ ਜਾਗਿਆ ॥ ਰਾਮ ਨਾਮਿ ਮਨੁ ਲਾਗਿਆ ॥

ਜਿਸ ਵੇਲੇ ਪਰਾ=ਉਤ-ਕ੍ਰਿਸ਼ਟ ਪੂਰਬਲੇ ਜਨਮ ਦੇ ਕੀਤੇ ਹੋਏ ਕਰਮਾਂ ਨੂੰ ਅੰਕੁਰੁ=ਅੰਗੂਰ ਜਾਗਿਆ=ਪ੍ਰਗਟਿਆ। ਤਿਸ ਵੇਲੇ ਰਾਮ ਨਾਮ ਵਿਚ ਮਨ ਲੱਗ ਗਿਆ।

ਮਨਿ ਤਨਿ ਹਰਿ ਦਰਸਿ ਸਮਾਵੈ ॥

ਨਾਨਕ ਦਾਸ ਸਚੇ ਗੁਣ ਗਾਵੈ ॥ ੨ ॥ ੮ ॥ ੭੨ ॥

ਗੁਰੂ ਜੀ ਕਥਨ ਕਰਦੇ ਹਨ, ਜੋ ਦਾਸ ਮਨੋਂ ਤਨੋਂ ਹੋ ਕੇ ਸੱਚੇ ਦੇ ਗੁਣਾਂ ਨੂੰ ਗਾਵੈ=ਗਾਉਂਦਾ ਹੈ। ਉਹ ਹਰੀ ਦੇ ਦਰਸਿ-ਸਰੂਪ ਵਿਚ ਸਮਾਵੈ=ਸਮਾਂਵਦਾ ਹੈ।

ਸੋਰਠਿ ਮਹਲਾ ੫ ॥

ਗੁਰ ਮਿਲਿ ਪ੍ਰਭੂ ਚਿਤਾਰਿਆ ॥ ਕਾਰਜ ਸਭਿ ਸਵਾਰਿਆ ॥

ਜਿਨ੍ਹਾਂ ਨੇ ਗੁਰਾਂ ਨਾਲ ਮਿਲਕੇ ਪ੍ਰਭੂ ਨੂੰ ਸਿਮਰਿਆ ਹੈ।

ਉਹਨਾਂ ਨੇ ਸਾਰਿਆਂ ਕੰਮਾਂ ਨੂੰ ਸਵਾਰ ਲਿਆ ਹੈ।

ਮੰਦਾ ਕੋ ਨ ਅਲਾਏ ॥ ਸਭ ਜੈ ਜੈ ਕਾਰੁ ਸੁਣਾਏ ॥ ੧ ॥

ਉਹਨਾਂ ਨੂੰ ਕੋਈ ਮੰਦਾ=ਭੈੜਾ ਬਚਨ ਨਹੀਂ ਕਹਿੰਦਾ।

ਸਾਰੇ ਲੋਕ ਉਹਨਾਂ ਦਾ ਜੈ ਜੈ ਕਾਰ ਸੁਣਾਉਂਦੇ ਹਨ॥ ੧ ॥

ਸੰਤਹੁ ਸਾਚੀ ਸਰਣਿ ਸੁਆਮੀ ॥

ਜੀਅ ਜੰਤ ਸਭਿ ਹਾਥਿ ਤਿਸੈ ਕੈ ਸੋ ਪ੍ਰਭੁ ਅੰਤਰਜਾਮੀ ॥ ਰਹਾਉ ॥

ਹੇ ਸੰਤੋ ! ਸ੍ਵਾਮੀ ਦੀ ਸ਼ਰਨ ਸੱਚੀ ਹੈ। ਸਾਰੇ ਜੀਆ ਜੰਤ ਉਸ ਦੇ ਹੱਥ ਵਿਚ ਹਨ, ਅਤੇ ਉਹ ਪ੍ਰਭੂ ਸਭ ਦੇ ਅੰਦਰ ਦੀ ਜਾਨਣ ਵਾਲਾ ਹੈ॥ ਰਹਾਉ ॥

ਕਰਤਬ ਸਭਿ ਸਵਾਰੇ ॥ ਪ੍ਰਭਿ ਅਪੁਨਾ ਬਿਰਦੁ ਸਮਾਰੇ ॥

ਪ੍ਰਭੂ ਨੇ ਆਪਣਾ ਬਿਰਦੁ=ਧਰਮ ਸੰਭਾਲ ਕੇ ਉਹਨਾਂ ਦੇ ਸਾਰੇ ਕਰਤੱਬ ਸਵਾਰ ਦਿੱਤੇ ਹਨ।

ਪਤਿਤ ਪਾਵਨ ਪ੍ਰਭ ਨਾਮਾ ॥ ਜਨ ਨਾਨਕ ਸਦ ਕੁਰਬਾਨਾ ॥ ੨ ॥ ੯ ॥ ੭੩ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਪ੍ਰਭੂ ਦਾ ਨਾਮ "ਪਤਿਤ ਪਾਵਨ" ਹੈ। (ਮੈਂ) ਦਾਸ ਉਸ ਤੋਂ ਸਦਾ ਕੁਰਬਾਨ ਜਾਂਦਾ ਹਾਂ॥ ੨ ॥ ੯ ॥ ੭੩ ॥

ਸੋਰਠਿ ਮਹਲਾ ੫ ॥

ਪਾਰਬ੍ਰਹਮਿ ਸਾਜਿ ਸਵਾਰਿਆ ॥ ਇਹੁ ਲਹੁੜਾ ਗੁਰੂ ਉਬਾਰਿਆ ॥

ਪਾਰਬ੍ਰਹਮ ਨੇ (ਛੇਵੇਂ ਪਾਤਿਸ਼ਾਹ ਜੀ ਨੂੰ) ਸਾਜ ਕੇ ਸਵਾਰਿਆ ਹੈ। ਇਸ ਲਹੁੜਾ=ਬਾਲਕ ਨੂੰ ਗੁਰੂ ਜੀ ਨੇ ਦੁੱਖਾਂ ਤੇ ਦੁਸ਼ਮਣਾਂ ਤੋਂ ਬਚਾ ਲਿਆ ਹੈ।

ਅਨਦ ਕਰਹੁ ਪਿਤ ਮਾਤਾ ॥ ਪਰਮੇਸਰੁ ਜੀਅ ਕਾ ਦਾਤਾ ॥ ੧ ॥

(ਛੇਵੇਂ ਪਾਤਿਸ਼ਾਹ ਜੀ ਦੇ) ਮਾਤਾ ਪਿਤਾ ਜੋ ਅਸੀਂ ਹਾਂ, ਸੋ ਆਨੰਦ ਨੂੰ ਲੈਣਾ ਕਰਹੁ=ਕਰਦੇ ਹਾਂ। ਅਥਵਾ:-ਹੇ ਮਾਤਾ ਪਿਤਾ ਰੂਪ ਸੰਤੋ ! ਤੁਸੀਂ ਆਨੰਦ ਲੈਣਾ ਕਰੋ, "ਇਹ ਬਾਬਾ ਬੁੱਢਾ ਜੀ ਵੱਲ ਇਸ਼ਾਰਾ ਹੈ, ਕਿਉਂਕਿ ਜਿਨ੍ਹਾਂ ਦੀ ਕਿਰਪਾ ਨਾਲ ਛੇਵੇਂ ਪਾਤਿਸ਼ਾਹ ਜੀ ਦਾ ਅਵਤਾਰ ਹੋਇਆ ਹੈ।" ਪਰਮੇਸ਼ਰ ਸਾਰਿਆਂ ਜੀਵਾਂ ਦਾ ਦਾਤਾ ਹੈ॥ ੧ ॥

ਦੂਜਾ ਅਰਥ:-ਪਾਰਬ੍ਰਹਮਿ ਸਾਜਿ ਸਵਾਰਿਆ ॥:-

ਹੇ ਪਰਮੇਸ਼ਰ ! ਤੈਂਨੇ ਆਪ ਹੀ ਪੰਜਾਂ ਤੱਤਾਂ ਨੂੰ ਸਾਜਕੇ ਜੀਵਾਂ ਨੂੰ ਸਵਾਰਿਆ ਹੈ।

ਇਹੁ ਲਹੁੜਾ ਗੁਰੂ ਉਬਾਰਿਆ ॥:-

ਹੇ ਗੁਰੂ=ਪੂਜਨੀਕ ਪਰਮਾਤਮਾ ! ਇਸ ਲਹੁੜਾ=ਜੀਵ ਨੂੰ ਤੁਸਾਂ ਨੇ ਆਪ ਹੀ ਉਬਾਰਿਆ=ਬਚਾਇਆ ਹੈ। ਅਨਦ ਕਰਹੁ ਪਿਤ ਮਾਤਾ ॥:-

ਹੇ ਮਾਤਾ ਪਿਤਾ ਰੂਪ ਪ੍ਰਭੂ ! ਆਪ ਹੀ ਆਨੰਦ ਕਰ ਰਹੇ ਹੋ।

ਪਰਮੇਸਰੁ ਜੀਅ ਕਾ ਦਾਤਾ ॥:-

ਹੇ ਪਰਮੇਸ਼ਰ ! ਤੂੰ ਆਪ ਹੀ ਸਾਰਿਆਂ ਜੀਵਾਂ ਦਾ ਦਾਤਾ ਹੈਂ॥ ੧ ॥

ਸੁਭ ਚਿਤਵਨਿ ਦਾਸ ਤੁਮਾਰੇ ॥

ਆਪ ਜੀ ਦੇ ਦਾਸ ਸ਼ੁਭ ਚਿਤਵਨੀ ਨੂੰ ਚਿਤਵਦੇ ਰਹਿੰਦੇ ਹਨ।

ਰਾਖਹਿ ਪੈਜ ਦਾਸ ਅਪੁਨੇ ਕੀ ਕਾਰਜ ਆਪਿ ਸਵਾਰੇ ॥ ਰਹਾਉ ॥

ਆਪਣਿਆਂ ਦਾਸਾਂ ਦੀ ਪੈਜ ਨੂੰ ਤੁਸੀਂ ਆਪ ਹੀ ਰੱਖਦੇ ਹੋ, ਅਤੇ ਦਾਸਾਂ ਦੇ ਸਾਰੇ ਕੰਮ ਤੁਸਾਂ ਨੇ ਆਪ ਹੀ ਸਵਾਰੇ ਹਨ॥ ਰਹਾਉ ॥

ਮੇਰਾ ਪ੍ਰਭੁ ਪਰਉਪਕਾਰੀ ॥ ਪੂਰਨ ਕਲ ਜਿਨਿ ਧਾਰੀ ॥

ਹੇ ਪ੍ਰਭੂ! ਤੂੰ ਮੇਰਾ ਰੱਖਜਕ ਹੈਂ, ਤੇ ਪਰਉਪਕਾਰੀ ਹੈਂ। ਜਿਨਿ=ਜਿਸ ਆਪ ਜੀ ਨੇ ਪੂਰਨ ਕਲ=ਸ਼ਕਤੀ ਧਾਰੀ ਹੋਈ ਹੈ।

ਨਾਨਕ ਸਰਣੀ ਆਇਆ ॥ਮਨ ਚਿੰਦਿਆ ਫਲੁ ਪਾਇਆ ॥੨ ॥੧੦ ॥੭੪ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਆਪ ਜੀ ਦੀ ਕਿਰਪਾ ਨਾਲ ਮਨ ਇੱਛਤ ਫਲ ਪਾਇਆ ਹੈ॥ ੨ ॥ ੧੦ ॥ ੭੪ ॥

ਸੋਰਠਿ ਮਹਲਾ ੫ ॥

ਜਿਸ ਵੇਲੇ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਸੀਤਲਾ ਨਿਕਲ ਕੇ ਹਟ ਗਈ, ਤਾਂ ਪ੍ਰਭੂ ਦੇ ਸ਼ੁਕਰਾਨੇ ਵਿਚ ਇਹ ਸ਼ਬਦ ਉਚਾਰਿਆ:-

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥

ਅਸੀਂ ਸਦਾ=ਨਿੱਤ ਰੂਪ ਹਰੀ ਨੂੰ ਸਦਾ ਹੀ ਜਪਦੇ ਹਾਂ। ਪ੍ਰਭੂ ਨੇ ਆਪ ਹੀ ਬਾਲਕ (ਛੇਵੇਂ ਪਾਤਿਸ਼ਾਹ) ਦੀ ਰੱਖਿਆ ਕੀਤੀ ਹੈ।

ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥ ੧ ॥

ਪ੍ਰਭੂ ਨੇ ਹੀ ਸੀਤਨਾ ਠਾਕਿ ਰਹਾਈ=ਰੋਕ ਰੱਖੀ ਹੈ। ਹਰੀ ਨਾਮ ਜਪਣ ਕਰ ਕੇ ਬਿਘਨ ਦੂਰ ਹੋ ਗਏ ਹਨ॥ ੧ ॥

ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥

ਮੇਰਾ ਪ੍ਰਭੂ ਮੇਰੇ ਉੱਤੇ ਸਦਾ ਦਿਆਲੂ ਹੋਇਆ ਹੈ।

ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥ਰਹਾਉ ॥

ਆਪਣੇ ਭਗਤ ਦੀ ਬੇਨਤੀ ਉਸ ਨੇ ਸੁਣੀ ਹੈ, ਏਸੇ ਕਰਕੇ ਪਰਵਾਰ ਦੇ ਸਾਰਿਆਂ ਜੀਆਂ ਉੱਤੇ ਕ੍ਰਿਪਾਲੂ ਹੋਇਆ ਹੈ॥ ਰਹਾਉ॥

ਪ੍ਰਭ ਕਰਣ ਕਾਰਣ ਸਮਰਾਥਾ ॥ ਹਰਿ ਸਿਮਰਤ ਸਭੁ ਦੁਖੁ ਲਾਥਾ ॥

ਜੋ ਪ੍ਰਭੂ ਸਭ ਕਾਰਜਾਂ ਦੇ ਕਰਨ ਨੂੰ ਸਮਰੱਥ ਹੈ। ਉਸ ਹਰੀ ਦਾ ਸਿਮਰਨ ਕਰਦਿਆਂ ਹੀ ਸਾਰਾ ਦੁੱਖ ਲਾਥਾ=ਲਹਿ ਗਿਆ ਹੈ।

ਅਪਣੇ ਦਾਸ ਕੀ ਸੁਣੀ ਬੇਨੰਤੀ ॥

ਸਭ ਨਾਨਕ ਸੁਖਿ ਸਵੰਤੀ ॥ ੨ ॥ ੧੧ ॥ ੭੫ ॥

ਗੁਰੂ ਜੀ ਕਥਨ ਕਰਦੇ ਹਨ, ਜਾਂ ਆਪਣੇ ਦਾਸ ਦੀ ਬੇਨਤੀ ਸੁਣੀ। ਤਾਂ ਸਭ ਤਰ੍ਹਾਂ ਨਾਲ ਮੇਰੀ ਬਿਰਤੀ ਸੁਖਾਂ ਵਿਚ ਸਵੰਤੀ=ਸੌਂ ਗਈ॥ ੨ ॥ ੧੧ ॥ ੭੫ ॥

ਸੋਰਠਿ ਮਹਲਾ ੫ ॥

ਜਿਸ ਵੇਲੇ ਗੁਰੂ ਸਾਹਿਬ ਜੀ ਵਡਾਲੀ ਸਾਹਿਬ ਤੋਂ*ਆਏ ਤਾਂ ਇਹ ਸ਼ਬਦ ਉਚਾਰਿਆ:-

ਅਪਨਾ ਗੁਰੁ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥

ਆਪਣੇ ਗੁਰੂ ਨੂੰ ਧਿਆਉਂਦੇ ਹੋਏ, ਸੁਖ ਅਨੰਦ ਨਾਲ ਮਿਲਕੇ ਆਪਣੇ ਘਰ (ਗੁਰੂ ਕੇ ਮਹਿਲਾਂ) ਵਿਚ ਆਏ ਹਾਂ। ਅਥਵਾ-ਆਪਣੇ ਗੁਰਾਂ ਦੁਆਰੇ ਪਰਮੇਸ਼ਰ ਦੇ ਨਾਮ ਨੂੰ ਧਿਆ ਕੇ ਸੁਖ ਅਨੰਦ ਨਾਲ ਮਿਲਕੇ ਸਰੂਪ ਘਰ ਵਿਚ ਆਏ ਹਾਂ।

ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥ ੧ ॥

ਜੋ ਪ੍ਰਭੂ ਦੇ ਨਾਮ ਦੀ ਵਡਿਆਈ ਹੈ। ਉਸ ਦੀ ਕੀਮਤਿ=ਉਪਮਾ ਕਹੀ ਨਹੀਂ ਜਾਂਦੀ॥ ੧ ॥

ਸੰਤਹੁ ਹਰਿ ਹਰਿ ਹਰਿ ਆਰਾਧਹੁ ॥

ਹੇ ਸੰਤੋ ! ਹਰ ਵੇਲੇ ਹਰਿ ਹਰਿ ਨਾਮ ਨੂੰ ਅਰਾਧਣਾ ਕਰੋ।

ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥

ਹਰੀ ਨਾਮ ਦੇ ਅਰਾਧਣ ਕਰਕੇ ਸਭ ਕੁਝ ਪਾ ਲਈਦਾ ਹੈ, ਅਤੇ ਸਾਰੇ ਕੰਮ ਪੂਰੇ ਕਰ ਲਉ ॥ ਰਹਾਉ ॥

ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥

ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਅਸਾਡੀ ਬਿਰਤੀ ਲਾਗੀ=ਲੱਗ ਰਹੀ ਹੈ। ਅਥਵਾ:-ਪ੍ਰੇਮਾ ਭਗੱਤੀ ਪ੍ਰਭੂ ਨੂੰ ਪਿਆਰੀ ਲਾਗੀ=ਲੱਗਦੀ ਹੈ। ਪਰ ਜਿਸ ਦੇ ਵੱਡੇ ਭਾਗ ਹਨ, ਓਹੀ ਪ੍ਰੇਮਾ ਭਗਤੀ ਨੂੰ ਪਾਂਵਦਾ ਹੈ।

ਜਨ ਨਾਨਕ ਨਾਮੁ ਧਿਆਇਆ ॥
ਤਿਨਿ ਸਰਬ ਸੁਖਾ ਫਲ ਪਾਇਆ ॥ ੨ ॥ ੧੨ ॥ ੭੬ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਨਾਮ ਨੂੰ ਧਿਆਉਣਾ ਕੀਤਾ ਹੈ। ਉਨ੍ਹਾਂ ਨੇ ਸਾਰਿਆਂ ਸੁਖਾਂ ਦਾ ਫਲ (ਆਤਮਕ ਆਨੰਦ) ਪਾਇਆ ਹੈ।

ਅਥਵਾ:-ਉਨ੍ਹਾਂ ਨੇ ਨਾਮ ਦਾ ਫਲ ਸਾਰਿਆਂ ਸੁਖਾਂ ਨੂੰ ਪਾਇਆ ਹੈ॥ ੨ ॥ ੧੨ ॥ ੭੬ ॥

ਸੋਰਠਿ ਮਹਲਾ ੫ ॥

ਜਿਸ ਵੇਲੇ (ਸ੍ਰੀ) ਹਰਿਗੋਬਿੰਦ ਜੀ ਦੇ ਪ੍ਰਗਟ ਹੋਣ ਦੀ ਖਬਰ ਸੁਣੀ, ਤਾਂ ਗੁਰੂ ਜੀ ਨੇ ਪ੍ਰਭੂ ਦੇ ਧੰਨਵਾਦ ਵਿਚ ਇਹ ਸ਼ਬਦ ਉਚਾਰਿਆ:-

ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ (ਪੰਨਾ ੬੨੮)

ਪਰਮੇਸ਼ਰ ਨੇ ਕਿਰਪਾ ਕਰਕੇ ਪ੍ਰਤੱਖ ਬੰਨਾ=ਪੁੱਤਰ (ਹਰਿਗੋਬਿੰਦ) ਦੇਣਾ ਕੀਤਾ ਹੈ।

---

*ਵਡਾਈ ਜ਼ਿਲ੍ਹਾ ਅੰਮ੍ਰਿਤਸਰ ਛਿਹਰਟੇ ਸਟੇਸ਼ਨ ਤੋਂ ਅੱਧ ਮੀਲ ਦੀ ਦੂਰੀ ਤੇ ਹੈ।

ਅਥਵਾ:-ਗਿਆਨ ਰੂਪੀ ਪੁੱਤਰ ਦਿੱਤਾ ਹੈ। ਅਥਵਾ:-ਸੰਸਾਰ-ਸਮੁੰਦ੍ਰ ਵਿਚ ਰੁੜ੍ਹੇ ਜਾਂਦੇ ਨੂੰ ਬੰਨਾ=ਬੰਨ੍ਹ ਪਾ ਦਿੱਤਾ ਹੈ। ਅਥਵਾ:-ਬੰਨਾ=ਸੰਤੋਖ ਦਿੱਤਾ ਹੈ। ਦੁੱਖਾਂ ਰੋਗਾਂ ਦਾ ਡੇਰਾ (ਜੋ ਅਗਿਆਨ ਹੈ, ਉਹ) ਭੰਨ ਦਿੱਤਾ ਹੈ।

ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥ ੧॥

ਹੁਣ ਸਭ ਨਰ=ਪੁਰਸ਼, ਨਾਰੀ=ਇਸਤ੍ਰੀਆਂ, ਅਨੰਦ ਕਰਦੀਆਂ ਹਨ। ਕਿਉਂਕਿ ਹਰ ਤਰ੍ਹਾਂ ਨਾਲ ਹਰਿ ਹਰਿ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ=ਕੀਤੀ ਹੈ॥ ੧॥

ਸੰਤਹੁ ਸੁਖੁ ਹੋਆ ਸਭ ਥਾਈ॥

ਹੇ ਸੰਤੋ ! ਉਹਨਾਂ ਨੂੰ ਸਭ ਜਗ੍ਹਾ ਉੱਪਰ ਸੁਖ ਪ੍ਰਾਪਤ ਹੋਇਆ ਹੈ।

ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ॥ ਰਹਾਉ॥

ਜਿਨ੍ਹਾਂ ਨੇ ਪਾਰਬ੍ਰਹਮ ਪੂਰਨ ਪਰਮਾਤਮਾ ਨੂੰ ਸਾਰੀਆਂ ਜਗ੍ਹਾਂ ਉੱਪਰ ਰਵਿ ਰਿਹਾ ਨਿਸਚੇ ਕੀਤਾ ਹੈ॥ ਰਹਾਉ॥

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥

ਧੁਰ ਰੂਪ ਪਰਮਾਤਮਾ ਦੀ ਵੇਂਦ ਰੂਪ ਬਾਣੀ ਜਿਸ ਦੇ ਵਿਚ ਆਈ ਹੈ, ਭਾਵ ਜਿਸ ਨੇ ਵੇਦਾਂ ਦੇ ਸਿਧਾਂਤ ਨੂੰ ਧਾਰਿਆ ਹੈ। ਅਥਵਾ:-ਧੁਰ ਰੂਪ ਪਰਮਾਤਮਾ ਦੀ ਨਾਮ ਬਾਣੀ, ਅਥਵਾ:-ਬਾਣੀ=ਆਗਿਆ ਆਈ ਹੈ। ਉਸ ਨੇ ਸਾਰੀ ਚਿੰਤਾ ਦੂਰ ਕਰ ਦਿੱਤੀ ਹੈ।

ਦਇਆਲ ਪੁਰਖ ਮਿਹਰਵਾਨਾ॥
ਹਰਿ ਨਾਨਕ ਸਾਚੁ ਵਖਾਨਾ॥ ੨॥ ੧੩॥ ੭੭॥

ਗਰੂ ਜੀ ਕਥਨ ਕਰਦੇ ਹਨ, ਜੋ ਦਿਆਲੂ ਪੁਰਖ ਸਾਰਿਆਂ ਉੱਤੇ ਮੇਹਰਵਾਨ ਹੈ। ਉਸ ਹਰੀ ਦੇ ਸੱਚ ਨਾਮ ਨੂੰ ਅਸਾਂ ਨੇ ਵਖਾਨਾ=ਕਥਨ ਕੀਤਾ ਹੈ॥ ੨॥ ੧੩॥ ੭੭॥

ਸੋਰਠਿ ਮਹਲਾ ੫॥

ਐਥੈ ਓਥੈ ਰਖਵਾਲਾ॥ ਪ੍ਰਭ ਸਤਿਗੁਰ ਦੀਨ ਦਇਆਲਾ॥

ਐਥੈ=ਇਸ ਲੋਕ ਵਿਚ ਓਥੈ=ਪ੍ਰਲੋਕ ਵਿਚ, ਪ੍ਰਭੂ ਤੇ ਸਤਿਗੁਰੂ ਹੀ ਰੱਖਿਆ ਕਰਨ ਵਾਲੇ ਹਨ। ਕਿਉਂਕਿ ਪ੍ਰਭੂ ਤੇ ਸਤਿਗੁਰ ਦੇਵ ਜੀ ਦੋਨੋਂ ਹੀ, ਦੀਨ=ਗਰੀਬਾਂ ਉੱਪਰ ਦਿਆਲੂ ਹਨ।

ਦਾਸ ਅਪਨੇ ਆਪਿ ਰਾਖੇ॥ ਘਟਿ ਘਟਿ ਸਬਦੁ ਸੁਭਾਖੇ॥ ੧॥

ਦੋਹਾਂ ਨੇ ਆਪਣੇ ਦਾਸ ਆਪ ਹੀ ਹੱਥ ਦੇ ਕੇ ਰੱਖੇ ਹਨ। ਜੋ ਦਾਸ ਘਟਾਂ ਘਟਾਂ ਵਿਚ ਸੁਭਾਖੇ=ਉਸ ਸਬਦੁ=ਬ੍ਰਹਮ ਨੂੰ ਉਚਾਰਦੇ ਹਨ॥ ੧॥

ਗੁਰ ਕੇ ਚਰਣ ਊਪਰਿ ਬਲਿ ਜਾਈ॥

ਮੈਂ ਗੁਰੂ ਜੀ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ।

ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ॥ ਰਹਾਉ॥

ਦਿਨੇ-ਰਾਤੀ ਸ੍ਵਾਸ ਸ੍ਵਾਸ ਉਸ ਦੇ ਨਾਮਾਂ ਨੂੰ ਸਮਾਲੀ=ਸੰਭਾਲਦਾ ਹਾਂ, ਜੋ ਸਾਰੀਆਂ ਥਾਈ=ਜਗ੍ਹਾ ਉੱਪਰ ਪੂਰਨ ਹੈ॥ ਰਹਾਉ॥

ਆਪਿ ਸਹਾਈ ਹੋਆ॥ ਸਚੇ ਦਾ ਸਚਾ ਢੋਆ॥

ਉਹ ਪ੍ਰਭੂ ਆਪ ਹੀ ਸਹਾਇਤਾ ਕਰਨ ਵਾਲਾ ਹੋਇਆ ਹੈ। ਉਸ ਸੱਚੇ ਦਾ ਢੋਆ=ਮਿਲਾਪ ਸੱਚਾ ਹੈ।

ਤੇਰੀ ਭਗਤਿ ਵਡਿਆਈ॥ ਪਾਈ ਨਾਨਕ ਪ੍ਰਭ ਸਰਣਾਈ॥੨॥੧੪॥੭੮॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਤੇਰੀ ਸ਼ਰਨ ਵਿਚ ਆ ਕੇ ਅਸਾਂ ਨੇ ਤੇਰੀ ਭਗਤੀ ਦੀ ਵਡਿਆਈ ਪਾਈ ਹੈ। ਅਥਵਾ:-ਹੇ ਪ੍ਰਭੂ ! ਤੇਰੀ ਸ਼ਰਨ ਵਿਚ ਆ ਕੇ ਭਗਤਾਂ ਨੇ ਸੰਸਾਰ ਵਿਚ ਵਡਿਆਈ ਪਾਈ ਹੈ॥ ੨॥ ੧੪॥ ੭੮॥

ਸੋਰਠਿ ਮਹਲਾ ੫॥

ਸਤਿਗੁਰ ਪੂਰੇ ਭਾਣਾ॥ ਤਾ ਜਪਿਆ ਨਾਮੁ ਰਮਾਣਾ॥

ਜਦ ਪੂਰਿਆਂ ਸਤਿਗੁਰਾਂ ਨੂੰ ਭਾਇਆ, ਤਾਂ ਰਮਾਣਾ=ਰਾਮ ਦਾ ਨਾਮ ਜਪਿਆ।

ਗੋਬਿੰਦ ਕਿਰਪਾ ਧਾਰੀ॥ ਪ੍ਰਭਿ ਰਾਖੀ ਪੈਜ ਹਮਾਰੀ॥੧॥

ਗੋਬਿੰਦ ਨੇ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਹੀ ਪ੍ਰਭੂ ਨੇ ਅਸਾਡੀ ਪੈਜ=ਇੱਜ਼ਤ ਰਾਖੀ=ਰੱਖੀ ਹੈ॥ ੧॥

ਹਰਿ ਕੇ ਚਰਨ ਸਦਾ ਸੁਖਦਾਈ॥

ਹਰੀ ਦੇ ਚਰਨ ਸਦਾ ਹੀ ਸੁਖ ਦੇਣ ਵਾਲੇ ਹਨ।

ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ॥੧॥ ਰਹਾਉ॥

ਜੋ ਪੁਰਸ਼ ਉਹਨਾਂ ਚਰਨਾਂ ਨੂੰ ਇਛਹਿ=ਚਾਹੁੰਦੇ ਹਨ ਓਹੀ ਫਲ ਪਾਉਂਦੇ ਹਨ, ਉਹਨਾਂ ਦੀ ਆਸਾ ਕੀਤੀ ਹੋਈ ਬਿਰਥੀ=ਵਿਅਰਥ ਨਹੀਂ ਜਾਂਦੀ॥ ੧॥ ਰਹਾਉ॥

ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ ਸੋਈ ਸੰਤੁ ਗੁਣ ਗਾਵੈ॥

ਸਾਰਿਆਂ ਦਾ ਦਾਤਾ ਪ੍ਰਾਣ-ਪਤੀ ਪ੍ਰਭੂ ਜਿਸ ਉਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ,
ਓਹੀ ਸੰਤ ਵਾਹਿਗੁਰੂ ਦੇ ਗੁਣ ਗਾਵੈ=ਗਾਉਂਦਾ ਹੈ।

ਪ੍ਰੇਮ ਭਗਤਿ ਤਾਕਾ ਮਨੁ ਲੀਣਾ ਪਾਰਬ੍ਰਹਮ ਮਨਿ ਭਾਵੈ॥੨॥

ਤਾਕਾ=ਤਿਸ ਦਾ ਮਨ ਪ੍ਰੇਮਾ ਭਗਤੀ ਵਿਚ ਲੀਨ ਰਹਿੰਦਾ ਹੈ, ਓਹੀ ਪਾਰਬ੍ਰਹਮ ਦੇ ਮਨ ਵਿਚ ਭਾਵੈ=ਭਾਂਵਦਾ ਹੈ॥ ੨॥

ਆਠ ਪਹਰ ਹਰਿ ਕਾ ਜਸੁ ਰਵਣਾ ਬਿਖੈ ਠਗਉਰੀ ਲਾਥੀ॥

ਜਿਸ ਨੇ ਅੱਠੇ ਪਹਿਰ ਹਰੀ ਦਾ ਜਸ ਰਵਣਾ=ਉਚਾਰਨ ਕੀਤਾ ਹੈ, ਉਸ ਦੇ ਮਨ ਤੋਂ ਬਿਖੈ=ਵਿਸ਼ਿਆਂ ਦੀ ਠਗਉਰੀ=ਠੱਗ ਬੂਟੀ ਲਹਿ ਗਈ ਹੈ।

ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ॥ ੩॥

ਮੇਰੇ ਕਰਤੇ ਨੇ ਉਸ ਨੂੰ ਆਪਣੇ ਨਾਲ ਮਿਲਾ ਲੀਤਾ ਹੈ, ਸਾਧ=ਸ੍ਰੇਸ਼ਟ ਸੰਤ, ਜਿਸ ਦੇ ਸਾਥੀ ਹੋਏ ਹਨ॥ ੩॥

ਕਰੁ ਗਹਿ ਲੀਨੇ ਸਰਬਸੁ ਦੀਨੇ ਆਪਹਿ ਆਪੁ ਮਿਲਾਇਆ॥

ਮੇਰੇ ਮਨ ਰੂਪੀ ਕਰੁ=ਹੱਥ ਨੂੰ ਫੜ ਲਿਆ ਹੈ, ਤੇ ਸਾਰਾ ਸਰਬੰਸ ਦੇ ਦਿੱਤਾ ਹੈ, ਅਤੇ ਆਪ ਹੀ ਮੈਨੂੰ ਆਪਣੇ ਵਿਚ ਮਿਲਾ ਲਿਆ ਹੈ। ਪ੍ਰਸ਼ਨਃ-ਕਦੋਂ ਮਿਲਾਇਆ ਹੈ? ਉੱਤਰ-

ਕਹੁ ਨਾਨਕ ਸਰਬ ਥੋਕ ਪੂਰਨ ਪੂਰਾ ਸਤਿਗੁਰੁ ਪਾਇਆ॥ ੪॥ ੧੫॥ ੭੯॥

ਗੁਰੂ ਜੀ ਕਥਨ ਕਰਦੇ ਹਨ, ਸਾਰਿਆਂ ਥੋਕ=ਪਦਾਰਥਾਂ ਕਰਕੇ ਪੂਰਨ ਜੋ ਸਤਿਗੁਰੂ ਹਨ, ਉਹਨਾਂ ਪੂਰਿਆਂ ਸਤਿਗੁਰਾਂ ਨੂੰ ਜਦੋਂ ਪਾਇਆ।

ਸੋਰਠਿ ਮਹਲਾ ੫॥

ਪ੍ਰਿਥੀ ਚੰਦ ਦੀ ਮੱਦਦ ਵਾਸਤੇ ਜਿਸ ਵੇਲੇ "ਸੁਲਹੀ" ਦਿੱਲੀ ਤੋਂ ਤੁਰਿਆ ਤਾਂ ਸਿੱਖਾਂ ਨੇ ਸੁਣ ਕੇ ਗੁਰੂ ਜੀ ਨੂੰ ਆ ਕੇ ਕਿਹਾ, "ਦੁਸ਼ਮਣ ਨਾਲ ਮੁਕਾਬਲਾ ਕਰਨ ਵਾਸਤੇ ਧਨ ਤੇ ਸ਼ਸਤ੍ਰ ਆਦਿਕ ਇਕੱਠੇ ਕਰਾਓ, ਜੋ ਲੋੜ ਪੈਣ ਤੇ ਕੰਮ ਦੇਣਗੇ।" ਇਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ, "ਅਸਾਡੇ ਪਾਸ ਸ਼ਸਤ੍ਰ ਹਨ", ਸਿੱਖਾਂ ਨੇ ਕਿਹਾ, "ਕੇਹੜੇ ਸ਼ਸਤ੍ਰ ਹਨ?" ਉੱਤਰਃ-

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥

ਜੋ ਗਰੀਬੀ ਧਾਰਨਾਂ ਕੀਤੀ ਹੈ, ਏਹ ਅਸਾਡੀ ਗਦਾ ਭਾਵ ਗੁਰਜ ਹੈ। ਜੋ ਸਾਰਿਆਂ ਦੀ ਚਰਨ ਧੂੜ ਹੋਏ ਹਾਂ ਏਹੋ ਅਸਾਡਾ ਖੰਨਾ=ਖੰਡਾ ਹੈ, ਜੋ ਸਭ ਨੂੰ ਛਾਰੀ=ਸੁਆਹ ਕਰਨ ਵਾਲਾ ਹੈ।

ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥ ੧॥

ਇਸ ਦੇ ਅੱਗੇ ਕੋਈ ਵਿਕਾਰੀ ਪੁਰਸ਼ ਨਹੀਂ ਟਿਕੇਗਾ।
ਪੂਰਿਆਂ ਗੁਰਾਂ ਨੇ ਇਹ ਗੱਲ ਸਾਰੀ=ਕਹੀ ਹੈ॥ ੧॥

ਹਰਿ ਹਰਿ ਨਾਮੁ ਸੰਤਨ ਕੀ ਓਟਾ॥

ਜੋ ਹਰਿ ਹਰਿ ਨਾਮ ਸੰਤਾਂ ਦੀ ਓਟ ਰੂਪ ਹੈ, ਏਹੋ ਢਾਲ ਦੀ ਓਟ ਫੜੀ ਹੈ।

ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ॥ ੧॥ ਰਹਾਉ॥

ਜੋ ਨਾਮ ਨੂੰ ਸਿਮਰੇਗਾ ਉਸ ਦੀ ਕਲਿਆਣ ਹੋਵੇਗੀ, ਅੱਗੋਂ ਭੀ ਸਾਰੇ ਕੋਟਾ=ਕ੍ਰੋੜਾਂ ਪੁਰਸ਼

ਉਧਰਹਿ=ਉਧਰ ਜਾਣਗੇ। ਅਥਵਾ:-ਪਹਿਲੇ ਭੀ ਕ੍ਰੋੜਾਂ ਜੀਵ ਸਾਰਿਆਂ ਦੁੱਖਾਂ ਕਲੇਸ਼ਾਂ ਤੋਂ ਬਚ ਗਏ ਹਨ॥ ਰਹਾਉ॥

ਸੰਤ ਸੰਗਿ ਜਸੁ ਗਾਇਆ॥ ਇਹੁ ਪੂਰਨ ਹਰਿ ਧਨੁ ਪਾਇਆ॥

ਜੋ ਸੰਤਾਂ ਨਾਲ ਮਿਲਕੇ ਹਰੀ ਜਸ ਨੂੰ ਗਾਇਆ ਹੈ। ਏਹੋ ਅਸਾਂ ਨੇ ਪੂਰਨ ਹਰੀ ਨਾਮ-ਧਨ ਪਾਇਆ ਹੈ।

ਕਹੁ ਨਾਨਕ ਆਪੁ ਮਿਟਾਇਆ ॥

ਸਭੁ ਪਾਰਬ੍ਰਹਮੁ ਨਦਰੀ ਆਇਆ॥ ੨॥ ੧੬॥ ੮੦॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਆਪਾ ਭਾ ਹੰਕਾਰ ਨੂੰ ਮਿਟਾਇਆ।

ਤਾਂ ਅਸਾਨੂੰ ਸਾਰਿਆਂ ਵਿਚ ਪਾਰਬ੍ਰਹਮ ਹੀ ਨਿਗਾਹ ਆਇਆ ਹੈ॥ ੨॥ ੧੬॥ ੮੦॥

ਸੋਰਠਿ ਮਹਲਾ ੫॥

ਗੁਰਿ ਪੂਰੈ ਪੂਰੀ ਕੀਨੀ॥ ਬਖਸ ਅਪੁਨੀ ਕਰਿ ਦੀਨੀ॥

ਪੂਰਿਆਂ ਗੁਰਾਂ ਨੇ ਪੂਰੀ ਮੇਹਰ ਕੀਨੀ=ਕੀਤੀ ਹੈ। ਜੋ ਉਹਨਾਂ ਨੇ ਮੈਨੂੰ ਆਪਣੀ ਭਗਤੀ ਦੀ ਬਖਸ਼ਸ਼ ਕਰ ਦੀਨੀ=ਦਿੱਤੀ ਹੈ।

ਨਿਤ ਅਨੰਦ ਸੁਖ ਪਾਇਆ॥ ਥਾਵ ਸਗਲੇ ਸੁਖੀ ਵਸਾਇਆ॥ ੧॥

ਗੁਰਾਂ ਦੀ ਕਿਰਪਾ ਨਾਲ, ਅਸਾਂ ਨੇ ਨਿੱਤ ਹੀ ਸੁਖ ਅਨੰਦ ਪਾਇਆ ਹੈ। ਥਾਵ ਸਗਲੇ=ਸਾਰਿਆਂ ਅਸਥਾਨਾਂ ਨੂੰ ਸੁਖ ਪੂਰਬਕ ਵਸਾਇਆ ਹੈ।

ਅਥਵਾ:-ਗੁਰਾਂ ਨੇ ਅਸਾਨੂੰ ਸਭ ਜਗ੍ਹਾ ਉੱਪਰ ਸੁਖੀ ਵਸਾਇਆ ਹੈ॥ ੧॥

ਹਰਿ ਕੀ ਭਗਤਿ ਫਲ ਦਾਤੀ॥

ਹਰੀ ਦੀ ਭਗਤੀ ਸਾਰੇ ਫਲ ਦਾਤੀ=ਦੇਣ ਵਾਲੀ ਹੈ।

ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ॥ ਰਹਾਉ॥

ਪੂਰਿਆਂ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਜਿਸ ਨੂੰ ਭਗਤੀ ਦੀਨੀ=ਦਿਤੀ ਹੈ, ਉਹ ਕਿਨਹੀ=ਕਿਸੀ ਵਿਰਲੇ ਨੇ ਹੀ ਜਾਤੀ=ਜਾਣੀ ਹੈ॥ ਰਹਾਉ॥

ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥

ਹੇ ਭਾਈ ! ਅਸੀਂ ਗੁਰਬਾਣੀ ਨੂੰ ਰਾਗ ਵਿਚ ਗਾਵਹ=ਗਾਂਵਦੇ ਹਾਂ। ਉਹ ਗੁਰਬਾਣੀ ਸਹਿਤ ਫਲਾਂ ਦੇ ਹੈ, ਅਤੇ ਸੁਖਾਂ ਦੇ ਦੇਣ ਵਾਲੀ ਹੈ।

ਨਾਨਕ ਨਾਮੁ ਧਿਆਇਆ॥ ਪੂਰਬਿ ਲਿਖਿਆ ਪਾਇਆ॥ ੨॥ ੧੭॥ ੮੧॥

ਗੁਰੂ ਜੀ ਕਥਨ ਕਰਦੇ ਹਨ, ਪੂਰਬਲੇ ਲੇਖਾਂ ਦੇ ਲਿਖੇ ਅਨੁਸਾਰ ਜਿਸਨੇ ਨਾਮ ਧਿਆਇਆ ਹੈ

ਉਸ ਨੇ ਪ੍ਰਭੂ ਨੂੰ ਪਾਇਆ ਹੈ॥ ੨॥ ੧੭॥ ੮੧॥

(ਪੰਨਾ ੬੨੯) ਸੋਰਠਿ ਮਹਲਾ ੫॥

ਗੁਰੁ ਪੂਰਾ ਆਰਾਧੇ॥ ਕਾਰਜ ਸਗਲੇ ਸਾਧੇ॥

ਪੂਰਿਆਂ ਗੁਰਾਂ ਦੇ ਆਰਾਧਣ ਕਰਕੇ ਅਸਾਡੇ ਸਾਰੇ ਕਾਰਜ ਸਾਧੇ=ਸਿੱਧ ਭਾਵ ਪੂਰੇ ਹੋ ਗਏ ਹਨ।

ਸਗਲ ਮਨੋਰਥ ਪੂਰੇ॥ ਬਾਜੇ ਅਨਹਦ ਤੂਰੇ॥ ੧॥

ਮਨ ਦੇ ਸਾਰੇ ਸੰਕਲਪ ਭੀ ਪੂਰੇ ਹੋ ਗਏ ਹਨ ਅਤੇ ਇੱਕ-ਰਸ ਅਨੰਦ ਦੇ ਤੂਰੇ=ਵਾਜੇ ਬਾਜੇ=ਵੱਜੇ ਹਨ॥ ੧॥

ਸੰਤਹੁ ਰਾਮੁ ਜਪਤ ਸੁਖੁ ਪਾਇਆ॥

ਹੇ ਸੰਤੋ ! ਰਾਮ ਨਾਮ ਨੂੰ ਜਪ ਕੇ ਹੀ ਅਸਾਂ ਨੇ ਸੁਖ ਪਾਇਆ ਹੈ।

ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ॥ ੧॥ ਰਹਾਉ॥

ਜਿਸ ਵੇਲੇ ਸੰਤਾਂ ਦੇ ਸਤਸੰਗ ਅਸਥਾਨ ਉੱਪਰ ਵਸੇ ਤਾਂ ਸੁਤੇ ਸਿੱਧ ਸੁਖ ਹੋਇਆ, ਅਤੇ ਸਾਰਿਆਂ ਦੁੱਖਾਂ ਨੂੰ ਮਿਟਾ ਲਿਆ ॥ ੧॥ ਰਹਾਉ॥

ਗੁਰ ਪੂਰੇ ਕੀ ਬਾਣੀ॥ ਪਾਰਬ੍ਰਹਮ ਮਨਿ ਭਾਣੀ॥

ਪੂਰਿਆਂ ਗੁਰਾਂ ਦੀ ਬਾਣੀ ਪਾਰਬ੍ਰਹਮ ਦੇ ਮਨ ਵਿਚ ਭਾਣੀ=ਭਾ ਗਈ ਹੈ।

ਨਾਨਕ ਦਾਸਿ ਵਖਾਣੀ॥ ਨਿਰਮਲ ਅਕਥ ਕਹਾਣੀ॥ ੨॥ ੧੮॥ ੮੨॥

ਗੁਰੂ ਜੀ ਕਥਨ ਕਰਦੇ ਹਨ, ਦਾਸਾਂ ਨੇ ਨਿਰਮਲ ਅਕੱਥ ਦੀ ਕਹਾਣੀ ਵਖਾਣੀ=ਕਥਨ ਕੀਤੀ ਹੈ॥ ੨॥ ੧੮॥ ੮੨॥

ਸੋਰਠਿ ਮਹਲਾ ੫॥

ਭੂਖੇ ਖਾਵਤ ਲਾਜ ਨ ਆਵੈ॥ ਤਿਉ ਹਰਿ ਜਨੁ ਹਰਿ ਗੁਣ ਗਾਵੈ॥ ੧॥

ਜਿਵੇਂ ਭੁੱਖੇ ਪੁਰਸ਼ ਨੂੰ ਖਾਂਦਿਆਂ ਲਾਜ=ਸ਼ਰਮ ਨਹੀਂ ਆਵੈ=ਆਉਂਦੀ।

ਤਿਵੇਂ ਹਰੀ ਦੇ ਸੇਵਕ ਜਨ ਹਰੀ ਗੁਣਾਂ ਨੂੰ ਗਾਵੈ=ਗਾਂਵਦਿਆਂ ਸ਼ਰਮ ਨਹੀਂ ਕਰਦੇ॥ ੧॥

ਅਪਨੇ ਕਾਜ ਕਉ ਕਿਉ ਅਲਕਾਈਐ॥

ਆਪਣੇ ਕਾਰਜ ਕਰਨੇ ਨੂੰ ਕਿਸ ਲਈ ਅਲਕਾਈਐ=ਆਲਸ ਕਰਨਾ ਹੈ।

ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ॥੧॥ਰਹਾਉ॥

ਜਿਸ ਨਾਮ ਦੇ ਸਿਮਰਨ ਕਰਕੇ ਦਰਗਾਹ ਵਿਚ ਮੂੰਹ ਉੱਜਲ ਹੁੰਦਾ ਹੈ, ਅਤੇ ਸਦਾ ਸਦਾ ਭਾਵ ਹਮੇਸ਼ਾ ਸੁਖ ਨੂੰ ਪਾਂਵਦਾ ਹੈ॥ ੧॥ ਰਹਾਉ॥

ਜਿਉ ਕਾਮੀ ਕਾਮਿ ਲੁਭਾਵੈ ॥ ਤਿਉ ਹਰਿ ਦਾਸ ਹਰਿ ਜਸੁ ਭਾਵੈ ॥ ੨ ॥

ਜਿਵੇਂ ਕਾਮੀ ਪੁਰਸ਼ ਕਾਮਿ=ਕਾਮਣੀ ਵਿਚ ਅਥਵਾ:-ਕਾਮ ਵਿਚ ਲੁਭਾਂਵਦਾ ਹੈ।
ਤਿਵੇਂ ਹਰੀ ਦੇ ਦਾਸ ਨੂੰ ਹਰੀ ਦਾ ਜਸ ਕਰਨਾ ਭਾਵੈ=ਭਾਉਂਦਾ ਹੈ॥ ੨ ॥

ਜਿਉ ਮਾਤਾ ਬਾਲਿ ਲਪਟਾਵੈ ॥ ਤਿਉ ਗਿਆਨੀ ਨਾਮੁ ਕਮਾਵੈ ॥ ੩ ॥

ਜਿਵੇਂ ਬੱਚੇ ਦੇ ਗਲ ਨਾਲ ਮਾਂ ਲਿਪਟ ਜਾਂਦੀ ਹੈ।
ਤਿਵੇਂ ਗਿਆਨੀ ਪੁਰਸ਼ ਨਾਮ ਨੂੰ ਕਮਾਵੈ=ਕਮਾਂਵਦਾ ਹੈ॥ ੩ ॥

ਗੁਰ ਪੂਰੇ ਤੇ ਪਾਵੈ ॥ ਜਨ ਨਾਨਕ ਨਾਮੁ ਧਿਆਵੈ ॥ ੪ ॥ ੧੯ ॥ ੮੩ ॥

ਗੁਰੂ ਜੀ ਕਥਨ ਕਰਦੇ ਹਨ, ਜੋ ਪੂਰਿਆਂ ਗੁਰਾਂ ਨੂੰ ਪਾਂਵਦਾ ਹੈ।
ਓਹੀ ਜਨ ਨਾਮ ਨੂੰ ਧਿਆਉਂਦਾ ਹੈ।। ੪ ॥ ੧੯ ॥ ੮੩ ॥

ਸੋਰਠਿ ਮਹਲਾ ੫ ॥

ਜਿਸ ਵੇਲੇ ਵਡਾਲੀ ਤੋਂ ਸ੍ਰੀ ਅੰਮ੍ਰਿਤਸਰ ਵਾਪਸ ਆਏ ਤਾਂ ਇਹ ਸ਼ਬਦ ਉਚਾਰਿਆ:-

ਸੁਖ ਸਾਂਦਿ ਘਰਿ ਆਇਆ ॥ ਨਿੰਦਕ ਕੈ ਮੁਖਿ ਛਾਇਆ ॥

ਸੁਖ ਅਨੰਦ ਨਾਲ ਅਸਾਡਾ ਘਰ ਵਿਚ ਆਉਣਾ ਹੋਇਆ ਹੈ।
ਨਿੰਦਕ ਜੋ "ਸੁਲਹੀ" ਹੈ, ਉਹਦੇ ਮੂੰਹ ਵਿਚ ਨਿੰਦਿਆ ਰੂਪੀ ਖੇਹ ਪਈ ਹੈ।
ਅਥਵਾ:-ਨਿੰਦਕ ਦੇ ਮੂੰਹ ਉੱਤੇ ਲਾਹਨਤਾਂ ਰੂਪੀ ਸੁਆਹ ਪਈ ਹੈ।

ਪੂਰੈ ਗੁਰਿ ਪਹਿਰਾਇਆ ॥ ਬਿਨਸੇ ਦੁਖ ਸਬਾਇਆ ॥ ੧ ॥

ਪੂਰਿਆਂ ਗੁਰਾਂ ਨੇ ਜਸ ਸਿਰੋ ਪਾ ਪਹਿਰਾਇਆ ਹੈ।
ਅਸਾਡੇ ਸਬਾਇਆ=ਸਾਰੇ ਦੁੱਖ ਬਿਨਸੇ=ਨਾਸ ਹੋ ਗਏ ਹਨ॥ ੧ ॥

ਸੰਤਹੁ ਸਾਚੇ ਕੀ ਵਡਿਆਈ ॥ ਜਿਨਿ ਅਚਰਜ ਸੋਭ ਬਣਾਈ ॥ ੧ ॥ ਰਹਾਉ ॥

ਹੇ ਸੰਤੋ ! ਅਸੀਂ ਤਾਂ ਸੱਚੇ ਪ੍ਰਭੂ ਦੀ ਵਡਿਆਈ ਕਰਦੇ ਹਾਂ।
ਜਿਸ ਨੇ ਅਸਾਡੀ ਜਗਤ ਵਿਚ ਅਸਚਰਜ ਸੋਭਾ ਬਣਾਈ ਹੈ॥ ੧ ॥ ਰਹਾਉ ॥

ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥

(ਮੈਂ) ਦਾਸ, ਸਾਹਿਬ ਪਰਮਾਤਮਾ ਦੇ ਭਾਣੇ ਵਿਚ ਬੋਲਦਾ ਹਾਂ।
ਅਤੇ ਬ੍ਰਹਮੁ ਬਾਣੀ=ਰੱਬੀ ਬਾਣੀ ਨੂੰ ਵਖਾਣੈ=ਕਥਨ ਕਰਦਾ ਹਾਂ।
ਅਥਵਾ:-ਮੈਂ ਦਾਸ, ਬਾਣੀ ਦੁਆਰਾ ਬ੍ਰਹਮ ਨੂੰ ਕਥਨ ਕਰਦਾ ਹਾਂ।

ਨਾਨਕ ਪ੍ਰਭ ਸੁਖਦਾਈ ॥ ਜਿਨਿ ਪੂਰੀ ਬਣਤ ਬਣਾਈ ॥ ੨ ॥ ੨੦ ॥ ੮੪ ॥

ਗੁਰੂ ਜੀ ਕਥਨ ਕਰਦੇ ਹਨ, ਉਹ ਪ੍ਰਭੂ ਸਦਾ ਹੀ ਸੁਖ ਦੇਂਦਾ ਹੈ।
ਜਿਸ ਨੇ ਸੰਸਾਰ ਦੀ ਸੰਪੂਰਨ ਬਣਾਵਟ ਬਣਾਈ ਹੈ॥ ੨ ॥ ੨੦ ॥ ੮੪ ॥

ਸੋਰਠਿ ਮਹਲਾ ੫ ॥

ਇਹ ਸ਼ਬਦ ਵੀ ਵਡਾਲੀ ਤੋਂ ਵਾਪਸ ਆ ਕੇ ਪਰਮੇਸ਼ਰ ਦੇ ਸ਼ੁਕਰਾਨੇ ਵਿਚ ਉਚਾਰਨ ਕੀਤਾ ਹੈ:-

ਪ੍ਰਭੁ ਅਪੁਨਾ ਰਿਦੈ ਧਿਆਏ ॥ ਘਰਿ ਸਹੀ ਸਲਾਮਤਿ ਆਏ ॥

ਆਪਣੇ ਪ੍ਰਭੂ ਨੂੰ ਹਿਰਦੇ ਵਿਚ ਧਿਆ ਕੇ। ਸੁਖ ਆਨੰਦ ਨਾਲ ਆਪਣੇ ਘਰ (ਗੁਰੂ ਕੇ ਮਹਿਲਾਂ) ਵਿਚ ਆ ਗਏ ਹਾਂ।

ਸੰਤੋਖੁ ਭਇਆ ਸੰਸਾਰੇ ॥ ਗੁਰਿ ਪੂਰੈ ਲੈ ਤਾਰੇ ॥ ੧ ॥

ਸੰਸਾਰਕ ਪਦਾਰਥਾਂ ਵੱਲੋਂ ਸੰਤੋਖ ਪ੍ਰਾਪਤ ਹੋ ਗਿਆ ਹੈ। ਪੂਰਿਆਂ ਗੁਰਾਂ ਨੇ ਲੈਕੇ ਤਾਰ ਲਿਆ ਹੈ॥ ੧ ॥

ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥

ਹੇ ਸੰਤੋ ! ਮੇਰਾ ਪ੍ਰਭੂ ਸਦਾ ਦਿਆਲੂ ਸੁਭਾਅ ਵਾਲਾ ਹੈ।

ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ ॥ ੧ ॥ ਰਹਾਉ ॥

ਆਪਣਿਆਂ ਭਗਤਾਂ ਦੀ ਗਿਣਤੀ ਨਹੀਂ ਗਿਣਦਾ, ਉਹ ਗੁਪਾਲ, ਬੱਚੇ ਵਾਂਗ ਰੱਖਿਆ ਕਰਦਾ ਹੈ।

ਯਥਾ:-ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ॥ (ਪੰਨਾ ੬੧੯)

ਹਰਿ ਨਾਮੁ ਰਿਦੈ ਉਰਿ ਧਾਰੇ ॥ ਤਿਨਿ ਸਭੇ ਥੋਕ ਸਵਾਰੇ ॥

ਅਸਾਂ ਨੇ ਹਿਰਦੇ ਉਰਿ=ਵਿਚ ਜੋ ਹਰੀ ਨਾਮ ਧਾਰਿਆ ਹੈ।

ਉਸਨੇ ਅਸਾਡੇ ਸਾਰੇ ਥੋਕ=ਕਾਰਜ ਸਵਾਰ ਦਿੱਤੇ ਹਨ।

ਗੁਰਿ ਪੂਰੈ ਤੁਸਿ ਦੀਆ ॥ ਫਿਰਿ ਨਾਨਕ ਦੂਖੁ ਨ ਥੀਆ ॥ ੨ ॥ ੨੧ ॥ ੮੫ ॥

ਗਰੂ ਜੀ ਕਥਨ ਕਰਦੇ ਹਨ, ਜਦ ਤੋਂ ਪੂਰਿਆਂ ਗੁਰਾਂ ਨੇ ਤੁਸਿ=ਪ੍ਰਸੰਨ ਹੋ ਕੇ ਨਾਮ ਦੀਆ=ਦਿੱਤਾ ਹੈ। ਤਦ ਤੋਂ ਫਿਰ ਕਦੇ ਦੁੱਖ ਨਹੀਂ ਥੀਆ=ਹੋਇਆ ਹੈ॥ ੨ ॥ ੨੧ ॥ ੮੫ ॥

ਸੋਰਠਿ ਮਹਲਾ ੫ ॥

ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰੁ ਕਰੇ ਸਭੁ ਕੋਈ ॥

ਹੇ ਸੋਈ=ਸੋਭਨੀਕ ਹਰੀ ! ਤੂੰ ਮੇਰੇ ਮਨ ਤਨ ਵਿਚ ਵਸਿਆ ਹੋਇਆ ਹੈਂ।

ਇਸ ਕਰਕੇ ਸਭ ਕੋਈ ਅਸਾਡੇ ਜੈ ਜੈ ਕਾਰ ਕਰਦਾ ਹੈ।

ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ ਕਹੀ ਨ ਜਾਈ ॥ ੧ ॥

ਪੂਰਿਆਂ ਗੁਰਾਂ ਦੀ ਜੋ ਵਡਿਆਈ ਹੈ। ਉਸ ਦੀ ਕੀਮਤ ਕੁਝ ਕਥਨ ਨਹੀਂ ਕੀਤੀ ਜਾਂਦੀ ॥ ੧ ॥

ਹਉ ਕੁਰਬਾਨੁ ਜਾਈ ਤੇਰੇ ਨਾਵੈ ॥

ਮੈਂ ਆਪ ਜੀ ਦੇ ਨਾਮ ਤੋਂ ਬਲਿਹਾਰ ਜਾਂਦਾ ਹਾਂ।

ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥ ੧ ॥ ਰਹਾਉ ॥

ਹੇ ਮੇਰੇ ਪਿਆਰੇ ਪ੍ਰਭੂ ! ਜਿਸ ਨੂੰ ਤੂੰ ਬਖਸ਼ ਲੈਂਦਾ ਹੈਂ, ਓਹੀ ਪੁਰਸ਼ ਤੇਰੇ ਜਸ ਨੂੰ ਗਾਉਂਦਾ ਹੈ॥ ੧ ॥ ਰਹਾਉ ॥

ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥

ਤੂੰ ਮੇਰਾ ਭਾਰੋ=ਵੱਡਾ ਮਾਲਕ ਹੈਂ। ਸੰਤਾਂ ਨੂੰ ਕੇਵਲ ਇੱਕ ਆਪ ਜੀ ਦਾ ਹੀ ਭਰੋਸਾ ਹੈ।

ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥ ੨ ॥ ੨੨ ॥ ੮੬ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਆਪ ਜੀ ਦੀ ਸ਼ਰਨੀ ਪਿਆ ਹਾਂ।
ਤੁਹਾਡੀ ਕਿਰਪਾ ਹੋਣ ਕਰਕੇ ਨਿੰਦਕਾਂ ਦੇ ਮੂੰਹ ਉਤੇ ਪ੍ਰਤੱਖ,
ਅਥਵਾ:-ਲਾਹਨਤਾਂ ਰੂਪੀ ਛਾਈ=ਸੁਆਹ ਪਈ ਹੈ॥ ੨ ॥ ੨੨ ॥ ੮੬ ॥

ਸੋਰਠਿ ਮਹਲਾ ੫ ॥

ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ ਕੀਤਾ ॥

ਹੇ ਮੇਰੇ ਮਿੱਤਰੋ ! ਆਗੈ=ਪ੍ਰਲੋਕ ਦਾ ਸੁਖ ਤੇ ਪਾਛੈ=ਇਸ ਲੋਕ ਦਾ ਆਨੰਦ, ਪ੍ਰਭੂ ਨੇ ਦੇਣਾ ਕੀਤਾ ਹੈ।

ਪਰਮੇਸਰਿ ਬਣਤ ਬਣਾਈ ॥ ਫਿਰਿ ਡੋਲਤ ਕਤਹੂ ਨਾਹੀ ॥ ੧ ॥

ਪਰਮੇਸ਼ਰ ਨੇ ਅਜੇਹੀ ਬਣਤ=ਬਣਾਵਟ ਬਣਾਈ ਹੈ। ਜਿਸ ਕਰਕੇ ਮਨ ਫਿਰਿ=ਮੁੜ ਕੇ ਕਿਧਰੇ ਡੋਲਤ= ਭਟਕਦਾ ਨਹੀਂ ਹੈ॥ ੧ ॥

ਸਾਚੇ ਸਾਹਿਬ ਸਿਉ ਮਨੁ ਮਾਨਿਆ ॥
ਹਰਿ ਸਰਬ ਨਿਰੰਤਰਿ ਜਾਨਿਆ ॥ ੧ ॥ ਰਹਾਉ ॥

ਸੱਚੇ ਸਾਹਿਬ ਨਾਲ ਅਸਾਡਾ ਮਨ ਮੰਨਿਆ ਗਿਆ ਹੈ। ਇਸ ਲਈ ਹਰੀ ਨੂੰ ਸਰਬ=ਸਾਰਿਆਂ ਵਿਚ ਨਿਰੰਤਰਿ=ਇੱਕ ਰਸ ਵਿਆਪਕ ਜਾਣਿਆ ਹੈ॥ ੧ ॥ ਰਹਾਉ ॥

(ਪੰਨਾ ੬੩੦)

ਸਭ ਜੀਅ ਤੇਰੇ ਦਇਆਲਾ ॥ ਅਪਨੇ ਭਗਤ ਕਰਹਿ ਪ੍ਰਤਿਪਾਲਾ ॥

ਹੇ ਦਿਆਲੂ ! ਸਾਰੇ ਜੀਵ ਤੇਰੇ ਹਨ। ਤੂੰ ਆਪਣੇ ਭਗਤਾਂ ਦੀ ਪ੍ਰਤਿਪਾਲਾ=ਪਾਲਣਾ ਕਰਦਾ ਹੈਂ।

ਅਚਰਜੁ ਤੇਰੀ ਵਡਿਆਈ ॥ ਨਿਤ ਨਾਨਕ ਨਾਮੁ ਧਿਆਈ ॥ ੨ ॥ ੨੩ ॥ ੮੭ ॥

ਗੁਰੂ ਜੀ ਕਥਨ ਕਰਦੇ ਹਨ, ਆਪ ਜੀ ਦੀ ਵਡਿਆਈ ਅਚਰਜ ਹੈ। (ਮੈਂ) ਨਿਤਾਪ੍ਰਤੀ ਤੇਰਾ ਹੀ ਨਾਮ ਧਿਆਉਂਦਾ ਹਾਂ॥ ੨ ॥ ੨੩ ॥ ੮੭ ॥

ਸੋਰਠਿ ਮਹਲਾ ੫ ॥

ਨਾਲਿ ਨਰਾਇਣੁ ਮੇਰੈ ॥ ਜਮਦੂਤੁ ਨ ਆਵੈ ਨੇਰੈ ॥

ਮੇਰੇ ਨਾਲ ਨਰਾਇਣ ਦੇ ਹੋਣ ਕਰਕੇ, ਮੇਰੇ ਨੇਰੈ=ਨਜ਼ਦੀਕ ਜਮਦੂਤ ਨਹੀਂ ਆ ਸਕਦੇ।

ਕੰਠਿ ਲਾਇ ਪ੍ਰਭ ਰਾਖੈ ॥ ਸਤਿਗੁਰ ਕੀ ਸਚੁ ਸਾਖੈ ॥ ੧ ॥

ਸਤਿਗੁਰੂ ਦੀ ਸੱਚੀ ਸਾਖੈ=ਸਿੱਖਿਆ ਕਰਕੇ ਪ੍ਰਭੂ ਨੇ ਅਸਾਨੂੰ ਗਲ ਨਾਲ ਲਗਾ ਰੱਖਿਆ ਹੈ॥ ੧ ॥

ਗੁਰਿ ਪੂਰੈ ਪੂਰੀ ਕੀਤੀ ॥

ਪੂਰਿਆਂ ਗੁਰਾਂ ਨੇ ਪੂਰੀ ਕਿਰਪਾ ਕੀਤੀ ਹੈ, ਅਥਵਾ:-ਪੂਰੀ ਸਿੱਖਿਆ ਦੇਣੀ ਕੀਤੀ ਹੈ।

ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ ॥ ੧ ॥ ਰਹਾਉ ॥

ਪੂਰਿਆਂ ਗੁਰਾਂ ਨੇ ਸਾਰੇ ਦੁਸ਼ਮਨ ਮਾਰ ਕੇ ਵਿਡਾਰੇ=ਨਾਸ ਕਰ ਦਿੱਤੇ ਹਨ, ਅਤੇ ਦਾਸ ਨੂੰ ਸ੍ਰੇਸ਼ਟ ਮਤੀ ਦਿੱਤੀ ਹੈ॥ ੧ ॥ ਰਹਾਉ ॥

ਪ੍ਰਭਿ ਸਗਲੇ ਥਾਨ ਵਸਾਏ ॥ ਸੁਖਿ ਸਾਂਦਿ ਫਿਰਿ ਆਏ ॥

ਪ੍ਰਭੂ ਨੇ ਅਸਾਡੇ ਸਾਰੇ ਅਸਥਾਨ ਵਸਾ ਦਿੱਤੇ ਹਨ। ਅਸੀਂ ਸੁਖ ਤੇ ਸ਼ਾਂਤੀ ਨਾਲ ਫਿਰਿ=ਮੁੜ ਕੇ ਘਰ ਵਿਚ ਆ ਗਏ ਹਾਂ। ਅਥਵਾ:-ਫਿਰਿ=ਪੁਨਾ।

ਅਥਵਾ:-ਤੁਰ ਫਿਰਕੇ ਸੁਖ ਅਨੰਦ ਨਾਲ ਆ ਗਏ ਹਾਂ।

ਨਾਨਕ ਪ੍ਰਭ ਸਰਣਾਏ ॥ ਜਿਨਿ ਸਗਲੇ ਰੋਗ ਮਿਟਾਏ ॥ ੨ ॥ ੨੪ ॥ ੬੬ ॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਉਸ ਪ੍ਰਭੂ ਦੀ ਸ਼ਰਨ ਵਿਚ ਆਏ ਹਾਂ। ਜਿਸ ਨੇ ਅਸਾਡੇ ਸਾਰੇ ਰੋਗ ਦੂਰ ਕਰ ਦਿੱਤੇ ਹਨ॥ ੨ ॥ ੨੪ ॥ ੬੬ ॥

ਸੋਰਠਿ ਮਹਲਾ ੫ ॥

ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥

ਸਤਿਗੁਰੂ ਹੀ ਸਾਰਿਆਂ ਸੁਖਾਂ ਦੇ ਦਾਤਾ ਹਨ, ਹੇ ਭਾਈ ! ਉਹਨਾਂ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਉਣਾ ਕਰ।

ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥ ੧ ॥

ਗੁਰਾਂ ਦਾ ਦਰਸ਼ਨ ਭੇਟਤ=ਕਰਦਿਆਂ ਅਨੰਦ ਹੋ ਜਾਈਦਾ ਹੈ, ਜਿਨਾਂ ਨੇ ਉਹਨਾਂ ਨਾਲ ਮਿਲਕੇ ਹਰੀ ਗੁਣਾਂ ਨੂੰ ਗਾਵਣਾ ਕੀਤਾ ਹੈ, ਉਹਨਾਂ ਦਾ ਦੁੱਖ ਦੂਰ ਹੋ ਗਿਆ ਹੈ॥ ੧ ॥

ਹਰਿ ਰਸੁ ਪੀਵਹੁ ਭਾਈ ॥

ਹੇ ਭਾਈ ! ਹਰੀ ਨਾਮ ਰਸ ਨੂੰ ਪੀਣਾ ਕਰੋ।

ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ॥ ਰਹਾਉ॥

ਨਾਮ ਨੂੰ ਜਪੋ ! ਨਾਮ ਨੂੰ ਹੀ ਮਨ ਵਿਚ ਸਿਮਰੋ ਅਤੇ ਪੂਰਿਆਂ ਗੁਰਾਂ ਦੀ ਸ਼ਰਨ ਵਿਚ ਆਉਣਾ ਕਰੋ॥ ਰਹਾਉ॥

ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ॥

ਜਿਸ ਨੂੰ ਧੁਰ ਤੋਂ ਲਿਖਿਆ ਹੈ ਉਸੇ ਨੂੰ ਪ੍ਰਾਪਤ ਹੋਇਆ ਹੈ, ਅਤੇ ਓਹੀ ਪੂਰਨ ਭਾਈ=ਪ੍ਰੇਮੀ ਹੈ।

ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ॥ ੨॥ ੨੫॥ ੬੯॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ਜੀ ! ਦਾਸ ਦੀ ਏਹੋ ਬੇਨਤੀ ਹੈ, ਕਿ ਕਿਰਪਾ ਕਰ ਜੋ ਮੈਂ ਨਾਮ ਵਿਚ ਲਿਵ ਲਾਈ ਰੱਖਾਂ॥ ੨॥ ੨੫॥ ੬੯॥

ਸੋਰਠਿ ਮਹਲਾ ੫॥

ਕਰਨ ਕਰਾਵਨ ਹਰਿ ਅੰਤਰਜਾਮੀ ਜਨ ਅਪੁਨੇ ਕੀ ਰਾਖੈ॥

ਅੰਤਰਜਾਮੀ ਹਰੀ ਸਾਰਿਆਂ ਕੰਮਾਂ ਦੇ ਕਰਨੇ ਕਰਾਉਣੇ ਵਾਲਾ ਹੈ ਆਪਣਿਆਂ ਦਾਸਾਂ ਦੀ ਆਪ ਹੀ ਪੈਜ=ਇੱਜ਼ਤ ਰੱਖਦਾ ਹੈ।

ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ॥ ੧॥

ਸੰਸਾਰ ਵਿਚ ਉਸ ਪੁਰਸ਼ ਦਾ ਜੈ ਜੈ ਕਾਰ ਹੋਤੁ=ਹੁੰਦਾ ਹੈ, ਜੋ ਗੁਰਾਂ ਦੇ ਸ਼ਬਦ ਦੁਆਰਾ ਨਾਮ-ਰਸ ਅਥਵਾ:- ਆਤਮ-ਰਸ ਨੂੰ ਚਾਖੈ=ਚੱਖਦਾ ਹੈ॥ ੧॥

ਪ੍ਰਭ ਜੀ ਤੇਰੀ ਓਟ ਗੁਸਾਈ॥

ਹੇ ਗੁਸਾਂਈਂ ਪ੍ਰਭੂ ! ਮੈਂ ਇੱਕ ਤੇਰੀ ਓਟ ਗ੍ਰਹਿਣ ਕੀਤੀ ਹੈ।

ਤੂ ਸਮਰਥੁ ਸਰਨਿ ਕਾ ਦਾਤਾ ਆਠ ਪਹਰ ਤੁਮ੍ ਧਿਆਈ॥ ਰਹਾਉ॥

ਤੂੰ ਸਰਬ ਕਲਾ ਸਮਰੱਥ ਹੈਂ, ਸ਼ਰਨ ਆਇਆਂ ਨੂੰ ਪਦਾਰਥਾਂ ਦਾ ਦਾਤਾ ਹੈਂ, ਮੈਂ ਅੱਠੇ ਪਹਿਰ ਆਪ ਜੀ ਨੂੰ ਧਿਆਉਂਦਾ ਹਾਂ॥ ਰਹਾਉ॥

ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ॥

ਹੇ ਪ੍ਰਭੂ ! ਜੋ ਪੁਰਸ਼ ਤੇਰਾ ਭਜਨ=ਸਿਮਰਨ ਕਰਦਾ ਹੈ, ਉਸ ਨੂੰ ਕੋਈ ਅੰਦੇਸਾ=ਸੰਸਾ ਨਹੀਂ ਰਹਿੰਦਾ।

ਸਤਿਗੁਰ ਚਰਨ ਲਗੇ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ॥ ੨॥

ਜੋ ਸਤਿਗੁਰਾਂ ਦੀ ਚਰਨੀ ਲੱਗੇ ਹਨ, ਅਤੇ ਮਨ ਵਿਚ ਹਰੀ ਦੇ ਗੁਣ ਗਾਉਂਦੇ ਹਨ, ਉਨ੍ਹਾਂ ਦਾ ਡਰ ਮਿਟ ਗਿਆ ਹੈ॥ ੨॥

ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ ॥

ਉਨ੍ਹਾਂ ਨੂੰ ਅਚੁੱਤ ਸੁਖ ਦੇ ਘਣੇ ਆਨੰਦ ਪ੍ਰਾਪਤ ਹੋਏ, ਜਿਨ੍ਹਾਂ ਨੂੰ ਸਤਿਗੁਰਾਂ ਨੇ ਦਿਲਾਸਾ=ਧੀਰਜ ਦੀਆ=ਦਿੱਤਾ ਹੈ।

ਜਿਣਿ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ ॥ ੩ ॥

ਉਹ ਮਨੁੱਖਾ ਜਨਮ ਨੂੰ ਜਿਣਿ=ਜਿੱਤਕੇ ਇੱਜ਼ਤ ਨਾਲ ਨਰੂਪ ਘਰ ਵਿਚ ਆਏ ਹਨ, ਅਤੇ ਉਹਨਾਂ ਦੀ ਸਾਰੀ ਆਸਾ ਪੂਰੀ ਹੋਈ ਹੈ॥ ੩ ॥

ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥

ਉਹ ਪੂਰਾ ਗੁਰੂ ਹੈ ਜਿਸ ਦੀ ਮਤਿ=ਸਿੱਖਿਆ ਪੂਰੀ ਹੈ, ਅਤੇ ਜੋ "ਪ੍ਰਭੂ ਦੀ ਪ੍ਰਾਪਤੀ ਰੂਪ" ਕੰਮਾਂ ਨੂੰ ਪੂਰਨ ਕਰਨ ਵਾਲਾ ਹੈ। ਅਥਵਾ:-ਉਸ ਦੇ ਕੰਮ ਭੀ ਸਾਰੇ ਪੂਰਨ ਹਨ।

ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ

ਜਪਿ ਨਾਨਕ ਹਰਿ ਹਰਿ ਨਾਮਾ ॥ ੪ ॥ ੨੬ ॥ ੯੦ ॥

ਗੁਰੂ ਜੀ ਕਥਨ ਹਨ, ਜਿਨ੍ਹਾਂ ਨੇ ਗੁਰੂ ਦੀ ਚਰਨੀ ਲੱਗਕੇ ਹਰਿ ਹਰਿ ਨਾਮ ਨੂੰ ਜਪਿਆ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਗਏ ਹਨ॥ ੪ ॥ ੨੬ ॥ ੯੦ ॥

ਸੋਰਠਿ ਮਹਲਾ ੫ ॥

ਭਇਓ ਕਿਰਪਾਲੁ ਦੀਨ ਦੁਖ ਭੰਜਨੁ ਆਪੇ ਸਭ ਬਿਧਿ ਥਾਟੀ ॥

ਦੀਨ =ਗਰੀਬਾਂ ਦੇ ਦੁੱਖ ਭੰਜਨੇ ਵਾਲਾ ਪ੍ਰਭੂ ਅਸਾਡੇ ਤੇ ਕ੍ਰਿਪਾਲੂ ਹੋਇਆ ਹੈ, ਅਤੇ ਉਸ ਨੇ ਆਪ ਹੀ ਸਾਰੀ ਵਿਧੀ ਥਾਟੀ=ਬਣਾਈ ਹੈ।

ਖਿਨ ਮਹਿ ਰਾਖਿ ਲੀਓ ਜਨੁ ਅਪੁਨਾ ਗੁਰ ਪੂਰੈ ਬੇੜੀ ਕਾਟੀ ॥ ੧ ॥

ਆਪਣਾ ਸੇਵਕ ਜਨ ਜਾਣਕੇ ਇੱਕ ਖਿਨ ਵਿਚ ਹੀ ਦੁੱਖਾਂ ਤੋਂ ਰੱਖ ਲਿਆ ਹੈ, ਅਤੇ ਪੂਰਿਆਂ ਗੁਰਾਂ ਨੇ ਹੰਗਤਾ ਮਮਤਾ। ਅਥਵਾ:-ਮੋਹ ਰੂਪ ਬੇੜੀ ਕੱਟ ਦਿੱਤੀ ਹੈ॥ ੧ ॥

ਮੇਰੇ ਮਨ ਗੁਰ ਗੋਵਿੰਦੁ ਸਦ ਧਿਆਈਐ ॥

ਹੇ ਮੇਰੇ ਮਨ ! ਗੁਰਾਂ ਦੁਆਰੇ ਸਦਾ ਹੀ ਗੋਬਿੰਦ ਨੂੰ ਧਿਆਉਣਾ ਕਰ।

ਸਗਲ ਕਲੇਸ ਮਿਟਹਿ ਇਸੁ ਤਨ ਤੇ

ਮਨ ਚਿੰਦਿਆ ਫਲੁ ਪਾਈਐ ॥ ਰਹਾਉ ॥

ਸਿਮਰਨ ਕੀਤਿਆਂ ਇਸ ਤਨ ਵਿਚੋਂ ਸਾਰੇ (ਰਾਗ, ਦ੍ਵੈਸ਼, ਅਭੀਨਿਵੇਸ਼, ਅਵਿੱਦਿਆ, ਅਸਮਤਾ) ਕਲੇਸ਼ ਮਿਟ ਜਾਂਦੇ ਹਨ, ਅਤੇ ਮਨ ਇੱਛਤ ਫਲ ਨੂੰ ਪਾ ਲੈਂਦਾ ਹੈ॥ ਰਹਾਉ ॥

ਜੀਅ ਜੰਤ ਜਾ ਕੇ ਸਭਿ ਕੀਨੇ ਪ੍ਰਭੁ ਊਚਾ ਅਗਮ ਅਪਾਰਾ ॥

ਜਿਸ ਦੇ ਪੈਦਾ ਕੀਤੇ ਹੋਏ ਸਾਰੇ ਜੀਆ ਜੰਤ ਹਨ, ਉਹ ਪ੍ਰਭੂ ਸਾਰਿਆਂ ਤੋਂ ਉੱਚਾ ਤੇ ਅਗਮ=ਸ਼ਾਸ਼ਤ੍ਰਾਂ ਕਰਕੇ ਅਪਾਰ ਹੈ।

ਸਾਧਸੰਗਿ ਨਾਨਕ ਨਾਮੁ ਧਿਆਇਆ

ਮੁਖ ਊਜਲ ਭਏ ਦਰਬਾਰਾ ॥ ੨ ॥ ੨੭ ॥ ੬੧ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸਤਸੰਗ ਵਿਚ ਜਾਕੇ ਨਾਮ ਨੂੰ ਸਿਮਰਿਆ ਹੈ, ਉਹਨਾਂ ਦੇ ਮੂੰਹ ਪ੍ਰਲੋਕ ਦਰਬਾਰ ਵਿਚ ਉੱਜਲ ਹੋਏ ਹਨ॥ ੨ ॥ ੨੭ ॥ ੬੧ ॥

ਸੋਰਠਿ ਮਹਲਾ ੫ ॥

ਸਿਮਰਉ ਅਪੁਨਾ ਸਾਂਈ ॥ ਦਿਨਸੁ ਰੈਨਿ ਸਦ ਧਿਆਈ ॥

ਮੈਂ ਆਪਣੇ ਸਾਂਈਂ ਨੂੰ ਸਿਮਰਦਾ ਹਾਂ, ਤੁਸੀਂ ਭੀ ਆਪਣੇ ਸਾਂਈਂ ਨੂੰ ਸਿਮਰਨਾ ਕਰੋ।

ਮੈਂ ਸਦਾ, ਰਾਤ-ਦਿਨੇ ਧਿਆਉਂਦਾ ਹਾਂ, ਤੁਸੀਂ ਭੀ ਰਾਤ-ਦਿਨ ਸਦਾ ਧਿਆਉਣਾ ਕਰੋ।

ਹਾਥ ਦੇਇ ਜਿਨਿ ਰਾਖੇ ॥ ਹਰਿ ਨਾਮ ਮਹਾ ਰਸ ਚਾਖੇ ॥ ੧ ॥

ਜਿਸ ਨੇ ਹੱਥ ਦੇ ਕੇ ਰੱਖਿਆ ਕੀਤੀ ਹੈ। ਉਸ ਹਰੀ ਨਾਮ ਰੂਪ ਮਹਾਂ ਰਸ ਨੂੰ ਚੱਖਦੇ ਹਾਂ। ਤੁਸੀਂ ਭੀ ਚੱਖਣਾ ਕਰੋ॥ ੧ ॥

(ਪੰਨਾ ੬੩੧)

ਅਪਨੇ ਗੁਰ ਊਪਰਿ ਕੁਰਬਾਨੁ ॥

ਮੈਂ ਆਪਣੇ ਗੁਰੂ ਉੱਪਰੋਂ ਬਲਿਹਾਰ ਜਾਂਦਾ ਹਾਂ। ਜਿਨ੍ਹਾਂ ਗੁਰਾਂ ਦੀ ਕਿਰਪਾ ਨਾਲ-

ਭਏ ਕਿਰਪਾਲ ਪੂਰਨ ਪ੍ਰਭ ਦਾਤੇ ਜੀਅ ਹੋਏ ਮਿਹਰਵਾਨ ॥ ਰਹਾਉ ॥

ਪੂਰਨ ਪ੍ਰਭੂ ਦਾਤੇ ਮੇਰੇ ਉੱਤੇ ਕ੍ਰਿਪਾਲੂ ਹੋਏ ਹਨ, ਅਤੇ ਸਾਰੇ ਜੀਵ ਭੀ ਮੇਹਰਵਾਨ ਹੋਏ ਹਨ॥ ਰਹਾਉ॥

ਨਾਨਕ ਜਨ ਸਰਨਾਈ ॥ ਜਿਨਿ ਪੂਰਨ ਪੈਜ ਰਖਾਈ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਨੇ ਉਸ ਦੀ ਸ਼ਰਨ ਗ੍ਰਹਿਣ ਕੀਤੀ ਹੈ। ਜਿਸ ਨੇ ਅਸਾਡੀ ਪੂਰੀ ਇੱਜ਼ਤ ਰੱਖੀ ਹੈ।

ਸਗਲੇ ਦੂਖ ਮਿਟਾਈ ॥ ਸੁਖੁ ਭੁੰਚਹੁ ਮੇਰੇ ਭਾਈ ॥ ੨ ॥ ੨੮ ॥ ੬੨ ॥

ਸਾਰੇ ਦੁੱਖ ਮਿਟਾਈ=ਦੂਰ ਕਰ ਦਿੱਤੇ ਹਨ। ਹੇ ਮੇਰੇ ਭਾਈ ! ਹੁਣ ਮੈਂ ਸੁਖ ਭੁੰਚਹੁ = ਭੋਗਦਾ ਹਾਂ॥ ੨ ॥ ੨੮ ॥ ੬੨ ॥

ਸੋਰਠਿ ਮਹਲਾ ੫ ॥

ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥

ਹੇ ਮੇਰੇ ਠਾਕੁਰ ! ਆਪ ਮੇਰੀ ਬੇਨਤੀ ਸੁਣੋ, ਏਹ ਸੂਖਮ ਸਥੂਲ ਜੀਆ ਜੰਤ ਆਪ ਜੀ ਦੇ ਧਾਰੇ=ਬਣਾਏ ਹੋਏ ਹਨ। ਅਥਵਾ:-ਆਪ ਜੀ ਦੇ ਧਾਰੇ=ਆਸਰੇ ਹਨ।

ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥ ੧ ॥

ਹੇ ਕਰਣ ਕਰਾਉਣ ਵਾਲੇ ਪ੍ਰਭੂ ! ਤੁਸੀਂ ਆਪਣੇ ਨਾਮ ਦੀ ਪੈਜ=ਲਾਜ ਰੱਖਣਾ ਕਰੋ ॥ ੧ ॥

ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥ ਬੁਰੇ ਭਲੇ ਹਮ ਥਾਰੇ ॥ ਰਹਾਉ ॥

ਹੇ ਪਿਆਰੇ ਪ੍ਰਭੂ ਜੀ! ਆਪ ਅਸਾਡਾ ਖਸਮਾਨਾ=ਪੱਖ ਕਰੋ। ਅਸੀਂ ਬੁਰੇ ਹਾਂ, ਜਾਂ ਭਲੇ ਹਾਂ, ਪਰ, ਥਾਰੇ=ਤੇਰੇ ਹਾਂ ॥ ਰਹਾਉ ॥

ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥

ਸਰਬ ਕਲਾ ਸਮਰੱਥ ਸੁਆਮੀ ਨੇ ਅਸਾਡੀ ਪੁਕਾਰ=ਏਨਤੀ ਸੁਣ ਲਈ ਹੈ, ਅਤੇ ਸੰਸਾਰਕ ਬੰਧਨਾਂ ਨੂੰ ਕਾਟਿ=ਕੱਟਕੇ ਸਵਾਰ ਲਿਆ ਹੈ।

ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥੨ ॥੨੯ ॥੬੩ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਸੇਵਕ ਜਨ ਨੂੰ ਜਸ, ਅਥਵਾ:-ਭਗਤੀ ਰੂਪ ਸਿਰੋਪਾਉ, ਪਹਨਾ ਕੇ ਆਪਣੇ ਨਾਲ ਮੇਲਿਆ ਹੈ, ਉਹ ਸਾਰੇ ਪਹਾਰੇ=ਸੰਸਾਰ ਵਿਚ ਪ੍ਰਗਟ ਹੋਇਆ ਹੈ॥ ੨ ॥ ੨੯ ॥ ੬੩ ॥

ਸੋਰਠਿ ਮਹਲਾ ੫ ॥

ਜੀਅ ਜੰਤ ਸਭਿ ਵਸਿ ਕਰਿ ਦੀਨੇ ਸੇਵਕ ਸਭਿ ਦਰਬਾਰੇ ॥

ਉਹ ਪ੍ਰਭੂ ਧੰਨ ਹੈ ਜਿਸ ਨੇ ਸਾਰੇ ਜੀਅ ਜੰਤ ਅਸਾਡੇ ਵੱਸ ਕਰ ਦਿੱਤੇ ਹਨ, ਅਤੇ ਸਾਰੇ ਜੀਵ ਗੁਰ ਦਰਬਾਰ ਦੇ ਸੇਵਕ ਕਰ ਦਿੱਤੇ ਹਨ।

ਅੰਗੀਕਾਰੁ ਕੀਓ ਪ੍ਰਭ ਅਪੁਨੇ ਭਵ ਨਿਧਿ ਪਾਰਿ ਉਤਾਰੇ ॥ ੧ ॥

ਆਪਣੇ ਪ੍ਰਭੂ ਨੇ ਮੇਰਾ ਅੰਗੀਕਾਰੁ=ਪੱਖ ਕੀਤਾ ਹੈ, ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਇਆ ਹੈ ॥ ੧ ॥

ਸੰਤਨ ਕੇ ਕਾਰਜ ਸਗਲ ਸਵਾਰੇ ॥

ਜਿਸ ਨੇ ਸੰਤਾਂ ਦੇ ਸਾਰੇ ਕੰਮ ਸਵਾਰ ਦਿੱਤੇ ਹਨ।

ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥ ਰਹਾਉ ॥

ਉਹ ਦੀਨ ਦਿਆਲ ਕ੍ਰਿਪਾਲੂ ਕਿਰਪਾ ਦਾ ਨਿੱਧਿ=ਸਮੁੰਦਰ ਹੈ, ਤੇ ਅਸਾਡਾ ਪੂਰਨ ਮਾਲਕ ਹੈ ॥ ਰਹਾਉ ॥

ਅਥਵਾ:- ਆਪ ਅਸਾਡੇ ਪੂਰਨ ਮਾਲਕ ਹੋ, ਹੇ ਕ੍ਰਿਪਾਲੂ ! ਆਪ ਦੀਨਾਂ ਉੱਪਰ ਦਿਆਲੂ ਹੋ ਤੇ ਕਿਰਪਾ ਦੀ ਨਿਧੀ ਹੋ।

ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥

ਆਓ ਜੀ ਬੈਠੋ ਇਸ ਤਰ੍ਹਾਂ ਨਾਲ ਸਭ ਥਾਈ=ਜਗ੍ਹਾ ਉੱਪਰ ਆਦਰ ਹੁੰਦਾ ਹੈ, ਅਤੇ ਕਤਹੂੰ=ਕਿਸੇ ਬਾਤਾ=ਗੱਲ ਦੀ ਊਨ=ਕਮੀ ਭਾਵ ਥੋੜ ਨਹੀਂ ਰਹਿੰਦੀ।

ਭਗਤਿ ਸਿਰਪਾਉ ਦੀਓ ਜਨ ਅਪੁਨੇ
ਪ੍ਰਤਾਪੁ ਨਾਨਕ ਪ੍ਰਭ ਜਾਤਾ ॥ ੨ ॥ ੩੦ ॥ ੬੪ ॥

ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਨੇ ਆਪਣੇ ਦਾਸ ਨੂੰ ਭਗਤੀ ਰੂਪ ਸਿਰੋਪਾਉ ਦੀਓ=ਬਖਸ਼ਿਆ ਹੈ, ਇਸ ਕਰਕੇ ਉਸ ਦਾ ਪ੍ਰਤਾਪ ਸਾਰੇ ਜਾਤਾ=ਜਾਣਿਆਂ ਗਿਆ ਹੈ॥ ੨ ॥ ੩੦ ॥ ੬੪ ॥

ਸੋਰਠਿ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥

ਹੇ ਮਨ ! ਤੂੰ ਰਾਮ ਨਾਲ ਪ੍ਰੀਤੀ ਕਰ।

ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥ ੧ ॥ ਰਹਾਉ ॥

ਸ੍ਰਵਨ=ਕੰਨਾਂ ਨਾਲ ਗੋਬਿੰਦ ਦੇ ਗੁਣ ਸੁਣਨਾ ਕਰ, ਅਤੇ ਰਸਨਾਂ ਨਾਲ ਉਸ ਦੇ ਗੀਤ ਗਾਵਣਾ ਕਰ॥ ੧ ॥ ਰਹਾਉ ॥

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥

ਸਤਸੰਗਤ ਕਰਕੇ ਮਾਧੋ=ਮਾਇਆ-ਪਤੀ ਪਰਮਾਤਮਾ ਨੂੰ ਸਿਮਰਨਾ ਕਰ, ਤਾਂ ਪਤਿਤ=ਪਾਪਾਂ ਤੋਂ ਪਵਿੱਤਰ ਹੋ ਜਾਵੇਂਗਾ।

ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ ੧ ॥

ਹੇ ਮਿੱਤਰਾ ! ਕਾਲ, ਬਿਆਲੁ=ਸੱਪ ਵਾਂਗ ਮੂੰਹ ਪਸਾਰੇ=ਅੱਡਕੇ ਤੇਰੇ ਮਗਰ ਮਗਰ ਡੋਲੈ=ਫਿਰ ਰਿਹਾ ਹੈ॥ ੧ ॥

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥

ਉਹ ਤੈਨੂੰ ਅੱਜ ਜਾਂ ਕੱਲ੍ਹ ਗ੍ਰਸਿ ਹੈ=ਫੜਕੇ ਖਾ ਲਵੇਗਾ, ਇਸ ਗੱਲ ਨੂੰ ਸੱਚ ਸਮਝ ਕੇ ਚਿੱਤ ਵਿਚ ਚੇਤੇ ਰੱਖ।

ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥ ੨ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਰਾਮ ਨੂੰ ਭਜਿ=ਜਪ ਲੈ, ਇਹ ਮਨੁੱਖਾ ਜਨਮ ਰੂਪ ਅਉਸਰੁ=ਸਮਾਂ ਬੀਤਦਾ ਜਾਂਦਾ ਹੈ॥ ੨ ॥ ੧ ॥

ਸੋਰਠਿ ਮਹਲਾ ੯ ॥ ਮਨ ਕੀ ਮਨ ਹੀ ਮਾਹਿ ਰਹੀ ॥

ਮਨ ਦੀ ਗੱਲ ਮਨ ਵਿਚ ਹੀ ਰਹਿ ਗਈ ਹੈ।

ਅਥਵਾ:-ਮਨ ਦੀ ਵਾਸ਼ਨਾਂ ਮਨ ਵਿਚ ਹੀ ਰਹਿ ਗਈ ਹੈ।

ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥ ੧ ॥ ਰਹਾਉ ॥

ਨਾ ਹਰੀ ਦਾ ਭਜਨ ਕੀਤਾ, ਨਾ ਤੀਰਥਾਂ ਨੂੰ ਸੇਵੇ=ਪਰਸਿਆ ਹੈ, ਤੇ ਕਾਲ ਨੇ ਚੋਟੀ=ਬੋਦੀ ਤੋਂ ਆ ਕੇ ਗਹੀ=ਫੜ ਲਿਆ ॥ ੧ ॥ ਰਹਾਉ ॥

ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥

ਦਾਰਾ=ਇਸਤ੍ਰੀ, ਮੀਤ=ਮਿੱਤਰ, ਪੂਤ=ਪੁੱਤਰ, ਰੱਥਾਂ ਤੋਂ ਆਦਿ ਸਾਰੀ ਸੰਪਤਿ=ਸੰਪਦਾ, ਸਾਰੀ ਮਹੀ=ਪ੍ਰਿਥਵੀ ਵਿਚ ਜੋ ਪੂਰਨ ਧਨ ਹੈ।

ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥ ੧ ॥

ਇਤਆਦਿਕ ਅਵਰ=ਹੋਰ ਭੀ ਸਾਰਿਆਂ ਪਦਾਰਥਾਂ ਨੂੰ ਮਿਥਿਆ=ਝੂਠਾ ਜਾਨਣਾ ਕਰੋ, ਇੱਕ ਰਾਮ ਕੋ=ਦਾ ਭਜਨ ਹੀ ਸਹੀ=ਸੱਚਾ ਹੈ ॥ ੧ ॥

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥

ਜੂਨੀਆਂ ਵਿਚ ਫਿਰਦਿਆਂ, ਫਿਰਦਿਆਂ, ਬਹੁਤੇ ਜੁਗ ਹਾਰਿਓ=ਬੀਤ ਗਏ ਹਨ;

ਹੁਣ ਮਸਾਂ ਤੈਨੇ ਮਨੁੱਖਾ ਦੇਹ ਲਹੀ=ਲੱਭੀ ਹੈ।

ਯਥਾ:-ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥

ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥ ੪ ॥ ੨੨ ॥ ੯੨ ॥ *(ਸ਼੍ਰੀਰਾਗੁ, ਪੰਨਾ ੫੦)*

ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥ ੨ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਇਹ ਵਾਹਿਗੁਰੂ ਨਾਲ ਮਿਲਣ ਦੀ ਵਾਰੀ ਹੈ, ਤੂੰ ਵਾਹਿਗੁਰੂ ਨੂੰ ਕਿਉ ਨਹੀਂ ਸਿਮਰਦਾ ॥ ੨ ॥ ੨ ॥

ਯਥਾ:-ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

(ਆਸਾ, ਪੰਨਾ ੩੭੮)

ਤਥਾ:-ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
"ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ" ॥ ੧ ॥ ਰਹਾਉ ॥

(ਗਉੜੀ, ਪੰਨਾ ੧੭੬)

ਸੋਰਠਿ ਮਹਲਾ ੯ ॥ ਮਨ ਰੇ ਕਉਨੁ ਕੁਮਤਿ ਤੈ ਲੀਨੀ ॥

ਹੇ ਮਨ ! ਇਹ ਕੁਮਤਿ=ਖੋਟੀ ਮਤ ਤੈ=ਤੂੰ ਕਿਸ ਤੋਂ ਲੀਨੀ=ਲਈ ਹੈ?

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥ ੧ ॥ ਰਹਾਉ ॥

ਪਰ ਦਾਰਾ=ਪਰਾਈ ਇਸਤ੍ਰੀ ਤੇ ਪ੍ਰਾਈ ਨਿੰਦਿਆ ਦੇ ਰਸ ਵਿਚ ਤਦਾਕਾਰ ਹੋ ਰਿਹਾ ਹੈਂ। ਅਤੇ ਰਾਮ ਦੀ ਭਗਤੀ ਤੈਨੇ ਨਹੀਂ ਕੀਤੀ॥ ੧॥ ਰਹਾਉ॥ **(ਪੰਨਾ ੬੩੨)**

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥

ਮੁਕਤੀ ਦਾ ਪੰਥੁ=ਰਸਤਾ ਤੂੰ ਜਾਣਿਆ ਹੀ ਨਾਹਨਿ=ਨਹੀਂ ਹੈ, ਅਤੇ ਧਨ ਜੋਰਨ=ਜੋੜਨ ਨੂੰ ਧਾਇਆ=ਭੱਜਾ ਫਿਰਦਾ ਹੈਂ।

ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥ ੧ ॥

ਅੰਤ ਸਮੇਂ ਕਿਸੇ ਸਬੰਧੀ ਨੇ ਸਾਥ ਨਹੀਂ ਦੀਨਾ=ਦਿੱਤਾ, ਤੈਨੇ ਵਿਅਰਥ ਹੀ ਇਨ੍ਹਾਂ ਵਿਚ ਆਪਣੇ ਆਪ ਨੂੰ ਬੰਧਾਇਆ=ਬੰਨ੍ਹਿਆਂ ਹੋਇਆ ਹੈ॥ ੧॥

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥

ਨਾ ਤੂੰ ਹਰੀ ਦਾ ਭਜਿਓ=ਭਜਨ ਕੀਤਾ ਹੈ, ਨਾ ਹੀ ਤੈਨੇ ਗੁਰੂ ਜਨਾਂ ਨੂੰ ਸੇਵਿਆ ਹੈ, ਅਤੇ ਨਾ ਹੀ ਤੇਰੇ ਹਿਰਦੇ ਵਿਚ ਕੁਝ ਗਿਆਨ ਉਤਪੰਨ ਹੋਇਆ ਹੈ।

ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥ ੨ ॥

ਉਹ ਨਿਰੰਜਨ ਪ੍ਰਭੂ ਤੇਰੇ ਹਿਰਦੇ ਵਿਚ ਹੀ ਵਸ ਰਿਹਾ ਹੈ, ਪਰ ਤੈ=ਤੂੰ ਉਸ ਨੂੰ ਉਦਿਆਨਾ=ਉਜਾੜਾਂ ਵਿਚ ਖੋਜਤ=ਲੱਭਦਾ ਫਿਰਦਾ ਹੈਂ॥ ੨॥

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥

ਤੂੰ ਬਹੁਤੇ ਜਨਮਾਂ ਵਿਚ ਭਰਮਦਿਆਂ ਹਾਰ ਭੀ ਗਿਆ ਹੈਂ, ਪਰ ਅਜੇ ਤੱਕ ਤੂੰ ਅਸਥਿਰ ਮਤਿ=ਅਚੱਲ ਬੁੱਧੀ, ਭਾਵ ਆਤਮ ਵਿਸ਼ੈਣੀ ਬੁੱਧੀ ਨਹੀਂ ਪਾਈ।

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥ ੩ ॥ ੩ ॥

ਤੈਨੇ ਅਮੋਲਕ ਮਨੁੱਖਾ ਦੇਹ ਪਾਈ ਹੈ, ਹਰੀ ਦੇ ਪਦ=ਚਰਨਾਂ ਦਾ ਭਜਨ ਕਰ; ਗੁਰੂ ਜੀ ਕਥਨ ਕਰਦੇ ਹਨ, ਤੇਰੇ ਭਲੇ ਦੀ ਇਹ ਗੱਲ ਅਸਾਂ ਨੇ ਬਤਾਈ=ਦੱਸੀ ਹੈ॥ ੩॥ ੩॥

ਸੋਰਠਿ ਮਹਲਾ ੯ ॥ ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥

ਹੇ ਮਨ! ਪ੍ਰਭੂ ਦੀ ਸ਼ਰਨੀ ਪੈਣ ਦਾ ਵਿਚਾਰ ਕਰ।

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥ ੧ ॥ ਰਹਾਉ ॥

ਜਿਸ ਦਾ ਸਿਮਰਨ ਕਰਕੇ ਗਨਕਾ ਸੀ=ਵੇਸ਼ਵਾ* ਵਰਗੀਆਂ ਕਈ ਔਰਤਾਂ ਤਰ ਗਈਆਂ ਹਨ, ਉਸ ਪ੍ਰਭੂ ਦੇ ਜਸ ਨੂੰ ਹਿਰਦੇ ਵਿਚ ਧਾਰਨਾ ਕਰੋ॥ ੧॥ ਰਹਾਉ॥

---

*ਇੱਕ ਵੇਸ਼ਵਾ ਜਨਕ ਪੁਰੀ ਵਿਚ ਰਹਿੰਦੀ ਸੀ, ਜਿਸ ਦਾ ਨਾਮ "ਪਿੰਗਲਾ" ਸੀ। ਦੂਜੀ ਉਹ ਵੇਸ਼ਵਾ ਹੈ, ਜਿਸ ਨੇ ਰਘੁਨਾਥ ਜੀ ਨੂੰ ਮੁਕਟ ਪਹਿਰਾਇਆ ਸੀ। ਤੀਜੀ ਉਹ ਵੇਸ਼ਵਾ ਹੈ, ਜਿਸ ਦਾ ਨਾਮ ਗਨਕਾ ਹੈ ਜਿਸ ਨੂੰ ਸੰਤਾਂ ਨੇ ਤੋਤਾ ਦੇ ਕੇ ਰਾਮ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਸੀ।

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥

ਜਿਸ ਦਾ ਸਿਮਰਨ ਕਰਕੇ ਧ੍ਰੂਅ ਅਟੱਲ ਹੋਇਆ ਹੈ, ਅਤੇ ਉਸ ਨੇ ਨਿਰਭੈ ਪਦ ਨੂੰ ਪਾਇਆ ਹੈ।

ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥ ੧ ॥

ਜੋ ਸੁਆਮੀ ਇਸ ਤਰ੍ਹਾਂ ਨਾਲ ਦੁੱਖਾਂ ਦੇ ਹਰਤਾ=ਨਾਸ ਕਰਨ ਵਾਲਾ ਹੈ, ਤੈ=ਤੂੰ ਉਸ ਨੂੰ ਕਾਹੇ ਬਿਸਰਾਇਆ=ਕਿਉਂ ਭੁਲਾ ਦਿੱਤਾ ਹੈ॥ ੧ ॥

ਜਬ ਹੀ ਸਰਨਿ ਗਹੀ ਕਿਰਪਾਨਿਧਿ ਗਜ ਗਰਾਹ ਤੇ ਛੂਟਾ ॥

ਜਿਸ ਵੇਲੇ ਗਜ=ਹਾਥੀ ਨੇ ਕਿਰਪਾਨਿਧਿ=ਪਰਮਾਤਮਾ ਦੀ ਸ਼ਰਨ ਗਹੀ ਗ੍ਰਹਿਣ ਕੀਤੀ, ਉਸੀ ਵੇਲੇ ਗਰਾਹ=ਭੰਦੂਏ ਦੇ ਜਾਲ ਤੋਂ ਛੁੱਟ ਗਿਆ।

ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥ ੨ ॥

ਪ੍ਰਭੂ ਦੇ ਨਾਮ ਦੀ ਮਹਿਮਾ ਕਹਾ=ਕਿੱਥੋਂ ਤੱਕ ਬਰਨਉ=ਕਥਨ ਕਰਾਂ, ਜਿਸ ਨੇ ਰਾਮ ਨਾਮ ਕਿਹਾ ਹੈ, ਤਿਹ=ਉਸ ਦੇ ਬੰਧਨ ਤੂਟਾ=ਟੁੱਟ ਗਏ ਹਨ॥ ੨ ॥

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥

ਅਜਾਮਲ ਪਾਪੀ ਨੂੰ ਸਾਰਾ ਜਗਤ ਜਾਣਦਾ ਸੀ, ਪਰ ਇੱਕ ਨਿਮਖ ਦੇ ਵਿਚ ਨਾਮ ਦੇ ਪ੍ਰਤਾਪ ਕਰਕੇ ਤਰ ਗਿਆ।

ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥ ੩ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਚਿੰਤਾ-ਮਣੀ ਵਾਂਗ, ਮਨ ਇੱਛਤ ਫਲਾਂ ਦੇ ਦੇਣ ਵਾਲੇ ਪ੍ਰਭੂ ਨੂੰ ਚੇਤਨਾ ਕਰ, ਤਾਂ ਤੂੰ ਭੀ ਸੰਸਾਰ ਸਮੁੰਦਰ ਤੋਂ ਪਾਰ ਉਤਰਹਿ=ਉਤਰ ਜਾਏਂਗਾ॥ ੩ ॥ ੪ ॥

ਸੋਰਠਿ ਮਹਲਾ ੯ ॥ ਪ੍ਰਾਨੀ ਕਉਨੁ ਉਪਾਉ ਕਰੈ ॥

ਹੇ ਗੁਰੋ ! ਇਹ ਪ੍ਰਾਣਧਾਰੀ ਪੁਰਸ਼ ਕਉਨੁ=ਕੇਹੜਾ ਯਤਨ ਕਰੇ।

ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥ ੧ ॥ ਰਹਾਉ ॥

ਜਿਸ ਕਰਕੇ ਰਾਮ ਦੀ ਭਗਤੀ ਪਾ ਲਵੇ, ਤੇ ਜਮਾਂ ਦਾ ਤ੍ਰਾਸੁ ਹਰੈ=ਡਰ ਨਿਵਿਰਤ ਹੋ ਜਾਵੇ॥ ੧ ॥ ਰਹਾਉ ॥

ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥

ਉਹ ਕੇਹੜਾ ਕਰਮ ਹੈ? ਉੱਤਰ-ਨਿਸ਼ਕਾਮ ਕਰਮ ਹੈ। ਹੇ ਗੁਰੋ ! ਕਹੋ ਖਾਂ, ਉਹ ਵਿੱਦਿਆ ਕੇਹੜੀ ਹੈ? ਉੱਤਰ-ਬ੍ਰਹਮ ਵਿੱਦਿਆ ਹੈ। ਅਤੇ ਕੇਹੜਾ ਧਰਮ ਕਰੇ? ਉੱਤਰ-ਸ੍ਰੈ ਧਰਮ ਧਾਰਨਾ ਕਰੇ।

ਅਥਵਾ:-ਦਸ ਚਿੰਨ੍ਹਾਂ *ਵਾਲਾ ਧਰਮ ਧਾਰਨਾ ਕਰੇ।

---

*ਖਿਮਾਂ, ਅਹਿੰਸਾ, ਦਯਾ, ਮ੍ਰਿਦ, ਸਤ ਬਚਨ, ਤਪ, ਦਾਨ।

ਸੀਲ, ਸੋਚ, ਤ੍ਰਿਸ਼ਨਾਂ ਬਿਨਾਂ, ਧਰਮ ਲਿੰਗ ਦਸ ਜਾਨ। (ਸਾਰੁਕਤਾਵਲੀ ਅਧਿ: ੧)

ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵਸਾਗਰ ਕਉ ਤਰਈ॥ ੧॥

ਹੇ ਗੁਰੋ ! ਉਹ ਕੇਹੜਾ ਨਾਮ ਹੈ, ਜਿਸ ਦੇ ਸਿਮਰਨੇ ਕਰਕੇ, ਇਹ ਸੰਸਾਰ ਸਾਗਰ=ਸਮੁੰਦਰ ਨੂੰ ਤਰਨਾ ਕਰੇ? ਉੱਤਰ-ਸਤਿਨਾਮੁ ਮੰਤ੍ਰ ਹੀ ਸਭ ਤੋਂ ਮੁਖ ਹੈ।

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥

ਕਲਜੁਗ ਵਿਚ ਇੱਕ ਕਿਰਪਾਨਿਧਿ=ਪਰਮੇਸ਼ਰ ਦਾ ਸਤਿਨਾਮ ਹੀ ਹੈ, ਜਿਸ ਨੂੰ ਜਪਕੇ ਇਹ ਗਤਿ=ਮੁਕਤੀ ਨੂੰ ਪਾਵੇਗਾ।

ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥ ੨॥

ਅਉਰ=ਹੋਰ ਸਾਰੇ ਧਰਮ ਤਿਸ ਨਾਮ ਦੇ ਸਮ=ਬਰਾਬਰ ਨਹੀਂ ਹਨ, ਵੇਦ ਭੀ ਇਸ ਵਿਧੀ ਨਾਲ ਕਥਨ ਕਰਦਾ ਹੈ॥ ੨॥

ਪ੍ਰਸ਼ਨ-ਉਸ ਦਾ ਰੂਪ ਕੀ ਹੈ? ਤੇ ਉਹ ਕਿੱਥੇ ਰਹਿੰਦਾ ਹੈ? ਉੱਤਰ-

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥

ਜਿਸ ਪ੍ਰਭੂ ਨੂੰ ਗੁਸਾਈ=ਪ੍ਰਿਥਵੀ ਦਾ ਮਾਲਕ ਕਹਿੰਦੇ ਹਨ, ਉਹ ਦੁਖ ਸੁਖ ਤੋਂ ਰਹਿਤ ਹੈ ਤੇ ਹਮੇਸ਼ਾਂ ਸਭ ਤੋਂ ਨਿਰਲੇਪ ਰਹਿੰਦਾ ਹੈ।

ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥ ੩॥ ੫॥

ਗੁਰੂ ਜੀ ਕਥਨ ਕਰਦੇ ਹਨ, ਦਰਪਨਿ=ਸ਼ੀਸ਼ੇ ਵਿਚ ਜਿਵੇਂ ਚੇਹਰਾ ਵਸਦਾ ਹੈ, ਉਸ ਦੀ ਨਿਆਈਂ ਉਹ ਪ੍ਰਭੂ ਤੁਹਾਡੇ ਹਿਰਦੇ ਵਿਚ ਹੀ ਇੱਕ-ਰਸ ਵਸ ਰਿਹਾ ਹੈ॥ ੩॥ ੫॥

ਸੋਰਠਿ ਮਹਲਾ ੯॥ ਮਾਈ ਮੈ ਕਿਹਿ ਬਿਧਿ ਲਖਉ ਗੁਸਾਈ॥

ਮਾਈ=ਹੇ ਭਾਈ ! ਮੈ ਗੁਸਾਈ=ਪਰਮਾਤਮਾ ਨੂੰ ਕਿਸ ਤਰ੍ਹਾਂ ਜਾਣ ਸਕਦਾ ਹਾਂ।

ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥ ੧॥ ਰਹਾਉ॥

ਅਗਿਆਨਿ ਰੂਪ ਤਿਮਰਿ=ਅਨ੍ਹੇਰੇ ਕਰਕੇ, ਮੋ=ਮੇਰਾ ਮਨ ਮਹਾਂ ਮੋਹ ਵਿਚ ਉਰਝਾਈ=ਉਲਝ ਰਿਹਾ ਹੈ॥ ੧॥ ਰਹਾਉ॥

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ॥

ਸਾਰਾ ਮਨੁੱਖਾ ਜਨਮ ਹੀ ਭਰਮ ਵਿਚ ਹੀ ਭਰਮ=ਫਿਰਦੇ ਨੇ ਖੋਇਓ=ਗੁਆ ਦਿੱਤਾ ਹੈ, ਅਸਥਿਰ ਮਤਿ=ਅਚੱਲ ਬੁੱਧੀ ਨਹੀਂ ਪਾਈ।

ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ॥ ੧॥

ਨਿਸ-ਬਾਸੁਰ=ਰਾਤ-ਦਿਨ ਵਿਸ਼ਿਆਂ ਵਿਚ ਖੱਚਤ ਹੋ ਰਿਹਾ ਹਾਂ, ਕਦੇ ਭੀ ਮਨ ਤੋਂ ਅਧਮਾਈ=ਨੀਚਤਾਈ ਨਹੀਂ ਛੁੱਟੀ॥ ੧॥

ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ॥

ਨਾ ਹੀ ਕਦੇ ਸੰਤਾਂ ਦਾ ਸਤਸੰਗ ਕੀਤਾ ਹੈ, ਨਾ ਹੀ ਪ੍ਰਭੂ ਦੀ ਕੀਰਤੀ ਗਾਇਨ ਕੀਤੀ ਹੈ।

ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ॥ ੨ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਮੇਰੇ ਵਿਚ ਕੋਈ ਭੀ ਸ਼ੁਭ-ਗੁਣ ਨਹੀਂ ਹੈ, ਮੈਨੂੰ ਆਪਣੀ ਸ਼ਰਨ ਵਿਚ ਰੱਖ ਲੈਣਾ ਕਰੋ॥ ੨ ॥ ੬ ॥

ਸੋਰਠਿ ਮਹਲਾ ੯ ॥ ਮਾਈ ਮਨੁ ਮੇਰੋ ਬਸਿ ਨਾਹਿ॥

ਮਾਈ=ਹੇ ਭਾਈ ! ਮੇਰਾ ਮਨ ਮੇਰੇ ਵੱਸ ਵਿਚ ਨਹੀਂ ਹੈ।

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧ ॥ਰਹਾਉ॥

ਨਿਸ-ਰਾਤ ਬਾਸੁਰ=ਦਿਨ ਬਿਖਿਅਨ=ਵਿਸ਼ਿਆਂ ਕਉ=ਨੂੰ ਧਾਵਤ=ਦੌੜਦਾ ਹੈ, ਤਿਸ ਮਨ ਨੂੰ ਮੈਂ ਕਿਹਿ=ਕਿਸ ਵਿਧੀ ਨਾਲ ਰੋਕਉ=ਰੋਕਾਂ॥ ੧ ॥ ਰਹਾਉ॥

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ॥

ਵੇਦਾਂ, ਪੁਰਾਣਾਂ ਤੇ ਸਿਮ੍ਰਿਤੀਆਂ ਦੇ ਮਤਿ=ਉਪਦੇਸ਼ ਨੂੰ ਸੁਣਕੇ ਇਕ ਨਿਮਖ ਮਾਤ੍ਰ ਭੀ ਹੀਏ=ਹਿਰਦੇ ਵਿਚ ਬਸਾਵੈ=ਵਸਾਉਂਦਾ ਨਹੀਂ ਹੈ।

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ॥ ੧ ॥

ਪ੍ਰਾਏ ਧਨ, ਪਰਾਈ ਦਾਰਾ ਇਸਤ੍ਰੀ ਨਾਲ ਰਚਿਆ ਹੋਇਆ ਅਮੋਲਕ ਮਨੁੱਖਾ ਜਨਮ ਨੂੰ ਬਿਰਥਾ=ਵਿਅਰਥ ਸਿਰਾਵੈ=ਬਿਤਾ ਰਿਹਾ ਹੈ॥ ੧ ॥

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ॥

ਮਾਇਆ ਦੀ ਮਦ=ਮਸਤੀ ਕੈ=ਕਰਕੇ ਬਾਵਰੋ=ਝੱਲਾ (ਪਾਗਲ) ਹੋਇਓ=ਹੋ ਗਿਆ ਹੈ, ਇਸੀ ਕਰਕੇ ਕੁਝ ਗਿਆਨ ਸੂਝਤ=ਸੁੱਝਦਾ ਨਹੀਂ ਹੈ।

(ਪੰਨਾ ੬੩੩)

ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ॥ ੨ ॥

ਜੋ ਨਿਰੰਜਨ ਹਿਰਦੇ ਵਿਚ ਬਸਤ=ਵਸ ਰਿਹਾ ਹੈ, ਉਸ ਦੀ ਪ੍ਰਾਪਤੀ ਦਾ ਮਰਮੁ=ਭੇਦ ਨਹੀਂ ਜਾਣਿਆਂ॥ ੨ ॥

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥

ਜਦ ਤੋਂ ਸੰਤਾਂ ਦੀ ਸ਼ਰਨ ਵਿਚ ਆਇਆ ਹਾਂ, ਤਦ ਤੋਂ ਸਾਰੀ ਦੁਰਮਤਿ=ਖੋਟੀ ਮੱਤ ਬਿਨਾਸੀ=ਨਾਸ ਹੋ ਗਈ ਹੈ।

ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ॥ ੩ ॥ ੭ ॥

ਗੁਰੂ ਜੀ ਕਥਨ ਕਰਦੇ ਹਨ, ਤਦ ਹੀ ਚਿੰਤਾ ਮਣੀ ਵਾਂਗ ਮਨ ਇੱਛਤ ਫਲ ਦੇਣ ਵਾਲੇ ਪ੍ਰਭੂ ਦਾ ਸਿਮਰਨ ਕਰਕੇ ਜਮਾਂ ਦੀ ਫਾਸੀ=ਫਾਹੀ ਕੱਟ ਦਿਤੀ ਹੈ॥ ੩ ॥ ੭ ॥

ਸੋਰਠਿ ਮਹਲਾ ੯ ॥ ਰੇ ਨਰ ਇਹ ਸਾਚੀ ਜੀਅ ਧਾਰਿ॥

ਹੇ ਪੁਰਖ਼ਾ ! ਇਹ ਸੱਚੀ ਗੱਲ ਦਿਲ ਵਿਚ ਧਾਰ ਲੈ।

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥ ੧ ॥ ਰਹਾਉ ॥

ਇਹ ਸਾਰਾ ਜਗਤ ਸੁਪਨੇ ਵਰਗਾ ਮਿੱਥਿਆ ਹੈ, ਇਸ ਦੇ ਬਿਨਸਤ=ਨਾਸ ਹੁੰਦਿਆਂ ਬਾਰ=ਦੇਰ ਨਹੀਂ ਲੱਗਦੀ॥ ੧ ॥ ਰਹਾਉ ॥

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ॥

ਜਿਵੇਂ ਬਾਰੂ=ਰੇਤ ਦੀ ਭੀਤਿ=ਕੰਧ ਭਾਵੇਂ ਕੇਡੀ ਰਚਿ ਪਚਿ=ਤਦਾਕਾਰ ਹੋਵੇ, ਵਾ:-ਸੁਆਰ ਸੁਆਰ ਕੇ ਬਣਾਈ ਜਾਵੇ, ਪਰ ਉਹ ਕੰਧ ਚਾਰ ਦਿਨ ਭੀ ਨਹੀਂ ਰਹਿੰਦੀ।

ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥ ੧ ॥

ਉਸੇ ਵਾਂਗ ਇਹ ਮਾਇਆ ਦੇ ਸੁਖ ਹਨ, ਹੇ ਗਵਾਰ=ਮੂਰਖਾ ! ਤੂੰ ਕਹਾ=ਕਿੱਥੇ ਉਰਝਿਓ=ਫਸ ਰਿਹਾ ਹੈਂ॥ ੧ ॥

ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ॥

ਅਜੇ ਭੀ ਸਮਝ ਜਾਹ, ਕੁਝ ਵਿਗੜਿਆ ਨਹੀਂ ਹੈ, ਵਾਹਿਗੁਰੂ ਦੇ ਨਾਮ ਨੂੰ ਭਜਿ ਲੇ=ਜਪ ਲੈਣਾ ਕਰ।

ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ॥ ੨ ॥ ੮ ॥

ਗੁਰੂ ਜੀ ਕਥਨ ਕਰਦੇ ਹਨ, ਸਾਧਨ=ਸੰਤਾਂ ਦਾ ਜੋ ਆਪਣਾ ਮਤੁ=ਸਿਧਾਂਤ ਹੈ, ਉਹ ਤੋਹਿ=ਤੈਨੂੰ ਪੁਕਾਰਿ=ਪੁਕਾਰ ਕੇ ਭਾਖਿਓ=ਕਿਹਾ ਹੈ॥ ੨ ॥ ੮ ॥

ਸੋਰਠਿ ਮਹਲਾ ੯ ॥ ਇਹ ਜਗਿ ਮੀਤੁ ਨ ਦੇਖਿਓ ਕੋਈ॥

ਇਸ ਜਗਤ ਵਿਚ ਕੋਈ ਭੀ ਅਸਲ ਮਿੱਤਰ ਨਹੀਂ ਵੇਖਿਆ।

ਸਗਲ ਜਗਤੁ ਅਪਨੈ ਸੁਖ ਲਾਗਿਓ ਦੁਖ ਮੈ ਸੰਗਿ ਨ ਹੋਈ॥ ੧ ॥ ਰਹਾਉ ॥

ਸਾਰਾ ਜਗਤ ਆਪਣੇ ਸੁਖ ਵਿਚ ਲੱਗਾ ਹੋਇਆ ਹੈ, ਦੁੱਖ ਵਿਚ ਕੋਈ ਸੰਗੀ ਨਹੀਂ ਹੁੰਦਾ ॥ ੧ ॥ ਰਹਾਉ ॥

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥

ਦਾਰਾ=ਇਸਤ੍ਰੀ, ਮਿੱਤਰ, ਪੁੱਤਰ ਤੇ ਸਬੰਧੀ, ਇਹ ਸਗਰੇ=ਸਾਰੇ ਧਨ ਦੇ ਹੋਣ ਕਰਕੇ ਸਿਉ=ਨਾਲ

ਲੱਗੇ ਹੋਏ ਹਨ।

ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥ ੧ ॥

ਜਿਸ ਵੇਲੇ ਮਨੁੱਖ ਨੂੰ ਨਿਰ-ਧਨ=ਧਨ ਤੋਂ ਰਹਿਤ ਵੇਖਦੇ ਹਨ, ਉਸ ਵੇਲੇ ਸੰਗਿ=ਸਾਥ ਨੂੰ ਛੱਡ ਕੇ ਸਾਰੇ ਭਾਗੇ=ਦੌੜ ਜਾਂਦੇ ਹਨ॥ ੧॥

ਕਹੰਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ ॥

ਯਿਆ=ਇਸ ਬਉਰੇ=ਝੱਲੇ ਮਨ ਕਉ=ਨੂੰ ਮੈਂ ਕਹਾ=ਕੀ ਕਹੰਉ=ਕਹਾਂ, ਜਿਸ ਨੇ ਇਨ ਸਿਉ=ਇਨ੍ਹਾਂ ਸਬੰਧੀਆਂ ਨਾਲ ਨੇਹੁ=ਪ੍ਰੇਮ ਲਗਾਇਆ ਹੋਇਆ ਹੈ।

ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ ॥ ੨ ॥

ਜੋ ਦੀਨਾ=ਗ਼ਰੀਬਾਂ ਦਾ ਸੁਆਮੀ ਹੈ ਤੇ ਸਕਲ=ਸਾਰੇ ਭੈ=ਡਰ ਭੰਜਨ=ਨਾਸ ਕਰਨ ਵਾਲਾ ਹੈ, ਤਾ ਕੋ=ਉਸ ਦਾ ਜਸ ਕਰਨਾ ਇਸ ਨੇ ਬਿਸਰਾਇਓ=ਭੁਲਾ ਦਿੱਤਾ ਹੈ।

ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ ॥

ਸੁਆਨ=ਕੁੱਤੇ ਦੀ ਪੂਛ ਵਾਂਗ ਵਿੰਗਾ ਹੀ ਰਿਹਾ ਹੈ, ਮੈਂ ਬਥੇਰਾ ਜਤਨ ਕੀਨਉ=ਕੀਤਾ ਹੈ, ਪਰ ਇਹ ਮਨ ਸੂਧਉ=ਸਿੱਧਾ ਨਹੀਂ ਭਇਓ=ਹੋਇਆ।

ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ ॥ ੩ ॥ ੯ ॥

ਗੁਰੂ ਜੀ ਕਥਨ ਕਰਦੇ, ਹੇ ਪ੍ਰਭੂ ! ਤੁਸੀਂ ਆਪਣੇ ਬਿਰਦ=ਧਰਮ ਦੀ ਲਾਜ ਰੱਖੋ, ਮੈਂ ਤੁਹਾਡੇ ਨਾਮ ਦਾ ਹੀ ਆਸਰਾ ਲਿਆ ਹੈ॥ ੩ ॥ ੯ ॥

ਸੋਰਠਿ ਮਹਲਾ ੯ ॥ ਮਨ ਰੇ ਗਹਿਓ ਨ ਗੁਰ ਉਪਦੇਸੁ ॥

ਹੇ ਮਨ ! ਜੇਕਰ ਗੁਰ ਉਪਦੇਸ਼ ਨੂੰ ਗ੍ਰਹਿਣ ਨਹੀਂ ਕੀਤਾ, ਤਾਂ-

ਕਹਾ ਭਇਓ ਜਉ ਮੂਡ ਮੁਡਾਇਓ ਭਗਵਉ ਕੀਨੋ ਭੇਸੁ ॥ ੧ ॥ ਰਹਾਉ ॥

ਜੇਕਰ ਮੂਡ=ਸਿਰ ਮੂਡ ਮੁਡਾਇਓ=ਮੁੰਨਾ ਲਿਆ ਤਾਂ ਕੀ ਹੋ ਗਿਆ, ਅਤੇ ਜੇਕਰ ਭਗਵਾਂ ਵੇਸ ਕਰ ਲਿਆ ਤਾਂ ਕੀ ਹੋਇਆ॥ ੧ ॥ ਰਹਾਉ ॥

ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥

ਸੱਚ ਨੂੰ ਛੱਡ ਕੇ ਝੂਠੇ ਕੰਮਾਂ ਵਿਚ, ਵਾ:-ਝੂਠ ਬੋਲਣ ਵਿਚ ਲੱਗ ਗਿਆ ਹੈਂ, ਇਸ ਤੇ ਮਨੁੱਖਾ ਜਨਮ ਅਕਾਰਥ=ਨਿਸਫਲ ਗੁਆ ਲਿਅ ਹੈ।

ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥ ੧ ॥

ਕਈ ਤਰ੍ਹਾਂ ਦੇ ਪਰਪੰਚ=ਵਲ ਛਲ ਕਰਕੇ ਆਪਣਾ ਉਦਰ=ਪੇਟ ਪੋਖਿਓ=ਭਰਿਆ ਹੈ, ਅਤੇ ਪਸ਼ੂ ਦੀ ਨਿਆਈ ਸੋਇਓ=ਸੌਂ ਰਿਹਾ ਹੈਂ॥ ੧ ॥

ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ॥

ਰਾਮ ਦੇ ਸਿਮਰਨ ਕਰਨ ਦੀ ਗਤਿ=ਯੁਕਤੀ ਜਾਣੀ ਨਹੀਂ ਹੈ, ਅਤੇ ਮਾਇਆ ਦੇ ਹੱਥ ਵਿਚ ਵਿਕ ਚੁੱਕਾ ਹੈਂ। ਅਰਥਾਤ ਮਾਇਆ ਵਾਸਤੇ ਧਨਾਢਾਂ ਦਾ ਸੇਵਕ ਬਣ ਰਿਹਾ ਹੈਂ।

ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ॥ ੨॥

ਇਹ ਬਉਰਾ=ਝੱਲਾ ਜੀਵ ਬਿਖਿਅਨ=ਵਿਸ਼ਿਆਂ ਸੰਗਿ=ਨਾਲ ਉਰਝਿ=ਫਸ ਰਿਹਾ ਹੈ, ਅਤੇ ਰਤਨ ਰੂਪ ਨਾਮ ਨੂੰ ਬਿਸਰਾਨਾ=ਭੁਲਾ ਬੈਠਾ ਹੈ॥ ੨॥

ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ॥

ਅਚੇਤੁ=ਅਗਿਆਤ ਹੋ ਰਿਹਾ ਹੈ, ਕਦੇ ਭੀ ਗੋਬਿੰਦ ਦਾ ਸਿਮਰਨ ਨਹੀਂ ਕੀਤਾ, ਆਪਣੀ ਸਾਰੀ ਅਉਧ=ਉਮਰਾ ਵਿਅਰਥ ਸਿਰਾਨੀ=ਬਿਤਾ ਲਈ ਹੈ।

ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ॥ ੩॥ ੧੦॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ! ਤੁਸੀਂ ਆਪਣਾ "ਪਤਿਤ ਪਾਵਨ" ਬਿਰਦ ਪਛਾਣੋ ਤੇ ਇਸ ਨੂੰ ਤਾਰ ਲਵੋ, ਇਹ ਪ੍ਰਾਣੀ ਤਾਂ ਸਦਾ ਹੀ ਭੁੱਲੇ ਫਿਰਦੇ ਹਨ। ਵਾ:-ਭੁੱਲਾਂ ਕਰਦੇ ਹਨ॥ ੩॥ ੧੦॥

ਸੋਰਠਿ ਮਹਲਾ ੯॥

ਕਿਸੀ ਸਿੱਖ ਨੇ ਬੇਨਤੀ ਕੀਤੀ ਆਪ ਗਿਆਨਵਾਨਾਂ ਦੀ ਅਵਸਥਾ ਸੁਣਾਓ ? ਗੁਰੂ ਜੀ ਆਖਦੇ ਹਨ-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥

ਜੋ ਪੁਰਸ਼ ਦੁੱਖ ਦੇ ਸਮੇਂ ਦੁੱਖ ਨੂੰ ਦੁੱਖ ਕਰਕੇ ਨਹੀਂ ਮਾਨੈ=ਮੰਨਦਾ।

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ ਰਹਾਉ॥

ਸੁਖਾਂ ਨਾਲ ਸਨੇਹੁ=ਪਿਆਰ ਨਹੀਂ ਰੱਖਦਾ, ਅਤੇ ਜਿਸਨੂੰ ਕਿਸੇ ਦਾ ਭੈ=ਡਰ ਨਹੀਂ ਹੈ, ਕੰਚਨ=ਸੋਨੇ ਤੇ ਮਾਟੀ=ਮਿੱਟੀ ਨੂੰ ਇੱਕੋ ਜੇਹਾ ਮੰਨਦਾ ਹੈ॥ ੧॥ ਰਹਾਉ॥

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥

ਜਿਸ ਦੇ ਮਨ ਵਿਚ ਨਾ ਤੇ ਨਿੰਦਿਆ ਹੈ, ਨਾ ਹੀ ਉਸਤਤੀ ਹੈ, ਅਤੇ ਲੋਭ, ਮੋਹ ਤੇ ਅਭਿਮਾਨ ਨਹੀਂ ਹੈ।

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥

ਹਰਖ ਸੋਗ ਤੋਂ ਨਿਰਾਲਾ ਰਹਿੰਦਾ ਹੈ, ਅਤੇ ਮਾਨ=ਆਦਰ, ਅਪਮਾਨਾ=ਨਿਰਾਦਰ ਭੀ ਨਹੀਂ ਜਾਣਦਾ ਹੈ॥ ੧॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥

ਮਨਸਾ=ਬੁੱਧੀ ਵਿਚੋਂ ਸਭ ਪਦਾਰਥਾਂ ਦੀ ਆਸਾ ਤਿਆਗਦਾ ਹੈ, ਅਤੇ ਸੰਸਾਰ ਤੋਂ ਨਿਰਾਸ ਹੋ ਕੇ ਰਹਿੰਦਾ ਹੈ।

(ਪੰਨਾ ੬੩੪)

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥

ਕਾਮ ਕ੍ਰੋਧ ਆਦਿਕ ਵਿਕਾਰ ਜਿਸ ਨੂੰ ਪਰਸੈ=ਸਪਰਸ਼ ਨਹੀਂ ਕਰਦੇ, ਉਸ ਪੁਰਸ਼ ਦੇ ਹਿਰਦੇ ਵਿਚ ਬ੍ਰਹਮ ਦਾ ਨਿਵਾਸ ਹੈ। ਭਾਵ ਉਸ ਨੂੰ ਬ੍ਰਹਮ ਦੀ ਸਾਖਿਆਤਕਾਰੀ ਹੁੰਦੀ ਹੈ॥ ੨ ॥

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥

ਜਿਸ ਮਨੁੱਖ ਕਉ=ਉੱਪਰ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਤਿਸ ਪੁਰਸ਼ ਨੇ ਇਹ ਯੁਕਤੀ ਪਹਿਚਾਨੀ ਹੈ, ਕਿ ਦ੍ਵੰਦ ਵਾਦ ਰੂਪ ਪਦਾਰਥ ਇਕ ਸਮਾਨ ਹਨ।

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ, ਉਹ ਪੁਰਸ਼ ਗੋਬਿੰਦ ਨਾਲ ਇਸ ਤਰ੍ਹਾਂ ਲੀਨ ਹੋਇਆ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ॥ ੩ ॥ ੧੧ ॥

ਸੋਰਠਿ ਮਹਲਾ ੯ ॥ ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥

ਹੇ ਪਿਆਰੇ ਪ੍ਰੀਤਮ ! ਮਨ ਵਿਚ ਇਸ ਤਰ੍ਹਾਂ ਜਾਣ ਲੈਣਾ ਕਰ।

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥ ੧ ॥ ਰਹਾਉ ॥

ਆਪਣੇ ਸੁਖਾਂ ਨਾਲ ਹੀ ਸਾਰਾ ਜਗਤ ਫਸਿਆ ਹੋਇਆ ਹੈ, ਅਸਲ ਵਿਚ ਕੋਈ ਕਿਸੇ ਦਾ ਸਹਾਇਕ ਨਹੀਂ ਹੈ॥ ੧ ॥ ਰਹਾਉ ॥

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥

ਸੁਖਾਂ ਵਿਚ ਬਹੁਤ ਸਾਰੇ ਆ ਕੇ ਮਿਲ ਬੈਠਦੇ ਹਨ, ਅਤੇ ਚੌਹੀਂ ਪਾਸੀਂ ਘੇਰਾ ਪਾਕੇ ਖੜ੍ਹੇ ਰਹਿੰਦੇ ਹਨ।

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥ ੧ ॥

ਜਦੋਂ ਜੀਵ ਨੂੰ ਬਿਪਤਾ ਪੈ ਜਾਂਦੀ ਹੈ, ਤਾਂ ਸਾਰੇ ਹੀ ਇਸ ਦਾ ਸੰਗ ਛੱਡ ਜਾਂਦੇ ਹਨ, ਉਸ ਵੇਲੇ ਕੋਈ ਭੀ ਸਹਾਇਤਾ ਲਈ ਨੇੜੇ ਨਹੀਂ ਆਉਂਦਾ॥ ੧ ॥

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥

ਘਰ ਦੀ ਨਾਰਿ=ਇਸਤ੍ਰੀ ਜਾ ਸਿਉ=ਜਿਸ ਨਾਲ ਬਹੁਤਾ ਹਿਤੁ=ਪ੍ਰੇਮ ਸੀ, ਅਤੇ ਜੋ ਸਦਾ ਹੀ ਨਾਲ ਲੱਗੀ ਰਹਿੰਦੀ ਸੀ।

ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥ ੨ ॥

ਜਿਸ ਵੇਲੇ ਹੰਸ=ਜੀਵ ਨੇ ਇਹ ਦੇਹ ਤਿਆਗ ਦਿੱਤੀ, ਤਾਂ ਉਹ ਇਸਤ੍ਰੀ ਭੀ ਪ੍ਰੇਤ ਪ੍ਰੇਤ ਕਰਕੇ ਪਰੇ ਭਾਗੀ=ਦੌੜ ਜਾਂਦੀ ਹੈ॥ ੨ ॥

ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥

ਜਗਤ ਦਾ, ਵਾ:-ਸਬੰਧੀਆਂ ਦਾ ਵਿਹਾਰ ਇਸ ਵਿਧੀ ਦਾ ਬਣਿਆਂ ਹੋਇਆ ਹੈ, ਜਿਨ੍ਹਾਂ ਨਾਲ ਤੁਸਾਂ ਨੇ ਨੇਹੁ=ਪ੍ਰੇਮ ਲਗਾਇਆ ਹੋਇਆ ਹੈ।

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩ ॥੧੨ ॥੧੩੯ ॥

ਗੁਰੂ ਜੀ ਕਥਨ ਕਰਦੇ ਹਨ, ਅੰਤਮ ਸਮੇਂ ਹਰਿ ਜੀ ਤੋਂ ਬਿਨਾਂ ਹੋਰ ਕੋਈ ਭੀ ਕੰਮ ਨਹੀਂ ਆਉਂਦਾ ॥ ੩ ॥ ੧੨ ॥ ੧੩੯ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ	੧੨	ਸ੍ਰੀ ਗੁਰੂ ਅਮਰਦਾਸ ਜੀ ਦੇ ਸ਼ਬਦ	੧੨
ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦ	੯	ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ	੯੪
ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ	੧੨		

ਸੋਰਠਿ ਰਾਗੁ ਵਿਚ ਕੁੱਲ ਸ਼ਬਦਾਂ ਦਾ ਜੋੜ ਇੱਥੋਂ ਤੱਕ ੧੩੯ ਹੈ।

ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ

ੴ ਸਤਿਗੁਰ ਪ੍ਰਸਾਦਿ ॥

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥

ਗੁਰੂ ਜੀ ਕਥਨ ਕਰਦੇ ਹਨ, ਦੁਬਿਧਾ ਸਬੰਧੀ ਗ੍ਰੰਥਾਂ ਨੂੰ ਮੈਂ ਨਹੀਂ ਪੜ੍ਹਦਾ ਹਰੀ ਤੋਂ ਬਿਨਾਂ ਹੋਰ ਦੇਵੀ ਦੇਵਤਿਆਂ ਨੂੰ ਨਹੀਂ ਪੂਜਦਾ; ਅਤੇ ਮੜ੍ਹੀਆਂ , ਮਸਾਦਾਂ ਦੇ ਵਿਚ ਭੀ ਨਹੀਂ ਜਾਂਦਾ ਹਾਂ।

ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥

ਪਦਾਰਥਾਂ ਦੀ ਤ੍ਰਿਸ਼ਨਾਂ ਵਿਚ ਤਦਾਕਾਰ ਹੋ ਕੇ ਪ੍ਰਤੱਖ ਪਰਾਏ ਘਰਾਂ ਵਿਚ, ਵਾ:-ਦੇਵੀ ਦੇਵਤਿਆਂ ਦੀ, ਭੂਤਾਂ ਪ੍ਰੇਤਾਂ ਦੀ, ਉਪਾਸ਼ਨਾਂ ਰੂਪ ਪਰਾਏ ਘਰਾਂ ਵਿਚ ਨਹੀਂ ਜਾਂਦਾ ਹਾਂ, ਵਾਹਿਗੁਰੂ ਨਾਮ ਨੇ ਅਸਾਡੀ ਤ੍ਰਿਸ਼ਨਾ ਬੁਝਾ ਦਿੱਤੀ ਹੈ।

ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥

ਅੰਨਵੇਂ! ਮਨ ਵਿਚ ਪ੍ਰੀਤੀ ਕਰਨੀ ਭਾਈ ਤੇ ਸਹਜਿ ਰਤੇ=ਗਿਆਨ ਵਿਚ ਤਦਾਕਾਰ ਹੋਏ, ਤਾਂ ਸਰੀਰ ਘਰ ਦੇ ਵਿਚ ਹੀ ਗੁਰਾਂ ਨੇ ਸਰੂਪ ਘਰ ਵਿਖਾ ਦਿੱਤਾ ।

ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥ ੧ ॥

ਹੇ ਪਰਮੇਸ਼ਰ ! ਅੰਦਰ ਦੀ ਗੱਲ ਜਾਨਣੇ ਨੂੰ ਤੂੰ ਆਪ ਹੀ ਦਾਨਾ=ਦਨਾਅ ਹੈਂ, ਬਾਹਰਲੀ ਗੱਲ-ਬਾਤ ਜਾਨਣ ਤੂੰ ਆਪ ਹੀ ਬੀਨਾ=ਦ੍ਰਿਸ਼ਟਾ ਹੈਂ, ਜੋ ਮਤੀ ਤੂੰ ਦੇਂਦਾ ਹੈਂ ਸਾਈ=ਓਹੀ ਮਤੀ ਪ੍ਰਾਪਤ ਹੁੰਦੀ ਹੈ॥ ੧ ॥

ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ॥

ਵੈਰਾਗੀਆਂ ਦੀ ਨਿਆਈਂ ਮਨ ਵੈਰਾਗ ਵਿਚ ਰੱਤਾ ਹੈ, ਵਾ:-ਪ੍ਰੇਮੀਆਂ ਦੀ ਨਿਆਈਂ ਮਨ-ਪ੍ਰੇਮ ਵਿਚ ਰੱਤਾ ਹੈ, ਹੇ ਮੇਰੇ ਭਾਈ ! ਗੁਰਾਂ ਦੇ ਉਪਦੇਸ਼ ਵਿਚ ਮਨ ਤਦਾਕਾਰ ਹੋਇਆ ਹੈ।

ਅਥਵਾ:-ਗੁਰ -ਉਪਦੇਸ਼ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਬੇਧਿਆ=ਵਿੰਨ੍ਹ ਦਿੱਤਾ ਹੈ।

ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ॥ ਰਹਾਉ॥

ਨਿਰੰਤਰਿ=ਇੱਕ-ਰਸ ਸਾਰਿਆਂ ਦੇ ਅੰਦਰ ਜੋ ਜੋਤੀ ਪਰਮਾਤਮਾ ਬਾਣੀ=ਬਣ ਰਿਹਾ ਹੈ-ਉਸ ਸੱਚੇ ਸਾਹਿਬ ਨਾਲ ਲਿਵ=ਬਿਰਤੀ ਲਗਾਈ ਹੈ। ਅਥਵਾ:-ਸਭ ਦੇ ਅੰਦਰ ਜੋ ਜੋਤੀ ਹੈ, ਗੁਰਾਂ ਦੀ ਬਾਣੀ ਦੁਆਰੇ ਨਿਰੰਤਰਿ=ਇੱਕ ਰਸ ਉਸ ਸ਼ੱਚੇ ਸਾਹਿਬ ਦੇ ਨਾਲ ਚਿੱਤ ਦੀ ਬਿਰਤੀ ਲਗਾਈ ਹੈ।

ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ॥

ਅਸੰਖ=ਅਨ-ਗਿਣਤ ਬੈਰਾਗੀ=ਵੈਰਾਗੀ, ਵਾ:-ਪ੍ਰੇਮੀ ਪੁਰਸ਼ ਵੈਰਾਗ, ਵਾ:-ਪ੍ਰੇਮ ਨੂੰ ਸਭ ਤੋਂ ਉੱਚਾ ਕਹਿੰਦੇ ਹਨ; ਪਰ ਅਸਲੀ ਬੈਰਾਗੀ=ਵੈਰਾਗਵਾਨ, ਵਾ:-ਪ੍ਰੇਮੀ ਉਹ ਹੈ, ਜਿਹੜਾ ਖਸਮੈ=ਮਾਲਕ ਵਾਹਿਗੁਰੂ ਨੂੰ ਭਾਵੈ=ਭਾਉਂਦਾ ਹੈ।

ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ॥

ਵਾਹਿਗੁਰੂ ਦੇ ਭੈ=ਡਰ ਵਿਚ ਰਚਿਆ ਹੋਇਆ ਸਦੀਵਕਾਲ ਹਿਰਦੇ ਵਿਚ ਗੁਰ-ਉਪਦੇਸ਼ ਨੂੰ ਧਾਰਕੇ ਗਰਾਂ ਦੀ ਦੱਸੀ ਹੋਈ ਕਾਰ ਨੂੰ ਕਮਾਉਣਾ ਕਰੇ।

ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ॥

ਇੱਕ ਪਰਮਾਤਮਾ ਨੂੰ ਚੇਤੇ=ਯਾਦ ਕਰੇ, ਮਨ ਨੂੰ ਨਾ ਡੋਲੈ=ਡੋਲਾਵੇ, ਮਨ ਧਾਵਤੁ=ਧਾਂਵਦੇ ਨੂੰ ਵਰਜਿ=ਰੋਕ ਰਹਾਵੈ=ਰੱਖੇ।

ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ॥ ੨॥

ਸਦੀਵ ਕਾਲ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਸੱਚੇ ਵਾਹਿਗੁਰੂ ਦੇ ਗੁਣਾਂ ਨੂੰ ਗਾਵੇ, ਤਾਂ ਸਹਜੇ=ਗਿਆਨ ਵਿਚ ਮਾਤਾ=ਮਸਤ ਹੁੰਦਾ ਹੈ॥ ੨॥

ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ॥

ਹੇ ਭਾਈ ! ਪੌਣ ਦੀ ਨਿਆਈਂ ਚੰਚਲ ਜੋ ਮਨ ਹੈ, ਜੇਕਰ ਬਿੰਦੁ=ਰੰਚਕ ਮਾਤ੍ਰ ਵੀ ਸੁਖਵਾਸੀ=ਪਰਮਾਤਮਾ ਦੇ ਨਾਮ ਵਿਚ ਵਸੈ=ਵਸ ਜਾਵੇ ਤਾਂ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ॥

ਅਸਾਡੇ ਜਿਹਵਾ, ਨੇਤ੍ਰ=ਅੱਖਾਂ, ਸੋਤ੍ਰ=ਕੰਨ ਆਦਿਕ ਸਭ ਇੰਦ੍ਰੇ ਸੱਚੇ ਨਾਮ ਵਿਚ ਰੱਤੇ ਹੋਏ ਹਨ, ਹੇ ਵਾਹਿਗੁਰੂ ! ਜਦ ਤੁਝਹਿ=ਆਪ ਨੇ ਨਾਮ-ਜਲ ਪਾ ਕੇ ਬੁਝਾਈ, ਤਾਂ ਅਸਾਡੀ ਜਲਿ=ਜਲਨਤਾ ਬੂਝੀ=ਬੁਝ ਗਈ।

ਅਥਵਾ:-ਆਪ ਨੇ ਜਦ ਸ਼ੁਭ ਸਿੱਖਿਆ ਬੁਝਾਈ=ਸਮਝਾਈ ਤਾਂ ਜਲਿ=ਜਲਨਤਾ ਬੂਝੀ=ਬੁਝ ਗਈ।

ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ॥

ਜੋ ਬੈਰਾਗੀ=ਪ੍ਰੇਮੀ ਪਦਾਰਥਾਂ ਦੀ ਆਸਾ ਵੱਲੋਂ ਨਿਰਾਸ ਰਹਿੰਦਾ ਹੈ, ਉਸ ਨੇ ਸਰੂਪ ਰੂਪੀ ਨਿਜ ਘਰ ਵਿਚ ਤਾੜੀ=ਸਮਾਧੀ ਲਗਾਈ ਹੈ।

ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ॥ ੩॥

ਜੋ ਸੰਤੋਖੀ ਪੁਰਸ਼ ਨਾਮ ਰੂਪ ਭਿੱਖਿਆ ਛਕ ਕੇ ਰਜੇ=ਤ੍ਰਿਪਤ ਹੋਏ ਹਨ, ਉਹ ਸਹਜੇ ਹੀ ਆਪ ਨਾਮ-ਅੰਮ੍ਰਿਤ ਪੀਂਦੇ ਹਨ, ਤੇ ਹੋਰਨਾਂ ਨੂੰ ਪੀਆਈ=ਪਿਲਾਉਂਦੇ ਹਨ॥ ੩॥

ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ॥

ਦੁਬਿਧਾ ਵਿਚ ਰਹਿਣ ਕਰਕੇ ਪੂਰਨ ਵੈਰਾਗ ਨਹੀਂ ਹੁੰਦਾ, ਜਦ ਤੱਕ ਰਾਈ ਮਾਤ੍ਰ ਵੀ ਦ੍ਵੈਤ ਭਾਵਨਾ ਹੈ, ਵਾ:-ਜਦ ਤੱਕ ਦੂਜੀ=ਦ੍ਵੈਤ ਭਾਵਨਾ ਵਿਚ ਰਾਈ=ਰਲ ਰਿਹਾ ਹੈ, ਵਾ:-ਰਾਈ=ਬੀਜ ਰਿਹਾ ਹੈ।

ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ॥

ਹੇ ਵਾਹਿਗੁਰੂ ! ਸਾਰਾ ਜਗਤ ਤੇਰਾ ਉਤਪੰਨ ਕੀਤਾ ਹੋਇਆ ਹੈ, ਤੇ ਸਭਨਾਂ ਦਾ ਦਾਤਾ ਇੱਕ ਤੂੰਹੀਂ ਹੈਂ, ਆਪ ਤੋਂ ਬਿਨਾਂ ਅਸਾਨੂੰ ਹੋਰ ਕੋਈ ਦੂਜਾ ਭਾਉਂਦਾ ਨਹੀਂ ਹੈ।

ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ॥

ਮਨਮੁਖ ਪਰਸ਼ ਮਨਮੁੱਖਤਾ ਕਰਕੇ ਸਦੀਵ ਕਾਲ ਦੁੱਖਾਂ ਵਿਚ ਨਿਵਾਸ ਕਰਦੇ ਹਨ, ਤੇ ਗੁਰਮੁਖਾਂ ਨੂੰ ਆਪ ਨਾਮ ਵਡਿਆਈ ਦੇਂਦੇ ਹੋ।

ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ॥ ੪॥

ਅਪਰ ਜੋ ਬ੍ਰਹਮਾ ਆਦਿਕ ਹਨ, ਉਨ੍ਹਾਂ ਕਰਕੇ ਆਪ ਅਪਾਰ=ਬਿਅੰਤ ਹੋ, ਮਨ ਕਰਕੇ ਅਗੰਮ, ਇੰਦ੍ਰੀਆਂ ਕਰਕੇ ਆਪ ਅਗੋਚਰ ਹੈ, ਮੂੰਹ ਨਾਲ ਕਹਿਣੇ ਕਰਕੇ ਆਪ ਦੀ ਕੀਮ=ਕੀਮਤ ਨਹੀਂ ਪਾਈ ਜਾਂਦੀ॥ ੪॥

ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ॥

ਤਿੰਨਾਂ ਭੁਵਨਾਂ ਦਾ ਪਤਿ=ਪਤੀ ਜਿਸ ਦਾ ਨਾਮ ਹੈ, ਤੇ ਜੋ ਮਹਾਂ ਪਰਮਾਰਥ ਰੂਪ ਹੈ, ਉਸ ਸੁੰਨ=ਅਫੁਰ ਵਿਚ ਗੁਰਮੁਖਾਂ ਦੀ ਸਮਾਧੀ ਲੱਗੀ ਹੈ।

ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ॥

ਜਗਿ ਜੋਨੀ=ਜਗਤ ਦਾ ਕਾਰਨ ਰੂਪ ਜੋ ਬ੍ਰਹਮਾ, ਅਥਵਾ:-ਪਰਮੇਸ਼ਰ ਹੈ, ਉਸ ਨੇ ਜੀਵਾਂ ਦੇ ਮਸਤਕਿ=ਮੱਥੇ ਉੱਪਰ ਜੈਸਾ ਜੈਸਾ ਲੇਖ ਲਿਖਿਆ ਹੈ, ਤੈਸੇ ਹੀ ਜੀਵ ਸਿਰ-ਬਸਿਰ ਦੁੱਖ ਸੁਖ ਨੂੰ ਸਹਾਮੰ=ਸਹਾਰਦੇ ਹਨ।

ਅਥਵਾ:-ਮਸਤਕਿ=ਮੱਥੇ ਦੇ ਲੇਖਾਂ ਅਨੁਸਾਰ ਜਗਤ ਵਿਚ ਜੋ ਜੀਵ ਜੋਨੀ=ਉਤਪੰਨ ਹੋ ਰਹੇ ਹਨ, ਉਹ ਲੇਖਾ ਅਨੁਸਾਰ ਸਿਰ-ਬਸਿਹ ਦੁੱਖ ਸੁਖ ਨੂੰ ਸਹਾਮੰ=ਸਹਾਰਦੇ ਹਨ।

ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ॥

ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ॥ ੫॥

ਉਹ ਪਰਮੇਸ਼ਰ ਸਮਾਨ ਕਰਮ ਤੇ ਵਿਸ਼ੇਸ਼ ਕਰਮ ਆਪ ਹੀ ਕਰਾਉਂਦਾ ਹੈ, ਅਤੇ ਆਪ ਹੀ ਭਗਤਾਂ ਨੂੰ ਭਗਤੀ ਦ੍ਰਿੜ੍ਹ ਕਰਾਉਂਦਾ ਹੈ। ਮਨਮੁਖਾਂ ਦੇ ਮਨ ਵਿਚ ਤੇ ਮੂੰਹ ਵਿਚ ਜੋ ਜੂਠਿ=ਅਪਵਿੱਤ੍ਰਤਾ ਹੈ ਉਹ ਵਾਹਿਗੁਰੂ ਦੇ ਭੈ=ਡਰ ਮਾਨੰ=ਮੰਨਣੇ ਕਰਕੇ ਲਹੈ=ਲਹਿ ਜਾਂਦੀ ਹੈ, ਉਹ ਆਪ ਹੀ ਅਗਮ ਰੂਪ ਪਰਮਾਤਮਾ ਗਿਆਨ ਸਰੂਪ ਹੈ। ਅਥਵਾ:-ਆਪਣਾ ਆਪ ਜੋ ਅਗੰਮ ਹੈ, ਤਿਸ ਨੂੰ ਗਿਆਨ=ਜਾਣ ਲੈਂਦਾ ਹੈ॥ ੫॥ ਨੋਟ:-''ਮਨਿਮੁਖਿ'' ਪਾਠ ਇਕੱਠਾ ਹੈ ਜੀ। **(ਪੰਨਾ ੬੩੫)**

ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ॥

ਜਿਨ੍ਹਾਂ ਨੇ ਨਾਮ-ਰਸ ਚਖਿਆ ਹੈ, ਓਹੀ ਉਸ ਦੇ ਸ੍ਵਾਦ ਨੂੰ ਜਾਣਦੇ ਹਨ, ਜਿਵੇਂ ਗੁੰਗੇ ਦੀ ਜਿਹਵਾ ਮਿਠਿਆਈ ਨੂੰ ਖਾ ਕੇ ਉਸ ਦੇ ਅਨੰਦ ਨੂੰ ਕਹਿ ਨਹੀਂ ਸਕਦੀ, ਤਿਵੇਂ ਨਾਮ ਦਾ ਆਨੰਦ ਕਿਹਾ ਨਹੀਂ ਜਾਂਦਾ।

ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ॥

ਹੇ ਭਾਈ ! ਅਕੱਥ ਪ੍ਰਭੂ ਦਾ ਕੀ ਕਥਨ ਕਰੀਏ ਉਹ ਬੇਅੰਤ ਹੈ, ਉਸ ਦੀ ਰਜਾਈ=ਆਗਿਆ ਵਿਚ ਸਦਾ ਚੱਲਣਾ ਕਰੋ।

ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ॥

ਦਾਤਾ=ਪਰਮੇਸ਼ਰ ਗੁਰਾਂ ਨਾਲ ਮੇਲੇ ਤਾਂ ਹੀ ਸ੍ਰੇਸ਼ਟ ਮਤੀ ਦੀ ਪ੍ਰਾਪਤੀ ਹੁੰਦੀ ਹੈ, ਨਿਗੁਰੇ ਪੁਰਸ਼ ਵਿਚ ਕੋਈ ਭੀ ਸ੍ਰੇਸ਼ਟ ਮਤੀ ਨਹੀਂ।

ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ॥ ੬॥

ਹੇ ਭਾਈ ! ਜਿਵੇਂ ਉਹ ਪਰਮੇਸ਼ਰ ਚਲਾਉਂਦਾ ਹੈ, ਤਿਵੇਂ ਕੋਈ ਚਾਲਹ=ਚਲਦਾ ਹੈ, ਹੋਰ ਆਪਣੇ ਆਪ ਕੋਈ ਕੀ ਚਤੁਰਾਈ ਕਰ ਸਕਦਾ ਹੈ॥ ੬॥

ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ॥

ਇੱਕ ਪੁਰਸ਼ ਤੈਨੇ ਭਰਮ ਵਿਚ ਭੁਲਾਏ ਹਨ, ਅਤੇ ਇੱਕ ਭਗਤੀ ਵਿਚ ਰੱਤੇ ਹੋਏ ਹਨ, ਇਹ ਤੇਰਾ ਖੇਲੁ ਅਪਾਰਾ=ਬਿਅੰਤ ਹੈ।

ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ॥

ਜਿਸ ਤਰਫ ਆਪ ਜੀ ਨੇ ਪ੍ਰੇਰਕੇ ਲਗਾਇਆ ਹੈ, ਤੇਹੋ ਜੇਹਾ ਤਿਸ ਨੇ ਫਲ ਪਾਇਆ ਹੈ; ਤੂੰ ਸਭਨਾ ਨੂੰ ਆਪਣੇ ਹੁਕਮਿ=ਹੁਕਮ ਵਿਚ ਚਲਾਉਣ ਵਾਲਾ ਹੈਂ।

ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ॥

ਮੈਂ ਆਪ ਜੀ ਦੀ ਸੇਵਾ ਤਦ ਕਰੀ=ਕਰਾਂ ਜੇ ਕੁਛ ਆਪਣਾ ਹੋਵੇ; ਇਹ ਜੀਅ ਪਿੰਡ ਆਦਿਕ ਸਭ ਆਪ ਜੀ ਦਾ ਦਿੱਤਾ ਹੋਇਆ ਹੈ।

ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ॥ ੭॥

ਜਦ ਆਪ ਨੇ ਕਿਰਪਾ ਕੀਤੀ ਤਾਂ ਸਤਿਗੁਰ ਦੇਵ ਜੀ ਮਿਲੇ, ਤਦ ਹੀ ਨਾਮ-ਅੰਮ੍ਰਿਤ ਦਾ ਅਧਾਰਾ= ਆਸਰਾ ਗ੍ਰਹਿਣ ਕੀਤਾ॥ ੭॥

ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ॥

ਗਗਨ+ਅੰਤਰਿ=ਅਕਾਸ਼ ਆਦਿਕਾਂ ਦੇ ਅੰਦਰ ਜੋ ਪਰਮੇਸ਼ਰ ਵਸਿਆ=ਵਸ ਰਿਹਾ ਹੈ, ਅਥਵਾ:-ਅਕਾਸ਼ ਆਦਿਕ ਪੰਜਾਂ ਤੱਤਾਂ ਤੋਂ ਸੰਸਾਰ ਨੂੰ ਰਚਕੇ, ਜੋ ਇਸ ਸੰਸਾਰ ਦੇ ਅੰਦਰ ਵਸ ਰਿਹਾ ਹੈ, ਉਸ ਪਰਮੇਸ਼ਰ ਦੇ ਗੁਣਾਂ ਨੂੰ ਪਰਗਾਸਿਆ=ਉਚਾਰਿਆ, ਪ੍ਰਸ਼ਨ, ''ਕੇਹੜੇ ਗੁਣਾਂ ਨੂੰ ਉਚਾਰਿਆ?''

ਉੱਤਰ:-ਜਿਨ੍ਹਾਂ ਗੁਣਾਂ ਵਿਚ ਗਿਆਨ ਧਿਆਨ ਦੀ ਪ੍ਰਾਪਤੀ ਹੈ।

ਅਥਵਾ:- ਜਿਨ੍ਹਾਂ ਗੁਣਾਂ ਵਿਚ ਗਿਆਨ ਧਿਆਨ ਦੀ ਪ੍ਰਾਪਤੀ ਹੁੰਦੀ ਹੈ, ਜਦ ਉਨ੍ਹਾਂ ਗੁਣਾਂ ਨੂੰ ਪਰਗਾਸਿਆ=ਉਚਾਰਿਆ, ਤਾਂ ਗਗਨ+ਅੰਤਰਿ ਵਾਸਿਆ=ਚੇਤਨ ਦੇਵ ਦੇ ਅੰਦਰ ਵਸ ਗਿਆ।

ਅਥਵਾ:-ਹਿਰਦੇ ਅੰਦਰ ਚੇਤਨ ਦੇਵ ਨੂੰ ਵਸਿਆ ਹੋਇਆ ਨਿਸਚੇ ਕੀਤਾ।

ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ॥

ਜਿਸ ਦੇ ਮਨ ਵਿਚ ਵਾਹਿਗੁਰੂ ਨਾਮ ਭਾਂਵਦਾ ਹੈ, ਉਹ ਆਪ ਕਹਿੰਦਾ ਤੇ ਹੋਰਨਾਂ ਪਾਸੋਂ ਕਹਾਉਂਦਾ ਹੈ, ਅਤੇ ਉਹ ਤੱਤ ਹੀ ਤੱਤ ਨੂੰ ਭਾਵ ਸਿਧਾਂਤ ਹੀ ਸਿਧਾਂਤ ਨੂੰ ਕਥਨ ਕਰਦਾ ਹੈ।

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ॥ ੮॥ ੧॥

ਗੁਰ ਪੀਰਾਂ ਦਾ ਸ਼ਬਦ ਹੀ ਗਹਿਰ ਗੰਭੀਰ (ਪਰਮੇਸ਼ਰ) ਦੀ ਪ੍ਰਾਪਤੀ ਕਰਨ ਵਾਲਾ ਹੈ, ਗੁਰ-ਉਪਦੇਸ਼ ਤੋਂ ਬਿਨਾਂ ਸਾਰਾ ਜਗਤ ਹੀ ਬਉਰਾਨੰ=ਝੱਲਾ ਹੋ ਰਿਹਾ ਹੈ। ਪੂਰਨ ਵੈਰਾਗੀ ਵੀ ਓਹੀ ਹੈ, ਅਤੇ ਸਹਜੇ ਸੁਭਾਗੀ=ਸ੍ਰੇਸ਼ਟ ਭਾਗਾਂ ਵਾਲਾ ਭੀ ਓਹੀ ਹੈ, ਜਿਸ ਨੇ ਸੱਚੇ-ਨਾਮ ਨੂੰ ਮਨ ਵਿਚ ਮੰਨਣ ਕੀਤਾ ਹੈ॥ ੮॥ ੧॥

ਸੋਰਠਿ ਮਹਲਾ ੧ ਤਿਤੁਕੀ॥

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥

ਹੇ ਭਾਈ ! ਇਸ ਲੋਕ ਦੀ ਆਸਾ ਤੇ ਪ੍ਰਲੋਕ ਦੀ ਮਨਸਾ, ਵਾ:-ਮਨਸਾ=ਬੁੱਧੀ ਦੀ ਜੋ ਆਸਾ ਹੈ, ਏਹੀ ਬੰਧਨੀ=ਰੱਸੀਆਂ ਹਨ, ਅਤੇ ਕਰਮ ਧਰਮ ਬੰਧਕਾਰੀ=ਬੰਨ੍ਹ ਪਾਉਣ ਵਾਲੇ ਹਨ। ਹੇ ਭਾਈ ! ਪਾਪਾਂ-ਪੁੰਨਾਂ ਦੁਆਰੇ ਸਾਰੇ ਜਗਤ ਨੂੰ ਉਤਪੰਨ ਕੀਤਾ ਹੈ। ਵਾ:-ਪਾਪਾਂ ਪੁੰਨਾਂ ਨੇ ਹੀ ਸਾਰੇ ਜਗਤ ਨੂੰ ਉਤਪੰਨ ਕੀਤਾ ਹੈ, ਤੇ ਏਹ ਜੀਵ ਵਾਹਿਗੁਰੂ ਨਾਮ ਨੂੰ ਭੁਲਾ ਕੇ ਬਿਨਸੈ=ਨਾਸ ਹੋ ਰਿਹਾ ਹੈ।

ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥ ੧ ॥

ਇਹ ਮਾਇਆ ਹੀ ਜਗਤ ਵਿਚ ਸਭ ਦੇ ਮੋਹਣੇ ਵਾਲੀ ਹੈ, ਇਸ ਦੇ ਪ੍ਰਭਾਵ ਕਰਕੇ ਇਹ ਜੀਵ ਸਭ ਵਿਕਾਰ ਰੂਪ ਕਰਮਾਂ ਨੂੰ ਕਰਦੇ ਹਨ॥ ੧ ॥

ਸੁਣਿ ਪੰਡਿਤ ਕਰਮਾ ਕਾਰੀ॥

ਹੇ ਕਰਮਾਂ ਦੇ ਕਾਰੀ=ਕਰਨ ਵਾਲੇ ਪੰਡਿਤ ! ਤੂੰ ਸੁਣਨਾ ਕਰ, ਤੈਨੂੰ ਚਾਹੀਦਾ ਹੈ ਕਿ ਕਾਰੀ=ਔਸ਼ਧੀ ਰੂਪ ਜੋ ਕਰਮ ਹਨ, ਉਨ੍ਹਾਂ ਨੂੰ ਕਰ।

ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥ ਰਹਾਉ॥

ਹੇ ਭਾਈ ! ਜਿਸ ਕਰਮ ਦੇ ਕਰਨ ਨਾਲ ਸੁਖ ਊਪਜੈ=ਪੈਦਾ ਹੋਵੇ, ਸੋ ਆਤਮ ਤੱਤ ਦੇ ਵਿਚਾਰਨੇ ਰੂਪੀ ਕਰਮ ਨੂੰ ਕਰ॥ ਰਹਾਉ॥

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥

ਹੇ ਭਾਈ ! ਖਲ੍ਹੋ ਕੇ ਤਾਂ, ਤੂੰ ਸ਼ਾਸਤ੍ਰ ਤੇ ਵੇਦਾਂ ਨੂੰ ਬਕੈ=ਉਚਾਰਦਾ ਹੈਂ, ਅਤੇ ਕਰਮ ਤੂੰ ਸੰਸਾਰੀ ਕਰਦਾ ਹੈਂ, ਭਾਵ ਸੰਸਾਰ ਵਿਚ ਪੈਣ ਵਾਲੇ ਕਰਮਾਂ ਨੂੰ ਕਰਦਾ ਹੈਂ। ਜੇ ਤੈਨੂੰ ਤਰਨ ਦੀ ਇੱਛਾ ਹੈ ਤਾਂ ਸੰਸਾਰੀ=ਸੰਸਿਆਂ ਦੇ ਅਰੀ ਜੋ ਕਰਮ ਹਨ ਉਨ੍ਹਾਂ ਕਰਮਾਂ ਨੂੰ ਤੂੰ ਕਰ।

ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥

ਹੇ ਭਾਈ ! ਪਖੰਡ ਦੇ ਕਰਨ ਨਾਲ ਰਾਗ ਦ੍ਵੈਸ਼ ਰੂਪੀ ਮੈਲ ਦੂਰ ਨਹੀਂ ਹੁੰਦੀ, ਪਖੰਡ ਦੇ ਕਰਨ ਨਾਲ ਹਿਰਦੇ ਅੰਦਰ ਵਿਕਾਰਾਂ ਰੂਪੀ ਮੈਲ ਚੰਮੜ ਜਾਂਦੀ ਹੈ।

ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ॥ ੨ ॥

ਇਹ ਜੀਵ ਰੂਪ ਇਸਤ੍ਰੀ ਸੰਸਾਰ ਵਿਚ ਇਸ ਪ੍ਰਕਾਰ ਡੁੱਬ ਰਹੀ ਹੈ, ਜਿਵੇਂ ਮਾਕੁਰੀ=ਮੱਕੜੀ ਧਾਨਾਂ ਵਿਚੋਂ ਜੀਆਂ ਨੂੰ ਖਾਕੇ ਤੇ ਜਾਲੇ ਨੂੰ ਪਸਾਰਕੇ ਉੱਡਦੀ ਹੈ, ਉਹ ਦੋ ਚਾਰ ਹੱਥ ਊਂਡੀ=ਉੱਡਕੇ ਸਿਰ ਦੇ ਭਾਰੇ ਹੋਣ ਕਰਕੇ ਫਿਰ ਡਿੱਗ ਪੈਂਦੀ ਹੈ। ਕਿਉਂਕਿ ਜੀਆਂ ਦੇ ਖਾਣ ਕਰਕੇ ਉਸ ਦਾ ਸਿਰ ਭਾਰਾ ਹੋ ਜਾਂਦਾ ਹੈ।

ਇਸੀ ਪ੍ਰਕਾਰ ਜੀਵ ਰੂਪ ਇਸਤ੍ਰੀ ਸ਼ਕਾਮ ਕਰਮਾਂ ਨੂੰ ਕਰਕੇ ਸੁਰਗ ਵਿਚ ਜਾਂਦੀ ਹੈ, ਓਥੇ ਪੁੰਨ ਕਰਮਾਂ ਦਾ ਫਲ ਭੋਗ ਕੇ ਫਿਰ ਡਿੱਗ ਪੈਂਦੀ ਹੈ॥ ੨ ॥

ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ॥

ਹੇ ਭਾਈ ! ਦੁਰ+ਮਤਿ=ਖੋਟੀ ਬੁੱਧੀ ਕਰਕੇ ਘਣੀ ਸ੍ਰਿਸ਼ਟੀ ਵਿਗੂਤੀ=ਖ਼ਰਾਬ ਹੋ ਰਹੀ ਹੈ, ਅਤੇ ਦ੍ਵੈਤ ਭਾ ਕਰਕੇ ਪਰਮੇਸ਼ਰ ਵੱਲੋਂ ਖੁਆਈ=ਭੁੱਲ ਰਹੀ ਹੈ।

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ॥

ਹੇ ਭਾਈ ! ਸਤਿਗੁਰਾਂ ਤੋਂ ਬਿਨਾਂ ਨਾਮ ਨਹੀਂ ਪ੍ਰਾਪਤ ਹੁੰਦਾ, ਅਤੇ ਨਾਮ ਜਪੇ ਤੋਂ ਬਿਨਾਂ ਭਰਮ ਨਹੀਂ ਜਾਂਦਾ।

ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ॥ ੩ ॥

ਹੇ ਭਾਈ ! ਸਤਿਗੁਰਾਂ ਨੂੰ ਸੇਵਨਾ ਕਰ ਤਾਂ ਤੂੰ ਸੁਖ ਨੂੰ ਪਾਏਂਗਾ, ਅਤੇ ਜੰਮਣ ਮਰਨ ਤੋਂ ਰਹਾਈ=ਰਹਿਤ ਹੋ ਜਾਏਂਗਾ॥ ੩ ॥

ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ॥

ਹੇ ਭਾਈ ! ਗੁਰਾਂ ਦੀ ਕਿਰਪਾ ਨਾਲ ਜਦ ਸਾਚੁ ਸਹਜੁ=ਸਚਾ ਗਿਆਨ ਉਤਪੰਨ ਹੋਵੇ, ਤਾਂ ਮਨ ਨਿਰਮਲ ਹੁੰਦਾ ਹੈ, ਜਦ ਮਨ ਨਿਰਮਲ ਹੋਇਆ ਤਦ ਸੱਚ ਸਰੂਪ ਵਿਚ ਸਮਾਈ ਹੁੰਦੀ ਹੈ।

ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ॥

ਹੇ ਭਾਈ ! ਜੋ ਗੁਰਾਂ ਨੂੰ ਸੇਂਵਦਾ ਹੈ ਓਹੀ ਵਾਹਿਗੁਰੂ ਨੂੰ ਬੂਝੈ=ਬੁੱਝਦਾ ਹੈ, ਗੁਰਾਂ ਤੋਂ ਬਿਨਾਂ ਪਰਮੇਸ਼ਰ ਪ੍ਰਾਪਤੀ ਦਾ ਮਾਰਗੁ=ਰਸਤਾ ਨਹੀਂ ਪਾਈ=ਪ੍ਰਾਪਤ ਹੁੰਦਾ।

ਜਿਸੁ ਅੰਤਰਿ ਲੋਭਿ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ॥ ੪ ॥

ਹੇ ਭਾਈ ! ਜਿਸ ਪੁਰਸ਼ ਦੇ ਹਿਰਦੇ ਅੰਦਰ ਪਦਾਰਥਾਂ ਦਾ ਲੋਭ ਹੈ, ਉਹ ਸ੍ਰੇਸ਼ਟ ਕਰਮਾਂ ਨੂੰ ਕਿਵੇਂ ਕਰ ਸਕਦਾ ਹੈ, ਉਹ ਤਾਂ ਕੂੜੁ=ਝੂਠ ਬੋਲਣੇ ਰੂਪੀ ਵਿਹੁ=ਜ਼ਹਿਰ ਨੂੰ ਖਾਂਦਾ ਹੈ॥ ੪ ॥

ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ॥

ਹੇ ਭਾਈ ! ਜੇਕਰ ਦਹੀਂ ਵਿਲੋਈਐ=ਰਿੜਕਣਾ ਕਰੀਏ ਤਾਂ ਵਿਚੋਂ ਤਥੁ=ਮੱਖਣ ਨਿਕਲਦਾ ਹੈ। ਜੇਕਰ ਜਲ ਨੂੰ ਮਥੀਐ=ਰਿੜਕੀਏ ਤਾਂ ਜਲ ਹੀ ਦੇਖੀਦਾ ਹੈ; ਇਹ ਜਗਤ ਵੀ ਏਹੀ ਵਥੁ=ਵਸਤੂ ਹੈ। ਐਸੇ ਹੀ ਹੇ ਪੰਡਿਤ ! ਨਿਸ਼ਕਾਮ ਕਰਮ ਦੁੱਧ ਤੇ ਉਪਾਸ਼ਨਾ ਰੂਪ ਦਹੀਂ ਨੂੰ ਰਿੜਕੀਏ ਭਾਵ ਵਿਚਾਰੀਏ ਤਾਂ ਵਿਚੋਂ ਗਿਆਨ ਰੂਪ ਮੱਖਣ ਨਿਕਲਦਾ ਹੈ। ਸ਼ਕਾਮ ਕਰਮਾਂ ਰੂਪੀ ਜਲ ਨੂੰ ਮਥੀਐ=ਰਿੜਕੀਏ ਤਾਂ ਕੋਈ ਸੰਸਾਰਕ ਸੁਖ ਰੂਪ ਜਲ ਹੀ ਦੇਖਣ ਵਿਚ ਆਉਂਦਾ ਹੈ। ਇਹ ਜਗਤ ਏਹਾ ਵਥੁ=ਇਹ ਜਲ ਵਸਤੂ ਵਾਂਗ ਹੈ, ਜਿਵੇਂ ਜਲ ਚੋਂ ਕੁਝ ਨਹੀਂ ਨਿਕਲਦਾ, ਤਿਵੇਂ ਸੰਸਾਰ ਵਿਚ ਕੁਛ ਨਹੀਂ ਹੈ।

ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ॥ ੫ ॥

ਹੇ ਭਾਈ ! ਇਹ ਅਲੱਖ ਦੇਉ ਪਰਮਾਤਮਾ ਹੈ ਤਾਂ ਘਟ ਘਟ ਦੇ ਵਿਚ, ਪਰ ਗੁਰਾਂ ਤੋਂ ਬਿਨਾਂ ਉਸ ਦੀ ਪ੍ਰਾਪਤੀ ਨਾ ਹੋਣ ਕਰਕੇ ਭਰਮ ਵਿਚ ਵਿਗੂਚੀਐ=ਖਰਾਬ ਹੋਣਾ ਹੁੰਦਾ ਹੈ॥ ੫ ॥

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ॥

ਹੇ ਭਾਈ ! ਇਹ ਸਾਰਾ ਜਗਤ ਕੱਚੇ ਸੂਤ ਦੇ ਤਾਗੇ=ਧਾਗੇ ਵਾਂਗ ਹੈ, ਦਸੋ ਦਿਸ਼ਾ ਵਿਚ ਮਾਇਆ ਰੂਪੀ ਪਾਣ ਕਰਕੇ ਬਾਧੋ=ਬੰਨ੍ਹਿਆ ਹੋਇਆ ਹੈ।

ਅਥਵਾ:-ਇਹ ਜਗਤ ਮਾਇਆ ਰੂਪੀ ਸੂਤ ਦੇ ਮੋਹ ਰੂਪ ਧਾਗੇ ਨਾਲ ਦਸੋ ਦਿਸ਼ਾਂ ਵਿਚ, ਭਾਵ ਚਾਰੋਂ ਤਰਫ ਹੀ ਬੱਧਾ ਹੋਇਆ ਹੈ।

ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ॥

ਗੁਰਾਂ ਤੋਂ ਬਿਨਾਂ ਵਰਨ ਆਸ਼੍ਰਮ ਰੂਪੀ ਗਾਠਿ ਛੁੱਟਦੀ ਨਹੀਂ, ਕਈ ਜੀਵ ਗੁਰਾਂ ਤੋਂ ਬਿਨਾਂ ਕਰਮਾਂ ਨੂੰ ਕਮਾਕੇ ਥਾਕੇ=ਥੱਕ ਗਏ ਹਨ।

ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ॥ ੬॥

ਹੇ ਭਾਈ ! ਇਹ ਸਾਰਾ ਜਗਤ ਭਰਮ ਵਿਚ ਭੁਲਾਇਆ ਹੋਇਆ ਹੈ, ਕਹਿਣਾ ਕਰੀਏ ਤਾਂ ਕੁਛ ਕਿਹਾ ਨਹੀਂ ਜਾਂਦਾ॥ ੬॥

ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ॥

ਹੇ ਭਾਈ ! ਗੁਰਾਂ ਨਾਲ ਮਿਲਣ ਕਰਕੇ ਮਨ ਵਿਚ ਪਰਮੇਸ਼ਰ ਦਾ ਭਉ=ਡਰ ਵਸੈ=ਵਸਦਾ ਹੈ। ਸੱਚੇ ਲੇਖਾਂ ਦੁਆਰੇ ਪਰਮੇਸ਼ਰ ਦਾ ਭੈ=ਡਰ ਧਾਰਕੇ ਜੀਵਤ ਭਾ ਤੋਂ ਮਰਨਾ ਕਰੇ।

ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ॥

ਹੇ ਭਾਈ ! ਚਾਹੇ ਕਿਤਨੇ ਮਜਨੁ=ਇਸ਼ਨਾਨ ਕਰ ਲਵੇ, ਕਿਤਨੇ ਦਾਨ ਕਰ ਲਵੇ ਕਿਤਨੀਆਂ ਚੰਗਿਆਈਆਂ ਕਰ ਲਵੇ, ਪਰ ਇਨ੍ਹਾਂ ਸਭਨਾਂ ਨਾਲੋਂ ਪਰਮੇਸ਼ਰ ਦੀ ਦਰਗਾਹ ਵਿਚ ਪਰਮੇਸ਼ਰ ਦੇ ਨਾਮ ਦੀ ਵਿਸੇਖੁ=ਵਿਸ਼ੇਸ਼ਤਾ ਹੈ।

(ਪੰਨਾ ੬੩੬)

ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥

ਹੇ ਭਾਈ ! ਜਿਨ੍ਹਾਂ ਨੂੰ ਗੁਰਾਂ ਨੇ ਨਾਮ ਦ੍ਰਿੜਾਉਣ ਰੂਪੀ ਅੰਕਸੁ=ਕੁੰਡਾ ਮਾਰਿਆ ਹੈ, ਉਸ ਦਾ ਮਨ ਰੂਪੀ ਹਾਥੀ ਵਸਿਆ=ਵਸੀਕਾਰ ਹੋਇਆ ਹੈ, ਜਿਸ ਦਾ ਮਨ ਰੂਪੀ ਹਾਥੀ ਵਸੀਕਾਰ ਹੋਇਆ ਹੈ, ਉਸ ਦਾ ਪ੍ਰਤੱਖ ਭੇਖ, ਧਾਰਨਾ, ਵਾ:-ਜੂਨੀਆਂ ਰੂਪੀ ਭੇਖ ਧਾਰਨਾ ਚੁੱਕ ਗਿਆ ਹੈ।

ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ॥

ਹੇ ਭਾਈ ! ਇਹ ਜੋ ਗੁਰਾਂ ਦਾ ਤਨ ਹੈ ਏਹੀ ਇਕ ਸਰਾਫ ਦੀ ਹੱਟ ਹੈ, ਤਿਸ ਹੱਟ ਵਿਚ ਪਰਮੇਸ਼ਰ ਦਾ ਨਾਮ ਰੂਪ ਅਪਾਰ ਵਖਰੁ=ਸੌਦਾ ਹੈ। ਹੇ ਭਾਈ ! ਇਸ ਨਾਮ ਰੂਪ ਵਖਰੁ=ਸੌਦੇ ਨੂੰ ਉਹ ਵਾਪਾਰੀ ਜਗਿਆਸੂ ਦ੍ਰਿੜ੍ਹ ਕਰਦਾ ਹੈ, ਜੋ ਗੁਰਾਂ ਦੇ ਉਪਦੇਸ਼ ਦਾ ਵਿਚਾਰ ਕਰਦਾ ਹੈ।

ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ॥ ੮॥ ੨॥

ਹੇ ਭਾਈ ! ਵਾਪਾਰੀ=ਵਪਾਰ ਦੇ ਕਰਾਉਣ ਵਾਲੇ ਗੁਰੂ ਸਾਹਿਬ ਜੀ ਧੰਨਤਾ ਜੋਗ ਹਨ, ਜੋ ਪਰਮੇਸ਼ਰ ਦੇ ਨਾਲ ਮੇਲਿ=ਮੇਲਣੇ ਦਾ ਵਾਪਾਰ ਕਰਾਉਂਦੇ ਹਨ॥ ੮॥ ੨॥

ਸੋਰਠਿ ਮਹਲਾ ੧ ॥

ਜਿਨ੍ੀ ਸਤਿਗੁਰੁ ਸੇਵਿਆ ਪਿਆਰੇ ਤਿਨ੍ ਕੇ ਸਾਥ ਤਰੇ ॥

ਹੇ ਪਿਆਰੇ ! ਜਿਨ੍ਹਾਂ ਨੇ ਸਤਿਗੁਰਾਂ ਨੂੰ ਸੇਵਣਾ ਕੀਤਾ, ਤਿਨ੍ਹਾਂ ਸਾਥਾਂ ਦੇ ਸਾਥ ਤਰ ਗਏ ਹਨ। ਅਥਵਾ:-ਉਨ੍ਹਾਂ ਦੇ ਸਾਥ=ਨਾਲ ਲੱਗਣ ਵਾਲੇ ਭੀ ਸੰਸਾਰ-ਸਮੁੰਦਰ ਤੋਂ ਤਰ ਗਏ ਹਨ।

ਤਿਨ੍ਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ ॥

ਹੇ ਪਿਆਰੇ ! ਤਿਨ੍ਹਾਂ ਗੁਰਮੁਖਾਂ ਨੂੰ ਕੋਈ ਭੀ ਠਾਕ=ਰੋਕਾ ਨਹੀਂ ਪਾਂਵਦਾ, ਜਿਸ ਦੇ ਰਸਨਾਂ ਆਦਿਕ ਇੰਦ੍ਰੇ ਨਾਮ-ਅੰਮ੍ਰਿਤ ਕਰਕੇ ਹਰੇ ਹੋਏ ਹਨ।

ਬੂਡੇ ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ ॥ ੧ ॥

ਹੇ ਪਿਆਰੇ ! ਜੋ ਪੁਰਸ਼ ਵਾਹਿਗੁਰੂ ਦੇ ਭੈ=ਡਰ ਘਾਰੇ ਤੋਂ ਬਿਨਾਂ ਪਾਪਾਂ ਕਰਕੇ ਭਾਰੇ ਹਨ, ਉਹ ਸੰਸਾਰ-ਸਮੁੰਦ੍ ਵਿਚ ਬੂਡੇ=ਡੁੱਬ ਰਹੇ ਹਨ; ਤੇ ਜਿਨ੍ਹਾਂ ਉੱਤੇ ਨਦਰਿ=ਕਿਰਪਾ ਦ੍ਰਿਸ਼ਟੀ ਕਰੇ=ਕਰਦਾ ਹੈ, ਉਨ੍ਹਾਂ ਨੂੰ ਤਾਰ ਦੇਂਦਾ ਹੈ॥ ੧ ॥

ਭੀ ਤੂਹੈ ਸਾਲਾਹਣਾ ਪਿਆਰੇ ਭੀ ਤੇਰੀ ਸਾਲਾਹ ॥

ਭੀ=ਬਹੁੜੋ ਹੇ ਪਿਆਰੇ ਵਾਹਿਗੁਰੂ ! ਤੂੰ ਸਲਾਹੁਣੇ ਜੋਗ ਹੈਂ, ਪਿੱਛੇ ਵੀ ਅਸੀਂ ਤੇਰੀ ਸ਼ਲਾਘਾ ਕਰਦੇ ਸੀ।

ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ ॥ ੧ ॥ ਰਹਾਉ ॥

ਹੇ ਪਿਆਰੇ ! ਨਾਮ ਗਿਆਨ ਰੂਪ ਜਹਾਜ਼ ਤੋਂ ਬਿਨਾਂ ਭੈ-ਦਾਇਕ ਸੰਸਾਰ-ਸਮੁੰਦਰ ਵਿਚ ਡੁੱਬਣਾ ਹੁੰਦਾ ਹੈ, ਅਤੇ ਸੰਸਾਰ ਕੰਧੀ=ਕਿਨਾਰੇ ਉੱਪਰ ਕਹਾਹ=ਡੰਡ-ਰੌਲਾ ਪੈ ਰਿਹਾ ਹੈ (ਕਿ ਇਨ੍ਹਾਂ ਕਾਮ ਆਦਿਕਾਂ ਨੇ, ਫਲਾਣੇ ਰਿਖੀ ਦਾ ਬੁਰਾ ਹਾਲ ਕੀਤਾ ਹੈ, ਅਮਕੇ ਰਿਖੀ ਦਾ ਭੈੜਾ ਹਾਲ ਕੀਤਾ ਹੈ)।

ਅਥਵਾ:-ਪ੍ਰਲੋਕ ਕੰਧੀ ਉੱਪਰ ਡੰਡ-ਰੌਲਾ ਪੈ ਰਿਹਾ ਹੈ, ਕਿ ਫਲਾਣੇ-ਫਲਾਣੇ ਪਾਪੀ ਦਾ ਬੁਰਾ ਹਾਲ ਹੋ ਰਿਹਾ ਹੈ।

ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ ॥

ਹੇ ਪਿਆਰੇ ! ਸਲਾਹੁਣੇ ਵਾਲਾ ਹੋ ਕੇ ਤੂੰ ਉਸਨੂੰ ਸਲਾਹੁਣਾ ਕਰ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ।

ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥

ਹੇ ਪਿਆਰੇ ! ਜੋ ਪੁਰਸ਼ ਮੇਰੇ ਪ੍ਭੂ ਨੂੰ ਸਲਾਹੁੰਦੇ ਹਨ, ਉਹ ਸਭ ਤੋਂ ਭਲੇ=ਚੰਗੇ ਹਨ, ਜੋ ਗੁਰ-ਸ਼ਬਦ ਵਿਚ ਰੱਤੇ ਹਨ, ਉਨ੍ਹਾਂ ਨੂੰ ਰੰਗੁ=ਆਨੰਦ ਪ੍ਰਾਪਤ ਹੁੰਦਾ ਹੈ।

ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥ ੨ ॥

ਹੇ ਪਿਆਰੇ ! ਜੇਕਰ ਤਿਸ ਗੁਰਮੁਖ ਦੀ ਸੰਗਤ ਕਰਨੀ ਮਿਲ ਜਾਵੇ, ਤਾਂ ਤੂੰ ਤਤ ਰਸ ਨੂੰ ਵਿਲੋਇ ਲੈ=ਵਿਚਾਰ ਲੈਣਾ ਕਰ॥ ੨ ॥

ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ॥

ਹੇ ਪਿਆਰੇ ! ਸੱਚੇ ਦਾ ਨਾਮ ਰੂਪ ਪਰਵਾਨਾ ਇਹ ਲੋਕ ਵਿਚ ਪਤ-ਆਬਰੋ ਦੇਣ ਵਾਲਾ ਹੈ, ਅਤੇ ਸੱਚਾ ਨਾਮ ਰੂਪ ਨੀਸਾਣੁ=ਪ੍ਰਵਾਨਾ ਪ੍ਰਲੋਕ ਵਿਚ ਵੀ ਪਤ-ਆਬਰੋ ਦੇਣ ਵਾਲਾ ਹੈ।

ਆਇਆ ਲਿਖਿ ਲੈ ਜਾਵਣਾ ਪਿਆਰੇ ਹੁਕਮੀ ਹੁਕਮੁ ਪਛਾਣੁ ॥

ਹੇ ਪਿਆਰੇ ! ਜੋ ਭੀ ਇਸ ਸੰਸਾਰ ਵਿਚ ਆਇਆ ਹੈ ਉਸ ਦਾ ਸੁਭ-ਅਸ਼ੁਭ ਕਰਮ ਸਭ ਚਿੱਤਰ-ਗੁਪਤ ਲਿਖ ਕੇ ਲੈ ਜਾਣਾ ਕਰਦੇ ਹਨ, ਇਸੇ ਕਰਕੇ ਜੀਵ ਨੂੰ ਚਾਹੀਦਾ ਹੈ ਉਸ ਹੁਕਮੀ ਨੂੰ ਪਛਾਨਣ ਕਰੇ।

ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥ ੩ ॥

ਹੇ ਪਿਆਰੇ ! ਗੁਰਾਂ ਤੋਂ ਬਿਨਾਂ ਉਸ ਵਾਹਿਗੁਰੂ ਦਾ ਹੁਕਮ ਨਹੀਂ ਬੁੱਝਿਆ ਜਾਂਦਾ, ਉਸ ਸੱਚੇ ਦਾ ਸੱਚਾ ਹੀ ਤਾਣੁ=ਬਲ ਹੈ।

ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ ॥

ਪਰਮੇਸ਼ਰ ਦੇ ਹੁਕਮ ਅੰਦਰ ਹੀ ਨਿੰਮਿਆ=ਨਿੰਮਦਾ ਹੈ, (ਭਾਵ ਮਾਤਾ ਪਿਤਾ ਦੇ ਰਕਤ ਬੀਰਜ ਦਾ ਮਿਲਾਪ ਹੁੰਦਾ ਹੈ) ਅਤੇ ਪਰਮੇਸ਼ਰ ਦੇ ਹੁਕਮ ਨਾਲ ਹੀ ਮਾਤਾ ਦੇ ਉਦਰ=ਪੇਟ ਮਝਾਰਿ ਵਿਚ ਨਿਵਾਸ ਕਰਦਾ ਹੈ।

ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ ॥

ਹੇ ਪਿਆਰੇ ! ਪਰਮੇਸ਼ਰ ਦੇ ਹੁਕਮ ਅੰਦਰ ਹੀ ਫਿਰ ਮਾਂ ਦੇ ਪੇਟ ਤੋਂ ਬਾਹਰ ਜੰਮਦਾ ਹੈ, ਸਿਰ ਦੇ ਪਰਨੇ ਊਧਉ=ਪੁੱਠਾ ਹੋਇਆ ਹੋਇਆ ॥

ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥ ੪ ॥

ਹੇ ਪਿਆਰੇ ! ਉਹ ਗੁਰਮੁਖ ਦਰਗਾਹ ਵਿਚ ਸ਼ਰੋਮਣੀ ਜਾਣੀਦਾ ਹੈ, ਜੋ ਆਪਣੇ ਮੋਖਸ਼ ਰੂਪੀ ਕਾਰਜ ਨੂੰ ਸੰਭਾਲਕੇ ਚਲਦਾ ਹੈ ॥ ੪ ॥

ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ ॥

ਹੇ ਪਿਆਰੇ ! ਪਰਮੇਸ਼ਰ ਦੇ ਹੁਕਮ ਅੰਦਰ ਹੀ ਇਹ ਜੀਵ ਆਉਂਦਾ ਹੈ, ਉਸ ਦੇ ਹੁਕਮ ਅੰਦਰ ਹੀ ਪ੍ਰਲੋਕ ਜਾਇ=ਜਗ੍ਹਾ ਉੱਪਰ ਚਲਾ ਜਾਦੋ=ਜਾਂਦਾ ਹੈ।

ਹੁਕਮੇ ਬੰਨਿ੍ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ ॥

ਹੇ ਪਿਆਰੇ ! ਪਰਮੇਸ਼ਰ ਦੇ ਹੁਕਮ ਵਿਚ ਹੀ ਇਸ ਪ੍ਰਾਣੀ ਨੂੰ ਜਮ ਲੋਕ ਵਿਚ ਬੰਨਿ੍=ਬੰਨ੍ਹ ਕੇ ਚਲਾਈਦਾ ਹੈ, ਅਤੇ ਮਨਮੁਖ ਪੁਰਸ਼ ਨਰਕਾਂ ਦੀ ਸਜ਼ਾ ਲੈਂਦਾ ਹੈ।

ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥ ੫ ॥

ਹੇ ਪਿਆਰੇ ! ਪਰਮੇਸ਼ਰ ਦੇ ਹੁਕਮ ਵਿਚ ਹੀ ਸਬਦਿ=ਬ੍ਰਹਮ ਨੂੰ ਪਛਾਣਦਾ ਹੈ, ਤੇ ਦਰਗਾਹ ਵਿਚ

ਜਸ ਰੂਪੀ ਪੁਸ਼ਾਕ ਪਹਿਰ ਕੇ ਜਾਂਦਾ ਹੈ॥ ੫॥

ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ॥

ਹੇ ਪਿਆਰੇ ! ਇਹ ਪ੍ਰਾਣੀ ਹੁਕਮ ਅੰਦਰ ਹੀ ਕਰਮਾਂ ਦੀ ਗਣਤ=ਗਿਣਤੀ ਗਣਾਈਐ=ਗਣਾਉਂਦਾ ਹੈ, ਕਿ ਮੈਨੇ ਫਲਾਣਾ ਕਰਮ ਕਰ ਲਿਆ ਹੈ ਤੇ ਅਮਕਾ ਕਰਮ ਕਰਾਂਗਾ, ਹੁਕਮ ਦੇ ਵਿਚ ਹੀ ਹੰਗਤਾ=ਮਮਤਾ ਇਨ੍ਹਾਂ ਦੋਹਾਂ ਨੂੰ ਧਾਰਨ ਕਰਦਾ ਹੈ।

ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ॥

ਹੇ ਪਿਆਰੇ ! ਇਹ ਜੀਵ ਵਾਹਿਗੁਰੂ ਦੇ ਹੁਕਮ ਵਿਚ ਹੀ ਕਰਮਾਂ ਦਾ ਭਵਾਇਆ ਹੋਇਆ ਭਵੈ=ਫਿਰਦਾ ਹੈ, ਵਾ:-ਭਵੈ ਸੰਸਾਰ ਵਿਚ ਭਵਾਈਦਾ ਹੈ। ਤੇ ਔਗੁਣਾਂ ਦੀ ਮੁਠੀ=ਲੁੱਟੀ ਹੋਈ ਸ੍ਰਿਸ਼ਟੀ ਰੋਇ=ਰੋਂਦੀ ਹੈ।

ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ॥ ੬॥

ਹੇ ਪਿਆਰੇ ! ਇਹ ਜੀਵ ਸ਼ਾਹ=ਪਰਮਾਤਮਾ ਦਾ ਹੁਕਮ ਸਿਞਾਪੈ=ਪਛਾਣੇ, ਤਦ ਸੱਚ ਦੇ ਮਿਲਣ ਕਰਕੇ ਵਡਿਆਈ ਹੁੰਦੀ ਹੈ॥ ੬॥

ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ॥
ਜਿਨੀ ਸੋ ਸਾਲਾਹਿਆ ਪਿਆਰੇ ਹਉ ਤਿਨ੍ ਬਲਿਹਾਰੈ ਜਾਉ॥

ਹੇ ਪਿਆਰੇ ! ਪਰਮੇਸ਼ਰ ਦਾ ਸਮੱਗਰ ਜਸ ਆਖਣਾ ਬੜਾ ਅਉਖਾ=ਕਠਨ ਆਖੀਦਾ ਹੈ, ਅਤੇ ਔਖਾ ਹੋਣ ਕਰਕੇ ਸੱਚਾ ਨਾਮ ਸੁਣਿਆ ਭੀ ਕਿਵੇਂ ਜਾਵੇ? ਹੇ ਪਿਆਰੇ ! ਜਿਨ੍ਹਾਂ ਨੇ ਉਸ ਪਰਮੇਸ਼ਰ ਨੂੰ ਸਲਾਹਿਆ ਹੈ, ਅਸੀਂ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਾਂ।

ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੇਲਿ ਮਿਲਾਉ॥ ੭॥

ਜਿਨ੍ਹਾਂ ਸੰਤੋਖੀਆਂ ਨੂੰ ਪਿਆਰੇ ਗੁਰਾਂ ਪਾਸੋਂ ਪਰਮੇਸ਼ਰ ਦਾ ਨਾਉ=ਨਾਮ ਮਿਲਿਆ ਹੈ,
ਨਦਰੀ=ਪਰਮਾਤਮਾ ਉਨਾਂ ਨੂੰ ਆਪਣੇ ਮੇਲ ਨਾਲ ਮਿਲਾਂਵਦਾ ਹੈ॥ ੭॥

ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ॥

ਹੇ ਪਿਆਰੇ ! ਕਾਇਆ ਨੂੰ ਵਿਸ਼ੇ ਵਿਕਾਰਾਂ ਤੋਂ ਰਹਿਤ ਕਰਨਾ, ਵਾ:-ਕਾਇਆ=ਬੁੱਧੀ ਨੂੰ ਸ਼ੁੱਧ ਕਰਨਾ ਜੇਕਰ ਇਹ ਕਾਗਦੁ=ਕਾਗਜ਼ ਹੋਵੇ, ਤੇ ਮਨ ਰੂਪੀ ਮਸਵਾਣੀ=ਦਵਾਤ ਵਿਚ, ਕਰੁਣਾ, ਮੈਤ੍ਰੀ, ਮੁੱਦਤਾ, ਆਦਿ ਗੁਣਾਂ ਰੂਪ ਸ਼ਾਹੀ ਨੂੰ ਧਾਰਿ=ਧਾਰਨਾ ਕਰ।

ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ॥

ਹੇ ਪਿਆਰੇ ! ਲਲਤਾ=ਜਿਹਵਾ ਸੱਚੇ-ਨਾਮ ਦੇ ਜਪਣੇ ਵਾਲੀ ਨੂੰ ਲੇਖਣਿ=ਕਲਮ ਕਰ, ਵਿਚਾਰਕੇ ਹਰੀ ਗੁਣਾਂ ਨੂੰ ਲਿਖਣਾ ਕਰ।

ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ॥ ੮ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪਿਆਰੇ ! ਜੋ ਪ੍ਰਾਣੀ ਹਿਰਦੇ ਵਿਚ ਧਾਰਕੇ ਸੱਚੇ-ਨਾਮ ਨੂੰ ਲਿਖਦਾ ਹੈ, ਉਹ ਲਿਖਾਰੀ ਧੰਨਤਾ ਜੋਗ ਹੈ॥ ੮ ॥ ੩ ॥

ਸੋਰਠਿ ਮਹਲਾ ੧ ਪਹਿਲਾ ਦੁਤੁਕੀ॥

ਇਸ ਅਸਟਪਦੀ ਵਿਚ ਸਭ ਪਉੜੀਆਂ ਦੋ ਦੋ ਤੁਕਾਂ ਦੀਆਂ ਆਉਣਗੀਆਂ।

ਤੂ ਗੁਣਦਾਤੌ ਨਿਰਮਲੌ ਭਾਈ ਨਿਰਮਲੁ ਨਾ ਮਨੁ ਹੋਇ॥

ਹਮ ਅਪਰਾਧੀ ਨਿਰਗੁਣੇ ਭਾਈ ਤੁਝ ਹੀ ਤੇ ਗੁਣੁ ਸੋਇ॥ ੧ ॥

ਹੇ ਭਾਈ=ਭਾਵਣੇ ਜੋਗ ਵਾਹਿਗੁਰੂ ! ਤੂੰ ਗੁਣਾਂ ਦਾ ਦਾਤੌ=ਦਾਤਾ ਹੈਂ, ਅਤੇ ਨਿਰਮਲੌ=ਨਿਰਮਲ ਹੈਂ, ਤੇ ਅਸਾਡਾ ਮਨ ਨਿਰਮਲ ਨਹੀਂ ਹੋਇਆ॥ ਹੇ ਭਾਈ ਭਾਵਣੇ ਜੋਗ ਪਰਮਾਤਮਾ ! ਅਸੀਂ ਅਪਰਾਧੀ ਤੇ ਨਿਰਗੁਣੇ=ਸ਼ੁਭ ਗੁਣਾਂ ਤੋਂ ਰਹਿਤ ਹਾਂ, ਸੋ ਆਪ ਜੀ ਦੀ ਪ੍ਰਾਪਤੀ ਦੇ ਗੁਣ ਆਪ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੇ ਹਨ॥ ੧ ॥

ਮੇਰੇ ਪ੍ਰੀਤਮਾ ਤੂ ਕਰਤਾ ਕਰਿ ਵੇਖੁ॥

ਹੇ ਮੇਰੇ ਪ੍ਰੀਤਮਾ ! ਤੂੰ ਆਪ ਪ੍ਰਪੰਚ ਦਾ ਕਰਤਾ ਹੈਂ, ਸਾਰਿਆਂ ਨੂੰ ਉਤਪੰਨ ਕਰਕੇ ਤੂੰ ਆਪ ਹੀ ਦੇਖ ਰਿਹਾ ਹੈਂ। ਅਥਵਾ:-ਵੇਖੁ=ਪਾਲਣਾ ਕਰਦਾ ਹੈਂ। ਵਾ:-ਕਿਰਪਾ ਕਰਕੇ ਮੇਰੇ ਵੱਲ ਭੀ ਵੇਖਣਾ ਕਰ।

ਹਉ ਪਾਪੀ ਪਾਖੰਡੀਆ ਭਾਈ ਮਨਿ ਤਨਿ ਨਾਮ ਵਿਸੇਖੁ॥ ਰਹਾਉ ॥

ਹੇ ਭਾਈ=ਭਾਵਣੇ ਜੋਗ ਵਾਹਿਗੁਰੂ ! ਅਸੀਂ ਪਾਪੀ ਤੇ ਪਖੰਡੀ ਹਾਂ, ਇੱਕ ਏਹੀ ਵਿਸੇਖੁ=ਵਿਸ਼ੇਸ਼ਤਾ ਹੈ, ਜਿਹੜਾ ਮਨ ਤਨ ਵਿਚ ਨਾਮ ਜਪਦੇ ਹਾਂ॥ ਰਹਾਉ ॥

ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ॥

ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ॥ ੨ ॥

ਹੇ ਭਾਈ=ਭਾਵਣੇ ਜੋਗ ਹਰੀ ! ਬਿਖੁ=ਜ਼ਹਿਰ ਰੂਪ ਮਾਇਆ ਨੇ ਚਿੱਤ ਨੂੰ ਮੋਹ ਲਿਆ ਹੈ, ਤੇ ਸੰਸਾਰਕ ਚਤੁਰਾਈਆਂ ਵਿਚ ਲੱਗਕੇ ਪਤ-ਆਬਰੋ ਨੂੰ ਗੁਆ ਲਿਆ ਹੈ। ਹੇ ਭਾਵਣੇ ਜੋਗ ਸੱਚੇ ਠਾਕੁਰ ! ਚਿੱਤ ਵਿਖੇ ਤਾਂ ਤੂੰ ਵਸੈ=ਵਸਦਾ ਹੈਂ, ਜੇ=ਜੇਕਰ ਗੁਰੂ ਸਾਹਿਬ ਜੀ ਗਿਆਨ ਵਿਚ ਸਮੋਇ=ਮੇਲਣਾ ਕਰਨ॥ ੨ ॥

ਰੂੜੌ ਰੂੜੌ ਆਖੀਐ ਭਾਈ ਰੂੜੌ ਲਾਲ ਚਲੂਲੁ॥

ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ਦਰਿ ਘਰਿ ਸਾਚੁ ਅਭੂਲੁ॥ ੩ ॥

ਹੇ ਭਾਈ=ਭਾਵਣੇ ਜੋਗ ਹਰੀ ! ਤੈਨੂੰ ਰੂੜੌ ਰੂੜੌ=ਸੁੰਦਰ ਹੀ ਸੁੰਦਰ ਆਖਦੇ ਹਨ, ਹੇ ਸੁੰਦਰ

ਲਾਲ=ਪਿਆਰੇ ! ਤੇਰਾ ਰੰਗ ਚਲੂਲੁ=ਗਾੜ੍ਹਾ ਹੈ। ਹੇ ਭਾਈ=ਭਾਵਣੇ ਜੋਗ ਹਰੀ ! ਜੇਕਰ ਤੇਰੇ ਨਾਲ ਇਹ ਮਨ ਵੈਰਾਗਵਾਨ, ਅਥਵਾ:-ਪ੍ਰੇਮੀ ਹੋ ਜਾਵੇ, ਤਾਂ ਹੇ ਸੱਚੇ ਅਭੁੱਲ ! ਤੂੰ ਘਰ ਦੇ ਅੰਦਰ ਹੀ ਪ੍ਰਾਪਤ ਹੁੰਦਾ ਹੈਂ॥ ੩॥

ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ॥
ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ॥ ੪॥

ਹੇ ਭਾਈ=ਭਾਵਣੇ ਜੋਗ ਹਰੀ ! ਪਾਤਾਲੀ=ਪਤਾਲਾਂ ਵਿਚ ਤੇ ਆਕਾਸਿ=ਅਕਾਸ਼ਾਂ ਵਿਚ ਵੀ ਤੂੰਹੀਂ ਹੈਂ। ਗੁਣ ਅਤੇ ਗਿਆਨ ਰੂਪ ਹੋ ਕੇ ਘਰ-ਘਰ ਵਿਚ ਤੂੰ ਵਿਆਪਕ ਹੈਂ। ਹੇ ਭਾਈ=ਭਾਵਣੇ ਜੋਗ ਹਰੀ ! ਗੁਰਾਂ ਨਾਲ ਮਿਲਿਐ=ਮਿਲਕੇ ਸੁਖ ਨੂੰ ਪਾਇਆ ਹੈ, ਮਨਹੁ=ਮਨ ਵਿਚੋਂ ਗੁਮਾਨੁ=ਹੰਕਾਰ ਚੂਕਾ=ਦੂਰ ਹੋ ਗਿਆ ਹੈ॥ ੪॥

ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥ ੫॥

ਹੇ ਭਾਈ=ਭਾਵਣੇ ਜੋਗ ਹਰੀ ! ਪ੍ਰਤੱਖ ਜਲ ਵਿਚ ਕਾਇਆ ਨੂੰ ਮਲਕੇ ਮਾਂਜਣਾ ਭੀ ਕਰੀਏ, ਭਾਵ ਧੋਈਏ ਤਾਂ ਫਿਰ ਇਹ ਸਰੀਰ ਮੈਲਾ ਹੋ ਜਾਂਦਾ ਹੈ। ਹੇ ਭਾਈ=ਭਾਵਣੇ ਜੋਗ ਹਰੀ ! ਗਿਆਨ ਰੂਪ ਮਹਾਂ-ਰਸ ਵਿਚ ਨਾਈਐ=ਇਸ਼ਨਾਨ ਕਰੀਏ, ਤਾਂ ਮਨ ਤਨ ਸ਼ੁੱਧ ਹੋ ਜਾਂਦਾ ਹੈ॥ ੫॥

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥ ੬॥

ਹੇ ਭਾਈ=ਭਾਵਣੇ ਜੋਗ ਹਰੀ ! ਦੇਵੀ ਦੇਵਤਿਆਂ ਦਾ ਜੋ ਪੂਜਣਾ ਹੈ ਉਹਨਾਂ ਤੋਂ ਮੰਗਣਾ ਕੀ ਹੈ, ਅਤੇ ਉਹਨਾਂ ਨੇ ਦੇਣਾ ਕੀ ਹੈ? ਹੇ ਭਾਈ=ਭਾਵਣੇ ਜੋਗ ਹਰੀ ! ਪਾਹਣੁ=ਪੱਥਰ ਨੂੰ ਜੇਕਰ ਨੀਰਿ=ਜਲ ਵਿਚ ਧੋਣਾ ਕਰੀਏ ਤਾਂ ਉਹ ਤੇਹਿ=ਹਿੱਤ ਕਰਕੇ ਜਲ ਵਿਚ ਹੀ ਡੁੱਬ ਜਾਂਦਾ ਹੈ।

ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ॥
ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ॥ ੭॥

ਹੇ ਭਾਵਣੇ ਜੋਗ ਹਰੀ ! ਗੁਰਾਂ ਤੋਂ ਬਿਨਾਂ ਅਲਖੁ=ਪਰਮਾਤਮਾ ਜਾਣਿਆ ਨਹੀਂ ਜਾਂਦਾ, ਪਤ-ਆਬਰੋ ਨੂੰ ਖੋ ਕੇ ਜਗੁ=ਜੀਵ ਵਾ:-ਜਗਤ ਡੁੱਬ ਰਿਹਾ ਹੈ। ਹੇ ਮੇਰੇ ਭਾਈ=ਭਾਵਣੇ ਜੋਗ ਠਾਕੁਰ ! ਸਭ ਵਡਿਆਈਆਂ ਤੇਰੇ ਹੱਥ ਵਿਚ ਹਨ, ਜਿਸ ਨੂੰ ਚਾਹੁੰਦਾ ਹੈਂ ਉਸ ਨੂੰ ਦੇਂਦਾ ਹੈਂ॥ ੭॥

ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ॥
ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ॥ ੮॥

ਹੇ ਭਾਵਣੇ ਜੋਗ ਹਰੀ ! ਜੋ ਜਗਿਆਸੂ ਰੂਪ ਬਈਅਰਿ=ਇਸਤ੍ਰੀ ਮੀਠੁਲੀ=ਮਿੱਠੇ ਬਚਨ

ਬੋਲੋ=ਬੋਲਦੀ ਹੈ ਤੇ ਪਿਰੀ ਵਿਚ ਭਾਇ=ਪ੍ਰੇਮ ਕਰਕੇ ਸੱਚ-ਨਾਮ ਕਹੈ=ਕਹਿੰਦੀ ਹੈ, ਉਹੀ ਪਿਰ ਭਾਈ=ਪਤੀ ਨੂੰ ਭਾਂਵਦੀ ਹੈ। ਹੇ ਭਾਵਣੇ ਜੋਗ ਹਰੀ ! ਜੋ ਬਿਰਹੈ ਬੇਧੀ=ਪ੍ਰੇਮ ਵਿਚ ਵਿੰਨ੍ਹੀ ਗਈ ਹੈ ਤੇ ਸੱਚੇ ਨਾਮ ਵਿਚ ਵਸੀ ਹੈ, ਉਹ ਅਧਿਕਤਾ ਕਰਕੇ ਹਰੀ ਨਾਮ ਵਿਚ ਲੱਗ ਰਹੀ ਹੈ॥ ੮॥

ਸਭੁ ਕੋ ਆਧੈ ਆਪਣਾ ਭਾਈ ਗੁਰ ਤੇ ਬੁਝੈ ਸੁਜਾਨੁ॥
ਜੋ ਬੀਧੇ ਸੇ ਊਬਰੇ ਭਾਈ ਸਬਦੁ ਸਚਾ ਨੀਸਾਨੁ॥ ੯॥

ਹੇ ਭਾਵਣੇ ਜੋਗ ਹਰੀ ! ਤੈਨੂੰ ਸਭ ਕੋਈ ਆਪਣਾ ਆਖਦਾ ਹੈ, ਕਿ ਪਰਮੇਸ਼ਰ ਅਸਾਡਾ ਆਪਣਾ ਹੈ। ਪਰ ਗੁਰਾਂ ਪਾਸੋਂ ਜੋ ਬੁੱਝਦਾ ਹੈ ਉਹ ਸੁਜਾਨੁ=ਚਤੁਰ ਹੈ। ਹੇ ਭਾਵਣੇ ਜੋਗ ਹਰੀ ! ਨੀਸਾਣੁ=ਪ੍ਰਗਟ ਹੀ ਜੋ ਪੁਰਸ਼ ਗੁਰ-ਉਪਦੇਸ਼ ਰੂਪ ਸੱਚੇ ਨੀਸਾਣੁ=ਪ੍ਰਵਾਨੇ ਵਿਖੇ ਬੀਧੇ=ਤਦਾਕਾਰ ਹੋਏ ਹਨ, ਉਹ ਊਬਰੇ=ਤਰ ਗਏ ਹਨ॥ ੯॥

ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ॥
ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ॥ ੧੦॥ ੪॥

ਹੇ ਭਾਵਣੇ ਜੋਗ ਹਰੀ ! ਜਿਵੇਂ ਈਧਨੁ=ਲੱਕੜਾਂ ਬਹੁਤ ਸਾਰੀਆਂ ਸਕੇਲੀਐ=ਇਕੱਠੀਆਂ ਕਰਕੇ, ਉਸ ਵਿਚ ਰੰਚਕ ਭਰ ਪਾਵਕੁ=ਅੱਗ ਪਾ ਦੇਈਏ ਤਾਂ ਉਹ ਸਾਰੀਆਂ ਭਸਮ ਹੋ ਜਾਂਦੀਆਂ ਹਨ।

ਤਿਵੇਂ ਹੇ ਭਾਵਣੇ ਜੋਗ ਹਰੀ ! ਇਕ ਪੱਲ ਦਾ ਖਿਨ ਭਰ ਵੀ ਤੇਰਾ ਨਾਮ ਹਿਰਦੇ ਵਿਚ ਵਸ ਜਾਵੇ, ਤਾਂ ਸਾਰੇ ਪਾਪ ਭਸਮ ਹੋ ਜਾਂਦੇ ਹਨ ਤੇ ਸੁਭਾਵਕ ਹੀ ਤੇਰੇ ਨਾਲ ਮਿਲਣਾ ਹੁੰਦਾ ਹੈ॥ ੧੦॥ ੪॥

ਯਥਾ:- ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥ ੧॥ ਰਹਾਉ॥ (ਆਸਾ,ਪੰਨਾ ੩੫੮)

ਤਥਾ:- ਈਧਣੁ ਕੀਤੋਮੁ ਘਣਾ ਭੋਰੀ ਦਿੜੀਮੁ ਭਾਹਿ॥
ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥ ੨॥ (ਵਾਰ ਜੈਤਸਰੀ,ਪੰਨਾ ੭੦੬)

ਤਥਾ:- ਘੋਰ ਦੁਖੰ, ਅਨਿਕ ਹਤ੍ਰੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ੧੮॥
(ਸਹਸਕ੍ਰਿਤੀ,ਪੰਨਾ ੧੩੫੫)

ਸੋਰਠਿ ਮਹਲਾ ੩ ਘਰੁ ੧ ਤਿਤੁਕੀ ੧ੴ ਸਤਿਗੁਰ ਪ੍ਰਸਾਦਿ॥

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥

ਹੇ ਹਰਿ ਜੀਉ ! ਤੂੰ ਸਦਾ ਹੀ ਭਗਤਾਂ ਦੀ ਪਤ-ਆਬਰੋ ਰੱਖਦਾ ਹੈਂ, ਅੱਜ ਤੋਂ ਨਹੀਂ, ਤੂੰ ਧੁਰਿ=ਮੁੱਢ ਤੋਂ ਹੀ ਭਗਤਾਂ ਦੀ ਇੱਜ਼ਤ ਰੱਖਦਾ ਆਇਆ ਹੈਂ। ਹੇ ਹਰਿ ਜੀਉ ! ਤੁਸਾਂ ਨੇ ਪ੍ਰਹਿਲਾਦ-ਜਨ ਨੂੰ ਆਪ ਰੱਖ ਲਿਆ ਸੀ, ਤੇ ਹਰਨਾਖਸ਼ ਦੈਂਤ ਨੂੰ ਮਾਰ ਕੇ ਪਚਾਇਆ=ਪਚੀ ਭਾਵ ਖਰਾਬ ਕੀਤਾ ਸੀ।

ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥ ੧ ॥

ਹੇ ਹਰਿ ਜੀਉ ! ਗੁਰਮੁਖਾਂ ਨੂੰ ਆਪ ਉੱਤੇ ਪਰਤੀਤਿ=ਭਰੋਸਾ ਹੈ, ਪਰ ਮਨਮੁਖਾਂ ਨੂੰ ਭਰਮ ਵਿਚ ਭੁਲਾਇਆ ਹੋਇਆ ਹੈ॥ ੧ ॥

ਹਰਿ ਜੀ ਏਹ ਤੇਰੀ ਵਡਿਆਈ ॥

ਹੇ ਹਰਿ ਜੀਉ ! ਇਹ ਆਪ ਜੀ ਦੀ ਹੀ ਵਡਿਆਈ ਹੈ।

ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥

ਭਗਤ-ਲੋਕ ਆਪ ਜੀ ਦੀ ਸ਼ਰਨ ਵਿਚ ਆਏ ਹਨ, ਇਸ ਲਈ ਹੇ ਸੁਆਮੀ ! ਤੂੰ ਭਗਤਾਂ ਦੀ ਇੱਜ਼ਤ ਰੱਖਦਾ ਹੈਂ॥ ਰਹਾਉ ॥

ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥

ਭਗਤਾਂ ਨੂੰ ਜਮ ਜੋਹਿ=ਦੇਖ ਹੀ ਨਹੀਂ ਸਕਦਾ, ਬਲਕਿ ਉਹਨਾਂ ਦੇ ਨੇੜੇ ਕਾਲ ਜਾਂਦਾ ਹੀ ਨਹੀ।

ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥
ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥ ੨ ॥

ਭਗਤਾਂ ਦੇ ਮਨ ਵਿਚ ਕੇਵਲ ਰਾਮ ਨਾਮ ਵਸ ਰਿਹਾ ਹੈ, ਨਾਮੇ ਹੀ=ਨਾਮ ਜਪਕੇ ਹੀ ਭਗਤਾਂ ਨੇ ਮੁਕਤੀ ਪਾਈ ਹੈ। ਸਹਜੇ ਹੀ ਗੁਰਾਂ ਦੇ ਉਪਦੇਸ਼ ਵਿਚ ਸੁ+ਭਾਈ=ਸ੍ਰੇਸ਼ਟ ਪ੍ਰੇਮ ਕਰਨ ਨਾਲ ਰਿੱਧੀਆਂ ਸਿੱਧੀਆਂ ਸਭ ਭਗਤਾਂ ਦੇ ਚਰਨਾਂ ਨਾਲ ਲੱਗੀਆਂ ਰਹਿੰਦੀਆਂ ਹਨ॥ ੨ ॥

ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥
ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ ॥

ਮਨਮੁਖ ਪੁਰਸ਼ਾਂ ਨੂੰ ਗੁਰਾਂ ਉੱਤੇ ਭਰੋਸਾ ਨਹੀਂ ਆਉਂਦਾ, ਉਹਨਾਂ ਦੇ ਹਿਰਦੇ ਅੰਦਰ ਲੋਭ ਦਾ ਸੁਆਉ=ਪ੍ਰਯੋਜਨ ਹੈ। ਗੁਰਾਂ ਦੁਆਰੇ ਹਿਰਦੇ ਵਿਚ ਗੁਰ-ਉਪਦੇਸ਼ ਨੂੰ "ਭੇਦਿਓ" ਨ=ਜਾਣਿਆ ਨਾ, ਅਤੇ ਨਾ ਹੀ ਹਰੀ ਨਾਮ ਵਿਚ ਭਾਉ=ਪ੍ਰੇਮ ਲੱਗਾ ਹੈ।

ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥ ੩ ॥

ਤਿਸਦਾ ਝੂਠ, ਕਪਟ, ਤੇ ਪਾਜੁ=ਪਖੰਡ ਸਾਰਾ ਲਹਿ ਜਾਏਗਾ।

ਜੋ ਮਨਮੁਖ ਪੁਰਸ਼ ਫੀਕਾ=ਫਿੱਕੇ ਬਚਨਾਂ ਨੂੰ ਅਲਾਉ=ਕਥਨ ਕਰਦਾ ਹੈ॥ ੩ ॥

ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥

ਹੇ ਪ੍ਰਭ ਜੀ ! ਤੂੰ ਆਪ ਭਗਤ-ਜਨਾਂ ਵਿਚ ਵਰਤ ਰਿਹਾ ਹੈਂ, ਅਤੇ ਭਗਤਾਂ ਨੇ ਭਗਤੀ ਕਰਕੇ ਤੂੰ=ਤੈਨੂੰ (ਆਪ ਨੂੰ) ਜਾਣਿਆ ਹੈ।

(ਪੰਨਾ ੬੩੮)

ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥

ਤੇਰੀ ਮਾਇਆ ਦਾ ਮੋਹ ਸਭ ਲੋਕਾਂ ਵਿਚ ਹੈ, ਤੂੰ ਇੱਕ ਹੀ ਬਿਧਾਤਾ ਪੁਰਖੁ=ਫਲ ਦਾਤਾ ਹੈਂ।

ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥ ੪ ॥

ਜਿਸ ਨੇ ਹਉਮੈ ਮਾਰੀ ਹੈ, ਉਸ ਦੀ ਮਨਸਾ=ਵਾਸ਼ਨਾਂ ਮਨ ਦੇ ਵਿਚ ਹੀ ਸਮਾ ਗਈ ਹੈ, ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਉਨ੍ਹਾਂ ਨੇ ਆਪ ਜੀ ਨੂੰ ਪਛਾਣਿਆ ਹੈ॥ ੪ ॥

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥

ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ ਲੱਗਾ ਹੈ, ਉਨ੍ਹਾਂ ਦੇ ਕੰਮ ਪ੍ਰਭੂ ਅਚਿੰਤ=ਅਚਾਨਕ ਹੀ ਆਪਣੇ ਆਪ ਪੂਰੇ ਕਰਦਾ ਹੈ।

ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥

ਸਾਰੇ ਕਾਜ=ਕੰਮ ਸਵਾਰਨ ਵਾਲਾ ਪ੍ਰਭੂ ਗੁਰਾਂ ਦੀ ਕਿਰਪਾ ਨਾਲ ਸਦਾ ਉਨ੍ਹਾਂ ਦੇ ਮਨ ਵਿਚ ਵੱਸਿਆ ਹੈ।

ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ ॥ ੫ ॥

ਜਿਨ੍ਹਾਂ ਦੀ ਰੱਖਿਆ ਕਰਨ ਵਾਲਾ ਹਰੀ ਪ੍ਰਭੂ ਆਪ ਹੈ, ਜੋ ਪੁਰਸ਼ ਉਨ੍ਹਾਂ ਦੀ ਰੀਸ ਕਰਦਾ ਹੈ, ਉਹ ਵਿਗੁਚੈ=ਖ਼ਰਾਬ ਹੁੰਦਾ ਹੈ॥ ੫ ॥

ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਪ੍ਰਭੂ ਨੂੰ ਕਿਸੀ ਨੇ ਨਹੀਂ ਪਾਇਆ, ਮਨਮੁਖ ਪੁਰਸ਼ ਵਿਰਲਾਪ ਕਰਦੇ ਹੋਏ ਕੁੱਤਿਆਂ ਵਾਂਗ ਭੌਕਦੇ ਮਰ ਗਏ ਹਨ।

ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ ॥

ਉਹ ਹਮੇਸ਼ਾ ਜੰਮਦੇ ਮਰਦੇ ਹਨ, ਠਉਰ=ਠਹਿਰਨਾ, ਵਾ:-ਸਰੂਪ ਜਗ੍ਹਾ ਨੂੰ ਨਹੀਂ ਪਾਉਂਦੇ, ਉਸ ਪੁਰਸ਼ ਦੀ ਦੁੱਖ ਹੀ ਦੁੱਖ ਵਿਚ ਸਮਾਈ ਹੁੰਦੀ ਹੈ।

ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ ॥ ੬ ॥

ਜੋ ਗੁਰਮਖ ਗੁਰਾਂ ਦੇ ਸਨਮੁਖ ਹੋ ਕੇ ਨਾਮ-ਅੰਮ੍ਰਿਤ ਪੀਂਦਾ ਹੈ, ਉਸ ਦੀ ਸੁਤੇ ਸਿੱਧ ਸੱਚ ਵਿਚ ਸਮਾਈ ਹੁੰਦੀ ਹੈ॥ ੬ ॥

ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਜੇਕਰ ਚਾਹੇ ਅਧਿਕਤਾ ਕਰਕੇ ਅਨੇਕਾਂ ਹੀ ਕਰਮਾਂ ਨੂੰ ਕਰੇ, ਤੋ ਭੀ ਇਸ ਨੂੰ ਜਨਮ ਮਰਨ ਨਹੀਂ ਛੱਡਦਾ।

ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ॥
ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ॥ ੭॥

ਇੱਕ ਪੁਰਸ਼ ਵੇਦਾਂ ਨੂੰ ਪੜ੍ਹਕੇ ਤੇ ਵਾਦ=ਝਗੜਿਆਂ ਨੂੰ ਵਖਾਣਹਿ=ਕਥਨ ਕਰਦੇ ਹਨ, ਉਨ੍ਹਾਂ ਨੇ ਹਰੀ ਨਾਮ ਤੋਂ ਬਿਨਾਂ ਹੋ ਕੇ ਆਪਣੀ ਪਤ-ਆਬਰੋ ਗਵਾ ਲਈ ਹੈ॥ ਜੋ ਸਤਿਗੁਰੂ ਸੱਚਾ ਹੈ, ਅਤੇ ਜਿਸ ਦੀ ਉਪਦੇਸ਼-ਬਾਣੀ ਵੀ ਸੱਚੀ ਹੈ, ਭਜਿ=ਭੱਜ ਕਰਕੇ ਉਸ ਗੁਰੂ ਦੀ ਸਰਣਾਈ=ਸ਼ਰਨ ਵਿਚ ਪਵੇ ਤਾਂ ਛੂਟਹਿ=ਛੁਟਕਾਰਾ ਹੁੰਦਾ ਹੈ॥ ੭॥

ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ॥

ਜਿਨ੍ਹਾਂ ਦੇ ਮਨ ਵਿਚ ਹਰੀ ਵੱਸਿਆ ਹੈ, ਉਹ ਪੁਰਸ਼ ਸਤਿਸੰਗ ਦਰ ਵਿਚ ਸੱਚੇ ਹਨ, ਅਤੇ ਉਹ ਪ੍ਰਲੋਕ ਦੇ ਸੱਚੇ ਦਰ ਵਿਚ ਭੀ ਸਚਿਆਰ ਹਨ॥ ੭॥

ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ॥

ਉਨ੍ਹਾਂ ਦੀ ਸੋਭਾ ਹਰੇਕ ਜੁਗ ਵਿਚ ਹੋਈ ਹੈ, ਉਨ੍ਹਾਂ ਦੀ ਸੋਭਾ ਨੂੰ ਕੋਈ ਭੀ ਮੇਟਣ ਵਾਲਾ ਨਹੀਂ ਹੈ।

ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ॥ ੮॥੧॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਹਰੀ ਨਾਮ ਨੂੰ ਹਿਰਦੇ ਵਿਚ ਧਾਰ ਰੱਖਿਆ ਹੈ॥ ੮॥ ੧॥

ਸੋਰਠਿ ਮਹਲਾ ੩ ਦੁਤੁਕੀ॥

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ੧॥

ਹੇ ਭਾਈ ! ਉਹ ਪਰਮਾਤਮਾ ਨਿਰ-ਗੁਣ ਪੁਰਸ਼ਾਂ ਨੂੰ ਆਪ ਹੀ ਬਖਸ਼ ਲਏ=ਲੈਂਦਾ ਹੈ, ਸਤਿਗੁਰਾਂ ਦੀ ਸੇਵਾ ਵਿਚ ਲਗਾਕੇ॥ ਹੇ ਭਾਈ ! ਸਤਿਗੁਰਾਂ ਦੀ ਸੇਵਾ ਕਰਨੀ ਸਭ ਤੋਂ ਸ੍ਰੇਸ਼ਟ ਹੈ, ਤਿਸ ਸੇਵਾ ਨੂੰ ਕਰਕੇ ਰਾਮ ਨਾਮ ਵਿਚ ਚਿੱਤ ਨੂੰ ਲਗਾਉਣਾ ਕਰ॥ ੧॥

ਹਰਿ ਜੀਉ ਆਪੇ ਬਖਸਿ ਮਿਲਾਇ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥

ਹਰਿ ਜੀ ਜਿਨ੍ਹਾਂ ਉੱਤੇ ਕਿਰਪਾ ਕਰਦਾ ਹੈ, ਉਨ੍ਹਾਂ ਨੂੰ ਆਪ ਹੀ ਬਖਸ਼ ਕੇ ਮਿਲਾ ਲੈਂਦਾ ਹੈ।

ਹੇ ਭਾਈ ! ਅਸੀਂ ਸ਼ੁਭ-ਗੁਣਾਂ ਤੋਂ ਰਹਿਤ ਅਤੇ ਅਪਰਾਧੀ ਸੀ, ਪਰ ਪੂਰਿਆ ਸਤਿਗੁਰਾਂ ਨੇ ਕਿਰਪਾ ਕਰਕੇ ਆਪਣੇ ਨਾਲ, ਵਾ:-ਸਤਸੰਗ ਨਾਲ, ਅਥਵਾ:-ਪਰਮੇਸ਼ਰ ਨਾਲ ਰਲਾ ਲੀਤਾ ਹੈ।

ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ੨ ॥

ਹੇ ਪਿਆਰੇ ! ਸੱਚੇ ਸ਼ਬਦ ਦੀ ਵੀਚਾਰ ਦੇ ਕੇ ਹਰੀ ਨੇ ਕੇਹੜੇ ਕੇਹੜੇ ਅਪਰਾਧੀ ਬਖਸ਼ਣਾ ਕੀਤੇ ਹਨ? ਉੱਤਰ:-ਬਿਅੰਤ ਹੀ ਬਖਸ਼ੇ ਹਨ, ਜਿਨ੍ਹਾਂ ਦੀ ਗਿਣਤੀ ਕੋਈ ਨਹੀਂ॥ ਹੇ ਭਾਈ ! ਸਤਿਗੁਰਾਂ ਦੁਆਰੇ ਨਾਮ ਬੇੜੈ=ਬੇੜੇ (ਜਹਾਜ਼) ਉੱਤੇ ਚਾੜਿ=ਚਾੜ੍ਹ ਕੇ ਭਉਜਲੁ=ਸੰਸਾਰ=ਸਮੁੰਦ੍ਰ ਤੋਂ ਪਾਰ ਉਤਾਰਨਾਂ ਕੀਤੇ ਹਨ॥ ੨ ॥

ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ ੩ ॥

ਹੇ ਭਾਈ ! ਜਿਨ੍ਹਾਂ ਨੂੰ ਹਰੀ ਨੇ ਗੁਰੂ ਰੂਪ ਪਾਰਸ ਦੇ ਮੇਲ ਨਾਲ ਮਿਲਾਇਆ ਹੈ ਉਹ ਮਨੂਰੈ ਤੇ=ਲੋਹੇ ਦੀ ਮੈਲ ਤੋਂ ਕੰਚਨ=ਸੋਨੇ ਵਾਂਗ ਸ਼ੁੱਧ ਹੋਏ ਹਨ॥ ਆਪਾ ਭਾ ਹੰਕਾਰ ਨੂੰ ਛੱਡ ਕੇ ਜਿਸ ਦੇ ਮਨ ਵਿਚ ਨਾਮ ਵਸਿਆ ਹੈ, ਜੋਤੀ=ਪਰਮੇਸ਼ਰ ਨੇ ਉਸ ਦੀ ਜੋਤ ਨੂੰ ਆਪਣੇ ਨਾਲ ਮਿਲਾ ਲਿਆ ਹੈ॥ ੩ ॥

ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥

ਹੇ ਭਾਈ ! ਮੈਂ ਵਾਰੀ=ਵਾਰਨੇ ਜਾਂਦਾ ਹਾਂ, ਮੈਂ ਵਾਰਣੈ=ਸਦਕੇ ਜਾਂਦਾ ਹਾਂ, ਸਤਿਗੁਰਾਂ ਤੋਂ ਮੈਂ ਸਦੀਵ ਕਾਲ ਬਲਿਹਾਰ ਜਾਂਦਾ ਹਾਂ।

ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥ ੪ ॥

ਹੇ ਭਾਈ ! ਜਿਸ ਨੂੰ ਗੁਰਾਂ ਨੇ ਨਾਮ ਨਿੱਧੀਆਂ ਦਾ ਨਿਧਾਨੁ=ਖਜ਼ਾਨਾ ਦਿੱਤਾ ਹੈ, ਉਹ ਗੁਰਮਤੀਆ ਸਹਜ-ਪਦ ਵਿਚ ਸਮਾਉਂਦਾ ਹੈ॥ ੪ ॥

ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥

ਹੇ ਭਾਈ ! ਗੁਰੂ ਦੇ ਉਪਦੇਸ਼ ਤੋਂ ਬਿਨਾਂ ਸਹਜੁ=ਗਿਆਨ ਪੈਦਾ ਨਹੀਂ ਹੁੰਦਾ, ਬੇ-ਸ਼ੱਕ ਜਾ ਕੇ ਗਿਆਨੀਆਂ ਤੋਂ ਪੁੱਛ ਵੇਖੋ।

ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ ੫ ॥

ਹੇ ਭਾਈ ! ਹਿਰਦੇ ਵਿਚੋਂ ਆਪੁ=ਹੰਕਾਰ ਗੁਆ ਕੇ ਸਦੀਵ ਕਾਲ ਸਤਿਗੁਰਾਂ ਦੀ ਸੇਵਾ ਕਰ॥ ੫ ॥

ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥ ੬ ॥

ਹੇ ਭਾਈ ! ਗੁਰ-ਸਿੱਖਿਆ ਕਰਕੇ ਹੀ ਪਰਮੇਸ਼ਰ ਦਾ ਭਉ=ਡਰ ਊਪਜੈ=ਪੈਦਾ ਹੁੰਦਾ ਹੈ, ਭਉ

ਕਰਣੀ=ਡਰ ਧਾਰਨੇ ਰੂਪੀ ਜੋ ਕਰਨੀ ਹੈ, ਏਹ ਸੱਚੀ ਤੇ ਸਾਰੁ=ਸ੍ਰੇਸ਼ਟ ਹੈ। ਹੇ ਭਾਈ ! ਪ੍ਰੇਮ ਰੂਪ ਪਦਾਰਥ ਨੂੰ ਪਾਉਣਾ ਕਰੋ, ਅਤੇ ਸੱਚ ਨਾਮ ਨੂੰ ਹੀ ਆਪਣਾ ਆਸਰਾ ਨਿਸਚੇ ਕਰੋ॥ ੬॥

ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥

ਹੇ ਭਾਈ ! ਜੋ ਆਪਣਿਆਂ ਸਤਿਗੁਰਾਂ ਨੂੰ ਸੇਂਵਦੇ ਹਨ, ਹਉ=ਮੈਂ ਉਨ੍ਹਾਂ ਦੇ ਚਰਨੀ ਲੱਗਦਾ ਹਾਂ।

ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥ ੭॥

ਹੇ ਭਾਈ ! ਮੈਂ ਆਪਣਾ ਜਨਮ ਸਵਾਰ ਲਵਾਂਗਾ, ਅਤੇ ਕੁਲ ਨੂੰ ਭੀ ਬਖਸ਼ਾ ਲਵਾਂਗਾ॥ ੭॥

ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥

ਹੇ ਭਾਈ ! ਗੁਰਾਂ ਦੀ ਰਾਮ ਨਾਮ ਰੂਪ ਬਾਣੀ ਸੱਚੀ ਹੈ ਅਤੇ ਮਹਾਂਵਾਕ ਰੂਪੀ ਉਪਦੇਸ਼ ਵੀ ਸੱਚਾ ਹੈ। ਅਥਵਾ:-ਸਚੁ=ਨਿਸਚੇ ਕਰਕੇ ਉਪਦੇਸ਼ ਰੂਪ ਬਾਣੀ ਸੱਚੀ ਹੈ, ਪਰ ਗੁਰਾਂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ।

ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥੨॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਜਿਸ ਦੇ ਮਨ ਵਿਚ ਹਰੀ ਨਾਮ ਵਸਦਾ ਹੈ, ਉਸ ਨੂੰ ਕੋਈ ਬਿਘਨ ਲੱਗਦਾ ਨਹੀਂ ਹੈ॥ ੮॥ ੨॥

(ਪੰਨਾ ੬੩੯) ਸੋਰਠਿ ਮਹਲਾ ੩॥

ਹਰਿ ਜੀਉ ਸਬਦੇ ਜਾਪਦਾ ਭਾਈ ਪੂਰੈ ਭਾਗਿ ਮਿਲਾਇ॥

ਹੇ ਭਾਈ ! ਹਰਿ ਜੀਉ=ਪਰਮਾਤਮਾ ਗੁਰਾਂ ਦੇ ਉਪਦੇਸ਼ ਕਰਕੇ ਜਾਪਦਾ=ਜਾਣਿਆਂ ਜਾਂਦਾ ਹੈ, ਪਰ ਗੁਰਾਂ ਦਾ ਮਿਲਾਪ ਪੂਰਿਆਂ ਭਾਗਾਂ ਨਾਲ ਹੁੰਦਾ ਹੈ।

ਸਦਾ ਸੁਖੁ ਸੋਹਾਗਣੀ ਭਾਈ ਅਨਦਿਨੁ ਰਤੀਆ ਰੰਗੁ ਲਾਇ॥ ੧॥

ਹੇ ਭਾਈ ! ਜੋ ਰਾਤ-ਦਿਨ ਰੰਗੁ=ਪ੍ਰੇਮ ਲਗਾਕੇ ਉਸ ਨਾਲ ਰਤੀਆ=ਮਿਲੀਆਂ ਹਨ, ਉਨ੍ਹਾਂ ਸੁਹਾਗਣਾਂ ਨੂੰ ਸਦਾ ਸੁਖੁ=ਨਿੱਤ ਸੁਖ ਪ੍ਰਾਪਤ ਹੁੰਦਾ ਹੈ॥ ੧॥

ਹਰਿ ਜੀ ਤੂ ਆਪੇ ਰੰਗੁ ਚੜਾਇ॥

ਹੇ ਭਾਈ ! ਤੂੰ ਹਰਿ ਜੀ ਰੂਪੀ ਰੰਗ ਨੂੰ ਆਪਣੇ ਮਨ ਰੂਪੀ ਕੱਪੜੇ ਨੂੰ ਚੜ੍ਹਾ ਲੈ।

ਗਾਵਹੁ ਗਾਵਹੁ ਰੰਗਿ ਰਾਤਿਹੋ ਭਾਈ ਹਰਿ ਸੇਤੀ ਰੰਗੁ ਲਾਇ॥ ਰਹਾਉ॥

ਹੇ ਭਾਈ ! ਤੁਸੀਂ ਸੰਸਾਰਕ ਰੰਗ ਵਿਚ ਰਾਤਿਹੋ=ਰੱਤੇ ਹੋਏ ਹੋ, ਪਰ ਤੁਹਾਨੂੰ ਚਾਹੀਦਾ ਹੈ ਹਰੀ ਨਾਲ ਪ੍ਰੇਮ ਲਗਾ ਕੇ ਉਸ ਦੇ ਗੁਣਾਂ ਨੂੰ ਗਾਉਣਾ ਹੀ ਗਾਉਣਾ ਕਰੋ॥ ਰਹਾਉ॥

ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ॥

ਹੇ ਭਾਈ ! ਚਿੱਤ ਨੂੰ ਲਗਾ ਕੇ ਗੁਰਾਂ ਦੀ ਸੇਵਾ ਰੂਪੀ ਕਾਰ ਕਮਾਵਣੀ ਕਰ, ਤੇ ਆਪੁ=ਹੰਕਾਰ ਨੂੰ ਛੱਡ ਦੇ।

ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ ਹਰਿ ਆਪਿ ਵਸੈ ਮਨਿ ਆਇ॥੨॥

ਹੇ ਭਾਈ ! ਫਿਰ ਹਰੀ ਆਪੇ ਮਨ ਵਿਚ ਆ ਕੇ ਵਸੇਗਾ, ਅਤੇ ਸਦਾ ਹੀ ਸਹਜੁ=ਨਿੱਤ ਸੁਖ ਪ੍ਰਾਪਤ ਹੋਵੇਗਾ, ਫਿਰ ਕਦੇ ਭੀ ਦੁੱਖ ਨਹੀਂ ਲੱਗੇਗਾ॥ ੨॥

ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ॥

ਹੇ ਭਾਈ ! ਜੋ ਇਸਤ੍ਰੀ ਪਤੀ ਦਾ ਹੁਕਮ ਸੱਤ ਕਰਕੇ ਨਹੀਂ ਜਾਣਦੀ, ਸਾ=ਉਹ ਭੈੜੇ ਲੱਛਣਾਂ ਵਾਲੀ ਕੁਨਾਰਿ=ਖੋਟੀ ਇਸਤ੍ਰੀ ਹੈ। ਵਾ:-ਕੁਤਸਤ ਅਰਥਾਤ ਨਿੰਦਣੇ ਯੋਗ ਹੈ।

ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ॥ ੩॥

ਹੇ ਭਾਈ ! ਜੋ ਮਨ ਦੇ ਹੱਠ ਕਰਕੇ ਕੰਮ ਕਰਦੀ ਹੈ, ਉਹ ਨਾਵੈ=ਨਾਮ ਤੋਂ ਬਿਨਾਂ ਕੂੜਿਆਰਿ=ਝੂਠੀ ਹੈ॥ ੩॥

ਸੇ ਗਾਵਹਿ ਜਿਨ ਮਸਤਕਿ ਭਾਗੁ ਹੈ ਭਾਈ ਭਾਇ ਸਚੈ ਬੈਰਾਗੁ॥

ਹੇ ਭਾਈ ! ਜਿਨ੍ਹਾਂ ਦੇ ਮਸਤਕਿ=ਮੱਥੇ ਦੇ ਭਾਗ ਉੱਤਮ ਹਨ, ਉਹ ਸੱਚੇ ਭਾਇ=ਪ੍ਰੇਮ ਤੇ ਵੈਰਾਗ ਨਾਲ ਪ੍ਰਭੂ ਦੇ ਗੁਣ ਗਾਵਹਿ=ਗਾਉਂਦੇ ਹਨ।

ਅਨਦਿਨੁ ਰਾਤੇ ਗੁਣ ਰਵਹਿ ਭਾਈ ਨਿਰਭਉ ਗੁਰ ਲਿਵ ਲਾਗੁ॥ ੪॥

ਹੇ ਭਾਈ ! ਜੋ ਪ੍ਰੇਮ ਵਿਚ ਰੱਤੇ ਹੋਏ ਰਾਤ-ਦਿਨ ਗੁਣ ਰਵਹਿ=ਉਚਾਰਦੇ ਹਨ, ਉਨ੍ਹਾਂ ਦੀ ਗੁਰਾਂ ਦੁਆਰੇ ਨਿਰਭਉ ਪ੍ਰਭੂ ਵਿਚ ਲਿਵ ਲੱਗ ਗਈ ਹੈ॥ ੪॥

ਸਭਨਾ ਮਾਰਿ ਜੀਵਾਲਦਾ ਭਾਈ ਸੋ ਸੇਵਹੁ ਦਿਨੁ ਰਾਤਿ॥

ਹੇ ਭਾਈ ! ਜੋ ਸਾਰਿਆਂ ਨੂੰ ਮਾਰਦਾ ਤੇ ਜੀਵਾਉਂਦਾ ਹੈ, ਉਸ ਨੂੰ ਦਿਨ-ਰਾਤ ਸੇਵਹੁ=ਸੇਵਨਾ ਕਰੋ।

ਸੋ ਕਿਉ ਮਨਹੁ ਵਿਸਾਰੀਐ ਭਾਈ ਜਿਸ ਦੀ ਵਡੀ ਹੈ ਦਾਤਿ॥ ੫॥

ਹੇ ਭਾਈ ! ਜਿਸ ਪ੍ਰਭੂ ਦੀ ਦਾਤ ਸਭ ਤੋਂ ਵੱਡੀ ਹੈ, ਉਸ ਨੂੰ ਮਨ ਤੋਂ ਕਿਵੇਂ ਵਿਸਾਰੀਐ=ਭੁਲਾਇਆ ਜਾ ਸਕਦਾ ਹੈ॥ ੫॥

ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ॥

ਹੇ ਭਾਈ ! ਮਨਮੁਖ ਇਸਤ੍ਰੀ ਪਾਪਾਂ ਕਰਕੇ ਮੈਲੀ ਡੁੰਮਣੀ=ਦੁਖੀ, ਵਾ:-ਦੁਚਿੱਤੀ, ਵਾ:-ਉਦਾਸੀਨ ਹੋ ਰਹੀ ਹੈ, ਇਸ ਕਰਕੇ ਉਸ ਨੂੰ ਦਰਗਾਹ ਵਿਚ ਥਾਂ ਨਹੀਂ ਮਿਲਦੀ।

ਗੁਰਮੁਖਿ ਹੋਵੈ ਤ ਗੁਣ ਰਵੈ ਭਾਈ ਮਿਲਿ ਪ੍ਰੀਤਮ ਸਾਚਿ ਸਮਾਉ॥ ੬॥

ਹੇ ਭਾਈ ! ਜਾਂ ਗੁਰਮੁਖ ਹੋ ਕੇ ਪ੍ਰਭੂ ਦੇ ਗੁਣਾਂ ਨੂੰ ਉਚਾਰੇ, ਤਾਂ ਪ੍ਰੀਤਮ=ਪਰਮਾਤਮਾ ਨਾਲ ਮਿਲਕੇ

ਸੱਚ ਵਿਚ ਸਮਾਉ=ਸਮਾਂ ਜਾਦੀ ਹੈ, ਅਥਵਾ:-ਪ੍ਰੀਤਮ ਨਾਲ ਮਿਲ ਕੇ ਸੱਚੇ ਸਮਾਉ=ਅਨੰਦ ਨੂੰ ਪਾਂਵਦੀ ਹੈ॥ ੬॥

ਏਤੁ ਜਨਮਿ ਹਰਿ ਨ ਚੇਤਿਓ ਭਾਈ ਕਿਆ ਮੁਹੁ ਦੇਸੀ ਜਾਇ॥

ਹੇ ਭਾਈ ! ਜਿਸ ਨੇ ਇਸ ਮਨੁੱਖਾ ਜਨਮ ਵਿਚ ਹਰੀ ਨੂੰ ਨਹੀਂ ਸਿਮਰਿਆ, ਉਹ ਅੱਗੇ ਜਾ ਕੇ ਕੀ ਮੂੰਹ ਦੇਵੇਗੀ।

ਕਿੜੀ ਪਵੰਦੀ ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ॥ ੭॥

ਹੇ ਭਾਈ ! ਕਿੜੀ=ਖਬਰਾਂ (ਅਵਾਜ਼ਾਂ) ਪੈ ਰਹੀਆਂ ਹਨ, ਤੂੰ ਫਿਰ ਭੀ ਬਿਖਿਆ=ਮਾਇਆ ਨਾਲ ਲੋਭ ਕਰਕੇ ਆਪਣੇ ਆਪ ਨੂੰ ਭਾਵ ਆਤਮਕ ਆਨੰਦ ਰੂਪ ਪਦਾਰਥ ਨੂੰ ਮੁਹਾਇਓਨੁ=ਲੁਟਾ ਲਿਆ ਹੈ॥ ੭॥

ਨਾਮੁ ਸਮਾਲਹਿ ਸੁਖਿ ਵਸਹਿ ਭਾਈ ਸਦਾ ਸੁਖੁ ਸਾਂਤਿ ਸਰੀਰ॥

ਹੇ ਭਾਈ ! ਜੋ ਨਾਮ ਨੂੰ ਸੰਭਾਲਦੇ ਹਨ ਉਹ ਸਦਾ ਸੁਖੀ ਵਸਹਿ=ਵਸਦੇ ਹਨ, ਅਤੇ ਉਨ੍ਹਾਂ ਦੇ ਸਰੀਰ ਨੂੰ ਸਦਾ ਹੀ ਸੁਖ ਤੇ ਸ਼ਾਂਤੀ ਬਣੀ ਰਹਿੰਦੀ ਹੈ।

ਨਾਨਕ ਨਾਮੁ ਸਮਾਲਿ ਤੂ ਭਾਈ ਅਪਰੰਪਰ ਗੁਣੀ ਗਹੀਰ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਜੋ ਅਪਰੰਪਰ ਪਰਮਾਤਮਾ ਸ਼ੁਭ-ਗਣਾਂ ਦਾ ਗਹੀਰ=ਸਮੁੰਦ੍ਰ ਹੈ, ਤੂੰ ਉਸ ਦੇ ਨਾਮ ਨੂੰ ਸੰਭਾਲਣਾ ਕਰ, ਭਾਵ ਸਿਮਰਨਾ ਕਰ॥ ੮॥ ੩॥

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ॥

ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ॥

ਹੇ ਭਾਈ ! ਜਿਨਹਿ=ਜਿਸਨੇ ਸਾਰੇ ਜਗੁ=ਸੰਸਾਰ ਨੂੰ ਉਪਾਇਆ=ਪੈਦਾ ਕੀਤਾ ਹੈ, ਅਤੇ ਜੋ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ।

ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ॥

ਹੇ ਭਾਈ ! ਜਿਸਨੇ ਆਪਣੀ ਚੇਤਨ ਸੱਤਾ ਰੂਪ ਵਸਤੂ ਦੇ ਕਰਕੇ ਜੀਅ ਨੂੰ ਤੇ ਪਿੰਡੁ=ਸਰੀਰ ਨੂੰ ਸਾਜਿਆ ਹੈ।

ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ॥

ਹੇ ਭਾਈ ! ਜੋ ਇੱਕ ਕਰਤਾ ਪੁਰਖ ਅਕੱਥ ਹੈ, ਉਸ ਨੂੰ ਕਿਸ ਤਰ੍ਹਾਂ ਕਹੀਐ=ਕਥਨ ਕਰੀਏ, ਅਤੇ ਕਿਸ ਪ੍ਰਕਾਰ ਵੇਖਣਾ ਕਰੀਏ ? ਉੱਤਰ:-

ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ ॥ ੧ ॥

ਹੇ ਭਾਈ ! ਗੁਰਾਂ ਦੁਆਰੇ ਉਸ ਗੋਬਿੰਦ ਨੂੰ ਸਲਾਹੁਣਾ ਕਰੀਏ, ਜਿਸ ਤੇ=ਜਿਸ ਕਰਕੇ ਤਥੁ=ਸਿਧਾਂਤ ਰੂਪ ਪਰਮਾਤਮਾ ਜਾਪੈ=ਜਾਣਿਆਂ ਜਾਵੇ ॥ ੧ ॥

ਮੇਰੇ ਮਨ ਜਪੀਐ ਹਰਿ ਭਗਵੰਤਾ ॥

ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ ॥ ਰਹਾਉ ॥

ਹੇ ਮੇਰੇ ਮਨ ! ਹਰੀ ਭਗਵੰਤ ਨੂੰ ਜਪਣਾ ਚਾਹੀਦਾ ਹੈ।

ਜੋ ਆਪਣੇ ਸੇਵਕ ਜਨਾਂ ਨੂੰ ਨਾਮ-ਦਾਨ ਦੇਂਦਾ ਹੈ, ਅਤੇ ਦੁੱਖ-ਜਨ-ਦਰਦਾਂ ਦੇ ਨਾਸ ਕਰਨ ਵਾਲਾ ਹੈ ॥ ਰਹਾਉ ॥

ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ ॥

ਹੇ ਭਾਈ ! ਜਿਸ ਪ੍ਰਭੂ ਦੇ ਘਰ ਵਿਚ ਸਭ ਕੁਝ ਹੈ, ਅਤੇ ਨੌਂ ਨਿੱਧੀਆਂ ਦੇ ਭੰਡਾਰੇ ਭਰੇ ਹੋਏ ਹਨ।

ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ ॥

ਹੇ ਭਾਈ ! ਉਸ ਪ੍ਰਭੂ ਦੀ ਕੀਮਤ ਨਹੀਂ ਪੈ ਸਕਦੀ, ਉਹ ਅਪਾਰ ਪ੍ਰਭੂ ਸਾਰਿਆਂ ਤੋਂ ਉੱਚਾ ਤੇ ਅਗੰਮ ਹੈ। ਅਥਵਾ:-ਉਹ ਸਾਰਿਆਂ ਤੋਂ ਉੱਚਾ ਹੈ, ਅ+ਗਮ=ਖੌਫ ਤੋਂ ਰਹਿਤ ਹੈ, ਅਪਾਰ=ਬਿਅੰਤ ਗੁਣਾਂ ਵਾਲਾ ਹੈ।

ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ ॥

ਹੇ ਭਾਈ ! ਉਹ ਸਾਰਿਆਂ ਜੀਆਂ ਜੰਤਾਂ ਨੂੰ ਪਾਲਦਾ ਹੈ ਅਤੇ ਨਿਤਾਪ੍ਰਤੀ ਸਭ ਦੀ ਸਾਰ=ਸੰਭਾਲ ਕਰਦਾ ਹੈ।

ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ ॥ ੨ ॥

ਹੇ ਭਾਈ ! ਪੂਰਿਆਂ ਸਤਿਗੁਰਾਂ ਨਾਲ ਮਿਲਣਾ ਚਾਹੀਦਾ ਹੈ, ਜੋ ਸਬਦਿ=ਬ੍ਰਹਮ ਦੇ ਨਾਲ ਮਿਲਾਉਣ ਵਾਲੇ ਹਨ ॥ ੨ ॥

ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥

ਹੇ ਭਾਈ ! ਸੱਚੇ ਗੁਰਾਂ ਦੇ ਚਰਨਾਂ ਦੀ ਸੇਵਾ ਕਰੀਏ, ਤਾਂ ਪੰਜ ਪ੍ਰਕਾਰ ਦਾ ਭਰਮ ਤੇ ਡਰ ਨਾਸ ਹੋ ਜਾਂਦਾ ਹੈ।

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥

ਹੇ ਭਾਈ! ਸੰਤ ਸਭਾ ਨਾਲ ਮਿਲਕੇ ਮਨ ਨੂੰ ਮਾਂਜਣਾ ਕਰੀਏ, ਤਾਂ ਹਰੀ ਦੇ ਨਾਮ ਵਿਚ ਨਿਵਾਸ ਹੁੰਦਾ ਹੈ। ਅਥਵਾ:-ਹਰੀ ਨਾਮੀ ਦੇ ਵਿਚ ਨਿਵਾਸ ਹੁੰਦਾ ਹੈ।

ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥

ਹੇ ਭਾਈ ! ਗਿਆਨ ਰੂਪ ਸੂਰਜ ਦੇ ਚੜ੍ਹਨ ਕਰਕੇ ਇੱਕ ਤਾਂ ਅਗਿਆਨਤਾ ਰੂਪੀ ਅਨ੍ਹੇਰਾ ਦੂਰ ਹੋ ਜਾਂਦਾ ਹੈ, ਦੂਜਾ ਹਿਰਦਾ ਕਮਲ ਪਰਗਾਸੁ=ਖਿੜ ਜਾਂਦਾ ਹੈ।

(ਪੰਨਾ ੬੪੦)

ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥ ੩ ॥

ਹੇ ਭਾਈ ! ਗੁਰਾਂ ਦੇ ਉਪਦੇਸ਼ ਕਰਕੇ ਸੁਖ ਉਤਪੰਨ ਹੁੰਦਾ ਹੈ, ਕਿਉਂਕਿ ਸਾਰੇ ਫਲ ਸਤਿਗੁਰਾਂ ਦੇ ਪਾਸ ਹਨ॥ ੩ ॥

ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥
ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ ॥

ਹੇ ਭਾਈ ! ਇਹ ਪਦਾਰਥ ਮੇਰਾ ਹੈ, ਇਹ ਤੇਰਾ ਹੈ, ਇਸ ਮੇਰ ਤੇਰ ਵਾਲੇ ਸੁਭਾਵ ਨੂੰ ਛੱਡ ਦੇਈਏ, ਅਤੇ ਸਾਰਿਆਂ ਦੀ ਚਰਨ-ਧੂੜ ਹੋਈਏ। ਹੇ ਭਾਈ ! ਸਭ ਘਟ-ਘਟ ਵਿਚ ਬ੍ਰਹਮ ਨੇ ਆਪਣੇ ਆਪ ਨੂੰ ਪਸਾਰਿਆ ਹੋਇਆ ਹੈ, ਸਾਰਿਆਂ ਦੇ ਪਾਸ ਹੋ ਕੇ ਸਭ ਦੇ ਕਰਤੱਬਾਂ ਨੂੰ ਪੇਖੈ=ਵੇਖਦਾ ਅਤੇ ਸਭ ਦੀਆਂ ਗੱਲਾਂ ਸੁਣਦਾ ਹੈ।

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ ॥

ਹੇ ਭਾਈ ! ਐਸਾ ਪਾਰਬ੍ਰਹਮ ਜਿਸ ਦਿਨ ਵਿਸਰੈ=ਭੁੱਲ ਜਾਂਦਾ ਹੈ, ਉਸ ਦਿਨ ਝੂਰਿ=ਝੁਰ ਕਰਕੇ ਮਰਨਾ ਹੁੰਦਾ ਹੈ।

ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰਿ ॥ ੪ ॥

ਹੇ ਭਾਈ ! ਉਹ ਪਰਮਾਤਮਾ ਸਾਰਿਆਂ ਕਾਰਜਾਂ ਦੇ ਕਰਨੇ ਕਰਾਉਣੇ ਨੂੰ ਸਮਰੱਥ ਹੈ, ਅਤੇ ਸਭ ਕਲਾ=ਸ਼ਕਤੀਆਂ ਕਰਕੇ ਭਰਪੂਰ ਹੈ॥ ੪ ॥

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥

ਹੇ ਭਾਈ ! ਪ੍ਰੇਮ ਪਦਾਰਥ ਸਾਰੇ ਨਾਮੁ=ਪ੍ਰਸਿੱਧ ਹੈ, ਜਿਸ ਪ੍ਰੇਮ ਕਰਕੇ ਮਾਇਆ ਦਾ ਮੋਹ ਨਾਸ ਹੁੰਦਾ ਹੈ।

ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥

ਹੇ ਭਾਈ ! ਇਸ ਜੀਵ ਦਾ ਪ੍ਰੇਮ ਜੇ ਤਿਸ ਪਰਮੇਸ਼ਰ ਨੂੰ ਭਾ ਜਾਵੇ, ਤਾਂ ਉਹ ਵਾਹਿਗੁਰੂ ਜੀ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਦੇ ਕੇ ਆਪਣੇ ਨਾਲ ਮੇਲ ਲੈਂਦਾ ਹੈ।

ਗੁਰਮੁਖਿ ਕਮਲੁ ਪਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥

ਜਦ ਗੁਰਾਂ ਦੁਆਰੇ ਪਰਗਾਸੁ=ਗਿਆਨ ਹੋਵੇ ਤਾਂ ਰਿਦੈ=ਹਿਰਦਾ-ਕਮਲ ਖਿੜ ਆਉਂਦਾ ਹੈ।

ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥ ੫ ॥

ਹੇ ਭਾਈ ! ਪ੍ਰਭੂ ਦਾ ਪ੍ਰਤਾਪ ਸਾਰੇ ਪ੍ਰਗਟ ਹੋ ਰਿਹਾ ਹੈ। ਧਰਤੀ ਅਕਾਸ਼ ਵਿਚ ਭੀ ਮਿਲ ਰਿਹਾ ਹੈ ਅਥਵਾ:-ਜਿਸ ਦੀ ਸੱਤਾ ਪਾ ਕੇ ਧਰਤੀ ਅਕਾਸ਼ ਮਉਲਿਆ=ਪ੍ਰਫੁਲਤ ਹੋ ਰਹੇ ਹਨ॥ ੫ ॥

ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥
ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥

ਹੇ ਭਾਈ ! ਜਿਸ ਨੂੰ ਪੂਰਿਆਂ ਗੁਰਾਂ ਨੇ ਸੰਤੋਖਿਆ=ਸੰਤੋਖ ਦਿੱਤਾ ਹੈ, ਉਸ ਦਾ ਰਾਤ ਦਿਨੇ ਪ੍ਰਭੂ ਨਾਲ ਭਾਉ=ਪ੍ਰੇਮ ਲੱਗਾ ਹੈ॥ ਹੇ ਭਾਈ ! ਜੋ ਪੁਰਸ਼ ਜ਼ਬਾਨ ਨਾਲ ਸਦਾ ਰਾਮ ਨੂੰ ਉਚਾਰਦਾ ਹੈ, ਉਸ ਨੂੰ ਸੱਚੇ ਸਾਦੁ=ਅਨੰਦ ਦਾ ਸੁਆਉ=ਲਾਭ ਹੋਇਆ ਹੈ।

ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ ॥
ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥ ੬ ॥

ਹੇ ਭਾਈ ! ਜਿਸ ਨੇ ਕੰਨਾਂ ਵਿਖੇ ਨਾਮ ਸੁਣ ਸੁਣ ਕੇ ਜੀਊਣਾ ਕੀਤਾ ਹੈ ਉਸ ਨੇ ਨਿਸਚਲ ਥਾਉ=ਸਰੂਪ ਨੂੰ ਪਾਇਆ ਹੈ॥ ਹੇ ਭਾਈ ! ਜਿਸ ਨੂੰ ਭਰੋਸਾ ਨਹੀਂ ਆਉਂਦਾ ਉਹ ਜੀਅੜਾ=ਜੀਵ ਜਲ ਬਲ ਜਾਂਦਾ ਭਾਵ ਨਿਸਫਲ ਚਲਿਆ ਜਾਂਦਾ ਹੈ॥ ੬॥

ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥
ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥

ਹੇ ਭਾਈ ! ਮੇਰੇ ਸੁਆਮੀ ਵਿਚ ਬਹੁਤ ਸਾਰੇ ਗੁਣ ਹਨ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ। ਹੇ ਭਾਈ ! ਉਹ ਗੁਣ-ਹੀਣਿਆਂ ਦੀ ਪਾਲਣਾ ਕਰਦਾ ਹੈ, ਅਤੇ ਨਿਥਾਵਿਆਂ ਨੂੰ ਬੈਠਣ ਵਾਸਤੇ ਅਸਥਾਨ ਦੇਂਦਾ ਹੈ।

ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥

ਹੇ ਭਾਈ ! ਉਹ ਪਰਮਾਤਮਾ ਸ੍ਵਾਸ ਸ੍ਵਾਸ ਰਿਜ਼ਕ ਪੁਚਾਉਂਦਾ ਹੈ, ਜਿਸ ਦਾ ਨਾਮ ਗੂੜ੍ਹਾ ਆਨੰਦ ਦੇਣ ਵਾਲਾ ਹੈ।

ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥ ੭ ॥

ਹੇ ਭਾਈ ! ਜਿਸ ਨੂੰ ਸੱਚੇ ਗੁਰੂ ਮਿਲਦੇ ਹਨ, ਤਿਸ ਦਾ ਕਰਮਾਉ=ਭਾਗ ਪੂਰਾ ਸਮਝੋ॥ ੭॥

ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥

ਜੋ ਪਰਮਾਤਮਾ ਸਾਰੀਆਂ ਕਲਾ-ਸ਼ਕਤੀਆਂ ਕਰਕੇ ਭਰਪੂਰ ਹੈ, ਉਸ ਤੋਂ ਬਿਨਾਂ ਅਸਾਡੇ ਪਾਸੋਂ ਇੱਕ ਘੜੀ ਭਰ ਨਹੀਂ ਜੀਵਿਆ ਜਾਂਦਾ।

ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ ॥

ਹੇ ਭਾਈ ! ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਉਹ ਪਰਮਾਤਮਾ ਅਸਾਨੂੰ ਵਿਸਰਦਾ ਨਹੀਂ, ਮੈਂ ਉਸ ਨੂੰ ਸਦਾ ਹਜ਼ੂਰ ਦੇਖਦਾ ਹਾਂ।

ਸਾਧੂ ਸੰਗਿ ਮਿਲਾਇਆ ਭਾਈ ਸਰਬ ਰਹਿਆ ਭਰਪੂਰਿ॥

ਜੋ ਪਰਮਾਤਮਾ ਸਾਰੇ ਭਰਪੂਰ ਹੋ ਰਿਹਾ ਹੈ ਉਸ ਦੇ ਨਾਲ ਮੈਨੂੰ ਸੰਤਾਂ ਦੀ ਸੰਗਤ ਨੇ ਮਿਲਾਇਆ ਹੈ।

ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ॥ ੮॥

ਹੇ ਭਾਈ ! ਜਿਨ੍ਹਾਂ ਪੁਰਸ਼ਾਂ ਦੀ ਉਸ ਵਾਹਿਗੁਰੂ ਨਾਲ ਪ੍ਰੀਤੀ ਨਹੀਂ ਲੱਗੀ, ਉਹ ਨਿਤਾਪ੍ਰਤੀ ਝੁਰ ਝੁਰ ਕੇ ਮਰਦੇ ਹਨ॥ ੮॥

ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ॥

ਹੇ ਭਾਈ ! ਉਸ ਪਰਮਾਤਮਾ ਨੇ ਆਪਣੇ ਨਾਮ ਰੂਪ ਅੰਚਲਿ=ਪੱਲੇ ਨਾਲ ਲਗਾ ਕੇ ਮੈਨੂੰ ਦੁੱਖ ਰੂਪ ਸੰਸਾਰ-ਸਮੁੰਦਰ ਤੋਂ ਤਰਾਉਣਾ ਕੀਤਾ ਹੈ।

ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ॥

ਹੇ ਭਾਈ ! ਉਸ ਪਰਮਾਤਮਾ ਨੇ ਮੇਰੇ ਵੱਲ ਕਿਰਪਾ ਦ੍ਰਿਸ਼ਟੀ ਨਾਲ ਨਿਹਾਲਿਆ=ਦੇਖਿਆ ਹੈ। ਅਤੇ ਅਪਾਰੁ=ਸਭ ਤਰ੍ਹਾਂ ਨਾਲ ਮੇਰਾ ਅੰਗੁ=ਪੱਖ ਕੀਤਾ ਹੈ।

ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ॥

ਹੇ ਭਾਈ ! ਉਸ ਦੇ ਨਾਮ ਰੂਪ ਭੋਜਨ ਦੇ ਆਸਰੇ ਕਰਕੇ ਮੇਰਾ ਮਨ ਤਨ ਸੀਤਲੁ=ਸ਼ਾਂਤੀ ਨੂੰ ਪ੍ਰਾਪਤ ਹੋਇਆ ਹੈ।

ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ॥ ੯॥ ੧॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਮੈਂ ਉਸ ਦੀ ਸ਼ਰਨ ਵਿਖੇ ਪ੍ਰਾਪਤ ਹਾਂ, ਜੋ ਵਾਹਿਗੁਰੂ ਸਮੱਗਰ ਪਾਪਾਂ ਦੇ ਕੱਟਣੇ ਵਾਲਾ ਹੈ॥ ੯॥ ੧॥

ਸੋਰਠਿ ਮਹਲਾ ੫॥

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ॥

ਹੇ ਪਿਆਰੇ ਪ੍ਰਭੂ ! ਮਾਂ ਦਾ ਗਰਭ ਜੋ ਦੁੱਖਾਂ ਦਾ ਸਮੁੰਦਰ ਹੈ, ਤਿੱਥੈ ਤੈਨੇ ਆਪਣਾ ਨਾਮ ਜਪਾ ਕੇ ਇਸ ਦੀ ਰੱਖਿਆ ਕੀਤੀ ਸੀ।

ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ਮਾਇਆ ਮੋਹੁ ਵਧਾਇਆ॥

ਹੇ ਪਿਆਰੇ ਪ੍ਰਭੂ ! ਜਦ ਆਪ ਜੀ ਨੇ ਮਾਂ ਦੇ ਪੇਟ ਤੋਂ ਬਾਹਰ ਕੱਢਿਆ, ਤਾਂ ਬਿਖੁ ਪਸਰੀਆ=ਮਾਇਆ ਪਸਰ ਗਈ ਜੀਵ ਦੇ ਮਨ ਵਿਚ ਮਾਇਆ ਦਾ ਮੋਹ ਵਧਾ ਦਿੱਤਾ।

ਜਿਸ ਨੋ ਕੀਤੋ ਕਰਮੁ ਆਪਿ ਪਿਆਰੇ ਤਿਸੁ ਪੂਰਾ ਗੁਰੂ ਮਿਲਾਇਆ॥

ਹੇ ਪਿਆਰੇ ਪ੍ਰਭੂ ! ਜਿਸ ਉਤੇ ਆਪ ਜੀ ਨੇ ਆਪਣਾ ਅਨੁਗ੍ਰਹੁ ਕੀਤਾ ਹੈ, ਉਸਨੂੰ ਪੂਰਨ ਬ੍ਰਹਮ ਨੇਸ਼ਟੀ ਬ੍ਰਹਮ ਸਰੋਤ੍ਰੀ ਗੁਰਾਂ ਨਾਲ ਮਿਲਾਇਆ ਹੈ।

ਸੋ ਆਰਾਧੇ ਸਾਸਿ ਸਾਸਿ ਪਿਆਰੇ ਰਾਮ ਨਾਮ ਲਿਵ ਲਾਇਆ ॥ ੧ ॥

ਹੇ ਪਿਆਰੇ ਪ੍ਰਭੂ ! ਉਹ ਪੁਰਸ਼ ਸ੍ਵਾਸ ਸ੍ਵਾਸ ਆਪ ਜੀ ਨੂੰ ਅਰਾਧਦਾ ਹੈ, ਅਤੇ ਉਸ ਨੇ ਰਾਮ ਨਾਮ ਵਿਚ ਲਿਵ ਨੂੰ ਲਗਾਇਆ ਹੈ॥ ੧ ॥

ਮਨਿ ਤਨਿ ਤੇਰੀ ਟੇਕ ਹੈ ਪਿਆਰੇ ਮਨਿ ਤਨਿ ਤੇਰੀ ਟੇਕ ॥

ਹੇ ਪਿਆਰੇ ਪ੍ਰਭੂ ! ਮੇਰੇ ਮਨ ਤਨ ਵਿਚ ਪਿੱਛੇ ਵੀ ਆਪ ਦੀ ਟੇਕ ਸੀ, ਹੁਣ ਵੀ ਮੇਰੇ ਮਨ ਤਨ ਵਿਚ ਆਪ ਜੀ ਦੀ ਟੇਕ ਹੈ।

ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ ਅੰਤਰਜਾਮੀ ਏਕ ॥ ਰਹਾਉ ॥

ਹੇ ਪਿਆਰੇ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਕਰਨਹਾਰ ਕੋਈ ਨਹੀਂ, ਇੱਕ ਆਪ ਹੀ ਅੰਤਰਜਾਮੀ ਹੋ।

ਕੋਟਿ ਜਨਮ ਭ੍ਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਇ ॥

ਹੇ ਪਿਆਰੇ ਪ੍ਰਭੂ ! ਮੈਂ ਕ੍ਰੋੜਾਂ ਜਨਮਾਂ ਵਿਚ ਭਰਮਦਾ ਆਇਆ ਹਾਂ, ਅਨੇਕਾਂ ਜੂਨੀਆਂ ਦਾ ਦੁੱਖ ਪਾਇਆ ਹੈ।

ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ ॥

ਹੇ ਪਿਆਰੇ ਸੱਚੇ ਸਾਹਿਬ ! ਜਿਸ ਨੂੰ ਵਿਸਰਿਆ=ਭੁੱਲ ਗਿਆ ਹੈ ਉਸ ਨੂੰ ਬਹੁਤੀ ਸਜ਼ਾ ਮਿਲੈ=ਮਿਲਦੀ ਹੈ।

ਜਿਨ ਭੇਟੈ ਪੂਰਾ ਸਤਿਗੁਰੁ ਪਿਆਰੇ ਸੇ ਲਾਗੇ ਸਾਚੈ ਨਾਇ ॥

ਹੇ ਪਿਆਰੇ ਪ੍ਰਭੂ ! ਜਿਨ੍ਹਾਂ ਨੂੰ ਪੂਰੇ ਸਤਿਗੁਰ ਦੇਵ ਜੀ ਮਿਲਦੇ ਹਨ, ਉਹ ਸੱਚੇ ਨਾਮ ਵਿਚ ਲੱਗਦੇ ਹਨ।

(ਪੰਨਾ ੬੪੧) ਤਿਨਾ ਪਿਛੈ ਛੁਟੀਐ ਪਿਆਰੇ ਜੋ ਸਾਚੀ ਸਰਣਾਇ ॥ ੨ ॥

ਹੇ ਪਿਆਰੇ ! ਜੋ ਗੁਰਮੁਖ ਸੱਚੇ ਦੀ ਸ਼ਰਨ ਵਿਚ ਆਏ ਹਨ ਉਨ੍ਹਾਂ ਦੇ ਪਿੱਛੇ ਲੱਗ ਕੇ ਛੁੱਟ ਜਾਈਦਾ ਹੈ॥ ੨ ॥

ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ ॥
ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ ॥

ਹੇ ਪਿਆਰੇ ! ਜਿਨ੍ਹਾਂ ਪਦਾਰਥਾਂ, ਵਾ:-ਵਿਸ਼ਿਆਂ ਨੂੰ ਮਿੱਠਾ ਜਾਣਕੇ ਖਾਧਾ ਹੈ, ਉਨ੍ਹਾਂ ਨੇ ਸਰੀਰ ਵਿਚ ਰੋਗ ਉਤਪੰਨ ਕੀਤਾ ਹੈ। ਉਹ ਸੁਖ ਕੌੜਾ ਭਾਵ ਦੁੱਖ ਰੂਪ ਹੋ ਕੇ ਪਤਿਸਟਿਆ=ਪਸਰਿਆ ਹੈ, ਤਿਸ ਕਰਕੇ ਬੜਾ ਭਾਰੀ ਸੋਗ ਉਤਪੰਨ ਹੋਇਆ ਹੈ।

ਭੋਗ ਭੁੰਚਾਇ ਭੁਲਾਇਅਨੁ ਪਿਆਰੇ ਉਤਰੈ ਨਹੀ ਵਿਜੋਗੁ ॥
ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ ਧੁਰੇ ਪਇਆ ਸੰਜੋਗੁ ॥ ੩ ॥

ਹੇ ਪਿਆਰੇ ! ਭੋਗ=ਪਦਾਰਥਾਂ ਨੂੰ, ਵਾ:-ਵਿਸ਼ੇ ਭੋਗਾਂ ਨੂੰ ਭੁਗਾ ਕੇ ਜਿਨ੍ਹਾਂ ਨੂੰ ਤੂੰ ਆਪਣੀ ਤਰਫੋਂ ਭੁਲਾਇਆ ਹੈ, ਉਨ੍ਹਾਂ ਦਾ ਵਿਛੋੜਾ ਕਦੇ ਉਤਰਦਾ ਨਹੀਂ। ਹੇ ਪਿਆਰੇ ! ਜਿਨ੍ਹਾਂ ਨੂੰ ਗੁਰਾਂ ਨਾਲ ਮੇਲਕੇ

ਸੰਸਾਰ ਤੋਂ ਤਾਰਿਆ ਹੈ, ਉਨ੍ਹਾਂ ਦਾ ਆਦੋਂ ਹੀ, ਵਾ:-ਹੇ ਧੁਰ ਰੂਪ ਪਰਮਾਤਮਾ ! ਆਪ ਜੀ ਨਾਲ ਸੰਜੋਗ ਪਿਆ ਹੈ॥ ੩॥

ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ॥

ਹੇ ਪਿਆਰੇ ! ਇਹ ਜੀਵ ਮਾਇਆ ਦੇ ਲਾਲਚ ਵਿਚ ਅਟਿਆ=ਦੱਬਿਆ ਪਿਆ ਹੈ। ਇਸ ਕਰਕੇ ਮੂਲਿ=ਅਧਿਸ਼ਠਾਨ ਰੂਪ ਪਰਮਾਤਮਾ ! ਤੂੰ ਕਦਾਚਿਤ ਚੇਤੇ ਨਹੀਂ ਆਵਹਿ=ਆਉਂਦਾ।

ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ॥

ਹੇ ਪਾਰਬ੍ਰਹਮ ਸੁਆਮੀ ! ਜਿਨ੍ਹਾਂ ਨੂੰ ਤੂੰ ਭੁੱਲ ਜਾਂਦਾ ਹੈਂ, ਉਨ੍ਹਾਂ ਦੇ ਸਰੀਰ ਧੂੜ ਰੂਪ ਹੋ ਜਾਂਦੇ ਹਨ, ਭਾਵ ਨਿਸਫਲ ਜਾਂਦੇ ਹਨ।

ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ॥

ਹੇ ਪਿਆਰੇ ! ਉਹ ਪੁਰਸ਼ ਭਾਵੇਂ ਬਹੁਤੇਰਾ ਵਿਰਲਾਪ ਕਰਦੇ ਹਨ, ਪਰ ਉਨ੍ਹਾਂ ਦਾ ਸੂਲੁ=ਦੁੱਖ ਉਤਰੈ ਨਾਹੀ=ਦੂਰ ਨਹੀਂ ਹੁੰਦਾ।

ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ॥ ੪॥

ਹੇ ਪਿਆਰ ਪ੍ਰਭੂ ! ਜਿਨ੍ਹਾਂ ਨੂੰ ਗੁਰਾਂ ਨਾਲ ਮੇਲਕੇ ਤੈਨੇ ਸਵਾਰਿਆ ਹੈ, ਤਿਨ੍ਹਾਂ ਦਾ ਮੂਲੁ=ਸ੍ਵਾਸਾਂ ਦਾ ਸਮੁਦਾਇ ਸਫਲਾ ਹੋ ਰਿਹਾ ਹੈ॥ ੪॥

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੋ ਮੁਹਿ ਕਾਲੈ ਉਠਿ ਜਾਇ॥

ਹੇ ਪਿਆਰੇ ਪ੍ਰਭੂ ! ਇਹ ਕਿਰਪਾ ਕਰ ਜਿੰਨਾ ਕੁ ਵਸ ਚੱਲੇ ਉਤਨਾ ਪ੍ਰਯੰਤ ਸਾਕਤਾਂ ਦਾ ਸੰਗ ਨ ਕਰੀਏ॥ ਹੇ ਪਿਆਰੇ ਹਰੀ ! ਜਿਸ ਦੇ ਮਿਲਣ ਕਰਕੇ ਤੂੰ ਵਿਸਰ ਜਾਂਦਾ ਹੈਂ, ਉਹ ਮਨਮੁਖ ਪੁਰਸ਼ ਮੂੰਹ ਕਾਲਾ ਕਰਕੇ ਭਾਵ ਅਪਜਸ ਸਹਿਤ ਹੋ ਕੇ ਉੱਠ ਜਾਂਦੇ ਹਨ।

ਮਨਮੁਖਿ ਢੋਈ ਨਹ ਮਿਲੈ ਪਿਆਰੇ ਦਰਗਹ ਮਿਲੈ ਸਜਾਇ॥
ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨਾ ਪੂਰੀ ਪਾਇ॥ ੫॥

ਹੇ ਪਿਆਰੇ ਹਰੀ ! ਇਸ ਲੋਕ ਵਿਚ ਮਨਮੁਖਾਂ ਨੂੰ ਢੋਈ=ਜਗ੍ਹਾ ਨਹੀਂ ਮਿਲੈ=ਮਿਲਦੀ, ਅੱਤੇ ਪ੍ਰਲੋਕ ਦਰਗਾਹ ਵਿਚ ਵੀ ਭਾਰੀ ਸਜ਼ਾ ਮਿਲਦੀ ਹੈ॥ ਹੇ ਪਿਆਰੇ ਹਰੀ ! ਜਿਸ ਪੁਰਸ਼ ਨੂੰ ਗੁਰਾਂ ਨਾਲ ਮੇਲ ਕੇ ਆਪ ਜੀ ਨੇ ਸਵਾਰਿਆ ਹੈ, ਤਿਨ੍ਹਾਂ ਦੀ ਪੂਰੀ ਪਾਇ=ਪਤ-ਆਬਰੋ ਹੈ॥ ੫॥

ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥
ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ॥

ਹੇ ਪਿਆਰੇ ਹਰੀ ! ਇਹ ਜੀਵ ਚਾਹੇ ਕਿਤਨੇ ਸੰਜਮ ਅਤੇ ਹਜ਼ਾਰਾਂ ਸਿਆਣਪਾਂ ਭੀ ਕਰ ਲਵੇ,

ਪਰ ਅੰਤ ਸਮੇਂ ਇੱਕ ਵੀ ਸਿਆਣਪ ਇਸ ਦੇ ਨਾਲ ਨਹੀਂ ਚਲਦੀ ॥ ਹੇ ਪਿਆਰੇ ਗੋਬਿੰਦ ! ਜੋ ਆਪ ਜੀ ਤੋਂ ਬੇ-ਮੁਖ ਹਨ, ਤਿਨ੍ਹਾਂ ਦੀ ਕੁਲ ਨੂੰ ਗਾਲਿ=ਕਲੰਕ ਲੱਗਦਾ ਹੈ।

ਹੋਦੀ ਵਸਤੁ ਨ ਜਾਤੀਆ ਪਿਆਰੇ ਕੂੜੁ ਨ ਚਲੀ ਨਾਲਿ॥
ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ਸਾਚਾ ਨਾਮੁ ਸਮਾਲਿ॥ ੬ ॥

ਹੇ ਪਿਆਰੇ ਹਰੀ ! ਤਿੰਨ ਕਾਲ ਹੋਣ ਵਾਲੀ ਜੋ ਤੇਰੀ ਆਤਮ-ਵਸਤੂ ਹੈ, ਉਹ ਇਸ ਜੀਵ ਨੇ ਜਾਣੀ ਨਹੀਂ ਹੈ। ਅਤੇ ਉਸ ਕੂੜੇ ਸਰੀਰ ਵਿਖੇ ਲੱਗ ਰਿਹਾ ਹੈ, ਜੋ ਸਰੀਰ ਨਾਲ ਚਲਦਾ ਨਹੀਂ ਹੈ। ਹੇ ਪਿਆਰੇ ਹਰੀ ! ਤੈਨੇ ਕਿਰਪਾ ਕਰਕੇ ਜਿਸ ਨੂੰ ਸਤਿਗੁਰਾਂ ਨਾਲ ਮਿਲਾਇਆ ਹੈ ਉਸ ਨੇ ਤੇਰੇ ਸੱਚੇ ਨਾਮ ਨੂੰ ਸਮ੍ਹਾਲਿਆ ਭਾਵ ਜਪਿਆ ਹੈ॥ ੬ ॥

ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ॥

ਹੇ ਪਿਆਰੇ ਹਰੀ ! ਜਿਸ ਉੱਤੇ ਤੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ, ਉਸ ਨੂੰ 'ਸਤ, ਸੰਤੋਖ, ਧੀਰਜ, ਧਰਮ ਵਿਚਾਰ, ਆਦਿਕ' ਸ਼ੁਭ-ਗੁਣ ਅਤੇ ਗਿਆਨ ਧਿਆਨ ਦੀ ਪ੍ਰਾਪਤੀ ਹੁੰਦੀ ਹੈ॥ ਹੇ ਪਿਆਰੇ ਹਰੀ ! ਜੋ ਰਾਤ-ਦਿਨੇ ਤੇਰੇ ਕੀਰਤਨ ਔਰ ਗੁਣਾਂ ਨੂੰ ਉਚਾਰਦਾ ਹੈ, ਉਹ ਨਾਮ-ਅੰਮ੍ਰਿਤ ਨਾਲ ਪੂਰਨ ਭਰਿਆ ਹੋਇਆ ਹੈ।

ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ॥
ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ॥ ੭ ॥

ਹੇ ਪਿਆਰੇ ਹਰੀ ! ਉਸ ਨੇ ਦੁੱਖਾਂ ਦਾ ਸਾਗਰੁ=ਸਮੁੰਦਰ (ਸੰਸਾਰ) ਲੰਘਣਾ ਕੀਤਾ ਹੈ, ਉਸ ਦੀ ਸੰਗਤ ਕਰਕੇ ਹੋਰ ਜਗਿਆਸੂ ਪੁਰਸ਼ ਭੀ ਭਵਜਲ (ਸੰਸਾਰ) ਤੋਂ ਪਾਰ ਪਏ ਹਨ। ਹੇ ਪਿਆਰੇ ਹਰੀ ! ਜਿਸ ਪੁਰਸ਼ ਦਾ ਪ੍ਰੇਮ ਆਪ ਜੀ ਨੂੰ ਭਾਂਵਦਾ ਹੈ ਤਿਸ ਨੂੰ ਆਪਣੇ ਨਾਲ ਮੇਲ ਲੈਹਿ=ਲੈਂਦੇ ਹੋ, ਓਹੀ ਪੁਰਸ਼ ਸਦਾ ਖਰੇ=ਚੰਗੇ ਹਨ॥ ੭ ॥

ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ ਭਗਤਾ ਤਿਸ ਕਾ ਤਾਣੁ॥
ਤਿਸੁ ਸਰਣਾਈ ਢਹਿ ਪਏ ਪਿਆਰੇ ਜਿ ਅੰਤਰਜਾਮੀ ਜਾਣੁ॥

ਹੇ ਪਿਆਰੇ ਦੇਉ=ਪ੍ਰਕਾਸ਼ ਰੂਪ ਹਰੀ ! ਆਪ ਸਮਰੱਥ ਪੁਰਖ ਅਤੇ ਦਿਆਲੂ ਹੋ, ਭਗਤ-ਜਨਾਂ ਨੂੰ ਤਿਸ ਆਪ ਜੀ ਦਾ ਤਾਣੁ=ਬਲ ਹੈ॥ ਹੇ ਪਿਆਰੇ ਹਰੀ ! ਤਿਸ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਖੇ ਢਹਿ ਪਏ ਹਾਂ ਜੋ ਆਪ ਸਭ ਦੇ ਅੰਦਰ ਦੀ ਗੱਲ ਜਾਨਣੇ ਨੂੰ ਅੰਤਰਜਾਮੀ ਹੋ।

ਹਲਤੁ ਪਲਤੁ ਸਵਾਰਿਆ ਪਿਆਰੇ ਮਸਤਕਿ ਸਚੁ ਨੀਸਾਣੁ॥
ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ ਨਾਨਕ ਸਦ ਕੁਰਬਾਣੁ॥ ੮ ॥ ੨ ॥

ਹੇ ਪਿਆਰੇ ਹਰੀ ! ਜਿਸ ਦੇ ਮੱਥੇ ਉੱਪਰ ਸੱਚਾ ਨੀਸਾਣੁ=ਲੇਖ ਹੈ, ਉਸ ਨੇ ਆਪਣਾ ਲੋਕ ਪ੍ਰਲੋਕ

ਸਵਾਰ ਲਿਆ ਹੈ। ਹੇ ਪਿਆਰੇ ਪ੍ਰਭੂ ! ਸੋ ਤੂੰ ਮੈਨੂੰ ਕਦੇ ਭੁੱਲਦਾ ਨਹੀ ਹੈਂ, ਮੈਂ ਸਦਾ ਤੇਰੇ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੮॥ ੨॥

ਸੋਰਠਿ ਮਹਲਾ ੫ ਘਰੁ ੨ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ॥

ਪਰਮਾਤਮਾ ਦੀ ਕੀਰਤੀ ਬਿਨਾਂ ਹੋਰ ਸਭ ਕਰਮਾਂ ਦੀ ਨਿਸਫਲਤਾ ਦਿਖਾਉਂਦੇ ਹਨ-

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥ ੧॥

ਇਨ੍ਹਾਂ ਜੀਵਾਂ ਨੇ ਵਿਆਕਰਣ ਆਦਿਕਾਂ ਦਾ ਪਾਠ ਪੜ੍ਹਿਆ ਹੈ, ਅਤੇ ਵੇਦਾਂ ਦਾ ਵਿਚਾਰ ਕੀਤਾ। ਨਿਵਲਿ=ਨੇਤੀ ਧੋਤੀ ਆਦਿਕ ਕਰਮ ਭੀ ਕੀਤੇ ਹਨ, ਭੁਯੰਗਮਾਂ ਨਾੜੀ ਦੁਆਰੇ ਪ੍ਰਾਣ ਭੀ ਦਸਮ ਦੁਆਰ ਵਿਚ ਸਾਧਨਾ ਕੀਤੇ ਭਾਵ ਦਸਮ ਦੁਆਰ ਵਿਚ ਪ੍ਰਾਣ ਭੀ ਚੜ੍ਹਾਉਣੇ ਕੀਤੇ। ਪਰ ਪੰਚ ਜਨਾ ਸਿਉ=ਪੰਜ ਕਾਮ ਕ੍ਰੋਧ ਆਦਿਕਾਂ ਨਾਲੋਂ ਇਨ੍ਹਾਂ ਜੀਵਾਂ ਦਾ ਸਬੰਧ ਨਾ ਟੁੱਟਿਆ, ਸਰੋਂ ਅਧਿਕ ਹੰਗਤਾ ਵਾਲੀ ਬੁੱਧੀ ਕਰਕੇ=ਜੀਵ ਬਾਧੇ=ਬੰਨ੍ਹੇ ਗਏ ਹਨ॥ ੧॥

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥

ਮੈ=ਮਮਤਾ ਦੇ ਸਹਿਤ ਹੋ ਕੇ ਇਨ੍ਹਾਂ ਜੀਵਾਂ ਨੇ ਅਨੇਕਾਂ ਹੀ ਕਰਮ ਕੀਤੇ ਹਨ। ਪਰ ਇਸ ਵਿਧੀ ਕਰਕੇ ਪਿਆਰੇ ਪ੍ਰਭੂ ਨਾਲ ਮਿਲਿਆ ਨਹੀਂ ਜਾ ਸਕਦਾ।

ਪ੍ਰਸ਼ਨ:-ਸੁਆਮੀ ਨਾਲ ਮਿਲਾਪ ਕਿਵੇਂ ਹੋਵੇ? ਉੱਤਰ=ਇੰਞ ਬੇਨਤੀਆਂ ਕਰੇ-

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥

ਹੇ ਸੁਆਮੀ ਪਰਮਾਤਮਾ ! ਮੈਂ ਹਾਰਕੇ ਆਪ ਜੀ ਦੇ ਸਤਸੰਗ ਦੁਆਰੇ ਉੱਪਰ ਪਿਆ ਹਾਂ, ਆਪ ਮੈਨੂੰ ਵਿਵੇਕ ਵਾਲੀ ਬੁੱਧੀ ਦੀਜੈ=ਦੇਣਾ ਕਰੋ॥ ਰਹਾਉ॥

ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥

ਮੋਨੀ ਹੋ ਗਿਆ, ਕਰ=ਹੱਥਾਂ ਨੂੰ ਪਾਤ੍ਰ ਬਣਾ ਕੇ ਫਿਰਦਾ ਰਿਹਾ, ਅਤੇ ਨੰਗਾ ਹੋ ਕੇ ਜੰਗਲਾਂ ਵਿਚ ਭੀ ਫਿਰਦਾ ਰਿਹਾ।

(ਪੰਨਾ ੬੪੨) ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥

ਚਾਹੇ ਤੀਰਥਾਂ ਦੇ ਤਟ=ਕਿਨਾਰਿਆਂ ਉੱਪਰ ਤੇ ਚਾਹੇ ਸਾਰੀ ਪ੍ਰਿਥਵੀ ਉੱਪਰ ਭ੍ਰਮਿਓ=ਫਿਰਦਾ ਰਿਹਾ ਪਰ ਇਸ ਕਰਕੇ ਦੁਬਿਧਾ ਵੱਲੋਂ ਛੁਟਕਾਰਾ ਨਹੀਂ ਹੁੰਦਾ॥ ੨॥

ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥ ੩॥

ਮਨ ਦੀਆਂ ਕਾਮਨਾ ਅਨੁਸਾਰ ਚਾਹੇ ਤੀਰਥਾਂ ਉੱਪਰ ਜਾ ਕੇ ਵਸਿਆ ਹੈ, ਵਾ:-ਚਾਹੇ ਮਨਕਾਮਨਾ=

ਮਨੀਕਰਨ ਤੀਰਥ ਉੱਪਰ ਜਾਕੇ ਵਸਿਆ ਹੈ, ਤੇ ਚਾਹੇ ਸਿਰ ਉੱਤੇ ਕਾਸ਼ੀ ਦਾ ਕਲਵੜ੍ਹ ਧਰਾ ਲਿਆ ਹੈ। ਇਸ ਵਿਧੀ ਕਰਕੇ ਭੀ ਮਨ ਦੀ ਮੈਲ ਉਤਰਦੀ ਨਹੀਂ, ਜੇਕਰ ਚਾਹੇ ਐਸੇ ਲੱਖਾਂ ਹੀ ਯਤਨਾਂ ਦੇ ਕਰਨ ਵਿਚ ਆਵੇ॥ ੩॥

ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥ ੪॥

ਚਾਹੇ ਕਨਿਕ=ਸੋਨਾ, ਕਾਮਿਨੀ=ਇਸਤ੍ਰੀ, ਹੈ+ਵਰ=ਸ੍ਰੇਸ਼ਟ ਘੋੜੇ, ਗੈ+ਵਰ=ਸ੍ਰੇਸ਼ਟ ਹਾਥੀ ਇਤਿਆਦੀ ਬਹੁਤ ਪ੍ਰਕਾਰ ਦਾ ਦਾਨ ਦੇਣਾ ਕਰੇ॥ ਅੰਨ, ਕਪੜਾ, ਪ੍ਰਿਥਮੀ ਵੀ ਚਾਹੇ ਬਹੁਤ ਅਰਪਣਾ ਕਰੇ, ਇਨ੍ਹਾਂ ਦੁਆਰੇ ਹਰੀ ਪਰਮਾਤਮਾ ਮਿਲਦਾ ਨਹੀਂ ਹੈ॥ ੪॥

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥ ੫॥

ਚਾਹੇ ! ਅਰਚਾ=ਮੂਰਤੀ ਦਾ ਪੂਜਨ ਕਰੇ, ਵਾ:-ਪੂਜਾ ਵੀ ਕਰੇ ਤੇ ਅਰਚਾ=ਚੰਦਨ ਦਾ ਛਿਣਕਣਾ ਕਰੇ। ਚਾਹੇ ਡੰਡਉਤ ਬੰਦਨਾ ਕਰੇ, ਚਾਹੇ ਸੰਧਿਆ ਆਦਿਕ ਛੇ ਕਰਮਾਂ* ਨੂੰ ਰਤੁ=ਪ੍ਰੀਤੀ ਨਾਲ ਕਰਦਾ ਰਹਿੰਦਾ ਹੈ। ਹਉ ਹਉ ਕਰਤ=ਮੈਂ ਮੈਂ ਕਰਨੇ ਕਰਕੇ ਸਗੋਂ ਬੰਧਨਾਂ ਵਿਚ ਪੈ ਰਿਹਾ ਹੈ, ਇਸ ਯੁਗਤੀ ਕਰਕੇ ਵੀ ਉਹ ਪਰਮੇਸ਼ਰ ਮਿਲਦਾ ਨਹੀਂ ਹੈ॥ ੫॥

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ ੬॥

ਜੋਗ ਸਿਧੀ ਵਾਸਤੇ ਚੌਰਾਸੀ ਪ੍ਰਕਾਰ ਦੇ ਜੋ ਆਸਣ ਹਨ, ਚਾਹੇ ਇਨ੍ਹਾਂ ਨੂੰ ਭੀ ਵਾਰੰ-ਵਾਰ ਕਰਦਾ ਰਿਹਾ। ਯੋਗ ਦੇ ਬਲ ਕਰਕੇ ਵੱਡੀ ਉਮਰਾ ਕਰ ਲਈ ਪਰ ਹਰੀ ਨਾਲ ਸੰਗੁ=ਸਬੰਧ ਨਾ ਗ੍ਰਹਿਣ ਕੀਤਾ ਇਸ ਕਰਕੇ ਵਾਰੰ-ਵਾਰ ਜੰਮਦਾ ਤੇ ਮਰਦਾ ਰਿਹਾ॥ ੬॥

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥ ੭॥

ਰਾਜ ਲੀਲਾ=ਸ਼ਿਕਾਰ ਆਦਿ ਖੇਡਣੇ ਅਤੇ ਰਾਜਿਆਂ ਵਾਲੀ ਰਚਨਾ ਬਣਾ ਬੈਠਣਾ ਤੇ ਅਫਾਰਾ=

---

*ਬ੍ਰਾਹਮਣ ਦੇ ਛੇ ਕਰਮ:-੧. ਪੜ੍ਹਨਾ, ੨. ਪੜ੍ਹਾਉਣਾ, ੩. ਯੱਗ ਕਰਨਾ, ੪. ਯੱਗ ਕਰਾਉਣਾ, ੫. ਦਾਨ ਲੈਣਾ, ੬. ਦਾਨ ਦੇਣਾ।

ਅਥਵਾ:-ਬ੍ਰਾਹਮਣ ਦੇ ਨਿੱਤ ਕਰਮ ਇਹ ਹਨ:-੧. ਹੋਮ ੨. ਸੰਧਯਾ ੩. ਜਪੁ ੪. ਸ਼ਨਾਨ ੫. ਪੰਚਮ ਪੂਜ ਅਥਿੱਤ। ੬. ਦੇਵ ਅਰਚਨ ਹੈ ਖਸ਼ਟਮੋ, ਖਟਹਿ ਕਰਮ ਇਹ ਨਿੱਤ।

ਅਮੋੜ ਅਰਥਾਤ ਢਾਢਮ ਹੁਕਮ ਸਭਨਾਂ ਉਤੇ ਚਲਾਉਣਾ ਕੀਤਾ॥ ਸੋਹਣੀਆਂ ਸੇਜਾ ਉੱਤੇ ਚੰਦਨ ਆਦਿਕ ਸੁਗੰਧੀਆਂ ਦਾ ਚੁਆਕੇ ਛਿੜਕਣਾ, ਇਹ ਸਭ ਸਮਗ੍ਰੀਆਂ ਘੋਰ=ਭਿਆਨਕ ਕੁੰਭੀ ਨਰਕ ਦਾ ਦਰਵਾਜ਼ਾ ਹਨ। ਭਾਵ ਹਰੀ ਨਾਮ ਤੋਂ ਬਿਨਾਂ ਹੋਰ ਸਭ ਕਰਮ ਨਰਕਾਂ ਦੀ ਪ੍ਰਾਪਤੀ ਕਰਨ ਵਾਲੇ ਹਨ॥ ੭॥

ਪੁਨਾ ਬੇਨਤੀ ਕੀਤੀ, "ਕੇਹੜਾ ਕਰਮ ਕਰਨਾ ਸ੍ਰੇਸ਼ਟ ਹੈ?" ਉੱਤਰ:-

ਹਰਿ ਕੀਰਤਿ ਸਾਧਸੰਗਤਿ ਹੈ
ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ॥ ੮॥

ਸਤਿਸੰਗਤ ਦੁਆਰਾ ਜੋ ਹਰੀ ਦੀ ਕੀਰਤੀ ਕਰਨੀ ਹੈ, ਏਹੋ ਕਰਮਾਂ ਵਿਚੋਂ ਸਿਰਿ=ਸ਼ਰੋਮਣੀ ਕਰਮ ਹੈ। ਇਹ ਕਰਮ ਕਰਨਾ ਉਸਨੂੰ ਪ੍ਰਾਪਤ ਹੈ, ਜਿਸੁ=ਜਿਸ ਨੂੰ ਪੂਰਬ=ਪੂਰਬਲੇ ਲਿਖੇ ਹੋਏ ਸ੍ਰੇਸ਼ਟ ਕਰਮਾਂ ਦਾ ਲਹਣਾ ਪ੍ਰਾਪਤ ਹੋਇਆ ਹੈ॥ ੮॥

ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥ ੧॥ ੩॥

ਤਿਸ ਵਾਹਿਗੁਰੂ ਦਾ ਸੇਵਕ ਹੀ ਇਸ ਰੰਗ ਵਿਚ ਮਸਤ ਹੋਇਆ ਹੈ॥ ਦੀਨ ਪੁਰਸ਼ਾਂ ਦੇ ਦੁੱਖਾਂ ਦੇ ਭੰਜਨ ਵਾਲਾ ਪਰਮੇਸ਼ਰ ਜਿਸ ਉੱਤੇ ਕਿਰਪਾਲੂ ਹੋਇਆ ਹੈ, ਉਸ ਦਾ ਇਹ ਮਨ ਹਰਿ ਹਰਿ ਦੇ ਕੀਰਤਨ ਵਿਚ ਰੱਤਾ ਹੈ॥ ੧॥ ੩॥ ਰਹਾਉ ਦੂਜਾ:-

ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਸਾਰੇ ਸ਼ਬਦ ਵਿਚ ਸਾਧਨਾਂ ਦਾ ਵਰਨਨ ਕਰਕੇ ਦੱਸਿਆ ਹੈ, ਅਤੇ ਆਖਰੀ ਦੋ ਤੁਕਾਂ ਵਿਚ ਸਾਰੇ ਸ਼ਬਦ ਦਾ ਭਾਵ ਇਹ ਦੱਸਿਆ ਹੈ ਕਿ ਨਾਮ ਤੋਂ ਬਿਨਾਂ ਜੋ ਭੀ ਸਾਧਨ ਹੈ ਸਭ ਨਿਹਫਲ ਹਨ, ਜੇਕਰ ਨਾਮ ਨਾਲ ਜਪਿਆ ਹੈ ਤਾਂ ਸਫਲਤਾ ਹੈ, ਇਸ ਕਰਕੇ "ਰਹਾਉ ਦੂਜਾ" ਲਿਖਿਆ ਹੈ ਨਾਮ ਤੋਂ ਬਿਨਾਂ ਸਾਧਨ ਇੰਞ ਹਨ, ਜਿਵੇਂ ਕੋਈ ਏਕਾ (੧) ਤਾਂ ਨਾ ਲਿਖੇ ਤੇ (੦) ਬਿੰਦੀਆਂ ਲਾਈ ਜਾਵੇ ਉਹਨਾਂ (੦) ਬਿੰਦੀਆਂ ਦੀ ਜਿਵੇਂ (ਏਕੇ) ਬਿਨਾਂ ਵੁਕਤ ਨਹੀਂ। ਜੇਕਰ ਇੱਕ ਨਾਲ ਲਾ ਦੇਈਏ ਤਾਂ ਉਹਨਾਂ ਦੀ ਕਦਰ ਹੁੰਦੀ ਹੈ, ਇਸੇ ਤਰ੍ਹਾਂ ਨਾਮ ਜਪਿਆ ਜਾਵੇ ਤਾਂ ਸਾਧਨ ਸਫਲੇ ਹਨ ਜੇਕਰ ਨਾਮ ਨਹੀਂ ਤਾਂ ਕੋਈ ਸਾਧਨ ਕਿਸੇ ਅਰਥ ਨਹੀਂ ਹੈ, ਉਹ ਟਾਹਣਾਂ ਨੂੰ ਪਾਣੀ ਸਿੰਜਣ ਵਾਂਗ ਸਮਝੋ ਜੇਕਰ ਮੁੱਢ ਨੂੰ ਪਾਣੀ ਨਹੀਂ ਦਿੰਦਾ।

ਰਾਗੁ ਸੋਰਠਿ ਵਾਰ ਮਹਲੇ ੪ ਕੀ ੧ੴ ਸਤਿਗੁਰ ਪ੍ਰਸਾਦਿ ॥

ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਵਾਰ ਨੂੰ ਉਚਾਰਣ ਕਰਦੇ ਹਨ।

ਸੋਰਠਿ ਰਾਗੁ ਵਿੱਚ ਵਾਰ=ਪਉੜੀਆਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਆਉਣਗੀਆਂ ਤੇ ਸਲੋਕ ਸਾਂਝੇ ਆਉਣਗੇ।

ਸਲੋਕੁ ਮਃ ੧ ॥

ਉਥਾਨਕਾ:-ਕੋਈ ਪੁਰਸ਼ ਸੋਰਠਿ ਰਾਗਣੀ ਗਾਇਨ ਕਰ ਰਿਹਾ ਸੀ, ਉਸ ਦੇ ਪ੍ਰਤੀ ਸਤਿਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ-

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥

ਸੋਰਠਿ ਰਾਗਣੀ ਗਾਇਨ ਕੀਤੀ ਹੋਈ ਤਾਂ ਹੀ ਸਦੀਵ ਕਾਲ ਸੋਭਨੀਕ ਹੈ, ਜੇਕਰ ਮਨ ਵਿਚ ਸੱਚਾ ਵਾਹਿਗੁਰੂ ਹੋਵੇ। ਅਥਵਾ:-ਸੋਰਠਿ=ਬੁੱਧੀ ਤਾਂ ਸਦਾ ਸੋਭਨੀਕ ਹੈ, ਜੇਕਰ ਮਨ ਵਿਚ ਸੱਚੇ ਦਾ ਨਾਮ ਹੋਵੇ।

ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥

ਦੰਦੀ=ਦੰਦਾਂ ਵਿਚ ਕਤੁ ਮਨਿ=ਕਤਰਾ ਮਾਤਰ ਵੀ ਮੈਲ ਨਾ ਹੋਵੇ ਭਾਵ ਸਰੇਵੜਾ ਨਾ ਹੋਵੇ, ਅਸਲੀ ਸਰੇਵੜਾ ਉਸਨੂੰ ਕਹਿੰਦੇ ਹਨ ਜਿਸ ਦੇ ਦੰਦਾਂ ਵਿਚ ਇਤਨੀ ਮੈਲ ਹੋਵੇ ਜੋਕਿ ਦੂਰੋਂ ਪੈਸਾ ਮਾਰਿਆਂ ਦੰਦਾਂ ਵਿਚ ਜੰਮ ਜਾਵੇ।

ਅਥਵਾ:-ਮਾਨੀ ਪੁਰਸ਼ ਦੇ ਮਾਨ ਭੰਗਣ ਕਰਨ ਰੂਪੀ ਮੈਲ ਦੰਦਾਂ ਵਿਚ ਕਤਰਾ ਮਾਤਰ ਨਾ ਹੋਵੇ।

ਅਥਵਾ:-ਮਾਸ ਸ਼ਰਾਬ ਦੇ ਖਾਣ ਪੀਣ ਰੂਪੀ ਮੈਲ ਦੰਦਾਂ ਵਿਚ ਕਤਰਾ ਭਰ ਵੀ ਨਾ ਹੋਵੇ।

ਅਥਵਾ:-ਦੂਜੇ ਪੁਰਸ਼ ਦੀ ਕਿਥਾਂ ਹੀ ਗੱਲ ਬਣਦੀ ਹੋਵੇ ਤਾਂ ਓਥੇ ਜਾ ਕੇ ਵਿਘਨ ਨਾ ਪਾਵੇ=ਦੂਜੇ ਪੁਰਸ਼ ਦੀ ਗੱਲ ਵੱਢਣੇ ਰੂਪੀ ਮੈਲ ਦੰਦਾਂ ਵਿਚ ਕਤਰਾ ਭਰ ਨਾ ਹੋਵੇ, ਅਥਵਾ:-ਦੰਦੀ=ਦੁੰਦੀ ਅਰਥਾਤ ਦ੍ਵੈਤ ਰੂਪੀ ਮੈਲ ਕਤਰਾ ਮਾਤਰ ਨਾ ਹੋਵੇ। ਮਨ ਵਿਖੇ ਤੇ ਜੀਭ ਵਿਚ ਉਸ ਸੱਚੇ ਦਾ ਨਾਮ ਹੋਵੇ।

ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥
ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥

ਮਾਤ ਲੋਕ ਰੂਪੀ ਪੇਕੇ ਘਰ ਵਿਚ ਜੋ ਜੀਵ ਰੂਪ ਇਸਤ੍ਰੀ ਵਾਹਿਗੁਰੂ ਦੇ ਭੈ ਨੂੰ ਧਾਰਕੇ ਤੇ ਨਿਸੰਗ ਹੋ ਕੇ ਸਤਿਗੁਰਾਂ ਨੂੰ ਸੇਂਵਦੀ ਹੈ, ਉਹ ਸਾਹੁਰੇ=ਪ੍ਰਲੋਕ ਘਰ ਵਿਚ ਸੁਖ ਨਾਲ ਵਸਦੀ ਹੈ॥ ਜੇਕਰ ਕੱਪੜਿਆਂ ਦੇ ਤਿਆਗਣ ਕਰਕੇ ਪਤੀ ਮਿਲਦਾ ਹੋਵੇ, ਤਾਂ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥ ਜੰਗਲ ਦੇ ਸਾਰੇ ਹਰਨ ਮੁਕਤ ਹੋਣੇ ਚਾਹੀਦੇ ਹਨ ਪਰ ਹੁੰਦੇ ਨਹੀਂ ਇਸ ਤੇ ਨਿਸਚੇ ਕਰ ਲਓ ਕਿ ਨੰਗੇ ਰਹਿਣ ਕਰਕੇ ਮੁਕਤੀ ਨਹੀਂ ਹੁੰਦੀ। ਪ੍ਰਸ਼ਨ-ਉਸ ਦੀ ਪ੍ਰਾਪਤੀ ਫਿਰ ਕਿਵੇਂ ਹੋਵੇ? ਉੱਤਰ:-ਜੇਕਰ ਕਪਟ ਰੂਪੀ ਕੱਪੜੇ ਨੂੰ ਤਿਆਗਣਾ ਕਰੇ ਤਾਂ ਪਿਰੀ-ਪਰਮਾਤਮਾ ਮਿਲਦਾ ਹੈ। ਤਾਂਤੇ ਖੁਸ਼ੀ ਦੇ ਨਾਲ ਪਿਰੀ ਨੂੰ ਰਾਵਣਾ ਕਰੇ।

ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥

ਪਰਮੇਸ਼ਰ ਨਾਮ ਨੂੰ ਮੰਨਣ ਕਰਕੇ ਜੋ ਸਦੀਵਕਾਲ ਜਪ ਤਪ ਰੂਪ ਸ਼ਿੰਗਾਰਾਂ ਨਾਲ ਸ਼ਿੰਗਾਰੀ ਗਈ ਹੈ, ਉਸ ਦੇ ਪਤੰਗੁ=ਸਰੀਰ ਭਾਵ ਸੂਖਮ ਸਰੀਰ (ਅੰਤਹਕਰਨ) ਨੂੰ ਪਤੰਗੁ=ਰੰਚਕ ਮਾਤ੍ਰ ਵੀ ਮੈਲ ਨਹੀਂ ਲੱਗਦੀ। ਕਿਉਂਕਿ ਉਹ ਪਤੰਗੁ=ਸੂਰਜ ਵਾਂਗ ਨਿਰਮਲ ਹੋ ਜਾਂਦੀ ਹੈ।

ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥
ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥ ੧ ॥

ਜਿਸ ਵੇਲੇ ਦੁਖਦਾਈ ਦੇਵਰ ਜੇਠ=ਲਬ ਲੋਭ ਮਰ ਗਏ, ਤਾਂ ਫਿਰ ਸੰਸੇ ਆਤਮਕ ਬਿਰਤੀ, ਅਥਵਾ:-ਅਵਿੱਦਿਆ ਰੂਪ ਸੱਸ ਦਾ ਡਰ ਕਿਸ ਨੂੰ ਹੁੰਦਾ ਹੈ-ਭਾਵ ਨਹੀਂ ਹੁੰਦਾ। ਗੁਰੂ ਜੀ ਕਥਨ ਕਰਦੇ ਹਨ, ਜੇਕਰ ਪਤੀ-ਪਰਮਾਤਮਾ ਨੂੰ ਭਾ ਜਾਵੇ ਤਾਂ ਉਸ ਦੇ ਕਰਮਾਂ ਦੀ ਮਣੀ=ਰੱਤੀ ਸਭ ਸੱਚੀ ਹੈ॥ ੧ ॥

ਮਃ ੪ ॥ ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥
ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥

ਸੋਰਠ ਰਾਗਣੀ ਗਾਇਨ ਕੀਤੀ ਹੋਈ ਤਾਂ ਸੋਭਨੀਕ ਹੈ, ਅਥਵਾ:-ਸੋਰਠਿ=ਬੁੱਧੀ ਤਦ ਹੀ ਸ਼ੋਭਨੀਕ ਹੈ, ਜਾਂ ਹਰੀ ਨਾਮ ਨੂੰ ਢੂੰਢਨਾ ਕਰੇ, ਭਾਵ ਵਿਚਾਰਨਾ ਕਰੇ। ਆਪਣੇ ਗੁਰ ਪੁਰਖਾਂ ਨੂੰ ਮਨਾਵੇ ਭਾਵ ਪੂਜੇ, ਅਤੇ ਗੁਰ ਸਿੱਖਿਆ ਦੁਆਰੇ ਹਰਿ ਹਰਿ ਨਾਮ ਨੂੰ ਬੋਲੇ।

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥

ਜਿਸ ਨੂੰ ਰਾਤ ਦਿਨੇ ਹਰੀ ਦੇ ਪ੍ਰੇਮ ਦੀ ਕਸ+ਆਈ=ਖਿੱਚ ਆਈ ਹੈ, ਉਹ ਅੰਤਹਕਰਨ ਰੂਪੀ ਚੋਲੇ ਕਰਕੇ ਹਰਿ ਹਰਿ ਦੇ ਰੰਗ ਵਿਚ ਰੱਤੀ ਹੈ। ਅਥਵਾ:-ਉਸ ਦੀ ਚੋਲੇ=ਬੁੱਧੀ ਹਰਿ ਹਰਿ ਦੇ ਰੰਗ ਵਿਚ ਰੱਤੀ ਹੈ। ਸਾਰੇ ਜਗਤ ਵਿਚ ਮੈਂ ਟੋਲੇ=ਢੂੰਢ ਵੇਖਿਆ ਹੈ, ਹਰੀ ਜੈਸਾ ਹੋਰ ਕੋਈ ਪੁਰਖ ਲੱਭਦਾ ਨਹੀਂ ਹੈ।

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੋਲ ਗੋਲੇ ॥ ੨ ॥

ਧੰਨ ਸਤਿਗੁਰੂ ਹਨ ਜਿਸ ਗੁਰਿ=ਪੂਜਨੀਕ ਸਤਿਗੁਰਾਂ ਨੇ ਹਰੀ ਨਾਮ ਦ੍ਰਿੜ੍ਹ ਕਰਾਇਆ ਹੈ, ਇਸ ਕਰਕੇ ਮੇਰਾ ਮਨ ਹੋਰ ਕਿਸੀ ਤਰਫ ਡੋਲਦਾ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਹਰੀ ਦਾ ਦਾਸ ਹਾਂ, ਅਤੇ ਗੁਰ=ਪੂਜਨੀਕ ਸਤਿਗੁਰਾਂ ਦੇ ਗੋਲ ਗੋਲੇ=ਦਾਸਾਂ ਦਾ ਦਾਸ ਹਾਂ॥ ੨ ॥

ਪਉੜੀ ॥ ਤੂ ਆਪੇ ਸਿਸਟਿ ਕਰਤਾ ਸਿਰਜਣਹਾਰਿਆ ॥
ਤੁਧੁ ਆਪੇ ਖੇਲੁ ਰਚਾਇ ਤੁਧੁ ਆਪਿ ਸਵਾਰਿਆ ॥

ਹੇ ਸਿਰਜਣਹਾਰਿਆ=ਵਾਹਿਗੁਰੂ ! ਤੂੰ ਆਪ ਹੀ ਸ੍ਰਿਸ਼ਟੀ ਦੇ ਉਤਪੰਨ ਕਰਨ ਵਾਲਾ ਹੈਂ। ਤੈਂਨੇ ਆਪ ਹੀ ਖੇਲ ਨੂੰ ਰਚਾਇਆ ਹੈ, ਪੁਨਾ ਤੈਂਨੇ ਆਪ ਹੀ ਸਵਾਰਿਆ ਹੈ।

ਦਾਤਾ ਕਰਤਾ ਆਪਿ ਆਪਿ ਭੋਗਣਹਾਰਿਆ ॥
ਸਭੁ ਤੇਰਾ ਸਬਦੁ ਵਰਤੈ ਉਪਾਵਣਹਾਰਿਆ ॥

ਸਭ ਦੇ ਉਤਪਤ ਕਰਨ ਵਾਲਾ ਤੂੰ ਆਪ ਹੈਂ, ਸਭ ਦਾ ਦਾਤਾ ਭੀ ਤੂੰਹੀਂ ਹੈਂ, ਪੁਨਾ ਤੂੰ ਆਪ ਹੀ ਜੀਵ ਰੂਪ ਹੋ ਕੇ ਭੁਗਤਾ=ਭੋਗਣੇ ਵਾਲਾ ਹੈਂ। ਹੇ ਸਾਰਿਆਂ ਦੇ ਉਤਪਤ ਕਰਨ ਵਾਲੇ ਵਾਹਿਗੁਰੂ ! ਸਾਰਿਆਂ ਵਿਚ ਤੇਰਾ ਹੀ ਸਬਦੁ=ਹੁਕਮ ਵਰਤਦਾ ਹੈ।

ਹਉ ਗੁਰਮੁਖਿ ਸਦਾ ਸਲਾਹੀ ਗੁਰ ਕਉ ਵਾਰਿਆ ॥ ੧ ॥

ਹਉ=ਮੈਂ ਗੁਰਾਂ ਦੁਆਰੇ ਸਦੀਵਕਾਲ ਆਪ ਜੀ ਨੂੰ ਸਲਾਹੁੰਦਾ ਹਾਂ, ਅਤੇ ਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧ ॥

(ਪੰਨਾ ੬੪੩)

ਸਲੋਕੁ ਮਃ ੩ ॥ ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥
ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ॥

ਹਉਮੈ ਦੀ ਜਲਤੇ=ਅੱਗ ਵਿਚ ਸੜ ਮੋਏ ਸੀ, ਅਤੇ ਦ੍ਵੈਤ ਭਾਵ ਵਿਚ ਭਰਮ ਕਰਕੇ ਆਏ ਸੀ। ਪਰ ਪੂਰਿਆਂ ਸਤਿਗੁਰਾਂ ਨੇ ਆਪਣੇ ਸਤਿਸੰਗ ਰੂਪ, ਅਥਵਾ:-ਵੇਦ ਰੂਪੀ ਪੰਨੈ=ਦਫਤਰ ਵਿਚ ਪਾ ਕੇ ਰੱਖ ਲਿਆ ਹੈ। ਅਥਵਾ:-ਆਪਣੀ ਪੰਨੈ=ਸ਼ਰਨ ਵਿਚ ਪਾ ਕੇ ਰੱਖ ਲੀਤਾ ਹੈ।

ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ॥ ੧ ॥

ਗੁਰਾਂ ਦੇ ਉਪਦੇਸ਼ ਵਿਚ ਸੁਭਾਇ-ਸ੍ਨੇਹ ਪ੍ਰੇਮ ਕਰਨ ਨਾਲ ਇਹ ਸੰਸਾਰ ਸੜਦਾ ਹੋਇਆ ਨਿਗਾਹ ਆਇਆ ਹੈ। ਗੁਰੂ ਜੀ ਕਥਨ ਕਰਦੇ ਹਨ, ਜੋ ਗੁਰ ਉਪਦੇਸ਼ ਵਿਚ ਤਦਾਕਾਰ ਹੋ ਕੇ ਸੱਚੇ ਨਾਮ ਨੂੰ ਕਮਾਉਂਦੇ ਹਨ ਉਹ ਸੀਤਲ ਹੋਏ ਹਨ॥ ੧ ॥

ਮਃ ੩ ॥ ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ ॥
ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ ॥

ਜਿਨ੍ਹਾਂ ਪੁਰਸ਼ਾਂ ਨੇ ਸਹਿਤ ਫਲਾਂ ਦੇ ਜੋ ਸਤਿਗੁਰੂ ਹਨ, ਉਹਨਾਂ ਨੂੰ ਸੇਵਿਆ ਹੈ, ਉਹਨਾਂ ਦਾ ਪਰਵਾਣੁ= ਪ੍ਰਮਾਨੀਕ ਜਨਮ ਧੰਨੁ=ਧੰਨਤਾ ਜੋਗ ਹੈ। ਜਿਨ੍ਹਾਂ ਪੁਰਸ਼ਾਂ ਨੂੰ ਜੀਉਂਦਿਆਂ ਮਰਦਿਆਂ ਸਤਿਗੁਰੂ ਨਹੀਂ ਵਿਸਰੈ=ਭੁੱਲਦਾ, ਓਹੀ ਸੁਜਾਣ=ਚਤੁਰ (ਸਿਆਣੇ) ਪੁਰਖ ਹਨ।

ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ ॥
ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥

ਉਹ ਆਪਣੀ ਕੁਲ ਨੂੰ ਤਾਰ ਲੈਂਦਾ ਹੈ, ਅਤੇ ਉਹ ਪੁਰਸ਼ ਪ੍ਰਮਾਨੀਕ ਹੋਵੈ=ਹੁੰਦਾ ਹੈ। ਗੁਰਮੁਖ ਮਰਨ ਕਾਲ ਤੇ ਜੀਵਨ ਕਾਲ ਵਿਚ ਪ੍ਰਮਾਨੀਕ ਹੁੰਦੇ ਹਨ, ਅਤੇ ਜੋ ਮਨਮੁਖ ਪੁਰਸ਼ ਹਨ, ਉਹ ਮੰਦ ਕਰਮਾਂ ਕਰਕੇ ਜੰਮਦੇ ਮਰਦੇ ਰਹਿੰਦੇ ਹਨ।

ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜੇਹੜੇ ਪੁਰਸ਼ ਗੁਰਾਂ ਦੇ ਉਪਦੇਸ਼ ਵਿਚ ਸਮਾਏ ਹਨ ਉਹ ਮਰੇ ਹੋਏ ਨਹੀਂ ਕਹੇ ਜਾਂਦੇ ॥ ੨ ॥

ਪਉੜੀ ॥ ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥

ਹੇ ਭਾਈ ! ਹਰੀ ਨਿਰੰਜਨ ਪੁਰਖ ਨੂੰ ਸੇਵਨਾ ਕਰ, ਅਤੇ ਹਰੀ ਨਾਮ ਨੂੰ ਧਿਆਉਣਾ ਕਰ।

ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥
ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥

ਸਾਧੂਆਂ ਦੀ ਸਤਿਸੰਗਤ ਵਿਚ ਲੱਗਕੇ ਹਰੀ ਨਾਮੀ ਵਿਚ ਅਭੇਦ ਹੋਈਏ। ਤੇ ਇਸ ਤਰ੍ਹਾਂ ਬੇਨਤੀ ਕਰੀਏ:- ਹੇ ਹਰੀ ! ਤੇਰੀ ਸੇਵਾ, ਅਥਵਾ:-ਭਗਤੀ ਰੂਪੀ ਜੋ ਵੱਡੀ ਕਾਰ ਹੈ, ਉਸ ਦੇ ਵਿਚ ਮੈਂ ਮੂਰਖ ਨੂੰ ਲਾਉਣਾ ਕਰ।

ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥

ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹਾਂ, ਮੈਨੂੰ ਆਪ ਹੁਕਮ ਫੁਰਮਾਣਾ ਕਰੋ।

ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥ ੨ ॥

ਮੈਂ ਗੁਰਾਂ ਦੁਆਰੇ ਭਗਤੀ ਰੂਪੀ ਕਾਰ ਨੂੰ ਕਮਾਉਣਾ ਕਰਾਂ, ਜਿਸ ਕਰਕੇ ਗੁਰਿ=ਵੱਡੀ ਸਮਝ ਆ ਜਾਵੇ। ਅਥਵਾ:-ਮੈਂ ਗੁਰਮੁਖ ਸਿੱਖਾਂ ਦੀ ਕਾਰ ਕਮਾਉਂਦਾ ਹਾਂ, ਜੇਹੜੀ ਗੁਰਾਂ ਨੇ ਮੈਨੂੰ ਸਮਝਾਈ ਹੈ ॥ ੨ ॥

ਸਲੋਕੁ ਮਃ ੩ ॥ ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥
ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥

ਜੋ ਪੂਰਬਲਾ ਲੇਖ ਲਿਖਿਆ ਹੋਇਆ ਹੈ, ਉਸ ਅਨੁਸਾਰ ਸਭ ਕੋਈ ਕਰਮਾਂ ਨੂੰ ਕਮਾਉਂਦਾ ਹੈ, ਜੋ ਕਰਮ, ਕਰਤੇ ਵਾਹਿਗੁਰੂ ਨੇ ਆਪ ਲਿਖਿਆ ਹੈ। ਪੂਰਬਲੇ ਕਰਮਾਂ ਨੇ ਹੀ ਇਸ ਜੀਵ ਦੇ ਅੰਦਰ ਮੋਹ ਰੂਪ ਠੱਗ ਬੂਟੀ ਪਾਈ ਹੈ, ਇਸੀ ਕਰਕੇ ਜੀਵਾਂ ਨੂੰ ਗੁਣ+ਤਾਸੁ=ਗੁਣਾਂ ਦਾ ਖ਼ਜ਼ਾਨਾ ਵਾਹਿਗੁਰੂ ਭੁੱਲ ਗਿਆ ਹੈ।

ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥

ਮਤੁ=ਮਤਾ ਜਾਣੋ ਕਿ ਇਹ ਜਗਤ ਜੀਂਵਦਾ ਹੈ, ਇਹ ਤਾਂ ਦ੍ਵੈਤ ਭਾ ਕਰਕੇ ਮੁਇਆਸੁ=ਮਰ ਰਿਹਾ ਹੈ।

ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ॥

ਜਿਨ੍ਹਾਂ ਨੇ ਗੁਰਾਂ ਦੁਆਰੇ ਹਰੀ ਨਾਮ ਨੂੰ ਚੇਤਿਆ ਨਹੀਂ, ਉਹਨਾਂ ਨੂੰ ਪਰਮੇਸ਼ਰ ਦੇ ਪਾਸ ਬੈਠਣਾ ਮਿਲਦਾ ਨਹੀਂ।

ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ॥

ਜਿਸ ਵੇਲੇ ਉਹਨਾਂ ਨੂੰ ਜਮਾਂ ਦਾ ਅਤਸੇ ਕਰਕੇ ਬਹੁ ਘਣਾ=ਬਹੁਤ ਦੁੱਖ ਲੱਗਦਾ ਹੈ, ਉਸ ਵੇਲੇ ਕਲਤੁ=ਇਸਤਰੀ ਪੁੱਤਰ ਆਦਿਕਾਂ ਵਿਚੋਂ ਉਸ ਦੇ ਨਾਲ ਕੋਈ ਨਹੀਂ ਜਾਸਿ=ਜਾਂਦਾ।

ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ॥

ਲੋਕਾਂ ਦੇ ਵਿਚ ਉਸ ਦਾ ਮੂੰਹ ਕਾਲਾ ਹੁੰਦਾ ਹੈ, ਤੇ ਅੰਦਰ ਉਭੇ ਸਾਸ=ਲੰਬੇ ਸਾਹ ਅਰਥਾਤ ਠੰਢੇ ਹਉਕੇ ਲੈਂਦਾ ਹੈ।

ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ॥

ਮਨਮੁਖਾਂ ਦੇ ਉੱਪਰ ਕੋ=ਕੋਈ ਭੀ ਵਿਸਹੀ=ਭਰੋਸਾ ਨਹੀਂ ਕਰਦਾ, ਕਿਉਂਕਿ ਉਹਨਾਂ ਦਾ ਵੇਸਾਸੁ=ਭਰੋਸਾ ਚੁੱਕ ਗਿਆ ਹੈ।

ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ॥ ੧॥

ਗੁਰੂ ਜੀ ਕਥਲ ਕਰਦੇ ਹਨ, ਉਹਨਾਂ ਗੁਰਮੁਖਾਂ ਨੂੰ ਅਗਲਾ=ਬਹੁਤਾ ਸੁਖ ਹੈ, ਜਿਨ੍ਹਾਂ ਦੇ ਅੰਦਰ ਨਾਮ ਦਾ ਨਿਵਾਸ ਹੈ॥ ੧॥

ਮਃ ੩॥ ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ॥

ਸੇ=ਉਹ ਪੁਰਸ਼ ਸੈਣ=ਸਾਥੀ ਹਨ, ਸੇਈ ਪੁਰਸ਼ ਸੱਜਣ ਹਨ, ਅਥਵਾ:-ਸੇਈ ਸੇਈ ਸੈਣ=ਸਾਥ ਦੇ ਸੱਜਣ ਹਨ, ਜੇਹੜੇ ਸੁਭਾਵਕ ਹੀ ਗੁਰਮੁਖਾਂ ਨਾਲ ਮਿਲਦੇ ਹਨ।

ਅਥਵਾ:-ਜੇਹੜੇ ਗੁਰਾਂ ਦੁਆਰੇ ਸੁ+ਭਾਇ=ਸ੍ਰੇਸ਼ਟ ਪ੍ਰੇਮ ਵਿਚ ਮਿਲਦੇ ਹਨ।

ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ॥

ਜੇਹੜੇ ਪੁਰਸ਼ ਰਾਤ ਦਿਨ ਸਤਿਗੁਰਾਂ ਦਾ ਭਾਣਾ ਮੰਨਣਾ ਕਰਦੇ ਹਨ, ਉਹ ਸੱਚ ਵਿਚ ਸਮਾ ਰਹਿੰਦੇ ਹਨ।

ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ॥

ਜੇਹੜੇ ਪੁਰਸ਼ ਭਾ ਵਿਚ ਲੱਗੇ ਹਨ, ਉਹ ਸੱਜਣ ਨਹੀਂ ਆਖੇ ਜਾਂਦੇ, ਜੇਹੜੇ ਵੇਕਾਰ=ਵਿਕਾਰਾਂ ਵਿਚ ਲੱਗਕੇ ਅਭਿਮਾਨੁ=ਹੰਕਾਰ ਨੂੰ ਕਰਦੇ ਹਨ।

ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ॥

ਮਨਮੁਖ ਪੁਰਸ਼ ਆਪ ਨਿਜ ਪਰਯੋਜਨੀ ਹਨ, ਉਹ ਕਿਸੇ ਹੋਰ ਦੇ ਕੰਮ ਨੂੰ ਨਹੀਂ ਸਵਾਰ ਸਕਦੇ,

ਅਥਵਾ:-ਉਹ ਆਪਣੇ ਮੁਕਤੀ ਰੂਪੀ ਕਾਰਜ ਨੂੰ ਸਵਾਰ ਨਹੀਂ ਸਕਦੇ।

ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜੋ ਕੁਛ ਪੂਰਬਿ=ਪਹਿਲੇ ਲਿਖਿਆ ਗਿਆ ਹੈ, ਉਸ ਅਨੁਸਾਰ ਕਰਮਾਂ ਨੂੰ ਕਮਾਉਂਦਾ ਹੈ, ਉਹਨਾਂ ਕਰਮਾਂ ਨੂੰ ਭੋਗੇ ਤੋਂ ਬਗੈਰ ਕੋਈ ਮੇਟਣੇ ਵਾਲਾ ਨਹੀਂ ਹੈ॥ ੨ ॥

ਪਉੜੀ ॥ ਤੁਧੁ ਆਪੇ ਜਗਤੁ ਉਪਾਇ ਕੈ ਆਪਿ ਖੇਲੁ ਰਚਾਇਆ ॥

ਹੇ ਹਰੀ ! ਤੈਨੇ ਆਪ ਹੀ ਜਗਤ ਨੂੰ ਉਤਪਤ ਕਰਕੇ, ਅਪਣਾ ਖੇਲੁ ਤਮਾਸ਼ਾ ਰਚਾਇਆ ਹੈ।

ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ ॥

ਤਿੰਨਾਂ ਗੁਣਾਂ ਨੂੰ ਤੁਸਾਂ ਨੇ ਆਪ ਹੀ ਸਿਰਜਿਆ=ਪੈਦਾ ਕੀਤਾ ਹੈ,

ਅਥਵਾ:-ਤ੍ਰੈ-ਗੁਣੀ ਜੀਵਾਂ ਨੂੰ ਆਪ ਸਿਰਜਕੇ ਫਿਰ ਉਹਨਾਂ ਵਿਚ ਮਾਇਆ ਦਾ ਮੋਹ ਵਧਾਇਆ ਹੈ।

ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥

ਹਉਮੈ ਵਿਚ ਰਹਿਣ ਵਾਲੇ ਜੀਵ ਪਾਸੋਂ ਲੇਖਾ ਮੰਗਿਆ ਜਾਂਦਾ ਹੈ, ਇਸ ਤੇ ਉਹ ਫਿਰ ਆਉਂਦਾ ਜਾਂਦਾ ਹੈ।

ਜਿਨਾ ਹਰਿ ਆਪਿ ਕ੍ਰਿਪਾ ਕਰੇ ਸੇ ਗੁਰਿ ਸਮਝਾਇਆ ॥

ਜਿਨ੍ਹਾਂ ਉੱਤੇ ਹਰੀ ਆਪ ਕਿਰਪਾ ਕਰਦਾ ਹੈ, ਉਹਨਾਂ ਨੂੰ ਸਤਿਗੁਰਾਂ ਨੇ ਸਮਝਾਇਆ ਹੈ।

ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਾਇਆ ॥ ੩ ॥

ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਇੱਕ ਵਾਰ ਨਹੀਂ ਮੈਂ ਤਾਂ ਸਦਾ ਸਦਾ ਬਲਿਹਾਰ ਜਾਂਦਾ ਹਾਂ॥ ੩ ॥

ਸਲੋਕੁ ਮਃ ੩ ॥ ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥

ਮੋਹਣੀ ਜੋ ਮਾਇਆ ਹੈ ਉਸ ਦੀ ਮਮਤਾ ਇਸ ਨੂੰ ਲੱਗ ਰਹੀ ਹੈ, ਜਿਸ ਮਾਇਆ ਨੇ ਪ੍ਰਤੱਖ ਦੰਦਾਂ ਤੋਂ ਬਿਨਾਂ ਅੰਤ੍ਰੀਵ ਕਾਮ ਆਦਿਕ ਦੰਦਾਂ ਕਰਕੇ ਸਾਰੇ ਜਗਤ ਨੂੰ ਖਾ ਲਿਆ ਹੈ।

ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥

ਮਨਮੁਖ ਪੁਰਸ਼ ਤਾਂ ਖਾਧੇ ਗਏ ਹਨ, ਤੇ ਉਹ ਗੁਰਮੁਖ ਪੁਰਸ਼ ਬਚ ਗਏ ਹਨ, ਜਿਨ੍ਹਾਂ ਗੁਰਮੁਖਾਂ ਨੇ ਸੱਚੇ ਨਾਮ ਵਿਚ ਚਿੱਤ-ਬਿਰਤੀ ਨੂੰ ਲਗਾਇਆ ਹੈ।

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥

ਹਰੀ ਨਾਮ ਤੋਂ ਬਿਨਾਂ ਇਹ ਜੀਵ ਕਮਲਾ=ਸੁਦਾਈਆਂ ਵਾਂਗ (ਝੱਲਾ ਹੋਇਆ) ਫਿਰੈ=ਫਿਰਦਾ ਹੈ, ਪਰ ਉਹ ਪਰਮਾਤਮਾ ਗੁਰਮੁਖਾਂ ਨੂੰ ਨਿਗਾਹ ਆਇਆ ਹੈ।

(ਪੰਨਾ ੬੪੪)

ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥

ਮਨਮੁਖਾਂ ਨੇ ਸੰਸਾਰਕ ਧੰਦਿਆਂ ਨੂੰ ਕਰਦਿਆਂ ਆਪਣੇ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ, ਸੁਖਦਾਤਾ ਜੋ ਪਰਮੇਸ਼ਰ ਹੈ, ਉਸ ਨੂੰ ਮਨ ਵਿਚ ਨਹੀਂ ਵਸਾਇਆ।

ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥੧ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਉਹਨਾਂ ਗੁਰਮੁਖਾਂ ਨੂੰ ਮਿਲਿਆ ਹੈ, ਜਿਨ੍ਹਾਂ ਨੂੰ ਪਰਮੇਸ਼ਰ ਨੇ ਆਦੋਂ ਹੀ ਲਿਖ ਪਾਇਆ ਹੈ॥ ੧ ॥

ਮਃ ੩ ॥ ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥

ਸਰੀਰ ਘਰ ਦੇ ਵਿਚ ਹੀ ਨਾਮ ਰੂਪ ਅੰਮ੍ਰਿਤ, ਅਥਵਾ:-ਬ੍ਰਹਮ ਰੂਪ ਅੰਮ੍ਰਿਤ ਭਰਪੂਰ ਹੈ, ਪਰ ਮਨਮੁਖ ਪੁਰਸ਼ਾਂ ਨੇ ਉਸ ਦਾ ਸਾਦੁ=ਸੁਆਦ ਨਹੀਂ ਪਾਇਆ।

ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥

ਜਿਵੇਂ ਕਸਤੂਰੀ ਦਾ ਨਾਪਾ ਹਰਨ ਦੀ ਧੁੰਨੀ ਵਿਚ ਹੁੰਦਾ ਹੈ, ਪਰ ਉਹ ਹਰਨ ਜਾਣਦਾ ਨਹੀਂ ਤੇ ਭਰਮ ਦਾ ਭੁਲਾਇਆ ਹੋਇਆ ਝਾੜੀਆਂ ਵਿਚ ਭ੍ਰਮਦਾ=ਭੌਂਦਾ ਫਿਰਦਾ ਹੈ।

ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥

ਇਹ ਜੀਵ ਨਾਮ-ਅੰਮ੍ਰਿਤ ਨੂੰ ਤਿਆਗਕੇ ਵਿਸ਼ਿਆਂ ਨੂੰ ਸੰਗ੍ਰਹੈ=ਇੱਕਠੇ ਕਰਦਾ ਹੈ, ਕਰਤੇ ਵਾਹਿਗੁਰੂ ਨੇ ਇਸ ਨੂੰ ਆਪ ਭੁਲਾ ਦਿੱਤਾ ਹੈ।

ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥

ਗੁਰਾਂ ਦੁਆਰੇ ਜਿਸ ਵਿਰਲੇ ਨੂੰ ਸੋਝੀ=ਗਿਆਤ ਪਈ ਹੈ, ਉਸ ਨੂੰ ਹਿਰਦੇ ਅੰਦਰ ਹੀ ਬ੍ਰਹਮ ਦਿੱਸ ਆਇਆ ਹੈ।

ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥

ਉਹਨਾਂ ਦਾ ਤਨ ਮਨ ਠੰਢਾ ਹੋਇਆ ਹੈ-ਜਿਨ੍ਹਾਂ ਨੂੰ ਰਸਨਾਂ ਦੁਆਰੇ ਹਰੀ ਨਾਮ ਦਾ ਸਾਦੁ=ਅਨੰਦ ਆਇਆ ਹੈ।

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥

ਗੁਰਾਂ ਦੇ ਸਬਦੇ=ਉਪਦੇਸ਼ ਕਰਕੇ ਹੀ ਹਰੀ ਨਾਮ ਉਤਪੰਨ ਹੁੰਦਾ ਹੈ, ਗੁਰ-ਉਪਦੇਸ਼ ਕਰਕੇ ਹੀ ਬ੍ਰਹਮ ਦੇ ਮੇਲ ਨਾਲ ਮਿਲਾਪ ਹੁੰਦਾ ਹੈ।

ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥

ਸਬਦੈ=ਗੁਰ ਉਪਦੇਸ਼ ਤੋਂ ਬਿਨਾਂ ਸਾਰਾ ਜਗਤ ਝੱਲਾ ਹੋ ਰਿਹਾ ਹੈ, ਅਤੇ ਆਪਣੇ ਮਨੁੱਖਾ ਜਨਮ ਨੂੰ ਨਿਸਫਲ ਹੀ ਗਵਾ ਰਿਹਾ ਹੈ।

ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ ੨ ॥

ਇੱਕ ਗੁਰਾਂ ਦਾ ਉਪਦੇਸ਼ ਹੀ ਅੰਮ੍ਰਿਤ ਰੂਪ ਹੈ, ਅਥਵਾ:-ਅੰਮਿਰਤੂ ਕਰਨ ਵਾਲਾ ਇੱਕ ਉਪਦੇਸ਼ ਹੈ; ਗੁਰੂ ਜੀ ਕਥਨ ਕਰਦੇ ਹਨ, ਉਹ ਉਪਦੇਸ਼ ਗੁਰਾਂ ਦੁਆਰੇ ਪਾਇਆ ਜਾਂਦਾ ਹੈ।

ਪਉੜੀ ॥ ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਇਐ ॥

ਉਹ ਹਰੀ ਪੁਰਖ ਅਗੰਮ ਹੈ, ਕਹੋ ਖਾਂ, ਕਿਸ ਵਿਧੀ ਨਾਲ ਉਸ ਨੂੰ ਪਾਉਣਾ ਕਰੀਏ?

ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥

ਉਸ ਦਾ ਰੂਪ ਰੇਖ ਕੋਈ ਨਹੀ ਹੈ, ਅਤੇ ਉਹ ਅਦ੍ਰਿਸਟੁ=ਦੇਖਣ ਤੋਂ ਰਹਿਤ ਹੈ, ਹੇ ਸੰਤ ਜਨੋ ! ਕਹੋ? ਉਸ ਨੂੰ ਕਿਵੇਂ ਧਿਆਉਣਾ ਕਰੀਏ?

ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥

ਉਹ ਹਰੀ ਨਿਰੰਕਾਰੁ=ਅਕਾਰ ਤੋਂ ਰਹਿਤ ਹੈ, ਨਿਰੰਜਨੁ=ਮਾਇਆ ਮਲ ਤੋਂ ਰਹਿਤ ਹੈ, ਅਗਮੁ=ਥੌਹ ਤੋਂ ਰਹਿਤ ਹੈ, ਕੇਹੜੇ ਕੇਹੜੇ ਗੁਣ ਕਹਿ ਕੇ ਉਸ ਦੇ ਜਸ ਨੂੰ ਗਾਇਨ ਕਰੀਏ? ਉੱਤਰ:-

ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥
ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥ ੪ ॥

ਉਹ ਹਰੀ ਆਪਣੇ ਆਪ ਜਿਸ ਨੂੰ ਸਮਝਾਉਂਦਾ ਹੈ, ਉਹ ਹਰੀ ਦੇ ਰਸਤੇ ਨੂੰ ਪਾਂਵਦਾ ਹੈ। ਪੂਰਿਆਂ ਗੁਰਾਂ ਨੇ ਇਹ ਰਸਤਾ ਵਿਖਾਇਆ ਹੈ, ਇਸ ਲਈ ਗੁਰਾਂ ਦੀ ਸੇਵਾ ਕਰਨ ਨਾਲ ਇਹ ਰਸਤਾ ਪਾਈਦਾ ਹੈ॥ ੪॥

ਸਲੋਕੁ ਮ:੩ ॥

ਉਥਾਨਕਾ:-ਜਿਵੇਂ ਸਤਿਗੁਰੂ ਨਾਨਕ ਦੇਵ ਜੀ ਨੇ ਅੱਗੇ ਜਾ ਕੇ ਸੂਹੀ ਰਾਗੁ ਵਿਚ ਕਿਹਾ ਹੈ,

"ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥" (ਪੰਨਾ ੭੨੯)

ਉਸ ਆਸ਼ੇ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ, ਇਤਨਾ ਤਪ ਕਰੇ, ਜੋ ਲਹੂ ਭੀ ਸੁੱਕ ਜਾਵੇ।

ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ॥
ਜੀਉ ਵੰਞੈ ਚਉ ਖੰਨੀਐ ਸਚੇ ਸੰਦੇੜੈ ਨੇਹਿ ॥
ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹ ॥ ੧ ॥

ਜਿਵੇਂ ਕੋਹਲੂ ਵਿਚ ਤਿਲ ਪੀੜੀਂਦੇ ਹਨ ਤਿਵੇਂ ਕੋਹਲੂ ਵਿਚ ਪਾਕੇ ਤਨ ਨੂੰ ਪੀੜੀਏ, ਤਾਂ ਭੋਰੀ=ਰੰਚਕ ਮਾਤ੍ਰ ਵੀ ਰਤੁ ਨ ਡੇਹਿ=ਲਹੂ ਨਾ ਦੇਵੇ। ਅਤੇ ਸੱਚੇ ਵਾਹਿਗੁਰੂ ਸੰਦੜੈ=ਦੇ ਨੇਹਿ=ਪ੍ਰੇਮ

ਵਿਚ ਇਹ ਜੀਵ ਚਉਖੰਨੀਐ=ਬਲਿਹਾਰ ਕੁਰਬਾਨ ਵੰਞੈ=ਜਾਵੇ। ਨਾਨਕ=ਗੁਰੂ ਜੀ ਕਥਨ ਕਰਦੇ ਹਨ, ਤਾਂ ਫਿਰ ਇਸ ਜੀਵ ਰੂਪ ਇਸਤਰੀ ਦਾ ਰਾਤੀ ਅਤੇ ਡੇਹ=ਰਾਤ ਅਤੇ ਦਿਨ ਪਰਮੇਸ਼ਰ ਪਤੀ ਨਾਲੋਂ ਮੇਲ ਨਹੀਂ ਚੁਕਦਾ॥ ੧॥

ਮਃ ੩॥ ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ॥
ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ॥

ਮੈਡਾ=ਮੇਰਾ ਸੱਜਣ ਪਰਮਾਤਮਾ ਰੰਗੁਲਾ=ਅਨੰਦ ਵਾਲਾ ਹੈ, ਜਿਸ ਦੇ ਮਨ ਨੂੰ ਆਪਣੀ ਤਰਫ ਕਰ ਲੈਂਦਾ ਹੈ, ਉਸ ਨੂੰ ਰੰਗੁ=ਅਨੰਦ ਲਾਏ=ਲਗਾਉਂਦਾ ਹੈ।

ਅਥਵਾ:-ਮੇਰਾ ਸਜਣੁ=ਗੁਰੂ ਰੰਗੁਲਾ=ਰੰਗਣੇ ਵਾਲਾ ਲਿਲਾਰੀ ਹੈ, ਜੋ ਜਗਿਆਸੂ ਦੇ ਮਨ ਰੂਪੀ ਬਸਤਰ ਨੂੰ ਰੰਗ ਲਗਾ ਲੈਂਦੇ ਹਨ।

ਅਥਵਾ:-ਜਗਿਆਸੂ ਦੇ ਮਨ ਨੂੰ ਲੈ ਕੇ ਭਗਤੀ ਰੂਪੀ ਰੰਗ ਲਗਾ ਦੇਂਦੇ ਹਨ।

ਜਿਵੇਂ, ਮਜੀਠੇ ਰੰਗ ਵਿਚ ਕੱਪੜੇ ਨੂੰ ਰੰਗਣ ਵਾਸਤੇ ਭੀ=ਬਹੁੜੋ ਪਹਿਲੇ ਪਾਹੇਹਿ=ਪਾਹ ਦਿੱਤੀ ਜਾਂਦੀ ਹੈ ਤਾਂ ਰੰਗ ਚੰਗਾ ਚੜ੍ਹਦਾ ਹੈ। ਤਿਵੇਂ, ਮਨ ਰੂਪ ਕੋਰੇ ਬਸਤ੍ਰ ਨੂੰ-ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ'*ਭੈ ਧਾਰਨੇ ਰੂਪੀ ਖੁੰਬ ਤੇ ਚਾੜ੍ਹਕੇ ਖੋਟਿਆਂ ਕੰਮਾਂ ਦੀ ਤਰਫੋਂ ਸ਼ਰਮ ਕਰਨੀ ਏਹ ਪਾਹ ਚਾੜ੍ਹੇ ਤਾਂ ਭਗਤੀ ਰੂਪੀ ਚੰਗਾ ਰੰਗ ਚੜ੍ਹਦਾ ਹੈ।

ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ॥ ੨॥

ਗੁਰੂ ਜੀ ਕਥਨ ਕਰਦੇ ਹਨ, ਇਹ ਰੰਗ ਚੜ੍ਹਿਆ ਹੋਇਆ ਫਿਰ ਉਤਰਦਾ, ਅਤੇ ਇਸ ਰੰਗ ਉੱਤੇ ਬਿਆ=ਦੂਜਾ ਹੋਰ ਕੋਈ ਰੰਗ ਲੱਗਦਾ ਭੀ ਨਹੀਂ॥ ੨॥

ਪਉੜੀ॥ ਹਰਿ ਆਪਿ ਵਰਤੈ ਆਪਿ ਹਰਿ ਆਪਿ ਬੁਲਾਇਦਾ॥
ਹਰਿ ਆਪੇ ਸ੍ਰਿਸਟਿ ਸਵਾਰਿ ਸਿਰਿ ਧੰਧੈ ਲਾਇਦਾ॥

ਹਰੀ ਆਪੇ ਆਪ ਸਾਰੇ ਵਰਤ ਰਿਹਾ ਹੈ, ਹਰੀ ਆਪ ਹੀ ਜੀਵਾਂ ਨੂੰ ਬੁਲਾਉਂਦਾ ਹੈ।

ਹਰੀ ਆਪ ਹੀ ਸ੍ਰਿਸ਼ਟੀ ਨੂੰ ਸਵਾਰਦਾ ਹੈ, ਤੇ ਸਿਰ-ਬਸਿਰ ਸਭਨਾਂ ਨੂੰ ਧੰਦਿਆਂ ਵਿਚ ਲਗਾਉਂਦਾ ਹੈ।

ਇਕਨਾ ਭਗਤੀ ਲਾਇ ਇਕਿ ਆਪਿ ਖੁਆਇਦਾ॥

ਇੱਕ ਗੁਰਮੁਖਾਂ ਨੂੰ ਭਗਤੀ ਵਿਚ ਲਾਉਂਦਾ ਹੈ, ਇੱਕ ਮਨਮੁਖਾਂ ਨੂੰ ਆਪ ਖੁਆਇਦਾ=ਭੁਲਾ ਦੇਂਦਾ ਹੈ।

ਇਕਨਾ ਮਾਰਗਿ ਪਾਇ ਇਕਿ ਉਝੜਿ ਪਾਇਦਾ॥

ਇੱਕ ਗੁਰਮੁਖਾਂ ਨੂੰ ਭਗਤੀ ਗਿਆਨ ਰੂਪ ਰਸਤੇ ਵਿਚ ਪਾਉਂਦਾ ਹੈ, ਇੱਕ ਮਨਮੁਖਾਂ ਨੂੰ ਸੰਸਾਰ ਉਜਾੜ ਵਿਚ ਪਾਉਂਦਾ ਹੈ।

ਜਨੁ ਨਾਨਕੁ ਨਾਮੁ ਧਿਆਏ ਗੁਰਮੁਖਿ ਗੁਣ ਗਾਇਦਾ॥ ੫॥

---

*ਆਸਾ ਦੀ ਵਾਰ, ਪੰਨਾ ੪੬੫

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ ਜਨ ਗੁਰਾਂ ਦੁਆਰੇ ਨਾਮ ਨੂੰ ਧਿਆਕੇ ਗੁਣਾਂ ਨੂੰ ਗਾਇਨ ਕਰਦਾ ਹੈ॥ ੫॥

ਸਲੋਕੁ ਮਃ ੩ ॥ ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥

ਸਤਿਗੁਰਾਂ ਦੀ ਸੇਵਾ ਕਰਨੀ ਸਹਿਤ ਫਲਾਂ ਦੇ ਹੈ, ਪਰ ਜੇਹੜਾ ਕੋਈ ਚਿੱਤ ਨੂੰ ਲਗਾਕੇ ਕਰੇ, ਉਸ ਨੂੰ ਫਲ ਮਿਲਦਾ ਹੈ।

ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

ਹਿਰਦੇ ਵਿਚੋਂ ਹੰਗਤਾ ਦੇ ਜਾਣ ਕਰਕੇ ਮਨ ਇੱਛਤ ਫਲ ਨੂੰ ਪਾਂਵਦਾ ਹੈ।

ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ॥

ਜੇਹੜਾ ਪੁਰਸ਼ ਸੱਚੇ ਪਰਮਾਤਮਾਂ ਵਿਚ ਸਮਾ ਰਹਿੰਦਾ ਹੈ ਉਹ ਸੰਸਾਰਕ ਬੰਧਨਾਂ ਨੂੰ ਤੋੜ ਕੇ ਮੁਕਤ ਰੂਪ ਹੁੰਦਾ ਹੈ।

ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ॥

ਇਸ ਜਗਤ ਵਿਚ ਪਰਮੇਸ਼ਰ ਦਾ ਨਾਮ ਅਲਭੁ=ਦੁਰਲੱਭ ਹੈ, ਗੁਰਾਂ ਦੁਆਰਾ ਮਨ ਵਿਚ ਆ ਕੇ ਵੱਸਦਾ ਹੈ।

ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ॥ ੧॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਆਪਣੇ ਗੁਰਾਂ ਨੂੰ ਸੇਂਵਦਾ ਹੈ, ਮੈਂ ਉਹਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਮਃ ੩ ॥ ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥
ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥

ਮਨਮੁਖ ਪੁਰਸ਼ਾਂ ਦਾ ਮਨ ਅਜਿਤ=ਜਿੱਤਣ ਤੋਂ ਰਹਿਤ ਹੈ, ਕਿਉਂਕਿ ਦ੍ਵੈਤ ਭਾ ਵਿਚ ਲੱਗਾ ਜਾ ਰਿਹਾ ਹੈ। ਤਿਸ ਮਨਮੁਖ ਨੂੰ ਸੰਸਾਰ ਸੁਪਨੇ ਵਿਚ, ਸੁਪਨੈ=ਕਦਾਚਿਤ ਸੁਖ ਨਹੀਂ ਹੁੰਦਾ, ਦੁੱਖ ਹੀ ਦੁੱਖ ਵਿਚ ਉਸ ਦੀ ਉਮਰਾ ਬਤੀਤ ਹੁੰਦੀ ਹੈ।

ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥

ਪੰਡਿਤ-ਜਨ, ਘਰ ਘਰ ਵਿਚ ਘਰਿ ਘਰਿ=ਸ਼ਾਸਤ੍ਰ ਸ਼ਾਸਤ੍ਰ ਪੜ੍ਹਕੇ ਥੱਕ ਗਏ ਹਨ, ਅਤੇ ਸਿੱਧ ਸਮਾਧੀਆਂ ਨੂੰ ਲਗਾਕੇ ਥੱਕ ਗਏ।

ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥

ਇਹ ਚੰਚਲ ਮਨ ਵੱਸ ਵਿਚ ਨਹੀਂ ਆਉਂਦਾ, ਕਰਮਾਂ ਨੂੰ ਕਮਾਕੇ ਸਭ ਪੁਰਸ਼ ਥੱਕ ਗਏ ਹਨ।

ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ॥

ਭੇਖਧਾਰੀ ਭੇਖਾਂ ਦੇ ਕਰਨ ਵਿਚ ਥੱਕ ਗਏ, ੬੮ ਤੀਰਥਾਂ ਉੱਪਰ ਸ਼ਨਾਨ ਕਰਨ ਵਾਲੇ ੬੮ ਤੀਰਥਾਂ ਉੱਪਰ ਨਾਇ=ਨਹਾਉਂਦੇ ਥੱਕ ਗਏ ਹਨ।

(ਪੰਨਾ ੬੪੫)

ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ॥

ਪਰ ਮਨ ਦੇ ਵਸੀਕਾਰ ਕਰਨ ਦੀ ਸਾਰ=ਸੰਭਾਲ ਨਹੀਂ ਜਾਣਦੇ, ਹਉਮੈ ਕਰਕੇ ਭਰਮ ਵਿਚ ਭੁੱਲ ਰਹੇ ਹਨ।

ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ॥

ਗੁਰਾਂ ਦੀ ਕਿਰਪਾ ਨਾਲ ਹਿਰਦੇ ਵਿਚ ਭਉ=ਡਰ ਪਿਆ ਤਾਂ ਵਡਭਾਗੀ ਦੇ ਮਨ ਵਿਚ ਪਰਮੇਸ਼ਰ ਆਕੇ ਵਸਿਆ।

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥

ਡਰ ਦੇ ਪੈਣ ਕਰਕੇ ਮਨ ਵਸੀਕਾਰ ਹੋ ਆਇਆ, ਤੇ ਹਉਮੈ ਨੂੰ ਗੁਰ ਸ਼ਬਦ ਦੁਆਰੇ ਸਾੜਨਾ ਕੀਤਾ।

ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ॥

ਜੋ ਸੱਚੇ ਨਾਮ ਵਿਚ ਰੱਤੇ ਹੋਏ ਹਨ ਉਹ ਨਿਰਮਲੇ=ਸ਼ੁੱਧ ਹਨ, ਉਹਨਾਂ ਨੇ ਜੋਤੀ ਨਾਲ ਆਪਣੀ ਜੋਤ ਮਿਲਾਈ ਹੈ।

ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ॥ ੨॥

ਸਤਿਗੁਰਾਂ ਨਾਲ ਮਿਲਣ ਕਰਕੇ ਪਰਮੇਸ਼ਰ ਦਾ ਨਾਮ ਪਾਇਆ, ਤਾਂ ਸੁਖ ਸਰੂਪ ਪਰਮੇਸ਼ਰ ਵਿਚ ਸਮਾ ਜਾਂਦਾ ਹੈ॥ ੨॥

ਪਉੜੀ॥ ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥

ਇਹ ਭੂਪਤਿ=ਪ੍ਰਿਥਵੀ ਦੇ ਪਤੀ ਰਾਜੇ ਤੇ ਰਾਣਿਆਂ ਦਾ ਰੰਗ=ਆਨੰਦ ਚਾਰ ਦਿਨ, ਭਾਵ ਕੋਈ ਦਿਨ ਸੋਭਨੀਕ ਹੈ।

ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥

ਇਹ ਮਾਇਆ ਦਾ ਰੰਗੁ=ਆਨੰਦ-ਕਸੁੰਭੇ ਰੰਗਵਤ ਇੱਕ ਖਿਨ ਵਿਚ ਲਹਿ ਜਾਣੇ ਵਾਲਾ ਹੈ।

ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥

ਇਹ ਮਇਆਵਕੀ ਰੰਗ ਚਲਦਿਆਂ ਦੇ ਨਾਲ ਨਹੀਂ ਚਲਦੇ, ਸਗੋਂ ਜੀਵ ਆਪਣੇ ਸਿਰ ਉੱਤੇ ਪਾਪਾਂ ਦਾ ਭਾਰ ਲੈ ਜਾਂਦਾ ਹੈ।

ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥

ਜਿਸ ਵੇਲੇ ਜਮ ਕਾਲ ਨੇ ਇਸ ਨੂੰ ਫੜ ਕੇ ਪ੍ਰਲੋਕ ਰਸਤੇ ਵਿਚ ਚਲਾਇਆ, ਤਾਂ ਇਹ ਜੀਵ ਖਰਾ=ਹੱਛਾ ਭੈਦਾਇਕ ਹੁੰਦਾ ਹੈ।

ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥ ੬ ॥

ਉਹ ਮਨੁੱਖਾ ਦੇਹ ਦੀ ਪ੍ਰਾਪਤੀ ਦਾ ਵੇਲਾ ਫਿਰ ਇਸ ਦੇ ਹੱਥ ਨਹੀਂ ਆਉਂਦਾ, ਫਿਰ ਤਾਂ ਪਸ਼ਚਾਤਾਪ ਹੀ ਕਰਦਾ ਹੈ॥ ੬ ॥

ਯਥਾ:- ਫਿਰਿ ਕਲਿਜੁਗ ਅੰਦਰਿ ਦੇਹਿ ਧਰਿ, ਕਰਮਾਂ ਅੰਦਰਿ ਫੇਰਿ ਫਸਾਵੈ ॥
ਅਉਸਰੁ ਚੁਕਾ ਹਥ ਨ ਆਵੈ ॥ ੧੫ ॥ (ਭਾਈ ਗੁਰਦਾਸ ਜੀ, ਵਾਰ ੧)

ਤਥਾ:- ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ ॥
ਪਾਇਆ ਮਾਨਸ ਦੇਹਿ ਕਉ ਐਥੋਂ ਚੁਕਿਆ ਠੌਰ ਨ ਠਾਈ ॥ (ਪੌੜੀ ੧੬, ਵਾਰ ੧)

ਤਥਾ:- ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥
(ਬਿਲਾਵਲੁ ਮ: ੩, ਪੰਨਾ ੭੯੬)

ਤਥਾ:- ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ ॥
ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ ॥ ੩ ॥ (ਪੰਨਾ ੮੧੦)

ਸਲੋਕੁ ਮਃ ੩ ॥

ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥

ਜੇਹੜੇ ਪੁਰਸ਼ ਸਤਿਗੁਰਾਂ ਤੋਂ ਮੂੰਹ ਮੋੜ ਲੈਂਦੇ ਹਨ, ਭਾਵ ਬੇਮੁਖ ਹੁੰਦੇ ਹਨ, ਉਹ ਜਮਾਂ ਦੇ ਬਧੇ=ਬੰਨ੍ਹੇ ਹੋਏ ਦੁੱਖਾਂ ਨੂੰ ਸਹਾਰਦੇ ਹਨ।

ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥
ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥

ਉਹ ਵਾਰੰ-ਵਾਰ ਜੰਮਦੇ ਤੇ ਮਰ ਜਾਂਦੇ ਹਨ, ਪਰਮੇਸ਼ਰ ਨਾਲ ਮਿਲਣਾ ਨਹੀਂ ਪਾਉਂਦੇ। ਸੰਸਾ ਤੇ ਰੋਗ, ਅਥਵਾ:-ਸੰਸਾ ਰੂਪੀ ਰੋਗ ਉਨ੍ਹਾਂ ਨੂੰ ਛੱਡਦਾ ਨਹੀਂ, ਦੁੱਖਾਂ ਵਿਚ ਹੋਰ ਦੁੱਖ ਪਾਉਂਦੇ ਹਨ।

ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਨਦਰੀ=ਪਰਮਾਤਮਾ ਬਖਸ਼ ਲਵੇ, ਤਾਂ ਸਬਦੇ=ਬ੍ਰਹਮ ਦੇ ਮੇਲ ਨਾਲ ਮਿਲਾਉਂਦਾ ਹੈ॥ ੧ ॥

ਮਃ ੩ ॥ ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥

ਜੇਹੜੇ ਪੁਰਸ਼ ਸਤਿਗੁਰਾਂ ਤੋਂ ਮੂੰਹ ਫੇਰ ਲੈਂਦੇ, ਭਾਵ ਬੇ-ਮੁਖ ਹੁੰਦੇ ਹਨ, ਤਿਨ੍ਹਾਂ ਨੂੰ ਠਹਿਰਨ ਵਾਸਤੇ ਕਿਤੇ ਥਾਂ ਨਹੀਂ ਮਿਲਦੀ।

ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥

ਜਿਵੇਂ ਛੁੱਟੜ ਔਰਤ ਘਰ-ਘਰ ਵਿਚ ਫਿਰਦੀ ਹੈ, ਉਸ ਦੁਹ+ਚਾਰਣਿ=ਖੋਟੇ ਕਰਤੱਬ ਕਰਨ ਵਾਲੀ ਦਾ ਬਦ+ਨਾਉ=ਬਦੂ ਨਾ ਪੈ ਜਾਂਦਾ ਹੈ।

ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਸੇ=ਉਹ ਗੁਰਮੁਖ ਬਖਸ਼ੇ ਜਾਂਦੇ ਹਨ, ਜੇਹੜੇ ਸਤਿਗੁਰਾਂ ਦੇ ਮੇਲ ਨਾਲ ਆਪਣੇ ਆਪ ਨੂੰ ਮਿਲਾਉਂਦੇ ਹਨ॥ ੨ ॥

ਪਉੜੀ ॥ ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ ॥

ਜੇਹੜਾ ਪੁਰਖ ਸਤਿ ਸਰੂਪ ਮੁਰਾਰੀ ਨੂੰ ਸੇਂਵਦਾ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ।

ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ ॥

ਜੇਹੜਾ ਪੁਰਖ ਹਰਿ ਹਰਿ ਨਾਮ ਨੂੰ ਬੋਲਦਾ ਹੈ ਉਸ ਨੂੰ ਜਮ ਛੱਡ ਗਿਆ ਹੈ।

ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ ॥
ਹਰਿ ਸੇਵਹਿ ਸੇਈ ਪੁਰਖ ਜਿਨਾ ਹਰਿ ਤੁਧੁ ਮਇਆ ॥

ਉਹ ਪੁਰਸ਼ ਦਰਗਾਹ ਵਿਚ ਜੱਸ ਰੂਪੀ ਪੁਸ਼ਾਕ ਪਹਿਨਕੇ ਜਾਂਦੇ ਹਨ, ਜਿਨ੍ਹਾਂ ਨੇ ਹਰੀ ਨੂੰ ਜਪ ਲੀਤਾ ਹੈ। ਉਹ ਪੁਰਖ ਹਰੀ ਨੂੰ ਸੇਂਵਦੇ ਹਨ, ਜਿਨ੍ਹਾਂ ਉੱਤੇ ਤਿਸ ਹਰੀ ਦੀ ਕਿਰਪਾ ਦ੍ਰਿਸ਼ਟੀ ਹੈ।

ਗੁਣ ਗਾਵਾ ਪਿਆਰੇ ਨਿਤ ਗੁਰਮੁਖਿ ਭ੍ਰਮ ਭਉ ਗਇਆ ॥ ੭ ॥

ਨਿਤਾਪ੍ਰਤੀ ਪਿਆਰੇ ਦੇ ਗੁਣ ਗਾਇਣ ਕਰਨ ਕਰਕੇ ਗੁਰਮੁਖਾਂ ਦੇ ਹਿਰਦੇ ਵਿਚੋਂ ਭਰਮ ਤੇ ਭਉ ਚਲਾ ਗਿਆ ਹੈ॥ ੭ ॥

ਸਲੋਕੁ ਮਃ ੩ ॥

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥

ਹਿਰਦੇ ਰੂਪ ਥਾਲ ਵਿਚ ਤੈ=ਤਿੰਨ ਚੀਜ਼ਾਂ ਪਈਆਂ ਹੋਈਆਂ ਹਨ, ੧. ਸਤੁ, ੨. ਸੰਤੋਖ, ੩. ਵਿਚਾਰ ਇਹ ਚੀਜ਼ਾਂ ਐਸੀਆਂ ਹਨ, ਜੋ ਸਾਰੁ=ਸ੍ਰੇਸ਼ਟ ਹਰੀ ਦੇ ਗਿਆਨ ਰੂਪ ਅੰਮ੍ਰਿਤ ਭੋਜਨ ਦੀ ਪ੍ਰਾਪਤ ਕਰਨ ਵਾਲੀਆਂ ਹਨ॥ ੨ ॥

ਅਥਵਾ:-ਤੈ=ਤਿਸ ਪਰਮਾਤਮਾਂ ਨੇ ਅੰਤਹਕਰਨ ਰੂਪੀ ਥਾਲ ਵਿਚ ਵਸਤੂ ਪਾਈ ਹੋਈ ਹੈ, ਕੇਹੜੀ ? ਕਿ ਸਾਰੁ=ਸ੍ਰੇਸ਼ਟ ਹਰੀ ਨਾਮ ਅੰਮ੍ਰਿਤ ਭੋਜਨ ਰੂਪੀ।

ਜਿਸ ਨਾਮ ਅੰਮ੍ਰਿਤ ਭੋਜਨ ਦੇ ਖਾਣ ਕਰਕੇ ਮਨ ਤ੍ਰਿਪਤ ਹੁੰਦਾ ਹੈ, ਅਤੇ ਮੋਖ ਦਾ ਦੁਆਰਾ ਗਿਆਨ ਪਾਈਦਾ ਹੈ।

ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥

ਹੇ ਸੰਤੋ ! ਇਹ ਹਰੀ ਨਾਮ ਅੰਮ੍ਰਿਤ ਭੋਜਨ ਪ੍ਰਾਪਤ ਹੋਣਾ ਬੜਾ ਅਲਭੁ=ਦੁਰਲੱਭ ਹੈ, ਗੁਰਾਂ ਦੇ ਵੀਚਾਰ ਦੁਆਰਾ ਇਹ ਭੋਜਨ ਲੱਭਦਾ ਹੈ।

ਜਿਵੇਂ ਪ੍ਰਤੱਖ ਜਨੇਤ ਜਦ ਆਉਂਦੀ ਹੈ ਤੇ ਉਹਨਾਂ ਅੱਗੇ ਭੋਜਨ ਪਰੋਸਿਆ ਜਾਂਦਾ ਹੈ, ਤਦ ਔਰਤਾਂ ਮੁਦਾਵਣੀ ਪਾਉਂਦੀਆਂ ਹਨ ਕਿ:-

"ਕਾਲਾ ਸੂਤ ਪੀਲਾ ਸੂਤ ਜਾਂ ਪੀਵੇ ਤਾਂ ਕੁੱਤੇ ਦਾ ਮੂਤ।"

ਜਿਤਨਾ ਚਿਰ ਏਹ ਮੁਦਾਵਣੀ ਪਈ ਰਤੈ ਉੱਨਾਂ ਚਿਰ ਕੋਈ ਰੋਟੀ ਨਹੀਂ ਖਾਂਦਾ। ਇਸ ਮੁਦਾਵਣੀ ਦੇ ਦੂਰ ਕਰਨ ਵਾਸਤੇ ਜਨੇਤੀ ਇਹ ਪੜ੍ਹਦੇ ਹਨ ਕਿ:-

"ਕਾਲੀ ਤਾਣੀ ਪੀਲੀ ਤਾਣੀ ਜਾਂ ਪੀਵੇਂ ਤਾਂ ਅੰਮ੍ਰਿਤ ਵਾਣੀ।"

ਇਹ ਸਲੋਕ ਪੜ੍ਹਕੇ ਔਰਤਾਂ ਦੀ ਪਾਈ ਹੋਈ ਮੁਦਾਵਣੀ ਦੂਰ ਕਰਕੇ ਭੋਜਨ ਛਕਣਾ ਸ਼ੁਰੂ ਕਰ ਦੇਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ,

ਇਹ ਗੁਰ-ਸਿੱਖਿਆ ਰੂਪੀ ਮੁਦਾਵਣੀ ਹਿਰਦੇ ਵਿਚੋਂ ਕਿਸ ਤਰ੍ਹਾਂ ਕੱਢਣਾ ਕਰੀਏ, ਇਸ ਨੂੰ ਤਾਂ ਸਦੀਵਕਾਲ ਹਿਰਦੇ ਵਿਚ ਧਾਰ ਰਖੀਏ।

ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥ ੧॥

ਇਹ ਸਿੱਖਿਆ ਰੂਪ ਮੁਦਾਵਣੀ ਸਤਿਗੁਰਾਂ ਨੇ ਪਾਈ ਹੈ, ਤੇ ਗੁਰ ਸਿੱਖਾਂ ਨੇ ਭਾਲ=ਢੂੰਢਕੇ ਲਧੀ=ਲੱਭੀ ਹੈ।

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਪਰਮੇਸ਼ਰ ਆਪ ਸਮਝਾਉਂਦਾ ਹੈ ਓਹੀ ਸਮਝਦਾ ਹੈ, ਗੁਰਮੁਖਾਂ ਨੇ ਘਾਲਿ=ਕਮਾਈ ਕਰਕੇ ਹਰੀ ਨੂੰ ਪਾਇਆ ਹੈ॥ ੧॥

ਮਃ ੩ ॥ ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ॥

ਜੇਹੜੇ ਪੁਰਸ਼ ਧੁਰ ਰੂਪ ਪਰਮਾਤਮਾ ਨੇ ਗੁਰਾਂ ਨਾਲ ਮੇਲੇ ਹਨ, ਉਹੀ ਮਿਲ ਰਹੇ ਹਨ, ਸਤਿਗੁਰਾਂ ਨਾਲ ਚਿੱਤ ਨੂੰ ਲਗਾਕੇ।

ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ॥

ਜਿਨ੍ਹਾਂ ਨੂੰ ਆਪ ਗੁਰਾਂ ਨਾਲੋਂ ਵਿਛੋੜਿਆ ਹੈ, ਉਹ ਵਿੱਛੁੜ ਗਏ ਹਨ, ਅਤੇ ਦ੍ਵੈਤ ਭਾ ਕਰਕੇ ਖੁਆਇ=ਖਰਾਬ ਹੋ ਰਹੇ ਹਨ।

ਨਾਨਕ ਵਿਣੁ ਕਰਮਾ ਕਿਆ ਪਾਈਐ ਪੂਰਬਿ ਲਿਖਿਆ ਕਮਾਇ॥ ੨॥

ਗੁਰੂ ਜੀ ਕਥਨ ਕਰਦੇ ਹਨ, ਕਰਮਾਂ ਤੋਂ ਬਿਨਾਂ ਪ੍ਰਾਪਤ ਕੀ ਹੁੰਦਾ ਹੈ, ਜੈਸਾ ਕਰਮ ਪੂਰਬਲਾ ਲਿਖਿਆ ਹੈ ਇਹ ਜੀਵ ਉਹੋ ਜੇਹੇ ਹੀ ਕਰਮਾਂ ਨੂੰ ਕਮਾਉਂਦਾ ਹੈ॥ ੨॥

ਪਉੜੀ॥ ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ॥

ਗਾਵਣਹਾਰੀਆ=ਗਾਇਨ ਕਰਨ ਵਾਲੀਆਂ ਸਖੀਆਂ ਸਤਸੰਗ ਵਿਚ ਬੈਠਕੇ ਹਰੀ ਜਸ ਨੂੰ ਗਾਂਵਦੀਆਂ ਹਨ।

ਹਰਿ ਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ॥

ਨਿਤਾਪ੍ਰਤੀ ਹਰੀ ਨਾਮ ਸਲਾਹੁਦੀਆਂ ਹਨ, ਤੇ ਹਰੀ ਉਤੋਂ ਬਲਿਹਾਰ ਜਾਂਦੀਆਂ ਹਨ।

ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ॥

ਜਿਨ੍ਹਾਂ ਸਖੀਆਂ ਨੇ ਹਰੀ ਨਾਮ ਨੂੰ ਸੁਣਕੇ ਮੰਨਣ ਕੀਤਾ ਹੈ, ਉਨ੍ਹਾਂ ਤੋਂ ਹਉ=ਮੈਂ ਵਾਰੀਆ=ਬਲਿਹਾਰ ਜਾਂਦੀ ਹਾਂ।

ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ॥

ਗੁਰਮੁਖ ਸਖੀਆਂ ਹੀ ਹਰੀ ਦੇ ਮੇਲ ਨਾਲ ਮਿਲਾਉਣ ਵਾਲੀਆਂ ਹਨ।

ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ॥ ੮॥

ਜੋ ਗੁਰਾਂ ਦਾ ਦਰਸ਼ਨ ਦੇਖਣ ਵਾਲੀਆਂ ਹਨ, ਮੈਂ ਉਹਨਾਂ ਤੋਂ ਰਾਤ-ਦਿਨੇ ਬਲਿਹਾਰ ਜਾਂਦਾ ਹਾਂ॥ ੮॥

(ਪੰਨਾ ੬੪੬) ਸਲੋਕੁ ਮਃ ੩॥

ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ॥

ਹਰੀ ਨਾਮ ਤੋਂ ਬਿਨਾਂ ਸਾਰੇ ਭਟਕਦੇ ਫਿਰਦੇ ਹਨ, ਨਿਤਾਪ੍ਰਤੀ ਸੰਸਾਰ ਵਿਚ ਜਗਿ=ਜੀਵਾਂ ਨੂੰ ਤੋਟਾ=ਘਾਟਾ ਹੈ।

ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ॥

ਮਨਮੁਖਾਂ ਵਾਲੇ ਕਰਮ ਕਮਾਉਂਦੇ ਹਨ, ਹਉਮੈ ਵਿਚ ਲੱਗਣ ਕਰਕੇ ਗੁਬਾਰੁ=ਗਾੜ੍ਹਾ ਅੰਧਕਾਰ ਹੋ ਰਿਹਾ ਹੈ।

ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ॥ ੧॥

ਗੁਰਮੁਖ ਪੁਰਸ਼ ਗੁਰਾਂ ਦੁਆਰੇ ਉਪਦੇਸ਼ ਦੀ ਵੀਚਾਰ ਕਰਕੇ ਨਾਮ-ਅੰਮ੍ਰਿਤ ਨੂੰ ਪੀਣਾ ਕਰਦਾ ਹੈ॥ ੧॥

ਮਃ ੩॥ ਸਹਜੇ ਜਾਗੈ ਸਹਜੇ ਸੋਵੈ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ॥

ਗੁਰਮੁਖ ਸੁਤੇ ਹੀ ਜਾਗਦਾ ਹੈ, ਸੁਤੇ ਹੀ ਸੌਂਦਾ ਹੈ, ਭਾਵ ਕਰਤਬ ਕਰਨ ਤੋਂ ਰਹਿਤ ਹੈ।

ਅਥਵਾ:-ਗੁਰਮੁਖ ਸਹਜੇ=ਗਿਆਨ ਵਿਚ ਜਾਗਦਾ ਹੈ, ਗੁਰਮੁਖ ਗਿਆਨ ਵਿਚ,

ਅਥਵਾ:-ਸ਼ਾਂਤੀ ਰੂਪ ਨਿੰਦ੍ਰਾ ਵਿਚ ਸੌਂਦਾ ਹੈ। ਗੁਰਮੁਖ ਰਾਤ-ਦਿਨੇ ਹਰੀ ਦੀ ਉਸਤਤੀ ਵਿਚ ਤਤਪਰ ਹੁੰਦਾ ਹੈ।

ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥

ਤੇ ਮਨਮੁਖ ਪੁਰਸ਼ ਭਰਮ ਅਤੇ ਸੰਸਿਆਂ ਵਿਚ ਤਤਪਰ ਹੁੰਦਾ ਹੈ। ਹਿਰਦੇ ਅੰਦਰ ਚਿੰਤਾ ਹੋਣ ਕਰਕੇ ਸ਼ਾਂਤੀ ਰੂਪ ਨੀਂਦ ਵਿਚ ਨਹੀਂ ਸੌਂਦਾ।

ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲਿ ਜਾਉ ॥੨ ॥

ਗਿਆਨਵਾਨ ਪੁਰਸ਼ ਸੁਭਾਇ=ਸੁਭਾਵਕ ਹੀ, ਅਥਵਾ:-ਸੁਭਾਇ=ਪ੍ਰੇਮ ਪੂਰਬਕ ਗਿਆਨ ਅਵਸਥਾ ਵਿਚ ਜਾਗਦਾ ਹੈ, ਤੇ ਸੁਭਾਵਕ ਹੀ ਗਿਆਨ ਵਿਚ, ਸਵਹਿ=ਸੌਂਦਾ ਭਾਵ ਇਸਥਿਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਵਿਚ ਜੋ ਰੱਤਾ ਹੈ ਉਹਨਾਂ ਤੋਂ ਮੈਂ ਬਲਿਹਾਰ ਜਾਂਦਾ ਹੈ॥ ੨ ॥

ਪਉੜੀ ॥ ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥

ਉਹ ਪੁਰਸ਼ ਹਰੀ ਨਾਮ ਨੂੰ ਧਿਆਉਂਦੇ ਹਨ, ਜੋ ਹਰੀ ਨਾਮ ਵਿਚ ਰਤਿਆ=ਤਦਾਕਾਰ ਹਨ।

ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥

ਇੱਕੋ ਇੱਕ ਹਰੀ ਨੂੰ ਧਿਆਉਂਦੇ ਹਨ, ਜੋ ਇੱਕ ਹਰੀ ਸਤਿਆ=ਸਤਵਾਦੀ, ਅਥਵਾ:-ਸੱਚਾ ਹੈ।

ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥

ਇੱਕੋ ਇੱਕ ਹਰੀ ਸਾਰੇ ਵਰਤ ਰਿਹਾ ਹੈ, ਜੋ ਇੱਕ ਹਰੀ ਸਭ ਦੀ ਉਤਪਤੀ ਕਰਨ ਵਾਲਾ ਹੈ।

ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥

ਜੋ ਪੁਰਸ਼ ਹਰੀ ਨਾਮ ਨੂੰ ਧਿਆਉਂਦੇ ਹਨ ਉਨ੍ਹਾਂ ਨੇ ਜਮਾਂ ਦਾ ਡਰ ਸਟਿ ਘਤਿਆ=ਸੁੱਟ ਦਿਤਾ ਹੈ।

ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥ ੯ ॥

ਜਿਸ ਗਰਮੁਖ ਨੂੰ ਹਰੀ ਆਪ ਗੁਰ-ਸਿੱਖਿਆ ਦੇਂਦਾ ਹੈ, ਉਸ ਨੇ ਹਰੀ ਨੂੰ ਜਪਿਆ ਹੈ॥ ੯ ॥

ਸਲੋਕ ਮਃ ੩ ॥ ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥

ਇਸ ਜੀਵ ਦੇ ਹਿਰਦੇ ਅੰਦਰ ਹਰੀ ਦਾ ਗਿਆਨ ਨਹੀਂ ਆਇਆ, ਜਿਸ ਗਿਆਨ ਦੁਆਰਾ ਕੁਛ ਸੋਝੀ ਪਾਉਣੀ ਸੀ।

ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥

ਵਿਣੁ ਡਿਠਾ=ਦੇਖੇ ਤੋਂ ਬਿਨਾਂ ਭਾਵ ਆਸਤਕ ਭਾਵਨਾ ਧਾਰੇ ਬਿਨਾਂ ਕੀ ਸਲਾਹੁਣਾ ਹੈ, ਅੰਨ੍ਹਾਂ ਪੁਰਸ਼ ਅੰਧਤਾਈਆਂ ਵਾਲੇ ਕਰਮਾਂ ਨੂੰ ਕਮਾਉਂਦਾ ਹੈ।

ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਵਾਹਿਗੁਰੂ ਦੇ ਸਬਦੁ=ਹੁਕਮ ਨੂੰ ਪਛਾਣੀਏ, ਤਾਂ ਮਨ ਵਿਚ ਹਰੀ ਦਾ ਨਾਮ ਆ ਕੇ ਵਸਦਾ ਹੈ॥ ੧ ॥

ਮਃ ੩ ॥ ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥

ਇੱਕ ਹੀ ਵੇਦ ਰੂਪ ਬਾਣੀ ਹੈ, ਇੱਕ ਹੀ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਗੁਰੂ ਹਨ, ਸਬਦੁ=ਬ੍ਰਹਮ ਦਾ ਵੀਚਾਰ ਭੀ ਇੱਕੋ ਹੈ। ਅਥਵਾ:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ ਬਾਣੀ ਵੀ ਇੱਕ ਹੈ, ਤੇ ਇੱਕ ਹੀ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਅਤੇ ਇੱਕ ਹੀ ਉਹਨਾਂ ਦੇ ਉਪਦੇਸ਼ ਦੀ ਵਿਚਾਰ ਹੈ।

ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥

ਨਾਮ ਰੂਪ ਸੌਦਾ ਭੀ ਸੱਚਾ ਹੈ, ਸਤਿਸੰਗ ਰੂਪ ਹੱਟ ਵੀ ਸੱਚੀ ਹੈ, ਸ਼ੁਭ ਗੁਣਾਂ ਰੂਪੀ ਰਤਨਾਂ ਦੇ ਭੰਡਾਰੇ ਮਹਾਤਮਾਂ ਦੇ ਅੰਤਹਕਰਣ ਭਰੇ ਹੋਏ ਹਨ।

ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥

ਜੇਕਰ ਦੇਣ ਵਾਲਾ ਵਾਹਿਗੁਰੂ ਦੇਵੇ ਤਾਂ ਗੁਰਾਂ ਦੀ ਕਿਰਪਾ ਨਾਲ ਪਾਈਦਾ ਹੈ।

ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥

ਅਪਾਰ ਪਰਮਾਤਮਾ ਦਾ ਨਾਮਰੂਪ ਸੱਚਾ ਸੌਦਾ ਜਿਸ ਨੇ ਖੱਟਿਆ ਹੈ ਉਸ ਨੂੰ ਸਦਾ ਲਾਭ ਹੋਇਆ ਹੈ।

ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥

ਵਿਖ ਰੂਪ ਸੰਸਾਰ ਦੇ ਵਿਚ ਨਾਮ-ਅੰਮ੍ਰਿਤ ਪ੍ਰਗਟਿਆ ਹੈ, ਪ੍ਰੰਤੂ ਪੂਰਬਲੇ ਕਰਮ ਹੀ ਅੰਮ੍ਰਿਤ ਦੇ ਪਿਲਾਉਣ ਵਾਲੇ ਹਨ।

ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਸੱਚੇ ਵਾਹਿਗੁਰੂ ਨੂੰ ਸਲਾਹੁਣਾ ਕਰੋ, ਉਹ ਸਭ ਦੇ ਸਵਾਰਨ ਵਾਲਾ ਵਾਹਿਗੁਰੂ ਧੰਨਤਾ ਜੋਗਜ ਹੈ॥ ੨ ॥

ਪਉੜੀ ॥ ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥
ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥

ਜਿਨ੍ਹਾਂ ਪੁਰਸ਼ਾਂ ਦੇ ਅੰਦਰ ਝੂਠ ਵਰਤਦਾ ਹੈ, ਉਹਨਾਂ ਨੂੰ ਸੱਚ ਬੋਲਣਾ, ਅਥਵਾ:-ਸੱਚਾ ਨਾਮ ਜਪਣਾ ਭਾਂਵਦਾ ਨਹੀਂ। ਜੇ ਕੋਈ ਸੱਚ ਨੂੰ ਬੋਲੇ, ਤਾਂ ਝੂਠਾ ਪੁਰਸ਼ ਜਲਿ ਜਾਵਈ=ਸੜ ਜਾਂਦਾ ਹੈ।

ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ ॥

ਕੂੜਿਆਰੀ=ਝੂਠਾ ਪੁਰਸ਼ ਝੂਠ ਦੇ ਬੋਲਣ ਵਿਚ ਰਜੈ=ਤ੍ਰਿਪਤ ਹੁੰਦਾ ਹੈ, ਜਿਵੇਂ ਕਾਂ ਗੰਦਗੀ ਨੂੰ ਖਾ ਕੇ ਤ੍ਰਿਪਤ ਹੁੰਦਾ ਹੈ।

ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥

ਜਿਸ ਉੱਤੇ ਹਰੀ ਕਿਰਪਾਲੂ ਹੁੰਦਾ ਹੈ, ਉਹ ਹਰੀ ਨਾਮ ਨੂੰ ਧਿਆਉਂਦਾ ਹੈ।

ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਣੀ॥ ੧੦॥

ਹੇ ਪੁਰਖ਼ਾਂ ! ਗੁਰਾਂ ਦੁਆਰੇ ਹਰੀ ਨਾਮ ਨੂੰ ਅਰਾਧਣਾ ਕਰ, ਤਾਂ ਝੂਠ ਅਤੇ ਪਾਪ ਰੂਪੀ ਮੈਲ ਲਹਿ ਜਾਵੇਗੀ॥ ੧੦॥

ਸਲੋਕੁ ਮਃ ੩॥

ਉਥਾਨਕਾ:–ਗੋਇੰਦਵਾਲ ਸਾਹਿਬ ਵਿਚ ਸ਼ੇਖ ਰਹਿੰਦੇ ਸਨ। ਜੋ ਮਰਵਾਹਿਆਂ ਦੇ ਚੁੱਕੇ ਚੁਕਾਏ ਗੁਰੂ ਘਰ ਨਾਲ ਈਰਖਾ ਕਰਦੇ ਸਨ। ਜਦ ਸਿੱਖ ਲੰਗਰ ਵਾਸਤੇ ਬਿਆਸਾ ਨਦੀ ਤੋਂ ਪਾਣੀ ਭਰਨ ਜਾਂਦੇ, ਤਦ ਉਹ ਸ਼ੇਖ ਗੁਲੇਲੇ ਮਾਰ ਕੇ ਘੜੇ ਭੰਨ ਦੇਂਦੇ ਹਨ ਸਿੱਖਾਂ ਨੇ ਗੁਰੂ ਸਾਹਿਬ ਜੀ ਦੇ ਪਾਸ ਬੇਨਤੀ ਕੀਤੀ, ਕਿ ''ਸ਼ੇਖਾਂ ਦੇ ਲੜਕੇ ਵੱਟੇ ਮਾਰਕੇ ਘੜੇ ਭੰਨ ਦੇਂਦੇ ਹਨ'', ਤਾਂ ਗੁਰੂ ਜੀ ਨੇ ਕਿਹਾ, ''ਤੁਸੀਂ ਮਸ਼ਕਾਂ ਬਣਾ ਲਓ''। ਤਦ ਤੋਂ ਸਿੱਖ ਮਸ਼ਕਾਂ ਵਿਚ ਪਾਣੀ ਭਰਕੇ ਲੰਗਰ ਵਿਚ ਢੋਣ ਲੱਗ ਪਏ। ਫਿਰ ਸ਼ੇਖਾਂ ਦੇ ਲੜਕੇ ਤੀਰ ਮਾਰ ਕੇ ਮਸ਼ਕਾਂ ਵਿਚ ਛੇਕ ਕਰਨ ਲਗ ਪਏ। ਤਦ ਵੀ ਸਿੱਖਾਂ ਨੇ ਗੁਰੂ ਸਾਹਿਬ ਜੀ ਪਾਸ ਬੇਨਤੀ ਕੀਤੀ। ਤਾਂ ਗੁਰੂ ਜੀ ਨੇ ਕਿਹਾ,''ਤੁਸੀਂ ਗਾਗਰਾਂ ਬਣਾ ਲਓ,'' ਗਾਗਰਾਂ ਬਣਾਉਣ ਉੱਪਰ ਵੀ ਉਹ ਨਾ ਰਹੇ, ਉਹਨਾਂ ਨੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਯਥਾ:-

ਚੌਪਈ ॥ ਗੁਰ ਸਥਾਨ ਮੰਗਲ ਬਹੁ ਹੋਵੈ॥ ਗਾਵਤਿ ਸਭਿ ਸਿਖ ਸ਼ਬਦਨ, ਜੋਵੈਂ।
ਸ਼ੇਖਨ ਕੇ ਸਿਸੁ ਦੇਖਿ ਸੁ ਚਾਲੀ। ਸਹਿ ਨ ਸਕਹਿ ਵਹਿ ਕਰੈਂ ਕੁਚਾਲੀ॥ ੨੫॥
ਨੀਰ ਭਰਨ ਘਟ ਲੈ ਸਿਖ ਜਾਵੈਂ। ਬਾਲ ਗੁਲੇਲਾ ਮਾਰਿ ਗਵਾਵੈਂ।
ਯਾ ਬਿਧਿ ਬਹੁਤ ਕਰੀ ਜਬਿ ਤਿਨੈ। ਗੁਰ ਪੈ ਸਿਖਜਨ ਕੀਨੀ ਬਿਨੈ॥ ੨੬॥
ਸ਼ੇਖਨ ਸੁਤ ਘਟ ਤੋਰੈਂ ਤੁਰਨਿ। ਜਲ ਕੌ ਜਬਿ ਕਰਿ ਲਜਾਵੈਂ ਪੂਰਨ।
ਤਬਿ ਕਰੁਨਾਕਰ ਬੋਲੇ ਬਾਨੀ। 'ਮਸ਼ਕੈਂ ਬੀਚ ਲਿਆਵੋ ਪਾਨੀ'॥ ੨੭॥
ਮਾਨਿ ਬਚਨ ਤਜੋਂ ਹੀ ਤਿਨ ਕੀਨੀ। ਜਲ ਭਰਿਬੇ ਕੋ ਮਸ਼ਕੈਂ ਲੀਨੀ।
ਤਬਿ ਬਾਰਕ ਕਰ ਧਾਰਿ ਕਮਾਨੈ। ਤੀਰ ਮਾਰ ਫਾਰੈਂ ਅਭਿਮਾਨੈ॥ ੨੮॥
ਪੁਨ ਸਿੱਖਨ ਗੁਰ ਕੇਰਿ ਹਦੂਰਾ। ਸਕਲ ਬ੍ਰਿਤਾਂਤ ਬਖਾਨਯੋ ਤੂਰਾ॥
ਮਸ਼ਕੈ ਫਾਰਤਿ ਕਸਕੇ ਤੀਰਨਿ। ਬਸ ਨਹਿ ਚਲਤਿ ਕਰਤਿ ਅਵਗੀਰਨਿ॥ ੨੯॥
ਤਬਿ ਮੁਖਚੰਦ ਬਚਨ ਪਰਕਾਸ਼ੇ। 'ਗਾਗਰ' ਮੈਂ ਜਲ ਲਜਾਉ ਹੁਲਾਸੇ।
ਸੱਤਿ ਭਾਖਿ ਕੀਨੀ ਤਿਨ ਤੈਸੇ। ਕਹੀ ਮੁਕੰਦ ਅਨੰਦਤਿ ਜੈਸੇ॥ ੩੦॥
ਵਹ ਬਾਲਕ ਘਟ ਈਂਟਨ ਭਾਨੈ। ਜ਼ੁਲਮੀ ਕਰੈਂ ਦੁਸ਼ਟ ਅਭਿਮਾਨੈ॥
ਮਾਤ ਤਾਤ ਤਿਨ ਕੇ ਨਹਿਂ ਹੋਰੈਂ। ਹੋਤਿ ਪ੍ਰਸੰਨ ਨਿਹਾਰਿ ਬਹੋਰੈਂ॥ ੩੧॥

(ਗੁਰ ਪ੍ਰਤਾਪ ਸੂਰਜ ਰਾਸਿ ੧, ਅੰਸੂ ੩੮)

---

*ਏਸੇ ਸ਼ੇਖ ਦੇ ਪ੍ਰਤੀ ਗੁਰੂ ਸਾਹਿਬ ਜੀ ਨੇ ਪਿੱਛੇ ਬਿਹਾਗੜੇ ਦੀ ਵਾਰ ਵਿਚ ਨੌਂਵਾਂ ਸਲੋਕ ਉਚਾਰਨ ਕੀਤਾ ਹੈ, ''ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ॥'' (ਦੇਖੋ ਪੰਨਾ ੫੫੧)

ਫੇਰ=ਇੱਕ ਦਿਨ ਉਹਨਾਂ ਸ਼ੇਖਾਂ ਦਾ ਮੁਖੀ ਆਦਮੀ ਬਾਹਰ ਜਾਂਦਾ ਹੋਇਆ ਮਿਲਿਆ ਤਾਂ ਉਸ ਦੇ ਪ੍ਰਤੀ ਗੁਰੂ ਜੀ ਕਥਨ ਕਰਦੇ ਹਨ:-

ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ॥
ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ॥

ਹੇ ਸ਼ੇਖ! ਚ=ਪੁਨਾ ਉਚਕਿਆ=ਉਚੱਕੇ-ਠੱਗ! ਮਰਵਾਹਿਆਂ ਦਾ ਚਉਵਾਇਆ=ਪ੍ਰੇਰਿਆ ਹੋਇਆ, ਅਸਾਡੇ ਨਾਲ ਤੂੰ ਵੈਰ ਵਿਰੋਧ ਕਰਦਾ ਹੈਂ, ਇਹ ਚੰਗਾ ਨਹੀਂ, ਤੈਨੂੰ ਚਾਹੀਦਾ ਹੈ ਇਸ ਮਨ ਨੂੰ ਇੱਕ ਗੁਰਾਂ ਦੇ ਘਰ ਵਿਚ ਲਿਆਉਣਾ ਕਰ। ਤੂੰ ਏਹੜ ਤੇਹੜ=ਆਕੜ-ਫਾਕੜ ਛੱਡ ਦੇ, ਤੇ ਗੁਰਾਂ ਦਾ ਉਪਦੇਸ਼ ਪਛਾਨਣਾ ਕਰ।

ਅਥਵਾ:-ਹੇ ਸੇਖਾ=ਸਿੱਖਿਆ ਦੇ ਲੈਣ ਵਾਲੇ ਜਗਿਆਸੂ! ਤੈਨੇ ਚਉ ਚਕਿਆ=ਚਾਰੇ ਚੱਕਾਂ ਭਾਵ ਚਾਰੇ ਦਿਸ਼ਾਂ ਵਿਚ ਮਨ ਨੂੰ ਚਉਵਾਇਆ=ਭਟਕਾਇਆ ਹੋਇਆ ਹੈ, ਤੂੰ ਇਸ ਮਨ ਨੂੰ ਏਕਤਾ ਰੂਪੀ ਘਰ ਵਿਚ ਲਿਆਉਣਾ ਕਰ। ਏਹੜ=ਇਹ ਦੇਹ ਅਧਿਆਸਿ, ਤੇਹੜ=ਤਿੰਨੇ ਗੁਣ।

ਅਥਵਾ:-ਏਹੜ=ਇਹ ਜੋ, ਤੇਹੜ=ਤਿੰਨ ਈਖਣਾ ਹਨ-"ਸੁਤ, ਵਿਤ, ਲੋਕ ਈਖਣਾ, ਤੀਨੀ।" ਇਨ੍ਹਾਂ ਨੂੰ ਤੂੰ ਛੱਡ ਦੇ, ਤੇ ਗੁਰਾਂ ਦਾ ਉਪਦੇਸ਼ ਪਛਾਨਣਾ ਕਰ।

ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ॥
ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ॥

ਹੇ ਜਗਿਆਸੂ! ਸਤਿਗੁਰਾਂ ਅੱਗੇ ਢਹਿ ਪਉ, ਕਿਉਂਕਿ ਜਾਣੀਜਾਣ ਗੁਰੂ ਜੀ ਸਭ ਕੁਝ ਜਾਣਦੇ ਹਨ। ਤੂੰ ਮਨਸਾ=ਬੁੱਧੀ ਦੀ ਆਸਾ, ਅਥਵਾ:-ਆਸਾ ਇਸ ਲੋਕ ਦੇ ਪਦਾਰਥਾਂ ਦੀ, ਤੇ ਮਨਸਾ=ਵਾਸ਼ਨਾਂ ਪ੍ਰਲੋਕ ਦੇ ਪਦਾਰਥਾਂ ਦੀ, ਤੂੰ ਸਾੜਦੇ, ਅਤੇ ਮਿਹਮਾਣੁ=ਪ੍ਰਾਹੁਣੇ ਵਾਂਗ ਹੋ ਰਹਿਣਾ ਕਰ।

ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ॥
ਨਾਨਕ ਜਿ ਨਾਮੁ ਨ ਚੇਤਨੀ ਤਿਨ ਧਿਗੁ ਪੈਨਣੁ ਧਿਗੁ ਖਾਣੁ॥ ੧॥

ਭੀ=ਬਹੁੜੋ ਸਤਿਗੁਰਾਂ ਦੇ ਭਾਣੇ ਮੰਨਣ ਵਿਚ ਚੱਲੇ, ਤਾਂ ਤੂੰ ਦਰਗਾਹ ਵਿਚ ਆਦਰ ਪਾਏਂਗਾ। ਗੁਰੂ ਜੀ ਕਥਨ ਕਰਦੇ ਹਨ, ਜੇਹੜੇ ਪੁਰਸ਼ ਨਾਮ ਨੂੰ ਚੇਤਦੇ ਨਹੀਂ, ਤਿਨ੍ਹਾਂ ਦੇ ਕੱਪੜੇ,

ਅਥਵਾ:-ਗਹਿਣੇ ਪਹਿਰਨ ਨੂੰ ਧ੍ਰਿਗਕਾਰ ਹੈ, ਅਤੇ ਪਦਾਰਥ ਖਾਣ ਨੂੰ ਵੀ ਧ੍ਰਿਗਕਾਰ ਹੈ॥ ੧॥

ਮਃ ੩॥ ਹਰਿ ਗੁਣ ਤੋਟਿ ਨ ਆਵਈ ਕੀਮਤਿ ਕਹਣੁ ਨ ਜਾਇ॥
ਨਾਨਕ ਗੁਰਮੁਖਿ ਹਰਿ ਗੁਣ ਰਵਹਿ ਗੁਣ ਮਹਿ ਰਹੈ ਸਮਾਇ॥ ੨॥

ਹਰੀ ਦੇ ਗੁਣਾਂ ਦਾ ਤੋਟਾ ਨਹੀਂ ਆਉਂਦਾ, ਅਤੇ ਹਰੀ ਦੇ ਗੁਣਾਂ ਦੀ ਕੀਮਤ ਕਹੀ ਨਹੀਂ ਜਾਂਦੀ। ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ-ਜਨ ਗੁਰਾਂ ਦੁਆਰੇ ਹਰੀ ਗੁਣਾਂ ਨੂੰ ਉਚਾਰਦੇ ਹਨ, ਅਤੇ ਗੁਣਾਂ ਵਾਲੇ ਪਰਮਾਤਮਾ ਵਿਚ ਸਮਾ ਰਹਿੰਦੇ ਹਨ॥ ੨॥

ਪਉੜੀ॥ ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ॥

ਹਰੀ ਨੇ ਜੋ ਦੇਹ ਸਵਾਰੀ ਹੈ, ਇਸ ਦੇ ਉੱਪਰ ਭਗਤੀ ਰੂਪੀ ਚੋਲੀ ਕਸ਼ੀਦੇ ਨਾਲ ਕੱਢਕੇ ਪੈਧੀ ਕਰਿ=ਪਹਿਰਨਾ ਕਰ। ਹੰਸ ਅਵਤਾਰ ਦੀ ਜੋ ਉਪਾਸ਼ਨਾਂ ਕਰਨੀ ਹੈ, ਇਹ ਚਿੱਟਾ ਰੇਸ਼ਮ ਹੈ। ਸ੍ਰੀ ਰਾਮ ਚੰਦਰ ਜੀ ਦੀ ਜੋ ਉਪਾਸ਼ਨਾਂ ਕਰਨੀ ਹੈ ਇਹ ਲਾਲ ਰੇਸ਼ਮ ਹੈ, ਕ੍ਰਿਸ਼ਨ ਮਹਾਰਾਜ ਜੀ ਦੀ ਜੋ ਉਪਾਸ਼ਨਾਂ ਕਰਨੀ ਹੈ ਇਹ ਪੀਲਾ ਰੇਸ਼ਮ ਹੈ, ਨਿਹਕਲੰਕ ਅਵਤਾਰ ਦੀ ਜੋ ਉਪਾਸ਼ਨਾਂ ਕਰਨੀ ਹੈ ਇਹ ਕਾਲਾ ਰੇਸ਼ਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਦਿ ਦਸਾਂ ਪਾਤਸ਼ਾਹੀਆਂ ਦੀ ਜੋ ਉਪਾਸ਼ਨਾਂ ਕਰਨੀ ਹੈ, ਇਹ ਸਿਲਮਾ ਸਿਤਾਰਾ ਹੈ। ਏਸੇ ਗੱਲ ਨੂੰ ਦੂਜੀ ਪੰਗਤੀ ਵਿਚ ਸਪੱਸ਼ਟ ਕਰਦੇ ਹਨ:-

ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ॥

ਹਰੀ ਨੇ ਜੋ ਅਵਤਾਰ ਧਾਰੇ ਹਨ, ਉਹਨਾਂ ਦੀ ਅਧਿਕਤਾ ਕਰਕੇ ਜੋ ਉਪਾਸ਼ਨਾਂ ਕਰਨੀ ਹੈ ਬਹੁਤ ਪ੍ਰਕਾਰ ਦੀ, ਏਹੀ ਬਹੁਤ ਪ੍ਰਕਾਰ ਦਾ ਪਾਟੁ=ਰੇਸ਼ਮ ਲੱਗਾ ਹੋਇਆ ਪ੍ਰਕਾਸ਼ ਰਿਹਾ ਹੈ।

ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ॥

ਜਿਸ ਨੇ ਹਿਰਦੇ ਅੰਦਰ ਵਿਵੇਕ ਧਾਰਿਆ ਹੈ, ਉਹ ਕੋਈ ਬੁੱਝਣੇ ਵਾਲਾ ਇਸ ਗੱਲ ਨੂੰ ਸਮਝਦਾ ਹੈ।

ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ॥

ਪਰ ਇਸ ਵਿਵੇਕ ਨੂੰ ਓਹੀ ਪੁਰਸ਼ ਬੁੱਝਦਾ ਹੈ, ਜਿਸ ਨੂੰ ਹਰੀ ਆਪ ਸਮਝਾਉਂਦਾ ਹੈ।

(ਪੰਨਾ ੬੪੭)

ਜਨੁ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ॥੧੧॥

ਗੁਰੂ ਜੀ ਕਥਨ ਕਰਦੇ ਹਨ. ਮੈਂ ਜਨ ਗੁਰਾਂ ਦੁਆਰੇ ਵਿਚਾਰਕੇ ਕਹਿੰਦਾ ਹਾਂ, ਕਿ ਹਰਿ ਹਰਿ ਸਤਿ ਸਰੂਪ ਹੈ॥ ੧॥

ਸਲੋਕੁ ਮਃ ੩ ॥ ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥
ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ॥

ਵਾਹਿਗੁਰੂ ਦੇ ਪਿਆਰ ਵਾਲੇ ਜੋ ਮਹਾਂ ਪੁਰਸ਼ ਹਨ, ਉਹ ਭਾਵੇਂ ਕਿਸੀ ਦੇ ਪਰਿਥਾਇ=ਸਬੱਬ ਤੇ ਸਾਖੀ ਬੋਲਦੇ ਹਨ, ਪਰ ਉਹ ਸਿੱਖਿਆ ਸਾਰੇ ਜਹਾਨ ਲਈ ਸਾਂਝੀ ਹੁੰਦੀ ਹੈ। ਜੋ ਗੁਰਮੁਖ-ਪੁਰਸ਼ ਹੁੰਦਾ ਹੈ ਉਹ ਵਾਹਿਗੁਰੂ ਦਾ ਡਰ ਧਾਰਨਾ ਕਰਦਾ ਹੈ, ਤੇ ਆਪਣੇ ਆਪ ਨੂੰ ਪਛਾਣਦਾ ਹੈ।

ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ॥
ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥

ਗੁਰਾਂ ਦੀ ਕਿਰਪਾ ਨਾਲ ਜੀਵਤ ਭਾ ਤੋਂ ਮਰੇ ਤਾਂ ਗੁਰਾਂ ਦੇ ਮੰਤਰ ਉੱਤੇ ਮਨ ਮੰਨਿਆ ਜਾਂਦਾ ਹੈ। ਜਿਨ੍ਹਾਂ ਪ੍ਰਗਸ਼ਾਂ ਨੂੰ ਮਨ ਦੀ ਪ੍ਰਤੀਤੀ ਨਹੀਂ, ਉਹ ਪੁਰਸ਼ ਪਖੰਡ ਸਹਿਤ ਗਿਆਨ ਦੀਆਂ ਗੱਲਾਂ ਨੂੰ ਕੀ ਕਥਨ ਕਰਦੇ ਹਨ॥ ੧॥

ਮਃ ੩ ॥ ਗੁਰਮੁਖਿ ਚਿਤੁ ਨ ਲਾਇਓ ਅੰਤਿ ਦੁਖੁ ਪਹੁਤਾ ਆਇ ॥
ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ ॥

ਹੇ ਪੁਰਸ਼ਾਂ ! ਗੁਰਾਂ ਦੁਆਰੇ ਤੈਨੇ ਚਿੱਤ ਨੂੰ ਨਹੀਂ ਲਗਾਇਆ ਨਾਮ-ਸਿਮਰਨ ਵਿਚ, ਇਸ ਲਈ ਅੰਤ ਨੂੰ ਦੁੱਖ ਹੀ ਆਕੇ ਪਹੁੰਚਿਆ ਹੈ। ਤੂੰ ਅੰਦਰੋਂ ਬਾਹਰੋਂ ਅੰਨ੍ਹਾਂ ਹੈਂ, ਤੈਨੇ ਕੋਈ ਭੀ ਸੋਝੀ ਨਹੀਂ ਪਾਈ।

ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਹਿ ਜੋ ਰਤੇ ਹਰਿ ਨਾਇ ॥
ਜਿਨ ਗੁਰ ਕੈ ਸਬਦਿ ਸਲਾਹਿਆ ਹਰਿ ਸਿਉ ਰਹੇ ਸਮਾਇ ॥

ਹੇ ਪੰਡਿਤ ! ਜੋ ਪੁਰਸ਼ ਹਰੀ ਨਾਮ ਵਿਚ ਰੱਤੇ ਹੋਏ ਹਨ-ਤਿਨ੍ਹਾਂ ਦੀ ਬਰਕਤ ਕਰਕੇ ਸਾਰਾ ਜਗਤ ਪਦਾਰਥਾਂ ਨੂੰ ਛਕ ਰਿਹਾ ਹੈ। ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਦੁਆਰਾ ਹਰੀ-ਨਾਮ ਨੂੰ ਸਲਾਹਿਆ ਹੈ, ਉਹ ਹਰੀ ਦੇ ਨਾਲ ਹੀ ਅਭੇਦ ਹੋ ਰਹੇ ਹਨ।

ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ ॥
ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥

ਹੇ ਪੰਡਿਤ ! ਦ੍ਵੈਤ ਭਾ ਕਰਕੇ ਬਰਕਤ ਨਹੀਂ ਹੁੰਦੀ, ਅਤੇ ਨਾ ਹੀ ਉਨ੍ਹਾਂ ਦੇ ਪੱਲੇ ਵਿਖੇ ਧਨ ਪੈਂਦਾ ਹੈ। ਗ੍ਰੰਥਾਂ ਨੂੰ ਪੜ੍ਹਕੇ ਥੱਕ ਤਾਂ ਗਏ ਹਨ, ਪਰ ਸੰਤੋਖ ਨਾ ਆਇਆ, ਉਸ ਦਾ ਰਾਤ-ਦਿਨ ਸੜਦਿਆਂ ਹੀ ਵਿਹਾਇ=ਬਤੀਤ ਹੁੰਦਾ ਹੈ।

ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥
ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥ ੨ ॥

ਉਹਨਾਂ ਦੀ ਕੂਕ ਪੁਕਾਰ=ਉੱਚੀ ਪੁਕਾਰ ਦੂਰ ਨਹੀਂ ਹੁੰਦੀ, ਅਤੇ ਨਾ ਹੀ ਹਿਰਦੇ ਵਿਚੋਂ ਸੰਸਾ ਜਾਂਦਾ ਹੈ, ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਤੋਂ ਬਿਨਾਂ ਜੋ ਪੁਰਸ਼ ਹਨ ਉਹ ਕਾਲੇ ਮੂੰਹ ਵਾਲੇ ਜਮਦੂਤਾਂ ਨਾਲ ਉੱਠਕੇ ਜਾਂਦੇ ਹਨ॥ ੨ ॥

ਪਉੜੀ ॥ ਹਰਿ ਸਜਣ ਮੇਲਿ ਪਿਆਰੇ ਮਿਲਿ ਪੰਥੁ ਦਸਾਈ ॥

ਹੇ ਪਿਆਰੇ ਹਰੀ ! ਕਿਰਪਾ ਕਰਕੇ ਗੁਰੂ ਸੱਜਣਾਂ ਨਾਲ ਮੇਲਣਾ ਕਰ, ਜੋ ਮੈਂ ਗੁਰਾਂ ਨਾਲ ਮਿਲਕੇ ਤੇਰੀ ਪ੍ਰਾਪਤੀ ਦੇ ਪੰਥੁ=ਰਸਤੇ ਨੂੰ ਦਸਾਈ=ਪੁੱਛਣਾ ਕਰਾਂ।

ਜੋ ਹਰਿ ਦਸੇ ਮਿਤੁ ਤਿਸੁ ਹਉ ਬਲਿ ਜਾਈ ॥

ਜੇਹੜਾ ਕੋਈ ਹਰੀ ਮਿੱਤਰ ਦਾ ਰਸਤਾ ਦੱਸਦਾ ਹੈ-ਉਸ ਤੋਂ ਮੈਂ ਬਲਿਹਾਰ ਜਾਂਦਾ ਹਾਂ।

ਗੁਣ ਸਾਝੀ ਤਿਨ ਸਿਉ ਕਰੀ ਹਰਿ ਨਾਮੁ ਧਿਆਈ ॥

ਉਹਨਾਂ ਨਾਲ ਮੈਂ ਗੁਣਾਂ ਦੀ ਭਾਈਵਾਲੀ ਕਰਦਾ ਹਾਂ, ਜੋ ਹਰੀ ਨਾਮ ਦੇ ਧਿਆਈ ਹਨ।

ਹਰਿ ਸੇਵੀ ਪਿਆਰਾ ਨਿਤ ਸੇਵਿ ਹਰਿ ਸੁਖੁ ਪਾਈ॥

ਪਿਆਰੇ ਹਰੀ ਨੂੰ ਨਿਤਾਪ੍ਰਤੀ ਸੇਂਵਦਾ ਹਾਂ, ਕਿਉਂਕਿ ਹਰੀ ਦੇ ਸੇਵਨ ਕਰਕੇ ਹੀ ਸੁਖ ਨੂੰ ਪਾਈਦਾ ਹੈ।

ਬਲਿਹਾਰੀ ਸਤਿਗੁਰ ਤਿਸੁ ਜਿਨਿ ਸੋਝੀ ਪਾਈ॥ ੧੨ ॥

ਤਿਸ ਸਤਿਗੁਰੂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਸ ਨੇ ਮੈਨੂੰ ਹਰ ਤਰ੍ਹਾਂ ਦੀ ਸੋਝੀ=ਗਿਆਤ ਪਾਈ ਹੈ॥ ੧੨ ॥

ਸਲੋਕੁ ਮਃ ੩ ॥ ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ॥
ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥

ਹੇ ਪੰਡਿਤ ! ਹਰੀ ਨਾਮ ਤੋਂ ਬਿਨਾਂ ਰਾਗ ਦ੍ਵੈਖ, ਅਥਵਾ:-ਪਾਪਾਂ ਰੂਪੀ ਮੈਲ ਦੂਰ ਨਹੀਂ ਹੁੰਦੀ, ਚਾਹੇ ਚਾਰੇ ਯੁਗਾਂ ਦੇ ਚਾਰੇ ਵੇਦਾਂ ਨੂੰ ਪੜ੍ਹਦਾ ਰਹੇ। ਸਭ ਦਾ ਮੂਲ ਰੂਪ ਜੋ ਤ੍ਰਿਗੁਣ ਆਤਮਕ ਮਾਇਆ ਹੈ, ਉਸ ਦੀ ਹਉਮੈ ਵਿਚ ਲੱਗਕੇ ਤੈਂਨੇ ਨਾਮ ਨੂੰ ਵਿਸਾਰ ਦਿਤਾ ਹੈ।

ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ॥
ਅੰਤਰਿ ਤ੍ਰਿਸਨਾ ਭੁਖ ਹੈ ਮੂਰਖੁ ਭੁਖਿਆ ਮੁਏ ਗਵਾਰ॥

ਪੰਡਿਤ-ਲੋਕ ਮਾਇਆ ਦੇ ਵਾਪਾਰ ਵਿਚ ਭੁੱਲਕੇ ਦ੍ਵੈਤ ਭਾ ਵਿਚ ਲੱਗ ਰਹੇ ਹਨ। ਇਸ ਕਰਕੇ ਉਹਨਾਂ ਦੇ ਅੰਤਹਕਰਨ ਦੇ ਵਿਚ ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਭੁੱਖ ਹੈ ਇਸ ਤੇ ਮੂਰਖ ਜੋ ਗਵਾਰ ਹਨ, ਉਹ ਭੁੱਖੇ ਹੀ ਮਰਦੇ ਹਨ।

ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ॥

ਜਿਸ ਨੇ ਸਤਿਗੁਰਾਂ ਨੂੰ ਸੇਵਕੇ ਸੱਚੇ ਉਪਦੇਸ਼ ਦੀ ਵੀਚਾਰ ਕੀਤੀ ਹੈ, ਉਸ ਨੇ ਸੁਖ ਪਾਇਆ ਹੈ।

ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ॥

ਸੱਚੇ ਨਾਮ ਵਿਚ ਪਿਆਰ ਕਰਨ ਕਰਕੇ ਉਸ ਦੇ ਅੰਦਰੋਂ ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਭੁੱਖ ਚਲੀ ਗਈ ਹੈ।

ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਹਰੀ ਨਾਮ ਨੂੰ ਹਿਰਦੇ ਵਿਚ ਧਾਰ ਰੱਖਿਆ ਹੈ- ਉਹ ਨਾਮੀ ਵਿਚ ਰੱਤੇ ਹੋਏ ਸੁਤੇ ਹੀ ਰਜੇ=ਤ੍ਰਿਪਤ ਹੋਏ ਹਨ॥ ੧ ॥

ਮਃ ੩ ॥ ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ॥

ਮਨਮੁਖ ਪੁਰਸ਼ ਨੇ ਹਰੀ ਨਾਮ ਨੂੰ ਜਪਿਆ ਨਹੀਂ, ਇਸ ਲਈ ਉਸ ਨੂੰ ਬਹੁਤਾ ਦੁੱਖ ਆਕੇ ਲੱਗਾ ਹੈ।

ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ॥

ਮਨਮੁਖ ਦੇ ਹਿਰਦੇ ਅੰਦਰ ਅਗਿਆਨ ਰੂਪ ਅਨ੍ਹੇਰਾ ਹੈ, ਇਸ ਲਈ ਕੋਈ ਭੀ ਸੋਝੀ ਨਹੀ ਪਾਂਵਦਾ।

ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ॥

ਮਨਮੁਖ ਨੇ ਮਨ ਦੇ ਹੱਠ ਕਰਕੇ ਸਹਜਿ=ਗਿਆਨ ਰੂਪ ਬੀ ਨਹੀਂ ਬੀਜਿਆ, ਇਸ ਲਈ ਉਹ ਭੁੱਖਾ ਅਗੈ=ਪ੍ਰਲੋਕ ਵਿਚ ਕੀ ਖਾਏਗਾ।

ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ॥

ਪਰਮੇਸ਼ਰ ਦਾ ਨਾਮ ਜੋ ਨਿੱਧੀਆਂ ਦਾ ਖਜ਼ਾਨਾ ਹੈ ਉਸ ਨੂੰ ਭੁਲਾ ਦਿੱਤਾ ਹੈ, ਤੇ ਦ੍ਵੈਤ ਭਾ ਵਿਚ ਲੱਗਾ ਜਾ ਰਿਹਾ ਹੈ।

ਨਾਨਕ ਗੁਰਮੁਖਿ ਮਿਲਹਿ ਵਡਿਆਈਆ ਜੇ ਆਪੇ ਮੇਲਿ ਮਿਲਾਇ॥ ੨॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਗੁਰਮੁਖਾਂ ਨੂੰ ਵਡਿਆਈਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਆਪ ਹੀ ਆਪਣੇ ਮੇਲ ਨਾਲ ਮਿਲਾਉਂਦਾ ਹੈ॥ ੨॥

ਪਉੜੀ॥ ਹਰਿ ਰਸਨਾ ਹਰਿ ਜਸੁ ਗਾਵੈ ਖਰੀ ਸੁਹਾਵਣੀ॥

ਜੋ ਇਸਤ੍ਰੀ ਰਸਨਾਂ ਦ੍ਵਾਰੇ ਹਰਿ ਹਰਿ ਦੇ ਜਸ ਨੂੰ ਗਾਉਂਦੀ ਹੈ, ਉਹ ਖਰੀ=ਚੰਗੀ ਸੋਭਨੀਕ ਹੈ।

ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ॥

ਜੋ ਜੀਵ ਰੂਪ ਇਸਤ੍ਰੀ ਮਨੋਂ ਤਨੋਂ ਹੋ ਕੇ ਮੁਖ ਦੁਆਰਾ ਹਰੀ ਨੂੰ ਬੋਲਦੀ ਹੈ, ਓਹੀ ਹਰੀ ਨੂੰ ਭਾਉਂਦੀ ਹੈ।

ਜੋ ਗੁਰਮੁਖਿ ਚਖੈ ਸਾਦੁ ਸਾ ਤ੍ਰਿਪਤਾਵਣੀ॥

ਜੋ ਜੀਵ ਰੂਪ ਇਸਤ੍ਰੀ ਗੁਰਾਂ ਦੁਆਰੇ ਹਰੀ ਨਾਮ ਦੇ ਸੁਆਦ ਨੂੰ ਚੱਖਦੀ ਹੈ, ਓਹੀ ਤ੍ਰਿਪਤ ਹੁੰਦੀ ਹੈ।

ਗੁਣ ਗਾਵੈ ਪਿਆਰੇ ਨਿਤ ਗੁਣ ਗਾਇ ਗੁਣੀ ਸਮਝਾਵਣੀ॥

ਜੋ ਪਿਆਰੇ ਪਰਮੇਸ਼ਰ ਦੇ ਗੁਣਾਂ ਨੂੰ ਨਿਤਾਪ੍ਰਤੀ ਗਾਉਂਦੀ ਹੈ, ਗੁਣਾਂ ਦੇ ਗਾਇਨ ਕਰਨ ਨਾਲ ਉਸ ਨੂੰ ਗੁਣੀ=ਪਰਮਾਤਮਾ ਦੀ ਸਮੱਝ ਆਈ ਹੈ।

ਜਿਸੁ ਹੋਵੈ ਆਪਿ ਦਇਆਲੁ ਸਾ ਸਤਿਗੁਰੂ ਗੁਰੂ ਬੁਲਾਵਣੀ॥ ੧੩॥

ਜਿਸ ਉਤੇ ਪਰਮੇਸ਼ਰ ਆਪ ਦਿਆਲੂ ਹੁੰਦਾ ਹੈ, ਓਹੀ ਜੀਵ ਰੂਪ ਇਸਤ੍ਰੀ ਗੁਰੂ=ਪੂਜਨੀਕ ਸਤਿਗੁਰਾਂ ਦੇ ਜਸ ਨੂੰ ਉਚਾਰਦੀ ਹੈ॥ ੧੩॥

ਸਲੋਕੁ ਮਃ ੩॥ ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥

ਜਿਵੇਂ ਹਸਤੀ=ਹਾਥੀ ਦਾ ਸਿਰ ਅੰਕਸੁ=ਕੁੰਡੇ ਹੇਠ ਹੁੰਦਾ ਹੈ, ਜਿਵੇਂ ਵਦਾਨ (ਹਥੌੜੇ) ਹੇਠਾਂ ਅਹਿਰਣ ਆਪਣਾ ਸਿਰ ਦੇਂਦੀ ਹੈ।

(ਪੰਨਾ ੬੪੮)

ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥

ਤੈਸੇ, ਜਗਿਆਸੂ ਨੂੰ ਚਾਹੀਦਾ ਹੈ-ਕਿ ਗੁਰਾਂ ਅੱਗੇ ਆਪਣੇ ਮਨ ਤਨ ਨੂੰ ਰੱਖਕੇ ਊਭੀ=ਖੜ੍ਹੀ ਭਾਵ ਸਮਾਹਤ ਚਿੱਤ ਹੋ ਕੇ ਸੇਵਾ ਕਰੇ।

ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥
ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥ ੧ ॥

ਇਸ ਵਜ੍ਹਾ ਨਾਲ ਗੁਰਾਂ ਦੁਆਰੇ ਆਪਾ ਭਾ ਹੰਕਾਰ ਨੂੰ ਨਿਵਿਰਤ ਕਰੀਏ, ਤਾਂ ਸਾਰੀ ਸ੍ਰਿਸ਼ਟੀ ਦਾ ਰਾਜ ਲੈ ਲੈਂਦਾ ਹੈ। ਅਥਵਾ:-ਰਾਜੁ=ਪ੍ਰਕਾਸ਼ ਲੈਂਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਜਾਂ ਆਪ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰਾਂ ਦੁਆਰੇ ਹੀ ਇਹ ਕੁਝ ਸਮਝ ਸਕਦਾ ਹੈ॥ ੧॥

ਮਃ ੩ ॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮੀ ਦੇ ਨਾਮ ਨੂੰ ਧਿਆਇਆ ਹੈ, ਉਹ ਸੰਸਾਰ ਵਿਚ ਆਏ ਹੋਏ ਪ੍ਰਮਾਨੀਕ ਹਨ।

ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਉਹ ਆਪਣੀ ਕੁਲ ਨੂੰ ਤਾਰ ਲੈਂਦੇ ਹਨ, ਅਤੇ ਉਹ ਦਰਗਾਹ ਵਿਚ ਮਾਣੁ=ਆਦਰ ਪਾਉਂਦੇ ਹਨ॥ ੨ ॥

ਪਉੜੀ ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥

ਗੁਰਮੁਖ ਸਿੱਖਾਂ ਰੂਪੀ ਸਖੀਆਂ ਗੁਰਾਂ ਨੇ ਪਰਮੇਸ਼ਰ-ਪਤੀ ਨਾਲ ਮਿਲਾਈਆਂ ਹਨ।

ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥

ਇੱਕ ਸੇਵਕ ਗੁਰਾਂ ਦੇ ਪਾਸ ਬੈਠਕੇ ਸੇਵਾ ਕਰਦੇ ਹਨ, ਅਤੇ ਇਕਨਾਂ ਨੂੰ ਗੁਰਾਂ ਨੇ ਹੋਰ ਲੰਗਰ ਆਦਿਕਾਂ ਦੇ ਕੰਮ ਕਾਰ ਵਿਚ ਲਗਾਇਆ ਹੈ।

ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥

ਜਿਨ੍ਹਾਂ ਦੇ ਮਨ ਚਿੱਤ ਵਿਚ ਗੁਰੂ ਪਿਆਰਾ ਲੱਗਾ ਹੈ, ਤਿਨ੍ਹਾਂ ਨੂੰ ਗੁਰਾਂ ਨੇ ਪਰਮੇਸ਼ਰ ਪਾਸੋਂ ਭਾਉ=ਪ੍ਰੇਮ, ਅਥਵਾ:-ਗਿਆਨ ਦਿਵਾਇਆ ਹੈ।

ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥

ਗੁਰਾਂ ਦਾ ਸਿੱਖਾਂ ਅਤੇ ਪੁੱਤਰਾਂ ਵਿਚ ਇੱਕੋ ਜੇਹਾ ਪਿਆਰ ਹੈ, ਅਰਥਾਤ ਸਿੱਖਾਂ ਨਾਲੋਂ ਪੁੱਤਰਾਂ ਨੂੰ ਚੰਗਾ ਨਹੀਂ ਸਮਝਦੇ, ਸਿੱਖਾਂ ਤੇ ਪੁੱਤਰਾਂ ਵਿਚ ਸਮਦ੍ਰਿਸ਼ਟੀ ਹੈ, ਮਿੱਤਰਾਂ ਤੇ ਭਾਈਆਂ ਵਿਚ ਇੱਕੋ ਜੇਹਾ ਪਿਆਰ ਹੈ।

ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥ ੧੪ ॥

ਇਸ ਲਈ ਤੁਸੀਂ ਸਾਰੇ ਮਿਲਕੇ ਪੂਜਨੀਕ ਸਤਿਗੁਰਾਂ ਦੇ ਜਸ ਨੂੰ ਬੋਲੋ, ਜੋ ਪੁਰਸ਼ ਗੁਰਾਂ ਦੇ ਜਸ ਨੂੰ ਆਖਦੇ ਹਨ, ਉਹਨਾਂ ਨੂੰ ਗੁਰਾਂ ਨੇ ਪਰਮੇਸ਼ਰ ਦੀ ਤਰਫ ਜੀਵਾਉਣਾ ਕੀਤਾ ਹੈ॥ ੧੪॥

ਸਲੋਕੁ ਮਃ ੩ ॥

ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥

ਸਤਿਗੁਰੁ ਦੇਵ ਜੀ ਕਥਨ ਕਰਦੇ ਹਨ, ਜੋ ਪੁਰਸ਼ ਵਾਹਿਗੁਰੂ ਨਾਮ ਨੂੰ ਚੇਤਦੇ ਨਹੀਂ, ਉਹ ਅੰਨ੍ਹੇ ਅਗਿਆਨੀ ਹੋਰ ਹੀ ਸ਼ਕਾਮ ਕਰਮਾਂ ਨੂੰ ਕਮਾ ਰਹੇ ਹਨ।

ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ ॥ ੧ ॥

ਇਸ ਤੇ ਉਹ ਜਮ ਦੁਆਰੇ ਵਿਚ ਬਧੇ=ਬੰਨ੍ਹੇ ਹੋਏ ਮਾਰ ਖਾਂਦੇ ਹਨ, ਅਤੇ ਫਿਰ ਗੰਦਗੀ ਵਿਚ ਪਚਾਹਿ=ਖ਼ਰਾਬ ਹੁੰਦੇ ਹਨ॥ ੧ ॥

ਮਃ ੩ ॥ ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥
ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਜੋ ਪੁਰਸ਼ ਆਪਣੇ ਸਤਿਗੁਰਾਂ ਨੂੰ ਸੇਂਵਦੇ ਹਨ, ਉਹ ਜਨ ਸੱਚੇ ਪ੍ਰਮਾਣੀਕ ਹਨ। ਜੋ ਹਰੀ ਦੇ ਨਾਂ ਵਿਚ ਸਮਾ ਰਹੇ ਹਨ, ਉਹਨਾਂ ਦਾ ਆਉਣਾ ਜਾਣਾ ਜੰਮਣਾ ਮਰਨਾ ਚੁੱਕ ਗਿਆ ਹੈ॥ ੨ ॥

ਪਉੜੀ ॥ ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥

ਮਾਇਆ=ਛਲ ਰੂਪ ਧਨ ਸੰਪਦਾ ਨੂੰ ਸੰਚੀਐ=ਇਕੱਠਾ ਕਰਨਾ ਹੈ, ਇਹ ਅੰਤ ਨੂੰ ਦੁਖਦਾਈ ਹੈ।

ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ ॥

ਸਭ ਲੋਕ ਘਰ ਮੰਦਰ ਤੇ ਮਹਲ=ਸਰੀਰ ਨੂੰ ਸਵਾਰਦੇ ਹਨ, ਪਰ ਇਨ੍ਹਾਂ ਵਿਚੋਂ ਕੁਝ ਵੀ ਨਾਲ ਨਹੀਂ ਜਾਂਦਾ ।

ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ ॥

ਹਰ ਰੰਗਾਂ ਦੇ ਤੁਰੇ=ਘੋੜੇ ਨਿਤਾਪ੍ਰਤੀ ਪਾਲਦੇ ਹਨ, ਪਰ ਇਹ ਭੀ ਕਿਸੇ ਕੰਮ ਨਹੀਂ ਆਉਂਦੇ।

ਜਨੁ ਲਾਵਹੁ ਚਿਤੁ ਹਰਿ ਨਾਮ ਸਿਉ ਅੰਤਿ ਹੋਇ ਸਖਾਈ ॥

ਹੇ ਪੁਰਸ਼ੋ ! ਹਰੀ ਨਾਮ ਨਾਲ ਚਿੱਤ ਨੂੰ ਲਾਉਣਾ ਕਰੋ, ਅੰਤਿ=ਪ੍ਰਾਣਾਂ ਦੇ ਵਿਜੋਗ ਸਮੇਂ (ਭਾਵ ਮਰਨ ਵੇਲੇ) ਇਹ ਸਖਾਈ=ਸਹਾਈ ਹੁੰਦਾ ਹੈ।

ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਸੁਖੁ ਪਾਈ॥ ੧੫॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਜਿਸ ਜਨ ਨੇ ਹਰੀ ਨਾਮ ਧਿਆਇਆ ਹੈ, ਉਸ ਗੁਰਮੁਖ ਨੇ ਸੁਖ ਪਾਇਆ ਹੈ॥ ੧੫॥

ਸਲੋਕੁ ਮਃ ੩ ॥ਬਿਨੁ ਕਰਮੈ ਨਾਉ ਨ ਪਾਈਐ ਪੂਰੈ ਕਰਮਿ ਪਾਇਆ ਜਾਇ॥

ਪੂਰਬਲੇ ਸ੍ਰੇਸ਼ਟ ਕਰਮਾਂ ਤੋਂ ਬਿਨਾਂ ਹਰੀ ਨਾਮ ਨਹੀਂ ਪਾਇਆ ਜਾਂਦਾ, ਪੂਰਿਆਂ ਕਰਮਾਂ ਕਰਕੇ ਹੀ ਨਾਮ ਪਾਇਆ ਜਾਂਦਾ ਹੈ।

ਨਾਨਕ ਨਦਰਿ ਕਰੇ ਜੇ ਆਪਣੀ ਤਾ ਗੁਰਮਤਿ ਮੇਲਿ ਮਿਲਾਇ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਜੇਕਰ ਪਰਮੇਸ਼ਰ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤਾਂ ਗੁਰ-ਸਿੱਖਿਆ ਦੇ ਮੇਲ ਨਾਲ ਮਿਲਾਉਂਦਾ ਹੈ॥ ੧॥

ਪ੍ਰਸ਼ਨ-ਜਿਸ ਵੇਲੇ ਰੂਹ ਨਿਕਲਦੀ ਹੈ ਤਾਂ ਪਿੱਛੋਂ ਦੇਹ ਦੀ ਕੀ ਹਾਲਤ ਹੁੰਦੀ ਹੈ? ਉੱਤਰ-

ਮਃ ੧ ॥ ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥

ਇੱਕ ਹਿੰਦੂ ਲੋਗ ਤਾਂ ਇਸ ਦੇਹ ਨੂੰ ਦਝਹਿ=ਸਾੜਦੇ ਹਨ, ਇੱਕ ਮੁਸਲਮਾਨ ਪ੍ਰਿਥਵੀ ਵਿਚ ਦੱਬਦੇ ਹਨ, ਅਤੇ ਜੋ ਲਵਾਰਸ ਹੁੰਦੇ ਹਨ ਉਹਨਾਂ ਇਕਨਾਂ ਦੇ ਸਰੀਰ ਨੂੰ ਕੁੱਤੇ (ਬਿੱਲੇ) ਖਾ ਜਾਂਦੇ ਹਨ।

ਅਥਵਾ:-ਇੱਕ ਜੋ ਯਹੂਦੀਏ ਹਨ, ਉਹ ਸਰੀਰ ਨੂੰ ਬਾਹਰ ਸੁੱਟ ਆਉਂਦੇ ਹਨ। ਇਸ ਲਈ ਉਹਨਾਂ ਦੇ ਸਰੀਰ ਨੂੰ ਕੁੱਤੇ ਖਾ ਜਾਂਦੇ ਹਨ।

ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥

(ਅਤੇ ਜੋ ਦਰਿਆਵਾਂ ਦੇ ਕਿਨਾਰੇ ਰਹਿਣ ਵਾਲੇ ਹਨ) ਉਹ ਇੱਕ ਸਰੀਰ ਨੂੰ ਪਾਣੀ ਦੇ ਵਿਚ ਉ+ਸਟੀਅਹਿ=ਵਿਸ਼ੇਸ਼ ਕਰਕੇ ਸੁੱਟ ਦੇਂਦੇ ਹਨ।

ਇਕ ਜੋ ਪਾਰਸੀ ਲੋਕ ਹਨ, ਉਹ ਫਿਰ ਸਰੀਰ ਨੂੰ ਹਸਣਿ=ਖੂਹ ਵਿਚ ਪਾ ਦੇਂਦੇ ਹਨ*।

---

*੧. ਪਾਰਸੀ ਲੋਕ ਅਗਨਿ ਪੂਜਕ ਹਨ ਇਨ੍ਹਾਂ ਦੇ ਮੰਦਰਾਂ ਵਿਚ ਅਗਨੀ ਬੁਝਣ ਨਹੀਂ ਦਿਤੀ ਜਾਂਦੀ ਅਗਨਿ ਨੂੰ ਪਵਿਤ੍ਰ ਰੱਖਣ ਲਈ ਇਹ ਹੁੱਕਾ ਚੁਰਟ ਆਦਿਕ ਨਹੀਂ ਵਰਤਦੇ, ਅਤੇ ਮੁਰਦੇ ਜਲਾਉਂਦੇ ਨਹੀਂ, ਲੋਥ ਨੂੰ ਇੱਕ ਗਹਿਰੇ ਅਹਾਤੇ (ਦਖਮੇ) ਵਿਚ ਰੱਖ ਦੇਂਦੇ ਹਨ, ਜਿਥੋਂ ਮਾਸਾਹਾਰੀ ਪੰਛੀ ਖਾ ਜਾਂਦੇ ਹਨ।

(ਮਹਾਨ ਕੋਸ਼ ਦੇਖੋ 'ਪਾਰਸੀ' ਸ਼ਬਦ ਪੰਨਾ ੭੬੫ ਤੀਜੀ ਛਾਪ ਭਾਸ਼ਾ ਵਿਭਾਗ)

੨. ਪਾਰਸੀ ਮੱਤ ਦੇ ਸਿਧਾਂਤ:-ਪਰਮੇਸ਼ਰ ਇੱਕ ਹੈ ਉਹ ਨਿਰਾਕਾਰ ਹੈ ਤੇ ਨਿਰੰਜਨ ਹੈ, ਮੂਰਤੀ ਪੂਜਾ ਬਿਅਰਥ ਹੈ, ਅਗਨੀ ਨੂੰ ਹਮੇਸ਼ਾਂ ਪ੍ਰਚੰਡ ਰੱਖਣਾ ਚਾਹੀਦਾ ਹੈ। ਸੁਗੰਧਤ ਚੀਜ਼ਾਂ ਦੀ ਅਹੂਤੀ ਦੇ ਕੇ ਈਸ਼ਵਰ ਦੀ ਉਸਤਤੀ ਕਰਨੀ ਚਾਹੀਦੀ ਹੈ, ਉਜਾੜ ਧਰਤੀ ਨੂੰ ਵਾਹਕੇ ਖੇਤੀ ਦੇ ਯੋਗ ਬਣਾਉਣਾ, ਮਾਰੂ ਥਲ ਵਿਚ ਪਾਣੀ ਪਿਲਾਣ ਦਾ ਪ੍ਰਬੰਧ ਕਰਨਾ, ਛੂਤ ਛਾਤ ਨਾ ਮੰਨਣੀ, ਜਲ ਨੂੰ ਛਾਣਕੇ ਸਾਫ ਸੁਥਰਾ ਕਰਕੇ ਪੀਣਾ, ਦਇਆ ਕਰਨੀ, ਸੱਚ ਬੋਲਣਾ, ਗਊਆਂ ਦੀ ਰੱਖਿਆ ਕਰਨੀ, ਰਿਤੂ ਵਾਲੀ ਇਸਤਰੀ ਪਾਸ ਨਾ ਜਾਣਾ,

(ਬਾਕੀ ਦੇਖੋ ਅਗਲੇ ਸਫੇ ਤੇ)

ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥ ੨ ॥

ਗੁਰੂ ਜੀ ਕਥਨ ਕ਼ਰਦੇ ਹਨ, ਇਹ ਕੁਛ ਨਹੀਂ ਜਾਣਿਆਂ ਜਾਂਦਾ ਜੋ ਜੀਵ ਆਤਮਾ ਕਿੱਥੇ ਜਾ ਕੇ ਸਮਾਉਂਦਾ ਹੈ। ਅਥਵਾ:-ਇੱਕ ਜੀਵ ਭੀ=ਬਹੁਤੇ ਹਸਣਿ=ਹੱਸਣੇ ਵਿਚ ਪਾਹਿ=ਪੈਂਦੇ ਹਨ। ਪਰ ਉਹ ਇਸ ਪ੍ਰਕਾਰ ਨਹੀਂ ਜਾਣਦੇ, ਕਿ ਅਸਾਂ ਨੇ ਕਿੱਥੇ ਜਾਕੇ ਸਮਾਉਣਾ ਹੈ॥ ੨ ॥

ਪਉੜੀ ॥ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥

ਤਿਨ੍ਹਾਂ ਪੁਰਸ਼ਾਂ ਦਾ ਖਾਧਾ ਹੋਇਆ ਅੰਨ, ਤੇ ਪੈਧਾ=ਪਾਏ ਹੋਇ ਕੱਪੜੇ, ਅਤੇ ਮਾਇਆ ਆਦਿਕ ਸਭ ਕੁਝ ਪਵਿੱਤ੍ਰ ਹੈ, ਜੋ ਹਰੀ ਨਾਮ ਜਪਣ ਵਿਚ ਰੱਤੇ ਹੋਏ ਹਨ।

ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥

ਤਿਨ੍ਹਾਂ ਪੁਰਸ਼ਾਂ ਦੇ ਘਰ ਕੱਚੇ, ਮੰਦਰ ਪੱਕੇ, ਮਹਲ=ਦੁਛੱਤੇ ਤਿੰਨ ਛੱਤੇ ਅਤੇ ਸਰਾਈ=ਹਵੇਲੀਆਂ ਆਦਿਕ ਸਭ ਮਕਾਨ ਪਵਿੱਤ੍ਰ ਹਨ, ਜਿਨ੍ਹਾਂ ਮਕਾਨਾਂ ਦੇ ਵਿਚ ਗੁਰਮੁਖ-ਜਨ, ਸਿੱਖ, ਸੇਵਕ, ਅਤੇ ਅਭਿਆਗਤ ਜਾਕੇ ਵਰੋਸਾਂਦੇ ਹਨ।

ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥

ਤਿਨ੍ਹਾਂ ਦੇ ਤੁਰੇ=ਘੋੜੇ ਜੀਨ=ਕਾਠੀਆਂ ਖੁਰਗੀਰ=ਖੁਰਜੀ*ਆਦਿਕ ਸਭ ਸਮਾਨ ਪਵਿੱਤ੍ਰ ਹੈ, ਜਿਨ੍ਹਾਂ ਉੱਤੇ ਗੁਰਮੁਖ ਜਨ ਸਿੱਖ ਸੰਤ-ਸਾਧ ਚੜ੍ਹਕੇ ਜਾਂਦੇ ਹਨ।

---

*ਖੁਰਜੀ ਨੂੰ ਕਹਿੰਦੇ ਹਨ ਜੋ ਦੁਵੱਲੀ ਪੈਣ ਵਾਲਾ ਥੈਲਾ ਜੇਹਾ, ਜਿਸ ਵਿਚ ਜ਼ਰੂਰੀ ਸਮਾਨ ਪਾ ਕੇ, ਘੋੜੇ ਉਤੇ ਚੜ੍ਹਨ ਵਾਲਾ ਪੁਰਸ਼ ਘੋੜੇ ਉਤੇ ਪਾ ਲੈਂਦਾ ਹੈ। ਅਥਵਾ:- ਕਾਠੀ ਦੇ ਤਲੇ ਜੋ ਨਮਦੇ ਦਾ ਟੁਕੜਾ ਪਾਂਵਦੇ ਹਨ ਉਸ ਨੂੰ ਖੁਰਗੀਰ ਕਹਿੰਦੇ ਹਨ।

(ਪਿਛਲੇ ਸਫੇ ਦੇ ਫੁਟਨੋਟ ਦੀ ਬਾਕੀ)

ਜੀਵ ਹੱਤਿਆ ਨਾ ਕਰਨੀ, ਕੁਕਰਮੀ ਤੇ ਹਿੰਸਕ ਦੀ ਸੰਗਤ ਨਾ ਕਰਨੀ, ਸਤਸੰਗਤ ਕਰਨੀ ਇਹ ਧਰਮ ਦੇ ਅਸੂਲ ਹਨ। ਪਾਰਸੀ ਕਮਰ ਨਾਲ ਇੱਕ ਧਾਗਾ ਬੰਨ੍ਹਦੇ ਹਨ, ਮੰਦ੍ਰ ਵਿਚ ਹਰ ਵੇਲੇ ਅੱਗ ਪ੍ਰਜ੍ਵਲਤ ਰੱਖਦੇ ਹਨ, ਜਿਵੇਂ ਪੁਰਾਤਨ ਹਿੰਦੂ ਹਮਨ ਕਰਦੇ ਸਨ, ਏਸੇ ਤਰ੍ਹਾਂ ਪਾਰਸੀ ਅੱਗ ਦੀ ਪੂਜਾ ਕਰਦੇ ਹਨ, ਮੁਰਦੇ ਨੂੰ ਦੱਬਦੇ ਜਾਂ ਸਾੜਦੇ ਨਹੀਂ, ਇੱਕ ਖੂਹ ਵਿਚ ਉੱਚਾ ਜੰਗਲਾ ਬਣਿਆਂ ਹੁੰਦਾ ਹੈ ਉਸ ਉੱਤੇ ਟਿਕਾ ਦੇਂਦੇ ਹਨ, ਮੁਰਦੇ ਨੂੰ ਇੱਲ੍ਹਾਂ ਤੇ ਕਾਂ ਖਾ ਜਾਂਦੇ ਹਨ, ਬਚੀਆਂ ਹੋਈਆਂ ਹੱਡੀਆਂ ਨੂੰ ਪਾਣੀ ਵਿਚ ਸੁੱਟ ਦੇਂਦੇ ਹਨ, ਮਰਨ ਬਾਰੇ ਇਨ੍ਹਾਂ ਦਾ ਨਿਸਚਾ ਹੈ ਕਿ ਤਿੰਨ ਦਿਨਾਂ ਤੱਕ ਜੀਵਾਤਮਾ 'ਮਿਥ' ਦੇਵਤਾ ਦੇ ਪਾਸ ਰਹਿੰਦਾ ਹੈ, ਉਸ ਪਾਸੋਂ ਇੱਕ ਦੇਵਤਾ 'ਵਾਜ ਵੇਸੇ' ਜੀਵ ਨੂੰ ਲਿਆਉਂਦਾ ਹੈ। ਉਥੋਂ ਪੁੰਨੀ ਤੇ ਪਾਪੀ (ਸਦ ਤੇ ਅਸਦ) ਜੀਵ ਇੱਕ ਪੁਲ ਦੇ ਪਾਸ ਆਉਂਦੇ ਹਨ, ਉਥੋਂ ਪੁੰਨੀ (ਸਦ) ਸਵਰਗ ਵਿਚ ਭੇਜੇ ਜਾਂਦੇ ਹਨ, ਤੇ ਪਾਪੀ (ਅਸਦ) ਨਰਕ ਨੂੰ ਘੱਲੇ ਜਾਂਦੇ ਹਨ।

(ਸੰਸਾਰ ਦਾ ਧਾਰਮਿਕ ਇਤਹਾਸ ਕਰਤਾ ਗਿਆਨੀ ਪ੍ਰਤਾਪ ਸਿੰਘ ਸਫਾ ੨੪੮ ਤੇ ੨੪੯)

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥

ਤਿਨ੍ਹਾਂ ਦੇ ਕਰਮ ਧਰਮ ਆਦਿਕ ਸਭ ਕਾਰਜ ਪਵਿੱਤ੍ਰ ਹਨ, ਹਰੀ ਜੋ ਹਰੇਕ ਜੀਵਾਂ ਦੇ ਹਰੇ ਕਰਨ ਵਾਲਾ ਹੈ ਤਿਸ ਰਾਮ ਦੇ ਸਾਤੇ=ਸਤਿਨਾਮੁ ਨੂੰ ਜੋ ਬੋਲਦੇ ਹਨ।

ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ॥ ੧੬॥

ਜਿਨ੍ਹਾਂ ਦੇ ਹਿਰਦੇ ਰੂਪ ਪੋਤੈ=ਪੱਲੇ ਵਿਚ ਪੁੰਨ ਹਨ ਉਹ ਗੁਰਮੁਖ ਸਿੱਖ ਗੁਰਾਂ ਪਾਸ ਸਿੱਖਿਆ ਲੈਣ ਵਾਸਤੇ ਜਾਂਦੇ ਹਨ॥ ੧੬॥

ਸਲੋਕੁ ਮਃ ੩॥

ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ॥

ਗੁਰੂ ਜੀ ਕਥਨ ਕਰਦੇ ਹਨ, ਵਾਹਿਗੁਰੂ ਨਾਮ ਤੋਂ ਘੁਥਿਆ=ਭੁੱਲੇ ਹੋਏ ਮਨਮੁਖਾਂ ਦਾ ਹਲਤੁ ਪਲਤੁ=ਲੋਕ ਪ੍ਰਲੋਕ ਦਾ ਸਭ ਸੁਖ ਚਲਾ ਜਾਂਦਾ ਹੈ।

ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ॥

ਉਹਨਾਂ ਦਾ ਜਪ ਤਪ ਸੰਜਮ ਵਗੈਰਾ ਸਭ ਕਾਮ ਆਦਿਕਾਂ ਨੇ ਹਿਰ ਲਿਆ ਹੈ, ਉਹਨਾਂ ਦੀ ਬੁੱਧੀ ਦ੍ਵੈਤ ਭਾ ਕਰਕੇ ਮੁਠੀ=ਠੱਗੀ ਗਈ ਹੈ।

(ਪੰਨਾ ੬੪੯)

ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ॥ ੧॥

ਉਹ ਪੁਰਸ਼ ਅੰਤ ਸਮੇਂ ਜਮ ਦਰ ਵਿਚ ਬਧੇ=ਬੰਨ੍ਹੇ ਹੋਏ ਮਾਰੇ ਜਾਂਦੇ ਹਨ, ਅਤੇ ਬਹੁਤ ਸਾਰੀ ਸਜ਼ਾ ਮਿਲਦੀ ਹੈ॥ ੧॥

ਮਃ ੩॥ ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥

ਜੋ ਪੁਰਸ਼ ਸੰਤਾਂ ਨਾਲ ਵੈਰ ਕਮਾਉਂਦੇ ਹਨ, ਅਤੇ ਦੁਸ਼ਟਾਂ ਨਾਲ ਮੋਹ ਪਿਆਰ ਕਰਦੇ ਹਨ। ਉਹਨਾਂ ਨੂੰ ਅਗੈ ਪਿਛੈ=ਪ੍ਰਲੋਕ ਤੇ ਇਸ ਲੋਕ ਵਿਚ ਸੁਖ ਨਹੀਂ ਹੁੰਦਾ, ਉਹ ਵਾਰੋ ਵਾਰ=ਮੁੜ ਮੁੜ ਕੇ ਜੰਮਦੇ ਮਰਦੇ ਹਨ।

ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥

ਉਨ੍ਹਾਂ ਦੇ ਹਿਰਦੇ ਵਿਚੋਂ ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਅੱਗ ਕਦੇ ਬੁਝਦੀ ਨਹੀਂ, ਇਸੇ ਕਰਕੇ ਉਹ ਦੁਬਿਧਾ ਦੇ ਵਿਚ ਸਦਾ ਖੁਆਰੁ=ਖਰਾਬ ਹੁੰਦੇ ਹਨ।

ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥

ਤਿਤੁ=ਤਿਸ ਸੱਚੇ ਦਰਬਾਰ ਵਿਚ ਉਹਨਾਂ ਗੁਰ ਨਿੰਦਕਾਂ ਦੇ ਮੂੰਹ ਕਾਲੇ ਹੁੰਦੇ ਹਨ।

ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥ ੨॥

ਗੁਰੂ ਜੀ ਕਥਨ ਕਰਦੇ ਹਨ, ਸਤਿਨਾਮੁ ਤੋਂ ਬਿਨਾਂ ਨਾ ਉਰਵਾਰਿ=ਇਸ ਲੋਕ ਦਾ ਸੁਖ ਅਤੇ ਨਾ ਹੀ ਪਾਰਿ=ਪ੍ਰਲੋਕ ਦਾ ਸੁਖ ਹੁੰਦਾ ਹੈ।

ਅਥਵਾ:-ਨਾ ਉਰਵਾਰਿ=ਵੈਰਾਗ, ਤੇ ਨਾ ਹੀ ਪਾਰਿ=ਗਿਆਨ ਦੀ ਪ੍ਰਾਪਤੀ ਹੁੰਦੀ ਹੈ॥ ੨॥

ਪਉੜੀ॥ ਜੋ ਹਰਿ ਨਾਮੁ ਧਿਆਇਦੇ ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ॥

ਅੰਨਵੇਂ:-ਜੋ ਪੁਰਸ਼ ਮਨ ਮਾਹੀ=ਮਨ ਦੇ ਵਿਚ ਹਰਿ-ਹਰਿ ਨਾਮ ਨੂੰ ਧਿਆਉਂਦੇ ਹਨ, ਉਹ ਬਾਣੀ ਕਰਕੇ ਵੀ ਹਰਿ-ਹਰਿ ਨਾਮ ਵਿਚ ਤਦਾਕਾਰ ਹੋਏ ਹਨ।

ਜਿਨਾ ਮਨਿ ਚਿਤਿ ਇਕੁ ਅਰਾਧਿਆ ਤਿਨਾ ਇਕਸ ਬਿਨੁ ਦੂਜਾ ਕੋ ਨਾਹੀ॥

ਜਿਨ੍ਹਾਂ ਨੇ ਮਨ ਚਿੱਤ ਵਿਚ ਇਕ ਵਾਹਿਗੁਰੂ ਨੂੰ ਅਰਾਧਿਆ ਹੈ, ਉਹਨਾਂ ਨੂੰ ਇੱਕ ਪਰਮੇਸ਼ਰ ਤੋਂ ਬਿਨਾਂ ਦੂਜਾ ਹੋਰ ਕੋਈ ਨਿਗਾਹ ਨਹੀਂ ਆਉਂਦਾ।

ਸੇਈ ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ ਲਿਖਾਹੀ॥

ਓਹੀ ਪੁਰਸ਼ ਹਰੀ ਨੂੰ ਸੇਂਵਦੇ ਹਨ, ਜਿਨ੍ਹਾਂ ਦੇ ਮੱਥੇ ਉੱਪਰ ਧੁਰ ਤੋਂ ਹੀ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ।

ਹਰਿ ਕੇ ਗੁਣ ਨਿਤ ਗਾਵਦੇ ਹਰਿ ਗੁਣ ਗਾਇ ਗੁਣੀ ਸਮਝਾਹੀ॥

ਉਹ ਨਿਤਾਪ੍ਰਤੀ ਹਰੀ ਦੇ ਗੁਣਾਂ ਨੂੰ ਗਾਂਵਦੇ ਹਨ, ਹਰੀ ਗੁਣਾਂ ਦੇ ਗਾਇਨ ਕਰਨ ਨਾਲ ਉਹਨਾਂ ਨੂੰ ਗੁਣੀ=ਪਰਮਾਤਮਾ ਦੀ ਸਮਝਾਹੀ=ਸਮਝ ਆਈ ਹੈ।

ਵਡਿਆਈ ਵਡੀ ਗੁਰਮੁਖਾ ਗੁਰ ਪੂਰੈ ਹਰਿ ਨਾਮਿ ਸਮਾਹੀ॥ ੧੭॥

ਉਹਨਾਂ ਗੁਰਮੁਖਾਂ ਦੀ ਵਡਿਆਈ ਸਭ ਤੋਂ ਵੱਡੀ ਹੈ, ਜਿਨ੍ਹਾਂ ਦੀ ਪੂਰੇ ਗੁਰਾਂ ਦੁਆਰੇ ਹਰੀ ਨਾਮੀ ਵਿਚ ਸਮਾਹੀ=ਇਸਥਤੀ ਹੋਈ ਹੈ॥ ੧੭॥

ਸਲੋਕੁ ਮਃ ੩॥

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥

ਹੇ ਭਾਈ ! ਸਤਿਗੁਰਾਂ ਦੀ ਸੇਵਾ ਕਰਨੀ ਬੜੀ ਗਾਖੜੀ=ਕਠਨ ਹੈ, ਕਿਉਂਕਿ ਗੁਰਾਂ ਦੀ ਸੇਵਾ ਤਦ ਹੁੰਦੀ ਹੈ, ਜਦ ਆਪਾ ਭਾ ਹੰਕਾਰ ਨੂੰ ਗੁਆਕੇ ਸਿਰ ਅਰਪਣ ਕਰ ਦੇਈਏ।

ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ॥

ਜੋ ਗੁਰ-ਉਪਦੇਸ਼ ਦੁਆਰਾ ਜੀਵਤ ਭਾ ਤੋਂ ਮਰਹਿ=ਮਰਦਾ ਹੈ, ਉਹ ਫਿਰਿ=ਮੁੜ ਕੇ ਨਹੀਂ ਮਰਦਾ, ਤਾਂ ਹੀ ਉਸ ਦੀ ਸੇਵਾ ਕੀਤੀ ਹੋਈ ਸਾਰੀ ਥਾਂ ਪੈਂਦੀ ਭਾਵ ਕਬੂਲ ਹੁੰਦੀ ਹੈ।

ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ॥

ਗੁਰੂ ਰੂਪ ਪਾਰਸ ਨਾਲ ਪਰਸਕੇ ਸੱਚੇ-ਨਾਮ ਵਿਚ ਲਿਵ ਲਗਾ ਰਹਿਣਾ ਕਰੇ ਤਾਂ ਪਾਰਸ ਰੂਪ ਹੁੰਦਾ ਹੈ।

ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ॥

ਜਿਸ ਪੁਰਸ਼ ਦੇ ਮੱਥੇ ਉੱਪਰ ਪੂਰਬਲਾ ਸ੍ਰੇਸ਼ਟ ਲੇਖ ਲਿਖਿਆ ਹੁੰਦਾ ਹੈ, ਤਿਸਨੂੰ ਪ੍ਰਭੂ ਰੂਪ ਸਤਿਗੁਰੂ ਆਕੇ ਮਿਲਦੇ ਹਨ।

ਨਾਨਕ ਗਣਤੈ ਸੇਵਕੁ ਨਾ ਮਿਲੈ ਜਿਸੁ ਬਖਸੇ ਸੋ ਪਵੈ ਥਾਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਗਿਣਤੀ ਕਰਨ ਵਾਲਾ ਸੇਵਕ ਹਰੀ ਨੂੰ ਨਹੀਂ ਮਿਲਦਾ, ਜਿਸ ਨੂੰ ਗੁਰੂ ਬਖਸ਼ਦੇ ਹਨ ਓਹੀ ਪੁਰਸ਼ ਸਰੂਪ-ਥਾਂ ਵਿਚ ਪੈਂਦਾ ਹੈ॥ ੧॥

ਮਃ ੩॥ ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ॥

ਮੂਰਖ ਪੁਰਸ਼ ਆਪਣੇ ਸੁਆਇ=ਪ੍ਰਯੋਜਨ ਵਿਚ ਲੱਗਾ ਹੋਇਆ, ਮਹਲੁ ਕੁਮਹਲੁ=ਭਲਾ ਬੁਰਾ, ਅਥਵਾ:-ਆਤਮਾ ਅਨਾਤਮਾ ਨੂੰ ਨਹੀਂ ਜਾਣਦਾ।

ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ॥

ਗੁਰ-ਉਪਦੇਸ਼ ਨੂੰ ਜਾਣੇ ਤਾਂ ਸਰੂਪ ਨੂੰ ਲਹਹਿ=ਲਖਦਾ ਹੈ, ਜਾਂ ਸਰੂਪ ਨੂੰ ਲਖੇ ਤਾਂ ਹੀ ਜੋਤੀ ਨਾਲ ਜੋਤ ਸਮਾਉਂਦੀ ਹੈ।

ਸਦਾ ਸਚੇ ਕਾ ਭਉ ਮਨਿ ਵਸੈ ਤਾ ਸਭਾ ਸੋਝੀ ਪਾਇ॥

ਸਦੀਵਕਾਲ ਸੱਚੇ ਪਰਮਾਤਮਾ ਦਾ ਭਉ=ਡਰ ਮਨ ਵਿਚ ਵਸੈ=ਵਸ ਜਾਵੇ, ਤਾਂ ਸਭ ਤਰ੍ਹਾਂ ਦੀ ਸੋਝੀ=ਗਿਆਤ ਨੂੰ ਪਾਇ=ਪਾਉਂਦਾ ਹੈ।

ਸਤਿਗੁਰੁ ਅਪਣੈ ਘਰਿ ਵਰਤਦਾ ਆਪੇ ਲਏ ਮਿਲਾਇ॥

ਸਤਿਗੁਰ ਦੇਵ ਜੀ ਆਪਣੇ ਸਰੂਪ-ਘਰ ਵਿਚ ਵਰਤਦੇ ਹਨ, ਅਤੇ ਉੱਤਮ ਜਗਿਆਸੂ ਨੂੰ ਆਪ ਹੀ ਪਰਮੇਸ਼ਰ ਨਾਲ ਮਿਲਾ ਲੈਂਦੇ ਹਨ।

ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ ਜਿਸਨੋ ਕਿਰਪਾ ਕਰੇ ਰਜਾਇ॥੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਰਜਾਇ=ਆਗਿਆ ਦੇ ਕਰਨ ਵਾਲਾ ਪਰਮੇਸ਼ਰ ਕਿਰਪਾ ਕਰਦਾ ਹੈ, ਉਸ ਦੀ ਸਤਿਗੁਰਾਂ ਨਾਲ ਮਿਲਣ ਕਰਕੇ ਸਭ ਪਤਿ-ਆਬਰੋ ਪੂਰੀ ਪਈ ਹੈ॥ ੨॥

ਪਉੜੀ ॥

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥

ਉਨ੍ਹਾਂ ਭਗਤ ਜਨਾਂ ਦੇ ਭਾਗ ਧੰਨ ਧੰਨ ਹਨ, ਜੋ ਮੂੰਹ ਨਾਲ ਹਰਿ ਹਰਿ ਨਾਮਾਂ ਨੂੰ ਕਹਤਿਆ=ਕਥਨ ਕਰਦੇ ਹਨ।

ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥

ਉਨ੍ਹਾਂ ਸੰਤ ਜਨਾਂ ਦੇ ਭਾਗ ਧੰਨ ਧੰਨ ਹਨ, ਜੋ ਸ੍ਰਵਣੀ=ਕੰਨਾਂ ਨਾਲ ਹਰੀ ਜਸ ਨੂੰ ਸੁਣਤਿਆ=ਸੁਣਦੇ ਹਨ।

ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥

ਉਨ੍ਹਾਂ ਸਾਧ ਜਨਾਂ ਦੇ ਭਾਗ ਧੰਨ ਧੰਨ ਹਨ, ਜੋ ਹਰੀ ਦੇ ਕੀਰਤਨ ਨੂੰ ਗਾਇਨ ਕਰਕੇ ਗੁਣਵਾਨ ਜਨ ਬਣਤਿਆ=ਬਣਦੇ ਹਨ।

ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥

ਉਹਨਾਂ ਗੁਰਮੁਖਾਂ ਦੇ ਭਾਗ ਧੰਨ ਧੰਨ ਹਨ, ਜੋ ਗੁਰ-ਸਿੱਖਿਆ ਨੂੰ ਲੈਕੇ ਮਨ ਨੂੰ ਜਿਣਤਿਆ=ਜਿੱਤਦੇ ਹਨ।

ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥ ੧੮ ॥

ਉਹਨਾਂ ਗੁਰਸਿੱਖਾਂ ਦੇ ਸਭਦੂ=ਸਾਰਿਆਂ ਤੋਂ ਵੱਡੇ ਭਾਗ ਹਨ, ਜੋ ਗੁਰਸਿੱਖ ਗੁਰਾਂ ਦੀ ਚਰਨੀ ਪੜਤਿਆ=ਪੈਂਦੇ ਹਨ॥ ੧੮ ॥

ਸਲੋਕੁ ਮਃ ੩ ॥ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥

ਇੱਕ ਗੁਰਾਂ ਦੇ ਉਪਦੇਸ਼ ਵਿਚ ਬਿਰਤੀ ਨੂੰ ਲਗਾਕੇ, ਜੋ ਬ੍ਰਹਮ ਨੂੰ ਬਿੰਦੈ=ਜਾਣਦਾ ਹੈ, ਤਿਸ ਦਾ ਬ੍ਰਹਮਤੁ ਰਹੈ=ਬ੍ਰਾਹਮਣ ਪੁਣਾ ਰਹਿੰਦਾ ਹੈ।

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥

ਜੋ ਪੁਰਸ਼ ਹਿਰਦੇ ਵਿਚ ਹਰੀ ਨਾਮ ਨੂੰ ਸਦਾ ਵਸਾਉਂਦਾ ਹੈ, ਉਸ ਦੇ ਪਿੱਛੇ ਨੌਂ-ਨਿੱਧੀਆਂ ਤੇ ਅਠਾਰਾਂ ਸਿੱਧੀਆਂ ਲੱਗੀਆਂ ਫਿਰਹਿ=ਫਿਰਦੀਆਂ ਹਨ।

ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥

ਸਤਿਗੁਰਾਂ ਤੋਂ ਬਿਨਾਂ ਪਰਮੇਸ਼ਰ ਦਾ ਨਾਮ ਪਾਇਆ ਨਹੀਂ ਜਾਂਦਾ, ਵੀਚਾਰ ਕਰਕੇ ਇਸ ਗੱਲ ਨੂੰ ਬੁਝਹੁ=ਸਮਝਣਾ ਕਰੋ।

ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਪੂਰੇ ਭਾਗ ਹੋਵਣ ਤਾਂ ਸਤਿਗੁਰੂ ਮਿਲਦੇ ਹਨ, ਜਾਂ ਸਤਿਗੁਰੂ ਦੇਵ ਜੀ ਮਿਲਣ ਤਾਂ ਚਾਰਿਆਂ ਜੁਗਾਂ ਵਿਚ, ਅਥਵਾ-ਜੁਗ ਚਾਰਿ=ਸੰਸਾਰ ਵਿਚ ਸੁਖ ਪਾਂਵਦਾ ਹੈ॥ ੧ ॥

ਮਃ ੩ ॥ ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥

ਮਨਮੁਖਾਂ ਦੀ ਜੇਕਰ ਗਭਰੂ=ਜੋਬਨ ਅਵਸਥਾ ਹੋ ਗਈ ਤਾਂ ਕਿਆ=ਕੀ ਹੈ, ਜੇਕਰ ਬ੍ਰਿਧ ਅਵਸਥਾ ਹੋ ਗਈ ਤਾਂ ਕੀ ਹੈ ਅਰਥਾਤ ਦੋਨੋਂ ਹੀ ਵਿਅਰਥ ਹਨ, ਕਿਉਂਕਿ ਮਨਮੁਖਾਂ ਦੇ ਹਿਰਦੇ ਵਿਚੋਂ ਪਦਾਰਥਾਂ ਦੀ ਤ੍ਰਿਸ਼ਨਾਂ ਰੂਪੀ ਭੁੱਖ ਜਾਂਦੀ ਨਹੀਂ।

ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥

ਜੋ ਗੁਰਮੁਖਿ ਮੁਖਿ ਗੁਰਾਂ ਦੇ ਉਪਦੇਸ਼ ਵਿਚ ਰਤਿਆ=ਤਦਾਕਾਰ ਹੋਏ ਹਨ, ਉਹ ਆਪੁ=ਹੰਕਾਰ ਨੂੰ ਗੁਆ ਕੇ ਸੀਤਲ ਹੋਏ ਹਨ।

ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥

ਉਹਨਾਂ ਦਾ ਅੰਦਰੋਂ ਅੰਤਹਕਰਨ ਵੀ ਸੀਤਲ ਹੋਇਆ ਹੈ ਤੇ ਬਾਹਰੋਂ ਵੀ ਸੰਤੋਖ ਪ੍ਰਾਪਤ ਹੋਇਆ ਹੈ। ਅਥਵਾ:-ਸੰਤੋਖ ਦੇ ਹੋਣ ਕਰਕੇ ਅੰਦਰੋਂ ਅੰਤਹਕਰਨ ਤ੍ਰਿਪਤ ਹੋਇਆ ਹੈ, ਫਿਰ ਉਸ ਨੂੰ ਕਿਸੇ ਪਦਾਰਥ ਦੀ ਭੁੱਖ ਆਕੇ ਨਹੀਂ ਲੱਗਦੀ॥

(ਪੰਨਾ ੬੫੦)

ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ, ਜੋ ਨਾਮੀ ਦੇ ਨਾਮ ਵਿਚ ਲਿਵ ਨੂੰ ਲਗਾ ਰਹੇ ਹਨ, ਉਹ ਗੁਰਮੁਖ ਜੋ ਵੀ ਕਰਤਬ ਕਰਦੇ ਹਨ, ਓਹੀ ਪਰਵਾਣੁ=ਪ੍ਰਮਾਨੀਕ ਹੁੰਦਾ ਹੈ॥ ੨॥

ਪਉੜੀ ॥ ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥

ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥

ਜੋ ਗੁਰਮੁਖ ਸਿੱਖ ਹਨ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ। ਜੋ ਗੁਰਸਿੱਖ ਹਰੀ ਨਾਮ ਨੂੰ ਧਿਆਉਂਦੇ ਹਨ, ਮੈਂ ਉਹਨਾਂ ਦਾ ਦਰਸ਼ਨ ਪਿਖਾ=ਵੇਖਦਾ ਹਾਂ।

ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥

ਗੁਰਸਿੱਖਾਂ ਦੀ ਰਸਨਾਂ ਤੋਂ ਕੀਰਤਨ ਨੂੰ ਸੁਣਕੇ ਹਰੀ ਦੇ ਗੁਣਾਂ ਨੂੰ ਰਵਾ=ਉਚਾਰਦਾ ਹਾਂ, ਅਤੇ ਮਨ ਕਰਕੇ ਹਰੀ ਦੇ ਜਸ ਨੂੰ ਲਿਖਦਾ ਹਾਂ।

ਹਰਿ ਨਾਮੁ ਸਲਾਹੀ ਰੰਗ ਸਿਉ ਸਭ ਕਿਲਵਿਖ ਕ੍ਰਿਖਾ ॥

ਰੰਗ ਸਿਉ=ਪ੍ਰੇਮ ਨਾਲ ਹਰੀ ਨਾਮ ਨੂੰ ਸਲਾਹੁੰਦਾ ਹਾਂ, ਅਤੇ ਸਾਰੇ ਪਾਪਾਂ ਨੂੰ ਕ੍ਰਿਖਾ=ਨਾਸ ਕਰਦਾ ਹਾਂ।

ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥ ੧੯ ॥

ਉਹ ਸਰੀਰ ਅਸਥਾਨ ਸੁਹਾਵਾ=ਸੋਭਨੀਕ ਤੇ ਧੰਨ ਧੰਨ ਹੈ, ਜਿੱਥੇ ਮੇਰਾ ਗੁਰੂ ਆਪਣਾ ਉਪਦੇਸ਼ ਰੂਪੀ ਵਿਖਾ=ਕਦਮ (ਚਰਨ) ਧਰਦਾ ਹੈ॥ ੧੯॥

ਸਲੋਕੁ ਮਃ ੩ ॥ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ॥

ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ॥ ੧ ॥

ਪੂਰਨ ਗੁਰਾਂ ਤੋਂ ਬਿਨਾਂ ਨਾ ਗਿਆਨ ਪ੍ਰਾਪਤ ਹੁੰਦਾ ਹੈ, ਨਾ ਹੀ ਮਨ ਵਿਚ ਸੁਖ ਆ ਕੇ ਵਸੈ=ਵਸਦਾ ਹੈ। ਗੁਰੂ ਜੀ ਕਹਿੰਦੇ ਹਨ, ਸਤਿਨਾਮੁ ਜਪੇ ਤੋਂ ਬਿਨਾਂ ਮਨਮੁਖ ਪੁਰਸ਼ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗੁਆਕੇ ਜਾਸਨਿ=ਜਾਂਦੇ ਹਨ॥ ੧ ॥

ਮਃ ੩ ॥ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥

ਚਉਰਾਸੀ ਸਿੱਧ ਅਤੇ ਸਾਧਨਾਂ ਕਰਨ ਵਾਲੇ ਸਾਧਿਕ (ਜਗਿਆਸੂ) ਸਭ ਪ੍ਰਭੂ ਦੇ ਨਾਮ ਨੂੰ ਖੋਜਦੇ=ਲੱਭਦੇ ਹਨ ਲਿਵ ਲਾਇ=ਸਮਾਧੀਆਂ ਨੂੰ ਲਗਾਕੇ ਥੱਕ ਰਹੇ ਹਨ।

ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥

ਸਤਿਗੁਰਾਂ ਤੋਂ ਬਿਨਾਂ ਪ੍ਰਭੂ ਨੂੰ ਕਿਸੀ ਨੇ ਨਹੀਂ ਪਾਇਆ, ਮੁਖ ਗੁਰਾਂ ਦਾ ਮਿਲਾਇਆ ਹੋਇਆ ਹੀ ਪ੍ਰਭੂ ਮਿਲੈ=ਮਿਲਦਾ ਹੈ।

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥

ਪ੍ਰਭੂ ਦੇ ਨਾਮ ਤੋਂ ਬਿਨਾਂ ਕੱਪੜਿਆਂ ਦਾ ਪਹਿਨਣਾ ਤੇ ਪਦਾਰਥਾਂ ਦਾ ਖਾਣਾ ਸਭ ਵਿਅਰਥ ਹੈ, ਨਾਮ ਤੋਂ ਬਿਨਾਂ ਸਿੱਧੀਆਂ ਨੂੰ ਭੀ ਧ੍ਰਿਕਾਰ ਹੈ, ਕਰਮਾਤਾਂ ਨੂੰ ਭੀ ਧ੍ਰਿਕਾਰ ਹੈ।

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥

ਸਿੱਧੀ ਭੀ ਓਹੀ ਸਫਲ ਹੈ, ਅਚਿੰਤੁ=ਪਰਮਾਤਮਾ ਅਚਾਨਕ ਹੀ ਜਿਸ ਨੂੰ ਨਾਮ ਦੀ ਦਾਤ ਦੇਣਾ ਕਰਦਾ ਹੈ।

ਯਥਾ:- ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥

ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥ ੧ ॥ (ਆਸਾ ਦੀ ਵਾਰ, ਪੰਨਾ ੪੭੪-੭੫)

ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥ ੨ ॥

ਗੁਰੂ ਜੀ ਕਹਿੰਦੇ ਹਨ ਅਸਾਡੇ ਮਨ ਵਿਚ ਜੋ ਗੁਰਾਂ ਦੁਆਰੇ ਹਰੀ ਨਾਮ ਵਸਿਆ ਹੈ, ਅਸਾਡੇ ਭਾਣੇ ਤਾਂ ਏਹੋ ਸਿੱਧੀ ਅਤੇ ਏਹੋ ਕਰਾਮਾਤ ਹੈ॥ ੨ ॥

ਪਉੜੀ ॥ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥

ਅਸਾਡਾ ਖਸਮ ਜੋ ਹਰੀ ਪ੍ਰਭੂ ਹੈ ਉਸ ਦੇ ਜਸ ਉਚਾਰਨ ਵਾਲੇ ਅਸੀਂ ਢਾਢੀ ਹਾਂ,

ਛੰਤਾ=ਰਾਗ ਵਿਚ ਪਾਕੇ ਨਿਤਾਪ੍ਰਤੀ ਹਰੀ ਗੁਣਾਂ ਨੂੰ ਗਾਂਵਦੇ ਹਾਂ।

ਅਥਵਾ:-ਨਿਤਾਪ੍ਰਤੀ ਛੰਤਾ=ਜਸ ਦਾਇਕ ਹਰੀ ਗੁਣਾਂ ਨੂੰ ਗਾਂਵਦੇ ਹਾਂ।

ਅਥਵਾ:-ਛੰਦਾਂ ਵਿਖੇ ਹਰੀ ਗੁਣਾਂ ਨੂੰ ਗਾਂਵਦੇ ਹਾਂ।

ਅਥਵਾ:-ਛੰਤਾ=ਵੇਦਾਂ ਦੁਆਰੇ ਨਿਤਾਪ੍ਰਤੀ ਹਰੀ ਗੁਣਾਂ ਨੂੰ ਗਾਂਵਦੇ ਹਾਂ।

ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ ॥

ਉਸ ਲਛਮੀ-ਪਤੀ ਹਰੀ ਦੇ ਕੀਰਤਨ ਨੂੰ ਕਰਦੇ ਹਾਂ, ਅਤੇ ਹਰੀ ਦੇ ਜਸ ਨੂੰ ਸੁਣਦੇ ਹਾਂ।

ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ ॥

ਇੱਕ ਹਰੀ ਹੀ ਦਾਤਾ ਹੈ, ਹੋਰ ਸਾਰਾ ਸੰਸਾਰ ਭਿਖਾਰੀਆ=ਮੰਗਤਾ ਹੈ, ਜਿਤਨੇ ਹੈ, ਜਿਤਨੇ ਕੁ ਸੰਸਾਰ ਵਿਚ ਸੂਖਮ ਤੇ ਅਸਥੂਲ ਜੀਵ-ਜੰਤ ਹਨ ਇਹ ਸਭ ਮੰਗਤੇ ਹਨ।

ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜੰਤਾ ॥

ਹੇ ਹਰੀ ! ਆਪ ਦਿਆਲੂ ਹੋ ਕੇ ਦਾਨ ਦੇਂਦੇ ਹੋ, ਪੱਥਰਾਂ ਵਿਚ ਜੋ ਕ੍ਰਿਮ=ਸੂਖਮ ਕੀੜੇ ਅਤੇ ਜੰਤਾ=ਸਥੂਲ ਕੀੜੇ ਪੈਣਾ ਕੀਤੇ ਹਨ ਉਨ੍ਹਾਂ ਨੂੰ ਭੀ ਰਿਜ਼ਕ ਆਪ ਦੇਂਦੇ ਹੋ।

ਯਥਾ:- ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥ ੩ ॥ ੩ ॥ (ਪੰਨਾ ੪੮੮)

ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਧਨਵੰਤਾ ॥ ੨੦ ॥

ਗੁਰੂ ਜੀ ਕਹਿੰਦੇ ਹਨ, ਗੁਰਾਂ ਦੁਆਰੇ ਜਿਸ ਪੁਰਸ਼ ਨੇ ਨਾਮ ਧਿਆਇਆ ਹੈ ਉਹ ਆਤਮ-ਧਨ ਵਾਲਾ ਹੋਇਆ ਹੈ। ਅਥਵਾ:-ਮੈਂ ਜਨ ਨੇ ਗੁਰਾਂ ਦੁਆਰੇ ਨਾਮ ਧਿਆਇਆ ਹੈ, ਇਸੀ ਤੇ ਮੈਂ ਆਤਮ-ਧਨ ਵਾਲਾ ਧਨਾਢ ਹੋਇਆ ਹਾਂ ॥ ੨੦ ॥

ਸਲੋਕੁ ਮਃ ੩ ॥

ਉਥਾਨਕਾ:-ਜੀਵ ਦਾ ਸੰਸਾਰ ਵਿਚ ਪੜ੍ਹਨਾ ਤੇ ਵਿਚਾਰਨਾ ਸਫਲਾ ਹੈ, ਯਾਂ ਨਹੀਂ ? ਉੱਤਰ:-

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥

ਤਦ ਤੱਕ ਵੇਦਾਂ, ਸ਼ਾਸ਼ਤ੍ਰਾਂ ਦਾ ਪੜ੍ਹਨਾ ਤੇ ਵਿਚਾਰਨਾ ਸੰਸਾਰ ਦੀ ਕਾਰ ਰੂਪ ਹੈ, ਜਦ ਤੱਕ ਸਰੀਰ ਦੇ ਅੰਦਰ ਤ੍ਰਿਸ਼ਨਾਂ ਰੂਪੀ ਵਿਕਾਰੁ=ਰੋਗ ਹੈ।

ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥

ਪਦਾਰਥਾਂ ਦੀ ਹੰਗਤਾ ਵਿਚ ਸਭ ਪੜ੍ਹ ਕੇ ਥੱਕ ਗਏ ਹਨ ਅਤੇ ਦ੍ਵੈਤ ਭਾ ਵਿਚ ਲੱਗ ਕੇ ਇਹ ਖ਼ਰਾਬ ਹੁੰਦੇ ਹਨ।

ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥

ਓਹੀ ਪੜ੍ਹਿਆ ਹੋਇਆ ਹੈ, ਉਹੀ ਬੀਨਾ=ਚਤੁਰ ਪੰਡਿਤ ਹੈ, ਜੋ ਗੁਰ-ਉਪਦੇਸ਼ ਦਾ ਵਿਚਾਰ ਕਰਦਾ ਹੈ। ਅਥਵਾ:-ਓਹੀ ਓਹੀ ਪੰਡਿਤ ਪੜਿਆ ਚਤੁਰ ਹੈ, ਜੋ ਗੁਰ-ਉਪਦੇਸ਼ ਦਾ ਵਿਚਾਰ ਕਰਦਾ ਹੈ।

ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥

ਅੰਦਰੁ ਖੋਜੈ=ਅੰਤਹਕਰਨ ਵਿਚ ਢੂੰਢਕੇ ਤਤੁ=ਸਿਧਾਂਤ ਨੂੰ ਲਹੈ=ਲਵੇ, ਤਾਂ ਮੋਖ=ਮੁਕਤੀ ਦਾ ਦੁਆਰੁ=ਦਰਵਾਜ਼ਾ ਗਿਆਨ ਪਾਉਂਦਾ ਹੈ।

ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ॥

ਜੋ ਪੁਰਸ਼ ਸਹਜਿ=ਗਿਆਨ ਦਾ ਵੀਚਾਰ ਕਰਦਾ ਹੈ, ਉਸ ਨੇ ਗੁਣਾਂ ਦੇ ਖਜ਼ਾਨੇ ਹਰੀ ਨੂੰ ਪਾਇਆ ਹੈ।

ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ॥ ੧॥

ਗੁਰੂ ਜੀ ਕਹਿੰਦੇ ਹਨ, ਜਿਸ ਗੁਰਮੁਖ ਨੂੰ ਨਾਮ ਦਾ ਅਧਾਰੁ=ਆਸਰਾ ਹੈ, ਉਹ ਵਾਪਾਰੀ ਧੰਨਤਾ ਦੇ ਜੋਗ ਹੈ॥ ੧॥

ਮ:੩॥ ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ॥

ਮਨ ਮਾਰੇ ਬਿਨਾਂ ਕੋਈ ਭੀ ਸਿਝਈ=ਮੁਕਤ ਨਹੀਂ ਹੋਇਆ ਅਸਾਡੇ ਆਖਣ ਵਿਚ ਜੇ ਸੰਸਾ ਹੈ, ਤਾਂ ਬੇਸ਼ੱਕ ਕੋਈ ਲਿਵ ਲਗਾਕੇ ਵੇਖ ਲਵੇ।

ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ॥

ਭੇਖਧਾਰੀ ਅਤੇ ਤੀਰਥਾਂ ਉੱਪਰ ਫਿਰਨ ਵਾਲੇ ਸਭ ਭਵਿ=ਫਿਰਕੇ ਥੱਕ ਗਏ ਹਨ, ਪ੍ਰੰਤੂ ਉਹਨਾਂ ਪਾਸੋਂ ਭੀ ਇਹ ਮਨ ਮਾਰਿਆ ਨਹੀਂ ਜਾਂਦਾ।

ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ॥

ਗੁਰਾਂ ਦੁਆਰੇ ਸੱਚ ਵਿਚ ਲਿਵ ਲਗਾ ਰਹੇ ਤਾਂ ਹੀ ਇਹ ਮਨ ਜੀਵਤ ਭਾ ਤੋਂ ਮਰਦਾ ਹੈ।

ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ॥ ੨॥

ਗੁਰੂ ਜੀ ਕਹਿੰਦੇ ਹਨ, ਇਸ ਮਨ ਦੀ ਰਾਗ ਦ੍ਵੈਸ਼ ਰੂਪੀ ਮੈਲ ਇਸ ਤਰ੍ਹਾਂ ਉਤਰਦੀ ਹੈ, ਜੇਕਰ ਗੁਰ ਸ਼ਬਦ ਦੁਆਰਾ ਹਉਮੈ ਨੂੰ ਸਾੜਨਾ ਕਰੇ॥ ੨॥

ਪਉੜੀ॥ ਹਰਿ ਹਰਿ ਸੰਤ ਮਿਲਹੁ ਮੇਰੇ ਭਾਈ
ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ॥

ਹੇ ਮੇਰੇ ਭਾਈ ! ਹਰਿ ਹਰਿ ਦੇ ਸੰਤਾਂ ਨਾਲ ਮਿਲਣਾ ਕਰੋ, ਮਿਲਕੇ ਐਸੇ ਬੇਨਤੀ ਕਰੋ:- ਹੇ ਸੰਤੋ ! ਮੈਨੂੰ ਇੱਕ ਕਿਣਕਾ ਮਾਤ੍ਰ ਹੀ ਹਰੀ ਨਾਮ ਦ੍ਰਿੜ੍ਹ ਕਰਵਾ ਦਿਉ।

ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ ਖਿਮ ਕਾ॥

ਹਰੀ ਜਨਾਂ ਨਾਲ ਮਿਲਕੇ, ਅਥਵਾ:-ਹਰੀ ਦੇ ਸੇਵਕ ਜਨ ਇਸ ਤਰ੍ਹਾਂ ਕਥਨ ਕਰਦੇ ਹਨ, ਕਿ ਹਰਿ ਹਰਿ ਦੇ ਨਾਮਾਂ ਰੂਪ ਸ਼ਿੰਗਾਰ ਨੂੰ ਬਣਾਉਣਾ ਕਰੋ, ਅਤੇ ਹਰੀ ਦੀ ਪ੍ਰਾਪਤੀ ਲਈ ਖਿਮਾਂ ਰੂਪੀ ਕੱਪੜੇ ਦਾ ਪਹਿਨਣਾ ਕਰੋ।

ਐਸਾ ਸੀਗਾਰੁ ਮੇਰੇ ਪ੍ਰਭ ਭਾਵੈ ਹਰਿ ਲਾਗੈ ਪਿਆਰਾ ਪ੍ਰਿਮ ਕਾ॥

ਅਜੇਹਾ ਸ਼ਿੰਗਾਰ ਕੀਤਾ ਹੋਇਆ ਮੇਰੇ ਪ੍ਰਭੂ ਨੂੰ ਭਾਂਵਦਾ ਹੈ, ਅਤੇ ਪ੍ਰੇਮੀਆਂ ਦਾ ਪ੍ਰੇਮ ਹਰੀ ਨੂੰ ਪਿਆਰਾ ਲਾਗੈ=ਲੱਗਦਾ ਹੈ।

ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ ਸਭਿ ਕਿਲਬਿਖ ਕਾਟੈ ਇਕ ਪਲ ਕਾ॥

ਰਾਤ-ਦਿਨੇ ਹਰਿ ਹਰਿ ਨਾਮ ਨੂੰ ਬੋਲਣਾ ਕਰੋ, ਇੱਕ ਪੱਲ ਦਾ ਸਿਮਰਨ ਕੀਤਾ ਹੋਇਆ ਸਭ ਪਾਪਾਂ ਨੂੰ ਕੱਟ ਦੇਂਦਾ ਹੈ।

ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ
ਸੋ ਗੁਰਮੁਖਿ ਹਰਿ ਜਪਿ ਜਿਣਕਾ॥ ੨੧॥ (ਪੰਨਾ ੬੫੧)

ਜਿਸ ਉੱਤੇ ਹਰ ਤਰ੍ਹਾਂ ਨਾਲ ਹਰਿ ਹਰਿ ਦਿਆਲੂ ਹੁੰਦਾ ਹੈ, ਉਹ ਗੁਰਮੁਖ ਗੁਰਾਂ ਦੁਆਰੇ ਹਰੀ ਨੂੰ ਜਪਕੇ ਮਨੁੱਖਾ ਜਨਮ ਨੂੰ ਜਿਣਕਾ=ਜਿੱਤ ਲੈਂਦਾ ਹੈ॥ ੨੧॥

ਸਲੋਕੁ ਮਃ ੩॥

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥

ਜਨਮਾਂ ਜਨਮਾਂਤਰਾਂ ਦੀ ਇਸ ਮਨ ਨੂੰ ਪਾਪਾਂ ਰੂਪੀ ਮੈਲ ਲਗੀ ਹੋਈ ਹੈ ਇਸ ਕਰਕੇ ਸਿਆਹ ਕਾਲਾ ਹੋ ਰਿਹਾ ਹੈ।

ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥॥

ਜਿਵੇਂ ਤੇਲੀ ਦੇ ਹੱਥ ਦੀ ਖੰਨਲੀ=ਲੀਰ*ਜਿਸ ਨਾਲ ਉਹ ਕੋਹਲੂ ਪੂੰਝਦਾ ਰਹਿੰਦਾ ਹੈ, ਉਹ ਧੋਤਿਆਂ ਹੋਇਆਂ ਉਜਲੀ=ਚਿੱਟੀ (ਸਾਫ) ਨਹੀਂ ਹੁੰਦੀ, ਚਾਹੇ ਜੇਕਰ ਸਉ=ਸੈਂਕੜੇ ਵਾਰ ਧੋਣਾ ਪਾਵੋ। ਉਸ ਨੂੰ ਨੱਤਾ ਭੀ ਕਹਿੰਦੇ ਹਨ, ਐਸੇ ਇਹ ਕਾਲਾ ਮਨ ਵੀ ਉੱਜਲਾ ਨਹੀਂ ਹੁੰਦਾ। ਇੱਕ ਗੱਲ ਹੈ, ਜੇਕਰ ਉਹ ਨੱਤਾ ਮਸਾਲਾ ਲਗਾਕੇ ਭੱਠੀ ਤੇ ਚਾੜ੍ਹਿਆ ਜਾਏ ਤਾਂ ਕੁਝਕੁ ਸਾਫ ਹੋ ਜਾਂਦਾ ਹੈ।

ਇਸੇ ਤਰ੍ਹਾਂ-ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥ (ਪੰਨਾ ੪੬੮)

ਗੁਰ-ਸਿੱਖਿਆ ਰੂਪ ਮਸਾਲਾ ਨਾਲ ਪਾਵੇ ਤਾਂ ਇਹ ਮਨ ਉੱਜਲਾ ਹੋ ਜਾਂਦਾ ਹੈ॥

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥

ਗੁਰਾਂ ਦੀ ਕਿਰਪਾ ਦੁਆਰਾ ਜੀਵਤ ਭਾਵ ਤੋਂ ਮਰੇ ਤਾਂ ਮਤੀ ਸੰਸਾਰ ਵੱਲੋਂ ਉਲਟ ਹੋਕੇ ਬਦਲ ਜਾਂਦੀ ਹੈ।

ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥ ੧॥

ਗੁਰੂ ਜੀ ਕਹਿੰਦੇ ਹਨ, ਇਹ ਗੱਲ ਕਰਨ ਨਾਲ ਫਿਰ ਇਸ ਨੂੰ ਪਾਪਾਂ ਰੂਪੀ ਮੈਲ ਨਹੀਂ ਲੱਗਦੀ, ਅਤੇ ਨਾ ਹੀ ਜੂਨੀਆਂ ਵਿਚ ਪੈਂਦਾ ਹੈ॥ ੧॥

---

*ਇਸ ਨੂੰ ਸੰਸਕ੍ਰਿਤ ਵਿਚ (ਖੁਣਜਤੈਲਾ) ਕਹਿੰਦੇ ਹਨ। (ਮਹਾਨ ਕੋਸ਼ ਦੇਖੋ) ''ਖੰਨਲੀ''

ਮਃ ੩ ॥ਚਹੁ ਜੁਗੀ ਕਲਿ ਕਾਲੀ ਕਾਂਢੀ ਇਕ ਉਤਮ ਪਦਵੀ ਇਸੁ ਜੁਗ ਮਾਹਿ॥

ਚਾਰੇ ਜੁਗਾਂ ਵਿਚੋਂ ਕਲਜੁਗ ਦੀ ਕਿਰਿਆ ਕਾਲੀ=ਪਾਪਾਂ ਵਾਲੀ ਕਾਂਢੀ=ਕਹੀਂਦੀ ਹੈ, ਪ੍ਰੰਤੂ ਇਸ ਕਲਜੁਗ ਦੇ ਵਿਚ ਇੱਕ ਉੱਤਮ ਪਦਵੀ ਇਹ ਹੈ:-

ਗੁਰਮੁਖਿ ਹਰਿ ਕੀਰਤਿ ਫਲੁ ਪਾਈਐ ਜਿਨ ਕਉ ਹਰਿ ਲਿਖਿ ਪਾਹਿ॥

ਗੁਰਾਂ ਦੁਆਰੇ ਹਰੀ ਦੀ ਕੀਰਤੀ ਕਰੇ, ਤਾਂ ਗਿਆਨ ਫਲ ਨੂੰ ਪਾਂਵਦਾ ਹੈ,

ਅਥਵਾ:-ਮਨੁੱਖ ਜਨਮ ਦੀ ਸਫਲਤਾ ਰੂਪੀ ਫਲ ਨੂੰ ਪਾਂਵਦਾ ਹੈ। ਪ੍ਰੰਤੂ ਇਹ ਕੀਰਤੀ ਕਰਨੀ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਦੇ ਮੱਥੇ ਉੱਪਰ ਹਰੀ ਨੇ ਸ਼ੁਭ ਲੇਖ ਲਿਖ ਪਾਇਆ ਹੈ।

ਨਾਨਕ ਗੁਰ ਪਰਸਾਦੀ ਅਨਦਿਨੁ ਭਗਤਿ ਹਰਿ ਉਚਰਹਿ
ਹਰਿ ਭਗਤੀ ਮਾਹਿ ਸਮਾਹਿ॥ ੨ ॥

ਗੁਰੂ ਜੀ ਕਹਿੰਦੇ ਹਨ, ਗੁਰ ਕਿਰਪਾ ਦੁਆਰਾ ਰਾਤ ਦਿਨੇ ਹਰੀ ਦੀ ਭਗਤੀ ਨੂੰ ਉਚਾਰੇ, ਤਾਂ ਹਰੀ ਦੀ ਭਗਤੀ ਵਿਚ ਦੀ ਸਮਾ ਜਾਂਦਾ ਹੈ॥ ੨॥

ਪਉੜੀ॥ ਹਰਿ ਹਰਿ ਮੇਲਿ ਸਾਧ ਜਨ ਸੰਗਤਿ
ਮੁਖਿ ਬੋਲੀ ਹਰਿ ਹਰਿ ਭਲੀ ਬਾਣਿ॥

ਹੇ ਹਰਿ ਹਰਿ ! ਸੰਤ ਜਨਾਂ ਦੀ ਸਤਸੰਗਤ ਵਿਚ ਤੂੰ ਮੈਨੂੰ ਹਰ ਸਮੇਂ ਮੇਲਣਾ ਕਰ, ਜੋ ਮੂੰਹ ਤੋਂ ਹਰਿ ਹਰੀ ਦੀ ਭਲੀ ਬਾਣੀ ਨੂੰ ਉਚਾਰਨਾ ਕਰਾਂ।

ਹਰਿ ਗੁਣ ਗਾਵਾ ਹਰਿ ਨਿਤ ਚਵਾ ਗੁਰਮਤੀ ਹਰਿ ਰੰਗੁ ਸਦਾ ਮਾਣਿ॥

ਹਰੀ ਗੁਣਾਂ ਨੂੰ ਗਾਵਣਾ ਕਰਾਂ, ਨਿਤਾਪ੍ਰਤੀ ਹਰੀ ਨਾਮਾਂ ਨੂੰ ਚਵਾ=ਉਚਾਰਨਾ ਕਰਾਂ, ਗੁਰ-ਸਿੱਖਿਆ ਦੁਆਰੇ ਸਦਾ ਹਰੀ ਦੇ ਅਨੰਦ ਨੂੰ ਮਾਣਿ=ਭੋਗਣਾ ਕਰਾਂ।

ਹਰਿ ਜਪਿ ਜਪਿ ਅਉਖਧ ਖਾਧਿਆ ਸਭਿ ਰੋਗ ਗਵਾਤੇ ਦੁਖਾ ਘਾਣਿ॥

ਹਰੀ ਜਪ ਨੂੰ ਜਪਣੇ ਰੂਪ ਅਉਖਧ=ਦਵਾਈ ਦੇ ਖਾਣ ਨਾਲ ਦੁੱਖਾਂ ਦੀ ਘਾਣਿ=ਘਾਣੀ ਜੋ ਰੋਗ ਹਨ ਉਹ ਸਭ ਗੁਆ ਦਿੱਤੇ ਹਨ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ॥

ਜਿਨ੍ਹਾਂ ਨੂੰ ਅੰਦਰ-ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਹਰੀ ਵਿਸਰਦਾ ਨਹੀਂ, ਉਹ ਹਰੀ ਦੇ ਸਹੀ=ਨਿਸਚੇ ਕਰਕੇ ਪੂਰਨ ਸੇਵਕ-ਜਨ ਜਾਣੋ।

ਜੋ ਗੁਰਮੁਖਿ ਹਰਿ ਆਰਾਧਦੇ ਤਿਨ ਚੂਕੀ ਜਮ ਕੀ ਜਗਤ ਕਾਣਿ॥ ੨੨ ॥

ਜੋ ਗੁਰਮੁਖ -ਜਨ ਗੁਰਾਂ ਦੁਆਰੇ ਹਰੀ ਨਾਮ ਨੂੰ ਅਰਾਧਦੇ ਹਨ, ਉਹਨਾਂ ਦੀ ਜਗਤ ਵਿਚ ਜਮਾਂ ਦੀ ਕਾਣ-ਕਨੌਡ ਚੁੱਕ ਗਈ ਹੈ।

ਅਥਵਾ:-ਜਮਾਂ ਦੀ ਤੇ ਜਗਤ ਦੀ ਦੋਹਾਂ ਦੀ ਕਾਣ ਚੁੱਕ ਗਈ ਹੈ॥ ੨੨॥

ਸਲੋਕੁ ਮਃ ੩॥ ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ॥

ਹੇ ! ਉਥਾਰੇ ਵਿਚ ਦੱਬੇ ਹੋਏ ਪੁਰਸ਼ਾ! ਅਰਥਾਤ ਛਾਤੀ ਉਤੇ ਹੱਥ ਰੱਖਕੇ ਗਾੜ੍ਹੀ ਨੀਂਦ ਵਿਚ ਸੋਣ ਵਾਲੇ ਪੁਰਸ਼ਾ! ਸਾਰੀ ਰਾਤ ਤੇਰੀ ਸੁੱਤਿਆਂ ਹੋਇਆਂ ਵਿਹਾਇ=ਬਤੀਤ ਹੋ ਗਈ ਹੈ।

ਅਥਵਾ:-ਹੇ ਮੋਹ ਰੂਪ ਉਥਾਰੇ ਵਿਚ ਦੱਬੇ ਹੋਏ ਪੁਰਸ਼ਾ ! ਅਵਿੱਦਿਆ ਰੂਪ ਨੀਂਦ ਵਿਚ ਸੁੱਤਿਆਂ ਹੋਇਆਂ ਤੇਰੀ ਸਾਰੀ ਅਵਸਥਾ ਰੂਪੀ ਰਾਤ ਬਤੀਤ ਹੋ ਗਈ ਹੈ।

ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ॥

ਤੂੰ ਸਤਿਗੁਰਾਂ ਦਾ ਸ਼ਬਦ ਸੁਣਕੇ ਭੀ ਜਾਗਿਆ ਨਹੀਂ, ਗ਼ਫਲਤ ਦੀ ਨੀਂਦ ਵਿਚ ਸੁੱਤਾ ਰਿਹਾ, ਤੇਰੇ ਅੰਦਰ ਵਾਹਿਗੁਰੂ ਦਾ ਉਤਸ਼ਾਹ ਨਾ ਪੈਦਾ ਹੋਇਆ।

ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ॥

ਜੋ ਸ਼ੁਭ ਗੁਣਾਂ ਤੋਂ ਬਾਹਰ ਹੈ ਅਤੇ ਗੁਰਾਂ ਦੀ ਸੇਵਾ ਰੂਪ ਕਾਰ ਨੂੰ ਨਹੀਂ ਕਮਾਉਂਦਾ ਉਹ ਸਰੀਰ ਜਲਉ=ਸੜ ਜਾਵੇ।

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ॥
ਨਾਨਕ ਗੁਰ ਸਰਣਾਈ ਉਬਰੇ ਸਚੁ ਮਨਿ ਸਬਦਿ ਧਿਆਇ॥ ੧॥

ਹਉਮੈ ਅਤੇ ਦ੍ਵੈਤ ਭਾਵ ਦੀ ਅੱਗ ਵਿਚ ਜਗਤ ਨੂੰ ਸੜਦਿਆਂ ਹੋਇਆਂ ਮੈਂ ਵੇਖਿਆ ਹੈ। ਗੁਰੂ ਜੀ ਕਹਿੰਦੇ ਹਨ, ਗੁਰਾਂ ਦੀ ਸ਼ਰਨ ਗ੍ਰਹਿਣ ਕਰਕੇ ਜੋ ਸੱਚੇ ਮਨ ਨਾਲ ਸ਼ਬਦ ਨੂੰ ਧਿਆਉਂਦੇ ਹਨ,

ਅਥਵਾ:-ਗੁਰ-ਸ਼ਬਦ ਦੁਆਰਾ ਮਨ ਵਿਚ ਸੱਚੇ ਨਾਮ ਨੂੰ ਧਿਆਉਂਦੇ ਹਨ ਉਹ ਪੁਰਸ਼ ਤਰ ਗਏ ਹਨ॥ ੧॥

ਮਃ ੩॥ ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ॥
ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ॥

ਸਬਦਿ=ਗੁਰ ਉਪਦੇਸ਼ ਵਿਚ ਰਤੇ=ਤਦਾਕਾਰ ਹੋਣ ਕਰਕੇ ਜਿਸ ਦੀ ਹਉਮੈ ਗਈ ਹੈ ਉਹ ਇਸਤ੍ਰੀ ਸੋਭਾ ਵਾਲੀ ਹੋਈ ਹੈ। ਪਿਰੀ ਪਰਮਾਤਮਾ ਦੇ ਹੁਕਮ ਵਿਚ ਹਮੇਸ਼ਾਂ ਚਲੇ, ਤਾਂ ਇਸ ਦਾ ਸ਼ਿੰਗਾਰ ਬਣਿਆਂ ਸਫਲਾ ਹੈ।

ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ॥

ਸ਼ੋਭਨੀਕ ਸ਼ਰਧਾ ਵਸਿਸ਼ਟ ਅੰਤਹਕਰਨ ਰੂਪ ਸੇਜਾ ਉੱਤੇ ਜੋ ਸਦਾ ਪਿਰੀ ਨੂੰ ਰਾਵੈ=ਰਾਵਦੀ ਹੈ, ਉਸ ਨਾਰੀ ਨੇ ਹਰੀ ਰੂਪ ਪਤੀ ਨੂੰ ਪਾਇਆ ਹੈ।

ਨਾ ਹਰਿ ਮਰੈ ਨ ਕਦੇ ਦੁਖੁ ਲਾਗੈ ਸਦਾ ਸੁਹਾਗਣਿ ਨਾਰਿ॥

ਹਰੀ ਮਰਦਾ ਨਹੀਂ ਹੈ, ਇਸ ਕਰਕੇ ਨਾ ਹੀ ਉਸ ਔਰਤ ਨੂੰ ਕਦੇ ਦੁੱਖ ਲੱਗਦਾ ਹੈ, ਇਸੀ ਕਰਕੇ ਉਹ ਨਾਰੀ ਸਦਾ ਸੁਹਾਗਣ ਹੈ।

ਨਾਨਕ ਹਰਿ ਪ੍ਰਭ ਮੇਲਿ ਲਈ ਗੁਰ ਕੈ ਹੇਤਿ ਪਿਆਰਿ॥ ੨ ॥

ਗੁਰੂ ਜੀ ਕਹਿੰਦੇ ਹਨ, ਪਿਆਰਿ=ਪਿਆਰਿਆਂ ਗੁਰਾਂ ਵਿਚ ਹੇਤਿ=ਪ੍ਰੇਮ ਕਰਨ ਨਾਲ ਹਰੀ ਪ੍ਰਭੂ ਨੇ ਆਪਣੇ ਨਾਲ ਮੇਲ ਲੈਣਾ ਕੀਤਾ ਹੈ॥ ੨ ॥

ਪਉੜੀ॥ ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥

ਜਿਨ੍ਹਾਂ ਪੁਰਸ਼ਾਂ ਨੇ ਆਪਣਾ ਗੁਰੂ ਗੋਪਿਆ=ਛਪਾਇਆ ਹੈ, ਜਿਸ ਵੇਲੇ ਕਿਸੇ ਨੇ ਪੁੱਛਿਆ, "ਤੇਰਾ ਗੁਰੂ ਕੌਣ ਹੈ?" ਉੱਤਰ:-ਮੈਂ ਸੁਤੇ ਹਾਂ, ਮੇਰਾ ਗੁਰੂ ਕੋਈ ਨਹੀਂ, ਮੈਂ ਆਪਣੇ ਆਪ ਹੀ ਤੇਜ਼ ਪ੍ਰਤਾਪੀ ਹੋਇਆ ਹਾਂ। ਐਸੇ ਕਹਿਣ ਵਾਲੇ ਜੋ ਪੁਰਸ਼ ਹਨ, ਤੇ=ਉਹ ਮਨੁੱਖ ਬੁਰੇ ਹਨ। ਹੇ ਹਰਿ ਜੀ! ਉਨ੍ਹਾਂ ਅਜੇਹੇ ਪੁਰਸ਼ਾਂ ਦਾ ਦਰਸ਼ਨ ਮੈਨੂੰ ਨਾ ਕਰਹੁ=ਕਰਾਓ ਉਹਨਾਂ ਬੁਰਿਆਂ ਦਾ ਪਾਪਿਸਟ=ਪਾਪ ਹੀ ਇਸ਼ਟ ਦੇਵ ਹੈ ਅਤੇ ਉਹ ਬੜੇ ਹਤਿਆਰੇ ਹਨ, ਭਾਵ ਸਾਰਿਆਂ ਨੂੰ ਮਾਰਨ ਵਾਲੇ ਹਨ।

ਯਥਾ:-ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥

(ਗਉੜੀ ਸੁਖਮਨੀ, ਪੰਨਾ ੨੮੦)

ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥

ਉਹ ਕੁਸੁਧ=ਅਪਵਿੱਤ੍ਰ ਮਨ ਵਾਲੇ ਜੂਨੀਆਂ ਰੂਪੀ ਘਰ-ਘਰ ਵਿਚ ਐਸੇ ਫਿਰਦੇ ਹਨ, ਜਿਵੇਂ ਧੜੇਲ ਔਰਤ* ਘਰ-ਘਰ ਵਿਚ ਫਿਰਦੀ ਹੈ।

ਅਥਵਾ:-ਜਿਸ ਤਰ੍ਹਾਂ ਪਤੀ ਦੀ ਧਰਕਟ=ਧਿਰਕਾਰੀ ਯਾਨੇ ਫਿਟਕਾਰੀ ਹੋਈ ਔਰਤ ਫਿਰਦੀ ਹੈ।

ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ॥
ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ॥ ੨੩ ॥

ਜੋ ਵਡਭਾਗੀ ਪੁਰਸ਼ ਸਤਸੰਗਤ ਵਿਚ ਮਿਲੇ ਹਨ, ਮੁਖ ਗੁਰਾਂ ਨੇ ਉਹਨਾਂ ਦੀ ਬੁੱਧੀ ਸਵਾਰੀ ਹੈ। ਹੇ ਹਰੀ! ਦਇਆ ਕਰਕੇ ਸਤਿਗੁਰਾਂ ਨਾਲ ਮੇਲਣਾ ਕਰੋ, ਮੈ ਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨੩ ॥

ਸਲੋਕੁ ਮਃ ੩॥ ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਸੁਖ ਉਤਪੰਨ ਹੁੰਦਾ ਹੈ, ਜੋ ਪੁਰਸ਼ ਨੇਮ ਨਾਲ ਗੁਰਾਂ ਦੀ ਸੇਵਾ ਕਰਦਾ ਹੈ ਉਸ ਨੂੰ ਫਿਰ ਦੁੱਖ ਆ ਕੇ ਨਹੀਂ ਲੱਗਦਾ।

ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ॥

ਉਸ ਦਾ ਜੰਮਣਾ ਮਰਨਾ ਦੂਰ ਹੋ ਗਿਆ ਹੈ ਅਤੇ ਉਸ ਉੱਤੇ ਕਾਲ ਦਾ ਕੁਝ ਵਸ ਨਹੀਂ ਚਲਦਾ।

---

*ਧੜੇਲ ਔਰਤ ਉਸ ਨੂੰ ਕਹਿੰਦੇ ਹਨ ਜੋ ਪਤੀ ਦੇ ਧਰ=ਆਸਰੇ ਤੋਂ ਕੱਟੀ ਹੋਵੇ।

ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ॥
ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ॥੧॥

ਉਸ ਦਾ ਮਨ ਹਰੀ ਦੇ ਨਾਲ ਰਵਿ ਰਹਿਆ=ਮਿਲ ਰਿਹਾ ਹੈ, ਇਸੀ ਤੇ ਉਹ ਸੱਚੇ ਵਿਚ ਅਭੇਦ ਹੋ ਰਿਹਾ ਹੈ। ਗੁਰੂ ਜੀ ਕਹਿੰਦੇ ਹਨ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ, ਜੋ ਪੁਰਸ਼ ਸਤਿਗੁਰਾਂ ਦੀ ਭਾਇ=ਆਗਿਆ ਵਿਚ ਚਲਦੇ ਹਨ॥ ੧॥

ਮਃ ੩॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ॥

ਸਬਦੈ=ਗੁਰ ਸ਼ਬਦ ਤੋਂ ਬਿਨਾਂ ਮਨ ਸ਼ੁੱਧ ਨਹੀਂ ਹੁੰਦਾ, ਚਾਹੇ ਜੇਕਰ ਅਨੇਕਾਂ ਹੀ ਕਰਮਾਂ ਰੂਪੀ, ਅਥਵਾ:-ਸਾਧਨਾਂ ਰੂਪੀ ਸ਼ਿੰਗਾਰ ਕਰੇ।

(ਪੰਨਾ ੬੫੨)

ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ॥
ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ॥੨॥

ਜੋ ਇਸਤ੍ਰੀ ਆਪਣੇ ਪਤੀ-ਪਰਮਾਤਮਾ ਦੀ ਸਾਰ ਨਹੀਂ ਜਾਣਦੀ, ਤੇ ਦ੍ਵੈਤ ਭਾਉ ਵਿਚ ਪ੍ਰੇਮ ਕਰਦੀ ਹੈ। ਉਹ ਇਸਤ੍ਰੀ ਕੁਸੁਧ=ਅਪਵਿੱਤ੍ਰ ਅਤੇ ਉਹ ਇਸਤ੍ਰੀ ਖੋਟੇ ਲਖਸ਼ਣਾਂ ਵਾਲੀ ਹੈ, ਅਥਵਾ:-ਸ਼ੁਭ ਗੁਣਾਂ ਰੂਪੀ ਕੁਲ ਦੇ ਖੈ ਕਰਨ ਵਾਲੀ ਹੈ, ਗੁਰੂ ਜੀ ਕਹਿੰਦੇ ਹਨ, ਇਸਤ੍ਰੀਆਂ ਵਿਚੋਂ ਉਹ ਕੁ+ਨਾਰਿ=ਖੋਟੀ ਇਸਤ੍ਰੀ ਹੈ॥ ੨॥

ਪਉੜੀ॥ ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ॥

ਹੇ ਹਰਿ ਹਰਿ ! ਤੂੰ ਆਪਣੀ ਕਿਰਪਾ ਕਰ, ਤਾਂ ਕਿ ਮੈਂ ਆਪਣੇ ਮੂੰਹ ਤੋਂ ਹਰਿ ਨਾਮ ਰੂਪ ਬੈਣੀ=ਬਾਣੀ ਨੂੰ ਬੋਲੀ=ਬੋਲਾਂ।

ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ॥

ਹਰੀ ਨਾਮ ਨੂੰ ਧਿਆਉਣਾ ਕਰਾਂ, ਹਰੀ ਨਾਮ ਨੂੰ ਉਚਾਰਨਾ ਕਰਾਂ, ਹਰੀ ਦੀ ਪ੍ਰਾਪਤੀ ਰੂਪ ਲਾਭ ਨੂੰ ਲੈਣੀ=ਲੈਣਾ ਕਰਾਂ।

ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ॥

ਜੋ ਪੁਰਸ਼ ਰਾਤ ਦਿਨੇ ਹਰਿ ਹਰਿ ਨੂੰ ਜਪਦੇ ਹਨ, ਉਹਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ।

ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ॥

ਜਿਨ੍ਹਾਂ ਨੇ ਮੇਰੇ ਪਿਆਰੇ ਸਤਿਗੁਰਾਂ ਨੂੰ ਅਰਾਧਿਆ ਹੈ, ਉਹਨਾਂ ਜਨਾਂ ਦੇ ਦਰਸ਼ਨ ਨੂੰ ਮੈਂ ਨੈਣੀ=ਅੱਖਾਂ ਨਾਲ ਦੇਖਾ=ਦੇਖਦਾ ਹਾਂ।

ਹਉ ਵਾਰਿਆ ਅਪਣੇ ਗੁਰੂ ਕਉ
ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ॥ ੨੪॥

ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਗੁਰਾਂ ਨੇ ਮੇਰਾ ਸੈਣੀ=ਸਾਥੀ ਜੋ ਹਰੀ ਸੱਜਣ ਹੈ ਉਸ ਨਾਲ ਮੇਲਿਆ ਹੈ॥ ੨੪॥

ਸਲੋਕੁ ਮਃ ੪॥

ਉਥਾਨਕਾ:–ਹਰੀ ਦੀ ਪ੍ਰੀਤੀ ਕਿਸ ਨਾਲ ਹੈ ? ਹਰੀ ਮਿੱਤਰ ਕਿਸਦਾ ਹੈ, ਹਰੀ ਕਿਸ ਦੇ ਵਸੀਕਾਰ ਹੈ। ਪਹਿਲੀ ਤੁਕ ਵਿਚ ਦੋ ਪ੍ਰਸ਼ਨਾਂ ਦਾ ਉੱਤਰ ਦੇਂਦੇ ਹਨ:-

ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ॥

੧. ਹਰੀ ਆਪਣੇ ਦਾਸਾਂ ਨਾਲ ਪਰੀਤੀ ਕਰਦਾ ਹੈ? ੨. ਹਰੀ ਆਪਣੇ ਦਾਸਾਂ ਦਾ ਮਿੱਤਰ ਹੈ। ਹੁਣ ਤੀਜੇ ਪ੍ਰਸ਼ਨ (ਹਰੀ ਕਿਸ ਦੇ ਵੱਸ ਹੈ) ਦਾ ਉੱਤਰ ਦੇਂਦੇ ਹਨ:-

ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ॥

ਹਰੀ ਅਪਣਿਆਂ ਦਾਸਾਂ ਦੇ ਇਸ ਤਰ੍ਹਾਂ ਵੱਸ ਵਿਚ ਹੈ, ਜਿਉ=ਜਿਵੇਂ ਜੰਤੁ=ਵਾਜਾ=ਜੰਤੀ=ਜੰਤ੍ਰੀ ਭਾਵ ਵਜਾਉਣ ਵਾਲੇ ਪੁਰਸ਼ ਦੇ ਵਸ ਵਿਚ ਹੁੰਦਾ ਹੈ।

ਹਰਿ ਕੇ ਦਾਸ ਹਰਿ ਧਿਆਇਦੇ ਕਰਿ ਪ੍ਰੀਤਮ ਸਿਉ ਨੇਹੁ॥

ਹਰੀ ਦੇ ਦਾਸ ਹਰੀ ਨੂੰ ਹੀ ਧਿਆਉਂਦੇ ਹਨ, ਅਤੇ ਓਸੇ ਪ੍ਰੀਤਮ ਹਰੀ ਨਾਲ ਹੀ ਨੇਹੁ ਕਰਿ=ਪ੍ਰੇਮ ਕਰਦੇ ਹਨ।

ਕਿਰਪਾ ਕਰਿ ਕੈ ਸੁਨਹੁ ਪ੍ਰਭ ਸਭ ਜਗ ਮਹਿ ਵਰਸੈ ਮੇਹੁ॥

ਹੇ ਪ੍ਰਭੂ ! ਕਿਰਪਾ ਕਰਕੇ ਅਸਾਡੀ ਅਰਦਾਸ ਸੁਣੋ, ਸਾਰੇ ਸੰਸਾਰ ਵਿਚ ਆਪ ਕਿਰਪਾ ਦਾ ਮੀਂਹ ਵਰਸਾਉਣਾ ਕਰੋ। ਅਥਵਾ:-ਸਾਰੇ ਸੰਸਾਰ ਵਿਚ ਗੁਰੂ ਰੂਪ ਬੱਦਲ, ਉਪਦੇਸ਼ ਜਲ ਦੀ ਵਰਖਾ ਕਰਨ।

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥

ਹੇ ਹਰੀ ! ਜੋ ਆਪ ਜੀ ਦੇ ਦਾਸਾਂ ਦੀ ਉਸਤਤੀ ਹੈ, ਓਹੀ ਹੇ ਹਰੀ ! ਆਪ ਜੀ ਦੀ ਵਡਿਆਈ ਹੈ।

ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ॥

ਹੇ ਹਰੀ ! ਜਦ ਤੈਨੂੰ ਆਪਣੀ ਵਡਿਆਈ ਕਰਾਉਣੀ ਭਾਂਵਦੀ ਹੈ, ਤਦ ਤੂੰ ਆਪਣਿਆਂ ਜਨਾਂ ਦੇ ਜੈ ਜੈ ਕਾਰੇ ਕਰਾਉਂਦਾ ਹੈਂ।

ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿਜਨੁ ਇਕ ਸਮਾਨਿ॥

ਹੇ ਹਰੀ ! ਓਹੀ ਜਨ ਤੇਰੇ ਨਾਮ ਨੂੰ ਧਿਆਉਂਦਾ ਹੈ, ਹੇ ਹਰੀ ! ਤੂੰ ਅਤੇ ਹੇ ਹਰੀ ! ਆਪ ਦਾ ਜੋ ਸੇਵਕ-ਜਨ ਹੈ ਦੋਨੋਂ ਇੱਕ ਸਮਾਨ ਹਨ।

ਯਥਾ:- ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥

ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੨॥ ੬੦॥ (ਦਸਮ ਗ੍ਰੰਥ,ਪੰਨਾ ੫੯)

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਪੈਜ ਰਖਹੁ ਭਗਵਾਨ॥ ੧॥

ਗੁਰੂ ਜੀ ਕਹਿੰਦੇ ਹਨ, ਹੇ ਹਰੀ ! ਮੈਂ ਜਨ ਵੀ ਆਪ ਦਾ ਦਾਸ ਹਾਂ, ਹੇ ਭਗਵਾਨ ! ਹਰ ਤਰ੍ਹਾਂ ਨਾਲ ਮੇਰੀ ਪੈਜ ਰੱਖਣਾ ਕਰੋ॥ ੧॥

ਮਃ ੪॥ ਨਾਨਕ ਪ੍ਰੀਤਿ ਲਾਈ ਤਿਨਿ ਸਾਚੈ ਤਿਸੁ ਬਿਨੁ ਰਹਣੁ ਨ ਜਾਈ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ॥ ੨॥

ਗੁਰੂ ਜੀ ਕਥਨ ਕਰਦੇ ਹਨ; ਉਸ ਸੱਚੇ ਵਾਹਿਗੁਰੂ ਨੇ ਮੇਰੇ ਅੰਦਰ ਪ੍ਰੀਤੀ ਲਗਾਈ ਹੈ, ਉਸ ਤੋਂ ਬਿਨਾਂ ਹੁਣ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ। ਸਤਿਗੁਰਾਂ ਨਾਲ ਮਿਲਕੇ ਰਸਨਾਂ ਹਰੀ ਰਸ ਵਿਚ ਰਸਾਈ ਜਾਵੇ, ਤਾਂ ਹੀ ਪੂਰਾ ਪਰਮੇਸ਼ਰ ਪਾਈਦਾ ਹੈ॥ ੨॥

ਪਉੜੀ॥ ਰੈਣਿ ਦਿਨਸੁ ਪਰਭਾਤਿ ਤੁਹੈ ਹੀ ਗਾਵਣਾ॥

ਰਾਤ ਦਿਨੇ ਪਰਭਾਤਿ=ਅੰਮ੍ਰਿਤ ਵੇਲੇ ਤੇ ਸੰਧਿਆ ਵੇਲੇ ਹੇ ਵਾਹਿਗੁਰੂ ! ਅਸੀ ਤੇਰੇ ਹੀ ਜਸ ਨੂੰ ਗਾਂਵਦੇ ਹਾਂ।

ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ॥

ਜਿਤਨੇ ਕੁ ਸੂਖਮ ਸਥੂਲ ਜੀਵ ਜੰਤ ਹਨ ਉਹ ਸਾਰੇ ਹੀ ਆਪ ਜੀ ਦੇ ਨਾਮ ਨੂੰ ਧਿਆਉਣਾ ਕਰਦੇ ਹਨ।

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥
ਭਗਤ ਜਨਾ ਕੈ ਸੰਗਿ ਪਾਪ ਗਵਾਵਣਾ॥

ਹੇ ਪਰਮਾਤਮਾ ! ਤੂੰ ਦਾਤਿਆਂ ਦਾ ਭੀ ਦਾਤਾ ਹੈਂ ਸਭ ਕੋਈ ਤੇਰਾ ਦਿੱਤਾ ਖਾਂਵਦਾ ਹੈ। ਭਗਤ ਜਨਾਂ ਦੇ ਨਾਲ ਮਿਲਣ ਕਰਕੇ ਪਾਪਾਂ ਦਾ ਗੁਆਉਣਾ ਹੁੰਦਾ ਹੈ।

ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ॥ ੨੫॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਸਦਾ ਬਲਿਹਾਰ ਜਾਣੇ ਵਾਲਾ ਹੋ ਕੇ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨੫॥

ਸਲੋਕੁ ਮਃ ੪॥

ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ॥

ਹਿਰਦੇ ਅੰਦਰ ਅਗਿਆਨ ਹੋਣ ਕਰਕੇ ਇਸ ਦੀ ਮਤੀ ਮਧਿਮ ਹੋ ਰਹੀ ਹੈ, ਇਸੀ ਤੇ ਸਤਿਗੁਰਾਂ ਉੱਤੇ ਇਸ ਦੀ ਪ੍ਰਤੀਤੀ ਨਹੀਂ ਹੈ।

ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ॥

ਜਿਸ ਦੇ ਆਪਣੇ ਦਿਲ ਅੰਦਰ ਕਪਟ ਹੈ, ਉਹ ਸਾਰਿਆਂ ਨੂੰ ਕਪਟੀ ਕਰਕੇ ਜਾਣਦਾ ਹੈ, ਕਪਟ ਵਿਚ ਆਪ ਖਪਦਾ ਹੈ ਤੇ ਹੋਰਨਾਂ ਨੂੰ ਖਪਾਉਂਦਾ ਹੈ।

ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ॥

ਸਤਿਗੁਰਾਂ ਦਾ ਹੁਕਮ ਇਸ ਨੂੰ ਚੇਤੇ ਨਹੀਂ ਆਉਂਦਾ, ਅਤੇ ਆਪਣੇ ਸੁਆਇ=ਪ੍ਰਯੋਜਨ (ਮਤਲਬ) ਵਿਚ ਫਿਰਦਾ ਹੈ।

ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ॥ ੧॥

ਵਾਹਿਗੁਰੂ ਜੇ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤਾਂ ਇਹ ਜੀਵ ਗੁਰਾਂ ਦੇ ਸ਼ਬਦ ਵਿਚ ਸਮਾਉਂਦਾ ਹੈ॥ ੧॥

ਮਃ ੪ ॥ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥

ਮਨਮੁਖ ਪੁਰਸ਼ ਮਾਇਆ ਦੇ ਮੋਹ ਵਿਚ ਵਿਆਪੇ=ਲੱਗ ਰਹੇ ਹਨ, ਦ੍ਵੈਤ ਭਾ ਕਰਕੇ ਮਨਮੁਖਾਂ ਦਾ ਮਨ ਸਥਿਰ ਨਹੀਂ ਰਹਿੰਦਾ।

ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥

ਰਾਤ ਦਿਨੇ ਅਨਦਿਨੁ=ਇੱਕ-ਰਸ (ਲਗਾਤਾਰ) ਤ੍ਰਿਸ਼ਨਾਂ ਅੱਗ ਵਿਚ ਸੜਦੇ ਰਹਿੰਦੇ ਹਨ, ਹਉਮੈ ਵਿਚ ਆਪ ਖਪਦੇ ਤੇ ਹੋਰਨਾਂ ਨੂੰ ਖਪਾਉਂਦੇ ਹਨ।

ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ॥
ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ॥

ਪਦਾਰਥਾਂ ਦੇ ਲੋਭ ਕਰਕੇ ਜਿਨ੍ਹਾਂ ਦੇ ਅੰਦਰ ਮਹਾਂ ਗੁਬਾਰਾ=ਅੰਧਕਾਰ ਹੈ, ਉਹਨਾਂ ਦੇ ਪਾਸ ਕੋਈ ਨਹੀਂ ਜਾਂਦਾ। ਉਹ ਹਮੇਸ਼ਾਂ ਆਪ ਦੁਖੀ ਰਹਿੰਦੇ ਹਨ, ਕਦੇ ਭੀ ਸੁਖ ਨਹੀਂ ਪਾਉਂਦੇ, ਜੰਮਦੇ ਮਰਦੇ ਪੁਨਾ ਮਰਦੇ ਜੰਮਦੇ ਹਨ।

ਨਾਨਕ ਬਖਸਿ ਲਏ ਪ੍ਰਭੁ ਸਾਚਾ ਜਿ ਗੁਰ ਚਰਨੀ ਚਿਤੁ ਲਾਹਿ॥ ੨॥

ਗਰੂ ਜੀ ਕਹਿੰਦੇ ਹਨ, ਸੱਚਾ ਪ੍ਰਭੂ ਉਹਨਾਂ ਨੂੰ ਬਖਸ਼ ਲੈਂਦਾ ਹੈ, ਜਿਹੜੇ ਮਨੁੱਖ ਗੁਰ-ਚਰਨਾਂ ਵਿਚ ਚਿੱਤ ਨੂੰ ਲਗਾਉਂਦੇ ਹਨ॥ ੨॥

ਪਉੜੀ॥ ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ॥
ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ॥

ਸੰਤ ਭੀ ਓਹੀ ਪ੍ਰਮਾਨੀਕ ਹੈ, ਭਗਤ ਭੀ ਓਹੀ ਪ੍ਰਮਾਨੀਕ ਹੈ, ਜੋ ਪ੍ਰਭੂ ਪਰਮਾਤਮਾ ਨੂੰ ਭਾ ਗਿਆ ਹੈ, ਓਹੀ ਪੁਰਸ਼ ਬਿਚਖਣ=ਚਤੁਰ ਹਨ। ਅਥਵਾ:-ਬਿ=ਦ੍ਵੈਤ ਨੂੰ ਚ=ਪੁਨਾ ਖਨਣੇ (ਨਾਸ ਕਰਨ) ਵਾਲੇ ਹਨ।

ਅਥਵਾ:-ਬਿ=ਵਿਸ਼ੇਸ਼ ਕਰਕੇ ਗਿਆਨ ਵੈਰਾਗ ਰੂਪ ਚਖਣ (ਚਖਸ਼ੂ)=ਅੱਖਾਂ ਵਾਲੇ ਹਨ, ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਇਆ ਹੈ।

ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ॥
ਸੰਤ ਜਨਾ ਕੀ ਧੂਰਿ ਮਸਤਕਿ ਲਾਇਆ॥

ਉਹਨਾਂ ਨੇ ਨਿੱਧੀਆਂ ਦੇ ਨਿਧਾਨੁ=ਖਜ਼ਾਨੇ ਨਾਮ ਅੰਮ੍ਰਿਤ ਰੂਪ ਭੋਜਨ ਖਾਧਾ ਹੈ। ਅਤੇ ਸੰਤ ਜਨਾਂ ਦੇ ਪਵਿੱਤ੍ਰ ਚਰਨਾਂ ਦੀ ਧੂਰਿ=ਧੂੜੀ ਨੂੰ ਮਸਤਕਿ=ਮੱਥੇ ਉੱਪਰ ਲਗਾਇਆ ਹੈ।

ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ ॥ ੨੬ ॥

ਗੁਰੂ ਜੀ ਕਹਿੰਦੇ ਹਨ, ਉਹ ਪੁਰਸ਼ ਪਵਿੱਤ੍ਰ ਹੋਏ ਹਨ, ਜਿਨ੍ਹਾਂ ਨੇ ਹਰੀ ਨਾਮ ਰੂਪ ਤੀਰਥ ਉੱਪਰ ਨਾਇਆ=ਇਸ਼ਨਾਨ ਕੀਤਾ ਹੈ॥ ੨੬ ॥

(ਪੰਨਾ ੬੫੩)

ਸਲੋਕੁ ਮਃ ੪ ॥ ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥
ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ ॥

ਗੁਰਮਖਾਂ ਦੇ ਹਿਰਦੇ ਅੰਦਰ ਸ਼ਾਂਤੀ ਹੈ, ਕਿਉਂਕਿ ਉਹ ਮਨੋਂ ਤਨੋਂ ਹੋ ਕੇ ਨਾਮੀ ਦੇ ਨਾਮ ਵਿਚ ਸਮਾਏ ਰਹਿੰਦੇ ਹਨ। ਨਾਮ ਨੂੰ ਚਿਤਵਦੇ ਹਨ, ਨਾਮ ਨੂੰ ਹੀ ਪੜ੍ਹਦੇ ਹਨ, ਨਾਮੀ ਵਿਚ ਹੀ ਲਿਵ ਨੂੰ ਲਗਾ ਰਹਿੰਦੇ ਹਨ।

ਨਾਮੁ ਪਦਾਰਥੁ ਪਾਇਆ ਚਿੰਤਾ ਗਈ ਬਿਲਾਇ ॥
ਸਤਿਗੁਰਿ ਮਿਲਿਐ ਨਾਮੁ ਊਪਜੈ ਤਿਸਨਾ ਭੁਖ ਸਭ ਜਾਇ ॥

ਗੁਰਮੁਖਾਂ ਨੇ ਨਾਮ-ਪਦਾਰਥ ਨੂੰ ਪਾਇਆ ਹੈ, ਇਸੀ ਤੇ ਉਹਨਾਂ ਦੀ ਸਭ ਚਿੰਤਾ ਦੂਰ ਹੋ ਗਈ ਹੈ। ਸਤਿਗੁਰਾਂ ਨਾਲ ਮਿਲਣ ਕਰਕੇ ਨਾਮ ਉਤਪੰਨ ਹੁੰਦਾ ਹੈ-ਅਤੇ ਪਦਾਰਥਾਂ ਦੀ ਸਾਰੀ ਤ੍ਰਿਸ਼ਨਾਂ ਭੁੱਖ ਚਲੀ ਜਾਂਦੀ ਹੈ।

ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਵਿਚ ਤਦਾਕਾਰ ਹੋਣੇ ਤੇ-ਬੁੱਧੀ ਰੂਪ ਪਲੈ=ਵਿਚ ਨਾਮ ਹੀ ਪੈਂਦਾ ਹੈ॥ ੪ ॥

ਮਃ ੪ ॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਾਨਤਾ ਬਹੁਤ ਸਾਰੀ ਵਧ ਗਈ ਸੰਗਤਾਂ ਦੂਰ ਦੁਰਾਡਿਓਂ ਚਲ ਚਲਕੇ ਗੁਰੂ ਜੀ ਅੱਗੇ ਭੇਟਾ ਰੱਖਕੇ ਨਮਸ਼ਕਾਰਾਂ ਕਰਨ ਲੱਗ ਪਈਆਂ। ਉਸ ਵੇਲੇ ਗੋਂਦੇ ਖੱਤਰੀ ਦਾ ਪੁੱਤਰ ਦੇਖਕੇ ਸਹਾਰ ਨਾ ਸਕਿਆ। ਇੱਕ ਦੋ ਦਿਨ ਤਾਂ ਬਹੁਤ ਸਹਾਰਾ ਕੀਤਾ ਆਖਰਕਾਰ ਜਦ ਨਾ ਰਹਿ ਸਕਿਆ ਤਦ ਉਸ ਨੇ ਹਜ਼ੂਰ ਅੱਗੇ ਆਕੇ ਕਿਹਾ, "ਜਿਤਨਾ ਕੁ ਭੇਟਾ ਆਪ ਜੀ ਨੂੰ ਆਉਂਦੀ ਹੈ, ਉਸ ਦੇ ਅੱਧ ਹਿੱਸੇ ਦੇ ਮਾਲਕ ਅਸੀਂ ਹਾਂ, ਕਿਉਂਕਿ ਅਸਾਡੀ ਜ਼ਮੀਨ ਵਿਚ ਆਪ ਬੈਠੇ ਹੋ ਉਹ ਅਸਾਨੂੰ ਮਿਲਣੀ ਚਾਹੀਦੀ ਹੈ।" ਤਾਂ ਗੁਰੂ ਜੀ ਨੇ ਫੁਰਮਾਇਆ, ਤੁਸੀਂ ਭੇਟਾ ਦੇ ਹੱਕਦਾਰ ਨਹੀਂ ਹੋ। ਜੇਕਰ ਤੁਹਾਨੂੰ ਭੁੱਖ ਹੈ ਤਾਂ ਲੰਗਰੋਂ ਪ੍ਰਸ਼ਾਦਾ ਛਕ ਜਾਇਆ ਕਰੋ।"

ਯਥਾ:- ਸਤਿਗੁਰ ਨਿਕਟ ਜਾਇ ਕਰਿ ਬੈਸੇ। ਧਰੇ ਲੋਭ ਬੋਲੇ ਤਬਿ ਐਸੇ॥ ੪੩ ॥

"ਹਮਰੇ ਨਗਰ ਬਾਸ ਜੇ ਕੀਜੈ। ਕੁਛ ਸਿਰਦਾਰੀ ਕੋ ਹਮ ਦੀਜੈ॥

ਅਪਰ ਸਰਬ ਹੀ ਮਾਨਹਿ ਆਨ[੧]। ਜਥਾ ਜੋਗ ਦੇਵਹਿੰ ਘਰ ਆਨਿ॥ ੪੪॥

ਬਹੁ ਸੰਮਤ ਬੀਤੇ ਤੁਮ ਰਹੋ। ਅਨਿਕ ਉਪਾਇਨ ਜਗ ਤੇ ਲਹੋ[੨]।

ਪੂਰਬ ਅਲਪ[੩] ਹੁਤੀ ਗੁਜਰਾਨ। ਅਬਿ ਮਾਨਹਿ ਬਹੁ ਆਨ[੧] ਜਹਾਨ'॥ ੪੫॥

ਮਤਿਮੰਦਨ ਤੇ ਸੁਨਿ ਗਤਿ ਦਾਨੀ[੪]। ਸਹਿਜ ਸੁਭਾਇਕ ਬੋਲੇ ਬਾਨੀ।

'ਲੰਗਰ ਬਿਖੈ ਗਾਮਨਿ ਕਰਿ ਜਾਵਹੁ॥ ਜਿਤੋ ਅੰਨ ਚਾਹਹੁ ਤਹਿੰ ਖਾਵਹੁ'॥ ੪੬॥

(ਗੁਰ ਪ੍ਰਤਾਪ ਸੂਰਜ ਰਾਸਿ ੧ ਅੰਸੂ ੬੧)

ਜਦ ਉਹਨਾਂ ਨੇ ਚਾਰ ਪੰਜ ਵਾਰ ਕਿਹਾ। ਤਾਂ ਗੁਰੂ ਜੀ ਨੇ ਏਹੀ ਫੁਰਮਾਇਆ, "ਕਿ ਲੰਗਰੋਂ ਪ੍ਰਸ਼ਾਦ ਛਕ ਜਾਇਆ ਕਰੋ।" ਪ੍ਰੰਤੂ ਉਹਨਾਂ ਨੇ ਇਹ ਗੱਲ ਨਾ ਮੰਨੀ ਤੇ ਉੱਠਕੇ ਤੁਰ ਪਏ। ਤਪੇ ਨਾਲ ਸਲਾਹ ਕਰਕੇ ਮਹਜਰ ਨਾਮਾ ਲਿਖਕੇ ਦਿੱਲੀ ਅਕਬਰ ਬਾਦਿਸ਼ਾਹ ਪਾਸ ਜਾਕੇ ਫਰਿਆਦ ਕੀਤੀ। ਬਾਦਿਸ਼ਾਹ ਨੇ ਪੁੱਛਿਆ, "ਇਹ ਕੌਣ ਪੁਕਾਰੂ ਹੈ, ਕਿਸ ਉੱਤੇ ਪੁਕਾਰ ਕਰਦਾ ਹੈ।" ਤਾਂ ਪਾਸ ਬੈਠੇ ਪਠਾਣ ਨੇ ਕਿਹਾ, "ਇਹ ਉਹਨਾਂ ਉੱਤੇ ਪੁਕਾਰੂ ਆਇਆ ਹੈ ਜਿਨ੍ਹਾਂ ਦਾ ਦਰਸ਼ਨ ਕਰਨ ਵਾਸਤੇ ਆਪ ਗੋਇੰਦਵਾਲ ਨੰਗੀ ਪੈਰੀਂ ਗਏ ਸੀ।" ਬਾਦਿਸ਼ਾਹ ਨੇ ਉਸੇ ਵੇਲੇ ਧੱਕੇ ਮਰਵਾਕੇ ਮੂੰਹ ਕਾਲਾ ਕਰਵਾਕੇ ਕਚਹਿਰੀਓਂ ਬਾਹਰ ਕਢਵਾ ਦਿੱਤਾ। ਓਸੇ ਪ੍ਰਸੰਗ ਨੂੰ ਗੁਰੂ ਰਾਮਦਾਸ ਜੀ ਸ੍ਰਵਣ ਕਰਵਾਉਂਦੇ ਹਨ।

*ਸਤਿਗੁਰ ਪੁਰਖਿ ਜਿ ਮਾਰਿਆ ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ॥

ਜਿਹੜਾ ਪੁਰਸ਼ ਸਤਿਗੁਰ ਪੁਰਖਾਂ ਦਾ ਮਾਰਿਆ=ਸਰਾਪਿਆ ਹੋਇਆ ਹੈ, ਉਹ ਭਰਮ ਦਾ ਭਰਮਾਇਆ ਹੋਇਆ ਆਪਣੇ ਘਰ ਨੂੰ ਹੀ ਛੱਡਕੇ ਚਲਾ ਗਿਆ ।

ਓਸੁ ਪਿਛੈ ਵਜੈ ਫਕੜੀ ਮੁਹੁ ਕਾਲਾ ਆਗੈ ਭਇਆ॥

ਉਸ ਦੇ ਪਿੱਛੇ ਫਕੜੀ=ਤਾੜੀ ਵੱਜਦੀ ਹੈ ਅਰਥਾਤ ਮੁੰਡੇ ਤਾੜੀਆਂ ਮਾਰ ਕੇ ਓਇ ਓਇ ਕਰਦੇ ਹਨ, ਬਾਦਿਸ਼ਾਹ ਦੇ ਅੱਗੇ ਜਾਂਦੇ ਦਾ ਭੀ ਮੂੰਹ ਕਾਲਾ ਹੋਇਆ।

---

੧ ਈਨ ਮੰਨਦੇ ਹਨ। ੨ ਲੈਂਦੇ ਹੋ। ੩ ਥੋੜ੍ਹੀ। ੪ ਮੁਕਤੀ ਦਾਤੇ।

*ਪਾਠਕ-ਜਨਾਂ ਨੂੰ ਇਕ ਗੱਲ ਨੋਟ ਕਰ ਲੈਣੀ ਚਾਹੀਦੀ ਹੈ ਕਿ-

(੧) ਇੱਕ ਸ਼ਬਦ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਗਉੜੀ ਰਾਗੁ ਪੰਨਾ ੧੯੯ ਉੱਪਰ ਸੰਗਤਾਂ ਦੇ ਪੁੱਛਣ ਤੇ ਗੋਂਦੇ ਖੱਤਰੀ ਦੇ ਪੁੱਤਰ ਦਾ ਪ੍ਰਸੰਗ ਉਚਾਰਨ ਕੀਤਾ ਸੀ।

"ਮਹਜਰੁ ਝੂਠਾ ਕੀਤੋਨੁ ਆਪਿ॥ ਪਾਪੀ ਕਉ ਲਾਗਾ ਸੰਤਾਪੁ"॥ ੧॥

(੨) ਅਤੇ ਦੂਜਾ ਸਲੋਕ ਗੁਰੂ ਰਾਮਦਾਸ ਮਹਾਰਾਜ ਜੀ ਨੇ ਗਉੜੀ ਰਾਗੁ ਦੀ ਪਹਿਲੀ ਵਾਰ ਵਿਚ ਪੰਨਾ ੩੦੬ ਉੱਪਰ ਉਚਾਰਨ ਕੀਤਾ ਹੈ ਦੇਖੋ:-

"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥"

(੩) ਅਤੇ ਹੁਦ ਤੀਜਾ ਸ਼ਬਦ ਸ੍ਰੀ ਰਾਮਦਾਸ ਜੀ ਓਹੀ ਪ੍ਰਸੰਗ ਫੇਰ ਸਿਖ ਸੰਗਤਾਂ ਨੂੰ ਸ੍ਰਵਣ ਕਰਾਉਂਦੇ ਹਨ। ਪੰਨਾ ੬੫੩ ਉੱਪਰ-

ਓਸੁ ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ ॥

ਉਸ ਦੇ ਮੂੰਹੋਂ ਅਰਲੁ ਬਰਲੁ=ਅਸਤ ਵਿਅਸਤ ਬਚਨ ਨਿਕਲਦੇ ਹਨ, ਨਿਤਾਪ੍ਰਤੀ ਨਿੰਦਿਆ ਰੂਪੀ ਝੱਗ ਸੁਟਦਾ ਹੋਇਆ ਮਰ ਗਿਆ।

ਕਿਆ ਹੋਵੈ ਕਿਸੈ ਹੀ ਦੈ ਕੀਤੈ ਜਾਂ ਧੁਰਿ ਕਿਰਤੁ ਓਸ ਦਾ ਏਹੋ ਜੇਹਾ ਪਇਆ ॥

ਕਿਸੇ ਦੇ ਉਪਦੇਸ਼ ਕੀਤਿਆਂ ਕੀ ਹੁੰਦਾ ਹੈ ਜਾਂ ਧੁਰ ਤੋਂ ਹੀ ਉਸ ਦਾ ਕਰਮ ਏਹੋ ਜੇਹਾ ਪਿਆ ਹੋਇਆ ਹੈ।

ਜਿਥੈ ਓਹੁ ਜਾਇ ਤਿਥੈ ਓਹੁ ਝੂਠਾ ਕੂੜੁ ਬੋਲੇ ਕਿਸੈ ਨ ਭਾਵੈ ॥

ਜਿੱਥੇ ਉਹ ਜਾਂਦਾ ਹੈ ਓਥੇ ਹੀ ਉਹ ਝੂਠਾ ਹੁੰਦਾ ਹੈ; ਝੂਠ ਬੋਲਦਾ ਹੈ, ਇਸ ਲਈ ਉਹ ਕਿਸੇ ਨੂੰ "ਨ ਭਾਵੈ"=ਚੰਗਾ ਨਹੀਂ ਲੱਗਦਾ।

ਵੇਖਹੁ ਭਾਈ ਵਡਿਆਈ ਹਰਿ ਸੰਤਹੁ ਸੁਆਮੀ ਅਪੁਨੇ ਕੀ
ਜੈਸਾ ਕੋਈ ਕਰੈ ਤੈਸਾ ਕੋਈ ਪਾਵੈ ॥

ਹੇ ਸੰਤੋ ! ਤੁਸੀਂ ਭੀ ਆਪਣੇ ਸੁਆਮੀ ਦੀ ਵਡਿਆਈ ਦੇਖੋ, ਹੇ ਭਾਈ ਗ੍ਰਹਿਸਤੀ ਜਨੋਂ ! ਤੁਸੀਂ ਭੀ ਆਪਣੇ ਹਰੀ ਦੀ ਵਡਿਆਈ ਦੇਖੋ, ਜੈਸਾ ਕੋਈ ਕਰਮ ਕਰਦਾ ਹੈ, ਉਹ ਕੋਈ ਤੈਸਾ ਹੀ ਫਲ ਪਾਉਂਦਾ ਹੈ।

ਏਹੁ ਬ੍ਰਹਮ ਬੀਚਾਰੁ ਹੋਵੈ ਦਰਿ ਸਾਚੈ ਅਗੋ ਦੇ ਜਨੁ ਨਾਨਕੁ ਆਖਿ ਸੁਣਾਵੈ ॥੨ ॥

ਇਹ ਸੱਚਾ ਵੀਚਾਰ ਬ੍ਰਹਮ ਦੇ ਦਰਵਾਜ਼ੇ ਹੁੰਦਾ ਹੈ, ਗੁਰੂ ਜੀ ਕਹਿੰਦੇ ਹਨ, ਮੈਂ ਜਨ ਨੇ ਅਗੋਂ ਦੇ=ਪਹਿਲੇ ਹੀ ਆਖਕੇ ਸੁਣਾ ਦਿੱਤਾ ਹੈ॥ ੨ ॥ "ਅਗੋ-ਦੇ " ਸਬੰਧਕ ਬੋਲਣਾ ਹੈ

ਪਉੜੀ ॥ ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ ॥

ਸੱਚੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੋਇੰਦਵਾਲ ਰੂਪੀ ਥੇਹ ਬੱਧਾ ਹੈ, ਇਸ ਦੀ ਰੱਖਿਆ ਕਰਨ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਕਾਇਮ ਕਰ ਦਿੱਤੇ ਹਨ।

ਅਥਵਾ:-ਸੱਚੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਹਰਿਮੰਦਰ ਰੂਪੀ ਥੇਹ ਬੱਧਾ ਹੈ, ਇਸ ਦੀ ਰੱਖਿਆ ਕਰਨ ਵਾਸਤੇ ਗੁਰਾਂ ਨੇ ਅਸਾਨੂੰ ਸੌਂਪ ਦਿੱਤਾ ਹੈ।

ਅਥਵਾ:-ਸੱਚੇ ਗੁਰ=ਚੇਤਨ ਸਰੂਪ ਪਰਮਾਤਮਾ ਨੇ ਸਤਸੰਗਤ ਰੂਪ ਥੇਹ ਬੱਧਾ ਹੈ, ਉਸ ਦੀ ਰੱਖਿਆ ਵਾਸਤੇ ਬ੍ਰਹਮ ਨੇਸ਼ਟੀ ਬ੍ਰਹਮ ਸੋ੍ਰਤੀ ਗੁਰੂ ਕਾਇਮ ਕਰ ਦਿੱਤੇ ਹਨ।

ਅਥਵਾ:-ਗੁਰ=ਪੂਜਨੀਕ ਸੱਚੇ ਪਰਮਾਤਮਾ ਨੇ ਸੰਸਾਰ ਰੂਪੀ ਥੇਹ ਬੱਧਾ ਹੈ, ਇਸ ਦੀ ਰੱਖਿਆ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਦਿਕ ਦਸ ਹੀ ਪਾਤਿਸ਼ਾਹ ਕਾਇਮ ਕਰ ਦਿੱਤੇ ਹਨ।

ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ ॥

ਗੁਰ ਚਰਨਾਂ ਵਿਚ ਰਤੇ=ਤਦਾਕਾਰ ਹੋਣ ਨਾਲ ਮਨ ਦੀਆਂ ਸਭ ਆਸਾਂ ਪੂਰਨ ਹੋਈਆਂ ਹਨ।

ਗੁਰਿ ਕ੍ਰਿਪਾਲਿ ਬੇਅੰਤਿ ਅਵਗੁਣ ਸਭਿ ਹਤੇ॥

ਜਦ ਗੁਰੂ ਸਾਹਿਬ ਜੀ ਬਿਅੰਤ ਕ੍ਰਿਪਾਲੂ ਹੋਏ ਤਾਂ ਸਾਰੇ ਔਗੁਣ ਹਤੇ=ਨਾਸ ਹੋ ਗਏ।

ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ ਲਿਤੇ॥

ਗੁਰਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰਕੇ ਅਸਾਨੂੰ ਆਪਣੇ ਦਾਸ ਕਰ ਲਿਆ ਹੈ।

ਨਾਨਕ ਸਦ ਬਲਿਹਾਰ ਜਿਸੁ ਗੁਰ ਕੇ ਗੁਣ ਇਤੇ॥ ੨੭॥

ਗੁਰੂ ਜੀ ਕਹਿੰਦੇ ਹਨ, ਜਿਸ ਗੁਰੂ ਦੇ ਇਤੇ=ਇਤਨੇ ਗੁਣ ਹਨ, ਉਸ ਗੁਰੂ ਤੋਂ ਮੈਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨੭॥

ਸਲੋਕ ਮਃ ੧॥

ਉਥਾਨਕਾ:-ਕੋਈ ਪੁਰਸ਼ ਬਿਪਤਾ ਦਾ ਮਾਰਿਆ ਹੋਇਆ ਬੜਾ ਦੁਖੀ ਹੋ ਕੇ ਕਿਸੀ ਪੰਡਿਤ ਨੂੰ ਆ ਕੇ ਪੁੱਛਦਾ ਹੈ, "ਮੇਰਾ ਦੁੱਖ ਕਿਵੇਂ ਨਿਵਿਰਤ ਹੋਵੇ?" ਅੱਗੋਂ ਉਸ ਪੰਡਿਤ ਨੇ ਉਸ ਦੇ ਹੱਥ ਨੂੰ ਵੇਖ ਕੇ ਕਈ ਉਪਾ ਦੱਸੇ, ਕਿ "ਸਵਾ ਲੱਖ ਪਾਠ ਹਨੂੰਮਾਨ ਚਲੀਸੇ ਦਾ ਕਰ, ਇਤਨਾ ਦਾਨ ਕਰ, ਇਤਨੇ ਵਰਤ ਰੱਖ, ਇਤਨੇ ਤੀਰਥਾਂ ਦੇ ਇਸ਼ਨਾਨ ਕਰ, ਪਾਸ ਬੈਠਿਆਂ ਗੁਰੂ ਜੀ ਨੇ ਸੁਣਕੇ ਕਿਹਾ:-

ਤਾ ਕੀ ਰਜਾਇ ਲੇਖਿਆ ਪਾਇ ਅਬ ਕਿਆ ਕੀਜੈ ਪਾਂਡੇ॥

ਤਿਸ ਪਰਮਾਤਮਾ ਦੀ ਰਜਾਇ=ਆਗਿਆ ਅਨੁਸਾਰ ਜੋ ਬ੍ਰਹਮਾ ਨੇ ਲਿਖ ਪਾਇਆ ਹੈ ਮਿਲਣਾ ਓਹੀ ਕੁਝ ਹੈ, ਹੇ ਪਾਂਡੇ ! ਹੁਣ ਤੂੰ ਕੀ ਕਰ ਸਕਦਾ ਹੈਂ।

ਅਥਵਾ:-ਕਿਸੀ ਬ੍ਰਾਹਮਣ ਨੇ ਆ ਕੇ ਗੁਰੂ ਸਾਹਿਬ ਜੀ ਪਾਸੋਂ ਮੰਗਿਆ, ਤਾਂ ਹਜ਼ੂਰ ਨੇ ਉਸ ਦੀ ਕਿਸਮਤ ਅਨੁਸਾਰ ਪਦਾਰਥ ਦੇ ਦਿੱਤਾ, ਪਰ ਥੋੜ੍ਹਾ ਪਦਾਰਥ ਵੇਖਕੇ ਝੁਰਨੇ ਲੱਗਾ, ਉਸ ਨੂੰ ਝੁਰਦਿਆਂ ਵੇਖਕੇ ਗੁਰੂ ਜੀ ਨੇ ਫੁਰਮਾਇਆ:-

ਹੇ ਪਾਂਡੇ=ਪੰਡਿਤ ਜੀ ! ਉਸ ਵਾਹਿਗੁਰੂ ਦੀ ਆਗਿਆ ਅਨੁਸਾਰ ਜੋ ਤੇਰੇ ਮੱਥੇ ਉੱਪਰ ਲਿਖਿਆ ਹੋਇਆ ਸੀ ਉਹ ਤੈਨੂੰ ਪਾ ਦਿੱਤਾ ਹੈ ਹੁਣ ਤੂੰ ਝੁਰਕੇ ਕੀ ਕਰਨਾ ਹੈ।

ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ॥ ੧॥

ਜਿਸ ਵੇਲੇ ਪਰਮਾਤਮਾ ਦਾ ਹੁਕਮ ਹੋਇਆ ਤਦੋਂ ਹੀ ਪਦਾਰਥ ਹਾਸਲੁ=ਪ੍ਰਾਪਤ ਹੋ ਕੇ ਨਿਬੜ ਗਿਆ, ਸਾਰੇ ਜੀਵ ਲੇਖਾਂ ਅਨੁਸਾਰ ਕਰਮਾਂ ਨੂੰ ਕਮਾਦੇ=ਕਮਾਉਂਦੇ ਹੰਢਹਿ=ਫਿਰਦੇ ਹਨ॥ ੧॥

ਮਃ ੨॥ ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥

ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ ੨॥

ਜੀਵਾਂ ਤੇ ਮਨ ਰੂਪ ਨੱਕ ਵਿਚ ਹੁਕਮ ਰੂਪੀ ਨਥੇਲ ਪਾਕੇ ਖਸਮ=ਪਰਮਾਤਮਾ ਨੇ ਸਾਰਿਆਂ ਨੂੰ ਆਪਣੇ

ਹਥ=ਅਧੀਨ ਕੀਤਾ ਹੋਇਆ ਹੈ, ਜੀਵਾਂ ਦੇ ਕੀਤੇ ਕਰਮ ਹੀ ਜੀਵਾਂ ਨੂੰ ਧੱਕਾ ਦੇਂਦੇ ਹਨ। ਜਿੱਥੇ ਜਾ ਕੇ ਇਸ ਨੇ ਦਾਣੇ ਚੁਗਣੇ ਹੁੰਦੇ ਹਨ, ਤਿੱਥੇ ਜ਼ਰੂਰ ਜਾ ਕੇ ਖਾਣਾ ਕਰਦਾ ਹੈ, ਗੁਰੂ ਜੀ ਕਹਿੰਦੇ ਹਨ-ਇਹ ਗੱਲ ਸੱਚੀ ਹੈ॥ ੨॥ ਅਥਵਾ:-ਅੰਨਵੇਂ ਅੱਖਰਾਂ ਵਿਚ ਖਿਆਲ ਰੱਖਣਾ:-

ਜਹਾ ਦਾਣੇ=ਜਿਸ ਸਤਿਸੰਗ ਵਿਚ ਨਾਮ, ਅਥਵਾ:-ਸ਼ੁਭ ਗੁਣਾ ਰੂਪ ਦਾਣੇ ਹਨ, ਤਹਾਂ ਖਾਣੇ=ਤਿਸ ਸਤਿਸੰਗ ਵਿਚ ਜਾਕੇ ਜਿਨ੍ਹਾਂ ਨੇ ਖਾਣਾ ਕੀਤੇ ਹਨ ਤੇ ਨਕਿ ਨਥ=ਮਨ ਰੂਪ ਨੱਕ ਨੂੰ ਨੱਥਿਆ ਭਾਵ ਅਧੀਨ ਕੀਤਾ ਹੈ, ਉਸ ਨੇ ਸੱਚੇ ਖਸਮ ਨੂੰ ਆਪਣੇ ਹੱਥ ਕੀਤਾ ਹੈ, ਅਤੇ ਕਿਰਤੁ ਧਕੇ ਦੇ=ਖੋਟਿਆਂ ਕਰਮਾਂ ਧੱਕਾ ਦੇ ਦਿੱਤਾ ਹੈ।

ਪਉੜੀ॥ ਸਭੇ ਗਲਾ ਆਪਿ ਥਾਟਿ ਬਹਾਲੀਓਨੁ॥
ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ॥

ਪਰਮਾਤਮਾ ਨੇ ਆਪ ਹੀ ਸਾਰੀਆਂ ਗੱਲਾਂ ਥਾਟਿ=ਬਣਾਕੇ ਇਸਥਿਤ ਕੀਤੀਆਂ ਹਨ।

ਆਪ ਹੀ ਸ੍ਰਿਸ਼ਟੀ ਦੀ ਰਚਨਾ ਰਚਾਕੇ ਫਿਰ ਆਪ ਹੀ ਵਿਚ ਸੱਤਿਆ ਨੂੰ ਘਾਲਿਓਨੁ=ਪਾਇਆ ਹੈ।

ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ॥
ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ॥

ਆਪ ਜੀ ਜੀਵਾਂ ਨੂੰ ਉਤਪੰਨ ਕਰਦਾ ਹੈ, ਆਪ ਹੀ ਪਾਲਣਾ ਕਰਦਾ ਹੈ, ਨਿਹਾਲਿਓਨੁ ਨਦਰਿ=ਕਿਰਪਾ ਦ੍ਰਿਸ਼ਟੀ ਨਾਲ ਆਪਣੇ ਦਾਸ ਆਪਣੇ ਗਲ ਨਾਲ ਲਗਾ ਰੱਖੇ ਹਨ, ਅਥਵਾ:-ਦਾਸਾਂ ਨੂੰ ਗਲ ਨਾਲ ਲਗਾਕੇ ਰੱਖਦਾ ਹੈ, ਅਤੇ ਉਹਨਾਂ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲਿਓਨੁ=ਵੇਖਣਾ ਕਰਦਾ ਹੈ।

ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ॥ ੨੮॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਭਗਤਾਂ ਨੂੰ ਸਦਾ ਹੀ ਆਨੰਦ ਹੈ, ਜਿਨ੍ਹਾਂ ਨੇ ਦ੍ਵੈਤ ਭਾ ਨੂੰ ਸਾੜਨਾ ਕੀਤਾ ਹੈ॥ ੨੮॥

ਸਲੋਕੁ ਮਃ ੩॥

ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥

ਹੇ ਮਨ ! ਤੂੰ ਭਾਈ=ਪ੍ਰੇਮ ਨਾਲ ਇਕਾਗਰ ਮਨ ਤੇ ਇੱਕ ਚਿੱਤ ਹੋ ਕੇ ਹਰਿ ਜੀ ਨੂੰ ਧਿਆਉਣਾ ਕਰ।

ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ॥

ਉਸ ਹਰੀ ਦੀਆਂ ਸਦਾ ਸਦਾ ਵਡਿਆਈਆਂ ਕਰ, ਜੋ ਜੀਆਂ ਨੂੰ ਖੁਰਾਕ ਦੇਕੇ ਮਗਰੋਂ ਪਛਤਾਉਂਦਾ ਨਹੀਂ।

ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ॥

ਉਸ ਹਰੀ ਤੋਂ ਮੈਂ ਸਦੀਵਕਾਲ ਬਲਿਹਾਰ ਜਾਂਦਾ ਹਾਂ, ਜਿਸ ਦੀ ਸੇਵਾ ਕੀਤਿਆਂ ਸੁਖ ਪਾਈਦਾ ਹੈ।

ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ॥ ੧॥

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ-ਜਨ ਪ੍ਰਭੂ ਨਾਲ ਮਿਲ ਰਹੇ ਹਨ ਗੁਰ-ਸ਼ਬਦ ਦੁਆਰਾ ਹਉਮੈਂ ਨੂੰ ਜਲਾਇ=ਸਾੜਕੇ॥ ੧॥

ਮਃ ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥

ਪਰਮੇਸ਼ਰ ਆਪ ਹੀ ਜੀਵਾਂ ਨੂੰ ਸੇਵਾ ਵਿਚ ਲਗਾਉਂਦਾ ਹੈ, ਪੁਨਾ ਆਪ ਹੀ ਬਖਸ਼ਣਾ ਕਰੇਇ=ਕਰਦਾ ਹੈ। ਸਾਰਿਆਂ ਦਾ ਮਾਤਾ ਪਿਤਾ ਆਪ ਹੀ ਹੈ, ਆਪ ਹੀ ਸਾਰਿਆਂ ਦੀ ਸਾਰ ਸੰਭਾਲ ਕਰੇਇ=ਕਰਦਾ ਹੈ।

ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨ ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਨੂੰ ਧਿਆਉਂਦੇ ਹਨ, ਉਹਨਾਂ ਦਾ ਸਰੂਪ ਰੂਪੀ ਘਰ ਵਿਚ ਵਾਸਾ ਹੁੰਦਾ ਹੈ, ਅਤੇ ਜੁਗਾਂ ਜੁਗਾਂ ਵਿਚ ਉਸ ਦੀ ਸੋਭਾ ਹੁੰਦੀ ਹੈ॥ ੨ ॥

ਪਉੜੀ ॥ ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥

ਹੇ ਕਰਤੇ ਵਾਹਿਗੁਰੂ ! ਤੂੰ ਸਾਰਿਆਂ ਕਾਰਨਾਂ ਦੇ ਕਰਨ ਨੂੰ ਸਮਰੱਥ ਹੈਂ, ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਸੁਝਦਾ ਨਹੀਂ।

(ਪੰਨਾ ੬੫੪) ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥

ਤੁਸਾਂ ਨੇ ਆਪ ਹੀ ਸਾਰੀ ਸ੍ਰਿਸ਼ਟੀ ਸਿਰਜੀ ਹੈ, ਪੁਨਾ ਆਪ ਹੀ ਗੋਈ=ਬੁਲਾਈ ਮਿਲਾਈ ਛਪਾਈ ਹੈ।

ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥

ਸਾਰਿਆਂ ਦੇ ਸਿਰ ਤੇ ਇੱਕ ਆਪ ਦਾ ਸਬਦੁ=ਹੁਕਮ ਵਰਤ ਰਿਹਾ ਹੈ, ਜੋ ਤੂੰ ਕਰਦਾ ਹੈਂ ਓਹੀ ਹੁੰਦਾ ਹੈ।

ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥

ਹੇ ਪ੍ਰਭੂ ! ਜਿਨ੍ਹਾਂ ਗੁਰਮਖਾਂ ਨੂੰ ਤੂੰ ਵਡਿਆਈ ਦੇਂਦਾ ਹੈਂ, ਓਹੀ ਗੁਰਮੁਖ-ਜਨ ਹੇ ਹਰੀ ! ਤੈਨੂੰ ਪਾਂਵਦੇ ਹਨ।

ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯ ॥੧ ॥ ਸੁਧੁ ॥

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖਾਂ ਨੇ ਜਿਸ ਗੁਰੂ ਦੁਆਰੇ ਨਾਮ ਨੂੰ ਅਰਾਧਿਆ ਹੈ, ਓਸੇ (ਗੁਰੂ) ਸ੍ਰੀ ਗੁਰੂ ਅਮਰਦਾਸ ਜੀ ਨੂੰ ਤੁਸੀਂ ਸਾਰੇ 'ਮਨ, ਬਾਣੀ, ਸਰੀਰ ਕਰਕੇ' ਧੰਨ ਧੰਨ ਆਖੋ!

ਯਥਾ:- ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥ ੭ ॥
(ਕਾਨੜੇ ਕੀ ਵਾਰ, ਪੰਨਾ ੧੩੧੬)

ਯਥਾ:- ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਹ ਉਨਹ ਜੋ ਗਾਵੈ ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥ ੧ ॥ ੨੨ ॥ (ਪੰਨਾ ੧੩੯੬)

ਅਥਵਾ:- ਸਾਰੇ ਮਿਲਕੇ ਤੁਸੀਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਧੰਨ ਆਖੋ !
ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਭੀ ਧੰਨ ਆਵੋ!!
ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੀ ਧੰਨ ਆਖੋ!!!

ਸੁਧੁ ॥ ਇਹ ਵਾਰ ਸ਼ੁੱਧ ਹੈ, ਇਸ ਉੱਤੇ ਕੋਈ ਸਿੱਖ ਭੀ ਆਪਣੀ ਸਿਆਨਪ ਅਨੁਸਾਰ ਅਦਲਾ ਬਦਲੀ ਨਾ ਕਰੇ।

ਰਾਗੁ ਸੋਰਠਿ ਭਗਤ ਬਾਣੀ

ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:–ਸੇਵਕਾਂ ਨੇ ਬੇਨਤੀ ਕੀਤੀ, "ਪਰਮੇਸ਼ਰ ਦੀ ਪਰਾਪਤੀ ਹਿੰਦੂਆਂ ਨੂੰ ਹੈ? ਯਾਂ ਮੁਸਲਮਾਨਾਂ ਨੂੰ ? ਯਾਂ ਕਵੀ ਲੋਕਾਂ ਨੂੰ ਹੈ, ਯਾਂ ਜੋਗੀ ਆਦਿਕ ਕਿਸੇ ਭੇਖੀਆਂ ਨੂੰ ਹੈ ?" ਕਬੀਰ ਜੀ ਕਥਨ ਕਰਦੇ ਹਨ, ਸਿਮਰਨ ਤੋਂ ਬਿਨਾਂ ਹੋਣ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਕਿਸੇ ਨੂੰ ਭੀ ਨਹੀਂ ਹੈ। ਕਿਉਂਕਿ-

ਮਨ ਰੇ ਸੰਸਾਰੁ ਅੰਧ ਗਹੇਰਾ॥

ਹੇ ਪਿਆਰੇ ਪੁਰਖ਼ਾ ! ਇਹ ਸਾਰਾ ਸੰਸਾਰ ਅੰਧਤਾਈਆਂ ਕਰਕੇ ਗਹੇਰਾ=ਗ੍ਰਸਿਆ ਹੋਇਆ ਹੈ। ਯਥਾ–

ਬੁਤ ਪੂਜਿ ਪੂਜਿ ਹਿੰਦੂ ਮੂਏ

ਹਿੰਦੂ ਲੋਕ ਤਾਂ ਬੁਤ=ਪੱਥਰਾਂ ਨੂੰ ਪੂਜ ਪੂਜਕੇ ਨਿਸਫਲ ਮਰ ਗਏ ਹਨ।

ਯਥਾ:– ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥

(ਬਿਹਾਗੜਾ ਵਾਰ, ਪੰਨਾ ੫੫੬)

ਤਥਾ:– ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥

(ਮਹਲਾ ੫, ਪੰਨਾ ੧੧੬੦)

ਤਥਾ:– ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ॥ ੧੩੫॥

(ਸਲੋਕ ਕਬੀਰ, ਪੰਨਾ ੧੩੭੧)

ਤਥਾ:– ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥ ੧੩੬॥

(ਸਲੋਕ ਕਬੀਰ, ਪੰਨਾ ੧੩੭੧)

ਤੁਰਕ ਮੂਏ ਸਿਰੁ ਨਾਈ॥

ਮੁਸਲਮਾਨ ਮਸੀਤਾਂ ਵਿਚ ਸਿਰ ਨਿਵਾ ਨਿਵਾ ਕੇ ਭਾਵ ਸਿਜਦੇ ਕਰਦੇ ਹੋਏ ਨਿਸਫਲ ਮਰ ਗਏ ਹਨ।

ਯਥਾ:- ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ॥

(ਦਸਮ ਗ੍ਰੰਥ, ਪੰਨਾ ੧੪)

ਤਥਾ- ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤੁ ਜਨੇਊ ਪੜਿ ਗਲਿ ਪ੍ਰਾਵੈ॥
ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥
ਮੁਸਲਮਾਨੁ ਕਰੇ ਵਡਿਆਈ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ॥

(ਰਾਮਕਲੀ ਵਾਰ, ਪੰਨਾ ੯੫੧)

ਓਇ ਲੇ ਜਾਰੇ ਓਇ ਲੇ ਗਾਡੇ

ਜੀਵ-ਆਤਮਾ ਦੇ ਨਿਕਲ ਜਾਣ ਤੇ, ਉਹ ਹਿੰਦੂ ਤਾਂ ਸਰੀਰ ਨੂੰ ਲੈਕੇ ਮਸਾਨ ਭੂਮਿ ਵਿਚ ਜਾਰੇ=ਸਾੜ ਦੇਂਦੇ ਹਨ, ਅਤੇ ਉਹ ਮੁਸਲਮਾਨ ਸਰੀਰ ਨੂੰ ਲੈਕੇ ਪ੍ਰਿਥਵੀ ਵਿਚ ਗਾਡੇ=ਗੱਡ ਦੇਂਦੇ, ਭਾਵ ਦਫਨਾ ਦੇਂਦੇ ਹਨ।

ਯਥਾ:- ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥

(ਸੋਰਠਿ ਵਾਰ, ਪੰਨਾ ੬੪੮)

ਤੇਰੀ ਗਤਿ ਦੁਹੂ ਨ ਪਾਈ॥ ੧॥

ਤਿਸ ਪਰਮਾਤਮਾ ਦੀ ਗਤਿ=ਪ੍ਰਾਪਤੀ ਦੋਹਾਂ ਨੇ ਨਹੀਂ ਪਾਈ।

ਅਥਵਾ:-ਤਿਸ ਦੀ ਗਤਿ=ਰੀਤੀ, ਅਥਵਾ:-ਮਰਯਾਦਾ ਦੋਹਾਂ ਨੇ ਨਹੀਂ ਪਾਈ।

ਯਥਾ:- ਜਾਨੀ ਨ ਜਾਈ ਤਾ ਕੀ ਗਾਤਿ ॥ ੧॥ ਰਹਾਉ॥
ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ॥ ੧॥

(ਦੇਵਗੰਧਾਰੀ ਮ: ੫, ਪੰਨਾ ੫੩੫)

ਤਥਾ- ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮਰੀ ਘਾਲ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨਉ ਜੀਉ ਪਿੰਡੁ ਸਭੁ ਤੁਮਰੋ ਮਾਲ॥ ੧॥

(ਬਿਲਾਵਲੁ ਮ: ੫, ਪੰਨਾ ੮੨੮)

ਮਨ ਰੇ ਸੰਸਾਰੁ ਅੰਧ ਗਹੇਰਾ॥

ਹੇ ਪਿਆਰੇ ਪੁਰਸ਼ਾ !, ਇਹ ਸਾਰਾ ਸੰਸਾਰ ਅੰਧਤਾਈਆਂ ਵਿਖੇ ਗਹੇਰਾ=ਗ੍ਰਸਿਆ ਹੋਇਆ ਹੈ।

ਅਥਵਾ:-ਅੰਧਾ ਗਹੇਰਾ=ਖਾਤਾ ਹੈ। ਅਥਵਾ:-ਇਸ ਸੰਸਾਰ ਵਿਚ ਗਹੇਰਾ=ਗਾੜ੍ਹਾ ਅੰਧਕਾਰ ਹੈ।

ਚਹੁ ਦਿਸ ਪਸਰਿਓ ਹੈ ਜਮ ਜੇਵਰਾ॥ ੧॥ ਰਹਾਉ॥

ਇਸ ਦੇ ਚਹੁ ਦਿਸ=ਚਾਰੋਂ ਤਰਫ ਜਮਾਂ ਦਾ ਜੇਵਰਾ=ਫਾਹਾ ਪਸਰਿਓ=ਫੈਲ ਰਿਹਾ।

ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ॥

ਕਬਿਤਾ=ਕਵਿਤਾ ਦੇ ਰਚਨਹਾਰੇ ਕਵੀ ਲੋਕ ਕਬਿੱਤ, ਸ੍ਵੈਯਾਂ, ਦੋਹਰਿਆਂ, ਚੌਪਈਆਂ ਨੂੰ ਪੜ੍ਹ ਕੇ ਨਿਸਫਲ ਮਰ ਗਏ।

ਕਾਪੜੀ ਭੇਖ ਵਾਲੇ ਕੇਦਾਰੈ=ਕੇਦਾਰ ਨਾਥ ਵਿਚ ਜਾ ਕੇ ਮਰ ਗਏ ਹਨ।

ਜਟਾ ਧਾਰਿ ਧਾਰਿ ਜੋਗੀ ਮੂਏ

ਜੋਗੀ ਜਟਾ=ਜਟਾਵਾਂ ਧਾਰ ਧਾਰਕੇ ਨਿਸਫਲ ਮਰ ਗਏ ਹਨ।

ਅਥਵਾ:-ਕਈ ਜੋਗੀ ਜਟਾਵਾਂ ਰੱਖਕੇ, ਕਈ ਪਰਬਤਾਂ ਦੀਆਂ ਧਾਰਿ=ਧਾਰਾਂ ਵਿਚ ਰਹਿਕੇ, ਕਈ ਧਾਰਿ=ਜਲਧਾਰਾ ਨੂੰ ਸਹਾਰਕੇ ਨਿਸਫਲ ਮਰ ਗਏ ਹਨ।

ਯਥਾ:- ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ ੨॥
(ਧਨਾਸਰੀ ਮਹਲਾ ੧, ਪੰਨਾ ੬੬੨)

ਤਥਾ:- ਜੋਗੀ ਗਿਰਹੀ ਜਟਾ ਬਿਭੂਤ॥ ਆਗੈ ਪਾਛੈ ਰੋਵਹਿ ਪੂਤ॥
ਜੋਗੁ ਨ ਪਾਇਆ ਜੁਗਤਿ ਗਵਾਈ॥ ਕਿਤੁ ਕਾਰਣਿ ਸਿਰਿ ਛਾਈ ਪਾਈ॥
(ਰਾਮਕਲੀ ਵਾਰ, ਪੰਨਾ ੯੫੧)

ਤਥਾ- ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧॥
(ਸੂਹੀ ਮਹਲਾ ੧, ਪੰਨਾ ੭੩੦)

ਤਥਾ- ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥
ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ॥ ੩॥
(ਆਸਾ ਮਹਲਾ ੧, ਪੰਨਾ ੪੧੯)

ਤੇਰੀ ਗਤਿ ਇਨਹਿ ਨ ਪਾਈ॥ ੨॥

ਤਿਸ ਪਰਮਾਤਮਾ ਦੀ ਗਤਿ=ਪ੍ਰਾਪਤੀ ਇਨ੍ਹਾਂ ਸਾਰਿਆਂ ਨੇ ਨਹੀਂ ਪਾਈ।

ਅਥਵਾ:-ਤਿਸ ਦੀ ਗਤਿ=ਰੀਤੀ ਇਨ੍ਹਾਂ ਸਾਰਿਆਂ ਨੇ ਨਹੀਂ ਪਾਈ।

ਯਥਾ:- ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ ਗਤਿ ਮਿਤਿ ਕਹਿ ਨ ਸਕਾਉ॥
ਤੂ ਬਿਅੰਤੁ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ॥ ੩॥
(ਸਾਰਗ ਮਹਲਾ ੫ ਪੰਨਾ ੧੨੦੨)

ਤਥਾ- ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥ ੧॥

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥ ੧॥ ਰਹਾਉ॥

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥

(ਗਉੜੀ ਕਬੀਰ, ਪੰਨਾ ੩੪੬)

ਤਥਾ- ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ॥

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ॥ ੧॥

(ਬਿਲਾਵਲੁ ਮਹਲਾ ੫, ਪੰਨਾ ੮੨੨)

ਦਰਬੁ ਸੰਚਿ ਸੰਚਿ ਰਾਜੇ ਮੂਏ

ਕਾਰੂ ਬਾਦਸ਼ਾਹ, ਸਿਕੰਦਰ ਤੇ ਰਾਵਣ ਜੇਹੇ ਰਾਜੇ ਧਨ ਨੂੰ ਸੰਚਿ ਸੰਚਿ=ਇਕੱਤ੍ਰ ਹੀ ਇਕੱਤ੍ਰ ਕਰਕੇ ਨਿਸਫਲ ਹੀ ਮਰਕੇ ਚਲੇ ਗਏ।

ਯਥਾ- ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥
ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥
ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥
ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥
ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ (ਰਾਮਕਲੀ ਵਾਰ, ਪੰਨਾ ੯੫੪)

ਤਥਾ- ਖੇਲਿ ਗਏ ਸੇ ਪੰਖਣੂੰ ਜੋ ਚੁਗ੍ਦੇ ਸਰ ਤਲਿ॥
ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ॥

(ਸਿਰੀਰਾਗੁ ਮਹਲਾ ੧, ਪੰਨਾ ੬੦)

ਤਥਾ- ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥ (ਸਿਰੀਰਾਗੁ ਮਹਲਾ ੧, ਪੰਨਾ ੬੪)

ਗਡਿ ਲੇ ਕੰਚਨ ਭਾਰੀ॥

ਕੰਚਨ=ਸਵਰਨ ਦੇ ਬੜੇ ਭਾਰੀ ਗਡਿ ਲੇ=ਕਿਲ੍ਹੇ ਲੈ ਕੇ ਅਰਥਾਤ ਬਣਾਕੇ ਨਿਸਫਲ ਮਰ ਗਏ।

ਯਥਾ= ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ॥ ੧॥ (ਪੰਨਾ ੧੧੦੪)

ਤਥਾ- ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥ ੨॥

(ਭੈਰਉ ਕਬੀਰ ਜੀ, ਪੰਨਾ ੧੧੫੮)

ਅਥਵਾ:-ਕੰਚਨ=ਸਵਰਨ ਦੀਆਂ ਮੋਹਰਾਂ ਭਾਰੀ=ਸਮੂਹ ਧਰਤੀ ਵਿਚ ਗੱਡ ਗੱਡ ਕੇ ਭਾਵ ਪੂਰ ਪੂਰਕੇ ਨਿਸਫਲ ਮਰ ਗਏ।

ਯਥਾ- ਚਾਲੀ ਗੰਜ ਜੋੜੇ ਨ ਰਖਿਓ ਈਮਾਨ। ਦੇਖੋ ਰੇ ਲੋਕੋ! ਕਾਰੂੰ ਹੋਤਾ ਪਰੇਸ਼ਾਨ।
ਨਦਾਨੀ ਯਹ ਦੁਨੀਆਂ ਵ ਫਾਨੀ ਮੁਕਾਮ। ਤੂੰ ਖੁਦ ਚਸ਼ਮ ਬੀਨੀ ਹੈ ਚਲਣਾ ਜਹਾਨ।

(ਦੇਖੋ ਨਸੀਹਤ ਨਾਮਾ)

ਤਥਾ- ਕਬੀਰ ਕਉੜੀ ਕਉੜੀ ਜੋਰਿ ਕੈ ਜੋਰੇ ਲਾਖ ਕਰੋਰਿ॥
ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ॥ ੧੪੪॥
(ਸਲੋਕ ਕਬੀਰ ਪੰਨਾ ੧੩੭੨)

ਬੇਦ ਪੜੇ ਪੜਿ ਪੰਡਿਤ ਮੂਏ

ਪੰਡਿਤ ਲੋਕ ਵੇਦਾਂ ਨੂੰ ਪੜ੍ਹ ਪੜ੍ਹਕੇ ਨਿਸਫਲ ਮਰ ਗਏ ਪਰ ਧਾਰਨ ਕੁਝ ਨਾ ਕੀਤਾ।

ਯਥਾ:- ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
. . . . . .
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ॥
ਵਾਦਿ ਫਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ॥ (ਸਿਰੀਰਾਗੁ ਮ: ੧, ਪੰਨਾ ੫੬)

ਤਥਾ:- ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਸਿਖਿਆ ਪਿਆਰਿ॥
(ਸਿਰੀਰਾਗੁ ਮ: ੩, ਪੰਨਾ ੩੩)

ਤਥਾ:- ਪੰਡਿਤੁ ਹੋਇ ਕੈ ਬੇਦੁ ਬਖਾਨੈ॥ ਮੂਰਖੁ ਨਾਮਦੇਉ ਰਾਮਹਿ ਜਾਨੈ॥
(ਟੋਡੀ ਨਾਮਦੇਵ ਜੀ, ਪੰਨਾ ੭੧੮)

ਤਥਾ:- ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ॥
(ਵਡਹੰਸੁ ਮਹਲਾ ੩, ਪੰਨਾ ੫੭੦)

ਤਥਾ- ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ॥
ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ॥
(ਸੋਰਠਿ ਵਾਰ ਪੰਨਾ ੬੪੭)

ਤਥ- ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ॥
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ॥ ੪॥ (ਪੰਨਾ ੪੧੯)

ਤਥਾ- ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ॥
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥
ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ॥
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ॥ ੧॥ (ਸਿਰੀਰਾਗੁ ਵਾਰ, ਪੰਨਾ ੮੬)

ਰੂਪੁ ਦੇਖਿ ਦੇਖਿ ਨਾਰੀ ॥ ੩ ॥

ਇਸਤ੍ਰੀਆਂ ਆਪਣੇ ਸੋਹਣੇ ਸੁੰਦਰ ਰੂਪ ਨੂੰ ਦੇਖ ਦੇਖਕੇ ਨਿਸਫਲ ਮਰ ਗਈਆਂ, ਕਿਉਂਕਿ ਇਸਤ੍ਰੀਆਂ ਦੇਹ ਅਧਿਆਸਣਾ ਹੁੰਦੀਆਂ ਹਨ। ਹਰ ਵੇਲੇ ਸਰੀਰ ਨੂੰ ਸੋਹਣਾ ਬਣਾਕੇ ਰੱਖਦੀਆਂ ਹਨ, ਜਿਸ ਵੇਲੇ

ਵਿਵਾਹ ਹੁੰਦਾ ਹੈ ਤਾਂ ਅੰਗੂਠੇ ਵਿਚ ਆਰਸੀ ਪਾ ਲੈਂਦੀਆਂ ਹਨ, ਉਸ 'ਚੋਂ ਆਪਣਾ ਚੇਹਰਾ ਦੇਖਦੀਆਂ ਰਹਿੰਦੀਆਂ ਹਨ। ਅਥਵਾ:-ਇਸਤ੍ਰੀਆਂ ਪੁਰਸ਼ਾਂ ਦੇ ਰੂਪ ਨੂੰ ਦੇਖ ਦੇਖ ਕੇ ਤੇ ਪੁਰਸ਼ ਨਾਰੀਆਂ ਦੇ ਸੁੰਦਰ ਰੂਪ ਨੂੰ ਦੇਖ ਦੇਖਕੇ ਨਿਸਫਲ ਮਰ ਗਏ ਹਨ।

ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥

ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਸਾਰੇ ਜੀਵ ਸੰਸਾਰਕ ਧੰਦਿਆਂ ਵਿਚ ਲਗਾ ਕੇ ਬਿਗੂਤੇ=ਖਰਾਬ ਹੋਏ ਹਨ। ਆਪਣੇ ਸਰੀਰਾ=ਅੰਤਹਕਰਨ ਵਿਚ ਨਿਰਖਿ=ਨਿਰਨੇ ਕਰਕੇ, ਅਥਵਾ:-ਵਿਚਾਰ ਦ੍ਰਿਸ਼ਟੀ ਨਾਲ ਦੇਖ ਲਓ। ਅਥਵਾ:- ਜੈਸੇ ਆਮ ਪ੍ਰਚਲਤ ਗੱਲ ਹੈ ਕਿ ਅੱਜ ਬਜ਼ਾਰ ਦਾ ਕੀ ''ਨਿਰਖ'' ਹੈ, ਅਰਥਾਤ ਕੀ ''ਭਾਅ'' ਹੈ। ਏਸੇ ਅਧਾਰ ਤੇ ਇਹ ਅਰਥ ਕਰਨਾ-

ਹੇ ਭਾਈ ! ਤੁਸੀਂ ਭੀ ਇਸ ਸਰੀਰ ਦਾ ਨਿਰਖਿ=ਭਾਅ ਦੇਖੋ ਕਿ ਇਸ ਦਾ ਕੀ ਮੁੱਲ ਹੈ ਅਰਥਾਤ ਇਸ ਦਾ ਕੁਝ ਮੁੱਲ ਨਹੀਂ ਹੈ। ਕਿਉਂਕਿ ਇਸ ਦੇ ਹਰੀ-ਹਰ ਹੋਣ ਦਾ ਕੁਝ ਪਤਾ ਨਹੀਂ ਹੈ।

ਯਥਾ:-ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥ ੧ ॥ (ਪੰਨਾ ੧੨੫੩)

ਤਥਾ:- ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥ ੨੨੨ ॥

(ਸਲੋਕ ਕਬੀਰ, ਪੰਨਾ ੧੩੭੬)

ਤਥਾ- ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥
ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥ ੫ ॥

(ਸਿਰੀਰਾਗੁ ਮਹਲਾ ੧, ਪੰਨਾ ੬੩)

ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥ ੪ ॥ ੧ ॥

ਹਰੀ ਦੇ ਨਾਮ ਚਿੰਤਨ ਕੀਤੇ ਬਿਨਾਂ ਕਿਸ ਪੁਰਸ਼ ਨੇ ਗਤਿ-ਮੁਕਤੀ ਪਾਈ ਹੈ, ਅਰਥਾਤ ਕਿਸੀ ਨੇ ਨਹੀਂ ਪਾਈ, ਕਬੀਰ ਜੀ ਆਖਦੇ ਹਨ, ਮੈਂ ਤੁਹਾਨੂੰ ਉਪਦੇਸ਼ ਦੇਂਦਾ ਹਾਂ, ਜੇ ਮਨੁੱਖਾ ਜਨਮ ਨੂੰ ਸਫਲਾ ਕਰਨਾ ਚਾਹੁੰਦੇ ਹੋ ਤਾਂ ਹਰੀ ਦਾ ਸਿਮਰਨ ਜ਼ਰੂਰ ਕਰੋ ॥ ੪ ॥ ੧ ॥

ਯਥਾ- ਹਰਿ ਕੇ ਨਾਮ ਬਿਨਾ ਸਭ ਝੂਠ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥ ੧ ॥

(ਭੈਰਉ ਮ: ੫, ਪੰਨਾ ੧੧੫੧)

ਤਥਾ- ਹਰਿ ਕੇ ਨਾਮ ਬਿਨੁ ਬੂਠੇ ਸਗਲ ਪਾਸਾਰੇ ॥ (ਧਨਾਸਰੀ ਰਵਿਦਾਸ, ਪੰਨਾ ੬੯੪)

ਉਥਾਨਕਾ:-ਕੋਈ ਹੰਕਾਰੀ ਪੁਰਸ਼ ਆਪਣੇ ਗਲ ਵਿਚ ਫੁੱਲਾਂ ਦੀ ਮਾਲਾ ਪਾਕੇ ਬੜੇ ਰੋਹਬ ਨਾਲ ਸਾਰੀ ਸੰਗਤ ਨੂੰ ਲੰਘਕੇ ਕਬੀਰ ਜੀ ਜਿੱਥੇ ਬੈਠੇ ਕਥਾ ਕਰ ਰਹੇ ਸਨ ਉਹਨਾਂ ਦੇ ਪਾਸ ਜਾ ਬੈਠਾ, ਉਸ ਵੇਲੇ ਕਬੀਰ ਜੀ ਉਸ ਨੂੰ ਉਪਦੇਸ਼ ਦੇਂਦੇ ਹਨ- (ਰਹਾਉ ਦੀ ਤੁਕ ਦਾ ਅਰਥ ਪਹਿਲੇ ਕਰਨਾ)

ਕਾਹੇ ਭਈਆ ਫਿਰਤੋ ਫੂਲਿਆ ਫੂਲਿਆ ॥

ਹੇ ਭਾਈ ! ਤੂੰ ਕਿਸ ਵਾਸਤੇ ਆਪਣੇ ਗਲ ਵਿਚ ਫੁੱਲਾਂ ਦੀ ਮਾਲਾ ਪਾ ਕੇ ਫੁੱਲਿਆ ਫਿਰਦਾ ਹੈਂ।

ਜਿਸ ਸਰੀਰ ਦਾ ਤੂੰ ਹੰਕਾਰ ਕਰਦਾ ਹੈਂ, ਇਸ ਦੀ ਇਹ ਵਡਿਆਈ ਹੈ।

ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ॥

ਜਿਸ ਵੇਲੇ ਸ੍ਵਾਸ ਨਿਕਲ ਜਾਂਦੇ ਹਨ, ਤਿਸ ਵੇਲੇ ਇਹ ਸਰੀਰ ਜਰੀਐ=ਸੜ ਕੇ ਭਸਮ ਹੋਇ=ਸੁਆਹ ਦੀ ਢੇਰੀ ਹੋ ਜਾਂਦਾ ਹੈ, ਜੇ ਸਰੀਰ ਸੜਨ ਤੋਂ ਰਹਿ ਜਾਵੇ ਭਾਵ ਕਬਰਸਤਾਨ ਵਿਚ ਦੱਬਿਆ ਜਾਵੇ ਤਾਂ ਕਿਰਮ ਦਲ=ਕੀੜਿਆਂ ਦਾ ਭਉਣ ਉਸ ਨੂੰ ਖਾ ਜਾਂਦਾ ਹੈ।

ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ॥ ੧॥

ਜਿਵੇਂ ਕੱਚੀ ਗਾਗਰਿ=ਘੜੀ ਪਾਣੀ ਵਿਚ ਪੈ ਜਾਵੇ ਤਾਂ ਉਹ ਗਲ ਜਾਂਦੀ ਹੈ, ਇਸ ਸਰੀਰ ਦੀ ਭੀ ਏਹੀ ਵਡਿਆਈ ਹੈ ਅਰਥਾਤ ਕੱਚੇ ਘੜੇ ਦੀ ਨਿਆਈਂ ਇਹ ਸਰੀਰ ਪਦਾਰਥਾਂ ਰੂਪ ਪਾਣੀ ਵਿਚ ਪੈਕੇ ਗਲਦਾ ਜਾਂਦਾ ਹੈ। ਅਥਵਾ:-ਕੱਚੀ ਘੜੀ ਵਿਖੇ ਜਿਵੇਂ ਪਾਣੀ ਪਿਆ ਹੋਇਆ ਸਿੰਮਦਾ ਰਹਿੰਦਾ ਹੈ, ਇਸ ਸਰੀਰ ਦੀ ਭੀ ਇਹੀ ਵਡਾਈ ਹੈ। ਪਰਮਾਤਮਾ ਨੇ ਇਸ ਸਰੀਰ ਰੂਪ ਕੱਚੇ ਘੜੇ ਵਿਚ ਸਵਾਸਾਂ ਰੂਪ ਜਲ ਪਾਇਆ ਹੈ ਉਹ ਚਵੀ ਹਜ਼ਾਰ ਸਵਾਸਾਂ ਰੂਪ ਜਲ ਰੋਜ਼ ਦਾ ਰੋਜ਼ ਸਿੰਮਦਾ ਰਹਿੰਦਾ ਹੈ।

ਯਥਾ- ਚਵੀ ਹਜ਼ਾਰ ਖਰਚ ਬੰਦੇ ਦਾ ਆਮਦਨ ਮੂਲ ਨ ਥੀਵੇ।
ਜਿਸ ਬੰਦੇ ਕਉ ਇਤਨਾ ਘਾਟਾ ਸੋ ਬੰਦਾ ਕਿਉਂ ਜੀਵੇ।
ਤਥਾ- ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ॥ (ਮਲਾਰ ਵਾਰ, ਪੰਨਾ ੧੨੯੧)

ਕਾਹੇ ਭਈਆ ਫਿਰਤੌ ਫੂਲਿਆ ਫੂਲਿਆ॥

ਹੇ ਭਾਈ ! ਤੂੰ ਕਿਸ ਵਾਸਤੇ ਫੁੱਲਿਆ ਫੁੱਲਿਆ ਭਾਵ ਆਕੜਿਆ ਫਿਰਦਾ ਹੈਂ?

ਅਥਵਾ:- ਫੁੱਲਾਂ ਦੀ ਮਾਲਾ ਗਲ ਵਿਚ ਪਹਿਰਕੇ ਕਿਸ ਵਾਸਤੇ ਫੁੱਲਿਆ ਫਿਰਦਾ ਹੈਂ।

ਅਥਵਾ:- ਫੁੱਲ ਦੀ ਨਿਆਈਂ ਕਿਸ ਵਾਸਤੇ ਫੁੱਲਿਆ ਫਿਰਦਾ ਹੈਂ?

ਜਬ ਦਸ ਮਾਸ ਉਰਧ ਮੁਖ ਰਹਤਾ ਸੋ ਦਿਨੁ ਕੈਸੇ ਭੂਲਿਆ॥ ੧॥ ਰਹਾਉ॥

ਜਿਸ ਵੇਲੇ ਤੂੰ ਦਸ ਮਾਸ=ਦਸ ਮਹੀਨੇ ਮਾਂ ਦੇ ਪੇਟ ਵਿਚ ਮੂਧਾ ਮੂੰਹ, ਭਾਵ ਸਿਰ ਥੱਲੇ ਪੈਰ ਉੱਪਰ ਖੜਾ ਰਹਿੰਦਾ ਸੀ ਤੇ ਵਿਰਲਾਪ ਕਰਦਾ ਸੀ, ਉਹ ਦਿਨ ਤੈਨੂੰ ਕਿਵੇਂ ਭੁੱਲ ਗਿਆ ਹੈ।

ਯਥਾ- ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥
ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ॥ (ਜੈਤਸਰੀ ਵਾਰ, ਪੰਨਾ ੭੦੬)

ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ॥

ਜਿਵੇਂ ਸ਼ਹਿਤ ਦੀਆਂ ਮਖੀਆਂ ਮਧੁ=ਸ਼ਹਿਤ ਨੂੰ ਇਕੱਠਾ ਕਰਦੀਆਂ ਹਨ। ਤਿਵੇਂ ਸਠੋਰਿ=ਸਠ+ਉਰ ਮੂਰਖ ਹਿਰਦੇ ਵਾਲੇ ਪੁਰਸ਼ ਨੇ ਵਿਸ਼ੇ ਰਸ ਭੋਗਣ ਵਾਸਤੇ ਧਨ ਨੂੰ ਜੋੜਨਾ ਹੀ ਜੋੜਨਾ ਕੀਤਾ ਹੈ।

ਅਥਵਾ:-ਕੁਝ ਰਸੁ=ਪ੍ਰੇਮ ਦੀਆਂ ਗੱਲਾਂ ਕਰਕੇ ਤੇ ਕੁਝ ਆਪਣੇ ਸਰੀਰ ਦੇ ਜੋਰਿ=ਬਲ ਕਰਕੇ ਧਨ ਨੂੰ

ਜੋਰਿ=ਜੋੜਨਾ ਕੀਤਾ ਹੈ।

ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ ॥ ੨ ॥

ਜਿਨ੍ਹਾਂ ਸਬੰਧੀਆਂ ਵਾਸਤੇ ਕਈ ਤਰ੍ਹਾਂ ਦੇ ਜਤਨ ਕਰਕੇ ਧਨ ਇਕੱਠਾ ਕਰਦਾ ਹੈਂ, ਓਹੀ ਸਬੰਧੀ ਇਸ ਦੇ ਮਰਨ ਵੇਲੇ ਆਖਦੇ ਹਨ, ਕਿ ਇਸ ਪਾਸੋਂ ਪੁੱਛ ਲਓ, ਪੁੱਛ ਲਓ, ਕਿ ਧਨ ਕਿਸ ਕਿਸ ਜਗ੍ਹਾਂ ਉੱਪਰ ਰੱਖਿਆ ਹੋਇਆ ਹੈ।

ਅਥਵਾ:-ਕਈ ਇਸ ਤਰ੍ਹਾਂ ਆਖਦੇ ਹਨ, ਕਿ ਹੁਣੇ ਬਰਾਦਰੀ ਦੇ ਬੈਠਿਆਂ ਧਨ ਨੂੰ ਵੰਡ ਲੈਣਾ ਕਰੋ, ਵੰਡ ਲੈਣਾ ਕਰੋ, ਤਾਂ ਕਿ ਪਿੱਛੋਂ ਝਗੜਾ ਨਾ ਪਵੇ।

ਅਥਵਾ:-ਇਸ ਪ੍ਰਾਣੀ.ਦੇ ਮਰਨ ਵੇਲੇ ਅੰਤ ਸਮੇਂ ਕਈ ਐਸੇ ਆਖਦੇ ਹਨ, ਹੁਣ ਲੈ ਚੱਲੋ, ਲੈ ਚੱਲੋ, ਇਸ ਭੂਤ ਨੂੰ ਇਤਨੀ ਦੇਰ ਕਿਉਂ ਰਹਿਣ ਦਿੱਤਾ ਹੈ।

ਪੰਜਾਬ ਵਿਖੇ ਤਾਂ ਔਰਤਾਂ ਮੁਰਦੇ ਦੇ ਨਾਲ ਮਸਾਣ ਭੂਮਿ ਵਿਖੇ ਚਲੀਆਂ ਜਾਂਦੀਆਂ ਹਨ, ਪਰ ਪੂਰਬ ਵਿਚ ਨਹੀਂ ਜਾਂਦੀਆਂ। ਹੁਣ ਪੂਰਬ ਦੀ ਚਾਲ ਦੱਸਦੇ ਹਨ-

ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥

ਬੜੇ ਪਿਆਰ ਵਾਲੀ ਜੋ ਬਰੀ=ਵਿਵਾਹੀ ਹੋਈ ਇਸਤ੍ਰੀ ਹੈ, ਉਹ ਘਰ ਦੀ ਦੇਹੁਰੀ=ਦਲੀਜ ਲਉ=ਤੱਕ ਹੀ ਨਾਲ ਹੁੰਦੀ ਹੈ। ਅੱਗੇ ਮਸਾਣ ਭੂਮਿ ਤੱਕ ਸੁਹੇਲਾ=ਸੁਖਦਾਇਕ ਸੱਜਣ ਨਾਲ ਜਾਂਦੇ ਹਨ।

ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥ ੩ ॥

ਮਰਘਟ ਲਉ=ਮਸਾਣ ਭੂਮਿਕਾ ਲਉ=ਤੱਕ ਕੁਟੰਬੁ=ਪ੍ਰਵਾਰ ਦੇ ਸਾਰੇ ਲੋਕ ਨਾਲ ਹੁੰਦੇ ਹਨ, ਅੱਗੇ ਪ੍ਰਲੋਕ ਰਸਤੇ ਵਿਚ ਹੰਸੁ=ਜੀਵ ਇਕੱਲਾ ਜਾਂਦਾ ਹੈ॥ ੩ ॥

ਯਥਾ- ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ॥ (ਆਸਾ. ਪੰਨਾ ੪੭੮)

ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥

ਕਬੀਰ ਜੀ ਆਖਦੇ ਹਨ, ਹੇ ਪ੍ਰਾਣੀ ! ਸੁਨਣਾ ਕਰੋ, ਕਾਲ ਦੇ ਗ੍ਰਸੇ ਹੋਏ ਸਾਰੇ ਜੀਵ ਸੰਸਾਰ,
ਵਾ :- ਨਰਕਾਂ ਰੂਪੀ ਖੂਹ ਵਿਚ ਪੈ ਰਹੇ ਹਨ।

ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ ॥ ੪ ॥ ੨ ॥

ਜੀਵਾਂ ਨੇ ਆਪਣੇ ਆਪ ਨੂੰ ਝੂਠੀ ਮਾਇਆ ਵਿਚ ਐਉਂ ਬੰਨ੍ਹਾਇਆ ਹੋਇਆ ਹੈ, ਜਿਵੇਂ ਭਰਮ ਕਰਕੇ ਸੂਆ=ਤੋਤਾ ਆਪਣੇ ਆਪ ਨੂੰ ਨਲਨੀ=ਨਲਕੀ (ਨਲੀ) ਵਿਖੇ ਬੰਨ੍ਹਵਾ ਲੈਂਦਾ ਹੈ॥ ੪ ॥ ੨ ॥

ਯਥਾ- ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ॥
(ਗਉੜੀ ਪੰਨਾ ੩੩੬)

ਉਥਾਨਕਾ:–ਇੱਕ ਸ਼ਾਹੂਕਾਰ ਸੀ, ਉਸ ਦੇ ਘਰ ਵਿਖੇ ਇੱਕੋ ਇੱਕ ਪੁੱਤਰ ਸੀ (ਕਿਉਂਕਿ ਸ਼ਾਹੂਕਾਰਾਂ ਦੇ ਘਰ ਵਿਖੇ ਜੇਹੜਾ ਕੋਈ ਪੁੰਨੀ ਹੋਵੇ, ਓਹੀ ਆ ਕੇ ਮਾਇਆ ਦਾ ਸੁਖ ਲੈ ਸਕਦਾ ਹੈ। ਇਸ ਕਰਕੇ ਸ਼ਾਹੂਕਾਰਾਂ ਦੇ ਘਰ ਬਹੁਤੇ ਪੁੱਤਰ ਨਹੀਂ ਹੁੰਦੇ। ਬਹੁਤ ਪੁੱਤਰ ਗਰੀਬਾਂ ਦੇ ਘਰ ਹੁੰਦੇ ਹਨ ਜਿੱਥੇ ਅੰਨ ਵਗੈਰਾ ਪਦਾਰਥਾਂ ਦੇ ਖਾਣ ਦੀ ਤੰਗੀ ਹੁੰਦੀ ਹੈ)।

ਸ਼ਾਹੂਕਾਰ ਨੇ ਉਸ ਨੂੰ ਬੜੇ ਲਾਡਾਂ ਨਾਲ ਪਾਲਿਆ ਸੀ, ਉਸ ਵਿਚ ਉਸ ਦਾ ਪ੍ਰੇਮ ਭੀ ਬੜਾ ਸੀ, ਕਰਮਾਂ ਦੇ ਚੱਕਰ ਅਨੁਸਾਰ ਉਹ ਜਦ ਬੀਮਾਰ ਹੋ ਗਿਆ ਤਾਂ ਉਸ ਦੀ ਤੰਦਰੁਸਤੀ ਵਾਸਤੇ ਪਿਤਾ ਨੇ ਘਰ ਡਾਕਟਰ ਨਵੇਂ ਤੋਂ ਨਵੇਂ ਸੱਦ ਕੇ ਬੜੇ ਇਲਾਜ ਕੀਤੇ, ਪਰ ਉਸ ਨੂੰ ਕੋਈ ਦਵਾਈ ਨਾ ਪੋਹੀ। ਆਖਰ ਇੱਕ ਦਿਨ ਉਦਾਸ ਹੋ ਕੇ ਬੈਠਾ ਸੀ ਤਾਂ ਕਿਸੇ ਰਿਸ਼ਤੇਦਾਰ ਨੇ ਆ ਕੇ ਕਿਹਾ, ਸ਼ਾਹ ਜੀ ! ਅੱਜ ਕੀ ਗੱਲ ਹੈ ? ਚਿੰਤਾਤੁਰ ਕਿਉਂ ਬੈਠੇ ਹੋ?

ਸ਼ਾਹ ਨੇ ਕਿਹਾ, ਇਸ ਪੁੱਤਰ ਦੇ ਫਿਕਰਾਂ ਨੇ ਮੈਨੂੰ ਉਦਾਸ ਕਰ ਦਿੱਤਾ ਹੈ। ਇਸ ਦੇ ਲਈ ਸਿਆਣੇ ਤੋਂ ਸਿਆਣੇ ਡਾਕਟਰ ਬੁਲਾਏ ਹਨ, ਕਈ ਇਲਾਜ ਭੀ ਕੀਤੇ ਹਨ ਪਰ ਰਾਜ਼ੀ ਹੋਣ ਵਿਚ ਨਹੀਂ ਆਇਆ। ਉਸ ਵੇਲੇ ਉਸ ਨੇ ਕਿਹਾ, ਮੇਰੇ ਆਖੇ ਲੱਗੋ ਤਾਂ ਸ਼ਾਇਦ ਰਾਜ਼ੀ ਹੋ ਜਾਏਗਾ।

ਸ਼ਾਹ ਨੇ ਕਿਹਾ ਚੰਗਾ, ਜੋ ਕਹੇਂ ਕਰਨ ਨੂੰ ਤਿਆਰ ਹਾਂ। ਉਹ ਆਦਮੀ ਸ਼ਾਹ ਨੂੰ ਨਾਲ ਲੈ ਕੇ ਕਿਸੇ ਪੰਡਿਤ ਪਾਸ ਗਿਆ ਉਸ ਨੂੰ ਜਾਕੇ ਸਮਾਚਾਰ ਦੱਸਿਆ ਕਿ ਇਸ ਦਾ ਪੁੱਤਰ ਬਹੁਤ ਬੀਮਾਰ ਹੈ, ਇਸ ਨੇ ਇਲਾਜ ਬਹੁਤ ਕੀਤੇ ਹਨ, ਪਰੰਤੂ ਦਵਾਈ ਦਾ ਕੁਝ ਅਸਰ ਨਹੀਂ ਹੋਇਆ ਆਪ ਕਿਰਪਾ ਕਰਕੇ ਕੋਈ ਉਪਾ ਦੱਸੋ ਜਿਸ ਤੇ ਲੜਕਾ ਰਾਜ਼ੀ ਹੋ ਜਾਏ।

ਪੰਡਿਤ ਜੀ ਨੇ ਕਿਹਾ, ਯੱਗ ਆਦਿਕ ਕਰਮ ਕਰਾਓ ਤਾਂ ਲੜਕਾ ਰਾਜ਼ੀ ਹੋ ਜਾਏਗਾ। ਉਸ ਪੰਡਿਤ ਦੇ ਕਹੇ ਅਨੁਸਾਰ ਸ਼ਾਹ ਨੇ ਯੱਗ ਦੀਆਂ ਘਿਓ ਆਦਿਕ ਸਭ ਚੀਜ਼ਾਂ ਲਿਆਕੇ ਪੰਡਿਤ ਜੀ ਪਾਸ ਪਹੁੰਚਾ ਦਿੱਤੀਆਂ।

ਪੰਡਿਤ ਜੀ ਨੇ ਯੱਗ ਅਰੰਭ ਦਿੱਤਾ, ਅਜੇ ਯੱਗ ਹੋ ਹੀ ਰਿਹਾ ਸੀ ਜੋ ਇਤਨੇ ਨੂੰ ਘਰੋਂ ਖਬਰ ਆ ਗਈ ਕਿ ਲੜਕਾ ਮਰ ਗਿਆ ਹੈ। ਇਹ ਗੱਲ ਸੁਣਦਿਆਂ ਸਾਰ ਸ਼ਾਹ ਦੀਆਂ ਭੁੱਬਾਂ ਨਿਕਲ ਗਈਆਂ। ਯੱਗ ਨੂੰ ਵਿਚਾਲੇ ਹੀ ਛੱਡਕੇ ਸ਼ਾਹ ਤੇ ਉਸ ਦੇ ਨਾਲ ਦੇ ਸੰਗੀ ਸਭ ਘਰਾਂ ਨੂੰ ਆ ਗਏ।

ਇਹ ਗੱਲ ਜਦ ਕਬੀਰ ਜੀ ਪਾਸ ਪਹੁੰਚੀ ਤਾਂ ਉਹਨਾਂ ਨੇ ਇਹ ਸ਼ਬਦ ਉਚਾਰਿਆ।

–ਪਹਿਲਾ ਅਰਥ–

ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ॥

ਵੇਦਾਂ, ਪੁਰਾਣਾਂ ਦੇ ਸਾਰੇ ਮਤਾਂ ਨੂੰ ਸੁਣਕੇ ਸ਼ਾਹੂਕਾਰ ਨੇ ਆਪਣੇ ਲਾਡਲੇ ਪੁੱਤਰ ਦੀ ਰੱਖਿਆ ਵਾਸਤੇ ਯੱਗ ਆਦਿਕ ਕਰਮਾਂ ਦੇ ਕਰਨ ਦੀ ਆਸਾ ਕੀਤੀ ਤਾਂ ਸਹੀ–

ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥ ੧ ॥

ਪਰੰਤੂ ਜਿਸ ਵੇਲੇ ਉਹ ਲੜਕਾ ਆਪਣੇ ਸਵਾਸ ਪੂਰੇ ਕਰਦਾ ਹੋਇਆ ਕਾਲ ਗ੍ਰਸਤ=ਕਾਲ ਕਰਕੇ

ਗ੍ਰਸਿਆ ਗਿਆ ਭਾਵ ਮਰ ਗਿਆ, ਤਿਸ ਵੇਲੇ ਸਾਰੇ ਸਿਆਣੇ ਸਿਆਣੇ ਲੋਕ ਉਸ ਪੰਡਿਤ ਦੇ ਪੈ=ਪਾਸੋਂ ਨਿਰਾਸ ਹੋ ਕੇ ਉੱਠਕੇ ਚਲੇ ਗਏ।

ਇਹ ਨਿਯਮ ਲਓ, ਜਿਸ ਵੇਲੇ ਮਨੁੱਖ ਦਾ ਅੰਤਮ ਸਮਾਂ ਆ ਜਾਂਦਾ ਹੈ, ਉਸ ਵੇਲੇ ਕੋਈ ਦਵਾਈ ਵਗੈਰਾ ਕਾਟ ਨਹੀਂ ਕਰਦੀ ਅਤੇ ਨਾ ਹੀ ਜੰਤਰ ਮੰਤਰ ਚਲਦੇ ਹਨ।

ਯਥਾ- ਜਿਸ ਕੀ ਪੂਜੈ ਅਉਧ ਤਿਸੈ ਕਉਨੁ ਰਾਖਈ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ॥

(ਫੁਨਹੇ ਮਹਲਾ ੫, ਪੰਨਾ ੧੩੬੩)

ਤਥਾ- ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ॥
ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ॥ ੭੯॥

(ਸਲੋਕ ਕਬੀਰ, ਪੰਨਾ ੧੩੬੮)

ਤਥਾ- ਸਭੈ ਮੰਤ੍ਰ ਹੀਣੰ ਸਮੈ ਅੰਤ ਕਾਲੰ॥ ਭਜੋ ਏਕ ਚਿੱਤੰ ਸੁ ਕਾਲੰ ਕ੍ਰਿਪਾਲੰ॥ ੪੧੩॥

(ਦਸਮ ਗ੍ਰੰਥ ਰਾਮਾਵਤਾਰ, ਪੰਨਾ ੩੨੩)

ਤਥਾ- ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੈ॥

(ਮਾਰੂ ਮਹਲਾ ੫, ਪੰਨਾ ੧੦੦੮)

-ਦੂਜਾ ਅਰਥ-

ਇਸ ਅਰਥ ਵਿਚ ਕਰਮਾਂ ਦਾ ਖੰਡਨ ਤੇ ਪਰਮੇਸ਼ਰ ਦੇ ਸਿਮਰਨ ਦੀ ਵਿਸ਼ੇਸ਼ਤਾ ਕਥਨ ਕਰਦੇ ਹਨ-ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ॥

ਵੇਦਾਂ, ਪੁਰਾਣਾਂ ਦੇ ਸਾਰਿਆਂ ਮਤਾਂ ਨੂੰ ਸੁਣਕੇ ਜਿਨ੍ਹਾਂ ਨੇ ਸ਼ਕਾਮ ਕਰਮਾਂ ਦੇ ਕਰਨ ਦੀ ਆਸ਼ਾ ਕੀਤੀ ਹੈ। ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ॥

ਉਹ ਸਾਰੇ ਸਿਆਣੇ ਸਿਆਣੇ ਲੋਕ ਅੰਤ ਨੂੰ ਕਾਲ ਦੇ ਵਸੀਕਾਰ ਹੋ ਗਏ, ਪਰ ਮੁਕਤੀ ਕਿਸੇ ਨੂੰ ਪ੍ਰਾਪਤ ਨਾ ਹੋਈ। ਸ਼ਕਾਮ ਕਰਮਾਂ ਦਾ ਰਾਹ ਦੱਸਣ ਵਾਲੇ ਪੰਡਿਤ-ਲੋਕ ਭੀ ਪੈ=ਬਹੁੜੋ ਮੁਕਤੀ ਵੱਲੋਂ ਨਿਰਾਸ ਹੋ ਕੇ ਜਮਦੂਤਾਂ ਨਾਲ ਉੱਠ ਚਲੇ।

ਮਨ ਰੇ ਸਰਿਓ ਨ ਏਕੈ ਕਾਜਾ॥

ਹੇ ਪਿਆਰੇ ! ਸ਼ਕਾਮ ਕਰਮਾਂ ਦੇ ਕਰਨੇ ਕਰਕੇ ਇੱਕ ਵੀ ਕੰਮ,

ਅਥਵਾ:-ਏਕਤਾ ਵਾਲਾ ਕੰਮ ਸਰਿਓ ਨ=ਪੂਰਾ ਨ ਹੋਇਆ। ਕਿਉਂਕਿ-

ਭਜਿਓ ਨ ਰਘੁਪਤਿ ਰਾਜਾ॥ ੧॥ ਰਹਾਉ॥

ਰਘੁ+ਪਤਿ=ਸਾਰਿਆਂ ਦਾ ਪਤੀ ਜੋ ਰਾਜਾ=ਪ੍ਰਕਾਸ਼ ਰੂਪ ਪਰਮਾਤਮਾ ਹੈ, ਉਸ ਨੂੰ ਭਜਨਾ ਨਾ ਕੀਤਾ।

ਅਥਵਾ-ਰਘੁ ਨਾਂ ਲਘੁ ਦਾ ਹੈ, ਯ. ਰ. ਲ. ਇਹ ਸਵਰਨੀ ਅੱਖਰ ਹੋਣ ਕਰਕੇ ਰਘ ਦਾ ਲਘੁ ਬਣੇਗਾ। ਲਘੁ ਨਾਂ ਛੋਟੇ ਦਾ ਹੈ।

ਯਥਾ:- ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ॥

(ਮਾਰੂ ਕਬੀਰ, ਪੰਨਾ ੧੧੦੫)

ਛੋਟੇ ਜੋ ਗਰੀਬ ਹਨ ਉਹਨਾਂ ਗਰੀਬਾਂ ਦਾ ਪਤੀ ਜੋ ਪਰਮੇਸ਼ਰ ਹੈ ਰਾਜਾ=ਪ੍ਰਕਾਸ਼ ਰੂਪ ਉਸ ਨੂੰ ਭਜਨਾ ਨਾ ਕੀਤਾ।

ਯਥਾ- ਗ਼ਨੀਮੁਲ ਖਿਰਾਜ਼ ਹੈਂ॥ ਗ਼ਰੀਬੁਲ ਨਿਵਾਜ਼ ਹੈਂ॥ (ਦਸਮ ਗ੍ਰੰਥ, ਪੰਨਾ ੮)

ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ॥

ਜਿਨ੍ਹਾਂ ਨੇ ਪਰਮਾਤਮਾ ਦੀ ਭਗਤੀ ਛਡਕੇ, ਬਨਾਂ ਦੇ ਖੰਡ=ਅਸਥਾਨਾਂ ਉੱਪਰ ਜਾਕੇ ਹੱਠ ਜੋਗ ਤੇ ਪੰਜ ਧੂਣੀਆਂ ਆਦਿ ਤਪ ਕੀਤੇ ਹਨ ਅਤੇ ਕੰਦ=ਜ਼ਿਮੀਂ ਕੰਦ ਤੇ ਮੂਲੁ=ਮੂਲੀ* ਆਦਿਕਾਂ ਨੂੰ ਚਾਹੋ ਇਹਨਾਂ ਨੂੰ ਭੀ ਚੁਨਿ=ਚੁਣਕੇ ਖਾਣਾ ਕੀਤਾ ਹੈ।

ਯਥਾ- ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥

(ਬਿਲਾਵਲੁ ਕਬੀਰ, ਪੰਨਾ ੮੫੫)

ਤਥਾ- ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥

(ਮਾਝ ਵਾਰ, ਪੰਨਾ ੧੪੦)

ਨਾਦੀ ਬੇਦੀ ਸਬਦੀ ਮੋਨੀ

ਨਾਦੀ=ਸੰਖਾਂ ਤੇ ਨਰਸਿੰਘਿਆਂ ਦੇ ਵਜਾਉਣ ਵਾਲੇ ਗੋਰਖਮਤੀਏ, ਵੇਦਾਂ ਦੇ ਪਾਠ ਕਰਨ ਵਾਲੇ ਬੇਦੀ,
ਯਥਾ- "ਜਿਨੈ ਬੇਦ ਪੱਠਿਯੋ ਸੁ ਬੇਦੀ ਕਹਾਏ॥" (ਦਸਮ ਗ੍ਰੰਥ, ਪੰਨਾ ੫੧)

ਸਬਦੀ=ਅਲਖ ਦੇ ਜਗਾਉਣ ਵਾਲੇ ਸਬਦੀਏ।

ਯਥਾ- ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ॥ ੧॥ (ਗਉੜੀ ਕਬੀਰ ਪੰਨਾ ੩੩੪)

ਮੋਨੀ=ਮੋਨ ਦੇ ਅਰਥਾਤ ਚੁਪ ਦੇ ਧਾਰਨ ਵਾਲੇ ਮੋਨੀਏ, ਇਨ੍ਹਾਂ 'ਚੋਂ ਕਿਸੇ ਨੂੰ ਭੀ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੋਈ।

ਯਥਾ- ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ॥ ਨਾਦੀ ਬੇਦੀ ਪੜ੍ਹਹਿ ਪੁਰਾਣ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ॥ ਤਿਨ ਕੈ ਰਮਈਆ ਨੇੜਿ ਨਾਹਿ॥ ੨॥

(ਬਸੰਤ ਮਹਲਾ ੩, ਪੰਨਾ ੧੧੬੯)

---

*ਜੋ ਬਿਰਛਾਂ ਨਾਲ ਫਲ ਲੱਗਦੇ ਹਨ, ਉਹਨਾਂ ਨੂੰ ਕੰਦ ਕਹਿੰਦੇ ਹਨ ਅਤੇ ਜੋ ਧਰਤੀ ਵਿਚ ਪੈਦਾ ਹੋਣ ਉਹਨਾਂ ਨੂੰ ਮੂਲ ਕਹਿੰਦੇ ਹਨ।

ਜਮ ਕੇ ਪਟੈ ਲਿਖਾਇਆ ॥ ੨ ॥

ਇਸ ਲੀਏ ਇਨ੍ਹਾਂ ਸਾਰਿਆਂ ਦਾ ਹਿਸਾਬ ਚਿਤ੍ਰ ਗੁਪਤ ਦੋਹਾਂ ਨੇ ਰਲਕੇ ਜਮ ਕੇ ਪਟੈ=ਧਰਮ ਰਾਜ ਦੇ ਦਰਬਾਰ ਵਿਚ ਲਿਖਾਉਣਾ ਕੀਤਾ ਹੈ॥ ੨ ॥

ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥

ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦੀ ਨਾਰਦੀ ਭਗਤਿ=ਪ੍ਰੇਮਾ ਭਗਤੀ ਨਹੀਂ ਆਈ ਤੇ ਤਨ ਦੇ ਕਾਛਿ ਕੂਛਿ=ਪਾਲਣ ਪੋਸਣ ਵਿਖੇ ਮਨ ਨੂੰ ਦਿੱਤੀ ਰੱਖਿਆ ਹੈ।

ਅਥਵਾ:-ਤਨ ਨੂੰ ਪਾਲ ਪੋਸਕੇ ਜਮਾਂ ਦੇ ਹਵਾਲੇ ਕਰ ਦਿੱਤਾ ਹੈ।

ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥ ੩ ॥

ਮਾਇਆ ਇਕੱਠੀ ਕਰਨ ਵਾਸਤੇ ਡਿੰਭ=ਪਖੰਡ ਪੂਰਬਕ ਰਾਗ ਰਾਗਣੀਆਂ ਦੇ ਗਾਇਨ ਕਰਨ ਵਿਚ ਮਸਤ ਹੋਇਆ ਬੈਠਾ ਹੈ, ਉਸ ਨੇ ਭਲਾ ਹਰੀ ਪਾਸੋਂ ਕੀ ਲੈਣਾ ਹੈ, ਭਾਵ ਕੁਝ ਨਹੀਂ ਲੈਣਾ॥ ੩ ॥

ਇਹੋ ਜਿਹੇ ਪਖੰਡੀਆਂ ਪਾਸੋਂ ਪ੍ਰਭੂ ਤੀਹ ਤੀਹ ਕੋਹ ਪਰੇ ਹਟਕੇ ਰਹਿੰਦਾ ਹੈ-

ਯਥਾ- ਗਿਆਨੀ ਕੇ ਪ੍ਰਭ ਬੀਸ ਕੋਸ ਰਾਗੀ ਕੇ ਪ੍ਰਭ ਤੀਸ।

ਭਗਤਨ ਕੇ ਹਿਰਦੇ ਬਸੇ ਜੋਰੀ ਕੇ ਪ੍ਰਭ ਸੀਸ।

ਪਰਿਓ ਕਾਲੁ ਸਭੈ ਜਗ ਊਪਰ

ਸਾਰੇ ਜਗਤ ਦੇ ਉੱਪਰ ਕਾਲ ਦਾ ਜ਼ੋਰ ਪੈ ਰਿਹਾ ਹੈ। ਯਥਾ-

ਸਵੈਯਾ॥ ਕਾਲ ਹੀ ਪਾਇ ਭਯੋ ਭਗਵਾਨ, ਸੁ ਜਾਗਤ ਯਾ ਜਗ ਜਾਕੀ ਕਲਾ ਹੈ।

ਕਾਲ ਹੀ ਪਾਇ ਭਯੋ ਬ੍ਰਹਮਾ ਸਿਵ, ਕਾਲ ਹੀ ਪਾਇ ਭਯੋ ਜੁਗੀਆ ਹੈ।

ਕਾਲ ਹੀ ਪਾਇ ਸੁਰਾਸੁਰ ਗੰਧ੍ਰਬ, ਜੱਛ ਭੁਯੰਗ ਦਿਸਾ ਬਿਦਿਸਾ ਹੈ।

ਔਰ ਸੁ ਕਾਲ ਸਭੈ ਸਬਿ ਕਾਲ ਕੇ, ਏਕ ਹੀ ਕਾਲ ਅਕਾਲ ਸਦਾ ਹੈ॥ ੮੪ ॥

(ਬਚਿੱਤਰ ਨਾਟਕ ਪੰਨਾ ੪੫)

ਮਾਹਿ ਲਿਖੇ ਭ੍ਰਮ ਗਿਆਨੀ॥ (ਪੰਨਾ ੬੫੫)

ਭ੍ਰਮ ਗਿਆਨੀ, ਬਧ ਗਿਆਨੀ, ਚੁੰਚ ਗਿਆਨੀ ਸਭ ਧਰਮ ਰਾਜ ਦੇ ਦਫਤਰ ਮਾਹਿ=ਵਿਖੇ ਲਿਖੇ ਪਏ ਹਨ। ਪ੍ਰਸ਼ਨ-ਮੁਕਤੀ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ? ਉੱਤਰ

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ ੪ ॥ ੩ ॥

ਕਬੀਰ ਜੀ ਆਖਦੇ ਹਨ, ਜਿਨ੍ਹਾਂ ਨੇ ਪ੍ਰਮੇਸ਼ਰ ਦੀ ਪ੍ਰੇਮਾ ਭਗਤੀ ਕਰਨੀ ਜਾਣੀ ਹੈ, ਉਹ ਪੁਰਸ਼ ਬੰਧਨਾਂ ਤੋਂ ਖਾਲਸੇ*=ਛੁਟ ਗਏ ਹਨ-

---

*ਨੋਟ -ਕਈ ਬੀੜਾਂ ਵਿਚ ਖਾਲਾਸੇ ਪਾਠ ਭੀ ਹੁੰਦਾ ਹੈ ਪਰ ਕਰਤਾਰ ਪੁਰ ਵਾਲੀ ਤੇ ਦਮਦਮੇ ਸਾਹਿਬ ਵਾਲੀ ਬੀੜ ਵਿਚ ਖਾਲਸੇ ਪਾਠ ਹੈ ਤੇ ਭਾਈ ਬੰਨੋ ਵਾਲੀ ਬੀੜ ਵਿਚ ਖਾਲਾਸੇ ਪਾਠ ਹੈ।

ਅਥਵਾ-ਜਿਨ੍ਹਾਂ ਨੇ ਪਰਮੇਸ਼ਰ ਦੀ ਪ੍ਰੇਮਾ ਭਗਤੀ ਕਰਨੀ ਜਾਣੀ ਹੈ। ਕਬੀਰ ਜੀ ਕਥਨ ਕਰਦੇ ਹਨ, ਉਹ ਖਾਲਸੇ=ਖਾਲਸ ਭਾਵ ਸ਼ੁੱਧ, ਬ੍ਰਹਮ ਸਰੂਪ ਹੋਏ ਹਨ। ਕਿਉਂਕਿ ਸ਼ੁੱਧ ਚੀਜ਼ ਨੂੰ ਖਾਲਸ ਕਹਿੰਦੇ ਹਨ, ਬ੍ਰਹਮ ਭੀ ਮਾਇਆ ਮਲ ਅਵਿੱਦਿਆ ਤੋਂ ਰਹਿਤ ਹੋਣ ਕਰਕੇ ਸ਼ੁੱਧ ਹੈ।

ਦਸਮੇਸ਼ ਪਿਤਾ ਜੀ ਨੇ ਖਾਲਸੇ ਪਦ ਦੀ ਵਿਆਖਿਆ ਇਉਂ ਕੀਤੀ ਹੈ।

ਯਥਾ—ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੌਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ॥ ੧॥

(ਦਸਮ ਗ੍ਰੰਥ, ਪੰਨਾ ੭੧੨)

ਤਥਾ- ਅਸੁ ਖਾਲਸਾ ਖਾਲਸ ਪਦ ਪ੍ਰਾਪਤ, ਨਿਰੰਕਾਰ ਸੁ ਸਰੂਪ ਮਹਾਨੰ।
ਗੁਰ ਉਪਦੇਸ ਸਿਖਨ ਪ੍ਰਤਿ ਭਾਖਨ, ਮੁਦ੍ਰਾ ਤ੍ਰੈ ਕੱਛ, ਕੇਸ, ਕ੍ਰਿਪਾਨੰ।
ਤਾ ਕੀ ਰਹਿਨਿ ਸ੍ਰਤਯੋਕਤਿ ਭਾਖਤ, ਦਸ ਗ੍ਰਾਹਜ ਖਾਲਸ ਪ੍ਰਧਾਨੰ।
ਦਯਾ, ਦਾਨ ਰੁਛਮਾ, ਸਨਾਨੰ, ਸੀਲ ਸੁਚ ਸਤਯੰ ਸੰਭਾਲੰ।
ਸਾਧਨ ਸਿਧ ਸੂਰ ਭਗਤਿ ਮਾਨ, ਦਸ ਗ੍ਰਾਹਜ ਆਸਤਿਕ ਪ੍ਰਮਾਨੰ॥ ੫੧੪॥
ਤਯਾਗੀਦਸ, ਬਿਰੋਧਿ-ਸਾਧਨ-ਹਿੰਸਾ, ਅਹੰਕਾਰ, ਆਲਸ ਕ੍ਰਿਪਣਤਾ, ਪ੍ਰਮਾਨੰ।
ਕਠੋਰਤੁ, ਜੜਤੁੰ, ਕੁਚਿਲ, ਅਸਊਚੰ, ਕਲਮਾ ਮਾਸ, ਸੁ ਅਭਗਤਿ ਮਾਨੰ।
ਦਸ ਗ੍ਰਾਹਯਾ ਦਸ ਤਯਾਗੀ ਐਸੇ, ਤਾਹਿ ਖਾਲਸਾ ਕਥਿਤ ਸੁਜਾਨੰ।
ਅਸੁ ਖਾਲਸ ਖਾਲਸ ਪਦ ਪ੍ਰਾਪਤਿ ਨਿਰੰਕਾਰ ਸੁ ਸਰੂਪ ਮਹਾਨੰ॥ ੫੧੫॥
ਜੀਵਨ ਮੁਕਤ ਬਿਚਰਤ ਬਨ ਤਿਨ ਮਹਿ, ਦੇਵ ਭੂਤ ਦੈਵ ਹੀ ਕਹੀਐ।
ਖਾਲਸ ਪਦ ਕਉ ਪ੍ਰਾਪਤ ਦੁਰਲਭ, ਐਸੇ ਖਾਲਸਾ ਹਰਿਜਨ ਚਹੀਐ।
ਜਲ ਤਰੰਗ ਭੇਦ ਕਛੁ ਨਾਹਿਨ, ਜੀਵ ਬ੍ਰਹਮ ਪਰਮਾਤਮ ਲਹੀਐ।
ਬ੍ਰਹਮ ਹੀ ਜੀਵ ਜੀਵ ਹੀ ਬ੍ਰਹਮੋ, ਸਾਗਰ ਬੂੰਦ ਬੂੰਦ ਸਿੰਧ ਅਹੀਐ॥ ੫੧੬॥
ਐਸੇ ਨਿਸਚੇ ਵਾਲਾ ਖਾਲਸਾ ਮੇਰਾ ਹੀ ਰੂਪ ਹੈ।

ਯਥਾ- ਖਾਲਸਾ ਮੇਰੋ ਰੂਪ ਹੈ ਖ਼ਾਸ। ਖਾਲਸੇ ਮਹਿ ਹੌਂ ਕਰੌਂ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ। ਖਾਲਸੇ ਕੇ ਹੌਂ ਸਦ ਸਦ ਸੰਗਾ॥ ੫੧੯॥
ਖਾਲਸਾ ਮੇਰੋ ਸ੍ਰਜਨ ਪਰਵਾਰਾ। ਖਾਲਸਾ ਮੇਰੋ ਕਰਤ ਉਧਾਰਾ।
ਖਾਲਸਾ ਮੇਰੋ ਪਿੰਡ ਪ੍ਰਾਨ। ਖਾਲਸਾ ਮੇਰੀ ਜਾਨ ਕੀ ਜਾਨ॥ ੫੨੩॥
ਉਪਮਾ ਖਾਲਸੇ ਜਾਤ ਨ ਕਹੀ। ਜਿਹਵਾ ਏਕ ਪਾਰ ਨਹਿੰ ਲਹੀ॥ ੫੨੫।
ਸੇਸ ਰਸਨ ਸਾਰਦ ਸੀ ਬੁੱਧ। ਤਦਪਿ ਨ ਉਪਮਾ ਬਰਨਤ ਸੁਧ।
ਯਾ ਮੈ ਰੰਚ ਨ ਮਿਥਿਆ ਭਾਖੀ। ਗੁਰ ਪਾਰਬ੍ਰਹਮ ਗੁਰ ਨਾਨਕ ਸਾਖੀ॥ ੫੨੬।

(ਸਰਬ ਲੋਹ ਵਿਚੋਂ 'ਖਾਲਸਾ ਮਹਿਮਾ')

ਘਰੁ ੨ ॥

ਉਥਾਨਕਾ:-ਸੰਸਾਰੀ ਪੁਰਸ਼ ਆਪਣੀਆਂ ਅੱਖਾਂ ਨਾਲ ਕੀ ਵੇਖਦੇ ਹਨ ? ਅਤੇ ਤੁਸੀਂ ਆਪਣੀਆਂ ਅੱਖਾਂ ਨਾਲ ਕੀ ਵੇਖਦੇ ਹੋ ? ਉੱਤਰ- -ਪੰਹਿਲਾ ਅਰਥ-

ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥

ਸੰਸਾਰੀ ਪੁਰਸ਼ ਆਪਣੇ ਦੋ ਨੇਤਰਾਂ ਨਾਲ ਦੁਇ=ਦ੍ਵੈਤ ਨੂੰ ਹੀ ਦੇਖਣਾ ਕਰਦੇ ਹਨ ਤੇ ਹਉ=ਮੈਂ ਹਰੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਦੇਖਦਾ।

ਨੈਨ ਰਹੇ ਰੰਗੁ ਲਾਈ॥ ਅਬ ਬੇ ਗਲ ਕਹਨੁ ਨ ਜਾਈ॥ ੧ ॥

ਦੁਨਿਆਵੀ ਪੁਰਸ਼ਾਂ ਦੇ ਨੇਤਰ ਸੰਸਾਰਕ ਰੰਗੁ=ਪ੍ਰੇਮ ਵਿਚ ਲੱਗ ਰਹੇ ਹਨ, ਦੁਨਿਆਵੀ ਪੁਰਸ਼ਾਂ ਪਾਸੋਂ ਸੰਸਾਰਕ ਗੱਲਾਂ ਤੋਂ ਬਿਨਾਂ ਦੂਜੀ ਨਾਮ ਦੀ ਗੱਲ ਨਹੀਂ ਕਹੀ ਜਾਂਦੀ। "ਬੇ-ਗਲਾ" ਸਬੰਧਕ ਕਰਨਾ।

-ਦੂਜਾ ਅਰਥ-

ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥

ਦੋ ਪਰਤੱਖ ਨੇਤਰਾਂ ਨਾਲ ਦੋ ਅੰਤਰੀਵ ਵੈਰਾਗ ਵਿਆਨ ਰੂਪ,

ਵਾ:-ਸੁਰਤੀ ਸਿੰਮ੍ਰਿਤੀ ਰੂਪ ਨੇਤਰਾਂ ਨਾਲ ਮੈਂ ਪਰਮਾਤਮਾ ਨੂੰ ਦੇਖਦਾ ਹਾਂ।

ਮੈਂ ਹਰੀ ਤੋਂ ਬਿਨਾਂ ਅਉਰੁ=ਹੋਰ ਕਿਸੇ ਨੂੰ ਦੇਖਦਾ ਨਹੀਂ ਹਾਂ।

ਨੈਨ ਰਹੇ ਰੰਗੁ ਲਾਈ॥

ਮੇਰੇ ਨੈਨ=ਨੇਤਰ ਪਰਮੇਸ਼ਰ ਦੇ ਰੰਗ=ਆਨੰਦ ਵਿਚ ਲੱਗ ਰਹੇ ਹਲ।

ਅਬ ਬੇ ਗਲ ਕਹਨੁ ਨ ਜਾਈ॥

ਨਾਮ ਤੋਂ ਬਿਨਾਂ ਹੁਣ ਬੇ+ਗਲ ਦੂਜੀ ਕੋਈ ਗੱਲ ਮੇਰੇ ਪਾਸੋਂ ਕਹੀ ਨਹੀਂ ਜਾਂਦੀ।

ਹਮਰਾ ਭਰਮੁ ਗਇਆ ਭਉ ਭਾਗਾ॥

ਅਸਾਡਾ *ਪੰਜ ਪਰਕਾਰ ਦਾ ਭਰਮ ਚਲਾ ਗਿਆ ਹੈ ਤੇ ਚਿੱਤ 'ਚੋਂ ਜਮਾਂ ਦਾ ਡਰ ਵੀ ਭੱਜ ਗਿਆ ਹੈ। ਪ੍ਰਸ਼ਨ-ਕਿਸ ਮੌਕੇ ਡਰ ਦੂਰ ਹੋਇਆ ਹੈ? ਉੱਤਰ-

---

*ਭੇਦ ਪਰਮ, ਕਰਤਤ ਭਰਮ, ਪੁਨ ਸੰਗ, ਭਰਮ ਵਿਕਾਰ,
ਬ੍ਰਹਮ ਇਤਰ ਜਗ ਸਤ ਹੈ ਪਾਚੋਂ ਭਰਮ ਸੰਸਾਰ।

ਇਨ੍ਹਾਂ ਦੀ ਨਿਵਿਰਤੀ ਅੱਗੇ ਲਿਖੇ ਪੰਜਾਂ ਦ੍ਰਿਸ਼ਟਾਂਤਾਂ ਨਾਲ ਹੁੰਦੀ ਹੈ।

ਬਿੰਬ ਪ੍ਰਤਿਬਿੰਬ, ਲੋਹਤ ਸਫਟਕ, ਘਟਾਕਾਸ ਗੁਣ ਮਾਰ।
ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੋ ਭਰਮ ਨਿਵਾਰ।

ਇਨ੍ਹਾਂ ਦਾ ਖੁਲਾਸਾ ਪਰਕਰਨ ਪਿਛੇ ੧੨੯ ਸਫੇ ਤੇ ਪੜ੍ਹੋ।

ਜਬ ਰਾਮ ਨਾਮ ਚਿਤੁ ਲਾਗਾ ॥ ੧ ॥ ਰਹਾਉ ॥

ਜਿਸ ਵੇਲੇ ਰਾਮ ਨਾਮ ਦੇ ਸਿਮਰਨ ਕਰਨ ਵਿਖੇ ਚਿੱਤ ਲੱਗਾ।

ਪ੍ਰਸ਼ਨ-ਕਿਸ ਰਾਮ ਨਾਮ ਦੇ ਸਿਮਰਨ ਕਰਨ ਨਾਲ ਆਪ ਜੀ ਦਾ ਭਰਮ ਅਤੇ ਜਮਾਂ ਦਾ ਡਰ ਦੂਰ ਹੋਇਆ ਹੈ, ਕਿਉਂਕਿ ਰਾਮ ਤਾਂ ਬਹੁਤ ਸਾਰੇ ਹਨ।

ਯਥਾ- ਏਕ ਰਾਮ ਦਸਰਥ ਕਾ ਬੇਟਾ। ਏਕ ਰਾਮ ਘਟ ਘਟ ਮਹਿ ਲੇਟਾ।

ਏਕ ਰਾਮ ਕਾ ਸਗਲ ਪਸਾਰਾ। ਏਕ ਰਾਮ ਸਭਹੂੰ ਤੇ ਨਿਆਰਾ।

ਰਾਮ=ਪਰਸਰਾਮ ਨੂੰ ਭੀ ਕਹਿੰਦੇ ਹਨ। ਰਾਮ=ਬਲਰਾਮ ਨੂੰ ਭੀ ਕਹਿੰਦੇ ਹਨ। ਆਪ ਜੀ ਨੇ ਕੇਹੜੇ ਰਾਮ ਦਾ ਚਿੰਤਨ ਕੀਤਾ ਹੈ? ਉੱਤਰ-

ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥

ਜਿਸ ਪਰਮਾਤਮਾ ਰੂਪ ਬਾਜੀਗਰ ਨੇ ਤਦਈਖਸ਼ਤ ਬਹੁ ਸਜਾਂ ਪ੍ਰਜਾਯੇਯ ॥

ਰੂਪ ਡੰਕ=ਡੁਗਡੁਗੀ ਬਜਾਈ ਹੈ। ਅਥਵਾ-ਜਿਸ ਪਰਮਾਤਮਾ ਰੂਪ ਬਾਜੀਗਰ ਨੇ

ਜਬ ਉਦਕਰਖ ਕਰਾ ਕਰਤਾਰਾ ॥ ਰੂਪ ਡੁਗਡੁਗੀ ਬਜਾਈ ਹੈ ਤੇ ਸਾਰੀ ਖਲਕਤ ਤਮਾਸ਼ਾ ਰੂਪ ਹੋ ਆਈ ਹੈ। ਉਸ ਰਾਮ ਨਾਮ ਵਿਖੇ ਮੈਂਨੇ ਚਿੱਤ ਲਗਾਉਣਾ ਕੀਤਾ ਹੈ।

ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥ ੨ ॥

ਜਿਸ ਵੇਲੇ ਪਰਮਾਤਮਾ ਰੂਪ ਬਾਜੀਗਰ ਨੇ ਏਕੋ ਹੰ ਰੂਪ ਸ਼ਬਦ ਉਚਾਰਕੇ ਸੰਸਾਰ ਸ੍ਵਾਂਗ ਨੂੰ ਸਕੇਲਾ=ਇਕੱਠਾ ਕੀਤਾ ਤਾਂ ਉਹ ਆਪਣੇ ਰੰਗ-ਆਨੰਦ ਵਿਚ ਇਕੱਲਾ ਹੀ ਰਵੈ=ਮਿਲਿਆ ਰਹਿੰਦਾ ਹੈ॥ ੨ ॥

ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥

ਬਾਹਯ ਕਥਨੀਆਂ ਦੇ ਕਹਿਣ ਨਾਲ ਚਿੱਤ ਤੋਂ ਭਰਮ ਜਾਂਦਾ ਨਹੀਂ। ਸਾਰੀ ਦੁਨੀਆਂ ਬਾਹਯ ਕਥਨੀਆਂ ਨੂੰ ਕਥਨ ਕਰ ਰਹੀ ਹੈ। ਵਾ:-ਕਥ ਕਥਕੇ ਰਹਿ ਚੁਕੀ ਹੈ ਭਾਵ ਮਰ ਰਹੀ ਹੈ।

ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥ ੩ ॥

ਜਿਸ ਗੁਰਮੁਖ ਜਗਿਆਸੂ ਨੂੰ ਗੁਰਮੁਖਾਂ ਨੇ ਆਪਣੀ ਅਮੋਲਕ ਸਿਖਿਆ ਸਮਝਾਈ ਹੈ, ਤਿਸ ਪੁਰਸ਼ ਦੇ ਅੰਤਹਕਰਨ ਵਿਖੇ ਉਹ ਪਰਮਾਤਮਾ ਸਮਾਈ=ਸਾਖਿਆਤਕਾਰ ਹੋ ਰਿਹਾ ਹੈ॥ ੩ ॥

ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥

ਜਿਸ ਵੇਲੇ ਮੁਖ ਗੁਰਾਂ ਨੇ ਕਿੰਚਤ=ਥੋੜ੍ਹੀ ਜਿੰਨੀ ਕਿਰਪਾ ਦ੍ਰਿਸ਼ਟੀ ਕੀਤੀ, ਤਿਸ ਵੇਲੇ ਤਨ ਮਨ ਤੋਂ ਆਦਿ ਸਾਰਾ ਸਰਬੰਸ ਦੇ ਕੇ ਹਰੀ ਦੀ ਭਗਤੀ ਲੀਤੀ।

ਅਥਵਾ:-ਹਰੀ ਦੀ ਭਗਤੀ ਕਰਨ ਨਾਲ ਜਿਸ ਵੇਲੇ ਬ੍ਰਹਮ ਗਿਆਨ ਪ੍ਰਾਪਤ ਹੋਇਆ ਤਾਂ 'ਤਨੁ ਮਨੁ ਦੇਹ'-ਕਾਰਨ, ਸੂਖਮ, ਅਸਥੂਲ, ਤਿੰਨੇ ਸਰੀਰ ਹਰੀ ਵਿਖੇ ਲੀਨ ਹੋ ਗਏ।

ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥ ੪ ॥ ੪ ॥

ਕਬੀਰ ਜੀ ਆਖਦੇ ਹਨ, ਮੁਖ ਗੁਰਾਂ ਦੀ ਕਿਰਪਾ ਨਾਲ ਜਦ ਮੈਂ ਉਸ ਦੇ ਰੰਗ+ਰਾਤਾ=ਪਰੇਮ ਵਿਖੇ ਤਦਾਕਾਰ ਹੋਇਆ ਤਦ ਮੈਨੂੰ ਜਗਜੀਵਨ ਦਾਤਾ ਪਰਮੇਸ਼ਰ ਮਿਲ ਪਿਆ ॥ ੪ ॥ ੪ ॥

ਯਥਾ- ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥ ੯ ॥

(ਦਸਮ ਗ੍ਰੰਥ, ਪੰਨਾ ੧੪)

ਉਥਾਨਕਾ:-ਕਬੀਰ ਸਾਹਿਬ ਜੀ ਰੋਜ਼ਾਨਾ ਪਿਛਲੀ ਰਾਤ ਉੱਠਕੇ ਸੌਚ ਇਸ਼ਨਾਨ ਵਗੈਰਾ ਦੀ ਕਿਰਿਆ ਕਰਕੇ ਕੁਝਕੁ ਚਿਰ ਅੰਤਰ ਧਿਆਨ ਹੋ ਕੇ ਫਿਰ ਪਰਮਾਤਮਾ ਸਬੰਧੀ ਵਿਚਾਰ ਅਰਥਾਤ ਸਤਿਸੰਗ ਵਿਚ ਬੈਠਕੇ ਕਥਾ ਕੀਤਾ ਕਰਦੇ ਸਨ।

ਇੱਕ ਦਾਸੀ ਜੋ ਕਿਸੇ ਸ਼ਾਹ ਦੇ ਘਰ ਦਹੀਂ ਰਿੜਕਣ ਜਾਂਦੀ ਹੁੰਦੀ ਸੀ, ਉਸ ਦੇ ਅੰਦਰ ਪ੍ਰੇਮ ਭਾਵਨਾ ਹੋਣ ਕਰਕੇ ਉਹ ਭੀ ਰੋਜ਼ ਨਿਤ ਨਿਯਮ ਅਨੁਸਾਰ ਕਥਾ ਸੁਣਦੀ ਸੀ, ਕਥਾ ਦਾ ਭੋਗ ਦੇਰ ਨਾਲ ਪੈਂਦਾ ਇਸ ਤੇ ਉਹ ਭੀ ਦੇਰ ਨਾਲ ਸ਼ਾਹ ਦੇ ਘਰ ਜਾਂਦੀ ਸੀ। ਉਹਨਾਂ ਦੇ ਘਰ ਦੇਰ ਨਾਲ ਜਾਣ ਦੇ ਕਾਰਨ ਰੋਜ਼ਾਨਾ ਹੀ ਝਿੜਕਾਂ ਖਾਂਦੀ। ਪਰ ਉਹ ਕਥਾ ਦੇ ਵਿਚਾਰ ਦੁਆਰਾ ਇੱਕ ਕੰਨੋਂ ਸੁਣਦੀ, ਦੂਜੇ ਕੰਨੋਂ ਕਢ ਦੇਂਦੀ ਮਨ ਅੰਦਰ ਗੁੱਸਾ ਨਹੀਂ ਰੱਖਦੀ ਸੀ।

ਇੱਕ ਦਿਨ ਉਸ ਨੇ ਆਪਣੀ ਸਾਰੀ ਬਿਵਸਥਾ ਕਬੀਰ ਜੀ ਨੂੰ ਦੱਸਕੇ ਬੇਨਤੀ ਕੀਤੀ ਕਿ ਮਹਾਰਾਜ ! ਮੇਰੀ ਰੋਜ਼ੀ ਪਰਾਏ ਵਸ ਹੈ ਤੇ ਮੈਂ ਰੋਜ਼ਾਨਾ ਤੁਹਾਡੀ ਕਥਾ ਸੁਣਕੇ ਉਹਨਾਂ ਦੇ ਘਰ ਜਾਕੇ ਦਹੀਂ ਰਿੜਕਣ ਦਾ ਕੰਮ ਕਰਦੀ ਹਾਂ। ਦੇਰ ਹੋਣ ਦੇ ਕਾਰਨ ਉਹ ਰੋਜ਼ ਮੈਨੂੰ ਗੁੱਸੇ ਹੁੰਦੇ ਹਨ। ਆਪ ਕਿਰਪਾ ਕਰੋ ਕਥਾ ਦਾ ਭੋਗ ਛੇਤੀ ਪਾ ਦਿੱਤਾ ਕਰੋ, ਤਾਂ ਕਿ ਇਹ ਅਨੰਦ ਮੈਂ ਲਈ ਜਾਵਾਂ। ਕਿਉਂਕਿ ਕਥਾ ਦੇ ਵਿਚੋਂ ਉੱਠਣ ਦਾ ਮੇਰਾ ਦਿਲ ਨਹੀਂ ਕਰਦਾ।

ਇਹ ਗੱਲ ਸੁਣਕੇ ਕਬੀਰ ਜੀ ਨੇ ਕਥਾ ਦਾ ਭੋਗ ਜਲਦੀ ਪਾਉਣਾ ਸ਼ੁਰੂ ਕਰ ਦਿੱਤਾ। ਪਰ ਉਸ ਨੂੰ ਇਸ ਸ਼ਬਦ ਦੁਆਰਾ ਸਿੱਖਿਆ ਭੀ ਦੇਂਦੇ ਹਨ, ਕਿ ਜਿਸ ਤਰ੍ਹਾਂ ਤੂੰ ਪ੍ਰਤੱਖ ਦਹੀਂ ਧੋਲੇ ਵਿਚ ਪਾਕੇ ਰਿੜਕਦੀ ਹੈਂ ਤਿਵੇਂ ਤੂੰ ਅੰਤ੍ਰੀਵ ਦੁੱਧ ਦਹੀਂ ਭੀ ਰਿੜਕਿਆ ਕਰ ਤਾਂ ਤੈਨੂੰ ਬ੍ਰਹਮ ਗਿਆਨ ਰੂਪ ਮੱਖਣ ਖਾਣ ਨੂੰ ਮਿਲੇਗਾ।

ਜਾ ਕੇ ਨਿਗਮ ਦੂਧ ਕੇ ਠਾਟਾ ॥

ਜਿਸ ਪਰਮੇਸ਼ਰ ਦੇ ਰਚੇ ਹੋਏ ਜੋ ਨਿਗਮ=ਵੇਦ ਹਨ ਏਹੀ ਦੁੱਧ ਦਾ ਠਾਟਾ=ਅਸਥਾਨ ਖੀਰ ਸਮੁੰਦਰ ਹੈ।

ਸਮੁੰਦੁ ਬਿਲੋਵਨ ਕਉ ਮਾਟਾ ॥

ਜਿਵੇਂ ਦੇਵਤਿਆਂ ਦੈਂਤਾਂ ਦੇ ਬਿਲੋਵਨ=ਰਿੜਕਣੇ ਨੂੰ ਪਰਤੱਖ ਖੀਰ ਸਮੁੰਦਰ ਹੀ ਮੱਟ ਹੋਇਆ ਹੈ। ਤਿਵੇਂ ਕਪਲ, ਗੌਤਮ, ਕਨਾਦਿ, ਜੈਮਨੀ, ਪਤੰਜਲ ਆਦਿ ਰਿਖੀਆਂ ਦੇ ਰਿੜਕਣ ਨੂੰ ਵੇਦ ਹੀ ਮੱਟ ਹੋਇਆ ਹੈ। ਰਿਖੀਆਂ ਨੇ ਵੇਦਾਂ ਨੂੰ ਮਥਕੇ ਖਟ ਸ਼ਾਸਤ੍ਰ ਰੂਪ ਮੱਖਣ ਕੱਢਿਆ ਹੈ।

ਤਾ ਕੀ ਹੋਹੁ ਬਿਲੋਵਨਹਾਰੀ॥

ਹੇ ਦਾਸੀ ! ਤੂੰ ਭੀ ਤਿਨ੍ਹਾਂ ਵੇਦਾਂ ਦੇ ਵਿਚਾਰਨੇ ਵਾਲੀ ਹੋ। ਅਥਵਾ:-

ਜਾ ਕੇ ਨਿਗਮ ਦੂਧ ਕੇ ਠਾਟਾ॥

ਜਿਸ ਪਰਮੇਸ਼ਰ ਦੇ ਰਚੇ ਹੋਏ ਵੇਦ ਹੀ ਦੁੱਧ ਦਾ ਠਾਟ=ਅਸਥਾਨ ਉਪਨਿਸ਼ਦਾਂ ਗਊਆਂ ਹਨ। ਨਿਸ਼ਕਾਮ ਕਰਮਾਂ ਰੂਪ ਦੁੱਧ ਹੈ, ਉਪਾਸ਼ਨਾਂ ਰੂਪ ਦਹੀਂ ਹੈ।

ਸਮੁੰਦੁ ਬਿਲੋਵਨ ਕਉ ਮਾਟਾ॥

ਤਿਸ ਨਿਸ਼ਕਾਮ ਕਰਮਾਂ ਰੂਪ ਦੁੱਧ ਤੇ ਉਪਾਸ਼ਨਾਂ ਰੂਪ ਦਹੀਂ ਦੇ ਰਿੜਕਨੇ ਨੂੰ ਸਮੁੰਦੁ=ਸਤਸੰਗ ਹੀ ਮਾਟਾ=ਮੱਟ ਹੈ। *ਤਾ ਕੀ ਹੋਹੁ ਬਿਲੋਵਨਹਾਰੀ॥*

ਤਿਸ ਨਿਸ਼ਕਾਮ ਕਰਮਾਂ ਰੂਪ ਦੁੱਧ ਤੇ ਉਪਾਸ਼ਨਾਂ ਰੂਪ ਦਹੀਂ ਦੇ ਰਿੜਕਨੇ ਵਾਲੀ ਹੋ। ਤਾਂ ਤੈਨੂੰ ਬ੍ਰਹਮ ਗਿਆਨ ਰੂਪ ਮੱਖਣ ਮਿਲੇਗਾ।

ਜੇ ਕਿਸੇ ਭੂਤ ਭਾਵੀ ਪ੍ਰਤਿਬੰਧਕ ਕਰਕੇ ਬ੍ਰਹਮ ਗਿਆਨ ਰੂਪ ਮੱਖਣ ਨਾ ਭੀ ਮਿਲਿਆ ਤਾਂ-

ਕਿਉ ਮੇਟੈ ਗੋ ਛਾਛਿ ਤੁਹਾਰੀ॥੧॥

ਬ੍ਰਹਮ ਲੋਕ ਦੀ ਪ੍ਰਾਪਤੀ ਰੂਪ ਛਾਛਿ=ਲੱਸੀ ਤੇਰੀ ਕਿਵੇਂ ਹਟਾਏਗਾ।

ਅਥਵਾ:-ਸੰਸਾਰਕ ਸੁਖ ਦੀ ਪ੍ਰਾਪਤੀ ਰੂਪ ਤੇਰੀ ਲੱਸੀ ਨੂੰ ਕਿਵੇਂ ਹਟਾਏਗਾ। ਭਾਵ ਸੰਸਾਰਕ ਸੁਖ ਤਾਂ ਤੈਨੂੰ ਜ਼ਰੂਰ ਦੇਵੇਗਾ। ਅਥਵਾ:-ਤੇਰੀ ਛਾਛਿ=ਖਾਹਿਸ਼ ਨੂੰ ਭਾਵ ਤੇਰੀ ਇੱਛਾ ਨੂੰ ਕਿਵੇਂ ਮੇਟੇਗਾ। ਅਰਥਾਤ ਉਹ ਤੇਰੀ ਇੱਛਾ ਨੂੰ ਜ਼ਰੂਰ ਪੂਰਿਆਂ ਕਰੇਗਾ।

ਚੇਰੀ ਤੂ ਰਾਮੁ ਨ ਕਰਸਿ ਭਤਾਰਾ॥ਜਗਜੀਵਨ ਪ੍ਰਾਨ ਅਧਾਰਾ॥੧॥ਰਹਾਉ॥

ਹੇ ਦਾਸੀ ! ਤੂੰ ਰਾਮ ਨੂੰ ਆਪਣਾ ਪਤੀ ਨਹੀਂ ਕਰਦੀ, ਅਰਥਾਤ ਰਾਮ ਨੂੰ ਆਪਣਾ ਪਤੀ ਜ਼ਰੂਰ ਬਣਾਉਣਾ ਕਰ। ਉਹ ਜਗਜੀਵਨ=ਪਰਮਾਤਮਾ ਪ੍ਰਾਣਾਂ ਦਾ ਅਧਾਰਾ=ਆਸਾਰਾ ਰੂਪ ਹੈ॥ ੧॥ ਰਹਾਉ॥

ਤੇਰੇ ਗਲਹਿ ਤਉਕੁ ਪਗ ਬੇਰੀ॥ਤੂ ਘਰ ਘਰ ਰਮਈਐ ਫੇਰੀ॥

ਤੇਰੇ ਗਲ ਵਿਚ ਮੋਹ ਰੂਪੀ ਤਉਕ* ਹੈ ਤੇ ਮਨ ਬੁੱਧੀ ਰੂਪ ਪੈਰਾਂ ਵਿਚ ਵਾਸ਼ਨਾਂ ਰੂਪ, ਵਾ:-ਹੰਗਤਾ ਮਮਤਾ ਰੂਪ ਬੇਰੀ=ਬੇੜੀਆਂ ਹਨ।

ਇਸ ਕਰਕੇ ਪਰਮਾਤਮਾ ਨੇ ਤੈਨੂੰ ਚਉਰਾਸੀ ਲੱਖ ਜੂਨੀਆਂ ਰੂਪ ਘਰ ਘਰ ਵਿਚ ਫੇਰਨਾ ਕੀਤਾ ਹੈ। ਹੁਣ ਤੈਨੂੰ ਮਨੁੱਖਾ ਜਨਮ ਮਿਲਿਆ ਹੈ-

ਤੂ ਅਜਹੁ ਨ ਚੇਤਸਿ ਚੇਰੀ॥ਤੂ ਜਮਿ ਬਪੁਰੀ ਹੈ ਹੇਰੀ॥੨॥

ਹੇ ਚੇਰੀ=ਦਾਸੀ ! ਤੂੰ ਅਜੇ ਵੀ ਪਰਮਾਤਮਾ ਨੂੰ ਚੇਤਸਿ=ਯਾਦ ਨਹੀਂ ਕਰਦੀ।

ਹੇ ਬਪੁਰੀ=ਵਿਚਾਰੀ ਦਾਸੀ ਤੈਨੂੰ ਜਮਾਂ ਨੇ ਹੇਰੀ=ਦੇਖਿਆ ਹੋਇਆ ਹੈ।

---

*ਨੋਟ-ਪੁਰਾਤਨ ਸਮੇਂ ਅਤੇ ਸਿੱਖ ਰਾਜ ਸਮੇਂ ਤੱਕ ਅਪਰਾਧੀ ਦੇ ਗਲ ਵਿਖੇ ਤਉਕ ਪਾਇਆ ਜਾਂਦਾ ਸੀ।

ਜਿਸ ਵੇਲੇ ਕਬੀਰ ਜੀ ਨੇ ਇਹ ਕੁਝ ਕਿਹਾ, ''ਤਿਸ ਵੇਲੇ ਦਾਸੀ ਨੇ ਉੱਤਰ ਦਿਤਾ'' ਕਿ-

ਪ੍ਰਭ ਕਰਨ ਕਰਾਵਨਹਾਰੀ॥ ਕਿਆ ਚੇਰੀ ਹਾਥ ਬਿਚਾਰੀ॥

ਉਹ ਪਰਮਾਤਮਾ ਸਭ ਕੁਝ ਕਰਨ ਕਰਾਵਣ ਵਾਲਾ ਹੈ।

ਮੈਂ ਵਿਚਾਰੀ ਚੇਰੀ=ਦਾਸੀ ਦੇ ਹਾਥ=ਅਧੀਨ ਭਲਾ ਕੀ ਹੈ।

ਸੋਈ ਸੋਈ ਜਾਗੀ॥ ਜਿਤੁ ਲਾਈ ਤਿਤੁ ਲਾਗੀ॥ ੩॥

ਓਹੀ ਓਹੀ ਇਸਤ੍ਰੀ ਅਵਿੱਦਿਆ ਨੀਂਦਰ 'ਚੋਂ ਗਿਆਨ ਜਾਗਰਤ ਵਿਚ ਜਾਗੀ ਹੈ, ਜਿਸ ਜਿਸ ਤੇ ਉਸ ਦੀ ਮੇਹਰ ਹੋਈ ਹੈ। ਮੈਂ ਉਸੀ ਪਾਸੇ ਲਗੀ ਹਾਂ, ਜਿਧਰ ਪ੍ਰਭੂ ਨੇ ਪ੍ਰੇਰਕੇ ਲਗਾਇਆ ਹੈ। ਐਸੇ ਉੱਚੇ ਖਿਆਲਾਂ ਦੇ ਬਚਨ ਦਾਸੀ ਪਾਸੋਂ ਸੁਣਕੇ ਕਬੀਰ ਜੀ ਪੁੱਛਦੇ ਹਨ, ਕਿ-

ਚੇਰੀ ਤੈ ਸੁਮਤਿ ਕਹਾਂ ਤੇ ਪਾਈ॥ ਜਾ ਤੇ ਭ੍ਰਮ ਕੀ ਲੀਕ ਮਿਟਾਈ॥

ਹੇ ਦਾਸੀ! ਤੈਨੇ ਇਤਨੀ ਸ੍ਰੇਸ਼ਟ ਮਤੀ ਕਿੱਥੋਂ ਪ੍ਰਾਪਤ ਕੀਤੀ ਹੈ?

ਜਿਸ ਕਰਕੇ ਤੂੰ ਭਰਮ ਦੀ ਲੀਕ=ਨਿਸ਼ਾਨੀ ਅਥਵਾ:-ਕਲੰਕ ਮਿਟਾ ਦਿੱਤਾ ਹੈ।

ਉੱਤਰ-ਗੁਰਾਂ ਦੀ ਕਿਰਪਾ ਨਾਲ ਇਹ ਸੁਮਤੀ ਮੈਂਨੇ ਪਾਈ ਹੈ।

ਇਹ ਗੱਲ ਸੁਣਕੇ ਅੱਗੋਂ ਕਬੀਰ ਜੀ ਆਪਣੀ ਅਵਸਥਾ ਦੱਸਦੇ ਹਨ-

ਸੁ ਰਸੁ ਕਬੀਰੈ ਜਾਨਿਆ॥ ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ॥ ੪॥ ੫॥

ਕਬੀਰ ਜੀ ਕਥਨ ਕਰਦੇ ਹਨ, ਜਿਸ ਵੇਲੇ ਗੁਰਾਂ ਦੀ ਪ੍ਰਸਾਦਿ=ਕਿਰਪਾ ਕਰਕੇ ਮੇਰਾ ਮਨ ਨਾਮ ਦੇ ਸਿਮਰਨ ਵਿਚ ਮੰਨਿਆਂ ਗਿਆ ਤਾਂ ਮੈਂ ਨੇ ਵੀ ਸੁ+ਰਸੁ=ਸ੍ਰੇਸ਼ਟ ਆਤਮ-ਰਸ ਨੂੰ ਜਾਣ ਲੈਣਾ ਕੀਤਾ ਹੈ॥ ੪॥ ੫॥

ਜਿਹ ਬਾਝੁ ਨ ਜੀਆ ਜਾਈ॥ ਜਉ ਮਿਲੈ ਤ ਘਾਲ ਅਘਾਈ॥

ਜਿਸ ਪਰਮਾਤਮਾ ਦੀ ਸੱਤਿਆ ਤੋਂ ਬਿਨਾਂ ਜੀਵਿਆ ਨਹੀਂ ਜਾਂਦਾ। ਜੇਕਰ ਉਹ ਪਰਮਾਤਮਾ ਮਿਲ ਜਾਵੇ ਤਾਂ ਪੁਰਸ਼ ਦੀ ਘਾਲ=ਕਮਾਈ ਕੀਤੀ ਹੋਈ ਅਘਾਈ=ਪੂਰਨ ਭਾਵ ਸਫਲ ਹੁੰਦੀ ਹੈ।

ਪ੍ਰਸ਼ਨ-ਸੰਸਾਰ ਵਿਚ ਜੀਵਣਾ ਕਿਸ ਦਾ ਸਫਲ ਹੈ? ਉੱਤਰ-

ਸਦ ਜੀਵਨੁ ਭਲੋ ਕਹਾਂਹੀ॥ ਮੂਏ ਬਿਨੁ ਜੀਵਨੁ ਨਾਹੀ॥ ੧॥

ਸੰਸਾਰ ਵਿਖੇ ਸਦ=ਸ੍ਰੇਸ਼ਟ ਜੀਵਣਾ ਅਤੇ ਭਲਾ ਕਹਾਵਣਾ ਉਸੇ ਦਾ ਸਫਲ ਹੈ, ਜੋ ਜੀਵਤ ਭਾਵ ਤੋਂ ਮਰਦਾ ਹੈ। ਜੀਵਤ ਭਾਵ ਤੋਂ ਮਰੇ ਬਿਨਾਂ ਸੰਸਾਰ ਵਿਚ ਕਿਸੇ ਦਾ ਜੀਵਣਾ ਸਫਲ ਨਹੀਂ।

ਅਬ ਕਿਆ ਕਥੀਐ ਗਿਆਨੁ ਬੀਚਾਰਾ॥

ਗੁਰਾਂ ਦੀ ਕਿਰਪਾ ਨਾਲ ਅਬ=ਹੁਣ ਸਮਝ ਹੋਈ ਤਾਂ ਫਿਰ ਗਿਆਨ ਦਾ ਵਿਚਾਰ ਕੀ ਕਥਨ ਕਰਨਾ ਹੈ।

ਨਿਜ ਨਿਰਖਤ ਗਤ ਬਿਉਹਾਰਾ॥ ੧॥ ਰਹਾਉ॥

ਆਪਣੇ ਸ੍ਵੈ ਸ਼ਰੂਪ ਦੇ ਨਿਰਖਤ=ਵੇਖਣ ਨਾਲ ਸੰਸਾਰਕ ਸਾਰੇ ਵਿਹਾਰ ਗਤ=ਨਾਸ ਹੋ ਗਏ। ਅਥਵਾ:-

ਗਿਆਨ ਦਾ ਵਿਚਾਰ ਪਰਾਪਤ ਹੋਣੇ ਕਰਕੇ ਹੁਣ ਸੰਸਾਰ ਨੂੰ ਕਿਆ ਕਥਨ ਕਰਨਾ ਹੈ। ਆਪਣੇ ਵਖਦਿਆਂ ਵੇਖਦਿਆਂ ਸੰਸਾਰ ਦਾ ਬਿਉਹਾਰ ਨਾਸ ਹੁੰਦਾ ਜਾ ਰਿਹਾ ਹੈ, ਭਾਵ ਸਾਰੇ ਮਰਦੇ ਜਾ ਰਹੇ ਹਨ।

ਘਸਿ ਕੁੰਕਮ ਚੰਦਨੁ ਗਾਰਿਆ ॥ ਬਿਨੁ ਨੈਨਹੁ ਜਗਤੁ ਨਿਹਾਰਿਆ ॥

-ਪਹਿਲਾ ਅਰਥ-

ਜੋ ਪੁਰਸ਼ ਕੁੰਕਮ=ਕੇਸਰ ਨੂੰ ਰਗੜਕੇ ਚੰਦਨ ਆਦਿਕ ਸੁਗੰਧੀਆਂ ਨਾਲ ਗਾਰਿਆ=ਮਿਲਾਕੇ ਆਪਣੇ ਸਰੀਰ ਤੇ ਮਲਦੇ ਹਨ। ਉਹ ਪੁਰਸ਼ ਜਗਤ ਵਿਚ ਨੇਤਰਾਂ ਤੋਂ ਬਿਨਾਂ ਭਾਵ ਅੰਨ੍ਹੇ ਨਿਹਾਰਿਆ=ਵੇਖਣ ਵਿਚ ਅਉਂਦੇ ਹਨ।

ਯਥਾ:- ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥ ੧ ॥ (ਰਾਮਕਲੀ ਵਾਰ, ਪੰਨਾ ੯੫੪)

-ਦੂਜਾ ਅਰਥ-

ਘਸਿ ਕੁੰਕਮ:-

ਈਸ਼ਵਰ ਦੇ ਈਸ਼ਰਤ ਭਾ ਨੂੰ ਦੂਰ ਕਰੇ।

ਚੰਦਨ ਗਾਰਿਆ ॥:-

ਜੀਵ ਦੇ ਜੀਵਤ ਭਾ ਨੂੰ ਦੂਰ ਕਰੇ। ਤਾਂ ਪ੍ਰਤੱਖ ਨੇਤਰਾਂ ਬਿਨਾਂ ਅੰਤਰੀਵ ਗਿਆਨ ਵੈਰਾਗ ਰੂਪ ਨੇਤਰਾਂ ਨਾਲ ਜਗਤ ਨੂੰ ਬ੍ਰਹਮ ਰੂਪ ਵੇਖਣਾ ਕਰਦਾ ਹੈ।

ਪੂਤਿ ਪਿਤਾ ਇਕੁ ਜਾਇਆ ॥ ਬਿਨੁ ਠਾਹਰ ਨਗਰੁ ਬਸਾਇਆ ॥ ੨ ॥

ਜਿਸ ਵੇਲੇ ਜੀਵ ਰੂਪੀ ਪਿਤਾ ਨੇ ਵੈਰਾਗ ਰੂਪੀ ਪੁੱਤਰ ਜਾਇਆ=ਜੰਮਿਆਂ ਤਾਂ ਨਿਸਚਾ ਕੀਤਾ ਕਿ ਜੋ ਸੰਸਾਰ ਰੂਪ ਨਗਰ ਵਸ ਰਿਹਾ ਹੈ, ਇਹ ਠਾਹਰ=ਇਸਥਿਤੀ ਤੋਂ ਬਿਨਾਂ ਭਾਵ ਮਿਥਿਆ ਰੂਪ ਹੈ।

ਅਥਵਾ:-ਵੈਰਾਗ ਰੂਪੀ ਪਿਤਾ ਨੇ ਗਿਆਨ ਰੂਪੀ ਪੁੱਤਰ ਜੰਮਿਆਂ ਤਾਂ ਸਰੀਰ ਰੂਪੀ ਨਗਰ ਨੂੰ ਹੋਰਨਾਂ ਦੇ ਠਾਹਰ=ਆਸਰਿਆਂ ਤੋਂ ਬਿਨਾਂ ਵਸਾਵਣਾ ਕੀਤਾ, ਭਾਵ ਪ੍ਰਾਰਬਧ ਦੇ ਅਧੀਨ ਰਖਣਾ ਕੀਤਾ।

ਅਥਵਾ:-ਬਿਨੁ ਠਾਹਰ=ਪਰਮਾਤਮਾ ਰੂਪੀ ਨਗਰ ਵਿਚ ਆਪਣੇ ਆਪ ਨੂੰ ਵਸਾਵਣਾ ਕੀਤਾ।

ਜਾਚਕ ਜਨ ਦਾਤਾ ਪਾਇਆ ॥ ਸੋ ਦੀਆ ਨ ਜਾਈ ਖਾਇਆ ॥

ਮੈਂ ਦਾਸ ਜਾਚਕ=ਮੰਗਤੇ ਨੇ ਦਾਤਾ=ਅਕਾਲ ਪੁਰਖ ਨੂੰ ਪਾਉਣਾ ਕੀਤਾ ਹੈ।

ਉਹ ਪਾਰਮਾਤਮਾ ਅਨ-ਅਧਿਕਾਰੀ ਨੂੰ ਦਿੱਤਾ ਨਹੀਂ ਜਾਂਦਾ, ਕਿਉਂਕਿ-

ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥ (ਮਾਰੂ ਵਾਰ, ਪੰਨਾ ੧੦੮੬)

ਅਤੇ ਅਧਿਕਾਰੀ ਪਾਸੋਂ ਲੁਕਾਕੇ ਖਾਇਆ ਨਹੀਂ ਜਾਂਦਾ, ਕਿਉਂਕਿ ਅਧਿਕਾਰੀ ਨੂੰ ਜ਼ਰੂਰ ਦੱਸਣਾ ਪੈਂਦਾ ਹੈ।

ਛੋਡਿਆ ਜਾਇ ਨ ਮੂਕਾ ॥ ਅਉਰਨ ਪਹਿ ਜਾਨਾ ਚੂਕਾ ॥ ੩ ॥

ਆਤਮ ਪਦਾਰਥ ਇਤਨਾ ਬਿਅੰਤ ਹੈ ਜੋ ਨਾ ਛੱਡਿਆ ਜਾਂਦਾ ਹੈ ਤੇ ਨਾਹੀ ਮੁੱਕਦਾ ਹੈ। ਐਸੇ

ਅਨੰਦ ਦੀ ਪ੍ਰਾਪਤੀ ਹੋਣ ਨਾਲ ਹੋਰ ਦੇਵੀ ਦੇਵਤਿਆਂ ਕੋਲ ਜਾਣਾ ਚੁਕਾ=ਦੂਰ ਹੋ ਗਿਆ ਹੈ॥ ੩॥

ਜੋ ਜੀਵਨ ਮਰਨਾ ਜਾਨੈ॥ ਸੋ ਪੰਚ ਸੈਲ ਸੁਖ ਮਾਨੈ॥

ਜੋ ਜੀਵ=ਜੀਵਤ ਭਾਵ ਤੋਂ ਮਰਨਾ ਜਾਣਦਾ ਹੈ, ਸੋ=ਉਹ ਪੁਰਸ਼ ਪੰਚ=ਸ੍ਰੇਸ਼ਟ ਸੈਲ=ਕੁਟੱਸਬ ਸੁਖਾਂ ਨੂੰ ਮਾਨੈ=ਭੋਗਦਾ ਹੈ।

ਵਾ:-ਪੰਜਾਂ ਤੱਤਾਂ ਦੀ ਰਹਿਣੀ ਦੇ ਅਤੇ ਪੰਜ ਸਤ ਸੰਤੋਖ ਆਦਿਕਾਂ ਦੇ ਸੈਲ=ਭਾਰੀ ਸੁਖਾਂ ਨੂੰ ਮਾਨੈ=ਭੋਗਦਾ ਹੈ।

ਕਬੀਰੈ ਸੋ ਧਨੁ ਪਾਇਆ॥ ਹਰਿ ਭੇਟਤ ਆਪੁ ਮਿਟਾਇਆ॥ ੪॥ ੬॥

ਕਬੀਰ ਜੀ ਆਖਦੇ ਹਨ, ਕਿ ਮੈਂ ਗੁਰਾਂ ਦੀ ਕ੍ਰਿਪਾ ਦੁਆਰਾ ਆਪਾ ਭਾਵ ਹੰਕਾਰ ਮਿਟਾ ਕੇ ਉਹ ਆਤਮ-ਧਨ ਪਰਾਪਤ ਕੀਤਾ ਹੈ, ਜਿਸ ਧਨ ਕਰਕੇ ਹਰੀ ਮੈਨੂੰ ਭੇਟਤ=ਮਿਲ ਗਿਆ ਹੈ, ਅਰਥਾਤ ਸਾਖਿਆਤ ਕਾਰ ਹੋ ਗਿਆ ਹੈ॥ ੪॥ ੬॥

ਉਥਾਨਕਾ:-ਗਿਆਨ ਤੋਂ ਬਿਨਾਂ ਸਭ ਸਾਧਨ ਨਿਸਫਲ ਹਨ, ਹੁਣ ਇਸ ਗੱਲ ਦੀ ਪੋੜ੍ਹਤਾ ਕਰਦੇ ਹਨ:-

ਕਿਆ ਪੜੀਐ ਕਿਆ ਗੁਨੀਐ॥

ਆਪਣੇ ਵਿਹਾਰਕ ਕਾਰਜਾਂ ਦੀ ਸਿੱਧੀ ਲਈ ਗ੍ਰੰਥਾਂ ਦੇ ਪੜ੍ਹਨ ਦਾ ਕੀ ਲਾਭ ਹੈ ਅਤੇ ਗੁਨੀਐ=ਵਿਚਾਰਨ ਦਾ ਕੀ ਲਾਭ ਹੈ।

ਕਿਆ ਬੇਦ ਪੁਰਾਨਾਂ ਸੁਨੀਐ॥

ਵੇਦਾਂ, ਪੁਰਾਣਾਂ ਦੇ ਸੁਣਨ ਦਾ ਕੀ ਲਾਭ ਹੈ ਜੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਨਹੀਂ ਕੀਤਾ। ਯਥਾ-ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥

(ਸੋਰਠਿ ਵਾਰ, ਪੰਨਾ ੬੫੦)

ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥ ੧॥

ਇਨ੍ਹਾਂ ਵੇਦਾਂ, ਪੁਰਾਣਾਂ ਦੇ ਪੜ੍ਹਨ ਤੇ ਸੁਣਨ ਦਾ ਕੀ ਲਾਭ ਹੋਣਾ ਹੈ, ਜਦ ਕਿ ਉਹ ਸਹਜ=ਗਿਆਨ ਸਰੂਪ ਪਰਮਾਤਮਾ ਨਹੀਂ ਮਿਲਿਆ।

ਹਰਿ ਕਾ ਨਾਮੁ ਨ ਜਪਸਿ ਗਵਾਰਾ॥ ਕਿਆ ਸੋਚਹਿ ਬਾਰੰ ਬਾਰਾ॥ ੧॥ ਰਹਾਉ॥

ਹੇ ਗਵਾਰਾ=ਮੂਰਖ ! ਤੂੰ ਉਸ ਹਰੀ ਦਾ ਨਾਮ ਨਹੀਂ ਸਿਮਰਦਾ ਤੇ ਕੀ ਬਾਰੰ-ਬਾਰ, ਅਰਥਾਤ ਫਿਰ ਫਿਰ ਸੋਚਾਂ ਸੋਚਦਾ ਰਹਿੰਦਾ ਹੈਂ। ਦ੍ਰਿਸ਼ਟਾਂਤ-

ਅੰਧਿਆਰੇ ਦੀਪਕੁ ਚਹੀਐ॥ ਇਕ ਬਸਤੁ ਅਗੋਚਰ ਲਹੀਐ॥

ਜਿਵੇਂ ਅਨ੍ਹੇਰੇ ਵਿਚ ਦੀਪਕੁ=ਦੀਵੇ ਦਾ ਪ੍ਰਕਾਸ਼ ਹੋਣਾ ਜ਼ਰੂਰੀ ਹੈ ਤਾਂ ਹੀ ਇੱਕ ਅਗੋਚਰ=ਛਿਪੀ ਹੋਈ

ਵਸਤੂ ਲਹੀਐ=ਪ੍ਰਾਪਤ ਹੁੰਦੀ ਹੈ। ਨਹੀਂ ਤਾਂ-

ਅੰਧਕਾਰ ਸੁਖਿ ਕਬਹਿ ਨ ਸੋਈ ਹੈ॥ ਰਾਜਾ ਰੰਕੁ ਦੋਊ ਮਿਲਿ ਰੋਟੀ ਹੈ॥ ੧॥

(ਗਉੜੀ ਕਬੀਰ ਜੀ, ਪੰਨਾ ੩੨੫)

(ਪੰਨਾ ੬੫੬)

ਬਸਤੁ ਅਗੋਚਰ ਪਾਈ॥ ਘਟਿ ਦੀਪਕੁ ਰਹਿਆ ਸਮਾਈ॥ ੨॥

ਅਗੋਚਰ=ਛਿਪੀ ਹੋਈ ਵਸਤੂ ਪ੍ਰਾਪਤ ਹੋ ਜਾਵੇ ਤਾਂ ਭਾਵੇਂ ਦੀਵਾ ਬੁਝ ਜਾਵੇ ਫਿਰ ਦੀਵੇ ਦੀ ਕੋਈ ਲੋੜ ਨਹੀਂ।

ਇਸੇ ਤਰ੍ਹਾਂ ਅਗਿਆਨ ਰੂਪ ਅਨ੍ਹੇਰੇ ਵਿਚ ਗਿਆਨ ਰੂਪੀ ਦੀਵਾ ਜ਼ਰੂਰ ਚਾਹੀਦਾ ਹੈ ਤਾਂ ਫਿਰ ਇੱਕ ਅਗੋਚਰ=ਆਤਮ ਵਸਤੂ ਪ੍ਰਾਪਤ ਹੁੰਦੀ ਹੈ।

ਅਗੋਚਰ=ਆਤਮ ਵਸ਼ਤੂ ਦੇ ਪ੍ਰਾਪਤ ਹੋਣ ਤੇ ਘਟਿ=ਅੰਤਹਕਰਨ ਵਿਚੋਂ ਭਾਵੇਂ ਗਿਆਨ ਰੂਪੀ ਦੀਵਾ ਬੁਝ ਵੀ ਜਾਵੇ ਤਾਂ ਵੀ ਕੋਈ ਪਰਵਾਹ ਨਹੀਂ। ਅਥਵਾ:-ਜਿਨ੍ਹਾਂ ਦੇ ਘਟ ਵਿਚ ਗਿਆਨ ਰੂਪੀ ਦੀਵਾ ਜਗ ਰਿਹਾ ਹੈ, ਉਹਨਾਂ ਨੇ ਉਹ ਅਗੋਚਰ ਆਤਮ ਵਸਤੂ ਪ੍ਰਾਪਤ ਕੀਤੀ ਹੈ॥ ੨॥

ਕਹਿ ਕਬੀਰ ਅਬ ਜਾਨਿਆ॥ ਜਬ ਜਾਨਿਆ ਤਉ ਮਨੁ ਮਾਨਿਆ॥

ਕਬੀਰ ਜੀ ਕਹਿੰਦੇ ਹਨ, ਅਸਾਂ ਨੇ ਹੁਣ ਪਰਮਾਤਮਾ ਨੂੰ ਜਾਣ ਲੀਤਾ ਹੈ। ਜਿਸ ਵੇਲੇ ਜਾਣ ਲੀਤਾ ਤਾਂ ਹੀ ਉਸ ਤੇ ਮਨ ਮੰਨਿਆਂ ਗਿਆ।

ਮਨ ਮਾਨੇ ਲੋਗੁ ਨ ਪਤੀਜੈ॥ ਨ ਪਤੀਜੈ ਤਉ ਕਿਆ ਕੀਜੈ॥ ੩॥ ੭॥

ਸਿੱਖਾਂ ਨੇ ਕਿਹਾ, ਕਿ ਆਪ ਦਾ ਮਨ ਤਾਂ ਮੰਨਿਆਂ ਗਿਆ ਹੈ, ਪਰ ਲੋਕ ਇਸ ਗੱਲ ਉੱਪਰ ਪਤੀਜੈ=ਭਰੋਸਾ ਨਹੀਂ ਕਰਦੇ, ਉਹ ਤਾਂ ਆਪ ਨੂੰ ਜੁਲਾਹਿਆ ਹੀ ਕਹਿੰਦੇ ਹਨ। ਉੱਤਰ-ਜੇ ਲੋਕ ਇਤਬਾਰ ਨਹੀਂ ਕਰਦੇ ਤਾਂ ਅਸੀਂ ਫਿਰ ਕੀ ਕਰੀਏ॥ ੩॥ ੭॥

ਉਥਾਨਕਾ:-ਕਬੀਰ ਸਾਹਿਬ ਜੀ ਦਾ ਇੱਕ ਚੇਲਾ ਸੀ, ਜਦ ਉਸ ਦੇ ਮਨ ਵਿਚ ਤੀਰਥ ਯਾਤਰਾ ਕਰਨ ਦਾ ਸੰਕਲਪ ਹੋਇਆ ਤਾਂ ਕਬੀਰ ਜੀ ਤੋਂ ਆਕੇ ਪੁੱਛਦਾ ਹੈ ਮਹਾਰਾਜ ! ਮੈਨੂੰ ਆਪ ਆਗਿਆ ਦਿਓ ਜੋ ਮੈਂ ਤੀਰਥ ਯਾਤਰਾ ਕਰ ਆਵਾਂ।

ਕਬੀਰ ਜੀ ਨੇ ਕਿਹਾ, ਤੀਰਥ ਯਾਤਰਾ ਕਰਨ ਨਾਲ ਮਨ ਦੀ ਬਿਰਤੀ ਚੰਚਲ ਹੋ ਜਾਂਦੀ ਹੈ, ਤੂੰ ਇਥੇ ਹੀ ਬੈਠਕੇ ਪਰਮਾਤਮਾ ਨੂੰ ਯਾਦ ਕਰ। ਪਰ ਉਸ ਨੇ ਸੱਤ ਬਚਨ ਨਾ ਕੀਤਾ। ਕਹਿਣ ਲੱਗਾ, ਮੈਂ ਤਾਂ ਜ਼ਰੂਰ ਜਾਣਾ ਹੈ। ਕਬੀਰ ਸਾਹਿਬ ਜੀ ਨੇ ਦੁਬਾਰਾ ਸਮਝਾਇਆ ਤਦ ਵੀ ਨਾ ਸਮਝਿਆ ਉਹ ਆਪਣੇ ਹੱਠ ਉੱਪਰ ਹੀ ਖੜਾ ਰਿਹਾ।

ਆਖਰ ਕਬੀਰ ਜੀ ਨੇ ਕਿਹਾ, ਜੇ ਤੂੰ ਨਹੀਂ ਰੁਕਦਾ ਤਾਂ ਇੱਕ ਕੰਮ ਜ਼ਰੂਰ ਕਰੀਂ 'ਅਸਾਡੇ ਪਾਸੋਂ ਇਹ ਤੂੰਬੀ ਲੈ ਜਾ, ਜਿੱਥੇ ਭੀ ਜਾਕੇ ਇਸ਼ਨਾਨ ਕਰੇਂ ਉਥੇ ਇਸਨੂੰ ਭੀ ਇਸ਼ਨਾਨ ਕਰਾਵੀਂ।'

ਇਹ ਗੱਲ ਸੁਣਕੇ ਬੜਾ ਖੁਸ਼ ਹੋਇਆ ਤੇ ਵਿਚਾਰਦਾ ਹੈ ਅੱਗੇ ਤਾਂ ਮੰਨਦੇ ਹੀ ਨਹੀਂ ਸਨ, ਚਲੋ ਏਸੇ

ਬਹਾਨੇ ਮੰਨ ਤਾਂ ਗਏ ਹਨ ਤੇ ਆਖਦਾ ਹੈ ਮਹਾਰਾਜ ! ਇਹ ਤਾਂ ਮਾਮੂਲੀ ਗੱਲ ਹੈ, ਜਿੱਥੇ ਮੈਂ ਇੱਕ ਟੁੱਭਾ ਲਗਾਵਾਂਗਾ ਉਥੇ ਇਸ ਨੂੰ ਦਸ ਟੁੱਭੀਆਂ ਲਗਾਵਾਂਗਾ, ਇਉਂ ਕਹਿ ਕੇ ਤੀਰਥ ਯਾਤਰਾ ਕਰਨ ਚਲਾ ਗਿਆ।

ਜਿਸ ਵੇਲੇ ਤੀਰਥ ਯਾਤਰਾ ਕਰਕੇ ਵਾਪਸ ਆਇਆ ਤਾਂ ਉਹ ਤੂੰਬੀ ਕਬੀਰ ਜੀ ਅੱਗੇ ਰੱਖਕੇ ਕਹਿੰਦਾ ਹੈ, ਮਹਾਰਾਜ ਜੀ! ਇਸ ਨੂੰ ਤੀਰਥ ਇਸ਼ਨਾਨ ਕਰਵਾ ਲਿਆਇਆ ਹਾਂ।

ਕਬੀਰ ਜੀ ਨੇ ਲਾਂਗਰੀ ਨੂੰ ਬੁਲਾ ਕੇ ਕਿਹਾ, ਇਸ ਤੂੰਬੀ ਦੀ ਸਬਜ਼ੀ ਬਣਾਕੇ ਲੰਗਰ ਛਕਣ ਵੇਲੇ ਪਰਸ਼ਾਦ ਦੇ ਤੌਰ ਤੇ ਸਾਰਿਆਂ ਨੂੰ ਵੰਡ ਦੇਵੀਂ। ਸੱਤ ਬਚਨ ਕਹਿ ਕੇ ਲਾਂਗਰੀ ਨੇ ਉਹ ਤੂੰਬੀ ਬੜੇ ਪ੍ਰੇਮ ਨਾਲ ਜਾਕੇ ਬਣਾਈ। ਲੰਗਰ ਤਿਆਰ ਹੋਣ ਸਮੇਂ ਜਦ ਸਾਰੇ ਪੰਗਤਾਂ ਵਿਚ ਆ ਬੈਠੇ ਤਿਸ ਵੇਲੇ ਸਾਰਿਆਂ ਅੱਗੇ ਭੋਜਨ ਪਰੋਸਿਆ ਗਿਆ ਤੇ ਉਸ ਤੂੰਬੀ ਨੂੰ ਭੀ ਪਰਸ਼ਾਦ ਦੇ ਤੌਰ ਤੇ ਰੰਚਕ ਰੰਚਕ ਸਾਰਿਆਂ ਨੂੰ ਵਰਤਾ ਦਿੱਤਾ। ਜੇਹੜਾ ਭੀ ਮੂੰਹ ਵਿਚ ਪਾਵੇ ਥੂ ਥੂ ਕਰਦਾ ਜਾਵੇ। ਇਹ ਗੱਲ ਵੇਖਕੇ ਕਬੀਰ ਜੀ ਨੇ ਕਿਹਾ, ਜਦ ਕਿ ਤੀਰਥਾਂ ਉੱਪਰ ਇਸ਼ਨਾਨ ਕਰਨ ਕਰਕੇ ਤੂੰਬੀ ਦਾ ਸੁਭਾਵ ਨਹੀਂ ਬਦਲਿਆ ਤੇ ਉਸ ਨੇ ਆਪਣਾ ਕੌੜਾ ਸੁਭਾਵ ਨਹੀਂ ਛੱਡਿਆ ਤਾਂ ਮਨੁੱਖ ਦਾ ਸੁਭਾਵ ਕਿਵੇਂ ਬਦਲੇਗਾ ?

ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥ ੧ ॥
ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥ ੧ ॥ ਰਹਾਉ ॥

(ਰਹਾਉ ਤੋਂ ਅਰਥ ਸ਼ੁਰੂ)

ਹੇ ਭਾਈ ! ਸਰੀਰ ਨੂੰ ਤੀਰਥਾਂ ਤੇ ਮਾਂਜਸਿ=ਇਸ਼ਨਾਨ ਕਰਾਉਣ ਨਾਲ ਕੀ ਗੁਨਾਂ=ਲਾਭ ਪ੍ਰਾਪਤ ਹੁੰਦਾ ਹੈ, ਜਦੋਂ ਕਿ ਅੰਤਹਕਰਨ ਵਿਚ ਰਾਗ ਦ੍ਵੈਸ਼ ਰੂਪੀ ਮੈਲ ਹੈ। ਪਰਮਾਣ-

ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥

(ਰਾਮਕਲੀ ਮਃ ੫, ਪੰਨਾ ੮੬੦)

ਤੇਰੇ ਹਿਰਦੇ ਵਿਚ ਤਾਂ ਕਪਟ ਹੈ, ਭਾਵ ਕਈ ਤਰ੍ਹਾਂ ਦੇ ਵਲ-ਛਲ ਤੇ ਉਂਝ ਤੂੰ ਆਪਣੇ ਆਪ ਨੂੰ ਮੁਖੀ ਗਿਆਨੀ ਕਹਾਉਂਦਾ ਹੈਂ।

ਹੇ ਝੂਠੇ ਪੁਰਸ਼ਾ ! ਤੂੰ ਕਿਸ ਲਈ ਸ਼ਕਾਮ ਕਰਮਾਂ ਰੂਪੀ ਜਲ ਨੂੰ ਰਿੜਕ ਰਿਹਾ ਹੈਂ। ਇਨਾਂ ਕਰਮਾਂ ਦੇ ਕਰਨ ਨਾਲ ਲਾਭ ਪ੍ਰਾਪਤ ਨਹੀਂ ਹੋਣਾ ॥ ੧ ॥

ਯਥਾ- ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥

(ਸੋਰਠਿ ਮਃ ੧ ਪੰਨਾ ੬੩੫)

ਤਥਾ- ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥
ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥

(ਮਾਰੂ ਅਸਟਪਦੀਆ ਮਹਲਾ ੧, ਪੰਨਾ ੧੦੦੯)

ਤਥਾ- ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥
ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥ (ਸਾਰਗ ਮਃ ੫, ਪੰਨਾ ੧੨੦੫)

ਤਥਾ-ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ॥ ੭॥

(ਗਉੜੀ ਮਃ ੧ ਪੰਨਾ ੨੨੯)

ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥ ੨॥

ਦੇਖ ! ਇਹ ਲਉਕੀ=ਤੂੰਬੀ ਵੀ ੬੮ ਤੀਰਥਾਂ ਤੇ ਇਸ਼ਨਾਨ ਕਰਕੇ ਆਈ ਹੈ, ਪਰੰਤੂ ਕਉੜਾਪਨ ਫਿਰ ਵੀ ਨਹੀਂ ਗਿਆ। ਇਸ ਤਰ੍ਹਾਂ ੬੮ ਤੀਰਥਾਂ ਤੇ ਨਹਾਉਣ ਨਾਲ ਵਿਸ਼ਿਆਂ ਦੀ ਵਿਹੁ ਨਹੀਂ ਜਾਂਦੀ ॥ ੨॥

ਯਥਾ- ਤੀਰਥ ਨਾਵੈ ਤੂੰਬੜੀ ਤਰਿ ਤਰਿ ਤਨੁ ਧੋਵੈ ਕਰਿ ਨੰਗਾ।
ਮਨ ਵਿਚਿ ਵੱਸੈ ਕਾਲਕੂਟੁ ਭਰਮੁ ਨ ਉਤਰੈ ਕਰਮੁ ਕੁਢੰਗਾ।

(ਭਾਈ ਗੁਰਦਾਸ ਜੀ ਪਉੜੀ ੧੪, ਵਾਰ ੩੩)

ਤਥਾ- ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ (ਸੂਹੀ ਵਾਰ, ਪੰਨਾ ੭੮੯)

ਕਹਿ ਕਬੀਰ ਬੀਚਾਰੀ॥ ਭਵ ਸਾਗਰੁ ਤਾਰਿ ਮੁਰਾਰੀ॥ ੩॥ ੮॥

ਕਬੀਰ ਜੀ ਕਹਿੰਦੇ ਹਨ, ਕਿ ਹੇ ਪੁਰਸ਼ਾ ! ਬਾਹਰਲੇ ਸ਼ਕਾਮ ਕਰਮਾਂ ਦੇ ਕਰਨ ਦਾ ਹੱਠ ਛੱਡਕੇ ਆਪਣੇ ਚਿੱਤ ਵਿਚ ਵਿਚਾਰ ਕਰ, ਤੇ ਬੇਨਤੀ ਕਰ ਕਿ ਹੇ ਮੁਰਾਰੀ=ਮੁਰਦੈਂਤ ਦੇ ਨਾਸਕ ਪ੍ਰਭੂ ! ਮੈਨੂੰ ਭਵ=ਸੰਸਾਰ ਸਾਗਰੁ=ਸਮੁੰਦਰ ਤੋਂ ਤਾਰ ਲੈ॥ ੩॥ ੮॥

ਸੋਰਠਿ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:- ਇੱਕ ਆਦਮੀ ਬਹੁਤ ਵਲ-ਛਲ ਨਾਲ ਪੈਸਾ ਕਮਾਕੇ ਘਰ ਦਾ ਗੁਜ਼ਾਰਾ ਕਰਦਾ ਸੀ। ਇੱਕ ਪੁਰਸ਼ ਦੇ ਮਨ ਵਿਚ ਉਸ ਆਦਮੀ ਦਾ ਸੁਧਾਰ ਕਰਨ ਲਈ ਖਿਆਲ ਆਇਆ, ਉਹ ਆਪ ਸੁਧਾਰ ਤਾਂ ਨਾ ਕਰ ਸਕਿਆ, ਪਰ ਉਸ ਨੇ ਕਬੀਰ ਜੀ ਕੋਲ ਉਸ ਦੇ ਸੁਧਾਰ ਕਰਨ ਲਈ ਬੇਨਤੀ ਕੀਤੀ। ਜਿਸ ਵੇਲੇ ਉਹ ਆਦਮੀ ਕਬੀਰ ਜੀ ਕੋਲ ਆ ਗਿਆ ਤਦ ਕਬੀਰ ਜੀ ਨੇ ਉਸ ਨੂੰ ਇਸ ਸ਼ਬਦ ਦੁਆਰਾ ਸਿਖਿਆ ਦਿਤੀ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥ ੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧॥ ਰਹਾਉ॥

(ਰਹਾਉ ਤੋਂ ਅਰਥ ਸ਼ੁਰੂ)

ਹੇ ਮੇਰੇ ਮਨ=ਪਿਆਰੇ ! ਤੂੰ ਕਦੇ ਭੁੱਲਕੇ ਵੀ ਵਲ-ਛਲ ਨਾ ਕਰ। ਕਿਉਂਕਿ ਅੰਤ ਨੂੰ ਪਰਲੋਕ ਵਿਖੇ ਤੇਰੇ ਜੀਅ ਪਾਸੋਂ ਨਿਬੇਰਾ=ਹਿਸਾਬ ਲੀਤਾ ਜਾਏਗਾ, ਭਾਵ ਪੁੱਛਿਆ ਜਾਵੇਗਾ। ਤਦ ਤੇਰੀ ਇਨ੍ਹਾਂ

ਸਬੰਧੀਆਂ ਨੇ 'ਜਿਨ੍ਹਾਂ ਲਈ ਪਾਪਾਂ ਨਾਲ ਧਨ ਇਕੱਠਾ ਕਰਦਾ ਹੈਂ' ਕੋਈ ਸਹਾਇਤਾ ਨਹੀਂ ਕਰਨੀ।

ਯਥਾ- ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ॥
ਪੁਤ੍ਰ ਕਲਤ੍ਰ ਨਿਤ ਵੇਖੈ ਵਿਗਸੈ ਮੋਹਿ ਮਾਇਆ॥
ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ॥
ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ॥

(ਸਾਰੰਗ ਵਾਰ, ਪੰਨਾ ੧੨੪੯)

ਜੋ ਤੂੰ ਬਹੁਤ ਹੀ ਪਰਪੰਚ=ਵਲ-ਛਲ ਕਰਕੇ ਪਰ=ਦੂਸਰਿਆਂ ਦਾ ਧਨ ਚੁਰਾ ਕੇ ਲਿਆਉਂਦਾ ਹੈਂ, ਜੇ ਉਹ ਧਨ ਪਰਮੇਸ਼ਰ ਨਮਿੱਤ ਜਾਂ ਗਰੀਬਾਂ ਨਮਿੱਤ ਵੀ ਦੇਵੇਂ ਤਦ ਵੀ ਚੰਗਾ ਹੋਵੇ।

ਯਥਾ-ਭਗਤ ਮਾਲ ਵਿਚ ਲਿਖਿਆ ਹੈ-

"ਬਲ ਕਰ ਛਲ ਕਰ ਬੁੱਧ ਕਰ ਜੋ ਸੰਤਨ ਮੁਖ ਦੇਇ।
ਹੁੰਡੀ ਕੇਰੇ ਦਾਮ ਜਿਉਂ ਹਰਿ ਪਾਸੋਂ ਗਿਣ ਲੇਇ।"

ਪਰ ਤੂੰ ਤਾਂ ਪੁੱਤਰ ਤੇ ਦਾਰਾ=ਔਰਤ ਦੇ ਪਹਿ=ਕੋਲ ਲਿਆਕੇ ਉਸ ਧਨ ਨੂੰ ਖੁਲ੍ਹਾ ਲੁਟਾਉਂਦਾ ਹੈ॥ ੧॥

ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥
ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥ ੨॥

ਛਿਨ-ਛਿਨ ਕਾਲ ਦੀ ਸੰਗਿਆ ਕਰਕੇ ਤਨ ਤੇਰਾ ਛੀਜੈ=ਕ੍ਰਿਸ ਹੁੰਦਾ ਜਾ ਰਿਹਾ ਹੈ।

ਯਥਾ- ਛੀਜੈ ਜੋਬਨੁ ਜਰੂਆ ਸਿਰਿ ਕਾਲੁ॥ ਕਾਇਆ ਛੀਜੈ ਭਈ ਸਿਬਾਲੁ॥ ੨੪॥

(ਦਖਣੀ ਓਅੰਕਾਰ, ਪੰਨਾ ੯੩੨)

ਤਥਾ- ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥

(ਤਿਲੰਗ ਮਹਲਾ ੯, ਪੰਨਾ ੭੨੯)

ਜਿਸ ਵੇਲੇ ਜਰਾ=ਬਿਰਧ ਅਵਸਥਾ ਆਪਣਾ ਬਲ ਜਣਾਵੇਗੀ ਤਦ ਇਨ੍ਹਾਂ ਸਬੰਧੀਆਂ ਵਿਚੋਂ ਕੋਈ ਭੀ ਤੇਰੀ ਓਕ=ਬੁੱਕ ਵਿਚ ਪਾਣੀ ਨਹੀਂ ਪਾਵੇਗਾ॥ ੨॥

ਕਹਤੁ ਕਬੀਰੁ ਕੋਈ ਨਹੀ ਤੇਰਾ॥

ਕਬੀਰ ਜੀ ਕਹਿੰਦੇ ਹਨ, ਅੰਤ ਵੇਲੇ ਹੇ ਪੁਰਸ਼ਾਂ! ਕੋਈ ਤੇਰਾ ਰਖਜਕ ਨਹੀਂ ਹੋਵੇਗਾ।

ਯਥਾ- ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥ (ਗਉੜੀ, ਪੰਨਾ ੩੩੭)

ਤਥਾ- ਏ ਮਨ ਤੇਰਾ ਕੋ ਨਹੀ ਕਰਿ ਵੇਖੁ ਸਬਦਿ ਵੀਚਾਰੁ॥
ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ॥ ੩॥ (ਆਸਾ ਮਹਲਾ ੩, ਪੰਨਾ ੪੨੯)

ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥ ੩॥ ੯॥

ਇਸ ਲਈ ਤੂੰ ਸਵੇਰਾ=ਅੰਮ੍ਰਿਤ ਵੇਲੇ ਉੱਠਕੇ ਹਿਰਦੇ ਵਿਚ ਨਾਮ ਕਿਉਂ ਨਹੀਂ ਜਪਦਾ.

ਸ਼+ਵੇਰਾ=ਏਹੀ ਵੇਲਾ ਹੈ ਮਨੁੱਖਾ ਦੇਹ ਦਾ ਤੂੰ ਕਿਉਂ ਨਹੀਂ ਹਿਰਦੇ ਵਿਚ ਰਾਮ ਨੂੰ ਜਪਦਾ ॥ ੩ ॥ ੯ ॥

ਉਥਾਨਕਾ:-ਕਬੀਰ ਜੀ ਕੋਲੋਂ ਕਿਸੀ ਸੰਤ ਨੇ ਪੁੱਛ ਕੀਤੀ, ਕਿ ਗੁਰਾਂ ਦੀ ਸ਼ਰਨ ਅਤੇ ਨਾਮ ਸਿਮਰਨ ਕਰਕੇ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ ?

ਦੂਜੀ ਉਥਾਨਕਾ-ਸੰਤਾਂ ਨੇ ਪੁੱਛਿਆਂ, ਕਿ ਕਬੀਰ ਜੀ ! ਪਹਿਲਾਂ ਆਪ ਦਾ ਮਨ ਤਮੋ ਗੁਣੀ ਸੀ, ਹੁਣ ਸਤੋ ਗੁਣੀ ਕਿਵੇਂ ਹੋ ਗਿਆ ਅਤੇ ਪਰਮਾਤਮਾ ਦੀ ਪ੍ਰਾਪਤੀ ਕਿਵੇਂ ਹੋਈ ਹੈ? ਉੱਤਰ-

ਸੰਤਹੁ ਮਨ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥

ਜਿਸ ਵੇਲੇ ਪਰਮਾਤਮਾ ਦੇ ਨਾਮ ਵਿਖੇ ਕੁਝ ਜੋਗੁ=ਜੁੜਨਾ ਪ੍ਰਾਪਤ ਗਨਿਆ=ਵਿਚਾਰਿਆ ਤਾਂ ਹੇ ਸੰਤੋ ! ਅਸਾਡੇ ਮਨ ਅਤੇ ਪਵਨੈ=ਸਵਾਸਾਂ ਨੂੰ ਸੁਖ ਆਕੇ ਬਣਿਆ।

ਅਥਵਾ:-ਪਵਨ ਦੀ ਨਿਆਈਂ ਚੰਚਲ ਜੋ ਮਨ ਹੈ ਤਿਸ ਨੂੰ ਆਤਮ ਸੁਖ ਆਕੇ ਬਣਿਆ।

ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥

ਗੁਰਾਂ ਨੇ ਕਿਰਪਾ ਕਰਕੇ ਮੋਰੀ=ਗਿਆਨ ਇੰਦਰੀਆਂ ਵਿਖਾਈਆਂ ਕਿ ਇਨ੍ਹਾਂ ਨੂੰ ਦਮਨ ਕਰ। ਜਿਨ੍ਹਾਂ ਗਿਆਨ ਇੰਦਰੀਆਂ ਰੂਪ ਮੋਰੀਆਂ ਵਿਚ ਕਾਮ ਆਦਿਕਾਂ ਰੂਪੀ ਮਿਰਗ=ਹਰਨ ਚੋਰੋ ਚੋਰੀ ਪੜਤ=ਪ੍ਰਵੇਸ਼ ਕਰਕੇ ਸ਼ੁਭ-ਗੁਣਾਂ ਰੂਪੀ ਰਾਸ ਲੁੱਟੀ ਜਾ ਰਹੇ ਹਨ।

ਯਥਾ- ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥

(ਦਖਣੀ ਓਅੰਕਾਰ, ਪੰਨਾ ੯੩੨)

ਤਥਾ- ਇਸੁ ਚੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

(ਸੋਰਠਿ ਮਹਲਾ ੪, ਪੰਨਾ ੬੦੦)

ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥ ੧ ॥

ਜਦੋਂ ਗਿਆਨ ਇੰਦਰੀਆਂ ਰੂਪ ਦਰਵਾਜ਼ੇ ਮੂੰਦਿ=ਬੰਦ ਕਰ ਲੀਤੇ, ਅਰਥਾਤ ਸੰਸਾਰ ਵੱਲੋਂ ਹਟਾਕੇ ਪਰਮਾਤਮਾ ਵੱਲ ਲਗਾ ਦਿੱਤੇ ਤਦ ਅਨਹਦ=ਇੱਕ-ਰਸ ਸੁਧੋਹੰ ਬੁਧੋਹੰ ਨਿਰਬਿਕਾਰੋਹੰ ਆਦਿਕ ਵਾਜੇ ਵੱਜ ਆਏ।

ਯਥਾ- ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥ ੧ ॥

(ਗਉੜੀ ਮਹਲਾ ੫, ਪੰਨਾ ੨੩੬)

ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥

ਹਿਰਦਾ ਕਵਲ ਰੂਪੀ ਕੁੰਭ=ਘਟ ਜੋ ਸ਼ਕਾਮ ਕਰਮਾਂ ਰੂਪ ਜਲ ਨਾਲ ਭਰਿਆ ਹੋਇਆ ਸੀ, ਉਸ ਹਿਰਦੇ ਕਵਲ ਨੂੰ ਊਭਾ=ਮੂਧਾ ਕਰਕੇ ਭਾਵ ਸੰਸਾਰ ਦੀ ਤਰਫੋਂ ਹਟਾਕੇ ਸ਼ਕਾਮ ਕਰਮਾਂ ਰੂਪੀ ਜਲ

ਮੋਟਿਆ=ਡੋਲ੍ਹਿਆ ਤਾਂ ਪਰਮੇਸ਼ਰ ਦੀ ਤਰਫ ਉੱਭਾ=ਸਿੱਧਾ ਕਰ ਦਿੱਤਾ।

ਕਹੁ ਕਬੀਰ ਜਨ ਜਾਨਿਆ ॥ਜਉ ਜਾਨਿਆ ਤਉ ਮਨੁ ਮਾਨਿਆ ॥੨ ॥੧੦ ॥

ਕਬੀਰ ਜੀ ਕਹਿੰਦੇ ਹਨ, ਕਿ ਗੁਰਾਂ ਦੀ ਕਿਰਪਾ ਦੁਆਰਾ ਵਾਸ਼ਨਾਂ ਨਾਸ ਕਰਕੇ ਮੈਂ ਜਨ=ਦਾਸ ਨੇ ਸ੍ਰੈ ਸਰੂਪ ਨੂੰ ਜਾਣ ਲਿਆ ਹੈ। ਜਦ ਜਾਣ ਲਿਆ ਤਦ ਮੇਰਾ ਮਨ ਉਸ ਪ੍ਰਭੂ ਤੇ ਮੰਨਿਆਂ ਗਿਆ॥ ੨॥ ੧੦॥

ਰਾਗੁ ਸੋਰਠਿ॥

ਉਥਾਨਕਾ:-ਕਬੀਰ ਜੀ ਨੇ ਭਜਨ ਬੰਦਗੀ ਖਾਤਰ ਸਭ ਸੰਸਾਰਕ ਧੰਦੇ ਤਿਆਗ ਦਿੱਤੇ ਸਨ। ਘਰ ਦੀ ਗੁਜ਼ਰਾਨ ਇੱਕ ਸ਼ਾਹੂਕਾਰ ਦੇ ਸਿਰ ਤੇ ਸੀ, ਪੱਕੀ ਪਕਾਈ ਰੋਟੀ ਉਸ ਦੇ ਘਰੋਂ ਆ ਜਾਂਦੀ ਸੀ, ਇਸ ਲਈ ਕਬੀਰ ਜੀ ਬਹੁਤ ਸਾਰਾ ਬੇ-ਫਿਕਰ ਰਹਿੰਦੇ ਸਨ। ਇੱਕ ਦਿਨ ਕਬੀਰ ਜੀ ਦੀ ਪ੍ਰੀਖਿਆ ਲੈਣ ਲਈ ਪ੍ਰਭੂ ਨੇ ਐਸਾ ਭਾਣਾ ਵਰਤਾਇਆ ਕਿ ਰੋਟੀ ਆਉਣੀ ਬੰਦ ਹੋ ਗਈ, ਚਾਰ ਪੰਜ ਦਿਨ ਭੁੱਖਿਆਂ ਲੰਘ ਗਏ ਅਤੇ ਸੰਤ ਮੰਡਲੀ ਵੀ ਕਬੀਰ ਜੀ ਦੇ ਘਰ ਆ ਉਤਰੀ ਉਹ ਵੀ ਭੁੱਖੀ ਸੀ ਤੇ ਘਰ ਵੀ ਕੁਝ ਹੈ ਨਹੀਂ ਜੋ ਸੰਤਾਂ ਨੂੰ ਖੁਆਵੇ। ਇਸ ਚਿੰਤਾ ਵਿਚ ਕਬੀਰ ਨੇ ਭਗਤੀ ਨਾ ਕੀਤੀ। ਐਸੀ ਦਸ਼ਾ ਵਿਚ ਭਗਵਾਨ ਨੇ ਕਬੀਰ ਜੀ ਪਾਸੋਂ ਭਗਤੀ ਦੀ ਦਸ਼ਾ ਪੁੱਛੀ ਕਿ ਅੱਜ ਤੈਨੂੰ ਕੀ ਹੋ ਗਿਆ ਹੈ ਜੋ ਭਗਤੀ ਨਹੀਂ ਕੀਤੀ? ਤਾਂ ਕਬੀਰ ਨੇ ਉੱਤਰ ਦਿੱਤਾ ਕਿ-

ਭੂਖੇ ਭਗਤਿ ਨ ਕੀਜੈ॥

ਹੇ ਭਗਵਾਨ ! ਭੁੱਖਿਆਂ ਰਹਿਕੇ ਤਾਂ ਆਪ ਦੀ ਭਗਤੀ ਨਹੀਂ ਕੀਤੀ ਜਾਂਦੀ।

ਜੇ ਭਗਤੀ ਕਰਵਾਣੀ ਹੈ ਤਾਂ ਖਾਣ ਪੀਣ ਨੂੰ ਖੁੱਲ੍ਹਾ ਦਿਓ।

ਫਿਰ ਭਗਵਾਨ ਨੇ ਕਿਹਾ, ਕਿ ਜੇ ਭਗਤੀ ਨਹੀਂ ਕਰਨੀ ਤਾਂ ਮਾਲਾ ਕਿਉਂ ਪਕੜੀ ਹੋਈ ਹੈ? ਉੱਤਰ-

ਯਹ ਮਾਲਾ ਅਪਨੀ ਲੀਜੈ॥

ਇਹ ਮਾਲਾ ਵੀ ਆਪਣੀ ਲੈ ਲਵੋ ਮੈਨੂੰ ਮਾਲਾ ਫੇਰਨ ਦੀ ਕੋਈ ਲੋੜ ਨਹੀਂ। ਇਹ ਕਹਿ ਕੇ ਮਾਲਾ ਅਕਾਸ਼ ਵੱਲ ਸੁੱਟ ਦਿੱਤੀ ।

ਭਗਵਾਨ ਨੇ ਕਿਹਾ, ''ਫਿਰ ਮੁਕਤੀ ਕਿਵੇਂ ਹੋਵੇਗੀ?'' ਉੱਤਰ:-

ਹਉ ਮਾਂਗਉ ਸੰਤਨ ਰੇਨਾ॥

ਮੈਂ ਮੁਕਤ ਹੋਣ ਲਈ ਸੰਤਾਂ ਦੇ ਚਰਨ ਕਵਲਾਂ ਦੀ ਰੇਨਾ=ਧੂੜੀ ਮੰਗ ਲਵਾਂਗਾ।

ਯਥਾ- ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥ (ਸੋਰਠਿ ਮ: ੫, ਪੰਨਾ ੬੧੪)

ਤਥਾ- ਸੰਤ ਰੇਨੁ ਨਿਤਿ ਮਜਨੁ ਕਰੈ॥ ਜਨਮ ਜਨਮ ਕੇ ਕਿਲਬਿਖ ਹਰੈ॥

(ਕਾਨੜਾ ਮ: ੫, ਪੰਨਾ ੧੩੦੦)

ਭਗਵਾਨ ਨੇ ਕਿਹਾ, ਕਿ ਧੂੜੀ ਲੈਣ ਲਈ ਵੀ ਭਗਤੀ ਕਰਨੀ ਪਵੇਗੀ।

ਤਾਂ ਕਬੀਰ ਜੀ ਨੇ ਕਿਹਾ ਕਿ-

ਮੈ ਨਾਹੀ ਕਿਸੀ ਕਾ ਦੇਨਾ ॥ ੧ ॥

ਮੈਂ ਕਿਸੇ ਦਾ ਕਰਜਾ ਨਹੀਂ ਦੇਣਾ ਜੋ ਭੁੱਖਿਆਂ ਰਹਿ ਕੇ ਭਗਤੀ ਕਰਾਂ।

ਅਥਵਾ:-ਮੈਂ ਸੁੰਤਾਂ ਲਈ ਰੇਨਾ=ਪਦਾਰਥ ਮੰਗਦਾ ਹਾਂ ਅਤੇ ਸੰ=ਭਲੀ ਪ੍ਰਕਾਰ ਆਪਣੇ ਤਨ=ਸਰੀਰ ਵਾਸਤੇ ਅਤੇ ਆਪਣੇ ਤਨ=ਪੁੱਤਰ ਪੁੱਤਰੀਆਂ ਵਾਸਤੇ ਵੀ ਰੇਨਾ=ਪਦਾਰਥ ਮੰਗਦਾ ਹਾਂ। ਫਿਰ ਭਗਵਾਨ ਨੇ ਕਿਹਾ, ਕਿ ਤੂੰ ਬੜੀਆਂ ਹੀ ਖੁਲ੍ਹੀਆਂ ਗੱਲਾਂ ਕਰਦਾ ਹੈਂ, ਜ਼ਰਾ ਵੀ ਨਹੀਂ ਸੰਗਦਾ। ਉੱਤਰ-

ਮਾਧੋ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥

ਹੇ ਭਗਵਾਨ ! ਆਪ ਨਾਲ ਭਲਾ ਕਿਵੇਂ ਸੰਗਣਾ ਬਣ ਸਕਦਾ ਹੈ। ਜੇ ਆਪ ਪਾਸੋਂ ਹੀ ਸੰਗੀਏ, ਫਿਰ ਤਾਂ ਭੁੱਖੇ ਮਰ ਜਾਈਏ। ਜੇ ਤੁਸੀਂ ਅਸਾਨੂੰ ਆਪ ਭੋਜਨ ਨਾ ਦਿਉਗੇ ਤਾਂ ਅਸੀਂ ਆਪ ਪਾਸੋਂ ਮੰਗ ਲਵਾਂਗੇ।

ਭਗਵਾਨ ਨੇ ਕਿਹਾ, ਕਿ ਤੂੰ ਕਿਸ ਕਿਸ ਲਈ, ਅਤੇ ਕਿਤਨਾ ਕਿਤਨਾ ਭੋਜਨ ਚਾਹੁੰਦਾ ਹੈਂ ? ਤਾਂ ਕਬੀਰ ਜੀ ਨੇ ਕਿਹਾ-

ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥

ਇੱਕ ਇੱਕ ਦੇ ਲਈ ਦੋ ਦੋ ਸੇਰ ਕੱਚਾ ਚੂਨਾ=ਆਟਾ, ਪਾ ਘਿਉ ਤੇ ਨਾਲ ਲੂਣ ਆਦਿਕ ਮਸਾਲਾ ਮੰਗਦਾ ਹਾਂ।

ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ ॥ ੨ ॥

ਅੱਧ ਸੇਰ ਕੱਚੀ ਦਾਲ ਮੰਗਦਾ ਹਾਂ। ਇੱਕ ਵੇਲੇ ਦਾ ਭੋਜਨ ਦੇ ਕੇ ਨਾ ਹਟ ਜਾਣਾ, ਦੋਵੇਂ ਵੇਲੇ ਦਾ ਭੋਜਨ ਜਿਵਾਲੇ=ਛਕਾਉਣ ਵਾਸਤੇ ਮੈਨੂੰ ਦੇਣਾ ॥ ੨ ॥

ਏਸੇ ਤਰ੍ਹਾਂ ਧੰਨੇ ਭਗਤ ਨੇ ਭੀ ਮੰਗਿਆ ਹੈ-

ਯਥਾ- ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥ ੧ ॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥ ੨ ॥ ੪ ॥

(ਧਨਾਸਰੀ ਪੰਨਾ ੬੯੫)

ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥

ਸੰਤਾਂ ਦੇਂ ਬਿਸਰਾਮ ਲਈ ਚਉ=ਚਾਰ ਪਾਵਿਆਂ ਵਾਲਾ ਪਲੰਘ ਮੰਗਦਾ ਹਾਂ।

ਵਾ:-ਚਉਪਾਈ=ਚਮਰਪੋਸ਼ ਵਾਲਾ ਖਾਟ=ਪਲੰਘ ਮੰਗਦਾ ਹਾਂ।

ਸਿਰਹਾਣਾ ਵੀ ਮੰਗਦਾ ਹਾਂ। ਅਵਰ=ਹੋਰ ਥੱਲੇ ਵਿਛਾਉਣ ਲਈ ਤੁਲਾਈ ਵੀ ਮੰਗਦਾ ਹਾਂ।

ਊਪਰ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥਾਂਧਾ ॥ ੩ ॥

ਸਰੀਰ ਦੇ ਉੱਪਰ ਪਾਉਣ ਲਈ ਖੀਂਧਾ=ਗੋਦੜਾ ਭਾਵ ਰਜਾਈ ਅਰਥਾਤ ਲੇਫ ਮੰਗਦਾ ਹਾਂ। ਸੰਤ ਸੇਵਾ ਵਾਸਤੇ ਇਹ ਚੀਜ਼ਾਂ ਦੇ ਦਿਓ ਤਾਂ ਮੈਂ ਦਾਸ ਆਪ ਦੀ ਥਾਂਧਾ=ਪ੍ਰੇਮਾ ਭਗਤੀ ਨੂੰ ਕਰਾਂਗਾ॥ ੩ ॥

ਭਗਵਾਨ ਨੇ ਕਿਹਾ, ਇਤਨੀਆਂ ਵਸਤੂਆਂ ਭਗਤ ਨੂੰ ਨਹੀਂ ਮੰਗਣੀਆਂ ਚਾਹੀਦੀਆਂ ਕਿਉਂਕਿ ਇਸ ਵਿਚ ਲੋਭ ਸਿੱਧ ਹੁੰਦਾ ਹੈ। ਉੱਤਰ-

ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥

ਹੇ ਗਰੀਬ ਨਿਵਾਜ ! ਮੈ ਕੋਈ ਲਬੋ=ਲੋਭ ਨਹੀਂ ਕੀਤਾ, ਮੈਂ ਤਾਂ ਆਪ ਦਾ ਇੱਕ ਨਾਮ ਹੀ ਫਬੋ=ਫਬਾਉਂਦਾ ਹਾਂ।

ਕਹਿ ਕਬੀਰ ਮਨੁ ਮਨਿਆ ॥ਮਨੁ ਮਾਨਿਆ ਤਉ ਹਰਿ ਜਾਨਿਆ ॥੪ ॥੧੧ ॥

ਕਬੀਰ ਜੀ ਕਹਿੰਦੇ ਹਨ, ਕਿ ਮੇਰਾ ਤਾਂ ਆਪ ਦੇ ਨਾਮ ਚਿੰਤਨ ਕਰਨ ਵਿਚ ਮਨ ਮੰਨਿਆਂ ਗਿਆ ਹੈ, ਮਨ ਦੇ ਮੰਨਣੇ ਕਰਕੇ ਹੀ ਹੇ ਹਰੀ ! ਆਪ ਨੂੰ ਜਾਣਿਆ ਹੈ॥ ੪॥ ੧੧॥

-ਦੂਜਾ ਅਰਥ-

ਭੂਖੇ ਭਗਤਿ ਨ ਕੀਜੈ॥

ਭੂ=ਪ੍ਰਿਥਵੀ, ਖੇ=ਅਕਾਸ਼ ਆਦਿਕ ਤੱਤਾਂ ਰਹਿਤ ਜੋ ਮਨੁੱਖ ਸਰੀਰ ਹੈ, ਇਸ ਦੇ ਦੇਹ ਅਧਿਆਸ ਕਰਨੇ ਕਰਕੇ ਆਪ ਜੀ ਦੀ ਭਗਤੀ ਨਹੀਂ ਕੀਤੀ ਜਾਂਦੀ।

ਪ੍ਰਸ਼ਨ-ਅਧਿਆਸ ਦਾ ਸਰੂਪ ਕੀ ਹੈ?

ਉੱਤਰ-ਦੇਹ ਨੂੰ ਜੇਹੜਾ ਆਤਮਾ ਸਮਝਣਾ ਹੈ, ਏਸੇ ਨੂੰ ਅਧਿਆਸ ਕਹਿੰਦੇ ਹਨ।

ਪ੍ਰਸ਼ਨ-ਅਧਿਆਸ ਦੀ ਸਮੱਗਰੀ ਕਿਤਨੇ ਪਰਕਾਰ ਦੀ ਹੈ?

ਉੱਤਰ-ਅਧਿਆਸ ਦੀ ਸਮੱਗਰੀ ਪੰਜ ਪਰਕਾਰ ਦੀ ਹੈ।

ਯਥਾ- ਸਤਜ ਵਸਤੂ ਕੇ ਗਿਆਨ ਤੈਂ ਸੰਸਕਾਰ ਇਕ ਜਾਨ।

ਤ੍ਰਿਬਿਧਿ ਦੋਸ਼, ਅਗਿਆਨ ਪੁਨ, ਸਾਮ੍ਰਗੀ ਪਹਿਚਾਨ॥ ੭॥

ਅਰਥ-੧ ਸਤ ਵਸਤੂ ਕੇ ਗਿਆਨ ਜਨ ਸੰਸਕਾਰ ਤੇ ਤਿੰਨ ਪ੍ਰਕਾਰ ਦੇ ਦੋਸ਼।

੨ ਪ੍ਰਮੇਯ ਕਾ ਦੋਸ਼-ਵਸਤੂ ਕਾ ਸਦਰਸ਼ ਆਦਿ ਦੋਸ਼।

੩ ਪ੍ਰਮਾਤਾ ਕਾ ਦੋਸ਼-ਅੰਤਹਕਰਨ ਦਾ ਲੋਭ ਭੈ ਆਦਿ ਦੋਸ਼।

੪ ਪ੍ਰਮਾਣ ਕਾ ਦੋਸ਼-ਨੇਤਰਾਂ ਦਾ ਪਿਤ ਕਮਲ ਆਦਿ ਦੋਸ਼।

੫ ਅਧਿਸ਼ਠਾਨ ਕੇ ਵਿਸ਼ੇਸ਼ ਰੂਪ ਕਾ ਅਗਿਆਨ।

ਇਹ ਪੰਜ ਪ੍ਰਕਾਰ ਅਧਿਆਸ ਦੀ ਸਮੱਗ੍ਰੀ ਹੈ, ਇਸ ਤੋਂ ਬਿਨਾਂ ਅਧਿਆਸ ਨਹੀਂ ਹੋ ਸਕਦਾ। ਜੈਸੇ ਕੁਲਾਲ, ਦੰਡ, ਚੱਕਰ, ਜਲ, ਮਿੱਟੀ, ਘਟ (ਘੜੇ) ਦੀ ਸਮੱਗ੍ਰੀ ਕਹੀ ਹੈ। ਇਨ੍ਹਾਂ 'ਚੋਂ ਜੇ ਕੋਈ ਇੱਕ ਭੀ

ਨਾ ਹੋਵੇ ਤਾਂ ਘਟ ਉਤਪੰਨ ਨਹੀਂ ਹੁੰਦਾ। ਤੈਸੇ ਹੀ ਪੂਰਬ ਉਕਤ ਕਾਰਨ ਰੂਪ ਕਰਕੇ ਸਾਰੀ ਸਮੱਗ੍ਰੀ ਅਧਿਆਸ ਦੀ ਹੈ। (ਵਿਚਾਰ ਸਾਗਰ ਪਿਤਾਂਬਰੀ ਦੂਜਾ ਤਰੰਗ ਸਫਾ ੨੫)

ਅਥਵਾ:-ਭੂ=ਪ੍ਰਿਥਵੀ ਖੇ=ਅਕਾਸ਼ ਦੇ ਪਦਾਰਥਾਂ ਦੀ ਇੱਛਾ ਹੋਣ ਕਰਕੇ, ਆਪ ਜੀ ਦੀ ਭਗਤੀ ਨਹੀਂ ਕੀਤੀ ਜਾਂਦੀ। ਇਸ ਲਈ-

ਯਹ ਮਾਲਾ ਅਪਨੀ ਲੀਜੈ॥

ਇਹ ਮਾ=ਮਾਇਆ ਜੋ ਲਾ=ਲਗਾਈ ਹੋਈ ਹੈ ਆਪਣੀ ਵਾਪਸ ਲੈ ਲਵੋ।

ਹਉ ਮਾਂਗਉ ਸੰਤਨ ਰੇਨਾ॥

ਮੈਂ ਸੰ=ਭਲੀ ਪਰਕਾਰ ਤਨ=ਦੇਹ ਅਧਿਆਸ ਨੂੰ ਰੇਨਾ=ਧੂੜ ਕਰਨਾ ਮੰਗਦਾ ਹਾਂ।

ਮੈ ਨਾਹੀ ਕਿਸੀ ਕਾ ਦੇਨਾ॥ ੧॥

ਹੇ ਭਗਵਾਨ ! ਮੈਂ ਨੇ ਆਪਣੇ ਮਨ ਨੂੰ ਆਪ ਜੀ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਵਿਖੇ ਨਹੀਂ ਦੇਣਾ ਕੀਤਾ।

ਮਾਧੋ ਕੈਸੀ ਬਨੈ ਤੁਮ ਸੰਗੇ॥

ਹੇ ਮਾਇਆ ਪਤੀ ਪਰਮਾਤਮਾ ! ਆਪਾ ਭਾ ਦੇ ਸਹਿਤ ਹੋਣ ਕਰਕੇ ਆਪ ਜੀ ਦੇ ਨਾਲ ਪ੍ਰੀਤੀ ਕਰਨੀ ਕਿਵੇਂ ਬਣ ਸਕਦੀ ਹੈ, ਭਾਵ ਨਹੀਂ ਬਣ ਸਕਦੀ। ਇਸ ਲੀਏ ਮੇਰੀ ਇਹ ਬੇਨਤੀ ਹੈ-

ਆਪਿ ਨ ਦੇਹੁ ਤ ਲੇਵਉ ਮੰਗੇ॥ ਰਹਾਉ॥

ਆਪਿ=ਆਪਾ ਭਾ ਹੰਕਾਰ ਨਾ ਦਿਓ। ਮੈਂ ਤਾਂ ਆਪ ਜੀ ਪਾਸੋਂ ਲੇਵਉ=ਲਿਵ ਲਗਾਉਣੀ ਮੰਗਦਾ ਹਾਂ।

ਦੁਇ ਸੇਰ ਮਾਂਗਉ ਚੂਨਾ॥

ਆਪਣੇ ਸ੍ਵੈ ਸਰੂਪ ਦੇ ਚੂਨਾ=ਜਾਨਣ ਲਈ, ਗਿਆਨ ਵੈਰਾਗ ਰੂਪੀ ਦੋ ਸੇਰ ਮੰਗਦਾ ਹਾਂ।

ਅਥਵਾ-ਕਾਮ ਕ੍ਰੋਧ ਆਦਿਕ ਗਿੱਦੜਾਂ ਦੇ ਚੂਨਾ=ਚੂਰਨ, ਭਾਵ ਨਾਸ ਕਰਨ ਲਈ ਰਕਾਰ ਮਕਾਰ ਰੂਪ ਦੋ ਸ਼ੇਰ ਮੰਗਦਾ ਹਾਂ।

ਪਾਉ ਘੀਉ ਸੰਗਿ ਲੂਨਾ॥

ਆਪ ਜੀ ਦੇ ਪਵਿਤ੍ਰ ਪੀਉ=ਚਰਨਾਂ ਦਾ ਘੀਉ=ਪ੍ਰੇਮ, ਅਤੇ ਲੂਨਾ=ਸੁੰਦਰ ਸੰਤਾਂ ਦਾ ਸੰਗ ਕਰਨਾ ਮੰਗਦਾ ਹਾਂ।

ਅਧ ਸੇਰੁ ਮਾਂਗਉ ਦਾਲੇ॥

ਸੇਰੁ=ਸੇਲੇ ਸ਼ਸਤ੍ਰ ਵਾਂਗ ਦੁੱਖ ਦੇਣ ਵਾਲੇ ਜੋ ਅਧ=ਆਧਿ ਬਿਆਧਿ ਉਪਾਧਿ ਰੂਪ ਤਿੰਨ ਤਾਪ ਹਨ, ਉਹਨਾ ਦਾ ਦਾਲੇ=ਦਲਣ ਕਰਨਾ ਭਾਵ ਨਾਸ ਕਰਨਾ ਮੰਗਦਾ ਹਾਂ।

ਮੋ ਕਉ ਦੋਨਉ ਵਖਤ ਜਿਵਾਲੇ॥ ੨॥

ਮੈਨੂੰ ਜੋ ਦੋ ਵਖਤ ਮੁਸੀਬਤ ਦੇ ਪਏ ਹੋਏ ਹਨ, ਜਨਮ ਮਰਨ ਰੂਪ ਇਨ੍ਹਾਂ ਨੂੰ ਆਪ ਵਾਲੇ=ਬਾਲ ਦਿਓ। ਭਾਵ ਸਾੜ ਫੂਕ ਦਿਓ ਅਰਥਾਤ ਮੇਰਾ ਜਨਮ ਮਰਨ ਦੂਰ ਕਰ ਦਿਓ।

ਖਾਟ ਮਾਂਗਉ ਚਉਪਾਈ॥

ਖਾਟ=ਖਟ ਅਰਥਾਤ ਛੇ ਸ਼ਾਸਤ੍ਰਾਂ ਦਾ ਤੇ ਚਉ=ਚਾਰ ਵੇਦਾਂ ਦਾ ਸਿਧਾਂਤ ਪਾਵਣਾ ਮੰਗਦਾ ਹਾਂ।

ਵਾ:-ਖਟ ਸੰਪੱਤੀ ਤੇ ਚੌਥੀ ਭੂਮਿਕਾ ਦਾ ਅਨੰਦ ਪਾਵਣਾ ਮੰਗਦਾ ਹਾਂ।

ਸਿਰ ਹਾਨਾ ਅਵਰ ਤੁਲਾਈ॥

ਸਿਰ=ਹੰਕਾਰ ਦਾ ਹਾਨਾ=ਹਨਨ ਭਾਵ ਨਾਸ ਕਰਨਾ ਮੰਗਦਾ ਹਾਂ, ਅਵਰ=ਹੋਰ ਤੁਲਾਈ=ਤੁਲਤਾ ਭਾਵ ਸਮਦ੍ਰਿਸ਼ਟੀ ਸੁਭਾਵ ਹੋਣਾ ਮੰਗਦਾ ਹਾਂ।

ਊਪਰ ਕਉ ਮਾਂਗਉ ਖੀਂਧਾ॥

ਹੇ ਸਾਰਿਆਂ ਦੇ ਊਪਰ=ਸ਼ਰੋਮਣੀ ਪਰਮਾਤਮਾ ਆਪ ਜੀ ਪਾਸੋਂ ਮੈਂ ਖਿਮਾ ਰੂਪ ਖੀਂਧਾ=ਖਿੰਧੋਲੜਾ ਮੰਗਦਾ ਹਾਂ।

ਤੇਰੀ ਭਗਤਿ ਕਰੈ ਜਨੁ ਥਾਂਧਾ॥ ੩॥

ਇਸ ਰੀਤੀ ਨਾਲ ਮੈਂ ਜਨ ਆਪ ਜੀ ਦੀ ਥਾਂਧਾ=ਪ੍ਰੇਮਾ ਭਗਤੀ ਕਰਦਾ ਹਾਂ।

ਮੈ ਨਾਹੀ ਕੀਤਾ ਲਬੋ॥

ਮੈਨੇ ਆਪਣੇ ਸਰੀਰ ਵਾਸਤੇ ਕੋਈ ਲੋਭ ਨਹੀਂ ਕੀਤਾ।

ਇਕੁ ਨਾਉ ਤੇਰਾ ਮੈ ਫਬੋ॥

ਮੈਂ ਤਾ ਇੱਕ ਆਪ ਜੀ ਦੇ ਨਾਮ ਨੂੰ ਫਬਾਉਂਦਾ ਹਾਂ।

ਕਹਿ ਕਬੀਰ ਮਨੁ ਮਾਨਿਆ॥

ਕਬੀਰ ਜੀ ਆਖਦੇ ਹਨ, ਉੱਪਰਲੇ ਸਾਧਨਾਂ ਉੱਪਰ ਮੇਰਾ ਮਨ ਮੰਨਿਆਂ ਗਿਆ ਹੈ।

ਮਨੁ ਮਾਨਿਆ ਤਉ ਹਰਿ ਜਾਨਿਆ॥ ੪॥ ੧੧॥

ਜਿਸ ਵੇਲੇ ਮੇਰਾ ਮਨ ਸਿਮਰਨ ਉੱਤੇ ਮੰਨਿਆਂ ਗਿਆ ਤਾਂ ਹੀ ਹੇ ਹਰੀ ! ਤੇਰੇ ਸਰੂਪ ਨੂੰ ਜਾਣ ਲਿਆ॥ ੪॥ ੧੧॥

ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸੇਵਕਾਂ ਨੇ ਨਾਮਦੇਵ ਜੀ ਤੋਂ ਪੁੱਛਿਆ, ਆਪ ਨੂੰ ਪਰਮੇਸ਼ਰ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਈ ਹੈ ਤੇ ਅਸਾਨੂੰ ਕਿਵੇਂ ਹੋਵੇ? ਉੱਤਰ-

ਜਬ ਦੇਖਾ ਤਬ ਗਾਵਾ॥ ਤਉ ਜਨ ਧੀਰਜੁ ਪਾਵਾ॥ ੧॥

(ਪੰਨਾ ੬੫੭) ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ॥ ੧॥ ਰਹਾਉ॥

ਅੰਨਵੇ:-ਜਿਸ ਵੇਲੇ ਸਤਿਗੁਰ ਦੇਵ ਜੀ ਭੇਟਿਲੇ=ਮਿਲੇ ਤਾਂ ਉਹਨਾਂ ਦਾ ਨਾਦਿ=ਉਪਦੇਸ਼ ਰਿਦੇ ਵਿਚ ਸਮਾਇਆ, ਤਦ ਪਰਮੇਸ਼ਰ ਦੇ ਜਸ ਨੂੰ ਗਾਵਾਂ। ਜਦ ਗਾਵਾਂ ਤਿਸ ਵੇਲੇ ਪਰਮਾਤਮਾ ਨੂੰ ਦੇਖਿਆ, ਜਾਂ ਦੇਖਿਆ ਤਦ ਮੈਂ ਜਨ ਨੇ ਧੀਰਜ ਪਾਵਣਾ ਕੀਤਾ।

ਜਹ ਝਿਲਿ ਮਿਲਿ ਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ॥

ਅੰਨਵੈ:-ਜਿਸ ਅੰਤਹਕਰਨ ਵਿਚ ਅਨਹਦ=ਇੱਕ ਰਸ ਗੁਰਾਂ ਦਾ ਸਬਦ ਬਜੰਤਾ=ਪ੍ਰਗਟ ਹੁੰਦਾ ਹੈ, ਤਿਸ ਅੰਤਹਕਰਨ ਵਿਚ ਨਿਰੰਕਾਰ ਦਾ ਝਿਲਿਮਿਲਿ ਕਾਰੁ=ਪ੍ਰਕਾਸ਼ ਦਿਸੰਤਾ=ਨਿਗਾਹ ਆਉਂਦਾ ਹੈ।

ਜੋਤੀ ਜੋਤਿ ਸਮਾਨੀ॥ ਮੈ ਗੁਰ ਪਰਸਾਦੀ ਜਾਨੀ॥ ੨॥

ਅੰਨਵੈ:-ਜਦ ਗੁਰਾਂ ਦੀ ਕਿਰਪਾ ਦੁਆਰਾ ਸਿੱਖਿਆ ਗ੍ਰਹਿਣ ਕਰਨੀ ਜਾਣੀ ਤਾਂ ਜੋਤੀ=ਪਰਮਾਤਮਾ ਵਿਖੇ ਜੋਤ ਸਮਾ ਗਈ। ਅਥਵਾ:- ਜਿਨ੍ਹਾਂ ਨੇ ਗੁਰ ਕਿਰਪਾ ਦੁਆਰਾ ਮੈ=ਹੰਗਤਾ ਮਮਤਾ ਨਾਸ ਕਰਨੀ ਜਾਣੀ ਹੈ ਉਹਨਾਂ ਦੀ ਜੋਤੀ=ਪ੍ਰਭੂ ਵਿਖੇ ਜੋਤ ਸਮਾ ਗਈ ਹੈ।

ਰਤਨ ਕਮਲ ਕੋਠਰੀ॥

ਜਿਸ ਦਾ ਹਿਰਦਾ ਰੂਪੀ ਕਵਲ ਸ਼ੁਭ ਗੁਣਾਂ ਰੂਪੀ ਰਤਨਾਂ ਦੀ ਕੋਠੀ ਹੋਇਆ ਹੈ,

ਅਥਵਾ:-ਜਿਸ ਦੇ ਸਰੀਰ ਰੂਪੀ ਕੋਠੀ ਦੇ ਹਿਰਦੇ ਕਵਲ ਵਿਚ ਰਤਨ=ਵੈਰਾਗ ਹੈ।

ਚਮਕਾਰ ਬੀਜੁਲ ਤਹੀ॥

ਉਸੇ ਹਿਰਦੇ ਵਿਚ ਪਰਮਾਤਮਾ ਦਾ ਬਿਜਲੀ ਵਤ ਚਮਤਕਾਰਾ ਹੁੰਦਾ ਹੈ।

ਯਥਾ- ਸਤਿਗੁਰ ਸਬਦਿ ਉਜਾਰੋ ਦੀਪਾ॥

ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੋਲ੍ਹੀ ਅਨੂਪਾ॥ ੧॥

(ਬਿਲਾਵਲੁ ਮ: ੫, ਪੰਨਾ ੮੨੧)

ਨੇਰੈ ਨਾਹੀ ਦੂਰਿ॥ ਨਿਜ ਆਤਮੈ ਰਹਿਆ ਭਰਪੂਰਿ॥ ੩॥

ਉਹ ਪਰਮਾਤਮਾ ਨਾ ਨੇੜੇ ਹੈ, ਨਾ ਦੂਰ ਹੈ, ਆਪਣਾ ਆਪ ਹੋਣੇ ਕਰਕੇ। ਜੋ ਵਸਤੂ ਆਪਣੇ ਤੋਂ ਭਿੰਨ ਹੋਵੇ ਉਹ ਨੇੜੇ ਦੂਰ ਹੁੰਦੀ ਹੈ। ਉਹ ਪਰਮਾਤਮਾ ਮੇਰੇ ਆਪਣੇ ਆਤਮੈ=ਮਨ ਵਿਚ ਭਰਪੂਰ ਹੋ ਰਿਹਾ ਹੈ।

ਯਥਾ:- ਕਿਸੁ ਨੇੜੈ ਕਿਸੁ ਆਖਾ ਦੂਰਿ॥ ਨਿਧਿ ਗੁਣ ਗਾਵਾ ਦੇਖਿ ਹਦੂਰਿ॥ ੭॥

(ਆਸਾ ਮ: ੧, ਪੰਨਾ ੪੧੧)

ਅਥਵਾ:-ਗੁਰਮੁਖਾਂ ਦੇ ਨੇੜੇ ਹੈ, ਦੂਰ ਨਹੀਂ।

ਅਥਵਾ:-ਮਨਮੁਖਾਂ ਦੇ ਨੇੜੇ ਨਹੀਂ, ਦੂਰ ਹੈ।

ਜਹ ਅਨਹਤ ਸੂਰ ਉਜਾਰਾ॥ ਤਹ ਦੀਪਕ ਜਲੈ ਛੰਛਾਰਾ॥

ਜਿਸ ਅੰਤਹਕਰਨ ਵਿਚ ਅਨਹਤ=ਇੱਕ ਰਸ ਗਿਆਨ ਰੂਪੀ ਸੂਰਜ ਦਾ ਉਜਾਰਾ=ਪ੍ਰਕਾਸ਼ ਹੁੰਦਾ ਹੈ। ਤਿਸ ਅੰਤਹਕਰਨ ਵਿਚ ਹੋਰ ਕਰਮਾਂ ਰੂਪੀ, ਵਾ:-ਸਾਧਨਾ ਰੂਪੀ ਦੀਪਕ ਛੰਛਾਰਾ=ਮਧਮ ਜਲੈ=ਪ੍ਰਕਾਸ਼ਦੇ ਹਨ।

ਅਥਵਾ:-ਜਿਸ ਪਰਮਾਤਮਾ ਦਾ ਅਨਹਤ=ਇੱਕ ਰਸ ਸੂਰਜ ਵਤ ਪ੍ਰਕਾਸ਼ ਹੈ। ਤਿਸ ਪਰਮਾਤਮਾ

ਦਾ ਜਦ ਗਿਆਨ ਰੂਪੀ ਦੀਪਕ ਜਲੈ=ਪ੍ਰਕਾਸ਼ਿਆ ਤਾਂ ਛੰ+ਛਾਰਾ=ਛਾਰ ਕਰਨ ਵਾਲੇ ਕਾਮ ਆਦਿਕ ਵਿਸ਼ੇ ਛੰ=ਨਾਸ ਹੋ ਗਏ।

ਯਥਾ- ਆਠ ਪਹਰ ਗੁਣ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ॥ ੧॥

(ਬਿਲਾਵਲੁ ਮਃ ੫, ਪੰਨਾ ੮੨੧)

ਤਥਾ:- ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ॥ ੧॥

(ਬਿਲਾਵਲੁ ਮਃ ੫, ਪੰਨਾ ੮੨੨)

ਗੁਰ ਪਰਸਾਦੀ ਜਾਨਿਆ॥ ਜਨੁ ਨਾਮਾਂ ਸਹਜ ਸਮਾਨਿਆ ॥੪॥੧॥

ਗੁਰੂ ਦੀ ਕਿਰਪਾ ਦੁਆਰਾ ਜਦੋਂ ਮੈਂ ਨਾਮ ਦਾ ਸਿਮਰਨ ਕਰਨਾ ਜਾਣਿਆਂ। ਨਾਮਦੇਵ ਜੀ ਕਹਿੰਦੇ ਹਨ, ਤਾਂ ਮੈਂ ਦਾਸ ਸਹਿਜ-ਪਦ ਵਿਚ ਸਮਾ ਗਿਆ॥ ੪॥ ੧॥

ਘਰੁ ੪ ਸੋਰਠਿ॥

ਉਥਾਨਕਾ:-ਇੱਕ ਵੇਰਾਂ ਨਾਮਦੇਵ ਜੀ ਸਣੇ ਆਪਣੀ ਇਸਤ੍ਰੀ ਦੇ ਤੀਰਥ ਯਾਤਰਾ ਕਰਨ ਗਏ। ਸਾਲ ਕੁ ਪਿੱਛੋਂ ਜਦ ਮੁੜੇ ਤਾਂ ਵੇਖਿਆ, ਕਿ ਉਨ੍ਹਾਂ ਦੇ ਰਹਿਣ ਵਾਲੀ ਛੱਪਰੀ ਦੀ ਥਾਂ ਤੇ ਇੱਕ ਸੁੰਦਰ ਮਹਿਲ ਹੈ। ਪੁੱਛਣ ਤੇ ਪਤਾ ਲੱਗਾ ਕਿ ਇੱਕ ਸੇਠ ਨੇ ਆਪਣਾ ਮਕਾਨ ਬਣਾਦਿਆਂ ਬਣਾਦਿਆਂ ਥਾਂ ਤੰਗ ਵੇਖਕੇ ਛੱਪਰੀ ਵਾਲੀ ਜਗ੍ਹਾ ਵਿਚ ਮਿਲਾ ਲੀਤੀ ਹੈ। ਸੋ ਛੱਪਰੀ ਦੀ ਥਾਂ ਤੇ ਸੇਠ ਦਾ ਮਹਿਲ ਹੈ। ਨਾਮਦੇਵ ਜੀ ਕਿਸੇ ਹੋਰ ਜਗ੍ਹਾ ਉੱਪਰ ਗੁਜ਼ਾਰਾ ਕਰਨ ਲੱਗ ਪਏ। ਆਪਣੀ ਲਾਡਲੀ ਨਾਮੇ ਇਸਤ੍ਰੀ ਦੇ ਮਜ਼ਬੂਰ ਕਰਨ ਤੇ ਨਾਮਦੇਵ ਜੀ ਇੱਕ ਦਿਨ ਛੱਪਰੀ ਬਣਾਉਣ ਲਈ ਸਰਕੀੜਾ ਲੈਣ ਚਲੇ ਗਏ। ਜਦ ਨਾਮਦੇਵ ਦਾਤਰੀ ਨਾਲ ਸਰਕੀੜਾ ਵੱਢਣ ਲੱਗੇ ਤਾਂ ਸਰਕੀੜਾ ਤੇ ਪਏ ਤਰੇਲ ਦੇ ਕਤਰਿਆਂ ਨੇ ਨਾਮਦੇਵ ਜੀ ਦੇ ਹੱਥ ਪੈਰ ਤੇ ਕੱਪੜੇ ਗਿੱਲੇ ਕਰ ਦਿੱਤੇ। ਭਗਤ ਜੀ ਨੇ ਸਮਝਿਆ ਕਿ ਸ਼ਾਇਦ ਇਹ ਬੂਟੇ ਦਾਤਰੀ ਦੇ ਦੁੱਖ ਕਰਕੇ ਰੋਏ ਹਨ। ਨਾਮਦੇਵ ਜੀ ਨੇ ਦੁੱਖ ਅਨੁਭਵ ਕਰਨ ਲਈ ਆਪਣੇ ਹੱਥ ਤੇ ਵੀ ਦਾਤ੍ਰੀ ਮਾਰੀ। ਉਸ ਵੇਲੇ ਬਹੁਤ ਸਾਰਾ ਖ਼ੂਨ ਚਲਿਆ ਤੇ ਪੀੜਤ ਹੋਏ ਭਗਤ ਜੀ ਬਿਹੋਸ਼ ਹੋ ਕੇ ਡਿਗ ਪਏ। ਭਗਤ ਦਾ ਇਤਨਾ ਪ੍ਰੇਮ ਵੇਖਕੇ ਭਗਵਾਨ ਆਪ ਰਾਜ ਬਣ ਕੇ ਤੇ ਦੇਵਤਿਆਂ ਨੂੰ ਮਜ਼ਦੂਰ ਬਣਾਕੇ ਭਗਤ ਜੀ ਦੀ ਬਹੁਤ ਸੁੰਦਰ ਛੱਪਰੀ ਉਸਾਰ ਆਇਆ। ਉਥੇ ਆਕੇ ਭਗਤ ਜੀ ਨੂੰ ਹੋਸ਼ ਵਿਚ ਲਿਆਂਦਾ, ਪਿਆਰ ਕੀਤਾ ਤੇ ਆਖਿਆ ਜਾ ਘਰ ਚਲਿਆ ਜਾ, ਤੇਰੀ ਛੱਪਰੀ ਤਿਆਰ ਹੈ। ਜਦ ਭਗਤ ਜੀ ਘਰ ਪੁੱਜੇ ਤਾਂ ਛੱਪਰੀ ਬਣੀ ਹੋਈ ਸੀ ਪਰ ਨਾਲਦੀ ਗਵਾਂਢਣ ਨੂੰ ਵੀ ਇਹੋ ਜਿਹੀ ਛੱਪਰੀ ਬਣਾਉਣ ਦੀ ਰੀਸ ਆਈ ਤੇ ਨਾਮਦੇਵ ਜੀ ਨੂੰ ਕਹਿੰਦੀ ਹੈ, ਕਿ ਐਸੀ ਛੱਪਰੀ ਬਣਾਉਣ ਲਈ ਮੈਨੂੰ ਵੀ ਕਾਰੀਗਰ ਲਿਆ ਦੇ। ਸੋ ਇਸ ਸ਼ਬਦ ਵਿਚ ਭਗਤ ਜੀ ਦੇ ਗਵਾਂਢਣ ਨਾਲ ਸੁਆਲ ਜਵਾਬ ਹਨ-

ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥

ਪਾੜ=ਪਾਸ ਦੇ ਰਹਿਣ ਵਾਲੀ, ਪੜੋਸਣਿ=ਗਵਾਂਢਣ ਨਾਮਦੇਵ ਦੇ ਪਾੜ=ਪਾਸ ਆਕੇ ਵਾ:-ਛੰਨ ਨੂੰ

ਪਾੜ ਕੇ ਭਾਵ ਮੋਰੀ ਕਰ ਕੇ ਪੁਛਦੀ ਹੈ-

ਹੇ ਨਾਮਦੇਵ ਜੀ ! ਕਾ ਪਹਿ=ਕਿਸ ਕਾਰੀਗਰ ਕੋਲੋਂ ਆਪ ਨੇ ਇਹ ਛਾਨਿ=ਛੱਪਰੀ, ਛਵਾਈ=ਬਣਵਾਈ ਹੈ?

ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥

ਹੇ ਭਗਤ ਜੀ ! ਜੇਕਰ ਆਪ ਮੈਨੂੰ ਬੇਢੀ=ਤਰਖਾਣ ਦੱਸ ਦੇਵੋ, ਤਾਂ ਤੋ ਪਹਿ=ਤੇਰੇ ਨਾਲੋਂ ਮੈਂ ਦੁਗਣੀ ਮਜੂਰੀ ਦੇਵਾਂਗੀ।

ਅਥਵਾ:-ਤੋ ਪਹਿ=ਤੇਰੇ ਪਾਸ ਬੈਠਿਆਂ ਹੀ ਲੋਕਾਂ ਨਾਲੋਂ ਦੂਣੀ ਮਜੂਰੀ ਦੇਵਾਂਗੀ॥ ੧॥

ਰੀ ਬਾਈ* ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥

ਹੇ ਮਾਈ ! ਉਹ ਛੰਨ ਦੇ ਬਣਾਉਣ ਵਾਲਾ ਬੇਢੀ =ਕਾਰੀਗਰ ਐਵੇਂ ਦਿੱਤਾ ਨਹੀਂ ਜਾਂਦਾ।

ਤਦੋਂ ਮਾਈ ਨੇ ਬੜੇ ਤਰਲੇ ਕਰਦਿਆਂ ਪੁੱਛਿਆ, ਕਿ ਉਹ ਰਹਿੰਦਾ ਕਿੱਥੇ ਹੈ?

ਤਾਂ ਨਾਮਦੇਵ ਜੀ ਨੇ ਕਿਹਾ, ਹੇ ਮਾਈ ! ਗਹੁ ਨਾਲ ਤੱਕ, ਉਹ ਬੇਢੀ=ਤਰਖਾਣ ਤਾਂ ਸਾਰੇ ਸਮਾ ਰਿਹਾ ਹੈ।

ਯਥਾ-ਕਿਆ ਕਥੀਐ ਕਿਛੁ ਕਥਨੁ ਨ ਜਾਈ॥ ਜਹ ਜਹ ਦੇਖਾ ਤਹ ਰਹਿਆ ਸਮਾਈ॥

(ਬਿਲਾਵਲੁ ਮਹਲਾ ੫, ਪੰਨਾ ੮੨੨)

ਹਮਾਰੈ ਬੇਢੀ ਪ੍ਰਾਨ ਅਧਾਰਾ॥ ੧॥ ਰਹਾਉ॥

ਉਹ ਬੇਢੀ=ਕਾਰੀਗਰ ਤਾਂ ਅਸਾਡੇ ਪ੍ਰਾਣਾਂ ਦਾ ਅਧਾਰਾ=ਆਸਰਾ ਹੈ॥ ੧॥ ਰਹਾਉ॥

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥

ਹੇ ਮਾਈ ! ਉਹ ਕਾਰੀਗਰ ਪ੍ਰਤੱਖ ਧਨ ਨਹੀਂ ਲੈਂਦਾ। ਜੇ ਕੋਈ ਉਸ ਕਾਰੀਗਰ ਪਾਸੋਂ ਛੰਨ ਛਵਾਵੈ=ਬਣਾਉਣਾ ਚਾਹੇ ਤਾਂ ਪਰਮਾਤਮਾ ਰੂਪੀ ਤਰਖਾਣ ਉਸ ਪਾਸੋਂ ਪ੍ਰੀਤੀ ਰੂਪੀ ਮਜੂਰੀ ਮੰਗਦਾ ਹੈ।

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥ ੨॥

ਜੇ ਤੂੰ ਆਪਣੇ ਕੁਟੰਬ ਅਤੇ ਹੋਰ ਸਾਰਿਆਂ ਲੋਕਾਂ ਨਾਲੋਂ ਮੋਹ ਤੋਰੈ=ਤੋੜ ਕੇ ਵਾਹਿਗੁਰੂ ਵਿਖੇ ਲਿਵ ਜੋੜੇਂ ਤਾਂ ਬਿਨਾਂ ਬੁਲਾਏ ਆਪੇ ਹੀ ਪਰਮਾਤਮਾ ਰੂਪੀ ਬੇਢੀ=ਤਰਖਾਣ ਤੇਰੇ ਘਰ ਆਵੇਗਾ॥ ੨॥

ਮਾਈ ਨੇ ਕਿਹਾ, ਕਿ ਇਹ ਤਾਂ ਕੋਈ ਨਵਾਂ ਹੀ ਕਾਰੀਗਰ ਹੈ, ਇਸ ਦੇ ਗੁਣ ਆਪ ਵਰਣਨ ਕਰੋ। ਨਾਮਦੇਵ ਜੀ ਦਸਦੇ ਹਨ-

ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਢੀ ਹੋ॥

ਐਸੇ ਕਾਰੀਗਰ ਨੂੰ ਮੈਂ ਵਰਨਨ ਤਾਂ ਨਹੀਂ ਕਰ ਸਕਦਾ, ਕਿਉਂ ਜੁ ਉਹ ਸਭ ਜੀਵਾਂ ਦੇ ਅੰਦਰ ਅਤੇ ਸਭ ਠਾਂਢੀ=ਜਗ੍ਹਾ ਵਿਚ ਪ੍ਰਵੇਸ਼ ਕਰ ਰਿਹਾ ਹੈ। ਵਾ:-ਸਭ ਰੂਪ ਹੋ ਕੇ ਸਭ ਥਾਵਾਂ ਦੇ ਅੰਦਰ ਹੈ। (ਏਸੇ ਹੀ ਪੰਗਤੀ ਤੋਂ ਇਹ ਸਿੱਧ ਹੁੰਦਾ ਹੈ ਕਿ ਨਾਮਦੇਵ ਜੀ ਨੇ ਸਰਕੜੇ ਦੇ ਬੂਟਿਆਂ ਵਿਚ ਭੀ ਰੱਬ ਨੂੰ ਤੱਕਿਆ ਹੈ।)

---

*ਦੱਖਣ ਦਿਸ਼ਾ ਵਿਚ ਬਾਈ ਇਸਤ੍ਰੀ ਜਾਤੀ ਨੂੰ ਕਹਿੰਦੇ ਹਨ।

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥ ੩॥

ਜਿਵੇਂ ਗੁੰਗੇ ਨੇ ਮਹਾਂ ਅੰਮ੍ਰਿਤ-ਰਸ ਦਾ ਸੁਆਦ ਰੱਖਿਆ ਹੋਵੇ ਤਾਂ ਦੂਜੇ ਦੇ ਪੁੱਛਣ ਤੇ ਉਸ ਤੋਂ ਉਹ ਸੁਆਦ ਦੱਸਿਆ ਨਹੀਂ ਜਾ ਸਕਦਾ।

ਮਾਈ ਨੇ ਕਿਹਾ, ਕਿ ਜੇ ਉਸ ਦੇ ਗੁਣ ਦੱਸੇ ਨਹੀਂ ਜਾ ਸਕਦੇ ਤਾਂ ਉਸ ਨਾਲ ਪ੍ਰੀਤੀ ਦਾ ਗਿਆਨ ਕਿਵੇਂ ਹੋਵੇਗਾ? ਕੁਝ ਤਾਂ ਸਮਝਾਉਣ ਵਾਸਤੇ ਕਹੋ। ਹੁੰਣ ਨਾਮਦੇਵ ਜੀ ਉਸ ਦੇ ਗੁਣ ਦੱਸਦੇ ਹਨ-

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥

ਹੇ ਮਾਈ ! ਹੁਣ ਤੂੰ ਕਾਰੀਗਰ ਦੇ ਗੁਣ ਸੁਣ, ਕਿ ਜਿਸ ਨੇ ਸ੍ਰੀ ਰਾਮਚੰਦਰ ਜੀ ਰੂਪ ਹੋ ਕੇ ਜਲਧਿ=ਜਲ ਦੇ ਅਧ ਪਤੀ ਸਮੁੰਦਰ. ਤੇ ਪੁਲ ਬੰਨ੍ਹਿਆ ਹੈ ਅਤੇ ਜਿਸ ਭਗਵਾਨ ਨੇ ਧ੍ਰੂ ਭਗਤ ਨੂੰ ਅਟੱਲ ਪਦਵੀ ਤੇ ਥਾਪਿਓ=ਅਸਥਾਪਨ ਕੀਤਾ ਹੈ।

ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥ ੪॥ ੨॥

ਨਾਮਦੇਵ ਜੀ ਕਹਿੰਦੇ ਹਨ, ਜਿਸ ਮੇਰੇ ਸੁਆਮੀ ਨੇ ਸ੍ਰੀ ਰਾਮਚੰਦਰ ਰੂਪ ਹੋ ਕੇ ਆਪਣੀ ਇਸਤ੍ਰੀ (ਸੀਤਾ) ਰਾਵਣ ਦੇ ਅਸ਼ੋਕ ਬਾਗ ਵਿਚੋਂ ਮੋੜ ਲਿਆਂਦੀ ਸੀ ਅਤੇ ਲੰਕਾ ਆਪਣੇ ਦਾਸ ਭਭੀਖਣ ਨੂੰ ਟਕੇ ਸਮਾਨ ਅਰਪਣ ਕਰ ਦਿੱਤੀ ਸੀ।

ਯਥਾ:- ਰਾਵਣਾਦਿ ਰਣ ਹਾਂਕ ਸੰਘਾਰੇ॥ ਭ੍ਰਾਂਤ ਭ੍ਰਾਂਤ ਸੇਵਕ ਗਣ ਤਾਰੇ॥

ਲੰਕਾ ਦਈ ਟੰਕ ਜਨੁ ਦੀਨੋ॥ ਇਹ ਬਿਧ ਰਾਜ ਜਗਤ ਮੈ ਕੀਨੋ॥ ੬੪੦॥

(ਦਸਮ ਗ੍ਰੰਥ, ਪੰਨਾ ੨੫੨)

ਹੇ ਮਾਈ ! ਜੇ ਤੂੰ ਛੰਨ ਬਣਾਉਣੀ ਹੈ ਤਾਂ ਤੂੰ ਭੀ ਉਸ ਵਿਖੇ ਪ੍ਰੇਮ ਕਰ॥ ੪॥ ੨॥

ਇਸੇ ਸ਼ਬਦ ਦਾ ਦੂਜਾ ਅਰਥ ਪੜ੍ਹੋ-

ਘਰੁ ੪ ਸੋਰਠਿ॥

ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥

ਪਾੜ=ਪਾਸ ਦੀ ਰਹਿਣ ਵਾਲੀ ਪੜੋਸਣਿ=ਗੁਆਂਢਣ ਜਗਿਆਸੂ ਰੂਪ ਇਸਤ੍ਰੀ ਨਾਮਦੇਵ ਤੋਂ ਪੂਛਿ ਲੇ=ਪੁੱਛਦੀ ਹੈ-

ਹੇ ਨਾਮਦੇਵ ! ਇਹ ਬ੍ਰਹਮ ਵਿੱਦਿਆ ਰੂਪ ਛੱਪਰੀ ਤੈਂਨੇ ਕਿਸ ਪਾਸੋਂ ਬਣਵਾਈ ਹੈ?

ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥ ੧॥

ਤੁਹਾਡੇ ਨਾਲੋਂ ਮੈਂ ਦੂਣੀ ਮਜੂਰੀ ਦਿਆਂਗੀ, ਭਾਵ ਦੂਣੇ ਸਾਧਨ ਕਰਾਂਗੀ। ਪਰੰਤੂ ਬ੍ਰਹਮ ਵਿੱਦਿਆ ਰੂਪੀ ਛੱਪਰੀ ਦੇ ਬੰਨ੍ਹਣ ਵਾਲਾ ਗੁਰੂ ਰੂਪੀ ਬੇਢੀ=ਕਾਰੀਗਰ ਮੈਨੂੰ ਬਤਾਈ=ਦੱਸ ਦਿਓ।

ਰੀ ਬਾਈ ਬੇਢੀ ਦੇਨੁ ਨ ਜਾਈ॥

ਹੇ ਜਗਿਆਸੂ ਰੂਪ ਇਸਤ੍ਰੀ ! ਉਹ ਗੁਰੂ ਰੂਪ ਬੇਢੀ=ਕਾਰੀਗਰ ਦਿੱਤਾ ਨਹੀਂ ਜਾਂਦਾ।

ਦੇਖੁ ਬੇਢੀ ਰਹਿਓ ਸਮਾਈ॥

ਬ੍ਰਹਮ ਦ੍ਰਿਸ਼ਟੀ ਨਾਲ ਦੇਖਣਾ ਕਰ ! ਉਹ ਗੁਰੂ ਰੂਪ ਬੇਢੀ=ਕਾਰੀਗਰ ਪਰਮੇਸ਼ਰ ਦੀ ਜੋੜ ਹੋਣੇ ਕਰਕੇ ਸਾਰੇ ਸਮਾਇਆ ਹੋਇਆ ਹੈ।

ਹਮਾਰੈ ਬੇਢੀ ਪ੍ਰਾਨ ਅਧਾਰਾ॥ ੧॥ ਰਹਾਉ॥

ਉਹ ਗੁਰੂ ਬੇਢੀ ਅਸਾਡੇ ਪ੍ਰਾਣਾਂ ਦਾ ਅਧਾਰਾ=ਆਸਰਾ ਰੂਪ ਹੈ॥ ੧॥ ਰਹਾਉ॥

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥

ਉਹ ਗੁਰੂ ਰੂਪ ਬੇਢੀ=ਮਿਸਤਰੀ ਪ੍ਰੀਤੀ ਰੂਪ ਮਜੂਰੀ ਮੰਗਦਾ ਹੈ, ਜੋ ਕੋਈ ਉਸ ਪਾਸੋਂ ਬ੍ਰਹਮ ਵਿੱਦਿਆ ਰੂਪੀ ਛੰਨ ਬਣਵਾਣਾ ਚਾਹੇ।

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥ ੨॥

ਸਾਰੇ ਲੋਕਾਂ ਤੇ ਪਰਵਾਰ ਨਾਲੋਂ ਪ੍ਰੀਤੀ ਤੋੜੇ ਤਾਂ ਗੁਰੂ ਰੂਪੀ ਮਿਸਤਰੀ ਆਪੇ ਆਵੇਗਾ॥ ੨॥

(ਜਿਵੇਂ ਰਾਜੇ ਸ਼ਿਵਨਾਭ ਦੇ ਪ੍ਰੇਮ ਕਰਨ ਉੱਪਰ ਗੁਰੂ ਨਾਨਕ ਦੇਵ ਜੀ ਆਪੇ ਸੰਗਲਾਦੀਪ ਵਿਚ ਗਏ ਸਨ।)

ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਢੀ ਹੋ॥

ਐਸੇ ਗੁਰੂ ਰੂਪ ਬੇਖੀ ਦਾ ਜਸ ਮੈਂ ਕਥਨ ਨਹੀਂ ਕਰ ਸਕਦਾ, ਜਿਨ੍ਹਾਂ ਦਾ ਸਮੂਹ ਜਸ ਸਾਰਿਆਂ ਸਿੱਖਾਂ ਦੇ ਅੰਤਹਕਰਨ ਰੂਪੀ ਥਾਂ ਅੰਦਰ ਹੋ ਰਿਹਾ ਹੈ।

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥ ੩॥

ਜਿਵੇਂ ਗੁੰਗਾ ਆਦਮੀ ਦੁੱਧ ਆਦਿਕ ਮਹਾਂ ਅੰਮ੍ਰਿਤ ਰੂਪ ਰਸਾਂ ਨੂੰ ਚੱਖਦਾ ਹੈ। ਪਰੰਤੂ ਜੇ ਕੋਈ ਪੁੱਛੇ ਤੈਨੂੰ ਕਿਤਨਾ ਅਨੰਦ ਆਇਆ ਹੈ ਤਾਂ ਉਸ ਪਾਸੋਂ ਕੁਛ ਆਖਿਆ ਨਹੀਂ ਜਾਂਦਾ।

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਧਿ ਧ੍ਰੂ ਥਾਪਿਓ ਹੋ॥

ਰੇ ਮਾਈ ਜਗਿਆਸੂ ਰੂਪ ਇਸਤ੍ਰੀ ! ਤੂੰ ਗੁਰੂ ਰੂਪ ਬੇਢੀ=ਕਾਰੀਗਰ ਦੇ ਗੁਣਾਂ ਨੂੰ ਸੁਣਨਾ ਕਰ। ਗੁਰਾਂ ਨੇ ਸੰਸਾਰ ਸਾਗਰ ਤੇ ਨਾਮ ਰੂਪ ਪੁਲ ਬੰਨ੍ਹਿਆਂ ਹੈ, ਅਤੇ ਜਗਿਆਸੂ ਦੀ ਬਿਰਤੀ ਨੂੰ ਧ੍ਰੂ=ਅਚੱਲ ਪਦਵੀ ਉੱਪਰ ਥਾਪਿਆ ਹੈ।

ਵਾ:-ਅਚੱਲ ਕਰ ਕੇ ਸਰੂਪ ਵਿੱਚ ਅਸਥਾਪਨ ਕੀਤਾ ਹੈ।

ਨਾਮੇ ਕੇ ਸੁਆਮੀ ਸੀਅ ਬਹੋਰੀ

ਨਾਮਦੇਵ ਜੀ ਕਥਨ ਕਰਦੇ ਹਨ, ਅਸਾਡੇ ਸੁਆਮੀ ਨੇ ਸੀਅ=ਸ਼ਾਂਤੀ ਨੂੰ ਸੰਸਾਰ ਵਿਚ ਮੁੜ ਬਹੋਰੀ=ਬਹਾਲ ਕੀਤਾ ਹੈ, ਭਾਵ ਸੰਸਾਰ ਵਿਚ ਸ਼ਾਂਤੀ ਨੂੰ ਕਾਇਮ ਕੀਤਾ ਹੈ।

ਯਥਾ-ਤਪਤਿ ਮਾਹਿ ਠਾਢਿ ਵਰਤਾਈ॥ (ਸੁਖਮਨੀ ਪੰਨਾ ੨੮੭)

ਤਥਾ-ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ (ਬਿਲਾਵਲੁ ਵਾਰ ਮ: ੩, ਪੰਨਾ ੮੫੩)

ਇਹ ਪੁਕਾਰ ਸੁਣ ਕੇ ਜਲੰਦੇ ਜਗਤ ਨੂੰ ਬਾਣੀ ਦੀ ਦਾਤ ਰਾਹੀਂ ਰੱਖਿਆ ਕੀਤੀ ਹੈ।

ਲੰਕ ਭਭੀਖਣ ਆਪਿਓ ਹੋ॥ ੪॥ ੨॥

ਲੰਕ=ਸਰੀਰ ਵਿਖੇ ਭੈ ਨੰ ਧਾਰਨ ਵਾਲਾ ਜੋ ਅਧਿਕਾਰੀ ਹੈ, ਉਸ ਦਾ ਦੇਹ ਅਭਿਮਾਨ ਦੂਰ ਕਰਕੇ

ਰੂਪ ਵਿਖੇ ਥਾਪ ਦਿੱਤੀ ਹੈ॥ ੪॥ ੨॥

ਸੋਰਠਿ ਘਰੁ ੩ ॥

ਪ੍ਰਸ਼ਨ ਕੀਤਾ, ਹੇ ਨਾਮਦੇਵ ਜੀ ! ਇਹ ਸੰਸਾਰ ਕੈਸਾ ਹੈ, ਸੱਚਾ ਹੈ ਜਾਂ ਝੂਠਾ ? ਉੱਤਰ-

ਪਹਿਲਾ ਅਰਥ-

ਅਣਮੜਿਆ ਮੰਦਲੁ ਬਾਜੈ॥ ਬਿਨੁ ਸਾਵਣ ਘਨਹਰੁ ਗਾਜੈ॥

ਜਿਵੇਂ ਅਨਮੜਿਆ ਮੰਦਲੁ=ਢੋਲ ਹੋਵੇ ਤੇ ਕੋਈ ਕਹੇ ਕਿ ਸੋਹਣਾ ਵੱਜ ਰਿਹਾ ਹੈ ਅਤੇ ਜਿਵੇਂ ਸਾਵਣ=ਬੱਦਲਾਂ ਦੇ ਆਏ ਬਿਨਾਂ ਹੀ ਕੋਈ ਕਹੇ ਕਿ ਘਨਹਰੁ=ਬੱਦਲ ਬੜਾ ਗੱਜ ਰਿਹਾ ਹੈ। ਜਿਵੇਂ ਇਹ ਗੱਲਾਂ ਨਹੀਂ ਹੋ ਸਕਦੀਆਂ, ਤਿਵੇਂ ਇਹ ਸੰਸਾਰ ਭੀ ਤਿੰਨ ਕਾਲ ਨਹੀਂ ਹੈ।

ਬਾਦਲ ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥ ੧ ॥

ਜਿਵੇਂ ਬੱਦਲਾਂ ਤੋਂ ਬਿਨਾਂ ਹੀ ਕੋਈ ਕਹੇ ਕਿ ਵਰਖਾ ਹੋ ਰਹੀ ਹੈ। ਜਿਵੇਂ ਇਹ ਗੱਲਾਂ ਨਹੀਂ ਹੋ ਸਕਦੀਆਂ, ਤਿਵੇਂ ਹੀ ਇਹ ਸੰਸਾਰ ਝੂਠਾ ਹੈ। ਓਹੀ ਪੁਰਸ਼ ਤਰਦਾ ਹੈ ਜੋ ਕੋਈ ਸੰਸਾਰ ਦੇ ਮਿਥਿਆ ਰੂਪ ਤਤੁ=ਸਿਧਾਂਤ ਨੂੰ ਵਿਚਾਰਦਾ ਹੈ।

ਦੂਜਾ ਅਰਥ-

ਪਾਸ ਜੋਗੀ ਬੈਠਾ ਸੀ, ਉਸ ਨੇ ਕਿਹਾ, "ਦਸਮ ਦੁਆਰ ਕੈਸਾ ਹੈ?" ਉੱਤਰ-

ਅਣਮੜਿਆ ਮੰਦਲੁ ਬਾਜੈ॥

ਦਸਮ ਦੁਆਰ ਰੂਪੀ ਢੋਲ ਅਨ ਮੜ੍ਹਿਆ ਹੈ ਇਸ ਨੂੰ ਕਿਸੇ ਨੇ ਮੜ੍ਹਿਆ ਨਹੀਂ ਤੇ ਦਸਮ ਦੁਆਰ ਵਿਖੇ ਵਾਜੇ ਵੱਜ ਰਹੇ ਹਨ।

ਬਿਨੁ ਸਾਵਣ ਘਨਹਰੁ ਗਾਜੈ॥

ਪ੍ਰਤੱਖ ਬੱਦਲਾਂ ਤੋਂ ਬਿਨਾਂ ਹੀ ਘਨਹਰੁ ਗਾਜੈ=ਬੱਦਲਾਂ ਜੈਸੀ ਧੁਨ ਗੱਜ ਰਹੀ ਹੈ।

ਬਾਦਲ ਬਿਨੁ ਬਰਖਾ ਹੋਈ॥

ਪ੍ਰਤੱਖ ਬੱਦਲਾਂ ਤੋਂ ਬਿਨਾਂ ਹੀ ਜੋਗਾਨੰਦ ਦੀ ਵਰਖਾ ਹੋ ਰਹੀ ਹੈ।

ਜਉ ਤਤੁ ਬਿਚਾਰੈ ਕੋਈ॥ ੧॥

ਜੇਹੜਾ ਕੋਈ ਗੁਰਮੁਖ ਹੈ ਉਹ ਕੋਈ ਇਸ ਜੋਗਾਨੰਦ ਦੇ ਤਤੁ=ਸਿਧਾਂਤ ਨੂੰ ਵਿਚਾਰਦਾ ਹੈ, ਪੁਨਾ-

ਤੀਜਾ ਅਰਥ-

ਪ੍ਰਸ਼ਨ-ਮਹਾਤਮਾ ਕਿਹੜੇ ਹਨ? ਉੱਤਰ-

ਅਣਮੜਿਆ ਮੰਦਲੁ ਬਾਜੈ॥

ਜਿਨ੍ਹਾਂ ਦਾ ਮਨ ਸੰਸਾਰ ਰੂਪੀ ਮੰਦਲੁ=ਢੋਲ ਨਾਲ ਮੜ੍ਹਿਆ ਹੋਇਆ ਅਣ=ਨਹੀਂ ਹੈ ਤੇ ਪਰਮੇਸ਼ਰ ਦੇ ਨਾਮਾਂ ਨੂੰ ਬਾਜੈ=ਉਚਾਰਦਾ ਹੈ, ਓਹੀ ਅਸਲ ਮਹਾਤਮਾ ਹਨ।

ਬਿਨੁ ਸਾਵਣ ਘਨਹਰੁ ਗਾਜੈ॥

ਸਾਵਣ=ਮੋਹ ਤੋਂ ਬਿਨਾਂ ਹੋਣ ਕਰਕੇ ਤਿਨ੍ਹਾਂ ਮਹਾਤਮਾਂ ਨੂੰ ਘਨਹਰੁ=ਪਰਮਾਤਮਾ ਗਾਜੈ=ਪ੍ਰਗਟ ਹੋ ਰਿਹਾ ਹੈ।

ਬਾਦਲ ਬਿਨੁ ਬਰਖਾ ਹੋਈ॥

ਮਾਇਆ ਤੋਂ ਬਿਨਾਂ ਹੋਣ ਕਰਕੇ ਉਨ੍ਹਾਂ ਨੂੰ ਬ੍ਰਹਮਾਨੰਦ ਦੀ ਵਰਖਾ ਪ੍ਰਾਪਤ ਹੋਈ ਹੈ।

ਜਉ ਤਤੁ ਬਿਚਾਰੈ ਕੋਈ॥ ੧॥

ਜਿਹੜਾ ਕੋਈ ਇਸ ਪ੍ਰਕਾਰ ਦੇ ਸਿਧਾਂਤ ਨੂੰ ਵਿਚਾਰਦਾ ਹੈ, ਉਹੀ ਤਰਦਾ ਹੈ॥ ੧॥

ਮੋ ਕਉ ਮਿਲਿਓ ਰਾਮੁ ਸਨੇਹੀ॥ਜਿਹ ਮਿਲਿਐ ਦੇਹ ਸੁਦੇਹੀ॥੧॥ਰਹਾਉ॥

ਰਾਮ ਦੇ ਸਨੇਹੀ=ਪਿਆਰੇ ਪੂਰਨ ਗੁਰੂ ਮੈਨੂੰ ਮਿਲੇ ਹਨ, ਜਿਨ੍ਹਾਂ ਗੁਰਾਂ ਦੇ ਨਾਲ ਮਿਲਣ ਕਰਕੇ ਦੇਹ ਵਿਖੇ ਸੁਦੇਹੀ=ਦੇਹ ਵਾਲਾ ਪਰਮਾਤਮਾ ਪ੍ਰਾਪਤ ਹੋਇਆ ਹੈ। ਵਾ-ਸਨੇਹੀ=ਪਿਆਰਾ ਰਾਮ ਮੈਨੂੰ ਮਿਲਿਆ ਹੈ।

ਯਥਾ- ਹਮਰੋ ਕਰਤਾ ਰਾਮੁ ਸਨੇਹੀ॥ (ਧਨਾਸਰੀ ਪੰਨਾ ੬੯੨)

ਜਿਸ ਦੇ ਮਿਲਣ ਕਰਕੇ ਇਹ ਮਨੁੱਖਾ ਦੇਹ ਸੁਦੇਹੀ=ਸਫਲ ਹੋ ਗਈ ਹੈ।

ਮਿਲਿ ਪਾਰਸ ਕੰਚਨੁ ਹੋਇਆ॥ ਮੁਖ ਮਨਸਾ ਰਤਨੁ ਪਰੋਇਆ॥

ਜਿਵੇਂ ਲੋਹਾ ਪਾਰਸ ਨਾਲ ਮਿਲਕੇ ਕੰਚਨੁ=ਸੋਨਾ ਹੋ ਜਾਂਦਾ ਹੈ, ਇਸੇ ਤਰ੍ਹਾਂ ਪਾਰਸ ਰੂਪੀ ਗੁਰੂ ਨਾਲ ਮਿਲਕੇ ਮੁੱਖ=ਸ਼ਰੋਮਣੀ ਰਤਨ ਵਾਂਗ ਬੇ-ਕੀਮਤਾ ਜੋ ਪਰਮਾਤਮਾ ਹੈ ਸਾ=ਉਸਨੂੰ ਮਨ ਵਿਚ,

ਵਾ:-ਮਨਸਾ=ਬੁੱਧੀ ਵਿਖੇ ਪਰੋਇਆ=ਧਾਰਨ ਕੀਤਾ ਤਾ ਸੋਨੇ ਵਾਂਗ ਸ਼ੁੱਧ ਹੋ ਗਿਆ।

ਯਥਾ- ਰਾਮ ਪਾਰਸ ਚੰਦਨ ਹਮ ਕਾਸਟ ਲੋਸਟ॥

ਹਰਿ ਸੰਗਿ ਹਰੀ ਸਤਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ॥

(ਧਨਾਸਰੀ ਮ: ੪, ਪੰਨਾ ੬੬੮)

ਨਿਜ ਭਾਉ ਭਇਆ ਭ੍ਰਮੁ ਭਾਗਾ॥ ਗੁਰ ਪੂਛੇ ਮਨੁ ਪਤੀਆਗਾ॥ ੨॥

ਆਪਣੇ ਸ੍ਵੈ ਸਰੂਪ ਦਾ ਭਾਉ=ਗਿਆਨ ਹੋਇਆ ਤਾਂ ਭਰਮ ਦੂਰ ਹੋ ਗਿਆ।

ਗੁਰਾਂ ਪਾਸੋਂ ਪੁੱਛਣ ਕਰਕੇ ਮਨ ਪਤੀਆਗਾ=ਭਰੋਸੇ ਵਾਲਾ ਹੋਇਆ॥ ੨॥

ਜਲ ਭੀਤਰਿ ਕੁੰਭ ਸਮਾਨਿਆ॥ ਸਭ ਰਾਮੁ ਏਕੁ ਕਰਿ ਜਾਨਿਆ॥

ਜਿਵੇਂ ਨਦੀ ਦੇ ਪਾਣੀ ਵਿਚ ਘੜੇ ਦਾ ਜਲ ਉਪਾਧੀ ਨੂੰ ਛੱਡਕੇ ਸਮਾ ਜਾਂਦਾ ਹੈ। ਇਸੇ ਪ੍ਰਕਾਰ ਅਵਿੱਦਿਆ ਉਪਾਧੀ ਨੂੰ ਛੱਡਕੇ ਮੈਂਨੇ ਸਾਰਿਆਂ ਵਿਖੇ ਇੱਕ ਰਾਮ ਨੂੰ ਪਰੀਪੂਰਨ ਜਾਣਿਆਂ ਹੈ।

ਅਥਵਾ:-ਅੰਤਹਕਰਨ ਰੂਪ ਕੁੰਭ=ਘੜੇ ਵਿਚੋਂ ਜਦ ਸ਼ਕਾਮ, ਵਾ:-ਵਾਸ਼ਨਾਂ ਰੂਪੀ ਜਲ ਸਮਾਨਿਆ=ਭੁੱਲ ਗਿਆ ਤਾਂ ਸਾਰੇ ਇੱਕ ਰਾਮ ਨੂੰ ਪਰੀਪੂਰਨ ਕਰਕੇ ਜਾਣਿਆਂ।

ਗੁਰ ਚੇਲੇ ਹੈ ਮਨੁ ਮਾਨਿਆ॥ ਜਨ ਨਾਮੈ ਤਤੁ ਪਛਾਨਿਆ॥ ੩॥ ੩॥

ਜਿਸ ਵੇਲੇ ਮੈਂ ਚੇਲੇ ਦਾ ਗੁਰਾਂ ਉੱਪਰ ਮਨ ਮੰਨਿਆਂ ਗਿਆ ਅਤੇ ਗੁਰਾਂ ਦਾ ਮਨ ਮੇਰੇ ਉੱਪਰ

ਮੰਨਿਆਂ ਗਿਆ ਤਾਂ ਫਿਰ ਮੈਂ ਦਾਸ (ਨਾਮਦੇਵ) ਨੇ ਸਿਧਾਂਤ ਰੂਪ ਵਾਹਿਗੁਰੂ ਨੂੰ ਪਛਾਣ ਲੈਣਾ ਕੀਤਾ ॥ ੩ ॥ ੩ ॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ:–ਇੱਕ ਵੇਰਾਂ ਭਗਤ ਰਵਿਦਾਸ ਜੀ ਦੀ ਪ੍ਰੇਮਾ ਭਗਤੀ ਦੀ ਖਿੱਚ ਦੇ ਖਿੱਚੇ ਹੋਏ ਭਗਵਾਨ ਜੀ ਸਾਹਮਣੇ ਆ ਗਏ। ਰਵਿਦਾਸ ਜੀ ਨਮਸ਼ਕਾਰ ਕਰਨ ਲਈ ਉੱਠੇ, ਪਰ ਪ੍ਰਭੂ ਕੌਤਕ ਕਰਨ ਲਈ ਪਿੱਛੇ ਹਟ ਗਏ ਤੇ ਕਹਿਣ ਲੱਗੇ, ਕਿ ਹੇ ਚਮਿਆਰ ! ਤੂੰ ਅਸਾਨੂੰ ਛੂਤ ਨਾ ਕਰ। ਉਸ ਦੇ ਉੱਤਰ ਵਿਚ ਰਵਿਦਾਸ ਜੀ ਨੇ ਕਿਹਾ ਕਿ-

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥

ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥ ੧ ॥

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥

(ਰਹਾਉ ਤੋਂ ਅਰਥ ਸ਼ੁਰੂ)

ਹੇ ਮਾਧਵੇ=ਮਾਇਆ ਦੇ ਪਤੀ ਪਰਮਾਤਮਾ ! ਭਰਮ ਕਰਕੇ ਆਪ ਜੀ ਨੇ ਐਸਾ ਕੀ ਬਚਨ ਕਥਨ ਕੀਤਾ ਹੈ ਕਿ-

ਹੇ ਚਮਿਆਰ ! ਤੂੰ ਅਸਾਨੂੰ ਛੂਤ ਨਾ ਕਰ। ਅਗਿਆਨ ਦਸ਼ਾ ਵਿਚ ਭਰਮ ਦਾ ਸਰੂਪ ਜਿਵੇਂ ਮੰਨਿਆਂ ਗਿਆ ਹੈ, ਉਹ ਸਰੂਪ ਗਿਆਨ ਅਵਸਥਾ ਵਿਚ ਨਹੀਂ ਰਹਿੰਦਾ। ਜੇ ਮੈਂ ਅਗਿਆਨੀ ਹਾਂ ਤਾਂ ਆਪ ਦਾ ਆਉਣਾ ਨਿਸਫਲ ਹੈ, ਜੇ ਮੈਂ ਗਿਆਨਵਾਨ ਹਾਂ ਤਾਂ ਆਪ ਦਾ ਇਹ ਬਚਨ ਕਹਿਣਾ ਠੀਕ ਨਹੀਂ ਹੈ। ਹੁਣ ਇਸ ਗੱਲ ਨੂੰ ਸਪੱਸ਼ਟ ਕਰਦੇ ਹਨ-

ਹੇ ਭਗਵਨ ! ਜਦ ਅਸਾਡੇ ਵਿਚ ਹਮ=ਹੰਗਤਾ ਆਦਿ ਵਿਕਾਰ ਸਨ, ਤਦ ਤੁਸੀਂ ਨਹੀਂ ਸੀ ਪ੍ਰਾਪਤ ਹੁੰਦੇ। ਹੁਣ ਗਿਆਨ ਅਵਸਥਾ ਵਿਚ ਤੁਸੀਂ ਪ੍ਰਾਪਤ ਹੋਏ ਹੋ ਤਾਂ ਮੇਰੇ ਵਿਚ ਕੋਈ ਮਮਤਾ ਆਦਿ ਵਿਕਾਰ ਨਹੀਂ ਹਨ।

ਯਥਾ-ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥

(ਮਾਰੂ ਵਾਰ ਸਲੋਕ ੧੬, ਪੰਨਾ ੧੦੬੨)

ਹੁਣ ਮੈਂ ਆਪ ਨਾਲ ਕਾਰਜ ਕਰਨ ਵਾਂਗ ਅਭੇਦ ਹੋ ਗਿਆ ਹਾਂ।

ਜਿਵੇਂ ਅਨਲ=ਪਵਨ (ਹਵਾ) ਦੇ ਸਬੰਧ ਕਰਕੇ ਅਗਮ=ਅਨੇਕਾਂ ਹੀ ਲਹਿਰਾਂ ਮਇਓਦਧਿ=ਸਮੁੰਦਰ ਵਿਖੇ ਉੱਠਦੀਆਂ ਹਨ, ਜਦ ਨਹੀਂ ਸੀ ਉੱਠੀਆਂ ਤਦ ਵੀ ਕੇਵਲ ਜਲ ਸੀ, ਜਦ ਉੱਠੀਆਂ ਤਾਂ ਵੀ ਜਲ ਹੈ। ਅੰਤ ਨੂੰ ਲੈ ਹੋਈਆਂ ਤਾਂ ਵੀ ਕੇਵਲ ਜਲ ਹੈ। ਇਸੀ ਪ੍ਰਕਾਰ ਆਪ ਦੀ ਵਿਅਕਤੀ ਰੂਪੀ ਸਮੁੰਦਰ ਵਿਚੋਂ

ਮਾਇਆ ਰੂਪੀ ਪੌਣ ਕਰਕੇ ਅਨੇਕਾਂ ਜੀਵ ਰੂਪੀ ਲਹਿਰਾਂ ਉੱਠਦੀਆਂ ਹਨ, ਜਦ ਨਹੀਂ ਸੀ ਉੱਠੀਆਂ ਤਦ ਵੀ ਕੇਵਲ ਬ੍ਰਹਮ ਸੀ, ਜਦ ਉੱਠੀਆਂ ਤਾਂ ਵੀ ਬ੍ਰਹਮ ਹੈ, ਅੰਤ ਪਰਲੋ ਹੋਈ ਤਦ ਵੀ ਕੇਵਲ ਬ੍ਰਹਮ ਹੋਵੇਗਾ॥ ੧॥

ਹੇ ਭਗਵਾਨ ! ਆਪ ਦੇ ਮੁਖਾਰਬਿੰਦ ਤੋਂ ਐਸੇ ਭੇਦ ਵਾਦ ਦਾ ਬਚਨ ਸੁਣਕੇ ਮੈਂ ਇਤਨਾ ਦੁਖੀ ਹੋਇਆ ਹਾਂ। ਜਿਵੇਂ-

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥ ੨॥

''ਇੱਕ ਰਾਜਾ ਆਪਣੇ ਸ਼ੀਸ਼ ਮਹਿਲਾਂ ਵਿਚ ਸੁਹਣੇ ਸਿੰਘਾਸਣ ਤੇ ਸੁੱਤਾ ਹੋਇਆ ਸੀ ਉਹ ਰਾਤ ਨੂੰ ਸੁਪਨੇ ਵਿਚ ਭਿਖਾਰੀ ਬਣ ਗਿਆ। ਆਪਣੇ ਸਾਰੇ ਰਾਜ-ਭਾਗ ਦੇ ਅਛਤ=ਹੁੰਦਿਆਂ ਹੋਇਆਂ ਫਿਰ ਵੀ ਰਾਜ ਤੋਂ ਸੁਪਨੇ ਰਾਹੀਂ ਵਿੱਛੜਕੇ ਗਿੱਦੜੀ ਦੇ ਕੱਟਣ ਤੇ ਤਿਸਨੇ ਦੁੱਖ ਪ੍ਰਾਪਤ ਕੀਤਾ, ਕਿਉਂ ਜੁ ਸੁਪਨੇ ਵਿਚ ਮੰਗਤੇ ਦੀ ਸ਼ਕਲ ਵਿਚ ਮੰਗਿਆਂ ਉਸ ਨੂੰ ਇੱਕ ਪੈਸਾ ਵੀ ਮਲ੍ਹਮ ਪੱਟੀ ਕਰਨ ਵਾਸਤੇ ਕੋਈ ਨਹੀਂ ਦੇਂਦਾ।'' ਸੋ ਤਿਸ ਰਾਜੇ ਵਾਂਗ ਅਸਾਡੀ ਹਾਲਤ ਹੋ ਰਹੀ ਹੈ।

ਸਾਖੀ-ਸੁਪਨੇ ਵਿਚ ਰਾਜੇ ਦੇ ਭਿਖਾਰੀ ਹੋਣ ਦੀ

ਇਹ ਸਾਰਾ ਪ੍ਰਸੰਗ ਵਿਚਾਰ ਸਾਗਰ ਦੇ ਕਰਤਾ ਪੰਡਿਤ ਨਿਸਚਲ ਦਾਸ ਜੀ ਨੇ ਵਿਚਾਰ ਸਾਗਰ ਗ੍ਰੰਥ ਦੇ ਪੰਜਵੇਂ ਤਰੰਗ ਵਿਚ ਇੰਞ ਵਰਨਨ ਕੀਤਾ ਹੈ:-

ਸੁਰਪਤਿ ਇੰਦ੍ਰ ਸ੍ਵਰਗ ਮੈਂ ਜੈਸੋ। ਪ੍ਰਬਲ ਪ੍ਰਤਾਪ ਭੂਪ ਇਕ ਐਸੋ।
ਭੀਮ ਸਮਾਨ ਸ਼ੂਰ ਬਹੁਤੇਰੇ। ਤਿਨ ਕੇ ਚਹੁੰਘਾ[1] ਡੇਰੇ ਗੇਰੇ॥ ੧੨੮॥
ਯੋਧਾ ਲੇ ਨਿਜ ਨਿਜ ਹਥਿਯਾਰਨ। ਖਰੇ ਰਹੈਂ ਤਿਹਿ ਦ੍ਵਾਰ ਹਜ਼ਾਰਨ।
ਅੰਦਿਰ ਮੰਦਿਰ ਡਿਉੜੀ ਠਾਢੇ। ਲੀਯੇ ਖੜਗ ਕੋਸ਼ਨ[2] ਤੇ ਕਾਢੇ॥ ੧੨੯॥
ਉੱਚੋ ਮਹਲ ਅਟਾਰੀ ਜਾ ਮੈਂ। ਫੂਲ ਸੇਜ ਸੋਵੇ ਨ੍ਰਿਪ ਤਾਂ ਮੈਂ।
ਪੰਛੀਹੂ ਪਹੁੰਚਨ ਨਹਿ ਪਾਵੈ। ਤਹਾਂ ਔਰ ਕੈਸੇ ਚਲਿ ਜਾਵੈ॥ ੧੩੦॥
ਤਹਾਂ ਭੂਪ ਦੇਖਜੋ ਅਸ ਸੁਪਨਾ। ਪਕਰਜੋ ਪੈਰ ਗੀਦਰੀ ਅਪਨਾ।
ਭੂਪ ਛੁੜਾਯੋ ਚਾਹਤ ਨਿਜ ਪਗ। ਤਜਤ ਨ ਗੀਦਰਿ ਪਕਰੇ ਜੁ ਪਗ॥ ੧੩੧॥
ਤਬ ਰਾਜਾ ਯੋ ਪਰੋ ਪੁਕਾਰੈ। ਹੈ ਕੋ ਅਸ ਜੋ ਗੀਦਰਿ ਮਾਰੈ।
ਜੋਧਾ ਜਾ ਠਾਢੇ ਨਿਜ ਦ੍ਵਾਰਾ। ਤਿਨ ਰੰਚਕਹੁ ਨ ਦਿਯੋ ਸਹਾਰਾ॥ ੧੩੨॥
ਤਬ ਨ੍ਰਿਪ ਦੰਡ[3] ਲਿਯੋ ਨਿਜ ਕਰ ਮੇ। ਆਪੁਹਿ ਮਾਰਿਯੋ ਸਜਾਰਨਿ ਸਿਰ ਮੇਂ।
ਲਗਤ ਦੰਡ ਭੋ ਤਾਕੋ ਅੰਤਾ[4]। ਤਬ ਨਿਸਰੇ[5] ਪਗ-ਰਗ ਤੇ ਦੰਤਾ॥ ੧੩੩॥

ਪੰ ਚਾਰੇ ਪਾਸੇ। ੨ ਮਿਆਨਾ ਚੋਂ। ੩ ਡੰਡਾ। ੪ ਮੋਤ। ੫ ਨਿਕਲੇ।

ਦਾਂਤ ਲਗੇ ਗਾਢੇ ਜੋ ਨ੍ਰਿਪ ਮੇਂ। ਯੌਂ ਲੰਗਰਾਤ ਸੁ ਚਾਲਤ ਮਗ ਮੇਂ।
ਤਬ ਚਾਲਜੋਂ ਲੇ ਲਾਠੀ ਕਰ ਮੇਂ। ਪਹੁੰਚਜੋ ਘਾਵਰਿਯਾ[੧] ਕੇ ਘਰ ਮੇਂ॥ ੧੩੪॥
ਤਾਹਿ ਕਹਜੋ ਫੋਹਾ ਅਸ ਦੀਜੈ। ਘਾਵ ਪਾਂਵ ਕੋ ਤੁਰਤ ਭਰੀਜੈ।
ਘਾਵਰਿਯਾ ਨ੍ਰਿਪ ਤੇ ਯਹਿ ਭਾਖਜੋ। ਫੋਹਾ ਨਹਿੰ ਤਯਾਰ ਘਰਿ ਰਾਖਜੋ॥ ੧੩੫॥
ਜੋ ਤੂ ਦੇ ਪੈਸਾ ਇਕ ਮੋ ਕੂੰ। ਤੋ ਤਯਾਰ ਕਰਿ ਦੇਹੂੰ ਤੋ ਕੂੰ।
ਤਬ ਉਲਟਜੋ ਨ੍ਰਿਪ ਲਾਠੀ ਟੇਕਾ[੨]। ਨਹਿੰ ਦੇਨੇ ਕੂੰ ਕੌੜਿਹੂੰ ਏਕਾ॥ ੧੩੬॥
ਲਾਗਜੋ ਸੋਚ ਕਰਨ ਟਰਿ ਘਰ ਤੇ। ਬੂਝੇ ਬਾਤ ਕੌਨ, ਬਿਨ ਜਰ[੩] ਤੇ।
"ਜੋ ਮੈਂ ਹੋਤ ਧਨੀ ਬਡਭਾਗਾ। ਆਵਤ ਘਰ, ਘਾਵਰਿਯਾ[੪] ਭਾਗਾ॥ ੧੩੭॥
ਮੋਹਿੰ ਨਿਕੰਮਾ ਜਾਨਿ ਕੰਗਾਲਾ। ਘਰ ਤੇ ਤੁਰਤ, ਰੋਗ ਜਜੋਂ ਟਾਲਾ[੫]।
ਯਾਹੀਂ ਕੂੰ ਕਛੁ ਦੋਸ਼ ਨ ਦੀਜੈ। ਬਿਨ ਸ੍ਵਾਰਥ[੬] ਕੋ ਕਿਹ ਨ ਪਤੀਜੈ॥ ੧੩੮॥
ਮਾਤ ਪਿਤਾ ਬਾਂਧਵ ਸੁਤ ਨਾਰੀ। ਕਰਤ ਪਜਾਰ ਸ੍ਵਾਰਥ ਤੈਂ ਭਾਰੀ।
ਜੋ ਨਹਿੰ ਸ੍ਵਾਰਥ ਸਿੱਧੀ[੭] ਪਾਵੈ। ਤੋ ਇਨ ਕੂੰ ਦੇਖਜੋਹੂੰ ਨ ਭਾਵੈ॥ ੧੩੯॥
ਜਾ ਬਿਨ ਘਰੀ ਏਕ ਨਹਿੰ ਰਹਤੇ। ਦੁਖ ਅਪਾਰ, ਵਿਛਰੇ ਸਬ ਲਹਤੇ।
ਜਬ ਦੇਖੈ ਆਯੋ ਘਰ ਪੌਰੀ[੮]। ਘਰ ਕੇ ਮਿਲਤ ਭਾਜਿ ਭਰ ਕੋਰੀ[੯]॥ ੧੪੦॥
ਵਿਧਿ ਅਧੀਨ ਕੌਢੀ[੧੦] ਸੋ ਹੋਵੈ। ਸਬ ਅੰਗਨਿ ਮੇਂ ਪਾਨੀ ਚੋਵੈ।
ਅਰੁ ਝਰਿ ਪਰੀਂ ਆਂਗੁਰੀ ਜਾਕੇ[੧੧]। ਭਿੰਨ ਭਿੰਨਾਤ ਮੁਖ ਸਾਖੀ ਤਾਕੇ॥ ੧੪੧॥
ਕਹਤ ਤਾਹਿ ਤੇ ਘਰ ਕੇ ਪਜਾਰੇ। ਮਰ ਪਾਪੀ ਅਬ ਤੋ ਹਤਿਆਰੇ।
ਜੇਹਿੰ ਦੇਖਤ ਅੱਖੀਆਂ ਨ ਅਘਾਨੀ। ਤੇਹਿੰ ਲਖਿ ਗਲਾਨਿਵ ਮਨ ਜਜੋਂ ਆਨੀ॥ ੧੪੨॥
ਜੋ ਤਿਯ ਹਿਯ ਲਾਗਤ ਪਤਿ ਪਜਾਰੋ। ਕਿਯ ਨ ਚਹਤ ਪਲ ਉਰ ਤੇ ਨਜਾਰੋ।
ਤਾ ਕੀ ਪਵਨ ਬਚਾਯੋ ਲੋਰੈ। ਭਿਰੈ ਜੁ ਬਸਨ ਤੁ ਨਾਕ ਸਕੋਰੈ[੧੨]॥ ੧੪੩॥
ਜਿਹੋਂ ਪਿਤੁ ਮਾਤ ਗੋਦ ਮੇਂ ਲੇਤੇ। ਸਕੁਚਾਤ ਤਿਹੋਂ ਕਰ ਤੇ ਕਛੁ ਦੇਤੇ।
ਮਿਲਤ ਭ੍ਰਾਤ ਜੋ ਭਰਿ ਭੁਜ ਕੋਰੀ। ਸੋ ਬਤਰਾਤ ਬੀਚ ਦੇ ਡੋਰੀ॥ ੧੪੪॥
ਐਸੇ ਜਗ ਸ੍ਵਾਰਥ ਕੋ ਸਾਰੋ। ਬਿਨ ਸ੍ਵਾਰਥ ਕੋ ਕਾ ਕੋ ਪਜਾਰੋ।
ਮੋਹਿੰ ਸ੍ਵਾਰਥ ਜੋਗਜਨ ਵਿਧਿ ਕੀਨੋ[੧੩]। ਯਾਂ ਤੇ ਇਨ ਫੋਹਾ ਨਹਿੰ ਦੀਨੋ॥ ੧੪੫॥
ਯੌਂ ਚਿੰਤਤ ਇਕ ਮੁਨਿ ਤਿਹੋਂ ਭੇਟਜੋ[੧੪]। ਤਿਨ ਦੈ ਜਰੀ ਘਾਵ ਦੁਖ ਮੇਟਜੋ[੧੫]।
ਨਿਦ੍ਰਾ ਤੇ ਜਾਗਜੋ ਨ੍ਰਿਪ ਜਬ ਹੀਂ। ਘਾਵ ਦਰਦ, ਮੁਨਿ ਨਾਸੇ ਤਬ ਹੀਂ[੧੬]॥ ੧੪੬॥

(ਸ੍ਰੀ ਵਿਚਾਰ ਸਾਗਰ, ਤਰੰਗ ੫)

---

੧ ਵੈਦ। ੨ ਆਸਰਾ। ੩ ਧਨ ਤੋਂ ਬਿਨਾਂ। ੪ ਵੈਦ। ੫ ਜਿਵੇਂ ਕੋਹੜੀ ਨੂੰ ਘਰੋਂ ਕੱਢ ਦੇਈਦਾ ਹੈ। ੬ ਮਤਲਬ ਤੋਂ ਬਿਨਾਂ ਕੋਈ ਵੀ ਪਤੀਜਦਾ ਨਹੀਂ। ੭ ਮਤਲਬ ਪੂਰਾ ਨਾ ਹੁੰਦਾ ਹੋਵੇ। ੮ ਦਰਵਾਜ਼ਾ। ੯ ਜੱਫੀ। ੧੦ ਕੋੜੀ। ੧੧ ਉੱਂਗਲਾਂ ਝੜ ਪੈਣ (ਕੋੜ੍ਹੀ ਹੋ ਜਾਵੇ)। ੧੨ ਸੰਕੋਚਦੀ ਹੈ। ੧੩ ਮੈਨੂੰ ਵਿਧਾਤਾ ਨੇ ਸ੍ਵਾਰਥੀ ਕੀਤਾ। ੧੪ ਇਸ ਤਰ੍ਹਾਂ ਚਿਤਵ ਰਿਹਾ ਸੀ ਉਥੇ ਹੀ ਇਕ ਰਿਖੀ ਮਹਾਤਮਾ ਮਿਲ ਪਿਆ। ੧੫ ਉਸ ਨੇ (ਜਰੀ) ਬੂਟੀ ਰਗੜਕੇ ਜ਼ਖ਼ਮ ਦਾ ਦੁੱਖ ਨਾਸ ਕਰ ਦਿੱਤਾ। ੧੬ ਜਿਸ ਵੇਲੇ ਨੀਂਦ ਖੁਲ੍ਹੀ ਤੇ ਉਥੇ ਨਾ ਕੋਈ ਜ਼ਖ਼ਮ ਦਾ ਦੁੱਖ, ਨਾ ਹੀ ਕੋਈ ਮਹਾਤਮਾ ਦ੍ਰਿਸ਼ਟੀ ਆਇਆ ਸਭ ਨਾਸ ਹੋ ਗਏ।

ਅਥਵਾ:-ਜੀਵ ਰੂਪੀ ਰਾਜਾ ਅੰਤਹਕਰਨ ਰੂਪੀ ਸਿੰਘਾਸਨ ਤੇ ਅਵਿੱਦਿਆ ਰੂਪ ਨੀਂਦ ਵਿਚ ਸੁੱਤਾ ਹੋਇਆ ਸੰਸਾਰ ਸੁਪਨੇ ਵਿਚ ਭਿਖਾਰੀ ਬਣ ਗਿਆ, ਭਾਵ ਆਪਣੇ ਆਪ ਨੂੰ ਕਰਤਾ ਭੋਗਤਾ, ਜੰਮਣੇ ਮਰਨੇ ਵਾਲਾ ਮੰਨ ਬੈਠਾ। ਸਰੂਪ ਰੂਪੀ ਰਾਜ ਦੇ ਅਛਤ=ਹੁੰਦਿਆਂ ਵੀ ਜੀਵ ਉਸ ਤੋਂ ਵਿੱਛੜਕੇ ਜਿਵੇਂ ਦੁੱਖ ਪਾਉਂਦਾ ਹੈ, ਉਸੇ ਤਰ੍ਹਾਂ ਅਸਾਡੀ ਹਾਲਤ ਹੋਈ ਹੈ॥ ੨॥

(ਪੰਨਾ ੬੫੮)

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥

ਜਿਸ ਤਰ੍ਹਾਂ ਰਾਜ=ਰੱਜੂ (ਰੱਸੀ) ਵਿਚ ਭੁਇਅੰਗ=ਸਰਪ ਦਾ ਪ੍ਰਸੰਗ=ਸਬੰਧ ਮਿਥਿਆ ਹੈ। ਇਸੀ ਪ੍ਰਕਾਰ ਆਪ ਵਿਖੇ ਜਗਤ ਰੂਪੀ ਸਰਪ ਮਿਥਿਆ ਪ੍ਰਤੀਤ ਹੋ ਰਿਹਾ ਹੈ। ਹੁਣ ਇਸ ਦੀ ਨਿਵਿਰਤੀ ਦਾ ਮਰਮੁ=ਭੇਦ ਗੁਰਾਂ ਨੇ ਕਿਰਪਾ ਕਰਕੇ ਜਨਾਵਣਾ ਕੀਤਾ ਹੈ ਆਪ ਮੈਨੂੰ ਕਿਵੇਂ ਭਰਮਾਉਂਦੇ ਹੋ।

ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥ ੩॥

ਜਿਵੇਂ ਅਨਿਕ=ਅਨੇਕਾਂ, ਕਨਿਕ=ਕਨਕ ਭਾਵ ਸੋਨੇ ਕੇ ਕਟਕ=ਕੜੇ ਤੇ ਹੋਰ ਗਹਿਣੇ ਆਦਿ ਵੇਖਕੇ ਪੁਰਸ਼ ਭੁੱਲ ਪੈਂਦੇ ਹਨ, ਅਸਲੀ ਸੋਨੇ ਨੂੰ ਭੁਲਾਕੇ ਗਹਿਣਿਆਂ ਦੇ ਨਾਮ ਹੀ ਲੈਣੇ ਸ਼ੁਰੂ ਕਰ ਦੇਂਦੇ ਹਨ, ਪਰ ਜਿਸ ਵੇਲੇ ਕੁਠਾਲੀ ਵਿਚ ਪਾ ਕੇ ਸਾਰੇ ਗਹਿਣੇ ਢਾਲੇ ਜਾਂਦੇ ਹਨ ਤੇ ਉਸ ਵੇਲੇ ਕਹੀਏ ਕਿ ਇਹ ਸੋਨਾ ਨਹੀਂ ਹੈ ਤਾਂ ਇਹ ਬਚਨ ਕਹਿਣੇ ਵਿਖੇ ਨਹੀਂ ਆਉਂਦਾ। ਇਸੀ ਪ੍ਰਕਾਰ ਭਗਤੀ ਰੂਪ ਕੁਠਾਲੀ ਵਿਚ ਪਾ ਕੇ ਜਪ ਤਪ ਰੂਪ ਅਗਨੀ ਦਾ ਤਾਅ ਦੇ ਕੇ ਦੇਹ ਅਧਿਆਸ ਨੂੰ ਗਾਲਿਆ ਜਾਵੇ, ਤਾਂ ਫਿਰ ਬ੍ਰਹਮ ਤੋਂ ਭਿੰਨ ਹੋਰ ਕੋਈ ਬਚਨ ਕਹਿਣੇ ਵਿਖੇ ਨਹੀਂ ਆਉਂਦਾ॥ ੩॥

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥

ਹੇ ਭਗਵਨ ! ਸਾਰੇ ਸੰਸਾਰ ਵਿਚ ਕੇਵਲ ਇੱਕ ਤੂੰਹੀਂ, ਇੱਕ ਤੋਂ ਅਨੇਕ ਰੂਪ ਹੋ ਕੇ ਸਾਰਿਆਂ ਘਟਾਂ ਵਿਚ ਪਦਾਰਥਾਂ ਨੂੰ ਭੋਗ ਰਿਹਾ ਹੈਂ।

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥ ੪॥ ੧॥

ਰਵਿਦਾਸ ਜੀ ਕਹਿੰਦੇ ਹਨ, ਕਿ ਹੇ ਪ੍ਰਭੂ ! ਮਨ ਰੂਪੀ ਹੱਥ ਦੇ ਪੈਣ ਨਾਲ ਤੁਸੀਂ ਅਸਾਡੇ ਨੇੜੇ ਹੋ, ਭਾਵ ਹੱਥਾਂ ਪੈਰਾਂ ਤੋਂ ਵੀ ਨੇੜੇ ਜਾਪਦੇ ਹੋ, ਜੋ ਆਪ ਦੇ ਭਾਣੇ ਵਿਚ ਹੁੰਦਾ ਹੈ ਸੋ ਸੁਤੇ ਹੀ ਹੁੰਦਾ ਹੈ॥ ੪॥ ੧॥

ਉਥਾਨਕਾ:-ਉਸ ਵੇਲੇ ਫਿਰ ਭਗਵਾਨ ਨੇ ਬਿਨੋਦ ਲਈ ਕਿਹਾ-

"ਹੇ ਰਵਿਦਾਸ ! ਅਸਾਂ ਨੇ ਤੈਨੂੰ ਮੋਹ ਰੂਪ ਫਾਹੀ ਵਿਖੇ ਬੰਨ੍ਹਿਆਂ ਹੋਇਆ ਹੈ।"

ਇਹ ਗੱਲ ਸੁਣਕੇ ਰਵਿਦਾਸ ਜੀ ਨੇ ਕਿਹਾ-

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥

ਹੇ ਭਗਵਨ ! ਜੇ ਤੁਸਾਂ ਨੇ ਅਸ਼ਾਨੂੰ ਮੋਹ ਰੂਪੀ ਫਾਹੀ ਵਿਚ ਬੰਨ੍ਹਿਆਂ ਹੋਇਆ ਹੈ ਤਾਂ ਅਸੀਂ ਵੀ ਆਪ ਨੂੰ ਪ੍ਰੇਮ ਰੂਪੀ ਬਧਨਿ=ਰੱਸੀ ਨਾਲ ਬੰਨ੍ਹਿਆਂ ਹੋਇਆ ਹੈ।

ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥ ੧ ॥

ਇਸਤੇ ਤੁਸੀਂ ਆਪਣੇ ਛੁਟਕਾਰੇ ਲਈ ਯਤਨ ਕਰੋ।

ਫਿਰ ਭਗਵਾਨ ਨੇ ਕਿਹਾ, ਕਿ ਪਹਿਲਾਂ ਮੋਹ ਰੂਪੀ ਫਾਹੀ ਵਿਚੋਂ ਤੂੰ ਨਿਕਲ।

ਉੱਤਰ-ਅਸੀਂ ਤਾਂ ਅੱਗੇ ਹੀ ਆਪ ਦੇ ਨਾਮ ਦੇ ਸਿਮਰਨ ਨੂੰ ਕਰਕੇ ਛੁੱਟੇ ਹੋਏ ਹਾਂ, ਹੇ ਭਗਵਨ ! ਤੁਸੀਂ ਆਪਣਾ ਫਿਕਰ ਕਰੋ॥ ੧॥

ਮਾਧਵੇ ਜਾਨਤ ਹਹੁ ਜੈਸੀ ਤੈਸੀ॥ ਅਬ ਕਹਾ ਕਰਹੁਗੇ ਐਸੀ॥ ੧ ॥ ਰਹਾਉ ॥

ਹੇ ਮਾਧਵੇ ! ਮਾਇਆਪਤੀ ਪ੍ਰਮਾਤਮਾ! ਜੈਸੀ ਪ੍ਰੀਤੀ ਮੇਰੇ ਹਿਰਦੇ ਵਿਚ ਹੈ, ਆਪ ਤੈਸੀ ਜਾਣਦੇ ਹੀ ਹੋ, ਹੁਣ ਆਪ ਐਸੀ ਕੀ ਵਾਰਤਾ ਕਰੋਗੇ। ਭਾਵ ਇਸ ਪ੍ਰੀਤੀ ਨੂੰ ਤੋੜ ਦਿਓਗੇ ਅਰਥਾਤ ਨਹੀਂ ਤੋੜੋਗੇ। ਭਗਵਾਨ ਨੇ ਕਿਹਾ, ਹੇ ਰਵਿਦਾਸ ! ਮੇਰੇ ਨਾਲ ਤੇਰਾ ਕਿਤਨਾ ਕੁ ਪਿਆਰ ਹੈ? ਉੱਤਰ-

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥ ੨ ॥

ਜਿਵੇਂ ਫੰਧਕ ਨੇ ਮੱਛੀ ਨੂੰ ਕੁੰਡੀ ਨਾਲ ਪਕੜਕੇ ਬਾਹਰ ਲਿਆਕੇ ਫਾਂਕਿਓ=ਦੋ ਫਾੜ ਕੀਤਾ, ''ਤੋਂ ਭੀ ਛੁਰੀ ਪਾਣੀ ਨਾਲ ਭਿਉਂ ਲੈਂਦਾ ਹੈ'', ਤੇ ਜਦ ਛੋਟਾ ਛੋਟਾ ਕਰਕੇ ਕੱਟਿਆ ਬਹੁ ਬਾਨੀ=ਬਹੁਤ ਪ੍ਰਕਾਰ ਦੇ ਨਾਲ ਅਰਥਾਤ ਵੰਨਾ ਵੰਨਾ ਦਾ ਰਾਂਧਿ=ਰਿੰਨ੍ਹਿਆਂ, ਪਰ ਹਰ ਗੱਲ ਵਿਚ ਪਾਣੀ ਹੀ ਪਾਣੀ ਚਾਹੀਦਾ ਹੈ। ਪਰ ਜਦ ਦੰਦਾਂ ਨਾਲ ਖੰਡ ਖੰਡ=ਟੁਕੜੇ ਟੁਕੜੇ ਕਰਕੇ ਭਾਵ ਚਿੱਥ-ਚਿੱਥ ਕੇ ਭੋਜਨ ਖਾਧਾ, ਫਿਰ ਵੀ ਮੱਛੀ ਨੂੰ ਪਾਣੀ ਨਾ ਭੁੱਲਿਆ ਕਿਉਂਕਿ ਮੱਛੀ ਖਾਣ ਵਾਲੇ ਨੂੰ ਬਹੁਤ ਤਰੇਹ ਲੱਗਦੀ ਹੈ, ਜੋ ਕਿ ਸਰਦੀ ਦੇ ਮੌਸਮ ਵਿਖੇ ਭੀ ਰਾਤ ਨੂੰ ਉੱਠਕੇ ਪਾਣੀ ਪੀਂਦੇ ਹਨ।

ਸੋ ਮੇਰੀ ਪ੍ਰੀਤੀ ਵੀ ਆਪ ਨਾਲ ਮੱਛੀ ਦੀ ਨਿਆਈਂ ਅਤਿਅੰਤ ਹੈ।

ਯਥਾ- ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥
ਪ੍ਰੇਮ ਜਾਇ ਤਉ ਡਰਪੈ ਤੇਰੋ ਜਨੁ॥ ੧॥ (ਆਸਾ ਰਵਿਦਾਸ ਜੀ, ਪੰਨਾ ੪੮੬)

ਭਗਵਾਨ ਨੇ ਫਿਰ ਕਿਹਾ, ਹੇ ਰਵਿਦਾਸ ! ਮੈਂ ਤਾਂ ਨੀਚ ਜਾਤੀ ਵਾਲੇ ਨੂੰ ਨਹੀਂ ਮਿਲਦਾ। ਉੱਤਰ-

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥

ਹੇ ਭਗਵਨ ! ਤੂੰ ਕਿਸੀ ਦੇ ਆਪਣੇ ਬਾਪ ਦਾ ਮੁੱਲ ਨਹੀਂ ਲੀਤਾ ਹੋਇਆ। ਹੇ ਰਾਜਾ=ਪ੍ਰਕਾਸ਼ ਰੂਪ ਹਰੀ ! ਤੂੰ ਤਾਂ ਭਾਵਨ=ਸ਼ਰਧਾ ਵਾਲਿਆਂ ਦਾ ਹੈਂ।

ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥ ੩ ॥

ਮੋਹ ਰੂਪੀ ਪਟਲ=ਪੜਦਾ ਸਾਰੇ ਸੰਸਾਰ ਵਿਚ ਵਿਆਪ ਰਿਹਾ ਹੈ. ਪਰ ਭਗਤ ਮੋਹ ਤੋਂ ਰਹਿਤ ਹਨ. ਇਸ ਕਰਕੇ ਭਗਤਾਂ ਨੂੰ ਸੰ=ਭਲੀ ਪ੍ਰਕਾਰ ਕੋਈ ਦੁੱਖ ਨਹੀਂ ਹੁੰਦਾ॥ ੩॥

ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ॥ ੪ ॥ ੨ ॥

ਰਵਿਦਾਸ ਜੀ ਕਹਿੰਦੇ ਹਨ, ਹੇ ਵਾਹਿਗੁਰੂ ! ਮੇਰੇ ਚਿੱਤ ਵਿਚ ਇੱਕ ਆਪ ਦੀ ਭਗਤੀ ਬਾਢੀ=ਵਧ ਰਹੀ ਹੈ, ਭਗਤੀ ਕਰਕੇ ਜੋ ਸੁਖ ਹੋਇਆ ਹੈ ਉਹ ਕਿਸਨੂੰ ਦੱਸੀਏ। ਜਿਸ ਜਨਮ ਮਰਨ ਦੇ ਦੁੱਖ ਦੀ ਨਿਵਿਰਤੀ ਲਈ ਅਸੀਂ ਤੁਹਾਨੂੰ ਆਰਾਧ ਰਹੇ ਹਾਂ, ਕੀ ਅਜੇ ਵੀ ਉਹ ਦੁੱਖ ਸਹਾਰਾਂਗੇ, ਭਾਵ ਹੁਣ ਨਹੀਂ ਸਹਾਰਾਂਗੇ॥ ੪॥ ੨॥

ਉਥਾਨਕਾ:-ਇਸ ਸ਼ਬਦ ਦੁਆਰਾ ਆਪਣੀ ਪ੍ਰਮਾਦਤਾਈ, ਭਗਤੀ ਦੀ ਵਿਸ਼ੇਸ਼ਤਾ ਅਤੇ ਪ੍ਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥੧ ॥

ਜੋ ਪੂਰਬਲੇ ਚੰਗੇ ਪੁੰਨ ਕਰਮਾਂ ਦੇ ਫਲ ਕਰਕੇ ਮਹਾਂ ਦੁਰਲੱਭ ਮਨੁੱਖਾ ਜਨਮ ਪਾਇਆ ਹੈ, ਉਹ ਅ+ਬਿਬੇਕੈ=ਆਤਮ ਵਿਚਾਰ ਤੋਂ ਬਿਨਾਂ ਨਿਸਫਲ ਜਾ ਰਿਹਾ ਹੈ। ਰਾਜੇ ਇੰਦਰ ਦੇ ਸਮਸਰਿ=ਸਦ੍ਰਸ਼ ਸੋਹਣੇ ੨ ਘਰ ਅਤੇ ਸੁਨਹਿਰੀ ਰਾਜ-ਸਿੰਘਾਸਣ ਭੀ ਪਾਸ ਹੋਵਣ; ਪਰ ਦੱਸੋ ਪ੍ਰੇਮਾ ਭਗਤੀ ਤੋਂ ਬਿਨਾਂ ਇਹ ਪਦਾਰਥ ਕਿਸ ਲੇਖੇ ਹਨ, ਭਾਵ ਕਿਸੇ ਲੇਖੇ ਨਹੀਂ॥ ੧॥

ਨ ਬੀਚਾਰਿਓ ਰਾਜਾ ਰਾਮ ਕੋ ਰਸੁ॥
ਜਿਹ ਰਸ ਅਨਰਸ ਬੀਸਰਿ ਜਾਹੀ॥ ੧॥ ਰਹਾਉ॥

ਅਸੀਂ ਰਾਜਾ=ਪ੍ਰਕਾਸ਼ ਰੂਪ ਰਾਮ ਦੇ ਰਸ ਨੂੰ ਵੀ ਨਾ ਵਿਚਾਰਿਆ। ਜਿਸ ਰਸ ਕਰਕੇ ਅਨ=ਹੋਰ ਸੰਸਾਰਕ ਰਸ ਬੀਸਰਿ=ਭੁੱਲ ਜਾਹੀ=ਜਾਂਦੇ ਹਨ॥ ੧॥

ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥ ੨ ॥

ਹੇ ਵਾਹਿਗੁਰੂ ! ਅਸੀਂ ਆਪ ਜੀ ਦੇ ਜਾਨਣ ਵੱਲੋਂ ਅਜਾਨ=ਅਗਿਆਤ ਹੋਏ ਹੋਏ ਬਾਵਰ=ਝੱਲੇ ਹੋ ਰਹੇ ਹਾਂ ਤੇ ਸੋਚ+ਅਸੋਚ=ਸੋਗ ਹਰਖ ਵਿਖੇ ਦਿਨ ਬਤੀਤ ਹੋ ਰਹੇ ਹਨ। ਇੰਦਰੀਆਂ ਆਪੋ ਆਪਣੇ ਵਿਸ਼ਿਆਂ ਵੱਲ ਲੱਗੀਆਂ ਹੋਈਆਂ ਸਬਲ=ਸਹਿਤ ਬਲ ਦੇ ਹੋ ਰਹੀਆਂ ਹਨ ਤੇ ਬਿਬੇਕ=ਵਿਚਾਰ ਵਾਲੀ ਬੁੱਧੀ ਨਿਬਲ=ਕਮਜ਼ੋਰ ਹੋ ਰਹੀ ਹੈ; ਜਿਸ ਕਰਕੇ ਅਸਾਡਾ ਪਰਮਾਰਥ=ਪਰਮ ਅਰਥ ਸਿਧਾਂਤ ਵਿਚ ਪ੍ਰਵੇਸ਼ ਨਹੀਂ ਹੁੰਦਾ॥ ੨॥

ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥
ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥੩ ॥੩ ॥

ਮੂੰਹੋਂ ਅਸੀਂ ਕੁਝ ਆਨ=ਹੋਰ ਕਹਿੰਦੇ ਹਾਂ ਅਤੇ ਅਚਰੀਅਤ=ਕਰਤਬ ਕੁਝ ਹੋਰ ਕਰਦੇ ਹਾਂ।

ਯਥਾ- ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ (ਸਿਰੀਰਾਗੁ ਵਾਰ, ਪੰਨਾ ੮੫)

ਕਿਉਂਕਿ ਆਪ ਦੀ ਅਪਰ=ਬਿਅੰਤ ਮਾਇਆ ਦੇ ਪ੍ਰਤਾਪ ਕਰਕੇ ਕੁਝ ਸਮਝ ਨਹੀਂ ਪੈਂਦੀ। ਇਸ ਲਈ ਰਵਿਦਾਸ ਜੀ ਕਹਿੰਦੇ ਹਨ, ਕਿ ਹੇ ਭਗਵਾਨ ! ਮੈਂ ਦਾਸ ਦੀ ਮਤਿ ਉਦਾਸ ਹੋ ਰਹੀ ਹੈ। ਆਪ ਕੋਪ=ਗੁੱਸੇ ਨੂੰ ਪਰਹਰਿ=ਛੱਡ ਕੇ ਭਾਵ ਤਿਆਗ ਕੇ ਮੇਰੇ ਜੀਅ ਤੇ ਕ੍ਰਿਪਾ ਦ੍ਰਿਸ਼ਟੀ ਭਾਵ ਦਇਆ ਕਰੋ ॥ ੩ ॥ ੩ ॥

ਉਸ ਵੇਲੇ ਭਗਵਾਨ ਨੇ ਪ੍ਰਸੰਨ ਹੋ ਕੇ ਰਵਿਦਾਸ ਜੀ ਨੂੰ ਆਪਣੇ ਗਲ ਲਗਾ ਲਿਆ।

ਉਥਾਨਕਾ:-ਕੋਈ ਪੁਰਸ਼ ਪ੍ਰਮਾਤਮਾ ਦੀ ਉਪਾਸ਼ਨਾਂ ਛੱਡ ਕੇ ਸ਼ਿਵਾਂ ਦੀ ਉਪਾਸ਼ਨਾਂ ਕਰਨ ਲੱਗ ਪਿਆ, ਤਿਸ ਪ੍ਰਤੀ ਉਪਦੇਸ਼ ਕਰਦੇ ਹਨ-

ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥ ੧ ॥

ਸੁਰਤਰ=ਕਲਪ ਬ੍ਰਿੱਛ ਚਿੰਤਾਮਣੀ ਤੇ ਕਾਮਧੇਨ ਗਊ ਜਿਸ ਸੁਖ ਸਾਗਰੁ=ਪ੍ਰਮਾਤਮਾ ਦੇ ਬਸਿ=ਅਧੀਨ ਹਨ। *ਚਾਰ ਪਦਾਰਥ, **ਅਠਾਰਾਂ ਸਿੱਧੀਆਂ ਤੇ ***ਨੌਂ ਨਿੱਧੀਆਂ, ਸਭ ਤਿਸ ਪ੍ਰਭੂ ਦੇ ਹੱਥ ਦੀ ਤਲੀ ਤੇ ਹਨ। ਜਦ ਵੀ ਕੋਈ ਮੰਗਦਾ ਹੈ ਉਸ ਵੇਲੇ ਦੇ ਦੇਂਦਾ ਹੈ।

ਯਥਾ-ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥

(ਗੂਜਰੀ ਮ: ੫, ਪੰਨਾ ੪੯੫)

ਹਰਿ ਹਰਿ ਹਰਿ ਨ ਜਪਹਿ ਰਸਨਾ ॥
ਅਵਰ ਸਭ ਤਿਆਗਿ ਬਚਨ ਰਚਨਾ ॥ ੧ ॥ ਰਹਾਉ ॥

ਹੇ ਭਾਈ ! ਤੂੰ ਰਸਨਾਂ ਨਾਲ ਹਰੀ ਦੇ ਹਰਿ ਹਰਿ ਨਾਮ ਨੂੰ ਨਹੀਂ ਜਪਦਾ, ਇਸ ਤੇ ਤੇਰਾ ਬੁਰਾ ਹਾਲ ਹੋਵੇਗਾ। ਇਸ ਲਈ ਅਵਰ=ਹੋਰ ਸਭ ਬਚਨਾਂ ਦੀ ਰਚਨਾ=ਬਣਾਵਟ ਨੂੰ ਤਿਆਗ ਦੇ।

---

*ਧਰਮ, ਅਰਥ, ਕਾਮ, ਮੋਖ।

**ਅਣਿਮਾ, ਮਹਿਮਾ, ਗਰਿਮਤਾ, ਲਘਮਾ, ਪ੍ਰਾਪਤੀ, ਵਾਸ਼ਿਤਾ, ਪ੍ਰਾਕਾਮਜ, ਈਸ਼ਤਾ, ਅਨੂਰਮੀ, ਦੂਰ ਸਰਵਣ, ਮਨੋਵੇਗ, ਕਾਮਰੂਪ, ਪਰਕਾਯ ਪਰਵੇਸ਼, ਸਵੈ ਛੰਦ ਮਿਰਤੂ, ਸੰਕਲਪ ਸਿਧ, ਅਪ੍ਰਤਿਹਤ ਗਤਿ, ਸੁਰ ਕ੍ਰੀੜਾ ਤੇ ਦੂਰ ਦਰਸ਼ਨ।

***ਪਦਮ, ਮਹਾ ਪਦਮ, ਮਕਰ, ਕਛਪ, ਮੁਕੰਦ, ਕੁੰਦ, ਨੀਲ, ਸੰਖ, ਖਰਬ।

ਵਾ:-ਜੇ ਤੂੰ ਬਚਨ=ਬਚਿਆ ਚਾਹੁੰਦਾ ਹੈਂ ਤਾਂ ਹੋਰ ਸਾਰੀ ਸੰਸਾਰਕ ਰਚਨਾ ਨੂੰ ਤਿਆਗ ਦੇ।

ਵਾ:-ਹੋਰ ਸਭਨਾਂ ਨੂੰ ਤਿਆਗ ਕੇ ਗੁਰਾਂ ਦੇ ਬਚਨਾਂ ਵਿਚ ਰਚਣਾ ਕਰ।

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥

ਨਾਨਾ ਖਿਆਨ=ਮਹਾਂ ਭਾਰਤ, ਅਠਾਰਾਂ ਪੁਰਾਣ, ਚਾਰ ਵੇਦਾਂ ਦੀਆਂ ਵਿਧੀਆਂ ਇਹ ਸਭ ਚੌਤੀਂ ਅੱਖਰਾਂ ਵਿਚ ਹਨ, ਗੁਰਮੁਖ ਦੇ ੩੫ ਅੱਖਰਾਂ ਵਿਚੋਂ ਉੜਾ ਮੰਗਲਾ ਚਰਨ ਲਈ ਹੈ ਤੇ ਬਾਕੀ ਚੌਂਤੀ ਅੱਖਰ ਹਨ।

ਵਾ:-ਮੁਸਲਮਾਨਾਂ ਦੇ ਮੱਤ ਅਨੁਸਾਰ ਜੋ ਚਉ+ਤੀਸ=ਉਚਾਰਨ ਕੀਤੇ ਹੋਏ ਤੀਹ ਸਪਾਰੇ ਹਨ, ਉਹ ਭੀ ਅੱਖਰਾਂ ਵਿਚ ਹਨ।

ਵਾ:-ਚਉਤੀਸ=ਚੌਤਾਲੀ ਅੱਖਰਾਂ ਵਿਚ ਸਭ ਕੁਝ ਹੈ। ਪੈਂਤੀ ਅੱਖਰ ਗੁਰਮੁਖੀ ਦੇ ਤੇ ਨੌਂ ਅੰਕ।

ਅਥਵਾ:-ਅਠਾਰਾਂ ਪੁਰਾਣ, ਛੇ ਸ਼ਾਸ਼ਤ੍ਰ, *ਛੇ ਵੇਦ ਦੇ ਅੰਕ, ਚਾਰ ਵੇਦ ਇਹ ੩੪ ਗ੍ਰੰਥ ਸਭ ਅੱਖਰਾਂ ਵਿਚ ਹਨ।

ਅਥਵਾ:-ਚਉ+ਤੀਸ=ਤੀਹ ਚੌਕਾ ਇਕ ਸੌ ਵੀਹ ਤੇ ਚਾਰ ਹੋਰ ਸਾਰੇ ੧੨੪ ਹੋ ਗਏ।

੫੨ ਅੱਖਰ ਸੰਸਕ੍ਰਿਤ ਦੇ ਹਨ

੩੫ ਅੱਖਰ ਗੁਰਮੁਖੀ ਦੇ ਹਨ

੩੭ ਅੱਖਰ ਉਰਦੂ ਦੇ ਹਨ

੧੨੪ ਸਾਰੇ ਅੱਖਰ ਹਨ ਇਨ੍ਹਾਂ ਅੱਖਰਾਂ ਦੇ ਵਿਚ ਹੀ ਸਭ ਕੁਝ ਲਿਖਿਆ ਹੋਇਆ ਹੈ।

ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥ ੨॥

ਬਿਆਸ ਭਗਵਾਨ ਜੀ ਨੇ ਸਭ ਗ੍ਰੰਥਾਂ ਨੂੰ ਵਿਚਾਰ ਵਿਚਾਰਕੇ ਅੰਤ ਨੂੰ ਪਰਮਾਰਥ=ਪਰਮ ਅਰਥ ਉੱਚਾ ਸਿਧਾਂਤ ਇਹ ਕਥਨ ਕੀਤਾ ਹੈ, ਕਿ ਰਾਮ ਨਾਮ ਦੇ ਸਦ੍ਰਸ਼ ਹੋਰ ਕੋਈ ਸਾਧਨ ਨਹੀਂ।

ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ॥

ਫੁਨਿ=ਫਿਰ ਉਪਾਧੀ ਤੋਂ ਰਹਿਤ ਸਹਜ ਸਮਾਧਿ=ਨਿਰਵਿਕਲਪ ਸਮਾਧੀ ਵਿਚ ਵਡਿਆਂ ਭਾਗਾਂ ਕਰਕੇ ਬਿਰਤੀ ਲੱਗਦੀ ਹੈ।

ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ॥ ੩॥ ੪॥

ਰਵਿਦਾਸ ਜੀ ਕਹਿੰਦੇ ਹਨ, ਰਿਦੇ ਵਿਚ ਨਾਮ ਦਾ ਸਿਮਰਨ ਕਰਕੇ ਜੋ ਪ੍ਰਗਾਸੁ=ਗਿਆਨ ਧਾਰਦਾ ਹੈ ਉਹਨਾਂ ਦੇ ਅੰਦਰੋਂ ਜਮਾਂ ਦਾ ਭੈ ਤੇ ਜਨਮ ਮਰਨ ਦੀ ਪੀੜਾ ਨਾਸ ਹੋ ਜਾਂਦੀ ਹੈ॥ ੩॥ ੪॥

ਉਥਾਨਕਾ:-ਰਵਿਦਾਸ ਜੀ ਪ੍ਰਭੂ ਦੇ ਸਨਮੁਖ ਆਪਣੀ ਪ੍ਰੀਤੀ ਦਾ ਵਰਨਨ ਕਰਦੇ ਹਨ-

---

*ਸਿਖਿਆ, ਕਲਪ, ਨਿਰੁਕਤ ਪੁਨ, ਜੋਤਸ਼, ਪਿੰਗਲ ਜਾਨ॥
ਵਿਆਕਰਨ ਵਖਾਣੀਏ ਬੇਦ ਅੰਕ ਖਟ ਮਾਨ॥

ਯਥਾ- ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥

ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧ ॥

ਹੇ ਮਾਧਵ ! ਜੇ ਆਪ ਗਿਰਿਵਰ=ਸ੍ਰੇਸ਼ਟ ਪਹਾੜ ਰੂਪ ਹੋ ਤਾਂ ਮੈਂ ਆਪ ਦੇ ਆਸਰੇ ਰਹਿਣ ਵਾਲਾ ਮੋਰ ਹਾਂ। ਜੇ ਤੁਸੀਂ ਚੰਦ੍ਰਮਾਂ ਹੋ ਤਾਂ ਹਮ ਚਕੋਰ ਵਾਂਗ ਹੋ ਰਹੇ ਹਾਂ॥ ੧॥

ਮਾਧਵੇ ਤੁਮਨ ਤੋਰਹੁ ਤਉ ਹਮ ਨਹੀ ਤੋਰਹਿ॥

ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥ ੧॥ ਰਹਾਉ॥

ਹੇ ਮਾਧਵ ! ਜੇ ਆਪ ਪ੍ਰੀਤੀ ਨਾ ਤੋੜੋ ਤਾਂ ਅਸੀਂ ਭੀ ਨਹੀਂ ਤੋੜਾਂਗੇ।

ਇਸ ਤਰ੍ਹਾਂ ਕਰਨ ਨਾਲ ਗਦ੍ਹੋਂ ਖੁਰਕਣੀ ਬਣ ਜਾਂਦੀ ਹੈ, ਨਾਲੇ ਸ਼ਰੀਕਾ ਸਮਝਿਆ ਜਾਂਦਾ ਹੈ। ਇਸ ਵਾਸਤੇ ਦੂਜਾ ਅਰਥ ਕਰਨਾ ਕਿ-

ਹੇ ਮਾਧਵੇ-ਮਾਇਆ ਪਤੀ ਪਰਮਾਤਮਾ ! ਜੇ ਤੁਮਨ=ਤੁਸੀਂ ਪ੍ਰੀਤੀ ਤੋੜ ਵੀ ਦੇਵੋ ਤਾਂ ਬੇ-ਸ਼ੱਕ ਤੋੜ ਦਿਓ, ਪਰ ਅਸੀਂ ਤਾਂ ਨਹੀਂ ਤੋੜਾਂਗੇ। ਕਿਉਂਕਿ ਆਪ ਨਾਲੋਂ ਪ੍ਰੀਤੀ ਤੋੜ ਕੇ ਅਸਾਂ ਨੇ ਕਵਨ ਸਿਉ ਜੋਰਹਿ=ਭਲਾ ਕਿਸ ਨਾਲ ਜੋੜਨੀ ਹੈ। ''ਤੁਮਨ'' ਪਾਠ ਇਕੱਠਾ ਕਰਨਾ ਜੀ। *(ਪੰਨਾ ੬੫੯)*

ਜਉ ਤੁਮ ਦੀਵਰਾ ਤਉ ਹਮ ਬਾਤੀ ॥ਜਉ ਤੁਮ ਤੀਰਥ ਤਉ ਹਮ ਜਾਤੀ ॥੨ ॥

ਜੇ ਤੁਸੀਂ ਦੀਵੇ ਵਾਂਗ ਹੋ ਤਾਂ ਅਸੀਂ ਤੁਹਾਡੇ ਆਸਰੇ ਰਹਿਣ ਵਾਲੇ ਵੱਟੀ ਦੇ ਸਮਾਨ ਹਾਂ। ਜੇ ਤੁਸੀਂ ਤੀਰਥ ਰੂਪ ਹੋ ਤਾਂ ਅਸੀਂ ਯਾਤਰੀ ਹਾਂ, ਕਿਉਂਕਿ ਆਪ ਜੀ ਦਾ ਸੰਗ ਜੁ ਨਹੀਂ ਛੱਡ ਸਕਦੇ ॥ ੨॥

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩ ॥

ਹੇ ਵਾਹਿਗੁਰੂ ! ਅਸੀਂ ਆਪ ਨਾਲ ਸੱਚੀ ਪ੍ਰੀਤੀ ਜੋੜ ਲੀਤੀ ਹੈ ਅਤੇ ਤੇਰੇ ਨਾਲ ਜੋੜ ਕੇ ਹੋਰਨਾਂ ਪਦਾਰਥਾਂ ਨਾਲੋਂ ਪ੍ਰੀਤੀ ਤੋੜ ਲੀਤੀ ਹੈ॥ ੩॥

ਕਿਉਂਕਿ ਪ੍ਰੀਤੀ ਵਿਚ ਹੀ ਲੋਕ ਪ੍ਰਲੋਕ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ।

ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ-

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ॥ ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ॥
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ॥ ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ॥ ੧॥
ਸੁਨਹੁ ਮੀਤ ਐਸਾ ਪ੍ਰੇਮ ਪਿਆਰੁ॥ ਜੀਅ ਪ੍ਰਾਨ ਘਟ ਘਟ ਆਧਾਰੁ॥ ੧॥
ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ॥ ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ॥
ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ॥ ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ॥ ੨॥
ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ॥ ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ॥
ਪ੍ਰਭ ਕੀ ਪ੍ਰੀਤਿ ਸਗਲ ਉਧਾਰੈ॥ ਪ੍ਰਭ ਕੀ ਪ੍ਰੀਤਿ ਚਲੈ ਸੰਸਾਰੈ॥ ੩॥

(ਆਸਾ ਮ: ੫, ਪੰਨਾ ੩੯੧)

ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥ ੪ ॥

ਜਿੱਥੇ ਜਿੱਥੇ ਜਾਂਦੇ ਹਾਂ ਉਥੇ ਤੇਰੀ ਹੀ ਸੇਵਾ ਕਰਦੇ ਹਾਂ। ਹੇ ਠਾਕਰ ! ਆਪ ਵਰਗਾ ਕੋਈ ਹੋਰ ਦੇਵਾ=ਪ੍ਰਕਾਸ਼ ਵਾਲਾ ਨਹੀਂ। ਅਥਵਾ:-ਕਰਮਾਂ ਅਨੁਸਾਰ ਜਿਸ ਜਿਸ ਜੂਨੀ ਵਿਚ ਜਾਂਦੇ ਹਾਂ, ਤਿੱਥੇ ਤੇਰੀ ਹੀ ਸੇਵਾ ਨੂੰ ਕਰਦੇ ਹਾਂ।

ਯਥਾ- ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥

ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥ ੧ ॥

(ਗਉੜੀ ਮਹਲਾ ੧, ਪੰਨਾ ੧੫੭)

ਤੁਮਰੇ ਭਜਨ ਕਟਹਿ ਜਮ ਫਾਂਸਾ ॥ ਭਗਤਿ ਹੇਤ ਗਾਵੈ ਰਵਿਦਾਸਾ ॥ ੫ ॥ ੫ ॥

ਆਪ ਦਾ ਭਜਨ ਸਿਮਰਨ ਜਮਾਂ ਦੀ ਫਾਹੀ ਕੱਟਣ ਵਾਲਾ ਹੈ।

ਰਵਿਦਾਸ ਜੀ ਕਹਿੰਦੇ ਹਨ, ਕਿ ਭਗਤੀ ਦੀ ਪਰਾਪਤੀ ਹੇਤ=ਵਾਸਤੇ ਮੈਂ ਆਪ ਜੀ ਦੇ ਜਸ ਨੂੰ ਗਾਇਨ ਕਰਦਾ ਹਾਂ॥ ੫॥ ੫॥

ਉਥਾਨਕਾ:-ਰਵਿਦਾਸ ਜੀ ਦੇ ਦੋ ਪ੍ਰੇਮੀ ਸੇਵਕ ਸਨ, ਆਪਣੇ ਪਿਤਾ ਦੇ ਸਵਰਗਵਾਸ ਹੋਣ ਉੱਪਰ ਉਹਨਾਂ ਦੋ ਭਰਾਵਾਂ ਦਾ ਆਪਸ ਵਿਚ ਮਕਾਨ ਬਾਰੇ ਝਗੜਾ ਹੋ ਗਿਆ। ਉਹਨਾਂ ਦੇ ਫੈਸਲੇ ਲਈ ਰਵਿਦਾਸ ਜੀ ਕਹਿੰਦੇ ਹਨ ਕਿ-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ ੧ ॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥

(ਰਹਾਉ ਤੋਂ ਅਰਥ ਸ਼ੁਰੂ)

ਹੇ ਪ੍ਰਾਣੀ ! ਹੰਕਾਰ ਕਰਕੇ ਮੇਰਾ ਤੇਰਾ ਕੀ ਕਰ ਰਿਹਾ ਹੈਂ। ਜਿਵੇਂ ਬ੍ਰਿੱਛ ਉੱਤੇ ਪੰਛੀ ਦਾ ਵਾਸਾ ਰਾਤ ਨੂੰ ਹੁੰਦਾ ਹੈ, ਦਿਨ ਚੜ੍ਹਨ ਵੇਲੇ ਉਹ ਪੰਛੀ ਉੱਡ ਜਾਂਦਾ ਹੈ। ਇਸੀ ਪ੍ਰਕਾਰ ਅਵਸਥਾ ਰੂਪ ਰਾਤ ਦੇ ਸੰਜੋਗ ਕਰਕੇ ਗ੍ਰਹਿਸਤ ਰੂਪੀ ਬ੍ਰਿੱਛ ਤੇ ਜੀਵ ਰੂਪ ਪੰਛੀ ਦਾ ਵਾਸਾ ਹੈ। ਕਾਲ ਰੂਪੀ ਦਿਨ ਚੜ੍ਹਨ ਤੇ ਇਸ ਨੇ ਉੱਡ ਜਾਣਾ ਹੈ।

ਯਥਾ-ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥ ੧ ॥

(ਗਉੜੀ ਕਬੀਰ, ਪੰਨਾ ੩੩੭)

ਜਲ ਕੀ ਭੀਤਿ:-ਇਹ ਸਰੀਰ ਤਾਂ ਜਲ ਆਦਿਕ ਪੰਜ ਤੱਤਾਂ ਦੀ ਰਚੀ ਹੋਈ ਇੱਕ ਭੀਤਿ=ਕੰਧ ਹੈ।

ਪਵਨ ਕਾ ਥੰਭਾ

ਹਵਾ ਰੂਪ ਸਵਾਸਾਂ ਦਾ ਇਸ ਵਿਖੇ ਥੰਭਾ ਹੈ, ਮਾਤਾ ਦਾ ਲਹੂ ਤੇ ਪਿਤਾ ਦੇ ਬੀਰਜ ਦਾ ਇਸ ਉੱਪਰ ਗਾਰਾ ਲੱਗਾ ਹੋਇਆ ਹੈ। ਹੱਡ ਮਾਸ ਤੇ ਨਾੜੀਆਂ ਦੇ ਬਣੇ ਹੋਏ ਸਰੀਰ ਰੂਪ ਪਿੰਜਰੇ ਵਿਚ ਜੀਵ ਰੂਪੀ

ਪੰਛੀ ਵਿਚਾਰਾ ਵਸ ਰਿਹਾ ਹੈ॥ ੧॥

ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥ ੨॥

ਹੇ ਭਾਈ ! ਇਸ ਸਰੀਰ ਦੇ ਰਹਿਣ ਲਈ, ਬੜੀਆਂ ਡੂੰਘੀਆਂ ਨੀਂਹਾਂ ਰੱਖ ਕੇ ਉੱਚੀਆਂ ਕੰਧਾਂ ਵਾਲੇ ਮਕਾਨ ਉਸਾਰਦੇ ਹੋ। ਪਰ, ਅੰਤ ਵਿਚ ਸਰੀਰ ਲਈ ਕੇਵਲ ਆਪੋ ਆਪਣੇ ਸਾਢੇ ਤਿੰਨ ਹੱਥ ਦੀ ਸੀਵਾਂ=ਹੱਦ ਹੈ। ਜੇ ਵਧ ਵੀ ਜਾਵੇ ਤਾਂ ਪਉਣੇ ਚਾਰ ਹੱਥ ਹੋ ਜਾਵੇਗੀ।

ਯਥਾ- ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥

ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥ ੨੧੮॥

(ਸਲੋਕ ਕਬੀਰ ਜੀ, ਪੰਨਾ ੧੩੭੬)

ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥

ਜਿਸ ਸਰੀਰ ਲਈ ਤੂੰ ਸੁੰਦਰ ਵਾਲ ਸੰਵਾਰਦਾ ਹੈਂ ਤੇ ਸਿਰ ਤੇ ਡੇਰੀ=ਟੇਢੀ ਪੱਗ ਬੰਨ੍ਹਦਾ ਹੈਂ। ਅੰਤ ਨੂੰ ਇਸ ਸਰੀਰ ਨੇ ਸਵਾਹ ਭਾਵ ਮਿੱਟੀ ਦੀ ਢੇਰੀ ਹੋ ਜਾਣਾ ਹੈ॥ ੩॥

ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥ ੪॥

ਹੇ ਪੁਰਸ਼ਾ ! ਉੱਚਿਆਂ ਮੰਦਰਾਂ ਤੇ ਸੁੰਦਰ ਨਾਰੀਆਂ ਦੀ ਪ੍ਰੀਤੀ ਵਿਚ ਲੱਗ ਕੇ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਤੈਨੇ ਅਮੋਲਕ ਮਨੁੱਖਾ ਜਨਮ ਦੀ ਬਾਜੀ ਹਾਰ ਦਿਤੀ ਹੈ॥ ੪॥

ਪ੍ਰਸ਼ਨ-ਇਹ ਬਾਜੀ ਜਿੱਤੀ ਕਿਵੇਂ ਜਾਏ ?

ਉੱਤਰ-ਐਸੇ ਬੇਨਤੀ ਕਰ-

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥ ੫॥ ੬॥

ਹੇ ਅਕਾਲ ਪੁਰਖ ! ਮੇਰੀ ਜਾਤ ਕਮੀਨੀ ਹੈ, ਭਾਵ ਨੀਵੀਂ ਹੈ। ਪੰਗਤੀ ਵੀ ਕਮੀਨੀ ਹੈ ਅਤੇ ਜਨਮ ਹੋਛੇ ਘਰ ਦਾ ਹੈ। ਰਵਿਦਾਸ ਚਮਾਰ ਜੀ ਕਹਿੰਦੇ ਹਨ, ਕਿ ਹੇ ਰਾਜਾ=ਪਰਕਾਸ਼ ਰੂਪ ਰਾਮ=ਸਰਬ ਵਿਖੇ ਰਮੇ ਹੋਏ ਚੰਦ=ਚੰਦ੍ਰਮਾਵਤ ਸੀਤਲ ਮੈਂ ਆਪ ਦੀ ਸ਼ਰਨ ਵਿਖੇ ਆਗਤਿ=ਆਇਆ ਹਾਂ। ਆਪ ਮੇਰੀ ਗਤਿ=ਮੁਕਤੀ ਕਰੋ॥ ੫॥ ੬॥

ਉਥਾਨਕਾ:- ਇਕ ਸਮੇਂ ਭਗਵਾਨ ਆਏ ਤਾਂ ਕੀ ਦੇਖਿਆ, ਰਵਿਦਾਸ ਜੁੱਤੀਆਂ ਗੰਢ ਰਿਹਾ ਹੈ। ਦਿਲ ਵਿਚ ਬੜੀ ਵਿਚਾਰ ਫੁਰੀ ਕਿ ਮੇਰੀ ਭਗਤੀ ਕਰਨ ਵਾਲਾ ਮੇਰਾ ਪੂਰਨ ਭਗਤ ਹੋਵੇ ਤੇ ਕੰਮ ਨੀਚਾਂ ਵਾਲਾ ਕਰੇ, ਇਹ ਠੀਕ ਨਹੀਂ। ਓਸੇ ਵੇਲੇ ਇੱਕ ਪਾਰਸ ਦੀ ਗੀਟੀ ਦਿੱਤੀ। ਪਰ ਭਗਤ ਨੇ ਹੱਥ ਵਿਚ ਨਾ ਲੀਤੀ। ਹੱਥ ਜੋੜ ਕੇ ਕਿਹਾ ਛਿੱਕੇ ਉੱਪਰ ਰੱਖ ਦਿਓ। ਭਗਵਾਨ ਜੀ ਰੱਖ ਕੇ ਚਲੇ ਗਏ ਤੇ ਉਹ ਪਾਰਸ ਦੀ ਗੀਟੀ ਓਥੇ ਹੀ ਪਈ ਰਹੀ। ਕੁਝ ਦੇਰ ਬਾਅਦ ਭਗਵਾਨ ਨੇ ਵਿਚਾਰਿਆ ਹੁਣ ਤਾਂ ਮੇਰਾ ਭਗਤ ਬੜਾ ਧਨਾਢ ਹੋ ਗਿਆ ਹੋਵੇਗਾ ਦੇਖੀਏ ਤਾਂ ਸਹੀ। ਜਦ ਭਗਵਾਨ ਰਵਿਦਾਸ ਪਾਸ ਆਏ ਤਾਂ ਕੀ ਵੇਖਦੇ ਹਨ

ਓਸੇ ਤਰ੍ਹਾਂ ਜੁੱਤੀਆਂ ਗੰਢ ਰਿਹਾ ਹੈ ਤੇ ਪਾਰਸ ਦੀ ਗੀਟੀ ਓਥੇ ਹੀ ਪਈ ਹੈ। ਵਿਚਾਰਿਆ ਇਹ ਪੂਰਾ ਭਗਤ ਹੈ ਇਸ ਨੂੰ ਮਇਆਵਕੀ ਪਦਾਰਥਾਂ ਦੀ ਕੋਈ ਇੱਛਾ ਨਹੀਂ ਹੈ।

ਯਥਾ- ਗਦਾਏ ਕੂਏ ਤੁਰਾ, ਮੈਲਿ ਬਾਦਿਸ਼ਾਹੀ ਨੇਸਤ।
ਹਵਾਇ ਸਲਤਨਤੋ ਜ਼ੋਕਿ ਕਜ-ਕੁਲਾਹੀ ਨੇਸਤ॥

ਉਲਥਾ-ਦਰਵਾਜ਼ੇ ਤੇਰੇ ਦੇ ਮੰਗਤੇ, ਲੋੜ ਨ ਰਖਦੇ ਸ਼ਾਹੀ ਦੀ।
ਨਾ ਉਹ ਤਖਤ ਜੜਾਊ ਲੋਚਣ, ਤਾਜ ਨ ਟੋਪੀ ਪਾਈ ਦੀ।

(ਭਾਈ ਨੰਦ ਲਾਲ, ਗ਼ਜ਼ਲ ੭)

ਤਦ ਭਗਵਾਨ ਨੇ ਉਹ ਪਾਰਸ ਦੀ ਗੀਟੀ ਆਪ ਚੁਕ ਕੇ ਰਵਿਦਾਸ ਦੇ ਰੰਬੀ ਆਦਿ ਉਜ਼ਾਰਾਂ ਨਾਲ ਲਗਾ ਕੇ ਸੁਵਰਨ ਕਰ ਦਿੱਤਾ। ਹੁਣ ਸੁਵਰਨ ਦੇ ਹਥਿਆਰ ਚੰਮ ਨੂੰ ਕਿਵੇਂ ਕਟਣ। ਜਦ ਕੋਈ ਪੁਰਸ਼ ਜੁੱਤੀ ਗੰਢਾਣ ਆਇਆ ਤੇ ਉਸ ਨੇ ਕਿਹਾ, ਜੁੱਤੀ ਗੰਢ ਦੇ ਤਾਂ ਰਵਿਦਾਸ ਜੀ ਨੇ ਕਿਹਾ, ਮੈਂ ਨਹੀਂ ਗੰਢਦਾ। ਉਸ ਨੇ ਕਿਹਾ ਅੱਗੇ ਤਾਂ ਗੰਢਦੇ ਸੀ। ਤਾਂ ਰਵਿਦਾਸ ਨੇ ਕਿਹਾ, ਹਾਂ ਅੱਗੇ ਤਾਂ ਲੋਕ ਮੇਰੇ ਪਾਸੋਂ ਆ ਕੇ ਜੁੱਤੀਆਂ ਗੰਢਾਂਦੇ ਸਨ ਪਰ ਹੁਣ ਮੈਂ ਚਮਿਆਰ ਗੰਢਣਾ ਨਹੀਂ ਜਾਣਦਾ ਕਿਉਂਕਿ ਜੁੱਤੀਆਂ ਗੰਢਣ ਵਾਲੀ ਸਮਿਗ੍ਰੀ ਕੋਈ ਨਹੀਂ।

ਪਹਿਲਾ ਅਰਥ—

ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥ ੧ ॥ ਰਹਾਉ ॥

ਚਮਰਟਾ=ਚਮਿਆਰ। ਗਾਂਠਿ=ਗੰਢਣ। ਪਨਹੀ=ਜੁੱਤੀਆਂ।

ਲੋਕ ਮੈਨੂੰ ਚਮਿਆਰ ਸਮਝ ਕੇ ਜੁੱਤੀਆਂ ਗੰਢਾਉਣਾ ਚਾਹੁੰਦੇ ਹਨ। ਪਰ ਮੈਂ ਚਮਿਆਰ ਹੁਣ ਜੁੱਤੀਆਂ ਗੰਢਣ ਨਹੀਂ ਜਾਣਦਾ।

ਆਰ ਨਹੀ ਜਿਹ ਤੋਪਉ॥ ਨਹੀ ਰਾਂਬੀ ਠਾਉ ਰੋਪਉ॥ ੧ ॥

ਇਸ ਵਕਤ ਮੇਰੇ ਕੋਲ ਆਰ ਨਹੀਂ ਹੈ, ਜਿਸ ਨਾਲ ਤੋਪੇ ਲਾਵਾਂ। ਅਤੇ ਨਾ ਹੀ ਰੰਬੀ ਹੈ ਜਿਸ ਨਾਲ ਜੁੱਤੀ ਟੁਟੀ ਹੋਈ ਦੀ ਠਾਉ=ਥਾਂ ਨੂੰ ਰੋਪਉ=ਬਣਾਵਾਂ॥੧॥

ਲੋਗੁ ਗੰਠਿ ਗੰਠਿ ਖਰਾ ਬਿਗੂਚਾ॥ ਹਉ ਬਿਨੁ ਗਾਂਠੇ ਜਾਇ ਪਹੂਚਾ॥ ੨ ॥

ਜਿਸ ਧਨ ਦੀ ਪ੍ਰਾਪਤੀ ਲਈ ਦੁਨੀਆਂ ਦੇ ਲੋਕ ਜੁੱਤੀਆਂ ਗੰਢ ਗੰਢਕੇ ਖਰਾ+ਬਿਗੂਚੇ=ਚੰਗੇ ਭਾਵ ਬਹੁਤ ਖਰਾਬ ਹੋਏ ਹਨ। ਹਉ=ਮੈਂ ਜੁੱਤੀਆਂ ਗੰਢੇ ਬਿਨਾਂ ਹੀ ਉਸ ਧਨ ਨੂੰ ਜਾ ਕੇ ਪਹੁੰਚ ਗਿਆ ਹਾਂ। ਪ੍ਰੁਭ ਨਾਮ ਦੇ ਪ੍ਰਤਾਪ ਕਰਕੇ ਪਹੁੰਚਿਆ ਹਾਂ।

ਦੂਜਾ ਅਰਥ-

ਚਮਰਟਾ ਗਾਂਠਿ ਨ ਜਨਈ॥

ਚਮੜੇ ਕਰਕੇ ਅਟਿਆ ਹੋਇਆ ਜੋ ਸਰੀਰ ਹੈ, ਇਸ ਵਿਖੇ ਮੈਂ ਗਾਂਠਿ ਨ ਜਨਈ=ਪ੍ਰੀਤੀ ਕਰਨੀ ਨਹੀਂ ਜਾਣਦਾ। ਲੋਗੁ ਗਠਾਵੈ ਪਨਹੀ॥੧॥ ਰਹਾਉ॥

ਦੁਨਿਆਵੀ ਪੁਰਸ਼ ਤਾਂ ਕਦੇ ਕਿਸੀ ਦੇ ਕਦੇ ਕਿਸੀ ਦੇ ਪਨਹੀ=ਆਸਰੇ ਨੂੰ, ਵਾ:-ਸ਼ਰਨ ਨੂੰ ਗਠਾਵੈ=

ਲੈਂਦੇ ਹਨ। *ਆਰ ਨਹੀ ਜਿਹ ਤੋਪਉ॥*

ਸੰਸਾਰਾਕਾਰ ਬਿਰਤੀ ਰੂਪ ਆਰ ਨਹੀਂ ਹੈ, ਜਿਸ ਕਰ ਕੇ ਮੈਂ ਕਿਸੇ ਨਾਲ ਗੰਢਤਰੋਪਾ, ਭਾਵ ਪ੍ਰੀਤੀ ਕਰਾਂ। ਵਾ:-ਮੋਹ ਦੀ ਬਿਰਤੀ ਰੂਪ ਆਰ ਨਹੀਂ ਹੈ, ਜਿਸ ਕਰਕੇ ਮੈਂ ਸੰਸਾਰੀ ਜੀਵਾਂ ਨਾਲ ਪ੍ਰੀਤੀ ਕਰਾਂ।

ਨਹੀ ਰਾਂਬੀ ਠਾਉ ਰੋਪਉ॥੧॥

ਸੰਸਾਰਾਕਾਰ ਬੁੱਧੀ ਰੂਪ ਰੰਬੀ ਭੀ ਨਹੀਂ ਹੈ, ਜਿਸ ਕਰ ਕੇ ਮੈਂ ਸੁਖ ਦੇ ਠਾਉ+ਰੋਪਉ=ਥਾਂ ਬਣਾਉਣਾ ਕਰਾਂ॥ ੧॥ ਵਾ:-ਕੁਬੁਧੀ ਰੂਪ ਰੰਬੀ ਭੀ ਨਹੀਂ ਹੈ ਜੋ ਦੂਜਿਆਂ ਦੇ ਠਾਉ=ਹਿਰਦੇ ਰੂਪ ਥਾਂ ਵਿਚ ਅਣਹੋਇ ਦੋਖ ਅਰੋਪਣ ਕਰਾਂ।

ਲੋਗੁ ਗੰਠਿ ਗੰਠਿ ਖਰਾ ਬਿਗੂਚਾ॥

ਦੁਨਿਆਵੀ ਪੁਰਸ਼ ਆਪਸ ਵਿਚ ਇਕ ਦੂਜੇ ਨਾਲ ਪ੍ਰੀਤੀ ਗੰਢ ਗੰਢ ਕੇ ਖਰਾ=ਚੰਗਾ ਬਿਗੂਚਾ=ਖਰਾਬ ਹੋ ਰਿਹਾ ਹੈ। *ਹਉ ਬਿਨੁ ਗਾਂਠੇ ਜਾਇ ਪਹੂਚਾ॥ ੨॥*

ਮੈਂ ਦੁਨਿਆਵੀ ਪੁਰਸ਼ਾਂ ਨਾਲ ਪ੍ਰੀਤੀ ਕੀਤੇ ਬਿਨਾਂ ਹੀ ਪਰਮੇਸ਼ਰ ਵੱਲ ਪਹੁੰਚ ਗਿਆ ਹਾਂ॥੨॥

ਰਵਿਦਾਸੁ ਜਪੈ ਰਾਮ ਨਾਮਾ॥ ਮੋਹਿ ਜਮ ਸਿਉ ਨਾਹੀ ਕਾਮਾ॥ ੩॥ ੭॥

ਰਵਿਦਾਸ ਭਗਤ ਜੀ ਆਖਦੇ ਹਨ-ਮੈਂ ਰਾਮ ਨਾਮ ਨੂੰ ਜਪਦਾ ਹਾਂ। ਇਸ ਲੀਏ ਮੇਰਾ ਜਮਾਂ ਨਾਲ ਕੋਈ ਕੰਮ ਨਹੀਂ ॥ ੩॥ ੭॥

ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:- ਭਗਤ ਭੀਖਨ ਜੀ ਦੇ ਪਾਸ ਇਕ ਬਿਰਧ ਪੁਰਸ਼ ਨੇ ਆ ਕੇ ਕਿਹਾ. ਮੁਕਤੀ ਦੀ ਪ੍ਰਾਪਤੀ ਦਾ ਉਪਦੇਸ਼ ਮੈਨੂੰ ਭੀ ਦਿਓ. ਜਿਸ ਤੇ ਮੈਂ ਜਪ ਤਪ ਆਦਿ ਸਾਧਨ ਕਰ ਸਕਾਂ।

ਅੱਗੋਂ ਭਗਤ ਜੀ ਨੇ ਕਿਹਾ. ਜਪ ਤਪ ਆਦਿ ਸਾਧਨ ਕਰਨ ਦਾ ਵੇਲਾ ਤਾਂ ਤੈਨੇ ਨਿਸਫਲ ਗੁਆ ਦਿੱਤਾ ਹੈ। ਇਸ ਅਵਸਥਾ ਵਿਖੇ ਜਪ ਤਪ ਹੋਣੇ ਬਹੁਤ ਕਠਨ ਹਨ। ਕਿਉਂਕਿ-

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥

ਇਸ ਵੇਲੇ ਤੇਰੀਆਂ ਅੱਖਾਂ 'ਚੋਂ ਨੀਰੁ ਬਹੈ=ਜਲ ਵਗਦਾ ਹੈ. ਤਨੁ ਖੀਨਾ=ਸਰੀਰ ਤੇਰਾ ਕ੍ਰਿਸ ਭਾਵ ਕਮਜ਼ੋਰ ਹੋ ਚੁੱਕਾ ਹੈ ਅਤੇ ਸਿਰ ਮੂੰਹ ਦੇ ਕੇਸ=ਵਾਲ ਦੁੱਧ ਦੇ ਵਾਨੀ=ਰੰਗ ਵਾਂਗ ਚਿੱਟੇ ਹੋ ਗਏ ਹਨ।

ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥ ੧॥

ਕੰਠੁ=ਗਲਾ ਤੇਰਾ ਰੁਕਿਆ ਹੋਇਆ ਹੈ. ਸਬਦੁ=ਬਾਣੀ ਤੂੰ ਉਚਾਰ ਨਹੀਂ ਸਕਦਾ ਭਾਵ ਸਾਫ ਗੱਲ ਨਹੀਂ ਕਰ ਸਕਦਾ।

ਹੇ ਪਰਾਨੀ=ਪੁਰਸ਼ਾ ! ਹੁਣ ਤੂੰ ਜਪ ਤਪ ਕੀ ਕਰੇਂਗਾ. ਭਾਵ ਜਪ ਤਪ ਕਰਨ ਦਾ ਵੇਲਾ ਨਹੀਂ ਹੈ।

ਰਾਮ ਰਾਇ ਹੋਹਿ ਬੈਦ ਬਨਵਾਰੀ ॥ਅਪਨੇ ਸੰਤਹ ਲੇਹੁ ਉਬਾਰੀ ॥੧ ॥ਰਹਾਉ ॥

ਜੋ ਸੰਸਾਰ ਬਣ ਦਾ ਮਾਲਕ ਰਾਮ ਰਾਜਾ ਆਪ ਹੀ ਵੈਦ ਹੋ ਕੇ ਆਪਣਿਆਂ ਸੰਤਾਂ ਨੂੰ ਰੋਗਾਂ ਤੋਂ ਉਬਾਰੀ=ਬਚਾ ਲੈਂਦਾ ਹੈ, ਉਸ ਅੱਗੇ ਤੂੰ ਬੇਨਤੀਆਂ ਕਰ।

ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥

ਬੁਢੇਪੇ ਵਿਚ ਮੱਥੇ ਵਿਚ ਪੀੜਾ, ਸਰੀਰ ਵਿਖੇ ਸੜਨਤਾ ਅਤੇ ਕਲੇਜੇ ਵਿਚ ਕਰਕ=ਰੜਕ ਰਹਿੰਦੀ ਹੈ।

ਅਥਵਾ:-ਮੱਥੇ ਵਿਚ ਹੰਗਤਾ ਰੂਪ ਪੀੜਾ, ਸਰੀਰ ਵਿਖੇ ਤ੍ਰਿਸ਼ਨਾਂ ਰੂਪ ਜਲਨਤਾ ਅਤੇ ਕਲੇਜੇ ਵਿਚ ਕਰਕ=ਈਰਖਾ ਰਹਿੰਦੀ ਹੈ।

ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥ ੨ ॥

ਬੁਢੇਪੇ ਵਿਚ ਅਜੇਹੀ ਚੰਗੀ ਭਾਵ ਬਹੁਤੀ ਬੇਦਨ=ਪੀੜਾ ਉਤਪਨ ਹੁੰਦੀ ਹੈ, ਜੋ ਉਸ ਦੀ ਨਿਵਿਰਤੀ ਦਾ ਕੋਈ ਅਉਖਧੁ ਨਾਹੀ=ਦਾਰੂ ਨਹੀਂ ਹੁੰਦਾ ॥੨ ॥

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥

ਹਰੀ ਦਾ ਨਾਮ ਅੰਮ੍ਰਿਤ ਜੋ ਨਿਰਮਲ ਜਲ ਹੈ, ਏਹੀ ਜਗਤ ਵਿਚ ਸਾਰਾ=ਸ੍ਰੇਸ਼ਟ ਔਸ਼ਧੀ ਰੂਪ ਹੈ। ਅਥਵਾ:-ਇਸ ਜੀਵ ਦੇ ਜਿਵਾਉਣੇ ਨੂੰ ਹਰੀ ਦਾ ਨਾਮ ਅੰਮ੍ਰਿਤ ਸਮਾਨ ਹੈ। ਅੰਤਹਕਰਨ ਦੇ ਸ਼ੁੱਧ ਕਰਨ ਨੂੰ ਹਰੀ ਦਾ ਨਾਮ ਨਿਰਮਲ ਜਲ ਵਾਂਗੂੰ ਹੈ। ਅਗਿਆਨ ਰੂਪੀ ਰੋਗ ਨਵਿਰਤ ਕਰਨ ਨੂੰ ਇਹ ਹਰੀ ਦਾ ਨਾਮ ਜਗਤ ਵਿਖੇ ਸ੍ਰੇਸ਼ਟ ਔਸ਼ਧੀ ਰੂਪ ਹੈ।

ਯਥਾ-ਸਰਬ ਰੋਗ ਕਾ ਅਉਖਦੁ ਨਾਮੁ ॥ (ਗਉੜੀ ਸੁਖਮਨੀ, ਪੰਨਾ ੨੭੪)

ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥ ੩ ॥ ੧ ॥

ਭੀਖਨ ਜਨ ਜੀ ਕਥਨ ਕਰਦੇ ਹਨ-ਹੇ ਪਰਸ਼ਾ ! ਗੁਰ ਦੀ ਕਿਰਪਾ ਦੁਆਰੇ ਤੂੰ ਮੋਖ ਕਾ ਦੁਆਰਾ ਗਿਆਨ ਪਾਵਣਾ ਕਰ ਤਾਂ ਤੇਰਾ ਸੰਸਾਰ ਤੋਂ ਉਧਾਰ ਹੋਵੇਗਾ ॥੩ ॥੧ ॥

ਪ੍ਰਸ਼ਨ-ਪ੍ਰਭੂ ਦਾ ਨਾਮ ਕੈਸਾ ਹੈ? ਉੱਤਰ-

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥

ਪ੍ਰਭੂ ਦਾ ਰਤਨ ਰੂਪ ਨਾਮ ਅਜੇਹਾ ਅਮੋਲਕ ਹੈ, ਜਿਸ ਦੀ ਸਿਫਤ ਮੈਂ ਨਹੀਂ ਕਹਿ ਸਕਦਾ।

ਪ੍ਰਸ਼ਨ-ਇਸ ਨਾਮ ਨੂੰ ਆਪ ਜੀ ਨੇ ਕਿਸ ਤਰ੍ਹਾਂ ਪਾਇਆ ਹੈ ?

ਉੱਤਰ:-ਇਸ ਨਾਮ-ਪਦਾਰਥ ਨੂੰ ਮੈਨੇ ਪੁੰਨਾਂ ਦੇ ਪ੍ਰਭਾਵ ਕਰ ਕੇ ਪਾਇਆ ਹੈ।

ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥ ੧ ॥

ਅਨਿਕ=ਬਹੁਤ ਜਤਨ=ਉਪਾਵਾਂ ਨਾਲ ਮੈਂਨੇ ਇਸ ਨਾਮ ਰਤਨ ਨੂੰ ਹਿਰਦੇ ਵਿਚ ਛੁਪਾ ਰਖਿਆ ਹੈ। ਪਰੰਤੂ ਇਹ ਨਾਮ ਰਤਨ ਛਿਪਦਾ ਨਹੀਂ ਹੈ॥ ੧ ॥

ਹਰਿ ਗੁਨ ਕਹਤੇ ਕਹਨੁ ਨ ਜਾਈ ॥ਜੈਸੇ ਗੂੰਗੇ ਕੀ ਮਿਠਿਆਈ ॥੧ ॥ਰਹਾਉ ॥

ਹਰੀ ਦੇ ਗੁਣਾਂ ਨੂੰ ਕਥਨ ਤਾਂ ਕਰਦੇ ਹਾਂ ਪਰ ਸਮੱਗਰ ਕਹੇ ਨਹੀਂ ਜਾਂਦੇ। ਕਿਉਂਕਿ ਮਨ ਵਿਚੇ ਹੀ ਮਗਨ ਹੋ ਜਾਂਦਾ ਹੈ। ਇਹ ਅਨੰਦ ਗੁੰਗੇ ਦੀ ਮਿਠਿਆਈ ਜੈਸਾ ਹੈ। ਜਿਵੇਂ ਗੁੰਗਾ ਪੁਰਸ਼ ਮਿਠਿਆਈ ਖਾ ਕੇ ਉਸ ਦੇ ਆਨੰਦ ਨੂੰ ਕਹਿ ਨਹੀਂ ਸਕਦਾ ਐਸੇ ਪ੍ਰਭੂ ਦੇ ਗੁਣ ਗਾਉਦ ਨਾਲ ਜੋ ਅਨੰਦ ਪ੍ਰਾਪਤ ਹੁੰਦਾ ਹੈ, ਉਹ ਮੂੰਹ ਨਾਲ ਕਿਹਾ ਨਹੀਂ ਜਾਂਦਾ॥ ੧॥

ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ॥

ਪ੍ਰਭੂ ਦਾ ਨਾਮ ਜਿਹਵਾ ਦੁਆਰੇ ਉਚਾਰਨ ਨਾਲ ਸੁਖ ਹੁੰਦਾ ਹੈ। ਸ੍ਰਵਨਾ=ਕੰਨਾਂ ਵਿਚ ਸੁਣਨ ਨਾਲ ਭੀ ਸੁਖ ਹੁੰਦਾ ਹੈ। ਚਿੱਤ ਵਿਖੇ ਚਿੰਤਨ ਕਰਦਿਆਂ ਭੀ ਸੁਖ ਹੁੰਦਾ ਹੈ।

ਅਥਵਾ:-ਰਸਨਾ ਦੁਆਰੇ ਉਚਾਰਨ ਨਾਲ ਅਤੇ ਕੰਨੀ ਸੁਣਦਿਆਂ ਤੇ ਚਿੱਤ ਵਿਖੇ ਚਿੰਤਨ ਕਰਦਿਆਂ ਸੁਖਾਂ 'ਚੋਂ ਆਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ॥ ੨ ॥ ੨ ॥

ਭੀਖਨ ਭਗਤ ਜੀ ਕਥਨ ਕਰਦੇ ਹਨ-ਮੇਰੇ ਮਨ ਬੁੱਧੀ ਰੂਪ ਦੋਵੇਂ ਨੇਤਰ ਸੰਤੋਖ ਨੂੰ ਪਰਾਪਤ ਹੋਏ ਹਨ, ਹੁਣ ਜਿਸ ਪਾਸੇ ਦੇਖਦਾ ਹਾਂ, ਓਸੇ ਪਾਸੇ ਉਹ ਪ੍ਰਭੂ ਹੀ ਨਿਗਾਹ ਆਉਂਦਾ ਹੈ॥੨ ॥੨ ॥

॥ ਸੋਰਠਿ ਰਾਗੁ ਸਮਾਪਤੰ॥

ਸੋਰਠਿ ਰਾਗੁ ਵਿਖੇ-

੧੧ ਸ਼ਬਦ	ਕਬੀਰ ਜੀ ਦੇ ਹਨ
੩ ਸ਼ਬਦ	ਨਾਮਦੇਵ ਜੀ ਦੇ ਹਨ
੭ ਸ਼ਬਦ	ਰਵਿਦਾਸ ਜੀ ਦੇ ਹਨ
੨ ਸ਼ਬਦ	ਭੀਖਨ ਜੀ ਦੇ ਹਨ

ਕੁਲ ਸ਼ਬਦ ੨੩ ਹਨ।

ਨੋਟ-ਭਗਤ ਭੀਖਨ ਜੀ ਦਾ ਜੀਵਨ ਅਗਲੇ ਸਫੇ ਤੇ ਪੜ੍ਹੋ।

ਭਗਤ ਭੀਖਨ ਜੀ ਦਾ ਸੰਖੇਪ ਜੀਵਨ

ਭਗਤ ਭੀਖਨ ਜੀ ਮੁਸਲਮਾਨੀ ਘਰਾਣੇ ਦੇ ਸੂਫ਼ੀ ਫ਼ਕੀਰ ਸਨ ਅਤੇ ਕੋਕਰੀ ਪਰਗਨਾ ਜ਼ਿਲ੍ਹਾ ਲਖਨਊ ਦੇ ਵਸਨੀਕ ਸਨ। ਆਪ ਦੇ ਜਨਮ ਦੀ ਤਾਰੀਖ ਦਾ ਕੋਈ ਖਾਸ ਪਤਾ ਨਹੀਂ ਲੱਗਦਾ, ਪਰ ਆਪ ਜੀ ਦਾ ਜਨਮ ਪੰਦਰਵੀਂ ਸਦੀ ਵਿਖੇ ਅਕਬਰ ਦੇ ਸਮੇਂ ਹੋਇਆ ਹੈ।

ਆਪ ਨੇ ਸਯਦ ਮੀਰ ਇਬਰਾਹੀਮ ਪਾਸੋਂ ਆਤਮਕ ਸਿਖਿਆ ਪ੍ਰਾਪਤ ਕੀਤੀ।

ਆਪ ਫ਼ਾਰਸੀ ਅਤੇ ਹੋਰ ਇਲਮਾਂ ਦੇ ਪੂਰਨ ਵਿਦਵਾਨ ਸਨ।

ਆਪ ਕੁਰਾਨ ਸ਼ਰੀਫ ਦੇ ਹਾਫ਼ਿਜ਼, ਸ਼ਰੀਅਤ, ਤਰੀਕਤ, ਮਾਰਫਤ ਤੇ ਹਕੀਕਤ ਦੇ ਚੰਗੇ ਜਾਣੂ ਸਨ।

ਆਪ ਜੀ ਦੇ ਕੇਵਲ ਦੋ ਸ਼ਬਦ ਹੀ ਸੋਰਠਿ ਰਾਗ ਵਿਚ ਆਏ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਆਪ ਅੰਤਰਮੁਖ ਬਿਰਤੀ ਵਾਲੇ ਵੈਰਾਗਵਾਨ ਫ਼ਕੀਰ ਸਨ।

ਆਪ ਜੀ ਦੀ ਬਾਣੀ ਵਿਚੋਂ ਕੇਵਲ ਵੈਰਾਗ ਤੇ ਭੁਗਤੀ ਡੁੱਲ੍ਹ ਡੁੱਲ੍ਹ ਪੈਂਦੀ ਹੈ।

ਆਪ ਜੀ ਨੇ ਬਿਰਧ ਅਵਸਥਾ ਵਿਖੇ ਇੰਦਰੀਆਂ ਦੀ ਕਮਜ਼ੋਰੀ ਹੋ ਜਾਣ ਦੇ ਕਾਰਨ ਪ੍ਰਮਾਰਥ ਦੀ ਪ੍ਰਾਪਤੀ ਅਸੰਭਵ ਕਥਨ ਕੀਤੀ ਹੈ ਜਿਸ ਪ੍ਰਕਾਰ ਭਰਥਰੀ ਜੀ ਨੇ ਵੀ ਕਥਨ ਕੀਤਾ ਹੈ-

ਜਰਾ ਉਪਾਉ ਨ ਹੋ ਸਕੈ ਜਰਾ ਆਉ ਕੇ ਮਾਂਹਿ॥
ਭਵਸਾਗਰ ਕੇ ਤਰਨ ਕੋ ਤਰਨ ਅਵਸਥਾ ਆਹਿ॥੮॥

(ਵੈਰਾਗ ਸ਼ਤਕ ਧਿਆ ੧੨)

ਭਗਤ ਕਬੀਰ ਜੀ ਵੀ ਕਥਨ ਕਰਦੇ ਹਨ-

ਅਬ ਨ ਭਜਸਿ ਭਜਸਿ ਕਬ ਭਾਈ॥
ਆਵੈ ਅੰਤੁ ਨ ਭਜਿਆ ਜਾਈ॥

(ਭੈਰਉ ਕਬੀਰ ਜੀ, ਪੰਨਾ ੧੧੫੯)

ਆਪ ਜੀ ਦਾ ਦਿਹਾਂਤ ੧੬੩੧ ਬਿਕ੍ਰਮੀ ਵਿਖੇ ਹੋਇਆ।

ਆਪ ਜੀ ਦੇ ਜੀਵਨ ਬਾਬਤ ਇਸ ਤੋਂ ਵਧ ਹੋਰ ਕੋਈ ਪਤਾ ਨਹੀਂ ਲੱਗਦਾ।

ਅੰਤਮ ਪ੍ਰਾਰਥਨਾ

ਗੁਰਬਾਣੀ ਦੇ ਗਿਆਤਾ, ਮਹਾਨ ਵਿਦਵਾਨਾਂ ਅੱਗੇ ਦਾਸ ਦੀ ਸਨਿਮ੍ਰ ਬੇਨਤੀ ਹੈ ਕਿ ਕਲਗੀਧਰ ਸ੍ਰੀ ਦਸਮੇਸ਼ ਪਿਤਾ ਜੀ ਦੀ ਅਪਾਰ ਕ੍ਰਿਪਾਲਤਾ ਦੁਆਰਾ ਅਤੇ ਸੰਗਤਾਂ ਦੀ ਪ੍ਰੇਰਣਾ ਅਨੁਸਾਰ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜਵੇਂ ਭਾਗ ਦੇ ਲਿਖਣ ਤੇ ਛਾਪਣ ਦਾ ਦਾਸ ਨੇ ਉੱਦਮ ਕੀਤਾ ਹੈ। ਇਸ ਟੀਕੇ ਵਿਚ ਵਿਦਵਾਨ ਸੱਜਣ ਜਿਥੇ ਭੀ ਕੋਈ ਗ਼ਲਤੀ ਦੇਖਣ ਦਾਸ ਨੂੰ ਸੂਚਨਾ ਦੇਣ ਦੀ ਕ੍ਰਿਪਾਲਤਾ ਕਰਨ। ਕਿਉਂਕਿ ਸਤਿਗੁਰਾਂ ਦੀ ਬਾਣੀ ਅਗਾਧ ਹੈ ਸੰਪੂਰਨ ਵਿਚਾਰ ਤਾਂ ਸਤਿਗੁਰੂ ਮਹਾਰਾਜ ਆਪ ਹੀ ਜਾਣਦੇ ਹਨ। ਜਿਤਨੀ ਦਾਸ ਨੂੰ ਸਤਿਗੁਰਾਂ ਨੇ ਬੁੱਧੀ ਤੇ ਬਲ ਬਖਸ਼ਿਆ ਹੈ, ਦਾਸ ਨੇ ਇਹ ਸੇਵਾ ਕੀਤੀ ਹੈ, ਉਮੀਦ ਹੈ ਕਿ ਵਿਦਵਾਨ ਸੱਜਣ ਇਸ਼ ਸੇਵਾ ਨੂੰ ਪ੍ਰਵਾਨ ਕਰਨਗੇ।

ਸਾਧ ਸੰਗਤ ਦਾ ਦਾਸ

ਕਿਰਪਾਲ ਸਿੰਘ

ਰਾਗੁ ਧਨਾਸਰੀ

(ਪੰਨਾ ੬੬੦)

*ਧਨਾਸਰੀ ਮਹਲਾ ੧ ਘਰੁ ੧ ਚਉਪਦੇ

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ, ਜਗਿਆਸੂ ਆਖਦਾ ਹੈ, "ਹੇ ਸੰਤੋ !

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥

ਮੇਰਾ ਆਪਣਾ ਜੀਉ=ਦਿਲ ਡਰਦਾ ਪਿਆ ਹੈ, ਆਪ ਜੀ ਤੋਂ ਬਿਨਾਂ ਮੈਂ ਕਿਸ ਦੇ ਅੱਗੇ ਪੁਕਾਰ ਕਰਾਂ ?" ਇਹ ਗੱਲ ਸੁਣ ਕੇ ਸੰਤਾਂ ਨੇ ਕਿਹਾ-

ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ॥ ੧॥

ਮੈਂ ਦੁੱਖਾਂ ਦੇ ਵਿਸਾਰਣੁ=ਦੂਰ ਕਰਨ ਵਾਲੇ ਪ੍ਰਭੂ ਨੂੰ ਸੇਵਿਆ ਹੈ, ਜੋ ਸਦਾ ਸਦਾ ਭਾਵ ਹਮੇਸ਼ਾਂ ਹੀ ਸਾਰਿਆਂ ਜੀਵਾਂ ਦਾ ਦਾਤਾ ਹੈ॥੧॥

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥ ੧॥ ਰਹਾਉ॥

ਮੇਰਾ ਮਾਲਕ ਪ੍ਰਭੂ ਨਿਤਾਪ੍ਰਤੀ ਨਵਾ=ਨਵੀਨ ਹੈ, ਸਦਾ=ਨਿੱਤ ਰੂਪ ਹੈ ਅਤੇ ਸਦਾ ਹੀ ਸਾਰਿਆਂ ਜੀਵਾਂ ਦੀ ਦਾਤਾ ਹੈ॥੧॥ਰਹਾਉ॥

ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ॥

ਰਾਤ-ਦਿਨ ਉਸ ਮਾਲਕ ਪ੍ਰਭੂ ਨੂੰ ਸੇਵਨਾ ਕਰ, ਓਹੀ ਅੰਤ ਨੂੰ ਛੁਡਾਉਣ ਵਾਲਾ ਹੈ।

ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥ ੨॥

(੧) ਹੇ ਮੇਰੀ ਪਿਆਰੀ ਜਗਿਆਸੂ ਰੂਪ ਕਾਮਣੀ=ਇਸਤ੍ਰੀ ! ਤੂੰ ਸੁਣਿ=ਕੰਨਾਂ ਦੁਆਰੇ ਨਾਮ ਨੂੰ ਸੁਣ,
(੨) ਮੇਰੀ ਬੇਨਤੀ ਸੁਣ ਕੇ ਪ੍ਰਭੂ ਦੇ ਜਸ ਨੂੰ ਸੁਣ, ਤਦ ਤੇਰਾ ਸੰਸਾਰ ਤੋਂ ਪਾਰ ਉਤਾਰਾ ਹੋਵੇਗਾ॥੨॥

---

* 'ਧਨਾਸਰੀ' ਮਾਲਕਉਸਕ ਰਾਗ ਦੀ ਇਸਤ੍ਰੀ ਹੈ।
ਯਥਾ:-ਧਨਾਸਰੀ ਏ ਪਾਚਉ ਗਾਈ॥ ਮਾਲ ਰਾਗ ਕਉਸਕ ਸੰਗਿ ਲਾਈ॥
ਇਹ ਦਿਨ ਦੇ ਤੀਜੇ ਪਹਿਰ ਗਾਈ ਜਾਂਦੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਨੰਬਰ ਦਸਵਾਂ ਹੈ।

ਦਇਆਲ ਤੇਰੈ ਨਾਮਿ ਤਰਾ ॥ ਸਦ ਕੁਰਬਾਣੈ ਜਾਉ ॥ ੧ ॥ ਰਹਾਉ ॥

ਤਿਸ ਦਿਆਲੂ ਦੇ ਨਾਮ ਵਿਚ ਚਿੱਤ ਲਗਾਉਣ ਕਰਕੇ ਤਰਨਾ ਹੁੰਦਾ ਹੈ।
ਉਸ ਨਾਮੀ ਤੋਂ ਸਦਾ ਬਲਿਹਾਰ ਜਾਣਾ ਕਰੋ॥ ੧॥ ਰਹਾਉ॥

ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥

ਸਾਰਿਆਂ ਵਿਚ ਇੱਕ ਸੱਚਾ ਪ੍ਰਭੂ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇਇ ॥ ੨ ॥

ਉਸ ਦੀ ਸੇਵਾ ਓਹੀ ਜਗਿਆਸੂ ਕਰਦਾ ਹੈ, ਜਿਸ ਉੱਤੇ ਉਹ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ॥੨॥
ਉਸ ਅੱਗੇ ਇਸ ਤਰ੍ਹਾਂ ਬੇਨਤੀ ਕਰ-

ਤੁਧੁ ਬਾਝੁ ਪਿਆਰੇ ਕੇਵ ਰਹਾ ॥ ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥

ਹੇ ਪਿਆਰੇ ਪ੍ਰਭੂ ! ਮੈਂ ਆਪ ਜੀ ਤੋਂ ਬਿਨਾਂ ਕਿਵੇਂ ਰਹਿਣਾ ਕਰਾਂ। ਮੈਨੂੰ ਉਹ ਵਡਿਆਈ=ਤਾਕਤ ਦੇਣਾ ਕਰ, ਵਾ:-ਮੇਰੀ ਉਹ ਵਡਿਆਈ=ਇੱਛਾ ਪੂਰੀ ਕਰ ਦੇ, ਜਿਸ ਕਰਕੇ ਮੈਂ ਆਪ ਜੀ ਦੇ ਨਾਮ ਸਿਮਰਨ ਵਿਚ ਲੱਗਾ ਰਹਾਂ।

ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥ ੧ ॥ ਰਹਾਉ ॥

ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ, ਹੇ ਪਿਆਰੇ ਪ੍ਰਭੂ ! ਜਿਸ ਅੱਗੇ ਮੈਂ ਜਾ ਕੇ ਕਹਾਂ॥ ੧॥ ਰਹਾਉ॥

ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥

ਮੈਂ ਆਪ ਜੀ ਨੂੰ ਆਪਣਾ ਮਾਲਕ ਜਾਣ ਕੇ ਸੇਂਵਦਾ ਹਾਂ, ਹੋਰ ਕਿਸੇ ਤੋਂ ਕੋਈ ਚੀਜ਼ ਜਾਚੰਉ=ਮੰਗਦਾ ਨਹੀਂ ਹਾਂ।

ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਤਾ ਕਾ=ਤਿਸ ਆਪ ਜੀ ਦਾ ਦਾਸ ਹਾਂ, ਬਿੰਦ ਬਿੰਦ ਕਾਲ ਵਿਚ ਚੁਖ ਚੁਖ=ਬਿਲਹਾਰ ਕੁਰਬਾਨ ਹੁੰਦਾ ਹਾਂ।

ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧ ॥ਰਹਾਉ ॥੪ ॥੧ ॥

ਹੇ ਸਾਹਿਬ ! ਤੇਰੇ ਨਾਮ ਦੇ ਉੱਪਰੋਂ, ਵਾ:-ਮੇਰੇ ਨਾਮ ਜਪਣ ਵਾਲਿਆਂ ਉੱਪਰੋਂ ਬਿੰਦ ਬਿੰਦ ਕਾਲ ਵਿਚ ਚੁਖ ਚੁਖ=ਟੁਕੜੇ ਟੁਕੜੇ ਹੁੰਦਾ ਹਾਂ॥੧॥ ਰਹਾਉ॥ ੪॥ ੧॥

ਧਨਾਸਰੀ ਮਹਲਾ ੧ ॥

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥

ਇੱਕ ਸ੍ਵਾਸ ਦੇ ਹਮ=ਅਸੀਂ, ਵਾ:-ਹਮ=ਤਮਾਮ ਜੀਵ ਆਦਮੀ ਹਨ, ਇਸ ਕਰਕੇ ਮੈਂ ਮੁਹਤੁ= ਅੱਧੀ ਘੜੀ ਭੀ ਆਪਣੀ ਮੁਹਲਤ ਨਹੀਂ ਜਾਣਦਾ ਹਾਂ।

ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਸ ਪਰਮੇਸ਼ਰ ਨੂੰ ਸਰੇਵਹੁ=ਸਿਮਰਨਾ ਕਰੋ, ਜਿਸ ਦੇ ਜੀਵ ਨੂੰ ਪ੍ਰਾਣ ਆਦਿਕ ਦਿੱਤੇ ਹੋਏ ਹਨ॥੧ ॥

ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥ ੧ ॥ ਰਹਾਉ ॥

ਹੇ ਅੰਨ੍ਹੇ ! ਵਿਚਾਰਕੇ ਵੇਖ, ਜੀਊਣਾ ਕਿੰਨੇ ਕੁ ਦਿਨਾਂ ਦਾ ਹੈ॥ ੧ ॥ ਰਹਾਉ ॥

ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥

ਸ੍ਵਾਸ ਤੇ ਮਾਸੁ=ਸਰੀਰ ਸਭ ਕੁਝ ਜੀਵ ਨੂੰ ਆਪ ਜੀ ਦਾ ਦਿੱਤਾ ਹੋਇਆ ਹੈ, ਇਸ ਲਈ ਤੂੰ ਮੈਨੂੰ ਖਰਾ=ਚੰਗਾ ਭਾਵ ਬਹੁਤ ਪਿਆਰਾ ਲੱਗ ਰਿਹਾ ਹੈਂ।

ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥ ੨ ॥

(੧) ਗੁਰੂ ਜੀ ਕਥਨ ਕਰਦੇ ਹਨ, ਬਿਆਸ, ਵਸਿਸ਼ਟ ਆਦਿਕ ਬੜੇ ਬੜੇ ਸਾਇਰੁ=ਕਵੀ ਇਸ ਪ੍ਰਕਾਰ ਕਹਿੰਦੇ ਹਨ। (੨) ਮੈਂ ਕਵੀ ਇਸ ਪ੍ਰਕਾਰ ਕਹਿੰਦਾ ਹਾਂ, ਹੇ ਸੱਚੇ ! ਤੂੰ ਆਪ ਹੀ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈਂ॥੨ ॥

ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ ॥

ਹੇ ਮੇਰੇ ਮਾਲਕ ! ਦੇਂਦਾ ਤੂੰ ਸਾਰਿਆਂ ਨੂੰ ਹੈਂ ਪਰ ਜੇ ਤੂੰ ਕਿਸੇ ਨੂੰ ਨਾ ਦੇਵੇਂ ਤਾਂ ਕੀ ਕੋਈ ਤੇਰੇ ਪਾਸੋਂ ਗਹਣਾ=ਭੂਸ਼ਨ ਕਢਾ ਲਵੇਗਾ ਕਿ ਮੇਰਾ ਗਹਿਣਾ ਮੈਨੂੰ ਦੇ ਦਿਓ ਅਰਥਾਤ ਨਹੀਂ ਕਢਾ ਸਕਦਾ।

ਅਥਵਾ:-ਗਹਿਣੇ ਧਰੀ ਹੋਈ ਕੋਈ ਚੀਜ਼ ਕਢਵਾ ਲਵੇਗਾ ਭਾਵ ਨਹੀਂ ਕਢਵਾ ਸਕਦਾ।

ਨਾਨਕੁ ਬਿਨਵੈ ਸੋ ਕਿਛੁ ਪਾਈਐ ਪੁਰਬਿ ਲਿਖੇ ਕਾ ਲਹਣਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਉਹ ਕੁਝ ਪਾਈਦਾ ਹੈ, ਜੋ ਪੁਰਬਿ=ਪੂਰਬਲੇ ਭਾਵ ਪਿਛਲੇ ਕਰਮਾਂ ਦਾ ਲਹਣਾ ਲਿਖਿਆ ਹੋਇਆ ਹੈ।

ਅਥਵਾ:-ਪੂਰਬਲੇ ਲਹਣਾ=ਭਾਗਾਂ ਦਾ ਜੋ ਲੇਖ ਲਿਖਿਆ ਹੋਇਆ ਹੈ॥੩ ॥

ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥

ਮਾਲਕ ਪ੍ਰਭੂ ਦਾ ਨਾਮ ਇਸ ਨੇ ਚੇਤੇ ਨਹੀਂ ਕੀਤਾ, ਕਪਟੀ=ਛਲੀਆ ਜੀਵ ਸਦਾ ਛਲ ਹੀ ਕਮਾਉਂਦਾ ਰਿਹਾ ਹੈ।

ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ ॥ ੪ ॥

ਜਿਸ ਵੇਲੇ ਫੜ ਕੇ ਜਮਪੁਰੀ ਨੂੰ ਤੋਰਿਆ ਗਿਆ, ਤਾਂ ਚਲਦਾ ਹੋਇਆ ਪਸਚਾਤਾਪ ਕਰਦਾ ਹੈ॥ ੪ ॥

(ਪੰਨਾ ੬੬੧) ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥

ਗੁਰੂ ਜੀ ਕਥਨ ਕਰਦੇ ਹਨ, ਜਦ ਤੱਕ ਦੁਨੀਆਂ ਵਿਚ ਰਹਿਣਾ ਕਰੀਏ, ਤਦ ਤੱਕ ਕੰਨਾਂ ਵਿਚ ਕੁਝ ਨਾਮ ਸੁਣੀਏ ਅਤੇ ਕੁਝ ਨਾਮ ਮੂੰਹ ਦੁਆਰਾ ਕਹੀਏ ਭਾਵ ਜਪੀਏ। ਅਥਵਾ:-ਜੇ ਕੋਈ ਸੁਣਨ ਵਾਲਾ ਆਵੇ ਤਾਂ ਕੁਝ ਕਹੀਏ, ਜੇ ਕਹਿਣੇ ਵਾਲਾ ਆਵੇ ਤਾਂ ਕੁਝ ਸੁਣਨਾ ਕਰੀਏ।

ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥ ੫ ॥ ੨ ॥

ਅਸੀਂ ਸਾਰਾ ਸੰਸਾਰ ਢੂੰਢ ਰਹੇ ਹਾਂ, ਇੱਥੇ ਨਿੱਤ ਦਾ ਰਹਿਣਾ ਕਿਸੇ ਨੇ ਭੀ ਨਹੀਂ ਪਾਇਆ ਇਸ ਲਈ ਜੀਉਂਦਿਆਂ ਤੱਕ ਜੀਵਤ ਭਾ ਤੋਂ ਮਰ ਰਹਿਣਾ ਚਾਹੀਦਾ ਹੈ॥੫॥੨॥

ਧਨਾਸਰੀ ਮਹਲਾ ੧ ਘਰੁ ਦੂਜਾ ੧ੴ ਸਤਿਗੁਰ ਪ੍ਰਸਾਦਿ ॥

ਕਿਉ ਸਿਮਰੀ ਸਿਵਰਿਆ ਨਹੀ ਜਾਇ ॥ ਤਪੈ ਹਿਆਉ ਜੀਅੜਾ ਬਿਲਲਾਇ ॥

ਕਿਵੇਂ ਸਿਮਰਾਂ ? ਸਿਮਰਨ ਕੀਤਾ ਨਹੀਂ ਜਾਂਦਾ। ਸਿਮਰਨ ਤੋਂ ਬਿਨਾਂ ਭੀ ਹਿਆਉ=ਹਿਰਦਾ ਤਪੈ=ਤਪਦਾ ਹੈ, ਅਤੇ ਜੀਅੜਾ=ਜੀਅ ਵਿਰਲਾਪ ਕਰਦਾ ਹੈ।

ਸਿਰਜਿ ਸਵਾਰੇ ਸਾਚਾ ਸੋਇ ॥ ਤਿਸੁ ਵਿਸਰਿਐ ਚੰਗਾ ਕਿਉ ਹੋਇ ॥ ੧ ॥

(੧) ਜੋ ਸੱਚਾ ਪਹਿਲੇ ਸਰੀਰ ਨੂੰ ਸਿਮਰਦਾ ਹੈ ਫਿਰ ਓਹੀ ਅੰਗਾਂ ਪਤੰਗਾਂ ਨੂੰ ਸਵਾਰਦਾ ਹੈ।

(੨) ਜੋ ਸੱਚਾ ਸਰੀਰ ਨੂੰ ਸਿਰਜਦਾ ਹੈ ਮੁੜ ਓਹੀ ਸਵਾਰੇ=ਪਲਚਾ ਹੈ।

(੩) ਜੀਵ ਦੇ ਸਾਰਿਆਂ ਕੰਮਾਂ ਨੂੰ ਸਵਾਰਦਾ ਹੈ। ਉਸ ਦੇ ਵਿਸਰਿਐ=ਭੁੱਲ ਜਾਣ ਤੇ ਜੀਵ ਦਾ ਚੰਗਾ=ਭਲਾ ਕਿਵੇਂ ਹੋਵੇਗਾ ॥੧॥

ਹਿਕਮਤਿ ਹੁਕਮਿ ਨ ਪਾਇਆ ਜਾਇ ॥

ਹਿਕਮਤ ਤੇ ਹਕੂਮਤ ਕਰਕੇ ਭੀ ਉਹ ਪ੍ਰਭੂ ਨਹੀਂ ਪਾਇਆ ਜਾਂਦਾ।

ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥ ੧ ॥ ਰਹਾਉ ॥

ਹੇ ਮੇਰੇ ਭਾਈ ! ਉਸ ਸੱਚ ਨੂੰ ਮੈਂ ਕਿਸ ਤਰ੍ਹਾਂ ਮਿਲਾਂ ? ॥ ੧ ॥ ਰਹਾਉ ॥

ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥

ਨਾਮ ਰੂਪ ਵਖਰੁ=ਵਸਤੂ ਨੂੰ ਵੇਖਣ ਵਾਸਤੇ ਸਤਸੰਗ ਵਿਚ ਕੋਈ ਵਿਰਲਾ ਜਾਂਦਾ ਹੈ। ਉਸ ਨਾਮ ਨੂੰ ਨਾ ਕੋਈ ਚਾਖੈ=ਸੁਣਦਾ ਹੈ, ਨਾ ਹੀ ਕੋਈ ਖਾਇ=ਧਾਰਦਾ ਹੈ। ਤਾਂ ਮਿਲਾਪ ਕਿਵੇਂ ਹੋਵੇਗਾ।

ਲੋਕਿ ਪਤੀਣੈ ਨਾ ਪਤਿ ਹੋਇ॥ ਤਾ ਪਤਿ ਰਹੈ ਰਾਖੈ ਜਾ ਸੋਇ॥ ੨॥

ਲੋਕਾਂ ਦੇ ਪਤਿਆਉਣ ਨਾਲ ਦਰਗਾਹ ਵਿਚ ਪਤ-ਆਬਰੋ ਨਹੀਂ ਹੁੰਦੀ। ਇੱਜ਼ਤ ਤਾਂ ਹੀ ਰਹਿੰਦੀ ਹੈ ਜਾਂ ਉਹ ਪ੍ਰਭੂ ਆਪ ਰੱਖਣਾ ਕਰੇ॥ ੨॥

ਜਹ ਦੇਖਾ ਤਹ ਰਹਿਆ ਸਮਾਇ॥ ਤੁਧੁ ਬਿਨੁ ਦੂਜੀ ਨਾਹੀ ਜਾਇ॥

ਜਿੱਥੇ ਮੈਂ ਵੇਖਦਾ ਹਾਂ ਉਥੇ ਹੀ ਸਮਾਈ ਕਰ ਰਿਹਾ ਹੈ। ਉਸ ਤੋਂ ਬਿਨਾਂ ਦੂਜੀ ਹੋਰ ਕੋਈ ਜਾਇ=ਜਗ੍ਹਾ ਨਹੀਂ ਹੈ।

ਜੇ ਕੋ ਕਰੇ ਕੀਤੈ ਕਿਆ ਹੋਇ॥ ਜਿਸ ਨੋ ਬਖਸੇ ਸਾਚਾ ਸੋਇ॥ ੩॥

ਜੇ ਕੋਈ ਕੁਝ ਕਰੇ ਤਾਂ ਪੈਦਾ ਕੀਤੇ ਹੋਏ ਜੀਵ ਦੇ ਕੀਤਿਆਂ ਕੀ ਹੋ ਸਕਦਾ ਹੈ। ਜਿਸ ਨੂੰ ਉਹ ਸੱਚਾ ਬਖਸ਼ਦਾ ਹੈ ਓਸ ਨੂੰ ਸਤਸੰਗ ਪ੍ਰਾਪਤ ਹੁੰਦਾ ਹੈ, ਵਾ:-ਓਸੇ ਦੀ ਇੱਜ਼ਤ ਹੁੰਦੀ ਹੈ॥੩॥

ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ॥ ਕਿਆ ਮੁਹੁ ਦੇਸਾ ਗੁਣ ਨਹੀ ਨਾਲਿ॥

ਹੁਣੇ ਉੱਠ ਕੇ ਤੁਰ ਜਾਣਾ ਹੈ, ਮੁਹਤਿ=ਅੱਧੀ ਘੜੀ ਨੂੰ ਕਿ ਤਾਲਿ=ਜਾਂ ਉਸ ਤੋਂ ਭੀ ਸ਼ੀਘਰ ਚਲੇ ਜਾਣਾ ਹੈ। ਇਹ ਜੀਵ ਜਾ ਕੇ ਕੀ ਮੂੰਹ ਦੇਵੇਗਾ, ਕਿਉਂਕਿ ਸ਼ੁਭ ਗੁਣ ਇਸ ਦੇ ਨਾਲ ਨਹੀਂ ਹਨ।

ਜੈਸੀ ਨਦਰਿ ਕਰੇ ਤੈਸਾ ਹੋਇ॥ ਵਿਣੁ ਨਦਰੀ ਨਾਨਕ ਨਹੀ ਕੋਇ॥੪॥੧॥੩॥

ਜਿਸ ਤਰ੍ਹਾਂ ਦੀ ਨਿਗਾਹ ਕਰਦਾ ਹੈ ਜੀਵ ਨੂੰ ਤੈਸਾ ਫਲ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਦੀ ਨਜ਼ਰ ਤੋਂ ਬਾਹਰ ਕੋਈ ਭੀ ਨਹੀਂ ਹੈ॥੪॥੧॥੩॥

ਧਨਾਸਰੀ ਮਹਲਾ ੩*॥

ਨਦਰਿ ਕਰੇ ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ ਰਹੈ ਲਿਵ ਲਾਇ॥

ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇ ਤਾਂ ਨਾਮ ਸਿਮਰਿਆ ਜਾਂਦਾ ਹੈ। ਅਤੇ ਆਤਮਾ=ਮਨ ਦ੍ਰਵੈ=ਦ੍ਰਵ ਕੇ ਭਾਵ ਢਲ ਕੇ ਨਾਮ ਵਿਚ ਲਿਵ ਲੱਗਾ ਰਹਿੰਦਾ ਹੈ।

ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥ ੧॥

ਜੀਵ ਆਤਮਾ ਨੂੰ ਤੇ ਪਰਮਾਤਮਾ ਨੂੰ ਇੱਕ ਰੂਪ ਜਾਣਨਾ ਕਰੇ।
ਅੰਦਰ ਦੀ ਦ੍ਵੈਤ ਨੂੰ ਅੰਦਰ ਹੀ ਮਾਰ ਦੇਵੇ॥੧॥

---

*ਨੋਟ-ਇੱਥੇ ਧਨਾਸਰੀ ਮਹਲਾ ੩ ਹੈ। ਪਾਠਕ-ਜਨਾਂ ਨੂੰ ਏਹ ਜਾਣਕਾਰੀ ਕਰਾਈ ਜਾ ਰਹੀ ਹੈ, ਏਥੇ ਮ:੩ ਇਸ ਵਾਸਤੇ ਲਿਖਿਆ ਹੈ। ਕਿ ਏਹ ਜੋਜਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਗ ਅਨੁਸਾਰ ਕੀਤੀ ਹੈ, ਕਿਉਂਕਿ ਉੱਪਰ ਸ਼ਬਦ ਦੇ ਅਖੀਰ ਉੱਪਰ ਤੁਕ ਆਈ ਹੈ. ਕਿ-"ਵਿਣੁ ਨਦਰੀ ਨਾਨਕ ਨਹੀ ਕੋਇ॥" ਉਸ ਦੇ ਉੱਤਰ ਵਿਚ ਤੀਜੇ ਸਤਿਗੁਰਾਂ ਦਾ ਸ਼ਬਦ ਪੰਜਵੇਂ ਗੁਰੂ ਜੀ ਨੇ ਇੱਥੇ ਰੱਖਿਆ ਹੈ।

ਗੁਰ ਪਰਸਾਦੀ ਪਾਇਆ ਜਾਇ ॥

ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥ ੧ ॥ ਰਹਾਉ ॥

ਗੁਰਾਂ ਦੀ ਕਿਰਪਾ ਨਾਲ ਹਰੀ ਨਾਮ ਪਾਇਆ ਜਾਂਦਾ ਹੈ। ਹਰੀ ਨਾਮ ਨਾਲ ਚਿੱਤ ਜੁੜ ਜਾਵੇ ਮੁੜ ਇਸ ਨੂੰ ਕਾਲ ਨਹੀਂ ਖਾਂਦਾ ॥ ੧ ॥ ਰਹਾਉ ॥

ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥

ਸੱਚ ਨਾਮ ਦੇ ਸਿਮਰਨੇ ਕਰਕੇ ਪਰਗਾਸੁ=ਗਿਆਨ ਹੁੰਦਾ ਹੈ। ਉਸ ਗਿਆਨ ਕਰਕੇ ਹੀ ਬਿਖਿਆ=ਮਾਇਆ ਵਿਚੋਂ ਉਦਾਸ ਰਹਿੰਦਾ ਹੈ।

ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ੨ ॥

ਸਤਿਗੁਰਾਂ ਦੀ ਅਜੇਹੀ ਵਡਿਆਈ ਹੈ। ਜਿਸ ਕਰਕੇ ਪੁੱਤਰ ਇਸਤ੍ਰੀ ਆਦਿਕ ਪ੍ਰਵਾਰ ਦੇ ਵਿਚ ਰਹਿੰਦੀਆਂ ਹੀ ਗਤਿ=ਮੁਕਤੀ ਪਾਈ ਹੈ ॥ ੨ ॥

ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥

ਸੇਵਕ ਹੋ ਕੇ ਅਜੇਹੀ ਸੇਵਾ ਕਰੇ ਜਿਸ ਤੇ ਮਾਲਕ ਪ੍ਰਸੰਨ ਹੋ ਜਾਵੇ। ਅਤੇ ਜਿਸ ਦਾ ਜੀਅ ਪ੍ਰਾਣ ਆਦਿਕ ਦਿੱਤਾ ਹੋਇਆ ਹੈ ਉਸ ਦੇ ਅੱਗੇ ਭੇਟਾ ਰੱਖ ਦੇਵੇ।

ਸਾਹਿਬ ਭਾਵੈ ਸੋ ਪਰਵਾਣੁ ॥ ਸੋ ਸੇਵਕੁ ਦਰਗਹ ਪਾਵੈ ਮਾਣੁ ॥ ੩ ॥

ਜੋ ਮਾਲਕ ਪ੍ਰਭੂ ਨੂੰ ਭਾਂਵਦਾ ਹੈ ਉਹ ਪ੍ਰਮਾਨੀਕ ਹੈ। ਅਤੇ ਓਹੀ ਸੇਵਕ ਦਰਗਾਹ ਵਿਚ ਆਦਰ ਪਾਉਂਦਾ ਹੈ ॥੩ ॥

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ ਜੋ ਇਛੈ ਸੋਈ ਫਲੁ ਪਾਏ ॥

ਸਤਿਗੁਰਾਂ ਦੀ ਮੂਰਤੀ ਨੂੰ ਹਿਰਦੇ ਵਿਚ ਵਸਾਵੇ। ਤਾਂ ਜੋ ਭੀ ਇੱਛਾ ਕਰਦਾ ਹੈ ਓਹੀ ਫਲ ਪਾਉਂਦਾ ਹੈ।

ਸਾਚਾ ਸਾਹਿਬੁ ਕਿਰਪਾ ਕਰੈ ॥ ਸੋ ਸੇਵਕੁ ਜਮ ਤੇ ਕੈਸਾ ਡਰੈ ॥ ੪ ॥

ਜਿਸ ਉੱਤੇ ਸੱਚਾ ਸਾਹਿਬ ਕਿਰਪਾ ਦ੍ਰਿਸ਼ਟੀ ਕਰਦਾ ਹੈ। ਉਹ ਸੇਵਕ ਜਮਾਂ ਤੋਂ ਕਿਵੇਂ ਡਰ ਸਕਦਾ ਹੈ, ਭਾਵ ਨਹੀਂ ਡਰਦਾ ॥੪ ॥

ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥

ਗੁਰੂ ਜੀ ਭਨਤਿ=ਕਥਨ ਕਰਦੇ ਹਨ, ਸੱਤ-ਅਸੱਤ ਦਾ ਭਾਵ ਸੱਚ ਝੂਠ ਦਾ ਵਿਚਾਰ ਕਰੇ। ਅਤੇ ਸੱਚੀ ਨਾਮ-ਬਾਣੀ ਨਾਲ ਪਿਆਰ ਧਾਰਨਾ ਕਰੇ।

ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥ ੫ ॥ ੨ ॥ ੪ ॥

(੧) ਤਾਂ ਉਹ ਕੋ=ਕੋਈ ਮੋਖ ਦਾ ਦੁਆਰਾ ਗਿਆਨ ਪਾਉਂਦਾ ਹੈ। ਗੁਰ-ਸ਼ਬਦ ਦਾ ਜੋ ਵਿਚਾਰ ਹੈ,

ਇੰਹ ਸਾਰਿਆਂ ਜਪਾਂ ਤਪਾ ਨਾਲੋਂ ਸਾਰੁ=ਸ੍ਰੇਸ਼ਟ ਹੈ।

(੨) ਸਬਦੁ=ਬ੍ਰਹਮ ਦਾ ਜੋ ਸੰਭਾਲਣਾ ਹੈ, ਏਸੇ ਵਿਚ ਹੀ ਸਾਰੇ ਜਪ ਤਪ ਹਨ।

(੩) ਗੁਰ-ਸ਼ਬਦ ਦਾ ਜਿਹੜਾ ਸੰਭਾਲਣਾ ਹੈ, ਏਸ ਕਰਕੇ ਸਾਰੇ ਜਪ ਤਪ ਸਫਲ ਹੁੰਦੇ ਹਨ ॥੫ ॥੨ ॥੪ ॥

ਧਨਾਸਰੀ ਮਹਲਾ ੧ ॥

ਉਥਾਨਕਾ:-ਕਲਜੁਗੀ ਜੀਵਾਂ ਦਾ ਉਧਾਰ ਕਰਦੇ ਹੋਏ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਭਾਈ ਬਾਲੇ ਤੇ ਮਰਦਾਨੇ ਜੀ ਸਮੇਤ ਜ਼ਿਲ੍ਹਾ ਮਿੰਟਗੁਮਰੀ ਦੇ ਸ਼ਹਿਰ ਸੱਤਿਘਰਾ ਵਿਚ ਭਾਰੀ ਧਨਾਢ ਸ਼ਾਹੂਕਾਰ ਤੇ ਸ਼ਾਹੂਕਾਰਨੀ ਅਤੇ ਹੋਰ ਸੰਗਤਾਂ ਦਾ ਉਧਾਰ ਕਰਕੇ ਅੱਗੇ ਇਸੇ ਜ਼ਿਲ੍ਹੇ ਦੇ ਪਿੰਡ ਦੀਪਾਲਪੁਰ ਵਿਚ ਰਾਤ ਨੂੰ ਪਹੁੰਚੇ। ਤਾਂ ਹਜ਼ੂਰ ਨੂੰ ਬੈਠਣ ਵਾਸਤੇ ਕੋਈ ਥਾਂ ਨਾ ਦੇਵੇ। ਜਿੱਥੇ ਜਾ ਕੇ ਬੈਠਣ ਮੰਦੀ ਮੱਤ ਵਾਲੇ ਲੋਕ ਉਥੋਂ ਹੀ ਉਠਾ ਦੇਣ। ਕੂੜਾਂ ਬ੍ਰਹਮੰਡਾਂ ਨੂੰ ਰਚਣ ਵਾਲੇ, *'ਖਿਨ ਮਹਿ ਨੀਚ ਕੀਟ ਕਉ ਰਾਜਾ* ਬਖਸ਼ਣ ਵਾਲੇ ਸਤਿਗੁਰੂ ਜੀ ਕੌਤਕ ਵਰਤਾਉਣ ਵਾਸਤੇ ਚੁੱਪ ਕਰਕੇ ਸਭ ਕੁਝ ਸਹਾਰੀ ਗਏ। ਅਖੀਰ ਨਿਧਾਨ ਸਤਿਗੁਰੂ ਜੀ ਨਗਰ ਤੋਂ ਬਾਹਰ ਆ ਗਏ। ਖੇਤਾਂ ਵਿਚ ਇੱਕ ਕੁੱਲੀ ਦੇਖ ਕੇ ਉਸ ਵੱਲ ਚਲ ਪਏ।

ਜਾ ਕੇ ਕੀ ਦੇਖਿਆ, ਕਿ ਇਕ ਕੋਹੜੀ ਫਕੀਰ ਕੁਸ਼ਟ ਸਹਿਤ ਦੁਖੀ ਹੋ ਕੇ ਵਿਰਲਾਪ ਕਰ ਰਿਹਾ ਹੈ।

'ਹੁਤੋ ਕੁਸ਼ਟ ਯੁਤ ਏਕ ਫਕੀਰਾ। ਨਿਸ ਬਾਸੁਰ ਬਹੁ ਪਾਵਤਿ ਪੀਰਾ॥
ਦੇਖ ਦਯਾਨਿਧਿ ਕਰੁਣਾ ਆਈ। ਝੁੰਗੀ ਢਿਗ ਬੈਠੇ ਜੱਗ ਸਾਈਂ॥' ੬੩ ॥

ਕੋੜ੍ਹੀ ਫਕੀਰ ਨੇ ਜਦੋਂ ਦਇਆ ਦੇ ਸਮੁੰਦਰ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕੀਤੇ ਤਾਂ ਉਹ ਜੋ ਕੋੜ੍ਹ ਦੇ ਦੁੱਖ ਕਰਕੇ ਵਿਰਲਾਪ ਕਰ ਰਿਹਾ ਸੀ। ਦਰਸ਼ਨ ਕਰਦਿਆਂ ਸਾਰ ਵਿਰਲਾਪ ਕਰਨੋਂ ਹਟ ਗਿਆ।

ਜਿੰਨਾ ਚਿਰ ਲੋਅ ਰਹੀ ਦਰਸ਼ਨ ਹੁੰਦੇ ਰਹੇ। ਉਤਨਾ ਚਿਰ ਉਸ ਦੀ ਸਾਰੀ ਪੀੜ ਮਿਟੀ ਰਹੀ। ਜਦੋਂ ਹਨ੍ਹੇਰਾ ਹੋਣ ਕਰਕੇ ਦਰਸ਼ਨ ਹੋਣੋਂ ਹਟ ਗਏ ਤਾਂ ਫਿਰ ਪੀੜ ਨਾਲ ਵਿਰਲਾਪ ਕਰਨ ਲੱਗ ਪਿਆ ਤਾਂ ਫਕੀਰ ਨੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ:-

'ਕਹੈ ਫਕੀਰ ਬੰਦਿ ਕਰ ਦੋਊ। ਮੋਰ ਸਮੀਪ ਨ ਆਵਤਿ ਕੋਊ।
ਖਗ ਭਾਗੈ ਪਿਖਿ, ਗਿਨਤੀ ਕਜਾ ਨਰ। ਤੁਮ ਆਏ, ਮੋ ਪਰ ਕਰੁਣਾ ਕਰਿ' ॥ ੬੪ ॥

(ਸ੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਅਧਿ: ੨੫)

ਬੇਨਤੀ ਸੁਣਕੇ ਗਰੀਬ ਨਿਵਾਜ ਸਤਿਗੁਰੂ ਜੀ ਕਰੁਣਾਰਸ ਵਿਚ ਢਲ ਪਏ ਅਤੇ ਕਿਹਾ, ''ਮਰਦਾਨਿਆਂ ਰਬਾਬ ਵਜਾ ਬਾਣੀ ਆਈ ਹੈ।''

ਮਰਦਾਨੇ ਦੇ ਰਬਾਬ ਵਜਾਉਣ ਤੋਂ ਹਜ਼ੂਰ ਨੇ ਸ਼ਬਦ ਉਚਾਰਿਆ*-

---

*ਨੋਟ-ਇਸ ਸ਼ਬਦ ਦੀ ਸਾਖੀ ਗੋਵਿੰਦ ਦਾਸ ਦੇ ਪ੍ਰਿਆਵਾਂ ਵਿਚ ਇਸ ਤਰ੍ਹਾਂ ਭੀ ਹੈ ਕਿ ਗੁਰੂ ਨਾਨਕ ਦੇਵ ਜੀ ਜਦ ਫ਼ਰੰਟੀਅਰ ਦੇ ਇਲਾਕੇ ਨੂਸ਼ਹਿਰੇ ਨਗਰ ਗਏ ਹਨ ਤਾਂ ਇਕ ਕੋਹੜੀ ਨੂੰ ਰਾਜ਼ੀ ਕਰ ਕੇ ਕਿਹਾ,''ਕਿ ਜੇ ਤੈਨੂੰ ਕੋਈ ਪੁੱਛੇ ਕਿ ਕਿਸ ਨੇ ਰਾਜ਼ੀ ਕੀਤਾ ਹੈ ਤਾਂ ਕਹੀਂ ਕਿ ਮੈਨੂੰ ਸ਼ਹੁ ਸੁਹਾਗਣ ਨੇ ਰਾਜ਼ੀ ਕੀਤਾ ਹੈ''। ਪਰ ਇਤਿਹਾਸ ਵਿਚ ਉਪਰਲੀ ਉਥਾਨਕਾ ਹੀ ਇਸ ਸ਼ਬਦ ਦੇ ਸਬੰਧ ਵਿਚ ਕਵੀ ਸੰਤੋਖ ਸਿੰਘ ਜੀ ਨੇ ਦਿੱਤੀ ਹੈ।

ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥

ਜਿਵੇਂ ਏਸ ਕੋਹੜੀ ਦਾ ਜੀਵਾਤਮਾਂ ਵਾਰੰ-ਵਾਰ ਤਪ ਰਿਹਾ ਹੈ। ਅਤੇ ਤਪ ਤਪ ਕੇ ਬਹੁਤ ਵਿਕਾਰਾਂ ਕਰਕੇ ਖਪ ਰਿਹਾ ਹੈ।

ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ ੧ ॥

ਏਸੇ ਤਰ੍ਹਾਂ ਜੈ=ਜਿਸ ਮਨੁੱਖ ਦੇ ਤਨਿ=ਮਨ ਵਿਚੋਂ ਨਾਮ ਬਾਣੀ, ਉਪਦੇਸ਼ ਬਾਣੀ, ਵੇਦ ਬਾਣੀ ਵਿਸਰ ਜਾਂਦੀ ਹੈ, ਉਹ ਪੁਰਸ਼ ਭੀ ਇਸ 'ਪਕਾ ਰੋਗੀ ਜਿਉ'=ਕੋਹੜੀ ਦੀ ਨਿਆਈਂ ਵਿਰਲਾਪ ਕਰਦਾ ਹੈ॥੧॥

ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥ ੧ ॥ ਰਹਾਉ ॥

ਸਿਮਰਨ ਤੋਂ ਬਿਨਾਂ ਜੋ ਬਹੁਤ ਬਚਨਾਂ ਦਾ ਬੋਲਣਾ ਹੈ ਏਹ ਕੇਵਲ ਝਖਣਾ ਹੀ ਹੁੰਦਾ ਹੈ ਭਾਵ ਫਜ਼ੂਲ ਬੋਲਣਾ ਹੁੰਦਾ ਹੈ। ਕਿਉਂਕਿ ਸੋਇ=ਉਹ ਪਰਮੇਸ਼ਰ ਤਾਂ ਬਿਨਾਂ ਬੋਲੇ ਤੋਂ ਸਭ ਗੱਲਾਂ ਜਾਣਦਾ ਹੈ।

ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥

ਜਿਸ ਪ੍ਰਭੂ ਨੇ ਕੰਨ, ਅੱਖਾਂ, ਨੱਕ ਆਦਿਕ ਇੰਦ੍ਰੇ ਬਣਾ ਦੇਣਾ ਕੀਤੇ ਹਨ। ਫਿਰ ਜਿਸ ਨੇ ਤਾਤੁ=ਪਿਆਰੇ ਬਚਨ ਬੋਲਣ ਵਾਸਤੇ, ਵਾ:-ਤਾੜ ਤਾੜ ਬਚਨ ਬੋਲਣ ਵਾਸਤੇ ਜੀਭ ਦਿੱਤੀ ਹੈ।

(ਪੰਨਾ ੬੬੨)

ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥ ੨ ॥

ਜਿਸ ਨੇ ਮਨੁ=ਜੀਵ ਨੂੰ ਮਾਂ ਦੀ ਜਠਰ ਅਗਨੀ ਪਾਸ ਰੱਖਿਆ ਹੈ।

ਵਾ:-ਜਠਰ ਅਗਨੀ ਵਿਚ ਪਾ ਕੇ ਰੱਖਿਆ ਕੀਤੀ ਹੈ। ਜਿਸ ਵੇਲੇ ਪ੍ਰਸੂਤ ਕਰਨ ਵਾਲੀ ਪੌਣ ਵਾਜੈ=ਚਲਦੀ ਹੈ ਤਾਂ ਸਭ ਕੋਈ ਜਾਇ=ਜਨਮਿਆਂ ਆਖਦੇ ਹਨ। ਵਾ:-ਜਿਸ ਦੇ ਆਖੈ=ਹੁਕਮ ਵਿਚ ਪੌਣ ਸਭ ਜਗ੍ਹਾ ਉੱਪਰ ਵਾਜੈ=ਚਲ ਰਹੀ ਹੈ॥ ੨ ॥

ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥

ਜਿੰਨਾ ਕੁ ਮੋਹ ਵਿਚ ਫਸ ਕੇ ਸੁਆਦਾਂ ਨਾਲ ਪ੍ਰੀਤੀ ਕਰਦਾ ਹੈ। ਇਹ ਸਭ ਕਾਲਖ ਰੂਪ ਹੈ ਇਸ ਦਾਗ ਕਰਕੇ ਇਹ ਜੀਵ ਦਾਗੀ ਹੋ ਰਿਹਾ ਹੈ।

ਅਥਵਾ:-ਕਾਲਿਆਂ ਕਰਨ ਵਾਲੀ ਜੋ ਪਾਪ ਰੂਪ ਕਿਰਿਆ ਹੈ. ਤਿਸ ਦਾਗ ਕਰਕੇ ਦਾਗੀ ਹੋ ਰਿਹਾ ਹੈ।

ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥ ੩ ॥

ਜਾਂ ਦੋਸ=ਪਾਪਾਂ ਰੂਪੀ ਦਾਗ ਨੂੰ ਮੂੰਹ ਉੱਤੇ ਲਗਾ ਕੇ ਚਲਿਆ। ਤਾਂ ਦਰਗਾਹ ਵਿਚ ਬੈਠਣ ਦੀ ਜਾਇ=ਜਗ੍ਹਾ ਨਹੀਂ ਪਾਉਂਦਾ ॥੩॥

ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥

ਗੁਰਾਂ ਦਾ ਕਰਮਿ=ਅਨੁਗ੍ਰਹੁ ਮਿਲੇ ਤਾਂ ਤਿਸ ਪ੍ਰਭੂ ਦੇ ਨਾਮ ਦਾ ਆਖਣਾ ਹੁੰਦਾ ਹੈ। ਜਿਸ ਨਾਮ ਨਾਲ ਲਗ ਕੇ ਤਰਨਾਂ ਹੁੰਦਾ ਹੈ, ਨਾਮ ਤੋਂ ਬਿਨਾਂ ਤਰਨ ਦਾ ਹੋਰ ਕੋਈ ਥਾਂ ਨਹੀ ਹੈ।

ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥ ੫ ॥

ਜਿਹੜਾ ਕੋਈ ਨਾਮ ਸਰੋਵਰ ਵਿਚ ਟੁਬਕੀਆਂ ਮਾਰਦਾ ਹੈ, ਅਥਵਾਃ-ਜਿਹੜਾ ਕੋਈ ਨਿੰਮ੍ਰਤਾ ਭਾਵ ਨਾਲ ਆਪਣੇ ਆਪ ਨੂੰ ਡੁੱਬਿਆ ਮੰਨਦਾ ਹੈ ਉਸ ਦੀ ਫਿਰ ਸਾਰ=ਸੰਭਾਲ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ, ਉਹ ਸੱਚਾ ਪ੍ਰਭੂ ਸਾਰਿਆਂ ਦਾ ਦਾਤਾ ਹੈ॥ ੪॥ ੩॥ ੫॥

ਸਤਿਗੁਰੂ ਜੀ ਦੀ ਪਵਿੱਤਰ ਰਸਨਾਂ ਤੋਂ ਇਸ ਸ਼ਬਦ ਦਾ ਅੰਮ੍ਰਿਤ ਰੂਪ ਕੀਰਤਨ ਸੁਣਦਿਆਂ ਸਾਰ ਹੀ ਉਸ ਕੋਹੜੀ ਦਾ ਕੋੜ੍ਹ ਰੋਗ ਮਿਟ ਗਿਆ। ਸ਼ਾਂਤੀ ਦੀ ਪ੍ਰਾਪਤੀ ਹੋ ਗਈ, ਬੁੱਧੀ ਉੱਜਲ ਤੇ ਚਿੱਤ ਇਕਾਗਰ ਹੋ ਗਿਆ। ਰਿਦੇ ਅੰਦਰ ਪ੍ਰੇਮਾ ਭਗਤੀ ਜਾਗ ਪਈ ਅਤੇ ਮੁਖੋਂ ਧੰਨ ਗੁਰੂ ਨਾਨਕ, ਧੰਨ ਗਰੂ ਨਾਨਕ ਦੀ ਮਿੱਠੀ ਮਿੱਠੀ ਧੁਨ ਉਚਾਰਨ ਲੱਗ ਪਿਆ॥

ਧਨਾਸਰੀ ਮਹਲਾ ੧ ॥

ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥

ਜੇ ਚੋਰ ਰਾਜੇ ਦੀ ਸ਼ਲਾਘਾ ਕਰੇ ਤਾਂ ਰਾਜੇ ਦਾ ਚਿੱਤ ਚੋਰ ਉੱਤੇ ਭੀਜੈ=ਭਿਜਦਾ ਨਹੀਂ ਹੈ। ਜੇ ਚੋਰ ਰਾਜੇ ਦੀ ਬਦੀ=ਬਦਨਾਮੀ ਕਰੇ ਤਾਂ ਉਸ ਦਾ ਤਸੂ ਭਰ ਵੀ ਕੋਈ ਪਦਾਰਥ, ਯਾਂ ਜਸ ਨ ਛੀਜੈ=ਨਾਸ ਨਹੀਂ ਹੁੰਦਾ। ਇਸੀ ਤਰ੍ਹਾਂ ਮੰਦ ਕਰਮਾਂ ਦੇ ਕਰਨ ਵਾਲਿਆਂ ਉੱਪਰ ਪ੍ਰਭੂ ਕਦੇ ਪ੍ਰਸੰਨ ਨਹੀਂ ਹੁੰਦਾ।

ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥ ੧ ॥

ਚੋਰ ਦੀ ਹਾਮਾ=ਜਾਮਨੀ ਕੋਈ ਨਹੀਂ ਭਰਦਾ। ਚੋਰ ਦਾ ਕੀਤਾ ਹੋਇਆ ਕਰਮ ਚੰਗਾ ਕਿਵੇਂ ਹੋ ਸਕਦਾ ਹੈ।

ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥ ੧ ॥ ਰਹਾਉ ॥

ਹੇ ਅਗਿਆਨ ਕਰਕੇ ਅੰਨ੍ਹੇ ! ਲੋਭ ਕਰਕੇ ਕੁੱਤੇ ! ਝੂਠੇ ਮਨਾ ! ਸੁਣਨਾ ਕਰ। ਜੋ ਸਚਿਆਰ ਪ੍ਰਭੂ ਹੈ ਉਹ ਬੋਲੇ ਤੋਂ ਬਿਨਾਂ ਹੀ ਗੱਲ ਨੂੰ ਬੁੱਝ ਲੈਂਦਾ ਹੈ। ਅਥਵਾਃ-ਹੇ ਅੰਨ੍ਹੇ ਕੁੱਤੇ ਮਨ ਸੁਣ ! ਚਾਹੇ ਕੋਈ ਕੂੜਿਆਰ=ਝੂਠਾ ਹੈ, ਚਾਹੇ ਸੱਚਾ ਹੈ, ਉਹ ਬੋਲੇ ਤੋਂ ਬਿਨਾਂ ਹੀ ਬੁੱਝਿਆ ਜਾਂਦਾ ਹੈ॥੧॥ ਰਹਾਉ॥

ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥

ਪ੍ਰਤੱਖ ਚੋਰ ਚਾਹੇ ਸੁਆਲਿਉ=ਸੁੰਦਰ ਸਰੂਪ ਹੈ, ਚਾਹੇ ਚੋਰ ਸਿਆਣਾ ਭੀ ਬਹੁਤ ਹੋਵੇ। ਪਰ ਅੰਤ ਨੂੰ ਖੋਟੇ ਪੁਰਸ਼ ਦਾ ਮੁੱਲ ਇੱਕ ਦੁਗਾਣਾ=ਹਥੌੜਾ ਪੈਂਦਾ ਹੈ, ਭਾਵ ਸਿਰ ਉੱਪਰ ਜਮ ਡੰਡਾ ਵੱਜਦਾ ਹੈ।

ਅਥਵਾਃ-ਜੋ ਨਾਮਹੀਣ ਪੁਰਸ਼ ਹੈ ਓਹੀ ਚੋਰ ਹੈ, ਉਸ ਖੋਟੇ ਦਾ ਮੁੱਲ ਇੱਕ ਦੁਗਾਣਾ=ਟਕਾ ਹੈ, ਭਾਵ ਨਮੋਸ਼ਣਾ ਮਰਨਾ ਹੈ।

ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ ਖੋਟਾ ਹੋਇ ਜਾਇ ॥ ੨ ॥

ਜੇਕਰ ਖੋਟਾ ਰੁਪਇਆ ਖਰਿਆਂ ਵਿਚ ਰੱਖਕੇ ਵਿਚੇ ਰਲਾ ਦੇਈਏ। ਪਰ ਜਿਸ ਵੇਲੇ ਪਰਖੀ ਦਾ ਹੈ ਤਾਂ ਖੋਟਾ ਰੁਪਇਆ ਖੋਟਾ ਹੀ ਹੋ ਜਾਂਦਾ ਹੈ। ਇਸੇ ਤਰ੍ਹਾਂ ਜੇਕਰ ਮਹਾਤਮਾਂ ਦੇ ਨਾਲ ਬਿਠਾ ਕੇ ਖੋਟਾ ਰਲਾ ਦੇਈਏ। ਪਰ ਜਿਸ ਵੇਲੇ ਪਰਖੀ ਦਾ ਹੈ ਤਾਂ ਖੋਟਾ ਪੁਰਸ਼ ਖੋਟਾ ਹੀ ਹੋ ਜਾਂਦਾ ਹੈ॥੨॥

ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥

ਜੇਹੋ ਜੇਹਾ ਕੋਈ ਕਰਮ ਕਰਦਾ ਹੈ, ਉਹ ਤੇਹੋ ਜੇਹਾ ਫਲ ਪਾਉਂਦਾ ਹੈ। ਆਪਣਾ ਬੀਜਿਆ ਹੋਇਆ ਆਪ ਹੀ ਫਲ ਖਾਵੈ=ਖਾਂਦਾ ਹੈ।

ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥ ੩ ॥

ਜੇਕਰ ਆਪਣੀਆਂ ਵਡਿਆਈਆਂ ਨੂੰ ਆਪ ਹੀ ਖਾਇ=ਧਾਰੇ ਅਰਥਾਤ ਆਪਣੀ ਉੱਪਮਾ ਆਪ ਹੀ ਕਰੇ ਤਾਂ ਉਹ ਕੋਈ ਵੱਡਾ ਨਹੀਂ ਹੁੰਦਾ।

ਅਥਵਾ:-ਜੇ ਆਪਣੀਆਂ ਵਡਿਆਈਆਂ ਆਪ ਕਰੇ ਤਾਂ ਉਹ ਆਪ ਹੀ ਜਮ ਡੰਡੇ ਖਾਂਦਾ ਹੈ। ਜੇਹੋ ਜੇਹੀ ਸੁਰਤਿ=ਗਿਆਤ, ਯਾਂ ਵਾਸ਼ਨਾਂ ਹੁੰਦੀ ਹੈ ਤੇਹੋ ਜੇਹੇ ਰਸਤੇ ਜਾਂਦਾ ਹੈ॥੩॥

ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਰੁ ॥

ਜੇਕਰ ਕੂੜੁ=ਝੂਠਾ ਪੁਰਸ਼ ਕੂੜੀਆਂ=ਝੂਠੀਆਂ ਸਉ=ਸੈਂਕੜੇ ਕਬਾੜੁ=ਗੱਪਾਂ ਮਾਰੇ, ਅਤੇ ਭਾਵੇਂ ਸਾਰਾ ਸੰਸਾਰ ਉਸ ਨੂੰ ਚੰਗਾ ਭੀ ਆਖਦਾ ਹੋਵੇ ਪਰ ਉਹ ਪ੍ਰਮਾਣੀਕ ਨਹੀਂ ਹੁੰਦਾ।,

ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥ ੪ ॥ ੪ ॥ ੬ ॥

ਹੇ ਪ੍ਰਭੂ ! ਜੇਕਰ ਮਨੁੱਖ ਦੀ ਅੱਧੀ ਕਿਰਿਆ ਕੀਤੀ ਹੋਈ ਭੀ ਆਪ ਜੀ ਨੂੰ ਭਾ ਜਾਵੇ ਤਾਂ ਉਹ ਪ੍ਰਮਾਣੀਕ ਹੈ। ਜਿਵੇਂ 'ਕਰਮਾ ਬਾਈ' ਭਗਤਣੀ ਇਸ਼ਨਾਨ ਕੀਤੇ ਤੋਂ ਬਗੈਰ ਹੀ ਖਿਚੜੀ ਚਾੜ੍ਹ ਕੇ ਭਗਵਾਨ ਨੂੰ ਖੁਆਂਦੀ ਸੀ। ਤੇ 'ਧੰਨਾ' ਜੱਟ ਗੋਹੇ ਦਾ ਧੂਪ ਧੁਖਾਉਂਦਾ ਰਿਹਾ, ਪਰ ਭਗਵਾਨ ਨੇ ਪ੍ਰਵਾਨ ਕਰ ਲਿਆ।

ਅਥਵਾ:-ਆਪ ਜੀ ਨੂੰ ਭਾ ਜਾਵੇ ਤਾਂ ਅ-ਧੀ=ਬੁੱਧੀ ਤੋਂ ਅ=ਰਹਿਤ ਮੂਰਖ ਜੀਵ ਭੀ ਪ੍ਰਵਾਨ ਹੈ। ਗੁਰੂ ਜੀ ਕਥਨ ਕਰਦੇ ਹਨ, ਉਹ ਜਾਣੀਜਾਣ ਪਰਮਾਤਮਾ ਸੁਜਾਣੁ=ਚਤੁਰ ਹੈ। ਅਥਵਾ:-ਜਾਣਨੇ ਜੋਗ ਨੂੰ ਜਾਣੇ ਤਾਂ ਸੁਜਾਣੁ=ਚਤੁਰ ਹੁੰਦਾ ਹੈ॥੪॥੪॥੬॥

ਧਨਾਸਰੀ ਮਹਲਾ ੧ ॥

ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥

ਕਾਲ਼ ਰੂਪ ਪਾਣੀ ਦੀ ਬੂੰਦ ਪੈਣ ਨਾਲ ਕਾਇਆਂ ਕਾਗਜ਼ ਵਾਂਗ ਨਾਸ ਹੋ ਜਾਣ ਵਾਲੀ ਹੈ, ਪਰ ਮਨ ਨੇ ਇਸ ਨੂੰ ਪਰਵਾਣਾ=ਸੱਚਾ ਕਰਕੇ ਮੰਨਿਆ ਹੋਇਆ ਹੈ। ਵੇਦਾਂ ਸ਼ਾਸਤ੍ਰਾਂ ਵਿਚ ਜੋ ਸਿਰ=ਸ਼ਰੋਮਣੀ ਲੇਖ ਨਾਮ ਦੇ ਹਨ, ਇਹ ਅਗਿਆਤ ਜੀਵ ਉਹਨਾਂ ਨੂੰ ਪੜ੍ਹਦਾ ਨਹੀਂ ਹੈ।

ਅਥਵਾ:-ਕਾਇਆਂ ਤਾਂ ਕਾਗਜ਼ ਹੈ ਇਸ ਦੇ ਉੱਪਰ ਮਨ ਯਤਨਾਂ ਰੂਪ ਪ੍ਰਵਾਨੇ ਦੇ ਲਿਖਣੇ ਵਾਲਾ ਹੋ ਰਿਹਾ ਹੈ। ਅਰਥਾਤ ਕਈ ਤਰ੍ਹਾਂ ਦੇ ਯਤਨ ਕਰਕੇ ਇਸ ਦੇ ਪਾਲਣ ਪੋਸਣ ਵਿਚ ਲਗ ਰਿਹਾ ਹੈ। ਇਹ ਅਗਿਆਤ ਜੀਵ ਸਿਰ ਦੇ ਲੇਖਾਂ ਨੂੰ ਨਹੀਂ ਪੜ੍ਹਦਾ, ਭਾਵ ਪ੍ਰਾਰਬਧ ਉੱਪਰ ਸ਼ਾਕਰ ਨਹੀ ਰਹਿੰਦਾ।

ਦਰਗਹ ਘੜੀਅਹਿ ਤੀਨੇ ਲੇਖ॥ ਖੋਟਾ ਕਾਮਿ ਨ ਆਵੈ ਵੇਖੁ॥ ੧ ॥

ਜਿਵੇਂ ਰਾਜਿਆਂ ਦੀ ਦਰਗਾਹ ਵਿਚ ਤਿੰਨ ਲੇਖ=ਸਿੱਕੇ ਘੜੇ ਜਾਂਦੇ ਹਨ। ਸੋਨੇ ਦੀਆਂ ਮੋਹਰਾਂ, ਚਾਂਦੀ ਦੇ ਰੁਪਏ, ਤਾਂਬੇ ਦੇ ਪੈਸੇ। ਤਿਵੇਂ ਪਰਮੇਸ਼ਰ ਦੀ ਦਰਗਹ ਵਿਚ ਤਿੰਨ ਲੇਖਾਂ ਦੇ ਪੁਰਸ਼ ਘੜੇ ਜਾਂਦੇ ਹਨ, ਰਾਜਸੀ, ਸ਼ਾਂਤਕੀ, ਤੇ ਤਾਮਸੀ।

ਅਥਵਾ:-ਸਤਸੰਗ ਦਰਗਾਹ ਵਿਚ ਤਿੰਨ ਲੇਖ ਘੜੇ ਜਾਂਦੇ ਹਨ-ਕਰਮ, ਉਪਾਸ਼ਨਾ, ਗਿਆਨ।

ਅਥਵਾ:-ਸ੍ਰਵਣ, ਮੰਨਣ, ਨਿਧਿਆਸਣ। ਅਥਵਾ:-ਤਤ, ਤ੍ਵੰ ਮਸੀ।

ਅਥਵਾ:-ਸੰਸਾਰ ਦਰਗਾਹ ਵਿਚ ਸੰਸਾਰੀ ਜੀਵਾਂ ਦੇ ਤਾਰਨ ਵਾਸਤੇ ਪਰਮੇਸ਼ਰ ਨੇ ਤਿੰਨ ਤਰ੍ਹਾਂ ਦੇ ਪੁਰਸ਼ ਘੜੇ ਹਨ-ਕਾਜ਼ੀ, ਬ੍ਰਾਹਮਣ, ਜੋਗੀ। ਜਿਸ ਦਾ ਵੇਖੁ=ਭੇਖ ਖੋਟਾ ਹੈ, ਉਹ ਕਿਸੇ ਕੰਮ ਨਹੀਂ ਆਉਂਦਾ ॥੧ ॥

ਨਾਨਕ ਜੇ ਵਿਚਿ ਰੁਪਾ ਹੋਇ॥ ਖਰਾ ਖਰਾ ਆਖੈ ਸਭੁ ਕੋਇ॥ ੧ ॥ ਰਹਾਉ ॥

ਗਰੂ ਜੀ ਕਥਨ ਕਰਦੇ ਹਨ, ਜੇਕਰ ਰੁਪਏ ਵਿਚ ਪੂਰੀ ਪੂਰੀ ਰੁਪਾ=ਚਾਂਦੀ ਹੋਵੇ ਤਾਂ ਉਸ ਰੁਪਏ ਨੂੰ ਸਭ ਕੋਈ ਚੰਗਾ ਚੰਗਾ ਆਖਦਾ ਹੈ।

ਗੁਰੂ ਜੀ ਕਥਨ ਕਰਦੇ ਹਨ, ਜੇਕਰ ਸਰੀਰ ਵਿਚੋਂ ਮਨ ਸਫਾਈ ਰੂਪੀ ਰੁਪਾ=ਰੂਪ ਵਾਲਾ ਹੋਵੇ।

ਅਥਵਾ:-ਜੇਕਰ ਵਿਚੋਂ ਮਨ ਰੁਪਾ=ਚਾਂਦੀ ਵਾਂਗ ਸ਼ੁੱਧ ਹੋਵੇ। ਅਥਵਾ:-ਜੇਕਰ ਮਨ ਨੂੰ ਪ੍ਰਭੂ ਵਿਚ ਰੁਪਾ=ਅਰੋਪਣੇ ਵਾਲਾ ਹੋਵੇ। ਤਾਂ ਸਭ ਕੋਈ ਇਸਨੂੰ ਚੰਗਾ ਚੰਗਾ ਕਰਕੇ ਆਖਦਾ ਹੈ॥੧ ॥ ਰਹਾਉ ॥

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥

ਕਾਦੀ=ਕਾਜ਼ੀ ਝੂਠ ਬੋਲਣੇ ਰੂਪੀ ਮੈਲ ਨੂੰ ਖਾ ਰਿਹਾ ਹੈ।

ਅਥਵਾ:-ਕਾਜ਼ੀ ਝੂਠ ਬੋਲਦਾ ਹੈ ਤੇ ਵੱਢੀਆਂ ਰੂਪੀ ਮਲੁ=ਗੰਦਗੀ ਨੂੰ ਖਾ ਰਿਹਾ ਹੈ। ਬ੍ਰਾਹਮਣ ਨਾਵੈ=ਇਸ਼ਨਾਨ ਕਰਦਾ ਹੋਇਆ ਜੀਆ ਘਾਇ=ਮੱਛੀਆਂ ਨੂੰ ਮਾਰਦਾ ਹੈ। ਕਸ਼ਮੀਰੀ ਬ੍ਰਾਹਮਣ ਬਹੁਤ ਹੀ ਇਸ ਤਰ੍ਹਾਂ ਕਰਦੇ ਹਨ, ਮੱਛੀ ਦਾ ਮਾਸ ਖਾ ਕੇ ਆਖਦੇ ਹਨ ਅੱਜ ਜਲ ਤੋਰੀ ਖਾਧੀ ਹੈ।

ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ ੨ ॥

ਅੰਨ੍ਹਾਂ ਜੋਗੀ ਭੀ ਅਗਿਆਨ ਨੂੰ ਦੂਰ ਕਰਨ ਦੀ ਜੁਗਤੀ ਨੂੰ ਨਹੀਂ ਜਾਣਦਾ।

ਅਥਵਾ:-ਜੋਗੀ ਅੰਨ੍ਹਾ ਹੋਇਆ ਹੋਇਆ ਪਰਮੇਸ਼ਰ ਵਿਚ ਜੁਗਤਿ=ਜੁੜਨਾ ਨਹੀਂ ਜਾਣਦਾ। ਇਹ ਕਾਜ਼ੀ, ਬ੍ਰਾਹਮਣ, ਤੇ ਜੋਗੀ ਤਿੰਨੇ ਸੰਸਾਰ ਦੇ ਤਾਰਨ ਵਾਸਤੇ ਰਚੇ ਸਨ ਪਰ ਇਹ ਤਿੰਨੇ ਹੀ ਉਜਾੜਨ ਦਾ ਬੰਧੁ =ਕਾਰਨ ਬਣ ਗਏ ਹਨ॥੨ ॥

ਕਿਸੀ ਨੇ ਪੁੱਛਿਆ ਆਪ ਜੀ ਦੇ ਮੱਤ ਵਿਚ ਕਿਹੜੇ ਸ਼੍ਰੇਸਟ ਹਨ ? ਉੱਤਰ-

ਸੋ ਜੋਗੀ ਜੋ ਜੁਗਤਿ ਪਛਾਣੈ॥ ਗੁਰ ਪੁਰਸਾਦੀ ਏਕੋ ਜਾਣੈ॥

ਅਸਲ ਜੋਗੀ ਓਹੀ ਹੈ, ਜੋ ਪ੍ਰਭੂ ਵਿਚ ਜੁੜਨ ਦੀ ਜੁਗਤੀ ਨੂੰ ਪਛਾਣਦਾ ਹੈ। ਅਤੇ ਗੁਰਾਂ ਦੀ ਕਿਰਪਾ

ਨਾਲ ਇੱਕ ਨੂੰ ਜਾਣਦਾ ਹੈ। ਅਥਵਾ:-ਸਾਰਿਆਂ ਨੂੰ ਇੱਕ ਰੂਪ ਜਾਣਦਾ ਹੈ।

ਕਾਜੀ ਸੋ ਜੋ ਉਲਟੀ ਕਰੈ॥ ਗੁਰ ਪਰਸਾਦੀ ਜੀਵਤੁ ਮਰੈ॥

ਅਸਲ ਕਾਜ਼ੀ ਉਹ ਹੈ ਜੋ ਸੰਸਾਰ ਵੱਲੋਂ ਬੁੱਧੀ ਨੂੰ ਉਲਟੀ=ਪੁੱਠੀ ਕਰਦਾ ਹੈ। ਅਤੇ ਗੁਰਾਂ ਦੀ ਕਿਰਪਾ ਨਾਲ ਜੀਵਤ ਭਾ ਤੋਂ ਮਰਦਾ ਹੈ।

ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥ ੩॥

ਅਸਲ ਬ੍ਰਾਹਮਣ ਉਹ ਹੈ. ਜੋ ਬ੍ਰਹਮ ਦਾ ਵਿਚਾਰ ਕਰਦਾ ਹੈ। ਵਿਚਾਰ ਦੁਆਰਾ ਆਪ ਤਰਦਾ ਹੈ ਤੇ ਕੁਲਾਂ ਦੇ ਸਾਰਿਆਂ ਜੀਵਾਂ ਨੰ ਤਾਰਦਾ ਹੈ॥੩॥

ਫਿਰ ਕਹੇ ਨੂੰ ਸਪੱਸ਼ਟ ਕਰਦੇ ਹਨ-

ਦਾਨਸਬੰਦੁ ਸੋਈ ਦਿਲਿ ਧੋਵੈ॥ ਮੁਸਲਮਾਣੁ ਸੋਈ ਮਲੁ ਖੋਵੈ॥

ਦਾਨਸ-ਬੰਦੁ=ਦਨਾਈ ਵਾਲਾ ਓਹੀ ਜੋਗੀ ਹੈ, ਜੋ ਦਿਲ ਦੀ ਪਾਪਾਂ ਰੂਪ ਮੈਲ ਨੂੰ ਧੋਂਦਾ ਹੈ। ਮੁਸਲਮਾਨ ਕਾਜ਼ੀ ਓਹੀ ਹੈ ਜੋ ਮਾਸ ਖਾਣੇ ਰੂਪ ਤੇ ਸ਼ਰਾਬ ਪੀਣੇ ਰੂਪ ਮਲ ਨੂੰ, ਯਾਂ ਵਿਕਾਰਾਂ ਰੂਪੀ ਮੈਲ ਨੂੰ ਖੋਵੈ=ਦੂਰ ਕਰਦਾ ਹੈ।

ਪੜਿਆ ਬੂਝੈ ਸੋ ਪਰਵਾਣੁ॥ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥

ਸ਼ਾਸਤ੍ਰਾਂ ਨੂੰ ਪੜ੍ਹਿਆ ਹੋਇਆ ਓਹੀ ਬ੍ਰਾਹਮਣ ਪ੍ਰਵਾਨ ਹੈ ਜੋ ਆਪਣੇ ਸਰੂਪ ਨੂੰ ਬੁੱਝਦਾ ਹੈ,

ਅਥਵਾ:-ਪਰਮੇਸ਼ਰ ਨੂੰ ਬੁੱਝਕੇ ਪ੍ਰਮਾਨੀਕ ਹੋਇਆ ਹੈ। ਅਤੇ ਜਿਸ ਦੇ ਸਿਰ ਉੱਪਰ ਦਰਗਾਹ ਦਾ ਸ੍ਰੇਸ਼ਟ ਨੀਸਾਣੁ=ਲੇਖ ਹੈ। ਅਰਥਾਤ ਜਿਸ ਦੇ ਵੱਡੇ ਭਾਗ ਹਨ, ਓਹੀ ਅਸਲ ਬ੍ਰਾਹਮਣ ਹੈ॥੪॥੫॥੭॥

ਧਨਾਸਰੀ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜਿਸ ਵੇਲੇ ਜਗਤ ਦੇ ਜੀਵਾਂ ਦਾ, ਉਧਾਰ ਕਰਦੇ ਕਰਦੇ ਲਾਹੌਰ ਸ਼ਹਿਰ ਪਹੁੰਚੇ, ਉਥੇ ਲਾਹੌਰੀਆਂ ਦੇ ਕੁਕਰਮ ਨੂੰ ਦੇਖਕੇ ਜੋ 'ਗਊਆਂ ਨੂੰ ਮਾਰਦੇ ਸਨ' ਗੁਰੂ ਜੀ ਨੇ ਗੁੱਸੇ ਵਿਚ ਆ ਕੇ ਕਿਹਾ, ''ਇਥੇ ਸਵਾ ਪਹਿਰ ਦਿਨ ਚੜ੍ਹਦੇ ਤੱਕ ਖੂਨੋ-ਖੂਨ ਹੁੰਦਾ ਰਿਹਾ ਕਰੇਗਾ''

(ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ)॥੨੭॥

ਇਹ ਬਚਨ ਕਹਿ ਕੇ ਆਪ ਜੀ ਸ਼ਹਿਰੋਂ ਬਾਹਰ ਆ ਗਏ ਅਤੇ ਇੱਕ ਜਗ੍ਹਾ ਬੈਠ ਗਏ। ਸਾਹਮਣੇ ਇੱਕ ਪੰਡਿਤ ਬੜਾ ਪਖੰਡ ਖਿਲਾਰੀ ਬੈਠਾ ਸੀ। ਉਸ ਨੇ ਗਊ ਦਾ ਗੋਬਰ ਲੈ ਕੇ ਪਹਿਲਾਂ ਧਰਤੀ ਤੇ ਪੋਚਾ ਫੇਰਿਆ, ਫੇਰ ਉੱਪਰ ਦੱਭ ਦੀ ਸਫਾ ਵਿਛਾਈ। ਆਪ ਇਸ਼ਨਾਨ ਆਦਿ ਕਰਕੇ ਸਰੀਰ ਤੇ ਬਾਰ੍ਹਾਂ ਜਗ੍ਹਾ ਟਿੱਕੇ ਲਾਏ। ਆਪਣੇ ਸਾਹਮਣੇ ਠਾਕੁਰ ਦੀ ਮੂਰਤੀ ਰੱਖਕੇ ਬੜੇ ਸੋਹਣੇ ਢੰਗ ਨਾਲ ਪੂਜਾ ਕੀਤੀ, ਘੜਿਆਲ ਵਜਾਇਆ, ਮੱਥਾ ਟੇਕਿਆ। ਬਾਅਦ ਵਿਚ ਅੱਖਾਂ ਮੀਚ ਕੇ ਬਗਲੇ ਦੀ ਤਰ੍ਹਾਂ ਸਮਾਧੀ ਲਾ ਕੇ ਬੈਠ ਗਿਆ। ਜਿਸ ਦੀ ਸਮਾਧੀ ਨੂੰ ਵੇਖਕੇ ਬਿੱਲਾ ਵੀ ਸ਼ਰਮ-ਸਾਰ ਹੁੰਦਾ ਕਿ ਐਨੀ ਬਿਰਤੀ ਤੇ ਮੈਂ ਵੀ ਨਹੀਂ

ਜੋੜ ਸੱਕਦਾ। ਇਤਨਾ ਕੁਝ ਕਰਨ ਦੇ ਬਾਵਜੂਦ ਵੀ ਮਾਇਆ ਦਾ ਲਾਲਚ ਮਨ ਅੰਦਰ ਬੈਠਾ ਹੈ। ਸਮਾਧੀ ਵਿਚ ਮਨ ਮਾਇਆ ਹੀ ਗਿਣ ਰਿਹਾ ਹੈ, ਲੋਕੀਂ ਇਸ ਦੀ ਸਮਾਧੀ ਵੇਖਕੇ ਜਥਾ ਸ਼ਕਤੀ ਅਨੁਸਾਰ ਭੇਟਾ, ਮਾਇਆ, ਪਦਾਰਥ ਆਦਿ ਰਖੀ ਜਾਂਦੇ ਹਨ। ਸਮਾਧੀ ਖੁਲ੍ਹੀ, ਗੁਰੂ ਜੀ ਕਹਿਣ ਲੱਗੇ, ਐ ਪੰਡਿਤ ਜੀ ! ਤੁਸੀਂ ਕਿਸ ਵਾਸਤੇ ਧਿਆਨ ਲਾਉਂਦੇ ਹੋ, ਕਿਉਂਕਿ ਠਾਕੁਰ ਜੀ ਦੀ ਮੂਰਤੀ ਸਾਹਮਣੇ ਹੈ, ਅੱਖਾਂ ਤਾਂ ਤਦ ਹੀ ਬੰਦ ਕਰੀਦੀਆਂ ਹਨ ਜੇਕਰ ਆਪਣਾ ਠਾਕੁਰ-ਇਸ਼ਟ ਪਾਸ ਨਾ ਹੋਵੇ। ਪੰਡਿਤ ਕਹਿਣ ਲੱਗਾ, "ਸੰਤ ਜੀ ! ਤੁਹਾਨੂੰ ਕੀ ਪਤਾ ਹੈ, ਮੈਂ ਧਿਆਨ ਕਿਸ ਵਾਸਤੇ ਲਾਉਂਦਾ ਹਾਂ, ਮੈ ਪਹਿਲਾਂ ਠਾਕੁਰ ਦੀ ਪੂਜਾ ਕੀਤੀ, ਪੂਜਾ-ਸੇਵਾ ਆਦਿ ਕਰਕੇ ਮੈਂ ਮੱਥਾ ਟੇਕ ਕੇ ਸਮਾਧੀ ਲਾਈ, (ਧਿਆਨ ਅੰਦਰ ਮੈਨੂੰ ਤਿੰਨਾਂ ਲੋਕਾਂ ਦੀ ਅੰਤਰਯਾਮਤਾ ਹੋ ਜਾਂਦੀ ਹੈ) ਐਨੀ ਗੱਲ ਕਹਿ ਕੇ ਬੜੇ ਹੰਕਾਰ ਸਹਿਤ ਅੱਖਾਂ ਬੰਦ ਕਰਕੇ ਫੇਰ ਬੈਠ ਗਿਆ। ਸਤਿਗੁਰੂ ਜੀ ਨੇ ਹੰਕਾਰ ਦੂਰ ਕਰਨ ਵਾਸਤੇ, ਜਿਵੇਂ ਕੋਈ ਚੰਗਾ ਡਾਕਟਰ ਮਰੀਜ਼ ਦੀ (ਬਹੁਤੀ) ਨਾਜ਼ਕ ਹਾਲਤ ਨੂੰ ਦੇਖਕੇ ਉਸ ਦੇ ਪਾਸ ਜਾਂਦਾ ਹੈ ਤੇ ਉਸ ਨੂੰ ਕਈ ਵਾਰ ਕੌੜੀ ਦਵਾਈ ਦੇ ਕੇ ਠੀਕ ਕਰਦਾ ਹੈ। ਇਸੇ ਤਰ੍ਹਾਂ ਗੁਰੂ ਜੀ ਉਸ ਦਾ ਉਧਾਰ ਕਰਨਾ ਚਾਹੁੰਦੇ ਹਨ, ਆਪਣੀ ਤਾਕਤ ਨਾਲ ਇਸ ਦੀ ਠਾਕੁਰ ਦੀ ਮੂਰਤੀ ਤੇ ਚੌਂਕੀ ਜਿਸ ਤੇ ਉਸ ਨੇ ਸਮੱਗਰੀ ਆਦਿ ਰੱਖੀ ਸੀ। ਉਹ ਸਭ ਉਡਾ ਦਿੱਤੀ। ਦੋ ਕੁ ਘੜੀਆਂ ਸਮਾਧੀ ਲਾ ਕੇ ਫੇਰ ਅੱਖਾਂ ਖੋਲ੍ਹੀਆਂ ਤੇ ਪੰਡਿਤ ਨੇ ਕੀ ਵੇਖਿਆ। ਠਾਕੁਰ ਦੀ ਮੂਰਤੀ ਕੋਈ ਨਹੀਂ, ਨਾ ਚੌਂਕੀ ਹੀ ਹੈ ਜਿਸ ਵਿਚ ਕੁਝ ਕੁ ਮਾਇਆ ਸੀ। ਹੈਰਾਨ ਹੋ ਗਿਆ। ਬੜਾ ਘਬਰਾਇਆ, ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, ਹਰੇਕ ਨੂੰ ਪੁੱਛਦਾ ਹੈ ਜੇ ਕਿਸੇ ਮੇਰੀ ਠਾਕੁਰ ਦੀ ਮੂਰਤੀ ਤੇ ਚੌਂਕੀ ਲਈ ਹੈ ਤਾਂ ਦੇ ਦਿਓ। ਪਰ ਕਿੱਥੋਂ ਮਿਲੇ। ਸਤਿਗੁਰੂ ਜੀ ਕਹਿੰਦੇ ਹੇ ਪੰਡਿਤ ! ਕੀ ਗੱਲ ਬੜਾ ਘਬਰਾਇਆ ਹੈਂ? ਪਹਿਲਾਂ ਤੂੰ ਖੁਸ਼ੀ ਵਿਚ ਸੀ ਹੁਣ ਕੀ ਕੰਮ ਵਿਗੜ ਗਿਆ, ਤਾਂ ਪੰਡਿਤ ਕਹਿੰਦਾ ਜੀ ! ਮੇਰੀ ਠਾਕੁਰ ਦੀ ਮੂਰਤੀ ਵਾਲੀ ਚੌਂਕੀ ਜਿਸ ਵਿਚ ਕੁਝ ਮਾਇਆ ਵੀ ਸੀ ਉਹ ਨਹੀਂ ਮਿਲਦੀ ਕਿਸੇ ਨੇ ਚੁੱਕ ਲਈ ਹੈ ਸਾਰਿਆਂ ਨੂੰ ਪੁੱਛਿਆ ਕੋਈ ਦੱਸਦਾ ਨਹੀਂ ਹਾਂ ਜੇਕਰ ਤੁਸੀਂ ਕਿਸੇ ਨੂੰ ਚੁੱਕਦਿਆਂ ਵੇਖਿਆ ਹੈ, ਯਾਂ ਤੁਹਾਡੀ ਕਿਤੇ ਨਿਗਾਹ 'ਚ ਹੋਵੇ ਤਾਂ ਦੱਸ ਦਿਓ। ਤਾਂ ਗੁਰੂ ਜੀ ਨੇ ਕਿਹਾ, ਭਾਈ ! ਤੂੰ ਕਹਿੰਦਾ ਸੀ ਸਮਾਧੀ ਲਾਉਣ ਨਾਲ ਮੈਨੂੰ ਤਿੰਨਾਂ ਲੋਕਾਂ ਦੀ ਅੰਤਰਯਾਮਤਾ ਹੋ ਜਾਂਦੀ ਹੈ। ਤੇਰੀ ਪ੍ਰਯੰਕੀ ਤੇ ਠਾਕੁਰ ਦੀ ਮੂਰਤੀ ਕਿਤੇ ਤਿੰਨੇ ਲੋਕਾਂ ਤੋਂ ਬਾਹਰ ਤਾਂ ਨਹੀਂ ਨਾ ਗਈ। ਸਮਾਧੀ ਲਾਕੇ ਵੇਖ ਲੈ। ਪੰਡਿਤ ਗੁਰੂ ਜੀ ਦੇ ਵਿਅੰਗ ਬਚਨ ਸੁਣਕੇ ਹੱਥ ਜੋੜ ਕੇ ਕਹਿਣ ਲਗਾ ਸੰਤ ਜੀ ! ਸੱਚ ਪੁੱਛੋ, ਮੈਂ ਤਾਂ ਪੇਟ ਵਾਸਤੇ ਇਹ ਐਵੇਂ ਝੂਠੀਆਂ ਗੱਲਾਂ-ਬਾਤਾਂ ਕਰਕੇ ਲੋਕਾਂ ਤੋਂ ਪੂਜਾ ਆਦਿ ਲੈ ਕੇ ਅਪਣੇ ਪਰਵਾਰ ਨੂੰ ਪਾਲਦਾ ਹਾਂ। ਭਲਾ ! ਤਿੰਨਾਂ ਲੋਕਾਂ ਦੀ ਖਬਰ ਮੈਨੂੰ ਕਿਥੋਂ? ਤੁਸੀਂ ਕਿਰਪਾ ਕਰੋ ਮੇਰੀ ਠਾਕੁਰ ਦੀ ਮੂਰਤੀ ਤੇ ਚੌਂਕੀ ਦਸ ਦਿਓ। ਗੁਰੂ ਜੀ ਨੇ ਕਿਹਾ, ਭਾਈ ਤੂੰ ਝੂਠ ਛੱਡ ਦੇ, ਮਨ ਨੂੰ ਸ਼ੁੱਧ ਕਰਕੇ ਨਾਮ ਜਪਿਆ ਕਰ, ਪਰਮੇਸ਼ਰ ਆਪ ਹੀ ਸਾਰਿਆਂ ਨੂੰ ਰੋਜ਼ੀ (ਖਾਣ ਪਾਨ) ਦੇਂਦਾ ਹੈ ਭਲਾ ਤੈਨੂੰ ਨਾ ਦੇਵੇਗਾ।

ਯਥਾ- "ਕ੍ਰਿਪਾ ਧਾਰਿ ਬੋਲੇ ਗੁਨ ਖਾਨੀ । ਤਜਹੁ ਝੂਠ ਬੋਲਨ ਕੀ ਬਾਨੀ॥
ਸ਼ੁੱਧ ਆਤਮੈ ਜਪਿ ਹਰਿ ਨਾਮੂ। ਤਜਹੁ ਪਖੰਡ ਕੇਰ ਸਭਿ ਕਾਮੂ॥੨੪॥
ਸਦ ਹੀ ਕਰੀਏ ਸਾਚ ਵਖਾਨਾ। ਕਰਵਾਵਹਿ ਸ੍ਰੀ ਪ੍ਰਭੁ ਗੁਜਰਾਨਾ।

ਜੋ ਕਰਤਾ ਸਭ ਕੀ ਪ੍ਰਤਿਪਾਰਾ। ਕਜਾ ਤੁਮ ਕੋ ਨਹਿੰ ਦੇਇ ਅਹਾਰਾ'' ॥੨੫॥

ਝੂਠ ਬੋਲਣ ਦੀ ਆਦਤ ਤੇ ਪਖੰਡ ਕਰਨਾ ਸਭ ਕੁਝ ਛੱਡ ਦੇ। ਕਹਿੰਦਾ, ਜੀ ! ਫੇਰ ਝੂਠ ਤੇ ਪਖੰਡ ਕਰਕੇ ਹੀ ਲੋਕ ਮੰਨਦੇ ਹਨ। ਜਿਹੜਾ ਬਹੁਤੀਆਂ ਇਧਰ-ਉਧਰ ਦੀਆਂ ਗੱਲਾਂ ਕਰੇ, ਝੂਠ ਬੋਲੇ, ਪਖੰਡ ਚੰਗਾ ਕਰੇ ਉਸ ਨੂੰ ਲੋਕ ਪੂਜਦੇ ਹਨ ਭਲਾ ਸੱਚ ਕੌਣ ਜਾਣਦਾ ਹੈ।

''ਦਿਜ ਕਹਿ, 'ਕੂਰ ਬਿਹੀਨ ਜਗ, ਚਲੈ ਨ ਕਬਿ ਗੁਜਰਾਨ।

ਸਭਿ ਪਖੰਡ ਕੋ ਪੂਜਈ, ਸਕਹਿ ਨ ਸਾਚ ਪਛਾਨ' ॥ ੨੬॥

ਚੌਪਈ॥ ਝੂਠ ਬੋਲ, ਬਾਤਹਿੰ ਬਹੁ ਜਾਨਹਿ। ਭੇਖਿ ਦੰਭ ਕੋ ਨਰ ਸਨਮਾਨਹਿ।''

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਉੜ੍ਹਾਰਧ ਅਧਿ ੨੨)

ਗੁਰੂ ਜੀ ਨੇ ਕਿਹਾ, ਹੇ ਪੰਡਿਤ ਜੀ ! ਠੀਕ ਹੈ ਦੁਨੀਆਂ ਪਾਸੋਂ ਤੇ ਮੱਥੇ ਟਿਕਾ ਲਵੇਂਗਾ ਝੂਠ ਬੋਲਕੇ ਬਚ ਜਾਵੇਂਗਾ, ਪਰ ਪਰਮੇਸ਼ਰ ਤੋਂ ਕੌਣ ਬਚਾਏਗਾ। ਦੇਖ ! ਤੇਰੀ ਪਿੱਠ ਪਿੱਛੇ ਕਿਤਨਾ ਪਾਤਸ਼ਾਹੀ ਖਜ਼ਾਨਾ ਦੱਬਿਆਂ ਪਿਆ ਹੈ ਤੂੰ ਲੋਕਾਂ ਨੂੰ ਕਹਿੰਦਾ ਹੈਂ ਮੈਨੂੰ ਤਿੰਨ ਲੋਕਾਂ ਦੀ ਸੋਝੀ ਹੈ ਤੇਰੇ ਆਪਣੇ ਪਿੱਛੇ ਧਨ ਪਿਆ ਹੈ ਉਹ ਤਾਂ ਤੈਨੂੰ ਪਤਾ ਹੀ ਨਹੀਂ। ਐਵੇਂ ਬਾਹਰ ਭਟਕਦਾ ਫਿਰਦਾ ਹੈਂ। ਜ਼ਰਾ ਧਰਤੀ ਪੁੱਟਕੇ ਵੇਖ ਤਾਂ ਸਹੀ। ਇਹ ਗੱਲ ਸੁਣਕੇ ਗੁਰੂ ਜੀ ਪਾਸੋਂ ਪੰਡਿਤ ਨੇ ਆਪਣੇ ਮਗਰ ਦੀ ਧਰਤੀ ਪੁੱਟੀ ਬਿਅੰਤ ਧਨ ਦੇਖਕੇ ਹੈਰਾਨ ਹੋ ਗਿਆ। ਸਤਿਗੁਰੂ ਜੀ ਨੂੰ ਅੰਤਰਜਾਮੀ ਜਾਣਕੇ ਚਰਨੀਂ ਪੈ ਗਿਆ ਗੁਰੂ ਜੀ ਨੇ ਉਸ ਪੰਡਿਤ ਨੂੰ ਠਾਕੁਰ ਦੀ ਮੂਰਤੀ ਭੀ ਤੇ ਪ੍ਰਯੰਕੀ ਭੀ ਦੇ ਕੇ ਉਸ ਪ੍ਰਤੀ ਇਹ ਸ਼ਬਦ ਉਚਾਰਣਾ ਕੀਤਾ-ਜਿਸ ਵਿਚ ਕਲਜੁਗੀ ਜੀਵਾਂ ਦੇ ਲਛਣ ਦਰਸਾਏ ਹਨ।

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥

ਸਤਜੁਗ ਨਾ ਹੋਣ ਕਰਕੇ ਸਤ=ਸੱਚ ਬੋਲਣ ਦਾ ਕਾਲੁ ਨਾਹੀ=ਸਮਾਂ ਨਹੀਂ ਹੈ, ਤ੍ਰੇਤੇ ਜੁਗ ਦੇ ਨਾ ਹੋਣ ਕਰਕੇ ਜੋਗਾ ਅਭਿਆਸ ਦਾ ਸਮਾਂ ਨਹੀਂ ਹੈ। ਦੁਆਪੁਰ ਜੁਗ ਨਾ ਹੋਣ ਕਰਕੇ ਤਪ ਕਰਨ ਦਾ ਭੀ ਢਬੁ=ਸਬੱਬ ਨਹੀਂ ਹੈ।

ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥ ੧ ॥

ਆਪੋ ਆਪਣੇ ਇਸ਼ਟ ਅਸਥਾਨਾਂ ਵੱਲੋਂ ਸਾਰਾ ਸੰਸਾਰ ਭਰਿਸ਼ਟ ਹੋ ਰਿਹਾ ਹੈ, ਬਹੁਤ ਸਾਰਾ ਨਾਸਤਕ-ਪਣਾ ਵਧ ਰਿਹਾ ਹੈ, ਇਸ ਪ੍ਰਕਾਰ ਜਗਤ ਡੁੱਬ ਰਿਹਾ ਹੈ॥ ੧ ॥

ਕਲ ਮਹਿ ਰਾਮ ਨਾਮੁ ਸਾਰੁ॥

ਹੇ ਭਾਈ ! ਕਲ=ਕਲਜੁਗ ਮਹਿ=ਵਿਚ ਰਾਮ ਨਾਮ ਜਪਣਾ ਹੀ ਸਾਰੁ=ਸ੍ਰੇਸਟ ਹੈ।

ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥ ੧ ॥ ਰਹਾਉ॥

ਪਖੰਡੀ ਲੋਕ ਸੰਸਾਰ ਨੂੰ ਠੱਗਣ ਵਾਸਤੇ ਅੱਖਾਂ ਮੀਟਦੇ ਹਨ ਅਤੇ ਨੱਕ ਨੂੰ ਫੜਦੇ ਹਨ॥ ੧ ॥ ਰਹਾਉ॥

(ਪੰਨਾ ੬੬੩)

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥

ਅੰਗੂਠਾ ਤੇ ਚੀਚੀ ਦੇ ਨਾਲ ਦੀ ਉਂਗਲ ਇਨ੍ਹਾਂ ਦੋਹਾਂ ਨੂੰ ਆਂਟ ਆਖਦੇ ਹਨ, ਇਨ੍ਹਾਂ ਦੋਹਾਂ ਉਂਗਲਾਂ ਨਾਲ਼ ਹੀ ਨੱਕ ਫੜਦੇ ਹਨ, ਤੇ ਮੂੰਹੋਂ ਕਹਿੰਦੇ ਹਨ ਅਸਾਨੂੰ ਤਿੰਨਾਂ ਲੋਕਾਂ ਦੀ ਸੂਝਤੇ=ਗਿਆਤ ਹੋ ਰਹੀ ਹੈ।

ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥ ੨॥

ਪਰ ਮਗਰ=ਪਿੱਠ ਪਿੱਛੇ ਜੋ ਧਨ ਦੱਬਿਆ ਹੋਇਆ ਹੈ ਜਾਂ ਠਾਕੁਰਾਂ ਦੀ ਪ੍ਰਯੰਕੀ ਪਈ ਹੋਈ ਹੈ ਉਹ ਕੁਝ ਨਿਗਾਹ ਨਹੀਂ ਆਉਂਦਾ ਇਹ* ਪਦਮੁ=ਬੜਾ ਅਲੋਅ=ਅਸਚਰਜ ਹੈ।

ਅਥਵਾ:-ਇਹ ਪਦਮੁ=ਬਚਨ ਅਲੋਅ=ਅਲੌਕਿਕ ਹੈ। ਅਥਵਾ:-ਹਿਰਦੇ ਪਦਮੁ=ਕੌਲ ਵਿਚ ਉਹ ਪ੍ਰਭੂ ਅਲੋਅ ਹੈ, ਅਰਥਾਤ ਉਸ ਦਾ ਲੋਅ=ਪ੍ਰਕਾਸ਼ ਨਹੀਂ ਹੈ॥੨॥

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥

ਖਤ੍ਰੀਆਂ ਨੇ ਤਾਂ ਆਪਣਾ ਖਤ੍ਰੀ ਧਰਮ ਛੱਡ ਦਿੱਤਾ ਹੈ, ਅਤੇ ਮਲੇਛਾਂ ਦੀ ਭਾਖਿਆ=ਬੋਲੀ ਫਾਰਸੀ ਆਦਿ ਗਹੀ=ਗ੍ਰਹਿਣ ਕਰ ਲੀਤੀ ਹੈ।

ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ ੩॥

ਸਾਰੀ ਸ੍ਰਿਸਟਿ=ਦੁਨੀਆਂ ਇੱਕ ਵਰਨ=ਸ਼ੰਕਰ ਵਰਨ ਹੋ ਗਈ ਹੈ, ਧਰਮ ਦੀ ਗਤਿ=ਮਰਯਾਦਾ ਤਾਂ ਰਹਿ ਗਈ, ਭਾਵ ਦੂਰ ਹੋ ਗਈ ਹੈ।

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥

ਰਿਖੀਆਂ ਨੇ ਜੋ ਅਸਟ ਸਾਜ=ਅੱਠ ਵਿਆਕਰਣ ਰਚੇ ਹਨ, ਤੇ ਬਿਆਸ ਜੀ ਨੇ ਜੋ ਪੁਰਾਣ ਸਾਜੇ ਹਨ, ਚਾਹੇ ਇਨ੍ਹਾਂ ਨੂੰ ਭੀ ਸੋਧਹਿ=ਵਿਚਾਰ ਲਵੇ।

ਅਥਵਾ:-ਸਾਜ=ਦਸ ਤੇ ਅਸਟ=ਅੱਠ ਅਠਾਰਾਂ ਜੋ ਪੁਰਾਣ ਸਾਜੇ ਹੋਏ ਹਨ ਚਾਹੇ ਉਨ੍ਹਾਂ ਨੂੰ ਸੋਧਣਾ ਕਰੇ, ਅਥਵਾ:-ਅਸਟ=ਅੱਠ ਵਿਆਕਰਣ, ਸਾਜ=ਦਸ (ਛੇ ਸ਼ਾਸਤ੍ਰ, ਚਾਰ ਵੇਦ) ਜੋ ਸਾਜੇ ਹੋਏ ਹਨ ਚਾਹੇ ਇਨ੍ਹਾਂ ਨੂੰ ਭੀ ਸੋਧਣਾ ਕਰੇ ਅਤੇ ਸਾਰਿਆਂ ਵੇਦਾਂ ਦਾ ਅਭਿਆਸ ਭੀ ਕਰ ਲਵੇ।

ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥ ੪॥ ੧॥ ੬॥ ੮॥

ਗੁਰੂ ਜੀ ਕਥਨ ਕਰਦੇ ਹਨ, ਤੋ ਭੀ ਹਰੀ ਦੇ ਨਾਮ ਜਪੇ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ। ਇਹ ਗੱਲ ਹਰੀ ਦੇ ਦਾਸ ਮਹਾਤਮਾ ਭੀ ਕਥਨ ਕਰਦੇ ਹਨ।

ਅਥਵਾ:-ਮੁਕਤ ਹੋਣ ਵਾਸਤੇ ਤੂੰ ਹਰੀ ਦਾ ਦਾਸ ਹੈਂ॥ ੪॥ ੧॥ ੬॥ ੮॥

---

*ਸੋ ਨੀਲ ਦੀ ਗਿਣਤੀ ਦਾ ਨਾਮ 'ਪਦਮ' ਹੈ ਇਸ ਤੋਂ ਭਾਵ ਬਹੁਤ ਲਿਆ ਜਾਂਦਾ ਹੈ।

ਧਨਾਸਰੀ ਮਹਲਾ ੧ ਆਰਤੀ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:–ਇੱਕ ਸਮੇਂ ਜਗਨ੍ਨਨਾਥ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਆਰਾਧਿਆ। ਤਾਂ ਗੁਰੂ ਜੀ ਜਗਨਨਾਥ ਮੰਦਰ ਦੇ ਸਾਹਮਣੇ "ਜੋ ਮੰਗੂ ਮੱਟ ਹੈ ਉਸ ਅਸਥਾਨ ਉੱਪਰ" ਜਾ ਠਹਿਰੇ। ਉਥੇ ਬੈਠੇ ਹੀ ਪੰਡਿਆਂ ਦੇ ਪਖੰਡ ਨੂੰ ਦੇਖਦੇ ਰਹੇ ਤੇ ਗੁਰੂ ਜੀ ਨੇ ਵਿਚਾਰਿਆ ਇਨ੍ਹਾਂ ਦਾ ਪਖੰਡ ਦੂਰ ਕਰਨਾ ਚਾਹੀਦਾ ਹੈ। ਪਰ ਇਹ ਅਸਾਨੂੰ ਆਪੇ ਹੀ ਬੁਲਾਉਣ ਤਾਂ ਠੀਕ ਹੈ, ਕੋਈ ਅਯੋਗ ਰੀਤੀ ਕਰਾਂਗੇ ਤਾਂ ਹੀ ਇਹ ਅਸਾਨੂੰ ਬੁਲਾਉਣਗੇ। ਇਹ ਗੱਲਾਂ ਵਿਚਾਰਦੇ ਹੀ ਪਏ ਸਨ, ਇਤਨੇ ਨੂੰ ਸ਼ਾਮ ਪੈ ਗਈ ਤੇ ਸਾਰੇ ਪੰਡੇ ਮੰਦਰ ਵਿਚ ਇਕੱਠੇ ਹੋ ਕੇ ਥਾਲ ਵਿਚ ਦੀਵੇ ਬਾਲ ਕੇ, ਧੂਪ ਧੁਖਾ ਕੇ ਆਰਤੀ ਕਰਨ ਲੱਗ ਪਏ।

ਉਸ ਸਮੇਂ ਗੁਰੂ ਸਾਹਿਬ ਜੀ ਖੜੇ ਨਾ ਹੋਏ ਆਪਣੀ ਮਸਤੀ ਵਿਚ ਹੀ ਬੈਠੇ ਰਹੇ ਜਿਸ ਵੇਲੇ ਪੰਡਿਤ-ਲੋਕ ਆਰਤੀ ਕਰ ਚੁੱਕੇ ਗੁਰੂ ਸਾਹਿਬ ਜੀ ਨੂੰ ਬੈਠਿਆਂ ਵੇਖਕੇ ਕੋਲ ਆ ਕੇ ਕਹਿਣ ਲੱਗੇ, "ਤੁਹਾਡਾ ਲਿਬਾਸ ਤਾਂ ਸਾਧੂਆਂ ਵਾਲਾ ਦਿਸਦਾ ਹੈ, ਪਰ ਕਰਮ ਤੁਹਾਡੇ ਸਾਧੂਆਂ ਵਾਲੇ ਨਹੀਂ ਹਨ, ਕਿਉਂਕਿ ਅਸਾਂ ਨੇ ਖਲੋਕੇ ਭਗਵਾਨ ਦੀ ਆਰਤੀ ਕੀਤੀ ਹੈ, ਤੁਸੀਂ ਖੜੇ ਨਹੀਂ ਹੋਏ, ਤੁਹਾਨੂੰ ਜ਼ਰੂਰ ਖੜੇ ਹੋਣਾ ਚਾਹੀਦਾ ਸੀ।

ਇਹ ਗੱਲ ਸੁਣਕੇ ਸਤਿਗੁਰੂ ਜੀ ਨੇ ਕਿਹਾ, ਜਿਸ ਤਰ੍ਹਾਂ ਤੁਸੀਂ ਸ਼ਾਮ ਵੇਲੇ ਆਰਤੀ ਕੀਤੀ ਹੈ, ਓਸੇ ਤਰ੍ਹਾਂ ਅਸਾਂ ਵੀ ਆਪਣੇ ਇਸ਼ਟ ਦੇਵ ਅਕਾਲ ਪੁਰਖ ਅੰਤਰਜਾਮੀ ਪਰਮੇਸ਼ਰ ਦੀ ਆਰਤੀ ਕਰ ਰਹੇ ਸੀ-

ਯਥਾ:–ਸੁਨਿ ਕਰਿ ਜਗ ਗੁਰ, ਬਚਨ ਬਖਾਨੇ। 'ਸਦਾ ਆਰਤੀ ਹਮ ਪਹਿਚਾਨੇ।
ਸਰਬ ਸ਼ਿਰੋਮਣਿ ਜਸੁ ਪ੍ਰਭੁ ਊਚੇ। ਕਰਹਿ ਆਰਤੀ ਤਸ ਮਨ ਸੂਚੇ॥ ੭॥
ਅਲਪ ਆਰਤੀ ਕਜਾ ਤੁਮ ਕਰਿਹੋ। ਤੁੱਛ ਸੋਜ ਜਾ ਮਹਿਂ ਸ਼ੁਭ ਧਰਿਹੋ।
ਮਨ ਨਿਰਮਲ ਕਰਿ ਨਹੀਂ ਟਿਕਾਵਹੁ। ਤੌ ਅਭਿਮਤਿ ਕਜਾ ਫਲ ਤੁਮ ਪਾਵਹੁ॥੮॥
ਪੰਡੇ ਕਹੈਂ ਆਰਤੀ ਕੈਸੀ ?। ਨਿਤ ਪ੍ਰਤਿ ਕਰਤਿ ਰਹੋ, ਕਹੁ ਕੈਸੀ।
ਤਿਨ ਤੇ ਸੁਨਿ ਕੇ ਕ੍ਰਿਪਾ ਨਿਧਾਨਾ। ਸ਼ਬਦ ਆਰਤੀ ਰੀਤਿ ਬਖਾਨਾ॥੯॥

(ਨਾਨਕ ਪ੍ਰਕਾਸ਼ ਉਤ੍ਤਾਰਧ ਅਧਿ ੧੦)

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਅਕਾਸ਼-ਮਈ ਥਾਲ ਹੈ ਅਰਥਾਤ ਅਕਾਸ਼ ਥਾਲ ਰੂਪ ਹੈ, ਸੂਰਜ ਚੰਦ੍ਰਮਾ ਇਹ ਦੋ ਦੀਵੇ ਬਣੇ ਹੋਏ ਹਨ, ਤਾਰਿਆਂ ਦਾ ਜੋ ਮੰਡਲ=ਸਮੁਦਾਇ ਹੈ ਏਹੋ ਥਾਲ ਵਿਚ ਮੋਤੀ ਜਨਕ=ਜੜੇ ਹੋਏ ਹਨ,

ਅਥਵਾ:–ਤਾਰਿਆਂ ਦਾ ਜੋ ਮੰਡਲ ਹੈ, ਏਹੋ ਮੋਤੀ ਜਨਕ=ਜਾਣੋ।

ਅਥਵਾ:–ਇਹ ਜਨਕ=ਪਿਤਾ ਪਰਮੇਸ਼ਰ ਦੇ ਮੋਤੀ ਹਨ।

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ ੧ ॥

ਯੱਗਾਂ ਦੀ ਅੱਗ ਦਾ ਜੋ ਧੂੰਆਂ ਹੈ ਇਹ ਧੂਪ ਧੁਖ ਰਿਹਾ ਹੈ, ਮਲਿਆਗਰ ਚੰਦਨ ਜਿਹੜਾ ਹੈ ਏਹੋ ਚੰਦਨ ਛਿਣਕਿਆ ਹੈ। ਪਵਣੁ=ਹਵਾ ਚੌਰ ਕਰ ਰਹੀ ਹੈ, ਸਾਰੀ ਜੋ ਬਨਰਾਇ=ਬਨਾਸਪਤੀ ਹੈ ਏਹੋ ਜੋਤੀ=ਪਰਮਾਤਮਾ ਉੱਪਰ ਫੁੱਲ ਚੜ੍ਹ ਰਹੇ ਹਨ॥੧॥

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥

ਹੇ ਭਵ ਖੰਡਨਾ=ਜਨਮ ਮਰਨ ਦੇ ਅਭਾਵ ਕਰਨ ਵਾਲੇ ਅਕਾਲ ਪੁਰਖ! ਇਸ ਤਰ੍ਹਾਂ ਆਪ ਜੀ ਦੀ ਆਰਤੀ ਹੋ ਰਹੀ ਹੈ, ਅਜੇਹੀ ਆਰਤੀ ਤੋਂ ਬਿਨਾਂ ਹੋਰ ਆਪ ਜੀ ਦੀ ਆਰਤੀ ਕੈਸੀ ਹੋਵੇ।

ਪੰਡਿਆਂ ਨੇ ਕਿਹਾ, ਅਸੀਂ ਭੇਰੀ ਵਜਾਉਂਦੇ ਹਾਂ, ਤੁਸੀਂ ਕਿਹੜੀ ਵਜਾਉਂਦੇ ਹੋ? ਉੱਤਰ-

ਅਨਹਤਾ ਸਬਦ ਵਾਜੰਤ ਭੇਰੀ॥ ੧ ॥ ਰਹਾਉ ॥

ਅਨਹਤਾ=ਇੱਕ-ਰਸ ਜੋ ਸਬਦ=ਵੇਦ ਦੀ ਧੁਨ ਹੋ ਰਹੀ ਹੈ ਏਹੀ ਅਸਾਡੇ ਮੱਤ ਵਿਚ ਭੇਰੀ ਵੱਜ ਰਹੀ ਹੈ।

ਪ੍ਰਸ਼ਨ-ਆਰਤੀ ਪਿੱਛੋਂ ਅਸੀਂ ਅਸਤੋਤ੍ਰ ਪੜ੍ਹਦੇ ਹਾਂ, ਤੁਸੀਂ ਕਿਹੜਾ ਅਸਤੋਤ੍ਰ ਪੜ੍ਹਦੇ ਹੋ? ਉੱਤਰ-

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥

ਹੇ ਪ੍ਰਭੂ! ਸਰਗੁਣ ਮੂਰਤੀ ਕਰਕੇ ਆਪ ਜੀ ਦੇ ਹਜ਼ਾਰਾਂ ਨੈਨ=ਨੇਤ੍ਰ ਹਨ, ਨਿਰਗੁਣ ਸਰੂਪ ਹੋਣ ਕਰਕੇ ਤੇਰਾ ਇੱਕ ਭੀ ਨੇਤ੍ਰ ਨਨ=ਨਹੀਂ ਹੈ, ਸਰਗੁਣ ਮੂਰਤੀ ਕਰਕੇ ਆਪ ਦੀਆਂ ਹਜ਼ਾਰਾਂ ਮੂਰਤੀਆਂ ਹਨ, ਨਿਰਗੁਣ ਸਰੂਪ ਕਰਕੇ ਆਪ ਦੀ ਇੱਕ ਭੀ ਮੂਰਤੀ ਨਨਾ=ਨਹੀਂ ਹੈ।

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ॥ ੨ ॥

ਸਰਗੁਣ ਮੂਰਤੀ ਕਰਕੇ ਆਪ ਜੀ ਦੇ ਹਜ਼ਾਰਾਂ ਬਿਮਲ ਪਦ=ਨਿਰਮਲ ਪੈਰ ਹਨ, ਨਿਰਗੁਣ ਸਰੂਪ ਕਰਕੇ ਆਪ ਜੀ ਦਾ ਇੱਕ ਵੀ ਪੈਰ ਨਹੀਂ, ਨਿਰਗੁਣ ਸਰੂਪ ਕਰਕੇ ਆਪ ਗੰਧ=ਘ੍ਰਾਣ ਇੰਦ੍ਰੇ ਤੋਂ ਬਿਨਾਂ ਹੋ, ਸਰਗੁਣ ਮੂਰਤੀ ਕਰਕੇ ਆਪ ਜੀ ਦੇ ਸਹਸ=ਹਜ਼ਾਰਾਂ ਹੀ ਘ੍ਰਾਣ ਇੰਦ੍ਰੇ ਹਨ; ਇਸ ਤਰ੍ਹਾਂ ਦੇ ਚਲਤ=ਕੌਤਕ ਨੂੰ ਵੇਖਕੇ ਮੇਰੀ ਬੁੱਧੀ ਮੋਹੀ=ਮੋਹਤ ਹੋਈ ਹੈ॥ ੨ ॥

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥

ਸਭ ਜੋਤੀਆਂ* ਵਿਚ ਹੇ ਪ੍ਰਭੂ! ਸੋ ਆਪ ਜੀ ਦੀ ਜੋਤ ਪ੍ਰਕਾਸ਼ ਰਹੀ ਹੈ। ਤਿਸ ਆਪ ਜੀ ਦੇ ਚਾਨਣ ਕਰਕੇ ਸਾਰਿਆਂ ਵਿਚ ਚਾਨਣ ਹੋ ਰਿਹਾ ਹੈ।

ਪੰਡਿਆਂ ਨੇ ਪੁੱਛਿਆ ਉਸ ਦੀ ਪ੍ਰਾਪਤੀ ਕਿਵੇ ਹੁੰਦੀ ਹੈ? ਗੁਰ ਉੱਤਰ-

---

*ਛੇ ਜੋਤੀ: ਸੂਰਜ, ਚੰਦ੍ਰਮਾ, ਤਾਰੇ, ਬਿਜਲੀ, ਅਗਨੀ, ਬਾਣੀ, ਯਾਂ (ਬੁੱਧੀ)।

ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥ ੩॥

ਗੁਰਾਂ ਦੀ ਸਾਖੀ=ਸਿੱਖਿਆ ਕਰਕੇ ਉਹ ਜੋਤਿ=ਜੋਤੀ ਪਰਮਾਤਮਾ ਪ੍ਰਗਟ ਹੁੰਦਾ ਹੈ। ਇਤਨੇ ਸ਼ਬਦ ਉਚਾਰਨ ਨਾਲ ਜਗਨਨਾਥ ਦੀ ਮੂਰਤੀ ਗੁਰੂ ਜੀ ਦੇ ਸਾਹਮਣੇ ਆ ਕੇ ਖਲੋ ਗਈ ਤਾਂ ਗੁਰੂ ਜੀ ਨੇ ਕਿਹਾ- ਹੇ ਪੰਡਿਤੋ ! ਜੋ ਆਰਤੀ ਉਸ ਪ੍ਰਭੂ ਨੂੰ ਭਾ ਜਾਵੇ ਉਹ ਆਰਤੀ ਕੀਤੀ ਹੋਈ ਸਫਲ ਹੁੰਦੀ ਹੈ॥੩॥

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

ਹਰੀ ਦੇ ਚਰਨ ਕਵਲਾਂ ਉੱਪਰ ਮੇਰਾ ਮਨ ਰੂਪੀ ਮਕਰੰਦ=ਭੌਰਾ ਲੁਭਾਇਮਾਨ ਹੋ ਰਿਹਾ ਹੈ।

ਅਥਵਾ:- ਹਰੀ ਦੇ ਚਰਨ ਕਵਲਾਂ ਦੀ ਭਗਤੀ, ਵਾ:-ਪ੍ਰੀਤੀ ਰੂਪ ਮਕਰੰਦ=ਸੁਗੰਧੀ ਉੱਪਰ, ਵਾ:-ਪ੍ਰੇਮ ਰੂਪੀ ਮਕਰੰਦ=ਰਸ ਉੱਪਰ, ਵਾ:-ਸ਼ਰਧਾ ਰੂਪੀ ਮਕਰੰਦ=ਧੂੜੀ ਉੱਪਰ ਮੇਰਾ ਮਨ ਲੁਭਾਇਮਾਨ ਹੋ ਰਿਹਾ ਹੈ। ਅਤੇ ਰਾਤ ਦਿਨੇ ਉਸ ਦੇ ਦਰਸ਼ਨਾਂ ਦੀ ਪਿਆਸ ਮੈਨੂੰ ਲੱਗ ਰਹੀ ਆਹੀ=ਹੈ।

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਮਿ ਵਾਸਾ॥ ੪॥ ੧॥ ੭॥ ੯॥ *

ਗੁਰੂ ਜੀ ਕਥਨ ਕਰਦੇ ਹਨ, ਮੈਂ ਸਾਰਿੰਗ=ਪਪੀਹੇ ਨੂੰ ਕਿਰਪਾ ਰੂਪੀ ਜਲ ਦੇਣਾ ਕਰ ਜਿਸ ਕਰਕੇ ਤੇਰੇ ਨਾਮ ਵਿਚ ਮੇਰਾ ਨਿਵਾਸ ਹੋਵੇ। ਅਥਵਾ:-ਮੈਂ ਪਪੀਹੇ ਨੂੰ ਕਿਰਪਾ ਦ੍ਰਿਸ਼ਟੀ ਕਰਕੇ ਨਾਮ ਜਲ ਦੇਣਾ ਕਰ, ਜਿਸ ਕਰਕੇ ਤੇਰੇ ਵਿਚ ਮੇਰਾ ਨਿਵਾਸ ਹੋਵੇ॥੪॥੧॥੭॥੯॥

ਧਨਾਸਰੀ ਮਹਲਾ ੩ ਘਰੁ ੨ ਚਉਪਦੇ ੧ੴ ਸਤਿਗੁਰ ਪ੍ਰਸਾਦਿ॥
ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ॥ ਪੂਰੈ ਸਤਿਗੁਰਿ ਦੀਆ ਦਿਖਾਇ॥

ਇਹ ਨਾਮ ਧਨ ਅਖੁੱਟ ਹੈ ਕਦੇ ਨਿਖੁੱਟ ਨਹੀਂ ਜਾਂਦਾ, ਨਾ ਹੀ ਗੁਆਚ ਜਾਂਦਾ ਹੈ,
ਅਥਵਾ:-ਇਸ ਨਾਮ ਧਨ ਦੇ ਗ੍ਰਹਿਣ ਕਰਨ ਵਾਲਾ ਉੱਤਮ ਜਗਿਆਸੂ ਕਿਸੇ ਜੂਨ ਵਿਚ ਨਹੀਂ ਜਾਂਦਾ।

***ਦੋਨਾਂ ਸ਼ਬਦਾਂ ਦਾ ਪਾਠ ਭੇਦ**

ਕੀਰਤਨ ਸੋਹਿਲਾ ਪੰਨਾ ੧੩	ਰਾਗੁ ਧਨਾਸਰੀ ਪੰਨਾ ੬੬੩
ਸਹਸ ਤਵ ਨੈਨ, ਨਨ ਨੈਣ, 'ਹਹਿ' 'ਤੋਹਿ' ਕਉ	ਸਹਜ ਤਵ ਨੈਨ, ਨਨ ਨੈਨ, ''ਹੈ'' ਤੋਹਿ ਕਉ
ਸਹਸ ਮੂਰਤਿ ਨਨਾ ਏਕ ''ਤੁਹੀ''॥	ਸਹਸ ਮੂਰਤਿ ਨਨਾ ਏਕ 'ਤੋਹੀ'॥
'ਤਿਸ ਦੈ' ਚਾਨਣਿ ਸਭ ਮਹਿ	''ਤਿਸ ਕੈ'' ਚਾਨਣਿ ਸਭ ਮੀਹ
ਹਰਿ ਚਰਣ 'ਕਵਲ' ਮਕਰੰਦ ਲੋਭਿਤ ਮਨੋ	ਹਰਿ ਚਰਣ 'ਕਮਲ' ਮਕਰੰਦ ਲੋਭਿਤ ਮਨੋ
'ਅਨਦਿਨੁ' ਮੋਹਿ ਆਹੀ ਪਿਆਸਾ॥	'ਅਨਦਿਨੋ' ਮੋਹਿ ਆਹੀ ਪਿਆਸਾ॥
ਹੋਇ ਜਾ ਤੇ ਤੇਰੈ ''ਨਾਇ'' ਵਾਸਾ॥	ਹੋਇ ਜਾ ਤੇ ਤੇਰੈ ''ਨਾਮਿ'' ਵਾਸਾ॥

ਪੂਰਿਆਂ ਸਤਿਗੁਰਾਂ ਨੇ ਇਹ ਨਾਮ ਧਨ ਮੈਨੂੰ ਵਿਖਾ ਦਿਤਾ ਹੈ।

ਯਥਾ:- ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ॥

ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ॥ (ਪੰਨਾ ੬੦੦)

ਅਪੁਨੇ ਸਤਿਗੁਰੁ ਕਉ ਸਦ ਬਲਿ ਜਾਈ॥
ਗੁਰ ਕਿਰਪਾ ਤੇ ਹਰਿ ਮੰਨਿ ਵਸਾਈ॥ ੧॥

ਮੈਂ ਆਪਣਿਆਂ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ।

ਜਿਨ੍ਹਾਂ ਗੁਰਾਂ ਦੀ ਕਿਰਪਾ ਨਾਲ ਹਰੀ ਨਾਮ ਦੀ ਪ੍ਰੀਤੀ ਮਨ ਵਿਖੇ ਵਸਾਈ ਹੈ॥ ੧॥

ਸੇ ਧਨਵੰਤ ਹਰਿ ਨਾਮਿ ਲਿਵ ਲਾਇ॥

ਉਹ ਪੁਰਸ਼ ਅਸਲ ਧਨ ਵਾਲੇ ਹਨ ਜੋ ਹਰੀ ਨਾਮ ਵਿਚ ਬਿਰਤੀ ਲਗਾਉਂਦੇ ਹਨ।

ਗੁਰਿ ਪੂਰੈ ਹਰਿ ਧਨੁ ਪਰਗਾਸਿਆ
ਹਰਿ ਕਿਰਪਾ ਤੇ ਵਸੈ ਮਨਿ ਆਇ॥ ਰਹਾਉ॥

ਪੂਰਿਆਂ ਗੁਰਾਂ ਨੇ ਹਰੀ ਨਾਮ ਧਨ ਮੈਨੂੰ ਪਰਗਾਸਿਆ=ਪ੍ਰਗਟ ਕੀਤਾ ਹੈ।

ਅਤੇ ਹਰੀ ਦੀ ਕਿਰਪਾ ਨਾਲ ਮਨ ਵਿਚ ਆ ਵਸਿਆ ਹੈ॥ਰਹਾਉ॥

ਅਵਗੁਣ ਕਾਟਿ ਗੁਣ ਰਿਦੈ ਸਮਾਇ॥ ਪੂਰੇ ਗੁਰ ਕੈ ਸਹਜਿ ਸੁਭਾਇ॥

ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਸਹਜਿ ਸੁਭਾਇ=ਸੁਤੇ ਸਿੱਧ ਔਗੁਣ ਕੱਟੇ ਜਾਂਦੇ ਹਨ। ਅਤੇ ਸ਼ੁੱਭ ਗੁਣ ਹਿਰਦੇ ਵਿਚ ਆ ਕੇ ਸਮਾਂਵਦੇ ਹਨ।

ਪੂਰੇ ਗੁਰ ਕੀ ਸਾਚੀ ਬਾਣੀ॥ ਸੁਖ ਮਨ ਅੰਤਰਿ ਸਹਜਿ ਸਮਾਣੀ॥ ੨॥

ਪੂਰਿਆਂ ਗੁਰਾਂ ਦੀ ਸੱਚੀ ਬਾਣੀ ਦਾ ਅਭਿਆਸ ਕਰਨ ਕਰਕੇ, ਮਨ ਅੰਦਰ ਸੁਖ ਹੁੰਦਾ ਹੈ ਅਤੇ ਬਿਰਤੀ ਸਹਜ ਪਦ ਵਿਚ ਸਮਾਂਵਦੀ ਹੈ॥ ੨॥

ਏਕੁ ਅਚਰਜੁ ਜਨ ਦੇਖਹੁ ਭਾਈ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ॥

ਹੇ ਭਾਈ ਜਨੋ ! ਇੱਕ ਹੋਰ ਅਸਚਰਜ ਦੇਖਣਾ ਕਰੋ। ਉਸ ਬਾਣੀ ਨੇ ਦ੍ਵੈਤ ਨੂੰ ਮਾਰ ਕੇ ਬਾਹਰ ਕੱਢ ਦਿੱਤਾ ਹੈ ਅਤੇ ਹਰੀ ਨੂੰ ਮਨ ਵਿਚ ਵਸਾ ਦਿੱਤਾ ਹੈ।

ਨਾਮੁ ਅਮੋਲਕੁ ਨ ਪਾਇਆ ਜਾਇ॥ ਗੁਰ ਪਰਸਾਦਿ ਵਸੈ ਮਨਿ ਆਇ॥ ੩॥

ਪ੍ਰਭੂ ਦਾ ਨਾਮ ਅਮੋਲਕ ਹੈ ਆਪਣੇ ਅਪ ਕਿਸੇ ਯਤਨ ਦੁਆਰਾ ਨਹੀਂ ਪਾਇਆ ਜਾਂਦਾ। ਗੁਰਾਂ ਦੀ ਕਿਰਪਾ ਨਾਲ ਆਪੇ ਮਨ ਵਿਚ ਆ ਵਸਦਾ ਹੈ॥੩॥

ਸਭ ਮਹਿ ਵਸੈ ਪ੍ਰਭੁ ਏਕੋ ਸੋਇ॥ ਗੁਰਮਤੀ ਘਟਿ ਪਰਗਟੁ ਹੋਇ॥

ਸਾਰਿਆਂ ਵਿਚ ਇੱਕ ਓਹੀ ਪ੍ਰਭੂ ਵੱਸ ਰਿਹਾ ਹੈ। ਪਰ ਗੁਰਾਂ ਦੀ ਸਿੱਖਿਆ ਕਰਕੇ ਹਿਰਦੇ ਵਿਚੋਂ ਹੀ ਪ੍ਰਗਟ ਹੋ ਜਾਂਦਾ ਹੈ।

(ਪੰਨਾ ੬੬੪) ਸਹਜੇ ਜਿਨਿ ਪ੍ਰਭ ਜਾਣਿ ਪਛਾਣਿਆ ॥
ਨਾਨਕ ਨਾਮੁ ਮਿਲੈ ਮਨੁ ਮਾਨਿਆ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਦਾ ਮਨ ਗੁਰਾਂ ਉੱਪਰ ਮੰਨਿਆਂ ਗਿਆ ਹੈ ਉਹਨਾਂ ਨੂੰ ਨਾਮ ਮਿਲਿਆ ਹੈ, ਜਿਨ੍ਹਾਂ ਨੂੰ ਨਾਮ ਮਿਲਿਆ ਹੈ ਉਹਨਾਂ ਨੇ ਜਾਣਿ=ਗਿਆਨ ਦੁਆਰਾ ਪ੍ਰਭੂ ਨੂੰ ਸਹਜੇ ਹੀ ਪਛਾਣ ਲਿਆ ਹੈ॥ ੪ ॥੧ ॥

ਧਨਾਸਰੀ ਮਹਲਾ ੩ ॥

ਹਰਿ ਨਾਮੁ ਧਨੁ ਨਿਰਮਲੁ ਅੰਤ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥

ਅਪਾਰ ਹਰੀ ਦਾ ਨਾਮ ਧਨ ਅਤਿ=ਬੜਾ ਨਿਰਮਲ ਹੈ।

ਗੁਰਾਂ ਦੇ ਉਪਦੇਸ਼ ਕਰਕੇ ਗੁਰਮੁਖਾਂ ਦੇ ਅੰਤਹਕਰਨ ਰੂਪ ਭੰਡਾਰੇ ਨਾਮ-ਧਨ ਨਾਲ ਭਰੇ ਹੋਏ ਹਨ।

ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥ ੧ ॥

ਨਾਮ ਧਨ ਤੋਂ ਬਿਨਾਂ ਹੋਰ ਸਾਰੇ ਜਗਤ ਨੂੰ ਬਿਖੁ=ਜ਼ਹਿਰ ਰੂਪ ਜਾਣੋ।

ਮਾਇਆ ਦੇ ਮੋਹ ਕਰਕੇ ਜੀਵ ਹੰਕਾਰ ਦੀ ਅੱਗ ਵਿਚ ਜਲੈ=ਸੜ ਰਹੇ ਹਨ॥੧ ॥

ਗੁਰਮੁਖਿ ਹਰਿ ਰਸੁ ਚਾਖੈ ਕੋਇ ॥

ਜਿਹੜਾ ਕੋਈ ਗੁਰਮੁਖ ਗੁਰਾਂ ਦੁਆਰੇ ਹਰੀ ਨਾਮ-ਰਸ ਨੂੰ ਚੱਖਦਾ ਹੈ।

ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥

ਉਸ ਨੂੰ ਸਦਾ ਹੀ ਦਿਨ ਰਾਤ ਅਨੰਦ ਪ੍ਰਾਪਤ ਹੁੰਦਾ ਹੈ, ਪਰ ਪੂਰਿਆਂ ਭਾਗਾਂ ਕਰਕੇ ਨਾਮ ਪ੍ਰਾਪਤ ਹੁੰਦਾ ਹੈ॥ਰਹਾਉ ॥

ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥

ਸਬਦੁ=ਬ੍ਰਹਮ ਦੀ ਦੀਪਕੁ=ਪ੍ਰਕਾਸ਼ ਤਿੰਨਾਂ ਲੋਕਾਂ ਵਿਚ ਵਰਤ ਰਿਹਾ ਹੈ।

ਜੋ ਉਸ ਬ੍ਰਹਮ ਦੇ ਨਾਮ-ਰਸ ਨੂੰ ਚੱਖਦਾ ਹੈ ਉਹ ਨਿਰਮਲੁ=ਪਵਿੱਤਰ ਹੁੰਦਾ ਹੈ।

ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥ ੨ ॥

ਨਾਮੀ ਪ੍ਰਭੂ ਦਾ ਨਿਰਮਲ=ਪਵਿੱਤਰ ਨਾਮ ਹਉਮੈ ਦੀ ਮੈਲ ਨੂੰ ਧੋ ਦੇਂਦਾ ਹੈ।

ਅਤੇ ਸੱਚੀ ਭਗਤੀ ਕਰਕੇ ਹੀ ਨਿੱਤ ਸੁਖ ਪ੍ਰਾਪਤ ਹੁੰਦਾ ਹੈ॥੨ ॥

ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥
ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥

ਜਿਸ ਨੇ ਹਰੀ ਨਾਮ ਰਸ ਨੂੰ ਚੱਖਿਆ ਹੈ ਓਹੀ ਲੋਕ ਹਰੀ ਦਾ ਸੇਵਕ ਜਨ ਹੈ।

ਉਸ ਨੂੰ ਸਦਾ ਅਨੰਦ ਰਹਿੰਦਾ ਹੈ ਕਦੇ ਭੀ ਸੋਗ ਨਹੀਂ ਹੁੰਦਾ।

ਆਪਿ ਮੁਕਤੁ ਅਵਰਾ ਮੁਕਤੁ ਕਰਾਵੈ॥
ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ॥੩॥

ਉਹ ਆਪ ਮੁਕਤ ਰੂਪੀ ਹੈ, ਹੋਰਨਾਂ ਨੂੰ ਮੁਕਤ ਕਰਾਉਂਦਾ ਹੈ। ਉਹ ਹਰੀ ਨਾਮ ਨੂੰ ਜਪਦਾ ਹੈ, ਹਰਿ ਤੇ=ਹਰੀ ਨਾਮ ਕਰਕੇ ਹੀ ਸੁਖ ਨੂੰ ਪਾਉਂਦਾ ਹੈ॥੩॥

ਬਿਨੁ ਸਤਿਗੁਰ ਸਭ ਮੁਈ ਬਿਲਲਾਇ॥
ਅਨਦਿਨੁ ਦਾਝਹਿ ਸਾਤਿ ਨ ਪਾਇ॥

ਸਤਿਗੁਰਾਂ ਤੋਂ ਬਿਨਾਂ ਸਾਰੀ ਦੁਨੀਆਂ ਵਿਰਲਾਪ ਕਰਦੀ ਮਰ ਰਹੀ ਹੈ। ਕਿਉਂਕਿ ਰਾਤ ਦਿਨ ਤ੍ਰਿਸ਼ਨਾਂ ਦੀ ਅੱਗ ਵਿਚ ਦਾਝਹਿ=ਸੜ ਰਹੀ ਹੈ, ਸਾਤਿ=ਸ਼ਾਂਤੀ ਨੂੰ ਨਹੀਂ ਪਾਉਂਦੀ।

ਸਤਿਗੁਰੁ ਮਲੈ ਸਭੁ ਤ੍ਰਿਸਨ ਬੁਝਾਏ॥
ਨਾਨਕ ਨਾਮਿ ਸਾਂਤਿ ਸੁਖੁ ਪਾਏ॥੪॥੨॥

ਜਦ ਸਤਿਗੁਰ ਦੇਵ ਜੀ ਮਿਲਣ ਤਾਂ ਉਹ ਸਾਰੀ ਤ੍ਰਿਸ਼ਨਾਂ ਰੂਪ ਅੱਗ ਬੁਝਾ ਦੇਂਦੇ ਹਨ। ਗੁਰੂ ਜੀ ਕਥਨ ਕਰਦੇ ਹਨ, ਨਾਮਿ=ਨਾਮੀ ਦੇ ਨਾਮ ਕਰਕੇ ਹੀ ਸ਼ਾਂਤੀ ਸੁਖ ਨੂੰ ਪਾਉਂਦਾ ਹੈ॥੪॥੨॥

ਧਨਾਸਰੀ ਮਹਲਾ ੩॥

ਸਦਾ ਧਨੁ ਅੰਤਰਿ ਨਾਮੁ ਸਮਾਲੇ॥ ਜੀਅ ਜੰਤ ਜਿਨਹਿ ਪ੍ਰਤਿਪਾਲੇ॥

ਅੰਨ੍ਹੇਂ-ਜਿਸ ਪਰਮਾਤਮਾ ਨੇ ਸੂਖਮ ਸਥੂਲ ਜੀਅ ਜੰਤ ਸਾਰੇ ਪਾਲਣਾ ਕੀਤੇ ਹਨ।

ਉਸ ਦੇ ਨਾਮ ਧਨ ਨੂੰ ਗੁਰਮੁਖ ਸਦਾ ਹੀ ਹਿਰਦੇ ਅੰਦਰ ਸੰਭਾਲਦੇ ਹਨ।

ਮੁਕਤਿ ਪਦਾਰਥੁ ਤਿਨ ਕਉ ਪਾਏ॥ ਹਰਿ ਕੈ ਨਾਮਿ ਰਤੇ ਲਿਵ ਲਾਏ॥੧॥

ਉਹਨਾਂ ਗੁਰਮੁਖਾਂ ਨੂੰ ਮੁਕਤੀ ਪਦਾਰਥ ਪ੍ਰਾਪਤ ਹੁੰਦਾ ਹੈ।

ਜੋ ਲਿਵ ਲਗਾ ਕੇ ਹਰੀ ਦੇ ਨਾਮ ਸਿਮਰਨ ਵਿਚ ਰੱਤੇ ਹਨ॥੧॥

ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ॥
ਅੰਤਰਿ ਪਰਗਾਸੁ ਹਰਿ ਨਾਮੁ ਧਿਆਵੈ॥ ਰਹਾਉ॥

ਗੁਰਾਂ ਦੀ ਸੇਵਾ ਕਰਕੇ ਹੀ ਹਰੀ ਨਾਮ ਧਨ ਨੂੰ ਪਾਂਵਦਾ ਹੈ।

ਹਰੀ ਨਾਮ ਦੇ ਧਿਆਉਣ ਕਰਕੇ ਹੀ ਹਿਰਦੇ ਅੰਦਰ ਪਰਗਾਸੁ=ਗਿਆਨ ਹੁੰਦਾ ਹੈ॥ਰਹਾਉ॥

ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ॥ ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ॥

ਇਹ ਹਰੀ ਪਤੀ ਦਾ ਗੂੜਾ ਰੰਗੁ=ਅਨੰਦ ਉਸ ਧਨ=ਇਸਤ੍ਰੀ ਨੂੰ ਪ੍ਰਾਪਤ ਹੁੰਦਾ ਹੈ।

ਜਿਹੜੀ ਇਸਤ੍ਰੀ ਸਾਂਤਿ=ਸ਼ਾਂਤੀ ਦਾ ਸ਼ਿੰਗਾਰ ਕਰਕੇ ਉਸ ਪ੍ਰਭੂ ਨੂੰ ਰਾਵੇ=ਭੋਗਦੀ ਹੈ।

ਹਉਮੈ ਵਿਚਿ ਪ੍ਰਭੁ ਕੋਇ ਨ ਪਾਏ॥ ਮੂਲਹੁ ਭੁਲਾ ਜਨਮੁ ਗਵਾਏ॥ ੨॥

ਹਿਰਦੇ ਵਿਚ ਹੰਗਤਾ ਮਮਤਾ ਦੇ ਹੋਣ ਕਰਕੇ ਪ੍ਰਭੂ ਨੂੰ ਕੋਈ ਭੀ ਨਹੀਂ ਪਾਂਵਦਾ।

ਇਹ ਜੀਵ ਮੂਲਹੁ=ਮੁੱਢ ਤੋਂ ਭੁੱਲਾ ਹੋਇਆ ਮਨੁੱਖ ਜਨਮ ਨੂੰ ਨਿਸਫਲ ਗੁਆ ਰਿਹਾ ਹੈ॥੨॥

ਗੁਰ ਤੇ ਸਾਤਿ ਸਹਜ ਸੁਖੁ ਬਾਣੀ॥ ਸੇਵਾ ਸਾਚੀ ਨਾਮਿ ਸਮਾਣੀ॥

ਗੁਰਾਂ ਦੀ ਬਾਣੀ ਤੇ=ਕਰਕੇ ਸਹਜੇ ਸਾਤਿ=ਸ਼ਾਂਤੀ ਸੁਖ ਹੁੰਦਾ ਹੈ। ਗੁਰਾਂ ਦੀ ਸੱਚੀ ਸੇਵਾ ਕਰਕੇ ਨਾਮੀ ਵਿਚ ਅਭੇਦਤਾ ਹੁੰਦੀ ਹੈ।

ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ॥ ਸਾਚ ਨਾਮਿ ਵਡਿਆਈ ਪਾਏ॥ ੩॥

ਜੋ ਗੁਰ-ਸ਼ਬਦ ਵਿਚ ਮਿਲੇ ਹਨ, ਤੇ ਪ੍ਰੀਤਮ ਪ੍ਰਭੂ ਨੂੰ ਸਦਾ ਧਿਆਉਂਦੇ ਹਨ।

ਉਹ ਸੱਚੇ ਨਾਮੀ ਦੇ ਨਾਮ ਕਰਕੇ ਵਡਿਆਈ ਨੂੰ ਪਾਉਂਦੇ ਹਨ॥੩॥

ਆਪੇ ਕਰਤਾ ਜੁਗਿ ਜੁਗਿ ਸੋਇ॥ ਨਦਰਿ ਕਰੇ ਮੇਲਾਵਾ ਹੋਇ॥

ਉਹ ਪ੍ਰਭੂ ਜੁਗਾਂ ਜੁਗਾਂ ਵਿਚ ਆਪ ਹੀ ਸਾਰਿਆਂ ਦਾ ਕਰਤਾ ਹੈ।

ਉਹ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰਾਂ ਨਾਲ ਮਿਲਾਪ ਹੁੰਦਾ ਹੈ।

ਗੁਰਬਾਣੀ ਤੇ ਹਰਿ ਮੰਨਿ ਵਸਾਏ॥
ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ॥ ੪॥ ੩॥

ਗੁਰਬਾਣੀ ਕਰਕੇ ਮਨ ਵਿਚ ਹਰੀ ਨਾਮ ਨੂੰ ਵਸਾਉਣਾ ਕਰੇ।

ਗੁਰੂ ਜੀ ਕਥਨ ਕਰਦੇ ਹਨ, ਜੋ ਸੱਚੇ ਨਾਮਿ ਵਿਚ ਰੱਤੇ ਹਨ, ਉਹਨਾਂ ਨੂੰ ਪ੍ਰਭੂ ਆਪਣੇ ਵਿਚ ਮਿਲਾਏ=ਅਭੇਦ ਕਰ ਲੈਂਦਾ ਹੈ॥੪॥੩॥

ਧਨਾਸਰੀ ਮਹਲਾ ੩ ਤੀਜਾ॥
ਜਗੁ ਮੈਲਾ ਮੈਲੋ ਹੋਇ ਜਾਇ॥ ਆਵੈ ਜਾਇ ਦੂਜੈ ਲੋਭਾਇ॥

(੧) ਜਗਤ ਮੈਲਾ ਹੈ ਇਸ ਦੀ ਸੰਗਤ ਕਰਕੇ ਜੀਵ ਭੀ ਮੈਲਾ ਹੁੰਦਾ ਜਾਂਦਾ ਹੈ।

(੨) ਇਹ ਜਗੁ=ਜੀਵ ਰਾਗ ਦ੍ਵੈਸ਼ ਰੂਪੀ ਮੈਲ ਕਰਕੇ ਮੈਲਾ ਹੁੰਦਾ ਜਾਂਦਾ ਹੈ।

ਦੂਜੈ=ਦ੍ਵੈਤ ਭਾਵ ਅਤੇ ਲੋਭ ਦੇ ਆਉਣ ਕਰਕੇ ਜੰਮਦਾ ਹੈ।

ਦੂਜੈ ਭਾਇ ਸਭ ਪਰਜ ਵਿਗੋਈ॥
ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ॥ ੧॥

ਦੂਜੈ ਭਾਇ=ਦੈਤ ਭਾ ਨੇ ਸਾਰੀ ਪਰਜਾ ਵਿਗੋਈ=ਖਰਾਬ ਕਰ ਦਿਤੀ ਹੈ।

ਮਨਮੁਖਾਂ ਨੇ ਮੋਹ ਦੀਆਂ ਚੋਟਾਂ ਖਾ ਕੇ ਆਪਣੀ ਪਤ-ਆਬਰੋ ਖੋਹ ਲੀਤੀ ਹੈ।

ਅਥਵਾ:-ਮਨਮੁਖਾਂ ਨੇ ਇਸ ਲੋਕ ਵਿਚ ਆਪਣੀ ਪਤ ਖੋ ਲਈ ਹੈ ਅਤੇ ਅੱਗੇ ਪ੍ਰਲੋਕ ਵਿਚ ਜਾ ਕੇ ਜਮਾਂ ਦੀਆ ਚੋਟਾਂ ਖਾਣਗੇ॥ ੧ ॥

ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥
ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥

ਗੁਰਾਂ ਦੀ ਸੇਵਾ ਕਰਨ ਨਾਲ ਪੁਰਸ਼ ਦਾ ਮਨ ਨਿਰਮਲ ਹੁੰਦਾ ਹੈ।

ਹਿਰਦੇ ਅੰਦਰ ਨਾਮ ਦੇ ਵਸਣ ਨਾਲ ਉੱਤਮ ਪਤ-ਆਬਰੋ ਹੁੰਦੀ ਹੈ॥ ਰਹਾਉ॥

ਗੁਰਮੁਖਿ ਉਬਰੇ ਹਰਿ ਸਰਣਾਈ ॥ ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥

ਹਰੀ ਦੀ ਸ਼ਰਨ ਵਿਚ ਆ ਕੇ ਗੁਰਮੁਖ ਦੁਬਿਧਾ ਤੋਂ ਉਬਰੇ=ਬਚੇ ਹਨ।

ਆਪ ਰਾਮ ਨਾਮ ਦੇ ਸਿਮਰਨ ਵਿਚ ਰੱਤੇ ਹੋਏ ਹਨ ਤੇ ਹੋਰਨਾਂ ਨੂੰ ਭਗਤੀ ਦ੍ਰਿੜਾਈ=ਦ੍ਰਿੜ੍ਹ ਕਰਾਉਂਦੇ ਹਨ।

ਭਗਤਿ ਕਰੇ ਜਨੁ ਵਡਿਆਈ ਪਾਏ ॥ ਸਾਚਿ ਰਤੇ ਸੁਖ ਸਹਜਿ ਸਮਾਏ ॥ ੨ ॥

ਭਗਤੀ ਕਰਕੇ ਗੁਰਮੁਖ ਜਨ ਵਡਿਆਈ ਪਾਉਂਦੇ ਹਨ।

ਸੱਚ ਵਿਚ ਰੱਤੇ ਹੋਏ ਸਹਜ ਸੁਖ ਵਿਚ ਸਮਾਉਂਦੇ ਹਨ॥ ੨ ॥

ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥

ਸੱਚੇ ਨਾਮ ਦਾ ਗਾਹਕੁ-ਖਰੀਦਾਰ ਕੋਈ ਵਿਰਲਾ ਜਾਣੋ। ਜੋ ਗ੍ਰਾਹਕ ਹੈ, ਉਹ ਗੁਰਾਂ ਦੇ ਉਪਦੇਸ਼ ਕਰਕੇ ਆਪਣੇ ਸਰੂਪ ਨੂੰ ਪਛਾਣਦਾ ਹੈ।

ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥ ੩ ॥

ਜਿਸ ਦੇ ਪਾਸ ਸੱਚੀ ਸ਼ਰਧਾ ਰੂਪ ਰਾਸਿ=ਪੂੰਜੀ ਹੈ. ਅਤੇ ਸੱਚ ਨਾਮ ਦਾ ਵਪਾਰ ਕਰਦਾ ਹੈ। ਉਹ ਪੁਰਸ਼ ਧੰਨ ਹੈ ਜਿਸ ਦਾ ਨਾਮ ਵਿਚ ਪਿਆਰ ਹੈ॥੩ ॥

(ਪੰਨਾ ੬੬੫)

ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ ॥ ਊਤਮ ਬਾਣੀ ਸਬਦੁ ਸੁਣਾਏ ॥

ਉਸ ਸੱਚੇ ਪ੍ਰਭੂ ਨੇ ਹੀ ਇਕਨਾਂ ਨੂੰ ਸੱਚੇ ਨਾਮ ਵਿਚ ਲਗਾਇਆ ਹੈ। ਉਹ ਅੱਗੋਂ ਹੋਰਨਾਂ ਨੂੰ ਉੱਤਮ ਬਾਣੀ ਦੁਆਰਾ ਉਪਦੇਸ਼ ਨੂੰ ਸੁਣਾਉਂਦੇ ਹਨ।

ਪ੍ਰਭ ਸਾਚੇ ਕੀ ਸਾਚੀ ਕਾਰ ॥ ਨਾਨਕ ਨਾਮਿ ਸਵਾਰਣਹਾਰ ॥ ੪ ॥ ੪ ॥

ਸੱਚੇ ਪ੍ਰਭੂ ਦੀ ਸੇਵਾ ਰੂਪ ਸੱਚੀ ਕਾਰ ਕਰਦੇ ਹਨ। ਗੁਰੂ ਜੀ ਕਥਨ ਕਰਦੇ ਹਨ, ਨਾਮੀ ਪਰਮਾਤਮਾ ਉਹਨਾਂ ਦੇ ਸਾਰੇ ਕੰਮ ਸਵਾਰਣ ਵਾਲਾ ਹੈ॥੪ ॥੪ ॥

ਧਨਾਸਰੀ ਮਹਲਾ ੩ ॥

ਜੋ ਹਰਿ ਸੇਵਹਿ ਤਿਨ ਬਲਿ ਜਾਉ ॥ ਤਿਨ ਹਿਰਦੈ ਸਾਚੁ ਸਚਾ ਮੁਖਿ ਨਾਉ ॥

ਜੋ ਹਰੀ ਨੂੰ ਸੇਂਵਦੇ ਹਨ ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ।

ਉਹਨਾਂ ਦੇ ਹਿਰਦੇ ਵਿਚ ਭੀ ਸੱਚਾ ਨਾਮ ਹੈ, ਅਤੇ ਮੂੰਹ ਵਿਚ ਭੀ ਸੱਚਾ ਨਾਮ ਹੈ।

ਸਾਚੋ ਸਾਚੁ ਸਮਾਲਿਹੁ ਦੁਖੁ ਜਾਇ ॥ ਸਾਚੈ ਸਬਦਿ ਵਸੈ ਮਨਿ ਆਇ ॥ ੧ ॥

ਸੱਚੇ ਪ੍ਰਭੂ ਦੇ ਸੱਚ ਨਾਮ ਸੰਮ੍ਹਾਲਣ ਕਰਕੇ ਦੁੱਖ ਨਿਵਿਰਤ ਹੋ ਜਾਂਦਾ ਹੈ।

ਪਰ ਸਚਿਆਂ ਗੁਰਾਂ ਦੇ ਉਪਦੇਸ਼ ਕਰਕੇ ਸੱਚ ਨਾਮ ਮਨ ਵਿਚ ਆ ਕੇ ਵਸਦਾ ਹੈ॥੧॥

ਗੁਰਬਾਣੀ ਸੁਣਿ ਮੈਲੁ ਗਵਾਏ ॥
ਸਹਜੇ ਹਰਿ ਨਾਮੁ ਮੰਨਿ ਵਸਾਏ ॥ ੧ ॥ ਰਹਾਉ ॥

ਜਾਂ ਗੁਰਬਾਣੀ ਨੂੰ ਸੁਣ ਕੇ ਪਾਪਾਂ ਰੂਪੀ ਮੈਲ ਨੂੰ ਗੁਆ ਲਵੇ। ਤਾਂ

ਸੁਤੇ ਸਿੱਧ ਹੀ ਹਰੀ ਨਾਮ ਨੂੰ ਮਨ ਵਿਚ ਵਸਾ ਲੈਂਦਾ ਹੈ॥ ੧ ॥ ਰਹਾਉ ॥

ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ ॥ ਅੰਤਰਿ ਸਾਂਤਿ ਸਹਜਿ ਸੁਖੁ ਪਾਏ ॥

ਕੂੜ=ਝੂਠ, ਕੁਸਤੁ=ਕੁ-ਹਠ, ਅਤੇ ਤ੍ਰਿਸ਼ਨਾਂ ਰੂਪ ਅੱਗ ਬੁਝਾਉਣਾ ਕਰੇ। ਤਾਂ

ਅੰਤਹਕਰਨ ਵਿਚ ਸਹਜੇ ਹੀ ਸ਼ਾਂਤੀ ਸੁਖ ਨੂੰ ਪਾਉਂਦਾ ਹੈ।

ਗੁਰ ਕੈ ਭਾਣੈ ਚਲੈ ਤਾ ਆਪੁ ਜਾਇ ॥
ਸਾਚੁ ਮਹਲੁ ਪਾਏ ਹਰਿ ਗੁਣ ਗਾਇ ॥ ੨ ॥

ਗੁਰਾਂ ਦੇ ਹੁਕਮ ਵਿਚ ਚਲੇ ਤਾਂ ਆਪੁ=ਹੰਕਾਰ ਚਲਿਆ ਜਾਂਦਾ ਹੈ।

ਹਰੀ ਗੁਣਾਂ ਨੂੰ ਗਾਵੇ ਤਾਂ ਸੱਚੇ ਸਰੂਪ ਨੂੰ ਪਾਂਵਦਾ ਹੈ॥੨॥

ਨ ਸਬਦੁ ਬੂਝੈ ਨ ਜਾਣੈ ਬਾਣੀ ॥ ਮਨਮੁਖਿ ਅੰਧੇ ਦੁਖਿ ਵਿਹਾਣੀ ॥

ਸਬਦ=ਗੁਰ-ਉਪਦੇਸ਼, ਯਾਂ ਬ੍ਰਹਮ ਨੂੰ ਬੁੱਝਦੇ ਨਹੀਂ ਹਨ, ਨਾ ਹੀ ਗੁਰਬਾਣੀ ਨੂੰ ਜਾਣਦੇ ਹਨ। ਇਸ ਕਰਕੇ ਮਨਮੁਖ ਅੰਨ੍ਹਿਆਂ ਦੀ ਦੁੱਖਾਂ ਵਿਚ ਹੀ ਉਮਰਾ ਵਿਹਾਣੀ=ਬੀਤਦੀ ਹੈ।

ਸਤਿਗੁਰੁ ਭੇਟੇ ਤਾ ਸੁਖੁ ਪਾਏ ॥ ਹਉਮੈ ਵਿਚਹੁ ਠਾਕਿ ਰਹਾਏ ॥ ੩ ॥

ਸਤਿਗੁਰਾਂ ਨਾਲ ਭੇਟੇ=ਮਿਲਕੇ ਹਿਰਦੇ ਵਿਚੋਂ ਹਉਮੈ ਨੂੰ ਠਾਕਿ ਰਹਾਏ=ਰੋਕ ਰੱਖੇ, ਤਾਂ ਸੁਖ ਨੂੰ ਪਾਉਂਦਾ ਹੈ॥੩॥

ਕਿਸ ਨੋ ਕਹੀਐ ਦਾਤਾ ਇਕੁ ਸੋਇ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਇ ॥

ਹੇ ਭਾਈ ! ਹੋਰ ਕਿਸੇ ਨੂੰ ਕੀ ਕਹੀਏ ਕਿਉਂਕਿ ਦਾਤਾ ਤਾਂ ਇੱਕ ਪ੍ਰਭੂ ਹੀ ਹੈ। ਉਹ ਜਿਸ ਉੱਤੇ

ਕਿਰਪਾ ਕਰਦਾ ਹੈ, ਉਸ ਦਾ ਗੁਰ-ਸ਼ਬਦ ਨਾਲ ਮਿਲਾਪ ਹੁੰਦਾ ਹੈ।

ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਾ ਭਾਵਾ ॥ ੪ ॥ ੫ ॥

ਗੁਰੂ ਪ੍ਰੀਤਮ ਨਾਲ ਮਿਲਕੇ ਸੱਚੇ ਦੇ ਗੁਣ ਗਾਉਣਾ ਕਰੇ। ਗੁਰੂ ਜੀ ਕਥਨ ਕਰਦੇ ਹਨ, ਸੱਚੇ ਪ੍ਰਭੂ ਨੂੰ ਸੱਚ ਨਾਮ ਜਪਣ ਵਾਲਾ ਹੀ ਭਾਉਂਦਾ ਹੈ ॥੪ ॥੫ ॥

ਧਨਾਸਰੀ ਮਹਲਾ ੩ ॥

ਮਨੁ ਮਰੈ ਧਾਤੁ ਮਰਿ ਜਾਇ ॥ ਬਿਨੁ ਮਨ ਮੂਏ ਕੈਸੇ ਹਰਿ ਪਾਇ ॥

ਮਨ ਮਰ ਜਾਵੇ ਤਾਂ ਇਸ ਦਾ ਧਾਤੁ=ਦੌੜਨਾ ਮਰ ਜਾਂਦਾ ਹੈ। ਮਨ ਦੇ ਮੋਏ ਤੋਂ ਬਿਨਾਂ ਹਰੀ ਨੂੰ ਕਿਵੇਂ ਪਾ ਸਕਦਾ ਹੈ।

ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥ ੧ ॥

ਜਿਸ ਤਰੀਕੇ ਨਾਲ ਇਹ ਮਰਦਾ ਹੈ, ਉਸ ਦਾ ਦਾਰੂ=ਦਵਾਈ ਨੂੰ ਕੋਈ ਵਿਰਲਾ ਜਾਣਦਾ ਹੈ। ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਮਨ ਮਰਦਾ ਹੈ, ਪਰ ਇਸ ਗੱਲ ਨੂੰ ਉਹੀ ਬੂਝੈ=ਬੁੱਝਦਾ ਹੈ ਜਿਸ ਉੱਤੇ ਗੁਰਾਂ ਦੀ ਕਿਰਪਾ ਹੁੰਦੀ ਹੈ ॥੧ ॥

ਜਿਸ ਨੋ ਬਖਸੇ ਹਰਿ ਦੇ ਵਡਿਆਈ ॥
ਗੁਰ ਪਰਸਾਦਿ ਵਸੈ ਮਨਿ ਆਈ ॥ ਰਹਾਉ ॥

ਜਿਸ ਨੂੰ ਹਰੀ ਵਡਿਆਈ ਬਖਸ਼ ਦਿੰਦਾ ਹੈ। ਗੁਰਾਂ ਦੀ ਕਿਰਪਾ ਨਾਲ ਉਸ ਦੇ ਮਨ ਵਿਚ ਨਾਮ ਆ ਕੇ ਵਸਦਾ ਹੈ ॥ ਰਹਾਉ ॥

ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥

ਗੁਰਾਂ ਦੁਆਰੇ ਸ਼ੁਭ ਕ਼ਰਨੀ ਦੀ ਕਾਰ ਨੂੰ ਕਮਾਵੈ। ਤਾਂ ਇਸੁ ਮਨ ਦੇ ਵਸੀਕਾਰ ਕਰਨੇ ਦੀ ਸੋਝੀ=ਗਿਆਤ ਨੂੰ ਪਾਉਂਦਾ ਹੈ।

ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥ ੨ ॥

ਹੰਗਤਾ ਮਮਤਾ ਰੂਪੀ ਮੈ=ਸ਼ਰਾਬ ਨੂੰ ਪੀ ਕੇ ਇਹ ਮਨ ਮੈਗਲ=ਹਾਥੀ ਦੇ ਮਿਕਦਾਰਾ=ਸਮਾਨ ਮਤੁ=ਮਸਤ ਹੋ ਰਿਹਾ ਹੈ। ਗੁਰੂ ਰੂਪ ਮਹਾਵਤ ਉਪਦੇਸ਼ ਰੂਪੀ ਅੰਕਸੁ=ਕੁੰਡਾ ਮਾਰ ਕੇ ਇਸ ਮਨ ਨੂੰ ਪਰਮੇਸ਼ਰ ਵੱਲ ਜਿਵਾਉਣ ਵਾਲੇ ਹਨ ॥ ੨ ॥

ਮਨੁ ਅਸਾਧੁ ਸਾਧੈ ਜਨੁ ਕੋਈ ॥ ਅਚਰੁ ਚਰੈ ਤਾ ਨਿਰਮਲੁ ਹੋਈ ॥

ਅਸਾਧੁ=ਨਾ ਸਾਧੇ ਜਾਣ ਵਾਲੇ ਮਨ ਨੂੰ ਕੋਈ ਵਿਰਲਾ ਜਨ ਹੀ ਸਾਧਦਾ ਹੈ।

ਅਚਰੁ=ਕਾਮ ਆਦਿਕਾਂ ਨੂੰ ਚਰੈ=ਖਾਵੇ, ਭਾਵ ਦੂਰ ਕਰੇ ਤਾਂ ਮਨ ਸ਼ੁੱਧ ਹੁੰਦਾ ਹੈ।

ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੈ ਵਿਕਾਰ ॥ ੩ ॥

ਗੁਰਮੁਖਾਂ ਨੇ ਇਸ ਆਪਣੇ ਮਨ ਨੂੰ ਸਵਾਰ ਲੀਤਾ ਹੈ। ਅਤੇ ਹਿਰਦੇ ਵਿਚੋਂ ਹਉਮੈ ਆਦਿਕ ਵਿਕਾਰ ਤਿਆਗ ਦਿੱਤੇ ਹਨ ॥੩ ॥

ਜੋ ਧੁਰਿ ਰਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥

ਜੋ ਪੁਰਸ਼ ਧੁਰ ਤੋਂ ਹੀ ਸਤਸੰਗਤਿ ਦੇ ਮੇਲ ਵਿਚ ਮਿਲਾ ਰੱਖੇ ਹਨ।

ਉਹ ਸਬਦਿ=ਬ੍ਰਹਮ ਵਿਚ ਸਮਾ ਕੇ ਮੁੜ ਕਦੇ ਭੀ ਵਿੱਛੁੜਦੇ ਨਹੀਂ।

ਆਪਣੀ ਕਲਾ ਆਪੇ ਪ੍ਰਭੁ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥ ੪ ॥ ੬ ॥

ਉਹ ਪ੍ਰਭੂ ਆਪਣੀ ਕਲਾ=ਸ਼ਕਤੀ ਨੂੰ ਆਪ ਹੀ ਜਾਣਦਾ ਹੈ।

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ ਜਨ ਉਸ ਪ੍ਰਭੂ ਦੇ ਨਾਮ=ਸਿਮਰਨ ਨੂੰ ਪਛਾਣਦੇ ਹਨ ॥੪ ॥੬ ॥

ਧਨਾਸਰੀ ਮਹਲਾ ੩ ॥

ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥

ਇਹ ਗਾਵਾਰ=ਜੜ੍ਹ ਮੂਰਖ ਨਾਸ ਹੋ ਜਾਣ ਵਾਲੇ ਕੱਚੇ ਧਨ ਨੂੰ ਸੰਚਹਿ=ਇਕੱਠਾ ਕਰਦੇ ਹਨ। ਮਨਮੁਖ ਮਨ ਕਰਕੇ ਅੰਨ੍ਹੇ ਹਨ, ਤਨ ਕਰਕੇ ਗਾਵਾਰ=ਚੰਡਾਲ ਹਨ, ਬਾਣੀ ਕਰਕੇ ਭੁੱਲੇ ਹੋਏ ਹਨ ਵਾ:-ਮਨਮੁਖ ਗਾਵਾਰ ਅੰਧ=ਅਗਿਆਨ ਵਿਚ ਭੁੱਲੇ ਹੋਏ ਹਨ।

ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥
ਨਾ ਸਾਥਿ ਜਾਇ ਨ ਪਰਾਪਤਿ ਹੋਇ ॥ ੧ ॥

ਬਿਖਿਆ ਕੈ ਧਨਿ=ਮਇਆਵਕੀ ਧਨ ਕਰਕੇ ਸਦਾ ਹੀ ਦੁੱਖ ਪ੍ਰਾਪਤ ਹੁੰਦਾ ਹੈ। ਪਹਿਲੇ ਇਹ ਧਨ ਪ੍ਰਾਪਤ ਹੁੰਦਾ ਨਹੀਂ, ਜੇ ਕਿਸੇ ਯਤਨ ਨਾਲ ਪ੍ਰਾਪਤ ਹੋ ਜਾਵੇ ਤਾਂ ਨਾਲ ਨਹੀਂ ਜਾਂਦਾ ॥ ੧ ॥

ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥

ਗੁਰਮਤੀਏ ਸੱਚੇ ਨਾਮ ਧਨ ਨੂੰ ਪਾਉਂਦੇ ਹਨ। ਅਤੇ ਇਸ ਤਰ੍ਹਾਂ ਨਿਸਚੇ ਕਰਦੇ ਹਨ, ਕਿ ਕੱਚਾ ਧਨ ਪੁਨਾ ਪੁਨਾ ਆਉਣੇ ਜਾਣੇ ਵਾਲਾ ਹੈ ਇਸ ਕਰਕੇ ਕੱਚੇ ਧਨ ਆਉਣ ਦਾ ਹਰਖ ਨਹੀਂ ਕਰਦੇ, ਚਲੇ ਜਾਣ ਦਾ ਸੋਗ ਨਹੀਂ ਕਰਦੇ ॥ ਰਹਾਉ ॥

ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥
ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥

ਮਨਮੁਖ ਗਵਾਰ ਨਾਮ ਤੋਂ ਭੁੱਲੇ ਹੋਏ ਸਾਰੇ ਜੰਮਦੇ ਮਰਦੇ ਹਨ। ਸੰਸਰ-ਸਮੁੰਦ੍ਰ ਵਿਚ ਡੁੱਬ ਰਹੇ ਹਨ ਨਾ ਉਰਵਾਰਿ=ਇਸ ਲੋਕ ਦਾ ਸੁਖ ਅਤੇ ਨਾ ਹੀ ਪਾਰਿ=ਪ੍ਰਲੋਕ ਦਾ ਸੁਖ ਹੁੰਦਾ ਹੈ।

ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥ ੨ ॥

ਜੋ ਪੂਰਿਆਂ ਭਾਗਾਂ ਨਾਲ ਸਤਿਗੁਰਾਂ ਨੂੰ ਮਿਲੇ ਹਨ। ਅਤੇ ਸੱਚ ਨਾਮ ਸਿਮਰਨ ਵਿਚ ਰੱਤੇ ਗਏ ਹਨ, ਉਹ ਗ੍ਰਿਹਸਤ ਵਿਚ ਰਹਿੰਦੇ ਹੋਏ ਭੀ ਰਾਤ ਦਿਨ ਬੈਰਾਗੀ (ਉਦਾਸੀਨ) ਹੋ ਕੇ ਰਹਿੰਦੇ ਹਨ ॥੨ ॥

ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥

ਚਾਰਿਆਂ ਜੁਗਾਂ ਵਿਚ ਅੰਮ੍ਰਿਤ ਰੂਪ ਗੁਰਾਂ ਦੀ ਬਾਣੀ ਸੱਚੀ ਹੈ। ਉਸ ਬਾਣੀ ਦੁਆਰੇ ਪੂਰਿਆਂ ਭਾਗਾਂ ਵਾਲੇ ਦੀ ਬੁੱਧੀ ਹਰੀ ਨਾਮ ਵਿਚ ਸਮਾਈ ਹੈ।

ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥ ੩ ॥

ਸਿੱਧ, ਸਾਧਿਕ=ਜਗਿਆਸੂ ਅਤੇ ਹੋਰ ਭੀ ਸਾਰੇ ਲੋਇ=ਲੋਕ ਬਾਣੀ ਨੂੰ ਤਰਸਹਿ=ਚਾਹੁੰਦੇ ਹਨ। ਪਰ ਪੂਰਿਆਂ ਭਾਗਾਂ ਨਾਲ ਉਹ ਬਾਣੀ ਪ੍ਰਾਪਤ ਹੁੰਦੀ ਹੈ ॥੩ ॥

ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥

ਜਿਨ੍ਹਾਂ ਨੂੰ ਉਹ ਸੱਚਾ ਨਾਮ-ਧਨ ਪ੍ਰਾਪਤ ਹੋਇਆ ਹੈ। ਸੋਇ=ਉਨ੍ਹਾਂ ਦੀ ਨਿਗਾਹ ਵਿਚ ਸਭ ਕੁਝ ਸੱਚਾ ਹੈ। ਅਥਵਾ:-ਉਹਨਾਂ ਦਾ ਸਭ ਕੁਝ ਸਚਾ=ਸਫਲਾ ਹੈ। ਉਹ ਕੋਈ ਉੱਤਮ ਬ੍ਰਹਮ ਨੂੰ ਪਛਾਣਦਾ ਹੈ।

ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥
ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥ ੪ ॥ ੭ ॥

ਸਚੁ=ਨਿਸਚੇ ਕਰਕੇ ਸੱਚਾ ਪ੍ਰਭੂ ਆਪ ਹੀ ਸੱਚੇ ਨਾਮ ਨੂੰ ਦ੍ਰਿੜ੍ਹਾਉਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ, ਉਹ ਪ੍ਰਭੂ ਆਪ ਹੀ ਸਾਰਿਆਂ ਨੂੰ ਵੇਖ ਰਿਹਾ ਹੈ, ਆਪ ਹੀ ਸੱਚ ਸਰੂਪ ਵਿਚ ਲਗਾਉਂਦਾ ਹੈ ॥ ੪ ॥ ੭ ॥

(ਪੰਨਾ ੬੬੬)

ਧਨਾਸਰੀ ਮਹਲਾ ੩ ॥ ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥
ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥

ਨਾਮ ਦੀ ਜੋ ਮਿਤਿ=ਮਰਯਾਦਾ ਹੈ ਉਸ ਦੀ ਕੀਮਤ ਕਹੀ ਨਹੀਂ ਜਾਂਦੀ।

ਉਹ ਪੁਰਸ਼ ਧੰਨ ਹਨ, ਜਿਨ੍ਹਾਂ ਨੇ ਇੱਕ ਨਾਮ ਵਿਚ ਹੀ ਬਿਰਤੀ ਲਗਾਈ ਹੈ।

ਗੁਰਮਤਿ ਸਾਚੀ ਸਾਚਾ ਵੀਚਾਰੁ ॥ ਆਪੇ ਬਖਸੇ ਦੇ ਵੀਚਾਰੁ ॥ ੧ ॥

ਗੁਰਾਂ ਦੀ ਸੱਚੀ ਸਿਖਿਆ ਕਰਕੇ ਸੱਚਾ ਆਤਮ ਵਿਚਾਰ ਪ੍ਰਾਪਤ ਹੁੰਦਾ ਹੈ।

ਸ਼ੁਭ ਵਿਚਾਰ ਦੇ ਕੇ ਸੱਚਾ ਆਪ ਹੀ ਬਖਸ਼ ਲੈਂਦਾ ਹੈ ॥ ੧ ॥

ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ॥
ਕਲੀ ਕਾਲ ਵਿਚਿ ਗੁਰਮੁਖਿ ਪਾਏ॥ ੧॥ ਰਹਾਉ॥

ਅਸਚਰਜ ਪ੍ਰਭੂ ਆਪ ਹੀ ਗੁਰੂ ਰੂਪ ਹੋ ਕੇ ਹਰੀ ਨਾਮ ਸੁਣਾਉਂਦਾ ਹੈ।
ਕਲਜੁਗ ਦੇ ਸਮੇਂ ਵਿਚ ਗੁਰਮੁਖ ਹੀ ਹਰੀ ਨਾਮ ਨੂੰ ਪਾਉਂਦੇ ਹਨ॥੧॥ਰਹਾਉ॥

ਹਮ ਮੂਰਖ ਮੂਰਖ ਮਨ ਮਾਹਿ॥ ਹਉਮੈ ਵਿਚਿ ਸਭ ਕਾਰ ਕਮਾਹਿ॥

(੧) ਹਮ=ਤਮਾਮ ਮੂਰਖਾਂ ਦੇ ਮਨ ਵਿਚ ਮੂਰਖਤਾ ਵਸ ਰਹੀ ਹੈ।
(੨) ਮਨ ਵਿਚ ਮੂਰਖਤਾ ਹੋਣ ਕਰਕੇ ਹਮ=ਸਾਰੇ ਜੀਵ ਮੂਰਖ ਹਨ।
ਸਾਰੇ ਜੀਵ ਹਉਮੈ=ਹੰਗਤਾ ਮਮਤਾ ਵਿਚ ਹੀ ਕਾਰ ਨੂੰ ਕਮਾਉਂਦੇ ਹਨ।

ਗੁਰ ਪਰਸਾਦੀ ਹੰਉਮੈ ਜਾਇ॥ ਆਪੇ ਬਖਸੇ ਲਏ ਮਿਲਾਇ॥ ੨॥

ਜਾਂ ਗੁਰਾਂ ਦੀ ਕਿਰਪਾ ਨਾਲ ਹਉਮੈ ਚਲੀ ਜਾਵੇ। ਤਾਂ ਪ੍ਰਭੂ ਆਪ ਹੀ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈ॥ ੨॥

ਬਿਖਿਆ ਕਾ ਧਨੁ ਬਹੁਤੁ ਅਭਿਮਾਨੁ॥ ਅਹੰਕਾਰਿ ਡੂਬੈ ਨ ਪਾਵੈ ਮਾਨੁ॥

ਇਹ ਜੀਵ ਮਇਆਵਕੀ ਧਨ ਦਾ ਬਹੁਤ ਹੀ ਹੰਕਾਰ ਕਰਦਾ ਹੈ। ਹੰਕਾਰ ਵਿਚ ਡੁੱਬਿਆ ਹੋਇਆ ਜੀਵ ਮਾਨੁ=ਆਦਰ ਨਹੀਂ ਪਾਉਂਦਾ।

ਆਪੁ ਛੋਡਿ ਸਦਾ ਸੁਖੁ ਹੋਈ॥ ਗੁਰਮਤਿ ਸਾਲਾਹੀ ਸਚੁ ਸੋਈ॥ ੩॥

ਜਿਸ ਨੇ ਆਪਾ ਭਾ ਹੰਕਾਰ ਛੱਡਿਆ ਹੈ, ਉਸ ਨੂੰ ਹਮੇਸ਼ਾ ਸੁਖ ਹੁੰਦਾ ਹੈ।
ਉਹ ਗੁਰ ਮਤੀਆ ਉਸ ਸੱਚੇ ਨੂੰ ਸਲਾਹੁੰਦਾ ਹੈ॥੩॥

ਆਪੇ ਸਾਜੇ ਕਰਤਾ ਸੋਇ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ॥

ਉਹ ਕਰਤਾ ਪੁਰਖ ਆਪ ਹੀ ਸੰਪੂਰਨ ਸ੍ਰਿਸ਼ਟੀ ਨੂੰ ਸਾਜਦਾ ਹੈ। ਉਸ ਤੋਂ ਬਿਨਾਂ ਹੋਰ ਕੋਈ ਦੂਜਾ ਕੁਝ ਕਰ ਹੀ ਨਹੀਂ ਸਕਦਾ।

ਜਿਸੁ ਸਚਿ ਲਾਏ ਸੋਈ ਲਾਗੈ॥ ਨਾਨਕ ਨਾਮਿ ਸਦਾ ਸੁਖੁ ਆਗੈ॥ ੪॥ ੮॥

ਜਿਸ ਨੂੰ ਸੱਚ ਵਿਚ ਲਗਾਉਂਦਾ ਹੈ ਓਹੀ ਲੱਗਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਨਾਮੀ ਦੇ ਨਾਮ ਜਪਣ ਕਰਕੇ ਹੀ ਆਗੈ=ਪ੍ਰਲੋਕ ਵਿਚ ਹਮੇਸ਼ਾਂ ਸੁਖ ਹੁੰਦਾ ਹੈ॥ ੪॥ ੮॥

ਰਾਗੁ ਧਨਾਸਿਰੀ ਮਹਲਾ ੩ ਘਰੁ ੪ ੧ੴ ਸਤਿਗੁਰ ਪ੍ਰਸਾਦਿ॥
ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥

ਅਸੀਂ ਤੇਰੇ ਮੰਗਤਿਆਂ ਦੇ ਭੀਖਕ=ਮੰਗਤੇ ਹਾਂ, ਅਥਵਾ:-ਅਸੀਂ ਭੀਖਕ=ਮੰਗਤੇ, ਤੇਰੇ ਦਰ

ਦੇ ਭੇਖਾਰੀ=ਮੰਗਤੇ ਹਾਂ, ਤੂੰ ਆਪ ਪਤੀ ਹੈਂ, ਅਤੇ ਸਾਰਿਆਂ ਦਾ ਦਾਤਾ ਹੈਂ।

ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥ ੧ ॥

ਆਪ ਦਿਆਲੂ ਹੋ ਕੇ ਮੈਂ ਮੰਗਤੇ ਜਨ ਕਉ=ਪੁਰਸ਼ ਨੂੰ ਨਾਮ-ਦਾਨ ਦੇਣਾ ਕਰੋ, ਤਾਂਕਿ ਮੈਂ ਸਦਾ ਤੇਰੇ ਪ੍ਰੇਮ ਵਿਚ ਰੱਤਾ ਰਹਾਂ॥ ੧ ॥

ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥

ਹੇ ਸੱਚੇ ! ਮੈਂ ਆਪ ਜੀ ਦੇ ਨਾਮ ਵਿਟਹੁ=ਉਪਰੋਂ ਕੁਰਬਾਨ ਜਾਂਦਾ ਹਾਂ।

ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥ ੧ ॥ ਰਹਾਉ ॥

ਤੂੰ ਇੱਕ ਹੀ ਸਾਰਿਆਂ ਕਾਰਨਾਂ ਦੇ ਕਰਨ ਵਾਲਾ ਹੈਂ,
ਹੋਰ ਕੋਈ ਦੂਜਾ ਤੇਰੇ ਜੇਹਾ ਨਹੀਂ ਹੈ॥ ੧ ॥ ਰਹਾਉ ॥

ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥

ਮੈਂ ਕਿਰਪਨ=ਸ਼ੁਮ ਨਿਮਾਣੇ ਨੂੰ ਚਉਰਾਸੀ ਲੱਖ ਜੂਨੀਆਂ ਦੇ ਬਹੁਤੇ ਫੇਰੇ ਪਏ ਹਨ, ਹੁਣ ਤਾਂ ਕੁਝ ਕਿਰਪਾ ਕਰੋ।

ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ ੨ ॥

ਦਿਆਲੂ ਹੋ ਕੇ ਮੈਨੂੰ ਆਪਣਾ ਦਰਸ਼ਨ ਦੇਣਾ ਕਰੋ ਮੇਰੇ ਉੱਪਰ ਅਜੇਹੀ ਬਖਸ਼ਿਸ਼ ਕਰੋ॥੨ ॥

ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੀ ਕਿਰਪਾ ਨਾਲ ਭਰਮ ਦੇ ਪਟ=ਪੜਦੇ ਖੁਲ੍ਹ ਗਏ ਹਨ, ਅਤੇ ਮੈਂ ਆਪਣੇ ਸਰੂਪ ਨੂੰ ਜਾਣ ਲਿਆ ਹੈ।

ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥ ੩ ॥ ੧ ॥ ੯ ॥

ਹੁਣ ਹਿਰਦੇ ਅੰਦਰ ਸੱਚੀ ਲਿਵ ਲੱਗ ਗਈ ਹੈ, ਕਿਉਂਕਿ ਸਤਿਗੁਰਾਂ ਨਾਲ ਮਨ ਮੰਨਿਆਂ ਗਿਆ ਹੈ॥ ੩ ॥ ੧ ॥ ੯ ॥

ਧਨਾਸਰੀ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

ਅਕਾਲ-ਪੁਰਖ ਦੇ ਸਨਮੁਖ ਬੇਨਤੀ ਕਰਦੇ ਹਨ-

ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥

ਹੇ ਹਰੀ ! ਜੋ ਸੰਤ ਭਗਤ ਆਪ ਜੀ ਨੂੰ ਸੇਂਵਦੇ ਹਨ, ਉਹਨਾਂ ਦੇ ਸਾਰੇ ਪਾਪ ਤੁਸਾਂ ਨੇ ਨਵਿਰਤ ਕਰ ਦਿੱਤੇ ਹਨ।

ਹਮ ਊਪਰਿ ਕਿਰਪਾ ਕਰਿ ਸੁਆਮੀ ਰਖੁ ਸੰਗਤਿ ਤੁਮ ਜੁ ਪਿਆਰੀ॥ ੧ ॥

ਹੇ ਸੁਆਮੀ ! ਮੇਰੇ ਉੱਤੇ ਭੀ ਕਿਰਪਾ ਦ੍ਰਿਸ਼ਟੀ ਕਰ; ਜੋ ਆਪ ਜੀ ਨੂੰ ਪਿਆਰੀ ਹੈ, ਉਸ ਸਤਸੰਗਤ ਵਿਚ ਮੈਨੂੰ ਰੱਖਣਾ ਕਰ॥ ੧ ॥

ਹਰਿ ਗੁਣ ਕਹਿ ਨ ਸਕਉ ਬਨਵਾਰੀ॥

ਹੇ ਸੰਸਾਰ ਬਨ ਦੇ ਵਾਲੀ ਹਰੀ ! ਮੈਂ ਆਪ ਜੀ ਦੇ ਗੁਣ ਕਥਨ ਨਹੀਂ ਕਰ ਸਕਦਾ।

ਹਮ ਪਾਪੀ ਪਾਥਰ ਨੀਰਿ ਡੁਬਤ
ਕਰਿ ਕਿਰਪਾ ਪਾਖਣ ਹਮ ਤਾਰੀ॥ ਰਹਾਉ॥

ਮੈਂ ਪਾਪੀ ਜੀਵ ਪੱਥਰ ਵਾਂਗ ਕਠੋਰ ਹਿਰਦੇ ਵਾਲਾ ਵਿਸ਼ਿਆਂ ਰੂਪੀ ਜਲ ਵਿਚ,

ਅਥਵਾ:-ਪਦਾਰਥਾਂ ਰੂਪੀ ਜਲ ਵਿਚ ਡੁੱਬਦਾ ਜਾਂਦਾ ਹਾਂ, ਮੈਂ ਪਾਖਣ=ਪੱਥਰ ਨੂੰ ਕਿਰਪਾ ਦ੍ਰਿਸ਼ਟੀ ਕਰਕੇ ਤਾਰੀ=ਤਾਰ ਲੈ॥ ਰਹਾਉ॥

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ॥

ਜਿਨ੍ਹਾਂ ਦੀ ਬੁੱਧੀ ਨੂੰ ਜਨਮਾਂ ਜਨਮਾਤਰਾਂ ਦੇ ਵਿਸ਼ਿਆਂ ਰੂਪੀ ਮੋਰਚਾ=ਜੰਗਾਲ,

ਅਥਵਾ:-ਕਾਮ ਆਦਿਕਾਂ ਦਾ ਮੋਰਚਾ ਲੱਗ ਰਿਹਾ ਸੀ; ਜਿਸ ਵੇਲੇ ਉਹ ਸਤਸੰਗਤ ਨਾਲ ਲੱਗੇ ਤਾਂ ਤੁਸਾਂ ਨੇ ਉਹਨਾਂ ਦੀ ਬੁੱਧੀ ਸਵਾਰ ਦਿੱਤੀ।

ਜਿਉ ਕੰਚਨੁ ਬੈਸੰਤਰਿ ਤਾਇਓ ਮਲੁਕਾਟੀ ਕਟਿਤ ਉਤਾਰੀ॥ ੨ ॥

ਜਿਸ ਤਰ੍ਹਾਂ ਸੋਨੇ ਨੂੰ ਬੈਸੰਤਰਿ=ਅੱਗ ਵਿਚ ਤਪਾ ਕੇ ਮਲੁ ਕਾਟੀ=ਸੁਨਿਆਰੇ ਨੇ ਮੈਲ ਕੱਟ ਕੇ ਉਤਾਰੀ ਹੈ। ਇਸੇ ਤਰ੍ਹਾਂ ਜਗਿਆਸੂ ਰੂਪੀ ਸੋਨੇ ਨੂੰ ਗਿਆਨ ਰੂਪ ਅੱਗ ਵਿਚ ਤਪਾ ਕੇ ਮੈਲ ਦੇ ਕੱਟਣ ਵਾਲੇ ਗੁਰੂ ਰੂਪ ਸੁਨਿਆਰੇ ਨੇ ਰਾਗ ਦ੍ਵੈਸ਼ ਰੂਪੀ ਮੈਲ ਕੱਟ ਕੇ ਉਤਾਰ ਦਿੱਤੀ। ਨੋਟ-''ਮਲੁਕਾਟੀ'' ਪਾਠ ਕਰਨਾ ਜੀ।

ਹਰਿ ਹਰਿ ਜਪਨੁ ਜਪਉ ਦਿਨੁ ਰਾਤੀ ਜਪਿ ਹਰਿ ਹਰਿ ਹਰਿ ਉਰਿ ਧਾਰੀ॥

ਦਿਨ ਰਾਤ ਮੈਂ ਹਰਿ ਹਰਿ ਜਪ ਨੂੰ ਜਪਦਾ ਹਾਂ. ਮਨ, ਬਾਣੀ, ਸਰੀਰ ਕਰਕੇ ਹਰਿ ਹਰਿ ਦੇ ਜਪਣ ਦੀ ਪ੍ਰੀਤੀ ਉਰਿ=ਹਿਰਦੇ ਵਿਚ ਧਾਰੀ ਹੋਈ ਹੈ।

(ਪੰਨਾ ੬੬੭)

ਹਰਿ ਹਰਿ ਹਰਿ ਅਉਖਧੁ ਜਗਿ ਪੂਰਾ ਜਪਿ ਹਰਿ ਹਰਿ ਹਉਮੈ ਮਾਰੀ॥ ੩ ॥

ਹੇ ਹਰੀ ! ਤੇਰਾ ਹਰਿ ਹਰਿ ਨਾਮ ਜਗਤ ਵਿਚ ਪੂਰਾ ਦਾਰੂ ਹੈ,

ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਜਪਿਆ ਹੈ ਉਹਨਾਂ ਦੀ ਹੰਗਤਾ ਮਮਤਾ ਮਰ ਗਈ ਹੈ॥੩॥

ਹਰਿ ਹਰਿ ਅਗਮ ਅਗਾਧਿ ਬੋਧਿ ਅਪਰੰਪਰ ਪੁਰਖ ਅਪਾਰੀ॥

ਹੇ ਅਗਮ ਰੂਪ ਹਰਿ ਹਰਿ ! ਆਪ ਜੀ ਦਾ ਬੋਧਿ=ਗਿਆਨ ਅਗੰਮ ਹੈ,
ਅਤੇ ਹੇ ਅਪਰੰਪਰ ਪੁਰਖ ! ਆਪ ਅਪਾਰੀ=ਪਾਰਾਵਾਰ ਤੋਂ ਰਹਿਤ ਹੋ।

ਜਨ ਕਉ ਕ੍ਰਿਪਾ ਕਰਹੁ ਜਗਜੀਵਨ ਜਨ ਨਾਨਕ ਪੈਜ ਸਵਾਰੀ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਜਗਜੀਵਨ ! ਦਾਸ ਉੱਤੇ ਕਿਰਪਾ ਦ੍ਰਿਸ਼ਟੀ ਕਰੋ,
ਕਿਉਂਕਿ ਤੁਸਾਂ ਨੇ ਹਮੇਸ਼ਾਂ ਹੀ ਦਾਸਾਂ ਦੀ ਪੈਜ ਸਵਾਰੀ ਹੈ॥੪ ॥੧ ॥

ਧਨਾਸਰੀ ਮਹਲਾ ੪ ॥

ਹਰਿ ਕੇ ਸੰਤ ਜਨਾ ਹਰਿ ਜਪਿਓ ਤਿਨ ਕਾ ਦੂਖੁ ਭਰਮੁ ਭਉ ਭਾਗੀ॥

ਹੇ ਹਰੀ ! ਜਿਨ੍ਹਾਂ ਸੰਤ ਜਨਾਂ ਨੇ ਆਪ ਜੀ ਦੇ ਹਰਿ ਹਰਿ ਨਾਮ ਨੂੰ ਜਪਿਆ ਹੈ,
ਉਹਨਾਂ ਦਾ ਦੁੱਖ, ਭਰਮ, ਅਤੇ ਭਉ=ਡਰ ਭਾਗੀ=ਨਾਸ ਹੋ ਗਿਆ ਹੈ।

ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ॥ ੧ ॥

ਜਿਨ੍ਹਾਂ ਦੇ ਹਿਰਦੇ ਅੰਦਰ ਗੁਰਾਂ ਦੀ ਸਿੱਖਿਆ ਜਾਗੀ=ਪ੍ਰਕਾਸ਼ੀ ਹੈ,
ਉਹਨਾਂ ਤੋਂ ਆਪਣੀ ਸੇਵਾ ਤੁਸਾਂ ਨੇ ਆਪ ਹੀ ਕਰਵਾਈ ਹੈ॥੧ ॥

ਹਰਿ ਕੈ ਨਾਮਿ ਰਤਾ ਬੈਰਾਗੀ॥

ਹੇ ਹਰੀ ! ਮੈਂ ਭੀ ਬੈਰਾਗੀ=ਪ੍ਰੇਮੀ ਹੋ ਕੇ ਆਪ ਜੀ ਦੇ ਨਾਮ ਸਿਮਰਨ ਵਿਚ ਰੱਤਾ ਗਿਆ ਹਾਂ।

ਹਰਿ ਹਰਿ ਕਥਾ ਸੁਣੀ ਮਨਿ ਭਾਈ ਗੁਰਮਤਿ ਹਰਿ ਲਿਵ ਲਾਗੀ॥੧ ॥ਰਹਾਉ॥

ਜਿਸ ਵੇਲੇ ਹਰਿ ਹਰਿ ਨਾਮ ਦੀ ਕਥਾ ਸੁਣੀ ਤਾਂ ਮੇਰੇ ਮਨ ਵਿਚ ਭਾਈ=ਭਾ ਗਈ,
ਗੁਰਾਂ ਦੀ ਸਿੱਖਿਆ ਕਰਕੇ ਹਰੀ ਵਿਚ ਲਿਵ=ਬਿਰਤੀ ਲੱਗ ਗਈ॥੧ ॥ਰਹਾਉ॥

ਸੰਤ ਜਨਾ ਕੀ ਜਾਤਿ ਹਰਿ ਸੁਆਮੀ ਤੁਮ੍ ਠਾਕੁਰ ਹਮ ਸਾਂਗੀ॥

ਹੇ ਹਰੀ ਸੁਆਮੀ ! ਆਪ ਹੀ ਸੰਤ ਜਨਾਂ ਦੀ ਜਾਤੀ ਹੋ; ਆਪ ਸੱਚੇ ਠਾਕੁਰ ਹੋ, ਅਸੀਂ ਆਪ ਜੀ ਦੇ ਸਾਂਗੀ=ਭੇਖ ਧਾਰੀ ਸੇਵਕ ਹਾਂ।

ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ॥ ੨ ॥

ਹੇ ਹਰੀ ਸੁਆਮੀ ! ਜੇਹੋ ਜੇਹੀ ਆਪ ਮਤਿ=ਅਕਲ ਦੇਂਦੇ ਹੋ, ਅਸੀਂ ਉਸੇ ਤਰ੍ਹਾਂ ਦੇ ਬੁਲਗ=ਬਚਨ ਬੁਲਾਗੀ=ਬੋਲਦੇ ਹਾਂ॥ ੨ ॥

ਕਿਆ ਹਮ ਕਿਰਮ ਨਾਨ੍ਹ ਨਿਕ ਕੀਰੇ ਤੁਮ੍ ਵਡ ਪੁਰਖ ਵਡਾਗੀ॥

ਨਾਨ੍ਹ ਕਿਰਮ=ਨਿਕਿਆਂ ਕੀੜਿਆਂ ਤੋਂ ਭੀ ਨਿਕ ਕੀਰੇ=ਨਿੱਕੇ ਕੀੜੇ ਅਸੀਂ ਕੀ ਚੀਜ਼ ਹਾਂ, ਆਪ ਵਡਿਆਂ ਪੁਰਖਾਂ ਤੋਂ ਭੀ ਵੱਡੇ ਪੁਰਖ ਹੋ।

ਤੁਮ੍ਹਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ ਹਮ ਕਿਉ ਕਰਿ ਮਿਲਹ ਅਭਾਗੀ ॥੩ ॥

ਹੇ ਪ੍ਰਭੂ ! ਅਸੀਂ ਆਪ ਜੀ ਦੀ ਗਤ ਦੀ ਮਿਤਿ=ਮਰਯਾਦਾ ਕਹਿ ਨਹੀਂ ਸਕਦੇ,
ਅਸੀਂ ਅਭਾਗੀ=ਭਾਗਾਂ ਤੋਂ ਹੀਣੇ ਆਪ ਜੀ ਨੂੰ ਕਿਸ ਤਰ੍ਹਾਂ ਮਿਲਣਾ ਕਰੀਏ ॥੩ ॥

ਹਰਿ ਪ੍ਰਭ ਸੁਆਮੀ ਕਿਰਪਾ ਧਾਰਹੁ ਹਮ ਹਰਿ ਹਰਿ ਸੇਵਾ ਲਾਗੀ ॥

ਹੇ ਹਰੀ ਪ੍ਰਭੂ ਸੁਆਮੀ ! ਅਸਾਡੇ ਉੱਪਰ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ, ਜਿਸ ਤੇ ਅਸੀਂ ਹਰ ਵੇਲੇ ਆਪ ਜੀ ਦੀ ਸੇਵਾ ਵਿਚ ਹਰ ਤਰ੍ਹਾਂ ਨਾਲ ਲੱਗੇ ਰਹੀਏ।

ਨਾਨਕ ਦਾਸਨਿ ਦਾਸੁ ਕਰਹੁ ਪ੍ਰਭ ਹਮ ਹਰਿ ਕਥਾ ਕਥਾਗੀ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਨੂੰ ਆਪਣੇ ਦਾਸਾਂ ਦਾ ਦਾਸ ਕਰ ਲਵੋ,
ਜਿਸ ਤੇ ਹੇ ਹਰੀ ! ਮੈਂ ਆਪ ਜੀ ਦੀ ਕਥਾ ਹੀ ਕਥਨ ਕਰਦਾ ਰਹਾਂ ॥੪ ॥੨ ॥

ਧਨਾਸਰੀ ਮਹਲਾ ੪ ॥

ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ ॥

(੧) ਹਰੀ ਦਾ ਸੰਤ ਭੀ ਓਹੀ ਹੈ, ਸਤ੍ਰਿਗੁਰੂ ਭੀ ਓਹੀ ਹੈ, ਸਤਪੁਰਖ ਭੀ ਓਹੀ ਹੈ, ਜੋ ਹਰਿ ਹਰਿ ਨਾਮ-ਬਾਣੀ ਨੂੰ ਬੋਲੈ-ਬੋਲਦਾ ਹੈ।

(੨) ਸਤਪੁਰਖ ਰੂਪ ਜੋ ਸਤਗੁਰੂ ਹਨ, ਉਨ੍ਹਾਂ ਨਾਲ ਮਿਲਕੇ ਜੋ ਹਰਿ ਹਰਿ ਨਾਮ-ਬਾਣੀ ਨੂੰ ਬੋਲੈ=ਬੋਲਦਾ ਹੈ ਓਹੀ ਹਰੀ ਦਾ ਸੰਤ ਹੈ।

ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੈ ਸਦ ਕੁਰਬਾਨੀ ॥ ੧ ॥

ਜੋ ਜੋ ਪੁਰਸ਼ ਨਾਮ-ਬਾਣੀ ਨੂੰ ਕਹਿੰਦਾ ਤੇ ਸੁਣਦਾ ਹੈ, ਓਹੀ ਮੁਕਤ ਰੂਪ ਹੈ;
ਮੈਂ ਉਸ ਤੋਂ ਸਦਾ ਹੀ ਬਲਿਹਾਰ ਕੁਰਬਾਨ ਜਾਂਦਾ ਹਾਂ ॥੧ ॥

ਹਰਿ ਕੇ ਸੰਤ ਸੁਨਹੁ ਜਸੁ ਕਾਨੀ ॥

ਹਰੀ ਦੇ ਸੰਤਾਂ ਨਾਲ ਮਿਲਕੇ ਸੰਸਾਰ-ਸਮੁੰਦ੍ਰ ਤੋਂ ਕਾਨੀ=ਕਿਨਾਰੇ ਕਰਨ ਵਾਲੇ ਜਸ ਨੂੰ ਕਾਨੀ=ਕੰਨਾਂ ਵਿਚ ਸੁਣਨਾ ਕਰੋ।

ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ
ਸਭਿ ਕਿਲਵਿਖ ਪਾਪ ਲਹਿ ਜਾਨੀ ॥ ੧ ॥ ਰਹਾਉ ॥

ਚਾਹੇ ਇੱਕ ਨਿਮਖ ਭਰ, ਚਾਹੇ ਇਕ ਪੱਲ ਭਰ ਹਰਿ ਹਰਿ ਦੀ ਕਥਾ ਸੁਣਨਾ ਕਰੋ, ਤਾਂ ਚਾਰੇ ਕਿਲਵਿਖ ਅਤੇ ਸਾਰੇ ਪਾਪ ਲਹਿ ਜਾਣਗੇ ॥੧ ॥ ਰਹਾਉ ॥

ਐਸਾ ਸੰਤੁ ਸਾਧੁ ਜਿਨ ਪਾਇਆ ਤੇ ਵਡ ਪੁਰਖ ਵਡਾਨੀ ॥

ਅਜੇਹਾ ਸਾਧੁ=ਸ੍ਰੇਸ਼ਟ ਸੰਤ ਦਾ ਸੰਗ ਕਰਨਾ ਜਿਨ੍ਹਾਂ ਨੇ ਪਾਇਆ ਹੈ,
ਉਹ ਪੁਰਖ ਵੱਡਿਆਂ ਤੋਂ ਭੀ ਵੱਡੇ ਹਨ।

ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿ ਲੋਚ ਲੁਚਾਨੀ॥ ੨ ॥

ਹੇ ਪ੍ਰਭੂ ਸੁਆਮੀ ! ਮੈਂ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ, ਕਿਉਂਕਿ ਹੇ ਹਰੀ ! ਮੈਨੂੰ ਇਹ ਲੋਚ=ਇੱਛਾ ਲੁਚਾਨੀ=ਲੱਗ ਰਹੀ ਹੈ। ਅਥਵਾ:-ਅਸਾਨੂੰ ਹੇ ਹਰੀ ! ਆਪ ਜੀ ਦੀ ਇੱਛਾ ਲੱਗ ਰਹੀ ਹੈ॥੨ ॥

ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ ਜਿਨ ਜਪਿਓ ਸੇ ਤ੍ਰਿਪਤਾਨੀ॥

ਹੇ ਪ੍ਰਭੂ ਸੁਆਮੀ ! ਆਪ ਜੀ ਦਾ ਹਰਿ ਹਰਿ ਨਾਮ, (ਗਿਆਨ ਅਤੇ ਮੁਕਤੀ ਰੂਪ ਫਲਾਂ ਦੇ ਸਹਿਤ) ਸਫਲ ਬ੍ਰਿੱਛ ਹੈ, ਜਿਨ੍ਹਾਂ ਨੇ ਆਪ ਜੀ ਦਾ ਨਾਮ ਜਪਿਆ ਹੈ ਉਹ ਤ੍ਰਿਪਤ ਹੋ ਗਏ ਹਨ।

ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ ਸਭ ਲਾਥੀ ਭੂਖ ਭੁਖਾਨੀ॥ ੩ ॥

ਜੋ ਹਰਿ ਹਰਿ ਨਾਮ ਰੂਪੀ ਅੰਮ੍ਰਿਤ ਨੂੰ ਪੀ ਕੇ ਤ੍ਰਿਪਤ ਹੋਏ ਹਨ, ਉਨ੍ਹਾਂ ਦੀ ਭੁਖਾਨੀ=ਭਖਣ ਵਾਲੀ ਸਾਰੀ ਤ੍ਰਿਸ਼ਨਾ ਰੂਪੀ ਭੁੱਖ ਲਹਿ ਗਈ ਹੈ, ਅਥਵਾ:-ਉਨ੍ਹਾਂ ਦੇ ਮਨ ਵਿਚੋਂ ਭੁ=ਪ੍ਰਿਥਵੀ ਤੇ ਖਾਨੀ=ਅਕਾਸ਼ ਦੇ ਸਾਰਿਆਂ ਪਦਾਰਥਾਂ ਦੀ ਭੁੱਖ ਲਹਿ ਗਈ ਹੈ॥੩ ॥

ਜਿਨ ਕੇ ਵਡੇ ਭਾਗ ਵਡ ਊਚੇ ਤਿਨ ਹਰਿ ਜਪਿਓ ਜਪਾਨੀ॥

ਜਿਨ੍ਹਾਂ ਦੇ ਵੱਡਿਆਂ ਤੋਂ ਵੱਡੇ ਉੱਚੇ ਭਾਗ ਹਨ, ਉਨ੍ਹਾਂ ਨੇ ਜਪਣੇ ਜੋਗ ਹਰੀ ਨੂੰ ਜਪਿਆ ਹੈ।

ਅਥਵਾ:-ਉਨ੍ਹਾਂ ਨੇ ਆਪ ਹਰੀ ਨੂੰ ਜਪਿਆ ਹੈ ਅਤੇ ਹੋਰਨਾਂ ਪਾਸੋਂ ਜਪਵਾਇਆ ਹੈ।

ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ ਜਨ ਨਾਨਕ ਦਾਸ ਦਸਾਨੀ॥੪ ॥੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ਸੁਆਮੀ ! ਮੈਨੂੰ ਉਨ੍ਹਾਂ ਦੀ ਸੰਗਤ ਵਿਚ ਹਰ ਵੇਲੇ ਮੇਲੀ ਰੱਖ, ਜੋ ਜਨ ਦਾਸਾਂ ਦੇ ਦਾਸ ਹਨ॥ ੪॥ ੩॥

ਧਨਾਸਰੀ ਮਹਲਾ ੪ ॥

ਹਮ ਅੰਧੁਲੇ ਅੰਧ ਬਿਧੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥

ਅਸੀਂ ਅੰਨ੍ਹੇ ਅਗਿਆਨੀ, ਅੰਧ=ਅੰਨ੍ਹਿਆਂ ਕਰਨ ਵਾਲੇ ਵਿਸ਼ਿਆਂ ਦੇ ਬਿਧੈ=ਵਿਚ ਤਦਾਕਾਰ ਹੋ ਰਹੇ ਹਾਂ, ਇਸ ਲਈ ਗੁਰਾਂ ਦੀ ਚਾਲ ਉੱਤੇ ਕਿਵੇਂ ਚੱਲਾਂਗੇ।

ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥ ੧ ॥

ਸੁਖਾਂ ਦੇ ਦੇਣ ਵਾਲਾ ਸਤਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰੇ, ਤੇ ਅਸਾਨੂੰ ਆਪਣੇ ਨਾਮ ਰੂਪ ਪੱਲੇ ਨਾਲ ਲਗਾ ਲਵੇ। ਤਦ ਗੁਰਾਂ ਦੀ ਚਾਲ ਉੱਤੇ ਤੁਰ ਸਕਦੇ ਹਾਂ॥ ੧ ॥

ਗੁਰਸਿਖ ਮੀਤ ਚਲਹੁ ਗੁਰ ਚਾਲੀ॥

ਹੇ ਗੁਰਸਿੱਖ ਮਿੱਤਰੋ ! ਗੁਰਾਂ ਦੀ ਚਾਲ ਉੱਤੇ ਤੁਰਨਾ ਕਰੋ।

ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥ ੧ ॥ ਰਹਾਉ ॥

ਜੋ ਗੁਰੂ ਕਹੇ ਉਸਨੂੰ ਭਲਾ ਕਰਕੇ ਮੰਨਣਾ ਕਰੋ, ਅਤੇ ਨਿਰਾਲਿਆਂ ਕਰਨ ਵਾਲੀ ਹਰਿ ਹਰਿ ਦੀ ਕਥਾ ਸੁਣਨਾ ਕਰੋ॥ ੧ ॥ ਰਹਾਉ ॥

ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ॥

ਹੇ ਹਰੀ ਦੇ ਸੰਤੋ ! ਹੇ ਭਾਈ ਜਨੋ ! ਸੁਣੋ, ਬੇਗਿ-ਬੇਗਾਲੀ=ਸ਼ੀਘਰ ਤੋਂ ਸ਼ੀਘਰ ਗੁਰਾਂ ਦੀ ਸੇਵਾ ਕਰੋ। ਅਥਵਾ:-ਬੇ-ਗਾਲੀ=ਦ੍ਵੈਤ ਦੇ ਗਾਲਣ ਵਾਲੀ ਜੋ ਗੁਰ ਸੇਵਾ ਹੈ, ਉਸ ਨੂੰ ਬੇਗਿ=ਸ਼ੀਘਰ ਸੇਵਨਾ ਕਰੋ।

ਸਤਗੁਰੁ ਸੇਵਿ ਖਰਚੁ ਹਰਿ ਬਾਧਉ ਮਤ ਜਾਣਹੁ ਆਜੁ ਕਿ ਕਾਲ੍ਹੀ॥ ੨ ॥

ਸਤਿਗੁਰਾਂ ਦੀ ਸੇਵਾ ਕਰਕੇ ਹਰੀ ਨਾਮ ਦਾ ਖਰਚ ਅੱਜ ਹੀ ਬੁੱਧੀ ਰੂਪ ਪੱਲੇ ਵਿਚ ਬੰਨ੍ਹ ਲਵੋ, ਇਹ ਗੱਲ ਮਤਾਂ ਜਾਣੋ ਕਿ ਕਲ੍ਹ ਨੂੰ ਕਰਾਂਗੇ॥੨ ॥

ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ॥

ਹਰੀ ਦੇ ਸੰਤਾਂ ਨਾਲ ਮਿਲਕੇ ਹਰੀ ਜਪ ਨੂੰ ਜਪਣਾ ਕਰੋ, ਹੇ ਸੰਤੋ ! ਅੰਤ ਸਮੇਂ ਹਰਿ ਹਰਿ ਦਾ ਨਾਮ ਹੀ ਨਾਲ ਚਲੱਣ ਵਾਲਾ ਹੈ।

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥ ੩ ॥

ਜਿਨ੍ਹਾਂ ਨੇ ਹਰੀ ਨਾਮ ਜਪਿਆ ਹੈ ਉਹ ਹਰੀ ਦਾ ਰੂਪ ਹੋਏ ਹਨ, ਕੇਲਾਲੀ=ਜਲ ਵਿਚ ਕੇਲ=ਕੇਲਾ (ਖੁਸ਼ੀਆਂ) ਦੇ ਕਰਨ ਵਾਲਾ ਹਰੀ ਉਨ੍ਹਾਂ ਨੂੰ ਮਿਲਿਆ ਹੈ। ਅਥਵਾ:-ਸੰਸਾਰ ਕੇਲ=ਖੇਡ ਦੇ ਕੇਲਾਲੀ=ਖੇਡਣ ਵਾਲਾ ਹਰੀ ਉਨ੍ਹਾਂ ਨੂੰ ਮਿਲਿਆ ਹੈ।

ਹਰਿ ਹਰਿ ਜਪਨੁ ਜਪਿ ਲੋਚ ਲੁੋਚਾਨੀ ਹਰਿ ਕਿਰਪਾ ਕਰਿ ਬਨਵਾਲੀ॥

ਜਿਨ੍ਹਾਂ ਦੇ ਮਨ ਵਿਚ ਹਰਿ ਹਰਿ ਨਾਮ ਜਪ ਦੇ ਜਪਣ ਦੀ ਲੋਚ=ਚਾਹ ਲੁੋਚਾਨੀ=ਲੱਗੀ ਹੈ, (ਸੰਸਾਰ ਬਨ ਦਾ ਵਾਲੀ) ਪਰਮਾਤਮਾ ਉਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ।

ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ (ਪੰਨਾ ੬੬੮)

ਹਮ ਸਾਧ ਜਨਾ ਪਗ ਰਾਲੀ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ! ਮੈਨੂੰ ਸੰਤ ਜਨਾਂ ਦੀ ਸੰਗਤ ਵਿਚ ਮੇਲੋ;

ਮੈਂ ਸੰਤ ਜਨਾਂ ਦੇ ਪਗ=ਚਰਨਾਂ ਦੀ ਰਾਲੀ=ਧੂੜ ਹਾਂ॥ ੪ ॥ ੪ ॥

ਧਨਾਸਰੀ ਮਹਲਾ ੪ ॥

ਇਸ ਸ਼ਬਦ ਵਿਚ ਗੁਰੂ ਸਾਹਿਬ ਜੀ ਆਪਣੀ ਪ੍ਰੀਤੀ ਦਾ ਵਰਨਨ ਕਰਦੇ ਹਨ-

ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ॥

ਹਰੇਕ ਜੀਵਾਂ ਨੂੰ ਹਰਿਆਂ ਕਰਨ ਵਾਲੇ ਹੇ ਹਰੀ ਸੁਆਮੀ ! ਆਪ ਸ਼ਾਂਤੀ ਬੂੰਦ ਰੂਪ ਹੋ ਰਹੇ ਹੋ, ਅਸੀਂ ਪਪੀਹੇ ਵਾਂਗ ਉਸ ਸ਼ਾਂਤੀ ਬੂੰਦ ਵਾਸਤੇ ਬਿੱਲਿਆਂ ਦੀ ਤਰ੍ਹਾਂ ਵਿਰਲਾਪ ਕਰਦੇ ਹਾਂ।

ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ॥ ੧ ॥

ਹੇ ਹਰਿ ਹਰਿ ਪ੍ਰਭੂ ! ਆਪਣੀ ਕਿਰਪਾ ਦ੍ਰਿਸ਼ਟੀ ਕਰੋ, ਮੇਰੇ ਮੂੰਹ ਵਿਚ ਹਰੀ ਨਾਮ ਰੂਪੀ ਸ਼ਾਂਤੀ ਬੂੰਦ ਨਿਮਖ ਮਾਤ੍ਰ ਦੇਣਾ ਕਰੋ। ਅਥਵਾ:-ਜੋ ਨਿਮਖਾਤੀ=ਨਿਮਕ ਦੀ ਤਰ੍ਹਾਂ ਸ੍ਵਾਦੀਕ ਹੈ, ਉਹ ਹਰੀ ਨਾਮ ਮੇਰੇ ਮੂੰਹ ਵਿਚ ਦੇਣਾ ਕਰੋ॥ ੧ ॥

ਹਰਿ ਬਿਨੁ ਰਹਿ ਨ ਸਕਉ ਇਕ ਰਾਤੀ॥

ਹੇ ਹਰੀ ! ਆਪ ਜੀ ਤੋਂ ਬਿਨਾਂ ਮੈਂ ਇੱਕ ਰਾਤੀ=ਰਾਤ,

ਯਾਂ ਰਾਤੀ=ਰੱਤੀ ਭਰ ਵੀ ਰਹਿ ਨਹੀਂ ਸਕਦਾ।

ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ॥ ਰਹਾਉ॥

ਜਿਵੇਂ ਅਮਲੀ ਪੁਰਸ਼ ਅਮਲੈ=ਅਮਲ ਮਿਲੇ ਤੋਂ ਬਿਨਾਂ ਮਰ ਜਾਂਦਾ ਹੈ, ਤਿਵੇਂ ਹਰੀ ਨਾਮ ਤੋਂ ਬਿਨਾਂ ਮੈਂ ਮਰ ਜਾਂਦਾ ਹਾਂ॥ਰਹਾਉ॥

ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ॥

ਹੇ ਹਰੀ ! ਆਪ ਅਤਿ ਅਗਾਹ=ਬੜੇ ਅਗਾਧ ਸਰਵਰ=ਸਮੁੰਦ੍ਰ ਹੋ ਇਸ ਲਈ ਅਸੀਂ ਤੇਰਾ ਅੰਤ ਤਿਲ ਮਾਤ੍ਰ ਭੀ ਨਹੀਂ ਲੈ ਸਕਦੇ।

ਤੂ ਪਰੈ ਪਰੈ ਅਪਰੰਪਰੁ ਸੁਆਮੀ ਮਿਤਿ ਜਾਨਹੁ ਆਪਨ ਗਾਤੀ॥ ੨ ॥

ਹੇ ਅਪਰੰਪਰੁ=ਸੰਸਾਰ ਤੋਂ ਪਰਾ ਰੂਪ ਸੁਆਮੀ ! ਆਪ ਪਰੇ ਤੋਂ ਪਰੇ ਹੋ, ਆਪਣੀ ਗਾਤੀ=ਪ੍ਰਾਪਤੀ ਦੀ, ਯਾਂ ਗਾਤੀ=ਰੀਤੀ ਦੀ ਮਰਯਾਦਾ ਨੂੰ ਆਪ ਹੀ ਜਾਣਦੇ ਹੋ॥੨ ॥

ਹਰਿ ਕੇ ਸੰਤ ਜਨਾ ਹਰਿ ਜਪਿਓ ਗੁਰ ਰੰਗਿ ਚਲੂਲੈ ਰਾਤੀ॥

ਹਰੀ ਦੇ ਸੰਤ ਜਨਾਂ ਨੇ ਹਰੀ ਨਾਮ ਨੂੰ ਜਪਿਆ ਹੈ, ਕਿਉਂਕਿ ਉਹਨਾਂ ਦੀ ਬੁੱਧੀ ਗੁਰਾਂ ਨੇ ਗਿਆਨ ਰੂਪ ਗੂੜ੍ਹੇ ਰੰਗ ਵਿਚ ਰਾਤੀ=ਰੰਗ ਦਿੱਤੀ ਹੈ।

ਹਰਿ ਹਰਿ ਭਗਤਿ ਬਨੀ ਅਤਿ ਸੋਭਾ ਹਰਿ ਜਪਿਓ ਊਤਮ ਪਾਤੀ॥ ੩ ॥

ਹਰਿ ਹਰਿ ਦੇ ਭਗਤਾਂ ਦੀ ਅਤਿ=ਬੜੀ ਸੋਭਾ ਬਣ ਰਹੀ ਹੈ,.ਕਿਉਂਕਿ ਉਹਨਾਂ ਨੇ ਉੱਤਮ ਪਾਤੀ=ਪਤੀ ਹਰੀ ਨੂੰ ਜਪਿਆ ਹੈ।

ਅਥਵਾ:-ਹਰੀ ਦੇ ਜਪਣ ਕਰਕੇ ਉਹਨਾਂ ਦੀ ਉੱਤਮ ਪਾਤੀ=ਪਤ-ਆਬਰੋ ਹੋਈ ਹੈ॥੩॥

ਆਪੇ ਠਾਕੁਰੁ ਆਪੇ ਸੇਵਕੁ ਆਪਿ ਬਨਾਵੈ ਭਾਤੀ॥

ਹੇ ਹਰੀ ! ਤੂੰ ਆਪ ਹੀ ਠਾਕੁਰ ਰੂਪ ਹੈਂ, ਆਪ ਹੀ ਸੇਵਕ ਰੂਪ ਹੈਂ, ਸਾਰੀਆਂ ਭਾਤੀ=ਰੀਤਾਂ ਨੂੰ ਤੂੰ ਆਪ ਹੀ ਬਣਾਉਂਦਾ ਹੈਂ।

ਨਾਨਕੁ ਜਨੁ ਤੁਮਰੀ ਸਰਣਾਈ ਹਰਿ ਰਾਖਹੁ ਲਾਜ ਭਗਾਤੀ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਆਪ ਜੀ ਦੀ ਸ਼ਰਣ ਆਇਆ ਹਾਂ, ਕਿਉਂਕਿ-

ਹੇ ਹਰੀ ! ਆਪਣਿਆਂ ਭਗਾਤੀ=ਭਗਤਾਂ ਦੀ ਲੱਜਾ ਨੂੰ ਆਪ ਹੀ ਰੱਖਦੇ ਹੋ॥ ੪॥ ੫॥

ਧਨਾਸਰੀ ਮਹਲਾ ੪॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਆਖਦੇ ਹਨ, ਜਗਿਆਸੂ ਕਹਿੰਦਾ ਹੈ, ਹੇ ਸੰਤੋ !

ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ॥

ਮੈਨੂੰ ਇਹ ਗੱਲ ਪੁੱਛਣੀ ਭਾਈ ਹੈ ਆਪ ਕਲਜੁਗ ਦਾ ਧਰਮ ਕਹੋ, ਅਸੀਂ ਦੁਖਾਂ ਤੋਂ ਕਿਵੇਂ ਛੁਟੀਏ, ਕਿਉਂਕਿ ਛੁਟਕਾਕੀ=ਛੁੱਟਣੇ ਦੀ ਇੱਛਾ ਲੱਗ ਰਹੀ ਹੈ। ਸੰਤਾਂ ਨੇ ਕਿਹਾ-

ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ ਤਰੈ ਤਰਾਕੀ॥ ੧॥

''ਆਸਾ ਤ੍ਰਿਸ਼ਨਾਂ ਰੂਪ ਨਦੀ ਤੋਂ ਪਾਰ ਹੋਣ ਵਾਸਤੇ ਹਰਿ ਹਰਿ ਦਾ ਜਪ ਬੇੜੀ ਹੈ।

ਸੰਕਲਪਾਂ ਵਿਕਲਪਾਂ ਹੂਪੀ ਨਾਲਿਆਂ ਤੋਂ ਪਾਰ ਹੋਣ ਲਈ ਹਰੀ ਨਾਮ ਹੀ ਤੁਲਹਾ ਹੈ, ਸੰਸਾਰ-ਸਮੁੰਦ੍ਰ ਤੋਂ ਤਰਾਕੀ=ਤਰਨ ਵਾਸਤੇ ਹਰੀ ਨਾਮ ਜਪਣਾ, ਤਰੈ=ਜਹਾਜ਼ ਹੈ।

ਅਥਵਾ:-ਜਿਸ ਵੇਲੇ ਹਰੀ ਨਾਮ ਨੂੰ ਜਪਿਆ ਤਾਂ ਤੜੱਕ ਦੇ ਕੇ ਭਾਵ ਜਲਦੀ ਤਰ ਗਏ।

ਵਾ:-ਆਪ ਤਰ ਗਏ ਅਤੇ ਹੋਰਨਾਂ ਨੂੰ ਭੀ ਤਰਾਕੀ=ਤਾਰ ਦਿੱਤਾ।''

ਹਰਿ ਜੀ ਲਾਜ ਰਖਹੁ ਹਰਿ ਜਨ ਕੀ॥

(੧) ਹੇ ਹਰਿ ਜੀਉ ! ਆਪ ਹੀ ਹਰੀ ਜਨਾਂ ਦੀ ਲੱਜਾ ਰੱਖਦੇ ਹੋ।

(੨) ਹੇ ਹਰਿ ਹਰਿ ਜੀ ! ਮੈਂ ਜਨ ਦੀ ਲੱਜਾ ਆਪ ਰੱਖਣਾ ਕਰੋ।

ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ॥ਰਹਾਉ॥

ਆਪਣੇ ਹਰਿ ਹਰਿ ਨਾਮ ਜਪ ਨੂੰ ਮੇਰੇ ਪਾਸੋਂ ਜਪਵਾਓ, ਮੈਨੇ ਇਕਾਕੀ=ਕੇਵਲ ਆਪ ਜੀ ਦੀ ਭਗਤੀ ਹੀ ਮੰਗੀ ਹੈ। ਅਥਵਾ:-ਮੈਨੇ ਆਪ ਜੀ ਤੋਂ ਇਕਾਂਤ ਭਗਤੀ ਮੰਗੀ ਹੈ। ਇਕਾਂਤ ਭਗਤੀ ਦਾ ਪ੍ਰਸੰਗ ਵਿਚਾਰ ਸਾਗਰ ਦੇ ਪੰਜਵੇਂ ਤਰੰਗ ਵਿਚ ਹੈ, ਪਿਤਾਂਬਰੀ ਦਾ ਸਫਾ ੧੨੭।

ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ॥

(੧) ਉੱਚ ਹਰੀ ਦੇ ਸੇਵਕ ਹਰੀ ਨੂੰ ਪਿਆਰੇ ਹਨ, ਜਿਨ੍ਹਾਂ ਨੇ ਗੁਰਾਂ ਦੇ ਬਚਨਾਂ ਦੁਆਰੇ ਹਰੀ ਨਾਮ ਨੂੰ ਜਪਣਾ ਕੀਤਾ ਹੈ।

(੨) "ਜਿਨ ਜਪਿਓ ਹਰਿ ਬਚਨਾਕੀ" ਜਿਨ੍ਹਾਂ ਨੇ ਮਾਂ ਦੇ ਪੇਟ ਵਿਚ ਕੀਤੇ ਹੋਏ ਬਚਨਾਂ ਅਨੁਸਾਰ ਹਰੀ ਨਾਮ ਨੂੰ ਜਪਿਆ ਹੈ।

(੩) ਜਿਨ੍ਹਾਂ ਨੇ ਹਰੀ ਨਾਮ ਨੂੰ ਜਪਿਆ ਹੈ, ਉਹਨਾਂ ਨੇ ਬਚਨਾ ਕੀ=ਬਚਨਾ ਕੀਤਾ ਹੈ। (ਪਾਠ "ਬਚਨਾਕੀ" ਇਕੱਠਾ ਹੈ)।

ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ ॥ ੨ ॥

ਚਿੱਤ੍ਰ ਗੁਪਤ ਨੇ ਜੋ ਦਿਨ ਰਾਤ ਦਾ ਲੇਖਾ ਲਿਖਿਆ ਹੋਇਆ ਸੀ, ਉਸ ਸਾਰੇ ਲੇਖੇ ਦੀ ਬਾਕੀ ਜਮ ਰਾਜੇ ਵਲੋਂ ਛੁੱਟ ਗਈ ਹੈ॥੨ ॥

ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ ਲਗਿ ਸੰਗਤਿ ਸਾਧ ਜਨਾ ਕੀ ॥

ਹਰੀ ਦੇ ਜੋ ਸੰਤ ਹਨ ਜਿਨ੍ਹਾਂ ਨੇ ਮਨ ਵਿਚ ਹਰਿ ਹਰਿ ਨਾਮ ਜਪਿਆ ਹੈ, ਉਹਨਾਂ ਸਾਧ ਜਨਾਂ ਦੀ ਸੰਗਤ ਵਿਚ ਲੱਗ ਜਾ।

ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ ॥ ੩ ॥

ਸਿਵ=ਕਲਿਆਣ ਸਰੂਪ ਚੰਦ੍ਰਮਾ=ਸ਼ਾਂਤੀ ਦੇ ਕਰਨ ਵਾਲਾ ਜਿਸ ਵੇਲੇ ਹਿਰਦੇ ਅਕਾਸ਼ ਵਿਚ ਚੜ੍ਹਿਆ ਤਾਂ ਦਿਨੀਅਰੁ ਸੂਰੁ=ਬਾਰਾਂ ਸੂਰਜਾਂ ਵਰਗੀ ਜੋ ਤ੍ਰਿਸ਼ਨਾਂ ਰੂਪ ਅੱਗ ਸੀ ਉਹ ਬੁਝ ਗਈ।

ਤੁਮ ਵਡ ਪੁਰਖ ਵਡ ਅਗਮ ਅਗੋਚਰ ਤੁਮ ਆਪੇ ਆਪਿ ਅਪਾਕੀ ॥

ਆਪ ਵੱਡਿਆਂ ਤੋਂ ਵੱਡੇ ਪੁਰਖ ਹੋ, ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਹੋ, ਤੁਸਾਂ ਨੇ ਆਪਣੇ ਆਪ ਤੋਂ ਆਪ ਹੀ ਸਾਰਾ ਜਗਤ ਪੈਦਾ ਕੀਤਾ ਹੈ।

ਅਥਵਾ:-ਤੁਸੀਂ ਆਪੇ ਆਪ ਅਪਾਕੀ=ਨਿਰਲੇਪ ਹੋ।

ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ ਕਰਿ ਦਾਸਨਿ ਦਾਸ ਦਸਾਕੀ ॥੪ ॥੬ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਦਾਸ ਉੱਤੇ ਕਿਰਪਾ ਦ੍ਰਿਸ਼ਟੀ ਕਰੋ,

ਅਤੇ ਆਪਣੇ ਦਾਸਾਂ ਦੇ ਦਾਸਾਂ ਦਾ ਦਾਸ ਕਰ ਲਵੋ॥ ੪॥ ੬॥

ਧਨਾਸਰੀ ਮਹਲਾ ੪ ਘਰੁ ੫ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਉਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥

ਸਾਰੇ ਰਮੋ=ਰਮਿਆ ਹੋਇਆ ਰਮੁ=ਸੁੰਦਰ ਜੋ ਮੁਰਾਰੀ ਹੈ ਉਸ ਦੇ ਵਿਚਾਰ ਨੂੰ ਹਿਰਦੇ ਵਿਚ ਧਾਰਨਾ ਕਰ, ਅਤੇ ਮਨ ਮੋਹਨ ਪਰਮਾਤਮਾ ਦੇ ਨਾਮ ਨੂੰ ਜਪਣਾ ਕਰ। ਜਿਨ੍ਹਾਂ ਨੇ ਜਪਿਆ ਹੈ-

ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ ਗੁਰਿ ਪੂਰੈ ਪ੍ਰਗਟ ਕਰਿ ਦੀਨੇ॥ ੧ ॥

ਉਹਨਾਂ ਨੂੰ ਅਦ੍ਰਿਸ਼ਟ, ਅਗੋਚਰ, ਅਪਰੰਪਰ ਸੁਆਮੀ ਪਰਮਾਤਮਾ, ਪੂਰਿਆਂ ਗੁਰਾਂ ਨੇ ਪ੍ਰਗਟ ਕਰਕੇ ਵਿਖਾ ਦਿੱਤਾ ਹੈ॥ ੧ ॥

ਰਾਮ ਪਾਰਸ ਚੰਦਨ ਹਮ ਕਾਸਟ ਲੋਸਟ॥

ਹੇ ਭਾਈ ! ਰਾਮ ਦਾ ਨਾਮ ਪਾਰਸ ਤੇ ਚੰਦਨ ਵਰਗਾ ਹੈ, ਅਤੇ ਅਸੀਂ ਕਾਸਟ=ਕਾਠ ਤੇ ਲੋਸਟ=ਲੋਹੇ ਵਰਗੇ ਸੀ।

ਹਰਿ ਸੰਗਿ ਹਰੀ ਸਤਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ॥ ੧ ॥ ਰਹਾਉ ॥

ਜਿਸ ਵੇਲੇ ਹਰਿ ਹਰਿ ਦੀ ਸਤਸੰਗਤ ਦੇ ਸੰਗ ਹੋਏ, ਤਾਂ ਹਰੀ ਸਰੂਪ ਗੁਰਾਂ ਨੇ ਲੋਹੇ ਤੋਂ ਸੋਨਾ ਤੇ ਕਾਠ ਤੋਂ ਚੰਦਨ ਕਰ ਦਿੱਤਾ ਹੈ॥੧ ॥ਰਹਾਉ॥

ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ॥

ਨੌਂ ਵਿਆਕਰਣ*, ਛੇ ਸ਼ਾਸਤ੍ਰ**, ਖਟੁ=ਛੇ ਵੇਦ ਦੇ ਅੰਗ*** ਚਾਹੇ ਇਨ੍ਹਾਂ ਸਾਰਿਆਂ ਨੂੰ ਕੰਠ ਕਰਕੇ (ਮੂੰਹ ਦੇ ਅਗਰ ਭਾਗ) ਪੜ੍ਹਦਾ ਹੈ, ਪਰ ਮੇਰਾ ਹਰੀ ਪ੍ਰਭੂ ਇਸ ਤਰ੍ਹਾਂ ਪ੍ਰਸੰਨ ਨਹੀਂ ਹੁੰਦਾ।

ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ
ਇਉ ਹਰਿ ਪ੍ਰਭੁ ਮੇਰਾ ਭੀਨੇ॥ ੨ ॥ ੧ ॥ ੭ ॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਹਿਰਦੇ ਵਿਚ ਸਦਾ ਹਰੀ ਨੂੰ ਧਿਆਉਣਾ ਕਰੋ, ਇਸ ਤਰ੍ਹਾਂ ਮੇਰਾ ਹਰੀ ਪ੍ਰਭੂ ਭੀਨੇ=ਪ੍ਰਸੰਨ ਹੁੰਦਾ ਹੈ॥੨ ॥੧ ॥੭ ॥

ਧਨਾਸਰੀ ਮਹਲਾ ੪॥ (ਪੰਨਾ ੬੬੯)

ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ॥

ਹੇ ਭਾਈ ! ਸਤਿਗੁਰਾਂ ਦੀ ਸੇਵਾ ਕਰਕੇ ਹਰੀ ਦੇ ਗੁਣਾਂ ਨੂੰ ਕਹੁ ਅਤੇ ਹਰੀ ਦੇ ਸਰੂਪ ਨੂੰ ਲਖਣਾ ਕਰ, ਅਥਵਾ:-ਸਾਰਿਆਂ ਵਿਚ ਹਰੀ ਨੂੰ ਲਹੁ=ਲਖਣਾ ਕਰ,

ਇਸ ਪ੍ਰਕਾਰ ਹਰਿ ਹਰਿ ਨਾਮ ਨੂੰ ਧਿਆਉਣਾ ਕਰ।

---

*ਨੌਂ ਵਿਆਕਰਣ:-ਇੰਦ੍ਰ, ਚੰਦ੍ਰ, ਕਾਸ, ਕ੍ਰਿਤਸਨ, ਅਪਿਸ਼ਲ, ਸਾਕਟਾਯਨ, ਪਾਣਿਨੀ, ਅਮਰ, ਜੈਨੇਂਦ੍ਰ।

**ਛੇ ਸ਼ਾਸਤ੍ਰ:-ਸਾਂਖਯ, ਨਿਆਇ, ਵਿਸ਼ੇਸ਼ਕ, ਮਿਮਾਂਸ਼ਕ, ਯੋਗ, ਵੇਦਾਂਤ।

***ਛੇ ਵੇਦ ਦੇ ਅੰਗ:-ਸਿਖਿਆ, ਕਲਪ, ਵਿਆਕਰਣ, ਨਿਰੁਕਤ, ਛੰਦ, ਜੋਤਸ਼।

ਇਨ੍ਹਾਂ ਦੀ ਵੰਡ ਇਸ ਤਰ੍ਹਾਂ ਲਿਖੀ ਹੈ:-ਵੇਦ ਸਿਖਿਆ ਨੂੰ ਨੱਕ, ਕਲਪ ਨੂੰ ਹੱਥ, ਵਿਆਕਰਣ ਨੂੰ ਮੂੰਹ, ਨਿਰੁਕਤ ਨੂੰ ਕੰਨ, ਜੋਤਸ਼ ਨੂੰ ਅੱਖਾਂ ਕਹਿੰਦੇ ਹਨ।

ਹਰਿ ਦਰਗਹ ਭਾਵਹਿ ਫਿਰਿ ਜਨਮਿ ਨ ਆਵਹਿ
ਹਰਿ ਹਰਿ ਹਰਿ ਜੋਤਿ ਸਮਾਈ॥ ੧ ॥

ਜਦ ਹਰ ਵੇਲੇ ਹਰੇਕ ਵਿਚ ਹਰੀ ਦੀ ਜੋਤ ਨੂੰ ਸਮਾਈ ਜਾਣੇਗਾ,

ਵਾ:-ਮਨ, ਬਾਣੀ, ਸਰੀਰ ਕਰਕੇ ਸਾਰਿਆਂ ਵਿਚ ਹਰਿ ਹਰਿ ਦੀ ਜੋਤ ਸਮਾਈ ਜਾਣੇਗਾ, ਤਾਂ ਹਰੀ ਦੀ ਪ੍ਰਲੋਕ ਦਰਗਾਹ ਵਿਚ ਹਰੀ ਨੂੰ ਭਾਵੇਂਗਾ ਅਤੇ ਜਨਮ ਮਰਨ ਵਿਚ ਨਹੀਂ ਆਵੇਂਗਾ॥੧ ॥

ਜਪਿ ਮਨ ਨਾਮੁ ਹਰੀ ਹੋਹਿ ਸਰਬ ਸੁਖੀ॥

ਹੇ ਮਨ ! ਹਰੀ ਨਾਮ ਨੂੰ ਜਪਣਾ ਕਰ, ਤਾਂ ਸਭ ਤਰ੍ਹਾਂ ਕਰਕੇ ਸੁਖੀ ਹੋਹਿ=ਹੋਵੇਂਗਾ।

ਹਰਿ ਜਸੁ ਊਚ ਸਭਨਾ ਤੇ ਊਪਰਿ ਹਰਿ ਹਰਿ ਹਰਿ ਸੇਵਿ ਛਡਾਈ॥ ਰਹਾਉ ॥

ਹਰੀ ਦਾ ਜਸ ਉੱਚਾ ਤੇ ਸਾਰਿਆਂ ਸਾਧਨਾਂ ਤੋਂ ਉੱਪਰ ਹੈ, ਹਰੇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ, ਉਸ ਦੀ ਸੇਵਾ ਹੀ ਜਮਾਂ ਤੋਂ ਛੁਡਾਉਣ ਵਾਲੀ ਹੈ॥ ਰਹਾਉ॥

ਹਰਿ ਕ੍ਰਿਪਾ ਨਿਧਿ ਕੀਨੀ ਗੁਰਿ ਭਗਤਿ ਹਰਿ ਦੀਨੀ
ਤਬ ਹਰਿ ਸਿਉ ਪ੍ਰੀਤਿ ਬਨਿ ਆਈ॥

ਕਿਸ ਵੇਲੇ ਕਿਰਪਾ ਨਿੱਧੀ ਹਰੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਗੁਰਾਂ ਨੇ ਹਰੀ ਦੀ ਭਗਤੀ ਦਿੱਤੀ, ਤਿਸ ਵੇਲੇ ਹਰੀ ਨਾਲ ਮੇਰੀ ਪ੍ਰੀਤੀ ਬਣ ਆਈ ਹੈ।

ਬਹੁ ਚਿੰਤ ਵਿਸਾਰੀ ਹਰਿ ਨਾਮੁ ਉਰਿ ਧਾਰੀ
ਨਾਨਕ ਹਰਿ ਭਏ ਹੈ ਸਖਾਈ॥ ੨ ॥ ੨ ॥ ੮ ॥

ਗੁਰੂ ਜੀ ਕਥਨ ਕਰਦੇ ਹਨ, ਬਹੁਤ ਸਾਰੀ ਚਿੰਤਾ ਵਿਸਾਰਕੇ ਹਰੀ ਨਾਮ ਦੀ ਪ੍ਰੀਤੀ ਹਿਰਦੇ ਵਿਚ ਧਾਰੀ, ਤਾਂ ਹਰੀ ਆਪ ਸਖਾਈ=ਸਹਾਇਤਾ ਕਰਨ ਵਾਲੇ ਹੋਏ ਹਨ॥੨ ॥੨ ॥੮ ॥

ਧਨਾਸਰੀ ਮਹਲਾ ੪ ॥

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ॥

ਹੇ ਭਾਈ ! ਹਰੀ ਨਾਮ ਪੜ੍ਹ, ਹਰੀ ਨਾਮ ਨੂੰ ਲਿਖਣਾ ਕਰ, ਹਰੀ ਨਾਮ ਨੂੰ ਜਪਣਾ ਕਰ, ਅਤੇ ਹਰੀ ਦਾ ਜਸ ਗਾਵਣਾ ਕਰ, ਤਾਂ ਉਹ ਹਰੀ ਤੈਨੂੰ (ਸੰਸਾਰ) ਸਮੁੰਦਰ ਤੋਂ ਪਾਰ ਉਤਾਰੇਗਾ।

ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ
ਇਵ ਭਣੁ ਹਰਿ ਨਾਮੁ ਮੁਰਾਰੀ॥ ੧ ॥

ਮਨ, ਬਾਣੀ ਕਰਕੇ ਹਿਰਦੇ ਵਿਚ ਹਰੀ ਨੂੰ ਧਿਆਉਣਾ ਕਰ, ਤਾਂ ਹਰੀ ਸੰਤੁਸਟੁ=ਪ੍ਰਸੰਨ ਹੋਵੇਗਾ।

ਇਸ ਤਰ੍ਹਾਂ ਨਾਲ ਹਰੀ ਮੁਰਾਰੀ ਦੇ ਨਾਮ ਨੂੰ ਭਣੁ=ਉਚਾਰਨਾ ਕਰ॥੧॥

ਮਨਿ ਜਪੀਐ ਹਰਿ ਜਗਦੀਸ॥ ਮਿਲਿ ਸੰਗਤਿ ਸਾਧੂ ਮੀਤ॥

ਹੇ ਮਿੱਤਰ! ਸੰਤਾਂ ਦੀ ਸੰਗਤ ਵਿਚ ਮਿਲ ਕੇ ਜਗਤ ਦੇ ਮਾਲਕ ਹਰੀ ਦੇ ਨਾਮ ਨੂੰ ਮਨ ਵਿਚ ਜਪੀਐ=ਜਪਣਾ ਕਰ।

ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ॥ ਰਹਾਉ॥

ਬਨਵਾਰੀ=ਸੰਸਾਰ ਬਨ ਦੇ ਮਾਲਕ ਹਰੀ ਦੀ ਕੀਰਤੀ ਕਰ, ਤਾਂ ਦਿਨ ਰਾਤ ਸਦਾ ਅਨੰਦ ਹੋਵੇਗਾ॥ ਰਹਾਉ॥

ਹਰਿ ਹਰਿ ਕਰੀ ਦ੍ਰਿਸਟਿ ਤਬ ਭਇਓ ਮਨਿ ਉਦਮੁ
ਹਰਿ ਹਰਿ ਨਾਮੁ ਜਪਿਓ ਗਤਿ ਭਈ ਹਮਾਰੀ॥

ਜਦ ਹਰਿ ਹਰਿ ਨੇ ਕਿਰਪਾ ਦ੍ਰਿਸ਼ਟੀ ਕੀਤੀ, ਤਦ ਮਨ ਵਿਚ ਉੱਦਮ ਹੋ ਗਿਆ, ਹਰਿ ਹਰਿ ਨਾਮ ਜਪਣ ਕਰਕੇ ਅਸਾਡੀ ਗਤਿ=ਮੁਕਤੀ ਭਈ=ਹੋਈ ਹੈ।

ਜਨ ਨਾਨਕ ਕੀ ਪਤਿ ਰਾਖੁ ਮੇਰੇ ਸੁਆਮੀ

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਸੁਆਮੀ! ਆਪ ਮੇਰੀ ਪਤਿ=ਇੱਜ਼ਤ ਰੱਖ ਲਓ,

ਹਰਿ ਆਇ ਪਰਿਓ ਹੈ ਸਰਣਿ ਤੁਮਾਰੀ॥ ੨॥ ੩॥ ੯॥

ਹੇ ਹਰੀ! ਮੈਂ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਆ ਕੇ ਪਿਆ ਹਾਂ॥੨॥੩॥੯॥

ਧਨਾਸਰੀ ਮਹਲਾ ੪॥

ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ
ਸਭਿ ਚਾਹਹਿ ਹਰਿ ਜੀਉ ਤੇਰੋ ਨਾਉ॥

ਹੇ ਹਰਿ ਜੀਉ! ਚਉਰਾਸੀ ਸਿੱਧ, ਬੁੱਧ ਆਦਿਕ ਨੌਂ ਗ੍ਰਹਿ, ਯਾਂ ਬੁੱਧੀਵਾਨ, ਤੇਤੀ ਕ੍ਰੋੜ ਦੇਵਤੇ ਅਤੇ ਮੁਨੀ-ਜਨ ਆਦਿਕ ਸਾਰੇ ਆਪ ਜੀ ਦੇ ਨਾਮ ਨੂੰ ਹੀ ਚਾਹਹਿ=ਚਾਹੁੰਦੇ ਹਨ।

ਗੁਰ ਪ੍ਰਸਾਦਿ ਕੋ ਵਿਰਲਾ ਪਾਵੈ
ਜਿਨ ਕਉ ਲਿਲਾਟਿ ਲਿਖਿਆ ਧੁਰਿ ਭਾਉ॥ ੧॥

ਜਿਸ ਨੂੰ ਮੱਥੇ ਉੱਤੇ ਧੁਰ ਤੋਂ ਹੀ ਨਾਮ ਜਪਣ ਦਾ ਭਾਉ=ਭਾਗ ਲਿਖਿਆ ਹੋਇਆ ਹੈ,

ਯਾਂ ਭਾਉ=ਪ੍ਰੇਮ ਕਰਨਾ ਲਿਖਿਆ ਹੋਇਆ ਹੈ; ਉਹ ਕੋਈ ਵਿਰਲਾ ਹੀ ਗੁਰਾਂ ਦੀ ਕਿਰਪਾ ਦੁਆਰੇ ਨਾਮ ਨੂੰ ਪਾਉਂਦਾ ਹੈ॥ ੧॥

ਜਪਿ ਮਨ ਰਾਮੈ ਨਾਮੁ ਹਰਿ ਜਸੁ ਊਤਮ ਕਾਮ॥

ਹੇ ਮਨ ! ਰਾਮ ਨਾਮ ਨੂੰ ਜਪਣਾ ਕਰ, ਤੇ ਹਰੀ ਦਾ ਜਸ ਕਰ ਏਹੋ ਕਾਮ=ਕੰਮ ਉੱਤਮ ਹੈ।

ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ
ਹਉ ਤਿਨ ਕੈ ਸਦ ਬਲਿਹਾਰੈ ਜਾਉ॥ ਰਹਾਉ॥

ਹੇ ਮੇਰੇ ਸੁਆਮੀ ! ਜੋ ਤੇਰਾ ਜਸ ਗਾਉਂਦੇ ਹਨ, ਅਤੇ ਸੁਣਦੇ ਹਨ, ਮੈਂ ਉਹਨਾਂ ਦੇ ਉੱਪਰੋਂ ਸਦਾ ਕੁਰਬਾਨ ਜਾਂਦਾ ਹਾਂ॥ ਰਹਾਉ॥

ਸਰਣਾਗਤਿ ਪ੍ਰਤਿਪਾਲਕ ਹਰਿ ਸੁਆਮੀ ਜੋ ਤੁਮ ਦੇਹੁ ਸੋਈ ਹਉ ਪਾਉ॥

ਜੋ ਸ਼ਰਨ ਵਿਚ ਆ ਕੇ ਪ੍ਰਾਪਤ ਹੋਏ ਹਨ, ਉਹਨਾਂ ਦੀ ਪ੍ਰਤਿਪਾਲਾ ਕਰਨ ਵਾਲੇ ਹੇ ਹਰੀ ਸੁਆਮੀ ! ਜੋ ਤੁਸੀਂ ਦੇਂਦੇ ਹੋ ਓਹੀ ਮੈਂ ਪਾਉਂਦਾ ਹਾਂ।

ਦੀਨ ਦਇਆਲ ਕ੍ਰਿਪਾ ਕਰਿ ਦੀਜੈ
ਨਾਨਕ ਹਰਿ ਸਿਮਰਣ ਕਾ ਹੈ ਚਾਉ॥ ੨॥ ੪॥ ੧੦॥

ਗੁਰੂ ਜੀ ਕਥਨ ਕਰਦੇ ਹਨ, ਹੇ ਦੀਨ ਦਿਆਲ ਹਰੀ ! ਮੈਨੂੰ ਹਰੀ ਨਾਮ ਸਿਮਰਨ ਦਾ ਚਾਉ=ਉਤਸ਼ਾਹ ਹੈ, ਆਪ ਕਿਰਪਾ ਦ੍ਰਿਸ਼ਟੀ ਕਰਕੇ ਨਾਮ ਦਾਨ ਦੇਣਾ ਕਰੋ॥ ੨॥ ੪॥ ੧੦॥

ਧਨਾਸਰੀ ਮਹਲਾ ੪॥

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥

ਸਾਰੇ ਸਿੱਖ, ਸੇਵਕ, ਗੁਰੂ ਦੀ ਪੂਜਾ ਕਰਨ ਆਉਂਦੇ ਹਨ, ਅਤੇ ਸਾਰੇ ਹਰਿ ਹਰਿ ਨਾਮ ਰੂਪ ਉੱਤਮ ਬਾਣੀ ਨੂੰ ਗਾਉਂਦੇ ਹਨ।

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ ੧॥

ਪਰ ਹਰੀ ਉਹਨਾਂ ਦਾ ਗਾਵਿਆ ਤੇ ਸੁਣਿਆ ਥਾਇ ਪਾਵੈ=ਸਫਲ ਕਰਦਾ ਹੈ, ਜਿਨ੍ਹਾਂ ਨੇ ਸਤਿਗੁਰਾਂ ਦੀ ਆਗਿਆ ਨੂੰ ਸੱਚ ਸੱਚ ਕਰਕੇ ਮੰਨਿਆਂ ਹੈ॥੧॥

ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ॥

ਹੇ ਭਾਈ ! ਹਰੀ ਦੀ ਕੀਰਤੀ ਨੂੰ ਬੋਲਣਾ ਕਰੋ; ਹਰੀ ਦੀ ਕੀਰਤੀ ਹੀ ਸੰਸਾਰ -ਸਮੁੰਦਰ ਤੋਂ ਤੀਰਥਿ=ਤਾਰਨ ਵਾਲੀ ਹੈ।

ਯਾਂ ਤੀਰਥਿ=ਪਵਿੱਤਰ ਰੂਪ ਹੈ।

ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ

ਹਰਿ ਕਥਾ ਜਿਨ ਜਨਹੁ ਜਾਨੀ॥ ਰਹਾਉ॥

ਹੇ ਸੰਤੋ ! ਹਰੀ ਦੇ ਦਰ਼ਬਾਰ ਵਿਚ ਉਹਨਾਂ ਦੀ ਉੱਤਮ ਬਾਤ=ਗੱਲ-ਬਾਤ ਹੈ,
ਯਾਂ ਉੱਤਮ ਬਾਤ=ਇੱਜ਼ਤ ਹੈ, ਜਿਨ੍ਹਾਂ ਜਨਹੁ=ਪੁਰਸ਼ਾਂ ਨੇ ਹਰੀ ਦੀ ਕਥਾ ਕਰਨੀ ਜਾਣੀ ਹੈ॥ ਰਹਾਉ॥

ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ॥

ਪ੍ਰਭੂ ਆਪ ਹੀ ਗੁਰੂ ਰੂਪ ਹੈ, ਆਪ ਹੀ ਚੇਲਾ ਰੂਪ ਹੈ, ਆਪ ਹੀ ਹਰੀ ਪ੍ਰਭੂ ਵਿਡਾਨੀ=ਅਸਚਰਜ ਕੌਤਕਾਂ ਦੇ ਕਰਨ ਵਾਲਾ ਹੈ।

ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ

ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਹਰੀ ਆਪਣੇ ਨਾਲ ਮਿਲਾਉਂਦਾ ਹੈ ਓਹੀ ਹਰੀ ਨਾਲ ਮਿਲਦਾ ਹੈ।

ਅਵਰ ਸਭ ਤਿਆਗਿ ਓਹਾ ਹਰਿ ਭਾਨੀ॥ ੨॥ ੫॥ ੧੧॥

ਇਹ ਗੱਲ ਜਾਣਕੇ ਸੰਤਾਂ ਨੇ ਹੋਰ ਸਭ ਕੁਝ ਤਿਆਗ ਕੇ ਇੱਕ ਓਸੇ ਹਰੀ ਦੀ ਕਥਾ ਕਰਨੀ ਭਾਨੀ=ਚੰਗੀ ਲੱਗੀ ਹੈ॥੨॥੫॥੧੧॥

ਧਨਾਸਰੀ ਮਹਲਾ ੪॥

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥

ਹਰੀ ਇੱਛਾ ਦੇ ਪੂਰਨ ਕਰਨ ਵਾਲਾ ਹੈ, ਸਾਰਿਆਂ ਸੁਖਾਂ ਦੇ ਦੇਣ ਵਾਲਾ ਹੈ,
ਜਿਸ ਦੇ ਵੱਸ ਵਿਚ ਕਾਮਧੇਨ ਗਊ ਭੀ ਹੈ।
ਯਥਾ:-''ਨਉ ਨਿਧਿ ਤੇਰੈ ਸਗਲ ਨਿਧਾਨ॥ ਇਛਾ ਪੂਰਕੁ ਰਖੈ ਨਿਦਾਨ'' ॥੧॥

(ਆਸਾ ਮਹਲਾ ੫, ਪੰਨਾ ੩੭੬)

(ਪੰਨਾ ੬੭੦) ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ

ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥

ਹੇ ਮੇਰੇ ਜੀਅੜੇ ! ਉਸ ਐਸੇ ਹੇਰੀ ਨੂੰ ਧਿਆਉਣਾ ਕਰ, ਹੇ ਮੇਰੇ ਮਨਾ ! ਤਾਂ ਤੂੰ ਸਾਰਿਆਂ ਸੁਖਾਂ ਨੂੰ ਪਾ ਲਵੇਂਗਾ॥੧॥

ਜਪਿ ਮਨ ਸਤਿ ਨਾਮੁ ਸਦਾ ਸ਼ਤਿ ਨਾਮੁ॥

(੧) ਹੇ ਮਨ ! ਸਤਿਨਾਮੁ ਮੰਤ੍ਰ ਨੂੰ ਜਪਣਾ ਕਰ, ਇੱਕ ਵਾਰ ਨਹੀਂ ਸਦਾ ਹੀ ਸਤਿਨਾਮੁ ਮੰਤਰ ਨੂੰ ਜਪਣਾ ਕਰ। (੨) ਮਨ, ਬਾਣੀ, ਸਰੀਰ ਕਰਕੇ ਸਦਾ ਸਤਿਨਾਮੁ ਮੰਤ੍ਰ ਨੂੰ ਜਪਣਾ ਕਰ।

ਹਲਤਿ ਪਲਤਿ ਮੁਖ ਊਜਲ ਹੋਈ ਹੈ

ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥

ਤਾਂ ਹਲਤਿ=ਲੋਕ ਪਲਤਿ=ਪ੍ਰਲੋਕ ਵਿਚ ਤੇਰਾ ਮੂੰਹ ਉੱਜਲ਼ਾ ਹੋਵੇਗਾ, ਤੂੰ ਹਰੀ ਨਿਰੰਜਨ ਪੁਰਖ ਨੂੰ ਸਦਾ ਹੀ ਧਿਆਉਣਾ ਕਰ ॥ ਰਹਾਉ ॥

ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ

ਵਡਭਾਗੀ ਹਰਿ ਜਪਨਾ ॥

ਜਿੱਥੇ ਹਰੀ ਦਾ ਸਿਮਰਨ ਹੋਇਆ ਹੈ, ਉਥੋਂ ਇਸ ਨੇ ਸਾਰੀ ਉਪਾਧੀ ਗਤੁ ਨਾਸ ਕਰ ਦਿੱਤੀ ਹੈ, ਪਰ ਵਡਿਆਂ ਭਾਗਾਂ ਵਾਲਿਆਂ ਨੇ ਹਰੀ ਨੂੰ ਜਪਿਆ ਹੈ।

ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ

ਜਪਿ ਹਰਿ ਭਵਜਲੁ ਤਰਨਾ ॥ ੨ ॥ ੬ ॥ ੧੨ ॥

ਗੁਰੂ ਜੀ ਕਰਨ ਕਰਦੇ ਹਨ, ਮੈਂ ਸੇਵਕ ਜਨ ਨੂੰ ਗੁਰਾਂ ਨੇ ਇਹੋ ਮਤਿ=ਸਿੱਖਿਆ ਦਿੱਤੀ ਹੈ, ਕਿ ਹਰੀ ਨਾਮ ਜਪਣ ਕਰਕੇ ਹੀ ਭਵਜਲੁ=ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ ॥੨ ॥੬ ॥੧੨ ॥

ਧਨਾਸਰੀ ਮਹਲਾ ੪ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥

ਹੇ ਮੇਰੇ ਸ਼ਾਹ ਹਰੀ ! ਆਪ ਜੀ ਦੇ ਦਰਸ਼ਨ ਨਾਲ ਹੀ ਮੈਨੂੰ ਸੁਖ ਪ੍ਰਾਪਤ ਹੋਇਆ ਹੈ। ਕਿਉਂਕਿ-

ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ ॥ ਰਹਾਉ ॥

ਹੇ ਮੇਰੇ ਸ਼ਾਹ! ਮੇਰੀ ਬੇਦਨਿ=ਪੀੜਾ ਨੂੰ ਤੂੰ ਆਪ ਹੀ ਜਾਣਦਾ ਹੈਂ, ਅਵਰੁ=ਹਰ ਕੋਈ ਮਨੁੱਖ ਕੀ ਜਾਣ ਸਕਦਾ ਹੈ ॥ ਰਹਾਉ ॥

ਸਾਚਾ ਸਾਹਿਬੁ ਸਚੁ ਤੂੰ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ ॥

ਹੇ ਮੇਰੇ ਸ਼ਾਹ ਸਚੁ=ਨਿਸਚੇ ਕਰਕੇ ਸਚ-ਮੁਚ ਤੂੰ ਸੱਚਾ ਸਾਹਿਬ ਹੈਂ, ਤੇਰਾ ਕੀਤਾ ਹੋਇਆ ਸਭ ਕੁਝ ਸੱਚ ਹੀ ਹੁੰਦਾ ਹੈ।

ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ ॥ ੧ ॥

ਹੇ ਮੇਰੇ ਸ਼ਾਹ ! ਝੂਠਾ ਕਿਸ ਨੂੰ ਆਖਣਾ ਕਰੀਏ, ਜਦ ਕਿ ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਹੈ ਹੀ ਨਹੀਂ ॥ ੧ ॥

ਸਭਨਾ ਵਿਚਿ ਤੂ ਵਰਤਦਾ ਸ਼ਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥

ਹੇ ਮੇਰੇ ਸ਼ਾਹ ! ਤੂੰ ਸਾਰਿਆਂ ਵਿਚ ਵਰਤ ਰਿਹਾ ਹੈਂ, ਸਾਰੇ ਜੀਵ ਦਿਨ-ਰਾਤ ਆਪ ਜੀ ਨੂੰ ਹੀ ਧਿਆਉਂਦੇ ਹਨ।

ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ ॥੨ ॥

ਹੇ ਮੇਰੇ ਸ਼ਾਹ ! ਸਾਰੇ ਜੀਵ ਆਪ ਜੀ ਦੇ ਪਾਸੋਂ ਹੀ ਮੰਗਦੇ ਹਨ, ਇੱਕ ਤੂੰ ਹੀ ਸਾਰਿਆਂ ਨੂੰ ਦਾਤ ਦੇਣਾ ਕਰਦਾ ਹੈਂ ॥੨ ॥

ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ ॥

ਹੇ ਮੇਰੇ ਸ਼ਾਹ ! ਸਭ ਕੋਈ ਤੇਰੇ ਹੁਕਮ ਵਿਚ ਹੈ, ਆਪ ਜੀ ਦੇ ਹੁਕਮ ਤੋਂ ਬਾਹਰ ਕੋਈ ਭੀ ਨਹੀਂ ਹੈ।

ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ ॥੩ ॥

ਹੇ ਮੇਰੇ ਸ਼ਾਹ ! ਸਾਰੇ ਜੀਅ ਤੇਰੇ ਦਾਸ ਹਨ, ਤੂੰ ਸਭਸ-ਦਾ=ਸਾਰਿਆਂ ਦਾ ਮਾਲਕ ਹੈਂ, ਸਾਰੇ ਤੇਰੇ ਵਿਚ ਹੀ ਸਮਾਉਣਗੇ ॥੩ ॥

ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ
ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥

ਹੇ ਮੇਰੇ ਪਿਆਰੇ ਸ਼ਾਹ ! ਤੂੰ ਸਾਰਿਆਂ ਦੀ ਆਸਾ ਪੂਰੀ ਕਰਦਾ ਹੈਂ, ਹੇ ਮੇਰੇ ਸ਼ਾਹ ! ਸਾਰੇ ਜੀਵ ਆਪ ਜੀ ਨੂੰ ਹੀ ਧਿਆਉਂਦੇ ਹਨ।

ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ
ਸਚੁ ਨਾਨਕ ਕੇ ਪਾਤਿਸਾਹ ॥ ੪ ॥ ੭ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਮੇਰੇ ਪਿਆਰੇ ਪ੍ਰਭੂ ! ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਤੂੰ ਮੈਨੂੰ ਰੱਖ ਲੈ; ਮੈਂ ਸੇਵਕ ਜਨ ਦੇ ਆਪ ਸੱਚੇ ਪਾਤਿਸ਼ਾਹ ਹੋ ॥ ੪ ॥ ੭ ॥ ੧੩ ॥

ਇਸ ਸਾਰੇ ਸ਼ਬਦ ਦੇ ਵਿਸ੍ਰਾਮ "ਸਾਹਾ" ਤੇ "ਪਿਆਰੇ" ਤੇ ਜਾਣਨੇ ਜੀ !

ਧਨਾਸਰੀ ਮਹਲਾ ੫ ਘਰੁ ੧ ਚਉਪਦੇ
ੴ ਸਤਿਗੁਰ ਪ੍ਰਸਾਦਿ ॥

ਪਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹਨ-

ਭਵ ਖੰਡਨ ਦੁਖ ਭੰਜਨ ਸ੍ਵਾਮੀ ਭਗਤਿ ਵਛਲ ਨਿਰੰਕਾਰੇ ॥

ਹੇ ਸੁਆਮੀ ! ਆਪ ਭਵ-ਖੰਡਨ=ਜਨਮ ਮਰਨ ਦੇ ਨਾਸ ਕਰਨ ਵਾਲੇ ਹੋ, ਅਤੇ ਦੁੱਖਾਂ ਦੇ ਨਾਸ ਕਰਨ ਵਾਲੇ ਹੋ, ਪੁਨਾ=ਹੇ ਨਿਰੰਕਾਰ ! ਆਪ ਭਗਤਾਂ ਦੇ ਵਛਲ=ਪਿਆਰੇ ਹੋ।

ਕੋਟਿ ਪਰਾਧ ਮਿਟੇ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ॥ ੧ ॥

ਜਾਂ ਗੁਰਮੁਖ ਬਣਕੇ ਗੁਰਾਂ ਦੁਆਰੇ ਨਾਮਾਂ ਨੂੰ ਸੰਭਾਲੇ ਤਾਂ ਉਸ ਦੇ ਕ੍ਰੋੜਾਂ ਪਰਾਧ=ਅਪਰਾਧ ਇੱਕ ਖਿਨ ਵਿਚ ਨਾਸ ਹੋ ਜਾਂਦੇ ਹਨ।

ਮੇਰਾ ਮਨੁ ਲਾਗਾ ਹੈ ਰਾਮ ਪਿਆਰੇ॥

ਹੇ ਪਿਆਰੇ ਰਾਮ ! ਮੇਰਾ ਮਨ ਆਪ ਦੇ ਸਿਮਰਨ ਵਿਚ ਲੱਗ ਰਿਹਾ ਹੈ।

ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ ਦੂਤਾਰੇ॥੧ ॥ਰਹਾਉ॥

ਹੇ ਦੀਨ ਦਿਆਲ ਪ੍ਰਭੂ ! ਆਪ ਜੀ ਨੇ ਮੇਰੇ ਉੱਤੇ ਅਜੇਹੀ ਕਿਰਪਾ ਕੀਤੀ ਹੈ,
ਜੋ ਮੈਨੇ ਕਾਮ ਆਦਿਕ ਪੰਜ ਦੂਤ ਵਸੀਕਾਰ ਕਰ ਲੀਤੇ ਹਨ॥੧ ॥ਰਹਾਉ॥

ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ ਤੇਰੇ ਭਗਤ ਸੋਹਹਿ ਦਰਬਾਰੇ॥

ਆਪ ਜੀ ਦਾ ਸਤਸੰਗ, ਯਾਂ ਬੈਕੁੰਠ ਅਸਥਾਨ ਸ਼ੋਭਨੀਕ ਹੈ, (ਸੱਤ, ਚਿੱਤ, ਆਨੰਦ ਇਹ) ਆਪ ਜੀ ਦਾ ਸਰੂਪ ਭੀ ਸੋਭਨੀਕ ਹੈ, ਅਤੇ ਆਪ ਜੀ ਦੇ ਭਗਤ ਆਪ ਜੀ ਦੇ ਦਰਬਾਰ ਵਿਚ ਸੋਭ ਰਹੇ ਹਨ।

ਸਰਬ ਜੀਆ ਕੇ ਦਾਤੇ ਸੁਆਮੀ ਕਰਿ ਕਿਰਪਾ ਲੇਹੁ ਉਬਾਰੇ॥ ੨ ॥

ਹੇ ਸੁਆਮੀ ! ਆਪ ਸਾਰਿਆਂ ਜੀਵਾਂ ਦੇ ਦਾਤੇ ਹੋ, ਆਪ ਕਿਰਪਾ ਕਰਕੇ ਮੈਨੂੰ ਉਬਾਰੇ=ਬਚਾ ਲਓ॥੨ ॥

ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ ਤੇਰੀ ਕੁਦਰਤਿ ਕਉਨੁ ਬੀਚਾਰੇ॥

ਚਾਰੇ ਵਰਨਾਂ ਵਿਚੋਂ ਆਪ ਜੀ ਦਾ ਕੋਈ ਵਰਨ ਨਹੀਂ ਜਾਣਿਆਂ ਜਾਂਦਾ, ਕਾਲਾ ਪੀਲਾ ਆਦਿਕ ਆਪ ਜੀ ਦਾ ਰੂਪ ਭੀ ਨਹੀਂ ਲਖਿਆ ਜਾਂਦਾ, ਅਤੇ ਆਪ ਜੀ ਦੀ ਕੁਦਰਤ ਦਾ ਕੌਣ ਵਿਚਾਰ ਕਰ ਸਕਦਾ ਹੈ? ਭਾਵ ਕੋਈ ਨਹੀਂ ਕਰ ਸਕਦਾ।

ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ ਗਿਰਧਾਰੇ॥ ੩ ॥

ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ=ਅਕਾਸ਼ ਆਦਿਕ ਸਾਰੀਆਂ ਜਗ੍ਹਾਂ ਉੱਪਰ ਤੂੰ ਰਵਿਆ=ਪੂਰਨ ਹੋ ਰਿਹਾ ਹੈਂ।

ਹੇ ਅਗਮ ਰੂਪ ਪਰਮਾਤਮਾ ! ਤੂੰ ਆਪ ਹੀ ਸਾਰਿਆਂ ਗਿਰ=ਪਰਬਤਾਂ ਦਾ ਧਾਰੇ=ਆਸਰਾ ਹੈਂ।
ਅਥਵਾ:-ਕ੍ਰਿਸ਼ਨ ਰੂਪ ਹੋ ਕੇ ਆਪ ਹੀ ਗੁਵਰਧਨ ਪਰਬਤ ਦੇ ਧਾਰਨ ਵਾਲਾ ਹੋ ਰਿਹਾ ਹੈਂ॥੩ ॥

ਕੀਰਤਿ ਕਰਹਿ ਸਗਲ ਜਨ ਤੇਰੀ ਤੂ ਅਬਿਨਾਸੀ ਪੁਰਖੁ ਮੁਰਾਰੇ॥

ਸਾਰੇ ਪੁਰਸ਼ ਆਪ ਜੀ ਦੀ ਕੀਰਤੀ ਨੂੰ ਕਰਦੇ ਹਨ, ਹੇ ਮੁਰਦੈਂਤ ਦੇਅਰੀ ! ਤੂੰ ਅਬਿਨਾਸੀ ਪੁਰਖ ਹੈਂ।

ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਨਿ ਦੁਆਰੇ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਆਪ ਜੀ ਦੇ ਦੁਆਰੇ ਦੀ ਸ਼ਰਨ ਵਿਚ ਆਇਆ ਹਾਂ।

ਹੇ ਸੁਆਮੀ ਜੀ ! ਜਿਵੇਂ ਆਪ ਜੀਂ ਨੂੰ ਭਾਵੇ ਤਿਵੇਂ ਰੱਖ ਲਓ ॥੪ ॥੧ ॥

ਧਨਾਸਰੀ ਮਹਲਾ ੫

ਬਿਨੁ ਜਲ ਪ੍ਰਾਨ ਤਜੇ ਹੈ ਮੀਨਾ ਜਿਨਿ ਜਲ ਸਿਉ ਹੇਤੁ ਬਢਾਇਓ ॥

ਜਿਸ ਨੇ ਪਾਣੀ ਨਾਲ ਮੋਹ ਵਧਾਇਆ ਹੋਇਆ ਹੈ, ਉਹ ਮੀਨਾ=ਮੱਛ ਜਿਵੇਂ ਪਾਣੀ ਤੋਂ ਬਿਨਾਂ ਆਪਣੇ ਪ੍ਰਾਣਾਂ ਨੂੰ ਤਿਆਗ ਦੇਂਦਾ ਹੈ।

ਕਮਲ ਹੇਤਿ ਬਿਨਸਿਓ ਹੈ ਭਵਰਾ ਉਨਿ ਮਾਰਗੁ ਨਿਕਸਿ ਨ ਪਾਇਓ ॥੧ ॥

ਜਿਵੇਂ ਕੌਲ-ਫੁੱਲਾਂ ਦੀ ਸੁਗੰਧੀ ਲੈਣ ਦੇ ਲਾਲਚ ਕਰਕੇ ਭੌਰਾ ਨਾਸ ਹੋ ਜਾਂਦਾ ਹੈ,

ਉਨਿ=ਉਸ ਭੌਰੇ ਨੇ ਕੌਲ-ਫੁੱਲਾਂ ਦੇ ਵਿਚੋਂ ਨਿਕਸਿ=ਨਿਕਲਣ ਦਾ ਮਾਰਗੁ=ਰਸਤਾ ਹੀ ਨਹੀਂ ਪਾਇਆ ॥੧ ॥

ਅਬ ਮਨ ਏਕਸ ਸਿਉ ਮੋਹੁ ਕੀਨਾ ॥

ਹੁਣ ਮੈਂ ਭੀ ਇੱਕ ਨਾਲ ਮੋਹ ਭਾਵ ਪ੍ਰੇਮ ਕਰ ਲਿਆ ਹੈ।

(ਪੰਨਾ ੬੭੧)

ਮਰੈ ਨ ਜਾਵੈ ਸਦ ਹੀ ਸੰਗੇ ਸਤਿਗੁਰ ਸਬਦੀ ਚੀਨਾ ॥ ੧ ॥ ਰਹਾਉ ॥

ਜੋ ਪ੍ਰਭੂ ਮਰਦਾ ਜੰਮਦਾ ਨਹੀਂ ਹੈ, ਅਥਵਾ:-ਮਰ ਨਹੀਂ ਜਾਂਦਾ, ਸਦਾ ਨਾਲ ਹੀ ਰਹਿੰਦਾ ਹੈ,

ਸਤਿਗੁਰ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਬਦੀ=ਉਪਦੇਸ਼ ਕਰਕੇ ਮੈਂ ਉਸ ਨੂੰ ਚੀਨਾ=ਜਾਣ ਲਿਆ ਹੈ॥ ੧ ॥ ਰਹਾਉ ॥

ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰ ਵਸਿ ਭਇਓ ਬਿਚਾਰਾ ॥

ਜਿਵੇਂ ਕਾਮ ਚੇਸ਼ਟਾ ਹਤਿ=ਵਾਸਤੇ ਕੁੰਚਰੁ=ਹਾਥੀ ਨੇ ਆਪਣੇ ਆਪ ਨੂੰ ਲੈ ਕੇ ਫਸਾ ਲਿਆ ਹੈ, ਅਤੇ ਉਹ ਵਿਚਾਰਾ ਹਾਥੀ ਹਮੇਸ਼ਾਂ ਲਈ ਪਰਾਏ ਦੇ ਵੱਸ ਵਿਚ ਹੋ ਗਿਆ।

ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ ॥ ੨ ॥

ਘੰਡੇ ਹੇੜੇ ਦੇ ਨਾਦ=ਸ਼ਬਦ ਸੁਣਨ ਵਾਸਤੇ ਕੁਰੰਕਾ=ਹਰਨ ਨੇ ਆਪਣਾ ਸਿਰ ਸੁੱਟ ਦਿੱਤਾ, ਉਸ ਦਾ ਹੇਤ=ਪ੍ਰੇਮ ਹੀ ਉਸ ਨੂੰ ਬਿਦਾਰਾ=ਨਾਸ ਕਰ ਦਿੰਦਾ ਹੈ।

ਅਥਵਾ:-ਓਸੇ ਦੇ ਪ੍ਰੇਮ ਵਿਚ ਹੀ ਉਹ ਬਿਦਾਰਾ=ਨਸ਼ਟ ਹੋ ਗਿਆ ॥ ੨ ॥

ਦੇਖਿ ਕੁਟੰਬੁ ਲੋਭਿ ਮੋਹਿਓ ਪ੍ਰਾਨੀ ਮਾਇਆ ਕਉ ਲਪਟਾਨਾ ॥

ਤਿਵੇਂ ਇਹ ਪ੍ਰਾਣੀ ਕੁਟੰਬੁ=ਪਰਵਾਰ ਨੂੰ ਵੇਖ ਕੇ ਲੋਭ ਵਿਚ ਮੋਹਿਆ ਗਿਆ, ਅਤੇ ਮਾਇਆ ਨੂੰ ਲਪਟਾਨਾ=ਚਿੰਮੜ ਗਿਆ।

ਅਤਿ ਰਚਿਓ ਕਰਿ ਲੀਨੋ ਅਪੁਨਾ ਉਨਿ ਛੋਡਿ ਸਰਾਪਰ ਜਾਨਾ॥ ੩ ॥

ਉਹਨਾਂ ਵਿਚ ਅਤਿ ਰਚਿਓ=ਬਹੁਤ ਰਚ ਰਿਹਾ ਹੈ, ਇਸ ਨੇ ਤਾਂ ਉਹਨਾਂ ਨੂੰ ਆਪਣਾ ਜਾਣ ਲਿਆ ਹੈ, ਪਰ ਉਹਨਾਂ ਨੇ ਇਸ ਨੂੰ ਸਰਾਪਰ=ਜ਼ਰੂਰ ਹੀ ਛੱਡ ਜਾਣਾ ਹੈ॥੩॥

ਬਿਨੁ ਗੋਬਿੰਦ ਅਵਰ ਸੰਗਿ ਨੇਹਾ ਓਹੁ ਜਾਣਹੁ ਸਦਾ ਦੁਹੇਲਾ॥

ਜੋ ਗੋਬਿੰਦ ਤੋਂ ਬਿਨਾਂ ਹੋਰਨਾਂ ਨਾਲ ਨੇਹਾ=ਪ੍ਰੇਮ ਕਰਦਾ ਹੈ, ਉਸ ਨੂੰ ਸਦਾ ਹੀ ਦੁਹੇਲਾ=ਦੁਖੀ ਜਾਣੋ।

ਕਹੁ ਨਾਨਕ ਗੁਰ ਇਹੈ ਬੁਝਾਇਓ ਪ੍ਰੀਤਿ ਪ੍ਰਭੂ ਸਦ ਕੇਲਾ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਸਤਿਗੁਰਾਂ ਨੇ ਇਹ ਸਮਝਾ ਦਿੱਤਾ ਹੈ, ਕਿ ਪ੍ਰਭੂ ਦੀ ਪ੍ਰੀਤੀ ਵਿਚ ਹੀ ਸਦਾ ਕੇਲਾ=ਅਨੰਦ ਹੈ। ਅਥਵਾ:-ਪ੍ਰਭੂ ਦੀ ਪ੍ਰੀਤੀ ਸਦਾ ਕੇਲਾ=ਖੁਸ਼ੀਆਂ ਦੀ ਦਾਤੀ ਹੈ॥ ੪ ॥ ੨ ॥

ਧਨਾਸਰੀ ਮਃ ੫ ॥

ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥

ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ ਦਾਨ ਦਿੱਤਾ ਹੈ, ਅਤੇ ਬੰਧਨਾਂ ਤੋਂ ਛੁਡਾ ਲਿਆ ਹੈ।

ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥ ੧ ॥

ਮਨ ਵਿਚੋਂ ਸਾਰਾ ਧੰਦਾ ਬਿਨਸ ਗਿਆ ਹੈ, ਗੁਰਾਂ ਦੀ ਚਰਣੀ ਆਪਣੇ ਆਪ ਨੂੰ ਲਗਾਉਣ ਕਰਕੇ॥੧ ॥

ਸਾਧਸੰਗਿ ਚਿੰਤ ਬਿਰਾਨੀ ਛਾਡੀ॥

ਸੰਤਾਂ ਦੇ ਸਤਸੰਗ ਕਰਕੇ ਇਸਤ੍ਰੀ ਪੁੱਤਰ ਆਦਿਕਾਂ ਦੀ ਬਿਰਾਨੀ=ਬਿਗਾਨੀ ਚਿੰਤਾ ਛੱਡ ਦਿੱਤੀ ਹੈ।

ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥ ੧ ॥ ਰਹਾਉ॥

ਹੰਗਤਾ ਵਾਲੀ ਬੁੱਧੀ, ਮੋਹ ਤੇ ਮਨ ਦੀਆਂ ਵਾਸ਼ਨਾਂ ਨੂੰ ਵਿਚਾਰ ਰੂਪੀ ਗਡਹਾ=ਟੋਏ ਵਿਚ ਦੇ ਕੇ ਭਾਵ ਪਾ ਕੇ ਉੱਤੇ ਵੈਰਾਗ ਰੂਪੀ ਮਿੱਟੀ ਪਾ ਕੇ ਗਾਡੀ=ਦੱਬ ਦਿੱਤਾ ਹੈ॥੧ ॥ਰਹਾਉ॥

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥

ਹੁਣ ਨਾ ਕੋਈ ਅਸਾਡਾ ਵੈਰੀ ਰਿਹਾ ਹੈ, ਅਤੇ ਨਾ ਹੀ ਅਸੀਂ ਕਿਸੇ ਦੇ ਬੈਰਾਈ=ਵੈਰੀ ਹਾਂ।

ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥ ੨ ॥

ਜਿਸ ਬ੍ਰਹਮ ਨੇ ਸੰਸਾਰ ਪਸਾਰੇ ਨੂੰ ਪਸਾਰਿਆ ਹੈ ਉਸ ਨੂੰ ਹਿਰਦੇ ਵਿਚ ਨਿਸਚੇ ਕੀਤਾ ਹੈ,
ਅਥਵਾ:-ਉਸ ਬ੍ਰਹਮ ਨੂੰ ਸਾਰਿਆਂ ਵਿਚ ਨਿਸਚੇ ਕੀਤਾ, ਪਰ ਇਹ ਸੋਝੀ ਸਤਿਗੁਰਾਂ ਤੋਂ ਪਾਈ ਹੈ॥੨ ॥

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

ਅਸਾਂ ਨੇ ਸਾਰਿਆਂ ਨੂੰ ਆਪਣਾ ਮਿੱਤਰ ਕੀਤਾ ਹੈ, ਅਤੇ ਅਸੀਂ ਸਾਰਿਆਂ ਦੇ ਸੱਜਣ ਹਾਂ।

ਜਦ ਮੈਂ ਇਸ ਤਰ੍ਹਾਂ ਜਾਣ ਲਿਆ-

ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥ ੩ ॥

ਤਾਂ ਰਾਜਨ=ਪ੍ਰਕਾਸ਼ ਰੂਪ ਪ੍ਰਭੂ ਨੇ ਮੇਰੇ ਨਾਲ ਮੇਲ ਕੀਤਾ, ਅਤੇ ਮਨ=ਜੀਵ ਦਾ ਬਿਰਹਾ=ਵਿਛੋੜਾ ਦੂਰ ਭੱਜ ਗਿਆ। ਵਾ:-ਵਿਛੋੜਾ ਪਾਉਣ ਵਾਲੇ ਕਾਮ ਆਦਿਕਾਂ ਦਾ ਸਮੁਦਾਇ ਦੂਰ ਪਰੇ ਹੋ ਗਿਆ ॥੩ ॥

ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥

ਜਾਂ ਗੁਰਾਂ ਦਾ ਸਬਦੁ=ਉਪਦੇਸ਼ ਮਿੱਠਾ ਲੱਗਾ, ਨਾਮ ਅੰਮ੍ਰਿਤ ਵੂਠਾ=ਵਸਿਆ ਤੇ ਮਨ ਦਾ ਢੀਠਾ=ਕਠੋਰ ਸੁਭਾਅ ਬਿਨਸ ਗਿਆ ਤਾਂ ਅੰਤਹਕਰਨ ਵਿਚ ਆਤਮਕ ਅਨੰਦ ਰੂਪੀ ਅੰਮ੍ਰਿਤ ਵਸਿਆ।

ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪ ॥੩ ॥

ਜੋ ਪ੍ਰਭੂ 'ਜਲਾਂ ਵਿਚ ਥਲਾਂ ਵਿਚ, ਮਹੀ=ਪ੍ਰਿਥਵੀ ਤੇ ਅਲਿ=ਅਕਾਸ਼ ਆਦਿਕ' ਸਾਰਿਆਂ ਵਿਚ ਨਿਵਾਸ ਕਰ ਰਿਹਾ ਹੈ; ਗੁਰੂ ਜੀ ਕਥਨ ਕਰਦੇ ਹਨ, ਉਸ ਰਮਈਏ ਨੂੰ ਅਸਾਂ ਨੇ ਵੇਖ ਲਿਆ ਹੈ ॥੪ ॥੩ ॥

ਧਨਾਸਰੀ ਮਃ ੫ ॥

ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ ॥

ਜਦ ਤੋਂ ਸੰਤਾਂ ਦੇ ਦਰ੍ਸ਼ਨ ਭੇਟੇ=ਮਿਲੇ ਹਨ, ਅਥਵਾ:-ਜਦ ਤੋਂ ਸਾਧੂ=ਸ੍ਰੇਸ਼ਟ ਗੁਰਾਂ ਦੇ ਦਰਸ਼ਨ ਮਿਲੇ ਹਨ, ਉਸ ਦਿਨ ਤੋਂ ਅਗਲੇ ਸਾਰੇ ਦਿਨ ਚੰਗੇ ਆਏ ਹਨ।

ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥ ੧ ॥

ਸਦੀਵ ਕਾਲ ਕੀਰਤਨ ਕਰਕੇ ਵਿਧਾਤੇ ਪੁਰਖ ਨੂੰ ਪਾਇਆ ਹੈ ਇਸ ਲਈ ਬੜਾ ਅਨੰਦ ਹੋਇਆ ਹੈ ॥੧ ॥

ਅਬ ਮੋਹਿ ਰਾਮ ਜਸੋ ਮਨਿ ਗਾਇਓ ॥

ਅਬ=ਹੁਣ ਮੈਨੇ ਮਨ ਕਰਕੇ ਮਨ ਵਿਚ ਰਾਮ ਦੇ ਜਸ ਨੂੰ ਗਾਉਣਾ ਕੀਤਾ ਹੈ।

ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧ ॥ਰਹਾਉ ॥

ਪੂਰਿਆਂ ਸਤਿਗੁਰਾਂ ਦੀ ਕਿਰਪਾ ਨਾਲ ਮਨ ਵਿਚ ਪ੍ਰਗਾਸੁ=ਗਿਆਨ ਹੋਇਆ ਤਾਂ ਸਦਾ ਸੁਖੁ=ਨਿੱਤ ਸੁਖ, ਭਾਵ ਆਤਮ ਸੁਖ ਪਾਇਆ ॥੧ ॥ਰਹਾਉ ॥

ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥

ਜਾਂ ਸ਼ੁਭ-ਗੁਣਾਂ ਦਾ ਨਿਧਾਨੁ=ਖਜ਼ਾਨਾ ਹਿਰਦੇ ਵਿਚ ਵਸ ਗਿਆ, ਤਾਂ ਦੁੱਖ, ਭਰਮ ਅਤੇ ਡਰ ਨਾਸ ਹੋ ਗਿਆ।

ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥ ੨ ॥

ਰਾਮ ਨਾਮ ਵਿਚ ਰੰਗੁ=ਪ੍ਰੇਮ ਲੱਗਣ ਕਰਕੇ ਅਗੋਚਰ=ਆਤਮ-ਵਸਤੂ ਪ੍ਰਾਪਤ ਹੋਈ ਹੈ ॥੨ ॥

ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥

ਚਿੰਤਾ ਤੋਂ ਅਚਿੰਤ ਹੋ ਗਏ ਹਾਂ, ਸੋਚਾਂ ਤੋਂ ਅਸੋਚ ਹੋ ਗਏ ਹਾਂ,

ਅਥਵਾ:-ਚਿੰਤਾ ਤੇ ਅਚਿੰਤਾ, ਸੋਚ=ਪਵਿੱਤ੍ਰਤਾ ਤੇ ਅਪਵਿੱਤ੍ਰਤਾ ਇਸ ਦੁੰਦ ਵਾਦ ਤੋਂ ਰਹਿਤ ਹੋ ਗਏ ਹਾਂ, ਸੋਗ, ਲੋਭ ਤੇ ਮੋਹ ਭੀ ਥਾਕਾ=ਦੂਰ ਹੋ ਗਿਆ ਹੈ।

ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥ ੩ ॥

ਗੁਰਾਂ ਦੀ ਕਿਰਪਾ ਨਾਲ ਹਉਮੈ ਰੂਪੀ ਰੋਗ ਮਿਟ ਗਏ ਹਨ, ਅਤੇ ਜਮਾਂ ਤੋਂ ਬਿਬਾਕਾ=ਨਿ-ਡਰ ਹੋ ਗਏ ਹਾਂ। ਅਥਵਾ:-ਜਮਾਂ ਦੀ ਬਾਕਾ=(ਬਾਕੀ) ਹਿਸਾਬ ਤੋਂ ਬਿ=ਰਹਿਤ ਹੋ ਗਏ ਹਾਂ ॥੩ ॥

ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥

(੧) ਤਨ ਕਰਕੇ ਗੁਰਾਂ ਦੀ ਟਹਲ ਕਰਦੇ ਹਾਂ, ਮਨ ਕਰਕੇ ਗੁਰਾਂ ਦੀ ਸੇਵਾ ਕਰਦੇ ਹਾਂ, ਬਾਣੀ ਕਰਕੇ ਗੁਰਾਂ ਦੀ ਆਗਿਆ ਮੰਨਣੀ ਭਾਈ ਹੈ।

(੨) ਜਿਹੜੀ ਗੁਰਾਂ ਦੀ ਆਗਿਆ ਮੰਨਣੀ ਭਾਈ ਹੈ, ਏਹੋ ਗੁਰਾਂ ਦੀ ਟਹਲ ਹੈ, ਏਹੋ ਗੁਰਾਂ ਦੀ ਸੇਵਾ ਹੈ।

ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਗਰੂ ਨੇ ਜਮਾਂ ਦੇ ਫਾਹੇ ਵਿਚੋਂ ਕੱਢ ਲਿਆ ਹੈ,
ਉਸ ਗੁਰੂ ਤੋਂ ਮੈਂ ਕੁਰਬਾਨ ਜਾਂਦਾ ਹਾਂ ॥੪ ॥੪ ॥

ਧਨਾਸਰੀ ਮਹਲਾ ੫ ॥

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥

ਜਿਸ ਪ੍ਰਭੂ ਦਾ ਤਨ ਮਨ ਦਿੱਤਾ ਹੋਇਆ ਹੈ, ਸਾਰਾ ਧਨ ਵੀ ਉਸੇ ਦਾ ਦਿੱਤਾ ਹੋਇਆ ਹੈ, ਓਹੀ ਸ੍ਰੇਸ਼ਟ ਘਾੜਤ ਦੇ ਘੜਣ ਵਾਲਾ ਤੇ ਸੁਜਾਨੀ=ਚਤੁਰ ਹੈ।

ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥ ੧ ॥

ਓਸੇ ਨੇ ਮੇਰਾ ਦੁੱਖ ਸੁਖ ਸੁਣਿਆ ਹੈ, ਤਦੇ ਹੀ ਚੰਗੀ ਬਿਧੀ ਖਟਾਨੀ=ਮਿਲੀ, ਭਾਵ ਪ੍ਰਾਪਤ ਹੋਈ ਹੈ ॥੧ ॥

ਜੀਅ ਕੀ ਏਕੈ ਹੀ ਪਹਿ ਮਾਨੀ ॥

ਜੀਵ ਦੀ ਬੇਨਤੀ ਇੱਕ ਪ੍ਰਭੂ ਦੇ ਪਾਸ ਹੀ ਮੰਨੀ ਜਾਂਦੀ ਹੈ। ਨਾਮ ਤੋਂ ਬਿਨਾਂ ਹੋ ਕੇ-

ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ ॥ਰਹਾਉ ॥

ਅਵਰਿ=ਹੋਰ ਬਹੁਤ ਸਾਰੇ ਜਤਨ=ਯਤਨ ਕਰ ਰਹੇ ਹਨ, ਪਰ ਉਹਨਾਂ ਨੇ ਇੱਕ ਤਿਲ ਜਿਤਨੀ ਭੀ ਕੀਮਤ ਨਹੀਂ ਜਾਣੀ ॥ ਰਹਾਉ ॥

ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥

ਪ੍ਰਭੂ ਦਾ ਨਾਮ-ਅੰਮ੍ਰਿਤ ਇੱਕ ਅਮੋਲਕ ਹੀਰਾ ਹੈ, ਗੁਰਾਂ ਨੇ ਮੈਨੂੰ ਓਹੋ ਹੀ ਮੰਤਾਨੀ=ਮੰਤ੍ਰ ਦਿੱਤਾ ਹੈ।

ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥ ੨ ॥

ਜਦੋਂ ਦਾ ਮੈਂ ਨਾਮ-ਮੰਤ੍ਰ ਆਪਣੇ ਮਨ ਵਿਚ ਦ੍ਰਿੜ੍ਹ ਕਰ ਰਿਹਾ ਹਾਂ, ਤਦੋਂ ਦਾ ਮੇਰਾ ਮਨ ਡਿਗਦਾ ਨਹੀਂ ਹੈ, ਅਥਵਾ:-ਤਦੋਂ ਦਾ ਮੇਰਾ ਮਨ ਨਾ ਸੰਸਾਰ ਵੱਲ ਡਿਗਦਾ ਹੈ, ਨਾ ਹੀ ਕੁਮਾਰਗਾਂ ਵਿਚ ਡੋਲਦਾ ਹੈ, ਸ਼ੁਭ-ਗੁਣਾਂ ਨਾਲ ਪੂਰਨ ਹੋ ਕੇ ਮਨ ਤ੍ਰਿਪਤ ਹੋ ਗਿਆ ਹੈ। ਅਥਵਾ:-ਪੂਰਨ ਰੂਪ ਪਰਮਾਤਮਾ ਨੂੰ ਪਾ ਕੇ ਬੁੱਧੀ ਭੀ ਤ੍ਰਿਪਤ ਹੋਈ ਹੈ॥੨॥

(ਪੰਨਾ ੬੭੨)

ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ॥

ਅੰਤਹ-ਕਰਨ ਦੇ ਬੀਚ=ਵਿਚ, ਯਾਂ ਬੀਚਾ=ਭੇਦ ਪਾਉਣ ਵਾਲੇ ਉਹ ਜੇਹੜੇ ਹਮ ਤੁਮ=ਹੰਗਤਾ-ਤੁਮਤਾ ਆਦਿਕ ਕੁਝ ਕੁ ਵਿਕਾਰ ਹੁੰਦੇ ਸਨ, ਉਹਨਾਂ ਦੀ ਤਾਂ ਗੱਲ ਹੀ ਬਿਲਾਨੀ=ਦੂਰ ਹੋ ਗਈ ਹੈ।

ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵੰਖਾਨੀ॥ ੩ ॥

ਜਿਵੇਂ ਅਲੰਕਾਰ=ਗਹਿਣੇ ਮਿਲਕੇ ਭਾਵ ਕੁਠਾਲੀ ਵਿਚ ਗਲਕੇ ਥੈਲੀ=ਰੇਣੀ ਭਾਵ ਡਲੀ ਹੋ ਜਾਂਦੇ ਹਨ ਤਾਂ ਉਸ ਨੂੰ ਕਨਿਕ=ਸੋਨਾ ਹੀ ਕਥਨ ਕਰੀਂਦਾ ਹੈ। ਜਿਵੇਂ ਜੀਵਾਂ ਰੂਪ ਗਹਿਣੇ ਮਿਲਕੇ ਭਾਵ ਸਾਧਨਾਂ ਰੂਪੀ, ਅਥਵਾ:-ਭਗਤੀ ਰੂਪੀ ਕੁਠਾਲੀ ਵਿਚ ਜਪ ਤਪ, ਵਾ:-ਬ੍ਰਹਮ ਦ੍ਰਿਸ਼ਟੀ ਰੂਪ ਅੱਗ ਦੇ ਸੇਕ ਨਾਲ ਗਲ ਕੇ ਰੇਣੀ (ਡਲੀ) ਹੋ ਗਏ ਭਾਵ ਜੀਵ ਈਸ਼ੁਰ ਅਭੇਦ ਹੋ ਗਏ, ਤਦ ਤੋਂ (ਸੱਤ, ਚਿੱਤ ਅਨੰਦ ਰੂਪ) ਸੋਨਾ ਹੀ ਕਥਨ ਕਰੀਂਦਾ ਹੈ॥੩॥

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ॥

(੧) ਜੋਤਿ=ਜੋਤੀ ਪ੍ਰਮਾਤਮਾ ਦੇ ਪ੍ਰਗਟ ਹੋਣ ਕਰਕੇ ਸਹਜੇ ਸੁਖ ਤੇ ਸੋਭਾ ਪ੍ਰਾਪਤ ਹੋਈ, ਅਤੇ ਇੱਕ-ਰਸ ਮਹਾਂ ਵਾਕਾਂ ਰੂਪੀ ਵਾਜੇ ਵੱਜੇ। (੨) ਇੱਕ-ਰਸ ਗੁਰ-ਉਪਦੇਸ਼ ਰੂਪੀ ਬਾਣੀ ਨੂੰ ਬਾਜੇ=ਉਚਾਰਿਆ ਤਾਂ ਜੋਤੀ ਪਰਮਾਤਮਾ ਪ੍ਰਗਟਿਆ ਉਸ ਦੇ ਪ੍ਰਗਟ ਹੋਣ ਕਰਕੇ ਸਹਜੇ ਸੁਖ ਤੇ ਸੋਭਾ ਹੋਈ।

ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਅਚੱਲ ਸਰੂਪ ਵਿਚ ਘਰ ਬੰਨ੍ਹਿਆਂ ਹੈ, ਪਰ ਇਹ ਘਰ ਗੁਰੂ ਜੀ ਨੇ ਮੇਰੇ ਪਾਸੋਂ ਬੰਧਾਨੀ=ਬੰਨ੍ਹਾਉਣਾ ਕੀਤਾ ਹੈ।

ਧਨਾਸਰੀ ਮਹਲਾ ੫ ॥

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥

ਜੋ ਵੱਡੇ ਵੱਡੇ ਰਾਜੇ ਅਤੇ ਭੂਮਨ=ਜ਼ਿਮੀਂਦਾਰ ਹਨ, ਉਹਨਾਂ ਦੀ ਤ੍ਰਿਸ਼ਨਾਂ ਭੀ ਦੂਰ ਨਹੀਂ ਹੋਈ।

ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥ ੧ ॥

ਮਾਇਆ ਦੇ ਰੰਗ=ਅਨੰਦ ਵਿਚ ਮਾਤੇ=ਮਸਤ ਹੋ ਕੇ ਓਸੇ ਵਿਚ ਹੀ ਲੰਪਟ ਹੋ ਰਹੇ ਹਨ,

ਅਤੇ ਅੱਖਾਂ ਨਾਲ ਉਹਨਾਂ ਨੂੰ ਕੁਝ ਭਲਾ ਬੁਰਾ ਸੁੱਝਦਾ ਨਹੀਂ ਹੈ॥੧॥

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥

ਬਿਖਿਆ=ਵਿਸ਼ਿਆਂ ਵਿਚ ਯਾਂ ਬਿਖਿਆ=ਮਾਇਆ ਵਿਚ ਲੱਗਕੇ, ਕਿਸੇ ਨੇ ਭੀ ਤ੍ਰਿਪਤੀ ਨਹੀਂ ਪਾਈ।

ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ ਰਹਾਉ॥

ਜਿਵੇਂ ਪਾਵਕੁ=ਅੱਗ ਈਧਨਿ=ਲੱਕੜਾਂ ਨਾਲ ਨਹੀਂ ਰੱਜਦੀ, ਤਿਵੇਂ ਹਰੀ ਨਾਮ ਤੋਂ ਬਿਨਾਂ ਕਹਾ=ਕਿਵੇਂ ਤ੍ਰਿਪਤੀ ਹੋਵੇ॥ਰਹਾਉ॥

ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ॥

ਜੋ ਦਿਨੁ ਦਿਨੁ=ਹਰ ਰੋਜ਼ ਬਹੁਤ ਤਰ੍ਹਾਂ ਦੇ ਬਿੰਜਨ=ਸਲੂਣਿਆਂ ਦਾ ਭੋਜਨ ਕਰਦਾ ਹੈ, ਉਸ ਦੀ ਭੁੱਖ ਕਦੇ ਮਿਟਦੀ ਨਹੀਂ ਹੈ।

ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ॥ ੨॥

ਤ੍ਰਿਸ਼ਨਾਲੂ ਹੋ ਕੇ ਸੁਆਨ=ਕੁੱਤੇ ਦੀ ਤਰ੍ਹਾਂ ਉੱਦਮ ਕਰਦਾ ਹੈ, ਤੇ ਚੌਹਾਂ ਕੁੰਟਾ=ਕੁੰਡਾਂ (ਦਿਸ਼ਾ) ਵਿਚ ਘੋਖਾ=ਢੂੰਢਦਾ ਫਿਰਦਾ ਹੈ॥੨॥

ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨਾ ਚੂਕੈ॥

ਕਾਮੀ ਪੁਰਸ਼ ਕਾਮ ਦੀ ਇੱਛਾ ਵਾਲਾ ਹੋ ਕੇ ਬਹੁਤੀਆਂ ਇਸਤ੍ਰੀਆਂ ਨੂੰ ਪਾ ਕੇ ਭੀ ਪਰ ਗ੍ਰਿਹ=ਪ੍ਰਾਈ ਇਸਤ੍ਰੀ ਨੂੰ ਜੋਹ=ਵੇਖਣ ਵੱਲੋਂ ਨ ਚੂਕੈ=ਹਟਦਾ ਨਹੀਂ ਹੈ।

ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ॥ ੩॥

ਦਿਨ-ਦਿਨ ਪ੍ਰਤੀ ਭਾਵ ਹਰ ਰੋਜ਼ ਵਿਸ਼ਿਆਂ ਨੂੰ ਭੋਗਣਾ ਕਰਦਾ ਹੈ, ਅਤੇ ਪਛਤਾਵਾ ਭੀ ਕਰਦਾ ਹੈ, ਸੋਗ ਅਤੇ ਲੋਭ ਵਿਚ ਸੁੱਕਦਾ ਜਾਂਦਾ ਹੈ।

ਅਥਵਾ:-ਲੋਭ ਕਰਕੇ ਸ਼ੂਕਦਾ ਹੈ ਤੇ ਸੋਗ ਵਿਚ ਸੁੱਕ ਜਾਂਦਾ ਹੈ॥੩॥

ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ॥

ਅਪਾਰ ਹਰਿ ਹਰਿ ਦਾ ਜੋ ਅਮੋਲਕ ਨਾਮ ਹੈ, ਏਹੋ ਇੱਕ ਅੰਮ੍ਰਿਤ ਦਾ ਨਿਧਾਨਾ=ਖਜ਼ਾਨਾ ਹੈ।

ਸੁਖੁ ਸਹਜੁ ਆਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ॥ ੪॥ ੬॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਗੁਰਾਂ ਤੋਂ ਨਾਮ ਜਪਣਾ ਜਾਣਿਆਂ ਹੈ,
ਉਹਨਾਂ ਸੰਤਾਂ ਨੂੰ ਅਚੁਤ ਸੁਖ ਦਾ ਅਨੰਦ ਪ੍ਰਾਪਤ ਹੋਇਆ ਹੈ॥੪॥੬॥

ਧਨਾਸਰੀ ਮਃ ੫॥

ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ॥

ਆਤਮ ਸੁਖ ਦੇ ਲਵੈ=ਸਦ੍ਰਸ ਲਗਾਉਣ ਨੂੰ ਕੁਝ ਭੀ ਨਹੀਂ ਹੈ, ਜਿਸ ਨੂੰ ਲੈਣ ਵਾਸਤੇ ਮੁੜ-ਮੁੜ ਕੇ

ਇਹ ਹੋਰਥੇ ਦੌੜਦਾ ਹੈ।

ਜਾ ਕਉ ਗੁਰਿ ਦੀਨੌ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ॥ ੧ ॥

ਪਰ ਜਿਸ ਨੂੰ ਗੁਰਾਂ ਨੇ ਇਹ ਨਾਮ-ਅੰਮ੍ਰਿਤ ਦਿੱਤਾ ਹੈ ਓਸੇ ਨੂੰ ਇਹ ਅਨੰਦ ਬਣ ਆਉਂਦਾ ਹੈ॥ ੧ ॥

ਜਾ ਕਉ ਆਇਓ ਏਕੁ ਰਸਾ॥

ਜਿਸ ਪੁਰਸ਼ ਨੂੰ ਇੱਕ ਨਾਮ ਦਾ ਰਸ ਆਕੇ ਪਰਾਪਤ ਹੋਇਆ ਹੈ।

ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ॥ ਰਹਾਉ॥

ਉਸਨੂੰ ਆਨ=ਹੋਰ ਖਾਣ ਪੀਣ ਦੇ ਪਦਾਰਥਾਂ ਦੀ ਖੁਧਿਆ=ਭੁੱਖ ਨਹੀਂ ਰਹਿੰਦੀ, ਕਿਉਂਕਿ ਉਸ ਦੇ ਚਿੱਤ ਵਿਚ ਹੋਰ ਰਸ, ਨ ਬਸਾ=ਵਸਦੇ ਹੀ ਨਹੀਂ ਹਨ॥ ਰਹਾਉ॥

ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ॥

ਜਿਸ ਨੇ ਇੱਕ ਨਾਮ ਰੂਪ ਸ਼ਾਂਤੀ ਬੂੰਦ ਪਾਈ ਹੈ, ਉਸ ਦਾ ਮਨ ਖਿੜਿਆ ਹੈ, ਅਤੇ ਤਨ ਭੀ ਹਰਿਆ ਹੋਇਆ ਹੈ।

ਬਰਨਿ ਨ ਸਾਕਉ ਉਸਤਤਿ ਤਾ ਕੀ ਕੀਮਤਿ ਕਹਣੁ ਨ ਜਾਈ॥ ੨ ॥

ਉਸ ਦੀ ਉਸਤਤੀ ਮੈਂ ਬਰਨਿ=ਕਥਨ ਨਹੀਂ ਕਰ ਸਕਦਾ, ਅਤੇ ਉਸ ਦੇ ਗੁਣਾਂ ਦੀ ਕੀਮਤ ਭੀ ਕਹੀ ਨਹੀਂ ਜਾਂਦੀ॥੨ ॥

ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ॥

ਜੇ ਜਪ ਤਪ ਦੀ ਘਾਲ=ਕਮਾਈ ਨਾਲ ਨਹੀਂ ਮਿਲਿਆ ਸੀ, ਅਤੇ ਸੇਵਾ ਦੇ ਕਰਨ ਨਾਲ ਭੀ ਨਹੀਂ ਮਿਲਿਆ ਸੀ, ਹੁਣ ਗੁਰਾਂ ਦੀ ਕਿਰਪਾ ਨਾਲ ਅਚਿੰਤਾ=ਅਚਾਨਕ ਹੀ ਆ ਕੇ ਮਿਲ ਪਿਆ ਹੈ।

ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੌ ਮੰਤਾ॥ ੩ ॥

ਜਿਨ੍ਹਾਂ ਉੱਤੇ ਮੇਰੇ ਠਾਕੁਰਿ=ਸੁਆਮੀ ਨੇ ਦਇਆ ਦ੍ਰਿਸ਼ਟੀ ਕੀਤੀ ਹੈ,
ਉਹਨਾਂ ਨੇ ਗੁਰਾਂ ਦਾ ਮੰਤਾ=ਉਪਦੇਸ਼ ਕਮਾਨੌ=ਕਮਾਉਣਾ ਕੀਤਾ ਹੈ।

ਦੀਨ ਦੈਆਲ ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ॥

ਉਹ ਦੀਨ ਦਿਆਲ ਸਦਾ ਕ੍ਰਿਪਾਲੂ ਹੈ ਤੇ ਸਾਰਿਆਂ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ।

ਓਤਿ ਪੋਤਿ ਨਾਨਕ ਸੰਗਿ ਰਵਿਆ ਜਿਉ ਮਾਤਾ ਬਾਲ ਗੁੋਪਾਲਾ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ, ਉਹ ਓਤਿ ਪੋਤਿ=ਤਾਣੇ ਪੇਟੇ ਵਾਂਗ ਸਾਰਿਆਂ ਨਾਲ ਮਿਲਿਆ ਹੋਇਆ ਹੈ, ਜਿਵੇਂ ਮਾਂ ਬਾਲ=ਬਾਲਕ ਦੀ ਰੱਖਿਆ ਕਰਦੀ ਹੈ, ਤਿਵੇ ਗੋਪਾਲ ਅਸਾਡੀ ਰੱਖਿਆ ਕਰਦਾ ਹੈ॥ ੪ ॥ ੭ ॥

ਧਨਾਸਰੀ ਮਹਲਾ ੫ ॥

ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ ॥

ਮੈਂ ਆਪਣੇ ਗੁਰੂ ਉੱਪਰੋਂ ਕੁਰਬਾਨ ਜਾਂਦਾ ਹਾਂ, ਜਿਸ ਨੇ ਮੈਨੂੰ ਹਰਿ ਹਰਿ ਨਾਮ ਦ੍ਰਿੜ੍ਹ ਕਰਵਾਇਆ ਹੈ।

ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ ॥ ੧ ॥

ਬੜੀ ਭਿਆਨਕ ਸੰਸਾਰ ਉਜਾੜ ਵਿਚ ਤੇ ਅਗਿਆਨ ਰੂਪ ਅਨ੍ਹੇਰੇ ਵਿਚ ਜਿਸ ਗੁਰੂ ਨੇ ਨਾਮ ਰੂਪ ਸਿੱਧਾ ਰਸਤਾ ਵਿਖਾਇਆ ਹੈ ॥੧ ॥

ਹਮਰੇ ਪ੍ਰਾਨ ਗੁਪਾਲ ਗੋਬਿੰਦ ॥

ਉਹ ਗੋਬਿੰਦ ਗੁਪਾਲ ਹੀ ਅਸਾਡੇ ਪ੍ਰਾਣਾਂ ਦਾ ਆਸਰਾ ਰੂਪ ਹੈ।

ਈਹਾ ਊਹਾ ਸਰਬ ਥੋਕ ਕੀ ਜਿਸਹਿ ਹਮਾਰੀ ਚਿੰਦ ॥ ੧ ॥ ਰਹਾਉ ॥

ਲੋਕ ਪ੍ਰਲੋਕ ਦੇ ਸਾਰਿਆਂ ਥੋਕ=ਪਦਾਰਥਾਂ ਦੀ ਜਿਸਹਿ=ਜਿਸ (ਪ੍ਰਭੂ) ਨੂੰ ਅਸਾਡੀ ਚਿੰਦ=ਚਿੰਤਾ ਹੈ ॥ ੧ ॥ ਰਹਾਉ ॥

ਜਾ ਕੈ ਸਿਮਰਨਿ ਸਰਬ ਨਿਧਾਨਾ ਮਾਨੁ ਮਹਤੁ ਪਤਿ ਪੂਰੀ ॥

ਜਿਸ ਦੇ ਸਿਮਰਨ ਕਰਕੇ ਸਾਰੇ ਨਿਧਾਨਾ=ਖ਼ਜ਼ਾਨੇ, ਮਾਨੁ=ਆਦਰ, ਮਹਤੁ=ਮ੍ਰਾਤਬਾ ਅਤੇ ਪੂਰੀ ਪਤਿ=ਇੱਜ਼ਤ ਪ੍ਰਾਪਤ ਹੁੰਦੀ ਹੈ।

ਨਾਮੁ ਲੈਤ ਕੋਟਿ ਅਘ ਨਾਸੇ ਭਗਤ ਬਾਛਹਿ ਸਭਿ ਧੂਰੀ ॥ ੨ ॥

ਜਿਸ ਦਾ ਨਾਮ ਲੈਂਦਿਆਂ ਕ੍ਰੋੜਾਂ ਪਾਪ ਨਾਸ ਹੋ ਜਾਂਦੇ ਹਨ, ਅਤੇ ਜਿਸ ਦੇ ਚਰਨਾਂ ਦੀ ਧੂੜੀ ਨੂੰ ਸਾਰੇ ਭਗਤ ਬਾਛਹਿ=ਚਾਹੁੰਦੇ ਹਨ ॥ ੨ ॥

ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ ॥

ਜੇ ਕੋਈ ਆਪਣੇ ਸਾਰਿਆਂ ਮਨੋਰਥਾਂ ਨੂੰ ਸਿੱਧ ਕਰਨਾ ਚਾਹੈ=ਚਾਹੁੰਦਾ ਹੈ,
ਤਾਂ ਇੱਕ ਨਿੱਧੀਆਂ ਦੇ ਖਜ਼ਾਨੇ ਪ੍ਰਭੂ ਨੂੰ ਸੇਵਨਾ ਕਰੇ।

ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ ॥ ੩ ॥

ਉਹ ਪਾਰਬ੍ਰਹਮ ਸੁਆਮੀ ਅਪਰੰਪਰ=ਸੰਸਾਰ ਤੋਂ ਪਰਾ ਰੂਪ ਹੈ, ਉਸ ਦੇ ਸਿਮਰਨ ਨਾਲ ਸੰਸਾਰ ਸਮੁੰਦ੍ਰ ਤੋਂ ਪਾਰ ਪਰਾਨਾ=ਪੜ (ਪੈ) ਜਾਂਦਾ ਹੈ ॥ ੩ ॥

ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤਸੰਗਿ ਰਹਿਓ ਓਲ੍ਹਾ ॥

ਸੀਤਲ ਕਰਨ ਵਾਲੀ ਜੋ ਸ਼ਾਂਤੀ ਹੈ ਉਸ ਕਰਕੇ ਬੜਾ ਆਤਮ-ਸੁਖ ਪਾਇਆ ਹੈ।
ਅਤੇ ਸੰਤਾਂ ਦੇ ਸਤਸੰਗ ਕਰਕੇ ਅਸਾਡਾ ਓਲ੍ਹਾ=ਪੜਦਾ ਬਣਿਆਂ ਰਿਹਾ ਹੈ।

ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ ॥ ੪ ॥ ੮ ॥

(੧) ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਧਨ ਸੰਚਨੁ=ਇਕੱਠਾ ਕੀਤਾ ਹੈ, ਅਤੇ ਏਸੇ ਹਰੀ ਨਾਮ-ਭੋਜਨ ਨਾਲ ਅਸਾਂ ਨੇ ਮੂੰਹ ਚੋਲ੍ਹਾ=ਚੋਲਣਾ ਕੀਤਾ ਹੈ।

(੨) ਇਹ ਚੋਲ੍ਹਾ=ਸਨਿਗਧ ਭੋਜਨ ਛਕਣਾ ਕੀਤਾ ਹੈ। ਸਨਿਗਧ ਭੋਜਨ ਵਿਚ ਤਿੰਨ ਚੀਜ਼ਾਂ ਹੁੰਦੀਆਂ ਹਨ- ੧. ਮੈਦਾ, ੨. ਖੰਡ, ੩. ਘਿਉ।

ਇਸ ਤਰਫ ੧. ਗਿਆਨ ਰੂਪ ਮੈਦਾ ਹੈ, ੨. ਭਗਤੀ ਰੂਪ ਖੰਡ ਹੈ, ੩. ਪ੍ਰੇਮ ਰੂਪੀ ਘਿਉ ਹੈ।

(੩) ਨਾਮ ਰੂਪ ਭੋਜਨ ਨੂੰ ਖਾ ਕੇ ਇਹ ਮਨੁੱਖਾ ਦੇਹ ਰੂਪੀ ਚੋਲੇ ਨੂੰ ਸਫਲ ਕੀਤਾ ਹੈ।

(੪) ਇਸ ਨਾਮ-ਭੋਜਨ ਨੂੰ ਅਸਾਂ ਨੇ ਚੋਲ੍ਹਾ=ਛਕਣਾ ਕੀਤਾ ਹੈ।

(੫) ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ''ਭੈਣੀ'' ਪਿੰਡ ਵਿਚ ਗਏ ਤਾਂ ਇਕ ਮਾਈ ਨੇ ਬੜੇ ਪ੍ਰੇਮ ਨਾਲ ਚੂਰੀ ਦਾ ਛੰਨਾਂ ਭਰਕੇ ਲਿਆਂਦਾ। ਅੱਗੇ ਰੱਖਕੇ ਬੇਨਤੀ ਕੀਤੀ, ''ਆਪ ਇਸ ਭੋਜਨ ਨੂੰ ਛਕੋ'', ਉਸ ਦਾ ਪ੍ਰੇਮ ਵੇਖਕੇ ਹਜ਼ੂਰ ਨੇ ਛਕ ਲਿਆ ਤੇ ਪੁੱਛਿਆ, ''ਇਸ ਦਾ ਨਾਂ ਕੀ ਹੈ''। ਮਾਈ ਨੇ ਕਿਹਾ, ''ਇਸ ਦਾ ਨਾਮ ਭੈਣੀ ਹੈ।'' ਤਾਂ ਹਜ਼ੂਰ ਦੇ ਮੂੰਹੋਂ ਨਿਕਲਿਆ, ''ਅੱਗੋਂ ਵਾਸਤੇ ਇਸ ਪਿੰਡ ਦਾ ਨਾਂ ਚੋਲ੍ਹਾ ਸੱਦਣਾ।'' ਪਿੰਡ ਨਿਵਾਸੀਆਂ ਨੇ ਕਿਹਾ, ''ਕਿ ਸਰਕਾਰੀ ਕਾਗਜ਼ਾਂ ਵਿਚ ਤਾਂ ਇਸ ਦਾ ਨਾਂ ''ਭੈਣੀ'' ਹੈ ਅਸੀਂ ਕਿਵੇ ਚੋਲ੍ਹਾ ਕਹੀਏ। ਹਜ਼ੂਰ ਨੇ ਫੁਰਮਾਇਆ, ''ਸਰਕਾਰੀ ਕਾਗਜ਼ਾਂ ਵਿਚ ਭੀ ਇਸ ਦਾ ਨਾਮ ਚੋਲ੍ਹਾ ਹੋਵੇਗਾ ਤੁਸੀਂ ਜਦ ਮਾਮਲਾ ਦੇਣ ਜਾਓਗੇ ਤਾਂ ਕਹਿਣਾ ਚੋਲ੍ਹੇ ਪਿੰਡ ਦਾ ਮਾਮਲਾ ਦੇਣ ਆਏ ਹਾਂ।'' ਜ਼ਿਮੀਂਦਾਰਾਂ ਨੇ ਮਾਮਲਾ ਦੇਣ ਲੱਗਿਆਂ ਏਹੋ ਕਿਹਾ, ''ਅਸੀਂ ਚੋਲ੍ਹੇ ਪਿੰਡ ਦਾ ਮਾਮਲਾ ਦੇਣ ਆਏ ਹਾਂ ਪਟਵਾਰੀ ਪਹਿਲੇ ਸੁਣਕੇ ਤਾਂ ਹੈਰਾਨ ਹੋ ਗਏ ਜਦ ਰਜਿਸਟਰ ਫੋਲਕੇ ਵੇਖਿਆ ਤਾਂ ਉਸ ਵਿਚ ਚੋਲ੍ਹਾ ਪਿੰਡ ਹੀ ਲਿਖਿਆ ਹੋਇਆ ਸੀ।

''ਸੁਨਿ ਦਿਵਾਨ ਮਨ ਸੰਸਾ ਭਯੋ। ਦਫਤਰ ਖੋਲਿ ਸੁ ਕੇਖਤਿ ਭਯੋ।
ਚੋਲ੍ਹਾ ਲਿਖਜੋ ਸੁ ਬੀਚ ਨਿਹਾਰਾ। ਦੇਖਤਿ ਮਨ ਮਹਿ ਅਚਰਜ ਧਾਰਾ'' ॥ ੩੩ ॥

(ਗੁਰ ਪ੍ਰਤਾਪ ਸੂਰਜ ਰਾਸਿ ੭, ਅੰਸੂ ੩੬)

ਇਸ ਤਰ੍ਹਾਂ ਨਾਲ ਗੁਰੂ ਜੀ ਨੇ ਚੋਲ੍ਹਾ ਭੋਜਨ ਖਾ ਕੇ ਪਿੰਡ ਦਾ ਨਾਂ ਹੀ ''ਚੋਲ੍ਹਾ ਸਾਹਿਬ'' ਰੱਖ ਦਿੱਤਾ ਹੈ।*

(ਪੰਨਾ ੬੭੩) ਧਨਾਸਰੀ ਮਹਲਾ ੫ ॥

ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ ॥

ਜਿਸ ਕਰਣੀ=ਕਰਤੱਬਤਾ ਦੇ ਕਰਨ ਕਰਕੇ ਸ਼ਰਮਿੰਦਾ ਹੋਣਾ ਪਵੇ,
ਇਸ ਜੀਵ ਨੇ ਓਹੀ ਰੀਤੀ ਕਮਾਈ ਹੈ।

*ਇਹ ਜ਼ਿਲ੍ਹਾ ਅੰਮ੍ਰਿਤਸਰ ਸਰਹਾਲੀ ਥਾਣੇ ਵਿਚ ਹੈ ਜੋ ਰੇਲਵੇ ਸਟੇਸ਼ਨ ਪੱਟੀ ਤੋਂ ੮ ਮੀਲ ਅਗਨਿ ਕੋਣ ਵੱਲ ਹੈ।

ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥ ੧ ॥

ਸੰਤਾ ਦੀ ਨਿੰਦਿਆ ਕਰਨੀ, ਤੇ ਸਾਕਤਾਂ ਦੀ ਪੂਜਾ ਕਰਨੀ, ਇਸ ਤਰ੍ਹਾਂ ਦੀ ਬਿਪਰੀਤ=ਉਲਟੀ (ਪੁੱਠੀ) ਚਾਲ ਫੜੀ ਹੈ॥ ੧ ॥

ਮਾਇਆ ਮੋਹ ਭੂਲੋ ਅਵਰੈ ਹੀਤ॥

ਮਾਇਆ ਦੇ ਮੋਹ ਵਿਚ ਭੁੱਲਾ ਹੋਇਆ ਅਵਰੈ=ਹੋਰਨਾਂ ਨਾਲ ਹੀਤ-ਪ੍ਰੇਮ ਕਰਦਾ ਹੈ।

ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥ ੧ ॥ ਰਹਾਉ ॥

ਜਿਵੇਂ ਹਰਿਚੰਦਉਰੀ=ਗੰਧਰਬ ਨਗਰੀ ਅਕਾਸ਼ ਵਿਚ ਝੂਠੀ ਨਿਗਾਹ ਆਉਂਦੀ ਹੈ, ਤੇ ਪੱਤਿਆਂ ਉੱਪਰੋਂ ਬਨ=ਜਲ ਦੀ ਬੂੰਦ ਪਈ ਹੋਈ ਪਲ ਵਿਚ ਹਰ=ਨਾਸ ਹੋ ਜਾਂਦੀ ਹੈ ਅਰਥਾਤ ਝੜ ਜਾਂਦੀ ਹੈ,

ਵਾ:-ਜਿਵੇਂ ਬਨ=ਜੰਗਲ ਦੇ ਹਰੇ ਪੱਤੇ ਥੋੜ੍ਹੇ ਸਮੇ ਵਿਚ ਸੁੱਕ ਜਾਂਦੇ ਹਨ,

ਇਸੇ ਤਰ੍ਹਾਂ ਤੁਹਾਡੇ ਸਰੀਰ ਦਾ ਬੀਤ=ਬਲ ਛਿਨ ਭੰਗਰ ਹੈ॥੧ ॥ਰਹਾਉ॥

ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ॥

(੧) ਚਾਹੇ ਦੇਹ ਨੂੰ ਚੰਦਨ ਦਾ ਲੇਪ ਭੀ ਹੋਵੇ ਤਾਂ ਭੀ ਗਧੇ ਨੂੰ ਭਸਮੁ=ਸ੍ਵਾਹ ਨਾਲ ਸੁਖ ਹੁੰਦਾ ਹੈ ਅਰਥਾਤ ਘੱਟੇ ਉੱਪਰ ਲੇਟਣ ਕਰਕੇ ਸੁਖ ਮੰਨਣਾ ਹੈ।

(੨) ਤਿਵੇਂ ਚੰਦਨ ਰੂਪ ਨਾਮ ਦਾ ਲੇਪ ਭੀ ਹੋਵੇ ਅਰਥਾਤ ਨਾਮ ਸਿਮਰਨ ਦਾ ਉਪਦੇਸ਼ ਮਿਲਦਾ ਹੋਵੇ ਤੋਂ ਭੀ ਗਧੇ ਵਾਂਗ਼ ਕਾਮੀ ਜੀਵ ਵਿਸ਼ਿਆਂ ਰੂਪੀ ਭਸਮ ਨਾਲ ਪ੍ਰੀਤੀ ਕਰਦਾ ਹੈ। ਅਰਥਾਤ ਵਿਸ਼ਿਆਂ ਵਿਚ ਹੀ ਸੁਖ ਮੰਨਦਾ ਹੈ।

ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ॥ ੨ ॥

ਨਾਮ-ਅੰਮ੍ਰਿਤ ਦੇ ਨਾਲ ਚਿੱਤ ਦੀ ਰੁਚੀ ਨਹੀਂ ਆਉਂਦੀ, ਅਤੇ ਬਿਖੈ=ਵਿਸ਼ਿਆਂ ਰੂਪੀ ਠਗਉਰੀ=ਠੱਗ ਬੂਟੀ ਨਾਲ ਪ੍ਰੀਤੀ ਕਰਦਾ ਹੈ॥ ੨ ॥

ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ॥

ਉੱਤਮ ਸੰਤ ਹੀ ਭਲੇ ਸੰਜੋਗੀ ਹਨ, ਭਾਵ ਪਰਮੇਸ਼ਰ ਨਾਲ ਮਿਲਾਉਣੇ ਵਾਲੇ ਹਨ,

ਉਹ ਇਸ ਕਲਯੁਗ ਵਿਚ ਆਪ ਪਵਿੱਤਰ ਹਨ ਅਤੇ ਹੋਰਨਾਂ ਨੂੰ ਪਵਿੱਤਰ ਕਰਦੇ ਹਨ।

ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ॥ ੩ ॥

ਸੰਤਾਂ ਦੀ ਸੰਗਤ ਤੋਂ ਬਿਨਾਂ ਇਹ ਜਨਮ-ਪਦਾਰਥ ਵਿਸ਼ਿਆਂ ਰੂਪੀ ਕੱਚ ਦੇ ਬਾਦਰੈ=ਬਦਲੇ ਵਿਚ ਵਿਅਰਥ ਜਿੱਤਿਆ ਜਾ ਰਿਹਾ ਹੈ।

ਵਾ:-ਜਿੱਤਿਆ ਹੋਇਆ ਜਨਮ-ਪਦਾਰਥ ਕੱਚ ਦੇ ਬਦਲੇ ਵਿਅਰਥ ਜਾ ਰਿਹਾ ਹੈ॥੩ ॥

ਜਨਮ ਜਰਨ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ॥

ਜਿਨ੍ਹਾਂ ਦੀਆਂ ਮਨ ਬੁੱਧੀ ਰੂਪ ਅੱਖਾਂ ਵਿਚ ਗੁਰਾਂ ਨੇ ਗਿਆਨ ਰੂਪ ਅੰਜਨੁ=ਸੁਰਮਾ ਪਾ ਦਿੱਤਾ ਹੈ,

ਉਹਨਾਂ ਦੇ ਜਨਮਾਂ ਜਨਮਾਂ ਦੇ ਕਿਲਵਿਖ=ਪਾਪ ਤੇ ਦੁੱਖ ਭਾਗੇ=ਭੱਜ ਗਏ ਹਨ।

ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥ ੪ ॥ ੯ ॥

ਗੁਰੂ ਜੀ ਕਥਨ ਕਰਦੇ ਹਨ, ਇੱਕ ਨਾਲ ਪ੍ਰੀਤੀ ਕਰਕੇ ਸੰਤਾਂ ਦੀ ਸਤਸੰਗਤ ਦੁਆਰਾ ਪੁਰਸ਼ ਇਨ੍ਹਾਂ ਦੁੱਖਾਂ ਤੋਂ ਨਿਕਲ ਗਿਆ ਹੈ॥ ੪ ॥ ੯ ॥

ਧਨਾਸਰੀ ਮਹਲਾ ੫ ॥

"ਐਸੀ ਮਤਿ ਦੀਜੈ ਮੇਰੇ ਠਾਕੁਰ" :-ਹੇ ਮੇਰੇ ਸ੍ਵਾਮੀ ! ਮੈਨੂੰ ਅਜੇਹੀ ਮਤ ਦੇਣਾ ਕਰ, ਜੋ-

ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥

ਸੰਤਾਂ ਅੱਗੇ ਪਾਣੀ ਭਰਾਂ, ਉਹਨਾਂ ਨੂੰ ਪੱਖਾ ਝੱਲਾਂ, ਉਹਨਾਂ ਦੇ ਪ੍ਰਸ਼ਾਦ ਲਈ ਚੱਕੀ ਵਿਚ ਦਾਣੇ ਪਾ ਕੇ ਪੀਸਉ=ਪੀਹਾਂ; ਫਿਰ ਹੇ ਗੋਬਿੰਦ ! ਤੇਰੇ ਗੁਣਾਂ ਦੇ ਜਸ ਨੂੰ ਗਾਈ=ਗਾਉਣਾ ਕਰਾਂ।

ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ ਇਹੁ ਬਿਸ੍ਰਾਮ ਨਿਧਿ ਪਾਈ ॥ ੧ ॥

ਮੇਰਾ ਮਨ ਸ੍ਵਾਸ ਸ੍ਵਾਸ ਆਪ ਜੀ ਦੇ ਨਾਮ ਨੂੰ ਸਮ੍ਹਾਲਣਾ ਕਰੇ, ਇਹ ਜੋ ਨਿੱਧੀ ਰੂਪ ਨਾਮ ਹੈ, ਇਸ ਵਿਚ ਬਿਸ੍ਰਾਮ=ਇਸਥਿਤੀ ਪਾਵਾਂ ॥੧ ॥

ਤੁਮ੍ ਕਰਹੁ ਦਇਆ ਮੇਰੇ ਸਾਈ ॥

ਹੇ ਮੇਰੇ ਸਾਈ=ਮਾਲਕ ਪ੍ਰਭੂ ! ਆਪ ਮੇਰੇ ਉੱਤੇ ਦਇਆ ਦ੍ਰਿਸ਼ਟੀ ਕਰੋ।

ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥ ੧ ॥ ਰਹਾਉ ॥

ਹੇ ਮੇਰੇ ਸ੍ਵਾਮੀ ! ਆਪ ਮੈਨੂੰ ਅਜੇਹੀ ਮੱਤ ਦਿਓ, ਜੋ ਮੈਂ ਨਿਤਾਪ੍ਰਤੀ ਆਪ ਜੀ ਨੂੰ ਧਿਆਉਂਦਾ ਰਹਾਂ ॥ ੧ ॥ਰਹਾਉ ॥

ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ ॥

ਆਪ ਜੀ ਦੀ ਕਿਰਪਾ ਦ੍ਰਿਸ਼ਟੀ ਨਾਲ ਮੋਹ ਤੇ ਮਾਨ ਛੁਟ ਜਾਂਦਾ ਹੈ, ਅਤੇ ਜੂਨੀਆਂ ਵਿਚ ਭਰਮਾਈ=ਫਿਰਨਾ ਬਿਨਸਿ=ਨਾਸ ਹੋ ਜਾਂਦਾ ਹੈ।

ਅਨਦ ਰੂਪੁ ਰਵਿਓ ਸਭ ਮਧੇ ਜਤ ਕਤ ਪੇਖਉ ਜਾਈ ॥ ੨ ॥

ਹੇ ਅਨੰਦ ਰੂਪ ਪਰਮਾਤਮਾ ! ਆਪ ਸਾਰਿਆਂ ਵਿਚ ਰਵ ਰਹੇ ਹੋ,

ਜਿੱਥੇ ਕਿੱਥੇ ਵੇਖਦਾ ਹਾਂ ਸਾਰੀਆਂ ਜਾਈ=ਜਗ੍ਹਾਂ ਉੱਪਰ ਆਪ ਹੀ ਹੋ ॥੨ ॥

ਤੁਮ੍ ਦਇਆਲ ਕਿਰਪਾਲ ਕ੍ਰਿਪਾਨਿਧਿ ਪਤਿਤ ਪਾਵਨ ਗੋਸਾਈ ॥

ਹੇ ਗੋਸਾਈ=ਪ੍ਰਿਥਵੀ ਦੇ ਮਾਲਕ ਪ੍ਰਭੂ ਆਪ ਪਿੱਛੇ ਦਿਆਲੂ ਸੀ, ਹੁਣ ਕ੍ਰਿਪਾਲੂ ਹੋ, ਅੱਗੇ ਭੀ ਕਿਰਪਾ ਦੀ ਨਿੱਧੀ ਹੋਵੇਗੀ ਫਿਰ ਆਪ ਪਾਪੀਆਂ ਦੇ ਪਵਿੱਤਰ ਕਰਨ ਵਾਲੇ ਹੋ।

ਕੋਟਿ ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ ਬੁਲਾਈ॥ ੩ ॥

ਜੇਕਰ ਆਪ ਮੂੰਹ ਨਾਲ ਇੱਕ ਨਿਮਖ ਮਾਤ੍ਰ ਵੀ ਬੁਲਾਉਣਾ ਕਰੋ ਤਾਂ ਕ੍ਰੋੜਾਂ ਰਾਜਿਆਂ ਦੇ ਸੁਖ ਵਰਗਾ ਅਨੰਦ ਪਾ ਲਵਾਂਗਾ ॥੩ ॥

ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ॥

ਹੇ ਪ੍ਰਭੂ ! ਜੋ ਆਪ ਜੀ ਦੇ ਮਨ ਵਿਚ ਭਾਈ ਹੈ, ਓਹੀ ਜਪ ਤਪ ਅਤੇ ਭਗਤੀ ਪੂਰੀ ਹੈ।

ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਜਪਣ ਨਾਲ ਮੇਰੀ ਸਭ ਤ੍ਰਿਸ਼ਨਾ ਬੁਝ ਗਈ ਹੈ,
ਏਸੇ ਕਰਕੇ ਮਨ ਤ੍ਰਿਪਤ ਹੋ ਕੇ ਅਘਾਈ=ਰੱਜ ਗਿਆ ਹੈ ॥੪ ॥੧੦ ॥

ਧਨਾਸਰੀ ਮਹਲਾ ੫ ॥

ਇਸ ਸ਼ਬਦ ਦੁਆਰਾ ਮਾਇਆ ਦੀ ਪ੍ਰਬਲਤਾ ਵਿਖਾਉਂਦੇ ਹਨ-

ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥

(੧) ਚੌਦਾਂ ਭਵਣ ਰੂਪ ਜੋ ਸੰਸਾਰ ਹੈ ਇਸ ਵਿਚ ਜਿਸ ਮਾਇਆ ਨੇ ਤ੍ਰੈ-ਗੁਣੀ ਜੀਵ ਆਪਣੇ ਵੱਸ ਵਿਚ ਕੀਤੇ ਹੋਏ ਹਨ।

(੨) ਜਿਸ ਮਾਇਆ ਨੇ ਤ੍ਰੈ-ਗੁਣੀ ਜੀਵ ਆਪਣੇ ਵੱਸ ਵਿਚ ਕੀਤੇ ਹੋਏ ਹਨ, ਅਤੇ ਸੰਸਾਰ ਦੀਆਂ ਚਤੁਰ-ਭਵਣ=ਚਾਰ ਖਾਣੀਆਂ ਭੀ ਵੱਸ ਕੀਤੀਆਂ ਹੋਈਆਂ ਹਨ।

ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥ ੧ ॥

ਯੱਗ, ਇਸ਼ਨਾਨ, ਜਪ, ਤਪ ਆਦਿਕ ਸਾਧਨ ਅਤੇ ਪਵਿੱਤਰ ਅਸਥਾਨ ਸਭ ਮਾਇਆ ਨੇ ਖੰਡ ਦਿੱਤੇ ਹਨ; ਉਸ ਮਾਇਆ ਦੇ ਅੱਗੇ ਇਹ ਵਿਚਾਰਾ ਜੰਤੁ=ਜੀਵ ਕੀ ਚੀਜ਼ ਹੈ ॥੧ ॥

ਪ੍ਰਭ ਕੀ ਓਟ ਗਹੀ ਤਉ ਛੂਟੋ ॥

ਹੇ ਭਾਈ ! ਪ੍ਰਭੂ ਦੀ ਓਟ ਨੂੰ ਗ੍ਰਹਿਣ ਕਰੋ ਤਾਂ ਤੁਸੀਂ ਮਾਇਆ ਤੋਂ ਛੁੱਟ ਜਾਓਗੇ।

ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ
ਬਿਖੈ ਬਿਆਧਿ ਤਬ ਹੂਟੋ ॥ ੧ ॥ ਰਹਾਉ ॥

ਜਦ ਸੰਤਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਹਰੀ ਦੇ ਹਰਿ ਹਰਿ ਨਾਮ ਗਾਇਨ ਕੀਤੇ,

ਵਾ:-ਮਨ, ਬਾਣੀ, ਸਰੀਰ ਕਰਕੇ ਹਰਿ ਹਰਿ ਦੇ ਨਾਮ ਗਾਏ ਤਦ ਵਿਸ਼ਿਆਂ ਰੂਪੀ ਵਿਆਧਿ=ਰੋਗਾਂ ਤੋਂ ਹਟ ਗਏ ਹਾਂ ॥ ੧ ॥ ਰਹਾਉ ॥

ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ॥

ਉਹ ਮਾਇਆ ਕਿਸੇ ਅਸਥਾਨ ਉੱਪਰ ਉਤਰੀ ਹੋਈ ਭੀ ਨਹੀਂ ਸੁਣੀਂਦੀ, ਨਾ ਹੀ ਮੂੰਹ ਤੋਂ ਬਕੀਐ= ਬੋਲਦੀ ਹੈ, "ਕਿ ਤਕੜੇ ਹੋ ਜਾਓ! ਮੈਂ ਆਈ ਜੇ", ਨਾ ਹੀ ਉਹ ਕਿਸੇ ਨੂੰ ਮੋਂਹਦੀ ਹੋਈ ਡੀਠੀ=ਵੇਖਣ ਵਿਚ ਆਉਂਦੀ ਹੈ।

ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ॥ ੨ ॥

ਅਜੇਹੀ ਠੱਗ ਬੂਟੀ ਪਾ ਕੇ ਜੀਵਾਂ ਨੂੰ ਭੁਲਾ ਲੈਂਦੀ ਹੈ; ਜੋ ਸਾਰਿਆਂ ਦੇ ਮਨ ਵਿਚ ਪਿਆਰੀ ਲੱਗਣ ਲੱਗ ਪੈਂਦੀ ਹੈ॥੨॥

ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥

ਮਾਂ, ਪਿਉ, ਪੁੱਤਰ, ਹਿਤ=ਪਿਆਰੇ ਮਿੱਤਰ, ਭਰਾ ਇਤਆਦਿਕ ਸਬੰਧੀਆਂ ਅਤੇ ਹਰ ਘਰ ਘਰ ਵਿਚ ਉਸ ਮਾਇਆ ਨੇ ਦੂਆ=ਦ੍ਵੈਤ ਭਾ ਮੇਲਿਆ ਹੋਇਆ ਹੈ।

ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ॥ ੩ ॥

ਕਿਸੇ ਕੋਲ ਵੱਧ, ਤੇ ਕਿਸੇ ਪਹਿ=ਪਾਸ ਘੱਟ ਸਾਰੇ ਹੀ ਆਪਸ ਵਿਚ ਲੜ-ਲੜ ਕੇ ਮਰ ਰਹੇ ਹਨ॥੩॥

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ॥

ਮੈਂ ਆਪਣਿ੍ਆਂ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ; ਜਿਨ੍ਹਾਂ ਨੇ ਮੈਨੂੰ ਇਹ ਮਾਇਆ ਦਾ ਛਲ ਰੂਪ ਚਲਤੁ=ਕੌਤਕ ਵਿਖਾਇਆ ਹੈ।

ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ॥ ੪ ॥

ਜਿਸ ਗੂਝੀ=ਲੁੱਕਵੀਂ ਮਾਇਆ ਦੀ ਤ੍ਰਿਸ਼ਨਾਂ ਰੂਪ ਅੱਗ ਵਿਚ ਸਾਰਾ ਸੰਸਾਰ ਸੜ ਰਿਹਾ ਹੈ; ਉਸ ਮਾਇਆ ਦਾ ਬਲ ਪ੍ਰਭੂ ਦੇ ਭਗਤਾਂ ਨੂੰ ਨਹੀਂ ਬਿਆਪੈ=ਲੱਗਦਾ॥ ੪॥

ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ॥

ਸੰਤਾਂ ਦੀ ਕਿਰਪਾ ਨਾਲ ਬੜਾ ਆਤਮ ਸੁਖ ਪਾਇਆ ਹੈ, ਅਤੇ ਸਾਰੇ ਬੰਧਨ ਕੱਟੇ ਗਏ ਹਨ।

ਹਰਿ ਹਰਿ ਨਾਮੁ ਨਾਨਕ ਧਨੁ ਪਾਇਆ
ਅਪੁਨੈ ਘਰਿ ਲੈ ਆਇਆ ਖਾਟੇ॥ ੫ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ, ਮੈਨੇ ਸਤਿਗੁਰਾਂ ਤੋਂ ਹਰਿ ਹਰਿ ਨਾਮ ਰੂਪੀ ਧਨ ਪਾਇਆ ਹੈ, ਅਤੇ ਖਟ ਕੇ ਭਾਵ ਲਾਭ ਸੰਯੁਕਤ ਹੋ ਕੇ ਆਪਣੇ ਸਰੂਪ-ਘਰ ਵਿਚ ਮਨ ਨੂੰ ਲੈ ਆਇਆ ਹਾਂ॥੫॥੧੧॥

(ਪੰਨਾ ੬੭੪) ਧਨਾਸਰੀ ਮਹਲਾ ੫॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥

ਹੇ ਠਾਕੁਰ ! ਤੁਸੀਂ ਦਾਤੇ ਹੋਣ ਕਰਕੇ ਸਾਰਿਆਂ ਦੀ ਪ੍ਰਤਿਪਾਲਾ ਕਰਨ ਵਾਲੇ ਹੋ, ਸਾਰੇ ਸੰਸਾਰ ਦੇ ਨਾਇਕ ਹੋ ਤੇ ਅਸਾਡੇ ਵੀ ਖਸਮ=ਮਾਲਕ ਹੋ।

ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥ ੧॥

ਨਿਮਖ ਨਿਮਖ ਕਾਲ ਵਿਚ ਤੁਸੀਂ ਹੀ ਪਾਲਦੇ ਹੋ, ਅਸੀਂ ਬਾਲਕੇ ਆਪ ਜੀ ਦੇ ਧਾਰੇ=ਆਸਰੇ ਰਹਿੰਦੇ ਹਾਂ॥੧॥

ਜਿਹਵਾ ਏਕ ਕਵਨ ਗੁਨ ਕਹੀਐ॥

ਅਸਾਡੀ ਜਿਹਵਾ=ਜੀਭ ਇੱਕ ਹੈ, ਇਸ ਨਾਲ ਆਪ ਜੀ ਦੇ ਕੇਹੜੇ ਕੇਹੜੇ ਗੁਣ ਕਥਨ ਕਰੀਏ।

ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥ ੧॥ ਰਹਾਉ॥

ਹੇ ਸੁਆਮੀ ! ਬਿਅੰਤ ਹੋਣ ਕਰਕੇ ਆਪ ਜੀ ਦੇ ਗੁਣ ਬੇ-ਸੁਮਾਰ=ਅਨ-ਗਿਣਤ ਹਨ,
ਅੱਜ ਤੱਕ ਆਪ ਜੀ ਦਾ ਅੰਤ ਕਿਸੇ ਨੇ ਭੀ ਨਹੀਂ ਲਿਆ॥ ਰਹਾਉ॥

ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥

ਅਸਾਡੇ ਕ੍ਰੋੜਾਂ ਅਪਰਾਧ ਨਾਸ ਕਰ ਦਿਓ, ਅਤੇ ਅਨੇਕ ਤਰ੍ਹਾਂ ਨਾਲ ਸਮਝਾ ਦਿਓ।

ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥ ੨॥

ਅਸਾਂ ਅਗਿਆਨੀਆਂ ਦੀ ਮਤੀ ਅਲਪ ਥੋਰੀ=ਤੁੱਛ ਤੋਂ ਤੁੱਛ ਹੈ,
ਤੁਸੀਂ ਆਪਣਾ ਗਰੀਬ ਨਿਵਾਜ ਬਿਰਦੁ=ਧਰਮ ਜਾਣਕੇ ਰੱਖ ਲਓ॥ ੨॥

ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥

ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਤੁਹਾਡੀ ਹੀ ਆਸਾ ਲੱਗ ਰਹੀ ਹੈ,
ਆਪ ਹੀ ਮੇਰੇ ਸੁਹੇਲੇ=ਸੁਖਦਾਈ ਸੱਜਣ ਹੋ।

ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥ ੩॥ ੧੨॥

ਗੁਰੂ ਜੀ ਕਥਨ ਕਰਦੇ ਹਨ, ਹੇ ਰੱਖਿਆ ਕਰਨ ਵਾਲੇ ਦਿਆਲੂ ! ਅਸਾਨੂੰ ਸੰਸਾਰ ਵੱਲੋਂ ਰੱਖ ਲਓ, ਅਸੀਂ ਆਪ ਜੀ ਦੇ ਘਰ ਦੇ ਗੋਲੇ=ਦਾਸ ਹਾਂ॥ ੩॥ ੧੨॥

ਧਨਾਸਰੀ ਮਹਲਾ ੫॥

ਨਾਮ ਸਿਮਰਨ ਤੋਂ ਬਿਨਾਂ ਸਾਰਿਆਂ ਸਾਧਨਾਂ ਦੀ ਨਿਸਫਲਤਾ ਵਿਖਾਉਂਦੇ ਹਨ-

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥

ਚਾਹੇ ਪੂਜਾ ਕਰ ਲਵੇ, ਚਾਹੇ ਇਕਾਦਸੀ ਆਦਿਕ ਵਰਤ ਰੱਖਣਾ ਕਰੇ, ਮੱਥੇ ਉੱਪਰ ਤਿਲਕ ਲਗਾਵੇ,

ਤੀਰਥਾਂ ਉੱਪਰ ਇਸ਼ਨਾਨ ਕਰਦਾ ਰਹੇ, ਪੁੰਨ ਸਮੇਂ ਪੁੰਨ ਅਤੇ ਬਹੁਤ ਸਾਰਾ ਦਾਨ ਭੀ ਦੇਣਾ ਕਰੇ।

ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥ ੧ ॥

ਚਾਹੇ ਮਿੱਠੇ ਬੈਨ=ਬਚਨ ਵੀ ਬੋਲਹਿ=ਬੋਲਣਾ ਕਰੇ, ਇਤਆਦਿਕ ਸੰਜਮਾਂ ਕਰਕੇ ਉਹ ਸੁਆਮੀ ਕਦੇ ਭੀ ਭੀਜੈ=ਖੁਸ਼ ਨਹੀਂ ਹੁੰਦਾ॥ ੧॥

ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ॥

ਪ੍ਰਭੂ ਜੀ ਦਾ ਨਾਮ ਜਪਦਿਆਂ ਹੀ ਮਨ ਨੂੰ ਚੈਨ=ਆਨੰਦ ਹੁੰਦਾ ਹੈ।

ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ॥ ੧ ॥ ਰਹਾਉ॥

ਬਹੁਤ ਤਰ੍ਹਾਂ ਨਾਲ ਸਾਰੇ ਜੀਵ ਉਸ ਨੂੰ ਖੋਜਦੇ ਹਨ, ਪਰ ਉਸ ਦੀ ਪ੍ਰਾਪਤੀ ਕਠਨ ਹੈ ਆਪਣੇ ਆਪ ਲਿਆ ਨਹੀਂ ਜਾਂਦਾ!

ਅਥਵਾ:-ਬੜੇ ਬੜੇ ਬਿਖਮੁ=ਕਠਨ ਸਾਧਨਾਂ ਨਾਲ ਭੀ ਲਿਆ ਨਹੀਂ ਜਾਂਦਾ॥ ੧॥ ਰਹਾਉ॥

ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈਗੈਨ॥

ਕੋਈ ਜਪ ਕਰਦਾ ਹੈ, ਕੋਈ ਤਪ ਕਰਦਾ ਹੈ, ਕੋਈ ਬਸੁਧਾ=ਪ੍ਰਿਥਵੀ ਉੱਤੇ ਭ੍ਰਮਨ=ਫਿਰਨਾ ਕਰਦਾ ਹੈ; ਕੋਈ ਉਰਧ=ਉਲਟ (ਪੁੱਠੇ) ਹੋ ਕੇ ਤਪ ਕਰਨ ਵਿਚ ਲੈਗੈਨ=ਲੱਗੇ ਹੋਏ ਹਨ।

ਵਾ:-ਕੋਈ ਗੈਨ=ਅਕਾਸ਼ ਵਿਚ ਉਡਾਰੀਆਂ ਮਾਰਲ ਵਿਚ ਲੱਗੇ ਹੋਏ ਹਨ। 'ਲੈਗੈਨ' ਪਾਠ ਇਕੱਠਾ ਹੈ।

ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ॥ ੨ ॥

ਕਈ ਜੋਗ ਦੀਆਂ ਜੁਗਤੀਆਂ ਕਰਦੇ ਹਨ, ਤੇ ਕਈ ਜੈਨੀਆਂ ਦੇ ਮਾਰਗ ਵਿਚ ਚਲਦੇ ਹਨ, ਪਰ ਇਨ੍ਹਾਂ ਵਿਧੀਆਂ ਕਰਕੇ ਮੇਰਾ ਠਾਕੁਰ ਪਤੀਜਦਾ ਨਹੀਂ ਭਾਵ ਪ੍ਰਸੰਨ ਨਹੀਂ ਹੁੰਦਾ।

ਅਥਵਾ:-ਪਖੰਡ ਸਹਿਤ ਜੋਗ ਦੀਆਂ ਜੁਗਤੀਆਂ ਕਰਕੇ ਭੀ ਇਸ ਜੀਵ ਦੀ ਜੈ ਨਹੀਂ ਹੁੰਦੀ॥੨॥ 'ਜੈਨ' ਪਾਠ ਇਕੱਠਾ ਹੈ।

ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ॥

ਜਿਸ ਉੱਤੇ ਪ੍ਰਭੂ ਦੀ ਕਿਰਪੈਨ=ਕਿਰਪਾ ਹੋਈ ਹੈ, ਉਸ ਨੇ ਨਾਮ-ਅੰਮ੍ਰਿਤ ਅਤੇ ਨਿਰਮੋਲਕ ਹਰੀ ਜਸ ਨੂੰ ਪਾਇਆ ਹੈ।

ਸਾਧਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ॥ ੩ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ, ਸਤਸੰਗਤ ਵਿਚ ਰੰਗਿ=ਪ੍ਰੇਮ ਕਰਨ ਨਾਲ ਜਿਸ ਨੂੰ ਪ੍ਰਭੂ ਭੇਟੇ=ਮਿਲੇ ਹਨ, ਉਸ ਗੁਰਮੁਖ-ਜਨ ਦੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਬੀਤਦੀ ਹੈ॥੩॥੧੩॥

ਰਹਾਉ ਦੀ ਤੁਕ ਤੋਂ ਅਰਥ ਕਰਨਾ- ਧਨਾਸਰੀ ਮਹਲਾ ੫॥

ਅਸਾਡਾ ਐਹੋ ਜੇਹਾ ਕੋਈ ਮਿੱਤਰ ਹੈ? "ਹੋ ਕੋਊ ਐਸੋ ਹਮਰਾ ਮੀਤੁ॥"

ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ॥

ਜੋ ਸੰਸਾਰਕ ਬੰਧਨਾਂ ਤੋਂ ਛੁਡਾਵੇ, ਅਤੇ ਪ੍ਰਭੂ ਨਾਲ ਮਿਲਾ ਦੇਵੇ, ਫੇਰ ਹਰਿ ਹਰਿ ਨਾਮ ਨੂੰ ਸੁਣਾਵੇ।

ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ॥ ੧॥

ਇਸ ਚੰਚਲ ਮਨ ਨੂੰ ਨਿਹਚਲੁ=ਅਚੱਲ ਸਰੂਪ ਵਿਚ ਅਜੇਹਾ ਇਸਥਿਤ ਕਰ ਦੇਵੇ, ਜੋ ਮੁੜ ਕੇ ਕਿਸੇ ਤਰਫ ਨਾ ਧਾਵੈ=ਦੌੜੇ॥ ੧॥

ਹੈ ਕੋਊ ਐਸੋ ਹਮਰਾ ਮੀਤੁ॥

ਐਹੋ ਜੇਹਾ ਕੋਈ ਹਮਰਾ=ਅਸਾਡਾ ਮਿੱਤਰ ਹੈ।

ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ॥ ੧॥ ਰਹਾਉ॥

ਮੈਂ ਉਸ ਨੂੰ ਸਾਰੀ ਸਮੱਗਰੀ ਸਹਿਤ ਜੀਅ ਤੇ ਹਿਰਦਾ ਦੇਵਾਂਗਾ, ਅਤੇ ਆਪਣਾ ਚਿੱਤ ਭੀ ਓਸੇ ਨੂੰ ਅਰਪ ਦਿਆਂਗਾ। ਅਰਥਾਤ ਸਭ ਕੁਝ ਦੇ ਕੇ ਉਸ ਦਾ ਹੁਕਮੀ ਬੰਦਾ ਹੋਵਾਂਗਾ॥ ੧॥ ਰਹਾਉ॥

ਫੇਰ ਅਜੇਹੀ ਕਿਰਪਾ ਕਰੇ-

ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ॥

ਜੋ ਪ੍ਰਾਏ ਧਨ, ਪਰ ਤਨ=ਪ੍ਰਾਈ ਇਸਤ੍ਰੀ, ਤੇ ਦੂਸਰੇ ਦੀ ਨਿੰਦਿਆਂ, ਇਨ੍ਹਾਂ ਨਾਲ ਮੇਰੀ ਪ੍ਰੀਤੀ ਨਾ ਲਾਗੈ=ਲੱਗੇ। ਅਤੇ-

ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ॥ ੨॥

ਸੰਤਾਂ ਦਾ ਸਤਸੰਗ ਹੋਵੇ, ਸੰਤਾਂ ਨਾਲ ਹੀ ਸੰਭਾਖਨੁ=ਬੋਲਣਾ ਪ੍ਰਾਪਤ ਹੋਵੇ,
ਅਤੇ ਹਰੀ ਦੇ ਕੀਰਤਨ ਵਿਚ ਹੀ ਮਨ ਜਾਗੈ=ਜਾਗਦਾ ਰਹੇ॥੨॥

ਗੁਣ ਨਿਧਾਨ ਦਇਆਲ ਪੁਰਖ ਪ੍ਰਭ ਸਰਬ ਸੂਖ ਦਇਆਲਾ॥

ਹੇ ਸ਼ੁਭ-ਗੁਣਾਂ ਦੇ ਨਿਧਾਨ=ਖਜ਼ਾਨੇ ਦਿਆਲੂ ਪੁਰਖ! ਆਪ ਸਭ ਦੇ ਪ੍ਰਭ=ਰੱਖਜਕ ਹੋ,
ਪੁਨਾ ਹੇ ਦਿਆਲੂ! ਆਪ ਸਾਰਿਆਂ ਸੁਖਾਂ ਦੇ ਦਾਤੇ ਹੋ।

ਮਾਗੈ ਦਾਨੁ ਨਾਮੁ ਤੇਰੋ ਨਾਨਕੁ ਜਿਉ ਮਾਤਾ ਬਾਲ ਗੁਪਾਲਾ॥ ੩॥ ੧੪॥

ਗੁਰੂ ਜੀ ਕਥਨ ਕਰਦੇ ਹਨ, ਹੇ ਗੋਪਾਲ! ਮੈਂ ਆਪ ਜੀ ਪਾਸੋਂ ਇਸ ਤਰ੍ਹਾਂ ਨਾਮ ਦਾਨ ਮੰਗਦਾ ਹਾਂ, ਜਿਵੇਂ ਮਾਂ ਪਾਸੋਂ ਬਾਲਕਾ ਰੋਟੀ ਮੰਗਦਾ ਹੈ॥ ੩॥ ੧੪॥

ਧਨਾਸਰੀ ਮਹਲਾ ੫॥

ਜਿਸ ਵੇਲੇ ਸੁਲਹੀ ਆਵੇ ਵਿਚ ਸੜ ਕੇ ਮਰ ਗਿਆ ਤੇ ਉਸ ਦੇ ਮਰਨ ਦੀ ਖਬਰ ਅੰਮ੍ਰਿਤਸਰ ਪਹੁੰਚੀ, ਉਸ ਵੇਲੇ ਪ੍ਰਭੂ ਦੇ ਧੰਨਵਾਦ ਵਿਚ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :-

ਹਰਿ ਹਰਿ ਲੀਨੇ ਸੰਤ ਉਬਾਰਿ॥

ਹਰਿ ਹਰਿ ਨੇ ਆਪਣਿਆਂ ਸੰਤਾਂ ਨੂੰ ਉਬਾਰਿ=ਬਚਾ ਲੈਣਾ ਕੀਤਾ ਹੈ।

ਹਰਿ ਕੇ ਦਾਸ ਕੀ ਚਿਤਵੈ ਬੁਰਿਆਈ
ਤਿਸ ਹੀ ਕਉ ਫਿਰਿ ਮਾਰਿ॥ ੧॥ ਰਹਾਉ॥

ਜੇਹੜਾ ਕੋਈ ਹਰੀ ਦੇ ਦਾਸ ਦੀ ਬੁਰਾਈ ਨੂੰ ਚਿਤਵੈ=ਚਿਤਵਦਾ ਹੈ, ਉਲਟਾ ਉਸੇ ਨੂੰ ਹੀ ਮਾਰ ਪੈਂਦੀ ਹੈ॥ ੧॥ ਰਹਾਉ॥

ਜਨ ਕਾ ਆਪਿ ਸਹਾਈ ਹੋਆ ਨਿੰਦਕ ਭਾਗੇ ਹਾਰਿ॥

ਮੈਂ ਸੇਵਕ-ਜਨ ਦਾ ਆਪ ਹੀ ਪ੍ਰਭੂ ਸਹਾਇਕ ਹੋਇਆ ਹੈ, ਨਿੰਦਕ ਪੁਰਸ਼ ਦੌੜਦੇ ਦੌੜਦੇ ਹਾਰ ਗਏ ਹਨ।

ਝੂਮਤ ਝੂਮਤ ਊਹਾਂ ਹੀ ਮੂਏ ਬਾਹੁੜਿ ਗ੍ਰਿਹਿ ਨ ਮੰਝਾਰਿ॥ ੧॥

ਝੂਮਦਿਆਂ ਝੂਮਦਿਆਂ ਊਹਾ=ਉਧਰੇ ਹੀ, ਭਾਵ ਆਵੇ ਵਿਚ ਡਿੱਗ ਕੇ ਮਰ ਗਏ ਹਨ, ਮੁੜ ਕੇ ਘਰ ਵਿਚ ਹੀ ਨਹੀਂ ਆਏ। ਅਥਵਾ:-ਸਰੂਪ ਰੂਪੀ ਘਰ ਵਿਚ ਨਾ ਆਏ॥ ੧॥

ਨਾਨਕ ਸਰਣਿ ਪਰਿਓ ਦੁਖ ਭੰਜਨ ਗੁਨ ਗਾਵੈ ਸਦਾ ਅਪਾਰਿ॥

ਗੁਰੂ ਜੀ ਕਥਨ ਕਰਦੇ ਹਨ, ਦੁੱਖ ਭੰਜਨ ਪ੍ਰਭੂ ਦੀ ਸ਼ਰਨ ਵਿਚ ਮੈਂ ਪਿਆ ਹਾਂ, ਅਤੇ ਅਪਾਰ ਪ੍ਰਭੂ ਦੇ ਸਦਾ ਹੀ ਗੁਣਾਂ ਨੂੰ ਗਾਵੈ=ਗਾਉਂਦਾ ਹਾਂ।

ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ॥ ੨॥ ੧੫॥

ਦੀਨ ਦੁਨੀਆ=ਲੋਕ ਪ੍ਰਲੋਕ ਦੇ ਦਰਬਾਰ ਵਿਚ ਨਿੰਦਕ ਪੁਰਸ਼ ਦਾ ਮੂੰਹ ਕਾਲਾ ਹੋਇਆ ਹੈ॥੨॥੧੫॥

ਧਨਾਸਿਰੀ ਮਹਲਾ ੫॥

ਅਬ ਹਰਿ ਰਾਖਨਹਾਰੁ ਚਿਤਾਰਿਆ॥

ਹੁਣ ਮੈਂ ਰੱਖਿਆ ਕਰਨ ਵਾਲੇ ਪ੍ਰਭੂ ਦਾ ਸਿਮਰਨ ਕੀਤਾ ਹੈ।

ਪਤਿਤ ਪੁਨੀਤ ਕੀਏ ਖਿਨ ਭੀਤਰਿ
ਸਗਲਾ ਰੋਗੁ ਬਿਦਾਰਿਆ॥ ੧॥ ਰਹਾਉ॥

ਉਸ ਨੇ ਪਾਪੀਆਂ ਨੂੰ ਇੱਕ ਛਿਨ ਵਿਚ ਪਵਿੱਤਰ ਕਰ ਦਿੱਤਾ ਹੈ, ਅਤੇ ਸਾਰਿਆਂ ਰੋਗਾਂ ਦਾ ਸਮੁਦਾਇ ਬਿਦਾਰਿਆ=ਅਭਾਵ ਕਰ ਦਿੱਤਾ ਹੈ॥ ੧॥ ਰਹਾਉ॥

ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥

ਸੰਤਾਂ ਦੇ ਸਤਸੰਗ ਵਿਚ ਅਸਾਡੀ ਗੋਸਟਿ=ਚਰਚਾ ਹੋਈ, ਏਸੇ ਕਰਕੇ ਅਸਾਂ ਨੇ ਕਾਮ, ਕ੍ਰੋਧ, ਲੋਭ ਆਦਿਕਾਂ ਨੂੰ ਮਾਰ ਦਿੱਤਾ ਹੈ।

(ਪੰਨਾ ੬੭੫)

ਸਿਮਰਿ ਸਿਮਰਿ ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥ ੧ ॥

ਪੂਰਨ ਵਾਹਿਗੁਰੂ ਨੂੰ ਸਿਮਰ ਸਿਮਰ ਕੇ ਸਾਰਿਆਂ ਸੰਗੀਆਂ ਨੂੰ ਤਾਰ ਲਿਆ ਹੈ॥ ੧ ॥

ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥

(੧) ਆਪਣੇ ਮਨ ਵਿਚ ਮੈਂ ਇਹ ਭਰੋਸਾ ਧਾਰਿਆ ਹੈ, ਕਿ ਇੱਕ ਪ੍ਰਭੂ ਦੇ ਨਾਮ ਦਾ ਜੋ ਮੰਨਣ ਕਰਨਾ ਹੈ, ਏਹੋ ਸਭ ਔਸ਼ਧੀਆਂ ਤੇ ਮੰਤ੍ਰਾਂ ਦਾ ਮੂਲ-ਮੁੱਢ ਹੈ।

(੨) (ਅਉਖਧ) ਅਗਿਆਨ ਰੂਪੀ ਰੋਗ ਦੀ ਨਿਵਿਰਤੀ ਕਰਨੇ ਨੂੰ ਔਸ਼ਧੀ ਹੈ।

(ਮੰਤ੍ਰ) ਕਾਮ ਆਦਿਕ ਸੱਪਾਂ ਦੀ ਵਿਸ਼ਿਆਂ ਰੂਪੀ ਜ਼ਹਿਰ ਦੇ ਦੂਰ ਕਰਨੇ ਨੂੰ ਮੰਤ੍ਰ ਰੂਪ ਹੈ।

(ਮੂਲ) ਹੰਗਤਾ-ਮਮਤਾ ਤੇ ਅਵਿੱਦਿਆ ਰੂਪ ਫੋੜੇ ਫਿਨਸੀਆਂ ਦੇ ਦੂਰ ਕਰਨੇ ਨੂੰ ਮੂਲ=ਜੜੀ ਬੂਟੀ ਵਾਂਗ ਹੈ। ਫਿਰ ਉਹ ਇੱਕ ਪ੍ਰਭੂ ਸਾਰਿਆਂ ਦਾ ਮਨਿ=ਸ਼ਰੋਮਣੀ ਹੈ ਇਹ ਵਿਚਾਰਕੇ ਮਨ ਵਿਚ ਉਸ ਪ੍ਰਭੂ ਦਾ ਬਿਸ੍ਵਾਸੁ=ਭਰੋਸਾ ਧਾਰਿਆ ਹੈ।

ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ ॥ ੨ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸਦਾ ਹੀ ਚਰਨ ਧੂੜੀ ਨੂੰ ਬਾਂਛੈ=ਮੰਗਦਾ ਹਾਂ,
ਅਤੇ ਮੁੜ-ਮੁੜ ਕੇ ਉਸ ਤੋਂ ਬਲਿਹਾਰ ਜਾਂਦਾ ਹਾਂ॥ ੨ ॥ ੧੬ ॥

ਧਨਾਸਰੀ ਮਹਲਾ ੫ ॥

ਮੇਰਾ ਲਾਗੋ ਰਾਮ ਸਿਉ ਹੇਤੁ ॥

ਉਸ ਰਾਮ ਨਾਲ ਮੇਰਾ ਹੇਤੁ=ਪ੍ਰੇਮ ਲੱਗਾ ਹੈ। ਜਿਸ ਦੀ ਕਿਰਪਾ ਕਰਕੇ-

ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ ॥ ੧ ॥ ਰਹਾਉ ॥

(੧) ਸਤਿਗੁਰੂ ਮੇਰਾ ਸਦਾ ਹੀ ਸਹਾਈ ਹੋਇਆ ਹੈ, ਜਿਨ੍ਹਾਂ ਨੇ ਦੁੱਖਾਂ ਦਾ ਕੇਤੁ=ਘਰ ਅਗਿਆਨ ਕੱਟ ਦਿੱਤਾ ਹੈ।
(੨) ਜਿਨ੍ਹਾਂ ਨੇ ਦੁੱਖਾਂ ਦਾ ਕੇਤੁ=ਖੇਤ ਕੱਟ ਦਿੱਤਾ ਹੈ।
(੩) ਜਿਨ੍ਹਾਂ ਨੇ ਕੇਤੁ=ਕਿਤਨੇ ਹੀ ਦੁੱਖਾਂ ਦਾ ਸਮਦਾਇ ਕੱਟ ਦਿੱਤਾ ਹੈ,
(੪) ਦੁੱਖਾਂ ਦਾ ਜੋ ਕੇਤੁ=ਝੰਡਾ ਝੁਲ ਰਿਹਾ ਸੀ ਉਹ ਕੱਟ ਦਿੱਤਾ ਹੈ॥੧ ॥ਰਹਾਉ ॥

ਹਾਥ ਦੇਇ ਰਾਖਿਓ ਅਪੁਨਾ ਕਰਿ ਬਿਰਥਾ ਸਗਲ ਮਿਟਾਈ ॥

ਆਪਣਾ ਦਾਸ ਕਰਕੇ ਹੱਥ ਦੇ ਕੇ ਰੱਖ ਲਿਆ ਹੈ, ਅਤੇ ਸਾਰੀ ਬਿਰਥਾ=ਪੀੜਾ ਮਿਟਾ ਦਿੱਤੀ ਹੈ।

ਨਿੰਦਕ ਕੇ ਮੁਖ ਕਾਲੇ ਕੀਨੇ ਜਨ ਕਾ ਆਪਿ ਸਹਾਈ॥ ੧ ॥

ਮੈਂ ਸੇਵਕ-ਜਨ ਦਾ ਆਪ ਸਹਾਈ ਹੋ ਕੇ ਉਸ ਨੇ ਨਿੰਦਕਾਂ ਦੇ ਮੂੰਹ ਕਾਲੇ ਕੀਤੇ ਹਨ॥ ੧॥

ਸਾਚਾ ਸਾਹਿਬੁ ਹੋਆ ਰਖਵਾਲਾ ਰਾਖਿ ਲੀਏ ਕੰਠਿ ਲਾਇ॥

ਉਹ ਸੱਚਾ ਸਾਹਿਬ ਅਸਾਡਾ ਰਖਵਾਲਾ ਹੋਇਆ ਹੈ, ਜਿਸ ਨੇ ਆਪਣਿਆਂ ਦਾਸਾਂ ਨੂੰ ਗਲ ਨਾਲ ਲਗਾ ਕੇ ਰੱਖ ਲੀਤਾ ਹੈ।

ਨਿਰਭਉ ਭਏ ਸਦਾ ਸੁਖ ਮਾਣੇ ਨਾਨਕ ਹਰਿ ਗੁਣ ਗਾਇ॥ ੨ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਦੇ ਗੁਣ ਗਾਇਨ ਕਰਕੇ ਅਸੀਂ ਡਰ ਤੋਂ ਰਹਿਤ ਹੋ ਗਏ ਹਾਂ, ਅਤੇ ਸਦਾ ਹੀ ਸੁਖਾਂ ਨੂੰ ਮਾਣੇ=ਭੋਗਦੇ ਹਾਂ॥ ੨॥ ੧੭॥

ਧਨਾਸਿਰੀ ਮਹਲਾ ੫ ॥ ਅਉਖਧੁ ਤੇਰੋ ਨਾਮੁ ਦਇਆਲ॥

ਹੇ ਦਿਆਲੂ ! ਆਪ ਜੀ ਦਾ ਨਾਮ ਹੀ ਅਉਖਧੁ=ਦਵਾਈ ਹੈ।

ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ ਤੂੰ ਆਪਿ ਕਰਹਿ ਪ੍ਰਤਿਪਾਲ ॥੧ ॥ਰਹਾਉ॥

ਮੈਂ ਆਤੁਰ=ਦੁਖੀ ਨੇ ਤੇਰੀ ਗਤਿ=ਰੀਤੀ, ਮਰਯਾਦਾ ਨਹੀਂ ਜਾਣੀ, ਯਾਂ ਤੇਰੀ ਗਤਿ=ਪ੍ਰਾਪਤੀ ਨਹੀਂ ਜਾਣੀ, ਤੂੰ ਆਪ ਹੀ ਮੇਰੀ ਪ੍ਰਤਿਪਾਲਾ ਕਰਦਾ ਹੈਂ॥ ੧॥ ਰਹਾਉ॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ ਦੁਤੀਆ ਭਾਉ ਨਿਵਾਰਿ॥

ਹੇ ਮੇਰੇ ਸੁਆਮੀ ! ਆਪ ਕਿਰਪਾ ਦ੍ਰਿਸ਼ਟੀ ਧਾਰਕੇ ਦ੍ਵੈਤ ਭਾਵ ਨੂੰ ਦੂਰ ਕਰ ਦਿਓ।

ਬੰਧਨ ਕਾਟਿ ਲੇਹੁ ਅਪੁਨੇ ਕਰਿ ਕਬਹੂ ਨ ਆਵਹ ਹਾਰਿ॥ ੧ ॥

ਮੋਹ ਦੇ ਬੰਧਨ ਕੱਟ ਕੇ ਮੈਨੂੰ ਆਪਣਾ ਦਾਸ ਕਰ ਲਵੋ, ਜਿਸ ਕਰਕੇ ਫਿਰ ਕਦੇ ਹਾਰ ਨਾ ਆਵੇ॥੧॥

ਤੇਰੀ ਸਰਨਿ ਪਇਆ ਹਉ ਜੀਵਾਂ ਤੂ ਸੰਮ੍ਰਥੁ ਪੁਰਖੁ ਮਿਹਰਵਾਨੁ॥

ਆਪ ਜੀ ਦੇ ਸ਼ਰਨ ਵਿਚ ਪਿਆ ਹੀ ਮੈਂ ਜੀਉਂਦਾ ਹਾਂ, ਹੇ ਮਿਹਰਵਾਨ ! ਤੂੰ ਸਮਰੱਥ ਪੁਰਖ ਹੈਂ।

ਆਠ ਪਹਰ ਪ੍ਰਭ ਕਉ ਆਰਾਧੀ ਨਾਨਕ ਸਦ ਕੁਰਬਾਨੁ॥ ੨ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਅੱਠੇ ਪਹਿਰ ਆਪ ਜੀ ਨੂੰ ਅਰਾਧਦਾ ਹਾਂ, ਅਤੇ ਸਦੀਵਕਾਲ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ॥ ੨॥ ੧੮॥

ਰਾਗੁ ਧਨਾਸਰੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥ ਹਾ ਹਾ ਪ੍ਰਭ ਰਾਖਿ ਲੇਹੁ ॥

ਹਾ=ਬੜਾ ਕਸ਼ਟ ਹੈ, ਹਾ=ਬੜਾ ਕਸ਼ਟ ਹੈ, ਹੇ ਪ੍ਰਭੂ ! ਆਪ ਅਸਾਨੂੰ ਰੱਖ ਲਓ।

ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ
ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ੧ ॥ ਰਹਾਉ ॥

ਹੇ ਮੇਰੇ ਸੁਆਮੀ ! ਮੇਰੇ ਪਾਸੋਂ ਕੁਝ ਨਹੀਂ ਹੋ ਸਕਦਾ, ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਆਪਣਾ ਨਾਮ ਦਾਨ ਦੇਣਾ ਕਰੋ॥ ੧ ॥ ਰਹਾਉ ॥

ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥ ੧ ॥

(੧) ਸੰਸਾਰ-ਸਮੁੰਦ੍ਰ ਵਿਚ ਕੁਟੰਬ=ਪਰਵਾਰ ਅੱਗ ਵਾਂਗ ਸਾੜਨ ਵਾਲਾ ਹੈ।
ਭਰਮ ਤੇ ਮੋਹ ਕਰਕੇ ਅਗਿਆਨ ਰੂਪ ਅਨ੍ਹੇਰਾ ਹੋ ਰਿਹਾ ਹੈ।
(੨) ਸੰਸਾਰ, ਸਮੁੰਦ੍ਰ ਵਾਂਗ ਹੈ, ਕੁਟੰਬ ਇਸ ਸਮੁੰਦ੍ਰ ਦੀ ਬੜਵਾ ਅਗਨੀ ਹੈ।
ਮੋਹ ਰੂਪ ਭਰਮ=ਘੁੰਮਣਘੇਰੀ ਹੈ, ਤੇ ਅਗਿਆਨ ਰੂਪ ਅਨ੍ਹੇਰਾ ਹੈ॥ ੧ ॥

ਊਚ ਨੀਚ ਸੁਖ ਦੂਖ ॥ ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥ ੨ ॥

(੧) ਇਸ ਸੰਸਾਰ ਸਮੁੰਦ੍ਰ ਵਿਚ ਸੁਖ ਉੱਚੀ ਘਾਟੀ ਹੈ, ਤੇ ਦੁਖ ਨੀਚ=ਨੀਵਾਂ ਟੋਆ ਹੈ।
ਤ੍ਰਿਸ਼ਨਾਂ ਅਜਿਹੀ ਭੁੱਖ ਹੈ ਜਿਸ ਕਰਕੇ ਜੀਵ ਕਦੇ ਰੱਜਦਾ ਨਹੀਂ ਹੈ।
(੨) ਉੱਚੀਆਂ ਨੀਵੀਂਆਂ ਜੂਨੀਆਂ ਵਿਚ ਜਾ ਕੇ ਸੁਖ ਦੁਖ ਭੋਗਦਾ ਹੈ।
(੩) ਉੱਚੇ ਨੀਵੇਂ ਸੰਕਲਪਾਂ ਕਰਕੇ ਸੁਖ ਦੁਖ ਭੋਗਦਾ ਹੈ।
ਤ੍ਰਿਸ਼ਨਾਂ ਰੂਪੀ ਭੁੱਖ ਕਰਕੇ ਕਦੇ ਤ੍ਰਿਪਤ ਨਹੀਂ ਹੁੰਦਾ॥ ੨ ॥

ਮਨਿ ਬਾਸਨਾ ਰਚਿ ਬਿਖੈ ਬਿਆਧਿ ॥

ਮਨ ਦੀਆਂ ਖੋਟੀਆਂ ਵਾਸ਼ਨਾਂ ਕਰਕੇ ਬਿਆਧਿ=ਰੋਗ ਰੂਪ ਵਿਸ਼ਿਆਂ ਵਿਚ ਤਦਾਕਾਰ ਹੋ ਰਿਹਾ ਹੈ।

ਪੰਚ ਦੂਤ ਸੰਗਿ ਮਹਾ ਅਸਾਧ ॥ ੩ ॥

ਮਹਾ=ਬੜੇ ਅਸਾਧਿ=ਨਾ ਸਾਧੇ ਜਾਣ ਵਾਲੇ ਪੰਜ ਕਾਮ ਆਦਿਕ ਦੂਤਾਂ ਦਾ ਇਹ ਜੀਵ ਸੰਗੀ ਹੋ ਰਿਹਾ ਹੈ॥ ੩ ॥

ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥
ਨਾਨਕ ਜਾਨੁ ਸਦਾ ਹਰਿ ਨੇਰਾ ॥ ੪ ॥ ੧ ॥ ੧੯ ॥

ਜਹਾਨ ਵਿਚ ਜੀਅ ਨੂੰ ਪ੍ਰਾਣ ਤੇ ਧਨ ਆਦਿਕ ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈ।
ਗੁਰੂ ਜੀ ਕਥਨ ਕਰਦੇ ਹਨ. ਹੇ ਹਰੀ !
ਮੈਂ ਸਦਾ ਹੀ ਆਪ ਜੀ ਨੂੰ ਨੇਰਾ=ਨਜ਼ਦੀਕ ਜਾਣਦਾ ਹਾਂ॥ ੪ ॥ ੧ ॥ ੧੯ ॥

ਧਨਾਸਰੀ ਮਹਲਾ ੫ ॥

ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥

ਹੇ ਭਾਈ ! ਉਹ ਠਾਕੁਰ ਦੀਨਾਂ ਦੇ ਦਰਦ=ਦੁੱਖ ਨਿਵਿਰਤ ਕਰਨ ਵਾਲਾ ਹੈ, ਅਤੇ ਆਪਣਿਆਂ ਦਾਸਾਂ ਦੀ ਆਪ ਹੀ ਪਤ-ਆਬਰੋ ਰੱਖਦਾ ਹੈ।

ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥ ੧ ॥

ਹਰੀ ਨਾਮ ਤਾਰਨੇ ਨੂੰ ਤਰਣ=ਜਹਾਜ਼ ਰੂਪ ਹੈ ਤੇ ਸੁਖਾਂ ਦੀ ਨਿੱਧੀ ਹੈ, ਜਿਸ ਨਾਮ ਕਰਕੇ ਕੋਈ ਦੁੱਖ ਨਹੀਂ ਲੱਗ ਸਕਦਾ ॥ ੧ ॥

ਸਾਧੂ ਸੰਗਿ ਭਜਹੁ ਗੁਪਾਲ ॥

ਸਾਧੂਆਂ ਦੀ ਸਤਸੰਗਤ ਵਿਚ ਬੈਠਕੇ ਗੋਪਾਲ ਨੂੰ ਭਜਣਾ ਕਰੋ।

ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥

ਹੋਰ ਕੁਝ ਸੰਜਮ ਨਹੀਂ ਦਿਸਦਾ, ਇਸ ਨਾਮ ਰੂਪ ਯਤਨ ਕਰਕੇ ਕਲਾ ਵਾਲਾ ਕਾਲ=ਸਮਾਂ ਕਾਟਿ=ਬਤੀਤ ਕਰ। ਅਥਵਾ:-ਕਲਪਣਾ ਤੇ ਕਾਲ ਦੇ ਕੱਟਣ ਦਾ ਇੱਕ ਏਹੋ ਨਾਮ ਰੂਪ ਯਤਨ ਹੈ।

ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥

ਉਹ ਦਿਆਲੂ ਆਦਿ ਤੋਂ ਲੈ ਕੇ ਅੰਤ ਤੱਕ ਪੂਰਨ ਹੈ, ਉਸ ਤੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ।

ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥ ੨ ॥

ਜਿਨ੍ਹਾਂ ਨੇ ਉਸ ਸੁਆਮੀ ਨੂੰ ਸਿਮਰਿਆ ਹੈ ਉਹਨਾਂ ਨੇ ਆਪਣਾ ਜਨਮ ਮਰਨ ਨਵਿਰਤ ਕਰ ਲਿਆ ਹੈ। ਇਸ ਕਰਕੇ ਤੂੰ ਭੀ ਹਰੀ ਨੂੰ ਜਪਣਾ ਕਰ ॥ ੨ ॥

ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥

ਚਾਰ ਵੇਦ, ਸਤਾਈ ਸਿਮ੍ਰਤੀਆਂ, ਛੇ ਸ਼ਾਸਤ੍ਰਾਂ ਦਾ ਕਥਨ ਹੈ, ਅਤੇ ਭਗਤ-ਲੋਕ ਭੀ ਇਸ ਵਿਚਾਰ ਨੂੰ ਪ੍ਰਗਟ ਕਰਦੇ ਹਨ। ਕਿ-

ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥ ੩ ॥

ਸਤਸੰਗ ਕਰਨ ਨਾਲ ਅਗਿਆਨ ਰੂਪ ਅਨ੍ਹੇਰਾ ਬਿਨਸ ਜਾਂਦਾ ਹੈ, ਤੇ ਮੁਕਤੀ-ਪਦ ਪ੍ਰਾਪਤ ਹੁੰਦਾ ਹੈ।

ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥

ਪ੍ਰਭੂ ਦੇ ਚਰਨ-ਕਮਲ ਹੀ ਦਾਸ ਦਾ ਆਸਰਾ ਹਨ, ਅਤੇ ਉਸ ਇੱਕ ਦਾ ਸਿਮਰਨ ਹੀ ਦਾਸ ਦੀ ਰਾਸ ਤੇ ਪੂੰਜੀ ਹੈ, ਯਾਂ ਰਾਸਿ=ਸੱਚੀ ਪੂੰਜੀ ਹੈ।

ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥ ੪ ॥ ੨ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ, ਤਾਣ ਤਨ ਦਾ, ਮਾਣ ਮਨ ਦਾ ਤੇ ਦੀਬਾਣੁ=ਆਸਰਾ ਸੱਚਾ ਵਾਹਿਗੁਰੂ ਹੈ, ਮੈਂ ਦਾਸ ਦੀ ਟੇਕ=ਓਟ ਭੀ ਉਹ ਇੱਕ ਪ੍ਰਭੂ ਹੈ ॥ ੪ ॥ ੨ ॥ ੨੦ ॥

(ਪੰਨਾ ੬੭੬) ਧਨਾਸਰੀ ਮਹਲਾ ੫ ॥

ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥

ਅਨੇਕਾਂ ਜੂਨੀਆਂ ਵਿਚ ਫਿਰਦਿਆਂ ਫਿਰਦਿਆਂ, ਵਾ:-ਵਿਅਰਥ ਫਿਰਦਿਆਂ ਫਿਰਦਿਆਂ ਹੁਣ ਸੰਤ ਜਨ ਮਿਲੇ ਹਨ, ਤਾਂ ਹੀ ਪੂਰਿਆਂ ਗੁਰਾਂ ਨੇ ਮੈਨੂੰ ਸਮਝਾਇਆ ਹੈ।

ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ ॥ ੧ ॥

ਹੋਰ ਸੰਪੂਰਣ ਵਿਧੀਆਂ ਕੰਮ ਨਹੀਂ ਆਉਣ ਵਾਲੀਆਂ, ਇਹ ਨਿਸਚੇ ਕਰਕੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ।

ਤਾ ਤੇ ਮੋਹਿ ਧਾਰੀ ਓਟ ਗੋਪਾਲ ॥

ਤਾ ਤੇ=ਇਸ ਕਰਕੇ ਮੈਂ ਪ੍ਰਭੂ ਦੀ ਓਟ ਧਾਰਨਾ ਕੀਤੀ ਹੈ।

ਸਰਨਿ ਪਰਿਓ ਪੂਰਨ ਪਰਮੇਸੁਰ ਬਿਨਸੇ ਸਗਲ ਜੰਜਾਲ ॥ ਰਹਾਉ ॥

ਜਦ ਮੈਂ ਪੂਰਨ ਪਰਮੇਸ਼ਰ ਦੀ ਸ਼ਰਨ ਵਿਚ ਪਿਆ ਹਾਂ, ਤਾਂ ਹੀ ਮੇਰੇ ਸਾਰੇ ਜੰਜਾਲ ਬਿਨਸ ਗਏ ॥ ਰਹਾਉ ॥

ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ ॥

ਸੁਰਗ ਲੋਕ, ਪਇਆਲ=ਪਤਾਲ ਲੋਕ, ਭੂ ਮੰਡਲ ਜੋ ਮਿਰਤ=ਮਾਤ ਲੋਕ ਹੈ,
ਯਾਂ ਭੂ ਮੰਡਲ=ਮਾਤ ਲੋਕ, ਮਿਰਤ=ਜਮ ਲੋਕ ਇਨ੍ਹਾਂ ਸਾਰਿਆਂ ਲੋਕਾਂ ਵਿਚ ਮਾਇਆ ਬਿਆਪ ਰਹੀ ਹੈ।

ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ ॥ ੨ ॥

ਇਸ ਲਈ ਜੀਵ ਦੇ ਉਧਾਰਨੇ ਨੂੰ ਤੇ ਸਾਰੀਆਂ ਕੁਲਾਂ ਦੇ ਤਾਰਨੇ ਨੂੰ ਮੈਂ ਹਰਿ ਹਰਿ ਨਾਮ ਨੂੰ ਧਿਆਇਆ ਹੈ ॥ ੨ ॥

ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥

ਗੁਰੂ ਜੀ ਕਥਨ ਕਰਦੇ ਹਨ, ਨਿਰੰਜਨ ਦੇ ਨਾਮ ਨੂੰ ਗਾਈਏ, ਤਾਂ ਸਾਰੇ ਖਜ਼ਾਨੇ ਪਾ ਲਈਦੇ ਹਨ, ਵਾ:-ਸਾਰਿਆਂ ਖਜ਼ਾਨਿਆਂ ਦੇ ਮਾਲਕ ਪ੍ਰਭੂ ਨੂੰ ਪਾ ਲਈਦਾ ਹੈ।

ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥ ੩ ॥ ੩ ॥ ੨੧ ॥

ਜਿਸ ਨੂੰ ਸੁਆਮੀ ਕਿਰਪਾ ਕਰਕੇ ਨਾਮ ਦਾਨ ਦੇਂਦਾ ਹੈ, ਉਸ ਕਿਸੀ ਵਿਰਲੇ ਨੇ ਸਰੂਪ ਨੂੰ ਜਾਣਿਆਂ ਹੈ ॥ ੩ ॥ ੩ ॥ ੨੧ ॥

ਧਨਾਸਰੀ ਮਹਲਾ ੫ ਘਰੁ ੨ ਚਉਪਦੇ

੧ੴ ਸਤਿਗੁਰ ਪ੍ਰਸਾਦਿ॥ ਛੋਡਿ ਜਾਹਿ ਸੇ ਕਰਹਿ ਪਰਾਲ॥

ਜੋ ਪਦਾਰਥ ਛੱਡ ਜਾਣੇ ਹਨ, ਉਹਨਾਂ ਵਾਸਤੇ ਕਈ ਤਰ੍ਹਾਂ ਦੇ ਪਰਾਲ=ਪਲਾਲ, ਭਾਵ ਯਤਨ ਕਰਦਾ ਹੈ,

ਵਾ:-ਉਹਨਾਂ ਵਾਸਤੇ ਪਰਾਲ=ਸ਼ਕਾਮ ਕਰਮ ਕਰਦਾ ਹੈ।

ਵਾ:-ਪਰਾਲੀ ਵਾਂਗ ਖਾਲੀ ਜੋ ਪਦਾਰਥ ਹਨ, ਉਹਨਾਂ ਨੂੰ ਇਕੱਠਾ ਕਰਦਾ ਹੈ।

ਕਾਮਿ ਨ ਆਵਹਿ ਸੇ ਜੰਜਾਲ॥

ਜੋ ਕੰਮ ਨਹੀਂ ਆਉਂਦੇ, ਉਹ ਜੰਜਾਲ=ਧੰਦੇ (ਵਿਹਾਰ) ਕਰਦਾ ਹੈ॥

ਸੰਗਿ ਨ ਚਾਲਹਿ ਤਿਨ ਸਿਉ ਹੀਤ॥ ਜੋ ਬੈਰਾਈ ਸੇਈ ਮੀਤ॥ ੧॥

ਜੋ ਜੀਵ ਦੇ ਨਾਲ ਨਹੀਂ ਚਲਣ ਵਾਲੇ ਉਹਨਾਂ ਨਾਲ ਹੀਤ=ਪ੍ਰੇਮ ਕਰਦਾ ਹੈ। ਭਜਨ ਵਿਚ ਵਿਘਨ ਪਾਉਣ ਕਰਕੇ ਜੋ ਸਬੰਧੀ ਇਸ ਦੇ ਵੈਰੀ ਹਨ, ਉਹਨਾਂ ਨੂੰ ਮਿੱਤਰ ਸਮਝੀ ਬੈਠਾ ਹੈ॥੧॥

ਐਸੇ ਭਰਮਿ ਭੁਲੇ ਸੰਸਾਰਾ॥ ਜਨਮੁ ਪਦਾਰਥੁ ਖੋਇ ਗਵਾਰਾ॥ ਰਹਾਉ॥

ਸੰਸਾਰ ਦੇ ਜੀਵ ਅਜੇਹੇ ਭਰਮ ਵਿਚ ਭੁੱਲੇ ਹੋਏ ਹਨ। ਇਹ ਮੂਰਖ-ਲੋਕ ਜਨਮ-ਪਦਾਰਥ ਨੂੰ ਖੋ ਰਹੇ ਹਨ॥ ਰਹਾਉ॥

ਸਾਚੁ ਧਰਮੁ ਨਹੀ ਭਾਵੈ ਡੀਠਾ॥ ਝੂਠ ਧੋਹ ਸਿਉ ਰਚਿਓ ਮੀਠਾ॥

ਸੱਚਾ ਸ੍ਰੈ ਧਰਮ, ਯਾਂ ਸੱਚ ਤੇ ਧਰਮ ਇਸ ਨੂੰ ਵੇਖਿਆ ਨਹੀਂ ਭਾਵੈ=ਭਾਉਂਦਾ। ਮਿੱਠਾ ਜਾਣਕੇ ਝੂਠ ਤੇ ਧੋਹ=ਛਲ ਕਰਨ ਨਾਲ ਰਚਿਓ=ਤਦਾਕਾਰ ਹੋ ਰਿਹਾ ਹੈ।

ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥ ੨॥

ਦਾਤ ਪਿਆਰੀ ਲੱਗ ਰਹੀ ਹੈ ਤੇ ਦਾਤਾ ਵਾਹਿਗੁਰੂ ਭੁੱਲ ਗਿਆ ਹੈ। ਵਿਚਾਰਾ ਜੀਵ ਮਰਣਾ ਤਾਂ ਜਾਣਦਾ ਹੀ ਨਹੀਂ ਹੈ॥ ੨॥

ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥

ਪ੍ਰਾਈ ਵਸਤੂ ਮਾਇਆ, ਯਾਂ ਦੇਹ ਨੂੰ ਪਾ ਕੇ ਨਿੱਤ ਹੀ ਸਵੇਰੇ ਉੱਠਕੇ ਰੋਂਦਾ ਹੈ।

ਇਸ ਤਰ੍ਹਾਂ ਧਰਮ ਕਰਮ ਸਗਲਾ-ਈ=ਸਾਰਾ ਹੀ ਖੋਵੈ=ਨਾਸ ਕਰ ਲੈਂਦਾ ਹੈ।

ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ॥ ੩॥

ਪ੍ਰਭੂ ਦੇ ਹੁਕਮ ਨੂੰ ਨਹੀਂ ਬੁੱਝਦਾ, ਇਸ ਲਈ ਜੰਮਦਾ ਮਰਦਾ ਹੈ। ਪਹਿਲੇ ਪਾਪ ਕਰਮ ਕਰਦਾ ਹੈ ਜਦ ਉਸ ਦਾ ਫਲ ਭੋਗਦਾ ਹੈ ਤਦ ਪਛਤਾਪ ਕਰਦਾ ਹੈ॥ ੩॥

ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥

ਹੇ ਪ੍ਰਭੂ ! ਜੋ ਆਪ ਜੀ ਨੂੰ ਭਾਂਵਦਾ ਹੈ ਉਹੀ ਪ੍ਰਮਾਨੀਕ ਹੈ।
ਮੈਂ ਆਪ ਜੀ ਦੇ ਭਾਣੇ ਤੋਂ ਕੁਰਬਾਨ ਜਾਂਦਾ ਹਾਂ।

ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥
ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥ ੪ ॥ ੧ ॥ ੨੨ ॥

ਗਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਗਰੀਬ ਤੇਰੇ ਦਾਸਾਂ ਦਾ ਦਾਸ ਹਾਂ।
ਹੇ ਮੇਰੇ ਸਾਹਿਬ ਪ੍ਰਭੂ=ਰਖਜਕ ! ਆਪ ਮੈਨੂੰ ਸੰਸਾਰ ਤੋਂ ਰੱਖ ਲਓ ॥੪ ॥੧ ॥੨੨ ॥

ਧਨਾਸਰੀ ਮਹਲਾ ੫ ॥

ਮੋਹਿ ਮਸਕੀਨ ਪ੍ਰਭੁ ਨਾਮੁ ਅਧਾਰੁ ॥ ਖਾਟਣ ਕਉ ਹਰਿ ਹਰਿ ਰੋਜਗਾਰੁ ॥

ਮੈਂ ਮਸਕੀਨ=ਗਰੀਬ ਨੂੰ, ਪ੍ਰਭੂ ਦੇ ਨਾਮ ਦਾ ਆਸਰਾ ਹੈ। ਅਤੇ ਖੱਟਣੇ ਨੂੰ, ਹਰਿ ਹਰਿ ਦਾ ਨਾਮ ਹੀ ਰੋਜ਼ੀਨਾ ਭਾਵ ਰੁਜ਼ਗਾਰ ਕਰਦੇ ਹਾਂ।

ਸੰਚਣ ਕਉ ਹਰਿ ਏਕੋ ਨਾਮੁ ॥ ਹਲਤਿ ਪਲਤਿ ਤਾ ਕੈ ਆਵੈ ਕਾਮ ॥ ੧ ॥

ਸੰਚਣ=ਇਕੱਤ੍ਰ ਕਰਨੇ ਨੂੰ, ਇੱਕ ਹਰੀ ਦਾ ਨਾਮ ਹੀ ਧਨ ਹੈ।
ਲੋਕ ਪ੍ਰਲੋਕ ਵਿਚ ਤਿਸ ਜੀਵ ਦੇ ਕੰਮ ਆਉਣ ਵਾਲਾ ਹੈ॥ ੧ ॥

ਨਾਮਿ ਰਤੇ ਪ੍ਰਭ ਰੰਗਿ ਅਪਾਰ ॥
ਸਾਧ ਗਾਵਹਿ ਗੁਣ ਏਕ ਨਿਰੰਕਾਰ ॥ ਰਹਾਉ ॥

(੧) ਜੋ ਪ੍ਰਭੂ ਦੇ ਨਾਮ ਵਿਚ ਰੱਤੇ ਹੋਏ ਹਨ ਉਹਨਾਂ ਨੂੰ ਅਪਾਰ ਰੰਗਿ=ਅਨੰਦ ਹੋਇਆ ਹੈ।
(੨) ਜੋ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤੇ ਹਨ ਉਹਨਾਂ ਨੂੰ ਅਪਾਰ ਨਾਮੀ ਦੀ ਪ੍ਰਾਪਤੀ ਹੋਈ ਹੈ।
ਸਾਧ ਇੱਕ ਨਿਰੰਕਾਰ ਦੇ ਹੀ ਗੁਣਾਂ ਨੂੰ ਗਾਉਂਦੇ ਹਨ॥ ਰਹਾਉ॥

ਸਾਧ ਕੀ ਸੋਭਾ ਅਤਿ ਮਸਕੀਨੀ ॥ ਸੰਤ ਵਡਾਈ ਹਰਿ ਜਸੁ ਚੀਨੀ ॥

ਅਤਿਅੰਤ ਗਰੀਬੀ ਧਾਰਨੇ ਕਰਕੇ ਸੰਤਾਂ ਦੀ ਸੋਭਾ ਹੁੰਦੀ ਹੈ।
ਹਰੀ ਜਸ ਕਰਨ ਨਾਲ ਸੰਤਾਂ ਦੀ ਵਡਿਆਈ ਚੀਨੀ=ਜਾਣੀ ਜਾਂਦੀ ਹੈ।

ਅਨਦੁ ਸੰਤਨ ਕੈ ਭਗਤਿ ਗੋਵਿੰਦ ॥ ਸੂਖੁ ਸੰਤਨ ਕੈ ਬਿਨਸੀ ਚਿੰਦ ॥ ੨ ॥

ਗੋਬਿੰਦ ਦੀ ਭਗਤੀ ਕਰਕੇ ਸੰਤਾਂ ਨੂੰ ਅਨੰਦ ਹੀ ਅਨੰਦ ਹੈ।
ਚਿੰਤਾ ਦੇ ਬਿਨਸਨੇ ਕਰਕੇ ਸੰਤਾਂ ਨੂੰ ਸੁਖ ਹੀ ਸੁਖ ਹੈ॥ ੨ ॥

ਜਹ ਸਾਧ ਸੰਤਨ ਹੋਵਹਿ ਇਕਤ੍ਰ ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥

ਜਿੱਥੇ ਭੀ ਸੰਤ ਸਾਧ ਇੱਕੱਠੇ ਹੁੰਦੇ ਹਨ।

(੧) ਓਥੇ ਨਾਦ=ਵਾਜਿਆਂ ਨੂੰ ਵਜਾਕੇ ਅਤੇ ਕਵਿਤਾ ਦੁਆਰੇ ਹਰੀ ਜਸ ਨੂੰ ਗਾਂਵਦੇ ਹਨ।

(੨) ਹਰੀ ਜਸ ਰੂਪ ਨਾਦ=ਸ਼ਬਦ ਤੇ ਕਵਿਤਾ=ਛੰਦ ਗਾਉਂਦੇ ਹਨ।

ਸਾਧ ਸਭਾ ਮਹਿ ਅਨਦ ਬਿਸ੍ਰਾਮ ॥

ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥ ੩ ॥

(੧) ਸੰਤਾਂ ਦੀ ਸਭਾ ਵਿਚ ਸੁਖ ਅਨੰਦ ਹੈ।

(੨) ਸੰਤਾਂ ਦੀ ਸਭਾ ਵਿਚੋਂ ਹੀ ਅਨੰਦ ਵਿਚ ਇਸਥਿਤੀ ਹੁੰਦੀ ਹੈ।

ਉਨ੍ਹਾਂ ਸੰਤਾਂ ਦੇ ਸੰਗ ਨੂੰ ਉਹ ਪੁਰਸ਼ ਪਾਂਵਦਾ ਹੈ ਜਿਸ ਦੇ ਮੱਥੇ ਦੇ ਕਰਾਮ=ਕਰਮ (ਭਾਗ) ਚੰਗੇ ਹਨ ॥੩ ॥

ਦੁਇ ਕਰ ਜੋੜਿ ਕਰੀ ਅਰਦਾਸਿ ॥ ਚਰਨ ਪਖਾਰਿ ਕਹਾਂ ਗੁਣਤਾਸ ॥

ਮੈਂ ਦੋਵੇਂ ਕਰ=ਹੱਥ ਜੋੜਕੇ ਸੰਤਾਂ ਅੱਗੇ ਬੇਨਤੀ ਕਰੀ=ਕਰਦਾ ਹਾਂ।

ਸੰਤਾਂ ਦੇ ਚਰਨ ਪਖਾਰਿ=ਧੋਂਦਾ ਹਾਂ, ਅਤੇ ਤਾਸ=ਉਹਨਾਂ ਸੰਤਾਂ ਦੇ ਗੁਣ ਕਹਿੰਦਾ ਹਾਂ।

ਪ੍ਰਭ ਦਇਆਲ ਕਿਰਪਾਲ ਹਜੂਰਿ ॥ ਨਾਨਕੁ ਜੀਵੈ ਸੰਤਾ ਧੂਰਿ ॥੪ ॥੨ ॥੨੩ ॥

(੧) ਜੋ ਪ੍ਰਭੂ ਪਿੱਛੇ ਦਿਆਲੂ ਸੀ, ਹੁਣ ਕ੍ਰਿਪਾਲੂ ਤੇ ਹਾਜ਼ਰਾ ਹਜੂਰ ਹੈ।

ਗੁਰੂ ਜੀ ਕਥਨ ਕਰਦੇ ਹਨ, ਉਸ ਦੇ ਸੰਤਾਂ ਦੀ ਚਰਨ ਧੂੜੀ ਲੈ ਕੇ ਮੈਂ ਜੀਉਂਦਾ ਹਾਂ।

(੨) ਜੋ ਸੰਤ ਦਿਆਲੂ ਕ੍ਰਿਪਾਲੂ ਪ੍ਰਭੂ ਨੂੰ ਹਜੂਰਿ=ਨੇੜੇ ਜਾਣਦੇ ਹਨ,

ਉਹਨਾਂ ਸੰਤਾਂ ਦੀ ਧੂੜੀ ਲੈ ਕੇ ਮੈਂ ਜੀਉਂਦਾ ਹਾਂ ॥੪ ॥੨ ॥੨੩ ॥

(ਪੰਨਾ ੬੭੭)

ਧਨਾਸਰੀ ਮਃ ੫ ॥ ਸੋ ਕਤ ਡਰੈ ਜਿ ਖਸਮੁ ਸਮ੍ਹਾਰੈ ॥

ਜਿਹੜਾ ਪੁਰਸ਼ ਆਪਣੇ ਖਸਮੁ=ਮਾਲਕ ਪ੍ਰਭੂ ਨੂੰ ਯਾਦ ਕਰਦਾ ਹੈ, ਉਹ ਕਿਉਂ ਡਰਦਾ ਹੈ ਭਾਵ ਨਹੀਂ ਡਰਦਾ।

ਡਰਿ ਡਰਿ ਪਚੇ ਮਨਮੁਖ ਵੇਚਾਰੇ ॥ ੧ ॥ ਰਹਾਉ ॥

ਮਨਮੁਖ ਵਿਚਾਰੇ ਜਮਾਂ ਦੇ ਡਰ ਤੋਂ ਡਰ ਕਰਕੇ ਪਚੈ=ਦੁਖੀ ਹੋ ਰਹੇ ਹਨ।

ਵਾ:-ਨਰਕ ਅਗਨੀ ਵਿਚ ਸੜ ਰਹੇ ਹਨ।

ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥

ਮਾਂ ਪਿਉ ਰੂਪ ਗੁਰਦੇਵ ਜੀ ਗੁਰਮੁਖਾਂ ਦੇ ਸਿਰ ਉੱਪਰ ਰਖਵਾਲੇ ਹਨ। ਜਿਨ੍ਹਾਂ ਗੁਰਾਂ ਦੀ ਮੂਰਤੀ

ਸਫਲ ਹੈ ਅਤੇ ਜਿਨ੍ਹਾਂ ਦੀ ਸੇਵਾ ਭੀ ਨਿਰਮਲ ਹੈ।

ਏਕੁ ਨਿਰੰਜਨੁ ਜਾ ਕੀ ਰਾਸਿ ॥ ਮਿਲਿ ਸਾਧਸੰਗਤਿ ਹੋਵਤ ਪਰਗਾਸ ॥ ੧ ॥

ਇੱਕ ਨਿਰੰਜਨ ਦਾ ਨਾਮ ਹੀ ਜਿਨ੍ਹਾਂ ਦੀ ਰਾਸਿ=ਪੂੰਜੀ ਹੈ। ਉਹਨਾਂ ਸੰਤਾਂ ਦੀ ਸੰਗਤ ਵਿਚ ਮਿਲਿਆਂ ਹੀ ਪਰਗਾਸ=ਗਿਆਨ ਹੁੰਦਾ ਹੈ॥੧ ॥

ਜੀਅਨ ਕਾ ਦਾਤਾ ਪੂਰਨ ਸਭ ਠਾਇ ॥ ਕੋਟਿ ਕਲੇਸ ਮਿਟਹਿ ਹਰਿ ਨਾਇ ॥

ਜੋ ਜੀਵਾਂ ਦਾ ਦਾਤਾ ਸਭ ਜਗ੍ਹਾ ਤੇ ਪੂਰਨ ਹੈ। ਉਸ ਹਰੀ ਦੇ ਨਾਮ ਜਪਣ ਕਰਕੇ ਕ੍ਰੋੜਾਂ ਕਲੇਸ਼ ਮਿਟ ਜਾਂਦੇ ਹਨ।

ਜਨਮ ਮਰਨ ਸਗਲਾ ਦੁਖੁ ਨਾਸੈ ॥ ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥ ੨ ॥

ਉਸ ਦਾ ਜਨਮ ਮਰਨ ਦਾ ਸਾਰਾ ਦੁੱਖ ਨਸ ਜਾਂਦਾ ਹੈ।

ਜਿਸ ਗੁਰਮੁਖ ਦੇ ਮਨ ਤਨ ਵਿਚ ਗੁਰਾਂ ਦੁਆਰੇ ਹਰੀ ਵਸਦਾ ਹੈ॥ ੨ ॥

ਜਿਸ ਨੋ ਆਪਿ ਲਏ ਲੜਿ ਲਾਇ ॥ ਦਰਗਹ ਮਿਲੈ ਤਿਸੈ ਹੀ ਜਾਇ ॥

ਜਿਸ ਨੂੰ ਆਪਣੇ ਨਾਮ ਰੂਪ ਪੱਲੇ ਨਾਲ ਲਗਾ ਲੈਂਦਾ ਹੈ। ਉਸ ਨੂੰ ਦਰਗਾਹ ਵਿਚ ਜਾਇ=ਜਗ੍ਹਾਂ ਮਿਲਦੀ ਹੈ।

ਸੋਈ ਭਗਤ ਜਿ ਸਾਚੇ ਭਾਣੇ ॥ ਜਮਕਾਲ ਤੇ ਭਏ ਨਿਕਾਣੇ ॥ ੩ ॥

ਓਹੀ ਅਸਲ ਭਗਤ ਹਨ, ਜਿਹੜੇ ਸੱਚੇ ਦੇ ਭਾਣੇ ਵਿਚ ਤੁਰਦੇ ਹਨ। ਓਹੀ ਭਗਤ, ਜਮ ਤੇ ਕਾਲ ਦੀ ਕਾਣ ਤੋਂ ਨਿਕਾਣੇ=ਰਹਿਤ ਹੋਏ ਹਨ॥੩ ॥

ਸਾਚਾ ਸਾਹਿਬੁ ਸਚੁ ਦਰਬਾਰੁ ॥ ਕੀਮਤਿ ਕਉਣੁ ਕਹੈ ਬੀਚਾਰੁ ॥

ਉਹ ਸਾਹਿਬ ਸੱਚਾ ਹੈ ਉਸ ਦਾ ਸਤਸੰਗ ਦਰਬਾਰ ਭੀ ਸੱਚਾ ਹੈ। ਉਸ ਦੇ ਗੁਣਾਂ ਦੀ ਕੀਮਤ ਦਾ ਵਿਚਾਰ ਕੌਣ ਕਹਿ ਸਕਦਾ ਹੈ।

ਘਟਿ ਘਟਿ ਅੰਤਰਿ ਸਗਲ ਅਧਾਰੁ ॥
ਨਾਨਕੁ ਜਾਚੈ ਸੰਤ ਰੇਣਾਰੁ ॥ ੪ ॥ ੩ ॥ ੨੪ ॥

ਜੋ ਸਾਰਿਆਂ ਘਟਾਂ ਘਟਾਂ ਦੇ ਅੰਦਰ ਸਭ ਦਾ ਆਸਰਾ ਰੂਪ ਹੈ। ਗੁਰੂ ਜੀ ਕਥਨ ਕਰਦੇ ਹਨ, ਮੈਂ ਉਸ ਦੇ ਸੰਤਾਂ ਦੀ ਰੇਣਾਰੁ=ਧੂੜ ਜਾਚੈ=ਮੰਗਦਾ ਹਾਂ॥ ੪ ॥ ੩ ॥ ੨੪ ॥

ਧਨਾਸਰੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥

(੧) ਸ੍ਰੀ ਅੰਮ੍ਰਿਤਸਰ ਰੂਪ ਘਰ ਵਿਚ ਤੇ ਬਾਹਰਿ=ਵਡਾਲੀ ਸਾਹਿਬ,

(੨) ਸਰੂਪ-ਘਰ ਵਿਚ ਤੇ (ਬਾਹਰਿ) ਵਿਹਾਰ ਕਾਲ ਵਿਚ ਹੇ ਪ੍ਰਭੂ ! ਤੇਰਾ ਹੀ ਭਰੋਸਾ ਹੈ, ਕਿਉਂਕਿ ਤੂੰ ਆਪ ਹੀ ਆਪਣਿਆਂ ਸੇਵਕ ਜਨਾਂ ਦੇ ਅੰਗ ਸੰਗ ਹੈਂ।

ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ਨਾਮੁ ਜਪਉ ਹਰਿ ਰੰਗਿ ॥ ੧ ॥

ਹੇ ਆਪਣੇ ਪ੍ਰਭੂ ਪ੍ਰੀਤਮ ! ਤੂੰ ਅਜਿਹੀ ਕਿਰਪਾ ਕਰ, ਜੋ ਰੰਗਿ=ਪ੍ਰੇਮ ਨਾਲ ਹਰੀ ਨਾਮ ਜਪਣਾ ਕਰਾਂ ॥੧ ॥

ਜਨ ਕਉ ਪ੍ਰਭ ਅਪਨੇ ਕਾ ਤਾਣੁ ॥

ਮੈਂ ਸੇਵਕ-ਜਨ ਨੂੰ ਆਪਣੇ ਪ੍ਰਭੂ ਦਾ ਹੀ ਤਾਣੁ=ਬਲ ਹੈ।

ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ ਰਹਾਉ ॥

ਹੇ ਸੁਆਮੀ ! ਜੋ ਤੂੰ ਕਰਾਉਂਦਾ ਹੈਂ ਮੈ ਉਹੀ ਕਰਦਾ ਹਾਂ, ਅਤੇ ਮੈਨੂੰ ਓਹੀ ਮਸਲਤਿ=ਸਲਾਹ ਪ੍ਰਵਾਨ ਹੈ ॥ਰਹਾਉ ॥

ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ ॥

(੧) ਪਰਮੇਸ਼ਰ ਨੂੰ ਸਿਮਰਨਾ ਹੀ ਪਤ-ਆਬਰੋ ਹੈ, ਨਾਰਾਇਣ ਨੂੰ ਵਿਆਪਕ ਜਾਣਨਾ ਹੀ ਗਤੀ ਹੈ, ਗੋਪਾਲ ਦੇ ਗੁਣਾਂ ਦੀਆਂ ਸਾਖੀਆਂ ਸੁਣਨੀਆਂ ਹੀ ਧਨ ਹੈ।

(੨) ਸਾਰਿਆਂ ਦਾ ਪਤੀ ਜੋ ਪਰਮੇਸ਼ਰ ਹੈ ਉਸ ਨਰਾਇਣ ਦੇ ਨਾਮ ਜਪਣ ਕਰਕੇ ਗਤਿ=ਮੁਕਤੀ ਹੁੰਦੀ ਹੈ, ਉਹ ਗੁਪਾਲ ਧੰਨ ਹੈ ਜਿਸ ਵਿਚ ਸਾਖੀ=ਸਹਾਇਤਾ ਕਰਨ ਵਾਲਾ ਗੁਣ ਹੈ।

ਅਥਵਾ:-ਜਿਸ ਵਿਚ ਸਾਖੀ=ਉਗਾਹੀ ਦੇਣ ਵਾਲਾ ਗੁਣ ਹੈ।

ਚਰਨ ਸਰਨ ਨਾਨਕ ਦਾਸ ਹਰਿ ਹਰਿ
ਸੰਤੀ ਇਹ ਬਿਧਿ ਜਾਤੀ ॥ ੨ ॥ ੧ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਨੇ ਹਰਿ ਹਰਿ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ, ਪਰ ਇਹ ਵਿਧੀ ਸੰਤਾਂ ਨੇ ਜਾਤੀ=ਜਾਣੀ ਹੈ ॥ ੨ ॥ ੧ ॥ ੨੫ ॥

ਨੋਟ-ਇਸ ਤੁਕ ਦਾ ਬ੍ਰਿਸਾਮ "ਹਰਿ ਹਰਿ" ਤੇ ਜਾਨਣਾ ॥

ਧਨਾਸਰੀ ਮਹਲਾ ੫ ॥

ਰਹਾਉ ਦੀ ਤੁਕ ਤੋਂ ਅਰਥ ਸ਼ੁਰੂ ਕਰਨਾ "ਜਿਨ ਕੈ ਮਨਿ ਸਾਚਾ ਬਿਸ੍ਵਾਸੁ ॥"

ਜਿਨ੍ਹਾਂ ਦੇ ਮਨ ਵਿਚ ਸੱਚਾ ਬਿਸ੍ਵਾਸੁ=ਭਰੋਸਾ ਹੈ।

ਸਗਲ ਮਨੋਰਥ ਪ੍ਰਭ ਤੇ ਪਾਏ ਕੰਠਿ ਲਾਇ ਗੁਰਿ ਰਾਖੇ ॥

ਉਨ੍ਹਾਂ ਨੇ ਸਾਰੇ ਮਨੋਰਥ ਪ੍ਰਭੂ ਤੋਂ ਪਾਏ ਹਨ, ਅਤੇ ਉਹਨਾਂ ਨੂੰ ਗੁਰਾਂ ਨੇ ਗ਼ਲ ਨਾਲ ਲਗਾ ਕੇ ਰੱਖਿਆ ਹੈ।

ਸੰਸਾਰ ਸਾਗਰ ਮਹਿ ਜਲਨਿ ਨ ਦੀਨੇ ਕਿਨੈ ਨ ਦੁਤਰੁ ਭਾਖੇ ॥ ੧ ॥

ਉਹਨਾਂ ਨੂੰ ਗੁਰਾਂ ਨੇ ਅੱਗ ਦੇ ਸਮੁੰਦ੍ ਸੰਸਾਰ ਵਿਚ ਜਲਨਿ=ਸੜਨ ਨਹੀਂ ਦਿੱਤਾ, ਅਤੇ ਉਹਨਾਂ ਨੂੰ ਕਿਸੇ ਨੇ ਦੁਤਰੁ=ਕੌੜਾ ਬਚਨ ਭੀ ਨਹੀਂ ਭਾਖੇ=ਕਿਹਾ ॥ ੧ ॥

ਜਿਨ ਕੈ ਮਨਿ ਸਾਚਾ ਬਿਸ੍ਵਾਸੁ ॥

ਜਿਨ੍ਹਾਂ ਦੇ ਮਨ ਵਿਚ ਸੱਚਾ ਬਿਸ੍ਵਾਸੁ=ਭਰੋਸਾ ਹੈ।

ਪੇਖਿ ਪੇਖਿ ਸੁਆਮੀ ਕੀ ਸੋਭਾ ਆਨਦੁ ਸਦਾ ਉਲਾਸੁ ॥ ਰਹਾਉ ॥

ਉਹ ਸੁਆਮੀ ਦੀ ਸੋਭਾ ਨੂੰ ਵੇਖ ਵੇਖ ਕੇ ਸਦਾ ਹੀ ਅਨੰਦ ਤੇ ਉਲਾਸੁ=ਪ੍ਰਸੰਨ ਰਹਿੰਦੇ ਹਨ ॥ ਰਹਾਉ ॥

ਚਰਨ ਸਰਨਿ ਪੂਰਨ ਪਰਮੇਸੁਰ ਅੰਤਰਜਾਮੀ ਸਾਖਿਓ ॥

ਜੋ ਪੂਰਨ ਪਰਮੇਸ਼ਰ ਅੰਤਰਜਾਮੀ ਤੇ ਸਾਖਿਓ=ਸਹਾਇਤਾ ਕਰਨ ਵਾਲਾ ਹੈ, ਉਹ ਉਸ ਦੇ ਚਰਨਾਂ ਦੀ ਸ਼ਰਨ ਵਿਚ ਪਏ ਰਹਿੰਦੇ ਹਨ।

ਜਾਨਿ ਬੂਝਿ ਅਪਨਾ ਕੀਓ ਨਾਨਕ
ਭਗਤਨ ਕਾ ਅੰਕੁਰੁ ਰਾਖਿਓ ॥ ੨ ॥ ੨ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਦਾ ਪ੍ਰੇਮ ਜਾਣਕੇ ਤੇ ਸੱਚਾ ਬੂਝਿ=ਸਮਝ ਕੇ ਉਹਨਾਂ ਨੂੰ ਆਪਣਾ ਸੇਵਕ ਕਰ ਲਿਆ ਹੈ, ਅਤੇ ਹਰ ਸਮੇਂ ਭਗਤਾਂ ਦਾ ਅੰਕੁਰੁ=ਪੱਖ ਰੱਖਿਆ ਹੈ।

ਅਥਵਾ:-ਭਗਤਾਂ ਦਾ ਸ਼ੁਭ ਗੁਣਾਂ ਰੂਪੀ ਅੰਕੁਰੁ=ਅੰਗੂਰ ਰੱਖਣਾ ਕੀਤਾ ਹੈ ॥੨ ॥੨ ॥੨੬ ॥

ਧਨਾਸਰੀ ਮਹਲਾ ੫ ॥

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥

ਜਿੱਥੇ ਜਿੱਥੇ ਵੇਖਦੇ ਹਾਂ ਓਥੇ ਹੀ ਨੇੜੇ ਹੈ, ਕਦੇ ਭੀ ਕਿਧਰੇ ਦੂਰ ਨਹੀਂ ਜਾਂਦਾ।

ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥

ਉਹ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ, ਹੇ ਮਨ ! ਤੂੰ ਸਦਾ ਹੀ ਉਸ ਨੂੰ ਧਿਆਉਣਾ ਕਰ ॥੧ ॥

ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥

ਜੋ ਲੋਕ-ਪ੍ਰਲੋਕ ਵਿਚ ਕਦੇ ਵਿੱਛੜਦਾ ਨਹੀਂ ਹੈ ਉਸ ਨੂੰ ਅੰਗ ਸੰਗ ਵਿਚਾਰਨਾ ਕਰੀਏ।

ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥

ਜੋ ਪਦਾਰਥ ਇੱਕ ਛਿਨ ਵਿਚ ਨਾਸ ਹੋ ਜਾਂਦਾ ਹੈ, ਉਹਨਾਂ ਪਦਾਰਥਾਂ ਦਾ ਅਲਪ=ਤੁੱਛ ਸੁਖ ਕਥਨ ਕਰੀਏ ॥ ਰਹਾਉ ॥

ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥

ਜੋ ਅਪਿਆਉ=ਭੋਜਨ ਦੇ ਕੇ ਸਭ ਦੀ ਪਾਲਣਾ ਕਰਦਾ ਹੈ, ਜਿਸ ਦੇ ਪਾਸ ਕਿਸੇ ਪਦਾਰਥ ਦੀ ਊਨ=ਕਮੀ ਨਹੀਂ ਹੁੰਦੀ। ਯਥਾ:-ਕੋਟ ਕੋਟੀ ਮੇਰੀ ਆਰਜਾ ਪਵਨ ਪੀਅਣ ਅਪਿਆਉ॥

ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ੨॥

ਉਹ ਮੇਰਾ ਪ੍ਰਭੂ ਹੀ ਸ੍ਵਾਸ ਸ੍ਵਾਸ ਵਿਚ ਸੰਭਾਲ ਕਰਦਾ ਹੈ॥ ੨॥

ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ॥

ਜਿਸ ਪ੍ਰਭੂ ਦਾ ਰੂਪੁ=ਸਰੂਪ ਸਾਰਿਆਂ ਤੋਂ ਉੱਚਾ ਹੈ, ਉਹ ਪ੍ਰਭੂ ਅਛੱਲ ਹੈ, ਅਛੇਦ ਹੈ, ਅਪਾਰ=ਪਾਰਾਵਾਰ ਤੋਂ ਰਹਿਤ ਹੈ।

ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ॥ ੩॥

ਉਹ ਅਸਚਰਜ ਤੇ ਅਨੂਪੰ ਪ੍ਰਭੂ ਨੂੰ ਸੇਵਕ ਜਨ ਜਪ ਜਪ ਕੇ ਅਨੰਦ ਪ੍ਰਾਪਤ ਕਰਦੇ ਹਨ॥੩॥

(ਪੰਨਾ ੬੭੮)

ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥

ਹੇ ਦਿਆਲ ਪ੍ਰਭੂ ! ਮੈਨੂੰ ਉਹ ਮਤਿ=ਬੁੱਧੀ ਦਿਓ ਜਿਸ ਬੁੱਧੀ ਕਰਕੇ ਆਪ ਜੀ ਨੂੰ ਅਰਾਧਦਾ ਰਹਾਂ।

ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥ ੪॥ ੩॥ ੨੭॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਆਪ ਜੀ ਪਾਸੋਂ ਸਾਧਾ=ਸੰਤਾਂ ਦੇ ਪਗ=ਚਰਨਾਂ ਦੀ ਰੇਨ=ਧੂੜੀ ਦਾ ਦਾਨ ਮੰਗਦਾ ਹਾਂ॥ ੪॥ ੩॥ ੨੭॥

ਧਨਾਸਰੀ ਮਹਲਾ ੫॥

ਉਥਾਨਕਾ:-ਜਿਸ ਵੇਲੇ ਸੁਲਹੀ ਚੜ੍ਹਾਈ ਕਰਕੇ ਆਇਆ ਆਪ ਉਸ ਵੇਲੇ ਉਸ ਦੇ ਆਉਣ ਤੋਂ ਪਹਿਲੇ ਹੀ ਬਾਬਾ ਬੁੱਢਾ ਜੀ ਨੇ ਜੋ ਸੁਭਾਵਕ ਬਚਨ ਕਿਹਾ ਸੀ, ''ਗੁਰੂਕਿਆਂ ਨੂੰ ਕੀ ਭਾਜੜ ਪੈ ਗਈ ਹੈ।'' ਇਸ ਬਚਨ ਦੇ ਪੂਰਿਆਂ ਕਰਨ ਲਈ ਅੰਮ੍ਰਿਤਸਰ ਤੋਂ ਚਲਕੇ ਤਿੰਨ ਕੋਹਾਂ ਦੇ ਫਾਸਲੇ ਉੱਪਰ ਵਡਾਲੀ ਪਿੰਡ ਚਲੇ ਗਏ ਆਪ ਇੱਕ ਸਾਲ ਇੱਥੇ ਰਹੇ ਹਨ? ਇੱਥੇ ਹੀ ਛੇਵੇਂ ਗੁਰੂ ਜੀ ਦਾ ਅਵਤਾਰ ੨੧ ਹਾੜ, ਹਾੜ ਵਦੀ ਏਕਮ ਸੰਮਤ ੧੬੫੨ ਨੂੰ ਹੋਇਆ ਹੈ, ਬਾਕੀ ਸਾਰਾ ਪ੍ਰਵਾਰ ਤਿੰਨ ਸਾਲ ਓਥੇ ਰਿਹਾ ਹੈ ਫਿਰ ਗੁਰੂ ਜੀ ਨੇ ਹੁਕਮ ਦੇ ਕੇ ਸਦਵਾ ਭੇਜਿਆ ਜਦ ਅੰਮ੍ਰਿਤਸਰ ਵਾਪਸ ਆਏ ਉਸ ਵੇਲੇ ਆਪਣੇ ਸਪੁਤ੍ਰ ਹਰਿਗੋਬਿੰਦ ਪ੍ਰਤੀ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ-

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ॥

(੧) ਜਿਸ ਪਰਮਾਤਮਾ ਨੇ ਆਪ ਜੀ ਨੂੰ ਵਡਾਲੀ ਭੇਜਿਆ ਸੀ ਓਸੇ ਨੇ ਅੰਮ੍ਰਿਤਸਰ ਬੁਲਾਇਆ ਹੈ, ਹੁਣ ਸੁਖ ਅਨੰਦ ਦੇ ਨਾਲ ਸਹਜੇ ਹੀ ਆਪਣੇ ਗੁਰੂ ਕੇ ਮਹਲਾਂ ਰੂਪ ਘਰ ਵਿਚ ਆ ਜਾਓ।

ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥ ੧ ॥

ਸਹਜੇ ਹੀ ਧੁਨਿ=ਬਾਣੀ ਦੁਆਰਾ ਅਨੰਦ ਦਾਇਕ ਮੰਗਲ ਰੂਪ ਗੁਣਾਂ ਨੂੰ ਗਾਵਣਾ ਕਰੋ, ਅਤੇ ਗੁਰਿਆਈ-ਗੱਦੀ ਦਾ ਨਿਸਚਲ ਰਾਜ ਕਮਾਉਣਾ ਕਰੋ॥ ੧ ॥

ਤੁਮ ਘਰਿ ਆਵਹੁ ਮੇਰੇ ਮੀਤ ॥

(ਵਾਹਿਗੁਰੂ ਦੀ ਅੰਸ ਰੂਪ ਹੋਣ ਕਰਕੇ ਆਪ ਅਸਾਡੇ ਮਿੱਤਰ ਹੋ) ਹੇ ਮੇਰੇ ਮਿੱਤਰੋ ! ਤੁਸੀਂ ਆਪਣੇ ਘਰ ਗੁਰੂ ਕੇ ਮਹਿਲਾਂ ਵਿਚ ਆ ਜਾਓ।

ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥

ਤੁਹਾਡੇ ਦੋਖੀ (ਸੁਲਹੀ ਆਦਿਕ) ਹਰੀ ਨੇ ਆਪ ਦੂਰ ਕਰ ਦਿੱਤੇ ਹਨ, ਅਤੇ ਅਪਦਾ ਭੀ ਬਤੀਤ ਹੋ ਗਈ ਹੈ ॥ਰਹਾਉ ॥

ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥

ਕਰਨਹਾਰ ਪ੍ਰਭੂ ਨੇ ਜਿੱਥੇ ਕਿੱਥੇ ਤੁਹਾਡਾ ਪ੍ਰਤਾਪ ਪ੍ਰਗਟ ਕਰ ਦਿੱਤਾ ਹੈ, ਆਪ ਜੀ ਦਾ ਨੱਸਣਾ ਤੇ ਭਜਣਾ ਥਾਕੇ=ਰਹਿ ਗਿਆ ਹੈ*।

ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥ ੨ ॥

ਪ੍ਰਤੱਖ ਘਰ ਵਿਚ ਮੰਗਲ ਦਾਇਕ ਖ਼ੁਸ਼ੀਆਂ ਦੇ ਵਾਜੇ ਨਿੱਤ ਵੱਜ ਰਹੇ ਹਨ, ਕਿਉਂਕਿ ਆਪਣੇ ਖਸਮਿ=ਮਾਲਕ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਨਿਵਾਜੇ=ਨਿਵਾਜ ਲਿਆ ਭਾਵ ਵਡਿਆ ਲਿਆ ਹੈ॥ ੨ ॥

ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥

ਗੁਰੂ ਜੀ ਦੇ ਬਚਨਾਂ ਦਾ ਅਧਾਰਿ=ਆਸਰਾ ਲੈ ਕੇ ਇਸਥਿਤ ਹੋ ਕੇ ਰਹਿਣਾ ਕਰੋ, ਕਦੇ ਭੀ ਨਾ ਡੋਲੋ।

ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥ ੩ ॥

ਸਭ ਪ੍ਰਿਥਵੀ ਮੰਡਲ ਉੱਪਰ ਆਪ ਜੀ ਦੇ ਜੈ ਜੈਕਾਰ ਹੋ ਰਹੇ ਹਨ, ਰਾਜ ਦਰਬਾਰ ਵਿਚ ਭੀ ਆਪ ਜੀ ਦਾ ਮੂੰਹ ਉਜਲਾ ਹੋ ਗਿਆ ਹੈ॥੩ ॥

ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥

ਇਹ (ਸੁਲਹੀ ਆਦਿਕ) ਜਿਸ ਪ੍ਰਭੂ ਦੇ ਜੀਵ ਸਨ ਓਸੇ ਨੇ ਆਪ ਹੀ ਫੇਰੇ=ਮੋੜੇ ਹਨ, ਉਹ ਆਪ ਹੀ ਸਹਾਇਤਾ ਕਰਨ ਵਾਲਾ ਹੋਇਆ ਹੈ।

---

*ਨੱਸਣਾ ਚੋਰੀ ਹੁੰਦਾ ਹੈ, ਦੌੜਨਾ ਪ੍ਰਤੱਖ ਹੁੰਦਾ ਹੈ ਪਰ ਆਪ ਜੀ ਦੇ ਦੋਵੇਂ ਦੂਰ ਹੋ ਗਏ ਹਨ।

ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ॥ ੪॥ ੪॥ ੨੮॥

ਕਰਨਹਾਰ ਪ੍ਰਭੂ ਨੇ ਦੋਖੀ ਸੁਲਹੀ ਦੇ ਮਾਰਨ ਵਾਲ਼ਾ ਅਸਚਰਜ ਕੌਤਕ ਕੀਤਾ ਹੈ।

ਗੁਰੂ ਜੀ ਕਥਨ ਕਰਦੇ ਹਨ ਇਸ ਕਰਕੇ ਉਸ ਪ੍ਰਭੂ ਦੀ ਸੱਚੀ ਵਡਿਆਈ ਹੈ॥ ੪॥ ੪॥ ੨੮॥

ਦੂਜਾ ਅਰਥ:-ਰਹਾਉ ਦੀ ਤੁਕ ਤੋਂ ਅਰਥ ਸ਼ੁਰੂ ਕਰਨਾ- *"ਤੁਮ ਘਰਿ ਆਵਹੁ ਮੇਰੇ ਮੀਤ॥"*

ਹੇ ਮੇਰੇ ਮਿੱਤਰ ਮਹਾਤਮਾ ਤੁਸੀਂ ਸਰੂਪ ਰੂਪੀ ਘਰ ਵਿਚ ਆਵੋ,

ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥ ਰਹਾਉ॥

ਤੁਹਾਡੇ ਕਾਮ ਆਦਿਕ ਦੋਖੀ ਹਰੀ ਨੇ ਆਪ ਨਵਿਰਤ ਕਰ ਦਿੱਤੇ ਹਨ, ਜਨਮ ਮਰਨ ਰੂਪ ਅਪਦਾ ਭੀ ਬਤੀਤ ਹੋ ਗਈ ਹੈ।

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ॥

ਜਿਸ ਪਰਮਾਤਮਾ ਨੇ ਤਹਾਨੂੰ ਸੰਸਾਰ ਵਿਚ ਭੇਜਿਆ ਹੈ ਓਸੇ ਨੇ ਤੁਹਾਨੂੰ ਸਤਸੰਗਤ ਵਿਚ ਬੁਲਾਇਆ ਹੈ, ਏਸੇ ਕਰਕੇ ਅਚੁੱਤ ਸੁਖ ਦੇ ਸਹਿਤ ਸਰੂਪ ਘਰ ਵਿਚ ਆਓ।

ਅਨਦ ਮੰਗਲ ਗੁਨ ਗਾਉ ਸਹਜ਼ ਧੁਨਿ ਨਿਹਚਲ ਰਾਜੁ ਕਮਾਉ॥੧॥

ਸਹਜ ਧੁਨਿ=ਸ਼ਾਂਤੀ ਦਾਇਕ ਬਾਣੀ ਕਰਕੇ ਅਨੰਦ ਰੂਪ ਪ੍ਰਭੂ ਦੇ ਮੰਗਲ ਦਾਇਕ ਗੁਣ ਗਾਵਣਾ ਕਰੋ, ਅਤੇ ਨਿਸਚਲ ਪਰਮਾਤਮਾ ਦੇ ਰਾਜ=ਹੁਕਮ ਨੂੰ ਕਮਾਵਣਾ ਕਰੋ, ਭਾਵ ਹੁਕਮ ਨੂੰ ਮੰਨੋ।

ਤੁਮ ਘਰਿ ਆਵਹੁ ਮੇਰੇ ਮੀਤ॥ ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ॥ ਰਹਾਉ॥

ਇਹਨਾਂ ਤੁਕਾਂ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ॥

ਕਰਨਹਾਰ ਪ੍ਰਭੂ ਨੇ ਸਾਰੇ ਜਸ ਹੀ ਜਸ ਪ੍ਰਗਟ ਕਰ ਦਿੱਤਾ ਹੈ, ਜੋ ਨਾਸਨ=ਨਾਸਤਕ ਪਣੇ ਦਾ ਭਾ਼ਜਨ=ਪਾਤ੍ਰ ਹੋ ਰਹੇ ਸੀ ਉਹ ਥੱਕ ਗਿਆ ਹੈ।

ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ॥੨॥

ਸਤਸੰਗ ਘਰ ਵਿਚ ਨਿੱਤ ਹੀ ਮੰਗਲ ਦਾਇਕ ਵਾਜੇ ਵੱਜ ਰਹੇ ਹਨ, ਆਪਣੇ ਖਸਮਿ=ਪਰਮਾਤਮਾ ਨੇ ਸੰਤਾਂ ਨੂੰ ਵਡਿਆਇਆ ਹੈ।

ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ॥

ਪੂਰਿਆਂ ਗੁਰਾਂ ਦੇ ਬਚਨਾਂ ਦੇ ਅਧਾਰਿ=ਆਸਰੇ ਹੋ ਕੇ ਸਰੂਪ ਵਿਚ ਇਸਥਿਤ ਹੋ ਰਹੋ, ਕਦੇ ਡੁਲਾਇਮਾਨ ਨਾ ਹੋਵੇ।

ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ॥੩॥

ਤਾਂ ਸਗਲ ਭੂ ਮੰਡਲ=ਸਾਰੇ ਸੰਸਾਰ ਵਿਚ ਜੈ ਜੈ ਕਾਰ ਹੋਵੇਗਾ, ਅਤੇ ਦਰਬਾਰ ਵਿਚ ਭੀ ਮੂੰਹ ਉੱਜਲਾ ਹੋਵੇਗਾ।

ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ॥

ਜਿਸ ਪ੍ਰਭੂ ਦੇ ਪੈਦਾ ਕੀਤੇ ਹੋਏ ਤੁਸੀਂ ਜੀਵ ਹੋ ਓਸੇ ਨੇ ਆਪ ਹੀ ਸੰਸਾਰ ਵੱਲੋਂ ਫੇਰੇ=ਹਟਾਇਆ ਹੈ, ਅਤੇ ਆਪ ਹੀ ਤੁਹਾਡੀ ਸਹਾਇਤਾ ਕਰਨ ਵਾਲਾ ਹੋਇਆ ਹੈ।

ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ॥ ੪॥ ੪॥ ੨੮॥

ਹੁਕਮ ਦੇ ਕਰਨ ਵਾਲੇ ਸਤਿਗੁਰਾਂ ਨੇ ਅਸਚਰਜ ਰੂਪ ਕਰ ਦਿੱਤਾ ਭਾਵ ਜੀਵ, ਈਸ਼ੁਰ ਦੀ ਅਭੇਦਤਾ ਕਰ ਦਿੱਤੀ, ਏਹੋ ਸਤਿਗੁਰਾਂ ਦੀ ਸੱਚੀ ਵਡਿਆਈ ਹੈ॥ ੪॥ ੪॥

ਧਨਾਸਰੀ ਮਹਲਾ ੫ ਘਰੁ ੬

੧ੴ ਸਤਿਗੁਰ ਪ੍ਰਸਾਦਿ॥ ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ॥ ਹਰਿ ਬਿਨੁ ਮੁਕਤਿ ਨ ਕਾਹੂ ਜੀਉ॥ ਰਹਾਉ॥

ਹੇ ਪਿਆਰੇ ਸੰਤ ਜੀਉ ! ਅਸਾਡੀ ਬੇਨਤੀ ਦੇ ਬਚਨ ਸੁਣਨਾ ਕਰੋ।

ਹਰੀ ਨਾਮ ਤੋਂ ਬਿਨਾਂ ਕਿਸੇ ਜੀਵ ਦੀ ਭੀ ਮੁਕਤੀ ਨਹੀਂ ਹੋਣੀ॥ ਰਹਾਉ॥

ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ

ਮਨ ਨੂੰ ਸੁਖ ਕਰਨ ਵਾਲੇ ਨਿਸ਼ਕਾਮ ਕਰਮ ਕਰ, ਹਰੀ ਨਾਮ ਹੀ ਤਾਰਨੇ ਨੂੰ ਤਰਨ=ਜਹਾਜ਼ ਰੂਪ ਹੈ।

ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ॥

ਅਵਰਿ=ਹੋਰ ਜੰਜਾਲ=ਧੰਦੇ ਤੇਰੇ ਕਿਸੇ ਭੀ ਕੰਮ ਨਹੀਂ ਹਨ।

ਜੀਵਨ ਦੇਵਾ ਪਾਰਬ੍ਰਹਮ ਸੇਵਾ ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ॥੧॥

ਜੋ ਜੀਵਾਂ ਦਾ ਦੇਵਾ=ਪ੍ਰਕਾਸ਼ਕ ਹੈ, ਅਥਵਾ:-ਜੋ ਜੀਵਨ ਰੂਪ ਪਾਰਬ੍ਰਹਮ ਦੇਵਾ=ਪ੍ਰਕਾਸ਼ ਰੂਪ ਹੈ ਉਸ ਦੀ ਸੇਵਾ ਕਰ, ਮੈਨੂੰ ਗੁਰਾਂ ਨੇ ਇਹ ਉਪਦੇਸ਼ ਦੇਣਾ ਕੀਤਾ॥ ੧॥

ਤਿਸੁ ਸਿਉ ਨ ਲਾਈਐ ਹੀਤੁ ਜਾ ਕੋ ਕਿਛੁ ਨਾਹੀ ਬੀਤੁ ਅੰਤ ਕੀ ਬਾਰ ਓਹੁ ਸੰਗਿ ਨ ਚਾਲੈ॥

ਉਸ ਨਾਲ ਹੀਤੁ=ਪ੍ਰੇਮ ਨਾ ਲਗਾਓ, ਜਿਨ੍ਹਾਂ ਪਦਾਰਥਾਂ ਦਾ ਕੁਝ ਬੀਤੁ=ਬਲ ਨਹੀਂ ਹੈ ਭਾਵ ਸੱਤਾ ਨਹੀਂ ਹੈਂ, ਕਿਉਂਕਿ ਅੰਤ ਦੇ ਵੇਲੇ ਉਹ ਪਦਾਰਥ ਤੇਰੇ ਨਾਲ ਨਹੀਂ ਚਲਣਗੇ।

ਮਨਿ ਤਨਿ ਤੂ ਆਰਾਧ ਹਰਿ ਕੇ ਪ੍ਰੀਤਮ ਸਾਧ ਜਾ ਕੈ ਸੰਗਿ ਤੇਰੇ ਬੰਧਨ ਛੂਟੈ॥ ੨॥

ਹੇ ਹਰੀ ਦੇ ਪ੍ਰੀਤਮ ਸੰਤ ! ਤੂੰ ਮਨ ਤਨ ਵਿਚ ਹਰੀ ਦੇ ਨਾਮ ਨੂੰ ਅਰਾਧਣਾ ਕਰ, ਜਿਸ ਦੇ ਸੰਗ

ਕਰਕੇ ਤੇਰੇ ਜਨਮ ਮਰਨ ਦੇ ਬੰਧਨ ਛੁਟ ਜਾਣ॥ ੨॥

ਗਹੁ ਪਾਰਬ੍ਰਹਮ ਸਰਨ ਹਿਰਦੈ ਕਮਲ ਚਰਨ
ਅਵਰ ਆਸ ਕਛੁ ਪਟਲੁ ਨ ਕੀਜੈ॥

ਹਿਰਦੇ-ਕਮਲ ਵਿਚ ਪਾਰਬ੍ਰਹਮ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰ, ਪਟਲੁ=ਪੜਦਾ ਰੂਪ ਹੋਰ ਕਿਸੇ ਪਦਾਰਥ ਦੀ ਆਸਾ ਨਾ ਕਰ।

ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ
ਨਾਨਕ ਜਾ ਕਉ ਕਿਰਪਾ ਕੀਜੈ॥ ੩॥ ੧॥ ੨੯॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਪਰਮਾਤਮਾ ਕਿਰਪਾ ਕਰਦਾ ਹੈ, ਓਹੀ ਭਗਤ ਹੈ, ਓਹੀ ਬ੍ਰਹਮ ਗਿਆਨੀ ਹੈ, ਉਹੀ ਧਿਆਨੀ ਹੈ, ਓਹੀ ਤਪਾ ਹੈ॥੩॥੧॥੨੯॥

ਧਨਾਸਰੀ ਮਹਲਾ ੫॥

ਮੇਰੇ ਲਾਲ ਭਲੋ ਰੇ ਭਲੋ ਰੇ ਭਲੋ ਹਰਿ ਮੰਗਨਾ॥

(੧) ਹੇ ਭਾਈ ! ਮੇਰਾ ਲਾਲ ਪਿਆਰਾ ਹਰੀ ਪਿੱਛੇ ਭਲਾ ਸੀ, ਹੁਣ ਭਲਾ ਹੈ, ਅੱਗੇ ਭਲਾ ਹੋਵੇਗਾ, ਉਸ ਹਰੀ ਪਾਸੋਂ ਮੰਗਣਾ ਕਰੋ। (੨) ਸਾਰਿਆਂ ਤੋਂ ਭਲੋ=ਚੰਗਾ ਜੋ ਮੇਰਾ ਪਿਆਰਾ ਹਰੀ ਹੈ ਹੇ ਭਾਈ! ਭਲੋ=ਭਲੀ ਪ੍ਰਕਾਰ ਉਸ ਹਰੀ ਤੋਂ ਜੋ ਮੰਗਣਾ ਹੈ ਇਹ ਸਭ ਤੋਂ ਭਲੋ=ਚੰਗਾ ਹੈ।

(੩) ਹੇ ਭਾਈ ! ਮੇਰੇ ਲਾਲ=ਪਿਆਰੇ ਹਰੀ ਪਾਸੋਂ ਜੋ ਸਾਰਿਆਂ ਦਾ ਭਲਾ ਮੰਗਣਾ ਹੈ,

"ਗੁਰ ਨਾਨਕ ਨਾਮ, ਚੜ੍ਹਦੀ ਕਲਾ, ਤੇਰੇ ਭਾਣੇ, ਸਰਬਤ ਕਾ ਭਲਾ।" ਇਹ ਭਲਿਆਂ ਤੋਂ ਭਲਾ ਹੈ।

ਦੇਖਹੁ ਪਸਾਰਿ ਨੈਨ ਸੁਨਹੁ ਸਾਧੂ ਕੇ ਬੈਨ
ਪ੍ਰਾਨਪਤਿ ਚਿਤਿ ਰਾਖੁ ਸਗਲ ਹੈ ਮਰਨਾ॥ ਰਹਾਉ॥

ਅੱਖਾਂ ਖੋਲ੍ਹ ਕੇ ਦੇਖੋ ! ਸਗਲ ਹੈ ਮਰਨਾ=ਸਾਰਿਆਂ ਨੇ ਮਰ ਜਾਣਾ ਹੈ, ਏਸੇ ਕਰਕੇ ਸੰਤਾਂ ਦੇ ਬਚਨ ਸੁਣੋ ਅਤੇ ਪ੍ਰਾਨ-ਪਤੀ (ਪਰਮਾਤਮਾ) ਨੂੰ ਚਿੱਤ ਵਿਚ ਚੇਤੇ ਰੱਖੋ॥ ਰਹਾਉ॥

ਚੰਦਨ ਚੋਆ ਰਸ ਭੋਗ ਕਰਤ ਅਨੇਕੈ ਬਿਖਿਆ ਬਿਕਾਰ ਦੇਖੁ ਸਗਲ ਹੈ ਫੀਕੇ

ਹੇ ਪੁਰਸ਼ਾ ! ਤੂੰ ਚੰਦਨ ਆਦਿਕਾਂ ਨੂੰ ਚੁਆ ਕੇ ਅਨੇਕ ਤਰ੍ਹਾਂ ਦੇ ਰਸ ਲੈਣਾ ਕਰਦਾ ਹੈਂ, ਤੇ ਵਿਸ਼ੇ ਵਿਕਾਰਾਂ ਨੂੰ ਭੋਗਦਾ ਹੈਂ, ਪਰ ਵਿਚਾਰ ਕੇ ਦੇਖ ਏਹ ਸਾਰੇ ਰਸ ਫਿੱਕੇ ਹਨ।

ਏਕੈ ਗੋਬਿਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ॥

ਇੱਕ ਗੋਬਿੰਦ ਦਾ ਨਾਮ ਹੀ ਨੀਕੋ=ਚੰਗਾ ਭਾਵ ਸੁੰਦਰ ਹੈ, ਇਸ ਤਰ੍ਹਾਂ ਸੰਤ ਜਨ ਕਥਨ ਕਰਦੇ ਹਨ।

ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ
ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ ॥ ੧ ॥

ਜਿਸ ਤਨ ਧਨ ਨੂੰ ਆਪਨ ਥਾਪਿਓ=ਆਪਣਾ ਮੰਨ ਛੱਡਿਆ ਹੈ, ਤੇ ਇੱਕ ਨਿਮਖ ਭਰ ਵੀ ਹਰੀ ਜਪ ਨੂੰ ਨਹੀਂ ਜਪਿਆ, ਇਹ ਜੋ ਕੁਝ ਭੀ ਦ੍ਰਬੁ=ਧਨ ਤੇ ਅਰਥੁ=ਪਦਾਰਥ ਵੇਖ ਰਿਹਾ ਹੈਂ,

ਵਾ:-ਜਿਸ ਧਨ ਨੂੰ ਵੇਖ ਰਿਹਾ ਹੈਂ ਕਿ ਇਹ ਮੇਰੇ ਅਰਥ ਆਉਣ ਵਾਲਾ ਹੈ ਇਹ ਕੁਝ ਭੀ ਨਾਲ ਚੱਲਣੇ ਵਾਲਾ ਨਹੀਂ ਹੈ ॥੧ ॥

ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ
ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ ॥

ਹੇ ਭਾਈ ! ਜਿਸ ਦਾ ਕਰਮੁ ਭਲਾ=ਭਾਗ ਚੰਗਾ ਹੈ, ਉਸ ਨੇ ਸੰਤਾਂ ਦੇ ਪੱਲੇ ਦੀ ਓਟ ਫੜੀ ਹੈ, ਹੇ ਭਾਈ ! ਇਹ ਨਿਯਮ ਹੈ ਜਿਸ ਨੂੰ ਸੰਤਾਂ ਦੀ ਸੰਗਨਾ=ਸੰਗਤ ਪ੍ਰਾਪਤ ਹੋਈ ਹੈ ਤਿਸਨੂੰ ਜਮ ਨਹੀਂ ਸਤਾਉਂਦਾ।

ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ
ਏਕੈ ਨਿਰੰਕਾਰ ਨਾਨਕ ਮਨੁ ਲਗਨਾ ॥੨ ॥੨ ॥੩੦ ॥ (ਪੰਨਾ ੬੭੬)

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਦਾ ਮਨ ਇੱਕ ਨਿਰੰਕਾਰ ਦੇ ਸਿਮਰਨ ਵਿਚ ਲਗਨਾ=ਲੱਗ ਗਿਆ ਹੈ, ਅਤੇ ਹੰਕਾਰ ਮਿਟ ਗਿਆ ਹੈ, ਉਹਨਾਂ ਨੇ ਪਰਮ ਨਿੱਧੀਆਂ ਦੇ ਖਜ਼ਾਨੇ ਪ੍ਰਭੂ ਨੂੰ ਪਾਇਆ ਹੈ ॥੨ ॥੨ ॥੩੦ ॥

ਧਨਾਸਰੀ ਮਹਲਾ ੫ ਘਰੁ ੭

ੴ ਸਤਿਗੁਰ ਪ੍ਰਸਾਦਿ ॥

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥

(੧) ਹੇ ਪਿਆਰੇ ! ਇੱਕ ਹਰੀ ਨੂੰ ਸਿਮਰ, ਇੱਕ ਹਰੀ ਨੂੰ ਸਿਮਰ, ਇੱਕ ਹਰੀ ਨੂੰ ਸਿਮਰ, ਨਿਸਚੇ ਕਰਕੇ।

(੨) ਮਨ, ਬਾਣੀ, ਸਰੀਰ ਕਰਕੇ।

(੩) ਜੋ ਇੱਕੋ ਇਕ ਹਰੀ ਸਿਮਰਨੇ ਯੋਗ ਹੈ, ਉਸ ਇੱਕ ਹਰੀ ਦੇ ਸਿਮਰਨ ਨੂੰ ਸਿਮਰਨਾ ਕਰ।

ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ ਰਹਾਉ ॥

ਉਹ ਤੈਨੂੰ ਕਲਪਣਾ, ਕਲੇਸ਼, ਲੋਭ, ਮੋਹ ਰੂਪ ਬੜੇ ਭਾਰੇ ਸੰਸਾਰ-ਸਮੁੰਦ੍ਰ ਤੋਂ ਤਾਰ ਲਵੇਗਾ ॥ਰਹਾਉ ॥

ਸਾਸਿ ਸਾਸਿ ਨਿਮਖ ਨਿਮਖ ਦਿਨਸੁ ਰੈਨਿ ਚਿਤਾਰੇ ॥

ਅੰਦਰ ਸ੍ਵਾਸ ਜਾਂਦਿਆਂ ਬਾਹਰ ਸ੍ਵਾਸ ਆਉਂਦਿਆਂ ਨਿਮਖ-ਨਿਮਖ ਕਾਲ ਦਿਨ-ਰਾਤ ਉਸ ਨੂੰ

ਚਿਤਾਰਨਾ ਕਰ।

ਸਾਧਸੰਗ ਜਪਿ ਨਿਸੰਗ ਮਨਿ ਨਿਧਾਨੁ ਧਾਰੇ॥ ੧॥

ਸਤਸੰਗ ਵਿਚ ਬੈਠ ਕੇ ਨਿਸੰਗ ਹੋ ਕੇ ਜਪੁ, ਅਤੇ ਨਿੱਧੀਆਂ ਦੇ ਖਜ਼ਾਨੇ ਪ੍ਰਭੂ ਦੇ ਧਿਆਨ ਨੂੰ ਮਨ ਵਿਚ ਧਾਰਨਾ ਕਰ॥ ੧॥

ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ॥

ਗੁਰਾਂ ਦੇ ਪਵਿੱਤਰ ਚਰਨ-ਕਵਲਾਂ ਉੱਪਰ ਨਮਸ਼ਕਾਰ ਕਰ, ਅਤੇ ਗੋਬਿੰਦ ਦੇ ਗੁਣਾਂ ਦਾ ਵਿਚਾਰ ਕਰ।

ਸਾਧ ਜਨਾ ਕੀ ਰੇਨ ਨਾਨਕ ਮੰਗਲ ਸੂਖ ਸਧਾਰੇ॥ ੨॥ ੧॥ ੩੧॥

ਗੁਰੂ ਜੀ ਕਥਨ ਕਰਦੇ ਹਨ, ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਲ ਤੇ ਸੁਖਾਂ ਦੀ ਤਰਫ ਸਧਾਰੇ=ਲੈ ਜਾਣ ਵਾਲੀ ਹੈ। ਯਾਂ ਸਧਾਰੇ=ਸਹਿਰ ਆਸਰੇ ਦੇ ਕਰਨ ਵਾਲੀ ਹੈ॥ ੨॥ ੧॥ ੩੧॥

ਧਨਾਸਰੀ ਮਹਲਾ ੫ ਘਰੁ ੮ ਦੁਪਦੇ

ੴ ਸਤਿਗੁਰ ਪ੍ਰਸਾਦਿ॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥

ਮਨ, ਬਾਣੀ, ਸਰੀਰ ਕਰਕੇ ਸਿਮਰ-ਸਿਮਰ ਕੇ ਸੁਖ ਪਾਉਣਾ ਕਰੋ,

ਅਥਵਾ:-ਉਸ ਦਾ ਸਿਮਰਨ ਜੋ ਸਿਮਰਨੇ ਯੋਗ ਹੈ, ਉਸ ਨੂੰ ਸਿਮਰ ਕੇ ਸੁਖ ਪਾਉਣਾ ਕਰੋ, ਅਸੀਂ ਤਾਂ ਸ੍ਵਾਸ-ਸ੍ਵਾਸ ਉਸ ਦੇ ਨਾਮਾਂ ਨੂੰ ਸੰਭਾਲਦੇ ਹਾਂ।

ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥ ੧॥

ਇਹ ਸਿਮਰਨ ਇਸ ਲੋਕ ਵਿਚ ਸੰਗੀ ਹੈ ਤੇ ਪ੍ਰਲੋਕ ਵਿਚ ਭੀ ਸਹਾਇਤਾ ਕਰਨ ਵਾਲਾ ਹੈ, ਜਿੱਥੇ ਕਿੱਥੇ ਏਹੋ ਹੀ ਮੈਨੂੰ ਰੱਖਣ ਵਾਲਾ ਹੈ॥੧॥

ਗੁਰ ਕਾ ਬਚਨੁ ਬਸੈ ਜੀਅ ਨਾਲੇ॥

ਜਿਸ ਜੀਵ ਦੇ ਨਾਲ ਗੁਰਾਂ ਦਾ ਬਚਨੁ=ਉਪਦੇਸ਼ ਵਸਦਾ ਹੈ।

ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥

(੧) ਉਹ ਜੀਵ ਜਲ ਵਿਚ ਨਹੀਂ ਡੁੱਬਦਾ, ਉਸ ਪਾਸੋਂ ਤਸਕਰੁ=ਚੋਰ ਕੁਝ ਨਹੀਂ ਲੈਂਦੇ, ਉਸ ਨੂੰ ਭਾਹਿ=ਅੱਗ ਵੀ ਨਹੀਂ ਸਾੜ ਸਕਦੀ।

(੨) ਉਹ ਪਦਾਰਥਾਂ ਰੂਪੀ ਜਲ ਵਿਚ ਨਹੀਂ ਡੁੱਬਦਾ, ਕਾਮ ਆਦਿਕ ਹੋਰ ਸ਼ੁਭ-ਗੁਣਾਂ ਰੂਪੀ ਧਨ ਨੂੰ ਨਹੀਂ ਚੁਰਾ ਲੈਂਦੇ, ਤ੍ਰਿਸ਼ਨਾਂ ਰੂਪੀ ਅੱਗ ਭੀ ਨਹੀਂ ਸਾੜ ਸਕਦੀ॥ ੧॥ ਰਹਾਉ॥

ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥

ਜਿਵੇਂ ਨਿਰਧਨ=ਕੰਗਾਲ ਨੂੰ ਧਨ ਪਿਆਰਾ ਹੈ, ਅੰਨ੍ਹੇ ਨੂੰ ਟਿਕ=ਸੋਟੀ ਦਾ ਆਸਰਾ ਪਿਆਰਾ ਹੈ, ਜਿਵੇਂ ਬਾਲਕੇ ਨੂੰ ਮਾਂ ਦਾ ਦੁੱਧ ਪਿਆਰਾ ਹੈ, ਤਿਵੇਂ ਅਸਾਨੂੰ ਪ੍ਰਭੂ ਦਾ ਨਾਮ ਪਿਆਰਾ ਹੈ।

ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ
ਕਰੀ ਕ੍ਰਿਪਾ ਕਿਰਪਾਲੇ॥ ੨॥ ੧॥ ੩੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਕ੍ਰਿਪਾਲੂ ਗੁਰਾਂ ਨੇ ਕਿਰਪਾ ਕੀਤੀ ਤਾਂ ਅਸਾਂ ਸੰਸਾਰ-ਸਮੁੰਦਰ ਵਿਚ ਡੁੱਬੇ ਜਾਂਦਿਆਂ ਨੇ ਹਰੀ ਨਾਮ ਰੂਪੀ ਬੋਹਿਥੁ=ਜਹਾਜ਼ ਪਾਇਆ॥

ਧਨਾਸਰੀ ਮਹਲਾ ੫॥

ਭਏ ਕ੍ਰਿਪਾਲ ਦਇਆਲ ਗੋਬਿੰਦਾ ਅੰਮ੍ਰਿਤੁ ਰਿਦੈ ਸਿੰਚਾਈ॥

ਜਿਨ੍ਹਾਂ ਉੱਤੇ ਦਿਆਲੂ ਗੋਬਿੰਦ ਕ੍ਰਿਪਾਲੂ ਹੋਇਆ ਹੈ, ਉਹਨਾਂ ਦੇ ਹਿਰਦੇ ਰੂਪ ਖੇਤ ਵਿਚ ਗੁਰਾਂ ਨੇ ਨਾਮ-ਅੰਮ੍ਰਿਤ ਸਿੰਚਾਈ=ਸਿੰਚ ਦਿੱਤਾ ਹੈ।

ਨਵ ਨਿਧਿ ਰਿਧਿ ਸਿਧਿ ਹਰਿ ਲਾਗਿ ਰਹੀ ਜਨ ਪਾਈ॥ ੧॥

ਉਹਨਾਂ ਹਰੀ ਦੇ ਪਿਆਰਿਆਂ ਜਨਾਂ ਦੀ ਪਾਈ=ਚਰਨ. ਨੌਂ ਨਿੱਧਾਂ ਤੇ ਰਿੱਧੀਆਂ, ਸਿੱਧੀਆਂ ਲੱਗ ਰਹੀਆਂ ਹਨ॥ ੧॥

ਸੰਤਨ ਕਉ ਅਨਦੁ ਸਗਲ ਹੀ ਜਾਈ॥

ਸਾਰੀਆਂ ਜਾਈ=ਜਗ੍ਹਾਂ ਉੱਪਰ ਸੰਤਾਂ ਨੂੰ ਅਨੰਦ ਹੀ ਅਨੰਦ ਹੈ।

ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ ਰਵਿ ਰਹਿਆ ਸ੍ਰਬ ਠਾਈ॥੧॥ਰਹਾਉ॥

ਜੋ ਸਾਰੀਆਂ ਜਗ੍ਹਾਂ ਉੱਪਰ ਰਵ ਰਿਹਾ ਹੈ ਉਹ ਠਾਕੁਰ ਘਰ ਤੇ ਬਾਹਰ ਭਗਤਾਂ ਦਾ ਰਖਵਾਲਾ ਹੈ॥ ੧॥ ਰਹਾਉ॥

ਤਾ ਕਉ ਕੋਇ ਨ ਪਹੁਚਨਹਾਰਾ ਜਾ ਕੈ ਅੰਗਿ ਗੁਸਾਈ॥

ਜਿਸ ਦੇ ਅੰਗਿ=ਪੱਖ ਵਿਚ ਗੁਸਾਈਂ ਆਪ ਹੈ, ਉਸ ਦੇ ਸਦ੍ਰਸ ਕੋਈ ਪੁੱਜਣ ਵਾਲਾ ਨਹੀਂ ਹੈ।

ਜਮ ਕੀ ਤ੍ਰਾਸ ਮਿਟੈ ਜਿਸੁ ਸਿਮਰਤ ਨਾਨਕ ਨਾਮੁ ਧਿਆਈ॥੨॥੨॥੩੩॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਸਿਮਰਦਿਆਂ ਜਮਾਂ ਦੀ ਖੌਫ-ਤਾਈ ਮਿਟ ਜਾਂਦੀ ਹੈ,
ਅਸੀਂ ਉਸ ਦੇ ਨਾਮ ਨੂੰ ਧਿਆਂਵਦੇ ਹਾਂ॥ ੨॥ ੨॥ ੩੩॥

ਧਨਾਸਰੀ ਮਹਲਾ ੫ ॥

ਦਰਬਵੰਤੁ ਦਰਬੁ ਦੇਖਿ ਗਰਬੈ ਭੂਮਵੰਤੁ ਅਭਿਮਾਨੀ ॥

ਜਿਵੇਂ ਧਨ ਵਾਲਾ ਧਨਾਢ ਪੁਰਸ਼ ਆਪਣੇ ਧਨ ਨੂੰ ਵੇਖਕੇ ਗਰਬੈ=ਹੰਕਾਰ ਕਰਦਾ ਹੈ, ਅਤੇ ਭੂਮੀ ਵਾਲਾ ਜ਼ਿਮੀਂਦਾਰ ਪ੍ਰਿਥਵੀ ਨੂੰ ਦੇਖ ਕੇ ਹੰਕਾਰ ਕਰਦਾ ਹੈ।

ਰਾਜਾ ਜਾਨੈ ਸਗਲ ਰਾਜੁ ਹਮਰਾ ਤਿਉ ਹਰਿ ਜਨ ਟੇਕ ਸੁਆਮੀ ॥ ੧ ॥

ਜਿਵੇਂ ਰਾਜਾ ਜਾਣਦਾ ਹੈ ਕਿ ਸਾਰਾ ਰਾਜ ਮੇਰਾ ਹੈ, ਤਿਵੇਂ ਹਰੀ ਜਨਾਂ ਨੂੰ ਸੁਆਮੀ ਪਰਮਾਤਮਾ ਦੀ ਟਕੇ=ਓਟ ਹੈ॥ ੧ ॥

ਜੇ ਕੋਊ ਅਪੁਨੀ ਓਟ ਸਮਾਰੈ ॥

(੧) ਜਿਹੜਾ ਕੋਈ ਪੁਰਸ਼ ਆਪਣੀ ਓਟ=ਸ਼ਰਨ ਵਿਚ ਆਏ ਹੋਏ ਪੁਰਸ਼ ਦਾ ਸਮਾਰੈ=ਖਿਆਲ ਕਰਦਾ ਹੈ। (੨) ਜਿਹੜਾ ਕੋਈ ਪੁਰਸ਼ ਆਪਣੀ ਸ਼ਰਨ ਵਿਚ ਕਿਸੇ ਨੂੰ ਆਇਆ ਵੇਖ ਕੇ ਆਪਣੀ ਓਟ=ਤਾਕਤ ਨੂੰ ਸੰਭਾਲਦਾ ਹੈ।

ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥ ੧ ॥ ਰਹਾਉ ॥

ਜੋਂਸਾ ਉਸ ਵਿਚ ਬਿਤੁ=ਬਲ ਹੁੰਦਾ ਹੈ, (ਉਸ ਦੀ ਰਖਵਾਲੀ ਵਾਸਤੇ) ਓਨਾ ਹੋ ਕੇ ਵਰਤਦਾ ਹੈ ਅਤੇ ਆਪਣੇ ਬਲ ਨੂੰ ਹਾਰਦਾ ਨਹੀਂ ਹੈ, ਅਰਥਾਤ ਆਪਣੇ ਜੀਉਂਦਿਆਂ ਸ਼ਰਨੀ ਪਏ ਹੋਏ ਨੂੰ ਦੁਸ਼ਮਣ ਤੋਂ ਮਾਰ ਨਹੀਂ ਪੈਣ ਦੇਂਦਾ ॥ ੧ ॥

ਤੇ ਪਰਮੇਸ਼ਰ ਆਪਣੀ ਸ਼ਰਨ ਵਿਚ ਪਏ ਹੋਏ ਦੀ ਸਹਾਇਤਾ ਕਿਉਂ ਨਹੀਂ ਕਰੇਗਾ ਭਾਵ ਜ਼ਰੂਰ ਕਰੇਗਾ।

ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥

ਏਸੇ ਤਰ੍ਹਾਂ ਜੇਹੜੇ ਪੁਰਸ਼ ਹੋਰ ਸਭ ਨੂੰ ਤਿਆਗ ਕੇ ਇੱਕ ਪ੍ਰਭੂ ਦੇ ਆਸਰੇ ਹੋਏ ਹਨ, ਮੈਂ ਆਪ ਜੀ ਦੀ ਸ਼ਰਨ ਹਾਂ ਐਸੇ ਕਹਿ ਕੇ ਸ਼ਰਨ ਵਿਚ ਆਏ ਹਨ।

ਵਾ:-ਸ਼ਰਨਾਂ ਵਿਚੋਂ ਇੱਕ ਪ੍ਰਭੂ ਦੀ ਸ਼ਰਨ ਵਿਚ ਆਏ ਹਨ।

ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥੨ ॥੩ ॥੩੪ ॥

ਗੁਰੂ ਜੀ ਕਥਨ ਕਰਦੇ ਹਨ, ਸੰਤਾਂ ਦੀ ਕਿਰਪਾ ਕਰ ਕੇ ਉਹਨਾਂ ਦੇ ਮਨ ਆਦਿਕ (ਇੰਦ੍ਰੇ) ਨਿਰਮਲ ਹੋਏ ਹਨ, ਅਤੇ ਉਹ ਹਰੀ ਦੇ ਗੁਣ ਗਾਂਵਦੇ ਹਨ॥ ੨ ॥ ੩ ॥ ੩੪ ॥

ਧਨਾਸਰੀ ਮਹਲਾ ੫ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਇਸ ਕਲਜੁਗ ਵਿਚ ਜਾ ਕਉ=ਜਿਸ ਨੂੰ ਹਰੀ ਨਾਲ ਰੰਗੁ=ਪ੍ਰੇਮ ਲਾਗੋ=ਲੱਗਾ ਹੈ, ਉਹ ਸੂਰਾ=ਸੂਰਬੀਰ ਕਹੀਅਤ=ਕਿਹਾ ਜਾਂਦਾ ਹੈ।

ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ ੧ ॥

ਬ੍ਰਹਮ ਨੇਸਟੀ ਬ੍ਰਹਮ ਸੋਤ੍ਰੀ ਪੂਰਾ ਸਤਿਗੁਰੂ ਜਿਸ ਦਾ ਰਖਵਾਲਾ ਹੈ, ਉਹ ਆਤਮ=ਮਨ ਨੂੰ ਜਿੱਤ ਲੈਂਦਾ ਹੈ, ਸਾਰੇ ਲੋਕ, ਯਾਂ ਸਾਰੇ ਇੰਦ੍ਰੇ ਉਸ ਦੇ ਵੱਸ ਵਿਚ ਹੋ ਜਾਂਦੇ ਹਨ॥੧ ॥

(ਪੰਨਾ ੬੮੦) ਠਾਕੁਰੁ ਗਾਈਐ ਆਤਮ ਰੰਗਿ ॥

ਆਤਮ ਰੰਗਿ=ਮਨ ਦੇ ਪ੍ਰੇਮ ਕਰਕੇ ਠਾਕੁਰ ਦੇ ਜਸ ਨੂੰ ਗਾਵਣਾ ਕਰੋ।

ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥ ੧ ॥ ਰਹਾਉ ॥

ਗੁਰਾਂ ਦੀ ਸ਼ਰਨ ਵਿਚ ਪਾਵਨ=ਪਾਉਣ ਕਰਕੇ, ਤੇ ਨਾਮ ਦੇ ਧਿਆਉਣ ਕਰਕੇ ਸਹਜਿ=ਗਿਆਨ ਦੇ ਨਾਲ ਸਮਾਉਣਾ ਹੁੰਦਾ ਹੈ॥੧ ॥ਰਹਾਉ॥

ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥

ਸੰਤ ਜਨਾਂ ਦੇ ਚਰਨ ਮੇਰੇ ਹਿਰਦੇ ਵਿਚ ਵਸ ਜਾਣ, ਕਿਉਂਕਿ ਸੰਤਾਂ ਦੇ ਸੰਗ ਕਰਕੇ ਦੇਹ ਪਵਿੱਤਰ ਹੁੰਦੀ ਹੈ।

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥ ੨ ॥ ੪ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ, ਹੇ ਕਿਰਪਾ ਦੇ ਸਮੁੰਦਰ ਪ੍ਰਭੂ ! ਸੰਤਾਂ ਦੀ ਚਰਨ ਧੂੜੀ ਦੇਣਾ ਕਰੋ, ਮੈਂ ਨਾਨਕ ਦੇ ਤਾਈਂ ਏਹੋ ਹੀ ਸੁਖ ਦੇਣ ਵਾਲੀ ਹੈ॥ ੨ ॥ ੪ ॥ ੩੫ ॥

ਧਨਾਸਰੀ ਮਹਲਾ ੫ ॥

ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥

ਕਈ ਤਰ੍ਹਾਂ ਦੇ ਯਤਨ ਕਰਕੇ ਇਹ ਲੋਕਾਂ ਨੂੰ ਡਹਕਾਵੈ=ਭਟਕਾਉਂਦਾ ਹੈ, ਯਾਂ ਠੱਗਦਾ ਹੈ, ਪਰ ਉਹ ਅੰਤਰਜਾਮੀ ਪ੍ਰਭੂ ਸਭ ਕੁਝ ਜਾਣਦਾ ਹੈ।

ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥ ੧ ॥

ਨਿਰਬਾਣਾ ਵਾਲਾ ਭਾਵ ਫਕੀਰਾਂ ਵਾਲਾ ਭੇਖ ਧਾਰਨ ਕਰਕੇ ਪਾਪ ਕਰਮ ਕਰਦਾ ਹੈ, ਕਰਕੇ ਫਿਰ ਮੁੱਕਰ ਪੈਂਦਾ ਹੈ ਕਿ ਮੈਂ ਤਾਂ ਕੋਈ ਪਾਪ ਕਰਮ ਨਹੀਂ ਕੀਤਾ॥ ੧ ॥

ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥

(੧) ਇਹ ਜੀਵ ਤਾਂ ਦੂਰ ਜਾਣਦਾ ਹੈ, ਪਰ ਹੇ ਪ੍ਰਭੂ ! ਆਪ ਨੇੜੇ ਹੋ ਕੇ ਦੇਖਦੇ ਹੋ।

(੨) ਹੇ ਨੇੜੇ ਰਹਿਣ ਵਾਲੇ ਪ੍ਰਭੂ ! ਇਹ ਜੀਵ ਆਪ ਜੀ ਨੂੰ ਦੂਰ ਜਾਣਦਾ ਹੈ।

ਉਤ ਤਾ ਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥

ਏਸੇ ਕਰਕੇ ਲੋਭ ਦੇ ਫੇਰੇ ਵਿਚ ਆਉਂਦਾ ਹੈ, ਜਿਸ ਘਰੋਂ ਚੋਰੀ ਕਰਨੀ ਹੈ ਉਤ=ਉਸ ਘਰ ਵੱਲ ਤਾਕੈ=ਤੱਕਦਾ ਏ, ਅਤੇ ਉਤ ਤੇ ਉਤ ਪੇਖੈ=ਉਸ ਦੇ ਸੱਜੇ ਤੇ ਉਸ ਦੇ ਖੱਬੇ ਦੇਖਦਾ ਹੈ, ਜਦ ਕੋਈ ਨਿਗਾਹ ਨਹੀਂ ਆਉਂਦਾ ਤਾਂ ਫਿਰ ਲੋਭੀ ਪੁਰਸ਼ ਘਰ ਵਿਚ ਆਉਂਦਾ ਹੈ।

ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ॥

ਜਦ ਤੱਕ ਮਨ ਦਾ ਭਰਮ ਨਹੀਂ ਟੁੱਟਦਾ, ਓਨਾ ਚਿਰ ਕੋਈ ਮੁਕਤ ਰੂਪ ਨਹੀਂ ਹੁੰਦਾ।

ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ॥੨॥੫॥੩੬॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਸੁਆਮੀ ਦਿਆਲੂ ਹੁੰਦਾ ਹੈ, ਓਹੀ ਪੁਰਖ਼ ਸੰਤ ਤੇ ਭਗਤ ਹੈ॥ ੨॥ ੫॥ ੩੬॥

ਧਨਾਸਰੀ ਮਹਲਾ ੫॥

ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ॥

ਆਪਣਿਆਂ ਗੁਰਾਂ ਨੇ ਉਹਨਾਂ ਪੁਰਖ਼ਾਂ ਨੂੰ ਨਾਮ-ਦਾਨ ਦਿੱਤਾ ਹੈ, ਜਿਨ੍ਹਾਂ ਦੇ ਮੱਥੇ ਦੇ ਭਾਗ ਚੰਗੇ ਹਨ।

ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ॥੧॥

ਤਾ ਕਾ=ਉਹਨਾਂ ਗੁਰਾਂ ਦਾ ਕਲਜੁਗ ਵਿਚ ਅਸਲ ਧਰਮ ਏਹੋ ਹੈ, ਜੋ ਨਾਮ ਨੂੰ ਦ੍ਰਿੜ੍ਹਾਉਂਦੇ ਹਨ ਤੇ ਨਾਮ ਜਪਵਾਉਂਦੇ ਹਨ॥ ੧॥

ਜਨ ਕਉ ਨਾਮੁ ਵਡਾਈ ਸੋਭ॥

ਨਾਮ ਨੂੰ ਜਪਣ ਕਰਕੇ ਜਨਾਂ ਦੀ ਇਸ ਲੋਕ ਵਿਚ ਵਡਿਆਈ ਹੈ ਤੇ ਪ੍ਰਲੋਕ ਵਿਚ ਸੋਭਾ ਹੁੰਦੀ ਹੈ।

ਨਾਮੋ ਗਤਿ ਨਾਮੋ ਪਤਿ ਜਨ ਕੀ ਮਾਨੈ ਜੋ ਜੋ ਹੋਗ॥੧॥ਰਹਾਉ॥

ਗੁਰਮੁਖ-ਜਨਾਂ ਦੀ ਨਾਮ ਕਰਕੇ ਗਤੀ ਹੈ, ਨਾਮ ਕਰਕੇ ਹੀ ਪਤਿ=ਪਤਿਸ਼ਟਾ (ਇੱਜ਼ਤ, ਮਾਨਤਾ) ਹੈ, ਜੋ ਜੋ ਹੁੰਦਾ ਹੈ ਉਸ ਨੂੰ ਭਲਾ ਕਰਕੇ ਮੰਨਦੇ ਹਨ॥੧॥ਰਹਾਉ॥

ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ॥

ਜਿਸ ਸੰਤ ਜਨ ਦੇ ਬੁੱਧੀ ਰੂਪ ਪੱਲੇ ਵਿਚ ਨਾਮ-ਧਨ ਹੈ ਓਹੀ ਪੂਰਾ ਸ਼ਾਹ ਹੈ।

ਨਾਮੁ ਬਿਉਹਾਰਾ ਨਾਨਕ ਆਧਾਰਾ ਨਾਮੁ ਪਰਾਪਤਿ ਲਾਹਾ॥੨॥੬॥੩੭॥

ਗੁਰੂ ਜੀ ਕਥਨ ਕਰਦੇ ਹਨ, ਉਹ ਸੰਤ ਨਾਮ ਦਾ ਵਿਹਾਰ ਕਰਦਾ ਹੈ, ਨਾਮ ਹੀ ਉਸ ਦਾ ਆਧਾਰਾ=ਆਸਰਾ ਹੈ, ਨਾਮ ਕਰਕੇ ਹੀ ਉਸ ਨੂੰ ਪ੍ਰਤੱਖ ਲਾਭ,

ਵਾ:-ਆਤਮ ਲਾਭ ਪ੍ਰਾਪਤ ਹੋਇਆ ਹੈ॥ ੨॥ ੬॥ ੩੭॥

ਧਨਾਸਰੀ ਮਹਲਾ ੫॥

ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ॥

ਹੇ ਗੋਪਾਲ ! ਆਪ ਜੀ ਦੇ ਦਰਸ਼ਨ ਨੂੰ ਵੇਖ ਪਵਿੱਤਰ ਹੋਏ ਹਨ, ਰਵਾਲ=ਧੂੜੀ ਪੈਣ ਕਰਕੇ ਮੱਥਾ ਪਵਿੱਤ੍ਰ ਹੋ ਗਿਆ ਹੈ।

ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ॥ ੧ ॥

ਹੇ ਠਾਕੁਰ ! ਆਪ ਸਾਰਿਆਂ ਰਸਾਂ ਵਿਚ ਰਸੇ ਹੋਏ ਹੋ,

ਅਥਵਾ:-ਪ੍ਰੇਮ-ਰਸ ਵਿਚ ਰਸਕੇ (ਖੱਚਤ ਹੋ ਕੇ) ਹੇ ਠਾਕੁਰ ! ਮੈਂ ਆਪ ਜੀ ਦੇ ਗੁਣ ਗਾਂਵਦਾ ਹਾਂ ਤੇ ਬੇਨਤੀ ਕਰਦਾ ਹਾਂ, "ਹੇ ਗੋਪਾਲ ! ਆਪ ਮੇਰੇ ਹਿਰਦੇ ਵਿਚ ਵੱਸ ਜਾਓ" ॥ ੧ ॥

ਤੁਮ ਤਉ ਰਾਖਨਹਾਰ ਦਇਆਲ॥

ਹੇ ਦਿਆਲ ਪ੍ਰਭੂ ! ਤੁਸੀਂ ਤਾਂ ਦੁੱਖਾਂ ਤੋਂ ਰੱਖਣ ਵਾਲੇ ਹੋ।

ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ॥ ੧ ॥ ਰਹਾਉ॥

ਹੇ ਪ੍ਰਭੂ ! ਆਪ ਸੁੰਦਰ ਹੋ, ਸੁਘਰ=ਸ੍ਰੇਸ਼ਟ ਘਾੜਤ ਦੇ ਘੜਣ ਵਾਲੇ ਹੋ, ਬਿਅੰਤ ਗੁਣਾਂ ਵਾਲੇ ਹੋ, ਪਿਤਾ ਵਾਂਗ ਪ੍ਰਭ=ਰੱਖਜਕ ਹੋ, ਹੇ ਪ੍ਰਭੂ ! ਆਪ ਮੇਰੇ ਉੱਤੇ ਕ੍ਰਿਪਾਲੂ ਹੋਵੋ॥ ੧ ॥ ਰਹਾਉ॥

ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ॥

ਮਹਾ=ਬੜੇ ਅਨੰਦ ਦੇ ਦੇਣ ਵਾਲੇ ਹੇ ਮੰਗਲ ਸਰੂਪ ਪਰਮਾਤਮਾ ! ਆਪ ਜੀ ਦੇ ਬਚਨ ਅਨੂਪੰ ਤੇ ਰਸਾਲ=ਸੁੰਦਰ, ਯਾਂ ਰਸ ਦਾਤਾ ਹਨ।

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥੨ ॥੭ ॥੩੮ ॥

ਗੁਰੂ ਜੀ ਕਥਨ ਕਰਦੇ ਹਨ, ਹਿਰਦੇ ਵਿਚ ਸਤਿਗੁਰਾਂ ਦੇ ਚਰਨਾਂ ਦਾ ਧਿਆਨ, ਅਤੇ ਬੁੱਧੀ ਰੂਪ ਪਾਲ=ਪੱਲੇ ਵਿਚ ਸਤਿਗੁਰਾਂ ਦੇ ਸ਼ਬਦ ਨੂੰ ਘੁੱਟ ਕੇ ਬਾਂਧਿਓ=ਬੰਨ੍ਹਿਆਂ ਹੈ॥੨ ॥੭ ॥੩੮ ॥

ਧਨਾਸਰੀ ਮਹਲਾ ੫ ॥

ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ॥

ਉਹ ਪ੍ਰਭੂ ਆਪਣੀ ਉਕਤਿ=ਯੁਗਤੀ ਨਾਲ, ਯਾਂ ਬਾਣੀ ਨਾਲ ਭੋਜਨ ਖੁਆਂਦਾ ਹੈ, ਅਤੇ ਆਪਣੀ ਯੁਗਤੀ ਨਾਲ ਹੀ ਖਿਡਾਉਂਦਾ ਹੈ।

ਸਰਬ ਸੂਖ ਭੋਗ ਰਸ ਦੇਵੈ ਮਨ ਹੀ ਨਾਲਿ ਸਮਾਵੈ॥ ੧ ॥

ਸਾਰਿਆਂ ਸੁਖਾਂ ਭੋਗਾਂ ਤੇ ਰਸਾਂ ਨੂੰ ਦੇਂਦਾ ਹੈ, ਅਤੇ ਮਨ ਦੇ ਨਾਲ ਹੀ ਸਮਾ ਰਿਹਾ ਹੈ॥੧ ॥

ਹਮਰੇ ਪਿਤਾ ਗੋਪਾਲ ਦਇਆਲ॥

ਉਹ ਦਿਆਲੂ ਗੋਪਾਲ ਹੀ ਮੇਰੇ ਪਿਤਾ ਰੂਪ ਹਨ।

ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ॥ ੧ ॥ ਰਹਾਉ॥

ਜਿਵੇਂ ਮਹਤਾਰੀ=ਮਾਂ ਬੱਚੇ ਨੂੰ ਪਿਆਰ ਨਾਲ ਰਾਖੈ=ਰੱਖਦੀ ਹੈ, ਉਸੇ ਤਰ੍ਹਾਂ ਹੀ ਪ੍ਰਭੂ ਮੈਨੂੰ ਪਾਲਦਾ ਹੈ॥ ੧ ॥ ਰਹਾਉ॥

ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤਿ ਦੇਵਾ ॥

ਹੇ ਦੇਵਾ=ਪ੍ਰਕਾਸ਼ ਰੂਪ ਪ੍ਰਭੂ! ਤੂੰ ਹੀ ਮੇਰਾ ਮਿੱਤਰ ਤੇ ਸੱਜਣ ਹੈਂ, ਤੇ ਸਾਰਿਆਂ ਗੁਣਾਂ ਦਾ ਨਾਇਕ=ਸੁਆਮੀ ਹੈਂ, ਅਤੇ ਸਦਾ ਹੀ ਸਲਾਮਤਿ=ਇਸਥਿਤ ਰੂਪ ਹੈਂ।

ਈਤ ਊਤ ਜਤ ਕਤ ਤਤ ਤੁਮ ਹੀ ਮਿਲੈ ਨਾਨਕ ਸੰਤ ਸੇਵਾ ॥੨ ॥੮ ॥੩੯ ॥

ਈਤ ਊਤ=ਲੋਕ ਪ੍ਰਲੋਕ ਵਿਚ, ਯਾਂ ਇੱਧਰ ਉੱਧਰ ਜਤ ਕਤ=ਜਿੱਥੇ ਕਿੱਥੇ ਵੇਖੀਏ, ਤਤ=ਤਿੱਥੇ (ਓਥੇ) ਆਪ ਹੀ ਹੋ, ਆਪ ਜੀ ਪਾਸੋਂ ਮੈਨੂੰ ਸੰਤ ਸੇਵਾ ਦਾ ਦਾਨ ਮਿਲੇ॥੨ ॥੮ ॥੩੯ ॥

ਧਨਾਸਰੀ ਮਹਲਾ ੫ ॥

ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ॥

ਸੰਤ ਕ੍ਰਿਪਾਲੂ ਹੋਏ ਤਾਂ ਦਮੋਦਰ=ਪ੍ਰਭੂ ਦਿਆਲੂ ਹੋ ਗਿਆ, ਦੋਹਾਂ ਦੀ ਕਿਰਪਾ ਹੋਣ ਨਾਲ ਕਾਮ ਕ੍ਰੋਧ ਆਦਿਕ ਵਿਸ਼ੇ ਜਾਰੇ=ਸਾੜ ਦਿੱਤੇ।

ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ ॥ ੧ ॥

ਇਸ ਲਈ ਰਾਜ-ਭਾਗ, ਮਾਲੁ=ਹਾਥੀ, ਊਂਠ , ਘੋੜਾ, ਆਦਿਕ, ਜੁਆਨੀ, ਮਨੁੱਖਾ ਸਰੀਰ, ਜੀਵ ਇਨ੍ਹਾਂ ਸਾਰਿਆਂ ਨੂੰ ਲੈ ਕੇ ਸੰਤਾਂ ਦੇ ਉੱਪਰੋਂ ਬਾਰੇ=ਵਾਰਨੇ ਕਰਦਾ ਹਾਂ॥ ੧ ॥

ਮਨਿ ਤਨਿ ਰਾਮ ਨਾਮ ਹਿਤਕਾਰੇ ॥
ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ ॥ ਰਹਾਉ ॥

(ਅਰਥ ਅੰਨਵੇਂ ਲੱਗੇਗਾ) ਅਨੰਦ ਰੂਪ ਜੋ ਪਰਮੇਸ਼ਰ ਹੈ ਮੰਗਲਾਂ ਦੇ ਸਹਿਤ ਉਸ ਰਾਮ ਦੇ ਨਾਮ ਵਿਚ ਮਨੋਂ ਤਨੋਂ ਹੋ ਕੇ ਹਿਤਕਾਰੇ=ਪ੍ਰੇਮ ਕੀਤਾ ਤਾਂ ਸੰਤਾਂ ਨੇ (ਭਵ ਨਿਧਿ ਪਾਰਿ ਉਤਾਰੇ)=ਸੰਸਾਰ-ਸਮੁੰਦਰ ਤੋਂ ਪਾਰ ਉਤਾਰ ਦਿੱਤਾ, ਤਾਂ ਹੀ ਸੂਖ ਸਹਜ=ਅਚੁੱਤ ਸੁਖ ਹੋਇਆ ॥ਰਹਾਉ॥

(ਪੰਨਾ ੬੮੧)

ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ ॥

ਉਹ ਅਸਥਾਨ ਧੰਨ ਹੈ, ਉਹ ਭਵਨਾ=ਘਰ (ਮੰਦਰ) ਭੀ ਧੰਨ ਹੈ, ਜਿਸ ਵਿਚ ਸੰਤ ਬਸਾਰੇ=ਵੱਸਦੇ ਹਨ।

ਜਨ ਨਾਨਕ ਕੀ ਸਰਧਾ ਪੂਰਹੁ
ਠਾਕੁਰ ਭਗਤ ਤੇਰੇ ਨਮਸਕਾਰੇ ॥ ੨ ॥ ੯ ॥ ੪੦ ॥

ਗੁਰੂ ਜੀ ਕਥਨ ਕਰਦੇ ਹਨ, ਹੇ ਠਾਕੁਰ! ਮੈਂ ਜਨ ਦੀ ਸ਼ਰਧਾ ਪੂਰਨ ਕਰੋ, ਮੈਂ ਤੇਰਿਆਂ ਭਗਤਾਂ ਨੂੰ ਨਮਸ਼ਕਾਰ ਕਰਦਾ ਹਾਂ॥ ੨ ॥ ੯ ॥ ੪੦ ॥

ਧਨਾਸਰੀ ਮਹਲਾ ੫ ॥

ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ॥

ਸਤਿਗੁਰਾਂ ਨੇ ਆਪਣੇ ਚਰਨਾਂ ਵਿਚ ਪਰਾਤਿ=ਪਾ ਕੇ ਮਹਾ ਬਲੀ=ਸੁਲਹੀ ਤੋਂ, ਯਾਂ ਅਗਿਆਨ ਤੋਂ, ਕਾਮ ਤੋਂ ਹੰਕਾਰ ਤੋਂ ਛੁਡਾ ਲੀਤਾ ਹੈ।

ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥ ੧ ॥

ਇੱਕ ਪ੍ਰਭੂ ਦੇ ਨਾਮ ਦਾ ਮੰਤ੍ਰ ਮਨ ਵਿਚ ਦਿੱਤਾ ਹੈ, ਜੋ ਕਦੇ ਭੀ ਨਾਸ ਨਹੀਂ ਹੋ ਜਾਂਦਾ ॥੧ ॥

ਸਤਿਗੁਰਿ ਪੂਰੈ ਕੀਨੀ ਦਾਤਿ ॥

ਪੂਰਿਆਂ ਸਤਿਗੁਰਾਂ ਨੇ ਅਸਾਨੂੰ ਦਾਤ ਦੇਣਾ ਕੀਤੀ ਹੈ।

ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ ॥ ਰਹਾਉ ॥

ਕੀਰਤਨ ਕਰਨੇ ਨੂੰ ਹਰਿ ਹਰਿ ਨਾਮ ਦਿੱਤਾ ਹੈ, ਜਿਸ ਕਰਕੇ ਮੇਰੀ ਗਾਤਿ=ਮੁਕਤੀ ਹੋਈ ਹੈ ॥ਰਹਾਉ ॥

ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥
ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨ ॥੧੦ ॥੪੧ ॥

ਆਪਣੇ ਪ੍ਰਭੂ ਨੇ ਅੰਗੀਕਾਰੁ=ਪੱਖ ਕੀਤਾ ਹੈ ਅਤੇ ਆਪਣਿਆਂ ਭਗਤਾਂ ਦੀ ਪਤਿ=ਪਤ-ਆਬਰੋ (ਇੱਜ਼ਤ) ਰੱਖੀ ਹੈ। ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਆਪਣੇ ਪ੍ਰਭੂ ਦੇ ਚਰਨ ਫੜੇ, ਤਾਂ ਦਿਨ-ਰਾਤ ਸੁਖ ਪਾਉਣਾ ਕੀਤਾ ॥੨ ॥੧੦ ॥੪੧ ॥

ਧਨਾਸਰੀ ਮਹਲਾ ੫ ॥

ਪਰ ਹਰਨਾ ਲੋਭੁ ਝੂਠ ਨਿੰਦ ਇਵ ਹੀ ਕਰਤ ਗੁਦਾਰੀ ॥

(੧) ਲੋਭ, ਝੂਠ, ਨਿੰਦਿਆ ਇਨ੍ਹਾਂ ਨੂੰ ਪਰਹਰਨਾ=ਤਿਆਗਣਾ ਸੀ, ਪਰ ਇਨ੍ਹਾਂ ਨੂੰ ਕਰਦਿਆਂ ਹੋਇਆ ਸਾਰੀ ਉਮਰਾ ਬਿਤੀਤ ਕਰ ਦਿੱਤੀ।

(੨) ਲੋਭ ਦੇ ਅਧੀਨ ਹੋ ਕੇ ਪਰਾਇਆ ਧਨ ਹਰਨਾ=ਚੁਰਾਉਣਾ, ਝੂਠ ਬੋਲਣਾ ਅਤੇ ਨਿੰਦਿਆ ਕਰਨੀ ਇਨ੍ਹਾਂ ਕੰਮਾਂ ਦੇ ਕਰਦਿਆਂ ਹੀ ਉਮਰਾ ਗੁਜ਼ਾਰ ਦਿੱਤੀ।

ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ ਇਹ ਟੇਕ ਮਨਹਿ ਸਾਧਾਰੀ ॥ ੧ ॥

ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਂਗ ਇਹ ਪਦਾਰਥ ਮਿੱਥਿਆ ਹਨ, ਪਰ ਇਨ੍ਹਾਂ ਦੀ ਆਸਾ ਮਿੱਠੀ ਲੱਗ ਰਹੀ ਹੈ, ਇਹ=ਇਨ੍ਹਾਂ ਪਦਾਰਥਾਂ ਦੀ ਹੀ ਓਟ ਮਨ ਵਿਚ ਧਾਰਨ ਕੀਤੀ ਹੋਈ ਹੈ ॥੧ ॥

ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥

ਸਾਕਤ ਪੁਰਸ਼ ਦੀ ਆਵਰਦਾ=ਉਮਰਾ ਇਸ ਤਰ੍ਹਾਂ ਬ੍ਰਿਥਾਰੀ=ਨਿਸਫਲ ਜਾ ਰਹੀ ਹੈ।

ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ॥ਰਹਾਉ॥

ਜਿਵੇਂ ਕਾਗਜ਼ਾਂ ਦੇ ਭਾਰ ਨੂੰ ਮੂਸਾ=ਚੂਹਾ ਕੁਤਰ ਕੁਤਰ ਕੇ ਗਵਾਵਤ=ਗੁਆ ਦੇਂਦਾ ਹੈ, ਪਰ ਉਹ ਕਾਗਜ਼ ਉਸ ਮੂਰਖ (ਚੂਹੇ) ਦੇ ਕਿਸੇ ਕੰਮ ਨਹੀਂ ਆਉਂਦੇ॥ ਰਹਾਉ॥

ਉਸ ਨਾਲ ਚੂਹੇ ਦਾ ਕੋਈ ਪੇਟ ਨਹੀਂ ਭਰਦਾ। ਏਸੇ ਤਰ੍ਹਾਂ ਸਾਕਤ ਗੁਰ-ਨਿੰਦਿਆ ਕਰਕੇ ਆਪਣੀ ਉਮਰਾ ਵਿਅਰਥ ਗੁਆ ਲੈਂਦਾ ਹੈ, ਪਰ ਉਸ ਦੇ ਪੱਲੇ ਕੁਝ ਨਹੀਂ ਪੈਂਦਾ। ਚੋਰ ਨੂੰ ਚੋਰੀ ਕਰਦਿਆਂ, ਜੁਆਰੀਏ ਨੂੰ ਜੂਆ ਖੇਡਦਿਆਂ ਕੁਝ ਨਾ ਕੁਝ ਮਿਲ ਜਾਂਦਾ ਹੈ ਪਰ ਨਿੰਦਕ ਨੂੰ ਕੁਝ ਨਹੀਂ ਮਿਲਦਾ, ਇਸ ਕਰਕੇ ਨਿੰਦਕ ਸਭ ਤੋਂ ਬੁਰਾ ਹੈ।

ਯਥਾ:-''ਚੋਰ ਜਾਰ ਜੂਆਰ ਤੇ ਬੁਰਾ॥ ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ''॥ ੩॥

(ਭੈਰਉ ਮ: ੫, ਪੰਨਾ ੧੧੪੫)

ਕਰਿ ਕਿਰਪਾ ਪਾਰਬ੍ਰਹਮ ਸੁਆਮੀ ਇਹ ਬੰਧਨ ਛੁਟਕਾਰੀ॥

ਪਾਰਬ੍ਰਹਮ ਸੁਆਮੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਇਨ੍ਹਾਂ ਬੰਧਨਾਂ ਤੋਂ ਛੁਡਾ ਲਿਆ ਹੈ।

ਬੂਡਤ ਅੰਧ ਨਾਨਕ ਪ੍ਰਭ ਕਾਢਤ ਸਾਧ ਜਨਾ ਸੰਗਾਰੀ॥੨॥੧੧॥੪੨॥

ਗੁਰੂ ਜੀ ਕਥਨ ਕਰਦੇ ਹਨ, ਬੂਡਤ=ਡੁੱਬਦੇ ਹੋਏ ਅੰਨ੍ਹੇ (ਅਗਿਆਨੀ ਜੀਵ) ਨੂੰ ਪ੍ਰਭੂ ਸੰਤ-ਜਨਾਂ ਦਾ ਸਤਸੰਗ ਦੇ ਕੇ ਬਾਹਰ ਕਾਢਤ=ਕੱਢ ਲੈਂਦਾ ਹੈ॥੨॥੧੧॥੪੨॥

ਧਨਾਸਰੀ ਮਹਲਾ ੫॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸੀਤਲ ਤਨੁ ਮਨੁ ਛਾਤੀ॥

ਆਪਣੇ ਪ੍ਰਭੂ ਸੁਆਮੀ ਨੂੰ ਸਿਮਰਦਿਆਂ ਸਿਮਰਦਿਆਂ ਮੇਰਾ ਮਨ ਤੇ ਤਨੁ=ਨਾਲੇ ਛਾਤੀ ਸੀਤਲ ਹੋ ਗਈ ਹੈ।

ਰੂਪ ਰੰਗ ਸੂਖ ਧਨੁ ਜੀਅ ਕਾ ਪਾਰਬ੍ਰਹਮ ਮੋਰੈ ਜਾਤੀ॥੧॥

ਮੇਰਾ ਰੂਪ, ਰੰਗ, ਸੁਖ, ਧਨ, ਜੀਅ ਕਾ=ਉਪਜੀਵਕਾ, ਯਾਂ ਮੇਰੇ ਜੀਅ ਦਾ ਜਾਤੀ ਆਦਿਕ ਸਭ ਕੁਝ ਪਾਰਬ੍ਰਹਮ ਹੀ ਹੈ॥੧॥

ਰਸਨਾ ਰਾਮ ਰਸਾਇਨਿ ਮਾਤੀ॥

ਰਸਾਇਨਿ=ਰਸਾਂ ਦਾ ਘਰ ਜੋ ਰਾਮ ਹੈ, ਉਸ ਵਿਚ ਮੇਰੀ ਰਸਨਾ ਮਾਤੀ=ਮਸਤ ਹੋ ਗਈ ਹੈ।

ਰੰਗ ਰੰਗੀ ਰਾਮ ਅਪਨੇ ਕੈ ਚਰਨ ਕਮਲ ਨਿਧਿ ਥਾਤੀ॥ਰਹਾਉ॥

ਆਪਣੇ ਰਾਮ ਦੇ ਰੰਗ ਵਿਚ ਬੁੱਧੀ ਰੂਪ ਚੋਲੀ ਰੰਗੀ ਗਈ ਹੈ, ਗੁਰਾਂ ਦੇ ਚਰਨ-ਕਮਲਾਂ ਦਾ ਜੋ ਧਿਆਨ ਹੈ ਏਹੋ ਨਿੱਧੀਆਂ ਦੀ ਥਾਤੀ=ਥੈਲੀ ਹੈ॥ਰਹਾਉ॥

ਜਿਸ ਕਾ ਸਾ ਤਿਨ ਹੀ ਰਖਿ ਲੀਆ ਪੂਰਨ ਪ੍ਰਭ ਕੀ ਭਾਤੀ॥

ਮੈਂ ਜਿਸ ਦਾ (ਦਾਸ) ਸਾਂ, ਓਸੇ ਨੇ ਮੈਨੂੰ ਰੱਖ ਲਿਆ ਹੈ, ਪ੍ਰਭੂ ਦੀ ਸਾਰੀ ਭਾਤੀ=ਜੁਗਤੀ ਪੂਰਨ ਹੈ।

ਮੇਲਿ ਲੀਓ ਆਪੇ ਸੁਖਦਾਤੈ ਨਾਨਕ ਹਰਿ ਰਾਖੀ ਪਾਤੀ ॥੨ ॥੧੨ ॥੪੩ ॥

ਗਰੂ ਜੀ ਕਥਨ ਕਰਦੇ ਹਨ, ਸੁਖ ਦਾਤੇ ਹਰੀ ਨੇ ਆਪ ਹੀ ਚਰਨਾਂ ਨਾਲ ਮੇਲ ਲਿਆ ਹੈ, ਅਤੇ ਆਪ ਹੀ ਹਰੀ ਨੇ ਪਾਤੀ=ਪਤ (ਇੱਜ਼ਤ) ਰੱਖ ਲਈ ਹੈ।

ਧਨਾਸਰੀ ਮਹਲਾ ੫ ॥

ਦੂਤ ਦੁਸਮਨ ਸਭਿ ਤੁਝ ਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ ॥

ਦੂਤ ਕਾਮ ਆਦਿਕ, ਯਾਂ ਦੂਤੀਆਂ ਦੇ ਲਗਾਉਣ ਵਾਲੇ ਦੁਸ਼ਮਣ ਸਭ ਆਪ ਜੀ ਦੀ ਕਿਰਪਾ ਨਾਲ ਨਿਵਿਰਤ ਹੁੰਦੇ ਹਨ, ਆਪ ਜੀ ਦਾ ਪ੍ਰਤਾਪ ਸਾਰੇ ਜਗਤ ਵਿਚ ਪ੍ਰਗਟ ਹੈ।

ਜੋ ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ ॥ ੧ ॥

ਜਿਸ ਜਿਸ ਨੇ ਤੇਰਿਆਂ ਭਗਤਾਂ ਨੂੰ ਦੁੱਖ ਦਿੱਤਾ ਸੀ, ਉਹਨਾਂ ਨੂੰ ਤੁਸਾਂ ਨੇ ਤਤਕਾਲ=ਸ਼ੀਘਰ ਹੀ ਮਾਰ ਦਿੱਤਾ ਹੈ॥ ੧ ॥

ਨਿਰਖਉ ਤੁਮਰੀ ਓਰਿ ਹਰਿ ਨੀਤ ॥

ਹੇ ਹਰੀ ! ਮੈਂ ਸਦਾ ਹੀ ਆਪ ਜੀ ਦੀ ਓਰਿ=ਤਰਫ ਨਿਰਖਉ=ਵੇਖ ਰਿਹਾ ਹਾਂ।

ਮੁਰਾਰਿ ਸਹਾਇ ਹੋਹੁ ਦਾਸ ਕਉ ਕਰੁ ਗਹਿ ਉਧਰਹੁ ਮੀਤ ॥ ਰਹਾਉ ॥

ਹੇ ਮੁਰਾਰੀ ! ਆਪ ਦਾਸ ਦੀ ਸਹਾਇਤਾ ਕਰਨ ਵਾਲੇ ਹੋਵੋ, ਅਤੇ ਹੇ ਮਿੱਤਰ ! ਮੇਰੇ ਮਨ ਰੂਪੀ ਕਰੁ=ਹੱਥ ਨੂੰ ਗਹਿ=ਫੜ ਕੇ ਉਧਾਰ ਲਓ ॥ਰਹਾਉ ॥

ਸੁਣੀ ਬੇਨਤੀ ਠਾਕੁਰਿ ਮੇਰੈ ਖਸਮਾਨਾ ਕਰਿ ਆਪਿ ॥

ਮੇਰੇ ਠਾਕੁਰ ਨੇ ਮੇਰੀ ਬੇਨਤੀ ਸੁਣ ਲਈ ਹੈ, ਅਤੇ ਆਪ ਹੀ ਖਸਮਾਨਾ=ਪੱਖ ਕੀਤਾ ਹੈ।

ਨਾਨਕ ਅਨਦ ਭਏ ਦੁਖ ਭਾਗੇ ਸਦਾ ਸਦਾ ਹਰਿ ਜਾਪਿ ॥੨ ॥੧੩ ॥੪੪ ॥

ਗੁਰੂ ਜੀ ਕਥਨ ਕਰਦੇ ਹਨ, ਸਦਾ=ਨਿੱਤ ਰੂਪ ਹਰੀ ਨੂੰ ਜਪ ਕੇ ਸਦਾ ਹੀ ਅਨੰਦ ਹੋ ਗਏ ਹਾਂ, ਅਤੇ ਦੁੱਖ ਦੂਰ ਭੱਜ ਗਏ ਹਨ ॥੨ ॥੧੩ ॥੪੪ ॥

ਧਨਾਸਰੀ ਮਹਲਾ ੫ ॥

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥

ਜਿਸ ਪ੍ਰਭੂ ਨੇ ਚਾਰੇ ਦਿਸ਼ਾਂ ਵਿਚ ਆਪਣਾ ਬਲ ਕੀਤਾ ਹੋਇਆ ਹੈ, ਉਸ ਨੇ ਦਾਸ ਦੇ ਸਿਰ ਤੇ ਕਿਰਪਾ ਦਾ ਹੱਥ ਰੱਖਿਆ ਹੈ।

ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥ ੧ ॥

ਓਸੇ ਨੇ ਕਿਰਪਾ ਦ੍ਰਿਸ਼ਟੀ ਨਾਲ ਅਵਲੋਕਨੁ=ਦੇਖਣਾ ਕੀਤਾ ਹੈ, ਤੇ ਦਾਸ ਦਾ ਦੁੱਖ ਦੂਰ ਕਰ

ਦਿੱਤਾ ਹੈ॥ ੧॥

ਹਰਿ ਜਨ ਰਾਖੇ ਗੁਰ ਗੋਵਿੰਦ॥

ਗੋਬਿੰਦ ਰੂਪ ਗੁਰਾਂ, ਨੇ ਯਾਂ ਗੁਰ=ਪੂਜਨੀਕ ਗੋਬਿੰਦ ਨੇ ਹਰੀ ਜਨਾਂ ਨੂੰ ਰੱਖ ਲਿਆ ਹੈ।

ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ॥ ਰਹਾਉ॥

ਬਖਸ਼ਣਹਾਰ ਦਿਆਲੂ ਪੁਰਖ ਨੇ ਸਾਰੇ ਔਗੁਣ ਮੇਟ ਕੇ ਆਪਣੇ ਗਲ ਨਾਲ ਨਾਲ ਲਿਆ ਹੈ॥ ਰਹਾਉ॥

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥

ਆਪਣੇ ਮਾਲਕ ਪ੍ਰਭੂ ਤੋਂ ਜੋ ਕੁਝ ਭੀ ਮੰਗਦੇ ਹਨ, ਵਾਹਿਗੁਰੂ ਉਹਨਾਂ ਨੂੰ ਓਹੀ ਓਹੀ ਪਦਾਰਥ ਦੇਂਦਾ ਹੈ।

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥ ੨॥ ੧੪॥ ੪੫॥

ਗੁਰੂ ਜੀ ਕਥਨ ਕਰਦੇ ਹਨ, ਦਾਸ ਆਪਣੇ ਮੂੰਹ ਤੋਂ ਜੋ ਭੀ ਬਚਨ ਬੋਲਦਾ ਹੈ, ਉਹ ਬਚਨ ਈਹਾ ਊਹਾ=ਲੋਕ ਪ੍ਰਲੋਕ ਵਿਚ ਸੱਚਾ ਭਾਵ ਪੂਰਾ ਹੁੰਦਾ ਹੈ॥ ੨॥ ੧੪॥ ੪੫॥

ਯਥਾ:- ''ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ॥'' (ਪੰਨਾ ੪੭)

ਤਥਾ:- ''ਸੇਵਕ ਕਉ ਨਿਕਟੀ ਹੋਇ ਦਿਖਾਵੈ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥'' (ਪੰਨਾ ੪੦੩)

ਤਥਾ:- ''ਜੋ ਮੰਗਹਿ ਸੋ ਲੇਵਹਿ॥ ਪ੍ਰਭ ਅਪਣਿਆ ਸੰਤਾ ਦੇਵਹਿ॥'' (ਪੰਨਾ ੬੨੬)

(ਪੰਨਾ ੬੮੨) ਧਨਾਸਰੀ ਮਹਲਾ ੫॥

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥

ਪ੍ਰਭੂ ਆਪਣਾ ਬਿਰਦ=ਧਰਮ ਸੰਭਾਲਦਾ ਹੋਇਆ ਦਾਸ ਨੂੰ ਦੁੱਖ ਦੀ ਘੜੀ ਨਹੀਂ ਦੇਖਣ ਦੇਂਦਾ।

ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥ ੧॥

ਆਪਣੇ ਦਾਸ ਨੂੰ ਆਪ ਹੀ ਕਿਰਪਾ ਦਾ ਹੱਥ ਦੇ ਕੇ ਰੱਖਦਾ ਹੈ, ਅਤੇ ਸ੍ਵਾਸ ਸ੍ਵਾਸ ਵਿਚ ਪਾਲਣਾ ਕਰਦਾ ਹੈ॥ ੧॥

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥

ਉਸ ਪ੍ਰਭੂ ਨਾਲ ਮੇਰਾ ਚਿੱਤ ਲੱਗ ਰਿਹਾ ਹੈ।

ਆਦਿ ਅੰਤਿ ਪ੍ਰਭੂ ਸਦਾ ਸਹਾਈ ਧੰਨੁ ਹਮਾਰਾ ਮੀਤੁ॥ ਰਹਾਉ॥

ਜੋ ਪ੍ਰਭੂ ਆਦਿ ਤੋਂ ਲੈ ਕੇ ਅੰਤ ਤੱਕ ਸਦਾ ਹੀ ਸਹਾਇਤਾ ਕਰਦਾ ਹੈ, ਉਹ ਮੇਰਾ ਮਿੱਤਰ ਧੰਨਤਾ ਦੇ ਯੋਗ ਹੈ॥ ਰਹਾਉ॥

ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥

ਸਾਹਿਬ ਦੇ ਅਸਚਰਜ ਕੌਤਕ ਤੇ ਵਡਿਆਈ ਨੂੰ ਵੇਖ ਕੇ ਮਨ ਵਿਚ ਆਨੰਦ ਹੋ ਰਹੇ ਹਨ।

ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ
ਪ੍ਰਭਿ ਪੂਰਨ ਪੈਜ ਰਖਾਈ॥ ੨ ॥ ੧੫ ॥ ੪੬ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਪੂਰਨ ਪ੍ਰਭੂ ਨੇ ਸਾਡੀ ਪੈਜ ਰੱਖੀ ਹੈ, ਉਸ ਹਰੀ ਨੂੰ ਸਿਮਰ ਸਿਮਰ ਕੇ ਅਨੰਦ ਕਰ ਰਹੇ ਹਾਂ॥ ੨ ॥ ੧੫ ॥ ੪੬ ॥

ਧਨਾਸਰੀ ਮਹਲਾ ੫ ॥

ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ॥

ਜਿਸ ਨੂੰ ਪ੍ਰਾਣਾਂ ਦਾ ਪਤੀ ਦਾਤਾ ਵਹਿਗੁਰੂ ਭੁੱਲ ਗਿਆ ਹੈ, ਉਸ ਪੁਰਸ਼ ਨੂੰ ਖੋਟਿਆਂ ਭਾਗਾਂ ਵਾਲਾ ਗਿਣਨਾ ਕਰੋ।

ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ॥ ੧ ॥

ਜਿਸ ਪੁਰਸ਼ ਦਾ ਮਨ ਚਰਨ ਕਮਲਾਂ ਦੇ ਰੰਗਿ ਵਿਚ ਰੰਗਿਆ ਗਿਆ ਹੈ, ਉਹ ਨਾਮ-ਅੰਮ੍ਰਿਤ ਦੇ ਸਰੋਵਰ ਸਤਸੰਗ ਵਿਚ ਪਾਗਾ=ਰੂਪ (ਭਿੱਜ) ਗਿਆ ਹੈ॥ ੧॥

ਤੇਰਾ ਜਨੁ ਰਾਮ ਨਾਮ ਰੰਗਿ ਜਾਗਾ॥

ਹੇ ਪ੍ਰਭੂ! ਆਪ ਜੀ ਦਾ ਸੇਵਕ (ਜਨ) ਰਾਮ ਨਾਮ ਦੇ ਰੰਗਿ=ਪ੍ਰੇਮ ਵਿਚ ਜਾਗਦਾ ਰਹਿੰਦਾ ਹੈ।

ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ॥ ਰਹਾਉ॥

ਉਸ ਦੇ ਤਨ ਤੋਂ ਸਾਰਾ ਆਲਸ ਛੀਜਿ=ਨਾਸ ਹੋ ਗਿਆ ਹੈ, ਅਤੇ ਪਿਆਰੇ ਪ੍ਰੀਤਮ ਨਾਲ ਉਸ ਦਾ ਮਨ ਲੱਗ ਗਿਆ ਹੈ॥ ਰਹਾਉ॥

ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ॥

ਹੇ ਨਾਰਾਇਣ ਪ੍ਰਭੂ! ਜਿਥੇ ਜਿਥੇ ਵੇਖਦਾ ਹਾਂ, ਤਿਥੇ ਤਿਥੇ ਸਾਰਿਆਂ ਘਟਾਂ ਵਿਚ ਤੂੰ ਤਾਗਾ= ਇਸਥਿਤ ਹੈਂ।

ਅਥਵਾ:-ਤਾਰੇ ਵਾਂਗ ਅਣਸੂਤ ਭਾਵ ਤਾਣੇ ਪੇਟੇ ਵਾਂਗ ਸਾਰਿਆਂ ਵਿਚ ਮਿਲ ਰਿਹਾ ਹੈਂ।

ਨਾਮ ਉਦਕੁ ਪੀਵਤ ਜਨ ਨਾਨਕ
ਤਿਆਗੇ ਸਭਿ ਅਨੁਰਾਗਾ॥ ੨ ॥ ੧੬ ॥ ੪੭ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ (ਜਨ) ਨਾਮ ਰੂਪੀ ਉਦਕੁ=ਜਲ ਛਕਦਾ ਹਾਂ, ਅਤੇ ਹੋਰ ਸਾਰਿਆਂ ਦਾ ਪ੍ਰੇਮ ਛੱਡ ਦਿੱਤਾ ਹੈ॥ ੨ ॥ ੧੬ ॥ ੪੭ ॥

ਧਨਾਸਰੀ ਮਹਲਾ ੫ ॥

ਜਨ ਕੇ ਪੂਰਨ ਹੋਏ ਕਾਮ ॥

ਸੇਵਕ-ਜਨਾਂ ਦੇ ਸਾਰੇ ਕੰਮ ਪੂਰੇ ਹੋ ਗਏ ਹਨ।

ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥ ੧ ॥ ਰਹਾਉ ॥

ਕਲਜੁਗ ਦੇ ਕਾਲ=ਸਮੇਂ ਵਿਚ ਜੋ ਵਿਸ਼ਿਆਂ ਦਾ ਮਹਾ=ਬੜਾ ਜ਼ੋਰ ਹੈ, ਇਸ ਵਿਚ ਰਾਮ ਨੇ ਹੀ ਜੀਵ ਦੀ ਇੱਜ਼ਤ ਰੱਖ ਲਈ ਹੈ॥ ੧ ॥ ਰਹਾਉ ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ ॥

ਆਪਣੇ ਪ੍ਰਭੂ ਸੁਆਮੀ ਦੇ ਸਿਮਰਨ ਨੂੰ ਸਿਮਰਦਿਆਂ ਹੋਇਆਂ, ਜਮ ਨੇੜੇ ਨਹੀਂ ਆਉਂਦਾ ।

ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥ ੧ ॥

(੧) ਸੰਤਾਂ ਦੀ ਸਤਸੰਗਤ, ਬੈਕੁੰਠ ਧਾਮ ਦੀ ਮੁਕਤੀ ਦੇਣ ਵਾਲੀ ਹੈ,

(੨) ਬੈਕੁੰਠ=ਆਕੁੰਠਤ ਜੋ ਆਤਮ-ਪਦ ਹੈ ਉਸ ਦੀ ਪ੍ਰਾਪਤੀ ਰੂਪ ਮੁਕਤੀ ਦੇ ਦੇਣ ਵਾਲੀ ਹੈ,

(੩) ਸੰਤਾਂ ਦੀ ਸਤਸੰਗਤ ਮੁਕਤੀ ਅਤੇ ਬੈਕੁੰਠ ਦੀ ਪ੍ਰਾਪਤੀ ਕਰਨ ਵਾਲੀ ਹੈ,

ਉਸ ਸਤਸੰਗਤ ਦੇ ਸੰਗ ਕਰਕੇ ਗੁਰਮੁਖਾਂ ਜਨਾਂ ਨੇ ਹਰੀ ਦਾ ਸਰੂਪ-ਘਰ ਪਾਇਆ ਹੈ॥ ੧ ॥

ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬਿਸ੍ਰਾਮ ॥

ਗੁਰਾਂ ਦੇ ਚਰਨ-ਕਮਲਾਂ ਦਾ ਜੋ ਧਿਆਨ ਕਰਨਾ ਹੈ ਏਹੋ ਹਰੀ ਦੇ ਸੇਵਕ-ਜਨਾਂ ਦੀ ਥਾਤੀ=ਥੈਲੀ ਹੈ, ਇਸ ਥੈਲੀ ਕਰਕੇ ਕ੍ਰੋੜਾਂ ਸੁਖਾਂ ਵਿਚ ਬ੍ਰਿਸ੍ਰਾਮ=ਇਸਥਿਤੀ ਹੁੰਦੀ ਹੈ।

ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ ਨਾਨਕ ਸਦ ਕੁਰਬਾਨ ॥੨ ॥੧੭ ॥੪੮ ॥

ਗੁਰੂ ਜੀ ਕਥਨ ਕਰਦੇ ਹਨ, ਦਿਨ-ਰਾਤ ਗੋਬਿੰਦ ਦਮੋਦਰ ਨੂੰ ਸਿਮਰਨਾ ਕਰੋ,

ਮੈਂ ਉਸ ਉੱਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ॥ ੨ ॥ ੧੭ ॥ ੪੮ ॥

ਧਨਾਸਰੀ ਮਹਲਾ ੫ ॥

ਮਾਂਗਉ ਰਾਮ ਤੇ ਇਕੁ ਦਾਨੁ ॥

ਹੇ ਰਾਮ ! ਤੇਰੇ ਪਾਸੋਂ ਇੱਕ ਦਾਨ ਮੰਗਦਾ ਹਾਂ।

ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥ ੧ ॥ ਰਹਾਉ ॥

ਕਿ ਆਪ ਜੀ ਦਾ ਨਾਮ ਹੀ ਸਿਮਰਦਾ ਰਹਾਂ, ਜਿਸ ਕਰਕੇ ਮੇਰੇ ਸਾਰੇ ਮਨੋਰਥ ਪੂਰਨ ਹੋ ਜਾਣਗੇ॥੧ ॥ਰਹਾਉ ॥

ਚਰਨ ਤੁਮ੍ਹਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥

(੧) ਆਪ ਜੀ ਦੇ ਪਵਿੱਤ੍ਰ ਚਰਨ ਮੇਰੇ ਹਿਰਦੇ ਵਿਚ ਵਸ ਜਾਣ, ਅਤੇ ਸੰਤਾਂ ਦਾ ਸਤਸੰਗ ਕਰਨਾ

ਪਾਵਾਂ। (੨) ਜਿਨ੍ਹਾਂ ਸੰਤਾਂ ਦੇ ਹਿਰਦੇ ਵਿਚ ਆਪ ਜੀ ਦੇ ਚਰਨ ਵਸ ਰਹੇ ਹਨ ਉਹਨਾਂ ਸੰਤਾਂ ਦਾ ਸੰਗ ਕਰਨਾ ਪਾਵਾਂ।

ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ ॥ ੧ ॥

ਸੋਗ ਦੀ ਅੱਗ ਵਿਚ ਹੁੰਦਿਆਂ ਹੋਇਆ ਭੀ ਮਨ ਨੂੰ ਸੋਗ ਨਾ ਵਿਆਪੈ, ਤੇ ਅੱਠੇ ਪਹਿਰ ਗੁਣ ਗਾਂਵਦਾ ਰਹਾਂ ॥੧ ॥

ਸ੍ਵਸਤਿ ਬਿਵਸਥਾ ਹਰਿ ਕੀ ਸੇਵਾ ਮਧ੍ਯੰਤ ਪ੍ਰਭ ਜਾਪਣ ॥

(੧) ਸ੍ਵਸਤਿ=ਸੁਖ ਅਨੰਦ ਦੀ ਅਵਸਥਾ ਵਿਚ ਭੀ ਹੇ ਹਰੀ ! ਆਪ ਦੀ ਸੇਵਾ ਕਰਾਂ, ਅਤੇ ਮਧ੍ਯੰਤ=ਮਧ ਕਾਲ ਵਿਚ ਭੀ ਹੇ ਪ੍ਰਭੂ ! ਆਪ ਨੂੰ ਜਪਣਾ ਕਰਾਂ।

(੨) ਸ੍ਵਸਤਿ=ਬਾਲਕ ਅਵਸਥਾ ਵਿਚ ਹਰੀ ਨਾਮ ਜਪਣ ਦੀ ਸੇਵਾ ਕਰਾਂ, ਮਧ੍ਯੰਤ=ਮਧ-ਅੰਤ=ਜੋਬਨ ਤੇ ਬੁਢੇਪੇ ਵਿਚ ਭੀ ਪ੍ਰਭੂ ਨੂੰ ਜਪਣਾ ਕਰਾਂ।

ਨਾਨਕ ਰੰਗੁ ਲਗਾ ਪਰਮੇਸਰ ਬਾਹੁੜਿ ਜਨਮ ਨ ਛਾਪਣ ॥੨ ॥੧੮ ॥੪੯ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਹੇ ਪਰਮੇਸ਼ਰ ! ਆਪ ਦਾ ਰੰਗੁ=ਪ੍ਰੇਮ ਲੱਗਾ ਹੈ, ਉਹਨਾਂ ਦਾ ਬਹੁੜਿ=ਮੁੜ ਕੇ ਜੰਮਣਾ ਤੇ ਛਾਪਣ=ਮਰਨਾ ਨਹੀਂ ਹੁੰਦਾ ।

ਅਥਵਾ:-ਉਹ ਫਿਰ ਜਨਮਾਂ ਵਿਚ ਨਹੀਂ ਛਾਪਣ=ਛਿਪਦਾ ॥੨ ॥੧੮ ॥੪੯ ॥

ਧਨਾਸਰੀ ਮਹਲਾ ੫ ॥

ਅੱਵਲ ਤਾਂ ਕਿਸੇ ਪਾਸੋਂ ਮੰਗੋ ਨਾ, ਜੇ ਮੰਗਣ ਦਾ ਸੁਭਾਵ ਪਿਆ ਹੋਇਆ ਹੈ ਤਾਂ ਗੁਰੂ ਯਾਂ ਪਰਮੇਸ਼ਰ ਤੋਂ ਮੰਗੋ ਕਿਉਂਕਿ-

"ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥" (ਪੰਨਾ ੨੮੧)

ਇਸ ਕਰਕੇ-

ਮਾਂਗਉ ਰਾਮ ਤੇ ਸਭਿ ਥੋਕ ॥

ਰਾਮ ਦੇ ਪਾਸੋਂ ਸਾਰਿਆਂ ਥੋਕ=ਪਦਾਰਥਾਂ ਨੂੰ ਮੰਗਣਾ ਕਰੋ।

ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ ॥ ੧ ॥ ਰਹਾਉ ॥

ਮਨੁੱਖ ਦੇ ਪਾਸੋਂ ਮੰਗਦਿਆਂ ਮੰਗਦਿਆਂ ਸ੍ਰਮੁ=ਦੁੱਖ ਪਾਈਦਾ ਹੈ, ਪ੍ਰਭੂ ਦੇ ਸਿਮਰਨੇ ਕਰਕੇ ਮੋਖ=ਕਲਿਆਣ ਹੁੰਦੀ ਹੈ॥ ੧ ॥ ਰਹਾਉ ॥

ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ ॥

(ਮੁਨਿ ਜਨ) ਮਹਾਤਮਾਂ, ਸਿੰਮ੍ਰਿਤੀਆਂ ਤੇ ਪੁਰਾਣਾਂ ਨੂੰ ਘੋਖੇ=ਵਿਚਾਰ ਕੇ, ਅਤੇ ਵੇਦਾਂ ਨੂੰ ਘੋਖ=ਵਿਚਾਰ ਕੇ ਏਹ ਪੁਕਾਰਦੇ ਹਨ। ਕਿ-

ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥ ੧ ॥

ਕਿਰਪਾ ਦੇ ਸਮੁੰਦਰ ਪ੍ਰਭੂ ਦੇ ਸੇਵਨੇ ਕਰਕੇ ਹੀ ਸੱਚ-ਸਰੂਪ ਪਾਈਦਾ ਹੈ, ਅਤੇ ਦੋਹਾਂ ਲੋਕਾਂ ਵਿਚ ਸੁਖੀ ਹੋਈਦਾ ਹੈ॥ ੧ ॥

ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥

ਆਨ=ਹੋਰ ਜਿਤਨੇ ਭੀ ਵਿਹਾਰ ਅਤੇ ਅਚਾਰ=ਕਰਤੱਬ ਹਨ, ਹਰੀ ਸਿਮਰਨ ਤੋਂ ਬਿਨਾਂ ਸਾਰੇ ਫੋਕ=ਫੋਕੇ ਹਨ।

ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ ॥੨ ॥੧੯ ॥੫੦ ॥

ਗੁਰੂ ਜੀ ਕਥਨ ਕਰੇਦੇ ਹਨ, ਸਾਧੂਆਂ ਨਾਲ ਮਿਲਣ ਕਰਕੇ ਜਨਮ ਮਰਨ ਦੇ ਭੈ=ਡਰ ਕੱਟੇ ਜਾਦੇ ਹਨ, ਅਤੇ ਸਾਰੇ ਸੋਕ=ਸੋਗ ਨਾਸ ਹੋ ਜਾਂਦੇ ਹਨ॥ ੧॥ ੧੯॥੫੦॥

ਧਨਾਸਰੀ ਮਹਲਾ ੫ ॥

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥

ਹਰੀ ਦੇ ਨਾਮ ਜਪਣ ਕਰਕੇ ਤ੍ਰਿਸ਼ਨਾਂ ਅੱਗ ਬੁਝ ਜਾਂਦੀ ਹੈ।

ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧ ॥ਰਹਾਉ ॥

ਗੁਰਾਂ ਦੇ ਉਪਦੇਸ਼ ਕਰਕੇ ਪੂਰਨ ਸੰਤੋਖ ਪ੍ਰਾਪਤ ਹੁੰਦਾ ਹੈ, ਅਤੇ ਪੂਰਨ ਪ੍ਰਭੂ ਨਾਲ ਧਿਆਨ ਜੁੜ ਜਾਂਦਾ ਹੈ॥ ੧ ॥ ਰਹਾਉ ॥

(ਪੰਨਾ ੬੮੩)

ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ ॥

ਹੇ ਮੇਰੇ ਦੀਨ ਦਿਆਲ ਪ੍ਰਭੂ ! ਜਦ ਤੁਸੀਂ ਕਿਰਪਾ ਕਰਦੇ ਹੋ, ਤਾਂ ਮਾਇਆ ਦੇ ਮਹਾ=ਬੜੇ ਬੜੇ ਕਲੋਲ=ਤਰੰਗ (ਸੰਕਲਪ) ਮਿਟ ਜਾਂਦੇ ਹਨ।

ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ ॥ ੧ ॥

ਮੈਨੂੰ ਆਪਣਾ ਨਾਮ-ਦਾਨ ਦੇਣਾ ਕਰੋ ਜਿਸ ਨੂੰ ਜਪ ਕੇ ਜੀਊਣਾ ਕਰਾਂ, ਅਤੇ ਦਾਸ ਦੀ ਘਾਲ=ਕਮਾਈ ਪੂਰਨ (ਭਾਵ ਸਫਲ) ਹੋ ਜਾਵੇ॥੧ ॥

ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪਿ ਨਾਮ ॥

ਜੋ ਸਤਿਨਾਮੁ ਦਾ ਜਪਣਾ ਹੈ, ਤੇ ਕੀਰਤਨ ਦਾ ਕਰਨਾ ਹੈ, ਏਸੇ ਵਿਚ ਸਾਰਿਆਂ ਮਨੋਰਥਾਂ ਦੇ ਪੂਰਨ ਹੋਣ ਦਾ ਆਨੰਦ, ਰਾਜ ਸੁਖ ਦਾ ਰਸ=ਸ੍ਵਾਦ, ਅਤੇ ਸਦਾ ਖੁਸ਼ੀਆਂ ਹਨ।

ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ

ਨਾਨਕ ਜਨ ਕੇ ਪੂਰਨ ਕਾਮ॥ ੨॥ ੨੦॥ ੫੧॥

ਗਰੂ ਜੀ ਕਥਨ ਕਰਦੇ ਹਨ, ਜਿਸੰ ਦੇ ਭਾਗਾਂ ਵਿਚ ਧੁਰ ਤੋਂ ਹੀ ਕਰਤੇ ਪੁਰਖ ਨੇ ਸ਼ੁਭ ਲੇਖ ਲਿਖਿਆ ਹੈ, ਉਸ ਪੁਰਸ਼ ਦੇ ਸਾਰੇ ਕੰਮ ਪੂਰਨ ਹੋਏ ਹਨ॥ ੨॥ ੨੦॥ ੫੧॥

ਧਨਾਸਰੀ ਮਃ ੫॥

ਜਨ ਕੀ ਕੀਨੀ ਪਾਰਬ੍ਰਹਮਿ ਸਾਰ॥

ਪਾਰਬ੍ਰਹਮ ਨੇ ਆਪ ਹੀ ਆਪਣਿਆਂ ਸੇਵਕ ਜਨਾਂ ਦੀ ਸਾਰ ਸੰਭਾਲ ਕੀਤੀ ਹੈ।

ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ॥ ੧॥ ਰਹਾਉ॥

ਇਸ ਕਰਕੇ ਨਿੰਦਕ ਪਰਸ਼ ਮੂਲੇ=ਕਦਾਚਿਤ ਭੀ ਟਿਕਣਾ ਨਹੀਂ ਪਾਉਂਦੇ,
ਉਹ ਬੇਕਾਰ=ਵਿਕਾਰੀ ਨਿਕੰਮੇ ਪੁਰਸ਼ ਉੱਡ-ਪੁੱਡ ਗਏ ਹਨ॥੧॥ਰਹਾਉ॥

ਜਹ ਜਹ ਦੇਖਉ ਤਹ ਤਹ ਸੁਆਮੀ ਕੋਇ ਨ ਪਹੁਚਨਹਾਰ॥

ਜਿੱਥੇ ਜਿੱਥੇ ਵੇਖਦਾ ਹਾਂ ਤਿੱਥੇ ਤਿੱਥੇ ਸੁਆਮੀ ਪਰਮਾਤਮਾ ਮੇਰੇ ਨਾਲ ਹੈ,
ਇਸ ਲਈ ਕੋਈ ਭੀ ਦੁਸ਼ਮਣ ਮੇਰੇ ਬਰਾਬਰ ਪੁੱਜਣ ਵਾਲਾ ਨਹੀਂ ਹੈ।

ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ॥ ੧॥

ਜੋ ਜੋ ਪੁਰਸ਼ ਭੀ ਸੇਵਕ ਜਨਾਂ ਦੀ ਅਵਗਿਆ=ਬਿਅਦਬੀ ਕਰਦਾ ਹੈ,
ਉਹ ਤਤ=ਤਤਕਾਲ ਭਾਵ ਸ਼ੀਘਰ ਹੀ ਛਾਰ=ਸੁਆਹ ਰੂਪ ਹੋ ਗਿਆ ਹੈ॥੧॥

ਕਰਨਹਾਰੁ ਰਖਵਾਲਾ ਹੋਆ ਜਾ ਕਾ ਅੰਤੁ ਨ ਪਾਰਾਵਾਰ॥

ਜਿਸ ਦੇ ਪਾਰ ਉਰ-ਵਾਰ ਦਾ ਅੰਤ ਨਹੀਂ ਆਉਂਦਾ, ਉਹ ਕਰਨਹਾਰ ਪ੍ਰਭੂ ਆਪ ਹੀ ਦਾਸ ਦੀ ਰੱਖਿਆ ਕਰਨ ਵਾਲਾ ਹੋਇਆ ਹੈ।

ਨਾਨਕ ਦਾਸ ਰਖੇ ਪ੍ਰਭਿ ਅਪੁਨੈ ਨਿੰਦਕ ਕਾਢੇ ਮਾਰਿ॥ ੨॥ ੨੧॥ ੫੨॥

ਗੁਰੂ ਜੀ ਕਥਨ ਕਰਦੇ ਹਨ, ਆਪਣੇ ਦਾਸ ਪ੍ਰਭੂ ਨੇ ਆਪ ਹੀ ਰੱਖੇ ਹਨ, ਤੇ ਨਿੰਦਕਾਂ ਨੂੰ ਮਾਰ ਕੇ ਬਾਹਰ ਕੱਢ ਦਿੱਤਾ ਹੈ॥ ੨॥ ੨੧॥ ੫੨॥

ਧਨਾਸਰੀ ਮਹਲਾ ੫ ਘਰੁ ੯ ਪੜਤਾਲ

ੴ ਸਤਿਗੁਰ ਪ੍ਰਸਾਦਿ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ

ਦਾਸ ਅਪੁਨੇ ਕਉ ਨਾਮੁ ਦੇਵਹੁ ॥

ਹੇ ਹਰੀ ਗੋਬਿੰਦ ! ਦੁੱਖਾਂ ਦੇ ਨਾਸ ਕਰਨ ਵਾਲੇ ਮੈਂ ਤੇਰੇ ਚਰਨਾਂ ਦੀ ਸ਼ਰਨ ਹਾਂ, ਆਪਣੇ ਦਾਸ ਨੂੰ ਨਾਮ ਦਾਨ ਦੇਣਾ ਕਰੋ।

ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ

ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ॥ ਰਹਾਉ ॥

ਹੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਧਾਰਨ ਕਰਕੇ ਮੈਨੂੰ ਸੰਸਾਰ ਸਮੁੰਦਰ ਤੋਂ ਤਾਰਨਾ ਕਰੋ, ਅਤੇ ਬੁੱਧੀ ਰੂਪ ਬਾਂਹ ਤੋਂ ਫੜ ਕੇ ਅਗਿਆਨ ਰੂਪ ਖੂਹ 'ਚੋਂ ਕੱਢ ਲਵੋ॥ ਰਹਾਉ॥

ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥

ਕਾਮ ਕ੍ਰੋਧ ਕਰਕੇ ਅੰਨ੍ਹਾਂ ਜੀਵ ਮਾਇਆ ਦੇ ਬੰਧਨਾਂ ਵਿਚ ਪਿਆ ਹੋਇਆ ਹੈ, ਅਨੇਕ ਤਰ੍ਹਾਂ ਦੇ ਦੋਸ਼ਾਂ ਨਾਲ ਪੂਰੇ=ਪੂਰਨ ਹੋਇਆ ਹੋਇਆ ਸਰੀਰ ਛਾਦਿ=ਢਕਿਆ ਹੋਇਆ ਹੈ।

ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥ ੧ ॥

ਹੇ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ, ਹੇ ਸ਼ਰਨ ਵਿਚ ਆਇਆਂ ਦੀ ਰੱਖਿਆ ਕਰਨੇ ਨੂੰ ਸੂਰੇ=ਸੂਰਬੀਰ ਪ੍ਰਭੂ ! ਕਿਰਪਾ ਕਰਕੇ ਮੇਰੇ ਪਾਸੋਂ ਨਾਮ-ਸਿਮਰਨ ਕਰਾਓ॥ ੧ ॥

ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ ॥

ਹੇ ਪਾਪੀਆਂ ਦਾ ਉਧਾਰ ਕਰਨ ਵਾਲੇ, ਹੇ ਸੂਖਮ ਸਥੂਲ ਜੀਆ ਦੇ ਤਾਰਨ ਵਾਲੇ ! ਵੇਦਾਂ ਨੂੰ ਉਚਾਰਨ ਵਾਲਿਆਂ ਨੇ ਭੀ ਆਪ ਜੀ ਦਾ ਅੰਤ ਨਹੀਂ ਪਾਇਆ॥

ਅਥਵਾ:-ਆਪ ਜੀ ਦਾ ਜਸ ਉਚਾਰ ਕੇ ਵੇਦਾਂ ਨੇ ਭੀ ਅੰਤ ਨਹੀਂ ਪਾਇਆ।

ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ

ਭਗਤਿ ਵਛਲੁ ਨਾਨਕ ਗਾਇਓ ॥ ੨ ॥ ੧ ॥ ੫੩ ॥

ਹੇ ਸੁਖਾਂ ਦੇ ਸਮੁੰਦ੍ਰ ਤੇ ਸ਼ੁਭ-ਗੁਣਾਂ ਰੂਪੀ ਰਤਨਾਂ ਦੀ ਆਗਰਾ=ਖਾਣ ਬ੍ਰਹਮ ! ਮੈਂ ਨਾਨਕ ਨੇ ਆਪ ਜੀ ਦਾ ਨਾਮ ਭਗਤਿ ਵਛਲੁ=ਭਗਤਾਂ ਦਾ ਪਿਆਰਾ ਗਾਇਆ ਹੈ॥ ੨ ॥ ੧ ॥ ੫੩ ॥

ਧਨਾਸਰੀ ਮਹਲਾ ੫ ॥

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥

ਵਾਹਿਗੁਰੂ ਨਾਮ ਲੈਣ ਨਾਲ ਇਸ ਲੋਕ ਵਿਚ ਸੁਖ ਹੁੰਦਾ ਹੈ, ਪਲਤਿ=ਪ੍ਰਲੋਕ ਵਿਚ ਭੀ ਸੁਖ ਹੁੰਦਾ

ਹੈ, ਸਿਮਰਨ ਕਰਨ ਨਾਲ ਨਿਤ ਸੁਖੁ=ਆਤਮਕ-ਸੁਖ ਪ੍ਰਾਪਤ ਹੁੰਦਾ ਹੈ ਇਸ ਕਰਕੇ ਗੋਬਿੰਦ ਦਾ ਨਾਮ ਸਦਾ ਲੈਣਾ ਕਰੋ।

ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥੧॥ਰਹਾਉ॥

ਸਤਸੰਗਤ ਵਿਚ ਮਿਲਕੇ ਨਾਮ ਜਪੀਏ ਤਾਂ ਚਿਰਾਣੇ=ਚਿਰਾਂ ਦੇ ਕੀਤੇ ਹੋਏ ਪਾਪ ਮਿਟ ਜਾਂਦੇ ਹਨ, ਅਤੇ ਮੋਇਆ ਹੋਇਆ ਮਨ ਪਰਮੇਸ਼ਰ ਵੱਲ ਜੀਜੈ=ਜੀਉ ਪੈਂਦਾ ਹੈ॥ ੧॥ ਰਹਾਉ॥

ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ॥

ਰਾਜ-ਭਾਗ, ਜੁਆਨੀ, ਅਤੇ ਮਾਇਆ ਇਨ੍ਹਾਂ ਵਿਚ ਲੱਗਕੇ ਹਰੀ ਬਿਸਰੰਤ=ਭੁੱਲ ਜਾਂਦਾ ਹੈ, ਏਸੇ ਨੂੰ ਮਹਾਂਤ=ਮਹਾਤਮਾਂ ਬੜਾ ਭਾਰੀ ਦੁੱਖ ਕਥਨ ਕਰਦੇ ਹਨ।

ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤੁ ਲਹੈ॥੧॥

ਪਿਆਸਿਆਂ ਵਾਂਗ ਆਸਾ ਧਾਰਕੇ ਹਰੀ ਦੇ ਕੀਰਤਨ ਨੂੰ ਰਮਣ=ਉਚਾਰਨਾ,
ਇਸ ਉੱਤਮ ਪਦਾਰਥ ਨੂੰ ਕੋਈ ਭਾਗਾਂ ਵਾਲਾ ਲੈਂਦਾ ਹੈ॥੧॥

ਸਰਣਿ ਸਮਰਥ ਅਕਥ ਅਗੋਚਰਾ ਪਤਿਤ ਉਧਾਰਣ ਨਾਮੁ ਤੇਰਾ॥

ਹੇ ਸ਼ਰਨ ਵਿਚ ਆਇਆਂ ਦੀ ਰੱਖਿਆ ਕਰਨੇ ਨੂੰ ਸਮਰੱਥ, ਅਕੱਥ ਅਤੇ ਅਗੋਚਰ ਪ੍ਰਭੂ ! ਤੇਰਾ ਨਾਮ ਪਾਪੀਆਂ ਨੂੰ ਤਾਰਨ ਵਾਲਾ ਹੈ।

ਅੰਤਰਜਾਮੀ ਨਾਨਕ ਕੇ ਸੁਆਮੀ ਸਰਬਤ ਪੂਰਨ ਠਾਕੁਰੁ ਮੇਰਾ॥੨॥੨॥੫੪॥

ਗੁਰੂ ਜੀ ਕਥਨ ਕਰਦੇ ਹਨ, ਹੇ ਅੰਤਰਜਾਮੀ ! ਆਪ ਮੈਂ ਦਾਸ ਦੇ ਸੁਆਮੀ ਹੋ, ਅਤੇ ਹੇ ਮੇਰੇ ਠਾਕੁਰ ! ਆਪ ਸਾਰਿਆਂ ਵਿਚ ਪਰੀਪੂਰਨ ਹੋ॥ ੨॥ ੨॥ ੫੪॥

ਧਨਾਸਰੀ ਮਹਲਾ ੫ ਘਰੁ ੧੨

੧ੴ ਸਤਿਗੁਰ ਪ੍ਰਸਾਦਿ॥

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥ ਰਹਾਉ॥

(੧) ਹੇ ਭਾਈ ! ਹਰੀ ਨੂੰ ਬੰਦਨਾ=ਨਮਸ਼ਕਾਰ ਕਰ, ਹਰੀ ਨੂੰ ਨਮਸ਼ਕਾਰ ਕਰ, (ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ)।

(੨) ਮਨ ਕਰਕੇ ਹਰੀ ਨੂੰ ਨਮਸ਼ਕਾਰ ਕਰ, ਤਨ ਕਰਕੇ ਹਰੀ ਨੂੰ ਨਮਸ਼ਕਾਰ ਕਰ।

(੩) ਬੰਦਨੇ ਜੋਗ ਹਰੀ ਨੂੰ ਬੰਦਨਾ=ਨਮਸ਼ਕਾਰ ਕਰ।

(੪) ਬੰਦਨਾ=ਹੱਥ ਜੋੜ ਕੇ ਹਰੀ ਨੂੰ ਬੰਦਨਾ=ਨਮਸ਼ਕਾਰ ਕਰ।

(੫) ਹਰੀ ਨੂੰ ਬੰਦਨਾ=ਨਮਸ਼ਕਾਰ ਕਰ, ਤਾਂ ਕੋਈ ਬੰਦ ਨਾ=ਬੰਧਨ ਨਹੀਂ ਹੋਵੇਗਾ ਅਤੇ ਗੋਪਾਲ ਰਾਜੇ ਦੇ ਗੁਣਾਂ ਨੂੰ ਗਾਵਣਾ ਕਰੋ॥ ਰਹਾਉ॥

(ਪੰਨਾ ੬੮੪)

ਵਡੈ ਭਾਗਿ ਭੇਟੇ ਗੁਰਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥ ੧ ॥

ਵੱਡਿਆਂ ਭਾਗਾਂ ਕਰਕੇ ਗੁਰਦੇਵ ਜੀ ਭੇਟੇ=ਮਿਲਦੇ ਹਨ। ਹਰੀ ਦੀ ਸੇਵਾ ਕਰਨ ਕਰਕੇ ਕ੍ਰੋੜਾਂ ਪਰਾਧ=ਅਪ੍ਰਾਧ ਮਿਟ ਜਾਂਦੇ ਹਨ॥ ੧ ॥

ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥ ੨ ॥

ਜਿਸ ਦਾ ਮਨ ਗੁਰੂ ਦੇ ਚਰਨ-ਕਮਲਾਂ ਦੇ ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ।

ਉਸ ਗੁਰਮੁਖ-ਜਨ ਨੂੰ ਸੋਗ ਰੂਪ ਅੱਗ ਨਹੀਂ ਵਿਆਪਦੀ॥ ੨ ॥

ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥ ੩ ॥

ਜਿਸ ਨੇ ਸਾਧੂਆਂ ਦੀ ਸੰਗਤ ਨਾਲ ਮਿਲ ਕੇ ਨਿਰਭਉ ਹਰੀ ਦੇ ਨਾਮ ਨੂੰ ਰੰਗੇ=ਪ੍ਰੇਮ ਨਾਲ ਜਪਿਆ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ॥ ੩ ॥

ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥ ੪ ॥

ਜਿਸ ਨੇ ਪਰਾਏ ਧਨ ਚੁਰਾਉਣ ਰੂਪ ਦੋਸ਼ ਅਤੇ ਪਰ ਇਸਤ੍ਰੀ ਦਾ ਸੰਗ ਕਰਨੇ ਰੂਪ ਕੁਝ ਵੀ ਪਾਪ ਕਰਮ ਨਹੀਂ ਫੇੜੇ=ਕੀਤੇ। ਜਿੰਦ ਦਾ ਅਰੀ ਜੋ ਜਮ ਹੈ ਉਹ ਜੰਦਾਰੁ=ਡੰਡਾ ਲੈ ਕੇ ਉਸ ਦੇ ਨੇੜੇ ਨਹੀਂ ਆਉਂਦਾ॥੪ ॥

ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥
ਨਾਨਕ ਉਧਰੇ ਪ੍ਰਭ ਸਰਣਾਈ ॥ ੫ ॥ ੧ ॥ ੫੫ ॥

ਗੁਰੂ ਜੀ ਕਥਨ ਕਰਦੇ ਹਨ, ਜੋ ਪ੍ਰਭੂ ਦੀ ਸ਼ਰਨ ਵਿਚ ਆਏ ਹਨ, ਉਹਨਾਂ ਦੀ ਤ੍ਰਿਸ਼ਨਾਂ ਰੂਪ ਅੱਗ ਪ੍ਰਭੂ ਨੇ ਆਪ ਹੀ ਬੁਝਾਈ ਹੈ ਅਤੇ ਉਹ (ਸੰਸਾਰ-ਸਮੁੰਦਰ ਤੋਂ) ਤਰ ਗਏ ਹਨ॥੫ ॥੧ ॥੫੫ ॥

ਧਨਾਸਰੀ ਮਹਲਾ ੫ ॥
ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥
ਮਨਿ ਤਨਿ ਰਸਨਾ ਨਾਮੁ ਧਿਆਇਆ ॥ ੧ ॥

ਜਿਨ੍ਹਾਂ ਨੇ ਗੁਰਾਂ ਪਾਸੋਂ ਸੱਚ-ਨਾਮ ਰੂਪੀ ਭੋਜਨ ਛਕਿਆ ਹੈ, ਅਤੇ ਮਨ, ਬਾਣੀ, ਸਰੀਰ ਕਰਕੇ ਵਾਹਿਗੁਰੂ ਨਾਮ ਧਿਆਇਆ ਹੈ ਉਹਨਾਂ ਨੂੰ ਤ੍ਰਿਪਤੀ ਪ੍ਰਾਪਤ ਹੋਈ ਹੈ॥ ੧ ॥

ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧਸੰਗਿ ॥ ਰਹਾਉ ॥

(੧) ਸਤਸੰਗ ਵਿਚ ਬੈਠ ਕੇ ਜਿਨ੍ਹਾਂ ਕੇ ਹਰਿ ਹਰਿ ਨੂੰ ਜਪਿਆ ਹੈ ਉਹਨਾਂ ਦਾ ਜੀਵਨ ਪਿੱਛੇ ਸਫਲ ਸੀ, ਹੁਣ ਜੀਵਨ ਸਫਲ ਹੈ, ਅੱਗੇ ਭੀ ਉਹਨਾਂ ਦਾ ਜੀਵਨ ਸਫਲ ਹੋਵੇਗਾ।

(੨) ਹਰਿ=ਤਮਾਮ ਜੀਵਣਿਆਂ ਵਿਚੋਂ ਜੋ ਸਤਸੰਗ ਵਿਚ ਬੈਠ ਕੇ ਹਰੀ ਦੇ ਜਪ ਕਰਨ ਵਿਚ

ਜੀਉਣਾ ਹੈ, ਉਹ ਜੀਉਣਾ ਸਫਲ ਹੈ॥ ੧॥ ਰਹਾਉ॥

ਅਨਿਕ ਪ੍ਰਕਾਰੀ ਬਸਤ੍ਰ ਓਢਾਏ॥

ਅਨਦਿਨੁ ਕੀਰਤਨੁ ਹਰਿ ਗੁਨ ਗਾਏ॥ ੨॥

ਅਸਾਂ ਨੇ ਅਨੇਕ ਤਰ੍ਹਾਂ ਦੇ ਏਹੋ ਕੱਪੜੇ ਓਢਾਏ=ਪਹਿਨੇ ਹਨ। ਜੋ ਰਾਤ ਦਿਨ ਹਰੀ ਦੇ ਗੁਣਾਂ ਦਾ ਕੀਰਤਨ ਗਾਉਂਦੇ ਹਾਂ॥ ੨॥

ਹਸਤੀ ਰਥ ਅਸੁ ਅਸਵਾਰੀ॥ ਹਰਿ ਕਾ ਮਾਰਗੁ ਰਿਦੈ ਨਿਹਾਰੀ॥ ੩॥

ਏਹੋ ਹਸਤੀ=ਹਾਥੀ, ਰਥ, ਤੇ ਅਸੁ=ਘੋੜੇ ਦੀ ਅਸਵਾਰੀ ਕੀਤੀ ਹੈ। ਜਿਹੜਾ ਰਿਦੈ=ਹਿਰਦੇ ਵਿਚ ਹਰੀ ਦਾ ਮਾਰਗੁ=ਰਸਤਾ ਨਿਹਾਰੀ=ਵੇਖਿਆ ਹੈ॥੩॥

ਮਨ ਤਨ ਅੰਤਰਿ ਚਰਨ ਧਿਆਇਆ॥

ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ॥ ੪॥ ੨॥ ੫੬॥

ਗੁਰੂ ਜੀ ਕਥਨ ਕਰਦੇ ਹਨ, ਮਨ ਤਨ ਦੇ ਵਿਚ ਜੋ ਹਰੀ ਦੇ ਚਰਨਾਂ ਨੂੰ ਧਿਆਉਣਾ ਕੀਤਾ ਹੈ, ਮੈਂ ਦਾਸ ਨੇ ਏਹੋ ਸੁਖਾਂ ਦਾ ਖਜ਼ਾਨਾ ਪਾਇਆ ਹੈ॥ ੪॥ ੨॥ ੫੬॥

ਧਨਾਸਰੀ ਮਹਲਾ ੫॥

ਗੁਰ ਕੇ ਚਰਨ ਜੀਅ ਕਾ ਨਿਸਤਾਰਾ॥

ਉਹਨਾਂ ਗੁਰਾਂ ਦੇ ਚਰਨ ਹੀ ਜੀਵ ਦਾ ਨਿਸਤਾਰਾ ਕਰਨ ਵਾਲੇ ਹਨ।

ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥ ੧॥ ਰਹਾਉ॥

ਜਿਨ੍ਹਾਂ ਨੇ ਇੱਕ ਖਿਨ ਵਿਚ ਹੀ ਜੀਵ ਨੂੰ ਸਮੁੰਦੁ ਸਾਗਰੁ=ਸੰਸਾਰ-ਸਮੁੰਦ੍ਰ ਤੋਂ ਤਾਰਿਆ ਹੈ।

ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ॥

ਕੋਈ ਕਰਮਾਂ ਵਿਚ ਰਤੁ=ਪ੍ਰੀਤੀ ਕਰਨ ਵਾਲਾ ਹੋਇਆ ਹੈ, ਅਤੇ ਕੋਈ ਤੀਰਥਾਂ ਵਿਚ ਨਾਇਆ=ਨ੍ਹਾਉਂਦਾ ਹੈ।

ਦਾਸੰ ਹਰਿ ਕਾ ਨਾਮੁ ਧਿਆਇਆ॥ ੧॥

ਪਰ ਦਾਸੰ=ਦਾਸਾਂ ਨੇ ਤਾਂ ਕੇਵਲ ਹਰੀ ਦਾ ਨਾਮ ਹੀ ਧਿਆਉਣਾ ਕੀਤਾ ਹੈ॥ ੧॥

ਬੰਧਨ ਕਾਟਨਹਾਰੁ ਸੁਆਮੀ॥

ਜਨ ਨਾਨਕੁ ਸਿਮਰੈ ਅੰਤਰਜਾਮੀ॥ ੨॥ ੩॥ ੫੭॥

ਜੋ ਸੁਆਮੀ ਪਰਮਾਤਮਾ ਬੰਧਨਾਂ ਦੇ ਕੱਟਣ ਵਾਲਾ ਹੈ, ਗੁਰੂ ਜੀ ਕਥਨ ਕਰਦੇ ਹਨ,

ਗੁਰਮੁਖ-ਜਨ ਉਸ ਅੰਤਰਜਾਮੀ ਨੂੰ ਸਿਮਰਦੇ ਹਨ॥ ੨॥ ੩॥ ੫੭॥

ਧਨਾਸਰੀ ਮਹਲਾ ੫॥ ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ॥
ਦਾਸ ਤੇਰੇ ਕੀ ਨਿਰਮਲ ਰੀਤਿ॥ ੧॥ ਰਹਾਉ॥

ਹੇ ਪ੍ਰਭੂ ! ਕਿਸੇ ਤਰ੍ਹਾਂ ਭੀ ਆਪ ਜੀ ਦੀ ਪ੍ਰੀਤੀ ਟੁੱਟਦੀ ਨਹੀਂ ਹੈ। ਤੇਰੇ ਦਾਸ ਦੀ ਏਹੋ ਪਵਿੱਤਰ ਰੀਤੀ ਹੈ॥ ੧॥ ਰਹਾਉ॥

ਜੀਅ ਪ੍ਰਾਨ ਮਨ ਧਨ ਤੇ ਪਿਆਰਾ॥ ਹਉਮੈ ਬੰਧੁ ਹਰਿ ਦੇਵਣਹਾਰਾ॥ ੧॥

ਹੇ ਹਰੀ ! ਤੂੰ ਮੈਨੂੰ ਜੀਅ, ਪ੍ਰਾਣ, ਮਨ, ਧਨ ਨਾਲੋਂ ਭੀ ਪਿਆਰਾ ਲੱਗ ਰਿਹਾ ਹੈਂ।
ਹੇ ਹਰੀ ! ਤੂੰ ਹੀ ਹਉਮੈ ਨੂੰ ਬੰਧੁ=ਰੁਕਾਵਟ ਦੇਣ ਵਾਲਾ ਹੈਂ॥ ੧॥

ਚਰਨ ਕਮਲ ਸਿਉ ਲਾਗਉ ਨੇਹੁ॥ਨਾਨਕ ਕੀ ਬੇਨੰਤੀ ਏਹ॥੨॥੪॥੫੮॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਤਾਂ ਏਹੋ ਬੇਨਤੀ ਹੈ ਕਿ ਆਪ ਜੀ ਦੇ ਚਰਨ-ਕਮਲਾਂ ਨਾਲ ਮੇਰਾ ਨੇਹੁ=ਪ੍ਰੇਮ ਲੱਗਾ ਰਹੇ॥ ੨॥ ੪॥ ੫੮॥

ੴ ਸਤਿਗੁਰ ਪ੍ਰਸਾਦਿ॥

ਧਨਾਸਰੀ ਮਹਲਾ ੯॥ ਕਾਹੇ ਰੇ ਬਨ ਖੋਜਨ ਜਾਈ॥

ਰੇ=ਹੇ ਭਾਈ ! ਜੰਗਲਾਂ ਵਿਚ ਢੂੰਡਣ ਵਾਸਤੇ ਤੂੰ ਕਿਉਂ ਜਾਂਦਾ ਹੈਂ।

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥

ਜੋ ਸਾਰਿਆਂ ਵਿਚ ਵਸਦਾ ਹੋਇਆ ਸਦਾ ਹੀ ਸਾਰਿਆਂ ਤੋਂ ਅਲੇਪ ਰਹਿੰਦਾ ਹੈ,
ਉਹ ਤੇਰੇ ਨਾਲ ਹੀ ਸਮਾਈ ਕਰ ਰਿਹਾ ਹੈ॥ ੧॥ ਰਹਾਉ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥

ਜਿਵੇਂ ਪੁਹਪ=ਫੁੱਲਾਂ ਵਿਚ ਬਾਸੁ=ਵਾਸ਼ਨਾਂ (ਸੁਗੰਧੀ) ਵਸਦੀ ਹੈ, ਅਤੇ ਜਿਵੇਂ ਮੁਕਰ=ਸ਼ੀਸ਼ੇ ਵਿਚ ਛਾਈ=ਪਰਛਾਵਾਂ ਵਸਦਾ ਹੈ।

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧॥

ਉਸੇ ਤਰ੍ਹਾਂ ਹੀ ਹਰੀ ਇੱਕ-ਰਸ ਤੇਰੇ ਅੰਦਰ ਵਸ ਰਿਹਾ ਹੈ, ਇਸ ਕਰਕੇ ਹੇ ਭਾਈ ! ਹਿਰਦੇ ਵਿਚੋਂ ਹੀ ਢੂੰਢ ਲੈ॥ ੧॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਆਪਣੇ ਸਰੀਰ ਦੇ ਅੰਦਰ ਤੇ ਬਾਹਰ ਇੱਕ ਨੂੰ ਹੀ ਜਾਣੋ, ਇਹ ਗਿਆਨ ਦੀ ਜੁਗਤੀ ਗੁਰਾਂ ਨੇ ਦੱਸੀ ਹੈ।

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਆਪਾ=ਆਪਣਾ ਸਰੂਪ ਜਾਣੈ ਤੋਂ ਬਿਨਾਂ ਭਰਮ ਦੀ ਕਾਈ=ਕਲਪਣਾ ਮਿਟਦੀ ਨਹੀਂ ਹੈ॥੨ ॥੧ ॥

ਧਨਾਸਰੀ ਮਹਲਾ ੯ ॥ ਸਾਧੋ ਇਹੁ ਜਗੁ ਭਰਮ ਭੁਲਾਨਾ॥

ਹੇ ਸੰਤੋ ! ਇਸ ਜਗੁ=ਜੀਵ ਨੂੰ, ਯਾਂ ਜਗਤ ਨੂੰ ਭਰਮ ਨੇ ਭੁਲਾ ਦਿੱਤਾ ਹੈ।

ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥ ੧ ॥ ਰਹਾਉ ॥

ਰਾਮ ਨਾਮ ਦਾ ਸਿਮਰਨ ਛੱਡ ਕੇ ਮਾਇਆ ਦੇ ਹੱਥ ਵਿਚ ਬਿਕਾਨਾ=ਵਿਕ ਚੁੱਕਾ ਹੈ॥ ੧ ॥ ਰਹਾਉ ॥

(ਪੰਨਾ ੬੮੫) ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥

ਮਾਂ, ਪਿਉ, ਭਰਾ, ਸੁਤ=ਪੁੱਤਰ, ਬਨਿਤਾ=ਇਸਤ੍ਰੀ, ਆਦਿਕ ਜਿਤਨਾ ਪਰਵਾਰ ਹੈ, ਉਹਨਾਂ ਦੇ ਰਸ=ਪ੍ਰੇਮ, (ਮੋਹ) ਵਿਚ ਲੰਪਟ ਹੋ ਰਿਹਾ ਹੈ।

ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥ ੧ ॥

ਜੁਆਨੀ, ਧਨ ਅਤੇ ਪ੍ਰਭਤਾ=ਵਡਿਆਈ ਦੇ ਮਦ=ਹੰਕਾਰ ਵਿਚ ਰਾਤ ਦਿਨ ਦਿਵਾਨਾ=ਪਾਗਲ ਹੋਇਆ ਰਹਿੰਦਾ ਹੈ॥ ੧ ॥

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ॥

ਜੋ ਦੀਨ ਦਿਆਲ ਪ੍ਰਭੂ ਸਦਾ ਹੀ ਦੁੱਖਾਂ ਦੇ ਭੰਜਨ=ਨਾਸ ਕਰਨ ਵਾਲਾ ਹੈ, ਉਸ ਨਾਲ ਮਨ ਨਹੀਂ ਲਗਾਉਂਦਾ।

ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ॥ ੨ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਕ੍ਰੋੜਾਂ ਵਿਚੋਂ ਕਿਸੇ ਇੱਕ ਪੁਰਸ਼ ਨੇ ਗੁਰਮੁਖ ਹੋ ਕੇ ਪ੍ਰਭੂ ਨੂੰ ਪਛਾਣ ਲਿਆ ਹੈ॥ ੨ ॥ ੨ ॥

ਧਨਾਸਰੀ ਮਹਲਾ ੯ ॥ ਤਿਹ ਜੋਗੀ ਕਉ ਜੁਗਤਿ ਨ ਜਾਨਉ॥

ਉਸ ਜੋਗੀ ਨੂੰ ਪਰਮਾਤਮਾ ਵਿਚ ਜੁਗਤਿ=ਜੁੜਿਆ ਹੋਇਆ ਨਾ ਜਾਣੋ।

ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ॥ ੧ ॥ ਰਹਾਉ ॥

ਜਿਸ ਦੇ ਹਿਰਦੇ ਵਿਚ ਲੋਭ, ਮੋਹ ਅਤੇ ਮਾਇਆ ਦੀ ਮਮਤਾ ਨੂੰ ਪਛਾਣਦੇ ਹੋ॥੧ ॥ਰਹਾਉ ॥

ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ॥

ਜਿਸ ਦੇ ਹਿਰਦੇ ਵਿਚ ਪਰਾਈ ਨਿੰਦਿਆ ਤੇ ਉਸਤਤੀ ਕਰਨ ਦਾ ਕੋਈ ਵਿਚਾਰ ਨਹੀਂ ਹੈ, ਅਤੇ ਕੰਚਨ=ਸੋਨੇ ਨੂੰ ਤੇ ਲੋਹ=ਲੋਹੇ ਨੂੰ ਇੱਕ ਸਮਾਨ ਜਾਣਦਾ ਹੈ।

ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥ ੧॥

ਜੋ ਹਰਖ ਸੋਗ ਤੋਂ ਅਤੀਤਾ=ਰਹਿਤ ਰਹਿੰਦਾ ਹੈ, ਉਸ ਨੂੰ ਜੋਗੀ ਆਖ ਸਕਦੇ ਹੋ॥੧॥

ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ॥

ਚੰਚਲ ਮਨ ਦਸ ਦਿਸ਼ਾਂ ਨੂੰ ਧਾਵਤ=ਦੌੜਦਾ ਹੈ, ਜਿਸ ਪੁਰਸ਼ ਨੇ ਇਸ ਨੂੰ ਅਚੱਲ ਸਰੂਪ ਵਿਚ ਠਹਿਰਾਇਆ ਹੈ।

ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ॥ ੨॥ ੩॥

ਗੁਰੂ ਜੀ ਕਥਨ ਕਰਦੇ ਹਨ, ਜੋ ਪੁਰਸ਼ ਇਸ ਤਰ੍ਹਾਂ ਦਾ ਹੈ; ਉਸ ਨੂੰ ਤੁਸੀਂ ਮੁਕਤ ਸਰੂਪ ਕਰਕੇ ਮੰਨੋ॥ ੨॥ ੩॥

ਧਨਾਸਰੀ ਮਹਲਾ ੯॥ ਅਬ ਮੈ ਕਉਨੁ ਉਪਾਉ ਕਰਉ॥

ਅਬ=ਹੁਣ ਮੈਂ ਕਿਹੜਾ ਉਪਾਉ=ਯਤਨ ਕਰਉ=ਕਰਾਂ।

ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ॥ ੧॥ ਰਹਾਉ॥

ਜਿਸ ਵਿਧੀ ਨਾਲ ਮਨ ਦਾ ਸੰਸਾ ਦੂਰ ਹੋ ਜਾਵੇ, ਅਤੇ ਭਉ=ਭੈ-ਦਾਇਕ ਨਿਧਿ=ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਵਾਂ? ॥ ੧॥ ਰਹਾਉ॥

ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ॥

ਮਨੁੱਖ ਜਨਮ ਨੂੰ ਪਾ ਕੇ ਕੁਝ ਚੰਗਾ ਕੰਮ ਨਹੀਂ ਕੀਤਾ, ਤਿਸ ਕਰਕੇ ਮੈਂ ਬਹੁਤ ਡਰਦਾ ਹਾਂ।

ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ॥ ੧॥

ਮਨ ਬਚ ਕ੍ਰਮ=ਮਨ, ਬਾਣੀ, ਸਰੀਰ ਕਰਕੇ ਹਰੀ ਦੇ ਗੁਣ ਗਾਏ ਹੀ ਨਹੀਂ ਹਨ,

ਏਹੀ ਸੋਚ=ਚਿੰਤਾ ਜੀਅ ਵਿਚ ਧਾਰਨ ਕਰਦਾ ਹਾਂ॥੧॥

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥

ਗੁਰ-ਸਿੱਖਿਆ ਸੁਣ ਕੇ ਭੀ ਕੁਝ ਗਿਆਨ ਪੈਦਾ ਨਹੀਂ ਹੋਇਆ, ਨਿਰਾ ਪਸੂ ਵਾਂਗ ਹੀ ਪੇਟ ਭਰਦਾ ਰਿਹਾ ਹਾਂ।

ਕਹੁ ਨਾਨਕ ਪ੍ਰਭ ਬਿਰਦੁ ਪਛਾਨਉ
ਤਬ ਹਉ ਪਤਿਤ ਤਰਉ॥ ੨॥ ੪॥ ੯॥ ੯॥ ੧੩॥ ੫੮॥ ੪॥ ੯੩॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਆਪਣਾ ਪਤਿਤ ਪਾਵਨ ਬਿਰਦ ਪਛਾਣੋ, ਤਦ ਮੈਂ ਪਤਿਤ=ਪਾਪੀ ਭੀ ਤਰ ਜਾਵਾਂਗਾ॥ ੨॥ ੪॥ ੯॥ ੯॥ ੧੩॥ ੫੮॥ ੪॥ ੯੩॥

ਗਿਣਤੀ ਦੇ ਅੰਕਾਂ ਦਾ ਵੇਰਵਾ ਇਸ ਤਰ੍ਹਾਂ ਹੈ:-

ਇਸ ਸ਼ਬਦ ਦੀਆਂ ਦੋ ਪੌੜੀਆਂ ਹੋਣ ਕਰਕੇ ੨ ਅੰਕ ਲਗਾਇਆ ਹੈ।

ਨੌਵੇਂ ਗੁਰਾਂ ਨੇ ਚਾਰ ਸ਼ਬਦ ਉਚਾਰੇ ਹਨ, ਇਸ ਕਰਕੇ ੪ ਅੰਕ ਲਗਾਇਆ ਹੈ।

ਧਨਾਸਰੀ ਰਾਗੁ ਦੇ ਆਰੰਭ ਵਿਚ

ਪਹਿਲੀ ਪਾਤਿਸ਼ਾਹੀ ਜੀ ਦੇ ੯ ਸ਼ਬਦ ਆਏ ਹਨ।

ਤੀਜੀ ਪਾਤਿਸ਼ਾਹੀ ਜੀ ਦੇ ੯ ਸ਼ਬਦ ਆਏ ਹਨ।

ਚੌਥੀ ਪਾਤਿਸ਼ਾਹੀ ਜੀ ਦੇ ੧੩ ਸ਼ਬਦ ਆਏ ਹਨ।

ਪੰਜਵੀਂ ਪਾਤਿਸ਼ਾਹੀ ਜੀ ਦੇ ੫੮ ਸ਼ਬਦ ਆਏ ਹਨ।

ਨੌਵੀਂ ਪਾਤਿਸ਼ਾਹੀ ਜੀ ਦੇ ੪ ਸ਼ਬਦ ਆਏ ਹਨ।

ਕੁਲ ਸ਼ਬਦਾਂ ਦਾ ਜੋੜ ੯੩ ਹੈ।

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ

੧ੴ ਸਤਿਗੁਰ ਪ੍ਰਸਾਦਿ॥

ਸਿੱਖਾਂ ਨੇ ਬੇਨਤੀ ਕੀਤੀ, "ਗੁਰੂ ਸਾਹਿਬ ਜੀ ਕੈਸੇ ਹਨ?" ਉੱਤਰ:-

ਗੁਰੁ ਸਾਗਰੁ ਰਤਨੀ ਭਰਪੂਰੇ॥

ਗੁਰੂ ਸਾਹਿਬ ਜੀ ਸਾਗਰੁ=ਮਾਨ-ਸਰੋਵਰ ਹਨ।

ਪ੍ਰਸ਼ਨ-"ਪ੍ਰਤੱਖ ਮਾਨ-ਸਰੋਵਰ ਵਿਚ ਮੋਤੀ, ਹੀਰੇ, ਰਤਨ ਵਗੈਰਾ ਹੁੰਦੇ ਹਨ, ਇਨ੍ਹਾਂ ਵਿਚ ਮੋਤੀ, ਹੀਰੇ, ਰਤਨ ਕਿਹੜੇ ਹਨ ?"

ਗੁਰ ਉੱਤਰ:-ਸ਼ੁਭ ਗੁਣਾਂ ਰੂਪੀ ਮੋਤੀ ਹੀਰੇ ਰਤਨਾਂ ਕਰਕੇ ਗੁਰੂ ਸਾਹਿਬ ਜੀ ਰੂਪੀ ਮਾਨ-ਸਰੋਵਰ ਭਰਪੂਰ ਹਨ। ਜਿਵੇਂ ਪ੍ਰਤੱਖ ਮਾਨ ਸਰੋਵਰ ਉੱਪਰ ਹੰਸ ਦੁੱਧ ਪੀਂਦੇ ਹਨ, ਤੇ ਸ਼ੁਭ-ਗੁਣਾਂ ਰੂਪੀ ਮੋਤੀ ਹੀਰਿਆਂ ਦੀ ਚੋਗ ਚੁਗਦੇ ਹਨ, ਤਿਵੇਂ-

ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥

ਸੰਤਾਂ ਰੂਪੀ ਹੰਸ ਨਾਮ-ਅੰਮ੍ਰਿਤ ਰੂਪ ਦੁੱਧ ਨੂੰ ਪੀਂਦੇ ਹਨ, ਤੇ ਸ਼ੁਭ-ਗੁਣਾਂ ਰੂਪੀ ਮੋਤੀ ਹੀਰਿਆਂ ਦੀ ਚੋਗ ਚੁਗਦੇ ਹਨ; ਗੁਰੂ ਸਾਹਿਬਾਂ ਰੂਪੀ ਮਾਨ-ਸਰੋਵਰ ਤੋਂ ਸੰਤਾਂ ਰੂਪੀ ਹੰਸ ਦੂਰ ਨਹੀਂ ਰਹਿੰਦੇ।

ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ॥ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ॥੧॥

ਜੋ ਸੰਤ ਹਰੀ ਨਾਮ-ਰਸ ਰੂਪ ਦੁੱਧ ਨੂੰ ਪੀਂਦਾ ਹੈ ਤੇ ਸ਼ੁਭ-ਗੁਣਾਂ ਰੂਪੀ ਮੋਤੀਆਂ ਦੀ ਚੋਗ ਚੁਗਦਾ ਹੈ ਉਹ ਪ੍ਰਭੂ ਨੂੰ ਭਾਵੈ=ਭਾਉਂਦਾ ਹੈ। ਓਹੀ ਹੰਸੁ=ਸੰਤ ਗੁਰੂ ਰੂਪੀ ਮਾਨ-ਸਰੋਵਰ ਵਿਚ ਰਹਿ ਕੇ ਪ੍ਰਾਨ ਪਤਿ=ਪ੍ਰਾਣਾਂ ਦੇ ਪਤੀ (ਪਰਮੇਸ਼ਰ) ਨੂੰ ਪਾਉਂਦਾ ਹੈ॥ ੧॥

ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥੧ ॥ਰਹਾਉ ॥

ਇਹ ਬਪੁੜਾ=ਵਿਚਾਰਾ ਬਗੁ=ਬਗਲਾ (ਪਖੰਡੀ ਜੀਵ) ਕੁਸੰਗਤ ਰੂਪੀ ਛੱਪੜੀ ਵਿਚ ਕੀ ਇਸ਼ਨਾਨ ਕਰ ਰਿਹਾ ਹੈ, ਕਿਸੇ ਪਦਾਰਥ ਦੀ ਪ੍ਰਾਪਤੀ ਹੋ ਜਾਣ ਰੂਪੀ ਚਿੱਕੜ ਵਿਚ ਡੁੱਬਣ ਕਰਕੇ ਅਵਿੱਦਿਆ ਰੂਪੀ ਮੈਲ ਨਹੀਂ ਜਾਂਦੀ ॥ ੧ ॥ ਰਹਾਉ ॥

ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥

(੧) ਜੋ ਵਿਚਾਰ-ਵਾਨ ਪੁਰਸ਼ ਪੈਰਾਂ ਨੂੰ ਰਖਿ ਰਖਿ=ਰੋਕ ਰੋਕ ਕੇ ਪ੍ਰਿਥਵੀ ਉੱਪਰ ਧਰਦੇ ਹਨ ਭਾਵ ਜੀਵ ਹਿੰਸਿਆ ਨਹੀਂ ਹੋਣ ਦਿੰਦੇ।

(੨) ਮਨ ਬੁੱਧੀ ਰੂਪੀ ਪੈਰਾਂ ਨੂੰ ਵਿਸ਼ੇ ਵਿਕਾਰਾਂ ਵੱਲੋਂ ਰੋਕ ਰੋਕ ਕੇ ਸਤਸੰਗਤ ਰੂਪ ਧਰਤੀ ਉੱਪਰ ਧਰਦੇ ਹਨ। ਉਹ ਵਿਚਾਰ-ਵਾਨ ਦੁਬਿਧਾ ਨੂੰ ਛੱਡ ਕੇ ਨਿਰੰਕਾਰ ਦਾ ਸਰੂਪ ਹੋਏ ਹਨ।

ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥ ੨ ॥

ਹਰੀ ਰਸ ਦੇ ਚਾਖੇ=ਧਾਰਨ ਕਰਕੇ ਮੁਕਤੀ-ਪਦਾਰਥ ਪ੍ਰਾਪਤ ਹੁੰਦਾ ਹੈ।

ਜਿਨ੍ਹਾਂ ਦੇ ਗੁਰੂ ਰਾਖੇ ਹੋਏ ਹਨ ਉਹ ਆਣੇ ਜਾਣੇ ਵੱਲੋਂ ਰਹਿ ਗਏ ਹਨ ॥ ੨ ॥

ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥

ਜੋ ਹੰਸਾ=ਮਹਾਤਮਾ, (ਗੁਰੂ ਰੂਪ) ਮਾਨ-ਸਰੋਵਰ ਨੂੰ ਛੱਡ ਨਹੀਂ ਜਾਂਦੇ।

ਉਹ ਪ੍ਰੇਮਾ ਭਗਤੀ ਕਰਕੇ ਸਹਜਿ ਸਮਾਇ=ਸ਼ਾਂਤੀ ਪਦ ਵਿਚ ਸਮਾਏ ਹਨ।

ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ ਕਥਾ ਗੁਰ ਬਚਨੀ ਆਦਰੁ ॥ ੩ ॥

ਜਿਵੇਂ ਮਾਨ-ਸਰੋਵਰ ਵਿਚ ਹੰਸ ਸੋਭਦੇ ਹਨ ਤੇ ਹੰਸਾਂ ਕਰਕੇ ਮਾਨ ਸਰੋਵਰ ਸੋਭਦਾ ਹੈ। ਤਿੰਵੇਂ ਗੁਰੂ ਰੂਪ ਮਾਨ-ਸਰੋਵਰ ਵਿਚ ਹੰਸ=ਮਹਾਤਮਾ ਸੋਭਦੇ ਹਨ, ਤੇ ਹੰਸ=ਮਹਾਤਮਾਂ ਵਿਚ ਸਾਗਰੁ=ਗੁਰੂ ਜੀ ਸੋਭਦੇ ਹਨ।

(੧) ਗੁਰਾਂ ਦਾ ਆਦਰੁ=ਸਤਿਕਾਰ ਕਰਕੇ ਉਹਨਾਂ ਦੇ ਬਚਨਾਂ ਦੁਆਰੇ ਅਕੱਥ ਪ੍ਰਭੂ ਦੀ ਕਥਾ ਗ੍ਰਹਿਣ ਕਰੇ।

(੨) ਗੁਰ ਬਚਨੀ=ਗੁਰ ਸਿੱਖਿਆ ਦੁਆਰੇ ਅਕੱਥ ਪ੍ਰਭੂ ਦੀ ਕਥਾ ਨੂੰ ਆਦਰੁ=ਅਦਨ ਭਾਵ ਧਾਰਨਾ ਕਰੇ ॥ ੩ ॥

ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥

ਇੱਕ ਅੱਧ ਕੋਈ ਵਿਰਲੇ ਹੀ ਜੋਗੀ=ਮਹਾਤਮਾਂ ਸੁੰਨ ਮੰਡਲ=ਪਰਮਾਤਮਾ ਵਿਚ ਬੈਠੇ ਹਨ।

ਪ੍ਰਸ਼ਨ:- "ਜਿਸ ਪ੍ਰਭੂ ਵਿਚ ਬੈਠੇ ਹਨ, ਉਹ ਪ੍ਰਭੂ ਕੈਸਾ ਹੈ?" ਉੱਤਰ-

"ਉਹ ਪ੍ਰਭੂ ਨਾ ਇਸਤ੍ਰੀ ਹੈ, ਨਾ ਪੁਰਸ਼ ਹੈ", ਕਹੁ ਖਾਂ ?

ਉਸ ਨੂੰ ਕੋਈ ਇਸਤ੍ਰੀ ਪੁਰਸ਼ ਕਿਵੇਂ ਕਹਿ ਸਕਦਾ ਹੈ।

''ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ॥

(ਮਾਰੂ ਮਹਲਾ ੧, ਪੰਨਾ ੧੦੧੦)

ਤ੍ਰਿਭਵਣ ਜੋਤਿ ਰਹੇ ਲਿਵ ਲਾਈ॥ ਸੁਰਿ ਨਰ ਨਾਥ ਸਚੇ ਸਰਣਾਈ॥ ੪॥

ਤਿੰਨਾਂ ਭਵਨਾਂ ਦੇ ਮਾਲਕ ਜੋਤਿ=ਪ੍ਰਕਾਸ਼ ਰੂਪ ਪਰਮਾਤਮਾ ਵਿਚ ਮਹਾਤਮਾ ਲੋਕ ਲਿਵ ਲਗਾ ਰਹੇ ਹਨ। ਜਿਸ ਸੱਚੇ ਨਾਥ ਦੀ ਸ਼ਰਨ ਵਿਚ ਦੇਵਤਾ ਮਨੁੱਖ ਆ ਰਹੇ ਹਨ॥੪॥

ਆਨੰਦ ਮੂਲੁ ਅਨਾਥ ਅਧਾਰੀ॥ ਗੁਰਮੁਖਿ ਭਗਤਿ ਸਹਜਿ ਬੀਚਾਰੀ॥

ਉਹ ਪਰਮਾਤਮਾ ਸਾਰੇ ਅਨੰਦਾਂ ਦਾ ਮੂਲੁ=ਮੁੱਢ ਹੈ, ਉਹ ਆਪ ਅਨਾਥ ਹੈ ਅਤੇ ਸਾਰਿਆਂ ਦਾ ਅਧਾਰੀ=ਆਸਰਾ ਰੂਪ ਹੈ।

ਗੁਰਮੁਖਾਂ ਨੇ ਗੁਰਾਂ ਦੁਆਰੇ ਸਹਜੇ ਹੀ ਉਸ ਦੀ ਭਗਤੀ ਕਰਨੀ ਵਿਚਾਰੀ ਹੈ।

ਭਗਤਿ ਵਛਲ ਭੈ ਕਾਟਣਹਾਰੇ॥ ਹਉਮੈ ਮਾਰਿ ਮਿਲੇ ਪਗੁ ਧਾਰੇ॥ ੫॥

ਜੋ ਪਰਮਾਤਮਾ ਭਗਤਾਂ ਦਾ ਪਿਆਰਾ ਹੈ ਤੇ ਭਗਤਾਂ ਦੇ ਡਰ ਕੱਟਣ ਵਾਲਾ ਹੈ।

ਗੁਰਮੁਖ (ਜਨ) ਹਿਰਦੇ ਵਿਚ ਗੁਰ ਚਰਨਾਂ ਨੂੰ ਧਾਰ ਕੇ ਤੇ ਹੰਗਤਾ ਮਮਤਾ ਨੂੰ ਮਾਰ ਕੇ ਉਸ ਪਰਮਾਤਮਾ ਨਾਲ ਮਿਲੇ ਹਨ॥ ੫॥

ਅਨਿਕ ਜਤਨ ਕਰਿ ਕਾਲੁ ਸੰਤਾਏ॥ ਮਰਣੁ ਲਿਖਾਇ ਮੰਡਲ ਮਹਿ ਆਏ॥

ਨਾਮ-ਸਿਮਰਨ ਤੋਂ ਬਿਨਾਂ ਹੋਰ ਅਨੇਕ ਤਰ੍ਹਾਂ ਦੇ ਯਤਨ ਕਰਨ ਨਾਲ ਇਸ ਨੂੰ ਕਾਲ ਦੁੱਖ ਦੇਂਦਾ ਹੈ। ਕਿਉਂਕਿ ਸਾਰੇ ਜੀਵ ਮਰਣਾ ਲਿਖਾ ਕੇ ਹੀ ਸੰਸਾਰ-ਮੰਡਲ ਵਿਚ ਆਏ ਹੋਏ ਹਨ।

(ਪੰਨਾ ੬੮੬)

ਜਨਮੁ ਪਦਾਰਥੁ ਦੁਬਿਧਾ ਖੋਵੈ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ॥ ੬॥

ਮਨਮੁਖ ਪੁਰਸ਼ ਦੁਬਿਧਾ ਵਿਚ ਲੱਗ ਕੇ ਆਪਣੇ ਅਮੋਲਕ ਜਨਮ-ਪਦਾਰਥ ਨੂੰ ਵਿਅਰਥ ਗੁਆ ਰਿਹਾ ਹੈ। ਆਪਣੇ ਸਰੂਪ ਨੂੰ ਜਾਣਦਾ ਨਹੀਂ ਹੈ ਤੇ ਪਦਾਰਥਾਂ ਵਿਚ,

ਵਾ:-ਚੌਰਾਸੀ ਦੇ ਚੱਕਰ ਵਿਚ ਭੌਂਦਾ ਹੋਇਆ ਰੋਂਦਾ ਹੈ॥ ੬॥

ਕਹਤਉ ਪੜਤਉ ਸੁਣਤਉ ਏਕ॥ ਧੀਰਜ ਧਰਮੁ ਧਰਣੀਧਰ ਟੇਕ॥

(੧) (ਗੁਰਮੁਖ ਇੰਞ ਨਿਸਚੇ ਕਰਦੇ ਹਨ, ਕਿ ਸਰਬ ਰੂਪ ਹੋਣ ਕਰ ਕੇ) ਕਹਿਣ ਵਾਲਾ, ਪੜ੍ਹਨ ਵਾਲਾ ਸੁਣਨ ਵਾਲਾ ਇੱਕ ਧਰਣੀ-ਧਰ=ਪ੍ਰਭੂ ਆਪ ਹੀ ਹੈ।

(੨) ਗੁਰਮੁਖ ਇੱਕ ਦਾ ਜਸ ਕਹਿੰਦੇ ਹਨ, ਇੱਕ ਪ੍ਰਭੂ ਦਾ ਹੀ ਪੜ੍ਹਨਾ ਸੁਣਨਾ ਕਰਦੇ ਹਨ। ਅਤੇ ਧਰਣੀ-ਧਰ ਪ੍ਰਭੂ ਦੀ ਟੇਕ=ਓਟ ਲੈ ਕੇ ਧੀਰਜ ਤੇ ਧਰਮ ਵਿਚ ਰਹਿਣਾ ਕਰਦੇ ਹਨ।

ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥ ੭ ॥

ਜਤ, ਸਤ, ਸੰਜਮੁ=ਇੰਦ੍ਰੀਆਂ ਦਾ ਦਮਨ ਕਰਨਾ, ਯਾਂ ਖਾਣ ਪੀਣ ਦਾ ਸੰਜਮ ਰੱਖਣਾ ਇਤਆਦਿਕ ਸਾਰੇ ਸ਼ੁਭ ਗੁਣ ਉਸ ਦੇ ਹਿਰਦੇ ਵਿਚ ਆ ਕੇ ਸਮਾਉਂਦੇ ਹਨ। ਜੇਹੜੇ ਮਨ ਦੇ ਪਤੀਆਏ=ਭਰੋਸੇ ਕਰਕੇ ਚਉਥੇ=ਤੁਰੀਆ ਪਦ ਨੂੰ ਪ੍ਰਾਪਤ ਹੋਏ ਹਨ॥ ੭ ॥

ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥

ਜੋ ਸੱਚ-ਨਾਮ ਨੂੰ ਜਪ ਕੇ ਨਿਰਮਲ ਹੋਏ ਹਨ ਉਨ੍ਹਾਂ ਨੂੰ ਕੋਈ ਪਾਪਾਂ ਰੂਪੀ ਮੈਲ ਨਹੀਂ ਲੱਗਦੀ। ਗੁਰਾਂ ਦੇ ਉਪਦੇਸ਼ ਕਰਕੇ ਭਰਮ ਅਤੇ ਡਰ ਦੂਰ ਹੋ ਜਾਂਦਾ ਹੈ।

ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜੋ ਸੂਰਤਿ ਮੂਰਤਿ=ਸੁੰਦਰ ਸਰੂਪ ਵਾਲਾ ਹੈ, ਸਾਰਿਆਂ ਦੀ ਆਦਿ ਰੂਪ ਹੈ, ਤੇ ਅਨੂਪੁ=ਉੱਪਮਾ ਤੋਂ ਰਹਿਤ ਹੈ। ਉਸ ਸੱਤ, ਚਿੱਤ ਅਨੰਦ ਸਰੂਪ ਪ੍ਰਭੂ ਪਾਸੋਂ ਮੈਂ ਸੱਚ ਨਾਮ ਮੰਗਦਾ ਹਾਂ॥ ੮ ॥ ੧ ॥

ਧਨਾਸਰੀ ਮਹਲਾ ੧ ॥

ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥

(੧) ਸਹਜਿ=ਗਿਆਨ ਕਰਕੇ ਜੋ ਸਹਜ ਰੂਪ ਪਰਮਾਤਮਾ ਨਾਲ ਮਿਲਿਆ ਹੈ, ਉਹ ਮਿਲਿਆ ਹੋਇਆ ਪ੍ਰਮਾਣੀਕ ਹੈ।

(੨) ਸਹਜਿ=ਸ਼ਾਂਤੀ ਆਦਿਕ ਗੁਣਾਂ ਵਿਚ ਜੋ ਮਿਲਿਆ ਹੈ, ਉਹ ਪ੍ਰਮਾਣੀਕ ਪਰਮਾਤਮਾ ਨਾਲ ਮਿਲਿਆ ਹੈ। ਉਸ ਨੂੰ ਮਰਨ ਦਾ ਦੁੱਖ ਨਹੀਂ ਹੁੰਦਾ, ਅਤੇ ਨਾ ਹੀ ਉਸ ਦਾ ਆਉਣਾ ਜਾਣਾ ਹੁੰਦਾ ਹੈ।

ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥ ੧ ॥

ਠਾਕੁਰ=ਸੁਆਮੀ ਪਰਮਾਤਮਾ ਵਿਚ ਦਾਸ ਮਿਲ ਜਾਂਦਾ ਹੈ ਤੇ ਦਾਸ ਵਿਚ ਉਹ ਪ੍ਰਭੂ ਆ ਵਸਦਾ ਹੈ। ਇਸ ਕਰਕੇ ਉਹ ਜਿੱਥੇ ਭੀ ਵੇਖਦਾ ਹੈ ਓਥੇ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਿਗਾਹ ਨਹੀਂ ਆਉਂਦਾ॥੧ ॥

ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥
ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥ ੧ ॥ ਰਹਾਉ ॥

ਗੁਰਮੁਖ-ਜਨ ਗੁਰਾਂ ਦੁਆਰੇ ਭਗਤੀ ਕਰਕੇ ਅੰਤਹਕਰਨ ਘਰ ਵਿਚ ਸਹਜ=ਗਿਆਨ ਸਰੂਪ ਪਰਮੇਸ਼ਰ ਨੂੰ ਪਾਂਵਦੇ ਹਨ। ਗੁਰਾਂ ਦੇ ਮਿਲੇ ਤੋਂ ਬਿਨਾਂ ਮਰ ਕੇ ਜੂਨੀਆਂ ਵਿਚ ਆਉਂਦਾ ਜਾਂਦਾ ਹੈ॥੧ ॥ ਰਹਾਉ ॥

ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥

ਉਹ ਗੁਰੂ ਧਾਰਨ ਕਰੋ ਜੇਹੜਾ ਸੱਚ-ਨਾਮ ਨੂੰ ਦ੍ਰਿੜ੍ਹ ਕਰਾਉਂਦਾ ਹੈ। ਅਤੇ ਅਕੱਥ ਪ੍ਰਭੂ ਦੇ ਨਾਮ ਨੂੰ ਕਥਨ ਕਰਾ ਕੇ ਬ੍ਰਹਮ ਨਾਲ ਮਿਲਾਂਵਦਾ ਹੈ।

ਹਰਿ ਕੇ ਲੋਗ ਅਵਰ ਨਹੀ ਕਾਰਾ ॥ ਸਾਚਉ ਠਾਕੁਰੁ ਸਾਚੁ ਪਿਆਰਾ ॥ ੨ ॥

ਹਰੀ ਦੇ ਜੋ ਸੰਤ ਲੋਕ ਹਨ ਉਨ੍ਹਾਂ ਨੂੰ ਹੋਰ ਕੋਈ ਕਾਰ ਚੰਗੀ ਨਹੀਂ ਲੱਗਦੀ। ਸੱਚਾ ਜੋ ਠਾਕੁਰ ਹੈ, ਉਸ ਦਾ ਸੱਚ-ਨਾਮ ਹੀ ਉਹਨਾਂ ਨੂੰ ਪਿਆਰਾ ਲੱਗ ਰਿਹਾ ਹੈ॥੨ ॥

ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥

ਜਿਸ ਨੇ ਤਨ ਵਿਚ ਮਨ ਨੂੰ ਰੋਕਿਆ ਅਤੇ ਮਨ ਵਿਚ ਸੱਚ-ਨਾਮ ਨੂੰ ਧਾਰਿਆ ਹੈ। ਉਹ ਸੱਚੇ ਨਾਲ ਮਿਲਕੇ ਸੱਚ ਵਿਚ ਹੀ ਰਚ ਮਿਚ ਗਿਆ ਹੈ।

ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥ ੩ ॥

ਜੇ ਪੂਰੇ ਸਤਿਗੁਰੂ ਮਿਲ ਜਾਣ, ਤਾਂ ਸੇਵਕ ਹੋ ਕੇ ਉਹਨਾਂ ਦੇ ਪਾਇ=ਚਰਨੀ ਲੱਗ ਜਾਵੇ, ਤਾਂ ਉਹ ਪ੍ਰਭੂ ਦੇ ਨਾਲ ਮਿਲਾ ਦੇਂਦੇ ਹਨ॥੩ ॥

ਆਪਿ ਦਿਖਾਵੈ ਆਪੇ ਦੇਖੈ ॥ ਹਠਿ ਨ ਪਤੀਜੈ ਨਾ ਬਹੁ ਭੇਖੈ ॥

ਜੋ ਪ੍ਰਭੂ ਆਪ ਹੀ ਗੁਰੂ ਰੂਪ ਹੋ ਕੇ ਵਿਖਾਉਂਦਾ ਹੈ, ਆਪ ਹੀ ਜਗਿਆਸੂ ਰੂਪ ਹੋ ਕੇ ਵੇਖਦਾ ਹੈ। ਉਹ ਪ੍ਰਭੂ ਨਾ ਹਠ ਕਰਕੇ ਅਤੇ ਨਾ ਹੀ ਬਹੁਤੇ ਭੇਖਾਂ ਕਰਕੇ ਪਤੀਜੈ=ਪ੍ਰਸੰਨ ਹੁੰਦਾ ਹੈ।

ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥
ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥ ੪ ॥

ਜਿਸ ਪਰਮੇਸ਼ਰ ਨੇ ਸਰੀਰਾਂ ਰੂਪੀ ਭਾਂਡੇ ਘੜ ਕੇ ਵਿਚ ਆਪਣੀ ਚੇਤਨ ਸੱਤਾ ਰੂਪੀ ਅੰਮ੍ਰਿਤ ਪਾਇਆ ਹੈ। ਉਸ ਪ੍ਰਭੂ ਦਾ ਮਨ ਪ੍ਰੇਮ ਭਗਤੀ ਕਰਕੇ ਪਤੀਆਇਆ=ਪ੍ਰਸੰਨ ਹੁੰਦਾ ਹੈ॥ ੪ ॥

ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥

ਨਾਮ ਤੋਂ ਭੁੱਲੇ ਹੋਏ ਜੋ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਹੰਕਾਰ ਵਿਚ ਭੁੱਲ ਰਹੇ ਹਨ ਉਹ ਜਮਾਂ ਦੀਆਂ ਚੋਟਾਂ ਖਾਂਦੇ ਹਨ। ਬਹੁਤੀ ਸਿਆਣਪ ਵਾਲਾ ਪੁਰਸ਼ ਮੁਕਤੀ ਨਹੀਂ ਪਾਉਂਦਾ, ਜੰਮਦਾ ਮਰਦਾ ਰਹਿੰਦਾ ਹੈ।

ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥ ੫ ॥

ਜੋ ਵਾਹਿਗੁਰੂ-ਨਾਮ ਜਪਦਾ ਹੈ ਤੇ ਡਰ ਰੂਪੀ ਭੋਜਨ ਨੂੰ ਖਾਂਦਾ ਹੈ। ਉਹ ਸੇਵਕ ਗੁਰਾਂ ਦੁਆਰੇ ਗੁਰ=ਚੇਤਨ ਮੁਖਿ=ਮੁਖੀ ਪਰਮਾਤਮਾ ਵਿਚ ਸਮਾ ਰਹਿੰਦਾ ਹੈ॥ ੫ ॥

ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥

ਜੋ ਪਖੰਡ ਸਹਿਤ ਠਾਕੁਰ ਪੂਜਨ ਕਰਦਾ ਹੈ, ਤੀਰਥ ਯਾਤਰਾ ਕਰਦਾ ਹੈ, ਜੰਗਲਾਂ ਵਿਚ ਨਿਵਾਸ ਕਰਦਾ ਹੈ। ਉਹ ਉਦਾਸੀਨ ਹੋ ਕੇ ਭਰਮਦਾ ਫਿਰਦਾ ਹੈ।

ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥ ੬ ॥

ਜਿਸ ਦੇ ਮਨ ਆਦਿਕ ਚਤੁਸ਼ਟੇ ਅੰਤਹਕਰਨ ਮੈਲੇ ਹਨ ਉਹ ਉਪਰੋਕਤ ਕਰਮਾਂ ਨਾਲ ਸੂਚਾ=ਪਵਿੱਤ੍ਰ ਕਿਵੇਂ ਹੋ ਸਕਦਾ ਹੈ। ਜੋ ਸੱਚ-ਨਾਮ ਵਿਚ ਮਿਲਦਾ ਹੈ ਓਹੀ ਇੱਜ਼ਤ ਨੂੰ ਪਾਉਂਦਾ ਹੈ।

ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥

ਜਿਸ ਦੇ ਸਰੀਰ ਵਿਚ ਵਿਚਾਰ ਆਦਿਕ ਸ਼ੁਭ ਕਰਤੱਬ ਹਨ। ਉਸ ਦਾ ਮਨ ਆਦਿ ਜੁਗਾਦਿ=ਸਦਾ ਸਦਾ ਸਹਜਿ=ਸ਼ਾਂਤੀ ਨੂੰ ਪਾ ਕੇ ਧੀਰਜਵਾਨ ਹੋਇਆ ਹੈ।

ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥ ੭ ॥

ਜਿਸ ਗੁਰੂ ਨੇ ਨੇਤ੍ਰ ਕਮਲ ਦੇ ਪਲ=ਪਲਕਾਰੇ (ਫਰਕਣੇ) ਵਿਚ ਕ੍ਰੋੜਾਂ ਪਾਪੀ ਤਾਰੇ ਹਨ।

ਹੇ ਪਿਆਰੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਕਰਕੇ ਉਸ ਗੁਰੂ ਨਾਲ ਮੇਲਣਾ ਕਰ ॥੭ ॥

ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥

ਹੇ ਪ੍ਰਭੂ! ਕਿਸ ਦੇ ਅੱਗੇ ਜਾ ਕੇ ਆਪ ਜੀ ਦੀ ਸ਼ਲਾਘਾ ਕਰਾਂ। ਕਿਉਂਕਿ ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਦੂਜਾ ਦਿਸਦਾ ਨਹੀਂ ਹੈ।

ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥
ਨਾਨਕ ਸਹਜਿ ਭਾਇ ਗੁਣ ਗਾਇ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਰਜਾਇ=ਰਾਜ਼ਕ ਪ੍ਰਭੂ ! ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਰੱਖ ਲੈ। ਮੈਂ ਤਾਂ ਸੁਤੇ ਸਿੱਧ ਭਾਇ=ਪ੍ਰੇਮ ਨਾਲ ਆਪ ਜੀ ਦੇ ਹੀ ਗੁਣ ਗਾਉਂਦਾ ਹਾਂ ॥ ੮ ॥ ੨ ॥

ਧਨਾਸਰੀ ਮਹਲਾ ੫ ਘਰੁ ੬ ਅਸਟਪਦੀ ੧ੴ ਸਤਿਗੁਰ ਪ੍ਰਸਾਦਿ ॥

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ
ਮਾਨਸ ਜਨਮੁ ਸੰਜੋਗਿ ਪਾਇਆ ॥

ਜੋ ਜੋ ਪੁਰਸ਼ ਜਿਸ ਜਿਸ ਜੂਨੀ ਵਿਚ ਆਇਆ ਹੈ, ਉਸ ਉਸ ਜੂਨੀ ਵਿਚ ਹੀ ਸਭ ਕੋਈ ਉਲਝ ਰਿਹਾ ਹੈ, ਇਹ ਮਨੁੱਖਾ ਜਨਮ ਪੂਰਬਲੇ ਕਰਮਾਂ ਦੇ ਸੰਜੋਗ ਨਾਲ ਪਾਇਆ ਹੈ। ਇਸ ਤਰ੍ਹਾਂ ਬੇਨਤੀ ਕਰੋ-

ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ
ਕਰਿ ਕਿਰਪਾ ਮੇਲਹੁ ਹਰਿ ਰਾਇਆ ॥ ੧ ॥

ਹੇ ਸਾਧ=ਸ੍ਰੇਸ਼ਟ ਗੁਰੋ ! ਆਪ ਜੀ ਦੀ ਓਟ ਤਾਕੀ=ਤੱਕੀ ਹੈ, ਕਿਰਪਾ ਰੂਪੀ ਹੱਥ ਦੇ ਕੇ ਮੈਨੂੰ ਰੱਖ ਲਓ, ਅਤੇ ਕਿਰਪਾ ਦ੍ਰਿਸ਼ਟੀ ਕਰਕੇ ਹਰੀ ਰਾਜੇ ਨਾਲ ਮੇਲਣਾ ਕਰੋ ॥੧ ॥

ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥

ਅਨੇਕਾਂ ਜੂਨੀਆਂ ਵਿਚ ਭੌਂਦਾ ਰਿਹਾ ਹਾਂ ਕਿਤੇ ਭੀ ਥਿਤਿ=ਥਿਰਤਾ ਨਹੀਂ ਪਾਈ।

(ਪੰਨਾ ੬੮੭) ਕਰਉ ਸੇਵਾ ਗੁਰ ਲਾਗਉ ਚਰਨ
ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥ ੧ ॥ ਰਹਾਉ ॥

ਹੇ ਗੁਰੋ! ਆਪ ਜੀ ਦੇ ਚਰਨੀ ਲੱਗ ਕੇ ਮੈਂ ਆਪ ਜੀ ਦੀ ਸੇਵਾ ਕਰਦਾ ਹਾਂ, ਆਪ ਗੋਬਿੰਦ ਦੀ ਪ੍ਰਾਪਤੀ ਦਾ ਮਾਰਗੁ=ਰਸਤਾ ਮੈਨੂੰ ਦੱਸ ਦੇਣਾ ਕਰੋ ॥ ੧ ॥

ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ
ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥

ਮੈਂ ਅਨੇਕਾਂ ਹੀ ਯਤਨ ਕਰਦਾ ਹਾਂ, ਮਾਇਆ ਨੂੰ ਬ+ਚਿਤਿ=ਚਿੱਤ ਦੇ (ਬ) ਵਿਚ ਧਾਰਦਾ ਹਾਂ, ਇਸ ਲਈ ਮੇਰੀ ਮੇਰੀ ਕਰਦਿਆਂ ਦੀ ਸਦਾ ਹੀ ਉਮਰਾ ਵਿਹਾਵੈ=ਬੀਤਦੀ ਜਾਂਦੀ ਹੈ।

ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ
ਠਾਕੁਰ ਸਿਉ ਮੇਰਾ ਰੰਗੁ ਲਾਵੈ ॥ ੨ ॥

ਹੇ ਭਾਈ ! ਮੈਨੂੰ ਕੋਈ ਐਸਾ ਸੰਤ ਮਿਲੇ, ਜੋ ਮੇਰੀ ਸਾਰੀ ਚਿੰਤਾ ਦੂਰ ਕਰ ਦੇਵੇ, ਅਤੇ ਠਾਕੁਰ ਦੇ ਨਾਲ ਮੇਰਾ ਰੰਗੁ ਲਾਵੈ=ਪ੍ਰੇਮ ਲਗਾਉਣਾ ਕਰੇ ॥੨ ॥

ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥

ਹੇ ਭਾਈ ! ਮੈਂ ਸਾਰੇ ਵੇਦ ਵੀ ਪੜ੍ਹੇ ਹਨ, ਪ੍ਰੰਤੂ ਮਨ ਦੇ ਭੇਦ ਦੂਰ ਨਹੀਂ ਹੋਏ, ਮੇਰੇ ਘਰ ਦੇ ਵਿਚ ਰਹਿਣ ਵਾਲੇ ਪੰਜ ਕਾਮ ਕ੍ਰੋਧ ਆਦਿਕ ਮੈਨੂੰ ਇਹ ਖਿਨ ਮਾਤ੍ਰ ਵੀ ਧੀਰਜ ਸਹਿਤ ਨਹੀਂ ਰਹਿਣ ਦੇਂਦੇ।

ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ
ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥ ੩ ॥

ਹੇ ਭਾਈ ! ਐਸਾ ਕੋਈ ਭਗਤ ਹੈ ਜੋ ਮਾਇਆ ਤੋਂ ਰਹਿਤ ਹੋਵੇ, ਜੋ ਮੇਰੇ ਹਿਰਦੇ ਵਿਚ ਇੱਕ

ਵਾਹਿਗੁਰੂ ਦਾ ਨਾਮ-ਅੰਮ੍ਰਿਤ ਸਿੰਚਾ=ਸਿੰਚਣਾ ਕਰੇ॥੩॥

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ
ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ॥

ਹੇ ਭਾਈ ! ਜਿਤਨੇ ਕੁ ਤੀਰਥਾਂ ਉੱਪਰ ਇਸ਼ਨਾਨ ਕੀਤੇ, ਉਹ ਸਗੋਂ ਬੁੱਧੀ ਨੂੰ ਹੰਗਤਾ ਰੂਪੀ ਮੈਲ ਲਾਉਂਦੇ ਹਨ, ਇਸ ਹੰਗਤਾ ਰੂਪ ਮੈਲ ਕਰਕੇ ਘਰ ਦਾ ਠਾਕੁਰੁ=ਮਾਲਕ ਜੋ ਵਾਹਿਗੁਰੂ ਹੈ ਉਹ ਇੱਕ ਤਿਲ ਮਾਤਰ ਵੀ ਤੀਰਥ ਇਸ਼ਨਾਨ ਆਦਿਕ ਕਰਮ ਨਹੀਂ ਮੰਨਦਾ।

ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ
ਗਿਆਨ ਅੰਜਨਿ ਮੇਰਾ ਮਨੁ ਇਸਨਾਨੈ॥ ੪॥

(੧) ਮੈਂ ਸਤਿਸੰਗਤ ਨੂੰ ਕਦ ਪਾਉਣਾ ਕਰਾਂ, ਜਿਸ ਸਤਿਸੰਗਤ ਵਿਚ ਹਰਿ ਹਰਿ ਦਾ ਸਦਾ ਅਨੰਦ ਹੈ, ਅਤੇ ਜਿਸ ਸਤਿਸੰਗ ਦੀ ਕਿਰਪਾ ਕਰਕੇ ਮੇਰਾ ਮਨ ਆਤਮ ਰੂਪੀ ਜਲ ਵਿਚ ਇਸ਼ਨਾਨ ਕਰਨ ਵਾਲਾ ਹੋਵੇ ਤੇ ਮਨ ਬੁੱਧੀ ਰੂਪੀ ਅੱਖਾਂ ਵਿਚ ਗਿਆਨ ਰੂਪ ਅੰਜਨਿ=ਸੁਰਮਾ ਪ੍ਰਾਪਤ ਹੋਵੇ।

(੨) ਮੈਂ ਸਤਿਸੰਗ ਨੂੰ ਕਦ ਪਾਉਣਾ ਕਰਾਂ, ਜਿਸ ਸਤਿਸੰਗ ਦੀ ਕਿਰਪਾ ਨਾਲ ਹਰਿ ਹਰਿ ਨਾਮ ਨੂੰ ਜਪ ਕੇ ਮੇਰਾ ਮਨ ਸਦਾ ਅਨੰਦ ਰਹੇ ਅਤੇ ਗਿਆਨ,ਰੂਪੀ ਸੁਰਮੇ ਕਰਕੇ ਮੇਰਾ ਮਨ ਇਸਨਾਨੈ=ਪਵਿੱਤ੍ਰ ਹੋਵੇ॥੪॥

ਪ੍ਰਸ਼ਨ-"ਮਨ ਨੂੰ ਸ਼ੁੱਧ ਕਰਨ ਵਾਲੇ ਆਸ਼੍ਰਮ ਵਗੈਰਾ ਤੈਨੇ ਨਹੀਂ ਕੀਤੇ ਹੋਣੇ?" ਉੱਤਰ:-

ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ॥

(ਸੰਨਿਆਸੀ, ਬ੍ਰਹਮਚਾਰੀ ਆਦਿਕ) ਸਾਰੇ ਆਸ਼੍ਰਮ ਵੀ ਧਾਰਨ ਕੀਤੇ ਹਨ, ਪਰ ਉਹਨਾਂ ਕਰਕੇ ਮਨ ਫਿਰ ਭੀ ਹਰੀ ਵਿਚ ਪਤੀਨੇ=ਭਰੋਸੇ ਵਾਲਾ ਨਹੀਂ ਹੋਇਆ, ਬਿਬੇਕ ਤੋਂ ਰਹਿਤ ਹੋ ਕੇ, ਕੇਵਲ ਦੇਹ ਦਾ ਹੀ ਧੋਣਾ ਕੀਤਾ ਹੈ।

ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ
ਮੇਰੇ ਮਨ ਕੀ ਦੁਰਮਤਿ ਮਲੁ ਖੋਏ॥ ੫॥

ਹੇ ਭਾਈ ! ਬਿਧਾਤਾ=ਫਲ-ਬਰ ਦਾਤਾ ਪੁਰਖ ਜੋ ਪਾਰਬ੍ਰਹਮ ਹੈ ਉਸ ਦੇ ਰੰਗਿ ਰਾਤਾ=ਪ੍ਰੇਮ ਵਿਚ ਰੱਤਾ ਹੋਇਆ ਜੇ ਕੋਈ ਮਹਾਤਮਾ ਪਾਉਣਾ ਕਰੀਏ, ਤਾਂ ਉਹ ਮੇਰੇ ਮਨ ਦੀ ਦੁਰਮਤਿ=ਖੋਟੀ ਸਿੱਖਿਆ ਰੂਪੀ ਮੈਲ ਨੂੰ ਦੂਰ ਕਰੇਗਾ॥੫॥

ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ
ਗਰਬਿ ਗਰਬਿ ਪੜੈ ਕਹੀ ਨ ਲੇਖੈ॥

ਇਹ ਜੀਵ ਸ਼ਕਾਮ ਕਰਮਾਂ ਧਰਮਾਂ ਵਿਚ ਜੁਗਤਾ=ਜੁੜਿਆ ਹੋਇਆ, ਵਾਹਿਗੁਰੂ ਵਿਖੇ ਇੱਕ ਨਿਮਖ

ਮਾਤਰ ਵੀ ਪ੍ਰੇਮ ਨਹੀਂ ਕਰਦਾ, ਗਰਬਿ=ਹੰਕਾਰੀ ਪੁਰਸ਼ ਗਰਬਿ=ਹੰਕਾਰ ਵਿਚ ਪੜੈ=ਪੈਂਦਾ ਹੈ, ਇਸ ਕਰਕੇ ਇਸ ਦਾ ਕਰਮ ਧਰਮ ਕੀਤਾ ਹੋਇਆ ਕਿਸੀ ਲੇਖੇ ਨਹੀਂ ਹੈ।

ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ

ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥ ੬ ॥

ਸਹਿਤ ਫਲਾਂ ਦੇ ਜੋ ਗੁਰਾਂ ਦੀ ਮੂਰਤੀ ਹੈ ਉਹ ਸਤਿਗੁਰੂ ਜਿਸ ਨੂੰ ਮਿਲਦੇ ਹਨ, ਉਹ ਪੁਰਸ਼ ਸਦੀਵ ਕਾਲ ਵਾਹਿਗੁਰੂ ਦੀ ਕੀਰਤੀ ਕਰਦਾ ਹੈ, ਅਤੇ ਉਹ ਕੋਈ ਪੁਰਸ਼ ਗੁਰਾਂ ਦੀ ਕਿਰਪਾ ਦੁਆਰੇ ਪਰਮੇਸ਼ਰ ਨੂੰ ਨੇਤ੍ਰਹੁ=ਅੱਖਾਂ ਨਾਲ ਵੇਖਦਾ ਹੈ॥੬॥

ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ

ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ॥

ਹੇ ਭਾਈ ! ਮਾਇਆ ਦੀ ਇੱਛਾ ਨੂੰ ਧਾਰ ਕੇ ਜੋ ਪੁਰਸ਼ ਬਗਲੇ ਦੀ ਨਿਆਈਂ ਪਖੰਡ ਸਹਿਤ ਧਿਆਨ ਨੂੰ ਲਗਾਉਂਦਾ ਹੈ, ਤੇ ਮਨ ਦੇ ਹਠ ਦੁਆਰਾ ਕਰਮਾਂ ਨੂੰ ਕਮਾਉਂਦਾ ਹੈ, ਉਸ ਦਾ ਕਮਾਇਆ ਹੋਇਆ ਕਰਮ ਇੱਕ ਤਿਲ ਮਾਤਰ ਵੀ ਪਰਮੇਸ਼ਰ ਲੇਖੇ ਵਿਚ ਨਹੀਂ ਪਾਵੈ=ਪਾਉਂਦਾ।

ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ

ਤਿਸੁ ਭੇਟੇ ਗਤਿ ਹੋਇ ਹਮਾਰੀ॥ ੭ ॥

ਹੇ ਭਾਈ ! ਐਸਾ ਕੋਈ ਸੁਖਦਾਈ ਪੁਰਸ਼ ਹੈ, ਮੈਨੂੰ ਪ੍ਰਭੂ ਦੀ ਕਥਾ ਸੁਣਾਈ ਜਾਵੇ, ਉਸ ਦੇ ਭੇਟੇ=ਮਿਲਿਆਂ ਅਸਾਡੀ ਗਤਿ=ਮੁਕਤੀ ਹੋਵੇਗੀ॥ ੭॥

ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥

ਹੇ ਭਾਈ ! ਜਿਸ ਵੇਲੇ ਗੁਰਾਂ ਦੇ ਉਪਦੇਸ਼ ਵਿਚ ਮੇਰਾ ਮਨ ਰਾਤਾ=ਤਦਾਕਾਰ ਹੋਇਆ, ਤਿਸ ਵੇਲੇ ਉਹ ਗੋਪਾਲ ਰਾਜਾ ਮੇਰੇ ਤੇ ਪ੍ਰਸੰਨ ਹੋਇਆ, ਅਤੇ ਮਾਇ=ਮਾਇਆਵਕੀ ਬੰਧਨ ਮੇਰੇ ਸਾਰੇ ਕੱਟ ਦਿੱਤੇ।

ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ

ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥ ੮ ॥

ਗੁਰਾਂ ਦੀ ਕਿਰਪਾ ਕਰਕੇ ਸਦਾ ਸਦਾ ਅਨੰਦ ਹੀ ਅਨੰਦ ਹੈ, ਕਿਉਂਕਿ ਨਿਰਭੈ ਗੋਬਿੰਦ ਮੈਨੂੰ ਮਿਲਿਆ ਹੈ, ਹਰੀ ਦੇ ਚਰਨਾਂ ਵਿਚ ਪਰਾਤਾ=ਪੈ ਕੇ, ਯਾਂ ਪ+ਰਾਤਾ=ਭਲੀ ਪ੍ਰਕਾਰ ਰਾਤਾ=ਤਦਾਕਾਰ ਹੋ ਕੇ, ਯਾਂ ਹਰੀ ਦੇ ਚਰਨਾਂ ਦਾ ਧਿਆਨ ਕਰਨਾ ਪਰਾਤਾ=ਪਛਾਣਿਆਂ ਤਾਂ ਸਾਰੇ ਸੁਖ ਲਾਧੇ=ਪ੍ਰਾਪਤ ਹੋਏ॥ ੮॥

ਸਫਲ ਸਫਲ ਭਈ ਸਫਲ ਜਾਤ੍ਰਾ ॥

ਆਵਣ ਜਾਣ ਰਹੇ ਮਿਲੇ ਸਾਧਾ ॥ ੧ ॥ ਰਹਾਉ ਦੂਜਾ ॥ ੧ ॥ ੩ ॥

(੧) ਹੁਣ ਸਤਿਗੁਰਾਂ ਦੇ ਪਾਸ ਆਉਣੇ ਦੀ ਯਾਤਰਾ ਮਨ, ਬਾਣੀ, ਸਰੀਰ ਕਰਕੇ ਸਫਲ ਹੋਈ ਹੈ।

(੨) ਸਫਲ=ਸਹਿਤ ਫਲਾਂ ਦੇ ਜੋ ਸਤਿਗੁਰੂ ਜੀ ਹਨ, ਜਿਨ੍ਹਾਂ ਨੇ ਕਈਆਂ ਨੂੰ ਸਹਿਤ ਫਲਾਂ ਦੇ ਕੀਤਾ ਹੈ, ਉਨ੍ਹਾਂ ਸਤਿਗੁਰਾਂ ਦੀ ਯਾਤਰਾ ਕਰਨੀ ਸਫਲ ਹੋਈ ਹੈ। ਸਾਧਾ=ਸ੍ਰੇਸ਼ਟ ਗੁਰਾਂ ਨਾਲ ਮਿਲਣ ਕਰਕੇ ਆਵਣ ਜਾਣ=ਜਨਮ ਮਰਨ ਤੋਂ ਰਹਿਤ ਹੋ ਗਏ ਹਾਂ ॥੧ ॥ ਰਹਾਉ ਦੂਜਾ:-ਉੱਤਰ ਵਿਚ ਹੈ ॥੧ ॥੩ ॥

ਧਨਾਸਰੀ ਮਹਲਾ ੧ ਛੰਤ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ, "ਹੇ ਗੁਰੂ ਜੀ ! ਹੁਣ ਬੜਾ ਭਾਰੀ ਪੁਰਬ ਦਾ ਮੌਕਾ ਆਇਆ ਹੈ ਆਪ ਜੀ ਚਲੋ ਥਨੇਸਰ ਤੀਰਥ ਉੱਪਰ ਇਸ਼ਨਾਨ ਕਰ ਆਈਏ।"

ਇਹ ਗੱਲ ਸੁਣ ਕੇ ਗੁਰੂ ਜੀ ਕਥਨ ਕਰਦੇ ਹਨ-

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਹੇ ਭਾਈ ! ਬਾਹਰਲੇ ਤੀਰਥਾਂ ਉੱਪਰ ਇਸ਼ਨਾਨ ਕਰਨ ਵਾਸਤੇ ਤਾਂ ਜਾਈਏ ਜੇਕਰ ਅੱਗੇ ਤੀਰਥਾਂ ਉੱਪਰ ਨਿਵਾਸ ਨਾ ਕਰਦੇ ਹੋਈਏ। ਪ੍ਰਸ਼ਨ-"ਕਿਹੜੇ ਤੀਰਥ ਉੱਤੇ ਆਪ ਨਿਵਾਸ ਕਰਦੇ ਹੋ?"

ਉੱਤਰ:-ਤੀਰਥੁ ਨਾਮੁ ਹੈ ॥ ਨਾਮ ਰੂਪੀ ਤੀਰਥ ਉੱਪਰ ਨਿਵਾਸ ਕਰਦੇ ਹਾਂ।

ਦੂਜਾ ਇੱਕ ਹੋਰ ਭੀ ਤੀਰਥ ਹੈ:-

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

ਗੁਰ ਉਪਦੇਸ਼ ਦੇ ਵਿਚਾਰ ਦੁਆਰਾ ਜੋ ਹਿਰਦੇ ਅੰਤਰਿ=ਵਿਚ ਗਿਆਨ ਹੋਇਆ ਹੈ, ਇਸ ਤੀਰਥ ਉੱਪਰ ਭੀ ਅਸੀਂ ਨਿਵਾਸ ਕਰਦੇ ਹਾਂ।

ਕਹੇ ਨੂੰ ਫੇਰ ਸਪੱਸ਼ਟ ਕਰਦੇ ਹਨ:-

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥

(੧) ਗੁਰਾਂ ਦੇ ਉਪਦੇਸ਼ ਦੁਆਰਾ ਜੋ ਸੱਚੇ ਦਾ ਗਿਆਨ ਪ੍ਰਾਪਤ ਹੋਇਆ ਹੈ, ਏਹੀ ਇੱਕ ਥਾਨੁ=ਥਨੇਸਰ ਤੀਰਥ ਹੈ, ਪ੍ਰਤੱਖ ਥਨੇਸਰ ਤੀਰਥ ਉੱਪਰ ਦਸ ਪੁਰਬਾਂ* ਦਾ ਇਕੱਠ ਤਾਂ ਕਦੇ ਕਦੇ ਹੁੰਦਾ

---

*ਦਸ ਪੁਰਬ ਏਹ ਹਨ:-

ਜੇਸ਼ਟ ਮਾਸੇ ੧, ਸੁਕਲਾ ਪਖੇ ੨, ਦਸਮੀ ਥਿਤੇ ੩, ਹਸਤ ਨਿਖਤਰੇ ੪, ਬੁੱਧਵਾਰ ੫, ਗੁਰ ਕਰਣ ੬, ਆਨੰਦ ਯੋਗ ੭, ਵਿਤੀਪਾਤ ੮, ਕੰਨਿਯਾ ਦਾ ਚੰਦ੍ਰਮਾ ੯, ਬ੍ਰਿਖ ਕਾ ਸੂਰਜ ੧੦।

ਹੈ, ਤੇ ਅਸਾਡੇ ਇਸ ਗਿਆਨ ਰੂਪੀ ਥਨੇਸਰ ਤੀਰਥ ਉੱਪਰ ਦਸ ਪੁਰਬਾਂ ਦਾ ਸਦਾ ਹੀ ਦਸਾਹਰਾ=ਇਕੱਠ ਹੋ ਰਿਹਾ ਹੈ।

(੨) ਦਸ ਪੁਰਬ ਸਦਾ ਹੀ ਦਸਾਹਰਾ=ਪ੍ਰਗਟ ਹੋ ਰਹੇ ਹਨ।

(੩) ਦਸਾਂ ਪੁਰਬਾਂ ਦਾ ਸਦਾ ਹੀ ਦਸਾਹਰਾ=ਅਨੰਦ ਹੋ ਰਿਹਾ ਹੈ।

(੪) ਦਸਾਹਰਾ=ਦਸ ਇੰਦ੍ਰੀਆਂ ਦਾ ਹਰਨਾ ਭਾਵ ਦਮਨ ਕਰਨਾ ਰੂਪ ਦਸ ਪੁਰਬ ਸਦਾ ਲੱਗ ਰਹੇ ਹਨ।

ਜਿਵੇਂ ਪ੍ਰਤੱਖ ਥਨੇਸਰ ਤੀਰਥ ਉੱਪਰ ਜਦ ਦਸ ਪੂਰਬ ਲੱਗਦੇ ਹਨ ਉਸ ਮੌਕੇ ਜੋ ਜੋ ਪੁਰਸ਼ ਇਸ਼ਨਾਨ ਕਰਦੇ ਹਨ ਉਹਨਾਂ ਦੇ ਦਸ ਪਾਪ* ਨਾਸ ਹੋ ਜਾਂਦੇ ਹਨ। ਇਸੇ ਤਰ੍ਹਾਂ ਇਸ ਤਰਫ=ਸੱਚੇ ਗਿਆਨ ਰੂਪ ਥਨੇਸਰ ਤੀਰਥ ਉੱਪਰ ਦਸ ਇੰਦ੍ਰੀਆਂ ਦੇ ਦਮਨ ਕਰਨੇ ਰੂਪ ਦਸ ਪੁਰਬ ਵਿਖੇ ਜੋ ਇਸ਼ਨਾਨ ਕਰਦੇ ਹਨ, ਉਸ ਦੇ (ਸਦਾ) ਸਦ=ਸੈਂਕੜੇ ਹੀ ਪਾਪ ਹਰੇ ਜਾਂਦੇ ਹਨ। ਇਸ ਕਰਕੇ ਪ੍ਰਤੱਖ ਤੀਰਥ ਨਾਲੋਂ ਇਸ ਅੰਤ੍ਰੀਵ ਤੀਰਥ ਦੀ ਵਿਸ਼ੇਸ਼ਤਾ ਹੈ।

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥

ਮੈਂ ਹਰੀ ਦਾ ਨਾਮ ਸਦਾ ਮੰਗਦਾ ਹਾਂ, ਹੇ ਧਰਤੀ ਕੇ ਧਾਰਨਹਾਰੇ ਪ੍ਰਭੂ ! ਆਪ ਕਿਰਪਾ ਕਰਕੇ ਆਪਣਾ ਨਾਮ ਦੇਣਾ ਕਰੋ।

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥

ਇਹ ਸਾਰਾ ਸੰਸਾਰ ਹੀ ਰੋਗੀ ਹੈ, ਤੇ ਵਾਹਿਗੁਰੂ ਨਾਮ ਦਾਰੂ=ਔਸ਼ਧੀ (ਦਵਾਈ) ਹੈ। ਸੱਚ-ਨਾਮ ਜਪੇ ਤੋਂ ਬਿਨਾਂ ਪਾਪਾਂ ਰੂਪੀ ਮੈਲ ਲੱਗਦੀ ਹੈ। ਨਿਰਮਲ ਕਰਨ ਵਾਲਾ ਜੋ ਗੁਰਾਂ ਦਾ ਵਾਕੁ=ਬਚਨ ਹੈ ਉਸ ਦੁਆਰੇ ਸਦਾ ਹੀ ਚਾਨਣੁ=ਪ੍ਰਕਾਸ਼ ਹੁੰਦਾ ਹੈ, ਅਤੇ ਨਿਤਾਪ੍ਰਤੀ ਸੱਚੇ ਆਤਮਾ ਰੂਪ ਤੀਰਥਾਂ ਉੱਪਰ ਮਜਨਾ=ਇਸ਼ਨਾਨ ਹੁੰਦਾ ਹੈ॥੧॥

+ਦਸ ਪਾਪ ਸੁਣੋ:-

ਬਿਨ ਦਈ ਵਸਤੂ ਦਾ ਗ੍ਰਹਿਣ ਕਰਨਾ[੧], ਵੇਦ ਵਿਧਾਨ ਬਿਨਾਂ ਹਿੰਸਿਆ ਕਰਨੀ[੨],

ਪਰ ਦਾਰਾ ਗਵਨ[੩], ਇਹ ਤਿੰਨ ਕਾਇਕ=ਸਰੀਰ ਦੇ ਪਾਪ ਹਨ।

ਰੁੱਖਾ ਬਚਨ ਬੋਲਣਾ[੧], ਝੂਠ ਬੋਲਣਾ[੨], ਚੁਗਲੀ ਕਰਨੀ[੩], ਅਨਰਥ ਬੋਲਣਾ[੪],

ਇਹ ਚਾਰ ਵਾਚਕ=ਬਾਣੀ ਦੇ ਪਾਪ ਹਨ।

ਪ੍ਰਾਏ ਧਨ ਦੇ ਗ੍ਰਹਿਣ ਕਰਨ ਦੀ ਇੱਛਾ[੧], ਬੁਰਾ ਚਿਤਵਨਾ[੨], ਦੂਜੇ ਦੀ ਬਿਭੂਤੀ ਵੇਖ ਕੇ ਸੜਨਾ[੩], ਇਹ ਤਿੰਨ ਮਾਨਸਕ=ਮਨ ਦੇ ਪਾਪ ਹਨ, ਕੁਲ ਦਸ ਪਾਪ ਹਨ।

ਇਹ ਦਸ ਪੁਰਬ ਦੇ ਦਸ ਪਾਪ ਬ੍ਰਹਮਾਂਡ ਪੁਰਾਣ ਵਿਚ ਲਿਖੇ ਹੋਏ ਹਨ।

ਗੁਰਮੁਤ ਨਿਰਨੇ ਸਾਗਰ ਦੇ ੪੯੦ ਸਫੇ ਉੱਪਰ ਪੰਡਿਤ ਤਾਰਾ ਸਿੰਘ ਜੀ ਨੇ ਭੀ ਲਿਖੇ ਹਨ।

ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥

ਸੱਚ-ਨਾਮ ਜਪਣ ਵਾਲਿਆਂ ਨੂੰ ਮੈਲ ਨਹੀਂ ਲੱਗਦੀ, ਜਦ ਮੈਲ ਲੱਗਦੀ ਹੀ ਨਹੀਂ, ਤਾਂ ਉਸ ਨੇ ਮੈਲ ਨੂੰ ਕੀ ਧੋਣਾ ਹੈ।

(੧) ਜਿਸ ਨੇ ਆਪਣੇ ਹਿਰਦੇ ਵਿਚ ਸ਼ੁਭ-ਗੁਣਾਂ ਰੂਪੀ ਹਾਰ ਪਰੋ ਕੇ ਪਹਿਰ ਲਿਆ ਹੈ, ਤਾਂ ਉਸ ਨੇ ਬਾਕੀ ਹੋਰ ਕਿਸ ਗੁਣ ਨੂੰ ਰੋਣਾ ਹੈ ਕਿ ਫਲਾਣਾ ਗੁਣ ਮੈਨੂੰ ਪ੍ਰਾਪਤ ਨਹੀਂ ਹੋਇਆ। ਭਾਵ ਉਹ ਨਹੀਂ ਰੋਂਦਾ। (੨) ਉਹ ਫਿਰ ਕਿਸ ਵਾਸਤੇ ਰੋਈਐ=ਯਤਨ ਕਰਦਾ ਹੈ, ਭਾਵ ਕੋਈ ਯਤਨ ਨਹੀਂ ਕਰਦਾ।

(ਪੰਨਾ ੬੮੮) ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥

ਜੋ ਪੁਰਸ਼ ਗੁਰ-ਸ਼ਬਦ ਦੀ ਵੀਚਾਰ ਕਰਕੇ ਮਨ ਦੇ ਸੰਕਲਪਾਂ ਨੂੰ ਮਾਰਦਾ ਹੈ, ਉਹ ਆਪ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਹੈ, ਉਹ ਫਿਰ ਉਲਟ ਕਰਕੇ ਜੂਨੀਆਂ ਵਿਚ ਨਹੀਂ ਆਵਏ=ਆਉਂਦਾ। ਜੋ ਪੁਰਸ਼ ਆਪ ਪਾਰਸ ਰੂਪ ਹੈ ਤੇ ਪਰਮ=ਉਤ ਕ੍ਰਿਸ਼ਟ ਪਰਮੇਸ਼ਰ ਦਾ ਧਿਆਨੀ ਹੈ, ਉਸ ਸੱਚੇ ਪੁਰਸ਼ ਨੂੰ ਸੱਚ-ਨਾਮ ਜਪਣ ਵਾਲੇ ਹੀ ਭਾਂਵਦੇ ਹਨ।

ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥

ਅਨੰਦ ਰੂਪ ਪਰਮੇਸ਼ਰ ਦੀ ਪ੍ਰਾਪਤੀ ਹੋਣ ਕਰਕੇ ਉਹਨਾਂ ਨੂੰ ਰਾਤ ਦਿਨੇ ਸੱਚਾ ਹਰਖ ਹੋਇਆ ਹੈ, ਜਨਮ ਮਰਨ ਦੇ ਦੁੱਖ ਅਤੇ ਕਿਲਵਿਖ=ਪਾਪ ਸਭ ਉਸ ਨੇ ਪਰਹਰੇ=ਦੂਰ ਕਰ ਦਿੱਤੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਗੁਰਾਂ ਨੇ ਸੱਚ-ਨਾਮ ਪਾਇਆ ਹੈ, ਅਤੇ ਸ੍ਵੈ-ਸਰੂਪ ਦਿਖਾਇਆ ਹੈ, ਉਹਨਾਂ ਸੱਚ ਦੇ ਮੰਨਣ ਕਰਨ ਵਾਲਿਆਂ ਨੂੰ ਕੋਈ ਮੈਲ ਨਹੀਂ ਲੱਗਦੀ॥੨॥

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥ਗਾਵੈ ਗਾਵਣਹਾਰੁ ਸਬਦਿ ਸੁਹਾਵਣੋ॥

ਮਿੱਤਰਾਂ (ਸੰਤਾਂ) ਦੀ ਸਤਿਸੰਗਤ ਨਾਲ ਜੇਹੜਾ ਮਿਲਾਪ ਹੋਣਾ ਹੈ-ਏਹੋ ਪੂਰਾ ਨਾਵਣੋ=ਇਸ਼ਨਾਨ ਹੈ। ਉਸ ਸਤਸੰਗ ਵਿਚ ਜਾ ਕੇ ਸੁਹਾਵਣੇ ਗੁਰਾਂ ਦੇ ਉਪਦੇਸ਼ ਦੁਆਰਾ ਗਾਵਣੇ ਵਾਲਾ ਹੋ ਕੇ ਵਾਹਿਗੁਰੂ ਦੇ ਜਸ ਨੂੰ ਗਾਵਣਾ ਕਰੇ।

ਪ੍ਰਸ਼ਨ-''ਤੀਰਥਾਂ ਉੱਪਰ ਜਾ ਕੇ ਸਭ ਲੋਕ ਪੁੰਨ-ਦਾਨ ਕਰਦੇ ਹਨ। ਇਸ ਤਰਫ ਪੁੰਨ-ਦਾਨ ਕੇਹੜਾ ਕਰੇ ?'' ਗੁਰ ਉੱਤਰ:-

ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥

(੧) ਦਇਆ ਮਤੇ=ਮਤੀ ਵਿਚ ਦਇਆ ਧਾਰ ਕੇ ਸਤਿਗੁਰਾਂ ਦੇ ਉਪਦੇਸ਼ ਨੂੰ ਮੰਨ ਕੇ ਜੇਹੜਾ ਸੱਚੇ

ਦਾ ਸਲਾਹੁਣਾ ਹੈ ਏਹੋ ਪੁੰਨ ਦਾਨ ਕਰੇ।

(੨) ਸਤਿਗੁਰਾਂ ਦੇ ਉਪਦੇਸ਼ ਨੂੰ ਮੰਨ ਕੇ ਜੇਹੜਾ ਸੱਚੇ ਦਾ ਸਲਾਹੁਣਾ ਹੈ ਏਹੋ ਪੁੰਨ ਕਰੇ, ਮਤੀ ਵਿਚ ਜੇਹੜੀ ਦਇਆ ਧਾਰਨੀ ਹੈ ਇਹ ਦਾਨ ਕਰੇ।

ਪ੍ਰਸ਼ਨ-''ਪੁੰਨ ਕਿਸ ਨੂੰ ਕਹਿੰਦੇ ਹਨ ? ਦਾਨ ਕਿਸ ਨੂੰ ਕਹਿੰਦੇ ਹਨ ?''

ਉੱਤਰ:-ਕਿਸੀ ਸੰਗ੍ਰਾਂਦ, ਅਮੱਸਿਆ, ਸੂਰਜ ਗ੍ਰਹਿਣ ਆਦਿ ਪੁਰਬ ਸਮੇਂ ਜੋ ਪਦਾਰਥ ਦਿੱਤਾ ਜਾਵੇ ਉਸ ਨੂੰ ਪੁੰਨ ਆਖਦੇ ਹਨ। ਅਤੇ ਦਾਨ ਉਸ ਨੂੰ ਕਹਿੰਦੇ ਹਨ ਜੋ ਹਮੇਸ਼ਾਂ ਦਿੱਤਾ ਜਾਵੇ।

ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ॥

ਪਰਮੇਸ਼ਰ ਪਤੀ ਦਾ ਸੰਗ ਕਰਨਾ ਜਿਸ ਨੂੰ ਭਾਉਂਦਾ ਹੈ, ਉਹ ਇਸ ਅੰਤ੍ਰੀਵ ਤੀਰਥ ਉੱਪਰ ਸਹਿਜੇ ਇਸ਼ਨਾਨ ਕਰਦਾ ਹੈ। ਜਿਵੇਂ ਪ੍ਰਤੱਖ ਤੀਰਥ ਉੱਪਰ ਦਸ ਪੁਰਬ ਲੱਗਣ ਵੇਲੇ ਇਸ਼ਨਾਨ ਕਰੇ ਤਾਂ ਤ੍ਰਿਬੇਣੀ ਦੇ ਇਸ਼ਨਾਨ ਦਾ ਮਹਾਤਮ ਪ੍ਰਾਪਤ ਹੁੰਦਾ ਹੈ। ਤਿਵੇਂ ਇਸ ਤਰਫ-

(੧) ਸਤ=ਨਿਸਚੇ ਕਰਕੇ ਸਤੇ=ਸਤਿਸੰਗਤ ਵਿਚ ਸਤਿਨਾਮੁ ਰੂਪ ਤੀਰਥ ਉੱਪਰ ਇਸ਼ਨਾਨ ਕਰਦਾ ਹੈ ਤਿਸ ਨੂੰ ਜਮੁਨਾ, ਗੰਗਾ, ਸਰਸ੍ਵਤੀ=ਕਰਮ, ਉਪਾਸ਼ਨਾ ਗਿਆਨ ਰੂਪ ਤ੍ਰਿਬੇਣੀ ਦਾ ਸੰਗਮੁ=ਸਬੰਧ ਹੁੰਦਾ ਹੈ।

(੨) ਪ੍ਰਤੱਖ ਤੀਰਥ ਉੱਪਰ ਪੁਰਬ ਸਮੇਂ ਇਸ਼ਨਾਨ ਕਰਨ ਨਾਲ ਸੱਤਾਂ ਸਮੁੰਦ੍ਰਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ।

ਇਸ ਤਰਫ-ਨਾਮ-ਜਲ ਵਿਚ ਇਸ਼ਨਾਨ ਕਰਨ ਨਾਲ ਸਤਿ=ਨਿਸਚੇ ਕਰਕੇ ਸਤ ਸਾਧਨ- ੧. ਵੈਰਾਗ, ੨. ਬਿਬੇਕ, ੩. ਖਟ ਸੰਪੱਤੀ, ੪. ਮੋਖ ਇੱਛਾ, ੫. ਸ੍ਰਵਣ, ੬. ਮੰਨਣ, ੭. ਨਿਧਿਆਸਣ, ਇਨ੍ਹਾਂ ਦੀ ਪ੍ਰਾਪਤੀ ਰੂਪ ਸੱਤਾਂ ਸਮੁੰਦ੍ਰਾਂ ਦਾ ਫਲ ਪ੍ਰਾਪਤ ਹੁੰਦਾ ਹੈ।

ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ॥

ਗਤਿ ਸੰਗਿ ਮੀਤਾ ਸੰਤ ਸੰਗਤਿ ਕਰਿ ਨਦਰਿ ਮੇਲਿ ਮਿਲਾਇਆ॥ ੩॥

ਹੇ ਪੁਰਖ਼ਾ ! ਇੱਕ ਜੋ ਓਅੰਕਾਰ=ਮੰਗਲ ਸਰੂਪ ਸੱਚਾ ਪਰਮੇਸ਼ਰ ਹੈ, ਉਸ ਨੂੰ ਅਰਾਧਣਾ ਕਰ, ਜਿਸ ਨੂੰ ਉਹ ਦੇਂਦਾ ਹੈ ਉਸ ਦਾ ਜਸ ਸਵਾਏ ਤੋਂ ਸਵਾਇਆ ਚੜ੍ਹਦਾ ਹੈ।

(੧) ਜਿਨ੍ਹਾਂ ਮਿੱਤਰਾਂ ਦਾ ਹੋਰ ਸੰਗ ਗਤਿ=ਨਾਸ ਹੈ ਉਹਨਾਂ ਸੰਤਾਂ ਦੀ ਸੰਗਤ ਕੀਤੀ ਤਾਂ ਉਹਨਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਪਰਮੇਸ਼ਰ ਦੇ ਮੇਲ ਨਾਲ ਮਿਲਾ ਦਿੱਤਾ।

(੨) ਜਿਸ ਵੇਲੇ ਮਿੱਤਰਾਂ ਸੰਤਾਂ ਦੀ ਸੰਗਤ ਦੇ ਸੰਗ ਗਤਿ=ਪ੍ਰਾਪਤ ਹੋਏ ਤਾਂ ਸੰਤਾਂ ਨੇ ਨਦਰ ਕਰਕੇ ਪਰਮੇਸ਼ਰ ਦੇ ਮੇਲ ਨਾਲ ਮਿਲਾਇਆ॥੩॥

ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥

ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥

ਸਭ ਕੋਈ ਕਹਿਣੇ ਵਾਲਾ ਹੋ ਕੇ ਉਸ ਦੇ ਜਸ ਨੂੰ ਕਹੈ=ਕਹਿੰਦਾ ਹੈ, ਪਰ ਉਸ ਨੂੰ ਕੇਡਾ ਕੁ ਵੱਡਾ

ਕਥਨ ਕਰੀਏ। ਹਉ=ਮੈਂ ਮੂਰਖ, ਨੀਚ ਅਜਾਣੁ=ਅਗਿਆਤ ਸੀ, ਪਰ ਗੁਰਾਂ ਦੀ ਸਿੱਖਿਆ ਕਰਕੇ ਸਮਝਣਾ ਕੀਤਾ ਹੈ।

ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ॥

ਸੱਚੇ ਗੁਰਾਂ ਦੀ ਭਾਖੀ=ਉਚਾਰੀ ਹੋਈ ਜੋ ਅੰਮ੍ਰਿਤ ਰੂਪ ਸਿੱਖਿਆ ਹੈ, ਉਸ ਸਿੱਖਿਆ ਕਰਕੇ ਮੇਰਾ ਮਨ ਪਰਮੇਸ਼ਰ ਉੱਤੇ ਮੰਨਿਆ ਗਿਆ ਹੈ। ਏਹ ਜੀਵ ਵਿਸ਼ਿਆਂ ਨੂੰ ਲੱਦ ਕੇ ਆਉਂਦੇ ਹਨ ਤੇ ਕੂਚ ਕਰਕੇ ਚਲਣਾ ਕਰਦੇ ਹਨ, ਸੱਚੇ ਨਾਲ ਮੇਰਾ=ਮਿਲਾਪ ਗੁਰ-ਉਪਦੇਸ਼ ਕਰਕੇ ਹੁੰਦਾ ਹੈ।

ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥ ੪ ॥ ੧ ॥

ਜਿਸ ਦੀ ਭਗਤੀ ਦੇ ਭੰਡਾਰੇ ਭਰੇ ਹੋਏ ਹਨ, ਤੇ ਆਖਣ ਕਰਕੇ ਤੋਟਿ=ਘਾਟਾ ਨਹੀਂ ਆਉਂਦਾ, ਉਹ ਪਰਮੇਸ਼ਰ ਸਾਰੇ ਭਰਪੂਰ ਹੋ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ, ਮੈਂ ਸੱਚੀ ਬੇਨੰਤੀ=ਬੇਨਤੀ ਕਹੈ=ਕਹਿੰਦਾ ਹਾਂ, ਮਨ ਨੂੰ ਮਾਜੇ=ਮਾਂਜਣਾ ਕਰੇ ਤਾਂ ਉਸ ਸੱਚੇ ਦੀ ਪ੍ਰਾਪਤੀ ਹੁੰਦੀ ਹੈ॥੪॥੧॥

ਧਨਾਸਰੀ ਮਹਲਾ ੧॥

ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ॥
ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ॥

ਹੇ ਗੋਬਿੰਦ ! ਮੈਂ ਆਪ ਜੀ ਦੇ ਨਾਮ ਕਰਕੇ ਜੀਊਂਦਾ ਹਾਂ, ਅਤੇ ਮਨ ਵਿਚ ਅਨੰਦ ਰਹਿੰਦਾ ਹਾਂ। ਆਪ ਜੀ ਦਾ ਨਾਮ ਸੱਚਾ ਹੈ ਅਤੇ ਗੁਣਾਂ ਦਾ ਵਿਚਾਰ ਭੀ ਸੱਚਾ ਹੈ।

ਗੁਰ ਗਿਆਨੁ ਅਪਾਰਾ ਸਿਰਜਣਹਾਰਾ ਜਿਨਿ ਸਿਰਜੀ ਤਿਨਿ ਗੋਈ॥

ਹੇ ਅਪਾਰ ਪ੍ਰਭੂ ਸਾਰਿਆਂ ਦੇ ਸਿਰਜਣ ਵਾਲੇ ! ਆਪ ਜੀ ਦਾ ਗਿਆਨ ਗੁਰਾਂ ਦੁਆਰੇ ਹੁੰਦਾ ਹੈ, ਜਿਸ ਆਪ ਨੇ ਇਹ ਦੁਨੀਆਂ ਸਿਰਜੀ=ਪੈਦਾ ਕੀਤੀ ਹੈ ਤਿਸ ਆਪ ਨੇ ਹੀ ਗੋਈ=ਬੁਲਾਈ, ਮਿਲਾਈ, ਛਪਾਈ ਹੈ।

ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ॥

ਹੇ ਹੁਕਮਿ=ਹੁਕਮੀ ਪਰਮਾਤਮਾ ! ਆਪ ਜੀ ਦਾ ਪਠਾਇਆ=ਭੇਜਿਆ ਹੋਇਆ ਜਿਸ ਵੇਲੇ ਜਮ ਪ੍ਰਵਾਨਾ ਲੈ ਕੇ ਆਇਆ ਕਿ ਫਲਾਣੇ ਜੀਵ ਨੂੰ ਫੜ ਲਿਆਓ ਤਾਂ ਉਸ ਨੂੰ ਕੋਈ ਮੋੜ ਨਹੀਂ ਸਕਦਾ।

ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ ਆਪੇ ਸੁਰਤਿ ਬੁਝਾਈ॥

ਲਿਖਦਾ ਹੈਂ, ਤੈਨੇ ਆਪ ਹੀ ਇਹ ਗਿਆਤ ਅਸਾਨੂੰ ਬੁਝਾਈ=ਸਮਝਾ ਦਿੱਤੀ ਹੈ।

ਨਾਨਕ ਸਾਹਿਬੁ ਅਗਮ ਅਗੋਚਰੁ ਜੀਵਾ ਸਚੀ ਨਾਈ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਾਹਿਬੁ=ਮਾਲਕ ਪ੍ਰਭੂ ! ਤੂੰ ਮਨ ਕਰਕੇ ਅਗਮ ਹੈਂ, ਇੰਦ੍ਰੀਆਂ ਕਰਕੇ ਅਗੋਚਰ ਹੈਂ, ਮੈਂ ਤੇਰੀ ਸੱਚੀ ਨਾਈ=ਵਡਿਆਈ ਕਰਕੇ ਜੀਊਂਦਾ ਹਾਂ॥੧ ॥

ਤੁਮ ਸਰਿ ਅਵਰੁ ਨ ਕੋਇ ਆਇਆ ਜਾਇਸੀ ਜੀਉ॥

ਹੇ ਪ੍ਰਭੂ ! ਤੁਹਾਡੇ ਜੈਸਾ ਹੋਰ ਕੋਈ ਨਹੀਂ ਹੈ, ਦੁਨੀਆਂ ਵਿਚ ਜੋ ਭੀ ਆਇਆ ਹੈ ਉਸ ਨੇ ਚਲੇ ਜਾਣਾ ਹੈ।

ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ॥

ਹੇ ਹੁਕਮੀ=ਪਰਮਾਤਮਾ ! ਜਿਸ ਦਾ ਤੂੰ ਭਰਮ ਗੁਰਾਂ ਦੁਆਰੇ ਚੁਕਾ ਦੇਂਦਾ ਹੈਂ, ਉਸ ਦੇ ਕਰਮਾਂ ਦਾ ਨਿਬੇੜਾ ਹੋ ਜਾਂਦਾ ਹੈ।

ਗੁਰੁ ਭਰਮੁ ਚੁਕਾਏ ਅਰਥੁ ਕਹਾਏ ਸਚ ਮਹਿ ਸਾਚੁ ਸਮਾਣਾ॥

ਹੇ ਅਕੱਥ ਪ੍ਰਭੂ ! ਤੇਰੇ ਸੱਚ-ਨਾਮ ਨੂੰ ਕਹਾ ਕੇ ਜਦ ਗੁਰੂ ਭਰਮ ਨੂੰ ਦੂਰ ਕਰਦੇ ਹਨ ਤਾਂ ਜੀਵ ਦਾ ਤੇਰੇ ਸੱਚ ਸਰੂਪ ਵਿਚ ਸਮਾਉਣਾ ਹੁੰਦਾ ਹੈ।

ਆਪਿ ਉਪਾਏ ਆਪਿ ਸਮਾਏ ਹੁਕਮੀ ਹੁਕਮੁ ਪਛਾਣਾ॥

ਹੇ ਪ੍ਰਭੂ ! ਤੂੰ ਆਪ ਹੀ ਉਤਪੰਨ ਕਰਦਾ ਹੈਂ, ਆਪ ਹੀ ਸਮਾਏ=ਨਾਸ ਕਰਦਾ ਹੈਂ, ਹੇ ਹੁਕਮੀ ਪਰਮਾਤਮਾ ! ਗੁਰਮੁਖਾਂ ਨੇ ਤੇਰੇ ਹੁਕਮ ਨੂੰ ਪਛਾਨਣਾ ਕੀਤਾ ਹੈ।

ਸਚੀ ਵਡਿਆਈ ਗੁਰ ਤੇ ਪਾਈ ਤੂ ਮਨਿ ਅੰਤਿ ਸਖਾਈ॥

ਜਿਨ੍ਹਾਂ ਨੇ ਸੱਚੀ ਵਡਿਆਈ ਗੁਰਾਂ ਤੋਂ ਪ੍ਰਾਪਤ ਕੀਤੀ ਹੈ, ਉਹਨਾਂ ਨੇ ਤੈਨੂੰ ਅੰਤ ਦਾ ਸਹਾਇਕ ਮੰਨਿਆ ਹੈ।

ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਾਹਿਬ ! ਤੇਰੇ ਵਰਗਾ ਹੋਰ ਕੋਈ ਦੂਜਾ ਨਹੀਂ ਹੈ, ਮੈਂ ਤੇਰੇ ਨਾਮ ਸਿਮਰਨ ਵਿਚ ਹੀ ਵਡਿਆਈ ਪਾਈ ਹੈ॥੨ ॥

ਤੂ ਸਚਾ ਸਿਰਜਣਹਾਰੁ ਅਲਖ ਸਿਰੰਦਿਆ ਜੀਉ॥

ਹੇ ਸਿਰਜਣਹਾਰ ਪ੍ਰਭੂ ! ਤੂੰ ਸੱਚਾ ਹੈਂ, ਅਲਖ=ਜਾਨਣ ਤੋਂ ਰਹਿਤ ਹੈਂ, ਤੇ ਬ੍ਰਹਮਾ ਆਦਿਕਾਂ ਦੇ ਸਿਰੰਦਿਆ=ਪੈਦਾ ਕਰਨ ਵਾਲਾ ਹੈਂ।

ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ ਜੀਉ॥

ਹਿੰਦੂ ਮੁਸਲਮਾਨ ਇਨ੍ਹਾਂ ਦੋ ਰਸਤਿਆਂ ਦਾ ਤੂੰ ਇੱਕੋ ਸਾਹਿਬੁ=ਮਾਲਕ ਹੈਂ, ਪਰ ਜੀਵਾਂ ਨੇ ਆਪਸ

ਵਿਚ ਵਾਦ=ਝਗੜੇ ਵਧੰਦਿਆ=ਵਧਾ ਲਏ ਹਨ।

ਦੁਇ ਰਾਹ ਚਲਾਏ ਹੁਕਮਿ ਸਬਾਏ ਜਨਮਿ ਮੁਆ ਸੰਸਾਰਾ ॥

ਤੈਨੂੰ ਆਪਣੇ ਹੁਕਮ ਵਿਚ ਹੀ ਸਾਰੇ ਜੀਵ (ਦੇਵਤਾ ਦੈਂਤ, ਗੁਰਮੁਖ ਮਨਮੁਖ, ਹਿੰਦੂ ਮੁਸਲਮਾਨ ਆਦਿਕ) ਦੋ ਰਸਤਿਆਂ ਵਿਚ ਚਲਾਏ ਹਨ, ਇਸ ਕਰਕੇ ਸਾਰਾ ਸੰਸਾਰ ਜੰਮਦਾ ਮਰਦਾ ਹੈ।

ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਦੀ ਸਿਰਿ ਭਾਰਾ ॥

ਨਾਮ ਤੋਂ ਬਿਨਾਂ ਜੀਵ ਦਾ ਸਾਥੀ ਕੋਈ ਨਹੀਂ ਹੁੰਦਾ, ਸਭਨਾਂ ਨੇ ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਲੱਦੀ ਹੋਈ ਹੈ ਇਸੀ ਤੇ ਸਿਰ ਪਾਪਾਂ ਕਰਕੇ ਭਾਰਾ ਹੈ।

ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ ॥

ਹੇ ਹੁਕਮੀ ! ਤੇਰੇ ਹੁਕਮ ਨਲ ਹੀ ਇਹ ਜੀਵ ਸੰਸਾਰ ਵਿਚ ਆਇਆ ਹੈ, ਪਰ ਆਪ ਜੀ ਦੇ ਹੁਕਮ ਨੂੰ ਬੁੱਝਦਾ ਨਹੀਂ ਹੈ, ਆਪ ਜੀ ਦਾ ਹੁਕਮ ਹੀ ਇਸ ਨੂੰ ਸਵਾਰਣ ਵਾਲਾ ਹੈ।

ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਾਹਿਬ ! ਤੂੰ ਸੱਚਾ ਸਿਰਜਣਹਾਰ ਹੈਂ, ਪਰ ਗੁਰਾਂ ਦੇ ਸ਼ਬਦ ਕਰਕੇ ਤੂੰ ਸਿਞਾਪੈ=ਪਛਾਣਿਆਂ ਜਾਂਦਾ ਹੈਂ ॥ ੩ ॥

ਭਗਤ ਸੋਹਹਿ ਦਰਵਾਰਿ ਸਬਦਿ ਸਹਾਇਆ ਜੀਉ ॥

ਜੇਹੜੇ ਗੁਰਾਂ ਦੇ ਸ਼ਬਦ ਕਰਕੇ ਸੋਭਾ ਵਾਲੇ ਹੋਏ ਹਨ, ਉਹ ਭਗਤ-ਜਨ ਸਤੰਸਗ ਦਰਬਾਰ ਵਿਚ ਸੋਭਾ ਪਾਉਂਦੇ ਹਨ।

ਬੋਲਹਿ ਅੰਮ੍ਰਿਤ ਬਾਣਿ ਰਸਨ ਰਸਾਇਆ ਜੀਉ ॥

(੧) ਉਹ ਭਗਤ ਰਸਨਾਂ ਆਦਿਕ ਇੰਦ੍ਰੀਆਂ ਨੂੰ ਰਸਾ ਕੇ ਨਾਮ-ਅੰਮ੍ਰਿਤ ਬਾਣੀ ਨੂੰ ਬੋਲਦੇ ਹਨ।

(੨) ਨਾਮ-ਅੰਮ੍ਰਿਤ ਬਾਣੀ ਨੂੰ ਬੋਲਹਿ=ਪੜ੍ਹਦੇ ਹਨ, ਕਿਉਂਕਿ ਉਹਨਾਂ ਦੀ ਰਸਨਾਂ ਨੂੰ ਬਾਣੀ ਦਾ ਰਸ ਆਇਆ ਹੈ।

ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥

ਜੋ ਗੁਰਾਂ ਦੇ ਸ਼ਬਦ ਉੱਪਰ ਵਿਕ ਚੁੱਕੇ ਹਨ ਉਹ ਨਾਮ ਦੇ ਤਿਸਾਏ=ਪਿਆਸੇ ਆਪਣੀ ਰਸਨਾਂ ਨੂੰ ਨਾਮ ਦੇ ਵਿਚ ਹੀ ਰਸਾਏ=ਤਦਾਕਾਰ ਕਰਦੇ ਹਨ।

ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥

ਜਾਂ ਤੇਰੇ ਮਨ ਵਿਚ ਭਾ ਗਏ, ਤਾਂ ਗੁਰੂ ਰੂਪ ਪਾਰਸ ਦੇ ਪਰਸਣੇ ਕਰਕੇ ਪਾਰਸ ਰੂਪ ਹੋ ਗਏ।

ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥

ਜਿਸ ਨੇ ਆਪੁ=ਹੰਕਾਰ ਨੂੰ ਗਵਾਇਆ ਹੈ ਤੇ ਅਮਰ-ਪਦ ਨੂੰ ਪਾਇਆ ਹੈ, ਉਹ ਸਰੂਪ ਗਿਆਨ ਦੇ

ਵਿਚਾਰਨ ਵਾਲਾ ਕੋਈ ਵਿਰਲਾ ਹੈ।

ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਜੋ ਸੱਚ ਨਾਮ ਦੇ ਵਪਾਰੀ ਹਨ ਉਹ ਭਗਤ ਸੱਚੇ ਪ੍ਰਭੂ ਦੇ ਦਰਬਾਰ ਵਿਚ ਸੋਹਨਿ=ਸੋਭਦੇ ਹਨ॥੪॥

ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ॥

ਜਗਿਆਸੂ ਆਖਦਾ ਹੈ, "ਹੇ ਗੁਰੂ ਜੀ! ਆਥਿ=ਮਾਇਆ ਕਰਕੇ ਮੈਂ ਭੁੱਖਾ ਤੇ ਪਿਆਸਾ ਹਾਂ ਪ੍ਰਭੂ ਦੇ ਦਰਵਾਜ਼ੇ ਉੱਪਰ ਕਿਸ ਤਰ੍ਹਾਂ ਜਾਵਾਂਗਾ?" ਤਾਂ ਗੁਰੂ ਜੀ ਨੇ ਕਿਹਾ, ਤੂੰ

(ਪੰਨਾ ੬੮੯) ਸਤਿਗੁਰ ਪੂਛਉ ਜਾਇ ਨਾਮੁ ਧਿਆਇਸਾ ਜੀਉ॥

ਪੂਰਨ ਸਤਿਗੁਰਾਂ ਨੂੰ ਜਾ ਕੇ ਪੁੱਛਣਾ ਕਰ, ਅਤੇ ਪ੍ਰਭੂ ਦੇ ਨਾਮ ਨੂੰ ਧਿਆਇਸਾ=ਧਿਆਉਣਾ ਕਰ।

ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮੁਖਿ ਸਾਚੁ ਪਛਾਣਾ॥

ਸੱਚ-ਨਾਮ ਨੂੰ ਧਿਆਉਣਾ ਕਰ ਤੇ ਸੱਚ ਨੂੰ ਚਵਾਈ=ਉਚਾਰਨਾ ਕਰ, ਗੁਰਾਂ ਦੁਆਰੇ ਸੱਚ ਨੂੰ ਹੀ ਪਛਾਨਣਾ ਕਰ।

ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ॥

ਜੋ ਦਿਆਲੂ ਦੀਨਾਂ ਦਾ ਨਾਥ ਹੈ ਤੇ ਨਿਰੰਜਨੁ=ਮਾਇਆ ਮਲ ਅਵਿੱਦਿਆ ਤੋਂ ਰਹਿਤ ਹੈ ਰਾਤ ਦਿਨ ਉਸ ਦੇ ਨਾਮਾਂ ਨੂੰ ਵਖਾਣਾ=ਕਥਨ ਕਰ।

ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ॥

ਜੋ ਨਿਸ਼ਕਾਮ ਕਰਮਾਂ ਦੀ ਕਾਰ ਕਰਨੀ ਧੁਰੋਂ ਫੁਰਮਾਈ ਹੈ, ਉਸ ਕਾਰ ਨੂੰ ਤੂੰ ਕਰ, ਆਪਾ ਭਾ ਹੰਕਾਰ ਤੋਂ ਮਰ ਜਾ, ਅਤੇ ਮਨ ਦੇ ਸੰਕਲਪਾਂ ਨੂੰ ਮਾਰ ਦੇ।

ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ॥ ੫ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਦਾ ਰਸ ਬੜਾ ਮਿੱਠਾ ਹੈ, ਜਿਵੇਂ ਮੈਂ ਨਾਮੀ ਦੇ ਨਾਮ ਨੂੰ ਜਪ ਕੇ ਤ੍ਰਿਸ਼ਨਾ ਦੂਰ ਕੀਤੀ ਹੈ ਤਿਵੇਂ ਤੂੰ ਭੀ ਨਾਮ ਜਪ ਕੇ ਤ੍ਰਿਸ਼ਨਾਂ ਦੂਰ ਕਰ॥੫॥੨॥

ਧਨਾਸਰੀ ਛੰਤ ਮਹਲਾ ੧॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ, ਮਹਾਤਮਾ ਆਖਦੇ ਹਨ-

ਪਿਰ ਸੰਗਿ ਮੂਠੜੀਏ ਖਬਰਿ ਨ ਪਾਇਆ ਜੀਉ॥

ਹੇ ਮੂਠੜੀਏ=ਲੁੱਟੀ ਹੋਈਏ! ਪਤੀ (ਪਰਮਾਤਮਾ) ਤੇਰੇ ਨਾਲ ਹੈ, ਤੂੰ ਅਜੇ ਤੱਕ ਉਸ ਦੀ ਖ਼ਬਰ ਨਹੀਂ ਪਾਈ।

ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ॥

ਜੇਹੋ ਜੇਹਾ ਕਰਮ ਤੈਨੇ ਪੂਰਬ ਜਨਮ ਵਿਚ ਕਮਾਇਆ ਸੀ ਓਹੋ ਜੇਹਾ ਲੇਖ ਤੇਰੇ ਮੱਥੇ ਉੱਪਰ ਲਿਖਿਆ ਗਿਆ ਹੈ।

ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ॥

ਪੂਰਬਲਾ ਕਮਾਇਆ ਹੋਇਆ ਲੇਖ ਭੋਗੇ ਤੋਂ ਬਿਨਾਂ ਮਿਟ ਨਹੀਂ ਸਕਦਾ, ਕੀ ਜਾਣੀਏ ਜੋ ਅੱਗੇ ਪ੍ਰਲੋਕ ਵਿਚ ਕੀ ਹੋਸੀ=ਹੋਵੇਗਾ।

ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ॥

ਗੁਣੀ=ਗੁਣਵਾਨ ਹੋ ਕੇ ਤੂ ਰੰਗਿ=ਪ੍ਰੇਮ ਰੂਪ ਅਚਾਰਿ=ਕਰਤੱਬ ਵਿਚ ਰਾਤੀ=ਤਦਾਕਾਰ ਨਹੀਂ ਹੋਈ, ਕੀਤੇ ਹੋਏ ਔਗੁਣਾਂ ਨੂੰ ਚੇਤੇ ਕਰਕੇ ਬਹਿ ਕੇ ਰੋਵੇਂਗੀ।

ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ॥

ਧਨ ਤੇ ਜੁਆਨੀ ਆਕ=ਅੱਕ ਦੀ ਛਾਂ ਵਾਂਗ ਨਿਕੰਮੇ ਤੇ ਥੋੜ੍ਹਾ ਸਮਾਂ ਰਹਿਣ ਵਾਲੇ ਹਨ, ਜਦ ਬੁੱਢੇ ਹੋ ਗਏ ਤਾਂ ਉਮਰਾ ਦੇ ਦਿਨ ਪੁੰਨਿਆ=ਪੂਰਨ ਹੋ ਗਏ।

ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ॥੧॥

ਗੁਰੂ ਜੀ ਕਥਨ ਕਰਦੇ ਹਨ, ਜੋ ਵਾਹਿਗੁਰੂ-ਨਾਮ ਤੋਂ ਬਿਨਾਂ ਛੁੱਟੜ ਇਸਤ੍ਰੀ ਹੈ, ਉਸ ਝੂਠੀ ਛੁੱਟੜ ਤੋਂ ਪਤੀ ਸਦਾ ਵਿੱਛੜਿਆ ਰਹਿੰਦਾ ਹੈ॥੧॥

ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ॥

ਹੇ ਸੰਸਾਰਕ ਵਿਕਾਰਾਂ ਵਿਚ ਡੁੱਬੀ ਹੋਈਏ ! ਤੂੰ ਸਰੂਪ ਘਰ ਨੂੰ ਘਾਲਿਓ=ਗੁਆ ਲਿਆ ਹੈ, ਤੈਨੂੰ ਚਾਹੀਦਾ ਹੈ ਕਿ ਤੂੰ ਗੁਰਾਂ ਦੇ ਭਾਇ=ਭਾਣੇ ਵਿਚ ਤੁਰਨਾ ਕਰ,

ਵਾ:-ਗੁਰਾਂ ਦੇ ਭਾਇ=ਅਨੁਸਾਰ ਚਲਣਾ ਕਰ।

ਸਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ॥

ਸੱਚ ਨਾਮ ਨੂੰ ਧਿਆਉਣਾ ਕਰ ਤਾਂ ਤੂੰ ਮਹਲੋ=ਸਰੂਪ ਸੁਖ ਨੂੰ ਪਾਵੇਂਗੀ।

ਯਾਂ ਮਹਲੋ=ਸਰੂਪ ਨੂੰ ਪਾ ਕੇ ਸੁਖੀ ਹੋਵੇਂਗੀ।

ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ॥

ਹਰੀ ਨਾਮ ਨੂੰ ਧਿਆਉਣਾ ਕਰ ਤਾਂ ਸੁਖ ਨੂੰ ਪਾਏਂਗੀ, ਇਸ ਸੰਸਾਰ ਰੂਪ ਪੇਕੇ ਘਰ ਵਿਚ ਤਾ ਚਾਰ ਦਿਨ ਰਹਿਣਾ ਹੈ।

ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ॥

ਜੇ ਤੂੰ ਆਪਣੇ ਸਰੂਪ ਘਰ ਜਾ ਕੇ ਬੈਠੇਂਗੀ, ਤਾਂ ਰਾਤ ਦਿਨ ਪਿਆਰੇ ਪ੍ਰਭੂ ਦੇ ਨਾਲ ਹੋ ਕੇ

ਸਚੁ ਪਾਏ=ਸੁਖ ਨੂੰ ਪਾਏਂਗੀ।

ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ॥

ਹੇ ਸਬਾਏ=ਸਾਰੇ ਲੋਕੋ ! ਸੁਣਿਅਹੁ=ਸੁਣੋ, ਭਗਤੀ ਤੋਂ ਬਿਨਾਂ ਸਰੂਪ ਘਰ ਵਿਚ ਵਾਸਾ ਨਹੀਂ ਹੋਵੇਗਾ।

ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ॥੨॥

ਗੁਰੂ ਜੀ ਕਥਨ ਕਰਦੇ ਹਨ, ਜਾਂ ਸੱਚੇ ਨਾਮ ਵਿਚ ਰਾਤੀ=ਤਦਾਕਾਰ ਹੋਵੇਂਗੀ, ਤਾਂ ਤੂੰ ਪਿਰੀ ਨੂੰ ਪਾ ਕੇ ਸਰਸੀ=ਅਧਿਕ ਅਨੰਦ ਵਾਲੀ ਹੋਵੇਂਗੀ॥੨॥

ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ॥

ਜਾਂ ਪਿਰੀ ਦਾ ਪ੍ਰੇਮ (ਜੀਵ ਰੂਪ) ਇਸਤ੍ਰੀ ਨੂੰ ਭਾਵੇ, ਤਾਂ ਪਤੀ (ਪਰਮੇਸ਼ਰ) ਨੂੰ ਇਹ ਇਸਤ੍ਰੀ ਭਾਂਵਦੀ ਹੈ।

ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ॥

ਜੋ ਗੁਰਾਂ ਦੇ ਉਪਦੇਸ਼ ਨੂੰ ਵਿਚਾਰਦੀ ਹੈ ਓਹੀ ਪ੍ਰੀਤਮ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤੀ ਗਈ ਹੈ।

ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ॥

ਜੋ ਗੁਰਾਂ ਦੇ ਉਪਦੇਸ਼ ਨੂੰ ਵਿਚਾਰਦੀ ਹੈ ਤੇ ਨਿਉਂ ਨਿਉ ਕੇ ਭਗਤੀ ਕਰਦੀ ਹੈ ਉਹ (ਜੀਵ ਰੂਪ) ਇਸਤ੍ਰੀ ਪਤੀ (ਪਰਮਾਤਮਾ) ਦੀ ਪਿਆਰੀ ਹੈ।

ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ॥

ਉਹ ਮਾਇਆ ਦੇ ਮੋਹ ਨੂੰ ਜਲਾਏ=ਸਾੜ ਕੇ ਪ੍ਰੀਤਮ ਪ੍ਰਭੂ ਦੇ ਰਸ=ਪ੍ਰੇਮ ਵਿਚ ਰੰਗੁ=ਅਨੰਦ ਕਰਦੀ ਹੈ।

ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ॥

ਮਨ ਨੂੰ ਮਾਰ ਕੇ ਸੱਚੇ ਪ੍ਰਭੂ ਦੇ ਰੰਗ ਨਾਲ (ਰੰਗੇਤੀ) ਰੰਗੀ ਹੋਈ ਲਾਲ ਰੂਪ ਹੋ ਗਈ ਹੈ।

ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ॥੩॥

ਗੁਰੂ ਜੀ ਕਥਨ ਕਰਦੇ ਹਨ, ਜਿਸ ਪਿਆਰੀ ਨੇ ਪਤੀ (ਪਰਮਾਤਮਾ) ਨਾਲ ਪ੍ਰੀਤੀ ਕੀਤੀ ਹੈ ਉਹ ਸੋਹਾਗਣ ਸਾਚਿ=ਸੱਚ ਸਰੂਪ ਵਿਚ ਵਸੀ ਹੈ॥੩॥

ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ॥

ਜੇਹੜੀ ਪਤੀ ਨੂੰ ਭਾਂਵਦੀ ਹੈ, ਉਹ (ਜੀਵ ਰੂਪ) ਇਸਤ੍ਰੀ ਪਤੀ (ਪਰਮਾਤਮਾ) ਦੇ ਘਰ ਵਿਚ ਸੋਭਾ ਪਾਉਂਦੀ ਹੈ।

ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ॥

ਜੋ ਪਤੀ ਅੱਗੇ ਝੂਠੇ ਵੈਣ ਚਵੇ=ਬਚਨ ਬੋਲਦੀ ਹੈ, ਉਹ (ਜੀਵ ਰੂਪ) ਇਸਤ੍ਰੀ ਪਤੀ ਦੇ ਕੰਮ

ਨਹੀਂ ਆਵਏ=ਆਉਂਦੀ।

ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ॥

ਜੋ ਝੂਠ ਨੂੰ ਅਲਾਵੈ=ਬੋਲਦੀ ਹੈ ਉਹ ਕੰਮ ਨਹੀਂ ਆਉਂਦੀ, ਪਤੀ ਉਸ ਨੂੰ ਨੈਣੀ=ਅੱਖੀ ਵੇਖਦਾ ਹੀ ਨਹੀਂ ਹੈ।

ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ॥

ਜਿਸ ਔਗੁਣਾਂ ਵਾਲੀ ਨੂੰ ਪਤੀ ਨੇ ਭੁਲਾ ਦਿੱਤਾ ਹੈ, ਉਸ ਛੁੱਟੜ ਦੀ (ਅਵਸਥਾ ਰੂਪੀ) ਰਾਤ ਵਿਧਣ=ਦੁੱਖਾਂ ਵਿਚ ਬੀਤਦੀ ਹੈ।

ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ॥

ਜੋ ਗੁਰ-ਉਪਦੇਸ਼ ਨੂੰ ਮੰਨਦੀ ਨਹੀਂ ਹੈ, ਅਤੇ ਮੋਹ ਦੀ ਫਾਹੀ ਵਿਚ ਫਸੀ ਹੋਈ ਹੈ, ਉਹ ਜੀਵ ਰੂਪ ਇਸਤ੍ਰੀ ਮਹਲੁ=ਸਰੂਪ ਨੂੰ ਨਹੀਂ ਪਾਉਂਦੀ।

ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ॥ ੪॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੁਆਰੇ ਆਪਣੇ ਸਰੂਪ ਨੂੰ ਆਪ ਪਛਾਣੇ ਤਾਂ ਸਹਜਿ=ਸ਼ਾਂਤੀ ਵਿਚ ਸਮਾਉਂਦੀ ਹੈ॥ ੪॥

ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ॥

ਉਹ ਸੁਹਾਗਣ ਇਸਤ੍ਰੀ ਧੰਨਤਾ ਯੋਗ ਹੈ, ਜਿਨਿ=ਜਿਸ ਨੇ ਪਤੀ (ਪਰਮਾਤਮਾ) ਨੂੰ ਜਾਣ ਲਿਆ ਹੈ।

ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ॥

ਜੋ ਪ੍ਰਭੂ ਦੇ ਨਾਮ ਤੋਂ ਬਿਨਾਂ ਕੂੜੁ=ਝੂਠੇ ਕਰਮ ਕਮਾਣਿਆ=ਕਮਾਉਂਦੀ ਹੈ, ਉਹ ਇਸਤ੍ਰੀ ਕੂੜਿਆਰਿ=ਝੂਠੀ ਹੈ।

ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ॥

ਜੋ ਹਰੀ ਦੀ ਭਗਤੀ ਕਰਕੇ ਸੋਭਨੀਕ ਹੋਈ ਹੈ, ਤੇ ਪ੍ਰਭੂ ਦੀ ਭਾਇ=ਪ੍ਰੇਮਾ ਭਗਤੀ ਵਿਚ ਰੱਤੀ ਰਹਿੰਦੀ ਹੈ ਓਹੀ ਸੱਚੇ ਪ੍ਰਭੂ ਨੂੰ ਭਾਂਵਦੀ ਹੈ।

ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ॥

ਉਹ ਪਤੀ (ਪਰਮਾਤਮਾ) ਰਲੀਆਲਾ=ਖ਼ੁਸ਼ੀਆਂ ਦੇ ਦੇਣ ਵਾਲਾ ਹੈ, ਅਤੇ ਚੜ੍ਹਦੀ ਜੁਆਨੀ ਵਾਲਾ ਹੈ, ਜੋ ਉਸ ਦੇ ਰੰਗਿ=ਪ੍ਰੇਮ ਵਿਚ ਰੱਤੀ ਰਹਿੰਦੀ ਹੈ, ਓਹੀ ਉਸ ਦੇ ਰੰਗਿ=ਅਨੰਦ ਨੂੰ ਰਾਵੇ=ਭੋਗਦੀ ਹੈ।

ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ॥

ਜੋ ਗੁਰਾਂ ਦੇ ਉਪਦੇਸ਼ ਕਰਕੇ ਵਿਗਾਸੀ=ਪ੍ਰਸੰਨ ਹੋਈ ਹੈ, ਉਸ ਗੁਣ-ਕਾਰੀ=ਗੁਣਾਂ ਵਾਲੀ ਨੇ ਗਿਆਨ ਫਲ ਨੂੰ ਪਾਇਆ ਹੈ, ਜਿਸ ਨੇ ਗਿਆਨ ਫਲ ਨੂੰ ਪਾਇਆ ਹੈ ਓਹੀ ਸਹੁ=ਪਤੀ ਦੇ ਅਨੰਦ ਨੂੰ ਰਾਵਾਸੀ=ਮਾਣਦੀ ਹੈ।

ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ॥ ੫ ॥ ੩ ॥

(੧) ਗੁਰੂ ਜੀ ਕਥਨ ਕਰਦੇ ਹਨ, ਜਿਸ ਨੂੰ ਸੱਚ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ ਮਿਲੀ ਹੈ, ਉਹ ਇਸਤ੍ਰੀ ਪਤੀ ਦੇ ਘਰ ਵਿਚ ਸੋਭਦੀ ਹੈ।

(੨) ਸੱਚ ਨਾਮ ਕਰਕੇ ਇਹ ਵਡਿਆਈ ਮਿਲਦੀ ਹੈ, ਕਿ ਜੀਵ ਰੂਪ ਇਸਤ੍ਰੀ ਪਤੀ ਦੇ ਸਰੂਪ-ਘਰ ਵਿਚ ਸੋਭਾ ਪਾਉਂਦੀ ਹੈ॥੫॥੩॥

(ਪੰਨਾ ੬੯੦)

ਧਨਾਸਰੀ ਛੰਤ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ॥

ਜਾਂ ਹਰਿ ਜੀਉ ਕਿਰਪਾ ਦ੍ਰਿਸ਼ਟੀ ਕਰੇ ਤਾਂ ਜੀਉ=ਹਿਰਦੇ ਵਿਚ ਨਾਮ ਨੂੰ ਧਿਆਈਦਾ ਹੈ।

ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ॥

ਸੁਭਾਇ=ਸ੍ਰੇਸ਼ਟ ਪ੍ਰੇਮ ਨਾਲ ਸਤਿਗੁਰ ਦੇਵ ਜੀ ਮਿਲ ਜਾਣ ਤਾਂ ਹਿਰਦੇ ਵਿਚ ਸਹਜੇ ਹੀ ਗੁਣਾਂ ਦਾ ਗਾਵਣਾ ਹੁੰਦਾ ਹੈ।

ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ॥

ਜਾਂ ਰਾਤ ਦਿਨ ਗੁਣਾਂ ਨੂੰ ਗਾਏਂਗੀ ਤਾਂ ਸਦਾ ਪ੍ਰਸੰਨ ਰਹੇਂਗੀ, ਅਤੇ ਆਪਣੇ ਸੱਚੇ ਪਤੀ ਨੂੰ ਭਾ ਜਾਵੇਂਗੀ।

ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ॥

ਜਾਤੀ ਦੇ ਹੰਕਾਰ ਨੂੰ ਤੇ ਮਾਇਆ ਦੀ ਹੰਗਤਾ ਮਮਤਾ ਨੂੰ ਤਿਆਗਣਾ ਕਰ, ਤਾਂ ਸਹਜੇ ਹੀ ਨਾਮੀ (ਪਰਮਾਤਮਾ) ਵਿਚ ਸਮਾ ਜਾਏਂਗੀ।

ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ॥

ਉਹ ਕਰਤਾ ਪੁਰਖੁ ਆਪ ਹੀ ਸਭ ਕੁਝ ਕਰਦਾ ਹੈ, ਜਾਂ ਉਹ ਆਪ ਦੇਵੇ ਤਾਂ ਪਾਈਦਾ ਹੈ।

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ॥ ੧ ॥

ਜਾਂ ਹਰਿ ਜੀਉ ਕਿਰਪਾ ਦ੍ਰਿਸ਼ਟੀ ਕਰੇ ਤਾਂ ਹਿਰਦੇ ਵਿਚ ਨਾਮ ਦਾ ਧਿਆਉਣਾ ਹੁੰਦਾ ਹੈ॥ ੧ ॥

ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥

(੧) ਪੂਰਿਆਂ ਸਤਿਗੁਰਾਂ ਦੇ ਜੀਅ ਅੰਦਰ ਸੱਚਾ ਨੇਹੁ=ਪ੍ਰੇਮ ਹੈ।

(੨) ਪੂਰਿਆਂ ਸਤਿਗੁਰਾਂ ਨੇ ਮੇਰੇ ਹਿਰਦੇ ਅੰਦਰ ਸੱਚਾ ਪ੍ਰੇਮ ਲਗਾਇਆ ਹੈ।

ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥

ਹਉ=ਮੈਂ ਉਸ ਨੂੰ ਦਿਨ ਰਾਤ ਸੇਂਵਦੀ ਹਾਂ, ਉਹ ਮੈਨੂੰ ਕਦੇ ਵੀ ਵੀਸਰੈ=ਭੁੱਲਦਾ ਨਹੀਂ ਹੈ।

ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥

ਕਦੇ ਵੀ ਭੁਲਾਉਂਦੀ ਨਹੀਂ ਹਾਂ, ਰਾਤ ਦਿਨ ਚੇਤੇ ਕਰਦੀ ਹਾਂ, ਜਦ ਨਾਮ ਲੈਂਦੀ ਹਾਂ ਤਾਂ ਹੀ ਜੀਊਂਦੀ ਹਾਂ।

ਯਥਾ:-''ਮਰਣੰ ਬਿਸਰਣੰ ਗੋਬਿੰਦਹ॥ ਜੀਵਣੰ ਹਰਿ ਨਾਮ ਧ੍ਯਾਵਣਹ॥''

(ਗਾਥਾ ਪੰਨਾ ੧੩੬੧)

ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥

ਜਦ ਸ੍ਰਵਣੀ=ਕੰਨੀ ਸੁਣਦੀ ਹਾਂ ਤਾਂ ਇਹ ਮਨ ਤ੍ਰਿਪਤੈ=ਪ੍ਰਸੰਨ ਹੁੰਦਾ ਹੈ, ਗੁਰਾਂ ਦੁਆਰੇ ਉਸ ਨਾਮ-ਅੰਮ੍ਰਿਤ ਨੂੰ ਪੀਂਦੀ ਹਾਂ।

ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥

ਵਾਹਿਗੁਰੂ ਕਿਰਪਾ ਦ੍ਰਿਸਟੀ ਕਰੇ ਤਾਂ ਸਤਿਗੁਰਾਂ ਨਾਲ ਮੇਲਦਾ ਹੈ, ਤਾਂ ਹੀ ਬੁੱਧੀ ਰਾਤ ਦਿਨ ਬਿਬੇਕ ਵਿਚ ਬਿਚਰੈ=ਵਿਚਰਦੀ ਹੈ।

ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥ ੨ ॥

ਪੂਰਿਆਂ ਸਤਿਗੁਰਾਂ ਨੇ ਮੇਰੇ ਹਿਰਦੇ ਅੰਦਰ ਸੱਚਾ ਨੇਹੁ=ਪ੍ਰੇਮ ਲਗਾਇਆ ਹੈ॥ ੨ ॥

ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥

ਵੱਡਿਆਂ ਭਾਗਾਂ ਕਰਕੇ ਸਤਸੰਗਤ ਮਿਲ ਜਾਵੇ ਤਾਂ ਹਰੀ ਦਾ ਰਸ ਆ ਕੇ ਪ੍ਰਾਪਤ ਹੁੰਦਾ ਹੈ।

ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥

ਰਾਤ ਦਿਨ ਲਿਵ=ਬਿਰਤੀ ਲਗਾ ਰਹਿਣਾ ਕਰੇ, ਤਾਂ ਸਹਜਿ=ਸ਼ਾਂਤੀ ਆਦਿਕ ਗੁਣਾਂ ਵਿਚ ਸਮਾਉਂਦਾ ਹੈ।

ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥

ਸ਼ਾਂਤੀ ਆਦਿਕ ਗੁਣਾਂ ਵਿਚ ਸਮਾਵੇ ਤਾਂ ਸ਼ਰੋਮਣੀ ਹਰੀ ਨੂੰ ਭਾਉਂਦਾ ਹੈ, ਅਤੇ ਵੈਰਾਗੀਆਂ ਵਾਂਗ ਸਦਾ ਤਿੰਨਾਂ ਗੁਣਾਂ ਤੋਂ ਰਹਿਤ ਰਹਿੰਦਾ ਹੈ।

ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ॥

ਰਾਮ ਨਾਮ ਵਿਚ ਲਿਵ ਦੇ ਲੱਗਣ ਕਰਕੇ ਜਗਤ ਅੰਦਰ, ਲੋਕ ਪ੍ਰਲੋਕ ਵਿਚ ਸੋਭਾ ਹੁੰਦੀ ਹੈ।

ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ॥

ਉਹ ਹਰਖ ਤੇ ਸੋਗ ਇਨ੍ਹਾਂ ਦੋਹਾਂ ਤੋਂ ਮੁਕਤਾ=ਰਹਿਤ ਹੋ ਜਾਂਦਾ ਹੈ, ਪ੍ਰਭੂ ਜੋ ਕਰਦਾ ਹੈ ਉਸ ਨੂੰ ਓਹੋ ਚੰਗਾ ਲੱਗਦਾ ਹੈ।

ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ॥ ੩॥

ਵੱਡਿਆਂ ਭਾਗਾਂ ਕਰਕੇ ਸਤਸੰਗਤ ਮਿਲ ਜਾਵੇ ਤਾਂ ਹਰੀ ਰਸ ਆ ਕੇ ਪ੍ਰਾਪਤ ਹੁੰਦਾ ਹੈ॥੩॥

ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ॥

ਦ੍ਵੈਤ ਭਾ ਵਾਲਿਆਂ ਨੂੰ ਬੜਾ ਭਾਰੀ ਦੁੱਖ ਹੁੰਦਾ ਹੈ, ਮਨਮੁਖਾਂ ਨੂੰ ਜਮਾਂ ਨੇ ਜੋਹਿਆ=ਵੇਖਿਆ ਹੈ, ਯਾਂ ਤਾੜਿਆ ਹੈ।

ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ॥

ਉਹ ਮਾਇਆ ਦੇ ਮੋਹ ਵਿਚ ਦੁਖੀ ਹੋ ਕੇ ਦਿਨ ਰਾਤ ਹਾਇ ਹਾਇ ਕਰਦੇ ਹਨ।

ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ॥

ਮਾਇਆ ਦਾ ਮੋਹਿਆ ਹੋਇਆ ਦੁਖੀ ਹੁੰਦਾ ਹੈ, ਹਉਮੈ ਤੇ ਰੋਹਿਆ=ਕ੍ਰੋਧ ਵੱਸ ਹੋ ਕੇ ਮੇਰੀ ਮੇਰੀ ਕਰਦਿਆਂ ਉਮਰਾ ਬਿਤਾਉਂਦਾ ਹੈ।

ਯਥਾ:-''ਜਿਨਿ ਦੀਆ ਤਿਸੈ ਨ ਚੇਤੈ ਮੂਲਿ॥

ਮਿਥਿਆ ਲੋਭੁ ਨ ਉਤਰੈ ਸੂਲੁ॥ ੩॥'' (ਰਾਮਕਲੀ ਮਹਲਾ ੫, ਪੰਨਾ ੮੬੬)

''ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ॥'' (ਪੰਨਾ ੮੮੩)

ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ॥

ਜੋ ਪ੍ਰਭੂ ਖਾਣ ਪਹਿਰਾਣ ਦੇਂਦਾ ਹੈ ਉਸ ਨੂੰ ਯਾਦ ਨਹੀਂ ਕਰਦਾ, ਇਸ ਲਈ ਅੰਤ ਨੂੰ ਜਮਪੁਰੀ ਵਿਚ ਗਿਆ ਹੋਇਆ ਪਛੁਤਾਉਂਦਾ ਹੈ।

ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ॥

ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਇਸਤ੍ਰੀ ਪੁੱਤਰ ਨਾਲ ਨਹੀਂ ਚਲਦਾ, ਅਤੇ ਮਾਇਆ ਭੀ ਅੰਤ ਨੂੰ ਧੋਹਿਆ=ਛਲ ਜਾਂਦੀ ਭਾਵ ਦਗਾ ਦੇ ਜਾਂਦੀ ਹੈ।

ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ॥ ੪॥

ਦ੍ਵੈਤ ਭਾ ਵਾਲਿਆਂ ਨੂੰ ਬੜਾ ਭਾਰੀ ਦੁੱਖ ਹੁੰਦਾ ਹੈ, ਮਨਮੁਖਾਂ ਨੂੰ ਜਮਾਂ ਨੇ ਜੋਹਿਆ=ਤਾੜਿਆ ਹੈ॥ ੪॥

ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥

ਜਿਸ ਨੇ ਕਿਰਪਾ ਦ੍ਰਿਸ਼ਟੀ ਕਰਕੇ ਸਤਸੰਗ ਨਾਲ ਮਿਲਾ ਲਿਆ ਹੈ, ਉਸ ਨੇ ਹਰੀ ਦੇ ਮਹਲੁ=ਸਰੂਪ ਨੂੰ ਪਾਇਆ ਹੈ।

ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ ॥

ਉਹ ਸਦਾ ਕਰ=ਹੱਥ ਜੋੜ ਕੇ ਬੇਨਤੀ ਕਰਦਾ ਰਹਿੰਦਾ ਹੈ, ਇਸ ਤੇ ਉਹ ਪ੍ਰਭੂ ਦੇ ਮਨ ਵਿਚ ਭਾ ਗਿਆ ਹੈ।

ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥

ਪ੍ਰਭੂ ਦੇ ਮਨ ਵਿਚ ਭਾਵੇ ਤਾਂ ਹੀ ਹੁਕਮ ਵਿਚ ਸਮਾਂਵਦਾ ਹੈ, ਜਿਸ ਨੇ ਹੁਕਮ ਮੰਨਿਆ ਹੈ ਓਸੇ ਨੇ ਸੁਖ ਪਾਇਆ ਹੈ।

ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥

ਅਨਦਿਨੁ=ਇੱਕ-ਰਸ ਦਿਨ ਰਾਤ ਉਹ ਨਾਮ-ਜਪਦਾ ਰਹਿੰਦਾ ਹੈ, ਅਤੇ ਮਨ ਕਰਕੇ ਵੀ ਸਹਜੇ ਨਾਮ ਨੂੰ ਧਿਆਉਂਦਾ ਰਹਿੰਦਾ ਹੈ।

ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਹੀ ਨਾਮ ਕਰਕੇ ਗੁਰਮੁਖਾਂ ਨੂੰ ਵਡਿਆਈ ਮਿਲੀ ਹੈ, ਗੁਰਮੁਖਾਂ ਦੇ ਮਨ ਵਿਚ ਨਾਮ ਹੀ ਭਾਂਵਦਾ ਹੈ।

ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥ ੫ ॥ ੧ ॥

ਜਿਸ ਨੂੰ ਕਿਰਪਾ ਦ੍ਰਿਸ਼ਟੀ ਕਰਕੇ ਸਤਸੰਗ ਨਾਲ ਮਿਲਾ ਲਿਆ ਹੈ, ਉਸ ਨੇ ਹਰੀ ਦੇ ਮਹਲੁ=ਸਰੂਪ ਨੂੰ ਪਾਇਆ ਹੈ ॥੫ ॥੧ ॥

(ਪੰਨਾ ੬੯੧)

ਧਨਾਸਰੀ ਮਹਲਾ ੫ ਛੰਤ ੧ੴ ਸਤਿਗੁਰ ਪ੍ਰਸਾਦਿ ॥

ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥

ਸਤਿਗੁਰ ਦੇਵ ਜੀ ਦੀਨਾਂ ਉੱਪਰ ਦਿਆਲੂ ਹੈਂ ਜਿਸ ਗੁਰੂ ਦੇ ਨਾਲ ਮਿਲ ਕੇ ਹਰੀ ਦਾ ਜਸ ਗਾਇਨ ਕਰਨਾ ਹੁੰਦਾ ਹੈ।

ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ ॥

ਹਰੀ ਦਾ ਜੋ ਨਾਮ-ਅੰਮ੍ਰਿਤ ਹੈ, ਉਸ ਨੂੰ ਸੰਤਾਂ ਦੇ ਸੰਗ ਵਿਖੇ ਰਾਵੀਐ=ਭੋਗਣਾ ਕਰੀਏ।

ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ ॥

ਸਾਧੂਆਂ ਦੇ ਸਤਸੰਗ ਵਿਚ ਭਜੁ=ਪ੍ਰਾਪਤ ਹੋ ਕੇ ਇੱਕ ਕੇ ਆਰਾਧੂ=ਅਰਾਧਣ ਵਾਲੇ ਹੋਵੇ ਤਾਂ ਜਨਮ

ਮਰਨ ਦੇ ਦੁੱਖ ਨਾਸ ਹੋ ਜਾਣਗੇ।

ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ॥

ਧੁਰ ਦੇ ਚੰਗੇ ਕਰਮਾਂ ਦੇ ਲਿਖੇ ਅਨੁਸਾਰ ਸੱਚੀ ਸਿੱਖਿਆ ਪ੍ਰਾਪਤ ਹੋਣੇ ਤੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ॥

ਸੰਸਾਰਕ ਭੈ ਭਰਮ ਦੇ ਨੱਸਣੇ ਤੇ ਜਦ ਜੜ੍ਹ ਚੇਤਨ ਦੀ ਗੰਢ ਖੁੱਲ੍ਹ ਗਈ, ਤਦ ਜਮ ਰਸਤੇ ਵਿਖੇ ਕਦਾਚਿਤ ਨਹੀਂ ਆਉਂਦਾ।

ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ॥ ੧॥

ਗੁਰੂ ਜੀ ਕਥਨ ਕਰਦੇ ਹੈਂ, ਹੇ ਹਰੀ ! ਅਸਾਡੇ ਉੱਤੇ ਅਜੇਹੀ ਕਿਰਪਾ ਧਾਰ, ਜਿਸ ਤੇ ਸਦਾ ਤੇਰੇ ਗੁਣ ਗਾਉਂਦੇ ਰਹੀਏ॥੧॥

ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ॥
ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ॥

ਹੇ ਨਿਰੰਜਨ ! ਇੱਕ ਤੇਰਾ ਨਾਮ ਹੀ ਨਿਆਸਰੇ ਜੀਆਂ ਦਾ ਧਨ=ਆਸਰਾ ਰੂਪ ਹੈ। ਤੂੰ ਦਾਤਾਰਾਂ (ਦਾਤਿਆਂ) ਦਾ ਭੀ ਦਾਤਾ ਹੈਂ, ਅਤੇ ਸਾਰਿਆਂ ਜੀਆਂ ਦੇ ਦੁੱਖ ਭੰਜਨੋ=ਨਾਸ ਕਰਨ ਵਾਲਾ ਹੈਂ।

ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ॥
ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ॥

ਜੋ ਪੁਰਸ਼ ਸਾਧੂਆਂ ਦੀ ਸ਼ਰਨ ਵਿਚ ਆਇਆ ਹੈ ਉਸ ਦੇ ਦੁੱਖ ਹਰਤ=ਨਾਸ ਕਰਕੇ ਹੇ ਸੁਆਮੀ ! ਆਪ ਸੁਖਾਂ ਦੇ ਕਰਤਾ ਹੋ। ਸੰਸਾਰ ਸਮੁੰਦਰ ਦਾ ਤਰਨਾ ਬੜਾ ਬਿਖੜਾ=ਮੁਸ਼ਕਲ ਹੈ ਪਰ ਤੁਸਾਂ ਨੇ ਇਸ ਤੋਂ ਇਕ ਪੱਲ ਵਿਚ ਤਾਰ ਦਿੱਤਾ ਹੈ।

ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ॥
ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ॥ ੨॥

ਜਦ ਅੱਖਾਂ ਵਿਚ ਗੁਰਾਂ ਨੇ ਗਿਆਨ ਰੂਪ ਸੁਰਮਾ ਪਾ ਦਿੱਤਾ, ਤਦ ਸਾਰਿਆਂ ਅਸਥਾਨਾਂ ਵਿਖੇ ਹੇ ਪ੍ਰਭੂ ! ਤੈਨੂੰ ਪੂਰਨ ਹੋ ਰਿਹਾ ਦੇਖਿਆ ਹੈ। ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਇਹ ਕਿਰਪਾ ਕਰ ਜੋ ਮੈਂ ਸਦਾ ਸਿਮਰਦਾ ਰਹਾਂ, ਆਪ ਸਾਰੇ ਦੁੱਖ ਅਤੇ ਭੈ=ਡਰ ਦੇ ਭੰਜਨੋ=ਨਾਸ ਕਰਨ ਵਾਲੇ ਹੋ॥੨॥

ਆਪਿ ਲੀਏ ਲੜਿ ਲਾਇ ਕਿਰਪਾ ਧਾਰੀਆ ਜੀਉ॥
ਮੋਹਿ ਨਿਰਗੁਣੁ ਨੀਚੁ ਅਨਾਥੁ ਪ੍ਰਭ ਅਗਮ ਅਪਾਰੀਆ ਜੀਉ॥

ਜਿਨ੍ਹਾਂ ਉੱਤੇ ਕਿਰਪਾ ਧਾਰੀ ਹੈ ਉਹਨਾਂ ਜੀਆਂ ਨੂੰ ਆਪਣੇ ਪੱਲੇ ਨਾਲ ਲਗਾ ਲੀਤਾ ਹੈ। ਮੈਂ ਨੀਚ

ਨਿਰਗੁਣ ਤੇ ਅਨਾਥ ਹਾਂ, ਹੇ ਪ੍ਰਭੂ ! ਆਪ ਮਨ ਕਰਕੇ ਅਗਮ ਅਤੇ ਅਪਾਰ ਗੁਣਾਂ ਵਾਲੇ ਹੋ।

ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ ॥
ਜੀਅ ਜੰਤ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ ॥

ਹੇ ਦਿਆਲੂ ਸੁਆਮੀ ! ਤੂੰ ਸਦਾ ਕਿਰਪਾਲੂ ਹੈਂ, ਨੀਵਿਆਂ ਨੂੰ ਉੱਚ ਪਦਵੀ ਉੱਪਰ ਥਾਪਣ ਵਾਲਾ ਹੈਂ। ਸੂਖਮ ਸਥੂਲ ਸਾਰੇ ਜੀਵ ਤੇਰੇ ਅਧੀਨ ਹਨ, ਅਤੇ ਸਾਰੇ ਜੀਵ ਤੇਰੀ ਸਾਰਿਆ=ਸੰਭਾਲ ਅੰਦਰ ਹਨ।

ਆਪਿ ਕਰਤਾ ਆਪਿ ਭੁਗਤਾ ਆਪਿ ਸਗਲ ਬੀਚਾਰੀਆ ॥

ਤੂੰ ਆਪ ਹੀ ਸਭ ਦਾ ਕਰਤਾ ਹੈਂ, ਆਪ ਹੀ ਜੀਵ ਰੂਪ ਹੋ ਕੇ ਭੋਗਾਂ ਨੂੰ ਭੁਗਤਾ=ਭੋਗਦਾ ਹੈਂ, ਅਤੇ ਆਪ ਹੀ ਤੂੰ ਸਭ ਗੱਲਾਂ ਨੂੰ ਵਿਚਾਰਦਾ ਹੈਂ ਦੂਜੇ ਪਾਸੋਂ ਸਲਾਹ ਨਹੀਂ ਲੈਂਦਾ।

ਬਿਨਵੰਤ ਨਾਨਕ ਗੁਣ ਗਾਇ ਜੀਵਾ ਹਰਿ ਜਪੁ ਜਪਉ ਬਨਵਾਰੀਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਤੇਰੇ ਹੀ ਗੁਣ ਗਾ ਕੇ ਜੀਉਂਦਾ ਹਾਂ, ਹੇ ਹਰੀ ! ਸੰਸਾਰ ਬਨ ਦੇ ਮਾਲਕ ! ਇਹ ਕਿਰਪਾ ਕਰ, ਜੋ ਤੇਰੇ ਜਪ ਨੂੰ ਸਦਾ ਜਪਦਾ ਰਹਾਂ ॥੩ ॥

ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ ॥

ਹੇ ਹਰੀ ! ਆਪ ਜੀ ਦਾ ਦਰਸ਼ਨ ਅਪਾਰੁ=ਸ੍ਰੇਸ਼ਟ ਹੈ, ਅਤੇ ਆਪ ਜੀ ਦਾ ਨਾਮ ਭੀ ਅਮੋਲਕ ਹੈ।

ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ ॥

ਹੇ ਅਤੋਲੀ ਪੁਰਖ ! ਤੇਰੇ ਦਾਸ ਨਿੱਤ ਹੀ ਤੇਰੇ ਨਾਮ ਨੂੰ ਜਪਹਿ=ਜਪਦੇ ਹਨ।

ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ ॥

ਹੇ ਹਰੀ ! ਜਿਨ੍ਹਾਂ ਸੰਤਾਂ ਉੱਪਰ ਤੂੰ ਆਪ ਤੂਠਾ=ਪ੍ਰਸੰਨ ਹੋਇਆ ਹੈਂ, ਉਹਨਾਂ ਸੰਤਾਂ ਦੀ ਰਸਨਾਂ ਉੱਤੇ ਵਸਿਆ ਹੈਂ, ਇਸ ਕਰਕੇ ਉਹ ਹਰੀ ਨਾਮ ਰਸ ਵਿਚ ਮਾਤਿਆ=ਮਸਤ ਹੋਏ ਹਨ।

ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ ॥

ਉਹ ਮਹਾ ਭਾਗੇ=ਉੱਤਮ ਭਾਗਾਂ ਵਾਲੇ ਗੁਰੂ ਦੇ ਚਰਨੀ ਲੱਗ ਕੇ ਸਦਾ ਹੀ ਰਾਤ ਦਿਨ ਸਿਮਰਨ ਵਿਚ, ਯਾਂ ਗਿਆਨ ਜਾਗ੍ਰਤ ਵਿਚ ਜਾਗਦੇ ਰਹਿੰਦੇ ਹਨ।

ਸਦ ਸਦਾ ਸਿੰਮ੍ਰਤਬ੍ਰ ਸੁਆਮੀ ਸਾਸਿ ਸਾਸਿ ਗੁਣ ਬੋਲਈ ॥

ਹੇ ਸੁਆਮੀ ! ਤੂੰ ਸਦਾ ਸਦਾ ਸਿਮਰਨੇ ਯੋਗ ਹੈਂ, ਤੇਰੇ ਸੰਤ ਸ੍ਵਾਸ ਸ੍ਵਾਸ ਤੇਰੇ ਹੀ ਗੁਣਾਂ ਨੂੰ ਬੋਲਦੇ ਹਨ।

ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਜੋ ਸਾਧੂ ਆਪ ਜੀ ਦੇ ਅਮੋਲਕ ਨਾਮ ਨੂੰ ਜਪਦੇ ਹਨ, ਮੈਂ ਉਹਨਾਂ ਸਾਧੂਆਂ ਦੀ ਚਰਨ ਧੂੜ ਮੰਗਦਾ ਹਾਂ ॥੪ ॥੧ ॥

ਰਾਗੁ ਧਨਾਸਰੀ ਭਗਤ ਬਾਣੀ

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਗੋਬਿੰਦ ਲੋਕਾਂ ਨੇ ਬੇਨਤੀ ਕੀਤੀ, "ਪ੍ਰਮੇਸ਼ਰ ਦੇ ਗੁਣਾਂ ਦਾ ਅੰਤ ਕਿਸੀ ਨੇ ਪਾਇਆ ਹੈ, ਕਿ ਨਹੀਂ ?"

ਇਹ ਗੱਲ ਸੁਣ ਕੇ ਕਬੀਰ ਜੀ ਕਮੁੱਤਕ ਨਿਆਂ ਨਾਂਲ ਪਰਮੇਸ਼ਰ ਦੀ ਬਿਅੰਤਤਾ ਨੂੰ ਕਥਨ ਕਰਦੇ ਹਨ-

ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥ ੧ ॥

(੧) ਬ੍ਰਹਮਾ ਦੇ ਚਾਰੇ ਪੁੱਤਰ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਪਰਮੇਸ਼ਰ ਦੇ ਜਸ ਗਾਇਨ ਕਰਨ ਵਿਚ ਸਮਾ ਰਹੇ ਹਨ।

ਮਹੇਸ=ਸ਼ਿਵਜੀ ਵੀ ਸਮਾ ਰਿਹਾ ਹੈ। ਸ਼ੇਸ਼ਨਾਗ ਭੀ ਗੁਣਾਂ ਦੇ ਗਾਇਨ ਕਰਨ ਵਿਚ ਸਮਾ ਰਿਹਾ ਹੈ, ਪਰ ਇਨ੍ਹਾਂ ਸਭਨਾਂ ਵਿਚੋਂ ਤੇਰੋ=ਤਿਸ ਪਰਮਾਤਮਾ ਦਾ ਭੇਦ ਕਿਸੀ ਨੇ ਨਹੀਂ ਜਾਣਿਆਂ।

ਯਥਾ-"ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥੨ ॥ ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨ ਪਾਵਉ ॥"

(ਆਸਾ ਮਹਲਾ ੫, ਪੰਨਾ ੪੦੧)

ਤਥਾ:-"ਸ਼ੇਸ਼ਨਾਗ ਸਿਰ ਸਹਸ ਬਨਾਈ ॥ ਦ੍ਵੈ ਸਹੰਸ ਰਸਨਾਹੁ ਸੁਹਾਈ ॥

ਰਟਤ ਅਬ ਲਗੇ ਨਾਮ ਅਪਾਰਾ ॥ ਤੁਮਰੋ ਤਊ ਨ ਪਾਵਤ ਪਾਰਾ ॥੬ ॥"

(ਦਸਮ ਗ੍ਰੰਥ ਬਚਿੱਤ੍ਰ ਨਾਟਕ ਪੰਨਾ ੪੭)

(੨) ਸਨਕ ਦੇ ਸਮਾਨ ਜੋ ਸਨਕ ਹੈ, ਸਨੰਦਨ ਦੇ ਸਮਾਨ ਜੋ ਸਨੰਦਨ ਹੈ, ਸ਼ਿਵਾਂ ਦੇ ਸਮਾਨ ਜੋ ਸ਼ਿਵ ਹੈ ਅਤੇ ਸ਼ੇਸ਼ਨਾਗ ਇਨ੍ਹਾਂ ਸਭਨਾਂ 'ਚੋਂ ਤੇਰੋ=ਤਿਸ ਦਾ ਭੇਦ ਕਿਸੀ ਨੇ ਨਹੀਂ ਜਾਣਿਆ ॥ ੧ ॥

(੩) ਇਹ ਸਾਰੇ ਸਮਾਨਾਂ=ਸਮਾਂ ਗਏ, ਭਾਵ ਹਰੀਹਰ ਹੋ ਗਏ ਹਨ, ਪਰ ਤੇਰੋ=ਤਿਸ ਦਾ ਭੇਦ ਕਿਸੀ ਨੇ ਨਹੀਂ ਜਾਣਿਆਂ ॥ ੧ ॥

ਸੰਤਸੰਗਤਿ ਰਾਮੁ ਰਿਦੈ ਬਸਾਈ ॥ ੧ ॥ ਰਹਾਉ ॥

ਜੀਵ ਨੂੰ ਚਾਹੀਦਾ ਹੈ, ਸੰਤਾਂ ਦੀ ਸੰਗਤ ਵਿਚ ਮਿਲ ਕੇ ਰਾਮ ਨਾਮ ਨੂੰ ਹਿਰਦੇ ਵਿਚ ਵਸਾਉਣਾ ਕਰੇ ॥੧ ॥

ਹਨੂਮਾਨ ਸਰਿ ਗਰੁੜ ਸਮਾਨਾਂ ॥

(੧) (ਬੜੇ ਬਲ ਵਾਲਾ ਪੌਣ ਪੁੱਤਰ) ਹਨੂੰਮਾਨ ਵੀ ਪ੍ਰਮੇਸ਼ਰ ਦੇ ਜਸ ਕਰਨ ਵਿਚ ਸਰਿ=ਸਮਾ ਰਿਹਾ ਹੈ। (ਵਿਸ਼ਨੂੰ ਦੇ ਨਿਕਟ ਵਰਤੀ ਰਹਿਣ ਵਾਲਾ ਅਰਥਾਤ ਵਿਸ਼ਨੂੰ ਦਾ ਵਾਹਨ) ਗਰੁੜ ਵੀ ਪਰਮੇਸ਼ਰ ਦੇ ਜਸ ਕਰਨ ਵਿਚ ਸਮਾਨਾਂ=ਸਮਾ ਰਿਹਾ ਹੈ।

(੨) ਹਨੂੰਮਾਨ ਦੇ ਸਰਿ-ਸਦਰਸ਼ ਜੋ ਹਨੂੰਮਾਨ ਹੈ, ਗਰੁੜ ਦੇ ਸਮਾਨ ਜੋ ਗਰੁੜ ਹੈ।

ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥ ੨ ॥

(੧) ਸੁਰਪਤਿ=ਦੇਵਤਿਆਂ ਦਾ ਪਤੀ ਜੋ ਰਾਜਾ ਇੰਦਰ ਹੈ, ਨਰਪਤਿ=ਪੁਰਸ਼ਾਂ ਦਾ ਪਤੀ ਜੋ ਬ੍ਰਹਮਾਂ, ਯਾਂ ਸ਼ੰਭੂ ਮੁਨਿ ਹੈ, ਇਨ੍ਹਾਂ ਸਾਰਿਆਂ ਵਿਚੋਂ ਕਿਸੀ ਨੇ ਵੀ ਪਰਮੇਸ਼ਰ ਦੇ ਗੁਣਾਂ ਦਾ ਅੰਤ ਨਹੀਂ ਜਾਣਿਆਂ ॥੨ ॥

(੨) ਇਹ ਸਾਰੇ ਆਪ ਹੀ ਸਮਾਨਾਂ=ਸਮਾ ਗਏ, ਭਾਵ ਹਰੀ-ਹਰ ਹੋ ਗਏ ਪਰ ਗੁਣਾਂ ਦਾ ਅੰਤ ਨਹੀਂ ਜਾਣਿਆਂ ॥੨ ॥

ਯਥਾ:-''ਜਾਨੀ ਨ ਜਾਈ ਤਾ ਕੀ ਗਾਤਿ ॥ ੧ ॥ ਰਹਾਉ ॥

ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ ॥ ੧ ॥

ਗਣ ਗੰਧਰਬ ਸਿਧ ਅਰੁ ਸਾਧਿਕ ॥ ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥

ਚਤੁਰ ਬੇਦ ਉਚਰਤ ਦਿਨੁ ਰਾਤਿ ॥ ਅਗਮ ਅਗਮ ਠਾਕੁਰੁ ਆਗਾਧਿ ॥

ਗੁਨ ਬੇਅੰਤ ਬੇਅੰਤ ਭਨੁ ਨਾਨਕ ਕਹਨੁ ਨ ਜਾਈ ਪਰੈ ਪਰਾਤਿ ॥''

(ਦੇਵਗੰਧਾਰੀ ਮਹਲਾ ੫, ਪੰਨਾ ੫੩੫)

ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥

(੧) ਚਾਰ ਵੇਦ, ਸਤਾਈ ਸਿੰਮ੍ਰਤੀਆਂ ਅਤੇ ਅਠਾਰਾਂ ਪੁਰਾਣਾਂ ਨੇ,

(੨) ਇਹਨਾਂ ਦੇ ਰਚਣ ਰਿਖੀਆਂ ਨੇ,

(੩) ਇਹਨਾਂ ਦੇ ਪੜ੍ਹਨ ਪੜ੍ਹਾਉਣ ਵਾਲੇ ਪੰਡਿਤਾਂ ਨੇ ਵੀ ਉਸ ਦਾ ਅੰਤ ਨਹੀਂ ਜਾਣਿਆਂ।

ਕਮਲਾਪਤਿ ਕਵਲਾ ਨਹੀ ਜਾਨਾਂ ॥ ੩ ॥

(੧) ਕਮਲਾ ਪਤਿ=ਵਿਸ਼ਨੂੰ ਦਾ ਅੰਤ ਕਵਲਾ=ਲਛਮੀ ਨੇ ਵੀ ਨਹੀਂ ਜਾਣਿਆਂ ਤੇ ਅਕਾਲ ਪੁਰਖ ਦਾ ਅੰਤ ਕਿਵੇਂ ਕੋਈ ਜਾਣ ਸਕਦਾ ਹੈ।

(੨) ਕਮਲਾ ਪਤਿ-ਵਿਸ਼ਨੂੰ, ਕਵਲਾ=ਲਛਮੀ ਅਤੇ ਕਮਲ ਜਾ=ਬ੍ਰਹਮਾਂ, ਇਨ੍ਹਾਂ ਤਿੰਨਾਂ ਵਿਚੋਂ ਕਿਸੀ ਨੇ ਭੀ ਅੰਤ ਨਹੀਂ ਜਾਣਿਆਂ।

(੩) ਕਮਲਾਪਤੀ ਜੋ ਵਿਸ਼ਨੂੰ ਹੈ ਉਹ ਤਾਂ ਕਵਲਾ-ਸ਼ੁਦਾਈ ਹੋਇਆ ਫਿਰਦਾ ਹੈ, ਵਾਹਿਗੁਰੂ ਦੇ ਗੁਣਾਂ ਦਾ ਅੰਤ ਉਸ ਨੇ ਭੀ ਨਹੀਂ ਜਾਣਿਆਂ ॥ ੩ ॥

ਕਹਿ ਕਬੀਰ ਸੋ ਭਰਮੈ ਨਾਹੀ॥ ਪਗ ਲਗਿ ਰਾਮ ਰਹੈ ਸਰਨਾਂਹੀ॥ ੪ ॥ ੧ ॥

(੧) ਕਬੀਰ ਜੀ ਕਥਨ ਕਰਦੇ ਹਨ, ਉਹ ਪੁਰਸ਼ ਭਰਮਦਾ ਨਹੀਂ, ਜੋ ਪੁਰਸ਼ ਰਾਮ ਦੇ ਪਗ=ਚਰਨਾਂ ਦੀ ਸ਼ਰਨ ਵਿਚ ਲੱਗਾ ਰਹਿੰਦਾ ਹੈ।

(੨) ਸਾਰਿਆਂ ਵਿਖੇ ਪਗ=ਰਪੇ ਹੋਏ ਰਾਮ ਦੀ ਸ਼ਰਨ ਵਿਚ ਜੋ ਲੱਗਾ ਰਹਿੰਦਾ ਹੈ।

(੩) ਜੋ ਰਾਮ ਦੇ ਚਰਨਾਂ ਵਿਚ ਲੱਗਾ ਰਹਿੰਦਾ ਹੈ ਉਸ ਦੇ ਸਰ+ਨਾਂਹੀ=ਸਦਰਸ਼ ਹੋਰ ਕੋਈ ਨਹੀਂ॥ ੪॥ ੧॥

ਉਥਾਨਕਾ:-ਕਿਸੀ ਬੁੱਢੇ ਪੁਰਸ਼ ਨੂੰ ਪਦਾਰਥਾਂ ਦੀ ਮੋਹ ਮਮਤਾ ਵਿਚ ਫਸਿਆ ਵੇਖ ਕੇ ਵੈਰਾਗ ਜਨਕ ਉਪਦੇਸ਼ ਦੇਂਦੇ ਹਨ-

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥

ਘੜੀਆਂ ਤੋਂ ਪਹਿਰ, ਪਹਿਰ ਤੋਂ ਦਿਨ ਹੁੰਦੇ ਹਨ। ਇਤਿਆਦੀ ਕਾਲ ਦੀ ਸੰਗਿਆ ਕਰਕੇ ਆਵ ਘਟੈ=ਉਮਰਾ ਘਟਦੀ ਤੇ ਤਨੁ ਛੀਜੈ=ਸਰੀਰ ਕ੍ਰਿਸ (ਕਮਜ਼ੋਰ) ਹੁੰਦਾ ਜਾਂਦਾ ਹੈ।

(ਪੰਨਾ ੬੯੨) ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥੧॥

ਕਾਲ ਜੋ ਅਹੇਰੀ=ਸ਼ਿਕਾਰੀ ਹੈ, ਉਹ ਬਧਿਕ=ਫੰਧਕ ਵਾਂਗ ਆਪਣੇ ਸ਼ਿਕਾਰ ਨੂੰ ਢੂੰਡਦਾ ਫਿਰਦਾ ਹੈ, ਕਹੋ ਖਾਂ, ਉਸ ਕਾਲ ਤੋਂ ਬਚਣ ਦੀ ਕਿਹੜੀ ਵਿਧੀ ਕਰੀਏ ?॥੧॥

ਸੋ ਦਿਨੁ ਆਵਨ ਲਾਗਾ॥

ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ॥ ੧ ॥ ਰਹਾਉ॥

ਉਹ ਮੌਤ ਵਾਲਾ ਦਿਨ ਜੋ ਹੋਰਨਾਂ ਉੱਪਰ ਵੇਖਦਾ ਸੈਂ, ਹੁਣ ਤੇਰੇ ਨਜ਼ਦੀਕ ਆਉਣ ਲੱਗਾ ਹੈ ਅਤੇ ਜਿਨ੍ਹਾਂ ਸਬੰਧੀਆਂ ਨਾਲ ਤੂੰ ਹਿਤ ਕੱਰ ਰਿਹਾ ਹੈਂ, ਇਹ ਮਾਤਾ, ਪਿਤਾ, ਭਰਾ, ਪੁੱਤਰ ਬਨਿਤਾ=ਇਸਤਰੀ ਕਾਕਾ=ਚਾਚਾ ! ਕਹੋ ਖਾਂ, ਕੌਣ ਕੋਈ ਕਾ ਕਾ=ਕਿਸੇ ਦਾ ਸਹਾਇਕ ਹੈ? ਪਾਠ ਕਾ ਕਾ ਕਰਨਾ ਹੈ।

ਯਥਾ:-''ਸਭ ਕਿਛੁ ਜੀਵਤ ਕੋ ਬਿਵਹਾਰ॥

ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥੧॥ਰਹਾਉ॥

ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥

ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰਿ॥''

(ਦੇਵਗੰਧਾਰੀ ਮਹਲਾ ੯, ਪੰਨਾ ੫੩੬)

ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੁ ਨ ਬੂਝੈ॥

ਜਿੰਨਾ ਚਿਰ ਪਰਮੇਸ਼ਰ ਦੀ ਜੋਤਿ=ਚੇਤਨਸੱਤਾ ਇਸ ਕਾਇਆ=ਦੇਹ ਵਿਚ ਵਰਤ ਰਹੀ ਹੈ, ਉਤਨਾ ਚਿਰ ਇਹ ਪਸੁ=ਅਗਿਆਤ ਜੀਵ ਆਪਣਾ ਆਪ ਕੁਝ ਸਮਝਦਾ ਨਹੀਂ।

ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥ ੨ ॥

ਬੁਢੇਪੇ ਵਿਚ ਅੱਖਾਂ ਨਾਲ ਤਾਂ ਕੁਝ ਸੁੱਝਦਾ ਨਹੀਂ, ਫਿਰ ਭੀ ਜੀਵਨ ਪਦਵੀ ਵਾਸਤੇ ਲਾਲਚ=ਲੋਭ ਕਰਦਾ ਹੈ ਕਿ ਮੈਂ ਹੋਰ ਵੀ ਜੀਊਂਦਾ ਰਹਾਂ (ਤੇ ਕਈ ਤਰ੍ਹਾਂ ਦੀਆਂ ਦਵਾਈਆਂ, ਬੂਟੀਆਂ, ਕੁਸ਼ਤੇ ਵਗੈਰਾ ਖਾਂਦਾ ਹੈ) ॥੨ ॥

ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥

ਕਬੀਰ ਜੀ ਕਥਨ ਕਰਦੇ ਹਨ, ਹੇ ਪ੍ਰਾਣੀਓ ! ਸੁਣਨਾ ਕਰੋ, ਮਨ ਦੇ ਭਰਮ ਛੱਡ ਦਿਓ, (ਕਿਉਂਕਿ ਇਹ ਭਰਮ ਹੀ ਜੀਵ ਲਈ ਦੁੱਖਾਂ ਦਾ ਕਾਰਨ ਹਨ)।

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥ ੩ ॥ ੨ ॥

ਹੇ ਪ੍ਰਾਣੀਓ ! ਕੇਵਲ=ਫਕਤ ਵਾਹਿਗੁਰੂ ਨਾਮ ਨੂੰ ਜਪਣਾ ਕਰੋ ਤੇ ਇੱਕ ਵਾਹਿਗੁਰੂ ਦੀ ਸ਼ਰਨ ਵਿਚ ਪੈਣਾ ਕਰੋ (ਤਾਂ ਤੁਹਾਡੀ ਮੁਕਤੀ ਹੋਵੇਗੀ) ॥੩ ॥੨ ॥

ਉਥਾਨਕਾ:-ਜਿਸ ਵੇਲੇ ਭਗਤ ਕਬੀਰ ਜੀ ਹੜੰਬੇ ਦੇਸ਼ ਵਿਚ ਜਾ ਵਸੇ, ਤਾਂ ਕਿਸੀ ਨੇ ਕਿਹਾ, "ਆਪ ਇੱਥੇ ਕਿਉਂ ਆ ਗਏ ਹੋ? ਇੱਥੇ ਤਾਂ ਮੋਖ ਦੀ ਪਰਾਪਤੀ ਨਹੀਂ ਹੋਣੀ, ਆਪ ਜੀ ਨੂੰ ਕਾਂਸ਼ੀ ਵਿਚ ਹੀ ਰਹਿਣਾ ਚਾਹੀਦਾ ਸੀ ?" ਇਹ ਗੱਲ ਸੁਣਕੇ ਕਬੀਰ ਜੀ ਫੁਰਮਾਉਂਦੇ ਹਨ-

ਜੌ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥

ਜੋ ਪੁਰਸ਼ ਪਰਮੇਸ਼ਰ ਦੀ ਕੁਝ ਭਾਉ ਭਗਤਿ=ਪ੍ਰੇਮਾ ਭਗਤੀ ਕਰਨੀ ਜਾਣਦਾ ਹੈ, ਤਿਸਨੂੰ ਅਸਚਰਜ, ਅਰਥਾਤ ਬ੍ਰਹਮ ਰੂਪ ਹੀ ਕਹਿਣਾ ਕਰੇ।

ਵਾ:-ਤਿਸ ਨੂੰ ਮੁਕਤਿ ਰੂਪ ਹੋਣ ਵਿਚ ਕੀ ਅਸਚਰਜ ਹੈ।

ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥ ੧ ॥

ਜਿਵੇਂ ਘੜੇ ਦਾ ਜਲ, ਨਦੀ ਦੇ ਜਲ ਵਿਚ ਪ੍ਰਵੇਸ਼ ਕਰਕੇ ਫਿਰ ਵੱਖਰਾ ਹੋ ਕੇ ਨਹੀਂ ਨਿਕਲਦਾ। ਜਿਵੇਂ ਨਦੀ ਦਾ ਜਲ ਸਮੁੰਦਰ ਦੇ ਜਲ ਵਿਚ ਪ੍ਰਵੇਸ਼ ਕਰਕੇ ਫਿਰ ਭਿੰਨ ਹੋ ਕੇ ਨਹੀਂ ਨਿਕਲਦਾ।

ਯਥਾ:-ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥

(ਰਾਮਕਲੀ ਵਾਰ, ਪੰਨਾ ੯੪੭)

ਤਿਉ ਢੁਰਿ=ਤਿਵੇਂ ਮੈਂ ਢੁਲਕ ਕਰਕੇ, ਭਾਵ ਹਉਮੈਂ ਦਾ ਤਿਆਗ ਕਰਕੇ ਜੁ+ਲਾਹੋ=ਜੋ ਲਾਭ ਵਾਲਾ ਆਤਮ-ਪਦ ਹੈ, ਤਿਸ ਨਾਲ ਮਿਲਿਆ ਹਾਂ।

ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥

ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥ ੧ ॥ ਰਹਾਉ ॥

(੧) ਹੇ ਹਰੀ ਦੇ ਲੋਕੋ ! ਤੁਹਾਡੀ ਸਮਝ ਅਨੁਸਾਰ ਮੈਂ ਤਾਂ ਮਤੀ ਦਾ ਭੋਰਾ=ਭੋਲਾ ਹਾਂ।

ਯਾਂ-ਭੋਰਾ=ਥੋਹੜਾ ਮੱਤ ਵਾਲਾ ਹਾਂ।

ਯਾਂ-ਮੈਂ ਆਪਣੀ ਸਮਝ ਮੁਤਾਬਕ ਮਤੀ ਦਾ ਭੋਰਾ=ਪ੍ਰਕਾਸ਼ਵਾਨ ਹਾਂ। ਜੇਕਰ ਮੈਂ (ਕਬੀਰ) ਕਾਂਸ਼ੀ ਵਿਚ ਸਰੀਰ ਨੂੰ ਤਿਆਗਾਂ ਤਾਂ ਫਿਰ ਰਮਈਐ=ਪਰਮੇਸ਼ਰ ਦਾ ਅਸਾਡੇ ਉੱਤੇ ਕੀ ਨਿਹੋਰਾ=ਅਹਿਸਾਨ ਹੋਵੇਗਾ, ਕਿਉਂਕਿ ਕਾਂਸ਼ੀ ਵਿਚ ਤਾਂ ਸ਼ਿਵਾਂ ਨੇ ਸਾਰਿਆਂ ਲਈ ਮੋਖ ਦਾ ਸਦਾ ਵਰਤ ਲਗਾਇਆ ਹੋਇਆ ਹੈ, ਜੋ ਇੱਥੇ ਮਰੇਗਾ ਉਹ ਮੁਕਤ ਹੋਵੇਗਾ*।

ਤਾਂ ਪਰਮੇਸ਼ਰ ਦੀ ਭਗਤੀ ਕਰਨ ਦਾ ਫਿਰ ਕੀ ਲਾਭ ਹੋਇਆ? ਜੇਕਰ ਹੜੰਬੇ ਧਰਤੀ ਤੇ ਰਹਿ ਕੇ ਮੈਂ ਮਰ ਕੇ ਮੋਖ ਨੂੰ ਪ੍ਰਾਪਤ ਹੋਵਾਂਗਾ, ਤਦ ਹੀ ਮੈਂ ਪ੍ਰੇਮਾ ਭਗਤੀ ਦਾ ਪ੍ਰਤਾਪ ਜਾਣਾਂਗਾ॥੧॥

ਦੂਜਾ ਅਰਥ-

ਪੁਨਾ-ਕਬੀਰ ਜੀ ਨੇ ਕਹਾ=ਕਿਹਾ, ਜੇਕਰ ਮੈਂ ਕਾਂਸ਼ੀ ਵਿਚ ਸਰੀਰ ਤਿਆਗਾਂ ਤਾਂ ਫਿਰ ਰਮਈਏ ਨੂੰ ਨਿਹੋਰਾ=ਉਲਾਂਭਾ ਹੀ ਦਿਵਾਉਣਾ ਹੈ, ਕਿਉਂਕਿ ਲੋਕਾਂ ਨੇ ਏਹੀ ਆਖਣਾ ਹੈ, ''ਕਿ ਕਬੀਰ ਕਾਂਸ਼ੀ ਵਿਚ ਰਹਿ ਕੇ ਮੋਖਸ਼ ਹੋਇਆ ਹੈ ਪਰਮੇਸ਼ਰ ਦੀ ਭਗਤੀ ਵਿਚ ਕੋਈ ਬਲ ਨਹੀਂ।''

ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ॥

ਕਬੀਰ ਜੀ ਕਥਨ ਕਰਦੇ ਹਨ, ਹੇ ਦੁਨੀਆਂ ਦੇ ਲੋਕੋ ! ਤੁਸੀਂ ਸੁਣਨਾ ਕਰੋ, ਕੋਈ ਭੀ ਭਰਮ ਵਿਚ ਲੱਗ ਕੇ ਨਾ ਭੁੱਲਣਾ ਕਰੋ।

ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ॥ ੨॥ ੩॥

ਜੇਕਰ ਹਿਰਦੇ ਵਿਚ ਰਾਮ ਨਾਮ ਹੋਵੇ ਤਾਂ ਫਿਰ ਕਾਂਸ਼ੀ ਕੀ ਤੇ ਊਖਰੁ=ਕੱਲਰ ਵਾਲੀ ਧਰਤੀ ਕੀ ਤੇ ਮਗਹਰੁ=ਹੜੰਬਾ ਕੀ, ਚਾਹੇ ਕਿਸੀ ਜ਼ਮੀਨ ਉੱਪਰ ਭੀ ਸਰੀਰ ਛੁੱਟ ਜਾਵੇ ਉਹ ਅਵੱਸ਼ ਮੋਖ ਹੁੰਦਾ ਹੈ॥ ੨॥ ੩॥

---

*ਯਥਾ-''ਕਾਸ਼ੀ ਮਰਨਾਤ ਮੁਕਤੇ।''

ਤਥਾ:-'ਜੈਸੇ ਊਚ ਨੀਚ ਮੀਚ ਕਾਸ਼ੀ ਬੀਚ ਮੋਖ ਲਹੇ,
ਤੀਨੋਂ ਦੇਵ ਵਰ ਦੀਨੋਂ ਸੋਲਾ ਤੀਨੋਂ ਮਾਨ ਹੈ' ॥ ੨੦॥
ਦੋ:-'ਬੇਦ ਸ਼ਾਸਤ੍ਰ ਜੁਗ ਕਾਲ ਤ੍ਰੈ ਸੁਰ ਨਰ ਵਾ ਦ੍ਵੈ ਲੋਕ।
ਹੈ ਪ੍ਰਮਾਨ ਉਨੀਸ ਮਹਿ ਮੁਕਤਿ ਦ੍ਵਾਰ ਸ਼ਿਵ ਓਕ' ॥ ੨੧॥

(ਸਾਰੁਕਤਾਵਲੀ ਧਿਆ ੧੫)

''ਦੇਹ ਪਤਤੁਵਾ ਕਾਸ਼ਜਾਸ਼ ਪਚਸਜ ਗ੍ਰਹੇ ਅਥਵਾ।
ਗਜਾਨਸ਼ੰ ਪ੍ਰਾਪਤੀ ਸਮਯੇ ਸਰਬ ਥਾ ਮੁਕਤ ਏਵਸ:'' ॥ ੧॥

ਭਾਵ-ਗਿਆਨਵਾਨ ਅੰਤ ਸਮੇਂ ਆਪਣਾ ਸਰੀਰ ਚਾਹੇ ਕਾਂਸ਼ੀ ਵਿਚ, ਚਾਹੇ ਚੰਡਾਲ ਦੇ ਘਰ ਪਤਤੁ=ਤਿਆਗਣਾ ਕਰੇ, ਪਰ ਬੰਧ ਭ੍ਰਾਂਤੀ ਦੀ ਨਿਵਿਰਤੀ ਹੋਣ ਨਾਲ ਗਿਆਨਵਾਨ ਸਰਬ ਥਾਂ ਵਿਦੇਹ ਮੁਕਤ ਰੂਪ ਹੈ। *(ਪਿਤਾਂਬਰੀ ਵਿਚਾਰ ਸਾਗਰ ਸੱਤਵਾਂ ਤਰੰਗ, ਪੰਨਾ ੨੬੯*

ਉਥਾਨਕਾ:-ਇੱਕ ਦਿਨ ਕਬੀਰ ਜੀ ਪਾਸ ਲੋਈ ਨੇ ਹੱਥ ਜੋੜ ਕੇ ਬੇਨਤੀ ਕੀਤੀ,"ਸੁਆਮੀ ਜੀ ! ਘਰ ਵਿਚ ਤੰਗੀ ਬਹੁਤ ਸਾਰੀ ਹੈ ਆਪ ਪਰਮੇਸ਼ਰ ਪਾਸੋਂ ਕੁਝ ਪਦਾਰਥ ਮੰਗ ਲਵੋ।" ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ-

(ਰਹਾਉ ਦੀ ਤੁਕ ਤੋਂ ਅਰਥ ਸ਼ੁਰੂ ਕਰਨਾ)

"ਕਿਆ ਮਾਂਗਉ ਕਿਛੁ ਥਿਰੁ ਨਾਹੀ॥"

ਮੈਂ ਪਰਮੇਸ਼ਰ ਪਾਸੋਂ ਕੀ ਮੰਗਾਂ, ਕਿਉਂਕਿ ਕੋਈ ਪਦਾਰਥ ਥਿਰ ਰਹਿਣ ਵਾਲਾ ਨਹੀਂ ਹੈ।

ਇੰਦ੍ਰ ਲੋਕ ਸਿਵ ਲੋਕਹਿ ਜੈਬੋ॥ ਓਛੇ ਤਪ ਕਰਿ ਬਾਹੁਰਿ ਐਬੋ॥ ੧ ॥

ਤਪ ਜਾਂ ਪੁੰਨਾਂ ਦੇ ਬਲ ਕਰਕੇ ਜੇ ਕੋਈ ਇੰਦਰ ਲੋਕ, ਯਾਂ ਸ਼ਿਵ ਲੋਕ ਵਿਚ ਚਲਿਆ ਭੀ ਜਾਵੇ ਤਾਂ ਓਛੇ=ਤੁਛ ਤਪ ਦੇ ਹੋਣ ਕਰ ਕੇ ਭਾਵ ਸ਼ਕਾਮ ਤਪ ਦੇ ਕਰਨ ਨਾਲ ਬਾਹਰਿ ਐਬੋ=ਫਿਰ ਸੰਸਾਰ ਵਿਚ ਆਉਂਦਾ ਹੈ।

ਪੁੰਨਾਂ ਦੇ ਪ੍ਰਤਾਪ ਨਾਲ ਜਦ ਇਹ ਜੀਵ ਸਵਰਗ ਵਿਚ ਜਾਂਦਾ ਹੈ ਤਦ ਇਸ ਦੇ ਗਲ ਵਿਚ ਫੁੱਲਾਂ ਦੀ ਮਾਲਾ ਪਹਿਰਾਈ ਜਾਂਦੀ ਹੈ। ਇੱਕ ਸਾਲ ਪਿੱਛੋਂ ਉਸ ਦਾ ਇੱਕ ਫੁੱਲ ਸੁੱਕ ਜਾਂਦਾ ਹੈ, ਜਦ ਸਾਰੇ ਫੁੱਲ ਸੁੱਕ ਜਾਂਦੇ ਹਨ ਤਦ ਗਿਰਾਏਮਾਨ ਹੁੰਦਾ ਹੈ* ॥੧॥

ਕਿਆ ਮਾਂਗਉ ਕਿਛੁ ਥਿਰੁ ਨਾਹੀ॥ਰਾਮ ਨਾਮ ਰਖੁ ਮਨ ਮਾਹੀ॥੧ ॥ਰਹਾਉ॥

ਹੇ ਲੋਈ ! ਮੈਂ ਪਰਮੇਸ਼ਰ ਪਾਸੋਂ ਕੀ ਮੰਗਾਂ ? ਕਿਉਂਕਿ ਕੋਈ ਪਦਾਰਥ ਵੀ ਸੰਸਾਰ ਵਿਚ ਇਸਥਿਤ ਰਹਿਣ ਵਾਲਾ ਨਹੀਂ ਹੈ, ਇਸ ਲਈ ਇਨ੍ਹਾਂ ਪਦਾਰਥਾਂ ਦੇ ਖਿਆਲ ਛੱਡ ਕੇ ਤੂੰ ਮਨ ਦੇ ਵਿਚ ਰਾਮ ਨਾਮ ਨੂੰ ਚੇਤੇ ਰੱਖਣਾ ਕਰ॥੧॥

ਸੋਭਾ ਰਾਜ ਬਿਭੈ ਬਡਿਆਈ॥

ਇਸ ਸੰਸਾਰ ਦੀ ਸੋਭਾ, ਰਾਜ ਬਿਭੈ=ਰਾਜ ਬਿਭੂਤੀ ਅਤੇ ਪ੍ਰਲੋਕ ਦੀ ਵਡਿਆਈ।

ਅੰਤਿ ਨ ਕਾਹੂ ਸੰਗ ਸਹਾਈ॥ ੨ ॥

ਅੰਤਿ=ਪ੍ਰਾਣਾਂ ਦੇ ਵਿਜੋਗ ਕਾਲ ਵਿਚ ਇਹ ਕਿਸੀ ਦੇ ਨਾਲ ਸਹਾਇਕ ਨਹੀਂ ਹੁੰਦੀ॥੨॥

ਪੁਤ੍ਰ ਕਲਤ੍ਰ ਲਛਮੀ ਮਾਇਆ॥

ਪੁੱਤਰ ਦੀ ਕਲਤ੍ਰ=ਇਸਤ੍ਰੀ ਭਾਵ ਨੁਖਾ, ਲਛਮੀ=ਆਪਣੀ ਇਸਤਰੀ ਅਤੇ ਮਾਇਆ।

ਇਨ ਤੇ ਕਹੁ ਕਵਨੈ ਸੁਖੁ ਪਾਇਆ॥ ੩ ॥

ਕਹੋ ਖਾਂ, ਇਨ੍ਹਾਂ ਤੋਂ ਕਿਸ ਨੇ ਸੁਖ ਪਾਇਆ ਹੈ? ਭਾਵ ਕਿਸੀ ਨੇ ਨਹੀਂ ਪਾਇਆ॥੩॥

---

*ਯਥਾ:-ਖੀਨੇ ਪੁੰਨੇ ਮਾਰਤ ਲੋਕਹ ਚਰਤੀ॥

ਪੁੰਨ ਕਰਮਾਂ ਦੇ ਖੀਣ ਹੋਣ ਤੇ ਮਾਤ ਲੋਕ ਚਰਤੀ=ਗਿਰਾਇਆ ਜਾਂਦਾ ਹੈ।

ਕਹਤ ਕਬੀਰ ਅਵਰ ਨਹੀ ਕਾਮਾ ॥

ਕਬੀਰ ਜੀ ਕਹਿੰਦੇ ਹਨ, ਨਾਮ ਤੋਂ ਬਿਨਾਂ ਹੋਰ ਕੋਈ ਪਦਾਰਥ ਕੰਮ ਆਉਣ ਵਾਲਾ ਨਹੀਂ ਹੈ।

ਹਮਰੈ ਮਨ ਧਨ ਰਾਮ ਕੋ ਨਾਮਾ ॥ ੪ ॥ ੪ ॥

ਇਸ ਕਰਕੇ ਅਸਾਡੇ ਮਨ ਵਿਚ ਇੱਕ ਰਾਮ ਦਾ ਨਾਮ ਹੀ ਧੰਨਤਾ ਜੋਗ ਧਨ ਹੈ॥ ੪ ॥ ੪ ॥

ਹੁਣ ਨਾਮ ਦੀ ਮਹਿਮਾ ਵਰਣਨ ਕਰਦੇ ਹਨ-

ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ॥

(੧) ਹੇ ਭਾਈ ! ਮਨ ਕਰਕੇ ਰਾਮ ਨੂੰ ਸਿਮਰ, ਬਾਣੀ ਦੁਆਰਾ ਰਾਮ ਨੂੰ ਸਿਮਰ, ਸਰੀਰ ਕਰ ਕੇ ਰਾਮ ਨੂੰ ਸਿਮਰ।

(੨) ਹੇ ਭਾਈ ! ਰਾਮ ਨੂੰ ਸਿਮਰ, ਰਾਮ ਨੂੰ ਸਿਮਰ, ਰਾਮ ਨੂੰ ਸਿਮਰ ! ਤਿੰਨ ਵੇਰ ਆਖਣ ਨਾਲ ਨਿਸਚੇ ਅਰਥ ਹੁੰਦਾ ਹੈ।

(੩) ਜੋ ਰਾਮ ਸਾਰੇ ਰਮਿਆ ਹੋਇਆ ਹੈ, ਜਿਸ ਰਾਮ ਦਾ ਸਿਮਰਨ ਸਿਮਰਨੇ ਯੋਗ ਹੈ, ਹੇ ਭਾਈ ! ਉਸ ਰਾਮ ਨੂੰ ਤੂੰ ਸਿਮਰਨਾ ਕਰ, ਕਿਉਂਕਿ-

ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ॥ ੧ ॥ ਰਹਾਉ ॥

ਰਾਮ ਨਾਮ ਸਿਮਰਨ ਤੋਂ ਬਿਨਾਂ ਅਧਿਕਾਈ=ਅਧਿਕ ਬਿਭੂਤੀ ਵਾਲੇ, ਵਾ ਅਧਿਕ ਕਰਮ ਧਰਮ ਕਰਨ ਵਾਲੇ ਸੰਸਾਰ ਸਮੁੰਦਰ ਵਿਚ ਬੂਡਤੇ=ਡੁੱਬਦੇ ਜਾਂਦੇ ਹਨ॥ ੧ ॥

ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥
ਇਨ੍ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ ॥ ੧ ॥

ਬਨਿਤਾ=ਇਸਤ੍ਰੀ, ਸੁਤ=ਪੁੱਤਰ, ਦੇਹ=ਸਰੀਰ, ਗ੍ਰੇਹ=ਘਰ, ਸੰਪਤਿ=ਹਾਥੀ ਘੋੜੇ ਆਦਿਕ ਮਾਲ, ਵਾ:-ਇਤਿਆਦੀ ਸੰਪਦਾ ਜੋ ਸੁਖਦਾਈ ਮੰਨੀ ਬੈਠਾ ਹੈਂ, ਜਿਸ ਵੇਲੇ ਤੇਰੇ ਕਾਲ ਦੀ ਅਉਧ ਆਈ, ਭਾਵ ਮੌਤ ਦਾ ਦਿਨ ਆ ਗਿਆ ਉਸ ਵੇਲੇ ਇਨ੍ਹਾਂ ਵਿਚੋਂ ਤੇਰਾ ਕੁਛ ਵੀ ਨਹੀਂ ਹੋਵੇਗਾ ॥੧ ॥

ਯਥਾ:-''ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥''

(ਜੈਤਸਰੀ ਮਹਲਾ ੫, ਪੰਨਾ ੭੦੦)

ਫਿਰ ਨਾਮ ਦੀ ਵਿਸ਼ੇਸ਼ਤਾ ਦੱਸਦੇ ਹਨ-

ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥

ਜੋ ਪਹਿਲੇ ਬੜਾ ਵਿੱਦਵਾਨ ਪੰਡਿਤ ਹੋਣ ਕਰਕੇ ਰਾਜ ਦਰਬਾਰ ਵਿਚ ਜਾ ਕਥਾ ਕਰਦਾ ਹੁੰਦਾ ਸੀ, ਫਿਰ ਵੇਸ਼ਵਾ ਨਾਲ ਮਿਲਾਪ ਹੋਣ ਕਰਕੇ ਇਸ ਦਾ ਨਾਮ 'ਅਜਾਮਲ' ਪੈ ਗਿਆ। ਭਗਤਮਾਲ ਵਿਚ

ਇਸ ਦੀ ਸਾਖੀ ਸਪੱਸ਼ਟ ਹੈ।

ਗਜ=ਹਾਥੀ, ਗਨਿਕਾ=ਵੇਸ਼ਵਾ, ਇਨ੍ਹਾਂ ਨੇ ਸਾਰੀ ਉਮਰ ਪਤਿਤ=ਪਾਪ ਕਰਮ ਕੀਤੇ ਸਨ, ਪਰ-

ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥ ੨॥

(ਅੰਤ ਨੂੰ ਸੰਤਾਂ ਦੀ ਕਿਰਪਾ ਨਾਲ) ਰਾਮ ਨਾਮ ਲੈਣ ਕਰਕੇ ਤੇਊ=ਉਹ ਸੰਸਾਰ ਸਮੁੰਦਰ ਤੋਂ ਉਤਰਕੇ ਪਾਰ ਪੈ ਗਏ॥ ੨॥

ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ॥

ਹੇ ਭਾਈ ! ਜਿਸ ਵੇਲੇ ਤੁਸੀਂ ਸੂਕਰ=ਸੂਰ ਕੂਕਰ=ਕੁੱਤੇ ਆਦਿ ਜੂਨੀਆਂ ਵਿਚ ਭਰਮਦੇ ਫਿਰਦੇ ਸੀ, ਤਿਸ ਵੇਲੇ ਤੁਹਾਨੂੰ ਸ਼ਰਮ ਨਹੀਂ ਆਈ ਤੇ ਹੁਣ ਆਖਦੇ ਹੋ ਮਾਲਾ ਫੇਰਦਿਆਂ ਜਾਂ ਗੁਰਦੁਆਰੇ ਜਾਂਦਿਆਂ ਸ਼ਰਮ ਆਉਂਦੀ ਹੈ।

ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ॥ ੩॥

ਰਾਮ ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਕਿਸ ਵਾਸਤੇ ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਨੂੰ ਖਾਈ ਜਾਂਦੇ ਹੋ॥੩॥

ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ॥

ਵਿਧੀ ਕਰਮ ਜੋ ਸ਼ਾਸਤ੍ਰ ਅਨੁਸਾਰ ਹਨ, ਨਿਖੇਧ ਕਰਮ ਜੋ ਸ਼ਾਸਤ੍ਰ ਤੋਂ ਵਿਰੁੱਧ ਹਨ ਇਨ੍ਹਾਂ ਦੋਹਾਂ ਹੀ ਕ਼ਰਮਾਂ ਨੂੰ ਭਰਮ ਰੂਪ ਜਾਣ ਕੇ ਤਿਆਗ ਦੇਹ, ਕਿਉਂਕਿ-

'ਪਾਪ ਕਰਮ ਹੈ ਲੋਹਿ ਕੀ ਪੁੰਨ ਸਵਰਨ ਕੀ ਜਾਨ।
ਦੋਨੋਂ ਬੰਧਨ ਰੂਪ ਹੈਂ ਨਿਸਚੇ ਲੇਹੁ ਪਛਾਨ।'

ਵਾ-ਨਾ ਕਰਨ ਯੋਗ ਜੋ ਨਿਖੇਧ ਕਰਮ ਹਨ, ਉਨ੍ਹਾਂ ਨੂੰ ਭਰਮ ਰੂਪ ਜਾਣਕੇ ਤਿਆਗ ਦੇਹ ਤੇ ਵਿਧੀ ਕਰਮ ਜੋ ਰਾਮ ਦਾ ਨਾਮ ਹੈ ਤਿਸਨੂੰ ਲੈਣਾ ਕਰ (ਜਪਣਾ ਕਰ)।

ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ॥ ੪॥ ੫॥

ਕਬੀਰ ਜਨ ਜੀ ਕਥਨ ਕਰਦੇ ਹਨ, ਹੇ ਭਾਈ ! ਗੁਰਾਂ ਦੀ ਕਿਰਪਾ ਨਾਲ ਤੂੰ ਰਾਮ ਵਿਚ ਸਨੇਹੀ=ਪ੍ਰੇਮ ਕਰ॥੪॥੫॥

ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ

ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਇੱਕ ਵੇਰ ਨਾਮਦੇਵ ਜੀ ਸਮੇਤ ਪ੍ਰਵਾਰ ਤੀਰਥ ਯਾਤਰਾ ਕਰਨ ਚਲੇ ਗਏ। ਪਿੱਛੋਂ ਇੱਕ ਸ਼ਾਹੂਕਾਰ ਨੇ ਆਪਣਾ ਮਕਾਨ ਬਣਾਂਦਿਆਂ ਹੋਇਆਂ ਮਿਸਤਰੀ ਦੀ ਸਲਾਹ ਦੇਣ ਤੇ "ਕਿ ਜੇਕਰ ਇਹ ਛੱਪਰੀ ਵਾਲੀ ਜਗ੍ਹਾ ਵਿਚ ਮਿਲ ਪਵੇ ਤਾਂ ਮਕਾਨ ਬੜਾ ਚੰਗਾ ਬਣੇਗਾ।" ਸ਼ਾਹੂਕਾਰ ਨੂੰ ਧਨ

ਦਾ ਹੰਕਾਰ ਸੀ ਕਿ ਇਹ ਗਰੀਬ (ਭਗਤ) ਮੇਰਾ ਕੀ ਕਰੇਗਾ। ਜੇਕਰ ਬਹੁਤ ਕੁਝ ਕਰੇਗਾ ਤਾਂ ਕੀਮਤ ਲੈ ਲਵੇਗਾ ਹੋਰ ਕੀ ਕਰੇਗਾ। ਇਹ ਗੱਲ ਸੋਚ ਕੇ ਸ਼ਾਹੂਕਾਰ ਨੇ ਮਜ਼ਦੂਰਾਂ ਨੂੰ ਹੁਕਮ ਦੇ ਦਿੱਤਾ, ਕਿ "ਇਸ ਨੂੰ ਢਾਹ ਕੇ ਜਗ੍ਹਾ ਸਾਫ ਕਰ ਦਿਓ।" ਮਜ਼ਦੂਰਾਂ ਨੇ ਕਹੀਆਂ ਲੈ ਕੇ ਝੱਟ ਜਗ੍ਹਾ ਸਾਫ ਕਰ ਦਿੱਤੀ ਤੇ ਉਹ ਜ਼ਮੀਨ ਆਪਣੀ ਜ਼ਮੀਨ ਨਾਲ ਰਲਾ ਲਈ। ਉਸ ਜਗ੍ਹਾਂ ਦੇ ਰਲਣ ਕਰਕੇ ਸ਼ਾਹੂਕਾਰ ਦਾ ਮਕਾਨ ਬੜਾ ਆਲੀਸ਼ਾਨ ਬਣ ਗਿਆ ਤੇ ਵਿਚ ਰਹਿਣ ਲੱਗ ਪਏ। ਕੁਝ ਸਮੇਂ ਤੋਂ ਬਾਅਦ ਜਦ ਨਾਮਦੇਵ ਜੀ ਆਏ ਤਾਂ ਕੀ ਵੇਖਦੇ ਹਨ ਕਿ ਛੰਨ ਕੋਈ ਨਹੀਂ ਤੇ ਇੱਕ ਆਲੀਸ਼ਾਨ ਮਕਾਨ ਬਣਿਆ ਹੋਇਆ ਹੈ। ਪੁੱਛਣ ਤੋਂ ਕਿਸੀ ਨੇ ਕਿਹਾ, "ਤੇਰੀ ਛੰਨ ਤੋੜ ਤਾੜ ਕੇ ਇਸ ਸ਼ਾਹੂਕਾਰ ਨੇ ਆਪਣੀ ਜ਼ਮੀਨ ਨਾਲ ਮਿਲਾ ਲਈ ਹੈ।"

ਲੋਕਾਂ ਤੋਂ ਇਹ ਗੱਲ ਸੁਣਕੇ ਸ਼ਾਹੂਕਾਰ ਪਾਸ ਆ ਕੇ ਨਾਮਦੇਵ ਜੀ ਆਖਦੇ ਹਨ-

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਪੇ॥

ਹੇ ਭਾਈ ! ਤੈਂਨੇ ਕਿਸ ਜੀਵਨ ਪਿੱਛੇ ਗਹਰੀ=ਡੂੰਘੀ ਕਰ ਕੇ ਨੀਵ=ਨੀਂਹ ਖੁਦਾਈ=ਪੁਟਵਾਈ ਹੈ ਤੇ ਉੱਪਰ ਕੰਧਾਂ ਉਸਾਰਕੇ ਸੋਹਣੇ ਸੋਹਣੇ ਮੰਡਪ ਛਾਏ=ਮੰਦਰ ਬਣਾਏ ਹਨ। ਇਹ ਦੱਸ-

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥੧॥

ਮਾਰ ਕੰਡੇ* ਰਿਖੀ ਨਾਲੋਂ ਕੌਣ ਅਧਿਕਾਈ=ਵੱਡੀ ਉਮਰਾ ਵਾਲਾ ਹੋਣਾ ਹੈ, ਜਿਸ ਨੇ ਆਪਣੀ ਲੱਖਾਂ ਵਰ੍ਹਿਆਂ ਦੀ ਉਮਰਾ ਮੂੰਡ=ਸਿਰ ਉਤੇ ਤ੍ਰਿਣ ਧਰਿ=ਕੱਖਾਂ ਦੇ ਦੱਥਿਆਂ ਨੂੰ ਰੱਖ ਕੇ ਬਲਾਏ=ਬਿਤੀਤ ਕੀਤੀ ਹੈ।

ਯਥਾ-"ਕਰਨਿ ਤਪਸਿਆ ਬਨਿ ਵਿਖੈ ਵਖਤੁ ਗੁਜਾਰਨਿ ਪਿੰਨੀ ਸਾਗੇ।

ਲਖਿ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਰਿ ਸਾਜੇ।"

(ਭਾ: ਗੁਰਦਾਸ ਜੀ ਵਾਰ ੧ ਪਉੜੀ ੫)

ਇਹ ਗੱਲ ਸੁਣਕੇ ਸ਼ਾਹੂਕਾਰ ਨੇ ਬੜਾ ਰੋਹਬ ਪਾਇਆ ਤੇ ਆਖਿਆ, "ਜਾਹ ! ਜਿਸ ਮਿੱਤਰ ਨੂੰ ਬੁਲਾਉਣਾ ਈ ਬੁਲਾ ਲਿਆ। ਬਹੁਤੀਆਂ ਗੱਲਾਂ ਕਰਨ ਦੀ ਕੋਈ ਲੋੜ ਨਹੀਂ।" ਨਾਮਦੇਵ ਜੀ ਨੇ ਕਿਹਾ-

ਹਮਰੋ ਕਰਤਾ ਰਾਮੁ ਸਨੇਹੀ॥

ਅਸਾਡਾ ਸਨੇਹੀ=ਪ੍ਰੇਮੀ ਤਾਂ ਰਾਮ ਕਰਤਾ ਹੈ, ਉਸ ਤੋਂ ਬਿਨਾਂ ਅਸਾਡਾ ਹੋਰ ਕੌਣ ਹੈ ?

ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥੧॥ਰਹਾਉ॥

ਹੇ ਪੁਰਖਾ ! ਤੂੰ ਕਿਸ ਵਾਸਤੇ ਹੰਕਾਰ ਕਰਦਾ ਹੈਂ ? ਇਹ ਤੇਰੀ ਝੂਠੀ ਦੇਹ ਨਾਸ ਹੋ ਜਾਏਗੀ। ਯਥਾ-"ਤੂ ਕਾਂਇ ਗਰਬਹਿ ਬਾਵਲੀ॥ ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥"

(ਪੰਨਾ ੧੧੯੬)

---

*ਮਾਰਕੰਡੇ ਰਿਖੀ ਦੀ ਕਥਾ ਪਦਮ ਪੁਰਾਣ ਵਿਚ ਹੈ।

(ਪੰਨਾ ੬੯੩) ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥

ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝ ਨ ਖਾਈ॥ ੨ ॥

ਦੁਰਜੋਧਨ ਵਰਗੇ ਸੋ ਭਾਈ ਕੈਰੋਂ ਸਨ, ਜੋ ਮੇਰੀ ਮੇਰੀ ਕਰਦੇ ਮਰ ਖਪ ਗਏ। ਦੁਰਯੋਧਨ ਰਾਜਾ ਇੰਨਾਂ ਹੰਕਾਰੀ ਹੋਇਆ ਹੈ ਕਿ ਜਿਸ ਦਾ ਕੁਝ ਬਿਆਨ ਨਹੀਂ।

੧. ਇੱਕ ਸਮੇਂ ਸ੍ਰੀ ਕ੍ਰਿਸ਼ਨ ਜੀ ਜਦ ਪਾਂਡਵਾਂ ਵੱਲੋਂ ਵਕੀਲ ਬਣਕੇ ਕੈਰਵਾਂ ਪਾਸ ਗਏ ਕਿ ਰਾਜ ਦਾ ਕੁਝ ਹਿੱਸਾ ਪਾਂਡਵਾਂ ਨੂੰ ਦੇ ਦਿਓ, ਤਦ ਦੁਰਯੋਧਨ ਨੇ ਰਾਜ ਦਾ ਹਿੱਸਾ ਦੇਣਾ ਤਾਂ ਕਿਧਰੇ ਰਿਹਾ ਪੰਜ ਪਿੰਡ ਦੇਣੇ ਵੀ ਮਨਜ਼ੂਰ ਨਾ ਕੀਤੇ ਅਤੇ ਇਹ ਆਖਿਆ, ਕਿ ਸਾਰੀ ਧਰਤੀ ਮੇਰੀ ਹੈ ਮੈਂ ਤਾਂ ਇੱਕ ਸੂਈ ਦੇ ਨੱਕੇ ਜਿੰਨੀ ਵੀ ਧਰਤੀ ਦੇਣ ਨੂੰ ਤਿਆਰ ਨਹੀਂ ਹਾਂ।

ਜਿਸ ਵੇਲੇ ਮਹਾਂ ਭਾਰਤ ਦਾ ਯੁੱਧ ਕਰਦਿਆਂ ਹੋਇਆਂ ਅਰਜਨ ਨੇ ਭੀਸ਼ਮ ਪਿਤਾਮਾ ਨੂੰ ਬਾਣ ਮਾਰਿਆ ਤਾਂ ਮੂਰਛਾ ਹੋ ਗਏ ਉਸ ਵੇਲੇ ਸੂਰਜ ਦਖਣਾਇਨ ਸੀ ਤੇ ਭੀਸ਼ਮ ਪਿਤਾਮਾ ਜੀ ਯੋਗੀਰਾਜ ਸਨ।

ਯੋਗੀ ਨੂੰ ਹਮੇਸ਼ਾਂ ਹੀ ਦੇਸ਼ ਕਾਲ ਵਸਤੂ ਕੀ ਅਪੇਖਿਆ ਬਣੀ ਰਹਿੰਦੀ ਹੈ। ਜੇਕਰ ਸੂਰਜ ਦਖਣਾਇਨ ਹੋਵੇ ਤਾਂ ਸੋਗੀ ਜਨ ਆਪਣੇ ਪ੍ਰਾਣਾਂ ਨੂੰ ਤਿਆਗਦੇ ਨਹੀਂ, ਏਸੇ ਕਾਰਨ ਹੀ ਭੀਸ਼ਮ ਪਿਤਾਮਾ ਨੇ ਅਰਜਨ ਪਾਸੋਂ ਸਿਹਜਾ ਮੰਗੀ ਸੀ*। ਤਦ ਅਰਜਨ ਨੇ ਖੂਬ ਮਖਮਲੀ ਸਿਹਜਾ ਮੰਗਵਾਕੇ ਵਿਛਾ ਦਿਤੀ। ਭੀਸ਼ਮ ਪਿਤਾਮਾ ਨੇ ਮਖਮਲੀ ਸਿਹਜਾ ਵੇਖੀ ਤਾਂ ਇਨਕਾਰ ਕਰ ਦਿੱਤਾ ਤੇ ਆਖਿਆ-

ਹੇ ਪ੍ਰੋਯ ਅਰਜਨ ! ਇਸ ਜਗ੍ਹਾ ਇਹ ਸਿਹਜਾ ਸੂਰਮੇ ਵਾਸਤੇ ਨਹੀਂ ਚਾਹੀਦੀ, ਕਿਉਂਕਿ ਰਣਭੂਮਿ ਵਿਖੇ ਜੋਧਿਆਂ ਦੀ ਸਿਹਜਾ ਬਾਣਾਂ ਦੀ ਹੁੰਦੀ ਹੈ। ਜੇਕਰ ਤੇਰੇ ਪਾਸੋਂ ਹੋ ਸਕੇ ਤਾਂ ਤੂੰ ਬਾਣਾਂ ਦੀ ਸਿਹਜਾ ਦੇਹ। ਕਿਉਂਕਿ ਇਹ ਸਮਾਂ ਬੜਾ ਨਾਜ਼ਕ ਹੈ ਜੇਕਰ ਸੂਰਮਾ ਰਣਭੂਮੀ ਨੂੰ ਛੱਡ ਕੇ ਘਰ ਵੱਲ ਮੁੜੇ ਤਾਂ ਕਾਇਰ ਬਣਦਾ ਹੈ ਤੇ ਜੇਕਰ ਚੰਗੀਆਂ ਸਿਹਜਾ ਵਿਛਾ ਕੇ ਸੋਵੇਂ ਤਾਂ ਭੀ ਨਹੀਂ ਸੋਭਦਾ। ਉਸ ਵੇਲੇ ਅਰਜਨ ਨੇ ਬਿਅੰਤ ਹੀ ਬਾਣ ਇਕੱਠੇ ਕਰਕੇ ਇਕ ਬਾਣਾਂ ਦੀ ਸਿਹਜਾ ਵਿਛਾ ਕੇ ਉਸ ਉੱਤੇ ਭੀਸ਼ਮ ਪਿਤਾਮਾ ਨੂੰ ਲਿਟਾ ਦਿੱਤਾ। ਪੰਜ ਮਹੀਨੇ ਦੇ ਕਰੀਬ ਉਸ ਬਾਣਾਂ ਦੀ ਸਿਹਜਾ ਉੱਤੇ ਪਏ ਰਹੇ। ਜਿਸ ਵੇਲੇ ਭੀਸ਼ਮ ਪਿਤਾਮਾ ਨੂੰ ਕੁਝ ਸੁਰਤ ਆਈ ਤਦ ਉਹਨਾਂ ਨੇ ਦੁਰਯੋਧਨ ਨੂੰ ਯਾਦ ਕੀਤਾ ਤੇ ਉਧਰੋਂ ਦੁਰਯੋਧਨ ਨੂੰ ਭੀ ਲਾਲਸਾ ਹੋਈ ਕਿ ਮੈਂ ਭੀਸ਼ਮ ਪਿਤਾਮਾ ਜੀ ਦੇ ਦਰਸ਼ਨ ਕਰਾਂ। ਜਿੱਥੇ ਦੁਰਯੋਧਨ ਦਾ ਡੇਰਾ ਸੀ, ਉਥੋਂ ਅਠਤਾਲੀ ਕੋਹ ਦੇ ਫਾਸਲੇ ਉੱਪਰ ਭੀਸ਼ਮ ਪਿਤਾਮਾ ਜੀ ਤੀਰਾਂ ਦੀ ਸਿਹਜਾ ਉੱਤੇ ਪਏ ਹੋਏ ਸਨ। ਜਿਸ ਵੇਲੇ ਦੁਰਯੋਧਨ ਨੇ ਭੀਸ਼ਮ ਪਿਤਾਮਾ ਦੇ ਪਾਸ ਜਾਣ ਦਾ ਖਿਆਲ ਕੀਤਾ, ਤਿਸ ਵੇਲੇ ਯੁੱਧ ਦਾ ਬੜਾ ਜ਼ੋਰ ਸੀ ਹੁਕਮ ਦੇ ਕੇ ਝਟਪਟ ਸਭ ਸੈਨਾ ਦੇ ਹੱਥ ਵਿਚ ਛਤ੍ਰ ਫੜਾ ਦਿੱਤੇ। ਉਸ ਵੇਲੇ ਸਾਰੀ ਫੌਜ ਨੇ ੪੮ ਕੋਹਾਂ ਵਿਚ ਛਤ੍ਰਾਂ ਦੀ ਛਾਂ ਕਰ ਦਿਤੀ ਤੇ ਉਸ ਛਾਂ ਦੇ ਹੇਠਾਂ ਹੇਠਾਂ ਰਾਜਾ ਦੁਰਯੋਧਨ ਭੀਸ਼ਮ ਪਿਤਾਮਾ ਜੀ ਦੇ ਪਾਸ ਪਹੁੰਚ ਗਿਆ। ਓਹੀ ਗੱਲ ਇਥੇ ਸਪੱਸ਼ਟ ਕੀਤੀ ਹੈ ਕਿ-

*ਇਹ ਪਰਸੰਗ ਮਹਾਂ ਭਾਰਤ ਭੀਸ਼ਮ ਪਰਬ ਵਿਚ ਕਥਨ ਕੀਤਾ ਹੈ।

"ਬਾਰਹ ਜੋਜਨ ਛਤ੍ਰੁ ਚਲੈ ਥਾ"

ਬਾਰ੍ਹਾਂ ਜੋਜਨ ਕਹੀਏ ੪੮ ਕੋਹ ਛਤਰਾਂ ਦੀ ਛਾਂ ਹੇਠਾਂ ਚਲਦਾ ਗਿਆ।

੨. ਜੰਗ ਹੋਣ ਤੋਂ ਪਹਿਲਾਂ ਜਿਸ ਵੇਲੇ ਰਾਜਿਆਂ ਨੂੰ ਵੇਖਣਾ ਚਲਿਆ ਹੈ ਕਿ ਮੇਰੇ ਅਧੀਨ ਕਿਤਨੇ ਕੁ ਰਾਜੇ ਹਨ ਤਾਂ ਅਠਤਾਲੀ ਕੋਹ ਛਤਰਾਂ ਦੀ ਛਾਂ ਹੇਠਾਂ ਹੀ ਚਲਾ ਗਿਆ, ਭਾਵ ਇਤਨੇ ਰਾਜੇ ਇਸ ਦੇ ਅਧੀਨ ਸਨ, ਜੋ ਅਠਤਾਲੀ ਕੋਹ ਵਿਚ ਕੇਵਲ ਰਾਜ ਲੋਕ ਹੀ ਛਤ੍ਰ ਫੜ ਕੇ ਇਸ ਦਾ ਸੁਆਗਤ ਕਰਦੇ ਰਹੇ।

ਚਾਰ ਕੋਹਾਂ ਦਾ ਇੱਕ ਜੋਜਨ ਹੁੰਦਾ ਹੈ ਤੇ ਬਾਰ੍ਹਾਂ ਚਉਕੇ ਅਠਤਾਲੀ, (ਅਠਤਾਲੀ, ਕੋਹਾਂ) ਵਿਚ ਇੱਕ ਦੁਰਯੋਧਨ ਰਾਜੇ ਦੇ ਸਿਰ ਉੱਤੇ ਹੀ ਛਤਰ ਝੁਲੀਂਦਾ ਸੀ ਹੋਰ ਕਿਸੀ ਰਾਜੇ ਦੇ ਸਿਰ ਉੱਤੇ ਛੱਤ੍ਰ ਨਹੀਂ ਝੂਲਦਾ ਸੀ। ਐਸਾ ਜੋ ਪ੍ਰਤਾਪੀ ਰਾਜਾ ਹੈ, ਜਿਸ ਵੇਲੇ ਉਹ ਮਰਿਆ ਹੈ ਤਾਂ-

"ਦੇਹੀ ਗਿਰਝ ਨ ਖਾਈ॥ ੨॥"

(੧) ਉਸ ਦੀ ਦੇਹ ਗਿੱਰਝਾਂ ਨੇ ਭੀ ਹੰਕਾਰੀ ਅਤੇ ਪਾਪਾਤਮਾ ਜਾਣਕੇ ਨਹੀਂ ਖਾਧੀ, ਕਿਉਂਕਿ ਸਭਾ ਦੇ ਵਿਚ ਜਿਹੜਾ ਔਰਤ ਨੂੰ ਨੰਗਿਆਂ ਕਰਨਾ ਹੈ ਇਸ ਤੋਂ ਉੱਗਰ ਹੋਰ ਕੋਈ ਪਾਪ ਨਹੀਂ ਤੇ ਇਸਨੇ ਨਿਸ਼ੰਕ ਹੋ ਕੇ ਸਭਾ ਵਿਚ ਦਰੋਪਤੀ ਨੂੰ ਨੰਗਿਆਂ ਕਰਨ ਦਾ ਹੁਕਮ ਕੀਤਾ ਸੀ, ਜਿਸ ਕਰਕੇ ਗਿੱਰਝਾਂ ਨੇ ਭੀ ਇਸ ਦੀ ਦੇਹ ਨਹੀ ਖਾਧੀ, ਕਿਉਂਕਿ ਇਹ ਨਿਯਮ ਹੈ ਜੋ ਪੁਰਸ਼ ਹੰਕਾਰੀ ਅਤੇ ਪਾਪਾਤਮ ਹੁੰਦਾ ਹੈ ਉਸ ਦੀ ਦੇਹ ਕੁੱਤਿਆਂ ਵਾਂਗ ਰੁਲਦੀ ਰਹਿੰਦੀ ਹੈ ਅਤੇ ਕਾਂ ਕੁੱਤੇ ਗਿੱਰਝਾਂ ਆਦਿਕ ਕੋਈ ਭੀ ਉਸਨੂੰ ਖਾਂਦੇ ਨਹੀਂ।

ਕੌਰਵਾਂ ਪਾਂਡਵਾਂ ਦਾ ਜੁਧ ਅਠਾਰ੍ਹਵੇਂ ਦਿਨ ਖਤਮ ਹੋਇਆ, ਅਠਾਰ੍ਹਵੇਂ ਦਿਨ ਜਦ ਦੁਰਯੋਧਨ ਮਰ ਗਿਆ ਤਾਂ ਇਸ ਦਾ ਸਿਸਕਾਰ ਕਰਨ ਵਾਲਾ ਕੋਈ ਨਾ ਰਿਹਾ ਤੇ ਇਸ ਦੀ ਦੇਹ ਰਨ ਭੂਮਿ ਵਿਚ ਪਈ ਸੀ। ਫਿਰਦਾ ਫਿਰਦਾ ਜੰਗਲ਼ ਵਿਚ ਇਕ ਗਿੱਦੜ ਆ ਪਹੁੰਚਿਆ। ਉਸਨੇ ਆਪਣੀ ਖੁਰਾਕ ਸਮਝਕੇ ਦੁਰਯੋਧਨ ਦੇ ਸਰੀਰ ਨੂੰ ਸੁੰਘਿਆ, ਸਾਰੇ ਅੰਗਾਂ ਨੂੰ ਸੁੰਘਦੇ ਹੋਏ ਨੇ ਇਸ ਤਰ੍ਹਾਂ ਕਿਹਾ-

ਹਸਤੇਨ ਦਾਨ ਵਿਵਰਜਤੇ, ਸ੍ਰੁਤੀਪੁਟੇ ਸ੍ਰਗਜ ਚੈ ਦ੍ਰੋਹਣੇ, ਨੇਤ੍ਰੇ ਸਾਧੁ ਬਿਲੋਕਨੇਨ
ਰਹਤੇ, ਪਦੇਨ ਤੀਰਥ ਅਗਤੇ, ਉਣੰਜੈ ਰਚਤ ਬਿਰੰਚ ਸੁ ਧਰੰ ਗ੍ਰਭੇਣ ਤ੍ਰੰਗਛਰੋ,
ਰੇ ਰੇ ਜੰਬਕ ਮੁਚ ਮੁਚ ਸਈਸੈ ਨੀਚੰ ਸੁਨਿੰਦਜੰ ਥੂ॥ (ਸਲੋਕ ਮਹਾਂ ਭਾਰਤ)

ਅਰਥਃ-ਹੱਥਾਂ ਨਾਲ ਕਦੇ ਦਾਨ ਨਹੀਂ ਕੀਤਾ, ਕੰਨਾਂ ਦੇ ਨਾਲ ਹਰੀ ਜਸ ਸ੍ਰਵਣ ਨਹੀਂ ਕੀਤਾ, ਹਿਰਦਾ ਸਾਰੀ ਉਮਰ ਛਲ ਨਾਲ ਭਰਿਆ ਰਹਿਆ, ਨੇਤ੍ਰਾਂ ਨਾਲ ਸਾਧੂਆਂ ਦੇ ਦਰਸ਼ਨ ਨਹੀਂ ਕੀਤੇ, ਪੈਰਾਂ ਨਾਲ ਤੁਰਕੇ ਕਦੇ ਇਸਨੇ ਤੀਰਥ ਯਾਤ੍ਰਾ ਨਹੀਂ ਕੀਤੀ, ਬ੍ਰਹਮਾ ਨੇ ਉਣੰਜਾ ਕੋ੍ਹ ਜੋਜਨ ਪ੍ਰਿਥਵੀ ਰਚੀ ਹੈ ਤਿਸ ਵਿਚ ਇਹ ਪੁਰਸ਼ ਸਾਰੀ ਉਮਰ ਵੱਡਾ ਭਾਰੀ ਹੰਕਾਰੀ ਹੋ ਕੇ ਵਿਚਰਦਾ ਰਿਹਾ, ਹੇ ਗਿੱਦੜ ਹੇ ਗਿਦੜ ! ਇਸ ਨੂੰ ਛੱਡ ਇਸ ਨੂੰ ਛੱਡ ਇਹ ਨੀਚ ਪੁਰਸ਼ ਹੈ ਨਿੰਦਨ ਯੋਗ ਹੈ ਅਤੇ ਨਿੰਦਿਆ ਦਾ ਹੀ ਸਰੂਪ ਹੈ।

(੨) ਦੇਹੀ ਗਿਰਝ ਨ ਖਾਈ ॥੨॥

ਬੱਜਰ ਦੀ ਦੇਹ ਹੋਣ ਕਰਕੇ ਗਿੱਰਝਾਂ ਨੇ ਨਾ ਖਾਧੀ।

ਦੇਹ ਬੱਜਰ ਦੀ ਕਿਵੇਂ ਹੋਈ ? ਹੁਣ ਉਹ ਪ੍ਰਸੰਗ ਸੁਣੋ-

ਜਿਸ ਵੇਲੇ ਰਾਜਾ ਦੁਰਯੋਧਨ ਨੇ ਸੁਣਿਆਂ ਕਿ ਭੀਮਸੈਨ ਨੇ ਮੈਨੂੰ ਮਾਰਨਾ ਹੈ ਤਾਂ ਉਸੀ ਵੇਲੇ ਦੁਰਯੋਧਨ ਨੇ ਰਾਜਾ ਯੁਧਿਸ਼ਟਰ ਪਾਸ ਆ ਕੇ ਬੇਨਤੀ ਕੀਤੀ, "ਹੇ ਰਾਜਨ ! ਦੁਸ਼ਮਣ ਤੋਂ ਮੇਰਾ ਬਚਾਉ

ਕਿਵੇਂ ਹੋ ਸਕਦਾ ਹੈ ?'' (ਰਾਜਾ ਯੁਧਿਸ਼ਟਰ ਜੀ ਧਰਮਾਤਮਾ ਅਤੇ ਸਚਿਆਰ ਪੁਰਸ਼ ਸਨ, ਜੋ ਭੀ ਸ਼ਰਨ ਆ ਜਾਵੇ ਉਸ ਨੂੰ ਸਿੱਧਾ ਰਸਤਾ ਹੀ ਦੱਸਦੇ ਸਨ) ਉਸ ਵੇਲੇ ਰਾਜੇ ਦੁਰਯੋਧਨ ਨੂੰ ਕਿਹਾ, ''ਕਿ ਤੇਰੀ ਮਾਤਾ (ਗੰਧਾਰੀ) ਪਤਿਬ੍ਰਤ ਧਰਮ ਵਾਲੀ ਹੈ, ਕਿਉਂਕਿ ਉਸ ਨੇ ਆਪਣੇ ਪਤੀ ਦੇ ਮਰਨ ਤੋਂ ਬਾਅਦ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹੀ ਹੋਈ ਹੈ ਹੋਰ ਕਿਸੀ ਪੁਰਸ਼ ਨੂੰ ਤੱਕਿਆ ਨਹੀਂ। ਜੇਕਰ ਤੂੰ ਉਸ ਦੇ ਅੱਗੋਂ ਨੰਗਾ ਹੋ ਕੇ ਲੰਘ ਜਾਵੇਂ ਤੇ ਉਸ ਦੀ ਦ੍ਰਿਸ਼ਟੀ ਤੇਰੇ ਸਰੀਰ ਉੱਤੇ ਪੈ ਜਾਵੇ ਤਾਂ ਤੇਰਾ ਸਾਰਾ ਸਰੀਰ ਬੱਜਰ ਦਾ ਹੋ ਜਾਵੇਗਾ ਜਿਸ ਕਰਕੇ ਫਿਰ ਤੈਨੂੰ ਕੋਈ ਮਾਰ ਨਹੀਂ ਸਕੇਗਾ।''

ਇਹ ਗੱਲ ਸੁਣਕੇ ਰਾਜਾ ਦੁਰਯੋਧਨ ਨੇ ਮਾਤਾ ਜੀ ਪਾਸ ਆ ਕੇ ਬੇਨਤੀ ਕੀਤੀ, ''ਕਿ ਐਸ ਵੇਲੇ ਮੇਰ ਉੱਪਰ ਬੜੀ ਭਾਰੀ ਮੁਸੀਬਤ ਆਈ ਹੈ, ਉਸ ਮੁਸੀਬਤ ਨੂੰ ਤੇਰੇ ਬਿਨਾਂ ਹੋਰ ਕੋਈ ਦੂਰ ਨਹੀਂ ਕਰ ਸਕਦਾ, ਤੂੰ ਇਹ ਕਿਰਪਾ ਕਰ ਜਿਸ ਵੇਲੇ ਮੈਂ ਤੇਰੇ ਅਗੋਂ ਨੰਗਾ ਹੋ ਕੇ ਲੰਘਾਂ ਤਾਂ ਤੂੰ ਆਪਣੀ ਮੇਹਰ ਦੀ ਨਜ਼ਰ ਨਾਲ ਤੱਕੀਂ, ਜਿਸ ਤੇ ਮੇਰੀ ਦੇਹ ਬੱਜਰ ਦੀ ਹੋ ਜਾਵੇ।''

ਮਾਤਾ ਨੇ ਮੋਹ ਵਿਚ ਫਸ ਕੇ ਕਿਹਾ, ''ਚੰਗਾ ਹੇ ਪੁੱਤਰ ! ਜਿਵੇਂ ਤੂੰ ਕਹੇਂ ਉਸੇ ਤਰ੍ਹਾਂ ਹੀ ਹੋਵੇਗਾ।'' ਇਹ ਗੱਲ ਮਾਤਾ ਤੋਂ ਮੰਨਵਾ ਕੇ ਆਪਣੇ ਰਾਜ ਮੰਦਰਾਂ ਵਿਚ ਆ ਗਿਆ।

ਜਦ ਇਸ ਗੱਲ ਦਾ ਪਤਾ ਕ੍ਰਿਸ਼ਨ ਜੀ ਨੂੰ ਲੱਗਾ ਤਾਂ ਕ੍ਰਿਸ਼ਨ ਜੀ ਨੇ ਵਿਚਾਰਿਆ ਇਹ ਬੜਾ ਮਾੜਾ ਕੰਮ ਹੋਇਆ ਹੈ, ਉਸੀ ਵੇਲੇ ਸ੍ਰੀ ਕ੍ਰਿਸ਼ਨ ਜੀ ਤੁਰ ਪਏ ਤੇ ਰਾਹ ਵਿਚ ਦੁਰਯੋਧਨ ਨੂੰ ਮਿਲ ਪਏ। ਪੁੱਛਿਆ, ''ਹੇ ਰਾਜਨ ! ਆਪ ਕਿੱਥੇ ਜਾ ਰਹੇ ਹੋ?'' ਤਾਂ ਦੁਰਯੋਧਨ ਨੇ ਸਾਰੀ ਗੱਲ ਸੁਣਾਈ ਕਿ ਮੈਂ ਆਪਣੀ ਮਾਤਾ ਜੀ ਦੇ ਪਾਸ ਜਾ ਰਿਹਾ ਹਾਂ। ਤਾਂ ਕ੍ਰਿਸ਼ਨ ਜੀ ਨੇ ਕਿਹਾ, ''ਹੇ ਰਾਜਨ ! ਬਚਪਨ ਵਿਖੇ ਤਾਂ ਕੋਈ ਹਰਜ ਨਹੀਂ ਹੁੰਦਾ, ਪਰ ਵੱਡਿਆਂ ਹੋ ਕੇ ਜਿਹੜਾ ਮਾਤਾ ਨੂੰ ਆਪਣਾ ਨੰਗੇਜ ਦਿਖਾਉਣਾ ਹੈ ਇਹ ਸ਼ਾਸਤ੍ਰ ਵਿਚ ਉੱਗਰ ਪਾਪ ਕਿਹਾ ਹੈ ਤੇ ਤੂੰ ਰਾਜਾ ਹੋ ਕੇ ਬੇ-ਨਿਆਂ ਵਾਲੀ ਗੱਲ ਕਰ ਰਿਹਾ ਹੈਂ, ਪਤਾ ਨਹੀਂ ਤੂੰ ਕਿਹੜੇ ਨਰਕ ਵਿਚ ਪਏਂਗਾ।''

ਇਹ ਗੱਲ ਸੁਣਕੇ ਰਾਜਾ ਸੋਚੀ ਪੈ ਗਿਆ ਤਾਂ ਕ੍ਰਿਸ਼ਨ ਜੀ ਨੇ ਕਿਹਾ-''ਹੇ ਰਾਜਨ ! ਜੇ ਤੂੰ ਜ਼ਰੂਰ ਜਾਣਾ ਹੈ ਤਾਂ ਆਪਣੇ ਨੰਗੇਜ ਨੂੰ ਫੁੱਲਾਂ ਦੀ ਮਾਲਾ ਨਾਲ ਢਕ ਕੇ ਜਾਹ।'' ਤਿਸ ਵੇਲੇ ਰਾਜਾ ਨੇ ਕ੍ਰਿਸ਼ਨ ਜੀ ਦਾ ਬਚਨ ਮੰਨਕੇ ਫੁੱਲਾਂ ਦੀ ਮਾਲਾ ਮੰਗਵਾਕੇ ਆਪਣਾ ਨੰਗੇਜ ਢਕ ਲਿਆ ਤੇ ਮਾਤਾ ਜੀ ਦੇ ਅੱਗੋਂ ਜਾ ਲੰਘਿਆ। ਮਾਤਾ ਜੀ ਦੀ ਨਜ਼ਰ ਪੈਣ ਨਾਲ ਉਸੀ ਵੇਲੇ ਸਾਰਾ ਸਰੀਰ ਬੱਜਰ ਦਾ ਹੋ ਗਿਆ ਅਤੇ ਜਿੱਥੇ ਜਿੱਥੇ ਫੁੱਲਾਂ ਦੀ ਮਾਲਾ ਸੀ ਉਹ ਨਾ ਹੋਇਆ। ਓਥੋਂ ਹੀ ਭੀਮ ਸੈਨ ਨੇ ਇਸ ਨੂੰ ਫੜਕੇ ਦੋ ਟੋਟੇ ਕਰ ਦਿੱਤਾ ਸੀ।

ਸਰਬ ਸੁੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥

ਜੇਕਰ ਧਨ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਰਾਵਣ ਦੀ ਸਾਰੀ ਲੰਕਾ ਸੋਨੇ ਦੀ ਹੈਸੀ। ਐਸੇ ਰਾਵਣ ਤੋਂ ਭੀ ਹੋਰ ਅਧਿਕਾਈ=ਅਧਿਕ, ਅਰਥਾਤ ਵੱਡੀ ਬਿਭੂਤੀ ਵਾਲਾ ਕੋਈ ਹੋਣਾ ਹੈ, ਅਰਥਾਤ ਕੋਈ ਨਹੀਂ।

ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥ ੩ ॥

(੧) ਕੀ ਹੋ ਗਿਆ ਜੇਕਰ ਰਾਵਣ ਨੇ ਆਪਣੇ ਦਰਵਾਜ਼ੇ ਉੱਪਰ ਹਾਥੀ ਘੋੜੇ ਬੰਨ੍ਹ ਲਏ, ਪਰ ਰਾਵਣ ਦੀ ਸਾਰੀ ਬਿਭੂਤੀ ਇੱਕ ਖਿਨ ਵਿਚ ਪਰਾਈ ਹੋ ਗਈ, ਕਿਉਂਕਿ ਰਾਵਣ ਨੂੰ ਮਾਰ ਕੇ ਲੰਕਾ ਦਾ ਰਾਜ ਸ੍ਰੀ ਰਾਮ ਚੰਦਰ ਜੀ ਨੇ ਭਭੀਖਣ ਨੂੰ ਦੇ ਦਿੱਤਾ ਸੀ।

(੨) ਕੀ ਹੋ ਗਿਆ ਜੇਕਰ ਤੈਨੇ ਦਰਵਾਜ਼ੇ ਉੱਪਰ ਹਾਥੀ ਬੰਨ੍ਹ ਲਏ, ਇਹ ਸਾਰੀ ਬਿਭੂਤੀ ਇੱਕ ਖਿਨ ਵਿਚ ਪਰਾਈ ਹੋ ਜਾਣੀ ਹੈ॥੩॥

ਇਹ ਗੱਲ ਸੁਣਕੇ ਉਸ ਸ਼ਾਹੂਕਾਰ ਨੇ ਕਈ ਤਰ੍ਹਾਂ ਦੇ ਠੱਠੇ ਮਖੌਲ ਕੀਤੇ ਤਾਂ ਨਾਮਦੇਵ ਜੀ ਨੇ ਕਿਹਾ-

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥

ਹੇ ਭਾਈ ! ਦੁਰਬਾਸ਼ਾ ਰਿਖੀ ਨਾਲ ਠਗਉਰੀ=ਮਸ਼ਕਰੀ ਕਰਨ ਨਾਲ ਜਾਦਵਾਂ ਨੇ ਇਹ ਫਲ ਪਾਇਆ ਜੋ ਆਪਣੀ ਸਾਰੀ ਬੰਸ ਦਾ ਅਭਾਵ ਕਰ ਲੀਤਾ।

ਇੱਕ ਸਮੇਂ ਸ੍ਰੀ ਦਰਬਾਸ਼ਾ ਰਿਖੀ ਜੀ ਆਪਣੀ ਮੌਜ ਵਿਚ ਨਦੀ ਦੇ ਕਿਨਾਰੇ ਉੱਪਰ ਬੈਠੇ ਸਮਾਧੀ ਵਿਚ ਲਿਵਲੀਨ ਸਨ। ਜਾਦਵਾਂ ਨੂੰ ਪਤਾ ਲੱਗਾ ਕਿ ਕ੍ਰਿਸ਼ਨ ਜੀ ਦੇ ਗੁਰੂ ਆਏ ਹਨ। ਤਿਸ ਵੇਲੇ ਸਭ ਜਾਦਵਾਂ ਨੇ ਰਲਕੇ ਇੱਕ 'ਜਾਮਵੰਤੀ' ਦੇ ਪੁੱਤਰ 'ਸਾਂਬੇ' ਨੂੰ ਇਸਤ੍ਰੀ ਦਾ ਰੂਪ ਬਣਾਕੇ ਸੋਹਣੇ ਸੋਹਣੇ ਔਰਤਾਂ ਵਾਲੇ ਕੱਪੜੇ ਪੁਆਏ ਤੇ ਉਸ ਦੇ ਪੇਟ ਨਾਲ ਲੋਹੇ ਦੀ ਥਾਲੀ ਬੰਨ੍ਹ ਕੇ ਦੁਰਬਾਸ਼ਾ ਰਿਖੀ ਜੀ ਦੇ ਪਾਸ ਚਲੇ ਗਏ। ਦੁਰਬਾਸ਼ਾ ਰਿਖੀ ਨੂੰ ਨਮਸ਼ਕਾਰ ਕਰ ਕੇ ਬੇਨਤੀ ਕੀਤੀ ਰਿਖੀ ਜੀ ! ਇਸ ਗਰਭਵਤੀ ਇਸਤ੍ਰੀ ਦੇ ਪੇਟੋਂ ਕੀ ਹੋਵੇਗਾ, ਲੜਕੀ ਜਾਂ ਲੜਕਾ? ਰਿਖੀ ਜੀ ਪਹਿਲਾਂ ਤਾਂ ਚੁੱਪ ਰਹੇ, ਪ੍ਰੰਤੂ ਬਾਰੰ-ਬਾਰ ਕਹਿਣ ਨਾਲ ਰਿਖੀ ਜੀ ਨੇ ਕਿਹਾ, ਹਾਸਾ ਮਖੌਲ ਆਪੋ ਜਿੱਡਿਆਂ ਨਾਲ ਕਰਨਾ ਚਾਹੀਦਾ ਹੈ, ਅਸਾਨੂੰ ਬੁਲਾਕੇ ਕੀ ਲੈਣਾ ਹੈ ਜਾਓ ਚਲੇ ਜਾਉ, ਪਰੰਤੂ ਬਾਲ ਹਠ ਹੋਣ ਕਰਕੇ ਰਿਖੀ ਜੀ ਕਹਿਣ ਉੱਪਰ ਵੀ ਉਹ ਜਾਦਵਾਂ ਦੇ ਬਾਲਕ ਨਾ ਹਟੇ। ਆਖਰਕਾਰ ਬਾਰ-ਬਾਰ ਸਤਾਉਣ ਕਰਕੇ ਰਿਖੀ ਜੀ ਨੇ ਗੁੱਸੇ ਵਿਚ ਆ ਕੇ ਇਹ ਬਚਨ ਉਚਾਰਿਆ-

'ਇਸ ਵਿਚੋਂ ਉਹ ਪੈਦਾ ਹੋਵੇਗਾ ਜੋ ਤੁਹਾਡੀ ਸਾਰੀ ਕੁਲ ਦਾ ਨਾਸ ਕਰੇਗਾ*।'

ਇਹ ਗੱਲ ਸੁਣਕੇ ਸਭ ਜਾਦਵ ਹੈਰਾਨ ਹੋ ਗਏ ਤੇ ਆ ਕੇ ਸਾਰੀ ਗੱਲ ਕ੍ਰਿਸ਼ਨ ਜੀ ਨੂੰ ਦੱਸੀ। ਤਿਸ ਵੇਲੇ ਕ੍ਰਿਸ਼ਨ ਜੀ ਨੇ ਕਿਹਾ, ਇਹ ਤੁਸੀਂ ਬੜਾ ਮਾੜਾ ਕੰਮ ਕੀਤਾ ਹੈ। ਹੁਣ ਰਿਖੀ ਜੀ ਨੇ ਜੋ ਸਰਾਪ ਦਿੱਤਾ ਹੈ ਉਹ ਅਵੱਸ਼ਜ ਤੁਹਾਨੂੰ ਭੋਗਣਾ ਪਏਗਾ।

ਯਥਾ:-"ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥
ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥
ਓਇ ਲੋਚਨਿ ਓਨਾ ਗੁਣਾ ਨੋ ਓਇ ਅਹੰਕਾਰਿ ਸੜੰਦੇ॥
ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ॥
ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ॥
ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥
ਪੇਡੁ ਮੁੰਢਾਹੁ ਕਟਿਆ ਤਿਸੁ ਡਾਲ ਸੁਕੰਦੇ॥੩੧॥

(ਗਉੜੀ ਵਾਰ, ਪੰਨਾ ੩੧੬)

---

*ਇਹ ਕਥਾ ਵਿਸ਼ਨ ਪੁਰਾਣ ਅੰਸੁ ੫ ਅਧਿਆਇ ੩੭ ਵਿਚ ਪੜ੍ਹੋ।

ਤਿਸ ਵੇਲੇ ਕ੍ਰਿਸ਼ਨ ਜੀ ਨੇ ਉਹ ਲੋਹੇ ਦਾ ਬਾਟਾ (ਜਾਂ ਤਸਲਾ) ਰਿਤਵਾਕੇ ਜਲ ਪਰਵਾਹ ਕਰ ਦਿੱਤਾ ਬਾਕੀ ਜਿਹੜਾ ਫਾਲਾ ਬਚਿਆ ਸੀ ਉਹ ਵੀ ਜਮਨਾ ਨਦੀ ਵਿਚ ਸੁਟ ਦਿੱਤਾ। ਉਸ ਫਾਲੇ ਨੂੰ ਦੇਵ ਨੇਤ ਨਾਲ ਮੱਛੀ ਨਿਗਲ ਗਈ। ਉਸ ਮੱਛੀ ਨੂੰ ਸ਼ਿਕਾਰੀ ਨੇ ਜਾਲ ਵਿਚ ਫਸਾਕੇ ਘਰ ਲਿਆਂਦਾ, ਜਦ ਦੋ ਫਾੜ ਕੀਤੀ ਤਾਂ ਵਿਚੋਂ ਉਹ ਫਾਲਾ ਨਿਕਲਿਆ। ਉਸ ਫਾਲੇ ਨੂੰ ਚੰਗਾ ਸਮਝਦੇ ਉਸ ਨੇ ਬਾਣ ਅੱਗੇ ਲਗਾ ਲਿਆ।

ਦੂਜੇ ਪਾਸੇ ਪਰਮੇਸ਼ਰ ਦੀ ਐਸੀ ਕੁਦਰਤ ਹੋਈ ਕਿ ਉਹ ਰੇਤੇ ਹੋਏ ਲੋਹੇ ਤੋਂ ਵਿਭਾਸ ਛੇਤਰ ਵਿਚ ਇੱਕ ਖਾਸ ਤਰ੍ਹਾਂ ਦੀ ਅਜੇਹੀ ਦੱਭ ਪੈਦਾ ਹੋਈ ਜੋ ਬੜੀ ਲੰਮੀ ਤੇ ਤਲਵਾਰ ਵਰਗੀ ਤਿੱਖੀ ਸੀ ਅਤੇ ਇਸ ਤਰਫੋਂ ਸਾਰੇ ਜਾਦਵ ਵਿਭਾਸ ਛੇਤਰ ਵਿਚ ਇਕੱਠੇ ਹੋ ਕੇ ਸ਼ਰਾਬ ਪੀ ਕੇ ਜੂਏ ਦੀ ਖੇਡ ਖੇਡ੍ਹਣ ਲੱਗ ਪਏ। ਸ਼ਰਾਬ ਦੇ ਲੋਰ ਵਿਚ ਹੀ ਹੱਸਦੇ ਖੇਡਦੇ ਗਾਲਮ-ਗਾਲੀ ਹੋ ਗਏ, ਫਿਰ ਹੱਥੋ ਪਾਈ ਹੋ ਕੇ ਘਸੁੰਨ-ਮੁੱਕੀਆਂ ਮਾਰਨ ਲੱਗ ਪਏ। ਅੰਤ ਨੂੰ ਉਹ ਦੱਭ ਪੁੱਟ ਪੁੱਟਕੇ ਇੱਕ ਦੂਜੇ ਦੀ ਮਾਰ ਕੁਟਾਈ ਤੱਕ ਪਹੁੰਚ ਗਏ।

"ਸਾਧੂ ਬੋਲੇ ਸਹਜ ਸੁਭਾਇ। ਸਾਧੂ ਕਾ ਬੋਲਿਆ ਬਿਰਥਾ ਨ ਜਾਇ॥"

ਅਨੁਸਾਰ ਸਾਰੇ ਜਾਦਵ ਹਰੀਹਰ ਹੋ ਗਏ। ਬਾਕੀ ਇੱਕ ਕ੍ਰਿਸ਼ਨ ਜੀ ਬਚੇ, ਉਹ ਫਿਰ ਜੰਗਲ ਵਿਚ ਆ ਕੇ ਗੋਡੇ ਉੱਤੇ ਪੈਰ ਪਸਾਰ ਕੇ ਬਿਰਾਜਮਾਨ ਹੋ ਗਏ। ਆਪ ਜੀ ਦੇ ਸੱਜੇ ਪੈਰ ਵਿਚ ਪਦਮ ਸੀ, ਉਹ ਧੁੱਪ ਦੇ ਲਿਸ਼ਕਾਰੇ ਨਾਲ ਬੜਾ ਚਮਕਦਾ ਸੀ। ਉਸ ਚਮਕ ਨੂੰ ਦੂਰੋਂ ਹੀ ਵੇਖਕੇ ਸ਼ਿਕਾਰੀ ਨੇ ਸਮਝਿਆ ਕਿ ਇਹ ਹਰਨ ਦੀ ਅੱਖ ਹੈ, ਬਸ ਇਸ ਖਿਆਲ ਦੇ ਹੁੰਦਿਆਂ ਹੀ ਖਿੱਚ ਕੇ ਤੀਰ ਮਾਰਿਆ ਜੋ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਵਿਚ ਆ ਵੱਜਾ। ਜਿਸ ਵਕਤ ਸ਼ਿਕਾਰੀ ਸ਼ਿਕਾਰ ਫੜਨ ਵਾਸਤੇ ਦੌੜ ਕੇ ਪਾਸ ਆਇਆ ਤਾਂ ਸ੍ਰੀ ਕ੍ਰਿਸ਼ਨ ਜੀ ਨੂੰ ਬਾਣ ਵੱਜਾ ਵੇਖਕੇ ਰੋਣ ਲੱਗ ਪਿਆ। ਉਸ ਨੂੰ ਰੋਂਦਾ ਵੇਖ ਕੇ ਕ੍ਰਿਸ਼ਨ ਜੀ ਨੇ ਕਿਹਾ, "ਰੋਂਦਾ ਕਿਉਂ ਹੈ? ਇਹ ਹੋਣਹਾਰ ਹੀ ਐਸੀ ਸੀ। ਪਿਛਲੇ ਜੁਗ ਵਿਚ ਅਸਾਂ ਨੇ ਰਾਮਚੰਦਰ ਰੂਪ ਹੋ ਕੇ ਤੈਨੂੰ ਬਾਲੀ ਰੂਪ ਵਿਚ ਲੁਕ ਕੇ ਬਾਣ ਮਾਰਿਆ ਸੀ, ਉਸ ਦਾ ਬਦਲਾ ਤੂੰ ਲੈਣਾ ਸੀ, ਉਹ ਇਸ ਜਨਮ ਵਿਚ ਤੂੰ ਬੱਧਕ ਬਣ ਕੇ ਲੈ ਲੀਤਾ ਹੈ ਇਸ ਕਰਕੇ ਤੂੰ ਕੋਈ ਅਫਸੋਸ ਨਾ ਕਰ।"

ਯਥਾ:-"ਜਾਇ ਸੁਤਾ ਪਰਭਾਸ ਵਿਚਿ, ਗੋਡੇ ਉਤੇ ਪੈਰ ਪਸਾਰੇ।
ਚਰਣ ਕਮਲ ਵਿਚਿ ਪਦਮੁ ਹੈ, ਝਿਲਮਿਲ ਝਲਕੇ ਵਾਂਗੀ ਤਾਰੇ।
ਬਧਕੁ ਆਇਆ ਭਾਲਦਾ, ਮਿਰਗੀ ਜਾਣਿ ਬਾਣੁ ਲੈ ਮਾਰੇ।
ਦਰਸਨ ਡਿਠੋਸੁ ਜਾਇ ਕੈ, ਕਰਣ ਪਲਾਵ ਕਰੇ ਪੁਕਾਰੇ।
ਗਲਿ ਵਿਚਿ ਲੀਤਾ ਕ੍ਰਿਸਨ ਜੀ, ਅਵਗੁਣੁ ਕੀਤਾ ਹਰਿ ਨ ਚਿਤਾਰੇ।"

(ਭਾ: ਗੁਰਦਾਸ ਜੀ ਵਾਰ ੧੦, ਪਉੜੀ ੨੩)

ਤਥਾ-"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥"

(ਆਸਾ ਮਹਲਾ ੧ ਪਟੀ, ਪੰਨਾ ੪੩੩)

ਤੇਰਾ ਅਸਾਡਾ ਲੇਖਾ ਅੱਜ ਨਿਬੜ ਗਿਆ ਹੈ, ਹੁਣ ਅਸੀਂ ਬੈਕੁੰਠ ਧਾਮ ਵਿਚ ਚਲਦੇ ਹਾਂ। ਸਾਧ ਸੰਗਤ ਜੀ! ਵੇਖੋ ਸੰਤਾਂ ਨਾਲ ਮਸਕਰੀ ਕਰਨ ਨਾਲ ਸਾਰੀ ਜਾਦਵ ਵੰਸ ਦਾ ਅਭਾਵ ਹੋ ਗਿਆ ਹੈ। ਇਹ ਕੁਲ ਅੱਗੇ ਪ੍ਰਚੱਲਤ ਨਹੀਂ ਹੋਈ*।

ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ॥ ੪ ॥ ੧ ॥

ਮੈਂ ਆਪਣੇ ਸੇਵਕ ਜਨ ਦੇ ਉੱਪਰ ਪ੍ਰਭੂ ਨੇ ਬੜੀ ਕਿਰਪਾ ਕੀਤੀ ਹੈ ਜੋ ਮੈਂ ਨਾਮਦੇਵ ਹਰੀ ਦੇ ਗੁਣ ਗਾਂਵਦਾ ਹਾਂ॥੪ ॥੧ ॥

ਉਥਾਨਕਾ:–ਗੋਬਿੰਦ ਲੋਕਾਂ ਨੇ ਭਗਤ ਨਾਮਦੇਵ ਜੀ ਪਾਸ ਬੇਨਤੀ ਕੀਤੀ, "ਕਿ ਆਪ ਕਿਵੇਂ ਤਰੇ ਹੋ ਅਤੇ ਅਸੀਂ ਸੰਸਾਰ ਸਮੁੰਦਰ ਤੋਂ ਕਿਸ ਤਰਾਂ ਤਰੀਏ?" ਉੱਤਰ-

ਦਸ ਬੈਰਾਗਨਿ ਮੋਹਿ ਬਸਿ ਕੀਨੀ ਪੰਚਹੁ ਕਾ ਮਿਟ ਨਾਵਉ॥

ਗੁਰ ਕਿਰਪਾ ਦੁਆਰੇ ਮੈਂਨੇ ਦਸ ਬੈਰਾਗਨਿ=ਇੰਦ੍ਰੀਆਂ ਵਸ ਵਿਚ ਕੀਤੀਆਂ ਹਨ ਅਤੇ ਪੰਜ ਕਾਮ ਆਦਿਕਾਂ ਦਾ ਨਾਮ ਨਿਸ਼ਾਨ ਹੀ ਮਿਟਾ ਦਿਤਾ ਹੈ।

ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ॥ ੧ ॥

ਸੱਤਰ ਤੇ ਦੋ ਬਹੱਤਰ ਜੋ ਮਨ ਦੀਆਂ ਕੋਠੀਆਂ ਹਨ, ਏਹ ਸਰਿ=ਸਰੋਵਰ ਵਾਂਗ ਨਾਮ-ਅੰਮ੍ਰਿਤ ਨਾਲ ਭਰਨੀਆਂ ਕੀਤੀਆਂ ਹਨ ਅਤੇ ਵਿਸ਼ੇ ਵਿਕਾਰਾਂ ਨੂੰ ਮਾਰ ਕੇ ਕੱਢ ਦਿੱਤਾ ਹੈ।

ਪਾਛੈ ਬਹੁਰਿ ਨ ਆਵਨੁ ਪਾਵਉ॥

(੧) ਗੁਰਾਂ ਪਾਸੋਂ ਨਾਮ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਣ ਤੋਂ ਪਾਛੈ=ਪਿੱਛੇ ਜਨਮਾਂ ਦਾ ਅਭਾਵ ਹੋਣ ਨਾਲ ਫਿਰ ਆਵਣਾ ਨਹੀਂ ਪਾਂਵਦੇ।

(੨) ਪਾਛੈ=ਸੰਸਾਰ ਵਿਚ ਫਿਰ ਆਵਣਾ ਨਹੀਂ ਪਾਂਵਦੇ ਜੇਕਰ ਤੁਸੀਂ ਵੀ ਐਸੇ ਸਾਧਨਾਂ ਨੂੰ ਕਰੋਗੇ

ਏਸੇ ਕਰਕੇ ਕਿਹਾ ਹੈ-

*ਸੰਤਨ ਸੇਤੀ ਮਸਕਰੀ, ਕੁਲ ਡੋਬਨ ਕੀ ਰੀਤ।
ਭਾਗਵਾਨ ਸੇਵਾ ਕਰੇ, ਹੁਜਤਾਂ ਕਰੇ ਪਲੀਤ।
ਸਾਧ ਸਤਾਵੈ ਕਰਨੀ ਕਾਚਾ। ਕੁਸਲ ਨਹੀ ਤਹਿ ਮਨਸਾ ਬਾਚਾ।
ਜਗੰਨਾਥ ਦੁਰਮਤ ਕੇ ਘਾਲੇ। ਆਇ ਜਗਤ ਮਹਿ ਖਾਲੀ ਚਾਲੇ।

ਤਥਾ:-ਕਪਲ ਮੁਨ ਸੰਤਾਇ ਸੇ ਸਗਰ ਸੁਤ ਭਸਮ ਭਏ,
ਦੁਰਬਾਸਾ ਰਿਖ ਸੰਤਾਇ ਜਾਦਵ ਕੁਲ ਖਪਾਇਓ ਹੈ।
ਅਗਸਤ ਮੁਨ ਸੰਤਾਇ ਸੇ ਸਮੁੰਦਰ ਤੇ ਸੋਖ ਲੀਨੋ,
ਗੌਤਮ ਰਿਖ ਸੰਤਾਇ ਸੇ ਸਹੰਸਰ ਭਗ ਪਾਇਓ ਹੈ।
ਕਰਨੀ ਪ੍ਰਿਛਿਤ ਕੀ ਕਿਸਮਤ ਸੈ ਆਨ ਪਰੀ,
ਕੋਟ ਜਤਨ ਕੀਏ ਤੋ ਭੀ ਸਰਪ ਨੇ ਡਸਾਇਓ ਹੈ।
ਬਿਧਨਾ ਕੇ ਬਨਾਇਬੇ ਕੋ ਕਵੀ ਕਬ ਲਗ ਬਰਨਨ ਕਰੇ,
ਸਾਧੁ ਕੈ ਸੰਤਾਇ ਸੇ ਕਿਸ ਨੇ ਸੁਖ ਪਾਇਓ ਹੈ।

ਤਾਂ ਤੁਹਾਡੇ ਜਨਮਾਂ ਦਾ ਵੀ ਅਭਾਵ ਹੋ ਜਾਏਗਾ।

ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥ ੧ ॥ ਰਹਾਉ ॥

ਨਾਮ-ਅੰਮ੍ਰਿਤ ਬਾਣੀ ਨੂੰ ਹਿਰਦੇ ਕਰਕੇ ਉਚਾਰਦੇ ਹਾਂ ਅਤੇ ਆਪਣੇ ਚੰਚਲ ਆਤਮ ਕਉ=ਮਨ ਨੂੰ ਸਮਝਾਉਂਦੇ ਹਾਂ। ਜੇਕਰ ਤੁਹਾਨੂੰ ਵੀ ਇੱਛਾ ਹੈ ਤਾਂ ਤੁਸੀਂ ਵੀ ਨਾਮ ਰੂਪੀ ਅੰਮ੍ਰਿਤ ਬਾਣੀ ਨੂੰ ਹਿਰਦੇ ਨਾਲ ਉਚਾਰੋ ਅਤੇ ਚੰਚਲ ਆਤਮ ਮਨ ਨੂੰ ਸਮਝਾਵੋ ॥੧ ॥

ਯਥਾ- ''ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥ ੧ ॥

ਠਾਕੁਰੁ ਗਾਈਐ ਆਤਮ ਰੰਗਿ॥''

(ਧਨਾਸਰੀ ਮ: ੫, ਪੰਨਾ ੬੮੦)

ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ ॥

(੧) ਰਾਮ ਨਾਮ ਜਾਂ ਗੁਰ ਉਪਦੇਸ਼ ਰੂਪ ਕੁਠਰੁ=ਕਹਾੜੇ ਨਾਲ, ਬੱਜਰ ਵਤ ਅਛੇਦ ਜੋ ਮੋਹ ਰੂਪ ਬ੍ਰਿੱਛ ਹੈ ਤਿਸ ਨੂੰ ਛੀਨਾਂ=ਕੱਟਣਾ ਕੀਤਾ ਹੈ।

(੨) ਗੁਰ ਉਪਦੇਸ਼ ਹੀ ਇੱਕ ਬੱਜਰ ਦਾ ਕੁਹਾੜਾ ਹੈ ਤਿਸ ਕਰਕੇ ਮੋਹ ਨੂੰ ਕੱਟਣਾ ਕੀਤਾ ਹੈ ਅਤੇ ਪਾਵਉ=ਚਰਨਾਂ ਨਾਲ ਲੱਗ ਕੇ ਮਿੰਨਤਿ ਕਰਿ=ਬੇਨਤੀਆਂ ਕਰਦੇ ਹਾਂ। ਜੇ ਤੁਹਾਨੂੰ ਭੀ ਤਰਨ ਦੀ ਇੱਛਾ ਹੈ ਤਾਂ ਤੁਸੀਂ ਭੀ ਬੇਨਤੀਆਂ ਕਰੋ।

ਸੰਤਨ ਕੇ ਹਮ ਉਲਟੇ ਸੇਵਕ ਭਗਤਨ ਤੇ ਡਰਪਾਵਉ ॥ ੨ ॥

ਪਹਿਲਾ ਅਰਥ-

ਸੰਸਾਰ ਵੱਲੋਂ ਉਲਟੇ, ਭਾਵ ਹਟੇ ਹੋਏ ਵਿਰੱਕਤ ਜੋ ਸੰਤ ਮਹਾਤਮਾਂ ਹਨ, ਉਹਨਾਂ ਦੇ ਭੀ ਅਸੀਂ ਸੇਵਕ ਹਾਂ ਅਤੇ ਗ੍ਰਿਹਸਤੀ ਭਗਤਾਂ ਤੋਂ ਭੀ ਅਸੀਂ ਡਰ ਪੈਂਦੇ ਹਾਂ।

(ਕਬੀਰ, ਰਵਿਦਾਸ ਆਦਿਕ ਸਭ ਗ੍ਰਿਹਸਤੀ ਭਗਤ ਹੋਏ ਹਨ)

ਦੂਜਾ ਅਰਥ-

ਭਗਤਨ ਤੇ ਡਰਪਾਵਉ=ਸੰਤਾਂ ਦੇ ਜੋ ਸੇਵਕ ਭਗਤ ਹਨ ਉਹਨਾਂ ਤੋਂ ਭੀ ਅਸੀਂ ਡਰ ਪੈਂਦੇ ਹਾਂ, ਕਿਉਂਕਿ ਸੇਵਕਾਂ ਦਾ ਦਰਜਾ ਸੰਤਾਂ ਨਾਲੋਂ ਵੀ ਉੱਚਾ ਕਥਨ ਕੀਤਾ ਹੈ।

"ਹਰਿ ਜੀ ਸੇ, ਹਰਿ ਜਨ ਬਡੇ ਯਹੀ ਨੇਤ ਭਗਵਾਨ।
ਰਾਮ ਗਏ ਪੁਲ ਬਾਂਧ ਕੇ ਕੂਦ ਕਰੇ ਹਨੁੰਮਾਨ।"

ਤੀਜਾ ਅਰਥ-

ਜਿਵੇਂ ਅਸੀਂ ਸੰਸਾਰ ਤੋਂ ਉਲਟਕੇ ਸੰਤਾਂ ਦੇ ਸੇਵਕ ਬਣੇ ਹਾਂ ਤਿਵੇਂ ਤੁਸੀਂ ਭੀ ਭਗਤਾਂ ਤੋਂ ਡਰ ਪੈਣਾ ਕਰੋ।

ਚੌਥਾ ਅਰਥ-

ਭਗਤਨ ਤੇ ਡਰਪਾਵਉ॥

ਸਰੀਰ ਦੇ ਜੋ ਖਟ ਭਗ ਹਨ ਉਹਨਾਂ ਤੋਂ ਡਰ ਪੈਂਦੇ ਹਾਂ। ਖਟ ਭਗ ਇਹ ਹਨ-

"ਜਨਮ, ਅਸਤ, ਅਰ ਵਿਰਧਿ ਖੁਨ ਬਿਪ੍ਰਨ ਛਯ ਤਨ ਨਾਸ।
ਖਟ ਵਿਕਾਰ ਏਹ ਦੇਹ ਕੇ ਆਤਮ ਸ੍ਰਯੰ ਪ੍ਰਕਾਸ਼॥੭॥

(ਵਿਚਾਰ ਮਾਲਾ ਧਿਆਇ ੫)

ਜਨਮ=ਮਾਤਾ ਦੇ ਉਦਰ ਵਿਚੋਂ ਜਨਮ ਹੋਣਾ। ਅਸਤ=ਸੰਸਾਰ ਵਿਚ ਇਸਥਿਤ ਹੋਣਾ। ਵਿਰਧਿ=ਵਧਣਾ। ਬਿਪ੍ਰਨ=ਪ੍ਰਣਮ ਜਾਣਾ, ਹੋਰ ਦਾ ਹੋਰ ਹੁੰਦੇ ਜਾਣਾ। ਛਯ=ਖੀਣ ਹੋਣਾ। ਤਨ ਨਾਸ=ਸਰੀਰ ਦਾ ਅੰਤ ਹੋ ਜਾਣਾ।

ਪੰਜਵਾਂ ਅਰਥ-

ਭਗਤਣੀ ਜੋ ਮਾਇਆ ਹੈ, ਉਸ ਤੋਂ ਅਸੀਂ ਡਰ ਪੈਂਦੇ ਹਾਂ।

ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ॥

ਇਸ ਜਨਮ ਮਰਨ ਰੂਪ ਸੰਸਾਰ ਤੋਂ ਤਦ ਹੀ ਛੁਟਕਾਰਾ ਹੁੰਦਾ ਹੈ, ਜਦ ਮਾਇਆ ਵਿਖੇ ਲੰਪਟ ਨਾ ਹੋਵੇ।

ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ॥ ੩॥

ਮਾਤਾ ਦੀ ਗਰਭ ਜੂਨੀ ਦਾ ਨਾਮੁ=ਕਾਰਨ* ਹੀ ਮਾਇਆ ਹੈ, ਤਿਸ ਤਜਿ=ਤਿਸ ਮਾਇਆ ਨੂੰ ਤਿਆਗਕੇ ਪਰਮੇਸ਼ਰ ਦਾ ਦਰਸ਼ਨ ਪਾਉਣਾ ਕਰੋ॥੩॥

ਇਤੁ ਕਰਿ ਭਗਤਿ ਕਰਹਿ ਜੋ ਜਨ ਤਿਨ ਭਉ ਸਗਲ ਚੁਕਾਈਐ॥

ਮਾਇਆ ਦੀ ਇੱਛਾ ਨੂੰ ਇਤੁ=ਇਤੀ ਭਾਵ ਸਮਾਪਤੀ ਕਰਕੇ, ਵਾ ਇਸ ਮਨੁੱਖਾ ਜਨਮ ਕਰਕੇ ਜੋ ਪੁਰਸ਼ ਪਰਮੇਸ਼ਰ ਦੀ ਭਗਤੀ ਕਰਦਾ ਹੈ, ਤਿਸਨੇ ਸਾਰੇ ਡਰ ਦੂਰ ਕਰ ਦਿੱਤੇ ਹਨ।

ਕਹਤ ਨਾਮਦੇਉ ਬਾਹਰਿ ਕਿਆ ਭਰਮਹੁ
ਇਹ ਸੰਜਮ ਹਰਿ ਪਾਈਐ॥ ੪॥੨॥

ਨਾਮਦੇਵ ਜੀ ਕਥਨ ਕਰਦੇ ਹਨ, ਘਰ ਤੋਂ ਬਾਹਰ ਜੰਗਲਾਂ ਵਿਚ ਕਿਸ ਵਾਸਤੇ ਭਰਮਹੁ=ਫਿਰਦੇ ਹੋ? ਇਹੁ ਸੰਜਮ=ਇਸ ਜੁਗਤੀ ਕਰਕੇ ਘਰ ਬੈਠਿਆਂ ਹੀ ਹਰੀ ਨੂੰ ਪਾਵਣਾ ਕਰੋ॥੪॥੨॥

ਉਥਾਨਕਾ:-ਗੋਬਿੰਦ ਲੋਕਾਂ ਨੇ ਬੇਨਤੀ ਕੀਤੀ, "ਕਿ ਪਰਮੇਸ਼ਰ ਦਾ ਨਾਮ ਆਪ ਨੂੰ ਕਿਤਨਾ ਪਿਆਰਾ ਲੱਗ ਰਿਹਾ ਹੈ?" ਉੱਤਰ-

---

*"ਨਾਮੁ" ਦਾ ਅਰਥ 'ਕਾਰਨ' ਸੰਕੇਤੀ ਅਰਥ ਹੈ।

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥

ਜਿਵੇਂ ਮਾਰਵਾੜ ਦੇਸ਼ (ਜੋਧਪੁਰ ਰਿਆਸਤ ਵਿਚ, ਬੀਕਾਨੇਰ ਆਦਿਕ ਸ਼ਹਿਰਾਂ) ਵਿਚ ਪਾਣੀ ਘਟ ਹੋਣ ਕਰਕੇ ਹਰ ਇੱਕ ਆਦਮੀ ਨੂੰ, ਨੀਰੁ=ਜਲ ਬਹੁਤਾ ਬਾਲਹਾ=ਪਿਆਰਾ ਲੱਗਦਾ ਹੈ ਅਤੇ ਕਰਹਲਾ=ਊਠ ਨੂੰ ਬ੍ਰਿਛਾਂ ਦੀਆਂ ਬੇਲਿ=ਵੇਲਾਂ ਬਾਲਹਾ=ਪਿਆਰੀਆਂ ਲੱਗਦੀਆਂ ਹਨ।

ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੧ ॥

ਜਿਵੇਂ ਕੁਰੰਕ=ਹਰਨ ਨੂੰ ਨਿਸਿ=ਰਾਤ ਦੇ ਸਮੇਂ ਘੰਡੇ ਹੇੜੇ ਦਾ ਨਾਦੁ=ਸ਼ਬਦ ਬਾਲਹਾ=ਪਿਆਰਾ ਲੱਗਦਾ ਹੈ, ਤਿਉ=ਤਿਵੇਂ ਹੀ ਮੇਰੇ ਮਨ ਵਿਚ ਰਾਮਈਆ=ਪਰਮੇਸ਼ਰ ਦਾ ਨਾਮ ਪਿਆਰਾ ਲੱਗ ਰਿਹਾ ਹੈ॥ ੧ ॥

ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ॥ ੧ ॥ ਰਹਾਉ ॥

ਹੇ ਮੇਰੇ ਰਾਮ ! ਤੇਰਾ ਨਾਮ ਰੂੜੋ=ਸੁੰਦਰ ਹੈ, ਤੇਰਾ ਰੂਪੁ=ਅਕਾਰ ਵੀ ਰੂੜੋ=ਸੁੰਦਰ ਹੈ, ਰੰਗ ਵੀ ਅਤਸੇ ਕਰਕੇ ਰੂੜੋ=ਸੁੰਦਰ ਹੈ॥੧ ॥

ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥

ਜਿਵੇਂ ਧਰਣੀ ਕਉ=ਧਰਤੀ ਨੂੰ ਇੰਦ੍ਰ=ਬੱਦਲ ਬਾਲਹਾ=ਪਿਆਰਾ ਲੱਗਦਾ ਹੈ ਅਤੇ ਜਿਵੇਂ ਭਵਰਲਾ=ਭੌਰਿਆਂ ਨੂੰ ਕੁਸਮ=ਫੁੱਲਾਂ ਦੀ ਬਾਸੁ=ਸੁਗੰਧੀ ਪਿਆਰੀ ਲੱਗਦੀ ਹੈ।

ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੨ ॥

ਜਿਵੇਂ ਕੋਇਲ ਨੂੰ ਅੰਬ (ਦਾ ਬੂਰਾ) ਬਾਲਹਾ=ਪਿਆਰਾ ਲੱਗਦਾ ਹੈ, ਤਿਉ=ਤਿਵੇਂ ਹੀ ਮੇਰੇ ਮਨ ਵਿਚ ਰਮਈਏ ਦਾ ਨਾਮ ਪਿਆਰਾ ਲੱਗ ਰਿਹਾ ਹੈ॥੨ ॥

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥

ਜਿਵੇਂ ਚਕਵੀ ਨੂੰ ਸੁਰੂ=ਸੂਰਜ ਬਾਲਹਾ=ਪਿਆਰਾ ਹੈ ਅਤੇ ਹੰਸੁਲਾ=ਹੰਸਾਂ ਨੂੰ ਮਾਨ ਸਰੋਵਰ ਪਿਆਰਾ ਹੈ।

ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੩ ॥

ਜਿਵੇਂ ਪਤਿਬ੍ਰਤ ਤਰੁਣੀ=ਇਸਤ੍ਰੀ ਕਉ=ਨੂੰ ਆਪਣਾ ਪਤੀ ਬਾਲਹਾ=ਪਿਆਰਾ ਹੈ, ਤਿਉ=ਤਿਵੇਂ ਹੀ ਮੇਰੇ ਮਨ ਵਿਚ ਰਮਈਏ ਦਾ ਨਾਮ ਪਿਆਰਾ ਲੱਗ ਰਿਹਾ ਹੇ॥੩ ॥

ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥

ਜਿਵੇਂ ਬਾਰਿਕ=ਬੱਚੇ ਨੂੰ ਖੀਰੁ=ਦੁੱਧ ਬਾਲਹਾ=ਪਿਆਰਾ ਲੱਗਦਾ ਹੈ। .

ਯਥਾ:-"ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ॥"

(ਵਡਹੰਸ ਮ: ੫, ਪੰਨਾ ੫੬੪)

ਤਥਾ:-"ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ॥"

(ਸਿਰੀ ਰਾਗ ਮ: ੧, ਪੰਨਾ ੬੩)

ਅਤੇ ਜਿਵੇਂ ਪਪੀਹੇ ਦੇ ਮੂੰਹ ਵਿਚ ਜਲਧਰਾ=ਸ੍ਵਾਂਤੀ ਬੂੰਦ ਪੈ ਜਾਵੇ ਤਾਂ ਉਹ ਅਨੰਦ ਹੁੰਦਾ ਹੈ।

ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੪ ॥

ਜਿਵੇਂ ਮੱਛੀ ਨੂੰ ਨੀਰੁ ਬਾਲਹਾ=ਜਲ ਪਿਆਰਾ (ਲੱਗਦਾ) ਹੈ, ਤਿਉ=ਤਿਵੇਂ ਹੀ ਮੇਰੇ ਵਿਚ ਰਮਈਏ (ਪਰਮਾਤਮਾ) ਦਾ ਨਾਮ ਪਿਆਰਾ (ਲੱਗ ਰਿਹਾ) ਹੈ।

ਯਥਾ:-"ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥
ਤਿਉ ਹਰਿ ਬਿਨੁ ਸੰਤ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ॥"

(ਸੂਹੀ ਮ: ੪, ਪੰਨਾ ੭੫੯)

ਤਥਾ-"ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥ ੧ ॥

(ਸੋਰਠਿ ਮਹਲਾ ੪, ਪੰਨਾ ੬੦੭)

"ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪੜਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ।
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥੧੨॥"

(ਜੈਤਸਰੀ ਵਾਰ, ਪੰਨਾ ੭੦੮)

ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥

ਸਾਰੇ ਸਾਧਨ ਕਰਨ ਵਾਲੇ ਸਾਧਿਕ=ਜਗਿਆਸੂ, ਚੌਰਾਸੀ ਸਿੱਧ ਤੇ ਮੰਨਣ ਸੀਲ ਜੋ ਮੁਨੀ ਹਨ, ਇਹ ਸਾਰੇ ਹੀ ਉਸ ਪ੍ਰਮੇਸ਼ਰ ਨੂੰ ਚਾਹੁੰਦੇ ਹਨ, ਪਰੰਤੂ ਕਾਹੂ=ਕਿਸੇ ਵਿਰਲੇ ਨੇ ਹੀ ਉਸ ਪ੍ਰਮੇਸ਼ਰ ਨੂੰ ਡੀਠੁਲਾ=ਦੇਖਿਆ ਹੈ।

ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥ ੫ ॥ ੩ ॥

(੧) ਨਾਮਦੇਵ ਜੀ ਕਹਿੰਦੇ ਹਨ, ਸਾਰੇ ਭਵਨਾਂ ਵਿਖੇ ਜਿਤਨਾਕੁ ਤੇਰਾ ਨਾਮ (ਲੋਕਾਂ ਨੂੰ) ਪਿਆਰਾ ਹੈ, ਉਤਨਾ ਹੀ (ਇੱਕ ਮੈਂ) ਨਾਮਦੇਵ ਦੇ ਮਨ ਵਿਚ, ਹੇ ਬੀਠੁਲਾ ! ਤੇਰਾ ਨਾਮ ਪਿਆਰਾ ਹੈ।

(੨) ਸਾਰੇ ਚੌਦਾਂ ਭਵਨਾਂ ਵਿਖੇ ਜਿਵੇਂ ਤਮਾਮ ਪੁਰਸ਼ਾਂ ਨੂੰ ਆਪੋ ਆਪਣਾ ਨਾਮ ਅਤੇ ਰੂਪ ਬਾਲਹਾ=ਪਿਆਰਾ ਲੱਗਦਾ ਹੈ, ਤਿਉ=ਤਿਵੇਂ ਹੀ ਮੈਂ ਨਾਮਦੇਵ ਦੇ ਮਨ ਵਿਚ ਤਿਸ ਬੀਠੁਲ ਦਾ ਨਾਮ ਪਿਆਰਾ ਲੱਗ ਰਿਹਾ ਹੈ॥ ੫ ॥ ੩ ॥

ਉਥਾਨਕਾ:-ਇੱਕ ਦਿਨ ਭਗਤ ਨਾਮਦੇਵ ਜੀ ਨੇ ਆਪਣੇ ਗੁਰੂ ਗਿਆਨ ਦੇਵ ਜੀ ਪਾਸ ਆ ਕੇ ਬੇਨਤੀ ਕੀਤੀ, "ਜਗਤ ਦੀ ਉਤਪਤੀ ਕਿਵੇਂ ਹੋਈ ਹੈ ?"

ਗਿਆਨ ਦੇਵ ਜੀ ਨੇ ਕਿਹਾ-"ਹੇ ਪ੍ਰਿਯ ਸ਼ਿਸ਼ ! ਜਗਤ ਦੀ ਉਤਪਤੀ ਵਿਚ ਕਈ ਕਾਰਨ ਹਨ।" ਹੁਣ ਤੂੰ ਸੰਖੇਪ ਮਾਤਰ ਸੁਣਨਾ ਕਰ-

ਪਹਿਲ ਪੁਰੀਏ ਪੁੰਡਰਕ ਵਨਾ॥

(੧) (ਪੁਰਾਣਕ ਮੱਤ ਅਨੁਸਾਰ) ਪਹਿਲੇ ਪੁਰੀਏ=ਪੂਰਨ ਪਰਮਾਤਮਾ ਤੋਂ ਪੁੰਡਰਕ=ਕਵਲ (ਫੁੱਲ) ਵਨਾ=ਬਣਿਆ।

ਤਾਚੇ ਹੰਸਾ ਸਗਲੇ ਜਨਾਂ॥

ਤਾਚੇ=ਤਿਸ ਕਵਲ ਫੁੱਲ ਤੋਂ ਹੰਸ ਵਾਹਨ ਵਾਲਾ ਬ੍ਰਹਮ ਹੋਇਆ, ਬ੍ਰਹਮਾ ਤੋਂ ਫਿਰ ਸਾਰੇ ਜਨ ਪੈਦਾ ਹੋਏ।

(੨) ਪਹਿਲੇ ਪ੍ਰਮਾਤਮਾ ਤੋਂ ਪੁਰੀਏ=ਪੁਰੀਆਂ ਵਾਲਾ ਵਿਸ਼ਨੂੰ ਹੋਇਆ, ਵਿਸ਼ਨੂੰ ਤੋਂ ਫਿਰ ਪੁੰਡਰਕ=ਕਵਲ (ਫੁੱਲ) ਵਨਾ=ਬਣਿਆ।

ਤਿਸ ਕਵਲ ਫੁੱਲ ਤੋਂ ਹੰਸ ਵਾਹਨ ਵਾਲਾ ਬ੍ਰਹਮਾ ਅਤੇ ਬ੍ਰਹਮਾਂ ਤੋਂ ਫਿਰ ਸਾਰੇ ਜਨ ਪੈਦਾ ਹੋਏ।

ਕ੍ਰਿਸ਼ਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥ ੧॥

(ਹੁਣ ਸਾਂਖਜ ਮੱਤ ਅਨੁਸਾਰ ਕਹਿੰਦੇ ਹਨ) ਹਰ ਪ੍ਰਕਾਰ ਦੀ ਜੋ ਨਾਚਨਾ=ਸ੍ਰਿਸ਼ਟੀ ਹਰ ਏਕ ਪਰਕਾਰ ਨਾਲ ਨਾਚੰਤੀ=ਨੱਚ ਰਹੀ ਹੈ, ਇਹ ਕ੍ਰਿਸਾ ਤੇ ਜਾਨਊ=ਪਰਧਾਨ ਤੋਂ ਉਤਪਤ ਹੋਈ ਜਾਣਨਾ ਕਰ॥੧॥

ਪਹਿਲ ਪੁਰਸਾ ਬਿਰਾ॥

(ਵੇਦਾਂਤ ਮੱਤ ਅਨੁਸਾਰ) ਪਹਿਲੇ ਪੁਰਸਾ=ਪ੍ਰਮਾਤਮਾ ਤੋਂ ਬਿਰਾ=ਬਾਣੀ ਹੋਈ,

"ਏਕੋਹੰ ਬਹੁ ਸਯਾਮ ਪ੍ਰਜਾਯੇਯ।"

ਅਥੋਨ ਪੁਰਸਾ ਦਮਰਾ॥

(ਵੇਦਾਂਤ ਮੱਤ ਅਨਸਾਰ) ਅਥੋਨ=ਤਿਸ ਤੋਂ ਉਪ੍ਰੰਤ ਪੁਰਸਾ=ਪ੍ਰਮਾਤਮਾ ਤੋਂ ਦਮਰਾ=ਮਾਇਆ, ਵਾ ਤ੍ਰਿਧਾ ਹੰਕਾਰ ਹੋਇਆ॥

ਅਸਗਾ ਅਸ ਉਸਗਾ॥ ਹਰਿ ਕਾ ਬਾਗਰਾ

(ਵੇਦਾਂਤ ਮੱਤ*ਅਨੁਸਾਰ) ਅਸਗਾ=ਮਾਇਆ ਦਾ ਜਿਸ ਵੇਲੇ ਉਸਗਾ=ਪ੍ਰਮਾਤਮਾ ਨਾਲ ਅਸ=ਮਿਲਾਪ ਹੋਇਆ ਤਾਂ ਇਹ ਹਰੀ ਦਾ ਸੰਸਾਰ ਬਾਗ ਉਤਪੰਨ ਹੋਇਆ॥

ਫਿਰ ਨਾਮਦੇਵ ਜੀ ਨੇ ਪ੍ਰਸ਼ਨ ਕੀਤਾ, "ਇਨ੍ਹਾਂ ਸਾਰਿਆਂ ਵਿਚੋਂ ਅਸਲੀ ਮੱਤ ਕੇਹੜਾ ਹੈ?"

---

*ਇਸ ਜਗ੍ਹਾ ਵੇਦਾਂਤੀਆਂ ਦੇ ਤਿੰਨ ਮੱਤ ਦੱਸੇ ਹਨ, ਉਂਵ ਜਗਤ ਦੀ ਉਤਪਤੀ ਵਿਚ ਵੇਦਾਂਤੀਆਂ ਦੇ ੩੬੦ ਮੱਤ ਹਨ।

ਤਾਂ ਗਿਆਨ ਦੇਵ ਜੀ ਨੇ ਕਿਹਾ, ਤੈਨੂੰ ਪਹਿਲੇ ਕਿਹਾ ਸੀ, ਕਿ ਜਗਤ ਦੀ ਉਤਪਤੀ ਵਿਚ ਬਹੁਤ ਮਤਭੇਦ ਹਨ।

ਪੁਨਾ-ਨਾਮਦੇਵ ਜੀ ਨੇ ਕਿਹਾ-

ਦੂਜਾ ਅਰਥ-

ਪਹਿਲ ਪੁਰੀਏ ਪੁੰਡਰ ਕਵਨਾ* ॥

ਪੁਰੀਏ=ਪੂਰਨ ਪ੍ਰਮਾਤਮਾ ਤੋਂ ਪਹਿਲੇ ਕਵਨਾ=ਕੌਣ ਪੁੰਡਰ=ਪ੍ਰਕਾਸ਼ਿਆ ਹੈ? ਤਾਂ ਗੁਰੂ ਗਿਆਨ ਦੇਵ ਜੀ ਨੇ ਕਿਹਾ- ''ਤੂੰ ਆਪਣੇ ਹਿਰਦੇ ਵਿਚ ਕੀ ਨਿਸਚੇ ਕੀਤਾ ਹੈ?'' ਤਾਂ ਨਾਮਦੇਵ ਜੀ ਨੇ ਕਿਹਾ-

ਤਾਚੇ ਹੰਸਾ ਸਗਲੇ ਜਨਾਂ॥

ਮੈਂ ਤਾਂ ਇਹ ਨਿਸਚੇ ਕੀਤਾ ਹੈ, ਤਾਚੇ=ਤਿਸ ਪੂਰਨ ਪ੍ਰਮਾਤਮਾਂ ਤੋਂ ਹੰਸ ਵਾਹਨ ਵਾਲਾ ਬ੍ਰਹਮਾ ਹੋਇਆ ਹੈ, ਅੱਗੋਂ ਉਸ ਤੋਂ ਸਾਰੇ ਜਨ ਉਤਪੰਨ ਹੋਏ ਹਨ। ਤਾਂ ਗੁਰੂ ਗਿਆਨ ਦੇਵ ਜੀ ਨੇ ਕਿਹਾ, ''ਇਹ ਮੱਤ ਠੀਕ ਨਹੀਂ।''

ਕ੍ਰਿਸ਼ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥੧॥

ਹਰ ਪ੍ਰਕਾਰ ਦੀ ਨਾਚਨਾ=ਸ੍ਰਿਸ਼ਟੀ ਜੋ ਹਰ ਏਕ ਪ੍ਰਕਾਰ ਨਾਲ ਨਾਚੰਤੀ=ਨੱਚ ਰਹੀ ਹੈ ਇਹ ਕ੍ਰਿਸ਼ਨਾ ਤੇ ਜਾਨਊ=ਮਾਇਆ ਸਬਲ ਤੋਂ ਜਾਨਣਾ ਕਰ॥੧॥

ਪ੍ਰਸ਼ਨ-''ਜਿਸ ਮਾਇਆ ਸਬਲ ਤੋਂ ਸਾਰੇ ਜਗਤ ਦੀ ਉਤਪੱਤੀ ਹੋ ਰਹੀ ਹੈ, ਉਸ ਦੀ ਪ੍ਰਾਪਤੀ ਕਿਵੇਂ ਹੋਵੇ?'' ਉੱਤਰ-

ਪਹਿਲ ਪੁਰੀਏ ਪੁੰਡਰਕ ਵਨਾ॥

ਸਭ ਸਾਧਨਾਂ ਤੋਂ ਪਹਿਲਾਂ ਅੰਤਹਕਰਣ ਰੂਪ ਪੁਰੀਏ=ਪੂਰੀ ਨੂੰ ਪੁੰਡਰਕ=ਕੌਲ ਫੁੱਲ ਦੇ ਵਨਾ=ਰੰਗ ਵਾਂਗ ਚਿੱਟਾ ਕਰੇ, ਕਿਉਂਕਿ ਅੰਤਹਕਰਣ ਵਿਚ ਤਿੰਨ ਦੋਸ਼ ਹਨ।

੧. ਮਲ, ੨. ਵਿਖੇਪ, ੩. ਅਵਰਨ।

ਨਿਸ਼ਕਾਮ ਕਰਮ, ਉਪਾਸ਼ਨਾਂ ਦੁਆਰਾ ਮਲ, ਵਿਖੇਪ ਨੂੰ ਦੂਰ ਕਰੇ।

ਤਾਚੇ ਹੰਸਾ ਸਗਲੇ ਜਨਾਂ॥

ਤਾ+ਚੇ=ਤਿਸ ਤੋਂ ਉਪਰੰਤ ਸਾਰਿਆਂ ਮਹਾਤਮਾਂ ਜਨਾਂ ਦੀ ਸਤਿਸੰਗਤ ਨਾਲ ਮਿਲ ਕੇ ਹੰਸਾਂ ਵਾਂਗ ਦੁੱਧ ਪਾਣੀ=ਆਤਮਾ ਅਨਾਤਮਾ ਦਾ ਵਿਵੇਚਨ ਕਰੇ, ਭਾਵ ਬਿਬੇਕ ਨੂੰ ਧਾਰੇ।

ਪ੍ਰਸ਼ਨ-''ਬਿਬੇਕ ਦਾ ਕੀ ਸਰੂਪ ਹੈ?'' ਉੱਤਰ-

ਕ੍ਰਿਸ਼ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥੧॥

ਹਰ ਪ੍ਰਕਾਰ ਦੀ ਨਾਚਨਾ=ਸ੍ਰਿਸ਼ਟੀ ਜੋ ਹਰ ਪ੍ਰਕਾਰ ਨਾਚੰਤੀ=ਨੱਚ ਰਹੀ ਹੈ। ਏਹ ਕ੍ਰਿਸਨਾ=ਮਾਇਆ ਮਾਤ੍ਰ ਜਾਣੇ, ਭਾਵ ਅਨਾਤਮ ਰੂਪ ਸਮਝੇ। ਏਹੋ ਬਿਬੇਕ ਦਾ ਸਰੂਪ ਹੈ।

---

*ਪਾਠ 'ਪੁੰਡਰਕ' ਵਨਾ ਹੀ ਕਰਨਾ ਹੈ। ਸਿਰਫ ਅਰਥ ਵਾਸਤੇ ਦੂਜਾ ਪਾਠ ਮੰਨਿਆਂ ਹੈ।

ਜਿਵੇਂ-ਵਿਚਾਰ ਸਾਗਰ ਦੇ ਆਰੰਭ ਵਿਚ ਲਿਖਿਆ ਹੈ-

"ਅਬਿਨਾਸ਼ੀ ਆਤਮ ਅਚੱਲ, ਜਗ ਤਾ ਤੈ ਪ੍ਰਤਿਕੂਲ।
ਐਸੋ ਗਜਾਨ ਵਿਵੇਕ ਹੈ, ਸਭ ਸਾਧਨ ਕੋ ਮੂਲਾ" ॥੧੩॥

ਪਹਿਲ ਪੁਰਸਾ ਬਿਰਾ॥

ਪਹਿਲੇ ਬਿਬੇਕ ਨੂੰ ਧਾਰ ਕੇ ਪੁਰਸ਼ ਨੂੰ ਚਾਹੀਦਾ ਹੈ ਫਿਰ ਬਿਰਾ=ਵੈਰਾਗ* ਧਾਰਨ ਕਰ।

ਅਥੋਨ ਪੁਰਸਾ ਦਮਰਾ॥

ਅਥੋਨ=ਤਿਸ ਤੋਂ ਉਪਰੰਤ ਪੁਰਸ਼ ਨੂੰ ਚਾਹੀਦਾ ਹੈ ਦਮਰਾ=ਇੰਦ੍ਰੀਆਂ ਦਾ ਦਮਨ ਕਰੇ, ਭਾਵ ਖਟ ਸੰਪਤੀ+ ਧਾਰੇ।

ਪੁੰਨਾ-ਮੁਕਤੀ ਦੀ ਇੱਛਾ ਧਾਰੇ, ਅਰਥਾਤ ਇਨ੍ਹਾਂ ਚਾਰ ਸਾਧਨਾਂ ਸਪੰਨ ਹੋ ਕੇ ਆਪਣੇ ਗੁਰਾਂ ਪਾਸ ਆਵੇ ਤਾਂ ਗੁਰੂ ਅਧਿਕਾਰੀ ਜਗਿਆਸੂ ਸਮਝਕੇ ਐਸੇ ਮਹਾਂ ਵਾਕ ਦਾ ਉਪਦੇਸ਼ ਦੇਂਦੇ ਹਨ-

ਅਸਗਾ ਅਸ ਉਸਗਾ॥

ਅਸ=ਜੀਵ ਵਿਚ ਜੋ ਗਾ=ਪ੍ਰਕਾਸ਼, ਭਾਵ ਕੂਟੱਸਥ ਹੈ ਅਤੇ ਉਸ=ਈਸ਼ਵਰ ਵਿਖੇ ਜੋ ਗਾ=ਪ੍ਰਕਾਸ਼ ਭਾਵ ਅਦ੍ਵੈਨੰਦ ਹੈ, ਇਨ੍ਹਾਂ ਦੋਹਾਂ ਦੀ ਅਸ=ਮਿਲੌਣੀ ਕਰੇ।

---

*ਵੈਰਾਗ ਦਾ ਸਰੂਪ ਇਹ ਹੈ-

'ਬ੍ਰਹਮ ਲੋਗ ਲੌ ਭੋਗ ਜੌ, ਚਹੈ ਸਭਨ ਕੌ ਤਜਾਗ।
ਵੇਦ ਅਰਥ ਗਿਆਤਾ ਮੁਨੀ, ਕਹਤ ਤਾਹਿ ਵੈਰਾਗ ॥੧੪॥
ਤਥਾ:-'ਬ੍ਰਹਮ ਲੋਕ ਸੁਖ ਭੋਗ ਤੂ ਕਾਗ ਛਰਦ ਸਮਾ ਜਾਨ।
ਅਵਧ ਇਹੈ ਵੈਰਾਗ ਕੀ ਹਰਿ ਚਰਨੌਂ ਚਿਤ ਮਾਨ।'

+ਖਟ ਸੰਪਤੀ ਦਾ ਵੇਰਵਾ-

'ਸ਼ਮ ਦਮ ਸ਼ਰਧਾ ਤੀਸਰੀ, ਸਮਾਧਾਨ ਉਪਰਾਮ।
ਛਠੀ ਤਤਿਛਿਯਾ ਜਾਨੀਏ ਭਿੰਨ ਭਿੰਨ ਯਹ ਨਾਮ ॥੧੫॥
(ਸਮ) 'ਮਨ ਵਿਸ਼ਿਅਨ ਤੇ ਰੋਕਨੌਂ ਸਮ ਤਿਹਿ ਕਹਤ ਸੁਧੀਰ।'
(ਦਮ) 'ਇੰਦ੍ਰੀਯ ਗਨ ਕੌ ਰੋਕਨੌਂ, ਦਮ ਭਾਖਤ ਬੁਧ ਵੀਰ ॥੧੬॥
(ਸ਼ਰਧਾ) 'ਸਤਜ ਵੇਦ ਗੁਰ ਵਾਕਜ ਹੈ ਸ਼ਰਧਾ ਅਸ ਵਿਸ਼੍ਵਾਸ਼।'
(ਸਮਾਧਾਨ) ਸਮਾਧਾਨ ਤਾ ਕੂੰ ਕਹਤ, ਮਨ ਵਿਖੇਪ ਕੇ ਨਾਸ਼ ॥੧੭॥

(ਉਪ੍ਰਾਮ) ਸਾਧਨ ਸਹਿਤ ਕਰਮ ਸਭਿ ਤਿਆਗੇ। ਲਖ ਵਿਖ ਸਮ ਵਿਸ਼ਿਅਨ ਤੇ ਭਾਗੇ। ਦ੍ਰਿਗ ਨਾਰੀ ਲਖਿ ਹੈ ਜਿਯ ਗਲਾਨਾ। ਇਹ ਲਛਣ ਉਪ੍ਰਾਮ ਬਖਾਨਾ ॥੧੮॥

(ਤਤਖਿਆ) ਆਤਪ ਸ਼ੀਤ ਛੁਧਾ ਤ੍ਰਿਖਾ, ਇਨ ਕੌ ਸਹਿਨ ਸੁਭਾਵ।
ਤਾਹਿ ਤਤਿਛਿਆ ਕਹਤ ਹੈ, ਕੌਵਿਦ ਮੁਨ ਵਰ ਰਾਵ ॥੧੯॥

(ਵਿਚਾਰ ਸਾਗਰ, ਤਰੰਗ ੧)

ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥ ੧ ॥ ਰਹਾਉ ॥

(ਤਾਂ ਐਸੇ ਨਿਸਚੇ ਕਰਦਾ ਹੈ ਕਿ) ਇਹ ਸਾਰਾ ਸੰਸਾਰ ਹਰੀ ਦਾ ਬਾਗਰਾ=ਬਾਗ ਹੈ। ਜਿਵੇਂ ਪਿੰਧੀ=ਟਿੰਡਾਂ ਵਿਚ ਸਾਗਰਾ=ਜਲ ਨੱਚਦਾ ਹੈ, ਤਿਵੇਂ ਮੂਰਧਨ ਦੁਆਰਾ ਪ੍ਰਵੇਸ਼ ਕਰਕੇ ਸਭ ਦੇਹਾਂ ਰੂਪ ਟਿੰਡਾਂ ਵਿਚ ਪਰਮਾਤਮਾ ਆਪ ਹੀ ਨਾਚੈ=ਚੇਸ਼ਟਾ ਕਰ ਰਿਹਾ ਹੈ॥੧॥

ਨਾਚੰਤੀ ਗੋਪੀ ਜੰਨਾ ॥

(੧) ਉਸੀ ਚੇਤਨ ਦੇਵ ਦੀ ਸੱਤਾ ਨਾਲ ਸਭ ਗੋਪੀ=ਇੰਦ੍ਰੀਆਂ ਤੇ ਜੰਨਾ=ਪੁਰਸ਼ ਨੱਚ ਰਹੇ ਹਨ।

(੨) ਗੋਪੀ=ਇੰਦ੍ਰੀਆਂ ਜੰਨਾ=ਅੰਤਹਕਰਨ, ਵਾ:-ਸਭ ਜੰਨਾ=ਪੁਰਸ਼ਾਂ ਦੀਆਂ ਗੋਪੀ=ਇੰਦ੍ਰੀਆਂ ਨੱਚ ਰਹੀਆਂ ਹਨ ਅਰਥਾਤ ਚੇਸ਼ਟਾ ਕਰ ਰਹੀਆਂ ਹਨ।

ਨਈਆ ਤੇ ਬੈਰੇ ਕੰਨਾ ॥

ਨਈਆ=ਨਿਅੰਤਾ, ਪ੍ਰੇਰਕ। ਬੈਰੇ=ਬਗੈਰ । ਕੰਨਾ=ਕੰ+ਨਾ=ਇੱਕ ਨਹੀਂ। ਉਸ ਪ੍ਰੇਰਕ ਤੋਂ ਬਗੈਰ ਕੋਈ ਇੱਕ ਵੀ ਹੋਰ ਨਹੀਂ ਹੈ, ਭਾਵ ਸਭ ਦਾ ਪ੍ਰੇਰਕ ਉਹ ਪ੍ਰਮਾਤਮਾ ਹੀ ਹੈ। ਐਸੇ "ਮਹਾਂ ਵਾਕ" ਦਾ ਉਪਦੇਸ਼ ਸੁਣਕੇ ਨਾਮਦੇਵ ਜੀ ਕਹਿੰਦੇ ਹਨ-

ਤਰਕੁ ਨ ਚਾ ॥ ਭ੍ਰਮੀਆ ਚਾ ॥
ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥ ੨ ॥ (ਪੰਨਾ ੬੯੪)
ਪਿੰਧੀ ਉਭਕਲੇ ਸੰਸਾਰਾ ॥ ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥
ਤੂ ਕੁਨੁ ਰੇ ॥ ਜੈ ਜੀ ॥ ਨਾਮਾ ॥ ਹੋ ਜੀ ॥
ਆਲਾ ਤੇ ਨਿਵਾਰਣਾ ਜਮ ਕਾਰਣਾ ॥ ੩ ॥ ॥ ੪ ॥

(ਅੱਗੋਂ ਅੰਨਵੇਂ ਤੁਕਾਂ ਵੱਲ ਧਿਆਨ ਰੱਖਣਾ)

ਭ੍ਰਮੀਆ ਚਾ ॥

ਹੇ ਗੁਰੋ ! ਇਸ ਤਰ੍ਹਾਂ ਆਪ ਜੀ ਦੇ ਉਪਦੇਸ਼ ਨੂੰ ਸੁਣਕੇ ਚਾ=ਪੁਨਾ ਮੈਨੂੰ ਭਰਮ ਹੋ ਗਿਆ ਹੈ। ਆਪ ਕਹਿੰਦੇ ਹੋ ਪ੍ਰਮਾਤਮਾ ਬਗੈਰ ਹੋਰ ਕੋਈ ਨਹੀਂ, ਮੇਰੀ ਸਮਝ ਅਨੁਸਾਰ ਸਭ ਕੁਝ ਹੈ।

ਗੁਰੂ ਗਿਆਨ ਦੇਵ ਜੀ ਆਖਦੇ ਹਨ, "ਹੇ ਪੁੱਤਰ ਨਾਮਦੇਵ ! ਜੋ ਉਪਦੇਸ਼ ਮੈਂ ਤੈਨੂੰ ਦਿੱਤਾ ਹੈ ਉਹ ਠੀਕ ਹੈ।"

ਤਰਕੁ ਨ ਚਾ ॥

ਉਸ ਵਿਚ ਚਾ=ਪੁਨਾ ਤਰਕ ਨਾ ਕਰ, ਭਾਵ ਸੰਸਾ ਨਾ ਕਰ।

ਨਾਮਦੇਵ ਆਖਦਾ ਹੈ, ਹੋ ਗੁਰੋ ! ਆਪ ਕਹਿੰਦੇ ਹੋ ਤਰਕ ਨਾ ਕਰ, ਮੈਂ ਤਾਂ ਸੰਸਿਆਂ ਦੀ ਨਿਵਿਰਤੀ ਵਾਸਤੇ ਹੀ-

ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ॥

ਭ੍ਰਮਿ ਭ੍ਰਮਿ=ਭਟਕਦਾ ਫਿਰਦਾ, ਵਾ:-ਭਰਮਦਾ ਭਰਮਾਇਆ ਹੋਇਆ ਆਪ ਦੇ ਦੁਆਰੇ ਆਇਆ ਹਾਂ। ਆਪ ਮੇਰੇ ਤੇ ਕਿਰਪਾ ਕਰੋ। ਤਾਂ ਗਿਆਨ ਦੇਵ ਜੀ ਨੇ ਕਿਹਾ, ''ਤੂੰ ਫਿਰ ਕੀ ਆਖਦਾ ਹੈਂ, ਤੇਰਾ ਕੀ ਪਰਯੋਜਨ ਹੈ।'' ਨਾਮਦੇਵ ਆਖਦਾ ਹੈ-

ਪਿੰਧੀ ਉਭਕਲੇ ਸੰਸਾਰਾ॥

ਜਿਵੇਂ ਹਰਟ ਦੀਆਂ ਕਲੇ=ਕਲਾਂ ਨਾਲ ਪਿੰਧੀ=ਟਿੰਡਾਂ ਕਦੇ ਉਭ=ਉੱਚੀਆਂ ਕਦੇ ਨੀਂਵੀਆਂ ਜਾਂਦੀਆਂ ਹਨ ਤਿਵੇਂ ਅਗਿਆਨ ਰੂਪ ਹਰਟ ਦੀਆਂ ਪੁੰਨਾਂ ਪਾਪਾਂ ਰੂਪੀ ਕਲਾ ਕਰਕੇ ਜੀਵਾਂ ਰੂਪ ਟਿੰਡਾਂ ਸੰਸਾਰ ਰੂਪ ਖੂਹ ਵਿਚ ਪਈਆਂ ਹੋਈਆਂ ਕਦੇ ਉਭ=ਉੱਚੇ ਸਵਰਗ ਨੂੰ ਜਾਂਦੀਆਂ ਹਨ ਕਦੇ ਹੇਠਾਂ ਪਤਾਲ, ਭਾਵ ਨਰਕ ਨੂੰ ਜਾਂਦੀਆਂ ਹਨ ਤੇ ਆਪ ਆਖਦੇ ਹੋ ਪ੍ਰੇਰਕ ਪ੍ਰਮਾਤਮਾਂ ਤੋਂ ਬਗੈਰ ਹੋਰ ਕੋਈ ਨਹੀਂ। ਇਹ ਸੰਸਾ ਮੈਨੂੰ ਬੜਾ ਭਾਰੀ ਹੈ।

ਗਿਆਨ ਦੇਵ ਜੀ ਨੇ ਸਮਝਿਆ ਇਸ ਦੀ ਨਿਗ੍ਹਾ ਅਜੇ ਹੇਠਲੇ ਦਰਜੇ ਤੇ ਹੈ ਉੱਚੇ ਮਹਾਵਾਕ ਦਾ ਉਪਦੇਸ਼ ਇਹ ਗ੍ਰਹਿਣ ਨਹੀਂ ਕਰ ਸਕਦਾ। ਤਾਂ ਪੁੱਛਿਆ-

ਤੂ ਕੁਨ ਰੇ॥

''ਤੂੰ ਕੌਣ ਹੈਂ? ਭਾਵ ਤੈਨੇ ਆਪਣੇ ਆਪ ਨੂੰ ਨਿਸਚੇ ਕੀਤਾ ਹੈ ?'' ਉੱਤਰ-

ਮੈ ਜੀ॥ ਨਾਮਾ॥ ਹੋ ਜੀ ॥

ਹੇ ਮਹਾਰਾਜ ਜੀ ! 'ਨਾਮਦੇਵ' ਮੇਰਾ ਨਾਮ ਹੈ ਤੇ ਹਾਂ ਮੈਂ 'ਜੀਵ'।

ਗੁਰਾਂ ਆਖਿਆ-ਚੰਗਾ ! ਫੇਰ ਜੀਵ ਬਣਿਆਂ ਰਹੁ, ਅਸਾਨੂੰ ਕੁਝ ਨਾ ਕਹੁ।

ਇਹ ਬਚਨ ਸੁਣਦਿਆਂ ਸਾਰ ਚਰਨੀ ਪੈ ਕੇ ਬੇਨਤੀ ਕਰਦਾ ਹੈ-

ਆਲਾ ਤੇ ਨਿਵਾਰਣਾ ਜਮ ਕਾਰਣਾ ॥ ੩ ॥ ੪ ॥

ਜਮਾਂ ਦੀ ਪ੍ਰਾਪਤੀ ਦਾ ਕਾਰਨ ਜੋ ਸੰਸਾਰ ਆਲਾ=ਘਰ ਹੈ ਇਹ ਮੇਰਾ ਨਿਵਾਰਣਾ=ਦੂਰ ਕਰੋ।

ਗੁਰਾਂ ਆਖਿਆ-ਹੇ ਪੁੱਤਰ ! ਇਸ ਦੀ ਨਿਵਿਰਤੀ ਵਾਸਤੇ ਜੋ ਉਪਦੇਸ਼ ਅਸਾਂ ਨੇ ਦੇਣਾ ਸੀ, ਉਹ ਤੈਨੂੰ ਦੇ ਚੁਕੇ ਹਾਂ ਕਿ ਨਿਅੰਤਾ ਤੋਂ ਬਗੈਰ ਹੋਰ ਕੋਈ ਨਹੀਂ ਹੈ। ਇਸੇ ਉੱਤੇ ਭਗਵਾਨ ਕ੍ਰਿਸ਼ਨ ਜੀ ਵੱਲੋਂ ਪ੍ਰਮਾਣ ਸੁਣ-

ਆਲਾ ਤੇ ਨਿਵਾਰਣਾ ਜਮ ਕਾਰਣਾ॥

ਜਨਮ ਮਰਨ ਦੀ ਪ੍ਰਾਪਤੀ ਦਾ ਕਾਰਨ ਜੋ ਸੰਸਾਰ ਘਰ, ਤਿਸ ਦੇ ਨਿਵਿਰਤ ਕਰਨ ਵਾਲੇ-ਕੇਸਵਾ ਬਚਉਨੀ, ਅਈਏ ਮਈਏ ਏਕ ਆਨ ਜੀਉ॥੨ ॥

ਜੋ ਕੇਸਵਾ=ਕ੍ਰਿਸ਼ਨ ਮਹਾਰਾਜ ਜੀ ਹਨ ਉਹਨਾਂ ਦਾ ਬਚਉਨੀ=ਬਚਨ ਗੀਤਾ ਵਿਚ ਅਰਜਨ ਦੇ ਪ੍ਰਤੀ ਐਸੇ ਹੈ-

ਹੇ ਪਿਆਰੇ ਅਰਜਨ ! ਅਈਏ=ਆਪਣੇ ਤੇ ਮਈਏ=ਮੇਰੇ ਵਿਚ ਇੱਕ ਪਰਮਾਤਮਾ ਨੂੰ ਲਿਆਉਣਾ ਕਰ, ਭਾਵ ਇੱਕ ਰੂਪ ਜਾਨਣਾ ਕਰ।

ਦੂਜਾ ਅਰਥ-

ਕੇਸਵਾ=ਪਰਮਾਤਮਾ ਦਾ ਬਚਨ ਵੇਦਾਂ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਅਈਏ=ਹੇ ਜੀਵ, ਮਈਏ=ਮੇਰੇ ਵਿਚ ਇੱਕ ਨੂੰ ਲਿਆਉਣਾ ਕਰ, ''ਤਤ ਤੁਅੰ ਮਸੀ'' ਅਰਥਾਤ ਜੀਵ ਈਸ਼ ਨੂੰ ਅਭੇਦ ਰੂਪ ਨਿਸਚੇ ਕਰ।

ਐਸਾ ਉਪਦੇਸ਼ ਸੁਣਕੇ ਵੀ ਨਾਮਦੇਵ ਜੀ ਦਾ ਚਿੱਤ ਪ੍ਰਸੰਨ ਨਾ ਹੋਇਆ ਤਾਂ ਗੁਰੂ ਗਿਆਨ ਦੇਵ ਜੀ ਨੇ ਉਪਾਸ਼ਨਾਂ ਦਾ ਉਪਦੇਸ਼ ਦਿੱਤਾ ਕਿ ਤੂੰ ਅਕਾਲ ਪੁਰਖ ਅੱਗੇ ਇਸ ਤਰ੍ਹਾਂ ਬੇਨਤੀ ਕਰ।

ਤੀਜਾ ਅਰਥ-

ਹੇ ਕੇਸਵਾ=ਅਕਾਲ ਪੁਰਖ ਮਈਏ=ਮੈਂ ਇੱਕ ਆਪ ਜੀ ਦੇ ਪਵਿੱਤ੍ਰ ਚਰਨਾਂ ਦੀ ਆਨ=ਸ਼ਰਨ ਵਿਚ ਅਈਏ=ਆਇਆ ਹਾਂ, ਆਪ ਸੰਸਾਰ ਤੋਂ ਬਚਉਨੀ=ਬਚਾਉਣਾ ਕਰੋ।

ਚੌਥਾ ਅਰਥ-

ਹੇ ਅਕਾਲ ਪੁਰਖ ! ਮੈਂ ਇੱਕ ਆਪ ਦੀ ਸ਼ਰਨ ਆਇਆ ਹਾਂ। ਤੁਸੀਂ ਆਪ ਅਈਏ=ਆ ਕੇ ਮਈਏ=ਮੈਨੂੰ ਬਚਾਉਣਾ ਕਰੋ।

ਐਸਾ ਉਪਦੇਸ਼ ਸੁਣ ਕੇ ਨਾਮਦੇਵ ਜੀ ਬਹੁਤ ਖੁਸ਼ ਹੋਏ ਤੇ ਅਗਲੇ ਸ਼ਬਦ ਵਿਚ ਭਗਵਾਨ ਦੀ ਉਸਤਤੀ ਕਥਨ ਕਰਦੇ ਹਨ-

ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥

ਹੇ ਮਾ+ਧਉ=ਮਾਇਆ ਪਤੀ ਅਕਾਲ ਪੁਰਖ ! ਆਪ ਜੀ ਦਾ ਬਿਰਦੁ=ਧਰਮ ਪਤਿਤ ਪਾਵਨ=ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਹੈ।

ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥ ੧ ॥

ਵੈ ਮੁਨਿ=ਉਹ ਮੁਨੀ ਅਤੇ ਉਹ ਭਗਤ ਜਨ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਮੇਰੇ ਹਰੀ ਪ੍ਰਭੂ ਨੂੰ ਧਿਆਇਆ ਹੈ ॥੧ ॥

ਮੇਰੈ ਮਾਥੈ ਲਾਗੀਲੇ ਧੂਰਿ ਗੋਬਿੰਦ ਚਰਨਨ ਕੀ ॥

ਗੋਬਿੰਦ ਦੇ ਪਵਿੱਤ੍ਰ ਚਰਨਾਂ ਦੀ ਧੂੜੀ ਮੇਰੇ ਮੱਥੇ ਉੱਤੇ ਲਾਗੀਲੇ=ਪ੍ਰਾਪਤ ਹੋਵੇ।

ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥ ੧ ॥ ਰਹਾਉ ॥

ਸੁਰਿ=ਦੇਵਤੇ, ਮਨੁੱਖ ਅਤੇ ਮੁਨੀ ਜਨ ਤਿਨਹੂ ਤੇ=ਤਿਨ੍ਹਾਂ ਤੋਂ ਹੰਕਾਰ ਦੀ ਵਜ੍ਹਾ ਕਰਕੇ ਜੋ ਚਰਨ ਧੂੜੀ ਦੂਰ ਹੈ ॥੧ ॥

ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥

ਹੇ ਮਾਧੌ ! ਤੂੰ ਦੀਨ=ਗਰੀਬਾਂ ਦਾ ਪੱਖੀ ਤੇ ਦਿਆਲੂ ਹੈਂ ਅਤੇ ਹੰਕਾਰੀਆਂ ਦੇ ਹੰਕਾਰ ਨੂੰ

ਪਰਹਾਰੀ=ਦੂਰ ਕਰਨ ਵਾਲਾ ਹੈਂ।

ਚਰਨ ਸਰਨ ਨਾਮਾ ਬਲਿ ਤਿਹਾਰੀ॥ ੨ ॥ ੫ ॥

ਮੈਂ ਨਾਮਦੇਵ ਤਿਹਾਰੀ=ਆਪ ਜੀ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰਦਾ ਹੋਇਆ ਆਪ ਜੀ ਤੋਂ ਬਲਿਹਾਰ ਤੇ ਕੁਰਬਾਨ ਜਾਂਦਾ ਹਾਂ॥ ੨॥ ੫॥

ਧਨਾਸਰੀ ਭਗਤ ਰਵਿਦਾਸ ਜੀ ਕੀ
੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:–ਭਗਤੀ ਦੇ ਪ੍ਰਤਾਪ ਦੁਆਰਾ ਇਕ ਸਮੇਂ ਜਦ ਭਗਵਾਨ ਨੇ ਰਵਿਦਾਸ ਜੀ ਨੂੰ ਆ ਕੇ ਦਰਸ਼ਨ ਦਿੱਤਾ, ਤਦ ਭਗਤ ਜੀ ਨੇ ਹੱਥ ਜੋੜਕੇ ਨਮਸ਼ਕਾਰ ਕੀਤੀ ਅਤੇ ਸੁਖ-ਸਾਂਦ ਦੀ ਖਬਰ ਪੁਛੀ, ਪਰ ਭਗਤ ਦੀ ਪ੍ਰੀਖਿਆ ਲੈਣ ਵਾਸਤੇ ਭਗਵਾਨ ਜੀ ਚੁਪ-ਚਾਪ ਹੀ ਰਹੇ, ਅੱਗੋਂ ਕੋਈ ਜਵਾਬ ਨਾ ਦਿੱਤਾ, ਤਾਂ ਰਵਿਦਾਸ ਜੀ ਨੇ ਕਿਹਾ-

"ਹਉ ਬਲਿ ਬਲਿ ਜਾਉ ਰਮਈਆ ਕਾਰਨੇ॥ ਕਾਰਨ ਕਵਨ ਅਬੋਲ॥"

ਹੇ ਕਾਰਨ ਰੂਪ ਰਾਮ ! ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਆਪ ਜੀ ਦੇ ਅਬੋਲ=ਚੁਪ ਹੋਣ ਦਾ ਕੀ ਕਾਰਨ ਹੈ?

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥

ਮੇਰੇ ਸਰੀਖਾ ਹੋਰ ਕੋਈ ਦੀਨੁ=ਗਰੀਬ ਨਹੀਂ ਅਤੇ ਆਪ ਜੈਸਾ ਹੋਰ ਕੋਈ ਦਿਆਲੂ ਨਹੀਂ, ਹੁਣ ਆਪ ਮੇਰਾ ਪਤੀਆਰੁ=ਪਤੀਆਵਾ, ਅਰਥਾਤ ਪਰਤਾਵਾ ਕੀ ਲੈਣਾ ਕਰਦੇ ਹੋ?

ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥ ੧ ॥

ਤੋਰ=ਆਪ ਜੀ ਦੇ ਮਿੱਠੇ ਬਚਨਾਂ ਉੱਤੇ ਮੋਰ=ਮੇਰਾ ਮਨ ਮੰਨਿਆਂ ਗਿਆ ਹੈ, ਇਸ ਕਰਕੇ (ਮੈਂ) ਜਨ ਨੂੰ ਬ੍ਰਹਮਾਤਮਾਂ ਦਾ ਅਭੇਦ ਨਿਸਚੇ ਰੂਪ ਪੂਰਨ ਗਿਆਨ ਦੇਣਾ ਕਰੋ॥ ੧॥

ਹਉ ਬਲਿ ਬਲਿ ਜਾਉ ਰਮਈਆ ਕਾਰਨੇ॥

ਹੇ ਸਾਰਿਆਂ ਵਿਖੇ ਰਮਈਆ=ਰਮੇ ਹੋਏ ਅਤੇ ਸਭ ਦਾ ਕਾਰਨ ਰੂਪ ਰਾਮ ! ਮੈਂ ਆਪ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਕਾਰਨ ਕਵਨ ਅਬੋਲ॥ ਰਹਾਉ॥

ਆਪ ਜੀ ਦੇ ਅਬੋਲ=ਚੁਪ ਹੋਣ ਦਾ ਕਾਰਨ ਕਵਨ=ਕਿਹੜਾ ਹੈ ?

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥

ਹੇ ਮਾ+ਧਉ=ਮਾਇਆ ਪਤੀ (ਅਕਾਲ ਪੁਰਖ)! ਤੁਹਾਥੋਂ ਵਿਛੜਿਆਂ ਹੋਇਆਂ ਬਹੁਤ ਸਾਰੇ ਜਨਮ ਬਿਤੀਤ ਹੋ ਗਏ ਸਨ, ਹੁਣ ਗੁਰਾਂ ਦੀ ਕਿਰਪਾ ਦੁਆਰਾ ਇਹ ਮਨੁੱਖਾ ਜਨਮ ਤੁਹਾਡੇ ਲੇਖੇ ਲਗਾ ਦਿੱਤਾ

ਹੈ, ਹੁਣ ਤਾਂ ਆਪ ਬੋਲ ਪਵੋ।

ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨ ॥੧ ॥

ਰਵਿਦਾਸ ਭਗਤ ਜੀ ਕਹਿੰਦੇ ਹਨ, ਹੇ ਵਾਹਿਗੁਰੂ ! ਮੈਂ ਤਾਂ ਆਪ ਜੀ ਦੇ ਦਰਸ਼ਨ ਦੀ ਆਸਾ ਵਿਚ ਲੱਗਕੇ ਹੀ ਜੀਉਂਦਾ ਹਾਂ। ਆਪ ਜੀ ਦੇ ਦਰਸ਼ਨ ਦੇਖਿਆਂ ਚਿਰੰਕਾਲ ਹੋ ਗਿਆ ਸੀ, ਪਰ ਇਹ ਵੀ ਸ਼ੁਕਰ ਹੈ ਜੋ ਆਪ ਜੀ ਦਾ ਦਰਸ਼ਨ ਤਾਂ ਹੋ ਗਿਆ ਹੈ। ਹੁਣ ਆਪ ਜੀ ਦੀ ਮਰਜ਼ੀ ਹੈ, ਬੋਲੋ, ਚਾਹੇ ਨਾ ਬੋਲੋ ਅਸਾਡਾ ਕੋਈ ਜ਼ੋਰ ਤਾਂ ਨਹੀਂ ॥੨ ॥੧ ॥

ਇਤਨੀ ਗੱਲ ਸੁਣਕੇ ਭਗਵਾਨ ਜੀ ਬੋਲ ਪਏ ਤੇ ਆਖਦੇ ਹਨ, ''ਹੇ ਰਵਿਦਾਸ ! ਮੇਰੇ ਨਾਲ ਤੇਰਾ ਪਿਆਰ ਕਿੰਨਾ ਕੁ ਹੈ?'' ਤਾਂ ਰਵਿਦਾਸ ਜੀ ਕਥਨ ਕਰਦੇ ਹਨ-

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥

ਹੇ ਭਗਵਾਨ ! ਚਿੱਤ ਵਿਚ ਆਪ ਜੀ ਦਾ ਸਿਮਰਨ ਕਰਦਾ ਹਾਂ, ਨੈਨ=ਅੱਖਾਂ ਨਾਲ (ਆਪ ਜੀ ਦਾ) ਦਰਸ਼ਨ ਅਵਿਲੋਕਨੋ=ਦੇਖਦਾ ਹਾਂ ਅਤੇ ਸ੍ਰਵਨ=ਕੰਨਾਂ ਨੂੰ ਸੁਜਸੁ=ਸ੍ਰੇਸ਼ਟ ਜਸ ਰੂਪ ਬਾਣੀ ਨਾਲ ਪੂਰਨ ਕਰ ਰੱਖਦਾ ਹਾਂ।

ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥ ੧ ॥

ਮੈਨੇ ਆਪਣੇ ਮਨ ਨੂੰ ਸੁ-ਮਧੁਕਰੁ=ਸ੍ਰੇਸ਼ਟ ਭੌਰਾ ਕਰਉ=ਕੀਤਾ ਹੈ ਤੇ ਚਰਨਾਂ ਨੂੰ ਹਿਰਦੇ ਵਿਚ ਧਾਰਦਾ, ਭਾਵ ਚਰਨ-ਕਮਲਾਂ ਦਾ ਧਿਆਨ ਹਿਰਦੇ ਵਿਚ ਵਸਾਉਂਦਾ ਹਾਂ ਅਤੇ ਰਸਨਾਂ ਨਾਲ ਅੰਮ੍ਰਿਤ ਰੂਪ ਰਾਮ ਨਾਲ ਨੂੰ ਭਾਖਉ=ਕਥਨ ਕਰਦਾ ਹਾਂ॥ ੧ ॥

''ਸੁ-ਮਧੁਕਰੁ'' ਸੰਬੰਧਕ ਕਰਨਾ ਜੀ !

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਰੀ ਲਈ ਜੀਅ ਸਟੈ ॥ ੧ ॥ ਰਹਾਉ ॥

ਹੇ ਗੋਬਿੰਦ ਪਰਮਾਤਮਾ ! ਮੇਰੀ ਪ੍ਰੀਤੀ ਆਪ ਨਾਲੋਂ ਜਿਨਿ ਘਟੈ=ਮਤਾਂ ਘਟੇ, ਅਰਥਾਤ ਕਦੇ ਭੀ ਨਾ ਟੁੱਟੇ। ਮੈਂ ਤਾਂ ਇਹ ਪ੍ਰੀਤੀ ਮਹਿੰਗੇ ਮੁੱਲ ਤੋਂ ਲੀਤੀ ਹੈ, ਜੀਅ ਸਟੈ=ਜੀਅ ਦੇ ਵੱਟੇ ਸੱਟੇ, ਅਰਥਾਤ ਜੀਅ ਦੇ ਬਦਲੇ ਵਿਚ ਲਈ ਹੈ, ਕਿਉਂਕਿ ਆਪਣਾ ਆਪ ਛੱਡਣ ਕਰਕੇ ਹੀ ਤੇਰੀ ਪਰਾਪਤੀ ਹੈ।

ਯਥਾ-''ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥''

(ਤਿਲੰਗ ਮ: ੧, ਪੰਨਾ ੭੨੨)

ਵਾ:-ਜੀਵਤ ਭਾਵ ਨੂੰ ਸੁੱਟ ਕੇ ਲੀਤੀ ਹੈ।

ਯਥਾ:-''ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥''

(ਵਾਰਾਂ ਤੋਂ ਵਧੀਕ ਮ: ੧, ਪੰਨਾ ੧੪੧੨)

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥

ਸਾਧੂਆਂ ਮਹਾਤਮਾਂ ਦੀ ਸਤਿਸੰਗਤ ਕੀਤੇ ਬਿਨਾਂ ਪਰਮੇਸ਼ਰ ਦਾ ਭਾਉ=ਪ੍ਰੇਮ ਉਤਪੰਨ ਨਹੀਂ ਹੁੰਦਾ ਅਤੇ ਭਾਵ=ਪ੍ਰੇਮ ਤੋਂ ਬਿਨਾਂ ਤੇਰੀ ਭਗਤੀ ਕੀਤੀ ਹੋਈ ਪ੍ਰਵਾਨ ਨਹੀਂ ਹੁੰਦੀ।

ਯਥਾ-''ਖੋਜਤ ਖੋਜਤ ਸੁਨੀ ਇਹ ਸੋਇ॥ ਸਾਧਸੰਗਤਿ ਬਿਨੁ ਤਰਿਓ ਨ ਕੋਇ॥''

(ਆਸਾ ਮ: ੫, ਪੰਨਾ ੩੭੩)

ਤਥਾ-''ਸੰਤ ਜਨਾ ਕੈ ਸੰਗਿ ਮਿਲੁ ਥਉਰੇ ਤਉ ਪਾਵਹਿ ਮੋਖ ਦੁਆਰੁ॥
ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ॥''

(ਸਾਰਗ ਮ: ੪, ਪੰਨਾ ੧੨੦੦)

''ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ॥''

(ਰਾਮਕਲੀ ਮ: ੫, ਪੰਨਾ ੯੨੮)

''ਭਗਤਿ ਬਿਨੁ ਬਿਰਥੇ ਜਨਮੁ ਗਇਓ॥

ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਗਹਿਓ॥''

(ਗਉੜੀ ਕਬੀਰ ਜੀ, ਪੰਨਾ ੩੩੬)

ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ॥੨॥੨॥

ਰਵਿਦਾਸ ਭਗਤ ਜੀ ਕਹਿੰਦੇ ਹਨ, ਹੇ ਹਰੀ ਰਾਜਾ ਰਾਮ ! ਆਪ ਜੀ ਦੇ ਨਾਲ ਇਕ ਮੇਰੀ ਬੇਨਤੀ ਹੈ ਕਿ ਲੋਕ ਸਾਰੇ ਮੈਨੂੰ ਭਗਤ ਭਗਤ ਆਖਦੇ ਹਨ।

ਯਥਾ-''ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ॥''

(ਭਾ ਗੁਰਦਾਸ ਜੀ ਵਾਰ ੧੦, ਪਉੜੀ ੧੭)

ਕਿਧਰੇ ਮੇਰੀ ਭਗਤੀ ਵਿਚੇ ਹੀ ਨਾ ਰਹਿ ਜਾਏ। ਤੋੜ ਚਾੜ੍ਹ ਕੇ ਮੇਰੀ ਪੈਜ=ਪੱਤ ਆਬਰੋ ਰੱਖਣਾ ਕਰੋ॥੨॥੨॥

ਉਥਾਨਕਾ:-ਰਵਿਦਾਸ ਜੀ ਨੇ ਕਿਹਾ, ''ਹੇ ਭਗਵਾਨ ! ਆਪ ਮੇਰੇ ਨਾਲ ਬੋਲਦੇ ਕਿਉਂ ਨਹੀਂ ਸੀ, ਮੇਰੇ ਵਿਚ ਕੀ ਕਸੂਰ ਹੈ ?''

ਭਗਵਾਨ ਨੇ ਕਿਹਾ, ''ਤੈਨੇ ਮੇਰੀ ਆਰਤੀ ਨਹੀਂ ਕੀਤੀ, ਇਸ ਕਰਕੇ ਮੈਂ ਚੁਪ ਰਿਹਾ ਹਾਂ।''

ਰਵਿਦਾਸ ਜੀ ਨੇ ਕਿਹਾ, ''ਸਭ ਲੋਕ ਆਪੋ ਆਪਣੇ ਮੱਤਾਂ ਅਨੁਸਾਰ ਆਰਤੀ ਕਰਦੇ ਹਨ, ਪਰ

ਮੈਂਨੇ ਤੇਰੇ ਨਾਮ ਜਪਣ ਰੂਪ ਆਰਤੀ ਕੀਤੀ ਹੈ।''

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥

ਹੇ ਮੁਰਾਰੇ=ਮੁਰ ਦੈਂਤ ਦੇ ਅਰੀ (ਪਰਮਾਤਮਾ) ! ਆਪ ਜੀ ਦਾ ਨਾਮ ਜਪਣਾ ਹੀ ਤੇਰੀ ਆਰਤੀ ਹੈ ਅਤੇ ਆਪ ਜੀ ਦਾ ਨਾਮ ਜਪਣਾ ਹੀ ਆਪ ਨੂੰ ਮਜਨੁ=ਇਸ਼ਨਾਨ ਕਰਾਉਣਾ ਹੈ। ਇਕ ਹਰੀ ਦਾ ਨਾਮ ਹੀ ਆਰਤੀ ਦਾ ਸਾਰਾ ਸਾਜ ਠਾਟ ਹੈ।

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ ੧ ॥ ਰਹਾਉ ॥

ਹਰੀ ਦੇ ਨਾਮ ਤੋਂ ਬਿਨਾਂ ਹੋਰ ਪ੍ਰਤੱਖ ਸਾਰੇ ਪਸਾਰੇ ਝੂਠੇ ਹਨ ॥੧ ॥

ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ

ਹੇ ਮੁਰਾਰੀ ! ਆਪ ਜੀ ਦਾ ਜੋ ਨਾਮ ਜਪਣਾ ਹੈ, ਏਹੀ ਆਪ ਜੀ ਦੇ ਹੇਠਾਂ ਆਸਣ ਵਿਛਾਇਆ ਹੈ। ਆਪ ਜੀ ਦਾ ਨਾਮ ਹੀ ਉਰਸਾ* ਹੈ।

ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥

ਆਪ ਜੀ ਦਾ ਜੋ ਨਾਮ ਜਪਣਾ ਹੈ ਏਹੀ ਕੇਸਰ ਲੈ ਕੇ ਆਪ ਜੀ ਉਤੇ ਛਿਟਕਾਰੇ=ਛਿੜਕਣਾ ਕੀਤਾ ਹੈ।

ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ

ਹੇ ਮੁਰਾਰੀ ! ਆਪ ਜੀ ਦਾ ਨਾਮ ਹੀ ਅੰਭੁਲਾ=ਜਲ ਹੈ, ਤੇਰਾ ਨਾਮ ਹੀ ਚੰਦਨ ਹੈ।

ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥ ੧ ॥

ਆਪ ਜੀ ਦੇ ਨਾਮ ਦਾ ਜੋ ਜਪਣਾ ਹੈ ਏਹੋ ਚੰਦਨ ਦਾ ਘਸਿ=ਘਸਾਉਣਾ ਹੈ ਅਤੇ ਆਪ ਜੀ ਦੇ ਨਾਮ ਨੂੰ ਜੋ ਚਾਰੇ=ਉਚਾਰਨ ਕਰਦੇ ਹਾਂ ਏਹੀ ਆਪ ਉਤੇ ਚੰਦਨ ਨੂੰ ਚਾਰੇ=ਚਾੜ੍ਹਦੇ ਹਾਂ ॥੧ ॥

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ

ਤੇਰਾ ਨਾਮ ਹੀ ਦੀਵਾ ਹੈ।

ਯਥਾ:-''ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥'' (ਪੰਨਾ ੩੫੮)

ਤੇਰਾ ਨਾਮ ਹੀ ਬੱਤੀ ਹੈ। ਅਤੇ-

ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥

ਤੇਰਾ ਨਾਮ ਹੀ ਤੇਲ ਲੈ ਕੇ ਉਸ ਦੀਵੇ ਦੇ ਵਿਚ ਪਸਾਰੇ=ਪਾਇਆ ਹੈ।

---

*ਚੰਦਨ ਰਗੜਨ ਦੀ ਗੋਲ ਨਿੱਕੀ ਸਿਲ, ਚਕਲੇ ਦੀ ਸ਼ਕਲ ਵਰਗੀ ਨੂੰ ਹੀ 'ਉਰਸਾ' ਆਖਦੇ ਹਨ।

ਯਥਾ:-''ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥'' (ਗੂਜਰੀ ਮ: ੧, ਪੰਨਾ ੪੮੯)

ਨਾਮ ਤੇਰੇ ਕੀ ਜੋਤਿ ਲਗਾਈ

ਤੇਰੇ ਨਾਮ ਦੀ ਹੀ ਜੋਤਿ ਲਗਾਈ=ਅੱਗ ਲਗਾਈ, ਭਾਵ ਤੀਲੀ ਬਾਲ ਕੇ ਆਰਤੀ ਜਗਾਈ ਹੈ।

ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥

ਜਿਸ ਕਰਕੇ ਸਗਲਾਰੇ=ਸਾਰੇ, ਭਵਨ=ਚੌਦਾਂ ਭਵਨਾਂ ਵਿਚ ਗਿਆਨ ਦਾ ਭਇਓ ਉਜਿਆਰੋ=ਪ੍ਰਕਾਸ਼ ਹੋਇਆ ਹੈ ॥੨ ॥

ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ

ਤੇਰਾ ਨਾਮ ਹੀ ਤਾਗਾ ਹੈ, ਤੇਰਾ ਨਾਮ ਹੀ ਫੁੱਲਾਂ ਦੀ ਮਾਲਾ ਹੈ, ਨਾਮ ਤੋਂ ਬਿਨਾਂ-

ਭਾਰ ਅਠਾਰਹ ਸਗਲ ਜੂਠਾਰੇ ॥

ਅਠਾਰਾਂ ਭਾਰ ਬਨਾਸਪਤੀ ਦੇ ਹੋਰ ਸਾਰੇ ਫੁੱਲ ਜੂਠਾਰੇ=ਜੂਠੇ ਹਨ।

ਤੇਰੋ ਕੀਆ ਤੁਝਹਿ ਕਿਆ ਅਰਪਉ

ਹੇ ਪਰਮੇਸ਼ਰ ! ਜਾਂ ਸਭ ਕੁਝ ਤੇਰਾ ਹੀ ਕੀਤਾ ਹੋਇਆ ਹੈ ਤਾਂ ਫਿਰ ਕੇਹੜਾ ਪਦਾਰਥ ਤੈਨੂੰ ਅਰਪਣ ਕਰਾਂ।

ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥ ੩ ॥

ਤੇਰਾ ਨਾਮ ਜਪਣਾ ਹੀ ਤੇਰੇ ਉੱਤੇ ਚੌਰ ਢੋਲਾਰੇ=ਝੁਲਾ ਰਹੇ ਹਾਂ ॥੩ ॥

ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥

ਦਸ ਅਠਾ=ਦਸ ਤੇ ਅੱਠ-ਅਠਾਰਾਂ ਪੁਰਾਣ, ਅਠਸਠੇ=੬੮ ਤੀਰਥ ਅਤੇ ਚਾਰ ਖਾਣੀਆਂ-

ਅੰਡਜ, ਜੇਰਜ, ਸੇਤਜ, ਉਤਭੁਜ* ਇਹੈ ਵਰਤਣਿ=ਏਸੇ ਵਰਤਣ ਵਿਚ ਸਾਰਾ ਸੰਸਾਰ ਲੱਗ ਰਿਹਾ ਹੈ।

ਦੂਜਾ ਅਰਥ-

ਚਾਰ ਵੇਦ, ਛੇ ਸ਼ਾਸਤਰ, ਅੱਠ ਵਿਆਕਰਣ ਇਤਿਆਦਿਕ ਗ੍ਰੰਥਾਂ ਦਾ ਪੜ੍ਹਨਾ ਤੇ ਅੱਠੇ ਪਹਿਰ ਤੀਰਥਾਂ ਉੱਪਰ ਫਿਰਨਾਂ ਤੇ ਚਾਰ ਖਾਣੀਆਂ, ਹੇ ਸਠੇ=ਮੂਰਖ ਪੁਰਸ਼ਾ ! ਇਹ ਇੱਕ ਸਾਰੇ ਸੰਸਾਰ ਦਾ

---

*ਜੋ ਸ੍ਰਿਸ਼ਟੀ ਅੰਡਿਆਂ ਤੋਂ ਪੈਦਾ ਹੋਵੇ ਉਸ ਨੂੰ 'ਅੰਡਜ ਖਾਣੀ' ਕਹਿੰਦੇ ਹਨ।

ਜਿਵੇਂ, ਪੰਛੀ, ਸਰਪ ਆਦਿਕ।

ਜੋ ਸ੍ਰਿਸ਼ਟੀ ਜ਼ੇਰ ਤੋਂ ਅਰਥਾਤ ਬੀਰਜ ਤੋਂ ਪੈਦਾ ਹੋਵੇ ਉਸ ਨੂੰ 'ਜੇਰਜ ਖਾਣੀ' ਕਹਿੰਦੇ ਹਨ।

ਜਿਵੇਂ, ਮਨੁੱਖ, ਪਸ਼ੂ ਆਦਿਕ।

ਜੋ ਸ੍ਰਿਸ਼ਟੀ ਪਸੀਨੇ ਤੋਂ ਪੈਦਾ ਹੋਵੇ ਉਸ ਨੂੰ 'ਸੇਤਜ ਖਾਣੀ' ਕਹਿੰਦੇ ਹਨ।

ਚਿੱਚੜ, ਜੂਆਂ ਆਦਿਕ।

ਜੋ ਸ੍ਰਿਸ਼ਟੀ ਬ੍ਰਿੱਛ ਖੇਤੀਆਂ ਆਦਿਕ ਹੈ ਉਸ ਨੂੰ 'ਉਤਭੁਜ ਖਾਣੀ' ਕਹਿੰਦੇ ਹਨ।

ਵਸਤ ਵਲੇਵਾਂ ਹੈ।

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ

ਰਵਿਦਾਸ ਭਗਤ ਜੀ ਕਹਿੰਦੇ ਹਨ-ਹੇ ਹਰੀ ! ਤੇਰਾ ਨਾਮ ਹੀ ਆਰਤੀ ਹੈ ਅਤੇ-

ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥ ੪ ॥ ੩ ॥

ਸਤਿਨਾਮੁ ਮੰਤਰ ਦਾ ਜਪਣਾ ਹੀ ਹੇ ਹਰੀ ! ਆਪ ਜੀ ਨੂੰ ਭੋਗ ਲਗਾਉਣ ਵਾਸਤੇ ਤੁਹਾਰੇ=ਆਪ ਜੀ ਅੱਗੇ ਭੋਗ=ਪਦਾਰਥ ਲਿਆ ਰੱਖਿਆ ਹੈ॥ ੪ ॥ ੩ ॥

ਰਵਿਦਾਸ ਭਗਤ ਜੀ ਨੇ ਇਹ ਆਰਤੀ ਨਿਰਗੁਣ ਬ੍ਰਹਮ ਦੀ ਕੀਤੀ ਹੈ।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨਿਰਗੁਣ ਬ੍ਰਹਮ ਦੀ ਆਰਤੀ ਕੀਤੀ ਹੈ-

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥"

(ਪੰਨਾ ੬੬੩)

(ਪੰਨਾ ੬੯੫) ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ

੧ਓ ਸਤਿਗੁਰ ਪ੍ਰਸਾਦਿ ॥

ਪਹਿਲੀ ਉਥਾਨਕਾ:-ਤ੍ਰਿਲੋਚਨ ਭਗਤ ਜੀ ਨੂੰ ਵਿਆਹ ਕੀਤਿਆਂ ਕਈ ਸਾਲ ਬੀਤ ਗਏ, ਪਰੰਤੂ ਘਰ ਵਿਚ ਸੰਤਾਨ ਬਿਲਕੁਲ ਨਾ ਹੋਈ। ਤ੍ਰਿਲੋਚਨ ਜੀ ਦੀ ਇਸਤਰੀ, ਪਹਿਲੇ ਤਾਂ ਸ਼ਰਮ ਵਿਚ ਰਹੀ, ਫਿਰ ਔਲਾਦ ਦੇ ਵਾਸਤੇ ਨਾ ਕਰਨੇ ਯੋਗ ਕਰਤਵਜ ਵੀ ਕੀਤੇ, ਕਿਉਂਕਿ ਔਰਤਾਂ ਦਾ ਇਹ ਆਦੋਂ ਸੁਭਾਵ ਚਲਿਆ ਆਇਆ ਹੈ, ਘਰ ਵਿਚ ਸੰਤਾਨ ਦੀ ਪੈਦਾਇਸ਼ ਵਾਸਤੇ ਮੜ੍ਹੀਆਂ ਮਸਾਣਾਂ ਆਦਿਕਾਂ ਦਾ ਪੂਜਨ ਕਰਨਾ, ਕਿਉਂਕਿ ਗ੍ਰਹਿਸਤੀ ਦਾ ਘਰ ਪੁੱਤਰ ਕਰ ਕੇ ਹੀ ਸੋਭਦਾ ਹੈ।

ਯਥਾ:-"ਤੋਇ੧ ਬਿਨਾਂ ਤਾਲ੨ ਜੈਸੇ, ਰੂਪ ਬਿਨਾਂ ਬਾਪ੩ ਜੈਸੇ,
ਭਾਗ ਬਿਨਾਂ ਭਾਲਖ ਜੈਸੇ, ਰੈਣਪ ਬਿਨਾਂ ਚੰਦ ਦੇ।
ਦੀਪ੬ ਬਿਨਾਂ ਧਾਮ੭ ਜੈਸੇ, ਰੂਪ ਬਿਨਾਂ ਬਾਮ੮ ਜੈਸੇ,
ਕਾਜ ਬਿਨਾਂ ਦਾਮ ਜੈਸੇ, ਬਾਣੀ ਬਿਨਾਂ ਛੰਦ ਦੇ।
ਫੂਲ ਬਿਨਾਂ ਬਾਸ੯ ਦੇ, ਬਪਾਰੀ ਬਿਨਾਂ ਰਾਸ੧੦ ਦੇ,
ਸਰੀਰ ਬਿਨਾਂ ਸਾਸ ਦੇ, ਸਮੀਰ੧੧ ਬਿਨਾਂ ਗੰਧ ਦੇ।
ਗੋਬਿੰਦ ਭਗਤ ਬਿਨ ਮਾਨੁਖ ਸਰੀਰ ਜੈਸੇ,
ਤੈਸੇ ਬਰਬਾਦ ਹੇਤ, ਬੰਸ ਬਿਨਾਂ ਨੰਦ੧੨ ਦੇ।

---

੧ ਜਲ। ੨ ਸਰੋਵਰ। ੩ ਸਰੀਰ। ੪ ਮੱਥਾ। ੫ ਰਾਤ। ੬ ਦੀਵੇ। ੭ ਘਰ। ੮ ਇਸਤਰੀ। ੯ ਸੁਗੰਧੀ। ੧੦ ਪੂੰਜੀ। ੧੧ ਹਵਾ। ੧੨ ਪੁੱਤਰ।

ਇਸ ਮੰਤਵ ਨੂੰ ਮੁੱਖ ਰੱਖਦਿਆਂ ਹੋਇਆਂ ਤ੍ਰਿਲੋਚਨ ਦੀ ਇਸਤ੍ਰੀ ਨੇ ਪੁੱਤਰ ਪ੍ਰਾਪਤੀ ਵਾਸਤੇ ਬੜੇ ਬੜੇ ਯਤਨ ਕੀਤੇ, ਆਖਰਕਾਰ ਜਦ ਕਿਸੇ ਯਤਨ ਨਾਲ ਤ੍ਰਿਲੋਚਨ ਦੇ ਘਰ ਪੁੱਤਰ ਹੋ ਗਿਆ ਤਾਂ ਬਹੁਤ ਹੀ ਖੁਸ਼ੀਆਂ ਕੀਤੀਆਂ ਗਈਆਂ, ਪਰ ਰੱਬ ਦੀ ਨੇਤ ਐਸੀ ਹੋਈ ਕਿ ਕੁਝ ਦਿਨਾਂ ਪਿੱਛੋਂ ਉਹ ਬੱਚਾ ਮਰ ਗਿਆ। ਉਸ ਵੇਲੇ ਤ੍ਰਿਲੋਚਨ ਦੀ ਇਸਤ੍ਰੀ ਕੁੱਬਾਂ ਮਾਰ ਮਾਰ ਕੇ ਰੋਈ ਤੇ ਰੱਬ ਨੂੰ ਬੁਰਾ ਭਲਾ ਕਹਿਣ ਲੱਗ ਪਈ, 'ਕਿ ਰੱਬ ਦੀ ਅਸਾਡੇ ਨਾਲ ਬੜੀ ਭਾਰੀ ਈਰਖਾ ਹੈ ਜੋ ਪਹਿਲੇ ਤਾਂ ਅਸਾਡੇ ਘਰ ਪੁੱਤਰ ਹੋਣ ਹੀ ਨਹੀਂ ਦੇਂਦਾ ਸੀ ਤੇ ਜੇ ਹੁਣ ਅਸੀਂ ਆਪਣੇ ਯਤਨਾਂ ਨਾਲ ਪੈਦਾ ਕੀਤਾ ਹੈ ਤਾਂ ਉਸ ਨੇ ਮਾਰ ਦਿੱਤਾ।'

ਇਸਤਰੀ ਦੇ ਮੂੰਹੋਂ ਇਸ ਤਰ੍ਹਾਂ ਨਿੰਦਿਆ ਦੇ ਬਚਨ ਸੁਣਕੇ ਤਿਸ ਨੂੰ ਸਮਝਾਉਣ ਲਈ ਤ੍ਰਿਲੋਚਨ ਜੀ ਇਹ ਸ਼ਬਦ ਉਚਾਰਦੇ ਹਨ। ਜਿਵੇਂ ਸ੍ਰੀ ਮੁਖਵਾਕ ਹੈ-

ਅਤਿ ਪਿਆਰਾ ਪਵੈ ਖੁਹਿ ਕਿਹੁ ਸੰਜਮੁ ਕਰਣਾ॥ *(ਪੰਨਾ ੯੫੩)*

ਜੇ ਕੋਈ ਪਿਆਰਾ ਖੂਹ ਵਿਚ ਜਾ ਪਵੇ ਤਾਂ ਉਸ ਦੇ ਕੱਢਣ ਦਾ ਕੋਈ ਸਾਧਨ ਕਰਨਾ ਚਾਹੀਦਾ ਹੈ। ਇਸਤ੍ਰੀ ਪਤਿਬ੍ਰਤ ਧਰਮ ਵਾਲੀ ਹੋਣ ਕਰਕੇ ਭਗਤ ਤ੍ਰਿਲੋਚਨ ਨੂੰ ਅਤੀ ਪਿਆਰੀ ਹੈ ਤੇ ਹਰਖ ਸੋਗ ਰੂਪੀ ਖੂਹ ਵਿਚ ਡਿੱਗ ਰਹੀ ਹੈ। ਭਗਤ ਜੀ ਅਨੇਕਾਂ ਦ੍ਰਿਸ਼ਟਾਂਤਾਂ ਰਾਹੀਂ ਇਸ ਨੂੰ ਬਾਹਰ ਕੱਢਦੇ ਹਨ।

ਦੂਜੀ ਉਥਾਨਕਾ:- ਤ੍ਰਿਲੋਚਨ ਜੀ ਸੰਤਾਂ ਭਗਤਾਂ ਦੀ ਸੇਵਾ ਕਰਦੇ ਕਰਦੇ ਬੁੱਢੇ ਹੋ ਗਏ, ਪਰ ਮਨ ਸੇਵਾ ਕਰਨ ਲਈ ਅਜੇ ਜੁਆਨ ਸੀ। ਸਰੀਰ ਦੇ ਕਮਜ਼ੋਰ ਹੋਣ ਕਰਕੇ ਮਜ਼ਬੂਰ ਸਨ, ਲੜਕਾ ਕੋਈ ਹੈਸੀ ਨਹੀਂ ਅਤੇ ਸੰਤਾਂ ਦੀ ਸੇਵਾ ਜਾਰੀ ਰੱਖਣ ਲਈ ਸੋਚਿਆ ਕਿ ਕੋਈ ਨੌਕਰ ਰੱਖਿਆ ਜਾਵੇ, ਨੌਕਰ ਦੀ ਤਲਾਸ਼ ਵਿਚ ਭਗਤ ਜੀ ਡੰਗੋਰੀ ਫੜ ਕੇ ਆਪ ਬਜ਼ਾਰ ਵੱਲ ਤੁਰ ਪਏ। ਭਗਤ ਤ੍ਰਿਲੋਚਨ ਦਾ ਪ੍ਰੇਮ ਵੇਖਕੇ ਭਗਵਾਨ ਆਪ ਨੌਕਰ ਦਾ ਰੂਪ ਧਾਰ ਕੇ ਭਗਤ ਜੀ ਨੂੰ ਘਰੋਂ ਨਿਕਲਦਿਆਂ ਹੀ ਰਸਤੇ ਵਿਚ ਆ ਮਿਲੇ। ਉਸ ਵੇਲੇ ਪਾਟੇ ਹੋਏ ਕੱਪੜੇ ਤੇ ਪੈਰਾਂ ਵਿਚ ਟੁੱਟੀ ਹੋਈ ਜੁੱਤੀ ਪਾਈ ਹੋਈ ਸੀ।

ਯਥਾ-"ਆਪ ਪ੍ਰਭੂ ਟਹਿਲੂਆ ਰੂਪ ਧਰਿ ਦਵਾਰ ਪਰ,
ਫਟੀ ਇਕ ਕਾਮਰੀ ਪਨਹੀਆ ਟੂਟੀ ਪਾਇ ਹੈ।
ਨਿਕਸਤ ਪੂਛੈਂ, 'ਅਹੋ! ਕਹਾਂ ਤੇ ਪਧਾਰੇ ਆਪ,
ਬਾਪ ਮਹਿਤਾਰੀ ਔਰ ਦੇਖਿਯੇ ਨ ਗਾਂਵ ਹੈ।'
ਬਾਪ ਮਹਿਤਾਰੀ ਮੇਰੇ ਕੋਊ ਨਾਹਿ ਸਾਚ ਕਹੌਂ,
ਗਹੌਂ ਮੈਂ ਟਹਿਲ ਜੋ ਪੈ ਮਿਲਤ ਸੁਭਾਵ ਹੈ।'

ਤ੍ਰਿਲੋਚਨ ਜੀ ਨੇ ਉਸ ਤੋਂ ਪੁੱਛਿਆ, "ਭਾਈ ! ਤੈਂਨੇ ਅਸਾਡੇ ਪਾਸ ਨੌਕਰੀ ਕਰਨੀ ਹੈ?" ਤਾਂ ਭਗਵਾਨ ਨੇ ਕਿਹਾ, "ਮੇਰਾ ਹੋਰ ਕੰਮ ਕੀ ਹੈ। ਪਿੱਛੇ ਨੌਕਰੀ ਕਰਦਾ ਆਇਆ ਹਾਂ, ਅਗਾਂਹ ਕਰਨੀ ਹੈ।"

ਤ੍ਰਿਲੋਚਨ ਜੀ ਨੇ ਪੁੱਛਿਆ, "ਤੂੰ ਕਿਸ ਦੀ ਨੌਕਰੀ ਕਰਦਾ ਰਿਹਾ ਹੈਂ?"

ਉੱਤਰ-"ਮੈਂ ਚਾਰੇ ਬਰਨਾਂ ਦੀ ਨੌਕਰੀ ਕਰਨੀ ਜਾਣਦਾ ਹਾਂ।"

ਤ੍ਰਿਲੋਚਨ ਜੀ ਨੇ ਕਿਹਾ, "ਕਿ ਤੂੰ ਇਹ ਦੱਸ, ਸੰਤਾਂ ਦੀ ਸੇਵਾ ਕਰਨੀ ਜਾਣਦਾ ਹੈਂ, ਕਿ ਨਹੀਂ?" ਕਿਉਂਕਿ-

"ਚਤਰ ਬਰਨ ਕੀ ਚਾਕਰੀ ਆਵੈ ਕਿਤੈ ਨ ਕਾਮ॥
ਸੇਵਾ ਸੰਤਨ ਕੀ ਭਲੀ ਜੋ ਅੰਤ ਮਿਲਾਵੇ ਰਾਮ॥"

ਭਗਵਾਨ ਨੇ ਕਿਹਾ-"ਸੰਤਾਂ ਦੀ ਸੇਵਾ ਤਾਂ ਚੰਗੀ ਤਰ੍ਹਾਂ ਕਰਨੀ ਜਾਣਦਾ ਹਾਂ, ਜਿਸ ਤਰ੍ਹਾਂ ਆਪ ਕਹੋਗੇ ਤੁਹਾਡੀ ਮਰਜ਼ੀ ਅਨੁਸਾਰ ਮੈਂ ਸੇਵਾ ਕਰਾਂਗਾ।"

ਤ੍ਰਿਲੋਚਨ ਨੇ ਪੁੱਛਿਆ-"ਤੇਰਾ ਨਾਮ ਕੀ ਹੈ?"

ਭਗਵਾਨ ਨੇ ਕਿਹਾ, "ਅੰਤਰਜਾਮੀ ਮੇਰਾ ਨਾਮ ਹੈ।"

ਤ੍ਰਿਲੋਚਨ ਨੇ ਕਿਹਾ, "ਤੇਰਾ ਮਾਂ ਪਿਉ ਕੇਹੜਾ ਹੈ? ਅਤੇ ਰਹਿੰਦਾ ਕਿੱਥੇ ਹੈਂ?"

ਭਗਵਾਨ ਨੇ ਕਿਹਾ, "ਮੇਰਾ ਮਾਂ ਪਿਉ ਕੋਈ ਨਹੀਂ ਅਰ ਰਹਿਣ ਦਾ ਇੱਕ ਟਿਕਾਣਾ ਕੋਈ ਨਹੀਂ ਹੈ, ਹਰ ਜਗ੍ਹਾ ਉੱਪਰ ਮੈਂ ਮਿਲ ਸਕਦਾ ਹਾਂ।"

ਤ੍ਰਿਲੋਚਨ ਜੀ ਨੇ, ਪੁੱਛਿਆ, "ਤਨਖਾਹ ਕੀ ਲਵੇਂਗਾ?"

ਭਗਵਾਨ ਨੇ ਕਿਹਾ, "ਪੈਸਾ ਮੈਂ ਬਿਲਕੁਲ ਨਹੀਂ ਲਵਾਂਗਾ, ਰੋਟੀ ਕੱਪੜਾ ਦੇ ਦੇਣਾ ਓਸੇ ਉੱਪਰ ਮੈਂ ਖੁਸ਼ ਹੋ ਕੇ ਤੁਹਾਡੀ ਮਰਜ਼ੀ ਅਨੁਸਾਰ ਸੇਵਾ ਕਰਾਂਗਾ, ਪਰੰਤੂ ਮੇਰੀਆਂ ਦੋ ਤਿੰਨ ਗੱਲਾਂ ਯਾਦ ਰੱਖਣੀਆਂ ਕਿ-

੧. ਕੰਮ ਕਰਦਿਆਂ ਹੋਇਆਂ ਮੈਨੂੰ ਕੋਈ ਕੁਝ ਕਹੇ ਨਾ।

੨. ਇੱਕ ਵਾਰ ਜਿਤਨਾ ਭੋਜਨ ਮੈਨੂੰ ਦਿਓਗੇ ਉਤਨਾਂ ਹੀ ਛਕ ਲਵਾਂਗਾ ਦੁਬਾਰਾ ਆਪਣੇ ਮੂੰਹੋਂ ਨਹੀਂ ਮੰਗਾਂਗਾ।

੩. ਜੇ ਕੋਈ ਮੇਰੀ ਨਿੰਦਿਆ ਕਰੇਗਾ ਤਾਂ ਮੈਂ ਉਸ ਵੇਲੇ ਚਲਿਆ ਜਾਵਾਂਗਾ।

ਇਹ ਤਿੰਨੇ ਗੱਲਾਂ ਮਨਜ਼ੂਰ ਕਰਕੇ ਤ੍ਰਿਲੋਚਨ ਜੀ ਉਸ ਨੂੰ ਘਰ ਲੈ ਆਏ ਤੇ ਘਰ ਵਾਲੀ ਨੂੰ ਆ ਕੇ ਕਿਹਾ-"ਅੱਜ ਇਹ ਨੌਕਰ ਸੇਵਾ ਵਾਸਤੇ ਲੈ ਆਂਦਾ ਹੈ, ਅੰਤਰਜਾਮੀ ਇਸ ਦਾ ਨਾਮ ਹੈ, ਗੁਣ ਇਸ ਵਿਚ ਬਹੁਤ ਹਨ।" ਪਤੀ ਪਾਸੋਂ ਗੁਣ ਤੇ ਨਾਮ ਬਗੈਰਾ ਸੁਣਕੇ ਬੜੀ ਪ੍ਰਸੰਨ ਹੋਈ। ਅੰਤਰਜਾਮੀ ਨੂੰ ਕਹਿਣ ਲੱਗੀ, "ਜੇਕਰ ਤੂੰ ਅਸਾਡੀ ਮਨ-ਮਰਜ਼ੀ ਦਾ ਕੰਮ ਕਰੇਂਗਾ ਤਾਂ ਅਸੀਂ ਤੇਰੀ ਨਿੰਦਿਆ ਕਿਉ ਕਰਾਂਗੇ?"

ਘਰ ਵਿਚ ਭਗਵਾਨ ਦੇ ਆਉਣ ਕਰਕੇ ਸਾਰੀਆਂ ਬਰਕਤਾਂ ਆ ਗਈਆਂ ਤੇ ਭਗਤਣੀ ਦੇ ਕਹੇ ਅਨੁਸਾਰ ਸੇਵਾ ਟਹਿਲ ਵਿਖੇ ਜੁੜ ਗਏ ਅਤੇ ਭਗਤਣੀ ਦੇ ਮਨ ਦੇ ਸੰਕਲਪ ਅਨੁਸਾਰ ਭਗਵਾਨ ਜੀ ਉਸ ਦੇ ਸਾਰੇ ਕੰਮ ਆਪੇ ਪੂਰੇ ਕਰੀ ਜਾਣ।

ਇੱਕ ਦਿਨ ਸੰਤ ਮੰਡਲੀ ਨੂੰ ਘਰ ਵਿਚ ਆਇਆਂ ਦੇਖਕੇ ਭਗਤਨੀ ਨੇ ਸੰਕਲਪ ਕੀਤਾ ਕਿ ਅੰਤਰਜਾਮੀ ਨੂੰ ਕਹਿ ਕੇ ਪਹਿਲੇ ਆਟਾ ਪਿਸਾ ਲਵਾਂ ਫਿਰ ਹੋਰ ਕੰਮ ਕਰਾਵਾਂਗੀ। ਇਹ ਸੰਕਲਪ ਕਰਕੇ ਜਦ ਅੰਦਰ ਆਈ ਤਾਂ ਕੀ ਵੇਖਦੀ ਹੈ ਕਿ ਦਾਣਿਆਂ ਦੀ ਜਗ੍ਹਾ ਆਟਾ ਪਿਆ ਹੈ, ਬਿਨਾਂ ਕਹੇ ਆਪਣੇ ਆਪ ਸਾਰਾ ਕੰਮ ਕਰਦਿਆਂ ਜਾਣਕੇ ਭਗਤਣੀ ਅੰਤਰਜਾਮੀ ਉੱਪਰ ਬਹੁਤ ਪਸੰਨ ਹੋਈ। ਸੋਚਦੀ ਹੈ ਕਿ ਇਹ ਵਿਚਾਰਾ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੰਮ ਕਰੀ ਜਾਂਦਾ ਹੈ ਤੇ ਖਾਣ ਵਾਸਤੇ ਮੈਂ ਜਿੰਨਾ ਕੁ ਦੇਂਦੀ ਹਾਂ ਓਨਾਂ ਹੀ ਖਾ ਕੇ ਖੁਸ਼ ਰਹਿੰਦਾ ਹੈ, ਹੋਰ ਕੁਝ ਮੰਗਦਾ ਨਹੀਂ, ਮਤਾਂ ਭੁੱਖਾ ਨਾ ਰਹਿੰਦਾ ਹੋਵੇ, ਇਸ ਲਈ ਅੱਜ ਮੈਂ ਸੰਤਾਂ ਦੀ ਸੇਵਾ ਕਰਨ ਤੋਂ ਪਹਿਲਾਂ ਇਸ ਨੂੰ ਭੋਜਨ ਛਕਾ ਕੇ ਰਜਾ ਲਵਾਂ।

ਸੰਤਾਂ ਵਾਸਤੇ ਚੰਗੇ ਚੰਗੇ ਪਦਾਰਥ ਜਦ ਤਿਆਰ ਕਰ ਲਏ ਤਾਂ ਅੰਤਰਜਾਮੀ ਨੂੰ ਸੱਦ ਦੇ ਆਖਦੀ ਹੈ, ''ਅਜ ਪਹਿਲੇ ਤੂੰ ਪ੍ਰਸ਼ਾਦਿ ਛਕ ਲੈ, ਜਿਤਨਾ ਖਾ ਸਕਦਾ ਹੈਂ ਖਾ ਲੈ।''

ਇਤਨੀ ਗੱਲ ਆਖਕੇ ਆਪਣੇ ਸਾਹਮਣੇ ਅੰਤਰਜਾਮੀ ਨੂੰ ਬੈਠਾਕੇ ਥਾਲ ਪਰੋਸ ਦਿੱਤਾ, ਆਪ ਪਕਾ ਪਕਾ ਕੇ ਦੇਂਦੀ ਰਹੀ, ਅੰਤਰਜਾਮੀ ਛਕਦੇ ਰਹੇ, ਆਖਿਰ ਪਰਾਤ ਵਾਲਾ ਸਾਰਾ ਆਟਾ ਅਤੇ ਹੋਰ ਮਿੱਠੇ ਪਦਾਰਥ ਜੋ ਸੰਤਾਂ ਵਾਸਤੇ ਤਿਆਰ ਕੀਤੇ ਸਨ, ਉਹ ਸਾਰੇ ਛਕ ਗਏ, ਪਰ ਫਿਰ ਵੀ ਤ੍ਰਿਪਤ ਨਾ ਹੋਏ।

ਕਿਉਂਕਿ ਜੋ ਪਰਲੋ ਸਮੇਂ ਸਾਰੀ ਸ੍ਰਿਸ਼ਟੀ ਨੂੰ ਆਪਣੇ ਪੇਟ ਵਿਚ ਸਮਾ ਕੇ ਰੱਜੇ ਨਹੀਂ ਇਸ ਭਗਤਣੀ ਪਾਸੋਂ ਕਿਵੇਂ ਰੱਜ ਸਕਦੇ ਹਨ?

ਯਥਾ-ਕੀਰਤਿ ਮ੍ਰਿਗੇਸ਼ ਜਨ, ਨਾਰਹੂੰ ਨ ਪਾਯੋ ਭੇਦ,
ਪ੍ਰਲਯ ਦਿਨ ਖਾਇ ਸਭ, ਤਬ ਨ ਅਘਾਇ ਹੈਂ।
ਸ਼ਿਵ ਔ ਬਿਰੰਚ ਪੁਨ, ਸ਼ੁਕ੍ ਹੂੰ ਤੇ ਆਦਿ ਲੈਕੇ,
ਸਭ ਹੀ ਸੁਰ ਇਨ ਹੀ ਕੇ, ਪੇਟ ਮੇਂ ਸਮਾਏ ਹੈਂ।
ਵੇਦ ਅਰ ਪੁਰਾਣ, ਨੇਤ ਨੇਤ ਹੀ ਪੁਕਾਰੇ ਜਾ ਕੌ,
ਸੋਊ ਦਾਸ ਭੇਖ ਧਾਰ, ਮੇਰੇ ਗ੍ਰਿਹ ਆਏ ਹੈਂ।
ਭੋਲੀ ਤੀਅ ਕਹਾਂ ਜਾਨੇ, ਹਰਿ ਜੂ ਕੇ ਖੇਲਨ ਕੌ,
ਕਈ ਬਾਰ ਧਾਤਾ, ਸ਼ਿਵ ਨਾਰਦ ਭੁਲਾਏ ਹੈਂ।

(ਨਰਾਇਣ ਹਰੀ ਉਪਦੇਸ਼, ਪੰਨਾ ੩੧੯)

ਉਸ ਵੇਲੇ ਅੱਕ ਥੱਕ ਕੇ ਮਨ ਵਿਚ ਕੁੜ੍ਹਦੀ ਹੋਈ ਘਰੋਂ ਬਾਹਰ ਨਿਕਲਕੇ ਨਾਲ ਦੀ ਗੁਆਂਢਣ ਪਾਸ ਜਾ ਬੈਠੀ, ਗੁਆਂਢਣ ਨੇ ਇਸ ਦਾ ਉਦਾਸ ਚਿਹਰਾ ਵੇਖਕੇ ਪੁੱਛਿਆ, ''ਭੈਣੇ ! ਅੱਜ ਕੀ ਗੱਲ ਹੈ? ਤੇਰੇ ਮੱਥੇ ਤੋਂ ਪਤਾ ਲੱਗਦਾ ਹੈ ਕਿ ਅੱਜ ਤੇਰੇ ਮਨ ਵਿਚ ਕੋਈ ਬੜੀ ਚਿੰਤਾ ਹੈ।''

ਭਗਤਣੀ ਨੇ ਕਿਹਾ, ''ਭੈਣੇ ! ਨੌਕਰ ਰੱਖਿਆ ਤਾਂ ਸੁਖ ਵਾਸਤੇ ਸੀ, ਪਰ ਉਹ ਤਾਂ ਛਠੀਆਂ ਦਾ ਭੁੱਖਾ ਆ ਗਿਆ ਹੈ, ਜਿਤਨਾ ਪਦਾਰਥ ਘਰ ਤਿਆਰ ਕੀਤਾ ਸੀ ਉਹ ਸਾਰਾ ਹੀ ਖਾ ਗਿਆ ਹੈ, ਪਰ ਰੱਜਿਆ ਫਿਰ ਭੀ ਨਹੀਂ।''

ਭਗਵਾਨ ਜੀ ਆਪਣੇ ਨਿੰਦਿਆ ਦੇ ਬਚਨ ਸੁਣਕੇ ਚਲੇ ਗਏ, ਕਿਉਂਕਿ ਜਿਸ ਦੇ ਆਸਰੇ ਤ੍ਰਿਲੋਕੀ ਦੇ ਸਾਰੇ ਜੀਵ ਅੰਨ ਛਕਦੇ ਹਨ, ਉਸ ਨੂੰ ਕਹਿਣਾ 'ਛਠੀਆਂ ਦਾ ਭੁੱਖਾ' ਇਹੋ ਹੀ ਨਿੰਦਿਆ ਹੈ।

ਜਿਸ ਵੇਲੇ ਭਗਤਣੀ ਆਪਣੇ ਘਰ ਆਈ ਤਾਂ ਕੀ ਦੇਖਿਆ ਸਾਰਾ ਕੰਮ ਓਥੇ ਦਾ ਓਥੇ ਪਿਆ ਹੈ ਤੇ ਨੌਕਰ ਘਰ ਕੋਈ ਨਹੀਂ ਹੈ ਤਾਂ ਆਪ ਛੇਤੀ ਛੇਤੀ ਭੋਜਨ ਤਿਆਰ ਕਰਕੇ ਸੰਤਾਂ ਨੂੰ ਛਕਾਇਆ। ਭੋਜਨ ਛਕਕੇ ਜਦ ਸੰਤ ਚਲੇ ਗਏ ਤਦ ਭਗਤ ਜੀ ਨੇ ਪੁੱਛਿਆ, ''ਅੱਜ ਅੰਤਰਜਾਮੀ ਕਿੱਥੇ ਹੈ, ਜੋ ਦੇਖਿਆ ਨਹੀ।'' ਭਗਤਣੀ ਨੇ ਸਾਰੀ ਗੱਲ ਦੱਸਕੇ ਕਿਹਾ, ''ਕਿ ਉਹ ਤਾਂ ਛਠੀਆਂ ਦਾ ਭੁੱਖਾ ਸੀ ਜੋ ਸਾਰਾ ਕੁਝ ਖਾ ਕੇ ਵੀ ਰੱਜਿਆ ਨਹੀਂ। ਹੁਣ ਪਤਾ ਨਹੀ ਜੋ ਕਿੱਥੇ ਚਲਾ ਗਿਆ ਹੈ।'' ਉਸ ਵੇਲੇ ਭਗਤ ਤ੍ਰਿਲੋਚਨ ਜੀ ਨੇ ਅੰਤਰਯਾਮਤਾ ਨਾਲ ਦੇਖਿਆ ਕਿ ਉਹ ਤਾਂ ਭਗਵਾਨ ਆਪ ਹੀ ਨੌਕਰ ਦਾ ਰੂਪ ਧਾਰਕੇ ਮੇਰੇ ਗ੍ਰਿਹ

ਵਿਖੇ ਰਹਿਕੇ ਸੰਤਾਂ ਦੀ ਸੇਵਾ ਕਰਦਾ ਰਿਹਾ ਹੈ, ਅਜ ਆਪਣੀ ਨਿੰਦਿਆ ਦੇ ਬਚਨ ਸੁਣਕੇ ਲੋਪ ਹੋ ਗਿਆ ਹੈ। ਭਗਵਾਨ ਦੇ ਲੋਪ ਹੋਣ ਉੱਪਰ ਜਦ ਭਗਤਣੀ ਦੇ ਸਾਰੇ ਸੁਖ ਦੂਰ ਹੋ ਗਏ ਤਾਂ ਪਹਿਲੇ ਤੋਂ ਭੀ ਬਹੁਤ ਨਿੰਦਿਆ ਕਰਨ ਲਗ ਪਈ, ਉਸ ਵੇਲੇ ਭਗਵਾਨ ਦੀ ਨਿੰਦਿਆ ਸੁਣਕੇ ਆਪਣੀ ਸੁਪਤਨੀ ਨੂੰ ਦੁਖ ਸੁਖ ਉਸ ਦੇ ਕਰਮਾਂ ਦਾ ਫਲ ਜਣਾਉਂਦੇ ਹੋਏ ਤਾੜ ਕੇ ਉਪਦੇਸ਼ ਦੇਂਦੇ ਹਨ-

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥

ਹੇ ਭੁੱਲੀ ਹੋਈ ਗਵਾਰੀ=ਮੂਰਖ ਇਸਤ੍ਰੀ ! ਹੋਰ ਲੋਕ ਤਾਂ ਸਾਰੇ ਉਸ ਦੀ ਉਸਤਤੀ ਕਰਦੇ ਹਨ।

ਯਥਾ:-"ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥ ੧॥

(ਗਉੜੀ ਸੁਖਮਨੀ, ਪੰਨਾ ੨੭੫)

ਤਥਾ:- "ਪਿਤਾ ਮੇਰੋ ਬਡੋ ਧਨੀ ਅਗਮਾ॥ ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥"

(ਗੂਜਰੀ ਮਹਲਾ ੫, ਪੰਨਾ ੫੦੭)

ਤੇ ਤੂੰ ਉਸ ਪਰਮੇਸ਼ਰ ਦੀ ਨਿੰਦਿਆ ਕਿਉਂ ਕਰਦੀ ਹੈਂ?

"ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥"

(ਸੂਹੀ ਮ: ੩, ਪੰਨਾ ੭੫੫)

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ ੧॥ ਰਹਾਉ॥

ਰੀ=ਹੇ ਇਸਤ੍ਰੀ ! ਦੁਕ੍ਰਿਤੁ ਸੁਕ੍ਰਿਤੁ=ਪਾਪ ਪੁੰਨ ਰੂਪ ਕਰਮ ਥਾਰੋ=ਤੇਰਾ ਆਪਣਾ ਹੀ ਕੀਤਾ ਹੋਇਆ ਹੈ, ਇਸ ਕਰਕੇ ਦੁਕ੍ਰਿਤੁ=ਪਾਪਾਂ ਕਰਕੇ ਦੁੱਖ ਅਤੇ ਸੁਕ੍ਰਿਤੁ=ਪੁੰਨਾਂ ਕਰਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ, ਕਿਉਂਕਿ ਭੋਗੇ ਤੋਂ ਬਗੈਰ ਕਰਮ ਫਲ ਕਦੇ ਮਿਟ ਨਹੀਂ ਸਕਦੇ।

"ਯਥਾ ਧੇਨੂ ਸਹਸਰੇਸੁ ਵਤਸੋ ਵਿੰਦਤੇ ਸੁਇ ਮਾਤ੍ਰਮ।
ਤਥਾ ਸ਼ੁਭਾਸ਼ੁਭ ਕ੍ਰਿਤਮ ਕਰਮ ਕਰਤਾਰਮਨੁ ਗੱਛਤੀ।"

(ਮਹਾਂ ਭਾਰਤ)

ਜਿਵੇਂ ਹਜ਼ਾਰ ਗਊਆਂ ਵਿਚ ਬਛੜਾ ਆਪਣੀ ਮਾਤਾ ਨੂੰ ਪਹਿਚਾਣ ਕੇ ਉਸ ਦੇ ਪਾਸ ਜਾਂਦਾ ਹੈ, ਤਿਵੇਂ ਹੀ ਸ਼ੁਭਾਸ਼ੁਭ ਕਰਮ ਕਰਤਾ ਦੇ ਪਾਸ ਚਲਾ ਜਾਂਦਾ ਹੈ। ਪੁਰਸ਼ ਦੇ ਖੜੇ ਹੋਣ ਉੱਪਰ ਕਰਮ ਨਾਲ ਨਾਲ ਹੀ ਖੜੇ ਹੋ ਜਾਂਦੇ ਹਨ ਅਰ ਚਲਣ ਕਰਕੇ ਨਾਲ ਨਾਲ ਹੀ ਚਲਦੇ ਹਨ।

ਭਾਤਪਰਜ ਇਹ ਹੈ-ਜਿਵੇਂ ਪੁਰਸ਼ ਦਾ ਪਰਛਾਵਾਂ ਪੁਰਸ਼ ਦੇ ਨਾਲ ਰਹਿੰਦਾ ਹੈ। ਉਸੀ ਤਰ੍ਹਾਂ ਕਰਮ ਭੀ ਨਾਲ ਰਹਿੰਦੇ ਹਨ*।

ਇਸ ਵਾਸਤੇ ਹੇ ਸੁਭੱਦਰੇ ! ਤੂੰ ਭੀ ਆਪਣੇ ਕਰਮ ਦਾ ਫਲ ਸਮਝਕੇ ਆਪਣੇ ਚਿੱਤ ਨੂੰ ਸ਼ਾਂਤ ਕਰ।

---

*ਇਹ ਪ੍ਰਕਰਣ ਭੀਸ਼ਮ ਪਿਤਾਮਾ ਜੀ ਨੇ ਕਹਿ ਕੇ ਰਾਜੇ ਯੁਧਿਸ਼ਟਰ ਜੀ ਦੇ ਚਿੱਤ ਨੂੰ ਸ਼ਾਂਤ ਕੀਤਾ ਹੈ।

ਇਸਤ੍ਰੀ ਨੇ ਦੋਨੋਂ ਹੱਥ ਜੋੜਕੇ ਕਿਹਾ, "ਪਤੀ ਦੇਵ ਜੀ ! ਆਪ ਮੇਰੀ ਇੱਕ ਸ਼ੰਕਾ ਦੂਰ ਕਰੋ।" ਤਾਂ ਭਗਤ ਜੀ ਨੇ ਕਿਹਾ, "ਕਹੋ।"

ਇਸਤ੍ਰੀ ਬੋਲੀ, "ਆਪ ਜੀ ਨੇ ਕਿਹਾ ਹੈ, ਕਰਮਾਂ ਦਾ ਫਲ ਅਮਿਟ ਹੈ ਭੋਗੇ ਬਗੈਰ ਮਿਟਦਾ ਨਹੀਂ। ਕੀ ਆਪ ਵਰਗੇ ਪੂਰਨ ਭਗਤ ਹੋ ਕੇ ਭੀ ਮੇਰੇ ਕੀਤੇ ਕਰਮ ਨਹੀਂ ਮੇਟ ਸਕਦੇ?" ਤਾਂ ਭਗਤ ਜੀ ਨੇ ਕਿਹਾ "ਕਰਮ, ਫਲ ਦਿਤੇ ਬਿਨਾਂ ਕਿਸੇ ਦੇ ਨਹੀਂ ਮਿਟ ਸਕਦੇ।"

ਯਥਾ-"ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥"

(ਦਖਣੀ ਓਅੰਕਾਰ, ਪੰਨਾ ੯੩੭)

ਫਿਰ ਇਸਤਰੀ ਨੇ ਪੁੱਛਿਆ, ਕੀ ਦੇਵਤਿਆਂ ਨੂੰ ਭੀ ਕਰਮ ਫਲ ਭੋਗਣਾ ਪੈਂਦਾ ਹੈ?"

ਉੱਤਰ-"ਹਾਂ! ਸਭਨਾਂ ਸਰੀਰਾਂ ਨੂੰ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ।"

ਜਿਸ ਵੇਲੇ ਗੱਲਾਂ ਬਾਤਾਂ ਕਰਦਿਆਂ ਕਰਦਿਆਂ ਸੰਧਿਆ ਪੈ ਗਈ ਤਦ ਅਕਾਸ਼ ਵਿਚ ਚੰਦਰਮਾਂ ਚੜ੍ਹਿਆ ਵੇਖ ਕੇ ਭਗਤ ਜੀ ਕਹਿਣ ਲੱਗੇ-

ਦੇਖ ! ਅੱਜ ਤੀਜ ਦਾ ਚੰਦਰਮਾ ਹੈ। ਕਲ੍ਹ ਦੂਜ ਥਿਤ ਬਿਤੀਤ ਹੋ ਚੁਕੀ ਹੈ। ਦੂਜ ਦੇ ਦਿਨ ਚੰਦਰਮਾ ਨੂੰ ਦੇਵਤਾ ਸਮਝਕੇ ਸਭ ਲੋਕ ਨਮਸ਼ਕਾਰਾਂ ਕਰਦੇ ਹਨ।

ਫੇਰ ਕਲ੍ਹ ਨੂੰ ਜੋ ਦਿਨ ਆਵੇਗਾ ਉਹ ਭਾਦ੍ਰਵ ਸੁਦੀ ਚੌਥ ਦਾ ਹੋਵੇਗਾ (ਜਿਸ ਨੂੰ ਪੱਥਰ ਚੌਥ ਭੀ ਕਹਿੰਦੇ ਹਨ) ਉਸ ਦਿਨ ਸਭ ਲੋਕ ਚੰਦਰਮਾ ਨੂੰ ਪੱਥਰ ਮਾਰਦੇ ਹਨ। ਵਸ ਲਗਦਿਆਂ ਉਸ ਦਿਨ ਕੋਈ ਭੀ ਚੰਦ੍ਰਮਾ ਦਾ ਦਰਸ਼ਨ ਨਹੀਂ ਕਰਦਾ। ਜੇ ਕਿਸੇ ਕਾਰਨ ਚੌਥ ਦੇ ਚੰਦਰਮਾ ਦਾ ਦਰਸ਼ਨ ਕਿਸੇ ਨੂੰ ਹੋ ਭੀ ਜਾਵੇ ਤਾਂ ਉਸ ਨੂੰ ਕਲੰਕ ਲੱਗਦਾ ਹੈ, ਕਿਉਂਕਿ ਇਹ ਆਪ ਹੀ ਕਰਮ ਫਲ ਨਾਲ ਕਲੰਕਤ ਹੈ। ਬਹੁਤ ਸਾਰੇ ਜਤਨ ਕਰਨ ਨਾਲ ਭੀ ਚੰਦਰਮਾ ਦਾ ਕਲੰਕ ਦੂਰ ਨਹੀਂ ਹੋਇਆ। ਆਪਣੇ ਕਲੰਕ ਦੇ ਦੂਰ ਕਰਨ ਵਾਸਤੇ ਚੰਦਰਮਾ

ਸੰਕਰਾ ਮਸਤਕਿ ਬਸਤਾ

ਸੰਕਰਾ=ਸ਼ਿਵਾਂ ਦੇ ਮਸਤਕਿ=ਮੱਥੇ ਉੱਪਰ ਬਸਤਾ=ਵਸ ਰਿਹਾ ਹੈ।

ਇੱਕ ਸਮੇਂ ਚੰਦਰਮਾ ਨੇ ਹਿਮਾਲੇ ਪਰਬਤ ਉੱਪਰ ਜਾ ਕੇ ਸ਼ਿਵਾਂ ਦਾ ਅਰਾਧਣ ਕੀਤਾ, ਕਿਉਂਕਿ ਸ਼ਿਵ ਮਹਾਰਾਜ ਜੀ ਮੁਕਤੀ ਦੇਣ ਨੂੰ ਸਮਰੱਥ ਹਨ ਜਿਨ੍ਹਾਂ ਨੇ ਆਪਣੀ ਕਾਂਸ਼ੀ ਨਗਰੀ ਵਿਚ ਵਰਨ ਵਾਲਿਆਂ ਲਈ ਮੁਕਤੀ ਦਾ ਸਦਾ ਵਰਤ ਲਗਾਇਆ ਹੋਇਆ ਹੈ। ਜਿਸ ਵੇਲੇ ਚੰਦਰਮਾ ਦੀ ਘੋਰ ਤਪੱਸਿਆ ਦੇਖਕੇ ਸ਼ਿਵ ਮਹਾਰਾਜ ਜੀ ਪ੍ਰਸੰਨ ਹੋਏ ਤਾਂ ਕਿਹਾ, "(ਵਰਡ੍ਰ)=ਵਰ ਮੰਗ, ਤੂੰ ਕੀ ਚਾਹੁੰਦਾ ਹੈਂ?"

ਚੰਦਰਮਾ ਨੇ ਕਿਹਾ, "ਹੋਰ ਕੁਝ ਨਹੀਂ ਚਾਹੁੰਦਾ, ਇੱਕ ਏਹੀ ਮੰਗ ਹੈ ਕਿ ਮੇਰਾ ਕਲੰਕ ਦੂਰ ਹੋ ਜਾਵੇ।"

ਮਹਾਂਦੇਵ ਜੀ ਨੇ ਕਿਹਾ, "ਇਹ ਤੇਰਾ ਪ੍ਰਾਰਬਧ ਕਰਮ ਹੈ, ਇਹ ਤੈਨੂੰ ਅਵੱਸ਼ਜ ਭੋਗਣਾ ਪਵੇਗਾ।"

ਯਥਾ-ਅਵੱਸ਼ਜ ਮੇਵ ਭੋਕਤਬਯੰ ਕ੍ਰਿਤਮ ਕਰਮ ਸ਼ੁਭਾਸੁਭੰ।
ਨ ਭੁਕਤੰ ਖੀਯਤੇ ਕਰਮ ਕਲਪ ਕੋਟਿ ਸਤਈ: ਅਪਿ।

ਤੂੰ ਕੁਝ ਹੋਰ ਮੰਗ ਲੈ, ਉਸ ਦੀ ਪ੍ਰਾਪਤੀ ਲਈ ਮੈਂ ਤੈਨੂੰ ਵਰ ਦੇਣ ਲਈ ਤਿਆਰ ਹਾਂ। ਤਾਂ ਚੰਦਰਮਾ

ਨੇ ਵਿਚਾਰਿਆ, ਸ਼ਿਵਾਂ ਦੀਆਂ ਜਟਾਵਾਂ ਵਿਖੇ ਗੰਗਾ ਚਲ ਰਹੀ ਹੈ ਜੋ ਕੁਲ ਪਾਪਾਂ ਦੇ ਨਾਸ ਕਰਨ ਵਾਲੀ ਹੈ ਜੇ ਮੈਂ ਉਸ ਵਿਚ ਇਸ਼ਨਾਨ ਕਰਾਂਗਾ ਤਾਂ ਮੇਰਾ ਭੀ ਕਲੰਕ ਦੂਰ ਕਰ ਦੇਵੇਗੀ। ਇਹ ਗੱਲ ਵਿਚਾਰਕੇ ਚੰਦਰਮਾ ਨੇ ਕਿਹਾ, ਮਹਾਂਦੇਵ ਜੀ ! ਤੁਸੀਂ ਮੈਨੂੰ ਆਪਣੇ ਮਸਤਕ ਵਿਚ ਨਿਵਾਸ ਕਰਨ ਲਈ ਜਗ੍ਹਾ ਬਖਸ਼ ਦਿਓ।''

ਸ਼ਿਵਾਂ ਨੇ ਕਿਹਾ, ''ਤੂੰ ਮੇਰੇ ਮੱਥੇ ਉੱਪਰ ਰਹਿਣਾ ਚਾਹੁੰਦਾ ਹੈਂ ਤਾਂ ਦੂਜ ਥਿਤ ਦਾ ਚੰਦਰਮਾ ਹੋ ਕੇ ਰਹੋ, ਕਲੰਕ ਰੂਪ ਨਾਲ ਮੈਂ ਤੈਨੂੰ ਆਪਣੇ ਮੱਥੇ ਨਹੀਂ ਰਹਿਣ ਦੇਵਾਂਗਾ। ਉਸ ਦਿਨ ਤੋਂ ਦੂਜ ਥਿਤ ਦਾ ਚੰਦਰਮਾ ਹੋ ਕੇ ਆਪਣੇ ਕਲੰਕ ਦੀ ਨਿਵਿਰਤੀ ਵਾਸਤੇ ਸ਼ਿਵਾਂ ਦੇ ਮੱਥੇ ਤੇ ਰਹਿਣ ਲੱਗ ਪਿਆ*।

ਸੁਰਸਰੀ ਇਸਨਾਨ ਰੇ॥

ਪਾਪ ਨਾਸਨੀ ਜੋ ਸੁਰਸਰੀ=ਗੰਗਾ ਹੈ ਉਸ ਵਿਖੇ ਨਿਤਾਪ੍ਰਤੀ ਇਸ਼ਨਾਨ ਕਰਦਾ ਰਹਿੰਦਾ ਹੈ। ਜਿਸ ਗੰਗਾ ਦਾ ਮਹਾਤਮ ਸ਼ਾਸਤ੍ਰ ਵਿਚ ਇਸ ਪਰਕਾਰ ਕਥਨ ਕੀਤਾ ਹੈ-

ਯਥਾ- 'ਦ੍ਰਿਸ਼ਟਾ ਜਨਮ ਸ਼ਤੰ ਪਾਪੰ, ਪੀਤ੍ਵਾ ਜਨਮ ਸ਼ਤੰ ਦ੍ਵਯੰ।

ਸਨਾਤਾ ਜਨਮ ਸਹਸ੍ਰਾਣਿ, ਹੰਤੀ ਗੰਗਾ *ਕਲਉਯੁਗੇ।'

ਅਰਥ--ਗੰਗਾ ਜੀ ਦੇ ਦ੍ਰਿਸ਼ਟਾ=ਦੇਖਣ ਕਰਕੇ ਹੀ, ਅਰਥਾਤ ਸ਼ਰਧਾ ਭਾਵਨਾਂ ਨਾਲ ਦਰਸ਼ਨ ਕੀਤਿਆਂ ਸ਼ਤੰ=ਸੌ ਜਨਮ ਦੇ ਪਾਪ ਕਰਮ ਦੂਰ ਹੁੰਦੇ ਹਨ ਅਤੇ ਗੰਗਾ ਜਲ ਦੇ ਪੀਤ੍ਵਾ=ਪੀਣ ਨਾਲ ਭਾਵ ਆਚਮਨ ਕਰਨ ਨਾਲ ਦ੍ਵਯੰ ਸ਼ਤੰ=ਦੋ ਸੌ ਜਨਮ ਦੇ ਪਾਪ ਕਰਮ ਦੂਰ ਹੁੰਦੇ ਹਨ ਅਤੇ ਗੰਗਾ ਜੀ ਦੇ ਵਿਚ ਸ਼ਰਧਾ ਭਾਵ ਨਾਲ ਸਨਾਤਾ=ਇਸ਼ਨਾਨ ਕਰਨ ਨਾਲ ਸਹਸ੍ਰਾਣਿ=ਹਜ਼ਾਰ ਜਨਮ ਦੇ ਪਾਪ ਕਰਮ ਦੂਰ ਹੁੰਦੇ ਹਨ। ਇਸ ਪ੍ਰਕਾਰ ਕਲਉਯੁਗੇ=ਕਲਯੁਗ ਵਿਖੇ ਗੰਗਾ ਮਾਤਾ ਆਪਣੇ ਦਾਸਾਂ ਦੇ ਪਾਪਾਂ ਨੂੰ ਹੰਤੀ=ਨਾਸ ਕਰਨ ਵਾਲੀ ਹੈ।

ਤਥਾ- 'ਪੀਓ ਹੀ ਗੰਗਾਹੰ ਹਰਤਾ ਮਿਰਗਾਹੰ ਪੁਨਰੇਵ ਨ ਚਾਗਾਹੰ ਯਦਿ ਚਾਪਿ ਚਾ ਗਾਹੰ।

ਕਰੇ ਰਥ ਗਾਹੰ ਸੈਨੰ ਭੁਯੰਗਮ ਜਾਣੀ ਬਿਹੰਗਮ ਚਰਨੇ ਚ ਗੰਗੰ।'

ਅਰਥ- ਜੋ ਗੰਗਾ ਦੇ ਪਵਿੱਤਰ ਜਲ ਨੂੰ ਪੀਂਦਾ ਹੈ, ਉਸ ਦਾ ਸਰੀਰ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ। ਜੇ ਸਰੀਰ ਧਾਰਨ ਦੀ ਲੋੜ ਪੈ ਵੀ ਜਾਵੇ ਤਾਂ ਉਹ ਸੁੰਦਰ ਵਿਸ਼ਨੂੰ ਦਾ ਰੂਪ ਧਾਰਦਾ ਹੈ। ਜਿਸ ਵਿਸ਼ਨੂੰ ਦੇ ਕਰੇ=ਹੱਥ ਵਿਚ ਸੁਦਰਸ਼ਨ ਚੱਕ੍ਰ ਹੈ? ਜਿਸ ਦੀ ਸੈਨੰ=ਸਿਹਜਾ ਭੁਯੰਗਮ=ਸ਼ੇਸ਼ਨਾਗ ਦੀ ਹੈ, ਜਾਣੀ=ਵਾਹਨ ਜਿਸ ਦਾ ਬਿਹੰਗਮ=ਗਰੁੜ ਪੰਛੀ ਹੈ ਤੇ ਗੰਗਾ ਜਿਸ ਦੇ ਚਰਨਾਂ ਵਿਚ ਰਹਿੰਦੀ ਹੈ।

ਤਥਾ- ''ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ

ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ॥''

(ਬਿਲਾਵਲ ਵਾਰ, ਪੰਨਾ ੮੫੫)

---

*ਇਹ ਪ੍ਰਸੰਗ ਸਕੰਧ ਪੁਰਾਣ ਵਿਚ ਲਿਖਿਆ ਹੈ।

ਇਹ ਸਲੋਕ ਪਦਮ ਪੁਰਾਣ ਤੇ ਪਤਾਲ ਖੰਡ ਪ੍ਰਯਾਗ ਮਹਾਤਮ ਵਿਚ ਲਿਖਿਆ ਹੈ।

''ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥''

(ਮਲਾਰ ਪੰਨਾ ੧੨੯੩)

''ਗੰਗਾ ਕੇ ਸੰਗਿ ਸਲਿਤਾ ਬਿਗਰੀ॥ ਸੋ ਸਲਿਤਾ ਗੰਗਾ ਹੋਇ ਨਿਬਰੀ॥''

(ਭੈਰਉ ਕਬੀਰ ਜੀ, ਪੰਨਾ ੧੧੫੮)

'ਯਾਵਤ ਅਸਥੀ ਅਨੁਸ਼ਸਜ ਗੰਗਾ ਤੋਇਸੁ ਤਿਸ਼ਠਤੀ।

ਤਾਵਤ ਵਰਸ਼ ਸਹਸ੍ਰਾਣੀ ਸੁਰਗ ਲੋਕੇ ਮਹੀਅਤੇ।

ਅਰਥ-ਯਾਵਤ=ਜਿਤਨਾ ਚਿਰ ਮਨੁੱਖ ਵੀ ਅਸਥੀ=ਹੱਡੀ ਗੰਗਾ ਤੋਇਸ਼ੁ=ਗੰਗਾ ਜਲ ਵਿਚ ਤਿਸ਼ਠਤੀ= ਇਸਥਿਤ ਹੁੰਦੀ ਹੈ। ਤਾਵਤ=ਉਤਨੇ ਸਹਸ੍ਰਾਣੀ=ਹਜ਼ਾਰੋਂ ਬਰਸ ਇਹ ਮਨੁੱਖ ਸਵਰਗ ਲੋਕ ਵਿਚ ਮਹੀਅਤੇ= ਵਡਿਆਈ ਸਤਿਕਾਰ ਦੇ ਸਹਿਤ ਰਹਿੰਦਾ ਹੈ।

ਤਥਾ- ''ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ॥

ਅਸਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ॥

ਨਦੀਆ ਨਾਲੇ ਵਾਹੜੇ ਮਿਲ ਗੰਗ ਗੰਗੋਵੈ॥''

(ਭਾਈ ਗੁਰਦਾਸ ਜੀ ਵਾਰ ੨, ਪਉੜੀ ੧੬)

ਜਦ ਕਿਤਨੇ ਹੀ ਸਾਲ ਸ਼ਿਵਾਂ ਦੇ ਮੱਥੇ ਉੱਪਰ ਰਹਿ ਕੇ ਗੰਗਾ ਜਲ ਵਿਖੇ ਇਸ਼ਨਾਨ ਕਰਦਾ ਰਿਹਾ ਤਦ ਗੰਗਾ ਜੀ ਨੇ ਚੰਦ੍ਰਮਾ ਦੇ ਪ੍ਰੇਮ ਨੂੰ ਵੇਖਕੇ ਅਤੇ ਉਸ ਦੀ ਸ਼ਰਧਾ ਭਗਤੀ ਉੱਪਰ ਪ੍ਰਸੰਨ ਹੋ ਕੇ ਕਿਹਾ ''ਵਰੰਞੁ=ਵਰ ਮੰਗ।'' ਤਾਂ ਚੰਦ੍ਰਮਾ ਨੇ ਕਿਹਾ, ''ਹੇ ਮਾਤਾ ! ਤੂੰ ਮੇਰਾ ਕਲੰਕ ਦੂਰ ਕਰ ਦੇਹ।''

ਇਹ ਗੱਲ ਸੁਣਕੇ ਮਾਤਾ ਗੰਗਾ ਨੇ ਕਿਹਾ, ਕਿ ਮੈਂ ਤੀਬਰ ਪ੍ਰਾਰਬਧ ਕੋਟੀ ਵਿਚ ਆਏ ਹੋਏ ਕਰਮ ਫਲ ਨੂੰ ਦੂਰ ਨਹੀਂ ਕਰ ਸਕਦੀ, ਇਸ ਵਾਸਤੇ ਤੂੰ ਕੋਈ ਹੋਰ ਵਰ ਮੰਗ ਲੈ।

ਚੰਦ੍ਰਮਾ ਨੇ ਕਿਹਾ-ਮੈਨੂੰ ਫਿਰ ਵਿਸ਼ਨੂੰ ਭਗਵਾਨ ਜੀ ਦੀ ਅਨਿਨ ਭਗਤੀ ਦਾ ਵਰ ਦੇਣਾ ਕਰ। ਗੰਗਾ ਨੇ ਕਿਹਾ-'ਤਥਾਅਸਤੂ।'

ਤਿਸ ਵੇਲੇ ਚੰਦ੍ਰਮਾ ਕਈ ਸਾਲ ਵਿਸ਼ਨੂੰ ਭਗਵਾਨ ਜੀ ਦੀ ਅਨਿਨ ਭਗਤੀ ਕਰਦਾ ਰਿਹਾ, ਜੋ ਅਨਿਨ ਭਗਤੀ ਵਿਸ਼ਨੂੰ ਮਹਾਰਾਜ ਜੀ ਨੂੰ ਅਤਿ ਪਿਆਰੀ ਹੈ।

ਯਥਾ- ਅਪੀ ਚੇਤ ਸੁ ਦੁਰਾਚਾਰੋ ਭਜਤੇ ਮਾਮ ਅਨੰਨਜ ਭਾਕ॥

ਸਾਧੂ ਰੇਵ ਸ ਮੰਤਵਜ: ਸਮਜਗ੍ਰ ਵਿਯਵਸਿਤੋ ਹਿ ਸਹ॥ ੩੦॥

(ਗੀਤਾ ਧਿਆਇ ੯)

ਹੇ ਅਰਜਨ ! ਚੇਤ=ਜੇ ਕੋਈ ਅਪੀ=ਨਿਸਚੇ ਕਰਕੇ ਦੁਰਾਚਾਰੀ ਭੀ ਹੋਵੇ ਤੇ ਅਨਿਨ ਭਾਵ ਨਾਲ ਮਾਮ=ਮੇਰਾ ਭਾਕ=ਭਗਤ ਹੋ ਕੇ ਮੈਨੂੰ ਇੱਕ ਰਸ ਭਜਦਾ ਹੈ। ਰੇਵ ਕਹੀਏ ਏਵ, ਏਵ=ਨਿਸਚੇ ਕਰਕੇ ਸ=ਉਸ ਨੂੰ ਸਾਧੂ ਰੂਪ ਹੀ ਮੰਤਵਜ=ਮੰਨਣਾ ਕਰੋ, ਕਿਉਂਕਿ ਸਹ=ਉਹ, ਹਿ=ਨਿਸਚੇ ਕਰਕੇ ਸਮਜਗ੍ਰ ਯਥਾਰਥ ਵਿਯਵਸਿਤੋ=ਵਿਸ਼ਵਾਸ, ਭਾਵ ਨਿਸ਼ਚੇ ਵਾਲਾ ਹੈ।

ਤਾਂ ਭਗਵਾਨ ਅਤੀ ਪ੍ਰਸੰਨ ਹੋਏ ਤੇ ਪ੍ਰਗਟ ਹੋ ਕੇ ਕਿਹਾ, ''ਵਰੰਞੁ=ਵਰ ਮੰਗ, ਕੀ ਚਾਹੁੰਦਾ ਹੈਂ?''

ਤਾਂ ਚੰਦ੍ਰਮਾ ਨੇ ਆਪਣੇ ਹਿਰਦੇ ਵਿਚ ਵਿਚਾਰਿਆ ਕਿ ਜੇ ਮੈਂ ਪਹਿਲਾਂ ਹੀ ਆਪਣੇ ਕਲੰਕ ਦੀ ਨਿਵਿਰਤੀ ਵਾਸਤੇ ਵਰ ਮੰਗਿਆ ਤਾਂ ਭਗਵਾਨ ਜੀ ਭੀ ਗੰਗਾ ਅਤੇ ਸ਼ਿਵਾਂ ਵਾਂਗ ਜਵਾਬ ਦੇ ਦੇਣਗੇ, ਇਸ ਵਾਸਤੇ ਮੈਂ ਕੋਈ ਹੋਰ ਹੀ ਵਰ ਮੰਗਾਂ। ਇਹ ਵਿਚਾਰਕੇ ਚੰਦ੍ਰਮਾ ਨੇ ਬੇਨਤੀ ਕੀਤੀ ਮਹਾਰਾਜ ! ਜੇ ਆਪ ਪ੍ਰਸੰਨ ਹੋਏ ਹੋ ਤਾਂ ਆਪ ਮੇਰੀ ਕੁਲ ਵਿਚ ਅਵਤਾਰ ਧਾਰਨਾ ਕਰੋ, ਅਰਥਾਤ ਚੰਦ੍ਰਬੰਸੀ ਕਹਾਉ।

ਤਾਂ ਭਗਵਾਨ ਜੀ ਨੇ ਕਿਹਾ, ਤਥਾਅਸਤੂ ਅਸੀਂ ਕ੍ਰਿਸ਼ਨ ਰੂਪ ਹੋ ਕੇ ਦੁਆਪਰ ਦੇ ਅੰਤ ਵਿਚ ਤੇਰੀ ਕੁਲ ਵਿਖੇ ਅਵਤਾਰ ਧਾਰਾਂਗੇ। ਓਹੀ ਗੱਲ ਭਗਤ ਜੀ ਹੁਣ ਪੰਗਤੀ ਵਿਚ ਸਪੱਸ਼ਟ ਕਰਦੇ ਹਨ-

ਕੁਲ ਜਨ ਮਧੇ ਮਿਲਿ੍ਹ ਸਾਰਗਪਾਨ ਰੇ॥

ਤਿਸ ਚੰਦ੍ਰਮਾ ਦੀ ਕੁਲ ਮਧੇ=ਕੁਲ ਵਿਖੇ ਸਾਰਗਪਾਨ=ਪ੍ਰਮਾਤਮਾ ਨੇ ਕ੍ਰਿਸ਼ਨ ਰੂਪ ਵਿਖੇ ਜਨ ਮਿਲਿ੍ਹ=ਜਨਮ ਭਾਵ ਅਵਤਾਰ ਲੈਣਾ ਕੀਤਾ। ਸੋ ਕ੍ਰਿਸ਼ਨ ਜੀ ਮਹਾਰਾਜ ਸੋਲਾਂ ਕਲਾਂ ਸੰਪੂਰਨ ਬੜੀ ਉੱਚੀ ਹਸਤੀ ਵਾਲੇ ਹੋਏ ਹਨ, ਜਿਨ੍ਹਾਂ ਨੇ ਗੋਕਲ ਦੀ ਰੱਖਿਆ ਵਾਸਤੇ ਆਪਣੀ ਚੀਚੀ ਉਂਗਲੀ ਉੱਪਰ ਗੁਵਰਧਨ ਪਰਬਤ ਚੁਕ ਕੇ ਇੰਦਰ ਦਾ ਮਾਨ ਦੂਰ ਕੀਤਾ ਹੈ।*

ਅਤੇ ਗੁਆਲਿਆਂ ਅਰ ਵੱਛਿਆਂ ਦੀ ਰੱਖਿਆ ਵਾਸਤੇ 'ਕਾਲੀਨਾਗ' ਨੂੰ ਮਥਿਆ ਹੈ ਫਿਰ ਦੁਹਸ਼ਾਸਨ ਦੀ ਸਭਾ ਵਿਚ ਨਗਨ ਹੋਣ ਤੋਂ ਸਾੜੀਆਂ ਦੁਆਰਾ ਦਰੋਪਤਾਂ ਦੀ ਲਾਜ ਰੱਖੀ ਅਤੇ ਰਾਜੇ ਕੰਸ ਦੀ ਮਾਲਣ ਜੋ ਕੁੱਬੀ ਸੀ, ਉਸ ਦੇ ਪੈਰ ਉੱਪਰ ਆਪਣਾ ਅੰਗੂਠਾ ਰੱਖਕੇ ਉਸ ਦੇ ਕੁਬ ਨੂੰ ਦੂਰ ਕੀਤਾ ਹੈ। ਇਤਿਆਦਿਕ ਅਨੇਕਾਂ ਕੌਤਕ ਕੀਤੇ *ਹਨ।

ਜਦ ਵਿਸ਼ਨੂੰ ਭਗਵਾਨ ਜੀ ਚੰਦ੍ਰਮਾ ਕੁਲ ਵਿਚ ਕ੍ਰਿਸ਼ਨ ਰੂਪ ਹੋ ਕੇ ਪ੍ਰਗਟ ਹੋਏ ਤਾਂ ਚੰਦ੍ਰਮਾ ਨੇ ਆ ਕੇ ਬੇਨਤੀ ਕੀਤੀ-ਮਹਾਰਾਜ ! ਮੇਰਾ ਕਲੰਕ ਦੂਰ ਕਰੋ। ਤਾਂ ਭਗਵਾਨ ਨੇ ਕਿਹਾ-ਹੇ ਚੰਦ੍ਰਮਾ ! ਜੋ ਪ੍ਰਾਰਬਧ ਕੋਟੀ ਵਿਚ ਕਰਮ ਆ ਚੁਕਾ ਹੈ ਉਸਨੂੰ ਮੈਂ ਭੀ ਦੂਰ ਨਹੀਂ ਕਰ ਸਕਦਾ ਉਹ ਤੈਨੂੰ ਭੋਗਣਾ ਹੀ ਪਵੇਗਾ, ਕਿਉਂਕਿ ਤੇਰਾ ਇਹ ਕੋਈ ਤੀਬਰ ਕਰਮ ਐਸਾ ਕੀਤਾ ਹੋਇਆ ਹੈ ਜਿਸਨੂੰ ਕੋਈ ਦੂਰ ਨਹੀਂ ਕਰ ਸਕਦਾ। ਜੇਕਰ ਮੈਂ ਭੀ ਭਾਦਰੋਂ ਸੁਦੀ ਚੌਥ ਦਾ ਚੰਦ੍ਰਮਾ ਦੇਖ ਲਵਾਂ ਤਾਂ ਉਮੀਦ ਹੈ ਮੈਂ ਭੀ ਕਲੰਕਤ ਹੋ ਜਾਵਾਂਗਾ। ਸਮਾਂ ਪਾ ਕੇ ਓਹੀ ਗੱਲ ਬਣ ਗਈ।

ਇੱਕ ਸਮੇਂ ਕ੍ਰਿਸ਼ਨ ਭਗਵਾਨ ਜੀ ਨੂੰ ਭਾਦਰੋਂ ਸੁਦੀ ਚੌਥ ਦੇ ਚੰਦ੍ਰਮਾ ਦਾ ਦਰਸ਼ਨ ਹੋ ਗਿਆ ਤਾਂ ਸਤ੍ਰਾਜਿਤ ਜਾਦਵ ਨੇ ਭਗਵਾਨ ਜੀ ਨੂੰ ਮਣੀ ਚੁਰਾਉਣ ਦਾ ਕਲੰਕ ਲਗਾ ਦਿੱਤਾ। ਉਹ ਪ੍ਰਸੰਗ ਇਸ ਤਰ੍ਹਾਂ ਹੈ-

ਇੱਕ ਸਮੇਂ ਸਤ੍ਰਾਜਿਤ ਜਾਦਵ ਨੇ ਸੂਰਜ ਦੀ ਭਾਰੀ ਤਪੱਸਿਆ ਕਰ ਕੇ ਇੱਕ ਮਣੀ ਪਰਾਪਤ ਕੀਤੀ, ਜਿਸ ਮਣੀ ਦਾ ਪ੍ਰਕਾਸ਼ ਸੂਰਜ ਸਮਾਨ ਸੀ।

---

*ਇਹ ਪ੍ਰਸੰਗ ਦਸਮ ਗ੍ਰੰਥ ਬਚਿੱਤ੍ਰ ਨਾਟਕ ਕ੍ਰਿਸ਼ਨਾਵਤਾਰ ਵਿਚ ੩੩੫ ਦੋਹਿਰੇ ਤੋਂ ਸ਼ੁਰੂ ਹੁੰਦਾ ਹੈ। ਜੋ ਭਾਗਵਤ ਦੇ ਦਸਵੇਂ ਸਕੰਧ ਵਿਚ ਪ੍ਰਸਿੱਧ ਹਨ।

''ਇਤ ਸੂਰਜ ਸੇਵਾ ਕਰੀ ਸਤ੍ਰਾਜਿਤ ਬਲਵਾਨ॥
ਰਵਿ ਤਿਹ ਕੇ ਤਬ ਮਨਿ ਦਈ ਉੱਜਲ ਆਪ ਸਮਾਨ'॥ ੨੦੩੬॥

(ਦਸਮ ਗ੍ਰੰਥ, ਪੰਨਾ ੫੧੨)

ਉਸ ਮਣੀ ਨੂੰ ਸਦਾ ਹੀ ਪ੍ਰਾਣਾਂ ਤੋਂ ਪਿਆਰੀ ਜਾਣਕੇ ਆਪਣੇ ਪਾਸ ਰੱਖਦਾ ਸੀ। ਇੱਕ ਦਿਨ ਉਸ ਮਣੀ ਨੂੰ ਆਪਣੇ ਗਲ ਵਿਚ ਪਾ ਕੇ ਕ੍ਰਿਸ਼ਨ ਭਗਵਾਨ ਜੀ ਪਾਸ ਗਿਆ ਤਾਂ ਜਾਦਵਾਂ ਨੇ ਦੂਰੋਂ ਵੇਖਕੇ ਕਿਹਾ, ਮਹਾਰਾਜ ਜੀ ! ਆਪ ਜੀ ਦੇ ਦਰਸ਼ਨਾਂ ਨੂੰ ਸੂਰਜ ਆ ਰਿਹਾ ਹੈ।

ਜਿਸ ਵੇਲੇ ਸਤ੍ਰਾਜਿਤ ਪਾਸ ਆ ਕੇ ਪਹੁੰਚਿਆ ਤਾਂ ਕ੍ਰਿਸ਼ਨ ਜੀ ਨੇ ਦੇਖਕੇ ਕਿਹਾ, ਇਹ ਸੂਰਜ ਨਹੀਂ, ਪਰ ਸੂਰਜ ਦੇ ਸਮਾਨ ਪ੍ਰਕਾਸ਼ ਵਾਲੀ ਮਣੀ ਹੈ। ਉਸ ਦੀ ਸੋਭਾ ਦੇਖ ਕੇ ਸਾਰੇ ਜਾਦਵ ਕ੍ਰਿਸ਼ਨ ਜੀ ਸਮੇਤ ਮੋਹਤ ਹੋ ਗਏ ਅਰ ਜਾਦਵਾਂ ਦੀ ਪ੍ਰੇਰਨਾਂ ਅਨੁਸਾਰ ਕ੍ਰਿਸ਼ਨ ਭਗਵਾਨ ਜੀ ਨੇ ਮਣੀ ਦੀ ਮੰਗ ਕਰ ਦਿੱਤੀ, ਪਰੰਤੂ ਸਤ੍ਰਾਜਿਤ ਨੇ ਅੱਗੋਂ ਕੋਈ ਉੱਤਰ ਨਾ ਦਿੱਤਾ, ਚੁੱਪ ਚੁਪਾਤੇ ਉੱਠ ਕੇ ਘਰ ਆ ਗਿਆ ਅਰ ਆਪਣੇ ਭਾਈ 'ਪ੍ਰਸੇਨ' ਨੂੰ ਸਾਰੀ ਗੱਲ ਆ ਕੇ ਦੱਸੀ ਕਿ ਕ੍ਰਿਸ਼ਨ ਜੀ ਨੇ ਅੱਜ ਮੇਰੇ ਪਾਸੋਂ ਮਣੀ ਦੀ ਮੰਗ ਕੀਤੀ ਹੈ, ਪਰ ਮੈਂ ਜਵਾਬ ਕੋਈ ਨਹੀਂ ਦਿੱਤਾ, ਚੁੱਪ ਕਰਕੇ ਆ ਗਿਆ ਹਾਂ, ਤਾਂ ਇਹ ਗੱਲ ਸੁਣਕੇ **'ਪ੍ਰਸੇਨ'** ਨੇ ਸਤ੍ਰਾਜਿਤ ਪਾਸੋਂ ਮਣੀ ਲੈ ਕੇ ਆਪਣੇ ਪਾਸ ਰੱਖ ਲਈ ਕਿ ਮਤਾਂ ਇਸ ਪਾਸੋਂ ਕ੍ਰਿਸ਼ਨ ਜੀ ਖੋਹ ਨਾ ਲੈਣ। ਪ੍ਰਸੇਨ ਭੀ ਮਣੀ ਨੂੰ ਹਰਦਮ ਆਪਣੇ ਪਾਸ ਹੀ ਰੱਖਦਾ ਸੀ।

ਇੱਕ ਦਿਨ ਪ੍ਰਸੇਨ (ਘੋੜੇ ਉੱਪਰ ਅਸਵਾਰ ਹੋ ਕੇ) ਸ਼ਿਕਾਰ ਖੇਡਣ ਗਿਆ ਤਾਂ ਉਸ ਮਣੀ ਨੂੰ ਪੱਗ ਪੱਲੇ ਕੰਨ੍ਹਕੇ ਨਾਲ ਲੈ ਗਿਆ। ਅੱਗੇ ਜੰਗਲ ਵਿਚ ਜਾਂਦਿਆਂ ਉਸ ਦਾ ਸ਼ੇਰ ਨਾਲ ਮੁਕਾਬਲਾ ਹੋ ਗਿਆ। ਸ਼ੇਰ ਪ੍ਰਸੇਨ ਨੂੰ ਤੇ ਘੋੜੇ ਨੂੰ ਮਾਰਕੇ ਪ੍ਰਸੇਨ ਵਾਲੀ ਪੱਗ ਨੂੰ ਮਣੀ ਸਮੇਤ ਕੋਈ ਖਾਣ ਵਾਲੀ ਚੀਜ਼ ਜਾਣਕੇ ਮੂੰਹ ਵਿਚ ਲੈ ਕੇ ਤੁਰ ਪਿਆ ਅੱਗੋਂ ਸ਼ੇਰ ਨੂੰ ਜਾਮਵੰਤ (ਭਾਲੂ) ਮਿਲ ਪਿਆ। ਓਥੇ ਦੋਹਾਂ ਦਾ ਆਪਸ ਵਿਚ ਬੜਾ ਭਾਰੀ ਮੁਕਾਬਲਾ ਹੋਇਆ। ਆਖਰ ਜਾਮਵੰਤ ਨੇ ਸ਼ੇਰ ਨੂੰ ਮਾਰ ਲਿਆ ਅਰ ਮਣੀ ਸਮੇਤ ਪੱਗ ਨੂੰ ਲੈ ਕੇ ਆਪਣੀ ਗੁਫਾ ਵਿਚ ਵੜ ਗਿਆ।

ਇਸ ਤਰਫ ਜਦ ਪ੍ਰਸੇਨ ਘਰ ਨਾ ਆਇਆ ਤਾ ਸਤ੍ਰਾਜਿਤ ਨੂੰ ਬੜਾ ਭਾਰੀ ਫਿਕਰ ਹੋ ਗਿਆ! ਬਹੁਤ ਸਾਰੀ ਤਲਾਸ਼ ਕਰਨ ਤੋਂ ਬਾਅਦ ਜਦ ਪਤਾ ਨਾ ਲੱਗਾ ਤਾਂ ਉਸ ਦੇ ਮਨ ਵਿਚ ਇਹ ਨਿਸਚਾ ਹੋ ਗਿਆ ਕਿ ਮੇਰੇ ਭਾਈ ਪ੍ਰਸੇਨ ਨੂੰ ਕ੍ਰਿਸ਼ਨ ਭਗਵਾਨ ਨੇ ਮਣੀ ਲੈਣ ਦੇ ਲਾਲਚ ਕਰਕੇ ਮਾਰ ਦਿੱਤਾ ਹੋਣਾ ਹੈ। ਭਰਾ ਦੇ ਵਿਯੋਗ ਕਰਕੇ ਜਦ ਬਹੁਤ ਉਦਾਸ ਹੋ ਗਿਆ ਤਾਂ ਘਰ ਵਾਲੀ ਨੇ ਪੁੱਛਿਆ-ਪਤੀ ਦੇਵ ਜੀ ! ਕੀ ਕਾਰਨ ਹੈ? ਕਈ ਦਿਨਾਂ ਤੋਂ ਆਪ ਜੀ ਦਾ ਚਿੱਤ ਕਿਉਂ ਉਦਾਸ ਹੈ? ਤੁਹਾਡੇ ਮਨ ਵਿਚ ਕੀ ਚਿੰਤਾ ਹੈ?

ਸਤ੍ਰਾਜਿਤ ਨੇ ਕਿਹਾ-ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਮੇਰੇ ਭਰਾ ਨੂੰ ਮਣੀ ਦੇ ਲਾਲਚ ਵਿਚ ਆ ਕੇ ਕ੍ਰਿਸ਼ਨ ਜੀ ਨੇ ਮਾਰ ਦਿੱਤਾ ਹੈ, ਕਿਉਂਕਿ ਮੈਂ ਬਥੇਰਾ ਲੱਭ ਚੁੱਕਾ ਹਾਂ, ਪਰ ਉਹ ਲੱਭਣ ਵਿਚ ਨਹੀਂ ਆਉਂਦਾ। ਇਹ ਗੱਲ ਸੁਣਕੇ ਉਸ ਨੇ ਅੱਗੋਂ ਆਪਣੀਆਂ ਸਹੇਲੀਆਂ ਪਾਸ ਦੱਸ ਦਿੱਤੀ। ਸਹੇਲੀਆਂ ਨੇ ਅੱਗੋਂ ਆਪ ਆਪਣੀ ਘਰੀ ਕਹਿ ਦਿੱਤੀ। ਇਸ ਤਰ੍ਹਾਂ ਚਲਦੀ ਚਲਦੀ ਇਹ ਗੱਲ ਕ੍ਰਿਸ਼ਨ ਜੀ ਪਾਸ

ਜਾ ਪਹੁੰਚੀ ਕਿ ਸਤ੍ਰਾਜਿਤ ਨੇ ਅਸਾਡੇ ਉੱਪਰ ਆਪਣੇ ਭਰਾ ਦੀ ਮੌਤ ਤੇ ਚੋਰੀ ਦਾ ਕਲੰਕ ਲਗਾ ਦਿਤਾ ਹੈ।

ਉਸ ਵੇਲੇ ਕ੍ਰਿਸ਼ਨ ਜੀ ਇਸ ਕਲੰਕ ਨੂੰ ਦੂਰ ਕਰਨ ਵਾਸਤੇ ਜਿਸ ਪਾਸੇ ਪ੍ਰਸੇਨ ਸ਼ਿਕਾਰ ਖੇਡਣ ਗਿਆ ਸੀ, ਉਸੇ ਪਾਸੇ ਉਸ ਦੀ ਤਲਾਸ਼ ਵਾਸਤੇ ਚਲ ਪਏ। ਅੱਗੇ ਜੰਗਲ ਵਿਚ ਜਾਂਦਿਆਂ ਹੋਇਆਂ ਪ੍ਰਸੇਨ ਦੀ ਲਾਸ਼ ਪਈ ਦੇਖੀ ਅਰ ਸ਼ੇਰ ਦੇ ਪੈਰਾਂ ਦੇ ਖੁਰ ਦੇਖੇ, ਇਸ ਤੋਂ ਨਿਸਚੇ ਹੋ ਗਿਆ ਕਿ ਇਸ ਨੂੰ ਸ਼ੇਰ ਨੇ ਮਾਰ ਦਿੱਤਾ ਹੈ। ਉਸ ਤੋਂ ਅੱਗੇ ਗਏ ਤਾਂ ਸ਼ੇਰ ਭੀ ਮਰਿਆ ਪਿਆ ਦੇਖਿਆ ਤੇ ਭਾਲੂ ਦੇ ਪੈਰਾਂ ਦੇ ਨਿਸ਼ਾਨ ਦੇਖੇ, ਜਿਸ ਤੋਂ ਨਿਸਚੇ ਹੋ ਗਿਆ ਕਿ ਇਸ ਜਗ੍ਹਾ ਸ਼ੇਰ ਦਾ ਤੇ ਭਾਲੂ ਦਾ ਆਪਸ ਵਿਚ ਟਾਕਰਾ ਹੋਇਆ ਹੈ ਤੇ ਭਾਲੂ ਨੇ ਸ਼ੇਰ ਨੂੰ ਮਾਰ ਦਿੱਤਾ ਹੈ। ਤਦ ਉਸ ਦੇ ਖੁਰੇ ਨੂੰ ਲੈ ਕੇ ਕ੍ਰਿਸ਼ਨ ਜੀ ਚਲਦੇ ਗਏ। ਚਲਦਿਆਂ ਚਲਦਿਆਂ ਇੱਕ ਪਹਾੜ ਦੀ ਗੁਫਾ ਵਿਚ ਜਾ ਵੜੇ, ਉਸ ਗੁਫਾ ਵਿਚ ਸੂਰਜ ਸਮਾਨ ਪ੍ਰਕਾਸ਼ ਹੋ ਰਿਹਾ ਸੀ। ਜਾਂ ਅੱਗੇ ਗਏ ਤਾਂ ਉਹ ਮਣੀ ਵੇਖ ਲਈ ਤੇ ਜਾਮਵੰਤ ਭਾਲੂ ਨੇ ਕ੍ਰਿਸ਼ਨ ਜੀ ਨੂੰ ਜਦ ਗੁਫਾ ਵਿਚ ਆਉਂਦਾ ਦੇਖਿਆ ਤਾਂ ਉਹ ਬੜਾ ਕ੍ਰੋਧਵਾਨ ਹੋ ਗਿਆ। ਫਿਰ ਦੋਹਾਂ ਦੀ ਆਪਸ ਵਿਚ ਬੜੀ ਲੜਾਈ ਸ਼ੁਰੂ ਹੋ ਗਈ। ਲਗਾਤਾਰ ੨੮ ਦਿਨ ਜੰਗ ਹੁੰਦਾ ਰਿਹਾ। ਦੋਹਾਂ ਵਿਚੋਂ ਕੋਈ ਭੀ ਨਾ ਹਾਰਿਆ, ਆਖਿਰ ਕ੍ਰਿਸ਼ਨ ਜੀ ਨੇ ਵਿਚਾਰਿਆ ਕਿ ਇਹ ਸ੍ਰੀ ਰਾਮਚੰਦਰ ਜੀ ਦਾ ਉਪਾਸ਼ਕ ਹੈ, ਓਹੀ ਰੂਪ ਧਾਰੀਏ ਤਾਂ ਇਹ ਨਿਵੇਂਗਾ ਤੇ ਜੰਗ ਦੀ ਸਮਾਪਤੀ ਹੋਵੇਗੀ।

ਇਉਂ ਵਿਚਾਰਕੇ ਜਦ ਕ੍ਰਿਸ਼ਨ ਜੀ ਨੇ ਸ੍ਰੀ ਰਾਮਚੰਦਰ ਜੀ ਦਾ ਰੂਪ ਧਾਰਿਆ ਤਾਂ ਜਾਮਵੰਤ (ਭਾਲੂ) ਸਭ ਹਥਿਆਰ ਛੱਡ ਕੇ ਚਰਨਾਂ ਉੱਪਰ ਡਿਗ ਪਿਆ। ਆਪਣੇ ਕੀਤੇ ਵਧੀਕ ਕਰਮ ਦੀ ਮੁਆਫੀ ਮੰਗੀ ਅਰ ਆਪਣੀ ਲੜਕੀ ਜਾਮਵੰਤੀ ਦਾ ਵਿਆਹ ਕ੍ਰਿਸ਼ਨ ਜੀ ਦੇ ਨਾਲ ਕਰ ਦਿੱਤਾ। ਵਿਆਹ ਸਮੇਂ ਉਸ ਮਣੀ ਨੂੰ ਦਾਜ ਵਿਚ ਰੱਖਕੇ ਕ੍ਰਿਸ਼ਨ ਜੀ ਨੂੰ ਅਰਪਣ ਕਰ ਦਿਤਾ। ਜਾਮਵੰਤੀ ਤੇ ਮਣੀ ਨੂੰ ਲੈ ਕੇ ਕ੍ਰਿਸ਼ਨ ਜੀ ਆਪਣੇ ਮੰਦਰਾਂ ਵਿਚ ਆ ਗਏ ਤੇ ਸਤ੍ਰਾਜਿਤ ਨੂੰ ਆਪਣੇ ਪਾਸ ਬੁਲਾ ਕੇ ਪ੍ਰਸੇਨ ਦੇ ਮਰਨ ਦਾ ਤੇ ਮਣੀ ਗੁਆਚਣ ਦਾ ਸਾਰਾ ਹਾਲ ਸੁਣਾ ਕੇ ਉਹ ਮਣੀ ਸਤ੍ਰਾਜਿਤ ਨੂੰ ਵਾਪਸ ਦੇ ਕੇ ਕਿਹਾ ਕਿ ਤੈਨੇ ਐਵੇਂ ਹੀ ਬਿਨਾਂ ਕਾਰਨ ਤੋਂ ਅਸਾਨੂੰ ਦੋਸ਼ ਲਗਾਉਣਾ ਕੀਤਾ ਹੈ, ਤੇਰੇ ਲਈ ਇਹ ਚੰਗਾ ਨਹੀਂ। ਉਸ ਵੇਲੇ ਸਤ੍ਰਾਜਿਤ ਨੇ ਸ਼ਰਮਸਾਰ ਹੋ ਕੇ ਮਣੀ ਲੈ ਲਈ ਅਰ ਆਪਣੀ ਗਲਤੀ ਮਹਿਸੂਸ ਕਰਦਿਆਂ ਹੋਇਆਂ ਬੜਾ ਭਾਰੀ ਪਸਚਾਤਾਪ ਕੀਤਾ। ਬਾਅਦ ਵਿਚ ਕ੍ਰਿਸ਼ਨ ਜੀ ਦੀ ਪ੍ਰਸੰਨਤਾ ਲੈਣ ਵਾਸਤੇ ਸਤ੍ਰਾਜਿਤ ਨੇ ਆਪਣੀ ਲੜਕੀ 'ਸਤਭਾਮਾ' ਦਾ ਵਿਆਹ ਕ੍ਰਿਸ਼ਨ ਜੀ ਨਾਲ ਕਰ ਦਿਤਾ। ਮਣੀ ਭੀ ਦਾਜ ਵਿਚ ਰੱਖ ਕੇ ਕ੍ਰਿਸ਼ਨ ਜੀ ਨੂੰ ਅਰਪਣ ਕਰ ਦਿਤੀ, ਪਰੰਤੂ ਉਹ ਮਣੀ ਕ੍ਰਿਸ਼ਨ ਜੀ ਨੇ ਆਪਣੇ ਪਾਸ ਨਹੀਂ ਰੱਖੀ, ਇਹ ਗੱਲ ਕਹਿਕੇ ਉਸ ਨੂੰ ਵਾਪਸ ਦੇ ਦਿੱਤੀ ਕਿ ਤੈਨੇ ਸੂਰਜ ਦੀ 'ਉਪਾਸਨਾ ਕਰਕੇ ਲੀਤੀ ਹੈ, ਦੇਵਤੇ ਦੀ ਦਿੱਤੀ ਹੋਈ ਵਸਤੂ ਨੂੰ ਅਸੀਂ ਅੰਗੀਕਾਰ ਨਹੀਂ ਕਰਦੇ। ਇਸ ਤਰ੍ਹਾਂ ਨਾਲ ਮਣੀ ਵਾਪਸ ਦੇ ਕੇ ਤੇ ਸਤਭਾਮਾ ਨੂੰ ਨਾਲ ਲੈ ਕੇ ਆਪਣੇ ਮੰਦਰਾਂ ਵਿਚ ਆ ਪਹੁੰਚੇ।

ਇਸ ਸਾਰੇ ਪਰਸੰਗ ਦੇ ਕਹਿਣ ਦਾ ਭਾਵ ਇਹ ਹੈ ਕਿ ਚਾਹੇ ਕੋਈ ਭੀ ਪੁਰਸ਼ ਭਾਦਰੋਂ ਸੁਦੀ ਚੌਥ ਦੇ ਚੰਦਰਮਾ ਨੂੰ ਦੇਖ ਲਏ ਤਾਂ ਉਸ ਨੂੰ ਕੋਈ ਨਾ ਕੋਈ ਕਲੰਕ ਜ਼ਰੂਰ ਲੱਗ ਜਾਂਦਾ ਹੈ, ਜਿਵੇਂ ਕ੍ਰਿਸ਼ਨ ਜੀ ਨੂੰ ਲੱਗਾ ਹੈ।

ਯਥਾ-'ਚਾਂਦ ਚੌਥ ਕੋ ਦੇਖਿਓ ਮੋਹਨ ਭਾਦਰੋਂ ਮਾਸ।

ਤਾਂ ਤੇ ਲਗਿਓ ਕਲੰਕ ਜਿਹ ਮਨ ਅਤਿ ਭਯੋ ਉਦਾਸ।'

ਹੁਣ ਕਲੰਕ ਦੀ ਨਵਿਰਤੀ ਦਾ ਉਪਾਵ ਭੀ ਦੱਸਦੇ ਹਨ-

'ਜੋ ਭਾਦਰੋਂ ਕੀ ਚੌਥ ਕੋ ਚਾਂਦ ਨਿਹਾਰੇ ਕੋਇ।

ਯਿਹ ਪ੍ਰਸੰਗ ਸ੍ਰਵਨ ਸੁਨੇ ਤਾਹਿ ਕਲੰਕ ਨ ਹੋਇ।'

(ਭਾਗਵਤ ਪੁਰਾਣ ੧੦ ਸਕੰਧ ਧਿਆ ੫੭)*

ਕਰਮ ਕਰਿ ਕਲੰਕੁ ਮਫੀਟਸਿ ਰੀ॥ ੧॥

ਪਰੰਤੂ ਰੀ=ਹੇ ਸੁਭਦਰੇ ! ਉਸ ਚੰਦ੍ਰਮਾ ਨੇ ਕੋਈ ਐਸਾ ਮੰਦ ਕਰਮ ਕੀਤਾ ਹੈ ਜਿਸ ਕਰਕੇ ਉਸ ਦਾ ਕਲੰਕ ਬਹੁਤ ਸਾਰੇ ਯਤਨਾਂ ਦੇ ਕਰਨ ਤੋਂ ਬਾਅਦ ਭੀ ਮਫੀਟਸਿ=ਅਮਿਟ ਹੀ ਰਿਹਾ॥ ੧॥

ਭਗਤਣੀ ਨੇ ਕਿਹਾ, ''ਸੁਆਮੀ ਜੀ ! ਚੰਦ੍ਰਮਾ ਨੇ ਐਸਾ ਕੀ ਕਰਮ ਕੀਤਾ ਹੈ ਜੋ ਇਤਨੇ ਯਤਨਾਂ ਦੇ ਕਰਨ ਨਾਲ ਭੀ ਨਹੀਂ ਮਿਟਿਆ?'' ਤਾਂ ਭਗਤ ਜੀ ਨੇ ਕਿਹਾ-

ਪਹਿਲਾ ਭਾਵ-ਇੱਕ ਸਮੇਂ ਦੇਵ ਲੋਕ ਦੇ ਰਾਜੇ ਇੰਦਰ ਨੇ ਜਦ ਚੰਦ੍ਰਮਾ ਪਾਸੋਂ ਗੌਤਮ ਰਿਖੀ ਦੀ ਇਸਤ੍ਰੀ ਅਹਿਲਿਆ ਦੀ ਸਿਫਤ ਸੁਣਕੇ ਉਸ ਦੇ ਸੁੰਦਰ ਚੇਹਰੇ ਮੋਹਰੇ ਨੂੰ ਦੇਖਿਆ ਤਾਂ ਕਾਮ ਵਸ ਹੋਣ ਨਾਲ ਇੰਦਰ ਨੂੰ ਸਭ ਸੁੱਧ ਬੁੱਧ ਭੁੱਲ ਗਈ।

ਦੋਹਰਾ-'ਦਿਖਤ ਦੀਪ ਦੁਤਿ ਬਪੁ ਪਿਖੀ ਬਾਸਵ ਭਯੋ ਪਤੰਗ** ॥

ਕਾਮ ਸਿੰਘ ਗਰਜਨ ਕਰਾ ਧੀਰਜ ਭਯੋ ਕੁਰੰਗ*** ॥ ੪੩ ॥'

ਇੰਦਰ ਨੇ ਚੰਦ੍ਰਮਾ ਤੋਂ ਪੁੱਛਿਆ, ਕਿ ਅਹਿਲਿਆ ਨਾਲ ਮਿਲਾਪ ਕਿਸ ਵਜ੍ਹਾ ਨਾਲ ਹੋ ਸਕਦਾ ਹੈ?

ਚੰਦ੍ਰਮਾ ਨੇ ਕਿਹਾ-ਹੇ ਰਾਜਨ ! ਉਸ ਦਾ ਪਤੀ (ਗੌਤਮ ਰਿਖੀ) ਕੁੱਕੜ ਦੀ ਬਾਂਗ ਸੁਣ ਕੇ ਅੰਮ੍ਰਿਤ ਵੇਲੇ ਉੱਠਕੇ ਪਹਿਰ ਰਾਤ ਰਹਿੰਦੀ ਨੂੰ ਗੋਦਾਵਰੀ ਗੰਗਾ ਵਿਚ ਇਸ਼ਨਾਨ ਕਰਨ ਜਾਂਦਾ ਹੈ। ਉਸ ਵੇਲੇ ਤੋਂ ਬਗੈਰ ਉਸ ਦੇ ਇਕੱਲੇ ਹੋਣ ਦਾ ਹੋਰ ਕੋਈ ਸਮਾਂ ਨਹੀਂ।

ਇੰਦਰ ਨੇ ਕਿਹਾ-ਹੇ ਚੰਦ੍ਰਮਾ ! ਤੂੰ ਮੇਰੀ ਮੱਦਦ ਕਰ। ਰਿਖੀ ਦੇ ਉੱਠਣ ਸਮੇ ਤੋਂ ਪਹਿਲਾਂ ਹੀ ਤੂੰ ਕੁੱਕੜ ਬਣਕੇ ਬਾਂਗ ਦੇਵੀਂ।

ਰਾਜੇ ਇੰਦ੍ਰ ਦਾ ਕਹਿਣਾ ਮੰਨਕੇ ਚੰਦ੍ਰਮਾ ਨੇ ਦੂਜੀ ਰਾਤ ਕੁੱਕੜ ਦਾ ਰੂਪ ਧਾਰ ਕੇ ਅੱਧੀ ਰਾਤ ਨੂੰ ਜਾ ਬਾਂਗ ਦਿੱਤੀ। ਉਸ ਨੂੰ ਸੁਣ ਕੇ ਗੌਤਮ ਰਿਖੀ ਉੱਠ ਕੇ ਪਰਨਾ ਲੈ ਕੇ ਇਸ਼ਨਾਨ ਕਰਨ ਤੁਰ ਪਿਆ। ਪਿੱਛੋਂ ਇੰਦਰ ਨੇ ਆ ਕੇ ਅਹਿਲਿਆ ਨਾਲ ਮਿਲ ਕੇ ਮਨ ਭਾਉਂਦੀਆਂ ਖੁਸ਼ੀਆਂ ਕੀਤੀਆਂ।

---

*ਇਹ ਸਾਰਾ ਪ੍ਰਸੰਗ ਦਸਮੇਸ਼ ਪਿਤਾ ਜੀ ਨੇ ਭੀ ਸੰਖੇਪ ਨਾਲ ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ ਵਿਚ ਕਥਨ ਕੀਤਾ ਹੈ। ਪੰਨਾ ੪੧੨, ੨੦੩੫ ਦੋਹਰੇ ਤੋਂ ਹੁੰਦਾ ਹੈ।

**ਅਹਿਲਿਆ ਦੇ (ਬਪੁ) ਸਰੀਰ ਦੀ ਸੁੰਦਰਤਾ ਦੀਵੇ ਦੇ (ਦਿਪਤ) ਪ੍ਰਕਾਸ਼ ਵਾਂਗ ਵੇਖੀ (ਬਾਸਵ) ਇੰਦਰ (ਪਤੰਗ) ਭੰਬਟ ਹੋ ਗਿਆ। ***ਹਰਨ।

'ਮਿਲਿ ਮਯੰਕ[੧] ਸੰਗ ਘਾਤ[੨] ਬਿਚਾਰੀ। ਗਮਨੇ ਅਰਧ ਰਾਤ੍ਰਿ ਛਲ ਧਾਰੀ।
ਅਰਨਚੂੜ[੩] ਕੋ ਤਨੁ ਸ਼ਸ਼ਿ ਭਯੋ। ਜਾਇ ਸਮੀਪ ਸ਼ਬਦ[੪] ਨਿਜ ਕਯੋ॥ ੪੬॥
ਗੋਤਮ ਲਖੀ ਭਈ ਅਬ ਪ੍ਰਾਤਾ। ਮੱਜਨ ਕਰਨ ਚਲਾ ਅਧਿ ਰਾਤਾ॥
ਸੁਨਾਸੀਰ ਲਖਿ ਸ਼ੂਨ ਨਿਸੰਕਾ[੫]। ਮਿਲਜੋ ਅਹਿਲਜਾ ਕੋ ਭਰਿ ਅੰਕਾ॥ ੪੭॥'

ਜਿਸ ਵੇਲੇ ਗੋਤਮ ਰਿਖੀ ਗੰਗਾ ਵਿਚ ਇਸ਼ਨਾਨ ਕਰਨ ਵੜਿਆ ਤਾਂ ਗੰਗਾ ਨੇ ਕਿਹਾ-ਰਿਖੀ ਜੀ ! ਤੁਹਾਡੇ ਇਸ਼ਨਾਨ ਦਾ ਵੇਲਾ ਨਹੀਂ ਹੈ, ਅਜੇ ਤਾਂ ਅੱਧੀ ਰਾਤ ਦਾ ਸਮਾਂ ਹੈ, ਤੁਹਾਡੇ ਘਰ ਚੋਰ ਆਇਆ ਹੋਇਆ ਹੈ, ਜਲਦੀ ਜਾਓ ਤੇ ਆਪਣੇ ਘਰ ਦੀ ਸੰਭਾਲ ਕਰੋ।

'ਗੋਤਮ ਕੋ ਸੁਧਿ ਸੁਰਸਰਿ ਦੀਨੀ। ਹਟਜੋ ਤਹਾਂ ਤੇ ਰਿਸ ਬਹੁ ਕੀਨੀ॥ ੪੮॥'

ਇਹ ਗੱਲ ਸੁਣਕੇ ਰਿਖੀ ਗਿੱਲਾ ਪਰਨਾ ਨਿਚੋੜਦਾ ਹੋਇਆ ਬੜੇ ਗੁੱਸੇ ਵਿਚ ਦੌੜਿਆ। ਘਰ ਦੇ ਪਾਸ ਪਹੁੰਚਕੇ ਦੇਖਿਆ* ਕਿ ਚੰਦ੍ਰਮਾ ਕੁੱਕੜ ਬਣਕੇ ਮੁਨਾਰੇ ਤੇ ਬੈਠਾ ਬੋਲ ਰਿਹਾ ਹੈ। ਸਾਰੀ ਸ਼ੈਤਾਨੀ ਚੰਦ੍ਰਮਾ ਦੀ ਜਾਣਕੇ ਗੁੱਸੇ ਵਿਚ ਆ ਕੇ ਬੜੇ ਜ਼ੋਰ ਨਾਲ ਗਿੱਲਾ ਪਰਨਾ ਚਲਾ ਕੇ ਮਾਰਿਆ ਅਤੇ ਉਸ ਨੂੰ ਦਾਗ ਦੇ ਸਹਿਤ, ਭਾਵ ਕਲੰਕਤ ਕਰ ਦਿੱਤਾ ਜਿਸ ਦੇ ਕਲੰਕ ਨੂੰ ਅੱਜ ਤੱਕ ਕੋਈ ਦੂਰ ਨਹੀਂ ਕਰ ਸਕਿਆ।**

---

*ਜੋ ਹਜ਼ੂਰ ਸਾਹਿਬ ਦੇ ਪਾਸ ਹੀ ਗੋਦਾਵਰੀ ਗੰਗਾ ਦੇ ਕੰਢੇ ਤੇ ਸੀ।

**ਇਸ ਤੋਂ ਅੱਗੇ ਸਾਖੀ ਇਸ ਤਰ੍ਹਾਂ ਹੈ:-

ਜਦੋਂ ਗੋਤਮ ਅੰਦਰ ਜਾਣ ਲਗਾ ਤਾਂ ਆਪਣੀ ਲੜਕੀ 'ਅੰਜਨੀ' ਨੂੰ ਪਹਿਰੇ ਤੇ ਖੜ੍ਹਿਆਂ ਦੇਖ ਕੇ ਪੁੱਛਿਆ ਕਿ ਅੰਦਰ ਕੌਣ ਹੈ?

ਅੰਜਨੀ ਨੇ ਹੌਲੀ ਜੇਹੀ ਅਵਾਜ਼ ਨਾਲ ਕਿਹਾ, 'ਮਾਜਾਰ'* ।

ਉਸ ਵੇਲੇ 'ਅੰਜਨੀ' ਨੂੰ ਆਪਣੀ ਮਾਂ ਅਹਿਲਿਆ ਦੇ ਪਾਪ ਕਰਮ ਵਿਚ ਮਿਲੀ ਜਾਣ ਕੇ ਰਿਖੀ ਨੇ ਸਰਾਪ ਦੇ ਦਿੱਤਾ ਕਿ-

'ਤੇਰੇ ਕੁਆਰੀ ਦੇ ਪੇਟੋਂ ਬੱਚਾ ਪੈਦਾ ਹੋਵੇਗਾ।' ਅੰਦਰ ਜਾ ਕੇ ਇੰਦਰ ਨੂੰ ਦੇਖਿਆ ਤਾਂ ਕਿਹਾ, ''ਤੂੰ ਇਤਨੀ ਬਿਭੂਤੀ ਪਾ ਕੇ ਵੀ ਤ੍ਰਿਪਤ ਨਹੀਂ ਹੋਇਆ ਅਤੇ ਰਿਖੀਆਂ ਦੇ ਘਰ ਦਾ ਭੀ ਲਿਹਾਜ਼ ਨਾ ਕੀਤਾ। ਜਾਹ ਤੇਰੇ ਸਰੀਰ ਉੱਪਰ ਹਜ਼ਾਰ 'ਭਗ' ਹੋ ਜਾਵੇ।'' ਰਿਖੀ ਪਾਸੋਂ ਸਰਾਪ ਦੇ ਬਚਨ ਸੁਣ ਕੇ ਇੰਦਰ ਦਾ ਸਰੀਰ ਫਿਟ ਗਿਆ, ਭਾਵ ਹਜ਼ਾਰ ਹੀ ਭਗ ਹੋ ਗਈ।

ਸਤਿਮੰਨੂ[੬] ਅਵਿਲੋਕਜੋ ਜਬ ਹੀ। ਕੋਪਿਕ ਰਿਖੀ ਸ੍ਰਾਪ ਦਿਯ ਤਬਹੀ।
ਇਕ ਭਗ ਕਾਰਨ ਇਹ ਠਾਂ ਆਯੋ। ਨਹੀਂ ਰਿਖਨ ਤੇ ਨੈਕੁ ਡਰਾਯੋ॥ ੪੯॥
ਭਗ ਸਹੰਸ੍ਰ[੭] ਹੋਵਹਿ ਤਨ ਤੇਰੇ। ਭਯੋ ਸ੍ਰਾਪ, ਨਹਿਂ ਜਾਵਹਿ ਡੇਰੇ।

(ਬਾਕੀ ਫੁਟਨੋਟ ਅਗਲੇ ਸਫੇ ਤੇ)

---

*ਮਾਜਾਰ ਦੇ ਕਈ ਅਰਥ ਹਨ-ਚੋਰ, ਬਿੱਲਾ ਅਤੇ ਮਾਂ ਦਾ ਯਾਰ ਭੀ ਬਣ ਸਕਦਾ ਹੈ।

੧ ਚੰਦ੍ਰਮਾ। ੨ ਦਾਉ। ੩ ਕੁੱਕੜ ਦਾ ਸਰੀਰ ਭਾਵ ਕੁੱਕੜ ਬਣ ਗਿਆ। ੪ ਅਵਾਜ਼ (ਬਾਂਗ) ਦੇਣਾ ਕੀਤੀ। ੫ ਇੰਦ੍ਰ (ਘਰ) (ਸੂਨ) ਖਾਲੀ (ਲਖਿ) ਜਾਣ ਕੇ ਨਿਸ਼ੰਕ ਹੋ ਕੇ। ੬ ਇੰਦ੍ਰ ਨੂੰ। ੭ ਹਜ਼ਾਰ।

ਇਸ ਸਾਰੀ ਵਾਰਤਾ ਦਾ ਭਾਵ ਇਹ ਹੈ ਕਿ ਗੌਤਮ ਰਿਖੀ ਦੇ ਗਿੱਲੇ ਪਰਨੇ ਵਾਲਾ ਦਾਗ, ਭਾਵ ਕਲੰਕ ਅਜ ਤਕ ਚੰਦਰਮਾ ਦਾ ਕੋਈ ਦੂਰ ਨਹੀਂ ਕਰ ਸਕਿਆ, ਸਗੋਂ ਹੋਰਨਾਂ ਨੂੰ ਭੀ ਕਲੰਕ ਲੱਗਾ ਹੈ।

(ਪਿਛਲੇ ਸਫੇ ਦੇ ਫੁਟਨੋਟ ਦੀ ਬਾਕੀ)

ਅਤਿ ਕਰੂਪ ਤਿਹ ਬਨਾ ਸਰੀਰਾ। ਜਸ ਅਘ, ਤਸ ਫਲ ਪਾਇ ਅਧੀਰਾ॥ ੫੦॥

(ਨਾਨਕ ਪ੍ਰਕਾਸ਼ ਉਤ੍ਰਾਰਧ ਧਿ: ੨੩)

ਉਸ ਸਮੇਂ ਆਪਣੇ ਆਪਣੇ ਕੀਤੇ ਕਰਮ ਨੂੰ ਯਾਦ ਕਰ ਕੇ ਰੋਣਾ ਕੀਤਾ।

'ਸਹੰਸਰ ਦਾਨ ਦੇ ਇੰਦ੍ਰ ਰੋਆਇਆ॥' (ਪੰਨਾ ੯੫੩)

''ਗੌਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧॥''

(ਪ੍ਰਭਾਤੀ ਮ: ੧, ਪੰਨਾ ੧੩੪੪)

ਆਪਣੀ ਇਸਤਰੀ ਅਹਿਲਿਆ ਨੂੰ ਕਿਹਾ, ''ਜਾਹ, ਪੱਥਰ ਜਾ ਕੇ ਬਣ। ਰਿਖੀਆਂ ਦੇ ਪਾਸ ਰਹਿ ਕੇ ਵੀ ਤੇਰੇ ਅੰਦਰੋਂ ਵਿਕਾਰਾਂ ਦੀ ਵਾਸ਼ਨਾਂ ਨਾ ਮਿਟੀ।''

ਅਹਿਲਿਆ ਨੇ ਬੇਨਤੀ ਕੀਤੀ, ਕਿ ਸੁਆਮੀ ਜੀ ! ਜਿਸ ਪਰਕਾਰ ਦਾ ਮੈਂਨੇ ਕਰਮ ਕੀਤਾ ਹੈ, ਉਸ ਦਾ ਫਲ ਤਾਂ ਆਪ ਜੀ ਦੇ ਸਰਾਪ ਦੁਆਰਾ ਮੈਨੂੰ ਅਵੱਸ਼ ਭੋਗਣਾ ਪਏਗਾ, ਪਰ ਇਹ ਦੱਸੋ ਉਸ ਪੱਥਰ ਜੂਨ ਤੋਂ ਮੇਰੀ ਕਲਿਆਣ ਕਦੋਂ ਹੋਵੇਗੀ?

ਗੌਤਮ ਰਿਖੀ ਨੇ ਕਿਹਾ, ਜਦੋਂ ਤ੍ਰੇਤੇ ਜੁਗ ਵਿਚ ਭਗਵਾਨ ਸ੍ਰੀ ਰਾਮਚੰਦਰ ਜੀ ਅਵਤਾਰ ਧਾਰਨਗੇ, ਉਹਨਾਂ ਦੇ ਚਰਨ ਛੁਹਣ ਨਾਲ ਤੂੰ ਪੱਥਰ ਜੂਨੀ ਤੋਂ ਛੁਟੇਂਗੀ।

ਅਹਿਲਿਆ ਨੇ ਕਿਹਾ, ਮਹਾਰਾਜ ! ਅਜੇ ਤਾਂ ਦੁਆਪਰ ਜੁਗ ਆਵੇਗਾ, ਫੇਰ ਕਿਤੇ ਤ੍ਰੇਤੇ ਨੇ ਆਉਣਾ ਹੈ। ਮੈਨੂੰ ਇਤਨਾ ਚਿਰ ਆਪਣੇ ਚਰਨਾਂ ਤੋਂ ਵਿਛੋੜਨਾ ਨਾ ਕਰੋ।

ਰਿਖੀ ਨੇ ਪਰਸੰਨ ਹੋ ਕੇ ਕਿਹਾ, ਪਹਿਲਾ ਤ੍ਰੇਤਾ ਜੁਗ ਆਵੇਗਾ, ਫੇਰ ਦੁਆਪਰ ਆਵੇਗਾ। ਇਉਂ ਜੁਗ ਹੀ ਬਦਲਾ ਦਿੱਤਾ। ਤ੍ਰੇਤੇ ਜੁਗ ਵਿਚ ਭਗਵਾਨ ਸ੍ਰੀ ਰਾਮਚੰਦਰ ਜੀ ਨੇ ਬਨਵਾਸ ਜਾਂਦਿਆਂ ਰਾਹ ਵਿਚ ਆਪਣੇ ਚਰਨ ਛੁਹਾ ਕੇ ਅਹਿਲਿਆ ਨੂੰ ਮੁਕਤ ਕੀਤਾ।

''ਗੌਤਮ ਨਾਰਿ ਅਹਿਲਿਆ ਤਿਸਨੋ ਦੇਖ ਇੰਦ੍ਰ ਲੋਭਾਣਾ।
ਪਰ ਘਰ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।
. . . . . .
ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ।
ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।

(ਭਾਈ ਗੁਰਦਾਸ ਜੀ ਪਉੜੀ ੧੮, ਵਾਰ ੧੦)

ਅੰਜਨੀ ਆਪਣੇ ਪਿਤਾ ਗੌਤਮ ਦੇ ਪਾਸੋਂ ਸਰਾਪ ਦੇ ਬਚਨ ਸੁਣ ਕੇ ਓਥੇ ਗੁਫਾ ਬਣਾ ਕੇ ਤਪੱਸਿਆ ਕਰਨ ਲੱਗ ਪਈ ਹਜ਼ੂਰ ਸਾਹਿਬ ਤੋਂ ਸੱਤਾਂ ਮੀਲਾਂ ਉੱਪਰ ਜੋ ਸ਼ਿਕਾਰ ਘਾਟ ਵਾਲੀ ਜਗ੍ਹਾ ਹੈ, ਜਿੱਥੇ ਦਸਮ

(ਬਾਕੀ ਫੁਟ ਨੋਟ ਅਗਲੇ ਸਫੇ ਤੇ)

ਇਸ ਤੇ ਹੇ ਭਗਤਣੀ ! ਦੁਖ ਸੁਖ ਨੂੰ ਆਪਣੇ ਕਰਮਾਂ ਦਾ ਫਲ ਜਾਣ ਕੇ ਪ੍ਰਸੰਨ ਰਹਿਣਾ ਕਰ।

ਭਾਵ ਦੂਜਾ–ਕਲੰਕ ਚੰਦ੍ਰਮਾ ਦੇ ਸਿਰ ਉੱਪਰ ਹੋਰ ਭੀ ਹੈ ਵਧਣ ਘਟਣ ਵਾਲਾ। ਜਿਸ ਵੇਲੇ ਚੰਦਰਮਾ ਤੇ ਹੋਰ ਦੇਵਤੇ ਆਪਣੇ ਗੁਰੂ ਬ੍ਰਹਸਪਤੀ ਜੀ ਪਾਸ ਵਿੱਦਿਆ ਪੜ੍ਹਨ ਜਾਂਦੇ ਹਨ ਤਾਂ ਉਸ ਵੇਲੇ ਚੰਦਰਮਾ ਉਹਨਾਂ ਦੇ ਘਰ ਦੀ ਸੇਵਾ ਭੀ ਕਰਦਾ ਹੁੰਦਾ ਸੀ। ਵਿੱਦਿਆ ਗੁਰੂ ਜੀ ਦੇ ਘਰ ਵਿਚ ਬਾਰੰ-ਬਾਰ ਆਉਣ ਜਾਣ ਕਰਕੇ ਚੰਦਰਮਾ ਦਾ ਤੇ ਬ੍ਰਹਸਪਤਿ ਦੀ ਇਸਤ੍ਰੀ 'ਤਾਰਾ' ਦਾ ਆਪਸ ਵਿਚ ਪ੍ਰੇਮ ਭਾਵ ਹੋ ਗਿਆ, ਜਿਸ ਪ੍ਰੇਮ ਦੁਆਰਾ ਦੋਹਾਂ ਦਾ ਆਪਸ ਵਿਚ ਸਬੰਧ ਹੋਣ ਤੇ ਬੁੱਧ ਨਾਮੇ ਪੁੱਤਰ ਪੈਦਾ ਹੋ ਗਿਆ। ਉਸ ਬੁੱਧ ਨੂੰ ਚੰਦਰਮਾ ਆਪਣੀ ਗੋਦ ਵਿਚ ਬਿਠਾ ਕੇ ਆਪਣਾ ਪੁੱਤਰ ਸਮਝਕੇ ਖਿਡਾਇਆ ਕਰੇ ਤੇ ਪਾਲਣ ਦਾ ਸਾਰਾ ਵਿਹਾਰ ਕਰੇ।

ਇੱਕ ਦਿਨ ਬ੍ਰਹਮਪਤੀ ਨੇ ਗੁੱਸੇ ਵਿਚ ਆ ਕੇ ਕਿਹਾ, "ਤੂੰ ਇਸ ਬੱਚੇ ਦੇ ਮਗਰ ਬਹੁਤਾ ਨਾ ਪਿਆ ਕਰ।" ਤਾਂ ਚੰਦਰਮਾ ਨੇ ਕਿਹਾ, "ਇਹ ਤੁਹਾਡਾ ਪੁੱਤਰ ਨਹੀਂ, ਇਹ ਤਾਂ ਮੇਰਾ ਪੁੱਤਰ ਹੈ।" ਤਾਂ ਬ੍ਰਹਸਪਤੀ ਨੇ ਕਿਹਾ, ਮੇਰੇ ਪਾਸ ਰਹਿ ਕੇ ਅਤੇ ਮੇਰੇ ਪਾਸੋਂ ਹੀ ਵਿੱਦਿਆ ਪੜ੍ਹਕੇ ਤੂੰ ਮੇਰੀ ਇਸਤਰੀ ਤੋਂ ਪੁੱਤਰ ਪੈਦਾ ਕੀਤਾ ਹੈ, ਇਸ ਵਾਸਤੇ ਤੂੰ ਮਹਾਂ ਪਾਪੀ ਹੈਂ, ਜੋ ਆਪਣੀ ਮਾਤਾ ਨਾਲ ਤੈਂਨੇ ਬਿਭਚਾਰ ਕਰਕੇ ਪੁੱਤਰ ਪੈਦਾ ਕੀਤਾ ਹੈ, ਜਾਹ ਤੇਰਾ ਪ੍ਰਤਾਪ ਨਸ਼ਟ ਹੋ ਜਾਏਗਾ ਅਤੇ ਤੂੰ ਵਧਦਾ ਘਟਦਾ ਰਹੇਂਗਾ। ਇਹ ਵਧਣ ਘਟਣ ਦਾ ਕਲੰਕ ਤੇਰੇ ਮੱਥੇ ਉੱਪਰ ਹਮੇਸ਼ਾਂ ਬਣਿਆ ਰਹੇਗਾ।

ਬ੍ਰਹਸਪਤੀ ਜੀ ਦੇ ਸਰਾਪ ਕਰਕੇ ਜੋ ਕਲੰਕ ਚੰਦਰਮਾ ਦੇ ਮੱਥੇ ਲੱਗਾ ਹੈ ਉਸ ਨੂੰ ਹੁਣ ਤੱਕ ਕੋਈ ਮੇਟ ਨਹੀਂ ਸਕਿਆ, ਇਸ ਤੇ ਉਹ ਕਲੰਕ ਅਮਿਟ ਰਿਹਾ ਹੈ। ਮੱਸਿਆ ਤੋਂ ਬਾਅਦ ਇੱਕ ਇੱਕ ਕਲਾ ਕਰ ਕੇ ਵਧਦਾ ਹੈ ਤੇ ਪੂਰਨਮਾਸ਼ੀ ਤੋਂ ਬਾਅਦ ਇੱਕ ਇਕ ਕਲਾ ਘਟਣ ਲੱਗ ਜਾਂਦੀ ਹੈ।

ਪੁਨਾ=ਭਗਤਣੀ ਨੇ ਬੇਨਤੀ ਕੀਤੀ ਕਿ ਸੁਆਮੀ ਜੀ ! ਜਿਸ ਤਰ੍ਹਾਂ ਚੰਦਰਮਾ ਨੇ

(ਪਿਛਲੇ ਸਫੇ ਦੇ ਫੁਟਨੋਟ ਦੀ ਬਾਕੀ)

ਪਾਤਿਸ਼ਾਹ ਜੀ ਨੇ ਸਿਆਲ ਕੋਟ ਦੇ ਵਾਸੀ ਮੂਲੇ ਖੱਤਰੀ ਦਾ ਸਹੇ ਦੀ ਜੂਨ ਤੋਂ ਉਧਾਰ ਕੀਤਾ ਸੀ, ਉਸ ਦੇ ਪਾਸ ਹੀ ਅੰਜਨੀ ਦਾ ਸਥਾਨ ਹੈ।

ਏਧਰੋਂ ਜਦ ਮੋਹਨੀ ਅਵਤਾਰ ਨੂੰ ਦੇਖ ਕੇ ਸ਼ਿਵਜੀ ਦਾ ਬੀਰਜ ਪਾਤ ਹੋਇਆ ਤਾਂ ਨਾਰਦ ਮੁਨੀ ਨੇ ਨੜੇ ਵਿਚ ਪਾ ਲਿਆ ਅਤੇ ਗੋਤਮ ਰਿਖੀ ਦਾ ਸਰਾਪ ਪੂਰਾ ਕਰਨ ਵਾਸਤੇ ਅੰਜਨੀ ਪਾਸ ਜਾ ਪੁੱਜਾ। ਗੁਫਾ ਤੋਂ ਬਾਹਰ ਇੱਕ ਛੇਕ ਦੇ ਰਸਤੇ ਪੁੱਛਣ ਲੱਗਾ ਕਿ ਤੈਂਨੇ ਕਿਸੇ ਪਾਸੋਂ ਗੁਰ ਮੰਤਰ ਵੀ ਲਿਆ ਹੈ ਜਾਂ ਤੂੰ ਆਪਣੇ ਆਪ ਹੀ ਤਪੱਸਿਆ ਕਰ ਰਹੀ ਹੈਂ?

ਅੰਜਨੀ ਨੇ ਕਿਹਾ, "ਗੁਰ ਮੰਤਰ ਤਾਂ ਅਜੇ ਤੱਕ ਮੈਂ ਕਿਸੇ ਪਾਸੋਂ ਨਹੀਂ ਲਿਆ।"

ਤਾਂ ਨਾਰਦ ਨੇ ਕਿਹਾ, "ਮੇਰੇ ਵੱਲ ਕੰਨ ਕਰ, ਮੈਂ ਤੈਨੂੰ ਗਰ ਮੰਤਰ ਦੇਂਦਾ ਹਾਂ।"

ਅੰਜਨੀ ਨੇ ਗੁਫਾ ਵਿਚ ਬੈਠਿਆਂ ਹੀ ਆਪਣਾ ਕੰਨ ਨਾਰਦ ਵੱਲ ਕਰ ਦਿੱਤਾ ਤਾਂ ਨਾਰਦ ਮੁਨੀ ਨੇ ਬਾਹਰ ਤੋਂ ਹੀ ਨੜੇ ਰਾਹੀਂ ਬੀਰਜ ਛੇਕ ਦੇ ਰਸਤੇ ਫੂਕ ਨਾਲ ਅੰਜਨੀ ਦੇ ਕੰਨ ਵਿਚ ਪਾ ਦਿੱਤਾ, ਜਿਸ ਤੋਂ ਹਨੂੰਮਾਨ ਦੀ ਪੈਦਾਇਸ਼ ਹੋਈ।

ਆਪਣੇ ਕੀਤੇ ਕਰਮ ਦਾ ਫਲ ਭੋਗਿਆ ਹੈ, ਇਸ ਤਰ੍ਹਾਂ ਕਿਸੇ ਹੋਰ ਨੇ ਭੀ ਭੋਗਿਆ ਹੈ ਜਾਂ ਨਹੀਂ?

ਤ੍ਰਿਲੋਚਨ ਜੀ ਨੇ ਕਿਹਾ, ''ਹਾਂ, ਅਰੁਣ ਨੇ ਭੋਗਿਆ ਹੈ।''

ਭਗਤਣੀ ਨੇ ਕਿਹਾ, ''ਅਰੁਣ ਕੌਣ ਹੈ? ਮੈਂ ਤਾਂ ਉਸ ਨੂੰ ਜਾਣਦੀ ਨਹੀਂ, ਆਪ ਕਿਰਪਾ ਕਰਕੇ ਦੱਸੋ।'' ਤਾਂ ਭਗਤ ਤ੍ਰਿਲੋਚਨ ਜੀ ਨੇ ਕਿਹਾ-

ਬਿਸ੍ਵ ਕਾ ਦੀਪਕੁ ਸ੍ਵਾਮੀ ਤਾਚੇ ਰੇ ਸੁਆਰਥੀ

ਸਾਰੇ ਬਿਸ੍ਵ=ਸੰਸਾਰ ਦਾ ਦੀਪਕ ਜੋ ਸੂਰਜ ਹੈ ਅਤੇ ਜੋ ਸਾਰਿਆਂ ਦਾ ਸੁਆਮੀ ਹੈ*, ਤਾਚੇ=ਤਿਸ ਸੂਰਜ ਦੇ ਰਥ ਨੂੰ ਚਲਾਉਣ ਵਾਲਾ ਸੂਰਜ ਦਾ ਸੁਆਰਥੀਂ=ਰਥਵਾਹੀ 'ਅਰੁਣ' ਹੈ।

ਪੰਖੀ ਰਾਇ ਗਰੁੜ ਤਾਚੇ ਬਾਧਵਾ॥

ਸਭ ਪੰਛੀਆਂ ਦਾ ਰਾਇ=ਰਾਜਾ ਜੋ ਗਰੁੜ ਹੈ ਵਿਸ਼ਨੂੰ ਮਹਾਰਾਜ ਜੀ ਦਾ ਵਾਹਨ ਤਾਚੇ ਬਾਧਵਾ=ਤਿਸ ਗਰੁੜ ਦਾ ਇਹ 'ਅਰੁਣ' ਸਬੰਧੀ ਹੈ, ਅਰਥਾਤ ਗਰੁੜ ਦਾ ਸਕਾ ਭਰਾ ਹੈ, ਕਿਉਂਕਿ ਇਹ ਗਰੁੜ ਤੇ ਅਰੁਣ ਦੋਨੋਂ ਸਕੇ ਭਾਈ ਹਨ, ਪਿਤਾ ਕੱਛਪ ਰਿਖੀ ਤੇ ਮਾਤਾ ਬਨਿਤਾ ਤੋਂ ਪੈਦਾ ਹੋਏ ਹਨ, ਪਰੰਤੂ-

ਕਰਮ ਕਰਿ ਅਰੁਣ ਪਿੰਗੁਲਾ ਰੀ॥੨॥

ਇਸ ਨੇ ਕਰਮ ਕੋਈ ਪੂਰਬਲੇ ਜਨਮ ਵਿਚ ਐਸਾ ਕੀਤਾ ਹੈ, ਜਿਸ ਤੇ ਅਰੁਣ ਪਿੰਗਲਾ ਹੀ ਰਿਹਾ॥੨॥

ਇਸਨੇ ਰਥ ਚਲਾਂਵਦਿਆਂ ਚਲਾਂਵਦਿਆਂ ਕਈ ਵਾਰ ਸੂਰਜ ਨੂੰ ਪ੍ਰਸੰਨ ਕਰਕੇ ਆਪਣੇ ਪਿੰਗਲਪਣੇ ਦੀ ਨਿਵਿਰਤੀ ਵਾਸਤੇ ਬੇਨਤੀ ਕੀਤੀ ਹੈ ਅਤੇ ਇਸ ਦੇ ਭਾਈ ਗਰੁੜ ਨੇ ਭੀ ਵਿਸ਼ਨੂੰ ਭਗਵਾਨ ਜੀ ਨੂੰ ਪ੍ਰਸੰਨ ਕਰਕੇ ਪ੍ਰਾਰਥਨਾ ਕੀਤੀ ਕਿ ਮਹਾਰਾਜ ਜੀ! ਆਪ ਕਿਰਪਾ ਕਰਕੇ ਮੇਰੇ ਵੱਡੇ ਭਾਈ ਅਰੁਣ ਦਾ ਪਿੰਗਲਪਣਾ ਦੂਰ ਕਰ ਦਿਓ, ਪਰ ਸੂਰਜ ਨੇ ਅਰੁਣ ਨੂੰ ਅਤੇ ਵਿਸ਼ਨੂੰ ਭਗਵਾਨ ਨੇ ਗਰੁੜ ਨੂੰ ਜਵਾਬ ਦਿੱਤਾ ਕਿ ਜੋ ਕਰਮ ਪ੍ਰਾਰਬਧ ਕੋਟੀ ਵਿਚ ਆ ਗਿਆ ਹੈ ਉਸ ਨੂੰ ਅਸੀਂ ਨਹੀਂ ਮਿਟਾ ਸਕਦੇ। ਇਹ ਪ੍ਰਾਰਬਧ ਕਰਮ ਦਾ ਫਲ ਜ਼ਰੂਰ ਭੋਗਣਾ ਪਵੇਗਾ।

ਇਸ ਪਰਕਾਰ ਦੇ ਬਚਨ ਭਗਤ ਤ੍ਰਿਲੋਚਨ ਜੀ ਪਾਸੋਂ ਸੁਣਕੇ ਭਗਤਣੀ ਨੇ ਬੇਨਤੀ ਕੀਤੀ ਕਿ ਸੁਆਮੀ ਜੀ! ਅਰੁਣ ਕਿਸ ਕਰਮ ਕਰਕੇ ਪਿੰਗਲਾ ਹੋਇਆ ਹੈ? ਤਾਂ ਭਗਤ ਜੀ ਨੇ ਕਿਹਾ-

ਸਾਖੀ-ਅਰੁਣ ਦੀ

ਪਿਛਲੇ ਜਨਮ ਵਿਖੇ ਇਸਦਾ ਮਨੁੱਖ ਸਰੀਰ ਹੈ, ਬਚਪਨ ਵਿਚ ਇਸ ਦਾ ਸੁਭਾਵ ਬੜਾ ਚੰਚਲ ਸੀ, ਉਸੇ ਸੁਭਾਵ ਅਨੁਸਾਰ ਇਸ ਨੇ ਅੱਕ ਉੱਪਰ ਬੈਠਣ ਵਾਲੇ ਟਿੱਡੇ ਦੀਆਂ ਲੱਤਾਂ ਤੋੜੀਆਂ ਸਨ, ਉਹ ਕਰਮ

*ਕਿਉਂਕਿ ਪੰਜਾਂ ਈਸ਼ਵਰਾਂ ਵਿਚ ਸੂਰਜ ਦੀ ਗਿਣਤੀ ਭੀ ਹੈ। ਪੰਜ ਈਸ਼ਵਰ ਇਹ ਹਨ- ੧. ਸ਼ਿਵ, ੨. ਗਣੇਸ਼ ੩. ਅਸ਼ਟਭੁਜੀ ਦੇਵੀ, ੪.ਵਿਸ਼ਨੂੰ, ੫. ਸੂਰਜ। ਇਸ ਕਰਕੇ ਸੂਰਜ ਨੂੰ ਸਾਰਿਆਂ ਦਾ ਸੁਆਮੀ ਕਿਹਾ ਹੈ।

ਕੀਤਾ ਹੋਇਆ ਇਸਦਾ ਪ੍ਰਾਰਬਧ ਕੋਟੀ ਵਿਚ ਆ ਗਿਆ ਜਿਸ ਕਰਕੇ ਇਹ ਪਿੰਗਲਾ ਹੋਇਆ ਹੈ।

ਇਕ ਸਮੇਂ 'ਕੱਸ਼ਪ' ਰਿਖੀ ਦੇ ਪਾਸ ਉਸਦੀ ਘਰ ਵਾਲੀ 'ਬਨਿਤਾ' ਨੇ ਸੰਤਾਨ ਉਤਪਤੀ ਵਾਸਤੇ ਬੇਨਤੀ ਕੀਤੀ, ਕਿ ਆਪ ਐਸੀ ਕਿਰਪਾ ਕਰੋ ਜਿਸ ਤੇ ਘਰ ਵਿਚ ਸੰਤਾਨ ਪੈਦਾ ਹੋ ਜਾਏ। ਤਾਂ ਕੱਸ਼ਪ ਰਿਖੀ ਨੇ ਪ੍ਰਸੰਨ ਹੋ ਕੇ ਵਰ ਦਿੱਤਾ ਕਿ ਤੇਰੇ ਘਰ ਵਿਚ ਦੋ ਬੱਚੇ ਪੈਦਾ ਹੋਣਗੇ।

ਸਮਾਂ ਪਾ ਕੇ ਜਦ ਰਿਖੀ ਦੇ ਵਰ ਤੋਂ ਬਨਿਤਾ ਦੇ ਪੇਟ ਚੋਂ ਦੋ ਅੰਡੇ ਨਿਕਲੇ, ਤਾਂ ਕੱਸ਼ਪ ਰਿਖੀ ਨੇ ਕਿਹਾ- ਇਨ੍ਹਾਂ ਦੋ ਅੰਡਿਆਂ ਨੂੰ ਹਜ਼ਾਰ ਬਰਸ ਤੋਂ ਪਹਿਲਾਂ ਨਹੀਂ ਤੋੜਨਾ, ਸੰਭਾਲ ਕੇ ਰੱਖਣਾ। ਸਤਿਜੁਗ ਦਾ ਸਮਾਂ ਸੀ ਜਦ ਪੰਜ ਸੌ ਬਰਸ ਅੰਡੇ ਰੱਖਿਆਂ ਬੀਤ ਗਏ ਤਾਂ ਮਾਤਾ ਦਾ ਮੋਹ ਜਾਗ ਆਇਆ ਤੇ ਵਿਚਾਰਿਆ, ਸਮਾਂ ਬਹੁਤ ਹੋ ਗਿਆ ਹੈ ਕਿਧਰੇ ਬੱਚੇ ਪਏ ਪਏ ਮਰ ਹੀ ਨਾ ਜਾਣ, ਇਉਂ ਜਾਣਕੇ ਜਦ ਇਕ ਅੰਡਾ ਤੋੜਿਆ ਤਾਂ ਕੀ ਵੇਖਿਆ ਕਿ ਲੱਕ ਤੱਕ ਉੱਪਰਲਾ ਧੜ ਸਾਰਾ ਬਣਿਆਂ ਹੋਇਆ ਹੈ ਤੇ ਅਜੇ ਲੱਤਾ ਨਹੀਂ ਬਣੀਆਂ, ਬਾਕੀ ਦੇ ਹੇਠਲੇ ਅੰਗ ਅਜੇ ਬਣਨੇ ਸਨ।

ਅਰੁਣ ਨੇ ਕਿਹਾ - ਹੇ ਮਾਤਾ! ਇਹ ਤੂੰ ਬੜਾ ਬੁਰਾ ਕੰਮ ਕੀਤਾ ਹੈ ਜੋ ਪੰਜ ਸੌ ਬਰਸ ਤੈਨੇ ਪਹਿਲੇ ਹੀ ਅੰਡੇ ਨੂੰ ਤੋੜ ਕੇ ਮੈਨੂੰ ਕੱਢ ਲੀਆ ਹੈ, ਅਜੇ ਤਾਂ ਮੇਰੀਆਂ ਲੱਤਾਂ ਹੀ ਨਹੀਂ ਬਣੀਆਂ।

ਇਹ ਬਚਨ ਸੁਣਕੇ ਬੜੀ ਘਬਰਾਈ ਤੇ ਆਪਣੇ ਸੁਆਮੀ ਕੱਸ਼ਪ ਰਿਖੀ ਜੀ ਦੇ ਪਾਸ ਪੁੱਜੀ ਤੇ ਆਖਣ ਲੱਗੀ, ''ਮੈਨੇ ਅੱਜ ਅੰਡਾ ਤੋੜ ਲਿਆ ਹੈ ਤੇ ਉਸ ਵਿਚੋਂ ਪਿੰਗਲਾ ਬੱਚਾ ਨਿਕਲਿਆ ਹੈ''।

ਇਹ ਸੁਣਕੇ ਰਿਖੀ ਜੀ ਨੇ ਕਿਹਾ, ਹੁਣ ਕੀ ਹੋ ਸਕਦਾ ਹੈ, ਕਰਮਾਂ ਦੇ ਅਧੀਨ ਹੈ, ਜੋ ਕੁਝ ਹੋਣਾ ਸੀ ਸੋ ਹੋ ਗਿਆ ਹੈ, ਤੂੰ ਕਿਸੇ ਕਸਮ ਦੀ ਚਿੰਤਾ ਨਾ ਕਰ। ਇਹ ਤਾਂ ਹੁਣ ਇਸੇ ਤਰ੍ਹਾਂ ਪਿੰਗਲਾ ਹੀ ਰਹੇਗਾ, ਪਰ ਦੂਜਾ ਅੰਡਾ ਅਜੇ ਨਾ ਤੋੜੀਂ। ਰਿਖੀ ਜੀ ਦਾ ਬਚਨ ਮੰਨਕੇ ਜਦ ਹਜ਼ਾਰ ਬਰਸ ਪੂਰਾ ਹੋਣ ਤੋਂ ਦੂਜਾ ਅੰਡਾ ਤੋੜਿਆ ਤਾਂ ਉਸ ਵਿਚੋਂ ਗਰੁੜ ਨਿਕਲਿਆ। ਜਿਸ ਗਰੁੜ ਨੇ ਆਪਣੇ ਭਾਈ ਅਰੁਣ ਦੇ ਪਿੰਗਲੇ ਪਨ ਨੂੰ ਹਟਾਉਣ ਲਈ ਅਨੇਕਾਂ ਹੀ ਯਤਨ ਕੀਤੇ, ਪਰੰਤੂ ਅਰੁਣ ਪਿੰਗਲਾ ਹੀ ਰਿਹਾ, ਕਿਉਂਕਿ -

''ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ॥ ੧੯॥ (ਪੰਨਾ ੭੫੬)

ਇਸ ਵਜ੍ਹਾ ਨਾਲ ਕਰਮਾਂ ਦਾ ਫਲ ਅਮਿਟ ਹੈ। ਇਹ ਗੱਲ ਜਾਣਕੇ ਤੂੰ ਹਰਖ ਸੋਗ ਤੋਂ ਰਹਿਤ ਹੋਣਾ ਕਰ। ਆਪਣੇ ਸੁਆਮੀ ਭਗਤ ਤ੍ਰਿਲੋਚਨ ਜੀ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣਕੇ ਕੁਝ ਕੁ ਧੀਰਜ ਆ ਗਿਆ, ਪਰੰਤੂ ਫਿਰ ਬੇਨਤੀ ਕੀਤੀ ਕਿ ਸੁਆਮੀ ਜੀ! ਹੋਰ ਭੀ ਜਿਸ ਨੇ ਕਰਮਾਂ ਦਾ ਫਲ ਭੋਗਿਆ ਹੈ ਉਸ ਦੀ ਕਥਾ ਸੁਣਾਓ। ਤਾਂ ਭਗਤ ਜੀ ਨੇ ਕਿਹਾ, ਹੁਣ ਸ਼ਿਵਾਂ ਦਾ ਪ੍ਰਸੰਗ ਸੁਣ। ਜਿਸ ਤਰ੍ਹਾਂ ਉਹਨਾਂ ਨੂੰ ਕਰਮਾਂ ਦਾ ਫਲ ਭੋਗਣਾ ਪਿਆ ਹੈ।

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ

ਰੀ=ਹੇ ਇਸਤਰੀ! ਜੋ ਸ਼ਿਵ ਅਨੇਕ ਪਰਕਾਰ ਦੇ ਪਾਤਿਕ=ਪਾਪ ਕਰਮਾਂ ਨੂੰ ਹਰਤਾ=ਨਾਸ ਕਰਨ ਵਾਲਾ ਹੈ ਅਤੇ ਤ੍ਰਿਭਵਣ ਨਾਥੁ=ਤਿੰਨਾਂ ਲੋਕਾਂ ਦਾ ਸੁਆਮੀ ਹੈ, ਪਰ ਉਸ ਨੇ ਜੋ ਬ੍ਰਹਮ ਹੱਤਿਆ ਰੂਪ ਕਰਮ ਕੀਤਾ ਹੈ, ਉਸ ਦੋਸ਼ ਦੀ ਨਵਿਰਤੀ ਵਾਸਤੇ -

ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥

ਰੀ=ਹੇ ਇਸਤ੍ਰੀ ! ਸ਼ਿਵਾਂ ਨੇ ਤੀਰਥਾਂ ਹੀ ਤੀਰਥਾਂ ਉੱਪਰ ਇਤਨਾ ਭ੍ਰਮਤਾ=ਫਿਰਨਾ ਕੀਤਾ ਜੋ ਤੀਰਥਾਂ ਦਾ ਪਾਰੁ=ਪਾਰਾਵਾਰ ਨਾ ਲੈਣਾ ਕੀਤਾ, ਭਾਵ ਤੀਰਥਾਂ ਦਾ ਅੰਤ ਨਾ ਲੈ ਸਕਿਆ।

ਕਰਮ ਕਰਿ ਕਪਾਲੁ ਮਫੀਟਸਿ ਰੀ॥ ੩ ॥

(੧) ਰੀ=ਹੇ ਇਸਤ੍ਰੀ! ਉਸ ਸ਼ਿਵ ਨੇ ਐਸਾ ਕਰਮ ਕੀਤਾ ਹੈ, ਜੋ ਸ਼ਿਵਾਂ ਦੇ ਹੱਥ ਉੱਪਰ ਕਪਾਲੀ ਅਮਿਟ ਰਹੀ॥ ੩ ॥

ਇਹ ਗੱਲ ਸੁਣਕੇ ਭਗਤਣੀ ਨੇ ਕਿਹਾ, ਸੁਆਮੀ ਜੀ! ਇਹੋ ਜਿਹਾ ਸ਼ਿਵਾਂ ਨੇ ਕੀ ਕਰਮ ਕੀਤਾ ਹੈ ਜਿਸ ਕਰ ਕੇ ਉਹਨਾਂ ਦੇ ਹੱਥ ਉੱਪਰ ਕਪਾਲੀ ਅਮਿਟ ਰਹੀ ਹੈ? ਉੱਤਰ

ਸਾਖੀ ਬ੍ਰਹਮਾ ਤੇ ਸ਼ਿਵਾਂ ਦੀ

੧. ਇੱਕ ਸਮੇਂ ਬ੍ਰਹਮ ਲੋਕ ਵਿਚ ਦੇਵਤਿਆਂ ਦੀ ਸਭਾ ਵਿਖੇ ਬ੍ਰਹਮਾ ਜੀ ਕਥਾ ਕਰ ਰਹੇ ਸਨ। ਕਥਾ ਕਰਦਿਆਂ ਕਰਦਿਆਂ ਕਿਸੇ ਪਰਕਰਣ ਅਨੁਸਾਰ ਇਸਤਰੀ ਦੇ ਸੋਲਾਂ ਸ਼ਿੰਗਾਰਾਂ ਦਾ ਜ਼ਿਕਰ ਚਲ ਪਿਆ। ਜਦ ਸੋਲਾਂ ਸ਼ਿੰਗਾਰਾਂ ਦਾ ਵਿਸਥਾਰ ਕਰ ਚੁੱਕੇ ਤਾਂ ਮਨ ਵਿਚ ਸੰਕਲਪ ਹੋਇਆ, ਐਸੇ ਸੋਲਾਂ ਸ਼ਿੰਗਾਰਾਂ ਵਾਲਾ ਭੀ ਕੋਈ ਸਰੀਰ ਮੇਰੀ ਸਭਾ ਵਿਚ ਬੈਠਾ ਹੋਇਆ ਹੈ ਜਾਂ ਨਹੀਂ? ਏਸ ਸੰਕਲਪ ਅਨੁਸਾਰ ਜਦ ਸਰੀਰਾਂ ਉੱਪਰ ਨਿਗਾਹ ਮਾਰੀ ਤਾਂ ਉਸ ਵੇਲੇ ਇਸ ਨੇ ਆਪਣੀ ਲੜਕੀ ਦੇ ਸਰੀਰ ਵਿਖੇ ਹੀ ਸੋਲ੍ਹਾਂ ਸ਼ਿੰਗਾਰ ਦੇਖੇ।*

ਇਹ ਸੋਲਾਂ ਸ਼ਿੰਗਾਰ ਈਸ਼ਵਰ ਦੀ ਕਿਰਪਾ ਨਾਲ ਅਕਿਰਤਮ ਹੀ ਪੁੰਨੀ ਸਰੀਰ ਉੱਪਰ ਹੁੰਦੇ ਹਨ।

ਆਪਣੀ ਲੜਕੀ ਦੇ ਸੁੰਦਰ ਸਰੂਪ ਨੂੰ ਤੱਕ ਕੇ ਬ੍ਰਹਮਾ ਦਾ ਮਨ ਚਲਾਇਮਾਨ ਹੋ ਗਿਆ।

ਯਥਾ - ਬੇਦ ਪਠੇ ਚਤੁਰਾਨਨ ਜੂ ਰਤ ਕੇ ਹਿਤ ਸੋਂ ਦੁਹਤਾ ਪ੍ਰਤਿ ਧਾਯੋ॥

ਜਦ ਉਸਦੀ ਲੜਕੀ ਨੇ ਆਪਣੇ ਪਿਤਾ ਦੀ ਨਿਗ੍ਹਾ ਬਦਲੀ ਦੇਖੀ ਤਾਂ ਆਪਣੇ ਧਰਮ ਨੂੰ ਬਚਾਉਣ ਵਾਸਤੇ ਦੂਸਰੇ ਪਾਸੇ ਹੋ ਗਈ। ਬ੍ਰਹਮਾ ਨੇ ਆਪਣਾ ਮੁਖ ਫੇਰਨ ਦੀ ਬਜਾਏ ਦੂਸਰਾ ਸਿਰ ਹੀ ਉਹ ਤਰਫ ਹੋਰ ਲਗਾ ਲਿਆ। ਜਦ ਲੜਕੀ ਤੀਜੇ ਪਾਸੇ ਹੋਈ ਤਾਂ ਬ੍ਰਹਮਾ ਨੇ ਤੀਜਾ ਸਿਰ ਪੈਦਾ ਕਰ ਲਿਆ। ਫੇਰ ਲੜਕੀ ਚੌਥੇ ਪਾਸੇ ਹੋਈ ਤਾਂ ਬ੍ਰਹਮਾ ਨੇ ਚੌਥਾ ਸਿਰ ਕਰ ਲਿਆ, ਭਾਵ ਜਿਸ ਪਾਸੇ ਲੜਕੀ ਗਈ, ਓਸੇ

---

*ਉਹ ਸੋਲਾਂ ਸ਼ਿੰਗਾਰ ਇਹ ਹਨ—

ਤ੍ਰੈ ਕਾਲੇ, ਦੋ ਉਜਲੇ, ਪਤਲੇ ਪੰਜ ਪ੍ਰਕਾਰ।

ਚਾਰ ਪੁਸ਼ਟ ਦੋ ਕਠਨ ਹੈਂ, ਯੇ ਸੋਲਾਂ ਸਿੰਗਾਰ।

ਤ੍ਰੈ ਕਾਲੇ=ਸਿਰ ਦੇ ਕੇਸ, ਅੱਖਾਂ ਦੀਆਂ ਧੀਰੀਆਂ, ਥਨਾਂ ਦੀਆਂ ਨੋਕਾਂ

ਦੋ ਉਜਲੇ = ਨਹੁੰ ਤੇ ਚੰਦ। ਪਤਲੇ ਪੰਜ ਪ੍ਰਕਾਰ=ਹੋਠ, ਨੱਕ, ਗਿਚੀ, ਲੱਕ, ਉਂਗਲਾਂ ਚਾਰ ਪੁਸਟ=ਦੋ ਬਾਹਵਾਂ ਦੇ ਡੌਲੇ, ਤੇ ਦੋਵੇਂ ਪਟ

ਦੋ ਕਠਨ=ਦੋ ਅਸਥਨ ਕਰੜੇ।

ਤਰਫ ਉਸਨੇ ਆਪਣਾ ਮੂੰਹ ਕਰ ਲਿਆ। ਫਿਰ ਸਤਰੂਪਾਂ* (ਸੁਰੱਸਤੀ) ਲੜਕੀ ਆਪਣੇ ਧਰਮ ਨੂੰ ਬਚਾਉਣ ਲਈ ਉੱਪਰ ਅਕਾਸ਼ ਨੂੰ ਉਡੀ।

ਤਾਂ ਬ੍ਰਹਮਾ ਨੇ ਆਪਦਾ ਪੰਜਵਾਂ ਸਿਰ ਬਣਾ ਲਿਆ। ਜਦ ਬ੍ਰਹਮਾ ਨੇ ਉਸ ਨੂੰ ਪਕੜਨ ਦਾ ਯਤਨ ਕੀਤਾ ਤਾਂ ਪਾਸ ਬੈਠੇ ਸ਼ਿਵਾਂ ਦੇ ਮਨ ਵਿਚ ਬੜਾ ਗੁੱਸਾ ਆਇਆ, ਜੋ ਰੋਕ ਨਾ ਸਕਿਆ ਤੇ ਤ੍ਰਿਸ਼ੂਲ ਨਾਲ ਬ੍ਰਹਮਾ ਦਾ ਪੰਜਵਾਂ ਸਿਰ ਕੱਟ ਦਿੱਤਾ।

ਯਥਾ - ''ਸ਼ਿਵ ਸੀਸ ਬਰੰਚ ਕੇ ਕਾਟ ਬਿਗਾਏ॥''

ਬ੍ਰਹਮਾ ਬ੍ਰਾਹਮਣ ਸੀ ਉਸ ਦੇ ਸਿਰ ਵੱਢਣ ਕਰ ਕੇ ਬ੍ਰਹਮ ਹੱਤਿਆ ਦੇ ਦੋਸ਼ ਕਰ ਕੇ ਸ਼ਿਵਾਂ ਦੇ ਹੱਥ ਨਾਲ ਉਹ ਕਪਾਲੀ, ਅਰਥਾਤ ਬ੍ਰਹਮਾ ਦਾ ਪੰਜਵਾਂ ਸਿਰ ਲੱਗ ਗਿਆ।

ਦੂਜਾ ਕਾਰਨ- ਇਹ ਭੀ ਦੱਸਦੇ ਹਨ, ਕਿ ਜਦ ਬ੍ਰਹਮਾ ਨੇ ਆਪਣਾ ਮਨੋਰਥ ਪੂਰਾ ਹੁੰਦਾ ਨਾ ਜਾਣਿਆਂ ਤਾਂ ਕ੍ਰੋਧ ਵਿਚ ਆ ਕੇ ਉਸ ਨੇ ਸਰਾਪ ਦੇ ਦਿੱਤਾ ਕਿ ਹੇ ਸ਼ਿਵ! ਇਹ ਕਪਾਲੀ ਤੇਰੇ ਹੱਥ ਉੱਪਰ ਚਿੰਮੜੀ ਰਹੇਗੀ ਅਤੇ ਭੀਖ ਮੰਗ ਮੰਗਕੇ ਤੂੰ ਖਾਏਂਗਾ।'

ਤੀਜਾ ਕਾਰਨ - ਇਹ ਭੀ ਦੱਸਦੇ ਹਨ ਜਿਸ ਵੇਲੇ ਸ਼ਿਵਾਂ ਨੇ ਆਪਣੇ ਤ੍ਰਿਸ਼ੂਲ ਨਾਲ ਬ੍ਰਹਮਾ ਦਾ ਪੰਜਵਾਂ ਸਿਰ ਕੱਟਿਆ ਤਾਂ ਸ਼ਿਵਾਂ ਦਾ ਆਪਣਾ ਮਨ ਭੀ ਬ੍ਰਹਮਾ ਦੀ ਸੁੰਦਰ ਲੜਕੀ ਉੱਪਰ ਮੋਹਿਤ ਹੋ ਗਿਆ, ਜਿਸ ਕਰ ਕੇ ਉਸ ਦੇ ਆਪਣੇ ਹੱਥ ਉੱਪਰ ਕਪਾਲੀ ਲੱਗ ਗਈ, ਇਸ ਦੇ ਉਤਾਰਨ ਵਾਸਤੇ ਸ਼ਿਵਾਂ ਨੇ ਬੜੇ ਯਤਨ ਕੀਤੇ ਅਤੇ ਤੀਰਥਾਂ ਉੱਪਰ ਭੀ ਬਹੁਤ ਫਿਰਿਆ।

''ਤੀਰਥ ਤੀਰਥ ਭ੍ਰਮਤਾ ਲਹੈ ਨ ਪਾਰੁ ਰੀ''॥

ਜਦ ਫਿਰਦੇ ਫਿਰਦੇ ਮਹਾਂਦੇਵ ਜੀ ਕਪਾਲ ਮੋਚਨ ਤੀਰਥ ਤੋਂ ਕੁਝ ਕੁ ਮੀਲ ਉਰੇ ਪਹੁੰਚੇ ਤਾਂ ਰਾਤ ਓਥੇ ਠਹਿਰੇ। ਉਸ ਸਥਾਨ ਤੇ ਇੱਕ ਬ੍ਰਾਹਮਣ ਰਹਿੰਦਾ ਸੀ ਜਿਸ ਨੇ ਆਪਣੇ ਪਾਸ ਗਊ ਰੱਖੀ ਹੋਈ ਸੀ, ਜਦ ਉਸ ਗਊ ਦਾ ਵੱਡਾ ਦੋ ਤਿੰਨ ਸਾਲ ਦਾ ਹੋ ਗਿਆ ਤਾਂ ਬ੍ਰਾਹਮਣ ਨੇ ਵਿਚਾਰਿਆ ਕਿ ਇਸ ਨੂੰ ਖੱਸੀ ਕਰਕੇ ਬੈਲ ਬਣਾ ਲਵਾਂ, ਪਰ ਇਹ ਗੱਲ ਜਦ ਵੱਛੇ ਦੀ ਕੰਨੀਂ ਪਈ ਕਿ ਕਲ੍ਹ ਨੂੰ ਇਸ ਨੇ ਮੈਨੂੰ ਖੱਸੀ ਅਰਥਾਤ ਨਮਰਦ ਕਰ ਦੇਣਾ ਹੈ, ਜਿਸ ਕਰਕੇ ਮੈਂ ਬੜਾ ਦੁੱਖ ਪਾਵਾਂਗਾ। ਰਾਤ ਦੇ ਸਮੇਂ ਇਹ ਸਾਰੀ ਗੱਲ ਉਸ ਵੱਛੇ ਨੇ ਆਪਣੀ (ਮਾਂ) ਗਊ ਨੂੰ ਦੱਸੀ, ਕਿ ਇਸ ਬ੍ਰਾਹਮਣ ਨੇ ਕਲ੍ਹ ਮੈਨੂੰ ਨਮਰਦ ਕਰ ਦੇਣਾ ਹੈ, ਇਸ ਲਈ ਮੈਨੇ ਇਸ ਬ੍ਰਾਹਮਣ ਨੂੰ ਮਾਰ ਦੇਣਾ ਹੈ।

(ਮਾਤਾ) ਗਊ ਨੇ ਕਿਹਾ, ਜੇ ਤੂੰ ਇਸ ਨੂੰ ਮਾਰੇਂਗਾ ਤਾਂ ਬ੍ਰਹਮ ਹੱਤਿਆ ਦਾ ਦੋਸ਼ ਤੈਨੂੰ ਲੱਗੇਗਾ।

---

*ਕਈ ਇਸ ਦਾ ਨਾਮ 'ਤਿਲੋਤਮਾ' ਭੀ ਆਖਦੇ ਹਨ, ਪਰੰਤੂ ਭਾਈ ਗੁਰਦਾਸ ਜੀ ਨੇ ਇਸ ਦਾ ਨਾਮ 'ਸੁਰਸੱਤੀ' ਲਿਖਿਆ ਹੈ।

ਯਥਾ - ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
ਲੋਕਾਂ ਨੂੰ ਸਮਝਾਇਦਾ ਵੇਖਿ ਸੁਰਸਤੀ ਰੂਪ ਲੋਭਾਣਾ।

(ਭਾਈ ਗੁਰਦਾਸ ਜੀ ਵਾਰ ੧੨ ਪੌੜੀ ੭)

ਅੱਗੋਂ ਵੱਛੇ ਨੇ ਕਿਹਾ – ''ਬ੍ਰਹਮ ਹੱਤਿਆ ਦੀ ਨਵਿਰਤੀ ਦਾ ਜਤਨ ਮੇਰੇ ਪਾਸ ਹੈ, ਕਿਉਂਕਿ ਇਸ ਜਗ੍ਹਾ ਤੋਂ ਥੋੜ੍ਹੇ ਫਾਸਲੇ ਉੱਪਰ ਇੱਕ ਤੀਰਥ ਹੈ ਉਸ ਵਿਚ ਇਸ਼ਨਾਨ ਕਰਨ ਨਾਲ ਬ੍ਰਹਮ ਹੱਤਿਆ ਦੂਰ ਹੋ ਜਾਂਦੀ ਹੈ''।

ਪਰ ਇਹ ਸਾਰੀ ਗੱਲ ਸ਼ਿਵ ਜੀ ਰਾਤ ਨੂੰ ਸੁਣਦੇ ਰਹੇ। ਜਦ ਸਵੇਰ ਹੋਈ ਤੇ ਬ੍ਰਾਹਮਣ ਵੱਛੇ ਨੂੰ ਫੜਨ ਵਾਸਤੇ ਆਇਆ ਤਾਂ ਰਾਤ ਦੀ ਕੀਤੀ ਸਲਾਹ ਅਨੁਸਾਰ ਵੱਛੇ ਨੇ ਬ੍ਰਾਹਮਣ ਦਾ ਪੇਟ ਸਿੰਗਾਂ ਨਾਲ ਪਾੜ ਦਿੱਤਾ। ਉਸ ਵੇਲੇ ਬ੍ਰਹਮ ਹੱਤਿਆ ਦੇ ਦੋਸ਼ ਕਰ ਕੇ ਵੱਛੇ ਦਾ ਰੰਗ ਕਾਲਾ ਹੋ ਗਿਆ। ਉਸ ਬ੍ਰਹਮ ਹੱਤਿਆ ਦੇ ਦੋਸ਼ ਦੀ ਨਵਿਰਤੀ ਵਾਸਤੇ ਉਸ ਤੀਰਥ ਉੱਪਰ ਪਹੁੰਚਿਆ, ਨਾਲ ਹੀ ਸ਼ਿਵ ਜੀ ਮਹਾਰਾਜ ਆਏ। ਜਦ ਵੱਛੇ ਨੇ ਤੀਰਥ ਵਿਖੇ ਪ੍ਰਵੇਸ਼ ਕੀਤਾ ਤਾਂ ਉਸ ਦਾ ਰੰਗ ਚਿੱਟਾ ਹੋ ਗਿਆ, ਜਿਸ ਤੋਂ ਇਹ ਮਾਲੂਮ ਹੋ ਗਿਆ ਕਿ ਬ੍ਰਹਮ ਹੱਤਿਆ ਦਾ ਦੋਸ਼ ਨਵਿਰਤ ਹੋ ਗਿਆ ਹੈ।

ਇਹ ਗੱਲ ਵੇਖ ਕੇ ਸ਼ਿਵ ਜੀ ਨੇ ਭੀ ਉਸ ਤੀਰਥ ਵਿਚ ਪ੍ਰਵੇਸ਼ ਕਰ ਕੇ ਇਸ਼ਨਾਨ ਕੀਤਾ ਤਾਂ ਉਹਨਾਂ ਦੇ ਹੱਥ ਉੱਪਰ ਜੋ ਬ੍ਰਹਮਾ ਦਾ ਪੰਜਵਾਂ ਸਿਰ, ਅਰਥਾਤ ਕਪਾਲੀ ਲੱਗੀ ਹੋਈ ਸੀ ਉਹ ਉਤਰ ਗਈ, ਪਰ ਕਪਾਲੀ ਦਾ ਚਿੰਨ੍ਹ ਦੂਰ ਨਹੀਂ ਹੋਇਆ ਉਹ ਉਸੇ ਤਰ੍ਹਾਂ ਸ਼ਿਵਾਂ ਦੇ ਹੱਥ ਉੱਪਰ ਬਣਿਆਂ ਰਿਹਾ। ਸ਼ਿਵਾਂ ਦੇ ਹੱਥ 'ਚੋਂ ਕਪਾਲੀ ਦੇ ਮੋਚਨ=ਉਤਰਨੇ ਕਰ ਕੇ ਉਸ ਤੀਰਥ ਦਾ ਨਾਮ 'ਕਪਾਲ ਮੋਚਨ' ਪ੍ਰਸਿੱਧ ਹੋ ਗਿਆ।

ਹੱਥ 'ਚੋਂ ਕਪਾਲੀ ਦੇ ਮੋਚਨ=ਉਤਰਨੇ ਕਰ ਕੇ ਉਸ ਤੀਰਥ ਦਾ ਨਾਮ 'ਕਪਾਲ ਮੋਚਨ' ਪ੍ਰਸਿੱਧ ਹੋ ਗਿਆ।

ਜੋ ਜਗਾਧਰੀ ਸਟੇਸ਼ਨ ਤੋਂ ੧੪ ਮੀਲ ਦੇ ਫਾਸਲੇ ਉੱਪਰ ਹੈ।

ਤੀਰਥ ਦੇ ਇੱਕ ਪਾਸੇ ਕਾਲੇ ਰੰਗ ਵਾਲੇ ਵੱਛੇ ਦੀ ਮੂਰਤੀ ਹੈ। ਦੂਜੇ ਪਾਸੇ ਚਿੱਟੇ ਰੰਗ ਵਾਲੇ ਵੱਛੇ ਦੀ ਮੂਰਤੀ ਭੀ ਹੈ। ਸ਼ਿਵਾਂ ਨੇ ਉੱਪਰਲੇ ਦੱਸੇ ਪ੍ਰਕਰਣ ਅਨੁਸਾਰ ਆਪਣੇ ਹੱਥ ਉੱਪਰ ਲੱਗੀ ਹੋਈ ਕਪਾਲੀ ਦੇ ਚਿੰਨ੍ਹ ਮੇਟਣ ਵਾਸਤੇ ਭਾਵੇਂ ਅਨੇਕ ਪ੍ਰਕਾਰ ਦੇ ਜਤਨ ਭੀ ਕੀਤੇ ਉੱਪਰ ਤਾਂ ਭੀ ਉਸ ਦਾ ਜੋ ਕਰਮ ਪ੍ਰਾਰਬਧ ਕੋਟੀ ਵਿਚ ਆ ਚੁਕਾ ਸੀ, ਉਹ ਅਮਿਟ ਹੀ ਰਿਹਾ।

ਦੂਜਾ ਭਾਵ- ਬ੍ਰਹਮ ਹੱਤਿਆ ਕਰਨ ਰੂਪ ਜੋ ਤੀਬਰ ਕਰਮ ਕੀਤਾ ਸੀ ਤੇ ਸਰਾਪ ਮਿਲਿਆ ਸੀ, ਇਸ ਕਰਕੇ ਉਹ ਕਲੰਕ ਅਮਿਟ ਰਿਹਾ, ਇਸ ਵਾਸਤੇ ਤੂੰ ਆਪਣੇ ਮਨ ਵਿਚ ਧੀਰਜ ਧਾਰ ਕੇ ਹਰਖ ਸ਼ੋਕ ਤੋਂ ਰਹਿਤ ਹੋ ਜਾਹ॥ ੩॥

ਤ੍ਰਿਲੋਚਨ ਭਗਤ ਜੀ ਦੀ ਇਸਤਰੀ ਨੇ ਕਿਹਾ, ''ਸੁਆਮੀ ਜੀ! ਕੋਈ ਹੋਰ ਪ੍ਰਸੰਗ ਸੁਣਾਓ ਜਿਸ ਕਰਕੇ ਮਨ ਨੂੰ ਹੋਰ ਵਧੇਰੇ ਧੀਰਜ ਆਵੇ''।

ਤਾਂ ਤ੍ਰਿਲੋਚਨ ਭਗਤ ਜੀ ਨੇ ਸਮੁੰਦਰ ਦਾ ਪ੍ਰਸੰਗ ਸੁਣਾਇਆ, ਹੇ ਸੁਭੱਦਰੇ!'

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥

ਜਿਸ ਸਮੁੰਦਰ 'ਚੋਂ ਦੇਵਤਿਆਂ ਦੈਂਤਾਂ ਦੇ ਰਿੜਕਣ ਨਾਲ ਚੌਦਾਂ ਪਰਕਾਰ ਦੇ ਰਤਨ ਨਿਕਲੇ ਹਨ। ਚੌਦਾਂ ਰਤਨ ਇਹ ਹਨ।

[੧]ਸ੍ਰੀ [੨]ਮਣਿ [੩]ਰੰਭਾ [੪]ਵਾਰਣੀ [੫]ਅਮੀ [੬]ਸੰਖ [੭]ਗਜਰਾਜ।

[੮]ਬਿਖ [੯]ਧੇਨ [੧੦]ਸਸੀ [੧੧]ਕਲਪਤਰੁ [੧੨]ਧਨੁਖ [੧੩]ਧਨੰਤਰ [੧੪]ਬਾਜ।

ਇਹ ਚੌਦਾਂ ਰਤਨਾਂ 'ਚੋਂ ਅੱਠ ਰਤਨਾਂ ਦੇ ਨਾਮ ਉੱਪਰਲੀ ਮੂਲ ਪੰਗਤੀ ਵਿਚ ਲਿਖੇ ਹਨ। ਹੁਣ ਪੰਗਤੀ ਦ ਅਰਥ ਸੁਣੋ।

ਅੰਮ੍ਰਿਤ

ਜਿਸ ਅੰਮ੍ਰਿਤ ਦੀ ਇਕ ਬੂੰਦ ਨਾਲ ਆਦਮੀ ਅਮਰ ਹੋ ਜਾਂਦਾ ਹੈ ਅਤੇ ਇੱਕੋ ਬੂੰਦ ਕੌੜੇ ਨੂੰ ਮਿੱਠਾ ਕਰ ਦੇਂਦੀ ਹੈ, ਉਹ ਅੰਮ੍ਰਿਤ ਭੀ ਸਮੁੰਦਰ 'ਚੋਂ ਨਿਕਲਿਆ ਹੈ।

ਸਸੀਅ

ਚੰਦਰਮਾ ਭੀ ਸਮੁੰਦਰ 'ਚੋਂ ਨਿਕਲਿਆ ਹੈ, ਉਸ ਚੰਦਰਮਾ ਵਿਚ ਭੀ ਗ੍ਰੰਥਕਾਰਾਂ ਨੇ ਅੰਮ੍ਰਿਤ ਮੰਨਿਆਂ ਹੈ ਜਿਸ ਦੀਆ ਕਿਰਨਾਂ ਕਰ ਕੇ ਖੇਤੀਆਂ ਵਿਚ ਰਸ ਪਹੁੰਚਦਾ ਹੈ।

ਧੇਨ

ਕਾਮਧੇਨ ਗਊ ਭੀ ਸਮੁੰਦਰ ਵਿਚੋਂ ਨਿਕਲੀ ਹੈ, ਜੋ ਮਨ ਇੱਛਤ ਪਦਾਰਥਾਂ ਨੂੰ ਦੇਂਦੀ ਹੈ।

ਲਛਿਮੀ

ਵਿਸ਼ਨੂੰ ਭਗਵਾਨ ਦੀ ਘਰ ਵਾਲੀ ਲੱਛਮੀ ਭੀ ਸਮੁੰਦਰ 'ਚੋਂ ਨਿਕਲੀ ਹੈ।

ਕਲਪਤਰ

ਕਲਪ ਬ੍ਰਿਛ ਵੀ ਸਮੁੰਦਰ 'ਚੋਂ ਨਿਕਲਿਆ ਹੈ, ਜੋ ਸਭ ਫਲਾਂ ਦੇ ਦੇਣ ਵਾਲਾ ਹੈ।

ਸਿਖਰਿ

(੧) ਉੱਚਸ੍ਰਵਾ ਘੋੜਾ ਭੀ ਸਮੁੰਦਰ ਵਿਚੋਂ ਨਿਕਲਿਆ ਹੈ, (ਜਿਸ ਨੂੰ ਸਤਮੁਖੀਆ ਘੋੜਾ ਭੀ ਆਖਦੇ-ਹਨ)।

ਸੁਨਾਗਰ

ਚਤਰ ਧਨਵੰਤ ਵੈਦ ਭੀ ਸਮੁੰਦਰ 'ਚੋਂ ਨਿਕਲਿਆ ਹੈ।

ਸਿਖਰਿ ਸੁਨਾਗਰ

(੨) ਸਿਖਰਿ=ਉਤਕ੍ਰਿਸ਼ਟ, ਸੁਨਾਗਰ=ਐਰਾਵਤ ਹਾਥੀ ਭੀ ਸਮੁੰਦਰ ਵਿਚੋਂ ਨਿਕਲਿਆ ਹੈ।

ਨਦੀ ਚੇ ਨਾਥੰ॥

ਪੁਨਾ-ਉਹ ਸਮੁੰਦਰ ਸਾਰੀਆਂ ਨਦੀਆਂ ਦਾ ਨਾਥੰ=ਸੁਆਮੀ ਹੈ, ਕਿਉਂਕਿ ਨੌਂ ਸੌ ਨਿਵੰਨਵੇਂ ਨਦੀਆਂ ਸਮੁੰਦਰ ਵਿਚ ਸਮਾਂਵਦੀਆਂ ਹਨ, ਪਰੰਤੂ-

ਕਰਮ ਕਰਿ ਖਾਰੁ ਮਫੀਟਸਿ ਰੀ॥ ੪॥

ਰੀ=ਹੇ ਇਸਤਰੀ! ਉਹ ਸਮੁੰਦਰ ਨੇ ਕਰਮ ਐਸਾ ਕੀਤਾ ਹੈ, ਜਿ ਤੇ ਉਸ ਦਾ ਖਾਰਪਣਾ

ਮਫੀਟਸਿ=ਅਮਿਟ ਰਿਹਾ।

ਇਸ ਖਾਰਪੁਣੇ ਦੀ ਨਿਵਿਰਤੀ ਵਾਸਤੇ ਸਮੁੰਦਰ ਨੇ ਇਹਨਾਂ ਵੱਡਿਆਂ ਵੱਡਿਆਂ ਨੂੰ ਆਪਣਾ ਸਬੰਧੀ ਭੀ ਬਣਾਇਆ ਹੈ।

ਜਿਵੇਂ ਵਿਸ਼ਨੂੰ ਭਗਵਾਨ ਨੂੰ 'ਲਛਮੀ' ਅਤੇ ਇੰਦਰ ਰਾਜੇ ਨੂੰ 'ਰੰਭਾ' ਦੇ ਕੇ ਆਪਣਾ ਜਵਾਈ ਬਣਾਇਆ ਹੈ ਅਤੇ ਇੰਦਰ ਰਾਜੇ ਨੂੰ ਕਾਮਧੇਨ ਗਊ ਤੇ ਕਲਪ ਬ੍ਰਿੱਛ ਤੇ ਐਰਾਵਤ ਹਾਥੀ ਦੇ ਕਰਕੇ ਆਪਣਾ ਹਿਤਕਾਰੀ ਸਬੰਧੀ ਬਣਾਇਆ ਹੈ।

ਤਿਵੇਂ ਹੀ ਮਹਾਂਦੇਵ ਜੀ ਨੂੰ ਚੰਦ੍ਰਮਾ, ਦੇਵਤਿਆਂ ਨੂੰ ਅੰਮ੍ਰਿਤ, ਸੂਰਜ ਨੂੰ ਸਤਮੁਖੀਆ ਘੋੜਾ ਵਿਸ਼ਨੂੰ ਨੂੰ ਕੌਸ਼ਤਕ ਮਣੀ, ਸ਼ਾਰੰਗ ਨਾਮਾ ਧਨੁੱਖ ਤੇ ਸੰਖ ਦੇ ਕੇ ਆਪਣਾ ਮਿੱਤਰ ਬਣਾਇਆ ਹੈ ਅਰ ਜਗਤ ਦੀ ਭਲਿਆਈ ਵਾਸਤੇ ਧਨੰਤਰ ਵੈਦ ਦਿੱਤਾ ਹੈ।

ਯਥਾ-'ਸ੍ਰੀ ਮਣਿ ਸਾਰੰਗ ਸੰਖ ਦੀਓ ਹਰਿ ਚੰਦ੍ਰ ਹਲਾਹਲ ਰੁਦ੍ਰ ਦੀਓ ਹੈ।
ਐਰਾਵਤ ਰੰਭਾ ਕਲਪਤਰ ਇਨ ਸਾਥ ਸੁਧਾ ਇੰਦਰ ਕੋ ਦੀਓ ਹੈ।
ਹੈ ਰਵਿ ਕੋ ਮਦੁ ਦੈਤਨ ਕੋ, ਅਰ ਧੇਨੁ ਰਿਖੀਸਰ ਲੇ ਜੁ ਗਇਓ ਹੈ।
ਧਨੰਤਰ ਕਾਢ ਦੀਓ ਜਗ ਕਾਰਨ ਦੁਖ ਰੋਗ ਬਿਦਾਰਨ ਵੈਦ ਭਇਓ ਹੈ।'

ਪਰ ਜਿਸ ਵੇਲੇ ਸਮੁੰਦਰ ਉੱਪਰ ਬਿਪਤਾ ਪਈ ਤਾਂ ਉਸ ਵੇਲੇ ਸਮੁੰਦ ਦੀ ਕਿਸੇ ਨੇ ਭੀ ਸਹਾਇਤਾ ਨਾ ਕੀਤੀ।

ਯਥਾ-'ਜਿਨ ਕੀ ਹੈ ਸੁਤਾ ਹਰਿ ਕੇ ਗ੍ਰਿਹ ਸੁੰਦਰ, ਈਸ਼ ਕੇ ਸੀਸ ਮੇਂ ਚੰਦ੍ਰ ਪ੍ਰਬੀਨਾ।
ਇੰਦ੍ਰ ਗਜਿੰਦ੍ਰ ਦੀਓ ਹਯ ਭਾਨੂ ਕੋ, ਕਮਲ ਕੋ ਦਾਨ ਪ੍ਰਜਾਪਤਿ ਦੀਨਾ।
ਸ੍ਰੀ ਮੁਨੀਯੋਂ ਸੇ ਬਿਗੜੀ ਜਬ ਹੀ, ਅਰਧ ਦੋਇ ਚੁਲੂ ਤਿਸਕਾ ਭਰ ਲੀਨਾ।
ਐਸੇ ਬਿਪਤ ਪੜੀ ਵਡਿਓਂ ਪਰ, ਸਿੰਧੁ ਸਹਾਇ ਕਿਨਹੂੰ ਨਹੀਂ ਕੀਨਾ।'

ਆਪਣੇ ਸੁਆਮੀ ਤ੍ਰਿਲੋਚਨ ਭਗਤ ਦੇ ਇਸ ਤਰ੍ਹਾਂ ਬਚਨ ਸੁਣਕੇ, ਫਿਰ ਭਗਤਣੀ ਨੇ ਬੇਨਤੀ ਕੀਤੀ ਕਿ-

ਮਹਾਰਾਜ ! ਸਮੁੰਦਰ ਨੇ ਇਹੋ ਜਿਹਾ ਕੀ ਕਰਮ ਕੀਤਾ ਹੈ ਜਿਸ ਕਰਕੇ ਉਸ ਦਾ ਫਲ ਉਸ ਨੂੰ ਅਵੱਸ਼ਜ ਭੋਗਣਾ ਪਿਆ ਅਤੇ ਅਨੇਕਾਂ ਜਤਨਾਂ ਦੇ ਕੀਤਿਆਂ ਭੀ ਉਸ ਦਾ ਖਾਰਾਪਨ ਦੂਰ ਨਾ ਹੋ ਸਕਿਆ? ਤਾਂ ਭਗਤ ਜੀ ਨੇ ਕਿਹਾ-

ਇੱਕ ਸਮੇਂ ਜੋ ਸਮੁੰਦਰ ਦੇ ਕਿਨਾਰੇ ਛੱਪਰੀਆਂ ਬਣਾ ਕੇ ਰਹਿਣ ਵਾਲੇ ਰਿਸ਼ੀ ਮੁਨੀ ਸਨ, ਉਹਨਾਂ ਨੇ ਆਪਸ ਵਿਖੇ ਮਿਲ ਕਰ ਯੱਗ ਕਰਨ ਦੀ ਵਿਚਾਰ ਕੀਤੀ। ਇਸ ਦੀ ਸੰਪੂਰਣਤਾ ਵਾਸਤੇ ਦੇਵਤੇ ਸੱਦੇ ਅਤੇ ਕਾਮਧੇਨ ਗਊ ਭੀ ਮੰਗਵਾ ਲਈ। ਯੱਗ ਦੀ ਸੰਪੂਰਨਤਾ ਵਾਸਤੇ ਸਾਰਿਆਂ ਨੂੰ ਅੱਡੋ ਅੱਡ ਕੰਮ ਸੌਂਪ ਦਿੱਤੇ। ਉਸ ਵੇਲੇ ਕਿਸੇ ਨੇ ਕੋਈ ਤੇ ਕਿਸੇ ਕੋਈ ਡਿਊਟੀ ਸੰਭਾਲੀ। ਸਮੁੰਦਰ ਨੂੰ ਕਿਹਾ, ਕਿ ਤੂੰ ਜਲਾਂ ਦਾ ਰਾਜਾ ਹੈਂ, ਇਸ ਲਈ ਤੂੰ ਯੱਗ ਵਿਖੇ ਜਲ ਭਰਨ ਦੀ ਸੇਵਾ ਕਰ। ਤਾਂ ਸਮੁੰਦਰ ਨੇ ਹੰਕਾਰ ਵਿਚ ਆ ਕੇ ਕਿਹਾ, ਕਿ ਮੈਂ ਸਾਰੀਆਂ ਨਦੀਆਂ ਦਾ ਮਾਲਕ-

'ਨਦੀ ਚੇ ਨਾਥੰ' ਤੇ ਤੁਸੀਂ ਕੰਗਲੇ, ਮੰਗ ਕੇ ਭਿਖਿਆ ਅੰਨ ਖਾਣ ਵਾਲੇ ਮੈਂ ਤੁਹਾਡੇ ਅੱਗੇ ਇਹ ਝਿਊਰਾਂ ਵਾਲਾ ਨੀਚ ਕਰਮ ਕਰਾਂ ਪਾਣੀ ਭਰਨ ਦਾ?

ਇਉਂ ਹੰਕਾਰ ਦੇ ਸਹਿਤ ਹੋਰ ਵੀ ਬਹੁਤ ਸਾਰੇ ਰਿਸ਼ੀਆਂ ਨੂੰ ਅਪਮਾਨ ਦੇ ਸ਼ਬਦ ਕਹੇ, ਉਨ੍ਹਾਂ ਵਿਚੋਂ ਸ਼ਾਂਤ ਚਿੱਤ ਮਹਾਤਮਾਂ ਤਾਂ ਚੁੱਪ ਕਰ ਗਏ, ਪਰ ਕੁਛ ਤੇਜ ਸੁਭਾਵ ਵਾਲੇ ਬੋਲਣ ਲੱਗੇ, ਪਰ ਸ਼ਾਂਤ ਚਿੱਤ ਵਾਲੇ ਭਜਨ ਨੰਦੀ ਮਹਾਤਮਾ ਨੇ ਤੇਜ ਸੁਭਾਵ ਵਾਲੇ ਸੰਤਾਂ ਨੂੰ ਰੋਕ ਦਿੱਤਾ ਕਿ ਐਹੋ ਜਿਹੇ ਸਮਾਗਮ ਵਿਚ ਕਲੇਸ਼ ਪਾਵਣਾ ਚੰਗਾ ਨਹੀਂ।

ਉਨ੍ਹਾਂ ਸੰਤਾਂ ਦੇ ਬਚਨ ਸੁਣਕੇ ਤਮੋ-ਗੁਣੀ ਸੁਭਾਵ ਦੇ ਮਹਾਤਮਾ ਰੁਕ ਤਾਂ ਗਏ, ਪਰ ਮਨ ਵਿਚ ਗੁੱਸਾ ਰੱਖਿਆ। ਏਧਰੋਂ ਸਮੁੰਦਰ ਨੇ ਮਨ ਵਿਖੇ ਖਿਆਲ ਕੀਤਾ ਕਿ ਦੇਖੋ ਇਹ ਕੰਗਲੇ ਮੰਗਕੇ ਖਾਣ ਵਾਲੇ ਸਾਧ, ਮੇਰੇ ਉੱਪਰ ਵੀ ਹੁਕਮ ਕਰਦੇ ਹਨ। ਦੇਖਾਂ ਤਾਂ ਸਹੀ ਇਨ੍ਹਾਂ ਵਿਚ ਕੋਈ ਤਾਕਤ ਵਾਲਾ ਮਹਾਂ ਪੁਰਸ਼ ਵੀ ਹੈ ਕਿ ਸਾਰੇ ਹੀ ਪੇਟ ਪਾਲਤੂ ਹਨ। ਇਉਂ ਮਨ ਵਿਖੇ ਕੁਟਲਤਾਈ ਧਾਰਨ ਕੀਤੀ ਅਤੇ ਆਪਣੀ ਮਰਯਾਦਾ ਨੂੰ ਛੱਡਕੇ ਰਾਤਰੀ ਨੂੰ ਉਛਲਿਆ ਅਤੇ ਕਿਨਾਰੇ ਤੇ ਰਹਿਣ ਵਾਲੇ ਰਿਸ਼ੀਆਂ ਨੂੰ ਸਮੇਤ ਛੱਪਰੀਆਂ ਦੇ ਰੋੜ੍ਹ ਦਿੱਤਾ। ਸਵੇਰ ਤੱਕ ਆਪਣੀ ਮਰਯਾਦਾ ਵਿਚ ਆ ਗਿਆ, ਕਿਤਨੇ ਰਿਸ਼ੀ ਤਾਂ ਡੁੱਬਕੇ ਮਰ ਗਏ ਅਤੇ ਕਿਤਨੇ ਕੁ ਗੋਤੇ ਖਾਂਦੇ ਹੋਏ ਬਾਹਰ ਨਿਕਲੇ। ਜਦ ਸਵੇਰਾ ਹੋਇਆ ਤਾਂ ਸਮੁੰਦਰ ਦੇ ਜਲ ਦੀ ਮਾਰ ਚੋਂ ਬਚੇ ਹੋਏ ਰਿਸ਼ੀ ਇਕੱਠੇ ਹੋਏ ਅਤੇ ਸਭਨਾਂ ਨੇ ਮਿਲਕੇ ਸੋਚਿਆ ਕਿ ਕਿਤਨੇ ਸਮੇਂ ਤੋਂ ਇਸ ਜਗ੍ਹਾ ਨਿਵਾਸ ਕਰਦੇ ਹਾਂ, ਕਦੇ ਵੀ ਸਮੁੰਦਰ ਦਾ ਜਲ ਆਪਣੀਆਂ ਵੇਲਾਂ ਤੋਂ ਬਾਹਰ ਨਹੀਂ ਸੀ ਆਇਆ, ਪਰ ਅੱਜ ਕੀ ਕਾਰਣ ਹੈ?

ਤਾਂ ਸਭ ਮਹਾਤਮਾਂ ਨੇ ਆਪੋ ਆਪਣੀ ਸਰਬੱਗਤਾ ਦੁਆਰਾ ਸਮੁੰਦਰ ਦਾ ਭਾਵ ਸਮਝ ਲਿਆ ਕਿ ਇਸ ਨੇ ਬੜੇ ਬੜੇ ਆਪਣੇ ਸਬੰਧੀ ਬਣਾ ਲਏ ਅਤੇ ਸਭਨਾਂ ਨਾਲ ਮਿੱਤ੍ਰਤਾ ਗੰਢ ਲਈ ਜਿਸ ਕਰਕੇ ਇਹ ਹੰਕਾਰੀ ਹੋ ਗਿਆ ਹੈ, ਤਾਂ ਤੇ ਇਸ ਸੰਤ ਦ੍ਰੋਹੀ ਨੂੰ ਇਸਦੀ ਕੀਤੀ ਦਾ ਫਲ ਭੁਗਤਾਣਾ ਚਾਹੀਦਾ ਹੈ, ਪਰ ਕਈ ਸ਼ਾਂਤ ਚਿੱਤ ਮਹਾਤਮਾ ਕਹਿਣ ਲੱਗੇ ਅਸੀਂ ਸਾਰੇ ਇਸ ਦੇ ਕਿਨਾਰੇ ਉੱਪਰ ਰਹਿੰਦੇ ਹਾਂ ਅਤੇ ਇਸ ਤੋਂ ਹਰ ਪ੍ਰਕਾਰ ਜਲ ਦਾ ਸੁਖ ਪਾਂਵਦੇ ਹਾਂ, ਇਸ ਲਈ ਇਸਦਾ ਅਪਰਾਧ ਖਿਮਾਂ ਕਰ ਦੇਣਾ ਚਾਹੀਦਾ ਹੈ। ਪਰ ਕਈ ਗਰਮ ਸੁਭਾਵ ਵਾਲੇ ਸੰਤ ਕਹਿਣ ਲੱਗੇ, ਇਸ ਅਪਰਾਧੀ ਨੂੰ ਦੰਡ ਦੇਣਾ ਯੋਗ ਹੈ, ਨਹੀਂ ਤਾਂ ਕਿਸੇ ਹੋਰ ਨੂੰ ਵੀ ਦੁੱਖ ਦੇਵੇਗਾ। ਐਸੇ ਕਹਿ ਕਰ ਜੋ ਅਗਸਤ ਮੁਨੀ ਜੀ ਵੈਰਾਟ ਭਗਵਾਨ ਦੇ ਉਪਾਸ਼ਕ ਸਨ, ਉਹਨਾਂ ਨੇ ਆਪਣੇ ਉਪਾਸ਼ਜ ਦਾ ਧਿਆਨ ਧਾਰਨ ਕਰਕੇ ਵੈਰਾਟ ਰੂਪ ਧਾਰਨ ਕੀਤਾ ਅਤੇ ਸਮੁੰਦਰ ਨੂੰ ਤਾੜਨਾ ਕੀਤੀ, ਕਿ - "ਹੇ ਸੰਤ ਦ੍ਰੋਹੀ! ਤੂੰ ਹੁਣ ਆਪਣੇ ਕੁਕਰਮ ਦਾ ਫਲ ਪਾਵਣਾ ਕਰ, ਮੈਂ ਤੈਨੂੰ ਦੰਡ ਦੇਂਦਾ ਹਾਂ"। ਜਦ ਸਮੁੰਦਰ ਫੇਰ ਵੀ ਨਰਮ ਨਾ ਹੋਇਆ ਤਦ ਸਮੁੰਦਰ ਨੂੰ ਢਾਈ ਚੁਲੀਆਂ ਵਿਚ ਪੀ ਲਿਆ। ਸਮੁੰਦਰ ਦੇ ਸੁਕ ਜਾਣੇ ਉੱਪਰ ਬਿਤਾਲੀ (੪੨) ਲੱਖ ਜੂਨਾਂ ਦੇ ਜੀਵ ਜੋ ਜਲ ਵਿਚ ਹੀ ਰਹਿੰਦੇ ਹਨ, ਉਹ ਤੜਫਣ ਲੱਗੇ ਤਾਂ ਸਮੁੰਦਰ ਨੇ ਸਭ ਦੇਵਤਿਆਂ ਪਾਸੋਂ ਮੱਦਦ ਮੰਗੀ, ਪਰ ਕਿਸੇ ਨੇ ਵੀ ਉਸਦੀ ਸਹਾਇਤਾ ਨਾ ਕੀਤੀ ਅਤੇ ਕਿਹਾ, ਤੈਨੇ ਜਿਨ੍ਹਾਂ ਮਹਾਤਮਾਂ ਦੀ ਬੇਅਦਬੀ ਕੀਤੀ ਹੈ, ਹੁਣ ਉਨ੍ਹਾਂ ਦੇ ਪਾਸੋਂ ਹੀ ਜਾ ਕੇ ਮੁਆਫੀ ਮੰਗ।

ਇਸ ਪ੍ਰਕਾਰ ਸਮੁੰਦਰ ਸਭ ਦੇਵਤਿਆਂ ਪਾਸੋਂ ਨਿਰਾਸ਼ ਹੋ ਕੇ ਅਖੀਰ ਨੂੰ ਮਹਾਂਪੁਰਸ਼ਾਂ ਪਾਸ ਪੁੱਜਾ ਅਤੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ ਮੈਨੂੰ ਮੁਆਫ ਕਰ ਦੇਵੋ। ਤਦੋਂ ਸਾਰੇ ਮਹਾਤਮਾਂ ਦੇ ਕਹਿਣ ਕਰਕੇ ਅਗਸਤ ਮੁਨੀ ਨੇ ਪੀਤਾ ਹੋਇਆ ਸਮੁੰਦਰ ਪਿਸ਼ਾਬ ਰਸਤੇ ਖਾਰਾ ਕਰਕੇ ਕੱਢਿਆ ਅਤੇ ਸਰਾਪ ਦਿੱਤਾ ਕਿ ਅੱਜ ਤੋਂ ਤੂੰ ਖਾਰਾ ਹੀ ਰਹੇਂਗਾ। ਇਹ ਤੇਰਾ ਪ੍ਰਾਰਬਧ ਕਰਮ ਬਣ ਚੁੱਕਾ ਹੈ, ਇਸ ਨੂੰ ਹੁਣ ਕੋਈ ਵੀ ਮਿੱਠਾ ਨਹੀਂ ਕਰ ਸਕੇਗਾ।

ਇਹ ਸੁਣਕੇ ਭਾਵੇਂ ਸਮੁੰਦਰ ਨੇ ਸਭ ਦੇਵਤਿਆਂ ਪਾਸ ਆਪਣੇ ਖਾਰੇਪਨ ਨੂੰ ਦੂਰ ਕਰਨ ਵਾਸਤੇ ਬੇਨਤੀ ਕੀਤੀ, ਪਰ ਉਨ੍ਹਾਂ ਪਾਸੋਂ ਇਹੋ ਜਵਾਬ ਮਿਲਿਆ ਕਿ ਅਸੀਂ ਤੇਰੇ ਇਸ ਪ੍ਰਾਰਬਧ ਕਰਮ ਨੂੰ ਮੇਟ ਨਹੀਂ ਸਕਦੇ। ਸੋ ਅੱਜ ਤੱਕ ਸਮੁੰਦਰ ਖਾਰਾ ਹੀ ਹੈ।

ਭਗਤ ਤ੍ਰਿਲੋਚਨ ਜੀ ਕਹਿਣ ਲੱਗੇ - ਹੇ ਇਸਤਰੀ ! ਪ੍ਰਮੇਸ਼ਰ ਦੀ ਭਾਵੀ ਅਮਿਟ ਹੈ, ਇਸ ਵਾਸਤੇ ਤੂੰ ਵੀ ਦੁਖ ਸੁਖ ਨੂੰ ਭਾਵੀ ਦੇ ਅਧੀਨ ਸਮਝਕੇ ਪ੍ਰਸੰਨ ਰਹਿਣਾ ਕਰ।

ਤਾਂ ਭਗਤਨੀ ਨੇ ਫਿਰ ਬੇਨਤੀ ਕੀਤੀ, ਕਿ ਮਹਾਰਾਜ ! ਤੁਹਾਡੇ ਬਚਨਾਂ ਨੂੰ ਸੁਣਕੇ ਇਹ ਨਿਸਚੇ ਹੋ ਗਿਆ ਹੈ ਕਿ ਸੁਖ ਦੁਖ ਮੇਰੇ ਆਪਣੇ ਕੀਤੇ, ਹੀ ਕਰਮਾਂ ਦਾ ਫਲ ਹੈ ਜਿਸ ਕਰਕੇ ਪ੍ਰਮੇਸ਼ਰ ਨੂੰ ਦੋਸ਼ ਦੇਣਾ ਨਹੀਂ ਬਣਦਾ। ਇਹ ਬਚਨ ਸੁਣ ਕੇ ਭਗਤ ਤ੍ਰਿਲੋਚਨ ਜੀ ਪ੍ਰਸੰਨ ਹੋ ਕੇ ਪੰਜਵਾਂ ਦ੍ਰਿਸ਼ਟਾਂਤ ਦੇ ਕੇ ਉਸ ਦੇ ਨਿਸਚੇ ਨੂੰ ਪ੍ਰਪੱਕ ਕਰਦੇ ਹਨ।

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ

ਹੇ ਸੁਭੱਦਰੇ! ਸ੍ਰੀ ਰਾਮਚੰਦ੍ਰ ਜੀ ਦੇ ਜਿਸ ਅਨਿਨ ਸੇਵਕ ਹਨੂੰਮਾਨ ਨੇ ਸ੍ਰੀ ਰਾਮਚੰਦਰ ਜੀ ਦੀ ਆਗਿਆ ਨੂੰ ਪਾ ਕੇ ਲੰਕਾ ਵਿਚ ਜਾ ਕੇ ਰਾਵਣ ਦੇ-

ਦਾਧੀਲੇ ਲੰਕਾ ਗੜੁ-ਸੁਨਹਿਰੀ ਕਿਲ੍ਹੇ ਨੂੰ ਅਤੇ ਭਗਤ ਭਭੀਸ਼ਨ ਦੇ ਘਰ ਤੋਂ ਬਗੈਰ ਸਾਰੀ ਲੰਕਾ ਨੂੰ ਦਾਧੀ=ਸਾੜਨਾ ਕੀਤਾ ਹੈ ਅਤੇ ਸੀਤਾ ਦੀ ਖਬਰ ਲੈਣ ਗਿਆਂ-

ਉਪਾੜੀਲੇ ਰਾਵਣ ਬਣੁ=ਰਾਵਣ ਦੇ ਅਸ਼ੋਕ ਬਾਗ ਨੂੰ ਉਪਾੜੀਲੇ=ਪੁੱਟ ਦਿੱਤਾ। ਜਿਸ ਵੇਲੇ ਅਸ਼ੋਕ ਬਾਗ ਨੂੰ ਪੁੱਟਿਆ ਦੇਖਿਆ ਤਾਂ ਮਾਲੀ ਨੇ ਰਾਵਣ ਪਾਸ ਆ ਕੇ ਪੁਕਾਰ ਕੀਤੀ ਤਾਂ ਰਾਵਣ ਨੇ ਹਨੂੰਮਾਨ ਨੂੰ ਪਕੜਨ ਵਾਸਤੇ 'ਅਛ' ਨਾਮੇ ਪੁੱਤਰ ਨੂੰ ਭੇਜਿਆ। ਜਦ ਉਹ ਹਨੂੰਮਾਨ ਨੂੰ ਫੜਨ ਲੱਗਾ ਤਾਂ ਆਪਸ ਵਿਚ ਯੁੱਧ ਹੋ ਗਿਆ, ਉਸ ਜੰਗ ਵਿਖੇ ਹਨੂੰਮਾਨ ਨੇ 'ਅੱਛ' ਨੂੰ ਮਾਰ ਦਿੱਤਾ।

ਫੇਰ ਰਾਵਣ ਨੇ ਆਪਣੇ 'ਮੇਘਨਾਦ' ਨਾਮੇ ਪੁੱਤਰ ਨੂੰ ਭੇਜਿਆ ਤਾਂ ਮੇਘਨਾਦ ਨੇ ਬ੍ਰਹਮ ਫਾਸ ਮੰਤਰ ਦੁਆਰਾ ਹਨੂੰਮਾਨ ਨੂੰ ਫੜ ਕੇ ਆਪਣੇ ਰਾਵਣ ਦੀ ਕਚਹਿਰੀ ਵਿਚ ਪੇਸ਼ ਕਰ ਦਿੱਤਾ। ਰਾਵਣ ਨੇ ਆਪਣੇ ਪਾਸ ਬੈਠੇ ਹੋਏ ਅਹਿਲਕਾਰਾਂ ਤੇ ਵਜ਼ੀਰਾਂ ਨੂੰ ਪੁੱਛਿਆ, ਕਿ ਇਸ ਨੂੰ ਕਿਸ ਸਜ਼ਾ ਦੁਆਰਾ ਮਾਰਨਾ ਚਾਹੀਦਾ ਹੈ?

ਆਪੋ ਆਪਣੇ ਖਿਆਲ ਸਭਨਾਂ ਨੇ ਦੱਸੇ। ਉਸ ਵੇਲੇ ਹਨੂੰਮਾਨ ਨੇ ਕਿਹਾ, ''ਮੇਰੀ ਮੌਤ ਦਾ ਮੈਨੂੰ ਪਤਾ ਹੈ, ਜੇ ਤੁਸੀਂ ਮੈਨੂੰ ਮਾਰਨਾ ਚਾਹੁੰਦੇ ਹੋ ਤਾਂ ਮੇਰੀ ਪੂਛ ਨਾਲ ਬਹੁਤ ਸਾਰੀ ਰੂਈਂ ਲਪੇਟ ਕੇ ਤੇਲ ਵਿਚ ਭਿਉਂਕੇ ਅੱਗ ਲਗਾ ਦਿਓ ਮੈਂ ਆਪ ਹੀ ਸੜਕੇ ਮਰ ਜਾਵਾਂਗਾ।''

ਇਹ ਗੱਲ ਸੁਣਕੇ ਸਾਰਿਆਂ ਨੇ ਚਾਉ ਤੇ ਹੈਰਾਨਗੀ ਸਹਿਤ ਹੋ ਕੇ ਰੂਈਂ ਤੇ ਤੇਲ ਮੰਗਵਾ ਲਿਆ ਤੇ ਹਨੂੰਮਾਨ ਦੀ ਪੂਛ ਨਾਲ ਰੂਈਂ ਲਪੇਟਕੇ ਤੇਲ ਨਾਲ ਭਿਉਂਕੇ ਅੱਗ ਲਗਾ ਦਿੱਤੀ। ਉਸ ਸਮੇਂ ਹਨੂੰਮਾਨ ਨੇ ਆਪਣੇ ਇਰਦ ਗਿਰਦ ਖਲੋਤੇ ਲੋਕਾਂ ਦੇ ਮੂੰਹਾਂ ਵਲ ਆਪਣੀ ਪੂਛ ਫੇਰਕੇ ਲੋਕਾਂ ਦੀ ਦਾਹੜੀ ਸਾੜ ਦਿੱਤੀ।

ਜਦ ਰਾਵਣ ਦੇ ਹੁਕਮ ਨਾਲ ਸਿਪਾਹੀ ਹਨੂੰਮਾਨ ਨੂੰ ਫੜਨ ਲੱਗੇ ਤਾਂ ਛਾਲ ਮਾਰ ਕੇ ਮੰਦਰ ਦੀ ਅਟਾਰੀ ਉੱਪਰ ਜਾ ਬੈਠਾ। ਜਦ ਓਸੇ ਸਿਪਾਹੀ ਪਹੁੰਚੇ ਤਾਂ ਦੂਜੀ ਅਟਾਰੀ ਉੱਪਰ ਜਾ ਬੈਠਾ। ਇਉਂ ਸਾਰੇ ਫਿਰ ਫਿਰ ਕੇ ਸਾਰੀ ਲੰਕਾ ਗੜ੍ਹ ਨੂੰ ਸਾੜ ਦਿੱਤਾ।

ਜਿਸ ਵੇਲੇ ਲੰਕਾ ਵਿਚ ਜੰਗ ਹੋਣ ਸਮੇਂ ਮੇਘਨਾਦ ਨੇ ਬਰਛੀ ਮਾਰੀ ਤਾਂ ਲਛਮਣ ਮੂਰਛਾ ਹੋ ਗਿਆ, ਉਸ ਵੇਲੇ ਸ੍ਰੀ ਰਾਮਚੰਦਰ ਜੀ ਨੇ ਹਨੂੰਮਾਨ ਨੂੰ ਸੰਜੀਵਣੀ ਬੂਟੀ ਲੈਣ ਵਾਸਤੇ ਭੇਜਿਆ ਤਾਂ ਰਾਮਚੰਦਰ ਜੀ ਦੀ ਪ੍ਰਸੰਨਤਾ ਵਾਸਤੇ ਰਾਤੋ ਰਾਤ ਹੀ ਪਹਾੜ ਤੇ ਪਹੁੰਚਕੇ ਸੰਜੀਵਨੀ ਬੂਟੀ ਵਾਲੇ ਪਹਾੜ ਨੂੰ ਚੁੱਕ ਲਿਆਇਆ। ਉਹ ਪ੍ਰਸੰਗ ਹੁਣ ਕਥਨ ਕਰਦੇ ਹਨ-

ਸਲਿ ਬਿਸਲਿ ਆਣਿ ਤੋਖੀਲੇ ਹਰੀ॥

ਸਲਿ=ਦੁੱਖਾਂ ਤੋਂ ਬਿਸਲਿ=ਰਹਿਤ ਕਰਨ ਵਾਲੀ ਸੰਜੀਵਨੀ ਬੂਟੀ ਆਦਿ=ਲਿਆਕੇ ਹਰੀ ਸਰੂਪ ਸ੍ਰੀ ਰਾਮਚੰਦਰ ਜੀ ਨੂੰ ਤੋਖੀਲੇ=ਪ੍ਰਸੰਨ ਕੀਤਾ, ਪਰ—

ਕਰਮ ਕਰਿ ਕਛਉਟੀ ਮਫੀਟਸਿ ਰੀ॥ ੫॥

ਰੀ=ਹੇ ਸੁਭੱਦਰੇ ! ਹਨੂੰਮਾਨ ਨੇ ਪਿਛਲੇ ਜਨਮ ਵਿਖੇ ਐਸਾ ਕਰਮ ਕੀਤਾ, ਜਿਸ ਦਾ ਫਲ ਉਸ ਦੇ ਪਹਿਨਣ ਲਈ ਲੱਕ ਵਿਚ ਕੇਵਲ ਕਛਉਟੀ=ਕੱਛ, ਮਫੀਟਸਿ=ਅਮਿਟ ਰਹੀ ਹੈ, ਭਾਵ ਉਸ ਨੂੰ ਸਾਰੀ ਜ਼ਿੰਦਗੀ ਇੱਕ ਕੱਛ ਵਿਚ ਹੀ ਬਿਤੀਤ ਕਰਨੀ ਪਈ। ਜੇ ਹੋਰ ਕੋਈ ਕੱਪੜਾ ਪਹਿਰਦਾ ਸੀ ਤਾਂ ਉਸ ਦੇ ਸਰੀਰ ਨੂੰ ਅੱਗ ਲੱਗ ਜਾਂਦੀ ਸੀ॥ ੫॥

ਪੁਨਾ-ਭਗਤਣੀ ਨੇ ਆਪਣੇ ਸੁਆਮੀ ਤ੍ਰਿਲੋਚਨ ਭਗਤ ਜੀ ਪਾਸੋਂ ਹਨੂੰਮਾਨ ਦੇ ਪਿੱਛਲੇ ਜਨਮ ਵਿਚ ਕੀਤੇ ਕਰਮ ਦਾ ਫਲ ਅਮਿਟ ਹੋਣ ਦਾ ਕਾਰਨ ਪੁੱਛਿਆ, ਤਾਂ ਭਗਤ ਜੀ ਨੇ ਦੱਸਿਆ-

ਸਾਖੀ-ਹਨੂੰਮਾਨ ਦੀ

ਪਿਛਲੇ ਜਨਮ ਵਿਖੇ ਹਨੂੰਮਾਨ ਜੀ ਮਨੁੱਖ ਸਰੀਰ ਵਿਖੇ ਸਨ, ਜਿਸ ਵੇਲੇ ਆਪਣੀ ਹੋਸ਼ ਵਿਖੇ ਆਏ ਤਾਂ ਕੁਸੰਗਤ ਦੇ ਪ੍ਰਭਾਵ ਨਾਲ ਚੋਰੀ ਕਰਨ ਦਾ ਨਖਿਧ ਸੁਭਾਵ ਪੈ ਗਿਆ ਜੋ ਕਿ ਰਸਤੇ ਵਿਚ ਆਉਂਦੇ ਜਾਂਦੇ ਰਾਹੀਆਂ ਦੇ ਕੱਪੜੇ ਉਤਾਰ ਕੇ ਮਾਇਆ, ਨਗਦੀ, ਜ਼ੇਵਰ ਵਗੈਰਾ ਲੁੱਟ ਕੇ ਘਰ ਵਿਚ ਲੈ ਜਾਂਦਾ ਸੀ। ਇਸ ਤਰ੍ਹਾਂ ਇਸ ਨੂੰ ਨੀਚ ਕੰਮ ਕਰਦਿਆਂ ਕਾਫੀ ਸਮਾਂ ਬਿਤੀਤ ਹੋ ਗਿਆ।

ਇੱਕ ਸਮੇਂ ਇੱਕ ਪੂਰਨ ਮਹਾਤਮਾਂ ਨਦੀ ਦੇ ਕਿਨਾਰੇ ਕੱਪੜੇ ਲਾਹ ਕੇ ਇਸ਼ਨਾਨ ਲਈ ਜਲ ਵਿਚ ਪ੍ਰਵੇਸ਼ ਕਰ ਗਏ। ਉਸ ਸਮੇਂ ਇਹ ਚੋਰ ਉਸ ਰਿਖੀ ਦੇ ਕੱਪੜੇ ਚੱਕ ਕੇ ਦੌੜ ਗਿਆ।

ਜਿਸ ਵੇਲੇ ਮਹਾਤਮਾਂ ਇਸ਼ਨਾਨ ਕਰਕੇ ਜਲ ਤੋਂ ਬਾਹਰ ਆਏ ਤਾਂ ਕੀ ਵੇਖਿਆ ਕਿ ਮੇਰੇ ਕੱਪੜੇ ਚੁੱਕ ਕੇ ਇੱਕ ਆਦਮੀ ਦੌੜਿਆ ਜਾ ਰਿਹਾ ਹੈ ਤਾਂ ਉਹਨਾਂ ਨੇ ਉੱਚੀ ਅਵਾਜ਼ ਨਾਲ ਕਿਹਾ, ''ਓ ਭਲਿਆ ਲੋਕਾ ! ਅਸਾਡੇ ਕੱਪੜੇ ਲੈ ਕੇ ਤੂੰ ਕਿਉਂ ਦੌੜਿਆ ਜਾ ਰਿਹਾ ਹੈਂ? ਅਸਾਡੇ ਪਾਸ ਤਾਂ ਇਹੀ ਕੱਪੜੇ ਸਨ, ਕੋਈ ਬਹੁਤੇ ਮੁੱਲ ਦੇ ਭੀ ਨਹੀਂ ਹਨ। ਇਹਨਾਂ ਵਿਚ ਕੋਈ ਮਾਇਆ ਵਗੈਰਾ ਭੀ ਨਹੀਂ ਹੈ, ਇਸ ਕਰਕੇ ਸਾਨੂੰ ਵਾਪਸ ਦੇ ਜਾਹ''। ਜਦ ਮਹਾਤਮਾ ਨੇ ਦੋ ਤਿੰਨ ਵਾਰ ਅਵਾਜ਼ਾਂ ਦੇ ਕੇ ਪੂਰਬੋਕਤ ਬਚਨਾਂ ਨਾਲ ਕਿਹਾ, ਪਰ ਉਸ ਨੇ ਸੁਣ ਕੇ ਭੀ ਅਨ-ਸੁਣਿਆਂ ਕਰ ਛੱਡਿਆ ਤੇ ਕੋਈ ਉੱਤਰ ਨਾ ਦਿੱਤਾ, ਕੱਪੜੇ ਲੈ ਕੇ ਦੌੜ ਗਿਆ ਤਿਸ ਵੇਲੇ ਉਹ ਤਪੱਸਵੀ ਮਹਾਤਮਾ ਨੇ ਕ੍ਰੋਧ ਨਾਲ ਇਸ ਨੂੰ ਸਰਾਪ ਦੇ ਦਿੱਤਾ ਕਿ—

ਹੇ ਦੁਸ਼ਟ ! ਜਿਸ ਤਰ੍ਹਾਂ ਤੈਨੇ ਅਸਾਡੇ ਸਰੀਰ ਉੱਪਰ ਇੱਕ ਕੱਛ ਛੱਡੀ ਹੈ, ਏਸੇ ਕਰਕੇ ਤੈਨੂੰ ਭੀ ਅਗਲੇ ਜਨਮ ਵਿਖੇ ਇੱਕ ਕੱਛ ਹੀ ਮਿਲੇਗੀ। ਭਾਵੇਂ ਤੂੰ ਪਰਮੇਸ਼ਰ ਦਾ ਅਨਿਨ ਭਗਤ ਭੀ ਹੋ ਜਾਵੇਂ, ਪਰ ਤਾਂ ਭੀ ਕੱਛ ਤੋਂ ਬਿਨਾਂ ਹੋਰ ਕੱਪੜਾ ਨਹੀਂ ਮਿਲੇਗਾ। ਬਹੁਤੇ ਕੱਪੜੇ ਪਹਿਰਨ ਨਾਲ ਤੇਰੇ ਸਰੀਰ ਨੂੰ ਅੱਗ ਜੇਹੀ ਜਲਨਤਾ ਲੱਗ ਜਾਵੇਗੀ।

ਸੋ ਉਹਨਾਂ ਪੂਰਨ ਮਹਾਤਮਾਂ ਦੇ ਬਚਨਾਂ ਦੁਆਰਾ ਸ੍ਰੀ ਰਾਮਚੰਦਰ ਜੀ ਦੀ ਸੇਵਾ ਕਰਨੇ ਉੱਪਰ ਭੀ ਪ੍ਰਾਰਬਧ ਕੋਟੀ ਵਿਚ ਆਇਆ ਹੋਇਆ ਕਰਮ ਹਨੂੰਮਾਨ ਦਾ ਅਮਿਟ ਰਿਹਾ, ਭਾਵ ਕੱਛ ਤੋਂ ਇਲਾਵਾ ਹੋਰ ਕੋਈ ਬਸਤਰ ਨਾ ਮਿਲਿਆ।

ਜਿਸ ਵੇਲੇ ਆਪਣੇ ਭਾਈ ਲਛਮਣ ਨੂੰ ਮੂਰਛਤ ਹੋਇਆ ਦੇਖਿਆ ਤਾਂ ਸ੍ਰੀ ਰਾਮਚੰਦਰ ਮਹਾਰਾਜ ਜੀ ਨੇ ਹਨੂੰਮਾਨ ਨੂੰ ਆਪਣੇ ਪਾਸ ਬੁਲਾ ਕੇ ਕਿਹਾ - ਹੇ ਹਨੂੰਮਾਨ ! ਆਪ ਕਲ੍ਹ ਦੇ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸੰਜੀਵਣੀ ਬੂਟੀ ਲਿਆਕੇ ਲਛਮਣ ਨੂੰ ਸੁਰਜੀਤ ਕਰੋ। ਜਿਸ ਵੇਲੇ ਸੰਜੀਵਣੀ ਬੂਟੀ ਲਿਆਕੇ ਲਛਮਣ ਨੂੰ ਸੁਰਜੀਤ ਕਰੇਂਗਾ ਤਾਂ ਉਸ ਵੇਲੇ ਜੋ ਅਸਾਡੇ ਪਾਸ ਹੋਵੇਗਾ ਉਹ ਸਰਬੰਸ ਦਾਨ ਤੈਨੂੰ ਦਿੱਤਾ ਜਾਵੇਗਾ। ਜਦ ਸ੍ਰੀ ਰਾਮਚੰਦਰ ਜੀ ਮਹਾਰਜ ਦੇ ਹੁਕਮ ਨੂੰ ਸੁਣਕੇ ਹਨੂੰਮਾਨ 'ਦਰੋਣਾਗਿਰ' ਪਹਾੜ ਉੱਪਰ ਸੰਜੀਵਣੀ ਬੂਟੀ ਲੈਣ ਚਲਾ ਗਿਆ ਤਾਂ ਓਥੇ ਰਾਵਣ ਨੇ ਕਿਸੇ ਦੂਤ ਦੁਆਰਾ ਸਭ ਬੂਟੀਆਂ ਨੂੰ ਪ੍ਰਕਾਸ਼ਵਾਨ ਕਰ ਦਿੱਤਾ। ਹਨੂੰਮਾਨ ਨੇ ਸੰਜੀਵਣੀ ਬੂਟੀ ਦੀ ਤਲਾਸ਼ ਬਹੁਤ ਕੀਤੀ, ਪਰ ਸੰਜੀਵਣੀ ਬੂਟੀ ਦਾ ਪੂਰਾ ਪੂਰਾ ਨਿਰਣਾ ਨਾ ਹੋਣ ਕਰ ਕੇ ਸਾਰਾ ਪਹਾੜ ਹੀ ਚੁੱਕ ਕੇ ਲੈ ਆਇਆ ਜੋ ਸੱਠ ਲੱਖ ਜੋਜਨ ਕੋਹ ਦੂਰ ਸੀ।

''ਸਾਠ ਲਾਖ ਜੋਜਨ ਹੈ ਕੋਸਾ। ਕੌਣ ਜਾਇ ਜੀਅ ਹੈ ਨ ਭਰੋਸਾ॥ ੧੫੨॥''

'ਸਖੈਨ' ਨਾਮੇ ਵੈਦਜ ਨੇ ਉਹਨਾਂ ਬੂਟੀਆਂ 'ਚੋਂ ਸੰਜੀਵਣੀ ਬੂਟੀ ਪਛਾਣ ਕੇ ਲਛਮਣ ਦੇ ਜ਼ਖਮ ਉੱਪਰ ਲਗਾ ਕੇ ਉਸ ਨੂੰ ਸੁਰਜੀਤ ਕਰ ਦਿੱਤਾ।

''ਹੀਏ ਘਾਉ ਕੋ ਜਬਹਿ ਲਗਾਈ। ਲਛਮਨ ਸ੍ਵਾਸਨ ਲਈ ਜੰਭਾਈ॥ ੨੫੮॥''

(ਹਨੂੰਮਾਨ ਨਾਟਕ ਧਿਆਇ ੧੩)

ਤਾਂ ਸ੍ਰੀ ਰਾਮਚੰਦਰ ਜੀ ਬਹੁਤ ਪ੍ਰਸੰਨ ਹੋਏ ਜਿਸ ਵੇਲੇ ਸੰਜੀਵਣੀ ਬੂਟੀ ਲੈ ਕੇ ਹਨੂੰਮਾਨ ਸ੍ਰੀ ਰਾਮਚੰਦਰ ਜੀ ਪਾਸ ਆਇਆ, ਤਿਸ ਵੇਲੇ ਸ੍ਰੀ ਰਾਮਚੰਦਰ ਇਸ਼ਨਾਨ ਕਰਕੇ ਹੱਥ ਵਿਚ ਗਿੱਲੀ ਕੱਛ ਲੈ ਕੇ ਨਚੋੜ ਰਹੇ ਸਨ ਤੇ ਹਨੂੰਮਾਨ ਨੂੰ ਮੱਥਾ ਟੇਕਦਿਆਂ ਦੇਖ ਕੇ ਸ੍ਰੀ ਰਾਮਚੰਦਰ ਜੀ ਨੇ ਪ੍ਰਸੰਨ ਹੋ ਕੇ ਕਿਹਾ - ਹੇ ਹਨੂੰਮਾਨ ! ਜੋ ਤੂੰ ਮੇਰੇ ਉੱਤੇ ਅੱਜ ਉਪਕਾਰ ਕੀਤਾ ਹੈ, ਇਸ ਨੂੰ ਮੈਂ ਸਾਰੀ ਜ਼ਿੰਦਗੀ ਭੁਲਾ ਨਹੀਂ ਸਕਦਾ।

''ਸੁਨ ਕਪਿ ਤੋਹਿ ਸਮਾਨ ਉਪਕਾਰੀ॥ ਨਹਿ ਕੋਈ ਸੁਰ ਨਰ ਮੁਨਿ ਤਨ ਧਾਰੀ॥
ਪਰ ਤੇ ਉਪਕਾਰ ਕਰੂੰ ਕਾ ਤੋਰਾ। ਸਨਮੁਖ ਹੋਇ ਨ ਸਕਤ ਮਨ ਮੋਰਾ।''

(ਰਾਮਾਇਣ)

ਸੰਜੀਵਣੀ ਬੂਟੀ ਲਿਆਉਣ ਸਮੇਂ ਜੋ ਤੈਨੂੰ ਸਰਬੰਸ ਦਾਨ ਦੇਣ ਵਾਸਤੇ ਕਿਹਾ ਸੀ, ਕਿ ਜਦ ਤੂੰ ਬੂਟੀ ਲੈ ਕੇ ਆਏਂਗਾ ਉਸ ਸਮੇਂ ਅਸਾਡੇ ਪਾਸ ਜੋ ਕੁਝ ਹੋਵੇਗਾ ਸੋ ਤੇਰੇ ਅਰਪਣ ਕਰਾਂਗੇ। ਸਚਮੁੱਚ ਜੇ ਮੈਂ ਇਸ ਵੇਲੇ ਰਾਜ ਸਿੰਘਾਸਣ ਤੇ ਬੈਠਾ ਹੁੰਦਾ ਤਾਂ ਉਹ ਰਾਜ ਸਿੰਘਾਸਣ ਤੈਨੂੰ ਅਰਪ ਦੇਣਾ ਸੀ, ਪਰ ਇਸ ਵੇਲੇ ਮੇਰੇ ਪਾਸ ਤਾਂ ਇੱਕ ਕੱਛ ਹੀ ਸਰਬੰਸ ਹੈ, ਸੋ ਤੂੰ ਅੰਗੀਕਾਰ ਕਰ ਲੈ। ਇਹ ਬਚਨ ਕਹਿ ਕੇ ਸ੍ਰੀ ਰਾਮਚੰਦਰ ਜੀ ਨੇ ਆਪਣੇ ਹੱਥ ਦੀ ਕੱਛ ਹਨੂੰਮਾਨ ਨੂੰ ਦੇਂਦਿਆਂ ਕਿਹਾ - ਹੇ ਹਨੂੰਮਾਨ ! ਇਸ ਵਿਚ ਮੇਰਾ ਕੋਈ ਦੋਸ਼ ਨਹੀਂ, ਕਿਉਂਕਿ ਤੇਰੀ ਪ੍ਰਾਰਬਧ ਵਿਚ ਇਹ ਕੱਛ ਹੀ ਲਿਖੀ ਹੈ ਜੋ ਤੈਨੂੰ ਮਿਲ ਗਈ ਹੈ।

ਹੇ ਭਗਤਣੀ ! ਵਿਚਾਰਕੇ ਦੇਖ ਲੈ, ਹਨੂੰਮਾਨ ਦਾ ਕੀਤਾ ਕਰਮ ਜਿਵੇਂ ਅਮਿਟ ਰਿਹਾ ਹੈ ਤਿਵੇਂ ਤੂੰ ਭੀ ਆਪਣੇ ਮਨ ਵਿਚ ਇਹ ਪ੍ਰਪੱਕ ਨਿਸਚੇ ਕਰ ਲੈ ਕਿ ਇਹ ਸੁਖ ਦੁਖ ਮੇਰੇ ਹੀ ਕੀਤੇ ਪੂਰਬਲੇ ਕਰਮਾਂ ਦਾ ਫਲ ਹੈ।

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ

ਰੀ=ਹੇ ਘਰ=ਘਰ ਵਾਲੀ ਗੇਹਣਿ=ਇਸਤ੍ਰੀ ! ਪੂਰਬਲੇ ਜਨਮ ਦਾ ਕ੍ਰਿਤ=ਕੀਤਾ ਹੋਇਆ ਕਰਮ ਭੋਗੇ ਬਿਨਾਂ ਮਿਟਦਾ ਨਹੀਂ, ਚਾਹੇ ਕੋਈ ਕਿਤਨਾ ਜਤਨ ਭੀ ਕਰ ਲਵੇ।

ਯਥਾ - ''ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ॥''

(ਸਿਰੀਰਾਗ ਕੀ ਵਾਰ, ਪੰਨਾ ੮੯)

ਤਥਾ - ''ਪੂਰਬ ਲਿਖਿਆ ਸੁ ਮੇਟਣਾ ਨ ਜਾਏ''॥

(ਸਿਰੀਰਾਗ ਕੀ ਵਾਰ, ਪੰਨਾ ੮੮)

''ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨ ਜਾਇ॥
ਨਾਨਕ ਸੇ ਜਨ ਪੂਰਨ ਹੋਇ ਜਿਨ੍ਹ ਹਰਿ ਭਾਣਾ ਭਾਇ॥''

(ਮਲਾਰ ਮਹਲਾ ੩, ਪੰਨਾ ੧੨੭੬)

ਮਃ ੫॥ ''ਜੋ ਧੁਰਿ ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ॥
ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ''॥

(ਗਉੜੀ ਕੀ ਵਾਰ, ਪੰਨਾ ੩੧੫)

'ਕਹੇ ਮੁਨੀਸ਼ ਹਿਮਵੰਤ ਸੁਣ ਜੋ ਵਿਧਿ ਲਿਖਾ ਲਿਲਾਰ।
ਦੇਵ ਦਨੁਜ ਨਰ ਨਾਗ ਮੁਨਿ ਕੋਊ ਨ ਮੇਟਨਹਾਰ'।
'ਸੁਖ ਦੁਖ ਯਾ ਜਗ ਭੀਤਰ ਜੋਈ। ਕਰਮ ਅਧੀਨ ਸਦਾ ਨਰ ਹੋਈ।
ਜੋ ਜੋ ਫਲ ਆਵੈ ਜਗ ਮਾਹੀ। ਭੋਗੋ ਤਾਹਿ ਸ੍ਵੈਅਸਤ ਮਨ ਮਾਹੀ।
ਦੇਸ ਕਾਲ ਕੀ ਸੰਗਤ ਪਾਇ। ਯਾਂ ਬਿਧ ਕੇ ਨਰ ਕਰਮ ਕਮਾਇ।
ਸੁਭਾਸੁਭ ਤਾ ਫਲ ਭੋਗੇ ਸੋਈ। ਨਾਹਿ ਕਦਾਚਿਤ ਉਲਟੋ ਹੋਈ।
ਭਲੋ ਬੁਰੋ ਫਲ ਜੋ ਕੁਛ ਹੋਈ। ਹਰਖ ਬਿਬਾਦ ਕਰੇ ਨਹਿ ਕੋਈ।
ਵਿਧਾਤਾ ਨੇ ਰਚ ਦੀਨੋ ਜੋਈ। ਸੋ ਅਲੰਗ ਸੁਰਾਸੁਰ ਹੋਈ'।
'ਖਾਰਾ ਕੀਓ ਸਮੁੰਦਰ, ਸ੍ਰਾਪ ਦੇ ਲਛਮਣ ਮਾਰਿਓ।
ਬਲ ਰਾਜਾ ਕੋ ਛਲਿਓ, ਬਾਲੀ ਬਿਨ ਦੋਖ ਬਿਦਾਰਿਓ।
ਹਰੀ ਚੰਦ ਜਲ ਭਰੇ, ਭੂਪ ਨਲ ਬਿਪਤਾ ਪਈ।
ਪਾਂਡਵ ਸੁਤ ਪ੍ਰਦੇਸ, ਕਾਲ ਪ੍ਰੀਛਤ ਕੋ ਖਈ।
ਸਾਲਗ੍ਰਾਮ ਸਿਲਾ ਭਇਓ, ਤਾਂ ਅਵਰ ਜਗਤ ਕੀ ਕਿਆ ਚਲੀ।
ਜਤਨ ਕੀਯੇ ਨਾਹਨ ਮਿਟੈ, ਕਰਮ ਰੇਖ ਸਭ ਤੇ ਬਲੀ'।

ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥

ਬਦਤਿ ਤ੍ਰਿਲੋਚਨ ਰਾਮ ਜੀ॥ ੬॥ ੧॥

ਤਾਚੇ=ਇਸ ਕਰਕੇ ਤ੍ਰਿਲੋਚਨ ਭਗਤ ਜੀ ਬਦਤਿ=ਉਚਾਰਦੇ ਹਨ ਕਿ ਹੇ ਸੁਭੱਦਰੇ ! ਮੇਰੇ ਨਾਲ ਮਿਲਕੇ ਤੂੰ ਸਾਰਿਆਂ ਵਿਖੇ ਰਾਮ=ਰਮੇ ਹੋਏ ਰਾਮ ਚੇ ਨਾਮੰ=ਰਾਮ ਦੇ ਨਾਮ ਨੂੰ ਜੀਅ ਵਿਖੇ ਜਾਪੀਅਲੇ=ਜਪਣਾ ਕਰ, ਜਿਸ ਤੇ ਸੁਖ ਦੁਖ ਤੋਂ ਰਹਿਤ ਹੋ ਕੇ ਆਪਣੇ ਜੀਅ ਵਿਖੇ ਰਾਮ=ਅਰਾਮਤਾਈ ਭਾਵ ਸ਼ਾਂਤੀ ਪ੍ਰਾਪਤ ਕਰੇਂਗੀ॥ ੬॥ ੧॥

ਸ੍ਰੀ ਸੈਣੁ॥

ਸੈਣ ਭਗਤ ਜੀ ਬਾਧਵ ਗੜ੍ਹ ਵਿਚ ਜੋ 'ਰੀਵਾ' ਰਿਆਸਤ ਹੈ, ਉਸ ਦੇ ਰਾਜੇ 'ਰਾਜਾ ਰਾਮ' ਦੇ ਨਾਈ ਸਨ। ਆਪ ਰਾਜਾ ਜੀ ਨੂੰ ਮੁੱਠੀ ਚਾਪੀ ਤੇ ਮਾਲਸ਼ ਵਗੈਰਾ ਕਰਕੇ ਇਸ਼ਨਾਨ ਕਰਾਉਣ ਤੇ ਕੱਪੜੇ ਪਹਿਰਾਉਣ ਆਦਿਕ ਦੀ ਸੇਵਾ ਕਰਦੇ ਹੁੰਦੇ ਸਨ ਅਤੇ ਵਿਆਹ ਆਦਿਕ ਮੰਗਲਾਂ ਦੇ ਸਮੇਂ ਤੇ ਮਰਨ ਸਮੇਂ ਵਿਖੇ ਬੁੱਤੀਆਂ ਵਗੈਰਾ ਦੇਣ ਦਾ ਕੰਮ ਭੀ ਨਿਭਾਉਂਦੇ ਸਨ। ਪਰ ਕੰਮ ਕਰਨ ਤੋਂ ਵਿਹਲੇ ਹੋ ਕੇ ਕੁਝ ਸਮਾਂ ਰੋਜ਼ਾਨਾ ਹੀ ਭਗਤੀ ਵੱਲ ਦੇਂਦੇ ਸਨ। ਦਿਨ ਦਿਨ ਪ੍ਰਤੀ ਆਪ ਜੀ ਦੀ ਰੁਚੀ ਪਰਮਾਤਮਾ ਵੱਲ ਵਧੇਰੇ ਹੋ ਗਈ।

ਆਪ ਰਾਮਾਨੰਦ ਜੀ ਦੇ ਪਰਮ ਸੇਵਕ ਸਨ। ਉਹਨਾਂ ਦੇ ਬਣਾਏ ਹੋਏ ਭਜਨਾਂ ਨੂੰ ਬੜੇ ਪਿਆਰ ਨਾਲ

ਪੜ੍ਹਦੇ ਅਤੇ ਉਹਨਾਂ ਦੇ ਖਿਆਲਾਂ ਦੇ ਸਾਂਚੇ ਵਿਚ ਆਪਣਾ ਜੀਵਨ ਢਾਲਣ ਦਾ ਜਤਨ ਕਰਨ ਲੱਗ ਪਏ। ਇਸ ਤਰ੍ਹਾਂ ਕਰਦਿਆਂ ਕਰਦਿਆਂ ਥੋਹੜੇ ਸਮੇਂ ਵਿਚ ਹੀ ਚੰਗੀ ਆਤਮਕ ਉੱਨਤੀ ਕਰ ਗਏ। ਜਿੱਥੇ ਆਪ ਭਜਨ-ਸਿਮਰਨ ਅਤੇ ਕੀਰਤਨ ਦੇ ਪ੍ਰੇਮੀ ਸਨ, ਓਥੇ ਮਹਾਂ ਪੁਰਸ਼ਾਂ ਦੀ ਸੇਵਾ ਦੇ ਭੀ ਆਸ਼ਕ ਸਨ। ਆਏ ਗਏ ਅਭਿਆਗਤਾਂ ਤੇ ਸੰਤਾਂ ਦੀ ਬੜੀ ਸੇਵਾ ਕਰਦੇ ਹੁੰਦੇ ਸਨ, ਇਸ ਲਈ ਬਹੁਤ ਸਾਰੇ ਸਾਧੂ ਮਹਾਤਮਾਂ ਦੂਰੋਂ ਦੂਰੋਂ ਚੱਲਕੇ ਦਰਸ਼ਨ ਦੇਣ ਲੱਗ ਪਏ।

ਇੱਕ ਦਿਨ ਸੈਣ ਨਾਈ ਜੀ ਰਾਜ ਦੁਆਰੇ ਵੱਲ ਜਾ ਰਹੇ ਸਨ ਤਾਂ ਅੱਗੋਂ ਕੁਝ ਸਾਧੂ ਮਿਲ ਪਏ, ਉਹਨਾਂ ਦੇ ਪ੍ਰੇਮ ਕਰਕੇ ਮੁੜ ਘਰ ਨੂੰ ਪਰਤ ਪਏ। ਘਰ ਅਪੜਕੇ ਸਾਧੂਆਂ ਦੀ ਸੇਵਾ ਵਿਚ ਜੁਟ ਪਏ। ਪ੍ਰਸ਼ਾਦਿ ਪਾਣੀ ਛਕ ਕੇ ਜਦ ਸਾਰੇ ਵੇਹਲੇ ਹੋ ਗਏ ਤਾਂ ਸਾਰੀ ਸੰਤ-ਮੰਡਲੀ ਜੁੜ ਬੈਠੀ। ਪਹਿਲੇ ਕੁਝ ਸਮਾਂ ਆਪਸ ਵਿਚ ਆਤਮਕ ਵਿਚਾਰ ਹੁੰਦੀ ਰਹੀ। ਮੁੜ ਰੈਣ-ਸਬਾਈ ਕੀਰਤਨ ਵਿਚ ਅਜਿਹੇ ਮਗਨ ਹੋ ਗਏ ਜੁ ਰਾਜੇ ਦੀ ਸੇਵਾ ਵਿਚ ਜਾਣਾ ਹੀ ਭੁੱਲ ਗਏ। ਜਿਵੇਂ ਭੌਰਾ ਮਕਰੰਦ ਰਸ ਵਿਚ ਮਗਨ ਹੋਇਆ ਹੋਇਆ ਸਭ ਕੁਝ ਭੁੱਲ ਜਾਂਦਾ ਹੈ, ਤਿਵੇਂ ਸੈਣ ਨਾਈ ਜੀ ਸੰਤਾਂ ਦੀ ਸੰਗਤ ਵਿਚ ਕੀਰਤਨ ਦਾ ਅਨੰਦ ਮਾਣਦੇ ਹੋਏ ਸਭ ਕੁਝ ਭੁੱਲ ਗਏ।

ਦੂਜੇ ਦਿਨ ਜਦ ਸੰਤ ਪ੍ਰਾਹੁਣੇ ਵਿਦਾ ਹੋ ਗਏ, ਤਦ ਸੈਣ ਜੀ ਵੇਹਲੇ ਹੋ ਕੇ ਰਾਜਾ ਦੇ ਪਾਸ ਭੁੱਲ ਬਖਸ਼ਾਉਣ ਲਈ ਪੁੱਜੇ।

ਆਪਣੀ ਸਾਰੀ ਗੱਲ ਦੱਸਕੇ ਕਿਹਾ, "ਮੇਰੀ ਭੁੱਲ, ਖਿਮਾਂ ਕੀਤੀ ਜਾਵੇ। ਕਲ੍ਹ ਮੈਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਨਹੀਂ ਹੋ ਸਕਿਆ।"

ਰਾਜੇ ਨੇ ਕਿਹਾ, "ਖਮਾਂ ਕਾਹਦੀ ਮੰਗਦਾ ਹੈਂ ? ਤੂੰ ਤਾਂ ਹੁਣੇ ਮੇਰੇ ਪਾਸੋਂ ਉੱਠ ਕੇ ਗਿਆ ਹੈਂ। ਜਿਵੇਂ ਅੱਜ ਦੀ ਰਾਤ ਤੈਨੇ ਸੇਵਾ ਕਰਕੇ ਮੇਰੇ ਮਨ ਨੂੰ ਪ੍ਰਸੰਨ ਕੀਤਾ ਹੈ, ਮੈਂ ਕੁਝ ਕਹਿ ਹੀ ਨਹੀਂ ਸਕਦਾ"।

ਉਸ ਵੇਲੇ ਸੈਣ ਜੀ ਨੇ ਕਿਹਾ-ਮਹਾਰਾਜ ! ਮੈਂ ਤਾਂ ਕਲ੍ਹ ਆਪ ਜੀ ਦੀ ਸੇਵਾ ਵਿਚ ਆਇਆ ਹੀ ਨਹੀਂ। ਕਿ ਆਪ ਮੇਰੀ ਗੈਰ ਹਾਜ਼ਰੀ ਨੂੰ ਇਸ ਢੰਗ ਨਾਲ ਮੁਆਫ ਕਰਨਾ ਚਾਹੁੰਦੇ ਹੋ?

ਜਿਸ ਵੇਲੇ ਰਾਜੇ ਨੂੰ ਸਾਰੇ ਬ੍ਰਿਤਾਂਤ ਦਾ ਪਤਾ ਲੱਗਾ ਕਿ ਸੈਣ ਜੀ ਤਾਂ ਸਚਮੁਚ ਕਲ੍ਹ ਆਏ ਹੀ ਨਹੀਂ ਸਨ, ਪਰ ਉਹਨਾਂ ਦੀ ਥਾਵੇਂ ਕੋਈ ਹੋਰ ਵਿਅਕਤੀ ਆਪ ਹੀ ਸੈਣ ਨਾਈ ਦਾ ਰੂਪ ਧਾਰ ਕੇ ਸੈਣ ਨਾਈ ਵਾਲਾ ਸਾਰਾ ਕੰਮ ਕਰ ਗਿਆ ਹੈ, ਉਸ ਵੇਲੇ ਰਾਜਾ ਆਪ ਸੈਣ ਜੀ ਦਾ ਸੇਵਕ ਬਣ ਗਿਆ ਤੇ ਸਿਰੋਪਾ ਵਜੋਂ ਇੱਕ ਸੁੰਦਰ ਪੁਸ਼ਾਕ ਸੈਣ ਨਾਈ ਨੂੰ ਪੁਆ ਦਿੱਤੀ।

ਭਾਈ ਗੁਰਦਾਸ ਜੀ ਇਸ ਪ੍ਰਸੰਗ ਨੂੰ ਇਉਂ ਵਰਣਨ ਕਰਦੇ ਹਨ:-

"ਸੁਣਿ ਪਰਤਾਪੁ ਕਬੀਰ ਦਾ, ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ, ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪ੍ਰਾਹੁਣੇ, ਕੀਰਤਨੁ ਹੋਆ ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ, ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਇ ਕੈ, ਆਇਆ ਰਾਣੈ ਨੋ ਰੀਝਾਈ।

ਸਾਧ ਜਨਾਂ ਨੋ ਵਿਦਾ ਕਰਿ, ਰਾਜ ਦੁਆਰਿ ਗਇਆ ਸਰਮਾਈ।
ਰਾਣੈ ਦੂਰਹੁੰ ਸਦਿ ਕੈ, ਗਲਹੁੰ ਕਵਾਇ ਖੋਲਿ ਪੈਨ੍ਹਾਈ।
ਵਸਿ ਕੀਤਾ ਹਉਂ ਤੁਧੁ ਅਜੁ, ਬੋਲੈ ਰਾਜਾ ਸੁਣੇ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ॥ ੧੬॥'' (ਵਾਰ ੧੦)

ਭਗਤ ਸੈਣ ਨਾਈ ਜੀ ਭੀ ਰਾਜੇ ਪਾਸੋਂ ਇਹ ਗੱਲ ਸੁਣਕੇ ਕਿ ਜਿਵੇਂ ਰਾਤ ਨੂੰ ਤੈਨੇ ਸੇਵਾ ਕਰਕੇ ਮੇਰੇ ਮਨ ਨੂੰ ਪ੍ਰਸੰਨ ਕੀਤਾ ਹੈ, ਉਸ ਦਾ ਮੈਂ ਬਿਆਨ ਨਹੀਂ ਕਰ ਸਕਦਾ। ਤਾਂ ਬੜਾ ਹੈਰਾਨ ਹੋ ਕੇ ਸੋਚਦਾ ਹੈ ਕਿ ਭਗਵਾਨ ਤੋਂ ਬਿਨਾਂ ਇਹ ਕੰਮ ਹੋਰ ਕੋਈ ਨਹੀਂ ਕਰ ਸਕਦਾ ਰਾਜੇ ਤੋਂ ਛੁੱਟੀ ਲੈ ਕੇ ਘਰ ਆ ਕੇ ਭਗਵਾਨ ਦੇ ਗੁਣ ਗਾਉਂਦੇ ਹੋਏ ਉਸ ਦੇ ਧਿਆਨ ਵਿਚ ਹੀ ਜੁੜ ਗਏ ਤੇ ਉਸ ਦਿਨ ਤੋਂ ਸਭ ਕੁਝ ਛੱਡ ਕੇ ਸਦਾ ਹੀ ਪਰਮੇਸ਼ਰ ਦੀ ਭਗਤੀ ਕਰਨ ਲੱਗ ਪਏ।

ਉਥਾਨਕਾ:–ਇੱਕ ਸਮੇਂ ਜਦ ਪਰਮੇਸ਼ਰ ਨੇ ਸੈਣ ਜੀ ਦੀ ਪ੍ਰੇਮਾ ਭਗਤੀ ਤੇ ਪ੍ਰਸੰਨ ਹੋ ਕੇ ਪ੍ਰਤੱਖ ਦਰਸ਼ਨ ਦਿੱਤਾ ਤਾਂ ਅੱਗੋਂ ਸੈਣ ਜੀ ਨੇ ਬੜੇ ਸਤਿਕਾਰ ਸਹਿਤ ਉੱਠ ਕੇ ਨਮਸ਼ਕਾਰ ਕੀਤੀ ਅਤੇ ਭਗਵਾਨ ਦੇ ਸਰਗੁਣ ਸ਼ਰੂਪ ਦੀ ਵਿਧੀ ਪੂਰਬਕ ਆਰਤੀ ਕੀਤੀ।

ਧੂਪ ਦੀਪ ਘ੍ਰਿਤ ਸਾਜਿ ਆਰਤੀ॥

ਪਹਿਲਾ ਅਰਥ-

ਧੂਪਃਧੁਖਾ ਕੇ ਦੀਵੇ ਵਿਚ ਘਿਉ ਤੇ ਬੱਤੀਆਂ ਪਾ ਕੇ, ਕੇਸਰ ਰਗੜ ਕੇ, ਸਿਹਰੇ ਲੈ ਕੇ ਆਰਤੀ ਦਾ ਸਮਾਨ ਸਜਾ ਕੇ-

ਵਾਰਨੇ ਜਾਉ ਕਮਲਾ ਪਤੀ॥ ੧॥

ਹੇ ਕਮਲਾਪਤੀ=ਲਛਮੀ ਪਤੀ (ਵਿਸ਼ਨੂੰ ਭਗਵਾਨ) ਜੀ ! ਮੈਂ ਆਪ ਜੀ ਦੇ ਉੱਪਰੋਂ ਵਾਰਨੇ=ਬਲਿਹਾਰ (ਕੁਰਬਾਨ) ਜਾਉ=ਜਾਂਦਾ ਹਾਂ॥ ੧॥

ਯਥਾ=''ਧੂਮ ਦੀਪ ਸੇਵਾ ਗੋਪਾਲ॥ ਅਨਿਕ ਬਾਰ ਬੰਦਨ ਕਰਤਾਰ॥''

(ਗੌਂਡ ਮਹਲਾ ੫, ਪੰਨਾ ੮੬੬)

ਸ੍ਰੀ ਪੰਚਮ ਪਿਤਾ ਜੀ ਆਖਦੇ ਹਨ-ਧੂਪ ਧੁਖਾਕੇ, ਦੀਪਕ ਬਾਲਕੇ ਮੈਂ ਗੋਪਾਲ ਦੀ ਸੇਵਾ ਕਰਦਾ ਹਾਂ ਤੇ ਅਨੇਕ ਵਾਰ ਕਰਤਾਰ ਨੂੰ ਬੰਦਨ=ਨਮਸ਼ਕਾਰ ਕਰਦਾ ਹਾਂ।

ਦੂਜਾ ਅਰਥ-

ਧੂਪ=ਜਸ, ਦੀਪ=ਗਿਆਨ, ਘ੍ਰਿਤ=ਪ੍ਰੇਮ।

---

*ਦੇਖੋ ਈਸਾਈ ਮੱਤ ਦੀ 'ਬਾਈਬਲ' ਕਾਂਡ ੩੦ ਆਇਤ ੭, ਧੂਪ ਧੁਖਾਣ ਦੀ ਰੀਤੀ ਬਹੁਤ ਪੁਰਾਤਨ ਹੈ। ਇਸ ਨੂੰ ਲਾਭਦਾਇਕ ਜਾਣ ਕੇ ਸਾਰਿਆਂ ਮੱਤਾਂ ਨੇ ਅੰਗੀਕਾਰ ਕੀਤਾ ਹੈ।

ਇਹਨਾਂ ਨਾਲ ਬ੍ਰਿਤੀ ਰੂਪ ਆਰਤੀ ਸਜਾ ਕੇ, ਭਾਵ ਬ੍ਰਹਮਾਕਾਰ ਬ੍ਰਿਤੀ ਕਰ ਕੇ ਲਛਮੀ ਪਤੀ= ਪਰਮਾਤਮਾ ! ਮੈਂ ਆਪ ਤੋਂ ਬਲਿਹਾਰ (ਕੁਰਬਾਨ) ਜਾਂਦਾ ਹਾਂ।

ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ ੧ ॥ ਰਹਾਉ ॥

੧. ਹੇ ਹਰੀ ਰਾਮਰਾਇ=ਪ੍ਰਕਾਸ਼ ਰੂਪ ! ਮੈਂ ਪਿੱਛੇ ਭੀ ਆਪ ਜੀ ਦਾ ਮੰਗਲ ਕਰਦਾ ਸਾਂ। ਹੇ ਹਰੀ ਰਾਜਾ ! ਹੁਣ ਭੀ ਆਪ ਜੀ ਦੇ ਮੰਗਲਾਂ ਨੂੰ ਕਰਦਾ ਹਾਂ, ਅੱਗੋਂ ਭੀ ਹੇ ਹਰੀ ਰਾਜਾ ! ਆਪ ਜੀ ਦੇ ਮੰਗਲਾਂ ਨੂੰ ਕਰਾਂਗਾ।

੨. ਹੇ ਹਰੀ ਰਾਜੇ ! ਸਭ ਮੰਗਲਾਂ 'ਚੋਂ ਆਪ ਜੀ ਦਾ ਮੰਗਲ ਸ੍ਰੇਸ਼ਟ ਹੈ, ਇਸ ਲਈ ਮੈਂ ਨਿਤਾਪ੍ਰਤੀ ਹੇ ਰਾਮਰਾਇ ! ਆਪ ਜੀ ਦੇ ਮੰਗਲ ਨੂੰ ਹੀ ਉਚਾਰਨ ਕਰਦਾ ਹਾਂ।

੩. ਹਰਿ=ਭਮਾਮ ਮੰਗਲਾਂ 'ਚੋਂ ਉਹ ਮੰਗਲ ਸ੍ਰੇਸ਼ਟ ਹੈ, ਜੋ ਨਿਤਾਪ੍ਰਤੀ ਰਾਮਰਾਜੇ ਦਾ ਮੰਗਲ ਉਚਾਰਨ ਕਰਨਾ ਹੈ॥ ੧ ॥

ਊਤਮੁ ਦੀਅਰਾ ਨਿਰਮਲ ਬਾਤੀ ॥ ਤੁਂਹੀ ਨਿਰੰਜਨੁ ਕਮਲਾ ਪਾਤੀ ॥ ੨ ॥

ਹੇ ਲਛਮੀ ਪਤੀ ਨਿਰੰਜਨ ਦੇਵ ! ਤੂੰ ਆਪ ਹੀ ਸਭ ਕੁਝ ਹੋ ਰਿਹਾ ਹੈਂ।

ਵਾ- ਨਿਰੰਜਨ ਹੋਣ ਕਰਕੇ ਤੂੰ ਨਿਰਗੁਣ ਸਰੂਪ ਹੈਂ, ਤੇ ਕਮਲਾਪਤੀ ਹੋਣ ਕਰਕੇ ਤੂੰ ਸਰਗੁਣ ਸਰੂਪ ਹੋ ਰਿਹਾ ਹੈਂ।

ਊਤਮੁ ਦੀਅਰਾ=ਚੰਗਾ ਦੀਵਾ ਰੂਪ ਭੀ ਤੇ ਨਿਰਮਲ ਬੱਤੀ ਰੂਪ ਭੀ, ਤੁਸੀਂ ਆਪ ਹੀ ਹੋ ਰਹੇ ਹੋ।

ਵਾ-ਗਿਆਨ ਰੂਪੀ ਉੱਤਮ ਦੀਵਾ ਭੀ ਆਪ ਹੈਂ ਤੇ ਨਿਰਮਲ ਬਾਤੀਂ=ਰਸਨਾ ਨਾਲ ਨਾਮ ਦਾ ਉਚਾਰਨ ਰੂਪ ਨਿਰਮਲ ਬੱਤੀ ਭੀ ਤੁਸੀਂ ਆਪ ਜੀ ਹੋ।

ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥ ੩ ॥

੧. ਹੇ ਰਾਮ ਜੀ ! ਆਪ ਜੀ ਦੀ ਭਗਤੀ ਨੂੰ ਮੇਰੇ ਪੂਰਨ ਗੁਰੂ ਰਾਮਾਨੰਦ ਜੀ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਮੇਰੇ ਗੁਰੂ ਰਾਮਾ ਨੰਦ ਜੀ ਆਪਣੇ ਉਪਦੇਸ਼ ਦੁਆਰਾ ਪਰਮਾਨੰਦੁ=ਪਰਮ ਅਨੰਦ ਸਰੂਪ ਪਰਮੇਸ਼ਰ ਨੂੰ ਸਾਰੇ ਪੂਰਨ ਕਥਨ ਕਰਦੇ ਹਨ।

੨. ਹੇ ਰਾਮਾ=ਰਾਮ ਜੀ ! ਆਪ ਜੀ ਦੀ ਰਾਮ=ਅਰਾਮ ਦੇਣ ਵਾਲੀ ਭਗਤੀ ਦੇ ਅਨੰਦ ਨੂੰ ਆਪ ਜੀ ਦੇ ਭਗਤ ਹੀ ਜਾਣਦੇ ਹਨ ਅਤੇ ਉਹ ਭਗਤ ਪਰਮਾਨੰਦੁ=ਪਰਮਾਤਮਾ ਨੂੰ ਸਾਰੇ ਵਿਆਪਕ ਬਖਾਨੈ=ਕਥਨ ਕਰਦੇ ਹਨ॥ ੩ ॥

ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥ ੪ ॥ ੨ ॥

ਅੰਨਵੇ:-ਸੈਣ ਨਾਈ ਜੀ ਭਣੈ=ਆਖਦੇ ਹਨ, ਹੇ ਪਰਮਾਨੰਦ ਵਾਹਿਗੁਰੂ ! ਅਸੀਂ ਆਪ ਜੀ ਦੇ ਪਵਿੱਤ੍ਰ ਨਾਮ ਨੂੰ ਭਜੁ=ਜਪਦੇ ਹਾਂ।

ਹੇ ਮਦਨ ਮੂਰਤਿ=ਸੁੰਦਰ ਮੂਰਤੀ ਵਾਲੇ ਗੋਬਿੰਦ ! ਆਪ ਮੈਨੂੰ ਭੈਦਾਇਕ ਸੰਸਾਰ ਸਮੁੰਦਰ ਤੋਂ

ਤਾਰਨਾ ਕਰੋ॥ ੪॥ ੧॥

ਪੀਪਾ॥

ਪੀਪਾ ਜੀ 'ਗਗਰੌਨ' ਦੇ ਰਾਜਾ ਸਨ ਜੋ ਕੋਟੇ ਤੋਂ ੪੫ ਮੀਲ ਪੂਰਬ ਵੱਲ ਹੈ। ਆਪ ਜੀ ਦਾ ਜਨਮ ੧੪੮੩ ਬਿਕ੍ਰਮੀ ਵਿਚ ਹੋਇਆ। ਪਹਿਲੇ ਆਪ ਦੁਰਗਾ ਦੇਵੀ ਦੇ ਭਗਤ ਸਨ ਅਰ ਆਏ ਗਏ ਸੰਤਾਂ ਅਭਿਆਗਤਾਂ ਦੀ ਸੇਵਾ ਕਰਦੇ ਹੁੰਦੇ ਸਨ।

ਇੱਕ ਦਿਨ ਪੂਰਨ ਮਹਾਤਮਾ ਆ ਗਏ ਉਹਨਾਂ ਪਾਸ ਰਾਜੇ ਨੇ ਦੇਵੀ ਦੀ ਬੜੀ ਸਿਫਤ ਕੀਤੀ। ਮਹਾਤਮਾ ਵਿਸ਼ਨ ਉਪਾਸ਼ਕ ਸਨ। ਦੋਹਾਂ ਦੀ ਉਪਾਸ਼ਨਾਂ ਵੱਖੋ ਵੱਖ ਹੋਣ ਕਰਕੇ, ਆਪਸ ਵਿਚ ਖਿਆਲ ਨਹੀਂ ਸਨ ਮਿਲਦੇ। ਆਖਰ ਮਹਾਤਮਾ ਨੇ ਰਾਜੇ ਦੀ ਦ੍ਵੈਤ ਭਾਵਨਾ ਦੂਰ ਕਰਨ ਵਾਸਤੇ ਇੱਕ ਦਿਨ ਪਰਮਾਤਮਾ ਅੱਗੇ ਪ੍ਰਾਰਥਨਾਂ ਕੀਤੀ-

''ਹੇ ਭਗਵਾਨ! ਇਹ ਪੀਪਾ ਦੇਵੀ ਦਾ ਭਗਤ ਹੈ, ਆਪ ਜੀ ਵਿਖੇ ਅਤੇ ਆਪ ਜੀ ਦੇ ਸਰੂਪ ਸ੍ਰੀ ਰਾਮਚੰਦਰ, ਸ੍ਰੀ ਕ੍ਰਿਸ਼ਨ ਜੀ ਆਦਿਕਾਂ ਵਿਖੇ ਪ੍ਰੇਮ ਨਹੀਂ ਰੱਖਦਾ। ਆਪ ਇਸ ਦੀ ਬੁੱਧੀ 'ਚੋਂ ਇਹ ਦ੍ਵੈਤ ਭਾਵਨਾ ਦੂਰ ਕਰ ਦਿਓ, ਸਾਰਿਆਂ ਵਿਚ ਇਕ ਦਾ ਹੀ ਜਲਵਾ ਦੇਖੇ।''

ਤਦ ਸੁਪਨੇ ਵਿਖੇ ਰਾਜੇ ਦੀ ਛਾਤੀ ਉੱਪਰ ਅਸਵਾਰ ਹੋ ਕੇ ਭਿਆਨਕ ਸਰੂਪ ਵਿਖਾਕੇ ਰਾਜੇ ਨੂੰ ਸਾਧੂ ਦੀ ਸ਼ਰਨ ਵਿਚ ਪੈਣ ਦੀ ਪ੍ਰੇਰਨਾ ਕੀਤੀ। ਦੂਜੇ ਦਿਨ ਪੀਪਾ ਜੀ ਨੇ ਸਵੇਰਸਾਰ ਉਸ ਸਾਧੂ ਦੀ ਚਰਨ-ਸ਼ਰਨ ਵਿਚ ਪੈ ਕੇ ਅਦ੍ਵੈਤ-ਵਾਦ ਦੀ ਸਿੱਖਿਆ ਲੀਤੀ ਅਤੇ ਉਸ ਸਾਧੂ ਦੀ ਪ੍ਰੇਰਨਾ ਨਾਲ ਆਪ ਰਾਮਾ ਨੰਦ ਜੀ ਦੇ ਚਰਨਾਂ ਵਿਚ ਪੁੱਜੇ। ਸੇਵਾ ਭਾਵ ਨਾਲ ਪ੍ਰਸੰਨ ਕਰਕੇ ਗੁਰਦੀਖਿਆ ਲੈ ਕੇ ਪਰਮ-ਪਦ ਦੀ ਪ੍ਰਾਪਤੀ ਕੀਤੀ। ਫਿਰ ਪੀਪਾ ਜੀ ਨੇ ਆਪਣੇ ਨਗਰ ਵਿਚ ਭਗਤੀ ਦਾ ਜੀਵਨ ਬਿਤੀਤ ਕੀਤਾ।

ਪੁਨਾ- ਆਪਣੇ ਉਪਦੇਸ਼ਟਾ ਗੁਰੂ ਰਾਮਾ ਨੰਦ ਜੀ ਨੂੰ ਆਪਣੀ ਰਾਜਧਾਨੀ ਵਿਚ ਸੱਦ ਕੇ ਰਾਣੀਆਂ ਨੂੰ ਭੀ ਉਪਦੇਸ਼ ਕਰਾਇਆ।

ਆਪ ਆਪਣਾ ਜੀਵਨ ਵੈਰਾਗ ਮਈ ਬਿਤੀਤ ਕਰਨ ਲਈ ਆਪਣੇ ਰਾਜ-ਭਾਗ ਨੂੰ ਛੱਡ ਕੇ ਬਾਹਰ ਜਾਣ ਨੂੰ ਤਿਆਰ ਹੋ ਗਏ। ਰਾਣੀਆਂ ਭੀ ਤਿਆਰ ਹੋ ਗਈਆਂ, ਪਰ ਸਭ ਤੋਂ ਛੋਟੀ ਰਾਣੀ 'ਸੀਤਾ' ਨਾਮ ਕਰਕੇ ਆਪਣੇ ਗਹਿਣੇ ਕੱਪੜੇ ਲਾਹਕੇ ਨਾਲ ਜਾਣ ਲਈ ਤਿਆਰ ਹੋ ਗਈ। ਰਾਜਾ ਤੇ ਸੀਤਾ ਰਾਣੀ ਪਹਿਲੇ ਦੁਆਰਕਾ ਵਿਚ ਆਏ। ਇਥੇ ਆ ਕੇ ਲੋਕਾਂ ਤੋਂ ਪੁੱਛਿਆ, ''ਕ੍ਰਿਸ਼ਨ ਜੀ ਕਿੱਥੇ ਹਨ?''

ਲੋਕਾਂ ਆਖਿਆ-ਕ੍ਰਿਸ਼ਨ ਲੀਲ੍ਹਾ ਦੀ ਸੱਤਵੀਂ ਰਾਤ ਦੇ ਬਾਅਦ ਕ੍ਰਿਸ਼ਨ ਜੀ ਸਮੁੰਦਰ ਵਿਚ ਲੀਨ ਹੋ ਗਏ ਸਨ। ਇਹ ਗੱਲ ਸੁਣ ਕੇ ਰਾਜਾ ਤੇ ਰਾਣੀ ਨੇ ਜਲ ਵਿਚ ਛਾਲ ਮਾਰ ਦਿੱਤੀ। ਤੇ ਭਗਵਾਨ ਨੇ ਉਸੀ ਵੇਲੇ ਦੋਹਾਂ ਨੂੰ ਦੋ ਰੂਪ ਧਾਰ ਕੇ ਦਰਸ਼ਨ ਭੀ ਦਿੱਤਾ ਤੇ ਪਾਣੀ ਵਿਚੋਂ ਭੀ ਬਾਹਰ ਕੱਢ ਲਿਆ।

ਫੇਰ-ਤੀਰਥ ਯਾਤਰਾ ਕਰਦੇ ਹੋਏ ਪੀਪਾ ਜੀ ਧਰਮ ਪਤਨੀ ਸਮੇਤ ਕਿਸੇ ਜੰਗਲ 'ਚੋਂ ਲੰਘੇ। ਓਥੇ ਆਪ ਨੂੰ ਚੋਰ, ਡਾਕੂ ਤੇ ਬਿਆਧ ਮਿਲ ਪਏ। ਪਾਸ ਆ ਕੇ ਆਖਦੇ ਹਨ, ਤੁਹਾਡੇ ਪਾਸ ਜੋ ਕੁਝ ਹੈ ਇੱਥੇ ਰੱਖ ਦਿਓ, ਨਹੀਂ ਤਾਂ ਫੜ ਕੇ ਮਾਰ ਦਿਆਂਗੇ।

ਪੀਪਾ ਜੀ ਨੇ ਕਿਹਾ, ਅਸੀਂ ਤਾਂ ਯਾਤਰੂ ਪ੍ਰਦੇਸੀ ਹਾਂ, ਅਸਾਡੇ ਪਾਸ ਹੋਰ ਧਨ ਪਦਾਰਥ ਤਾਂ ਕੋਈ ਨਹੀਂ ਹੈ, ਇੱਕ ਗੋਬਿੰਦ ਦਾ ਨਾਮ ਧਨ ਹੈ ਇਹ ਲੈਣਾ ਹੋਵੇ ਤਾਂ ਲੈ ਸਕਦੇ ਹੋ। ਇਹ ਗੱਲ ਸੁਣ ਕੇ ਚੋਰ, ਡਾਕੂ, ਬਿਆਧ ਸਭ ਹੈਰਾਨ ਹੋ ਗਏ। ਈਸ਼ਵਰ ਸਬੰਧੀ ਗੱਲਾਂ ਸੁਣ ਕੇ ਮੋਮ ਦਿਲ ਹੋ ਗਏ ਤੇ ਮਾਰਨ ਦੀ ਥਾਂਵੇਂ ਪ੍ਰਣਾਮ ਕਰ ਕੇ ਚਲੇ ਗਏ। ਜਦ ਪੀਪਾ ਜੀ ਦੀ ਬ੍ਰਿਤੀ ਸਭ ਕਰਮਾਂ ਧਰਮਾਂ ਤੋਂ ਉੱਪਰ ਉੱਠ ਗਈ ਤਾਂ ਉੱਚੀ ਅਵਸਥਾ ਵਿਚ ਜੁੜ ਕੇ ਭਗਤ ਜੀ ਨੇ ਹੇਠਲਾ ਸ਼ਬਦ* ਉਚਾਰਿਆ:-

ਉਥਾਨਕਾ:- ਬਾਹਰਲੀ ਪੂਜਾ ਦਾ ਖੰਡਣ ਤੇ ਅੰਤਰੀਵ ਪੂਜਾ ਦੀ ਵਿਸ਼ੇਸ਼ਤਾ ਦੱਸਦੇ ਹਨ -

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥

(੧) ਇਹ ਪੱਥਰਾਂ ਦੇ ਬਣਾਏ ਹੋਏ ਦੇਵਾ=ਦੇਵਤਾ ਕਾਯਉ=ਕਿਆ ਹਨ ਅਤੇ (ਇੱਟਾਂ ਚੂਨੇ ਦੇ ਬਣਾਏ ਹੋਏ) ਮੰਦਰ ਕਾਇਅਉ=ਕੀ ਹਨ, ਭਾਵ ਕੁਝ ਨਹੀਂ ਅਤੇ ਜੰਗਮ ਭੇਖ ਵਿਚ ਸਥਿਤ ਹੋ ਕੇ ਤੀਰਥ ਜਾਤੀ=ਯਾਤਰਾ ਕਰਨੀ ਕਾਇਅਉ=ਕੀ ਹੈ, ਭਾਵ ਕੁਝ ਨਹੀਂ।

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥੧ ॥

ਧੂਪ ਧੁਖਾਉਣਾ, ਦੀਵੇ ਬਾਲਕੇ ਆਰਤੀ ਕਰਨੀ, ਨਈਬੇਦਾ=ਗੁੜ ਆਦਿਕ ਮਿੱਠਾ ਭੋਜਨ ਨਈਬੇਦਾ=ਅਰਪਣ ਕਰਨਾ, ਭਾਵ ਭੋਗ ਆਦਿਕ ਦੇ ਵਿਸਥਾਰ ਕਰਨੇ ਕਾਇਅਉ=ਕਿਆ ਹਨ, ਭਾਵ ਕੁਝ ਭੀ ਨਹੀਂ ਹੈ। (ਤੁਲਸੀ ਦੇ) ਪਾਤੀ=ਪੱਤੇ ਲੈ ਕੇ (ਠਾਕੁਰ ਦੀ) ਪੂਜਾ ਕਰਨੀ ਕਾਇਅਉ=ਕਿਆ ਹੈ (ਜੇਕਰ ਪ੍ਰੇਮ ਨਹੀਂ)।

(੨) ਬ੍ਰਹਮ ਗਿਆਨ ਅਵਸਥਾ ਵਿਚ ਇਸ ਤਰ੍ਹਾਂ ਨਿਸਚੇ ਹੋ ਜਾਂਦਾ ਹੈ, ਕਿ ਕਾਇਆਂ ਦੇ ਰਚਣ ਵਾਲਾ ਪਰਮਾਤਮਾ ਹੀ ਦੇਵਤਾ ਹੈ, ਕਾਇਆਂ ਦੇ ਰਚਣ ਵਾਲਾ ਪਰਮਾਤਮਾ ਹੀ ਕੇਵਲ ਮੰਦਰ ਹੈ। ਕਾਇਆਂ ਦੇ ਰਚਨ ਵਾਲਾ ਪਰਮਾਤਮਾ ਹੀ ਜੰਗਮ ਹੋ ਕੇ ਯਾਤਰਾ ਕਰ ਰਿਹਾ ਹੈ। ਕਾਇਆਂ ਦੇ ਰਚਨ ਵਾਲਾ ਪਰਮਾਤਮਾ ਹੀ ਧੂਪ, ਦੀਪ ਤੇ ਨਈਬੇਦਾ=ਗੁੜ ਆਦਿਕ ਮਿਸਟਾਨ ਭੋਜਨ ਆਦਿਕ ਰੂਪ ਹੋ ਰਿਹਾ ਹੈ। ਕਾਇਆਂ ਵਾਲਾ ਚੇਤਨ ਹੀ ਤੁਲਸੀ ਦੇ ਪੱਤੇ ਤੇ ਪੂਜਾ ਆਦਿ ਰੂਪ ਹੋ ਰਿਹਾ ਹੈ।

ਅਥਵਾ-ਕਾਇਆਂ ਤਾਂ ਇੱਕ ਮੰਦਰ ਹੈ ਤੇ ਕਾਇਆਂ ਵਾਲਾ ਚੇਤਨ ਉਸ ਵਿਚ ਦੇਵਤਾ ਹੈ ਜੋ

---

*ਨੋਟ:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪੀਪਾ ਜੀ ਦਾ ਹੋਰ ਕੋਈ ਸ਼ਬਦ ਨਹੀਂ ਹੈ।

ਪੂਜਣ ਯੋਗ ਹੈ।

ਯਥਾ - ਆਪ ਹੀ ਮੰਦਰੁ ਆਪਹਿ ਸੇਵਾ॥ ਆਪ ਹੀ ਪੂਜਾਰੀ ਆਪ ਹੀ ਦੇਵਾ॥ ੩॥

(ਬਿਲਾਵਲੁ ਮਹਲਾ ੫, ਪੰਨਾ ੮੦੩)

ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥

ਹੱਥ ਪੈਰ ਆਦਿਕ ਬਹੁਤ ਖੰਡ-ਹਿੱਸਿਆਂ ਵਾਲੀ ਕਾਇਆਂ ਵਿਚ ਖੋਜਦਿਆਂ ਖੋਜਦਿਆਂ ਆਤਮਾ ਰੂਪਾ ਨੌਂ ਨਿੱਧੀ ਪਾਵਣੀ ਕੀਤੀ ਹੈ।

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥ ੧॥ ਰਹਾਉ॥

ਮੇਰੇ ਸ੍ਵੈ-ਸਰੂਪ ਵਿਚ ਨਾ ਕੁਝ ਆਇਬੋ=ਆਂਵਦਾ ਹੈ ਅਤੇ ਨਾ ਕੁਝ ਜਾਇਬੋ=ਜਾਂਦਾ ਹੈ, ਰਾਮ ਦੀ ਦੁਹਾਈ=ਸੌਂਹ ਖਾ ਕੇ ਆਖਦਾ ਹੈ, ਭਾਵ ਮੈਨੇ ਜੋ ਕੁਝ ਭੀ ਕਿਹਾ ਹੈ, ਇਸ ਵਿਚ ਰੰਚਕ ਮਾਤਰ ਝੂਠ ਨਹੀਂ ਹੈ॥ ੧॥

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

ਜੋ ਪ੍ਰਮਾਤਮਾ ਬ੍ਰਹਮੰਡ ਵਿਚ ਪੂਰਨ ਹੈ ਓਹੀ ਪਰਮਾਤਮਾ ਇਸ ਪਿੰਡੇ=ਸਰੀਰ ਵਿਚ ਹੈ ਸਮੱਸਟੀ ਵਿਅੱਸਟੀ ਰੂਪ ਕਰਕੇ।

ਯਥਾ -''ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥
ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ॥''

(ਆਸਾ ਮਹਲਾ ੪, ਪੰਨਾ ੪੨੫)

ਤਥਾ- ''ਇਸੁ ਕਾਇਆ ਅੰਦਰਿ ਵਸਤੁ ਅਸੰਖਾ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ॥''

(ਮਾਝ ਮਹਲਾ ੩, ਪੰਨਾ ੧੧੦)

ਜੋ ਇਸ ਸਰੀਰ ਵਿਚ ਚੰਗੀ ਤਰ੍ਹਾਂ ਖੋਜ ਲੈਂਦਾ ਹੈ, ਓਹੀ ਗੁਰਮੁਖ ਜਨ ਪਰਮਾਤਮਾ ਨੂੰ ਪਾ ਲੈਂਦਾ ਹੈ।

ਯਥਾ - ''ਜੋ ਪ੍ਰਭੁ ਖੋਜਹਿ ਸੋਈ ਪਾਵਹਿ ਹੋਰਿ ਫੂਟਿ ਮੂਏ ਅਹੰਕਾਰੀ॥''

(ਰਾਮਕਲੀ ਮਹਲਾ ੩, ਪੰਨਾ ੯੧੧)

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥ ੨॥ ੩॥

ਪੀਪਾ ਭਗਤ ਜੀ ਪ੍ਰਣਵੈ=ਉਚਾਰਦੇ ਹਨ, ਕਿ ਪਰਮ ਤਤੁ=ਸਿਧਾਂਤ ਰੂਪ ਜੋ ਅਕਾਲ ਪੁਰਖ ਹੈ, ਉਸ ਨੂੰ ਪੂਰਾ ਸਤਿਗੁਰੂ ਪ੍ਰਾਪਤ ਹੋਵੇ ਤਾਂ ਲਖਾਵੈ=ਵਿਖਾ ਸਕਦਾ ਹੈ॥ ੨॥ ੧॥

ਧੰਨਾ ॥

ਧੰਨੇ ਭਗਤ ਨੂੰ ਦਰਸ਼ਨ ਦੇ ਕੇ ਭਗਵਾਨ ਨੇ ਕਿਹਾ, "ਹੋਰ ਸਭਨਾਂ ਨੇ ਆਰਤੀ ਕੀਤੀ ਹੈ ਤੇ ਤੂੰ ਮੇਰੀ ਆਰਤੀ ਕਿਉਂ ਨਹੀਂ ਕੀਤੀ?"

"ਉੱਤਰ-" ਹੋਰਨਾਂ ਨੇ ਤਾਂ ਆਰਤੀ ਕੀਤੀ ਹੈ, ਪਰ ਮੈਂ ਆਪ ਦਾ ਆਰਤਾ ਕਰਦਾ ਹਾਂ, ਪਿਛਲੀ ਕਸਰ ਕੱਢ ਦੇਂਦਾ ਹਾਂ।"

ਗੋਪਾਲ ਤੇਰਾ ਆਰਤਾ ॥
ਜੋ ਜਨੁ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥ ੧ ॥ ਰਹਾਉ ॥

ਪਹਿਲਾ ਅਰਥ-

ਹੇ ਗੋਪਾਲ! ਮੈਂ ਆਪ ਦਾ ਆਰਤਾ ਕਰਦਾ ਹਾਂ, ਜੋ ਗੁਰਮੁਖ ਜਨ ਆਪ ਦੀ ਤਨੋ ਮਨੋ ਹੋ ਕੇ ਭਗਤੀ ਕਰਦੇ ਹਨ ਤੁਸੀਂ ਉਹਨਾਂ ਦੇ ਸਾਰੇ ਕੰਮ ਸਵਾਰਦੇ ਹੋ।

ਯਥਾ- "ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥
ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥"

(ਸੋਰਠਿ ਮਹਲਾ ੩, ਪੰਨਾ ੬੩੮)

ਜਦ ਇਤਨੇ ਅੱਖਰ ਆਖਕੇ ਭਗਤ ਜੀ ਰੁਕ ਗਏ ਤੇ ਕਹਿਣ ਲੱਗੇ "ਹੇ ਭਗਵਾਨ ! ਪਹਿਲੇ ਆਪ ਮੇਰਾ ਕੰਮ ਪੂਰਾ ਕਰੋ, ਫਿਰ ਮੈਂ ਆਪ ਜੀ ਦਾ ਆਰਤਾ ਕਰਾਂਗਾ।"

ਤਾਂ ਭਗਵਾਨੇ ਨੇ ਕਿਹਾ, "ਦੱਸ ਤੂੰ ਕੀ ਚਾਹੁੰਦਾ ਹੈਂ?"

ਭਗਤ ਧੰਨੇ ਜੀ ਨੇ ਕਿਹਾ - "ਮੈਂ ਆਪਣੇ ਸਰੀਰਕ ਨਿਰਬਾਹ ਵਾਸਤੇ ਭਗਤ ਕਬੀਜ ਜੀ ਵਾਂਗ ਖਾਣ ਪੀਣ ਲਈ ਕੁਝਕੁ ਪਦਾਰਥ ਮੰਗਦਾ ਹਾਂ।"

ਤਾਂ ਭਗਵਾਨ ਨੇ ਕਿਹਾ, "ਜੋ ਤੇਰੇ ਮਨ ਵਿਚ ਇੱਛਾ ਹੈ ਉਹ ਤੂੰ ਦੱਸ, ਮੈਂ ਤੈਨੂੰ ਦੇਂਦਾ ਹਾਂ।"

ਤਾਂ ਭਗਤ ਧੰਨੇ ਜੀ ਨੇ ਕਿਹਾ -

ਦਾਲਿ ਸੀਧਾ ਮਾਗਉ ਘੀਉ ॥
ਹਮਰਾ ਖੁਸੀ ਕਰੈ ਨਿਤ ਜੀਉ ॥

ਮੈਂ ਆਪ ਜੀ ਕੋਲੋਂ ਦਾਲ, ਸੀਧਾ=ਆਟਾ ਤੇ ਘਿਉ ਮੰਗਦਾ ਹਾਂ। ਜੇ ਆਪ ਬਖਸ਼ੋਗੇ ਤਾਂ ਅਸਾਡਾ ਜੀ ਨਿਤਾਪ੍ਰਤੀ ਖੁਸ਼ੀਆਂ ਨੂੰ ਧਾਰਨ ਕਰੇਗਾ।

ਪਨੀਆ ਛਾਦਨੁ ਨੀਕਾ ॥

ਪੈਰਾਂ ਵਿਚ ਪਨੀਆ=ਜੁੱਤੀ ਤੇ ਉੱਪਰ ਵਾਸਤੇ ਨੀਕਾ=ਚੰਗਾ ਛਾਦਨੁ=ਕੱਪੜਾ ਹੋਵੇ ਅਤੇ -

ਅਨਾਜੁ ਮਗਉ ਸਤ ਸੀ ਕਾ ॥ ੧ ॥

ਸੱਤਾਂ ਸਿਆੜਾਂ ਨੂੰ ਪਾ ਕੇ ਜੋ ਬੀਜਿਆ ਹੋਇਆ ਅੰਨ ਹੈ ਉਹ ਅਨਾਜੁ=ਅੰਨ ਮੈਂ ਆਪ ਜੀ ਪਾਸੋਂ ਮੰਗਦਾ ਹਾਂ, ਕਿਉਂ ਜੁ ਇਹ ਅੰਨ ਸਵਾਦੀ ਹੁੰਦਾ ਹੈ।

ਗਉ ਭੈਸ ਮਗਉ ਲਾਵੇਰੀ ॥

ਦੁੱਧ ਪੀਣ ਲਈ ਗਊ ਤੇ ਭੈਂਸ ਦੋਨੋਂ ਲਵੇਰੀਆਂ ਮੰਗਦਾ ਹਾਂ।

ਇਕ ਤਾਜਨਿ ਤੁਰੀ ਚੰਗੇਰੀ ॥

ਚੜ੍ਹਨ ਵਾਸਤੇ ਇੱਕ ਤਾਜਨ ਜਾਤ ਦੀ, ਭਾਵ ਖੁਰਾਸਾਨੀ ਚੰਗੀ ਤੁਰੀ=ਘੋੜੀ ਮੰਗਦਾ ਹਾਂ। ਜੇ ਆਪ ਜੀ ਦੀ ਕਿਰਪਾ ਨਾਲ ਸਾਰੇ ਪਦਾਰਥ ਪ੍ਰਾਪਤ ਹੋ ਗਏ ਤਾਂ ਇਨ੍ਹਾਂ ਦੀ ਸੰਭਾਲ ਲਈ ਇੱਕ ਔਰਤ ਵੀ ਚਾਹੀਦੀ ਹੈ।

ਘਰ ਕੀ ਗੀਹਨਿ ਚੰਗੀ ॥

ਜਨੁ ਧੰਨਾ ਲੇਵੈ ਮੰਗੀ ॥ ੨ ॥ ੪ ॥

ਘਰ ਦੀ ਸੰਭਾਲ ਲਈ ਸੁਸ਼ੀਲ ਤੇ ਪਤੀਬ੍ਰਤਾ ਜੋ ਚੰਗੀ ਇਸਤ੍ਰੀ ਹੈ ਉਸ ਨੂੰ ਮੈਂ ਧੰਨਾ ਜਨ ਮੰਗ ਲੈਂਦਾ ਹਾਂ, ਕਿਉਂ ਜੁ ਐਸੀ ਇਸਤ੍ਰੀ ਨਾ ਦੇਣੀ ਜੋ ਪਾਣੀ ਤੇ ਮੰਗਿਆਂ ਪੱਥਰ ਮਾਰੇ।

ਯਥਾ- "ਪਾਨੀ ਕੇ ਮਾਂਗਤ ਪਾਥਰ ਮਾਰਤ ਨਾਰਿ ਕਿਯੋ ਘਰ ਨਾਹਰ ਆਨੀ ॥"

(ਦਸਮ, ਚਰਿੱਤ੍ਰ ੪੦, ਪੰਨਾ ੮੬੬)

ਉਸ ਵਕਤ ਭਗਵਾਨ ਨੇ ਸਭ ਕੁਝ ਦੇ ਦਿੱਤਾ।

ਦੂਜਾ ਅਰਥ-

ਗੋਪਾਲ ਤੇਰਾ ਆਰਤਾ ॥

ਹੇ ਗੋਪਾਲ ! ਸਰਬ ਓਰ ਤੋਂ ਮੈਂ ਤੇਰੇ ਵਿਖੇ ਆ+ਰਤਾ=ਆ ਕੇ ਰੱਤਾ ਹਾਂ।

ਵਾ-ਮੈਂ ਆਪ ਜੀ ਦਾ ਆਰਤ=ਦੁਖੀ ਭਗਤ ਹਾਂ। ਭਗਤ ਚਾਰ ਪਰਕਾਰ ਦੇ ਹੁੰਦੇ ਹਨ-

੧. ਅਰਥਾ ਅਰਥੀ- ਭਾਵ ਪਦਾਰਥਾਂ ਦੀ ਇੱਛਾ ਵਾਲਾ।

ਯਥਾ- "ਕਬੀਰ ਕਾਮ ਪਰੇ ਹਰਿ ਸਿਮਰੀਐ"..... ॥

(ਪੰਨਾ ੧੩੭੩)

੨. ਆਰਤ ਭਗਤ-ਜਿਵੇਂ ਧ੍ਰੂ ਭਗਤ ਦੁਖੀ ਹੋ ਕੇ ਬਾਹਰ ਜਾ ਕੇ ਭਗਤੀ ਕਰਨ ਲੱਗਾ।

੩. ਜਗਿਆਸੂ ਭਗਤ-ਜੋ ਮੁਕਤੀ ਦੀ ਇੱਛਾ ਵਾਲਾ ਹੈ।

੪. ਗਿਆਨੀ ਭਗਤ-ਜੋ ਗਿਆਨਵਾਨ ਹੋ ਕੇ ਫਿਰ ਭਗਤੀ ਕਰਦਾ ਹੈ, ਬਾਬਾ ਬੁੱਢਾ ਜੀ ਵਾਂਗ।

ਜਿਵੇਂ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿਚ ਅਰਜਨ ਪ੍ਰਤੀ ਕਿਹਾ ਹੈ-

'ਚਤੁਰ ਵਿਧਾ ਭਜੰਤੇ ਮਾਂ ਜਨਾਹ ਸੁਕ੍ਰਿਤੀਨਾ ਅਰਜੁਨ।
ਆਰਤੋ ਜਗਿਆਸੁਰ ਅਰਥਾ ਅਰਥੀ ਗਿਆਨੀ ਚ ਭਰਤ ਰਸ਼ਭ॥ ੧੬॥'

(ਗੀਤਾ ਧਿਆਇ ੭)

ਹੇ ਭਰਥ ਕੁਲ ਵਿਖੇ ਰਸ਼ਭ-ਸ੍ਰੇਸ਼ਟ ਅਰਜਨ ! ਸੁਕ੍ਰਿਤੀਨਾ=ਉੱਤਮ ਕਰਮ ਵਾਲੇ ਅਰਥਾ ਅਰਥੀ ਤੇ ਆਰਤ ਤੇ ਜਗਿਆਸੂ ਤੇ ਗਿਆਨੀ ਐਸੇ ਚਤੁਰ+ਵਿਧਾ=ਚਾਰ ਪ੍ਰਕਾਰ ਦੇ ਭਗਤ-ਜਨ ਮਾਂ=ਮੈਨੂੰ ਭਜੰਤੇ=ਯਾਦ ਕਰਦੇ ਹਨ।

ਜੋ ਜਨੁ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥ ੧॥ ਰਹਾਉ॥

ਜੋ ਪੁਰਸ਼ ਆਪ ਜੀ ਦੀ ਭਗਤੀ ਨੂੰ ਕਰਦੇ ਹਨ ਤੁਸੀਂ ਉਹਨਾਂ ਦੇ ਸਾਰੇ ਕੰਮ ਸਵਾਰਦੇ ਹੋ, ਇਸ ਕਰਕੇ ਮੇਰੇ ਕੰਮ ਭੀ ਆਪ ਸਵਾਰਨਾ ਕਰੋ।

ਦਾਲਿ

ਆਧਿ, ਬਿਆਧਿ, ਉਪਾਧਿ ਰੂਪ ਤਿੰਨਾਂ ਰੋਗਾਂ ਨੂੰ ਦਾਲਿ=ਦਲਣਾ ਮੰਗਦਾ ਹਾਂ, ਕਿਉਂਕਿ ਅਰੋਗਤਾ ਦੇ ਸਹਿਤ ਹੋਣ ਕਰਕੇ ਹੀ ਆਪ ਜੀ ਦੀ ਆਰਤੀ ਕੀਤੀ ਜਾਵੇਗੀ।

ਸੀਧਾ

ਆਪਣੇ ਕੁਟਲ ਮਨ ਨੂੰ ਸਿੱਧਾ ਹੋਇਆ ਮੰਗਦਾ ਹਾਂ, ਤਾਂ ਕਿ ਆਪ ਜੀ ਦੇ ਵਿਚ ਜੁੜ ਜਾਵੇ।

ਮਾਗਉ ਘੀਉ॥

ਘੀਉ ਪ੍ਰੇਮ ਕਰਨਾ ਮੰਗਦਾ ਹਾਂ, ਕਿਉਂਕਿ ਪ੍ਰੇਮ ਤੋਂ ਬਗੈਰ ਆਰਤੀ ਨਹੀਂ ਹੋ ਸਕਦੀ।

ਹਮਰਾ ਖੁਸੀ ਕਰੈ ਨਿਤ ਜੀਉ॥

ਤਾਂ ਅਸਾਡਾ ਜੀਅ ਨਿਤਾਪ੍ਰਤੀ ਖੁਸ਼ੀਆਂ ਨੂੰ ਕਰੇਗਾ।

ਪਨ੍ਹੀਆ

ਆਪ ਜੀ ਦੀ ਪਨ੍ਹੀਆ=ਸ਼ਰਨ ਮੰਗਦਾ ਹਾਂ।

ਛਾਦਨੁ ਨੀਕਾ॥

ਸਾਰਿਆਂ ਤੋਂ ਨੀਕਾ=ਚੰਗਾ ਖਿਮਾ ਰੂਪੀ, ਵਾ:-ਪ੍ਰੇਮ ਰੂਪੀ ਕੱਪੜਾ, ਅਥਵਾ:-

''ਪਰਮੇਸਰੁ ਪਟੁ ਲੇਈ॥'' (ਪੰਨਾ ੩੫੯)

ਪਰਮੇਸ਼ਰ ਪਰਮੇਸ਼ਰ ਨਾਮ ਉਚਾਰਨ ਰੂਪੀ ਬਸਤ੍ਰ ਮੰਗਦਾ ਹਾਂ।

ਵਾ-ਕਾਮ ਆਦਿਕਾਂ ਦਾ ਛਾਦਨੁ=ਕੱਟਣਾ ਮੰਗਦਾ ਹਾਂ, ਨੀਕਾ=ਭਲੀ ਪ੍ਰਕਾਰ।

ਅਨਾਜੁ ਮਗਉ ਸਤ ਸੀ ਕਾ॥

(੧) ਅਨ+ਅਜੁ=ਹੋਰ ਅੱਜ ਇਹ ਮੰਗਦਾ ਹਾਂ ਕਿ ਸੱਤ ਦਾ ਸਿੱਕਾ ਚਲੇ, ਭਾਵ ਸੱਚ ਦਾ ਹੀ ਬੋਲ

ਬੁਲਾਰਾ ਹੋਵੇ।

(੨) ਅਜੁ= ਮਾਇਆ ਤੋਂ ਅਨ=ਰਹਿਤ ਹੋਣਾ ਮੰਗਦਾ ਹਾਂ ਤੇ ਸੱਤ ਤੇ ਸੀਕਾ=ਸੀਲ ਸੁਭਾਵ ਦਾ ਗ੍ਰਹਿਣ ਕਰਨਾ ਮੰਗਦਾ ਹਾਂ।

ਗਊ ਭੈਸ ਮਗਉ ਲਾਵੇਰੀ॥

ਭੈ+ਸ=ਭੈ ਦੇ ਸਹਿਤ ਹੋ ਕੇ ਆਪ ਦੇ ਗੁਣਾਂ ਦੇ ਗਊ=ਗਾਇਨ ਕਰਨ ਵਿਚ ਲਾਵੇਰੀ=ਲਿਵ ਲਗਾਉਣੀ ਮੰਗਦਾ ਹਾਂ।

ਇਕ ਤਾਜਨਿ ਤੁਰੀ ਚੰਗੇਰੀ॥

ਤੁਰੀਆਵਸਥਾ ਵਿਚ ਲਿਜਾਣ ਵਾਲੀ, ਸਭ ਸਾਧਨਾਂ ਤੋਂ ਚੰਗੀ ਜੋ ਏਕਤਾ ਹੈ, ਉਸ ਨੂੰ ਮੈਂ ਜਨ ਮੰਗਦਾ ਹਾਂ।

ਵਾ-ਏਕਤਾ ਤੋਂ ਜਨਿ=ਉਤਪੰਨ ਹੋਈ ਹੋਈ ਜੋ ਚੰਗੀ ਤੁਰੀਆਵਸਥਾ ਹੈ, ਉਸ ਨੂੰ ਮੈਂ ਮੰਗਦਾ ਹਾਂ।

ਘਰ ਕੀ ਗੀਹਨਿ ਚੰਗੀ॥

ਅੰਤਹਕਰਣ ਰੂਪੀ ਘਰ ਦੀ ਚੰਗੀ ਗੀਹਨਿ=ਔਰਤ ਜੋ ਆਤਮ ਵਿਸ਼ੈਣੀ ਬੁੱਧੀ ਹੈ।

ਜਨੁ ਧੰਨਾ ਲੇਵੈ ਮੰਗੀ॥ ੨ ॥ ੪ ॥

ਧੰਨਾ ਭਗਤ ਜੀ ਕਥਨ ਕਰਦੇ ਹਨ - ਮੈਂ ਜਨ ਉਸ ਨੂੰ ਮੰਗ ਲੈਣਾ ਕਰਦਾ ਹਾਂ॥ ੨ ॥ ੧ ॥

ਧਨਾਸਰੀ ਰਾਗੁ ਸਮਾਪਤੰ॥

ਨੋਟ-ਧਨਾਸਰੀ ਰਾਗ ਵਿਖੇ-

੫ ਸ਼ਬਦ - ਕਬੀਰ ਜੀ ਦੇ ਹਨ।
੫ ਸ਼ਬਦ - ਨਾਮਦੇਵ ਜੀ ਦੇ ਹਨ।
੩ ਸ਼ਬਦ - ਰਵਿਦਾਸ ਜੀ ਦੇ ਹਨ।
੧ ਸ਼ਬਦ - ਤ੍ਰਿਲੋਚਨ ਜੀ ਦਾ ਹੈ।
੧ ਸ਼ਬਦ - ਸੈਣ ਨਾਈ ਜੀ ਦਾ ਹੈ।
੧ ਸ਼ਬਦ - ਪੀਪੇ ਭਗਤ ਜੀ ਦਾ ਹੈ।
੧ ਸ਼ਬਦ - ਧੰਨੇ ਜੀ ਦਾ ਹੈ।

ਕੁਲ ਸ਼ਬਦ ੧੭ ਹਨ।

ਰਾਗੁ ਜੈਤਸਰੀ

(ਪੰਨਾ ੬੯੬)

ਜੈਤਸਰੀ ਮਹਲਾ ੪* ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥

ਮੇਰੇ ਹਿਰਦੇ ਵਿਚ ਰਤਨ ਵਾਂਗ ਅਮੋਲਕ ਹਰੀ ਨਾਮ ਵਸਿਆ ਹੈ, ਕਿਉਂਕਿ ਮੇਰੇ ਸਿਰ ਉੱਤੇ ਗੁਰਾਂ ਨੇ ਹੱਥ ਰੱਖਿਆ ਹੋਇਆ ਹੈ।

ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥ ੧॥

ਜਨਮਾਂ ਜਨਮਾਂ ਦੇ ਕਿਲਬਿਖ=ਪਾਪ ਤੇ ਦੁਖ ਦੂਰ ਹੋ ਗਏ ਹਨ, ਗੁਰਾਂ ਨੇ ਅਜੇਹਾ ਨਾਮ ਦਿੱਤਾ ਹੈ, ਜਿਸ ਕਰਕੇ ਸਾਰਾ ਰਿਨੁ=ਕਰਜਾ ਲਹਿ ਗਿਆ ਹੈ।

ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ॥

ਹੇ ਮੇਰੇ ਮਨ! ਰਾਮ ਨਾਮ ਨੂੰ ਭਜੁ=ਜਪਣਾ ਕਰ, ਜਿਸ ਨਾਲ ਤੇਰੇ ਸਾਰੇ ਅਰਥਾ=ਮਤਲਬ ਪੂਰੇ ਹੋ ਜਾਣਗੇ।

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ॥ ਰਹਾਉ॥

ਪੂਰਿਆਂ ਗੁਰਾਂ ਨੇ ਅਸਾਨੂੰ ਹਰੀ ਨਾਮ ਦ੍ਰਿੜ੍ਹ ਕਰਵਾਇਆ ਹੈ, ਕਿਉਂਕਿ ਨਾਮ ਤੋਂ ਬਿਨਾਂ ਸਾਰਾ ਜੀਵਨ ਵਿਅਰਥ ਜਾਂਦਾ ਹੈ॥ ਰਹਾਉ॥

ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ॥

ਗੁਰਾਂ ਤੋਂ ਬਿਨਾਂ ਮਨਮੁਖ ਮੂਰਖ ਹੋ ਰਹੇ ਹਨ, ਅਤੇ ਉਹ ਮੂਰਖ ਟੋਲਾ ਨਿਤਾਪ੍ਰਤੀ ਮਾਇਆ ਦੇ ਮੋਹ ਵਿਚ ਫਾਥਾ=ਫਸ ਰਿਹਾ ਹੈ।

---

*ਇਹ ਇੱਕ ਸੰਪੂਰਨ ਜਾਤੀ ਦੀ ਰਾਗਣੀ ਹੈ, ਧੋਲ, ਬੈਰਾਗੀ ਤੇ ਦੇਸਕਾਰ ਤਿੰਨਾਂ ਦੇ ਮੇਲ ਤੋਂ ਬਣਦੀ ਹੈ, ਦਿਨ ਦੇ ਤੀਜੇ ਪਹਿਰ ਗਾਈ ਜਾਂਦੀ ਹੈ। ਇਸ ਦਾ ਮੌਸਮ ਸਿਸਰ ਰੁੱਤ ਹੈ, ਬਹੁਤ ਹੀ ਖੁਸ਼ੀ ਪ੍ਰਗਟ ਕਰਦੀ ਹੈ, "ਸੁਰਤਾਲ ਸਮੂਹ" ਵਿਚ ਇਸਨੂੰ ਮਾਲਕੌਂਸ ਦੀ ਨੂੰਹ ਮੰਨਿਆਂ ਹੈ।

"ਨਾਦ ਬਿਨੋਦ" ਵਿਚ ਜੈਤਸਰੀ ਨੂੰ ਖਾੜਵ ਜਾਤੀ ਦੀ ਰਾਗਣੀ ਲਿਖਿਆ ਹੈ।

ਧਨਾਸਰੀ, ਧਾਨੀ ਤੇ ਮਾਲਸਿਰੀ ਦੇ ਮੇਲ ਤੋਂ ਬਣਦੀ ਹੈ। ਤੀਜੇ ਪਹਿਰ ਦੇ ਪਿੱਛੋਂ ਗਾਈ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੈਤਸਰੀ ਦਾ ਯਾਰਵਾ ਨੰਬਰ ਹੈ।

ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥ ੨ ॥

ਉਨ੍ਹਾਂ ਨੇ ਕਦੇ ਭੀ ਸੰਤਾਂ ਦੇ ਚਰਨਾਂ ਦੀ ਸੇਵਾ ਨਹੀਂ ਕੀਤੀ, ਇਸ ਲਈ ਉਨ੍ਹਾਂ ਦਾ ਸਾਰਾ ਜਨਮ ਅਕਾਥਾ=ਵਿਅਰਥ ਗਿਆ ਹੈ॥ ੨ ॥

ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥

ਜਿਨ੍ਹਾਂ ਨੇ ਸੰਤਾਂ ਦੇ ਚਰਣ=ਕਰਤੱਬ ਨੂੰ ਧਾਰਿਆ ਹੈ,

ਯਥਾ-"ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ॥ ੨ ॥" (ਪੰਨਾ ੪੮੬)

ਅਤੇ ਸੰਤਾਂ ਦੇ ਪੈਰਾਂ ਨੂੰ ਸੇਵਿਆ ਹੈ, ਅਥਵਾ:-ਜਿਨ੍ਹਾਂ ਨੇ ਸੰਤਾਂ ਦੇ ਚਰਨ ਪਰਸੇ ਹਨ, ਤੇ ਸੰਤਾਂ ਦੇ ਚਰਨਾਂ ਨੂੰ ਸੇਵਿਆ ਹੈ, ਉਹ ਸ+ਨਾਥਾ=ਸਹਿਤ ਸੁਆਮੀ ਦੇ ਹੋਏ ਹਨ। ਇਸ ਕਰਕੇ ਉਹਨਾਂ ਦਾ ਜਨਮ ਸਫਲਾ ਹੈ।

ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥ ੩ ॥

ਹੇ ਜਗਤ ਦੇ ਸ੍ਵਾਮੀ ਹਰੀ ! ਕਿਰਪਾ ਦ੍ਰਿਸ਼ਟੀ ਧਾਰਕੇ ਮੈਂ ਦਾਸ ਨੂੰ ਦਾਸਾਂ ਦਾ ਦਾਸ ਕਰ ਦਿਉ॥ ੩ ॥

ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥

ਅਸੀਂ ਸਰੂਪ ਗਿਆਨ ਤੋਂ ਰਹਿਤ ਹੋਣ ਕਰਕੇ ਅਗਿਆਨੀ ਅੰਨ੍ਹੇ ਹਾਂ, ਤੇਰੀ ਕਿਰਪਾ ਤੋਂ ਬਿਨਾਂ ਸੰਸਾਰ ਮਾਰਗ ਵਿਚ ਗੁਰਸਿੱਖੀ ਦੇ ਰਸਤੇ ਵਿਚ ਕਿਵੇਂ ਚੱਲ ਸਕਦੇ ਹਾਂ।

ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥ ੪ ॥੧ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਅੰਧੁਲੇ=ਅੰਨ੍ਹੇ ਅਗਿਆਨੀ ਕਉ=ਨੂੰ ਗੁਰ ਉਪਦੇਸ਼ ਰੂਪੀ ਅੰਚਲੁ=ਪੱਲਾ ਫੜਾ ਦਿਓ, ਜਿਨ੍ਹਾਂ ਗੁਰਾਂ ਨਾਲ ਮਿਲਕੇ, ਮੈਂ ਆਪ ਜੀ ਦੇ ਰਸਤੇ ਚਲਣਾ ਕਰਾਂ।

ਅਥਵਾ:-ਜਿਨ੍ਹਾਂ ਦੇ ਆਸਰੇ ਚਲਕੇ, ਮੈਂ ਆਪ ਜੀ ਨੂੰ ਮਿਲੰਥਾ=ਮਿਲ ਜਾਵਾਂਗਾ॥ ੪ ॥ ੧ ॥

ਜੈਤਸਰੀ ਮਹਲਾ ੪ ॥

ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥

ਜਿਵੇਂ ਹੀਰਾ ਤੇ ਲਾਲ ਬੜਾ ਭਾਰੀ ਅਮੋਲਕ ਹੁੰਦਾ ਹੈ, ਤਿਵੇਂ ਪ੍ਰਭੂ ਦਾ ਨਾਮ ਹੀਰਿਆਂ ਲਾਲਾਂ ਵਾਂਗ ਬੜਾ ਅਮੋਲਕ ਹੈ, ਪਰ ਅਧਿਕਾਰੀ ਜਗਿਆਸੂ ਰੂਪ ਗਾਹਕ ਤੋਂ ਬਿਨਾਂ ਕੱਖਾਂ ਵਿਚ ਮੀਕਾ-ਮਿਲ ਗਿਆ ਹੈ, ਯਾਂ ਮੀਕਾ=ਇੱਕ ਕੱਖ ਦਾ ਹੋ ਰਿਹਾ ਹੈ।

ਯਥਾ-"ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥" (ਪੰਨਾ ੧੦੮੬)

ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥ ੧ ॥

ਜਿਸ ਵੇਲੇ ਰਤਨ ਰੂਪ ਨਾਮ ਦਾ ਗਾਹਕ ਗੁਰਾਂ ਨੇ ਸਾਧਨਾ ਸਪੰਨ ਉੱਤਮ ਜਗਿਆਸੂ ਵੇਖਿਆ, ਤਿਸ ਵੇਲੇ ਰਤਨ ਰੂਪ ਨਾਮ ਲੱਖ ਮੁੱਲ ਦਾ ਹੋ ਕੇ ਵਿਕਿਆ (ਅਰਥਾਤ ਅਧਿਕਾਰੀ ਜਗਿਆਸੂ ਨੇ ਤਨ ਮਨ ਦੇ ਕੇ ਉਪਦੇਸ਼ ਲੀਤਾ)।

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥

ਮੇਰੇ ਹੀ ਮਨ ਵਿਚ ਹਰੀ ਨੇ ਇਹ ਨਾਮ ਰੂਪ ਹੀਰਾ ਗੁਪਤ=ਲੁਕਾ ਕੇ ਰੱਖਿਆ ਹੋਇਆ ਸੀ।

ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ ॥ ਰਹਾਉ ॥

ਜਿਸ ਵੇਲੇ ਦੀਨ ਦਿਆਲ ਪਰਮਾਤਮਾ ਨੇ ਸਾਧੂ=ਸ੍ਰੇਸ਼ਟ ਗੁਰਾਂ ਨਾਲ ਮਿਲਾਇਆ,

ਤਾਂ ਸਤਿਗੁਰਾਂ ਨਾਲ ਮਿਲਕੇ ਨਾਮ ਰੂਪ ਹੀਰੇ ਨੂੰ ਪਰਾਖਾ=ਪਰਖ ਲੀਤਾ ॥ ਰਹਾਉ ॥

ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥

ਮਨਮੁਖ ਦੀ ਅੰਤਹਕਰਨ ਰੂਪ ਕੋਠੀ ਵਿਚ ਅਗਿਆਨ ਦਾ ਅਨ੍ਹੇਰਾ ਹੈ, ਇਸ ਕਰਕੇ ਉਸਨੇ ਅੰਤਹਕਰਨ ਰੂਪ ਘਰ ਵਿਚ ਰਤਨ ਰੂਪ ਨਾਮ ਨੂੰ ਲਾਖਾ=ਲਖਿਆ (ਜਾਣਿਆਂ) ਨਹੀਂ।

ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥ ੨ ॥

ਉਹ ਮੂਰਖ (ਸੰਸਾਰ) ਉਜਾੜ ਵਿਚ ਭਰਮਿ=ਭੌਂਦੇ ਹੀ ਮਰ ਗਏ ਹਨ, ਕਿਉਂਕਿ ਉਨ੍ਹਾਂ ਨੇ ਮਾਇਆ ਰੂਪ ਭੁਅੰਗ-ਸੱਪਣੀ ਦਾ ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਖਾ ਲਿਆ ਹੈ।

ਅਥਵਾ:-ਮਾਇਆ ਰੂਪ ਜ਼ਹਿਰੀਲੇ ਸੱਪ ਨੇ ਉਨ੍ਹਾਂ ਨੂੰ ਖਾ ਲਿਆ ਹੈ ॥ ੨ ॥

ਹਰਿ ਹਰਿ ਸਾਧ ਮੇਲਹੁ ਜਨ ਨੀਕੇ ਹਰਿ ਸਾਧੂ ਸਰਣਿ ਹਮ ਰਾਖਾ ॥

ਹੇ ਹਰਿ ਹਰਿ ! ਚੰਗਿਆਂ ਸੰਤ ਜਨਾਂ ਨਾਲ ਮੈਨੂੰ ਮੇਲਣਾ ਕਰੋ, ਅਤੇ ਹਰੀ ਨਾਮ ਜਪਣ ਵਾਲਿਆਂ ਸੰਤਾਂ ਦੀ ਸ਼ਰਨ ਵਿਚ ਅਸਾਨੂੰ ਰੱਖਣਾ ਕਰੋ।

ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ ਹਮ ਪਰੇ ਭਾਗਿ ਤੁਮ ਪਾਖਾ ॥ ੩ ॥

ਹੇ ਹਰੀ ਪ੍ਰਭੂ ਸੁਆਮੀ ! ਮੇਰਾ ਹਰ ਤਰ੍ਹਾਂ ਨਾਲ ਅੰਗੀਕਾਰੁ=ਪੱਖ ਕਰੋ, ਅਸੀਂ ਸੰਸਾਰ ਵੱਲੋਂ ਭੱਜ ਕੇ ਤੁਹਾਡੀ ਪਾਖਾ=ਸ਼ਰਨ ਵਿਚ ਪਏ ਹਾਂ।

ਜਿਹਵਾ ਕਿਆ ਗੁਣ ਆਖਿ ਵਖਾਣਹ ਤੁਮ ਵਡ ਅਗਮ ਵਡ ਪੁਰਖਾ ॥

ਮੈਂ ਆਪਣੀ ਇੱਕ ਜਿਹਵਾ ਨਾਲ ਆਪ ਜੀ ਦੇ ਕੇਹੜੇ ਕੇਹੜੇ ਗੁਣ ਆਖਿ=ਆਖ ਕੇ ਵਖਾਣਹ=ਕਥਨ ਕਰਾਂ, ਆਪ ਵੱਡਿਆਂ ਤੋਂ ਵੱਡੇ ਅਗੰਮ ਪੁਰਖ ਹੋ।

(ਪੰਨਾ ੬੯੭)

ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ ਰਾਖਾ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਦਾਸ ਉੱਤੇ ਹਰੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਅਤੇ ਪੱਥਰ ਵਾਂਗ ਡੁੱਬਦੇ ਨੂੰ ਹਰਿ=ਹਰ ਤਰ੍ਹਾਂ ਕਰਕੇ ਰਾਖਾ=ਰੱਖ ਲਿਆ ਹੈ ॥ ੪ ॥ ੨ ॥

ਜੈਤਸਰੀ ਮਃ ੪ ॥

ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ ਤੇਰੇ ਮੂਰਖ ਮੁਗਧ ਇਆਨਾ ॥

ਹੇ ਪ੍ਰਭੂ ! ਅਸੀਂ ਤੇਰੇ ਬਾਲਕੇ ਮੂਰਖ=ਸ਼ਾਸਤ੍ਰ ਗਿਆਤ ਤੋਂ ਰਹਿਤ ਹਾਂ, ਮੁਗਧ=ਬਿਵਹਾਰਕ ਗਿਆਤ ਤੋਂ ਰਹਤਿ, ਇਆਨਾ=ਪ੍ਰਮਾਰਥ ਗਿਆਤ ਤੋਂ ਭੀ ਰਹਿਤ ਹਾਂ। ਇਸ ਕਰਕੇ ਆਪ ਜੀ ਦੀ ਗਤਿ=ਪ੍ਰਾਪਤੀ ਦੀ ਮਰਯਾਦਾ ਨੂੰ ਕੁਝ ਜਾਣਦੇ ਨਹੀਂ ਹਾਂ।

ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ ਕਰਿ ਲੀਜੈ ਮੁਗਧੁ ਸਿਆਨਾ ॥ ੧ ॥

ਹੇ ਹਰੀ ! ਕਿਰਪਾ ਦ੍ਰਿਸ਼ਟੀ ਧਾਰਕੇ ਉੱਤਮ ਮਤੀ ਦੇਣਾ ਕਰੋ,

ਮੈਂ ਮੂਰਖ ਨੂੰ ਸਿਆਣਾ ਬਣਾ ਲਵੋ ॥ ੧ ॥

ਮੇਰਾ ਮਨੁ ਆਲਸੀਆ ਉਘਲਾਨਾ ॥

ਆਲਸੀਆਂ ਵਾਂਗ ਮੇਰਾ ਆਲਸੀ ਮਨੁ, ਮੋਹ ਦੀ ਨੀਂਦ ਵਿਚ ਉਘਲਾਂਦਾ ਸੀ। ਪਰ-

ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ਮਿਲਿ ਸਾਧੂ ਕਪਟ ਖੁਲਾਨਾ ॥ਰਹਾਉ ॥

ਹਰਿ ਹਰਿ ਨੇ ਸਾਧੂ=ਸ੍ਰੇਸ਼ਟ ਗੁਰਾਂ ਨਾਲ ਆਨਿ=ਲਿਆ ਮਿਲਾਇਆ ਹੈ,

ਸਾਧੂ=ਸ੍ਰੇਸ਼ਟ ਗੁਰਾਂ ਨਾਲ ਮਿਲਦਿਆਂ ਹੀ (ਪੰਜਾਂ ਕੋਸ਼ਾਂ ਰੂਪੀ) ਕਪਟ=ਤਖਤੇ ਖੁਲਾਨਾ=ਖੁੱਲ੍ਹ ਗਏ ਹਨ ॥ ਰਹਾਉ ॥

ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ ॥

ਹੇ ਗੁਰੋ ! ਮੇਰੇ ਹਿਰਦੇ ਅੰਦਰ ਛਿਨ ਛਿਨ ਕਾਲ ਨਾਮ ਦੀ ਪ੍ਰੀਤੀ ਬਹੁਤੀ ਲਗਾਉਣਾ ਕਰੋ, ਕਿਉਂਕਿ ਮੇਰੇ ਪ੍ਰੀਤਮ ਦਾ ਨਾਮ ਹੀ ਪ੍ਰਾਣਾਂ ਦਾ ਆਸਰਾ ਵਾ:- ਮੇਰੇ ਪ੍ਰਾਣਾਂ ਦਾ ਆਸਰਾ ਹੀ ਪ੍ਰੀਤਮ ਦਾ ਨਾਮ ਹੈ।

ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ ॥ ੨ ॥

ਹੇ ਮੇਰੇ ਸੁਆਮੀ ! ਆਪ ਜੀ ਦੇ ਨਾਮ ਤੋਂ ਬਿਨਾਂ ਮਰ ਹੀ ਜਾਈਦਾ ਹੈ, ਜਿਵੇਂ ਅਮਲੀ ਦਾ ਮਨ ਅਮਲ ਵਿਚ ਲੁਭਾਇਮਾਨ ਹੁੰਦਾ ਹੈ, ਤਿਵੇਂ ਮੇਰਾ ਮਨ ਨਾਮ ਵਿਚ ਲੁਭਾਇਮਾਨ ਹੋ ਰਿਹਾ ਹੈ ॥ ੨ ॥

ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ ॥

ਜਿਨ੍ਹਾਂ ਦੇ ਮੱਥੇ ਉੱਤੇ ਧੁਰ ਤੋਂ ਹੀ ਪੁਰਾਣੇ ਭਾਗ ਹਨ, ਉਹਨਾਂ ਦੇ ਮਨ ਵਿਚ ਹਰੀ ਦੀ ਪ੍ਰੀਤੀ ਲੱਗੀ ਹੈ।

ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ਜਿਨ ਹਰਿ ਮੀਠ ਲਗਾਨਾ ॥ ੩ ॥

ਅਸੀਂ ਖਿਨ ਖਿਨ ਕਾਲ ਵਿਚ ਉਹਨਾਂ ਦੇ ਚਰਨਾਂ ਦੀ ਸੇਵਾ ਕਰਦੇ ਹਾਂ, ਜਿਨ੍ਹਾਂ ਨੇ ਮੈਨੂੰ ਹਰੀ ਦਾ ਨਾਮ ਮੀਠ=ਪਿਆਰਾ ਲਗਾਇਆ ਹੈ ॥ ੩ ॥

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਜਨੁ ਬਿਛੁਰਿਆ ਚਿਰੀ ਮਿਲਾਨਾ ॥

ਹਰਿ ਹਰਿ ਸੁਆਮੀ ਨੇ ਮੇਰੇ ਉੱਤੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਇਸ ਕਰਕੇ –
ਦਾਸ ਨੂੰ ਚਿਰਾਂ ਦਾ ਵਿੱਛੁੜਿਆ ਹੋਇਆ ਹਰੀ ਮਿਲ ਪਿਆ ਹੈ।
ਵਾ:-ਚਿਰੰਕਾਲ ਦੇ ਵਿੱਛੁੜੇ ਹੋਏ ਮੈਂ ਸੇਵਕ ਨੂੰ ਹਰੀ ਨੇ ਆਪਣੇ ਨਾਲ ਮਿਲਾ ਲਿਆ ਹੈ।

ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ
ਜਨੁ ਨਾਨਕੁ ਤਿਸੁ ਕੁਰਬਾਨਾ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਉਹ ਸਤਿਗੁਰੂ ਧੰਨ ਧੰਨ ਹਨ, ਜਿਨ੍ਹਾਂ ਨੇ ਨਾਮ ਸਿਮਰਨ ਦ੍ਰਿੜ੍ਹ ਕਰਵਾਇਆ ਹੈ, ਮੈਂ ਜਨ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ ॥ ੪ ॥ ੩ ॥

ਜੈਤਸਰੀ ਮਹਲਾ ੪ ॥

ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥

ਵੱਡੇ ਸੱਜਣ ਸਤਿਗੁਰ ਪੁਰਖਾਂ ਤੋਂ ਉਪਦੇਸ਼ ਪਾਇਆ ਹੈ, ਹਰੀ ਰਸਤ ਅੰਦਰ ਰਸਕਿ=ਪ੍ਰੇਮ ਕਰਨ ਨਾਲ ਗਿਆਨ ਫਲ ਲੱਗਾ ਹੈ।

ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧ ॥

ਇਹ ਪ੍ਰਾਣੀ ਮਾਇਆ ਰੂਪੀ ਭੁਇਅੰਗ=ਸੱਪ ਦਾ ਗ੍ਰਸਿਆ ਹੋਇਆ ਹੈ, ਜਿਸ ਨੇ ਗੁਰ ਬਚਨਾਂ ਦੁਆਰੇ ਹਰੀ ਨਾਮ ਜਪਿਆ ਹੈ ਉਸ ਨੇ ਵਿਸ਼ਿਆਂ ਰੂਪੀ ਬਿਸੁ=ਜ਼ਹਿਰ ਨੂੰ ਕਾਢਿਬਾ=ਕੱਢ ਦਿੱਤਾ ਹੈ।

ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ ॥

ਹੁਣ ਮੇਰਾ ਮਨ ਰਾਮ ਨਾਮ ਦੇ ਰਸ ਵਿਚ ਲਾਗਿਬਾ=ਲੱਗਾ ਹੋਇਆ ਹੈ।

ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ
ਹਰਿ ਨਾਮੈ ਹਰਿ ਰਸੁ ਚਾਖਿਬਾ ॥ ਰਹਾਉ ॥

ਜਿਸ ਵੇਲੇ ਸਾਧ=ਸ੍ਰੇਸ਼ਟ ਗੁਰਾਂ ਨਾਲ ਮਿਲਕੇ ਮੈਂ ਹਰਿ ਹਰਿ ਨਾਮ ਦਾ ਰਸ ਚੱਖਿਆ ਤਾਂ ਹਰੀ ਨੇ ਮੈਂ ਪਤਿਤ=ਪਾਪੀ ਨੂੰ ਪਵਿੱਤ੍ਰ ਕਰ ਲਿਆ ਹੈ ॥ ਰਹਾਉ ॥

ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ
ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥

ਉਸ ਵਡਭਾਗੀ ਨੂੰ ਜਗਤ ਵਿਚ ਧੰਨ ਧੰਨ ਹੁੰਦੀ ਹੈ, ਜਿਸ ਨੂੰ ਸਾਧੂ=ਸ੍ਰੇਸ਼ਟ ਗੁਰੂ ਮਿਲਿਆ ਹੈ, ਸ੍ਰੇਸ਼ਟ ਗੁਰਾਂ ਨਾਲ ਮਿਲਕੇ ਉਸ ਦੀ ਲਿਵ ਉਨਮਨਿ=ਤੁਰੀਆ ਪਦ ਵਿਚ ਲੱਗੀ ਹੈ।

ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ
ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥ ੨ ॥

ਉਸ ਦੀ ਤ੍ਰਿਸ਼ਨਾਂ ਰੂਪ ਅੱਗ ਬੁਝ ਗਈ ਹੈ ਅਤੇ ਸ਼ਾਂਤੀ ਪਾ ਲਈ ਹੈ, ਕਿਉਂਕਿ ਉਸ ਨੇ ਨਿਰਮਲ= ਪਵਿੱਤਰ ਹਰੀ ਦੇ ਪਵਿੱਤਰ ਗੁਨ=ਗੁਣਾਂ ਨੂੰ ਗਾਇਬਾ=ਗਾਇਆ ਹੈ॥ ੨ ॥

ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ ॥

ਉਹਨਾਂ ਦੇ ਭਾਗ ਧੁਰ ਤੋਂ ਹੀ ਖੀਨ=ਭੈੜੇ ਲਿਖ ਪਾਏ ਹਨ, ਜਿਨ੍ਹਾਂ ਨੇ ਸਤਿਗੁਰਾਂ ਦਾ ਦਰਸ਼ਨ ਕਰਨਾ ਨਹੀਂ ਪਾਇਆ।

ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ ਸਭੁ ਬਿਰਥਾ ਜਨਮੁ ਤਿਨ ਜਾਇਬਾ ॥ ੩ ॥

ਉਹ ਦ੍ਵੈਤ ਭਾ ਕਰਕੇ ਮਾਂ ਦੀ ਗਰਭ ਜੂਨੀ ਵਿਚ ਪਵਹਿ=ਪੈਂਦੇ ਹਨ, ਉਹਨਾਂ ਦਾ ਸਾਰਾ ਜਨਮ ਵਿਅਰਥ ਚਲਿਆ ਜਾਇਬਾ=ਜਾਂਦਾ ਹੈ॥ ੩ ॥

ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ ॥

ਹੇ ਹਰੀ ! ਮੈਨੂੰ ਬਿਮਲ=ਉੱਜਲ ਮਤਿ=ਬੁੱਧੀ ਦੇਣਾ ਕਰੋ, ਜੋ ਉਹਨਾਂ ਸਾਧ=ਸ੍ਰੇਸ਼ਟ ਗੁਰਾਂ ਦੇ ਚਰਨਾਂ ਦੀ ਸੇਵਾ ਕਰਾਂ, ਜਿਨ੍ਹਾਂ ਨੇ ਮੈਨੂੰ ਹਰੀ ਨਾਮ ਮੀਠ=ਪਿਆਰਾ ਲਗਾਇਆ ਹੈ।

ਜਨੁ ਨਾਨਕੁ ਰੇਣ ਸਾਧ ਪਗ ਮਾਗੈ
ਹਰਿ ਹੋਇ ਦਇਆਲੁ ਦਿਵਾਇਬਾ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਸੰਤਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ,
ਹੇ ਹਰੀ ! ਆਪ ਦਿਆਲੂ ਹੋ ਕੇ ਉਹ ਧੂੜ ਮੈਨੂੰ ਦਿਵਾਇਬਾ=ਦਿਵਾਣਾ ਕਰੋ॥ ੪ ॥ ੪ ॥

ਜੈਤਸਰੀ ਮਹਲਾ ੪ ॥

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥

ਜਿਨ੍ਹਾਂ ਦੇ ਹਿਰਦੇ ਵਿਚ ਹਰੀ ਨਾਮ ਨਹੀਂ ਵਸਿਆ, ਉਹਨਾਂ ਦੀ ਮਾਂ ਨੂੰ ਹਰੀ ਬਾਂਝਾ=ਸੰਢ ਕੀਜੈ=ਕਰ ਦੇਂਦਾ, ਤਾਂ ਚੰਗਾ ਸੀ।

ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥ ੧ ॥

ਨਾਮ ਤੋਂ ਬਿਨਾਂ ਉਹਨਾਂ ਦੀ ਦੇਹ ਸੁੰਞੀ=ਖਾਲੀ ਫਿਰਦੀ ਹੈ, ਅਤੇ ਉਹ ਖਪ ਖਪ ਕੇ ਕਰਾਂਝਾ=ਕਰੰਝੂਏ ਦੇ ਬਨ ਸੰਸਾਰ ਵਿਚ ਨਿਸਫਲ ਮਰ ਗਏ ਹਨ। ਵਾ:-ਕਰਾਂਝਾ=ਕ੍ਰਿਝ-ਕ੍ਰਿਝ ਕੇ ਮਰ ਗਏ ਹਨ। ਵਾ:-ਕਰਾਂਝਾ=ਕਜੀਆਂ ਵਿਚ ਭਾਵ ਧੰਦਿਆਂ ਵਿਚ ਖਪ ਖਪ ਕੇ ਮਰ ਗਏ ਹਨ॥ ੧ ॥

ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥

ਹੇ ਮੇਰੇ ਮਨ ! ਹਿਰਦੇ ਮਾਝਾ=ਵਿਚ ਹਰੀ ਰਾਮ ਦੇ ਨਾਮ ਨੂੰ ਜਪਣਾ ਕਰ।

ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ
ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥

ਕ੍ਰਿਪਾਲੂ ਹਰਿ ਹਰਿ ਨੇ ਕਿਰਪਾ ਦ੍ਰਿਸ਼ਟੀ ਧਾਰੀ ਤਾਂ ਗੁਰਾਂ ਨੇ ਪ੍ਰਭੂ ਦਾ ਗਿਆਨ ਦਿੱਤਾ, ਜਿਸ ਗਿਆਨ ਕਰਕੇ ਮਨ ਨੂੰ ਸਮਝਾ=ਸਮਝ ਆ ਗਈ॥ ਰਹਾਉ ॥

ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥

ਕਲਜੁਗ ਵਿਚ ਹਰੀ ਦੀ ਕੀਰਤੀ ਉੱਤਮ-ਪਦ ਦੇ ਦੇਣ ਵਾਲੀ ਹੈ, ਸਤਿਗੁਰਾਂ ਦੇ (ਹਿਰਦੇ) ਮਾਝਾ=ਵਿਚੋਂ ਹਰੀ ਦੀ ਉਹ ਕੀਰਤੀ ਪ੍ਰਾਪਤ ਹੁੰਦੀ ਹੈ।

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥ ੨ ॥

ਮੈਂ ਆਪਣਿਆਂ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹੈ, ਜਿਨ੍ਹਾਂ ਨੇ ਗੁਪਤ ਨਾਮ ਮੈਨੂੰ ਪਰਗਾਝਾ=ਪ੍ਰਗਟ ਕਰ ਦਿੱਤਾ ਹੈ॥ ੨ ॥

ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥

ਵਡਭਾਗੀਆਂ ਨੂੰ ਸੰਤਾਂ ਦਾ ਦਰਸ਼ਨ ਮਿਲਿਆ ਹੈ, ਸਾਰੇ ਕਿਲਬਿਖ=ਪਾਪ ਗਏ ਗਵਾਝਾ=ਗਏ ਗਵਾਤੇ ਹੋ ਗਏ। ਅਥਵਾ:-ਜੋ ਪਾਪ ਗੁਆਣੇ ਯੋਗ ਸਨ, ਉਹ ਦੂਰ ਚਲੇ ਗਏ।

(ਪੰਨਾ ੬੯੮)

ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥ ੩ ॥

ਜਿਸ ਵੇਲੇ ਬੜੇ ਦਨਾਈ ਵਾਲੇ ਗੁਰੂ ਰੂਪ ਸ਼ਾਹ ਨੂੰ ਪਾਇਆ, ਤਾਂ ਹਰੀ ਦੇ ਬਹੁਤੇ ਗੁਣਾਂ ਦੀ ਸਾਝਾ=ਭਾਈ ਵਾਲੀ ਕੀਤੀ॥ ੩ ॥

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥

ਜਗਜੀਵਨਿ=ਪਰਮਾਤਮਾ ਨੇ ਜਿਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਹਨਾਂ ਨੇ ਮਨ ਦੇ ਮਾਝਾ=ਵਿਚ ਉਰਿ=ਵਿਸ਼ੇਸ਼ ਕਰਕੇ ਹਰੀ ਨਾਮ ਨੂੰ ਧਾਰਿਆ ਹੈ।

ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਨੇ ਆਪਣਿਆਂ ਕਰਮਾਂ ਦਾ ਲੇਖਾ ਸਮਝ ਕੇ ਧਰਮ ਰਾਜਾ ਦੇ ਦਰਬਾਰ ਦੇ ਸਾਰੇ ਕਾਗਜ਼ ਪਾੜ ਦਿੱਤੇ ਹਨ॥ ੪ ॥ ੫ ॥

ਜੈਤਸਰੀ ਮਹਲਾ ੪ ॥

ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥

ਜਿਸ ਵਡਭਾਗੀ ਨੇ ਸੰਤਾਂ ਦੀ ਸਤਸੰਗਤ ਕਰਨੀ ਪਾਈ ਹੈ, ਉਸ ਦਾ ਚਲਤੌ=ਚੰਚਲ ਮਨ

ਅਰੂੜਾ=ਇਸਥਿਤ ਹੋ ਗਿਆ ਹੈ।

ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥ ੧ ॥

ਜਿਨ੍ਹਾਂ ਨੇ ਹਰੀ ਨਾਮ ਸਿਮਰਨ ਰੂਪ ਅੰਮ੍ਰਿਤ ਧਾਰਾ ਦੇ ਰਸ ਨੂੰ ਲੀੜਾ=ਲੀੜ੍ਹਿਆ ਭਾਵ ਪੀਤਾ ਹੈ, ਉਹਨਾਂ ਨੂੰ ਨਿਤਾਪ੍ਰਤੀ ਅਨਹਦ ਧੁਨ ਦੇ "ਸੁਧੋ ਹੰ ਬੁੱਧੋ ਹੰ ਆਦਿਕ" ਬਾਜੇ ਬੱਜਦੇ ਹਨ॥ ੧॥

ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ ॥

ਮੇਰੇ ਮਨ ਨੇ ਰੂੜਾ=ਸੁੰਦਰ ਹਰੀ ਦਾ ਰਾਮ ਨਾਮ ਜਪਿਆ ਹੈ।

ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ
ਹਰਿ ਮਿਲਿਓ ਲਾਇ ਝਪੀੜਾ ॥ ਰਹਾਉ ॥

ਸਤਿਗੁਰਾਂ ਨੇ ਮੇਰੇ ਮਨ ਤਨ ਵਿਚ ਪ੍ਰੀਤੀ ਲਗਾਈ ਹੈ, ਜਿਸ ਕਰਕੇ ਮੈਨੂੰ ਹਰੀ ਲਾਇ ਝਪੀੜਾ=ਜੱਫੀ ਪਾ ਕੇ ਮਿਲਿਆ ਹੈ॥ ਰਹਾਉ॥

ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥

ਸਾਕਤ ਪੁਰਸ਼ ਮਾਇਆ ਦੇ ਬੰਧਨਾਂ ਵਿਚ ਬੰਧ ਭਏ=ਬੰਨ੍ਹੇ ਹੋਏ ਹਨ, ਜਕੀੜਾ=ਹਠ ਲਗਾ ਕੇ ਬਿਖੁ=ਵਿਸ਼ਿਆਂ ਰੂਪੀ ਜ਼ਹਿਰ ਨੂੰ ਸੰਚਹਿ=ਇਕੱਠਾ ਕਰਦੇ ਹਨ।

ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥ ੨ ॥

ਆਪਣੇ ਭਲੇ ਅਰਥਿ=ਵਾਸਤੇ ਹਰੀ ਦੇ ਨਮਿੱਤ ਖਰਚ ਨਹੀਂ ਸਕਦੇ, ਇਸ ਲਈ ਅੰਤ ਨੂੰ ਜਮਕਾਲ ਦੀ ਪੀੜਾ ਨੂੰ ਸਿਰ ਉੱਤੇ ਸਹਾਰਦੇ ਹਨ॥ ੨॥

ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ
ਬਹੁ ਸਰਧਾ ਲਾਇ ਮੁਖਿ ਧੂੜਾ ॥

ਜਿਨ੍ਹਾਂ ਨੇ ਹਰੀ ਦੇ ਅਰਥਿ=ਲੇਖੇ ਸਰੀਰ ਨੂੰ ਲਗਾਇਆ ਹੈ, ਅਤੇ ਬੜੀ ਸ਼ਰਧਾ ਨਾਲ ਗੁਰੂ ਤੇ ਸੰਤਾਂ ਦੀ ਚਰਨ ਧੂੜ ਨੂੰ ਮੂੰਹ ਉੱਪਰ ਲਗਾਇਆ ਹੈ।

ਹਲਤਿ ਪਲਤਿ ਹਰਿ ਸੋਭਾ ਪਾਵਹਿ ਹਰਿ ਰੰਗੁ ਲਗਾ ਮਨਿ ਗੂੜਾ ॥ ੩ ॥

ਉਹ ਪੁਰਸ਼ ਲੋਕ ਪ੍ਰਲੋਕ ਵਿਚ ਹਰ ਤਰ੍ਹਾਂ ਦੀ ਸੋਭਾ ਨੂੰ ਪਾਉਂਦੇ ਹਨ, ਕਿਉਂਕਿ ਉਹਨਾਂ ਦੇ ਮਨ ਵਿਚ ਹਰੀ ਦਾ ਗੂੜ੍ਹਾ ਰੰਗੁ=ਪ੍ਰੇਮ ਲੱਗਾ ਹੈ॥ ੩॥

ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥

ਹੇ ਹਰਿ ਹਰਿ ! ਅਸਾਨੂੰ ਸੰਤ ਜਨਾਂ ਦੇ ਮੇਲ ਵਿਚ ਮੇਲਣਾ ਕਰ, ਮੈਂ ਸੰਤ ਜਨਾਂ ਦਾ ਕੀੜਾ=ਦਾਸ ਹਾਂ।

ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ
ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਦੀ ਸਾਧ=ਸ੍ਰੇਸ਼ਟ ਗੁਰਾਂ ਦੇ ਚਰਨਾਂ ਨਾਲ ਪ੍ਰੀਤੀ ਲੱਗੀ ਹੈ, ਸਾਧੂ=ਸ੍ਰੇਸ਼ਟ ਗੁਰਾਂ ਨਾਲ ਮਿਲਣ ਕਰਕੇ ਪੱਥਰ ਵਾਂਗ ਮੂਰਖ ਮਨ ਦਾ ਕਠੋਰ ਸੁਭਾਅ ਹਰਿਓ=ਦੂਰ ਹੋ ਗਿਆ ਹੈ॥ ੪ ॥ ੬ ॥

ਜੈਤਸਰੀ ਮਹਲਾ ੪ ਘਰੁ ੨ ॥ ੧ੴ ਸਤਿਗੁਰ ਪ੍ਰਸਾਦਿ ॥

ਹਰਿ ਹਰਿ ਸਿਮਰਹੁ ਅਗਮ ਅਪਾਰਾ ॥ ਜਿਸੁ ਸਿਮਰਤ ਦੁਖੁ ਮਿਟੈ ਹਮਾਰਾ ॥

ਉਸ ਅਗਮ ਅਪਾਰ ਹਰਿ ਹਰਿ ਨੂੰ ਸਿਮਰਨਾ ਕਰੋ। ਜਿਸ ਦੇ ਸਿਮਰਨੇ ਕਰਕੇ ਹਮਾਰਾ=ਸਭਨਾਂ ਦਾ ਦੁੱਖ ਮਿਟ ਜਾਂਦਾ ਹੈ।

ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ ਗੁਰਿ ਮਿਲਿਐ ਸੁਖੁ ਹੋਈ ਰਾਮ ॥ ੧ ॥

ਰਾਮ=ਹੇ ਭਾਈ ! ਹਰਿ ਹਰਿ ਨਾਮ ਦੇ ਦਾਤੇ ਸਤਿਗੁਰ ਪੁਰਖਾਂ ਨਾਲ ਆਪਣੇ ਆਪ ਨੂੰ ਮਿਲਾਵੋ, ਕਿਉਂਕਿ ਗੁਰੂ ਦੇ ਮਿਲਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ॥ ੧ ॥

ਹਰਿ ਗੁਣ ਗਾਵਹੁ ਮੀਤ ਹਮਾਰੇ ॥ ਹਰਿ ਹਰਿ ਨਾਮੁ ਰਖਹੁ ਉਰ ਧਾਰੇ ॥

ਹੇ ਮੇਰੇ ਮਿੱਤਰੋ ! ਹਰੀ ਦੇ ਗੁਣ ਗਾਵਣਾ ਕਰੋ। ਅਤੇ ਹਰਿ ਹਰਿ ਨਾਮ ਨੂੰ ਹਿਰਦੇ ਵਿਚ ਧਾਰ ਰੱਖੋ।

ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ਗੁਰ ਮਿਲਿਐ ਪਰਗਟੁ ਹੋਈ ਰਾਮ ॥ ੨ ॥

ਹਰਿ ਹਰਿ ਦੇ ਅੰਮ੍ਰਿਤ ਰੂਪ ਬਚਨਾਂ ਦੇ ਸੁਣਨੇ ਵਿਚ ਆਵੋ। ਗੁਰਾਂ ਨਾਲ ਮਿਲਣ ਕਰਕੇ ਰਾਮ ਪ੍ਰਭੂ ਪ੍ਰਗਟ ਹੁੰਦਾ ਹੈ॥ ੨ ॥

ਮਧੁਸੂਦਨ ਹਰਿ ਮਾਧੋ ਪ੍ਰਾਨਾ ॥ ਮੇਰੈ ਮਨਿ ਤਨਿ ਅੰਮ੍ਰਿਤ ਮੀਠ ਲਗਾਨਾ ॥

ਮਧੁ ਦੈਂਤ ਦੇ ਸੂਦਨ=ਨਾਸ ਕਰਨ ਵਾਲਾ ਜੋ ਪ੍ਰਾਣ ਰੂਪ ਹਰੀ ਹੈ। ਉਸ ਮਾਧੋ ਦਾ ਨਾਮ-ਅੰਮ੍ਰਿਤ ਮੇਰੇ ਮਨ ਤਨ ਵਿਚ ਮੀਠ=ਮੀਠਾ ਭਾਵ ਪਿਆਰਾ ਲੱਗ ਆਇਆ ਹੈ।

ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਪੁਰਖੁ ਨਿਰੰਜਨੁ ਸੋਈ ਰਾਮ ॥ ੩ ॥

ਹੇ ਹਰਿ ਹਰਿ ! ਦਇਆ ਦ੍ਰਿਸ਼ਟੀ ਕਰਕੇ ਉਹਨਾਂ ਗੁਰਾਂ ਨਾਲ ਮੇਲੋ, ਜਿਹੜੇ ਗੁਰੂ ਉਸ ਨਿਰੰਜਨ ਰਾਮ ਪੁਰਖ ਦਾ ਸਰੂਪ ਹਨ॥ ੩ ॥

ਹਰਿ ਹਰਿ ਨਾਮੁ ਸਦਾ ਸੁਖਦਾਤਾ ॥ ਹਰਿ ਕੈ ਰੰਗਿ ਮੇਰਾ ਮਨੁ ਰਾਤਾ ॥

ਹਰਿ ਹਰਿ ਦਾ ਨਾਮ ਸਿਮਰਨ ਸਦਾ ਹੀ ਸੁਖ ਦੇਣ ਵਾਲਾ ਹੈ। ਹਰੀ ਦੇ ਪ੍ਰੇਮ ਰੰਗ ਵਿਚ ਮੇਰਾ ਮਨ

ਰਾਤਾ=ਰੰਗਿਆ ਗਿਆ ਹੈ।

ਹਰਿ ਹਰਿ ਮਹਾ ਪੁਰਖੁ ਗੁਰੁ ਮੇਲਹੁ
ਗੁਰ ਨਾਨਕ ਨਾਮਿ ਸੁਖੁ ਹੋਈ ਰਾਮ॥ ੪॥੧॥੭॥

੧. ਗੁਰੂ ਜੀ ਕਥਨ ਕਰਦੇ ਹਨ, ਹੇ ਹਰਿ ਹਰਿ ! ਮਹਾਂ ਪੁਰਖ ਜੋ ਸਤਿਗੁਰੂ ਹੁਨ, ਉਹਨਾਂ ਨਾਲ ਮੇਲੋ, ਕਿਉਂਕਿ ਗੁਰਾਂ ਦੁਆਰੇ ਨਾਮ ਜਪਣ ਕਰਕੇ ਸੁਖ ਪ੍ਰਾਪਤ ਹੁੰਦਾ ਹੈ।

੨. ਹੇ ਮਹਾਂ ਪੁਰਖ ਗੁਰੋ ! ਮੈਨੂੰ ਹਰ ਤਰ੍ਹਾਂ ਕਰਕੇ ਹਰੀ ਰਾਮ ਨਾਮੀ ਨਾਲ ਮੇਲ ਦਿਓ ਤਾਂ ਮੈਨੂੰ ਸੁਖ ਹੋਵੇਗਾ॥ ੪॥ ੧॥ ੭॥

ਜੈਤਸਰੀ ਮਃ ੪॥

ਹਰਿ ਹਰਿ ਹਰਿ ਹਰਿ ਨਾਮੁ ਜਪਾਹਾ॥ ਗੁਰਮੁਖਿ ਨਾਮੁ ਸਦਾ ਲੈ ਲਾਹਾ॥

੧. ਹਰ ਵੇਲੇ ਹਰੀ ਦੇ ਹਰਿ ਹਰਿ ਨਾਮ ਨੂੰ ਜਪਦਾ ਹਾਂ।

੨. ਹਰਿ=ਹਰ ਇੱਕ ਦੇ ਹਰਿ=ਹਰਿਆਂ ਕਰਨ ਵਾਲਾ ਜੋ ਹਰਿ=ਹਰੀ ਹੈ, ਉਸ ਹਰਿ=ਹਰੀ ਦੇ ਨਾਮ ਨੂੰ ਜਪਦਾ ਹਾਂ। ਸਦਾ ਲਾਭ ਦੇਣ ਵਾਲਾ ਨਾਮ ਮੁਖ ਗੁਰਾਂ ਪਾਸੋਂ ਲਿਆ ਹੈ।

ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ ਹਰਿ ਹਰਿ ਨਾਮੁ ਉਮਾਹਾ ਰਾਮ॥੧॥

ਹਰ ਤਰ੍ਹਾਂ ਹਰਿਆਂ ਕਰਨ ਵਾਲੀ ਹਰਿ ਹਰਿ ਦੀ ਭਗਤੀ ਆਪਣੇ ਮਨ ਨੂੰ ਦ੍ਰਿੜ੍ਹ ਕਰਾਵੋ, ਅਤੇ ਹਰਿ ਹਰਿ ਰਾਮ ਨਾਮ ਦਾ ਉਤਸ਼ਾਹ ਧਾਰਨਾ ਕਰੋ॥ ੧॥

ਹਰਿ ਹਰਿ ਨਾਮੁ ਦਇਆਲੁ ਧਿਆਹਾ॥ ਹਰਿ ਕੈ ਰੰਗਿ ਸਦਾ ਗੁਣ ਗਾਹਾ॥

ਦਿਆਲੂ ਦੇ ਹਰਿ ਹਰਿ ਨਾਮ ਨੂੰ ਧਿਆਹਾ=ਧਿਆਉਣਾ ਕਰੋ। ਰੰਗਿ=ਪ੍ਰੇਮ ਕਰਕੇ ਹਰੀ ਦੇ ਗੁਣ ਸਦਾ ਗਾਹਾ=ਗਾਉਣਾ ਕਰੋ।

ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਉਮਾਹਾ ਰਾਮ॥ ੨॥

੨. ਹੇ ਭਾਈ ! ਹਰਿ ਹਰਿ ਨਾਮੁ, ਤੇ ਹਰੀ ਜਸ ਰੂਪੀ ਘੂਮਰਿ=ਲੁੱਡੀ ਪਾਵੋ, ਸਤਸੰਗ ਵਿਚ ਮਿਲਿਆਂ ਰਾਮ ਨਾਮ ਦਾ ਉਤਸ਼ਾਹ ਹੁੰਦਾ ਹੈ।

੨. ਹਰੀ ਦੇ ਸਤਸੰਗ ਵਿਚ ਮਿਲਕੇ ਬੜੇ ਉਤਸ਼ਾਹ ਨਾਲ ਹਰਿ=ਹਰ ਵੇਲੇ ਹਰੀ ਦੇ ਜਸ ਕਰਨ ਰੂਪ ਘੂਮਰਿ=ਲੁੱਡੀ, ਜਾਂ ਗਿੱਧਾ ਪਾਵੋ॥ ੨॥

ਆਉ ਸਖੀ ਹਰਿ ਮੇਲਿ ਮਿਲਾਹਾ॥ ਸੁਣਿ ਹਰਿ ਕਥਾ ਨਾਮੁ ਲੈ ਲਾਹਾ॥

ਹੇ ਭਾਈ ! ਆਓ ਹਰੀ ਦੀਆਂ ਮਹਾਤਮਾਂ ਰੂਪ ਸਖੀਆਂ ਦੇ ਮੇਲ ਵਿਚ ਆਪਣੇ ਆਪ ਨੂੰ ਮਿਲਾਓ। ਹਰੀ ਦੀ ਕਥਾ ਸੁਣ ਕੇ ਨਾਮ ਦਾ ਲਾਹਾ=ਲਾਭ ਲੈਣਾ ਕਰੋ।

(ਪੰਨਾ ੬੯੯)

ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ ਗੁਰਿ ਮਿਲਿਐ ਹਰਿ ਉਮਾਹਾ ਰਾਮ ॥੩ ॥

ਹੇ ਹਰਿ ਹਰਿ! ਕਿਰਪਾ ਦ੍ਰਿਸ਼ਟੀ ਧਾਰਕੇ ਗੁਰਾਂ ਨਾਲ ਮੇਲਣਾ ਕਰੋ, ਕਿਉਂਕਿ ਗੁਰਾਂ ਨਾਲ ਮਿਲਿਆਂ ਹੀ ਹਰੀ ਰਾਮ ਦਾ ਉਮਾਹਾ=ਉਤਸ਼ਾਹ ਹੁੰਦਾ ਹੈ॥ ੩ ॥

ਕਰਿ ਕੀਰਤਿ ਜਸੁ ਅਗਮ ਅਥਾਹਾ ॥ ਖਿਨੁ ਖਿਨੁ ਰਾਮ ਨਾਮੁ ਗਾਵਾਹਾ ॥

ਅਗਮ ਅਥਾਹ ਹਰੀ ਦੀ ਜਸ ਦਾਇਕ ਕੀਰਤੀ ਕਰ,

ਵਾ:-ਜਸ ਦੇ ਕਰਾਉਣ ਵਾਲੇ ਕਰਮਾਂ ਵਿਚ ਰਤਿ=ਪ੍ਰੀਤੀ ਕਰ। ਅਤੇ ਖਿਨ ਖਿਨ ਕਾਲ ਵਿਚ ਰਾਮ ਨਾਮ ਨੂੰ ਗਾਵਾਹਾ=ਗਾਵਣਾ ਕਰ।

ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ
ਹਰਿ ਨਾਨਕ ਭਗਤਿ ਉਮਾਹਾ ਰਾਮ ॥ ੪ ॥ ੨ ॥ ੮ ॥

ਗੁਰੂ ਜੀ ਕਥਨ ਕਰਦੇ ਹਨ, ਹੇ ਨਾਮ ਦਾਤੇ ਗੁਰੋ ! ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਮਿਲਣਾ ਕਰੋ, ਜੋ ਹਰੀ ਰਾਮ ਦੀ ਭਗਤੀ ਦਾ ਉਤਸ਼ਾਹ ਪ੍ਰਾਪਤ ਹੋਵੇ॥ ੪॥ ੨॥ ੮॥

ਜੈਤਸਰੀ ਮਃ ੪ ॥

ਰਸਿ ਰਸਿ ਰਾਮੁ ਰਸਾਲੁ ਸਲਾਹਾ ॥ ਮਨੁ ਰਾਮ ਨਾਮਿ ਭੀਨਾ ਲੈ ਲਾਹਾ ॥

੧. ਸਾਰਿਆਂ ਰਸਾਂ ਵਿਚ ਰਸਿਆ ਹੋਇਆ ਜੋ ਰਸਾਲੁ=ਸੁੰਦਰ ਰਾਮ ਹੈ, ਉਸ ਨੂੰ ਸਲਾਹੁਣਾ ਕਰ।

੨. ਪ੍ਰੇਮ ਰਸ ਵਿਚ ਰਸਿ=ਤਦਾਕਾਰ ਹੋ ਕੇ ਸੁੰਦਰ ਰਾਮ ਨੂੰ ਸਲਾਹੁਣਾ ਕਰ।

ਰਾਮ ਨਾਮ ਵਿਚ ਮਨ ਨੂੰ ਭੀਨਾ=ਤਦਾਕਾਰ ਕਰਕੇ ਲਾਭ ਨੂੰ ਲੈਣਾ ਕਰ।

ਖਿਨੁ ਖਿਨੁ ਭਗਤਿ ਕਰਹ ਦਿਨੁ ਰਾਤੀ ਗੁਰਮਤਿ ਭਗਤਿ ਉਮਾਹਾ ਰਾਮ ॥ ੧ ॥

ਹੇ ਭਾਈ ! ਜੇਕਰ ਛਿਨ ਛਿਨ ਕਾਲ ਗੁਰ ਸਿੱਖਿਆ ਦੁਆਰੇ ਦਿਨ ਰਾਤ ਭਗਤੀ ਕਰੇਂਗਾ ਤਾਂ ਰਾਤ ਦੀ ਭਗਤੀ ਦਾ ਉਮਾਹਾ=ਉਤਸ਼ਾਹ ਹੋਵੇਗਾ॥ ੧ ॥

ਹਰਿ ਹਰਿ ਗੁਣ ਗੋਵਿੰਦ ਜਪਾਹਾ ॥ ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥

ਤੂੰ ਆਪ ਹਰਿ ਹਰਿ ਨਾਮ ਨੂੰ ਜਪਣਾ ਕਰ, ਤੇ ਹੋਰਨਾਂ ਪਾਸੋਂ ਗੋਬਿੰਦ ਦੇ ਗੁਣਾਂ ਨੂੰ ਜਪਾਉਣਾ ਕਰ। ਗੁਰਾਂ ਤੋਂ ਸਬਦੁ=ਉਪਦੇਸ਼ ਲੈ ਕੇ ਮਨ ਤਨ ਦੇ ਜੀਤਿ=ਜਿੱਤਣ ਦਾ ਲਾਹਾ=ਲਾਭ ਲੈਣਾ ਕਰ।

ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਉਮਾਹਾ ਰਾਮ ॥ ੨ ॥

ਗੁਰ ਸਿੱਖਿਆ ਕਰਕੇ ਹੀ ਪੰਜ ਕਾਮ ਆਦਿਕ ਦੂਤ ਵਸੀਕਾਰ ਹੋ ਆਵਹਿ=ਆਉਂਦੇ ਹਨ, ਅਤੇ ਮਨ ਤਨ ਵਿਚ ਹਰੀ ਰਾਮ ਦਾ ਉਤਸ਼ਾਹ ਹੁੰਦਾ ਹੈ॥ ੨ ॥

ਨਾਮੁ ਰਤਨੁ ਹਰਿ ਨਾਮੁ ਜਪਾਹਾ ॥ ਹਰਿ ਗੁਣ ਗਾਇ ਸਦਾ ਲੈ ਲਾਹਾ ॥

੧. ਰਤਨ ਵਾਂਗ ਅਮੋਲਕ ਜੋ ਨਾਮ ਹੈ, ਉਸ ਹਰੀ ਨਾਮ ਨੂੰ ਜਪਣਾ ਕਰ।

੨. ਨਾਮੁ=ਪ੍ਰਸਿੱਧ ਹਰੀ ਨਾਮ ਰਤਨ ਨੂੰ ਜਪਣਾ ਕਰ।

ਹਰੀ ਗੁਣਾਂ ਨੂੰ ਗਾ ਕੇ ਸਦਾ ਲਾਭ ਲੈਣਾ ਕਰ। ਤੇ ਬੇਨਤੀਆਂ ਕਰ –

ਦੀਨ ਦਇਆਲ ਕ੍ਰਿਪਾ ਕਰਿ ਮਾਧੋ ਹਰਿ ਹਰਿ ਨਾਮੁ ਉਮਾਹਾ ਰਾਮ ॥ ੩ ॥

ਹੇ ਦੀਨ ਦਿਆਲ ਮਾਧੋ ! ਕਿਰਪਾ ਦ੍ਰਿਸ਼ਟੀ ਕਰ, ਜੋ ਹਰਿ ਹਰਿ ਨਾਮ ਦਾ ਉਤਸ਼ਾਹ ਪ੍ਰਾਪਤ ਹੋਵੇ ॥ ੩ ॥

ਜਪਿ ਜਗਦੀਸੁ ਜਪਉ ਮਨ ਮਾਹਾ ॥ ਹਰਿ ਹਰਿ ਜਗੰਨਾਥੁ ਜਗਿ ਲਾਹਾ ॥

ਜਪਣੇ ਯੋਗ ਜਗਤ ਦੇ ਈਸ਼ਵਰ ਦੇ ਨਾਮ ਨੂੰ ਮਨ ਵਿਚ ਜਪਣਾ ਕਰੋ। ਸਾਰੇ ਜਗੰ=ਜਗਤ ਦਾ ਨਾਥੁ=ਸੁਆਮੀ ਜੋ ਹਰਿ ਹਰਿ ਹੈ, ਉਸ ਦਾ ਨਾਮ ਜਗਿ=ਜਗਤ ਵਿਚ ਲਾਭ ਰੂਪ ਹੈ।

ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਉਮਾਹਾ ਰਾਮ ॥ ੪ ॥ ੩ ॥ ੯ ॥

ਗੁਰੂ ਜੀ ਕਥਨ ਕਰਦੇ ਹਨ, ਮੇਰੇ ਪ੍ਰਭੂ ਠਾਕੁਰ ਸਾਰਿਆਂ ਤੋਂ ਵੱਡੇ ਤੇ ਧੰਨਤਾ ਦੇ ਯੋਗ ਹਨ, ਉਸ ਦੀ ਪ੍ਰੇਮਾ ਭਗਤੀ ਨੂੰ ਜਪ ਤਾਂ ਤੈਨੂੰ ਉਮਾਹਾ=ਉਤਸ਼ਾਹ ਹੋਵੇਗਾ।

ਅਥਵਾ:-ਭਗਤ ਜਨਾਂ ਨੇ ਉਤਸ਼ਾਹ ਨਾਲ ਉਸ ਦੇ ਰਾਮ ਨਾਮ ਨੂੰ ਜਪਿਆ ਹੈ ॥ ੪ ॥ ੩ ॥ ੯ ॥

ਜੈਤਸਰੀ ਮਹਲਾ ੪ ॥

ਆਪੇ ਜੋਗੀ ਜੁਗਤਿ ਜੁਗਾਹਾ ॥ ਆਪੇ ਨਿਰਭਉ ਤਾੜੀ ਲਾਹਾ ॥

ਉਹ ਨਿਰਭਉ ਪ੍ਰਭੂ ਆਪ ਹੀ ਜੋਗੀ ਰੂਪ ਹੋ ਕੇ ਜੋਗ ਦੀ ਜੁਗਤੀ ਵਿਚ ਜੁੜ ਰਿਹਾ ਹੈ।

ਆਪ ਹੀ ਨਿਰਭਉ ਹੋ ਕੇ ਤਾੜੀ=ਸਮਾਧੀ ਲਗਾਂਵਦਾ ਹੈ।

ਆਪੇ ਹੀ ਆਪਿ ਆਪਿ ਵਰਤੈ ਆਪੇ ਨਾਮਿ ਉਮਾਹਾ ਰਾਮ ॥ ੧ ॥

ਪਿੱਛੇ ਵੀ ਆਪ ਵਰਤ ਰਿਹਾ ਸੀ, ਹੁਣ ਭੀ ਆਪ ਵਰਤ ਰਿਹਾ ਹੈ, ਅੱਗੇ ਭੀ ਸਾਰੇ ਆਪ ਵਰਤੇਗਾ, ਉਹ ਰਾਮ ਆਪ ਹੀ ਰਾਮ ਨਾਮ ਦਾ ਉਮਾਹਾ=ਉਤਸ਼ਾਹ ਦੇਂਦਾ ਹੈ ॥ ੧ ॥

ਆਪੇ ਦੀਪ ਲੋਅ ਦੀਪਾਹਾ ॥ ਆਪੇ ਸਤਿਗੁਰੁ ਸਮੁੰਦੁ ਮਥਾਹਾ ॥

੧. ਆਪ ਹੀ ਸੱਤਾਂ ਦੀਪਾਂ ਤੇ ਚੌਦਾਂ ਲੋਕਾਂ ਦੇ ਦੀਪਾਹਾ=ਪ੍ਰਕਾਸ਼ਣੇ ਵਾਲਾ ਹੈ।

੨. ਆਪ ਹੀ ਲੋਅ=ਲੋਕਾਂ ਵਿਚ ਦੀਪ=ਦੀਪਕ ਵਾਂਗ ਦੀਪਾਹਾ=ਪ੍ਰਕਾਸ਼ ਰਿਹਾ ਹੈ।

(੧) ਆਪ ਹੀ ਸਤਿ=ਤ੍ਰੈ ਕਾਲ ਅਬਾਧ ਗੁਰੁ=ਚੇਤਨ ਪ੍ਰਭੂ, ਪ੍ਰਤੱਖ ਸਮੁੰਦਰ ਨੂੰ ਮਥਾਹਾ=ਰਿੜਕਦਾ ਹੈ।

(੨) ਆਪ ਹੀ ਸਤਿਗੁਰੂ ਰੂਪ ਹੋ ਕੇ ਵੇਦ ਰੂਪ ਸਮੁੰਦਰ ਨੂੰ ਮਥਦਾ ਹੈ।

ਆਪੇ ਮਥਿ ਮਥਿ ਤਤੁ ਕਢਾਏ ਜਪਿ ਨਾਮੁ ਰਤਨੁ ਉਮਾਹਾ ਰਾਮ ॥ ੨ ॥

੧. ਆਪ ਹੀ ਦੇਵਤਿਆਂ ਦੈਂਤਾਂ ਨਾਲ ਮਿਲਕੇ ਪ੍ਰਤੱਖ ਸਮੁੰਦਰ ਨੂੰ ਮੱਥ ਮੱਥ ਕੇ ਚੌਦਾਂ ਰਤਨ ਕੱਢੇ ਹਨ,

੨. ਆਪ ਹੀ ਸਤਿਗਰੁ ਰੂਪ ਹੋ ਕੇ ਵੇਦਾਂ ਰੂਪ ਸਮੁੰਦਰ ਨੂੰ ਮਥਿ ਮਥਿ=ਵਿਚਾਰ ਵਿਚਾਰਕੇ ਤਤੁ=ਸਿਧਾਂਤ ਰੂਪ ਰਤਨ ਕੱਢੇ ਹਨ। ਆਪ ਹੀ ਰਤਨ ਰੂਪ ਰਾਮ ਨਾਮ ਜਪਣ ਦਾ ਉਮਾਹਾ=ਉਤਸ਼ਾਹ ਦੇਂਦਾ ਹੈ॥ ੨ ॥

ਸਖੀ ਮਿਲਹੁ ਮਿਲਿ ਗੁਣ ਗਾਵਾਹਾ ॥ ਗੁਰਮੁਖਿ ਨਾਮੁ ਜਪਹੁ ਹਰਿ ਲਾਹਾ ॥

ਹੇ (ਜਗਿਆਸੂ ਰੂਪ) ਸਖੀਓ ! ਮਿਲਹੁ=ਇਕੱਤ੍ਰ ਹੋਵੋ, ਆਪਸ ਵਿਚ ਮਿਲਕੇ ਹਰੀ ਗੁਣਾਂ ਨੂੰ ਗਾਵਣਾ ਕਰੋ, ਗੁਰਾਂ ਦੁਆਰੇ ਹਰੀ ਨਾਮ ਨੂੰ ਜਪਣਾ ਕਰੋ, ਏਹੋ ਮਨੁੱਖ ਜਨਮ ਦਾ ਲਾਭ ਹੈ।

"ਭਜਹੁ ਗੋਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥" (ਪੰਨਾ ੧੧੫੯)

ਹਰਿ ਹਰਿ ਭਗਤਿ ਦ੍ਰਿੜੀ ਮਨਿ ਭਾਈ ਹਰਿ ਹਰਿ ਨਾਮੁ ਉਮਾਹਾ ਰਾਮ ॥ ੩ ॥

ਹਰਿ ਹਰਿ ਦੀ ਭਗਤੀ ਦ੍ਰਿੜ੍ਹ ਕਰਨੀ ਹੀ ਮਨ ਵਿਚ ਚੰਗੀ ਲੱਗੀ ਹੈ, ਇਸ ਲਈ ਹਰ ਵੇਲੇ ਹਰੀ ਨਾਮ ਸਿਮਰਨ ਕਰਨ ਦਾ ਉਤਸ਼ਾਹ ਬਣਿਆ ਰਹਿੰਦਾ ਹੈ॥ ੩ ॥

ਆਪੇ ਵਡ ਦਾਣਾ ਵਡ ਸਾਹਾ ॥ ਗੁਰਮੁਖਿ ਪੂੰਜੀ ਨਾਮੁ ਵਿਸਾਹਾ ॥

ਜੋ ਆਪ ਹੀ ਵੱਡਾ ਦਾਨਾ ਤੇ ਵੱਡਾ ਸ਼ਾਹ ਹੈ। ਮੁਖੀ ਗੁਰਾਂ ਨੂੰ ਸ਼ਰਧਾ ਰੂਪ ਪੂੰਜੀ ਦੇ ਕੇ ਉਸ ਦੇ ਨਾਮ ਨੂੰ ਵਿਸਾਹਾ=ਖਰੀਦਿਆ ਹੈ।

ਹਰਿ ਹਰਿ ਦਾਤਿ ਕਰਹੁ ਪ੍ਰਭ ਭਾਵੈ ਗੁਣ ਨਾਨਕ ਨਾਮੁ ਉਮਾਹਾ ਰਾਮ ॥ ੪ ॥੪ ॥੧੦ ॥

ਹੇ ਪ੍ਰਭੂ ! ਹਰਿ ਹਰਿ ਨਾਮ ਦੀ ਦਾਤ ਦੇਣਾ ਕਰੋ ਮੈਨੂੰ ਏਹੋ ਭਾਂਵਦੀ ਹੈ, ਏਸੇ ਨਾਮ ਕਰਕੇ ਗੁਣਾਂ ਦਾ ਉਤਸ਼ਾਹ ਬਣਿਆਂ ਰਹਿੰਦਾ ਹੈ॥ ੪॥ ੪॥ ੧੦॥

ਜੈਤਸਰੀ ਮਹਲਾ ੪ ॥

ਮਿਲਿ ਸਤਸੰਗਤਿ ਸੰਗਿ ਗੁਰਾਹਾ ॥ ਪੂੰਜੀ ਨਾਮੁ ਗੁਰਮੁਖਿ ਵੇਸਾਹਾ ॥

੧. ਸਤਸੰਗਤ ਵਿਚ ਮਿਲਕੇ ਗੁਰਾਂ ਦਾ ਸੰਗ ਕਰ।

੨. ਸਤਸੰਗਤ ਤੇ ਗੁਰਾਂ ਨਾਲ ਮਿਲਣਾ ਕਰ। ਮੁਖੀ ਗੁਰਾਂ ਨੂੰ ਸ਼ਰਧਾ ਰੂਪੀ ਪੂੰਜੀ ਦੇ ਕੇ ਨਾਮ ਨੂੰ ਵੇਸਾਹਾ=ਖਰੀਦਣਾ ਕਰ।

ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ ਮਿਲਿ ਸਤਸੰਗਿ ਉਮਾਹਾ ਰਾਮ ॥ ੧ ॥

ਹੇ ਮਧਸੂਦਨ ਹਰਿ ਹਰਿ ! ਅਜੇਹੀ ਕਿਰਪਾ ਧਾਰਨਾ ਕਰ, ਜੋ ਰਾਮ ਦੀ ਸਤਸੰਗ ਵਿਚ ਮਿਲਣ ਦਾ ਉਤਸ਼ਾਹ ਬਣਿਆਂ ਰਹੇ॥ ੧ ॥

ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ ॥ ਕਰਿ ਕਿਰਪਾ ਸਤਿਗੁਰੂ ਮਿਲਾਹਾ ॥

ਅੰਨਵੇਂ ਅਰਥ:- ਹੇ ਹਰੀ ! ਕਿਰਪਾ ਦ੍ਰਿਸ਼ਟੀ ਕਰਕੇ ਸਤਿਗੁਰਾਂ ਨਾਲ ਮਿਲਾਉਣਾ ਕਰ, ਤਾਂ ਕਿ-ਤੇਰੇ ਗੁਣਾਂ ਵਾਲੀ ਨਾਮ ਬਾਣੀ ਸ੍ਰਵਣਿ=ਕੰਨਾਂ ਵਿਚ ਸੁਣਦਾ ਰਹਾਂ।

ਗੁਣ ਗਾਵਹ ਗੁਣ ਬੋਲਹ ਬਾਣੀ ਹਰਿ ਗੁਣ ਜਪਿ ਉਮਾਹਾ ਰਾਮ ॥ ੨ ॥

ਜੋ ਗੁਣਾਂ ਨੂੰ ਗਾਂਵਦੇ ਹਨ, ਤੇ ਗੁਣਾਂ ਵਾਲੀ ਬਾਣੀ ਬੋਲਦੇ ਹਨ। ਉਹਨਾਂ ਦੁਆਰੇ ਹਰੀ ਗੁਣਾਂ ਨੂੰ ਜਪ ਤਾਂ ਰਾਮ ਦਾ ਉਤਸ਼ਾਹ ਹੋਵੇਗਾ ॥ ੨ ॥

ਸਭਿ ਤੀਰਥ ਵਰਤ ਜਗ ਪੁੰਨ ਤੁਲਾਹਾ ॥ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥

ਸਾਰਿਆਂ ਤੀਰਥਾਂ ਦਾ ਇਸ਼ਨਾਨ (ਇਕਾਦਸ਼ ਆਦਿਕ) ਵਰਤ, ਯੱਗ ਤੇ ਦਾਨ ਤੇ ਪੁੰਨ ਇਤਿਆਦਿਕ ਸਾਰੇ ਕਰਮ ਕਰਨੇ ਤੁੋਲਾਹਾ=ਵਿਚਾਰ ਕੇ ਦੇਖੇ ਹਨ। ਪਰ ਹਰਿ ਹਰਿ ਨਾਮ ਸਿਰਮਨ ਦੇ ਬਰਾਬਰ ਇਹ ਪੁਜਾਇਆਂ ਪੁੱਜਦੇ ਨਹੀਂ ਹਨ।

ਯਥਾ:- ''ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ. ਰਾਮ ਨਾਮ ਸਰਿ ਤਉ ਨ ਪ੍ਰੂਜੈ ॥ ੧ ॥
... ...
ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥
ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਉ ਨ ਪ੍ਰੂਜੈ ॥ ੨ ॥''

(ਪੰਨਾ ੯੭੩)

ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ ਗੁਰਮਤਿ ਜਪਿ ਉਮਾਹਾ ਰਾਮ ॥ ੩ ॥

ਹਰਿ ਹਰਿ ਦਾ ਤੋਲ ਅਤੁੱਲ ਹੈ, ਤੇ ਅਤਿਅੰਤ ਭਾਰੀ ਹੈ, ਜੋ ਬੜੇ ਫਲ ਦੇ ਦੇਣ ਵਾਲਾ ਹੈ, ਗੁਰ ਸਿੱਖਿਆ ਦੁਆਰੇ ਉਤਸ਼ਾਹ ਨਾਲ ਰਾਮ ਨਾਮ ਜਪਣਾ ਕਰ ॥ ੩ ॥

ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ ਕਿਲਵਿਖ ਮੈਲੁ ਪਾਪ ਧੋਵਾਹਾ ॥

ਹਰੀ ਨਾਮ ਦੇ ਜਪਣ ਕਰਕੇ ਸਾਰੇ ਕਰਮ ਧਰਮ ਸਫਲ ਹੁੰਦੇ ਹਨ। ਤੇ ਪਰਮੇਸ਼ਰ ਦਾ ਨਾਮ ਹੀ ਚਾਰੇ ਕਿਲਵਿਖਾਂ ਨੂੰ ਅਤੇ ਪਾਪਾਂ ਦੀ ਮੈਲ ਨੂੰ ਧੋ ਦੇਂਦਾ ਹੈ।

ਦੀਨ ਦਇਆਲ ਹੋਹੁ ਜਨ ਉਪਰਿ ਦੇਹੁ ਨਾਨਕ ਨਾਮੁ ਉਮਾਹਾ ਰਾਮ ॥ ੪ ॥ ੫ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਰਾਮ ! ਮੈਂ ਦੀਨ ਸੇਵਕ ਜਨ ਉੱਤੇ ਆਪ ਦਿਆਲੂ ਹੋਵੋ, ਅਤੇ ਨਾਮ (ਜਪਣ) ਦਾ ਉਤਸ਼ਾਹ (ਬਖਸ਼) ਦਿਉ ॥ ੪ ॥ ੫ ॥ ੧੧ ॥

(ਪੰਨਾ ੭੦੦) ਜੈਤਸਰੀ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ॥ ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥

ਕੋਈ ਜਾਣਦਾ ਹੈ? ਕਿ ਇਸ ਜਗਤ ਵਿਚ ਕੌਣ ਕੋਈ ਕਿਸੇ ਦਾ ਮਿੱਤਰ ਹੈ।

ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ॥੧॥ ਰਹਾਉ॥

ਜਿਸ ਉੱਤੇ ਪ੍ਰਭੂ ਕ੍ਰਿਪਾਲੂ ਹੁੰਦਾ ਹੈ ਉਹੀ ਇਸ ਬਿਧੀ ਨੂੰ ਸਮਝਦਾ ਹੈ, ਅਤੇ ਉਸੇ ਦੀ ਮਰਯਾਦਾ ਪਵਿੱਤਰ ਹੈ॥ ੧॥ ਰਹਾਉ॥

ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥

ਮਾਂ, ਪਿਉ, ਬਨਿਤਾ=ਇਸਤਰੀ, ਸੁਤ=ਪੁੱਤਰ, ਬੰਧਪ=ਸਬੰਧੀ, ਇਸਟ ਮੀਤ=ਪਿਆਰੇ ਮਿੱਤਰ ਅਤੇ ਭਾਈ=ਭਰਾ। ਇਹ ਸਾਰੇ:-

ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ ੧॥

ਪੂਰਬ=ਪਿਛਲੇ ਜਨਮ ਦੇ ਸੰਜੋਗਾਂ ਕਰਕੇ ਮਿਲੇ ਹੋਏ ਹਨ, ਅੰਤ ਸਮੇਂ ਉੱਪਰ ਇਹਨਾਂ ਵਿਚੋਂ ਕੋਈ ਭੀ ਸਹਾਇਕ ਨਹੀਂ ਹੁੰਦਾ॥ ੧॥

ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ॥

ਮੁਕਤਿ ਮਾਲ=ਮੋਤੀਆਂ ਦੀ ਮਾਲਾ, ਕਨਿਕ=ਸੋਨਾ, ਲਾਲ ਤੇ ਹੀਰਾ ਇਤਿਆਦਿਕ ਸਾਰੀ ਮਨ ਰੰਜਨ=ਪਰਮਾਤਮਾ ਦੀ ਮਾਇਆ ਹੈ।

ਅਥਵਾ:-ਇਹ ਮਾਇਆ ਮਨ ਨੂੰ ਰੰਜਨ=ਪ੍ਰਸੰਨ ਕਰਨ ਵਾਲੀ ਹੈ।

ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ॥ ੨॥

ਹਾਇ ਮਾਇਆ ! ਹਾਇ ਮਾਇਆ!! ਕਰਦਿਆਂ ਉਮਰਾ ਬੀਤਦੀ ਜਾਂਦੀ ਹੈ, ਉਸ ਵਿਚੋਂ ਅੱਜ ਤੱਕ ਕਿਸੇ ਨੇ ਭੀ ਸੰਤੋਖ ਨਹੀਂ ਪਾਇਆ॥ ੨॥

ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ॥

ਹਸਤਿ=ਹਾਥੀ, ਰੱਥ, ਤੇ ਪਵਨ ਤੇਜ=ਹਵਾ ਨਾਲੋਂ ਤੇਜ ਅਸ੍ਵ=ਘੋੜੇ ਇਨ੍ਹਾਂ ਦਾ ਧਣੀ=ਮਾਲਕ ਹੋਵੇ, ਭੂਮਨ=ਜ਼ਿਮੀਂਦਾਰਾ ਭੀ ਹੋਵੇ, ਅਤੇ ਚਤੁਰਾਂਗਾ=ਚਾਰ ਪਰਕਾਰ ਦੀ ਫੌਜ ਭੀ ਹੋਵੇ।

ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ॥ ੩॥

ਪਰ ਅੰਤ ਨੂੰ ਇਹਨਾਂ ਵਿਚੋਂ ਕੁਝ ਭੀ ਨਾਲ ਨਹੀਂ ਚਲਦਾ, ਜੀਵ ਨੰਗਾ ਹੀ ਉੱਠ ਕੇ ਸਿਧਾਇਓ=ਤੁਰ ਜਾਂਦਾ ਹੈ॥ ੩॥

ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ॥

ਹਰੀ ਦੇ ਜੋ ਪਿਆਰੇ ਸੰਤ ਹਨ, ਪ੍ਰਭੂ ਦੇ ਪ੍ਰੀਤਮ ਉਹਨਾਂ ਦੇ ਨਾਲ ਮਿਲਕੇ ਹਰਿ ਹਰਿ ਦੇ ਗੁਣ ਗਾਵਨਾ ਕਰੋ।,

ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ, ਸੰਤਾਂ ਦੇ ਸੰਗ ਕਰਕੇ ਹੀ ਈਹਾ=ਇਸ ਲੋਕ ਵਿਚ ਸੁਖ ਪਾਈਦਾ ਹੈ ਅਤੇ ਅੱਗੇ ਜਾ ਕੇ ਮੂੰਹ ਉੱਜਲਾ ਹੁੰਦਾ ਹੈ॥ ੪॥ ੧॥

ਜੈਤਸਰੀ ਮਹਲਾ ੫ ਘਰੁ ੩ ਦੁਪਦੇ ੧ੴ ਸਤਿਗੁਰ ਪ੍ਰਸਾਦਿ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਕਥਨ ਕਰਦੇ ਹਨ, ਜਗਿਆਸੂ ਰੂਪ ਸਖੀ ਕਹਿੰਦੀ ਹੈ:-

ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ॥

੧. ਹੇ ਸੰਤੋ ! ਮੈਨੂੰ ਪ੍ਰਿਅ=ਪਤੀ ਪਰਮਾਤਮਾ ਦਾ ਸੰਦੇਸ਼ਾ ਕਹਿ ਦੇਵੋ, ਕਹਿ ਦੇਵੋ।

੨. ਪਤੀ ਪਰਮਾਤਮਾ ਦਾ ਸੰਦੇਸ਼ਾ ਕਹਿ ਦੇਵੋ, ਕਿ ਪਤੀ ਪਰਮਾਤਮਾ ਕਹੀਅਉ=ਕਿੱਥੇ ਵਸਦਾ ਹੈ।

ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ॥੧॥ ਰਹਾਉ॥

ਮੈਂ ਬਹੁਤ ਤਰ੍ਹਾਂ ਨਾਲ ਸੁਣਦਿਆਂ ਸੁਣਦਿਆਂ ਬਿਸਮੁ=ਹੈਰਾਨ ਹੋ ਗਈ ਹਾਂ,

ਹੇ ਸੁਹਾਗਣ ਸਹੀਅਉ=ਸਖੀਓ ! ਤੁਸੀਂ ਸਹੀਅਉ=ਸਚੋ ਸਚ ਦੱਸ ਦਿਉ॥ ੧॥ ਰਹਾਉ॥

ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ॥

ਕੋਈ ਕਹਿੰਦਾ ਹੈ ਕਿ ਸਾਰਿਆਂ ਤੋਂ ਬਾਹਰ ਹੀ ਬਾਹਰ ਹੈ, ਅਤੇ ਕੋਈ ਕਹਿੰਦਾ ਹੈ ਕਿ ਸਾਰਿਆਂ ਦੇ ਮਹੀਅਉ=ਵਿਚ ਵਸਦਾ ਹੈ।

ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ॥੧॥

ਉਸ ਦਾ ਕੋਈ ਬਰਨੁ=ਰੰਗ ਨਹੀਂ ਦਿਸਦਾ, ਵਾ:-ਚਾਰਾਂ ਵਰਨਾਂ ਵਿਚੋਂ ਕੋਈ ਵਰਨ ਨਹੀਂ ਦਿਸਦਾ, ਨਾ ਹੀ ਕੋਈ ਚਿੰਨ੍ਹ ਜਾਣਿਆਂ ਜਾਂਦਾ ਹੈ, ਹੇ ਸੁਹਾਗਣੀਓ ! ਮੈਨੂੰ ਸੱਚ ਸਮਝਾ ਦਿਓ।

ਅਥਵਾ:-ਹੇ ਸੁਹਾਗਣੀਓ ! ਮੈਨੂੰ ਸਤਿ ਸਰੂਪ ਪਰਮਾਤਮਾ ਸਮਝਾ ਦਿਓ।

ਅੱਗੋਂ ਸੰਤ ਉੱਤਰ ਦੇਂਦੇ ਹਨ-

ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ॥

ਹੇ ਜਗਿਆਸੂ ਰੂਪ ਸਖੀ ! ਸਰਬ ਨਿਵਾਸੀ=ਪਰਮਾਤਮਾ ਹਰੇਕ ਦੇ ਘਟ ਘਟ ਵਿਚ ਵਸ ਰਿਹਾ ਹੈ,

ਅਥਵਾ:-ਸਾਰਿਆਂ ਪਦਾਰਥਾਂ ਵਿਚ ਨਿਵਾਸ ਕਰ ਰਿਹਾ ਹੈ ਅਤੇ ਸਾਰਿਆਂ ਘਟਾਂ ਘਟਾਂ ਵਿਚ ਵਸ ਰਿਹਾ ਹੈ, ਪਰ ਉਸ ਨੂੰ ਲੇਪ ਕੋਈ ਨਹੀਂ ਹੈ, ਸਭ ਤੋਂ ਅਲਪਹੀਅਉ=ਅਸੰਗ ਹੈ।

ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥ ੨ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਲੋਕੋ ! ਸੁਣਨਾ ਕਰੋ, ਵਿਸ਼ੇਸ਼ ਕਰਕੇ ਉਹ ਪ੍ਰਭੂ ਸੰਤਾਂ ਦੀ ਜਿਹਵਾ ਉੱਪਰ ਵਸਦਾ ਹੈ॥ ੨ ॥ ੧ ॥ ੨ ॥

ਯਥਾ : ''ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥'' (ਪੰਨਾ ੨੬੩)

ਜੈਤਸਰੀ ਮਃ ੫ ॥ ਧੀਰਉ ਸੁਨਿ ਧੀਰਉ ਪ੍ਰਭ ਕਉ ॥ ੧ ॥ ਰਹਾਉ ॥

ਪ੍ਰਭੂ ਦੇ ਧੀਰਜ ਨੂੰ ਸੁਣ ਕੇ ਮੇਰਾ ਮਨ ਧੀਰਉ=ਧੀਰਜ ਨੂੰ ਪ੍ਰਾਪਤ ਹੋਇਆ ਹੈ।

ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ ਨੀਰਉ ਪੇਖਿ ਪ੍ਰਭ ਕਉ ਨੀਰਉ ॥ ੧ ॥

ਪ੍ਰਭੂ ਨੂੰ ਨਜ਼ਦੀਕ ਦੇਖ ਕੇ ਪ੍ਰਭੂ ਨੂੰ ਨਜ਼ਦੀਕ ਦੇਖਕੇ,

ਵਾ:- ਨੀਰਉ=ਨਿਕਟ ਵਰਤੀ ਪ੍ਰਭੂ ਨੂੰ ਆਪਣੇ ਨੀਰਉ=ਨੇੜੇ ਦੇਖ ਕੇ ਜੀਅ=ਜਿੰਦ, ਪ੍ਰਾਣ, ਮਨ ਤਨ ਆਦਿਕ ਆਪਣਾ ਸਭ ਕੁਝ ਅਰਪਨ ਕਰ ਦਿੱਤਾ ਹੈ॥ ੧ ॥

ਬੇਸੁਮਾਰ ਬੇਅੰਤੁ ਬਡ ਦਾਤਾ ਮਨਹਿ ਗਹੀਰਉ ਪੇਖਿ ਪ੍ਰਭ ਕਉ ॥ ੨ ॥

ਜੋ ਪ੍ਰਭੂ ਬੇ-ਸ਼ੁਮਾਰ (ਗਿਣਤੀ ਤੋਂ ਰਹਿਤ) ਬੇਅੰਤ ਤੇ ਵੱਡਾ ਦਾਤਾ ਹੈ, ਉਸ ਪ੍ਰਭੂ ਨੂੰ ਮਨ ਦੇ ਵਿਚੋਂ ਹੀ ਦੇਖਕੇ ਗਹੀਰਉ=ਗ੍ਰਹਿਣ ਕੀਤਾ ਹੈ।

ਵਾ:-ਉਸ ਪ੍ਰਭੂ ਨੂੰ ਦੇਖਕੇ ਮੇਰਾ ਮਨ ਸ਼ੁਭ ਗੁਣਾਂ ਦਾ ਗਹੀਰਉ=ਖਜ਼ਾਨਾ ਹੋ ਗਿਆ ਹੈ॥ ੨ ॥

ਜੋ ਚਾਹਉ ਸੋਈ ਸੋਈ ਪਾਵਉ ਆਸਾ ਮਨਸਾ ਪੂਰਉ ਜਪਿ ਪ੍ਰਭ ਕਉ ॥ ੩ ॥

ਜੋ ਜੋ ਕੁਝ ਚਾਹੁੰਦਾ ਹਾਂ ਓਹੀ ਓਹੀ ਪਾਂਵਦਾ ਹਾਂ, ਆਪਣੇ ਪ੍ਰਭੂ ਨੂੰ ਜਪ ਕੇ ਇਸ ਲੋਕ ਦੇ ਪਦਾਰਥਾਂ ਦੀ ਆਸਾ ਨੂੰ ਅਤੇ ਪਰਲੋਕ ਦੇ ਪਦਾਰਥਾਂ ਦੀ ਮਨਸਾ=ਵਾਸ਼ਨਾਂ ਨੂੰ ਪੂਰਨ ਕਰਦਾ ਹਾਂ।

ਵਾ:-ਮਨਸਾ=ਬੁੱਧੀ ਦੀ ਆਸਾ ਨੂੰ ਪੂਰਨ ਕਰਦਾ ਹਾਂ॥ ੩ ॥

ਗੁਰ ਪ੍ਰਸਾਦਿ ਨਾਨਕ ਮਨਿ ਵਸਿਆ
ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ ॥ ੪ ॥ ੨ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਉਹ ਪ੍ਰਭੂ ਅਸਾਡੇ ਮਨ ਵਿਚ ਵਸਿਆ ਹੋਇਆ ਹੈ, ਗੁਰਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਉਸ ਪ੍ਰਭੂ ਨੂੰ ਬੁੱਝ ਲੈਣ ਕਰਕੇ ਕਦੇ ਭੀ ਦੁੱਖਾਂ ਵਿਚ ਝੁਰਦਾ ਨਹੀਂ ਹਾਂ॥ ੪ ॥ ੨ ॥ ੩ ॥

ਜੈਤਸਰੀ ਮਹਲਾ ੫ ॥ ਲੋੜੀਦੜਾ ਸਾਜਨੁ ਮੇਰਾ ॥

ਜਗਿਆਸੂ ਆਖਦਾ ਹੈ, ਹੇ ਸੰਤੋ ! ਮੇਰਾ ਸੱਜਣ ਜੋ ਪਰਮਾਤਮਾ ਹੈ, ਉਹ ਮੈਨੂੰ ਪ੍ਰਾਪਤ ਹੋਇਆ

ਲੋੜੀਦੜਾ=ਚਾਹੀਦਾ ਹੈ। ਇਹ ਗੱਲ ਸੁਣਕੇ, ਸੰਤਾਂ ਨੇ ਕਿਹਾ –

ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ ॥੧ ॥ ਰਹਾਉ ॥

ਉਸ ਨੀਕੇ=ਸੁੰਦਰ ਪ੍ਰਭੂ ਦੇ ਨੀਕੇ=ਚੰਗੇ ਮੰਗਲਾਂ ਨੂੰ ਘਰ ਘਰ ਵਿਚ ਗਾਵਣਾ ਕਰੋ, ਕਿਉਂਕਿ ਉਸ ਦਾ ਹਰੇਕ ਘਟ ਘਟ ਦੇ ਵਿਚ ਬਸੇਹਾ=ਨਿਵਾਸ ਹੈ॥ ੧ ॥ ਰਹਾਉ ॥

ਸੁਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥

ਸੁਖਾਂ ਵਿਚ ਭੀ ਅਰਾਧਣਾ ਕਰ, ਦੁੱਖਾਂ ਵਿਚ ਭੀ ਅਰਾਧਣਾ ਕਰ, ਉਹ ਕਿਸੇ ਵੇਲੇ ਭੀ ਭੁੱਲੇ ਨਾ।

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥ ੧ ॥

ਉਸ ਦਾ ਨਾਮ ਜਪਣ ਕਰਕੇ ਕ੍ਰੋੜਾਂ ਸੂਰਜਾਂ ਵਰਗਾ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਅਤੇ ਭਰਮ ਰੂਪ ਅਨ੍ਹੇਰਾ ਬਿਨਸੈ=ਦੂਰ ਹੋ ਜਾਂਦਾ ਹੈ॥ ੧ ॥

ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ ॥

ਵਸੋਂ ਦੇ ਬਾਹਰਲੇ ਥਾਨਿ=ਅਸਥਾਨਾਂ ਉੱਪਰ ਤੇ ਥਨੰਤਰਿ=ਅੰਦਰਲੇ ਅਸਥਾਨਾਂ ਉੱਪਰ ਤੇ ਬਾਹਰਲੀਆਂ ਸਭ ਜਾਈ=ਜਗ੍ਹਾਂ ਉੱਪਰ ਜੋ ਭੀ ਜੀਵ ਦਿਸ ਰਿਹਾ ਹੈ, ਸੋ ਤੇਰਾ ਹੀ ਰੂਪ ਹੈ।

ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨ ॥੩ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਜੋ ਪੁਰਸ਼ ਸੰਤਾਂ ਦੇ ਸਤਸੰਗ ਨੂੰ ਪਾਉਂਦਾ ਹੈ,

ਵਾ:-ਸੰਤਾਂ ਦੇ ਸੰਗ ਕਰਕੇ ਪ੍ਰਭੂ ਨੂੰ ਪਾਉਂਦਾ ਹੈ, ਉਸ ਨੂੰ ਮੁੜ ਕੇ ਸੰਸਾਰ ਦਾ ਫੇਰਾ ਨਹੀਂ ਹੁੰਦਾ॥ ੨ ॥ ੩ ॥ ੪ ॥

(ਪੰਨਾ ੭੦੧) ਜੈਤਸਰੀ ਮਹਲਾ ੫ ਘਰੁ ੪ ਦੁਪਦੇ

ੴ ਸਤਿਗੁਰ ਪ੍ਰਸਾਦਿ ॥ ਅਬ ਮੈ ਸੁਖੁ ਪਾਇਓ ਗੁਰ ਆਗ੍ਯ ॥

ਅਬ=ਹੁਣ ਮੈਂ ਗੁਰਾਂ ਦੀ ਆਗ੍ਯ=ਆਗਿਆ ਮੰਨ ਕੇ ਸੁਖ ਪਾਇਆ ਹੈ।

ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗ੍ਯ ॥ ੧ ॥ ਰਹਾਉ ॥

ਆਪਣੀ ਬੁੱਧੀ ਦੀ ਸਿਆਣਪ ਛੱਡ ਦਿੱਤੀ ਹੈ, ਚਿੰਤਾ ਭੁਲਾ ਦਿੱਤੀ ਹੈ, ਅਤੇ ਹੰਕਾਰ ਨੂੰ ਭੀ ਤਿਆਗ ਛੱਡਿਆ ਹੈ॥ ੧ ॥ ਰਹਾਉ ॥

ਜਉ ਦੇਖਉ ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗ ॥

ਜਦ ਮੈਂ ਸੰਸਾਰ ਵੱਲ ਦੇਖਿਆ ਤਾਂ ਪ੍ਰਤੀਤ ਹੋਇਆ ਕਿ ਸਾਰਾ ਜਗਤ ਹੀ ਮੋਹਿ=ਮੋਹ ਵਿਚ ਮੋਹੀਅਉ=ਮੋਹਿਆ ਹੋਇਆ ਹੈ, ਤਦ ਮੈਂ ਭਾਗਿ=ਭਾਗਾਂ ਕਰਕੇ ਯਾਂ ਦੌੜ ਕੇ ਗੁਰਾਂ ਦੀ ਸ਼ਰਨ ਵਿਚ ਜਾ ਪਿਆ।

ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮਿ ਛੋਡੀ ਮੋਰੀ ਲਾਗਿ ॥ ੧ ॥

ਜਦ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਹਰੀ ਦੀ ਸੇਵਾ ਟਹਲ ਵਿਚ ਲਗਾ ਦਿੱਤਾ, ਤਦ ਜਮ ਨੇ ਮੇਰੀ ਲਾਗ ਛੱਡ ਦਿੱਤੀ, ਅਰਥਾਤ ਮੇਰਾ ਪਿੱਛਾ ਕਰਨਾ ਛੱਡ ਦਿੱਤਾ ॥ ੧ ॥

ਤਰਿਓ ਸਾਗਰੁ ਪਾਵਕ ਕੋ ਜਉ ਸੰਤ ਭੇਟੇ ਵਡ ਭਾਗਿ ॥

ਜਦ ਵੱਡਿਆਂ ਭਾਗਾਂ ਕਰਕੇ ਵਡਭਾਗੀ ਸੰਤ ਮਿਲੇ ਤਾਂ ਪਾਵਕ=ਅੱਗ ਦੇ ਸਮੁੰਦਰ (ਸੰਸਾਰ) ਤੋਂ ਤਰ ਗਿਆ ਹਾਂ।

ਜਨ ਨਾਨਕ ਸਰਬ ਸੁਖ ਪਾਏ ਮੋਰੋ ਹਰਿ ਚਰਨੀ ਚਿਤੁ ਲਾਗਿ ॥ ੨ ॥ ੧ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਨੇ ਸਾਰੇ ਸੁਖ ਪਾਏ ਹਨ, ਕਿਉਂਕਿ ਹਰੀ ਦੇ ਚਰਨਾਂ ਨਾਲ ਮੇਰਾ ਚਿੱਤ ਲੱਗ ਗਿਆ ਹੈ ॥ ੨ ॥ ੧ ॥ ੫ ॥

ਜੈਤਸਰੀ ਮਹਲਾ ੫ ॥ ਮਨ ਮਹਿ ਸਤਿਗੁਰ ਧਿਆਨੁ ਧਰਾ ॥

ਜਿਸ ਵੇਲੇ ਮਨ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਧਿਆਨ ਨੂੰ ਧਾਰਨਾ ਕੀਤਾ।

ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥ ੧ ॥ ਰਹਾਉ ॥

ਤਾਂ ਪ੍ਰਭੂ ਜੀ ਨੇ ਦਇਆ ਦ੍ਰਿਸ਼ਟੀ ਨੂੰ ਕਰ ਦਿੱਤਾ, ਜਿਸ ਦੇ ਸਹਾਰੇ ਹਰੀ ਨਾਮ ਮੰਤਰ ਨੂੰ ਜਪ ਕੇ ਗਿਆਨ ਨੂੰ ਦ੍ਰਿੜ੍ਹ ਕਰ ਲਿਆ ਹੈ ॥ ੧ ॥ ਰਹਾਉ ॥

ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥

ਕਾਲ ਦਾ ਜਾਲ=ਫਾਹਾ, ਅਤੇ ਮਹਾਂ ਮੋਹ ਦਾ ਜੰਜਾਲ, ਤੇ ਜਮਾਂ ਦਾ ਡਰ ਛੁਟ ਗਿਆ ਹੈ।

ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥ ੧ ॥

ਦੁੱਖਾਂ ਦੇ ਹਰਣ=ਦੂਰ ਕਰਨ ਵਾਲੇ ਗੁਰਾਂ ਦੀ ਸ਼ਰਨ ਵਿਚ ਆਇਆ ਹਾਂ, ਅਤੇ ਕਰੁਣਾਪਤਿ=ਕਿਰਪਾ ਦੇ ਪਤੀ (ਪਰਮੇਸ਼ਰ) ਦੇ ਚਰਣਾਂ ਦਾ ਆਸਰਾ ਗਹਿਓ=ਫੜਿਆ ਹੈ ॥ ੧ ॥

ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥

ਸੰਤਾਂ ਦਾ ਸਤਸੰਗ ਹੀ ਨੌਕਾ ਰੂਪ ਪ੍ਰਾਪਤ ਹੋਇਆ ਹੈ, ਉਸ ਦੇ ਆਸਰੇ ਹੋ ਕੇ ਮੈਂ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ ਹਾਂ।,

ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥ ੨ ॥ ੨ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਨਾਮ ਅਪਿਉ=ਅੰਮ੍ਰਿਤ ਪੀਤਾ ਹੈ ਜਿਸ ਕਰਕੇ ਸਾਰਾ ਭਰਮ ਗਤੁ ਥੀਓ=ਨਾਸ ਹੋ ਗਿਆ ਹੈ, ਅਤੇ ਅਜਰੁ=ਕਾਮ ਆਦਿਕਾਂ ਨੂੰ ਜਰੁ=ਵੱਸ ਕਰ ਲਿਆ ਹੈ,

ਵਾ:-ਅਜਰ ਵਸਤੂ ਨੂੰ ਜਰਨਾ ਕੀਤਾ ਹੈ ॥ ੨ ॥ ੨ ॥ ੬ ॥

ਜੈਤਸਰੀ ਮਹਲਾ ੫ ॥ ਜਾ ਕਉ ਭਏ ਗੋਵਿੰਦ ਸਹਾਈ ॥

ਗੋਬਿੰਦ ਜੀ ਆਪ ਜਾ ਕਉ=ਜਿਨ੍ਹਾਂ ਦੀ ਸਹਾਇਤਾ ਕਰਨੇ ਨੂੰ ਖੜ੍ਹੇ ਹੋ ਗਏ ਹਨ।

ਸੂਖ ਸਹਜ ਆਨੰਦ ਸਗਲ ਸਿਉ ਵਾ ਕਉ ਬਿਆਧਿ ਨ ਕਾਈ ॥੧ ॥ ਰਹਾਉ ॥

ਉਹ ਅਚੁੱਤ ਸੁਖ ਦੇ ਸਾਰੇ ਅਨੰਦਾਂ ਦੇ ਸਹਿਤ ਹੋਏ ਹਨ, ਵਾ ਕਉ=ਉਹਨਾਂ ਨੂੰ ਕੋਈ ਬਿਆਧਿ=ਪੀੜਾ ਨਹੀਂ ਰਹੀ ॥ ੧ ॥ ਰਹਾਉ ॥

ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥

ਉਹ ਤਨ ਕਰਕੇ ਸਾਰਿਆਂ ਦੇ ਨਾਲ ਰਹਿੰਦੇ ਹੋਏ ਨਿਗਾਹ ਆਉਂਦੇ ਹਨ, ਪਰ ਮਨ ਕਰਕੇ ਸਭ ਤੋਂ ਅਲੇਪ ਹਨ, ਕਿਉਂਕਿ ਉਹਨਾਂ ਨੂੰ ਮਾਇਆ ਵਿਆਪਦੀ ਨਹੀਂ ਹੈ।

ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥ ੧ ॥

ਇੱਕ ਵਿਚ ਰੰਗਿ=ਪ੍ਰੇਮ ਕਰਕੇ ਉਹ ਤਤ=ਸਿਧਾਂਤ ਦੇ ਬੇਤੇ=ਜਾਨਣ ਵਾਲੇ ਹੋਏ ਹਨ, ਪਰ ਇਹ ਪਵਿੱਤਰ ਬੁੱਧੀ ਉਹਨਾਂ ਨੇ ਸਤਿਗੁਰਾਂ ਤੋਂ ਪਾਈ ਹੈ ॥ ੧ ॥

ਦਇਆ ਮਇਆ ਕਿਰਪਾ ਠਾਕੁਰ ਕੀ ਸੇਈ ਸੰਤ ਸੁਭਾਈ ॥

ਮਨ, ਬਾਣੀ, ਸਰੀਰ ਕਰਕੇ ਜਿਨ੍ਹਾਂ ਉੱਤੇ ਠਾਕੁਰ ਦੀ ਕਿਰਪਾ ਹੋਈ ਹੈ

ਅਥਵਾ:- ਦਇਆ ਦੇ ਕਰਨ ਵਾਲਾ ਮਇਆ ਸਰੂਪ ਜੋ ਠਾਕੁਰ ਹੈ, ਉਸ ਦੀ ਜਿਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਹੋਈ ਹੈ, ਓਹੀ ਸੰਤ ਸੁਭਾਈ=ਸ਼ੋਭਾ ਵਾਲੇ ਹਨ।,

ਤਿਨ ਕੈ ਸੰਗਿ ਨਾਨਕ ਨਿਸਤਰੀਐ ਜਿਨ ਰਸਿ ਰਸਿ ਹਰਿ ਗੁਨ ਗਾਈ ॥ ੨ ॥੩ ॥੭ ॥

ਗੁਰੂ ਜੀ ਕਥਨ ਕਰਦੇ ਹਨ, ਉਹਨਾਂ ਦੇ ਸੰਗ ਕਰਕੇ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ, ਜਿਨ੍ਹਾਂ ਨੇ ਰਸਿ=ਪ੍ਰੇਮ-ਰਸ ਵਿਚ ਰਸਿ=ਤਦਾਕਾਰ ਹੋ ਕੇ ਹਰੀ ਦੇ ਗੁਣ ਗਾਏ ਹਨ ॥ ੨ ॥ ੩ ॥ ੭ ॥

ਜੈਤਸਰੀ ਮਹਲਾ ੫ ॥ ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥

ਹੇ ਗੋਬਿੰਦ ! ਜੀਵਨ=ਜੀਵਾਂ ਦੇ, ਯਾਂ ਮੇਰੇ ਜੀਵਨ ਰੂਪ ਪ੍ਰਾਣ ਤੇ ਧਨ ਰੂਪ ਤੂੰ ਹੀ ਹੈਂ।

ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੇ ਮਹਿ ਦੀਪ ॥ ੧ ॥ ਰਹਾਉ ॥

ਜੋ ਪ੍ਰਾਣੀ ਮਹਾਂ ਮੋਹ ਵਿਚ ਮਗਨ=ਮਸਤ ਹੈ, ਉਸ ਨੂੰ ਅਗਿਆਨ ਰੂਪ ਅਨ੍ਹੇਰੇ ਵਿਚ ਤੂੰ ਹੀ ਗਿਆਨ ਰੂਪ ਦੀਵਾ ਦੇਣ ਵਾਲਾ ਹੈਂ ॥ ੧ ॥ ਰਹਾਉ ॥

ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ ॥

ਹੇ ਪ੍ਰੀਤਮ ਪ੍ਰਭੂ ! ਆਪ ਜੀ ਦਾ ਦਰਸ਼ਨ ਸਫਲ=ਸਹਿਤ ਫਲਾਂ ਦੇ ਹੈ, ਅਤੇ ਆਪ ਜੀ ਦੇ ਚਰਨ ਕਮਲ ਆਨੂਪ=ਉੱਪਮਾਂ ਤੋਂ ਰਹਿਤ ਹਨ।

ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ ॥ ੧ ॥

ਉਹਨਾਂ ਚਰਨਾਂ ਉੱਤੇ ਮੈਂ ਅਨੇਕਾਂ ਵਾਰੀ ਬੰਦਨਾਂ ਕਰਦਾ ਹਾਂ, ਮਨ ਨੂੰ ਜਿਹੜਾ ਅਰਪਣ ਕਰਦਾ ਹਾਂ, ਏਹੋ ਧੂਪ ਧੁਖਾਉਂਦਾ ਹਾਂ। ਅਥਵਾ:-ਮਨ ਪਾਸੋਂ ਜਿਹੜਾ ਨਾਮ ਚਰ੍ਹਾਵਉ=ਉਚਰਾਵਨਾ ਹੈ, ਏਹੋ ਧੂਪ ਚੜ੍ਹਾਉਂਦਾ ਹਾਂ॥ ੧॥

ਹਾਰਿ ਪਰਿਓ ਤੁਮ੍ਰੈ ਪ੍ਰਭ ਦੁਆਰੈ ਦਿੜ੍ਹ ਕਰਿ ਗਹੀ ਤੁਮ੍ਹਾਰੀ ਲੂਕ ॥

ਹੇ ਪ੍ਰਭੂ ! ਹਾਰ ਕ੍ਰੇ ਤੁਹਾਡੇ ਦਰ ਤੇ ਪਿਆ ਹਾਂ, ਅਤੇ ਦ੍ਰਿੜ੍ਹ ਮਨ ਹੋ ਕੇ ਆਪ ਜੀ ਦੀ ਲੂਕ-ਸ਼ਰਨ ਗਹੀ=ਫੜੀ ਹੈ।

ਕਾਢਿ ਲੇਹੁ ਨਾਨਕ ਅਪੁਨੇ ਕਉ ਸੰਸਾਰ ਪਾਵਕ ਕੇ ਕੂਪ ॥ ੨ ॥ ੪ ॥ ੮ ॥

ਗੁਰੂ ਜੀ ਕਥਨ ਕਰਦੇ ਹਨ, ਆਪਣੇ ਦਾਸ ਨੂੰ ਪਾਵਕ=ਅੱਗ ਦੇ ਕੂਪ=ਖੂਹ (ਸੰਸਾਰ) ਵਿਚੋਂ ਬਾਹਰ ਕੱਢ ਲੈਣਾ ਕਰੋ॥ ੨॥ ੪॥ ੮॥

ਜੈਤਸਰੀ ਮਹਲਾ ੫ ॥ ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥

ਅਜੇਹਾ ਕੋਈ ਸੰਤ ਜਨ ਹੈ ? ਜੋ ਮੈਨੂੰ ਹਰੀ ਨਾਲ ਜੋੜ ਦੇਣਾ ਕਰੇ।

ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥ ੧ ॥ ਰਹਾਉ ॥

ਮੈਂ ਉਸ ਦੇ ਚਰਨ ਫੜਾਂਗਾ, ਰਸਨਾਂ ਨਾਲ ਸ਼ੁਭ ਬਾਣੀ ਬਕਉ=ਬੋਲਾਂਗਾ, ਭਾਵ ਉਸ ਦਾ ਜਸ ਉਚਾਰਾਂਗਾ, ਅਤੇ ਆਪਣੇ ਪ੍ਰਾਣ ਉਸ ਨੂੰ ਅਕੋਰਿ=ਭੇਟਾ ਚੜ੍ਹਾ ਦਿਆਂਗਾ॥ ੧॥ ਰਹਾਉ॥

ਅੱਗੋਂ ਸੰਤਾਂ ਨੇ ਕਿਹਾ-

ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥

ਅਸਥੂਲ ਤਨ ਨੂੰ ਨਿਰਮਲ ਕਰਨਾ ਅਰਥਾਤ ਵਿਸ਼ਿਆਂ ਤੋਂ ਰਹਿਤ ਕਰਨਾ ਇਹ ਕਿਆਰਾ ਕਰ, ਤੇ ਮਨ ਨੂੰ ਜਿਹੜਾ ਹਰੀ ਨਾਲ ਸੰ=ਭਲੀ ਪਰਕਾਰ ਜੋਰਿ=ਜੋੜਨਾ ਹੈ ਏਹੋ ਬਲਦ ਜੋੜਨਾ ਕਰ ਤੇ ਬੁੱਧੀ ਰੂਪ ਧਰਤੀ ਨੂੰ ਨਾਮ ਰੂਪੀ ਜਲ ਸਿੰਚੈ=ਸਿੰਚਣਾ ਕਰ।

ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥ ੧ ॥

ਪ੍ਰਭੂ ਦੀ ਕਿਰਪਾ ਨਾਲ ਮਹਾਂ ਵਿਸ਼ੇ ਵਿਕਾਰਾਂ ਵੱਲੋਂ ਬਿਰਤੀ ਨੂੰ ਤੋੜਨਾ ਕਰ ਤਾਂ ਇਸ ਆਤਮ-ਰਸ ਵਿਚ ਮਗਨੁ=ਮਸਤ ਹੋਵੇਂਗਾ॥ ੧॥ ਤੇ ਇਸ ਤਰ੍ਹਾਂ ਬੇਨਤੀ ਕਰ-

ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ ॥

ਹੇ ਦੀਨ ਦੁੱਖ ਭੰਜਨ ਪ੍ਰਭੂ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਅਤੇ ਆਪ ਜੀ ਦੀ ਓਰਿ=ਤਰਫ ਹੀ ਚਿਤਵਉ=ਦੇਖਦਾ ਹਾਂ।

ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥੨॥ ੫॥੯॥

ਗੁਰੂ ਜੀ ਕਥਨ ਕਰਦੇ ਹਨ, ਹੇ ਸੁਆਮੀ ਜੀ ! ਆਪ ਜੀ ਦਾ ਸਿਮਰਨ ਹੀ ਅਭੈ ਪਦ ਦੇ ਦੇਣ ਵਾਲਾ ਹੈ, ਇਸ ਕਰਕੇ ਹੇ ਪ੍ਰਭੂ ! ਆਪਣੇ ਸਿਮਰਨ ਦਾ ਦਾਨ ਦੇ ਕੇ ਮੇਰੇ ਬੰਧਨ ਛੋਰਿ=ਖੋਲ੍ਹ ਦੇ॥ ੨॥ ੫॥ ੯॥

(ਪੰਨਾ ੭੦੨) ਜੈਤਸਰੀ ਮਹਲਾ ੫॥

ਤਿੰਨ ਦ੍ਰਿਸ਼ਟਾਂਤ ਦੇ ਕੇ, ਆਪਣੀ ਪ੍ਰੀਤੀ ਦਾ ਵਰਣਨ ਕਰਦੇ ਹਨ-

ਚਾਤ੍ਰਿਕ ਚਿਤਵਤ ਬਰਸਤ ਮੇਂਹ॥

ਜਿਵੇਂ ਚਾਤ੍ਰਿਕ=ਪਪੀਹਾ ਮੇਘਾਂ ਦਾ ਵ੍ਰਸਨਾ ਚਿਤਵਦਾ ਹੈ, ਕਿ ਹੁਣੇ ਮੀਂਹ ਵਸੇਗਾ ਤਿਵੇਂ ਮੈਂ ਭੀ ਆਪ ਜੀ ਨੂੰ ਚਿਤਵਦਾ ਰਹਿੰਦਾ ਹਾਂ।

ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ॥੧॥ ਰਹਾਉ॥

ਹੇ ਕਿਰਪਾ ਦੇ ਸਮੁੰਦਰ ਪ੍ਰਭੂ ! ਆਪ ਕਰੁਣਾ=ਕਿਰਪਾ ਦ੍ਰਿਸ਼ਟੀ ਧਾਰਨਾ ਕਰੋ, ਹਰ ਤਰ੍ਹਾਂ ਨਾਲ ਮੈਨੂੰ ਪ੍ਰੇਮਾ ਭਗਤੀ ਦਾ ਨੇਂਹ=ਪ੍ਰੇਮ ਬਖਸ਼ੋ॥ ੧॥ ਰਹਾਉ॥

ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ॥

ਜਿਵੇਂ ਚਕਵੀ ਹੋਰ ਅਨੇਕ ਪ੍ਰਕਾਰ ਦੇ ਸੁਖਾਂ ਨੂੰ ਨਹੀਂ ਚਾਹੁੰਦੀ, ਦੇਂਹ=ਸੂਰਜ ਨੂੰ ਵੇਖਕੇ ਪੂਰਨ ਅਨੰਦ ਹੁੰਦੀ ਹੈ। ਤਿਵੇਂ ਜਗਿਆਸੂ ਰੂਪ ਚਕਵੀ ਸੰਸਾਰ ਸੁਖਾਂ ਨੂੰ ਨਹੀਂ ਚਾਹੁੰਦੀ, ਗੁਰੂ ਰੂਪ ਸੂਰਜ ਨੂੰ ਵੇਖਕੇ ਪੂਰਨ ਅਨੰਦ ਨੂੰ ਪ੍ਰਾਪਤ ਹੁੰਦੀ ਹੈ। ਜੋ ਕਿ ਬ੍ਰਹਮ ਰੂਪ ਚਕਵੇ ਨਾਲ ਮਿਲਾਪ ਹੋ ਜਾਂਦਾ ਹੈ।

ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ॥੧॥

ਜਿਵੇਂ ਮੱਛੀ ਹੋਰ ਕਿਸੇ ਉਪਾਵ ਨਾਲ ਜੀਉਂਦੀ ਨਹੀਂ ਹੈ, ਕਿਉਂਕਿ ਪਾਣੀ ਤੋਂ ਬਿਨਾਂ ਤੇਂਹ=ਉਸ ਦਾ ਮਰਨਾ ਹੁੰਦਾ ਹੈ। ਤਿਵੇਂ ਜਗਿਆਸੂ (ਰੂਪ ਮੱਛੀ) ਦਾ ਨਾਮ (ਜਲ) ਤੋਂ ਬਿਨਾਂ ਮਰਨਾ ਹੁੰਦਾ ਹੈ॥ ੧॥

ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ॥

ਹੇ ਸਾਰਿਆਂ ਦੇ ਨਾਥ=ਸੁਆਮੀ ਹਰੀ ! ਅਸੀਂ ਅਨਾਥ ਆਪ ਜੀ ਦੀ ਸ਼ਰਨ ਆਏ ਹਾਂ, ਆਪ ਅਸਾਡੇ ਉੱਤੇ ਆਪਣੀ ਕਿਰਪਾ ਦ੍ਰਿਸ਼ਟੀ ਕਰੇਂਹ=ਕਰੋ।

ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ॥੨॥੬॥੧੦॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਆਪ ਜੀ ਦੇ ਚਰਨ-ਕਮਲਾਂ ਨੂੰ ਆਰਾਧਦੇ ਹਾਂ, ਤਿਸ ਆਪ ਜੀ ਤੋਂ ਬਿਨਾਂ ਆਨ=ਹੋਰ ਕੇਂਹ=ਕੁਝ ਅਸਾਨੂੰ ਨਹੀਂ ਭਾਉਂਦਾ।

ਅਥਵਾ:-ਤਿਸ ਆਪ ਜੀ ਤੋਂ ਬਿਨਾਂ ਅਸਾਡਾ ਹੋਰ ਕੋਈ ਰਾਖਾ ਨਹੀਂ ਹੈ॥ ੨॥ ੬॥ ੧੦॥

ਜੈਤਸਰੀ ਮਹਲਾ ੫ ॥ ਮਨਿ ਤਨਿ ਬਸਿ ਰਹੇ ਮੇਰੇ ਪ੍ਰਾਨ ॥

ਮੇਰੇ ਪ੍ਰਾਣ ਰੂਪ ਪਰਮਾਤਮ ਦੇਵ ਮੇਰੇ ਮਨ ਵਿਚ ਤੇ ਮੇਰੇ ਤਨ ਵਿਚ ਵਸ ਰਹੇ ਹਨ।

ਕਰਿ ਕਿਰਪਾ ਸਾਧੂ ਸੰਗਿ ਭੇਟੇ ਪੂਰਨ ਪੁਰਖ ਸੁਜਾਨ ॥ ੧ ॥ ਰਹਾਉ ॥

ਸਾਧੂਆਂ ਦੇ ਸੰਗ ਕਰਕੇ ਤੇ ਸਾਧੂਆਂ ਦੀ ਕਿਰਪਾ ਦ੍ਰਿਸ਼ਟੀ ਕਰਕੇ ਸੁਜਾਨ=ਚਤੁਰ ਪੂਰਨ ਪੁਰਖ ਮਿਲ ਪਏ ਹਨ ॥ ੧ ॥ ਰਹਾਉ ॥

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ ॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਪ੍ਰੇਮ ਰੂਪੀ ਠੱਗ ਬੂਟੀ ਪਾਈ ਹੈ, ਉਹਨਾਂ ਨੇ ਇਸ ਭਾਰੀ (ਅੰਮ੍ਰਿਤ) ਰਸ ਨੂੰ ਪੀਤਾ ਹੈ।

ਤਾ ਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮ੍ਹਾਰੀ ॥ ੧ ॥

ਉਹਨਾਂ ਦੀ ਕੀਮਤਿ=ਉੱਪਮਾਂ ਕਿਸੇ ਪਾਸੋਂ ਭੀ ਕਹੀ ਨਹੀਂ ਜਾਂਦੀ, ਫਿਰ ਅਸਾਡੀ ਕਵਨ=ਕੀ ਕੁਦਰਤਿ=(ਸ਼ਕਤੀ) ਤਾਕਤ ਹੈ, ਜੋ ਅਸੀਂ ਕਹਿ ਸਕੀਏ ॥ ੧ ॥

ਲਾਇ ਲਏ ਲੜਿ ਦਾਸ ਜਨ ਅਪੁਨੇ ਉਧਰੇ ਉਧਰਨਹਾਰੇ ॥

ਆਪਣੇ ਸੇਵਕ ਜਨ ਜਾਣਕੇ ਜੋ ਗੁਰਾਂ ਨੇ ਆਪਣੇ ਲੜਿ=ਪੱਲੇ ਨਾਲ ਲਗਾ ਲਏ ਹਨ, ਉਹ ਉਧਰਨੇ ਵਾਲੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ।

ਪ੍ਰਭੁ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਓ ਨਾਨਕ ਸਰਣਿ ਦੁਆਰੇ ॥੨ ॥੭ ॥੧੧ ॥

ਗੁਰੂ ਜੀ ਕਥਨ ਕਰਦੇ ਹਨ, ਗੁਰੂ ਦੁਆਰੇ ਦੀ ਸ਼ਰਨ ਵਿਚ ਆ ਕੇ ਮਨ ਕਰਕੇ ਪ੍ਰਭੂ ਨੂੰ ਸਿਮਰਿਆ, ਬਾਣੀ ਦੁਆਰੇ ਪ੍ਰਭੂ ਨੂੰ ਸਿਮਰਿਆ, ਤਨ ਕਰਕੇ ਪ੍ਰਭੂ ਨੂੰ ਸਿਮਰਿਆ ਤਾਂ ਹੀ ਸੁਖ ਨੂੰ ਪਾਇਆ ਹੈ ॥ ੨ ॥ ੭ ॥ ੧੧ ॥

ਜੈਤਸਰੀ ਮਹਲਾ ੫ ॥

ਇਸ ਸ਼ਬਦ ਵਿਚ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਆਏ ਅਨਿਕ ਜਨਮ ਭ੍ਰਮਿ ਸਰਣੀ ॥

ਹੇ ਗਰੀਬ ਨਿਵਾਜ ਜੀਉ ! ਅਨੇਕਾਂ ਜਨਮਾਂ ਵਿਚ ਭੌਂਦੇ ਭੌਂਦੇ ਹੁਣ ਤੁਹਾਡੀ ਸ਼ਰਣੀ ਆਏ ਹਾਂ।

ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ ॥ ੧ ॥ ਰਹਾਉ ॥

ਇਸ ਅੰਨ੍ਹੇ ਖੂਹ (ਸੰਸਾਰ) ਤੋਂ ਉਧਾਰ ਦੇਹ=ਦਿਉ ਅਤੇ ਆਪਣੀਂ ਚਰਨੀਂ ਲਾ ਲਵੋ ॥ ੧ ॥ ਰਹਾਉ ॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥

ਗਿਆਨ ਧਿਆਨ ਆਦਿਕ ਸਾਧਨ ਕਰਨੇ ਨਹੀਂ ਜਾਣਦਾ, ਕੁਝ ਚੰਗੇ ਕਰਮ ਕਰਨੇ ਭੀ ਨਹੀਂ ਜਾਣਦਾ,

ਅਤੇ ਨਾ ਹੀ ਕੋਈ ਪਵਿੱਤ੍ਰ ਕਰਤਬਤਾ ਕੀਤੀ ਹੈ।

ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ॥ ੧ ॥

ਕਿਰਪਾ ਕਰਕੇ ਮੈਨੂੰ ਸਤਸੰਗਤ ਦੇ ਅੰਚਲਿ=ਪੱਲੇ ਨਾਲ ਲਾ ਦਿਓ, ਜਿਸ ਕਰਕੇ ਆਸਾ ਤ੍ਰਿਸ਼ਨਾਂ ਰੂਪੀ, ਯਾਂ ਸੰਸਾਰ ਤੇ ਮਾਇਆ ਰੂਪ ਬਿਖਮ=ਕਠਨ ਨਦੀ ਤਰਣੀ=ਤਰੀ ਜਾਵੇ॥

ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ॥

ਜੋ ਸੁਖਾਂ ਦੀ ਸੰਪਦਾ ਤੇ ਮਾਇਆ ਦੇ ਮਿੱਠੇ ਰਸ ਹਨ, ਇਹਨਾਂ ਦੀ ਪ੍ਰੀਤੀ ਮਨ ਵਿਚ ਨਹੀਂ ਧਾਰਨਾ ਕੀਤੀ।

ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ
ਹਰਿ ਨਾਮ ਰੰਗ ਆਭਰਣੀ॥ ੨ ॥ ੮ ॥ ੧੨ ॥

੧. ਗੁਰੂ ਜੀ ਕਥਨ ਕਰਦੇ ਹਨ, ਰੰਗ=ਪ੍ਰੇਮ ਨਾਲ ਹਰੀ ਨਾਮ ਸਿਮਰਨ ਕਰਨ ਰੂਪ ਆਭਰਣੀ=ਗਹਿਣਿਆਂ ਨੂੰ ਪਾ ਕੇ ਤੇ ਹਰੀ (ਪਤੀ) ਦੇ ਦਰਸ਼ਨ ਕਰਕੇ ਮੈਂ ਦਾਸ ਤ੍ਰਿਪਤੀ ਨੂੰ ਪਾਉਂਦਾ ਹਾਂ।

੨. ਸਤਸੰਗ ਰੂਪ ਆਭਰਣੀ=ਮੱਟੀ ਹੈ. ਹਰੀ ਨਾਮ ਰੂਪੀ ਜਲ ਹੈ, ਭਗਤੀ ਰੂਪੀ ਰੰਗ ਹੈ, ਇਸ ਵਿਚ ਮਨ ਰੂਪ ਕੱਪੜਾ ਰੰਗ ਕੇ, ਅਤੇ ਹਰੀ ਦੇ ਦਰਸ਼ਨ ਨੂੰ ਕਰਕੇ ਮੈਂ ਦਾਸ ਤ੍ਰਿਪਤੀ ਨੂੰ ਪਾਉਂਦਾ ਹਾਂ॥ ੨ ॥ ੮ ॥ ੧੨ ॥

ਜੈਤਸਰੀ ਮਹਲਾ ੫ ॥ ਹਰਿ ਜਨ ਸਿਮਰਹੁ ਹਿਰਦੈ ਰਾਮ॥

ਹੇ ਹਰੀ ਜਨੋਂ! ਹਿਰਦੇ ਵਿਚ ਪ੍ਰਭੂ ਦਾ ਨਾਮ ਸਿਮਰਨਾ ਕਰੋ। ਕਿਉਂਕਿ -

ਹਰਿਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ॥੧ ॥ਰਹਾਉ॥

ਹਰੀ ਜਨਾਂ ਕੰਉ=ਦੇ ਨੇੜੇ ਬਿਪਤਾ ਨਹੀਂ ਆਉਂਦੀ, ਦਾਸ ਦੇ ਸਾਰੇ ਕੰਮ ਭੀ ਪੂਰੇ ਹੋ ਜਾਂਦੇ ਹਨ॥ ੧ ॥ ਰਹਾਉ॥

ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ॥

ਹਰੀ ਦੀ ਸੇਵਾ ਕਰਨ ਵਾਲੇ ਦੇ ਕ੍ਰੋੜਾਂ ਬਿਘਨ ਨਾਸ ਹੋ ਜਾਂਦੇ ਹਨ, ਅਤੇ ਅਚੱਲ ਗੋਬਿੰਦ ਦਾ ਸਰੂਪ ਘਰ ਪ੍ਰਾਪਤ ਹੁੰਦਾ ਹੈ।

ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ॥ ੧ ॥

ਭਗਵੰਤ ਦੇ ਭਗਤ ਨੂੰ ਕੁਝ ਡਰ ਨਹੀਂ ਲੱਗਦਾ, ਕਿਉਂਕਿ ਉਸਨੂੰ ਜਮ ਭੀ ਆਦਰ ਦੇਂਦਾ ਹੈ॥ ੧ ॥

ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ॥

ਗੋਪਾਲ ਦੇ ਸਿਮਰਨ ਨੂੰ ਤਿਆਗ ਕੇ ਆਨ=ਹੋਰ ਜੋ ਭੀ ਕਰਣੀ ਹੈ, ਉਹ ਖਾਮ=ਕੱਚੀ ਹੈ, ਫਿਰ

ਉਹ ਨਾਸ ਹੋ ਜਾਣ ਵਾਲੀ ਹੈ।

ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥ ੨ ॥ ੯ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪੁਰਸ਼ਾ ! ਹਿਰਦੇ ਵਿਚ ਚਰਨ-ਕਮਲਾਂ ਦੀ ਓਟ ਫੜ, ਤਦ ਸਮੂਹ ਸੁਖਾਂ ਵਿਚ ਬਿਸਰਾਮ ਪਾਵੇਂਗਾ॥ ੨ ॥ ੯ ॥ ੧੩ ॥

ਜੈਤਸਰੀ ਮਹਲਾ ੯

ੴ ਸਤਿਗੁਰ ਪ੍ਰਸਾਦਿ ॥ ਭੂਲਿਓ ਮਨੁ ਮਾਇਆ ਉਰਝਾਇਓ ॥

ਸਰੂਪ ਤੋਂ ਭੁੱਲਾ ਹੋਇਆ ਮਨ ਮਾਇਆ ਵਿਚ ਉਰਝਾਇਓ=ਉਲਝ (ਫਸ) ਰਿਹਾ ਹੈ।

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧ ॥ ਰਹਾਉ ॥

ਮਾਇਆ ਦੇ ਲਾਲਚ ਵਿਚ ਲੱਗ ਕੇ ਇਸ ਨੇ ਜੋ ਜੋ ਕਰਮ ਕੀਤਾ ਹੈ, ਤਿਸ ਤਿਸ ਕਰਮ ਵਿਚ ਇਸ ਨੇ ਆਪਣੇ ਆਪ ਨੂੰ ਬੰਨ੍ਹਾ ਲਿਆ ਹੈ॥ ੧ ॥ ਰਹਾਉ॥

ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥

ਭਲੇ ਬੁਰੇ ਦੀ ਸਮਝ ਨਹੀਂ ਪਈ, ਵਿਸ਼ਿਆਂ ਦੇ ਰਸ ਵਿਚ ਰਚੇ ਹੋਏ ਨੇ ਹਰੀ ਦਾ ਜਸ ਕਰਨਾ ਭੁਲਾ ਦਿੱਤਾ ਹੈ।

ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥ ੧ ॥

ਜੋ ਸੁਆਮੀ ਹਰ ਵੇਲੇ ਦਾ ਸੰਗੀ ਹੈ, ਉਸ ਨੂੰ ਜਾਣਿਆਂ ਨਹੀਂ ਅਤੇ ਜੰਗਲ ਵਿਚ ਪ੍ਰਭੂ ਦੇ ਖੋਜਨ=ਲੱਭਣ ਨੂੰ ਉੱਠ ਦੌੜਿਆ ਹੈ॥ ੧ ॥

(ਪੰਨਾ ੭੦੩)

ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥

ਨਾਮ ਰੂਪ ਰਤਨ ਅੰਤਹਕਰਨ ਦੇ ਵਿਚ ਹੀ ਹੈ, ਪਰ ਉਸ ਦਾ ਗਿਆਨ ਇਸ ਨੇ ਪਾਇਆ ਨਹੀਂ ਹੈ।

ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥ ੨ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਭਗਵੰਤ ਦੇ ਭਜਨ-ਸਿਮਰਨ ਤੋਂ ਬਿਨਾਂ ਹੋ ਕੇ ਜੀਵ ਨੇ ਆਪਣੇ ਅਮੋਲਕ ਜਨਮ ਨੂੰ ਵਿਅਰਥ ਗਵਾ ਲਿਆ ਹੈ॥ ੨ ॥ ੧ ॥

ਜੈਤਸਰੀ ਮਹਲਾ ੯ ॥ ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥

ਹੇ ਹਰਿ ਜੀਉ ! ਮੇਰੀ ਪਤਿ=ਇੱਜ਼ਤ ਰੱਖ ਲਵੋ।

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ ॥ ੧ ॥ ਰਹਾਉ ॥

ਮੇਰੇ ਹਿਰਦੇ ਵਿਚ ਜਮਾਂ ਦਾ ਡਰ ਹੋ ਰਿਹਾ ਹੈ, ਇਸ ਲਈ ਹੇ ਕਿਰਪਾ ਨਿਧੀ ਪ੍ਰਭੂ ! ਮੈਂ ਤੇਰੀ

ਸ਼ਰਨ ਗਹੀ=ਫੜੀ ਹੈ॥ ੧ ॥ ਰਹਾਉ ॥

ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥

ਮੈਂ ਮਹਾ ਪਤਿਤ=ਬੜਾ ਪਾਪੀ, ਮੂਰਖ ਤੇ ਲੋਭੀ ਹਾਂ, ਅਤੇ ਪਾਪ ਕਰਮ ਕਰਦਾ ਕਰਦਾ ਹੁਣ ਹਾਰ ਗਿਆ ਹਾਂ।

ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥ ੧ ॥

ਮਰਨ ਦਾ ਡਰ ਭੁੱਲਦਾ ਨਹੀਂ ਹੈ ਓਸੇ ਦੀ ਚਿੰਤਾ ਨੇ ਤਨ ਨੂੰ ਜਾਰਾ=ਸਾੜ ਦਿੱਤਾ, ਭਾਵ ਸੁਕਾ ਦਿੱਤਾ ਹੈ॥ ੧ ॥

ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥

ਮੁਕਤੀ ਦੇ ਵਾਸਤੇ ਮੈਂ ਅਨੇਕਾਂ ਜਤਨ ਕੀਤੇ ਹਨ, ਅਤੇ ਦਸੋ ਦਿਸਾਂ ਨੂੰ ਭੀ ਉੱਠ ਕੇ ਦੌੜ ਆਇਆ ਹਾਂ।

ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥ ੨ ॥

ਉਹ ਨਿਰੰਜਨ ਅੰਤਹਕਰਨ ਦੇ ਵਿਚ ਹੀ ਵੱਸ ਰਿਹਾ ਹੈ, ਪਰ ਮੈਂ ਉਸ ਦਾ ਮਰਮੁ=ਭੇਦ ਨਹੀਂ ਪਾਇਆ ॥ ੨ ॥

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥

ਮੇਰੇ ਵਿਚ ਕੋਈ ਗੁਣ ਨਹੀਂ ਹੈ, ਨਾ ਹੀ ਕੁਝ ਜਪ ਤਪ ਕੀਤਾ ਹੈ, ਹੁਣ ਮੈਂ ਕਿਹੜਾ ਕਰਮ ਕਰਾਂ।

"ਜਾਪ ਨ ਤਾਪ ਨ ਕਰਮ ਕੀਤਿ॥ ਆਵੈ ਨਾਹੀ ਕਛੂ ਰੀਤਿ" ॥ (ਬਸੰਤ, ਪੰਨਾ ੧੧੮੨)

ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥ ੩ ॥ ੨ ॥

ਗੁਰੂ ਜੀ ਕਥਨ ਕਰਦੇ ਹਨ ਹੇ ਪ੍ਰਭੂ ! (ਸੰਸਾਰ ਵੱਲੋਂ) ਹਾਰ (ਥੱਕ ਕੇ) ਤੁਹਾਡੀ ਸ਼ਰਨ ਆ ਕੇ ਪਿਆ ਹਾਂ, ਆਪ ਮੈਨੂੰ ਅਭੈ=ਨਿਰਭੈ ਪਦਵੀ ਦਾ ਦਾਨ ਦੇਣਾ ਕਰੋ॥ ੩ ॥ ੨ ॥

ਯਥਾ-"ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥" (ਪੰਨਾ ੭੧੩)

ਜੈਤਸਰੀ ਮਹਲਾ ੯ ॥ ਮਨ ਰੇ ਸਾਚਾ ਗਹੋ ਬਿਚਾਰਾ ॥

ਹੇ ਮਨ ! ਤੂੰ ਸੱਚੇ ਵਿਚਾਰ ਨੂੰ ਗਹੋ=ਪਕੜਨਾ ਕਰ।

ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥ ੧ ॥ ਰਹਾਉ ॥

ਰਾਮ ਦੇ ਨਾਮ ਤੋਂ ਬਿਨਾਂ ਇਸ ਸਾਰੇ ਸੰਸਾਰ ਨੂੰ ਮਿੱਥਿਆ ਕਰ ਕੇ ਮੰਨ॥ ੧ ॥ ਰਹਾਉ ॥

ਜਾ ਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ ॥

ਜਿਸ ਨੂੰ ਜੋਗੀ ਖੋਜਦੇ ਹੋਏ ਹਾਰ ਗਏ ਹਨ, ਪਰ ਉਸ ਦਾ ਪਾਰਾਵਾਰ ਨਹੀਂ ਪਾਇਆ।

ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ ॥ ੧ ॥

ਉਸ ਸੁਆਮੀ ਨੂੰ ਤੁਸੀਂ ਨੇੜੇ ਪਛਾਣੋ, ਜੋ ਰੂਪ ਰੇਖ ਆਦਿਕਾਂ ਤੋਂ ਅਸੰਗ ਹੈ।

ਪਾਵਨ ਨਾਮੁ ਜਗਤ ਮੈ ਹਰਿ ਕੋ ਕਬਹੂ ਨਾਹਿ ਸੰਭਾਰਾ ॥

ਜਗਤ ਵਿਚ ਜੋ ਹਰੀ ਦਾ ਪਵਿੱਤ੍ਰ ਨਾਮ ਹੈ, ਉਸ ਨੂੰ ਕਦੇ ਭੀ ਸਿਮਰਿਆ ਨਹੀਂ ਹੈ।

ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ ॥ ੨ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸਾਰੇ ਜਗਤ ਕਰਕੇ ਬੰਦਨ=ਨਮਸ਼ਕਾਰ ਕਰਨੇ ਜੋਗ ਪ੍ਰਭੂ ! ਮੈਂ ਆਪ ਜੀ ਦੀ ਸਰਨਿ=ਸ਼ਰਨ ਵਿਚ ਪਿਆ ਹਾਂ, ਆਪ ਮੈਨੂੰ ਰੱਖ ਲਓ ਕਿਉਂਕਿ ਸ਼ਰਨ ਪਏ ਦੀ ਲਾਜ ਰੱਖਣੀ ਇਹ ਆਪ ਜੀ ਦਾ ਬਿਰਦ ਹੈ॥ ੨ ॥ ੩ ॥

ਜੈਤਸਰੀ ਮਹਲਾ ੫ ਛੰਤ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਸਲੋਕ ॥ ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥

ਰਾਤ ਦਿਨ ਦਰਸ਼ਨ ਦੀ ਪਿਆਸੀ ਹੋ ਕੇ ਪ੍ਰਭੂ ਦੇ ਰਾਹ ਨੂੰ ਰਾਤ ਦਿਨ ਲਗਾਤਾਰ ਚਿਤਵਉ=ਦੇਖਦੀ ਰਹਿੰਦੀ ਸਾਂ।

ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੁਣ ਗੁਰਾਂ ਨੇ ਭਰਮ ਰੂਪ, ਯਾਂ ਪੰਜਾਂ ਕੋਸ਼ਾਂ ਰੂਪੀ ਕਪਟ ਬੂਹੇ ਖੋਲ੍ਹ ਕੇ ਹਰੀ ਮਿੱਤਰ ਦੇ ਨਾਲ ਮੈਨੂੰ ਮੇਲ ਦਿੱਤਾ ਹੈ॥ ੧ ॥

ਛੰਤ ॥ ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥

ਹੇ ਅਸਾਡੇ ਸਜਣ=ਪਰਮਾਤਮਾ ਦੇ ਯਾਰ ਸਤਿਗੁਰੋ ! ਸੁਣਨਾ ਕਰੋ, ਮੈਂ ਇਕ ਬੇਨਤੀ ਕਰਦਾ ਹਾਂ।

ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥

ਉਸ ਮਨ ਦੇ ਮੋਹਣੇ ਵਾਲੇ ਪਿਆਰੇ ਲਾਲ ਨੂੰ ਮੈਂ ਖੋਜੰਤੀਆ=ਲੱਭਦੀ ਫਿਰਉ=ਫਿਰਦੀ ਹਾਂ।

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥

ਉਸ ਪਿਆਰੇ ਪ੍ਰਭੂ ਦਾ ਪਤਾ ਦੱਸ ਦਿਓ, ਮੈਂ ਸਿਰ ਲਾਹ ਕੇ ਤੁਹਾਡੇ ਚਰਨਾਂ ਉੱਪਰ ਧਰ ਦਿਆਂਗੀ, ਇੱਕ ਮੈਂ ਭੋਲੀ ਨੂੰ ਭੋਰੀ=ਰੰਚਕ ਮਾਤ੍ਰ ਦਰਸ਼ਨ ਕਰਾ ਦਿਓ ਜਿਸ ਕਰਕੇ ਗਿਆਨ ਰੂਪੀ ਭੋਰੀ=ਦਿਨ ਚੜ੍ਹੇ।

ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ॥

ਅਸਾਡੇ ਨੇਤਰ ਪਿਆਰੇ ਪਿਰੀ ਦੇ ਰੰਗ ਵਿਚ ਰੰਗਾਰੇ=ਰੰਗੇ ਗਏ ਹਨ, ਉਸ ਨੂੰ ਮਿਲੇ ਤੋਂ ਬਿਨਾਂ ਇੱਕ

ਤਿਲ ਮਾਤਰ ਭੀ ਧੀਰਜ ਨਹੀਂ ਹੋ ਸਕਦਾ।

ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥

ਪ੍ਰਭੂ ਦੇ ਨਾਲ ਅਸਾਡਾ ਮਨ ਇਸ ਤਰ੍ਹਾਂ ਲੀਨ ਹੋਇਆ ਹੈ, ਜਿਵੇਂ ਮੱਛੀ ਦਾ ਪਾਣੀ ਨਾਲ ਹੁੰਦਾ ਹੈ, ਅਤੇ ਪਪੀਹੇ ਵਾਂਗ ਦਰਸ਼ਨਾਂ ਲਈ ਤਿਸੰਤੀਆ=ਤਰਸਦਾ ਹੈ।

ਵਾ:-ਪਪੀਹੇ ਵਾਂਗ ਦਰਸ਼ਨਾਂ ਦੀ ਪਿਆਸ ਵਾਲਾ ਹੋ ਰਿਹਾ ਹੈ।

ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਮੈਂ (ਜਨ ਨੇ) ਪੂਰਿਆਂ ਗੁਰਾਂ ਨੂੰ ਪਾਇਆ,

ਵਾ:- ਗੁਰਾਂ ਦੁਆਰੇ ਪੂਰਾ ਪ੍ਰਭੂ ਪਾਇਆ ਤਾਂ ਪਦਾਰਥਾਂ ਦੀ ਸਾਰੀ ਤ੍ਰੇਹ ਬੁਝ ਗਈ ਹੈ॥ ੧ ॥

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥

ਹੇ ਯਾਰ=ਸੰਤੋ ! ਤੁਸੀਂ ਸਾਰੀਆਂ ਮੇਰੇ ਪਿਆਰੇ ਦੀਆਂ ਸਖੀਆਂ ਹੋ, ਮੂ=ਮੈਂ ਤੁਹਾਡੇ ਵਿਚੋਂ ਕਿਸੇ ਜੇਹੀ ਭੀ ਨਹੀਂ ਹਾਂ।

ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ ॥

ਯਾਰ ਵੇ-ਹੇ ਸੰਤੋ ! ਜਦ ਕਿ ਤੁਸੀਂ ਇਕ ਤੋਂ ਇਕ ਚੜ੍ਹਦੀਆਂ ਹੋ, ਤਾਂ ਹਉ=ਮੈਂ ਕਿਸ ਤਰ੍ਹਾਂ ਪਿਆਰੇ ਦੇ ਚੇਤੇ ਰਹਿ ਸਕਦੀ ਹਾਂ।

ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥

ਤੁਸੀਂ ਇੱਕ ਤੋਂ ਇੱਕ ਚੜ੍ਹਦੀਆਂ ਹੋ ਕੇ ਮੇਰੇ ਪਿਆਰੇ ਪ੍ਰਭੂ ਨਾਲ ਨਿੱਤ ਹੀ ਅਨੇਕਾਂ ਭੋਗ ਬਿਲਾਸ ਕਰਦੀਆਂ ਹੋ।

ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥

ਉਹਨਾਂ ਅਨੰਦੀ ਕੌਤਕਾਂ ਨੂੰ ਵੇਖਕੇ ਮੇਰੇ ਮਨ ਵਿਚ ਭੀ ਉਤਸ਼ਾਹ ਉੱਠਦਾ ਹੈ, ਤੇ ਆਖਦੀ ਹਾਂ-ਮੈਂ ਉਸ ਸ਼ੁਭ-ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਕਦ ਪਾਵਾਂਗੀ।

ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ ॥

ਜਿਨ੍ਹਾਂ ਨੇ ਮੇਰਾ ਪਿਆਰਾ ਪ੍ਰਭੂ ਰਿਝਾਇਆ ਪ੍ਰਸੰਨ (ਖੁਸ਼) ਕਰ ਲਿਆ ਹੈ, ਮੈਂ ਉਹਨਾਂ ਦੇ ਅੱਗੇ ਆਪਣਾ ਮਨ ਡੇਂਹੀਆ=ਦੇਂਦੀ ਹਾਂ। ਤੇ ਇਸ ਤਰ੍ਹਾਂ ਆਖਦੀ ਹਾਂ।

ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਸੁਹਾਗਣੀ ! ਮੇਰੀ ਬੇਨਤੀ ਸੁਣਕੇ ਮੈਨੂੰ ਰਾਹ ਦੱਸ ਦਿਓ ਤਾਂ ਕਿ ਮੈਂ ਭੀ ਡਿਖਾ=ਵੇਖ ਲਵਾਂ, ਕਿ ਪਤੀ ਦੀ ਪ੍ਰਾਪਤੀ ਦਾ ਅਨੰਦ ਕੇਹੀਆ=ਕੇਹੋ ਜਿਹਾ ਹੈ॥ ੨ ॥

(ਪੰਨਾ ੭੦੪)

ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ॥

ਯਾਰ ਵੇ=ਹੇ ਸੰਤੋ ! ਪਤੀ ਆਪਣੇ ਭਾਣੇ ਅਨੁਸਾਰ ਕਰਦਾ ਹੈ, ਉਸ ਨੂੰ ਕਿਸੇ ਦਾ ਭੀ ਕੁਝ ਛੰਦਾ=ਮੁਲਾਜਾ ਨੀਸੀ=ਨਹੀਂ ਹੈ।

ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ॥

ਯਾਰ ਵੇ=ਹੇ ਸੰਤ ਸੱਜਣੋ ! ਤੁਸਾਂ ਨੇ ਲਾਲਨੁ=ਪਿਆਰੇ ਦਾ ਅਨੰਦ ਮਾਣਿਆ ਹੈ, ਮੈਂ ਸੁਆਲੀ ਪੁੱਛਦਾ ਹਾਂ, ਮੈਨੂੰ ਭੀ ਰਾਹ ਦੱਸ ਦਿਓ।

ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ॥

ਲਾਲਨੁ=ਪਿਆਰੇ ਪ੍ਰਭੂ ਨੂੰ ਉਸ ਨੇ ਪਾਇਆ ਹੈ ਜਿਸ ਨੇ ਆਪੁ=ਆਪਾ ਭਾ ਹੰਕਾਰ ਗਵਾਇਆ ਹੈ, ਅਤੇ ਜੈ=ਜਿਸ (ਜਗਿਆਸੂ ਰੂਪ) ਧਨ=ਇਸਤ੍ਰੀ ਦੇ ਮਥਾਣੇ=ਮੱਥੇ ਦੇ ਉੱਤਮ ਭਾਗ ਹਨ।

ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥

ਬੁੱਧੀ ਰੂਪ ਭੁਜਾਂ ਤੋਂ ਫੜ ਕੇ ਠਾਕੁਰ ਨੇ ਮੈਨੂੰ ਆਪਣੀ ਵੱਲ ਘਿਧੀ=ਖਿੱਚ ਲਿਆ ਹੈ, ਉਸ ਨੇ ਮੇਰਾ ਗੁਣ ਔਗੁਣ ਕੁਝ ਭੀ ਨਹੀਂ ਪਛਾਣਿਆ।

ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ॥

ਜਿਸ ਨੇ ਸ਼ੁਭ ਗੁਣਾਂ ਦਾ ਹਾਰ ਪਾਇਆ ਹੈ, ਤੈ=ਉਸ ਨੂੰ ਪਿਆਰੇ ਪ੍ਰਭੂ ਦਾ ਰੰਗੁ=ਅਨੰਦ ਬਣ ਆਇਆ ਹੈ, ਅਤੇ ਉਸ ਦਾ ਹਭੋ=ਸਭ ਕੁਝ ਸੋਹੰਦਾ=ਸੋਹਣਾ ਹੋ ਗਿਆ ਹੈ।

ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ॥ ੩॥

ਗੁਰੂ ਜੀ ਕਥਨ ਕਰਦੇ ਹਨ, ਉਹ ਸੁਹਾਗਣ ਇਸਤ੍ਰੀ ਧੰਨਤਾ ਜੋਗ ਹੈ, ਜਿਸ ਦੇ ਨਾਲ (ਵਾਹਿਗੁਰੂ) ਪਤੀ ਵਸਦਾ ਹੈ॥ ੩॥

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ॥

ਯਾਰ ਵੇ=ਹੇ ਸੱਜਣੋ! ਜਿਸ ਵਾਸਤੇ ਮੈਂ ਨਿੱਤ ਸੁਖਣਾ ਸੁਖੇਦੀ=ਸੁੱਖਦੀ ਸਾਂ, ਉਹ (ਵਸਤੂ ਅੱਜ) ਮੈਂ ਪਾ ਲਈ ਹੈ।

ਵਰੁ ਲੋੜੀਦਾ ਆਇਆ ਵਜੀ ਵਾਧਾਈ॥

ਜਿਸ ਪਤੀ (ਪਰਮਾਤਮਾ) ਨੂੰ ਮੈਂ ਚਾਹੁੰਦੀ ਸਾਂ ਉਹ ਆ ਗਿਆ ਹੈ, ਇਸ ਲਈ ਮਨ ਵਿਚ ਅਨੰਦ ਦੀ ਵਧਾਈ ਵੱਜੀ ਹੈ।

ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ ॥

ਮਹਾ ਮੰਗਲੁ=ਬੜਾ ਉਤਸ਼ਾਹ ਤੇ ਰਹਸੁ ਥੀਆ=ਅਨੰਦ ਹੋਇਆ ਹੈ, ਕਿਉਂਕਿ ਸਦਾ ਹੀ ਨਵੇਂ ਅਨੰਦ ਵਾਲਾ ਤੇ ਦਿਆਲੂ ਸੁਭਾਅ ਵਾਲਾ ਪਤੀ ਪਰਮਾਤਮਾ:-

ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥

ਵੱਡਿਆਂ ਭਾਗਾਂ ਕਰਕੇ ਪਾਇਆ ਹੈ, ਪਰ ਸੰਤਾਂ ਦੇ ਸਤਸੰਗੀ ਹੋਣ ਕਰਕੇ ਗੁਰੂ ਨੇ ਮਿਲਾਇਆ ਹੈ।

ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ॥

ਮੇਰੀ ਮਨਸਾ=ਬੁੱਧੀ ਦੀ ਆਸਾ ਸਾਰੀ ਪੂਰੀ ਹੋ ਗਈ ਹੈ, ਪਿਰੀ ਨੇ ਅੰਕੁ=ਪੱਖ ਕਰਕੇ ਆਪਣੇ ਅੰਕਿ=ਸਰੂਪ ਵਿਚ ਮਿਲਾ ਲੀਤਾ ਹੈ।

ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਗੱਲ ਦੀ ਮੈਂ ਸੁਖ=ਸੁੱਖਣਾਂ ਸੁਖੇਦੀ=ਸੁੱਖਦੀ ਸਾਂ, ਗੁਰਾਂ ਨਾਲ ਮਿਲਕੇ ਉਹ (ਵਸਤੂ) ਮੈਂ ਪਾ ਲਈ ਹੈ॥ ੪॥ ੧॥

ਜੈਤਸਰੀ ਮਹਲਾ ੫ ਘਰੁ ੨ ਛੰਤ ੧ੴ ਸਤਿਗੁਰ ਪ੍ਰਸਾਦਿ ॥

ਸਲੋਕੁ ॥ ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ ॥

ਅਪਾਰ ਗੁਣਾਂ ਵਾਲਾ ਪ੍ਰਭੂ ਸਾਰਿਆਂ ਤੋਂ ਉੱਚਾ ਹੈ, ਵੇਦਾਂ ਸ਼ਾਸਤ੍ਰਾਂ ਕਰਕੇ ਅਗਮ=ਬਿਅੰਤ ਹੈ, ਅਕੱਥ ਸਰੂਪ ਹੋਣ ਕਰਕੇ ਕਥਿਆ ਨਹੀਂ ਜਾਂਦਾ।

ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਸ ਪ੍ਰਭੂ ਦੀ ਸ਼ਰਨ ਵਿਚ ਪ੍ਰਾਪਤ ਹੋ, ਉਹ ਰਾਖਨ=ਰੱਖਿਆ ਕਰਨ ਕਉ=ਨੂੰ ਸਮਰੱਥ ਹੈ॥ ੧॥

ਛੰਤੁ ॥ ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥

ਹੇ ਹਰੀ ਪ੍ਰਭੂ ! ਅਸੀਂ ਤੇਰੇ ਦਾਸ ਹਾਂ, ਜਿਵੇਂ ਜਾਣੋ ਤਿਵੇਂ ਰੱਖ ਲਵੋ।

ਕੇਤੇ ਗਨਉ ਅਸੰਖ ਅਵਗਣ ਮੇਰਿਆ ॥

ਮੇਰੇ ਕਿੰਨੇ ਕੁ ਔਗੁਣ ਗਿਣੇਂਗੇ, ਉਹ ਤਾਂ ਅਸੰਖ=ਅਨ-ਗਿਣਤ ਹਨ।

ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥

ਅਨ-ਗਿਣਤ ਔਗੁਣ ਹਨ, ਤੇ ਖਤੇ=ਗੁਨਾਹ ਕਰਦੇ ਫੇਰੇ=ਫਿਰਦੇ ਹਾਂ, ਨਿਤਾਪ੍ਰਤੀ ਭਾਵ ਹਰ ਰੋਜ਼

ਸਦਾ ਕੁੱਲੇ ਫਿਰਦੇ ਹਾਂ।

ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ॥

ਬਿਕਰਾਲ=ਭਿਆਨਕ (ਡਰੌਣੀ) ਮਾਇਆ ਦੇ ਮੋਹ ਵਿਚ ਮਸਤ ਹੋ ਰਹੇ ਹਾਂ, ਤੇਰੀ ਪ੍ਰਸਾਦੀ=ਕਿਰਪਾ ਨਾਲ ਹੀ ਘੂਲੀਐ=ਛੁਟਕਾਰਾ ਹੋਣਾ ਹੈ।

ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ॥

ਹੇ ਪ੍ਰਭੂ ! ਤੇਰੇ ਪਾਸੋਂ ਲੂਕ=ਲੁਕਾ ਕੇ ਵੱਡੇ ਬਿਖੜੇ=ਕਰੜੇ ਵਿਕਾਰ ਕਰਦੇ ਹਾਂ, ਪਰ ਤੂੰ ਨੇੜੇ ਤੋਂ ਭੀ ਨੇੜੇ ਹੋ ਕੇ ਦੇਖਦਾ ਹੈਂ।

ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ॥ ੧॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਆਪ ਦਇਆ ਦ੍ਰਿਸ਼ਟੀ ਧਾਰਨਾ ਕਰੋ, ਅਤੇ ਸੰਸਾਰ ਦੇ ਫੇਰਿਆਂ ਤੋਂ ਕੱਢ ਲਵੋ॥ ੧॥

ਸਲੋਕੁ॥ ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ॥

ਪ੍ਰਭੂ ਦੇ ਅਸੰਖ ਗੁਣਾਂ ਦਾ ਅਸਾਡੇ ਪਾਸੋਂ ਨਿਰਣਾ ਨਹੀਂ ਹੋ ਸਕਦਾ, ਪ੍ਰਭੂ ਦਾ ਨਾਮ ਸਾਰਿਆਂ ਤੋਂ ਉੱਚਾ ਹੈ।

ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ॥ ੨॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਬੇਨਤੀ ਹੈ, ਕਿ ਨਾਮ ਜਪਣ ਕਰਕੇ ਨਿਥਾਵੇ ਜੀਵ ਨੂੰ ਮੁਕਤੀ ਰੂਪੀ ਥਾਂ ਮਿਲ ਜਾਂਦੀ ਹੈ॥ ੨॥

ਛੰਤੁ॥ ਦੂਸਰ ਨਾਹੀ ਠਾਉ ਕਾ ਪਹਿ ਜਾਈਐ॥

ਦੂਜੀ ਕੋਈ ਠਾਉ=ਜਗ੍ਹਾ ਨਹੀਂ ਹੈ, ਕਾ ਪਹਿ=ਕਿਸ ਦੇ ਕੋਲ ਜਾਣਾ ਕਰੀਏ।

ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ॥

ਅੱਠੇ ਪਹਿਰ ਕਰ=ਹੱਥ ਜੋੜ ਕੇ ਉਸ ਪ੍ਰਭੂ ਨੂੰ ਹੀ ਧਿਆਉਣਾ ਚਾਹੀਦਾ ਹੈ।

ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ॥

ਸਦੀਵ ਕਾਲ ਉਸ ਆਪਣੇ ਪ੍ਰਭੂ ਨੂੰ ਧਿਆਉਣਾ ਕਰੋ, ਤਾਂ ਮਨਹਿ ਚਿੰਦਿਆ=ਮਨ ਇੱਛਤ ਫਲ ਪ੍ਰਾਪਤ ਹੁੰਦਾ ਹੈ।

ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥

ਮਾਣ, ਮੋਹ, ਵਿਸ਼ੇ ਵਿਕਾਰ, ਦੂਜਾ=ਦ੍ਵੈਤ ਭਾਵ ਇਨ੍ਹਾਂ ਨੂੰ ਵਿਕਾਰ ਰੂਪ ਜਾਣਕੇ ਤਿਆਗ ਦੇ, ਅਤੇ ਇੱਕ ਪ੍ਰਭੂ ਨਾਲ ਬਿਰਤੀ ਲਗਾਉਣਾ ਕਰ।

ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥

ਪ੍ਰਭੂ ਦੇ ਅੱਗੇ ਮਨ ਤਨ ਅਰਪਣ ਕਰਕੇ ਆਪੁ=ਆਪਾ ਭਾ ਹੰਕਾਰ ਸਾਰਾ ਦੂਰ ਕਰ ਦੇ।

ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥ ੨॥

੧. ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਉਸ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ, ਉਸ ਦੀ ਸੱਚੇ ਨਾਮੀ ਵਿਚ ਸਮਾਈ ਹੋਈ ਹੈ।

੨. ਕਿਰਪਾ ਦੇ ਧਾਰਨ ਵਾਲਾ ਜੋ ਪ੍ਰਭੂ ਹੈ, ਉਸ ਸੱਚੇ ਨਾਮੀ ਵਿਚ ਸਮਾਵਣਾ ਕਰ॥ ੨॥

ਸਲੋਕੁ॥ ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ॥

ਹੇ ਮਨ! ਉਸ ਪ੍ਰਭੂ ਨੂੰ ਧਿਆਉਣਾ ਕਰ, ਜਿਸ ਦੇ ਹੱਥ ਵਿਚ ਸਾਰੀਆਂ ਵਿਧੀਆਂ ਹਨ।

ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ॥ ੩॥

ਗੁਰੂ ਜੀ ਕਥਨ ਕਰਦੇ ਹਨ, ਰਾਮ ਨਾਮ ਰੂਪੀ ਧਨ ਨੂੰ ਸੰਚੀਐ=ਇਕੱਠਾ ਕਰੋ, ਜੋ ਅੰਤ ਵੇਲੇ ਜੀਵ ਦੇ ਨਾਲ ਨਿਭਦਾ ਹੈ॥ ੩॥

ਛੰਤੁ॥ ਸਾਥੀਅੜਾ ਪ੍ਰਭੁ ਏਕੁ ਦੂਸਰ ਨਾਹਿ ਕੋਇ॥

ਇੱਕ ਪ੍ਰਭੂ ਹੀ ਜੀਵ ਦਾ ਸਾਥੀਅੜਾ=ਸਾਥੀ ਹੈ, (ਹੋਰ) ਕੋਈ ਦੂਜਾ (ਰਾਖਾ) ਨਹੀਂ ਹੈ।

ਥਾਨ ਥਨੰਤਰਿ ਆਪਿ ਜਲਿ ਥਲਿ ਪੂਰ ਸੋਇ॥

ਥਾਨਾਂ ਅੰਦਰ ਥਾਨਾਂ ਵਿਚ ਆਪ ਹੈ, ਅਤੇ ਓਹੀ ਜਲਾਂ ਵਿਚ ਥਲਾਂ ਵਿਚ ਪੂਰ=ਪੂਰਨ ਹੈ।

ਜਲਿ ਥਲਿ ਮਹੀਅਲਿ ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ॥

ਜੋ ਪ੍ਰਭੂ ਜਲਾਂ, ਥਲਾਂ, ਮਹੀ=ਧਰਤੀ, ਅਲਿ=ਅਕਾਸ਼ ਵਿਚ ਪੂਰਨ ਹੋ ਰਿਹਾ ਹੈ,
ਉਹ ਪ੍ਰਭੂ ਹੀ ਸਾਰਿਆਂ ਦਾ ਦਾਤਾ ਤੇ ਸਭ ਦਾ ਧਨੀ=ਮਾਲਕ ਹੈ।

ਗੋਪਾਲ ਗੋਬਿੰਦ ਅੰਤੁ ਨਾਹੀ ਬੇਅੰਤ ਗੁਣ ਤਾ ਕੇ ਕਿਆ ਗਨੀ॥

ਗੋਬਿੰਦ ਗੁਪਾਲ ਦੇ ਬੇਅੰਤ ਗੁਣ ਹਨ, ਅੰਤ ਨਹੀਂ ਆਉਂਦਾ, ਉਸ ਦੇ ਕਿਹੜੇ ਕਿਹੜੇ ਗੁਣ ਗਿਣਾਂ।

ਭਜੁ ਸਰਣਿ ਸੁਆਮੀ ਸੁਖਹ ਗਾਮੀ ਤਿਸੁ ਬਿਨਾ ਅਨ ਨਾਹਿ ਕੋਇ॥

ਸੁਖਾਂ ਵਿਚ ਗਮਨ ਕਰਾਉਣ ਵਾਲੇ ਸੁਆਮੀ ਦੀ ਸ਼ਰਨ ਵਿਚ ਭਜੁ=ਪ੍ਰਾਪਤ ਹੋ,
ਉਸ ਤੋਂ ਬਿਨਾਂ ਹੋਰ ਕੋਈ ਸੁਖ ਦਾਤਾਂ ਨਹੀਂ ਹੈ।

ਬਿਨਵੰਤਿ ਨਾਨਕ ਦਇਆ ਧਾਰਹੁ ਤਿਸੁ ਪਰਾਪਤਿ ਨਾਮੁ ਹੋਇ॥ ੪॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਪ੍ਰਭੂ ਦਇਆ ਦ੍ਰਿਸ਼ਟੀ ਧਾਰਦਾ ਹੈ, ਉਸੇ ਨੂੰ ਗੁਰਾਂ ਪਾਸੋਂ ਨਾਮ ਪ੍ਰਾਪਤ ਹੁੰਦਾ ਹੈ॥ ੪॥

(ਪੰਨਾ ੭੦੫) ਸਲੋਕੁ ॥ ਚਿਤਿ ਜਿ ਚਿਤਵਿਆ ਸੋ ਮੈ ਪਾਇਆ ॥

ਮੈਂ ਜੋ ਚਿੱਤ ਵਿਚ ਚਿਤਵਿਆ (ਸੀ), ਉਹ ਪਾ ਲਿਆ ਹੈ।

ਨਾਨਕ ਨਾਮੁ ਧਿਆਇ ਸੁਖ ਸਬਾਇਆ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਵਾਹਿਗੁਰੂ ਨਾਮ ਧਿਆਉਣ ਕਰਕੇ,
ਸਬਾਇਆ=ਸਾਰਾ ਸੁਖ ਪ੍ਰਾਪਤ ਹੋਇਆ ਹੈ॥ ੪ ॥

ਛੰਤੁ ॥ ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ ॥

ਹੁਣ ਸੰਤਾਂ ਦੇ ਨਾਲ ਮਿਲਣ ਕਰਕੇ ਮੇਰਾ ਮਨ ਮੋਹ ਦੇ ਬੰਧਨਾਂ ਤੋਂ ਛੁੱਟ ਗਿਆ ਹੈ।

ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ ॥

ਮੁਖ ਗੁਰਾਂ ਤੋਂ ਸਤਿਨਾਮੁ ਲਿਆ ਹੈ, ਇਸ ਕਰਕੇ ਜੋਤੀ ਦੀ ਜੋਤ ਵਿਚ ਮਿਲ ਗਏ ਹਾਂ।

ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥

ਹਰੀ ਨਾਮ ਨੂੰ ਸਿਮਰਦਿਆਂ ਸਾਰੇ ਕਿਲਬਿਖ=ਪਾਪ ਮਿਟ ਗਏ ਹਨ, ਤ੍ਰਿਸ਼ਨਾਂ ਅੱਗ ਦੀ ਤਪਸ਼ਤਾ ਬੁਝ ਗਈ ਹੈ, ਤੇ ਅਘਾਨਿਆ=ਤ੍ਰਿਪਤ ਹੋ ਗਏ ਹਾਂ।

ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥

ਗੁਰਾਂ ਨੇ ਦਇਆ ਦ੍ਰਿਸ਼ਟੀ ਕਰਕੇ (ਬੁੱਧੀ ਰੂਪ) ਬਾਂਹ ਤੋਂ ਗਹਿ=ਫੜ ਲਿਆ ਹੈ, ਤੇ ਆਪਣੇ ਦਾਸ ਕਰਿ ਮਾਨਿਆ=ਮੰਨਣਾ ਕੀਤੇ ਹਨ। ਵਾ:-ਆਪਣੇ ਦਾਸ ਬਣਾ ਕੇ ਮਾਨਿਆ=ਮਾਣ ਦਿੱਤਾ ਹੈ।

ਲੈ ਅੰਕਿ ਲਾਏ ਹਰਿ ਮਿਲਾਏ ਜਨਮ ਮਰਣਾ ਦੁਖ ਜਲੇ ॥

ਜਦ ਗੁਰੂ ਜੀ ਨੇ ਫੜ ਕੇ ਗਲ ਨਾਲ ਲਾ ਲਿਆ ਤਾਂ ਹਰੀ ਨੇ ਸਰੂਪ ਵਿਚ ਮਿਲਾ ਲਿਆ,
ਅਤੇ ਜਨਮ ਮਰਣ ਰੂਪ ਦੁੱਖ ਜਲੇ=ਸੜ ਗਏ ਅਰਥਾਤ ਅਭਾਵ ਹੋ ਗਏ।

ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਧਾਰੀ ਤਾਂ ਇੱਕ ਪੱਲ ਦੇ ਵਿਚ ਹੀ ਮੇਲ ਲੀਤਾ॥ ੪ ॥ ੨ ॥

ਜੈਤਸਰੀ ਛੰਤ ਮਃ ੫ ॥ ਪਾਧਾਣੂ ਸੰਸਾਰੁ ਗਾਰਬਿ ਅਟਿਆ ॥

ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥

ਇਹ ਸਾਰਾ ਸੰਸਾਰ ਪਾਧਾਣੂ=ਰਾਹੀ ਵਾਂਗ ਹੈ, ਵਾ:-ਸੰਸਾਰ ਵਿਚ ਜੀਵ ਮੁਸਾਫਰ ਹੈ,
ਪਰ ਗਾਰਬਿ=ਹੰਕਾਰ ਕਰਕੇ ਅਟਿਆ=ਪੂਰਤ ਹੈ ਭਾਵ ਹੰਕਾਰ ਦਾ ਲੱਦਿਆ (ਭਰਿਆ) ਹੋਇਆ

ਹੈ। ਮਾਇਆ ਦੇ ਰੰਗ=ਪ੍ਰੇਮ ਵਿਚ ਰਟਿਆ=ਰਪਿਆ ਹੋਇਆ ਅਨੇਕ ਪ੍ਰਕਾਰ ਦੇਂ ਪਾਪ ਕਰਮ ਕਰਦਾ ਹੈ।

ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥

ਲੋਭ ਵਿਚ ਮੋਹ ਵਿਚ ਤੇ ਹੰਕਾਰ ਵਿਚ ਬੂਡੇ=ਡੁੱਬੇ ਹੋਏ ਨੂੰ ਮਰਨਾ ਚੇਤੇ ਆਉਂਦਾ ਨਹੀਂ ਹੈ।

ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥

ਪੁੱਤਰ, ਮਿੱਤਰ ਤੇ ਬਨਿਤਾ=ਇਸਤ੍ਰੀ ਆਦਿਕਾਂ ਦੇ ਜੋ ਵਿਹਾਰ ਹਨ, ਏਹੋ ਕਰਦਿਆਂ ਉਮਰਾ ਬੀਤ ਰਹੀ ਹੈ।

ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥

ਮਾਏ=ਹੇ ਭਾਈ ! ਲਿਖੇ ਹੋਏ ਦੇ ਅਨੁਸਾਰ ਜਦ ਉਮਰਾ ਦੇ ਦਿਨ ਪੂਰੇ ਹੋ ਆਏ,
ਤਾਂ ਇਸਨੇ ਧਰਮ ਰਾਜਾ ਦੇ ਜਮਦੂਤਾਂ ਦਾ ਦੁੱਖ ਡਿਠਿਆ=ਵੇਖਣਾ ਕੀਤਾ। ਕਿਉਂਕਿ

ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਕੀਤੇ ਹੋਏ ਕਰਮ ਭੋਗੇ ਤੋਂ ਬਿਨਾਂ ਮਿਟ ਨਹੀਂ ਸਕਦੇ,
ਅਤੇ ਇਸ ਜੀਵ ਨੇ ਹਰੀ ਨਾਮ ਧਨ ਨੂੰ ਖੱਟਿਆ ਨਹੀਂ ਹੈ।

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥

ਇਹ ਜੀਵ ਮਾਇਆ ਦੀ ਪ੍ਰਾਪਤੀ ਵਾਸਤੇ ਤਾਂ ਅਨੇਕ ਤਰ੍ਹਾਂ ਦੇ ਉੱਦਮ ਕਰਦਾ ਹੈ, ਪਰ ਹਰੀ ਨਾਮ ਨੂੰ ਗਾਂਵਦਾ ਨਹੀਂ ਹੈ।

ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ ॥

ਅਸੰਖ=ਅਨ-ਗਿਣਤ ਜੋਨਿ=ਜੂਨੀਆਂ ਵਿਚ ਫਿਰੇਗਾ, ਤੇ ਜਨਮ ਮਰਨ ਵਿਚ ਆਵੇਗਾ।

ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥

ਪਸ਼ੂ, ਪੰਛੀ, ਸੈਲ=ਪਹਾੜ, ਤਰਵਰ=ਬ੍ਰਿੱਛ, ਆਦਿਕ ਜੂਨਾਂ ਵਿਚ ਫਿਰੇਗਾ,
ਜਿਨ੍ਹਾਂ ਦੀ ਕੁਛ ਗਿਣਤੀ ਨਹੀਂ ਆਉਂਦੀ।

ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥

ਜੇਹਾ ਕਰਮਾਂ ਰੂਪੀ ਬੀਜੁ ਬੋਵਸਿ=ਬੀਜਦਾ ਹੈ ਤੇਹਾ ਭੋਗ ਭੋਗੇਗਾ, ਹਰ ਕੋਈ ਆਪਣਾ ਕੀਤਾ ਹੀ ਪਾਉਂਦਾ ਹੈ।

ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ ॥

ਸੰਸਾਰ ਜੂਏ ਵਿਚ ਰਤਨ ਵਾਂਗ ਅਮੋਲਕ ਜਨਮ ਨੂੰ ਹਾਰੰਤ=ਹਾਰ ਬੈਠਾ ਹੈ, ਇਸ ਲਈ ਆਪਣੇ ਮਾਲਕ ਨੂੰ ਭਾਂਵਦਾ ਨਹੀਂ ਹੈ।

ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਭਰਮ ਦੇ ਭਰਮਾਏ ਹੋਏ ਭੌਂਦੇ ਫਿਰਦੇ ਹਨ, ਇੱਕ ਛਿਨ ਮਾਤ੍ਰ ਭੀ ਟਿਕਣਾ ਨਹੀਂ ਪਾਉਂਦੇ ॥ ੨ ॥

ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠੀਆ ॥

ਜੋਬਨ ਤਾਂ ਬਤੀਤ ਹੋ ਗਿਆ ਹੈ, ਜਰੁ=ਬੁਢੇਪਾ ਸਰੀਰ ਸਥਾਨ ਨੂੰ ਮੱਲ ਕੇ ਬੈਠ ਗਿਆ ਹੈ।

ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ ॥

ਕਰ=ਹੱਥ ਕੰਬਦੇ ਹਨ, ਸਿਰ ਡੋਲਦਾ ਹੈ, ਤੇ ਅੱਖਾਂ ਤੋਂ ਭੀ ਦਿਸਦਾ ਨਹੀਂ ਹੈ।

ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ ॥

ਅੱਖਾਂ ਤੋਂ ਦਿਸਦਾ ਨਹੀਂ ਹੈ, ਈਸ਼੍ਵਰ ਦੇ ਭਜਨ-ਸਿਮਰਨ ਤੋਂ ਬਿਨਾਂ ਹੋਣ ਕਰਕੇ ਮਾਇਆ ਨੂੰ ਇੱਥੇ ਹੀ ਛੱਡਕੇ ਤੁਰ ਪੈਂਦਾ ਹੈ।

ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ ॥

੧. ਜਿਨ੍ਹਾਂ ਇੰਦ੍ਰਿਆਂ ਦੇ ਸੰਗ ਕਰਕੇ ਤਨ ਮਨ ਜਾਲਿਆ=ਸਾੜ ਲਿਆ ਹੈ, ਉਹ ਇੰਦ੍ਰੇ ਭੀ ਇਸ ਦਾ ਕਿਹਾ ਮੰਨਦੇ ਨਹੀਂ ਹਨ, ਸਗੋਂ ਸਾਰੇ ਇਸ ਦੇ ਸਿਰ ਉੱਤੇ ਖਾਕੁ=ਮਿੱਟੀ ਛਾਣਦੇ ਹਨ।

ਅਰਥਾਤ ਪ੍ਰਲੋਕ ਵਿਚ ਇਹ ਇੰਦ੍ਰੇ ਜੀਵ ਦੀ ਸਹਾਇਤਾ ਨਹੀਂ ਕਰਦੇ ਸਗੋਂ ਦੁਸ਼ਮਣ ਬਣਕੇ ਇਸ ਦੀ ਬਦਨਾਮੀ ਕਰਕੇ ਪਰੇ ਹਟ ਜਾਂਦੇ ਹਨ।

ਯਥਾ - ''ਨੈਨੂ ਨਕਟੂ ਸ੍ਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥ ੧ ॥'' (ਪੰਨਾ ੧੧੦੪)

੨. ਜਿਨ੍ਹਾਂ ਸੰਬੰਧੀਆਂ ਨਾਲ ਇਸ ਨੇ ਆਪਣਾ ਮਨ ਤਨ ਸਾੜਿਆ ਹੈ, ਬੁਢੇਪੇ ਵਿਚ ਉਹ ਸਬੰਧੀ ਇਸ ਦਾ ਕਿਹਾ ਮੰਨਦੇ ਨਹੀਂ, ਸਗੋਂ ਸਿਰ ਵਿਚ (ਕੁਬਚਨਾਂ ਦੇ ਬੋਲਣ ਰੂਪ) ਖਾਕੁ=ਸੁਆਹ ਛਾਣਦੇ ਹਨ।

''ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥'' (ਪੰਨਾ ੧੧੭੧)

ਸ੍ਰੀ ਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ ॥

ਸ੍ਰੀ=ਸੋਭਾ ਵਾਲੇ ਅਪਾਰ ਪੂਰਨ ਰਾਮ ਦਾ ਰੰਗ=ਪ੍ਰੇਮ ਇੱਕ ਨਿਮਖ ਮਾਤ੍ਰ ਭੀ ਇਸ ਦੇ ਮਨ ਵਿਚ ਵੂਠਿਆ=ਵਸਿਆ ਨਹੀਂ ਹੈ।

ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ ॥ ੩ ॥

੧. ਗੁਰੂ ਜੀ ਕਥਨ ਕਰਦੇ ਹਨ, ਹੇ ਝੂਠਿਆ ! ਇਸ ਕਾਗਰੁ=ਕਾਗਜ਼ ਦੇ ਕੋਟਿ=ਕਿਲ੍ਹੇ (ਸਰੀਰ) ਦੇ ਬਿਨਸ=ਨਾਸ ਹੁੰਦਿਆਂ ਬਾਰ=ਦੇਰ ਨਹੀਂ ਲੱਗਣੀ।

੨. ਹੇ ਝੂਠੇ ਪੁਰਸ਼ਾ! ਕਾਗਜ਼ਾਂ ਦੇ ਕੋਟਿ=ਕਿਲ੍ਹੇ ਵਰਗੇ ਝੂਠਿਆਂ ਪਦਾਰਥਾਂ ਦੇ ਨਾਸ ਹੁੰਦਿਆਂ

ਦੇਰ ਨਹੀਂ ਲੱਗਣੀ॥ ੩॥

ਚਰਨ ਕਮਲ ਸਰਣਾਇ ਨਾਨਕੁ ਆਇਆ॥

ਨਾਨਕੁ=ਗੁਰੁ ਜੀ ਕਥਨ ਕਰਦੇ ਹਨ, ਜੋ ਪੁਰਸ਼ ਪਰਮਾਤਮਾ ਦੇ ਚਰਨ-ਕਮਲਾਂ ਦੀ ਸ਼ਰਨ ਵਿਚ ਆਇਆ ਹੈ।

ਦੁਤਰੁ ਭੈ ਸੰਸਾਰੁ ਪ੍ਰਭਿ ਆਪਿ ਤਰਾਇਆ॥

ਉਸਨੂੰ ਪ੍ਰਭੂ ਨੇ ਆਪ ਹੀ ਭੈ ਆਦਿਕ=ਦੁਤਰੁ=ਕਠਨ ਸੰਸਾਰ (ਸਮੁੰਦਰ) ਤੋਂ ਤਾਰ ਲਿਆ ਹੈ।

ਮਿਲਿ ਸਾਧਸੰਗੇ ਭਜੇ ਸ੍ਰੀਧਰ ਕਰਿ ਅੰਗੁ ਪ੍ਰਭ ਜੀ ਤਾਰਿਆ॥

ਜਿਸਨੇ ਸਤਸੰਗਤ ਵਿਚ ਮਿਲਕੇ ਸ੍ਰੀਧਰ=ਪਰਮਾਤਮਾ ਨੂੰ ਭਜੋ=ਭਜਣਾ (ਯਾਦ) ਕੀਤਾ ਹੈ, ਪ੍ਰਭੂ ਜੀ ਨੇ ਉਸ ਦਾ ਅੰਗੁ=ਪੱਖ ਕਰਕੇ ਸੰਸਾਰ ਤੋਂ ਤਾਰ ਲਿਆ ਹੈ।

ਹਰਿ ਮਾਨਿ ਲੀਏ ਨਾਮ ਦੀਏ ਅਵਰੁ ਕਛੁ ਨ ਬੀਚਾਰਿਆ॥

ਜਿੰਨੇ ਸ੍ਵਾਸ ਹਰੀ ਨਾਮ-ਸਿਮਰਨ ਵਿਚ ਦਿੱਤੇ ਹਨ ਉਹ ਹਰੀ ਨੇ ਮੰਨ ਲੀਤੇ ਅਰਥਾਤ ਪ੍ਰਵਾਨ ਕਰ ਲਏ ਹਨ ਅਤੇ ਅਵਰੁ=ਹੋਰ ਕੁਛ ਗੁਣ ਔਗੁਣ ਵਿਚਾਰਿਆ ਨਹੀਂ ਹੈ।

ਗੁਣ ਨਿਧਾਨ ਅਪਾਰ ਠਾਕੁਰ ਮਨਿ ਲੋੜੀਦਾ ਪਾਇਆ॥

ਜੋ ਅਪਾਰ ਠਾਕੁਰ ਸ਼ੁਭ ਗੁਣਾਂ ਦਾ ਨਿਧਾਨ=ਖਜ਼ਾਨਾ ਹੈ, ਜਿਸਨੂੰ ਆਪਣੇ ਮਨ ਵਿਚ ਲੋੜੀਦਾ=ਚਾਹੁੰਦਾ ਸੀ ਉਸ ਨੂੰ ਮੈਂ ਪਾ ਲਿਆ ਹੈ।

ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ॥੪॥ ੨॥੩॥

ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਰੂਪ ਭੋਜਨ ਨੂੰ ਛਕ ਕਰਕੇ ਸਦਾ ਹੀ ਤ੍ਰਿਪਤੇ=ਰੱਜ ਗਏ ਹਾਂ॥ ੪॥ ੨॥ ੩॥

ਯਥਾ:-''ਤ੍ਰਿਪਤਿ ਭਈ ਸਚੁ ਭੋਜਨੁ ਖਾਇਆ॥ ਮਨਿ ਤਨਿ ਰਸਨਾ ਨਾਮੁ ਧਿਆਇਆ॥ ੧॥''

(ਪੰਨਾ ੬੮੪)

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ੧ੴ ਸਤਿਗੁਰ ਪ੍ਰਸਾਦਿ॥

ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਹੁਣ ਜੈਤਸਰੀ ਦੀ ਵਾਰ ਕਥਨ ਕਰਦੇ ਹਨ। ਇਹ ਵਾਰ ਸਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਹੈ। ਇਸ ਵਿਚ ਸਲੋਕ ਮਹੱਲੇ ਅਤੇ ਵਾਰ=ਪਉੜੀਆਂ ਸਾਰੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਹਨ। ਕਈ ਵਾਰਾਂ ਸਲੋਕਾਂ ਤੋਂ ਬਿਨਾਂ ਹਨ, ਪਰ ਇਹ ਵਾਰ ਸਲੋਕਾਂ ਦੇ ਨਾਲ ਕਥਨ ਕੀਤੀ ਹੈ। ਇਸ ਵਿਚ ਸਲੋਕ ਮੂਲ ਰੂਪ ਹਨ

ਤੇ ਪਉੜੀਆਂ ਟੀਕਾ ਰੂਪ ਹਨ। ਫਿਰ ਗੁਰੂ ਸਾਹਿਬ ਜੀ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਮੱਧ ਭਾਗ ਰੂਪ ਇਹ ਵਾਰ ਉਚਾਰਨ ਕੀਤੀ ਹੈ। ਜਿਸ ਵੇਲੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰੱਖਿਆ ਹੋਵੇ, ਯਾਂ ਸੰਥਿਆ ਚਲਦੀ ਹੋਵੇ ਤਾਂ ਇਸ ਵਾਰ ਉੱਤੇ ਪਾਠ ਆਉਣ ਕਰਕੇ ਦੀਵੇ ਬਾਲਕੇ ਆਰਤੀ ਕੀਤੀ ਜਾਂਦੀ ਹੈ ਤੇ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਕੇ ਭੋਗ ਲਗਾਇਆ ਜਾਂਦਾ ਹੈ।

ਸਲੋਕ ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥

ਪਹਿਲਾ ਅਰਥ-

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ) ਆਦਿ ਵਿਚ (ਪਰਮੇਸ਼ਰ ਦਾ) ਨਾਮ ਪੂਰਨ ਹੈ,

ਯਥਾ:- ''ੴ ਸਤਿਨਾਮੁ ॥''

(ਸ੍ਰੀ ਗੁਰੂ ਗ੍ਰੰਥ ਸਾਹਿ ਜੀ ਦੇ) ਮੱਧ ਵਿਚ ਭੀ (ਪਰਮੇਸ਼ਰ ਦਾ) ਨਾਮ ਪੂਰਨ ਹੈ,

ਯਥਾ:- ''ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ ॥'' (ਪੰਨਾ ੭੦੫)

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ) ਅੰਤ ਵਿਚ ਭੀ (ਪਰਮੇਸ਼ਰ ਦਾ) ਨਾਮ ਪੂਰਨ ਹੈ,

ਯਥਾ:- ''ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥ ੧ ॥'' (ਪੰਨਾ ੧੪੨੯)

ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ ॥ ੧ ॥

੧. ਗੁਰੂ ਜੀ ਕਥਨ ਕਰਦੇ ਹਨ, ਅਘ ਨਾਸਨ=ਪਾਪਾਂ ਦੇ ਨਾਸ ਕਰਨ ਵਾਲਾ ਜੋ ਜਗਤ ਈਸ਼ੂਰ ਹੈ, ਉਸ ਦਾ ਜਸ ਸਾਰੇ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ) ਰਮਣੰ=ਰਮ ਰਿਹਾ ਹੈ, ਏਸੇ ਕਰਕੇ ਸੰਤ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ) ਸਿਮਰੰਤਿ=ਸਿਮਰਨ ਕਰਦੇ ਰਹਿੰਦੇ ਹਨ। ਭਾਵ ਹਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਰਹਿੰਦੇ ਹਨ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਸ ਸਾਰੇ ਰਮ ਰਿਹਾ ਹੈ, ਏਸੇ ਕਰਕੇ ਸੰਤ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੱਠੇ ਪਹਿਰ ਸਿਮਰਦੇ ਹਨ, ਜਗਦੀਸ਼ਰ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਘ=ਪਾਪਾਂ ਦੇ ਨਾਸ ਕਰਨ ਵਾਲਾ ਹੈ, ਤੇ ਜੀਵਾਂ ਦੇ ਤਾਰਨੇ ਨੂੰ ਜਹਾਜ਼ ਰੂਪ ਹੈ॥ ੧ ॥

(ਪੰਨਾ ੭੦੬) ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ) ਦਰਸ਼ਨ ਦੇਖਣਾ ਕਰਦੇ ਹਨ, (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ) ਜਸ ਸੁਣਦੇ ਰਹਿੰਦੇ ਹਨ ਅਤੇ ਹੋਰਨਾਂ ਨੂੰ ਸੁਣਾਉਂਦੇ ਹਨ, ਤੇ ਆਪਣੇ ਮਨ ਵਿਚ ਸੱਚ ਨੂੰ ਹੀ ਦ੍ਰਿੜ੍ਹ ਰੱਖਦੇ ਹਨ।

ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥ ੨ ॥

ਸਾਰਿਆਂ ਵਿਚ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ) ਜਸ ਪੂਰਨ ਹੋ ਰਿਹਾ ਨਿਸਚੇ ਕਰਦੇ ਹਨ, ਅਤੇ ਹਰੀ ਸਰੂਪ ਜਾਣਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੰਗਿ=ਪ੍ਰੇਮ ਵਿਚ ਰਚੇ ਰਹਿੰਦੇ ਹਨ॥ ੨ ॥

ਦੂਜਾ ਅਰਥ—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ ਜਿਵੇਂ ਕਥਨ ਕੀਤਾ ਹੈ ਕਿ

"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ (ਪੰਨਾ ੧)

ਸਚੁ=ਨਿਸਚੇ ਕਰਕੇ ਗੁਰੂ ਜੀ ਜੁਗਾਦਿ=ਉਚਾਰਦੇ ਹਨ, ਕਿ ਉਹ ਪ੍ਰਭੂ ਆਦਿ ਵਿਚ ਸੱਚ ਸੀ, ਹੁਣ ਭੀ ਸੱਚ ਹੈ, ਅੱਗੇ ਭੀ ਸੱਚਾ ਹੋਵੇਗਾ।

ਓਸੇ ਮਹਾਂਵਾਕ ਅਨੁਸਾਰ ਉਪ ਕ੍ਰਮ ਉਪ ਸੰਘਾਰ* ਦੀ ਰੀਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਧਭਾਗ ਵਿਚ ਕਥਨ ਕਰਦੇ ਹਨ,

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥

ਉਹ ਪਰਮੇਸ਼ਰ ਸ੍ਰਿਸ਼ਟੀ ਦੇ ਆਦਿ ਵਿਚ ਪੂਰਨ ਸੀ, ਮਧ ਵਿਚ ਭੀ ਪੂਰਨ ਹੈ, ਅੰਤ ਵਿਚ ਭੀ ਪੂਰਨ ਹੋਵੇਗਾ। ਅਰਥਾਤ ਜੋ ਪਰਮਾਤਮਾ (ਭੂਤ ਕਾਲ, ਵਰਤਮਾਨ, ਭਵਿੱਖਤ ਕਾਲ) ਤਿੰਨਾਂ ਸਮਿਆਂ ਵਿਚ ਪੂਰਨ ਹੈ।

ਯਥਾ :- "ਆਦਿ ਮਧਿ ਅੰਤਿ ਪ੍ਰਭੁ ਸੋਈ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ॥"

(ਸੂਹੀ ਮਹਲਾ ੫, ਪੰਨਾ ੭੬੦)

ਤਥਾ:- "ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ॥

ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ॥" (ਪੰਨਾ ੧੦੧੭)

"ਆਦਿ ਅੰਤਿ ਮਧਿ ਪ੍ਰਭੁ ਸੋਈ॥ ਆਪੇ ਕਰਤਾ ਕਰੇ ਸੁ ਹੋਈ॥"

(ਮਾਰੂ ਸੋਲਹੇ ਮ: ੫, ਪੰਨਾ ੧੦੮੫)

ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ॥ ੧॥

ਗੁਰੂ ਜੀ ਕਥਨ ਕਰਦੇ ਹਨ, ਉਹ ਜਗਤ ਦਾ ਮਾਲਕ ਪ੍ਰਭੂ ਪਾਪਾਂ ਦੇ ਨਾਸ ਕਰਨ ਵਾਲਾ ਹੈ,

---

*ਸ਼ਾਮ ਵੇਦ ਦੀ ਛਾਂਦੋਗ ਉਪਨਿਸ਼ਦ ਦੇ ਛੇਵੇਂ ਧਿਆ ਵਿਚ ਉਦਿਆਲਕ ਰਿਖੀ ਨੇ ਆਪਣੇ ਪੁੱਤਰ "ਸ੍ਵੇਤ ਕੇਤੂ" ਦੇ ਪ੍ਰਸ਼ਨ ਅਨੁਸਾਰ ਤਤ੍ਵਮਸੀ ਮਹਾਂਵਾਕ ਦਾ ਉਪਦੇਸ਼ ਦੇਂਦਿਆਂ ਹੋਇਆਂ ਸ੍ਰਵਣ ਦੇ ਖਟ ਲਿੰਗ ਕਥਨ ਕੀਤੇ ਹਨ-

੧. ਉਪਕ੍ਰਮ ਉਪ ਸੰਘਾਰ: ਜੋ ਪ੍ਰਸੰਗ ਆਦਿ ਵਿਚ ਆਰੰਭ ਹੋਵੇ, ਓਸੇ ਪ੍ਰਸੰਗ ਉੱਪਰ ਅੰਤ ਨੂੰ ਸਮਾਪਤੀ ਕਰਨੀ, ਇਸ ਨੂੰ ਉਪਕ੍ਰਮ ਉਪਸੰਘਾਰ ਕਹਿੰਦੇ ਹਨ।

੨. ਅਭਿਆਸ :- ਵਾਰ-ਵਾਰ ਪੜ੍ਹਨੇ ਨੂੰ ਅਭਿਆਸ ਕਹਿੰਦੇ ਹਨ।

੩. ਅਪੂਰਬਤਾ :- ਅਲੌਕਿਕਤਾਂ ਨੂੰ ਅਪੂਰਬਤਾ ਕਹਿੰਦੇ ਹਨ।

੪. ਫਲ :- ਮੋਖ ਦੀ ਪ੍ਰਾਪਤੀ ਨੂੰ ਫਲ ਆਖਦੇ ਹਨ।

੫. ਅਰਥ ਵਾਦ :- ਉਸਤਤੀ ਨੂੰ ਅਰਥ ਵਾਦ ਕਹਿੰਦੇ ਹਨ।

੬. ਉਪਪਤੀ :-ਅਨਕੂਲ ਦ੍ਰਿਸ਼ਟਾਂਤ ਨੂੰ ਉਪਪਤੀ ਆਖਦੇ ਹਨ।

ਸੰਤ ਉਸ ਪ੍ਰਭੂ ਨੂੰ ਸਾਰੇ ਪਰੀਪੂਰਨ ਜਾਣ ਕੇ ਸਿਮਰਨਾ ਕਰਦੇ ਹਨ।

ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ॥

ਉਸ ਪ੍ਰਭੂ ਨੂੰ ਦੇਖਦੇ ਹਨ, ਉਸ ਦਾ ਹੀ ਸੁਣਨਾ ਤੇ ਸੁਣਾਉਦਾ ਕਰਦੇ ਹਨ,
ਅਤੇ ਉਸ ਸੱਚੇ ਪ੍ਰਭੂ ਨੂੰ ਹੀ ਮਨ ਵਿਚ ਦ੍ਰਿੜ੍ਹ ਕਰਦੇ ਹਨ।

ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ॥ ੨॥

ਉਹ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ, ਇਸ ਤਰ੍ਹਾਂ ਨਿਸਚੇ ਕਰਕੇ ਹਰੀ ਦੇ ਪ੍ਰੇਮ ਵਿਚ ਰਚੇ ਰਹਿੰਦੇ ਹਨ॥ ੨॥

ਪਉੜੀ॥ ਹਰਿ ਏਕੁ ਨਿਰਜੰਨੁ ਗਾਈਐ ਸਭ ਅੰਤਰਿ ਸੋਈ॥

ਹੇ ਭਾਈ ! ਇੱਕ ਨਿਰੰਜਨ ਨੂੰ ਗਾਵਣਾ ਕਰੀਏ, ਉਹ ਸਾਰਿਆਂ ਦੇ ਅੰਦਰ ਵਿਆਪਕ ਹੈ।

ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥

ਉਹ ਪ੍ਰਭੂ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਜੋ ਕਰਦਾ ਹੈ ਓਹੀ ਹੁੰਦਾ ਹੈ।

ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥

ਇੱਕ ਛਿਨ ਵਿਚ ਹੀ ਬਣਾਉਂਦਾ ਤੇ ਢਾਹੁੰਦਾ ਹੈ, ਉਸ ਤੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ।

ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥

ਖੰਡਾਂ, ਬ੍ਰਹਿਮੰਡਾਂ, ਪਤਾਲਾਂ, ਦੀਪਾਂ ਅਤੇ ਸਾਰਿਆਂ ਲੋਕਾਂ ਵਿਚ ਪੂਰਨ ਹੋ ਰਿਹਾ ਹੈ।

ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥ ੧॥

ਜਿਸਨੂੰ ਆਪ ਬੁਝਾਏ=ਸਮਝਾਉਂਦਾ ਹੈ ਓਹੀ ਬੁਝਸੀ=ਸਮਝਦਾ ਹੈ, ਅਤੇ ਓਹੀ ਨਿਰਮਲ=ਪਵਿੱਤ੍ਰ ਪੁਰਸ਼ ਹੈ॥ ੧॥

ਸਲੋਕ॥ ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ॥

੧. ਮਾਂ ਦੇ ਗਰਭ ਵਿਚ ਬੀਰਜ ਅਸਥਾਪਨ ਕਰਕੇ ਜੀਵ ਦੀ ਰਚਨਾ ਰਚਦਾ ਹੈ।

੨. ਉਹ ਪ੍ਰਭੂ ਜੀਵ ਦੇ ਸਰੀਰ ਦੀ ਰਚਨਾ ਰਚਦਾ ਹੈ, ਫੇਰ ਮਾਂ ਦੇ ਗਰਭ ਵਿਚ ਟਿਕਾਉਂਦਾ ਹੈ।

ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ॥ ੧॥

ਗੁਰੂ ਜੀ ਕਥਨ ਕਰਦੇ ਹਨ, ਸ੍ਵਾਸ ਸ੍ਵਾਸ ਜਿਸ ਪ੍ਰਭੂ ਦੇ ਸਿਮਰਨ ਕਰਨ ਕਰਕੇ ਮਾਂ ਦੇ ਗਰਭ ਦੀ ਬੜੀ ਜਠਰ ਅਗਨੀ ਇਸਨੂੰ ਨਾਸ ਨਹੀਂ ਕਰਦੀ॥ ੧॥

ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥

ਹੇ ਪੁਰਸ਼ਾ ! ਮਾਂ ਦੇ ਗਰਭ ਵਿਚ ਮੂੰਹ ਤੇਰਾ ਹੇਠਾਂ ਸੀ, ਪੈਰ ਉੱਪਰ ਸਨ, ਅਤੇ ਕੁਹਥੜੈ=ਕੋਥਰੀ

ਭਾਵ ਗੰਦੀ ਜਗ੍ਹਾ ਵਿਚ ਵਸ ਰਿਹਾ ਸੀ।

ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ॥ ੨॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਨਾਮ ਨੂੰ ਜਪ ਕੇ ਓਥੋਂ ਉਧਰਿਆ ਹੈਂ,
ਉਸ ਮਾਲਕ ਨੂੰ ਤੂੰ ਕਿਉਂ ਭੁਲਾ ਦਿੱਤਾ ਹੈ॥ ੨॥

ਪਉੜੀ॥ ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥

ਮਾਂ ਦੇ ਉਦਰ ਮਝਾਰਿ=ਪੇਟ ਵਿਚ ਜੋ ਜਠਰ ਅਗਨੀ ਹੈ ਉਸ ਵਿਚ ਮਾਂ ਦੀ ਰਕਤ ਤੇ ਪਿਤਾ ਦੇ ਬੀਰਜ ਦੀ ਬੂੰਦ ਤੋਂ ਤੈਨੂੰ ਨਿੰਮਿਆਂ ਹੈ, ਭਾਵ ਤੇਰੇ ਸਰੀਰ ਦੀ ਬਣਾਵਟ ਨੂੰ ਸ਼ੁਰੂ ਕੀਤਾ ਹੈ।

ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ॥

ਕੁਚੀਲ=ਅਪਵਿੱਤ੍ਰ ਬਿਕਲੁ=ਡਰਾਉਣੇ ਘੋਰ ਗੁਬਾਰਿ=ਬੜੇ ਗਾੜ੍ਹੇ ਅਨ੍ਹੇਰੇ ਵਾਲੇ ਨਰਕ ਵਿਚ ਭਾਵ ਮਾਂ ਦੇ ਉਦਰ ਵਿਚ ਤੇਰਾ ਮੂੰਹ ਉਰਧ=ਉਲਟਾ ਭਾਵ ਹੇਠਾਂ ਸੀ।

ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ॥

ਹਰੀ ਦੇ ਸਿਮਰਨ ਕਰਕੇ ਤੂੰ ਮਾਂ ਦੀ ਅੱਗ ਵਿਚ ਸੜਿਆ ਨਹੀਂ ਹੈਂ,
ਇਸ ਲਈ-ਹੁਣ ਭੀ ਉਸਨੂੰ ਮਨ ਤਨ ਦੇ ਉਰ=ਵਿਚ ਧਾਰੀ ਰੱਖ।

ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ॥

ਜਿਸ ਪ੍ਰਭੂ ਨੇ ਤੈਨੂੰ ਬੜੇ ਕਠਨ ਅਸਥਾਨ ਤੋਂ ਬਚਾਈ ਰੱਖਿਆ ਹੈ, ਉਸਨੂੰ ਇੱਕ ਤਿਲ ਮਾਤ੍ਰ ਸਮਾਂ ਭੀ ਭੁਲਾਉਣਾ ਨਾ ਕਰ।

ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ॥ ੨॥

ਪ੍ਰਭੂ ਨੂੰ ਭੁਲਾਉਣ ਕਰਕੇ ਕਦੇ ਸੁਖ ਨਹੀਂ ਪਾਏਂਗਾ, ਅਤੇ ਮਨੁੱਖਾ ਜਨਮ ਨੂੰ ਹਾਰ ਕੇ ਜਾਵੇਂਗਾ॥ ੨॥

ਸਲੋਕ॥ ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ॥

ਹੇ ਪੁਰਸ਼ਾ ! ਜੋ ਮਨ=ਸ਼ਰੋਮਣੀ ਪਰਮਾਤਮਾ ਆਪਣੀ ਇੱਛਾ ਅਨੁਸਾਰ ਦਾਨ ਦੇਣਾ ਕਰਣੰ=ਕਰਦਾ ਹੈ, ਤੇ ਸਭ ਦੀਆਂ ਆਸਾ ਪੂਰਨ ਕਰਦਾ ਹੈ।

ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ॥ ੧॥

੧. ਜੋ ਕਲਪਣਾਂ ਤੇ ਕਲੇਸ਼ਾਂ ਦੇ ਖੰਡਣੰ=ਨਾਸ ਕਰਨ ਵਾਲਾ ਹੈ, ਉਸ ਪ੍ਰਭੂ ਨੂੰ ਸਿਮਰਨਾ ਕਰ ਉਹ ਤੈਥੋਂ ਦੂਰ ਨਹੀਂ ਹੈ।

੨. ਹੇ ਪੁਰਸ਼ਾ ! ਤੂੰ ਆਪਣੇ ਮਨ ਦੀ ਇੱਛਾ ਅਨੁਸਾਰ ਦਾਨ ਕਰਦਾ ਹੈਂ ਤੇ ਪਦਾਰਥ ਦੇ ਕੇ ਸਭ ਦੀਆਂ ਆਸਾਂ ਪੂਰਨ ਕਰਦਾ ਹੈਂ। ਸਿੱਧੀ ਦੇ ਬਲ ਨਾਲ ਕਈਆਂ ਦੇ ਕਲਪਨਾਂ ਅਤੇ ਕਲੇਸਾਂ ਨੂੰ

ਨਾਸ ਕਰਦਾ ਹੈਂ, ਇਸ ਤਰ੍ਹਾਂ ਦੇ ਤੇਰੇ ਕਰਮ ਕੀਤੇ ਹੋਏ ਤਾਂ ਸਫਲ ਹਨ ਜੇ ਤੂੰ ਪ੍ਰਭੂ ਦਾ ਸਿਮਰਨ ਕਰੇਂ, ਉਹ ਤੇਰੇ ਤੋਂ ਦੂਰ ਨਹੀਂ ਹੈ॥ ੧॥

ਹਭਿ ਰੰਗ ਮਾਣਹਿ ਜਿਸੁ ਸੰਗਿ ਤੈ ਸਿਉ ਲਾਈਐ ਨੇਹੁ॥

ਹੇ ਪੁਰਸ਼ਾ ! ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਹਭਿ ਰੰਗ ਮਾਣਹਿ=ਸਾਰੇ ਅਨੰਦਾਂ ਨੂੰ ਭੋਗਦਾ ਹੈਂ, ਤੈਨੂੰ ਉਸ ਦੇ ਨਾਲ ਨੇਹੁ=ਪ੍ਰੇਮ ਲਗਾਉਣਾ ਚਾਹੀਦਾ ਹੈ।

ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ ਦੇਹੁ॥ ੨॥

ਗੁਰੂ ਜੀ ਕਥਨ ਕਰਦੇ ਹਨ, ਉਸ ਪਤੀ (ਪਰਮਾਤਮਾ) ਨੂੰ ਇੱਕ ਬਿੰਦ ਮਾਤ੍ਰ ਭੀ ਨਾ ਭੁਲਾਓ, ਜਿਸ ਨੇ ਤੇਰਾ ਸੁੰਦਰ ਸਰੀਰ ਰਚਿਆ ਹੈ॥ ੨॥

ਪਉੜੀ॥ ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ॥

ਹੇ ਪੁਰਸ਼ਾ ! ਜਿਸ ਪਰਮੇਸ਼ਰ ਨੇ ਤੈਨੂੰ ਜੀਉ=ਜਿੰਦਗੀ, ਪ੍ਰਾਣ, ਸਰੀਰ ਤੇ ਧਨ ਦਿੱਤਾ ਹੈ, ਅਤੇ ਰਸਾਂ ਦਾ ਭੋਗਣਾ ਦਿੱਤਾ ਹੈ।

ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ॥

ਘਰ, ਮੰਦਰ, ਰਥ=ਗੱਡੀਆਂ ਤੇ ਅਸੁ=ਘੋੜੇ ਦਿੱਤੇ ਹਨ, ਅਤੇ ਚੰਗੇ ਸਬੰਧ ਬਣਾ ਦਿੱਤੇ ਹਨ।

ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ॥

ਉਸ ਦੇਵਨ ਜੋਗ ਪਭੂ ਨੇ ਹੀ ਸੁਤ=ਪੁੱਤਰ, ਬਨਿਤਾ=ਇਸਤ੍ਰੀ, ਸੱਜਣ ਤੇ ਸੇਵਕ ਦਿੱਤੇ ਹਨ।

ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ॥

ਉਸ ਹਰੀ ਦਾ ਸਿਮਰਨ ਕਰਦਿਆਂ ਤਨ ਮਨ ਸ਼ੁਭ-ਗੁਣਾਂ ਨਾਲ ਹਰਿਆ ਹੁੰਦਾ ਹੈ, ਅਤੇ ਵਿਜੋਗ=ਦੁੱਖ ਯਾਂ ਵਿਛੋੜਾ ਦੂਰ ਹੋ ਜਾਂਦਾ ਹੈ।

ਸਾਧਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ॥ ੩॥

ਸਤਸੰਗਤ ਕਰਕੇ ਹਰੀ ਦੇ ਗੁਣ ਉਚਾਰਨਾ ਕਰੋ ਤਾਂ ਸਾਰੇ ਰੋਗ ਨਾਸ ਹੋ ਜਾਣਗੇ॥ ੩॥

ਸਲੋਕ॥ ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥

ਇਹ ਜੀਵ ਪਰਵਾਰ ਵਾਸਤੇ ਅਨੇਕਾਂ ਯਤਨ ਕਰਦਾ ਹੈ, ਅਤੇ ਮਾਇਆ ਦੀ ਪ੍ਰਾਪਤੀ ਲਈ ਅਨੇਕਾਂ ਉਦਮਹ=ਉਦਮ (ਹੀਲੇ) ਕਰਦਾ ਹੈ।

ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਹ॥ ੧॥

ਪਰ-ਹਰੀ ਦੀ ਭਾਵ=ਪ੍ਰੇਮਾ ਭਗਤੀ ਤੋਂ ਹੀਣੰ=ਰਹਿਤ ਹੈ, ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਪ੍ਰਭੂ ਭੁੱਲਾ ਹੋਇਆ ਹੈ ਉਹ ਪੁਰਸ਼ ਪ੍ਰੇਤ ਰੂਪ ਹਨ॥ ੧॥

ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ ॥

ਉਹ ਪ੍ਰੀਤੀ ਤੁਟੜੀਆ=ਟੁੱਟ ਜਾਣ ਵਾਲੀ ਹੈ, ਜੋ ਬਿਅੰਨ=ਦੂਜਿਆਂ ਨਾਲ ਲਗਾਈ ਹੈ।

ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਏਹੋ ਸੱਚੀ ਰੀਤੀ ਹੈ, ਜਿਹੜਾ ਸਾਂਈ=ਪਰਮਾਤਮਾ ਨਾਲ ਤਦਾਕਾਰ ਰਹਿਣਾ ਹੈ॥ ੨ ॥

ਪਉੜੀ ॥ ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ ॥

ਜਿਸ ਪਰਮੇਸ਼ਰ ਦੇ ਵਿੱਛੜਨੇ ਕਰਕੇ ਯਾਂ ਭੁਲਣ ਕਰਕੇ ਸਰੀਰ ਸ੍ਵਾਹ ਹੋ ਜਾਂਦਾ ਹੈ, ਅਤੇ ਸਾਰੇ ਪੁਰਸ਼ ਇਸਨੂੰ ਪ੍ਰੇਤ ਪ੍ਰੇਤ ਆਖਣ ਲੱਗ ਪੈਂਦੇ ਹਨ।

ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ ॥

ਜਿਨ੍ਹਾਂ ਸੰਬੰਧੀਆਂ ਨਾਲ ਹੁਣ ਹੇਤ=ਪ੍ਰੇਮ ਹੈ, ਫਿਰ ਓਹੀ ਸਬੰਧੀ ਇੱਕ ਛਿਨ ਭਰ ਘਰ ਵਿਚ ਵਸਣ ਨਹੀਂ ਦੇਂਦੇ। ਯਥਾ :- ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰਿ॥ (ਪੰਨਾ ੫੩੬)

ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ ॥

ਜਿਸ ਦਰਬੁ=ਧਨ ਨੂੰ ਅਨਰਥ=ਪਾਪ ਕਰਮਾਂ ਨਾਲ ਸੰਚਿਆ=ਇਕੱਠਾ ਕੀਤਾ ਸੀ, ਉਹ ਧਨ ਅੰਤ ਨੂੰ ਕੇਤੁ=ਕਿਸ ਕੰਮ ਆਇਆ ਹੈ।

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥

ਇਹ ਸਰੀਰ ਕਰਮਾਂ ਦਾ ਖੇਤ ਹੈ, ਇਸ ਵਿਚ ਜੇਹੋ ਜੇਹਾ ਬੀਜ ਬੀਜਦਾ ਹੈ ਓਹੀ ਲੁਣੈ=ਕੱਟਦਾ ਹੈ।

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥ ੪ ॥

ਜਿਨ੍ਹਾਂ ਅਕਿਰਤਘਣਾਂ ਨੂੰ ਹਰੀ ਭੁੱਲ ਗਿਆ ਹੈ, ਓਹੀ ਜੂਨੀਆਂ ਵਿਚ ਭਰਮੇਤੁ=ਭਰਮਦੇ ਹਨ॥ ੪ ॥

ਸਲੋਕ ॥ ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ ॥

ਜਿਸ ਨੇ ਨਾਮ ਜਪਿਆ ਹੈ, ਉਸ ਨੇ ਕ੍ਰੋੜਾਂ ਦਾਨ ਤੇ ਤੀਰਥਾਂ ਦੇ ਇਸ਼ਨਾਨ ਅਤੇ ਅਨੇਕਾਂ ਗ੍ਰੰਥਾਂ ਦਾ ਸੋਧਨ=ਵਿਚਾਰਨਾ ਤੇ ਪਵਿੱਤ੍ਰਤਾ ਆਦਿਕ ਸਭ ਸਾਧਨ ਕਰ ਲਏ ਹਨ।

ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਰਸਨਾਂ ਨਾਲ ਹਰਿ ਹਰਿ ਨਾਮ ਨੂੰ ਉਚਾਰਿਆ ਹੈ,
ਉਸ ਦੇ ਸਾਰੇ ਪਾਪ ਬਿਮੁਚਤੇ=ਕੱਟੇ ਗਏ ਹਨ॥ ੧ ॥

ਈਧਣੁ ਕੀਤੋ ਮੂਘਣਾ ਭੋਰੀ ਦਿਤੀਮੁ ਭਾਹਿ ॥

ਜਿਵੇਂ ਮੂਘਣਾ=ਮਣਾਂ ਮੂਹੀ ਈਧਣੁ=ਲੱਕੜਾਂ ਦਾ ਢੇਰ ਇਕੱਠਾ ਕੀਤਾ ਜਾਵੇ, ਤੇ ਉਸ ਦੇ ਵਿਚਾਲੇ

ਭੋਰੀ=ਰੰਚਕ ਭਰ ਭਾਹਿ=ਅੱਗ ਰੱਖ ਦਿਤੀਮੁ=ਦਿੱਤੀ ਜਾਵੇ, ਤਾਂ ਉਹ ਸਭ ਸੜ ਕੇ ਸ੍ਵਾਹ ਹੋ ਜਾਂਦੀਆਂ ਹਨ।

(ਪੰਨਾ ੭੦੭)

ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥ ੨॥

ਗੁਰੂ ਜੀ ਕਥਨ ਕਰਦੇ ਹਨ, ਇਸੇ ਤਰ੍ਹਾਂ ਮਨ ਵਿਚ ਸੱਚੇ ਪਤੀ (ਪਰਮਾਤਮਾ) ਦਾ ਨਾਮ ਵਸਣ ਕਰਕੇ ਹਭੇ ਡੁਖੜੇ=ਸਾਰੇ ਦੁੱਖ ਉਲਾਹਿ=ਦੂਰ ਹੋ ਜਾਂਦੇ ਹਨ॥ ੨॥

ਪਉੜੀ॥ ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ॥

ਹੇ ਭਾਈ ! ਇੱਕ ਹਰੀ ਨਾਮ ਦੇ ਸਿਰਮਨ ਕਰਨ ਨਾਲ ਸਭ ਤਰ੍ਹਾਂ ਦੇ ਕ੍ਰੋੜਾਂ ਪਾਪ ਨਾਸ ਹੋਹਿ=ਹੋ ਜਾਂਦੇ ਹਨ।

ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ॥

ਹਰੀ ਦੇ ਗੁਣ ਗਾਉਣ ਕਰਕੇ ਮਨ ਇੱਛਤ ਫਲ ਪਾ ਲਈਦੇ ਹਨ।

ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ॥

ਨਿਸਚਲ ਸੱਚੇ ਥਾਂ (ਸਰੂਪ) ਦੀ ਪ੍ਰਾਪਤੀ ਹੋਣ ਕਰਕੇ ਜਨਮ ਮਰਣ ਦੇ ਡਰ ਕਟੀਅਹਿ=ਕੱਟੇ ਜਾਂਦੇ ਹਨ।

ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ॥

ਜੇ ਕੋਈ ਪੂਰਬਿ=ਪਿਛਲੇ ਜਨਮ ਦਾ ਸ੍ਰੇਸ਼ਟ ਲੇਖ ਲਿਖਿਆ ਹੋਵੇ, ਤਾਂ ਚਰਣ=ਪੂਜਨੀਕ, ਯਾਂ-ਵੇਦਾਂ ਕਰਕੇ ਪ੍ਰਤਿਪਾਦਜ ਹਰੀ ਵਿਚ ਸਮਾਂਵਦਾ ਹੈ।

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ॥ ੫॥

ਗੁਰੂ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਬੇਨਤੀ ਕਰੋ-ਹੇ ਪ੍ਰਭੂ ! ਕਿਰਪਾ ਕਰਕੇ ਮੈਨੂੰ ਰੱਖ ਲੈਣਾ ਕਰੋ, ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੫॥

ਸਲੋਕ॥ ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ॥

ਜੋ ਪੁਰਸ਼ ਘਰ ਦੀ ਅਪਾਰ ਰਚਨਾ ਵਿਚ ਲੱਗ ਕੇ, ਮਨ ਦੇ ਬਿਲਾਸ ਕਰਕੇ ਵਿਸ਼ੇ ਰਸਾਂ ਦੇ ਸੁਆਦਾਂ ਨੂੰ ਲੈਂਦੇ ਹਨ। ਅਤੇ-

ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ॥ ੧॥

ਗੁਰੂ ਜੀ ਕਥਨ ਕਰਦੇ ਹਨ, ਕਦਾਂਚ=ਕਦੇ ਭੀ ਵਾਹਿਗੁਰੂ ਦਾ ਸਿਮਰਨ ਨਹੀਂ ਕਰਦੇ ਉਹ ਜੀਵ ਬਿਸਟਾ=ਗੂੰਹ ਦੇ ਕ੍ਰਿਮਹ=ਕੀੜੇ ਹੁੰਦੇ ਹਨ॥ ੧॥

ਮੁਚੁ ਅਡੰਬਰੁ ਹਭੁ ਕਿਹੁ ਮੰਝਿ ਮੁਹਬਤਿ ਨੇਹ॥

੧. ਮੁਚੁ=ਬਹੁਤੇ ਹਾਰ ਸ਼ਿੰਗਾਰ ਆਦਿਕ ਅਡੰਬਰੁ=ਬਣਾ ਬਣਾਉਣਾ ਕਰਦਾ ਹੈ, ਅਤੇ ਹੋਰ ਭੀ ਹਭੁ ਕਿਹੁ=ਸਭ ਕੁਝ ਪਦਾਰਥ ਕੋਲ ਹਨ, ਪਰ ਜੇਕਰ ਹਿਰਦੇ ਮੰਝਿ=ਵਿਚ ਵਾਹਿਗੁਰੂ ਦੀ ਪ੍ਰੀਤੀ ਨੇਹ=ਨਹੀਂ ਹੈ ਤਾਂ ਸਭ ਕੁਝ ਨਿਸਫਲ ਹੈ।

੨. ਅਸਾਡੇ ਹਿਰਦੇ ਵਿਚ ਜੋ ਵਾਹਿਗੁਰੂ ਦੀ ਮੁਹੱਬਤ ਹੈ ਇਹੋ ਮੁਚੁ=ਬਹੁਤੇ ਬਣਾ ਬਣਾਉਣੇ ਹਨ, ਅਤੇ ਜੋ ਵਾਹਿਗੁਰੂ ਦਾ ਨੇਹ=ਪ੍ਰੇਮ ਹੈ ਏਹੋ ਹਭੁ ਕਿਹੁ=ਸਭ ਕੁਝ ਪਦਾਰਥ ਹੈ।

ਸੋ ਸਾਂਈ ਜੈਂ ਵਿਸਰੈ ਨਾਨਕ ਸੋ ਤਨੁ ਖੇਹ॥ ੨॥

ਗੁਰੂ ਜੀ ਕਥਨ ਕਰਦੇ ਹਨ, ਉਹ ਮਾਲਕ (ਵਾਹਿਗੁਰੂ) ਜੈਂ=ਜਿਸਨੂੰ ਭੁੱਲ ਗਿਆ ਹੈ, ਉਹ ਸੁੰਦਰ ਸਰੀਰ ਖੇਹ ਸਮਾਨ ਹੈ॥ ੨॥

ਪਉੜੀ॥ ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥

ਜਿਸ ਪ੍ਰਭੂ ਦੀ ਕਿਰਪਾ ਨਾਲ ਸੁੰਦਰ ਸੇਜਾ ਉੱਪਰ ਅਨੇਕ ਤਰ੍ਹਾਂ ਦੇ ਸੁਖ ਭੋਗਦਾ ਹੈ, ਅਤੇ ਪੂਰੇ ਰਸ ਭੋਗਣ ਨੂੰ ਮਿਲੇ ਹੋਏ ਹਨ।

ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥

ਸੋਇਨ=ਸੋਨੇ ਦੇ, ਵਾ:-ਸੋਭਨੀਕ ਘਰ ਵਿਚ ਮੋਤੀ ਹੀਰੇ ਲਗਾ ਕੇ ਭਾਵ ਜੜਤਕਾਰੀ ਕਰਕੇ ਚੰਦਨ ਆਦਿਕ ਸੁਗੰਧੀਆਂ ਛਿਣਕਾ ਕੇ ਅਰਾਮ ਕਰਦਾ ਹੈ।

ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥

ਮਨ ਇਛੇ=ਮਨ ਭਾਉਂਦੇ ਸੁਖ ਭੋਗਦਾ ਹੈ, ਅਤੇ ਕੁਝ ਵੀ ਵਿਸੂਰੇ=ਝੋਰਾ ਨਹੀਂ ਹੈ।

ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥

ਇਤਨੇ ਪਦਾਰਥ ਪਾ ਕੇ ਭੀ ਜੇ ਉਹ ਮਾਲਕ ਵਾਹਿਗੁਰੂ ਚੇਤੇ ਆਉਂਦਾ ਨਹੀਂ ਹੈ,
ਤਾਂ ਗੂੰਹ ਦੇ ਕੀੜੇ ਵਾਂਗ ਹੈ।

ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥ ੬॥

ਹਰੀ ਨਾਮ ਜਪੇ ਤੋਂ ਬਿਨਾਂ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਤਾਂ ਮਨ ਨੂੰ ਕਿਹੜੀ ਬਿਧੀ ਕਰਕੇ ਧੀਰਜ ਹੋਵੇਗਾ॥ ੬॥

ਸਲੋਕ॥ ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ॥

ਜੋ ਪੁਰਸ਼ ਵਾਹਿਗੁਰੂ ਦੇ ਚਰਨ ਕਮਲਾਂ ਦਾ ਬਿਰਹੰ=ਪ੍ਰੇਮੀ ਹੈ, ਉਹ ਸੰਸਾਰ ਤੋਂ ਵੈਰਾਗੀ ਹੋ ਕੇ ਪ੍ਰਭੂ ਨੂੰ ਦਸੋ ਦਿਸ਼ਾਂ ਵਿਚ ਢੂੰਢਦਾ ਫਿਰਦਾ ਹੈ।

ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ ॥ ੧ ॥

ਉਸ ਨੇ ਛਲ ਰੂਪ ਮਾਇਆ ਨੂੰ ਤਿਆਗੰਤ=ਛੱਡ ਦਿੱਤਾ ਹੈ, ਗੁਰੂ ਜੀ ਕਥਨ ਕਰਦੇ ਹਨ, ਉਹ ਸੰਤ ਸਮਾਗਮ ਨਾਲ ਮਿਲਕੇ ਅਨੰਦ ਰੂਪ ਹੋ ਗਿਆ ਹੈ।

ਵਾ:-ਉਹ ਅਨੰਦ ਰੂਪ ਸਾਧ ਸੰਗਤ ਨਾਲ ਮਿਲ ਗਿਆ ਹੈ॥ ੧ ॥

ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ ॥

ਪਹਿਲਾ ਅਰਥ—

ਜਿਸ ਦੇ ਮਨ ਵਿਚ ਸਾਈਂ (ਪਰਮਾਤਮਾ) ਦਾ ਨਾਮ ਹੈ, ਮੂੰਹ ਵਿਚੋਂ ਵੀ ਨਾਮ ਉਚਰਾ=ਉਚਾਰਦਾ ਹੈ, ਅਤੇ ਹਭੇ=ਸਾਰਿਆਂ ਲੋਅ=ਲੋਕਾਂ ਨੂੰ ਭੀ ਨਾਮ ਸੁਣਾਉਂਦਾ ਵਤਾ=ਫਿਰਦਾ ਹੈ।

ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ ॥ ੨ ॥

ਤੇ ਦੁਨੀਆਂ ਦੇ ਸਾਰੇ ਅਡੰਬਰ=ਬਣਾਉ ਨੂੰ ਝੂਠਾ ਨਿਸਚੇ ਕੀਤਾ ਹੈ,
ਗੁਰੂ ਜੀ ਕਥਨ ਕਰਦੇ ਹਨ, ਮੈਂ ਉਸ ਦੀ ਸੱਚੀ ਸੋਇ=ਸੋਭਾ
ਵਾ:-ਕੰਨ-ਸੋ ਨੂੰ ਸੁਣ ਕੇ ਜੀਉਂਦਾ ਹਾਂ॥ ੨ ॥

ਦੂਜਾ ਅਰਥ—

ਚਾਹੇ ਇਤਨੀ ਸ਼ਕਤੀ ਭੀ ਹੋ ਜਾਵੇ ਜੋ ਗੱਲ ਮਨ ਵਿਚ ਹੋਵੇ ਸਾਂਈ=ਉਹ ਗੱਲ ਮੂੰਹੋਂ ਉਚਾਰਕੇ ਪੂਰੀ ਕਰ ਲਵੇ, ਅਤੇ ਸਿੱਧੀ ਦੇ ਬਲ ਕਰਕੇ ਸਾਰਿਆਂ ਲੋਕਾਂ ਵਿਚ ਵਤਾ=ਫਿਰ ਲਵੇ। ਪਰ—

ਗੁਰੂ ਜੀ ਕਥਨ ਕਰਦੇ ਹਨ, ਇਹ ਸਾਰੇ ਅਡੰਬਰ=ਠਾਠ-ਬਾਠ ਝੂਠੇ ਹਨ,
ਮੈਂ ਤਾਂ ਉਸ ਪਰਮਾਤਮਾ ਦੀ ਸੱਚੀ ਸੋਭਾ ਸੁਣ ਕੇ ਜੀਉਂਦਾ ਹਾਂ॥ ੨ ॥

ਉਥਾਨਕਾ:-ਇੱਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਸਾਹਿਬ ਜੀ ਦੇ ਦਰਸ਼ਨ ਕਰਨ ਵਾਸਤੇ ਤਰਨ ਤਾਰਨ ਤੋਂ ਤੁਰੇ ਤਾਂ ਰਾਹ ਵਿਚ ਬੜਾ ਭਿਆਨਕ ਝੱਖੜ ਚਲ ਪਿਆ ਕੋਲ ਇਕ ਪਠਾਣਾਂ ਦਾ ਪਿੰਡ ਸੀ। ਗੁਰੂ ਜੀ ਨੇ ਬਿਸਰਾਮ ਕਰਨ ਵਾਸਤੇ ਸਿੱਖਾਂ ਨੂੰ ਭੇਜਕੇ ਪੁੱਛ ਭੇਜਿਆ ਕਿ ਰਹਿਣ ਵਾਸਤੇ ਜਗ੍ਹਾ ਹੋਵੇ ਤਾਂ ਅਸੀਂ ਇੱਥੇ ਕੁਝ ਸਮਾਂ ਠਹਿਰ ਜਾਈਏ। ਗੁਰੂ ਜੀ ਦੇ ਹੁਕਮ ਨਾਲ ਜਦ ਸਿੱਖਾਂ ਨੇ ਆ ਕੇ ਪਠਾਣਾਂ ਤੋਂ ਪੁੱਛਿਆ ਤਾਂ ਉਹ ਸ਼ਰਾਬਾਂ ਵਿਚ ਮਸਤ ਹੋ ਕੇ ਵੇਸ਼ਵਾ ਤੋਂ ਮੁਜ਼ਰਾ ਕਰਵਾ ਰਹੇ ਸਨ, ਸ਼ਰਾਬ ਦੀ ਮਸਤੀ ਵਿਚ ਮਸਤ ਹੋਇਆਂ ਨੇ ਆਖਿਆ, ''ਇੱਥੇ ਗੁਰੂ ਜੀ ਦੇ ਠਹਿਰਨ ਲਈ ਕੋਈ ਜਗ੍ਹਾ ਨਹੀਂ ਹੈ।'' ਸਿੱਖਾਂ ਨੇ ਉਸੇ ਤਰ੍ਹਾਂ ਆ ਕੇ ਸੁਣਾ ਦਿੱਤਾ ਕਿ ਇਥੋਂ ਦੇ ਵਸਨੀਕ ਮੁਸਲਮਾਨ ਖਾਨ ਆਖਦੇ ਹਨ, ''ਗੁਰੂ ਜੀ ਦੇ ਬਿਸ੍ਰਾਮ ਲਈ ਕੋਈ ਜਗ੍ਹਾ ਨਹੀਂ।''

ਇਹ ਗੱਲ ਸੁਣ ਕੇ ਗੁਰੂ ਜੀ ਅੱਗੇ ਚਲ ਪਏ ਤੇ ਇੱਕ ਟੁੱਟੀ ਹੋਈ ਛੰਨ ਵੇਖਕੇ ਠਹਿਰ ਗਏ ਜਿਸ ਵਿਚ ਭਾਈ ''ਹੇਮਾ'' ਭਗਤ* ਗੁਰੂ ਜੀ ਨੂੰ ਅਰਾਧ ਰਿਹਾ ਸੀ।

---

*ਇਹ ਭਾਈ ਹੇਮੇ ਦਾ ਪ੍ਰਸੰਗ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ, ਰਾਸਿ ੭, ਅੰਸੂ ੧੪ ਵਿਚ ਕਥਨ ਕੀਤਾ ਹੈ।

ਇਸ ਦਾ ਵਿਹਾਰ ਇਸ ਤਰ੍ਹਾਂ ਦਾ ਸੀ ਜਦ ਵਾਢੀਆਂ ਹੋ ਚੁੱਕਦੀਆਂ ਸਨ ਤਾਂ ਖੇਤਾਂ ਵਿਚ ਜਾ ਕੇ ਕੁਝ ਰਹੇ ਹੋਏ ਦਾਣੇ ਚੁਗ ਕੇ ਇਕੱਠੇ ਕਰ ਰੱਖਦਾ ਸੀ ਤੇ ਆਪਣੀ ਹੱਥੀਂ ਚੱਕੀ ਵਿਚ ਪੀਹ ਕੇ ਰੋਜ ਦੇ ਤਿੰਨ ਫੁਲਕੇ ਪਕਾਉਂਦਾ, ਇੱਕ ਫੁਲਕਾ ਆਪ ਖਾਂਦਾ, ਦੋ ਫੁਲਕੇ ਆਏ ਗਏ ਅਭਿਆਗਤਾਂ ਵਾਸਤੇ ਰੱਖ ਛੱਡਦਾ ਸੀ ਜਿਸ ਦਿਨ ਕੋਈ ਨਾ ਆਵੇ ਤਾਂ ਰਾਤ ਨੂੰ ਆਪ ਖਾ ਲੈਂਦਾ ਸੀ। ਜਿਸ ਵੇਲੇ ਗੁਰੂ ਜੀ ਇਸ ਦੀ ਝੌਂਪੜੀ ਪਾਸ ਆ ਕੇ ਖੜ੍ਹੇ ਹੋਏ ਤਾਂ ਦਰਸ਼ਨ ਕਰਕੇ ਗਦ-ਗਦ ਹੋ ਗਿਆ ਜਿਹੜੀ ਟੁੱਟੀ ਹੋਈ ਮੰਜੀ ਅੰਦਰ ਪਈ ਸੀ ਓਸੇ ਉੱਪਰ ਬਿਠਾਕੇ ਮੱਥਾ ਟੇਕਿਆ ਤੇ ਦੋਵੇਂ ਪ੍ਰਸ਼ਾਦੇ ਅੱਗੇ ਰੱਖਕੇ ਬੇਨਤੀ ਕੀਤੀ, 'ਆਪ ਛਕੋ'। ਗੁਰੂ ਜੀ ਨੇ ਦੋਵੇਂ ਪ੍ਰਸ਼ਾਦੇ ਛਕ ਕੇ ਕਿਹਾ, ਤ੍ਰੇਹ ਲੱਗੀ ਹੈ. ਪਾਣੀ ਲਿਆ। ਭਾਈ ਹੇਮੇ ਨੇ ਕਿਹਾ, "ਇੱਥੇ ਤਾਂ ਪਾਣੀ ਨਹੀਂ ਹੈ, ਦੂਰ ਹੈ, ਹੁਕਮ ਕਰੋ ਲੈ ਆਉਂਦਾ ਹਾਂ।"

ਹਜ਼ੂਰ ਨੇ ਕਿਹਾ, "ਪਾਣੀ ਇੱਥੇ ਹੀ ਹੈ, ਚੱਲ ਤੈਨੂੰ ਵਿਖਾਈਏ।" ਨਾਲ ਲਿਜਾਕੇ ਸੁੱਕੇ ਛੱਪੜ ਵਿਚ ਇੱਕ ਅੱਠ ਨੁਕਰੀ ਢੀਮ ਪਈ ਸੀ, ਗੁਰੂ ਜੀ ਨੇ ਕਿਹਾ, "ਇਸ ਨੂੰ ਚੁੱਕ।" ਜਾਂ ਉਸ ਨੇ ਚੁੱਕੀ ਤਾਂ ਉਸੇ ਵੇਲੇ ਇੰਨਾ ਪਾਣੀ ਨਿਕਲਿਆ ਜੋ ਸਾਰਾ ਛੱਪੜ ਭਰ ਗਿਆ। ਉਸ ਵੇਲੇ ਗੁਰੂ ਜੀ ਨੇ ਵਰ ਦਿੱਤਾ ਇਹ ਪਾਣੀ ਸੁੱਕੇਗਾ ਨਹੀਂ ਇੱਥੇ ਅੱਠ ਗੁਣਾਂ ਬੜਾ ਭਾਰੀ ਖੂਹ ਹੋਵੇਗਾ ਅਤੇ ਜਿਹੜੀ ਮਾਈ ਇੱਥੇ ਆ ਕੇ ਇਸ਼ਨਾਨ ਕਰੇਗੀ ਉਸ ਨੂੰ ਅਠਰਾਹੇ ਦੀ ਬਿਮਾਰੀ ਨਹੀਂ ਰਹੇਗੀ।

੧. "ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ॥" (ਮਾਝ ਮਃ ੫, ਪੰਨਾ ੧੦੫)

੨. "ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ੧॥"

(ਸੂਹੀ ਮਹਲਾ ੫, ਪੰਨਾ ੭੪੫)

੩. ਤੀਜਾ ਸ਼ਬਦ ਪਉੜੀ ਦੇ ਰੂਪ ਵਿਚ ਜੈਤਸਰੀ ਦੀ ਵਾਰ ਵਿਚ ਉਚਾਰਿਆ।

ਪਉੜੀ॥ ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥

ਭਾਵੇਂ ਟੁੱਟੀ ਹੋਈ ਝੌਂਪੜੀ (ਕੱਖਾਂ ਦੀ ਕੁੱਲੀ) ਵਿਚ ਵਸਦਾ ਹੈ,
ਅਤੇ ਸਾਰੇ ਚੀਰ=ਕੱਪੜੇ ਭੀ ਛਿੰਨਾ=ਪਾਟੇ ਹੋਏ ਹਨ।

ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥

ਨਾ ਉੱਚੀ ਜਾਤੀ ਹੈ, ਨਾ ਹੀ ਪਤਿ=ਪੰਗਤੀ ਹੈ, ਨਾ ਹੀ ਕੋਈ ਆਦਰ ਦੇਂਦਾ ਹੈ, ਅਤੇ ਉਦਿਆਨ=ਉਜਾੜ ਵਿਚ ਭ੍ਰਮਿੰਨਾ=ਫਿਰਦਾ ਰਹਿੰਦਾ ਹੈ।

ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥

ਨਾ ਕੋਈ ਇਠ=ਪਿਆਰਾ ਮਿੱਤਰ ਹੈ, ਨਾ ਹੀ ਪਾਸ ਧਨ ਹੈ, ਸੁੰਦਰ ਰੂਪ ਤੋਂ ਭੀ ਰਹਿਤ ਹੈ, ਕੁਝ

ਸਾਕ ਸਬੰਧ ਭੀ ਨਹੀਂ ਹੈ, ਵਾ:-ਸਿੰਨਾ=ਸਨਿਗਧ ਸਾਕ ਭੀ ਨਹੀਂ ਹੈ।

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥

ਜੇਕਰ ਹਰੀ ਨਾਮ ਸਿਮਰਨ ਵਿਚ ਮਨ ਭਿੰਨਾ=ਭਿੱਜਾ ਹੋਇਆ ਹੈ ਤਾਂ ਉਹ ਸਾਰੀ ਸ੍ਰਿਸਟੀ ਦਾ ਰਾਜਾ ਹੈ।

ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥ ੭॥

ਉਸ ਦੀ ਚਰਨ ਧੂੜ ਲੈਣ ਕਰਕੇ ਮਨੁ=ਜੀਵ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ, ਅਤੇ ਉਹ ਪ੍ਰਭੂ ਵੀ ਇਸ ਉੱਤੇ ਪ੍ਰਸੰਨ ਹੁੰਦਾ ਹੈ॥ ੭॥

ਇਸ ਤਰ੍ਹਾਂ ਵਰ ਦੇ ਕੇ ਗੁਰੂ ਸਾਹਿਬ ਜੀ ਆਪ ਗੋਇੰਦਵਾਲ ਚਲੇ ਗਏ। ਪਿੱਛੋਂ ਮੁਸਲਮਾਨਾਂ ਦਾ ਖਾਨ ਪਿੰਡ ਉਜੜਨ ਲੱਗ ਗਿਆ ਤੇ ਛਾਪੜੀ ਪਿੰਡ ਵਸਣ ਲੱਗ ਪਿਆ।

ਹੁਣ ਦੇ ਸਮੇਂ ਵਿਚ ਖਾਨ ਛੋਟਾ ਪਿੰਡ ਹੈ, ਛਾਪੜੀ ਵੱਡਾ ਪਿੰਡ ਹੈ, ਕਈ ਸੱਜਣ ਖਾਨ ਛਾਪੜੀ ਇਕੱਠਾ ਹੀ ਨਾਂ ਆਖਦੇ ਹਨ।

ਤਪੇ ਦੇ ਕਹਿਣ ਨਾਲ ਜਦ ਖਹਿਰਿਆਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਜਾ ਉਠਾ ਕੇ ਗੁਰੂ ਜੀ ਨੂੰ ਬਾਹਰ ਛੱਡ ਆਏ ਸਨ ਤਾਂ ਗੁਰੂ ਜੀ ਨੇ ਏਥੇ ਹੀ ਜੰਗਲ ਵਿਚ ਮੰਗਲ ਕਰ ਦਿੱਤੇ ਸਨ*।

ਸਲੋਕ॥ ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ॥

ਇਹ ਜੀਵ ਸੁੰਦਰ ਰੂਪ ਧਾਰਕੇ ਰਾਜ ਰਸ ਲੈਂਦਾ ਹੋਇਆ ਅਨੇਕ ਤਰ੍ਹਾਂ ਦੀਆਂ ਲੀਲ੍ਹਾ ਕਰਦਾ ਹੈ, ਵਾ-ਸ਼ਬਦ, ਸਪਰਸ, ਰੂਪ, ਰਸ, ਗੰਧ ਆਦਿਕ ਵਿਸ਼ੇ ਰਸਾਂ ਵਿਚ ਫਸਿਆ ਹੋਇਆ ਅਨੇਕ ਤਰ੍ਹਾਂ ਦੀਆਂ ਰਾਜ ਲੀਲ੍ਹਾ ਕਰਦਾ ਹੈ, ਤੇ ਰਾਜ-ਤਖਤ ਉੱਪਰ ਆਸਨੰ=ਇਸਥਿਤ ਹੋ ਕੇ ਸਿਰ ਉੱਤੇ ਛੱਤ੍ਰ ਤੇ ਚੌਰ ਢੁਲਾਉਂਦਾ ਹੈ।

ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ॥ ੧॥

ਇਹ ਮੂਰਖ ਅੰਨ੍ਹਾ ਅਗਿਆਨੀ ਅਗਿਆਨਤਾ ਕਰਕੇ ਜਿਨ੍ਹਾਂ ਪਦਾਰਥਾਂ ਵਿਚ ਰਚ ਰਿਹਾ ਹੈ, ਇਹ ਮਇਆਵਕੀ ਪਦਾਰਥ ਸੁਪਨੇ ਤੇ ਮਨੋਰਾਜ ਵਾਂਗ ਮਿੱਥਿਆ ਹਨ।

---

*ਇਹ ਛਾਪੜੀ ਪਿੰਡ ਤਰਨ ਤਾਰਨ ਸਟੇਸ਼ਨ ਤੋਂ ੧੦ ਮੀਲ ਵਾਯਵੀ ਕੋਣ ਤੇ ਹੈ। ਇਸ ਨਾਲ ੧੪ ਘੁਮਾ ਜ਼ਮੀਨ ਹੈ ਇੱਥੇ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਹਨ। ਸਮੇਂ ਅਨੁਸਾਰ ਜਦ ਛੇਵੇਂ ਗੁਰੂ ਜੀ ਇਸ ਪਿੰਡ ਪੁੱਜੇ ਸਨ ਤਾਂ ਪੰਜਵੇਂ ਗੁਰੂ ਜੀ ਦਾ ਬਚਨ ਯਾਦ ਕਰ ਇੱਥੇ ਅੱਠ ਨੁਕਰਾ ਖੂਹ ਲਗਵਾਕੇ ਵਰ ਦਿੱਤਾ ਕਿ ਜੋ ਭੀ ਅਠਰਾਹੇ ਦੀ ਬਿਮਾਰੀ ਵਾਲੀ ਮਾਈ ਅੱਠ ਐਤਵਾਰ ਏਥੇ ਆ ਕੇ ਖੂਹ ਤੇ ਇਸ਼ਨਾਨ ਕਰੇਗੀ ਉਸ ਦੀ ਅਠਰਾਹੇ ਦੀ ਬੀਮਾਰੀ ਦੂਰ ਹੋ ਜਾਵੇਗੀ।

ਇਸ ਨੂੰ ਥਾਨਾ ਸਰਹਾਲੀ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਲੱਗਦਾ ਹੈ।

ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥

੧. ਜਿਵੇਂ ਸੁਪਨ ਅਵਸਥਾ ਵਿਚ ਕਿਸੀ ਨੇ ਸਾਰਿਆਂ ਅਨੰਦਾਂ ਨੂੰ ਭੋਗਿਆ ਹੈ, ਤਿਵੇਂ ਜੀਵ ਨੂੰ ਮਾਇਆ ਦਾ ਮੋਹ ਮਿੱਠਾ ਲੱਗ ਰਿਹਾ ਹੈ।

੨. ਸੰਸਾਰ ਸੁਪਨੇ ਵਿਚ ਇਸ ਜੀਵ ਨੇ ਸਾਰਿਆਂ ਵਿਸ਼ਿਆਂ ਦੇ ਅਨੰਦਾਂ ਨੂੰ ਭੋਗਿਆ ਹੈ, ਤੇ ਮਾਇਆ ਦਾ ਮੋਹ ਮਿੱਠਾ ਲੱਗ ਰਿਹਾ ਹੈ।

ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਸੋਹਣੀ ਮਾਇਆ ਨੇ ਨਾਮ ਤੋਂ ਹੀਣਿਆਂ ਨੂੰ ਧ੍ਰੋਹ=ਛਲ ਲਿਆ ਹੈ॥ ੨ ॥

ਪਉੜੀ ॥ ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥

ਇਸ ਮੂਰਖ ਜੀਵ ਨੇ ਸੁਪਨੇ ਵਰਗੇ ਮਿੱਥਿਆ ਪਦਾਰਥਾਂ ਨਾਲ ਆਪਣਾ ਚਿੱਤ ਲਗਾਇਆ ਹੋਇਆ ਹੈ।

ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥

ਪ੍ਰਮੇਸ਼ਰ ਤੋਂ ਭੁੱਲਕੇ ਰਾਜ ਆਦਿਕ ਭੋਗਾਂ ਦੇ ਰਸ ਵਿਚ ਜਾਗਦਾ ਹੋਇਆ ਤ੍ਰਿਸ਼ਨਾ ਦੀ ਅੱਗ ਵਿਚ ਭਖਲਾਇਆ=ਤਪਦਾ ਹੈ।

ਆਰਜਾ ਗਈ ਵਿਹਾਇ ਧੰਧੈ ਧਾਇਆ ॥

ਧੰਦਿਆਂ ਵਿਚ ਦੌੜਦਿਆਂ ਹੀ ਆਰਜਾ=ਉਮਰਾ ਵਿਹਾਇ=ਬੀਤ ਗਈ ਹੈ।

ਪੂਰਨ ਭਏ ਨ ਕਾਮ ਮੋਹਿਆ ਮਾਇਆ ॥

ਮਾਇਆ ਵਿਚ ਮੋਹਤ ਹੋਣ ਕਰਕੇ ਕੋਈ ਭੀ ਕੰਮ ਪੂਰੇ ਨਾ ਹੋਏ।

ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥ ੮ ॥

ਜਦ ਕਿ ਪ੍ਰਭੂ ਨੇ ਆਪਣੇ ਵੱਲੋਂ ਆਪ ਹੀ ਭੁਲਾਇਆ ਹੋਇਆ ਹੈ, ਤਾਂ ਇਹ ਵਿਚਾਰਾ ਜੀਵ ਕੀ ਕਰ ਸਕਦਾ ਹੈ॥ ੮ ॥

ਸਲੋਕ ॥ ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥

ਜਿਸ ਨੇ ਨੌਂ ਖੰਡਾਂ ਵਾਲੀ ਪ੍ਰਿਥਵੀ ਨੂੰ ਜਿੱਤ ਲਿਆ ਹੈ, ਅਤੇ ਸ੍ਵਰਗ ਲੋਕ ਵਰਗੇ ਸੁੱਖਾਂ ਵਿਚ ਵਸਦਾ ਹੈ।

ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜੇਕਰ ਉਸ ਨੂੰ ਹਰੀ ਗੋਪਾਲ ਭੁੱਲ ਗਿਆ ਹੈ, ਤਾਂ ਉਹ ਜੀਵ ਸੰਸਾਰ ਉਜਾੜ ਵਿਚ ਭਰਮਦਾ ਹੈ।

ਅਥਵਾ:-ਉਹ ਜੀਵ ਉਜਾੜਾਂ ਵਿਚ ਭਟਕਣ ਵਾਂਗ ਦੁੱਖੀ ਹੁੰਦਾ ਹੈ॥ ੧ ॥

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥

੧. ਜਿੱਥੇ ਕੋਡ=ਕ੍ਰੋੜਾਂ ਤਮਾਸ਼ਿਆਂ ਦੇ ਕਉਤਕ=ਨਜ਼ਾਰੇ ਵੇਖਦਿਆਂ ਹੋਇਆਂ ਵਾਹਿਗੁਰੂ ਨਾਮ ਚੇਤੇ ਨਹੀਂ ਆਉਂਦਾ।

੨. ਕਉਤਕ-ਅਸਚਰਜ ਰੂਪ ਕ੍ਰੋੜਾਂ ਤਮਾਸ਼ਿਆਂ ਕਰਕੇ ਚਿੱਤ ਵਿਚ ਪ੍ਰਭੂ ਦਾ ਨਾਮ ਚੇਤੇ ਨਹੀਂ ਆਉਂਦਾ।

ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਉਹ ਪੁਰਸ਼ ਕੋੜੀ=ਕ੍ਰੋੜਾਂ ਨਰਕਾਂ ਦੇ ਤੁੱਲ,

ਵਾ:-(ਵੀਹਾਂ ਦੀ ਕੌੜੀ ਹੁੰਦੀ ਹੈ) ਉਹ ਪੁਰਸ਼ ਵੀਹ ਨਰਕਾਂ ਦੇ ਤੁੱਲ ਦੁੱਖ ਪਾਉਂਦਾ ਹੈ, ਉਹ ਬੇ-ਮੁਖ ਪੁਰਸ਼ ਜਿਸ ਥਾਂ ਤੇ ਰਹਿੰਦਾ ਹੈ, ਉਹ ਥਾਂ ਉਜਾੜ ਰੂਪ ਹੈ॥ ੨॥

ਪਉੜੀ ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥

ਬੜੀ ਭਿਆਨਕ (ਸੰਸਾਰ) ਉਜਾੜ ਨੂੰ ਇਸ ਜੀਵ ਨੇ (ਬੜੀ ਰੌਣਕ ਵਾਲਾ) ਸ਼ਹਿਰ ਕਰਕੇ ਮੰਨਿਆਂ ਹੋਇਆ ਹੈ।

ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥ (ਪੰਨਾ ੭੦੮)

ਸੰਸਾਰ ਦੀ ਝੂਠੀ ਸਮਗਰੀ ਵੇਖਕੇ ਉਸ ਨੂੰ ਸੱਚ ਕਰਕੇ ਜਾਣਿਆਂ ਹੋਇਆ ਹੈ।

ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥

ਕਾਮ, ਕ੍ਰੋਧ ਤੇ ਹੰਕਾਰ ਆਦਿਕਾਂ ਵਿਚ ਦੇਵਾਨਿਆ=ਪਾਗਲ ਹੋਇਆ ਫਿਰਦਾ ਹੈ।

ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥

ਜਦ ਸਿਰ ਉੱਤੇ ਜਮਾਂ ਦਾ ਡੰਡਾ ਲਗਾ=ਵੱਜਦਾ ਹੈ, ਤਦ ਪਛਤਾਉਂਦਾ ਹੈ।

ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥ ੯ ॥

ਪੂਰਿਆਂ ਗੁਰਾਂ ਤੋਂ ਬਿਨਾਂ ਸੈਤਾਨਿਆ=ਭੂਤਨਿਆਂ ਵਾਂਗ ਫਿਰਦਾ ਹੈ॥ ੯॥

ਸਲੋਕ ॥ ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥

ਹੇ ਭਾਈ ! ਰਾਜ ਕਪਟੰ=ਛਲ ਰੂਪ ਹੈ, ਸੁੰਦਰ ਰੂਪ ਭੀ ਕਪਟੰ=ਛਲ ਰੂਪ ਹੈ, ਅਤੇ ਧਨ ਤੇ ਕੁਲ ਦਾ ਹੰਕਾਰ ਭੀ ਕਪਟੰ=ਛਲ ਰੂਪ ਹੈ।

ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਭਾਈ ! ਤੂੰ ਕਈ ਤਰ੍ਹਾਂ ਦੇ ਛਲ ਤੇ ਦੂਜਿਆਂ ਵਿਚ ਛਿਦ੍ਰ=ਦੋਸ਼ ਲਗਾ ਕੇ ਬਿਖਿਆ=ਮਾਇਆ ਨੂੰ ਸੰਚੰਤਿ=ਇਕੱਠਾ ਕਰਦਾ ਹੈਂ, ਪਰ ਅੰਤ ਸਮੇਂ ਹਰੀ ਨਾਮ ਤੋਂ ਬਿਨਾਂ ਉਹ ਝੂਠੇ ਪਦਾਰਥ ਨਾਲ ਨਹੀਂ ਚਲਦੇ॥ ੧॥

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥

ਹੇ ਪੁਰਸ਼ਾ ! ਪੇਖੰਦੜੋ=ਦੇਖਣ ਵਾਲੇ ਦੀ ਭੁੱਲ ਹੈ, ਤੂੰ ਇਸ ਮਾਇਆ ਨੂੰ ਦੇਖ ਕੇ ਕੀ ਭੁੱਲ ਰਿਹਾ ਹੈਂ, ਜਿਵੇਂ ਤੁੰਮਾ ਦੇਖਣ ਵਿਚ ਹੀ ਸੋਹਣਾ ਹੈ, ਪਰ ਕੌੜਾ ਸੁਆਦ ਹੋਣ ਕਰਕੇ-

ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ॥ ੨॥

ਅਢੁ=ਕੌਡੀ ਮੁੱਲ ਵੀ ਨਹੀਂ ਲੈਂਦਾ, ਇਸੇ ਤਰ੍ਹਾਂ ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਇਹ ਮਾਇਆ ਦੁੱਖ ਰੂਪ ਹੈ, ਅੰਤ ਵੇਲੇ ਇਹ ਮਾਇਆ ਪ੍ਰਾਣੀ ਦੇ ਨਾਲ ਚਲਦੀ ਨਹੀਂ ਹੈ॥ ੨॥

ਪਉੜੀ॥ ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ॥

ਜੋ ਮਾਇਆ ਚਲਦਿਆਂ ਹੋਇਆਂ ਜੀਵ ਦੇ ਨਾਲ ਚਲਦੀ ਨਹੀਂ ਹੈ, ਉਸ ਨੂੰ ਕਿਸ ਵਾਸਤੇ ਸੰਜੀਐ=ਇਕੱਠਾ ਕਰਨਾ ਹੈ।

ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ॥

ਕਹੁ ਖਾਂ? ਉਸ ਦੀ ਪ੍ਰਾਪਤੀ ਦਾ ਯਤਨ ਕਿਸ ਲਈ ਕਰਨਾ ਹੈ, ਜਿਸ ਤੋਂ ਵੰਜੀਐ=ਵਿੱਛੁੜ ਕੇ ਰਹਿਣਾ ਹੈ।

ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ॥

ਹਰੀ ਦੇ ਭੁੱਲਣ ਕਰਕੇ ਕਿਵੇਂ ਤ੍ਰਿਪਤੀ ਆ ਸਕਦੀ ਹੈ ਅਰਥਾਤ ਨਹੀਂ ਆਉਂਦੀ,

ਅਤੇ ਨਾ ਹੀ ਮਨ ਰੰਜੀਐ=ਪ੍ਰਸੰਨ ਹੁੰਦਾ ਹੈ।

ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ॥

ਜੋ ਪ੍ਰਭੂ ਨੂੰ ਛੱਡਕੇ ਅਨ=ਹੋਰਨਾਂ ਦੇ ਮਗਰ ਲਾਗੈ=ਲੱਗਦਾ ਹੈ, ਉਹ ਨਰਕ ਵਿਚ ਸਮੰਜੀਐ=ਸਮਾਂਵਦਾ ਹੈ।

ਹੋਹੁ ਕ੍ਰਿਪਾਲ ਦਇਆਲ ਨਾਨਕ ਭਉ ਭੰਜੀਐ॥ ੧੦॥

ਗੁਰੂ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਬੇਨਤੀ ਕਰ-ਹੇ ਦਿਆਲੂ ! ਕ੍ਰਿਪਾਲੂ ਹੋ ਕੇ ਮੇਰੇ ਡਰ ਨੂੰ ਨਾਸ ਕਰੋ॥ ੧੦॥

ਸਲੋਕ॥

ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ ਨਚ ਮਿਸਟੰ ਸੁਖ ਮਾਇਆ॥

ਚ=ਪੁਨਾ ਰਾਜ ਸੁਖ ਮਿਸਟੰ=ਮਿੱਠਾ ਨਹੀਂ ਹੈ, ਭੋਗਾਂ ਦਾ ਸ੍ਵਾਦ ਮਿੱਠਾ ਨਹੀਂ ਹੈ,

ਚ=ਪੁਨਾ ਮਾਇਆ ਦਾ ਸੁਖ ਭੀ ਮਿੱਠਾ ਨਹੀਂ ਹੈ। ਕਿਸੀ ਨੇ ਪੁੱਛਿਆ, "ਮਿੱਠਾ ਪਦਾਰਥ ਕਿਹੜਾ ਹੈ?"

ਮਿਸਟੰ ਸਾਧਸੰਗਿ ਹਰਿ ਨਾਨਕ ਦਾਸ ਮਿਸਟੰ ਪ੍ਰਭ ਦਰਸਨੰ॥ ੧॥

ਗੁਰੂ ਜੀ ਕਥਨ ਕਰਦੇ ਹਨ, ਹਰੀ ਦੇ ਸੰਤਾਂ ਦਾ ਸੰਗ ਮਿੱਠਾ ਹੈ, ਅਤੇ ਦਾਸਾਂ ਨੂੰ ਹਰੀ ਪ੍ਰਭੂ ਦਾ ਦਰਸ਼ਨ ਹੀ ਮਿੱਠਾ ਹੈ॥ ੧॥

ਲਗੜਾ ਸੋ ਨੇਹੁ ਮੰਨ ਮਝਾਹੂ ਰਤਿਆ॥

ਉਸ ਪ੍ਰਭੂ ਦਾ ਅਜਿਹਾ ਨੇਹੁ=ਪ੍ਰੇਮ ਲਗੜਾ=ਲੱਗਾ ਹੈ, ਜੇ ਮਨ ਦੇ ਮਝਾਹੂ=ਵਿਚ ਹੀ ਤਦਾਕਾਰ ਹੋ ਗਿਆ ਹੈ।

ਵਿਧੜੋ ਸਚ ਥੋਕਿ ਨਾਨਕ ਮਿਠੜਾ ਸੋ ਧਣੀ॥ ੨॥

ਗੁਰੂ ਜੀ ਕਥਨ ਕਰਦੇ ਹਨ, ਉਹ ਜੋ ਮਿਠੜਾ=ਪਿਆਰਾ ਧਣੀ=ਮਾਲਕ ਪ੍ਰਭੂ ਹੈ, ਉਸ ਦੇ ਸਾਰੇ ਨਾਮ ਰੂਪੀ ਥੋਕਿ=ਪਦਾਰਥ ਵਿਚ ਮੇਰਾ ਮਨ ਵਿਧੜੋ=ਤਦਾਕਾਰ ਹੋ ਗਿਆ ਹੈ॥ ੨॥

ਪਉੜੀ॥ ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ॥

ਭਗਤਾਂ ਨੂੰ ਹਰੀ ਨਾਮ ਤੋਂ ਬਿਨਾਂ ਹੋਰ ਕੁਝ ਭੀ ਪਦਾਰਥ ਮਿੱਠਾ ਨਹੀਂ ਲੱਗਦਾ।

ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ॥

ਭਗਤਾਂ ਨੇ ਨਿਰਣਾ ਕਰਕੇ ਵੇਖ ਲਿਆ ਹੈ, ਹੋਰ ਸਾਰੇ ਸ੍ਵਾਦ ਫਿੱਕੇ ਹਨ।

ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ॥

ਜਿਸ ਵੇਲੇ ਗੁਰੂ ਬਸੀਠਾ=ਵਕੀਲ ਪ੍ਰਾਪਤ ਹੋਏ, ਤਾਂ ਅਗਿਆਨ ਤੇ ਭਰਮ ਦਾ ਦੁੱਖ ਕੱਟਿਆ ਗਿਆ।

ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ॥

੧. ਭਗਤਾਂ ਦਾ ਮਨ ਹਰੀ ਦੇ ਚਰਨ ਕਮਲਾਂ ਨਾਲ ਇਉਂ ਮਿਲ ਗਿਆ ਹੈ, ਜਿਵੇਂ ਮਜੀਠਾ ਰੰਗ ਕੱਪੜੇ ਨਾਲ ਮਿਲ ਜਾਂਦਾ ਹੈ।

੨. ਜਿਸ ਵੇਲੇ ਗੁਰਾਂ ਦੇ ਚਰਨ-ਕਮਲਾਂ ਨਾਲ ਮਨ ਤਦਾਕਾਰ ਹੋਇਆ ਤਾਂ ਮਜੀਠੇ ਰੰਗ ਦੀ ਤਰ੍ਹਾਂ ਪੱਕਾ ਆਤਮ-ਰੰਗ ਚੜ੍ਹ ਗਿਆ।

ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ॥ ੧੧॥

ਜਿਸ ਵੇਲੇ ਜੀਅ, ਪ੍ਰਾਣ, ਤਨ ਤੇ ਮਨ ਪ੍ਰਭ ਦਾ ਮੰਨ ਲਿਆ, ਵਾ:-ਜੀਅ, ਪ੍ਰਾਣ ਤਨ ਤੇ ਮਨ ਵਿਚ ਪ੍ਰਭੂ ਦਾ ਪ੍ਰੇਮ ਪੈਦਾ ਹੋਇਆ ਤਿਸ ਵੇਲੇ ਝੂਠਿਆਂ ਪਦਾਰਥਾਂ ਦਾ ਸਾਰਾ ਪ੍ਰੇਮ ਬਿਨਸ ਗਿਆ॥ ੧੧॥

ਸਲੋਕ॥ ਤਿਅਕਤ ਜਲੰ ਨਹ ਜੀਵ ਮੀਨੰ
ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥

ਜਿਵੇਂ ਮੱਛੀ ਪਾਣੀ ਨੂੰ ਤਿਅਕਤ=ਤਿਆਗ ਕਰਕੇ ਜੀਊਂਦੀ ਨਹੀਂ ਹੈ,

ਅਤੇ ਜਿਵੇਂ ਚਾਤ੍ਰਿਕ=ਪਪੀਹਾ ਮੇਘ ਮੰਡਲ ਨੂੰ ਨਹੀਂ ਤਿਆਗ ਸਕਦਾ।

ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥

ਜਿਵੇਂ ਕੁਰੰਕ=ਹਰਨ ਘੰਡੇ ਹੇੜੇ ਦੇ ਨਾਦੰ=ਸ਼ਬਦ ਨੂੰ ਸੁਣਕੇ ਬਾਣਾਂ ਨਾਲ ਬੇਧੰਚ=ਵਿੰਨ੍ਹਿਆਂ ਜਾਂਦਾ ਹੈ। ਅਤੇ ਜਿਵੇਂ ਅਲਿ=ਭੌਰੇ ਬਾਸਨਹ=ਵਾਸ਼ਨਾਂ ਨੂੰ ਲੈਂਦੇ ਹੋਏ ਕੌਲ ਫੁੱਲ ਦੇ ਵਿਚ ਹੀ ਬੰਧਨ=ਬੱਝ ਜਾਂਦੇ ਹਨ।

ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ॥ ੧॥

ਤਿਵੇਂ ਸੰਤਾਂ ਦਾ ਮਨ ਵਾਹਿਗੁਰੂ ਦੇ ਚਰਨ-ਕਮਲਾਂ ਨਾਲ ਰਚੰਤਿ=ਤਦਾਕਾਰ ਹੈ, ਗੁਰੂ ਜੀ ਕਥਨ ਕਰਦੇ ਹਨ, ਏਸੇ ਕਰਕੇ ਸੰਤਾਂ ਨੂੰ ਆਨ=ਹੋਰ ਕੋਈ ਪਦਾਰਥ ਚੰਗਾ ਨਹੀਂ ਲੱਗਦਾ॥ ੧॥

ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥

ਜਿਸ ਵੇਲੇ ਪ੍ਰਭੂ ਆਪਣਾ ਮੂੰਹ ਸੰਤਾਂ ਨੂੰ ਡੇਖਾਊ=ਵਿਖਾਉਂਦਾ ਹੈ, ਤਿਸ ਵੇਲੇ ਸੰਤ ਉਸ ਪਰਮੇਸ਼ਰ ਨੂੰ ਇੱਕ ਪੱਲ ਮਾਤ੍ਰ ਭੀ ਛੱਡ ਕੇ ਆਨ ਨ ਡੇਊ ਚਿਤੁ=ਆਪਣਾ ਚਿੱਤ ਹੋਰਥੇ ਨਹੀਂ ਦੇਂਦੇ।

ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ॥ ੨॥

ਉਸ ਧਣੀ=ਮਾਲਕ ਪ੍ਰਭੂ ਦੇ ਸੰਗਮੁ=ਸਬੰਧ ਨਾਲ ਹੀ ਸੰਤਾਂ ਨੇ ਆਪਣਾ ਜੀਵਨ ਬਣਾ ਲਿਆ ਹੈ, ਗੁਰੂ ਜੀ ਕਥਨ ਕਰਦੇ ਹਨ, ਏਸ ਕਰਕੇ ਹਰੀ ਸੰਤਾਂ ਦਾ ਮਿੱਤਰ ਹੈ॥ ੨॥

ਪਉੜੀ॥ ਜਿਸੁ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥

ਜਿਵੇਂ ਮੱਛੀ ਪਾਣੀ ਤੋਂ ਬਿਨਾਂ ਹੋ ਕੇ ਕਿਵੇਂ ਜੀਵਨ ਪਾ ਸਕਦੀ ਹੈ।

ਅਰਥਾਤ ਪਾਣੀ ਤੋਂ ਬਿਨਾਂ ਮੱਛੀ ਕਿਸੇ ਤਰ੍ਹਾਂ ਭੀ ਜੀਉਂਦੀ ਨਹੀਂ ਰਹਿ ਸਕਦੀ।

ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥

ਜਿਵੇਂ ਸ਼ਾਂਤੀ ਬੂੰਦ ਤੋਂ ਬਿਨਾਂ ਪਪੀਹਾ ਕਿਸ ਤਰ੍ਹਾਂ ਤ੍ਰਿਪਤੀ ਵਿਚ ਆ ਸਕਦਾ ਹੈ।

ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥

ਜਿਵੇਂ ਘੰਡੇ ਹੇੜੇ ਦੇ ਨਾਦ=ਸ਼ਬਦ ਦਾ ਵਿੰਨ੍ਹਿਆਂ ਹੋਇਆ ਕੁਰੰਕਹਿ=ਹਰਨ ਉੱਠ ਕੇ ਸ਼ਿਕਾਰੀ ਦੇ ਸਾਹਮਣੇ ਭੱਜਾ ਆਉਂਦਾ ਹੈ।

ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥

ਜਿਵੇਂ ਵਾਸ਼ਨਾਂ ਦਾ ਲੋਭੀ ਭੌਰਾ ਕੁਸਮ=ਫੁੱਲ ਵਿਚ ਮਿਲਕੇ ਆਪਣੇ ਆਪ ਨੂੰ ਬੰਨ੍ਹਾ ਦੇਂਦਾ ਹੈ।

ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ੧੨॥

ਤਿਵੇਂ ਹੀ ਸੰਤ ਜਨਾਂ ਦੀ ਹਰੀ ਨਾਲ ਪ੍ਰੀਤੀ ਹੈ, ਹਰੀ ਦੇ ਦਰਸ਼ਨ ਨੂੰ ਵੇਖ ਕੇ ਹੀ ਅਘਾਵੈ=

ਤ੍ਰਿਪਤ ਹੁੰਦੇ ਹਨ॥ ੧੨॥

ਸਲੋਕ॥ ਚਿਤਵੰਤਿ ਚਰਨ ਕਮਲੰ ਸਾਸਿ ਸਾਸਿ ਅਰਾਧਨਹ॥

ਹੇ ਪਰਮੇਸ਼ਰ! ਮੈਂ ਆਪ ਜੀ ਦੇ ਚਰਨ-ਕਮਲਾਂ ਨੂੰ ਚਿੱਤ ਵਿਚ ਚਿਤਵਦਾ ਹਾਂ, ਅਤੇ ਅੰਦਰ ਸ੍ਵਾਸ ਜਾਂਦਿਆਂ ਤੇ ਬਾਹਰ ਸ੍ਵਾਸ ਆਉਂਦਿਆਂ ਆਪ ਜੀ ਨੂੰ ਆਰਾਧਦਾ ਹਾਂ।

ਨਹ ਬਿਸਰੰਤਿ ਨਾਮ ਅਚੁਤ ਨਾਨਕ ਆਸ ਪੂਰਨ ਪਰਮੇਸੁਰਹ॥ ੧॥

ਹੇ ਅਚੁਤ=ਅਗੜਿ ਪ੍ਰਭੂ! ਆਪ ਜੀ ਦਾ ਨਾਮ ਭੁੱਲਦਾ ਨਹੀਂ ਹੈ, ਗੁਰੂ ਜੀ ਕਥਨ ਕਰਦੇ ਹਨ, ਹੇ ਪਰਮੇਸ਼ਰ! ਆਪ ਹੀ ਸਭ ਆਸਾਂ ਦੇ ਪੂਰਨ ਕਰਨ ਵਾਲੇ ਹੋ॥ ੧॥

ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ॥

ਹੇ ਸੱਚੇ! ਆਪ ਜੀ ਦੇ ਸਿਮਰਨ ਮੰਝਾਹਿ=ਵਿਚ ਮੇਰਾ ਮਨ ਸੀਤੜਾ=ਸੀਤਾ ਗਿਆ ਹੈ, ਇੱਕ ਪੱਲ ਮਾਤ੍ਰ ਭੀ ਆਪ ਜੀ ਤੋਂ ਬਾਹਰ ਨਹੀਂ ਥੀਵੈ=ਹੁੰਦਾ।

ਨਾਨਕ ਆਸੜੀ ਨਿਬਾਹਿ ਸਦਾ ਪੇਖੰਦੋ ਸਚੁ ਧਣੀ॥ ੨॥

ਗੁਰੂ ਜੀ ਕਥਨ ਕਰਦੇ ਹਨ, ਹੇ ਸੱਚੇ ਧਣੀ=ਮਾਲਕ ਪ੍ਰਭੂ! ਮੇਰੀ ਇਹ ਆਸਾ ਪੂਰੀ ਕਰ, ਜੋ ਮੈਂ ਸਦਾ ਹੀ ਆਪ ਜੀ ਨੂੰ ਦੇਖਦਾ ਰਹਾਂ॥ ੨॥

ਪਉੜੀ॥ ਆਸਾਵੰਤੀ ਆਸ ਗੁਸਾਈ ਪੂਰੀਐ॥
ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ॥

ਹੇ ਗੁਸਾਂਈਂ! ਮੈਂ ਆਸਾ ਵਾਲੀ ਦੀ ਆਸਾ ਪੂਰਨ ਕਰ। ਹੇ ਗੋਬਿੰਦ ਗੁਪਾਲ! ਤੂੰ ਮੈਨੂੰ ਮਿਲਣਾ ਕਰ, ਜਿਸਤੇ ਕਦੇ ਝੁਰਨਾ ਨਾ ਕਰਾਂ।

ਦੇਹੁ ਦਰਸੁ ਮਨਿ ਚਾਉ ਲਹਿ ਜਾਹਿ ਵਿਸੂਰੀਐ॥
ਹੋਇ ਪਵਿਤ੍ਰ ਸਰੀਰੁ ਰਚਨਾ ਧੂਰੀਐ॥

ਮੇਰੇ ਮਨ ਵਿਚ ਉਤਸ਼ਾਹ ਹੈ ਆਪ ਦਰਸ਼ਨ ਦੇਣਾ ਕਰੋ, ਜਿਸ ਕਰ ਕੇ ਵਿਸੂਰੀਐ=ਝੋਰੇ ਲਹਿ ਜਾਣ। ਸੰਤਾਂ ਦੀ ਚਰਨ ਧੂੜੀ ਕਰਕੇ, ਵਾ:-ਤੇਰੇ ਚਰਨਾਂ ਦੀ ਧੂੜ ਨਾਲ ਸਰੀਰ ਪਵਿੱਤਰ ਹੋ ਜਾਂਦਾ ਹੈ।

ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ॥ ੧੩॥

ਹੇ ਪਰਾ ਰੂਪ ਬ੍ਰਹਮ=ਵਿਆਪਕ ਗੁਰ=ਪੂਜਨੀਕ, ਦੇਵ=ਪ੍ਰਕਾਸ਼ ਰੂਪ ਪ੍ਰਭੂ! ਤੂੰ ਸਦਾ ਹਾਜਰਾ ਹਜੂਰ ਹੈਂ। ਅਥਵਾ:-ਆਪਣੀ ਹਜੂਰੀ ਵਿਚ ਮੈਨੂੰ ਸਦਾ ਰੱਖਣਾ ਕਰੋ॥ ੧੩॥

(ਪੰਨਾ ੭੦੯)

ਸਲੋਕ ॥ ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥

ਜੋ ਪੁਰਸ਼ ਰਸਨਾਂ ਨਾਲ ਨਾਮ ਨੂੰ ਉਚਾਰਦੇ ਹਨ, ਅਤੇ ਸ੍ਰਵਣੰ=ਕੰਨਾਂ ਨਾਲ ਅੰਮ੍ਰਿਤ ਰੂਪ ਸ਼ਬਦ ਨੂੰ ਸੁਣਦੇ ਹਨ। ਅਤੇ

ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ ॥ ੧ ॥

ਜਿਨ੍ਹਾਂ ਦੇ ਮਨ ਵਿਚ ਪਾਰਬ੍ਰਹਮ ਦੇ ਸਰੂਪ ਦਾ ਧਿਆਨ ਹੈ, ਗੁਰੂ ਜੀ ਕਥਨ ਕਰਦੇ ਹਨ-
ਮੈਂ ਉਨ੍ਹਾਂ ਤੋਂ ਸਦਾ ਹੀ ਸਦਕੇ ਜਾਂਦਾ ਹਾਂ॥ ੧ ॥

ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ ॥

ਇੱਕ ਸਾਂਈਂ ਦੇ ਸਿਮਰਨ ਤੋਂ ਬਾਹਰੇ=ਬਿਨਾਂ ਹਭਿ=ਸਾਰੇ ਕੰਮ ਕੂੜਾਵੇ=ਝੂਠੇ ਹਨ।

ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਦੀ ਸੱਚ ਨਾਲ ਪਿਰਹੜੀ=ਪ੍ਰੀਤੀ ਹੈ, ਉਹ ਪੁਰਸ਼ ਧੰਨ ਹਨ॥ ੨ ॥

ਪਉੜੀ ॥ ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥

ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ, ਜਿਹੜੇ ਹਰੀ ਦੀ ਕਥਾ ਸੁਣਦੇ ਹਨ।

ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥

ਉਹ ਪੁਰਸ਼ ਸ਼ੁਭ=ਗੁਣਾਂ ਨਾਲ ਪੂਰੇ ਅਤੇ ਪਰਧਾਨ=ਮੁਖੀ ਹਨ, ਜੋ ਪ੍ਰਭੂ ਅੱਗੇ ਮਥਾ=ਸਿਰ ਨਿਵਾਂਦੇ ਹਨ।

ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥

ਜੋ ਬੇਅੰਤ ਹਰੀ ਦੇ ਜਸ ਨੂੰ ਲਿਖਦੇ ਹਨ, ਉਹ ਹੱਥ ਸੋਹਹਿ=ਸ਼ੋਭਾ ਵਾਲੇ ਹਨ।

ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥

ਉਹ ਪੈਰ ਪਵਿੱਤ੍ਰ ਤੋਂ ਪਵਿੱਤ੍ਰ ਹਨ, ਜੋ ਪ੍ਰਭੂ ਦੇ ਪਵਿਤ੍ਰ ਪਥ=ਰਸਤੇ ਉੱਪਰ ਚਾਲਹਿ=ਚਲਦੇ ਹਨ।

ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥ ੧੪ ॥

ਸੰਤਾਂ ਦਾ ਸੰਗ ਕਰਨ ਨਾਲ ਉਧਾਰ ਹੁੰਦਾ ਹੈ, ਅਤੇ ਜਨਮ ਮਰਨ ਦਾ ਸਾਰਾ ਦੁੱਖ ਲਥਾ=ਲਹਿ ਜਾਂਦਾ ਹੈ॥ ੧੪ ॥

ਸਲੋਕੁ ॥ ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ ॥

ਜਿਸ ਵੇਲੇ ਭਾਵੀ ਜੀਵਾਂ ਦੇ ਸ੍ਰੇਸ਼ਟ ਕਰਮਾਂ ਨੂੰ ਉਦੋਤ=ਪ੍ਰਗਟ ਕਰਦੀ ਹੈ, ਉਸ ਵੇਲੇ ਜੀਵ ਉਸ ਹਰੀ ਨੂੰ ਰਮਣੰ=ਉਚਾਰਦਾ ਹੈ, ਜਿਸ ਹਰੀ ਦਾ ਪੂਰਨਹ=ਸੰਪੂਰਣ (ਸਾਰਿਆਂ) ਨਾਲ ਸੰਜੋਗ ਹੈ।

ਅਥਵਾ:-ਉਸ ਵੇਲੇ ਪੂਰਨ ਪੁਰਖਾਂ ਨਾਲ ਸੰਜੋਗ ਹੁੰਦਾ ਹੈ ਅਤੇ ਹਰੀ ਦਾ ਸਿਮਰਨ ਹੁੰਦਾ ਹੈ।

ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਸਿਮਰਨ ਕਰਕੇ ਗੋਪਾਲ ਦਾ ਦਰਸ਼ਨ ਭੇਟੰ=ਮਿਲਦਾ ਹੈ,
ਇਸ ਕਰਕੇ ਉਹ ਮਹੂਰਤਹ=ਦੋ ਘੜੀਆਂ ਦਾ ਸਮਾਂ ਸਫਲਾ ਹੈ॥ ੧ ॥

ਕੀਮ ਨ ਸਕਾ ਪਾਇ ਸੁਖ ਮਿਤੀ ਹੂ ਬਾਹਰੇ ॥

ਮਿਲਾਪ ਦੇ ਸੁਖ ਦਾ 'ਕੀਮ ਨ ਸਕਾ ਪਾਇ'=ਮੁੱਲ ਨਹੀਂ ਪਾ ਸਕਦਾ,
ਉਹ ਸੁਖ 'ਮਿਤੀ ਹੂ ਬਾਹਰੇ'=ਮਰਯਾਦਾ ਤੋਂ ਬਾਹਰ ਹੈ, ਭਾਵ ਹੱਦੋਂ ਬਾਹਲਾ ਹੈ।

ਨਾਨਕ ਸਾ ਵੇਲੜੀ ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਉਹ ਵੇਲੜੀ=ਘੜੀ ਪ੍ਰਵਾਣ ਹੁੰਦੀ ਹੈ, ਜਿਸ ਵੇਲੇ ਮਾ=ਮੇਰਾ ਪਿਆਰਾ ਪਿਰੀ ਮਿਲੰਦੜੋ=ਮਿਲਦਾ ਹੈ॥ ੨ ॥

ਪਉੜੀ ॥ ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈਂ ॥

ਕਹੋਂ ਖਾਂ, ਉਹ ਕਿਹੜਾ ਵੇਲਾ ਹੈ? ਜਿਸ ਵੇਲੇ ਪ੍ਰਭੂ ਨੂੰ ਪਾਈਦਾ ਹੈ।

ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ ॥

ਸੋ ਮੂਰਤੁ=ਉਹ ਦੋ ਘੜੀਆਂ ਦਾ ਸਮਾਂ, ਤੇ ਸੰਜੋਗ ਭਲਾ ਹੈ, ਜਿਸ ਵੇਲੇ ਗੁਸਾਂਈਂ ਮਿਲਦਾ ਹੈ।

ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ ॥

ਗੁਰਮੁਖਾਂ ਨੇ ਅੱਠੇ ਪਹਿਰ ਹਰੀ ਨਾਮ ਨੂੰ ਧਿਆ ਕੇ ਮਨ ਦੀ ਇੱਛਾ ਪੁਜਾਈ=ਪੂਰਨ ਕੀਤੀ ਹੈ।

ਵਡੈ ਭਾਗਿ ਸਤਸੰਗੁ ਹੋਇ ਨਿਵਿ ਲਾਗਾ ਪਾਈ ॥

ਵੱਡਿਆਂ ਭਾਗਾਂ ਨਾਲ ਸਤਸੰਗ ਦੀ ਪ੍ਰਾਪਤੀ ਹੋਵੇ ਤਾਂ ਨਿਉਂ ਕੇ ਪਾਈ=ਚਰਨੀਂ ਲੱਗਣਾ ਕਰੇ।

ਮਨਿ ਦਰਸਨ ਕੀ ਪਿਆਸ ਹੈ ਨਾਨਕ ਬਲਿ ਜਾਈ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦੇ ਦਰਸ਼ਨ ਦੀ ਪਿਆਸ ਹੈ,
ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ॥ ੧੫ ॥

ਸਲੋਕ ॥ ਪਤਿਤ ਪੁਨੀਤ ਗੋਬਿੰਦਹ ਸਰਬ ਦੋਖ ਨਿਵਾਰਣਹ ॥

ਜੋ ਗੋਬਿੰਦ ਪਤਿਤ ਪੁਨੀਤ=ਪਾਪੀਆਂ ਨੂੰ ਪਵਿੱਤ੍ਰ ਕਰਦਾ ਹੈ, ਅਤੇ ਸਾਰਿਆਂ ਦੋਸ਼ਾਂ ਨੂੰ ਦੂਰ ਕਰਦਾ ਹੈ।

ਸਰਣਿ ਸੂਰ ਭਗਵਾਨਹ ਜਪੰਤਿ ਨਾਨਕ ਹਰਿ ਹਰਿ ਹਰੇ ॥ ੧ ॥

ਜੋ ਭਗਵਾਨ ਸ਼ਰਨ ਆਇਆਂ ਦੀ ਰੱਖਿਆ ਕਰਨੇ ਨੂੰ ਸੂਰਬੀਰ ਹੈ, ਗੁਰੂ ਜੀ ਕਥਨ ਕਰਦੇ ਹਨ-ਉਸ ਹਰੀ ਦੇ ਹਰਿ ਹਰਿ ਨਾਮ ਨੂੰ ਜਪਣਾ ਕਰੋ॥ ੧ ॥

ਛਡਿਓ ਹਭੁ ਆਪੁ ਲਗੜੋ ਚਰਣਾ ਪਾਸਿ ॥

ਉਸ ਪੁਰਸ਼ ਨੇ ਹਭੁ=ਸਾਰਾ ਆਪਾ ਭਾ ਹੰਕਾਰ ਛੱਡ ਦਿੱਤਾ ਹੈ, ਜੋ ਗੁਰਾਂ ਦੇ ਪਾਸ ਜਾ ਕੇ ਚਰਨਾਂ ਨਾਲ ਲਗੜੋ=ਲੱਗਾ ਹੈ।

ਨਠੜੋ ਦੁਖ ਤਾਪੁ ਨਾਨਕ ਪ੍ਰਭੁ ਪੇਖੰਦਿਆ ॥ ੨ ॥

੧. ਗੁਰੂ ਜੀ ਕਥਨ ਕਰਦੇ ਹਨ, ਪ੍ਰਭੂ ਦੇ ਦੇਖਦਿਆਂ ਹੀ ਜਨਮ ਮਰਨ ਦਾ ਦੁੱਖ ਤੇ (ਆਧਿ ਬਿਆਧਿ ਉਪਾਧਿ ਰੂਪ ਤਿੰਨੇ) ਤਾਪ ਨੱਸ ਗਏ ਹਨ।

੨. ਸਾਰਾ ਆਪਾ ਭਾ ਹੰਕਾਰ ਛੱਡ ਕੇ ਗੁਰਾਂ ਦੇ ਚਰਨਾਂ ਪਾਸ=ਨਾਲ ਆ ਲੱਗਾ ਹਾਂ। ਪ੍ਰਭੂ ਦਾ ਦਰਸ਼ਨ ਕੀਤਿਆਂ ਹੀ ਮੈਂ ਨਾਨਕ ਦਾ ਦੁੱਖ ਤੇ ਤਾਪ ਨੱਸ ਗਿਆ ਹੈ॥ ੨ ॥

ਪਉੜੀ ॥ ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥

ਹੇ ਦਿਆਲੂ ! ਤੇਰੇ ਦਰ ਉੱਤੇ ਢਹਿ ਪਏ ਹਾਂ, ਤੂੰ ਆਪਣੇ ਚਰਨਾਂ ਨਾਲ ਮੇਲ ਲੈਣਾ ਕਰ।

ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥

ਹੇ ਦੀਨ ਦਿਆਲ ਪ੍ਰਭੂ ! ਰੱਖ ਲੈਣਾ ਕਰ, ਜੂਨੀਆਂ ਵਿਚ ਭੌਂਦੇ ਭੌਂਦੇ ਬਹੁਤ ਥੱਕ ਗਏ ਹਾਂ।

ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥

੧. ਹੈ ਪਾਪੀਆਂ ਦੇ ਤਾਰਨ ਵਾਲੇ ਹਰੀ ! ਤੇਰਾ ਬਿਰਦੁ=ਧਰਮ ਭਗਤਾਂ ਦਾ ਵਛਲੁ=ਪਿਆਰਾ ਹੈ।

੨. ਹੇ ਭਗਤਾਂ ਦੇ ਪਿਆਰੇ ਹਰੀ ! ਤੇਰਾ ਬਿਰਦੁ=ਧਰਮ ਪਤਿਤ ਉਧਾਰਨ ਹੈ।

ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥

ਮੈਂ ਬੇਨਤੀ ਸਾਰਿਆ=ਕਰਦਾ ਹਾਂ, ਆਪ ਜੀ ਤੋਂ ਬਿਨਾਂ ਮੇਰਾ ਕੋਈ ਆਸਰਾ ਨਹੀਂ ਹੈ।

ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥ ੧੬ ॥

ਹੇ ਦਿਆਲੂ ! ਮੇਰੇ ਮਨ ਰੂਪੀ ਕਰੁ=ਹੱਥ ਨੂੰ ਫੜਕੇ ਸੰਸਾਰ-ਸਮੁੰਦਰ ਵਿਚੋਂ ਕੱਢ ਲੈਣਾ ਕਰੋ॥ ੧੬ ॥

ਸਲੋਕ ॥ ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ ॥

ਜਿਨ੍ਹਾਂ ਨੂੰ ਗੋਪਾਲ ਦੇ ਕੀਰਤਨ ਦਾ ਆਸਰਾ ਹੈ, ਉਹ ਦਿਆਲੂ ਸੰਤ, ਜੀਵਾਂ ਨੂੰ ਤਾਰਨ ਵਾਲੇ ਹਨ। ਅਥਵਾ:-ਦਿਆਲੂ ਦੇ ਸੰਤ ਉਧਰੇ ਹੋਏ ਹਨ।

ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਸੰਤਾਂ ਨੇ ਪਰਮੇਸ਼ਰ ਦੀ ਓਟ ਫੜੀ ਹੋਈ ਹੈ, ਉਨ੍ਹਾਂ ਸੰਤਾਂ ਦੇ ਸੰਗੇਣ=ਸੰਗ ਕਰਕੇ ਜੀਵ ਦਾ ਮਨ ਨਿਰਮਲ ਹੁੰਦਾ ਹੈ॥ ੧ ॥

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ॥

(ਦੁਨੀਆਂ ਦੇ ਲੋਕ) ਚੰਦਨ ਨੂੰ, ਚੰਦ੍ਰਮਾਂ ਨੂੰ ਤੇ ਸਰਦ ਰੁੱਤ (ਅਸੂ, ਕੱਤਕ ਦੇ ਮਹੀਨੇ) ਨੂੰ ਭਾਵੇਂ ਸੀਤਲ ਆਖਦੇ ਹਨ, ਪਰ ਸੀਤਲ ਨਹੀਂ ਹਨ, ਕਿਉਂਕਿ (ਚੰਦਨ ਨੂੰ ਰਗੜ ਕੇ ਲਗਾਉਣ ਕਰਕੇ, ਚੰਦ੍ਰਮਾਂ ਦੇ ਚੜ੍ਹਣ ਕਰਕੇ, ਸਰਦ ਰੁੱਤ ਦੇ ਆਉਣ ਕਰਕੇ) ਮਨ ਦੀ ਘਾਮ=ਤਪਸ਼ਤਾ ਮੂਲਿ=ਕਦਾਚਿਤ ਦੂਰ ਨਹੀਂ ਹੁੰਦੀ।

ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥ ੨॥

ਗੁਰੂ ਜੀ ਕਥਨ ਕਰਦੇ ਹਨ, ਹਰੀ ਨਾਮ ਨੂੰ ਜਪਦਾ ਕਰੇ ਤਾਂ ਹੀ ਤੱਤਾ ਮਨ ਸੀਤਲੁ=ਠੰਢਾ ਥੀਵੈ=ਹੁੰਦਾ ਹੈ॥ ੨॥

ਪਉੜੀ॥ ਚਰਨ ਕਮਲ ਕੀ ਓਟ ਉਧਰੇ ਸਗਲ ਜਨ॥

ਪ੍ਰਭੂ ਦੇ ਚਰਨ ਕਮਲਾਂ ਦੀ ਓਟ ਲੈ ਕੇ ਸਾਰੇ ਸੰਤ ਜਨ ਤਰ ਗਏ ਹਨ।

ਸੁਣਿ ਪਰਤਾਪੁ ਗੋਵਿੰਦ ਨਿਰਭਉ ਭਏ ਮਨ॥

ਗੋਬਿੰਦ ਦੇ ਪਰਤਾਪ ਨੂੰ ਸੁਣ ਕੇ, ਮਨ ਕਰਕੇ ਨਿਰਭਉ ਹੋਏ ਹਨ।

ਤੋਟਿ ਨ ਆਵੈ ਮੂਲਿ ਸੰਚਿਆ ਨਾਮੁ ਧਨ॥

ਸੰਤਾਂ ਨੇ ਜੋ ਨਾਮ-ਧਨ ਨੂੰ ਸੰਚਿਆ=ਇਕੱਠਾ ਕੀਤਾ ਹੈ, ਉਦਾ ਮੂਲਿ=ਕਦਾਚਿਤ ਤੋਟਿ=ਘਾਟਾ ਨਹੀਂ ਆਉਂਦਾ।

ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ॥

੧. ਵੱਡਿਆਂ ਪੁੰਨਾਂ ਦੇ ਸੰਗੁ=ਸਬੰਧ ਕਰਕੇ ਸੰਤ ਜਨਾਂ ਦਾ ਸਿਉ=ਸੰਗ ਕਰਨਾ ਪ੍ਰਾਪਤ ਹੁੰਦਾ ਹੈ।

੨. ਵੱਡਿਆਂ ਪੁੰਨਾਂ ਸਿਉ=ਨਾਲ ਸੰਤ ਜਨਾਂ ਦੇ ਸੰਗ ਵਿਚੋਂ ਨਾਮ ਧਨ ਪਾਈਦਾ ਹੈ।

ਆਠ ਪਹਰ ਹਰਿ ਧਿਆਇ ਹਰਿ ਜਸੁ ਨਿਤ ਸੁਨ॥ ੧੭॥

ਹੇ ਭਾਈ ! ਸਤਸੰਗ ਵਿਚ ਜਾ ਕੇ ਅੱਠੇ ਪਹਿਰ ਹਰੀ ਨਾਮ ਨੂੰ ਧਿਆਉਣਾ ਕਰ ਕੇ ਨਿਤਾਪ੍ਰਤੀ ਹਰੀ ਜਸ਼ ਨੂੰ ਸੁਣਨਾ ਕਰ॥ ੧੭॥

ਸਲੋਕ॥ ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ॥

੧. ਜੋ ਦਇਆ ਦੇ ਕਰਨ ਵਾਲਾ ਤੇ ਦੁੱਖਾਂ ਦੇ ਹਰਣੰ=ਨਾਸ ਕਰਨ ਵਾਲਾ ਹੈ, ਉਸ ਦੇ ਨਾਮ ਕੀਰਤਨ ਨੂੰ ਉਚਾਰਨਾ ਕਰ।

੨. ਦੁੱਖਾਂ ਦੇ ਨਾਸ ਕਰਨ ਵਾਲਾ ਪ੍ਰਭੂ ਜਦ ਦਇਆ ਕਰਦਾ ਹੈ, ਤਦ ਹੀ ਜੀਵ ਨਾਮ ਦਾ ਕੀਰਤਨ ਉਚਾਰਨ ਕਰਦਾ ਹੈ।

ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਭਗਵਾਨ ਦੀ ਦਿਆਲਤਾ ਹੋਵੇ ਤਾਂ ਇਹ ਪੁਰਸ਼ ਮਾਇਆ ਵਿਚ ਲਿਪਾਇਮਾਨ ਨਹੀਂ ਹੁੰਦਾ ॥ ੧ ॥

(ਪੰਨਾ ੭੧੦)

ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ ॥

ਉਹ ਪ੍ਰਭੂ ਆਪ ਜਿਸ ਦਾ ਰਖੰਦੜੋ=ਰੱਖਜਕ (ਰਾਖਾ) ਹੋਇਆ ਹੈ, ਉਸ ਦੇ ਅੰਦਰੋਂ ਬਲੰਦੜੀ=ਬਲਦੀ ਹੋਈ ਤ੍ਰਿਸ਼ਨਾਂ ਰੂਪੀ ਭਾਹਿ=ਅੱਗ ਬੁਝ ਗਈ ਹੈ।

ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਪ੍ਰਭੂ ਨੇ ਮੇਦਨੀ=ਸ੍ਰਿਸ਼ਟੀ ਪੈਦਾ ਕੀਤੀ ਹੈ, ਉਸ ਪ੍ਰਭੂ ਨੂੰ ਤੂੰ ਜਪਿ=ਜਪਣਾ ਕਰ ॥ ੨ ॥

ਪਉੜੀ ॥ ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥

ਜਾਂ ਪ੍ਰਭੂ ਦਿਆਲੂ ਹੋਏ ਤਾਂ ਜੀਵ ਨੂੰ ਮਾਇਆ ਨਹੀਂ ਬਿਆਪਦੀ।

ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥

ਇੱਕ ਹਰੀ ਨਾਮ ਦੇ ਧਿਆਉਣ ਕਰਕੇ ਕ੍ਰੋੜਾਂ ਅਘਾ=ਪਾਪ ਨਾਸ ਹੋ ਗਏ।

ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥

ਸੰਤ ਜਨਾਂ ਦੀ ਚਰਨ ਧੂੜੀ ਵਿਚ ਨਾਇਆ=ਇਸ਼ਨਾਨ ਕਰਨ ਨਾਲ (ਮਨ ਬੁੱਧ ਆਦਿਕ) ਸਰੀਰ= ਅੰਤਹਕਰਨ ਪਵਿੱਤ੍ਰ ਹੋ ਗਏ।

ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥

ਉਨ੍ਹਾਂ ਨੇ ਪੂਰਨ ਪ੍ਰਭੂ ਨੂੰ ਪਾਇਆ ਹੈ ਅਤੇ ਮਨ ਤਨ ਕਰਕੇ ਸੰਤੋਖਵਾਨ ਹੋਏ ਹਨ।

ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥ ੧੮ ॥

ਉਹਨਾਂ ਦੇ ਸੰਗ ਕਰਕੇ ਕੁਟੰਬ ਦੇ ਲੋਕ ਅਤੇ ਕੁਲ ਦੇ ਸਾਰੇ ਲੋਕ ਤਰ ਗਏ ਹਨ ॥ ੧੮ ॥

ਸਲੋਕ ॥ ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥

ਗੁਰੂ ਗੋਬਿੰਦ ਰੂਪ ਹੈ ਤੇ ਗੋਪਾਲ ਗੁਰੂ ਰੂਪ ਹੈ, ਅਥਵਾ:-ਗੁਰੂ ਗੋਬਿੰਦ ਰੂਪ ਹਨ, ਗੁਰੂ ਹੀ ਗੋਪਾਲ ਰੂਪ ਹਨ, ਅਤੇ ਗੁਰੂ ਪੂਰਨ ਨਰਾਇਣ ਸਰੂਪ ਹਨ।

ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥ ੧ ॥

ਗੁਰੂ ਦਿਆਲੂ ਸੁਭਾਅ ਵਾਲੇ ਹਨ, ਗੁਰੂ ਸਰਬ ਕਲਾ ਸਮਰੱਥ ਹਨ, ਗੁਰੂ ਹੀ ਪਾਪੀਆਂ ਦੇ ਉਧਾਰਣਹ=ਤਾਰਨ ਵਾਲੇ ਹਨ ॥ ੧ ॥

ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ ॥

ਬਿਖਮੁ=ਕਠਨ ਤੇ ਅਸਗਾਹ ਸੰਸਾਰ-ਸਮੁੰਦਰ ਤੋਂ ਗੁਰੂ ਬੋਹਿਥੇ=ਜਹਾਜ਼ ਰੂਪ ਹੋ ਕੇ ਤਾਰਿਅਮੁ=ਤਾਰਦੇ ਹਨ। ਵਾ:-ਗੁਰੂ ਨਾਮ ਗਿਆਨ ਰੂਪੀ ਜਹਾਜ਼ ਉੱਤੇ ਚਾੜ੍ਹਕੇ ਤਾਰ ਦਿੰਦੇ ਹਨ।

ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਪੂਰਨ ਕਰਮ ਹਨ, ਓਹੀ ਸਤਿਗੁਰਾਂ ਦੀ ਚਰਨੀਂ ਲੱਗਾ ਹੈ॥ ੨ ॥

ਪਉੜੀ ॥ ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ ॥

ਗੁਰਦੇਵ ਜੀ ਧੰਨ ਧੰਨ ਹਨ, ਜਿਸ ਗੁਰੂ ਦੇ ਸੰਗ ਕਰਕੇ ਹਰੀ ਨਾਮ ਜਪਿਆ ਹੈ।

ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ॥

ਜਿਸ ਵੇਲੇ ਗੁਰੂ ਜੀ ਕ੍ਰਿਪਾਲੂ ਹੋਏ ਤਾਂ ਸਾਰੇ ਔਗੁਣ ਛਪੇ=ਲੁਕ ਗਏ।

ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ ॥

ਪਾਰਬ੍ਰਹਮ ਰੂਪ ਗੁਰਦੇਵਾਂ ਨੇ ਨੀਚਾਂ ਨੂੰ ਉੱਚ ਪਦਵੀ ਉੱਪਰ ਅਸਥਾਪਨ ਕੀਤਾ ਹੈ।

ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪ ਦਸੇ ॥

ਦੁੱਖ ਰੂਪ ਮਾਇਆ ਦੀ ਮੋਹ ਰੂਪ ਸਿਲਕ=ਫਾਹੀ ਕੱਟ ਕੇ ਅਪ=ਆਪਣੇ ਦਸੇ=ਦਾਸ ਕਰ ਲਿਆ ਹੈ।

ਗੁਣ ਗਾਏ ਬੇਅੰਤ ਰਸਨਾ ਹਰਿ ਜਸੇ ॥ ੧੯ ॥

ਦਾਸਾਂ ਦੀ ਰਸਨਾ ਬੇਅੰਤ ਹਰੀ ਦੇ ਜਸ ਰੂਪ ਗੁਣਾਂ ਨੂੰ ਗਾਂਵਦੀ ਹੈ॥ ੧੯ ॥

ਸਲੋਕ ॥ ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ ॥

ਇਕ ਹੀ ਨਰਹਰ ਪਰਮਾਤਮਾ ਸਾਰਿਆਂ ਨੂੰ ਦ੍ਰਿਸਟੰਤ=ਵੇਖ ਰਿਹਾ ਹੈ, ਇੱਕ ਹੀ ਸਾਰਿਆਂ ਦੀ ਗੱਲ-ਬਾਤ ਸੁਣ ਰਿਹਾ ਹੈ, ਇੱਕ ਹੀ ਸਾਰੇ ਵਰਤ ਰਿਹਾ ਹੈ।

ਅਥਵਾ:-ਅਸਾਨੂੰ ਇੱਕ ਤੂੰਹੀਂ ਦਿਸ ਰਿਹਾ ਹੈਂ, ਅਸੀਂ ਇਕ ਤੇਰੇ ਹੀ ਜਸ ਨੂੰ ਸੁਣਦੇ ਹਾਂ, ਹਰੇਕ ਨਰ=ਪੁਰਸ਼ ਵਿਚ ਇੱਕ ਤੂੰਹੀਂ ਵਰਤ ਰਿਹਾ ਹੈਂ।

ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਤੇਰੇ ਪਾਸੋਂ ਨਾਮ ਦਾਨ ਨੂੰ ਮੰਗਦਾ ਹਾਂ, ਹੇ ਦਿਆਲੂ ਪੁਰਖ ! ਤੂੰ ਅਸਾਡੇ ਤੇ ਕਿਰਪਾ ਕਰ॥ ੧ ॥

ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥

ਹੇ ਹਰੀ ! ਇੱਕ ਤੈਨੂੰ ਸੇਂਵਦਾ ਹਾਂ, ਇੱਕ ਆਪ ਜੀ ਨੂੰ ਹੀ ਸੰਭਾਲਦਾ ਹਾਂ, ਹੇ ਹਰੀ ! ਇੱਕ ਆਪ ਜੀ ਦੇ ਪਾਸ ਹੀ ਅਰਦਾਸਿ=ਬੇਨਤੀ ਕਰਦਾ ਹਾਂ।

ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ॥ ੨॥

੧. ਗੁਰੂ ਜੀ ਕਥਨ ਕਰਦੇ ਹਨ, ਸੱਚੀ ਸ਼ਰਧਾ ਰੂਪੀ ਰਾਸਿ=ਪੂੰਜੀ ਕਰਕੇ ਧੰਨਤਾ ਜੋਗ ਨਾਮ ਰੂਪ ਸੋਦੇ ਨੂੰ ਮੈਂ ਇਕੱਠਾ ਕੀਤਾ ਹੈ।

੨. ਧੰਨਤਾ ਜੋਗ ਨਾਮ ਰੂਪ ਸੋਦੇ ਨੂੰ ਜਿਹੜਾ ਇਕੱਠਾ ਕੀਤਾ ਹੈ, ਮੈਂ ਨਾਨਕ ਦੀ ਏਹੋ ਸੱਚੀ ਰਾਸਿ=ਮੂੜੀ ਹੈ॥ ੨॥

ਪਉੜੀ॥ ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ॥

ਹੇ ਦਿਆਲੂ ਸੁਭਾਅ ਵਾਲੇ ਪ੍ਰਭੂ ! ਬਿਅੰਤ ਗੁਣਾਂ ਕਰਕੇ ਪੂਰਨ, ਤੂੰ ਇੱਕ ਆਪ ਹੀ ਇਹ ਜਗਤ ਰੂਪ ਹੋ ਰਿਹਾ ਹੈਂ।

ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ॥

ਤੂੰ ਆਪੇ ਆਪ ਹੀ ਸਭ ਕੁਝ ਰੂਪ ਹੋ ਰਿਹਾ ਹੈਂ, ਦੂਜਾ ਹੋਰ ਕੇਹੁ=ਕੇਹੜਾ ਕਹਾ=ਕਹੀਏ।

ਆਪਿ ਕਰਹੁ ਪ੍ਰਭ ਦਾਨੁ ਆਪੇ ਆਪਿ ਲੇਹੁ॥

ਹੇ ਪ੍ਰਭੂ ! ਤੁਸੀਂ ਆਪ ਹੀ (ਦਾਤਾ ਰੂਪ ਹੋ ਕੇ), ਦਾਨ=ਦੇਣਾ ਕਰਦੇ ਹੋ ਅਤੇ ਆਪਣੇ ਤੋਂ ਆਪ ਹੀ (ਭਿਖਾਰੀ, ਮੰਗਤਾ ਜੀਵ ਰੂਪ ਹੋ ਕੇ) ਦਾਨ ਲੈਂਦੇ ਹੋ !

ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ॥

ਜੋ ਆਉਣਾ ਜਾਣਾ ਹੈ, ਇਹ ਸਭ ਤੇਰਾ ਹੁਕਮ ਹੈ, ਇਕ ਆਪ ਜੀ ਦਾ ਸਰੂਪ ਥਾਂ ਨਿਸਚਲ ਹੈ।

ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ॥ ੨੦॥ ੧॥

ਗੁਰੂ ਜੀ ਕਥਨ ਕਰਦੇ ਹਨ, ਮੈਂ ਇੱਕ ਦਾਨ ਮੰਗਦਾ ਹਾਂ, ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ ਦਾਨ ਦੇਣਾ ਕਰੋ॥ ੨॥ ੧॥

ਜੈਤਸਰੀ ਦੀ ਵਾਰ ਸਮਾਪਤੰ॥

ਰਾਗੁ ਜੈਤਸਰੀ ਭਗਤ ਬਾਣੀ

ਜੈਤਸਰੀ ਬਾਣੀ ਭਗਤਾ ਕੀ

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:–ਭਗਤ ਰਵਿਦਾਸ ਜੀ ਅਕਾਲ ਪੁਰਖ ਅੱਗੇ ਸਨਮੁਖ ਬੇਨਤੀ ਕਰਦੇ ਹਨ:-

ਨਾਥ ਕਛੂਅ ਨ ਜਾਨਉ ॥ਮਨੁ ਮਾਇਆ ਕੈ ਹਾਥਿ ਬਿਕਾਨਉ ॥੧ ॥ਰਹਾਉ ॥

ਹੇ ਨਾਥ:-ਸੁਆਮੀ ! ਮੈਂ ਆਪ ਜੀ ਦਾ ਨਿਦਾਨ ਬੱਚਾ, ਕੁਝ ਨਹੀਂ ਜਾਣਦਾ, ਕਿਉਂਕਿ ਮੇਰਾ ਮਨ ਮਾਇਆ ਦੇ ਹੱਥੀਂ ਬਿਕਾਨਉ=ਵਿਕਿਆ ਹੋਇਆ ਹੈ।

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥ ੧ ॥

ਹੇ ਸੁਆਮੀ ! ਆਪ ਸਾਰੇ ਜਗਤ ਦੇ ਗੁਰੂ ਅਖਵਾਉਂਦੇ ਹੌ ਤੇ ਅਸੀਂ ਕਲਜੁਗ ਦੇ ਕਾਮੀ ਜੀਵ ਅਖਵਾਉਂਦੇ ਹਾਂ, ਭਾਵ ਵਿਸ਼ੇ ਵਿਕਾਰਾਂ ਵਿਚ ਫਸੇ ਹੋਏ ਹਾਂ।

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ ੨ ॥

ਇਨ੍ਹਾਂ ਪੰਚਨ=ਪੰਜਾਂ ਕਾਮ ਆਦਿਕਾਂ ਨੇ ਮੇਰਾ ਜੋ ਮਨ ਹੈ ਤਿਸਨੂੰ ਵਿਗਾੜ ਦਿੱਤਾ ਹੈ। ਹੇ ਹਰੀ ਜੀ ! ਆਪ ਨਾਲੋਂ ਮੇਰਾ ਪੱਲ ਪੱਲ ਸਮੇਂ ਵਿਚ ਅੰਤਰੁ=ਭੇਦ (ਫਰਕ) ਅਰਥਾਤ ਪਾੜ ਪਾਇਆ ਹੋਇਆ ਹੈ॥ ੨ ॥

ਜਤ ਦੇਖਉ ਤਤ ਦੁਖ ਕੀ ਰਾਸੀ ॥ਅਜੌਂ ਨ ਪਤ੍ਰਾਇ ਨਿਗਮ ਭਏ ਸਾਖੀ ॥੩ ॥

ਜਤ=ਜਿੱਥੇ ਨਜ਼ਰ ਕਰਕੇ ਦੇਖਦੇ ਹਾਂ, ਤਤ=ਤਿਥੇ ਇਹ ਕਾਮ ਆਦਿਕ ਦੁੱਖਾਂ ਦੀ ਰਾਸੀ=ਖਾਣ ਹੀ ਹਨ। ਨਿਗਮ=ਵੇਦ ਵੀ ਉਗਾਹੀ ਦੇਂਦੇ ਹਨ ਕਿ ਠੀਕ ਇਹ ਕਾਮ ਆਦਿਕ ਦੁਖਦਾਈ ਹਨ, ਪਰ ਖਰਾਬ ਮਨ ਇਸ ਗੱਲ ਤੇ ਅਜੇ ਤੱਕ ਪਤ੍ਰਾਇ=ਭਰੋਸਾ ਨਹੀਂ ਕਰਦਾ॥ ੩ ॥

ਹੁਣ ਕਮੁੱਤਕ ਨਿਆਂਇ ਨਾਲ ਕਥਨ ਕਰਦੇ ਹਨ-

ਗੋਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸੁ ਧਰਨਿ ਸਹਸ ਭਗ ਗਾਂਮੀ॥ ੪॥

ਪਹਿਲਾ ਅਰਥ-

ਗੋਤਮ ਰਿਖੀ ਨੂੰ ਕ੍ਰੋਧ ਨੇ ਮਾਰਨਾ ਕੀਤਾ। ਗੋਤਮ ਰਿਖੀ ਦੀ ਨਾਰਿ=ਇਸਤ੍ਰੀ ਅਹਿਲਿਆ ਨੂੰ ਕਾਮਦੇਵ ਨੇ ਮਾਰਿਆ, ਕਿਉਂਕਿ ਅਹਿਲਿਆ ਨੇ 'ਜੋਗਨੇਸਰੀ' ਦਾਸੀ ਭੇਜ ਕੇ ਇੰਦਰ ਨੂੰ ਆਪਣੇ ਪਾਸ ਬੁਲਾਕੇ ਕੁਕਰਮ ਕੀਤਾ*।

ਉਮਾ=ਪਾਰਬਤੀ ਨੂੰ ਝੂਠ ਨੇ ਮਾਰਿਆ, ਜਿਸ ਵੇਲੇ ਸ੍ਰੀ ਰਾਮਚੰਦਰ ਜੀ ਬਨਬਾਸੀ ਹੋਏ ਹੋਏ ਸੀਤਾ ਲਈ ਵਿਰਲਾਪ ਕਰਦੇ ਜਾ ਰਹੇ ਸਨ ਤਾਂ ਅੱਗੋਂ ਪਾਰਬਤੀ ਸਹਿਤ ਸ਼ਿਵਜੀ ਮਿਲੇ। ਸ਼ਿਵਾਂ ਜੀ ਕਿਹਾ -

"ਜਯ ਸੱਚਿਦਾਨੰਦ ਜਗ ਪਾਵਨ। ਅਸ ਕਹਿ ਚਲੇ ਮਨੋਜ ਨਸਾਵਨ॥ ੫੦॥"

(ਤੁਲਸੀ ਰਾਮਾਇਣ ਬਾਲ ਕਾਂਡ)

ਪਾਰਬਤੀ ਨੇ ਇਸ ਵਿਚ ਸ਼ੰਕਾ ਕੀਤੀ। ਸ਼ਿਵਜੀ ਸਰਬੱਤ ਸ਼ਕਤੀਮਾਨ ਹਨ ਤੇ ਇਹ ਰਾਜ ਪੁੱਤਰ ਹੈ ਇਸ ਨੂੰ ਸੱਚਿਦਾਨੰਦ ਕਿਉਂ ਕਿਹਾ ਹੈ। ਜੇ ਇਹ ਵਿਸ਼ਨੂੰ ਦਾ ਅਵਤਾਰ ਹੁੰਦੇ ਤਾਂ 'ਹਾਇ ਸੀਤਾ ਹਾਇ ਸੀਤਾ' ਕਿਉਂ ਕਰਦੇ ਫਿਰਦੇ ?

ਪਾਰਬਤੀ ਨੇ ਪੁੱਛਿਆ, "ਇਹ ਕੌਣ ਹਨ?"

ਸ਼ਿਵਾਂ ਨੇ ਆਖਿਆ, "ਇਹ ਵਿਸ਼ਨੂੰ ਮਹਾਰਾਜ ਜੀ ਦਾ ਅਵਤਾਰ ਹਨ।"

ਪਾਰਬਤੀ ਨੇ ਆਖਿਆ, "ਮੈਨੂੰ ਵੀ ਆਗਿਆ ਦਿਓ, ਮੈਂ ਜਾ ਕੇ ਦਰਸ਼ਨ ਕਰ ਆਵਾਂ।"

ਸ਼ਿਵਾਂ ਕਿਹਾ, "ਸੀਤਾ ਰੂਪ ਨਾ ਧਾਰੀਂ, ਜਾਹ ਦਰਸ਼ਨ ਕਰ ਆ।"

ਪਾਰਬਤੀ ਨੇ ਰਸਤੇ ਵਿਚ ਜਾਂਦਿਆਂ ਵਿਚਾਰ ਕੀਤੀ ਜੇ ਮੈਂ ਸੀਤਾ ਰੂਪ ਧਾਰਕੇ ਨਾ ਪਰਖ ਕੀਤੀ ਤਾਂ ਮੈਨੂੰ ਕਿਵੇਂ ਤਸੱਲੀ ਹੋਵੇਗੀ ?

ਜੋ ਸੀਤਾ ਰੂਪ ਧਾਰਕੇ ਅੱਗੇ ਜਾ ਬੈਠੀ। ਜਦ ਸ੍ਰੀ ਰਾਮਚੰਦਰ ਜੀ ਆਏ ਤਾਂ ਵੇਖ ਕੇ ਕਿਹਾ - "ਹੇ ਮਾਤਾ ! ਇਕੱਲੇ ਕਿਉਂ ਫਿਰਦੇ ਹੋ? ਸ਼ਿਵਜੀ ਕਿੱਥੇ ਹਨ ?"

"ਕਹਿਓ ਬਹੋਰਿ ਕਹਾਂ ਬ੍ਰਿਖ ਕੇਤੂ। ਬਿਪਿਨ ਅਕੇਲੀ ਫਿਰਹੁ ਕੇਹਿ ਹੇਤੂ।"

(ਤੁਲਸੀ ਰਾਮਾਇਣ)

ਇਤਨੀ ਗੱਲ ਸੁਣਕੇ ਸ਼ਰਮਸਾਰ ਹੋ ਗਈ, ਵਾਪਸ ਹਟਕੇ ਆਈ ਤਾਂ ਸ਼ਿਵਾਂ ਦੇ ਪੁੱਛਣ ਉੱਪਰ ਉਸਨੇ ਝੂਠ ਬੋਲ ਦਿੱਤਾ ਕਿ ਮੈਂ ਸੀਤਾ ਰੂਪ ਨਹੀਂ ਧਾਰਿਆ। ਸ਼ਿਵਾਂ ਨੇ ਅੰਤਰ ਧਿਆਨ ਹੋ ਕੇ ਵੇਖਿਆ ਕਿ ਇਹ ਤਾਂ ਸੀਤਾ ਰੂਪ ਧਾਰ ਆਈ ਹੈ। ਉਸ ਵੇਲੇ ਸ਼ਿਵਾਂ ਨੇ ਤਿਆਗ ਕਰ ਦਿੱਤਾ, ਕਿਉਂਕਿ ਸੀਤਾ ਤਾਂ ਅਸਾਡੀ ਮਾਤਾ ਹੋਈ।

---

*ਇਹ ਕਥਾ ਦਸਮ ਗ੍ਰੰਥ ਵਿਖੇ ਲਿਖੀ ਹੈ, ਓਥੇ ਵੇਖੋ।

ਵੇਖੋ ! ਝੂਠ ਬੋਲਿਆ ਤਾਂ ਸ਼ਿਵਾਂ ਨੇ ਬਿਲਕੁਲ ਤਿਆਗ ਦਿੱਤਾ*।

ਪਾਰਬਤੀ ਨੇ ਪਤਿ=ਸੁਆਮੀ ਸ਼ਿਵਜੀ ਨੂੰ ਕਾਮਦੇਵ ਨੇ ਮਾਰਿਆ। ਜਿਸ ਵੇਲੇ ਭਗਵਾਨ ਨੇ ਸਮੁੰਦਰ ਰਿੜਕਿਆ ਤੇ ਚੌਦਾਂ ਰਤਨ ਵੰਡਣ ਸਮੇਂ ਮੋਹਣੀ ਅਵਤਾਰ ਧਾਰਿਆ ਤਾਂ ਸ਼ਿਵਜੀ ਮੋਹਤ ਹੋ ਕੇ ਪਿੱਛੇ ਦੌੜ ਪਏ, ਤਿਸ ਵੇਲੇ ਬੀਰਜ ਗਿਰ ਪਿਆ ਜੋ ਹੁਣ ਤੱਕ ਪਾਰੇ ਦੀ ਸ਼ਕਲ ਵਿਚ ਹੈ।

ਸਾਰੇ ਜਗਤ ਦੇ ਸੁਆਮੀ=ਵਿਸ਼ਨੂੰ ਨੂੰ ਭੀ ਕਾਮਦੇਵ ਨੇ ਮਾਰਨਾ ਕੀਤਾ।

ਜਲੰਧਰ ਦੈਂਤ ਦਾ ਰੂਪ ਧਾਰ ਕੇ ਪਤਿਬ੍ਰਤ ਧਰਮ ਵਾਲੀ ਬਿੰਦਰਾ ਦੇ ਨਾਲ ਗ੍ਰਿਹਸਤ ਵਾਲਾ ਵਿਹਾਰ ਕਰਕੇ ਉਸਤੇ ਸੱਤ ਧਰਮ ਨੂੰ ਤੋੜਨਾ ਕੀਤਾ।

ਸੀਸੁ ਧਰਨਿ

ਪੁੱਤਰੀ ਪਿੱਛੇ ਪੰਜਵਾਂ ਸਿਰ ਧਾਰਨ ਵਾਲੇ ਬ੍ਰਹਮਾ ਨੂੰ ਵੀ ਕਾਮਦੇਵ ਨੇ ਮਾਰਨਾ ਕੀਤਾ।

ਸਹਸ ਭਗ ਗਾਂਮੀ॥

ਅਹਿਲਿਆ ਨਾਲ ਗਾਂਮੀ=ਗਮਨ ਭਾਵ ਗ੍ਰਿਹਸਤ ਵਾਲਾ ਵਿਹਾਰ ਕਰਨ ਨਾਲ ਜਿਸ ਇੰਦਰ ਨੂੰ ਸਹਸ=ਹਜ਼ਾਰ ਭਗ ਹੋਣ ਦਾ ਸਰਾਪ ਮਿਲਿਆ ਹੈ, ਉਸਨੂੰ ਵੀ ਕਾਮਦੇਵ ਨੇ ਮਾਰਨਾ ਕੀਤਾ ਹੈ। ਜੋ ਬੈਕੁੰਠ ਧਾਮ ਦੀਆਂ ਸੋਹਣੀਆਂ ਸੋਹਣੀਆਂ ਅਪੱਛਰਾਂ ਛੱਡਕੇ ਗੌਤਮ ਰਿਖੀ ਦੀ ਔਰਤ 'ਅਹਿਲਿਆ' ਨਾਲ ਕਾਮਚੇਸ਼ਟਾ ਕਰਦਾ ਹੋਇਆ**।

ਦੂਜਾ ਅਰਥ—

ਗੌਤਮ ਨਾਰਿ ਸਹਸ ਭਗ ਗਾਂਮੀ॥

ਗੌਤਮ ਰਿਖੀ ਦੀ ਇਸਤ੍ਰੀ ਜੋ ਅਹਿਲਿਆ ਹੈ ਤਿਸਦੇ ਨਾਲ ਗਾਂਮੀ=ਬਿਭਚਾਰ ਕਰਮ ਕਰਨ ਨਾਲ ਇੰਦਰ ਹਜ਼ਾਰ ਭਗਾਂ ਵਾਲਾ ਹੋ ਗਿਆ ਅਤੇ-

ਉਮਾਪਤਿ ਸੁਆਮੀ ਸੀਸ ਧਰਨਿ=ਪਾਰਬਤੀ ਦਾ ਪਤੀ ਜੋ ਸ਼ਿਵ ਹੈ, ਤਿਸ ਦਾ ਸੁਆਮੀ ਜੋ ਬ੍ਰਹਮਾ ਹੈ ਤਿਸਨੇ ਪੁੱਤਰੀ ਪਿੱਛੇ ਪੰਜਵਾਂ ਸਿਰ ਧਾਰਨਾ ਕੀਤਾ॥ ੪॥

ਇਨ ਦੂਤਨ ਖਲੁ ਬਧੁ ਕਰਿ ਮਾਰਿਓ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ॥ ੫॥

ਇਨ੍ਹਾਂ ਕਾਮ ਆਦਿਕ ਦੂਤਾਂ ਨੇ ਖਲੁ=ਨਿਸਚੇ ਕਰਕੇ, ਅਥਵਾ:-ਮੂਰਖ ਮਨ ਨੂੰ ਆਪਣੀ ਵੱਲ ਬੰਨ੍ਹਕੇ ਮਾਰਨਾ ਕੀਤਾ ਹੈ।

---

*ਇਹ ਕਥਾ ਸਾਰੀ ਤੁਲਸੀ ਰਾਮਾਇਣ ਬਾਲ ਕਾਂਡ ਵਿਚ ਵੇਖੋ।

**ਬ੍ਰਹਮਾ ਤੇ ਇੰਦਰ ਦਾ ਵਿਸਥਾਰ ਪੂਰਬਕ ਪ੍ਰਸੰਗ ਧਨਾਸਰੀ ਰਾਗੁ ਵਿਚ ਭਗਤ ਤ੍ਰਿਲੋਚਨ ਜੀ ਦੇ ਸ਼ਬਦ ਵਿਖੇ ਦੇਖੋ।

ਯਥਾ- "ਬਿਸਨ ਲਏ ਅਵਤਾਰ ਦਸ, ਵੈਰ ਵਿਰੋਧ ਜੋਧ ਸੰਘਾਰੇ।
ਮਛ ਕਛ ਵੈਰਾਹ ਰੂਪਿ, ਹੋਇ ਨਰਸਿੰਘੁ ਬਾਵਨ ਬਉਧਾਰੇ।
ਪਰਸਰਾਮੁ, ਰਾਮੁ ਕਿਸਨੁ ਹੋਇ, ਕਿਲਕਿ ਕਲੰਕੀ ਅਤਿ ਅਹੰਕਾਰੇ।
ਖੜ੍ਹੀ ਮਾਰਿ ਇਕੀਹ ਵਾਰ, ਰਾਮਾਇਣ ਕਰਿ ਭਾਰਥ ਭਾਰੇ।
ਕਾਮ ਕਰੋਧ ਨ ਸਾਧਿਓ, ਲੋਭੁ ਮੋਹ ਅਹੰਕਾਰੁ ਨ ਮਾਰੇ॥ ੮॥"

(ਭਾ. ਗੁਰਦਾਸ ਜੀ, ਵਾਰ ੧੨)

ਕਾਮਆਦੀ ਦੂਤਾਂ ਦਾ ਟੋਲਾ ਬੜਾ ਨਿਲੱਜ ਹੈ, ਜੋ ਸਭ ਨੂੰ ਮਾਰਦਾ ਹੋਇਆ ਅਜੇ ਤੱਕ ਨਹੀਂ ਹਾਰਿਆ॥
ਅਥਵਾ:-ਇਹ ਮਨ ਬੜਾ ਬੇਸ਼ਰਮ ਹੈ, ਜੋ ਵਿਸ਼ਿਆਂ ਨੂੰ ਭੋਗਦਾ ਹੋਇਆ ਅਜੇ ਤੱਕ ਨਹੀਂ ਹਾਰਿਆ॥ ੫॥

ਕਹਿ ਰਵਿਦਾਸ ਕਹਾ ਕੈਸੇ ਕੀਜੈ॥

ਭਗਤ ਰਵਿਦਾਂਸ ਜੀ ਕਹਿੰਦੇ ਹਨ, ਕਿ ਹੁਣ ਕਿੱਥੇ ਜਾਈਏ ਤੇ ਕੀ ਯਤਨ ਕਰੀਏ?

ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥ ੬॥ ੧॥

ਹੇ ਰਘੁਨਾਥ=ਅਕਾਲ ਪੁਰਖ ! ਆਪ ਜੀ ਤੋਂ ਬਿਨਾਂ ਕਾ ਕੀ=ਕਿਸ ਦੀ ਸ਼ਰਨ ਲਈਏ। ਆਪ ਹੀ ਅਸਾਡੇ ਤੇ ਕਿਰਪਾ ਕਰੋ ਜੋ ਇਨ੍ਹਾਂ ਕਾਮ ਆਦਿਕਾਂ ਤੋਂ ਬਚੇ ਰਹੀਏ॥ ੬॥ ੧॥

ਜੈਤਸਰੀ ਰਾਗੁ ਵਿਚ ਭਗਤ ਰਵਿਦਾਸ ਜੀ ਦਾ ਇੱਕੋ ਹੀ ਸ਼ਬਦ ਹੈ।

—ਜੈਤਸਰੀ ਰਾਗੁ ਸਮਾਪਤੰ—

ਰਾਗੁ ਟੋਡੀ (ਪੰਨਾ ੭੧੧)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਰਾਗੁ ਟੋਡੀ* ਮਹਲਾ ੪ ਘਰੁ ੧ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੀ ਬਿਵਸਥਾ ਸੁਣਾਉਂਦੇ ਹਨ।

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ॥

ਹਰੀ ਤੋਂ ਬਿਨਾਂ ਮੇਰਾ ਮਨ ਨਹੀਂ ਰਹਿ ਸਕਦਾ।

ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ
ਬਹੁਰਿ ਨ ਭਵਜਲਿ ਫੇਰਾ॥ ੧ ॥ ਰਹਾਉ ॥

ਜਦ ਮੇਰੇ ਪ੍ਰਾਣਾਂ ਦੇ ਪ੍ਰੀਤਮ ਹਰੀ ਪ੍ਰਭੂ ਨਾਲ ਗੁਰੂ ਮੇਲੇਗਾ, ਤਦ ਮੁੜ ਕੇ ਸੰਸਾਰ ਵਿਚ ਫੇਰਾ

---

*ਇਹ ਇੱਕ ਸੰਪੂਰਨ ਜਾਤੀ ਦੀ ਰਾਗਣੀ ਹੈ, ਜੋ ਧਨਾਸਰੀ, ਆਸਾਵਰੀ , ਤੇ ਖਟ, ਤਿੰਨਾਂ ਦੇ ਮੇਲ ਤੋਂ ਬਣਦੀ ਹੈ। ਇਸ ਦਾ ਮੌਸਮ ਸਰਦ ਰੁੱਤ ਹੈ, ਪਹਿਰ ਦਿਨ ਚੜ੍ਹੇ ਗਾਈ ਜਾਂਦੀ ਹੈ।

''ਨਾਦ ਬਨੋਦ'' ਵਿਚ ਇਸਨੂੰ ਭੈਰੋਂ ਦੀ ਇਸਤ੍ਰੀ ਕਿਹਾ ਹੈ।

''ਸੁਰ ਤਾਲ ਸਮੂਹ'' ਵਿਚ ਇਸਨੂੰ ਮਾਲਕੌਂਸ ਦੀ ਇਸਤ੍ਰੀ ਕਿਹਾ ਹੈ।

''ਬੁੱਧ ਪ੍ਰਕਾਸ਼ ਦਰਪਣ'' ਵਿਚ ਇਸ ਨੂੰ ਦੀਪਕ ਰਾਗ ਦੀ ਇਸਤ੍ਰੀ ਲਿਖਿਆ ਹੈ।

''ਰਾਗੁ ਮਾਲਾ'' ਵਿਚ ਭੀ ਇਸ ਨੂੰ ਦੀਪਕ ਰਾਗ ਦੀ ਇਸਤ੍ਰੀ ਲਿਖਿਆ ਹੈ।

ਯਥਾ:- ''ਪੁਨਿ ਆਈ ਦੀਪਕ ਕੀ ਬਾਰੀ॥ ੧॥ ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥
ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ॥ ੧॥'' (ਪੰਨਾ ੧੪੩੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੀ ਗਿਣਤੀ ਅਨੁਸਾਰ ਇਸ ਦਾ ਬਾਰ੍ਹਵਾਂ ਨੰਬਰ ਹੈ।

ਨਹੀਂ ਹੋਵੇਗਾ।

ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭੁ ਹੇਰਾ ॥

ਮੇਰੇ ਹਿਰਦੇ ਵਿਚ ਹਰੀ ਪ੍ਰਭੂ ਦੀ ਲੋਚ=ਇੱਛਾ ਲੱਗੀ ਹੋਈ ਸੀ, ਹੁਣ ਗੁਰਾਂ ਦੀ ਕਿਰਪਾ ਨਾਲ ਮੈਂ ਹਰਿ ਹਰਿ ਪ੍ਰਭੂ ਨੂੰ ਨੈਨਹੁ=ਅੱਖਾਂ ਨਾਲ ਹੇਰਾ=ਵੇਖ ਲਿਆ ਹੈ।

ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ
ਹਰਿ ਪਾਧਰੁ ਹਰਿ ਪ੍ਰਭ ਕੇਰਾ ॥ ੧ ॥

ਸਤਿਗੁਰਾਂ ਨੇ ਦਿਆਲੂ ਹੋ ਕੇ ਜੋ ਮੇਰੇ ਮਨ ਵਿਚ ਹਰੀ ਨਾਮ ਦਿੜ੍ਹ ਕਰਾ ਦਿੱਤਾ ਹੈ, ਏਹੋ ਹਰਿ ਹਰਿ ਪ੍ਰਭੂ ਦੀ ਪ੍ਰਾਪਤੀ ਕੇਰਾ=ਦਾ ਪਾਧਰੁ=ਖੁਲ੍ਹਾ ਰਸਤਾ ਹੈ॥ ੨ ॥

ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ ॥

੧. ਹਰਿ ਹਰਿ ਗੋਬਿੰਦ ਪ੍ਰਭੂ ਰੰਗੀ ਦਾ ਹਰਿ ਹਰਿ ਨਾਮ ਮੇਰੇ ਹਿਰਦੇ ਵਿਚ ਪ੍ਰਭ=ਸਮਰੱਥ ਗੁਰਾਂ ਨੇ ਪਾਇਆ ਹੈ।

੨. ਹਰਿ ਹਰਿ ਜੋ ਗੋਬਿੰਦ ਪ੍ਰਭੂ ਹੈ, ਉਸ ਹਰੀ ਰੰਗੀ ਦਾ ਜੋ ਹਰੀ ਨਾਮ ਪ੍ਰਭ=ਰੱਖਜਕ ਹੈ ਉਹ ਮੇਰੇ ਹਿਰਦੇ ਵਿਚ ਗੁਰਾਂ ਨੇ ਪਾਇਆ ਹੈ।

ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ ॥ ੨ ॥

ਮੱਥੇ ਦੇ ਭਾਗ ਸਾਰਿਆਂ ਤੋਂ ਮੁਖੀ ਤੇ ਚੰਗੇ ਸਨ, ਇਸ ਕਰਕੇ ਹਿਰਦੇ ਵਿਚ ਹਰੀ ਆ ਵਸਿਆ ਹੈ, ਅਤੇ ਮੁਖੀ ਨਾਮ ਮਨ ਤਨ ਵਿਚ ਮੀਠਾ=ਪਿਆਰਾ ਲੱਗਾ ਹੈ॥ ੨ ॥

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥

ਜਿਨ੍ਹਾਂ ਦਾ ਮਨ ਲੋਭ ਆਦਿਕ ਵਿਕਾਰਾਂ ਵਿਚ ਲੱਗਾ ਹੈ, ਉਹਨਾਂ ਨੂੰ ਚੰਗੇਰਾ=ਚੰਗਾ ਪੁਰਖ ਹਰੀ ਭੁੱਲ ਗਿਆ ਹੈ।

ਓਇ ਮਨਮੁਖ ਮੂੜ ਅਗਿਆਨੀ ਕਹੀਅਹਿ
ਤਿਨ ਮਸਤਕਿ ਭਾਗੁ ਮੰਦੇਰਾ ॥ ੩ ॥

ਉਹ ਮਨਮੁਖ ਮੂਰਖ ਅਗਿਆਨੀ ਕਹੇ ਜਾਂਦੇ ਹਨ, ਉਹਨਾਂ ਦੇ ਮੱਥੇ ਦੇ ਭਾਗ ਮੰਦੇਰਾ=ਮੰਦੇ ਹਨ॥ ੩ ॥

ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ ੧

ਅਜੇਹੀ ਬਿਬੇਕ=ਵਿਚਾਰ ਵਾਲੀ ਬੁੱਧੀ ਸਤਿਗੁਰਾਂ ਤੋਂ ਪਾਉਣਾ ਕੀਤੀ, ਤਾਂ ਫਿਰ ਗੁਰਾਂ ਦੁਆਰੇ ਪ੍ਰਭੂ ਦਾ ਗੁਰ ਗਿਆਨੁ=ਅਪ੍ਰੋਖ ਗਿਆਨ ਹੋਇਆ।

ਜਨ ਨਾਨਕ ਨਾਮੁ ਗੁਰੂ ਤੇ ਪਾਇਆ
ਧੁਰਿ ਮਸਤਕਿ ਭਾਗੁ ਲਿਖੇਰਾ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਧੁਰ ਤੋਂ ਮੱਥੇ ਉੱਪਰ ਚੰਗੇ ਭਾਗਾਂ ਦੇ ਲਿਖੇ ਅਨੁਸਾਰ ਮੈਂ ਜਨ ਨੇ ਗੁਰਾਂ ਪਾਸੋਂ ਹਰੀ ਨਾਮ ਨੂੰ ਪਾਇਆ ਹੈ॥ ੪॥ ੧॥

ਟੋਡੀ ਮਹਲਾ ੫ ਘਰੁ ੧ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਸੰਤਨ ਅਵਰ ਨ ਕਾਹੂ ਜਾਨੀ ॥
ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥ ਰਹਾਉ ॥

ਹੇ ਹਰੀ ! ਸੰਤਾਂ ਨੇ ਆਪ ਜੀ ਤੋਂ ਬਿਨਾਂ ਅਵਰ=ਹੋਰ ਕਿਸੇ ਵਿਚ ਪ੍ਰੀਤੀ ਕਰਨੀ ਨਹੀਂ ਜਾਣੀ।
ਹੇ ਹਰੀ ! ਆਪ ਜੀ ਦੇ ਰੰਗਿ=ਪ੍ਰੇਮ ਕਰਕੇ ਸੰਤ ਸਦਾ ਹੀ ਬੇ-ਪਰਵਾਹ ਰਹਿੰਦੇ ਹਨ।
ਹੇ ਹਰੀ ਸੁਆਮੀ ! ਜਿਨ੍ਹਾਂ ਸੰਤਾਂ ਨੂੰ ਇੱਕ ਆਪ ਜੀ ਦਾ ਪਾਖੁ=ਪੱਖ ਹੈ॥ ਰਹਾਉ ॥

ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥

੧. ਹੇ ਠਾਕੁਰ ! ਆਪ ਜੀ ਦਾ ਅਕਾਸ਼ ਰੂਪੀ ਸਮਾਨਾ=ਚੰਦੋਆ ਸਭ ਤੋਂ ਉੱਚਾ ਹੈ, ਤੇ ਦਸ ਦਿਸ਼ਾਂ ਰੂਪ ਕਨਾਤਾਂ ਹਨ, ਆਪ ਜੀ ਤੋਂ ਬਿਨਾਂ ਇਸ ਤਰ੍ਹਾਂ ਦਾ ਚੰਦੋਆ ਤੇ ਕਨਾਤਾਂ ਹੋਰ ਕਿਸੇ ਨੇ ਨਹੀਂ ਤਾਨੀ=ਤਾਣੀਆਂ।

੨. ਹੇ ਠਾਕੁਰ ! ਆਪ ਜੀ ਦਾ ਜਸ ਰੂਪੀ ਚੰਦੋਆ ਸਭ ਤੋਂ ਉੱਚਾ ਹੈ, ਤੇ ਭਗਤੀ ਰੂਪੀ ਕਨਾਤਾਂ ਹਨ, ਐਸੀ ਭਗਤੀ ਰੂਪ ਕਨਾਤ ਸੰਤਾਂ ਤੋਂ ਬਿਨਾਂ ਹੋਰ ਕਿਸੇ ਨੇ ਨਹੀਂ ਤਾਣੀ।

ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ ॥ ੧ ॥

੧. ਐਸਾ ਅਮਰੁ=ਪਰਮਾਤਮਾ ਭਗਤਾਂ ਨੂੰ ਮਿਲਿਆ ਹੈ, ਗਿਆਨਵਾਨ ਪੁਰਸ਼ ਉਸ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰਚ ਰਹੇ ਹਨ।

੨. ਭਗਤਾਂ ਨੂੰ ਅਜੇਹਾ ਅਮਰੁ=ਰਾਜ ਮਿਲਿਆ ਹੈ, ਜਿਸ ਕਰਕੇ ਉਹ ਗਿਆਨੀ ਭਗਤ, ਗਿਆਨ ਦੇ ਰੰਗਿ ਵਿਚ ਹੀ ਰਚ ਰਹੇ ਹਨ॥ ੧ ॥

ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥

ਰੋਗ, ਸੋਗ=ਚਿੰਤਾ, ਜਨਮ ਮਰਨ ਦਾ ਦੁੱਖ, ਜਰਾ=ਬੁਢੇਪਾ, ਮਰਨਾ ਇਤ ਆਦਿਕ ਕੋਈ ਭੀ ਹਰੀ ਦੇ ਸੇਵਕ ਜਨਾਂ ਦੇ ਨਿਕਟਾਨੀ ਨੇੜੇ ਨਹੀਂ ਆਉਂਦੇ।

ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ॥ ੨ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਉਹ ਇੱਕ ਪ੍ਰਭੂ ਵਿਚ ਲਿਵ ਲਗਾ ਕੇ ਨਿਰਭਉ ਹੋ ਰਹੇ ਹਨ, ਅਤੇ ਉਨ੍ਹਾਂ ਦੇ ਮਨ ਦੀ ਬਿਰਤੀ ਹਰੀ ਵਿਚ ਮਾਨੀ=ਮੰਨੀ ਗਈ ਹੈ।

ਅਥਵਾ:-ਉਨ੍ਹਾਂ ਦੇ ਮਨ ਨੂੰ ਹਰੀ ਦਾ ਮਾਨੀ=ਮਾਣ ਹੈ॥ ੨ ॥ ੧ ॥

ਟੋਡੀ ਮਹਲਾ ੫ ॥ ਹਰਿ ਬਿਸਰਤ ਸਦਾ ਖੁਆਰੀ॥

੧. ਹਰਿ=ਹਰ ਤਰ੍ਹਾਂ ਦੇ ਵਿਸ਼ਿਆਂ ਵਿਚ ਰਤ=ਪ੍ਰੀਤੀ ਕਰਨ ਨਾਲ ਸਦਾ ਖੁਆਰੀ ਹੁੰਦੀ ਹੈ।

੨. ਹੇ ਹਰੀ ! ਤੇਰੇ ਬਿਸਰਤ=ਭੁੱਲ ਜਾਣ ਕਰਕੇ ਸਦਾ ਖੁਆਰੀ ਖਰਾਬੀ ਹੁੰਦੀ ਹੈ।

ਯਥਾ:-''ਹਰਿ ਬਿਸਰਤ ਸੋ ਮੂਆ ॥ ੧ ॥ ਰਹਾਉ ॥

ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ ॥ ੧ ॥''

(ਆਸਾਂ ਮ: ੫, ਪੰਨਾ ੪੦੭)

ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥ ਰਹਾਉ ॥

ਹੇ ਪ੍ਰਭੂ ! ਜਿਨ੍ਹਾਂ ਨੂੰ ਆਪ ਜੀ ਦੀ ਓਟ ਹੈ ਉਨ੍ਹਾਂ ਨੂੰ ਧੋਖਾ=ਸੰਸਾ ਕਿਸ ਤਰ੍ਹਾਂ ਬਿਆਪਦਾ ਹੈ, ਭਾਵ ਨਹੀਂ ਬਿਆਪਦਾ॥ ਰਹਾਉ॥

(ਪੰਨਾ ੭੧੨)

ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥

ਨਾਮ ਸਿਰਮਨ ਤੋਂ ਬਿਨਾਂ ਜੋ ਜੀਵਨੁ ਬਲਨਾ=ਜੀਵਦਿਆਂ ਰਹਿਣਾ ਹੈ, ਵਾ:-ਸਿਮਰਨ ਤੋਂ ਬਿਨਾਂ ਜੋ ਜੀਊਣਾ ਹੈ ਉਹ ਬਲਨਾ=ਸੜਨਾ ਹੈ, ਜਿਵੇਂ ਅਜਗਰ ਸੱਪ ਦੀ ਆਪਣੀ ਆਰਜਾ (ਉਮਰਾ) ਹੀ ਅਰੀ ਹੁੰਦੀ ਹੈ, ਤਿਵੇਂ ਉਹ ਪੁਰਸ਼ ਦੁਖੀ ਰਹਿੰਦਾ ਹੈ।

ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥ ੧ ॥

ਭਾਵੇਂ ਨੌਂ ਖੰਡਾਂ ਦਾ ਰਾਜ ਭੀ ਕਰਦਾ ਰਹੇ ਤੌਭੀ ਅੰਤ ਸਮੇਂ ਵਿਚ ਹਾਰ ਕੇ ਜਾਏਗਾ॥ ੧ ॥

ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ॥

ਸ਼ੁਭ-ਗੁਣਾਂ ਦਾ ਨਿਧਾਨ=ਖਜ਼ਾਨਾ ਜੋ ਪ੍ਰਭੂ ਹੈ ਉਸ ਦੇ ਜਸ ਰੂਪ ਗੁਣ ਉਨ੍ਹਾਂ ਨੇ ਗਾਏ ਹਨ, ਜਿਨ੍ਹਾਂ ਉੱਤੇ ਉਸਨੇ ਆਪ ਕਿਰਪਾ ਕੀਤੀ ਹੈ।

ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ॥ ੨ ॥ ੨ ॥

ਉਹ ਸੁਖੀ ਹੈ, ਉਸ ਦਾ ਜਨਮ ਭੀ ਧੰਨ ਹੈ, ਗੁਰੂ ਜੀ ਕਥਨ ਕਰਦੇ ਹਨ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ॥ ੨ ॥ ੨ ॥

ਟੋਡੀ ਮਹਲਾ ੫ ਘਰੁ ੨ ਚਉਪਦੇ

੧ਓ ਸਤਿਗੁਰ ਪ੍ਰਸਾਦਿ॥ ਧਾਇਓ ਰੇ ਮਨ ਦਹ ਦਿਸ ਧਾਇਓ॥

੧. ਹੇ ਭਾਈ ! ਧਾਇਓ=ਧਾ ਜਾਣ ਵਾਲੇ ਅਨਿੱਸਥਰ ਪਦਾਰਥਾਂ ਲਈ ਇਹ ਮਨ ਦਸੋ ਦਿਸ਼ਾਂ ਵਿਚ ਧਾਇਓ=ਦੌੜ ਰਿਹਾ ਹੈ।

੨. ਹੇ ਪ੍ਰਭੂ ! ਇਹ ਮਨ ਦੌੜਣ ਵਾਲਾ ਹੋ ਕੇ ਦਸੋ ਦਿਸ਼ਾਂ ਵੱਲ ਦੌੜ ਰਿਹਾ ਹੈ।

ਮਾਇਆ ਮਗਨ ਸੁਆਦਿ ਲੋਭਿ ਮੋਹਿਓ
ਤਿਨਿ ਪ੍ਰਭਿ ਆਪਿ ਭੁਲਾਇਓ॥ ਰਹਾਉ॥

ਮਾਇਆ ਵਿਚ ਮਸਤ ਹੋ ਕੇ ਸੁਆਦਾਂ ਦੇ ਲੋਭ ਵਿਚ ਮੋਹਿਆ ਗਿਆ ਹੈ, ਤਿਨਿ=ਉਨ੍ਹਾਂ ਵਿਕਾਰਾਂ ਨੇ ਆਪਣੇ ਪ੍ਰਭੂ ਤੋਂ ਭੁਲਾ ਦਿੱਤਾ ਹੈ, ਯਾਂ ਇਸ ਕਰਕੇ ਤਿਸ ਪ੍ਰਭੂ ਨੇ ਆਪ ਭੁਲਾ ਦਿੱਤਾ ਹੈ॥ ਰਹਾਉ॥

ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ
ਇਕੁ ਮੁਹਤੁ ਨ ਇਹੁ ਮਨੁ ਲਾਇਓ॥

ਹਰੀ ਦੀ ਕਥਾ, ਹਰੀ ਦੇ ਜਸ, ਅਤੇ ਸਤਸੰਗਤ ਨਾਲ ਇੱਕ ਮੁਹਤੁ=ਅੱਧੀ ਘੜੀ ਭਰ ਵੀ ਇਸ ਮਨ ਨੂੰ ਨਹੀਂ ਲਗਾਇਆ।

ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ॥ ੧॥

ਕਸੁੰਭੇ ਰੰਗ ਵਾਂਗ ਨਾਸ ਹੋਣ ਵਾਲੇ ਪਦਾਰਥਾਂ ਨੂੰ ਵੇਖ ਕੇ ਬਿਗਸਿਓ=ਖੁਸ਼ ਹੋ ਰਿਹਾ ਹੈ, ਅਤੇ ਪ੍ਰਤੱਖ ਪਰਾਏ ਘਰਾਂ ਨੂੰ, ਵਾ:-ਪਰ/ਇਸਤ੍ਰੀ ਨੂੰ ਵੇਖਣ ਲਈ ਜਾਂਦਾ ਹੈ॥ ੧॥

ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤਪੁਰਖੁ ਮਨਾਇਓ॥

ਗੁਰਦੇਵਾਂ ਦੇ ਚਰਨ ਕਮਲਾਂ ਨਾਲ ਭਾਉ=ਪ੍ਰੇਮ ਨਹੀਂ ਕੀਤਾ, ਨਾ ਹੀ ਸਤਪੁਰਖੁ=ਪਰਮੇਸ਼ਰ ਨੂੰ ਮਨਾਇਆ।

ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ॥ ੨॥

ਧਾਵਤ=ਨਾਸਵੰਤ ਪਦਾਰਥਾਂ ਨੂੰ ਲੈਣ ਵਾਸਤੇ ਬਹੁਤ ਤਰ੍ਹਾਂ ਨਾਲ ਧਾਵਹਿ=ਭੱਜਾ ਫਿਰਦਾ ਹੈ, ਜਿਵੇਂ ਤੇਲੀ ਦਾ ਬਲਦ ਕੋਹਲੂ ਦੇ ਦੁਆਲੇ ਭੌਂਦਾ ਫਿਰਦਾ ਹੈ॥ ੨॥

ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ॥

ਨਾਮ ਨਹੀਂ ਜਪਿਆ, ਕਿਸੇ ਗਰੀਬ ਨੂੰ ਦਾਨ ਨਹੀਂ ਦਿੱਤਾ, ਤੇ ਅੰਮ੍ਰਿਤ ਵੇਲੇ ਉੱਠਕੇ ਇਸ਼ਨਾਨ ਭੀ ਨਹੀਂ ਕੀਤਾ, ਇੱਕ ਨਿਮਖ ਮਾਤ੍ਰ ਸਮਾਂ ਭੀ ਵਾਹਿਗੁਰੂ ਦੀ ਕੀਰਤੀ ਨੂੰ ਨਹੀਂ ਗਾਵਣਾ ਕੀਤਾ।

ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ॥ ੩॥

ਨਾਨਾ=ਅਨੇਕ ਤਰ੍ਹਾਂ ਦੇ ਝੂਠ ਵਿਚ ਲਗਾ ਕੇ ਮਨ ਨੂੰ ਤੋਖਿਓ=ਖੁਸ਼ ਰੱਖਿਆ ਹੈ ਤੇ ਆਪਣਾ ਆਪ ਅਰਥਾਤ ਆਪਣੇ ਸਰੂਪ ਨੂੰ ਜਾਣਿਆਂ ਨਹੀਂ ਹੈ॥ ੩॥

ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥

ਪਰਉਪਕਾਰ ਆਦਿਕ ਸ਼ੁਭ ਕਰਮ ਭੀ ਕਦੇ ਨਹੀਂ ਕੀਤੇ, ਨਾ ਹੀ ਸਤਿਗੁਰਾਂ ਨੂੰ ਸੇਵ ਕੇ ਨਾਮ ਨੂੰ ਸਿਮਰਿਆ।

ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥ ੪ ॥

ਪੰਜ ਕਾਮ ਆਦਿਕ ਦੂਤਾਂ ਦੀ ਸੰਗਤ ਵਿਚ ਰਚਕੇ ਉਨ੍ਹਾਂ ਨਾਲ ਹੀ ਗੋਸਟਿ=ਗੱਲ-ਬਾਤ ਕਰਦਾ ਹੈ, ਤੇ ਮਾਇਆ ਦੇ ਮਦ ਵਿਚ ਮਤਵਾਲਾ ਹੋ ਗਿਆ ਹੈ॥ ੪॥

ਕਰਉ ਬੇਨਤੀ ਸਾਧਸੰਗਤਿ ਹਰਿ ਭਗਤਿ ਵਛਲ ਸੁਨਿ ਆਇਓ ॥

ਹੇ ਹਰੀ ! ਆਪ ਜੀ ਦਾ ਨਾਮ ਭਗਤ ਵਛਲ ਸੁਣ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਤੇ ਬੇਨਤੀ ਕਰਦਾ ਹਾਂ, ਆਪ ਮੈਨੂੰ ਸਤਸੰਗਤ ਕਰਨੀ ਦਿਓ।

ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥ ੫ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਬੇਨਤੀ ਕਰੋ, ਹੇ ਹਰੀ ! ਮੈਂ ਦੌੜਕੇ ਆਪ ਜੀ ਦੇ ਪਿੱਛੇ ਆ ਪਿਆ ਹਾਂ, ਮੈਨੂੰ ਆਪਣਾ ਦਾਸ ਜਾਣ ਕੇ ਮੇਰੀ ਲੱਜਾ ਰੱਖ ਲਵੋ॥ ੫॥ ੧॥ ੩॥

ਟੋਡੀ ਮਹਲਾ ੫ ॥ ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥

ਪ੍ਰਭੂ ਦੇ ਬੁੱਝੇ ਤੋਂ ਬਿਨਾਂ ਮਨੁੱਖ ਦਾ ਜਗਤ ਵਿਚ ਆਉਣਾ ਵਿਅਰਥ ਹੈ।

ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥ ਰਹਾਉ ॥

ਭਾਵੇਂ ਉਹ ਤਨ ਉੱਤੇ ਅਨੇਕ ਤਰ੍ਹਾਂ ਦੇ ਕੱਪੜੇ ਸਜਾ ਕੇ ਬਹੁਤ ਤਰ੍ਹਾਂ ਦੇ ਸ਼ਿੰਗਾਰ ਕਰਦਾ ਹੈ, ਪਰ ਉਹ ਸਾਰੇ ਇਸ ਤਰ੍ਹਾਂ ਨਿਸਫਲ ਹਨ, ਜਿਵੇਂ ਮਿਰਤਕੁ=ਮੁਰਦੇ ਨੂੰ ਕੱਪੜੇ ਪੁਆਏ ਹੁੰਦੇ ਹਨ॥ ਰਹਾਉ॥

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥

ਧਾਇ ਧਾਇ=ਦੌੜ ਦੌੜ ਕੇ ਕ੍ਰਿਪਨ=ਸੂਮ ਨੇ ਬੜਾ ਸ੍ਰਮੁ=ਕਸ਼ਟ (ਥਕੇਂਵਾਂ) ਸਹਾਰਨਾ ਕੀਤਾ, ਤੇ ਬਹੁਤ ਸਾਰੀ ਮਾਇਆ ਇਕਤ੍ਰ=ਇਕੱਠੀ ਕਰ ਲਈ। ਪਰ ਉਸ ਮਾਇਆ ਕਰਕੇ-

ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥ ੧ ॥

ਕੋਈ ਦਾਨ ਪੁੰਨ ਨਾ ਕੀਤਾ, ਨਾ ਹੀ ਸੰਤਾਂ ਦੀ ਸੇਵਾ ਕੀਤੀ, ਇਸ ਲਈ ਸ੍ਰਮ ਦਾ ਪਦਾਰਥ ਕਿਸੇ ਭੀ ਕੰਮ ਵਿਚ ਨਾ ਆਇਆ, ਅਰਥਾਤ ਕੋਈ ਪਦਾਰਥ ਸਫਲਾ ਨਾ ਹੋਇਆ॥ ੧॥

ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ ॥

ਜਿਵੇਂ ਕਾਮਨਿ=ਇਸਤ੍ਰੀ ਨੇ ਆਭਰਣ=ਗਹਿਣੇ ਪਾ ਕਰਕੇ ਸੇਜਾ ਸਵਾਰੀ ਹੈ, ਅਤੇ ਹੋਰ ਭੀ ਸਾਰਾ ਚੰਗਾ ਥਾਟੁ=ਬਣਾ ਬਣਾਇਆ ਹੈ।

ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ ॥ ੨ ॥

ਪਰ ਜੇਕਰ ਉਸ ਨੇ ਆਪਣੇ ਭਰਤੇ=ਪਤੀ ਦਾ ਸੰਗੁ=ਮਿਲਾਪ ਨਹੀਂ ਪਾਇਆ ਤਾਂ ਉਹ ਉਹਨਾਂ ਸ਼ਿੰਗਾਰਾਂ ਨੂੰ ਵੇਖ ਵੇਖ ਕੇ ਹੀ ਦੁੱਖ ਨੂੰ ਪਾਉਂਦੀ ਹੈ॥ ੨ ॥

ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ ॥

ਜਿਵੇਂ ਕੋਈ ਪੁਰਸ਼ ਸਾਰਾ ਦਿਨ ਮਜ਼ਦੂਰੀ ਕਰਦਾ ਰਿਹਾ, ਜੋ ਮੂਸਲਹਿ=ਮੋਲ੍ਹੇ ਨੂੰ ਲੈ ਕੇ ਤੋਹਾਂ ਨੂੰ ਛਰਾਇਆ=ਕੁੱਟਦਾ ਰਿਹਾ, ਪਰ ਤੋਹਾਂ ਦੇ ਕੁੱਟਣ ਨਾਲ ਜਿਵੇਂ ਕੁਛ ਨਹੀਂ ਮਿਲਦਾ। ਤਿਵੇਂ ਇਹ ਜੀਵ ਸਾਰੀ ਉਮਰਾ ਇਸਤ੍ਰੀ ਪੁੱਤਰ ਆਦਿਕਾਂ ਦੀ ਮਜ਼ਦੂਰੀ ਕਰਦਾ ਰਿਹਾ, ਅਤੇ ਮੋਲ੍ਹੇ ਨੂੰ ਲੈ ਕੇ ਤੋਹ ਕੁੱਟਦਾ ਰਿਹਾ ਭਾਵ ਸ਼ਕਾਮ ਕਰਮਾਂ ਦੇ ਕਰਨ ਨਾਲ ਬ੍ਰਹਮ ਗਿਆਨ ਰੂਪੀ ਦਾਣੇ ਪ੍ਰਾਪਤ ਨਾ ਹੋਏ।

ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ ॥ ੩ ॥

ਬੇਗਾਰੀ ਪੁਰਸ਼ ਵਾਂਗ ਇਸ ਜੀਵ ਨੂੰ ਬੜਾ ਭਾਰੀ ਖੇਦੁ=ਦੁੱਖ ਪ੍ਰਾਪਤ ਹੋਇਆ, ਕਿਉਂਕਿ ਇਸ ਨੇ ਜੋ ਕੁਝ ਭੀ ਕੀਤਾ ਉਹ ਸਰੂਪ ਰੂਪੀ ਘਰ ਦੇ ਕੰਮ ਵਿਚ ਨਾ ਆਇਆ॥ ੩ ॥

ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ ਤਿਸੁ ਹਿਰਦੈ ਨਾਮੁ ਵਸਾਇਆ ॥

ਜਿਸ ਨੂੰ ਪ੍ਰਭੂ ਦਾ ਅਨੁਗ੍ਰਹੁ ਪ੍ਰਾਪਤ ਹੋਇਆ ਹੈ, ਉਸ ਨੇ ਹਿਰਦੇ ਵਿਚ ਨਾਮ ਨੂੰ ਵਸਾਇਆ ਹੈ।

ਸਾਧਸੰਗਤਿ ਕੈ ਪਾਛੈ ਪਰਿਓ ਜਨ ਨਾਨਕ ਹਰਿ ਰਸੁ ਪਾਇਆ ॥ ੪ ॥ ੨ ॥ ੪ ॥

ਗੁਰੂ ਜੀ ਕਥਨ ਕਰਦੇ ਹਨ, ਜੋ ਪੁਰਸ਼ ਸਤਸੰਗਤ ਦੇ ਪਿੱਛੇ ਪਿਆ ਹੈ, ਉਸ ਜਨ ਨੇ ਹਰੀ ਰਸ ਨੂੰ ਪਾਇਆ ਹੈ॥ ੪ ॥ ੨ ॥ ੪ ॥

ਟੋਡੀ ਮਹਲਾ ੫ ॥ ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥

ਹੇ ਕਿਰਪਾ ਦੇ ਸਮੁੰਦਰ ਹਰੀ ! ਮੇਰੇ ਹਿਰਦੇ ਵਿਚ ਆਪ ਨਿਤਾਪ੍ਰਤੀ ਵਸਣਾ ਕਰੋ।

ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥ ਰਹਾਉ ॥

ਮੇਰੇ ਹਿਰਦੇ ਵਿਚ ਉਸ ਤਰ੍ਹਾਂ ਦੀ ਬੁੱਧੀ ਪਰਗਾਸਾ=ਪ੍ਰਗਟ ਕਰੋ,

ਵਾ:-ਰੌਸ਼ਨ ਕਰੋ, ਜਿਸ ਕਰਕੇ ਮਾਲਕ ਪ੍ਰਭੂ ਨਾਲ ਪ੍ਰੀਤੀ ਲੱਗ ਜਾਵੇ॥ ਰਹਾਉ॥

ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥

ਆਪ ਜੀ ਦੇ ਦਾਸਾਂ ਦੀ ਚਰਨ ਧੂੜੀ ਪਾਵਣਾ ਕਰਾਂ,

ਅਤੇ ਚਰਨ ਧੂੜੀ ਲੈ ਲੈ ਕੇ ਮੱਥੇ ਉੱਪਰ ਲਗਾਵਣਾ ਕਰਾਂ।

(ਪੰਨਾ ੭੧੩)

ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥ ੧ ॥

ਹੇ ਹਰੀ ! ਜਿਸ ਨਾਲ ਬੜੇ ਬੜੇ ਪਾਪੀ ਪਵਿੱਤ੍ਰ ਹੋ ਜਾਂਦੇ ਹਨ, ਉਨ੍ਹਾਂ ਗੁਣਾਂ ਦਾ ਕੀਰਤਨ ਗਾਵਣਾ ਕਰਾਂ ॥ ੧ ॥

ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥

ਆਪ ਜੀ ਦੀ ਆਗਿਆ ਮੈਨੂੰ ਮਿੱਠੀ ਲੱਗੇ, ਅਤੇ ਆਪ ਜੀ ਦਾ ਕੀਤਾ ਹੋਇਆ ਕਰਤੱਬ ਮਨ ਨੂੰ ਭਾ ਜਾਵੇ।

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥ ੨ ॥

ਜੋ ਤੂ ਦੇਵੇਂ ਉਸੇ ਨਾਲ ਇਹ ਮਨ ਰੱਜਿਆ ਰਹੇ, ਆਨ=ਹੋਰ ਕਿਸੇ ਤਰਫ ਦੌੜਕੇ ਨਾ ਜਾਵੇ ॥ ੨ ॥

ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥

ਹੇ ਪ੍ਰਭੂ ਸੁਆਮੀ ! ਮੈਂ ਸਦਾ ਹੀ ਆਪ ਜੀ ਨੂੰ ਨੇੜੇ ਕਰਕੇ ਜਾਣਾਂ, ਅਤੇ ਸਾਰਿਆਂ ਸੰਤਾਂ ਦੀ ਚਰਨ ਧੂੜੀ ਹੋ ਕੇ ਰਹਾਂ।

ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ ੩ ॥

ਸੰਤਾਂ ਦੀ ਸੰਗਤ ਕਰਨੀ ਪ੍ਰਾਪਤ ਹੋਵੇ ਤਾਂ ਆਪਣੇ ਪ੍ਰਭੂ ਨੂੰ ਜਾਣ ਲਈਦਾ ਹੈ ॥ ੩ ॥

ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥

ਹੇ ਪ੍ਰਭੂ ! ਅਸੀਂ ਸਦਾ ਸਦਾ ਆਪ ਜੀ ਦੇ ਛੋਹਰੇ=ਦਾਸ ਹਾਂ, ਹੇ ਪ੍ਰਭੂ ! ਤੂੰ ਅਸਾਡਾ ਮੀਰਾ=ਪਾਤਿਸ਼ਾਹ ਹੈਂ।

ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥ ੪ ॥ ੩ ॥ ੫ ॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਆਪ ਜੀ ਦੇ ਬੱਚੇ ਹਾਂ, ਤੁਸੀਂ ਅਸਾਡੇ ਮਾਂ ਪਿਉ ਹੋ,
ਅਤੇ ਆਪ ਜੀ ਦਾ ਨਾਮ ਅਸਾਡੇ ਮੂੰਹ ਵਿਚ ਖੀਰਾ=ਅਸਥਨ ਭਾਵ ਦੁੱਧ ਹੈ ॥ ੪ ॥ ੩ ॥ ੫ ॥

ਟੋਡੀ ਮਹਲਾ ੫ ਘਰੁ ੨ ਦੁਪਦੇ

ੴ ਸਤਿਗੁਰ ਪ੍ਰਸਾਦਿ ॥ ਮਾਗਉ ਦਾਨੁ ਠਾਕੁਰ ਨਾਮੰ ॥

ਹੇ ਠਾਕੁਰ ! ਮੈਂ ਆਪ ਜੀ ਪਾਸੋਂ ਨਾਮ ਦਾ ਦਾਨ ਮੰਗਦਾ ਹਾਂ।

ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥ ੧ ॥ ਰਹਾਉ ॥

ਅਵਰ=ਹੋਰ ਕੁਝ ਭੀ ਮੇਰੇ ਨਾਲ ਜਾਣ ਵਾਲਾ ਨਹੀਂ ਹੈ, ਆਪ ਜੀ ਦੀ ਕਿਰਪਾ ਕਰਕੇ ਗੁਣਾਂ ਦਾ

ਗਾਮ=ਗਾਇਨ ਕਰਨਾ ਮਿਲੇ॥ ੧॥ ਰਹਾਉ॥

ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ॥

ਰਾਜ ਮਾਲ ਆਦਿਕਾਂ ਕਰਕੇ ਜੋ ਅਨੇਕ ਤਰ੍ਹਾਂ ਦੇ ਰਸਾਂ ਦਾ ਭੋਗਣਾ ਹੈ, ਇਹ ਸਾਰੇ ਬ੍ਰਿੱਛ ਦੀ ਛਾਮ=ਛਾਂ ਵਾਂਗ ਅਨਿੱਸਥਰ ਹਨ।

ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ॥ ੧॥

ਧਾ ਜਾਣ ਵਾਲੇ ਪਦਾਰਥਾਂ ਵਿਚ ਮਨ ਧਾਵਣੇ ਵਾਲਾ ਹੋ ਕੇ ਬਹੁਤ ਤਰ੍ਹਾਂ ਨਾਲ ਧਾਵੈ=ਦੌੜਦਾ ਹੈ, ਇਸ ਲਈ ਇਸ ਦੇ ਸਾਰੇ ਕੰਮ ਨਿਰਾਰਥ=ਨਿਕੰਮੇ ਹਨ॥ ੧॥

ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ॥

੧. ਗੋਬਿੰਦ ਦੇ ਭਜਨ ਤੋਂ ਬਿਨਾਂ ਹੋਰ ਜਿਹੜੀ ਚਾਹਉ=ਚਾਹੁਣਾ ਹੈ, ਇਹ ਸਾਰੀ ਖਾਮ=ਕੱਚੀ ਗੱਲ ਦਿਸਦੀ ਹੈ।

੨. ਹੇ ਗੋਬਿੰਦ ਆਪ ਜੀ ਤੋਂ ਬਿਨਾਂ, ਜੇ ਮੈਂ ਹੋਰ ਪਦਾਰਥਾਂ ਨੂੰ ਚਾਹਵਾਂ ਤਾਂ ਇਹ ਸਾਰੀਆਂ ਕੱਚੀਆਂ ਗੱਲਾਂ ਦਿਸਦੀਆਂ ਹਨ।

ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ॥ ੨॥ ੧॥ ੬॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੰਤਾਂ ਦੀ (ਚਰਨ) ਰੇਨ=ਧੂੜੀ ਮੰਗਦਾ ਹਾਂ, ਜਿਸ ਕਰਕੇ ਮੇਰਾ ਮਨ ਇਸਥਿਤੀ ਨੂੰ ਪਾਵੇ॥ ੨॥ ੧॥ ੬॥

ਟੋਡੀ ਮਹਲਾ ੫॥ ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ॥

ਪ੍ਰਭੂ ਜੀ ਦਾ ਨਾਮ ਹੀ ਮਨ ਨੂੰ ਸਾਧਾਰੈ=ਆਸਰੇ ਦੇ ਸਹਿਤ ਕਰਦਾ ਹੈ।

ਜੀਅ ਪ੍ਰਾਨ ਸੁਖ ਇਸੁ ਮਨ ਕਉ ਬਰਤਨਿ ਏਹ ਹਮਾਰੈ॥ ੧॥ ਰਹਾਉ॥

ਮੇਰੇ ਜੀਅ, ਪ੍ਰਾਣ, ਤੇ ਮਨ ਨੂੰ ਇਸੇ ਨਾਮ ਦਾ ਸੁਖ ਹੈ, ਏਹ ਨਾਮ ਹੀ ਮੇਰੇ ਕੋਲ ਬਰਤਨਿ=ਵਰਤਣ-ਵਲੇਵਾ ਹੈ॥ ੧॥ ਰਹਾਉ॥

ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ॥

ਨਾਮ ਮੇਰੀ ਜਾਤੀ ਹੈ ਨਾਮ ਹੀ ਮੇਰੀ ਪਤਿ=ਪੰਗਤੀ, ਯਾਂ ਪਤ-ਆਬਰੋ ਹੈ, ਅਤੇ ਨਾਮ ਹੀ ਮੇਰਾ ਪਰਵਾਰ ਹੈ।

ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ॥ ੧॥

ਨਾਮ ਹੀ ਮੇਰੇ ਨਾਲ ਰਹਿ ਕੇ ਸਦਾ ਸਖਾਈ=ਸਹਾਇਤਾ ਕਰਨ ਵਾਲਾ ਹੈ,

ਅਤੇ ਹਰੀ ਨਾਮ ਹੀ ਮੈਨੂੰ ਸੰਸਾਰ-ਸਮੁੰਦਰ ਤੋਂ ਤਾਰੇਗਾ॥ ੧॥

ਬਿਖੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੈ॥

ਜੋ ਬਹੁਤ ਤਰ੍ਹਾਂ ਦੇ ਵਿਸ਼ਿਆਂ ਦੇ ਬਿਲਾਸ ਕਹੇ ਜਾਂਦੇ ਹਨ, ਇਨ੍ਹਾਂ ਵਿਚੋਂ ਕੁਝ ਭੀ ਸੰਗ ਨਹੀਂ ਚਲਦਾ।

ਇਸਟੁ ਮੀਤੁ ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ॥ ੨॥ ੨॥ ੭॥

ਗੁਰੂ ਜੀ ਕਥਨ ਕਰਦੇ ਹਨ, ਨਾਮ ਹੀ ਮੇਰਾ ਇਸਟੁ=ਪਿਆਰਾ ਮਿੱਤ੍ਰ ਹੈ, ਅਤੇ ਹਰੀ ਨਾਮ ਰੂਪ ਖਜ਼ਾਨਾ ਹੀ ਮੇਰੇ ਕੋਲ ਹੈ॥ ੨॥ ੨॥ ੭॥

ਟੋਡੀ ਮਃ ੫॥ ਨੀਕੇ ਗੁਣ ਗਾਉ ਮਿਟਹੀ ਰੋਗ॥

ਹੇ ਭਾਈ ! ਪ੍ਰਭੂ ਦੇ ਸੁੰਦਰ ਗੁਣਾਂ ਨੂੰ ਗਾਵਣਾ ਕਰ ਜਿਸ ਕਰਕੇ ਤੇਰੇ ਸਾਰੇ ਰੋਗ ਮਿਟਹੀਂ=ਦੂਰ ਹੋ ਜਾਣਗੇ।

ਮੁਖ ਊਜਲ ਮਨੁ ਨਿਰਮਲ ਹੋਈ ਹੈ ਤੇਰੋ ਰਹੈ ਈਹਾ ਊਹਾ ਲੋਗੁ॥੧॥ਰਹਾਉ॥

ਮੂੰਹ ਉੱਜਲਾ ਤੇ ਮਨ ਨਿਰਮਲ ਹੋਵੇਗਾ, ਅਤੇ ਇੱਥੇ ਉਥੇ ਦੋਹਾਂ ਲੋਕਾਂ ਵਿਚ ਤੇਰਾ ਜਸ ਰਹਿ ਆਵੇਗਾ॥ ੧॥ ਰਹਾਉ॥

ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ॥

ਗੁਰਾਂ ਦੇ ਚਰਨ ਪਖਾਰਿ=ਧੋਣ ਆਦਿਕ ਸੇਵਾ ਕਰ, ਗੁਰਾਂ ਦੇ ਚਰਨਾਂ ਵਿਚ ਜਿਹੜਾ ਮਨ ਚੜ੍ਹਾ ਦੇਣਾ ਹੈ ਏਹੀ ਭੋਗ ਲਗਾਉਣਾ ਕਰ।

ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ॥ ੧॥

ਆਪਤੁ=ਉਜ਼ਰ ਕਰਨਾ, ਯਾਂ ਪਤ=ਆਬਰੋ ਤੋਂ ਰਹਿਤ ਕਰਨ ਵਾਲਾ ਜੋ ਝਗੜਾ ਤੇ ਹੰਕਾਰ ਹੈ, ਯਾਂ ਬਾਦੁ=ਵਿਅਰਥ ਜੋ ਹੰਕਾਰ ਹੈ ਉਸਨੂੰ ਛੱਡ ਦੇਹ, ਜੋ ਪਰਮੇਸ਼ਰ ਦੇ ਹੁਕਮ ਵਿਚ ਹੋਗੁ=ਹੁੰਦਾ ਹੈ ਉਸ ਨੂੰ ਸੱਤ ਕਰਕੇ ਮਨ॥ ੧॥

ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ॥

ਜਿਸ ਦੇ ਮੱਥੇ ਉੱਪਰ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ, ਓਹੀ ਸੰਤਾਂ ਦੀ ਸੇਵਾ ਵਿਚ ਲੱਗਾ ਹੈ।

ਕਹੁ ਨਾਨਕ ਏਕ ਬਿਨੁ ਦੂਜਾ ਅਵਰੁ ਨ ਕਰਣੈ ਜੋਗੁ॥ ੨॥ ੩॥ ੮॥

ਗੁਰੂ ਜੀ ਕਥਨ ਕਰਦੇ ਹਨ, ਇੱਕ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਦੂਜਾ ਕੁਝ ਕਰਨ ਜੋਗਾ ਨਹੀਂ ਹੈ॥ ੨॥ ੩॥ ੮॥

ਟੋਡੀ ਮਹਲਾ ੫॥ ਸਤਿਗੁਰ ਆਇਓ ਸਰਣਿ ਤੁਹਾਰੀ॥

ਹੇ ਸਤਿਗੁਰੋ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥ ੧॥ ਰਹਾਉ॥

ਸੁਖ ਤੇ ਸੋਭਾ ਦੇ ਦੇਣ ਵਾਲਾ ਹਰੀ ਨਾਮ ਮੈਨੂੰ ਮਿਲ ਜਾਵੇ, ਇਹ ਮੇਰੀ ਚਿੰਤਾ ਲਾਹ ਦਿਓ॥ ੧॥ ਰਹਾਉ॥

ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥

ਹੋਰ ਕੋਈ ਦੂਜੀ ਠਾਹਰ=ਥਾਂ ਸੂਝੈ=ਸੁੱਝਦੀ ਨਹੀਂ ਹੈ, ਇਸ ਲਈ ਹਾਰ ਕੇ ਤੁਹਾਡੇ ਦਰ ਤੇ ਪਿਆ ਹਾਂ।

ਲੇਖਾ ਛੋਡਿ ਅਲੇਖੈ ਛੁਟਹ ਹਮ ਨਿਰਗੁਨ ਲੇਹੁ ਉਬਾਰੀ॥ ੧॥

ਕਰਮਾਂ ਦਾ ਲੇਖਾ ਛੱਡ ਕੇ ਅਲੇਖੈ=ਲੇਖਾ ਕੀਤੇ ਤੋਂ ਬਿਨਾਂ ਹੀ ਛੁਟਕਾਰਾ ਚਾਹੁੰਦਾ ਹਾਂ, ਮੈਂ ਨਿਰਗੁਨ=ਗੁਣਾਂ ਤੋਂ ਹੀਣੇ ਨੂੰ ਉਬਾਰੀ=ਬਚਾ ਲਓ॥ ੧॥

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥

ਤੂੰ ਹਮੇਸ਼ਾਂ ਔਗੁਣਾਂ ਦੇ ਬਖਸ਼ਣ ਵਾਲਾ ਹੈਂ, ਤੇ ਸਦਾ ਹੀ ਮੇਹਰਬਾਨ ਹੈਂ, ਅਤੇ ਤੂੰਹੀਂ ਸਾਰਿਆਂ ਨੂੰ ਆਸਰਾ ਦੇਂਦਾ ਹੈਂ।

ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥ ੨॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਸੰਤਾਂ ਦੇ ਪਿੱਛੇ ਪਿਆ ਹਾਂ, ਆਪ ਇਸ ਮਨੁੱਖਾ ਦੇਹ ਵੇਲੇ ਅਸਾਨੂੰ ਰੱਖ ਲਉ॥ ੨॥ ੪॥ ੯॥

ਟੋਡੀ ਮਹਲਾ ੫॥ ਰਸਨਾ ਗੁਣ ਗੋਪਾਲ ਨਿਧਿ ਗਾਇਣ॥

ਜਿਨ੍ਹਾਂ ਨੇ ਰਸਨਾਂ ਨਾਲ ਗੁਣਾਂ ਦੇ ਨਿਧਿ=ਖਜ਼ਾਨੇ, ਯਾਂ ਸਮੁੰਦਰ ਗੋਪਾਲ ਦੇ ਜਸ ਨੂੰ ਗਾਵਣਾ ਕੀਤਾ ਹੈ।

(ਪੰਨਾ ੭੧੪)

ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥੧॥ ਰਹਾਉ॥

ਉਨ੍ਹਾਂ ਦੇ ਮਨ ਵਿਚ ਸਹਜੇ ਸ਼ਾਂਤੀ ਸੁਖ, ਗਿਆਨ ਤੇ ਰਹਸੁ=ਅਨੰਦ ਪੈਦਾ ਹੋਇਆ ਹੈ,
ਅਤੇ ਸਾਰੇ ਦੁੱਖ ਪਲਾਇਣ=ਦੌੜ ਗਏ ਹਨ॥ ੧॥ ਰਹਾਉ॥

ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥

ਜਿਨ੍ਹਾਂ ਨੇ ਰਸਾਇਣ ਰੂਪ ਹਰੀ ਦੇ ਚਰਣਾਂ ਨੂੰ ਸੇਵਿਆ ਹੈ, ਉਹ ਜੋ ਜੋ ਪਦਾਰਥ ਮੰਗਦੇ ਹਨ ਓਹੀ ਓਹੀ ਪਾ ਲੈਂਦੇ ਹਨ।

ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ॥ ੧॥

ਉਹ ਜਨਮ ਮਰਨ ਰੂਪ ਦੋਹਾਂ ਦੁੱਖਾਂ ਤੋਂ ਛੁੱਟ ਗਏ ਹਨ, ਅਤੇ ਸੰਸਾਰ-ਸਮੁੰਦਰ ਤੋਂ ਆਪ ਤਰੇ ਹਨ ਹੋਰਨਾਂ ਨੂੰ ਤਾਰਦੇ ਹਨ॥ ੧॥

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥

ਦਾਸ ਨੇ ਖੋਜਦਿਆਂ ਖੋਜਦਿਆਂ ਇਹ ਤਤੁ=ਸਿਧਾਂਤ ਵਿਚਾਰਿਆ ਹੈ, ਕਿ ਗੋਬਿੰਦ ਦੇ ਪਰਾਇਣ= ਆਸਰੇ ਰਹਿਣਾ ਚਾਹੀਦਾ ਹੈ।

ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥੨॥ ੫॥੧੦॥

ਗੁਰੂ ਜੀ ਕਥਨ ਕਰਦੇ ਹਨ, ਹੇ ਪੁਰਸ਼ਾ ਜੇ ਤੂੰ ਅਬਿਨਾਸੀ=ਨਾਸ ਤੋਂ ਰਹਿਤ ਖੇਮ=ਸੁਖ ਨੂੰ ਚਾਹੁੰਦਾ ਹੈਂ, ਵਾ:-ਜੇ ਤੂੰ ਅਬਿਨਾਸੀ ਪ੍ਰਭੂ ਦੀ ਪ੍ਰਾਪਤੀ ਨੂੰ ਤੇ ਖੇਮ=ਰੱਖਿਆ ਨੂੰ ਚਾਹੁੰਦਾ ਹੈਂ, ਤਾਂ ਸਦਾ ਹੀ ਨਰਾਇਣ ਦਾ ਸਿਮਰਨ ਕਰ॥ ੨॥ ੫॥ ੧੦॥

ਟੋਡੀ ਮਹਲਾ ੫॥

ਉਥਾਨਕਾ:-ਜਿਸ ਵੇਲੇ ਪ੍ਰਿਥੀ ਚੰਦ ਦੀ ਮੱਦਦ ਕਰਨ ਵਾਸਤੇ ਆਇਆ ਹੋਇਆ ਸੁਲਹੀ ਖਾਂ ਆਵੇ ਵਿਚ ਡਿੱਗ ਕੇ ਸੜ ਗਿਆ, ਤਾਂ ਇਸ ਖਬਰ ਨੂੰ ਸੁਣਕੇ ਗੁਰੂ ਜੀ ਨੇ ਪ੍ਰਭੂ ਦੇ ਧੰਨਵਾਦ ਵਿਚ ਇਹ ਸ਼ਬਦ ਉਚਾਰਿਆ॥

ਨਿੰਦਕੁ ਗੁਰ ਕਿਰਪਾ ਤੇ ਹਾਟਿਓ॥

ਨਿੰਦਿਆ ਦੇ ਕਰਨ ਵਾਲਾ ਨਿੰਦਕ (ਸੁਲਹੀ) ਗੁਰਾਂ ਦੀ ਕਿਰਪਾ ਨਾਲ ਹਾਟਿਓ=ਹਟ ਗਿਆ ਹੈ।

ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ॥੧॥ਰਹਾਉ॥

ਪ੍ਰਭੂ ਪਾਰਬ੍ਰਹਮ ਦਾਸ ਉੱਤੇ ਦਿਆਲੂ ਹੋਏ ਹਨ, ਸ਼ਿਵਾਂ ਦਾ ਬਾਣ ਜੋ ਤ੍ਰਿਸੂਲ ਹੈ ਉਸਨੇ ਉਸ ਦਾ ਸਿਰ ਕੱਟ ਦਿੱਤਾ, ਕਿਉਂਕਿ ਸੁਲਹੀ ਨੇ ਆਪਣੇ ਗਲ ਵਿਚ ਤ੍ਰਿਸੂਲ ਪਾਇਆ ਹੋਇਆ ਸੀ, ਉਸ ਦੇ ਨਾਲ ਹੀ ਉਸ ਦਾ ਸਿਰ ਕੱਟਿਆ ਗਿਆ।

ਅਥਵਾ:- ਸਿਵ=ਕਲਿਆਣ ਸਰੂਪ ਗੁਰਾਂ ਦੀ ਬਾਣੀ ਕਰਕੇ ਉਸ ਦਾ ਸਿਰ ਕੱਟਿਆ ਗਿਆ ਕਿਉਂਕਿ ਗੁਰੂ ਜੀ ਨੇ ਕਿਹਾ ਸੀ, "ਸੁਲਹੀ ਅੰਮ੍ਰਿਤਸਰ ਆਉਣਾ ਹੀ ਨਹੀਂ ਪਾਏਗਾ" ਏਸੇ ਬਾਣੀ ਕਰਕੇ ਉਹ ਆਵੇ ਵਿਚ ਸੜ ਮੋਇਆ। ਅਥਵਾ:-ਸਿਵ=ਕਲਿਆਣ ਸਰੂਪ ਨਾਮ ਬਾਣੀ ਕਰਕੇ ਸਿਰ=ਹੰਕਾਰ ਨੂੰ ਕੱਟ ਦੇਣਾ ਕੀਤਾ॥ ੧॥ ਰਹਾਉ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ॥

ਸਾਰਿਆਂ ਦੇ ਕਾਲ ਕਰਨ ਵਾਲਾ ਜਮ, ਜਾਲ ਲੈ ਕੇ ਅਸਾਡੇ ਵੱਲ ਜੋਹਿ=ਵੇਖ ਨਹੀਂ ਸਕਦਾ, ਕਿਉਂਕਿ ਅਸਾਂ ਨੇ ਸੱਚ ਦੀ ਪ੍ਰਾਪਤੀ ਦਾ ਭਗਤੀ ਰੂਪੀ ਪੰਥਾ=ਰਸਤਾ ਥਾਟਿਓ=ਬਣਾਇਆ ਹੈ।

ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ॥੧॥

ਜੋ ਆਪ ਖਾਂਦਿਆਂ ਤੇ ਹੋਰਨਾਂ ਨੂੰ ਖਰਚਦਿਆਂ ਕੁਝ ਨਿਖੁਟਤ=ਮੁੱਕਦਾ ਨਹੀਂ ਹੈ, ਐਸਾ ਰਾਮ ਨਾਮ ਰੂਪੀ ਰਤਨੁ=ਅਮੋਲਕ ਧਨ ਖੱਟਿਆ ਹੈ॥ ੧॥

ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ॥

ਨਿੰਦਕ (ਸੁਲਹੀ) ਇੱਕ ਖਿਨ ਵਿਚ ਹੀ ਸੜ ਕੇ ਸ੍ਵਾਹ ਰੂਪ ਹੋ ਗਿਆ ਹੈ, ਉਸਨੇ ਆਪਣੇ ਕੀਤੇ ਕਰਮ ਦਾ ਫਲ ਆਪ ਹੀ ਪਾਇਆ ਹੈ।

ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨ ॥ ੬ ॥੧੧ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਗੱਲ ਨੂੰ ਆਗਮ=ਸ਼ਾਸਤ੍ਰ ਤੇ ਨਿਗਮੁ=ਵੇਦ ਕਹਿੰਦੇ ਹਨ (ਕਿ ਪ੍ਰਮੇਸ਼ਰ ਆਪਣਿਆਂ ਸੇਵਕਾਂ ਦਾ ਆਪ ਹੀ ਰਾਖਾ ਹੁੰਦਾ ਹੈ ਤੇ ਨਿੰਦਕਾਂ ਦਾ ਬੁਰਾ ਹਾਲ ਕਰਦਾ ਹੈ) ਇਸ ਗੱਲ ਨੂੰ ਸਭ ਤਰ੍ਹਾਂ ਨਾਲ ਸਾਰਿਆਂ ਲੋਕਾਂ ਨੇ ਪ੍ਰਤੱਖ ਵੇਖ ਲਿਆ ਹੈ॥ ੨ ॥ ੬ ॥ ੧੧ ॥

ਟੋਡੀ ਮਃ ੫ ॥ ਕਿਰਪਨ ਤਨ ਮਨ ਕਿਲਵਿਖ ਭਰੇ ॥

ਤਨ ਮਨ ਕਰਕੇ ਕਿਲਬਿਖ=ਪਾਪਾਂ ਨਾਲ ਭਰੇ ਹੋਏ ਹੇ ਕਿਰਪਨ=ਸ਼ੂਮ ਪੁਰਸ਼ਾ !

ਸਾਧਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ ॥ ੧ ॥ ਰਹਾਉ ॥

ਸਤਸੰਗਤ ਨਾਲ ਮਿਲਕੇ ਤੂੰ ਸੁਆਮੀ ਦਾ ਭਜਨ ਕਰ, ਕਿਉਂਕ ਤੇਰੇ ਪੜਦੇ ਢੱਕਣ ਨੂੰ ਇੱਕ ਹਰੀ ਹੀ ਸਮਰੱਥ ਹੈ॥ ੧ ॥ ਰਹਾਉ ॥

ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ ॥

ਜਿਵੇਂ ਬੋਹਿਥ=ਜਹਾਜ਼ ਦੇ ਅਨੇਕਾਂ ਛਿਦ੍ਰ=ਛੇਕ ਛੁਟਕਤ=ਖੁੱਲ੍ਹ ਜਾਣ, ਤਾਂ (ਉਹ ਛੇਕ ਮਲਾਹ ਤੋਂ ਬਿਨਾਂ) ਆਪਣੇ ਕਰੇ=ਹੱਕ ਨਾਲ ਥਾਮ=ਰੁਕ ਨਹੀਂ ਸਕਦੇ।

ਜਿਸ ਕਾ ਬੋਹਿਥੁ ਤਿਸੁ ਆਰਾਧੇ ਖੋਟੇ ਸੰਗਿ ਖਰੇ ॥ ੧ ॥

ਜਿਸ ਮਲਾਹ ਦਾ ਜਹਾਜ਼ ਹੈ ਉਸ ਨੂੰ ਯਾਦ ਕਰੇ ਤਾਂ ਉਹ ਖਰੇ=ਚੰਗੇ ਜਹਾਜ਼ ਦਾ ਸੰਗ ਦੇ ਕੇ ਖੋਟੇ ਨੂੰ ਪਾਰ ਕਰ ਦੇਂਦਾ ਹੈ। ਇਸੇ ਤਰ੍ਹਾਂ ਮਨੁੱਖਾ ਦੇਹ ਰੂਪੀ ਜਹਾਜ਼ ਹੈ ਇਸ ਵਿਚ ਅਨੇਕਾਂ ਦੋਸ਼ ਛੁਟ ਰਹੇ ਹਨ, ਉਹ ਦੋਸ਼ ਆਪਣੇ ਆਪ ਥੰਮੇ ਨਹੀਂ ਜਾ ਸਕਦੇ। ਜਿਸ ਪਰਮਾਤਮਾ ਦਾ ਇਹ ਮਨੁੱਖਾ ਦੇਹ ਰੂਪੀ ਜਹਾਜ਼ ਹੈ ਉਸ ਨੂੰ ਆਰਾਧਣਾ ਕਰੇ ਤਾਂ ਉਹ ਖਰੇ=ਚੰਗਿਆਂ ਸੰਤਾਂ ਦਾ ਸੰਗ ਦੇ ਕੇ ਖੋਟੇ ਪੁਰਸ਼ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰ ਦੇਂਦਾ ਹੈ॥ ੧ ॥

ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ ॥

ਜੇ ਕੋਈ ਗਲੀ=ਗੱਲਾਂ ਨਾਲ ਸੈਲ=ਪਰਬਤ ਉਠਾਉਣਾ ਚਾਹੇ ਤਾਂ ਨਹੀਂ ਚੁੱਕ ਸਕਦਾ, ਉਹ ਪਰਬਤ ਉਸ ਜਗ੍ਹਾ ਉੱਪਰ ਹੀ ਧਰੇ=ਪਏ ਰਹਿੰਦੇ ਹਨ।

ਇਸੇ ਤਰ੍ਹਾਂ ਜੇ ਕੋਈ ਗੱਲਾਂ ਨਾਲ ਕਾਮ ਆਦਿਕਾਂ ਰੂਪ ਪਰਬਤਾਂ ਨੂੰ ਉਠਾਉਣਾ ਚਾਹੇ ਅਰਥਾਤ ਅਭਾਵ ਕਰਨਾ ਚਾਹੇ ਤਾਂ ਨਹੀਂ ਕਰ ਸਕਦਾ, ਉਹ ਤਾਂ ਓਸੇ ਅੰਤਹਕਰਨ ਵਿਚ ਹੀ ਧਰੇ=ਪਏ ਰਹਿੰਦੇ ਹਨ।

ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ ॥੨ ॥੭ ॥੧੨ ॥

ਗੁਰੂ ਜੀ ਕਥਨ ਕਰਦੇ ਹਨ, ਅਸਾਡੇ ਵਿਚ ਨਾ ਕੁਝ ਸਾਧਨਾ ਦਾ ਜੋਰੁ=ਬਲ ਹੈ, ਨਾ ਹੀ ਕੋਈ ਸਕਤਿ=ਕਰਾਮਾਤ ਹੈ, ਤੁਸੀਂ ਸ਼ਰਨੀ ਪਏ ਦੀ ਲਾਜ ਰੱਖਣਾ ਕਰੋ॥ ੨ ॥ ੭ ॥ ੧੨ ॥

ਟੋਡੀ ਮਹਲਾ ੫ ॥ ਹਰਿ ਕੇ ਚਰਨ ਕਮਲ ਮਨਿ ਧਿਆਉ ॥

ਹੇ ਭਾਈ ! ਹਰੀ ਦੇ ਚਰਨ ਕਮਲਾਂ ਨੂੰ ਮਨ ਵਿਚ ਧਿਆਉਣਾ ਕਰੋ।

ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ ॥ ੧ ॥ ਰਹਾਉ ॥

ਹਰੀ ਦੇ ਨਾਮ ਦਾ ਜੋ ਕਾਢਿ=ਉਚਾਰਨਾ ਹੈ, ਇਹ ਹੰਕਾਰ ਰੂਪ ਗੋਲੀ ਦੇ ਕੱਟਣ ਨੂੰ ਕੁਠਾਰੁ=ਕੁਹਾੜੇ ਸਮਾਨ ਹੈ। ਅਤੇ-

ਕ੍ਰੋਧ ਰੂਪੀ ਪਿੱਤ, ਲੋਭ ਰੂਪੀ ਬਾਤ=ਵਾਯੂ, ਕਾਮ ਰੂਪੀ ਕਫ=ਬਲਗਮ, ਇਸ ਤ੍ਰਿਦੋਖ ਰੋਗ ਦੇ ਨਾਸ ਕਰਨੇ ਨੂੰ ਹਰੀ ਦਾ ਨਾਮ ਔਸ਼ਧੀ ਰੂਪ ਹੈ॥ ੧ ॥ ਰਹਾਉ ॥

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥

(ਆਧਿ, ਬਿਆਧਿ ਤੇ ਉਪਾਧਿ ਰੂਪ) ਤਿੰਨੇ ਤਾਪਾਂ ਦੇ ਨਵਿਰਤ ਕਰਨ ਵਾਲਾ ਹੈ, (ਜਨਮ ਮਰਨ ਰੂਪ) ਦੁੱਖਾਂ ਦੇ ਹੰਤਾ=ਨਾਸ ਕਰਨ ਵਾਲਾ ਹੈ, (ਅਤੇ ਇੱਕ ਹਰੀ ਦਾ ਨਾਮ ਹੀ) ਸੁਖਾਂ ਦੀ ਰਾਸਿ=ਖਾਣ ਹੈ।

ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥ ੧ ॥

ਉਸ ਨੂੰ ਕੋਈ ਬਿਘਨ ਨਹੀਂ ਲੱਗਦਾ, ਜਿਸ ਦੀ ਪ੍ਰਭੂ ਅੱਗੇ ਅਰਦਾਸ=ਪੁਕਾਰ ਹੁੰਦੀ ਹੈ॥ ੧ ॥●

ਸੰਤ ਪ੍ਰਸਾਦਿ ਬੈਦ ਨਾਰਾਇਣ ਕਰਣ ਕਾਰਣ ਪ੍ਰਭ ਏਕ ॥

ਸੰਤਾਂ ਦੀ ਪ੍ਰਸਾਦਿ=ਕਿਰਪਾ ਨਾਲ, ਸਾਰਿਆਂ ਕਾਰਨਾਂ ਦੇ ਕਰਨ ਵਾਲਾ ਜੋ ਇੱਕ ਪ੍ਰਭੂ ਹੈ, ਓਹੀ ਨਰਾਇਣ ਅਸਾਡਾ ਵੈਦ ਹੈ।

ਬਾਲ ਬੁਧਿ ਪੂਰਨ ਸੁਖਦਾਤਾ ਨਾਨਕ ਹਰਿ ਹਰਿ ਟੇਕ ॥ ੨ ॥ ੮ ॥ ੧੩ ॥

ਬਾਲ=ਬਾਲਾਨ ਬਾਲ (ਅਰਥਾਤ ਵੱਡਿਆਂ ਤੋਂ ਵੱਡੀ ਬੁੱਧੀ ਵਾਲਾ) ਜੋ ਪ੍ਰਭੂ ਬਾਲ=ਅੰਞਾਣ ਬੁੱਧੀ ਵਾਲਿਆਂ ਨੂੰ ਪੂਰਨ ਸੁਖ ਦੇਣ ਵਾਲਾ ਹੈ, ਗੁਰੂ ਜੀ ਕਥਨ ਕਰਦੇ ਹਨ, ਓਸੇ ਹਰਿ ਹਰਿ ਦੀ ਅਸਾਨੂੰ ਟੇਕ=ਓਟ ਹੈ ॥ ੨ ॥ ੮ ॥ ੧੩ ॥

ਟੋਡੀ ਮਹਲਾ ੫ ॥ ਹਰਿ ਹਰਿ ਨਾਮੁ ਸਦਾ ਸਦ ਜਾਪਿ ॥

ਅਸੀਂ ਸਦ=ਸ੍ਰੇਸ਼ਟ ਹਰਿ ਹਰਿ ਨਾਮ ਨੂੰ ਸਦਾ ਹੀ ਜਪਦੇ ਹਾਂ।

ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ ਵਸਦੀ ਕੀਨੀ ਆਪਿ ॥ ੧ ॥ ਰਹਾਉ ॥

ਪਾਰਬ੍ਰਹਮ ਸੁਆਮੀ ਨੇ ਆਪ ਹੀ ਕਿਰਪਾ ਦ੍ਰਿਸ਼ਟੀ ਧਾਰਕੇ ਮੇਰੇ ਹਿਰਦੇ ਵਿਚ ਸ਼ੁਭ-ਗੁਣਾਂ ਦੀ ਵੱਸੋਂ ਕੀਤੀ ਹੈ॥ ੧ ॥ ਰਹਾਉ ॥

ਜਿਸ ਕੇ ਸੇ ਫਿਰਿ ਤਿਨ ਹੀ ਸਮ੍ਹਾਲੇ ਬਿਨਸੇ ਸੋਗ ਸੰਤਾਪ ॥

ਅਸੀਂ ਜਿਸ ਪ੍ਰਭੂ ਦੇ ਦਾਸ ਸਾਂ ਫਿਰ ਉਸੀ ਨੇ ਅਸਾਡੀ ਸੰਭਾਲ ਕੀਤੀ ਹੈ, ਅਤੇ ਅਸਾਡੇ ਸਾਰੇ ਸੋਗ ਸੰਤਾਪ ਨਾਸ ਹੋ ਗਏ ਹਨ।

ਹਾਥ ਦੇਇ ਰਾਖੇ ਜਨ ਅਪਨੇ ਹਰਿ ਹੋਏ ਮਾਈ ਬਾਪ ॥ ੧ ॥

ਆਪਣੇ ਦਾਸ ਨੂੰ ਹੱਥ ਦੇ ਕੇ ਰੱਖ ਲਿਆ ਹੈ, ਅਤੇ ਹਰੀ ਆਪ ਹੀ ਮਾਂ ਪਿਉ ਵਾਂਗ ਸਹਾਈ ਹੋਏ ਹਨ ॥ ੧ ॥

ਜੀਅ ਜੰਤ ਹੋਏ ਮਿਹਰਵਾਨਾ ਦਯਾ ਧਾਰੀ ਹਰਿ ਨਾਥ ॥

ਹਰੀ ਸੁਆਮੀ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ, ਇਸ ਲਈ ਸਾਰੇ ਜੀਆ ਜੰਤ ਅਸਾਡੇ ਉੱਤੇ ਮੇਹਰਵਾਨ ਹੋਏ ਹਨ।

ਨਾਨਕ ਸਰਨਿ ਪਰੇ ਦੁਖ ਭੰਜਨ ਜਾ ਕਾ ਬਡ ਪਰਤਾਪ ॥ ੨ ॥ ੯ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਸ ਦੁੱਖ ਭੰਜਨ ਦੀ ਸ਼ਰਣੀ ਪਿਆ ਹਾਂ, ਜਿਸ ਦਾ ਪ੍ਰਤਾਪ ਸਭ ਤੋਂ ਵੱਡਾ ਹੈ ॥ ੨ ॥ ੯ ॥ ੧੪ ॥

ਟੋਡੀ ਮਹਲਾ ੫ ॥ ਸ੍ਵਾਮੀ ਸਰਨਿ ਪਰਿਓ ਦਰਬਾਰੇ ॥

ਹੇ ਸੁਆਮੀ ! ਮੈਂ ਆਪ ਜੀ ਦੇ ਦਰਬਾਰ ਦੀ ਸ਼ਰਣੀ ਪਿਆ ਹਾਂ।

ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ ॥ ੧ ॥ ਰਹਾਉ ॥

ਹੇ ਕ੍ਰੋੜਾਂ ਅਪਰਾਧਾਂ ਦੇ ਖੰਡਣ ਕਰਨ ਵਾਲੇ ਸਭ ਦੇ ਦਾਤੇ ਪ੍ਰਭੂ ! ਆਪ ਜੀ ਤੋਂ ਬਿਨਾਂ ਮੈਨੂੰ ਕੌਣ ਤਾਰ ਸਕਦਾ ਹੈ ॥ ੧ ॥ ਰਹਾਉ ॥

ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥

ਬਹੁ ਪਰਕਾਰੇ=ਬਹੁਤ ਤਰ੍ਹਾਂ ਨਾਲ ਖੋਜਦਿਆਂ ਖੋਜਦਿਆਂ ਸਾਰਿਆਂ (ਗ੍ਰੰਥਾਂ) ਦੇ ਅਰਥ ਵਿਚਾਰ ਕੇ ਇਹ ਨਿਸਚੇ ਕੀਤਾ ਹੈ। ਕਿ-

ਸਾਧਸੰਗਿ ਪਰਮਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ ॥ ੧ ॥

ਸਤਸੰਗਤ ਕਰਨ ਨਾਲ ਪਰਮਗਤਿ=ਕੇਵਲ ਮੁਕਤੀ ਪ੍ਰਾਪਤ ਹੁੰਦੀ ਹੈ, ਅਤੇ ਮਾਇਆ ਦੇ ਰਚੇ ਹੋਏ ਬੰਧਨ ਭੀ ਹਾਰ ਜਾਂਦੇ ਹਨ।

ਅਥਵਾ:- ਜੋ ਪੁਰਸ਼ ਮਾਇਆ ਵਿਚ ਰਚਿ=ਤਦਾਕਾਰ ਰਹਿੰਦੇ ਹਨ, ਉਹ ਬੰਧਨਾਂ ਵਿਚ ਹੀ ਬੱਧੇ ਹੋਏ ਆਪਣੇ ਮਨੁੱਖ ਜਨਮ ਨੂੰ ਹਾਰ ਜਾਂਦੇ ਹਨ ॥ ੧ ॥

(ਪੰਨਾ ੭੧੫)

ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ ਸੁਰਿਜਨ ਮਿਲੇ ਪਿਆਰੇ ॥

ਜਿਸ ਵੇਲੇ ਪਿਆਰੇ ਸੁਰਿਜਨ=ਸੁਹਿਰਦ ਸੱਜਣ (ਗੁਰੂ ਸਾਹਿਬ ਜੀ) ਮਿਲੇ, ਤਾਂ ਉਨ੍ਹਾਂ ਦੇ ਚਰਨ ਕਮਲਾਂ ਨਾਲ ਪ੍ਰੀਤੀ ਲੱਗ ਗਈ।

ਨਾਨਕ ਅਨਦ ਕਰੇ ਹਰਿ ਜਪਿ ਜਪਿ ਸਗਲੇ ਰੋਗ ਨਿਵਾਰੇ ॥੨ ॥ ੧੦ ॥੧੫ ॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ! ਆਪ ਜੀ ਦੇ ਨਾਮ ਜਪ ਨੂੰ ਜਪ ਕੇ ਬਹੁਤ ਹੀ ਆਨੰਦ ਲੈਣੇ ਕੀਤੇ ਹਨ, ਅਤੇ ਸਾਰੇ ਰੋਗ ਨਿਵਾਰੇ=ਦੂਰ ਕਰ ਲਏ ਹਨ॥ ੨ ॥ ੧੦ ॥ ੧੫ ॥

ਟੋਡੀ ਮਹਲਾ ੫ ਘਰੁ ੩ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

ਹਾਂ ਹਾਂ ਲਪਟਿਓ ਰੇ ਮੂੜੇ ਕਛੂ ਨ ਥੋਰੀ ॥ ਤੇਰੋ ਨਹੀ ਸੁ ਜਾਨੀ ਮੋਰੀ ॥ ਰਹਾਉ ॥

ਹਾ ਬੜਾ ਕਸ਼ਟ ਹੈ, ਹਾ ਬੜਾ ਕਸ਼ਟ ਹੈ, ਹੇ ਮੂੜ੍ਹੇ ! ਜਿਨ੍ਹਾਂ ਪਦਾਰਥਾਂ ਵਿਚ ਤੂੰ ਲੰਪਟ ਹੋ ਰਿਹਾ ਹੈਂ ਇਹ ਸਾਰੇ ਪਦਾਰਥ ਕਛੂ=ਤੁਛ ਹਨ, ਵਾ:- ਇਨ੍ਹਾਂ ਨਾਲ ਤੂੰ ਕੁਛ ਵੀ ਪ੍ਰੀਤੀ ਨਾ ਕਰ, ਕਿਉਂਕਿ ਇਹ ਪਦਾਰਥ ਅੰਤ ਸਮੇਂ ਥੋਰੀ=ਥੋੜ੍ਹਾ ਮਾਤ੍ਰ ਭੀ ਤੇਰੇ ਨਾਲ ਨਹੀ ਜਾਣਗੇ।

ਅਥਵਾ:- ਇਨ੍ਹਾਂ ਪਦਾਰਥਾਂ ਵਿਚ ਤੈਨੇ ਕੁਛ ਥੋੜ੍ਹੀ ਪ੍ਰੀਤੀ ਨਹੀਂ ਕੀਤੀ ਅਰਥਾਤ ਬਹੁਤ ਪ੍ਰੀਤੀ ਕੀਤੀ ਹੈ। ਜੋ ਮਾਇਆ ਤੇਰੀ ਨਹੀਂ ਹੈ, ਉਸਨੂੰ ਤੂੰ ਮੋਰੀ=ਆਪਣੀ ਜਾਣਿਆਂ ਹੈ ॥ ਰਹਾਉ॥

ਆਪਨ ਰਾਮੁ ਨ ਚੀਨੋ ਖਿਨੂਆ ॥ ਜੋ ਪਰਾਈ ਸੁ ਅਪਨੀ ਮਨੂਆ ॥ ੧ ॥

ਆਪਣੇ ਰਾਮ ਨੂੰ ਤੈਨੇ ਇੱਕ ਖਿਨ ਮਾਤ੍ਰ ਭੀ ਚੀਨੋ=ਜਾਣਿਆਂ ਨਹੀਂ ਹੈ, ਜੋ ਮਾਇਆ ਬਿਗਾਨੀ ਹੈ, ਉਸਨੂੰ ਤੂੰ ਆਪਣੀ ਮੰਨਿਆਂ ਹੋਇਆ ਹੈ ॥ ੧ ॥

ਨਾਮੁ ਸੰਗੀ ਸੋ ਮਨਿ ਨ ਬਸਾਇਓ ॥ਛੋਡਿ ਜਾਹਿ ਵਾਹੂ ਚਿਤੁ ਲਾਇਓ ॥ ੨ ॥

ਜੋ ਤੇਰਾ ਸੰਗੀ ਹੋਣਾ ਹੈ ਉਸ ਨਾਮ ਨੂੰ ਤੂੰ ਮਨ ਵਿਚ ਨਹੀਂ ਵਸਾਇਆ। ਜੋ ਮਾਇਆ ਛੱਡ ਜਾਣੀ ਹੈ ਉਸ ਨਾਲ ਤੂੰ ਚਿੱਤ ਲਗਾਇਆ ਹੋਇਆ ਹੈ ॥ ੨ ॥

ਸੋ ਸੰਚਿਓ ਜਿਤੁ ਭੂਖ ਤਿਸਾਇਓ ॥ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥੩ ॥

ਤੂੰ ਉਹ ਧਨ ਸੰਚਿਓ=ਇਕੱਠਾ ਕੀਤਾ ਹੈ ਜਿਸ ਨਾਲ ਤੂੰ ਭੁੱਖਾ ਤਿਸਾਇਆ=ਪਿਆਸਾ ਰਹਿੰਦਾ ਹੈਂ। ਪ੍ਰਲੋਕ ਦਾ ਤੋਸਾ=ਖਰਚਾ ਜੋ ਨਾਮ-ਅੰਮ੍ਰਿਤ ਹੈ, ਉਸਨੂੰ ਤੈਨੇ ਪਾਇਆ ਹੀ ਨਹੀਂ ਹੈ॥ ੩ ॥

ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥ (ਪੰਨਾ ੧੩੨)

ਕਾਮ ਕ੍ਰੋਧਿ ਮੋਹ ਕੂਪਿ ਪਰਿਆ ॥ ਗੁਰ ਪ੍ਰਸਾਦਿ ਨਾਨਕ ਕੋ ਤਰਿਆ ॥ ੪ ॥ ੧ ॥ ੧੬ ॥

ਕਾਮ ਕ੍ਰੋਧ ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਰੂਪੀ ਖੂਹ ਵਿਚ ਤੂੰ ਪੈ ਰਿਹਾ ਹੈਂ।
ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੀ ਕਿਰਪਾ ਨਾਲ ਕੋਈ ਵਿਰਲਾ ਹੀ ਇਸ ਤੋਂ ਤਰਿਆ ਹੈ ॥ ੪ ॥ ੧ ॥ ੧੬ ॥

ਟੋਡੀ ਮਹਲਾ ੫ ॥

ਹਮਾਰੈ ਏਕੈ ਹਰੀ ਹਰੀ ॥ ਆਨ ਅਵਰ ਸਿਵਾਣਿ ਨ ਕਰੀ ॥ ਰਹਾਉ ॥

ਅਸਾਡੇ ਅੰਦਰ ਇੱਕ ਹਰੀ ਹੀ ਹਰੀ ਹੈ। (੧) ਇਸ ਲਈ ਅਸਾਂ ਨੇ ਅਵਰ=ਹੋਰ ਕਿਸੇ ਆਨ=ਦੂਜੇ

ਦੀ ਸਿਵਾਣ ਨਹੀਂ ਕੀਤੀ । (੨) ਜੇ ਆਨ=ਹੋਰ ਅਸਥਾਨ ਉੱਪਰ ਚਲੇ ਵੀ ਜਾਈਏ ਤਾਂ ਭੀ ਹੋਰ ਸਿਵਾਣਿ= ਸਿਆਣਪ ਨਹੀਂ ਕੀਤੀ ॥ ਰਹਾਉ॥

ਵਡੈ ਭਾਗਿ ਗੁਰੁ ਅਪੁਨਾ ਪਾਇਓ ॥ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧ ॥

ਵੱਡਿਆਂ ਭਾਗਾਂ ਕਰਕੇ ਮੈਂਨੇ ਆਪਣਾ ਗੁਰੂ ਪਾਇਆ ਹੈ । ਗੁਰਾਂ ਨੇ ਮੈਨੂੰ ਹਰੀ ਨਾਮ ਦ੍ਰਿੜ੍ਹ ਕਰਵਾਇਆ ਹੈ॥ ੧ ॥

ਹਰਿ ਹਰਿ ਜਾਪ ਤਾਪ ਬ੍ਰਤ ਨੇਮਾ ॥ ਹਰਿ ਹਰਿ ਧਿਆਇ ਕੁਸਲ ਸਭਿ ਖੇਮਾ ॥੧ ॥

ਹਰੀ ਨਾਮ ਹੀ ਅਸਾਡਾ ਜਪ ਹੈ, ਹਰੀ ਨਾਮ ਹੀ ਤਪ ਹੈ, ਹਰੀ ਨਾਮ ਹੀ ਵਰਤ ਹੈ, ਅਤੇ ਹਰੀ ਨਾਮ ਹੀ ਅਸਾਡਾ ਨੇਮ ਹੈ । (੧) ਹਰਿ ਹਰਿ ਨਾਮ ਦੇ ਧਿਆਵਣੇ ਕਰਕੇ ਸਾਰੇ ਸੁਖ ਤੇ ਅਨੰਦ ਹੋਏ ਹਨ।

(੨) ਹਰਿ ਹਰਿ ਨਾਮ ਦੇ ਧਿਆਉਣੇ ਕਰਕੇ ਸਾਰੇ ਕੁਸਲ=ਸੁਖ ਤੇ ਖੇਮਾ=ਰੱਖਿਆ ਹੋਈ ਹੈ ॥ ੨ ॥

ਆਚਾਰ ਬਿਉਹਾਰ ਜਾਤਿ ਹਰਿ ਗੁਨੀਆ ॥
ਮਹਾ ਅਨੰਦ ਕੀਰਤਨ ਹਰਿ ਸੁਨੀਆ ॥ ੩ ॥

ਅਸਾਂ ਨੇ ਆਚਾਰ=ਕਰਤੱਬ, ਵਿਹਾਰ ਤੇ ਜਾਤੀ ਆਦਿਕ ਸਭ ਕੁਝ ਹਰੀ ਨੂੰ ਹੀ ਗੁਨੀਆ=ਵਿਚਾਰਿਆ ਹੈ। ਹਰੀ ਦੇ ਕੀਰਤਨ ਸੁਣਨ ਨਾਲ ਅਸਾਨੂੰ ਬੜਾ ਅਨੰਦ ਪ੍ਰਾਪਤ ਹੋਇਆ ਹੈ ॥ ੩ ॥

ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥
ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥ ੪ ॥ ੨ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਠਾਕੁਰ ਪ੍ਰਭੂ ਨੂੰ ਪਾਇਆ ਹੈ,
ਉਨ੍ਹਾਂ ਦੇ ਘਰ ਵਿਚ ਸਭ ਕੁਝ ਆ ਗਿਆ ਹੈ॥ ੪ ॥ ੨ ॥ ੧੭ ॥

ਟੋਡੀ ਮਹਲਾ ੫ ਘਰੁ ੪ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥

ਸੰਸਾਰ ਵਿਚ ਰੁੜ੍ਹੇ ਜਾਂਦੇ ਹੋਏ ਮਨ ਨੂੰ, ਅਥਵਾ:- ਰੂੜੋ=ਅਪਾਵਨ ਮਨ ਨੂੰ ਸਭ ਕੋਈ ਰੂੜੋ=ਸੁੰਦਰ ਹਰੀ ਵਿਚ ਰੰਗਿਆ ਚਾਹੁੰਦਾ ਹੈ । ਵਾ: ਹਰੀ ਦੇ ਰੰਗੋ=ਪ੍ਰੇਮ ਨੂੰ ਚਾਹੁੰਦਾ ਹੈ। ਪਰ ਗਾਲੀ=ਗੱਲਾਂ ਕਰਨ ਨਾਲ ਹਰੀ ਨਾਲ ਨੀਹੁ=ਪ੍ਰੇਮ ਨਹੀਂ ਹੁੰਦਾ॥ ਰਹਾਉ॥

ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥

ਜਿਸ ਦੇ ਦਰਸ਼ਨ ਕਾਰਣਿ=ਵਾਸਤੇ ਮੈਂ ਜੰਗਲਾਂ ਨੂੰ ਖੋਜਦੀ ਫਿਰਦੀ ਸਾਂ, ਉਸਨੂੰ ਮੈਂ ਹੁਣ ਬੀਥੀ ਬੀਥੀ=ਗਲੀ ਗਲੀ ਵਿਚ

ਵਾ :-ਸਾਧਨਾ ਰੂਪੀ ਗਲੀ ਗਲੀ ਵਿਚ ਪੇਖਾ=ਦੇਖ ਲਿਆ ਹੈ।

ਗੁਰ ਮਿਲਿ ਭਰਮੁ ਗਵਾਇਆ ਹੇ ॥੧॥

ਕਿਉਂਕਿ ਪੂਰਿਆਂ ਸਤਿਗੁਰਾਂ ਨਾਲ ਮਿਲਕੇ ਮੈਂ ਭਰਮ ਨੂੰ ਗੁਆ ਲਿਆ ਹੈ॥ ੧॥

ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ॥

ਮੇਰੇ ਮੱਥੇ ਉੱਪਰ ਧੁਰ ਤੋਂ ਹੀ ਸ੍ਰੇਸ਼ਟ ਲੇਖ ਲਿਖਿਆ ਹੋਇਆ ਸੀ, ਇਸ ਲਈ ਇਹ ਬੁੱਧੀ ਮੈਂ ਸੰਤਾਂ ਕੰਨਹੁ=ਪਾਸੋਂ ਪਾਈ ਹੈ।

ਇਹ ਬਿਧਿ ਨਾਨਕ ਹਰਿ ਨੈਣ ਅਲੋਇ॥੨॥੧॥੧੮॥

ਗੁਰੂ ਜੀ ਕਥਨ ਕਰਦੇ ਹਨ, ਇਸ ਵਿਧੀ ਨਾਲ ਮੈਂ ਅੱਖਾਂ ਨਾਲ ਹਰੀ ਨੂੰ ਅਲੋਇ=ਵੇਖ ਲਿਆ ਹੈ॥ ੨॥ ੧॥ ੧੮॥

ਟੋਡੀ ਮਹਲਾ ੫॥ ਗਰਬਿ ਗਹਿਲੜੋ ਮੂੜੜੋ ਹੀਓ ਰੇ॥

ਹੇ ਭਾਈ ! ਮੈਂ ਮੂੜੜੋ=ਮੂਰਖ ਦਾ ਹੀਓ ਹਿਰਦਾ ਜੋ ਗਰਬਿ=ਹੰਕਾਰ ਵਿਚ ਗਹਿਲੜੋ=ਗ੍ਰਸਿਆ ਹੋਇਆ ਹੈ।

ਹੀਓ ਮਹਰਾਜ ਰੀ ਮਾਇਓ॥ ਡੀਹਰ ਨਿਆਈ ਮੋਹਿ ਫਾਕਿਓ ਰੇ॥ ਰਹਾਉ॥

ਤਿਸੁ ਮੁਹਿ ਹੀਓ=ਮੇਰੇ ਹਿਰਦੇ ਨੂੰ ਮਹਾਰਾਜ ਜੀ ਦੀ ਮਾਇਆ ਨੇ, ਡੀਹਰ=ਡੈਣ ਦੀ ਨਿਆਈਂ ਫਾਕਿਓ=ਭੱਖਣ ਕਰ ਲੀਤਾ ਹੈ।

ਅਥਵਾ:- ਡੀਹਰ=ਕੁੰਡੀ ਦੀ ਨਿਆਈਂ ਫਾਕਿਓ=ਫਸਾ ਲੀਤਾ ਹੈ॥ ਰਹਾਉ॥

ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ॥

ਮਨ, ਬਾਣੀ ਸਰੀਰ ਕਰਕੇ ਪਦਾਰਥਾਂ ਨੂੰ ਘਣਾਂ ਹੀ ਘਣਾਂ ਚਾਹੁੰਦਾ ਹੈ,

ਵਾ:-ਬਾਲਕ ਅਵਸਥਾ ਵਿਚ ਘਣੇ ਪਦਾਰਥਾਂ ਨੂੰ ਚਾਹੁੰਦਾ ਹੈ,

ਜੋਬਨ ਅਵਸਥਾ ਵਿਚ ਭੀ ਘਣੇ ਪਦਾਰਥਾਂ ਨੂੰ ਚਾਹੁੰਦਾ ਹੈ,

ਬੁਢੇਪੇ ਵਿਚ ਭੀ ਘਣਿਆਂ ਪਦਾਰਥਾਂ ਨੂੰ ਚਾਹੁੰਦਾ ਹੈ ।

ਅਥਵਾ:-ਘਣੋ=ਬਹੁਤਿਆਂ ਪੁਰਸ਼ਾਂ ਨਾਲ ਮਿਲਕੇ ਘਣੋ=ਬਹੁਤੇ ਯਤਨ ਕਰਕੇ ਘਣੇ=ਬਹੁਤਿਆਂ ਪਦਾਰਥਾਂ ਨੂੰ ਚਾਹੁੰਦਾ ਹੈ, ਪਰ ਲਹਣੇ=ਭਾਗਾਂ ਤੋਂ ਬਿਨਾਂ ਕੈਠੇ=ਕਿਸ ਤਰ੍ਹਾਂ ਪਾ ਸਕਦਾ ਹੈ।

ਜਿਵੇਂ-ਇੱਕ ਗਰੀਬ ਪੁਰਸ਼ ਨੇ ਇਸਤ੍ਰੀ ਅਤੇ ਆਪਣੇ ਪੁੱਤਰ ਨਾਲ ਮਿਲਕੇ ਸ਼ਿਵਾਂ ਦੀ ਇਤਨੀ ਉਪਾਸ਼ਨਾ ਕੀਤੀ, ਜੋ ਸ਼ਿਵਾਂ ਨੇ ਪ੍ਰਸੰਨ ਹੋ ਕੇ ਤਿੰਨਾਂ ਨੂੰ ਵੱਖੋ ਵੱਖ ਵਰ ਭੀ ਦਿੱਤੇ, ਪਰ ਉਹ ਭਾਗਾਂ ਤੋਂ ਹੀਣ ਸੱਖਣੇ ਦੇ ਸੱਖਣੇ ਹੀ ਰਹੇ।

ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ ॥੧॥

ਮਹਾਰਾਜ ਜੀ ਦੀ ਜੋ ਗਾਥੁ=ਮਾਇਆ ਹੈ, ਵਾਹੂ ਸਿਉ ਲੁਭੜਿਓ=ਉਸ ਨਾਲ ਇਹ ਲੁਭਾਇਮਾਨ ਹੋ

ਰਿਹਾ ਹੈ, ਨਿਹ-ਭਾਗਜ਼ੋ=ਭਾਗਾਂ ਤੋਂ ਹੀਣਾ ਪੁਰਸ਼ ਤ੍ਰਿਸ਼ਨਾਂ ਦੀ ਭਾਹਿ=ਅੱਗ ਵਿਚ ਸੰਜੋਇਓ=ਮਿਲ ਰਿਹਾ ਹੈ॥ ੧॥

ਸੁਣਿ ਮਨ ਸੀਖ ਸਾਧੂ ਜਨ ਸਗਲੋ ਥਾਰੇ ਸਗਲੇ ਪ੍ਰਾਛਤ ਮਿਟਿਓ ਰੇ॥

ਹੇ ਮਨ=ਪਿਆਰੇ ! ਸਗਲੋ=ਸਾਰਿਆਂ; ਸੰਤ ਜਨਾਂ ਦੀ ਸਿੱਖਿਆ ਸੁਣ ਲੈ,
ਤਦ ਥਾਰੇ=ਤੇਰੇ ਸਾਰੇ ਪ੍ਰਾਛਤ-ਪਾਪ ਮਿਟ ਜਾਣਗੇ ।

ਜਾ ਕੋ ਲਹਣੋ ਮਹਰਾਜ ਰੀ ਗਾਠੜੀਓ

ਜਨ ਨਾਨਕ ਗਰਭਾਸਿ ਨ ਪਉੜਿਓ ਰੇ ॥੨॥੨॥੧੯॥

ਗੁਰੂ ਜੀ ਕਥਨ ਕਰਦੇ ਹਨ, ਮਹਾਰਾਜ ਜੀ ਦੀ ਭਗਤੀ ਰੂਪ ਗਾਠੜੀਓ=ਗੱਠੜੀ ਵਿਚੋਂ ਜਿਸ ਦਾ ਲਹਣੋ=ਲੇਖ ਹੈ, ਉਹ ਪੁਰਸ਼ ਫਿਰ ਮਾਂ ਦੇ ਗਰਭ ਵਿਚ ਨਹੀਂ ਪਉੜਿਓ=ਪੈਂਦਾ ॥ ੨॥ ੨॥ ੧੯॥

(ਪੰਨਾ ੭੧੬) ਟੋਡੀ ਮਹਲਾ ੫ ਘਰੁ ੫ ਦੁਪਦੇ

ੴ ਸਤਿਗੁਰ ਪ੍ਰਸਾਦਿ॥ ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥

ਮੇਰੇ ਉੱਤੇ ਪ੍ਰਭੂ ਜੀ ਨੇ ਅਜੇਹਾ ਗੁਨੁ=ਉਪਕਾਰ ਕੀਤਾ ਹੈ ।

ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥ ਰਹਾਉ॥

ਪੰਜ ਕਾਮ ਆਦਿਕ ਦੋਸ਼, ਅਤੇ ਹੰਗਤਾ ਰੂਪੀ ਰੋਗ, ਇਹ ਸਾਰੇ ਤਨ ਤੋਂ ਦੂਰ ਕਰ ਦਿੱਤੇ ਹਨ॥ ਰਹਾਉ॥

ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ॥

ਮੋਹ ਦੇ ਬੰਧਨ ਤੋੜਨ ਵਾਲਾ, ਵਿਸ਼ਿਆਂ ਤੋਂ ਛੁਡਾਉਣਾ ਵਾਲਾ, ਗੁਰੂ ਦਾ ਉਪਦੇਸ਼ ਮੇਰੇ ਹਿਰਦੇ ਵਿਚ ਵਸਾ ਦਿੱਤਾ ਹੈ।

ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ॥੧॥

ਮੇਰਾ ਰੂਪ ਕਰੂਪ ਕੁਝ ਵਿਚਾਰਿਆ ਨਹੀਂ ਹੈ, ਅਥਵਾ:- ਸਫਾਈ ਰੂਪੀ ਰੂਪ ਮੇਰਾ ਨਹੀਂ ਸੀ, ਤੇ ਬੇ-ਸਫਾਈ ਰੂਪੀ ਰੂਪ ਮੇਰਾ ਉਸ ਨੇ ਕੁਝ ਵਿਚਾਰਿਆ ਨਹੀਂ ਹੈ , ਜਦੋਂ ਮੈਂ ਪ੍ਰੇਮ ਨੂੰ ਗ੍ਰਹਿਣ ਕੀਤਾ ਤਾਂ ਹਰੀ ਮੇਰੇ ਰੰਗ=ਪ੍ਰੇਮ ਵਿਚ ਭਿੱਜ ਗਿਆ ॥ ੧॥

ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ॥

ਜਿਸ ਵੇਲੇ ਹਿਰਦੇ ਬੀਚ=ਵਿਚੋਂ ਭਰਮ ਰੂਪ ਪਾਟ=ਪੜਦੇ ਨੂੰ ਖੋਇਆ (ਦੂਰ ਕੀਤਾ) ਤਾਂ ਲਾਲਨੁ= ਪਿਆਰੇ ਪ੍ਰਭੂ ਨੂੰ ਵੇਖ ਲਿਆ, ਅਨੰਦ ਰੂਪ ਪ੍ਰਭੂ ਵਿਚ ਪਤੀਨ=ਭਰੋਸਾ ਹੋਣ ਕਰਕੇ ਚਿੱਤ ਖੁਸ਼ ਹੋ ਗਿਆ।

ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨ ॥੧ ॥੨੦ ॥

ਗੁਰੂ ਜੀ ਕਥਨ ਕਰਦੇ ਹਨ, ਪ੍ਰਤੱਖ ਘਰ, ਵਾ:-ਸਰੀਰ ਘਰ, ਵਾ:-ਮੇਰਾ ਹਿਰਦਾ ਓਸੇ ਦਾ ਘਰ ਹੈ, ਓਹੀ ਮੇਰਾ ਸ੍ਵਾਮੀ ਹੈ, ਓਹੀ ਮੇਰਾ ਠਾਕੁਰ ਹੈ, ਓਸੇ ਨੂੰ ਧੀਨ=ਧਿਆਂਵਦਾ ਹਾਂ।

ਵਾ:- ਮੈਂ ਓਸੇ ਦੇ ਧੀਨ=ਅਧੀਨ ਹਾਂ, ਵਾ :-ਓਸੇ ਦੇ ਨਾਮਾਂ ਨੂੰ ਮੈਂ ਧੀਨ=ਅਧਿਐਨ ਭਾਵ ਪੜ੍ਹਦਾ ਹਾਂ॥ ੨ ॥ ੧ ॥ ੨੦ ॥

ਟੋਡੀ ਮਹਲਾ ੫ ॥ ਮਾਈ ਮੇਰੇ ਮਨ ਕੀ ਪ੍ਰੀਤਿ ॥

ਮਾਈ=ਹੇ ਭਾਈ ! ਨਾਮ ਨਾਲ ਮੇਰੇ ਮਨ ਦੀ ਪ੍ਰੀਤੀ ਲੱਗ ਰਹੀ ਹੈ।

ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ ॥ ਰਹਾਉ ॥

ਏਹੋ ਮੇਰਾ ਕਰਮ ਧਰਮ ਹੈ, ਏਹੋ ਮੇਰਾ ਜਪ ਤਪ ਹੈ, ਰਾਮ ਨਾਮ ਜਪਣ ਦੀ ਜੋ ਨਿਰਮਲ ਰੀਤੀ ਪ੍ਰਾਪਤ ਹੋਈ ਹੈ॥ ਰਹਾਉ ॥

ਪ੍ਰਾਨ ਅਧਾਰ ਜੀਵਨ ਧਨ ਮੋਰੈ ਦੇਖਨ ਕਉ ਦਰਸਨ ਪ੍ਰਭ ਨੀਤਿ ॥

ਜੀਵਨ ਰੂਪ ਪ੍ਰਾਣਾਂ ਦਾ ਅਧਾਰ=ਆਸਰਾ ਅਤੇ ਮੇਰਾ ਧਨ ਇਹ ਨਾਮ ਹੀ ਹੈ, ਅਤੇ ਦੇਖਣ ਨੂੰ ਨਿਤਾਪ੍ਰਤੀ ਪ੍ਰਭੂ ਦਾ ਦਰਸ਼ਨ ਹੀ ਅਨੰਦ ਰੂਪ ਹੈ।

ਬਾਟ ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ ॥ ੧ ॥

ਬਾਟ=ਜਮ ਰਸਤੇ ਦਾ, ਘਾਟ=ਵੈਤਰਨੀ ਨਦੀ ਦਾ ਮੇਰੇ ਨਾਲ ਏਹੋ ਨਾਮ ਦਾ ਤੋਸਾ=ਖਰਚਾ ਹੈ, ਹਰੀ ਨੂੰ ਮੈਂ ਆਪਣੇ ਮਨ ਦਾ ਸਖਾ=ਮਿੱਤਰ ਕੀਤਾ ਹੈ॥ ੧ ॥

ਸੰਤ ਪ੍ਰਸਾਦਿ ਭਏ ਮਨ ਨਿਰਮਲ ਕਰਿ ਕਿਰਪਾ ਅਪੁਨੇ ਕਰਿ ਲੀਤ ॥

ਸੰਤਾਂ ਦੀ ਕਿਰਪਾ ਨਾਲ ਮਨ ਆਦਿਕ ਚਤੁਸ਼ਟੇ ਅੰਤਹਕਰਨ ਸ਼ੁੱਧ ਹੋ ਗਏ ਹਨ, ਅਤੇ ਪ੍ਰਭੂ ਨੇ ਕਿਰਪਾ ਕਰਕੇ ਮੈਨੂੰ ਆਪਣਾ ਦਾਸ ਕਰ ਲਿਆ ਹੈ।

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ

ਆਦਿ ਜੁਗਾਦਿ ਭਗਤਨ ਕੇ ਮੀਤ ॥ ੨ ॥ ੨ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ, ਆਦਿ ਜੁਗਾਦਿ=ਸਦਾ ਸਦਾ ਭਗਤਾਂ ਦੇ ਮਿੱਤਰ ਜੋ ਪ੍ਰਭੂ ਜੀ ਹਨ, ਉਸ ਨੂੰ ਸਿਮਰ ਸਿਮਰ ਕੇ ਹੀ ਆਤਮ-ਸੁਖ ਨੂੰ ਪਾਇਆ ਹੈ॥ ੨ ॥ ੨ ॥ ੨੧ ॥

ਟੋਡੀ ਮਹਲਾ ੫ ॥ ਪ੍ਰਭ ਜੀ ਮਿਲੁ ਮੇਰੇ ਪ੍ਰਾਨ ॥

ਹੇ ਮੇਰੇ ਪ੍ਰਾਣ ਰੂਪ ਪ੍ਰਭੂ ਜੀ ! ਆਪ ਮੈਨੂੰ ਮਿਲਣਾ ਕਰੋ।

ਬਿਸਰੁ ਨਹੀ ਨਿਮਖ ਹੀਅਰੇ ਤੇ ਅਪਨੇ ਭਗਤ ਕਉ ਪੂਰਨ ਦਾਨ ॥ ਰਹਾਉ ॥

ਆਪਣੇ ਭਗਤ ਨੂੰ ਏਹੋ ਪੂਰਨ ਦਾਨ ਬਖਸ਼ਣਾ ਕਰੋ, ਕਿ ਮੇਰੇ ਹਿਰਦੇ ਵਿਚੋਂ ਇੱਕ ਨਿਮਖ ਮਾਤਰ ਭੀ ਨਾ ਭੁੱਲੋ ॥ ਰਹਾਉ ॥

ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ ॥

ਹੇ ਮੇਰੇ ਪ੍ਰੀਤਮ ਪ੍ਰਭੂ ! ਆਪ ਅੰਤਰਜਾਮੀ ਹੋ, ਸ੍ਰੇਸ਼ਟ ਘਾੜਤ ਦੇ ਘੜਣ ਵਾਲੇ ਹੋ ਅਤੇ ਬੜੇ ਸੁਜਾਨ= ਚਤੁਰ ਹੋ, ਮੇਰੇ ਹਿਰਦੇ ਵਿਚੋਂ ਭਰਮ ਨੂੰ ਦੂਰ ਕਰਕੇ ਮੇਰੀ ਰੱਖਿਆ ਕਰੋ।

ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥ ੧ ॥

ਮੇਰੇ ਹਿਰਦੇ ਵਿਚ ਆਪ ਜੀ ਦਾ ਨਾਮ-ਧਨ ਹੀ ਕ੍ਰੋੜਾਂ ਰਾਜ ਸੁਖ ਵਰਗਾ ਹੈ, ਹੇ ਮਾਨ=ਮਨਣ ਕਰਨੇ ਯੋਗ ਪ੍ਰਭੂ ! ਮੇਰੇ ਮਾਨ=ਮਨ ਉੱਤੇ ਆਪ ਇਹ ਅੰਮ੍ਰਿਤ ਦ੍ਰਿਸਟਿ=ਕਿਰਪਾ ਦ੍ਰਿਸ਼ਟੀ ਧਾਰਨਾ ਕਰੋ ॥ ੧ ॥

ਆਠ ਪਹਰ ਰਸਨਾ ਗੁਨ ਗਾਵੈ ਜਸੁ ਪੂਰਿ ਅਘਾਵਹਿ ਸਮਰਥ ਕਾਨ ॥

ਜੋ ਕਿ ਮੇਰੀ ਰਸਨਾਂ ਅੱਠੇ ਪਹਿਰ ਆਪ ਜੀ ਦੇ ਗੁਣ ਗਾਉਣਾ ਕਰੇ ਅਤੇ ਹੇ ਸਮਰੱਥ ਪ੍ਰਭੂ ! ਮੇਰੇ ਕਾਨ= ਕੰਨ ਪੂਰੀ ਤਰ੍ਹਾਂ ਆਪ ਜੀ ਦੇ ਜਸ ਨਾਲ ਅਘਾਵਹਿ=ਰੱਜੇ ਰਹਿਣ।

ਤੇਰੀ ਸਰਣਿ ਜੀਅਨ ਕੇ ਦਾਤੇ ਸਦਾ ਸਦਾ ਨਾਨਕ ਕੁਰਬਾਨ ॥੨ ॥੩ ॥੨੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਜੀਆਂ ਦੇ ਦਾਤੇ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਅਤੇ ਸਦਾ ਸਦਾ=ਨਿਭਾਪ੍ਰਤੀ ਮੈਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ ॥ ੨ ॥ ੩ ॥ ੨੨ ॥

ਟੋਡੀ ਮਹਲਾ ੫ ॥ ਪ੍ਰਭ ਤੇਰੇ ਪਗ ਕੀ ਧੂਰਿ ॥

ਹੇ ਪ੍ਰਭੂ ! ਮੈਂ ਆਪ ਜੀ ਦੇ ਚਰਨਾਂ ਦੀ ਧੂੜੀ ਚਾਹੁੰਦਾ ਹਾਂ।

ਦੀਨ ਦਇਆਲ ਪ੍ਰੀਤਮ ਮਨਮੋਹਨ ਕਰਿ ਕਿਰਪਾ ਮੇਰੀ ਲੋਚਾ ਪੂਰੀ ॥ ਰਹਾਉ ॥

ਹੇ ਦੀਨ ਦਿਆਲ ! ਲੋਕ ਪ੍ਰਲੋਕ ਦੇ ਪ੍ਰੀਤਮ, ਮਨ ਦੇ ਮੋਹਣੇ ਵਾਲੇ ! ਕਿਰਪਾ ਕਰਕੇ ਮੇਰੀ ਲੋਚਾ= ਇੱਛਾ ਪੂਰਨ ਕਰ ॥ ਰਹਾਉ ॥

ਦਹ ਦਿਸ ਰਵਿ ਰਹਿਆ ਜਸੁ ਤੁਮਰਾ ਅੰਤਰਜਾਮੀ ਸਦਾ ਹਜੂਰਿ ॥

ਹੇ ਅੰਤਰਜਾਮੀ ਪ੍ਰਭੂ ! ਦਸੋ ਦਿਸਾਂ ਵਿਚ ਆਪ ਜੀ ਦਾ ਜਸ ਫੈਲ ਰਿਹਾ ਹੈ, ਅਤੇ ਆਪ ਸਦਾ ਹਾਜਰਾ ਹਜੂਰ ਵਸ ਰਹੇ ਹੋ।

ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥ ੧ ॥

ਹੇ ਕਰਤੇ ਪੁਰਖ ! ਜੋ ਆਪ ਜੀ ਦਾ ਜਸ ਗਾਇਨ ਕਰਦੇ ਹਨ, ਉਹ ਪੁਰਸ਼ ਕਦੇ ਭੀ ਝੋਰੇ ਵਿਚ

ਨਹੀਂ ਮਰਦੇ॥ ੧॥

ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ॥

ਉਹਨਾਂ ਦੇ ਹਿਰਦੇ ਵਿਚੋਂ ਬੰਧਨ ਰੂਪ ਮਾਇਆ ਦੇ ਸਭ ਧੰਦੇ ਬਿਨਸ ਗਏ ਹਨ, ਅਤੇ ਸਾਧੂਆਂ ਦੀ ਸੰਗਤ ਕਰਕੇ ਸਾਰੇ ਬਿਸੂਰ=ਝੋਰੇ ਭੀ ਮਿਟ ਗਏ ਹਨ।

ਸੁਖ ਸੰਪਤਿ ਭੋਗ ਇਸੁ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ॥੨॥੪॥੨੩॥

ਗੁਰੂ ਜੀ ਕਥਨ ਕਰਦੇ ਹਨ, ਇਸ ਜੀਵ ਦੇ ਲਈ ਜਿੰਨੇ ਭੀ ਸੁਖ ਸੰਪਦਾ ਦੇ ਭੋਗ ਹਨ, ਉਹਨਾਂ ਨੇ ਹਰੀ ਦੇ ਭਜਨ ਤੋਂ ਬਿਨਾਂ ਉਹ ਸਾਰੇ ਝੂਠੇ ਜਾਣੇ ਹਨ॥ ੨॥ ੪॥ ੨੩॥

ਟੋਡੀ ਮਃ ੫॥ ਮਾਈ ਮੇਰੇ ਮਨ ਕੀ ਪਿਆਸ॥

ਮਾਈ=ਹੇ ਭਾਈ! ਮੇਰੇ ਮਨ ਵਿਚ ਤਾਂ ਇਕ ਦਰਸ਼ਨ ਦੀ ਪਿਆਸ ਹੈ।

ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ
ਦਰਸਨ ਦੇਖਨ ਕਉ ਧਾਰੀ ਮਨਿ ਆਸ॥ ਰਹਾਉ॥

ਪ੍ਰੀਤਮ ਤੋਂ ਬਿਨਾਂ ਇੱਕ ਖਿਨ ਭਰ ਵੀ ਸੁਖੀ ਨਹੀਂ ਰਹਿ ਸਕਦਾ, ਉਸ ਦੇ ਦਰਸ਼ਨ ਦੇਖਣ ਨੂੰ ਮਨ ਵਿਚ ਆਸਾ ਧਾਰੀ ਹੋਈ ਹੈ॥ ਰਹਾਉ॥

ਸਿਮਰਉ ਨਾਮੁ ਨਿਰੰਜਨ ਕਰਤੇ ਮਨ ਤਨ ਤੇ ਸਭਿ ਕਿਲਵਿਖ ਨਾਸ॥

ਕਰਤੇ ਪੁਰਖ ਨਿਰੰਜਨ ਦੇ ਨਾਮ ਨੂੰ ਸਿਮਰਦੇ ਹਾਂ, ਸਿਮਰਨ ਦੀ ਸ਼ਰਤੀ ਨਾਲ ਮਨ ਤਨ ਤੋਂ ਸਾਰੇ ਕਿਲਵਿਖ=ਪਾਪ ਨਾਸ ਹੋ ਗਏ ਹਨ।

ਪੂਰਨ ਪਾਰਬ੍ਰਹਮ ਸੁਖਦਾਤੇ ਅਬਿਨਾਸੀ ਬਿਮਲ ਜਾ ਕੋ ਜਾਸ॥ ੧॥

ਪਾਰਬ੍ਰਹਮ ਦੇ ਸੰਪੂਰਨ ਨਾਮ ਅਬਿਨਾਸੀ ਸੁਖਾਂ ਦੇ ਦੇਣ ਵਾਲੇ ਹਨ, ਅਤੇ ਜਿਸ ਪ੍ਰਭੂ ਦਾ ਜਾਸ=ਜਸ ਬਿਮਲ=ਨਿਰਮਲ ਹੈ ॥ ੧॥

ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ॥

ਸੰਤਾਂ ਦੀ ਕਿਰਪਾ ਨਾਲ ਮੇਰੇ ਮਨ ਦੇ ਸੰਕਲਪ ਪੂਰੇ ਹੋ ਗਏ ਹਨ, ਗੁਣਾਂ ਦੇ ਖਜ਼ਾਨੇ ਪ੍ਰਭੂ ਆਪ ਹੀ ਕਿਰਪਾ ਕਰਕੇ ਆ ਮਿਲੇ ਹਨ।

(ਪੰਨਾ ੭੧੭)

ਸਾਂਤਿ ਸਹਜ ਸੁਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥

ਗੁਰੂ ਜੀ ਕਥਨ ਕਰਦੇ ਹਨ, ਸਹਜੇ ਹੀ ਮੇਰੇ ਵਿਚ ਸ਼ਾਂਤੀ ਸੁਖ ਪੈਦਾ ਹੋਇਆ ਹੈ, ਅਤੇ

ਕ੍ਰੋੜਾਂ ਸੂਰਜਾਂ ਵਰਗਾ, ਗਿਆਨ ਦਾ ਪ੍ਰਕਾਸ਼ ਹੋਇਆ ਹੈ॥ ੨॥ ੫॥ ੨੪॥

ਟੋਡੀ ਮਹਲਾ ੫॥ ਹਰਿ ਹਰਿ ਪਤਿਤ ਪਾਵਨ॥

ਹਰਿ ਹਰਿ ਦਾ ਨਾਮ ਹੀ ਪਤਿਤ=ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ ।

ਜੀਅ ਪ੍ਰਾਨ ਮਾਨ ਸੁਖਦਾਤਾ ਅੰਤਰਜਾਮੀ ਮਨ ਕੋ ਭਾਵਨ॥ ਰਹਾਉ॥

ਜੀਅ, ਪ੍ਰਾਣ ਅਤੇ ਮਨ ਨੂੰ ਸੁਖ ਦੇਣ ਵਾਲਾ ਹੈ, ਉਹ ਅੰਤਰਜਾਮੀ ਪ੍ਰਭੂ ਮੇਰੇ ਮਨ ਨੂੰ ਭਾਉਂਦਾ ਹੈ॥ ਰਹਾਉ॥

ਸੁੰਦਰੁ ਸੁਘੜੁ ਚਤੁਰੁ ਸਭ ਬੇਤਾ ਰਿਦ ਦਾਸ ਨਿਵਾਸ ਭਗਤ ਗੁਨ ਗਾਵਨ॥

ਪੁਨਾ-ਉਹ ਸੁੰਦਰ ਹੈ, ਸ੍ਰੇਸ਼ਟ ਘਾੜਤ ਦੇ ਘੜਣ ਵਾਲਾ ਹੈ, ਚਤੁਰ ਹੈ, ਸਭ ਗੱਲਾਂ ਦੇ ਬੇਤਾ= ਜਾਨਣ ਵਾਲਾ ਹੈ, ਦਾਸਾਂ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ, ਮੈਂ ਉਸ ਦੇ ਭਗਤੀ ਰੂਪ ਗੁਣਾਂ ਨੂੰ ਗਾਂਵਦਾ ਹਾਂ।

ਅਥਵਾ:- ਜੋ ਦਾਸ ਭਗਤ, ਗੁਣਾਂ ਨੂੰ ਗਾਂਵਦੇ ਹਨ, ਉਹਨਾਂ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ।

ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ॥ ੧॥

ਅਨੂਪੰ ਸੁਆਮੀ ਦਾ ਰੂਪ ਨਿਰਮਲ ਹੈ ਇਸ ਮਨੁੱਖਾ ਦੇਹ ਰੂਪੀ ਕਰਮ ਭੂਮੀ ਵਿਚ ਜੋ ਭਗਤੀ ਰੂਪ ਬੀ ਬੀਜਣਗੇ ਉਹ ਸੁਆਮੀ ਦਾ ਅਨੰਦ ਭੋਗਣਗੇ। ਅਥਵਾ:- ਇਸ ਮਨੁੱਖਾ ਦੇਹ ਰੂਪੀ ਕਰਮ ਭੂਮੀ ਵਿਚ ਇਹ ਜੀਵ ਜੋ ਬੀ ਬੀਜਣਗੇ ਓਹੀ ਫਲ ਖਾਣਗੇ॥ ੧॥

ਬਿਸਮਨ ਬਿਸਮ ਭਏ ਬਿਸਮਾਦਾ ਆਨ ਨ ਬੀਓ ਦੂਸਰ ਲਾਵਨ॥

ਜਿਸ ਵੇਲੇ ਮਨ ਵਿਸ਼ਿਆਂ ਵੱਲੋਂ ਬਿਸਮ=ਬਿਸਮ੍ਰਿਆਂ ਭਾਵ ਰਹਿਤ ਹੋਇਆ ਤਾਂ ਬਿਸਮਾਦਾ= ਅਸਚਰਜ ਰੂਪ ਹੋ ਗਏ। ਉਸ ਦੇ ਸਦ੍ਰਸ ਲਗਾਉਣ ਨੂੰ ਆਨ=ਹੋਰ ਕੋਈ ਬੀਓ ਨ=ਦੂਜਾ ਉਤਪਤਿ ਨਹੀਂ ਹੋਇਆ।

ਰਸਨਾ ਸਿਮਰਿ ਸਿਮਰਿ ਜਸੁ ਜੀਵਾ

ਨਾਨਕ ਦਾਸ ਸਦਾ ਬਲਿ ਜਾਵਨ॥ ੨॥ ੬॥ ੨੫॥

ਗੁਰੂ ਜੀ ਕਥਨ ਕਰਦੇ ਹਨ, ਮੈਂ ਰਸਨਾਂ ਨਾਲ ਉਸ ਦਾ ਜਸ ਸਿਮਰ-ਸਿਮਰ ਕੇ ਜੀਉਂਦਾ ਹਾਂ, ਅਤੇ ਦਾਸਾ ਭਾਵ ਨਾਲ ਮੈਂ ਉਸ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੨॥ ੬॥ ੨੫॥

ਟੋਡੀ ਮਹਲਾ ੫॥ ਮਾਈ ਮਾਇਆ ਛਲੁ॥

ਮਾਈ=ਹੇ ਭਾਈ ! ਇਹ ਮਾਇਆ ਛਲ ਰੂਪ ਹੈ।

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ ॥

ਤ੍ਰਿਣ ਕੀ ਅਗਨਿ=ਕੱਖਾਂ ਦੀ ਅੱਗ ਵਾਂਗ ਛੇਤੀ ਨਾਸਵੰਤ ਹੈ, ਮੇਘ=ਬੱਦਲਾਂ ਦੀ ਛਾਂ ਵਰਗਾ ਇਸ ਦਾ ਸੁਖ ਹੈ, ਅਤੇ ਗੋਬਿੰਦ ਦੇ ਭਜਨ ਤੋਂ ਬਿਨਾਂ, ਹਤ੍ਹ ਦੇ ਪਾਣੀ ਵਾਂਗ ਸਭ ਕੁਝ ਰੋੜ ਲਿਜਾਣ ਵਾਲੀ ਹੈ॥ ਰਹਾਉ॥

ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥

ਸਿਆਣਪ ਬੁੱਧੀ ਦੀ ਤੇ ਬਹੁਤੀ ਵਾਕਾਂ ਦੀ ਚਤੁਰਾਈ ਛੱਡ ਦੇ, ਅਤੇ ਦੁਇ ਕਰ=ਹੱਥ ਜੋੜ ਕੇ ਸੰਤਾਂ ਦੇ ਮਗਿ=ਰਸਤੇ ਉੱਤੇ ਤੁਰ ਪਓ।

ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥ ੧ ॥

ਅੰਤਰਜਾਮੀ ਸੁਆਮੀ ਦਾ ਸਿਮਰਨ ਕਰ, ਮਨੁੱਖਾ ਦੇਹ ਦਾ ਏਹੋ ਹੀ ਉੱਤਮ ਫਲ ਹੈ॥ ੧ ॥

ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥

ਵੇਦ ਅਤੇ ਸੰਤ ਜਨ ਏਸੇ ਗੱਲ ਨੂੰ ਬਖਿਆਨ=ਕਥਨ ਕਰਦੇ ਹਨ, ਪਰ ਇਹ ਭਾਗਾਂ ਤੋਂ ਹੀਣਾ ਖਲੁ= ਮੂਰਖ ਸਮਝਦਾ ਨਹੀਂ ਹੈ।

ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨ ॥੭ ॥੨੬ ॥

ਗੁਰੂ ਜੀ ਕਥਲ ਕਰਦੇ ਹਨ, ਜੋ ਪੁਰਸ਼ ਪ੍ਰੇਮਾ ਭਗਤੀ ਵਿਚ ਰਾਚੇ=ਤਦਾਕਾਰ ਹੋ ਕੇ ਹਰੀ ਦਾ ਸਿਮਰਨ ਕਰਦੇ ਹਨ, ਉਹਨਾਂ ਦੇ ਕਾਮ ਆਦਿਕ ਮਲ=ਪਹਿਲਵਾਨ ਦਹਨ=ਨਾਸ ਹੋ ਗਏ ਹਨ।

ਵਾ:- ਉਹਨਾਂ ਦੇ ਮਲ ਰੂਪ ਪਾਪ ਕਰਮ ਦਹਨ ਭਏ=ਸੜ ਗਏ ਹਨ॥ ੨ ॥ ੭ ॥ ੨੬ ॥

ਟੋਡੀ ਮਹਲਾ ੫ ॥ ਮਾਈ ਚਰਨ ਗੁਰ ਮੀਠੇ ॥

ਮਾਈ=ਹੇ ਭਾਈ ! ਪੂਰਿਆਂ ਗੁਰਾਂ ਦੇ ਚਰਨ ਮੀਠੇ=ਪਿਆਰੇ ਹਨ।

ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ ॥

ਵੱਡੇ ਭਾਗਾਂ ਵਾਲਿਆਂ ਨੂੰ ਪਰਮੇਸ਼ਰ ਗੁਰ-ਚਰਨਾਂ ਦਾ ਧਿਆਨ ਦੇਂਦਾ ਹੈ, ਅਤੇ ਗੁਰੂ ਦੇ ਦਰਸ਼ਨ ਡੀਠੇ= ਦੇਖਿਆਂ ਕ੍ਰੋੜਾਂ ਪੁੰਨਾਂ ਦਾ ਫਲ ਪ੍ਰਾਪਤ ਹੁੰਦਾ ਹੈ॥ ਰਹਾਉ॥

ਗੁਨ ਗਾਵਤ ਅਚੁਤ ਅਬਿਨਾਸੀ ਕਾਮ ਕ੍ਰੋਧ ਬਿਨਸੇ ਮਦ ਢੀਠੇ ॥

ਅਚੁਤ=ਅਗਿੜ ਅਬਿਨਾਸੀ ਦੇ ਗੁਣ ਗਾਉਂਦਿਆਂ ਹੋਇਆਂ ਜਿਨ੍ਹਾਂ ਦੇ ਮਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ, ਮਦ=ਹੰਕਾਰ ਤੇ ਢੀਠੇ=ਕਠੋਰ ਸੁਭਾਅ ਆਦਿਕ ਸਾਰੇ ਵਿਕਾਰ ਬਿਨਸ ਗਏ ਹਨ।

ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ ਪੀਠੇ॥ ੧ ॥

ਉਹ ਸੱਚੇ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਅਸਥਿਰ ਭਏ=ਅਚੱਲ ਹੋ ਗਏ ਹਨ, ਅਤੇ ਉਹ ਜਨਮ ਮਰਨ (ਰੂਪ ਚੱਕੀ) ਵਿਚ ਫਿਰ ਨਹੀਂ ਪੀਠੇ=ਪੀਸੇ ਜਾਣਗੇ॥ ੧॥

ਬਿਨੁ ਹਰਿ ਭਜਨ ਰੰਗ ਰਸ ਜੇਤੇ ਸੰਤ ਦਇਆਲ ਜਾਨੇ ਸਭਿ ਝੂਠੇ॥

ਹਰੀ ਦੇ ਸਿਮਰਨ ਤੋਂ ਬਿਨਾਂ ਜਿਤਨੇ ਭੀ ਰਸ ਰੰਗ ਹਨ, ਉਹ ਦਿਆਲੂ ਦੇ ਸੰਤਾਂ ਨੇ ਸਾਰੇ ਹੀ ਝੂਠੇ ਜਾਣੇ ਹਨ।

ਨਾਮ ਰਤਨੁ ਪਾਇਓ ਜਨ ਨਾਨਕ ਨਾਮ ਬਿਹੂਨ ਚਲੇ ਸਭਿ ਮੂਠੇ॥੨॥੮॥੨੭॥

ਗੁਰੂ ਜੀ ਕਥਨ ਕਰਦੇ ਹਨ, ਗੁਰਮੁਖ ਜਨਾਂ ਨੇ ਰਤਨੁ=ਅਮੋਲਕ ਨਾਮ ਨੂੰ ਪਾਇਆ ਹੈ, ਜੋ ਨਾਮ ਸਿਮਰਨ ਤੋਂ ਬਿਨਾਂ ਹਨ ਉਹ ਸਾਰੇ ਠਗਣੀ ਮਾਇਆ ਤੋਂ ਮੂਠੇ=ਲੁੱਟੇ ਗਏ ਹਨ।

ਅਥਵਾ:- ਉਹ ਸਾਰੇ ਜਮ ਰਸਤੇ ਵਿਚ ਮੂਠੇ=ਲੁੱਟੇ ਗਏ ਹਨ॥ ੨॥ ੮॥ ੨੭॥

ਟੋਡੀ ਮਹਲਾ ੫ ॥ ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ॥

ਸਤਸੰਗਤ ਦੁਆਰਾ ਅਸਾਂ ਨੇ ਹਰਿ ਹਰਿ ਨਾਮ ਨੂੰ ਚਿਤਾਰਾ=ਜਪਿਆ ਹੈ।

ਸਹਜਿ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ॥ ਰਹਾਉ॥

ਦਿਨੇ ਰਾਤ ਸਹਜੇ ਹੀ ਆਨੰਦ ਹੋ ਰਿਹਾ ਹੈ, ਕਿਉਂਕਿ ਅਸਾਡੇ ਪੂਰਬਲੇ ਜਨਮ ਦਾ ਕੋਈ ਅੰਕੁਰੁ=ਅੰਗੂਰ ਅਰਥਾਤ ਭਾਗ ਚੰਗਾ ਹੈ॥ ਰਹਾਉ॥

ਗੁਰੁ ਪੂਰਾ ਭੇਟਿਓ ਬਡਭਾਗੀ ਜਾ ਕੋ ਅੰਤੁ ਨ ਪਾਰਾਵਾਰਾ॥

ਵੱਡਿਆਂ ਭਾਗਾਂ ਕਰਕੇ ਉਹ ਪੂਰਾ ਗੁਰੂ ਮਿਲਿਆ ਹੈ, ਜਿਸ ਗੁਰੂ ਦੇ ਜਸ ਦੇ ਪਾਰ ਉਰਾਰ ਦਾ ਅੰਤ ਨਹੀਂ ਆਉਂਦਾ।

ਕਰੁ ਗਹਿ ਕਾਢਿ ਲੀਓ ਜਨੁ ਅਪੁਨਾ ਬਿਖੁ ਸਾਗਰ ਸੰਸਾਰਾ॥ ੧ ॥

ਉਹਨਾਂ ਨੇ ਆਪਣਾ ਸੇਵਕ-ਜਨ ਜਾਣਕੇ ਮੇਰਾ ਮਨ ਰੂਪ ਕਰੁ=ਹੱਥ ਫੜ ਕੇ ਮੈਨੂੰ ਬਿਖੁ=ਜ਼ਹਿਰ ਦੇ ਸਮੁੰਦਰ (ਸੰਸਾਰ) ਵਿਚੋਂ ਕੱਢ ਲਿਆ ਹੈ॥ ੧॥

ਜਨਮ ਮਰਨ ਕਾਟੇ ਗੁਰ ਬਚਨੀ ਬਹੁੜਿ ਨ ਸੰਕਟ ਦੁਆਰਾ॥

ਗੁਰਾਂ ਨੇ ਆਪਣੇ ਉਪਦੇਸ਼ ਨਾਲ ਜਨਮ ਮਰਨ ਕੱਟ ਦਿੱਤਾ ਹੈ, ਇਸ ਲਈ ਮੁੜ ਕੇ ਦੁੱਖਾਂ ਦੇ ਦਰਵਾਜ਼ੇ ਅੰਦਰ ਜਾਣਾ ਨਹੀਂ ਹੋਵੇਗਾ। ਅਥਵਾ:- ਕਰਮਾਂ ਦੁਆਰੇ ਫਿਰ ਦੁੱਖ ਨਹੀਂ ਹੋਵੇਗਾ।

ਨਾਨਕ ਸਰਨਿ ਗਹੀ ਸੁਆਮੀ ਕੀ ਪੁਨਹ ਪੁਨਹ ਨਮਸਕਾਰਾ॥੨॥੯॥੨੮॥

ਗੁਰੂ ਜੀ ਕਥਨ ਕਰਦੇ ਹਨ, ਅਸਾਂ ਨੇ ਸੁਆਮੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਅਤੇ 'ਪੁਨਹ ਪੁਨਹ'=

ਮੁੜ ਮੁੜ ਕੇ ਉਸ ਨੂੰ ਨਮਸ਼ਕਾਰ ਕਰਦਾ ਹਾਂ ॥ ੨ ॥ ੯ ॥ ੨੮ ॥

ਟੋਡੀ ਮਹਲਾ ੫ ॥ ਮਾਈ ਮੇਰੇ ਮਨ ਕੋ ਸੁਖੁ ॥

ਮਾਈ=ਹੇ ਭਾਈ ! ਹੁਣ ਮੇਰੇ ਮਨ ਨੂੰ ਅਜੇਹਾ ਸੁਖ ਪ੍ਰਾਪਤ ਹੋਇਆ ਹੈ।

ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥੧ ॥ਰਹਾਉ ॥

ਜੋ ਕ੍ਰੋੜਾਂ ਰਾਜ ਸੰਪਦਾ ਦਾ ਸੁਖ ਅਨੰਦ ਭੋਗਦਾ ਹਾਂ, ਹਰੀ ਦੇ ਸਿਮਰਦਿਆਂ ਸਾਰੇ ਦੁੱਖ ਨਾਸ ਹੋ ਗਏ ਹਨ ॥ ੧ ॥ ਰਹਾਉ ॥

ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥

ਸੁਖ ਸਰੂਪ ਪਰਮੇਸ਼ਰ ਦੇ ਸਿਮਰਨ ਕਰਕੇ ਕ੍ਰੋੜਾਂ ਜਨਮਾਂ ਦੇ ਕਿਲਬਿਖ=ਪਾਪ ਨਾਸ ਹੋ ਜਾਂਦੇ ਹਨ, ਅਤੇ ਤਨ ਮਨ ਪਾਵਨ=ਪਵਿੱਤ੍ਰ ਹੋ ਜਾਂਦਾ ਹੈ।

ਅਥਵਾ :-ਸਿਮਰਨ ਕਰਕੇ ਮਨ ਪਾਵਨ=ਪਵਿੱਤ੍ਰ ਤੇ ਤਨ ਸੁਖੀ ਹੋ ਜਾਂਦਾ ਹੈ।

ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥ ੧ ॥

ਉਸ ਪ੍ਰਭੂ ਦੇ ਸਰੂਪ ਨੂੰ ਦੇਖਦਿਆਂ ਸਾਰ ਆਸਾ ਪੂਰਨ ਹੋ ਗਈ ਹੈ ਅਤੇ ਦਰਸ਼ਨ ਕਰਨ ਨਾਲ ਸਾਰੀ ਭੁੱਖ ਉਤਰੀ=ਲਹਿ ਗਈ ਹੈ ॥ ੧ ॥

ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥

(ਧਰਮ, ਅਰਥ, ਕਾਮ, ਮੋਖ ਰੂਪ) ਚਾਰੇ ਪਦਾਰਥ, (ਅਣਿਮਾ, ਮਹਿਮਾ ਆਦਿਕ) ਅੱਠ ਵੱਡੀਆਂ ਸਿੱਧੀਆਂ, ਕਾਮਧੇਨ ਗਊ, ਅਤੇ ਪਾਰਜਾਤ ਰੁਖ=ਕਲਪ ਬ੍ਰਿੱਛ ਇਤਿਆਦਿਕ ਸਾਰੇ ਪਦਾਰਥ ਮੈਂਨੇ ਹਰਿ ਹਰਿ ਦੇ ਨਾਮ ਨੂੰ ਹੀ ਨਿਸਚੇ ਕੀਤਾ ਹੈ।

ਨਾਨਕ ਸਰਨਿ ਗਹੀ ਸੁਖ ਸਾਗਰ

ਜਨਮ ਮਰਨ ਫਿਰਿ ਗਰਭ ਨ ਧੁਖੁ ॥ ੨ ॥ ੧੦ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਪੁਰਖ਼ ਨੇ ਸੁਖਾਂ ਦੇ ਸਮੁੰਦਰ ਪ੍ਰਭੂ ਦੀ ਸ਼ਰਨ ਗ੍ਰਹਿਣ ਕੀਤੀ ਹੈ, ਉਸ ਨੂੰ ਜਨਮ ਮਰਨ ਦੇ ਫਿਰਿ=ਗੇੜ (ਚੱਕਰ) ਵਿਚ, ਮਾਂ ਦੇ ਗਰਭ ਦਾ ਧੁਖੁ=ਦੁੱਖ ਨਹੀਂ ਹੁੰਦਾ ॥ ੨ ॥ ੧੦ ॥ ੨੯ ॥

(ਪੰਨਾ ੭੧੮)

ਟੋਡੀ ਮਹਲਾ ੫ ॥ ਹਰਿ ਹਰਿ ਚਰਨ ਰਿਦੈ ਉਰ ਧਾਰੇ ॥

ਹਰਿ ਹਰਿ ਦੇ ਚਰਨ ਹਿਰਦੇ ਦੇ ਉਰ=ਵਿਚ ਧਾਰਨਾ ਕੀਤੇ ਹਨ। ਅਥਵਾ:- ਹਰ ਵੇਲੇ ਹਰੀ

ਦੇ ਚਰਨਾਂ ਦਾ ਹਿਰਦੇ ਵਿਚ ਉਰਧਾਰੇ=ਧਿਆਨ ਧਾਰਦਾ ਹਾਂ।*

ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ ॥ ੧ ॥ ਰਹਾਉ ॥

ਆਪਣੇ ਸਤਿਗੁਰੂ ਸੁਆਮੀ ਨੂੰ ਸਿਮਰਦਿਆਂ ਹੋਇਆਂ ਅਸਾਡੇ ਸਾਰੇ ਕਾਰਜ ਸਫਲ ਹੋ ਗਏ ਹਨ॥ ੧ ॥ ਰਹਾਉ ॥

ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ ॥

ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਜੋ ਹਰੀ ਹੈ, ਉਸ ਦੀ ਕੀਰਤੀ ਦਾ ਜੋ ਬੀਚਾਰ ਕੀਤਾ ਹੈ, ਏਸੇ ਨੂੰ ਅਸਾਂ ਨੇ ਪੁੰਨ ਦਾਨ ਅਤੇ ਪਰਮੇਸ਼ਰ ਦੀ ਪੂਜਾ ਆਦਿਕ ਸ਼ੁਭ ਕਰਮ ਨਿਸਚੇ ਕੀਤੇ ਹਨ।

ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ ॥ ੧ ॥

ਅਗਮ ਅਪਾਰ ਠਾਕੁਰ ਦੇ ਗੁਣ ਗਾਂਵਦਿਆਂ ਹੋਇਆਂ ਅਸਾਂ ਨੇ ਅਤੁੱਲ ਆਤਮ ਸੁਖ ਪਾਇਆ ਹੈ॥ ੧ ॥

ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥

ਜੇਹੜੇ ਪੁਰਸ਼ ਪਾਰਬ੍ਰਹਮ ਨੇ ਆਪਣੇ ਸੇਵਕ ਕਰ ਲੀਤੇ ਹਨ, ਉਨ੍ਹਾਂ ਦਾ ਬਾਹੁਰਿ=ਮੁੜ ਕੁਝ ਗੁਣ ਔਗੁਣ ਨਹੀਂ ਵਿਚਾਰਨਾ ਕੀਤਾ।

ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥੨ ॥ ੧੧ ॥੩੦ ॥

ਗੁਰੂ ਜੀ ਕਥਨ ਕਰਦੇ ਹਨ, ਰਤਨ ਰੂਪ ਅਮੋਲਕ ਨਾਮ ਨੂੰ ਗੁਰਾਂ ਤੋਂ ਸੁਣ ਕੇ ਤੇ ਜਪ ਜਪ ਕੇ ਜੀਉਂਦਾ ਹਾਂ, ਅਤੇ ਹਰੀ ਨਾਮ ਹੀ ਮੇਰੇ ਗਲ ਵਿਚ ਗਹਿਣਾ ਰੂਪ ਹੈ॥ ੨ ॥ ੧੧ ॥ ੩੦ ॥

ਟੋਡੀ ਮਹਲਾ ੯ ੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਥਨ ਕਰਦੇ ਹਨ ਹੇ ਪੁਰਸ਼ਾ ! ਇਸ ਤਰ੍ਹਾਂ ਬੇਨਤੀ ਕਰ-

ਕਹਉ ਕਹਾ ਅਪਨੀ ਅਧਮਾਈ ॥

ਮੈਂ ਆਪਣੀ ਅਧਮਾਈ=ਨੀਚਤਾ ਕਿੱਥੋਂ ਤੱਕ ਕਹਾ।

ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ॥ ੧ ॥ ਰਹਾਉ ॥

ਕਨਕ=ਸੋਨਾ ਤੇ ਕਾਮਨੀ=ਇਸਤ੍ਰੀ ਦੇ ਰਸ ਵਿਚ ਉਰਝਿਓ=ਫਸ ਰਿਹਾ ਹਾਂ, ਮੈਂ ਪ੍ਰਭੂ ਦੀ ਕੀਰਤੀ ਗਾਇਨ ਨਹੀਂ ਕੀਤੀ॥ ੧ ॥ ਰਹਾਉ ॥

---

*''ਹਿੰਦੀ ਸ਼ਬਦ ਸਾਗਰ'' ਵਿਚ ਉਰਧਰਨਾ ਦਾ ਅਰਥ ਧਿਆਨ ਕੀਤਾ ਹੈ ।

ਏਸੇ ਕਰਕੇ ਇੱਥੇ ਉਰ ਧਾਰੇ ਦਾ ਅਰਥ ਧਿਆਨ ਕੀਤਾ ਹੈ ।

ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚੁ ਉਪਜਾਈ॥

ਇਸ ਝੂਠੇ ਜਗਤ ਨੂੰ ਸੱਚਾ ਜਾਣ ਕੇ ਉਸ ਨਾਲ ਰੁਚੀ ਪੈਦਾ ਕਰ ਛੱਡੀ ਹੈ।

ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ॥ ੧ ॥

ਉਸ ਦੀਨਾ ਬੰਧੂ (ਪਰਮਾਤਮਾ) ਨੂੰ ਕਦੇ ਸਿਮਰਿਆ ਨਹੀਂ ਹੈ ਜੋ ਅੰਗ ਸੰਗ ਹੋ ਕੇ ਸਹਾਇਤਾ ਕਰਨ ਵਾਲਾ ਹੁੰਦਾ ਹੈ॥ ੧ ॥

ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ॥

ਰਾਤ ਦਿਨ ਮਾਇਆ ਵਿਚ ਮਗਨ=ਮਸਤ ਰਿਹਾ ਹਾਂ, ਮਨ ਦੀ ਅਵਿੱਦਿਆ ਰੂਪੀ ਮੈਲ ਨਿਵਿਰਤ ਨਹੀਂ ਹੋਈ।

ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ॥ ੨ ॥੧ ॥੩੧ ॥

(੧) ਗੁਰੂ ਜੀ ਕਥਨ ਕਰਦੇ ਹਨ, ਹਰੀ ਦੀ ਸ਼ਰਨ ਤੋਂ ਬਿਨਾਂ ਹੁਣ ਅਨਤ=ਹੋਰ ਕਿਸੀ ਜੁਗਤੀ ਕਰਕੇ ਗਤਿ ਨਾਹਿ=ਮੁਕਤੀ ਦੀ ਪ੍ਰਾਪਤੀ ਨਹੀਂ ਹੈ।

(੨) ਹਰੀ ਦੀ ਸ਼ਰਨ ਤੋਂ ਬਿਨਾਂ ਅਨਤ ਗਤਿ=ਹੋਰ ਕਿਸੇ ਰੀਤੀ ਕਰਕੇ ਅਬਿ=ਅਬਿਨਾਸੀ ਪ੍ਰਭੂ ਦੀ ਪ੍ਰਾਪਤੀ ਨਹੀਂ ਹੈ॥ ੨ ॥ ੧ ॥ ੩੧ ॥

ਰਾਗੁ ਟੋਡੀ ਭਗਤ ਬਾਣੀ

ਟੋਡੀ ਬਾਣੀ ਭਗਤਾਂ ਕੀ
੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:- ਦੋ ਪੰਡਤ ਆਪਸ ਵਿਚ ਝਗੜਦੇ ਹੋਏ ਭਗਤ ਨਾਮਦੇਵ ਜੀ ਪਾਸ ਆਏ । ਇੱਕ ਕਹੇ ਰੱਬ ਨੇੜੇ ਹੈ, ਦੂਜਾ ਕਹੇ ਰੱਬ ਦੂਰ ਹੈ ।

ਇਹ ਗੱਲਾਂ ਸੁਣਕੇ ਭਗਤ ਨਾਮਦੇਵ ਜੀ ਉਨ੍ਹਾਂ ਪ੍ਰਤੀ ਕਥਨ ਕਰਦੇ ਹਨ-

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥
ਜਲ ਕੀ ਮਾਛੁਲੀ ਚਰੈ ਖਜੂਰਿ ॥ ੧॥
ਕਾਂਇ ਰੇ ਬਕਬਾਦੁ ਲਾਇਓ॥
ਜਿਨਿ ਹਰਿ ਪਾਇਓ ਤਿਨਹਿ ਛਪਾਇਓ॥ ੧ ॥ ਰਹਾਉ ॥

(ਰਹਾਉ ਤੋਂ ਅਰਥ ਸ਼ੁਰੂ ਕਰਨਾ)

ਹੇ ਭਾਈ ! ਤੁਸਾਂ ਕਾਂਇ ! ਕਿਸ ਲਈ ਬਕਬਾਦੁ=ਝਗੜਾ ਲਗਾਇਆ ਹੋਇਆ ਹੈ। ਜਿਨ੍ਹਾਂ ਗੁਰਮੁਖਾਂ ਨੇ ਹਰੀ ਨੂੰ ਪਰਾਪਤ ਕੀਤਾ ਹੈ ਤਿਨ੍ਹਾਂ ਨੇ ਛੁਪਾ ਕੇ ਰੱਖਿਆ ਹੈ, ਕਿਉਂਕਿ ਉਹ ਵਸਤੂ ਨੂੰ ਪਾ ਕੇ ਹੰਕਾਰ ਨਹੀਂ ਕਰਦੇ।

ਤੁਹਾਡੇ ਵਿਚੋਂ-ਕੋਈ ਬੋਲੈ ਨਿਰਵਾ=ਕੋਈ ਕਹਿੰਦਾ ਹੈ, ਪਰਮਾਤਮਾ ਨੇੜੇ ਹੈ, ਕੋਈ ਆਖਦਾ ਹੈ ਅਕਾਲ ਪੁਰਖ ਦੂਰ ਹੈ।

ਯਥਾ - ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ॥
ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ॥ ੧॥

(ਜੈਤਸਰੀ ਮ: ੫, ਪੰਨਾ ੭੦੦)

ਇਹ ਤੁਹਾਡਾ ਕਹਿਣਾ ਇਸ ਤਰ੍ਹਾਂ ਨਿਸਫਲ ਹੈ, ਜਿਵੇਂ ਕੋਈ ਕਹਿ ਦੇਵੇ ਕਿ ਜਲ ਵਿਚ ਰਹਿਣ ਵਾਲੀ ਮੱਛੀ, ਖਜੂਰ ਦੇ ਬ੍ਰਿੱਛ ਤੇ ਚੜ੍ਹਕੇ ਵਿਚਰਦੀ ਹੈ।

ਤਦ ਪੰਡਤ ਕਹਿਣ ਲੱਗੇ, ਕਿ ਜੇ ਤੂੰ ਵੇਦ ਸ਼ਾਸਤ੍ਰ ਪੜ੍ਹਿਆ ਹੋਵੇਂ ਤਾਂ ਤੈਨੂੰ ਕੁਝ ਪਤਾ ਭੀ

ਲੱਗੇ ਕਿ ਜੋ ਅਸੀਂ ਕਹਿ ਰਹੇ ਹਾਂ, ਇਹ ਠੀਕ ਹੈ।

ਇਹ ਗੱਲ ਸੁਣਕੇ ਨਾਮਦੇਵ ਜੀ ਕਥਨ ਕਰਦੇ ਹਨ -

ਪੰਡਿਤੁ ਹੋਇ ਕੈ ਬੇਦੁ ਬਖਾਨੈ॥

ਮੂਰਖੁ ਨਾਮਦੇਉ ਰਾਮਹਿ ਜਾਨੈ॥ ੨ ॥ ੧ ॥

ਤੁਸੀਂ ਪੰਡਿਤ ਹੋ ਕੇ ਵੇਦਾਂ ਨੂੰ ਤਾਂ ਬਖਾਨੈ=ਕਥਨ ਕਰਦੇ ਹੋ, ਪਰੰਤੂ ਤੁਹਾਡੇ ਪਿਲ ਪੱਲੇ ਕੁਝ ਵੀ ਨਹੀਂ ਹੈ। ਤੁਸਾਂ ਹੁਣ ਤੀਕ ਅਕਾਲ ਪੁਰਖ ਨੂੰ ਨਹੀਂ ਜਾਣਿਆਂ, ਪਰੰਤੂ ਮੈਂ ਮੂਰਖ ਨਾਮਦੇਵ ਨੇ, ਅਥਵਾ ਮੂ=ਮੂੰਹ ਆਦਿਕ ਇੰਦ੍ਰੀਆਂ ਨੂੰ ਵਿਸ਼ਿਆਂ ਵਿਕਾਰਾਂ ਵੱਲੋਂ ਰਖੁ=ਰੋਕ ਕੇ ਰਾਮ ਨੂੰ ਜਾਣ ਲੀਤਾ ਹੈ॥ ੨ ॥ ੧ ॥

ਉਥਾਨਕਾ:- ਇੱਕ ਸਮੇਂ ਪੰਡਰਪੁਰ ਵਿਖੇ ਜਿੱਥੇ ਨਾਮਦੇਵ ਜੀ ਰਹਿੰਦੇ ਸਨ, ਓਸੇ ਸ਼ਹਿਰ ਵਿਚ ਇੱਕ ਗਰੀਬ ਹਿੰਦੂ (ਪੁਰਸ਼) ਰਹਿੰਦਾ ਸੀ, ਜੋ ਰੋਜ਼ਾਨਾ ਆਪਣੀ ਕਿਰਤ ਕਰਕੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਸੀ। ਉਸ ਦੇ ਘਰ ਵਿਚ ਇੱਕ ਵੱਛੀ ਸੀ ਜੋ ਇਧਰ ਉਧਰ ਨੱਚਦਿਆਂ ਟੱਪਦਿਆਂ ਉਸ ਦੇ ਆਪ ਹੀ ਆਪਣੇ ਗਲ ਵਿਚ ਰੱਸੀ ਲਪੇਟੀ ਗਈ ਤੇ ਉਸ ਨੂੰ ਖਿੱਚਦਿਆਂ ਖਿੱਚਦਿਆਂ ਆਖਰ ਅੰਤ ਨੂੰ ਉਹ ਵੱਛੀ ਮਰ ਗਈ। ਜਦ ਓਥੋਂ ਦੇ ਰਹਿਣ ਵਾਲੇ ਬ੍ਰਾਹਮਣਾਂ ਨੂੰ ਪਤਾ ਲੱਗਾ ਕਿ ਇਸ ਦੇ ਘਰ ਵੱਛੀ ਮਰ ਗਈ ਹੈ। ਤਾਂ ਬ੍ਰਾਹਮਣਾਂ ਨੈ ਕਿਹਾ, ਇਸ ਗਊ ਹੱਤਿਆ ਦੇ ਦੋਸ਼ ਦੀ ਨਿਵਿਰਤੀ ਵਾਸਤੇ ਤੂੰ ਤੀਰਥ ਯਾਤਰਾ ਕਰ।

ਉਸਨੇ ਆਖਿਆ, ਮੇਰੇ ਵਿਚ ਤੀਰਥ ਯਾਤਰਾ ਕਰਨ ਦੀ ਸਮਰੱਥਾ ਨਹੀਂ ਹੈ।

ਫਿਰ ਬ੍ਰਾਹਮਣਾਂ ਆਖਿਆ, 'ਜੇ ਤੂੰ ਤੀਰਥ ਯਾਤਰਾ ਨਹੀਂ ਕਰ ਸਕਦਾ ਤਾਂ ਬ੍ਰਾਹਮਣਾਂ ਨੂੰ ਦਾਨ ਪੁੰਨ ਹੀ ਕਰ।''

ਉਸਨੇ ਆਖਿਆ, ''ਮੈਂ ਆਪਣਾ ਗੁਜ਼ਾਰਾ ਮਸਾਂ ਕਰਦਾ ਹਾਂ ਤੇ ਤੁਹਾਨੂੰ (ਬ੍ਰਾਹਮਣਾਂ ਨੂੰ) ਮੈਂ ਕਿੱਥੋਂ ਦੇਵਾਂ?''

ਜਦ ਬ੍ਰਾਹਮਣਾਂ ਨੇ ਉਸ ਨੂੰ ਬੜਾ ਸਤਾਇਆ ਤਾਂ ਉਹ ਘਰੋਂ ਨਿਕਲਕੇ ਬਾਹਰ ਤੁਰ ਪਿਆ ਤੇ ਬ੍ਰਾਹਮਣ ਭੀ ਉਸ ਦੇ ਮਗਰ ਮਗਰ, ਜਿੱਧਰ ਜਾਵੇ ਉਸ ਦਾ ਪਿੱਛਾ ਨਾ ਛੱਡਣ ਤੇ ਉਸਨੂੰ ਅੰਨ ਜਲ ਭੀ ਛਕਣ ਨਾ ਦਿੱਤਾ, ਆਖਰ ਭੁੱਖਾ ਤਿਹਾਇਆ ਚਾਰ ਦਿਨਾਂ ਤੋਂ ਬਾਅਦ ਜਦ ਉਹ ਨਾਮਦੇਵ ਜੀ ਦੇ ਘਰ ਅੱਗੇ ਪਹੁੰਚਿਆ ਤਾਂ ਬੇਹੋਸ਼ ਹੋ ਕੇ ਡਿੱਗ ਪਿਆ ਤੇ ਜੋ ਬ੍ਰਾਹਮਣ ਉਸ ਦੇ ਮਗਰ ਲੱਗੇ ਹੋਏ ਸਨ ਉਹ ਉਸਨੂੰ ਮਰ ਗਿਆ ਸਮਝ ਕੇ ਆਪੋ ਆਪਣੀ ਘਰੀਂ ਪਿਛਾਹਾਂ ਵਾਪਸ ਚਲੇ ਗਏ।

ਜਿਸ ਵੇਲੇ ਨਾਮਦੇਵ ਜੀ ਨੂੰ ਪਤਾ ਲੱਗਾ ਕਿ ਮੇਰੇ ਬੂਹੇ ਤੋਂ ਬਾਹਰ ਕੋਈ ਆਦਮੀ ਡਿੱਗਾ ਪਿਆ ਹੈ ਤਾਂ ਨਾਮਦੇਵ ਜੀ ਝੱਟ ਉਸਨੂੰ ਚੁੱਕ ਕੇ ਆਪਣੇ ਅੰਦਰ ਲੈ ਗਏ ਤੇ ਰਾਮ ਰਾਮ ਦਾ ਜਾਪ ਕਰਦਿਆਂ ਨੇ ਉਸ ਦੇ ਮੂੰਹ ਵਿਚ ਪਾਣੀ ਪਾ ਕੇ ਉਸਨੂੰ ਸੁਰਤ ਵਿਚ ਲਿਆਂਦਾ ਤੇ ਫਿਰ ਅੰਨ ਛਕਾਇਆ, ਜਲ ਪਿਆਇਆ। ਜਦ ਉਥੋਂ ਦੇ ਬ੍ਰਾਹਮਣਾਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਇਸ ਛੀਂਬੇ ਨੇ ਇਸ ਗਊ

ਹੱਤਿਆ ਕਰਨ ਵਾਲੇ ਪਾਪੀ ਨੂੰ ਕਿਸੇ ਖਾਸ ਪ੍ਰਾਸਚਿਤ ਕਰਵਾਏ ਤੋਂ ਬਿਨਾਂ ਹੀ ਅੰਨ ਪਾਣੀ ਦੇ ਦਿੱਤਾ ਹੈ ਅਤੇ ਆਖ ਦਿੱਤਾ ਹੈ ਕਿ ਹੁਣ ਤੇਰਾ ਸਾਰਾ ਪਾਪ ਦੂਰ ਹੋ ਗਿਆ ਹੈ ਤਾਂ ਜਾਤ ਅਭਿਮਾਨੀ ਬ੍ਰਾਹਮਣ ਇਕੱਠੇ ਹੋ ਕੇ ਭਗਤ ਨਾਮਦੇਵ ਜੀ ਦੇ ਘਰ ਪੁੱਜੇ ਤੇ ਆਖਣ ਲੱਗੇ, ਕਿ ਹੇ ਨਾਮਦੇਵ ! ਤੂੰ ਅੱਜ ਅਸਾਡੇ ਸਾਰੇ ਬ੍ਰਾਹਮਣਾਂ ਦੀ ਤੌਹੀਨ ਕਰ ਦਿੱਤੀ ਹੈ। ਦੇਖ ! ਇਸ ਪਾਪੀ ਪਾਸੋਂ ਨਾ ਇਕਾਦਸ਼ੀ ਬਰਤ ਰਖਵਾਇਆ, ਨਾ ਹੀ ਗੰਗਾ ਆਦਿ ਤੀਰਥਾਂ ਉੱਪਰ ਭੇਜਣਾ ਕੀਤਾ, ਨਾ ਕੁਝ ਦਾਨ ਪੁੰਨ ਹੀ ਇਸ ਪਾਸੋਂ ਕਰਵਾਇਆ, ਸਿਰਫ ਰਾਮ ਦਾ ਨਾਮ ਹੀ ਅਖਵਾ ਕੇ ਕਹਿ ਦਿੱਤਾ ਕਿ ਤੂੰ ਪਵਿੱਤ੍ਰ ਹੋ ਗਿਆ ਹੈਂ ਤੇਰੇ ਸਾਰੇ ਪਾਪ ਦੂਰ ਹੋ ਗਏ ਹਨ।''

ਤਾਂ ਨਾਮਦੇਵ ਜੀ ਉਹਨਾਂ ਬ੍ਰਾਹਮਣਾਂ ਪ੍ਰਤੀ ਸਾਰੇ ਪਾਪਾਂ ਦਾ ਨਾਸ਼ਕ ਪ੍ਰਮੇਸ਼ਰ ਦਾ ਨਾਮ ਕਥਨ ਕਰਦੇ ਉਪਦੇਸ਼ ਦੇਂਦੇ ਹਨ।

ਦੂਜੀ ਉਥਾਨਕਾ:- ਇਸ ਤਰ੍ਹਾਂ ਭੀ ਕਹਿੰਦੇ ਹਨ, ਕਿ ਪੰਡਿਤਾਂ ਨੇ ਕਿਹਾ,'' ਜੇ ਤੂੰ ਰਾਮ ਨੂੰ ਜਾਣ ਲਿਆ ਹੈ ਤਾਂ ਕੀ ਹੋਇਆ ? ਕਿਉਂਕਿ ਤੇਰਾ ਜੋ ਅਗੈਬੀਪੁਣੇ ਦਾ ਜਾਂ ਸੁਦਰਪੁਣੇ ਦਾ ਕਲੰਕ ਹੈ ਉਹ ਤਾਂ ਦੂਰ ਨਹੀਂ ਹੋਇਆ।'' ਇਹ ਗੱਲ ਸੁਣਕੇ ਭਗਤ ਨਾਮਦੇਵ ਜੀ ਕਹਿੰਦੇ ਹਨ-

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥

ਸ਼ਰਧਾ ਨਾਲ ਰਾਮ ਦਾ ਨਾਮ ਲੈਣ ਨਾਲ ਭਲਾ ਕਿਸ ਦਾ ਕਲੰਕ ਰਿਹਾ ਹੈ, ਭਾਵ ਕਿਸੇ ਦਾ ਨਹੀਂ ਰਿਹਾ।

ਯਥਾ-''ਆਠ ਪਹਰ ਸਿਮਰਹੁ ਪ੍ਰਭ ਨਾਮੁ॥ ਅਨਿਕ ਤੀਰਥ ਮਜਨੁ ਇਸਨਾਨੁ॥
ਪਾਰਬ੍ਰਹਮ ਕੀ ਸਰਣੀ ਪਾਹਿ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ॥ ੩॥''

(ਗਉੜੀ ਮ:੫, ਪੰਨਾ ੧੮੪)

ਤਥਾ-''ਜਪਿ ਮਨ ਰਾਮ ਨਾਮੁ ਨਿਸਤਾਰਾ॥
ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ॥''

(ਬੈਰਾੜੀ ਮ: ੪, ਪੰਨਾ ੭੨੦)

''ਜਾ ਕਉ ਤੁਮ ਭਏ ਸਮਰਥ ਅੰਗਾ॥ ਤਾ ਕਉ ਕਛੁ ਨਾਹੀ ਕਾਲੰਗਾ ॥ ੧॥''

(ਗਉੜੀ ਮ: ੫, ਪੰਨਾ ੧੮੮)

''ਜੀਅਨ ਕਾ ਦਾਤਾ ਪੂਰਨ ਸਭ ਠਾਇ॥ ਕੋਟਿ ਕਲੇਸ ਮਿਟਹਿ ਹਰਿ ਨਾਇ॥''

(ਧਨਾਸਰੀ ਮ: ੫, ਪੰਨਾ ੬੭੭)

ਦੇਖੋ ! ਅਜਾਮਲ ਦਾ ਕਲੰਕ ਦੂਰ ਹੋਇਆ।
ਪੂਤਨਾ ਦਾ ਕਲੰਕ ਦੂਰ ਹੋਇਆ।
ਗਨਕਾ ਦਾ ਕਲੰਕ ਦੂਰ ਹੋਇਆ।

ਯਥਾ- ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥
ਬਾਲਮੀਕੈ ਹੋਆ ਸਾਧਸੰਗੁ॥ ਧ੍ਰੂ ਕਉ ਮਿਲਿਆ ਹਰਿ ਨਿਸੰਗ॥ ੧॥
ਤੇਰਿਆ ਸੰਤਾ ਜਾਚਉ ਚਰਨ ਰੇਨ॥ ਲੈ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ॥ ੧॥ ਰਹਾਉ॥
ਗਨਿਕਾ ਉਧਰੀ ਹਰਿ ਕਹੈ ਤੋਤ॥ ਗਜਇੰਦ੍ ਧਿਆਇਓ ਹਰਿ ਕੀਓ ਮੋਖ॥
ਬਿਪ੍ ਸੁਦਾਮੇ ਦਾਲਦ੍ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥ ੨॥"

(ਬਸੰਤੁ ਮ: ੫, ਪੰਨਾ ੧੧੯੨)

ਪਤਿਤ ਪਵਿਤ ਭਏ ਰਾਮੁ ਕਹਤ ਹੀ॥ ੧॥ ਰਹਾਉ॥

ਰਾਮ ਨਾਮ ਕਹਤ=ਉਚਾਰਨ ਨਾਲ ਅਨੇਕਾਂ ਹੀ ਪਤਿਤ=ਪਾਪੀ ਪੁਰਸ਼ ਪਵਿੱਤ੍ਰ ਹੋ ਗਏ ਹਨ।

ਵਾ- ਹੀ=ਨਿਸਚੇ ਸਹਿਤ ਰਾਮ ਨਾਮ ਕਹਿਣ ਨਾਲ ਅਨੇਕਾਂ ਪਾਪੀ ਪਵਿੱਤਰ ਹੋ ਗਏ ਹਨ।

ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ॥

ਇਸੀ ਕਰਕੇ ਮੈਂ ਜਨ=ਨਾਮਦੇਵ ਨੂੰ ਰਾਮ ਦੇ ਨਾਮ ਨਾਲ ਪ੍ਰਤਗਿਆ=ਪ੍ਰਤੀਤ ਹੋ ਆਈ ਹੈ ਕਿ ਰਾਮ ਦਾ ਨਾਮ ਹੀ ਠੀਕ ਤਾਰਨ ਵਾਲਾ ਹੈ। ਹੁਣ ਤਾਂ ਮੇਰੇ ਪਾਸੋਂ-

ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ॥ ੧॥

ਏਕਾਦਸ਼ੀ ਵਰਤ ਵੀ ਰੱਖਣੇ ਰਖਾਣੇ ਰਹਿ ਗਏ ਹਨ ਅਤੇ ਹੁਣ ਕਾਹੇ=ਕਿਸ ਲਈ ਤੀਰਥਾਂ ਤੇ ਜਾਣਾ ਹੈ, ਭਾਵ ਤੀਰਥਾਂ ਉੱਪਰ ਜਾਣ ਦੀ ਕੋਈ ਲੋੜ ਨਹੀਂ।

ਹੁਣ ਦੂਜੇ ਅਰਥ ਵਿਚ ਭਗਤ ਨਾਮਦੇਵ ਜੀ ਪੂਰਨ ਵਿਧੀ ਨਾਲ ਰੱਖੇ ਹੋਏ ਇਕਾਦਸ਼ੀ ਵਰਤ ਦਾ ਮਹਾਤਮ ਦਸੱਦੇ ਹਨ ਕਿ ਜੇਕਰ ਪੁਰਾਤਨ ਮਰਯਾਦਾ ਅਨੁਸਾਰ ਇਕਾਦਸ਼ੀ ਵਰਤ ਪੂਰਾ ਪੂਰਾ ਰਹਿ ਆਵੇ ਤਾਂ ਇਹੋ ਕਾਫੀ ਹੈ ਫਿਰ ਮਨੁੱਖ ਨੂੰ ਤੀਰਥਾਂ ਤੇ ਜਾਣ ਦੀ ਕੀ ਲੋੜ ਹੈ, ਭਾਵ ਕੋਈ ਲੋੜ ਨਹੀਂ।

ਪਿਛਲੇ ਇਤਿਹਾਸਾਂ ਅਨੁਸਾਰ ਏਕਾਦਸ਼ੀ ਵਰਤ ਰੱਖਣਾ ਬਹੁਤ ਹੀ ਔਖਾ ਸੀ , ਕਿਉਂ ਜੋ ਏਕਾਦਸ਼ੀ ਵਾਲੇ ਦਿਨ ਨਾ ਕੁਝ ਖਾਣਾ ਤੇ ਨਾ ਹੀ ਕੁਝ ਪੀਣਾ ਕਰਦੇ ਸਨ।

ਨਾਮਦੇਵ ਜੀ ਪੁਰਾਤਨ ਮਰਯਾਦਾ ਦੇ ਅਨੁਸਾਰ ਆਪ ਭੀ ਏਕਾਦਸ਼ੀ ਦਾ ਵਰਤ ਰੱਖਿਆ ਕਰਦੇ ਸਨ, ਕਿਉਂਕਿ ਨਾਮਦੇਵ ਜੀ ਦਾ ਆਪਣਾ ਜਨਮ ੧੩੨੮ ਕੱਤਕ ਸੁਦੀ ਇਕਾਦਸ਼ੀ ਦਾ ਸੀ।

ਇਕ ਸਮੇਂ ਦਾ ਜ਼ਿਕਰ ਹੈ ਜਦ ਨਾਮਦੇਵ ਜੀ ਨੇ ਏਕਾਦਸ਼ੀ ਦਾ ਵਰਤ ਰੱਖਿਆ ਤਾਂ ਭਗਵਾਨ ਜੀ ਪ੍ਰੀਖਿਆ ਲੈਣ ਲਈ ਬ੍ਰਾਹਮਣ ਦਾ ਰੂਪ ਧਾਰਕੇ ਆ ਗਏ ਤੇ ਨਾਮਦੇਵ ਦੇ ਦੁਆਰੇ ਉੱਪਰ ਖੜ੍ਹੇ ਹੋ ਕੇ ਆਖਦੇ ਹਨ-ਅੱਜ ਮੈਨੂੰ ਬਹੁਤ ਭੁੱਖ ਲੱਗੀ ਹੈ ਕੁਝ ਕੁ ਆਟਾ ਵਗੈਰਾ ਮਿਲਣਾ ਚਾਹੀਦਾ ਹੈ। ਨਾਮਦੇਵ ਜੀ ਚੁੱਪ ਰਹੇ। ਭਗਵਾਨ ਨੇ ਦੁਬਾਰਾ ਫਿਰ ਕਿਹਾ, ਤਾਂ ਭੀ ਨਾਮਦੇਵ ਜੀ ਚੁੱਪ ਰਹੇ। ਭਗਵਾਨ ਨੇ ਤੀਜੀ ਵਾਰ ਕਿਹਾ, ਕਿ ਅਸੀਂ ਤੇਰੇ ਦੁਆਰੇ ਉੱਪਰ ਦਾਨ ਲੈਣ ਆਏ ਹਾਂ ਤੇ ਤੂੰ ਕਿਉਂ ਨਹੀਂ ਬੋਲਦਾ ? ਉਸ ਵੇਲੇ ਨਾਮਦੇਵ ਜੀ ਨੇ ਏਕਾਦਸ਼ੀ ਵਰਤ ਰੱਖਣ ਦੇ ਕਾਰਣ, ਦਾਨ ਦੇਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ-

"ਹੇ ਬ੍ਰਾਹਮਣ ਜੀ ! ਮੈਂ ਅੱਜ ਇਕਾਦਸ਼ੀ ਦਾ ਵਰਤ ਰੱਖਿਆ ਹੋਇਆ ਹੈ, ਮੇਰਾ ਇਹੋ ਨਿਯਮ ਹੈ ਅੱਜ ਦੇ ਦਿਨ ਮੈਂ ਕੁਝ ਖਾਣਾ ਪੀਣਾ ਨਹੀਂ ਤੇ ਨਾ ਹੀ ਕਿਸੇ ਨੂੰ ਕੁਝ ਖਾਣ ਪੀਣ ਲਈ ਦੇਣਾ ਹੈ, ਇਸ ਲਈ ਤੂੰ ਮੈਨੂੰ ਸਤਾ ਨਾ, ਫਿਰ ਕਿਸੇ ਦਿਨ ਆ ਕੇ ਮੰਗ ਲਵੀਂ।" ਤਾਂ ਬ੍ਰਾਹਮਣ ਨੇ ਕਿਹਾ-ਹੇ ਜਜਮਾਨ ! ਜੇ ਤੂੰ ਅੱਜ ਮੈਨੂੰ ਕੁਝ ਅੰਨ ਵਗੈਰਾ ਨਾ ਦੇਵੇਂਗਾ ਤਾਂ ਮੈਂ ਤੇਰੇ ਬੂਹੇ ਉੱਪਰ ਹੀ ਮਰਕੇ ਤੇਰੇ ਉੱਪਰ ਬ੍ਰਹਮ ਹੱਤਿਆ ਦਾ ਦੋਸ਼ ਚਾੜ੍ਹ ਦਿਆਂਗਾ।

ਨਾਮਦੇਵ ਜੀ ਨੇ ਕਿਹਾ, "ਜਿਸ ਤਰ੍ਹਾਂ ਜੀ ਹੋਵੇ ਕਰੋ, ਪਰ ਅੱਜ ਦਾਨ ਨਹੀਂ ਦੇਣਾ।"

ਇਹ ਗੱਲ ਸੁਣਕੇ ਬ੍ਰਾਹਮਣ ਆਪਣੇ ਸੁਆਸਾਂ ਨੂੰ ਰੋਕ ਕੇ ਮਰ ਗਿਆ ਤੇ ਓਥੇ ਹੀ ਪਿਆ ਰਿਹਾ। ਨਾਮਦੇਵ ਜੀ ਆਪਣੇ ਅਨੰਦ ਵਿਚ ਮਗਨ ਹੋ ਕੇ ਸਮਾਧੀ ਵਿਖੇ ਲੀਨ ਹੋ ਗਏ । ਜਿਸ ਵੇਲੇ ਆਪਣੇ ਸਮੇਂ ਅਨੁਸਾਰ ਸਮਾਧੀ ਤੋਂ ਉੱਠੇ ਤਾਂ ਕੀ ਵੇਖਦੇ ਹਨ ਕਿ ਬੁੱਢਾ ਬ੍ਰਾਹਮਣ ਅਸਾਡੇ ਬੂਹੇ ਅੱਗੇ ਮਰਿਆ ਪਿਆ ਹੈ । ਉਸ ਵੇਲੇ ਨਾਮਦੇਵ ਜੀ ਨੇ ਵਿਚਾਰਿਆ ਕਿ ਇਸ ਬੁੱਢੇ ਬ੍ਰਾਹਮਣ ਨੇ ਮੇਰੇ ਉੱਪਰ ਬ੍ਰਹਮ ਹੱਤਿਆ ਦਾ ਦੋਸ਼ ਲਗਾ ਦਿੱਤਾ ਹੈ, ਇਸ ਦੀ ਨਵਿਰਤੀ ਲਈ ਕੇਵਲ ਇੱਕ ਇਹੋ ਸਾਧਨ ਹੈ, ਜੋ ਮੈਂ ਇਸ ਦੇ ਨਾਲ ਹੀ ਚਿਖਾ ਉੱਪਰ ਸਤੀ ਹੋ ਜਾਵਾਂ।

ਇਸ ਗੱਲ ਨੂੰ ਮੁਖ ਰੱਖ ਕੇ ਬਿਬਾਣ ਬਣਾਕੇ ਉਸ ਉੱਪਰ ਉਸ ਬ੍ਰਾਹਮਣ ਨੂੰ ਰੱਖਕੇ ਲੈ ਤੁਰੇ । ਮਸਾਣਾਂ ਵਿਚ ਲਿਜਾਕੇ ਜਦ ਚਿਖਾ ਬਣਾਕੇ ਉਸ ਉੱਤੇ ਬ੍ਰਾਹਮਣ ਦੀ ਲੋਥ ਨੂੰ ਰੱਖਿਆ ਤੇ ਅੱਗ ਲਗਾਕੇ ਆਪ ਭੀ ਉਸ ਉੱਤੇ ਛਾਲ ਮਾਰ ਕੇ ਸੜਨ ਲੱਗੇ ਤਾਂ ਭਗਵਾਨ ਨੇ ਪ੍ਰਤੱਖ ਹੋ ਕੇ ਨਾਮਦੇਵ ਜੀ ਨੂੰ ਬਾਂਹ ਤੋਂ ਫੜਕੇ ਆਪਣੇ ਗਲ ਨਾਲ ਲਗਾ ਲਿਆ ਤੇ ਕਿਹਾ-"ਬਸ ਨਾਮਦੇਵ ! ਮੈਂ ਤੇਰੀ ਪ੍ਰੀਖਿਆ ਹੀ ਲੈਣੀ ਸੀ, ਜਾਹ ਆਪਣੇ ਘਰ ।"

ਨਾਮਦੇਵ ਜੀ ਨੇ ਆਪਣੇ ਘਰ ਆ ਕੇ ਜੋ ਕੁਝ ਖਾਣਾ ਪੀਣਾ ਸੀ, ਉਹ ਖਾ ਪੀ ਕੇ ਆਪਣੇ ਵਰਤ ਨੂੰ ਖੋਲ੍ਹ ਲਿਆ।

ਏਸ ਤਰ੍ਹਾਂ ਦੇ ਪੁਰਾਤਨ ਮਰਯਾਦਾ ਵਾਲੇ ਇਕਾਦਸ਼ੀ ਵਰਤ ਰੱਖਣ ਦੇ ਢੰਗ ਸ਼ਾਸਤ੍ਰਾਂ ਵਿਚ ਕਥਨ ਕੀਤੇ ਹਨ ਅਤੇ ਏਸੇ ਅਤੇ ਮਰਯਾਦਾ ਅਨੁਸਾਰ ਹੀ ਅੰਬਰੀਕ ਰਾਜਾ ਜੀ ਵਰਤ ਰੱਖਦੇ ਹੁੰਦੇ ਸਨ । ਜਿਨ੍ਹਾਂ ਦੇ ਮੁਤੱਲਕ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ-

ਅੰਬਰੀਕ ਮੁਹਿ ਵਰਤੁ ਹੈ, ਰਾਤਿ ਪਈ ਦੁਰਬਾਸਾ ਆਇਆ।
ਭੀੜਾ ਓਸੁ ਉਪਾਰਣਾ, ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ।
ਚਰਣੋਦਕੁ ਲੈ ਪੋਖਿਆ, ਓਹੁ ਸਰਾਪੁ ਦੇਣ ਨੋ ਧਾਇਆ।
ਚਕ੍ਰ ਸੁਦਰਸਨੁ ਕਾਲ ਰੂਪ, ਹੋਇ ਭੀਹਾਵਲ ਗਰਬੁ ਗਵਾਇਆ।
ਬਾਮ੍ਹਣੁ ਭੰਨਾ ਜੀਉ ਲੈ, ਰਖਿ ਨ ਹੰਘਨਿ ਦੇਵ ਸਬਾਇਆ।
ਇੰਦ੍ਰ ਲੋਕੁ ਸਿਵ ਲੋਕੁ ਤਜਿ, ਬ੍ਰਹਮ ਲੋਕੁ ਬੈਕੁੰਠ ਤਜਾਇਆ।
ਦੇਵਤਿਆਂ ਭਗਵਾਨੁ ਸਣੁ, ਸਿਧਿ ਦੇਇ ਸਭਨਾਂ ਸਮਝਾਇਆ।
ਆਇ ਪਇਆ ਸਰਣਾਗਤੀ, ਮਾਰੀਦਾ ਅੰਬਰੀਕ ਛੁਡਾਇਆ।
ਭਗਤਿ ਵਛਲੁ ਜਗਿ ਬਿਰਦੁ ਸਦਾਇਆ॥ ੪॥" (ਵਾਰ ੧੦)

ਸ੍ਰੀ ਪੰਚਮ ਪਿਤਾ ਜੀ ਨੇ ਇਕਾਦਸ਼ੀ ਵਰਤ ਰੱਖਣ ਦਾ ਤਰੀਕਾ ਇਸ ਤਰ੍ਹਾਂ ਕਥਨ ਕੀਤਾ ਹੈ ।

ਯਥਾ-"ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ॥
ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ॥
ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ॥"

(ਥਿਤੀ ਗਉੜੀ ਮਃ ੫, ਪੰਨਾ ੨੯੯)

ਤਥਾ-"ਏਕਾਦਸੀ ਇਕੁ ਰਿਦੈ ਵਸਾਵੈ॥ ਹਿੰਸਾ ਮਮਤਾ ਮੋਹੁ ਚੁਕਾਵੈ॥
ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ॥
ਨਿਰਮਲੁ ਨਿਰਾਹਾਰੁ ਨਿਹਕੇਵਲੁ ॥ ਸੁਚੈ ਸਾਚੇ ਨਾ ਲਾਗੈ ਮਲੁ॥ ੧੩॥
ਜਹ ਦੇਖਉ ਤਹ ਏਕੋ ਏਕਾ॥ ਹੋਰਿ ਜੀਵ ਉਪਾਏ ਵੇਕੋ ਵੇਕਾ॥
ਫਲੋਹਾਰ ਕੀਏ ਫਲੁ ਜਾਇ॥ ਰਸ ਕਸ ਖਾਏ ਸਾਦੁ ਗਵਾਇ॥

(ਬਿਲਾਵਲੁ ਥਿਤੀ ਮਃ ੧, ਪੰਨਾ ੮੪੦)

ਅੱਜ ਕਲ੍ਹ ਦੇ ਵਰਤ ਤਾਂ ਐਉਂ ਹਨ-

ਅੰਬ ਸਵਾ ਸੌ ਚੁਪ, ਸਾਤ ਸੌ ਆੜੂ ਖਾਏ।
ਖਖੜੀਆਂ ਕਈ ਹਜ਼ਾਰ ਖੀਰਿਆਂ ਦੇ ਖੇਤ ਮੁਕਾਏ।
ਦਹੀਂ ਕਟੋਰੇ ਚਾਰ, ਘੜੇ ਦੋ ਰਸ ਕੇ ਪੀਏ।
ਮਠਿਆਈ ਖੋਚੇ ਚਾਰ, ਪੰਜ ਸੈ ਪੇੜੇ ਲੀਏ।
ਵਰਤ ਭਇਓ ਇਹ ਭਾਂਤ, ਸੁਣੋ ਸੰਤ ਇਕਾਦਸ਼ੀ।
ਚੁਪ ਕਰਕੇ ਸੌਂ ਰਹੋ ਭੋਰ ਹੋਇਗੀ ਦੁਆਦਸ਼ੀ।

ਵਾ-ਏਕਾਦਸ਼ੀ ਨਾਮ ੧੧ ਦਾ ਹੈ, ੧੦ ਇੰਦ੍ਰੀਆਂ ਤੇ ਇੱਕ ਮਨ। ਇਹ ਯਾਰਾਂ ਉਸ ਪ੍ਰਭੂ ਦੇ ਨਾਮ ਵਿਚ ਵਰਤ ਰਹਿਣ ਤਾਂ ਫਿਰ ਕਿਸ ਲਈ ਤੀਰਥਾਂ ਤੇ ਜਾਣਾ ਹੈ।

ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ॥

ਨਾਮਦੇਵ ਜੀ ਕਹਿੰਦੇ ਹਨ, ਜੋ ਸ਼੍ਰੇਸ਼ਟ ਮੱਤ ਕਰਕੇ ਸੁਕ੍ਰਿਤ=ਪੁੰਨਿਆਤਮਾ ਪੁਰਸ਼ ਹੋਏ ਹਨ ਅਤੇ-

ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥ ੨॥ ੨॥

ਗੁਰਾਂ ਦੀ ਸਿੱਖਿਆ ਰਾਹੀਂ ਜੋ ਰਾਮ ਨਾਮ ਕਹਿੰਦੇ ਹਨ, ਉਹਨਾਂ ਵਿਚੋਂ ਕੋ ਕੋ=ਕਿਹੜਾ ਕਿਹੜਾ ਬੈਕੁੰਠ ਵਿਚ ਨਹੀਂ ਗਿਆ, ਭਾਵ ਰਾਮ ਨਾਮ ਕਹਿ ਕੇ ਕੌਕੋ=ਕਾਗ ਭਸੁੰਡ ਆਦਿਕ ਸਾਰੇ ਹੀ ਬੈਕੁੰਠ ਵਿਚ ਚਲੇ ਗਏ ਹਨ॥ ੨॥ ੨॥

ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ॥

ਉਥਾਨਕਾ-ਫਿਰ ਉਹਨਾਂ ਸ਼ੰਕਾਵਾਦੀ ਬ੍ਰਾਹਮਣਾਂ ਨੇ ਸ਼ੰਕਾ ਕੀਤੀ ਕਿ ਆਪ ਤਾਂ ਸਿਰਫ ਰਾਮ

ਨਾਮ ਦਾ ਹੀ ਉਪਦੇਸ਼ ਦੇਂਦੇ ਹੋ, ਪਰ ਵੇਦ ਪਹਿਲਾਂ ਕਰਮ ਕਾਂਡ, ਫਿਰ ਉਪਾਸ਼ਨਾਂ, ਫਿਰ ਬ੍ਰਹਮ ਗਿਆਨ ਦੁਆਰਾ ਬ੍ਰਹਮ ਦੀ ਪਰਾਪਤੀ ਦੱਸਦਾ ਹੈ।

ਤਿਸ ਪ੍ਰਥਾਇ ਨਾਮਦੇਵ ਜੀ ਕਹਿੰਦੇ ਹਨ, ਹਰ ਇੱਕ ਵਸਤੂ ਆਪਣੀ ਆਪਣੀ ਜਗ੍ਹਾ ਸੁਭਾਇਮਾਨ ਹੁੰਦੀ ਹੈ। ਨਾਮ ਦੇ ਮੁਕਾਬਲੇ ਉੱਪਰ ਕਰਮ ਕਾਂਡ ਕੁਝ ਨਹੀਂ ਹੈ।

ਤੀਨਿ ਛੰਦੇ ਖੇਲੁ ਆਛੈ॥

ਜਿਵੇਂ ਛੰਦੇ=ਵੇਦ ਵਿਚ ਤਿੰਨ ਪ੍ਰਕਾਰ ਦਾ ਅੱਛਾ ਖੇਲ੍ਹ ਹੈ, ਕਰਮ, ਉਪਾਸ਼ਨਾਂ ਤੇ ਗਿਆਨ ਦਾ, ਤਿਵੇਂ ਹੀ ਸੰਸਾਰ ਵਿਚ ਤੀਨਿ ਛੰਦੇ=ਤਿੰਨ ਪ੍ਰਕਾਰ ਰਜੋ, ਤਮੋ ਤੇ ਸਤੋ ਗੁਣ ਦਾ ਖੇਲ੍ਹ ਹੋ ਰਿਹਾ ਹੈ, ਕ੍ਯੋਂ ਜੁ ਇਨ੍ਹਾਂ ਤਿੰਨਾਂ ਤੋਂ ਹੀ ਸੰਸਾਰ ਦੀ ਉਤਪਤੀ ਹੋਈ ਹੈ। ਹੁਣ ਅਸੀਂ ਭੀ ਤੁਹਾਨੂੰ ਇਸ ਛੰਦੇ=ਸ਼ਬਦ ਦ੍ਵਾਰਾ ਤਿੰਨ ਪਰਕਾਰ ਦਾ ਖੇਲ੍ਹ ਦੱਸਦੇ ਹਾਂ।

ਕੁੰਭਾਰ ਕੇ ਘਰ ਹਾਂਡੀ ਆਛੈ

ਜਿਵੇਂ ਕੁੰਭਾਰ=ਘੁਮਿਆਰ ਦੇ ਘਰ ਵਿਚ ਹਾਂਡੀ=ਤੌੜੀ ਆਦਿਕ ਭਾਂਡੇ ਸੋਭਦੇ ਹਨ।

ਰਾਜਾ ਕੇ ਘਰ ਸਾਂਡੀ ਰੋ॥

ਰਾਜੇ ਦੇ ਘਰ ਵਿਚ ਸਾਂਡੀ=ਸੈਨਾਂ, ਵਾ ਰਾਜਨੀਤੀ, ਵਾ ਹਾਥੀ, ਵਾ ਊੱਠਣੀ ਸੋਭਨੀਕ ਰੋ=ਕਥਨ ਕੀਤੀ ਜਾਂਦੀ ਹੈ।

ਬਾਮਨ ਕੇ ਘਰ ਰਾਂਡੀ ਆਛੈ

ਬ੍ਰਾਹਮਣ ਦੇ ਘਰ ਰਾਂਡੀ=ਪੱਤਰੀ, ਵਾ ਵਿੱਦਿਆ ਸ਼ੋਭਨੀਕ ਹੁੰਦੀ ਹੈ।

ਰਾਂਡੀ ਸਾਂਡੀ ਹਾਂਡੀ ਰੋ॥੧॥

ਰਾਂਡੀ=ਪੱਤ੍ਰੀ ਬ੍ਰਾਹਮਣ ਦੇ ਘਰ ਵਿਚ, ਸਾਂਡੀ=ਰਾਜਨੀਤੀ ਰਾਜਾ ਦੇ ਘਰ ਵਿਚ, ਹਾਂਡੀ=ਤੌੜੀ ਘੁਮਿਆਰ ਦੇ ਘਰ ਵਿਚ ਸ਼ੋਭਨੀਕ ਹੁੰਦੀ ਹੇ।

ਬਾਣੀਏ ਕੇ ਘਰ ਹੀਂਗੁ ਆਛੈ

ਬਾਣੀਏਂ ਦੇ ਘਰ ਹੀਂਗ=ਹਿੰਗ ਵਾ ਹੁੰਡੀ ਚਲਣੀ, ਵਾ ਗਧਾ ਸ਼ੋਭਨੀਕ ਹੁੰਦਾ ਹੈ*।

ਭੈਸਰ ਮਾਥੈ ਸੀਂਗੁ ਰੋ॥

ਭੈਸਰ=ਮੈਂਹ ਦੇ ਮਾਥੈ=ਸਿਰ ਤੇ ਸਿੰਗ ਹੋਣ ਤਾਂ ਸ਼ੋਭਨੀਕ ਕਹੀਦਾ ਹੈ।

ਦੇਵਲ ਮਧੇ ਲੀਗੁ ਆਛੈ

ਦੇਵਲ=ਸ਼ਿਵ ਮੰਦਰ ਵਿਚ ਸ਼ਿਵਲਿੰਗ ਸ਼ੋਭਨੀਕ ਹੁੰਦਾ ਹੈ।

---

*ਕਿਉਂਕਿ ਮੁਲਤਾਨ ਦੇ ਇਲਾਕੇ ਵੱਲ ਬਾਣੀਏਂ ਵਿਆਹ ਦੇ ਸਮੇਂ ਦਾਜ ਨਾਲ ਗੱਧੇ ਨੂੰ ਦੇਂਦੇ ਹਨ। ਇਹ ਆਪੋ ਆਪਣੇ ਦੇਸਾਂ ਦਾ ਰਿਵਾਜ ਹੈ।

ਲੀਗੁ ਸੀਗੁ ਹੀਗੁ ਗੋ ॥ ੨ ॥

ਜਿਵੇਂ ਸ਼ਿਵਲਿੰਗ ਸ਼ਿਵ ਮੰਦਰ ਵਿਚ, ਸਿੰਗ ਮੈਂਹ ਦੇ ਸਿਰ ਤੇ, ਹਿੰਗ ਬਾਣੀਏ ਦੇ ਘਰ ਸੋਭ੍ਦੀ ਹੈ।

ਤੇਲੀ ਕੈ ਘਰ ਤੇਲੁ ਆਛੈ

ਜਿਵੇਂ ਤੇਲੀ ਦੇ ਘਰ ਤੇਲ ਸੋਭਨੀਕ ਹੁੰਦਾ ਹੈ।

ਜੰਗਲ ਮਧੇ ਬੋਲ ਗੋ ॥

ਜੰਗਲ ਵਿਚ ਬੇਲ=ਵੇਲਾਂ ਚੰਗੀਆਂ ਸੋਭ੍ਨੀਕ ਕਹੀਦੀਆਂ ਹਨ।

ਮਾਲੀ ਕੇ ਘਰ ਕੇਲ ਆਛੈ

ਮਾਲੀ ਦੇ ਘਰ ਕੇਲੇ ਆਦਿਕ ਫਲ ਸੋਭਨੀਕ ਹੁੰਦੇ ਹਨ।

ਕੇਲ ਬੇਲ ਤੇਲ ਗੋ ॥ ੩ ॥

ਜਿਵੇਂ ਕੇਲੇ ਮਾਲੀ ਦੇ ਘਰ ਵਿਚ, ਵੇਲਾਂ ਜੰਗਲ ਵਿਚ ਤੇ ਤੇਲ ਤੇਲੀ ਦੇ ਘਰ ਵਿਚ ਸੋਭਨੀਕ ਹੁੰਦਾ ਹੈ।

ਸੋ ਹੁਣ ਅਸਲੀ ਦਾ ਦ੍ਰਿਸ਼ਟਾਂਤ ਦੱਸਦੇ ਹਨ।

ਸੰਤਾਂ ਮਧੇ ਗੋਬਿੰਦੁ ਆਛੈ

ਤਿਵੇਂ ਸੰਤਾਂ ਦੇ ਦਿਲ ਵਿਚ ਗੋਬਿੰਦ ਗੋਬਿੰਦ ਨਾਮ ਜਪਣਾ ਚੰਗਾ ਲੱਗਦਾ ਹੈ।

ਗੋਕਲ ਮਧੇ ਸਿਆਮ ਗੋ ॥

ਗੋਕਲ ਨਗਰੀ ਵਿਚ ਸਿਆਮ=ਕ੍ਰਿਸ਼ਨ ਕ੍ਰਿਸ਼ਨ ਉਚਾਰਨਾ ਸੋਭਨੀਕ ਹੁੰਦਾ ਹੈ।

ਨਾਮੇ ਮਧੇ ਰਾਮੁ ਆਛੈ

ਨਾਮਦੇਵ ਜੀ ਕਥਨ ਕਰਦੇ ਹਨ, ਇਸੀ ਤਰ੍ਹਾਂ ਮੇਰੇ ਦਿਲ ਵਿਚ ਰਾਮ ਨਾਮ ਦਾ ਉਚਾਰਨ ਕਰਨਾ ਚੰਗਾ ਲੱਗਦਾ ਹੈ, ਇਸ ਲਈ ਰਾਮ ਨਾਮ ਤੋਂ ਬਿਨਾਂ ਮੈਂ ਹੋਰ ਕਿਸੇ ਕਰਮ ਕਾਂਡ ਦਾ ਉਪਦੇਸ਼ ਨਹੀਂ ਦੇਂਦਾ।

ਰਾਮ ਸਿਆਮ ਗੋਬਿੰਦ ਗੋ ॥ ੪ ॥ ੩ ॥

ਰਾਮ ਨਾਮ ਉਚਾਰਨਾ ਨਾਮਦੇਵ ਦੇ ਦਿਲ ਵਿਚ ਸਿਆਮ=ਕ੍ਰਿਸ਼ਨ ਕ੍ਰਿਸ਼ਨ ਉਚਾਰਨਾ ਗੋਕਲ ਵਿਚ, ਗੋਬਿੰਦ ਗੋਬਿੰਦ ਜਪਣਾ ਸੰਤਾਂ ਦੇ ਦਿਲ ਵਿਚ ਚੰਗਾ ਲੱਗਦਾ ਹੈ॥ ੪ ॥ ੩ ॥

ਨੋਟ-ਟੋਡੀ ਰਾਗ ਵਿਖੇ ਭਗਤ ਨਾਮਦੇਵ ਜੀ ਦੇ ਕੁੱਲ ਤਿੰਨ ਹੀ ਸ਼ਬਦ ਹਨ।

✲ ਰਾਗੁ ਟੋਡੀ ਸਮਾਪਤੰ ✲

ਰਾਗੁ ਬੈਰਾੜੀ

(ਪੰਨਾ ੭੧੯)

ਰਾਗੁ ਬੈਰਾੜੀ* ਮਹਲਾ ੪ ਘਰੁ ੧ ਦੁਪਦੇ

੧ਓ ਸਤਿਗੁਰ ਪ੍ਰਸਾਦਿ॥ ਸੁਨਿ ਮਨ ਅਕਥ ਕਥਾ ਹਰਿ ਨਾਮ॥

ਹੇ ਮਨ! ਅਕੱਥ ਪ੍ਰਭੂ ਦੀ ਕਥਾ ਸੁਣ ਕੇ ਹਰੀ ਨਾਮ ਨੂੰ ਜਪਣਾ ਕਰ।

ਰਿਧਿ ਬੁਧਿ ਸਿਧਿ ਸੁਖ ਪਾਵਹਿ ਭਜੁ ਗੁਰਮਤਿ ਹਰਿ ਰਾਮ ਰਾਮ॥੧॥ ਰਹਾਉ॥

ਤਾਂ ਤੂੰ ਰਿੱਧੀ, ਬੁੱਧੀ, ਸਿੱਧੀ ਅਤੇ ਸਾਰਿਆਂ ਸੁਖਾਂ ਨੂੰ ਪਾਵੇਂਗਾ, ਤਾਂ ਤੇ ਗੁਰ-ਸਿੱਖਿਆ ਲੈ ਕੇ ਹਰੀ ਰਾਮ ਜੋ ਸਾਰੇ ਰਮਿਆ ਹੋਇਆ ਹੈ ਉਸ ਦਾ ਭਜੁ=ਸਿਮਰਨ ਕਰ।

ਅਥਵਾ:-ਹਰਿ=ਹਰ ਵੇਲੇ ਰਾਮ ਰਾਮ ਦਾ ਭਜੁ=ਸਿਮਰਨ ਕਰ॥ ੧॥ ਰਹਾਉ॥

---

*ਇਹ ਬੈਰਾੜੀ ਇੱਕ ਸੰਪੂਰਨ ਜਾਤੀ ਦੀ ਰਾਗਣੀ ਹੈ, ਜੋ ਦੇਸੀ ਸੰਕੀਰਨ ਹੈ।,

ਦੇਸੀ ਤ੍ਰਿਰਵਨ ਤੇ ਟੋਡੀ ਮਿਲਕੇ ਬੈਰਾੜੀ ਬਣਦੀ ਹੈ। ਤੀਜੇ ਪਹਿਰ ਗਾਈ ਜਾਂਦੀ ਹੈ।

''ਸੁਰ ਭਾਲ ਸਮੂਹ'' ਵਿਚ ਇਸ ਨੂੰ ਭੈਰਉ ਦੀ ਇਸਤ੍ਰੀ ਲਿਖਿਆ ਹੈ। ''ਬੁੱਧ ਪ੍ਰਕਾਸ਼ ਦਰਪਣ'' ਵਿਚ ਦੀਪਕ ਦੀ ਨੂੰਹ ਲਿਖੀ ਹੈ। ਅਤੇ ਮੇਲ ਵੀ ਸਿਰੀਰਾਗੁ ਤੇ ਸਾਰੰਗ ਤੋਂ ਬੈਰਾੜੀ ਬਣਦੀ ਹੈ।

''ਸਿੱਧ ਸਾਰਸੁਤ'' ਦੇ ਮੱਤ ਵਿਚ ਮਾਲਕੌਸ ਦੀ ਰਾਗਣੀ ਹੈ।

''ਸ਼ਿਵ ਮੱਤ'' ਵਿਚ ਬਸੰਤ ਦੀ ਰਾਗਣੀ ਹੈ।

''ਕਾਲੀ ਨਾਥ'' ਮੱਤ ਵਿਚ ਪੰਚਮ ਦੀ ਰਾਗਣੀ ਹੈ।

''ਹਨਮੰਤ'' ਮੱਤ ਵਿਚ ਭੈਰੋਂ ਦੀ ਰਾਗਣੀ ਹੈ।

ਪਰ-''ਰਾਗਮਾਲਾ'' ਵਿਚ ਇਸ ਨੂੰ ਸ੍ਰੀ ਰਾਗੁ ਦੀ ਰਾਗਣੀ ਲਿਖਿਆ ਹੈ।

ਯਥਾ:-''ਬੈਰਾੜੀ, ਕਰਨਾਟੀ, ਧਰੀ॥ ਗਵਰੀ ਗਾਵਹਿ ਆਸਾਵਰੀ॥

ਤਿਹ ਪਾਛੈ ਸਿੰਧਵੀ ਅਲਾਪੀ॥ ਸਿਰੀਰਾਗ ਸਿਉ ਪਾਂਚਉ ਥਾਪੀ॥ ੧॥'' (ਪੰਨਾ ੧੪੩੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੀ ਗਿਣਤੀ ਅਨੁਸਾਰ, ਇਸ ਦਾ ਤੇਰ੍ਹਵਾਂ ਨੰਬਰ ਹੈ।

ਨਾਨਾ ਖਿਆਨ ਪੁਰਾਨ ਜਸੁ ਊਤਮ ਖਟ ਦਰਸਨ ਗਾਵਹਿ ਰਾਮ॥

ਨਾਨਾ ਪ੍ਰਕਾਰ ਖਿਆਨ=ਪ੍ਰਸੰਗ ਕਥਨ ਕਰਨ ਵਾਲਾ ਮਹਾਂ ਭਾਰਥ, ਅਠਾਰਾਂ ਪੁਰਾਣ* ਅਤੇ ਖਟ ਦਰਸ਼ਨ=ਛੇ ਭੇਖ** ਜਿਸ ਰਾਮ ਪ੍ਰਭੂ ਦੇ ਉੱਤਮ ਜਸ ਨੂੰ ਗਾਇਨ ਕਰਦੇ ਹਨ।

ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ॥ ੧॥

ਸੰਕਰ=ਸ਼ਿਵਾਂ ਨੇ ਤੇਤੀ ਕ੍ਰੋੜ ਦੇਵਤਿਆਂ ਦੇ ਸਹਿਤ ਧਿਆਉਣਾ ਕੀਤਾ, ਪਰ ਫਿਰ ਭੀ ਹਰੀ ਦਾ ਮਰਮਾਮ=ਭੇਦ ਨਹੀਂ ਜਾਣਿਆਂ॥ ੧॥

ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ ਸਭ ਗਾਵਤ ਜੇਤ ਉਪਾਮ॥

ਸੁਰ, ਨਰ=ਮਨੁੱਖ, (ਟੋਨਾ ਛੋਨਾ ਆਦਿਕ) ਗਣ, (ਹਾਹਾ ਹੂਹੂ) ਗੰਧਰਬ ਭੀ ਜਸ ਨੂੰ ਗਾਂਵਦੇ ਹਨ, ਅਤੇ ਜਿੰਨੇ ਕੁ ਜੀਵ ਉਪਾਮ=ਪੈਦਾ ਕੀਤੇ ਹਨ ਉਹ ਸਾਰੇ ਹੀ ਜਸ ਨੂੰ ਗਾਂਵਦੇ ਹਨ।

ਨਾਨਕ ਕ੍ਰਿਪਾ ਕਰੀ ਹਰਿ ਜਿਨ ਕਉ ਤੇ ਸੰਤ ਭਲੇ ਹਰਿ ਰਾਮ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਉੱਤੇ ਹਰੀ ਨੇ ਕਿਰਪਾ ਕੀਤੀ ਹੈ, ਓਹੀ ਹਰੀ ਰਾਮ ਦੇ ਭਲੇ ਸੰਤ ਹਨ॥ ੨॥ ੧॥

---

*''ਮਦ੍ਵਯ ਭਦ੍ਵਯ ਬ੍ਰ ਤ੍ਰਿਤਯ ਵਵੇ ਚਤੁਸਟੇ ਮਾਨ।
ਅਨਾਪ ਲਿੰਗ ਕੂਸ਼ਕ ਗਣੋ ਆਦੀ ਅੰਕ ਪੁਰਾਨ।''
ਮਦ੍ਵਯ=ਦੋ ਮੰਮੇ: ਮੱਤਸ ਪੁਰਾਣ ਤੇ ਮਾਰਕੰਡੇ ਪੁਰਾਣ।
ਭਦ੍ਵਯ=ਦੋ ਭੱਭੇ: ਭਵਿੱਛਤ ਪੁਰਾਣ ਤੇ ਭਾਗਵਤ ਪੁਰਾਣ।
ਬ੍ਰ ਤ੍ਰਿਤਯ=ਤਿੰਨ ਬੱਬੇ:-ਬ੍ਰਹਮਾਂਡ ਪੁਰਾਣ, ਬ੍ਰਹਮ ਪੁਰਾਣ, ਬ੍ਰਹਮ ਵੈਵਰਤ ਪੁਰਾਣ।
ਵਵੇ ਚਤੁਸਟੇ ਮਾਨ=ਚਾਰ ਵਾਰ ਵਵੇ:-ਵਾਮਨ ਪੁਰਾਣ, ਵਾਯੂ ਪੁਰਾਣ ਵਿਸ਼ਨ ਪੁਰਾਣ, ਵਰਾਹ ਪੁਰਾਣ।
ਅ: ਅਗਨ ਪੁਰਾਣ।
ਨਾ: ਨਾਰਦ ਪੁਰਾਣ।
ਪ:-ਪਦਮ ਪੁਰਾਣ।
ਲਿੰਗ:-ਇਹਨਾਂ ਦੋ ਅੱਖਰਾਂ ਵਿਚੋਂ ਦੋ ਪੁਰਾਣਾਂ ਦਾ ਗ੍ਰਹਿਣ ਕਰਨਾ।
ਲਿੰ:-ਲਿੰਗ ਪੁਰਾਣ।
ਗ:-ਗਰੁੜ ਪੁਰਾਣ।
(ਕੂਸ਼ਕ) ਇਹਨਾਂ ਤਿੰਨ ਅੱਖਰਾਂ ਵਿਚੋਂ ਦੋ ਪੁਰਾਣਾਂ ਦਾ ਗ੍ਰਹਿਣ ਕਰਨਾ।
ਕੂ:-ਕੂਰਮ ਪੁਰਾਣ।
ਸਕ:-ਸਕੰਧ ਪੁਰਾਣ, ਇੱਥੋਂ ਤੱਕ ਇਹ ਸਾਰੇ ਅਠਾਰਾਂ ਪੁਰਾਣਾਂ ਦੀ ਗਿਣਤੀ ਲਿਖੀ ਹੈ।
**ਛੇ ਭੇਖ:-ਜੋਗੀ, ਸੰਗਮ, ਸਰੇਵੜੇ, ਸੰਨਿਆਸੀ, ਦਰਵੇਸ਼ ਅਤੇ ਬਿਪਰ।

ਬੈਰਾੜੀ ਮਹਲਾ ੪ ॥ ਮਨ ਮਿਲਿ ਸੰਤ ਜਨਾ ਜਸੁ ਗਾਇਓ ॥

ਮਨ=ਮੈਂ ਮਨ ਕਰਕੇ ਸੰਤ ਜਨਾਂ ਨਾਲ ਮਿਲਕੇ ਹਰੀ ਜਸ ਨੂੰ ਗਾਵਣਾ ਕੀਤਾ ਹੈ।

ਹਰਿ ਹਰਿ ਰਤਨੁ ਰਤਨੁ ਹਰਿ ਨੀਕੋ
ਗੁਰਿ ਸਤਿਗੁਰਿ ਦਾਨੁ ਦਿਵਾਇਓ ॥ ੧ ॥ ਰਹਾਉ ॥

ਜੋ ਹਰੀ ਹਰੇਕ ਜੀਵਾਂ ਦੇ ਹਰਿ=ਹਰਿਆਂ ਕਰਨ ਵਾਲਾ ਹੈ, ਉਸ ਦਾ ਨਾਮ ਜੋ ਰਤਨਾਂ ਵਿਚੋਂ ਨੀਕੋ=ਚੰਗਾ ਰਤਨ ਰੂਪ ਹੈ, ਉਸ ਨਾਮ ਦਾ ਦਾਨ ਸੰਤਾਂ ਨੇ ਗੁਰਿ=ਪੂਜਨੀਕ ਸਤਿਗੁਰਾਂ ਪਾਸੋਂ ਦਿਵਾਇਆ ਹੈ॥ ੧॥ ਰਹਾਉ॥

ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥

ਉਸ ਸੰਤ ਜਨ ਨੂੰ ਮੈਂ ਆਪਣਾ ਮਨ, ਤਨ ਤੇ ਸਾਰਾ ਧਨ ਅਰਪਣ ਕਰ ਦੇਂਦਾ ਹਾਂ, ਜਿਸ ਨੇ ਮੈਨੂੰ ਹਰਿ ਹਰਿ ਨਾਮ ਦਾ ਉਪਦੇਸ਼ ਸੁਣਾਇਆ ਹੈ।

ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥ ੧ ॥

ਧਨ ਸੰਪਦਾ ਤੇ ਮਾਇਆ (ਆਦਿਕ ਸਭ ਕੁਝ ਤਿਸ ਨੂੰ ਦੇਂਦਾ ਹਾਂ, ਜਿਸ ਨੇ ਮੈਨੂੰ ਹਰੀ ਮਿੱਤਰ ਨਾਲ ਮਿਲਾ ਦਿੱਤਾ ਹੈ॥ ੧॥

ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ ॥

ਜਗਤ ਦੇ ਮਾਲਕ ਹਰੀ ਨੇ ਜਿਸ ਖਿਨ ਵਿਚ ਕਿੰਚਿਤ=ਥੋੜ੍ਹੀ ਜਿੰਨੀ ਭੀ ਕਿਰਪਾ ਦ੍ਰਿਸ਼ਟੀ ਕੀਤੀ, ਓਸੇ ਸਮੇਂ ਤੋਂ ਹੀ ਮੈਂਨੇ ਹਰੀ ਨਾਮ ਤੇ ਹਰੀ ਜਸ ਨੂੰ ਧਿਆਉਣਾ ਕੀਤਾ।

ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨ ॥੨ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ-ਜਨ ਨੂੰ ਹਰੀ ਸੁਆਮੀ ਮਿਲੇ ਹਨ, ਉਹਨਾਂ ਦੀ ਕਿਰਪਾ ਨਾਲ ਹੀ ਜਨਮ ਮਰਨ ਦਾ ਦੁੱਖ ਤੇ ਹਉਮੈ ਰੂਪੀ ਰੋਗ ਗੁਆ ਦਿੱਤਾ ਹੈ॥ ੨॥ ੨॥

ਬੈਰਾੜੀ ਮਹਲਾ ੪ ॥ ਹਰਿ ਜਨੁ ਰਾਮ ਨਾਮ ਗੁਨ ਗਾਵੈ ॥

ਹਰੀ ਦਾ ਸੇਵਕ ਜਨ ਰਾਮ ਨਾਮ ਜਪਦਾ ਹੈ ਤੇ ਓਸੇ ਰਾਮ ਦੇ ਹੀ ਗੁਣਾਂ ਨੂੰ ਗਾਂਵਦਾ ਹੈ।

ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥ ੧ ॥ ਰਹਾਉ ॥

ਉਸ ਹਰੀ ਦੇ ਸੇਵਕ ਜਨ ਦੀ ਜੇ ਕੋਈ ਨਿੰਦਿਆ ਕਰਦਾ ਵੀ ਹੈ, ਤਾਂ ਉਹ ਆਪਣਾ ਪਰ-ਉਪਕਾਰ ਵਾਲਾ ਗੁਣ ਨਹੀਂ ਗੁਆਉਂਦਾ। ਅਰਥਾਤ ਕਿਸੇ ਪਾਸੋਂ ਨਿੰਦਿਆ ਸੁਣਕੇ ਆਪਣਾ ਉਪਕਾਰੀ ਸੁਭਾਵ ਨਹੀਂ ਛੱਡਦਾ। ਅਤੇ ਉਹ ਇਸ ਤਰ੍ਹਾਂ ਨਿਸਚੇ ਕਰਦਾ ਹੈ ਕਿ -

ਜੋ ਕਿਛੁ ਕਰੇ ਸੁ ਆਪੇ ਸੁਆਮੀ ਹਰਿ ਆਪੇ ਕਾਰ ਕਮਾਵੈ॥

ਜੋ ਕੁਝ ਜੀਵ ਕਰਦਾ ਹੈ ਉਹ ਹਰੀ ਸੁਆਮੀ ਆਪ ਹੀ ਕਰਾਉਂਦਾ ਹੈ, ਅਤੇ ਹਰੀ ਆਪ ਹੀ ਜੀਵ ਰੂਪ ਹੋ ਕੇ ਕੰਮ ਕਾਰ ਕਰਦਾ ਹੈ।

ਹਰਿ ਆਪੇ ਹੀ ਮਤਿ ਦੇਵੈ ਸੁਆਮੀ ਹਰਿ ਆਪੇ ਬੋਲਿ ਬੁਲਾਵੈ॥ ੧॥

ਹਰੀ ਸੁਆਮੀ ਆਪ ਹੀ ਸ਼ੁਭ ਮਤੀ ਦੇਂਦਾ ਹੈ, ਹਰੀ ਆਪ ਹੀ ਹਰੇਕ ਤੋਂ ਬੋਲਿ=ਬਚਨ ਬੁਲਾਉਂਦਾ ਹੈ॥ ੧॥

(ਪੰਨਾ ੭੨੦)

ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ॥

ਹਰੀ ਨੇ ਆਪ ਹੀ ਪੰਜਾਂ ਤੱਤਾਂ ਤੋਂ ਜਗਤ ਦਾ ਬਿਸਥਾਰ ਕੀਤਾ ਹੈ, ਆਪ ਹੀ ਜੀਵਾਂ ਦੇ ਹਿਰਦੇ ਵਿਚ ਪੰਜ ਧਾਤੂ=ਪੰਜ ਕਾਮ ਆਦਿਕ ਪਾਉਂਦਾ ਹੈ।

ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ॥ ੨॥ ੩॥

ਗੁਰੂ ਜੀ ਕਥਨ ਕਰਦੇ ਹਨ, ਹਰੀ ਆਪ ਹੀ ਸੇਵਕ ਜਨਾਂ ਨੂੰ ਸਤਿਗੁਰਾਂ ਨਾਲ ਮੇਲਦਾ ਹੈ, ਅਤੇ ਹਰੀ ਆਪ ਹੀ ਕਾਮ ਆਦਿਕਾਂ ਦੇ ਝਗੜੇ ਨੂੰ ਦੂਰ ਕਰ ਦੇਂਦਾ ਹੈ।

ਅਥਵਾ:-ਹਰੀ ਆਪ ਹੀ ਚੌਰਾਸ਼ੀ ਲੱਖ ਜੂਨ ਦੇ ਝਗੜੇ ਨੂੰ ਚੁਕਾਵੈ=ਮੁਕਾਉਂਦਾ ਹੈ॥ ੨॥ ੩॥

ਬੈਰਾੜੀ ਮਹਲਾ ੪॥ ਜਪਿ ਮਨ ਰਾਮ ਨਾਮੁ ਨਿਸਤਾਰਾ॥

(੧) ਜਿਨ੍ਹਾਂ ਨੇ ਰਾਮ ਨਾਮ ਜਪਿਆ ਹੈ, ਉਹਨਾਂ ਦਾ ਨਿਸਤਾਰਾ ਹੋਇਆ ਹੈ।

(੨) ਹੇ ਮਨ! ਤੂੰ ਰਾਮ ਨਾਮ ਨੂੰ ਜਪਣਾ ਕਰ ਤਾਂ ਤੇਰਾ ਨਿਸਤਾਰਾ=ਤਰਨਾ ਹੋਵੇਗਾ।

ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ॥੧॥ਰਹਾਉ॥

ਹਰੀ ਦਾ ਸਿਮਰਨ ਕ੍ਰੋੜਾਨ ਕ੍ਰੋੜ ਜਨਮਾਂ ਦੇ ਕੀਤੇ ਹੋਏ ਸਾਰਿਆਂ ਪਾਪਾਂ ਨੂੰ ਨਾਸ ਕਰਦਾ ਹੈ,
ਅਤੇ ਹਰੀ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ॥ ੧॥ ਰਹਾਉ॥

ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ॥

ਉਹ ਹਰੀ ਸੁਆਮੀ ਕਾਇਆਂ ਰੂਪ ਨਗਰੀ ਵਿਚ ਵਸ ਰਿਹਾ ਹੈ, ਪੁਨਾ ਉਹ ਹਰੀ ਨਿਰਭਉ ਹੈ, ਨਿਰਵੈਰ ਹੈ, ਨਿਰ-ਅਕਾਰ ਹੈ।

ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ॥ ੧॥

ਜੋ ਹਰੀ ਨੇੜੇ ਵਸਦਾ ਹੋਇਆ ਭੀ ਕੁਝ ਨਜ਼ਰ ਨਹੀਂ ਆਉਂਦਾ ਸੀ, ਉਸ ਹਰੀ ਨੂੰ ਗੁਰ-ਸਿੱਖਿਆ ਦੀ ਵੀਚਾਰ ਦੁਆਰਾ ਲੱਭ ਲਿਆ ਹੈ॥ ੧॥

ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਾਸਾਰਾ ॥

ਹਰੀ ਆਪ ਹੀ ਗੁਰੂ ਰੂਪ ਸ਼ਾਹ ਹੈ, ਸੰਤ ਰੂਪ ਸਰਾਫ ਹੈ, ਵੈਰਾਗ ਰੂਪ ਰਤਨ ਹੈ, ਨਾਮ ਰੂਪ ਹੀਰਾ ਹੈ, ਹਰੀ ਨੇ ਆਪ ਹੀ ਇਨ੍ਹਾਂ ਸਾਰਿਆਂ ਦਾ ਪਸਾਰਾ ਕੀਤਾ ਹੈ।

ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ ॥੨ ॥੪ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉੱਤੇ ਹਰੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਹਰੀ ਨਾਮ ਨੂੰ ਵਿਹਾਝੇ=ਖਰੀਦਦਾ ਹੈ, ਉਹ ਹਰੀ ਆਪ ਹੀ ਸੱਚਾ ਸ਼ਾਹ ਗੁਰੂ ਰੂਪ ਹੈ, ਆਪ ਹੀ ਸੱਚਾ ਵਣਜਾਰਾ ਜਗਿਆਸੂ ਰੂਪ ਹੈ॥ ੨ ॥ ੪ ॥

ਬੈਰਾੜੀ ਮਹਲਾ ੪ ॥ ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ ॥

ਹੇ ਮਨ ! ਹਰੀ ਨਿਰੰਜਨ ਨਿਰੰਕਾਰ ਨੂੰ ਜਪਣਾ ਕਰ।

ਸਦਾ ਸਦਾ ਹਰਿ ਧਿਆਈਐ ਸੁਖਦਾਤਾ ਜਾ ਕਾ ਅੰਤੁ ਨ ਪਾਰਾਵਾਰਾ ॥੧ ॥ਰਹਾਉ ॥

ਸੁਖਾਂ ਦਾ ਦਾਤਾ ਜੋ ਹਰੀ ਹੈ ਉਸ ਨੂੰ ਸਦਾ ਸਦਾ=ਨਿਤਾਪ੍ਰਤੀ ਧਿਆਉਣਾ ਕਰ, ਜਿਸ ਹਰੀ ਦੇ ਪਾਰ ਉਰਾਰ ਦਾ ਅੰਤ ਨਹੀਂ ਆਉਂਦਾ॥ ੧ ॥ ਰਹਾਉ ॥

ਅਗਨਿ ਕੁੰਟ ਮਹਿ ਉਰਧ ਲਿਵ ਲਾਗਾ ਹਰਿ ਰਾਖੈ ਉਦਰ ਮੰਝਾਰਾ ॥

ਹੇ ਮਨ ! ਅੱਗ ਦਾ ਕੁੰਟ=ਤਲਾਅ ਜੋ ਮਾਂ ਦਾ ਪੇਟ ਹੈ, ਉਸ ਵਿਚ ਤੂੰ ਉਰਧ=ਪੁੱਠਾ ਲਟਕਿਆ ਹੋਇਆ ਸੀ ਅਤੇ ਪ੍ਰਭੂ ਦੀ ਲਿਵ ਲੱਗਾ ਹੋਇਆ ਸੈਂ, ਉਸ ਸਮੇਂ ਜਿਸ ਹਰੀ ਨੇ ਤੈਨੂੰ ਮਾਂ ਦੇ ਪੇਟ ਵਿਚ ਅੱਗ ਤੋਂ ਬਚਾਈ ਰੱਖਿਆ ਹੈ।

ਸੋ ਐਸਾ ਹਰਿ ਸੇਵਹੁ ਮੇਰੇ ਮਨ ਹਰਿ ਅੰਤਿ ਛਡਾਵਣਹਾਰਾ ॥ ੧ ॥

ਹੇ ਮੇਰੇ ਮਨ ! ਉਸ ਐਸੇ ਹਰੀ ਨੂੰ ਤੂੰ ਸੇਵਣਾ ਕਰ, ਉਹ ਹਰੀ ਹੀ ਅੰਤਮ ਸਮੇਂ ਦੇ ਦੁੱਖਾਂ ਤੋਂ ਛੁਡਾਉਣ ਵਾਲਾ ਹੈ॥ ੧ ॥

ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ ਤਿਸੁ ਜਨ ਕਉ ਕਰਹੁ ਨਮਸਕਾਰਾ ॥

ਜਿਨ੍ਹਾਂ ਗੁਰਮੁਖ ਜਨਾਂ ਦੇ ਹਿਰਦੇ ਵਿਚ ਮੇਰਾ ਪਿਆਰਾ ਹਰਿ ਹਰਿ ਵਸਿਆ ਹੈ, ਉਹਨਾਂ ਗੁਰਮੁਖ ਜਨਾਂ ਨੂੰ ਤੁਸੀਂ ਸਾਰੇ ਨਮਸ਼ਕਾਰ ਕਰੋ।

ਹਰਿ ਕਿਰਪਾ ਤੇ ਪਾਈਐ ਹਰਿ ਜਪੁ ਨਾਨਕ ਨਾਮੁ ਅਧਾਰਾ ॥ ੨ ॥ ੫ ॥

ਹਰਿ ਦੀ ਕਿਰਪਾ ਨਾਲ ਹੀ ਹਰੀ ਨਾਮ ਦਾ ਸਿਮਰਨ ਸਤਿਗੁਰਾਂ ਤੋਂ ਪਾਈਦਾ ਹੈ, ਗੁਰੂ ਜੀ ਕਥਨ ਕਰਦੇ ਹਨ-ਅਸਾਨੂੰ ਤਾਂ ਨਾਮ ਦਾ ਹੀ ਅਧਾਰਾ=ਆਸਰਾ ਹੈ॥ ੨ ॥ ੫ ॥

ਬੈਰਾੜੀ ਮਹਲਾ ੪ ॥ ਜਪਿ ਮਨ ਹਰਿ ਹਰਿ ਨਾਮੁ ਨਿਤ ਧਿਆਇ ॥

ਹੇ ਮਨ ! ਹਰੀ ਨਾਮ ਨੂੰ ਜਪਣਾ ਕਰ, ਅਤੇ ਨਿਤਾਪ੍ਰਤੀ ਹਰੀ ਦਾ ਧਿਆਨ ਧਾਰਨਾ ਕਰ।

ਜੋ ਇਛਹਿ ਸੋਈ ਫਲੁ ਪਾਵਹਿ ਫਿਰਿ ਦੂਖੁ ਨ ਲਾਗੈ ਆਇ ॥ ੧ ॥ ਰਹਾਉ ॥

ਤੂੰ ਜੋ ਭੀ ਇੱਛਾ ਕਰੇਂਗਾ ਓਹੀ ਫਲ ਪਾਵੇਂਗਾ, ਮੁੜ ਤੈਨੂੰ ਕੋਈ ਦੁੱਖ ਆ ਕੇ ਨਹੀਂ ਲੱਗੇਗਾ॥ ੧ ॥ ਰਹਾਉ ॥

ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥

ਉਹ ਜਪੁ, ਉਹ ਤਪ, ਉਹ ਬਰਤ, ਅਤੇ ਉਹ ਪੂਜਾ ਸਫਲੀ ਹੈ, ਜਿਸ ਕਰਕੇ ਹਰੀ ਨਾਲ ਪ੍ਰੀਤੀ ਲੱਗ ਜਾਵੇ।

ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥੧ ॥

ਇੱਕ ਹਰੀ ਦੀ ਪ੍ਰੀਤੀ ਤੋਂ ਬਿਨਾਂ ਹੋਰ ਸਭ ਪ੍ਰੀਤੀਆਂ ਝੂਠੀਆਂ ਹਨ, ਕਿਉਂਕਿ ਇਹ ਸਾਰੀਆਂ ਪ੍ਰੀਤੀਆਂ ਇੱਕ ਖਿਨ ਵਿਚ ਬਿਸਰਿ=ਭੁੱਲ ਜਾਂਦੀਆਂ ਹਨ॥ ੧ ॥

ਤੂ ਬੇਅੰਤੁ ਸਰਬ ਕਲ ਪੂਰਾ ਕਿਛੁ ਕੀਮਤਿ ਕਹੀ ਨ ਜਾਇ ॥

ਹੇ ਪ੍ਰਭੂ ! ਤੂੰ ਬਿਅੰਤ ਹੈਂ, ਤੇ ਸਾਰੀਆਂ ਕਲ=ਸ਼ਕਤੀਆਂ ਕਰਕੇ ਪੂਰਨ ਹੈਂ, ਮੇਰੇ ਪਾਸੋਂ ਆਪ ਜੀ ਦੀ ਕੁਝ ਕੀਮਤਿ=ਉਪਮਾ ਕਥਨ ਨਹੀਂ ਕੀਤੀ ਜਾ ਸਕਦੀ।

ਨਾਨਕ ਸਰਣਿ ਤੁਮ੍ਹਾਰੀ ਹਰਿ ਜੀਉ ਭਾਵੈ ਤਿਵੈ ਛਡਾਇ ॥ ੨ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਹੇ ਹਰਿ ਜੀਉ ! ਮੈਂ ਆਪ ਜੀ ਦੀ ਸ਼ਰਣੀ ਹਾਂ, ਜਿਵੇਂ ਆਪ ਜੀ ਨੂੰ ਭਾਵੇ, ਤਿਵੇਂ ਆਪ ਜਮਾਂ ਦੇ ਦੁੱਖਾਂ ਤੋਂ ਛੁਡਾ ਲਉ॥ ੨ ॥ ੬ ॥

ਰਾਗੁ ਬੈਰਾੜੀ ਮਹਲਾ ੫ ਘਰੁ ੧

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਮੁਖਾਰਬਿੰਦ ਤੋਂ ਇੱਕ ਸ਼ਬਦ ਉਚਾਰਕੇ ਬੈਰਾੜੀ ਰਾਗ ਦੀ ਸਮਾਪਤੀ ਕਰਦੇ ਹਨ।

ੴ ਸਤਿਗੁਰ ਪ੍ਰਸਾਦਿ ॥ ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥

ਅਸਾਂ ਨੇ ਸੰਤ ਜਨਾਂ ਨਾਲ ਮਿਲ ਕੇ ਹਰੀ ਦੇ ਜਸ ਨੂੰ ਗਾਉਣਾ ਕੀਤਾ ਹੈ।

ਕੋਟਿ ਜਨਮ ਕੇ ਦੂਖ ਗਵਾਇਓ ॥ ੧ ॥ ਰਹਾਉ ॥

(੧) ਅਤੇ ਕ੍ਰੋੜਾਂ ਜਨਮਾਂ ਦੇ ਦੁੱਖ ਦੂਰ ਕਰ ਲਏ ਹਨ।

(੨) ਇਸ ਜਨਮ ਦੇ ਵਿਚ ਕ੍ਰੋੜਾਂ ਦੁੱਖ ਦੂਰ ਕਰ ਲਏ ਹਨ॥ ੧ ॥ ਰਹਾਉ ॥

ਜੋ ਚਾਹਤ ਸੋਈ ਮਨਿ ਪਾਇਓ ॥ ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧ ॥

ਜੋ ਕੁਝ ਚਾਹੁੰਦੇ ਸਾਂ ਓਹੀ ਕੁਝ ਮਨ ਵਿਚੋਂ ਪਾ ਲਿਆ ਹੈ। ਹਰੀ ਨੇ ਕਿਰਪਾ ਕਰਕੇ ਸਤਿਗੁਰਾਂ ਪਾਸੋਂ ਨਾਮ ਦਿਵਾਇਆ ਹੈ॥ ੧ ॥

ਸਰਬ ਸੂਖ ਹਰਿ ਨਾਮਿ ਵਡਾਈ ॥
ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥ ੨ ॥ ੧ ॥ ੭ ॥

ਹਰੀ ਨਾਮ ਸਿਮਰਨ ਵਿਚ ਹੀ ਸਾਰੇ ਸੁਖ ਤੇ ਵਡਿਆਈ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਜੀ ਕਥਨ ਕਰਦੇ ਹਨ, ਇਹ ਨਾਮ-ਸਿਮਰਨ ਵਾਲੀ ਮਤੀਂ ਅਸਾਂ ਨੇ ਗੁਰੂ ਦੀ ਕਿਰਪਾ ਕਰਕੇ ਪਾਈ ਹੈ॥ ੨ ॥ ੧ ॥ ੭ ॥

✲ ਬੈਰਾੜੀ ਰਾਗੁ ਸਮਾਪਤੰ ॥ ✲

ਨੋਟ:-ਇੱਥੋਂ ਤੱਕ ਪਹਿਲੀ ਸੈਂਚੀ ਦੀ ਸਮਾਪਤੀ ਹੈ, ਜੋ ਕਿ ੭੨੦ ਪੰਨੇ ਉੱਪਰ ਸਮਾਪਤ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੇ ੩੧ ਰਾਗ ਹਨ।

ਇੱਥੋਂ ਤੱਕ ਸਾਰੇ ੧੩ ਰਾਗ ਆ ਚੁਕੇ ਹਨ, ਬੈਰਾੜੀ ਰਾਗ ਤੇਰ੍ਹਵੇਂ ਨੰਬਰ ਉੱਪਰ ਸਮਾਪਤ ਹੈ।

ਪਹਿਲਾਂ ਸਿਰੀਰਾਗੁ, ਦੂਜਾ ਮਾਝ, ਤੀਜਾ ਗਉੜੀ, ਚੌਥਾ ਆਸਾ, ਪੰਜਵਾਂ ਗੂਜਰੀ, ਛੇਵਾਂ ਦੇਵਗੰਧਾਰੀ, ਸੱਤਵਾਂ ਬਿਹਾਗੜਾ, ਅੱਠਵਾਂ ਵਡਹੰਸ, ਨੌਵਾਂ ਸੋਰਠਿ, ਦਸਵਾਂ ਧਨਾਸਰੀ, ਯਾਰਵਾਂ ਜੈਤਸਰੀ, ਬਾਰ੍ਹਵਾਂ ਟੋਡੀ, ਤੇਰ੍ਹਵਾਂ ਬੈਰਾੜੀ।

✲ ਸਨਿਮਰ ਬੇਨਤੀ ✲

ਪਰਮ ਸਤਿਕਾਰ ਯੋਗ ਗੁਰੂ ਰੂਪ ਸਾਧ ਸੰਗਤਿ ਜੀਓ!

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਬੇਨਤੀ ਹੈ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਅਪਾਰ ਕਿਰਪਾ ਦਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਜੀ ਦੀ ਸੰਪ੍ਰਦਾਈ ਅਰਥਕ ਸਟੀਕ ਦੀ ਪੰਜਵੀਂ ਪੋਥੀ (ਸੈਂਚੀ) ਰਾਗੁ ਬੈਰਾੜੀ ਪੰਨਾ ੭੨੦ ਤੱਕ ਅੱਜ ਸੰਮਤ ੨੦੩੨, ਫੱਗਣ ੨੧, ਫੱਗਣ ਸੁਦੀ, ਮੁਤਾਬਿਕ ੪ ਮਾਰਚ ੧੯੭੬ ਮੇਲਾ ਡੇਰਾ ਬਾਬਾ ਨਾਨਕ ਵਾਲੇ ਦਿਨ ਸੰਪੂਰਨ ਹੋਈ।

ਗੁਣੀ ਗਿਆਨੀ ਜਨ ਜਿੱਥੇ ਭੀ ਕੁਝ ਭੁੱਲ ਵੇਖਣ ਸੋਧ ਲੈਣ ਦੀ ਕਿਰਪਾਲਤਾ ਕਰਨ ਅਤੇ ਲਿਖ ਭੇਜਣ ਦੀ ਕਿਰਪਾ ਕਰਨ।

ਸਾਧ ਸੰਗਤ ਦਾ ਦਾਸ—

ਕ੍ਰਿਪਾਲ ਸਿੰਘ

ਗੁਰਬਾਣੀ ਮਹਿਮਾ

(੧) ਜੈਸੇ ਨੀਰ ਪੰਕ ਪਰ ਮੰਤ੍ਰ ਏ ਅਡੰਕ ਪਰ,
ਮਹਾਂ ਬੀਰ ਲੰਕ ਪਰ ਭਾਨ ਤਮ ਨਾਠ ਹੈ।
ਰਾਮ ਦਸਭਾਲ ਪਰ ਇੰਦ੍ਰ ਨਗਪਾਲ ਪਰ,
ਪਉਣ ਘਨ ਜਾਲ ਪਰ ਕਾਲ ਜੋਗ ਆਠ ਹੈ।
ਸੰਕਰ ਮਨੋਜ ਪਰ ਬਾਜ ਲਿਵਓਜ ਪਰ,
ਸਸਰ ਸਰੋਜ ਪਰ ਸੁਆਨ ਸਿਰ ਲਾਠ ਹੈ।
ਚੰਡੀ ਚੰਡਮੁੰਡ ਪਰ ਕੇਸਰੀ ਵਿਤੁੰਡ ਪਰ,
ਤੈਸੇ ਅਘ ਝੁੰਡ ਪਰ ਗੁਰੂ ਗ੍ਰੰਥ ਪਾਠ ਹੈ।

(੨) ਦੂਧ ਚਾਹੇ ਪੂਤ ਚਾਹੇ ਰਾਜ ਬਾਜ ਸੂਤ ਚਾਹੇ,
ਭਲੀ ਕਰਤੂਤ ਚਾਹੇ ਹਰਿਆ ਚਾਹੇ ਸੋਗ ਕੋ।
ਸੱਤ ਸੰਤੋਖ ਚਾਹੇ ਗਿਆਨ ਧਿਆਨ ਮੋਖ ਚਾਹੇ,
ਕਾਟਿਓ ਕਾਮ ਰੋਗ ਚਾਹੇ ਸਾਧੂ ਚਾਹੇ ਜੋਗ ਕੋ।
ਧਨ ਦੀ ਵਰਧਾਨ ਚਾਹੇ ਆਗਿਆ ਮਹਿ ਜਹਾਨ ਚਾਹੇ,
ਸ਼ੁਭ ਸੰਤਾਨ ਚਾਹੇ ਆਰਜਾ ਅਰੋਗ ਕੋ।
ਸ੍ਰੀ ਗੁਰੂ ਗ੍ਰੰਥ ਸਾਹਿਬ ਭਾਵਨੀ ਭਗਤ ਸੋਈ,
ਸਾਰੋ ਜੋ ਨ ਸੁਨਿਓ ਜਾਏ ਆਏ ਸੁਨੇ ਭੋਗ ਕੋ।

(੩) ਤੇਜ ਭਰੀ ਸ਼ਾਂਤਿ ਭਰੀ ਦੈਵੀ ਗੁਣ ਕਾਂਤਿ ਭਰੀ,
ਆਛੀ ਬਹੁ ਭਾਂਤਿ ਭਰੀ ਗਿਆਨ ਕੇ ਸਮਾਜ ਕੀ
ਈਸਰ ਗੁਣ ਵਾਦ ਭਰੀ ਅੰਮ੍ਰਿਤ ਸੁਆਦ ਭਰੀ,
ਅਤਿ ਅਹਿਲਾਦ ਭਰੀ ਰਛਕ ਹੈ ਲਾਜ ਕੀ।
ਭਾਉ ਭਰੀ ਭਗਤ ਭਰੀ ਓਜ ਭਰੀ ਸ਼ਕਤਿ ਭਰੀ,
ਭਾਰੀ ਅਨ-ਰੁਕਤ ਭਰੀ ਧੁੰਸਨੀ ਕਪਾਜ ਕੀ।
ਰਾਜ ਭਰੀ ਜੋਗ ਭਰੀ ਭਾਗ ਭਰੀ ਭੋਗ ਭਰੀ,
ਪੁੰਨ ਮੇਂ ਪ੍ਰਯੋਗ ਭਰੀ ਬਾਣੀ (ਗੁਰੂ) ਗ੍ਰੰਥ ਮਹਾਰਾਜ ਕੀ॥ ੨੯੦॥

(੪) ਭੋਗ ਕੋ ਭੁਗਾਨਾ ਚਾਹੇ ਸੋਗ ਕੋ ਮਿਟਾਨਾ ਚਾਹੇ,
ਗੁਰੂ ਲੋਕ ਜਾਨਾ ਚਾਹੇ ਚਾਹੇ ਜਸ ਲੋਕ ਕੋ।
ਤ੍ਰੈ-ਲੋਕ ਕੇ ਪਦਾਰਥ ਜੋ ਸਭ ਹੀ ਕੋ ਪਾਣਾ ਚਾਹੇ,
ਧਰਮ ਅਰਥ ਕਾਮ ਔਰ, ਪਾਣਾ ਚਾਹੇ ਮੋਖ ਕੋ।
ਮੋਖ ਕੋ ਸਾਧਨ ਬਗੈਰ ਹੋਇ ਸ਼ਾਂਤ ਉਰ,
(ਗੁਰੂ) ਗ੍ਰੰਥ ਕੋ ਦੀਦਾਰ ਕਰੇ ਹਰੇ ਹਿਦੇ ਰੋਗ ਕੋ।
ਰੋਗ ਕੇ ਮਿਟਾਏ ਕਰ ਸੁਣੋ ਸੰਤ ਖਾਲਸਾ ਜੀ!
ਸਭੀ ਫਲ ਪਾਏ ਜੋਈ ਆਏ ਸੁਣੇ ਭੋਗ ਕੋ ॥ ੨੯੧॥

(ਗੁਰਬਾਣੀ ਪ੍ਰਬੋਧ)

ੴ ਸਤਿਗੁਰ ਪ੍ਰਸਾਦਿ ॥

ਆਦਿ


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸੈਂਚੀ ਛੇਵੀਂ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਛੇਵੀਂ

ਜਿਸ ਵਿਚ- ਤਿਲੰਗ, ਸੂਹੀ, ਬਿਲਾਵਲੁ, ਗੌਂਡ ਰਾਗੁ ਦਾ
ਉਥਾਨਕਾਂ, ਸਾਖੀਆਂ ਪ੍ਰਮਾਣਾਂ ਸਹਿਤ ਵਿਸਥਾਰ ਪੂਰਬਕ ਟੀਕਾ ਦਰਜ ਹੈ।

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :

ਭਾ. ਜਤਿੰਦਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਖ, ਸ਼੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-171-1
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
(1500) ਪਹਿਲੀ ਵਾਰ : ਮਾਰਚ1977
(1000) ਨੌਵੀਂ ਵਾਰ : ਨਵੰਬਰ 2009
(500) ਦਸਵੀਂ ਵਾਰ : ਦਸਬੰਰ 2012

ਭੇਟਾ : 350-00

ਪ੍ਰਕਾਸ਼ਕ :-
ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਦਸਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ **126-127** ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ **Computerised** ਜਾਂ **C.D. Player** ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। **Copy Right** ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ॥

"ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥"

ਸੰਪ੍ਰਦਾਈ ਸਟੀਕ
ਸੈਂਚੀ ਛੇਵੀਂ

ਸ਼ਬਦਾਂ ਦਾ ਤਤਕਰਾ

ਰਾਗੁ ਤਿਲੰਗ ਮਹਲਾ ੧॥

ਉਥਾਨਕਾ ੧੩
ਯਕ ਅਰਜ ਗੁਫਤਮ ੧੫
ਉਥਾਨਕਾ ੧੭
ਭਉ ਤੇਰਾ ਭਾਂਗ ੧੭
ਇਹੁ ਤਨੁ ਮਾਇਆ ੧੯
ਇਆਨੜੀਏ, ਮਾਨੜਾ ਕਾਇ ੨੦
ਉਥਾਨਕਾ ੨੩
ਜੈਸੀ ਮੈ ਆਵੈ ਖਸਮ ਕੀ ੨੪
ਆਵਨਿ ਅਠਤਰੈ ਜਾਨਿ ਸਤਾਨਵੈ
ਪਰ ਵਿਦਵਾਨਾਂ ਦੇ ਵਿਚਾਰ ੨੬

ਮਹਲਾ ੪॥

ਸਭਿ ਆਏ ਹੁਕਮਿ ੨੯
ਨਿਤ ਨਿਹਫਲ ਕਰਮ ੨੯

ਮਹਲਾ ੫॥

ਖਾਕ ਨੂਰ ਕਰਦੰ ੩੧
ਤੁਧੁ ਬਿਨੁ ਦੂਜਾ ੩੨
ਮਿਹਰਵਾਨੁ ਸਾਹਿਬੁ ੩੩
ਕਰਤੇ ਕੁਦਰਤੀ ਮੁਸਤਾਕੁ ੩੪
ਮੀਰਾਂ ਦਾਨਾਂ ਦਿਲ ੩੫

ਮਹਲਾ ੧

ਜਿਨਿ ਕੀਆ ਤਿਨਿ ਦੇਖਿਆ ੩੬

ਮਹਲਾ ੪॥

ਹਰਿ ਕੀਆ ਕਥਾ ੩੯

ਮਹਲਾ ੯॥

ਚੇਤਨਾ ਹੈ ਤਉ ਚੇਤਿ ਲੈ ੪੪
ਜਾਗ ਲੇਹੁ ਰੇ ਮਨਾ ੪੫
ਹਰਿ ਜਸੁ ਰੇ ਮਨਾ ੪੫

ਭਗਤ ਬਾਣੀ

ਭਗਤ ਕਬੀਰ ਜੀ॥

ਬੇਦ ਕਤੇਬ ਇਫਤਰਾ ੪੭

ਭਗਤ ਨਾਮਦੇਵ ਜੀ॥

ਮੈ ਅੰਧੁਲੇ ਕੀ ਟੇਕ ੫੦
ਹਲੇ ਯਾਰਾਂ ਹਲੇ ਯਾਰਾਂ ੫੨

-o-

ਰਾਗੁ ਸੂਹੀ ਮਹਲਾ ੧॥

ਭਾਂਡਾ ਧੋਇ ਬੈਸਿ ਧੂਪੁ ੫੫
ਅੰਤਰਿ ਵਸੈ ਨ ਬਾਹਰਿ ਜਾਇ ੫੭

ਉਥਾਨਕਾ ੫੮
ਉਜਲੁ ਕੈਹਾ ਚਿਲਕਣਾ ੬੧
ਜਪ ਤਪ ਕਾ ਬੰਧੁ ਬੇੜੁਲਾ ੬੪
ਜਿਨ ਕਉ ਭਾਂਡੈ ਭਾਉ ੬੫
ਭਾਂਡਾ ਹਛਾ ਸੋਇ ੬੬
ਜੋਗੀ ਹੋਵੈ ਜੋਗਵੈ ੬੭
ਜੋਗੁ ਨ ਖਿੰਥਾ ੬੮
ਕਉਣ ਤਰਾਜੀ ਕਵਣੁ ਤੁਲਾ ੭੦

ਮਹਲਾ ੪ ॥

ਮਨਿ ਰਾਮ ਨਾਮੁ ਆਰਾਧਿਆ ੭੨
ਹਰਿ ਹਰਿ ਨਾਮੁ ਭਜਿਓ ੭੩
ਹਰਿ ਨਾਮਾ ਹਰਿ ਰੰਙੁ ਹੈ ੭੪
ਹਰਿ ਹਰਿ ਕਰਹਿ ਨਿਤ ਕਪਟੁ ੭੫
ਗੁਰਮਤਿ ਨਗਰੀ ਖੋਜਿ ੭੬
ਹਰਿ ਕ੍ਰਿਪਾ ਕਰੇ ੭੭
ਜਿਹਵਾ ਹਰਿ ਰਸਿ ਰਹੀ ੭੮
ਨੀਚ ਜਾਤਿ ਹਰਿ ਜਪਤਿਆ ੭੯
ਤਿਨ੍ੀ ਅੰਤਰਿ ਹਰਿ ੮੨
ਜਿਥੈ ਹਰਿ ਆਰਾਧੀਐ ੮੩
ਜਿਸ ਨੋ ਹਰਿ ਸੁਪ੍ਰਸੰਨੁ ੮੫
ਤੇਰੇ ਕਵਨ ਕਵਨ ਗੁਣ ੮੬
ਤੂੰ ਕਰਤਾ ਸਭੁ ਕਿਛੁ ੮੮
ਜਿਨ ਕੈ ਅੰਤਰਿ ਵਸਿਆ ੮੯
ਕੀਤਾ ਕਰਣਾ ਸਰਬ ੯੦

ਮਹਲਾ ੫ ॥

ਉਥਾਨਕਾ ੯੧
ਬਾਜੀਗਰ ਜੈਸੇ ਬਾਜੀ ੯੨
ਕੀਤਾ ਲੋੜਹਿ ਸੋ ਪ੍ਰਭ ੯੪
ਧਨੁ ਸੋਹਾਗਨਿ ੯੬
ਗ੍ਰਿਹ ਵਸਿ ਗੁਰਿ ਕੀਨਾ ੯੭
ਉਮਕਿਓ ਹੀਉ ਮਿਲਨ ੯੮
ਕਿਆ ਗੁਣ ਤੇਰੇ ਸਾਰਿ ੧੦੦
ਸੇਵਾ ਥੋਰੀ ਮਾਗਨੁ ੧੦੧
ਬੁਰੇ ਕਾਮ ਕਉ ੧੦੨
ਘਰ ਮਹਿ ਠਾਕੁਰੁ ੧੦੪
ਲਾਲਨੁ ਰਾਵਿਆ ਕਵਨ ੧੦੫
ਤੂੰ ਜੀਵਨੁ ਤੂੰ ਪ੍ਰਾਨ ੧੦੬
ਸਹਜ ਕਥਾ ਪ੍ਰਭ ਕੀ ੧੦੬
ਜਾ ਕੈ ਦਰਸਿ ਪਾਪ ੧੦੭
ਰਹਣੁ ਨ ਪਾਵਹਿ ਸੁਰਿ ਨਰਦੇਵਾ ੧੦੮
ਘਟ ਘਟ ਅੰਤਰਿ ੧੩੨
ਕਵਨ ਕਾਜ ਮਾਇਆ ੧੩੨
ਸਿਮਰਿ ਸਿਮਰਿ ਤਾ ਕਉ ੧੩੩
ਗੁਰ ਕੈ ਬਚਨਿ ੧੩੪
ਲੋਭਿ ਮੋਹਿ ਮਗਨ ੧੩੪
ਪੇਖਤ ਚਾਖਤ ਕਹੀਅਤ ੧੩੫
ਜੀਵਤ ਮਰੈ ਬੁਝੈ ਪ੍ਰਭੁ ੧੩੬
ਗੁਰੁ ਪਰਮੇਸਰੁ ਕਰਣੈਹਾਰੁ ੧੩੭
ਗੁਰ ਅਪੁਨੇ ਊਪਰਿ ੧੩੮
ਦਰਸਨੁ ਦੇਖਿ ਜੀਵਾ ੧੩੯
ਮੀਤੁ ਸਾਜਨੁ ਸੁਤ ਬੰਧਪ ੧੩੯
ਗੁਣ ਗੋਪਾਲ ਪ੍ਰਭ ੧੪੦
ਬੈਕੁੰਠ ਨਗਰੁ ੧੪੧
ਅਨਿਕ ਬੀਂਗ ਦਾਸ ਕੇ ੧੪੨
ਦੀਨੁ ਛਡਾਇ ਦੁਨੀ ਜੋ ੧੪੩
ਪ੍ਰਾਤਹ ਕਾਲਿ ਹਰਿ ੧੪੩
ਗੁਰ ਪੂਰੇ ਜਬ ੧੪੪
ਸੇ ਸੰਜੋਗ ਕਰਹੁ ੧੪੫
ਬਹਤੀ ਜਾਤ ਕਦੇ ੧੪੬
ਸਾਧਸੰਗਿ ਤਰੈ ਭੈ ੧੪੭
ਘਰ ਕਾ ਕਾਜੁ ਨ ੧੪੮
ਸੰਤ ਪ੍ਰਸਾਦਿ ਨਿਹਚਲੁ ੧੪੮
ਅੰਮ੍ਰਿਤ ਬਚਨ ਸਾਧ ਕੀ ੧੪੯
ਗੋਬਿਦਾ ਗੁਣ ਗਾਉ ੧੪੯
ਤਿਸੁ ਬਿਨੁ ਦੂਜਾ ੧੫੦
ਦਰਸਨ ਕਉ ਲੋਚੈ ੧੫੦
ਉਥਾਨਕਾ
ਭਾਈ ਹੇਮਾ ੧੫੧

ਭਲੀ ਸੁਹਾਵੀ ਛਾਪਰੀ ੧੫੨
ਹਰਿ ਕਾ ਸੰਤੁ ੧੫੩
ਜਿਨਿ ਮੋਹੇ ਬ੍ਰਹਮੰਡ ੧੫੪

ਰਾਗੁ ਸੂਹੀ ਮਹਲਾ ੫

ਪੜਤਾਲ ॥

ਪ੍ਰੀਤਿ ਪ੍ਰੀਤਿ ਗੁਰੀਆ ੧੫੫
ਰਾਸਿ ਮੰਡਲੁ ਕੀਨੋ ੧੫੬
ਤਉ ਮੈ ਆਇਆ ੧੫੭
ਸਤਿਗੁਰ ਪਾਸਿ ਬੇਨੰਤੀਆ ੧੫੮
ਤੇਰਾ ਭਾਣਾ ਤੂਹੈ ੧੫੯
ਵਿਸਰਹਿ ਨਾਹੀ ਜਿਤੁ ੧੬੦
ਕਰਮ ਧਰਮ ਪਾਖੰਡ ੧੬੧
ਜੋ ਕਿਛੁ ਕਰੈ ੧੬੨
ਮਹਾਂ ਅਗਨਿ ਤੇ ੧੬੩
ਜਬ ਕਛ ਨ ਸੀਓ ੧੬੪
ਭਾਗਠੜੇ ਹਰਿ ਸੰਤ ਤੁਮ੍ਹਾਰੇ ੧੬੬
ਪਾਰਬ੍ਰਹਮ ਪਰਮੇਸਰ ੧੬੭
ਤੁਧੁ ਚਿਤਿ ਆਏ ੧੬੮
ਜਿਸ ਕੇ ਸਿਰ ਊਪਰਿ ੧੬੯
ਸਗਲ ਤਿਆਗਿ ਗੁਰ ੧੭੦

ਰਾਗੁ ਸੂਹੀ ਅਸਟਪਦੀਆ

ਮਹਲਾ ੧ ॥

ਸਭਿ ਅਵਗਣ ਮੈ ਗੁਣੁ ੧੭੨
ਕਚਾ ਰੰਗੁ ਕਸੁੰਭ ਕਾ ੧੭੩
ਮਾਣਸ ਜਨਮੁ ਦੁਲੰਭੁ ੧੭੬
ਜਿਉ ਆਰਣਿ ਲੋਹਾ ਪਾਇ ੧੭੮
ਮਨਹੁ ਨ ਨਾਮੁ ਵਿਸਾਰਿ ੧੮੧

ਰਾਗੁ ਸੂਹੀ ਮਹਲਾ ੩

ਅਸਟਪਦੀਆ ॥

ਨਾਮੈ ਹੀ ਤੇ ਸਭੁ ਕਿਛੁ ੧੮੩
ਕਾਇਆ ਕਾਮਣਿ ਅਤਿ ੧੮੭
ਦੁਨੀਆ ਨ ਸਾਲਾਹਿ ੧੯੧
ਹਰਿ ਜੀ ਸੂਖਮੁ ਅਗਮੁ ਹੈ ੧੯੮

ਰਾਗੁ ਸੂਹੀ ਅਸਟਪਦੀਆ

ਮਹਲਾ ੪ ॥

ਕੋਈ ਆਣਿ ਮਿਲਾਵੈ ਮੇਰਾ ੨੦੦
ਅੰਦਰਿ ਸਚਾ ਨੇਹੁ ੨੦੪

ਰਾਗੁ ਸੂਹੀ ਅਸਟਪਦੀਆ

ਮਹਲਾ ੫ ॥

ਊਰਝਿ ਰਹਿਓ ਬਿਖਿਆ ੨੦੭
ਮਿਥਨ ਮੋਹ ਅਗਨਿ ੨੦੯
ਜਿਨ ਡਿਠਿਆ ਮਨੁ ਰਹਸੀਐ ੨੧੦
ਜੇ ਭੁਲੀ ਜੇ ਚੁਕੀ ਸਾਈਂ ੨੧੩
ਸਿਮ੍ਰਿਤਿ ਬੇਦ ਪੁਰਾਣ ੨੧੫

ਰਾਗੁ ਸੂਹੀ ਮਹਲਾ ੧ ਕੁਚਜੀ ॥

ਮੰਞੁ ਕੁਚਜੀ ਅੰਮਾਵਣਿ ਡੋਸੜੇ ੨੧੭
ਜਾ ਤੂ ਤਾ ਮੈ ਸਭੁ ਕੋ ੨੧੯
ਜੋ ਦੀਸੈ ਗੁਰਸਿਖੜਾ ੨੨੧

ਰਾਗੁ ਸੂਹੀ ਛੰਤ ਮਹਲਾ ੧ ॥

ਭਰਿ ਜੋਬਨਿ ਮੈ ਮਤ ੨੨੨
ਹਮ ਘਰਿ ਸਾਜਨ ਆਏ ੨੨੬
ਆਵਹੁ ਸਜਣਾ ਹਉ ਦੇਖਾ ੨੨੯
ਜਿਨਿ ਕੀਆ ਤਿਨਿ ਦੇਖਿਆ ੨੩੧
ਮੇਰਾ ਮਨੁ ਰਾਤਾ ਗੁਣ ਰਵੈ ੨੩੪

ਰਾਗੁ ਸੂਹੀ ਛੰਤ ਮਹਲਾ ੩ ॥

ਸੁਖ ਸੋਹਿਲੜਾ ਹਰਿ ੨੪੦
ਭਗਤ ਜਨਾ ਕੀ ੨੪੨
ਸਬਦਿ ਸਚੈ ਸਚੁ ਸੋਹਿਲਾ ੨੪੫
ਜੁਗ ਚਾਰੇ ਧਨ ਜੇ ਭਵੈ ੨੪੮
ਹਰਿ ਹਰੇ ਹਰਿ ਗੁਣ ੨੫੧
ਜੇ ਲੋੜਹਿ ਵਰੁ ਬਾਲੜੀਏ ੨੫੪

ਸੋਹਿਲੜਾ ਹਰਿ ਰਾਮ ਨਾਮੁ ੨੫੬

ਰਾਗੁ ਸੂਹੀ ਮਹਲਾ ੪ ਛੰਤ॥

ਸਤਿਗੁਰੁ ਪੁਰਖੁ ਮਿਲਾਇ ੨੫੯
ਉਥਾਨਕਾ (ਲਾਵਾਂ) ੨੬੨
ਹਰਿ ਪਹਿਲੜੀ ਲਾਵ ੨੬੩
ਗੁਰਮੁਖਿ ਹਰਿ ਗੁਣ ਗਾਏ ੨੬੯
ਆਵਹੋ ਸੰਤ ਜਨਹੁ ੨੭੦
ਗੁਰੁ ਸੰਤ ਜਨੋ ੨੭੩
ਮਾਰੇਹਿਸੁ ਵੇ ਜਨ ੨੭੫

ਰਾਗੁ ਸੂਹੀ ਛੰਤ ਮਹਲਾ ੫॥

ਸੁਣਿ ਬਾਵਰੇ ਤੂ ਕਾਏ ੨੭੭
ਹਰਿ ਚਰਣ ਕਮਲ ਕੀ ਟੇਕ ੨੭੯
ਗੋਬਿੰਦ ਗੁਣ ਗਾਵਣ ਲਾਗੇ ੨੮੨
ਤੂ ਠਾਕੁਰੋ ਬੈਰਾਗਰੋ ੨੮੪
ਸਾਜਨੁ ਪੁਰਖੁ ਸਤਿਗੁਰੁ ਮੇਰਾ ੨੮੭
ਕਰਿ ਕਿਰਪਾ ਮੇਰੇ ਪ੍ਰੀਤਮ ੨੯੦
ਹਰਿ ਜਪੇ ਹਰਿ ਮੰਦਰੁ ੨੯੩
ਭੈ ਸਾਗਰੋ ਭੈ ਸਾਗਰੁ ੨੯੬
ਅਬਿਚਲ ਨਗਰੁ ਗੋਬਿੰਦ ੨੯੯
ਉਥਾਨਕਾ ੩੦੨
ਸੰਤ੍ਰਾ ਕੇ ਕਾਰਜਿ ਆਪਿ ੩੦੨
ਮਿਠ ਬੋਲੜਾ ਜੀ ੩੦੬

ਵਾਰ ਸੂਹੀ ਮਹਲਾ ੩॥

ਸੂਹੈ ਵੇਸਿ ਦੋਹਾਗਣੀ ੩੦੯
ਸੂਹਬ ਤਾ ਸੋਹਾਗਣੀ ੩੧੦
ਸੂਹਵੀਏ ਸੂਹਾ ਸਭੁ ੩੧੨
ਸੂਹੈ ਵੇਸਿ ਕਾਮਣਿ ੩੧੩
ਸੂਹਵੀਏ ਸੂਹਾ ਵੇਸੁ ੩੧੫
ਸਤੀਆ ਏਹਿ ਨ ਆਖੀਅਨਿ ੩੧੭
ਜਿਨ੍ਹੀ ਚਲਣੁ ਜਾਣਿਆ ੩੨੦
ਜਿਨਾ ਭਉ ਤਿਨ੍ ਨਾਹਿ ਭਉ ੩੨੨
ਕਾਮਣਿ ਤਉ ਸੀਗਾਰੁ ਕਰਿ ੩੨੩
ਵਾਹੁ ਖਸਮ ਤੂ ਵਾਹੁ ੩੨੫
ਨਾਨਕ ਇਹੁ ਤਨੁ ਜਾਲਿ ੩੨੭
ਨਾਨਕ ਬਦਰਾ ਮਾਲ ਕਾ ੩੨੮
ਦੁਇ ਦੀਵੇ ਚਉਦਹ ੩੩੦
ਚੋਰਾ ਜਾਰਾ ਰੰਡੀਆ ੩੩੨
ਸਤਿਗੁਰ ਭੀਖਿਆ ਦੇਹਿ ਮੈ ੩੩੫
ਜਿਨੀ ਨ ਪਾਇਓ ਪ੍ਰੇਮ ਰਸੁ ੩੩੬
ਦੀਵਾ ਬਲੈ ਅੰਧੇਰਾ ਜਾਇ ੩੩੯
ਕਾਇਆ ਕੂਮਲ ਫੁਲ ੩੪੦
ਪਹਿਲ ਬਸੰਤੈ ਆਗਮਨਿ ੩੪੧
ਕਿਸ ਹੀ ਕੋਈ ਕੋਇ ੩੪੨
ਆਸ਼ਕਾਂ ਦੀਆਂ ਨੌਂ ਨਿਸ਼ਾਨੀਆਂ ੩੪੩

ਰਾਗੁ ਸੂਹੀ ਭਗਤ ਬਾਣੀ

ਭਗਤ ਕਬੀਰ ਜੀ॥

ਅਵਤਰਿ ਆਇ ਕਹਾ ੩੪੯
ਥਰਹਰ ਕੰਪੈ ਬਾਲਾ ੩੫੦
ਅਮਲੁ ਸਿਰਾਨੋ ੩੫੨
ਥਾਕੇ ਨੈਨ ਸ੍ਰਵਨ ਸੁਨਿ ੩੫੪
ਏਕੁ ਕੋਟੁ ਪੰਚ ਸਿਕਦਾਰਾ ੩੫੬

ਭਗਤ ਰਵਿਦਾਸ ਜੀ॥

ਸਹ ਕੀ ਸਾਰ ਸੁਹਾਗਨਿ ੩੫੮
ਜੋ ਦਿਨ ਆਵਹਿ ਸੋ ਦਿਨ ਜਾਹੀ ੩੬੦
ਊਚੇ ਮੰਦਰ ਸਾਲ ਰਸੋਈ ੩੬੨

ਸੇਖ ਫਰੀਦ ਜੀ॥

ਤਪਿ ਤਪਿ ਲੁਹਿ ਲੁਹਿ ੩੬੩
ਬੇੜਾ ਬੰਧਿ ਨ ਸਕਿਓ ੩੬੫

-O-

ਰਾਗੁ ਬਿਲਾਵਲੁ ਮਹਲਾ ੧॥

ਤੂ ਸੁਲਤਾਨੁ ਕਹਾ ਹਉ ਮੀਆ ੩੬੮
ਮਨੁ ਮੰਦਰੁ ਤਨੁ ਵੇਸ ਕਲੰਦਰੁ ੩੭੦

ਆਪੇ ਸਬਦੁ ਆਪੇ ਨੀਸਾਨੁ ੩੭੧
ਗੁਰ ਬਚਨੀ ਮਨੁ ਸਹਜ ੩੭੩

ਮਹਲਾ ੩ ॥

ਧ੍ਰਿਗੁ ਧ੍ਰਿਗੁ ਖਾਇਆ ੩੭੪
ਅਤੁਲੁ ਕਿਉ ਤੋਲਿਆ ਜਾਇ ੩੭੬
ਸਾਹਿਬੁ ਤੇ ਸੇਵਕੁ ੩੭੭
ਪੂਰਾ ਥਾਟੁ ਬਣਾਇਆ ਪੂਰੈ ੩੭੯
ਗੁਰਮੁਖਿ ਪ੍ਰੀਤਿ ਜਿਸ ਨੋ ੩੮੦
ਪੂਰੇ ਗੁਰ ਤੇ ਵਡਿਆਈ ਪਾਈ ੩੮੧

ਮਹਲਾ ੪ ॥

ਉਦਮ ਮਤਿ ਪ੍ਰਭ ਅੰਤਰਜਾਮੀ ੩੮੩
ਹਮ ਮੂਰਖ ਮੁਗਧ ੩੮੪
ਹਮਰਾ ਚਿਤੁ ਲੁਭਤ ਮੋਹਿ ੩੮੫
ਆਵਹੁ ਸੰਤ ਮਿਲਹੁ ਮੇਰੇ ਭਾਈ ੩੮੬
ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ੩੮੮
ਅਨਦ ਮੂਲੁ ਧਿਆਇਓ ੩੮੯

ਰਾਗੁ ਬਿਲਾਵਲੁ ਮਹਲਾ ੪

ਪੜਤਾਲ ॥

ਬੋਲਹੁ ਭਈਆ ਰਾਮ ਨਾਮੁ ੩੯੦

ਰਾਗੁ ਬਿਲਾਵਲੁ ਮਹਲਾ ੫

ਨਦਰੀ ਆਵੈ ਤਿਸੁ ਸਿਉ ਮੋਹੁ ੩੯੧
ਸਰਬ ਕਲਿਆਣ ਕੀਏ ਗੁਰਦੇਵ ੩੯੨
ਸੁਖ ਨਿਧਾਨ ਪ੍ਰੀਤਮ ੩੯੩
ਮੈ ਮਨਿ ਤੇਰੀ ਟੇਕ ੩੯੫
ਬਿਖੈ ਬਨੁ ਫੀਕਾ ੩੯੭
ਏਕ ਰੂਪ ਸਗਲੋ ਪਾਸਾਰਾ ੩੯੯
ਆਪਿ ਉਪਾਵਨ ਆਪਿ ੩੯੯
ਭੂਲੇ ਮਾਰਗੁ ਜਿਨਹਿ ੪੦੦
ਤਨੁ ਮਨੁ ਧਨੁ ਅਰਪਉ ੪੦੧
ਮਾਤ ਪਿਤਾ ਸੁਤ ਸਾਥਿ ੪੦੨
ਗੁਰੁ ਪੂਰਾ ਵਡਭਾਗੀ ੪੦੩
ਗੁਰ ਕਾ ਸਬਦੁ ੪੦੩
ਸਗਲ ਮਨੋਰਥ ਪਾਈਅਹਿ ੪੦੪
ਮੋਹਿ ਨਿਰਗੁਨ ਸਭ ਗੁਣਹ ੪੦੫
ਕਵਨੁ ਜਾਨੈ ਪ੍ਰਭ ਤੁਮ੍ਰੀ ੪੦੬
ਮਾਤ ਗਰਭ ਮਹਿ ੪੦੬
ਮਾਤ ਪਿਤਾ ਸੁਤ ਬੰਧਪ ੪੦੭
ਸ੍ਰਬ ਨਿਧਾਨ ਪੂਰਨ ੪੦੮
ਕਵਨ ਸੰਜੋਗ ਮਿਲਉ ੪੦੯
ਚਰਨ ਕਮਲ ਪ੍ਰਭ ਹਿਰਦੈ ੪੦੯
ਸਾਂਤਿ ਪਾਈ ਗੁਰਿ ੪੧੦
ਮਮਤਾ ਮੋਹ ਧ੍ਰੋਹ ਮਦਿ ੪੧੦
ਸਗਲ ਅਨੰਦੁ ਕੀਆ ੪੧੧
ਜਿਸੁ ਊਪਰਿ ਹੋਵਤ ੪੧੨
ਮਨ ਮਹਿ ਸਿੰਚਹੁ ੪੧੨
ਰੋਗੁ ਗਇਆ ਪ੍ਰਭਿ ੪੧੨
ਸਤਿਗੁਰ ਕਰਿ ਦੀਨੇ ੪੧੩
ਤਾਪ ਸੰਤਾਪ ਸਗਲੇ ਗਏ ੪੧੩
ਕਾਹੂ ਸੰਗਿ ਨ ਚਾਲਹੀ ੪੧੪
ਸਹਜ ਸਮਾਧਿ ਅਨੰਦ ੪੧੫
ਮ੍ਰਿਤ ਮੰਡਲੁ ਜਗੁ ਸਾਜਿਆ ੪੧੫
ਲੋਕਨ ਕੀਆ ਵਡਿਆਈਆ ੪੧੭
ਲਾਲ ਰੰਗੁ ਤਿਸ ਕਉ ਲਗਾ ੪੧੭
ਰਾਖਹੁ ਅਪਨੀ ਸਰਣਿ ਪ੍ਰਭ ੪੧੮
ਦੋਸੁ ਨ ਕਾਹੂ ਦੀਜੀਐ ੪੨੦
ਮਿਰਤੁ ਹਸੈ ਸਿਰ ਊਪਰੇ ੪੨੧
ਪਿੰਗੁਲ ਪਰਬਤ ਪਾਰਿ ਪਰੇ ੪੨੨
ਅੰਹਬੁਧਿ ਪਰਬਾਦ ਨੀਤ ੪੨੪
ਚਰਨ ਭਏ ਸੰਤ ਬੋਹਿਥਾ ੪੨੫
ਬਿਨੁ ਸਾਧੂ ਜੋ ਜੀਵਨਾ ੪੨੬
ਟਹਲ ਕਰਉ ਤੇਰੇ ਦਾਸ ਕੀ ੪੨੭
ਕੀਤਾ ਲੋੜਹਿ ਸੋ ਕਰਹਿ ੪੨੮
ਸਾਧਸੰਗਤਿ ਕੈ ਬਾਸਬੈ ੪੨੯
ਪਾਣੀ ਪਖਾ ਪੀਸੁ ਦਾਸ ਕੈ ੪੩੦
ਸ੍ਰਵਨੀ ਸੁਨਉ ਹਰਿ ਹਰਿ ਹਰੇ ੪੩੨

ਅਟਲ ਬਚਨ ਸਾਧੂ ਜਨਾ	੪੩੩	ਆਪਣੇ ਬਾਲਕ ਆਪਿ	੪੬੩
ਮਾਟੀ ਤੇ ਜਿਨਿ ਸਾਜਿਆ	੪੩੪	ਮੇਰੇ ਮੋਹਨ ਸ੍ਵਨੀ	੪੬੪
ਏਕ ਟੇਕ ਗੋਵਿੰਦ ਕੀ	੪੩੫	ਪ੍ਰਭ ਜੀ ਤੂ ਮੇਰੇ ਪ੍ਰਾਨ	੪੬੫
ਮਹਾ ਤਪਤਿ ਤੇ ਭਈ ਸਾਂਤਿ	੪੩੬	ਸੁਨੀਅਤ ਪ੍ਰਭ ਤਉ	੪੬੬
ਸੋਈ ਮਲੀਨੁ ਦੀਨੁ ਹੀਨੁ	੪੩੭	ਸੰਤਨ ਕੈ ਸੁਨੀਅਤ	੪੬੬
ਜਲੁ ਢੋਵਉ ਇਹ ਸੀਸ ਕਰਿ	੪੩੮	ਰਾਖਿ ਲੀਏ ਅਪਨੇ	੪੬੭
ਇਹੁ ਸਾਗਰੁ ਸੋਈ ਤਰੈ	੪੩੯	ਤਾਪੁ ਲਾਹਿਆ ਗੁਰ	੪੬੮
ਬੰਧਨ ਕਾਟੇ ਆਪਿ ਪ੍ਰਭਿ	੪੪੦	ਸਤਿਗੁਰ ਸਬਦਿ	੪੬੮
ਭੈ ਤੇ ਉਪਜੈ ਭਗਤਿ ਪ੍ਰਭ	੪੪੧	ਬਿਨੁ ਹਰਿ ਕਾਮਿ	੪੭੦
ਤ੍ਰਿਸਨ ਬੁਝੀ ਮਮਤਾ ਗਈ	੪੪੨	ਹਰਿ ਹਰਿ ਨਾਮੁ ਅਪਾਰ	੪੭੧
ਹਰਿ ਭਗਤਾ ਕਾ ਆਸਰਾ	੪੪੩	ਗੋਬਿੰਦ ਗੋਬਿੰਦ	੪੭੨
ਬੰਧਨ ਕਾਟੈ ਸੋ ਪ੍ਰਭੂ	੪੪੪	ਕਿਆ ਹਮ ਜੀਅ ਜੰਤ	੪੭੩
ਕਵਨੁ ਕਵਨੁ ਨਹੀ ਪਤਰਿਆ	੪੪੫	ਅਗਮ ਰੂਪ ਅਬਿਨਾਸੀ	੪੭੩
ਉਦਮੁ ਕਰਤ ਆਨਦੁ ਭਇਆ	੪੪੭	ਸੰਤ ਸਰਣਿ ਸੰਤ	੪੭੪
ਜਿਨਿ ਤੂ ਬੰਧਿ ਕਰਿ ਛੋਡਿਆ	੪੪੮	ਮਨ ਕਿਆ ਕਹਤਾ	੪੭੫
ਖੋਜਤ ਖੋਜਤ ਮੈ ਫਿਰਾ	੪੪੯	ਨਿੰਦਕੁ ਐਸੇ ਹੀ ਝਰਿ	੪੭੬
ਜੀਆ ਜੰਤ ਸੁਪ੍ਰਸੰਨ	੪੫੦	ਐਸੇ ਕਾਹੇ ਭੂਲਿ ਪਰੇ	੪੭੭
ਸਿਮਰਿ ਸਿਮਰਿ ਪੂਰਨ ਪ੍ਰਭੂ	੪੫੧	ਮਨ ਤਨ ਰਸਨਾ	੪੭੮
ਹਰਿ ਹਰਿ ਹਰਿ ਆਰਾਧੀਐ	੪੫੩	ਗੁਰਿ ਪੂਰੈ ਮੇਰੀ ਰਾਖਿ	੪੭੮
ਅਵਰਿ ਉਪਾਵ ਸਭਿ ਤਿਆਗਿਆ	੪੫੪	ਸਦਾ ਸਦਾ ਜਪੀਐ	੪੭੯
ਕਰੁ ਧਰਿ ਮਸਤਕਿ ਥਾਪਿਆ	੪੫੪	ਮਨ ਤਨ ਅੰਤਰਿ	੪੮੦
ਚਰਣ ਕਮਲ ਕਾ ਆਸਰਾ	੪੫੫	ਧੀਰਉ ਦੇਖਿ ਤੁਮਾਰੇ	੪੮੦
ਮਨਿ ਤਨਿ ਪ੍ਰਭੁ ਆਰਾਧੀਐ	੪੫੫	ਅਚੁਤ ਪੂਜਾ ਜੋਗ	੪੮੧
ਜੀਅ ਜੁਗਤਿ ਵਸਿ ਪ੍ਰਭੂ ਕੈ	੪੫੬	ਸਿਮਰਤ ਨਾਮੁ ਕੋਟਿ	੪੮੧
ਸਿਮਰਿ ਸਿਮਰਿ ਪ੍ਰਭੁ	੪੫੭	ਉਬਾਨਕਾ	੪੮੨
ਦਾਸ ਤੇਰੇ ਕੀ ਬੇਨਤੀ	੪੫੭	ਸੁਲਹੀ ਤੇ ਨਾਰਾਇਣ	੪੮੩
ਸਰਬ ਸਿਧਿ ਹਰਿ ਗਾਈਐ	੪੫੮	ਪੂਰੇ ਗੁਰ ਕੀ ਪੂਰੀ	੪੮੩
ਅਰਦਾਸਿ ਸੁਣੀ ਦਾਤਾਰਿ	੪੫੮	ਭਾਤ ਪਾਪ ਤੇ	੪੮੪
ਮੀਤ ਹਮਾਰੇ ਸਾਜਨਾ	੪੫੯	ਜਿਸ ਤੇ ਉਪਜਿਆ	੪੮੫
ਗੁਰੁ ਪੂਰਾ ਆਰਾਧਿਆ	੪੬੦	ਦੋਵੈ ਥਾਵ ਰਖੇ	੪੮੫
ਧਰਤਿ ਸੁਹਾਵੀ ਸਫਲ	੪੬੦	ਦਰਸਨੁ ਦੇਖਤ	੪ ੮੬
ਰੋਗੁ ਮਿਟਾਇਆ	੪੬੧	ਤਨੁ ਧਨੁ ਜੋਬਨੁ	੪੮੭
ਮਰਿ ਮਰਿ ਜਨਮੇ	੪੬੨	ਆਪਨਾ ਪ੍ਰਭੁ ਆਇਆ	੪੮੭
ਤਾਤੀ ਵਾਉ ਨ ਲਗਈ	੪੬੨	ਗੋਬਿਦੁ ਸਿਮਰਿ ਹੋਆ	੪੮੮

ਪਾਰਬ੍ਰਹਮ ਪ੍ਰਭ ਭਏ ੪੮੯
ਮੂ ਲਾਲਨ ਸਿਉ ਪ੍ਰੀਤਿ ੪੯੦
ਹਰਿ ਕੇ ਚਰਨ ੪੯੦
ਰਾਖਿ ਲੀਏ ਸਤਿਗੁਰ ੪੯੧
ਮੈ ਨਾਹੀ ਪ੍ਰਭ ੪੯੨
ਤੁਮ੍ ਸਮਰਥਾ ਕਾਰਨ ਕਰਨ ੪੯੨
ਐਸੀ ਕਿਰਪਾ ਮੋਹਿ ਕਰਹੁ ੪੯੩
ਐਸੀ ਦੀਖਿਆ ਜਨ ਸਿਉ ੪੯੪
ਜਿਉ ਭਾਵੈ ਤਿਉ ੪੯੪
ਰਾਖੁ ਸਦਾ ਪ੍ਰਭ ੪੯੫
ਅਪਨੇ ਸੇਵਕ ਕਉ ੪੯੫
ਆਗੈ ਪਾਛੈ ਕੁਸਲੁ ੪੯੬
ਬਿਨੁ ਭੈ ਭਗਤੀ ੪੯੭
ਆਪਹਿ ਮੇਲਿ ਲਏ ੪੯੭
ਜੀਵਉ ਨਾਮੁ ਸੁਨੀ ੪੯੮

ਰਾਗੁ ਬਿਲਾਵਲੁ ਮਹਲਾ ੫

ਪੜਤਾਲ ॥

ਮੋਹਨ ਨੀਦ ਨ ਆਵੈ ਹਾਵੈ ੪੯੯
ਮੋਰੀ ਅਹੰ ਜਾਇ ੫੦੦

ਮਹਲਾ ੯ ॥

ਦੁਖ ਹਰਤਾ ਹਰਿ ਨਾਮੁ ੫੦੨
ਹਰਿ ਕੇ ਨਾਮ ਬਿਨਾ ੫੦੩
ਜਾ ਮੈ ਭਜਨੁ ੫੦੪

ਬਿਲਾਵਲੁ ਅਸਟਪਦੀਆ

ਮਹਲਾ ੧ ॥

ਨਿਕਟਿ ਵਸੈ ਦੇਖੈ ੫੦੫
ਮਨ ਕਾ ਕਹਿਆ ੫੦੭

ਮਹਲਾ ੩ ਅਸਟਪਦੀ ॥

ਜਗੁ ਕਉਆ ਮੁਖਿ ੫੧੦

ਬਿਲਾਵਲੁ ਮਹਲਾ ੪

ਅਸਟਪਦੀਆ ॥

ਉਥਾਨਕਾ ੫੧੨
ਆਪੈ ਆਪੁ ਖਾਇ ੫੧੩
ਹਰਿ ਹਰਿ ਨਾਮੁ ਸੀਤਲ ੫੧੫
ਗੁਰਮੁਖਿ ਅਗਮ ਅਗੋਚਰੁ ੫੧੮
ਸਤਿਗੁਰੁ ਪਰਚੈ ਮਨਿ ਮੁੰਦ੍ਰਾ ੫੨੧
ਅੰਤਰਿ ਪਿਆਸ ਉਠੀ ੫੨੩
ਮੈ ਮਨਿ ਤਨਿ ਪ੍ਰੇਮੁ ੫੨੬

ਰਾਗੁ ਬਿਲਾਵਲੁ ਮਹਲਾ ੫

ਅਸਟਪਦੀ ॥

ਉਪਮਾ ਜਾਤ ਨ ਕਹੀ ੫੨੯
ਪ੍ਰਭ ਜਨਮ ਮਰਣ ੫੩੧

ਬਿਲਾਵਲੁ ਮਹਲਾ ੧ ਥਿਤੀ

ਏਕਮ ਏਕੰਕਾਰੁ ਨਿਰਾਲਾ ੫੩੫

ਬਿਲਾਵਲੁ ਮਹਲਾ ੩ ਵਾਰ ਸਤ

ਆਦਿਤ ਵਾਰਿ ਆਦਿ ੫੪੫
ਆਦਿ ਪੁਰਖੁ ਆਪੇ ਸ੍ਰਿਸਟਿ ੫੪੯

ਬਿਲਾਵਲੁ ਮਹਲਾ ੧ ਛੰਤ ਦਖਣੀ

ਮੁੰਧ ਨਵੇਲੜੀਆ ਗੋਇਲਿ ੫੫੩
ਮੈ ਮਨਿ ਚਾਉ ਘਣਾ ੫੫੬

ਛੰਤ ਬਿਲਾਵਲੁ ਮਹਲਾ ੪ ਮੰਗਲ

ਮੇਰਾ ਹਰਿ ਪ੍ਰਭੁ ਸੇਜੈ ੫੫੯
ਹਰਿ ਪ੍ਰਭੁ ਸਜਣੁ ੫੬੧

ਬਿਲਾਵਲੁ ਮਹਲਾ ੫ ਛੰਤ

ਮੰਗਲ ਸਾਜੁ ਭਇਆ ੫੬੩
ਭਾਗ ਸੁਲਖਣਾ ਹਰਿ ਕੰਤੁ ੫੬੬
ਸਖੀ ਆਉ ਸਖੀ ੫੬੯

ਸੁੰਦਰਿ ਸਾਂਤਿ ਦਇਆਲ ੫੭੨
ਹਰਿ ਖੋਜਹੁ ਵਡਭਾਗੀਹੋ ੫੭੪

ਬਿਲਾਵਲ ਕੀ ਵਾਰ ਮਹਲਾ ੪

ਹਰਿ ਉਤਮੁ ਹਰਿ ਪ੍ਰਭੁ ੫੭੬
ਦੂਜੈ ਭਾਇ ਬਿਲਾਵਲੁ ੫੭੮
ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ੫੭੯
ਸਤਿਗੁਰ ਤੇ ਖਾਲੀ ੫੮੧
ਧ੍ਰਿਗੁ ਏਹ ਆਸਾ ੫੮੩
ਪੂਰੈ ਭਾਗਿ ਸਤਿਗੁਰੁ ੫੮੫
ਅੰਦਰਿ ਕਪਟੁ ਸਦਾ ੫੮੬
ਇਸੁ ਜੁਗ ਮਹਿ ਭਗਤੀ ੫੮੮
ਗੁਰਮੁਖਿ ਸੰਸਾ ਮੂਲਿ ੫੯੦
ਜਗਤੁ ਜਲੰਦਾ ਰਖਿ ਲੈ ੫੯੨
ਕੋਈ ਵਾਹੇ ਕੋ ਲੁਣੈ ੫੯੪
ਜਿਨ੍ਹੀ ਨਾਮੁ ਵਿਸਾਰਿਆ ੫੯੫
ਅਪਣਾ ਆਪੁ ਨ ੫੯੭

ਭਗਤ ਬਾਣੀ ਭਗਤ ਕਬੀਰ ਜੀ

ਐਸੋ ਇਹੁ ਸੰਸਾਰੁ ੬੦੦
ਬਿਦਿਆ ਨ ਪਰਉ ੬੦੩
ਗ੍ਰਿਹੁ ਤਜਿ ਬਨ ਖੰਡ ੬੦੪
ਨਿਤ ਉਠਿ ਕੋਰੀ ਗਾਗਰਿ ੬੦੬
ਕੋਊ ਹਰਿ ਸਮਾਨਿ ਨਹੀ ੬੧੧
ਰਾਖਿ ਲੇਹੁ ਹਮ ਤੇ ਬਿਗਰੀ ੬੧੨
ਦਰਮਾਦੇ ਠਾਢੇ ੬੧੩
ਡੰਡਾ ਮੁੰਦ੍ਰਾ ਖਿੰਥਾ ੬੧੫
ਇਨ੍ਹ ਮਾਇਆ ਜਗਦੀਸ ੬੧੬
ਸਰੀਰ ਸਰੋਵਰ ਭੀਤਰੇ ੬੧੭
ਜਨਮ ਮਰਨ ਕਾ ਭ੍ਰਮੁ ੬੧੮
ਚਰਨ ਕਮਲ ਜਾ ਕੈ ਰਿਦੈ ੬੨੦

ਭਗਤ ਨਾਮਦੇਵ ਜੀ

ਸਫਲ ਜਨਮੁ ਮੋ ਕਉ ੬੨੧

ਭਗਤ ਰਵਿਦਾਸ ਜੀ

ਦਾਰਿਦੁ ਦੇਖਿ ਸਭ ਕੋ ਹਸੈ ੬੨੨
ਜਿਹ ਕੁਲ ਸਾਧੁ ਬੈਸਨੌ ੬੨੩

ਭਗਤ ਸਧਨਾ ਜੀ

ਉਥਾਨਕਾ ੬੨੪
ਨ੍ਰਿਪ ਕੰਨਿਆ ਕੇ ਕਾਰਨੈ ੬੨੬

-O-

ਰਾਗੁ ਗੌਂਡ ਮਹਲਾ ੪ ॥

ਜੇ ਮਨਿ ਚਿਤਿ ਆਸ ੬੩੨
ਐਸਾ ਹਰਿ ਸੇਵੀਐ ੬੩੪
ਹਰਿ ਸਿਮਰਤ ਸਦਾ ਹੋਇ ੬੩੬
ਜਿਤਨੇ ਸਾਹ ਪਾਤਿਸਾਹ ੬੩੮
ਹਰਿ ਅੰਤਰਜਾਮੀ ੬੩੯
ਹਰਿ ਦਰਸਨ ਕਉ ੬੪੧

ਰਾਗੁ ਗੌਂਡ ਮਹਲਾ ੫

ਸਭੁ ਕਰਤਾ ਸਭੁ ਭੁਗਤਾ ੬੪੧
ਫਾਕਿਓ ਮੀਨ ਕਪਿਕ ੬੪੨
ਜੀਅ ਪ੍ਰਾਨ ਕੀਏ ੬੪੩
ਨਾਮ ਸੰਗਿ ਕੀਨੋ ੬੪੫
ਨਿਮਾਨੇ ਕਉ ਜੋ ਦੇਤੋ ੬੪੬
ਜਾ ਕੈ ਸੰਗਿ ਇਹੁ ੬੪੭
ਗੁਰ ਕੀ ਮੂਰਤਿ ੬੪੮
ਗੁਰੂ ਗੁਰੂ ਗੁਰ ੬੪੯
ਗੁਰੁ ਮੇਰੀ ਪੂਜਾ ਗੁਰੁ ੬੫੧
ਰਾਮ ਰਾਮ ਸੰਗਿ ੬੫੨
ਉਲ ਕਉ ਖਸਮਿ ੬੫੩
ਕਲਿ ਕਲੇਸ ਮਿਟੇ ੬੫੪
ਗੁਰ ਕੇ ਚਰਨ ਕਮਲ ੬੫੫
ਧੂਪ ਦੀਪ ਸੇਵਾ ੬੫੭
ਕਰਿ ਕਿਰਪਾ ਸੁਖ ੬੫੮

ਹਰਿ ਹਰਿ ਨਾਮੁ ਜਪਹੁ ੬੫੯
ਭਵਸਾਗਰ ਬੋਹਿਥ ੬੬੦
ਸੰਤ ਕਾ ਲੀਆ ਧਰਤਿ ੬੬੧
ਨਾਮੁ ਨਿਰੰਜਨੁ ਨੀਰਿ ੬੬੨
ਜਾ ਕਉ ਰਾਖੈ ੬੬੪
ਅਚਰਜ ਕਥਾ ਮਹਾ ਅਨੂਪ ੬੬੫
ਸੰਤਨ ਕੈ ਬਲਿਹਾਰੈ ੬੬੭

ਰਾਗੁ ਗੌਂਡ ਅਸਟਪਦੀਆ ਮਹਲਾ ੫

ਕਰਿ ਨਮਸਕਾਰ ਪੂਰੇ ੬੬੮

ਭਗਤ ਬਾਣੀ

ਭਗਤ ਕਬੀਰ ਜੀ

ਸੰਤੁ ਮਿਲੈ ਕਿਛੁ ਸੁਨੀਐ ੬੭੧
ਨਰੂ ਮਰੈ ਨਰੁ ਕਾਮਿ ੬੭੨
ਆਕਾਸਿ ਗਗਨੁ ਪਾਤਾਲਿ ੬੭੬
ਭੁਜਾ ਬਾਂਧਿ ਭਿਲਾ ਕਰਿ ੬੭੮
ਨਾ ਇਹੁ ਮਾਨਸੁ ਨਾ ਇਹੁ ੬੮੦
ਟੂਟੇ ਤਾਗੇ ਨਿਖੁਟੀ ਪਾਨਿ ੬੮੩
ਖਸਮੁ ਮਰੈ ਤਉ ਨਾਰਿ ੬੮੬
ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ੬੮੮
ਜੈਸੇ ਮੰਦਰ ਮਹਿ ਬਲਹਰ ੬੮੩
ਕੂਟਨ ਸੋਇ ਜੁ ਮਨ ਕਉ ੬੮੪
ਧੰਨੁ ਗੁਪਾਲ ਧੰਨੁ ੬੮੬

ਭਗਤ ਨਾਮਦੇਵ ਜੀ॥

ਅਸੁਮੇਧ ਜਗਨੇ ੭੦੦
ਨਾਦ ਭ੍ਰਮੇ ਜੈਸੇ ਮਿਰਗਾਏ ੭੦੨
ਮੋ ਕਉ ਤਾਰਿ ਲੇ ਰਾਮਾ ੭੦੩
ਮੋਹਿ ਲਾਗਤੀ ਤਾਲਾਬੇਲੀ ੭੦੪
ਹਰਿ ਹਰਿ ਕਰਤ ਮਿਟੇ ੭੦੫
ਭੈਰਉ ਭੂਤ ਸੀਤਲਾ ੭੧੧
ਆਜੁ ਨਾਮੇ ਬੀਠਲੁ ੭੧੩

ਭਗਤ ਰਵਿਦਾਸ ਜੀ

ਮੁਕੰਦ ਮੁਕੰਦ ਜਪਹੁ ੭੧੯
ਜੇ ਓਹੁ ਅਠਸਠਿ ਤੀਰਥ ਨ੍ਹਾਵੈ ੭੨੦

ੴ ਸਤਿਗੁਰ ਪ੍ਰਸਾਦਿ ॥

"ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥"

ਸਾਖੀਆਂ ਦਾ ਤਤਕਰਾ

ਬਾਬਾ ਗੁਰਮੁਖ ਸਿੰਘ ਜੀ ਤੇ ਗੁਰਦ੍ਵਾਰਿਆਂ ਦੀ ਕਾਰ-ਸੇਵਾ ਦਾ ਸੰਖੇਪ ਇਤਿਹਾਸ ੧੦੮
ਸ੍ਰੀ ਸੰਤੋਖ ਸਰ ੧੧੩
ਹੰਸਲੀ ਦੀ ਸੇਵਾ ੧੧੭
ਸ੍ਰੀ ਮੁਕਤਸਰ ਜੀ ਦੀ ਸੇਵਾ ੧੧੮
ਸ੍ਰੀ ਤਰਨ ਤਾਰਨ ਦੀ ਹੰਸਲੀ ੧੨੦
ਗੁਰਦਵਾਰਾ ਖਡੂਰ ਸਾਹਿਬ ਜੀ ਦੀ ਸੇਵਾ ੧੨੩
ਗੁਰਦਵਾਰਾ ਸ੍ਰੀ ਨਾਨਕਣਾ ਸਾਹਿਬ ਜੀ ਦੀ ਸੇਵਾ ੧੨੪
ਗੁਰੂ ਰਾਮਦਾਸ ਜੀ ਦੀਂ ਪਰਕਰਮਾ ੧੨੫
ਸੰਤ ਜੈਮਲ ਸਿੰਘ ਦੀ ਭੂਰੀ ਵਾਲੇ ੧੨੬
ਸਾਖੀ ਕਬੀਰ ਜੀ ਦੀ ੩੨੯
ਜੁਲਾਹੇ ਦੀ ਦਸਤਾਰ ਬਨਾਉਣ ਵਾਲੀ ੩੩੩
ਪੰਜਾਂ ਪਾਂਡਵਾਂ ਨੇ ਕਲਜੁਗ ਦੇ ਚਿਨ੍ਹ ਵੇਖਣੇ ੩੩੭
ਸਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ ੩੪੪
ਭਾਈ ਮਤੀ ਦਾਸ ੩੪੭
ਪ੍ਰਹਿਲਾਦ ਦਾ ਭਗਵਾਨ ਨਾਲ ਲੜਨ ਵਾਸਤੇ ਜਾਣ ਦੀ ੪੫੩
ਧਰਮਰਾਜ ਦੇ ਰਿਖੀ ਰੂਪ ਧਾਰਨ ਦੀ ੫੦੧
ਤਰਖਾਣ ਦੇ ਪੁੱਤਰ ਦੀ ੬੨੬
ਕਲ੍ਹਾ ਦਾ ਉਧਾਰ ਕਰਨਾ ੬੬੩
ਗੂਜਰੀ ਦੀ ਕਰਮਾਂ ਤੇ ੬੭੩
ਅੰਨ ਦੀ ਮਹਿਮਾ ੬੯੮
ਦੂਜੀ ਸਾਖੀ
ਸ੍ਰੀ ਗੁਰੂ ਅਰਜਨ ਦੇਵ ਜੀ ਦੀ ੬੯੮
ਪੂਤਨਾ ਦਾ ਉਧਾਰ ੭੦੭
ਛੇਵੇਂ ਗੁਰੂ ਜੀ ਨੇ ਦਾਈ ਦਾ ਉਧਾਰ ਕਰਨਾ ੭੦੮
ਗਾਇਤ੍ਰੀ ਦੀ ੭੧੩
ਵਸ਼ਿਸ਼ਟ ਜੀ ਦੀ ੭੧੪
ਪਾਰਬਤੀ ਦੀ ੭੧੬
ਸ੍ਰੀ ਰਾਮ ਚੰਦ੍ ਜੀ ਦੀ ੭੧੭

ਰਾਗੁ ਤਿਲੰਗ

[ਪੰਨਾ ੭੨੧]

ਰਾਗੁ ਤਿਲੰਗ* ਮਹਲਾ ੧ ਘਰੁ ੧

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਉਥਾਨਕਾ–ਇਕ ਦਿਨ ਪਿਤਾ ਕਾਲੂ ਜੀ ਨੇ ਚਿੱਤ ਵਿਚ ਵਿਚਾਰ ਕੀਤਾ ਕਿ ਮੇਰੇ ਪੁੱਤਰ (ਨਾਨਕ) ਦੀ ਉਮਰਾ ਪੜ੍ਹਨ ਤੋਂ ਬਿਨਾਂ ਖੇਡਾਂ ਵਿਚ ਹੀ ਬੀਤ ਰਹੀ ਹੈ, ਪੜ੍ਹਾਈ ਤੋਂ ਬਿਨਾਂ ਵੱਡਾ ਹੋ ਕੇ ਇਹ ਆਪਣੀ ਗੁਜਰਾਨ ਕਿਵੇਂ ਕਰੇਗਾ, ਇਸ ਕਰਕੇ ਹੁਣੇ ਇਸ ਨੂੰ ਪੜ੍ਹਾਉਣਾ ਚਾਹੀਦਾ ਹੈ, ਵੱਡਾ ਹੋ ਕੇ ਇਹ ਪੜ੍ਹ ਨਹੀਂ ਸਕੇਗਾ। ਇਹ ਗੱਲ ਵਿਚਾਰ ਕੇ ਜਿਥੇ ਮਸੀਤ ਵਿਚ ਬਹੁਤੇ ਬੱਚੇ ਫ਼ਾਰਸੀ ਇਲਮ ਪੜ੍ਹ ਰਹੇ ਸਨ ਓਥੇ ਗੁਰੂ ਨਾਨਕ ਜੀ ਨੂੰ ਲਿਜਾ ਕੇ ਮੌਲਵੀ ਨੂੰ ਕਿਹਾ, ਮੈਂ ਆਪਣੇ ਪੁੱਤਰ ਨੂੰ ਪੜ੍ਹਾਉਣ ਲਈ ਤੇਰੇ ਪਾਸ ਲਿਆਇਆ ਹਾਂ, ਜਿਹੜਾ ਦਿਨ ਚੰਗਾ ਹੋਵੇ ਉਹ ਤੂੰ ਦੱਸ ਦੇ। ਇਹ ਗੱਲ ਸੁਣ ਕੇ ਮੌਲਵੀ ਨੇ ਕਿਹਾ-''ਕਲ੍ਹ ਦਾ ਦਿਨ ਚੰਗਾ ਹੈ ਤੁਸੀਂ ਕਲ੍ਹ ਲਿਆ ਕੇ ਬਿਠਾ ਜਾਣਾ ਤੇਰਾ ਪੁੱਤਰ ਬੜਾ ਅਕਲ ਵਾਲਾ ਹੈ ਇਹ ਛੇਤੀ ਪੜ੍ਹ ਜਾਏਗਾ।'' ਇੰਝ ਸੁਣ ਕੇ ਬਾਬਾ ਕਾਲੂ ਜੀ ਵਾਪਸ ਘਰ ਆ ਗਏ, ਤੇ ਦੂਜੇ ਦਿਨ ਸਵੇਰਸਾਰ ਪੁੱਤਰ ਨੂੰ ਨਾਲ ਲੈ ਕੇ ਮਸੀਤ ਵਿਚ ਆ ਪਹੁੰਚੇ, ਕੁਝਕੁ ਮਠਿਆਈ ਅਤੇ ਇਕ ਰੁਪਈਆ ਅੱਗੇ ਰੱਖ ਕੇ ਮੁੱਲਾਂ ਦੇ ਸਪੁਰਦ ਗੁਰੂ ਨਾਨਕ ਜੀ ਨੂੰ ਕਰ ਦਿੱਤਾ। ਉਸ ਵੇਲੇ ਮੁੱਲਾਂ ਨੇ ਕਲਮ ਫੜ ਕੇ ਪਹਿਲੇ ਅਲਫ਼ ਲਿਖਿਆ ਫੇਰ ਸਾਰੀ ਸਿਹਰਫੀ (ਤੀਹ ਅੱਖਰਾਂ ਵਾਲੀ ਅਰਬੀ ਦੀ

---

*ਇਹ ਤਿਲੰਗ ਇਕ ਖਾਡਵ ਜਾਤੀ ਦੀ ਰਾਗਣੀ ਹੈ, ਜੋ ਸੁਧ ਸੰਕੀਰਨ ਹੈ, ਸਿਰੀਰਾਗੁ, ਕਾਨੜਾ, ਤੇ ਭੈਰੌ ਮਿਲਕੇ ਤਿਲੰਗੀ ਬਣਦੀ ਹੈ।

ਅੱਧੀ ਰਾਤ ਵੇਲੇ ਗਾਈ ਜਾਂਦੀ ਹੈ, ਇਸ ਦਾ ਮੌਸਮ ਬਰਖਾ ਰੁੱਤ ਹੈ।

''ਰਾਗ ਮਾਲਾ'' ਵਿਚ ਇਹ ਹਿੰਡੋਲ ਦੀ ਰਾਗਣੀ ਲਿਖੀ ਹੈ।

ਯਥਾ- ''ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ॥
ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀਂ॥ ੧॥
ਤੇਲੰਗੀ ਦੇਵਕਰੀ ਆਈ॥ ਬਸੰਤੀ ਸੰਦੂਰ ਸੁਹਾਈ॥'' (ਪੰਨਾ ੧੪੩੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੀ ਗਿਣਤੀ ਅਨੁਸਾਰ ਇਸ ਦਾ ਚੌਧਵਾਂ ਨੰਬਰ ਹੈ।

ਵਰਣ ਮਾਲਾ) ਅਜੇ ਮੁੱਲਾਂ ਦੀ ਜ਼ਬਾਨ ਪਰ ਅੱਖਰ ਹੁੰਦੇ ਸਨ ਤੇ ਮਹਾਰਾਜ ਜੀ ਪਹਿਲੇ ਹੀ ਸੁਣਾ ਦੇਂਦੇ ਸਨ। ਉਸ ਵੇਲੇ ਮੁੱਲਾਂ ਬਹੁਤ ਹੈਰਾਨ ਹੋਇਆ ਕਿ ਇਹ ਤਾਂ ਪਹਿਲੇ ਹੀ ਪੜ੍ਹਿਆ ਹੋਇਆ ਜਾਪਦਾ ਹੈ ਇਸ ਦੀ ਬੁੱਧੀ ਬਹੁਤ ਵਿਸ਼ੇਸ਼ ਹੈ,

ਇਹ ਮਨੁੱਖ ਦਾ ਕੰਮ ਨਹੀਂ, ਇਹ ਤਾਂ ਕੋਈ ਔਲੀਆ ਜਾਂ ਅਵਤਾਰ ਹੈ।

ਯਥਾ:-''ਮੁੱਲਾਂ ਕੇ ਕਹਿਨ ਮੰਹਿ ਦੇਰ ਕਛੁ ਲਾਗੈ ਮਾਨੋ,

ਨਾਨਕ ਕੀ ਰਸਨਾ ਮੈਂ ਦੇਰ ਹੂੰ ਨ ਪਾਈ ਹੈ।
ਭਯੋ ਬਿਸਮਾਦ ਇਹ ਪਢਜੋ ਕਹੂੰ ਆਦਿ ਮੋ ਤੇ,
ਮੋਹੂ ਸੇ ਸਬਕ ਪਢੈ ਜਾਨਜੋ ਹੂੰ ਨ ਜਾਈ ਹੈ॥ ੭॥
ਮੁਸ਼ਕਲ ਪਾਰਸੀ ਅਮਾਨ ਪਢੈ ਤਾਤਕਾਲ,
ਬਾਲਿਕ ਕੀ ਬੈਸ, ਬੁਧਿ ਬ੍ਰਿੱਧ ਹੂੰ ਕੀ ਦੇਖੀਏ।
ਜ਼ੇਰ ਤੇ ਜ਼ਬਰ ਔਰ ਮਾਯਨੇ ਕਿਤਾਬਨ ਕੇ,
ਦਫ਼ਤਰ ਲੇਖਾ ਜਮਾ ਖਰਚੁ ਬਿਸੇਖੀਏ।
ਦਸ ਦਸ ਸਾਲ ਕੇ ਬਿਸਾਲ ਬਾਲ ਬੈਸੇ ਜੋਊ,
ਪਢੈਂ ਨ ਸਮਾਨ ਇਸ ਕੋਊ ਅਵਰੇਖੀਏ।
ਮਾਨੁਖ ਕੋ ਕਾਮ ਨਹਿਂ, ਔਲੀਆ ਔਤਾਰ ਕੋਊ,
ਲਖਿ ਸੋਂ ਅਲੱਖ, ਯਾਂ ਕੇ ਲੇਖ ਹੈਂ ਅਲੇਖੀਏ॥ ੮॥''

ਉਸ ਵੇਲੇ ਬਹੁਤ ਹੀ ਪੁਰਸ਼ ਆ ਕੇ ਗੁਰੂ ਨਾਨਕ ਜੀ ਦਾ ਦਰਸ਼ਨ ਕਰਦੇ ਹਨ ਤੇ ਇਲਮ ਦੀਆਂ ਪ੍ਰੀਖਿਆ ਲੈਂਦੇ ਹਨ, ਪਰ ਮਿੱਠੇ-ਮਿੱਠੇ ਬਚਨ ਸੁਣਕੇ ਤੇ ਉਮਰਾ ਛੋਟੀ ਵੇਖ ਕੇ ਸਭ ਅਸਚਰਜ ਹੁੰਦੇ ਹਨ, ਤੇ ਅਵਤਾਰ ਹੀ ਸਮਝਦੇ ਹਨ।

''ਹੈ ਅਵਤਾਰ ਲਖਜੋ ਬਹੁ ਲੋਕਨ, ਬ੍ਰਿੱਧ ਬਧੀ ਸ਼ਰਧਾ ਸ਼ੁੱਧ ਹੀ ਕੀ।
ਬੋਲਤਿ ਬੋਲ ਅਮੋਲ ਅਤੋਲ, ਅਡੋਲ ਮਤੀ ਅਹਰੰਨ ਬਲੀ ਕੀ॥ ੧੧॥

ਦੋਹਰਾ-''ਲਖਨ ਲਖੇ ਸਬ ਨਰ ਕਲਾ, ਫੇਰਜੋ ਬਹੁਰ ਸੁਭਾਵ।
ਭਏ ਬਾਲ ਅਨਜਾਨ ਸੇ, ਕੀਨੋ ਅਪਨ ਛਪਾਵ॥ ੧੨॥''

ਉਸ ਵੇਲੇ ਸ਼ਹਿਰ ਤੋਂ ਬਾਹਰ ਜਾ ਕੇ ਇਕ ਬ੍ਰਿੱਛ ਦੇ ਹੋਠਾਂ ਬਸਤ੍ਰ ਤਾਣਕੇ ਲੰਮੇ ਪੈ ਗਏ, ਚਾਹੇ ਕੋਈ ਭੀ ਆ ਕੇ ਬੁਲਾਉਂਦਾ ਹੈ ਪਰ ਬੋਲਦੇ ਨਹੀਂ। ਕਦੇ ਘਰ ਵਿਚ ਆ ਕੇ ਪੈ ਜਾਂਦੇ ਹਨ ਮਾਂ ਉਠਾਂਵਦੀ ਹੈ। ਪਰ ਉੱਠਦੇ ਨਹੀਂ ਚੁੱਪ ਹੀ ਗਹਿੰਦੇ ਹਨ, ਇਕ ਜਗ੍ਹਾ ਪਿਆਂ ਹੋਇਆਂ ਦੋ ਦੋ ਦਿਨ ਬੀਤ ਜਾਂਦੇ ਹਨ। ਅਜਿਹੀ ਦਸ਼ਾ ਵੇਖ ਕੇ ਲੋਕ ਆਖਦੇ ਹਨ, ''ਹੈਸੀ ਬੜਾ ਅਕਲ ਵਾਲਾ ਪਰ ਪਤਾ ਨਹੀਂ ਕੀ ਕਾਰਨ ਹੈ, ਜੋ ਬਿਲਕੁਲ ਚੁਪ ਕਰ ਗਿਆ ਕਿਸੇ ਪ੍ਰੇਤ ਦਾ ਪ੍ਰਛਾਵਾਂ ਤਾਂ ਨਹੀਂ ਪੈ ਗਿਆ।'' ਇਸ ਤਰ੍ਹਾਂ ਦੀ ਦਸ਼ਾ ਵੇਖ ਕੇ ਤੇ ਲੋਕਾਂ ਤੋਂ ਸੁਣ ਕੇ ਕਾਲੂ ਨੂੰ ਭੀ ਚਿੰਤਾ ਵਧ ਗਈ, ਬੜੇ ਜਤਨ ਕੀਤੇ ਪਰ ਕੁਝ ਨਾ ਬਣਿਆਂ। ਫੇਰ ਮੁੱਲਾਂ ਨੂੰ ਜਾ ਕੇ ਕਿਹਾ, ''ਚੰਗੀ ਤੂੰ ਉਸ ਨੂੰ ਫ਼ਾਰਸੀ ਪੜ੍ਹਾਈ ਹੈ ਉਸ ਦੀ ਤਾਂ ਸਾਰੀ ਹੋਸ਼ ਹੀ ਉੱਡ ਗਈ ਹੈ, ਛੇਤੀ ਚੱਲ ਕੇ ਖਬਰ ਲੈ।'' ਮੁੱਲਾਂ

ਨੇ ਆ ਕੇ ਕੀ ਵੇਖਿਆ ਕਿ ਚਾਦਰਾ ਉੱਪਰ ਲੈ ਕੇ ਧਰਤੀ ਪਰ ਲੇਟੇ ਹੋਏ ਹਨ। ਬੜੀ ਹੈਰਾਨਗੀ ਵਿਚ ਹੋ ਕੇ ਮੁੱਲਾਂ ਨੇ ਕਿਹਾ-

''ਜਾਇ ਕੈ ਮੁਲਾਨੇ ਨੇ ਦੁਆਇ ਕਰੀ ਬੈਸਿ ਢਿਗ, ਤੁਮ ਪਰ ਮਿਹਰ ਸੁ ਪਰਵਦਗਾਰ ਕੀ।
ਬੈਸ ਲਘੁ ਮਾਂਹਿ ਭਈ ਸੇਮੁਖੀ ਵਿਸ਼ੇਖ ਤਵ, ਗਿਰਾ ਮੁਖ ਮਾਧੁਰੀ ਸਭਿਨਿ ਹਿਤਕਾਰ ਕੀ।
ਸ਼ੁਭ ਹੈ ਸੁਭਾਉ ਭਰਜੋ ਭਾਉ ਸੋਂ ਸਭਿਨਿ ਸੰਗਿ, ਬਧੈਗੋ ਪ੍ਰਭਾਉ ਰੀਤਿ ਜਸੁ ਵਿਸਤਾਰ ਕੀ।
ਆਨਨ ਤੇ ਤੂਸਨਿ ਕੋ ਕਾਰਨ ਹੈ ਕੌਨ ਭਨੋ, ਹੇਰਿ ਤੁਮੈ ਤਾਤ ਸੁਧਿ ਤਜੀ ਘਰ ਬਾਰ ਕੀ॥ ੧੭॥

ਇਹ ਬਚਨ ਸੁਣ ਕੇ ਮਹਾਰਾਜ ਜੀ ਨਾ ਬੋਲੇ ਚੁਪ ਹੀ ਰਹੇ। ਫਿਰ ਮੁੱਲਾਂ ਨੇ ਦੀਨ ਮਨ ਹੋ ਕੇ ਕਿਹਾ, ਜਿਤਨੇ ਕੁ ਮਨੁੱਖ ਪਾਸ ਆ ਕੇ ਖਲੋਤੇ ਹਨ ਸਭ ਦੇ ਮਨ ਵਿਚ ਆਪ ਜੀ ਦੇ ਸ਼ੁਭ ਬਚਨਾਂ ਦੇ ਸੁਣਨ ਦੀ ਅਭਿਲਾਖਾ ਹੈ, ''ਹੇਤ ਖੁਦਾਇ ਉਠੋ ਇਕ ਬਾਰ ਉਚਾਰਿ ਕਰੋ ਉਰ ਜੈਸੇ ਅਹੀ॥ ੧੯॥

ਉਸ ਵੇਲੇ ਮੁੱਲਾਂ ਦੇ ਦੀਨਤਾ ਵਾਲੇ ਬਚਨ ਤੇ ਖੁਦਾ ਦਾ ਨਾਮ ਸੁਣ ਕੇ ਗੁਰੂ ਜੀ ਨੇ ਨੇਤ੍ਰ ਖੋਲ੍ਹ ਕੇ ਤਿਲੰਗ ਰਾਗ ਵਿਚ ਬਚਨ ਕਹੇ।

''ਅੜਿੱਲ॥ ਮੁੱਲਾਂ ਕੇ ਸੁਨ ਬੈਨ, ਦੀਨ ਅਤਿ ਜੋ ਭਯੋ। ਬਹੁਰੋ-ਹੇਤੁ ਖੁਦਾਇ ਨਾਮ ਮੁਖ ਤੇ ਕਹਯੋ।
ਦੋਨੋਂ ਚਸ਼ਮ ਕੁਸ਼ਾਦ ਨਿਸ਼ਸਤਹਿ ਸਾਮੁਹੇ। ਹੋ ਬੋਲੇ, ਰਾਗ ਤਿਲੰਗ, ਸ਼ਬਦ ਜੋ ਦੁਖ ਦਹੇ॥ ੨੦॥

(ਨਾਨਕ ਪ੍ਰਕਾਸ਼ ਪੂਰਬਾਰਧ, ਧਿਆ ੮)

ਹੇ (ਕੁਤਬਦੀਨ) ਮੁੱਲਾਂ ! ਖ਼ੁਦਾ ਅੱਗੇ ਤੂੰ ਇਸ ਤਰ੍ਹਾਂ ਬੇਨਤੀ ਕਰ, ਜਿਸ ਤਰ੍ਹਾਂ ਅਸੀਂ ਤੈਨੂੰ ਕਹਿੰਦੇ ਹਾਂ:-

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥

*ਪਦ ਅਰਥ-*ਯਕ=ਇਕ, ਅਰਜ=ਬੇਨਤੀ, ਗੁਫਤ=ਕਹਿੰਦਾ ਹਾਂ, ਮ=ਮੈਂ, ਪੇਸਿ=ਅੱਗੇ, ਤੇ=ਆਪ ਦੇ, ਦਰ=ਅੰਦਰ, ਗੋਸ=ਕੰਨ, ਕੁਨ=ਕਰ।

*ਅਰਥ-*ਹੇ ਕਰਤਾਰ ! ਮੈਂ ਆਪ ਦੇ ਅੱਗੇ ਇਕ ਬੇਨਤੀ ਕਹਿੰਦਾ ਹਾਂ, ਤੂੰ ਕੰਨ ਦੇ ਅੰਦਰ ਸੁਣਨਾ ਕਰ।

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ੧॥

ਪਦ ਅਰਥ- ਹਕਾ=ਸੱਚਾ, ਕਬੀਰ=ਵੱਡਾ, ਕਰੀਮ=ਕ੍ਰਿਪਾਲੂ, ਬੇ=ਰਹਿਤ, ਐਬ=ਪਾਪ, ਪਰਵਦਗਾਰ=ਪਾਲਣਾ ਕਰਨ ਵਾਲਾ।

ਹੇ ਕਰਤਾਰ ! ਤੂੰ ਸੱਚਾ ਹੈਂ, ਸਾਰਿਆਂ ਤੋਂ ਵੱਡਾ ਹੈਂ, ਕ੍ਰਿਪਾਲੂ ਸੁਭਾਅ ਵਾਲਾ ਹੈਂ, ਪਾਪਾਂ ਤੋਂ ਰਹਿਤ ਹੈਂ, ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈਂ।

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥

*ਪਦ ਅਰਥ-*ਫਾਨੀ=ਫਨਾਹ (ਨਾਸ ਰੂਪ) ਹੈ, ਤਹਕੀਕ=ਨਿਸਚੇ ਕਰਕੇ, ਦਾਨੀ=ਜਾਨਣਾ ਕਰ।

*ਅਰਥ-*ਹੇ ਮੁੱਲਾਂ ! ਈ=ਇਸ ਦੁਨੀਆਂ ਦਾ ਮੁਕਾਮ ਫਨਾਹ (ਨਾਸ ਰੂਪ) ਹੈ, ਈ=ਇਸ ਦਿਲ ਵਿਚ ਨਿਸਚੇ ਕਰਕੇ ਜਾਣਨਾ ਕਰ। ਅੱਗੋਂ ਮੁੱਲਾਂ ਨੇ ਕਿਹਾ, ਠੀਕ ਹੈ-

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥੧॥ਰਹਾਉ॥

*ਪਦ ਅਰਥ-*ਮਮ=ਮੇਰੇ, ਮੂਇ=ਰੋਮ (ਕੇਸ), ਗਿਰਫਤਹ=ਫੜੇ ਹੋਏ, ਹੇਚਿ=ਕੁਝ, ਨ ਦਾਨੀ=ਨਹੀਂ ਜਾਣਿਆ।

ਅਰਥ-ਮੇਰੇ ਸਿਰ ਦੇ ਵਾਲ ਅਜਰਾਈਲ ਨਾਮੇ ਜਮ ਨੇ ਫੜੇ ਹੋਏ ਹਨ, ਈ=ਇਸ ਆਪਣੇ ਦਿਲ ਵਿਚ ਮੈਂ ਕੁਝ ਕਰਕੇ ਭੀ ਨਹੀਂ ਜਾਣਿਆ॥ ੧॥ ਰਹਾਉ॥

ਮੁੱਲਾਂ ਨੇ ਕਿਹਾ, ਆਪ ਜੀ ਨੇ ਜੋ ਕੁਝ ਫੁਰਮਾਇਆ ਹੈ ਠੀਕ ਹੈ, ਪਰ ਇਹ ਆਪ ਜੀ ਦਾ ਪਰਵਾਰ ਬਹੁਤ ਚਿੰਤਾਤੁਰ ਹੈ; ਜਿਵੇਂ ਇਹ ਪ੍ਰਸੰਨ ਹੋਵੇ ਆਪ ਓਸੇ ਤਰ੍ਹਾਂ ਕਰੋ ਇਹ ਤੁਹਾਡੇ ਮੋਹ ਵਿਚ ਫਸੇ ਹੋਏ ਹਨ। ਜੋ ਰੀਤੀ ਆਪ ਜੀ ਨੇ ਕੀਤੀ ਹੈ ਉਹ ਇਨ੍ਹਾਂ ਨੂੰ ਚੰਗੀ ਨਹੀਂ ਲੱਗੀ।

ਇਹ ਸੁਣ ਕੇ ਗੁਰੂ ਜੀ ਨੇ ਕਿਹਾ-

ਜਨ ਪਿਸਰ ਪਦਰ ਬਿਰਾਦਰਾਂ ਕਰ ਨੇਸ ਦਸਤੰਗੀਰ॥

ਪਦ ਅਰਥ-ਜਨ=ਇਸਤ੍ਰੀ, ਪਿਸਰ=ਪੁੱਤਰ, ਪਦਰ=ਪਿਉ, ਬਿਰਾਦਰਾਂ=ਭਰਾ, ਕਸ=ਕੋਈ, ਨੇਸ=ਨਹੀਂ, ਦਸਤੰਗੀਰ=ਹੱਥ ਦੇ ਫੜਨ ਵਾਲਾ।

ਅਰਥ-ਇਸਤ੍ਰੀ, ਪੁੱਤਰ, ਪਿਉ ਤੇ ਭਰਾਵਾਂ ਵਿੱਚੋਂ ਕੋਈ ਭੀ ਹੱਥ ਦੇ ਫੜਨ ਵਾਲਾ ਨਹੀਂ ਹੋਵੇਗਾ।

ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥ ੨॥

ਪਦ ਅਰਥ-ਆਖਿਰ=ਓੜਕ, ਬਿਅਫਤਮ=ਡਿਗੇਗਾ, ਕਸ=ਕੋਈ ਭੀ, ਦਾਰਦ=ਰੱਖਿਆ, ਚੂੰ=ਐਸੇ, ਸਵਦ (ਸਵੱਦ)=ਹੋਵੇਗਾ, ਤਕਬੀਰ=ਕੋਹਣਾ।

ਅਰਥ-ਜਦ ਐਸੇ ਕੋਹਣਾ ਭਾਵ ਮਰਨਾ ਹੋਵੇਗਾ ਤੇ ਅੰਤ ਨੂੰ ਜ਼ਮੀਨ ਪਰ ਡਿਗੇਗਾ ਤਦ ਕੋਈ ਭੀ ਇਸ ਦੀ ਰੱਖਿਆ ਕਰਨ ਵਾਲਾ ਨਹੀਂ ਹੋਵੇਗਾ॥ ੨॥

ਇਸ ਤਰ੍ਹਾਂ ਦੇ ਅਮੋਲਕ ਬਚਨ ਸੁਣਕੇ ਮੌਲਵੀ ਨੇ ਕਿਹਾ, ਆਪ ਜੀ ਦੀ ਉਮਰਾ ਛੋਟੀ ਹੈ ਤੇ ਦਨਾਈ ਬੜੀ ਹੈ, ਆਪ ਤਾਂ ਕੋਈ ਅਵਤਾਰ ਉਤਰੇ ਹੋ ਜੋ ਬਾਲਕ ਅਵਸਥਾ ਵਿਚ ਹੀ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ ਹੈ। ਤਾਂ ਗੁਰੂ ਜੀ ਨੇ ਕਿਹਾ-

ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥

ਪਦ ਅਰਥ-ਸਬ=ਰਾਤ, ਰੋਜ=ਦਿਨ, ਗਸਤਮ=ਫਿਰਦਾ ਹਾਂ ਮੈਂ, ਦਰ=ਅੰਦਰ, ਹਵਾ=ਇੱਛਾ, ਕਰਦੇਮ=ਕਰਦਾ ਹਾਂ, ਬਦੀ=ਖੋਟੇ।

ਅਰਥ-ਰਾਤ ਦਿਨ ਮੈਂ ਇੱਛਾ ਦੇ ਅੰਦਰ ਫਿਰਦਾ ਹਾਂ, ਅਤੇ ਮੈਂ ਖੋਟੇ ਖਿਆਲਾਂ ਨੂੰ ਕਰਦਾ ਹਾਂ।

ਗਾਹੇ ਨ ਨੇਕੀ ਕਾਰ ਕਰਦਮ ਮਮ ਈਂਚਿਨੀ ਅਹਵਾਲ॥ ੩॥

ਪਦ ਅਰਥ-ਗਾਹੇ=ਕਦੇ, ਵਾ:-ਗ੍ਰਹਿਨ, ਨੇਕੀ=ਭਲਿਆਈ, ਮਮ=ਮੇਰਾ, ਈਂਚਿਨੀ=ਇਸ ਤਰ੍ਹਾਂ ਦਾ ਜਾਣੋ, ਅਹਵਾਲ=ਹਾਲ। ਪਾਠ "ਈਂਚਿਨੀ" ਕੱਠਾ ਹੈ।

ਅਰਥ-ਭਲਿਆਈ ਦੀ ਕਾਰ ਕਰਨੀ ਮੈਂ ਕਦੇ ਭੀ ਗ੍ਰਹਿਨ ਨਹੀਂ ਕੀਤੀ, ਜਾਣਨਾ ਕਰੋ ਮੇਰਾ ਇਸ ਤਰ੍ਹਾਂ ਦਾ ਹਾਲ ਹੋ ਰਿਹਾ ਹੈ।

ਇਸ ਤਰ੍ਹਾਂ ਦੇ ਬਚਨ ਸੁਣ ਕੇ ਮੁੱਲਾਂ ਦੇ ਹਿਰਦੇ ਵਿਚ ਸ਼ਰਧਾ ਵਧ ਗਈ ਤੇ ਆਖਦਾ ਹੈ, ਮੇਰਾ ਸੰਸਾਰ-ਸਮੁੰਦਰ ਤੋਂ ਤਰਨਾ ਕਿਵੇਂ ਹੋਵੇ? ਗੁਰੂ ਜੀ ਨੇ ਕਿਹਾ, ਇਸ ਤਰ੍ਹਾਂ ਬੇਨਤੀ ਕਰ-

ਤਾਂ ਗੁਰੂ ਸਾਹਿਬ ਜੀ ਨੇ ਕਿਹਾ, ਤੂੰ ਖ਼ੁਦਾ ਅੱਗੇ ਇਸ ਤਰ੍ਹਾਂ ਬੇਨਤੀ ਕਰ, ਹੇ ਖ਼ੁਦਾ ਮੈਂ-

ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥

ਪਦ ਅਰਥ-ਬਦ=ਬੁਰੇ (ਖੋਟੇ), ਬਖਤ=ਭਾਗ, ਹਮ=ਭੀ, ਚੁ=ਐਸੇ, ਬੇ-ਨਜਰ=ਅੰਨ੍ਹਾਂ, ਬੇ-ਬਾਕ=ਡਰ ਤੋਂ ਰਹਿਤ।

ਅਰਥ-ਖੋਟਿਆਂ ਭਾਗਾਂ ਵਾਲਾ ਹਾਂ, ਪੁਨਾ ਐਸੇ ਈਰਖਾ ਬਖੀਲੀ ਦੇ ਕਰਨ ਵਾਲਾ ਹਾਂ, ਹੇ ਪ੍ਰਭੂ ! ਆਪ ਤੋਂ ਗਾਫਿਲ=ਭੁੱਲਿਆ ਹੋਇਆ ਹਾਂ, ਅੰਨ੍ਹਾਂ ਹਾਂ ਡਰ ਤੋਂ ਰਹਿਤ ਹਾਂ।

ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥ ੪ ॥ ੧ ॥

ਪਦ ਅਰਥ-ਬੁਗੋਯਦ=ਉਚਾਰਦੇ ਹਨ, ਤੁਰਾ=ਤੇਰਾ, ਚਾਕਰਾਂ=ਸੇਵਕਾਂ, ਪਾ=ਚਰਨਾਂ ਦੀ, ਖਾਕ=ਧੂੜ।

ਅਰਥ- ਗੁਰੂ ਜੀ ਕਥਨ ਕਰਦੇ ਹਨ, ਮੈਂ ਤੇਰਾ ਦਾਸ ਹਾਂ, ਅਤੇ ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜ ਹਾਂ॥ ੪॥ ੧॥*

ਤਿਲੰਗ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ-ਏਮਨਾਬਾਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਰਾਮਾਤ ਸਹਿਤ ਵੇਖਕੇ ਚਰਨਾਂ ਪਰ ਨਮਸ਼ਕਾਰ ਕਰਕੇ ਬਾਬਰ ਨੇ ਭੰਗ ਅੱਗੇ ਰੱਖ ਕੇ ਬੇਨਤੀ ਕੀਤੀ, ਜੋ ਖੁਰਾਸਾਨ ਦੀ ਪ੍ਰਸਿੱਧ ਬੂਟੀ ਹੈ, ਇਹ ਫਕੀਰਾਂ ਦੀ ਵਸਤੂ ਹੈ, ਆਪ ਇਸ ਨੂੰ ਅੰਗੀਕਾਰ ਕਰੋ। ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ, ਅਸਲ ਭੰਗ ਅਸੀਂ ਪੀ ਰਹੇ ਹਾਂ, ਇਸ ਬਾਹਰਲੀ ਭੰਗ ਨਾਲ ਸਾਡਾ ਕੋਈ ਮਤਲਬ ਨਹੀਂ ਹੈ। ਤਾਂ ਬਾਬਰ ਨੇ ਕਿਹਾ, ਸਾਨੂੰ ਉਹ ਭੰਗ ਦੱਸੋ ਜਿਹੜੀ ਆਪ ਪੀਂਦੇ ਹੋ। ਤਾਂ ਗੁਰੂ ਜੀ ਨੇ ਕਿਹਾ-

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥

ਪਦ ਅਰਥ- ਭਉ=ਡਰ, ਭਾਂਗ=ਭੰਗ, ਦੇਵਾਨਾ=ਮਸਤਾਨਾ, ਅਤੀਤੁ=ਫ਼ਕੀਰ।

ਅਰਥ:-ਹੇ ਪ੍ਰਭੂ ! ਜੋ ਆਪ ਜੀ ਦਾ ਡਰ ਧਾਰਨਾ ਕੀਤਾ ਹੈ ਇਹੋ ਭੰਗ ਹੈ, ਜਿਵੇਂ ਫਕੀਰ ਲੋਕ ਭੰਗ ਨੂੰ ਖਲੜੀ ਵਿਚ ਪਾ ਕੇ ਰੱਖਦੇ ਹਨ ਤਿਵੇਂ ਮੇਰਾ ਚਿੱਤ ਹੀ ਖਲੜੀ ਹੈ ਇਸ ਚਿੱਤ ਰੂਪ ਖਲੜੀ ਵਿਚ ਡਰ ਰੂਪ

---

*ਗੁਰੂ ਸਾਹਿਬ ਜੀ ਮੌਲਵੀ ਪਰ ਇਸ ਤਰ੍ਹਾਂ ਬਲਵਾਨ ਹੋਏ ਹਨ ਜਿਵੇਂ ਕਬਿੱਤ ਵਿਚ ਸਭ ਇਸ਼ਾਰੇ ਦਿੱਤੇ ਹਨ-

[1]ਬਾਨ ਜਿਮ [2]ਲੱਛ ਪਰ, [3]ਬੀਰਭਦ੍ਰ ਦੱਛ ਪਰ; ਨਦੀ ਮਧ ਮੱਛ ਪਰ, [4]ਦਾਸ ਜਾਲ ਪਾਨ ਹੈ।

ਸ਼ੇਰ ਜਿਮ [2]ਭੱਛ ਪਰ, ਬਾਜ ਜਿਮ ਪੱਛ ਪਰ; [5]ਚੰਡਿ ਬਿੜਾਲੱਛ ਪਰ ਕੀਨ [6]ਦੁਤਿ ਹਾਨ ਹੈ।

[7]ਰਾਮ [8]ਛਿਤ ਪਾਲ ਪਰ, [9]ਰਾਮ [10]ਸੁਰਸਾਲ ਪਰ; [11]ਰਾਮ [12]ਮਘਪਾਲ ਪਰ ਜੈਸੇ ਸਾਵਧਾਨ ਹੈ।

[13]ਸ਼ੱਕ੍ਰ ਜਿਮ [14]ਕੋਹ ਪਰ [15]ਚਕ੍ਰ ਹਰਿ ਦ੍ਰੋਹ ਪਰ, ਗੁਰੂ ਸਿਖ ਮੋਹ ਪਰ ਤੈਸੇ ਬਲਵਾਨ ਹੈ॥੧॥

(ਨਾਨਕ ਪ੍ਰਕਾਸ਼, ਪੂਰਬਾਰਧ ਧਿਆ ੮)

---

੧. ਤੀਰ। ੨. ਨਿਸ਼ਾਨੇ। ੩. ਬੀਰ ਭਦ੍ਰ ਸ਼ਿਵਾਂ ਦਾ ਗਣ। ਦੱਛ ਪਰਜਾ ਰਾਜੇ ਉੱਤੇ। ੪. ਦਾਸ-ਝੀਵਰ। ੫. ਚੰਡੀ ਬਿੜਾਲਛ ਦੈਂਤ ਉੱਤੇ। ੬. ਸੋਭਾ। ੭. ਪਰਸਰਾਮ। ੮. ਰਾਜਿਆਂ ਉੱਤੇ। ੯. ਰਾਮ ਚੰਦ੍ਰ। ੧੦. ਰਾਵਨ ਉੱਤੇ। ੧੧. ਬਲਰਾਮ। ੧੨. ਮਗਧ ਦੇਸ਼ ਦਾ ਰਾਜੇ ਜਰਾਸਿੰਧ ਉੱਤੇ। ੧੩. ਇੰਦਰ। ੧੪. ਪਹਾੜਾਂ ਉੱਤੇ। ੧੫. ਵਿਸ਼ਨੂੰ ਦਾ ਸੁਦਰਸ਼ਨ ਚੱਕਰ।

ਭੰਗ ਪਾ ਕੇ ਰੱਖੀ ਹੋਈ ਹੈ। ਇਸ ਡਰ ਰੂਪ ਭੰਗ ਨੂੰ ਪੀ ਕੇ ਮੈਂ ਅਤੀਤੁ=ਫ਼ਕੀਰ, ਅਤੀਤੁ=ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ ਸੰਸਾਰ ਵਲੋਂ ਮਸਤਾਨਾ ਹੋ ਗਿਆ ਹਾਂ।

ਬਾਬਰ ਨੇ ਕਿਹਾ-ਫ਼ਕੀਰਾਂ ਦੇ ਹੱਥ ਵਿਚ ਕਾਸਾ=ਪਿਆਲਾ ਹੁੰਦਾ ਹੈ, ਆਪ ਜੀ ਦੇ ਹੱਥ ਵਿਚ ਕਿਹੜਾ ਪਿਆਲਾ ਹੈ? *ਗੁਰ ਉੱਤਰ-*

ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥ ੧ ॥

*ਪਦ ਅਰਥ:-*ਕਰ=ਹਥ, ਕਾਸਾ=ਪਿਆਲਾ (ਖੱਪਰ)।

ਹੱਥ ਹੀ ਸਾਡਾ ਪਿਆਲਾ ਹੈ, ਹੇ ਪ੍ਰਭੂ ! ਆਪ ਜੀ ਦੇ ਦਰਸ਼ਨਾਂ ਦੀ ਸਾਨੂੰ ਭੁੱਖ ਲੱਗ ਰਹੀ ਹੈ, ਮੈਂ ਆਪ ਜੀ ਦੇ ਸਤਸੰਗ ਰੂਪ ਦਰਵਾਜ਼ੇ ਪਰ ਜਾ ਕੇ ਨਿਤਾਪ੍ਰਤੀ ਦਰਸ਼ਨ ਰੂਪ ਭਿਖਿਆ ਨੂੰ ਮੰਗਦਾ ਹਾਂ॥ ੧ ॥

ਤਉ ਦਰਸਨ ਕੀ ਕਰਉ ਸਮਾਇ ॥

ਮੈ ਦਰਿ ਮਾਗਤੁ ਭੀਖਿਆ ਪਾਇ ॥ ੧ ॥ ਰਹਾਉ ॥

*ਪਦ ਅਰਥ-*ਤਉ=ਆਪ ਦੇ, ਸਮਾਇ=ਇੱਛਾ, ਵਾ-ਮਸਤੀ। ਦਰਿ=ਦਰਵਾਜ਼ੇ ਸਤਸੰਗ।

ਮੈਂ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਕਰਦਾ ਹਾਂ, ਵਾ ਦਰਸ਼ਨ ਦੀ ਮਸਤੀ ਵਿਚ ਸਮਾ ਰਹਿਣਾ ਕਰਦਾ ਹਾਂ। ਮੈਂ ਆਪ ਜੀ ਦੇ ਸਤਸੰਗ ਰੂਪ ਦਰਵਾਜ਼ੇ ਪਰ ਖੜਾ ਹੋ ਕੇ ਮੰਗਦਾ ਹਾਂ, ਆਪ ਮੈਨੂੰ ਦਰਸ਼ਨ ਦੀ ਭਿਖਿਆ ਪਾਉਣਾ ਕਰੋ॥ ੧ ॥ ਰਹਾਉ ॥

ਪੁਨਾ ਬਾਬਰ ਨੇ ਕਿਹਾ-ਨੀਚ ਜਾਤੀ ਵਾਲੇ ਭਗਤ ਤਾਂ ਅਪਵਿੱਤ੍ਰ ਹੋਣਗੇ ਉਨ੍ਹਾਂ ਦਾ ਸੰਗ ਕਰਨ ਨਾਲ ਤੁਰਨਾ ਨਹੀਂ ਹੁੰਦਾ ਹੋਵੇਗਾ? *ਗੁਰ ਉੱਤਰ-*

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥

*ਪਦ ਅਰਥ-*ਕੇਸਰਿ=ਕੰਗੂ (ਕੁੰਕਮ), ਕੁਸਮ=ਫੁੱਲ, ਮਿਰਗਮੈ=ਕਸਤੂਰੀ, ਹਰਣਾ=ਮਿਰਗਾਣ। ਜਿਵੇ ਕੇਸਰ, ਫੁੱਲ, ਕਸਤੂਰੀ ਅਤੇ ਮਿਰਗਾਣ ਆਦਿਕ ਸਭ ਚੀਜ਼ਾਂ ਪਵਿੱਤ੍ਰ ਹੋਣ ਕਰਕੇ (ਚੰਡਾਲ, ਜੁਲਾਹਾ, ਛੀਂਬਾ, ਨਾਈ ਆਦਿਕ) ਸਾਰਿਆਂ ਸਰੀਰਾਂ ਕਰਕੇ ਆਪਣੇ ਇਸ਼ਟ ਦੇਵ ਉੱਤੇ ਚੜ੍ਹਨੇ ਜੋਗ ਹਨ।

ਤਿਵੇਂ ਭਗਤ ਜਾਤੀ ਕਰਕੇ ਭਾਵੇਂ ਨੀਚ ਹਨ ਪਰ ਭਗਤੀ ਦੇ ਪ੍ਰਤਾਪ ਕਰਕੇ ਸਾਰਿਆਂ ਦੇ ਤਾਰਨ ਨੂੰ ਸਮਰੱਥ ਹਨ।

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥

ਜਿਵੇਂ ਚੰਦਨ ਦਾ ਬ੍ਰਿੱਛ ਹੋਰ ਜੰਗਲ ਦੇ ਸਾਰਿਆਂ ਬ੍ਰਿੱਛਾਂ ਨੂੰ ਪਰਮਲੁ=ਚੰਦਨ ਕਰ ਦੇਂਦਾ ਹੈ,

ਤਿਵੇਂ ਭਗਤਾਂ ਦਾ ਜੋਤਿ=ਸੁਭਾਅ ਭੀ ਇਨੇਹੀ=ਇਸੇ ਤਰ੍ਹਾਂ ਦਾ ਹੈ ਜੋ ਸਾਰਿਆਂ ਜੀਵਾਂ ਨੂੰ ਮਲ, ਵਿਖੇਪ ਅਵਿੱਦਿਆ ਆਦਿਕਾਂ ਤੋਂ ਰਹਿਤ ਕਰਕੇ ਪੂਰਨ ਮਹਾਤਮਾ ਕਰ ਦਿੰਦੇ ਹਨ।

ਵਾ-ਸਾਰਿਆਂ ਨੂੰ ਪਰਮਲੁ=ਚੰਦਨ ਰੂਪ ਭਾਵ ਬ੍ਰਹਮ ਸਰੂਪ ਕਰ ਦਿੰਦੇ ਹਨ॥ ੨ ॥

ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥

ਜਿਵੇਂ ਘਿਉ ਕਿਸੇ ਭਾਂਡੇ ਵਿਚ ਹੋਵੇ, ਕਿਉਂਕਿ ਪਹਿਲੇ ਘਿਉ ਚੰਮ ਦੇ ਕੁੱਪਿਆਂ ਵਿਚ ਆਉਂਦਾ ਸੀ, ਚਾਹੇ ਪਟ=ਰੇਸ਼ਮ ਕੀੜਿਆਂ ਵਿੱਚੋਂ ਪੈਦਾ ਹੁੰਦਾ ਹੈ, ਜਿਵੇਂ ਇਨ੍ਹਾਂ ਦੀ ਭਾਂਡਾ=ਡੰਡੀ ਕੋਈ ਨਹੀਂ ਕਹਿੰਦਾ। ਇਸੇ ਤਰ੍ਹਾਂ ਭਗਤੀ ਦੇ ਕਰਨ ਵਾਲਾ ਪੂਰਨ ਭਗਤ ਚਾਹੇ (ਬ੍ਰਾਹਮਣ, ਖਤ੍ਰੀ, ਸ਼ੂਦ੍ਰ, ਵੈਸਜ ਆਦਿਕ) ਕਿਸੇ ਵਿਚੋਂ ਭੀ ਹੋਵੇ ਅਤੇ ਚਾਹੇ (ਚੰਡਾਲ, ਜੁਲਾਹਾ, ਚਮਿਆਰ, ਨਾਈ, ਛੀਂਬਾ ਆਦਿਕ) ਕਿਸੇ ਅਵਰਨ ਵਿੱਚੋਂ ਭੀ ਹੋਵੇ ਉਸ ਦੀ ਭੰਡੀ ਵੀ ਕੋਈ ਨਹੀਂ ਕਰਦਾ, ਕਿਉਂਕਿ ਉਸ ਦੇ ਸੰਗ ਕਰਕੇ ਸਾਰਿਆਂ ਦਾ ਤਰਨਾ ਹੁੰਦਾ ਹੈ।

ਯਥਾ- ''ਜਾਤਿ ਅਜਾਤਿ ਜਪੈ ਜਨੁ ਕੋਇ॥ ਜੋ ਜਾਪੈ ਤਿਸ ਕੀ ਗਤਿ ਹੋਇ॥''

(ਭੈਰਉ ਮਹਲਾ ੫, ਪੰਨਾ ੧੧੫੦)

ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥
ਨਾਨਕ ਤਿਨ ਦਰਿ ਭੀਖਿਆ ਪਾਇ॥ ੩॥ ੧॥ ੨॥

ਗੁਰੂ ਜੀ ਕਥਨ ਕਰਦੇ ਹਨ, ਜਿਹੜੇ ਮਹਾਤਮਾ ਨਿਉਂ ਕੇ ਤੇਰੇ ਨਾਮ ਵਿਚ ਬਿਰਤੀ ਲਗਾ ਰਹੇ ਹਨ; ਉਨ੍ਹਾਂ ਦੇ ਸਤਸੰਗ ਰੂਪ ਦਰਵਾਜੇ ਤੋਂ ਮੈਨੂੰ ਨਾਮ ਰੂਪ ਵਾ-ਦਰਸ਼ਨ ਰੂਪ ਭਿਖਿਆ ਪਾਉਣਾ ਕਰ॥ ੩॥ ੧॥ ੨॥

ਤਿਲੰਗ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਬੇਨਤੀ ਕੀਤੀ, ਇਸ ਜੀਵ ਰੂਪ ਇਸਤ੍ਰੀ ਨੂੰ ਪ੍ਰਭੂ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ। *ਗੁਰ ਉੱਤਰ-*

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥

ਹੇ ਪਿਆਰੇ ! ਇਸ ਸੂਖਮ ਤਨੁ=ਸਰੀਰ ਭਾਵ ਮਨ ਨੂੰ ਮਾਇਆ ਰੂਪੀ ਪਾਹ ਲੱਗ ਰਹੀ ਹੈ, ਤੇ ਇਸ ਜੀਵ ਨੇ ਆਪਣੇ ਮਨ ਰੂਪ ਚੋਲੇ ਨੂੰ ਲਬ ਰੂਪੀ ਰੰਗ ਵਿਚ ਰੰਗਾ ਲੀਤਾ ਹੈ।

[ਪੰਨਾ ੭੨੨]

ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥ ੧॥

ਹੇ ਪਿਆਰੇ ! ਇਸ ਤਰ੍ਹਾਂ ਦਾ ਚੋਲਾ ਮੇਰੇ ਪਤੀ ਨੂੰ ਭਾਂਵਦਾ ਨਹੀਂ ਹੈ, ਇਸ ਲਈ ਇਹ ਜੀਵ ਰੂਪੀ ਇਸਤ੍ਰੀ ਅੰਤ੍ਰਮੁਖ ਬਿਰਤੀ ਕਰਨੇ ਰੂਪ ਸੇਜਾ ਉੱਤੇ ਕਿਵੇਂ ਜਾ ਸਕਦੀ ਹੈ॥ ੧॥

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥

ਹੇ ਮੇਹਰਵਾਨ ! ਮੈਂ ਬਲਿਹਾਰ ਜਾਂਦਾ ਹਾਂ, ਮੈਂ ਸਦਾ ਹੀ ਕੁਰਬਾਨ ਜਾਂਦਾ ਹਾਂ।

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥

ਮੈਂ ਉਹਨਾਂ ਦੇ ਉੱਪਰੋਂ ਕੁਰਬਾਨ ਜਾਂਦਾ ਹਾਂ, ਜੋ ਆਪ ਜੀ ਦਾ ਨਾਮ ਜਪਦੇ ਹਨ।

ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥ ੧॥ ਰਹਾਉ॥

ਜੋ ਆਪ ਜੀ ਦਾ ਨਾਮ ਜਪਦੇ ਹਨ, ਮੈਂ ਉਹਨਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ॥ ੧॥ ਰਹਾਉ॥

ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥

ਹੇ ਪਿਆਰੇ ! ਜੇਕਰ ਕਾਇਆ=ਸੁੱਧ ਬੁੱਧੀ ਰੰਗਣਿ=ਮੱਟੀ ਹੋ ਜਾਵੇ, ਅਤੇ ਇਸ ਵਿਚ ਨਾਮ ਭਗਤੀ ਰੂਪ ਮਜੀਠਾ ਰੰਗ ਪਾ ਦੇਈਏ।

ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥ ੨॥

ਜੇਕਰ ਰੰਗਣ ਵਾਲੇ ਗੁਰੂ ਸਾਹਿਬ ਜੀ ਰੂਪ ਲਲਾਰੀ ਅੰਤਹਕਰਨ ਰੂਪ ਕੱਪੜੇ ਨੂੰ ਇਸ ਰੰਗ ਵਿਚ ਰੰਗ ਦੇਣ ਤਾਂ ਅਜਿਹਾ ਰੰਗ ਚੜ੍ਹਦਾ ਹੈ ਜੋ ਅੱਗੇ ਕਦੇ ਦੇਖਿਆ ਨਾ ਹੋਵੇ॥ ੨॥

ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥

ਹੇ ਪਿਆਰੇ ! ਜਿਨ੍ਹਾਂ ਦੇ ਅੰਤਹਕਰਨ ਰੂਪ ਚੋਲੇ ਪਿਆਰੇ ਪ੍ਰਭੂ ਦੇ ਨਾਮ ਰੰਗ ਵਿਚ ਰੰਗੇ ਗਏ ਹਨ, ਕੰਤੁ=ਪਤੀ ਪਰਮਾਤਮਾ ਉਹਨਾਂ ਦੇ ਕੋਲ ਵਸਦਾ ਹੈ।

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥ ੩॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਏਹੋ ਅਰਦਾਸਿ=ਬੇਨਤੀ ਹੈ, ਜੇਕਰ ਉਹਨਾਂ ਦੀ ਚਰਨ ਧੂੜ ਜੀਅ ਨੂੰ ਮਿਲ ਜਾਵੇ ਤਾਂ ਕਲਿਆਣ ਹੁੰਦੀ ਹੈ॥ ੩॥

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥

(੧) ਉਹ ਪ੍ਰਭੂ ਆਪ ਹੀ ਜੀਵਾਂ ਨੂੰ ਸਾਜੇ=ਉਤਪਤ ਕਰਦਾ ਹੈ, ਆਪ ਹੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਆਪ ਹੀ ਨਾਮ ਰੰਗ ਵਿਚ ਰੰਗ ਦੇਂਦਾ ਹੈ।

(੨) ਆਪ ਹੀ ਗੁਰੂ ਰੂਪ ਹੋ ਕੇ ਜਿਨ੍ਹਾਂ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹਨਾਂ ਨੂੰ ਆਪ ਹੀ ਸ਼ੁਭ-ਗੁਣਾਂ ਨਾਲ ਸਾਜਦਾ ਹੈ, ਅਤੇ ਆਪ ਹੀ ਬ੍ਰਹਮ ਰੰਗ ਵਿਚ ਰੰਗ ਦੇਂਦਾ ਹੈ।

ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥ ੪॥ ੧॥ ੩॥

ਗੁਰੂ ਜੀ ਕਥਨ ਕਰਦੇ ਹਨ, ਜਿਹੜੀ ਜੀਵ ਰੂਪ ਇਸਤ੍ਰੀ ਪਤੀ (ਪਰਮਾਤਮਾ) ਨੂੰ ਭਾਂਵਦੀ ਹੈ, ਉਹ ਆਪ ਹੀ ਉਸ ਦੇ ਅਨੰਦ ਰਾਵੇਇ=ਭੋਗਦੀ ਹੈ।

ਅਥਵਾ-ਉਸ ਨੂੰ ਆਪ ਹੀ ਪਤੀ-ਪਰਮਾਤਮਾ ਆਪਣੇ ਵਿਚ ਅਭੇਦ ਕਰ ਲੈਂਦਾ ਹੈ॥ ੪॥ ੧॥ ੩॥

ਤਿਲੰਗ ਮਃ ੧॥

ਇਆਨੜੀਏ ਮਾਨੜਾ ਕਾਇ ਕਰੇਹਿ॥

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥

ਹੇ ਇਆਨੜੀਏ=ਅਗਿਆਤ ਜੀਵ ਰੂਪ ਇਸਤ੍ਰੀਏ ! ਤੂੰ ਕਿਸੇ ਵਾਸਤੇ ਮਾਨੜਾ=ਹੰਕਾਰ ਕਰਦੀ ਹੈਂ। ਅਨੰਦ ਰੂਪ ਹਰੀ ਆਪਣੇ ਸਰੀਰ ਘਰ ਦੇ ਅੰਦਰ ਹੀ ਹੈ, ਤੂੰ ਉਸ ਦੇ ਰੰਗੋ=ਅਨੰਦ ਨੂੰ ਕਿਉਂ ਨਹੀਂ ਭੋਗਦੀ।

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥

ਉਹ ਸਹੁ=ਪਤੀ ਪਰਮਾਤਮਾ ਨੇੜੇ ਤੋਂ ਨੇੜੇ ਹੈ,

ਯਥਾ- ''ਸੋ ਪ੍ਰਭੁ ਨੇਰੈ ਹੂ ਤੇ ਨੇਰੈ॥'' (ਦੇਵਗੰਧਾਰੀ ੫, ਪੰਨਾ ੫੩੦)

ਹੇ ਕਮਲੀ ਧਨ= ਇਸਤ੍ਰੀ! ਤੂੰ ਬਾਹਰੋਂ ਕੀ ਢੂੰਡਦੀ ਫਿਰਦੀ ਹੈਂ।

ਯਥਾ-''ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥

(ਧਨਾਸਰੀ ਮਹਲਾ ੯, ਪੰਨਾ ੬੮੪)

ਉਹ ਪਤੀ ਕਿਵੇਂ ਪ੍ਰਾਪਤ ਹੁੰਦਾ ਹੈ? ਉੱਤਰ:-

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥

ਬੁੱਧੀ ਰੂਪ ਨੈਣੀ=ਅੱਖਾਂ ਵਿਚ ਪ੍ਰਭੂ ਦੇ ਭੈ ਦੀਆਂ ਅਰਥਾਤ ਡਰ ਧਾਰਨੇ ਰੂਪ ਸੁਰਮੇ ਦੀਆਂ ਸਲਾਈਆਂ ਦੇਣਾ ਕਰ, ਅਤੇ ਭਾਵ=ਪ੍ਰੇਮ ਦਾ ਸ਼ਿੰਗਾਰ ਕਰ ਲੈ।

ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥ ੧॥

(੧) ਹੇ ਸੁਹਾਗਣ (ਜਗਿਆਸੂ ਰੂਪ) ਇਸਤ੍ਰੀ ! ਤਾਂ ਹੀ ਤੂੰ ਪਤੀ (ਪਰਮੇਸ਼ਰ) ਨਾਲ ਲਾਗੀ=ਲੱਗੀ ਹੋਈ ਜਾਣੀ ਜਾਵੇਂਗੀ, ਜਾਂ ਸਹੁ=ਪਤੀ ਪਰਮਾਤਮਾ ਤੇਰੇ ਨਾਲ ਪਿਆਰ ਧਾਰਨਾ ਕਰੇ।

(੨) ਜਾਂ ਤੂੰ ਇਸ ਕੰਮ ਵਿਚ ਲੱਗ ਗਈ, ਤਾਂ ਪਤੀ ਤੇਰੇ ਨਾਲ ਪਿਆਰ ਧਾਰੇਗਾ, ਫਿਰ ਤੂੰ ਸੋਹਾਗਣਿ=ਸੋਹਾਗਵੰਤੀ ਜਾਣੀ ਜਾਏਂਗੀ॥ ੧॥

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥

ਜਾਂ ਇਸਤ੍ਰੀ ਪਤੀ ਨੂੰ ਨਾ ਭਾਵੇ ਤਾਂ ਇਹ ਇਆਣੀ-ਬਾਲੀ=ਅਗਿਆਤ (ਜਗਿਆਸੂ ਰੂਪ) ਇਸਤ੍ਰੀ ਕੀ ਕਰ ਸਕਦੀ ਹੈ। ਭਾਵੇਂ-

ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ॥

ਕੀਰਣੇ ਆਦਿਕ ਪਲਾਹ=ਯਤਨ ਬਥੇਰੇ ਕਰਦੀ ਹੈ, ਪਰ ਉਹ ਇਸਤ੍ਰੀ ਮਹਲੁ=ਸਰੂਪ ਨੂੰ ਨਹੀਂ ਪਾਂਵਦੀ।

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥

ਜੇਕਰ ਸ਼ਕਾਮ ਕਰਮਾਂ ਵਿਚ ਬਹੁਤ ਹੀ ਦੌੜਨਾ ਕਰੇ, ਪਰ ਨਿਸ਼ਕਾਮ ਕਰਮਾਂ ਤੋਂ ਬਿਨਾਂ ਕੁਝ ਪ੍ਰਾਪਤ ਨਹੀਂ ਹੁੰਦਾ।

ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥

ਪਦਾਰਥਾਂ ਦੇ ਖਾਣ ਦੇ ਲਬ ਵਿਚ, ਪਦਾਰਥਾਂ ਦੇ ਇਕੱਤ੍ਰ ਕਰਨ ਦੇ ਲੋਭ ਵਿਚ, ਅਤੇ ਵਿੱਦਿਆ, ਜਾਤੀ ਆਦਿਕਾਂ ਦੇ ਹੰਕਾਰ ਦੀ ਮਾਤੀ=ਮਸਤੀ ਕਰਕੇ ਮਾਇਆ ਦੇ ਵਿਚ ਸਮਾਈ ਹੋਈ ਹੈ।

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥ ੨॥

ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਸਹੁ=ਪਤੀ (ਪਰਮਾਤਮਾ) ਪ੍ਰਾਪਤ ਨਹੀਂ ਹੁੰਦਾ, ਕਿਉਂਕਿ (ਜਗਿਆਸੂ ਰੂਪ) ਇਸਤ੍ਰੀ ਅਗਿਆਤ ਹੋ ਰਹੀ ਹੈ॥ ੨॥

ਜਗਿਆਸੂ ਨੇ ਕਿਹਾ, ''ਉਹ ਪਤੀ ਕਿਵੇਂ ਪ੍ਰਾਪਤ ਹੁੰਦਾ ਹੈ ?'' ਉੱਤਰ:-

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥

ਜੋ (ਸੰਤਾਂ ਰੂਪ) ਸੁਹਾਗਣ ਇਸਤ੍ਰੀਆਂ ਹਨ, ਵਾਹੈ=ਉਹਨਾਂ ਕੋਲੋਂ ਜਾ ਕੇ ਪੁੱਛੋ, ਕਿ ਕਿਨੀਂ=ਕਿਹੜੀਆਂ ਗੱਲਾਂ ਕਰਕੇ ਸਹੁ=ਪਤੀ (ਪਰਮਾਤਮਾ) ਪ੍ਰਾਪਤ ਹੁੰਦਾ ਹੈ? ਜਾਂ ਜਗਿਆਸੂ ਨੇ ਜਾ ਕੇ ਪੁੱਛਿਆ, ਤਾਂ (ਸੁਹਾਗਣ) ਸੰਤਾਂ ਨੇ ਕਿਹਾ:-

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥

ਪਤੀ (ਪਰਮਾਤਮਾ) ਜੋ ਕੁਝ ਭੀ ਕਰੇ ਉਸ ਨੂੰ ਭਲਾ ਕਰਕੇ ਮੰਨੀਏ ਭਾਵ ਉਸ ਦਾ ਭਾਣਾ ਮਿੱਠਾ ਕਰਕੇ ਮੰਨੀਏ, ਆਪਣੀ ਹਿਕਮਤਿ=ਸਿਆਣਪ ਤੇ ਹੁਕਮ ਨੂੰ ਚੁਕਾਈਐ=ਦੂਰ ਕਰ ਦੇਈਏ।

ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥

ਜਿਨ੍ਹਾਂ ਸਤਿਗੁਰਾਂ ਦੇ ਪ੍ਰੇਮ ਕਰਕੇ ਗਿਆਨ-ਪਦਾਰਥ ਪਾਈਦਾ ਹੈ, ਤਉ=ਉਹਨਾਂ ਸਤਿਗੁਰਾਂ ਦੇ ਚਰਨਾਂ ਨਾਲ ਚਿੱਤ ਬਿਰਤੀ ਨੂੰ ਲਗਾਉਣਾ ਕਰੀਏ।

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥

ਸਹੁ=ਪਤੀ (ਪਰਮਾਤਮਾ) ਜੋ ਕਹੇ ਓਹੀ ਕਰੀਏ ਆਪਣਾ ਤਨ ਮਨ ਓਸੇ ਨੂੰ ਅਰਪਣ ਕਰ ਦੇਈਏ, ਇਸ ਤਰ੍ਹਾਂ ਦਾ ਪਰਮਲੁ=ਚੰਦਨ ਲਗਾਉਣਾ ਕਰੀਏ।

ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥ ੩॥

ਸੁਹਾਗਣ ਇਸਤ੍ਰੀਆਂ ਏਵ=ਇਸ ਤਰ੍ਹਾਂ ਕਹਿੰਦੀਆਂ ਹਨ, ਹੇ ਭੈਣੇ! (ਜਗਿਆਸੂ ਰੂਪ ਇਸਤ੍ਰੀਏ) ਇਨੀ=ਇਨ੍ਹਾਂ ਗੱਲਾਂ ਕਰਕੇ ਉਹ ਸਹੁ=ਪਤੀ (ਪਰਮਾਤਮਾ) ਪਾਈਦਾ ਹੈ॥ ੩॥

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥

ਆਪੁ=ਹੰਕਾਰ ਨੂੰ ਛੱਡ ਦੇਈਏ ਤਾਂ ਸਹੁ=ਪਤੀ (ਪਰਮਾਤਮਾ) ਪਾਈਦਾ ਹੈ, ਹੋਰ ਚਤੁਰਾਈ ਕਰਨੀ ਕੈਸੀ ਭਾਵ ਨਿਸਫਲ ਹੈ।

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥

ਉਹ ਪਤੀ (ਪਰਮਾਤਮਾ) ਜਿਸ ਦਿਨ ਕਿਰਪਾ ਦ੍ਰਿਸ਼ਟੀ ਕਰਕੇ ਵੇਖਦਾ ਹੈ, ਉਹ ਦਿਨ ਲੇਖੇ ਵਿਚ ਹੈ ਭਾਵ ਸਫਲ ਹੁੰਦਾ ਹੈ, ਜਿਸ ਉੱਤੇ ਉਸ ਪਤੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ ਓਸੇ (ਜਗਿਆਸੂ ਰੂਪ) ਇਸਤ੍ਰੀ ਨੇ ਨੌਂ ਨਿੱਧੀ ਪਾਈ ਹੈ। ਵਾ:-ਨੌਂ ਨਿੱਧੀ ਰੂਪ ਸੁਆਮੀ ਦੀ ਪ੍ਰਾਪਤੀ ਪਾਈ ਹੈ।

ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥

ਜਿਹੜੀ (ਜਗਿਆਸੂ ਰੂਪ) ਇਸਤ੍ਰੀ ਆਪਣੇ ਪਤੀ (ਪਰਮਾਤਮਾ) ਨੂੰ ਪਿਆਰੀ ਲੱਗੀ ਹੈ ਓਹੀ ਸੁਹਾਗਵੰਤੀ ਹੈ, ਗੁਰੂ ਜੀ ਕਥਨ ਕਰਦੇ ਹਨ, ਓਹੀ ਸਾਰਿਆਂ ਜੀਵਾਂ ਵਿਚੋਂ ਰਾਜਾ ਦੀ ਸ਼ਰੋਮਣ ਰਾਈ=ਰਾਣੀ ਹੋਈ ਹੈ।

ਅਥਵਾ-ਸ਼ੁਭ ਗੁਣਾਂ ਰੂਪੀ ਭਰਾਵਾਂ ਦੇ ਸ=ਸਹਿਤ ਹੋਈ ਹੈ। *ਅਥਵਾ*:- ਸਭ ਵਿਚੋਂ ਉਹ ਰਾਈ=ਪ੍ਰਕਾਸ਼ ਰੂਪ ਹੋਈ ਹੈ।

ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥

ਜੋ ਇਸ ਤਰ੍ਹਾਂ ਦੇ ਰੰਗਿ=ਅਨੰਦ ਵਿਚ ਰਾਤੀ=ਰੰਗੀ ਹੋਈ, ਸਹਜ=ਸ਼ਾਂਤੀ ਆਦਿਕ ਗੁਣਾਂ ਦੀ ਮਾਤੀ=ਮਸਤੀ ਵਿਚ ਰਹਿੰਦੀ ਹੈ ਉਹ ਦਿਨ ਰਾਤ ਭਾਇ=ਪ੍ਰੇਮ ਵਿਚ ਸਮਾਈ ਰਹਿੰਦੀ ਹੈ।

ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥ ੪॥ ੨॥ ੪॥

ਓਹੀ (ਜਗਿਆਸੂ ਰੂਪ) ਇਸਤ੍ਰੀ ਸੁੰਦਰ ਸਰੂਪ ਵਾਲੀ ਹੈ, ਵਾ:-ਸੁੰਦਰ ਹੈ ਤੇ (ਸਫਾਈ ਰੂਪੀ) ਰੂਪ ਦੇ ਸ=ਸਹਿਤ ਹੈ, ਬਿਚਖਣਿ=ਚਤੁਰ ਹੈ, *ਅਥਵਾ:*-ਬਿ=ਦ੍ਵੈਤ ਦੇ ਚ=ਪੁਨਾ ਖਣਿ=ਨਾਸ ਕਰਨ ਵਾਲੀ ਹੈ। *ਅਥਵਾ*-ਬਿ=ਵਿਸ਼ੇਸ਼ ਕਰਕੇ ਗਿਆਨ ਵੈਰਾਗ ਰੂਪੀ ਚਖਣਿ=ਚੱਖੂਆਂ ਵਾਲੀ ਭਾਵ ਅੱਖਾਂ ਵਾਲੀ ਹੈ, ਅਤੇ ਓਹੀ ਇਸਤ੍ਰੀ ਸਭ ਨਾਲੋਂ ਸਿਆਣੀ ਕਹੀਦੀ ਹੈ॥ ੪॥ ੨॥ ੪॥

ਤਿਲੰਗ ਮਹਲਾ ੧॥

ਉਥਾਨਕਾ:-ਗਰੀਬ ਨਿਵਾਜ਼ ਚਲੇ ਜਾ ਰਹੇ ਸਨ, ਰਸਤੇ ਵਿਚ ਗੋਬਿੰਦ ਲੋਕ ਮਿਲੇ, ਸਭਨਾਂ ਨੇ ਨਮਸ਼ਕਾਰ ਕਰਕੇ ਬੇਨਤੀ ਕੀਤੀ, "ਉਸ ਪ੍ਰਭੂ ਦੀ ਬਣਾਵਟ ਕੈਸੀ ਹੈ? ਜਿਸ ਤਰ੍ਹਾਂ ਦਾ ਉਸ ਦਾ ਰੂਪ ਰੰਗ ਹੈ ਆਪ ਕਿਰਪਾ ਕਰਕੇ ਦੱਸੋ ?" ਗੁਰੂ ਜੀ ਨੇ ਕਿਹਾ," ਸੰਤੋ ! ਉਸ ਦਾ ਅੰਤ ਨਹੀਂ ਜਾਣਿਆ ਜਾਂਦਾ "ਕਹਿਣ ਬਿਅੰਤ, ਅੰਤ ਇਹ ਆਹੀ।" ਜਿਹੜਾ ਉਸ ਨੂੰ ਬਿਅੰਤ ਕਹਿਣਾ ਹੈ ਏਹੋ ਉਸ ਦਾ ਅੰਤ ਹੈ। ਬਾਰ੍ਹਾਂ ਮਹੀਨਿਆਂ ਦਾ ਜੋ ਸਾਲ ਹੈ ਇਹ ਤਾਂ ਦੇਵਤਿਆਂ ਦਾ ਇਕ ਰਾਤ ਦਿਨ ਹੁੰਦਾ ਹੈ, ਇਸ ਤਰ੍ਹਾਂ ਦਾ ਦੋ ਹਜ਼ਾਰ ਜੁਗ ਦੇਵਤਿਆਂ ਦਾ ਹੋ ਜਾਵੇ ਤਾਂ ਬ੍ਰਹਮਾ ਦਾ ਇਕ ਦਿਨ ਰਾਤ ਹੁੰਦਾ ਹੈ। ਇਸ ਤਰ੍ਹਾਂ ਦੇ ਸੌ ਸਾਲ ਬੀਤ ਜਾਣ ਤਾਂ ਬ੍ਰਹਮਾ ਦੀ ਉਮਰਾ ਪੂਰੀ ਹੁੰਦੀ ਹੈ।

ਏਸੇ ਤਰ੍ਹਾਂ ਬ੍ਰਹਮਾ ਦਾ ਸੌ ਸਾਲ ਹੋ ਜਾਵੇ ਤਾਂ ਵਿਸ਼ਨੂੰ ਦਾ ਰਾਤ-ਦਿਨ ਹੁੰਦਾ ਹੈ, ਏਸੇ ਤਰ੍ਹਾਂ ਵਿਸ਼ਨੂੰ ਦਾ ਸੌ ਸਾਲ ਹੋ ਜਾਵੇ ਤਾਂ ਸ਼ਿਵਾਂ ਦਾ ਰਾਤ-ਦਿਨ ਹੁੰਦਾ ਹੈ।

"ਐਸੇ ਹੋਇ ਬਰਖ ਸ਼ਤ ਜਬਹੀ। ਤਨ ਕੋ ਛੋਰਿ ਦੇਹਿ ਸ਼ਿਵ ਤਬਹੀ।
ਇਤਨੋ ਕਾਲ ਬੀਤਿਓ ਜੋਈ। ਏਕ ਨਿਮਖ ਮਾਯਾ ਕੀ ਸੋਈ॥ ੧੩॥
ਤਿਸ ਮਾਯਾ ਕੋ ਨਾਂਹੀ ਅੰਤਾ। ਤਿਹ ਪਤਿ ਕੋ, ਕੋ ਕਹਿ ਬਿਰਤੰਤਾ।" *(ਅਧਿ. ੨੬)*

ਜੇਕਰ ਮਾਇਆ ਦਾ ਅੰਤ ਨਹੀਂ ਆਉਂਦਾ ਤਾਂ ਉਸ ਦੇ ਪਤੀ (ਪਰਮਾਤਮਾ) ਦਾ ਅੰਤ ਕੋਈ ਕਿਵੇਂ ਕਹਿ ਸਕਦਾ ਹੈ। ਇਸ ਤਰ੍ਹਾਂ ਦੇ ਬਚਨ-ਬਿਲਾਸ ਦੁਆਰਾ ਪ੍ਰਭੂ ਦੀ ਬਿਅੰਤਤਾ ਦੱਸਦੇ ਹੋਏ, ਚਲਦਿਆਂ ਚਲਦਿਆਂ ਅੱਗੋਂ (ਸੈਦਪੁਰ) ਏਮਨਾਬਾਦ ਸ਼ਹਿਰ ਆ ਗਿਆ, ਸ਼ਹਿਰ ਤੋਂ ਬਾਹਰ ਵਾਰ ਇਕ ਉੱਚਾ ਅਸਥਾਨ ਵੇਖ ਕੇ ਰੋੜਾਂ ਦਾ ਚੌਂਤਰਾ ਬਣਵਾ ਕੇ ਗੁਰੂ ਜੀ ਉਸ ਉੱਤੇ ਬੈਠ ਗਏ ਤੇ ਚਾਰ ਚੁਫੇਰੇ ਸੰਤ ਬੈਠ ਗਏ।* ਜਦ ਸਾਰਾ ਦਿਨ ਓਥੇ ਬੈਠਿਆਂ ਬੀਤ ਗਿਆ ਕਿਸੇ ਨੇ ਆ ਕੇ ਸੇਵਾ ਨਾ ਕੀਤੀ, ਭੁੱਖ ਨਾਲ ਫ਼ਕੀਰਾਂ ਦੇ ਮੂੰਹ ਕੁਮਲਾ ਗਏ।

ਯਥਾ- "ਹੁਤੇ ਫ਼ਕੀਰ ਸੰਗ ਤਿਹ ਥਾਏਂ। ਭਏ ਛੁਧਾਤੁਰ ਮੁਖ ਕੁਮਲਾਏ।
ਸਗਰੋ ਦਿਵਸ ਬਿਤੀਤਾ ਜੰਬ ਹੀ। ਭਾਈ ਨਿਸਾ ਬੋਲੇ ਪ੍ਰਭੁ ਤਬ ਹੀ॥ ੯॥
ਹੇ ਸੰਤਹੁ ! ਦ੍ਵੈ ਉਠਿ ਕਰਿ ਜਾਵਹੁ। ਪੁਰਿ ਤੇ ਜਾਚਿ ਅਸਨ ਕੋ ਖਾਵਹੁ।
ਜੇ ਬੈਠਜੋ ਦੇਵੈ ਕੋ ਨਾਂਹੀ। ਘਰ ਮਹਿਂ ਜਾਇ ਜਾਚ ਕਿ ਨ ਖਾਹੀ॥ ੧੦॥"

*ਹੁਣ ਤਕ ਉਸ ਅਸਥਾਨ ਦਾ ਨਾਂ ਰੋੜੀ ਸਾਹਿਬ ਕਹਿੰਦੇ ਹਨ।

ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, ਤੂੰ ਭੀ ਸੰਤਾਂ ਨਾਲ ਜਾ, ਆਉਂਦਿਆਂ ਭਾਈ ਲਾਲੋ ਨੂੰ ਬੁਲਾਈ ਲਿਆਈਂ। ਜਿਸ ਵੇਲੇ ਇਕ ਪਠਾਣ ਦੇ ਘਰੋਂ ਜਾ ਕੇ ਅੰਨ ਮੰਗਿਆ ਤਾਂ ਉਹ ਸ਼ਰਾਬਾਂ ਪੀ ਕੇ ਅੰਨ੍ਹੇ ਹੋਏ ਹੋਏ ਸਨ ਉਹਨਾਂ ਨੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ, ਸੱਟਾਂ ਲੱਗਣ ਕਰਕੇ ਉਥੋਂ ਹੀ ਉਹ ਸੰਤ ਵਾਪਸ ਆ ਗਏ, ਤੇ ਭਾਈ ਮਰਦਾਨਾ ਭਾਈ ਲਾਲੋ ਨੂੰ ਬੁਲਾ ਕੇ ਲੈ ਆਇਆ। ਗੁਰੂ ਜੀ ਨੇ ਪੁੱਛਿਆ, "ਕੀ ਸਬੱਬ ਹੈ ਛੇਤੀ ਵਾਪਸ ਆ ਗਏ ਹੋ ਭੋਜਨ ਛਕ ਆਏ ਹੋ? ਤਾਂ ਸੰਤਾਂ ਨੇ ਕਿਹਾ, ਭੋਜਨ ਕੀ ਛਕਣਾ ਹੈ, ਇਨ੍ਹਾਂ ਪਠਾਣਾਂ ਨੇ ਤਾਂ ਸਾਨੂੰ ਧੱਕੇ ਮਾਰ ਕੇ ਸੱਟਾਂ ਲਗਾਈਆਂ ਹਨ। ਉਸ ਵੇਲੇ ਗੁਰੂ ਜੀ-

"ਸੁਨਤਿ ਅਵੱਗਯਾ ਸੰਤਨ ਕੇਰੀ। ਰਿਸ ਉਪਜੀ ਮਨ ਮਾਂਹਿ ਘਨੇਰੀ॥
ਤਿਹ ਛਿਨ ਲਾਲੋ ਸਨਮੁਖ ਬੈਸਾ। ਤਿਹ ਸੋਂ ਕਹਜੋ ਸ਼ਬਦ ਮੁਖ ਐਸਾ॥ ੨੦॥

(ਨਾਨਕ ਪ੍ਰਕਾਸ਼, ਉਤ੍ਰਾਰ੍ਧ ਧਿਆ ੨੭)

ਮਹਾਂਪੁਰਸ਼ਾਂ ਦੀ ਨਿਰਾਦਰੀ ਸੁਣਕੇ ਸਹਾਰ ਨਾ ਸਕੇ, ਉਸ ਵੇਲੇ ਭਾਈ ਲਾਲੋ ਨੂੰ ਸਤਿਗੁਰੂ ਜੀ ਨੇ ਮੁਖਾਤਬ ਕਰਕੇ ਸ਼ਬਦ ਉਚਾਰਨ ਕੀਤਾ-ਜਿਸ ਵਿਚ ਭਵਿੱਖਤ ਬਚਨ ਹਨ, ਜੋ ਸੈਦਪੁਰ (ਏਮਨਾਬਾਦ) ਵਿਚ ਹਾਲਾਤ ਹੋਏ ਹਨ; ਉਹਨਾਂ ਦਾ ਜ਼ਿਕਰ ਹੈ-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

ਵੇ ਲਾਲੋ=ਹੇ ਭਾਈ ਲਾਲੋ ! ਜੈਸੀ ਖਸਮ=ਪਰਮਾਤਮਾ ਦੀ ਬਾਣੀ=ਆਗਿਆ ਮੈਨੂੰ ਆ ਕੇ ਪ੍ਰਾਪਤ ਹੋਈ ਹੈ ਤੈਸੜਾ=ਤਿਸੀ ਤਰ੍ਹਾਂ ਮੈਂ ਤੈਨੂੰ ਗਿਆਨੁ=ਜਨਾਵਣਾ ਕੀਤਾ ਹੈ।

ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

ਏਮਨਾਬਾਦ ਵਾਲੇ ਪਠਾਣਾਂ ਨੇ ਜੋ ਪਾਪ ਕਰਮ ਕੀਤੇ ਹਨ ਇਨ੍ਹਾਂ ਪਾਪ ਕਰਮਾਂ ਦੀ ਹੀ ਜੰਵ ਲੈ ਕੇ ਬਾਬਰ ਕਾਬਲੋਂ ਧਾਇਆ=ਦੌੜ ਕੇ ਆਵੇਗਾ, ਅਤੇ ਹੇ ਭਾਈ ਲਾਲੋ ! ਇਨ੍ਹਾਂ ਤੋਂ ਜੋਰੀ=ਜ਼ਬਰਦਸਤੀ, ਅਥਵਾ:-ਜੋਰੀ= ਇਸਤ੍ਰੀਆਂ ਦਾ ਦਾਨ ਮੰਗੇਗਾ।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਸਰਮੁ=ਲੱਜਿਆ ਤੇ ਧਰਮ ਦੋਨੋਂ ਹੀ ਛਪ ਖਲੋਣਗੇ, ਹੇ ਭਾਈ ਲਾਲੋ ! ਇਥੇ ਝੂਠ ਹੀ ਪਰਧਾਨੁ=ਮੁਖੀ ਹੋਇਆ ਫਿਰੇਗਾ। ਕਿਉਂਕਿ ਇਹ ਲੋਕ ਆਪਣੀ ਜਾਣ ਬਚਾਉਣ ਲਈ ਝੂਠ ਹੀ ਬੋਲਣਗੇ। ਪਹਿਲੇ ਤਾਂ ਮੁਸਲਮਾਨਾਂ ਦੇ ਮਜ਼ਹਬ ਵਿਚ ਕਾਜ਼ੀ ਨਿਕਾਹ ਪੜ੍ਹਾਉਂਦੇ ਸਨ ਤੇ ਹਿੰਦੂਆਂ ਵਿਚ ਬ੍ਰਾਹਮਣ ਵਿਆਹ ਪੜ੍ਹਾਉਂਦੇ ਸਨ, ਪਰ ਹੁਣ-

ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥

**ਸ਼ੈਤਾਨ ਨੂੰ ਬਾਈਬਲ ਤੇ ਕੁਰਾਨ ਵਿਚ ਫਰਿਸ਼ਤਾ ਲਿਖਿਆ ਹੈ, ਜੋ ਆਦਮੀ ਨੂੰ ਬਦੀ ਵਲ ਪ੍ਰੇਰਦਾ ਹੈ। ਏਸੇ ਨੇ ਆਦਮ ਨੂੰ ਧੋਖਾ ਦੇ ਕੇ ਵਿ-ਵਰਜਿਤ ਫਲ ਖਵਾਇਆ ਸੀ। ਕੁਰਾਨ ਦੇ ਅਨੁਸਾਰ- ਸ਼ੈਤਾਨ ਕੇਵਲ ਅਗਨਿ ਤਤ ਤੋਂ ਬਣਿਆ ਹੈ, ਜਿਸ ਵੇਲੇ ਖ਼ੁਦਾ ਨੇ ਆਦਮ ਨੂੰ ਮਿੱਟੀ ਤੱਤ ਤੋਂ ਰਚ ਕੇ ਫਰਿਸ਼ਤਿਆਂ ਨੂੰ ਹੁਕਮ ਦਿੱਤਾ ਕਿ ਸਾਰੇ ਆਦਮ ਅੱਗੇ ਸਿਜਦਾ ਕਰੋ, ਤਿਸ ਵੇਲੇ ਸਭ ਫਰਿਸ਼ਤਿਆਂ ਨੇ ਹੁਕਮ ਦੀ ਤਾਮੀਲ ਕੀਤੀ, ਪਰ ਸ਼ੈਤਾਨ ਨੇ ਆਗਿਆ ਨਾ ਮੰਨੀ। ਖ਼ੁਦਾ ਨੇ ਕਿਹਾ, "ਤੂੰ ਮੇਰਾ ਕਹਿਣਾ ਮੰਨਕੇ ਸਿਜਦਾ ਕਿਉਂ ਨਹੀਂ ਕੀਤਾ?" ਤਾਂ ਸ਼ੈਤਾਨ ਨੇ ਕਿਹਾ, "ਮੈਂ ਅਗਨਿ ਤੱਤ ਤੋਂ ਬਣਿਆ ਹਾਂ। ਆਦਮ ਮਿੱਟੀ ਤੋਂ ਬਣਿਆ ਹੈ, ਇਸ ਲਈ ਉਹ ਮੇਰੇ ਤੋਂ ਨੀਊਣ ਹੈ। 'ਉਸ ਵੇਲੇ ਖ਼ੁਦਾ ਨੇ ਇਸ ਨੂੰ ਧ੍ਰਿਕਾਰ ਕੇ ਬਹਿਸ਼ਤ ਵਿਚੋਂ ਨਿਕਲ ਜਾਣ ਦਾ ਹੁਕਮ ਦੇ ਦਿੱਤਾ। ਸ਼ੈਤਾਨ ਨੇ ਰੰਜ ਵਿਚ ਆ ਕੇ ਖ਼ੁਦਾ ਨੂੰ ਆਖਿਆ, "ਹੱਛਾ! ਮੇਰੇ ਨਾਲ ਤਾਂ ਇਹ ਸਲੂਕ ਹੋਇਆ ਹੈ ਪਰ ਮੈਂ ਭੀ ਆਦਮ ਦੀ ਔਲਾਦ ਨੂੰ ਤੇਰੇ ਵੱਲ ਨਹੀਂ ਆਉਣ ਦਿਆਂਗਾ, ਅਤੇ ਹੋਰ ਆਦਮੀ ਭੀ ਤੇਰੇ ਸ਼ੁਕਰ ਗੁਜ਼ਾਰ ਨਹੀਂ ਹੋਣਗੇ।"*

ਕਾਜ਼ੀਆ ਤੇ ਬ੍ਰਾਹਮਣਾ ਦੀ ਤਾਂ ਗੱਲ ਹੀ ਥਕੀ=ਰਹਿ ਗਈ ਹੈ ਭਾਵ ਵਿਆਹ ਸਮੇਂ ਇਨ੍ਹਾਂ ਨੂੰ ਕੋਈ ਨਹੀਂ ਬੁਲਾਵੇਗਾ, ਹੇ ਭਾਈ ਲਾਲੋ! ਹੁਣ ਤਾਂ ਸੈਤਾਨੁ=ਕਾਮਦੇਵ ਹੀ ਅਗਦੁ=ਨਿਕਾਹ ਪੜ੍ਹੇਗਾ। ਭਾਵ ਕਾਮਦੇਵ ਦੇ ਜ਼ੋਰ ਕਰਕੇ ਆਪ ਹੀ ਇਸਤ੍ਰੀਆਂ ਨੂੰ ਚੁਕ ਕੇ ਲੈ ਜਾਣਗੇ।

ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥

ਜੋ ਮੁਸਲਮਾਨੀਆਂ ਪੜਦਿਆਂ ਵਿਚ ਬੈਠ ਕੇ ਕਿਤਾਬਾਂ ਪੜ੍ਹਦੀਆਂ ਹਨ, ਹੇ ਭਾਈ ਲਾਲੋ! ਉਹ ਇਸਤ੍ਰੀਆਂ ਇਸ ਕਸ਼ਟ ਵਿਚ ਯਾ ਖੁਦਾ ਕੀ ਹੋਇਆ ਹੈ ਐਸੇ ਉਚਾਰਨ ਕਰਨਗੀਆਂ। ਵਾ:- ਖੁਦਾ ਦੇ ਵਾਸਤੇ ਛੱਡ ਦਿਓ ਇਸ ਤਰ੍ਹਾਂ ਉਚਾਰਨ ਕਰਨਗੀਆਂ।

ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥

ਸ਼ਹਿਰ ਵਿਚ ਜੋ ਹਿੰਦੂਆਂ ਦੀਆਂ ਇਸਤ੍ਰੀਆਂ ਹਿੰਦਵਾਣੀਆਂ ਹਨ, ਅਤੇ ਹੋਰ ਜੋ ਸਨਾਤੀ=ਨੀਚ ਜਾਤੀ ਵਾਲੀਆਂ ਹਨ, ਹੇ ਭਾਈ ਲਾਲੋ! ਇਹ ਭੀ ਓਸੇ ਲੇਖੇ ਲੱਗ ਜਾਣਗੀਆਂ ਭਾਵ ਮੁਸਲਮਾਨੀਆਂ ਦੇ ਸਮਾਨ ਇਨ੍ਹਾਂ ਨੂੰ ਭੀ ਕਸ਼ਟ ਹੋਵੇਗਾ।

[ਪੰਨਾ ੭੨੩]

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥ ੧॥

ਜਿਵੇਂ ਜਨੇਤ ਵੇਲੇ ਸੋਹਿਲੇ ਗਾਏ ਜਾਂਦੇ ਹਨ ਤਿਵੇਂ ਇਸ ਵੇਲੇ ਖ਼ੂਨ ਦੇ ਸੋਹਿਲੇ (ਗੀਤ) ਗਾਇ ਜਾਣਗੇ, ਭਾਵ ਘਰ-ਘਰ ਵਿਚ ਰੋਣ ਦਾ ਸ਼ਬਦ ਹੋਵੇਗਾ, ਜਿਵੇਂ ਵਿਆਹ ਵੇਲੇ ਕੁੰਗੂ=ਕੇਸਰ ਛਿਣਕਦੇ ਹਨ, ਇਸ ਤਰਫ- ਹੇ ਭਾਈ ਲਾਲੋ! ਰਤੁ=ਲਹੂ ਦਾ ਕੁੰਗੂ=ਕੇਸਰ ਪਾਇਆ ਜਾਵੇਗਾ।

ਭਾਵ ਸਭ ਦੇ ਕਪੜੇ ਲਹੂ ਨਾਲ ਭਿੱਜ ਜਾਣਗੇ॥ ੧॥

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥

ਗੁਰੂ ਜੀ ਕਥਨ ਕਰਦੇ ਹਨ, ਅਸੀਂ ਤਾਂ ਮਾਲਕ (ਪਰਮਾਤਮਾ) ਦੇ ਗੁਣ ਗਾਂਵਦੇ ਹਾਂ, ਮਾਸ ਦੀ ਪੁਰੀ ਜੋ ਇਹ ਦੇਹ ਹੈ ਇਸ ਵਿੱਚ ਬੈਠਕੇ ਅਸਾਂ ਨੇ ਇਹ ਮਸੋਲਾ=ਮਸਲਾ (ਬਚਨ) ਆਖਿਆ ਹੈ।

ਅਥਵਾ- ਇਸ ਪੁਰੀ ਵਿਚ ਥਾਂ-ਥਾਂ ਭਾਵ ਘਰ-ਘਰ ਵਿਚ ਮਾਸ ਦੇ ਮਸਲੇ ਭਾਵ ਬਚਨ ਅਰਥਾਤ ਮੁਰਦਿਆਂ ਦੀਆਂ ਗੱਲਾਂ ਆਖਣਗੇ।

ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ॥

ਜਿਸ ਪ੍ਰਭੂ ਨੇ ਦੁਨੀਆਂ ਪੈਦਾ ਕੀਤੀ ਹੈ ਓਸੇ ਨੇ ਇਸ ਰੰਗ ਵਿਚ ਰਵਾਈ=ਮੇਲੀ ਹੈ, ਅਤੇ ਉਹ ਆਪ ਹੀ ਇਕੱਲਾ ਵੱਖਰਾ ਬੈਠਕੇ ਵੇਖ ਰਿਹਾ ਹੈ।

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥

ਉਹ ਸਾਹਿਬ (ਪਰਮਾਤਮਾ) ਸੱਚਾ ਹੈ, ਉਸ ਦਾ ਤਪਾਵਸੁ=ਨਿਆਉ (ਇਨਸਾਫ਼) ਭੀ ਸੱਚਾ ਹੈ।

*ਅਥਵਾ-*ਉਸ ਦਹ ਤਪਾਵਸੁ=ਰਾਜ, ਵਾ-ਹੁਕਮ ਭੀ ਸੱਚਾ ਹੈ, ਉਹ ਅੱਗੇ ਭੀ ਸੱਚੇ ਨਿਆਉਂ ਦਾ ਹੀ ਮਸਲਾ ਕਰੇਗਾ। *ਅਥਵਾ:*-ਉਹ ਸੱਚਾ ਨਿਆਉਂ ਕਰੇਗਾ ਇਹ ਮਸਲਾ ਅਸਾਂ ਨੇ ਆਖਿਆ ਹੈ।

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥

ਜਿਸ ਵੇਲੇ ਇਨ੍ਹਾਂ ਦਾ ਕਾਇਆਂ ਰੂਪ ਕੱਪੜਾ ਟੁਕੜੇ ਟੁਕੜੇ ਹੋਵੇਗਾ,

ਉਸ ਵੇਲੇ ਹਿੰਦੁਸਤਾਨ ਸਾਡੇ ਕਹੇ ਹੋਏ ਬਚਨਾਂ ਨੂੰ ਯਾਦ ਕਰੇਗਾ।

ਅਰਥਾਤ ਏਮਨਾਬਾਦ ਵਾਲੇ ਪਠਾਣ ਸਮੇਂ ਦੇ ਆਉਣ ਪਰ ਯਾਦ ਕਰਨਗੇ ਕਿ ਕੋਈ ਫ਼ਕੀਰ ਆਇਆ ਸੀ ਤੇ ਸਰਾਪ ਦੇ ਗਿਆ ਸੀ। ਭਾਈ ਲਾਲੋ ਨੇ ਪੁੱਛਿਆ, ਗਰੀਬ ਨਿਵਾਜ਼! ਬਾਬਰ ਦੇ ਕਦ ਆਉਣਗੇ ਤੇ ਕਦੋਂ ਜਾਣਗੇ ? *ਉੱਤਰ-*

ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥

੧੫੭੬ ਬਿ: ਸੰਮਤ ਵਿਚ ਮੁਗਲ ਆਵਨਿ=ਆਉਣਗੇ ਤੇ ੧੭੯੭ ਸੰਮਤ ਵਿਚ ਚਲੇ ਜਾਣਗੇ, ਹੋਰ ਭੀ ਮਰਦ=ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਤੇ ਉਨ੍ਹਾਂ ਦਾ ਚੇਲਾ ਗੁਰੂ ਗੋਬਿੰਦ ਸਿੰਘ ਸਾਹਿਬ ਉੱਠੇਗਾ। *ਅਥਵਾ:-*ਮਰਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੇ ਚੇਲਾ ਖਾਲਸਾ ਪੰਥ ਉੱਠੇਗਾ।*

**ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਇਸ ਸਾਰੇ ਪ੍ਰਸੰਗ ਨੂੰ ਆਪਣੀ ਕਾਵਿ ਅੰਦਰ ਇਉਂ ਵਰਣਨ ਕਰਦੇ ਹਨ:-*

ਦੋਹਰਾ ॥ ਹਿੰਦੁਸਤਾਨ ਕੋ ਬੋਲ ਜੋ ਆਨ ਸਮਾਲਹਿ ਸੋਇ।

ਪੰਦਰਹਿ ਸੈ ਪੁਨ ਆਠਤਰੈ ਆਵਨ ਤਿਨ ਕੋ ਹੋਇ ॥ ੩੭ ॥

ਚੌਪਈ ॥ ਸੱਤ੍ਰਾਂ ਸੈ ਸਤਾਨਵੈ ਮਾਹੀ। ਸ਼ਫਾ ਦੂਰ ਤਿਨ ਕੀ ਹ੍ਵੈ ਜਾਹੀ। ਦੋ ਸੈ ਬਹੁਰੋ ਬਰਖ ਉਨੀਸੰ। ਕਰਹਿ ਰਾਜ ਹੋਵਹਿ ਅਵਨੀਸ਼ੰ ॥ ੩੮ ॥ ਨਰ ਅਵਤਾਰ ਹਮਾਰਾ ਹੋਇ। ਚੇਲਾ ਤਾਂਹਿ ਖਾਲਸਾ ਜੋਇ। ਦਸ ਪਤਿਸ਼ਾਹੀ ਕਰਿਹੋਂ ਜਬਹੀ। ਪੀਛੈ ਹੋਇ ਖਾਲਸਾ ਤਬਹੀ ॥ ੩੯ ॥ ਸਨੈ ਸਨੈ ਸੋ ਲੇਵਹਿ ਛੀਨੰ। ਤਬ ਤੁਰਕਨ ਹੋਵਹਿ ਬਲ ਹੀਨੰ। ਕਰਹਿ ਪਰਸਪਰ ਮੇਲ ਜਿ ਸੋਊ। ਬਧੈ ਰਾਜ ਦੁਸ਼ਟਨ ਘਰ ਖੋਊ ॥ ੪੦ ॥ ਆਪਸ ਮਹਿ ਜੇ ਕਰਹਿ ਲਰਾਈ। ਰਿਸ ਬਸਿ ਹੁਇਕੈ ਸੋ ਦੁਖ ਪਾਈ। ਨਾਨਕ ਬਾਣੀ ਸੱਚ ਵਖਾਨਹਿ। ਪ੍ਰਗਟ ਹ੍ਵੈ ਨਰ ਤਬਹੀ ਜਾਨਹਿ ॥ ੪੧ ॥

(ਨਾਨਕ ਪ੍ਰਕਾਸ਼, ਉਤ੍ਰਾਰ੍ਧ ਧਿਆਇ ੨੭)

ਨੋਟ-ਪਾਠਕ-ਜਨਾਂ ਨੂੰ ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਇਸ ਸ਼ਬਦ ਤੇ ਸੰਮਤ ਬਾਰੇ ਵਿਦਵਾਨਾਂ ਦੇ ਵੱਖੋ-ਵੱਖ ਮੱਤ-ਭੇਦ ਹਨ, ਜਿਨ੍ਹਾਂ ਦੇ ਖਿਆਲ ਸੰਪ੍ਰਦਾ ਦੇ ਨਾਲ ਮਿਲਦੇ ਹਨ ਓਹਨਾਂ ਦੇ ਖਿਆਲਾਂ ਨੂੰ ਹੂ-ਬ-ਹੂ ਅਸੀਂ ਹੇਠਾਂ ਛਾਪ ਰਹੇ ਹਾਂ। ਨੰਬਰ ੨ ਤੇ ਜਿਨ੍ਹਾਂ ਵਿਦਵਾਨਾਂ ਦੇ ਕੁਝ ਵਿਚਾਰ ਹੋਰ ਹਨ ਜੋ ਸੰਪ੍ਰਦਾ ਤੋਂ ਵੱਖ ਹਨ ਅਸੀਂ ਨੰ: ੨ ਦੇ ਹੇਠਾਂ ਉਹਨਾਂ ਦੇ ਵਿਚਾਰਾਂ ਨੂੰ ਵੀ ਹੂ-ਬੁਹੂ ਛਾਪ ਰਹੇ ਹਾਂ ਤਾਂ ਕਿ ਪਾਠਕ-ਜਨ ਚੰਗੀ ਤਰ੍ਹਾਂ ਵਿਚਾਰ ਲੈਣ, ਅਸੀਂ ਇਹ ਨਹੀਂ ਕਹਿੰਦੇ ਕਿ ਓਹਨਾਂ ਦੇ ਖਿਆਲ ਗਲਤ ਹਨ ਪਰ ਜੋ ਸੀਨੇ-ਬਸੀਨੇ ਮਹਾਂਪੁਰਖਾਂ ਤੋਂ ਸੰਪ੍ਰਦਾਇਕ ਵਿਚਾਰ ਚਲੇ ਆ ਰਹੇ ਹਨ ਤੇ ਇਤਿਹਾਸ ਨਾਲ ਸਹਿਮਤ ਹਨ ਓਹਨਾਂ ਨੂੰ ਮੁੱਖ ਰੱਖਿਆ ਹੈ, ਬਾਕੀ ਵਿਚਾਰ ਖੋਜ ਵਾਸਤੇ ਹੇਠਾਂ ਤਾਪ ਦਿੱਤੇ ਹਨ ਤਾਂ ਕਿ ਕੋਈ ਇਹ ਭੀ ਨਾ ਕਹੇ ਕਿ ਖੋਜ ਨਹੀਂ ਕੀਤੀ। ਬਾਕੀ ਰਹੋ ਵਿਚਾਰ।

੧. ਟੀਕਾ ਫਰੀਦਕੋਟ ਦੇ ਅਨੁਸਾਰ:-

ਅਬ ਜੋ ਪੰਦਰਾਂ ਸੌ ਅਠਤਰਾ ਸੰਮਤ੍ਰ ਹੈ ਇਸ ਮੇਂ ਦਿਲੀ ਵਿਖੇ ਮੁਗਲ ਆਵੇਂਗੇ (ਜਾਨਿ ਸਤਾਨਵੈ) ਪੁਨਾ ਸਤਾਰਾਂ ਸੈ ਸਤਾਨਵੇਂ ਸੰਮਤ ਵਿਖੇ ਦਿਲੀ ਤੇ ਚਲੇ ਜਾਵੇਂਗੇ (ਹੋਰ ਭੀ ਉਠਸੀ ਮਰਦ ਕਾ ਚੇਲਾ) ਮਰਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪੁਨਾ ਤਿਨਕਾ ਚੇਲਾ ਖਾਲਸਾ ਜੀ ਉਠੇਗਾ ਅਰਥਾਤ ਹੋਇਗਾ। ਭਾਵ ਯਹਿ ਕਿ ਸਤਾਰਾਂ ਸੈ ਸਤਾਨਵੇਂ ਮੇਂ ਬਘੇਲ ਸਿੰਘ ਜੀ ਨੇ ਦਿਲੀ ਮਾਰੀ ਮਾਨੋ ਤਬ ਤੇ ਮੁਗਲ ਗਏ ਰਕਾਬ ਗੰਜ ਗੁਰਦੁਆਰੇ ਪਰ ਮਸੀਤ ਥੀ ਸੋ ਗਿਰਾਇ ਕਰ ਸ੍ਰੀ ਗੁਰੂ ਜੀ ਕੇ ਫੂਲੋਂ ਕੀ ਗਾਗਰ ਨਿਕਾਲ ਕਰ ਪੁਨਾ ਤਹਾਂ ਹੀ ਅਸਥਾਪਨ ਕਰ ਗੁਰਦਵਾਰਾ ਬਣਾਇਆ ਜਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

(ਬਾਕੀ ਦੇਖੋ ਫੁਟਨੋਟ ਸਫਾ ੨੭ ਤੇ)

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨ ॥੩ ॥੫ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੱਚੇ ਪ੍ਰਭੂ ਦੀ ਬਾਣੀ ਨੂੰ ਆਖਿਆ ਹੈ, ਮੈਂ ਸੱਚ ਹੀ ਸੁਣਾਵਾਂਗਾ ਕਿਉਂਕਿ ਹੁਣ ਸੱਚ ਨਾਮ ਕਹਿਣ ਦਾ, ਅਥਵਾ:-ਸੱਚ ਕਹਿਣ ਦਾ ਵੇਲਾ ਅਰਥਾਤ ਅੰਮ੍ਰਿਤ ਵੇਲਾ ਹੈ। ਜਨਮ ਸਾਖੀ ਵਿਚ ਭੀ ਲਿਖਿਆ ਹੈ ਕਿ ਇਹ ਸ਼ਬਦ ਗੁਰੂ ਜੀ ਨੇ ਅੰਮ੍ਰਿਤ ਵੇਲੇ ਉਚਾਰਿਆ ਹੈ॥ ੨ ॥ ੩ ॥ ੫ ॥

(ਸਫਾ ੨੬ ਦੇ ਫੁਟਨੋਟ ਦੀ ਬਾਕੀ)

ਜੀ ਦੇ ਸਰੀਰ ਦਾ ਸਸਕਾਰ ਹੁਆ ਹੈ ਦਿਲੀ ਦੇ ਬਾਹਿਰ ਲੁਬਾਣਿਉਂ ਕੇ ਗ੍ਰਾਮ ਮੇਂ ਦੋ ਕੋਸ ਪਰ ਹੈ ਤਿਸ ਕਾ ਨਾਮ ਰਕਾਬ ਗੰਜ ਗੁਰਦਵਾਰਾ ਪ੍ਰਸਿੱਧ ਹੈ।

ਵਾ-ਮਰਦ ਗੁਰ ਤੇਗ ਬਹਾਦਰ ਸਾਹਿਬ ਜੀ ਚੇਲਾ ਤਿਨਕਾ ਦਸਵੇਂ ਪਾਤਿਸ਼ਾਹਿ ਸਾਹਿਬੁ ਉਠੇਗਾ।

(ਦੂਜੀ ਐਡੀਸ਼ਨ (ਭਾਸ਼ਾ ਵਿਭਾਗ) ਪੰਨਾ ੧੪੯੩)

੨. ਸ੍ਰੀ ਮਾਨ ਸੰਤ ਗਿ: ਗੁਰਬਚਨ ਸਿੰਘ ਜੀ "ਖਾਲਸਾ" ਭਿੰਡਰਾਂ ਵਾਲਿਆਂ ਦੇ ਕਥਨ ਅਨੁਸਾਰ:- ਬਿਕ੍ਰਮੀ ੧੫੭੮ ਵਿੱਚ ਬਾਬਰ ਆਵੇਗਾ ਤੇ ੧੭੯੭ ਬਿਕ੍ਰਮੀ ਵਿੱਚ ਮੁਗਲਾਂ ਦਾ ਰਾਜ ਚਲਾ ਜਾਵੇਗਾ, ਮਰਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਚੇਲਾ ਖਾਲਸਾ ਉਠੇਗਾ (ਇਹ ਵਰਤਾਰਾ ਵਰਤ ਚੁੱਕਾ ਹੈ)। (ਦੇਖੋ-ਗੁਰਬਾਣੀ ਪਾਠ ਦਰਸ਼ਨ (ਸਫਾ ੪੨੬)

੩. ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ:-

"ਚੁਗਤੇ" ਮੁਗਲ ਸਮਰਕੰਦ ਵਾਲੇ ਤਹਿਮੂਰ ਦਾ (ਜਿਸ ਨੂੰ ਤਿਮਰਲੰਗ ਭੀ ਆਖਦੇ ਹਨ) ਪੜੋਤਾ ਬਾਬਰ ਸ਼ਾਹ ਜੋ ਪਹਿਲੇ ਸੰ: ੧੫੭੪ ਬਿ: ਵਿਚ ਆ ਕੇ ਅਟਕ ਤੱਕ ਮੁਲਕ ਫਤੇ ਕਰ ਗਿਆ, ਫੇਰ ਸੰ: ੧੫੭੬ ਬਿ: ਵਿਚ ਕਸ਼ਮੀਰ, ਜੰਮੂ, ਰਾਵੀ ਤਕ ਆਯਾ ਤਾਂ ਖਬਰ ਆਈ ਕਿ ਬਦਖਸ਼ਾ ਵਾਲਾ ਬਾਦਸ਼ਾਹ ਸਮਰਕੰਦ ਪਰ ਚੜ੍ਹ ਆਇਆ ਹੈ, ਏਹ ਸੁਣ ਕੇ ਮੁੜ ਗਿਆ। ਤੀਜੀ ਵਾਰ ਸੰ: ੧੫੭੮ ਵਿਚ ਫੇਰ ਆਯਾ ਅੱਸੂ ਵਿਚ ਏਮਨਾਬਾਦ ਕਤਲ ਕੀਤਾ ਲੁਟਿਆ ਓਦੂੰ ਪਹਿਲੇ ਏਸ ਦਾ ਨਾਮ ਸੈਦ ਪੁਰਾ ਸੀ ਜੋ ਸੰ: ੧੨੬੨ ਬਿ: ਵਿਚ ਸੈਦਖਾਨ ਪੰਜਾਬ ਦੇ ਹਾਕਮ ਨੇ ਵਸਾਯਾ ਸੀ, ਫੇਰ ਉਜੜ ਗਿਆ ਸੰ: ੧੪੪੪ ਬਿ: ਨੂੰ ਫੀਰੋਜ਼ਸ਼ਾਹ ਤੁਗਲਕ ਦੀ ਦਾਈ ਏਮਨਾ ਨੇ ਆਬਾਦ ਕਰਕੇ ਏਮਨਾਬਾਦ ਨਾਮ ਰੱਖਯਾ। ਬਾਬਰ ਪਾਣੀਪਤ ਦੇ ਮੈਦਾਨ ਵਿਚ ਇਬਰਾਹੀਮ ਲੋਦੀ ਨੂੰ ਫਤੇ ਕਰਕੇ ਮੱਘਰ ਦੇ ਮਹੀਨੇ ਦਿੱਲੀ ਦਾ ਬਾਦਸ਼ਾਹ ਬਣ ਗਿਆ, ਫੇਰ ਸੰ: ੧੫੮੭ ਵਿਚ ਪੋਹ ਦੇ ਮਹੀਨੇ ਬਾਬਰ ਦੇ ਮਰੇ ਤੋਂ ਉਸ ਦਾ ਬੇਟਾ ਹਿਮਾਯੂੰ ਤਖਤ ਉਤੇ ਬੈਠਾ, ਜਿਸ ਨੂੰ ਸੰਨ (ਸੰ:) ੧੫੯੭ ਵਿਚ ਸ਼ੇਰ ਸ਼ਾਹ ਸੂਰੀ ਪਠਾਣ ਜੌਨਪੁਰ ਵਾਲੇ ਨੇ ਸਜੰਗ ਕਰ ਹਿੰਦੁਸਤਾਨ ਵਿਚੋਂ ਕੱਢ ਦਿਤਾ ਸੀ। ਇਕ ਤਾਂ ਏਸਤਰ੍ਹਾਂ "ਆਵਨਿ ਅਠਤਰੈ ਜਾਨਿ ਸਤਾਨਵੈ" ਗੁਰੂ ਜੀ ਦਾ ਬਚਨ ਸੱਤ ਹੋਯਾ। ਪਰ ਫੇਰ ਜਦ ਗੁਰੂ ਅੰਗਦ ਸਾਹਿਬ ਦੇ ਵਰ ਕਰਕੇ ਈਰਾਨ ਵਾਲੇ ਬਾਦਸ਼ਾਹ ਦੀ ਮਦਦ ਨਾਲ ਹਿਮਾਯੂੰ ਨੇ ਸੰ: ੧੬੧੩ ਬਿ: ਵਿਚ ਮੁੜ ਦਿੱਲੀ ਦੀ ਬਾਦਸ਼ਾਹ ਮੁਹੰਮਦੀ ਸ਼ਾਹ ਅਦਲੀ ਬਾਦਸ਼ਾਹ ਪਾਸੋਂ (ਜਿਸ ਦਾ ਵਜ਼ੀਰ ਹੇਮੂੰ ਬਾਣੀਆਂ ਸੀ, ਜਿਸ ਨੇ ਆਪਣਾ ਸਿੱਕਾ ਚੰਮ ਦੇ ਰੁਪਏ ਸੋਨੇ ਦੀ ਮੇਖ ਵਾਲੇ ਚਲਾਏ ਸੇ (ਛੀਨ ਲਈ) ਏਸੇ ਬਾਦਸ਼ਾਹ ਨੇ ਰਾਂਝੇ ਨੂੰ ਖੇੜਿਆਂ ਤੋਂ ਹੀਰ ਦਿਵਾਈ ਸੀ) ਦੂਜੀ ਰੀਤ ਹਿਮਾਯੂੰ ਤੋਂ ਦਸਵੀਂ ਪੀਹੜੀ ਮੁਹੰਮਦ ਸ਼ਾਹ ਦੇ ਸਮੇਂ ਸੰ: ੧੭੯੭ ਬਿ: ਵਿਚ ਨਾਦਰ ਸ਼ਾਹ ਈਰਾਨ ਵਾਲਾ ਸਜੰਗ ਫਤੇ ਕਰ ੩੨ ਕਰੋੜ ਦਾ ਖਜ਼ਾਨਾ ਦਿੱਲੀ ਵਿੱਚੋਂ ਲੈ ਕੇ ਪ੍ਰਤੀ ਦਿਨ ਤਖਤ ਉਤੇ ਬੈਠਕੇ ਦਿੱਲੀ ਵਿਚ ਕਤਲਾਮ ਕਰ ਚਲਾ ਗਿਆ, ਤਦ ਤੋ ਮੁਗਲਾਂ ਦੀ ਬਾਦਸ਼ਾਹੀ ਜਾਂਦੀ ਰਹੀ। ਫੇਰ ਗੁਰੂ ਗੋਬਿੰਦ ਸਿੰਘ ਜੀ ਮਰਦ ਦਾ ਚੇਲਾ ਖਾਲਸਾ ਉੱਠ ਪਿਆ, ਜਮਨਾ ਤੇ ਅਟਕ ਵਿੱਚ ਸਾਰਾ ਮੁਲਕ ਸੰਭਾਲ ਲੀਤਾ, ਗੁਰੂ ਦਾ ਬਚਨ ਸੱਚਾ ਹੋਯਾ।

(ਤਵਾਰੀਖ ਗੁਰੂ ਖਾਲਸਾ ਹਿੱਸਾ ੧, ਸਫਾ ੬੭ ਭਾਸ਼ਾ ਵਿਭਾਗ)

੪. ਪ੍ਰਸਿੱਧ ਇਤਿਹਾਸਕਾਰ ਗਿਆਨੀ ਤਰਲੋਕ ਸਿੰਘ ਜੀ 'ਤੁਫਾਨ' ਆਪਣੇ ਵਾਰਤਕ ਸੂਰਜ ਪ੍ਰਤਾਪ ਭਾਵ ਨਿਰੰਕਾਰੀ ਦਰਸ਼ਨ ਦੇ ਸਫਾ ੪੩੭-੩੮ ਵਿਚ ਸ਼ਬਦ ਦਾ ਅਰਥ ਕਰਦਿਆਂ ਇਹੋ ਸੰਮਤ ੧੭੯੭ ਹੀ ਸਹੀ ਮੰਨਦੇ ਹਨ। ਉਹ ਲਿਖਦੇ ਹਨ- *(ਬਾਕੀ ਦੇਖੋ ਫੁਟਨੋਟ ਸਫਾ ੨੮ ਤੇ)*

(ਸਫਾ ੨੭ ਦੇ ਫੁਟਨੋਟ ਦੀ ਬਾਕੀ)

''ਜਿਨ੍ਹਾਂ ਦੇ ਆਉਣ ਦਾ ਅਸੀਂ ਜ਼ਿਕਰ ਕਰਦੇ ਹਾਂ, ਉਹ ਲੋਕ ਪੰਦਰਾਂ ਸੌ ਅਠੱਤਰ (੧੫੭੮) ਵਿਚ ਆਉਣਗੇ ਤੇ ੧੭੯੭ ਬਿ: ਵਿਚ ਜਾਣਗੇ। ਉਨ੍ਹਾਂ ਦੇ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਹੋਣਗੇ ਜੋ ਧਰਮ ਦਾ ਪ੍ਰਚਾਰ ਕਰਨਗੇ। ਇਹ ਗੱਲਾਂ ਸਚੀਆਂ ਹਨ।''

੫. ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਦੇ ਕਥਨ ਅਨੁਸਾਰ:-

'ਤਿਲੰਗ ਰਾਗ ਵਿਚ ਗੁਰੂ ਨਾਨਕ ਦੇਵ ਦਾ ਇਹ ਭਵਿਖਤ ਦਾ ਹਾਲ ਪ੍ਰਗਟ ਕਰਨ ਵਾਲਾ ਹੈ, ਜੋ ਭਾਈ ਲਾਲੋ ਪ੍ਰੇਮੀ ਨੂੰ ਸੰਬੋਧਨ ਕਰਕੇ ਉਚਾਰਿਆ ਹੈ, ਯਥਾ-ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ'' ਇਸ ਦਾ ਅਰਥ ਇਹ ਹੈ ਕਿ ਇਸ ਥਾਂ ਸੈਦਪੁਰ (ਏਮਨਾਬਾਦ) ਵਿਚ ਮੁਗਲ ੧੫੭੮ ਬਿਕ੍ਰਮੀ ਨੂੰ ਆ ਕੇ ਹੰਕਾਰੀ ਪਠਾਣਾਂ ਨੂੰ ਤਬਾਹ ਕਰਨਗੇ, ਅਤੇ ਭਾਰਤ ਤੋਂ ਸੰਮਤ ੧੫੯੭ ਨੂੰ ਚਲੇ ਜਾਣਗੇ, ਪਠਾਣਾਂ ਵਿਚੋਂ ਭੀ ਇਕ ਹੋਰ ਮਰਦ ਦਾ ਚੇਲਾ ਪ੍ਰਗਟ ਹੋਵੇਗਾ।

ਬਾਬਰ ਦੇ ਹਿੰਦੁਸਤਾਨ ਉਪਰ ਪੰਜ ਹੱਲੇ ਹੋਏ ਹਨ, ਇਹ ਤੀਜਾ ਹੱਲਾ ਸੰਮਤ ੧੫੭੮ ਦਾ ਸੀ। ਜਿਸ ਵਿਚ ਸੈਦਪੁਰ ਦੇ ਅਹੰਕਾਰੀ ਪਠਾਣ ਬਾਬਰ ਨੇ ਕਤਲ ਕੀਤੇ, ਸੰਮਤ ੧੫੯੭ ਵਿਚ ਕਨੌਜ ਦੀ ਲੜਾਈ ਅੰਦਰ ਸ਼ੇਰ ਸ਼ਾਹ ਤੋਂ ਹਾਰ ਖਾ ਕੇ ਹਮਾਯੂੰ ਭਾਰਤ ਛੱਡ ਗਿਆ ''ਭੀ'' ਸ਼ਬਦ ਬੋਧਨ ਕਰਦਾ ਹੈ ਕਿ ਮੁਗਲਾਂ ਕਰਕੇ ਜਿੱਤੇ ਹੋਏ ਪਠਾਣ ਫੇਰ ਭੀ ਰਾਜ ਪਾਉਣਗੇ, ਜੋ ਸ਼ੇਰ ਸ਼ਾਹ ਨੇ ਦਿੱਲੀ ਦਾ ਤਖਤ ਪ੍ਰਾਪਤ ਕੀਤਾ।'' (ਤੇਖੋ ਸ਼ਬਦ ''ਆਵਨਿ ਅਠਤਰੈ''ਮਹਾਨ ਕੋਸ਼)

੬. ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਕਥਨ ਅਨੁਸਾਰ:-

ਅਠਤਰੈ-ਅਠੱਤਰ ਵਿਚ, ਸੰਮਤ ੧੫੭੮ ,ਵਿਚ (ਸੰਨ ੧੫੨੨) ਵਿਚ। ਨੋਟ-ਗੁਰੂ ਨਾਨਕ ਦੇਵ ਜੀ ਤੀਜੀ ਉਦਾਸੀ ਸਮੇਂ ਸੰਨ ੧੫੧੮ ਵਿਚ ਮੱਕੇ ਨੂੰ ਗਏ ਸਨ! ਉਥੋਂ ਈਰਾਨ ਦੇਸ਼ ਤੇ ਅਫਗਾਨਿਸਤਾਨ ਦੇਸ਼ ਦੇ ਰਾਜਿਆਂ ਦੇ ਨਾਲ ਮਿਲਕੇ ਬਗਦਾਦ ਤੇ ਕਾਬਲ ਦੇ ਰਸਤੇ ਵਾਪਸ ਆ ਕੇ ਏਮਨਾਬਾਦ ਸੰਨ ੧੫੨੧ ਵਿਚ ਉਸ ਵੇਲੇ ਪਹੁੰਚੇ ਸਨ, ਜਦੋਂ ਬਾਬਰ ਸ਼ਹਿਰ ਸਿਆਲਕੋਟ ਨੂੰ ਮਾਰ ਕੇ ਇਥੇ ਪਹੁੰਚਿਆ ਸੀ।

ਜਾਨਿ=ਜਾਂਦੇ ਹਨ, ਜਾਣਗੇ। ਸਤਾਨਵੈ-ਸੰਮਤ ੧੫੯੭ ਵਿਚ (ਸੰਨ ੧੫੪੦ ਵਿਚ) ਉਠਸੀ=ਉਠੇਗਾ। ਤਾਕਤ ਫੜੇਗਾ। ਮਰਦ ਦਾ ਚੇਲਾ=ਸੂਰਮਾ।

ਨੋਟ-ਸ਼ੇਰ ਸ਼ਾਹ ਸੂਰੀ ਨੇ ਬਾਬਰ ਦੇ ਪੁੱਤਰ ਹਮਾਯੂੰ ਨੂੰ ਹਿੰਦੁਸਤਾਨ ਵਿੱਚੋਂ ਮਾਰ ਭਜਾਇਆ ਤੇ ਆਪ ਸੰਨ ੧੫੪੦ ਵਿੱਚੋ ਦਾ ਰਾਜ ਸਾਂਭਿਆ ਸੀ। (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ਪੰਜਵੀਂ ਸਫਾ ੩੧੫)

੭. ਸ਼ਬਦਾਰਥ ਅਨੁਸਾਰ:-

ਮੁਗਲ ਸੰਨ ੭੮ ਵਿਚ ਆਉਣਗੇ ਅਤੇ ੯੭ ਵਿਚ ਚਲੇ ਜਾਣਗੇ, ਜਦੋਂ ਕਿ ਹੋਰ ਸੂਰਮਾ ਪੈਦਾ ਹੋਵੇਗਾ ਇਥੇ ਬਾਬਰ ਦੇ ਸੰਮਤ ੧੫੭੮ ਵਿਚ ਏਮਨਾਬਾਦ ਆਉਣਗੇ ਅਤੇ ਹਮਾਯੂੰ ਦੇ ੧੫੯੭ ਵਿਚ ਹਿੰਦ ਤੋਂ ਨੱਠ ਜਾਣ ਵਲ ਇਸ਼ਾਰਾ ਹੈ। 'ਮਰਦ ਕਾ ਚੇਲਾ' ਤੋਂ ਭਾਵ ਸ਼ੇਰ ਸ਼ਾਹ ਸੂਰੀ ਮਲੂਮ ਹੁੰਦਾ ਹੈ। ਜਿਸ ਨੇ ਮੁਗਲ ਰਾਜ ਨੂੰ ਹਿੰਦ ਵਿੱਚੋ ਕੱਢ ਕੇ ਆਪਣਾ ਰਾਜ ਕਾਇਮ ਕੀਤਾ। ਇਹ ਸੱਚੀ ਮੁਚੀ ਮਰਦ ਅਖਵਾਣ ਜੋਗਾ ਸੀ। ਕਿਉਂਕਿ ਇਸ ਨੇ ਪਹਿਲੀ ਵੇਰ ਹਿੰਦੂਆਂ ਤੇ ਮੁਸਲਮਾਨਾਂ ਲਈ ਇਕ ਸਾਂਝਾ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ। ਅਕਬਰ ਭੀ ਪਿੱਛੋਂ ਜਾਨੇ ਇਸੇ ਦੇ ਪੂਰਨਿਆਂ ਉਤੇ ਕੰਮ ਕਰਦਾ ਰਿਹਾ। (ਦੇਖੋ-ਸ਼ਬਦਾਰਥ ਸਫਾ ੭੨੩ ਨੰ: ੪ ਦੀ ਟਿੱਪਣ) ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਦੇ ਟਿੱਪਣ ਕਰਦਿਆਂ ਆਪਣੇ ਵਿਚਾਰ ਇਉਂ ਦਿੱਤੇ ਹਨ:-

ਜਦ ਗੁਰੂ ਜੀ ਦਾ ਸ਼ਬਦ ਪੜ੍ਹੋ ਤਾਂ ਉਸ ਤੋਂ ਸਮਝ ਸਾਫ ਪੈਂਦੀ ਹੈ ਕਿ ਇਹ ਪੇਸ਼ੀਨ ਗੋਈ (ਭਵਿੱਖਤ ਵਾਕ) ਹੈ, ਤੇ 'ਟੁਕ ਟੁਕ ਹੋਸੀ' 'ਸੰਭਾਲਸੀ' 'ਉਠਸੀ' ਸਭ ਕ੍ਰਿਯਾ ਭਵਿਖਤ ਦੀ ਹੋਣੀ ਦੱਸ ਰਹੀਆਂ ਹਨ, ਫੇਰ ਕਾਬਲੋਂ ਟੁਰੇਗਾ, ਇਹ ਪਤਾ ਪਹਿਲੋਂ ਦੇਂਦੇ ਹਨ। ਸੋ ਇਹ ਸ਼ਬਦ ਦੱਸਦਾ ਹੈ ਕਿ ਬਾਬਰ ਦੇ ਕਾਬਲੋਂ ਟੁਰਨ ਤੋਂ ਪਹਿਲੇ ਦੇ ਏਹ ਵਾਕ ਹਨ, ਤੇ ਕਾਬਲੋਂ ਟੁਰਕੇ ਕੋਈ ਇਕ ਦਿਨ ਵਿਚ ਨਹੀਂ ਅੱਪੜ ਸਕਦਾ। ਤਾਂ ਤੇ ਏਹ ਵਾਕ ਪਹਿਲੋਂ ਦੇ ਹਨ ਤੇ ਬਾਬਰ ਦੂਏ ਦਿਨ ਨਹੀਂ, ਪਰ ਕੁਛ ਚਿਰ ਮਗਰੋਂ ਏਮਨਾਬਾਦ ਪਹੁੰਚਾ ਹੈ, ਏਮਨਾਬਾਦ ਦਾ ਤਦੋਂ ਨਾਉਂ ਸੈਦਪੁਰ ਸੰਡਿਆਲੀ ਯਾ ਸਹਰਾਲੀ ਸੀ। ਤਵਾਰੀਖ ਖਾ: ਵਿਚ ਲਿਖਿਆ ਹੈ ਕਿ ਭਵਿੱਖਤ ਵਾਕ ਸਤਿਗੁਰੂ ਜੀ ਨੇ ਸੰਮਤ ੧੫੬੯ ਬਿ: ਨੂੰ ਉਚਾਰਿਆ ਸੀ ਤੇ ਏਮਨਾਬਾਦ ਦੀ ਕਤਲਾਮ ਸੰ: ੧੫੭੮ ਵਿਚ ਹੋਈ ਹੈ। (ਗੁਰੂ ਨਾਨਕ ਪ੍ਰਕਾਸ਼, ਉਤ੍ਰਾਰ੍ਧ ਅਧਿ: ੨੭ ਸਫਾ ੯੯੭)

ਤਿਲੰਗ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਰਮੇਸ਼ਰ ਦੀ ਉਸਤਤੀ ਕਰਦੇ ਹੋਏ ਸਿੱਖਾਂ ਨੂੰ ਉਪਦੇਸ਼ ਦੇਂਦੇ ਹਨ-

ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ॥

ਖਸਮ (ਪਰਮਾਤਮਾ) ਦੇ ਹੁਕਮ ਵਿਚ ਸਾਰੇ ਜੀਵ ਆਏ ਹਨ, ਅਤੇ ਸਾਰੇ ਜੀਵ ਓਸੇ ਦੇ ਹੁਕਮ ਵਿਚ ਵਰਤ ਰਹੇ ਹਨ।

ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ॥ ੧॥

ਉਹ ਸਾਹਿਬ ਪਰਮਾਤਮਾ ਸੱਚਾ ਹੈ, ਉਸ ਦਾ ਜਗਤ ਰੂਪ ਖੇਲ ਭੀ ਸੱਚਾ ਹੈ, ਉਹ ਹਰੀ ਹੀ ਸਾਰਿਆਂ ਦਾ ਧਨੀ=ਮਾਲਕ ਹੈ, *ਅਥਵਾ*-ਹਰੀ ਮਾਲਕ ਦਾ ਸਾਰਿਆਂ ਉਤੇ ਹੁਕਮ ਹੈ॥ ੧॥

ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ॥

ਜੋ ਹਰੀ ਮਾਲਕ ਸਾਰਿਆਂ ਉਤੇ ਹੁਕਮ ਕਰਦਾ ਹੈ ਉਸ ਸੱਚੇ ਨੂੰ ਸਲਾਹੁਦਾ ਕਰੋ।

ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ॥ ਰਹਾਉ॥

ਜਿਸ ਪ੍ਰਭੂ ਦਾ ਕੋਈ ਸ਼ਰੀਕ ਨਹੀਂ ਹੈ, ਉਸ ਦੀ ਬਰਾਬਰੀ ਦੇ ਲੇਖੇ ਵਿਚ ਮੈਂ ਕਿਸ ਨੂੰ ਗਿਣਾਂ ਕਿਉਂਕਿ ਉਸ ਵਰਗਾ ਹੋਰ ਕੋਈ ਨਹੀਂ ਹੈ॥ ਰਹਾਉ॥

ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ॥

(੧) ਪਉਣ=ਹਵਾ, ਪਾਣੀ, ਧਰਤੀ, ਅਕਾਸ਼, ਘਰ ਤੇ ਮੰਦਰ ਆਦਿਕ ਸਭ ਦੁਨੀਆਂ ਹਰੀ ਤੋਂ ਹੀ ਬਣੀ ਹੈ।

(੨) ਪੌਣ, ਪਾਣੀ, ਧਰਤੀ, ਅਕਾਸ਼ ਆਦਿਕ ਪੰਜਾਂ ਤੱਤਾਂ ਤੋਂ ਘਰ=ਸਰੀਰ ਨੂੰ ਰਚ ਕੇ ਆਪ ਹਰੀ ਇਸ ਦੇ ਮੰਦਰ=ਅੰਦਰ ਬਣ ਰਿਹਾ ਭਾਵ ਬਿਰਾਜ ਰਿਹਾ ਹੈ।

ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ, ਜਾਂ ਉਹ ਪ੍ਰਭੂ ਆਪ ਹੀ ਸਾਰੀਆਂ ਵਿਚ ਵਰਤ ਰਿਹਾ ਹੈ, ਤਾਂ ਕਹੁ ਖਾਂ ਝੂਠਾ ਕਿਸ ਨੂੰ ਗਿਨਣਾ ਕਰੀਏ।

ਯਥਾ:- "ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥" *(ਸੁਖਮਨੀ, ਪੰਨਾ ੨੯੪)*

ਤਿਲੰਗ ਮਹਲਾ ੪॥ ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ॥

ਦੁਰਮਤੀਆ=ਖੋਟੀ ਮਤ ਵਾਲਾ ਜੀਵ ਨਿਤਾਪ੍ਰਤੀ ਨਿਹਫਲ=ਨਿਸਫਲ ਭਾਵ ਨਿਕੰਮੇ ਕਰਮ ਕਰਦਾ ਹੋਇਆ ਬਫਾਵੈ=ਹੰਕਾਰ ਕਰਦਾ ਹੈ।

ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ॥ ੧॥

ਜਿਸ ਵੇਲੇ ਵਲਵੰਚ=ਠੱਗੀਆਂ ਕਰਿ=ਕਰਕੇ ਝੂਠੇ ਧਨ ਨੂੰ ਆਣੈ=ਲਿਆਉਂਦਾ ਹੈ, ਤਿਸ ਵੇਲੇ ਜਾਣਦਾ

ਹੈ ਕਿ ਜਗਤ ਨੂੰ ਮੈਂ ਜਿਤੀਆ=ਜਿੱਤ ਲਿਆ ਹੈ॥ ੧॥

ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ॥

ਸੰਸਾਰ ਐਸਾ ਹੈ ਜਿਵੇ ਬਾਜੀਗਰ ਦੀ ਖੇਡ ਹੁੰਦੀ ਹੈ, ਪਰ ਇਹ ਜੀਵ ਇਸ ਸੰਸਾਰ ਬਾਜੀ ਵਿਚ ਲੱਗ ਕੇ ਹਰੀ ਨਾਮ ਨੂੰ ਚੇਤੇ ਨਹੀਂ ਕ਼ਰਦਾ।

ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ॥ ਰਹਾਉ॥

ਇਹ ਸਾਰਾ ਝੂਠਾ ਸੰਸਾਰ ਇਕ ਖਿਨ ਵਿਚ ਨਾਸ ਹੋ ਜਾਣ ਵਾਲਾ ਹੈ, ਇਸ ਤਰ੍ਹਾਂ ਨਿਸਚੇ ਕਰ ਕੇ ਹੇ ਮੇਰੇ ਮਨ! ਤੂੰ ਰਾਮ ਨਾਮ ਨੂੰ ਧਿਆਉਣਾ ਕਰ॥ ਰਹਾਉ॥

ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ॥

ਜਿਸ ਵੇਲੇ ਕੰਟਕੁ=ਦੁਖਦਾਈ ਭਿਆਨਕ ਕਾਲ ਨੇ ਇਸ ਨੂੰ ਆ ਕੇ ਗ੍ਰੱਸ ਲੈਣਾ ਹੈ, ਉਹ ਵੇਲਾ ਇਸ ਜੀਵ ਨੂੰ ਚੇਤੇ ਆਉਂਦਾ ਨਹੀਂ ਹੈ।

ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ॥੨॥੨॥੭॥

ਗੁਰੂ ਜੀ ਕਥਨ ਕਰਦੇ ਹਨ- ਉਹ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਕੇ ਜਿਸ ਦੇ ਹਿਰਦੇ ਵਿਚ ਵੱਸਦਾ ਹੈ, ਉਸ ਨੂੰ ਦੁਖਦਾਈ ਕਾਲ ਤੋਂ ਛੁਡਾ ਲੈਂਦਾ ਹੈ॥ ੨॥ ੨॥

ਤਿਲੰਗ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:- ਕਾਬਲ ਦੀ ਸੰਗਤ ਭੇਟਾ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆ ਰਹੀ ਸੀ, ਅੱਗੇ ਅਟਕ ਦਰਿਆ ਆ ਗਿਆ। ਆਲਮ ਨਾਮੇ ਮਲਾਹ ਬੈਠਾ ਸੀ, ਉਸ ਨੂੰ ਸੰਗਤ ਨੇ ਕਿਹਾ, "ਅਸੀਂ ਗੁਰੂ ਜੀ ਦੇ ਦਰਸ਼ਨਾਂ ਨੂੰ ਜਾ ਰਹੇ ਹਾਂ ਤੂੰ ਸਾਨੂੰ ਪਾਰ ਲੰਘਾ ਦੇ। ਮਲਾਹ ਨੇ ਕਿਹਾ, "ਗੁਰੂ ਜੀ ਵਾਸਤੇ ਜੋ ਅਮੋਲਕ ਚੀਜ਼ਾਂ ਲਿਜਾ ਰਹੇ ਹੋ, ਉਹ ਮੈਨੂੰ ਦੇ ਦਿਓ ਫੇਰ ਮੈਂ ਪਾਰ ਕਰਾਂਗਾ।" ਸੰਗਤ ਨੇ ਕਿਹਾ, "ਜਿਹੜੀ ਚੀਜ਼ ਅਸੀਂ ਗੁਰੂ ਜੀ ਵਾਸਤੇ ਲਿਜਾ ਰਹੇ ਹਾਂ, ਉਸ ਵਿਚੋਂ ਭਾਂ ਤੈਨੂੰ ਬਿਲਕੁਲ ਨਹੀਂ ਦੇਣਾ, ਜਿਹੜੇ ਪੈਸੇ ਤੇਰਾ ਹੱਕ ਬਣਦਾ ਹੈ ਉਹ ਤੂੰ ਮੰਗ ਲੈ।" ਮਲਾਹ ਨੇ ਇਨਕਾਰ ਕਰ ਦਿੱਤਾ, ਮੈਂ ਤੁਹਾਨੂੰ ਪਾਰ ਹੀ ਨਹੀਂ ਕਰਦਾ, ਇੰਜ ਕਹਿ ਕੇ ਮਲਾਹ ਘਰ ਨੂੰ ਤੁਰ ਪਿਆ। ਸੰਗਤ ਉਥੇ ਬੈਠ ਕੇ ਸ਼ਬਦ ਕੀਰਤਨ ਕਰਨ ਲੱਗ ਪਈ। ਜਦ ਮਲਾਹ ਘਰ ਵੱਲ ਨੂੰ ਤੁਰ ਪਿਆ ਤਾਂ ਅੱਖਾਂ ਦੀ ਜੋਤ ਬੰਦ ਹੋ ਗਈ, ਉਸੇ ਵੇਲੇ ਘਬਰਾ ਕੇ ਮੁੜ ਸੰਗਤ ਦੀ ਸ਼ਰਨ ਆ ਪਿਆ ਤੇ ਹੱਥ ਜੋੜ ਕੇ ਕਿਹਾ, "ਮੈਨੂੰ ਬਖਸ਼ ਲਓ ਮੈਂ ਬੜਾ ਭਾਰੀ ਅਪਰਾਧ ਕੀਤਾ ਹੈ।" ਸੰਗਤ ਨੇ ਕਿਹਾ, "ਅਸੀਂ ਬਖਸ਼ਣਹਾਰ ਨਹੀਂ, ਬਖਸ਼ਣਹਾਰ ਤਾਂ ਉਹ ਗੁਰੂ ਸਾਹਿਬ ਹੀ ਹਨ।" ਇਸ ਤਰ੍ਹਾਂ ਬੇਨਤੀ ਕਰਨ ਨਾਲ ਉਸ ਦੀਆਂ ਅੱਖਾਂ ਵਿਚ ਜੋਤ ਆ ਗਈ ਤੇ ਪਿਆਰ ਨਾਲ ਸਾਰੀ ਸੰਗਤ ਨੂੰ ਪਾਰ ਲਿਆ ਕੇ ਫੇਰ ਸੰਗਤ ਦੇ ਨਾਲ ਨਾਲ ਹੀ ਅੰਮ੍ਰਿਤਸਰ ਗੁਰੂ ਜੀ ਦੇ ਪਾਸ ਆ ਪਹੁੰਚਾ ਉਸ ਵੇਲੇ ਗੁਰੂ ਜੀ ਨੇ ਸਦਾ ਲਈ ਉਸ ਦੇ ਹੰਕਾਰ ਨੂੰ ਦੂਰ ਕਰਨ ਲਈ ਉਸ ਦੇ ਪ੍ਰਤੀ ਇਹ ਸ਼ਬਦ ਉਚਾਰਿਆ:-

ਖਾਕ ਨੂਰ ਕਰਦੰ ਆਲਮ ਦੁਨੀਆਇ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥ ੧॥

(੧) ਹੇ ਆਲਮ! ਖਾਕ= ਜੜ੍ਹ ਸ੍ਰਿਸ਼ਟੀ, ਨੂਰ=ਚੇਤਨ ਸ੍ਰਿਸ਼ਟੀ, ਅਕਾਸ਼, ਜ਼ਮੀਨ, ਬ੍ਰਿਛ, ਆਬ=ਜਲ ਇਤ ਆਦਿਕ ਤਮਾਮ ਦੁਨੀਆਂ ਖ਼ੁਦਾ ਨੇ ਪੈਦਾਇਸਿ ਕਰਦੰ=ਪੈਦਾ ਕੀਤੀ ਹੈ।

(੨) ਆਲਮ=ਪ੍ਰਲੋਕ, ਦੁਨੀਆਇ=ਇਹ ਲੋਕ, ਅਕਾਸ਼, ਜ਼ਮੀਨ, ਬ੍ਰਿਛ, ਆਬ=ਜਲ, ਇਤਆਦਿਕ ਤਮਾਮ ਸ੍ਰਿਸ਼ਟੀ ਨੂਰ=ਪ੍ਰਕਾਸ਼ ਰੂਪ ਖ਼ੁਦਾ ਨੇ ਖਾਕ=ਮਾਇਆ ਦੁਆਰੇ ਪੈਦਾ ਕੀਤੀ ਹੈ।

ਵਾ- ਇਹ ਸਭ ਖਾਕ ਰੂਪ ਹੈ।

(੩) ਹੇ ਆਲਮ! ਅਕਾਸ਼, ਖਾਕ ਰੂਪ ਜ਼ਮੀਨ ਤੇ ਆਬ=ਜਲ ਇਤਆਦਿਕ ਪੰਜਾਂ ਤੱਤਾਂ ਤੋਂ ਨੂਰ=ਪ੍ਰਕਾਸ਼ ਰੂਪ ਖ਼ੁਦਾ ਨੇ ਦਰੱਖਤਾਂ ਸਹਿਤ ਇਹ ਸਾਰੀ ਦੁਨੀਆਂ ਪੈਦਾ ਕੀਤੀ ਹੈ।

ਬੰਦੇ ਚਸਮ ਦੀਦੰ ਫਨਾਇ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥ ਰਹਾਉ॥

ਹੇ ਬੰਦੇ ਆਲਮ! ਜੋ ਤੂੰ ਚਸਮ=ਅੱਖਾਂ ਨਾਲ ਦੀਦੰ=ਵੇਖਦਾ ਹੈਂ ਇਹ ਸਭ ਫਨਾਇ=ਨਾਸਵੰਤ ਹੈ। ਇਹ ਦੁਨੀਆਂ ਝੂਠ ਬੋਲਣ ਰੂਪ ਮੁਰਦਾਰ ਨੂੰ ਖੁਰਦਨੀ=ਖਾ ਰਹੀ ਹੈ।

ਯਥਾ:-''ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥'' *(ਵਾਰ ਮਾਝ, ਪੰਨਾ ੧੩੯)*

ਅਤੇ ਪਦਾਰਥਾਂ ਦੀ ਹਵਾਇ=ਇੱਛਾ ਕਰਕੇ ਗਾਫਲ ਹੋ ਰਹੀ ਹੈ॥ ਰਹਾਉ॥

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ॥

ਇਹ ਜੀਵ ਗੈਬਾਨ=ਭੂਤਨਾ ਤੇ ਹੈਵਾਨ=ਪਸੂ ਹੋ ਰਿਹਾ ਹੈ, ਅਤੇ, (ਬੱਕਰੇ ਆਦਿਕਾਂ ਨੂੰ ਜਿਹੜਾ) ਕੁਸਤਨੀ=ਕੋਹ ਕੇ ਖਾਣਾ ਕਰਦਾ ਹੈ ਏਹੋ ਹਰਾਮ ਦਾ ਖਾਣਾ ਕਰਦਾ ਹੈ, ਤੇ ਪਰ-ਇਸਤ੍ਰੀਆਂ ਦੇ ਰਮਣ ਰੂਪ ਮੁਰਦਾਰ ਨੂੰ ਬਖੋਰਾਇ=ਖਾਣਾ ਕਰਦਾ ਹੈ।

ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ॥ ੨॥

ਕਾਦਰੋ=ਸਮਰੱਥ ਪਰਮੇਸ਼ਰ ਦੀ ਕਬਜਾ=ਮਾਇਆ ਨੇ ਦਿਲ ਨੂੰ ਕਬਜ ਕਰ ਰੱਖਿਆ ਹੈ,

ਵਾ-ਕਬਜਾ=ਮਾਇਆ ਨੇ ਕਾਦਰੋ=ਪਰਮੇਸਰ ਵਲੋਂ ਦਿਲ ਨੂੰ ਕਬਜ ਕਰ ਰੱਖਿਆ ਭਾਵ ਰੋਕ ਛੱਡਿਆ ਹੈ। ਇਸ ਕਰਕੇ ਇਸ ਨੂੰ ਦੋਜਕ=ਨਰਕਾਂ ਦੀ ਸਜ਼ਾ ਮਿਲੇਗੀ॥ ੨॥

ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ॥

ਵਲੀ=ਵਲੈਤਾਂ 'ਚੋਂ ਨਿਆਮਤਿ=ਚੰਗੀਆਂ ਚੰਗੀਆਂ ਚੀਜ਼ਾਂ ਲਿਆ ਕੇ ਦੇਣ ਵਾਲਾ ਪਿਤਾ, ਬਿਰਾਦਰਾ = ਭਰਾ, ਸੋਹਣੇ ਦਰਬਾਰ, ਮਿਲਕ=ਜਗੀਰਾਂ, ਖਾਨਾਇ=ਮੰਦਰ, ਜਾਂ ਇਸਤ੍ਰੀਆਂ ਆਦਿਕ ਜੋ ਕੁਝ ਭੀ ਹੈ।

ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ॥ ੩॥

ਜਿਸ ਵੇਲੇ ਅਜਰਾਈਲ (ਨਾਮੇ ਫਰਿਸ਼ਤੇ) ਨੇ ਭਾਵ ਜਮ ਨੇ ਤੈਨੂੰ ਬਸਤਨੀ=ਬੰਨ੍ਹ ਲਿਆ, ਤਿਸ ਵੇਲੇ ਤੂੰ

ਚਿ=ਕੀ ਕਾਰ ਕਰੇਂਗਾ, ਅਸਾਂ ਨੇ ਇਹ ਗੱਲ ਤੈਨੂੰ ਬਿਦਾਇ=ਜਣਾਈ ਹੈ, ਤੇ ਤੂੰ ਸਾਨੂੰ ਬਿਦਾਇ ਜਣਾਉਣਾ ਕਰ ਭਾਵ ਦੱਸਣਾ ਕਰ॥ ੩॥

ਹਵਾਲ ਮਾਲੂਮੁ ਕਰਦੰ ਪਾਕ ਅਲਾਹ॥

ਪਾਕ=ਪਵਿੱਤ੍ਰ ਜੋ ਅਲਾਹ=ਅਲੱਖ ਪ੍ਰਭੂ ਹੈ, ਉਹ ਤੇਰੇ ਹਾਲ ਨੂੰ ਮਲੂਮ ਕਰ ਰਿਹਾ ਹੈ। ਇਹ ਗੱਲ ਸੁਣ ਕੇ ਆਲਮ ਨੇ ਕਿਹਾ, "ਜਮ ਤੋਂ ਕਿਵੇਂ ਛੁਟਕਾਰਾ ਹੋਵੇ ?"

ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ, ਹੇ ਆਲਮ ! ਰੱਬ ਦੇ ਜੋ ਦਰਵੇਸ਼ ਬੰਦੇ ਹਨ ਉਨ੍ਹਾਂ ਦੇ ਪੇਸਿ=ਅੱਗੇ ਅਰਦਾਸਿ=ਬੇਨਤੀ ਬੁਗੋ=ਉਚਾਰਨ ਕਰ ਤਾਂ ਤੇਰੀ ਕਲਿਆਣ ਹੋਵੇਗੀ॥ ੪॥ ੧॥

ਤਿਲੰਗ ਘਰੁ ੨ ਮਹਲਾ ੫॥

ਗੁਰੂ ਜੀ ਇਸ ਸ਼ਬਦ ਵਿਚ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ।

ਤੁਧੁ ਬਿਨੁ ਦੂਜਾ ਨਾਹੀ ਕੋਇ॥ ਤੂ ਕਰਤਾਰੁ ਕਰਹਿ ਸੋ ਹੋਇ॥

ਹੇ ਕਰਤਾਰ ! ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

ਹੇ ਕਰਤਾਰ ! ਜੋ ਤੂੰ ਕਰਦਾ ਹੈਂ ਓਹੀ ਕੁਝ ਹੁੰਦਾ ਹੈ।

ਤੇਰਾ ਜੋਰੁ ਤੇਰੀ ਮਨਿ ਟੇਕ॥ ਸਦਾ ਸਦਾ ਜਪਿ ਨਾਨਕ ਏਕ॥ ੧॥

ਤਨ ਵਿਚ ਆਪ ਜੀ ਦਾ ਜੋਰੁ=ਬਲ ਦਿੱਤਾ ਹੋਇਆ ਹੈ, ਤੇ ਮਨ ਵਿਚ ਭੀ ਤੇਰੀ ਟੇਕ=ਓਟ ਹੈ। ਗੁਰੂ ਜੀ ਕਥਨ ਕਰਦੇ ਹਨ, ਮੈਂ ਸਦਾ ਸਦਾ ਇਕ ਆਪ ਜੀ ਦੇ ਨਾਮ ਨੂੰ ਹੀ ਜਪਦਾ ਹਾਂ।

ਸਭ ਊਪਰਿ ਪਾਰਬ੍ਰਹਮੁ ਦਾਤਾਰੁ॥ ਤੇਰੀ ਟੇਕ ਤੇਰਾ ਆਧਾਰੁ॥ ਰਹਾਉ॥

ਹੇ ਪ੍ਰਾਰਬ੍ਰਹਮ ! ਤੂੰ ਸਭ ਦੇ ਉੱਪਰ ਭਾਵ ਸਾਰਿਆਂ ਤੋਂ ਸ਼ਰੋਮਣੀ ਹੈਂ, ਅਤੇ ਸਾਰਿਆਂ ਦਾ ਦਾਤਾ ਹੈਂ। ਮੈਨੂੰ ਇਸ ਲੋਕ ਵਿਚ ਤੇਰੀ ਓਟ ਹੈ ਅਤੇ ਪ੍ਰਲੋਕ ਵਿਚ ਭੀ ਆਪ ਜੀ ਦਾ ਆਧਾਰੁ=ਆਸਰਾ ਹੈ॥ ਰਹਾਉ॥

[ਪੰਨਾ ੭੨੪]

ਹੈ ਭੂਹੈ ਭੂ ਹੋਵਨਹਾਰ॥ ਅਗਮ ਅਗਾਧਿ ਊਚ ਆਪਾਰ॥

ਹੇ ਪ੍ਰਾਰਬ੍ਰਹਮ ! ਤੂੰ ਹੁਣ ਵਰਤਮਾਨ ਸਮੇਂ ਵਿਚ ਹੈਂ, ਤੂੰ ਪਿੱਛੇ ਭੂਤ ਕਾਲ ਵਿਚ ਸੀ, ਅਤੇ ਤੂੰਹੀਂ ਆਉਣ ਵਾਲੇ ਭਵਿੱਖਤ ਵੇਲੇ ਭੀ ਹੋਵੇਂਗਾ। ਅਗਮ=ਮਨ, ਬਾਣੀ ਦੀ ਗੰਮਤਾ ਤੋਂ ਰਹਿਤ ਹੈਂ, ਅਗਾਧਿ=ਅਥਾਹ ਹੈਂ, ਸਾਰਿਆਂ ਤੋਂ ਉੱਚਾ ਹੈਂ, ਆਪਾਰ=ਪਾਰਾਵਾਰ ਤੋਂ ਰਹਿਤ ਹੈਂ।

ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥
ਗੁਰ ਪਰਸਾਦਿ ਨਾਨਕ ਗੁਣ ਗਾਹਿ॥ ੨॥

ਜੋ ਆਪ ਜੀ ਨੂੰ ਸੇਂਵਦੇ ਹਨ ਉਹਨਾਂ ਨੂੰ ਜਮਾਂ ਦਾ ਭਉ=ਡਰ ਤੇ ਜਨੰਮ ਮਰਨ ਦਾ ਦੁੱਖ ਨਹੀਂ ਹੁੰਦਾ। ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਗੁਰਾਂ ਦੀ ਕਿਰਪਾ ਨਾਲ ਮੈਂ ਆਪ ਜੀ ਦੇ ਗੁਣ ਗਾਹਿ=ਗਾਉਂਦਾ ਹਾਂ॥ ੨॥

ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥

ਸਾਨੂੰ ਜੋ ਕੁਝ ਦਿੱਸ ਰਿਹਾ ਹੈ ਉਸ ਵਿਚ ਤੇਰਾ ਹੀ ਸਰੂਪ ਨਿਗਾਹ ਆ ਰਿਹਾ ਹੈ।

ਹੇ ਗੋਬਿੰਦ ! ਤੂੰ ਸ਼ੁਭ ਗੁਣਾਂ ਦਾ ਖਜ਼ਾਨਾ, ਅਤੇ ਅਨੂਪ=ਉਪਮਾ ਤੋਂ ਰਹਿਤ ਹੈਂ।

ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾਪਤਿ ਹੋਇ ॥ ੩ ॥

(੧) ਓਹ ਜਨ ਮਨ ਕਰਕੇ ਸਿਮਰਦੇ ਹਨ, ਬਾਣੀ ਕਰਕੇ ਸਿਮਰਦੇ ਹਨ, ਤਨ ਕਰਕੇ ਸਿਮਰਦੇ ਹਨ।

(੨) ਹੇ ਸਿਮਰਨੇ ਜੋਗ ਪ੍ਰਭੂ ! ਤੇਰੇ ਸਿਮਰਨ ਨੂੰ ਓਹ ਪੁਰਸ਼ ਸਿਮਰਦੇ ਹਨ।

ਗੁਰੂ ਜੀ ਕਥਨ ਕਰਦੇ ਹਨ, ਜਿਸ ਦੇ ਕਰਮਾਂ ਵਿਚ ਸਿਮ਼ਰਨ ਕਰਨਾ ਪ੍ਰਾਪਤ ਹੁੰਦਾ ਹੈ॥ ੩ ॥

ਜਿਨਿ ਜਪਿਆ ਤਿਸ ਕਉ ਬਲਿਹਾਰ ॥ ਤਿਸ ਕੈ ਸੰਗਿ ਤਰੈ ਸੰਸਾਰ ॥

ਜਿਸ ਨੇ ਆਪ ਜੀ ਦੇ ਨਾਮ ਨੂੰ ਜਪਿਆ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ।

ਉਹਨਾਂ ਦੇ ਸਤਸੰਗ ਕਰਕੇ ਜੀਵ ਸੰਸਾਰ (ਸਮੁੰਦਰ) ਤੋਂ ਤਰ ਜਾਂਦਾ ਹੈ।

ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੇਰੀ ਲੋਚਾ=ਇੱਛਾ ਪੂਰੀ ਕਰ।

ਮੈਂ ਤੇਰੇ ਪਾਸੋਂ ਸੰਤ ਜਨਾਂ ਦੀ ਚਰਨ ਧੂੜੀ ਬਾਛਉ=ਚਾਹੁੰਦਾ ਹਾਂ॥ ੪ ॥ ੨ ॥

ਤਿਲੰਗ ਮਹਲਾ ੫ ਘਰੁ ੩ ॥ ਮਿਹਰਵਾਨੁ ਸਾਹਿਬੁ ਮਿਹਰਵਾਨੁ ॥

ਮੇਹਰਵਾਨ ਮਾਲਕ ਮੇਹਰਵਾਨ ਹੈ।

ਸਾਹਿਬੁ ਮੇਰਾ ਮਿਹਰਵਾਨੁ ॥ ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥

ਮੇਰਾ ਮਾਲਕ ਪ੍ਰਭੂ ਮੇਹਰਵਾਨ ਹੈ। *ਅਥਵਾ:*-ਮੇਰਾ ਸਾਹਿਬ ਪਿੱਛੇ ਮੇਹਰਵਾਨ ਸੀ, ਮੇਰਾ ਸਾਹਿਬ ਹੁਣ ਮੇਹਰਵਾਨ ਹੈ, ਮੇਰਾ ਸਾਹਿਬ ਅੱਗੇ ਭੀ ਮੇਹਰਵਾਨ ਹੋਵੇਗਾ।

ਉਹ ਸਾਰਿਆਂ ਜੀਵਾਂ ਨੂੰ ਦਾਨ ਦੇਂਦਾ ਹੈ॥ ਰਹਾਉ ॥

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥

ਹੇ ਪ੍ਰਾਣੀਆਂ ! ਤੂੰ ਆਪਣੀ ਪਾਲਣਾ ਵਾਸਤੇ ਕਿਉਂ ਡੋਲਦਾ ਹੈਂ, ਉਹ ਸਿਰਜਣਹਾਰ ਵਾਹਿਗੁਰੂ ਤੈਨੂੰ ਸਾਰਿਆਂ ਦੁੱਖਾਂ ਤੋਂ ਬਚਾਈ ਰੱਖੇਗਾ।

ਅਥਵਾ:-ਉਹ ਸਿਰਜਣਹਾਰ ਤੇਰੀ ਰੱਖਿਆ ਆਪ ਹੀ ਕਰਨ ਵਾਲਾ ਹੈ।

ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ੧ ॥

ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ, ਓਹੀ ਤੈਨੂੰ ਆਧਾਰੁ=ਆਸਰਾ ਦੇਵੇਗਾ॥ ੧ ॥

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥

ਜਿਸ ਪ੍ਰਭੂ ਨੇ ਮੇਦਨੀ=ਦੁਨੀਆਂ ਪੈਦਾ ਕੀਤੀ ਹੈ, ਓਹੀ ਸਭ ਦੀ ਸਾਰ=ਸੰਭਾਲ ਕਰਦਾ ਹੈ।

ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥ ੨ ॥

ਉਹ ਦਿਲਾਂ ਦਾ ਮਾਲਕ ਪ੍ਰਭੂ ਸੱਚਾ ਹੈ, ਤੇ ਸਭ ਦੀ ਪਰਵਦਗਾਰੁ=ਪਾਲਣਾ ਕਰਨ ਵਾਲਾ ਸਾਰਿਆਂ ਘਟਾਂ ਘਟਾਂ ਵਿਚ ਵਸ ਰਿਹਾ ਹੈ॥ ੨ ॥

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥

ਉਸਦੀ ਕੁਦਰਤਿ=ਸ਼ਕਤੀ ਦੀ ਕੀਮਤ ਨਹੀਂ ਜਾਣੀ ਜਾਂਦੀ, ਉਹ ਸਾਰਿਆਂ ਤੋਂ ਵੱਡਾ ਤੇ ਵੇਪਰਵਾਹ ਹੈ।

ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥ ੩ ॥

ਹੇ ਬੰਦੇ! ਤੂੰ ਉਤਨਾ ਚਿਰ ਬੰਦਗੀ ਕਰਦਾ ਰਹੁ,

ਜਿਤਨਾ ਚਿਰ ਤੇਰੇ ਘਟ=ਸਰੀਰ ਵਿਚ ਸਾਹੁ=ਸ੍ਵਾਸ ਹਨ॥ ੩ ॥

ਪੁਨਾ-ਉਸ ਅੱਗੇ ਨਿੰਮ੍ਰਤਾ ਭਾਵ ਨਾਲ ਬੇਨਤੀ ਕਰ-

ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥

ਹੇ ਸਿਰਜਣਹਾਰ ਪ੍ਰਭੂ ! ਤੂੰ ਸਰਬ ਕਲਾ ਸਮਰੱਥ ਹੈਂ, ਅਕਥੁ=ਕਥਨ ਤੋਂ ਰਹਿਤ ਹੈਂ,

ਅਗੋਚਰੁ=ਮਨ ਬਾਣੀ ਦੇ ਵਿਸ਼ੇ ਤੋਂ ਰਹਿਤ ਹੈਂ, ਜੀਵ ਨੂੰ ਪਿੰਡੁ=ਸਰੀਰ ਆਦਿਕ ਸਭ ਤੇਰੀ ਹੀ ਰਾਸਿ=ਪੂੰਜੀ ਦਿੱਤੀ ਹੋਈ ਹੈ।

ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਇਹੋ ਅਰਦਾਸਿ=ਬੇਨਤੀ ਹੈ ਕਿ ਤੇਰੀ ਰਹਮ=ਕਿਰਪਾ ਨਾਲ ਮੈਂ ਸਦਾ ਸੁਖ ਪਾਇਆ ਹੈ॥ ੪ ॥ ੩ ॥

ਤਿਲੰਗ ਮਹਲਾ ੫ ਘਰੁ ੩ ॥ ਕਰਤੇ ਕੁਦਰਤੀ ਮੁਸਤਾਕੁ ॥

ਹੇ ਸ਼ਕਤੀਆਂ ਵਾਲੇ ਕਰਤੇ ਪੁਰਖ ! ਤੇਰੀਆਂ ਕੁਦਰਤਾਂ ਨੂੰ ਵੇਖਕੇ ਮੇਰੀ ਬੁੱਧੀ ਮੁਸਤਾਕੁ=ਮੋਹਤ ਹੋ ਰਹੀ ਹੈ।

ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ ॥ ਰਹਾਉ ॥

ਲੋਕ ਪ੍ਰਲੋਕ ਵਿਚ ਇਕ ਤੂੰਹੀ ਰੱਖਿਆ ਕਰਨ ਵਾਲਾ ਹੈਂ,

ਸਾਰੀ ਖਲਕਤ ਨਾਲੋਂ ਤੂੰ ਪਾਕੁ=ਪਵਿੱਤ੍ਰ ਹੈਂ॥ ਰਹਾਉ॥

ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥

ਤੂੰ ਇਕ ਖਿਨ ਵਿਚ ਸਾਰੇ ਸੰਸਾਰ ਦੀ ਉਤਪਤੀ, ਪਾਲਣਾ ਤੇ ਲੈਤਾ ਕਰਦਾ ਹੈਂ,

ਨਿਰਗੁਣ ਤੇ ਸਰਗੁਣ ਇਹ ਤੇਰੇ ਦੋਨੋਂ ਰੂਪ ਅਸਚਰਜ ਹਨ।

ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥ ੧ ॥

ਤੇਰੇ ਚਲਤ=ਕੌਤਕਾਂ ਨੂੰ ਕੌਣ ਜਾਣ ਸਕਦਾ ਹੈ, ਭਾਵ ਕੋਈ ਨਹੀਂ ਜਾਣ ਸਕਦਾ। ਤੂੰਹੀ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈਂ॥ ੧ ॥

ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ॥

ਹੇ ਅੱਲਾ ! ਜਹਾਨ ਵਿਚ ਜੋ ਖਲਕਤ ਹੈ, ਇਸ ਦਾ ਤੂੰ ਖੁਦਿ ਖਸਮ=ਆਪ ਮਾਲਕ ਹੈਂ, ਪੁਨਾ-ਹੇ ਖ਼ੁਦਾ ! ਤੂੰ ਮੇਹਰਵਾਨ ਹੈਂ।

ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ॥ ੨॥

ਜਿਹੜਾ ਪੁਰਸ਼ ਦਿਨ ਰਾਤ ਆਪ ਜੀ ਨੂੰ ਅਰਾਧੇਗਾ ਉਹ ਪੁਰਸ਼ ਦੋਜਕਿ=ਨਰਕਾਂ ਵਿਚ ਕਿਉਂ ਜਾਵੇਗਾ ਭਾਵ ਨਹੀਂ ਜਾਏਗਾ॥ ੨॥

ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ॥

ਜਿਸ ਪੁਰਸ਼ ਨੂੰ ਤੇਰਾ ਆਧਾਰੁ=ਆਸਰਾ ਹੈ, ਉਸ ਬੰਦੇ ਦਾ ਅਜਰਾਈਲ ਨਾਮੇ ਜਮ ਯਾਰ ਬਣ ਜਾਂਦਾ ਹੈ।

ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ॥ ੩॥

ਜੋ ਪੁਰਸ਼ ਤੇਰੇ ਸੰਤ ਜਨਾਂ ਦੇ ਦੀਦਾਰੁ=ਦਰਸ਼ਨ ਨੂੰ ਵੇਖਦੇ ਹਨ, ਉਸ ਦੇ ਸਾਰੇ ਗੁਨਾਹ ਆਫੂ=ਬਖਸ਼ੇ ਜਾਂਦੇ ਹਨ॥ ੩॥

ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ॥

ਦੁਨੀਆਂ ਦੇ ਸਾਰੇ ਚੀਜ=ਪਦਾਰਥ ਫਿਲਹਾਲ=ਖਿਨ ਭੰਗਰ ਭਾਵ ਮਿਥਿਆ ਹਨ, ਤੇਰਾ ਸੱਚਾ ਨਾਮ ਹੀ ਸੁਖ ਸਰੂਪ ਹੈ। *ਅਥਵਾ:-* ਸੱਚ ਤੇ ਸੁਖ ਰੂਪ ਤੇਰਾ ਨਾਮ ਹੀ ਹੈ।

ਯਥਾ:- ''ਦਿਲ ਮਹਿ ਜਾਨਹੁ ਸਭ ਫਿਲਹਾਲਾ॥'' *(ਮਾਰੂ ਸੋਲਹੇ ਮਹਲਾ ੫, ਪੰਨਾ ੧੦੮੪)*

ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ, ਸ੍ਰੀ ਗੁਰੂ ਰਾਮਦਾਸ ਸਾਹਿਬ ਨਾਲ ਮਿਲ ਕੇ ਮੈਂ ਤੇਰੇ ਸਰੂਪ ਨੂੰ ਬੁਝ ਲਿਆ ਹੈ, ਇਸ ਲਈ ਇਕ ਆਪ ਜੀ ਦੇ ਗੁਣਾਂ ਨੂੰ ਹੀ ਸਦਾ ਗਾਉਂਦਾ ਹਾਂ॥ ੪॥ ੪॥

ਤਿਲੰਗ ਮਹਲਾ ੫॥ ਮੀਰਾਂ ਦਾਨਾਂ ਦਿਲ ਸੋਚ॥

ਹੇ ਦਾਨਾਂ=ਅੰਤਰਜਾਮੀ ਮੀਰਾਂ=ਪਾਤਿਸ਼ਾਹ ! ਮੈਂ ਸਦਾ ਹੀ ਆਪ ਜੀ ਨੂੰ ਦਿਲ ਵਿਚ ਸੋਚ=ਵਿਚਾਰਦਾ ਰਹਿੰਦਾ ਹਾਂ।

ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ॥ ੧॥ ਰਹਾਉ॥

ਹੇ ਪਾਤਸ਼ਾਹ ! ਤੇਰੀ ਮੁਹੱਬਤ (ਪ੍ਰੀਤੀ) ਮੇਰੇ ਮਨ ਤਨ ਵਿਚ ਵਸ ਰਹੀ ਹੈ, ਹੇ ਸੱਚੇ ਸ਼ਾਹ ! ਆਪ ਹੀ ਪ੍ਰਤੱਖ ਬੰਦੀਖਾਨੇ ਤੋਂ, ਵਾ:-ਸੰਸਾਰ ਰੂਪ ਬੰਦੀਖਾਨੇ ਤੋਂ ਮੋਚ=ਛੁਡਾਉਣ ਵਾਲੇ ਹੋ।

ਵ:- ਮੋਹ ਰੂਪ ਬੇੜੀ ਨੂੰ ਮੋਚ=ਕੱਟਣ ਵਾਲੇ ਹੋ॥ ੧॥ ਰਹਾਉ॥

ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ॥

ਹੇ ਸਾਹਿਬ ! ਦੀਦਨੇ=ਅੱਖਾਂ ਨਾਲ ਜਿਹੜਾ ਤੇਰਾ ਦੀਦਾਰ=ਦਰਸ਼ਨ ਦੀਦਨੇ=ਦੇਖਣਾ ਹੈ, ਇਸ ਦਾ ਕੁਝ ਮੁੱਲ ਨਹੀਂ ਹੈ।

ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ॥ ੧॥

ਹੇ ਅਤੋਲ ਪ੍ਰਭੂ ! ਤੂੰ ਪਾਕ=ਪਵਿੱਤ੍ਰ ਹੈਂ, ਸਭ ਦੀ ਪਰਵਦਗਾਰ=ਪਾਲਣਾ ਕਰਨ ਵਾਲਾ ਹੈਂ, ਖੁਦਿ=ਆਪ ਸਾਰਿਆਂ ਦਾ ਖਸਮੁ=ਮਾਲਕ ਹੈਂ ਅਤੇ ਸਭ ਤੋਂ ਵੱਡਾ ਹੈਂ॥ ੧॥

ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ॥

(੧) ਹੇ ਦਿਲਾਵਰ=ਬਹਾਦੁਰ ਇਕ ਦਾਨ ਦੇ ਜੋ ਮੇਰਾ ਦਸਤ=ਹੱਥ ਗੀਰੀ=ਫੜ ਲੈ, ਪਿੱਛੇ ਇਕ ਤੂੰ ਸੀ, ਹੁਣ ਭੀ ਇਕ ਤੂੰਹੀ ਹੈਂ, ਅੱਗੇ ਭੀ ਇਕ ਤੂੰਹੀ ਹੋਵੇਂਗਾ।

(੨) ਹੇ ਦਿਲਾਵਰ=ਉਦਾਰ ਪ੍ਰਭੂ ਹੱਥ ਦਾ ਫੜਨਾ ਦੇਹ ਸਾਰਿਆਂ ਵਿਚ ਇਕ ਤੂੰਹੀ ਤੂੰਹੀ ਹੈਂ।

ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ॥ ੨॥ ੫॥

(੧) ਹੇ ਕਰਤਾਰ ! ਕੁਦਰਤ ਦੁਆਰਾ ਤੂੰਹੀ ਖਲਕਤ ਦੇ ਕਰਨ ਵਾਲਾ ਹੈਂ, ਗੁਰੂ ਜੀ ਕਥਨ ਕਰਦੇ ਹਨ, ਸਾਨੂੰ ਇਕ ਤੇਰੀ ਟੇਕ=ਓਟ ਹੈ।

(੨) 'ਖਾਲਕ' =ਖਲਕ ਕੁਨੰਦਾ ਸਾ ਖਾਲਕਾ, ਹੇ ਖਾਲਕ ਕਰਤਾਰ ! ਤੂੰਹੀ ਕੁਦਰਤਿ=ਮਾਇਆ ਦੁਆਰੇ ਸੰਸਾਰ ਦੇ ਕਰਨ ਵਾਲਾ ਹੈਂ॥ ੨॥ ੫॥

ਕਿਸੇ ਸਿੱਖ ਨੇ ਪੁੱਛਿਆ, "ਸੰਸਾਰ ਦੀ ਉਤਪੱਤੀ, ਪਾਲਣਾ ਤੇ ਲੈਤਾ ਕੌਣ ਕਰਦਾ ਹੈ?" *ਗੁਰ ਉੱਤਰ:-*

ਤਿਲੰਗ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ॥
ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ॥

(੧) ਜਿਸ ਪ੍ਰਭੂ ਨੇ ਸੰਸਾਰ ਨੂੰ ਪੈਦਾ ਕੀਤਾ ਹੈ, ਉਸੇ ਨੇ ਇਸ ਨੂੰ ਦੇਖਿਆ=ਪਾਲਿਆ ਹੈ, ਹੇ ਭਾਈ ! ਕੀ ਲੈਤਾ ਕਰਨ ਵਾਲਾ ਕੋਈ ਹੋਰ ਕਹੀਏ, ਅਰਥਾਤ ਨਹੀਂ, ਲੈਤਾ ਕਰਨ ਵਾਲਾ ਭੀ ਓਹੀ ਹੈ।

(੨) ਜਿਸ ਨੇ ਕੁਝ ਜਪ ਤਪ ਆਦਿਕ ਸਾਧਨਾਂ ਨੂੰ ਕੀਤਾ ਹੈ ਉਸੇ ਨੇ ਪਰਮਾਤਮਾ ਨੂੰ ਦੇਖਿਆ ਹੈਂ, ਹੇ ਭਾਈ ! ਇਹ ਗੱਲ ਕੀ ਕਹਾਂਏ ਕਿ ਅਨੰਦ ਕਿਸੇ ਹੋਰ ਨੂੰ ਆਇਆ ਹੈ, ਨਹੀਂ ਅਨੰਦ ਭੀ ਉਸੇ ਨੂੰ ਆਇਆ ਹੈ।

[ਪੰਨਾ ੭੨੫]

ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ॥ ੧॥

(੧) ਜਿਸ ਪ੍ਰਭੂ ਨੇ ਸੰਸਾਰ ਰੂਪ ਵਾੜੀ=ਬਗੀਚੀ ਲਗਾਈ ਹੈ ਉਹ ਪ੍ਰਭੂ ਆਪ ਹੀ ਜੀਵਾਂ ਦੇ ਕਰਮ ਜਾਣਦਾ ਹੈ ਤੇ ਆਪ ਹੀ ਫਲ ਪ੍ਰਾਪਤ ਕਰਦਾ ਹੈ।

(੨) ਜਿਸ ਨੇ ਸ਼ੁਭ ਗੁਣਾਂ ਰੂਪੀ ਬਗੀਚੀ ਲਗਾਈ ਹੈ ਉਹ ਆਪਣੇ ਸਰੂਪ ਨੂੰ ਜਾਣ ਲੈਂਦਾ ਹੈ, ਤੇ ਇੰਞ ਨਿਸਚੇ ਕਰਦਾ ਹੈ ਕਿ ਉਹ ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ॥ ੧॥

ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ ਰਹਾਉ॥

ਪਿਆਰੇ ਪ੍ਰਭੂ ਦਾ ਨਾਮ ਰਾਇਸਾ=ਉਚਾਰਨਾ ਕਰੋ, ਰਾਇਸਾ=ਉਚਾਰਨਾ ਕਰੋ।

ਵਾ:-ਮਨ ਕਰਕੇ ਪਿਆਰੇ ਪ੍ਰਭੂ ਦਾ ਨਾਮ ਉਚਾਰਨਾ ਕਰੋ, ਬਾਣੀ ਕਰਕੇ ਉਚਾਰਨਾ ਕਰੋ, ਤਨ ਕਰਕੇ ਉਚਾਰਨਾ ਕਰੋ।

ਅਥਵਾ:- ਰਾਇਸਾ=ਉਚਾਰਨੇ ਜੋਗ ਪਿਆਰੇ ਪ੍ਰਭੂ ਦਾ ਨਾਮ ਰਾਇਸਾ=ਉਚਾਰਨਾ ਕਰੋ।

*ਅਥਵਾ:-*ਪਿਆਰੇ ਪ੍ਰਭੂ ਦਾ ਨਾਮ ਆਪ ਰਾਇਸਾ=ਉਚਾਰਨਾ ਕਰੋ, ਤੇ ਹੋਰਨਾਂ ਪਾਸੋਂ ਕਾਰਾਇਸਾ= ਉਚਰਾਉਣਾ ਕਰਾਵੋ, ਜਿਸ ਕਰਕੇ ਸਦਾ=ਨਿਤ ਸੁਖ ਪ੍ਰਾਪਤ ਹੋਵੇਗਾ॥ ਰਹਾਉ॥

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਭਾਣੀ॥

ਰੇ=ਹੇ ਭਾਈ ! ਜਿਸ ਨੇ ਰੰਗਿ=ਪ੍ਰੇਮ ਨਾਲ ਪਤੀ (ਪਰਮੇਸ਼ਰ) ਨੂੰ ਨਹੀਂ ਸਿਮਰਿਆ, ਉਹ ਪਸਚਾਤਾਪ ਕਰਦੀ ਰਹਿੰਦੀ ਹੈ।

ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥ ੨॥

ਜਿਸ ਵੇਲੇ ਅਵਸਥਾ ਰੂਪੀ ਰੈਣਿ=ਰਾਤ ਵਿਹਾਣੀ=ਬਤੀਤ ਹੋ ਜਾਂਦੀ ਹੈ, ਤਿਸ ਵੇਲੇ ਹੱਥ ਪਛੋੜੈ=ਮਲਦੀ ਹੈ ਤੇ ਸਿਰ ਨੂੰ ਧੁੰਣਦੀ ਭਾਵ ਫੇਰਦੀ ਹੈ,

*ਅਥਵਾ:-*ਸਿਰ ਧੁਣੈ=ਕੁੰਬਣ ਲੱਗ ਜਾਂਦਾ ਹੈ॥ ੨॥

ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ॥

(੧) ਜਿਸ ਵੇਲੇ ਸਾਰੀ ਅਵਸਥਾ ਚੂਕੈਗੀ=ਮੁਕ ਗਈ ਤਾਂ ਪਸਚਾਤਾਪ ਕਰਨ ਨਾਲ ਨਹੀਂ ਮਿਲੇਗਾ।

ਵਾ:-ਉਸ ਵੇਲੇ ਪਛੋਤਾਵਾ ਕਰਨਾ ਭੀ ਨਹੀਂ ਮਿਲੇਗਾ।

(੨) ਜਿਸ ਵੇਲੇ ਜੀਵ ਰੂਪੀ ਸਾਰੀ=ਨਰਦ ਆਪਣੇ ਦਾਅ ਤੋਂ ਚੂਕੈਗੀ=ਉਕ ਜਾਏਗੀ, ਤਾਂ ਪਛੋਤਾਵਾ ਕਰਨ ਨਾਲ ਭੀ ਪ੍ਰਭੂ ਨੂੰ ਨਹੀਂ ਮਿਲੇਗੀ।

(੩) ਜਿਸ ਵੇਲੇ ਜੀਵ ਰੂਪੀ ਨਰਦ ਸੰਸਾਰ ਤੋਂ ਚੂਕੈਗੀ=ਉੱਠ ਜਾਏਗੀ ਭਾਵ ਮਰ ਜਾਏਗੀ ਤਾਂ ਪਤੀ ਨਾਲ ਨਾ ਮਿਲਣ ਦਾ ਪਛਤਾਵਾ ਹੀ ਰਹਿ ਜਾਏਗਾ।

ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ॥ ੩॥

ਜਦੋਂ ਮਨੁੱਖਾ ਦੇਹ ਦੀ ਵਾਰੀ ਆਵੇਗੀ ਤਾਂ ਫਿਰ ਪਿਆਰੇ ਪ੍ਰਭੂ ਦੇ ਨਾਮਾਂ ਨੂੰ ਉਚਾਰੇਂਗੀ? ਇਹ ਨਿਯਮ ਸਮਝ ਲੈ ਨਾ ਵਾਰੀ ਆਉਣੀ ਹੈ ਤੇ ਨਾ ਹੀ ਨਾਮਾਂ ਦਾ ਉਚਾਰਨ ਹੋਣਾ ਹੈ॥ ੩॥

ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ॥

ਇਹ ਸੋਹਾਗਣਾਂ ਮੇਰੇ ਨਾਲੋਂ ਵਧਵੀ=ਵਧੀਕ ਗੁਣਾਂ ਵਾਲੀਆਂ ਹਨ, ਕਿਉਂਕਿ ਇਨ੍ਹਾਂ ਨੇ ਸ਼ੁਭ-ਗੁਣਾਂ ਦੇ ਸਹਾਰੇ ਪਤੀ (ਪਰਮਾਤਮਾ) ਨੂੰ ਪਾ ਲਿਆ ਹੈ।

ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ॥ ੪॥

ਜੋ ਗੁਣ ਪਤੀ ਨੂੰ ਖੁਸ਼ ਕਰਨ ਵਾਲੇ ਹਨ ਉਹ ਸ਼ੁਭ ਗੁਣ ਮੇਰੇ ਵਿਚ ਆਉਂਦੇ ਨਹੀਂ ਹਨ, ਮੈਂ ਆਪਣਾ ਦੋਸ਼ ਕੈ ਜੀ=ਕਿਸ ਜੀਵ ਉਤੇ ਧਰੇਹ=ਧਰਨਾ ਕਰਾਂ॥ ੪॥

ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥

ਜਿਨ੍ਹਾਂ (ਉੱਤਮ ਸੰਤਾਂ ਰੂਪ) ਸਖੀਆਂ ਨੇ ਪਤੀ (ਪਰਮੇਸ਼ਰ) ਦੇ ਅਨੰਦ ਨੂੰ ਮਾਣਿਆਂ ਹੈ, ਮੈਂ ਉਨ੍ਹਾਂ ਪਾਸੋਂ ਜਾ ਕੇ ਕੋਈ ਯਤਨ ਪੁੱਛਾਂਗੀ।

ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥ ੫॥

ਉਹਨਾਂ ਦੇ ਪਾਇ=ਚਰਨੀਂ ਲੱਗਾਂਗੀ, ਬੇਨਤੀ ਕਰਾਂਗੀ ਅਤੇ ਪ੍ਰਭੂ ਦੀ ਪ੍ਰਾਪਤੀ ਦਾ ਪੰਥੁ=ਰਸਤਾ ਬਤਾਏ=ਪੁੱਛ ਲੇਉਗੀ=ਲਵਾਂਗੀ॥ ੫॥

ਜਗਿਆਸੂ ਦੇ ਪੁੱਛਣ ਪਰ ਅਗਲੀਆਂ ਤੁਕਾਂ ਵਿਚ ਗੁਰੂ ਜੀ ਉੱਤਰ ਦੇਂਦੇ ਹਨ।

ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥

ਗੁਰੂ ਜੀ ਕਥਨ ਕਰਦੇ ਹਨ, ਪਤੀ ਪਰਮਾਤਮਾ ਦੇ ਹੁਕਮ ਨੂੰ ਪਛਾਨਣਾ ਕਰ ਅਤੇ ਭਉ=ਡਰ ਧਾਰਨੇ ਰੂਪ ਚੰਦਨ ਨੂੰ ਲਗਾਉਣਾ ਕਰ।

ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ ੬॥

ਜਗਿਆਸੂ ਰੂਪ ਕਾਮਣਿ=ਇਸਤ੍ਰੀ ਸ਼ੁਭ-ਗੁਣਾਂ ਰੂਪੀ ਕਾਮਣ=ਟੂਣਾ (ਜਾਦੂ) ਕਰੇ,

ਵਾ:-ਗਲ ਵਿਚ ਮਣਕਾ ਪਾਉਣਾ ਕਰੇ ਤਾਂ ਪਿਆਰੇ ਪਤੀ-ਪਰਮੇਸ਼ਰ ਨੂੰ ਪਾ ਲੈਂਦੀ ਹੈ॥ ੬॥

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥

(੧) ਜੋ ਪੁਰਸ਼ ਦਿਲ ਕਰਕੇ ਮਿਲਿਆ ਹੈ ਓਹੀ ਪਰਮੇਸ਼ਰ ਨਾਲ ਮਿਲਕੇ ਰਹਿੰਦਾ ਹੈ, ਅਤੇ ਉਸੇ ਨੂੰ ਮਿਲਿਆ ਹੋਇਆ ਕਹੀਦਾ ਹੈ।

(੨) ਜੋ ਹਰੀ ਸਾਰਿਆਂ ਦਿਲਾਂ ਵਿਚ ਮਿਲ ਰਿਹਾ ਹੈ, ਸੋ ਉਸ ਦੇ ਨਾਮ ਨਾਲ ਜੋ ਮਿਲਿਆ ਹੈ ਓਹੀ ਅਸਲੀ ਮਿਲਿਆ ਹੋਇਆ ਕਹੀਦਾ ਹੈ।

(੩) ਜਿਨ੍ਹਾਂ ਗੁਰਾਂ ਦਾ ਦਿਲ ਪਰਮੇਸ਼ਰ ਨਾਲ ਮਿਲਿਆ ਹੋਇਆ ਹੈ, ਉਹਨਾਂ ਦੇ ਉਪਦੇਸ਼ ਨਾਲ ਜੋ ਮਿਲਿਆ ਹੈ, ਹੇ ਭਾਈ ! ਓਹੀ ਪਰਮੇਸ਼ਰ ਨਾਲ ਮਿਲਿਆ ਹੋਇਆ ਕਹੀਦਾ ਹੈ

ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥ ੭॥

ਪ੍ਰੇਮ ਤੋਂ ਬਿਨਾ, ਜੇਕਰ ਉਸ ਨੂੰ ਬਹੁਤਾ ਚਾਹੁਣਾ ਭੀ ਕਰੀਏ ਤਾਂ ਭੀ ਗੱਲ ਨਾਲ ਮੇਲ ਨਹੀਂ ਹੁੰਦਾ॥ ੭॥

ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥

ਜਿਵੇਂ ਅੱਗ ਦੇ ਸਬੰਧ ਕਰਕੇ ਧਾਤੁ ਸੋਨੇ ਧਾਤੁ ਨਾਲ ਮਿਲਦਾ ਹੈ, ਲੋਹਾ ਧਾਤੁ ਲੋਹੇ ਧਾਤੁ ਨਾਲ ਮਿਲਦਾ ਹੈ, *ਅਥਵਾ*-ਧਾਤੁ=ਮਾਇਆਧਾਰੀ ਮਾਇਆਧਾਰੀ ਨੂੰ ਮਿਲਦਾ ਹੈ। ਵਾ:-ਜਿਵੇਂ ਪਿਤਾ ਦੀ ਧਾਤ ਤੋਂ ਰਚਿਆ ਹੋਇਆ ਪੁੱਤਰ ਪਿਤਾ ਦੀ ਧਾਤੁ ਪਰ ਹੀ ਭਾਵ ਓਸੇ ਅੰਸ਼ ਪਰ ਮਿਲਦਾ ਹੈ, ਤਿਵੇਂ ਲਿਵ ਲਗਾਉਣ ਵਾਲਾ ਪੁਰਸ਼ ਜਿਸ ਵਿਚ ਲਿਵ ਲਗਾਈ ਹੈ ਉਸ ਪ੍ਰਭੂ ਨੂੰ ਧਾਵੈ=ਦੌੜ ਕੇ ਮਿਲਦਾ ਹੈ।

ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ॥ ੮॥

ਗੁਰਾਂ ਦੀ ਕਿਰਪਾ ਦੁਆਰੇ ਨਾਮ-ਸਿਮਰਨ ਕਰਨਾ ਜਾਣੀਏ ਤਾਂ ਕੋਈ ਅਨਭਉ=ਗਿਆਨ ਨੂੰ ਪਾਉਂਦਾ ਹੈ॥ ੮॥

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥

ਜਿਵੇਂ-ਪਾਨਾਂ ਦੀ ਵਾੜੀ=ਬਗੀਚੀ ਘਰ ਵਿਚ ਹੋਵੇ ਤਾਂ ਖਰੁ=ਖੋਤਾ ਉਹਨਾਂ ਦੀ ਕਦਰ ਨਹੀਂ ਜਾਣਦਾ।

ਤਿਵੇਂ-ਪਾਨਾਵਾੜੀ=ਸਤਸੰਗ,ਪਰਮੇਸ਼ਰ, ਸ਼ੁਭ-ਗੁਣ ਸਰੀਰ ਘਰ ਵਿਚ ਹੋਣ, ਤਾਂ ਖਰੁ=ਗਧਾ-ਕਾਮੀ ਜੀਵ ਉਹਨਾਂ ਦੀ ਸਾਰ=ਕਦਰ ਨਹੀਂ ਜਾਣਦਾ।

ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥ ੯॥

ਜਿਵੇਂ ਸੁਗੰਧੀ ਦਾ ਰਸੀਆ ਹੋਵੇ ਤਦ ਫੁੱਲ ਨੂੰ ਪਛਾਣਦਾ ਹੈ। ਤਿਵੇਂ ਮੁਸਕ=ਸਿਧਾਂਤ ਦਾ ਰਸੀਆ=ਪ੍ਰੀਤੀ ਵਾਲਾ ਹੋਵੇ ਤਦ ਵੇਦਾਂ ਸ਼ਾਸਤ੍ਰਾਂ ਰੂਪੀ ਫੁੱਲ ਨੂੰ ਪਛਾਣਦਾ ਹੈ॥ ੯॥

ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ॥

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਅੰਮ੍ਰਿਤ ਨੂੰ ਪੀਂਦਾ ਹੈ, ਉਸ ਦੇ ਅੰਦਰੋਂ ਭ੍ਰਮੁ=ਭਰਮ ਜੋ ਭ੍ਰਮਿ=ਭਰਮਾਉਣੇ ਵਾਲਾ ਹੈ ਉਹ ਸਮਾਵੈ=ਅਭਾਵ ਹੋ ਜਾਂਦਾ ਹੈ।

ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥ ੧੦॥ ੧॥

ਸੁਭਾਵਕ ਹੀ ਸਹਜੇ=ਸ਼ਾਂਤੀ ਆਦਿਕ ਗੁਣਾਂ ਵਿਚ ਮਿਲ ਰਵ੍ਹੇ ਤਾਂ ਅਮਰ-ਪਦ ਨੂੰ ਪਾ ਲੈਂਦਾ ਹੈ॥ ੧੦॥ ੧॥

ਤਿਲੰਗ ਮਹਲਾ ੪ ॥ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥

ਵੇਦਾਂ ਸ਼ਾਸਤ੍ਰਾਂ ਵਿਚ ਜੋ ਹਰੀ ਦੀਆਂ ਕਥਾਵਾਂ ਹਨ, ਤੇ ਜੋ ਲੌਕਿਕ ਕਹਾਣੀਆਂ ਹਨ, ਅਥਵਾ-ਕਥਨ ਕਰਨੇ ਜੋਗ ਜੋ ਹਰੀ ਦੀਆਂ ਕਹਾਣੀਆਂ ਹਨ, ਉਹ ਗੁਰੂ-ਮਿੱਤਰ ਨੇ ਸੁਣਾਈਆਂ ਹਨ।

ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥ ੧ ॥

ਮੈਂ ਮਨ ਕਰਕੇ ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ ਅਤੇ ਤਨ ਕਰਕੇ ਭੀ ਮੈ ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

ਅਥਵਾ-ਬਲਿਹਾਰ ਜਾਣੇ ਜੋਗ ਆਪਣੇ ਗੁਰ=ਪੂਜਨੀਕ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ॥ ੧॥

ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ ਰਹਾਉ॥

(੧) ਹੇ ਮੇਰੇ ਗੁਰੂ ਦੇ ਪਿਆਰੇ ਗੁਰਸਿੱਖ ! ਤੂੰ ਮੈਨੂੰ ਆ ਕੇ ਮਿਲ, ਪਰ ਛੇਤੀ ਆ ਕੇ ਮਿਲ।

(੨) ਹੇ ਗੁਰਸਿੱਖ ! ਤੂੰ ਆ ਕੇ ਮਿਲ, ਤੁਸੀਂ ਮੇਰੇ ਗੁਰੂ ਕੇ ਪਰਮ ਪਿਆਰੇ ਹੋ।

ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥

ਜੋ ਹਰੀ ਦੇ ਗੁਣ ਹਰੀ ਨੂੰ ਭਾਉਂਦੇ ਹਨ, ਉਹ ਗੁਣ ਅਸਾਂ ਨੇ ਗੁਰਾਂ ਪਾਸੋਂ ਪਾਏ ਹਨ।

ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥ ੨॥

ਜਿਨ੍ਹਾਂ ਗੁਰਸਿੱਖਾਂ ਨੇ ਗੁਰੂ ਦਾ ਭਾਣਾ ਮੰਨਿਆ ਹੈ, ਉਹਨਾਂ ਤੋਂ ਘੁਮਿ ਘੁਮਿ=ਬਲਿਹਾਰ-ਕੁਰਬਾਨ ਜਾਂਦਾ ਹਾਂ॥ ੨॥

ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥

ਜਿਨ੍ਹਾਂ ਨੇ ਪਿਆਰੇ ਸਤਿਗੁਰਾਂ ਦਾ ਦਰਸ਼ਨ ਵੇਖਿਆ ਹੈ, ਉਹਨਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ।

ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥ ੩॥

ਜਿਨ੍ਹਾਂ ਗੁਰਸਿੱਖਾਂ ਨੇ ਗੁਰਾਂ ਦੀ ਸੇਵਾ-ਟਹਿਲ ਕੀਤੀ ਹੈ, ਉਹਨਾਂ ਤੋਂ ਮੈਂ ਸਦੀਵ ਕਾਲ ਬਲਿਹਾਰ ਜਾਂਦਾ ਹਾਂ॥ ੩॥

ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥

ਹੇ ਭਾਈ! ਹਰਿ ਹਰਿ ਦਾ ਨਾਮ ਹੀ ਤੇਰੇ ਜਨਮ ਮਰਨ ਰੂਪ ਦੁੱਖ ਦੇ ਦੂਰ ਕਰਨ ਵਾਲਾ ਹੈ।

ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥ ੪॥

ਗੁਰਾਂ ਦੀ ਸੇਵਾ ਕਰਕੇ ਜਿਸ ਨੇ ਨਾਮ ਪਾਇਆ ਹੈ, ਉਸ ਗੁਰਮੁਖ ਦਾ (ਸੰਸਾਰ-ਸਮੁੰਦ੍ਰ ਤੋਂ) ਨਿਸਤਾਰਾ= ਪਾਰ ਉਤਾਰਾ ਹੁੰਦਾ ਹੈ॥ ੪॥

ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥

ਜੋ ਪੁਰਸ਼ ਹਰੀ ਨਾਮ ਨੂੰ ਧਿਆਉਂਦੇ ਹਨ, ਉਹ ਪੁਰਸ਼ ਪ੍ਰਵਾਨ ਹੋਏ ਹਨ।

ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥ ੫॥

ਗੁਰੂ ਜੀ ਕਥਨ ਕਰਦੇ ਹਨ, ਮੈਂ ਉਨ੍ਹਾਂ ਦੇ ਉੱਪਰੋਂ ਮਨ ਕਰਕੇ ਸਦਾ ਵਾਰਿਆ=ਬਲਿਹਾਰ ਜਾਂਦਾ ਹਾਂ, ਬਾਣੀ ਕਰਕੇ ਸਦਾ ਕੁਰਬਾਨ ਜਾਂਦਾ ਹਾਂ, ਤਨ ਕਰਕੇ ਭੀ ਸਦਾ ਬਲਿਹਾਰ ਜਾਂਦਾ ਹਾਂ॥ ੫॥

ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ॥

ਹੇ ਪੁਰਸ਼ਾ! ਤੇਰੀ ਕੀਤੀ ਹੋਈ ਉਸਤਤੀ ਓਹੀ ਸਫਲ ਹੈ, ਜੋ ਹਰ ਤਰ੍ਹਾਂ ਕਰਕੇ ਹਰੀ ਪ੍ਰਭੂ ਨੂੰ ਭਾ ਜਾਵੇ।

ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ॥ ੬॥

(੧) ਜੋ=ਜਿਹੜੇ ਗੁਰਮੁਖ ਪਿਆਰੇ ਹਰੀ ਨੂੰ ਸੇਂਵਦੇ ਹਨ, ਤਿਨ=ਉਹਨਾਂ ਨੇ ਸਾਰੇ ਫਲ ਪਾਏ ਹਨ ।

(੨) ਜੋ ਗੁਰਮੁਖ ਪਿਆਰੇ ਗੁਰਾਂ ਨੂੰ ਸੇਂਵਦੇ ਹਨ, ਉਹ ਹਰਿ ਫਲੁ=ਗਿਆਨ ਫਲ ਨੂੰ ਪਾਉਂਦੇ ਹਨ॥ ੬॥

ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥

ਜਿਨ੍ਹਾਂ ਦੀ ਹਰੀ ਨਾਲ ਪਿਰਹੜੀ=ਪ੍ਰੀਤੀ ਹੈ, ਉਹਨਾਂ ਦਾ ਜੀਅ=ਦਿਲ ਪ੍ਰਭੂ ਨਾਲ ਹੀ ਜੁੜ ਗਿਆ ਹੈ।

ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ॥ ੭॥

ਉਹ ਪਿਆਰੇ ਪ੍ਰਭੂ ਦੇ ਜਪ ਨੂੰ ਜਪ ਕੇ ਜੀਉਂਦੇ ਹਨ ਅਤੇ ਹਰ ਵੇਲੇ ਹਰੀ ਨਾਮ ਨੂੰ ਸੰਭਾਲਦੇ ਹਨ।

ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ॥

ਜਿਨ੍ਹਾਂ ਗੁਰਮੁਖਾਂ ਨੇ ਪਿਆਰਾ ਜਾਣਕੇ ਹਰੀ ਨੂੰ ਸੇਵਿਆ ਹੈ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ।

ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥ ੮ ॥

ਉਹ ਆਪ ਸਾਰੇ ਪਰਵਾਰ ਸਿਉ=ਸਮੇਤ ਜਨਮ ਮਰਨ ਤੋਂ ਛੁੱਟ ਗਏ ਹਨ ਅਤੇ ਸਾਰੇ ਜਗਤ ਨੂੰ ਭੀ ਉਹਨਾਂ ਨੇ ਛਡਾ ਲਿਆ ਹੈ॥ ੮॥

ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥

ਗੁਰਾਂ ਨੇ ਪਿਆਰੇ ਹਰੀ ਨੂੰ ਸੇਵਿਆ ਹੈ, ਇਸ ਲਈ ਗੁਰੂ ਧੰਨ ਹਨ, ਗੁਰੂ ਧੰਨ ਹਨ।

ਵਾ:-ਗੁਰੂ ਤਿੰਨਾਂ ਸਮਿਆਂ ਵਿਚ ਧੰਨ ਹਨ।

ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥ ੯ ॥

ਗੁਰਾਂ ਨੇ ਜਿਹੜਾ ਹਰੀ ਦੀ ਪ੍ਰਾਪਤੀ ਦਾ (ਗਿਆਨ ਵੈਰਾਗ ਰੂਪੀ) ਰਸਤਾ ਦੱਸਿਆ ਹੈ, ਏਹੋ ਗੁਰਾਂ ਦਾ ਪੁੰਨਾਂ ਵਿਚੋਂ ਪੁੰਨ ਹੈ॥ ੯॥

[ਪੰਨਾ ੭੨੬]

ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥

ਜੋ ਗੁਰਸਿੱਖ ਅਜਿਹੇ ਗੁਰੂ ਦੀ ਸੇਵਾ ਕਰਦੇ ਹਨ, ਉਹ ਪੁਰਸ਼ ਪੁੰਨ=ਪਵਿੱਤ੍ਰ ਰੂਪ ਹਨ।

ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਜਨ ਉਹਨਾਂ ਤੋਂ ਸਦਾ ਸਦਾ ਹੀ ਵਾਰੀ ਘੋਲੀ ਜਾਂਦਾ ਹਾਂ ॥ ੧੦॥

ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥

ਗੁਰਮੁਖਾਂ ਰੂਪੀ ਜੋ ਸਹੇਲੀਆਂ=ਪਿਆਰੀਆਂ ਸਖੀਆਂ ਹਨ, ਉਹ ਹਰੀ ਨੂੰ ਆਪ ਹੀ ਭਾਈਆ=ਭਾ ਗਈਆਂ ਹਨ।

ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥ ੧੧ ॥

ਹਰੀ ਦੀ ਦਰਗਾਹ ਵਿਚ ਉਹਨਾਂ ਨੂੰ ਜਸ ਰੂਪੀ ਪੁਸ਼ਾਕ ਪਹਿਨਾਂਈ ਹੈ, ਭਾਵ ਇੱਜ਼ਤ ਹੋਈ ਹੈ ਅਤੇ ਹਰੀ ਨੇ ਉਹਨਾਂ ਨੂੰ ਆਪਣੇ ਗਲ ਨਾਲ ਲਗਾਇਆ, ਭਾਵ ਅਭੇਦ ਕੀਤਾ ਹੈ॥ ੧੧॥

ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥

ਜੋ =ਜਿਹੜੇ ਗੁਰਮੁਖ ਗੁਰਾਂ ਦੁਆਰੇ ਨਾਮ ਨੂੰ ਧਿਆਂਉਂਦੇ ਹਨ, ਹੇ ਪ੍ਰਭੂ ! ਮੈਨੂੰ ਤਿਨ=ਉਹਨਾਂ ਦਾ ਦਰਸ਼ਨ ਦੇਣਾ ਕਰ।

ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥ ੧੨ ॥

ਅਸੀਂ ਤਿਨ=ਉਹਨਾਂ ਦੇ ਚਰਨ ਪਖਾਲਦੇ=ਧੋਂਦੇ ਹਾਂ ਅਤੇ ਉਹਨਾਂ ਦੀ ਚਰਨ ਧੂੜੀ ਨੂੰ ਘੋਲ ਘੋਲ ਕੇ ਪੀਂਦੇ ਹਾਂ॥ ੧੨ ॥

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥

(੧) ਜੋ ਪ੍ਰਤੱਖ ਇਸਤ੍ਰੀਆਂ ਪਾਨ ਤੇ ਸੁਪਾਰੀ ਖਾਂਦੀਆਂ ਸਨ ਤੇ ਮੁਖ ਪਰ ਬੀੜੀਆਂ=ਬਿੰਦੀਆਂ ਲਗਾਈ

ਰੱਖਦੀਆਂ ਸਨ।

(੨) ਜੋ ਮਨੁੱਖ ਪਾਨ ਤੇ ਸੁਪਾਰੀ ਖਾਂਦੇ ਸਨ ਅਤੇ ਮੂੰਹ ਵਿਚ ਤਮਾਕੂ ਦੀਆਂ ਬੀੜੀਆਂ ਲਗਾ ਰੱਖਦੇ ਸਨ।

ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥ ੧੩॥

ਹਰਿ ਹਰਿ ਨਾਮ ਨੂੰ ਕਦੇ ਭੀ ਸਿਮਰਿਆ ਨਹੀਂ ਸੀ, ਉਹਨਾਂ ਨੂੰ ਜਮ ਨੇ ਫੜ ਕੇ ਅੱਗੇ ਨੂੰ ਤੋਰ'ਲਿਆ ਹੈ॥ ੧੩॥

ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ॥

ਜਿਨ੍ਹਾਂ ਨੇ ਹਰੀ ਨਾਮ ਨੂੰ ਸਿਮਰਿਆ ਹੈ ਅਤੇ ਹਰੀ ਨੂੰ ਹਿਰਦੇ ਉਰਿ=ਵਿਚ ਭੀ ਧਾਰਿਆ ਹੋਇਆ ਹੈ।

ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ॥ ੧੪॥

(੧) ਉਹ ਜੋ ਗੁਰੂ ਦੇ ਪਿਆਰੇ ਗੁਰਸਿੱਖ ਹਨ, ਉਹਨਾਂ ਦੇ ਨੇੜੇ ਜਮ ਨਹੀਂ ਆਉਂਦਾ।

(੨) ਉਹਨਾਂ ਦੇ ਨੇੜੇ ਜਮ ਨਹੀਂ ਆਉਂਦਾ, ਕਿਉਂਕਿ ਉਹ ਗੁਰਸਿੱਖ ਗੁਰੂ ਜੀ ਦੇ ਪਿਆਰੇ ਹਨ॥ ੧੪॥

ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ॥

ਕੋਈ ਵਿਰਲਾ ਹੀ ਗੁਰਮੁਖ ਜਾਣਦਾ ਹੈ ਕਿ ਹਰੀ ਦਾ ਨਾਮ ਸੁਖਾਂ ਦਾ,

ਵਾ:-ਨਿਧੀਆਂ ਦਾ ਖ਼ਜ਼ਾਨਾ ਹੈ।

ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ॥ ੧੫॥

ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ, ਉਹ ਰਲੀਆ=ਖੁਸ਼ੀਆਂ ਦੇ ਰੰਗਿ=ਅਨੰਦ ਨੂੰ ਮਾਣੈ=ਭੋਗਦੇ ਹਨ॥ ੧੫॥

ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ॥

ਸਤਿਗੁਰੂ ਹੀ ਦਾਤੇ ਕਹੇ ਜਾਂਦੇ ਹਨ, ਜੋ ਤੁਸਿ=ਪ੍ਰਸੰਨ ਹੋ ਕੇ ਸਿੱਖਾਂ ਨੂੰ ਪ੍ਰਤੱਖ ਪਸਾਓ=ਦਾਤ, ਜਾਂ ਨਾਮ ਦੀ ਦਾਤ ਦੇਣਾ ਕਰਦੇ ਹਨ।

ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ॥ ੧੬॥

ਹਉ=ਮੈਂ ਗੁਰੂ ਦੇ ਉੱਪਰੋਂ ਸਦਾ ਵਾਰਨੇ ਜਾਂਦਾ ਹਾਂ, ਜਿਸ ਗੁਰੂ ਨੇ ਮੈਨੂੰ ਨਾਮ ਦਿਤੜਾ=ਦਿੱਤਾ (ਬਖਸ਼ਿਆ) ਹੈ॥ ੧੬॥

ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ॥

ਉਹ ਗੁਰੂ ਧੰਨ ਹਨ, ਮੈਂ ਉਹਨਾਂ ਨੂੰ ਸ਼ਾਬਾਸ ਦੇਂਦਾ ਹਾਂ, ਜੋ ਹਰੀ ਦੀ ਪ੍ਰਾਪਤੀ ਦਾ ਸਨੇਹਾ=ਸੰਦੇਸ਼ ਦੇਂਦੇ ਹਨ।

ਯਥਾ:-''ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ॥
ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ॥ ੨੩੦॥''

(ਕਬੀਰ ਪੰਨਾ ੧੩੭੬)

ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ॥ ੧੭ ॥

(੧) ਸਾਰਿਆਂ ਤੋਂ ਗੁਰੂ=ਵੱਡੀ, ਗੁਰ=ਪੂਜਨੀਕ ਸਤਿਗੁਰਾਂ ਦੀ ਦੇਹ ਨੂੰ ਵੇਖ ਵੇਖ ਕੇ ਹਉ=ਮੈਂ ਵਿਗਸਿਆ=ਪ੍ਰਸੰਨ ਹੋਇਆ ਹਾਂ।

(੨) ਵੇਖਣੇ ਜੋਗ ਗੁਰ=ਪੂਜਨੀਕ ਸਤਿਗੁਰਾਂ ਦੀ ਦੇਹ ਨੂੰ ਵੇਖ ਕੇ ਮੈਂ ਗੁਰੂ=ਬੜਾ ਪ੍ਰਸੰਨ ਹੋਇਆ ਹਾਂ॥ ੧੭ ॥

ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥

(੧) ਗੁਰਾਂ ਦੀ ਰਸਨਾ ਸੋਭਨੀਕ ਹਰੀ ਨਾਮ ਅੰਮ੍ਰਿਤ ਨੂੰ ਬੋਲਦੀ ਹੈ।

(੨) ਗੁਰੂ ਦੀ ਰਸਨਾ ਨਾਮ-ਅੰਮ੍ਰਿਤ ਨੂੰ ਬੋਲਦੀ ਹੈ, ਅਤੇ ਹਰੀ ਨਾਮ ਕਰਕੇ ਸੋਭਾ ਵਾਲੀ ਹੋਈ ਹੈ।

ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥ ੧੮ ॥

ਜਿਨ੍ਹਾਂ (ਗੁਰਸਿੱਖਾਂ) ਨੇ ਗੁਰੂ ਦੇ ਸਿਖਾ=ਸਿਖਿਆ ਨੂੰ ਸੁਣ ਕੇ ਮੰਨਣ ਕੀਤਾ ਹੈ, ਉਹਨਾਂ ਦੀ ਸਾਰੀ ਭੁੱਖ ਪਦਾਰਥਾਂ ਦੀ ਚਲੀ ਜਾਂਦੀ ਹੈ॥ ੧੮ ॥

ਮਹਾਤਮਾ ਅੱਗੇ ਇਸ ਤਰ੍ਹਾਂ ਬੇਨਤੀ ਕਰੇ, ਹੇ ਸੰਤੋ !

ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥

ਹਰੀ ਦੀ ਪ੍ਰਾਪਤੀ ਦਾ ਜੋ ਬ੍ਰਹਮ ਗਿਆਨ ਰੂਪੀ ਰਸਤਾ ਆਖੀਦਾ ਹੈ, ਕਹੁ ਖਾਂ ! ਉਸ ਉੱਤੇ ਕਿਸ ਤਰ੍ਹਾਂ ਨਾਲ ਜਾਈਏ ? *ਉੱਤਰ:-*

ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ ॥ ੧੯ ॥

(੧) ਹਰੀ ਦਾ ਜੋ ਹਰਿ ਹਰਿ ਨਾਮ ਹੈ ਏਹੀ ਤੇਰਾ ਖਰਚ ਹੈ, ਇਸ ਖਰਚ ਨੂੰ ਨਾਲ ਲੈ ਜਾਣਾ ਕਰ।

(੨) ਹੇ ਭਾਈ ! ਹਰੀ ਦਾ ਨਾਮ ਹਰਿ=ਹਰ ਤਰ੍ਹਾਂ ਕਰਕੇ ਤੇਰਾ ਸਹਾਇਕ ਹੈ, ਇਸ ਲਈ ਹਰੀ ਨਾਮ ਰੂਪੀ ਖਰਚ ਨੂੰ ਲੈ ਕੇ ਪ੍ਰਲੋਕ ਵਿਚ ਜਾਣਾ ਕਰ॥ ੧੯ ॥

ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰੀ ਨਾਮ ਨੂੰ ਅਰਾਧਿਆ ਹੈ, ਉਹ ਸਾਰਿਆਂ ਤੋਂ ਵੱਡੇ ਸ਼ਾਹ ਦਾਣੇ=ਜਾਣੇ ਜਾਂਦੇ ਹਨ।

ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ ॥ ੨੦ ॥

ਹਉ=ਮੈਂ ਉਹਨਾਂ ਸਤਿਗੁਰਾਂ ਤੋਂ ਸਦਾ ਵਾਰਨੇ ਜਾਂਦਾ ਹਾਂ, ਜਿਨ੍ਹਾਂ ਗੁਰਾਂ ਦੇ ਬਚਨ ਮੇਰੇ ਹਿਰਦੇ ਵਿਚ ਸਮਾਏ ਹਨ।

ਅਥਵਾ-ਜਿਨ੍ਹਾਂ ਗੁਰਾਂ ਦੇ ਬਚਨਾਂ ਕਰਕੇ ਕਾਮ ਆਦਿਕ ਸਮਾਣੇ=ਅਭਾਵ ਹੋ ਗਏ ਹਨ॥ ੨੦ ॥

ਹੇ ਭਾਈ ! ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀ ਕਰੋ-

ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ ॥

ਪਿੱਛੇ ਤੂੰ ਮੇਰਾ ਠਾਕੁਰ ਸੀ, ਅੱਗੇ ਭੀ ਤੂੰ ਮੇਰਾ ਸਾਹਿਬ ਹੋਵੇਂਗਾ, ਹੁਣ ਭੀ ਤੂੰ ਮੇਰਾ ਮੀਰਾ=ਪਾਤਸ਼ਾਹ ਹੈਂ।

ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ॥ ੨੧॥

ਤੇਰੀ ਬੰਦਗੀ ਹੀ ਤੁਧੁ ਭਾਵੈ=ਤੈਨੂੰ ਭਾਉਂਦੀ ਹੈ, ਅਥਵਾ-ਜੋ ਤੇਰੀ ਬੰਦਗੀ ਕਰਦਾ ਹੈ ਉਹ ਤੈਨੂੰ ਭਾਉਂਦਾ ਹੈ ਅਤੇ ਤੂੰਹੀ ਸ਼ੁਭ ਗੁਣਾਂ ਦਾ ਗਹੀਰਾ=ਸਮੁੰਦਰ ਹੈਂ॥ ੨੧॥

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥

ਹਰੀ ਆਪ ਹੀ ਇਕ ਰੰਗੁ=ਨਿਰਗੁਣ ਸਰੂਪ ਹੋ ਰਿਹਾ ਹੈ, ਹਰੀ ਆਪ ਹੀ ਬਹੁਰੰਗੀ=ਸਰਗੁਣ ਸਰੂਪ ਹੋ ਰਿਹਾ ਹੈ।

ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ ੨੨॥ ੨॥

ਗੁਰੂ ਜੀ ਕਥਨ ਕਰਦੇ ਹਨ, ਜੋ ਉਸ ਹਰੀ ਨੂੰ ਭਾਉਂਦਾ ਹੈ, ਸਾਈ=ਓਹੀ ਗੱਲ ਚੰਗੀ॥ ੨੨॥ ੨॥

ਤਿਲੰਗ ਮਹਲਾ ੯ ਕਾਫੀ ੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਪ੍ਰੇਮ ਮਈ ਕਾਫੀ ਦੇ ਰੂਪ ਵਿਚ ਬਾਣੀ ਉਚਾਰ ਕੇ ਸਿੱਖਾਂ ਨੂੰ ਉਪਦੇਸ਼ ਦੇਂਦੇ ਹਨ।

੧. ਕਾਫੀ=ਛੰਦ ਦੀ ਚਾਲ ਹੈ, ੨. ਕਾਫੀ=ਵੈਰਾਗ ਮਈ ਉਪਦੇਸ਼ ਦੇਂਦੇ ਹਨ।

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥

(੧) ਹੇ ਪ੍ਰਾਣੀ! ਜੇ ਤੇਰੇ ਵਿਚ ਕੋਈ ਚੇਤਨਾ=ਬੁੱਧੀ ਹੈ, ਤਾਂ ਰਾਤ ਦਿਨ ਵਿਚ ਵਾਹਿਗੁਰੂ ਦਾ ਚੇਤ=ਸਿਮਰਨ ਕਰ ਲੈ।

(੨) ਜੇ ਤੂੰ ਚੇਤਨਾ=ਚਿੰਤਨ ਕਰਨਾ ਹੈ ਤਾਂ ਹੇ ਪ੍ਰਾਣੀ! ਰਾਤ ਦਿਨ ਵਾਹਿਗੁਰੂ ਨਾਮ ਦਾ ਸਿਮਰਨ ਕਰ ਲੈ।

(੩) ਹੇ ਪ੍ਰਾਣੀ! ਮਾਂ ਦੇ ਪੇਟ ਵਿਚ ਜੋ ਤੂੰ ਕਰਾਰ ਕੀਤਾ ਸੀ ਉਸ ਦਾ ਚੇਤਾ ਹਈ ਤਾਂ ਰਾਤ ਦਿਨ ਵਾਹਿਗੁਰੂ ਨਾਮ ਦਾ ਸਿਮਰਨ ਕਰ ਲੈ।

ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ ੧॥ ਰਹਾਉ॥

ਛਿਨ ਛਿਨ ਕਰਕੇ ਤੇਰੀ ਉਮਰਾ ਇਉਂ ਬਿਹਾਤੁ=ਬੀਤਦੀ ਜਾਂਦੀ ਹੈ, ਜਿਵੇਂ ਫੂਟੈ=ਟੁੱਟੇ ਹੋਏ ਘੜੇ ਵਿੱਚੋ ਬੂੰਦ ਬੂੰਦ ਕਰਕੇ ਪਾਣੀ ਨਿਕਲਦਾ ਜਾਂਦਾ ਹੈ॥ ੧॥ ਰਹਾਉ॥

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥

ਹੇ ਮੂਰਖ ਅਗਿਆਨੀ! ਤੂੰ ਹਰੀ ਦੇ ਗੁਣ ਕਿਉਂ ਨਹੀਂ ਗਾਇਨ ਕਰਦਾ।

ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥ ੧॥

ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਲੱਗ ਕੇ ਤੈਨੇ ਆਪਣੇ ਮਰਨੇ ਨੂੰ ਨਹੀਂ ਪਛਾਣਿਆ॥ ੧॥

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥

ਅਜੇ ਤੱਕ ਤੇਰਾ ਕੁਝ ਵਿਗੜਿਆ ਨਹੀਂ ਹੈ, ਜੇ ਤੂੰ ਪ੍ਰਭੂ ਦੇ ਗੁਣ ਗਾ ਲਵੇਂ ਤਾਂ ਚੰਗਾ ਹੈ।

ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ, ਉਸ ਪ੍ਰਭੂ ਦੇ ਭਜਨ ਕਰਕੇ ਤੂੰ ਨਿਰਭਉ ਪਦ ਨੂੰ ਪਾ ਲਵੇਂਗਾ॥ ੨॥ ੧॥

ਤਿਲੰਗ ਮਹਲਾ ੯॥

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥

ਰੇ ਮਨਾ=ਹੇ ਪਿਆਰੇ ਭਾਈ! ਜਾਗ ਕੇ ਸਿਮਰਨ ਕਰ ਲੈ, ਜਾਗ ਕੇ ਸਿਮਰਨ ਕਰ ਲੈ, ਕਿਉਂ ਗਾਫਲ ਹੋ ਕੇ ਸੋਇਆ=ਸੁੱਤਾ ਪਿਆ ਹੈਂ।

ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥ ੧॥ ਰਹਾਉ॥

ਜੋ ਸਰੀਰ ਨਾਲ ਪੈਦਾ ਹੋਇਆ ਹੈ, ਉਹ ਸਰੀਰ ਭੀ ਕਿਸੇ ਦਾ ਸਾਥੀ ਨਹੀਂ ਹੋਇਆ॥ ੧॥ ਰਹਾਉ॥

ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥

ਮਾਂ, ਪਿਉ, ਸੁਤ=ਪੁੱਤਰ, ਬੰਧ ਜਨ=ਸਬੰਧੀ ਪੁਰਸ਼ ਜਿਨ੍ਹਾਂ ਨਾਲ ਤੂੰ ਹਿਤੁ=ਮੋਹ ਕੀਤਾ ਹੋਇਆ ਹੈ।

ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥ ੧॥

ਜਿਸ ਵੇਲੇ ਦੇਹ ਨਾਲੋਂ ਜੀਵ ਦਾ ਸਬੰਧ ਛੁੱਟ ਗਿਆ, ਉਸੇ ਵੇਲੇ ਇਨ੍ਹਾਂ ਸਬੰਧੀਆਂ ਨੇ ਤੇਰੀ ਦੇਹ ਨੂੰ ਅੱਗ ਵਿਚ ਸੁੱਟ ਦੇਣਾ ਹੈ॥ ੧॥

[ਪੰਨਾ ੭੨੭]

ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ॥

ਜੀਉਂਦਿਆਂ ਤਕ ਹੀ ਸਬੰਧੀਆਂ ਦਾ ਤੇਰੇ ਨਾਲ ਵਿਹਾਰ ਹੈ, ਸਾਰੇ ਜਗਤ ਨੂੰ ਤੁਸੀਂ ਏਸੇ ਤਰ੍ਹਾਂ ਜਾਨਣਾ ਕਰੋ।

ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥ ੨॥ ੨॥

ਗੁਰੂ ਜੀ ਕਥਨ ਕਰਦੇ ਹਨ, ਤੂੰ ਹਰੀ ਦੇ ਗੁਣਾਂ ਨੂੰ ਗਾ ਲੈਣਾ ਕਰ, ਸੰਸਾਰ ਦੇ ਸਾਰੇ ਪਦਾਰਥ ਸੁਪਨੇ ਸਮਾਨਉ=ਵਾਂਗ ਮਿਥਿਆ ਹਨ॥ ੨॥ ੨॥

ਤਿਲੰਗ ਮਹਲਾ ੯॥ ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥

ਰੇ ਮਨਾ=ਹੇ ਪਿਆਰੇ ਭਾਈ! ਤੂੰ ਹਰੀ ਜਸ ਨੂੰ ਗਾ ਲੈਣਾ ਕਰ, ਜੋ ਤੇਰਾ ਸੰਗੀ ਹੋਣਾ ਹੈ।

ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥ ੧॥ ਰਹਾਉ॥

ਮਨੁੱਖ ਜਨਮ ਦਾ ਵੇਲਾ ਬੀਤਦਾ ਜਾਂਦਾ ਹੈ, ਤੂੰ ਹੁਣੇ ਹੀ ਮੇਰਾ ਕਿਹਾ ਮਾਨਿ=ਮੰਨ ਲੈ॥ ੧॥ ਰਹਾਉ॥

ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥

ਰਾਜ ਸੰਪਦਾ ਨਾਲ, ਰੱਥ ਆਦਿਕਾਂ ਦੀ ਸਵਾਰੀ ਨਾਲ ਤੇ ਧਨ ਨਾਲ ਜੋ ਤੂੰ ਬਹੁਤਾ ਨੇਹੁ=ਪ੍ਰੇਮ ਲਗਾਇਆ ਹੋਇਆ ਹੈ।

ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ ॥ ੧ ॥

ਜਿਸ ਵੇਲੇ ਕਾਲ ਦੀ ਫਾਹੀ ਤੇਰੇ ਗਲ ਵਿਚ ਪੈ ਗਈ, ਉਸ ਵੇਲੇ ਸਭ ਕੁਝ ਪਰਾਇਓ=ਬਿਗਾਨਾ ਹੋ ਜਾਣਾ ਹੈ॥ ੧ ॥

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥

ਹੇ ਬਾਵਰੇ=ਝੱਲੇ ਪੁਰਸ਼ਾ ! ਤੈਨੇ ਜਾਣ ਬੁੱਝਕੇ ਆਪਣਾ ਮੋਖ ਰੂਪੀ ਕੰਮ ਵਿਗਾੜ ਲਿਆ ਹੈ।

ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥ ੨ ॥

ਪਾਪ ਕਰਮ ਕਰਦਿਆਂ ਹੋਇਆਂ ਤੈਂਨੇ ਕੁਝ ਸੁਕਚਿਓ=ਸੰਕੋਚ ਨਹੀਂ ਕੀਤਾ ਅਤੇ ਨਾ ਹੀ ਗਰਬੁ=ਹੰਕਾਰ ਨੂੰ ਦੂਰ ਕੀਤਾ ਹੈ॥ ੨ ॥

ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥

(੧) ਹੇ ਭਾਈ ! ਜਿਸ ਪ੍ਰਕਾਰ ਗੁਰੂ ਨੇ ਮੈਨੂੰ ਉਪਦੇਸ਼ ਦਿੱਤਾ ਹੈ, ਉਹ ਤੂੰ ਧਿਆਨ ਦੇ ਕੇ ਸੁਣ।

(੨) ਜਿਸ ਵਿਧੀ ਨਾਲ ਗੁਰੂ ਨੇ ਉਪਦੇਸ਼ ਦਿੱਤਾ ਹੈ, ਉਹ (ਤੂੰ ਕੰਨ ਦੇ ਕੇ) ਸੁਣ।

ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥ ੩ ॥ ੩ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਤੈਨੂੰ ਪੁਕਾਰ ਕੇ ਕਹਿੰਦਾ ਹਾਂ ਤੂੰ ਪ੍ਰਭੂ ਦੀ ਸ਼ਰਨ ਗ੍ਰਹਿਣ ਕਰ॥ ੩ ॥ ੩ ॥

੫ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ

੨ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ

੫ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ

੧ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ

੧ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਵੱਡਾ

੩ ਸ਼ਬਦ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ

ਕੁਲ ਸ਼ਬਦ ੧੭ ਹਨ

ਰਾਗੁ ਤਿਲੰਗ ਭਗਤ ਬਾਣੀ

ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਬ੍ਰਾਹਮਣ ਤੇ ਕਾਜ਼ੀ ਦੋਹਾਂ ਨੇ ਕਬੀਰ ਜੀ ਪਾਸ ਆ ਕੇ ਕਿਹਾ, ਵੇਦਾਂ ਅਤੇ ਕਤੇਬਾਂ ਨੂੰ ਆਪ ਪੜ੍ਹੋ ਤਾਂ ਮੁਕਤੀ ਦੀ ਪ੍ਰਾਪਤੀ ਹੋਵੇਗੀ। *ਉੱਤਰ:-*

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥

ਪਹਿਲਾ ਅਰਥ-

ਹੇ ਭਾਈ ! ਚਾਰ ਵੇਦ ਤੇ ਕਤੇਬਾਂ ਇਫਤਰਾ=ਸ਼ੀਸ਼ੇ ਵਾਂਗ ਹਨ। ਕੇਵਲ ਇਨ੍ਹਾਂ ਦੇ ਪੜ੍ਹਨ ਕਰਕੇ ਦਿਲ ਦਾ ਫਿਕਰੁ=ਸੰਸਾ ਨਹੀਂ ਜਾਂਦਾ। ਭਾਵ-ਜਿਵੇਂ ਸ਼ੀਸ਼ੇ ਵੱਲ ਮੂੰਹ ਕਰਕੇ ਵੇਖੀਏ ਤਾਂ ਉਹ ਮੂੰਹ ਦੀ ਕਾਲਖ ਜਾਂ ਥਿੰਮ ਆਦਿਕ ਦੱਸ ਦੇਂਦਾ ਹੈ, ਪਰ ਉਹ ਦੂਰ ਨਹੀਂ ਕਰ ਸਕਦਾ। ਮੂੰਹ ਦੀ ਕਾਲਖ ਦੂਰ ਤਾਂ ਮਨੁੱਖ ਨੇ ਸਾਬਣ ਪਾਣੀ ਲੈ ਕੇ ਆਪਣੇ ਉੱਦਮ ਨਾਲ ਆਪ ਕਰਨੀ ਹੈ।

ਤਿਵੇਂ ਵੇਦ ਕਤੇਬਾਂ ਕਰਮਾਂ ਦਾ ਫਲ ਦੱਸਦੀਆਂ ਹਨ ਕਿ ਅਮਕੇ ਕਰਮ ਦੇ ਕਰਨ ਨਾਲ ਇਹ ਫਲ ਮਿਲਦਾ ਹੈ, ਫਲਾਣੇ ਕਰਮ ਦੇ ਕਰਨ ਨਾਲ ਇਹ ਫਲ ਪ੍ਰਾਪਤ ਹੁੰਦਾ ਹੈ। ਪਰ ਮੁਕਤੀ ਨਹੀਂ ਕਰ ਸਕਦੀਆਂ। ਪਰੰਤੂ ਮੁਕਤੀ ਜੀਵ ਨੇ ਆਪਣੇ ਉੱਦਮ ਨਾਲ ਸਿਮਰਨ ਦੁਆਰਾ ਕਰਨੀ ਹੈ।

ਦੂਜਾ ਅਰਥ-

ਹੇ ਭਾਈ ! ਵੇਦਾਂ, ਕਤੇਬਾਂ ਦਾ ਪੜ੍ਹਨਾ ਉੱਨਾ ਚਿਰ ਇਫਤਰਾ=ਦਿਖਾਵੇ ਮਾਤਰ ਹੈ, ਜਿੰਨਾ ਚਿਰ ਦਿਲ ਦਾ ਸੰਸਾ ਨਹੀਂ ਜਾਂਦਾ। ਏਸੇ ਵਾਸਤੇ ਕਬੀਰ ਜੀ ਗਉੜੀ ਰਾਗ ਵਿਚ ਕਹਿ ਆਏ ਹਨ।

ਯਥਾ:-''ਕਹਤ ਕਬੀਰ ਭਲੇ ਅਸਵਾਰਾ॥ ਬੇਦ ਕਤੇਬ ਤੇ ਰਹਹਿ ਨਿਰਾਰਾ॥''

(ਗਉੜੀ ਕਬੀਰ, ਪੰਨਾ ੩੨੯)

ਤਥਾ- ''ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥''

(ਸੂਹੀ ਮ: ੫, ਪੰਨਾ ੭੪੭)

ਤੀਜਾ ਅਰਥ-

ਹੇ ਭਾਈ ! ਵੇਦ ਕਤੇਬ ਇਸ ਜੀਵ ਦੇ ਫਸਾਉਣੇ ਨੂੰ ਇਫਤਰਾ=ਜਾਲ ਵਾਂਗ ਹਨ। ਕਿਉਂਕਿ ੮੦ ਹਜ਼ਾਰ ਸਲੋਕ ਕੇਵਲ ਕਰਮ ਕਾਂਡ ਦਾ ਕਥਨ ਕੀਤਾ ਹੈ। ਇਨ੍ਹਾਂ ਦੇ ਕਰਨ ਵਿਚ ਉਮਰਾ ਖਤਮ ਹੋ ਜਾਂਦੀ ਹੈ। ਜੀਵ

ਕਰਮ ਕਰਦਾ ਕਰਦਾ ਮਰ ਜਾਂਦਾ ਹੈ ਪਰ ਕਰਮਾ ਕਰਕੇ ਮੁਕਤੀ ਨਹੀਂ ਮਿਲਦੀ।

ਪ੍ਰਸ਼ਨ— ਫਿਰ ਸਾਨੂੰ ਕੀ ਕਰਤੱਬ ਕਰਨਾ ਚਾਹੀਦਾ ਹੈ? *ਉੱਤਰ:-*

ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ॥ ੧॥

ਟੁਕੁ=ਥੋੜ੍ਹਾ, ਦਮੁ=ਮਾਤਰ, ਕਰਾਰੀ=ਭਰੋਸਾ, ਰੋਕਣਾ।

ਜੇਕਰ ਤੁਸੀਂ ਥੋੜ੍ਹਾ ਮਾਤ੍ਰ ਭਰੋਸਾ ਰੱਖਣਾ ਕਰੋ।

ਵਾ-ਆਪਣੇ ਚਿੱਤ ਨੂੰ ਸੰਕਲਪਾਂ ਵਲੋਂ ਰੋਕਣਾ ਕਰੋ ਤਾਂ ਪਰਮਾਤਮਾ ਨੇੜੇ ਤੋਂ ਨੇੜੇ ਹੈ।

ਯਥਾ:- ''ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥ ੨॥''

(ਮਾਰੂ ਮ: ੫, ਪੰਨਾ ੧੦੦੦)

ਤਥਾ:- ''ਕਿ ਜਾਹਰ ਜਹੂਰ ਹੈਂ॥ ਕਿ ਹਾਜਰ ਹਜੂਰ ਹੈਂ॥'' *(ਜਾਪ, ਪੰਨਾ ੮)*

ਤਥਾ:- *''ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ॥''*

(ਸੋਰਠਿ ਮਹਲਾ ੩, ਪੰਨਾ ੬੦੨)

ਤਥਾ:-'ਖ਼ੁਦਾ ਹਾਜ਼ਿਰ ਬਵਦ ਦਾਯਮ, ਬਬੀਂ ਦੀਦਾਰਿ ਪਾਕਸ਼ ਰਾ॥
ਨ ਗਿਰਦਾਬੇ ਦਰੋ ਹਾਇਲ ਨ ਦਰਯਾਓ, ਨ ਸਾਹਿਲ-ਹਾ॥ ੩॥'

(ਭਾਈ ਨੰਦ ਲਾਲ, ਗਜ਼ਲ ਨੰ: ੩)

*ਪਦ-ਅਰਥ-*ਸ=ਉਸ ਦੇ ਪਾਕਸ਼-ਰਾ=ਪਵਿੱਤਰ ਦੀਦਾਰ ਨੂੰ ਦਾਇਮ=ਹਮੇਸ਼ਾਂ ਬਬੀਂ=ਦੇਖਣਾ ਕਰ। ਉਸ ਦੇ ਦਰੋ=ਰਾਹ ਅੰਦਰ ਨਾ ਕੋਈ ਗਿਰਦਾਬੇ=ਘੁੰਮਣ ਘੇਰੀ ਹਾਇਲ=ਪਈ ਹੋਈ ਹੈ, ਨਾ ਕੋਈ ਦਰਯਾਓ=ਨਦੀ ਹੈ ਅਤੇ ਨਾਹੀ ਕੋਈ ਸਾਹਿਲ-ਹਾ=ਕੰਢੇ ਹਨ।

ਅਰਥ-ਵਾਹਿਗੁਰੂ ਹਮੇਸ਼ਾਂ ਹਾਜ਼ਰ ਨਾਜ਼ਰ ਹੈ, ਉਸ ਦੇ ਪਵਿੱਤਰ ਦਰਸ਼ਨ ਦੇਖਣਾ ਕਰ। ਉਸ ਪ੍ਰਭੂ ਦੇ ਰਸਤੇ ਵਿਚ ਨਾ ਕੋਈ ਘੁੰਮਣਘੇਰੀ, ਨਾ ਕੋਈ ਨਦੀ ਤੇ ਨਾ ਕੰਢੇ ਹਨ।

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥

ਖੋਜੁ=ਲਭਣਾ ਕਰ, ਹਰ ਰੋਜ=ਹਮੇਸ਼ਾਂ, ਨਿਤਾਪ੍ਰਤੀ। ਪਰੇਸਾਨੀ=ਸ਼ਰਮਿੰਦਗੀ; ਹੇ ਪੁਰਸ਼ਾ ! ਦਿਲ ਵਿਚ ਪਰਮਾਤਮਾ ਨੂੰ ਹਮੇਸ਼ਾ ਖੋਜਣਾ ਕਰ ਤਾਂ ਸ਼ਰਮਿੰਦਗੀ ਵਿਚ ਨਹੀਂ ਫਿਰੇਂਗਾ।

ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥ ੧॥ ਰਹਾਉ॥

ਦੁਨੀਆਂ ਦਾ ਜੋ ਮੇਲਾ ਹੈ ਇਹ ਸਿਹਰੁ=ਬਾਜੀਗਰ ਦੀ ਬਾਜੀ ਵਾਂਗ ਹੈ।

ਵਾ-ਜਾਦੂਗਰ ਵਤ ਹੈ। ਜਿਵੇਂ ਬਾਜੀਗਰ ਦੀ ਬਾਜੀ ਹੱਥ ਵਿਚ ਫੜੀ ਨਹੀਂ ਜਾਂਦੀ, ਕਿਉਂਕਿ ਉਹ ਹੋਰ ਦੀ ਹੋਰ ਹੁੰਦੀ ਜਾਂਦੀ ਹੈ, ਤਿਵੇਂ ਇਹ ਪਦਾਰਥ ਦਸਤ=ਹੱਥ ਵਿਚ ਗੀਰੀ=ਫੜੇ ਨਾਹਿ=ਨਹੀਂ ਜਾਂਦੇ।

ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ॥

ਦਰੋਗੁ=ਝੂਠ, ਪੜਿ ਪੜਿ=ਬੋਲ ਬੋਲ ਕੇ ਬੇ=ਬਿਨਾਂ, ਬਾਦੁ=ਝਗੜਿਆਂ ਨੂੰ, ਬਕਾਹਿ=ਬਕਦੇ।

ਕਲਜੁਗੀ ਜੀਵ ਝੂਠ ਨੂੰ ਬੋਲ ਬੋਲ ਕੇ ਪ੍ਰਸੰਨ ਹੋ ਰਹੇ ਹਨ ਅਤੇ ਪਰਮਾਤਮਾ ਦੇ ਭਜਨ ਕਰਨ ਰੂਪੀ ਖ਼ਬਰ ਤੋਂ ਬੇ=ਬਿਨਾਂ ਹੋ ਕੇ ਝਗੜਿਆਂ ਨੂੰ ਬਕਦੇ ਹਨ।

ਯਥਾ - ''ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ॥

(ਸਿਰੀਰਾਗੁ ਮ: ੧, ਪੰਨਾ ੬੧)

ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥ ੨ ॥

ਹਕੁ=ਸੱਚਾ ਵਾਹਿਗੁਰੂ, ਸਚੁ=ਨਿਸਚੇ ਕਰਕੇ, ਖਾਲਕੁ=ਅਕਾਲ ਪੁਰਖ, ਖਲਕ=ਸੰਸਾਰ, ਮਿਆਨੇ=ਵਿਚ।

ਸੱਚਾ ਅਕਾਲ ਪੁਰਖ ਨਿਸਚੇ ਕਰਕੇ ਖਲਕਤ ਦੇ ਵਿਚ ਪੂਰਨ ਹੈ, ਉਹ ਕ੍ਰਿਸ਼ਨ ਵਾਂਗ ਸਿਆਮ ਮੂਰਤੀ ਨਹੀਂ ਹੈ।

''ਸ਼ਹਿਨਸ਼ਾਹਿ ਖੂਬੀ ਦਿਹੋ ਰਹਨਮੂੰ॥ ਕਿ ਬੇਗੂੰਨ ਬੇਚੂੰਨ ਚੂੰ ਬੇਨਮੂੰ॥ ੩ ॥'' (ਦਸਮ ਗ੍ਰੰਥ, ਪੰਨਾ ੧੩੮੯)

ਅਸਮਾਨ ਮਿ੍ਆਨੇ ਲਹੰਗ ਦਰੀਆ ਗੁਸਲ ਕਰਦ ਨ ਬੂਦ॥

ਰਿਦੇ ਅਸਮਾਨ ਦੇ ਮਿ੍ਆਨੇ=ਵਿਚ ਦਰਿਆ ਰੂਪ ਪਰਮਾਤਮਾ ਨੂੰ ਲਹੰਗ=ਲਖਕੇ (ਜਾਣਕੇ) ਗੁਸਲ= ਇਸ਼ਨਾਨ ਕਰਨਾ ਸੀ ਪਰ ਨ ਬੂਦ=ਨਾ ਹੋਇਆ। (ਸੰਪਰਦਾਈ ਅਰਥ ਤੇ ਪਾਠ ਭੀ ਏਹੀ ਹੈ।)

ਫਾਰਸੀ ਵਾਲੇ ਐਉਂ ਕਰਦੇ ਹਨ-ਗੁਸਲ ਕਰਦਨ ਬੂਦ, ਇਸ਼ਨਾਨ ਕਰਨਾ ਸੀ, ਪਰ ਨਾ ਕੀਤਾ।

ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦ॥ ੩ ॥

ਆਪਣੇ ਆਪ ਨੂੰ ਸੰਸਾਰ ਵਲੋਂ ਫਾਰਗ ਕਰਕੇ ਭਾਵ ਵੈਰਾਗ ਧਾਰ ਕੇ ਦਾਇਮ=ਹਮੇਸ਼ਾ ਮਨ ਬੁੱਧੀ ਰੂਪ ਚਸਮੇ=ਨੇਤਰਾਂ ਨੂੰ ਪਰਮੇਸ਼ਰ ਵੱਲ ਲਾਉਣਾ ਕਰ। ਜਿਧਰ ਤੱਕੀਏ ਉਹ ਪਰਮਾਤਮਾ ਓਧਰ ਹੀ ਮਉਜੂਦ= ਪਰਗਟ ਹੈ।

ਯਥਾ-''ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦ॥''

(ਸਿਰੀਰਾਗ ਵਾਰ, ਪੰਨਾ ੮੪)

ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ॥

ਉਹ ਅਲਾਹ-ਅਲੱਖ, ਅਕਾਲ ਪੁਰਖ ਪਾਕੰ ਪਾਕ=ਪਵਿੱਤਰ ਤੋਂ ਪਵਿੱਤਰ ਹੈ।

ਯਥਾ- ''ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥ ੩ ॥

(ਰਾਮਕਲੀ ਮਹਲਾ ੫, ਪੰਨਾ ੮੬੭)

ਤਿਸ ਵਿਚ ਅਪਵਿੱਤ੍ਰ-ਪਨੇ ਰੂਪੀ ਸਕ=ਸੰਸਾ ਤਾਂ ਕਰੋ ਜੇ ਉਸ ਦੇ ਮੁਕਾਬਲੇ ਵਿਚ ਕੋਈ ਹੋਰ ਦੂਜਾ ਹੋਵੇ।

ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ॥ ੪ ॥ ੧ ॥

ਪਹਿਲਾ ਅਰਥ-

ਕਬੀਰ ਜੀ ਕਥਨ ਕਰਦੇ ਹਨ, ਇਹ ਕਰਮ=ਕਰਤਤ ਯਾਨੇ ਸੰਸਾਰ ਕਰੀਮ=ਕ੍ਰਿਪਾਲੂ ਪਰਮਾਤਮਾ ਦਾ ਹੈ। ਉਹ ਆਪ ਹੀ ਉਤਪੰਨ ਕਰਦਾ ਹੈ ਤੇ ਆਪ ਹੀ ਪਾਲਣਾ ਕਰਨੀ ਜਾਣਦਾ ਹੈ, ਆਪ ਹੀ ਲੈਤਾ ਕਰਦਾ ਹੈ॥ ੪ ॥ ੧ ॥

ਦੂਜਾ ਅਰਥ-

ਕਰੀਮ=ਪਰਮਾਤਮਾ ਦਾ ਜਿਸ ਉੱਤੇ ਕਰਮੁ=ਅਨੁਗ੍ਰਹੁ ਹੁੰਦਾ ਹੈ, ਉਹ ਜਪ ਤਪ ਆਦਿ ਸਾਧਨਾਂ ਨੂੰ ਕਰਦਾ ਹੈ, ਸਾਧਨ ਕਰਕੇ ਫੇਰ ਸੋਇ=ਉਹ ਆਪ ਹੀ ਪਰਮਾਤਮਾ ਨੂੰ ਜਾਣ ਲੈਂਦਾ ਹੈ॥ ੪॥ ੧॥

ਕਈ ਬੀੜਾਂ ਵਿਚ ਇਥੇ-

੧ਓ ਸਤਿਗੁਰ ਪ੍ਰਸਾਦਿ॥ ਹੈ, ਪਰ ਆਮ ਪਰਚਲਤ ਬੀੜਾਂ ਵਿਖੇ ਨਹੀਂ ਹੈ।

ਨਾਮਦੇਵ ਜੀ॥

ਉਥਾਨਕਾ:-ਭਗਤ ਨਾਮਦੇਵ ਜੀ ਅਕਾਲ ਪੁਰਖ ਦੇ ਸਨਮੁਖ ਨਿੰਮ੍ਰਤਾ ਸਹਿਤ ਪ੍ਰਾਰਥਨਾ ਕਰਦੇ ਹਨ-

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥

ਟੇਕ=ਆਸਰਾ, ਖੁੰਦਕਾਰਾ=ਸਤ ਵਲਾਇਤਾਂ ਰੂਪ ਸੰਸਾਰ ਦੇ ਪਾਤਿਸ਼ਾਹ।

ਹੇ ਖੁੰਦਕਾਰ=ਸਤ ਵਲਾਇਤਾਂ ਰੂਪ ਸੰਸਾਰ ਦੇ ਪਾਤਿਸ਼ਾਹ ! ਆਪ ਦਾ ਨਾਮਕ ਅੰਨ੍ਹੇ ਪੁਰਸ਼ ਦੀ ਸੋਟੀ ਵਾਂਗ ਮੇਰਾ ਆਸਰਾ ਰੂਪ ਹੈ।

ਯਥਾ - "ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ॥ ੨॥"

(ਸਿਰੀ ਰਾਗੁ ਮ: ੧, ਪੰਨਾ ੫੮)

ਤਥਾ - "ਗੁਰਮੁਖਿ ਨਾਨਕ ਦੇ ਵਡਿਆਈ॥ ਮੈ ਅੰਧੁਲੇ ਹਰਿ ਟੇਕ ਟਿਕਾਈ॥ ੪॥ ੧॥ ੩੯॥"

(ਗਉੜੀ ਮ: ੪, ਪੰਨਾ ੧੬੪)

"ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ॥ ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ॥ ੧॥ ਰਹਾਉ॥"

(ਸੂਹੀ ਮ: ੧, ਪੰਨਾ ੭੫੨)

"ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ॥ ੨॥ ੨॥ ੧੨੭॥"

(ਬਿਲਾਵਲੁ ਮ: ੫, ਪੰਨਾ ੮੩੦)

"ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ॥.....

ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ॥ ੨॥"

(ਬਿਲਾਵਲੁ ਮ: ੫, ਪੰਨਾ ੮੪੭)

ਅਥਵਾ-ਜਿਸ ਤਰ੍ਹਾਂ ਧੋਬੀ ਦੇ ਪਟੜੇ ਦਾ ਆਸਰਾ ਖੁੰਦਕਾਰਾ=ਕਿੱਲਾ ਹੁੰਦਾ ਹੈ, ਤਿਵੇਂ ਮੈਂ ਅੰਨ੍ਹੇ ਨੂੰ ਤੇਰੇ ਨਾਮ ਦਾ ਆਸਰਾ ਹੈ।

ਯਥਾ - "ਖਬੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ॥'

(ਆਸਾ ਪਟੀ, ਪੰਨਾ ੪੩੨)

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥ ੧॥ ਰਹਾਉ॥

ਮੈਂ ਗਰੀਬ=ਨਿਰਧਨ ਕੰਗਾਲ ਹਾਂ ਅਤੇ ਮੈਂ ਮਸਕੀਨ=ਚੁਪ ਚਾਪ ਰਹਿਣ ਵਾਲਾ ਜਾ ਨਿੰਮ੍ਰਤਾਵਾਨ ਹਾਂ।

ਅਥਵਾ-ਮੈਂ ਗ਼ਰੀਬ ਤੇ ਮਸਕੀਨ ਹਾਂ। ਭਾਵ ਅਤਿਅੰਤ ਗ਼ਰੀਬ ਹਾਂ।

ਯਥਾ-''ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ॥''

(ਗਉੜੀ ਮ: ੪, ਪੰਨਾ, ੧੭੧)

ਤਥਾ-''ਨਾਨਕ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ॥ ੨॥ ੨॥''

(ਦੇਵਗੰਧਾਰੀ, ਪੰਨਾ ੫੨੭)

ਇਕ ਆਪ ਜੀ ਦੇ ਨਾਮ ਦਾ ਮੈਨੂੰ ਅਧਾਰਾ=ਆਸਰਾ ਹੈ।

ਕਰੀਮਾਂ ਰਹੀਮਾਂ ਅਲਾਹ ਤੂ ਗਨੀ॥

ਕਰੀਮਾਂ=ਕ੍ਰਿਪਾਲੂ, ਰਹੀਮਾਂ=ਰਹਿਮ ਦਿਲ ਵਾਲੇ, ਅਲਾਹ=ਅਲੱਖ ਆਪ ਗਿਣੇ ਜਾਂਦੇ ਹੋ।

ਯਥਾ-''ਕਾਰਨ ਕਰਨ ਕਰੀਮ॥ ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥ ਖੁਦਿ ਖੁਦਾਇ ਵਡ ਬੇਸੁਮਾਰ॥ ੧॥''

(ਰਾਮਕਲੀ ਮ: ੫, ਪੰਨਾ ੮੯੬)

ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ॥ ੧॥

ਹਾਜਰਾ=ਪ੍ਰਸਿੱਧ, ਹਜੂਰਿ=ਸੰਸਾਰ, ਦਰਿ=ਅੰਦਰ ਬਾਹਰ, ਪੇਸਿ=ਅੱਗੇ ਪਿੱਛੇ।
ਆਪ ਸੰਸਾਰ ਵਿਚ ਪ੍ਰਸਿੱਧ ਹੋ ਤੇ ਅੰਦਰ-ਬਾਹਰ ਅੱਗੇ ਪਿੱਛੇ ਆਪ ਹੀ ਮਾਨਨੀਕ ਹੋ।

ਯਥਾ-''ਸਦਾ ਹਜੂਰਿ ਦੂਰਿ ਨ ਜਾਣਹੁ॥ ਗੁਰ ਸਬਦੀ ਹਰਿ ਅੰਤਰਿ ਪਛਾਣਹੁ॥''

(ਮਾਝ ਮ: ੩, ਪੰਨਾ ੧੧੬)

ਤਥਾ-''ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ॥ ੫॥''

(ਰਾਮਕਾਲੀ ਮ: ੩, ਪੰਨਾ ੯੦੬)

''ਸਦਾ ਹਜੂਰਿ ਜਾਣੁ ਭਗਵੰਤ॥ ਪੂਰੇ ਗੁਰ ਕਾ ਪੂਰਨ ਮੰਤ॥ ੩॥''

(ਗੌਂਡ ਮ: ੫, ਪੰਨਾ ੮੬੭)

''ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ ੪॥ ੩॥''

(ਆਸਾ ਮ: ੫ , ਪੰਨਾ ੩੯੭)

ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ॥

ਪ੍ਰਤੱਖ ਦਰਿਆ ਰੂਪ, ਵਾ ਦ੍ਰਵੀ ਭੂਤ ਆਪ ਹੋ, ਜੀਵਾਂ ਨੂੰ ਦਾਤਾਂ ਦੇ ਦਿਹੰਦ=ਦੇਣ ਵਾਲੇ ਭੀ ਆਪ ਹੋ ਅਤੇ ਆਪ ਬਿਸੀਆਰ=ਵੱਡੇ ਧਨੀ ਹੋ।

ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ॥ ੨॥

ਪਦਾਰਥਾਂ ਦੇ ਦੇਣ ਲੈਣ ਵਾਲਾ ਇਕ ਤੂੰਹੀਂ ਹੈਂ, ਆਪ ਤੋਂ ਬਿਨਾਂ ਦਿਗਰ=ਦੂਜਾ ਹੋਰ ਕੋਈ ਨਹੀਂ।

ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ॥

ਸਭ ਜੀਵਾਂ ਦੇ ਹਿਰਦੇ ਦੀ ਗੱਲ ਜਾਨਣ ਨੂੰ ਆਪ ਦਾਨਾਂ=ਅਕਲਵੰਦ ਹੋ ਤੇ ਬਾਹਰਲੀਆਂ ਗੱਲ

ਦੇ ਵੀ ਆਪ ਬੀਨਾਂ=ਦ੍ਰਿਸ਼ਟਾ ਭਾਵ ਵੇਖਣ ਵਾਲੇ ਹੋ, ਮੈਂ ਇਸ ਵਿਚ ਹੋਰ ਕੀ ਵਿਚਾਰ ਕਰ ਸਕਦਾ ਹਾਂ।

ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ॥ ੩॥ ੧॥ ੨॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ, ਹੇ ਹਰੀ ਸੁਆਮੀ ! ਦਾਸ ਚੇ=ਦੇ ਔਗੁਣਾਂ ਨੂੰ ਤੂੰਹੀਂ ਬਖਸ਼ਣੇ ਵਾਲਾ ਹੈਂ॥ ੩॥ ੧॥ ੨॥

ਉਥਾਨਕਾ:-''ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ੧॥''

(ਸਾਰੰਗ ਕੀ ਵਾਰ, ਪੰਨਾ ੧੨੪੫)

ਅਨੁਸਾਰ ਨਾਮਦੇਵ ਜੀ ਦਾ ਵਿਹਾਰ ਸੀ। ਆਪ ਜਿਥੇ ਵੀ ਜਾਂਦੇ ਸਨ, ਕਪੜੇ ਧੋਣੇ ਅਰਥਾਤ ਆਪਣੀ ਕਿਰਤ ਕਰਕੇ ਗੁਜ਼ਾਰਾ ਕਰਦੇ ਸਨ।

ਇਕ ਵੇਰ ਨਾਮਦੇਵ ਜੀ ਸਣੇ ਆਪਣੀ ਇਸਤ੍ਰੀ (ਲਾਡਲੀ) ਤੀਰਥ ਯਾਤਰਾ ਕਰਦੇ ਹੋਏ ਦੁਆਰਕਾ ਨਗਰੀ ਵਿਚ ਪਹੁੰਚੇ। ਉਥੇ ਲੋਕਾਂ ਦੇ ਕਪੜੇ ਧੋਣੇ ਸ਼ੁਰੂ ਕਰ ਦਿੱਤੇ। ਕਪੜੇ ਧੋਣ ਵਾਲੀ ਥਾਂ ਸ਼ਹਿਰ ਤੋਂ ਕਾਫੀ ਦੂਰ ਸੀ। ਭਗਤ ਜੀ ਨੂੰ ਗਿੱਲੇ ਕਪੜੇ ਚੁਕ ਕੇ ਲਿਜਾਣ ਦੀ ਬੜੀ ਤਕਲੀਫ ਹੋਇਆ ਕਰੇ।

ਇਕ ਦਿਨ ਅੰਮ੍ਰਿਤ ਵੇਲੇ ਭਜਨ-ਸਿਮਰਨ ਕਰਕੇ ਆਪਣੇ ਸੁਖ ਲਈ ਪ੍ਰਭੂ ਪਾਸੋਂ ਘੋੜੀ ਦੀ ਮੰਗ ਕੀਤੀ।

ਭਗਵਾਨ ਨੇ ਵਿਚਾਰਿਆ, ਅੱਜ ਇਸ ਨੇ ਘੋੜੀ ਮੰਗੀ ਹੈ, ਕੱਲ੍ਹ ਕੁਝ ਹੋਰ ਮੰਗੇਗਾ, ਹੌਲੇ ਹੌਲੇ ਇਸ ਦਾ ਮਨ ਦੁਨਿਆਵੀ ਪਦਾਰਥਾਂ ਵਿਚ ਖੱਚਤ ਹੋ ਜਾਏਗਾ, ਇਸ ਤੇ ਇਹ ਸੰਕਲਪ ਹੀ ਦੂਰ ਕਰਨਾ ਚਾਹੀਦਾ ਹੈ। ਉਸ ਵੇਲੇ ਭਗਵਾਨ ਮੁਗਲ ਦਾ ਸੋਹਣਾ ਰੂਪ ਧਾਰ ਕੇ ਸੁੰਦਰ ਘੋੜੀ ਤੇ ਸਵਾਰ ਹੋਏ ਹੋਏ ਜਿਥੇ ਨਾਮਦੇਵ ਕਪੜੇ ਧੋਂਦਾ ਸੀ, ਉਥੇ ਆ ਪਹੁੰਚੇ ਤੇ ਘੋੜੀ ਨੇ ਉਥੇ ਇਕ ਵਿਛੇਰਾ ਦੇ ਦਿੱਤਾ।

ਭਗਵਾਨ ਨੇ ਕਿਹਾ, ''ਅਰੇ ਛੀਬੇ! ਇਸ ਵਛੇਰੇ ਕੋ ਉਠਾਕੇ ਹਮਾਰੀ ਜਗ੍ਹਾ ਪਰ ਲੈ ਚਲ।'' ਮੁਗਲ ਦਾ ਰੂਪ ਵੇਖ ਕੇ ਨਾਮਦੇਵ ਜੀ ਡਰ ਗਏ, ਕੁਝ ਉੱਤਰ ਨਾ ਦਿੱਤਾ। ਆਪਣਾ ਕੰਮ ਛਡਕੇ ਚੁਪ ਚੁਪਾਤੇ ਵਛੇਰਾ ਚੁਕ ਕੇ ਰਾਹੇ ਤੁਰ ਪਏ। ਇਕ ਤਾਂ ਸਾਰੇ ਦਿਨ ਦੇ ਥੱਕੇ ਹੋਏ ਸਨ, ਦੂਜਾ ਸਿਰ ਤੇ ਵਛੇਰਾ ਚੁਕਿਆ ਹੈ, ਇਸ ਕਰਕੇ ਨਾਮਦੇਵ ਜੀ ਹੌਲੇ ਹੌਲੇ ਤੁਰਦੇ ਪਿੱਛੇ ਰਹਿ ਗਏ। ਇਸ ਦੀ ਮਟਕ-ਮਟਕ ਚਾਲ ਨੂੰ ਵੇਖ ਕੇ ਮੁਗਲ (ਰੂਪ ਵਾਲੇ ਭਗਵਾਨ) ਨੇ ਕਿਹਾ-

ਹਲੇ ਯਾਰਾਂ ਹਲੇ ਯਾਰਾਂ

ਹੇ ਯਾਰ! ਜਲਦੀ ਚੱਲ, ਹੇ ਯਾਰ! ਛੇਤੀ ਚੱਲ। ਇਹ ਸ਼ਬਦ ਸੁਣ ਕੇ ਨਾਮਦੇਵ ਜੀ ਨੇ ਵਿਚਾਰਿਆ ਇਤਨੀ ਮਿਠਾਸ ਭਰੀ ਪਰੇਮ-ਮਈ ਬਾਣੀ ਮੁਗਲ ਦੀ ਨਹੀਂ ਹੋ ਸਕਦੀ। ਇਹ ਤਾਂ ਭਗਵਾਨ ਨੇ ਕੋਈ ਚਰ੍ਹਿਤ ਕੀਤਾ ਹੈ। ਭਗਵਾਨ ਸਮਝ ਕੇ ਨਾਮਦੇਵ ਜੀ ਆਖਦੇ ਹਨ-

ਖੁਸਿ ਖਬਰੀ॥ :- ਹੇ ਭਗਵਾਨ! ਸੁਖ ਅਨੰਦ ਤਾਂ ਹੈ ?

ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ॥

ਹੇ ਭਗਵਾਨ! ਮੈਂ ਤਨ ਕਰਕੇ ਬਲਿਹਾਰ ਕੁਰਬਾਨ ਜਾਂਦਾ ਹਾਂ ਅਤੇ ਮਨ ਕਰ ਕੇ ਵੀ ਬਲਿਹਾਰ ਕੁਰਬਾਨ ਜਾਂਦਾ ਹਾਂ।

ਭਗਵਾਨ ਨੇ ਕਿਹਾ, ''ਮੈਂ ਤਾਂ ਤੈਨੂੰ ਵਿਗਾਰੀ ਫੜਿਆ ਹੈ ਤੂੰ ਮੇਰੇ ਤੇ ਕਿਉਂ ਬਲਿਹਾਰ ਕੁਰਬਾਨ ਜਾਂਦਾ ਹੈ?'' *ਉੱਤਰ-*

ਨੀਕੀ ਤੇਰੀ ਬਿਗਾਰੀ

ਆਪ ਦੀ ਵਿਗਾਰ ਫੜੀ ਹੋਈ ਵੀ ਸਭ ਤੋਂ ਨੀਕੀ=ਚੰਗੀ ਹੈ। ਕਿਉਂਕਿ ਇਸ ਬਹਾਨੇ ਆਪ ਜੀ ਨੇ ਦਰਸ਼ਨ ਤਾਂ ਦਿੱਤਾ ਹੈ। ਆਪ ਦੀ ਵਿਗਾਰ ਮੇਰੇ ਫਾਇਦੇ ਲਈ ਹੈ। ਨਾਮਦੇਵ ਨੇ ਆਖਿਆ-

''ਸਾਂਈ ਮੇਰੇ ਚੰਗੀ ਕੀਨੀ। ਤਲੇ ਕੋ ਮਾਂਗੀ ਊਪਰ ਕੋ ਦੀਨੀ।''

ਸਰੋਂ ਚੰਗਾ ਹੋ ਗਿਆ, ਅਰੋਂ ਵਾਸਤੇ ਮੈਂ ਕੋਈ ਇੱਛਾ ਨਹੀਂ ਕਰਾਂਗਾ।

ਭਗਵਾਨ ਨੇ ਕਿਹਾ-''ਤੂੰ ਮੈਨੂੰ ਜਾਣਦਾ ਵੀ ਹੈਂ ਕਿ ਨਹੀਂ ?''

*ਉੱਤਰ-*ਮੈਂ ਚੰਗੀ ਤਰ੍ਹਾਂ ਜਾਣਦਾ ਹਾਂ।

ਆਲੇ ਤੇਰਾ ਨਾਉ ॥ ੧ ॥ ਰਹਾਉ ॥

ਆਲੇ ਬੇਗ ਖ਼ਾਨ ਤੁਹਾਡਾ ਨਾਂ ਹੈ। ਭਾਵ ਸਾਰੇ ਆਲੇ=ਸੰਸਾਰ ਨੂੰ ਬੇਗ=ਸ਼ੀਘਰ ਖਾਣ ਪਾਣ ਦੇ ਰਹੇ ਹੋ।

*ਅਥਵਾ-*ਤੁਹਾਡਾ ਨਾਮ ਸਭ ਤੋਂ ਆਲੇ=ਵੱਡਾ ਹੈ, ਪਰ ਆਪ ਇਹ ਕਿਰਪਾ ਕਰਕੇ ਦੱਸੋ-

ਕੁਜਾ ਆਮਦ:-ਕਿਥੋਂ (ਆਪ) ਆਏ ਹੋ ?

ਕੁਜਾ ਰਫਤੀ:-ਕਿਥੇ (ਆਪ) ਗਏ ਸੀ ?

ਕੁਜਾ ਮੇਰਵੀ:-ਕਿਥੇ (ਤੁਸੀਂ) ਜਾਣਾ ਹੈ ?

ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥ ੧ ॥

ਇਹ ਦੁਆਰਕਾ ਨਗਰੀ (ਕ੍ਰਿਸ਼ਨ ਮਹਾਰਾਜ ਜੀ ਦੀ ਹੈ), (ਇਸ ਨਗਰੀ ਵਿਚ ਝੂਠ ਨਾ ਬੋਲਣਾ) ਰਾਸਿ=ਸੱਚੀ ਗੱਲ ਬੁਗੋਈ=ਕਥਨ ਕਰਨੀ।

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥

ਆਪ ਦੀ ਪੱਗ ਬੜੀ ਸੁੰਦਰ ਹੈ ਅਤੇ ਆਪ ਜੀ ਦੇ ਬਚਨ ਵੀ ਬੜੇ ਮਿੱਠੇ ਹਨ, ਜੋ ਮਨ ਨੂੰ ਮੋਹ ਲੈਂਦੇ ਹਨ।

ਯਥਾ- ''ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥''

(ਸੂਹੀ ਮਹਲਾ ੫, ਪੰਨਾ ੭੬੪)

ਤਥਾ- ''ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥''

(ਮਾਝ ਮਹਲਾ ੫, ਪੰਨਾ ੯੬)

ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥ ੨ ॥

ਇਸ ਦੁਆਰਕਾ ਪੁਰੀ ਵਿਚ ਕਿਥੋਂ ਦੇ ਮੁਗਲ ਆ ਗਏ। (ਇਥੇ ਤਾਂ ਮੁਗਲਾਂ ਦੀ ਜਾਤ ਹੀ ਨਹੀਂ ਸੀ।)

ਭਗਵਾਨ ਨੇ ਕਿਹਾ, ਹੇ ਨਾਮੇ ! ਤੂੰ ਮੈਨੂੰ ਕਿਵੇਂ ਜਾਣਿਆਂ ਹੈ? *ਉੱਤਰ-*

ਚੰਦੀ ਹਜਾਰ ਆਲਮ ਏਕ ਲਖਾਨਾਂ ॥

ਚੰਦੀ=ਕਿਤਨੇ, ਆਲਮ=ਸੰਸਾਰ, ਲਖਾਨਾਂ=ਜਾਨਣਾ।

ਕਿਤਨੇ ਹਜ਼ਾਰ ਜੋ ਇਹ ਸੰਸਾਰ ਹੈ, ਇਸ ਵਿਚ ਇਕ ਆਪ ਨੂੰ ਹੀ ਮੈਂ ਜਾਨਣਾ ਕੀਤਾ ਹੈ।

ਅਥਵਾ-ਕਿਤਨੇ ਹਜ਼ਾਰ ਜੋ ਸੰਸਾਰ ਹੈ, ਇਹ (ਏਕਲ ਖਾਨਾਂ) ਇਕ ਆਪ ਦਾ ਹੀ ਘਰ ਹੈ। (ਸੰਪਰਦਾਈ ਅਰਥ ਤੇ ਪਾਠ ਪਹਿਲਾ ਹੀ ਠੀਕ ਹੈ।)

ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥ ੩ ॥

ਹਮ=ਭੀ। ਚਿਨੀ=ਐਸੇ।

ਹੇ ਪਾਤਿਸ਼ਾਹ ! ਆਪ ਹੀ ਸਾਵਲੇ ਰੰਗ ਵਾਲੇ (ਕ੍ਰਿਸ਼ਨ) ਹੋ।

ਅਥਵਾ-ਹੇ ਪਾਤਿਸ਼ਾਹ ! ਅਸਾਂ ਨੇ ਐਸੇ ਚਿਨੀ=ਜਾਣਿਆ ਹੈ ਕਿ ਭਗਤਾਂ ਦੀ ਰਖਿਆ ਵਾਸਤੇ ਤੁਸੀਂ ਆਪ ਹੀ ਸਾਵਲੇ ਰੰਗ ਵਾਲੇ ਹੁੰਦੇ ਹੋ, ਭਾਵ ਅਵਤਾਰ ਧਾਰਦੇ ਹੋ।

ਨਾਮਦੇਵ ਪਾਸੋਂ ਇਸ ਤਰ੍ਹਾਂ ਸੁਣ ਕੇ ਭਗਵਾਨ ਨੇ ਮੁਗਲ ਰੂਪ ਹਟਾ ਕੇ ਸੋਹਣੇ ਸ਼ਿਆਮ ਰੰਗ ਵਾਲੇ ਅਵਤਾਰ ਦੀ ਸ਼ਕਲ ਵਿਚ ਹੋ ਕੇ ਨਾਮਦੇਵ ਨੂੰ ਗਲ ਨਾਲ ਲਾ ਦਿਤਾ।

ਅੱਗੋਂ ਨਾਮਦੇਵ ਜੀ ਨੇ ਪ੍ਰਸੰਨ ਹੋ ਕੇ ਉਸਤਤੀ ਦੇ ਬਚਨ ਇਸ ਤਰ੍ਹਾਂ ਕਹੇ-

ਅਸ ਪਤਿ

(ਅਸ ਨਾਂ ਘੋੜੇ ਦਾ ਹੈ ਪਰ ਏਥੇ ਸਤ ਮੁਖੀਆ ਘੋੜਾ ਲੈਣਾ)

ਸਤ ਮੁਖੀਏ ਘੋੜੇ ਦਾ ਪਤੀ ਜੋ ਸੂਰਜ ਹੈ, ਉਸ ਸੂਰਜ ਦੇ ਆਪ ਪਤੀ ਹੋ।

ਗਜ ਪਤਿ

(ਗਜ ਨਾਂ ਹਾਥੀ ਦਾ ਹੈ ਪਰ ਏਥੇ ਐਰਾਵਤ ਹਾਥੀ ਲੈਣਾ)।

ਐਰਾਵਤ ਹਾਥੀ ਦਾ ਪਤੀ ਜੋ ਇੰਦਰ ਹੈ, ਉਸ ਇੰਦਰ ਦੇ ਭੀ ਆਪ ਪਤੀ ਹੋ।

ਨਰਹ ਨਰਿੰਦ ॥

ਤਮਾਮ ਪੁਰਸ਼ਾਂ ਦੇ ਰਾਜੇ ਜੋ ਸ਼ੰਭੂ ਮੁਨ ਤੇ ਬ੍ਰਹਮਾ ਜੀ ਹਨ, ਉਹਨਾਂ ਦੇ ਭੀ ਆਪ ਪਤੀ ਹੋ।

ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥ ੪ ॥ ੨ ॥ ੩ ॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ, ਹੇ ਮੇਰੇ ਸੁਆਮੀ ! ਆਪ ਸਭ ਕੇ=ਦੇ ਮੀਰ=ਪਾਤਿਸ਼ਾਹ ਅਤੇ ਮੁਕੰਦ=ਮੁਕਤੀ ਦਾਤੇ ਹੋ॥ ੪॥ ੨॥ ੩॥

ਤਿਲੰਗ ਰਾਗੁ ਸਮਾਪਤੰ

ਤਿਲੰਗ ਰਾਗ ਵਿਖੇ-

੧ ਸ਼ਬਦ ਕਬੀਰ ਜੀ ਦਾ ਹੈ।

੨ ਸ਼ਬਦ ਨਾਮਦੇਵ ਜੀ ਦੇ ਹਨ।

ਕੁਲ ੩ ਸ਼ਬਦ ਹਨ।

ਰਾਗੁ ਸੂਹੀ (ਪੰਨਾ ੭੨੮)

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਰਾਗੁ ਸੂਹੀ* ਮਹਲਾ ੧ ਚਉਪਦੇ ਘਰੁ ੧

ਉਥਾਨਕਾ:-ਇਕ ਸਿੱਖ ਨੇ ਬੇਨਤੀ ਕੀਤੀ ''ਹਿਰਦੇ ਵਿਚ ਗੁਰ ਉਪਦੇਸ਼ ਕਿਉਂ ਨਹੀਂ ਠਹਿਰਦਾ ?'' ਗੁਰਾਂ ਨੇ ਕਿਹਾ-''ਅੰਤਹਕਰਨ ਵਿਚ ਤਿੰਨ ਦੋਸ਼ ਹਨ:- ੧. ਮਲ, ੨. ਵਿਖੇਪ, ੩. ਅਵਰਨ; ਇਸ ਕਰਕੇ ਨਹੀਂ ਠਹਿਰਦਾ।'' ਸਿੱਖ ਨੇ ਪੁੱਛਿਆ, ''ਇਹ ਕਿਵੇਂ ਨਵਿਰਤ ਹੋਣ ?'' ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਦੁੱਧ ਜਮਾਉਣ ਦੇ ਤਰੀਕੇ ਨੂੰ ਮੁੱਖ ਰਖਕੇ ਉਪਦੇਸ਼ ਦੇਂਦੇ ਹਨ। ਜਿਵੇਂ -ਦੁੱਧ ਜਮਾਉਣਾ ਹੋਵੇ ਤਾਂ ਪਹਿਲਾਂ ਭਾਂਡੇ ਨੂੰ ਧੂਪ ਦੀ ਵਾਸ਼ਨਾ ਦੇ ਕੇ ਫਿਰ ਦੁੱਧ ਪਾ ਕੇ ਜਮਾਈਦਾ ਹੈ। ਤਿਵੇਂ-

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥

ਪਹਿਲੇ ਅੰਤਹਕਰਨ ਰੂਪ ਭਾਂਡੇ ਨੂੰ ਧੋਣਾ ਕਰੋ, ਅਰਥਾਤ ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੂਰ ਕਰੋ, ਉਪਾਸ਼ਨਾ ਕਰਕੇ ਵਿਖੇਪ ਦੋਸ਼ ਦੂਰ ਕਰੋ, ਬ੍ਰਹਮਗਿਆਨ ਦੁਆਰਾ ਅਵਰਨ ਦੋਸ਼ ਦੂਰ ਕਰੋ, ਅਤੇ ਸ਼ੁਭ-ਗੁਣਾਂ ਵਿਚ ਬੈਠਣਾ।

ਅਥਵਾ:-ਬੈਸਿ=ਸ਼ੁਭ-ਵਾਸ਼ਨਾਂ ਧਾਰਨੀਆਂ ਏਹੀ ਧੂਪ ਧੁਖਾਵੋ, ਤਾਂ ਫਿਰ ਗੁਰ-ਉਪਦੇਸ਼ ਰੂਪੀ ਦੁੱਧ ਲੈਣ ਨੂੰ ਜਾਵੋ। ਅਗਲੀ ਤੁਕ ਵਿਚ ਕਹੇ ਨੂੰ ਫਿਰ ਸਪਸ਼ਟ ਕਰਦੇ ਹਨ-

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥ ੧॥

ਗੁਰਾਂ ਨੇ ਕਰਮ=ਕਿਰਪਾ ਕਰਕੇ ਜੋ ਉਪਦੇਸ਼ ਦਿੱਤਾ ਹੈ ਏਹੋ ਦੁੱਧ ਹੈ,

ਅਥਵਾ:-ਗੁਰ-ਉਪਦੇਸ਼ ਦੇ ਸ੍ਰਵਨ ਕਰਨੇ ਰੂਪ ਜੋ ਕਰਮ ਹੈ, ਏਹੋ ਦੁੱਧ ਹੈ;

ਅਥਵਾ:-ਪਰਮੇਸ਼ਰ ਦਾ ਨਾਮ ਜਪਣ ਰੂਪ ਜੋ ਕਰਮ ਹੈ, ਏਹੀ ਦੁੱਧ ਹੈ; ਪੁਨਾ ਸੁਰਤਿ=ਗਿਆਤ ਹੋਣੀ,

---

**ਸੂਹੀ' ਇਹ ਇਕ ਔੜਵ ਜਾਤੀ ਦੀ ਰਾਗਣੀ ਹੈ, ਦੇਸੀ ਸੰਕੀਰਨ ਹੈ। ਮਾਲਸਿਰੀ ਸੁਧ, ਬਿਭਾਸ, ਬਿਲਾਵਲੁ ਤੇ ਬਾਗੇਸਰੀ ਮਿਲਕੇ ਸੂਹੀ ਬਣਦੀ ਹੈ, ਇਹ ਮੇਘ ਰਾਗ ਦੀ ਇਸਤ੍ਰੀ ਹੈ।*

'ਰਾਗ ਮਾਲਾ' ਵਿਚ ਭੀ ਛੇਵੇਂ ਮੇਘ ਰਾਗ ਦੀ ਇਸਤ੍ਰੀ ਲਿਖਿਆ ਹੈ।

ਯਥਾ:-' 'ਊਚੈ ਸੁਰਿ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਚਉ ਚੀਨੀ॥ ੧॥''

ਮੌਸਮ ਬਹਾਰ ਵਿਚ ਦਿਨ ਦੇ ੧੦ ਵਜੇ ਹਰ ਰੋਜ਼ ਗਾਈ ਜਾਂਦੀ ਹੈ।

ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਪੰਦ੍ਰਵਾਂ ਨੰਬਰ ਹੈ।

ਵਾ:-ਸ੍ਰੇਸ਼ਟ ਪ੍ਰੀਤੀ ਕਰਨੇ ਰੂਪ ਸਮਾਇਣੂ ਜਾਗ ਲਗਾਵੋ; ਜਿਹੜਾ ਪਦਾਰਥਾਂ ਵਲੋਂ ਨਿਰਾਸ ਹੋਣਾ ਹੈ, ਏਹੋ ਦੁੱਧ ਦਾ ਜਮਾਉਣਾ ਕਰੋ॥ ੧॥

ਜਦ ਪ੍ਰਤੱਖ ਦੁੱਧ ਨੂੰ ਜਮਾਈਦਾ ਹੈ ਤਾਂ ਕੁਤਿਆਂ, ਬਿੱਲੀਆਂ ਤੋਂ ਰਾਖੀ ਕਰਨੀ ਪੈਂਦੀ ਹੈ। ਇਸ ਤਰਫ-ਲੋਭ ਰੂਪੀ ਕੁੱਤਾ ਹੈ, ਲੋਭ ਦੀ ਬਿਰਤੀ ਰੂਪ ਬਿੱਲੀ ਹੈ, ਇਨ੍ਹਾਂ ਤੋਂ ਰਖਿਆ ਕਰਨ ਵਾਸਤੇ ਹੇ ਭਾਈ !

ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥ ੧॥ ਰਹਾਉ॥

ਜਪਣਾ ਹੈ ਤਾਂ ਇਕ ਵਾਹਿਗੁਰੂ-ਨਾਮ ਨੂੰ ਜਪਣਾ ਕਰੋ।

ਵਾਹਿਗੁਰੂ ਨਾਮ-ਸਿਮਰਨ ਤੋਂ ਬਿਨਾਂ ਅਵਰਿ=ਹੋਰ ਸਾਰੇ ਕੰਮ ਨਿਰਾਫਲ=ਨਿਸਫਲ ਹਨ॥ ੧॥ ਰਹਾਉ॥

ਜਿਵੇਂ-ਪ੍ਰਤੱਖ ਦਹੀਂ ਰਿੜਕੇ ਤਾਂ ਮੱਖਣ ਨਿਕਲਦਾ ਹੈ, ਇਸ ਤਰਫ ਅੰਤ੍ਰੀਵ ਦਹੀਂ ਰਿੜਕਣ ਵਾਸਤੇ-

ਇਹੁ ਮਨੁ ਈਟੀ+ ਹਾਥਿ ਕਰਹੁ ਫੁਨਿ ਨੇਤ੍ਰਉ++ ਨੀਦ ਨ ਆਵੈ॥

ਬੁੱਧੀ ਰੂਪ ਚਾਟੀ, ਬਿਰਤੀ ਰੂਪ ਮਧਾਣੀ ਹੈ; ਮਨ ਚਿੱਤ ਨੂੰ ਆਪਣੇ ਹਾਥਿ=ਅਧੀਨ (ਵਸੀਕਾਰ) ਕਰਨਾ ਇਹ ਈਟੀ-ਗੁੱਲੀਆਂ ਕਰੋ;

ਪੁਨਾ-ਪ੍ਰਤੱਖ ਭਜਨ-ਸਿਮਰਨ ਨਿੱਤ-ਨੇਮ ਕਰਦਿਆਂ ਹੋਇਆਂ ਅੱਖਾਂ ਵਿਚ ਨੀਂਦ ਨਾ ਆਉਣੀ,

ਅਥਵਾ:-ਮੋਹ ਰੂਪੀ, ਵਾ:-ਅਵਿੱਦਿਆ ਰੂਪੀ ਨੀਂਦ ਨਾ ਆਉਣੀ ਏਹੀ ਨੇਤ੍ਰਉ=ਨੇਤ੍ਰਾ ਕਰੋ।

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥ ੨॥

ਜੋ ਰਸਨਾ ਨਾਲ ਨਾਮ ਜਪਣਾ ਹੈ ਏਹੋ ਦਹੀਂ ਦਾ ਮਥੀਐ=ਰਿੜਕਣਾ ਹੈ, ਜਦ ਇਸ ਤਰ੍ਹਾਂ ਦੀ ਵਿਧੀ ਕਰੋਗੇ ਤਦ (ਮੌਤ ਤੋਂ ਰਹਿਤ ਕਰਨ ਵਾਲੇ ਗਿਆਨ ਰੂਪ) ਅੰਮ੍ਰਿਤੁ=ਮੱਖਣ ਨੂੰ ਪਾਉਗੇ,

ਵਾ:-ਆਤਮਿਕ ਅਨੰਦ ਰੂਪੀ ਅੰਮ੍ਰਿਤੁ=ਮੱਖਣ ਨੂੰ ਪਾਉਗੇ॥ ੨॥

ਅਗਲੀ ਤੁਕ ਵਿਚ ਪੂਜਾ ਦੀ ਵਿਧੀ ਦੱਸਦੇ ਹਨ-

ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ॥

(ਪ੍ਰਤੱਖ-ਠਾਕੁਰ ਪੂਜਨ ਕਰਨ ਵਾਲਾ ਇਕ ਡੱਬਾ ਹੁੰਦਾ ਹੈ) ਅੰਤ੍ਰੀਵ-ਮਨ ਨੂੰ ਜਿਹੜਾ ਜਿੱਤਣਾ ਹੈ ਇਹੋ ਸੰਪਟੁ=ਡੱਬਾ ਹੈ, ਜਿਵੇਂ ਪ੍ਰਤੱਖ ਇਸ਼ਨਾਨ ਕਰਦੇ ਹਨ ਤਿਵੇਂ ਸੱਤ ਸੰਤੋਖ ਆਦਿਕ ਸ਼ੁਭ ਗੁਣਾਂ ਦਾ ਸਰਿ=ਸਰੋਵਰ ਜੋ ਸਤਸੰਗ ਵਾ:-ਗੁਰੂ ਹਨ, ਉਸ ਵਿਚ ਇਸ਼ਨਾਨ ਕਰੇ;

ਭਾਵਨ=ਭਾਵਨਾ (ਸ਼ਰਧਾ) ਰੂਪ ਤੁਲਸੀ ਦੇ ਪਾਤੀ=ਪੱਤਿਆਂ ਕਰਕੇ ਠਾਕੁਰ ਪੂਜਨ ਕਰਕੇ ਠਾਕੁਰ ਨੂੰ ਤ੍ਰਿਪਤਿ=ਪ੍ਰਸੰਨ ਕਰੇ, ਵਾ:-ਆਪਣੇ ਮਨ ਨੂੰ ਪ੍ਰਸੰਨ ਕਰੇ।

+ *ਨੋਟ:-ਲੱਕੜ ਦੀ ਗੁੱਲੀ ਜੋ ਪੰਜ ਕੁ ਇੰਚ ਲੰਬੀ, ਡੇਢ ਕੁ ਇੰਚ ਮਧ ਭਾਗ ਤੋਂ ਮੋਟੀ ਹੁੰਦੀ ਹੈ, ਉਸ ਨੂੰ ਈਟੀ ਆਖਦੇ ਹਨ।*

++ *ਦਹੀਂ ਦੇ ਰਿੜਕਣ ਵਾਲੀ ਜੋ ਰੱਸੀ ਜਿਸ ਨੂੰ ਨੇਤ੍ਰਾ ਕਹਿੰਦੇ ਹਨ, ਉਸ ਦੇ ਦੋਹਾਂ ਸਿਰਿਆਂ ਨਾਲ ਦੋਵੇਂ ਗੁੱਲੀਆਂ ਬੱਝੀਆਂ ਰਹਿੰਦੀਆਂ ਹਨ, ਦਹੀਂ ਰਿੜਕਣ ਵੇਲੇ ਦੋਹਾਂ ਈਟੀਆਂ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਨੇਤ੍ਰਾ ਮਧਾਣੀ ਨੂੰ ਲਪੇਟ ਕੇ ਘੁਮਾਈਦਾ ਹੈ. ਜਿਸ ਤੋਂ ਮੱਖਣ ਨਿਕਲਦਾ ਹੈ।*

ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ॥ ੩ ॥

ਜੇ ਪ੍ਰਾਣਾਂ ਦੇ ਅਰਪਣੇ ਰੂਪੀ ਪੂਜਾ ਕਰੇ ਤੇ ਸੇਵਕ ਬਣ ਕੇ ਸੇਵਾ ਕਰਦਾ ਰਹੇ,

ਅਥਵਾ:-ਜੇ ਸੇਵਕ ਬਣ ਕੇ ਪ੍ਰਾਣਾਂ ਪ੍ਰਯੰਤ ਭਾਵ ਅਖੀਰਲੇ ਸਵਾਸਾਂ ਤਕ ਸੇਵਾ ਕਰਨੇ ਰੂਪ ਪੂਜਾ ਕਰੇ ਤਾਂ ਇਸ ਵਿਧੀ ਕਰਕੇ ਸਾਹਿਬ ਦੇ ਅਨੰਦ ਨੂੰ ਰਵਤੁ ਰਹੈ=ਭੋਗਦਾ ਰਹਿੰਦਾ ਹੈ।

ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ॥

ਕਹੇ ਹੋਏ ਪ੍ਰਸੰਗਾਂ ਨੂੰ ਜਿਹੜੇ ਪਿੱਛੇ ਕਹਿੰਦੇ ਸਨ, ਉਹ ਮਰ-ਖਪ ਗਏ ਹਨ;

ਜਿਹੜੇ ਹੁਣ ਕਹਿੰਦੇ ਹਨ, ਉਹ ਮਰ-ਖਪ ਜਾਣਗੇ।

ਅਥਵਾ:-ਜੋ ਪੁਰਸ਼ ਧਾਰਨਾ ਤੋਂ ਬਿਨਾਂ ਕਹਦੇ ਕਹਹਿ=ਵੇਦਾਂ ਸ਼ਾਸਤ੍ਰਾਂ ਨੂੰ ਕਥਨ ਕਰਦੇ ਹਨ, ਉਹ ਕੇਵਲ ਮਾਇਆ ਦੀ ਪ੍ਰਾਪਤੀ ਵਾਸਤੇ ਹੀ ਕਹਿ ਕਹਿ ਕੇ ਉਠ ਜਾਂਦੇ ਹਨ।

ਅਥਵਾ:-ਇਹ ਜੀਵ ਕਹੇ ਹੋਏ ਜੋ ਕਹਹਿ=ਕਹਿਣ (ਪ੍ਰਸੰਗ) ਹਨ ਕਹਿਣੇ ਵਾਲਾ ਹੋ ਕੇ ਉਹਨਾਂ ਦੇ ਕਹਿਣੇ ਵਿਚ ਜਾਂਦਾ ਹੈ, ਪਰ ਆਪ ਜੀ ਦੇ ਗੁਣ ਵਰਣਨ ਨਹੀਂ ਕਰ ਸਕਦਾ,

ਕਿਉਂਕਿ ਆਪ ਵਰਗਾ ਹੋਰ ਕੋਈ ਨਹੀਂ ਹੈ।

ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ॥ ੪ ॥ ੧ ॥

(੧) ਗੁਰੂ ਜੀ ਜੰਪੈ=ਉਚਾਰਦੇ ਹਨ, ਮੈਂ ਭਾਵੇਂ ਦੁਨੀਆਂ ਦੇ ਖਿਆਲ ਅੰਦਰ ਭਗਤੀ ਤੋਂ ਹੀਣੁ-ਰਹਿਤ ਹਾਂ, ਪਰ ਮਨ ਕਰਕੇ ਮੈਂ ਉਸ ਸੱਚੇ ਨੂੰ ਸਲਾਹੁੰਦਾ ਹਾਂ।

(੨) ਗੁਰੂ ਜੀ ਜੰਪੈ=ਉਚਾਰਦੇ ਹਨ, ਹੇ ਭਾਈ ! ਭਾਂਵੇਂ ਇਸ ਤਰ੍ਹਾਂ ਕਹੋ ਕਿ ਹੇ ਪ੍ਰਭੂ ! ਹਉ=ਮੈਂ ਭਗਤੀ ਆਦਿਕ ਗੁਣਾਂ ਤੋਂ ਰਹਿਤ ਹਾਂ ਪਰ ਆਪ ਜੀ ਦਾ ਜੋ ਸੱਚਾ ਨਾਮ ਹੈ, ਉਸ ਨੂੰ ਮੈਂ ਸਲਾਹੁੰਦਾ ਹਾਂ॥ ੪ ॥ ੧ ॥

ਸੂਹੀ ਮਹਲਾ ੧ ਘਰੁ ੨

੧ਓ ਸਤਿਗੁਰ ਪ੍ਰਸਾਦਿ॥

ਇਕ ਸਮੇਂ ਸਾਧੂ ਮਹਾਤਮਾ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਕਰਤਾਰਪੁਰ ਆਏ, ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਇਕ ਨੇ ਕਿਹਾ, "ਆਪਣੇ ਬਚਨਾਂ ਦੁਆਰੇ ਸਾਨੂੰ ਸ਼ੁਭ ਸਿਖਿਆ ਦਿਓ ਜਿਸ ਕਰ ਕੇ ਮਨ ਵਸੀਕਾਰ ਹੋਵੇ ਅਤੇ ਇਹ ਦੱਸੋ ਉਹ ਪ੍ਰਭੂ ਕਿਥੇ ਰਹਿੰਦਾ ਹੈ ?" *ਗੁਰ ਉੱਤਰ:-*

ਅੰਤਰਿ ਵਸੈ ਨ ਬਾਹਰਿ ਜਾਇ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਏ॥ ੧ ॥

ਉਹ ਪ੍ਰਭੂ ਅੰਦਰ ਹੀ ਵੱਸ ਰਿਹਾ ਹੈ, ਉਸ ਨੂੰ ਲੱਭਣ ਵਾਸਤੇ ਤੂੰ ਬਾਹਰ ਜੰਗਲਾਂ ਵਿਚ ਨਾ ਜਾਣਾ ਕਰ। ਨਾਮ-ਅੰਮ੍ਰਿਤ ਨੂੰ ਛੱਡਕੇ ਕਿਸ ਵਾਸਤੇ ਵਿਸ਼ਿਆਂ ਰੂਪੀ ਜ਼ਹਿਰ ਨੂੰ ਖਾਂਦਾ ਹੈਂ।

ਅਥਵਾ:-ਉਹ ਕੇਹੜੀ ਵਿਧੀ ਹੈ, ਜਿਸ ਕਰਕੇ ਮਨ ਅੰਦਰ ਵੱਸਦਾ ਰਹੇ ਤੇ ਬਾਹਰ ਨਾ ਜਾਵੇ ?

ਉੱਤਰ:-ਨਾਮ ਜਪਣਾ ਹੀ ਵਿਧੀ ਹੈ, ਨਾਮ ਕਰਕੇ ਮਨ ਅੰਦਰ ਟਿਕਿਆ ਰਹਿੰਦਾ ਹੈ।

ਹੇ ਪੁਰਸ਼ਾ ! ਤੂੰ ਨਾਮ-ਅੰਮ੍ਰਿਤ ਨੂੰ ਛੱਡ ਕੇ ਕਿਸ ਲਈ ਵਿਸ਼ਿਆਂ ਰੂਪੀ ਜ਼ਹਿਰ ਨੂੰ ਖਾਂਦਾ ਹੈਂ।

ਪ੍ਰਸ਼ਨ:-ਤਰਨਾ ਕਿਵੇਂ ਹੁੰਦਾ ਹੈ? *ਉੱਤਰ:*-ਮਨ ਅੰਦਰ ਹੀ ਵਸਦਾ ਰਹੇ ਬਾਹਰ ਨਾ ਜਾਵੇ ਭਾਵ ਅੰਤਰ ਮੁਖ ਬਿਰਤੀ ਕਰੇ ਤਾਂ ਤਰਨਾ ਹੁੰਦਾ ਹੈ। ਉਹ ਫਿਰ ਆਤਮਿਕ ਅਨੰਦ ਰੂਪੀ ਅੰਮ੍ਰਿਤ ਨੂੰ ਛੱਡ ਕੇ ਕਿਸ ਵਾਸਤੇ ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਨੂੰ ਖਾਂਦਾ ਹੈ ਭਾਵ ਨਹੀਂ ਖਾਂਦਾ॥ ੧॥

ਐਸਾ ਗਿਆਨੁ ਜਪਹੁ ਮਨ ਮੇਰੇ॥ ਹੋਵਹੁ ਚਾਕਰ ਸਾਚੇ ਕੇਰੇ॥ ੧॥ ਰਹਾਉ॥

ਹੇ ਮੇਰੇ ਮਨ ! ਐਸਾ ਗਿਆਨੁ=ਜਾਣ ਕਰਕੇ ਨਾਮ ਨੂੰ ਜਪਣਾ ਕਰੋ।

ਅਤੇ ਸੱਚੇ ਪ੍ਰਭੂ ਦੇ ਚਾਕਰ=ਸੇਵਕ ਹੋ ਜਾਓ।

ਗਿਆਨੁ ਧਿਆਨੁ ਸਭੁ ਕੋਈ ਰਵੈ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ॥ ੨॥

ਗਿਆਨ ਧਿਆਨ ਦੀਆਂ ਗੱਲਾਂ ਨੂੰ ਸਭ ਕੋਈ ਰਵੈ=ਉਚਾਰਦਾ ਹੈ। ਪਰ ਧਾਰਨਾ ਤੋਂ ਬਿਨਾਂ ਸਾਰਾ ਜਗਤ ਮੋਹ ਦੇ ਬੰਧਨਾਂ ਵਿਚ ਬੱਧਾ ਹੋਣ ਕਰਕੇ ਚੁਰਾਂਸੀ ਲੱਖ ਜੂਨੀਆਂ ਵਿਚ ਭਵੈ=ਫਿਰਦਾ ਹੈ।

ਅਥਵਾ:- ਵਾਸ਼ਨਾ ਰੂਪੀ ਬਾਂਧਨਿ=ਰੱਸੀ ਨਾਲ ਬੱਧਾ ਹੋਇਆ ਸਾਰਾ ਸੰਸਾਰ ਭਵੈ=ਫਿਰ ਰਿਹਾ ਹੈ॥ ੨॥

ਸੇਵਾ ਕਰੇ ਸੁ ਚਾਕਰੁ ਹੋਇ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ॥ ੩॥

ਜੋ ਵਾਹਿਗੁਰੂ ਦੀ ਸੇਵਾ ਕਰਦਾ ਹੈ ਓਹੀ ਅਸਲ ਸੇਵਕ ਹੁੰਦਾ ਹੈ।

ਪ੍ਰਸ਼ਨ:-ਉਹ ਵਾਹਿਗੁਰੂ ਕਿਥੇ ਰਹਿੰਦਾ ਹੈ ? *ਗੁਰ ਉੱਤਰ:*-

ਉਹ ਵਾਹਿਗੁਰੂ ਜਲਾਂ ਵਿਚ, ਥਲਾਂ ਵਿਚ ਮਹੀ=ਪ੍ਰਿਥਵੀ, ਅਲਿ=ਅਕਾਸ਼ ਇਤਿਆਦਿਕ ਸਾਰੀਆਂ ਜਗ੍ਹਾ ਵਿਚ ਰਵਿ ਰਹਿਆ=ਪੂਰਨ ਹੋ ਰਿਹਾ ਹੈ॥ ੩॥

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥ ੪॥ ੧॥ ੨॥

ਅਸੀਂ ਚੰਗੇ ਨਹੀਂ ਹਾਂ, ਤੇ ਸੰਸਾਰ ਵਿਚ ਹੋਰ ਕੋਈ ਬੁਰਾ ਨਹੀਂ ਹੈ। ਜਦ ਇਸ ਤਰ੍ਹਾਂ ਦਾ ਖਿਆਲ ਹੋ ਜਾਵੇ ਤਾਂ ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ, ਉਸ ਮਨੁੱਖ ਨੂੰ ਉਹ ਪ੍ਰਭੂ (ਸੰਸਾਰ ਸਮੁੰਦਰ ਤੋਂ) ਤਾਰ ਦੇਂਦਾ ਹੈ॥ ੪॥ ੧॥ ੨॥

[ਪੰਨਾ ੭੨੯]

ਸੂਹੀ ਮਹਲਾ ੧ ਘਰੁ ੬
੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:–ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਬਗਦਾਦ ਤੋਂ ਦਸਤਗੀਰ ਦੇ ਬੇਟੇ ਨੂੰ ਨਾਲ ਲਿਜਾਕੇ ਲੱਖਾਂ ਪਤਾਲ, ਲੱਖਾਂ ਅਕਾਸ਼ ਵਿਖਾ ਕੇ ਅੱਗੇ ਨੂੰ ਤੁਰੇ, ਤਾਂ ਮਰਦਾਨੇ ਨੇ ਕਿਹਾ, "ਬੜੀ ਸੈਰ ਹੋ ਗਈ ਹੈ ਹੁਣ ਆਪਣੇ ਘਰ ਚਲੀਏ॥" ਗੁਰੂ ਜੀ ਨੇ ਕਿਹਾ, ਤੈਨੂੰ ਹਮੇਸ਼ਾ ਘਰ ਯਾਦ ਆਉਂਦਾ ਹੈ, ਜੇ ਜਾਣ ਦੀ ਇੱਛਾ ਹੈ

ਤਾਂ ਪਹੁੰਚਾ ਦੇਂਦੇ ਹਾਂ।'' ਇਹ ਗੱਲ ਸੁਣ ਕੇ ਮਰਦਾਨੇ ਨੇ ਕਿਹਾ, ''ਮੈਂ ਤਾਂ ਸੁਭਾਵਕ ਹੀ ਕਿਹਾ ਹੈ; ਜਿੰਨਾ ਚਿਰ ਆਪ ਨਹੀਂ ਜਾਉਗੇ ਮੈਂ ਭੀ ਨਹੀਂ ਜਾਵਾਂਗਾ।'' ਗੁਰੂ ਜੀ ਨੇ ਕਿਹਾ, ''ਮਰਦਾਨਿਆਂ ਤੂੰ ਤਾਂ ਸਾਡੇ ਤੋਂ ਪਹਿਲੇ ਹੀ ਚਲੇ ਜਾਣਾ ਹੈ, ਤੂੰ ਅਬਿਨਾਸੀ ਘਰ ਨੂੰ ਸੰਭਾਲ, ਤੇਰਾ ਜਨਮ ਮਰਨ ਮਿਟ ਗਿਆ ਹੈ।'' ਮਰਦਾਨੇ ਨੇ ਕਿਹਾ, ''ਮੇਰੀ ਕਿਤਨੀ ਕੁ ਉਮਰ ਰਹਿ ਗਈ ਹੈ ?'' ਗੁਰੂ ਜੀ ਨੇ ਕਿਹਾ, ''ਪੰਜ ਦਿਨ ਤੇਰੀ ਉਮਰ ਬਾਕੀ ਹੈ। ਤਿੰਨ ਘੜੀਆਂ ਦਿਨ ਰਹਿੰਦਿਆਂ ਤੇਰਾ ਸਰੀਰ ਸ਼ਾਂਤ ਹੋ ਜਾਏਗਾ।'' ਮਰਦਾਨੇ ਨੇ ਕਿਹਾ, ''ਉਸ ਵੇਲੇ ਆਪ ਮੇਰੇ ਪਾਸ ਹੋਵੋਗੇ ਕਿ ਨਹੀਂ।''

ਗੁਰੂ ਜੀ ਨੇ ਕਿਹਾ, ''ਅਸੀਂ ਤੇਰੇ ਪਾਸ ਹੀ ਹੋਵਾਂਗੇ, ਤੇਰਾ ਸਾਰਾ ਕੰਮ ਭੁਗਤਾ ਕੇ ਜਾਵਾਂਗੇ।''

ਯਥਾ:-'ਸੁਨਿ ਬੋਲੇ ਬੇਦੀ ਕੁਲ ਦੀਪਾ। ਹਮ ਤਬ ਤੇਰੇ ਰਹੈਂ ਸਮੀਪਾ॥ ੧੧॥

ਕਰਿ ਕੈ ਸਭਿ ਪ੍ਰਕਾਰ ਬਿਧਿ ਆਛੇ। ਅਪਰ ਥਾਨ ਗਮਨੈਂ. ਤਬ ਪਾਛੇ।'

ਚਾਰ ਦਿਨਾਂ ਤੋਂ ਉਪ੍ਰੰਤ ਮਰਦਾਨੇ ਨੂੰ ਸੁਪਨਾ ਆਇਆ ਕਿ ਜੋ ਇਥੇ ਧਰਤੀ ਵਿਚ ਦੱਬੇ ਜਾਂਦੇ ਹਨ, ਉਹ ਅੱਗੇ ਸਾੜੇ ਜਾਂਦੇ ਹਨ। ਨੀਂਦ ਖੁਲ੍ਹ ਜਾਣ ਤੋਂ ਬਾਅਦ ਮਰਦਾਨੇ ਨੇ ਸੁਪਨੇ ਵਾਲੀ ਗੱਲ ਦੱਸ ਕੇ ਕਿਹਾ, ''ਮੇਰਾ ਸਰੀਰ ਧਰਤੀ ਵਿਚ ਨਾ ਦਫਨਾਉਣਾ, ਅੱਗ ਵਿਚ ਸਸਕਾਰ ਕਰ ਦੇਣਾ।''

ਗੁਰੂ ਜੀ ਨੇ ਕਿਹਾ, ''ਚੰਗਾ! ਤੇਰੇ ਸਰੀਰ ਦਾ ਸਸਕਾਰ ਹੀ ਕਰਾਂਗਾ, ਪਰ ਹੁਣ ਖੁਰਮੇ ਨੱਗਰ ਵਿਚ ਚੱਲ ਓਥੇ ਤੇਰਾ ਖਾਣਾ ਪੀਣਾ ਰਹਿੰਦਾ ਹੈ, ਓਥੇ ਤੂੰ ਸਰੀਰ ਤਿਆਗਣਾ ਹੈ, ਓਥੇ ਹੀ ਤੇਰੀ ਸੰਤਾਨ ਰਹੇਗੀ।''

'ਧਰਨਿ ਬਿਖੈ ਦਫਨਾਵਹੁ ਨਾਂਹੀ। ਰਹਿਤ ਨਪਾਕ ਲਖਜੋ ਮਨ ਮਾਂਹੀ।

ਗੁਰੂ ਭਨਜੋ ਹਮਰੇ ਸਿਰ ਭਾਰੰ। ਨਹਿਂ ਦਫਨੈਂ ਦੇਵਹਿਂ, ਤੁਹਿ ਜਾਰੰ॥ ੧੫॥

ਤੇਰੋ ਕਹਜੋ ਕਰੈਂ ਬਿਧਿ ਨੀਕੀ। ਭਈ ਭਾਵਨੀ ਜਿਉਂ ਤੁਝ ਜੀ ਕੀ।

ਅਬ ਚਲਿ ਖੁਰਮੇ ਨਗਰ ਮਝਾਰਾ। ਤਹਿਂ ਤਵ ਖਾਨੋ ਰਹਜੋ ਅਹਾਰਾ॥ ੧੬॥

ਤਜਹੁ ਸਰੀਰ ਜਹਾਂ ਮਰਦਾਨੇ। ਸੰਤਤ ਤੋਰ ਰਹੈ ਤਿਹ ਥਾਨੇ।'

ਇਹ ਗੱਲ ਕਹਿ ਕੇ ਮਰਦਾਨੇ ਨੂੰ ਖੁਰਮੇ ਵਿਚ ਲੈ ਆਏ, ਬਜ਼ਾਰ ਵਿਚੋਂ ਲਿਆ ਕੇ ਕਿਹਾ, ''ਜੋ ਖਾਣਾ ਹੈ ਖਾ ਲੈ।'' ਉਸ ਨੇ ਬਚਨ ਮੰਨ ਕੇ ਜੋ ਕੁਝ ਛਕਣਾ ਸੀ ਛਕ ਲਿਆ। ਜਿਸ ਵੇਲੇ ਤਿੰਨ ਘੜੀਆਂ ਦਾ ਵੇਲਾ ਆ ਰਿਹਾ ਤਾਂ ਸ਼ਹਿਰ ਤੋਂ ਬਾਹਰ ਆ ਕੇ ਸੁੰਦਰ ਜਗ੍ਹਾ ਵੇਖ ਕੇ ਬੈਠ ਗਏ।

ਗੁਰੂ ਜੀ ਨੇ ਕਿਹਾ, ''ਮਰਦਾਨਿਆ ਕੀ ਖਬਰ ਹੈ ?'' ਉਸ ਨੇ ਕਿਹਾ, ''ਹੁਣ ਤਾਂ ਤਿਆਰੀ ਹੈ।'' ਉਸੀ ਵੇਲੇ ਗੁਰੂ ਜੀ ਦੇ ਚਰਨਾ ਪਰ ਮੱਥਾ ਟੇਕ ਕੇ ਮਨ ਨੂੰ ਇਸਥਿਤ ਕਰਕੇ ਅਮੋਹ ਹੋ ਗਿਆ। ਗੁਰੂ ਜੀ ਨੇ ਕਿਹਾ, ''ਮਰਦਾਨਿਆਂ ਤੈਨੂੰ ਕਿਵੇਂ ਪਤਾ ਲੱਗ ਗਿਆ ਹੈ ਕਿ ਹੁਣ ਮੇਰੀ ਤਿਆਰੀ ਹੈ ?'' ਮਰਦਾਨੇ ਨੇ ਕਿਹਾ, ''ਆਪ ਜੀ ਦੀ ਕਿਰਪਾ ਨਾਲ ਖਬਰ ਹੋ ਗਈ ਹੈ, ਕਿਉਂਕਿ ਨਾਭੀ ਵਿਚੋਂ ਪੌਣ ਦੀ ਗੰਢ ਖੁੱਲ੍ਹ ਗਈ ਹੈ।''

'ਨੌ ਅਬ ਸ੍ਵਾਸ ਆਵਨੇ ਰਹੇ। ਗਿਨ ਦੇਖਹੁ, ਮੈਂ ਕੂਰ ਨ ਕਹੇ।'

ਉਸ ਵੇਲੇ ਭਾਈ ਬਾਲੇ ਨੇ ਗਿਣੇ ਤੇ ਕਿਹਾ, ''ਗੁਰੂ ਜੀ ! ਨੌਂ ਹੀ ਸ੍ਵਾਸ ਆਏ ਹਨ; ਹੁਣ ਇਸ ਦਾ ਸਰੀਰ ਸ਼ਾਂਤ ਹੋ ਗਿਆ ਹੈ।'' ਉਸੀ ਵੇਲੇ ਲੱਕੜਾਂ ਕੱਠੀਆਂ ਕਰਵਾ ਕੇ ਚਿਖਾ ਬਣਾ ਕੇ ਮਰਦਾਨੇ ਦੇ ਸਰੀਰ ਦਾ ਸਸਕਾਰ ਕਰ ਦਿੱਤਾ।

*ਇਕ ਰਾਤ ਓਥੇ ਰਹਿ ਕੇ ਫੇਰ ਤਲਵੰਡੀ ਆ ਪਹੁੰਚੇ। ਮਰਦਾਨੇ ਦੇ ਪੁੱਤਰ ਨੂੰ ਬੁਲਾ ਕੇ ਕਿਹਾ,

''ਤੇਰਾ ਪਿਤਾ ਸੁਰਗਵਾਸ ਹੋ ਗਿਆ ਹੈ, ਉਸ ਦੀ ਜਗ੍ਹਾ ਪਰ ਤੈਨੂੰ ਸਿਰੋਪਾ ਦੇ ਕੇ ਬਿਠਾਉਣਾ ਹੈ, ਇਸ ਲਈ ਤੂੰ ਸਾਡੇ ਨਾਲ ਚੱਲ।'' ਗੁਰੂ ਜੀ ਦਾ ਹੁਕਮ ਮੰਨ ਕੇ ਉਹ ਤੁਰ ਪਿਆ। ਚਲਦਿਆਂ ਚਲਦਿਆਂ ਜਿਸ ਵੇਲੇ ਤਲੰਬੇ ਵਿਚ ਪਹੁੰਚੇ। ਓਥੇ ਇਕ ਸੱਜਣ ਠੱਗ ਧਰਮਸ਼ਾਲਾ ਬਣਾ ਕੇ ਬੈਠਾ ਹੋਇਆ ਸੀ, ਵੈਸ਼ਨਵ ਵਾਲਾ ਭੇਖ ਸੀ ਟਿੱਕੇ ਵਗੈਰਾ ਲਗਾਏ ਹੋਏ ਸਨ, ਪਰ ਬੜਾ ਨਿਰਦਈ ਸੀ। ਜਿਸ ਵੇਲੇ ਮਰਦਾਨੇ ਦਾ ਪੁੱਤਰ ਗੁਰੂ ਜੀ ਤੋਂ ਆਗਿਆ ਲੈ ਕੇ ਜਲ-ਪਾਣੀ ਛਕਣ ਵਾਸਤੇ ਸ਼ਹਿਰ ਵਿਚ ਵੜਿਆ, ਚਲਦਿਆਂ ਚਲਦਿਆਂ ਧਰਮਸਾਲਾ

---

*ਤਵਾਰੀਖ ਗੁਰੂ ਖਾਲਸਾ ਵਿਚ ਇੰਞ ਲਿਖਿਆ ਹੈ।-'ਮਰਦਾਨੇ ਦਾ ਚਲਾਣਾ।'

ਕੰਧਾਰ ਤੋਂ ਹੋ ਕੇ ਗਜ਼ਨੀ ਤਕ ਸੈਲ ਕਰ ਜਦ ਕੁਰਮ ਨਦੀ ਦੇ ਕੰਢੇ ਕੁਰਮ ਸ਼ਹਿਰ ਵਿਚ ਪਹੁੰਚੇ ਤਾਂ ਮਰਦਾਨੇ ਨੂੰ ਸੂਲ ਹੋਇਆ, ਗੁਰੂ ਜੀ ਨੇ ਤਿਸ ਨੂੰ ਕਿਹਾ, ਮਰਦਾਨਿਆ! ਹੁਣ ਤੇਰਾ ਸਰੀਰ ਛੁਟੇਗਾ, ਜੋ ਤੂੰ ਕਹੇਂ ਸੋ ਕੀਤਾ ਜਾਵੇ। ਤਾਂ ਮਰਦਾਨੇ ਕਿਹਾ ਮਹਾਰਾਜ ! ਮੈਂ ਆਪ ਜੀ ਦਾ ਸੇਵਕ ਹਾਂ ਜਨਮ ਦਾ ਮੁਸਲਮਾਨ ਹਾਂ, ਪਰੰਤੂ ਕਰਮ ਦਾ ਨਹੀਂ, ਇਸ ਲਈ ਮੇਰਾ ਸਸਕਾਰ ਕਰਨਾ। ਦੂਸਰੇ ਦਿਨ ੧੩ ਮੱਘਰ ਸੰਮਤ ੧੫੮੧ ਬਿਕ੍ਰਮੀ ਨੂੰ ਭਾਈ ਮਰਦਾਨੇ ਦੀ ਦੇਹ ਛੁਟੀ, ਗੁਰੂ ਜੀ ਓਸ ਦਾ ਸਸਕਾਰ ਕਰਕੇ ਈਸਾ ਖੇਲ ਲੱਕੀ ਤੋਂ ਅੱਗੇ ਅਟਕ ਨਦੀ ਤੋਂ ਉਤਰ ਸੈਦ ਮਿਠੇ ਜਾ ਉਤਰੇ ਅਰ ਸ਼ਬਦ ਪੜ੍ਹਦੇ ਰਹੇ।

(ਤਵਾਰੀਖ ਗੁਰੂ ਖਾਲਸਾ, ਹਿਸਾ ਪਹਿਲਾ, ਪੰਨਾ ੨੭੩ ਭਾਸ਼ਾ ਵਿਭਾਗ ਪੰਜਾਬ)

ਇਕ ਪੱਛਮੀ ਦਰਿਆ ਜੋ ਸੁਫੇਦ ਕੋਹ ਤੋਂ ਨਿਕਲ ਕੇ ਅਫਗਾਨਿਸਤਾਨ ਦੀ ਹੱਦ ਲੰਘ ਕੇ ਬੰਨੂ ਦੇ ਇਲਾਕੇ ਵਹਿੰਦਾ ਹੋਇਆ ਸਿੰਧੁਨਦ ਵਿਚ ਮਿਲਦਾ ਹੈ, ਰਿਗਵੇਦ ਵਿਚ ਇਸਦਾ ਨਾਮ ਕ੍ਰੁਮ ਆਇਆ ਹੈ, ਇਸ ਦੇ ਕਿਨਾਰੇ ਤੋਂ ਜੋ ਨਗਰ ਵਸਿਆ ਹੈ ਜਨਮਸਾਖੀ ਵਿਚ ਉਸ ਦਾ ਨਾਮ ਖੁਰਮਾ ਲਿਖਿਆ ਹੈ।

ਨੋਟ: ਜਿਸ ਤਲੰਬਾ ਵਿਚ ਸੱਜਣ ਠਗ ਰਹਿੰਦਾ ਸੀ ਇਹ ਜ਼ਿਲਾ ਮੁਲਤਾਨ ਤਹਿਸੀਲ ਤੇ ਥਾਣਾ ਕਬੀਰ ਵਾਲਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦ੍ਵਾਰਾ ਬਣਿਆ ਹੋਇਆ ਹੈ। ਪਹਿਲੇ ਤਲੰਬਾ ਦਾ ਨਾਮ ਮਖਦੂਮ ਪੁਰ ਸੀ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਸਿੱਖ ''ਭਾਈ ਜੋਧ'' ਕਰਨੀ ਵਾਲਾ ਸਿੱਖ ਇਸੇ ਪਿੰਡ ਵਿਚ ਹੋਇਆ ਹੈ, ਉਸ ਨੇ ਗੁਰੂ ਜੀ ਦੀ ਆਗਿਆ ਨਾਲ ਇਲਾਕੇ ਵਿਚ ਧਰਮ ਦਾ ਪ੍ਰਚਾਰ ਕੀਤਾ ''ਭਾਈ ਸੋਧ'' ਦੀ ਔਲਾਦ ਹੁਣ ਤਾਂ ਬਹੁਤ ਜਗ੍ਹਾ ਫੈਲੀ ਹੋਈ ਹੈ। ਭਾਈ ਜੋਧ ਨੇ ੧੯੭੦ ਸੰਮਤ ਵਿਚ ਓਥੇ ਸੁੰਦਰ ਗੁਰਦ੍ਵਾਰਾ ਬਣਵਾਇਆ ਸੀ, ਵੈਸਾਖੀ ਨੂੰ ਬੜਾ ਭਾਰੀ ਮੇਲਾ ਲਗਦਾ ਸੀ ਪਰ ਹੁਣ ਉਹ ਜਗ੍ਹਾ ਪਾਕਿਸਤਾਨ ਵਿਚ ਹੈ।

ਮਰਦਾਨੇ ਦੇ ਦੋਵੇਂ ਪੁੱਤਰ ਸਜਾਦਾ ਰਜਾਦਾ ਪਿਤਾ ਦੇ ਮਰਨ ਦੀ ਖ਼ਬਰ ਸੁਣ ਕੇ ਗੁਰੂ ਜੀ ਪਾਸ ਆਏ ਅਰ ਕਿਹਾ ਜੀ ਸਾਨੂੰ ਸਾਡੇ ਪਿਤਾ ਦੀ ਸਮਾਧ ਦਾ ਦਰਸ਼ਨ ਕਰਾਓ, ਗੁਰੂ ਜੀ ਨੇ ਰਜਾਦੇ ਨੂੰ ਕਰਤਾਰਪੁਰ ਰਹਿਣ ਦੀ ਆਗਜਾ ਕੀਤੀ ਅਰ ਸਜਾਦੇ ਨੂੰ ਨਾਲ ਲੈ ਕੇ ਕੁਰਮ ਸ਼ਹਿਰ ਵੱਲ ਚਲ ਪਏ। ਗੁਜਰਾਂਵਾਲੇ, ਹਾਫਜ਼ਾਬਾਦ, ਜਲਾਲਪੁਰ ਹੁੰਦੇ ਹੋਏ ਕੁਰਮ ਸ਼ਹਿਰ ਵਿਚ ਜਾ ਮਰਦਾਨੇ ਦੀ ਸਮਾਧ ਦਿਖਾਈ। ਸਜਾਦੇ ਦੀ ਸੰਤਾਨ ਹੁਣ ਤੱਕ ਓਥੇ ਹੈ ਅਰ ਪੀਰ ਸਦਾਉਂਦੀ ਹੈ।

(ਤਵਾਰੀਖ ਗੁਰੂ ਖਾਲਸਾ, ਹਿੱਸਾ ਪਹਿਲਾ, ਪੰਨਾ ੨੭੫, ਭਾਸ਼ਾ ਵਿਭਾਗ ਪੰਜਾਬ)

ਮਰਦਾਨਾ ਭਾਈ.

ਲੱਖੋ ਦੇ ਉਦਰ ਤੋਂ ਬਾਦਰੇ ਮਿਰਾਸੀ ਦਾ ਪੁਤ੍ਰ, ਜੋ ਸੰਮਤ ੧੫੧੬ ਵਿਚ ਤਲਵੰਡੀ ਜਨਮਿਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੋ ਕੇ ''ਭਾਈ'' ਪਦ ਦਾ ਅਧਿਕਾਰੀ ਹੋਇਆ, ਇਹ ਦੇਸ਼ ਦੇਸ਼ਾਂਤਰਾਂ ਵਿਚ ਜਗਤ ਗੁਰੂ ਦੀ ਸੇਵਾ ਵਿਚ ਹਾਜ਼ਿਰ ਰਹਿ ਕੇ ਕੀਰਤਨ ਕਰਦਾ ਰਿਹਾ, ਇਸ ਦਾ ਦੇਹਾਂਤ ੧੩ ਮੱਘਰ ਸੰਮਤ ੧੫੯੧ ਨੂੰ ਅਫਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿਚ ਹੋਇਆ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਦੇਹ ਆਪਣੇ ਹੱਥੀਂ ਸਸਕਾਰੀ, ਰਬਾਬ ਵਜਾਉਣ ਕਰਕੇ ਰਬਾਬੀ ਉਪਾਧੀ ਭਾਈ ਮਰਦਾਨੇ ਦੇ ਨਾਮ ਨਾਲ ਆਉਂਦੀ ਹੈ, ਵਾਰ ਬਿਹਾਗੜਾ ਵਿਚ ਭਾਈ ਮਰਦਾਨੇ ਦੇ ਨਾਮ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸਲੋਕ ਦੇਖੀਦੇ ਹਨ, ਦੇਖੋ ਪੌੜੀ ੧੨ .

(ਮਹਾਨ ਕੋਸ਼ ਦੇਖੋ, ਮਰਦਾਨਾ ਭਾਈ)

ਵਿਚ ਸੱਜਣ ਠੱਗ ਨੂੰ ਬੈਠਾ ਵੇਖ ਕੇ ਪਾਸ ਆ ਕੇ ਦੁਆ ਕੀਤੀ।

ਅਗੋਂ ਸੱਜਣ ਠੱਗ ਨੇ.ਪੁਛਿਆ, "ਤੂੰ ਕਿਥੋਂ ਆਇਆ ਹੈਂ, ਤੇਰੀ ਜਾਤੀ ਕੀ ਹੈ ?"

ਤਾਂ ਉਸ ਨੇ ਕਿਹਾ, "ਤਲਵੰਡੀ 'ਚੋਂ ਆਇਆ ਹਾਂ, ਜਾਣਾ ਦੂਰ ਹੈ ਤੇ ਜਾਤੀ ਮੇਰੀ ਮਿਰਾਸੀ ਹੈ, ਭੁੱਖ ਲੱਗੀ ਹੈ ਕੁਝ ਖਾਣ ਵਾਸਤੇ ਦਿਓ।" ਸੱਜਣ ਠੱਗ ਨੇ ਕਿਹਾ, "ਤੇਰਾ ਜਜਮਾਨ ਕਿਹੜਾ ਹੈ?' ਉਸ ਨੇ ਕਿਹਾ, "ਮੇਰਾ ਜਜਮਾਨ ਤਿੰਨਾਂ ਲੋਕਾਂ ਦਾ ਪਤੀ ਹੈ।" ਇਹ ਗੱਲ ਸੁਣ ਕੇ ਸੱਜਣ ਠੱਗ ਨੇ ਆਪਣੇ ਆਦਮੀ ਨੂੰ ਬੁਲਾ ਕੇ ਕਿਹਾ, "ਇਹ ਕਿਸੇ ਵੱਡੇ ਜਜਮਾਨ ਦਾ ਮਿਰਾਸੀ ਹੈ, ਇਸ ਦੀ ਚੰਗੀ ਤਰ੍ਹਾਂ ਸੇਵਾ ਕਰੀਂ।" ਚੰਗਾ ਜੀ ! ਆਖ ਕੇ ਇਸ ਨੂੰ ਭੋਜਨ ਛਕਾਉਣ ਦੇ ਬਹਾਨੇ ਅੰਦਰ ਲੈ ਗਿਆ। ਅੰਦਰ ਜਾਂਦਿਆਂ ਹੀ ਤਿੰਨਾਂ ਆਦਮੀਆਂ ਨੇ ਫੜ ਕੇ ਇਸਦੇ ਕਪੜੇ ਲਾਹ ਲਏ ਤੇ ਮੁਸ਼ਕਾਂ ਬੰਨ੍ਹ ਕੇ ਬੜਾ ਦੁੱਖ ਦਿੱਤਾ। ਉਸ ਵੇਲੇ ਸ਼ਹਿਜ਼ਾਦੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕੀਤਾ ਕਿ ਇਸ ਵੇਲੇ ਹੋਰ ਕੋਈ ਸਹਾਇਤਾ ਨਹੀਂ ਕਰ ਸਕਦਾ ਆਪ ਹੀ ਛੇਤੀ ਆ ਕੇ ਬਹੁੜੋ। ਗੁਰੂ ਜੀ ਬਾਲੇ ਸਹਿਤ ਝਟ ਓਥੇ ਆ ਪਹੁੰਚੇ, ਤੇ ਉਸ ਦੇ ਸੁੰਦਰ ਲਿਬਾਸ ਨੂੰ ਵੇਖ ਕੇ ਆਖਦੇ ਹਨ-ਸੱਜਣਾ ! "ਸਾਡਾ ਇਕ ਆਦਮੀ ਇਥੇ ਆਇਆ ਹੈ, ਉਹ ਕਿੱਥੇ ਹੈ?"

ਸੱਜਣ (ਠੱਗ) ਨੇ ਕਿਹਾ, "ਇਥੇ ਕੋਈ ਨਹੀਂ ਆਇਆ।"

ਗੁਰੂ ਜੀ ਨੇ ਕਿਹਾ, "ਤੂੰ ਝੂਠ ਬੋਲਦਾ ਹੈਂ, ਉਹ ਇਥੇ ਹੀ ਆਇਆ ਹੈ।"

ਸੱਜਣ ਨੇ ਕਿਹਾ, "ਜੇ ਇਥੇ ਆਇਆ ਸਮਝਦੇ ਹੋ ਤਾਂ ਅੰਦਰ ਜਾ ਕੇ ਵੇਖ ਲੌ।"

ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਤੂੰ ਅੰਦਰੋਂ ਸ਼ਹਿਜ਼ਾਦੇ ਨੂੰ ਲਿਆ ਕੇ ਇਸ ਦਾ ਮੂੰਹ ਕਾਲਾ ਕਰ।"

ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਬਾਲਾ ਅੰਦਰ ਗਿਆ ਤਾਂ ਕੀ ਵੇਖਿਆ-ਸ਼ਹਿਜ਼ਾਦਾ ਨੰਗਾ ਹੈ ਤੇ ਮੁਸ਼ਕਾਂ ਬੰਨ੍ਹੀਆਂ ਹੋਈਆਂ ਹਨ। ਉਸ ਵੇਲੇ ਮੁਸ਼ਕਾਂ ਖੋਲ੍ਹ ਕੇ ਤੇ ਆਪਣੇ ਪਾਸੋਂ ਕਪੜਾ ਦੇ ਕੇ ਉਸ ਦੇ ਸਰੀਰ ਨੂੰ ਕੱਜ ਕੇ ਬਾਹਰ ਲਿਆਂਦਾ। ਆਉਂਦਿਆਂ ਸਾਰ ਸਹਿਜ਼ਾਦੇ ਨੇ ਗੁਰੂ ਜੀ ਦੇ ਚਰਨਾਂ ਪਰ ਮੱਥਾ ਟੇਕ ਕੇ ਆਖਿਆ, ਕਿ ਮਹਾਰਾਜ ਜੀ ! ਮੈਂ ਤਾਂ ਇਸ ਦੇ ਟਿੱਕੇ ਤੇ ਲਿਬਾਸ ਨੂੰ ਵੇਖ ਕੇ ਭੁੱਲ ਗਿਆ ਸੀ ਪਰ ਇਹ ਬੜਾ ਪਾਪੀ ਤੇ ਠੱਗ ਹੈ, ਜਿਹੜਾ ਭੀ ਇਸ ਦੇ ਪਾਸ ਆਉਂਦਾ ਹੈ, ਇਹ ਸਾਰਿਆਂ ਦੇ ਕਪੜੇ ਉਤਾਰ ਲੈਂਦਾ ਹੈ ਤੇ ਨਕਦੀ ਵਗੈਰਾ ਖੋਹ ਲੈਂਦਾ ਹੈ।

(ਨਾਨਕ ਪ੍ਰਕਾਸ਼ ਉਤ੍ਰਾਰਧ, ਅਧਿ: ੩੫)

ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਹਜ਼ੂਰ ਨੇ ਉਸ ਦੇ ਪ੍ਰਤੀ ਇਹ ਸ਼ਬਦ ਉਚਾਰਿਆ-

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥

ਕੈਂਹ ਦਾ ਭਾਂਡਾ ਅਪਵਿੱਤ੍ਰ ਮੰਨਿਆ ਹੈ ਧਰਮ ਸ਼ਾਸਤ੍ਰ ਅਨੁਸਾਰ ਪੰਡਿਤ ਲੋਕ ਕੈਂਹ ਦੇ ਭਾਂਡੇ ਵਿਚ ਅੰਨ ਨਹੀਂ ਖਾਂਦੇ, ਕਿਉਂਕਿ ਜਿਉਂ ਜਿਉਂ ਉਸ ਨੂੰ ਘਸਾਈਦਾ ਹੈ ਤਿਉਂ ਤਿਉਂ ਕਾਲਖ ਨਿਕਲਦੀ ਹੈ, ਏਸੇ ਕੈਂਹ ਦੇ ਭਾਂਡੇ ਦਾ ਦ੍ਰਿਸ਼ਟਾਂਤ ਦੇ ਕੇ ਸੱਜਣ ਠੱਗ ਨੂੰ ਸਮਝਾਂਦੇ ਹਨ-

ਜਿਵੇਂ -ਕੈਹਾ=ਕਾਂਸੀ ਦਾ ਭਾਂਡਾ ਉੱਜਲਾ (ਚਿੱਟਾ) ਤੇ ਚਿਲਕਣਾ ਹੁੰਦਾ ਹੈ, ਪਰ ਘੋਟਿਆਂ ਉਸ ਵਿਚੋਂ ਕਾਲੀ ਮਸੁ=ਕਾਲਖ ਨਿਕਲਦੀ ਹੈ।

ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥

ਜੇ ਉਸ ਨੂੰ ਸਉ=ਸੈਂਕੜੇ ਵਾਰੀ ਭੀ ਧੋਈਏ, ਤਾਂ ਧੋਤਿਆਂ ਹੋਇਆਂ ਉਸ ਦੀ ਕਾਲਖਤਾ ਰੂਪੀ

ਜੂਠ=ਅਪਵਿੱਤ੍ਰਤਾ ਨਹੀਂ ਲਹਿੰਦੀ॥ ੧॥

ਏਸੇ ਤਰ੍ਹਾਂ ਕੈਹਾ=ਕਾਂਸੀ ਦੇ ਭਾਂਡੇ ਵਾਂਗ ਹੇ 'ਸੱਜਣ ਠੱਗ' ਤੂੰ ਉਜਲਾ ਤੇ ਚਿਲਕਣਾ ਬਣਿਆ ਹੋਇਆ ਹੈਂ ਭਾਵ ਟਿੱਕੇ ਵਗੈਰਾ ਲਗਾ ਕੇ ਚੰਗੇ ਲਿਬਾਸ ਨੂੰ ਧਾਰਨ ਕੀਤਾ ਹੋਇਆ ਹੈ, ਜੇਕਰ ਤੇਰੇ ਕਰਤੱਬ ਨੂੰ ਘੋਟਿਮ=ਵਿਚਾਰੀਏ ਤਾਂ ਪਾਪਾਂ ਰੂਪੀ, ਵਾ:-ਠੱਗੀਆਂ ਰੂਪੀ ਕਾਲੜੀ ਮਸੁ=ਕਾਲਖ ਤੇਰੇ ਅੰਦਰ ਲੱਗੀ ਹੋਈ ਹੈ। ਧੋਤਿਆਂ=ਤੀਰਥਾਂ ਪਰ ਇਸ਼ਨਾਨ ਕਰਨ ਨਾਲ ਭੀ ਪਾਪਾਂ ਰੂਪੀ ਜੂਠਿ=ਅਪਵਿੱਤ੍ਰਤਾ ਉਤਰਦੀ ਨਹੀਂ, ਜੇ ਉਸ ਨੂੰ ਸਉ=ਸੈਂਕੜੇ ਵਾਰੀ ਭੀ ਧੋਣਾ ਕਰੀਏ॥ ੧॥

ਤੂੰ ਆਪਣਾ ਸੱਜਣ ਨਾਮ ਵਿਅਰਥ ਰਖਵਾਇਆ ਹੈ,

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥

ਮੇਰੇ ਨਾਲ ਦੇ ਅਸਲੀ ਸੱਜਣ ਓਹੀ ਹਨ, ਜੋ ਅੰਤ ਨੂੰ ਚਲਦਿਆਂ ਹੋਇਆਂ ਪ੍ਰਲੋਕ ਵਿਚ ਨਾਲ ਚੱਲਣ।

ਪ੍ਰਸ਼ਨ:-ਉਹ ਕਿਹੜੇ ਸੱਜਣ ਹਨ ? *ਗੁਰ ਉੱਤਰ*-ਸ਼ੁਭ ਕਰਮ ਹੀ ਅਸਲੀ ਸੱਜਣ ਹਨ ਜੋ ਪ੍ਰਲੋਕ ਵਿਚ ਜੀਵ ਦੀ ਸਹਾਇਤਾ ਕਰਦੇ ਹਨ।

ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥ ਰਹਾਉ॥

ਜਿਥੇ ਪ੍ਰਲੋਕ ਵਿਚ ਜੀਵ ਪਾਸੋਂ ਲੇਖਾ ਮੰਗਿਆ ਜਾਂਦਾ ਹੈ ਉਥੇ ਜੀਵ ਦੇ ਪਾਸ ਖੜੇ ਦਿੱਸਦੇ ਹਨ, ਭਾਵ ਜੀਵ ਦੀ ਅਜੇਹੀ ਸਹਾਇਤਾ ਕਰਦੇ ਹਨ ਜੋ ਨਰਕਾਂ ਵਿਚ ਨਹੀਂ ਜਾਣ ਦੇਂਦੇ॥ ੧॥ ਰਹਾਉ॥

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥

ਕੋਠੇ ਕੱਚੇ, ਮੰਡਪ=ਚੌੜੇ ਅਸਥਾਨ, ਮਾੜੀਆਂ=ਦੁਹਾਸਨੀਆਂ, ਚਹੁਹਾਸਨੀਆਂ, ਖੂਬ ਆਸੇ ਪਾਸਿਓਂ ਭਾਵ ਬਾਹਰੋਂ ਚਿਤਰੀਆਂ ਹੋਈਆਂ ਹਨ।

ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥ ੨॥

ਜੇਕਰ ਵਿਚੋਂ ਸਖਣੀਆਹਾ=ਖਾਲੀ ਹਨ ਭਾਵ ਉਹਨਾਂ ਵਿਚ ਜੇ ਭਜਨੀਕ ਸੰਤਾਂ ਦਾ ਨਿਵਾਸ ਨਹੀਂ ਹੈ ਤਾਂ ਉਹ ਢੱਠੀਆਂ ਦੇ ਸਮਾਨ ਹਨ, ਕਿਸੇ ਕੰਮ ਨਹੀਂ ਆਉਂਦੀਆਂ॥ ੨॥

ਇਸੇ ਤਰ੍ਹਾਂ ਕੋਠੇ ਵਾਂਗ ਮਧਰੇ ਪੁਰਸ਼, ਮੰਡਪ ਦੇ ਸਦਰਸ ਚੌੜੇ ਪੁਰਸ਼, ਮਾੜੀਆਂ ਦੀ ਤਰ੍ਹਾ ਲੰਬੇ ਪੁਰਸ਼ ਭਾਵੇਂ ਸਰੀਰ ਦੇ ਪਾਸੇ ਚਿਤ੍ਰਕਾਰੀਂ ਕੀਤੇ ਹੋਏ ਹਨ ਭਾਵ ਦੁਆਰਕਾ ਦੇ ਤਿਲਕ ਛਾਪੇ ਲਗਾਏ ਹੋਏ ਹਨ। ਜੇਕਰ ਹਿਰਦੇ ਵਿਚੋਂ ਸ਼ੁਭ-ਗੁਣਾਂ ਤੋਂ ਖਾਲੀ ਹਨ ਤਾਂ ਉਹ ਢਠੀਆਂ=ਮ੍ਰਿਤਕ (ਮੁਰਦੇ) ਦੇ ਸਮਾਨ ਹਨ ਉਹ ਕਿਸੇ ਕੰਮ ਨਹੀਂ ਆਉਂਦੇ॥ ੨॥

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥

ਜਿਵੇਂ ਬਗਾ=ਬਗਲੇ ਦੇ ਬਗੇ ਕਪੜੇ=ਚਿੱਟੇ ਖੰਭ ਹੁੰਦੇ ਹਨ ਤੇ ਤੀਰਥਾਂ ਵਿਚ ਵਸਦਾ ਹੈ।

ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥ ੩॥

ਪਰ ਜੀਵਾਂ ਨੂੰ ਘੁਟ ਘੁਟ ਕੇ ਭਾਵ ਫੜ ਫੜ ਕੇ ਖਾਂਦਾ ਹੈ, ਇਸ ਲਈ ਉਹ ਬਗੇ=ਹੰਸ ਨਹੀਂ ਕਿਹਾ ਜਾਂਦਾ। ਤਿਵੇਂ:-ਹੇ ਬਗਲੇ ! (ਸੱਜਣ ਠੱਗ) ਤੈਂਨੇ ਚਿੱਟੇ ਕਪੜੇ ਪਾਏ ਹੋਏ ਹਨ,

ਅਥਵਾ:-ਬਾਹਰੋਂ ਚੰਗੇ ਕਰਮ ਕਰਦਾ ਨਿਗਾਹ ਆਉਂਦਾ ਹੈ, ਤੇ ਤੀਰਥ ਮੱਜਿ ਵਸੰਨ੍=ਠਾਕੁਰਦੁਆਰੇ ਵਿਚ ਵੱਸ ਰਿਹਾ ਹੈਂ। ਪਰ ਤੇਰਾ ਕਰਤੱਬ ਭੈੜਾ ਹੈ ਜ਼ਿਹੜਾ ਤੂੰ ਘੁਟ ਘੁਟ ਕੇ ਭਾਵ ਮੁਸ਼ਕਾਂ ਬੰਨ੍ਹ ਕੇ ਜੀਵਾਂ ਨੂੰ ਖਾਂਦਾ ਭਾਵ ਲੁੱਟਦਾ ਹੈਂ। ਇਸ ਕਰਕੇ ਤੂੰ ਬਗੇ=ਹੰਸ ਭਾਵ ਮਹਾਤਮਾ ਨਹੀਂ ਕਿਹਾ ਜਾਂਦਾ॥ ੩॥

ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍॥

ਜਿਵੇਂ-ਸਿੰਮਲ ਦੇ ਰੁਖੁ=ਬ੍ਰਿਛ ਨੂੰ ਵੇਖ ਕੇ ਮੈਜਨ=ਤੋਤਾ ਭੁੱਲ ਜਾਂਦਾ ਹੈ।

ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍॥ ੪॥

ਪਰ ਉਸ ਸਿੰਮਲ ਦੇ ਫਲ ਕਿਸੇ ਕੰਮ ਨਹੀਂ ਆਉਂਦੇ, ਜਿਸ ਵੇਲੇ ਤੋਤਾ ਆਪਣੀ ਭੁੱਖ ਮਿਟਾਉਣ ਵਾਸਤੇ ਉਸ ਫਲ ਵਿਚ ਚੁੰਜ ਮਾਰਦਾ ਹੈ, ਤਾਂ ਵਿਚੇ ਫਸ ਜਾਂਦੀ ਹੈ। ਤਿਵੇਂ ਸਿੰਮਲ ਰੁੱਖ ਵਾਂਗ ਤੇਰੇ ਸਰੀਰ ਦੇ ਮੈਂ=ਰੂਪ ਨੂੰ ਵੇਖ ਕੇ ਮੈਜਨ=ਤੋਤੇ ਵਾਂਗ ਮੈ ਜਨ=ਮੇਰਾ ਜਨ* "ਸਜਾਦਾ" ਭੁੱਲ ਗਿਆ ਹੈ ਜਿਸ ਤੇ ਤੇਰੇ ਪਾਸ ਆ ਕੇ ਬੈਠ ਗਿਆ ਹੈ। ਸੇ ਫਲ=ਉਹ ਤੇਰੇ ਗਿਆਨ ਰੂਪ ਫਲ ਕਿਸੇ ਕੰਮ ਨਹੀਂ ਆਉਂਦੇ ਤੇ ਗੁਣ=ਉਹ ਠੱਗੀਆਂ ਵਾਲੇ ਗੁਣ ਤੇਰੇ ਸਰੀਰ ਦੇ ਮੈ=ਵਿਚ ਹਨ॥ ੪॥

ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ ੫॥

ਜਿਵੇਂ-ਪ੍ਰਤੱਖ ਅੰਨ੍ਹੇ ਨੇ ਸਿਰ ਉਤੇ ਭਾਰ ਚੁੱਕਿਆ ਹੋਇਆ ਹੈ ਤੇ ਵਾਟ=ਰਸਤੇ ਵਿਚ ਡੂਗਰ=ਪਹਾੜ ਬਹੁਤ ਹਨ, ਉਸ ਵੇਲੇ ਅੱਖਾਂ ਨੂੰ ਚਾਹੁੰਦਾ ਹੈ ਪਰ ਲੈ ਨਹੀਂ ਸਕਦਾ ਤੇ ਆਖਦਾ ਹੈ ਮੈਂ ਕਿਵੇਂ ਇਨ੍ਹਾਂ ਪਰ ਚੜ੍ਹ ਕੇ ਪਾਰ ਲੰਘਾਂ ?

ਤਿਵੇਂ-ਅੰਨ੍ਹੇ ਅਗਿਆਨੀ ਪੁਰਸ਼ ਨੇ ਸਿੱਖੀ ਸੇਵਕ ਰੂਪੀ,

ਵਾ:-ਦੇਹ ਅਭਿਮਾਨਤਾ ਰੂਪੀ ਭਾਰ ਚੁੱਕਿਆ ਹੋਇਆ ਹੈ, ਤੇ ਪਰਮੇਸ਼ਰ ਪ੍ਰਾਪਤੀ ਦੇ ਰਸਤੇ ਵਿਚ ਕਾਮ ਆਦਿਕਾਂ ਰੂਪੀ ਪਹਾੜ ਬਹੁਤ ਹਨ, ਗਿਆਨ ਵੈਰਾਗ ਰੂਪੀ ਅੱਖਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਪਰ ਲੈ ਨਹੀਂ ਸਕਦਾ। ਹਉ=ਹੰਗਤਾ ਵਾਲਾ ਪੁਰਸ਼ ਉਹਨਾਂ ਪਰਬਤਾਂ ਪਰ ਚੜ੍ਹ ਕੇ ਕਿਵੇਂ ਪਾਰ ਲੰਘ ਸਕਦਾ ਹੈ ?

ਅਥਵਾ:-ਅੰਨ੍ਹੇ ਅਗਿਆਨੀ ਪੁਰਸ਼ ਨੇ ਪਾਪਾਂ ਰੂਪੀ ਬਹੁਤਾ ਭਾਰ ਚੁੱਕਿਆ ਹੋਇਆ ਹੈ, ਅੱਗੇ ਜਮਾਂ ਦੇ ਰਸਤੇ ਵਿਚ ਬਹੁਤ ਹੀ ਪਹਾੜ ਹਨ, ਓਥੇ ਪੁੰਨਾਂ ਰੂਪ ਅੱਖਾਂ ਚਾਹੀਦੀਆਂ ਹਨ ਪਰ ਲੈ ਨਹੀਂ ਸਕਦਾ, ਹੰਗਤਾ ਵਾਲਾ ਪੁਰਸ਼ ਕਿਵੇਂ ਚੜ੍ਹ ਕੇ ਪਾਰ ਲੰਘ ਸਕਦਾ ਹੈ ?॥ ੫॥

ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥

ਨਾਮ ਤੋਂ ਬਿਨਾਂ ਚਾਕਰੀਆਂ ਕਰਨੀਆਂ, ਚੰਗਿਆਈਆਂ=ਚੰਗੀਆਂ ਚੰਗੀਆਂ ਗੱਲਾਂ ਕਰਨੀਆਂ ਤੇ ਹੋਰ ਬੁੱਧੀ ਦੀਆਂ ਸਿਆਣਪਾਂ ਕਿਸ ਕੰਮ ਹਨ।

ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ ੬॥ ੧॥ ੩॥

ਗੁਰੂ ਜੀ ਕਥਨ ਕਰਦੇ ਹਨ— ਹੇ ਸੱਜਣ ਠੱਗ ! ਤੂੰ ਵਾਹਿਗੁਰੂ-ਨਾਮ ਨੂੰ ਸੰਭਾਲਣਾ ਕਰ ਜਿਸ ਕਰਕੇ ਸੰਸਾਰਕ ਬੰਧਨਾਂ ਵਿਚ ਬੱਧਾ ਹੋਇਆ ਛੁਟ ਜਾਵੇਂ॥ ੬॥ ੧॥ ੩॥

**ਅੰਮ੍ਰਿਤਸਰੀ ਟਕਸਾਲ ਦਾ ਪਾਠ ਪਹਿਲਾ ਹੀ ਹੈ:- "ਮੈਜਨ" ਦੇਖਿ ਭੁਲੰਨਿ॥*

ਫੇਰ ਉਪਦੇਸ਼ ਦੇਂਦੇ ਹਨ-

ਸੂਹੀ ਮਹਲਾ ੧ ॥ ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥

ਹੇ ਸੱਜਣ ਠੱਗ ! ਤੂੰ ਜਪ ਤਪ ਦਾ ਬੇੜੁਲਾ=ਬੇੜਾ ਬੰਨ੍ਹ ਲੈ, ਜਿਸ ਕਰਕੇ ਵਹੇਲਾ=ਕਠਨ ਸੰਸਾਰ ਸਮੁੰਦਰ ਤੋਂ ਵਹੇਲਾ=ਸੀਘਰ ਹੀ, ਵਾ:-ਸੁਖੱਲਾ ਲੰਘ ਜਾਵੇਂਗਾ।

ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥ ੧ ॥

ਨਾ ਸੰਸਾਰ ਸਰੋਵਰ ਪ੍ਰਾਪਤ ਹੋਵੇਗਾ, ਨਾ ਹੀ ਕੋਈ ਊਛਲੈ=ਦੁੱਖ ਮਾਂਝ ਦੁੱਖ ਪ੍ਰਾਪਤ ਹੋਵੇਗਾ, ਨਾ ਹੀ ਕਾਮ ਆਦਿਕਾਂ ਕਰਕੇ ਉਛਲੇਂਗਾ, ਨਾ ਸਰਵਰੁ=ਵੈਤਰਨੀ ਨਦੀ ਅਤੇ ਨਾ ਹੀ ਦਸ ਹਜ਼ਾਰ ਜੋਜਨ ਊਛਲੈ=ਅੱਗ ਦਾ ਕੁੰਡ ਦਿੱਸੇਗਾ। ਨਾ ਸੰਸਾਰ ਸਮੁੰਦਰ ਵਿਚ ਡਿੱਗੇਂਗਾ ਤੇ ਨਾ ਹੀ ਚੁਰਾਸੀ ਲੱਖ ਜੂਨ ਵਿਚ ਊਛਲੇਂਗਾ, ਜਪ ਤਪ ਦਾ ਅਜੇਹਾ ਸੁਖਦਾਈ ਪੰਥੁ=ਰਸਤਾ ਹੈ॥ ੧ ॥

ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥ ੧ ॥ ਰਹਾਉ ॥

ਹੇ ਸਦ ਰੰਗ ਢੋਲਾ=ਸਦਾ ਆਨੰਦ ਰੂਪ ਪਿਆਰੇ ਪ੍ਰਭੂ ! ਤੇਰਾ ਇਕ ਨਾਮ ਹੀ ਮਜੀਠੀ ਰੰਗ ਹੈ, ਉਸ ਵਿਚ ਮੇਰਾ ਚੋਲਾ=ਅੰਤਹਕਰਨ ਰੰਗਿਆ ਗਿਆ ਹੈ॥ ੧ ॥ ਰਹਾਉ ॥

ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ੨ ॥

ਪਿਆਰੇ ਸੱਜਣ ਪ੍ਰਭੂ ਦੀ ਤਰਫੋਂ ਜਿਨ੍ਹਾਂ ਨੇ ਚਲੇ=ਚਾਲੇ ਪਾ ਦਿੱਤੇ ਹਨ, ਭਾਵ ਜਿਹੜੇ ਹਟ ਗਏ ਹਨ।

ਅਥਵਾ:-ਹੇ ਪਿਆਰੇ ! ਜੋ ਸੰਸਾਰ ਵੱਲ ਚੱਲੇ ਹਨ ਉਹਨਾਂ ਦਾ ਸੱਜਣ (ਵਾਹਿਗੁਰੂ) ਨਾਲ ਕਿਵੇਂ ਮਿਲਾਪ ਹੋਵੇਗਾ ?

ਉੱਤਰ :- ਜੇਕਰ ਬੁੱਧੀ ਰੂਪ ਗੰਢ ਵਿਚ ਸ਼ੁਭ-ਗੁਣ ਹੋਣਗੇ ਤਾਂ ਉਹ ਵਾਹਿਗੁਰੂ ਉਸ ਨੂੰ ਆਪਣੇ ਨਾਲ ਮੇਲੇਗਾ।

ਅਥਵਾ:- ਜਿਸ ਪਿਆਰੇ ਸੱਜਣ ਪਰਮਾਤਮਾ ਦੀ ਤਰਫ਼ ਗੁਰਮੁਖ ਚੱਲੇ ਹਨ, ਉਹਨਾ ਨਾਲ ਕਿਵੇਂ ਮਿਲਾਪ ਹੁੰਦਾ ਹੈ?

ਉੱਤਰ:-ਜੇ ਬੁੱਧੀ ਰੂਪ ਗੰਠੜੀਐ=ਗੰਢ ਵਿਚ ਸ਼ੁਭ ਗੁਣ ਹੋਣਗੇ ਤਾਂ ਪਰਮਾਤਮਾ ਉਹਨਾਂ ਗੁਰਮੁਖਾਂ ਨਾਲ ਮੇਲੇਗਾ॥ ੨ ॥

ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥
ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥ ੩ ॥

ਉਹ ਮਿਲਿਆ ਹੋਇਆ ਫਿਰ ਕਦੇ ਵਿਛੁੜਦਾ ਨਹੀਂ, ਜੇਹੜਾ ਗੁਰਾਂ ਦੁਆਰੇ ਮਿਲਿਆ ਹੁੰਦਾ ਹੈ। ਉਹ ਸੱਚੇ ਨਾਲ ਅਜੇਹਾ ਅਭੇਦ ਹੋਇਆ ਹੈ ਜੋ ਉਸ ਨੇ ਆਵਾਗਉਣੁ ਨਿਵਾਰਿਆ=ਜੰਮਣਾ ਮਰਨਾ ਨਵਿਰਤ ਕਰ ਲਿਆ ਹੈ॥ ੩ ॥

ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥

ਜਿਨ੍ਹਾਂ ਨੇ ਹੰਗਤਾ ਮਮਤਾ ਨੂੰ ਮਾਰ ਕੇ ਨਵਿਰਤ ਕੀਤਾ ਹੈ,

ਵਾ:-ਹਉਮੈ ਨੂੰ ਮਾਰਿਆ ਹੈ ਤੇ ਸੰਕਲਪਾਂ ਨੂੰ ਨਵਿਰਤ ਕੀਤਾ ਹੈ, ਉਹਨਾਂ ਦਾ ਚੋਲਾ=ਅੰਤਹਕਰਨ ਵਾਹਿਗੁਰੂ ਨਾਲ ਸੀਤਾ ਗਿਆ ਭਾਵ ਜੁੜ ਗਿਆ ਹੈ।

ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥ ੪ ॥

(੧) ਗੁਰਾਂ ਦੇ ਬੋਲੇ ਹੋਏ ਜੋ ਬਚਨ ਅੰਮ੍ਰਿਤ ਰੂਪ ਹਨ, ਉਹਨਾਂ ਨੂੰ ਸਹ=ਸਹਾਰ ਕੇ ਗਿਆਨ ਫਲ ਨੂੰ ਪਾਇਆ ਹੈ।

(੨) ਗੁਰਾਂ ਦੇ ਬਚਨਾਂ ਦੁਆਰੇ ਤੇ ਸਹ=ਪਤੀ ਦੇ ਜੋ ਅੰਮ੍ਰਿਤ ਬੋਲ ਵੇਦ ਹਨ, ਉਹਨਾਂ ਨੂੰ ਸਹ=ਸਹਾਰਕੇ ਸਹ=ਪਤੀ ਦੀ ਪ੍ਰਾਪਤੀ ਰੂਪ ਫਲ ਨੂੰ ਪਾਇਆ ਹੈ॥ ੪ ॥

ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥

ਗੁਰੂ ਜੀ ਕਥਨ ਕਰਦੇ ਹਨ—ਹੇ ਸਖੀਓ ! ਪਤੀ (ਪਰਮਾਤਮਾ) ਮੈਨੂੰ ਚੰਗਾ ਪਿਆਰਾ ਲੱਗ ਰਿਹਾ ਹੈ।

ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥ ੫ ॥ ੨ ॥ ੪ ॥

ਅਸੀਂ ਸਹ=ਪਤੀ ਦੀਆਂ ਦਾਸੀਆਂ ਹਾਂ, ਉਹ ਸਾਡਾ ਸੱਚਾ ਸੁਆਮੀ ਹੈ॥ ੫ ॥ ੨ ॥ ੪ ॥

ਸੂਹੀ ਮਹਲਾ ੧ ॥ ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥

ਜਿਨ੍ਹਾਂ ਦੇ ਭਾਂਡੈ=ਹਿਰਦੇ ਵਿਚ ਭਾਉ=ਪ੍ਰੇਮ ਹੈ, ਉਹਨਾਂ ਨੂੰ ਸਵਾਰੇਗਾ।

ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥
ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥ ੧ ॥

ਉਹਨਾਂ ਨੂੰ ਸੁਖਾਂ ਦੀ ਪਸਾਉ=ਦਾਤ ਦੇਣੀ ਕਰੇਗਾ, ਅਤੇ ਦੁੱਖ ਦੂਰ ਕਰ ਦੇਵੇਗਾ।

ਇਸ ਗੱਲ ਵਿਚ ਮੂਲੇ=ਕਦਾਚਿਤ ਸੰਸਾ ਨਹੀਂ ਹੈ, ਉਹਨਾਂ ਨੂੰ ਸਰਪਰ=ਜ਼ਰੂਰ ਤਾਰੇਗਾ॥ ੧ ॥

ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥

ਜਿਨ੍ਹਾਂ ਦੇ ਮੱਥੇ ਪਰ ਚੰਗਾ ਲੇਖ ਲਿਖਿਆ ਹੈ, ਉਹਨਾਂ ਨੂੰ ਗੁਰੂ ਆ ਕੇ ਮਿਲਿਆ ਹੈ।

ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥ ੨ ॥

ਹਰੀ ਦਾ ਨਾਮ ਜੋ ਅੰਮ੍ਰਿਤ ਰੂਪ ਹੈ, ਉਸ ਦੀ ਪ੍ਰਾਪਤੀ ਦੀ ਦੀਖਿਆ=ਸਿੱਖਿਆ ਉਸ ਨੂੰ ਗੁਰੂ ਦੇਂਦੇ ਹਨ। ਜੋ ਸਤਿਗੁਰਾਂ ਦੇ ਭਾਇ=ਭਾਣੇ, ਪ੍ਰੇਮ ਵਿਚ ਚਲਦੇ ਹਨ, ਉਹ ਭੀਖਿਆ=ਚੁਰਾਸੀ ਲੱਖ ਜੂਨ ਵਿਚ ਨਹੀਂ ਫਿਰਦੇ॥ ੨ ॥

ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥
ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥
ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ ॥ ੩ ॥

ਜਿਸ ਨੂੰ ਸ੍ਵੈ-ਸਰੂਪ ਹਜੂਰਿ=ਸਖਿਆਤ (ਪ੍ਰਗਟ) ਹੋਇਆ ਹੈ, ਉਹ ਕਿਸ ਦੂਜੇ ਅੱਗੇ ਨਿਵਦਾ ਹੈ ਭਾਵ ਨਹੀਂ ਨਿਵਦਾ।

(੧) ਪਰਮੇਸ਼ਰ ਦੇ ਦਰ ਦੇ ਦਰਵਾਣੀ=ਦ੍ਵਾਰਪਾਲ ਜਮ ਤਿਸ ਨੂੰ ਮੂਲੇ=ਕਦਾਚਿਤ ਨਹੀਂ ਪੁੱਛਦੇ।

(੨) ਪਰਮੇਸ਼ਰ ਦੇ ਦਰ ਦੇ ਜੋ ਦਰਵਾਨਚੀ ਹੋਏ ਹਨ, ਉਸ ਦੇ ਪਾਸੋਂ ਕਦਾਚਿਤ ਪੁੱਛ-ਗਿੱਛ ਨਹੀਂ ਹੁੰਦੀ।

(੩) ਨਾਹਿ=ਪਤੀ ਜੋ ਪਰਮਾਤਮਾ ਹੈ, ਸਾਰਿਆਂ ਦਾ ਮੂਲੈ=ਅਧਿਸ਼ਠਾਨ ਰੂਪ, ਉਸ ਦੇ ਦਰ ਦੇ ਦਰਵਾਨਚੀ ਜੋ ਸਾਧੂ-ਮਹਾਤਮਾ ਹਨ, ਉਨ੍ਹਾਂ ਪਾਸੋਂ ਸ਼ੁਭ ਸਿਖਿਆ ਪੁੱਛ।

ਜਿਨ੍ਹਾਂ ਉਤੇ ਮਾਲਕ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੈ, ਉਹਨਾਂ ਮਹਾਤਮਾਂ ਦੇ ਬੋਲਿ=ਬਚਨਾਂ ਕਰ ਕੇ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਹੁੰਦਾ ਹੈ॥ ੩॥

ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ॥

(੧) ਉਹ ਪ੍ਰਭੂ ਐਸਾ ਸਮਰੱਥ ਹੈ ਆਪ ਹੀ ਜੀਵਾਂ ਨੂੰ ਸੰਸਾਰ ਵਿਚ ਆਣੇ=ਲਿਆਉਂਦਾ ਹੈ, ਆਪ ਹੀ ਜੀਵਾਂ ਨੂੰ ਪਰਲੋਕ ਵਿਚ ਘਲੇ=ਭੇਜਦਾ ਹੈ, ਫੇਰ ਅਜੇਹਾ ਸੁਤੰਤਰ ਹੈ ਜਿਸ ਨੂੰ ਦੂਜਾ ਕੋਈ ਮਤੈ=ਸਲਾਹ ਦੇਣ ਵਾਲਾ ਨਹੀਂ ਹੈ।

ਉਸ ਦੇ ਆਪਣੇ ਘਲੇ=ਭੇਜੇ ਹੋਏ ਜੀਵ ਸੰਸਾਰ ਵਿਚ ਆਏ ਹਨ,

(੨) ਆਪ ਹੀ ਸਤਸੰਗਤ ਵਿਚ ਘਲੇ=ਭੇਜਦਾ ਹੈ, ਆਪ ਹੀ ਆਪਣੀ ਤਰਫ਼ ਲਿਆਉਂਦਾ ਹੈ, ਜਿਸ ਦਾ ਕੋਈ ਦੂਜਾ ਮਤੈ=ਸਲਾਹਕਾਰ ਨਹੀਂ ਹੈ।

ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ॥

(੧) ਉਹ ਪਰਮੇਸ਼ਰ ਸਾਰੇ ਸੰਸਾਰ ਨੂੰ ਆਪ ਪਹਿਲੇ ਉਸਾਰਦਾ ਹੈ, ਫੇਰ ਢਾਹੁੰਦਾ ਹੈ, ਫਿਰ ਸਾਜਦਾ ਹੈ ਅਤੇ ਸਭ ਦੇ ਹਾਲ ਨੂੰ ਜਾਣਦਾ ਹੈ।

ਅਥਵਾ:-ਢੱਠਿਆਂ ਨੂੰ ਸਾਜਦਾ ਹੈ ਤੇ ਉੱਸਰਿਆਂ ਨੂੰ ਢਾਹੁੰਦਾ ਹੈ।

(੩) ਢਾਹੁਣੇ ਉਸਾਰਨੇ ਵਾਲਾ ਜੋ ਪ੍ਰਭੂ ਹੈ, ਉਹ ਸਾਰਿਆਂ ਨੂੰ ਸਾਜਣਾ ਜਾਣਦਾ ਹੈ।

ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ॥ ੪॥ ੩॥ ੫॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉਤੇ ਨਦਰੀ=ਪਰਮਾਤਮਾ ਦੀ ਕਰਮੁ=ਕਿਰਪਾ ਹੁੰਦੀ ਹੈ; ਉਸ ਨੂੰ ਨਾਮ ਦੀ ਬਖਸੀਸ=ਦਾਤ ਪ੍ਰਾਪਤ ਹੁੰਦੀ ਹੈ॥ ੪॥ ੩॥ ੫॥

[ਪੰਨਾ ੭੩੦]

ਸੂਹੀ ਮਹਲਾ ੧॥ ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥

ਉਹ ਭਾਂਡਾ=ਅੰਤਹਕਰਨ ਹਛਾ=ਸ਼ੁੱਧ ਹੈ, ਜਿਹੜਾ ਉਸ ਪ੍ਰਭੂ ਨੂੰ ਭਾਉਂਦਾ ਹੈ।

ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥

ਜੋ ਭਾਂਡਾ=ਅੰਤਹਕਰਨ ਅਤਿ=ਬਹੁਤਿਆਂ ਪਾਪਾਂ ਕਰਕੇ ਬੜਾ ਮਲੀਣੁ (ਗੰਦਾ) ਹੋ ਚੁੱਕਾ ਹੈ, ਗੁਰ ਸੇਵਾ ਤੋਂ ਬਿਨਾਂ ਉਹ ਭਾਂਡਾ=ਅੰਤਹਕਰਨ ਤੀਰਥਾਂ ਦੇ ਜਲ ਨਾਲ ਵੀ ਧੋਤਾ ਜਾਵੇ ਤਾਂ ਭੀ ਉਹ ਹੱਛਾ ਨ ਹੋਇਸੀ=ਸ਼ੁੱਧ ਨਹੀਂ ਹੋਵੇਗਾ।

ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥

(੧) ਸਾਵਧਾਨ ਹੋ ਕੇ ਗੁਰਾਂ ਦੁਆਰੇ ਸੋਝੀ=ਗਿਆਤ ਪਾਉਣਾ ਕਰੇ।

(੨) ਗੁਰਾਂ ਦੁਆਰੇ ਹੋ ਕੇ ਭਾਵ ਗੁਰੂ ਦੇ ਅਨੁਸਾਰ ਹੋ ਕੇ ਅੰਤਹਕਰਨ ਨੂੰ ਸ਼ੁੱਧ ਕਰਨ ਦੀ ਗਿਆਤ ਪਾਉਣਾ ਕਰੇ।

ਏਤੁ ਦੁਆਰੈ=ਇਸ ਦੁਆਰੇ ਭਾਵ ਗੁਰਾਂ ਦੁਆਰੇ ਧੋਵੇ ਤਾਂ ਅੰਤਹਕਰਨ ਹਛਾ=ਸ਼ੁੱਧ ਹੋਵੇਗਾ।

ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ॥

(੧) ਅੰਤਹਕਰਨ ਦੇ ਮੈਲੇ ਚੰਗੇ ਦਾ ਵਿਚਾਰ ਆਪ ਹੀ ਵਰਤਾਉਂਦਾ ਹੈ।

(੨) ਮੰਦੇ ਚੰਗੇ ਦਾ ਵਿਚਾਰ, ਉਹ ਪ੍ਰਭੂ ਆਪ ਹੀ ਵਰਤਾਉਂਦਾ ਹੈ।

ਮਤੁ ਕੋ ਜਾਣੈ ਜਾਇ ਅਗੈ ਪਾਇਸੀ॥

ਮਤਾਂ ਕੋਈ ਜਾਣੇ ਕਿ ਸੁਖ ਦੀ ਜਗ੍ਹਾ ਨੂੰ ਮੰਦਾ ਪੁਰਸ਼ ਭੀ ਅਗੈ=ਪ੍ਰਲੋਕ ਵਿਚ ਜਾ ਕੇ ਪਾਵੇਗਾ।

ਜੇਹੇ ਕਰਮ ਕਮਾਇ ਤੇਹਾ ਹੋਇਸੀ॥

ਜੇਹੋ ਜੇਹੇ ਕੋਈ ਕਰਮ ਕਰੇਗਾ ਓਹੋ ਜੇਹਾ ਉਸ ਨੂੰ ਫਲ ਹੋਵੇਗਾ।

ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ॥

ਹਰੀ ਦਾ ਜੋ ਨਾਮ-ਅੰਮ੍ਰਿਤ ਹੈ ਉਸ ਨੂੰ ਜੋ ਆਪ ਜਪਦਾ ਹੈ ਤੇ ਹੋਰਨਾ ਨੂੰ ਵਰਤਾਉਂਦਾ ਹੈ।

ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ॥

ਉਹ ਇੱਜ਼ਤ ਨਾਲ ਮਨੁੱਖ ਜਨਮ ਨੂੰ ਸਵਾਰ ਕੇ ਚਲਿਆ ਹੈ, ਤੇ ਉਸ ਦੇ ਮਗਰੋਂ ਭੀ ਜਸ ਰੂਪ ਵਾਜਾ ਵੱਜਦਾ ਰਹੇਗਾ।

ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ॥

ਇਹ ਮਨੁੱਖ ਵਿਚਾਰਾ ਕੀ ਹੈ, ਪ੍ਰਭੂ ਆਪ ਉਸ ਦੇ ਜਸ ਰੂਪ ਵਾਜੇ ਨੂੰ ਤਿੰਨਾਂ ਲੋਕਾਂ ਵਿਚ ਸੁਣਾਏਗਾ।

ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ॥ ੧॥ ੪॥ ੬॥

ਗੁਰੂ ਜੀ ਕਥਨ ਕਰਦੇ ਹਨ—ਉਹ ਗੁਰਮੁਖ ਆਪ ਜਨਮ ਮਰਨ ਰੂਪ ਦੁੱਖ ਤੋਂ ਰਹਿਤ ਹੋ ਕੇ ਮੁਕਤ ਰੂਪ ਹੁੰਦਾ ਹੈ ਅਤੇ ਸਾਰੀਆਂ ਕੁਲਾਂ ਨੂੰ ਭੀ ਤਾਰ ਲਏਗਾ॥ ੧॥ ੪॥ ੬॥

ਸੂਹੀ ਮਹਲਾ ੧॥ ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥

ਜਿਹੜਾ ਜੋਗੀ ਹੁੰਦਾ ਹੈ, ਉਹ ਜੋਗ ਦੀ ਕਿਰਿਆ ਕਰਦਾ ਹੈ, ਜੋ ਭੋਗੀ ਹੁੰਦਾ ਹੈ ਉਹ ਪਦਾਰਥਾਂ ਦੇ ਖਾਣ ਵਿਚ ਮਸਤ ਹੁੰਦਾ ਹੈ।

ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ॥ ੧॥

ਜੋ ਤਪੀਆ ਹੁੰਦਾ ਹੈ ਉਹ ਤਪ ਕਰਦਾ ਹੈ, ਜੋ ਯਾਤਰੂ ਹੁੰਦਾ ਹੈ ਉਹ ਤੀਰਥਾਂ ਪਰ ਜਾ ਕੇ ਤੀਰਥਾਂ ਦੇ ਜਲ ਵਿਚ ਮਲ ਮਲ ਕੇ ਨ੍ਹਾਉਂਦਾ ਹੈ॥ ੧॥

ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥ ੧॥ ਰਹਾਉ॥

ਹੇ ਭਾਈ=ਪਿਆਰੇ ! ਜਿਹੜਾ ਕੋਈ ਭਾਈ=ਪ੍ਰੇਮ ਸਹਿਤ ਬਹੈ=ਬੈਠ ਕੇ ਅਲਾਇ=ਕਥਨ ਕਰਦਾ ਹੈ, ਮੈਂ ਉਸ ਦੇ ਪਾਸੋਂ ਤੇਰਾ ਹੀ ਸਦੜਾ=ਉਪਦੇਸ਼ ਸੁਣਦਾ ਹਾਂ॥ ੧॥ ਰਹਾਉ॥

ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ॥

ਜਿਵੇਂ ਜ਼ਿਮੀਂਦਾਰ ਜਿਹੋ ਜਿਹਾ ਬੀਜ ਬੀਜਦਾ ਹੈ ਤੈਸਾ ਹੀ ਲੁਣੇ=ਕੱਟਦਾ ਹੈ, ਤਿਵੇਂ ਜੀਵ ਜੋ ਧਰਮ ਅਧਰਮ ਖੱਟਦਾ ਹੈ, ਉਸ ਅਨੁਸਾਰ ਦੁੱਖ ਸੁੱਖ ਨੂੰ ਖਾਇ=ਭੋਗਦਾ ਹੈ।

ਅਥਵਾ:-ਜਿਹੋ ਜਿਹੇ ਕਰਮਾਂ ਰੂਪੀ ਬੀਜ ਨੂੰ ਬੀਜੇਗਾ ਓਹੋ ਜਿਹਾ ਵੱਢੇਗਾ, ਅਤੇ ਜੋ ਪਾਪ ਜਾਂ ਪੁੰਨ ਖੱਟੇਗਾ ਉਨ੍ਹਾਂ ਦਾ ਫਲ ਖਾਏਗਾ।

ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ॥ ੨॥

ਜਿਹੜਾ ਨਾਮ ਰੂਪੀ ਨੀਸਾਣੈ=ਪਰਵਾਨੇ ਦੇ ਸਣੁ=ਸਹਿਤ ਜਾਵੇਗਾ ਉਸ ਨੂੰ ਅਗੈ=ਪ੍ਰਲੋਕ ਵਿਚ ਪੁੱਛ ਨਹੀਂ ਹੋਵੇਗੀ, ਭਾਵ ਉਸ ਕੋਲੋਂ ਹਿਸਾਬ ਨਹੀਂ ਮੰਗਿਆ ਜਾਵੇਗਾ॥ ੨॥

ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ॥

ਜੇਹੋ ਜੇਹੀ ਕਾਰ=ਕਿਰਿਆ (ਕਿਰਤ, ਕੰਮ) ਕੋਈ ਕਰਦਾ ਹੈ, ਤੇਹੋ ਜੇਹਾ ਉਸ ਦਾ ਨਾਮ ਕਾਢੀਐ=ਕਿਹਾ ਜਾਂਦਾ ਹੈ।

ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ॥ ੩॥

ਜਿਸ ਸ੍ਵਾਸ ਵਿਚ ਪ੍ਰਭੂ ਚੇਤੇ ਨਹੀਂ ਆਉਂਦਾ, ਉਹ ਦਮੁ=ਸ੍ਵਾਸ ਵਿਅਰਥ ਜਾਂਦਾ ਹੈ॥ ੩॥

ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ॥

ਜੇ ਕੋਈ ਸੰਤ ਵਿਕਦੇ ਨੂੰ ਲੈ ਲਵੇ ਤਾਂ ਮੈਂ ਆਪਣਾ ਇਹ ਸਰੀਰ ਬੈ=ਮੁੱਲ ਕਰਕੇ ਵੇਚੀ=ਵੇਚ ਦੇਵਾਂ ਭਾਵ ਦੇਹ ਅਭਿਮਾਨ ਤੋਂ ਰਹਿਤ ਹੋ ਕੇ ਸੇਵਾ ਕਰਾਂ, ਅਤੇ ਨਾਮ-ਪਦਾਰਥ ਨੂੰ ਲੈ ਲਵਾਂ। ਕਿਉਂਕਿ-

ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ॥ ੪॥ ੫॥ ੭॥

ਗੁਰੂ ਜੀ ਕਥਨ ਕਰਦੇ ਹਨ, ਜਿਸ ਤਨਿ=ਸਰੀਰ ਵਿਚ ਸੱਚਾ ਨਾਮ ਨਹੀਂ ਹੈ, ਉਹ ਤਨ ਕਿਸੇ ਕੰਮ ਨਹੀਂ ਆਉਂਦਾ॥ ੪॥ ੫॥ ੭॥

ਸੂਹੀ ਮਹਲਾ ੧ ਘਰੁ ੭

੧ਓ ਸਤਿਗੁਰ ਪ੍ਰਸਾਦਿ॥

ਇਕ ਜੋਗੀ ਨੇ ਆ ਕੇ ਕਿਹਾ, "ਆਪ ਜੋਗ ਭੇਖ ਧਾਰਨਾ ਕਰੋ।"

ਤਾਂ ਗੁਰੂ ਜੀ ਨੇ ਕਿਹਾ, "ਗਲੀ ਜੋਗੁ ਨ ਹੋਈ॥" ਗੱਲਾਂ ਕਰਨ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ।

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥

ਖਿੰਥਾ=ਖਫਨੀ ਪਾ ਲੈਣ ਨਾਲ ਜੋਗ ਨਹੀਂ, ਹੱਥ ਵਿਚ ਡੰਡੇ ਦੇ ਫੜ ਲੈਣ ਨਾਲ ਭੀ ਜੋਗ ਨਹੀਂ ਤੇ ਸਰੀਰ

ਉਤੇ ਭਸਮ ਚੜ੍ਹਾ ਲੈਣ ਨਾਲ ਭੀ ਜੋਗ ਨਹੀਂ ਹੈ।

ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥

ਕੰਨਾਂ ਵਿਚ ਮੁੰਦੀ=ਮੁੰਦ੍ਰਾਂ ਦੇ ਪਾਉਣ ਨਾਲ ਵੀ ਜੋਗ ਨਹੀਂ, ਮੂੰਡਿ=ਸਿਰ ਨੂੰ ਮੁਡਾਇਐ=ਮਨਾਉਣ ਕਰਕੇ ਭੀ ਜੋਗ ਨਹੀਂ ਤੇ ਸਿੰਙੀ ਦੇ ਵਜਾਇਆਂ ਭੀ ਪੂਰਾ ਜੋਗ ਨਹੀਂ ਹੁੰਦਾ।

ਜੋਗੀ ਨੇ ਕਿਹਾ, "ਪੂਰਾ ਜੋਗ ਕਿਵੇਂ ਹੁੰਦਾ ਹੈ ?" *ਉੱਤਰ:-*

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧॥

ਅੰਜਨ=ਮਾਇਆ ਦੇ ਵਿਚ ਰਹਿੰਦਿਆਂ ਹੋਇਆਂ ਨਿਰੰਜਨਿ=ਮਾਇਆ ਤੋਂ ਅਸੰਗ ਹੋ ਰਹੀਏ ਤਾਂ ਇਸ ਜੁਗਤੀ ਕਰਕੇ ਜੋਗ ਵਿਚ ਜੁੜਨਾ ਪਾਈਦਾ॥ ੧॥

ਗਲੀ ਜੋਗੁ ਨ ਹੋਈ॥

ਗੱਲਾਂ ਕਰਨ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ।

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ੧॥ ਰਹਾਉ॥

ਇਕ ਸਮਸਰਿ=ਸਮ ਦ੍ਰਿਸ਼ਟੀ ਕਰਨੀ ਜਾਣੇ, ਤਾਂ ਉਹ ਸੱਚਾ ਜੋਗੀ ਕਿਹਾ ਜਾਂਦਾ ਹੈ॥ ੧॥ ਰਹਾਉ॥

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥

ਸ਼ਹਿਰ ਤੋਂ ਬਾਹਰ ਜਾ ਕੇ ਮੜ੍ਹੀ=ਮੜ੍ਹੀਆਂ, ਮਸਾਣੀ=ਮਸਾਣਾ ਵਿਚ (ਬੈਠਣ ਨਾਲ ਭੀ) ਜੋਗ ਨਹੀਂ ਤੇ ਤਾੜੀ=ਸਮਾਧੀ ਲਗਾ ਕੇ ਬੈਠਣ ਨਾਲ ਭੀ ਜੋਗ ਨਹੀਂ ਹੈ।

ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥

ਦੇਸ਼ਾਂ ਪ੍ਰਦੇਸ਼ਾਂ ਵਿਚ ਫਿਰਿਆ ਭੀ ਜੋਗ ਨਹੀਂ, ਤੀਰਥਾਂ ਵਿਚ ਨ੍ਹਾਤਿਆਂ ਭੀ ਸੱਚਾ ਜੋਗ ਨਹੀਂ।

ਜੋਗੀ ਨੇ ਕਿਹਾ, "ਅਸਲ ਜੋਗ ਵਿਚ ਕਿਵੇਂ ਜੁੜਨਾ ਪਾਈਦਾ ਹੈ ?" *ਉੱਤਰ:-*

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੨॥

ਅੰਜਨ=ਮਾਇਆ ਵਿਚ ਰਹਿ ਕੇ ਨਿਰੰਜਨਿ=ਮਾਇਆ ਮਲ ਤੋਂ ਨਿਰਖੇਪ ਹੋ ਰਹੀਏ ਤਾਂ ਇਸ ਜੁਗਤੀ ਕਰਕੇ (ਸੱਚੇ) ਜੋਗ ਵਿਚ ਜੁਗਤਿ=ਜੁੜਨਾ ਪਾਈਦਾ ਹੈ॥ ੨॥

ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥

ਪੂਰਾ ਸਤਿਗੁਰੂ ਭੇਟੈ=ਮਿਲ ਪਵੇ ਤਾਂ ਸੰਸਾ ਟੁੱਟ ਜਾਂਦਾ ਹੈ ਅਤੇ ਧਾਵਤੁ=ਦੌੜਦੇ ਹੋਏ ਮਨ ਨੂੰ ਵਰਜਿ=ਰੋਕ ਕੇ ਰਹਾਈਐ=ਰੱਖ ਲਈਦਾ ਹੈ।

ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥

ਜਦ ਹਿਰਦੇ ਘਰ ਵਿਚ ਹੀ ਪਰਚਾ=ਉਪਦੇਸ਼,

ਵਾ:-ਪ੍ਰੇਮ ਪਾਈਏ ਤੇ ਸੁਭਾਵਕ ਹੀ ਪ੍ਰਭੂ ਦੇ ਜਸ ਧੁਨਿ=ਉਚਾਰਨ ਵਿਚ ਬਿਰਤੀ ਲੱਗ ਜਾਵੇ ਤਾਂ ਨਿਝਰੁ-ਇਕ-ਰਸ ਆਤਮ-ਰਸ ਝੜਦਾ ਭਾਵ ਪ੍ਰਾਪਤ ਹੁੰਦਾ ਹੈ। ਦੋਵੇਂ ਤੁਕਾਂ ਅੰਨਵੇ ਕਰਕੇ ਅਰਥ ਕਰਨਾ:-

ਸਤਿਗੁਰਾਂ ਨੂੰ ਭੇਟੈ=ਮਿਲ ਕੇ ਅਪਾਣੇ ਘਰ=ਹਿਰਦੇ ਵਿਚ ਹੀ ਗੁਰਾਂ ਦੇ ਪਰਚਾ=ਉਪਦੇਸ਼ ਨੂੰ ਪਾਈਏ ਤੇ ਸਹਜੇ ਪ੍ਰਭੂ ਦੇ ਜਸ ਉਚਾਰਨ ਵਿਚ ਧੁਨਿ=ਬਿਰਤੀ ਲੱਗ ਜਾਵੇ, ਤੇ ਧਾਵਤੁ ਵਰਜਿ ਰਹਾਈਐ:-

ਦੌੜਦੇ ਹੋਏ ਮਨ ਨੂੰ ਰੋਕ ਰੱਖੀਏ, ਤਾਂ ਸੰਸਾ ਟੁੱਟਦਾ ਹੈ ਜਾਂ ਸੰਸਾ ਟੁੱਟਿਆ ਤਾਂ ਨਿਝਰੁ=ਇਕ ਰਸ ਬ੍ਰਹਮਾਨੰਦ ਝਰੈ=ਪ੍ਰਾਪਤ ਹੁੰਦਾ ਹੈ।

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੩ ॥

ਅੰਜਨ=ਮਾਇਆ ਮਾਹਿ=ਵਿਚ ਰਹਿਕੇ ਨਿਰੰਜਨਿ=ਮਾਇਆ ਤੋਂ ਅਸੰਗ ਹੋ ਰਹੀਏ, ਤਾਂ ਇਸ ਜੁਗਤੀ ਕਰਕੇ (ਸੱਚੇ) ਜੋਗ ਵਿਚ ਜੁਗਤਿ=ਜੁੜਨਾ ਪਾਈਦਾ ਹੈ॥ ੩ ॥

ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥

ਗੁਰੂ ਜੀ ਕਥਨ ਕਰਦੇ ਹਨ, ਜੀਵਤ ਭਾ ਤੋਂ ਮਰ ਰਹਿਣਾ ਕਰੋ;

ਇਸ ਤਰ੍ਹਾਂ ਦਾ ਸੱਚਾ ਜੋਗ ਕਮਾਉਣਾ ਕਰੋ।

ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥

ਵਜਾਏ ਤੋਂ ਬਾਝਹੁ=ਬਿਨਾਂ ਹੀ ਸਿੰਙੀ ਆਪੇ ਵੱਜਦੀ ਰਹੇ, (ਮਰਦਾਨੇ ਦੇ ਰਬਾਬ ਵਾਂਗ)।

ਅਥਵਾ:-ਲਗਾਏ ਤੋਂ ਬਿਨਾਂ ਹੀ ਭਾਵ ਜਤਨ ਕੀਤੇ ਤੋਂ ਬਗੈਰ ਹੀ ਸਿੰਙੀ=ਬਿਰਤੀ ਆਪੇ ਭਜਨ ਵਿਚ ਲੱਗੀ ਰਹੇ ਤਾਂ ਨਿਰਭਉ ਪਦੁ=ਆਤਮ-ਪਦ ਪ੍ਰਾਪਤ ਹੁੰਦਾ ਹੈ।

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥ ੪ ॥ ੧ ॥ ੮ ॥

ਅੰਜਨ=ਮਾਇਆ ਵਿਚ ਰਹਿ ਕੇ ਨਿਰੰਜਨਿ=ਮਾਇਆ ਤੋ ਨਿਰਲੇਪ ਹੋ ਰਹੀਏ, ਤਾਂ ਇਸ ਜੁਗਤੀ ਕਰਕੇ ਸੱਚੇ ਜੋਗ ਵਿਚ ਜੁੜਨਾ ਪਾਈਦਾ ਹੈ॥ ੪॥ ੧ ॥ ੮ ॥

ਸੂਹੀ ਮਹਲਾ ੧ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥

ਹੇ ਪ੍ਰਭੂ ! ਉਹ ਤਰਾਜੀ=ਤੱਕੜੀ ਕਿਹੜੀ ਹੈ ? ਤੇਰੇ ਤੋਲਣੇ ਨੂੰ ਤੁਲਾ=ਵੱਟਾ ਕਿਹੜਾ ਹੈ?

ਅਤੇ ਕਿਹੜਾ ਸਰਾਫ ਬੁਲਾਵਾਂ ਜੋ ਆ ਕੇ ਤੋਲੇ, ਵਾ:-ਪਰਖ ਦੇਵੇ।

ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥ ੧ ॥

ਸੱਚਾ ਗੁਰੂ ਕਿਹੜਾ ਹੈ ? ਕੈ=ਕਿਸ ਪਹਿ=ਪਾਸੋਂ ਦੀਖਿਆ=ਸਿਖਿਆ ਲਵਾਂ ? ਅਤੇ ਕੈ=ਕਿਸ ਪਹਿ=ਪਾਸੋਂ ਤੇਰਾ ਮੁੱਲ ਕਰਾਵਾਂ? ॥ ੧ ॥

[ਪੰਨਾ ੭੩੧]

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥

ਹੇ ਮੇਰੇ ਲਾਲ=ਪਿਆਰੇ ਵਾਹਿਗੁਰੂ ਜੀਉ ! ਤੇਰਾ ਅੰਤ ਕਿਸੇ ਤੋਂ ਨਹੀਂ ਜਾਣਿਆ ਜਾਂਦਾ। ਕਿਉਂਕਿ-

ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ

ਤੂੰ ਆਪੇ ਸਰਬ ਸਮਾਣਾ ॥ ੧ ॥ ਰਹਾਉ ॥

ਤੂੰ ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ=ਅਕਾਸ਼ ਸਾਰਿਆਂ ਵਿਚ ਭਰਪੂਰ ਹੋ ਕੇ ਲੀਣ ਹੋ ਰਿਹਾ ਹੈਂ ਅਤੇ ਤੂੰ ਆਪੇ ਹੀ ਸਾਰਿਆਂ ਵਿਚ ਸਮਾਇਆ ਹੋਇਆ ਹੈਂ॥ ੧ ॥ ਰਹਾਉ ॥

ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥

ਮਨ ਨੂੰ ਪਰਮੇਸ਼ਰ ਪ੍ਰਾਇਣ ਕਰਨਾ, ਵਾ:-ਨਾਮ ਦਾ ਮੰਨਣ ਕਰਨਾ ਇਹ ਤਾਰਾਜੀ=ਤੱਕੜੀ ਕਰ, ਚਿਤੁ=ਚਿਤਵਨ ਕਰਨਾ, ਵਾ:-ਚਿਤ ਵਿਚ ਸ਼ੁਭ ਸੰਕਲਪਾਂ ਦਾ ਧਾਰਨਾ ਇਹ ਤੁਲਾ=ਵੱਟਾ ਕਰ, ਤੇਰੀ=ਤਿਸ ਪ੍ਰਭੂ ਦੀ ਜੋ ਸੇਵਾ ਦਾ ਕਰਨਾ ਹੈ ਏਹੋ ਸਰਾਫ਼ ਬੁਲਾਉਣਾ ਕਰ, ਬ੍ਰਹਮਨੇਸ਼ਟੀ ਬ੍ਰਹਮ ਸਰੋਤਰੀ ਹੀ ਅਸਲ ਗੁਰੂ ਹਨ, ਉਹਨਾਂ ਪਾਸੋਂ ਸਿਖਿਆ ਲੈਣਾ ਕਰ ਅਤੇ ਉਹਨਾਂ ਪਾਸੋਂ ਹੀ ਸ਼ੁਭ-ਗੁਣਾਂ ਦਾ ਮੁੱਲ ਕਰਾਉਣਾ ਕਰ।

ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥ ੨ ॥

ਘਟ=ਦਿਲ ਦੇ ਵਿਚ ਹੀ ਉਸ ਸਹੁ=ਪਤੀ ਨੂੰ ਤੋਲੀ=ਵਿਚਾਰਨਾ ਕਰ, ਏਹੋ ਵਿਧੀ ਹੈ ਚਿਤ ਨੂੰ ਰਹਾਵਾ=ਇਸਥਿਤ ਕਰਨ ਦੀ॥ ੨ ॥

ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥

ਆਪ ਹੀ (ਪ੍ਰੇਮ ਰੂਪੀ) ਕੰਡਾ ਹੈ, ਆਪ ਹੀ (ਵਿਚਾਰ ਰੂਪੀ) ਤੋਲੁ=ਵੱਟਾ ਹੈ, ਆਪ ਹੀ (ਬੁੱਧੀ ਰੂਪ) ਤਰਾਜੀ=ਤੱਕੜੀ ਹੈ ਅਤੇ ਆਪ ਹੀ ਤੋਲਣ ਵਾਲਾ (ਗੁਰੂ ਰੂਪ) ਹੈ।

ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥ ੩ ॥

ਆਪ ਹੀ ਜੀਵਾਂ ਦੇ ਕਰਮਾਂ ਨੂੰ ਦੇਖਦਾ ਹੈ, ਆਪ ਹੀ ਫਲ ਦੇਣਾ ਬੁੱਝਦਾ ਹੈ, ਆਪ ਹੀ ਜੀਵ ਰੂਪ ਵਪਾਰੀ ਹੈ।

*ਅਥਵਾ:-*ਆਪ ਹੀ ਜਗਿਆਸੂ ਰੂਪ ਵਪਾਰੀ ਹੈ, ਆਪ ਹੀ ਗੁਰਾਂ ਪਾਸੋਂ ਬੂਝੈ=ਪੁੱਛਦਾ ਹੈ, ਪੁਨਾ ਆਪ ਹੀ ਆਪਣੇ ਸਰੂਪ ਨੂੰ ਵੇਖਦਾ ਹੈ॥ ੩ ॥

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥

ਗਿਆਨ ਵੈਰਾਗ ਰੂਪੀ ਅੱਖਾਂ ਤੋਂ ਬਿਨਾਂ ਹੋਣ ਕਰਕੇ ਇਹ ਮਨ ਅੰਨ੍ਹਾ ਹੈ, ਤੇ ਨੀਚ ਸੰਕਲਪ ਦੇ ਜਾਤਿ= ਪੈਦਾ ਕਰਨ ਵਾਲਾ ਹੈ ਅਤੇ ਸਰੂਪ ਦੇਸ਼ ਤੋਂ ਪਰੇ ਹੋਣ ਕਰਕੇ ਪਰਦੇਸੀ ਹੈ, ਖਿਨ ਵਿਚ ਆਉਂਦਾ ਹੈ ਤੇ ਤਿਲ ਸਮੇਂ ਵਿਚ ਚਲਾ ਜਾਂਦਾ ਹੈ।

ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥ ੪ ॥ ੨ ॥ ੯ ॥

ਗੁਰੂ ਜੀ ਕਥਨ ਕਰਦੇ ਹਨ-ਐਹੋ ਜਿਹੇ ਚੰਚਲ ਮਨ ਦੀ ਸੰਗਤ ਵਿਚ ਇਹ ਜੀਵ ਰਹਿੰਦਾ ਹੈ ਇਸ ਕਰਕੇ ਇਹ ਮੂਰਖ ਪੁਰਸ਼ ਕਿਸ ਵਜ੍ਹਾ ਕਰਕੇ ਪਰਮੇਸ਼ਰ ਨੂੰ ਪਾਵੇਗਾ॥ ੪ ॥ ੨ ॥ ੯ ॥

ਰਾਗੁ ਸੂਹੀ ਮਹਲਾ ੪ ਘਰੁ ੧

੧ਓ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ-

ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥

ਜਿਨ੍ਹਾਂ ਨੇ ਗੁਰੂ=ਪੂਜਨੀਕ ਗੁਰਾਂ ਦੇ ਗੁਰ=ਬੜੇ ਸ਼ਬਦ ਕਰਕੇ ਮਨ ਵਿਚ ਰਾਮ ਦੇ ਨਾਮ ਨੂੰ ਆਰਾਧਿਆ ਹੈ।

ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ ॥ ੧ ॥

ਉਸ ਦੇ ਮਨ ਤਨ ਦੀਆਂ ਸਭ ਇੱਛਾ ਪੂਰੀਆਂ ਹੋਈਆਂ ਹਨ ਅਤੇ ਜਮ=ਧਰਮਰਾਜ ਦੇ ਦੂਤਾਂ ਦਾ ਸਾਰਾ ਡਰ ਵੀ ਉਸ ਦੇ ਮਨ ਵਿਚੋਂ ਚੁੱਕ ਗਿਆ ਹੈ॥ ੧ ॥

ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥

ਹੇ ਮੇਰੇ ਮਨ=ਪਿਆਰੇ! ਹਰੀ ਦੇ ਗੁਣ ਗਾਵੋ ਅਤੇ ਰਾਮ ਨਾਮ ਨੂੰ ਜਪਣਾ ਕਰੋ।

ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥ ੧ ॥ ਰਹਾਉ ॥

ਗੁਰਾਂ ਨੇ ਤੁਠੈ=ਪ੍ਰਸੰਨ ਹੋ ਕੇ ਜਿਸ ਦੇ ਮਨ ਨੂੰ ਪਰਬੋਧਿਆ=ਪ੍ਰਬੋਧ (ਗਿਆਨ) ਦਿੱਤਾ ਹੈ, ਉਸ ਨੇ ਗਟ-ਗਟ ਕਰ ਕੇ ਹਰੀ ਨਾਮ-ਰਸ ਨੂੰ ਪੀਤਾ ਹੈ॥ ੧ ॥ ਰਹਾਉ ॥

ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥

ਸਤਿਗੁਰਾਂ ਦੀ ਸਤਸੰਗਤ ਸਭ ਤੋਂ ਉੱਤਮ ਹੈ, ਜੋ ਹਰਿ ਹਰਿ ਪ੍ਰਭੂ ਦੇ ਗੁਣਾਂ ਨੂੰ ਗਾਉਂਦੀ ਹੈ।

ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥ ੨ ॥

ਹੇ ਹਰੀ! ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਸਤਸੰਗਤ ਨਾਲ ਮੇਲਣਾ ਕਰੋ, ਤਾਂ ਕਿ ਮੈਂ ਉਹਨਾਂ ਗੁਰਮੁਖ ਜਨਾਂ ਦੇ ਚਰਨਾਂ ਨੂੰ ਧੋਣਾ ਕਰਾਂ॥ ੨ ॥

ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ ॥

(੧) ਸਾਰਿਆਂ ਨਾਮਾਂ ਵਿਚੋਂ ਰਾਮ ਦਾ ਜੋ ਰਾਮ ਨਾਮ ਰੂਪੀ ਰਸ ਹੈ, ਗੁਰਾਂ ਦੀ ਸਿਖਿਆ ਵਿਚ ਰਸੁ=ਪ੍ਰੇਮ ਕਰਕੇ ਜੋ ਉਸ ਦੇ ਰਸਕੇ=ਰਸੀਏ ਹੋਏ ਹਨ।

(੨) ਜੋ ਰਾਮ ਸਾਰਿਆਂ ਵਿਚ ਨਾਮੁ=ਪ੍ਰਸਿੱਧ ਹੈ ਉਸ ਰਾਮ ਦੇ ਨਾਮ-ਰਸ ਨੂੰ ਲੈਣ ਵਾਸਤੇ ਜੋ ਪੁਰਸ਼ ਗੁਰ ਸਿੱਖਿਆ ਦੇ ਰਸ ਦੇ ਰਸਕੇ=ਰਸੀਏ ਹੋਏ ਹਨ।

ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥ ੩ ॥

ਉਸ ਨੇ ਹਰਿ ਹਰਿ ਰੂਪੀ ਅੰਮ੍ਰਿਤ-ਜਲ ਨੂੰ ਪਾਇਆ ਹੈ, ਤਿਸ ਕੇ=ਤਿਸ ਕਰ ਕੇ ਉਸ ਦੀ ਸਾਰੀ ਤਿਸ=ਤ੍ਰਿਸ਼ਨਾ ਲਹਿ ਗਈ ਹੈ॥ ੩ ॥

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥

ਸਾਡੀ ਜਾਤੀ ਤੇ ਪਾਤਿ=ਪੰਗਤ, ਇੱਜ਼ਤ ਗੁਰੂ=ਪੂਜਨੀਕ ਸਤਿਗੁਰੂ ਹੀ ਹਨ, ਕਿਉਂਕਿ ਅਸਾਂ ਨੇ ਗੁਰਾਂ ਦੇ

ਅੱਗੇ ਸਿਰ ਨੂੰ ਵੇਚ ਦਿੱਤਾ ਹੈ।

ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ, ਹੁਣ ਮੈਂ ਜਨ ਦਾ ਨਾਮ ਗੁਰੂ ਦਾ ਚੇਲਾ ਭਾਵ ਗੁਰੂ ਦਾ ਸਿੱਖ ਪੈ ਗਿਆ ਹਾਂ, ਇਸ ਕਰਕੇ ਹੇ ਗੁਰੋ ! ਮੈਂ ਦਾਸ ਦੀ ਲੱਜ (ਇੱਜ਼ਤ) ਰੱਖ ਲਵੋ॥ ੪ ॥ ੧ ॥

ਸੂਹੀ ਮਹਲਾ ੪ ॥

ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ ॥

ਪੁਰਖੋਤਮੁ=ਪੁਰਖਾਂ ਵਿਚੋਂ ਉੱਤਮ ਪੁਰਖ ਜੋ ਪਰਮਾਤਮਾ ਹੈ, ਉਸ ਦੇ ਹਰਿ ਹਰਿ ਨਾਮ ਨੂੰ ਭਜਿਓ=ਜਪਿਆ ਹੈ; ਇਸ ਕਰਕੇ ਸਾਰੇ ਦਾਲਦ=ਦੱਲਿਦ੍ਰ ਤੇ ਪਾਪਾਂ ਦਾ ਦਲਘਾ=ਸਮਦਾਅ·(ਪੁੰਜ) ਨਾਸ ਹੋ ਗਿਆ ਹੈ।

ਭਉ ਜਨਮ ਮਰਣਾ ਮੇਟਿਓ ਗੁਰ ਸਬਦੀ
ਹਰਿ ਅਸਥਿਰੁ ਸੇਵਿ ਸੁਖਿ ਸਮਘਾ ॥ ੧ ॥

ਗੁਰਾਂ ਦੇ ਉਪਦੇਸ਼ ਕਰਕੇ ਜਨਮ ਮਰਨ ਦਾ ਭਉ=ਡਰ ਮੇਟ ਦਿੱਤਾ ਹੈ, ਅਸਥਿਰੁ=ਅੱਚਲ ਹਰੀ ਨੂੰ ਸੇਵ ਕੇ ਸੁਖਾਂ ਵਿਚ ਜਾਂ ਸੁਖ ਸਰੂਪ ਪਰਮਾਤਮਾ ਵਿਚ ਸਮਘਾ=ਸਮਾ ਗਿਆ ਹੈ॥ ੧ ॥

ਵਾ:-ਸੁਖ ਸਰੂਪ ਪਰਮਾਤਮਾ ਨੂੰ ਸਮਘਾ=ਸਮਝਿਆ ਹੈ॥ ੧ ॥

ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥

ਹੇ ਮੇਰੇ ਮਨ ! ਅਤਿ ਪਿਰਘਾ=ਬੜੇ ਪਿਆਰ ਨਾਲ ਰਾਮ ਨਾਮ ਨੂੰ ਜਪਣਾ ਕਰ।

ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ
ਸਿਰੁ ਵੇਚਿ ਲੀਓ ਮੁਲਿ ਮਹਘਾ ॥ ੧ ॥ ਰਹਾਉ ॥

(੧) ਮੈਂ ਆਪਣਾ ਮਨ ਤਨ ਗੁਰਾਂ ਦੇ ਅੱਗੇ ਅਰਪਣ ਕਰਕੇ ਰੱਖ ਦਿੱਤਾ ਹੈ ਅਤੇ ਸਿਰ ਨੂੰ ਮਹਿੰਗੇ ਮੁੱਲ ਵੇਚ ਲਿਆ ਹੈ।

(੨) ਸਿਰ ਨੂੰ ਵੇਚ ਕੇ ਅਰਥਾਤ ਸਿਰ ਨੂੰ ਦੇ ਕੇ ਮਹਿੰਗੇ ਮੁੱਲ ਵਾਲਾ ਜੋ ਹਰੀ ਹੈ, ਉਸ ਨੂੰ ਲੈ ਲੀਤਾ ਹੈ॥ ੧ ॥ ਰਹਾਉ ॥

ਨਰ ਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥

ਨਰ ਪਤਿ=ਮਨੁੱਖਾ ਦੇ ਮਾਲਕ ਬਣ ਕੇ ਰਾਜੇ ਲੋਕ ਰੰਗਾਂ ਰੰਗਾਂ ਦੇ ਰਸਾਂ ਨੂੰ, ਜਾਂ

ਕਈ ਤਰ੍ਹਾਂ ਦੇ ਰਸਾਂ ਦੇ ਰੰਗ=ਅਨੰਦ ਨੂੰ ਮਾਣਹਿ=ਭੋਗਦੇ ਹਨ, ਨਾਮ-ਸਿਮਰਨ ਤੋਂ ਬਿਨਾਂ ਹੋਣ ਕਰਕੇ ਕਲਘਾ=ਕਲਜੁਗ ਦਿਆਂ ਪਾਪਾਂ ਕਰਕੇ, ਕਲਘਾ=ਘਾਤ (ਨਾਸ) ਕਰਨ ਵਾਲੇ ਕਾਲ ਨੇ ਸਾਰਿਆਂ ਨੂੰ ਕਲਘਾ=ਕਲੰਕੀ ਕਰਕੇ ਫੜ ਕੇ ਲਿਜਾਣਾ ਕੀਤਾ ਹੈ।

ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ ॥ ੨ ॥

ਧਰਮਰਾਜ ਨੇ ਸਿਰ ਉਤੇ ਡੰਡੁ=ਡੰਡਾ ਮਾਰਿਆ ਅਤੇ ਹੱਥ ਫਲਘਾ+ਅਘਾ=ਪਾਪਾਂ ਦਾ ਫਲ ਹੱਥ ਉੱਪਰ ਆਇਆ

ਵਾ:-ਹੱਥ ਉੱਪਰ ਫਲਘਾ ਨਾਮੇ ਸ਼ਸਤ੍ਰ ਮਾਰਿਆ ਤਾਂ ਫਿਰ ਪਸਚਾਤਾਪ ਕਰਦੇ ਹਨ॥ ੨॥

ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ ਸਰਣਾਗਤਿ ਪੁਰਖ ਪ੍ਰਤਿਪਲਘਾ॥

ਹੇ ਹਰੀ ! ਰੱਖ ਲੈ ਰੱਖ ਲੈ। ਵਾ:-ਚਰਨਾਂ ਦੀ ਰਾਖੁ=ਧੂੜ ਦੇ ਕੇ ਰੱਖ ਲੈ।

ਅਥਵਾ:-ਜਿਨ੍ਹਾਂ ਨੂੰ ਰੱਖਿਆ ਹੈ ਉਨ੍ਹਾਂ ਦੁਆਰੇ ਸਾਨੂੰ ਭੀ ਰੱਖ ਲੈ। ਵਾ:-ਰਾਖ ਕਰਨ ਵਾਲੇ ਜੋ ਵਿਸ਼ੇ ਹਨ ਇਨ੍ਹਾਂ ਵਲੋਂ ਰੱਖ ਲੈ, ਅਸੀਂ ਜਨ ਆਪ ਜੀ ਦੇ ਕਿਰਮ=ਨਿੱਕੇ ਜੇਹੇ ਦਾਸ ਹਾਂ, ਹੇ ਸਰਬ ਦੀ ਪ੍ਰਤਿਪਲਘਾ= ਪ੍ਰਤਿਪਾਲਾ ਕਰਨ ਵਾਲੇ, ਅਕਾਲ ਪੁਰਖ ! ਮੈਂ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹੋਇਆ ਹਾਂ।

ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਘਾ॥ ੩॥

ਸੰਤਾਂ ਦਾ ਦਰਸ਼ਨ ਦਿਓ ਜੋ ਸੁਖ ਨੂੰ ਪਾਉਣਾ ਕਰਾਂ, ਹੇ ਪ੍ਰਭੂ ! ਮੈਂ ਤੁਮਘਾ=ਤੁਹਾਡਾ ਦਾਸ ਹਾਂ ਤੂੰ ਮੇਰੀ ਲੋਚ=ਇੱਛਾ ਪੂਰੀ ਕਰ॥ ੩॥

ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ
ਮੋ ਕਉ ਕੀਜੈ ਦਾਨੁ ਹਰਿ ਨਿਮਘਾ॥

ਹੇ ਪ੍ਰਭੂ ਸੁਆਮੀ ! ਆਪ ਵੱਡੇ ਸਮਰੱਥ ਪੁਰਖ ਹੋ, ਮੈਨੂੰ ਇਕ ਨਿਮਘਾ=ਨਿਮਖ ਵਿਚ ਜਾਂ ਨਿਮਘਾ=ਨਿਮਕ (ਲੂਣ) ਵਾਂਗ ਸੁਆਦੀਕ ਹਰੀ ਨਾਮ-ਸਿਮਰਨ ਦਾ ਦਾਨ ਦੇਣਾ ਕਰੋ।

ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ ਹਮ ਨਾਮ ਵਿਟਹੁ ਸਦ ਘੁਮਘਾ॥੪॥੨॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ ਜਨ ਨੂੰ ਨਾਮ ਮਿਲੇ ਤਾਂ ਹੀ ਸੁਖ ਪਾਵਾਂਗਾ, ਅਸੀਂ ਨਾਮ ਦੇ ਵਿਟਹੁ= ਉੱਪਰੋਂ ਸਦਾ ਘੁਮਘਾ, ਬਲਿਹਾਰ ਜਾਂਦੇ ਹਾਂ॥ ੪॥ ੨॥

ਸੂਹੀ ਮਹਲਾ ੪॥ ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥

ਹਰ ਰੰਗਾਂ ਵਿਚੋਂ ਜੋ ਹਰਿ ਹਰਿ ਨਾਮ ਰੂਪੀ ਮਜੀਠਾ ਰੰਗ ਹੈ, ਉਸ ਵਿਚ ਆਪਣੇ ਮਨ ਰੂਪ ਕਪੜੇ ਨੂੰ ਰੰਗਣਾ ਕਰ।

ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥ ੧॥

ਗੁਰਾਂ ਨੇ ਤੁਠੈ ਪ੍ਰਸੰਨ ਹੋ ਕੇ ਜਿਸ ਨੂੰ ਹਰੀ ਰੰਗ ਚਾੜ੍ਹਿਆ ਹੈ, ਬਹੁੜਿ ਮੁੜ ਫਿਰ ਉਸ ਦੇ ਕੰਮ ਵਿਚ ਕੋਈ ਭੰਙੁ=ਬਿਘਨ ਨਹੀਂ ਹੁੰਦਾ॥ ੧॥

[ਪੰਨਾ ੭੩੨]

ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ॥

ਹੇ ਮੇਰੇ ਮਨ ! ਤੂੰ ਹਰੀ ਰਾਮ ਦੇ ਨਾਮ-ਸਿਮਰਨ ਵਿਚ ਰੰਙੁ ਪ੍ਰੇਮ ਕਰ।

ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ॥ ੧॥ ਰਹਾਉ॥

ਜਿਸ ਨੂੰ ਗੁਰਾਂ ਨੇ ਤੁਠੈ=ਪ੍ਰਸੰਨ ਹੋ ਕੇ ਹਰੀ ਨਾਮ ਦਾ ਉਪਦੇਸ਼ ਦਿੱਤਾ ਹੈ, ਉਸ ਨੂੰ ਨਿਸੰਙੁ=ਨਿਸੰਕ ਹੋ ਕੇ ਹਰੀ ਰਾਜਾ ਮਿਲਿਆ ਹੈ।

ਅਥਵਾ:-ਉਸ ਨੂੰ ਹਰੀ ਰਾਜਾ ਮਿਲਿਆ ਹੈ ਇਸੀ ਤੇ ਉਹ ਜਨਮ ਮਰਨ ਰੂਪੀ (ਸੰਙੁ) ਸ਼ੰਕਾ ਤੋਂ (ਨੰ) ਰਹਿਤ ਹੋਏ ਹਨ॥ ੧॥ ਰਹਾਉ॥

ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ॥

ਜੋ ਜੀਵ ਰੂਪ ਮੁੰਧ=ਇਸਤ੍ਰੀ ਮਨਮੁੱਖਤਾ ਕਰਕੇ ਇਆਣੀ=ਅਗਿਆਤ ਹੋ ਰਹੀ ਹੈ, ਉਸ ਦਾ ਮੁੜ-ਮੁੜ ਕੇ ਅੰਙੁ=ਸਰੀਰ ਵਿਚ ਆਉਣਾ ਜਾਣਾ ਬਣਿਆ ਰਹੇਗਾ।

ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਉ ਸਹਲੰਙੁ॥

ਉਸ ਨੂੰ ਹਰੀ ਪ੍ਰਭੂ ਚਿਤ ਚੇਤੇ ਨਹੀਂ ਆਇਆ, ਜਿਸ ਦਾ ਮਨ ਦ੍ਵੈਤ ਭਾਵ ਨੂੰ ਸਹਲੰਙੁ=ਇੱਕਤ੍ਰ ਕਰ ਰਿਹਾ ਹੈ। ਅਥਵਾ:-ਦ੍ਵੈਤ ਭਾਵ ਦੇ ਸਹ=ਨਾਲ ਲੰਙੁ=ਲੱਗ ਰਿਹਾ ਹੈ॥ ੨॥

ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ॥

ਹੇ ਅੰਙੁ=ਪਿਆਰੇ ਹਰੀ ! ਅਸੀਂ ਦੁਹਚਾਰੀਆ=ਬੁਰਿਆਂ ਕਰਮਾਂ ਦੇ ਕਰਨ ਵਾਲੇ ਪਾਪਾਂ ਦੀ ਮੈਲ ਨਾਲ ਭਰੇ ਹੋਏ ਹਾਂ, ਆਪ ਮੇਰਾ ਅੰਗੀ=ਪੱਖ ਕਰਕੇ ਜਨਮ ਮਰਨ ਤੋਂ ਰੱਖ ਲਵੋ।

ਅਥਵਾ:-ਜਿਵੇਂ ਆਪ ਭਗਤਾਂ ਦੇ ਅੰਗੀ=ਪੱਖੀ ਹੋ ਤਿਵੇਂ ਮੈਨੂੰ ਭੀ ਅੰਙੁ=ਪੱਖ ਕਰਕੇ ਰੱਖ ਲਵੋ।

ਅਥਵਾ:-ਹੇ ਅੰਗੀ=ਪੱਖੀ ਹਰੀ ਆਪ ਮੈਨੂੰ ਅੰਙੁ=ਸਰੀਰਾਂ ਵਲੋਂ ਰੱਖ ਲਵੋ।

ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ॥ ੩॥

ਜਿਸ ਨੂੰ ਗੁਰਾਂ ਨੇ ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿਚ ਨਵਲਾਇਆ=ਇਸ਼ਨਾਨ ਕਰਾਇਆ ਹੈ, ਉਸ ਦੇ ਅੰਤਹਕਰਨ ਵਿਚੋਂ ਪੰਙੁ=ਚਿੱਕੜ ਰੂਪ ਸਾਰੇ ਕਿਲਵਿਖ=ਪਾਪ ਲਹਿ ਗਏ ਹਨ॥ ੩॥

ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ॥

ਹੇ ਦੀਨ ਦਿਆਲ ਹਰੀ ਪ੍ਰਭੂ ! ਮੈਂ ਦੀਨ=ਗਰੀਬ ਸੇਵਕ ਨੂੰ ਸਤਸੰਗਤ ਦੇ ਸੰਙੁ=ਨਾਲ ਮੇਲਣਾ ਕਰੋ।

ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ, ਜਿਸ ਨੇ ਸਤਸੰਗਤ ਵਿਚ ਮਿਲ ਕੇ ਹਰੀ ਦੇ ਰੰਗੁ=ਪ੍ਰੇਮ,

ਵਾ:-ਅਨੰਦ ਨੂੰ ਪਾਇਆ ਹੈ, ਉਸ ਦੇ ਮਨ ਤਨ ਨੂੰ ਆਤਮ ਰੰਗ ਚੜ੍ਹ ਗਿਆ ਹੈ॥ ੪॥ ੩॥

ਸੂਹੀ ਮਹਲਾ ੪॥

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥

(ਜੋ ਮਨਮੁਖ ਪੁਰਸ਼) ਮੂੰਹੋਂ ਭਾਂ ਹਰਿ ਹਰਿ ਨਾਮ ਉਚਾਰਦੇ ਹਨ, ਤੇ ਮਨ ਵਿਚ ਨਿਤ ਹੀ ਕਪਟ ਕਮਾਉਂਦੇ ਹਨ, ਉਹਨਾਂ ਦਾ ਹਿਰਦਾ ਸੁਧੁ=ਪਵਿੱਤ੍ਰ ਨਹੀਂ ਹੁੰਦਾ।

ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥ ੧॥

ਉਹ ਸੁਖ ਵਾਸਤੇ ਭਾਵੇਂ ਰਾਤ ਦਿਨ ਬਥੇਰੇ ਕਰਮਾਂ ਨੂੰ ਕਰਦੇ ਹਨ, ਪਰ ਉਹਨਾਂ ਨੂੰ ਸੁਪਨੇ ਮਾਤ੍ਰ ਭੀ ਸੁਖ ਪ੍ਰਾਪਤ ਨਹੀਂ ਹੁੰਦਾ॥ ੧॥

ਗਿਆਨੀ ਗੁਰ ਬਿਨੁ ਭਗਤਿ ਨ ਹੋਈ॥

(ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਜੋ) ਗਿਆਨੀ ਗੁਰੂ (ਹਨ ਉਹਨਾਂ) ਤੋਂ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੁੰਦੀ।

ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥ ੧॥ ਰਹਾਉ॥

ਜੇ ਸਭ ਕੋਈ ਚਾਹੁਣ ਭੀ ਸਹੀ, ਤਾਂ ਕੋਰੇ ਕਪੜੇ ਨੂੰ ਰੰਗ ਕਦੇ ਭੀ ਨਹੀਂ ਚੜ੍ਹਦਾ, ਇਸੇ ਤਰ੍ਹਾ ਮਨ ਰੂਪ ਕੋਰੇ ਕਪੜੇ ਨੂੰ ਭੈ ਧਾਰਨੇ ਰੂਪੀ ਖੁੰਭ ਉਤੇ ਚਾੜ੍ਹੇ ਬਿਨਾਂ, ਕਦੇ ਗਿਆਨ ਰੂਪੀ ਰੰਗ ਨਹੀਂ ਚੜ੍ਹ ਸਕਦਾ।

ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥

(ਮਨਮੁਖ ਪੁਰਸ਼) ਜਪ, ਤਪ, ਸੰਜਮ ਰੱਖਣਾ, ਵਰਤ ਦੇ ਠਾਕੁਰ ਪੂਜਾ ਆਦਿਕ ਕਰਮ ਕਰਦਾ ਤਾਂ ਹੈ, ਪਰ ਉਸ ਦੇ ਅੰਦਰੋਂ ਹਉਮੈ ਰੂਪ ਰੋਗ ਨਹੀਂ ਜਾਂਦਾ।

ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ॥ ੨॥

ਉਹਨਾਂ ਦੇ ਹਿਰਦੇ ਵਿਚ ਹੰਕਾਰ ਰੂਪ ਵੱਡਾ ਰੋਗ ਹੈ, ਇਸ ਲਈ ਉਹ ਦ੍ਵੈਤ ਭਾਵ ਵਿਚ ਖੁਆਈ=ਭੁੱਲੇ ਹੋਏ ਹਨ॥ ੨॥

ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥

ਬਾਹਰੋਂ ਤਾਂ ਬਹੁਤੀ ਚਤੁਰਾਈ ਨਾਲ ਭੇਖ ਬਣਾਉਂਦੇ ਹਨ, ਪਰ ਮਨ ਦਸੋਂ ਦਿਸ਼ਾਂ ਵੱਲ ਧਾਵੈ=ਭੱਜਾ ਫਿਰਦਾ ਹੈ।

ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ॥ ੩॥

ਜੋ ਹਉਮੈ ਵਿਚ ਬਿਆਪਿਆ=ਲੱਗਾ ਹੋਇਆ ਗੁਰ ਉਪਦੇਸ਼ ਨੂੰ ਨਹੀਂ ਜਾਣਦਾ, ਉਹ ਮੁੜ-ਮੁੜ ਕੇ ਜੂਨੀਆਂ ਵਿਚ ਆਉਂਦਾ ਹੈ॥ ੩॥

ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਉਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਸਮਝਦਾ ਹੈ ਅਤੇ ਓਹੀ ਪੁਰਸ਼ ਵਾਹਿਗੁਰੂ ਨਾਮ ਨੂੰ ਧਿਆਉਂਦਾ ਹੈ।

ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥ ੪॥ ੪॥

ਗੁਰਾਂ ਦੀ ਕਿਰਪਾ ਦੁਆਰੇ ਇਕ ਨੂੰ ਸਮਝਣਾ ਕਰੇ, ਤਾਂ ਇਹ ਜੀਵ ਇਕ ਪ੍ਰਭੂ ਦੇ ਵਿਚ ਹੀ ਸਮਾ ਜਾਂਦਾ ਹੈ॥ ੪॥ ੪॥

ਸੂਹੀ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਨਗਰੀ ਖੋਜਿ ਖੋਜਾਈ॥ ਹਰਿ ਹਰਿ ਨਾਮੁ ਪਦਾਰਥੁ ਪਾਈ॥ ੧॥

ਗੁਰਾਂ ਦੀ ਮਤਿ=ਸਿਖਿਆ ਦੁਆਰੇ ਦੇਹ ਰੂਪ ਨਗਰੀ ਵਿਚ ਉਸ ਦੀ ਖੋਜ ਨੂੰ ਖੋਜਿਆ ਹੈ।

ਅਤੇ ਹਰਿ ਹਰਿ ਨਾਮ ਰੂਪ ਪਦਾਰਥ ਦੀ ਸਮਝ, ਵਾ:-ਪ੍ਰਾਪਤੀ ਪਾਈ ਹੈ॥ ੧॥

ਕਿਸੀ ਨੇ ਕਿਹਾ-''ਤੁਹਾਡੇ ਮਨ ਵਿਚ ਸ਼ਾਂਤੀ ਕਿਵੇਂ ਆਈ ਹੈ?'' ਉੱਤਰ:-

ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ॥

ਮੇਰੇ ਮਨ ਵਿਚ ਹਰਿ ਹਰਿ ਨਾਮ ਨੇ ਸ਼ਾਂਤੀ ਵਸਾਈ ਹੈ।

ਤਿਸਨਾ ਅਗਨਿ ਬੁਝੀ ਖਿਨ ਅੰਤਰਿ
ਗੁਰਿ ਮਿਲਿਐ ਸਭ ਭੁਖ ਗਵਾਈ॥ ੧॥ ਰਹਾਉ॥

ਇਕ ਖਿਨ ਦੇ ਵਿਚ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ, ਗੁਰਾਂ ਨਾਲ ਮਿਲਦਿਆਂ ਹੀ ਸਾਰੀ ਭੁੱਖ ਗੁਆ ਦਿੱਤੀ ਹੈ॥ ੧॥ ਰਹਾਉ॥

ਹਰਿ ਗੁਣ ਗਾਵਾ ਜੀਵਾ ਮੇਰੀ ਮਾਈ॥
ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਈ॥ ੨॥

ਹੇ ਮੇਰੀ ਮਾਈ=ਮਾਤਾ ਰੂਪ ਸੰਤੋ ! ਮੈਂ ਹੁਣ ਹਰੀ ਦੇ ਗੁਣ ਗਾਉਂਦਾ ਹੋਇਆ ਹੀ ਜੀਉਂਦਾ ਹਾਂ। ਦਿਆਲੁ ਸਤਿਗੁਰਾਂ ਨੇ ਸ਼ੁਭ ਗੁਣ ਦੇ ਕੇ ਨਾਮ ਦੀ ਪ੍ਰੀਤੀ ਦ੍ਰਿੜ੍ਹ ਕਰਵਾਈ ਹੈ॥ ੨॥

ਹਉ ਹਰਿ ਪ੍ਰਭੁ ਪਿਆਰਾ ਢੂਢਿ ਢੂਢਾਈ॥
ਸਤਸੰਗਤਿ ਮਿਲਿ ਹਰਿ ਰਸੁ ਪਾਈ॥ ੩॥

ਹਉ=ਮੈਂ ਹਰੀ ਪ੍ਰਭੂ ਨੂੰ ਪਿਆਰਾ ਜਾਣ ਕੇਂ ਉਸ ਦੇ ਢੂਢਿ=ਰਸਤੇ ਨੂੰ ਢੂਢਾਈ=ਖੋਜਦਾ ਹਾਂ।
ਸਤਸੰਗਤ ਵਿਚ ਮਿਲ ਕੇ ਹਰੀ ਰਸ ਦੀ ਪ੍ਰਾਪਤੀ ਪਾਈ ਹੈ॥ ੩॥

ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ॥
ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ॥ ੪॥ ੧॥ ੫॥

ਧੁਰ ਤੋਂ ਮੱਥੇ ਦੇ ਲਿਖੇ ਹੋਏ ਲੇਖਾਂ ਅਨੁਸਾਰ ਹਰੀ ਦੀ ਖ਼ਬਰ ਪਾਈ ਹੈ।
ਹੇ ਭਾਈ ! ਗੁਰਾਂ ਨੇ ਤੁਠਾ=ਪ੍ਰਸੰਨ ਹੋ ਕੇ ਹਰੀ ਨਾਲ ਮੇਲ ਦਿੱਤਾ ਹੈ॥ ੪॥ ੧॥ ੫॥

ਸੂਹੀ ਮਹਲਾ ੪॥ ਹਰਿ ਕ੍ਰਿਪਾ ਕਰੇ ਮਨਿ ਹਰਿ ਰੰਗੁ ਲਾਏ॥

ਹਰੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਮਨ ਵਿਚ ਹਰੀ ਦਾ ਰੰਗੁ=ਪ੍ਰੇਮ ਲੱਗਦਾ ਹੈ।

ਗੁਰਮੁਖਿ ਹਰਿ ਹਰਿ ਨਾਮਿ ਸਮਾਏ॥ ੧॥

ਗੁਰਮੁਖ-ਜਨ ਹਰਿ ਹਰਿ ਨਾਮੀ ਵਿਚ ਸਮਾਏ ਹਨ॥ ੧॥

ਹਰਿ ਰੰਗਿ ਰਾਤਾ ਮਨੁ ਰੰਗ ਮਾਣੇ॥

ਜੋ ਮਨ ਹਰੀ ਦੇ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹੈ, ਉਹ ਆਤਮਿਕ-ਅਨੰਦ ਨੂੰ ਭੋਗਦਾ ਹੈ।

ਸਦਾ ਅਨੰਦਿ ਰਹੈ ਦਿਨ ਰਾਤੀ
ਪੂਰੇ ਗੁਰ ਕੈ ਸਬਦਿ ਸਮਾਣੇ ॥ ੧ ॥ ਰਹਾਉ ॥

ਪੂਰਿਆਂ ਗੁਰਾਂ ਦੇ ਉਪਦੇਸ਼ ਵਿਚ ਸਮਾਉਣ ਕਰਕੇ ਉਹ ਰਾਤ ਦਿਨੇ ਸਦਾ ਅਨੰਦ ਰਹਿੰਦਾ ਹੈ॥ ੧ ॥ ਰਹਾਉ ॥

ਹਰਿ ਰੰਗ ਕਉ ਲੋਚੈ ਸਭੁ ਕੋਈ ॥ ਗੁਰਮੁਖਿ ਰੰਗੁ ਚਲੂਲਾ ਹੋਈ ॥ ੨ ॥

ਸਭ ਕੋਈ ਹਰੀ ਦੇ ਰੰਗ=ਅਨੰਦ ਨੂੰ ਚਾਹੁੰਦਾ ਹੈ। ਪਰ ਇਹ ਚਲੂਲਾ=ਗਾੜ੍ਹਾ ਅਨੰਦ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ॥ ੨ ॥

ਮਨਮੁਖਿ ਮੁਗਧੁ ਨਰੁ ਕੋਰਾ ਹੋਇ ॥ ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥ ੩ ॥

ਮੁਗਧੁ=ਮੂਰਖ ਪੁਰਸ਼ ਮਨਮੁੱਖਤਾ ਕਰਕੇ ਕੋਰਾ=ਪ੍ਰੇਮ ਤੋਂ ਹੀਣਾ ਹੁੰਦਾ ਹੈ।
ਜੇਕਰ ਉਹ ਸਉ=ਸੈਂਕੜੇ ਵਾਰੀ ਭੀ ਚਾਹੇ ਤਾਂ ਭੀ ਉਸ ਨੂੰ ਕੁਝ ਰੰਗ ਨਹੀਂ ਹੁੰਦਾ॥ ੩ ॥

[ਪੰਨਾ ੭੩੩]

ਨਦਰਿ ਕਰੇ ਤਾ ਸਤਿਗੁਰੁ ਪਾਵੈ ॥

ਹਰੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਸਤਿਗੁਰਾਂ ਨੂੰ ਪਾਉਂਦਾ ਹੈ, ਜੇਕਰ ਸਤਿਗੁਰੂ ਕਿਰਪਾ ਦ੍ਰਿਸ਼ਟੀ ਕਰਨ। ਤਾਂ

ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ ॥ ੪ ॥ ੨ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਹਰੀ ਦੇ ਰਸਿ=ਪ੍ਰੇਮ ਕਰਕੇ ਹਰੀ ਦੇ ਰੰਗਿ=ਅਨੰਦ ਵਿਚ ਸਮਾਉਂਦਾ ਹੈ॥ ੪ ॥ ੨ ॥ ੬ ॥

ਸੂਹੀ ਮਹਲਾ ੪ ॥

ਜਿਹਵਾ ਹਰਿ ਰਸਿ ਰਹੀ ਅਘਾਇ ॥ ਗੁਰਮੁਖਿ ਪੀਵੈ ਸਹਜਿ ਸਮਾਇ ॥ ੧ ॥

ਗੁਰਮੁਖਾਂ ਦੀ ਜਿਹਵਾ (ਜੀਭ) ਹਰੀ ਨਾਮ ਰਸ ਕਰਕੇ ਅਘਾਇ=ਤ੍ਰਿਪਤ ਹੋ ਰਹੀ ਹੈ।
ਜੇ ਗੁਰਮੁਖ ਗੁਰਾਂ ਦੁਆਰੇ ਨਾਮ-ਰਸ ਪੀਂਦੇ ਹਨ ਉਹ ਸਹਜ-ਪਦ ਵਿਚ ਸਮਾਉਂਦੇ ਹਨ॥ ੧ ॥

ਹਰਿ ਰਸੁ ਜਨ ਚਾਖਹੁ ਜੇ ਭਾਈ ॥
ਤਉ ਕਤ ਅਨਤ ਸਾਦਿ ਲੋਭਾਈ ॥ ੧ ॥ ਰਹਾਉ ॥

ਹੇ ਭਾਈ ਜਨੋ! ਜੇਕਰ ਹਰੀ ਨਾਮ-ਰਸ ਨੂੰ ਚੱਖੋਗੇ, ਤਾਂ ਫਿਰ ਅਨਤ=ਹੋਰ ਵਿਸ਼ੇ ਰਸਾਂ ਦੇ ਸ੍ਵਾਦਾਂ ਵਿਚ ਕਿਉਂ ਲੁਭਾਇਮਾਨ ਹੋਵੋਗੇ, ਭਾਵ ਫਿਰ ਲੁਭਾਏਮਾਨ ਨਹੀਂ ਹੋਵੋਗੇ॥ ੧ ॥ ਰਹਾਉ ॥

ਗੁਰਮਤਿ ਰਸੁ ਰਾਖਹੁ ਉਰ ਧਾਰਿ ॥ ਹਰਿ ਰਸਿ ਰਾਤੇ ਰੰਗਿ ਮੁਰਾਰਿ ॥ ੨ ॥

ਗੁਰ ਸਿਖਿਆ ਦੇ ਰਸ ਨੂੰ, ਵਾ:-ਗੁਰ ਸਿਖਿਆ ਦੁਆਰੇ ਰਸੁ=ਪ੍ਰੇਮ ਨੂੰ ਹਿਰਦੇ ਵਿਚ ਧਾਰਨ ਕਰ ਰੱਖੋ।
ਹਰੀ ਨਾਮ ਰਸ ਵਿਚ ਤਦਾਕਾਰ ਹੋਣ ਕਰਕੇ ਮੁਰਾਰੀ ਦਾ ਰੰਗਿ=ਅਨੰਦ ਪ੍ਰਾਪਤ ਹੋਵੇਗਾ॥ ੨ ॥

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥
ਹਉਮੈ ਕਰੈ ਬਹੁਤੀ ਮਿਲੈ ਸਜਾਇ॥ ੩॥

ਮਨਮੁਖਾਂ ਪਾਸੋਂ ਹਰੀ ਨਾਮ-ਰਸ ਚਖਿਆ ਨਹੀਂ ਜਾਂਦਾ। ਉਹ ਕੇਵਲ ਹਉਮੈ=ਹੰਗਤਾ ਮਮਤਾ ਨੂੰ ਕਰਦੇ ਹਨ, ਇਸ ਕਰ ਕੇ ਉਹਨਾਂ ਨੂੰ ਬੜੀ ਭਾਰੀ ਸਜ਼ਾ ਮਿਲਦੀ ਹੈ॥ ੩॥

ਨਦਰਿ ਕਰੇ ਤਾ ਹਰਿ ਰਸੁ ਪਾਵੈ॥
ਨਾਨਕ ਹਰਿ ਰਸਿ ਹਰਿ ਗੁਣ ਗਾਵੈ॥ ੪॥ ੩॥ ੭॥

ਗੁਰੂ ਕਿਰਪਾ ਦ੍ਰਿਸ਼ਟੀ ਕਰਨ ਤਾਂ ਇਹ ਜੀਵ ਹਰੀ ਰਸ ਨੂੰ ਪਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ, ਹਰੀ ਰਸ ਕਰਕੇ ਹੀ ਹਰੀ ਗੁਣਾਂ ਨੂੰ ਗਾਉਂਦਾ ਹੈ॥ ੪॥ ੩॥ ੭॥

ਸੂਹੀ ਮਹਲਾ ੪ ਘਰੁ ੬
੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਇਸ ਸ਼ਬਦ ਦੁਆਰਾ ਨਾਮ ਦੀ ਮਹਿਮਾ ਸ੍ਰਵਨ ਕਰਵਾਉਂਦੇ ਹਨ।

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥

ਹਰੀ ਨਾਮ ਨੂੰ ਜਪਦਿਆਂ ਹੋਇਆਂ ਨੀਚ ਜਾਤ ਵਾਲਾ ਪੁਰਸ਼ ਉਤਮ ਪਦਵੀ ਨੂੰ ਪਾ ਲੈਂਦਾ ਹੈ।

ਯਥਾ:-''ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥'' *(ਪੰਨਾ ੩੮੬)*

ਪ੍ਰਸ਼ਨ- ਕਿਸ ਨੇ ਉੱਤਮ ਪਦਵੀ ਨੂੰ ਪਾਇਆ ਹੈ ? *ਉੱਤਰ-*

ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥ ੧॥

ਦਾਸੀ ਦੇ ਪੁੱਤਰ ਬਿਦਰ ਨੂੰ ਪੁੱਛਣਾ ਕਰੋ, ਅਰਥਾਤ ਉਸ ਦੀ ਕਥਾ ਪੜ੍ਹ ਕੇ ਦੇਖੋ, ਦੁਰਯੋਧਨ ਵਰਗੇ ਬੜੇ ਬੜੇ ਰਾਜਿਆਂ ਨੂੰ ਛੱਡ ਕੇ ਜਿਸ ਬਿਦਰ ਦੇ ਘਰ ਵਿਚ ਜਾ ਕੇ ਕ੍ਰਿਸ਼ਨ ਭਗਵਾਨ ਉਤਰਿਆ=ਠਹਿਰਿਆ ਸੀ।

ਯਥਾ:-''ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ ੧॥ ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥ ੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥ ੨॥ ੯॥ *(ਪੰਨਾ ੧੧੦੫)*

ਤਥਾ-''ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।

ਹਸਿ ਬੋਲੈ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅੰਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
ਗੋਬਿੰਦ ਭਾਉ ਭਗਤਿ ਦਾ ਭੁਖਾ॥ ੭॥''

(ਭਾਈ ਗੁਰਦਾਸ ਜੀ, ਵਾਰ ੧੦)

ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ
ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ॥ ੧॥ ਰਹਾਉ॥

ਹੇ ਜਨੋ ! ਭਾਈ=ਪ੍ਰੇਮ ਪੂਰਬਕ ਅਕੱਥ ਹਰੀ ਦੀ ਕਥਾ ਸੁਨਣਾ ਕਰੋ, ਜਿਸ ਕਥਾ ਦੇ ਸੁਨਣ ਕਰਕੇ ਪ੍ਰਮਾਣ ਗਤ ਸੰਸਾ, ਪ੍ਰਮੇਯਗਤ ਸੰਸਾ ਅਤੇ ਦੁੱਖ ਭੁੱਖ ਆਦਿਕ ਸਭ ਵਿਕਾਰ ਲਹਿ ਜਾਂਦੇ ਹਨ॥ ੧॥ ਰਹਾਉ॥

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥

ਚਮਿਆਰ ਜਾਤੀ ਦਾ ਜੋ ਰਵੀਦਾਸ ਹੈ ਉਹ ਭੀ ਪ੍ਰਭੂ ਦੀ ਉਸਤਤੀ ਕਰਦਾ ਸੀ ਅਤੇ ਹਰ ਇਕ ਨਿਮਖ ਵਿਚ ਹਰੀ ਦਾ ਜਸ ਗਾਉਂਦਾ ਸੀ।

ਯਥਾ:-''ਰਵੀਦਾਸੁ ਢੁਵੰਤਾ ਢੋਰ ਨੀਤਿ ਤਿਨ੍ਹ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ ੨॥'' *(ਪੰਨਾ ੪੮੭)*

ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥ ੨॥

ਉਹ ਰਵਿਦਾਸ ਪਤਿਤ=ਨੀਚ ਜਾਤੀ ਤੋਂ ਉੱਤਮ ਹੋ ਗਿਆ ਤੇ ਚਾਰੇ ਵਰਨਾਂ ਦੇ ਪੁਰਸ਼ ਉਸ ਦੀ ਪਗਿ=ਚਰਨੀਂ ਆ ਕੇ ਪੈ ਗਏ॥ ੨॥

ਯਥਾ:-''ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ ੩॥ ੧॥''

....

ਤਥਾ:-''ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ॥ ੩॥ ੨॥''

(ਮਲਾਰ ਰਵਿਦਾਸ ਜੀ, ਪੰਨਾ ੧੨੯੩)

''ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।
ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।
ਚਹੁ ਵਰਨਾ ਉਪਦੇਸ ਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।

ਕੱਢ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।
ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਂਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ॥ ੧੭॥''

(ਭਾਈ ਗੁਰਦਾਸ ਜੀ, ਵਾਰ ੧੦)

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥

ਜਿਸ ਨੂੰ ਲੋਕ ਛੀਂਬਾ ਕਹਿ ਕਰਕੇ ਬੁਲਾਇਆ ਕਰਦੇ ਸਨ, ਉਸ ਨਾਮਦੇਵ ਦੀ ਭੀ ਹਰੀ ਦੇ ਨਾਲ ਪ੍ਰੀਤੀ ਲਗ ਗਈ।

ਯਥਾ:-''ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥'' *(ਪੰਨਾ ੪੮੭)*

ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥ ੩॥

ਹਰੀ ਨੇ ਪਿੱਠ ਦੇ ਕੇ ਖੱਤ੍ਰੀਆਂ ਤੇ ਬ੍ਰਾਹਮਣਾਂ ਨੂੰ ਛੱਡ ਦਿੱਤਾ ਅਤੇ ਨਾਮਦੇਵ ਨੂੰ ਮੂੰਹ ਲਾ ਲਿਆ ਸੀ, *ਅਰਥਾਤ* ਔਂਡੇ ਸ਼ਹਿਰ ਵਿਚ ਦੇਹੁਰੇ ਦਾ ਮੂੰਹ ਫੇਰ ਕੇ ਨਾਮਦੇਵ ਵਲ ਕਰ ਦਿੱਤਾ ਸੀ॥ ੩॥

ਯਥਾ:- ''ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥ ੪॥ ੧੩॥'' *(ਪੰਨਾ ੪੫੧)*

ਤਥਾ:- ''ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥ ੩॥ ੨ੰ॥'' *(ਪੰਨਾ ੧੨੯੩)*

ਤਥਾ:- ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ॥
ਭਗਤ ਜਨਾ ਦਾ ਕਰੇ ਕਰਾਇਆ॥ ੧੧॥'' *(ਭਾਈ ਗੁਰਦਾਸ ਜੀ, ਵਾਰ ੧੦)*

ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ॥

ਜਿੰਨੇ ਹਰੀ ਦੀ ਭਗਤੀ ਕਰਨ ਵਾਲੇ ਸੇਵਕ ਹਨ।

*ਅਥਵਾ:-*ਜਿੰਨੇ ਕੁ ਭਗਤ ਹਨ ਤੇ ਹਰੀ ਦੇ ਸੇਵਕ ਹਨ, ਤਿਨ੍ਹਾਂ ਦੇ ਮੂੰਹ ਪਰ ਅਠਾਠ ਤੀਰਥਾਂ ਦਾ ਤਿਲਕ ਕਢਾਇਆ, ਭਾਵ ਉਨ੍ਹਾਂ ਤੀਰਥਾਂ ਤੋਂ ਉਹ ਉੱਤਮ ਕਥਨ ਕੀਤੇ ਗਏ ਹਨ। ਉਨ੍ਹਾਂ ਦਾ ਦਰਸ਼ਨ ਕਰਨ ਨਾਲ ਸਭ ਤੀਰਥਾਂ ਦਾ ਮਹਾਤਮ ਪ੍ਰਾਪਤ ਹੁੰਦਾ ਹੈ।

ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ
ਜੇ ਕ੍ਰਿਪਾ ਕਰੇ ਹਰਿ ਰਾਇ॥ ੪॥ ੧॥ ੮॥

ਗੁਰੂ ਜੀ ਕਥਨ ਕਰਦੇ ਹਨ— ਜੇਕਰ ਹਰੀ ਰਾਜਾ ਕਿਰਪਾ-ਦ੍ਰਿਸ਼ਟੀ ਕਰੇ ਤਾਂ ਮੈਂ ਜਨ ਰਾਤ ਦਿਨ ਉਨ੍ਹਾਂ ਦੇ ਚਰਨਾਂ ਦੀ ਪਰਸੇ=ਛੋਹ ਪ੍ਰਾਪਤ ਕਰਾਂਗਾ॥ ੪॥ ੧॥ ੮॥

ਸੂਹੀ ਮਹਲਾ ੪ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪ੍ਰਿਥੀ ਚੰਦ ਨੂੰ ਸ਼ੁਭ ਸਿਖਿਆ ਦੇਂਦੇ ਹਨ।

ਤਿਨ੍ਹੀ ਅੰਤਰਿ ਹਰਿ ਆਰਾਧਿਆ
ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥

ਜਿਨ੍ਹਾਂ ਦੇ ਲਿਲਾਰਾ=ਮੱਥੇ ਪਰ ਧੁਰ ਤੋਂ ਸ਼ੁਭ ਲੇਖ ਲਿਖਿਆ ਹੋਇਆ ਹੈ ਉਨ੍ਹਾਂ ਨੇ ਹੀ ਹਿਰਦੇ ਅੰਦਰ ਹਰੀ ਨੂੰ ਸਿਮਰਿਆ ਹੈ।

ਤਿਨ ਕੀ ਬਖੀਲੀ ਕੋਈ ਕਿਆ ਕਰੇ
ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥ ੧ ॥

ਮੇਰਾ ਹਰੀ ਕਰਤਾਰ ਜਿਨ੍ਹਾਂ ਦਾ ਅੰਗੁ=ਪੱਖ ਕਰਦਾ ਹੈ, ਉਨ੍ਹਾਂ ਦੀ ਬਖੀਲੀ ਕਰਕੇ ਕੋਈ ਕੀ ਵਿਗਾੜ ਕਰ ਸਕਦਾ ਹੈ॥ ੧ ॥

ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ
ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥ ੧ ॥ ਰਹਾਉ ॥

ਮਨ ਮੇਰੇ=ਹੇ ਪਿਆਰੇ ! ਮਨ ਵਿਚ ਹਰਿ ਹਰਿ ਨਾਮ ਨੂੰ ਧਿਆਉਂਦਾ ਕਰ, ਧਿਆਇ ਹਰਿ=ਹਰੀ ਦਾ ਸਿਮਰਨ ਹੀ ਜਨਮਾਂ ਜਨਮਾਂ ਦੇ ਸਾਰੇ ਦੁੱਖ ਦੂਰ ਕਰਨ ਵਾਲਾ ਹੈ॥ ੧ ॥ ਰਹਾਉ ॥

ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥

ਹਰੀ ਨੇ ਧੁਰ ਤੋਂ ਹੀ ਭਗਤ ਜਨਾਂ ਨੂੰ ਅੰਮ੍ਰਿਤ ਰੂਪ ਭਗਤੀ ਦਾ ਭੰਡਾਰਾ ਬਖਸ਼ਿਆ ਹੈ।

ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥ ੨ ॥

ਜਿਹੜਾ ਮੂਰਖ ਹੋਵੇਗਾ ਓਹੀ ਉਨ੍ਹਾਂ ਦੀ ਰੀਸ ਕਰੇਗਾ, ਉਸ ਦਾ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਮੂੰਹ ਕਾਲਾ ਹੋਵੇਗਾ॥ ੨ ॥

ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥

ਉਹ ਭਗਤ ਹਨ ਅਤੇ ਓਹੀ ਸੇਵਕ ਹਨ, ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ ਲੱਗਾ ਹੈ।

ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥ ੩ ॥

ਉਨ੍ਹਾਂ ਦੀ ਸੇਵਾ ਕਰਕੇ ਹੀ ਹਰੀ ਪਾਈਦਾ ਹੈ ਅਤੇ ਨਿੰਦਕ ਦੇ ਸਿਰ ਉਤੇ ਪ੍ਰਤੱਖ ਸ੍ਵਾਹ,
ਵਾ:-ਲਾਹਨਤਾਂ ਰੂਪੀ ਸ੍ਵਾਹ ਪਵੇਗੀ॥ ੩ ॥

ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਇਹ ਗੱਲ ਵਿਰਤੀ=ਵਰਤੀ ਹੈ, ਓਹੀ ਗੁਰੂ ਨਾਨਕ ਦੇਵ ਜੀ ਜਾਣਦੇ ਹਨ ਤਾਂ ਤੇ ਜਗਤ ਗੁਰੂ ਜੋ ਗੁਰ ਨਾਨਕ ਦੇਵ ਜੀ ਹਨ ਉਨ੍ਹਾਂ ਤੋਂ ਪੁੱਛ ਕੇ ਗੁਰਿਆਈ ਗੱਦੀ ਦਾ ਵਿਚਾਰ ਕਰੋ। ਕਿ ਗੁਰਤਾ ਗੱਦੀ ਕਿਵੇਂ ਮਿਲਦੀ ਹੈ।

ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ
ਹਰਿ ਸੇਵਕ ਭਾਇ ਨਿਸਤਾਰਾ ॥ ੪ ॥ ੨ ॥ ੯ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਹਿੰਦੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਡੇ ਤਕ ਜੋ ਚਾਰ ਪੁਸ਼ਤਾਂ ਹਨ ਇਨ੍ਹਾਂ ਚਾਰ ਪੀੜ੍ਹੀਆਂ ਤਕ ਆਦਿ ਜੁਗਾਦਿ=ਸਦਾ ਸਦਾ ਈਰਖਾ ਬਖੀਲੀ ਕਰਨ ਨਾਲ ਗੁਰੂ ਪਦ ਕਿਸੇ ਨੇ ਨਹੀਂ ਪਾਇਆ। ਜਿਨ੍ਹਾਂ ਨੇ ਸੇਵਕੀ ਭਾਵ ਧਾਰਿਆ ਹੈ ਉਨ੍ਹਾਂ ਦਾ ਹਰੀ ਨੇ ਨਿਸਤਾਰਾ ਕੀਤਾ ਹੈ॥ ੪ ॥ ੨ ॥ ੯ ॥

ਸੂਹੀ ਮਹਲਾ ੪ ॥ ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥

ਜਿਥੇ ਭੀ ਹਰੀ ਨੂੰ ਆਰਾਧੀਐ=ਯਾਦ ਕਰੀਏ ਹਰੀ ।ਮੱਤਰ ਓਥੇ ਹੀ ਸਹਾਈ ਹੁੰਦਾ ਹੈ।

ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ ॥ ੧ ॥

ਗੁਰਾਂ ਦੀ ਕਿਰਪਾ ਨਾਲ ਹਰੀ ਨਾਮ ਮਨ ਵਿਚ ਵੱਸਦਾ ਹੈ, ਹੋਰ ਕਿਸੇ ਵਿਧੀ ਕਰਕੇ ਭੀ ਲਿਆ ਜਾਂਦਾ॥ ੧ ॥

[ਪੰਨਾ ੭੩੪]

ਹਰਿ ਧਨੁ ਸੰਚੀਐ ਭਾਈ ॥
ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥ ੧ ॥ ਰਹਾਉ ॥

ਹੇ ਭਾਈ ! ਹਰੀ ਨਾਮ ਧਨ ਨੂੰ ਸੰਚੀਐ=ਕੱਠਾ ਕਰੀਏ। ਜਿਹੜਾ ਹਰੀ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਹਰ ਇਕ ਦੁੱਖ ਵੇਲੇ ਸਖਾਈ=ਮਿੱਤਰ, ਵਾ:-ਸਹਾਈ ਹੁੰਦਾ ਹੈ॥ ੧ ॥ ਰਹਾਉ ॥

ਸਤਸੰਗਤੀ ਸੰਗਿ ਹਰਿ ਧਨੁ ਖਟੀਐ
ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥

ਸਤਸੰਗਤ ਨਾਲ ਮਿਲ ਕੇ ਹਰੀ ਨਾਮ ਧਨ ਨੂੰ ਖੱਟੀਦਾ ਹੈ, ਹੋਰ ਥੈ=ਹੋਰ ਥਾਂ ਤੋਂ ਹੋਰਤੁ ਉਪਾਇ=ਹੋਰ ਕਿਸੇ ਜਤਨ ਨਾਲ ਹਰੀ ਨਾਮ ਧਨ ਨੂੰ ਕਿਸੇ ਨੇ ਭੀ ਨਹੀਂ ਪਾਇਆ।

ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ
ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ ॥ ੨ ॥

ਜੋ ਹਰੀ ਨਾਮ ਰਤਨ ਦਾ ਵਪਾਰੀ ਹੈ, ਓਹੀ ਹਰੀ ਨਾਮ ਰੂਪ ਰਤਨ=ਅਮੋਲਕ ਧਨ ਨੂੰ ਵਿਹਾਝੇ= ਖਰੀਦਦਾ ਹੈ, ਜੋ ਕੱਚੇ ਧਨ ਦੇ ਵਪਾਰੀ ਹਨ ਵਾ ਕਿ=ਉਹਨਾਂ ਦੇ ਪਾਸੋਂ,

ਵਾ:-ਉਹਨਾਂ ਦੇ ਵਾਕਿ=ਬਚਨਾਂ ਨਾਲ ਹਰੀ ਨਾਮ ਧਨ ਲਿਆ ਹੀ ਨਹੀਂ ਜਾਂਦਾ॥ ੨ ॥

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ
ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥

ਹਰੀ ਨਾਮ ਧਨ ਰਤਨ ਜਵੇਹਰ ਮਾਣਕਾਂ ਵਾਂਗ ਅਮੋਲਕ ਹੈ,

. ਅਥਵਾ:-ਹਰੀ ਨਾਮ ਧਨ ਕਰਕੇ ਰਤਨ=ਵੈਰਾਗ, ਜਵੇਹਰੁ=ਗਿਆਨ, ਮਾਣਕੁ=ਸ੍ਰਵਨ ਮੰਨਣ ਨਿਧਿਆਸਣ ਆਦਿਕਾਂ ਦੀ ਪ੍ਰਾਪਤੀ ਹੁੰਦੀ ਹੈ, ਇਸ ਮਨੁੱਖਾ ਜਨਮ ਰੂਪ ਅੰਮ੍ਰਿਤ ਵੇਲੇ ਰੂਪ ਵੱਤਰ ਵਿਚ

ਵਾ:-ਪ੍ਰਤੱਖ ਅੰਮ੍ਰਿਤ ਵੇਲੇ ਜਾਗਣ ਰੂਪ ਵਤ੍ਰ ਵਿਚ ਹਰੀ ਦੇ ਭਗਤਾਂ ਨੇ ਹਰਿ ਹਰਿ ਦੇ ਨਾਮ ਰੂਪ ਧਨ ਨਾਲ ਲਿਵ ਲਗਾਈ ਹੋਈ ਹੈ।

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥

ਅੰਮ੍ਰਿਤ ਵੇਲੇ ਰੂਪ ਵੱਤ੍ਰ ਦਾ ਬੀਜਿਆ ਹੋਇਆ ਜੋ ਹਰੀ ਨਾਮ ਰੂਪ ਧਨ ਹੈ ਉਸ ਨੂੰ ਭਗਤ ਲੋਕ ਆਪ ਖਾ ਰਹੇ ਹਨ ਤੇ ਹੋਰਨਾਂ ਦੇ ਵਾਸਤੇ ਖਰਚ ਰਹੇ ਹਨ, ਪਰ ਉਹ ਹਰੀ ਨਾਮ ਰੂਪ ਧਨ ਨਿਖੁਟੈ ਨਾਹੀ=ਮੁੱਕਦਾ ਨਹੀਂ।

ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥ ੩ ॥

ਭਗਤਾਂ ਨੂੰ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਹਰੀ ਨਾਮ ਧਨ ਦੀ ਹੀ ਵਡਿਆਈ ਮਿਲੀ ਹੈ॥ ੩ ॥

ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ
ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ
ਜਮਦੂਤੈ ਕਿਸੈ ਕਾ ਗਵਾਇਆ ਨ ਜਾਈ॥

ਹਰੀ ਨਾਮ ਧਨ ਸਦਾ ਹੀ ਨਿਰਭਉ ਹੈ, ਫਿਰ ਇਹ ਸੱਚਾ ਹਰੀ ਨਾਮ ਧਨ ਸਦਾ ਹੀ ਅਸਥਿਰੁ=ਅਚੱਲ ਰਹਿੰਦਾ ਹੈ, ਇਹ ਹਰੀ ਨਾਮ ਧਨ ਅੱਗ, ਚੋਰ ਪਾਣੀ ਤੇ ਜਮਦੂਤ ਆਦਿਕਾਂ ਵਿਚੋਂ ਕਿਸੇ ਦਾ ਗਵਾਇਆ ਹੋਇਆ ਭੀ ਨਵਿਰਤ ਨਹੀਂ ਹੋ ਜਾਂਦਾ।

ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ॥ ੪ ॥

ਹਰੀ ਨਾਮ ਧਨ ਨੂੰ ਚੁੱਕਣ ਵਾਸਤੇ ਉਚਕਾ=ਠੱਗ ਨੇੜੇ ਹੀ ਨਹੀਂ ਆਉਂਦਾ ਅਤੇ ਜਮ ਜੋ ਜਾਗਾਤੀ=ਮਸੂਲੀਆ ਹੈ, ਉਹ ਭੀ ਇਸ ਧਨ ਨੂੰ ਡੰਨ ਨਹੀਂ ਲਗਾ ਸਕਦਾ॥ ੪॥ ਪਾਠ "ਉਚੱਕਾ" ਕਰੋ ਜੀ

ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ
ਤਿਨਾ ਇਕ ਵਿਖ ਨਾਲਿ ਨ ਜਾਈ॥

ਸਾਕਤੀ=ਮਨਮੁਖਾਂ ਨੇ ਪਾਪ ਕਰਮਾਂ ਨੂੰ ਕਰਕੇ ਜੋ ਬਿਖਿਆ=ਵਿਸ਼ਿਆਂ ਦੀ ਉਤਪੱਤੀ ਕਰਨ ਵਾਲਾ ਬਿਖਿਆ=ਮਾਇਆ ਰੂਪ ਧਨ ਸੰਚਿਆ=ਇਕੱਠਾ ਕੀਤਾ ਹੈ, ਉਹ ਧਨ ਉਹਨਾਂ ਦੇ ਨਾਲ ਇਕ ਵਿਖ=ਕਦਮ ਭਰ ਭੀ ਨਹੀਂ ਜਾਂਦਾ।

ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ
ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥ ੫ ॥

ਜਦ ਹੱਥ ਵਿਚੋਂ ਉਹ ਧਨ ਨਿਕਲ ਗਿਆ ਤਾਂ ਇਸ ਹਲਤੈ=ਲੋਕ ਵਿਚ ਸਾਕਤ=ਮਾਇਆਧਾਰੀ ਪੁਰਸ਼ ਦੁਹੇਲੇ ਭਏ=ਦੁਖੀ ਹੋ ਗਏ, ਅੱਗੇ ਪਲਤਿ=ਪ੍ਰਲੋਕ ਵਿਚ ਭੀ ਮਨਮੁਖ ਪੁਰਸ਼ ਹਰੀ ਦੀ ਦਰਗਾਹ ਵਿਚ ਢੋਈ= ਆਸਰਾ ਵਾ:-ਢੁਕਣਾ ਨਹੀਂ ਪਾਉਂਦੇ॥ ੫ ॥

ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ
ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥

ਹੇ ਸੰਤੋ ! ਇਸ ਹਰੀ ਨਾਮ-ਧਨ ਦਾ ਸਾਹੁ=ਮਾਲਕ ਉਹ ਹਰੀ ਆਪ ਹੀ ਹੈ, ਜਿਸ ਨੂੰ ਕਿਰਪਾ ਕਰਕੇ ਦੇਂਦਾ ਹੈ ਓਹੀ ਹਰੀ ਨਾਮ-ਧਨ ਦੀ ਖੇਪ ਨੂੰ ਲੱਦ ਕੇ ਚਲਾਉਂਦਾ ਹੈ।

ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ
ਜਨ ਨਾਨਕ ਕਉ ਗੁਰਿ ਸੋਝੀ ਪਾਈ॥ ੬ ॥ ੩ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ ਜਨ ਨੂੰ ਗੁਰਾਂ ਨੇ ਇਹ ਸੋਝੀ=ਗਿਆਤ ਪਾਈ ਹੈ ਕਿ ਇਸ ਹਰੀ ਨਾਮ-ਧਨ ਦਾ ਤੋਟਾ=ਘਾਟਾ ਕਦੇ ਨਹੀਂ ਆਉਂਦਾ॥ ੬ ॥ ੩ ॥ ੧੦ ॥

ਸੂਹੀ ਮਹਲਾ ੪ ॥

ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ॥

ਉਹ ਹਰੀ ਜਿਸ ਉਤੇ ਪ੍ਰਸੰਨ ਹੁੰਦਾ ਹੈ ਓਹੀ ਹਰੀ ਦੇ ਗੁਣਾਂ ਨੂੰ ਰਵੈ=ਉਚਾਰਦਾ ਹੈ, ਉਹ ਅਸਲ ਭਗਤ ਹੈ ਅਤੇ ਉਹ ਹਰ ਜਗ੍ਹਾ ਪ੍ਰਮਾਨਿਕ ਹੁੰਦਾ ਹੈ। ਵਾ:-ਉਸੇ ਦਾ ਮਨੁੱਖਾ ਜਨਮ ਪਰਵਾਨੁ=ਸਫਲ ਹੈ।

ਤਿਸ ਕੀ ਮਹਿਮਾ ਕਿਆ ਵਰਨੀਐ
ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ॥ ੧ ॥

ਉਸ ਦੀ ਮਹਿਮਾ ਕੀ ਵਰਣਨ ਕੀਤੀ ਜਾ ਸਕਦੀ ਹੈ ਭਾਵ ਨਹੀਂ ਕਥਨ ਕੀਤੀ ਜਾ ਸਕਦੀ, ਜਿਸ ਦੇ ਹਿਰਦੇ ਵਿਚ ਹਰੀ ਭਗਵਾਨ ਪੁਰਖ ਵਸਿਆ ਹੈ॥ ੧ ॥

ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ॥੧ ॥ਰਹਾਉ॥

ਹੇ ਜੀਵ ! ਗੋਵਿੰਦ ਦੇ ਗੁਣ ਗਾਉਣੇ ਚਾਹੀਦੇ ਹਨ, ਅਤੇ ਸਤਿਗੁਰਾਂ ਦੇ ਚਰਨਾਂ ਨਾਲ ਧਿਆਨ ਲਗਾਉਣਾ ਚਾਹੀਦਾ ਹੈ॥ ੧ ॥ ਰਹਾਉ॥

ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ
ਜਿਸ ਤੇ ਪਾਈਐ ਪਰਮ ਨਿਧਾਨੁ॥

ਉਹ ਸੱਚੇ ਸਤਿਗੁਰੂ ਹਨ ਅਤੇ ਸਤਿਗੁਰਾਂ ਦੀ ਉਹ ਸੇਵਾ ਕੀਤੀ ਹੋਈ ਸਫਲ ਹੈ, ਜਿਸ ਤੋਂ ਪਰਮ ਨਿਧਾਨੁ=ਮੁਕਤ ਪਦਾਰਥ ਪਾਈਦਾ ਹੈ।

ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ
ਸੋ ਨਿਹਫਲ ਸਭੁ ਅਗਿਆਨੁ ॥ ੨ ॥

ਜੋ ਸਾਕਤ=ਮਨਮੁਖ ਪੁਰਸ਼ ਦ੍ਵੈਤ ਭਾਵ ਵਿਚ ਲੱਗੇ ਹੋਏ ਅਰਥਿ=ਪਦਾਰਥਾਂ ਦੀ ਕਾਮਨਾ ਕਰਦੇ ਹਨ, ਤੇ ਵਿਸ਼ਿਆਂ ਰੂਪ ਦੁਰਗੰਧ ਨੂੰ ਸੇਂਵਦੇ ਹਨ, ਉਹਨਾਂ ਅਗਿਆਨੀਆਂ ਦੇ ਸਾਰੇ ਜਤਨ (ਉੱਦਮ) ਕਰਨੇ ਨਿਸਫਲ ਹਨ॥ ੨ ॥

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ
ਸੋ ਪਾਵੈ ਦਰਗਹ ਮਾਨੁ ॥

ਜਿਸ ਪੁਰਸ਼ ਨੂੰ ਗੁਰਾਂ ਉਤੇ ਪਰਤੀਤਿ=ਭਰੋਸਾ ਹੁੰਦਾ ਹੈ, ਉਸ ਦਾ ਗਾਵਿਆ ਹੋਇਆ ਥਾਇ ਪਾਵੈ=ਕਬੂਲ ਪੈਂਦਾ ਹੈ, ਅਤੇ ਓਹੀ ਪੁਰਸ਼ ਦਰਗਾਹ ਵਿਚ ਮਾਨੁ=ਆਦਰ ਪਾਉਂਦਾ ਹੈ।

ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ੩ ॥

ਜੋ ਪਰਤੀਤੀ=ਸ਼ਰਧਾ ਤੋਂ ਬਿਨਾਂ ਕਪਟੀ ਪੁਰਸ਼ ਕੂੜੀ ਕੂੜੀ=ਝੂਠੀ ਮੂਠੀ ਅੱਖਾਂ ਮੀਟਦੇ ਹਨ, ਭਾਵ ਬਗਲ ਸਮਾਧੀ ਲਗਾਉਂਦੇ ਹਨ, ਉਹਨਾਂ ਦਾ ਝੂਠਾ ਗੁਮਾਨੁ=ਹੰਕਾਰ ਸਾਰਾ ਹੀ ਉੱਤਰ ਜਾਏਗਾ॥ ੩ ॥

ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥

ਜੀਵ ਦੇ ਪਾਸ ਪਿੰਡੁ=ਸਰੀਰ ਆਦਿਕ ਜਿੰਨਾ ਕੁਝ ਦਿੱਤਾ ਹੋਇਆ ਹੈ, ਹੇ ਭਗਵਾਨ ! ਉਹ ਸਭ ਕੁਝ ਤੇਰਾ ਦਿੱਤਾ ਹੋਇਆ ਹੈ, ਤੂੰ ਅੰਤਰਜਾਮੀ ਪੁਰਖ ਹੈਂ।

ਦਾਸਨਿ ਦਾਸੁ ਕਹੈ ਜਨੁ ਨਾਨਕੁ
ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥ ੪ ॥ ੪ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਦਾਸਾਂ ਦਾ ਦਾਸ ਹੋ ਕੇ ਕਹਿੰਦਾ ਹਾਂ ਜੈਸਾ ਤੂੰ ਕਥਨ ਕਰਾਉਂਦਾ ਹੈ ਮੈਂ ਓਹੋ ਜਿਹਾ ਹੀ ਵਖਿਆਨੁ=ਕਥਨ ਕਰਦਾ ਹੈ॥ ੪ ॥ ੪ ॥ ੧੧ ॥

[ਪੰਨਾ ੭੩੫]

ਸੂਹੀ ਮਹਲਾ ੪ ਘਰੁ ੭
ੴ ਸਤਿਗੁਰ ਪ੍ਰਸਾਦਿ ॥

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥

ਹੇ ਹਰੀ ! ਆਪ ਜੀ ਦੇ ਕਿਹੜੇ ਕਿਹੜੇ ਗੁਣ ਮੈਂ ਕਹਿ ਕਹਿ ਕੇ ਗਾਵਾਂ,
ਹੇ ਸਾਹਿਬ ! ਤੂੰ ਸ਼ੁਭ-ਗੁਣਾਂ ਦਾ ਨਿਧਾਨਾ=ਖਜ਼ਾਨਾ ਹੈਂ।

ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥ ੧ ॥

ਹੇ ਠਾਕੁਰ ! ਮੈਂ ਆਪ ਜੀ ਦੀ ਮਹਿਮਾ ਨੂੰ ਬਰਨਿ=ਕਥਨ ਨਹੀਂ ਕਰ ਸਕਦਾ,
ਹੇ ਭਗਵਾਨ ! ਤੂੰ ਭਾਗਵਾਨ ਹੈਂ ਤੇ ਸਾਰਿਆਂ ਤੋਂ ਉੱਚਾ ਹੈਂ॥ ੧ ॥

ਮੈ ਹਰਿ ਹਰਿ ਨਾਮੁ ਧਰ ਸੋਈ ॥

ਹਰਿ ਹਰਿ ਨਾਮ ਦਾ ਜੋ ਸਿਮਰਨ ਹੈ ਓਹੀ ਮੇਰਾ ਧਰ=ਆਸਰਾ ਹੈ।

ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ
ਮੈ ਤੁਝ ਬਿਨੁ ਅਵਰੁ ਨ ਕੋਈ ॥ ੧ ॥ ਰਹਾਉ ॥

ਹੇ ਮੇਰੇ ਸਾਹਿਬ=ਮਾਲਕ ਪ੍ਰਭੂ ! ਜਿਵੇਂ ਚਾਹੋ ਤਿਵੇਂ ਰੱਖ ਲਓ, ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ ਹੈ॥ ੧ ॥ ਰਹਾਉ ॥

ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥

ਹੇ ਮੇਰੇ ਸੁਆਮੀ ! ਮੇਰਾ ਤਾਣੁ=ਬਲ (ਜ਼ੋਰ) ਤੇ ਦੀਬਾਣੁ=ਆਸਰਾ ਤੂੰ ਹੀ ਹੈਂ, ਮੈਂ ਆਪ ਜੀ ਦੇ ਅੱਗੇ ਹੀ ਅਰਦਾਸਿ=ਬੇਨਤੀ ਕਰਦਾ ਹਾਂ।

ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥ ੨ ॥

ਮੈਨੂੰ ਹੋਰ ਕੋਈ ਥਾਂ ਨਹੀਂ ਦਿੱਸਦੀ ਜਿਸ ਦੇ ਪਹਿ=ਪਾਸ ਬੇਨਤੀ ਕਰਾਂ, ਮੇਰਾ ਦੁੱਖ ਸੁਖ ਤੇਰੇ ਪਾਸ ਹੀ ਸੁਣਿਆ ਜਾਂਦਾ ਹੈ॥ ੨ ॥ ਫੇਰ ਇਹ ਤੇਰੀ ਪ੍ਰਤੱਖ ਸਮਰੱਥਤਾ ਹੈ:-

ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ ॥

ਧਰਤੀ ਵਿਚ ਪਾਣੀ ਅਤੇ ਪਾਣੀ ਵਿਚ ਧਰਤੀ ਦੇਖੀ ਜਾਂਦੀ ਹੈ, ਪੁਨਾ ਕਾਸਟ=ਕਾਠ ਭਾਵ ਲੱਕੜਾਂ ਵਿਚ ਅੱਗ ਰੱਖੀ ਹੋਈ ਹੈ।

ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥ ੩ ॥

ਜੰਗਲ ਵਿਚ ਜਿਥੇ ਰਿਖੀ ਆਪ ਤਪ ਕਰਦੇ ਹਨ ਓਥੇ ਬੱਕਰੀ ਤੇ ਸ਼ੇਰ ਇਕ ਥਾਂ ਇਕੱਠੇ ਰੱਖੇ ਹੋਏ ਹਨ। ਪਰ ਆਪਸ ਵਿਚ ਇਕ ਦੂਜੇ ਨਾਲ ਕੋਈ ਵਿਰੋਧ ਨਹੀਂ ਕਰਦਾ।

ਏਸੇ ਤਰ੍ਹਾ ਬੱਕਰੀ ਰੂਪ ਧਰਤੀ ਤੇ ਸ਼ੇਰ ਰੂਪ ਜਲ ਦੋਵੇਂ ਇਕੱਠੇ ਰੱਖੇ ਹੋਏ ਹਨ ਲੇਕਿਨ ਜਲ ਧਰਤੀ ਨੂੰ ਨਾ ਗਾਲਦਾ ਹੈ ਨਾ ਡੋਬਦਾ ਹੈ, ਫੇਰ ਬੱਕਰੀ ਦੇ ਸਮਾਨ ਲੱਕੜ ਹੈ ਤੇ ਸ਼ੇਰ ਸਮਾਨ ਅੱਗ ਹੈ ਪਰ ਅੱਗ ਆਪਣੇ ਆਪ ਲੱਕੜ ਨੂੰ ਨਹੀਂ ਸਾੜਦੀ ਇਸ ਤਰ੍ਹਾਂ ਆਪ ਜੀ ਦੀ ਸਮਰੱਥਾ ਵੇਖ ਕੇ ਮੈਂ ਆਪਣੇ ਮਨ ਨੂੰ ਸਮਝਾਉਂਦਾ ਹਾਂ, ਹੇ ਮਨ ! ਹਰੀ ਨੂੰ ਜਪ ਕੇ ਭਰਮ, ਅਤੇ ਡਰ ਨੂੰ ਦੂਰ ਕਰ ਦੇਹ॥ ੩ ॥

ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ ॥

ਹੇ ਸੰਤੋ ! ਤੁਸੀਂ ਭੀ ਹਰੀ ਦੀ ਵਡਿਆਈ ਨੂੰ ਵੇਖਣਾ ਕਰੋ,
ਉਹ ਹਰੀ ਨਿਮਾਣਿਆਂ ਨੂੰ ਮਾਣ ਦਿਵਾਉਂਦਾ ਹੈ।

ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ
ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ ॥ ੪ ॥ ੧ ॥ ੧੨ ॥

ਜਿਵੇਂ ਧਰਤੀ ਨੀਵੀਂ ਹੋ ਕੇ ਸਭ ਦੇ ਪੈਰਾਂ ਹੇਠਾਂ ਰਹਿੰਦੀ ਹੈ ਫਿਰ ਧੂੜੀ ਰੂਪ ਹੋ ਕੇ ਉਹ ਸਭ ਦੇ ਸਿਰ ਉਪਰ ਆ ਜਾਂਦੀ ਹੈ, ਗੁਰੂ ਜੀ ਕਥਨ ਕਰਦੇ ਹਨ-ਤਿਵੇਂ ਸਾਧ ਜਨ ਸਭ ਤੋਂ ਨੀਵਾਂ ਹੋ ਕੇ ਰਹਿੰਦੇ ਹਨ ਏਸ ਕਰਕੇ ਪ੍ਰਭੂ ਨੇ ਸਾਰਾ ਜਗਤ ਉਹਨਾਂ ਦੇ ਚਰਨੀਂ ਲਿਆ ਪਾਇਆ ਹੈ॥ ੪ ॥ ੧ ॥ ੧੨ ॥

ਸੂਹੀ ਮਹਲਾ ੪ ॥

ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ ਕਿਆ ਤੁਧੁ ਪਹਿ ਆਖਿ ਸੁਣਾਈਐ ॥

ਹੇ ਕਰਤਾ ! ਤੂੰ ਆਪ ਹੀ ਸਭ ਕੁਝ ਜਾਣਦਾ ਹੈਂ, ਆਪ ਜੀ ਦੇ ਪਾਸ ਕੀ ਆਖ ਕੇ ਸੁਣਾਉਣਾ ਕਰੀਏ।

ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਜੇਹਾ ਕੋ ਕਰੇ ਤੇਹਾ ਕੋ ਪਾਈਐ ॥ ੧ ॥

ਜੋ ਬੁਰਾ ਭਲਾ ਕਰਮ ਹੈ ਉਹ ਸਭ ਕੁਝ ਆਪ ਜੀ ਨੂੰ ਸੁਝ ਰਿਹਾ ਹੈ, ਜੇਹੋ ਜਿਹਾ ਕੋਈ ਕਰਮ ਕਰਦਾ ਹੈ ਤੇਹੋ ਜਿਹਾ ਕੋਈ ਫਲ ਪਾ ਲੈਂਦਾ ਹੈ॥ ੧ ॥

ਮੇਰੇ ਸਾਹਿਬ ਤੂੰ ਅੰਤਰ ਕੀ ਬਿਧਿ ਜਾਣਹਿ ॥

ਹੇ ਮੇਰੇ ਸਾਹਿਬ=ਮਾਲ਼ਕ ਪ੍ਰਭੂ ! ਤੂੰ ਸਾਡੇ ਅੰਦਰ ਦੀ ਬਿਧਿ=ਹਾਲਤ ਜਾਣਦਾ ਹੈਂ।

ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਤੁਧੁ ਭਾਵੈ ਤਿਵੈ ਬੁਲਾਵਹਿ ॥ ੧ ॥ ਰਹਾਉ ॥

ਆਪ ਜੀ ਨੂੰ ਸਾਡਾ ਕੀਤਾ ਹੋਇਆ ਬੁਰਾ ਭਲਾ ਕਰਮ ਸਭ ਕੁਝ ਸੁਝ ਰਿਹਾ ਹੈ, ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਤੂੰ ਸਾਡੇ ਪਾਸੋਂ ਬੁਲਾਉਂਦਾ ਹੈਂ॥ ੧ ॥ ਰਹਾਉ ॥

ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥

ਹੇ ਹਰੀ ! ਆਪ ਜੀ ਨੇ ਸਭ ਜੂਨੀਆਂ ਦੇ ਸਰੀਰਾਂ ਵਿਚ ਮਾਇਆ ਦਾ ਮੋਹ ਤਾਂ ਇਕੋ ਜੇਹਾ ਕੀਤਾ ਹੋਇਆ ਹੈ, ਪਰ ਇਸ ਮਨੁੱਖਾ ਦੇਹੀ ਵਿਚ ਤੁਸਾਂ ਨੇ ਆਪਣੀ ਭਗਤੀ ਕਰਵਾਈ ਹੈ।

ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ ॥ ੨ ॥

ਇਕਨਾਂ ਨੂੰ ਸਤਿਗੁਰਾਂ ਨਾਲ ਮੇਲ ਕੇ ਆਤਮ ਸੁਖ ਦੇਂਦਾ ਹੈਂ, ਅਤੇ ਇਕਨਾਂ ਮਨਮੁਖਾਂ ਨੂੰ ਮਾਇਆ ਦੇ ਧੰਦਿਆਂ ਵਿਚ ਪਿਟਵਾਉਂਦਾ ਹੈਂ॥ ੨ ॥

ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ ਤੁਧੁ ਸਭਨਾ ਸਿਰਿ ਲਿਖਿਆ ਲੇਖੁ ॥

ਸਭ ਕੋਈ ਤੇਰਾ ਪੈਦਾ ਕੀਤਾ ਹੋਇਆ ਹੈ, ਤੂੰ ਸਾਰਿਆਂ ਦਾ ਕਰਨੇਹਾਰ ਹੈਂ,
ਹੇ ਮੇਰੇ ਕਰਤੇ ! ਤੈਂਨੇ ਹੀ ਸਾਰਿਆਂ ਦੇ ਸਿਰ ਉੱਤੇ ਲੇਖ ਲਿਖਿਆ ਹੈ।

ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ ਬਿਨੁ ਨਦਰੀ ਨਾਹੀ ਕੋ ਭੇਖੁ ॥ ੩ ॥

ਜੇਹੋ ਜੇਹੀ ਤੂੰ ਨਿਗਾਹ ਕਰਦਾ ਹੈਂ, ਤੇਹੋ ਜੇਹਾ ਕੋਈ ਹੋ ਜਾਂਦਾ ਹੈ, ਕੋਈ ਭੀ ਭੇਖ,

ਵਾ:-ਕੋਈ ਭੀ ਭੇਖੁ=ਸਰੀਰ,

ਵਾ:-ਕੋਈ ਭੀ ਭੇਖੁ=ਕਰਮ ਆਪ ਜੀ ਦੀ ਨਿਗਾਹ ਤੋਂ ਬਾਹਰ ਨਹੀਂ ਹੈ॥ ੩॥

ਤੇਰੀ ਵਡਿਆਈ ਤੂੰਹੈ ਜਾਣਹਿ ਸਭ ਤੁਧਨੋ ਨਿਤ ਧਿਆਏ॥

ਆਪ ਜੀ ਦੀ ਜੋ ਵਡਿਆਈ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ, ਦੁਨੀਆਂ ਦੇ ਸਾਰੇ ਲੋਕ ਨਿਤਾਪ੍ਰਤੀ ਆਪ ਜੀ ਨੂੰ ਧਿਆਉਂਦੇ ਹਨ।

ਜਿਸ ਨੋ ਤੁਧੁ ਭਾਵੈ ਤਿਸ ਨੋ ਤੂੰ ਮੇਲਹਿ
ਜਨ ਨਾਨਕ ਸੋ ਥਾਇ ਪਾਏ॥ ੪॥ ੨॥ ੧੩॥

ਜਿਸ ਨੂੰ ਤੂੰ ਭਾਵੈ=ਚਾਹੁੰਦਾ ਹੈਂ ਉਸ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ, ਗੁਰੂ ਜੀ ਕਥਨ ਕਰਦੇ ਹਨ- ਓਹੀ ਪੁਰਸ਼ ਆਪਣੇ ਸਰੂਪ ਥਾਂ ਨੂੰ ਪਾਉਂਦਾ ਹੈ॥ ੪॥ ੨॥ ੧੩॥

ਸੂਹੀ ਮਹਲਾ ੪॥

ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ॥

ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਮੇਰਾ ਹਰਿ ਹਰਿ ਪ੍ਰਭੂ ਵਸਿਆ ਹੈ, ਪਰਮਾਤਮਾ ਨੇ ਉਹਨਾਂ ਦੇ ਸਾਰੇ ਰੋਗ ਗਵਾਏ=ਦੂਰ ਕਰ ਦਿੱਤੇ ਹਨ।

ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ
ਤਿਨ ਪਵਿਤੁ ਪਰਮ ਪਦੁ ਪਾਏ॥ ੧॥

ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਇਆ ਹੈ ਉਹ ਮੁਕਤ ਰੂਪ ਹੋਏ ਹਨ, ਅਤੇ ਪਵਿੱਤ੍ਰ ਪਰਮ-ਪਦ ਰੂਪ ਪਰਮਾਤਮਾ ਨੂੰ ਪਾਇਆ ਹੈ॥ ੧॥

ਮੇਰੇ ਰਾਮ ਹਰਿ ਜਨ ਆਰੋਗ ਭਏ॥

ਹੇ ਮੇਰੇ ਪਿਆਰੇ ਭਾਈ ! ਹਰੀ ਦੇ ਸੇਵਕ ਜਨ ਰੋਗਾਂ ਤੋਂ ਰਹਿਤ ਹੋਏ ਹਨ।

ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ
ਤਿਨ ਕੇ ਹਉਮੈ ਰੋਗ ਗਏ॥ ੧॥ ਰਹਾਉ॥

ਗੁਰਾਂ ਦੇ ਉਪਦੇਸ਼ ਦੁਆਰਾ ਜਿਨ੍ਹਾਂ ਨੇ ਮੇਰੇ ਹਰਿ ਹਰਿ ਨੂੰ ਜਪਿਆ ਹੈ, ਉਹਨਾਂ ਦੇ ਅੰਦਰੋਂ ਹਉਮੈ ਆਦਿਕ ਰੋਗ ਨਵਿਰਤ ਹੋ ਗਏ ਹਨ॥ ੧॥ ਰਹਾਉ॥

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥

ਬ੍ਰਹਮਾ, ਵਿਸ਼ਨੂੰ, ਮਹਾਦੇਉ=ਸ਼ਿਵਜੀ ਇਹ ਭੀ ਤਿੰਨਾਂ ਗੁਣਾਂ ਕਰ ਕੇ ਰੋਗੀ ਹਨ, ਇਸ ਲਈ ਇਨ੍ਹਾਂ ਨੇ ਸਾਰੀ ਕਾਰ ਹਉਮੈਂ ਵਿਚ ਹੀ ਕਮਾਈ=ਕੀਤੀ ਹੈ।

ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ॥ ੨॥

ਜਿਸ ਪਰਮਾਤਮਾ ਨੇ ਇਹਨਾਂ ਨੂੰ ਪੈਦਾ ਕੀਤਾ ਹੈ, ਉਸ ਨੂੰ ਇਹ ਵਿਚਾਰੇ ਚੇਤਦੇ ਨਹੀਂ ਹਨ, ਉਸ ਹਰੀ

ਦੀ ਸੋਝੀ=ਗਿਆਤ ਗੁਰਮੁਖਾਂ ਨੇ ਪਾਈ ਹੈ॥ ੨॥

ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥

ਹੰਗਤਾ-ਮਮਤਾ ਰੂਪੀ ਰੋਗ ਵਿਚ ਸਾਰਾ ਜਗਤ ਬਿਆਪਿਆ=ਲੱਗ ਰਿਹਾ ਹੈ, ਜਿਨ੍ਹਾਂ ਨੂੰ ਇਹ ਰੋਗ ਹੈ, ਉਨ੍ਹਾਂ ਨੂੰ ਜਨਮ ਮਰਣ ਰੂਪ ਵੱਡਾ ਭਾਰੀ ਦੁੱਖ ਲੱਗਾ ਹੈ।

[ਪੰਨਾ ੭੩੬]

ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥ ੩॥

ਗੁਰਾਂ ਦੀ ਪਰਸਾਦੀ=ਕਿਰਪਾ ਕਰ ਕੇ ਕੋਈ ਵਿਰਲਾ ਹੀ ਇਸ ਰੋਗ ਤੋਂ ਛੁਟਿਆ ਹੈ, ਜੋ ਛੁੱਟਿਆ ਹੈ ਮੈਂ ਉਸ ਪੁਰਸ਼ ਤੋਂ ਬਲਿਹਾਰ ਜਾਂਦਾ ਹਾਂ॥ ੩॥

ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ॥

ਜਿਸ ਨੇ ਇਹ ਸ੍ਰਿਸ਼ਟੀ ਸਾਜੀ=ਬਣਾਈ ਹੈ ਓਹੀ ਹਰੀ ਇਸ ਦੇ ਭੇਦ ਨੂੰ ਜਾਣਦਾ ਹੈ, ਉਸ ਹਰੀ ਦਾ ਰੂਪ ਅਪਾਰੋ=ਪਾਰਾਵਾਰ ਤੋਂ ਰਹਿਤ ਹੋਣ ਕਰ੍ਕੇ ਬਿਅੰਤ ਹੈ।

ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ॥ ੪॥ ੩॥ ੧੪॥

ਗੁਰੂ ਜੀ ਕਥਨ ਕਰਦੇ ਹਨ-ਉਹ ਹਰੀ ਆਪ ਹੀ ਇਸ ਜਗਤ ਰੂਪੀ ਖੇਡ ਨੂੰ ਵੇਖ ਕੇ ਬਿਗਸੈ=ਪ੍ਰਸੰਨ ਹੁੰਦਾ ਹੈ, ਉਸ ਬ੍ਰਹਮ ਦਾ ਵਿਚਾਰ ਗੁਰਮੁਖਿ=ਗੁਰਾਂ ਦੁਆਰੇ ਹੀ ਪ੍ਰਾਪਤ ਹੁੰਦਾ ਹੈ। ਇਸ ਕਰ ਕੇ ਤੁਸੀਂ ਗੁਰਮੁਖ ਬਣ ਕੇ ਗੁਰਾਂ ਦੁਆਰੇ ਉਸ ਬ੍ਰਹਮ ਦਾ ਵਿਚਾਰ ਕਰੋ॥ ੪॥ ੩॥ ੧੪॥

ਸੂਹੀ ਮਹਲਾ ੪॥

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥

ਹੇ ਰਜਾਈ=ਪਰਮਾਤਮਾ ! ਸਾਰਾ ਕਰਣਾ=ਪ੍ਰਪੰਚ ਤੁਸਾਂ ਨੇ ਆਪ ਹੀ ਪੈਦਾ ਕੀਤਾ ਹੈ। ਵਾ:-ਜੋ ਅਸਾਂ ਨੇ ਪਿੱਛੇ ਕੀਤਾ ਹੈ ਅਤੇ ਜੋ ਅੱਗੇ ਕਰਨਾ ਹੈ ਉਹ ਸਾਰਾ ਤੇਰੀ ਰਜਾਈ=ਆਗਿਆ ਵਿਚ ਹੈ, ਆਪਣੇ ਆਪ ਜੇ ਕੁਝ ਕਰ ਸਕੀਏ ਤਾਂ ਅਸੀਂ ਕਰੀਏ, ਪਰ ਆਪ ਜੀ ਦੀ ਆਗਿਆ ਤੋਂ ਬਿਨਾਂ ਅਸੀਂ ਕੁਝ ਨਹੀਂ ਕਰ ਸਕਦੇ।

ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥ ੧॥

ਸਾਡਾ ਆਪਣਾ ਕੀਤਾ ਕੁਝ ਭੀ ਨਹੀਂ ਹੁੰਦਾ, ਹੇ ਹਰੀ ! ਜਿਵੇਂ ਆਪ ਜੀ ਨੂੰ ਭਾਉਂਦਾ ਤਿਵੇਂ ਰੱਖ ਲਓ॥ ੧॥

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥

ਹੇ ਮੇਰੇ ਹਰਿ ਜੀਉ ! ਸਭ ਕੋਈ ਤੇਰੇ ਹੀ ਵੱਸ ਵਿਚ ਹੈ।

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ॥ ੧॥ ਰਹਾਉ॥

ਸਾਡੇ ਵਿਚ ਜੋਰੁ=ਬਲ ਨਹੀਂ ਹੈ ਜੇ ਅਸੀਂ ਕੁਝ ਕਰ ਸਕੀਏ,

ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਤਿਵੇਂ ਆਪ ਮੇਰੇ ਔਗੁਣਾਂ ਨੂੰ ਬਖਸ਼ ਲਓ॥ ੧॥ ਰਹਾਉ॥

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥

ਜੀਅ ਪਿੰਡੁ=ਸਰੀਰ ਆਦਿਕ ਸਭ ਕੁਝ ਤੁਸਾਂ ਨੇ ਆਪ ਹੀ ਦਿੱਤਾ ਹੋਇਆ ਹੈ,
ਅਤੇ ਤੁਸਾਂ ਨੇ ਆਪੇ ਹੀ ਕੰਮਾਂ ਵਿਚ ਲਗਾਇਆ ਹੋਇਆ ਹੈ।

ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ
ਜੇਹਾ ਤੁਧੁ ਧੁਰਿ ਲਿਖਿ ਪਾਇਆ॥ ੨॥

ਜੈਸਾ ਤੂੰ ਹੁਕਮ ਕਰਦਾ ਹੈਂ ਤੈਸੇ ਹੀ ਕੋਈ ਕਰਮ ਕਮਾਉਂਦਾ ਹੈ।
ਜੈਸਾ ਤੁਸਾਂ ਨੇ ਧੁਰ ਤੋਂ ਲਿਖਿਆ ਹੈ ਤੈਸਾ ਹੀ ਹਰ ਇਕ ਨੇ ਸੁਖ ਦੁੱਖ ਪਾਇਆ ਹੈ॥ ੨॥

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥

ਪੰਜਾਂ ਤੱਤਾਂ ਕਰਕੇ ਤੁਸਾਂ ਨੇ ਸਾਰੀ ਸ੍ਰਿਸ਼ਟੀ ਸਾਜਣਾ ਕੀਤੀ ਹੈ,
ਜੇ ਕਿਸੇ ਦਾ ਕੀਤਾ ਕੁਝ ਹੁੰਦਾ ਹੈ ਤਾਂ ਕੋਈ ਛੇਵਾਂ ਤੱਤ ਪੈਦਾ ਕਰੋ।

ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥ ੩॥

ਇਕਨਾਂ ਨੂੰ ਸਤਿਗੁਰਾਂ ਨਾਲ ਮੇਲ ਕੇ ਤੂੰ ਆਪਣਾ ਸਰੂਪ ਬੁਝਾ ਦੇਂਦਾ ਹੈਂ,
ਇਕ ਮਨਮੁੱਖਤਾ ਕਰਕੇ ਜੋ ਕਰਮ ਕਰਦੇ ਹਨ ਉਹ ਦਰਗਾਹ ਵਿਚ ਸਜ਼ਾ ਪਾ ਕੇ ਰੋਂਦੇ ਹਨ॥ ੩॥

ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥

ਹੇ ਹਰੀ! ਆਪ ਜੀ ਦੀ ਵਡਿਆਈ ਨੂੰ ਹਉ=ਮੈਂ ਆਖ ਨਹੀਂ ਸਕਦਾ,
ਮੈਂ ਮੂਰਖਾਂ ਤੋਂ ਵੱਡਾ ਮੂਰਖ ਤੇ ਨੀਚਾਣੁ=ਨੀਚ ਖਿਆਲਾਂ ਵਾਲਾ ਹਾਂ।

ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ
ਸਰਣਾਗਤਿ ਪਇਆ ਅਜਾਣੁ॥ ੪॥ ੪॥ ੧੫॥ ੨੪॥

ਗੁਰੂ ਜੀ ਦਾ ਕਥਨ ਹੈ, ਹੇ ਮੇਰੇ ਸੁਆਮੀ ਹਰੀ! ਮੈਂ ਸੇਵਕ ਜਨ ਨੂੰ ਬਖਸ਼ ਲੈਣਾ ਕਰ, ਮੈਂ ਅਜਾਣ ਆਪ ਜੀ ਦੀ ਸ਼ਰਣ ਵਿਚ ਆ ਕੇ ਪਿਆ ਹਾਂ॥ ੪॥ ੪॥ ੧੫॥ ੨੪॥

ਰਾਗੁ ਸੂਹੀ ਮਹਲਾ ੫ ਘਰੁ ੧

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਪਿਤਾ ਜੀ ਦੇ ਬਚਨਾਂ ਅਨੁਸਾਰ ਸਰੋਵਰ ਬਣਾਉਣ ਦੀ ਇੱਛਾ ਧਾਰ ਕੇ ਸੰਤੋਖ ਸਰ ਵਾਲੀ ਜਗ੍ਹਾ ਪਰ ਆ ਕੇ ਚੰਗੀ ਤਰ੍ਹਾ ਨਿਸ਼ਾਨ ਦੇਖ ਕੇ ਸਾਰੀਆਂ ਸੰਗਤਾਂ ਨੂੰ ਜ਼ਮੀਨ ਪੁੱਟਣ ਪਰ ਲਗਾ ਦਿੱਤਾ ਤੇ ਲੰਗਰ ਭੀ ਚਾਲੂ ਕਰ ਦਿੱਤੇ। ਸੰਗਤਾਂ ਵਧ ਤੋਂ ਵਧ ਉਤਸ਼ਾਹ ਨਾਲ ਸੇਵਾ ਕਰਨ

ਵਿਚ ਜੁੜ ਗਈਆਂ। ਕਈ ਮਨੁੱਖ ਕਹੀਆਂ ਲੈ ਕੇ ਮਿੱਟੀ ਪੁੱਟਦੇ ਹਨ ਅਤੇ ਕਈ ਪ੍ਰੇਮੀ ਭਰਦੇ ਹਨ ਅਤੇ ਕਈ ਟੋਕਰੀਆਂ ਉਠਾ ਉਠਾ ਕੇ ਬਾਹਰ ਸੁੱਟਦੇ ਹਨ। ਕਈ ਪ੍ਰੇਮੀਆਂ ਨੂੰ ਆਵਿਆਂ ਪਰ ਇੱਟਾਂ ਪਕਾਨ ਪਰ ਲਗਾ ਦਿਤਾ। ਪਰ ਸਾਰੇ ਸਿੱਖ ਪ੍ਰੇਮ ਨਾਲ ਸੇਵਾ ਕਰਨ ਵਿਚ ਜੁਟੇ ਹੋਏ ਹਨ। ਮਿੱਟੀ ਪੁਟਦਿਆਂ ਜਿਸ ਵੇਲੇ ਸਿੱਖਾਂ ਨੇ ਮੱਠ ਵੇਖਿਆ ਤਾਂ ਆ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹਾ, ਸਿੱਖਾਂ ਤੋਂ ਸੁਣ ਕੇ ਗੁਰੂ ਸਾਹਿਬ ਜੀ ਆਪ ਜਾ ਕੇ ਪਾਸ ਬੈਠ ਗਏ ਤੇ ਸਿੱਖਾਂ ਨੂੰ ਸਮਝਾਇਆ ਹੌਲੀ-ਹੌਲੀ ਚੌਤਰਫੋਂ ਮਿੱਟੀ ਪੁੱਟ ਕੇ ਇਸ ਨੂੰ ਵਿਚਕਾਰ ਕਰ ਦਿਓ, ਸਿੱਖਾਂ ਨੇ ਓਸੇ ਤਰ੍ਹਾਂ ਕਰ ਦਿੱਤਾ। ਫੇਰ ਗੁਰੂ ਜੀ ਨੇ ਬੂਹਾ ਖੁਲਵਾਇਆ ਤਾਂ ਕੀ ਵੇਖਿਆ ਜੋਗੀ ਅਡੋਲ ਸਮਾਧੀ ਵਿਚ ਬੈਠਾ ਹੋਇਆ ਹੈ, ਪਰ ਉਸ ਨੂੰ ਪਤਾ ਕੁਝ ਨਹੀਂ ਹੈ। ਗੁਰੂ ਜੀ ਨੇ ਮੱਖਣ ਤੇ ਰੂੰਈ ਮੰਗਵਾ ਕੇ ਜੋਗੀ ਦੇ ਚਰਨ ਝਸਵਾਏ ਤੇ ਤਾਲੂ ਵੀ ਝਸਵਾਇਆ। ਹੌਲੀ-ਹੌਲੀ ਝਸਦਿਆਂ ਝਸਦਿਆਂ ਉਸ ਦੇ ਪ੍ਰਾਣ ਉਤਰ ਗਏ ਤੇ ਲੋਕਾਂ ਦਾ ਬਹੁਤ ਸਾਰਾ ਇਕੱਠ ਵੇਖ ਕੇ ਪੁੱਛਦਾ ਹੈ-'ਇਥੇ ਕੀ ਗੱਲ ਹੈ ਇਤਨੇ ਲੋਕ ਕਿਉਂ ਇਕੱਤ੍ਰ ਹਨ? ਇਹ ਸਮਾਂ ਕਿਹੜਾ ਹੈ?'

ਜਿਹੜੇ ਚਰਨ ਝਸ ਰਹੇ ਸਨ ਉਨ੍ਹਾਂ ਨੇ ਕਿਹਾ—''ਕਲਜੁਗ ਦਾ ਸਮਾਂ ਹੈ ਤੇ ਈਸ਼ੂਰ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੀ ਗੱਦੀ ਪਰ ਇਸ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਇਸਥਿਤ ਹਨ ਉਹ ਇਸ ਸਰੋਵਰ ਦੀ ਸੇਵਾ ਕਰਵਾ ਰਹੇ ਹਨ ਇਸ ਲਈ ਲੋਕ ਬਹੁਤ ਸਾਰੇ ਇਕੱਤ੍ਰ ਹਨ।''

ਜੋਗੀ ਨੇ ਕਿਹਾ-''ਉਹਨਾਂ ਦੇ ਦਰਸ਼ਨ ਮੈਨੂੰ ਭੀ ਕਰਾਓ।'' ਤਾਂ ਸਿੱਖਾਂ ਨੇ ਆ ਕੇ ਬੇਨਤੀ ਕੀਤੀ ਕਿ ਜੋਗੀ ਜੀ ਆਪ ਜੀ ਦੇ ਦਰਸ਼ਨਾਂ ਨੂੰ ਚਾਹੁੰਦੇ ਹਨ, ਇਹ ਗੱਲ ਸੁਣ ਕੇ ਗੁਰੂ ਜੀ ਜੋਗੀ ਦੇ ਪਾਸ ਆ ਬੈਠੇ, ਉਸ ਵੇਲੇ ਜੋਗੀ ਨੇ ਚਰਨਾਂ ਪਰ ਮੱਥਾ ਟੇਕਿਆ ਤੇ ਆਪਣਾ ਪਿਛਲਾ ਹਾਲ ਦੱਸ ਕੇ ਪੁੱਛਿਆ:-

''ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥'' *(ਪੰਨਾ ੭੩੬)*

ਇਹ ਜੋ ਪ੍ਰਪੰਚ ਦ੍ਰਿਸਟਿਓ=ਦ੍ਰਿਸਟੀ ਵਿਚ ਆ ਰਿਹਾ ਹੈ ਇਹ ਕਵਨ ਰੂਪ=ਕੀ ਰੂਪ ਹੈ?

ਪੁਨਾ-ਇਹ ਬਿਨਸਾਇਓ=ਬਿਨਸ ਕਰਕੇ ਕਤਹਿ ਗਇਓ=ਕਿਥੇ ਗਿਆ ਹੈ, ਤੇ ਉਹੁ ਕਤ ਤੇ ਆਇਓ=ਉਹ ਸੰਸਾਰ ਆਇਆ ਕਿਥੋਂ ਸੀ?

ਇਹ ਦੂਜਾ ਪ੍ਰਸ਼ਨ ਹੈ ਇਸ ਦੂਜੇ ਪ੍ਰਸ਼ਨ ਦਾ ਉੱਤਰ ਪਹਿਲੇ ਦੇਂਦੇ ਹਨ।

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥

ਜਿਸ ਤਰ੍ਹਾਂ ਬਾਜੀਗਰ ਜਿਸ ਵੇਲੇ ਬਾਜੀ ਨੂੰ ਪਾਉਂਦਾ ਹੈ ਭਾਵ ਖੇਡ ਨੂੰ ਖਿਲਾਰਦਾ ਹੈ। ਤਾਂ ਨਾਨਾ ਪਰਕਾਰ ਦੇ ਰੂਪ ਤੇ ਭੇਖ ਦਿਖਲਾਈ=ਦਿਖਾਉਂਦਾ ਹੈ।

ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥ ੧॥

ਜਿਸ ਵੇਲੇ ਸਾਂਗੁ=ਸ੍ਵਾਂਗ ਨੂੰ ਉਤਾਰ ਕੇ ਖੇਡ ਦੇ ਪਾਸਾਰੇ ਨੂੰ ਗੁੱਥੀ ਵਿਚ ਇਕੱਠਾ ਕਰ ਲੈਂਦਾ ਹੈ। ਤਿਸ ਵੇਲੇ ਇਕੋ ਇਕ ਬਾਜੀਗਰ ਹੀ ਰਹਿ ਜਾਂਦਾ ਹੈ।

ਇਸੇ ਤਰ੍ਹਾਂ ਪਰਮੇਸ਼ਰ ਰੂਪ ਬਾਜੀਗਰ ਨੇ ਇਹ ਸੰਸਾਰ ਰੂਪ ਬਾਜੀ ਪਾਈ ਹੈ, ਇਸ ਸੰਸਾਰ ਵਿਚ ਨਾਨਾ ਤਰ੍ਹਾਂ ਦੇ ਰੂਪ ਤੇ ਭੇਖਾਂ ਨੂੰ ਦਿਖਲਾਉਂਦਾ ਹੈ।

ਯਥਾ:-''ਕਹਿ ਰਵਿਦਾਸ ਬਾਜੀ ਜਗੁ ਭਾਈ॥ ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥ ੩॥ ੬॥''

(ਪੰਨਾ ੪੮੭)

ਤਥਾ:-''ਬਾਜੀਗਰਿ ਇਕ ਬਾਜੀ ਪਾਈ॥ ਪੂਰੇ ਗੁਰ ਤੇ ਨਦਰੀ ਆਈ॥'' (ਪੰਨਾ ੧੦੬੧)

ਜਿਸ ਵੇਲੇ ਮਾਇਆ ਦੇ ਸ੍ਵਾਂਗ ਨੂੰ ਉਤਾਰ ਕੇ ਭਾਵ ਇੱਛਾ ਬੰਦ ਕਰ ਕੇ ਇਕੋ ਹੰ ਸ਼ਬਦ ਉਚਾਰ ਕੇ ਸਾਰੇ ਸੰਸਾਰ ਪਸਾਰੇ ਨੂੰ ਥੰਮ ਲਿਆ। ਤਿਸ ਵੇਲੇ ਇਕੋ ਇਕ ਓਅੰਕਾਰ ਰਹਿ ਜਾਂਦਾ ਹੈ।

ਯਥਾ :- ''ਬਾਜੀਗਰ ਡੰਕ ਬਜਾਈ॥ ਸਭ ਖਲਕ ਤਮਾਸੇ ਆਈ॥
ਬਾਜੀਗਰ ਸ੍ਵਾਂਗੁ ਸਕੇਲਾ॥ ਅਪਨੇ ਰੰਗ ਰਵੈ ਅਕੇਲਾ॥ ੨॥'' (ਪੰਨਾ ੬੫੫)

ਭਾਵ ਇਹ ਹੈ ਕਿ ਨਾਨਾ ਪ੍ਰਕਾਰ ਦਾ ਭੇਖ ਰੂਪ ਇਹ ਸੰਸਾਰ ਪਰਮੇਸ਼ਰ ਤੋਂ ਉਤਪਤ ਹੋ ਕੇ ਆਇਆ ਹੈ, ਤੇ ਬਿਨਸ ਕਰ ਕੇ ਭੀ ਓਸੇ ਪ੍ਰਭੂ ਵਿਚ ਸਮਾ ਜਾਂਦਾ ਹੈ।

ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥ ੧॥ ਰਹਾਉ॥

ਇਹਨਾਂ ਦੋ ਤੁਕਾਂ ਦਾ ਅਰਥ ਪਹਿਲੇ ਹੋ ਚੁਕਾ ਹੈ।

ਇਹਨਾਂ ਦੋ ਰਹਾਉ ਦੀਆਂ ਤੁਕਾਂ ਤੋਂ ਹੀ ਪ੍ਰਸ਼ਨ ਕੀਤਾ ਗਿਆ ਹੈ॥ ੧॥ ਰਹਾਉ॥

ਪਹਿਲਾਂ ਪ੍ਰਸ਼ਨ ਸੀ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਇਹ ਕੀ ਰੂਪ ਹੈ?

ਹੁਣ ਇਸ ਦਾ ਉੱਤਰ ਗੁਰੂ ਜੀ ਦੇਂਦੇ ਹਨ:-

ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥

ਜਿਵੇਂ ਜਲ ਵਿਚੋਂ ਅਨੇਕਾਂ ਹੀ ਤਰੰਗ ਉੱਠਦੇ ਹਨ ਪਰ ਉਹ ਜਲ ਰੂਪ ਹੁੰਦੇ ਹਨ, ਤਿਵੇਂ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਉਹ ਸਭ ਬ੍ਰਹਮ ਰੂਪ ਹੀ ਹੈ।

ਪੁਨਾ ਸੁਨਿਆਰੇ ਨੇ ਕੰਠੇ, ਵਾਲੇ, ਕੜੇ, ਮੁੰਦ੍ਰੀਆਂ ਆਦਿਕ ਜੋ ਬਹੁਤ ਪ੍ਰਕਾਰ ਦੇ ਗਹਿਣੇ ਬਨਾਉਣਾ ਕੀਤੇ ਹਨ ਉਹ ਸਾਰੇ ਗਹਿਣੇ ਕਨਿਕ=ਸੋਨਾ ਰੂਪ ਹੀ ਹੁੰਦੇ ਹਨ।

ਤਿਵੇਂ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਇਹ ਸਭ ਬ੍ਰਹਮ ਰੂਪ ਹੀ ਹੈ।

ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥ ੨॥

ਜਿਵੇਂ ਬੀਜ ਨੂੰ ਧਰਤੀ ਵਿਚ ਬੀਜ ਕੇ ਵੇਖੀਏ ਤਾਂ ਉਸ ਵਿਚੋਂ ਬਹੁ ਤਰ੍ਹਾਂ ਦੇ ਡਾਲੀਆਂ ਪੱਤੇ ਫੁੱਲ ਆਦਿਕ ਨਿਕਲਦੇ ਹਨ, ਪਰ ਜਦੋਂ ਫਲ ਪੱਕ ਜਾਵੇ ਤਾਂ ਇਕ ਬੀਜ ਦਾ ਹੀ ਅਕਾਰ ਵੇਖਣ ਵਿਚ ਆਉਂਦਾ ਹੈ, ਤਿਵੇਂ ਬੀਜ ਰੂਪ ਈਸ਼ੁਰ ਹੈ, ਸਮੂਹ ਜੀਵ ਪੱਤੇ ਫੁੱਲ ਰੂਪ ਹਨ। ਇਸ ਕਰ ਕੇ ਇਹ ਪ੍ਰਪੰਚ ਬਹੁ ਤਰ੍ਹਾਂ ਦਾ ਦਿਖਾਈ ਦੇਂਦਾ ਹੈ, ਜਿਸ ਵੇਲੇ ਫਲ ਪੱਕ ਗਿਆ ਭਾਵ ਬ੍ਰਹਮਗਿਆਨ ਦੇ ਸਹਿਤ ਹੋ ਗਿਆ ਤਾਂ ਇਕੋ ਇਕ ਓਅੰਕਾਰ ਰੂਪ ਬੀਜ ਦੇਖਣ ਵਿਚ ਆਉਂਦਾ ਹੈ॥ ੨॥

ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥

ਜਿਵੇਂ ਸਹਸ ਘਟਾ=ਹਜ਼ਾਰਾਂ ਘੜਿਆਂ ਵਿਚ ਇਕੋ ਅਕਾਸ਼ ਹੈ।

ਘੜਿਆਂ ਦੇ ਟੁਟ ਜਾਣ ਤੇ ਭੀ ਉਹ ਅਕਾਸ਼ ਹੀ ਪ੍ਰਕਾਸ਼ਦਾ ਹੈ।

ਤਿਵੇਂ ਹਜ਼ਾਰਾਂ ਹੀ ਅਸਥੂਲ ਸਰੀਰਾਂ ਰੂਪ ਘੜਿਆਂ ਵਿਚ ਇਕ ਸ੍ਵਾਖੀ-ਚੇਤਨਾ ਰੂਪ ਅਕਾਸ਼ ਹੈ। ਅਸਥੂਨ

ਸਰੀਰਾਂ ਰੂਪ ਘੜਿਆਂ ਦੇ ਟੁਟ ਜਾਣ ਤੇ ਭੀ ਉਹ ਚੇਤਨ ਹੀ ਸਾਰੇ ਪ੍ਰਕਾਸ਼ਦਾ ਹੈ ਕਿਉਂਕਿ ਉਸ ਚੇਤਨ ਦਾ ਨਾਸ ਨਹੀਂ ਹੁੰਦਾ।

ਯਥਾ:-''ਘਘਾ ਘਟਿ ਘਟਿ ਨਿਮਸੈ ਸੋਈ॥ ਘਟ ਫੂਟੇ ਘਟਿ ਕਬਹਿ ਨ ਹੋਈ॥'' (ਪੰਨਾ ੭੪੦)

ਜੋਗੀ ਨੇ ਪ੍ਰਸ਼ਨ ਕੀਤਾ ਸੀ ਇਹ ਜੋ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਇਹ ਕੀ ਰੂਪ ਹੈ?

ਗੁਰੂ ਜੀ ਨੇ ਕਿਹਾ—''ਬ੍ਰਹਮ ਸਰੂਪ ਹੈ।''

ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥ ੩॥

ਭਰਮ, ਲੋਭ ਤੇ ਮੋਹ ਆਦਿਕ ਜੋ ਭੀ ਹਨ ਇਹ ਸਭ ਮਾਇਆ ਦੇ ਵਿਕਾਰ ਹਨ।

ਭਰਮ ਦੇ ਛੁਟ ਜਾਣ ਤੇ ਫਿਰ ਇਹ ਜੀਵ ਸਾਰੇ ਪ੍ਰਪੰਚ ਨੂੰ ਇਕ ਓਅੰਕਾਰ ਰੂਪ ਅਰਥਾਤ ਬ੍ਰਹਮ ਰੂਪ ਨਿਸਚੇ ਕਰਦਾ ਹੈ॥ ੩॥

ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥

ਉਹ ਬ੍ਰਹਮ ਅਬਿਨਾਸੀ=ਨਾਸ ਤੋਂ ਰਹਿਤ ਹੈ, ਉਸਦਾ ਨਾਸ ਨਹੀਂ ਹੁੰਦਾ। ਅਜੇਹੀ ਦ੍ਰਿਸ਼ਟੀ ਹੋਣ ਕਰਕੇ ਉਹ ਇੰਝ ਨਿਸਚੇ ਕਰਦਾ ਹੈ ਕਿ ਨਾ ਕੋਈ ਜਮਕੇ ਆਉਂਦਾ ਹੈ ਨਾ ਹੀ ਮਰ ਕੇ ਜਾਂਦਾ ਹੈ।

ਯਥਾ:-''ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥'' (ਪੰਨਾ ੨੮੧)

ਗੁਰਿ ਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ— ਪੁਨਾ ਜੋਗੀ ਨੇ ਸਾਰਿਆਂ ਸਿੱਖਾਂ ਨੂੰ ਕਿਹਾ—''ਨਿਰਸੰਦੇਹ ਹੋ ਕੇ ਇਨ੍ਹਾਂ ਦੀ ਸੇਵਾ ਕੀਤੀ ਜਾਓ ਤੁਹਾਡੀ ਜ਼ਰੂਰ ਕਲਿਆਣ ਹੋਵੇਗੀ, ਇਨ੍ਹਾਂ ਪੂਰਿਆਂ ਗੁਰਾਂ ਨੇ ਮੇਰੇ ਅੰਦਰ ਦੀ ਹਉਮੈ ਰੂਪੀ ਮੈਲ ਧੋ ਦਿੱਤੀ ਹੈ, ਹੁਣ ਮੇਰੀ ਪਰਮਗਤੀ ਹੋ ਗਈ ਹੈ, ਭਾਵ ਮੈਨੂੰ ਕੇਵਲ ਮੁਕਤੀ ਦੀ ਪ੍ਰਾਪਤੀ ਹੋ ਗਈ ਹੈ।'' ਇਤਨਾ ਕਹਿ ਕੇ ਜੋਗੀ ਜੀ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਬ੍ਰਹਮ ਵਿਚ ਲੀਣ ਹੋਏ॥ ੪॥ ੧॥

ਅਗਲੇ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

ਸੂਹੀ ਮਹਲਾ ੫॥

ਕੀਤਾ ਲੋੜਹਿ ਸੋ ਪ੍ਰਭ ਹੋਇ॥ ਤੁਝ ਬਿਨੁ ਦੂਜਾ ਨਾਹੀ ਕੋਇ॥

ਹੇ ਪ੍ਰਭੂ! ਜੋ ਤੂੰ ਕੀਤਾ ਚਾਹੁੰਦਾ ਹੈਂ, ਸੋ ਹੋਇ=ਓਹੀ ਕੁਝ ਹੁੰਦਾ ਹੈ।

ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਕੁਝ ਕਰਨ ਵਾਲਾ ਨਹੀਂ ਹੈ।

ਜੋ ਜਨੁ ਸੇਵੇ ਤਿਸੁ ਪੂਰਨ ਕਾਜ॥ ਦਾਸ ਅਪੁਨੇ ਕੀ ਰਾਖਹੁ ਲਾਜ॥ ੧॥

ਜੋ ਪੁਰਸ਼ ਆਪ ਜੀ ਨੂੰ ਸੇਵਦੇ ਹਨ, ਉਨ੍ਹਾਂ ਦੇ ਕੰਮ ਤੂੰ ਪੂਰੇ ਕਰਦਾ ਹੈਂ।

ਅਤੇ ਆਪਣੇ ਦਾਸ ਦੀ ਲੱਜਾ ਨੂੰ ਤੂੰ ਆਪ ਹੀ ਰਖਦਾ ਹੈਂ॥ ੧॥

ਤੇਰੀ ਸਰਣਿ ਪੂਰਨ ਦਇਆਲਾ॥

ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ॥ ੧॥ ਰਹਾਉ॥

ਹੇ ਪੂਰਨ ਦਿਆਲੂ! ਮੈਂ ਆਪ ਜੀ ਦੀ ਸ਼ਰਣ ਆਇਆ ਹਾਂ।

ਆਪ ਜੀ ਤੋਂ ਬਿਨਾਂ ਮੇਰੀ ਹੋਰ ਕੌਣ ਪ੍ਰਤਿਪਾਲਾ ਕਰੇਗਾ॥ ੧॥ ਰਹਾਉ॥

ਜਲਿ ਥਲਿ ਮਹੀਅਲਿ ਰਹਿਆ ਭਰਪੂਰਿ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥

ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਵੀ, ਅਲਿ=ਅਕਾਸ਼, ਇਨ੍ਹਾਂ ਸਾਰਿਆਂ ਵਿਚ ਤੂੰ ਭਰਪੂਰ ਹੋ ਰਿਹਾ ਹੈਂ। ਹੇ ਪ੍ਰਭੂ ! ਤੂੰ ਸਭ ਦੇ ਨੇੜੇ ਵਸ ਰਿਹਾ ਹੈਂ, ਕਿਸੇ ਤੋਂ ਭੀ ਦੂਰ ਨਹੀਂ ਹੈਂ।

ਲੋਕ ਪਤੀਆਰੈ ਕਛੂ ਨ ਪਾਈਐ॥ ਸਾਚਿ ਲਗੈ ਤਾ ਹਉਮੈ ਜਾਈਐ॥ ੨॥

ਲੋਕਾਂ ਦੇ ਪਤਿਆਰੈ=ਇਤਬਾਰ ਬੱਝ ਜਾਣ ਨਾਲ ਕੁਝ ਨਹੀਂ ਪਾਈਦਾ।

ਜੇ ਸੱਚ ਨਾਮ ਵਿਚ ਲਗ ਜਾਈਏ ਤਾਂ ਹੰਗਤਾ-ਮਮਤਾ ਚਲੀ ਜਾਂਦੀ ਹੈ॥ ੨॥

[ਪੰਨਾ ੭੩੭]

ਜਿਸ ਨੋ ਲਾਇ ਲਏ ਸੋ ਲਾਗੈ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ॥

ਜਿਸ ਨੂੰ ਸਚ ਨਾਮ ਵਿਚ ਲਗਾ ਲੈਂਦਾ ਹੈਂ ਓਹੀ ਲਗਦਾ ਹੈ,

ਫਿਰ ਉਸ ਦੇ ਹਿਰਦੇ ਅੰਦਰ ਗਿਆਨ ਰੂਪ ਰਤਨ ਜਾਗੈ=ਪ੍ਰਗਟ ਹੁੰਦਾ ਹੈ।

ਦੁਰਮਤਿ ਜਾਇ ਪਰਮ ਪਦੁ ਪਾਇ॥ ਗੁਰ ਪਰਸਾਦੀ ਨਾਮੁ ਧਿਆਏ॥ ੩॥

ਅੰਨ੍ਹੈ :-ਗੁਰਾਂ ਦੀ ਕ੍ਰਿਪਾ ਨਾਲ ਸਤਿਨਾਮੁ ਨੂੰ ਧਿਆਉਣਾ ਕਰ।

ਤਾਂ ਦੁਰਮਤਿ ਜਾਇ=ਖੋਟੀ ਮਤ ਚਲੀ ਜਾਏਗੀ, ਤੇ ਪਰਮਪਦ ਰੂਪ ਮੁਕਤੀ ਨੂੰ ਪਾ=ਲਵੇਂਗਾ ॥ ੩॥

ਦੁਇ ਕਰ ਜੋੜਿ ਕਰਉ ਅਰਦਾਸਿ॥ ਤੁਧੁ ਭਾਵੈ ਤਾ ਆਣਹਿ ਰਾਸਿ॥

ਮੈਂ ਦੁਇ ਕਰ=ਦੋਨੋਂ ਹੱਥ ਜੋੜ ਕੇ ਅਰਦਾਸਿ=ਬੇਨਤੀ ਕਰਦਾ ਹਾਂ।

ਜੇ ਮੇਰੀ ਬੇਨਤੀ ਆਪ ਜੀ ਨੂੰ ਭਾ ਜਾਵੇ ਤਾਂ ਤੂੰ ਸਾਰੇ ਕੰਮ ਰਾਸ ਲਿਆਉਂਦਾ ਹੈਂ।

ਕਰਿ ਕਿਰਪਾ ਅਪਨੀ ਭਗਤੀ ਲਾਇ॥

ਜਨ ਨਾਨਕ ਪ੍ਰਭੁ ਸਦਾ ਧਿਆਇ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ! ਮੈਂ ਸੇਵਕ ਜਨ ਸਦਾ ਆਪ ਜੀ ਨੂੰ ਧਿਆਉਂਦਾ ਹਾਂ।

ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਆਪਣੀ ਭਗਤੀ ਵਿਚ ਲਗਾਉਣਾ ਕਰੋ॥ ੪॥ ੨॥

ਸੂਹੀ ਮਹਲਾ ੫॥

ਹੁਣ ਗੁਰੂ ਜੀ ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ, ਜਗਿਆਸੂ ਰੂਪ ਸਖੀ ਨੇ ਮਹਾਤਮਾ ਪਾਸੋਂ ਆ ਕੇ ਪੁੱਛਿਆ-''ਪ੍ਰਭੂ ਨਾਲ ਕਿਵੇਂ ਮਿਲਾਪ ਹੁੰਦਾ ਹੈ?'' ਤਾਂ ਉਹਨਾਂ ਨੇ ਕਿਹਾ-

''ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥''

ਹੇ ਜਗਿਆਸੂ ਰੂਪ ਸਖੀਏ ! ਤੂੰ ਕੰਨ ਦੇ ਕੇ ਸੁਣ, ਪ੍ਰਭੂ ਨਾਲ ਮਿਲਣ ਦੀ ਏਹੋ ਨਿਸ਼ਾਨੀ ਹੈ, ਕਿ ਲੌਕਿਕ ਲੱਜਾ ਨੂੰ ਤਿਆਗ ਕੇ ਮਨ ਤਨ ਨੂੰ ਅਰਪਣਾ ਕਰ।

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥ ਮਾਨੈ ਹੁਕਮੁ ਤਜੈ ਅਭਿਮਾਨੈ॥

ਸੁਹਾਗਣ ਧੰਨਤਾ ਦੇ ਜੋਗ ਹੈ ਜੋ ਪ੍ਰਭੂ ਨੂੰ ਪਛਾਣਦੀ ਹੈ। ਅਤੇ ਆਪਣੇ ਅਭਿਮਾਨੈ=ਹੰਕਾਰ ਨੂੰ ਤਿਆਗ ਕੇ ਪਤੀ-ਪਰਮਾਤਮਾ ਦੇ ਹੁਕਮ ਨੂੰ ਮੰਨਦੀ ਹੈ।

ਪ੍ਰਿਅ ਸਿਉ ਰਾਤੀ ਰਲੀਆ ਮਾਨੈ॥ ੧॥

ਉਹ ਪਤੀ-ਪਰਮਾਤਮਾ ਨਾਲ ਮਿਲ ਕੇ ਹਮੇਸ਼ਾਂ ਰਲੀਆ ਮਾਨੈ=ਖੁਸ਼ੀਆਂ ਭੋਗਦੀ ਹੈ॥ ੧॥

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥

ਹੇ (ਜਗਿਆਸੂ ਰੂਪ) ਸਖੀਏ! ਤੂੰ ਪ੍ਰਭੂ ਨਾਲ ਮਿਲਣ ਦੀ ਨੀਸਾਨੀ=ਸਿਖਿਆ ਸੁਣ।

ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥ ੧॥ ਰਹਾਉ॥

ਤੂੰ ਲੋਕਾਂ ਦੀ ਲਾਜ ਤਿਆਗ ਕੇ ਮਨ ਤਨ ਉਸ ਦੇ ਅੱਗੇ ਅਰਪਣ ਕਰ ਦੇਹ।

ਸਖੀ ਸਹੇਲੀ ਕਉ ਸਮਝਾਵੈ॥ ਸੋਈ ਕਮਾਵੈ ਜੋ ਪ੍ਰਭ ਭਾਵੈ॥

ਉੱਤਮ ਸਖੀ-ਮਹਾਤਮਾ ਸਹੇਲੀ=ਪਿਆਰੀ ਜਗਿਆਸੂ ਰੂਪ ਸਖੀ ਨੂੰ ਸਮਝਾਉਂਦੀ ਹੈ, ਕਿ ਤੂੰ ਉਹ ਕਰਮ ਕਮਾਉਣਾ ਕਰ, ਜੋ ਪ੍ਰਭੂ ਪਤੀ ਨੂੰ ਭਾਉਂਦਾ ਹੈ।

ਕਿਉਂਕਿ ਜਿਹੜੀ ਜਗਿਆਸੂ ਰੂਪ ਸਹੇਲੀ ਪਤੀ-ਪਰਮਾਤਮਾ ਦੀ ਮਰਜ਼ੀ ਅਨੁਸਾਰ ਕਰਮ ਕਰਦੀ ਹੈ।

ਸਾ ਸੋਹਾਗਣਿ ਅੰਕਿ ਸਮਾਵੈ॥ ੨॥

ਓਹੀ ਸੁਹਾਗਵੰਤੀ ਇਸਤ੍ਰੀ ਅੰਕਿ=ਸਰੂਪ ਵਿਚ ਸਮਾਉਂਦੀ ਹੈ॥ ੨॥

ਗਰਬਿ ਗਹੇਲੀ ਮਹਲੁ ਨ ਪਾਵੈ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ॥

ਜਿਹੜੀ ਗਰਬਿ=ਹੰਕਾਰ ਵਿਚ ਗਹੇਲੀ=ਗ੍ਰਸੀ ਹੋਈ ਹੈਂ, ਉਹ ਮਹਲੁ=ਸਰੂਪ ਨੂੰ ਨਹੀਂ ਪਾਉਂਦੀ। ਜਿਸ ਵੇਲੇ ਉਸਦੀ ਅਵਸਥਾ ਰੂਪੀ ਰਾਤ ਬਿਹਾਵੈ=ਬੀਤ ਜਾਂਦੀ ਹੈ ਤਾਂ ਮੁੜ-ਮੁੜ ਕੇ ਪਸਚਾਤਾਪ ਕਰਦੀ ਹੈ।

ਕਰਮਹੀਣਿ ਮਨਮੁਖਿ ਦੁਖੁ ਪਾਵੈ॥ ੩॥

ਸ਼ੁਭ ਕਰਮਾਂ ਤੋਂ ਹੀਣੀ ਮਨਮੁਖ ਇਸਤ੍ਰੀ ਜਨਮ ਮਰਨ ਦੇ ਦੁੱਖ ਨੂੰ ਪਾਉਂਦੀ ਹੈ॥ ੩॥

ਇਹ ਬਚਨ ਸੁਣ ਕੇ ਉੱਤਮ ਸਖੀ ਨੂੰ ਮਧਿਮ ਸਖੀ ਨੇ ਕਿਹਾ—"ਤੂੰ ਮੇਰੀ ਵਲੋਂ ਬੇਨਤੀ ਕਰ।" ਤਾਂ ਉੱਤਮ ਸਖੀ ਨੇ ਕਿਹਾ-

ਬਿਨਉ ਕਰੀ ਜੇ ਜਾਣਾ ਦੂਰਿ॥ ਪ੍ਰਭੁ ਅਬਿਨਾਸੀ ਰਹਿਆ ਭਰਪੂਰਿ॥

ਬੇਨਤੀ ਤਾਂ ਕਰਾਂ ਜੇ ਕਰ ਮੈਂ ਉਸ ਨੂੰ ਦੂਰ ਜਾਣਾ।

ਅਬਿਨਾਸੀ=ਨਾਸ ਤੋਂ ਰਹਿਤ ਪ੍ਰਭੂ ਤਾਂ ਸਾਰੀਆਂ ਜਗ੍ਹਾਂ ਵਿਚ ਪੂਰਨ ਹੋ ਰਿਹਾ ਹੈ।

ਜਨੁ ਨਾਨਕੁ ਗਾਵੈ ਦੇਖਿ ਹਦੂਰਿ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ-ਜੋ ਸੰਤ ਜਨਾਂ ਨਾਲ ਮਿਲ ਕੇ ਉਸ ਦੇ ਜਸ ਨੂੰ ਗਾਂਵਦੇ ਹਨ, ਉਹ ਉਸ

ਨੂੰ ਹਾਜ਼ਰਾ ਹਜ਼ੂਰ ਵੇਖਦੇ ਹਨ। ਇਸ ਲਈ ਹੇ ਸਖੀ ! ਤੂੰ ਭੀ ਦਾਸੀ ਹੋ ਕੇ ਉਸ ਦੇ ਜਸ ਨੂੰ ਗਾਵਨਾ ਕਰ ਤਾਂ ਉਸ ਨੂੰ ਆਪਣੇ ਨੇੜੇ ਹੀ ਵੇਖ ਲਵੇਂਗੀ॥ ੪॥ ੩॥

ਸੂਹੀ ਮਹਲਾ ੫॥

ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ॥

ਦਸ ਦਾਸੀ ਕਰਿ ਦੀਨੀ ਭਤਾਰਿ॥

ਧੰਨ ਗੁਰੂ ਹਨ ਜਿਨ੍ਹਾਂ ਨੇ ਸਰੀਰ ਘਰ, ਵਾ:-ਹਿਰਦਾ ਘਰ ਵਸੀਕਾਰ ਕਰ ਦਿੱਤਾ ਹੈ।

ਅਥਵਾ:-ਗੁਰਾਂ ਨੇ ਗ੍ਰਿਹੁ=ਘਰ ਵਾਲਾ ਅਰਥਾਤ ਘਰ ਦਾ ਮਾਲਕ ਪਰਮੇਸ਼ਰ ਵਸੀਕਾਰ ਕਰ ਦਿੱਤਾ ਹੈ, ਹਉ=ਮੈਂ ਘਰ ਵਾਲੇ ਪ੍ਰਭੂ ਦੀ ਨਾਰੀ ਹੋ ਗਈ ਹਾਂ। ਭਤਾਰਿ=ਪਤੀ ਪਰਮਾਤਮਾ ਨੇ ਦਸ ਇੰਦ੍ਰੀਆਂ ਮੇਰੀਆਂ ਦਾਸੀਆਂ ਕਰ ਦਿੱਤੀਆਂ ਹਨ।

ਸਗਲ ਸਮਗ੍ਰੀ ਮੈ ਘਰ ਕੀ ਜੋੜੀ॥

ਆਸ ਪਿਆਸੀ ਪਿਰ ਕਉ ਲੋੜੀ॥ ੧॥

ਸਰੂਪ ਘਰ ਦੀ ਪ੍ਰਾਪਤੀ ਲਈ ਮੈਂ ਜਪ ਤਪ ਆਦਿਕ ਸਾਧਨਾਂ ਰੂਪੀ ਸਾਰੀ ਸਾਮਗ੍ਰੀ ਜੋੜੀ=ਇਕੱਠੀ ਕੀਤੀ ਹੈ।

ਆਸਾ ਦੀ ਪਿਆਸੀ ਹੋ ਕੇ ਪਤੀ-ਪਰਮਾਤਮਾ ਨੂੰ ਲੋੜੀ=ਚਾਹੁੰਦੀ ਹਾਂ॥ ੧॥

ਕਵਨ ਕਹਾ ਗੁਨ ਕੰਤ ਪਿਆਰੇ॥

ਸੁਘੜ ਸਰੂਪ ਦਇਆਲ ਮੁਰਾਰੇ॥ ੧॥ ਰਹਾਉ॥

ਪਿਆਰੇ ਪਤੀ-ਪਰਮਾਤਮਾ ਦੇ ਕੇਹੜੇ ਕੇਹੜੇ ਗੁਣ ਕਹਾਂ ?

ਉਹ ਮੁਰਾਰੀ ਪਰਮਾਤਮਾ ਸੁਘੜ=ਸਰੇਸ਼ਟ ਘਾੜਤ ਦੇ ਘੜਨ ਵਾਲਾ ਹੈ, ਸੁੰਦਰ ਸਰੂਪ ਹੈ,

ਵਾ:-ਸਤ ਚਿਤ ਅਨੰਦ ਸਰੂਪ ਹੈ, ਤੇ ਦਿਆਲੂ ਸੁਭਾਅ ਵਾਲਾ ਹੈ॥ ੧॥ ਰਹਾਉ॥

ਸਤੁ ਸੀਗਾਰੁ ਭਉ ਅੰਜਨੁ ਪਾਇਆ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥

ਸਤ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਗੁਣਾਂ ਦਾ ਧਾਰਨਾ, ਵਾ:-ਸਤ ਵਸਤੂ ਦਾ ਨਿਸਚੇ ਕਰਨਾ, ਵਾ:-ਸਚ ਦਾ ਬੋਲਣਾ ਇਹ ਸ਼ਿੰਗਾਰ ਕੀਤਾ ਹੈ,

ਅਥਵਾ:-(ਪੰਜ ਕਾਮ ਆਦਿਕ ਮਨ ਤੇ ਬੁੱਧੀ ਇਨ੍ਹਾਂ) ਸੱਤਾਂ ਦਾ ਰੋਕਣਾ ਇਹ ਸ਼ਿੰਗਾਰ ਕੀਤਾ ਹੈ, ਤੇ ਭਉ=ਡਰ ਰੂਪ ਅੰਜਨੁ=ਸੁਰਮਾ ਪਾਇਆ ਹੈ। ਅੰਮ੍ਰਿਤ ਰੂਪ ਨਾਮ ਦਾ ਸਿਮਰਨ ਹੀ ਮੂੰਹ ਵਿਚ ਤੰਬੋਲੁ=ਪਾਨ ਦਾ ਬੀੜਾ ਖਾਧਾ ਹੈ।

ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ॥

ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥ ੨॥

"ਕਰ ਕਰਿ ਕਰਤਾ ਕੰਗਨ ਪਹਿਰੈ" ਕਰਤਾਰ ਕਰਤਾਰ ਕਰਨਾ ਇਹ ਕੰਗਣ ਹਨ, "ਪਰਮੇਸਰੁ ਪਟੁ

ਲੇਈ ॥'' ਪਰਮੇਸ਼ਰ ਪਰਮੇਸ਼ਰ ਉਚਾਰਨਾ ਇਹ ਬਸਤ੍ਰ ਹਨ, ਇਸ ਤਰ੍ਹਾਂ ਦੇ ਸੋਭਨੀਕ ਗਹਿਣੇ ਬਣੇ ਹੋਏ ਹਨ। ਜਾਂ ਹਿਰਦੇ ਘਰ ਵਿਚ ਪਤੀ ਆ ਕੇ ਪ੍ਰਗਟ ਹੋ ਜਾਵੇ ਤਾਂ ਜਗਿਆਸੂ ਸਰੂਪ ਧਨ=ਇਸਤ੍ਰੀ ਸਾਰੇ ਸੁਖ ਪਾਉਂਦੀ ਹੈ। ਅਰਥਾਤ ਜਗਿਆਸੂ ਦੇ ਕੀਤੇ ਹੋਏ ਸਾਧਨ ਤਾਂ ਹੀ ਸਫਲ ਹਨ ਜੇ ਪਤੀ ਮਿਲ ਪਵੇ, ਨਹੀਂ ਤਾਂ ਸਾਰੇ ਸਾਧਨ ਨਿਸਫਲ ਹਨ।

ਗੁਣ ਕਾਮਣ ਕਰਿ ਕੰਤੁ ਰੀਝਾਇਆ ॥
ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥

ਸ਼ੁਭ-ਗੁਣਾਂ ਦੇ ਧਾਰਨ ਕਰਨ ਰੂਪ ਕਾਮਣ=ਟੂਣਾ (ਜਾਦੂ) ਕਰ ਕੇ ਪਤੀ ਪਰਮਾਤਮਾ ਨੂੰ ਰੀਝਾਇਆ=ਪ੍ਰਸੰਨ (ਖੁਸ਼) ਕੀਤਾ ਹੈ।

ਗੁਰਾਂ ਨੇ ਭਰਮ ਦੂਰ ਕਰ ਦਿੱਤਾ ਹੈ, ਇਸ ਤਰ੍ਹਾਂ ਪਤੀ ਨੂੰ ਵਸ ਵਿਚ ਕਰ ਲੀਤਾ ਹੈ।

ਸਭ ਤੇ ਊਚਾ ਮੰਦਰੁ ਮੇਰਾ ॥ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥ ੩ ॥

ਪ੍ਰੇਮ ਵਾ:-ਦ੍ਰਿੜ੍ਹ ਨਿਸਚਾ ਰੂਪ ਮੇਰਾ ਮੰਦਰ ਸਾਰਿਆਂ ਤੋਂ ਉੱਚਾ ਹੈ। ਅਜੇਹਾ ਮੰਦਰ ਵੇਖ ਕੇ ਹੋਰ ਸਭ ਇਸਤ੍ਰੀਆਂ ਨੂੰ ਤਿਆਗ ਕੇ ਉਹ ਪਤੀ ਮੇਰਾ ਪਿਆਰਾ ਹੋ ਗਿਆ ਹੈ॥ ੩ ॥

ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥

ਜਿਸ ਜੋਤੀ ਦਾ ਸਾਰੇ ਉਜੀਆਰਾ=ਪ੍ਰਕਾਸ਼ ਹੋ ਰਿਹਾ ਹੈ, ਉਸ ਦਾ ਗਿਆਨ ਰੂਪ ਸੂਰਜ ਪ੍ਰਗਟਿਆ ਹੈ। ਅਪਾਰ ਪ੍ਰਭੂ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪ ਸੇਜਾ ਵਿਛਾਈ ਹੈ।

ਅਥਵਾ: —ਜਿਸ ਵੇਲੇ ਅਪਾਰ ਸ਼ਰਧਾ ਰੂਪ ਸੇਜਾ ਵਿਛਾਈ, ਤਾਂ ਉਹ ਜੋਤੀ ਪਰਮਾਤਮਾ ਪ੍ਰਗਟ ਹੋਇਆ, ਜਿਸ ਦਾ ਸੂਰੁ ਉਜੀਆਰਾ=ਸੂਰਜ ਆਦਿਕਾਂ ਵਿਚ ਉਜਾਲਾ ਹੈ।

ਨਵ ਰੰਗ ਲਾਲੁ ਸੇਜ ਰਾਵਣ ਆਇਆ ॥

ਨਵ ਰੰਗ=ਨਵੀਨ ਅਨੰਦ ਵਾਲਾ ਲਾਲੁ=ਪਿਆਰਾ ਪਤੀ ਪਰਮਾਤਮਾ ਸੇਜਾ ਨੂੰ ਰਾਵਣ ਆਇਆ=ਮਾਣਨ ਆਇਆ ਹੈ।

ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ- ਪਿਰ=ਪਤੀ-ਪਰਮਾਤਮਾ ਨਾਲ ਮਿਲ ਕੇ ਧਨ=ਇਸਤ੍ਰੀ ਨੇ ਅਤਿਅੰਤ ਸੁਖ ਪਾਇਆ ਹੈ। ਭਾਵ ਅਭੇਦਤਾ ਦੇ ਅਨੰਦ ਨੂੰ ਭੋਗਣਾ ਕੀਤਾ॥ ੪ ॥ ੪ ॥

ਸੂਹੀ ਮਹਲਾ ੫ ॥ ਉਮਕਿਓ ਹੀਉ ਮਿਲਨ ਪ੍ਰਭ ਤਾਈ ॥

ਪ੍ਰਭੂ ਨੂੰ ਮਿਲਣ ਵਾਸਤੇ ਮੇਰਾ ਹੀਉ=ਹਿਰਦਾ ਉਮਕਿਓ=ਉਛਲਿਆ ਹੈ।

ਵਾ:-ਉਤਸ਼ਾਹ ਵਾਲਾ ਹੋਇਆ ਹੈ।

ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥
ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥

ਲੱਭਣ ਨੂੰ ਚੜ੍ਹਿਆ ਹਾਂ, ਕਿ ਕਿਤੇ ਜਾ ਕੇ ਪਿਆਰੇ ਪ੍ਰਭੂ ਨੂੰ ਦੇਖਾਂ।

ਅਥਵਾ:-ਪਿਰੀ ਦੀ ਜਾਈ=ਜਗ੍ਹਾ ਨੂੰ ਵੇਖਾਂ। ਬਹੁਤ ਲਭਿਆ ਪਰ ਨਾ ਲੱਭਾ, ਜਦ ਗੁਰੂ ਮਿਲੇ ਤਾਂ ਉਹਨਾਂ ਤੋਂ ਉਪਦੇਸ਼ ਰੂਪ ਸੁਨੇਹਾ ਸੁਣਿਆ ਤਾਂ ਪਿਆਰੇ ਪਤੀ ਵਾਸਤੇ ਅੰਤਹਕਰਨ ਰੂਪੀ ਘਰ ਦੇ ਵਿਚ ਹੀ ਸ਼ਰਧਾ ਰੂਪ ਸੇਜਾ ਵਿਛਾਈ,

ਵਾ:-ਨਿਸ਼ਕਾਮ ਕਰਮ ਕਰਕੇ ਅੰਤਹਕਰਨ ਦੀ ਸ਼ੁੱਧੀ ਰੂਪ ਸੇਜਾ ਵਿਛਾਈ।

ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ॥ ੧॥

ਪਹਿਲੇ ਭਰਮ ਸਹਿਤ ਹੋਇਆ ਦੇਸਾਂ ਦੇਸਾਂਤ੍ਰਾਂ ਵਿਚ ਭ੍ਰਮਿ=ਫਿਰ ਆਇਆ ਸਾਂ, ਤਾਂ ਭੀ ਉਸ ਨੂੰ ਦ੍ਰਿਸ਼ਟੀ ਵਿਚ ਨਾ ਪਾਉਣਾ ਕੀਤਾ ਹੈ॥ ੧॥

ਕਿਨ ਬਿਧਿ ਹੀਅਰੋ ਧੀਰੈ ਨਿਮਾਨੋ॥
ਮਿਲੁ ਸਾਜਨ ਹਉ ਤੁਝੁ ਕੁਰਬਾਨੋ॥ ੧॥ ਰਹਾਉ॥

ਮਿਲੇ ਤੋਂ ਬਿਨਾਂ ਮੈਂ ਨਿਮਾਣੀ ਦਾ ਹਿਰਦਾ ਕਿਸ ਵਿਧੀ ਨਾਲ ਧੀਰਜ ਨੂੰ ਪ੍ਰਾਪਤ ਹੋਵੇ।

ਹੇ ਸਜਣ ! ਤੂੰ ਮਿਲ, ਮੈਂ ਆਪ ਜੀ ਤੋਂ ਕੁਰਬਾਨ ਹੁੰਦਾ ਹਾਂ।

ਵਾ:-ਸਾਜਨ=ਮਹਾਤਮਾ ਨਾਲ ਮਿਲ ਕੇ ਮੈਂ ਆਪ ਜੀ ਤੋਂ ਕੁਰਬਾਨ ਹੁੰਦਾ ਹਾਂ॥ ੧॥ ਰਹਾਉ॥

ਏਕਾ ਸੇਜ ਵਿਛੀ ਧਨ ਕੰਤਾ॥ ਧਨ ਸੂਤੀ ਪਿਰੁ ਸਦ ਜਾਗੰਤਾ॥

ਧਨ=ਜਗਿਆਸੂ ਰੂਪ ਇਸਤ੍ਰੀ ਦੀ ਤੇ ਕੰਤਾ=ਪਤੀ-ਪਰਮਾਤਮਾ ਦੀ ਇਕ ਹੀ ਅੰਤਹਕਰਨ ਰੂਪ ਸੇਜਾ ਵਿਛੀ ਹੋਈ ਹੈ, ਉਹ ਸਾਖੀ ਅੰਤਹਕਰਨ ਉਪਹਿਤ ਹੈ, ਤੇ ਧਨ ਅੰਤਹਕਰਨ ਵਿਸ਼ਿਸ਼ਟ ਹੈ। ਬੇਨਤੀ ਕੀਤੀ—"ਜੇ ਕਰ ਇਕ ਹੀ ਅੰਤਹਕਰਨ ਰੂਪ ਸੇਜਾ ਹੈ ਤਾਂ ਫਿਰ ਪਤੀ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ?"

ਉੱਤਰ:-ਧਨ ਇਸਤ੍ਰੀ ਅਵਿਦਿਆ, ਵਾ:-ਮੋਹ ਰੂਪ ਨੀਂਦ ਵਿਚ ਸੁੱਤੀ ਹੋਈ ਹੈ, ਤੇ ਪਤੀ ਸਦਾ ਜਾਗਦਾ ਹੈ।

ਪੀਓ ਮਦਰੋ ਧਨ ਮਤਵੰਤਾ॥ ਧਨ ਜਾਗੈ ਜੇ ਪਿਰੁ ਬੋਲੰਤਾ॥ ੨॥

ਹੰਕਾਰ ਰੂਪੀ ਮਦਰੋ=ਸ਼ਰਾਬ ਪੀ ਕੇ ਇਹ ਧਨ ਮਤਵੰਤਾ=ਮਸਤ ਹੋ ਰਹੀ ਹੈ।

ਅਥਵਾ:—ਮਤਵੰਤਾ=ਮਸਤੀ ਦੇ ਚਾੜ੍ਹਨ ਵਾਲੀ ਜੋ ਹੰਕਾਰ ਰੂਪੀ ਸ਼ਰਾਬ ਹੈ ਉਸ ਨੂੰ ਇਸ ਧਨ ਨੇ ਪੀਤਾ ਹੋਇਆ ਹੈ। ਜੇ ਪਤੀ ਇਸ ਨੂੰ ਬੁਲਾਵੇ, ਤਾਂ ਇਹ ਧਨ (ਮੋਹ, ਹੰਕਾਰ, ਆਦਿਕਾਂ ਵਲੋਂ) ਜਾਗਦੀ ਹੈ॥ ੨॥

ਭਈ ਨਿਰਾਸੀ ਬਹੁਤੁ ਦਿਨ ਲਾਗੇ॥ ਦੇਸ ਦਿਸੰਤਰ ਮੈ ਸਗਲੇ ਝਾਗੇ॥

ਜਦ ਉਡੀਕਦਿਆਂ ਉਡੀਕਦਿਆਂ ਬਹੁਤ ਦਿਨ ਲੱਗ ਗਏ।

ਵਾ:-ਸਾਧਨ ਕਰਦਿਆਂ ਕਰਦਿਆਂ ਬਹੁਤ ਦਿਨ ਲੱਗ ਗਏ ਤੇ ਪ੍ਰਾਪਤ ਨਾ ਹੋਇਆ ਤਾਂ ਮੈਂ ਨਿਰਾਸ ਹੋ ਗਈ।

ਪਤੀ ਨੂੰ ਲੱਭਣ ਵਾਸ਼ਤੇ ਸਾਧਨਾਂ ਰੂਪੀ ਦੇਸ਼ ਦਿਸੰਤਰ=ਪ੍ਰਦੇਸ਼ ਮੈਂ ਸਾਰੇ ਝਾਗੇ=ਲੰਘੇ ਹਨ।

[ਪੰਨਾ ੭੩੮]

ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ॥
ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ॥ ੩॥

ਪਗ ਪਾਗੇ=ਚਰਨ ਪਕੜੇ ਤੋਂ ਬਿਨਾਂ,

ਵਾ:-ਗੁਰਾਂ ਦੇ ਚਰਨਾਂ ਵਿਚ ਪਾਗੇ=ਰਪੇ ਤੋਂ ਬਿਨਾਂ ਇਕ ਖਿਨ ਭਰ ਵੀ ਰਹਿਣਾ ਨਹੀਂ ਪਾਉਂਦੀ। ਪ੍ਰਭੂ ਕ੍ਰਿਪਾਲੂ ਹੋਵੇ ਤਾਂ ਸੁਭਾਗੇ ਗੁਰੂ ਮਿਲਦੇ ਹਨ।

ਅਥਵਾ:-ਕ੍ਰਿਪਾਲੂ ਹੋ ਕੇ ਪ੍ਰਭੂ ਮਿਲ ਪਵੇ ਤਾਂ ਭਾਗਾਂ ਵਾਲੇ ਹੋਵਾਂਗੇ॥ ੩॥

ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ॥
ਬੂਝੀ ਤਪਤਿ ਘਰਹਿ ਪਿਰੁ ਪਾਇਆ॥

ਜਦ ਗੁਰਾਂ ਨੇ ਕ੍ਰਿਪਾਲੂ ਹੋ ਕੇ ਸਤਸੰਗ ਵਿਚ ਮਿਲਾਇਆ। ਤਾਂ ਸਰੀਰ ਘਰ ਦੇ ਵਿਚੋਂ ਹੀ ਪਤੀ-ਪਰਮਾਤਮਾ ਨੂੰ ਪਾ ਲਿਆ ਤੇ ਮੇਰੀ ਸਾਰੀ ਤਪਤਿ=ਜਲਨਤਾ ਬੁਝ ਗਈ।

ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ੪॥

ਸਾਧਨਾਂ ਰੂਪੀ ਸਾਰਾ ਸ਼ਿੰਗਾਰ ਹੁਣ ਮੇਰਾ ਸੋਭਨੀਕ ਹੋਇਆ ਹੈ।

ਗੁਰੂ ਜੀ ਕਥਨ ਕਰਦੇ ਹਨ—ਕਿਉਂਕਿ ਗੁਰੂ ਨੇ ਮੇਰਾ ਭਰਮ ਦੂਰ ਕਰ ਦਿੱਤਾ ਹੈ॥ ੪॥

ਜਹ ਦੇਖਾ ਤਹ ਪਿਰੁ ਹੈ ਭਾਈ॥

ਹੇ ਭਾਈ! ਹੁਣ ਮੈਂ ਜਿਥੈ ਵੇਖਦਾ ਹਾਂ ਓਥੇ ਹੀ ਪਤੀ ਮੌਜੂਦ ਹੈ।

ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ॥ ੧॥ ਰਹਾਉ ਦੂਜਾ॥ ੫॥

ਜਦ ਗੁਰਾਂ ਨੇ ਭਰਮ ਦਾ, ਵਾ:-ਅਗਿਆਨ ਦਾ ਕਪਾਟ=ਤਖਤਾ ਖੋਲ੍ਹ ਦਿੱਤਾ, ਤਦ ਮਨ ਠਹਰਾਈ=ਇਸਥਿਤੀ ਨੂੰ ਪ੍ਰਾਪਤ ਹੋਇਆ॥ ੧॥ ਰਹਾਉ ਦੂਜਾ॥ ੫॥

ਸੂਹੀ ਮਹਲਾ ੫॥

ਕਿਆ ਗੁਣ ਤੇਰੇ ਸਾਰਿ ਸਮ੍ਹਾਲੀ ਮੋਹਿ ਨਿਰਗੁਣ ਕੇ ਦਾਤਾਰੇ॥

ਹੇ ਮੇਰੇ ਵਰਗੇ ਗੁਣਾਂ ਤੋਂ ਹੀਣੇ ਨੂੰ ਦਾਤ ਦੇਣ ਵਾਲੇ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣਾਂ ਦੀ ਸਾਰ ਸੰਭਾਲ ਕਰਾਂ।

ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ॥ ੧॥

ਬੈ-ਖਰੀਦੁ=ਮੁੱਲ ਖਰੀਦਿਆਂ ਹੋਇਆਂ ਗੁਲਾਮ ਕੀ ਚਤੁਰਾਈ ਕਰੇਗਾ, ਮੇਰਾ ਇਹ ਜੀਅ ਪਿੰਡੁ=ਸਰੀਰ, ਪ੍ਰਾਣ, ਇੰਦਰੀਏ ਆਦਿਕ ਸਭ ਕੁਝ ਥਾਰੇ=ਤੇਰਾ ਹੀ ਦਿੱਤਾ ਹੋਇਆ ਹੈ॥ ੧॥

ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧ ॥ ਰਹਾਉ ॥

ਹੇ ਲਾਲ=ਪਿਆਰੇ ਰੰਗੀਲੇ=ਅਨੰਦੀ, ਮਨ ਦੇ ਮੋਹਨੇ ਵਾਲੇ ਪ੍ਰੀਤਮ ਪ੍ਰਭੂ ! ਤੇਰੇ ਦਰਸ਼ਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ ॥ ੧ ॥ ਰਹਾਉ ॥

ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥

ਹੇ ਪ੍ਰਭੂ ! ਤੂੰ ਦਾਤਾ ਹੈਂ, ਮੈਂ ਦੀਨ ਮੰਗਤਾ ਹਾਂ, ਤੁਸੀਂ ਸਦਾ ਸਦਾ=ਹਮੇਸ਼ਾਂ ਹੀ ਮੇਰੇ ਉਤੇ ਉਪਕਾਰ ਕਰਦੇ ਹੋ।

ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥ ੨ ॥

ਹੇ ਮੇਰੇ ਅਗਮ ਅਪਾਰ ਠਾਕੁਰ ! ਉਹ ਕੁਝ ਭੀ ਨਹੀਂ ਹੈ, ਜੋ ਮੈਥੋਂ ਹੋ ਸਕਦਾ ਹੋਵੇ।

ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥

ਮੈਂ ਤੇਰੀ ਕਿਹੜੀ ਸੇਵਾ ਕਮਾਵਾਂ? ਕਿਹੜਾ ਜਸ ਕਹਿ ਕੇ ਆਪ ਜੀ ਨੂੰ ਰੀਝਾਵਉ=ਪ੍ਰਸੰਨ (ਖ਼ੁਸ਼) ਕਰਾਂ? ਅਤੇ ਕਿਤੁ=ਕਿਸ ਵਿਧੀ ਨਾਲ ਆਪ ਜੀ ਦਾ ਦਰਸ਼ਨ ਪਾਵਾਂ?

ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥ ੩ ॥

ਤੇਰੀ ਮਿਤਿ=ਮਰਯਾਦਾ ਨਹੀਂ ਪਾਈਦੀ, ਤੇਰਾ ਅੰਤ ਨਹੀਂ ਲਹੀਐ=ਜਾਣਿਆ ਜਾਂਦਾ, ਆਪ ਜੀ ਦੇ ਚਰਨਾਂ ਦੇ ਪਰਸਨ ਲਈ ਮੇਰਾ ਮਨ ਤਰਸਦਾ ਹੈ ॥ ੩ ॥

ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥

ਮੈਂ ਢੀਠ ਹੋ ਕੇ ਮੰਗਦਾ ਹਾਂ ਮੇਰੀ ਝੋਲੀ ਵਿਚ ਇਹ ਦਾਨ ਪਾਵੋ,
ਮੇਰੇ ਮੂੰਹ ਪਰ ਭਾਵ ਮੱਥੇ ਪਰ ਸੰਤਾਂ ਦੀ ਚਰਨ ਧੂੜੀ ਲੱਗ ਜਾਵੇ।

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ
ਪ੍ਰਭਿ ਹਾਥ ਦੇਇ ਨਿਸਤਾਰੇ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਉਤੇ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਇਸੀ ਤੇ ਪ੍ਰਭੂ ਨੇ ਹੱਥ ਦੇ ਕੇ ਤਾਰ ਲਿਆ ਹੈ ॥ ੪ ॥ ੬ ॥

ਸੂਹੀ ਮਹਲਾ ੫ ਘਰੁ ੩
੧ੴ ਸਤਿਗੁਰ ਪ੍ਰਸਾਦਿ ॥

ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥ ੧ ॥

ਇਹ ਜੀਵ ਸੇਵਾ ਥੋੜੀ ਕਰਦਾ ਹੈ, ਤੇ ਉਸ ਦਾ ਫਲ ਬਹੁਤ ਸਾਰਾ ਮੰਗਦਾ ਹੈ। ਮਹਲੁ=ਸਰੂਪ ਨੂੰ ਪਾਉਂਦਾ ਨਹੀਂ ਹੈ ਅਤੇ ਆਪ ਨੂੰ ਪਹੁੰਚਿਆ ਹੋਇਆ ਕਹਿੰਦਾ ਹੈ ਕਿ ਮੈਂ ਬ੍ਰਹਮ ਹਾਂ ॥ ੧ ॥

ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥ ਕੂੜੇ ਮੂਰਖ ਕੀ ਹਾਠੀਸਾ ॥ ੧ ॥ ਰਹਾਉ ॥

ਪ੍ਰਿਅ=ਪਤੀ-ਪਰਮਾਤਮਾ ਨੇ ਜੋ ਆਪਣੇ ਦਾਸ ਮੰਨ ਲਏ ਹਨ,

ਅਥਵਾ:-ਜਿਨ੍ਹਾ ਨੂੰ ਪਤੀ-ਪਰਮਾਤਮਾ ਨੇ ਮਾਣ ਦਿੱਤਾ ਹੈ ਉਹਨਾਂ ਦੀਆਂ ਰੀਸਾਂ ਕਰਦਾ ਹੈ। ਇਹ ਝੂਠੇ ਮੂਰਖ ਦੀ ਹਾਠੀਸਾ=ਹਠਤਾਈ ਹੈ। ਅੱਥਵਾ:-ਝੂਠੇ ਮੂਰਖ ਕੀ ਹਾ+ਠੀਸਾ=ਦੀਆਂ ਗੱਪਾਂ ਹਨ॥ ੧॥ ਰਹਾਉ॥

''ਕੂੜੇ ਮੂਰਖ ਕੀ ਹਾਠੀਸਾ॥'' ਹੀ ਮੁਖ ਪਾਠ ਹੈ।

ਭੇਖ ਦਿਖਾਵੈ ਸਚੁ ਨ ਕਮਾਵੈ॥ ਕਹਤੋ ਮਹਲੀ ਨਿਕਟਿ ਨ ਆਵੈ॥ ੨॥

ਬਾਹਰੋਂ ਭੇਖ ਵਿਖਾਉਂਦਾ ਹੈ, ਅੰਦਰ ਸਚ-ਕਾਮ ਨੂੰ ਨਹੀਂ ਕਮਾਉਂਦਾ। ਮੂੰਹੋਂ ਮਹਲੀ=ਸਰੂਪ ਨੂੰ ਕਥਨ ਤਾਂ ਕਰਦਾ ਹੈ, ਪਰ ਸਰੂਪ ਦੇ ਨੇੜੇ ਨਹੀਂ ਆਉਂਦਾ॥ ੨॥

ਅਤੀਤੁ ਸਦਾਏ ਮਾਇਆ ਕਾ ਮਾਤਾ॥
ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ॥ ੩॥

ਬਾਹਰੋਂ ਆਪਣੇ ਆਪ ਨੂੰ ਅਤੀਤੁ=ਫਕੀਰ ਸਦਾਉਂਦਾ ਹੈ, ਅੰਦਰੋਂ ਮਾਇਆ ਦਾ ਮਤਵਾਲਾ ਹੈ।
ਮਨ ਵਿਚ ਪ੍ਰੀਤ ਨਹੀਂ ਹੈ, ਤੇ ਮੂੰਹੋਂ ਕਹਿੰਦਾ ਹੈ ਮੈਂ ਵਾਹਿਗੁਰੂ ਵਿਚ ਰਾਤਾ=ਰੰਗਿਆ ਹੋਇਆ ਹਾਂ।

ਕਹੁ ਨਾਨਕ ਪ੍ਰਭ ਬਿਨਉ ਸੁਨੀਜੈ॥ ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ॥ ੪॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਪ੍ਰਭੂ! ਆਪ ਮੇਰੀ ਬੇਨਤੀ ਸੁਣਨਾ ਕਰੋ। ਮੈਂ ਕੁਚਲ, ਕਠੋਰ, ਕਾਮੀ ਨੂੰ ਭੀ ਮੁਕਤ ਕਰ ਲਵੋ॥ ੪॥

ਦਰਸਨ ਦੇਖੇ ਕੀ ਵਡਿਆਈ॥

ਤੁਮ੍ ਸੁਖਦਾਤੇ ਪੁਰਖ ਸੁਭਾਈ॥ ੧॥ ਰਹਾਉ ਦੂਜਾ॥ ੧॥ ੭॥

ਆਪ ਜੀ ਦੇ ਦਰਸ਼ਨ ਵੇਖਣ ਦੀ ਵੱਡੀ ਵਡਿਆਈ ਹੈ।

ਅਥਵਾ:-ਆਪ ਜੀ ਦੇ ਦਰਸ਼ਨ ਵੇਖਣ ਦੀ ਵਡਿਆਈ=ਇੱਛਾ ਲੱਗ ਰਹੀ ਹੈ। ਕਿਉਂਕਿ ਤੁਸੀਂ ਸੁਭਾਵਕ ਹੀ ਸੁਖਦਾਤੇ ਪੁਰਖ ਹੋ।

ਅਥਵਾ:-ਆਪ ਸਾਰਿਆਂ ਨੂੰ ਸੁਖ ਦੇਣ ਵਾਲੇ ਹੋ, ਅਤੇ ਸੁਭਾਈ=ਸੋਭਨੀਕ ਪੁਰਖ ਹੋ॥ ੧॥ ਰਹਾਉ॥ ੧॥ ੭॥

ਸੂਹੀ ਮਹਲਾ ੫॥

ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥ ੧॥

ਇਹ ਜੀਵ ਬੁਰਿਆਂ ਕੰਮਾਂ ਦੇ ਕਰਨੇ ਨੂੰ ਉੱਠ ਕੇ ਖਲੋ ਜਾਂਦਾ, ਭਾਵ ਸਾਵਧਾਨ ਹੋ ਜਾਂਦਾ ਹੈ। ਨਾਮ ਜਪਣ ਦੇ ਵੇਲੇ ਮੰਜੇ ਉਤੇ ਪੈ ਪੈ ਕੇ,

ਵਾ:-ਪੈ=ਪੈਰਾਂ ਨੂੰ ਪੈ=ਪਸਾਰਕੇ ਸੌਂ ਰਹਿੰਦਾ ਹੈ॥ ੧॥

ਯਥਾ:- ''ਚਿਤਵਤ ਪਾਪ ਨ ਆਲਕੁ ਆਵੈ॥'' (ਪੰਨਾ ੧੧੪੩)

ਅਉਸਰੁ ਅਪਨਾ ਬੂਝੈ ਨ ਇਆਨਾ॥
ਮਾਇਆ ਮੋਹ ਰੰਗਿ ਲਪਟਾਨਾ॥ ੧॥ ਰਹਾਉ॥

ਇਆਨਾ=ਅਗਿਆਤ (ਬੇਸਮਝ) ਜੀਵ ਆਪਣੇ ਮਰਨ ਦੇ ਅਉਸਰੁ=ਸਮੇਂ ਨੂੰ ਜਾਣਦਾ ਹੀ ਨਹੀਂ। ਮਾਇਆ ਦੇ ਮੋਹ ਤੇ ਰੰਗ=ਅਨੰਦ ਵਿਚ ਫਸ ਰਿਹਾ ਹੈ।

ਅਥਵਾ:-ਮਾਇਆ ਦੇ ਮੋਹ ਕਰ ਕੇ ਰੰਗਾਂ-ਰੰਗਾਂ ਦੇ ਵਿਸ਼ਿਆਂ ਵਿਚ ਤਦਾਕਾਰ ਹੋ ਰਿਹਾ ਹੈ॥ ੧॥ ਰਹਾਉ॥

ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ॥
ਸਾਧ ਜਨਾ ਕਾ ਦਰਸੁ ਨ ਡੀਠਾ॥ ੨॥

ਲੋਭ ਦੀਆਂ ਲਹਿਰਾਂ ਨਾਲ ਬਿਗਾਸਿ=ਖੁਸ਼ ਹੋ ਕੇ ਫੁੱਲ ਕੇ ਬਹਿੰਦਾ ਹੈ।

ਅਥਵਾ:-ਲੋਭ ਕਰ ਕੇ ਜਦ ਮਾਇਆ ਦੀਆਂ ਲਹਰਿ=ਵਾਸ਼ਨਾਂ ਉੱਠਦੀਆਂ ਹਨ ਉਸ ਵਿਚ ਪ੍ਰਸੰਨ ਹੋ ਕੇ ਫੁੱਲ ਦੀ ਨਿਆਈਂ ਫੁੱਲ ਕੇ ਬਹਿੰਦਾ ਹੈ।

ਤੇ ਸੰਤ ਜਨਾਂ ਦਾ ਦਰਸ਼ਨ ਕਦੇ ਨਹੀਂ ਜਾ ਕੇ ਵੇਖਦਾ॥ ੨॥

ਕਬਹੂ ਨ ਸਮਝੈ ਅਗਿਆਨੁ ਗਵਾਰਾ॥
ਬਹੁਰਿ ਬਹੁਰਿ ਲਪਟਿਓ ਜੰਜਾਰਾ॥ ੧॥ ਰਹਾਉ॥

ਅਗਿਆਨ ਦੇ ਵੱਸ ਹੋ ਕੇ ਐਸਾ ਮੂਰਖ ਹੋ ਰਿਹਾ ਹੈ ਜੋ ਕਦੇ ਭੀ ਸਮਝਦਾ ਨਹੀਂ। ਬਹੁਰਿ ਬਹੁਰਿ=ਮੁੜ ਮੁੜ ਕੇ ਜੰਜਾਰਾ=ਧੰਦਿਆਂ ਵਿਚ ਲੰਪਟ ਹੋ ਰਿਹਾ ਹੈ॥ ੧॥ ਰਹਾਉ॥

ਬਿਖੈ ਨਾਦ ਕਰਨ ਸੁਣਿ ਭੀਨਾ॥
ਹਰਿ ਜਸੁ ਸੁਨਤ ਆਲਸੁ ਮਨਿ ਕੀਨਾ॥ ੩॥

ਵਿਸ਼ੇ ਸਬੰਧੀ ਨਾਦ=ਸ਼ਬਦਾਂ ਦੇ ਸੁਨਣ ਵਿਚ ਕਰਨ=ਕੰਨ ਭੀਨਾ=ਭਿੱਜ ਰਹੇ ਹਨ।
ਹਰੀ ਜਸ ਦੇ ਸੁਣਨ ਵੇਲੇ ਮਨ ਵਿਚ ਆਲਸ ਕੀਤਾ ਹੋਇਆ ਹੈ॥ ੩॥

ਦ੍ਰਿਸਟਿ ਨਾਹੀ ਰੇ ਪੇਖਤ ਅੰਧੇ॥
ਛੋਡਿ ਜਾਹਿ ਝੂਠੇ ਸਭਿ ਧੰਧੇ॥ ੧॥ ਰਹਾਉ॥

ਹੇ ਅੰਨ੍ਹੇ ਪੁਰਸ਼! ਜਿਨ੍ਹਾਂ ਪਦਾਰਥਾਂ ਨੂੰ ਤੂੰ ਵੇਖ ਰਿਹਾ ਹੈਂ, ਸਮੇਂ ਅਨੁਸਾਰ ਇਨ੍ਹਾਂ ਨੇ ਫਿਰ ਦ੍ਰਿਸਟਿ ਨਾਹੀ=ਨਿਗਾਹ ਨਹੀਂ ਆਉਣਾ। ਇਹ ਸਭ ਝੂਠੇ ਧੰਦੇ ਛੱਡ ਜਾਣੇ ਹਨ।

ਵਾ:-ਇਨ੍ਹਾਂ ਝੂਠੇ ਧੰਦਿਆਂ ਨੂੰ ਛੱਡ ਕੇ ਸਭ ਤੁਰੇ ਜਾਂਦੇ ਹਨ॥ ੧॥ ਰਹਾਉ॥

ਕਹੁ ਨਾਨਕ ਪ੍ਰਭ ਬਖਸ ਕਰੀਜੈ॥
ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ॥ ੪॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ! ਬਖਸ਼ਸ਼ ਕਰੋ।

ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸੰਤਾਂ ਦਾ ਸੰਗ ਕਰਨਾ ਦਿਓ॥ ੪॥

[ਪੰਨਾ ੭੩੯]

ਤਉ ਕਿਛੁ ਪਾਈਐ ਜਉ ਹੋਈਐ ਰੇਨਾ॥

ਜੇ ਕਰ ਗੁਰਾਂ ਦੇ ਚਰਨਾਂ ਦੀ ਰੇਨਾ-ਖਾਕ ਹੋਈਏ ਤਾਂ ਕੁਝ ਪ੍ਰਾਪਤ ਹੁੰਦਾ ਹੈ।

ਜਿਸਹਿ ਬੁਝਾਏ ਤਿਸੁ ਨਾਮੁ ਲੈਨਾ॥ ੧॥ ਰਹਾਉ॥ ੨॥ ੮॥

ਜਿਸ ਨੂੰ ਆਪ ਬੁਝਾਏ=ਸਮਝਾਉਂਦੇ ਹੋ, ਉਸ ਨੇ ਨਾਮ ਨੂੰ ਲੈਣਾ ਕੀਤਾ ਭਾਵ ਜਪਣਾ ਕੀਤਾ ਹੈ॥ ੧॥ ਰਹਾਉ॥ ੨॥ ੮॥

ਸੂਹੀ ਮਹਲਾ ੫॥

ਨਾਮ-ਸਿਮਰਨ ਤੋਂ ਹੀਣ ਹੋ ਕੇ ਕੋਈ ਪੱਥਰ ਪੂਜਨ ਕਰ ਰਿਹਾ ਸੀ, ਉਸ ਨੂੰ ਉਪਦੇਸ਼ ਦੇਂਦੇ ਹਨ—

ਘਰ ਮਹਿ ਠਾਕੁਰੁ ਨਦਰਿ ਨ ਆਵੈ॥ਗਲ ਮਹਿ ਪਾਹਣੁ ਲੈ ਲਟਕਾਵੈ॥੧॥

ਅੰਤਹਕਰਨ ਰੂਪ ਘਰ ਵਿਚ ਜੋ ਠਾਕੁਰ=ਸੁਆਮੀ ਸਾਖੀ ਚੇਤਨ ਹੈ ਉਹ ਤਾਂ ਤੈਨੂੰ ਨਦਰਿ ਨ ਆਵੈ=ਨਿਗਾਹ ਨਹੀਂ ਆਉਂਦਾ।

ਅਤੇ ਪਾਹਣੁ=ਪੱਥਰ ਦੇ ਠਾਕੁਰ ਨੂੰ ਲੈ ਕੇ ਗਲ ਵਿਚ ਲਟਕਾਈ ਫਿਰਦਾ ਹੈਂ॥ ੧॥

ਭਰਮੇ ਭੂਲਾ ਸਾਕਤੁ ਫਿਰਤਾ॥ਨੀਰੁ ਬਿਰੋਲੈ ਖਪਿ ਖਪਿ ਮਰਤਾ॥੧॥ਰਹਾਉ॥

ਸਾਕਤੁ=ਮੂਰਖ ਪੁਰਸ਼ ਭਰਮ ਵਿਚ ਭੁੱਲਿਆ ਫਿਰਦਾ ਹੈ।

ਨਿਸਫਲ ਸ਼ਕਾਮ ਕਰਮਾ ਦੇ ਕਰਨੇ ਰੂਪ ਨੀਰੁ ਬਿਰੋਲੈ=ਪਾਣੀ ਨੂੰ ਰਿੜਕਦਾ ਹੈ, ਸ਼ਕਾਮ ਕਰਮਾਂ ਦੇ ਵਿਚ ਹੀ ਖਪ ਖਪ ਕੇ ਮਰਦਾ ਹੈ॥ ੧॥ ਰਹਾਉ॥

ਜਿਸੁ ਪਾਹਣ ਕਉ ਠਾਕੁਰੁ ਕਹਤਾ॥
ਓਹੁ ਪਾਹਣੁ ਲੈ ਉਸ ਕਉ ਡੁਬਤਾ॥ ੨॥

ਜਿਸ ਪਾਹਣ=ਪੱਥਰ ਨੂੰ ਠਾਕੁਰ ਕਹਿੰਦਾ ਹੈ।

ਉਹ ਪਾਹਣੁ=ਪੱਥਰ ਹੀ ਉਸ ਨੂੰ ਨਾਲ ਲੈ ਕੇ ਸੰਸਾਰ-ਸਮੁੰਦ੍ਰ ਵਿਚ ਡੁੱਬ ਜਾਂਦਾ ਹੈ॥ ੨॥

ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰ ਗਿਰਾਮੀ॥ ੩॥

ਇਹ ਗੁਨਾਹ ਦਾ ਘਰ ਗੁਨਾਹੀ ਪੁਰਸ਼ ਨਿਮਕ ਹਰਾਮੀ ਹੋ ਰਿਹਾ ਹੈ। ਪਾਹਣ=ਪੱਥਰ ਦੀ ਨਾਵ=ਬੇੜੀ ਕਦੇ ਪਾਰ ਨਹੀਂ ਗਈ, ਇਸੇ ਤਰ੍ਹਾਂ ਕੁਸੰਗਤ ਰੂਪ ਪੱਥਰ ਦੀ ਬੇੜੀ ਕਦੇ ਭੀ ਗਿਰਾਮੀ=ਸਮੂੰਹ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਕਰ ਸਕਦੀ॥ ੩॥

ਗੁਰ ਮਿਲਿ ਨਾਨਕ ਠਾਕੁਰੁ ਜਾਤਾ॥
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥ ੪॥ ੩॥ ੯॥

ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਪੂਰਿਆਂ ਗੁਰਾਂ ਨਾਲ ਮਿਲ ਕੇ ਉਸ ਠਾਕੁਰ ਨੂੰ ਜਾਤਾ=ਜਾਣਿਆ

ਹੈ। ਜੋ ਬਿਧਾਤਾ=ਫਲ ਬਰ ਦਾਤਾ ਪ੍ਰਭੂ, ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ=ਅਕਾਸ਼ ਆਦਿਕਾਂ ਵਿਚ ਪੂਰਨ ਹੈ॥ ੪॥ ੩॥ ੯॥

ਸੂਹੀ ਮਹਲਾ ੫॥

ਉੱਤਮ ਮਧਮ ਸਖੀਆਂ ਦੇ ਸੰਬਾਦ ਦੁਆਰਾ ਗੁਰੂ ਜੀ ਕਥਨ ਕਰਦੇ ਹਨ।

ਮਧਮ ਸਖੀ ਉੱਤਮ ਸਖੀ ਤੋਂ ਪੁੱਛਦੀ ਹੈ—

ਲਾਲਨੁ ਰਾਵਿਆ ਕਵਨ ਗਤੀ ਰੀ॥ ਸਖੀ ਬਤਾਵਹੁ ਮੁਝਹਿ ਮਤੀ ਰੀ॥ ੧॥

ਰੀ=ਹੇ ਸਖੀ! ਲਾਲਨੁ=ਪਿਆਰੇ ਨੂੰ ਤੁਸਾਂ ਨੇ ਕਿਸ ਰੀਤੀ (ਮਰਯਾਦਾ) ਨੂੰ ਧਾਰ ਕੇ ਰਾਵਿਆ ਹੈ।

ਰੀ=ਹੇ ਸਖੀ! ਉਹ ਮਤੀ=ਸਿਖਿਆ, ਮੈਨੂੰ ਭੀ ਬਤਾਵਹੁ ਦੱਸਣਾ ਕਰ॥ ੧॥

ਉੱਤਮ (ਮਹਾਤਮਾ ਰੂਪ) ਸਖੀ ਨੇ ਕਿਹਾ—

ਸੂਹਬ ਸੂਹਬ ਸੂਹਵੀ॥ ਅਪਨੇ ਪ੍ਰੀਤਮ ਕੈ ਰੰਗਿ ਰਤੀ॥ ੧॥ ਰਹਾਉ॥

ਆਪਣੇ ਪ੍ਰੀਤਮ ਦੇ ਰੰਗਿ=ਪ੍ਰੇਮ ਵਿਚ ਰੱਤੀ ਹੋਈ ਮੈਂ ਮਨ ਕਰ ਕੇ ਸ਼ੋਭਨੀਕ, ਬਾਣੀ ਕਰ ਕੇ ਸ਼ੋਭਨੀਕ, ਸਰੀਰ ਕਰ ਕੇ ਸ਼ੋਭਨੀਕ ਹੋਈ ਹਾਂ।

ਅਥਵਾ:-ਚਤੁਸ਼ਟੇ ਅੰਤਹਕਰਨ ਕਰ ਕੇ ਸ਼ੋਭਨੀਕ ਹੋਈ ਹਾਂ।

ਵਾ:-ਸ਼ੋਭਨੀਕ ਆਪਣੇ ਪ੍ਰੀਤਮ ਦੇ ਰੰਗ ਵਿਚ ਰੱਤੀ ਹੋਈ, ਮੈਂ ਸ਼ੋਭਨੀਕ ਤੋਂ ਸ਼ੋਭਨੀਕ ਹੋਈ ਹਾਂ।

ਅਥਵਾ:-ਸ਼ੋਭਨੀਕ ਗੁਰਾਂ ਦੇ ਸ਼ੋਭਨੀਕ ਸ਼ਬਦ ਕਰ ਕੇ ਸ਼ੋਭਨੀਕ ਹੋਈ ਹਾਂ।

ਅਥਵਾ:-ਸ਼ੋਭਨੀਕ ਪਰਮਾਤਮਾ ਦੀ ਸੂਹਬ=ਸੋਭਾ ਕਰ ਕੇ ਸ਼ੋਭਨੀਕ ਹੋਈ ਹਾਂ।

ਮਧਮ ਸਖੀ ਕਹਿੰਦੀ ਹੈ—ਹੇ ਸੰਤੋ!

ਪਾਵ ਮਲੋਵਉ ਸੰਗਿ ਨੈਨ ਭਤੀਰੀ॥ ਜਹਾ ਪਠਾਵਹੁ ਜਾਂਉ ਤਤੀਰੀ॥ ੨॥

ਮੈਂ ਅੱਖਾਂ ਦੀਆਂ ਭਤੀਰੀ ਕਾਕੀਆਂ ਨਾਲ ਆਪ ਦੇ ਚਰਨਾ ਨੂੰ ਮਲੋਵਉ=ਝਸਦੀ ਹਾਂ।

ਜਹਾ=ਜਿਥੇ ਪਠਾਵਹੁ=ਭੇਜੋਗੇ, ਜਾਉ ਤਤੀ-ਰੀ=ਤਿਥੇ ਜਾਵਾਂਗੀ॥ ੨॥

ਜਪ ਤਪ ਸੰਜਮ ਦੇਉ ਜਤੀ-ਰੀ॥
ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀ-ਰੀ॥ ੩॥

ਜਪ, ਤਪ, ਸੰਜਮ ਤੇ ਜਤੀ-ਰੀ=ਜਤ ਆਦਿਕ ਸਾਰੇ ਸਾਧਨ, ਮੈਂ ਆਪ ਜੀ ਨੂੰ ਦੇਂਦੀ ਹਾਂ।

ਮੈਨੂੰ ਇਕ ਨਿਮਖ ਭਰ (ਪ੍ਰਾਨ਼ਪਤੀ) ਪਰਮਾਤਮਾ ਨਾਲ ਮਿਲਾ ਦਿਓ॥ ੩॥

ਇਹ ਗੱਲ ਮਧਮ ਸਖੀ ਤੋਂ ਸੁਣ ਕੇ ਉੱਤਮ ਸਖੀ ਆਖਦੀ ਹੈ—

ਮਾਣੁ ਤਾਣੁ ਅਹੁੰਬੁਧਿ ਹਤੀ-ਰੀ॥
ਸਾ ਨਾਨਕ ਸੋਹਾਗਵਤੀ-ਰੀ॥ ੪॥ ੪॥ ੧੦॥

ਗੁਰੂ ਜੀ ਕਥਨ ਕਰਦੇ ਹਨ—ਹੇ ਸਖੀ! ਜਿਸ ਨੇ ਮਾਣ ਤਾਣ ਤੇ ਹੰਗਤਾ ਵਾਲੀ ਬੁੱਧੀ ਹਤੀ-ਰੀ=ਨਾਸ

ਕੀਤੀ ਹੈ, ਓਹੀ ਇਸਤਰੀ ਸੁਹਾਗਵੰਤੀ ਹੋਈ ਹੈ॥ ੪॥ ੪॥ ੧੦॥*

ਸੂਹੀ ਮਹਲਾ ੫॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

ਤੂੰ ਜੀਵਨੁ ਤੂੰ ਪ੍ਰਾਨ ਅਧਾਰਾ॥ ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ॥ ੧॥

ਹੇ ਪ੍ਰਭੂ ! ਤੂੰ ਜੀਵਨ ਦਾਤਾ ਹੈਂ, ਤੂੰਹੀਂ ਪ੍ਰਾਣਾਂ ਦਾ ਆਸਰਾ ਰੂਪ ਹੈਂ।
ਆਪ ਜੀ ਨੂੰ ਦੇਖ ਦੇਖ ਕੇ ਮਨ ਨੂੰ ਸਾਧਾਰਾ=ਧੀਰਜ ਹੋਇਆ ਹੈ।
ਅਥਵਾ:-ਮਨ ਸਹਿਤ ਆਸਰੇ ਦੇ ਹੋਇਆ ਹੈ॥ ੧॥

ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ॥ਚਿਤਹਿ ਨ ਬਿਸਰਹਿ ਕਾਹੂ ਬੇਰਾ॥੧॥ਰਹਾਉ॥

ਤੂੰਹੀਂ ਮੇਰਾ ਸੱਜਣ ਇਸ ਲੋਕ ਦਾ ਹੈਂ, ਤੂੰਹੀਂ ਮੇਰਾ ਪ੍ਰਲੋਕ ਦਾ ਪ੍ਰੀਤਮ ਹੈਂ। ਕਿਸੇ ਵੇਲੇ ਭੀ ਤੂੰ ਮੇਰੇ ਚਿੱਤ ਵਿਚੋਂ ਬਿਸਰਹਿ ਨ=ਭੁੱਲਦਾ ਨਹੀਂ ਹੈਂ॥ ੧॥ ਰਹਾਉ॥

ਬੈ ਖਰੀਦੁ ਹਉ ਦਾਸਰੋ ਤੇਰਾ॥ ਤੂੰ ਭਾਰੋ ਠਾਕੁਰੁ ਗੁਣੀ ਗਹੇਰਾ॥ ੨॥

ਹਉ=ਮੈਂ ਆਪ ਜੀ ਦਾ ਦਾਸ ਬੈ-ਖਰੀਦੁ=ਮੁੱਲ ਖਰੀਦਿਆ ਹੋਇਆ ਹਾਂ।
ਤੂੰ ਭਾਰੋ=ਵੱਡਾ ਠਾਕੁਰ ਸ਼ੁਭ-ਗੁਣਾਂ ਦਾ ਗਹੇਰਾ=ਸਮੁੰਦਰ ਹੈਂ॥ ੨॥

ਕੋਟਿ ਦਾਸ ਜਾ ਕੈ ਦਰਬਾਰੇ॥ ਨਿਮਖ ਨਿਮਖ ਵਸੈ ਤਿਨ੍ ਨਾਲੇ॥ ੩॥

ਜਿਸ (ਆਪ ਜੀ) ਦੇ ਦਰਬਾਰ ਦੇ ਕ੍ਰੋੜਾਂ ਦਾਸ ਹਨ।
ਆਪ ਨਿਮਖ ਨਿਮਖ ਕਾਲ ਵਿਚ ਉਹਨਾਂ ਦੇ ਨਾਲ ਹੀ ਵੱਸ ਰਹੇ ਹੋ॥ ੩॥

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ॥
ਓਤਿ ਪੋਤਿ ਨਾਨਕ ਸੰਗਿ ਬਸੇਰਾ॥ ੪॥ ੫॥ ੧੧॥

ਮੈਂ ਕੁਝ ਭੀ ਨਹੀਂ ਹਾਂ, ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈ।
ਗੁਰੂ ਜੀ ਕਥਨ ਕਰਦੇ ਹਨ—ਓਤਿ ਪੋਤਿ=ਤਾਣੇ ਪੇਟੇ ਵਾਂਗ ਸਾਰਿਆਂ ਦੇ ਸੰਗ ਵਿਚ ਆਪ ਜੀ ਦਾ ਵਾਸਾ ਹੈ॥ ੪॥ ੫॥ ੧੧॥

ਸੂਹੀ ਮਹਲਾ ੫॥

ਸੂਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ॥ ੧॥
ਉਹ ਪਰਮਾਤਮਾ ਸੂਖ ਮਹਲ=ਸੁਖ ਸਰੂਪ ਹੈ, ਜਿਸ ਦੇ ਸਤਸੰਗ ਦੁਆਰੇ ਸਭ ਤੋਂ ਉੱਚੇ,
ਵਾ:-ਸ੍ਰੇਸ਼ਟ ਹਨ। ਉਹਨਾਂ ਦੁਆਰਿਆਂ ਵਿਚ ਪਿਆਰੇ ਭਗਤ ਵੱਸ ਰਹੇ ਹਨ॥ ੧॥

ਸਹਜ ਕਥਾ ਪ੍ਰਭ ਕੀ ਅਤਿ ਮੀਠੀ॥
ਵਿਰਲੈ ਕਾਹੂ ਨੇਤ੍ਰਹੁ ਡੀਠੀ॥ ੧॥ ਰਹਾਉ॥

ਜਿਥੇ ਪ੍ਰਭੂ ਦੀ ਅਤਿਅੰਤ ਮਿੱਠੀ ਕਥਾ ਸਹਜੇ ਹੋ ਰਹੀ ਹੈ। ਉਹ ਸਤਸੰਗ ਕਿਸੇ ਵਿਰਲੇ ਅੱਖਾਂ ਨਾਲ ਵੇਖੀ

ਨੋਟ:-ਭਤੀਰੀ, ਭਤੀਰੀ, ਪਾਠ ਇਕੱਠੇ ਹਨ, ਬਾਕੀ ਗਤੀ-ਰੀ, ਮਤੀ-ਰੀ, ਇਤਿਆਦ ਪਾਠ ਸੰਬੰਧਕ ਉਚਾਰਨ ਕਰਨੇ ਹਨ।

ਹੈ॥ ੧॥ ਰਹਾਉ॥

ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥ ੨॥

ਤਿਸ ਸਤਸੰਗ ਵਿਚ ਪਰਮੇਸ਼ਰ ਦੇ ਗੀਤ ਗਾਏ ਜਾਂਦੇ ਹਨ, ਨਾਦ=ਵਾਜੇ ਵੱਜਦੇ ਹਨ, ਨਾਲ ਅਖਾਰੇ=ਜੋੜ-ਮੇਲ ਹੁੰਦੇ ਹਨ।

ਅਥਵਾ:-ਤਿਸ ਸਤਸੰਗ ਵਿਚ ਨਾਦ ਸੰਗਾ=ਵਾਜਿਆਂ ਨਾਲ ਗੀਤ=ਸ਼ਬਦ ਗਾਉਂਦੇ ਹਨ ਤੇ ਅਖਾਰੇ=ਜੋੜ-ਮੇਲੇ ਹੁੰਦੇ ਹਨ। ਊਹਾ=ਉਸ ਅਸਥਾਨ ਪਰ ਸੰਤ ਹਰੀ ਵਿਚ ਰੰਗਾ=ਪ੍ਰੇਮ ਕਰਦੇ ਹਨ,

ਵਾ:-ਉਹਨਾਂ ਵਿਚ ਸੰਤ ਹਰੀ ਦਾ ਰੰਗਾ=ਆਨੰਦ ਪ੍ਰਗਟ ਕਰਦੇ ਹਨ॥ ੨॥

ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥
ਸਾਚ ਨਾਮ ਕੀ ਅੰਮ੍ਰਿਤ ਵਰਖਾ॥ ੩॥

ਉਥੇ ਮਰਨਾ ਜੀਉਣਾ, ਸੋਗ ਤੇ ਹਰਖ ਰੂਪ ਦੁੰਦ ਭਾਵ ਨਹੀਂ ਹੈ। ਸੱਚ ਨਾਮ ਦੀ ਅੰਮ੍ਰਿਤ ਵਰਖਾ ਹਰ ਵੇਲੇ ਹੁੰਦੀ ਰਹਿੰਦੀ ਹੈ॥ ੩॥

ਗੁਹਜ ਕਥਾ ਇਹ ਗੁਰ ਤੇ ਜਾਣੀ॥
ਨਾਨਕੁ ਬੋਲੈ ਹਰਿ ਹਰਿ ਬਾਣੀ॥ ੪॥ ੬॥ ੧੨॥

ਇਹ ਗੁਹਜ=ਗੁੱਝੀ ਕਥਾ ਗੁਰਾਂ ਪਾਸੋਂ ਜਾਨਣਾ ਕੀਤੀ ਹੈ, ਏਸੇ ਕਰ ਕੇ ਗੁਰੂ ਜੀ ਕਥਨ ਕਰਦੇ ਹਨ:-

ਅਸੀਂ ਹਰ ਵੇਲੇ ਹਰਿ ਹਰਿ ਨਾਮ ਬਾਣੀ ਨੂੰ ਬੋਲਦੇ ਹਾਂ॥ ੪॥ ੬॥ ੧੨॥

ਸੂਹੀ ਮਹਲਾ ੫॥

ਜਾ ਕੈ ਦਰਸਿ ਪਾਪ ਕੋਟਿ ਉਤਾਰੇ॥ ਭੇਟਤ ਸੰਗਿ ਇਹੁ ਭਵਜਲੁ ਤਾਰੇ॥ ੧॥

ਜਿਨ੍ਹਾਂ ਦੇ ਦਰਸ਼ਨ ਨੇ ਕ੍ਰੋੜਾਂ ਪਾਪ ਉਤਾਰ ਦਿੱਤੇ ਭਾਵ ਦੂਰ ਕਰ ਦਿੱਤੇ ਹਨ। ਉਹਨਾਂ ਦੇ ਸੰਗ ਵਿਚ ਜੋ ਮਿਲਿਆ ਹੈ, ਉਸ ਨੂੰ ਉਹਨਾਂ ਨੇ ਇਸ ਸੰਸਾਰ-ਸਮੁੰਦਰ ਤੋਂ ਤਾਰ ਦਿੱਤਾ ਹੈ॥ ੧॥

ਓਇ ਸਾਜਨ ਓਇ ਮੀਤ ਪਿਆਰੇ॥
ਜੋ ਹਮ ਕਉ ਹਰਿ ਨਾਮੁ ਚਿਤਾਰੇ॥ ੧॥ ਰਹਾਉ॥

ਓਹੀ ਸੱਜਣ ਹਨ, ਓਹੀ ਪਿਆਰੇ ਮਿੱਤਰ ਹਨ। ਜੋ ਮੈਨੂੰ ਹਰੀ ਦਾ ਨਾਮ ਚੇਤੇ ਕਰਵਾਉਂਦੇ ਹਨ॥ ੧॥ ਰਹਾਉ॥

ਜਾ ਕਾ ਸਬਦੁ ਸੁਨਤ ਸੁਖ ਸਾਰੇ॥ ਜਾ ਕੀ ਟਹਲ ਜਮਦੂਤ ਬਿਦਾਰੇ॥ ੨॥

ਜਿਨ੍ਹਾਂ ਦਾ ਸਬਦੁ=ਉਪਦੇਸ਼ ਸੁਣਦਿਆਂ ਹੀ ਸਾਰੇ ਸੁਖ ਪ੍ਰਾਪਤ ਹੁੰਦੇ ਹਨ।

ਜਿਨ੍ਹਾਂ ਦੀ ਕੀਤੀ ਹੋਈ ਸੇਵਾ ਜਮਦੂਤਾਂ ਨੂੰ ਬਿਦਾਰੇ=ਨਾਸ ਕਰਦੀ ਹੈ॥ ੨॥

ਜਾ ਕੀ ਧੀਰਕ ਇਸੁ ਮਨਹਿ ਸਧਾਰੇ॥ ਜਾ ਕੈ ਸਿਮਰਣਿ ਮੁਖ ਉਜਲਾਰੇ॥ ੩॥

ਜਿਨ੍ਹਾਂ ਦੀ ਦਿੱਤੀ ਹੋਈ ਧੀਰਜਤਾ, ਇਸ ਮਨ ਨੂੰ ਸਧਾਰੇ=ਟਿਕਾਉਂਦੀ ਹੈ।

ਜਿਨ੍ਹਾਂ ਦੇ ਸਿਮਰਣਿ=ਯਾਦ ਕਰਨ ਨਾਲ ਮੂੰਹ ਉੱਜਲਾ ਹੁੰਦਾ ਹੈ॥ ੩॥

ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ॥
ਸਰਣਿ ਨਾਨਕ ਤਿਨ੍ ਸਦ ਬਲਿਹਾਰੇ॥ ੪॥ ੭॥ ੧੩॥

ਜੋ ਪ੍ਰਭੂ ਦੇ ਸੇਵਕ ਹਨ, ਉਹਨਾਂ ਨੂੰ ਪ੍ਰਭੂ ਨੇ ਆਪ ਸਵਾਰਿਆ ਹੈ।

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਦੀ ਸ਼ਰਨ ਤੋਂ ਮੈਂ ਸਦਾ ਕੁਰਬਾਨ ਜਾਂਦਾ ਹਾਂ॥ ੪॥ ੭॥ ੧੩॥

(ਪੰਨਾ ੭੪੦)

ਸੂਹੀ ਮਹਲਾ ੫॥

ਸੰਸਾਰ ਨੂੰ ਮਿੱਥਿਆ ਰੂਪ ਦੱਸ ਕੇ ਅਖੀਰ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ—

ਰਹਣੁ ਨ ਪਾਵਹਿ ਸੁਰਿ ਨਰਦੇਵਾ॥
ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥ ੧॥

ਸੁਰਿ=ਦੇਵਤੇ ਤੇ ਨਰਦੇਵਾ=ਬ੍ਰਾਹਮਣ,

ਵਾ:-ਰਾਜੇ ਕੋਈ ਭੀ ਸੰਸਾਰ ਵਿਚ ਰਹਿਣਾ ਨਹੀਂ ਪਾਉਂਦੇ। ਮੁਨੀ ਜਨ ਭੀ ਸੇਵਾ ਕਰ ਕੇ ਉੱਠਕੇ ਤੁਰੇ ਜਾਂਦੇ ਹਨ।

ਅਥਵਾ:-ਮੁਨੀ ਜਨ ਭੀ ਸੇਵਾ ਕਰ ਕੇ ਉੱਠ ਕੇ ਤੁਰੇ ਜਾਂਦੇ ਹਨ॥ ੧॥ ਜਿਵੇਂ—

ਬਾਬਾ ਗੁਰਮੁਖ ਸਿੰਘ ਜੀ

ਇਤਿਹਾਸ-ਵੇਤਾ ਇਹ ਚੰਗੀ ਤਰ੍ਹਾਂ ਜਾਣਦੇ ਹਨ, ਭਾਰਤ ਧਰਮ ਪ੍ਰਧਾਨ ਦੇਸ਼ ਹੈ, ਜ਼ਿੰਦਗੀ ਦੇ ਹਰ ਪੱਖ ਉੱਪਰ ਧਰਮ ਦੀ ਮੋਹਰ ਲੱਗੀ ਹੈ। ਹਿੰਦੂ ਧਰਮ, ਰਿੱਖੀ-ਆਸ਼੍ਰਮਾਂ ਤੇ ਮੰਦਰਾਂ ਵਿਚ ਬੈਠ ਕੇ ਪ੍ਰਚਾਰਿਆ ਗਿਆ। ਬੁੱਧ ਧਰਮ ਦੀ ਸਿਖਿਆ ਮੱਠਾਂ ਵਿਚ ਬੈਠ ਕੇ ਦਿੱਤੀ ਗਈ। ਇਸਲਾਮ ਧਰਮ ਦਾ ਵਾਧਾ ਮਸੀਤਾਂ, ਮਕਤਬਾਂ ਤੇ ਮਦਰੱਸਿਆਂ ਵਿਚ ਬੈਠ ਕੇ ਕੀਤਾ। ਇਸਾਈ ਧਰਮ ਦੇ ਦੋ ਧੁਰੇ ਸਨ, ਚਰਚ ਅਤੇ ਮਿਸ਼ਨਰੀ ਸਕੂਲ। ਇਸ ਦੇ ਸਹਾਰੇ ਤਬਲੀਗ ਦਾ ਚੱਕਰ ਚਲਦਾ ਰਿਹਾ। ਸਾਡੇ ਰਾਜੇ ਹੀ ਅਵਤਾਰ ਹੁੰਦੇ ਰਹੇ ਹਨ ਅਤੇ ਅਵਤਾਰ ਭੀ ਰਾਜੇ ਬਣਦੇ ਰਹੇ ਹਨ। ਕੋਈ ਪਹਿਲਾਂ ਰਾਜਾ ਸੀ ਅਤੇ ਫਿਰ ਅਵਤਾਰ ਬਣਿਆ ਅਤੇ ਕੋਈ ਪਹਿਲਾਂ ਅਵਤਾਰ ਸੀ ਅਤੇ ਫਿਰ ਰਾਜਾ ਬਣਿਆ।

ਹਠੀ, ਜਪੀ ਤੇ ਤਪੀ ਸਿੱਖਾਂ ਦੀ ਤ੍ਰਬੇਣੀ ਹੈ, ਏਹੋ ਧਰਮ ਦਾ ਪਾਵਨ ਸੰਗਮ ਹੈ। ਹਠ, ਸਿਰੜ ਤੇ ਮੋਹਕਮ ਹੋਣਾ ਚਟਾਨਾਂ ਵਰਗੇ ਆਚਰਣ ਦੀਆਂ ਨਿਸ਼ਾਨੀਆਂ ਹਨ। ਹਠ ਅਤੇ ਸਿਰੜ ਦੀ ਧਰਤੀ ਵਿਚੋਂ, 'ਜਪ' ਅਤੇ 'ਤਪ' ਪੈਦਾ ਹੁੰਦਾ ਹੈ। ਹਠ ਹੀ 'ਨੇਮ' ਨੂੰ ਪੱਕਿਆਂ ਕਰਦਾ ਹੈ, ਹਠ ਹੀ 'ਤਪਦੀ ਕੰਗਰੋੜ' ਬਣਦਾ ਹੈ। ਹਠ ਤੇ ਸਿਰੜ ਤੋਂ ਬਿਨਾਂ 'ਸਿਮਰਨ' ਨਹੀਂ ਕੀਤਾ ਜਾ ਸਕਦਾ। ਗੁਰੂਆਂ ਨੇ ਆਪ ਝੋਨੇ ਵਿਚੋਂ ਡੀਲਾ ਤੇ ਨਦੀੜ ਕੱਢਿਆ ਅਤੇ ਉਸ ਦੀਆਂ ਨੁੱਚੜਦੀਆਂ ਪੰਡਾਂ ਆਪ ਚੁੱਕੀਆਂ ਅਤੇ ਸਿੱਖਾਂ ਦੇ ਸਿਰਾਂ ਤੇ ਚੁਕਾਈਆਂ। ਆਪ ਹਲ ਵਾਹੇ ਤੇ ਸਿੱਖਾਂ ਤੋਂ ਵਹਾਏ, ਆਪ ਥੜ੍ਹੇ ਬਣਾਏ ਤੇ ਸਿੱਖਾਂ ਤੋਂ ਬਣਵਾਏ। ਆਪ ਖੂਹ ਤੇ ਬਾਉਲੀਆਂ ਪੁੱਟੀਆਂ ਅਤੇ ਸਿੱਖਾਂ ਤੋਂ ਪੁਟਵਾਈਆਂ। ਆਪ ਤਲਾਬ ਖੋਦੇ ਅਤੇ ਸਿੱਖਾਂ ਤੋਂ ਖੁਦਵਾਏ। ਆਪ ਬ੍ਰਿਛਾਂ ਦੀ ਰਾਖੀ ਕੀਤੀ ਅਤੇ ਸਿੱਖਾਂ ਤੋਂ ਰਾਖੀ ਕਰਵਾਈ। ਆਪ ਭਾਂਡੇ ਮਾਂਜੇ ਅਤੇ ਸਿੱਖਾਂ ਤੋਂ ਮਜਵਾਏ। ਆਪ ਪੱਖਾ ਝੱਲਿਆ ਅਤੇ ਸਿੱਖਾਂ

ਤੋਂ ਝਲਵਾਇਆ। ਆਪ ਦਰਿਆ ਚੀਰ ਕੇ ਪਾਰ ਲੰਘੇ ਅਤੇ ਸਿੱਖਾਂ ਨੂੰ ਲੰਘਾਇਆ। ਆਪ ਦਾਣੇ ਚੱਬੇ ਅਤੇ ਸਿੱਖਾਂ ਨੂੰ ਚਬਵਾਏ। ਆਪ ਫਾਕੇ ਕੱਟੇ ਅਤੇ ਸਿੱਖਾਂ ਤੋਂ ਫਾਕੇ ਕਟਵਾਏ। ਆਪ ਧਰਮਸਾਲਾ ਬਣਾਈਆਂ ਅਤੇ ਸਿੱਖਾਂ ਤੋਂ ਉਸਰਵਾਈਆਂ। ਆਪ ਬਾਣੀ ਲਿਖੀ ਅਤੇ ਸਿੱਖਾਂ ਤੋਂ ਲਿਖਵਾਈ, ਆਪ ਕੀਰਤਨ ਕੀਤਾ ਅਤੇ ਸਿੱਖਾਂ ਤੋਂ ਕਰਵਾਇਆ। ਪਹਿਲਾਂ ਆਪ ਸ਼ਹੀਦੀ ਦੇ ਪੂਰਨੇ ਪਾਏ ਅਤੇ ਫਿਰ ਇਸ ਗਾਡੀ ਰਾਹ ਉੱਪਰ ਸਿੱਖਾਂ ਨੂੰ ਤੋਰਿਆ। ਬਾਣੀ ਦੇ ਆਪ ਅਰਥ ਕੀਤੇ ਅਤੇ ਸਿੱਖਾਂ ਤੋਂ ਕਰਵਾਏ। ਆਪ ਕੁਸ਼ਟੀਆਂ ਅਤੇ ਅਪਾਹਜਾਂ ਦੀ ਸੇਵਾ ਕੀਤੀ ਅਤੇ ਸਿੱਖਾਂ ਤੋਂ ਕਰਵਾਈ।

ਸੰਗਤ ਦੇ ਰੂਪ ਵਿਚ ਸਿੱਖ ਜੁੜਦੇ ਹਨ, ਸੰਗਤ ਦੇ ਰੂਪ ਵਿਚ ਕਥਾ ਤੇ ਕੀਰਤਨ ਸੁਣਦੇ ਹਨ। ਸੰਗਤ ਦੇ ਰੂਪ ਵਿਚ ਸੇਵਾ ਕਰਦੇ ਹਨ, ਸੰਗਤ ਦੇ ਰੂਪ ਵਿਚ ਅਰਦਾਸ ਕਰਦੇ ਹਨ ਅਤੇ ਸਾਰੀ ਅਰਦਾਸ ਵਿਚ ਚਾਰ ਵਾਰ ਸਿੱਖਾਂ ਨੂੰ ਚੇਤਾਵਨੀ ਦੇ ਕੇ ਧਿਆਨ ਧਰਨ ਲਈ (ਤਸੱਵਰ) ਕਿਹਾ ਜਾਂਦਾ ਹੈ।

੧. ਪਹਿਲੀ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਦਰਸ਼ਨ ਤੇ ਦੀਦਾਰੇ ਦਾ।

੨. ਦੂਜੀ ਵਾਰ, ਪੰਜਾਂ ਪਿਆਰਿਆਂ ਦਾ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਦੇਗ ਅਤੇ ਤੇਗ ਚਲਾਉਣ ਤੇ ਵੰਡ ਕੇ ਛਕਣ ਵਾਲਿਆਂ ਦਾ।

੩. ਤੀਜੀ ਵਾਰ, ਕੁਰਬਾਨੀਆਂ ਵਾਲੀਆਂ ਸਿੰਘਣੀਆਂ, ਸੀਸ ਦੇਣ, ਬੰਦ ਬੰਦ ਕਟਵਾਉਣ, ਖੋਪਰੀਆਂ ਲੁਹਾਉਣ, ਚਰਖੜੀਆਂ ਤੇ ਚੜ੍ਹਨ ਵਾਲਿਆਂ ਦਾ ਧਿਆਨ।

੪. ਚੌਥੀ ਵਾਰ, ਤਖਤਾਂ ਅਤੇ ਸਮੂੰਹ ਗੁਰਦੁਆਰਿਆਂ ਦਾ ਧਿਆਨ ਧਰ ਕੇ।

ਗੁਰੂ ਧਿਆਨ ਵਿਚੋਂ ਬਾਣੀ ਆਈ ਹੈ, ਗੁਰੂ ਧਿਆਨ ਵਿਚੋਂ ਨਿਸ਼ਾਨ ਤੇ ਗੁਰਦੁਆਰੇ ਪੈਦਾ ਹੋਏ ਹਨ, ਗੁਰੂ ਧਿਆਨ ਵਿਚੋਂ ਅੰਮ੍ਰਿਤ-ਸਰੋਵਰ ਅਤੇ ਬਾਉਲੀਆਂ ਪੈਦਾ ਹੋਈਆਂ ਹਨ।

ਸਿੱਖ ਭੀ ਆਪਣੇ ਗੁਰੂ ਨੂੰ ਸਭ ਤੋਂ ਵੱਡਾ ਮੰਨਦੇ ਹਨ। ਹਰ ਇਕ ਦਾ ਪਿਓ, ਉਸ ਲਈ ਸਭ ਤੋਂ ਵੱਡਾ ਹੁੰਦਾ ਹੈ, ਪਰ ਆਪਣੇ ਪਿਤਾ ਜੀ ਦਾ ਅਸਥਾਨ ਜੋ ਸਭ ਤੋਂ ਵੱਡਾ ਅਤੇ ਉੱਚਾ ਬਣਾਉਂਦਾ ਹੈ, ਉਹ ਪੁੱਤਰ ਆਪ ਭੀ ਵੱਡਾ ਹੁੰਦਾ ਹੈ ਅਤੇ ਉਹ ਆਪਣੇ ਪਿਤਾ ਜੀ ਨੂੰ ਵੱਡਾ ਬਣਾਉਂਦਾ ਹੈ।

ਅਕਾਲੀ ਫੂਲਾ ਸਿੰਘ ਜੀ, ਬਾਬਾ ਜਸਾ ਸਿੰਘ ਜੀ, ਸ: ਬਘੇਲ ਸਿੰਘ ਜੀ, ਭਾਈ ਮਨੀ ਸਿੰਘ ਜੀ ਨੇ ਗੁਰਦੁਆਰਿਆਂ ਦੇ ਆਦਰਸ਼ਕ ਪ੍ਰਬੰਧ ਦੀ ਪ੍ਰੰਪਰਾ ਤੋਰੀ।

ਸੰਤਾਂ, ਮਹੰਤਾਂ, ਮਹਾਂ ਪੁਰਖਾਂ ਤੇ ਗਿਆਨੀਆਂ ਦੀ ਪ੍ਰੇਰਨਾ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਤੇ ਮਿਸਲਾਂ ਦੇ ਸਰਦਾਰਾਂ ਨੇ ਗੁਰਦੁਵਾਰਿਆਂ ਨੂੰ ਆਰਥਿਕ ਤੌਰ ਉੱਪਰ ਮਜ਼ਬੂਤ ਕਰਨ ਦਾ ਸ਼ੁਭ ਕਾਰਜ ਕੀਤਾ।

ਜਿਹੜਾ ਮਹਾਨ ਕਾਰਜ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਦੁਆਰੇ ਕਾਇਮ ਕਰਨ ਤੇ ਪ੍ਰਚਲਤ ਕਰਨ ਦਾ ਉਦਾਸੀਨ ਮਹਾਤਮਾ ਨੂੰ ਸੌ ਪਿਆ ਸੀ, ਉਹਨਾਂ ਨੇ ਬੜੀ ਸਫਲਤਾ ਨਾਲ ਉਸ ਨੂੰ ਸੰਪੂਰਨ ਕੀਤਾ।

ਅਖਾੜਾ ਬ੍ਰਹਮ ਬੂਟਾ ਦੇ ਮਹਾਂਪੁਰਖਾਂ ਨੇ ਜੋ ਸੰਗਤ ਸਾਹਿਬ, ਭਾਈ ਫੇਰੂ ਸੱਚੀ ਦਾਹੜੀ ਦੀ ਸੰਪ੍ਰਦਾਇ ਵਿਚੋਂ ਸੰਨ; ਬਾਵਾ ਸੰਤੋਖ ਦਾਸ ਜੀ ਅਤੇ ਨਿਰਬਾਣ ਪ੍ਰੀਤਮ ਦਾਸ ਜੀ ਨੇ ਰਾਵੀ ਤੋਂ ਹੰਸਲੀ ਕੱਢਕੇ ਸਰੋਵਰ ਵਿਚ ਨਿਰਮਲ ਜਲ ਪਾਇਆ ਅਤੇ ਹੰਸਲੀ ਦੀ ਪਰੰਪਰਾ ਤੋਰੀ।

ਦੂਰ ਪਹਾੜਾਂ ਤੋਂ ਉੱਚੇ ਲੰਮੇ ਸਿਧ ਤੇ ਗਗਨ ਚੁੰਮਦੇ ਦੋ ਬ੍ਰਿੱਛ ਲਿਆ ਕੇ ਸ੍ਰੀ ਅਕਾਲ ਤਖਤ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦਰਸ਼ਨੀ ਡਿਉੜੀ ਦੇ ਇਕ ਪਾਸੇ ਰਾਜ-ਯੋਗ ਦੇ ਨਿਸ਼ਾਨ ਝੁਲਾ ਦਿੱਤੇ ਅਤੇ ਉੱਚੇ

ਤੋਂ ਉੱਚੇ ਨਿਸ਼ਾਨ ਸਾਹਿਬ ਝੁਲਾਉਣ ਦੀ ਨੀਂਹ ਰੱਖੀ।

ਸਿੰਘ ਸਭਾ ਲਹਿਰ ਧੀਮੀ ਠੰਢੀ ਤੇ ਨਿਘਰ ਸੀ। ਅਕਾਲੀ ਲਹਿਰ ਧਾਰਮਿਕ ਤੇ ਰਾਜਨੀਤਕ, ਦੋਹਰੀ ਸੀ। ਪਹਿਲੀ ਲਹਿਰ ਦਾ ਕੰਮ ਸੀ, ਅਵਸਰ ਅਨੁਸਾਰ ਲਾਭ ਉਠਾਉਣਾ। ਦੂਜੀ ਦਾ ਕੰਮ ਸੀ, ਅੰਗਰੇਜ਼ ਦੇ ਸਹਾਇਕਾਂ ਦਾ ਲੱਕ ਤੋੜਨਾ ਅਤੇ ਆਪਣੇ ਦੇਸ਼ ਵਿਚ ਆਪਣਾ ਰਾਜ ਕਾਇਮ ਕਰਨਾ। ਇਸ ਲਹਿਰ ਨੇ ਇਕ ਵਾਰ ਸਾਰੀ ਕੌਮ ਵਿਚੋਂ ਕੂੜਾ ਕਰਕਟ ਹੂੰਝ ਕੇ ਸੁਟਾ ਦਿੱਤਾ। ਡਾਕੂਆਂ ਨੇ ਅੰਮ੍ਰਿਤ ਪਾਨ ਕੀਤਾ ਤੇ ਜਥੇਦਾਰ ਬਣ ਗਏ। ਪੀੜ੍ਹੀਆਂ ਦੇ ਵੈਰੀ ਪੱਗ-ਵੱਟ ਭਰਾ ਬਣ ਗਏ। ਕਚਹਿਰੀਆਂ ਵਿਚ ਉਲੂ ਬੋਲਣ ਲੱਗ ਪਏ। ਇਖਲਾਕੀ ਕੈਦੀਆਂ ਦੀ ਥਾਂ ਜੇਲ੍ਹਾਂ ਰਾਜਸੀ ਕੈਦੀਆਂ ਨਾਲ ਭਰ ਗਈਆਂ। ਜੇਲ੍ਹਾਂ ਖਤਮ ਹੋਣ ਤੇ ਮਿੰਟਗੁਮਰੀ ਵਿਚ ਕੰਡਿਆਲੀਆਂ ਤਾਰਾਂ ਦੀ ਤਾਰ ਲਾ ਕੇ ਨਾਮ-ਮਾਤਰ ਜੇਲ੍ਹ ਬਣਾਈ ਗਈ।

ਇਕ ਮੋਰਚਾ ਖਤਮ ਨਹੀਂ ਸੀ ਹੁੰਦਾ ਕਿ ਦੂਜਾ ਲੱਗ ਜਾਂਦਾ ਸੀ। ਦੂਜੇ ਦੇ ਨਾਲ ਤੀਜਾ ਅਤੇ ਚੌਥਾ ਸ਼ੁਰੂ ਹੋ ਜਾਂਦਾ, ਸਾਗਰ ਦੀਆਂ ਲਹਿਰਾਂ ਵਾਂਗ ਮੋਰਚਿਆਂ ਤੇ ਜਥੇ ਜਾਂਦੇ ਸਨ। ਗੋਲੀਆਂ ਚਲਦੀਆਂ, ਡਾਗਾਂ ਪੈਂਦੀਆਂ, ਉੱਪਰ ਦੀ ਘੋੜੇ ਦੁੜਾਏ ਜਾਂਦੇ, ਕਾਰਖਾਸ ਵਿਚ ਭੇਜਿਆ ਜਾਂਦਾ।

ਸਾਰੀ ਕੌਮ, ਆਪਣੇ ਪਿਤਾ ਜੀ ਦੇ ਨਾਮ ਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਖਵਾਉਣ ਲੱਗੀ। ਆਪਣੇ ਪਿੰਡ ਦੀ ਥਾਂ ਤੇ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਵਾਸੀ ਬਣ ਗਏ। ਲੰਡਨ ਤੋੜ ਸਿੰਘ, ਲੰਡਨ ਫੂਕ ਸਿੰਘ, ਅਤੇ ਅੰਗਰੇਜ਼ ਆਕੜ ਭੰਨ ਸਿੰਘ ਆਦਿਕ ਅਨੋਖੇ ਜੋਸ਼ੀਲੇ ਆਪਣੇ ਨਾਮ ਲਿਖਵਾਉਂਦੇ, ਜਿਸ ਕਰਕੇ ਕਚਹਿਰੀ ਦੀਆਂ ਕਲਮਾਂ ਰੁਕ ਗਈਆਂ। ਸਾਰੇ ਆਪਣੇ ਨਵੇਂ ਨਵੇਂ ਨਾਮ ਰੱਖ ਲੈਂਦੇ ਤਾਂ ਕਿ ਸਰਕਾਰ ਨੂੰ ਉਨ੍ਹਾਂ ਦੇ ਅੱਗੇ ਪਿੱਛੇ ਦੇ ਨਾਮ ਟਿਕਾਣੇ ਦਾ ਪਤਾ ਨਾ ਲੱਗੇ।

ਲਹਿਰਾਂ ਦੀ ਉਮਰ ਛੋਟੀ ਹੁੰਦੀ ਹੈ, ਪਰ ਉਸ ਦਾ ਇਤਿਹਾਸ ਵੱਡਾ ਹੁੰਦਾ ਹੈ। ਕੁਝ ਲਹਿਰਾਂ ਢਾਹੁਣ ਵਾਲੀਆਂ ਹੁੰਦੀਆਂ ਹਨ, ਕੁਝ ਉਸਾਰਨ ਵਾਲੀਆਂ। ਇਹ ਭੀ ਠੀਕ ਹੈ ਕਿ ਉਸਾਰਨ ਤੋਂ ਪਹਿਲਾਂ ਢਾਹੁਣ ਦੀ ਲੋੜ ਹੁੰਦੀ ਹੈ।

ਕੋਈ ਭੀ ਕੌਮ ਆਪਣੇ ਗੁਰੂਆਂ ਵੇਲੇ ਅਕਾਰ ਵਿਚ ਵੱਡੀ ਨਹੀਂ ਹੁੰਦੀ। ਮਾਪਿਆਂ ਦੇ ਪਿੱਛੋਂ ਹੀ ਬੱਚੇ ਜਵਾਨ ਹੁੰਦੇ ਹਨ, ਵਡ ਪ੍ਰਵਾਰੀਏ ਬਣਦੇ ਹਨ। ਮਿਸਲਾਂ ਦਾ ਸਮਾਂ ਸਿੱਖੀ ਦਾ ਸੁਨਹਿਰੀ ਕਾਲ ਸੀ, ਮਹਾਰਾਜਾ ਰਣਜੀਤ ਸਿੰਘ ਵੇਲੇ ਸਿੱਖਾਂ ਦੀ ਰਾਜਸੀ ਹਾਲਤ ਦਾ ਸੁਨਹਿਰੀ ਕਾਲ ਸੀ, ਪਰ ਸਿੱਖੀ ਨੂੰ ਢਾਹ ਲਗ ਚੁੱਕੀ ਸੀ। ਅਕਾਲੀ ਫੂਲ ਸਿੰਘ ਜੀ ਵਰਗੀ ਸ਼ਖਸੀਅਤ ਨੂੰ ਭੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿਚੋਂ ਅਨ-ਜਲ ਨਾ ਛਕਣ ਦਾ ਪ੍ਰਣ ਕਰਨਾ ਪੈਂਦਾ ਸੀ।

ਅਕਾਲੀ ਲਹਿਰ ਗੁਰਦੁਆਰਾ ਐਕਟ ਲੈ ਕੇ ਪ੍ਰਬੰਧਕ ਕੰਮਾਂ ਵਿਚ ਰੁਝ ਗਈ ਪਰ ਕਾਰ ਸੇਵਾ ਨੇ ਜਿਹੜਾ ਨਿਰੋਲ ਸੇਵਾ ਦਾ ਹੁਲਾਰਾ ਸੰਗਤਾਂ ਦੇ ਹਿਰਦੇ ਵਿਚ ਮਾਰਿਆ, ਮਹਾਂਪੁਰਖਾਂ ਨੇ ਉਸ ਨੂੰ ਹਮੇਸ਼ਾਂ ਲਈ ਕਾਬੂ ਕਰ ਲਿਆ। ਭਾਵੇਂ ਇਹ ਗੱਲ ਠੀਕ ਹੈ ਤੇ ਸਰਕਾਰ ਦੇ ਗੁਪਤ ਕਾਗਜ਼ ਭੀ ਇਹ ਪ੍ਰਗਟ ਕਰਦੇ ਹਨ, ਕਿ ਉਦੋਂ ਇਹ ਵਿਸ਼ਵਾਸ਼ ਸੀ ਕਿ ਕਾਰ ਸੇਵਾ ਦੇ ਫਲ ਕਰਕੇ ਅੰਗਰੇਜ਼ੀ ਰਾਜ ਖਤਮ ਹੋ ਜਾਵੇਗਾ। ਸੇਵਾ ਦੀ ਪ੍ਰੇਰਨਾ ਹੈ ਕਿ ਜ਼ਾਲਮ ਦਾ ਰਾਜ ਨਾ ਰਹੇ। ਇਹ ਕੰਮ ਇਤਿਹਾਸਕਾਰਾਂ ਦਾ ਹੈ ਕਿ ਉਹ ਪੜਤਾਲ ਕਰਕੇ ਵੇਖਣ ਕਿ ਕਾਰ ਸੇਵਾ ਦੇ ਸੰਪੂਰਨ ਹੋਣ ਤਕ ਅੰਗਰੇਜ਼ੀ ਰਾਜ ਦੇ ਕਿਹੜੇ ਕਿਹੜੇ ਥੰਮ੍ਹ ਹਿਲ ਗਏ ਸਨ ਅਤੇ ਜਿਸ ਉੱਪਰ ਹਰ ਸਮੇਂ ਸੂਰਜ ਚੜ੍ਹਿਆ ਰਹਿੰਦਾ ਸੀ। ਉਸ ਦੇ ਕਿਸ ਕਿਸ ਹਿੱਸੇ ਵਿਚ ਰਾਤ ਦੇ ਪ੍ਰਛਾਵੇਂ ਆ ਗਏ ਸਨ।

ਪਹਿਲੀ ਕਾਰ ਸੇਵਾ ਮਹਾਰਾਜਾ ਸ਼ੇਰ ਸਿੰਘ ਜੀ ਦੇ ਵੇਲੇ ਹੋਈ, ਜਿਸ ਵਿਚ ਰਾਜ-ਘਰਾਣੇ ਦੇ ਸਾਰੇ ਪ੍ਰਵਾਰ

ਨੇ ਸੇਵਾ ਕਰਕੇ ਆਪਣਾ ਜਨਮ ਸਫਲ ਕੀਤਾ। ਫੌਜ ਦੇ ਮੁਖੀਆਂ ਨੇ ਗਾਰ ਕੱਢਣ ਨੂੰ ਕਾਰ ਸੇਵਾ ਕਹਿ ਕੇ ਸ਼ਰਧਾ ਪ੍ਰਗਟ ਕੀਤੀ।

੧੭ ਜੂਨ ੧੯੨੩ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਪਹਿਲਾ ਟੱਕ ਲਾਇਆ। ਇਹ ਸੋਨੇ ਦੀਆਂ ਕਹੀਆਂ ਅਤੇ ਚਾਂਦੀ ਦੇ ਬਾਟੇ ਇਤਿਹਾਸਕ ਯਾਦਗਾਰ ਦੇ ਤੌਰ ਤੇ ਹਰ ਜਲੌ ਸਮੇਂ ਵਿਖਾਏ ਜਾਂਦੇ ਹਨ। ਉਸ ਸਮੇਂ ਭੀ ਇਕ ਜਥੇ ਨੇ ਸੋਨੇ ਦੀਆਂ ਕਹੀਆਂ ਅਤੇ ਚਾਂਦੀ ਦੇ ਬਾਟਿਆਂ ਦੀ ਵਿਰੋਧਤਾ ਕਰਕੇ ਲੋਹੇ ਦੀਆਂ ਕਹੀਆਂ ਅਤੇ ਲੋਹੇ ਦੇ ਬਾਟੇ ਲੈ ਕੇ ਪਹਿਲੇ ਹੀ ਸੇਵਾ ਦਾ ਟੱਕ ਲਾ ਦਿੱਤਾ ਸੀ।

ਬਾਬਾ ਗੁਰਮੁਖ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਭਾਈ ਕਰਮ ਸਿੰਘ ਅਰੋੜਾ ਸੀ। ਮਾਤਾ ਜੀ ਦਾ ਨਾਮ ਗੁਰਦੇਈ ਸੀ। ਆਪ ਜੀ ਦੀ ਜਨਮ ਭੂਮੀ ਦਿਆਲ ਗੜ੍ਹ ਬੂੜੀਆਂ ਕਿਲ੍ਹਾ ਰਾਣੀ ਸ਼ਖਾ ਸੀ। ਪੂਰਬਲੇ ਸੰਸਕਾਰਾਂ ਕਰਕੇ ਆਪ ਜੀ ਪ੍ਰਭੂ ਨਾਲ ਸੁਰਤ ਜੋੜੀ ਰਖਦੇ ਸਨ। ਮਾਤਾ ਜੀ ਦੇ ਚੰਗੇ ਪ੍ਰਭਾਵ ਕਰਕੇ ਆਪ ਜੀ ਨੇ ਸਾਰੇ ਜੀਵਨ ਵਿਚ ਇਕ ਵਾਰ ਭੀ ਝੂਠ ਨਹੀਂ ਬੋਲਿਆ।

ਆਪ ਜੀ ਨੀਂਦਰ ਨੂੰ ਸਭ ਤੋਂ ਬਲਵਾਨ ਮੰਨਦੇ ਸਨ ਅਤੇ ਇਸ ਨੂੰ ਰੋਕਣ ਲਈ ਅਤੇ ਸਾਵਧਾਨ ਰਹਿਣ ਲਈ ਆਪ ਖੂਹ ਦੀ ਮਣ ਦੇ, ਖੂਹ ਦੇ ਕੰਢੇ ਤੇ ਬੈਠ ਕੇ ਸਿਮਰਨ ਕਰਦੇ। ਜੇ ਨੀਂਦਰ ਬਹੁਤਾ ਹੀ ਤੰਗ ਕਰੇ ਤਾਂ ਆਪਣੇ ਕੇਸ ਦਰੱਖਤ ਨਾਲ ਬੰਨ੍ਹ ਕੇ ਖੜੇ ਹੋ ਕੇ ਜਾਪ ਕਰਦੇ ਸਨ।

ਜਵਾਨ ਹੋਣ ਤੇ ਆਪ ਫੌਜ ਵਿਚ ਭਰਤੀ ਹੋ ਗਏ, ਪਰ ਉਹਨਾਂ ਨੇ ਪਹਿਲਾ ਆਪਣੇ ਪ੍ਰਭੂ ਦੀ ਨੌਕਰੀ ਨੂੰ ਹੀ ਦਿੱਤੀ।

ਇਕ ਵਾਰ ਇਨ੍ਹਾਂ ਦੇ ਯੂਨਿਟ ਨੇ ਪਰੇਡ ਵਿਚ ਆਪਣੇ ਹਥਿਆਰਾਂ ਦਾ ਮੁਆਇਨਾ ਕਰਵਾਉਣਾ ਸੀ। ਆਪ ਜੀ ਸਾਰੀ ਰਾਤ ਸਿਮਰਨ ਤੇ ਗੁਰੂ ਬਾਣੀ ਨਾਲ ਆਪਣਾ ਮਨ ਅਤੇ ਆਪਣੀਆਂ ਗਿਆਨ ਇੰਦਰੀਆਂ ਮਾਂਜਦੇ ਤੇ ਲਿਸ਼ਕਾਉਂਦੇ ਰਹੇ। ਸਵੇਰ ਵੇਲੇ ਫੌਜੀ ਬਰਦੀ ਪਾ ਕੇ ਅਤੇ ਹਥਿਆਰ ਲੈ ਕੇ ਲਾਇਨ ਵਿਚ ਖੜੇ ਹੋ ਗਏ। ਅੰਗਰੇਜ਼ ਅਫਸਰ ਨੇ ਸਾਰੇ ਸਿਪਾਹੀਆਂ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਜੋਹਿਆ, ਪਰ ਜਦੋਂ ਉਹ ਆਪ ਜੀ ਪਾਸ ਆਵੇ, ਉਸ ਨੂੰ ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਵੇ। ਸ਼ਕਾਇਤ ਲਾਉਣ ਤੇ ਸਾਹਬ ਫਿਰ ਇਨ੍ਹਾਂ ਵਲ ਆਇਆ ਪਰ ਬਿਨਾਂ ਇਕ ਭੀ ਸ਼ਬਦ ਦੇ ਬੋਲਣ ਤੋਂ ਉਹ ਵਾਪਸ ਚਲਿਆ ਗਿਆ।

ਬਾਬਾ ਜੀ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ ਕਿਹਾ—"ਮਨੁੱਖ ਦੀ ਸੇਵਾ ਔਖੀ ਹੈ ਪਰ ਫਲ ਕੌੜਾ ਹੈ। ਪ੍ਰਭੂ ਦੀ ਸੇਵਾ ਭੀ ਸੌਖੀ ਹੈ ਅਤੇ ਫਲ ਭੀ ਮਿੱਠਾ ਹੈ।"

ਆਪ ਜੀ ਪਟਿਆਲੇ ਆ ਗਏ। ਇਨ੍ਹਾਂ ਦੇ ਨਾਲ ਗੁਰਮੁਖ ਪਿਆਰੇ ਬਾਬਾ ਸਾਧੂ ਸਿੰਘ ਜੀ ਮਿਲ ਗਏ। ਪਟਿਆਲੇ ਤੋਂ ਪੰਜ ਮੀਲ ਦੀ ਦੂਰੀ ਤੇ ਇਨ੍ਹਾਂ ਨੇ ਜੰਗਲ ਵਿਚ ਬਾਰਾਂ ਸਾਲ ਦਾ ਚਲੀਹਾ ਕੱਟਿਆ। ਇਹ ਨਾ ਲੂਣ ਖਾਂਦੇ, ਨਾ ਅਚਾਰ ਦੀ ਵਰਤੋਂ ਕਰਦੇ ਅਤੇ ਨਾ ਮਿੱਠਾ ਖਾਂਦੇ। ਇਨ੍ਹਾਂ ਦਾ ਭਰੋਸਾ ਸੀ ਕਿ ਜਿਹੜੀ ਪੱਟੀ ਸਵਾਦੋਂ ਪੱਟੀ, ਸਵਾਦ ਵਾਲੀ ਮੱਛੀ ਨੂੰ ਏਡਾ ਵੱਡਾ ਸਾਗਰ ਭੀ ਨਹੀਂ ਬਚਾ ਸਕਦਾ।

ਇਸ ਤੋਂ ਪਿਛੋਂ ਇਹ ਸੰਤ ਬੀਰਮ ਦਾਸ ਜੀ ਪਾਸ ਪਿੰਡ ਧਦੌਚ ਵਿਚ ਆ ਗਏ। ਇਹ ਅਲਫ ਨੰਗੇ ਰਹਿੰਦੇ ਸਨ। ਉਹ ਕਿਸੇ ਨੂੰ ਨੇੜੇ ਨਹੀਂ ਸੀ ਢੁਕਣ ਦੇਂਦੇ ਪਰ ਜਦੋਂ ਆਪ ਜੀ ਗਏ ਤਾਂ ਉਹਨਾਂ ਨੇ ਆਪਣੇ ਗੱਲ ਨਾਲ ਲਾ ਲਿਆ। ਉਹਨਾਂ ਦੀ ਸੇਵਾ ਵਿਚ ਤਿੰਨ ਚਾਰ ਸਾਲ ਰਹੇ।

ਕੁਝ ਚਿਰ ਪਟਿਆਲੇ ਭੀ ਕਥਾ ਵਾਰਤਾ ਕਰਦੇ ਰਹੇ। ਆਪ ਜੀ ਦੇ ਅੰਦਰੋਂ ਬਾਣੀ ਦਾ ਪ੍ਰਵਾਹ ਹਰ ਸਮੇਂ

ਚਲਦਾ ਰਹਿੰਦਾ ਸੀ। ਆਪ ਜੀ ਇੱਕਲੇ ਹੀ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਸੰਪੂਰਨ ਸਮਾਪਤੀ ਕਰ ਲੈਂਦੇ ਸਨ ਤੇ ਆਖਦੇ ਸਨ, "ਜੇ ਗੁਰੂ ਜੀ ਬੈਠੇ ਰਹਿਣ, ਫਿਰ ਉਹਨਾਂ ਨੂੰ ਛੱਡ ਕੇ ਅਸੀਂ ਕਿਸ ਤਰ੍ਹਾਂ ਸੌਂ ਸਕਦੇ ਹਾਂ। ਸਾਨੂੰ ਭੀ ਉਹਨਾਂ ਦੇ ਨਾਲ ਹੀ ਜਾਗਦੇ ਰਹਿਣਾ ਚਾਹੀਦਾ ਹੈ ਆਪ ਜੀ ਆਗਿਆ ਲੈ ਕੇ ਸ੍ਰੀ ਅੰਮ੍ਰਿਤਸਰ ਆਏ ਤੇ ਇਕ ਦਿਨ ਚੌਂਕੜਾ ਮਾਰ ਕੇ ਬੈਠ ਗਏ, ਪ੍ਰਣ ਕੀਤਾ ਕਿ ਜਿੰਨ੍ਹਾਂ ਚਿਰ ਗੁਰੂ ਨਾਨਕ ਦੇਵ ਜੀ ਸਾਮ੍ਹਰਤੱਖ ਦਰਸ਼ਨ ਨਹੀਂ ਦੇਂਦੇ, ਮੂੰਹ ਨੂੰ ਅੰਨ-ਜਲ ਨਹੀਂ ਲਾਉਣਾ।

ਉਹਨਾਂ ਦੇ ਸਿਦਕ ਨੂੰ ਫਲ ਲੱਗਾ ਗੁਰੂ ਜੀ ਨੇ ਆਪਣੇ ਭਗਤ ਦੀ ਇੱਛਾ ਪੂਰੀ ਕੀਤੀ। ਉਹਨਾਂ ਨੂੰ ਪ੍ਰਸ਼ਾਦ ਦੀ ਭੀ ਬਖਸ਼ਸ਼ ਕੀਤੀ ਅਤੇ ਥਾਪੜਾ ਭੀ ਲਾਇਆ।

ਇਸ ਤੋਂ ਪਿੱਛੋਂ ਆਪ ਸਣੇ ਸੰਗਤਾਂ ਦੇ ਸ੍ਰੀ ਹਜੂਰ ਸਾਹਿਬ ਜੀ ਦੀ ਯਾਤਰਾ ਨੂੰ ਪੈਦਲ ਹੀ ਚੱਲ ਪਏ। ਰਾਹ ਵਿਚ ਗੁਰਦੁਆਰਿਆਂ ਦੀ ਸਫਾਈ ਦੀ ਸੇਵਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਕਰਦੇ ਗਏ।

ਯਾਤਰਾ ਪਿੱਛੋਂ ਫਿਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ, ਮੈਨੂੰ ਇਨ੍ਹਾਂ ਅੱਖਾਂ ਨਾਲ ਦਰਸ਼ਨ ਕਰਨ ਦਾ ਅਵਸਰ ਬਖਸ਼ੋ। ਸੇਵਕ ਦੀ ਬੇਨਤੀ ਪ੍ਰਵਾਨ ਹੋਈ ਤੇ ਦਸਮੇਸ਼ ਜੀ ਨੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਥਾਪੜਾ ਦੇ ਕੇ ਕਿਹਾ, "ਗੁਰਦਵਾਰਿਆਂ ਦੀ ਸੇਵਾ ਕਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣਾ ਜਨਮ ਭੀ ਸਫਲ ਕਰੋ।"

੧੯੦੩ ਨੂੰ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਏਥੇ ਆ ਕੇ ਸਿਮਰਨ ਅਤੇ ਸੇਵਾ ਵਿਚ ਜੁਟ ਪਏ। ਪਰਕਰਮਾ ਦੀ ਸੇਵਾ, ਸਰੋਵਰ ਵਿਚੋਂ ਜਾਲਾ ਕੱਢਣ ਦੀ ਸੇਵਾ, ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਦੀਵਾਨ ਦੀਆਂ ਦਰੀਆਂ ਵਿਛਾਉਣ ਦੀ ਸੇਵਾ, ਰਾਤ ਨੂੰ ਹਰਿਮੰਦਰ ਜੀ ਦੇ ਇਸ਼ਨਾਨ ਕਰਨ ਤੇ ਵਿਛਾਈਆਂ ਵਿਛਾਉਣ ਤੇ ਸਜਾਉਣ ਦੀ ਪਾਵਨ ਸੇਵਾ ਸੰਭਾਲ਼ ਲਈ। ਇਨ੍ਹਾਂ ਦੇ ਨਾਲ ਹੀ ਦੋ ਢਾਈ ਸੌ ਪ੍ਰੇਮੀ ਸੀ, ਜੋ ਸਵੇਰੇ ਅਤੇ ਸ਼ਾਮ ਦੇ ਦੀਵਾਨਾਂ ਵਿਚ ਨੇਮ ਨਾਲ ਜਾਂਦੇ ਸਨ।

ਸ਼ਾਰੇ ਸੇਵਾ ਪੰਥੀ ਕੁੱਤੇ ਨੂੰ ਖਸਮ ਦਾ ਰਾਖਾ ਤੇ ਵਫਾਦਾਰ ਮੰਨਦੇ ਹਨ—"ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥" (ਸਲੋਕ ਮ: ੯, ਪੰਨਾ ੧੪੨੮) ਦੇ ਅਨੁਸਾਰ ਇਹ ਭੀ ਮਿੱਥ ਹੈ ਕਿ ਕੁੱਤੇ ਦੀ ਸਵਾ ਮਣ ਭੁੱਖ ਹੁੰਦੀ ਹੈ ਪਰ ਉਹ ਸਬਰ ਅਤੇ ਸੰਤੋਖ ਵਾਲਾ ਹੁੰਦਾ ਹੈ, ਉਸ ਨੂੰ ਜਿਤਨੀ ਰੋਟੀ ਮਿਲੇ, ਉਹ ਸ਼ੁਕਰ-ਗੁਜ਼ਾਰ ਹੋ ਕੇ, ਪੂਛ ਹਿਲਾ ਹਿਲਾ ਕੇ ਮਾਲਕ ਦਾ ਮੁੜ-ਮੁੜ ਧੰਨਵਾਦ ਕਰ ਕੇ ਖਾਂਦਾ ਹੈ। ਭਾਵੇਂ ਮਾਲਕ ਦੇ ਘਰ ਉਸ ਨੂੰ ਸਾਰੀ ਉਮਰ ਭੀ ਭੁੱਖਿਆਂ ਰਹਿਣਾ ਪਵੇ, ਉਹ ਆਪਣੇ ਮਾਲਕ ਨੂੰ ਛੱਡ ਕੇ ਕਿਸੇ ਹੋਰ ਮਾਲਕ ਨੂੰ ਨਹੀਂ ਅਪਣਾਉਂਦਾ, ਭਾਵੇਂ ਉਹ ਰੋਜ਼ ਖੀਰਾਂ ਅਤੇ ਪੂੜੇ ਕਿਉਂ ਖਵਾਉਣ ਵਾਲਾ ਹੋਵੇ। ਨੀਂਦਰ ਬੜੀ ਜ਼ੋਰਦਾਰ ਹੈ ਅਤੇ ਖਾਸ ਕਰ ਕੇ ਰਾਤ ਨੂੰ ਏਸੇ ਦਾ ਰਾਜ ਹੁੰਦਾ ਹੈ ਪਰ ਕੁੱਤਾ ਸਾਰੀ ਰਾਤ ਅੱਖਾਂ ਵਿਚ ਕੱਟਦਾ ਹੈ।

ਕੁੱਤਾ ਕੁਲ-ਪਾਲ ਤੇ ਟੱਬਰ-ਪਾਲ ਨਹੀਂ ਹੁੰਦਾ। ਉਹ ਕੇਵਲ ਆਪਣੇ ਮਾਲਕ ਦਾ ਵਫਾਦਾਰ ਹੁੰਦਾ ਹੈ ਅਤੇ ਕੇਵਲ ਉਸੇ ਨਾਲ ਹੀ ਬਣਾ ਕੇ ਰੱਖਦਾ ਹੈ।

ਇਤਿਹਾਸ ਪੜ੍ਹੀਏ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਮਨੁੱਖ ਦੀ ਉਨਤੀ ਵਿਚ ਅਤੇ ਖਾਸ ਕਰ ਕੇ ਉਸ ਦੀ ਰੋਜ਼ੀ ਵਿਚ ਸਭ ਤੋਂ ਵੱਧ ਸਹਾਇਕ ਕੁੱਤਾ ਰਿਹਾ ਹੈ। ਖਾਸ ਕਰ ਕੇ ਕਬੀਲੇ ਦਾ ਸਭ ਤੋਂ ਵੱਡਾ ਸਹਾਰਾ ਕੁੱਤਾ ਸੀ। ਇਕ ਹੋਰ ਗੱਲ ਭੀ ਹੈ ਕਿ ਕੁੱਤਾ ਬਘਿਆੜ ਦੀ ਨਸਲ ਹੈ ਪਰ ਮਨੁੱਖ ਦੀ ਸੰਗਤ ਕਰ ਕੇ ਇਸ

ਨੇ ਆਪਣੇ ਅੰਦਰ ਲੋਹੜੇ ਦੀ ਤਬਦੀਲੀ ਲੈ ਆਂਦੀ ਹੈ। ਕੇਵਲ ਮਾਸ ਖਾਣ ਵਾਲਾ ਜਾਨਵਰ ਸੀ ਪਰ ਇਹ ਮਨੁੱਖ ਦੇ ਨਾਲ ਰਹਿ ਕੇ ਮਨੁੱਖ ਵਾਂਗ ਅਨਾਜ਼ ਖਾਣ ਵਾਲਾ ਭੀ ਬਣ ਗਿਆ ਹੈ।

ਸੋ ਜਦੋਂ ਸੇਵਾ ਪੰਥੀ ਮਹਾਤਮਾ ਕੁੱਤਿਆਂ ਨੂੰ ਰੋਟੀਆਂ ਪਾਉਂਦੇ ਹਨ ਤਾਂ ਉਹਨਾਂ ਦੇ ਸਾਹਮਣੇ ਕੁੱਤੇ ਦੀ ਸਾਰੀ ਤਾਰੀਖ ਅਤੇ ਪਰੰਪਰਾ ਹੁੰਦੀ ਹੈ ਅਤੇ ਖਾਸ ਕਰ ਕੇ ਗੁਰੂ ਬਾਣੀ ਦੀਆਂ, ਉਹ ਤੁਕਾਂ ਹੁੰਦੀਆਂ ਹਨ, ਜਿਨ੍ਹਾਂ ਵਿਚ ਭਗਤਾਂ ਤੇ ਗੁਰੂਆਂ ਨੇ ਆਪਣੀ ਵਫਾ ਨੂੰ ਕੁੱਤੇ ਦੀ ਉਪਮਾ ਦਿੱਤੀ ਹੈ। ਜਿਸ ਵਿਚ ਭਗਤ ਜੀ ਕਹਿੰਦੇ ਹਨ-'ਮੈਂ ਰਾਮ ਦਾ ਕੁੱਤਾ ਹਾਂ, ਮੇਰੇ ਗਲ ਵਿਚ ਪ੍ਰਭੂ ਦੇ ਹੁਕਮ ਦੀ ਰੱਸੀ ਹੈ, ਜਿਸ ਪਾਸੇ ਉਹ ਖਿੱਚਦਾ ਹੈ, ਮੈਂ ਉਸੇ ਪਾਸੇ ਤੁਰਦਾ ਹਾਂ। ਮੈਂ ਆਪਣੀ ਮਤ ਅਨੁਸਾਰ ਨਹੀਂ, ਮਾਲਕ ਦੇ ਹੁਕਮ ਅਨੁਸਾਰ ਚਲਦਾ ਹਾਂ।

''ਕਬੀਰ ਕੂਕਰੁ ਰਾਮ ਕੋ, ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ, ਜਹ ਖਿੰਚੈ ਤਹ ਜਾਉ॥ ੭੪॥''

(ਸਲੋਕ ਕਬੀਰ, ਪੰਨਾ ੧੩੬੮)

ਮੈਂ ਤੇਰੇ ਦਰ ਦਾ ਕੁੱਤਾ ਹਾਂ, ਮੈਂ ਤੇਰੇ ਦਰ ਦੀ ਰਾਖੀ ਲਈ ਮੂੰਹ ਅੱਡ-ਅੱਡ ਕੇ ਭੌਂਕਦਾ ਹਾਂ।

''ਹਮ ਕੂਕਰ ਤੇਰੇ ਦਰਬਾਰਿ॥ ਭਉਕਹਿ ਆਗੈ ਬਦਨੁ ਪਸਾਰਿ॥ ੧॥''

(ਰਾਮਕਲੀ ਕਬੀਰ, ਪੰਨਾ ੯੬੯)

ਚੂੰਕਿ ਸਿੱਖ ਕੌਮ ਇਸ਼ਨਾਨੀਆਂ ਦੀ ਕੌਮ ਹੈ, ਇਸ ਕਰਕੇ ਗੁਰੂਆਂ ਨੇ ਗੁਰਦੁਆਰਿਆਂ ਦੇ ਨਾਲ ਸਰੋਵਰ ਤੇ ਬਾਉਲੀਆਂ ਟੋਬੇ ਜਾਂ ਖੂਹ ਲਵਾਏ ਸਨ। ਗੁਰਦੁਆਰੇ ਸਰੀਰ ਨੇ ਤੇ ਸੰਗਤ ਗੁਰਦੁਆਰਿਆਂ ਦੇ ਪ੍ਰਾਣ ਹਨ। ਸੰਗਤਾਂ ਲਈ ਲੰਗਰ ਦੀ ਭੀ ਲੋੜ ਹੈ। ਇਸ਼ਨਾਨ ਦੀ ਭੀ ਲੋੜ ਹੈ ਅਤੇ ਖੁਲ੍ਹੇ ਪਾਣੀ ਦੀ ਭੀ ਲੋੜ ਹੁੰਦੀ ਹੈ। ਦਿਨ ਦੂਣੀ ਤੇ ਰਾਤ ਚੌਣੀ ਤਰੱਕੀ ਕਰਦੇ ਸ਼ਹਿਰਾਂ ਵਿਚ ਗੁਰੂਆਂ ਨੇ ਇਕ ਤੋਂ ਵੱਧ ਸਰੋਵਰ ਬਣਾਏ ਅਤੇ ਟੋਬੇ ਵੱਖਰੇ ਪੁੱਟੇ। ਸ੍ਰੀ ਅੰਮ੍ਰਿਤਸਰ ਵਿਚ ਪੰਜ ਸਰੋਵਰ ਤੇ ਹੁਣ ਤਕ ਆਪਣੀ ਪੂਰੀ ਸ਼ਾਨ ਵਿਚ ਹਨ। ਕੁਝ ਪ੍ਰਸਿੱਧ ਟੋਬੇ, ਢਾਬਾਂ ਅਤੇ ਸਰੋਵਰ ਖਤਮ ਹੋ ਗਏ ਹਨ, ਕੇਵਲ ਉਹਨਾਂ ਇਲਾਕਿਆਂ ਦੇ ਨਾਮ ਉਹਨਾਂ ਦੇ ਨਾਮ ਤੇ ਹਨ, ਜਿਵੇਂ ਢਾਬ ਵਸਤੀ ਰਾਮ, ਲਛਮਣਸਰ, ਟੋਬਾ ਭਾਈ ਸਾਲ੍ਹੋ ਜੀ।

ਇਥੇ ਸੇਵਾ ਦੀ ਪੰਡ ਚੁੱਕਣ ਵਾਲਿਆਂ ਦੀ ਵਡਿਆਈ ਹੈ ਕਿ ਉਹਨਾਂ ਨੇ ਇਤਿਹਾਸਕ ਯਾਦਗਾਰਾਂ ਨੂੰ ਸਮੇਂ ਦੀ ਮਾਰ ਤੋਂ ਬਚਾਇਆ ਹੀ ਨਹੀਂ, ਸਗੋਂ ਉਸ ਨੂੰ ਦਰਸ਼ਨ ਕਰਨਯੋਗ ਭੀ ਬਣਾਇਆ ਹੈ ਅਤੇ ਉਥੇ ਫਿਰ ਸੁਰਜੀਤ ਕਰਕੇ ਫਿਰ ਨਾਮ-ਬਾਣੀ ਦੇ ਲੰਗਰ ਲਾ ਦਿੱਤੇ ਹਨ।

• ਸ੍ਰੀ ਸੰਤੋਖ ਸਰ

ਭਾਰਤ ਦੇ ਤਿੰਨ ਸ਼ਹਿਰ ਪ੍ਰਸਿੱਧ ਹਨ, ਉਦੈਪੁਰ ਝੀਲਾਂ ਦਾ ਸ਼ਹਿਰ, ਬਨਾਰਸ ਮੰਦਰਾਂ ਦਾ ਅਤੇ ਸ੍ਰੀ ਅੰਮ੍ਰਿਤਸਰ ਸਰੋਵਰਾਂ ਦਾ। ਉਹ ਗੱਲ ਪੁਰਾਣੀ ਹੈ, ਜਦੋਂ ਗੁਰੂ ਬਜ਼ਾਰ ਵਿਚਲੀ ਦਰਸ਼ਨੀ ਡਿਉਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨਜ਼ਾਰਾ ਦਿੱਸਦਾ ਸੀ, ਜਦੋਂ ਬਾਬਾ ਅਟੱਲ ਸਾਹਿਬ ਜੀ ਦਾ ਇਲਾਕਾ ਸਮਸ਼ਾਨ ਭੂਮੀ ਸੀ। ਜਦੋਂ ਰਾਮਸਰ ਦੇ ਅਸਥਾਨ ਤੇ ਜੰਗਲ ਦੀ ਇਕਾਂਤ ਸੀ। ਜਦੋਂ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਬਾਬਾ ਅਟੱਲ ਸਾਹਿਬ ਜੀ ਦੇ ਵਿਚਕਾਰ ਸਰਾਂ ਤਕ ਗੁਰੂ ਕਾ ਬਾਗ ਸੀ।

ਅਕਾਲੀ ਲਹਿਰ ਤੋਂ ਪਹਿਲਾਂ ਵੱਖ ਵੱਖ ਪੁਜਾਰੀਆਂ ਪਾਸ ਵੱਖਰੇ ਵੱਖਰੇ ਗੁਰਦੁਆਰੇ ਸਨ ਅਤੇ ਉਹਨਾਂ ਦੀ ਚੜ੍ਹਤ ਦੇ ਉਹੋ ਮਾਲਕ ਸਨ। ਜਾਂ ਇਕ ਗੁਰਦੁਆਰੇ ਦੀ ਚੜ੍ਹਤ ਵੱਖ ਵੱਖ ਹਿੱਸੇਦਾਰ ਸਨ। ਉਹਨਾਂ ਨੇ ਸਮੇਂ ਦੀ ਵੰਡ ਕੀਤੀ ਹੋਈ ਸੀ ਅਤੇ ਜਿਹੜਾ ਡਿਊਟੀ ਤੇ ਹੁੰਦਾ ਸੀ, ਜਾਣ ਲੱਗਾ ਸਾਰੀ ਚੜ੍ਹਤ ਅਤੇ ਸਾਰਾ ਪ੍ਰਸ਼ਾਦ ਚੁਕਵਾ ਕੇ ਉਹ ਆਪਣੇ ਘਰ ਲੈ ਜਾਂਦਾ ਸੀ ਅਤੇ ਇਹ ਭੀ ਜਤਨ ਕਰਦਾ ਸੀ ਕਿ ਦਰਸ਼ਨ ਕਰਨ ਅਤੇ ਅਰਦਾਸ ਕਰਵਾਉਣ ਲਈ ਆਏ ਸ਼ਰਧਾਲੂਆਂ ਕੋਲੋਂ ਵੱਧ ਤੋਂ ਵੱਧ ਭੇਟਾ ਲਈ ਜਾਵੇ। ਕਿਉਂਕਿ ਸਾਰੀ ਆਮਦਨ ਮਹੀਨੇ ਜਾਂ ਹਫਤੇ ਪਿੱਛੋਂ ਇਕੱਠੀ ਕਰਕੇ ਵੰਡੀ ਨਹੀਂ ਸੀ ਜਾਂਦੀ, ਇਸ ਲਈ ਵਿਸ਼ੇਸ਼ ਕਰਕੇ ਪ੍ਰਬੰਧ ਕਰਨ ਜਾਂ ਸਫਾਈ ਕਰਨ ਲਈ ਕੋਈ ਰਕਮ ਸਾਂਝੇ ਖਾਤੇ ਵਿਚੋਂ ਨਹੀਂ ਸੀ ਕੱਢੀ ਜਾਂਦੀ।

ਸ੍ਰੀ ਦਰਬਾਰ ਸਾਹਿਬ ਵਿਚ ਆਉਣ ਲਈ ਹਰ ਬੁੰਗੇ ਤੋਂ ਅੰਦਰਵਾਰ ਨੂੰ ਪੌੜੀਆਂ ਉਤਰਦੀਆਂ ਸਨ, ਜਿਥੇ ਪੱਕੀਆਂ ਪੌੜੀਆਂ ਨਹੀਂ ਸਨ, ਉਥੇ ਵਾਂਸ ਦੀ ਪਉੜੀ ਲਾ ਲਈ ਜਾਂਦੀ ਸੀ, ਦਸ ਗਲੀਆਂ ਪਰਕਰਮਾ ਵਿਚ ਆ ਕੇ ਪੈਂਦੀਆਂ ਸਨ। ਪੈਰ ਧੋਣ ਦਾ ਕਿਤੇ ਭੀ ਪ੍ਰਬੰਧ ਨਹੀਂ ਸੀ। ਭੀੜੀਆਂ ਪਰਕਰਮਾਂ ਵਿਚ ਆ ਕੇ ਲੋਕ ਪਰਿਵਾਰਾਂ ਨੂੰ ਲੈ ਕੇ ਬੈਠ ਜਾਂਦੇ, ਏਥੇ ਹੀ ਛੋਲੇ ਤੇ ਕੁਲਚੇ ਵੇਚਣ ਵਾਲੇ, ਬੱਚਿਆਂ ਲਈ ਖਿਡਾਉਣੇ ਵੇਚਣ ਵਾਲੇ ਅਤੇ ਭਾਈ ਬੂਟਾ ਸਿੰਘ ਜੀ, ਭਾਈ ਪ੍ਰਤਾਪ ਸਿੰਘ ਜੀ ਆਦਿ ਕੰਘੇ, ਕੜੇ ਗੁਟਕੇ ਤੇ ਕਿਤਾਬਾਂ ਦੇ ਸਟਾਲ ਲਾ ਕੇ ਬੈਠ ਜਾਂਦੇ ਸਨ। ਜਿਹੜੇ ਪੱਤਲਾਂ, ਡੂੰਨਿਆਂ ਅਤੇ ਕਈ ਪ੍ਰਕਾਰ ਦੇ ਕੂੜਿਆਂ ਦੇ ਢੇਰ ਲੱਗ ਜਾਂਦੇ ਸਨ, ਉਹਨਾਂ ਦੀ ਸਫਾਈ ਉਹੋ ਲੋਕ ਕਰਦੇ ਸਨ, ਜੋ ਬਜ਼ਾਰਾਂ ਅਤੇ ਗਲੀਆਂ ਦੀ ਸੇਵਾ ਕਰਦੇ ਸਨ।

ਪਰਕਰਮਾ ਵਿਚ ਜੂਠ ਖਿਲਰੀ ਕਰਕੇ ਕੁੱਤੇ ਤੇ ਕਾਂ ਹੁੰਦੇ ਹੀ ਸਨ, ਇੱਲਾਂ ਭੀ ਝਪੱਟੇ ਮਾਰਦੀਆਂ ਫਿਰਦੀਆਂ ਸਨ।

ਸਾਰੇ ਹੀ ਸਰੋਵਰ ਜਿਥੇ ਭੀ ਕਿਤੇ ਸਨ ਗਾਰ ਨਾਲ ਅੱਟੇ ਪਏ ਸਨ। ਜਦੋਂ ਕਦੇ ਪਾਣੀ ਘਟ ਜਾਂਦਾ ਸੀ ਤਾਂ ਕਈ ਥਾਂਵਾਂ ਤੇ ਬਰੇਤੇ ਨਜ਼ਰ ਆਉਣ ਲੱਗ ਪੈਂਦੇ ਸਨ। ਏਨੀ ਵਧੇਰੇ ਗਾਰ ਕਰਕੇ ਪਾਣੀ ਵਿਚੋਂ ਇਕ ਖਾਸ ਕਿਸਮ ਦੀ ਹਬਕਾਰ ਆਉਂਦੀ ਸੀ।

ਕਿਸੇ ਵੇਲੇ, ਜਦੋਂ ਆਬਾਦੀ ਬੜੀ ਘੱਟ ਸੀ, ਸਾਰੇ ਸਰੋਵਰਾਂ ਵਿਚ ਨੰਗੇ ਵਹਿਣ ਆਉਂਦੇ ਸਨ ਅਤੇ ਸ਼ਹਿਰ ਦੇ ਵਸਨੀਕ ਭੀ ਅਤੇ ਪਿੰਡਾਂ ਵਾਲੇ ਭੀ ਇਸ ਗੱਲ ਦਾ ਉਚੇਚਾ ਖਿਆਲ ਰੱਖਦੇ ਸਨ ਕਿ ਸਰੋਵਰਾਂ ਵਿਚ ਜਾਣ ਵਾਲਾ ਜਲ ਨਿਰਮਲ ਅਤੇ ਪਵਿੱਤਰ ਰਹੇ। ਵਾਰੀ ਵਾਲੇ ਦਿਨ ਦਾ ਪਿੰਡਾਂ ਵਾਲਿਆਂ ਦੇ ਬਾਗਾਂ ਵਾਲਿਆਂ ਨੂੰ ਭੀ ਪਤਾ ਹੁੰਦਾ ਸੀ। ਉਹ ਲੋਕ ਧਾਰਮਿਕ ਬੰਦੇ ਸਨ, ਸੱਚਾ ਧਰਮੀ ਉਹੋ ਹੁੰਦਾ ਹੈ, ਜਿਹੜਾ ਸਾਰੇ ਧਰਮਾਂ ਦਾ ਸਤਿਕਾਰ ਕਰੇ।

ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਚ ਸਭ ਤੋਂ ਪੁਰਾਣਾ ਭੀ ਅਤੇ ਆਪਦੇ ਸਮੇਂ ਦਾ ਡੂੰਘਾ ਸਰੋਵਰ ਸੀ। ਇਸ ਦਾ ਤਾਲ ਇਕ ਖਾਸ ਪ੍ਰਕਾਰ ਦੀ ਚੀਕਣੀ ਮਿੱਟੀ ਤਕ ਡੂੰਘਾ ਸੀ ਅਤੇ ਇਹ ਭੀ ਰਵਾਇਤ ਹੈ ਕਿ ਜਦੋਂ ਅੰਮ੍ਰਿਤ ਸਰੋਵਰ ਪੁੱਟਿਆ ਗਿਆ ਤਾਂ ਇਸ ਵਿਚ ਪਾਣੀ ਨਹੀਂ ਸੀ ਠਹਿਰਦਾ, ਸਾਰਾ ਜਲ ਜੀਰ ਜਾਂਦਾ ਸੀ, ਗੁਰੂ ਜੀ ਦੇ ਹੁਕਮ ਅਨੁਸਾਰ ਸੰਤੋਖਸਰ ਦੀ ਜਦੋਂ ਪਾਵਨ ਮਿੱਟੀ ਪਾਈ ਤਾਂ ਅੰਮ੍ਰਿਤ-ਜਲ ਠਹਿਰ ਗਿਆ।

ਇਹ ਸੰਤੋਖਸਰ, ਸ਼ਹਿਰ ਦੀ ਸੰਘਣੀ ਅਬਾਦੀ ਵਿਚ ਘਿਰ ਗਿਆ। ਨਵੀਂ ਅਬਾਦੀ ਵਾਲਿਆਂ ਨੇ ਆਪਣੇ ਪਰਨਾਲੇ ਸਰੋਵਰ ਵਾਲੇ ਪਾਸੇ ਰੱਖੇ ਹੋਏ ਸਨ। ਨਿਵਾਣ ਵਾਲੇ ਘਰਾਂ ਦਾ ਭੀ ਅਤੇ ਗਲੀਆਂ ਦੇ ਵਹਿਣ ਦਾ ਸਾਰਾ ਗੰਦਾ ਪਾਣੀ ਸਰੋਵਰ ਵਿਚ ਜਾ ਕੇ ਪੈਂਦਾ ਸੀ। ਲੋਕ ਏਥੇ ਖੁਲ੍ਹੇ ਥਾਂ ਤੇ ਬੈਠ ਕੇ ਤਾਸ਼ਾਂ ਨਾਲ ਜੂਏ ਖੇਡਦੇ, ਹਜਾਮਤਾਂ ਕਰਦੇ ਅਤੇ ਗੁੱਡੀਆਂ ਉਠਾਉਂਦੇ ਅਤੇ ਹੁੱਕੇ ਅਤੇ ਹੁੱਕੀਆਂ ਲਈ ਏਥੋਂ ਪਾਣੀ ਲੈਂਦੇ। ਅੱਧੇ ਤੋਂ ਬਹੁਤਾ

ਸਰੋਵਰ ਮਲਬੇ ਨਾਲ ਪੂਰਿਆ ਗਿਆ ਸੀ ਅਤੇ ਰਾਤ ਦੇ ਹਨੇਰੇ ਵਿਚ ਜੰਗਲ-ਪਾਣੀ ਜਾਣ ਵਾਲੇ ਏਥੇ ਹੀ ਹੱਥ-ਪਾਣੀ ਕਰਦੇ ਸਨ। ਜਿਹੜੇ ਜਿਹੜੇ ਅਨਰਥ ਏਥੇ ਹੁੰਦੇ ਸਨ, ਕਿਤਨੀਆਂ ਅਤੇ ਕਿਹੜੀਆਂ ਕਿਹੜੀਆਂ ਬੇ-ਅਦਬੀਆਂ ਕੀਤੀਆਂ ਜਾਂਦੀਆਂ ਸਨ, ਮੇਰੇ ਬੁੱਧੀ ਕਲਮ ਨੂੰ ਲਿਖਣ ਨਹੀਂ ਦੇਂਦੀ।

ਮਹਾਰਾਜ ਨੇ ਅਪਾਰ ਕਿਰਪਾ ਕੀਤੀ, ਹੰਸਾਂ ਦੀਆਂ ਡਾਰਾਂ ਸ੍ਰੀ ਅੰਮ੍ਰਿਤਸਰ ਪਹੁੰਚ ਗਈਆਂ। ਉਹ ਆਪ ਜਥੇਬੰਦ ਹੋਈਆਂ, ਉਨ੍ਹਾਂ ਨੇ ਸਿੱਖਾਂ ਦੇ ਅੰਦਰ ਲੁਕੇ ਹੋਏ ਸੇਵਾ ਦੇ ਜਜ਼ਬਾਤ ਜਮਾਏ। ਬੜੀ ਉੱਚੀ ਪੱਧਰ ਦਾ ਸਮਾਨ ਖ੍ਰੀਦਿਆ, ਭੀੜ ਦੀ ਪੱਧਰ ਤੱਕ, ਸੇਵਾ ਲਈ ਨਵੀਂ ਤੋਂ ਨਵੀਂ ਤਕਨੀਕ ਪੈਦਾ ਕੀਤੀ।

ਜੇ ਸਰੋਵਰ ਵਿਚੋਂ ਬਾਹਰ ਪਾਣੀ ਕੱਢਣਾ ਹੈ ਤਾਂ ਬਾਹਰ ਦੀ ਪਾਣੀ ਦੀ ਨਾਲੀ ਤਕ ਸੌ ਸੌ, ਦੋ ਦੋ ਸੌ ਆਦਮੀ ਪਾਲਾਂ ਵਿਚ ਇਕ ਪਾਸੇ ਮੂੰਹ ਕਰਕੇ ਖੜੇ ਹੋ ਜਾਂਦੇ ਹਨ। ਇਨ੍ਹਾਂ ਲਾਈਨਾਂ ਦੀ ਕੋਈ ਗਿਣਤੀ ਨਹੀਂ। ਇਹ ਗਿਣਤੀ ਵਿਚ ਦਸ ਹੋ ਸਕਦੀਆ ਹਨ, ਇਹ ਗਿਣਤੀ ਵਿਚ ਪੰਜਾਹ ਹੋ ਸਕਦੀਆਂ ਹਨ। ਏਸੇ ਤਰ੍ਹਾਂ ਕਾਰ ਦੇ ਬਾਟੇ ਇਕ ਪਾਸੇ ਖੂਹ ਦੀਆਂ ਟਿੰਡਾਂ ਵਾਂਗ ਭਰੇ ਹੋਏ ਜਾ ਰਹੇ ਹਨ, ਦੂਜੇ ਪਾਸੇ ਖਾਲੀ ਹੋ ਕੇ ਵਾਪਸ, ਸਰੋਵਰ ਵਿਚ ਆ ਰਹੇ ਹਨ। ਏਸੇ ਤਰ੍ਹਾਂ ਸੁੱਕੀ ਮਿੱਟੀ ਬਾਹਰ ਜਾ ਰਹੀ ਹੈ। ਇਸ ਤਰ੍ਹਾਂ ਦੀਆਂ ਆਟੋਮੈਟਿਕ ਮਨੁੱਖੀ ਮਸ਼ੀਨਾਂ ਝਟ ਜੋੜ ਲਈਆਂ ਜਾਂਦੀਆਂ ਹਨ ਅਤੇ ਝੱਟ ਉਨ੍ਹਾਂ ਦੇ ਕੰਮ ਬਦਲੇ ਜਾ ਸਕਦੇ ਹਨ। ਸਿੱਖਾਂ ਦੀਆਂ ਏਹੋ ਜਿਹੀਆਂ ਸੇਵਾ ਲਈ ਸੈ੍ਚਾਲਕ ਮਸ਼ੀਨਾਂ ਦੀ ਕਾਢ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਕੱਢੀ।

ਇਹ ਸੈ੍ਚਾਲਕ ਮਨੁੱਖੀ ਮਸ਼ੀਨਾਂ ਸਿੱਖਾਂ ਦੀਆਂ ਜਪ-ਮਾਲੀਆਂ ਸਨ ਤੇ ਹਨ। ਸਿੱਖਾਂ ਦੀ ਇਹ ਸਭ ਤੋਂ ਵੱਡੀ ਸੰਗਤ ਹੈ। ਇਹੋ ਅਸਥਾਨ ਹੈ, ਜਿਥੇ ਨਾਮ ਤੋਂ ਬਿਨਾਂ ਕੋਈ ਗੱਲ ਨਹੀਂ ਕਰਦਾ। ਜਿਥੇ ਮਨ ਦੇ ਨਾਲ ਤਨ ਭੀ ਸਫਲ ਹੈ, ਜਿਥੇ ਪੈਰਾਂ ਨੂੰ ਫਲ ਲੱਗਦਾ ਹੈ, ਜਿਥੇ ਹੱਥਾਂ ਨੂੰ ਫਲ ਲੱਗਦਾ ਹੈ, ਜਿਥੇ ਜ਼ਬਾਨ ਨੂੰ ਫਲ ਲੱਗਦਾ ਹੈ, ਜਿਥੇ ਕੰਨਾਂ ਨੂੰ ਫਲ ਲੱਗਦਾ ਹੈ।

ਏਡੀ ਵੱਡੀ ਅਤੇ ਉਚ-ਪੱਧਰੀ ਮਨੁੱਖੀ ਸੈ੍ਚਾਲਕ ਮਸ਼ੀਨਰੀ ਲਈ ਹੋਰ ਕਈ ਵੱਡੇ ਵੱਡੇ ਪ੍ਰਬੰਧ ਕਰਨੇ ਪੈਂਦੇ ਹਨ। ਇਨ੍ਹਾਂ ਨੂੰ ਦੂਰੋਂ ਪ੍ਰੇਰਨਾ ਦੇ ਕੇ ਏਥੇ ਲਿਆਉਣਾ ਹੁੰਦਾ ਹੈ, ਫਿਰ ਸਮੇਂ ਸਿਰ ਇਨ੍ਹਾਂ ਸਭ ਨੂੰ ਘਰ ਪਹੁੰਚਾਉਣਾ ਹੁੰਦਾ ਹੈ। ਇਸ ਤਰ੍ਹਾਂ ਸਾਰੇ ਜ਼ਿਲੇ ਦੇ ਪਿੰਡਾਂ ਦੀ ਸਮੇਂ ਦੀ ਵੰਡ ਕੀਤੀ ਹੁੰਦੀ ਹੈ। ਫੌਜ ਵਾਂਗ, ਮੋਰਚਿਆਂ ਦੀ ਥੱਕੀ ਫੌਜ ਨੂੰ ਪਿੱਛੇ ਭੇਜਿਆ ਜਾਂਦਾ ਹੈ ਅਤੇ ਤਾਜ਼ਾ ਦਮ ਫੌਜ ਆ ਕੇ ਨਾਲੋ ਨਾਲ ਮੋਰਚੇ ਸੰਭਾਲੀ ਜਾਂਦੇ ਹਨ।

ਸੇਵਾ ਦੇ ਸਮੇਂ ਸਿਰ ਲਿਆਉਣ ਲਈ ਟਰੱਕ, ਗੱਡੇ ਤੇ ਟਰਾਲੀਆਂ ਚਾਹੀਦਆਂ ਹਨ। ਇਨ੍ਹਾਂ ਸਭ ਲਈ ਅਤੇ ਹੋਰ ਸੈਂਕੜੇ ਸੰਗਤਾਂ ਲਈ ਗੁਰੂ ਕੇ ਲੰਗਰ ਦਾ ਪ੍ਰਬੰਧ ਕਰਨਾ ਪੈਂਦਾ ਹੈ। ਹਜ਼ਾਰਾਂ ਸੰਗਤਾਂ ਲਈ ਭਾਰੀ ਗਿਣਤੀ ਵਿਚ ਪਾਣੀ ਦੀਆਂ ਟੂਟੀਆਂ ਲਾਉਣੀਆਂ ਪੈਂਦੀਆਂ ਹਨ। ਇਨ੍ਹਾਂ ਵਿਚੋਂ ਕੋਈ ਬੀਮਾਰ ਹੋ ਸਕਦਾ ਹੈ, ਕਿਸੇ ਨੂੰ ਸੱਟ ਪੇਟ ਲੱਗ ਸਕਦੀ ਹੈ। ਉਸ ਲਈ ਚਲੰਤ ਜੇਹਾ ਹਸਪਤਾਲ, ਡਾਲਾਰ ਤੇ ਦਵਾਈਆਂ ਦੇ ਸਟਾਕ ਦੀ ਭੀ ਲੋੜ ਹੁੰਦੀ ਹੈ।

ਸੈਂਕੜੇ ਸੋਤਾ ਭੀ ਚਾਹੀਦੀਆਂ ਹਨ। ਬੇਗਿਣਤ ਚਾਦਰਾਂ, ਦਰੀਆਂ, ਤੱਪੜਾਂ ਤੇ ਕੱਪੜੇ ਦੇ ਥਾਨਾਂ ਨਾਲ ਕੋਠੇ ਭਰੇ ਹੁੰਦੇ ਹਨ।

ਹਜ਼ਾਰਾਂ ਕਹੀਆਂ, ਹਜ਼ਾਰਾਂ ਬਾਲਟੀਆਂ, ਹਜ਼ਾਰਾਂ ਬਾਟੇ, ਹਜ਼ਾਰਾਂ ਹਥੌੜੀਆਂ, ਹਜ਼ਾਰਾਂ ਫੱਟੇ ਤੇ ਰੱਸੇ ਚਾਹੀਦੇ ਹਨ। ਹਜ਼ਾਰਾਂ ਕੌਲੀਆਂ, ਥਾਲ ਤੇ ਗਲਾਸ ਰਖਣੇ ਪੈਂਦੇ ਹਨ। ਆਦਮੀਆਂ ਦੇ ਕੱਦ ਜੇਡੇ ਕੜਾਹੇ, ਗੁੱਟਾਂ ਜੇਡੇ ਦੇਗਚੇ ਤੇ ਰਸੋਈ ਦੇ ਵਿਹੜੇ ਜੇਡੀਆਂ ਲੋਹਾਂ ਤੇ ਪਰਾਤਾਂ ਚਾਹੀਦੀਆਂ ਹੁੰਦੀਆਂ ਹਨ।

ਹਜ਼ਾਰਾਂ ਟੰਨ ਸਰੀਆ, ਹਜ਼ਾਰਾਂ ਟੰਨ ਸੀਮਿੰਟ, ਲੱਖਾਂ ਟਨ ਬੱਜਰੀ ਤੇ ਲੱਖਾਂ ਟੰਨ ਰੋੜੀ ਦੀ ਲੋੜ ਪੈਂਦੀ ਹੈ।

ਸੰਤ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਸੇਵਾ ਨੂੰ ਪ੍ਰਾਣਾਂ ਦਾ ਆਧਾਰ ਬਣਾ ਲਿਆ। ਉਹ ਦੋਵੇਂ ਇਕ ਫੌਜੀ ਛਾਉਣੀ ਸਨ। ਜਿਥੇ ਸੇਵਾ ਚਾਲੂ ਹੁੰਦੀ, ਉਥੇ ਆਟੇ, ਦਾਲ, ਚੌਲ, ਗੁੜ ਦੀਆਂ ਬੋਰੀਆਂ ਦੇ ਅੰਬਾਰ ਲੱਗ ਜਾਂਦੇ। ਮਾਇਆ ਦਾ ਦਿਨ ਰਾਤ ਹੜ੍ਹ ਵਗਦਾ। ਸੰਗਤਾਂ ਦਾ ਪ੍ਰਵਾਹ ਚਲਦਾ ਅਤੇ ਸਾਰਾ ਅਕਾਸ਼ ਗੁਰਬਾਣੀ ਦੀ ਸੁਗੰਧੀ ਨਾਲ ਇਸ ਤਰ੍ਹਾਂ ਭਰ ਜਾਂਦਾ, ਜਿਵੇਂ ਹਜ਼ਾਰਾਂ ਯੁੱਗਾਂ ਦੀ ਸੁਗੰਧਤ ਅਗਨੀ ਨਾਲ ਹਵਾ ਸੁਗੰਧਤ ਹੋ ਜਾਂਦੀ ਹੈ।

ਇਹ ਸੇਵਾ ਇਕ ਦਿਨ ਨਹੀਂ, ਇਕ ਹਫਤਾ ਨਹੀਂ, ਇਕ ਮਹੀਨਾ ਜਾਂ ਇਕ ਸਾਲ ਨਹੀਂ, ਸਗੋਂ ਸਾਰੀ ਜ਼ਿੰਦਗੀ ਚਲਦੀ ਰਹੀ।

ਇਕ ਗੱਲ ਯਾਦ ਰੱਖਣੀ, ਸੰਤ ਮਹਾਂਪੁਰਸ਼ਾਂ ਦਾ ਆਪਣਾ ਸਾਰਾ ਹਿਸਾਬ ਠੀਕ ਹੁੰਦਾ ਹੈ। ਭਾਵੇਂ ਉਹ ਆਮ ਲੋਕਾਂ ਵਾਂਗ ਆਮਦਨ ਖਰਚ ਛਾਪਦੇ ਨਹੀਂ। ਥੋੜ੍ਹੇ ਦਿਨਾਂ ਦੀ ਗੱਲ ਹੈ, ਸੰਤ ਬਾਬਾ ਖੜਕ ਸਿੰਘ ਜੀ ਨੇ ਆਪਣੇ ਸੇਵਕ ਨੂੰ ਕਿਹਾ, "ਪਈ ਅੱਜ ਕਿਤਨੇ ਦਿਨ ਹੋ ਗਏ ਹਨ, ਉਸ ਕੋਲੋਂ ਦਸ ਹਜ਼ਾਰ ਦਾ ਹਿਸਾਬ ਮੰਗੋ। ਮੈਂ, 'ਜਿਸ ਨੇ ਮੈਨੂੰ ਇਹ ਦਿੱਤੇ ਹਨ, ਉਸ ਨੂੰ ਭੀ ਅਤੇ ਜਿਸ ਗੁਰੂ ਜੀ ਦੀ ਕਿਰਪਾ ਕਰਕੇ ਮੈਨੂੰ ਉਸੇ ਨੂੰ ਵਾਪਸ ਕਰਨ ਲਈ ਦਿੱਤੇ ਹਨ,' ਦੋਹਾਂ ਨੂੰ ਪਾਈ ਪਾਈ ਦਾ ਹਿਸਾਬ ਦੇਣਾ ਹੈ। ਜੇ ਅਸੀਂ ਹਿਸਾਬ-ਕਿਤਾਬ ਠੀਕ ਨਹੀਂ ਰਖਾਂਗੇ ਤਾਂ ਸਾਡਾ ਭੀ ਉਹੋ ਹਾਲ ਹੋਵੇਗਾ, ਜੋ ਅੱਜ ਕੱਲ੍ਹ ਵੱਡੀਆਂ ਵੱਡੀਆਂ ਕਮੇਟੀਆਂ ਦਾ ਹੋ ਰਿਹਾ ਹੈ। ਉਨ੍ਹਾਂ ਨੂੰ ਕੋਈ ਭਰੋਸੇ ਨਾਲ ਇਕ ਟਕਾ ਭੀ ਦੇਣ ਨੂੰ ਤਿਆਰ ਨਹੀਂ ਪਰ ਅਸੀਂ ਕਰੋੜਾਂ ਰੁਪਏ ਹਰ ਸਾਲ ਖਰਚ ਕਰਦੇ ਹਾਂ।'

ਇਕ ਆਦਮੀ ਨੇ ਸੰਤ ਬਾਬਾ ਖੜਕ ਸਿੰਘ ਜੀ ਨੂੰ ਕਿਹਾ, "ਤੁਸੀਂ ਲੰਗਰ ਦੀ ਇਮਾਰਤ ਉੱਪਰ ਫਲਾਨੇ ਦਾ ਨਾਮ ਲਿਖ ਦਿਓ ਕਿ ਉਸ ਨੇ ਇਤਨੇ ਹਜ਼ਾਰ ਰੁਪਏ ਮੇਰੇ ਰਾਹੀਂ ਦਿੱਤੇ ਹਨ।"

ਸੰਤ ਬਾਬਾ ਖੜਕ ਸਿੰਘ ਜੀ ਕਹਿਣ ਲੱਗੇ, "ਨਾਮ ਲਿਖਾਉਣ ਦਾ ਪਹਿਲਾ ਹੱਕ ਉਸ ਦਾ ਬਣਦਾ ਹੈ, ਜਿਹੜਾ ਰੋੜੀ ਕੁਟਦਾ ਹੈ, ਟੋਕਰੀਆਂ ਢੋਂਦਾ ਹੈ, ਲੱਕੜਾਂ ਪਾੜਦਾ ਹੈ, ਪਰ ਉਹ ਕਦੇ ਇਕ ਵਾਰ ਭੀ ਆ ਕੇ ਨਹੀਂ ਆਖਦੇ ਕਿ ਉਹਨਾਂ ਦਾ ਨਾਮ ਰੱਖਿਆ ਜਾਵੇ।"

ਉਹ ਸੱਜਣ ਕਹਿਣ ਲੱਗਾ, "ਮੈਂ ਉਸ ਨਾਲ ਜ਼ਬਾਨ ਕਰ ਲਈ ਹੈ, ਮੈਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਹੈੱਡ ਗ੍ਰੰਥੀ ਹਾਂ। ਮੇਰੀ ਜ਼ਬਾਨ ਦਾ ਖਿਆਲ ਰੱਖੋ।"

ਬਾਬਾ ਖੜਕ ਸਿੰਘ ਜੀ ਬੋਲੇ, "ਇਕ ਪਾਸੇ ਤੇਰੀ ਜ਼ਬਾਨ ਹੈ, ਦੂਜੇ ਪਾਸੇ ਬਾਬਾ ਗੁਰਮੁਖ ਸਿੰਘ ਜੀ ਦੀ ਜ਼ਬਾਨ ਹੈ। ਜਿਹੜਾ ਆਦਮੀ ਸੱਤਰ ਸਾਲ ਬਾਬਾ ਗੁਰਮੁਖ ਸਿੰਘ ਜੀ ਦੇ ਹੁਕਮਾਂ ਅਨੁਸਾਰ ਚਲਦਾ ਰਿਹਾ ਹੈ, ਉਸ ਨੂੰ ਛੱਡ ਕੇ ਉਹ ਤੇਰੀ ਜ਼ਬਾਨ ਪਿੱਛੇ ਲੱਗੇਗਾ ?"

ਗੁਰੂ ਅੰਗਦ ਦੇਵ ਜੀ ਨੇ ਚਿੱਕੜ ਵਿਚੋਂ ਇਕ ਕੌਲੀ ਕੱਢ ਕੇ ਸੇਵਾ ਦੇ ਪੂਰਨੇ ਪਾ ਦਿੱਤੇ ਸਨ। ਬਾਬਾ ਗੁਰਮੁਖ ਸਿੰਘ ਜੀ ਤੇ ਬਾਬਾ ਸਾਧੂ ਸਿੰਘ ਜੀ ਨੇ ਸਾਲਾਂ ਦੀ ਮਿਹਨਤ ਨਾਲ ਸੰਤੋਖਸਰ ਦੀ ਸੇਵਾ ਆਪ ਕਰ ਅਤੇ ਸੰਗਤਾਂ ਕੋਲੋਂ ਕਰਵਾ ਕੇ, ਸੰਤੋਖਸਰ ਨੂੰ ਉਹ ਰੂਪ ਦਿੱਤਾ, ਜਿਸ ਨੂੰ ਵੇਖ ਕੇ ਦਸਮੇਸ਼ ਗੁਰੂ ਜੀ ਪ੍ਰਸੰਨ ਹੋਏ ਅਤੇ ਉਹਨਾਂ ਨੇ ਦੋਹਾਂ ਮਹਾਂਪੁਰਖਾਂ ਦੀਆਂ ਝੋਲੀਆਂ ਸੇਵਾ ਦੇ ਚਾਅ ਨਾਲ ਤੇ ਸੇਵਾ ਦੀ ਬਰਕਤ ਨਾਲ ਭਰ ਦਿੱਤੀਆਂ। ਸੰਗਤਾਂ ਦੇ ਮਨ ਵਿਚ ਨਾਮ ਬਾਣੀ ਤੇ ਸੇਵਾ ਦਾ ਅਤੁਟ, ਅਰੁਕ ਅਤੇ ਤੀਬਰ ਪ੍ਰਵਾਹ ਚਲਾ ਦਿੱਤਾ।

ਜਦੋਂ ਸੰਤੋਖਸਰ ਦੀ ਚੁਫੇਰੇ ਦੀ ਅਬਾਦੀ ਵਾਲਿਆਂ ਨੇ ਇਹ ਸਭ ਸੇਵਾ ਦੇ ਕੌਤਕ ਵੇਖੇ ਤੇ ਉਹਨਾਂ ਦੇ

ਮਨਾਂ ਤੇ ਭੀ ਬੜਾ ਪ੍ਰਭਾਵ ਪਿਆ। ਉਹਨਾਂ ਨੇ ਆਪਣੇ ਕੋਠਿਆਂ ਦੇ ਪਰਨਾਲਿਆਂ ਦਾ ਰੁਖ ਬਦਲ ਦਿੱਤਾ। ਵਹੀਣਾਂ ਨੂੰ ਦੂਜੇ ਪਾਸੇ ਕਰ ਦਿੱਤਾ ਅਤੇ ਸਣੇ ਪਰਵਾਰਾਂ ਦੇ ਆਪ ਭੀ ਸੇਵਾ ਵਿਚ ਜੁਟ ਪਏ ਅਤੇ ਸਤਿਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕੀਤੀ।

ਹੰਸਲੀ ਦੀ ਸੇਵਾ

ਸਿਆਣਿਆਂ ਦਾ ਕਹਿਣਾ ਹੈ, "ਜਿੰਨਾ ਚਿਰ ਖੂਹ ਵਿਚੋਂ ਮੋਈ ਹੋਈ ਬਿੱਲੀ ਨਾ ਕੱਢੀ ਜਾਵੇ, ਖੂਹ ਦੇ ਪਾਣੀ ਵਿਚੋਂ ਬੂ ਨਹੀਂ ਜਾਂਦੀ।' ਬਾਬਾ ਜੀ ਦੇ ਆਦਰਸ਼ ਲੰਮੇ, ਉੱਚੇ, ਤੇ ਵਿਸ਼ਾਲ ਸਨ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿੰਨਾ ਚਿਰ ਸ੍ਰੀ ਅੰਮ੍ਰਿਤਸਰ ਜੀ ਦੇ ਪੰਜਾਂ ਸਰੋਵਰਾਂ ਲਈ ਢੱਕੀ ਹੋਈ ਹੰਸਲੀ ਨਹੀਂ ਬਣਦੀ, ਸਰੋਵਰਾਂ ਦੇ ਜਲ ਦੀ ਪਾਵਨਤਾ ਕਾਇਮ ਨਹੀਂ ਰਹਿ ਸਕਦੀ। ਨਹਿਰ ਤੋਂ ਲੈ ਕੇ ਸਰੋਵਰਾਂ ਤਕ ਲਗਭਗ ਪੰਜ ਮੀਲ ਦੀ ਲੰਬਾਈ ਬਣ ਜਾਂਦੀ ਹੈ। ਇਹ ਪ੍ਰੋਜੈਕਟ ਬਹੁਤ ਵੱਡਾ ਭੀ ਸੀ ਅਤੇ ਅੱਤ ਨਵਾਂ ਭੀ ਸੀ। ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਬੜੇ ਵੱਡੇ ਇੰਜੀਨੀਅਰ ਭੀ ਸਨ। ਉਸਾਰੀ ਸਬੰਧੀ ਉਹਨਾਂ ਦੇ ਅਨੁਭਵ ਸੁਣ ਕੇ ਵੱਡੇ ਵੱਡੇ ਇੰਜੀਨੀਅਰ ਮੂੰਹ ਵਿਚ ਉਂਗਲ ਪਾਉਣ ਲੱਗ ਪੈਂਦੇ ਸਨ। ਸ਼ਹਿਰਾਂ ਅੰਦਰ ਗੰਦੀਆਂ ਨਾਲੀਆਂ ਸਨ ਪਰ ਉਹ ਨੰਗੀਆਂ ਸਨ। ਜੇ ਢੱਕੀਆਂ ਹੋਈਆਂ ਸਨ ਤਾਂ ਉਹ ਬੜੀਆਂ ਹੀ ਛੋਟੀਆਂ ਸਨ। ਉਹ ਡਾਟਦਾਰ ਸਨ, ਡਾਟਦਾਰ ਉੱਪਰ ਬੜਾ ਸਮਾਂ ਲੱਗ ਜਾਂਦਾ ਸੀ ਅਤੇ ਖਰਚ ਬੜਾ ਵਧੇਰੇ ਆਉਂਦਾ ਸੀ। ਉਸ ਦੀ ਉਮਰ ਭੀ ਨਿੱਕੀ ਰਹਿੰਦੀ ਸੀ ਅਤੇ ਉਸ ਨੂੰ ਬਣਾਉਣ ਉਪਰ ਸਮਾਂ ਭੀ ਵਧੇਰੇ ਲੱਗ ਜਾਂਦਾ ਸੀ, ਇਹ ਸਾਰੀਆਂ ਸਮੱਸਿਆਵਾਂ ਸਾਹਮਣੇ ਸਨ ਅਤੇ ਇਹ ਭੀ ਗੱਲ ਸਾਹਮਣੇ ਸੀ ਕਿ ਬੰਦ ਹੰਸਲੀ ਸਾਰੀ ਦੀ ਸਾਰੀ ਸਰੋਵਰਾਂ ਲਈ ਹੀ ਵਰਤੀ ਜਾਣੀ ਹੈ, ਚੂੰਕਿ ਇਹ ਖਾਲ ਵਾਂਗ ਸਾਂਝੀ ਨਹੀਂ ਹੈ, ਇਸ ਲਈ ਜ਼ਮੀਨ ਭੀ ਖਰੀਦਣੀ ਪੈ ਸਕਦੀ ਹੈ ਅਤੇ ਇਹ ਇਕ ਵੱਡਾ ਰਾਹ ਭੀ ਬਣ ਜਾਣਾ ਹੈ।

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਪ੍ਰੋਜੈਕਟ ਦੇ ਸਾਰੇ ਵੇਰਵੇ ਸੋਚ ਸਮਝ ਲਏ ਅਤੇ ਉਹਨਾਂ ਨੇ ਅਰਦਾਸ ਕਰਕੇ ਕੰਮ ਸ਼ੁਰੂ ਕਰ ਦਿੱਤਾ। ਵੱਡੀ ਪੱਧਰ ਉਪਰ ਸੀਮਿੰਟ ਅਤੇ ਬੱਜਰੀ ਦੇ ਵੱਡੇ ਵੱਡੇ ਫਰਮੇ ਬਣਾ ਕੇ ਢਾਲਣੇ ਸ਼ੁਰੂ ਕਰ ਦਿੱਤੇ। ਇਹ ਸਮਝੋ ਪਈ ! ਵੱਡੇ ਵੱਡੇ ਪੱਥਰਾਂ ਦੀਆਂ ਇੱਟਾਂ ਦੇ ਜਿਵੇਂ ਭੱਠੇ ਲਾ ਦਿੱਤੇ ਹੋਣ। ਇਕ ਚੌੜੀ ਸਿਲਾ ਹੇਠਾਂ, ਦੋ ਚੌੜੀਆਂ ਸਿਲਾਂ ਖੜਵੀਆਂ ਪਾਸਿਆਂ ਦੇ ਉਪਰ ਅਤੇ ਇਕ ਉਪਰ ਛੱਤ ਵਾਂਗ। ਬੱਸ, ਹੰਸਲੀ ਦਾ ਨਮੂਨਾ ਬਣ ਗਿਆ।

ਪਾਠਕ ਜਨ ! ਆਪ ਹੀ ਅਨੁਮਾਨ ਲਾਉਣ ਕਿ ਪੰਜ ਮੀਲ ਦੀ ਲੰਬਾਈ ਤਕ ਪਹਿਲਾਂ ਇਕ ਰੇੜ੍ਹਵਾਂ ਖਾਲ ਪੁੱਟਣਾ ਫਿਰ ਉਸ ਨੂੰ ਠੀਕ ਪੱਧਰ ਉਪਰ ਰੱਖਣਾ, ਫਿਰ ਚੌੜੀਆਂ ਬੱਜਰੀ ਦੀਆਂ ਚਾਰ ਸਿਲਾਂ ਜੋੜਨੀਆਂ ਕੁਝ ਫਾਸਲੇ ਤੇ ਜਾ ਕੇ ਖੁਲ੍ਹ ਜਾਣ ਵਾਲੇ ਮੰਘੋਰੇ ਰਖਣੇ ਤਾਂਕਿ ਉਹਨਾਂ ਨੂੰ ਲੋੜ ਵੇਲੇ ਖੋਲ੍ਹ ਕੇ ਸਫਾਈ ਕੀਤੀ ਜਾ ਸਕੇ। ਇਹ ਹੰਸਲੀ ਨਹੀਂ ਸਗੋਂ ਪੰਜ ਮੀਲ ਲੰਮੀ ਸੁਰੰਗ ਹੈ, ਜਿਸ ਦੇ ਹਜ਼ਾਰਾਂ ਖੁਲ੍ਹਣ ਤੇ ਬੰਦ ਹੋਣ ਵਾਲੇ ਮੂੰਹ ਹਨ। ਇਸ ਹੰਸਲੀ ਵਿਚ ਆਦਮੀ ਫਿਰ ਕੇ ਸਫਾਈ ਕਰ ਸਕਦੇ ਹਨ, ਏਥੋਂ ਇਸ ਦੇ ਕੱਦ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸ ਸੇਵਾ ਨੂੰ ਲਗਭਗ ਪੰਜ ਸਾਲ ਦਾ ਸਮਾਂ ਲੱਗਾ। ਤੇ ਪੰਜ ਸਾਲ ਲਗਾਤਾਰ ਸੇਵਕਾਂ ਦਾ ਪ੍ਰਵਾਹ ਚਲਦਾ ਰਿਹਾ। ਰੋੜੀ ਕੁੱਟੀਂਦੀ ਰਹੀ, ਬੱਜਰੀ ਧੁਪਦੀ ਰਹੀ, ਰੇਤਾ ਪਾਣੀ ਨਾਲ ਸਾਫ ਹੁੰਦੀ ਰਹੀ, ਕਹੀਆਂ ਚਲਦੀਆਂ ਰਹੀਆਂ, ਚੂਨੇ ਲਈ ਰੋੜ ਸੜਦੇ ਰਹੇ, ਪਾਣੀ ਦੀਆਂ ਭਰੀਆਂ ਬਾਲਟੀਆਂ ਦੀਆਂ ਤੇ ਭਰੀਆਂ ਟੋਕਰੀਆਂ ਦੀਆਂ ਗੱਡੀਆਂ ਚਲਦੀਆਂ ਰਹੀਆਂ।

ਲੋਹ-ਲੰਗਰ ਤਪਦੇ ਰਹੇ, ਦੇਗਾਂ ਦੂਣ ਸਵਾਈਆਂ ਹੁੰਦੀਆਂ ਰਹੀਆਂ। ਸਤਿਨਾਮੁ-ਵਾਹਿਗੁਰੂ ਦੀਆਂ ਧੁਨੀਆਂ ਉੱਚੀਆਂ ਤੇ ਵਿਸ਼ਾਲ ਹੁੰਦੀਆਂ ਗਈਆਂ।

ਜਦੋਂ ਸੇਵਾ ਸੰਪੂਰਨ ਹੋਈ ਅਤੇ ਨਹਿਰ ਤੋਂ ਸਿੱਧਾ ਪਾਣੀ ਸਰੋਵਰਾਂ ਵਿਚ ਆ ਕੇ ਪਿਆ। ਅਤੇ ਸਰੋਵਰ ਕੰਢਿਆਂ ਤਕ ਭਰ ਗਏ ਤਾਂ ਦੋਹਾਂ ਸੰਤਾਂ ਦੇ ਨੇਤਰਾਂ ਵਿਚ ਸ਼ੁਕਰਾਨੇ ਦਾ ਜਲ ਆ ਗਿਆ। ਉਧਰ ਪੰਜੇ ਸਰੋਵਰ ਭਰੇ ਹੋਏ ਸਨ। ਇਧਰ ਦੋਹਾਂ ਸੰਤਾਂ ਦੇ ਚਾਰ ਨੈਣ ਤੇ ਇਕ ਮਨ, ਪੰਜ ਮਨੁੱਖੀ ਸਰੋਵਰ ਧੰਨਵਾਦ ਦੇ ਅੱਥਰੂਆਂ ਨਾਲ ਭਰੇ ਹੋਏ ਸਨ। ਸੰਗਤਾਂ ਦੇ ਚਾਅ ਦਾ ਤਾਂ ਕੋਈ ਹੱਦ-ਬੰਨਾ ਨਹੀਂ ਸੀ ਰਹਿ ਗਿਆ।

ਸ੍ਰੀ ਮੁਕਤਸਰ ਜੀ ਦੀ ਸੇਵਾ

ਅਰਦਾਸ ਵਿਚ ਅਸੀਂ ਗੁਰੂਆਂ ਪਿੱਛੋਂ ਪੰਜ ਪਿਆਰੇ, ਚਾਰ ਸਾਹਿਬਜ਼ਾਦੇ ਅਤੇ ਚਾਲੀ ਮੁਕਤਿਆਂ ਦਾ ਨਾਮ ਲੈਂਦੇ ਹਾਂ। ਮੁਕਤਸਰ ਹੀ ਗੁਰੂ ਜੀ ਨੇ ਟੁਟੀ ਗੰਢੀ ਸੀ, ਏਥੇ ਹੀ ਬੇਦਾਵਾ ਪਾੜਿਆ ਸੀ ਤੇ ਇਹੋ ਅਸਥਾਨ ਸੀ, ਜਿਥੇ ਸਿੱਖਾਂ ਨੂੰ ਪੰਜ ਹਜ਼ਾਰੀ ਅਤੇ ਦਸ ਹਜ਼ਾਰੀ ਦੇ ਦਰਜੇ ਦਿੱਤੇ ਗਏ ਸਨ। ਇਨ੍ਹਾਂ ਖਾਮੋਸ਼ ਸੇਵਕਾਂ ਨੇ ਬਿਨਾਂ ਦੱਸਣ ਤੋਂ, ਗੁਰੂ ਜੀ ਅੱਗੇ ਰੱਖਿਆ ਦੀ ਪੰਗਤ ਬਣਾ ਦਿੱਤੀ ਸੀ ਅਤੇ ਬਿਨਾਂ ਭਾਈ ਮਹਾਂ ਸਿੰਘ ਜੀ ਤੋਂ ਸਾਰੇ ਸ਼ਹੀਦੀਆਂ ਪਾ ਚੁੱਕੇ ਸਨ।

ਝਬਾਲ ਪਿੰਡ ਦੀ ਮਾਈ ਭਾਗੋ ਗੁਰੂ ਅਰਜਨ ਦੇਵ ਜੀ ਦੇ ਸਿੱਖ ਭਾਈ ਲੰਗਰ ਤੇ ਭਾਈ ਪੈਰੋਸ਼ਾਹ ਦੀ ਸੰਤਾਨ ਵਿਚੋਂ ਸੀ।

ਜਦੋਂ ਬੇਦਾਵਾ ਲਿਖ ਕੇ ਸਿੰਘ ਆਏ ਤਾਂ ਇਸ ਨੇ ਮਰਦਾਵੇਂ ਕੱਪੜੇ ਪਹਿਨ ਲਏ। ਮੁਕਤਸਰ ਦੇ ਮੈਦਾਨ ਵਿਚ ਲੜਦੀ ਹੋਈ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਰਾਜ਼ੀ ਹੋਣ ਤੇ ਇਹ ਅਖੀਰ ਤਕ ਗੁਰੂ ਜੀ ਦੇ ਨਾਲ ਸ੍ਰੀ ਅਬਚਲ ਨਗਰ ਰਹੀ ਅਤੇ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਆਪ ਬਿਦਰ ਚਲੀ ਗਈ ਅਤੇ ਉਥੇ ਹੀ ਇਸ ਨੇ ਚਲਾਣਾ ਕੀਤਾ। ਮਾਈ ਭਾਗੋ ਜੀ ਦੇ ਬਰਛੇ ਦਾ ਫਲ ਹੁਣ ਤਕ ਦਸਮੇਸ਼ ਜੀ ਦੇ ਸ਼ਸਤਰਾਂ ਦੇ ਨਾਲ ਰੱਖਿਆ ਹੋਇਆ ਹੈ।

ਏਥੇ ਜਿਥੇ ਗੁਰੂ ਜੀ ਬਿਰਾਜੇ ਸਨ ਵੱਡਾ ਦਰਬਾਰ ਹੈ, ਜਿਥੇ ਬੈਠ ਕੇ ਤੀਰ ਚਲਾਉਂਦੇ ਰਹੇ, ਟਿੱਬੀ ਸਾਹਿਬ ਹੈ, ਜਿਥੇ ਫੌਜ ਦਾ ਕੈਂਪ ਸੀ, ਤੰਬੂ ਸਾਹਿਬ ਹੈ। ਜਿਥੇ ਗੁਰੂ ਜੀ ਨੇ ਚਾਲੀ ਮੁਕਤਿਆਂ ਦਾ ਆਪਣੇ ਹੱਥੀਂ ਸਸਕਾਰ ਕੀਤਾ, ਸ਼ਹੀਦ ਗੰਜ ਹੈ। ਖਿਦਰਾਣੇ ਦੀ ਢਾਬ, ਜਿਸ ਉਪਰ ਕਬਜ਼ਾ ਕਰਕੇ ਗੁਰੂ ਜੀ ਨੇ ਸੂਬਾ ਸਰਹਿੰਦ ਦੇ ਵਜ਼ੀਰ ਖਾਂ ਦੇ ਤੇ ਉਸ ਦੀ ਫੌਜ ਦੇ ਦੰਦ ਖੱਟੇ ਕੀਤੇ ਸਨ, ਸ੍ਰੀ ਮੁਕਤਸਰ ਹੈ। ਇਹ ਨਾਮ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਰੱਖਿਆ ਸੀ।

ਏਡੇ ਮਹਾਨ ਅਸਥਾਨਾਂ ਦੀ ਸੇਵਾ ਦਾ ਕੰਮ ਬੜਾ ਹੀ ਢਿੱਲਾ ਮੱਠਾ ਸੀ।

ਜਦੋਂ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਏਥੇ ਪਹੁੰਚੇ ਤਾਂ ਉਹਨਾਂ ਦੇ ਸਣੇ ਸਾਰੇ ਸੇਵਕਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ।

ਪਰਕਰਮਾ ਵਿਚ ਬਜ਼ਾਰਾਂ ਵਾਲੇ ਸੇਵਾਦਾਰ ਹੀ ਝਾੜੂ ਫੇਰਦੇ ਸਨ। ਮੁਸਲਮਾਨਾਂ ਨੇ ਪਰਕਰਮਾ ਵਿਚ ਹੀ ਮੰਜੇ ਡਾਹੇ ਹੋਏ ਸਨ ਅਤੇ ਉਹ, ਉਥੇ ਹੀ ਬੈਠ ਕੇ ਹੁੱਕੇ ਪੀਂਦੇ ਸਨ ਅਤੇ ਸਰੋਵਰ ਵਿਚੋਂ ਪਾਣੀ ਭਰਦੇ ਸਨ। ਰੇੜ੍ਹੂ ਪਰਕਰਮਾ ਵਿਚ ਦੀ ਆਉਂਦੇ ਜਾਂਦੇ ਸਨ।

ਬਾਬਾ ਜੀ ਨੇ ਪਹਿਲਾ ਕੰਮ ਇਹ ਕੀਤਾ ਕਿ ਪਰਕਰਮਾ ਵਿਚ ਜੋੜੇ ਲਿਆਉਣੇ ਬੰਦ ਕਰ ਦਿੱਤੇ। ਹੋਰ

ਨਿੱਕੇ ਮੋਟੇ ਸਾਰੇ ਰਾਹ ਬੰਦ ਕਰ ਦਿੱਤੇ, ਕੇਵਲ ਚਾਰ ਰਸਤੇ ਹੀ ਅੰਦਰ ਆਉਣ ਦੇ ਰਹਿਣ ਦਿੱਤੇ। ਇਹਨਾਂ ਰਾਹਾਂ ਦੇ ਸਿਰ ਉਪਰ ਚੁਬੱਚੇ ਬਣਾ ਦਿੱਤੇ। ਜਿਨ੍ਹਾਂ ਵਿਚ ਨਿਰਮਲ ਪਾਣੀ ਪਾਇਆ ਜਾਣ ਲੱਗਾ ਅਤੇ ਮੈਲਾ ਪਾਣੀ ਕੱਢ ਦਿੱਤਾ ਜਾਂਦਾ।

ਸਰੋਵਰ ਵਿਚੋਂ, ਪੰਪਾਂ ਰਾਹੀਂ ਅਤੇ ਬਾਲਟੀਆਂ ਰਾਹੀਂ ਦਿਨ ਰਾਤ ਪਾਣੀ ਕੱਢਿਆ ਜਾਣ ਲੱਗਾ। ਜਦੋਂ ਇਕ ਪਾਸਿਓਂ ਸਾਰਾ ਪਾਣੀ ਕੱਢਿਆ ਗਿਆ ਤਾਂ ਪੌੜ ਨੰਗੇ ਕਰਨ ਪਿਛੋਂ ਪੌੜਾਂ ਦੀ ਸੇਵਾ ਅਰੰਭ ਕਰ ਦਿਤੀ। ਏਸੇ ਤਰ੍ਹਾਂ ਫਿਰ ਦੂਜੇ ਪਾਸੇ ਦੀਆਂ ਪੌੜੀਆਂ ਨੰਗੀਆਂ ਕਰਵਾਈਆਂ ਅਤੇ ਉਹਨਾਂ ਦੀ ਸੇਵਾ ਕੀਤੀ।

ਇਸ ਤੋਂ ਪਿਛੋਂ ਇਸ ਵੱਡੇ ਸਰੋਵਰ ਦੀ ਵੱਡੀ ਅਤੇ ਸਾਰੀ ਪਰਕਰਮਾ ਵਿਚ ਸੰਗਮਰਮਰ ਲਵਾਇਆ। ਲੱਖਾਂ ਰੁਪਏ ਦਾ ਠੇਕਾ ਦੇ ਕੇ ਇਹ ਸਾਰਾ ਕੰਮ ਸੰਪੂਰਨ ਕਰਵਾਇਆ।

ਇਸ ਤੋਂ ਪਿਛੋਂ ਹੰਸਲੀ ਦੇ ਕੰਮ ਵਿਚ ਸੰਗਤਾਂ ਦਿਨ ਰਾਤ ਜੁੱਟ ਪਈਆਂ। ਨਹਿਰ ਤੋਂ ਲੈ ਕੇ ਸਰੋਵਰ ਤਕ ਹੰਸਲੀ ਸੰਪੂਰਨ ਹੋਣ ਤੇ ਨਿਰਮਲ ਪਾਣੀ ਨਾਲ ਸਰੋਵਰ ਕੰਢਿਆਂ ਤਕ ਭਰ ਗਿਆ ਅਤੇ ਸਰੋਵਰ ਉਪਰ ਪਾਣੀ ਦੀਆਂ ਲਹਿਰਾਂ ਇਸ ਤਰ੍ਹਾਂ ਇਕ ਦੂਜੇ ਪਿੱਛੇ ਕਾਹਲੀ ਕਾਹਲੀ ਜਾਣ ਲਗ ਪਈਆਂ, ਜਿਵੇਂ ਵਜ਼ੀਰ ਖਾਂ ਨਾਲ ਲੜਨ ਵੇਲੇ ਚਾਲੀ ਮੁਕਤੇ ਅੱਗੇ ਵਧ ਵਧ ਕੇ ਹਮਲੇ ਕਰਦੇ ਰਹੇ ਸਨ ਅਤੇ ਸ਼ਹੀਦ ਹੁੰਦੇ ਰਹੇ ਸਨ। ਆਪਣੀ ਇਤਿਹਾਸਕ ਸ਼ਾਨ ਅ. ਸਾਰ ਮੁਕਤਸਰ ਤਿਆਰ ਹੋ ਗਿਆ।

ਇਸ ਤੋਂ ਪਿਛੋਂ ਗੁਰਦੁਆਰਾ ਤੰਬੂ ਸਾਹਿਬ ਵਿਚ ਸੰਪੂਰਨ ਸੰਗਮਰਮਰ ਦੀ ਸੇਵਾ ਕਰਵਾਈ। ਇਹ ਓਹੋ ਪਾਵਨ ਅਸਥਾਨ ਸੀ, ਜਿਥੇ ਸਿਰ ਨੂੰ ਤਲੀ ਤੇ ਰੱਖਣ ਵਾਲੇ ਸਿੰਘਾਂ ਨੇ ਛਾਉਣੀ ਪਾਈ ਸੀ।

ਇਹ ਸੇਵਾ ਕਿਤਨੀ ਵੱਡੀ ਸੀ, ਇਸ ਦਾ ਅਨੁਮਾਨ ਲਾਉਣਾ ਬੜਾ ਔਖਾ ਹੈ। ਸ੍ਰੀ ਅੰਮ੍ਰਿਤਸਰ ਤੋਂ ਸ੍ਰੀ ਮੁਕਤਸਰ ਤੱਕ ਸੰਗਤਾਂ ਦਾ ਤਾਂਤਾ ਬੱਧਾ ਰਹਿੰਦਾ ਸੀ।

ਅੰਮ੍ਰਿਤਸਰ ਵਿਚੋਂ ਵੱਡੀਆਂ ਵੱਡੀਆਂ ਉਗਰਾਹੀਆਂ ਹੁੰਦੀਆਂ, ਲੰਗਰ ਤਿਆਰ ਹੁੰਦੇ, ਸਮਾਨ ਦੇ ਟਰੱਕ ਲੱਦੇ ਜਾਂਦੇ ਅਤੇ ਸ੍ਰੀ ਮੁਕਤਸਰ ਹੁਕਮ ਅਨੁਸਾਰ ਪਹੁੰਚਦੇ ਰਹੇ।

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਕੇਵਲ ਦੀਵਾਨ ਲਾ ਕੇ ਪ੍ਰਚਾਰ ਕਰਨ ਤੇ ਭਰੋਸਾ ਨਹੀਂ ਸੀ ਰੱਖਦੇ। ਉਹ ਕਹਿੰਦੇ ਸਨ, "ਸਿੱਖੀ ਦਾ ਬੀਜ ਸੇਵਾ ਨਾਲ ਬੀਜਿਆ ਜਾਂਦਾ ਹੈ, ਹੱਥੀਂ ਸੇਵਾ ਕਰਨ ਤੋਂ ਬਿਨਾਂ ਨਾਮ ਦਾ ਵਾਸਾ ਹਿਰਦੇ ਵਿਚ ਨਹੀਂ।"

ਇਕ ਵਾਰ ਬਾਬਾ ਖੜਕ ਸਿੰਘ ਜੀ ਨੇ ਕਿਹਾ ਸੀ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪ ਕੇ ਸਿੱਖਾਂ ਨੂੰ ਬਚਾਅ ਲਿਆ ਹੈ। ਗੁਰੂ ਗ੍ਰੰਥ ਸਾਹਿਬ ਇਕ ਹੈ, ਉਹ ਅਸਥਾਨ-ਭੇਦ ਨਾਲ ਨਿੱਕਾ ਵੱਡਾ ਨਹੀਂ ਬਣ ਜਾਂਦਾ। ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਦਾ ਅਰਥ ਹੈ, ਸਾਨੂੰ ਇਹ ਪ੍ਰਵਾਨ ਹੈ। ਅਸੀਂ ਇਸ ਉੱਪਰ ਅਮਲ ਕਰਾਂਗੇ। ਜੋ ਮੱਥਾ ਟੇਕਦਾ ਹੈ ਪਰ ਗੁਰੂ ਜੀ ਦੇ ਪੂਰਨਿਆਂ ਉਪਰ ਚਲਦਾ ਨਹੀਂ, ਉਹ ਪਾਖੰਡੀ ਹੈ।"

ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਉਮਰ ਕਰਕੇ ਭੀ ਅਤੇ ਸਾਕ ਕਰਕੇ ਭੀ ਵੱਡੇ ਸਨ ਪਰ ਜਦੋਂ ਉਹ ਗੁਰੂ ਚਰਨਾਂ ਵਿਚ ਆ ਗਏ, ਉਹ ਕੇਵਲ ਸਿੱਖ ਰਹਿ ਗਏ। ਪੰਜ ਕੋਹ ਦੀ ਦੂਰੀ ਤੋਂ, ਗਾਗਰ ਚੁੱਕ ਕੇ ਲਿਆਉਂਦੇ ਅਤੇ ਪਹਿਰ ਰਾਤ ਰਹਿੰਦੀ, ਗੁਰੂ ਨੂੰ ਆ ਕੇ ਇਸ਼ਨਾਨ ਕਰਵਾਉਂਦੇ ਅਤੇ ਇਸ ਤਰ੍ਹਾਂ ਬਾਰਾਂ ਸਾਲ ਲਗਾਤਾਰ ਸੇਵਾ ਕਰਦੇ ਰਹੇ। ਇਸ ਸੇਵਾ ਨੂੰ ਫਲ ਲੱਗਾ ਤੇ ਉਹਨਾਂ ਵਿਚ ਉਹੋ ਗੁਰੂ ਨਾਨਕ ਆ ਗਿਆ

ਜਿਹੜਾ ਪਹਿਲਾਂ ਗੁਰੂ ਅੰਗਦ ਦੇਵ ਵਿਚ ਆਇਆ ਸੀ।

ਭਾਈ ਜੇਠਾ ਯਤੀਮ ਸੀ, ਉਸ ਨੂੰ ਉਸ ਦੀ ਮਾਸੀ ਨੇ ਆਪਣੇ ਪਾਸ ਬੁਲਾ ਲਿਆ ਸੀ ਕਿ ਘੁੰਙਣੀਆਂ ਵੇਚ ਕੇ ਗੁਜ਼ਾਰਾ ਕਰ ਲਵੇਗਾ। ਜਦੋਂ ਉਸ ਯਤੀਮ ਨੇ ਸਿਰ ਉਪਰ ਟੋਕਰੀ ਚੁਕ ਲਈ ਗੁਰੂ ਨੇ ਆਪਣੀ ਪਿਆਰੀ ਪੁੱਤਰੀ ਦੇ ਕੇ ਉਸ ਨੂੰ ਆਪਣਾ ਜਵਾਈ ਬਣਾ ਲਿਆ। ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਦਸ਼ਾਹੀ ਭੀ ਦਿੱਤੀ ਅਤੇ ਬਾਕੀ ਰਹਿੰਦੀ ਉਮਰ ਭੀ ਦੇ ਦਿੱਤੀ।

ਗੁਰੂ ਆਪਣੇ ਸੇਵਕ ਨੂੰ ਸਭ ਕੁਝ ਸੌਂਪ ਦੇਂਦਾ ਹੈ, ਸੇਵਕ ਨੂੰ ਗੁਰੂ ਬਣਾ ਕੇ, ਮੱਥਾ ਟੇਕ ਕੇ ਆਪ ਸੇਵਕ ਬਣ ਜਾਂਦਾ ਹੈ।

ਇਕ ਵਾਰ ਬਾਬਾ ਖੜਕ ਸਿੰਘ ਜੀ ਨੇ ਕਿਹਾ ਸੀ, "ਥਾਪੜਾ ਲੈਣ ਵਾਲਾ ਬਚਿੱਤਰ ਸਿੰਘ ਸੀ ਜਿਸ ਨੇ ਖੂਨੀ ਹਾਥੀ ਦੇ ਮੱਥੇ ਉੱਪਰ ਸੱਤ ਲੋਹੇ ਦੇ ਤਵੇ ਨਾਗਣੀ ਦੇ ਭਰਪੂਰ ਵਾਰ ਨਾਲ ਵਿੰਨ੍ਹਦਿਆਂ ਹੋਇਆਂ ਹਾਥੀ ਦਾ ਮੱਥਾ ਪਾੜ ਦਿੱਤਾ ਸੀ ਅਤੇ ਥਾਪੜਾ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਸਨ, ਜਿਹੜੇ ਸਰਬੰਸਦਾਨੀ ਸਨ। ਪਹਿਲਾਂ ਕੋਈ ਮਾਈ ਦਾ ਲਾਲ ਬਚਿੱਤਰ ਸਿੰਘ ਬਣੇ ਤੇ ਫਿਰ ਕੋਈ ਅੰਮ੍ਰਿਤ ਦਾ ਦਾਤਾ ਅਤੇ ਚਿੜੀਆਂ ਤੋਂ ਬਾਜ ਬਣਾਉਣ ਵਾਲਾ ਹੀ ਥਾਪੜਾ ਦੇਣ ਆਵੇ।"

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਲਗਾਤਾਰ ਦਸ ਸਾਲ ਮਾਲਵੇ ਵਿਚ ਸੇਵਾ ਤੇ ਸਿਮਰਨ ਦਾ ਪ੍ਰਵਾਹ ਚਲਾਉਂਦੇ ਰਹੇ।

ਸੰਤ ਦਰਸ਼ਨ ਸਿੰਘ ਜੀ ਨੇ ਕਿਹਾ ਸੀ, "ਬਾਬਿਆਂ ਨੇ ਜਿਹੜੇ ਹੰਸਲੀਆਂ ਦੇ ਫਰਮੇ ਬੱਧੇ ਹਨ, ਉਹ ਅਟੁੱਟ ਹਨ, ਉਹਨਾਂ ਤੇ ਤੇਸੀ ਮਾਰੀਏ ਤਾਂ ਉਸ ਵਿਚੋਂ ਚੰਗਿਆੜੇ ਨਿਕਲਦੇ ਹਨ। ਜਿਹੜਾ ਮਸਾਲਾ ਬਾਬੇ ਵਰਤਦੇ ਸਨ, ਉਹਨਾਂ ਵਿਚ ਬਾਬਿਆਂ ਦੀ ਇਕ ਆਪਣੀ ਸ਼ਕਤੀ ਅਤੇ ਬਰਕਤ ਸੀ ਅਤੇ ਉਸ ਮਸਾਲੇ ਦਾ ਕਣਕਣ ਮਾਨੋ ਸਤਿਨਾਮੁ ਅਤੇ ਵਾਹਿਗੁਰੂ ਦੇ ਸਿਮਰਨ ਦੇ ਭੱਠੇ ਵਿਚੋਂ ਪੱਕ ਕੇ ਬਾਹਰ ਨਿਕਲਦਾ ਸੀ, ਉਹਨਾਂ ਦਾ ਆਵਾ ਪੱਕਾ ਸੀ, ਉਹਨਾਂ ਦੀ ਹਮੇਸ਼ਾ ਪ੍ਰਵਾਨ-ਅਰਦਾਸੀ। ਨਿਰਵਿਘਨ ਸੰਪੂਰਨਤਾ ਸੀ, ਉਹ ਵਰ ਸਰਾਪ ਤੋਂ ਉਪਰ ਸਨ, ਜਿਹੜਾ ਵਰ ਸਰਾਪ ਵਿਚ ਵਰਤਦਾ ਹੈ, ਉਹ ਅਨਕੂਲਤਾ ਅਤੇ ਪ੍ਰਤੀਕੂਲਤਾ ਵਿਚ ਵਰਤਦਾ ਹੈ, ਰਾਗ ਦਵੈਖ ਵਿਚ ਰਹਿੰਦਾ ਹੈ। ਦੁੱਖ ਅਤੇ ਸੁੱਖ ਵਿਚ ਉਸ ਨੂੰ ਰਹਿਣਾ ਹੀ ਪੈਂਦਾ ਹੈ।"

ਸ੍ਰੀ ਤਰਨਤਾਰਨ ਦੀ ਹੰਸਲੀ

ਸ਼ਰੋਮਣੀ ਕਮੇਟੀ ਸੰਬੰਧੀ ਜਾਣਕਾਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਸ ਵੇਲੇ ਸ਼ਰੋਮਣੀ ਕਮੇਟੀ ਪਾਸ ਗੁਰਦੁਆਰਾ ਕਮੇਟੀਆਂ ਦਾ ਕਵੇਲ ਦਸਵੰਧ ਹੀ ਜਮ੍ਹਾਂ ਹੁੰਦਾ ਸੀ, ਸ਼ਰੋਮਣੀ ਕਮੇਟੀ ਸੈਂਕੜੇ ਮੁਕੱਦਮਿਆਂ ਵਿਚ ਘਿਰ ਗਈ ਸੀ। ਮੁਕੱਦਮਿਆਂ, ਕਰਕੇ ਸ਼ਰੋਮਣੀ ਕਮੇਟੀ ਨੂੰ ਆਪਣਾ ਦਫਤਰ ਭੀ ਲਾਹੌਰ ਵਿਚ ਲੈ ਜਾਣਾ ਪੈ ਗਿਆ ਸੀ। ਕੁਝ ਵੱਡੀਆਂ ਲੋਕਲ ਕਮੇਟੀਆਂ ਨੇ ਸ਼ਰੋਮਣੀ ਕਮੇਟੀ ਨੂੰ ਆਪਣਾ ਦਸਵੰਧ ਦੇਣਾ ਭੀ ਬੰਦ ਕਰ ਦਿੱਤਾ ਸੀ, ਇਸ ਤਰ੍ਹਾ ਸ਼ਰੋਮਣੀ ਕਮੇਟੀ ਆਰਥਿਕ ਤੌਰ ਉਪਰ ਬਹੁਤ ਕਮਜ਼ੋਰ ਹੋ ਗਈ ਸੀ। ਉਸ ਕੋਲ ਤੇ ਚੰਗੀ ਤਰ੍ਹਾ ਮੁਕੱਦਮੇ ਲੜਨ ਜੋਗੇ ਪੈਸੇ ਹੀ ਨਹੀਂ ਸੀ ਰਹਿ ਗਏ ਅਤੇ ਏਸੇ ਕਰਕੇ ਕਈ ਮੁਕੱਦਮੇ ਹਾਰਨੇ ਭੀ ਪਏ ਅਤੇ ਏਸੇ ਕਰਕੇ ਅਖੀਰ ਨੂੰ ਲਾਹੌਰ ਦਾ ਦਫਤਰ ਛਡ ਕੇ ਸ੍ਰੀ ਅੰਮ੍ਰਿਤਸਰ ਆਉਣਾ ਪਿਆ।

ਬੇਸ਼ਕ ਗੁਰਦੁਆਰੇ ਸ਼ਰੋਮਣੀ ਕਮੇਟੀ ਪਾਸ ਆ ਗਏ ਸਨ ਪਰ ਪੁਜਾਰੀਆਂ ਦੀ ਸਦੀਆਂ ਭਰ ਦੀ ਜਿਹੜੀ ਸੇਵਾ ਸੰਭਾਲ ਵਲੋਂ ਉੱਕੀ ਬੇਪ੍ਰਵਾਹੀ ਸੀ, ਉਸ ਕਰਕੇ ਲਗਭਗ ਸਾਰੇ ਗੁਰਦੁਆਰਿਆਂ ਦੀ ਸਾਰੀ ਸੇਵਾ ਦੀ ਲੋੜ

ਸੀ। ਉਸ ਵੇਲੇ ਮਰਦ ਅਗੰਮੜੇ ਦੇ ਭੇਜੇ ਗਏ ਮਹਾਂਪੁਰਖ, ਬਾਬਾ ਸ਼ਾਮ ਸਿੰਘ ਜੀ, ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ, ਮਾਨੋ ਸੇਵਾ ਦੀ ਇਹ ਤ੍ਰਿਬੇਣੀ ਸਨ। ਸੇਵਾ-ਸਿਮਰਨ ਅਤੇ ਸੰਗਤ ਦਾ ਸੰਗਮ ਸੀ।

ਇਹ ਗੁਰੂਆਂ ਦੀਆਂ ਬੈਂਕਾਂ ਸਨ, ਇਹ ਗੁਰੂ ਜੀ ਦੇ ਨਾਮ ਤੇ ਦਿਨ ਰਾਤ ਹੁੰਡੀਆਂ ਲਿਖਦੇ ਸਨ ਅਤੇ ਗੁਰੂ ਜੀ ਪਾਸ ਆ ਕੇ ਤਾਰਦੇ ਸਨ। ਗੁਰੂ ਆਪਣੇ ਬੰਦਿਆਂ ਰਾਹੀਂ ਲੱਖਾਂ ਰੁਪਏ ਬੁੱਕਲਾਂ ਵਿਚੋਂ ਕੱਢ ਕੇ ਅਛੋਪਲੇ ਇਨ੍ਹਾਂ ਦੀਆਂ ਬੋਰੀਆਂ ਦੇ ਵਿਛਾਉਣਿਆਂ ਹੇਠਾਂ ਰੱਖ ਦੇਂਦੇ ਸਨ। ਹੱਥ ਬਾਬਿਆਂ ਦੇ ਹੁੰਦੇ ਸਨ, ਖਜ਼ਾਨੇ ਗੁਰੂ ਜੀ ਦੇ ਹੁੰਦੇ ਸਨ। ਜਿੰਨਾ ਕੋਈ ਸੇਵਾ ਦੇ ਨਾਲ ਸਿਮਰਨ ਚਲਾਉਣ ਵਾਲਾ ਵਧ ਖਰਚਦਾ ਹੈ, ਉਤਨਾ ਹੀ ਗੁਰੂ ਵੱਧ ਦੇਂਦੇ ਹੈ। ਜਿਥੇ ਰਾਤ ਨੂੰ ਸੰਗਤਾਂ ਨੂੰ ਖਵਾ ਕੇ ਭਾਂਡੇ ਮੂਧੇ ਮਾਰੇ ਜਾਂਦੇ ਹਨ, ਘਿਓ ਵਾਲੀਆਂ ਖੀਰਾਂ ਕੇਵਲ ਉਥੇ ਹੀ ਰਿੱਝਦੀਆਂ ਹਨ, ਜਿਥੇ ਨੇਕ ਬੀਬੀਆਂ ਦਿਨ ਰਾਤ ਇਕ ਕਰਕੇ ਸੇਵਾ ਤੇ ਸਿਮਰਨ ਵਿਚ ਜੁਟਦੀਆਂ ਹਨ, ਉਥੇ ਹੀ ਸੰਘਣੀਆਂ ਛਾਵਾਂ ਵਾਲੇ ਬ੍ਰਿਛ ਪ੍ਰਵਾਨ ਚੜ੍ਹਦੇ ਹਨ।

ਇਹ ਬਾਬੇ ਸਧਾਰਨ ਬਾਬੇ ਨਹੀਂ, ਇਹ ਸੇਵਾ ਤੇ ਸਿਮਰਨ ਦੀਆਂ ਸਰਕਾਰਾਂ ਹਨ। ਇਨ੍ਹਾਂ ਦਾ ਆਪਣਾ ਸੇਵਾ ਤੇ ਸਿਮਰਨ ਦਾ ਰਾਜ ਹੈ। ਇਨ੍ਹਾਂ ਦਾ ਆਪਣਾ ਸਿੱਕਾ ਚਲਦਾ ਹੈ। ਇਨ੍ਹਾਂ ਦੀਆਂ ਆਪਣੀਆਂ ਅਣਥੱਕ ਫੌਜਾਂ ਹਨ। ਇਨ੍ਹਾਂ ਦੇ ਸਿਰ ਉਪਰ ਸਾਦੇ ਦਸਤਾਰੇ ਤੇ ਇੰਨ੍ਹੂ ਹਨ, ਇਨ੍ਹਾਂ ਦੇ ਗਲੀਂ ਕੇਵਲ ਖੱਦਰ ਦੀਆਂ ਫਤ੍ਹੂਹੀਆਂ ਹਨ। ਇਨ੍ਹਾਂ ਦੇ ਚਰਨ ਵਿਆਈਆਂ ਨਾਲ ਫਟੇ ਪਏ ਹਨ। ਇਨ੍ਹਾਂ ਦੀਆਂ ਉਂਗਲਾਂ ਵਿਚ ਗੰਢਾਂ ਪਈਆਂ ਹਨ। ਨਿਰ ਤਪ ਦੇਹੀ ਦਾ ਦੁਖ ਹੈ ਪਰ ਸੇਵਾ ਦਾ ਤਪ ਸੰਸਾਰ ਦੀ ਭਲਿਆਈ ਦਾ ਤਪ ਹੈ। ਨਿਰਾ ਸਿਮਰਨ, ਸਿਮਰਨ ਹੈ, ਨਿਰੀ ਧੁਨੀ ਹੈ ਪਰ ਸੇਵਾ ਨਾਲ ਸਿਮਰਨ, ਸੰਗੀਤ ਹੋ ਨਿਬੜਦਾ ਹੈ।

ਬਾਬਾ ਖੜਕ ਸਿੰਘ ਜੀ ਨੇ ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ਜੀ ਵਲ ਦੋਵੇਂ ਹੱਥ ਜੋੜ ਕੇ ਤੇ ਨਮਸ਼ਕਾਰ ਕਰਕੇ ਕਿਹਾ ਸੀ, "ਮੇਰੇ ਮੰਗਣ ਲਈ ਕੇਵਲ ਇਕੋ ਘਰ ਹੈ। ਇਸ ਘਰ ਦੇ ਦਾਤੇ ਨੂੰ ਦਾਤਾਂ ਵੰਡਣ ਦਾ ਚਾਅ ਹੈ। ਇਸ ਦੁਕਾਨ ਵਿਚ ਆਪਣਾ ਕੁਝ ਭੀ ਨਹੀਂ ਹੈ, ਸਭ ਕੁਝ ਤੇਰਾ ਹੈ, ਤੇਰਾ ਹੈ, ਤੇਰਾ ਹੀ ਤੈਨੂੰ ਦੇਣਾ ਹੈ। ਆਪਣਾ ਕੁਝ ਭੀ ਨਹੀਂ ਹੈ। ਜੋ ਸਾਡੇ ਪਾਸ ਹੈ, ਇਹ ਆਇਆ ਹੀ ਦੇਣ ਲਈ ਹੈ।"

ਬਾਬਾ ਜੀ ਨੇ ਕਿਹਾ, "ਸੇਵਾ ਗਿਣਤੀਆਂ ਵਿਚ ਨਹੀਂ ਚਲ ਸਕਦੀ। ਜਿਥੇ ਬਹੁਤੀਆਂ ਰਸੀਦਾਂ ਕੱਟੀਆਂ ਜਾਂਦੀਆਂ ਹਨ, ਉਥੇ ਹੀ ਬਹੁਤੇ ਅਤੇ ਵੱਡੇ ਗਬਨ ਹੁੰਦੇ ਹਨ। ਗੁਰੂ ਜੀ ਨੇ ਅਕਬਰ ਦੀ ਜਾਗੀਰ ਲੰਗਰ ਲਈ ਪ੍ਰਵਾਨ ਨਹੀਂ ਸੀ ਕੀਤੀ। ਉਨ੍ਹਾਂ ਨੇ 'ਸੰਗਤ ਦੀ' ਜਾਗੀਰ ਲੰਗਰ ਦੇ ਨਾਮ ਲਵਾਈ ਸੀ। ਸੋ ਇਹ ਗੱਲ ਜੁਗੋ ਜੁਗ ਤੁਰੀ ਜਾਵੇਗੀ, ਕੋਈ ਕਾਨੂੰਨਾਂ ਵਿਚ ਬੱਝੀ ਕਮੇਟੀ ਮਹਾਨ ਸੇਵਾ ਨਹੀਂ ਕਰਵਾ ਸਕਦੀ। ਸੇਵਾ ਦੀ ਵਾਰਸ ਸੰਗਤ ਹੈ, ਸੇਵਾ ਦੇ ਵਾਰਸ ਸ਼ਰਧਾਲੂ ਹਨ, ਸੇਵਾ ਦੇ ਵਾਰਸ ਨਿਸ਼ਕਾਮ ਸੇਵਕ ਹਨ।"

ਇਕ ਖਾਸ ਗੱਲ, ਜਿਸ ਦੀ ਮਹਾਨਤਾ ਆਮ ਆਦਮੀ ਅਨੁਭਵ ਨਹੀਂ ਕਰ ਸਕਦੇ ਸਿਮਰਨ ਦੀ ਪਹਿਲੀ ਪੌੜੀ ਹੈ, ਉਚੀ, ਮਿੱਠੀ ਅਤੇ ਪਿਆਰ ਵਿਚ ਆ ਕੇ ਕੱਢੀ ਸੁਰ ਨਾਲ ਨਾਮ ਜਪਣਾ, ਬੈਖਰੀ ਬਾਣੀ ਨਾਲ ਬਾਣੀ ਪੜ੍ਹਨੀ, ਨਾਮ ਜਪਣਾ ਬੜਾ ਲਾਭਦਾਇਕ ਹੁੰਦਾ ਹੈ। ਇਸ ਤਰ੍ਹਾ ਬਾਣੀ ਤੇ ਨਾਮ ਦੀ ਹਿਰਦੇ ਵਿਚ ਜੜ੍ਹ ਲਗ ਜਾਂਦੀ ਹੈ। ਬੈਖਰੀ ਬਾਣੀ ਪਿੱਛੋਂ ਆਪਣੇ ਆਪ ਨਾਮ ਅਤੇ ਬਾਣੀ ਕੰਠ ਵਿਚ ਪਹੁੰਚ ਜਾਂਦੀ ਹੈ। ਹੋਰ ਅਭਿਆਸ ਪਿੱਛੋਂ ਨਾਮ ਹਿਰਦੇ ਵਿਚ ਵੱਸ ਜਾਂਦਾ ਹੈ। ਇਸ ਤਰ੍ਹਾਂ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਸੰਗਤਾਂ ਪਾਸੋਂ ਸੇਵਾ ਦੇ ਨਾਲ-ਨਾਲ ਨਾਮ ਦਾ ਅਭਿਆਸ ਭੀ ਕਰਵਾਈ ਜਾਂਦੇ ਸਨ। ਇਸ ਢੰਗ ਨਾਲ ਉਨ੍ਹਾਂ ਨੇ ਬੜੀ ਉੱਚੀ ਕਰਨੀ ਵਾਲੇ ਨਾਮ ਅਭਿਆਸੀ ਮਹਾਂਪੁਰਖ ਪੈਦਾ ਕਰ ਦਿੱਤੇ। ਆਪਣੀ ਨਾਮ ਬਾਣੀ ਦੀ ਕਮਾਈ ਨਾਲ ਜੋਤਾਂ ਜਗਾ ਦਿੱਤੀਆਂ, ਸ਼ਖਸੀਅਤਾਂ ਬਣਾ ਦਿੱਤੀਆਂ ਤਾਂਕਿ ਸੇਵਕ ਭਾਰਤ ਭਰ ਵਿਚ ਫੈਲ ਜਾਣ ਤੇ ਕੋਈ

ਇਤਿਹਾਸਕ ਅਸਥਾਨ ਐਸਾ ਨਾ ਰਹਿ ਜਾਵੇ, ਜਿਥੇ ਸ਼ਾਨਦਾਰ ਗੁਰਦੁਆਰਾ ਨਾ ਬਣ ਜਾਵੇ। ਕੇਵਲ ਗੁਰਦੁਆਰੇ ਨਹੀਂ, ਉਨ੍ਹਾਂ ਨੂੰ ਪੱਕੀਆਂ ਅਤੇ ਸ਼ਾਨਦਾਰ ਸੜਕਾਂ ਨਾਲ ਜੋੜਿਆ ਜਾਵੇ। ਕੇਵਲ ਸੜਕਾਂ ਹੀ ਨਹੀਂ, ਨਹਿਰਾਂ, ਸੂਇਆਂ ਤੇ ਦਰਿਆਵਾਂ ਉਪਰ ਭੀ ਪੁਲ ਬਣਾ ਕੇ ਗੁਰਦੁਆਰਿਆਂ ਨੂੰ ਨੇੜੇ ਕੀਤਾ ਜਾਵੇ। ਸਰਕਾਰ ਦੇ ਕਾਨੂੰਨਾਂ ਤੋਂ ਬਿਨਾਂ ਜ਼ਮੀਨ ਦੀਆਂ ਮੂੰਹੋਂ ਮੰਗੀਆਂ ਕੀਮਤਾਂ ਦੇ ਕੇ ਜਾਂ ਪ੍ਰੇਰਨਾ ਦੇ ਕੇ ਲੋਕਾਂ ਕੋਲਾਂ ਮੀਲਾਂ ਤਕ ਜ਼ਮੀਨ ਸੜਕਾਂ ਲਈ ਲੈ ਲੈਣੀਆਂ ਇਕ ਕਰਾਮਾਤ ਵਰਗੀ ਗੱਲ ਹੈ। ਗੁਰਦੁਆਰਿਆਂ ਦੇ ਨਾਲ ਲਗਦੇ ਸੈਂਕੜਿਆਂ ਦੀ ਗਿਣਤੀ ਵਿਚ ਘਰਾਂ ਜਾਂ ਬੁੰਗਿਆਂ ਨੂੰ ਖ੍ਰੀਦਣਾ ਜਾਂ ਮਕਾਨਾਂ ਵਾਲਿਆਂ ਨੂੰ ਪਹਿਲਾਂ ਨਵੇਂ ਮਕਾਨ ਬਣਾ ਕੇ ਦੇਣਾ, ਉਨ੍ਹਾਂ ਵਿਚ ਵੱਸਣ ਪਿਛੋਂ ਉਨ੍ਹਾਂ ਦੇ ਮਕਾਨ ਢਾਹ ਕੇ, ਉਥੇ ਸ਼ਾਨਦਾਰ ਗੁਰਦੁਆਰੇ ਬਣਾ ਦੇਣੇ, ਇਹੋ ਜਿਹੀਆਂ ਅਣਹੋਣੀਆਂ ਨੂੰ ਹੋਣੀਆਂ ਕਰ ਦੇਣਾ ਕੁਝ ਅਰਥ ਰੱਖਦਾ ਹੈ।

ਜਦੋਂ ਅਸੀਂ ਪੌੜ ਨੰਗੇ ਕਰਕੇ ਵਾਕ ਲਿਖ ਜਾਂਦੇ ਹਾਂ, ਤਾਂ ਸਾਰੇ ਪਾਠਕ ਪੂਰੀ ਗੱਲ ਨਹੀਂ ਸਮਝ ਸਕਦੇ। ਸਾਰੇ ਸਰੋਵਰ, ਜਿਥੇ ਜਿਥੇ ਸੇਵਾ ਹੁੰਦੀ ਸੀ, ਵਹਿਣਾਂ ਰਾਹੀਂ ਆਈ ਮਿੱਟੀ ਨਾਲ ਅੱਟੇ ਪਏ ਸਨ। ਪੌੜੀਆਂ ਦੀ ਕਾਫੀ ਗਿਣਤੀ ਪਾਣੀ ਅਤੇ ਕਾਰ ਨਾਲ ਭਰੀ ਹੁੰਦੀ ਹੈ। ਪਹਿਲਾਂ ਪਾਣੀ ਕੱਢ ਕੇ ਪਾਣੀ ਵਾਲੀਆਂ ਪੌੜੀਆਂ ਨੂੰ ਨੰਗਿਆਂ ਕਰਨਾ ਹੁੰਦਾ ਹੈ, ਫਿਰ ਟੋਕਰੀਆਂ ਦੇ ਨਾਲ ਕਾਰ ਕੱਢ ਕੇ, ਕਾਰ ਨਾਲ ਦੱਬੀਆਂ ਪੌੜੀਆਂ ਨੂੰ ਨੰਗਿਆਂ ਕਰਨਾ ਹੁੰਦਾ ਹੈ। ਇਸ ਤੋਂ ਪਿਛੋਂ ਫਿਰ ਨਵੇਂ ਸਿਰੇ ਤੋਂ, ਮੁੱਢੋਂ-ਸੁੱਢੋ ਪੌੜੀਆਂ ਬਣਾਉਣੀਆਂ ਹੁੰਦੀਆਂ ਹਨ।

ਸੋ ਬਾਬਿਆਂ ਨੇ ਮੀਲਾਂ ਲੰਮੀ ਹੰਸਲੀ ਦੀ ਸੇਵਾ ਸ਼ੁਰੂ ਕਰਵਾ ਦਿਤੀ। ਬਾਹਰ ਪੈਲੀਆਂ ਵਿਚ ਤੰਬੂ ਲਗ ਗਏ। ਫਰਮੇ ਬਣਨ ਲਗ ਪਏ। ਬਣੇ ਹੋਏ ਫਰਮਿਆਂ ਨੂੰ ਪਾਣੀ ਵਿਚ ਡੁਬੋ ਡੁਬੋ ਕੇ ਰੱਖਿਆ ਜਾਂਦਾ ਤਾਂਕਿ ਉਹ ਕੁਦਰਤੀ ਬਣੀਆਂ ਪੱਥਰਾਂ ਦੀਆਂ ਸਿਲਾਂ ਤੋਂ ਭੀ ਮਜ਼ਬੂਤ ਹੋ ਜਾਣ। ਕੁਦਰਤੀ ਸਿਲਾਂ ਵਿਚਲਾ ਮਸਾਲਾ ਤੋਲ ਮਿਣ ਕੇ ਨਹੀਂ ਬਣਾਇਆ ਹੁੰਦਾ। ਪਰ ਜਿਹੜੇ ਫਰਮੇ ਬਾਬੇ ਬਣਵਾਉਂਦੇ ਸਨ, ਉਨ੍ਹਾਂ ਦੀ ਗਿਣਤੀ ਮਿਣਤੀ ਠੀਕ ਹੁੰਦੀ ਸੀ, ਉਨ੍ਹਾਂ ਦੇ ਮਸਾਲੇ ਸੋਧੇ ਹੋਏ ਤੇ ਸਾਫ ਹੁੰਦੇ ਸਨ। ਸੇਵਾ ਕਰਨ ਵਾਲੇ ਬੱਜਰੀ, ਰੇਤਾ ਤੇ ਰੋੜੀ ਨੂੰ ਇਸ ਤਰ੍ਹਾਂ ਪਾਣੀ ਵਿਚ ਧੋਂਦੇ ਸਨ, ਜਿਸ ਤਰ੍ਹਾ ਕੋਈ ਆਪਣੇ ਬਜ਼ੁਰਗ ਨੂੰ ਇਸ਼ਨਾਨ ਕਰਵਾ ਰਿਹਾ ਹੁੰਦਾ ਹੈ।

ਕਿਸਾਨਾਂ ਦੇ ਵਾਢੀਆਂ ਦੇ ਦਿਨ ਆਏ, ਕਿਸਾਨਾਂ ਦੇ ਗਹਾਈਆਂ ਦੇ ਮਹੀਨੇ ਆਏ, ਕਿਸਾਨਾਂ ਦੇ ਬਿਜਾਈ ਦੇ ਮਹੀਨੇ ਆਏ, ਇਤਨੇ ਰੁਝੇਵੇਂ ਦੇ ਮਹੀਨੇ ਆਉਂਦੇ ਰਹੇ ਪਰ ਸੇਵਾ ਦੇ ਪ੍ਰਵਾਹ ਵਿਚ ਕੋਈ ਫਰਕ ਨਹੀਂ ਸੀ ਪੈਂਦਾ। ਕਿਸਾਨਾਂ ਵਿਚ, ਇਨ੍ਹਾਂ ਸ਼ਮਿਆਂ ਦੇ ਰੁਝੇਵੇਂ ਦੀ ਇਕ ਗੱਲ ਬੜੀ ਪ੍ਰਸਿੱਧ ਹੈ, ਕਹਿੰਦੇ ਹਨ, ਸੱਤ ਪੁੱਤਰਾਂ ਦੀ ਮਾਂ ਮਰ ਗਈ, ਉਨ੍ਹਾਂ ਸਭ ਨੇ ਸਲਾਹ ਕਰਕੇ ਆਪਣੀ ਮਾਂ ਦੀ ਲਾਸ਼ ਨੂੰ ਭੜੋਲੇ ਵਿਚ ਬੰਦ ਕਰ ਦਿੱਤਾ ਅਤੇ ਜਦੋਂ ਬਿਜਾਈ ਦਾ ਕੰਮ ਖਤਮ ਹੋ ਗਿਆ ਤਾਂ ਪਿਛੋਂ ਉਸ ਦਾ ਸਸਕਾਰ ਕੀਤਾ।

ਇਸ ਤੋਂ ਪਤਾ ਲਗਦਾ ਹੈ ਕਿ ਬਾਬਿਆਂ ਨੇ ਇਨ੍ਹਾਂ ਲੋਕਾਂ ਦੇ ਮਨ ਵਿਚ ਸੇਵਾ ਦੀ ਕਿਤਨੀ ਮਹਾਨਤਾ ਦਾ ਪ੍ਰਭਾਵ ਪੈਦਾ ਕੀਤਾ ਹੋਇਆ ਹੈ।

ਜਦੋਂ ਬਾਬਿਆਂ ਦਾ ਸੇਵਾ ਕਰਨ ਦਾ ਸੁਨੇਹਾ ਪਹੁੰਚਦਾ ਹੈ ਤਾਂ ਹਾਲੀ ਹਲ ਛੱਡ ਦੇਂਦੇ ਹਨ। ਰਾਖੇ ਗੋਪੀਆਂ ਰੱਖ ਦੇਂਦੇ ਹਨ। ਗੋਡੇ ਗੋਡੀ ਛੱਡ ਦੇਂਦੇ ਹਨ। ਵਾਰੀ ਵੱਗ ਵਾਪਸ ਲੈ ਆਉਂਦੇ ਹਨ। ਕੋਠਾ ਉਸਾਰ ਰਹੇ ਫਸਤਾ ਪਾਉਣਾ ਬੰਦ ਕਰ ਦੇਂਦੇ ਹਨ। ਕੇਰੇ ਵਾਲੇ ਕੇਰਾ ਅਤੇ ਪੋਰ ਵਾਲੇ ਪੋਰਾ ਛੱਡ ਦੇਂਦੇ ਹਨ। ਵਾਢੇ ਵਾਢੀਆਂ ਦੀ ਪ੍ਰਵਾਹ ਨਹੀਂ ਕਰਦੇ। ਵਿਆਹ ਸ਼ਾਦੀਆਂ ਲਈ ਤਿਆਰ ਹੋਏ ਤੇ ਘੋੜੀਆਂ ਤੇ ਚੜ੍ਹੇ ਲੋਕ ਘੋੜੀਆਂ ਬੰਨ੍ਹ ਕੇ ਕਾਠੀਆਂ, ਤਾਹਰੂ ਅਤੇ ਲਗਾਮਾਂ ਲਾਹ ਕੇ ਤੁਰ ਪੈਂਦੇ ਹਨ।

ਇਸ ਤਰ੍ਹਾਂ ਸਾਲਾਂ-ਬੱਧੀ ਸ੍ਰੀ ਤਰਨ ਤਾਰਨ ਸਾਹਿਬ ਜੀ ਹੰਸਲੀ ਦੀ ਸੇਵਾ ਚਲਦੀ ਰਹੀ, ਪੌੜ ਨੰਗੇ ਕਰਕੇ ਪੌੜਾਂ ਦੀ ਸੇਵਾ ਚਲਦੀ ਰਹੀ।

ਸ੍ਰੀ ਤਰਨ ਤਾਰਨ ਮਹੀਨੇ ਪਿੱਛੋਂ ਮੱਸਿਆ ਲਗਦੀ ਹੈ, ਇਹ ਮੱਸਿਆ ਬਹੁਤੇ ਲੋਕਾਂ ਨੇ ਸੁਖੀਆਂ ਹੁੰਦੀਆਂ ਹਨ, ਕਿਸੇ ਨੇ ਬਿਮਾਰਾਂ ਕਰਕੇ, ਕਿਸੇ ਨੇ ਪੁੱਤਰ ਦੀ ਮੰਗ ਕਰਕੇ, ਕਿਸੇ ਨੇ ਪੁੱਤਰ ਦੇ ਵਿਆਹ ਕਰਕੇ, ਕਿਸੇ ਨੇ ਮੁਕੱਦਮੇ ਕਰਕੇ ਤੇ ਕਿਸੇ ਉਟਕ ਗਈ ਮੱਝ ਕਰਕੇ। ਸ੍ਰੀ ਤਰਨ ਤਾਰਨ ਦੇ ਦੁਕਾਨਦਾਰ ਇਕ ਮੱਸਿਆ ਤੇ ਮਹੀਨੇ ਦੀ ਕਮਾਈ ਕਰ ਲੈਂਦੇ ਹਨ, ਪਰ ਹੰਸਲੀ ਦੀ ਸੇਵਾ ਵੇਲੇ ਸਾਲਾਂ-ਬਧੀ ਸੇਵਾ ਦੀ ਰੋਜ਼ ਮੱਸਿਆ ਲਗਦੀ ਰਹੀ। ਇਹ ਮੱਸਿਆ ਨਿਸ਼ਕਾਮੀਆਂ ਦੀ ਹੁੰਦੀ ਸੀ, ਇਹ ਮੱਸਿਆ ਨਾਮ-ਅਭਿਆਸੀਆਂ ਦੀ ਸੀ, ਇਹ ਮੱਸਿਆ ਸੇਵਾ ਤੇ ਸੰਗਤ ਦੀ ਸੀ, ਇਹ ਮੱਸਿਆ ਜੀਵਨ ਉਸਾਰਨ ਦੀ ਸੀ, ਲੋਕ ਪ੍ਰਲੋਕ ਸਵਾਰਨ ਦੀ ਸੀ।

ਬਾਹਰ ਖੇਤਾਂ ਵਿਚ ਹੀ ਤੰਬੂ ਲਗਦੇ, ਜਦੋਂ ਉਤਨੇ ਹਿੱਸੇ ਦੀ ਹੰਸਲੀ ਬਣ ਜਾਂਦੀ ਤਾਂ ਉਥੋਂ ਸੇਵਾ ਦੀ ਛਾਉਣੀ ਉਠ ਖੜੋਂਦੀ ਅਤੇ ਉਸੇ ਤਰ੍ਹਾਂ ਅੱਗੇ ਜਾ ਕੇ ਲੱਗ ਜਾਂਦੀ, ਜਿਵੇਂ ਸੜਕ ਬਣਾਉਣ ਵੇਲੇ ਠੇਕੇਦਾਰ ਲਾਉਂਦੇ ਹਨ।

ਸਤਿਗੁਰੂ ਜੀ ਨੇ ਜਿਹੜਾ ਆਪਣੀਆਂ ਸੰਗਤਾਂ ਰਾਹੀਂ ਸੇਵਾ ਦਾ ਅਖੰਡ ਯੱਗ ਆਰੰਭ ਕੀਤਾ ਸੀ, ਉਹ ਸੰਪੂਰਨ ਹੋ ਗਿਆ, ਨਵੀਂ ਬਣੀ ਹੰਸਲੀ ਰਾਹੀਂ ਨਹਿਰ ਦਾ ਪਾਣੀ ਮੀਲਾਂ ਤੋਂ ਰਿੜ੍ਹ ਕੇ ਪਹਿਲੀ ਵਾਰ ਵਿਸ਼ਾਲ ਸਰੋਵਰ ਵਿਚ ਪਿਆ। ਝੀਲ ਵਰਗਾ ਵਿਸ਼ਾਲ ਸਰੋਵਰ ਅੰਮ੍ਰਿਤ ਜਲ ਨਾਲ ਭਰ ਗਿਆ। ਨਿਰਮਲ ਸਰੋਵਰ ਵਿਚ ਬੁੰਗਿਆਂ ਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਾਵਨ ਪ੍ਰਛਾਵੇਂ ਝੂਮ ਝੂਮ ਕੇ ਇਸ਼ਨਾਨ ਕਰਨ ਲਗੇ ਅਤੇ ਚੰਦ ਚਾਨਣੀ ਵਿਚ ਸਮਾਧੀਆਂ ਪੱਕੀਆਂ ਕਰਨ ਵਿਚ ਨਾਮ-ਅਭਿਆਸੀਆਂ ਦੀ ਸਹਾਇਤਾ ਕਰਨ ਲੱਗ ਪਏ।

ਗੁਰਦੁਆਰਾ ਖਡੂਰ ਸਾਹਿਬ ਜੀ ਦੀ ਸੇਵਾ

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ, ਵਾਕ ਦਾ ਨਿਸ਼ਾਨਾ, ਠੀਕ ਟਿਕਾਣੇ ਤੇ ਮਾਰਦੇ ਸਨ। ਬਾਬਾ ਜੀ ਨੇ ਕਿਹਾ, ''ਇਹ ਠੀਕ ਨਹੀਂ ਕਿ ਲੋਕ ਪੁੱਤਰ ਵਲ ਜਾਣ ਅਤੇ ਪਿਤਾ ਰਾਹ ਵਿਚ ਬੈਠਾ ਉਡੀਕਦਾ ਰਹੇ। ਗੁਰੂ-ਗੱਦੀ ਕਰਕੇ ਗੁਰੂ ਅੰਗਦ ਦੇਵ ਜੀ ਪਿਤਾ ਜੀ ਹਨ ਅਤੇ ਗੁਰੂ ਅਮਰਦਾਸ ਜੀ ਪੁੱਤਰ ਹਨ, ਸੰਗਤਾਂ ਬਾਉਲੀ ਸਾਹਿਬ ਜੀ ਦੇ ਇਸ਼ਨਾਨ ਕਰਨ ਲਈ ਦੂਰ ਦੂਰ ਤੋਂ ਆਉਂਦੀਆਂ ਹਨ, ਪਰ ਰਾਹ ਨਾ ਹੋਣ ਕਰਕੇ ਸ੍ਰੀ ਖਡੂਰ ਸਾਹਿਬ ਜੀ ਦੇ ਦਰਸ਼ਨ ਨਹੀਂ ਕਰਦੀਆਂ। ਜਿਸ ਖੱਡੀ ਵਿਚ ਸਣੇ ਭਰੀ ਗਾਗਰ ਦੇ ਡਿੱਗਣ ਕਰਕੇ ਗੁਰ-ਗੱਦੀ ਮਿਲੀ ਹੈ, ਏਡੇ ਮਹਾਨ ਅਸਥਾਨ ਦੀ ਏਡੀ ਨਿੱਕੀ ਯਾਦਗਾਰ ਠੀਕ ਨਹੀਂ ਹੈ।''

ਇਸ ਤੋਂ ਪਹਿਲਾਂ ਭੀ ਬਾਬਾ ਜੀ ਨੇ ਮੀਲਾਂ ਲੰਬੀਆਂ ਹੰਸਲੀਆਂ ਲਈ, ਜ਼ਮੀਨਾਂ ਲਈਆਂ ਸਨ। ਹੁਣ ਮੀਲਾਂ ਲੰਮੀ ਸੜਕ ਦੀ ਲੋੜ ਸੀ, ਜੋ ਮੁਖ ਸੜਕ ਵਿਚੋਂ ਨਿਕਲ ਕੇ ਸਾਰੇ ਗੁਰਦੁਆਰਿਆ ਨਾਲ ਜੋੜੇ ਅਤੇ ਫਿਰ ਸੜਕ ਤੇ ਪਹੁੰਚੇ।

ਬਾਬਿਆਂ ਦੇ ਹੁਕਮ ਦੀ ਸਭ ਕਿਸਾਨਾਂ ਨੇ ਪਾਲਣਾ ਕੀਤੀ। ਬੀਜੀਆਂ ਫਸਲਾਂ ਛੱਡ ਦਿੱਤੀਆਂ। ਸੜਕ ਲਈ ਛੱਡੀ ਜ਼ਮੀਨ ਤੇ ਮਿੱਟੀ ਪਾਉਣ ਦੀ ਭੀ ਸੇਵਾ ਮੰਗੀ ਅਤੇ ਕੀਤੀ। ਮੀਲਾਂ ਲੰਬੀ ਸੜਕ ਨੂੰ ਲੁੱਕ ਵਾਲੀ ਪੱਕੀ ਸੜਕ ਬਣਾ ਕੇ, ਸੰਗਤਾਂ ਦੇ ਗੋਂਦਵਾਲ ਨੂੰ ਜਾਣ ਵਾਲੇ ਪ੍ਰਵਾਹ ਲਈ ਰਾਹ ਵਿਚ ਸ੍ਰੀ ਖਡੂਰ ਸਾਹਿਬ ਜੀ ਦੀ ਠੋਕਰ ਬਣਾ ਕੇ, ਪ੍ਰੇਰਨਾ ਦਾ ਇਕ ਹੋਰ ਸੋਮਾ ਨਾਲ ਜੋੜ ਦਿੱਤਾ। ਲਗਾਤਾਰ ਸਾਲਾਂ ਬੱਧੀ ਸੇਵਾ ਕਰਕੇ ਇਹ ਕਾਰਜ ਨਿਰਵਿਘਨ ਸਮਾਪਤ ਕੀਤਾ।

ਇਸ ਸਭ ਤੋਂ ਵੱਡੇ ਪ੍ਰੋਜੈਕਟ ਦੀ ਸੇਵਾ ਕਰਦਿਆਂ ਬਾਬਾ ਖੜਕ ਸਿੰਘ ਜੀ ਨੂੰ ਸੇਵਾ ਕਰਾਉਣ ਤੇ ਕਰਨ ਦਾ ਬਲ ਬਖਸ਼ਿਆ। ਤੇ ਬਾਬਾ ਜੀ ਨੇ ਪਹਿਲੀ ਸੇਵਾ ਜਾਮਾ ਰਾਇ ਦੇ ਨੇੜੇ, ਡੇਰਾ ਸਾਹਿਬ ਜੀ ਦੀ ਕਰਵਾਈ।

ਗੁਰਦੁਆਰਾ ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਦਾ ਦੇਹੁਰਾ ਹੈ। ਏਥੇ ਗੁਰੂ ਅਮਰਦਾਸ ਜੀ ਬਾਰਾਂ ਸਾਲ ਸੇਵਾ ਕਰਦੇ ਰਹੇ। ਏਥੇ ਗੁਰੂ ਨਾਨਕ ਦੇਵ ਜੀ ਨੇ ਭੀ ਚਰਨ ਪਾਏ ਸਨ। ਜਿਸ ਕਿੱਲੇ ਦੀ ਠੋਕਰ ਖਾ ਕੇ ਗੁਰੂ ਜੀ ਡਿੱਗ ਪਏ ਸਨ, ਉਹੋ ਕਿੱਲਾ ਸਮਾਂ ਪਾ ਕੇ ਕਰੀਰ ਬਣ ਗਿਆ ਸੀ।

ਤਪਿਆਨਾ ਸਾਹਿਬ ਆਬਾਦੀ ਤੋਂ ਇਕ਼ ਫਰਲਾਂਗ ਦੀ ਦੂਰੀ ਉਪਰ ਹੈ, ਜਿਥੇ ਗੁਰੂ ਅੰਗਦ ਦੇਵ ਜੀ ਨੇ ਕਈ ਸਾਲ ਬੜਾ ਉਗਰ ਤਪ ਕੀਤਾ ਸੀ, ਇਸ ਦੇ ਨਾਲ ਸਰੋਵਰ ਹੈ, ਇਸ ਦੇ ਕੰਢੇ ਦੇ ਲਾਗੇ ਹੀ ਭਾਈ ਬਾਲਾ ਜੀ ਦੀ ਸਮਾਧ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਈ ਸੀ ਅਤੇ ਨਾਲ ਅਖਾੜਾ, ਜਿਥੇ ਗੁਰੂ ਅੰਗਦ ਦੇਵ ਜੀ ਪਿੰਡ ਦੇ ਮੁੰਡਿਆਂ ਦੀਆਂ ਖੇਡਾਂ ਵੇਖਿਆ ਕਰਦੇ ਸਨ ਅਤੇ ਇਨਾਮ ਦੇ ਕੇ ਉਹਨਾਂ ਦਾ ਉਤਸ਼ਾਹ ਵਧਾਇਆ ਕਰਦੇ ਸਨ।

ਇਨ੍ਹਾਂ ਸਾਰੇ ਗੁਰਦੁਆਰਿਆਂ ਦੀ ਰੀਝਾਂ ਨਾਲ ਸੇਵਾ ਕਰਵਾਈ ਅਤੇ ਉਤਨੇ ਹੀ ਸ਼ਾਨਦਾਰ ਬਣਾਏ, ਜਿੰਨਾ ਇਨ੍ਹਾਂ ਦਾ ਸ਼ਾਨਦਾਰ ਇਤਿਹਾਸ ਸੀ।

ਸਰੋਵਰ ਬਣਾਏ, ਪਰਕਰਮਾਂ ਬਣਾਈਆਂ, ਉਹਨਾਂ ਵਿਚ ਸੰਗਮਰਮਰ ਲਗਵਾਇਆ। ਗੁੰਬਦਾਂ ਦੀ ਸੇਵਾ ਕਰਵਾਈ।

ਇਸ ਸੇਵਾ ਦੇ ਯੱਗ ਵਿਚ, ਦੂਰੋਂ ਨੇੜਿਓਂ ਲੱਖਾਂ ਦੀ ਗਿਣਤੀ ਵਿਚ ਆਈਆਂ ਸੰਗਤਾਂ ਨੇ ਤਨ, ਮਨ ਅਤੇ ਧਨ ਨਾਲ ਹਿੱਸਾ ਪਾਇਆ। ਸੇਵਾ ਅਤੇ ਸਿਮਰਨ ਦਾ ਕਈ ਸਾਲ ਤਕ ਯੱਗ ਲੱਗਾ ਰਿਹਾ। ਬਾਬਾ ਜੀ ਨੇ ਸਾਰੇ ਇਲਾਕੇ ਦੀ ਧਾਰਮਿਕ ਤੌਰ ਉਪਰ ਕਾਇਆ ਕਲਪ ਕਰ ਦਿੱਤੀ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੀ ਦੀ ਸੇਵਾ

ਸ੍ਰੀ ਨਨਕਾਣਾ ਸਾਹਿਬ ਜੀ ਵਿਚ ਸਤਿਗੁਰੂ ਜੀ ਦੇ ਅਨੇਕਾਂ ਗੁਰਦੁਆਰੇ ਹਨ। ਇਨ੍ਹਾਂ ਅਸਥਾਨਾਂ ਨਾਲ ਅਠਾਰਾਂ ਹਜ਼ਾਰ ਏਕੜ ਜ਼ਮੀਨ ਹੈ ਅਤੇ ਨੌਂ ਹਜ਼ਾਰ ਅੱਠ ਸੌ ਬਾਨਵੇਂ ਰੁਪਏ ਜਾਗੀਰ ਸੀ। ਇਸ ਤੋਂ ਬਿਨਾਂ ਲਗਭਗ ਪੰਜਾਹ ਹਜ਼ਾਰ ਸਾਲ ਦੀ ਚੜ੍ਹਾਵੇ ਦੀ ਆਮਦਨੀ ਸੀ, ਇਤਨਾ ਕੁਝ ਹੁੰਦਿਆਂ ਭੀ ਗੁਰਦੁਆਰਿਆਂ ਦੀ ਸੇਵਾ ਤੇ ਨਾ ਦੇ ਬਰਾਬਰ ਖਰਚ ਹੋ ਰਿਹਾ ਸੀ।

ਆਪਣੇ ਸਮੇਂ ਕੇਵਲ ਰਾਇ ਬੁਲਾਰ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਤਲਾਬ ਬਣਵਾਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭੀ ਜਨਮ ਅਸਥਾਨ ਅਤੇ ਹੋਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜ਼ੁਮੇਵਾਰੀ ਸੌਂਪੀ ਸੀ ਤੇ ਨਿਭੀ ਭੀ ਸੀ। ਜਿਤਨਾ ਚਿਰ ਗੁਰੂ ਪਿਆਰ ਲਈ ਅੰਦਰ ਹੜ ਨਾ ਵਗ ਰਿਹਾ ਹੋਵੇ, ਸੇਵਾ ਨਹੀਂ ਹੋ ਸਕਦੀ। ਸੱਚ ਪੁੱਛੋ ਤਾਂ ਗੁਰੂ ਜੀ ਨੂੰ ਕੋਈ ਕਿਤਨਾ ਪਿਆਰ ਕਰਦਾ ਹੈ ? ਇਸ ਨੂੰ ਕੇਵਲ ਸੇਵਾ ਦੇ ਮਾਪ ਨਾਲ ਮਿਣਿਆ ਜਾ ਸਕਦਾ ਹੈ ਕਿ ਕੋਈ ਕਿਤਨੀ ਸੇਵਾ ਕਰਦਾ ਹੈ। ਸੇਵਾ ਅੰਦਰਲੇ ਪਿਆਰ ਦਾ ਬਾਹਰਲਾ ਨਿਸ਼ਾਨ ਹੈ। ਜਿਨ੍ਹਾਂ ਨੇ ਮਨ ਨਹੀਂ ਮਾਰਿਆ, ਉਹ ਸੇਵਾ ਨਹੀਂ ਕਰ ਸਕਦੇ। ਮਨ, ਸੇਵਾ ਕਰਨ ਤੋਂ ਬਿਨਾਂ ਮਰ ਹੀ ਨਹੀਂ ਸਕਦਾ। ਸੇਵਾ ਨਾਲ ਮਨ ਮਰਦਾ ਨਹੀਂ, ਟਿਕਦਾ ਹੈ, ਸੁਕਦਾ ਨਹੀਂ ਹਰਿਆ ਹੁੰਦਾ ਹੈ। ਸੇਵਾ ਨਾਲ ਮਨ ਦਾ ਘੋੜਾ ਸੁਧਾਇਆ ਜਾਂਦਾ ਹੈ, ਇਸ ਦੇ ਵਿਚੋਂ ਸ਼ਾਨਦਾਰ ਸੁਹਜ-ਸਵਾਦ ਦੀਆਂ ਚਾਲਾਂ ਕੱਢੀਆਂ ਜਾਂਦੀਆਂ ਹਨ। ਬਾਬਾ ਜੀ ਪ੍ਰੋਗਰਾਮ ਬਣਾ ਕੇ ਸ੍ਰੀ ਨਨਕਾਣਾ ਸਾਹਿਬ ਜੀ ਗਏ ਅਤੇ ਸੰਗਤਾਂ ਨੂੰ ਸੇਵਾ

ਵਿਚ ਲਾ ਦਿੱਤਾ। ਸਾਲਾਂ ਬੱਧੀ ਸੇਵਾ ਕਰਦੇ ਤੇ ਕਰਵਾਉਂਦੇ ਰਹੇ, ਨਾਮ ਜਪਦੇ ਅਤੇ ਜਪਵਾਉਂਦੇ ਰਹੇ। ਜਨਮ ਅਸਥਾਨ ਕਿਆਰ ਸਾਹਿਬ ਦੀ ਅਤੇ ਗੁਰਦੁਆਰਾ ਬਾਲ ਲੀਲ੍ਹਾ ਦੀ ਸੇਵਾ ਸੰਪੂਰਨ ਕੀਤੀ ਅਤੇ ਸੰਬੰਧਤ ਰਸਤੇ ਠੀਕ ਕਰਵਾਏ।

ਗੁਰੂ ਰਾਮਦਾਸ ਜੀ ਦੀ ਪਰਕਰਮਾ

ਜਥੇਦਾਰ ਮੋਹਨ ਸਿੰਘ ਜੀ ਨਾਗੋਕੇ ਨਾਮ ਬਾਣੀ ਦੇ ਰਸੀਏ ਸਨ। ਉਹਨਾਂ ਦੇ ਸਾਥੀ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਸਨ। ਇਨ੍ਹਾਂ ਨੇ ਆਪਣੇ ਸਮੇਂ ਗੁਰਦੁਆਰਿਆਂ ਵਿਚ ਕਈ ਮਰਯਾਦਾਂ ਬੜੀ ਸਖਤੀ ਨਾਲ ਚਲਾਈਆਂ। ਪਾਠ ਤੇ ਕੀਰਤਨ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਹਮਣੇ ਆਂਝਣ ਵਿਚ ਕੋਈ ਬੱਚਾ ਇਧਰ ਉਧਰ ਭੱਜ ਨੱਠ ਨਹੀਂ ਸੀ ਸਕਦਾ। ਸ਼ਾਮ ਨੂੰ ਨੌਜਵਾਨ ਪ੍ਰਕਰਮਾ ਵਿਚ ਟੋਲੀਆ ਬਣਾ ਕੇ ਅਵਾਰਾਗਰਦਾਂ ਵਾਂਗ ਘੁੰਮ ਨਹੀਂ ਸੀ ਸਕਦੇ। ਦਰਸ਼ਨੀ ਡਿਉੜੀ ਦੇ ਅੰਦਰ ਜਾਣ ਪਿੱਛੋਂ ਕੋਈ ਆਦਮੀ ਕਿਸੇ ਥਾਂ ਤੇ ਖੜਾ ਹੋ ਕੇ ਵਾਧੂ ਗੱਲਾਂ ਨਹੀ ਸੀ ਕਰ ਸਕਦਾ।

ਰਹਰਾਸਿ ਵੇਲੇ ਬਾਹਰਲੀ ਪ੍ਰਕਰਮਾ ਵਿਚ ਬੈਠ ਕੇ ਟੋਲੀਆਂ ਇਧਰ ਉਧਰ ਦੀਆਂ ਖੱਚਾਂ ਨਹੀ ਸੀ ਮਾਰ ਸਕਦੀਆਂ। ਰਹਰਾਸਿ ਵੇਲੇ ਅੰਦਰ ਬਾਹਰ, ਸਭ ਥਾਈਂ ਚੌਕੜੀ ਮਾਰਕੇ ਰਹਰਾਸਿ ਸੁਣਨ ਦੀ ਨਵੀ ਪਿਰਤ ਤੋਰੀ ਸੀ।

ਪ੍ਰਕਰਮਾ ਚੌੜੀ ਕਰਨ ਅਤੇ ਨਵੇਂ ਬੁੰਗੇ ਬਣਾਉਣ ਦੀ ਸਕੀਮ ਤਿਆਰ ਕੀਤੀ ਅਤੇ ਇਹ ਭੀ ਸੋਚਿਆ ਗਿਆ ਕਿ ਇਸ਼ਨਾਨ ਪਿੱਛੋਂ ਜੋ ਕੱਛੇ ਤੌਲੀਏ ਨਿਚੋੜੇ ਜਾਂਦੇ ਹਨ ਜਾਂ ਮੀਂਹ ਪੈਣ ਤੇ ਜਿਹੜਾ ਸਾਰੀ ਪ੍ਰਕਰਮਾ ਦਾ ਜਲ ਸਰੋਵਰ ਵਿਚ ਪੈਂਦਾ ਹੈ ਅਤੇ ਬੇਅਦਬੀ ਹੁੰਦੀ ਹੈ, ਇਹ ਪਾਣੀ ਬਾਹਰ ਕੱਢ ਦਿੱਤਾ ਜਾਵੇ।

ਭਾਵੇਂ ਚੰਗੇ ਚੰਗੇ ਅਤੇ ਸਿਆਣੇ ਬੰਦਿਆਂ ਨੇ ਭੀ ਇਸ ਸਕੀਮ ਦੀ ਵਿਰੋਧਤਾ ਕੀਤੀ ਅਤੇ ਝੰਡੇ ਬੁੰਗੇ ਦੇ ਅਰਦਾਸ ਦੇ ਸ਼ਬਦਾਂ ਨੂੰ ਹੋਰਸ ਰੰਗ ਵਿਚ ਪੇਸ਼ ਕੀਤਾ ਪਰ ਇਹ ਡਟੇ ਰਹੇ ਅਤੇ ਜਦੋਂ ਇਸ ਸੇਵਾ ਦਾ ਬੇੜਾ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਜੈਮਲ ਸਿੰਘ ਜੀ ਭੂਰੀ ਵਾਲਿਆਂ ਨੇ ਚੁਕ ਲਿਆ ਤਾਂ ਝੂਠ ਦੇ ਧਾਰਮਿਕ ਛਲ ਦੇ ਪਹਾੜ ਧੂਏਂ ਦੇ ਬੱਦਲਾਂ ਵਾਂਗ ਉਡ ਗਏ। ਸੰਗਤਾਂ ਦਿਨ ਰਾਤ ਸਿਮਰਨ ਤੇ ਸੇਵਾ ਵਿਚ ਜੁੱਟ ਪਈਆਂ ਧੜਾ-ਧੜ ਬੁੰਗੇ ਖ੍ਰੀਦੇ ਜਾਣ ਲਗੇ, ਸਿਰ ਉੱਪਰ ਟੋਕਰੀਆਂ ਅਤੇ ਮੂੰਹ ਵਿਚ "ਆਪ ਸਹਾਈ ਹੋਆ ਸਚੇ ਦਾ ਸਚਾ ਢੋਆ॥" ਹਥੌੜੀਆਂ ਨਾਲ ਰੋੜੀ ਕੁੱਟੀ ਜਾਣ ਲੱਗੀ ਅਤੇ ਮੂੰਹੋਂ, "ਆਪ ਸਹਾਈ ਹੋਆ ਸਚੇ ਦਾ ਸਚਾ ਢੋਆ॥" ਦੀ ਧੁੰਨੀ ਗੂੰਜਣ ਲੱਗੀ।

ਇਹ ਸੇਵਾ ਸਿਖਰਾਂ ਵਲ ਜਾ ਰਹੀ ਸੀ ਕਿ ਪ੍ਰਭੂ ਨੇ ਆਪਣੇ ਸੇਵਾ ਦੇ ਅਵਤਾਰ ਨੂੰ ਆਪਣੇ ਚਰਨਾਂ ਵਿਚ ਸੰਮਤ ੨੦੦੪, ਮੱਘਰ ਦੀ ੧੫ ਨੂੰ ਪ੍ਰਕਰਮਾ ਵਿੱਚੋਂ, ਅੰਮ੍ਰਿਤ ਵੇਲੇ ੪ ਵਜੇ ਸੱਦ ਲਿਆ ਜਾਂ ਇਹ ਸਮਝੋ ਉਨ੍ਹਾਂ ਨੇ ਆਪਣੇ ਆਤਮਿਕ ਸਰੂਪ ਨੂੰ ਸੇਵਾ ਕਰਨ ਵਾਲੇ ਮਹਾਂਪੁਰਖਾਂ ਵਿਚ ਸਿੰਚਾਰ ਦਿੱਤਾ ਅਤੇ ਸੇਵਾ ਕਰਨ ਵਾਲੇ ਮਹਾਂਪੁਰਖ ਸਾਰੇ ਪੰਜਾਬ ਵਿਚ ਫੈਲ ਗਏ।

ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੇ ਰੋਜ਼ਾਨਾ 'ਵਰਤਮਾਨ' ਨੇ ਆਪਣੇ ਐਡੀਟੋਰੀਅਲ ਵਿਚ ਲਿਖਿਆ ਕਿ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿੱਛੋਂ ਪਹਿਲੀ ਵਾਰ ਬਾਬਾ ਗੁਰਮੁਖ ਸਿੰਘ ਜੀ ਨੇ ਸੇਵਾ ਦਾ ਰਾਜ ਕਾਇਮ ਕੀਤਾ ਹੈ, ਜਿਉਂ ਜਿਉਂ ਸਮਾਂ ਬੀਤਦਾ ਜਾਵੇਗਾ, ਦਿਨ ਦੂਣਾ ਅਤੇ ਰਾਤ ਚੌਗੁਣਾ ਹੁੰਦਾ ਜਾਵੇਗਾ, ਕਿਉਂਕਿ ਉਨ੍ਹਾਂ ਨੂੰ ਬਾਣੀ ਨਾਲ ਬੜਾ ਪ੍ਰੇਮ ਸੀ, ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਹੋਰ ਨੂੰ ਮੱਥਾ ਟੇਕਣ

ਦੇ ਵਿਰੁਧ ਸਨ। ਆਪ ਉਹ ਰੋਜ਼ ਦੇ ਬਾਰਾਂ ਬਾਰਾਂ ਸੁਖਮਨੀ ਸਾਹਿਬ ਜੀ ਦੇ ਪਾਠ ਕਰਦੇ ਰਹੇ ਸਨ ਅਤੇ ਜਿਹੜਾ ਪ੍ਰਸ਼ਾਦ ਤਿਆਰ ਕਰਦਾ, ਉਸ ਲਈ ਸੁਖਮਨੀ ਸਾਹਿਬ ਜੀ ਦੇ ਦੋ ਪਾਠ ਕਰਨੇ ਸ਼ਰਤ ਸੀ। ਆਪ ਉਨ੍ਹਾਂ ਨੇ ਸ਼ਹੀਦ ਬੁੰਗਾ ਵਾਲੀ ਗਲੀ ਵਿਚ, ਲਾਇਲਪੁਰ ਦੀ ਧਰਮਸਾਲਾ ਵਿਚ ਹਮੇਸ਼ਾ ਲਈ ਸ੍ਰੀ ਅਖੰਡ ਪਾਠ ਚਾਲੂ ਕਰ ਰਖਿਆ ਸੀ, ਜਿਹੜਾ ਹੁਣ ਤਕ ਧਰਮਸਾਲਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਵਿਚ ਚਾਲੂ ਹੈ। ਬਾਬਾ ਖੜਕ ਸਿੰਘ ਜੀ, ਜੋ ਇਸ ਵੇਲੇ ਬਾਬਾ ਸ਼ਾਮ ਸਿੰਘ ਜੀ ਦੀਆਂ ਚਾਲੂ ਕੀਤੀਆਂ ਪਰੰਪਰਾਂ ਤੇ ਆਪ ਚੱਲ ਅਤੇ ਸੰਗਤਾਂ ਨੂੰ ਚਲਾ ਰਹੇ ਹਨ, ਜਿਨ੍ਹਾਂ ਨੂੰ ਬਾਬਾ ਝੰਡਾ ਸਿੰਘ ਜੀ ਤੋਂ ਪਿੱਛੋਂ ਸਾਰੇ ਭੇਖਾਂ ਨੇ ਦਸਤਾਰਾਂ ਦੇ ਕੇ ਸਨਮਾਨਤ ਕੀਤਾ ਸੀ ਅਤੇ ਜਿਹੜੇ ਸ਼ਾਮ ਸਿੰਘ ਜੀ, ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਦੇ ਅਤੇ ਬਾਬਾ ਝੰਡਾ ਸਿੰਘ ਜੀ ਦੇ ਵਾਰਸ ਹਨ।

ਬਾਬਾ ਜੀ ਦੇ ਜੋਤੀ ਜੋਤ ਸਮਾਉਣ ਤੇ ੧੩੧ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ੨੫੦ ਬੋਰੀਆਂ ਆਟੇ ਦੀਆਂ ਲੰਗਰ ਵਿਚ ਪੱਕੀਆਂ।

ਸੰਤ ਜੈਮਲ ਸਿੰਘ ਜੀ ਭੂਰੀ ਵਾਲੇ

ਆਪ ਜੀ ਦੇ ਪਿਤਾ ਜੀ ਦਾ ਨਾਮ ਸ: ਸ਼ੇਰ ਸਿੰਘ ਜੀ ਅਤੇ ਮਾਤਾ ਜੀ ਦਾ ਨਾਮ ਸਤ ਭਰਾਈ ਸੀ। ਇਹਨਾਂ ਦੇ ਪਿੰਡ ਦਾ ਨਾਮ ਗਾਹ, ਤਹਿਸੀਲ ਚਕਵਾਲ, ਜ਼ਿਲਾ ਜੇਹਲਮ ਸੀ।

ਇਹਨਾਂ ਦੇ ਪੂਰਬਲੇ ਸੰਸਕਾਰ ਬੜੇ ਚੰਗੇ ਸਨ, ਇਹਨਾਂ ਦੀ ਸ਼ੁਰੂ ਤੋਂ ਰੁਚੀ ਤਿਆਗੀਆਂ ਅਤੇ ਦੂਜਿਆਂ ਨੂੰ ਸੁਖ ਦੇਣ ਵਾਲੀ ਸੀ।

ਇਨ੍ਹਾਂ ਦੇ ਪਿੰਡ ਵਿਚ ਸੰਤ ਗੋਪਾਲ ਸਿੰਘ ਜੀ ਨਿਰਮਲੇ ਸਨ। ਉਹ ਬੜੇ ਵਿਦਵਾਨ ਤੇ ਤਿਆਗੀ ਸਨ। ਉਹਨਾਂ ਦੀ ਸੰਗਤ ਨੇ ਪੱਕਾ ਰੰਗ ਚਾੜ੍ਹ ਦਿੱਤਾ ਅਤੇ ਇਹ ਜੈਰਾਮ ਤੋਂ ਸੰਤ ਜੈਮਲ ਸਿੰਘ ਜੀ ਬਣ ਗਏ।

ਬਹੁਤੀ ਵਾਰ ਇਹ ਰਾਤ ਨੂੰ ਭੀ ਘਰ ਨਾ ਜਾਂਦੇ ਅਤੇ ਡੇਰੇ ਲਾਗਲੇ ਪੱਕੇ ਥੜ੍ਹੇ ਤੇ ਹੀ ਭਜਨ-ਸਿਮਰਨ ਕਰਦੇ ਕਰਦੇ, ਉਥੇ ਹੀ ਅਰਾਮ ਕਰ ਲੈਂਦੇ।

ਇਨ੍ਹਾਂ ਉਪਰ ਫਰੀਦ ਜੀ ਦੇ ਇਕ ਸਲੋਕ ਦਾ ਬੜਾ ਅਸਰ ਸੀ।

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩॥ (ਪੰਨਾ ੧੩੮੨)

ਕਬਰ ਬੰਦੇ ਨੂੰ ਅਵਾਜ਼ਾਂ ਮਾਰਦੀ ਹੈ ਕਿ ਤੂੰ ਕਿਉਂ ਆਪਣਾ ਅਸਲੀ ਘਰ ਛੱਡ ਕੇ ਮਾਰਿਆ ਮਾਰਿਆ ਫਿਰਦਾ ਏਂ। ਦੁਨੀਆਂ ਵਿਚ ਤਾਂ ਤੂੰ ਚਾਰ ਦਿਨ ਹੀ ਰਹਿਣਾ ਹੈ ਤੇ ਮੇਰੇ ਵਿਚ ਰਹਿ ਕੇ ਤੂੰ ਯੁਗ ਗੁਜ਼ਾਰਨੇ ਹਨ। ਇਹ ਕੇਡੀ ਦੁੱਖ ਵਾਲੀ ਗੱਲ ਹੈ ਕਿ ਤੈਨੂੰ ਆਪਣੇ ਹੀ ਘਰ ਤੋਂ ਡਰ ਲਗਦਾ ਹੈ। ਆ ਜਾ, ਕਿਉਂਕਿ ਤੈਨੂੰ ਹਰ ਹਾਲਤ ਵਿਚ ਮੇਰੇ ਕੋਲ ਹੀ ਆਉਣਾ ਪੈਦਾ ਹੈ।

ਆਪ ਜੀ ਕਬਰਾਂ ਜਾਂ ਸ਼ਮਸ਼ਾਨ ਭੂਮੀ ਵਿਚ ਜਾਂਦੇ ਰਹਿੰਦੇ ਸੀ। ਇਸ ਤਰ੍ਹਾਂ ਵੈਰਾਗ ਤੀਬਰ ਤੇ ਦ੍ਰਿੜ੍ਹ ਹੁੰਦਾ ਸੀ।

ਸਰੀਰ ਇਨ੍ਹਾਂ ਦਾ ਬੜਾ ਚੰਗਾ ਸੀ ਅਤੇ ਕਰੜੀ ਮਿਹਨਤ ਨਾਲ ਇਨ੍ਹਾਂ ਇਸ ਨੂੰ ਹੋਰ ਭੀ ਤਕੜਾ ਬਣਾ ਲਿਆ ਸੀ।

ਆਪਣੇ ਪਿੰਡੋਂ ਨਿਕਲ ਕੇ ਇਹ ਪਿਸ਼ਾਵਰ ਚਲੇ ਗਏ। ਉਥੇ ਮਜ਼ਦੂਰੀ ਕਰਨ ਲੱਗ ਪਏ। ਇਹ ਇਕ ਫੇਰੇ

ਦੇ ਦੋ ਪੈਸੇ ਲੈਂਦੇ ਸਨ। ਭਾਵੇਂ ਕਿਤਨਾ ਭਾਰ ਹੋਵੇ ਅਤੇ ਕਿਤਨੀ ਦੂਰ ਜਾਣਾ ਪਵੇ। ਇਕ ਪੈਸੇ ਦੀ ਇਹ ਰੋਟੀ ਸਵੇਰੇ ਖਾ ਲੈਂਦੇ ਅਤੇ ਇਕ ਦੀ ਸ਼ਾਮ ਨੂੰ। ਬਾਕੀ ਦਿਆਂ ਪੈਸਿਆਂ ਦੀਆਂ ਰੋਟੀਆਂ ਲੈ ਕੇ ਲੋੜਵੰਦਾਂ ਵਿਚ ਵੰਡ ਦੇਂਦੇ।

ਜਿਉਂ ਜਿਉਂ ਲੋਕਾਂ ਨੂੰ ਇਨ੍ਹਾਂ ਦੇ ਤਿਆਗੀ ਸੁਭਾਵ ਦਾ ਪਤਾ ਲੱਗਦਾ ਗਿਆ, ਉਹ ਇਹਨਾਂ ਪਾਸੋਂ ਮਜ਼ਦੂਰੀ ਦਾ ਕੰਮ ਨਾ ਕਰਵਾਉਂਦੇ। ਇਸ ਤਰ੍ਹਾਂ ਇਨ੍ਹਾਂ ਦਾ ਗੁਣ ਭੀ, ਇਨ੍ਹਾਂ ਲਈ ਔਗਣ ਹੋ ਗਿਆ। ਇਹ ਬੇਕਾਰ ਹੋ ਗਏ।

ਫਿਰ ਇਨ੍ਹਾਂ ਨੇ ਧੜਵਈ ਦਾ ਕੰਮ ਸ਼ੁਰੂ ਕਰ ਦਿੱਤਾ ਇਨ੍ਹਾਂ ਦਾ ਤੋਲ ਪੂਰਾ ਸੀ, ਇਸ ਕਰਕੇ ਇਸ ਕੰਮ ਵਿਚ ਬੜਾ ਵਾਧਾ ਹੋ ਗਿਆ ਪਰ ਇਹ ਸਾਰੀ ਆਈ ਮਾਇਆ ਲੋੜਵੰਦਾਂ ਵਿਚ ਵੰਡ ਦੇਂਦੇ।

ਇਕ ਵਾਰ ਇੰਨਸਪੈਕਟਰ ਆਇਆ ਅਤੇ ਉਸ ਨੇ ਇਨ੍ਹਾਂ ਨੂੰ ਪੁੱਛਿਆਂ- ਇਸ ਵਿਚ ਕਿਤਨੀ ਮਿਲਾਵਟ ਹੈ। ਇਨ੍ਹਾਂ ਨੇ ਨਿਧੜਕ ਹੋ ਕੇ ਕਹਿ ਦਿੱਤਾ ਕਿ ਚਾਰ ਆਨੇ ਮਿਲਾਵਟ ਹੈ। ਉਹ ਸੁਣ ਕੇ ਹੱਸ ਪਿਆ ਅਤੇ ਇਨ੍ਹਾਂ ਦਾ ਜ਼ੀਰਾ ਪਾਸ ਕਰ ਦਿੱਤਾ ਪਰ ਦੂਜਿਆਂ ਸਾਰਿਆਂ ਨੂੰ ਜੁਰਮਾਨਾ ਕਰ ਦਿੱਤਾ। ਇਹ ਅਖੀਰਲੀ ਚੋਟ ਸੀ, ਇਹ ਚੋਟ ਨੇ ਸ: ਜੈਮਲ ਸਿੰਘ ਨੂੰ ਘਾਇਲ ਕਰ ਦਿੱਤਾ। ਇਹ ਜੋ ਆਪਣੇ ਮਨ ਨੂੰ ਕਹਿਣ ਲਗੇ-ਕੀ ਤੂੰ ਸੰਸਾਰ ਵਿਚ ਆ ਕੇ ਮਿੱਟੀ ਤੋਲਣੀ ਹੈ ? ਅਤੇ ਪੈਸੇ ਜ਼ੀਰੇ ਤੋਲਣ ਦੇ ਲੈਣੇ ਹਨ। ਜਿਥੇ ਇੰਨਸਪੈਕਟਰ ਮਿਲਾਵਟ ਪਾਸ ਕਰਦੇ ਹਨ, ਉਹਨਾਂ ਦਾ ਤਾਂ ਲੋਕ-ਪ੍ਰਲੋਕ ਬਰਬਾਦ ਹੋਣਾ ਹੈ, ਜਿਨ੍ਹਾਂ ਮਿੱਟੀ ਦੇਣੀ ਹੈ ਤੇ ਜ਼ੀਰੇ ਦੇ ਪੈਸੇ ਲੈਣੇ ਹਨ, ਉਹਨਾਂ ਦੀ ਤਾਂ ਜਮੀਰ ਦੀ ਅਵਾਜ਼ ਮਰਨੀ ਹੈ ਪਰ ਤੂੰ ਕਿਉਂ ਕੋਲਿਆਂ ਦੀ ਦਲਾਲੀ ਵਿੱਚੋਂ ਆਪਣਾ ਮੂੰਹ ਕਾਲਾ ਕਰ ਰਿਹਾ ਏਂ।

ਇਨ੍ਹਾਂ ਦੇ ਕੋਲ ਉਸ ਵੇਲੇ ਇਕ ਛੁਰਾ ਸੀ। ਇਨ੍ਹਾਂ ਆਪਣੇ ਸਾਰੇ ਕਪੜੇ ਉਤਾਰ ਦਿੱਤੇ ਅਤੇ ਛੁਰੇ ਨੂੰ ਅੱਧ ਵਿੱਚੋਂ ਪਾੜ ਕੇ ਗਲਮਾ ਬਣਾ ਲਿਆ ਅਤੇ ਗਲ ਵਿਚ ਕਫਨੀ ਪਾ ਲਈ।

ਰਾਤੀਂ ਜਦੋਂ ਸਿਮਰਨ ਕਰਨ ਲਈ ਬੈਠੇ ਤਾਂ ਇਨ੍ਹਾਂ ਨੂੰ ਇਸ ਤਰ੍ਹਾਂ ਪ੍ਰਤੀਤ ਹੋਇਆ। ਜਿਵੇਂ ਅੰਦਰੋਂ ਆਵਾਜ਼ਾਂ ਆ ਰਹੀਆਂ ਅਤੇ ਫਿਰ ਇਹ ਅਵਾਜ਼ਾਂ ਬਾਹਰੋਂ ਭੀ ਆਉਣ ਲੱਗ ਪਈਆਂ- ''ਸ੍ਰੀ ਅੰਮ੍ਰਿਤਸਰ ਚਲੋ! ਸ੍ਰੀ ਅੰਮ੍ਰਿਤਸਰ ਚਲੋ !!'' ਇਹ ਉਥੋਂ ਸਿੱਧੇ ਸ੍ਰੀ ਅੰਮ੍ਰਿਤਸਰ ਆ ਗਏ।

ਏਥੇ ਆ ਕੇ ਇਨ੍ਹਾਂ ਵੇਖਿਆ ਕਿ ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਦਿਨ-ਰਾਤ ਨਾਮ-ਬਾਦੀ ਦਾ ਪ੍ਰਵਾਹ ਚੱਲ ਰਿਹਾ ਹੈ। ਡੇਰਿਆਂ ਵਿਚ ਸਾਧੂ ਪੜ੍ਹ ਰਹੇ ਹਨ। ਮੋਖ ਭੋਗ ਦੇ ਲੰਗਰ ਲੱਗੇ ਹੋਏ ਹਨ। ਇਹ ਸਭ ਕੁਝ ਵੇਖ ਕੇ ਇਨ੍ਹਾਂ ਦਾ ਮਨ ਖਿੜ ਗਿਆ। ਸਰੋਵਰ ਦੇ ਕੰਢੇ ਬੈਠ ਕੇ ਸਿਮਰਨ ਵਿਚ ਇਨ੍ਹਾਂ ਦੀਆਂ ਰਾਤਾਂ ਬੀਤਣ ਲੱਗ ਪਈਆਂ।

ਜਦੋਂ ਇਨ੍ਹਾਂ ਵੇਖਿਆਂ ਕਿ ਸ੍ਰੀ ਦੁਖਭੰਜਨੀ ਬੇਰੀ ਲਾਗੇ, ਸਰੋਵਰ ਵਿਚ ਬਹੁਤੇ ਲੋਕ ਇਸ਼ਨਾਨ ਕਰਦੇ ਹਨ ਇਸ਼ਨਾਨ ਪਿੱਛੋਂ, ਉਥੇ ਹੀ ਕੱਛੇ ਅਤੇ ਤੌਲੀਏ ਨਿਚੋੜ ਦੇਂਦੇ ਹਨ ਅਤੇ ਉਹ ਪਾਣੀ ਫਿਰ ਸਰੋਵਰ ਵਿਚ ਜਾ ਪੈਂਦਾ ਹੈ।

ਆਪ ਜੀ ਨੇ ਦੋ ਬੋਰੀਆਂ ਲੈ ਲਈਆਂ ਅਤੇ ਇਕ ਝਾੜੂ ਅਤੇ ਇਕ ਬਾਲਟੀ। ਝਾੜੂ ਨਾਲ ਪਾਣੀ ਇਕੱਠਾ ਕਰਕੇ ਬਾਲਟੀ ਵਿਚ ਪਾ ਲੈਂਦੇ ਅਤੇ ਫਿਰ ਬੋਰੀ ਵਾਲੇ ਟਾਟ ਨਾਲ ਅਸਥਾਨ ਨੂੰ ਖੁਸ਼ਕ ਕਰ ਲੈਂਦੇ। ਟਾਟ ਨੂੰ ਬਾਲਟੀ ਵਿਚ ਨਿਚੋੜ ਲੈਂਦੇ। ਇਸ ਤਰ੍ਹਾਂ ਆਪ ਸੰਗਤਾਂ ਦੇ ਇਸ਼ਨਾਨ ਕਰਨ ਤੋਂ ਪਹਿਲਾਂ ਆਪ ਤਿਆਰ ਹੋ ਜਾਂਦੇ ਅਤੇ ਫਿਰ ਜਿੰਨਾ ਚਿਰ ਸੰਗਤਾਂ ਇਸ਼ਨਾਨ ਕਰੀ ਜਾਂਦੀਆਂ ਅਤੇ ਜਿਹੜੀ ਸੇਵਾ ਹੁੰਦੀ ਨਾਲੋ ਨਾਲ ਕਰੀ ਜਾਂਦੇ।

ਫਿਰ ਇਨ੍ਹਾਂ ਨੇ ਵੇਖਿਆਂ ਕਿ ਹਰਿ ਕੀ ਪੌੜੀ ਤੋਂ ਚੁੰਕਿ ਸਾਰੀਆਂ ਸੰਗਤਾਂ ਅੰਮ੍ਰਿਤ ਲੈਂਦੀਆਂ ਅਤੇ ਡੁਲ੍ਹਦੀਆਂ ਡੁਲ੍ਹਦੀਆਂ ਚੁਲੀਆਂ ਨਾਲ ਫਰਸ਼ ਗਿੱਲਾ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਫਰਸ਼ ਭੀ ਮੈਲਾ ਹੁੰਦਾ ਹੈ, ਪਾਣੀ ਫਿਰ ਹਰਿ ਕੀ ਪੌੜੀ ਵਿਚ ਜਾ ਪੈਂਦਾ ਹੈ ਅਤੇ ਗਿੱਲੇ ਫਰਸ਼ ਕਰਕੇ ਕਈ ਤਿਲਕ ਭੀ ਪੈਂਦੇ ਹਨ। ਫਿਰ ਇਨ੍ਹਾਂ ਨੇ ਹਰਿ ਕੀ ਪੌੜੀ ਵਿਚ ਲਗਦੇ ਫਰਸ਼ ਨੂੰ ਉਚੇਚਾ ਸਾਫ ਕਰਨਾ ਸ਼ੁਰੂ ਕਰ ਦਿੱਤਾ।

ਉਸ ਵੇਲੇ ਸ: ਸੋਹਣ ਸਿੰਘ ਜੀ ਖਡੂਰ ਸਾਹਿਬ ਵਾਲੇ ਸਕੱਤ੍ਰ ਸਨ। ਉਹਨਾਂ ਨੇ ਸੰਤ ਭੂਰੀ ਵਾਲਿਆਂ ਨੂੰ ਆਪਣਾ ਸਮਾਨ ਸੰਭਾਲਣ ਲਈ ਅਤੇ ਅਰਾਮ ਕਰਨ ਲਈ ਕੋਈ ਕਮਰਾ ਲੈ ਲੈਣ ਲਈ ਕਿਹਾ। ਸੰਤ ਭੂਰੀ ਵਾਲਿਆਂ ਨੇ ਕੇਵਲ ਇਕ ਨਿੱਕੀ ਜੇਹੀ ਕੋਠੜੀ ਲਈ, ਇਸ ਦਾ ਦਰਵਾਜ਼ਾ ਪਰਕਰਮਾ ਵਿਚ ਸੀ ਅਤੇ ਜਿਹੜੀ ਮੰਜੀ ਸਾਹਿਬ ਜੀ ਵਾਲੇ ਪਾਸੇ ਛਬੀਲ ਹੈ, ਇਸ ਦੇ ਨੇੜੇ ਸੀ।

ਜਦੋਂ ਸੰਤ ਭੂਰੀ ਵਾਲਿਆਂ ਵੇਖਿਆ ਕਿ ਬਹੁਤੇ ਸਾਧੂ ਸਵੇਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅੱਧੀਆਂ ਸੰਚੀਆ ਲੈ ਕੇ ਡੇਰਾ ਸਤੋਵਾਲਾ, ਗਿਆਨੀ ਅਮੀਰ ਸਿੰਘ ਜੀ ਪਾਸ ਸੰਥਾ ਲੈਣ ਲਈ ਜਾ ਰਹੇ ਹਨ ਅਤੇ ਉਹਨਾਂ ਇਹ ਭੀ ਵੇਖਿਆ ਕਿ ਮਹੰਤ ਉੱਤਮ ਸਿੰਘ ਜੀ ਅਤੇ ਗਿਆਨੀ ਅਮੀਰ ਸਿੰਘ ਜੀ ਰੋਜ਼ਾਨਾ ਆ ਕੇ ਸਤਿਗੁਰੂ ਜੀ ਦੀਆਂ ਹਾਜ਼ਰੀਆਂ ਭਰਦੇ ਹਨ ਅਤੇ ਡੰਡਉਤ ਕਰਨ ਵੇਲੇ ਲੀਨ ਹੋ ਜਾਂਦੇ ਹਨ ਤਾਂ ਉਹ ਏਧਰ ਇਸ ਤਰ੍ਹਾਂ ਖਿੱਚੇ ਗਏ, ਜਿਸ ਤਰ੍ਹਾਂ ਜੁੰਬਕ ਵਲ ਲੋਹਾ।

ਗਿਆਨੀ ਅਮੀਰ ਸਿੰਘ ਜੀ ਨੇ ਜਦੋਂ ਇਨ੍ਹਾਂ ਨੂੰ ਵੇਖਿਆ ਕਿ ਇਹ ਕਿਸ ਤਰ੍ਹਾਂ ਭਰ ਸਰਦੀ ਵਿਚ, ਜਦੋਂ ਕੋਈ ਬੁੱਕਲ ਵਿੱਚੋਂ ਹੱਥ ਬਾਹਰ ਨਹੀਂ ਕੱਢ ਸਕਦਾ, ਫਰਸ਼ ਸਾਫ ਕਰਦੇ ਤੇ ਪਾਣੀ ਨਾਲ ਭਰਪੂਰ ਬੋਰੀ ਦੇ ਟਾਟ ਬਾਲਟੀ ਵਿਚ ਪ੍ਰੇਮ ਤੇ ਸ਼ਰਧਾ ਨਾਲ ਨਿਚੋੜਦੇ ਹਨ ਤਾਂ ਉਹਨਾਂ ਨੂੰ ਇਹ ਬਹੁਤ ਹੀ ਚੰਗੇ ਲੱਗਣ ਲੱਗ ਪਏ।

ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿਹੜੇ ਗੁਰੂ ਨੂੰ ਹਾਜ਼ਰ ਨਾਜ਼ਰ ਨਹੀਂ ਅਨੁਭਵ ਕਰ ਸਕਦੇ, ਉਹ ਇਸ ਤਰ੍ਹਾਂ ਔਖੀ ਘਾਲਣਾ ਨਹੀਂ ਘਾਲ ਸਕਦੇ।

ਸੰਤ ਭੂਰੀ ਵਾਲੇ ਬਿਨਾਂ ਨਾਗਾ ਗਿਆਨੀ ਅਮੀਰ ਸਿੰਘ ਜੀ ਪਾਸ ਜਾ ਕੇ ਸੰਥਾ ਸੁਣਨ ਲੱਗ ਪਏ। ਦੋ ਸਾਲ ਤੇ ਮੈਂ ਆਪ ਉਹਨਾਂ ਨੂੰ ਵੇਖਿਆ ਹੈ। ਉਹ ਕਦੇ ਭੀ ਲੇਟ ਨਹੀਂ ਸੀ ਹੁੰਦੇ। ਮੈਂ ਉਹਨਾਂ ਨੂੰ ਇਕ ਵਾਰ ਭੀ ਕਦੇ ਕੋਈ ਪ੍ਰਸ਼ਨ ਕਰਦਿਆਂ ਨਹੀਂ ਸੁਣਿਆ। ਮੈਂ ਇਸ ਸਮੇਂ ਇਕ ਵਾਰ ਭੀ ਉਹਨਾਂ ਨੂੰ ਸੰਥਾ ਦੇ ਸਮੇਂ ਕਿਸੇ ਨਾਲ ਗੱਲ ਕਰਦਿਆਂ ਨਹੀਂ ਡਿੱਠਾ। ਇਕ ਵਾਰ ਭੀ ਅੱਖ ਭਰ ਕੇ ਕਿਸੇ ਵੱਲ ਤੱਕਦਿਆਂ ਨਹੀਂ ਡਿੱਠਾ।

ਉਹ ਮੌਨੀ ਨਹੀਂ ਸਨ, ਪਰ ਉਹ ਬੋਲਦੇ ਨਹੀਂ ਸਨ। ਉਹ ਰੱਜ ਕੇ ਸੰਤੋਖੀ ਸਨ। ਉਹ ਵਾਦ-ਵਿਵਾਦ ਤੋਂ ਕੋਹਾਂ ਦੂਰ ਨੱਸਦੇ ਸਨ। ਉਹਨਾਂ ਦੀ ਗੁਰੂ ਰਾਮਦਾਸ ਜੀ ਤੋਂ ਤੇ ਗਿਆਨੀ ਅਮੀਰ ਸਿੰਘ ਜੀ ਤੋਂ ਬਿਨਾਂ ਕਿਸੇ ਨਾਲ ਸੰਗਤ ਨਹੀਂ ਸੀ। ਉਹ ਕੇਵਲ ਪਰਕਰਮਾ ਵਿਚ ਤੇ ਕੇਵਲ ਪਰਕਰਮਾ ਵਿਚ ਹੀ ਰਹਿੰਦੇ ਸਨ। ਉਹ ਭੰਡਾਰਿਆਂ ਵਿਚ ਨਹੀਂ ਸੀ ਜਾਂਦੇ। ਉਹ ਪ੍ਰਸ਼ਾਦ ਛਕਣ ਲਈ ਲੋਕਾਂ ਦੇ ਘਰਾਂ ਵਿਚ ਵਾਹ ਲਗਦੀ ਨਹੀਂ ਸੀ ਜਾਂਦੇ।

ਸ੍ਰੀ ਅੰਮ੍ਰਿਤਸਰ ਵਾਸੀਆਂ ਦੀਆਂ ਸੂਝ ਦੀਆਂ ਬੜੀਆਂ ਅੱਖਾਂ ਹਨ। ਭਾਰਤ ਵਿਚ ਜਿਤਨੇ ਭੀ ਵੱਡੇ ਵੱਡੇ ਸ਼ਹਿਰ ਹਨ, ਉਹਨਾਂ ਵਿਚ ਹਜ਼ਾਰਾਂ ਆਦਮੀ ਰਾਤ ਨੂੰ ਭੁੱਖੇ ਸੌਂਦੇ ਹਨ ਪਰ ਇਹ ਬਰਕਤ ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਹੈ ਕਿ ਏਥੇ ਬੰਦੇ ਤਾਂ ਇਕ ਪਾਸੇ ਰਹੇ ਕੋਈ ਕੁੱਤਾ, ਕੋਈ ਪੰਛੀ ਅਤੇ ਕੋਈ ਪਸ਼ੂ ਭੀ ਭੁੱਖਾ ਨਹੀਂ ਰਹਿੰਦਾ। ਲੋਕੀਂ ਦਰਸ਼ਨਾਂ ਲਈ ਜਦੋਂ ਆਉਂਦੇ ਹਨ, ਉਹਨਾਂ ਦੇ ਹੱਥ ਵਿਚ ਕਿਸੇ ਨੂੰ ਦੇਣ ਲਈ ਕੁਝ ਮਾਇਆ ਭੀ ਹੁੰਦੀ ਹੈ। ਕਿਸੇ ਕੋਲ ਕੁਝ ਕਿਸੇ ਨੂੰ ਖਾਣ ਨੂੰ ਦੇਣ ਲਈ ਭੀ ਹੁੰਦਾ ਹੈ।

ਇਕ ਗੁਰੂ ਰਾਮਦਾਸ ਜੀ ਦਾ ਲੰਗਰ ਹੈ, ਜੋ ਸਮੇਂ ਸਿਰ ਨਗਾਰਾ ਵੱਜ ਕੇ ਖੁਲ੍ਹਦਾ ਹੈ ਪਰ ਸਮੇਂ ਸਿਰ ਬੰਦ ਭੀ ਹੋ ਜਾਂਦਾ ਹੈ ਪਰ ਬਾਬੇ ਅਟੱਲ ਜੀ ਦਾ ਲੰਗਰ ਚਲਦਾ ਰਹਿੰਦਾ ਹੈ, ਇਸ ਦੀਆਂ ਦੇਗਾਂ ਚੜ੍ਹੀਆਂ ਹੀ ਰਹਿੰਦੀਆਂ ਹਨ। ਤਾਈਏ ਤਾਂ ਲੋਕ ਕਹਿੰਦੇ ਹਨ, ''ਬਾਬਾ ਅਟੱਲ, ਪੱਕੀਆਂ ਪਕਾਈਆਂ ਘੱਲ।'' ਏਥੇ ਬਾਬਾ ਸ਼ਾਮ ਸਿੰਘ ਜੀ ਲੰਗਰ ਚਲਾਉਣ ਵਾਲੇ ਹਨ, ਏਥੇ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਲੰਗਰ ਚਲਾਉਣ ਵਾਲੇ ਹਨ।

ਏਥੇ ਲੰਗਰ ਚਲਾਉਣ ਦੀ ਘਾਸੀ ਪਈ ਹੋਈ ਹੈ, ਏਥੋਂ ਦੇ ਲੋਕ ਮੰਨਦੇ ਹਨ ਕਿ ਦਾਣਾ ਪਾਣੀ ਗੁਰੂ ਕਾ ਹੈ ਤੇ ਟਹਿਲ ਪਾਣੀ ਹੀ ਸਿੱਖਾਂ ਦੀ ਹੈ।

ਸੰਤ ਭੂਰੀ ਵਾਲਿਆ ਦੀ ਸੇਵਾ ਨੇ ਪ੍ਰੇਰਨਾ ਦਿੱਤੀ। ਇਨ੍ਹਾ ਦੇ ਸਾਥੀਆਂ ਵਿਚ ਵਾਧਾ ਹੁੰਦਾ ਗਿਆ। ਬਾਲਟੀਆਂ ਦੀ ਗਿਣਤੀ ਵਧਦੀ ਗਈ। ਝਾੜੂਆਂ ਦੇ ਢੇਰ ਲਗਦੇ ਗਏ। ਬੋਰੀਆਂ ਦੇ ਟਾਟ ਵਧਦੇ ਗਏ। ਪਰਕਰਮਾ ਦੇ ਸੰਗਮਰਮਰਾਂ ਦੇ ਮੂੰਹ ਧੋਤੇ ਤੇ ਪੂੰਝੇ ਜਾਣ ਲੱਗ ਪਏ। ਸੇਵਾ ਦੇ ਨਾਲ ਬਾਹਵਾਂ ਵਧੀਆ, ਬਾਹਵਾਂ ਦੇ ਨਾਲ ਸਮਾਨ ਵਧਦਾ ਗਿਆ। ਸਮਾਨ ਦੇ ਨਾਲ ਥਾਂ ਦੀ ਲੋੜ ਵਧਦੀ ਗਈ ਅਤੇ ਅਖੀਰ ਇਹ ਸਾਰੀਆਂ ਲੋੜਾਂ ਤਪੋਬਨ ਦੇ ਆਸ਼੍ਰਮ ਨੇ ਪੂਰੀਆਂ ਕੀਤੀਆਂ।

ਸੰਤ ਭੂਰੀ ਵਾਲਿਆਂ ਦੀ ਅੱਖ ਨੇ ਭਾਈ ਗੁਰਦਿਆਲ ਸਿੰਘ ਜੀ ਨੂੰ ਪਛਾਣ ਲਿਆ ਅਤੇ ਭਾਈ ਗੁਰਦਿਆਲ ਸਿੰਘ ਜੀ ਦੇ ਹਿਰਦੇ ਨੇ ਸੰਤ ਭੂਰੀ ਵਾਲਿਆਂ ਨੂੰ ਪਛਾਣ ਲਿਆ ਅਤੇ ਇਹ ਦੋਵੇਂ ਨਿਰਮਲ ਅਖਾੜੇ ਦੀ ਪਰੰਪਰਾ ਅਨੁਸਾਰ ਗੁਰੂ ਚੇਲੇ ਦੀ ਅਟੁਟ ਗੰਢ ਨਾਲ ਬੱਝ ਗਏ।

ਜੈਸਾ ਨਿੱਗਰ ਸਰੀਰ ਸੰਤ ਭੂਰੀ ਵਾਲਿਆਂ ਦਾ ਸੀ, ਉਹੋ ਜੇਹਾ ਸਰੀਰ ਭਾਈ ਗੁਰਦਿਆਲ ਸਿੰਘ ਜੀ ਦਾ ਹੈ। ਜਿਸ ਤਰ੍ਹਾਂ ਉਹਨਾਂ ਦਾ ਮਨ ਅਣਥੱਕ ਅਤੇ ਅਣਅੱਕ ਸੀ, ਉਸੇ ਤਰ੍ਹਾਂ ਇਨ੍ਹਾਂ ਦਾ ਮਨ ਭੀ ਅਣਥੱਕ ਅਤੇ ਅਣਅੱਕ ਹੈ। ਜਿਵੇਂ ਉਹਨਾਂ ਦਾ ਸੇਵਾ ਦਾ ਚਾਅ ਅਮੁੱਕ ਸੀ, ਇਨ੍ਹਾਂ ਦਾ ਭੀ ਚਾਅ ਅਮੁੱਕ ਹੈ।

ਚਾਲੀ ਸਾਲ ਦੀ ਸੰਗਤ ਨੇ ਸੰਤ ਗੁਰਦਿਆਲ ਸਿੰਘ ਨੂੰ ਸੇਵਾ ਦੇ ਰੰਗ ਵਿਚ ਸੰਪੂਰਨ ਰੰਗ ਦਿੱਤਾ। ਜਿਹੜੀ ਸੰਤ ਸੱਜਣ, ਪੱਕਿਆਂ ਦੀ ਸਾਂਝ ਸੀ, ਗਿਆਨੀ ਅਮੀਰ ਸਿੰਘ ਜੀ ਤੋਂ ਪਿੱਛੋਂ ਭੀ ਉਹ ਉਸੇ ਤਰ੍ਹਾਂ ਬਣੀ ਰਹੀ ਅਤੇ ਸੰਤ ਭੂਰੀ ਵਾਲੇ ਡੇਰਾ ਸਤੋਵਾਲੀ ਗਲੀ ਦਾ ਉਸੇ ਤਰ੍ਹਾਂ ਸਤਿਕਾਰ ਕਰਦੇ ਰਹੇ। ਗਿਆਨੀ ਕ੍ਰਿਪਾਲ ਸਿੰਘ ਜੀ ਦਾ ਉਸੇ ਤਰ੍ਹਾਂ ਸਤਿਕਾਰ ਕਰਦੇ ਰਹੇ, ਜਿਵੇਂ ਗਿਆਨੀ ਅਮੀਰ ਸਿੰਘ ਜੀ ਦਾ ਕਰਦੇ ਸਨ।

ਜਦੋਂ ਭਾਈ ਮੰਝ ਸਾਹਿਬ ਜੀ ਦੀ ਯਾਦਗਾਰ ਬਣ ਰਹੀ ਸੀ ਤਾਂ ਸੰਤ ਭੂਰੀ ਵਾਲੇ ਆਪ ਏਥੇ ਆਉਂਦੇ ਤੇ ਗਿਆਨੀ ਕ੍ਰਿਪਾਲ ਸਿੰਘ ਜੀ ਨੂੰ ਸਣੇ ਸਾਰੀ ਸੰਗਤ ਲੈ ਕੇ ਆਉਣ ਦੀ ਆਗਿਆ ਕਰਦੇ। ਗਿਆਨੀ ਕ੍ਰਿਪਾਲ ਸਿੰਘ ਜੀ ਹੁਕਮ ਨੂੰ ਸਿਰ ਮੱਥੇ ਤੇ ਮੰਨ ਕੇ ਆਪ ਖੜੇ ਹੋ ਕੇ ਸੰਗਤਾਂ ਨੂੰ ਟਰੱਕਾਂ ਵਿਚ ਬਿਠਾਉਂਦੇ ਅਤੇ ਉਥੇ ਆਪ ਸਣੇ ਸਾਰੀ ਸੰਗਤ ਦੇ ਸ਼ਾਮ ਦੇ ਚਾਰ ਪੰਜ ਵਜੇ ਤਕ ਰੋਟੀ ਕੁੱਟਣ ਦੀ ਸੇਵਾ ਕਰਦੇ ਰਹਿੰਦੇ।

ਜਿਹੜੀ ਅੱਜ ਕੱਲ੍ਹ ਮਹਾਨ ਸੇਵਾ ਬਾਬਾ ਦੀਪ ਸਿੰਘ ਜੀ ਦੀ ਚਲ ਰਹੀ ਹੈ, ਇਸ ਸੇਵਾ ਦਾ ਟੱਕ ਗਿਆਨੀ ਕ੍ਰਿਪਾਲ ਸਿੰਘ ਜੀ ਮਹੰਤ ਡੇਰਾ ਸਤੋਵਾਲਾ ਬਜ਼ਾਰ ਤੋਂ ਆਪ ਜੀ ਨੇ ਲਵਾਇਆ ਹੈ।

ਸੰਤ ਭੂਰੀ ਵਾਲਿਆਂ ਨੇ ਆਪ ਆ ਕੇ ਕਿਹਾ, ''ਗਿਆਨੀ ਸਾਹਿਬ ਜੀ ! ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਬਾਬਾ ਦੀਪ ਸਿੰਘ ਜੀ ਦੀ ਜੀਵਨ ਭਰ ਗੁਰੂ ਬਾਣੀ ਲਿਖਣ ਤੇ ਪ੍ਰਚਾਰਨ ਦੀ ਸੇਵਾ ਕਰਕੇ ਅਤੇ ਅੰਤ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਾਵਨਤਾ ਕਾਇਮ ਰਖਣ ਲਈ ਸ਼ਹੀਦੀ ਪਾਉਣ ਕਰਕੇ ਸੰਗਤਾਂ ਉਹਨਾਂ ਦੇ ਹੁਕਮਾਂ ਕਰਕੇ ਕਿਤਨੀ ਭਾਰੀ ਗਿਣਤੀ ਵਿਚ ਜਾ ਕੇ ਪਾਠ, ਕਰਦੀਆਂ ਹਨ ਅਤੇ ਦੋਹੀਂ ਦੋਹੀਂ ਹੱਥੀਂ ਮੂੰਹੋਂ

ਮੰਗੀਆਂ ਬਰਕਤਾਂ ਲੈ ਕੇ ਆਉਂਦੀਆਂ ਹਨ। ਬਾਬਾ ਦੀਪ ਸਿੰਘ ਜੀ ਨੇ ਜਿਸ ਤਰ੍ਹਾਂ ਕੀਤੇ ਪ੍ਰਣ ਨੂੰ ਨਿਭਾਇਆ ਸੀ, ਉਸੇ ਤਰ੍ਹਾਂ ਸੰਗਤਾਂ ਜਿਹੜੇ ਪ੍ਰਣ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਤੇ ਨਾਮ-ਬਾਣੀ ਪੜ੍ਹਨ ਦੇ ਕਰਕੇ ਆਉਂਦੀਆਂ ਹਨ, ਉਸ ਨੂੰ ਬਿਨਾਂ ਨਾਗੇ ਤੋਂ ਤੋੜ ਨਿਭਾਉਂਦੀਆਂ ਹਨ। ਤੁਸੀਂ ਗੁਰੂ ਬਾਣੀ ਦੀ ਸ੍ਰੀ ਦਸ਼ਮੇਸ਼ ਜੀ ਦੀ ਚਲਾਈ ਹੋਈ ਟਕਸਾਲੀ ਅਰਥਾਂ ਦੀ ਪਰੰਪਰਾਂ ਨੂੰ ਉਸੇ ਤਰ੍ਹਾਂ ਚਲਾਈ ਜਾ ਰਹੇ ਹੋ, ਜਿਵੇਂ ਗਿਆਨੀ ਅਮੀਰ ਸਿੰਘ ਜੀ ਸੱਠ ਸਾਲ ਸੰਥਾ ਦੇ ਸੰਪੂਰਨ ਭੋਗ ਪਾ ਕੇ ਚਲਾਉਂਦੇ ਰਹੇ ਸਨ। ਮੈਂ ਭੀ ਉਹਨਾਂ ਪਾਸੋਂ ਕੁਝ ਸਾਲ ਸੰਥਾ ਸੁਣਦਾ ਰਿਹਾ ਹਾਂ, ਉਹਨਾਂ ਦੇ ਨਾਲ ਜਾ ਕੇ ਵਿਛਾਈ ਦੀਆਂ ਚਾਦਰਾਂ ਧੋਂਦਾ ਰਿਹਾ ਹਾਂ।

ਬਾਬਾ ਖੜਕ ਸਿੰਘ ਜੀ ਨੇ ਇਕ ਵਾਰ ਕਿਹਾ ਸੀ-''ਮੈਨੂੰ ਸੇਵਾ ਪੰਥੀਆਂ ਉੱਪਰ ਬੜੀਆ ਉਮੀਦਾ ਸਨ ਪਰ ਹੁਣ ਸੇਵਾ ਪੰਥੀਆਂ ਦੇ ਐਸੇ ਭੀ ਡੇਰੇ ਹਨ, ਜਿਹੜੇ ਸੰਗਤਾਂ ਨੂੰ ਪਾਣੀ ਤਕ ਨਹੀਂ ਪੁੱਛਦੇ ਜਾਂ ਨਿਜੀ ਜਾਇਦਾਦ ਵਧਾਈ ਜਾਂਦੇ ਹਨ। ਮੈਂ ਗਿਆਨੀ ਕ੍ਰਿਪਾਲ ਸਿੰਘ ਤੇ ਬੜਾ ਖੁਸ਼ ਹਾਂ, ਉਹ ਗੁਰੂ ਜੀ ਦੀ ਪਾਵਨ ਬਾਣੀ ਵਿਦਿਆਂ ਵੰਡ ਰਹੇ ਹਨ।''

ਸੰਤ ਭੂਰੀ ਵਾਲੇ ਚਾਰ ਚਾਰ ਵਾਰ ਇਸ਼ਨਾਨ ਕਰਦੇ ਸਨ। ਇਸ ਇਸ਼ਨਾਨ ਦਾ ਕਾਰਨ ਇਹ ਸੀ ਕਿ ਉਹ ਪੂਰੇ ਤਾਣ ਨਾਲ ਸੇਵਾ ਕਰਦੇ ਸਨ ਅਤੇ ਪੈਰਾਂ ਤੋਂ ਲੈ ਕੇ ਸਿਰ ਤਕ ਪਸੀਨੇ ਨਾਲ ਭਰ ਜਾਂਦੇ ਸਨ। ਸੇਵਾ ਤੋਂ ਵਿਹਲੇ ਹੋ ਕੇ ਇਸ਼ਨਾਨ ਕਰਦੇ ਸਨ ਤਾਂਕਿ ਜਦੋਂ ਦੂਜੀ ਵਾਰ ਸੇਵਾ ਸ਼ੁਰੂ ਕਰਨ ਤਾਂ ਇਸ਼ਨਾਨ ਕਰਕੇ ਸਵੱਛ ਹੋਏ ਹੋਣ। ਪਾਵਨਤਾ ਦਾ ਸੇਵਾ ਨਾਲ ਡੂੰਘਾ ਸਾਕ ਹੈ।

ਸੰਤ ਭੂਰੀ ਵਾਲਿਆਂ ਦੀ ਸੇਵਾ ਕਰਜ਼ੇ ਤਪ ਦੀ ਘਾਲਣਾ ਵਰਗੀ ਸੀ, ਉਹ ਕਈ ਵਾਰ ਬਹੱਤਰ ਬਹੱਤਰ ਘੰਟੇ ਸੇਵਾ ਵਿਚ ਲੱਗੇ ਰਹਿੰਦੇ ਸਨ। ਕਈ ਸਮੇਂ ਐਸੇ ਭੀ ਆਏ ਜਦੋਂ ਉਨਾਂ ਨੇ ਛਿਆਨਵੇਂ ਘੰਟੇ ਸੇਵਾ ਦਾ ਪਹਿਰਾ ਦਿੱਤਾ। ਉਹਨਾਂ ਪਾਸ ਲੋਹੇ ਦਾ ਸਰੀਰ ਸੀ

ਉਹਨਾਂ ਦੀ ਖੁਰਾਕ ਬੜੀ ਜ਼ਬਰਦਸਤ ਸੀ। ਉਹ ਆਮ ਕਰਕੇ ਮੱਕੀ ਅਤੇ ਛੋਲਿਆਂ ਦੀ ਰੋਟੀ ਖਾਂਦੇ ਸਨ ਅਤੇ ਦਾਣੇ ਚੱਬਦੇ ਸਨ। ਵੇਖਣ ਨੂੰ ਇਹ ਖੁਰਾਕ ਬੜੀ ਸਾਦਾ ਜਹੀ ਅਤੇ ਥੋੜੀ ਜੇਹੀ ਲਗਦੀ ਹੈ ਪਰ ਜਾਣਕਾਰ ਜਾਣਦੇ ਹਨ ਕਿ ਮਕੱਈ ਅਤੇ ਛੋਲਿਆਂ ਵਿਚ ਕਿਤਨੀ ਸ਼ਕਤੀ ਹੈ। ਗੁਰੂ ਅਮਰਦਾਸ ਜੀ, ਜੋ ਬਿਰਧ ਅਵਸਥਾ ਵਿਚ ਭੀ ਪੰਜ ਮੀਲ ਤੋਂ ਗਾਗਰ ਚੁੱਕ ਕੇ ਲਿਆਉਂਦੇ ਸਨ, ਉਹ ਭੀ ਛੋਲੇ ਤੇ ਓਗਰਾ ਖਾਂਦੇ ਸਨ। ਉਹ ਉਸ ਵੇਲੇ ਭੀ ਛੋਲੇ ਚੱਬਦੇ ਸਨ, ਜਦੋਂ ਲੰਗਰ ਵਿਚ ਘਿਓ ਵਾਲੀਆਂ ਖੀਰਾਂ ਬਣਦੀਆਂ ਸਨ ਅਤੇ ਅਕਬਰ ਬਾਦਸ਼ਾਹ ਵਰਗੇ ੨੨ ਪਿੰਡਾਂ ਦੀਆ ਜਾਗੀਰਾਂ ਦੇਣ ਲਈ ਆਉਂਦੇ ਸਨ।

ਸੰਤ ਭੂਰੀ ਵਾਲਿਆਂ ਦੀ ਕਠਨ ਹੱਥੀ ਸੇਵਾ ਕਰਕੇ ਅਤੇ ਸਰੀਰ ਨੂੰ ਸੇਵਾ ਵਿਚ ਕੁੱਟ ਕੁੱਟ ਕੇ ਹੰਡਾਉਣ ਕਰਕੇ, ਸਾਰੀ ਉਮਰ ਥੜ੍ਹੇ ਅਤੇ ਤਖਤਪੋਸ਼ ਉੱਪਰ ਸੌਣ ਕਰ ਕੇ ਲੱਕ ਤੀਰ ਵਰਗਾ ਸਿੱਧਾ ਸੀ।

ਸਰੀਰ ਦਾ ਭੋਗ ਕਰਕੇ ਉਹਨਾਂ ਦਾ ਗੁੱਟ ਅਤੇ ਮੋਢਾ (ਤਿਲਕ ਜਾਣ ਕਰ ਕੇ) ਉੱਤਰ ਗਿਆ। ਅਖੀਰਲੀ ਸੇਵਾ ਪੰਜਾਬ ਦੇ ਪ੍ਰਸਿੱਧ ਡਾਕਟਰ ਹਰਚਰਨ ਸਿੰਘ ਨੂੰ ਮਿਲੀ ਅਤੇ ਅਖੀਰ ੨੯-੧੦-੭੬ ਨੂੰ ਸ਼ੁਕਰਵਾਰ ਦੀ ਰਾਤ ਨੂੰ ਸਵਾ ਸੱਤ ਵਜੇ ਜੋਤੀ ਜੋਤ ਸਮਾ ਗਏ। ੩੦-੧੦-੭੬ ਨੂੰ ਉਹਨਾ ਦੇ ਪੰਜ ਭੂਤਕ ਸਰੀਰ ਦਾ ਤਪੋ-ਬਨ ਵਿਚ ਹੀ ਸਸਕਾਰ ਕੀਤਾ ਤੇ ੧੪-੧੧-੭੬ ਨੂੰ ਐਤਵਾਰ ੧੨ ਵਜੇ ਉਹਨਾਂ ਦੇ ਸ਼ਿਸ਼ ਸੰਤ ਗੁਰਦਿਆਲ ਸਿੰਘ ਨੂੰ ਭੇਖ ਦੇ ਪ੍ਰਤੀਨਿੱਧਾ ਵੱਲੋਂ ਦਸਤਾਬੰਦੀ ਕਰਕੇ ਸੰਤ ਭੂਰੀ ਵਾਲਿਆਂ ਦਾ ਉਤਰਾਧਿਕਾਰੀ ਥਾਪਿਆ ਅਤੇ ਭੇਖ ਦੇ ਸਾਰੇ ਮਹੰਤਾਂ ਵੱਲੋਂ ਦਸਤਾਰਬੰਦੀ ਕਰਕੇ ਸੰਤ ਭੂਰੀ ਵਾਲਿਆਂ ਦਾ ਉਤਰਧਿਕਾਰੀ ਥਾਪਿਆ ਅਤੇ ਭੇਖ ਦੇ ਸਾਰੇ ਮਹੰਤਾਂ ਵੱਲੋਂ ਦਸਤਾਰਾਂ ਭੇਟਾ ਕੀਤੀਆਂ ਗਈਆਂ।

ਹੇਠ ਲਿਖਆਂ ਕੁਝ ਮਹਾਨ ਸੇਵਾ ਉਹਨਾਂ ਦੇ ਰਾਹੀਂ ਸੰਗਤਾਂ ਨੇ ਕੀਤੀਆਂ ਜੋ ਇਤਿਹਾਸ ਕਰ ਕੇ ਅਮਰ ਰਹਿਣਗੀਆਂ।

੧. ਦਮਦਮਾ ਸਾਹਿਬ, ਖਡੂਰ ਸਾਹਿਬ।

੨. ਫਤਹਿਗੜ੍ਹ ਸਾਹਿਬ ਜੀ।

੩. ਸ੍ਰੀ ਤਰਨ ਤਾਰਨ ਜੀ ਦੇ ਸਰੋਵਰ ਦੀ ਪ੍ਰਕਰਮਾ ਵਿਚ ਸੰਗਮਰਮਰ ਲਵਾਉਣ ਦੀ ਸੇਵਾ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸੱਜੇ ਪਾਸੇ ਦੀ ਬਾਹੀ ਦੀ ਸਾਰੀ ਸੇਵਾ, ਸਣੇ ਸਾਰੇ ਬੁੰਗੇ ਖ੍ਰੀਦਣ ਦੀ ਸੇਵਾ ਦੇ। ਇਸ ਉਪਰ ਅਨਗਿਣਤ ਮਾਇਆ ਖਰਚ ਹੋਈ।

੪. ਭਾਈ ਮੰਝ ਜੀ ਦਾ ਖੂਹ।

੫. ਡੇਹਰਾ ਬਾਬਾ ਨਾਨਕ ਜੀ।

੬. ਨਾਨਕਸਰ (ਵੇਰਕਾ)।

੭. ਗੁਰਦਵਾਰਾ ਥੜ੍ਹਾ ਸਾਹਿਬ।

੮. ਸ਼ਹੀਦ ਬੁੰਗਾ (ਪ੍ਰਕਰਮਾ ਵਿਚ)।

੯. ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਨੇੜੇ ਦਰਵਾਜ਼ਾ ਚਾਟੀਵਿੰਡ।

੧੦. ਤਪੋਬਨ ਜੋ ਸ੍ਰੀ ਤਰਨ ਤਾਰਨ ਦੀ ਸੜਕ ਉਪਰ ਹੈ ਤੇ ਜਿਥੇ ਵਿਰਕਤ ਮਹਾਤਮਾ ਦੀਆਂ ਸਰੀਰਕ ਲੋੜਾਂ ਲਈ ਸਾਰੇ ਪ੍ਰਬੰਧ ਹਨ ਤਾਂਕਿ ਉਹ ਨਿਸਚਿੰਤ ਹੋ ਕੇ ਤਪੋਬਨ ਵਿਚ ਕਠਨ ਤੱਪ ਦੀਆਂ ਅਤੇ ਸਿਮਰਨ ਦੀਆਂ ਘਾਲਾਂ ਘਾਲ ਸਕਣ। *(ਨਰਿੰਦਰ ਸਿੰਘ 'ਸੋਚ' ਸਾਬਕਾ ਐਡੀਟਰ ਗੁਰ-ਸੰਦੇਸ਼)*

ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥

ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ, ਉਹ ਜੀਉਂਦੇ ਦੇਖੇ ਹਨ।

ਸਾਧਸੰਗਿ ਤਿਨ੍ਹੀ ਦਰਸਨੁ ਪਾਇਆ ॥ ੧ ॥ ਰਹਾਉ ॥

ਉਹਨਾਂ ਨੇ ਸਤਸੰਗ ਕਰਕੇ ਪ੍ਰਭੂ ਦਾ ਦਰਸ਼ਨ ਪਾਇਆ ਹੈ॥ ੧ ॥ ਰਹਾਉ ॥

ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥ ੨ ॥

ਬਾਦਸ਼ਾਹ, ਸਾਹ=ਸ਼ਾਹੂਕਾਰ, ਤੇ ਵਪਾਰੀ ਨੇ ਭੀ ਮਰ ਜਾਣਾ ਹੈ।

ਜੋ ਕੁਝ ਦਿੱਸ ਰਿਹਾ ਹੈ ਉਸ ਨੂੰ ਕਾਲ ਨੇ ਖਰਨਾ=ਲੈ ਜਾਣਾ ਹੈ॥ ੨ ॥

ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥ ੩ ॥

(੧) ਝੂਠੇ ਸਬੰਧੀਆਂ ਦੇ ਮੋਹ ਦੀ ਲਪਟਿ=ਵਾਸ਼ਨਾ ਵਿਚ ਲੰਪਟ ਹੋ ਰਿਹਾ ਹੈ।

(੨) ਮੋਹ ਵਿਚ ਲੰਪਟ ਹੋ ਕੇ ਝੂਠਿਆਂ ਪਦਾਰਥਾਂ ਵਿਚ ਲੰਪਟ ਹੋ ਰਿਹਾ ਹੈ।

ਜਦ ਇਹਨਾਂ ਨੂੰ ਛੱਡ ਕੇ ਤੁਰਦਾ ਹੈ ਤਾਂ ਫਿਰ ਪਛੁਤਾਉਂਦਾ ਹੈ॥ ੩ ॥

ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ॥
ਨਾਮੁ ਤੇਰਾ ਜਪੀ ਦਿਨੁ ਰਾਤਿ॥ ੪॥ ੮॥ ੧੪॥

ਗੁਰੂ ਜੀ ਕਥਨ ਕਰਦੇ ਹਨ-ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ ! ਮੈਨੂੰ ਏਹੋ ਦਾਤ ਦੇਣਾ ਕਰੋ। ਜੋ ਦਿਨ-ਰਾਤ ਆਪ ਜੀ ਦਾ ਨਾਮ ਜਪਦਾ ਰਹਾਂ॥ ੪॥ ੮॥ ੧੪॥

ਸੂਹੀ ਮਹਲਾ ੫ ॥

ਆਪਣਾ ਨਿਸਚਾ ਪ੍ਰਗਟ ਕਰਦੇ ਹੋਏ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਘਟ ਘਟ ਅੰਤਰਿ ਤੁਮਹਿ ਬਸਾਰੇ॥ ਸਗਲ ਸਮਗ੍ਰੀ ਸੂਤਿ ਤੁਮਾਰੇ॥੧॥

ਹੇ ਪ੍ਰਭੂ ! ਤੁਸੀਂ ਆਪ ਹੀ ਘਟਾਂ ਘਟਾਂ ਦੇ ਅੰਦਰ ਬਸਾਰੇ=ਵੱਸ ਰਹੇ ਹੋ। ਪਰਪੰਚ ਰੂਪ ਸਾਰੀ ਸਮੱਗਰੀ ਤੁਹਾਡੇ ਸੂਤਿ=ਹੁਕਮ ਵਿਚ ਹੈ, ਜਾਂ ਸੱਤਾ ਰੂਪੀ ਸੂਤ ਵਿਚ, ਜਾਂ ਪ੍ਰਾਣਾਂ ਰੂਪੀ ਸੂਤ੍ਰ ਵਿਚ ਪਰੋਤੀ ਹੋਈ ਹੈ॥ ੧॥

ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ॥ ਤੁਮ ਹੀ ਪੇਖਿ ਪੇਖਿ ਮਨੁ ਬਿਗਸਾਰੇ॥ ੧॥ ਰਹਾਉ॥

ਤੂੰ ਸਾਡਾ ਪ੍ਰੀਤਮ ਹੈਂ, ਤੂੰਹੀਂ ਪ੍ਰਾਣਾਂ ਦਾ ਅਧਾਰੇ=ਆਸਰਾ ਰੂਪੀ ਹੈਂ। ਆਪ ਜੀ ਨੂੰ ਵੇਖ-ਵੇਖ ਕੇ ਮੇਰਾ ਮਨ ਬਿਗਸਾਰੇ=ਖੁਸ਼ ਹੁੰਦਾ ਹੈ॥ ੧॥ ਰਹਾਉ॥

ਅਨਿਕ ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ॥ ਓਟ ਗਹੀ ਅਬ ਸਾਧ ਸੰਗਾਰੇ॥੨॥

ਭਰਮ ਦੇ ਭਰਮਾਏ ਹੋਏ ਅਨੇਕ ਜੂਨੀਆਂ ਵਿਚ ਭਉਂਦੇ ਭਉਂਦੇ ਹਾਰੇ=ਥੱਕ ਗਏ ਹਾਂ। ਹੁਣ ਸਤਸੰਗ ਵਿਚ ਆ ਕੇ ਸੰਤਾਂ ਦੀ ਓਟ=ਪਨਾਹ (ਸ਼ਰਨ) ਗਹੀ=ਫੜੀ ਹੈ॥ ੨॥

ਅਗਮ ਅਗੋਚਰੁ ਅਲਖ ਅਪਾਰੇ॥
ਨਾਨਕੁ ਸਿਮਰੈ ਦਿਨੁ ਰੈਨਾਰੇ॥ ੩॥ ੯॥ ੧੫॥

ਗੁਰੂ ਜੀ ਕਥਨ ਕਰਦੇ ਹਨ-ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ, ਅਲੱਖ ਅਪਾਰ ਪ੍ਰਭੂ ! ਮੈਂ ਦਿਨ-ਰਾਤ ਆਪ ਜੀ ਦਾ ਸਿਮਰਨ ਕਰਦਾ ਹਾਂ॥ ੩॥ ੯॥ ੧੫॥

ਸੂਹੀ ਮਹਲਾ ੫॥

ਕਵਨ ਕਾਜ ਮਾਇਆ ਵਡਿਆਈ॥ ਜਾ ਕਉ ਬਿਨਸਤ ਬਾਰ ਨ ਕਾਈ॥੧॥

ਹੇ ਭਾਈ ! ਮਾਇਆ ਦੀ ਵਡਿਆਈ ਕਿਸ ਕੰਮ ਹੈ। ਜਿਸ ਦੇ ਬਿਨਸਤ=ਨਾਸ ਹੁੰਦਿਆ ਕੋਈ ਬਾਰ=ਦੇਰ ਨਹੀਂ ਲੱਗਦੀ॥ ੧॥

ਇਹੁ ਸੁਪਨਾ ਸੋਵਤ ਨਹੀ ਜਾਨੈ॥
ਅਚੇਤ ਬਿਵਸਥਾ ਮਹਿ ਲਪਟਾਨੈ॥ ੧॥ ਰਹਾਉ॥

(੧) ਇਹ ਸੰਸਾਰ ਸੁਪਨਾਂ ਹੈ, ਪਰ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ (ਜੀਵ) ਨਹੀਂ ਸਮਝਦਾ।

(੨) ਅਵਿਦਿਆ ਦੀ ਨੀਂਦ ਵਿਚ ਸੁੱਤਾ ਹੋਇਆ ਜੀਵ ਇਹੁ=ਇਨ੍ਹਾਂ ਪਦਾਰਥਾਂ ਨੂੰ ਸੁਪਨੇ ਭੁਲ ਨਹੀਂ ਜਾਣਦਾ। ਅਚੇਤ ਬਿਵਸਥਾ=ਅਗਿਆਤ ਦਸ਼ਾ ਵਿਚ ਹੀ ਲੰਪਟ ਹੋ ਰਿਹਾ ਹੈ।

ਅਥਵਾ:-ਅਚੇਤ=ਮੂਰਖਤਾ ਦੀ ਬਿਵਸਥਾ=ਹਾਲਤ ਕਰਕੇ ਸੰਸਾਰ ਵਿਚ ਹੀ ਫਸ ਰਿਹਾ ਹੈ॥ ੧॥ ਰਹਾਉ॥

ਮਹਾ ਮੋਹਿ ਮੋਹਿਓ ਗਾਵਾਰਾ॥ ਪੇਖਤ ਪੇਖਤ ਊਠਿ ਸਿਧਾਰਾ॥ ੨॥

ਗਾਵਾਰਾ=ਮੂਰਖ ਪੁਰਸ਼ ਮਹਾ ਮੋਹਿ=ਬੜੇ ਅਗਿਆਨਤ ਵਿਚ ਮੋਹਿਆ ਹੋਇਆ ਹੈ, ਵੇਖਦਿਆਂ ਵੇਖਦਿਆਂ ਉਠ ਕੇ ਸਿਧਾਰਾ=ਤੁਰਿਆ ਜਾਂਦਾ ਹੈ॥ ੨॥

ਊਚ ਤੇ ਊਚ ਤਾ ਕਾ ਦਰਬਾਰਾ॥ ਕਈ ਜੰਤ ਬਿਨਾਹਿ ਉਪਾਰਾ॥ ੩॥

ਉਸ ਪ੍ਰਭੂ ਦਾ ਸਤਸੰਗ, ਹਰੀਮੰਦਰ, ਸੱਚ-ਖੰਡ, ਤੇ ਸਰੂਪ ਰੂਪੀ ਦਰਬਾਰ ਉੱਚਿਆਂ ਤੋਂ ਉੱਚਾ ਹੈ। ਕਈ ਜੀਵਾਂ ਨੂੰ ਉਪਾਰਾ=ਪੈਦਾ ਕਰਦਾ ਹੈ ਤੇ ਕਈ ਜੀਵਾਂ ਨੂੰ ਬਿਨਾਹਿ=ਨਾਸ ਕਰਦਾ ਹੈ।। ੩।।

ਦੂਸਰ ਹੋਆ ਨਾ ਕੋ ਹੋਈ॥ ਜਪਿ ਨਾਨਕ ਪ੍ਰਭ ਏਕੋ ਸੋਈ॥ ੪॥ ੧੦॥ ੧੬॥

ਉਸ ਵਰਗਾ ਦੂਜਾ ਨਾ ਕੋਈ ਪਿੱਛੇ ਸੀ, ਨਾ ਹੁਣ ਹੋਇਆ ਹੈ, ਨਾ ਅੱਗੇ ਹੋਵੇਗਾ।

ਗੁਰੂ ਜੀ ਕਥਨ ਕਰਦੇ ਹਨ-ਐਸਾ ਜੋ ਇਕ ਅਦੁਤੀ ਬ੍ਰਹਮ ਹੈ, ਉਸ ਇਕ ਪ੍ਰਭ ਨੂੰ ਹੀ ਜਪਦੇ ਰਹੋ॥ ੪॥ ੧੦॥ ੧੬॥

ਸੂਹੀ ਮਹਲਾ ੫॥

ਸਿਮਰਿ ਸਿਮਰਿ ਤਾ ਕਉ ਹਉ ਜੀਵਾ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ॥੧॥

ਤਾ ਕਉ=ਤਿਸ ਆਪ ਜੀ ਦੇ ਨਾਮਾਂ ਨੂੰ ਸਿਮਰ-ਸਿਮਰ ਕੇ ਮੈਂ ਜੀਉਂਦਾ ਹਾਂ।

(੧) ਆਪ ਜੀ ਦੇ ਚਰਨ-ਕਮਲਾਂ ਨੂੰ ਧੋ-ਧੋ ਪੀਂਦਾ ਹਾਂ।

(੨) ਜੋ ਰਾਗ ਦ੍ਵੈਸ਼ ਰੂਪੀ ਮੈਲ ਨੂੰ ਧੋਣ ਵਾਲੇ ਹਨ, ਉਹਨਾਂ ਦੇ ਚਰਨਾਂ ਨੂੰ ਧੋ ਕੇ ਮੈਂ ਪੀਂਦਾ ਹਾਂ॥ ੧॥

ਸੋ ਹਰਿ ਮੇਰਾ ਅੰਤਰਜਾਮੀ॥ ਭਗਤ ਜਨਾ ਕੈ ਸੰਗਿ ਸੁਆਮੀ॥ ੧॥ ਰਹਾਉ॥

(੧) ਉਹ ਮੇਰਾ ਹਰੀ ਅੰਤਰਜਾਮੀ ਹੈ ਜੋ ਸੁਆਮੀ ਭਗਤ ਜਨਾਂ ਦੇ ਅੰਗ ਸੰਗ ਰਹਿੰਦਾ ਹੈ।

(੨) ਜੋ ਭਗਤ ਜਨਾਂ ਦੇ ਨਾਲ ਰਹਿਣ ਵਾਲਾ ਤੇ ਅੰਤਰਜਾਮੀ ਹੈ, ਉਹ ਹਰੀ ਮੇਰਾ ਸੁਆਮੀ ਹੈ॥ ੧॥ ਰਹਾਉ॥

ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ॥ ਆਠ ਪਹਰ ਤੇਰੇ ਗੁਣ ਗਾਵਾ॥ ੨॥

ਨਾਮ-ਅੰਮ੍ਰਿਤ ਨੂੰ ਸੁਣ ਸੁਣ ਕੇ ਵਾ:-ਸੁਣਿ=ਕੰਨਾਂ ਦੁਆਰੇ ਸੁਣ ਕੇ ਧਿਆਉਂਦਾ ਹਾਂ। ਅਤੇ ਅੱਠੇ ਪਹਰ ਆਪ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ॥ ੨॥

ਪੇਖਿ ਪੇਖਿ ਲੀਲਾ ਮਨਿ ਆਨੰਦਾ॥ ਗੁਣ ਅਪਾਰ ਪ੍ਰਭ ਪਰਮਾਨੰਦਾ॥ ੩॥

ਆਪ ਜੀ ਦੀ ਲੀਲ੍ਹਾ ਨੂੰ ਵੇਖ ਵੇਖ ਕੇ ਮਨ ਵਿਚ ਅਨੰਦ ਹੁੰਦਾ ਹਾਂ।

ਹੇ ਪਰਮ ਅਨੰਦ ਸਰੂਪ ਪ੍ਰਭੂ ! ਆਪ ਜੀ ਦੇ ਗੁਣ ਅਪਾਰ=ਬਿਅੰਤ ਹਨ॥ ੩॥

ਜਾ ਕੈ ਸਿਮਰਨਿ ਕਛੁ ਭਉ ਨ ਬਿਆਪੈ ॥
ਸਦਾ ਸਦਾ ਨਾਨਕ ਹਰਿ ਜਾਪੈ ॥ ੪ ॥ ੧੧ ॥ ੧੭ ॥

ਜਾ ਕੈ=ਜਿਸ ਆਪ ਜੀ ਦੇ ਨਾਮ-ਸਿਮਰਨ ਕਰਕੇ ਕੁਝ ਡਰ ਨਹੀਂ ਲੱਗਦਾ।

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਸਦਾ ਸਦਾ ਆਪ ਜੀ ਨੂੰ ਜਪਦਾ ਹਾਂ ॥ ੪ ॥ ੧੧ ॥ ੧੭ ॥

ਸੂਹੀ ਮਹਲਾ ੫ ॥

ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥ ੧ ॥

(੧) ਗੁਰੂ ਦੇ ਬਚਨਾਂ ਦਾ ਹਿਰਦੇ ਵਿਚ ਧਿਆਨ ਧਾਰਦਾ ਹਾਂ।

(੨) ਗੁਰਾਂ ਦੇ ਬਚਨਾਂ ਦੁਆਰੇ ਹਿਰਦੇ ਵਿਚ ਪ੍ਰਭੂ ਦਾ ਧਿਆਨ ਧਾਰਦਾ ਹਾਂ, ਤੇ ਰਸਨਾ ਨਾਲ ਬਨਵਾਰੀ ਪ੍ਰਭੂ ਦੇ ਜਾਪ ਨੂੰ ਜਪਦਾ ਹਾਂ ॥ ੧ ॥

ਸਫਲਾ ਮੂਰਤਿ ਦਰਸਨ ਬਲਿਹਾਰੀ ॥
ਚਰਣ ਕਮਲ ਮਨ ਪ੍ਰਾਣ ਅਧਾਰੀ ॥ ੧ ॥ ਰਹਾਉ ॥

ਸਫਲ ਮੂਰਤਿ=ਸਫਲ ਸਰੂਪ ਪ੍ਰਭੂ ਦੇ ਦਰਸ਼ਨ ਤੋਂ ਕੁਰਬਾਨ ਜਾਂਦਾ ਹਾਂ।

੧. ਪ੍ਰਭੂ ਦੇ ਚਰਨ ਕਮਲ ਹੀ ਮਨ ਤੇ ਪ੍ਰਾਣਾਂ ਦਾ ਆਸਰਾ ਹਨ।

੨. ਮਨ=ਮੇਰੇ ਪ੍ਰਾਣਾਂ ਦਾ ਅਧਾਰੀ=ਆਸਰਾ ਹਨ ॥ ੧ ॥ ਰਹਾਉ ॥

ਸਾਧਸੰਗਿ ਜਨਮ ਮਰਣ ਨਿਵਾਰੀ ॥ ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥ ੨ ॥

ਸੰਤਾਂ ਦਾ ਸੰਗ ਹੀ ਜੰਨਮ ਮਰਨ ਦੇ ਨਵਿਰਤ ਕਰਨ ਵਾਲਾ ਹੈ।

੧. ਉਥੋਂ ਜੋ ਅੰਮ੍ਰਿਤ ਰੂਪੀ ਕਥਾ ਸੁਣੀ ਹੈ ਏਹੋ ਮੇਰੇ ਕਰਨ=ਕੰਨਾਂ ਦਾ ਅਧਾਰੀ=ਆਸਰਾ ਹੈ।

੨. ਕਰਨ=ਕੰਨਾਂ ਦੁਆਰੇ ਅੰਮ੍ਰਿਤ ਕਥਾ ਸੁਣਨ ਕਰਕੇ ਅਧਾਰੀ=ਆਸਰਾ ਪ੍ਰਾਪਤ ਹੋਇਆ ਹੈ ॥ ੨ ॥

ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜ ਨਾਮ ਦਾਨੁ ਇਸਨਾਨੁ ਸੁਚਾਰੀ ॥ ੩ ॥

ਕਾਮ, ਕ੍ਰੋਧ, ਲੋਭ ਅਤੇ ਮੋਹ ਨੂੰ ਤਜਾਰੀ=ਤਿਆਗ ਦਿੱਤਾ ਹੈ। ਅੰਮ੍ਰਿਤ ਵੇਲੇ ਉੱਠਕੇ ਇਸ਼ਨਾਨ ਕਰਨਾ, ਨਾਮ ਜਪਣਾ, ਦਾਨ ਦੇਣਾ ਇਤਿਆਦਿਕ ਸੁਚਾਰੀ=ਸੁੱਚੇ ਕਰਤੱਬਾਂ ਨੂੰ ਦ੍ਰਿੜ੍ਹ ਕੀਤਾ ਹੈ ॥ ੩ ॥

ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥ ੪ ॥ ੧੨ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਏਹੋ ਤਤੁ=ਸਿਧਾਂਤ ਵਿਚਾਰਿਆ ਹੈ। ਕਿ-ਰਾਮ ਨਾਮ ਦੇ ਜਪ ਕਰਕੇ ਹੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੋਣਾ ਹੈ ॥ ੪ ॥ ੧੨ ॥ ੧੮ ॥

ਸੂਹੀ ਮਹਲਾ ੫ ॥

ਲੋਭਿ ਮੋਹਿ ਮਗਨ ਅਪਰਾਧੀ ॥ ਕਰਣਹਾਰ ਕੀ ਸੇਵ ਨ ਸਾਧੀ ॥ ੧ ॥

੧. ਮੈਂ ਅਪਰਾਧੀ, ਪਦਾਰਥਾਂ ਦੇ ਲੋਭ ਵਿਚ ਤੇ ਸਬੰਧੀਆਂ ਦੇ ਮੋਹ ਵਿਚ ਮਗਨ=ਮਸਤ ਹਾਂ।

੨. ਮੈਂ ਲੋਭ, ਮੋਹ ਤੇ ਅਪਰਾਧਾਂ ਵਿਚ ਮਸਤ ਹਾਂ। ਸਭ ਦੇ ਪੈਦਾ ਕਰਨ ਵਾਲਾ ਜੋ ਪ੍ਰਭੂ ਹੈ, ਉਸ ਦੀ ਸੇਵਾ ਨਹੀਂ ਕੀਤੀ ॥ ੧ ॥

[ਪੰਨਾ ੭੪੧]

ਪਤਿਤ ਪਾਵਨ ਪ੍ਰਭ ਨਾਮ ਤੁਮਾਰੇ॥
ਰਾਖਿ ਲੇਹੁ ਮੋਹਿ ਨਿਰਗੁਨੀਆਰੇ॥ ੧ ॥ ਰਹਾਉ ॥

ਹੇ ਪ੍ਰਭੂ ! ਆਪ ਜੀ ਦੇ ਨਾਮ ਪਤਿਤ ਪਾਵਨ=ਪਾਪੀਆਂ ਦੇ ਪਵਿੱਤਰ ਕਰਨ ਵਾਲੇ ਹਨ।

ਮੈਂ ਨਿਰਗੁਨੀਆਰੇ=ਗੁਣਾਂ ਤੋਂ ਹੀਣੇ ਨੂੰ ਨਾਮ ਦੇ ਕੇ ਜਨਮ ਮਰਣ ਵਲੋਂ ਰੱਖ ਲਵੋ॥ ੧॥ ਰਹਾਉ॥

ਤੂੰ ਦਾਤਾ ਪ੍ਰਭ ਅੰਤਰਜਾਮੀ॥ ਕਾਚੀ ਦੇਹ ਮਾਨੁਖ ਅਭਿਮਾਨੀ॥ ੨ ॥

ਹੇ ਪ੍ਰਭੂ ਅੰਤਰਜਾਮੀ ! ਤੂੰ ਸਾਰਿਆਂ ਦਾ ਦਾਤਾ ਹੈਂ। ਇਹ ਕੱਚੀ ਮਨੁੱਖ ਦੇਹ ਵਿਚ ਰਹਿ ਕੇ ਇਸ ਦਾ ਅਭਿਮਾਨੀ=ਹੰਕਾਰੀ ਹੋ ਰਿਹਾ ਹੈ॥ ੨॥

ਸੁਆਦ ਬਾਦ ਈਰਖ ਮਦ ਮਾਇਆ॥

ਪਦਾਰਥਾਂ ਦਾ ਸੁਆਦ, ਬਾਦ=ਝਗੜੇ, ਈਰਖਾ ਕਰਨੀ, ਅਤੇ ਮਾਇਆ ਦਾ ਜੋ ਮਦ=ਹੰਕਾਰ ਹੈ।

ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥ ੩ ॥

ਇਨ੍ਹਾਂ (ਪਦਾਰਥਾਂ) ਦੇ ਸੰਗਿ=ਵਿਚ ਲੱਗ ਕੇ ਰਤਨ=ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ॥ ੩॥

ਦੁਖ ਭੰਜਨ ਜਗਜੀਵਨ ਹਰਿ ਰਾਇਆ॥

ਹੇ ਦੁੱਖਾਂ ਦੇ ਨਾਸ ਕਰਨ ਵਾਲੇ ! ਹੇ ਜਗਤ ਦੇ ਜੀਵਨ ਰੂਪ ਹਰੀ ਰਾਜੇ !

ਸਗਲ ਤਿਆਗਿ ਨਾਨਕੁ ਸਰਣਾਇਆ॥ ੪॥ ੧੩॥ ੧੯॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸਾਰਿਆਂ ਨੂੰ ਤਿਆਗ ਕੇ ਇਕ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ॥ ੪॥ ੧੩॥ ੧੯॥

ਸੂਹੀ ਮਹਲਾ ੫ ॥ ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ॥

੧. ਹੇ ਅੰਨ੍ਹੇ ! ਰੂਪ ਨੂੰ ਵੇਖਦਾ ਹੈਂ, ਰਸਾਂ ਨੂੰ ਚਾਖਤ=ਚੱਖਦਾ ਹੈਂ, ਬੁਰੇ ਸ਼ਬਦ ਕਹਿੰਦਾ ਹੈਂ, ਸੰਸਾਰਕ ਗੱਲਾਂ ਸੁਣਦਾ ਹੈਂ, ਪਰ ਪਰਮੇਸ਼ਰ ਨਾਮ ਨੂੰ ਨਹੀਂ ਸੁਣਦਾ। ੨. ਚਾਖਤ=ਚੱਖੂਆਂ ਕਰਕੇ ਭਾਵ ਅੱਖਾਂ ਕਰਕੇ ਸੰਸਾਰ ਨੂੰ ਵੇਖਦਾ ਹੈਂ, ਪਰਮੇਸ਼ਰ ਵਲੋਂ ਅੰਨ੍ਹਾਂ ਕਿਹਾ ਜਾਂਦਾ ਹੈਂ, ਸੰਸਾਰਕ ਗੱਲਾਂ ਸੁਣਦਾ ਹੈਂ ਤੇ ਪਰਮੇਸ਼ਰ ਦੇ ਜਸ ਨੂੰ ਨਹੀਂ ਸੁਣਦਾ। ੩. ਸੰਸਾਰ ਨੂੰ ਵੇਖਦਾ ਹੈਂ ਤੇ ਪਰਮੇਸ਼ਰ ਵਲੋਂ ਅੰਨ੍ਹਾਂ ਕਿਹਾ ਜਾਂਦਾ ਹੈਂ, ਦੁਨੀਆਂ ਦੇ ਰਸ ਚੱਖਦਾ ਹੈਂ ਤੇ ਪਰਮੇਸ਼ਰ ਜਸ ਉਚਾਰਨ ਵਲੋਂ ਗੁੰਗਾ ਹੈਂ, ਦੁਸ਼ਟਾਂ ਦੀਆਂ ਗੱਲਾ ਸੁਣਦਾ ਹੈਂ ਤੇ ਸੰਤਾਂ ਪਾਸ ਬੈਠਕੇ ਹਰੀ ਜਸ ਨੂੰ ਨਹੀਂ ਸੁਣਦਾ।

ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ॥ ੧॥

ਨਿਕਟਿ=ਨੇੜੇ ਅੰਤਹਕਰਨ ਦੇ ਵਿਚ ਜੋ ਆਤਮ=ਵਸਤੂ ਹੈ, ਉਸ ਨੂੰ ਤੂੰ ਦੂਰ ਜਾਣਦਾ ਹੈਂ।

ਹੇ ਪਾਪੀ ਪੁਰਸ਼ਾ ! ਤੂੰ ਪਾਪ ਕਰਮਾਂ ਨੂੰ ਕਮਾਉਂਦਾ ਹੈਂ।

ਵਾ:-ਪਾਪ ਕਰਮ ਹੀ ਤੇਰੇ ਕੰਮ ਆਉਣੇ ਹਨ॥ ੧॥

ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ॥

ਹੇ ਪ੍ਰਾਣੀ ! ਉਹ ਕੁਝ ਕਰ, ਜਿਸ ਕਰਕੇ ਜਮਾਂ ਤੋਂ ਛੁੱਟ ਜਾਵੇਂ।

ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ॥ ੧॥ ਰਹਾਉ॥

(੧) ਹਰਿ ਹਰਿ ਨਾਮ ਰੂਪ ਅੰਮ੍ਰਿਤ-ਬਾਣੀ ਨੂੰ ਜਪਣਾ ਕਰ।

(੨) ਗੁਰਾਂ ਦੇ ਉਪਦੇਸ਼ ਰੂਪ ਅੰਮ੍ਰਿਤ-ਬਾਣੀ ਦੁਆਰੇ ਹਰਿ ਹਰਿ ਨਾਮ ਨੂੰ ਜਪਣਾ ਕਰ॥ ੧॥ ਰਹਾਉ॥

ਘੋਰ ਮਹਲ ਸਦਾ ਰੰਗਿ ਰਾਤਾ॥ ਸੰਗਿ ਤੁਮ੍ਹਾਰੈ ਕਛੂ ਨ ਜਾਤਾ॥ ੨॥

ਘੋਰ=ਘੋੜੇ ਅਤੇ ਮਹਲ ਮੰਦਰਾਂ ਦੇ ਰੰਗਿ ਅਨੰਦ ਵਿਚ ਤੂੰ ਸਦਾ ਰਾਤਾ=ਲੱਗਾ ਰਹਿੰਦਾ ਹੈਂ। ਇਨ੍ਹਾਂ ਵਿੱਚੋਂ ਕੁਝ ਵੀ ਤੇਰੇ ਨਾਲ ਨਹੀਂ ਜਾਤਾ=ਜਾਣਾ॥ ੨॥

ਰਖਹਿ ਪੋਚਾਰਿ ਮਾਟੀ ਕਾ ਭਾਂਡਾ॥ ਅਤਿ ਕੁਚੀਲ ਮਿਲੈ ਜਮ ਡਾਂਡਾ॥ ੩॥

ਜਿਵੇਂ ਮਿੱਟੀ ਦਾ ਭਾਂਡਾ ਕੱਚਾ ਹੁੰਦਾ ਹੈ ਤੇ ਠੋਕਰ ਲੱਗਣ ਨਾਲ ਟੁੱਟ ਜਾਂਦਾ ਹੈ, ਤਿਵੇਂ ਪੰਜਾਂ ਤੱਤਾਂ ਰੂਪੀ ਮਿੱਟੀ ਦਾ ਭਾਂਡਾ ਜੋ ਸਰੀਰ ਹੈ ਇਹ ਕੱਚਾ ਹੈ, ਬੁਖਾਰ ਦੇ ਚੜ੍ਹਨੇ ਰੂਪ ਠੋਕਰ ਦੇ ਲੱਗਿਆਂ ਟੁੱਟ ਜਾਂਦਾ ਹੈ, ਇਸ ਨੂੰ ਤੂੰ ਪੋਚਾਰਿ=ਪੋਚ-ਪੋਚ ਕੇ ਰੱਖਦਾ ਹੈਂ ਭਾਵ ਸਾਫ ਸੁਥਰਾ ਕਰ ਕੇ ਰੱਖਦਾ ਹੈਂ। ਫੇਰ ਇਹ ਗੰਦਾ ਹੋਣ ਕਰ ਕੇ ਅਤਿ ਕੁਚੀਲ=ਬੜਾ ਅਪਵਿੱਤ੍ਰ ਹੈ ਇਸ ਦੇ ਪਿਆਰ ਵਾਲੇ ਨੂੰ ਜਮਾਂ ਦਾ ਡੰਡਾ ਮਿਲਦਾ ਹੈ॥ ੩॥

ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥ ਮਹਾ ਗਰਤ ਮਹਿ ਨਿਘਰਤ ਜਾਤਾ॥ ੪॥

ਕਾਮ, ਕ੍ਰੋਧ, ਲੋਭ ਅਤੇ ਮੋਹ ਆਦਿਕਾਂ ਵਿਚ ਤੂੰ ਬਾਧਾ=ਬੰਨ੍ਹਿਆਂ ਹੋਇਆ ਹੈਂ। ਅਤੇ ਸੰਸਾਰ ਰੂਪ ਮਹਾ=ਬੜੇ (ਡੂੰਘੇ) ਗਰਤ ਹੋਏ ਵਿਚ ਨਿਘਰਦਾ ਜਾਂਦਾ ਹੈ॥ ੪॥

ਨਾਨਕ ਕੀ ਅਰਦਾਸਿ ਸੁਣੀਜੈ॥
ਡੂਬਤ ਪਾਹਨ ਪ੍ਰਭ ਮੇਰੇ ਲੀਜੈ॥ ੫॥ ੧੪॥ ੨੦॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਅੱਗੇ ਬੇਨਤੀ ਕਰ ਤਾਂ ਤੇਰਾ ਉਧਾਰ ਹੋਵੇਗਾ, ਹੇ ਮੇਰੇ ਪ੍ਰਭੂ ! ਮੇਰੀ ਅਰਦਾਸਿ=ਬੇਨਤੀ ਸੁਣਨਾ ਕਰ। ਮੈਂ ਪਾਹਨ=ਪੱਥਰ ਵਾਂਗ ਡੁੱਬ ਰਿਹਾ ਹਾਂ, ਆਪ ਮੈਨੂੰ ਕੱਢ ਲੈਣਾ ਕਰੋ॥ ੫॥ ੧੪॥ ੨੦॥

ਸੂਹੀ ਮਹਲਾ ੫॥

ਜੀਵਤ ਮਰੈ ਬੁਝੈ ਪ੍ਰਭੁ ਸੋਇ॥ ਤਿਸੁ ਜਨ ਕਰਮਿ ਪਰਾਪਤਿ ਹੋਇ॥ ੧॥

(੧) ਜੋ ਪੁਰਸ ਜੀਵਤ ਭਾ ਤੋਂ ਮਰਦਾ ਹੈ, ਉਸ ਜਨ ਨੂੰ ਪ੍ਰਭੂ ਦਾ ਕਰਮਿ=ਅਨਿਗ੍ਰਹ ਪ੍ਰਾਪਤ ਹੁੰਦਾ ਹੈ ਪੁਨਾ ਉਹੀ ਉਸ ਪ੍ਰਭੂ ਨੂੰ ਬੁਝੈ-ਜਾਣ ਲੈਂਦਾ ਹੈ।

(੨) ਜੀਵਤ ਭਾਵ ਤੋਂ ਮਰੇ ਤਾਂ ਉਸ ਪ੍ਰਭੂ ਨੂੰ ਬੁੱਝ ਲੈਂਦਾ ਹੈ। ਪਰ ਜੀਵਤ ਭਾਵ ਤੋਂ ਮਰਨਾ ਉਸ ਜਨ

ਨੂੰ ਪ੍ਰਾਪਤ ਹੁੰਦਾ ਹੈ ਜਿਸ ਦੇ ਕਰਮ ਚੰਗੇ ਹੋਣ।

(੩) ਉਸ ਜਨ ਦੀ ਕਰਮਿ=ਕਿਰਪਾ ਕਰਕੇ ਅੱਗੋਂ ਹੋਰਨਾਂ ਨੂੰ ਪ੍ਰਭੂ ਦੀ ਪ੍ਰਾਪਤੀ ਹੈ॥ ੧॥

ਸੁਣਿ ਸਾਜਨ ਇਉ ਦੁਤਰੁ ਤਰੀਐ॥
ਮਿਲਿ ਸਾਧੂ ਹਰਿ ਨਾਮੁ ਉਚਰੀਐ॥ ੧॥ ਰਹਾਉ॥

ਹੇ ਮਿੱਤਰ ! ਸੁਣ, ਸੰਤਾਂ ਨਾਲ ਮਿਲਕੇ ਤੂੰ ਹਰੀ ਨਾਮ ਨੂੰ ਉਚਾਰਨਾ ਕਰ, ਤਾਂ ਇਉ=ਇਸ ਤਰ੍ਹਾਂ ਦੁਤਰੁ=ਕਠਨ ਸੰਸਾਰ-ਸਮੁੰਦਰ ਤੋਂ ਤਰਨਾਂ ਹੁੰਦਾ ਹੈ॥ ੧॥ ਰਹਾਉ॥

ਏਕ ਬਿਨਾ ਦੂਜਾ ਨਹੀ ਜਾਨੈ॥ ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ॥ ੨॥

ਜੋ ਜਗਿਆਸੂ ਇਕ ਪ੍ਰਭੂ ਤੋਂ ਬਿਨਾਂ ਹੋਰ ਦੂਜੇ ਨੂੰ ਨਹੀਂ ਜਾਣਦਾ। ਅਤੇ ਸਭ ਘਟਾਂ-ਘਟਾਂ ਦੇ ਅੰਦਰ ਪਾਰਬ੍ਰਹਮ ਨੂੰ ਹੀ ਪਛਾਣਦਾ ਹੈ॥ ੨॥

ਜੋ ਕਿਛੁ ਕਰੈ ਸੋਈ ਭਲ ਮਾਨੈ॥ ਆਦਿ ਅੰਤ ਕੀ ਕੀਮਤਿ ਜਾਨੈ॥ ੩॥

ਜੋ ਕੁਝ ਪ੍ਰਭੂ ਕਰਦਾ ਹੈ ਉਸ ਨੂੰ ਭਲਾ ਕਰ ਕੇ ਮੰਨਦਾ ਹੈ। ਤੇ ਆਦਿ ਤੋਂ ਅੰਤ ਤਕ ਇਕ ਸਾਰ ਰਹਿਣ ਵਾਲੇ ਪਰਮਾਤਮਾ ਦੀ ਕੀਮਤਿ=ਵਡਿਆਈ ਕਰਨੀ ਜਾਣਦਾ ਹੈ।

ਕਹੁ ਨਾਨਕ ਤਿਸੁ ਜਨ ਬਲਿਹਾਰੀ॥
ਜਾ ਕੈ ਹਿਰਦੈ ਵਸਹਿ ਮੁਰਾਰੀ॥ ੪॥ ੧੫॥ ੨੧॥

ਗੁਰੂ ਜੀ ਕਥਨ ਕਰਦੇ ਹਨ—ਉਸ ਜਨ ਤੋਂ ਮੈਂ ਕੁਰਬਾਨ ਜਾਂਦਾ ਹਾਂ। ਜਿਸ ਦੇ ਹਿਰਦੇ ਵਿਚ ਪਰਮਾਤਮਾ ਆਪ ਵਸਦਾ ਭਾਵ ਸਾਖਿਆਤਕਾਰ ਹੁੰਦਾ ਹੈ॥ ੪॥ ੧੫॥ ੨੧॥

ਸੂਹੀ ਮਹਲਾ ੫॥

ਗੁਰੁ ਪਰਮੇਸਰੁ ਕਰਣੈਹਾਰੁ॥ ਸਗਲ ਸ੍ਰਿਸਟਿ ਕਉ ਦੇ ਆਧਾਰੁ॥ ੧॥

ਹੇ ਭਾਈ ! ਗੁਰੂ ਪਰਮੇਸ਼ਰ ਨੂੰ ਪ੍ਰਾਪਤ ਕਰਨ ਵਾਲੇ ਹਨ। ਅਤੇ ਸਾਰੀ ਸ੍ਰਿਸ਼ਟੀ ਨੂੰ ਆਧਾਰੁ=ਆਸਰਾ ਦੇਂਦੇ ਹਨ॥ ੧॥

ਗੁਰ ਕੇ ਚਰਣ ਕਮਲ ਮਨ ਧਿਆਇ॥
ਦੂਖੁ ਦਰਦੁ ਇਸੁ ਤਨ ਤੇ ਜਾਇ॥ ੧॥ ਰਹਾਉ॥

ਗੁਰਾਂ ਦੇ ਚਰਨ-ਕਮਲਾਂ ਨੂੰ ਮਨ ਵਿਚ ਧਿਆਉਣਾ ਕਰ।

(੧) ਤਾਂ ਇਸ ਸਰੀਰ ਵਿੱਚੋਂ ਸਾਰਾ ਦੁੱਖ ਦਰਦ ਮਿਟ ਜਾਏਗਾ।

(੨) ਦੁਖ ਜਨਜ ਦਰਦ ਦੂਰ ਹੋ ਜਾਏਗਾ।

(੩) ਜਨਮ-ਮਰਣ ਦਾ ਦੁੱਖ ਤੇ ਈਰਖਾ ਦਾ ਦਰਦ ਇਸ ਤਨ ਵਿੱਚੋਂ ਮਿਟ ਜਾਏਗਾ॥ ੧॥ ਰਹਾਉ॥

ਭਵਜਲਿ ਡੂਬਤ ਸਤਿਗੁਰੁ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥ ੨॥

ਸੰਸਾਰ-ਸਮੁੰਦਰ ਵਿਚ ਡੁੱਬਦੇ ਜੀਵ ਨੂੰ ਸਤਿਗੁਰੂ ਹੀ ਕੱਢ ਦੇਂਦੇ ਹਨ। ਜਨਮਾਂ ਜਨਮਾਂ ਦਾ ਟੂਟਾ=ਵਿਛੁੜਿਆ ਹੋਇਆ ਜੋ ਜੀਵ ਹੈ, ਉਸ ਨੂੰ ਪ੍ਰਭੂ ਨਾਲ ਗਾਢੈ=ਮਿਲਾ ਦੇਂਦੇ ਹਨ॥ ੨॥

ਗੁਰ ਕੀ ਸੇਵਾ ਕਰਹੁ ਦਿਨੁ ਰਾਤਿ॥ ਸੂਖ ਸਹਜ ਮਨਿ ਆਵੈ ਸਾਂਤਿ॥ ੩॥

ਇਸ ਲਈਂ ਦਿਨ ਰਾਤ ਗੁਰਾਂ ਦੀ ਸੇਵਾ ਕਰੋ। ਤਾਂ ਸਹਜ ਸੂਖ=ਅਚੁੱਤ ਸੁਖ ਦੀ ਪ੍ਰਾਪਤੀ ਹੋ ਕੇ ਮਨ ਵਿਚ ਸ਼ਾਂਤੀ ਆਵੇਗੀ॥ ੩॥

ਸਤਿਗੁਰ ਕੀ ਰੇਣੁ ਵਡਭਾਗੀ ਪਾਵੈ॥

ਸਤਿਗੁਰਾਂ ਦੇ ਚਰਨਾਂ ਦੀ ਰੇਣੁ=ਧੂੜ ਨੂੰ ਕੋਈ ਵਡਭਾਗੀ ਪੁਰਸ਼ ਹੀ ਪਾਉਂਦਾ ਹੈ।

ਨਾਨਕ ਗੁਰ ਕਉ ਸਦ ਬਲਿ ਜਾਵੈ॥ ੪॥ ੧੬॥ ੨੨॥

ਗੁਰੂ ਜੀ ਕਥਨ ਕਰਦੇ ਹਨ-ਮੈਂ ਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੪॥ ੧੬॥ ੨੨॥

ਸੂਹੀ ਮਹਲਾ ੫॥

ਗੁਰ ਅਪੁਨੇ ਊਪਰਿ ਬਲਿ ਜਾਈਐ॥

ਆਠ ਪਹਰ ਹਰਿ ਹਰਿ ਜਸੁ ਗਾਈਐ॥ ੧॥

ਅਸੀਂ ਆਪਣੇ ਗੁਰੂ ਉਤੋਂ ਕੁਰਬਾਨ ਜਾਂਦੇ ਹਾਂ। ਅੱਠੇ ਪਹਿਰ ਹਰਿ ਹਰਿ ਦੇ ਜਸ ਨੂੰ ਗਾਉਂਦੇ ਹਾਂ॥ ੧॥

ਸਿਮਰਉ ਸੋ ਪ੍ਰਭੁ ਅਪਨਾ ਸੁਆਮੀ॥

ਸਗਲ ਘਟਾ ਕਾ ਅੰਤਰਜਾਮੀ॥ ੧॥ ਰਹਾਉ॥

ਉਸ ਆਪਣੇ ਪ੍ਰਭੂ ਸੁਆਮੀ ਨੂੰ ਸਿਮਰਦੇ ਹਾਂ। ਜੋ ਸਾਰਿਆਂ ਘਟਾਂ ਦਾ ਅੰਤਰਜਾਮੀ ਹੈ॥ ੧॥

ਚਰਣ ਕਮਲ ਸਿਉ ਲਾਗੀ ਪ੍ਰੀਤਿ॥ ਸਾਚੀ ਪੂਰਨ ਨਿਰਮਲ ਰੀਤਿ ॥੨॥

ਗੁਰੂ ਦੇ ਚਰਨ-ਕਮਲਾਂ ਨਾਲ ਜਿਹੜੀ ਪ੍ਰੀਤੀ ਲੱਗੀ ਹੈ।

ਏਹੋ ਪੂਰਨ ਪਵਿੱਤ੍ਰ ਤੇ ਸੱਚੀ ਰੀਤਿ=ਮਰਯਾਦਾ ਹੈ॥ ੨॥

ਸੰਤ ਪ੍ਰਸਾਦਿ ਵਸੈ ਮਨ ਮਾਹੀ॥ ਜਨਮ ਜਨਮ ਕੇ ਕਿਲਵਿਖ ਜਾਹੀ॥ ੩॥

ਸੰਤਾਂ ਦੀ ਕਿਰਪਾ ਨਾਲ ਮਨ ਵਿਚ ਵੱਸ ਜਾਂਦਾ ਹੈ। ਜਿਸ ਕਰਕੇ ਜਨਮਾਂ ਜਨਮਾਂ ਦੇ ਕਿਲਵਿਖ=ਪਾਪ ਚਲੇ ਜਾਂਦੇ ਹਨ॥ ੩॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ॥

ਨਾਨਕੁ ਮਾਗੈ ਸੰਤ ਰਵਾਲਾ॥ ੪॥ ੧੭॥ ੨੩॥

ਗੁਰੂ ਜੀ ਕਥਨ ਕਰਦੇ ਹਨ-ਹੇ ਦੀਨ ਦਿਆਲ ਪ੍ਰਭੂ ! ਕਿਰਪਾ ਦ੍ਰਿਸ਼ਟੀ ਕਰ।

ਮੈਂ ਸੰਤਾਂ ਦੇ ਚਰਨ-ਕਮਲਾਂ ਦੀ ਰਵਾਲਾ=ਧੂੜ ਮੰਗਦਾ ਹਾਂ॥ ੪॥ ੧੭॥ ੨੩॥

[ਪੰਨਾ ੭੪੨]

ਸੂਹੀ ਮਹਲਾ ੫ ॥

ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ੧ ॥

ਹੇ ਗੁਰ=ਪੂਜਨੀਕ ਪ੍ਰਭੂ ! ਮੈਂ ਤੇਰਾ ਦਰਸ਼ਨ ਵੇਖ ਕੇ ਹੀ ਜੀਵਾ=ਜੀਉਂਦਾ ਹਾਂ।

ਕਿਉਂਕਿ ਹੇ ਪ੍ਰਭੂ ! ਤੇਰੇ ਦਰਸ਼ਨ ਕਰਕੇ ਹੀ ਮੇਰਾ ਸਾਰਾ ਕਰਮ ਪੂਰਨ ਹੋਇ=ਸਫਲ ਹੋਵੇਗਾ ॥ ੯ ॥

ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥ ੧ ॥ ਰਹਾਉ ॥

ਹੇ ਮੇਰੇ ਪ੍ਰਭੂ ! ਮੇਰੀ ਇਹ ਬੇਨਤੀ ਸੁਣੋ। ਮੈਨੂੰ ਆਪਣੇ ਚੇਰੇ=ਦਾਸ ਜਾਣ ਕੇ ਨਾਮ ਦਾ ਸਿਮਰਨ ਬਖਸ਼ ਦੇਣਾ ਕਰੋ ॥ ੧ ॥ ਰਹਾਉ ॥

ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥ ੨ ॥

ਹੇ ਪ੍ਰਭੂ ਦਾਤੇ ! ਮੈਨੂੰ ਆਪਣੀ ਸ਼ਰਨ ਵਿਚ ਰੱਖ ਲੈ। ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਆਪ ਜੀ ਨੂੰ ਜਾਤੇ=ਜਾਣਿਆ ਹੈ ॥ ੨ ॥

ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥ ੩ ॥

ਹੇ ਮੇਰੇ ਮਿੱਤਰ ਪ੍ਰਭੂ ! ਬੇਨਤੀ ਸੁਣੋ। ਆਪ ਜੀ ਦੇ ਚਰਨ-ਕਮਲ ਮੇਰੇ ਚਿੱਤ ਵਿਚ ਵਸਦੇ ਰਹਿਣ ॥ ੩ ॥

ਨਾਨਕੁ ਏਕ ਕਰੈ ਅਰਦਾਸਿ ॥
ਵਿਸਰੁ ਨਾਹੀ ਪੂਰਨ ਗੁਣਤਾਸਿ ॥ ੪ ॥ ੧੮ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਇਕ ਬੇਨਤੀ ਕਰਦਾ ਹਾਂ।

ਹੇ ਪੂਰਨ ਸ਼ੁਭ-ਗੁਣਾਂ ਦੇ ਖ਼ਜ਼ਾਨੇ ਪ੍ਰਭੂ ! ਆਪ ਮੈਨੂੰ ਕਦੇ ਭੀ ਨਾ ਭੁੱਲੋ ॥ ੪ ॥ ੧੮ ॥ ੨੪ ॥

ਸੂਹੀ ਮਹਲਾ ੫ ॥ ਮੀਤੁ ਸਾਜਨੁ ਸੁਤ ਬੰਧਪ ਭਾਈ ॥

ਮਿੱਤਰ, ਸੱਜਣ, ਸੁਤ=ਪੁੱਤਰ, ਬੰਧਪ=ਸਬਧੀ. ਭਾਈ=ਭਰਾ।

ਅਰਥ-ਮੇਰਾ ਮਿੱਤਰ, ਸੱਜਣ, ਪੁੱਤਰ, ਸਬੰਧੀ, ਭਰਾ ਇਕ ਹਰੀ ਹੀ ਹੈ।

ਜਤ ਕਤ ਪੇਖਉ ਹਰਿ ਸੰਗਿ ਸਹਾਈ ॥ ੧ ॥

ਜਿਥੇ ਕਿਥੇ ਵਖਦਾ ਹਾਂ ਉਥੇ ਹੀ ਮੇਰੇ ਨਾਲ ਅੰਗ-ਸੰਗ ਹੋ ਕੇ ਸਹਾਇਤਾ ਕਰਦਾ ਹੈ ॥ ੧ ॥

ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥

ਮੇਰੀ ਜਤਿ=ਜ਼ਾਤੀ, ਮੇਰੀ ਪਤਿ=ਪੰਗਤੀ ਵਾ: ਪਤਿ ਆਬਰੋ ਅਤੇ ਧਨ ਭੀ ਹਰੀ ਨਾਮ ਹੀ ਹੈ।

ਸੁਖ ਸਹਜ ਆਨੰਦ ਬਿਸਰਾਮ ॥ ੧ ॥ ਰਹਾਉ ॥

ਜਿਸ ਨਾਮ ਕਰਕੇ ਮੇਰੀ ਸਹਜ=ਅਚੁੱਤ ਸੁਖ ਦੇ ਅਨੰਦ ਵਿਚ ਬਿਸਰਾਮ=ਇਸਥਿਤੀ ਹੋਈ ਹੈ ॥ ੧ ॥ ਰਹਾਉ ॥

ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥ ਕੋਟਿ ਆਵਧ ਤਿਸੁ ਬੇਧਤ ਨਾਹਿ ॥ ੨ ॥

ਜੋ ਪਾਰਬ੍ਰਹਮ ਨੂੰ ਜਪਿਆ ਹੈ ਏਹੋ ਹੀ ਆਸਾਂ ਨੇ ਸਨਾਹ=ਸੰਜੋਅ ਪਹਿਰੀ ਹੈ। ਪ੍ਰਤੱਖ ਕ੍ਰੋੜਾਂ ਆਵਧ=ਸ਼ਸਤ੍ਰ ਵਾ:-ਖੋਟੇ ਬਚਨਾਂ ਰੂਪੀ ਸ਼ਸਤ੍ਰ, ਉਸ ਸੰਜੋਅ ਨੂੰ ਨਹੀਂ ਤੋੜ ਸਕਦੇ।

ਹਰਿ ਚਰਣ ਸਰਣ ਗੜ ਕੋਟ ਹਮਾਰੈ ॥

ਜੋ ਹਰੀ ਦੇ ਚਰਨਾਂ ਦੀ ਸ਼ਰਨ, ਵਾ:-ਓਟ ਗ੍ਰਹਿਣ ਕੀਤੀ ਹੈ,
ਏਹੋ ਸਾਡੇ ਕੋਟ=ਕ੍ਰੋੜਾਂ ਗੜ=ਕਿਲ੍ਹੇ ਹਨ, ਵਾ:-ਏਹੋ ਸਾਡੇ ਕਿਲ੍ਹੇ ਦਾ ਕੋਟ ਹੈ।

ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥ ੩ ॥

ਕੰਟਕੁ=ਦੇਖ ਦੇਣ ਵਾਲਾ ਜਨਮ ਕਾਲ ਉਸ ਗੜ੍ਹ ਨੂੰ ਤੋੜ ਨਹੀਂ ਸਕਦਾ ॥ ੩ ॥

ਨਾਨਕ ਦਾਸ ਸਦਾ ਬਲਿਹਾਰੀ ॥
ਸੇਵਕ ਸੰਤ ਰਾਜਾ ਰਾਮ ਮੁਰਾਰੀ ॥ ੪ ॥ ੧੯ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ-ਰਾਜਾ ਰਾਮ ਮੁਰਾਰੀ ਦੇ ਸੇਵਕ ਜੋ ਹਨ।
ਮੈਂ ਦਾਸ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ ॥ ੪ ॥ ੧੯ ॥ ੧੫ ॥

ਸੂਹੀ ਮਹਲਾ ੫ ॥

ਉੱਤਮ ਸਖੀ, ਮਧਿਮ ਸਖੀ ਨੂੰ ਸਮਝਾਉਂਦੀ ਹੈ ਕਿ ਤੂੰ-

ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ ॥

ਪ੍ਰਭੂ ਗੋਪਾਲ ਦੇ ਗੁਣਾਂ ਨੂੰ ਨਿਤਾ-ਪ੍ਰਤੀ ਗਾਉਣਾ ਕਰ। ਤਾਂ-

ਅਨਦ ਬਿਨੋਦ ਮੰਗਲ ਸੁਖ ਤਾਹਾ ॥ ੧ ॥

ਅਨੰਦਦਾਇਕ ਬਿਨੋਦਿ=ਕੌਤਕਾਂ ਦੇ ਕਰਨ ਵਾਲਾ ਜੋ ਮੰਗਲ ਸਰੂਪ ਪਰਮਾਤਮਾ ਹੈ, ਉਸ ਦਾ ਸੁਖ ਪ੍ਰਾਪਤ ਹੋਵੇਗਾ ॥ ੧ ॥

ਚਲੁ ਸਖੀਏ ਪ੍ਰਭੁ ਰਾਵਣ ਜਾਹਾ ॥
ਸਾਧ ਜਨਾ ਕੀ ਚਰਣੀ ਪਾਹਾ ॥ ੧ ॥ ਰਹਾਉ ॥

ਹੇ ਸਖੀਏ ! ਚਲ, ਪ੍ਰਭੂ ਨੂੰ ਰਾਵੰਣ ਵਾਸਤੇ ਜਾਈਏ ਭਾਵ ਸਿਮਰਨ ਕਰਨ ਚਲੀਏ।
ਜਾ ਕੇ ਸੰਤ ਜਨਾਂ ਦੀ ਚਰਨੀਂ ਪੈ ਜਾਈਏ ॥ ੧ ॥ ਰਹਾਉ ॥

ਕਰਿ ਬੇਨਤੀ ਜਨ ਧੂਰਿ ਬਾਛਾਹਾ ॥
ਜਨਮ ਜਨਮ ਕੇ ਕਿਲਵਿਖ ਲਾਹਾਂ ॥ ੨ ॥

ਸੰਤਾਂ ਅੱਗੇ ਬੇਨਤੀ ਕਰਕੇ ਚਰਨ ਧੂੜੀ ਬਾਛਾਹਾ=ਮੰਗੀਏ, ਵਾ:-ਚਾਹੀਏ। ਤੇ ਜਨਮਾਂ ਜਨਮਾਂ ਦੇ ਕਿਲਵਿਖ ਲਾਹਾਂ=ਪਾਪਾਂ ਨੂੰ ਲਾਹੀਏ ॥ ੨ ॥

ਮਨੁ ਤਨੁ ਪ੍ਰਾਣ ਜੀਉ ਅਰਪਾਹਾ ॥

ਮਨ, ਤਨ, ਪ੍ਰਾਣ ਅਤੇ ਜੀਵਨ ਨੂੰ ਅਰਪਣ ਭਾਵ ਭੇਟਾ ਕਰ ਦੇਈਏ।

ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ ॥ ੩ ॥

ਹਰੀ ਨੂੰ ਸਿਮਰ-ਸਿਮਰ ਕੇ ਮਾਨ ਅਤੇ ਮੋਹ ਨੂੰ ਕੱਟ ਲਈਏ॥ ੩ ॥

ਦੀਨ ਦਇਆਲ ਕਰਹੁ ਉਤਸਾਹਾ ॥

ਦੀਨ ਦਿਆਲ ਪਰਮਾਤਮਾ ਦੀ ਪ੍ਰਾਪਤੀ ਦਾ ਉਤਸ਼ਾਹ ਮਨ ਵਿਚ ਧਾਰਨਾ ਕਰ। ਤੇ-

ਨਾਨਕ ਦਾਸ ਹਰਿ ਸਰਣਿ ਸਮਾਹਾ ॥ ੪ ॥ ੨੦ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਦੇ ਦਾਸਾਂ ਦੀ ਸ਼ਰਨ ਵਿਚ ਸਮਾਉਣਾ ਕਰ॥ ੪॥ ੨੦॥ ੨੬॥

ਸੂਹੀ ਮਹਲਾ ੫ ॥ ਬੈਕੁੰਠ ਨਗਰੁ ਜਹਾ ਸੰਤ ਵਾਸਾ ॥

ਜਿਥੇ ਸੰਤ ਜਨ ਨਿਵਾਸ ਕਰਦੇ ਹਨ ਓਹੀ ਬੈਕੁੰਠ ਨਗਰ ਹੈ।

ਯਥਾ:-''ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਇ॥ ੧ ॥''

(ਸਾਰਗ, ਪੰਨਾ ੧੨੦੮)

ਪ੍ਰਸ਼ਨ-ਕਿਹੜੇ ਸੰਤ ? *ਉੱਤਰ:-*

ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥ ੧ ॥

ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ-ਕਮਲਾਂ ਦਾ ਨਿਵਾਸ ਹੈ॥ ੧ ॥

ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥

੧. ਮਨੋਂ ਤਨੋਂ ਹੋ ਕੇ ਨਾਮ ਨੂੰ ਸੁਣ ਤਾਂ ਤੈਨੂੰ ਸੁਖ ਦਿਖਲਾਵਉ=ਦਿਖਾਵਾਂ।

੨. ਹੇ ਮਨ ! ਸੁਣ, ਤੈਨੂੰ ਤਨ=ਸਰੀਰ ਦੇ ਸੁਖ ਦਾ ਸਾਧਨ ਵਿਖਾਉਂਦਾ ਹਾਂ।

ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥ ੧ ॥ ਰਹਾਉ ॥

੧. ਹਰੀ ਨਾਮ ਰੂਪ ਅਨੇਕਾਂ ਬਿੰਜਨ=ਖਾਣਿਆਂ ਦਾ ਤੈਨੂੰ ਭੋਗ ਭੁਗਾਉਂਦਾ ਹਾਂ।

੨. ਹਰੀ ਦਾ ਨਾਮ ਹੀ ਅਨੇਕ ਪ੍ਰਕਾਰ ਦੇ ਬਿੰਜਨ=ਸਲੂਣਿਆਂ ਦਾ ਭੋਗ=ਭੋਜਨ ਤੈਨੂੰ ਭੁੰਚਾਵਉ=ਛਕਾਉਂਦਾ ਹਾਂ॥ ੧ ॥ ਰਹਾਉ ॥

ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥ ੨ ॥

ਨਾਮ=ਅੰਮ੍ਰਿਤ ਨੂੰ ਮਨ ਵਿਚ ਭੁੰਚੁ=ਛਕ ਲੈ। ਤਾ ਕੇ=ਉਸ ਦਾ ਸ੍ਵਾਦ ਅਸਚਰਜ ਹੈ,

ਜੋ ਬਰਨੇ=ਕਥਨ ਨਹੀਂ ਕੀਤਾ ਜਾਂਦਾ ॥ ੨ ॥

ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥ ੩ ॥

ਅੰਨਵੇਂ-ਜਿਸ ਪੁਰਸ਼ ਨੇ ਪਾਰਬ੍ਰਹਮ ਦੀ ਸ਼ਰਨ ਤਾਕੀ=ਤੱਕੀ ਹੈ, ਉਸ ਦਾ ਲੋਭ ਮਰ ਗਿਆ ਹੈ।

ਤ੍ਰਿਸ਼ਨਾ ਅੱਗ ਬੁਝ ਗਈ ਹੈ ਅਤੇ ਮੰਦ ਬੁਧੀ ਥਾਕੀ=ਥੱਕ ਗਈ ਹੈ॥ ੩॥

ਜਨਮ ਜਨਮ ਕੇ ਭੈ ਮੋਹ ਨਿਵਾਰੇ॥
ਨਾਨਕ ਦਾਸ ਪ੍ਰਭ ਕਿਰਪਾ ਧਾਰੇ॥ ੪॥ ੨੧॥ ੨੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾਸ ਉੱਤੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ।

ਉਸ ਦੇ ਅੰਦਰੋਂ ਜਨਮਾਂ ਜਨਮਾਂ ਦੇ ਭੈ=ਡਰ ਅਤੇ ਮੋਹ ਆਦਿਕ ਨਵਿਰਤ ਕਰ ਦਿੱਤੇ ਹਨ॥ ੪॥ ੨੧॥ ੨੭॥

ਸੂਹੀ ਮਹਲਾ ੫॥ ਅਨਿਕ ਬੀਂਗ ਦਾਸ ਕੇ ਪਰਹਰਿਆ॥

ਹੇ ਪ੍ਰਭੂ ! ਮੈਂ ਦਾਸ ਦੇ ਅਨੇਕਾਂ ਬੀਂਗ=ਟੇਢਪਣੇ (ਕੁਟਲਪਣੇ) ਪਰਹਰਿਆ=ਦੂਰ ਕਰ ਦਿੱਤੇ ਹਨ।

ਕਰਿ ਕਿਰਪਾ ਪ੍ਰਭਿ ਅਪਨਾ ਕਰਿਆ॥ ੧॥

ਹੇ ਪ੍ਰਭੂ ! ਤੁਸਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਆਪਣਾ (ਦਾਸ) ਕਰ ਲਿਆ ਹੈ॥ ੧॥

ਤੁਮਹਿ ਛਡਾਇ ਲੀਓ ਜਨੁ ਅਪਨਾ॥

ਤੁਸਾਂ ਨੇ ਮੈਨੂੰ ਆਪਣਾ ਦਾਸ ਜਾਣ ਕੇ ਛਡਾ ਲਿਆ ਹੈ।

ਉਰਝਿ ਪਰਿਓ ਜਾਲੁ ਜਗੁ ਸੁਪਨਾ॥ ੧॥ ਰਹਾਉ॥

ਸੁਪਨੇ ਵਾਂਗ ਮਿਥਿਆ ਜੋ ਜਗਤ ਹੈ। ਇਸ ਦੇ ਮੋਹ ਰੂਪੀ ਜਾਲ ਵਿਚ ਫਸਿਆ ਪਿਆ ਸਾਂ॥ ੧॥ ਰਹਾਉ॥

ਪਰਬਤ ਦੋਖ ਮਹਾ ਬਿਕਰਾਲਾ॥ ਖਿਨ ਮਹਿ ਦੂਰਿ ਕੀਏ ਦਇਆਲਾ॥ ੨॥

ਮੇਰੇ ਹਿਰਦੇ ਵਿਚ ਜੋ ਬੜੇ ਭਿਆਨਕ ਦੋਸ਼ਾਂ ਰੂਪ ਪਰਬਤ=ਪਹਾੜ ਸਨ।

ਹੇ ਦਿਆਲੂ ! ਉਹ ਤੁਸਾਂ ਨੇ ਇਕ ਖਿਨ ਵਿਚ ਦੂਰ ਕਰ ਦਿੱਤੇ ਹਨ॥ ੨॥

ਸੋਗ ਰੋਗ ਬਿਪਤਿ ਅਤਿ ਭਾਰੀ॥ ਦੂਰਿ ਭਈ ਜਪਿ ਨਾਮੁ ਮੁਰਾਰੀ॥ ੩॥

ਹੇ ਮੁਰਾਰੀ ! ਆਪ ਜੀ ਦੇ ਨਾਮ ਜਪਣ ਕਰਕੇ ਸੋਗ ਰੋਗ ਦੇ ਸਹਿਤ ਅਤਿਅੰਤ ਭਾਰੀ ਬਿਪਤਾ ਦੂਰਿ ਭਈ=ਦੂਰ ਹੋ ਗਈ ਹੈ॥ ੩॥

[ਪੰਨਾ ੭੪੩]

ਦ੍ਰਿਸਟਿ ਧਾਰਿ ਲੀਨੋ ਲੜਿ ਲਾਇ॥
ਹਰਿ ਚਰਣ ਗਹੇ ਨਾਨਕ ਸਰਣਾਇ॥ ੪॥ ੨੨॥ ੨੮॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਤੇਰੀ ਸ਼ਰਨ ਵਿਚ ਆ ਕੇ ਤੇਰੇ ਚਰਣ ਗਹੇ=ਫੜੇ ਹਨ। (ਏਸ ਕਰਕੇ ਤੁਸਾਂ ਨੇ) ਕਿਰਪਾ ਦ੍ਰਿਸ਼ਟੀ ਧਾਰਕੇ ਆਪਣੇ ਲੜਿ=ਪੱਲੇ ਨਾਲ ਲਗਾ ਲੀਤਾ ਹੈ॥ ੪॥ ੨੨॥ ੨੮॥

ਸੂਹੀ ਮਹਲਾ ੫ ॥

ਦੀਨੁ ਛਡਾਇ ਦੁਨੀ ਜੋ ਲਾਏ ॥ ਦੁਹੀ ਸਰਾਈ ਖੁਨਾਮੀ ਕਹਾਏ ॥ ੧ ॥

(੧) ਜੋ ਪੁਰਸ਼ ਦੀਨੁ=ਧਰਮ ਵਲੋਂ ਹਟਾ ਕੇ ਦੂਜੇ ਨੂੰ ਦੁਨੀਆਂ ਵਲ, ਵਾ:-ਮਾਇਆ ਵਲ ਲਗਾਉਂਦਾ ਹੈ। ਉਹ ਪੁਰਸ਼ ਦੁਹੀ=ਸਰਾਈ=ਦੋਹਾਂ ਲੋਕਾਂ ਵਿਚ ਖੁਨਾਮੀ=ਗੁਨਾਹੀ (ਅਪਰਾਧੀ) ਕਹਾਉਂਦਾ ਹੈ।

(੨) ਅਦ੍ਰਿਸ਼ਟਾਂ ਨੇ ਭਾਵ ਮੰਦ ਕਰਮਾਂ ਨੇ ਜੋ ਪੁਰਸ਼ ਧਰਮ ਵਲੋਂ ਹਟਾ ਕੇ ਦੁਨੀ=ਮਾਇਆ ਵਲ ਲਗਾਏ ਹਨ, ਉਹ ਦੋਹਾਂ ਲੋਕਾਂ ਵਿਚ ਖੁਨਾਮੀ=ਅਪਰਾਧੀ ਕਹਾਉਂਦੇ ਹਨ॥ ੧ ॥

ਜੋ ਤਿਸੁ ਭਾਵੈ ਸੋ ਪਰਵਾਣੁ ॥ ਆਪਣੀ ਕੁਦਰਤਿ ਆਪੇ ਜਾਣੁ ॥ ੧ ॥ ਰਹਾਉ ॥

ਜੋ ਉਸ ਪ੍ਰਭੂ ਨੂੰ ਭਾਵੈ=ਭਾਉਂਦਾ ਹੈ ਓਹੀ ਪ੍ਰਵਾਨ ਹੈ। ਆਪਣੀ ਕੁਦਰਤਿ=ਸ਼ਕਤੀ (ਤਾਕਤ) ਨੂੰ ਉਹ ਆਪੇ ਜਾਣਦਾ ਹੈ॥ ੧ ॥ ਰਹਾਉ ॥

ਸਚਾ ਧਰਮੁ ਪੁੰਨੁ ਭਲਾ ਕਰਾਏ ॥ ਦੀਨ ਕੈ ਤੋਸੈ ਦੁਨੀ ਨ ਜਾਏ ॥ ੨ ॥

ਸੱਚਾ ਪ੍ਰਭੂ ਜਿਸ ਦੇ ਪਾਸੋਂ ਸੱਚਾ ਧਰਮ, ਦਾਨ ਪੁੰਨ ਤੇ ਭਲਾ=ਚੰਗਾ ਕਰਮ ਕਰਵਾਉਂਦਾ ਹੈ, ਅਤੇ ਜੋ ਦੀਨ=ਧਰਮ ਦੇ ਨਮਿੱਤ ਮਾਇਆ ਨੂੰ ਤੋਸੇ=ਖਰਚਦਾ ਹੈ, ਉਸ ਦੀ ''ਦੁਨੀ ਨ ਜਾਏ''=ਮਾਇਆ ਨਿਸਫਲ ਨਹੀਂ ਜਾਂਦੀ ॥ ੨ ॥

ਸਰਬ ਨਿਰੰਤਰਿ ਏਕੋ ਜਾਗੈ ॥ ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥ ੩ ॥

ਸਾਰਿਆਂ ਦੇ ਵਿਚ ਨਿਰੰਤਰਿ=ਇਕ ਰਸ ਉਹ ਇਕ ਪ੍ਰਭੂ ਹੀ ਜਾਗੈ=ਪ੍ਰਗਟ ਹੈ। ਜਿਧਰ ਜਿਧਰ ਕਿਸੇ ਨੂੰ ਉਸ ਨੇ ਲਗਾਇਆ ਹੈ, ਸਭ ਕੋਈ ਉਧਰ ਉਧਰ ਹੀ ਲੱਗ ਰਿਹਾ ਹੈ॥ ੩ ॥

ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥

ਹੇ ਮਨ ਕਰ ਕੇ ਅਗਮ, ਇੰਦ੍ਰੀਆਂ ਕਰ ਕੇ ਅਗੋਚਰ ਪ੍ਰਭੂ ! ਤੂੰ ਹੀ ਮੇਰਾ ਮਾਲਕ ਹੈਂ।

ਨਾਨਕੁ ਬੋਲੈ ਬੋਲਾਇਆ ਤੇਰਾ ॥ ੪ ॥ ੨੩ ॥ ੨੯ ॥

(੧) ਗੁਰੂ ਜੀ ਕਥਨ ਕਰਦੇ ਹਨ-ਮੈਂ (ਨਾਨਕ) ਤੇਰਾ ਬੁਲਾਇਆ ਹੋਇਆ ਹੀ ਬੋਲਦਾ ਹਾਂ।

(੨) ਮੇਰਾ ਸੱਚਾ ਸਾਹਿਬ ਪ੍ਰਭੂ, ਮਨ ਕਰ ਕੇ ਅਗਮ, ਇੰਦ੍ਰੀਆਂ ਕਰ ਕੇ ਅਗੋਚਰ ਹੈ।

ਗੁਰੂ ਜੀ ਕਥਨ ਕਰਦੇ ਹਨ-ਤੇਰਾ=ਤਿਸਦਾ ਬੁਲਾਇਆ ਹੋਇਆ ਮੈਂ ਬੋਲਦਾ ਹਾਂ॥ ੪ ॥ ੨੩ ॥ ੨੯ ॥

ਸੂਹੀ ਮਹਲਾ ੫ ॥

ਪ੍ਰਾਤਹ ਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥ ੧ ॥

(ਜੋ ਗੁਰਮੁਖ) ਪ੍ਰਾਤਹ ਕਾਲਿ=ਅੰਮ੍ਰਿਤ ਵੇਲੇ ਉੱਠ ਕੇ ਹਰੀ ਨਾਮ ਨੂੰ ਉਚਾਰਦੇ ਭਾਵ ਜਪਦੇ ਹਨ। ਉਹਨਾਂ ਨੇ ਈਤ ਊਤ=ਲੋਕ-ਪ੍ਰਲੋਕ ਦੀ ਆਪਣੀ ਓਟ ਸਵਾਰ ਲਈ ਹੈ॥ ੧ ॥

ਸਦਾ ਸਦਾ ਜਪੀਐ ਹਰਿ ਨਾਮ ॥ਪੂਰਨ ਹੋਵਹਿ ਮਨ ਕੇ ਕਾਮ ॥੧ ॥ਰਹਾਉ ॥

ਸਦਾ ਸਦਾ=ਹਮੇਸ਼ਾ ਰਾਤ ਦਿਨੇ ਹਰੀ ਨਾਮ ਨੂੰ ਜਪਣਾ ਕਰੀਏ। ਤਾਂ ਮਨ ਦੇ ਸਾਰੇ ਕਾਮ=ਕੰਮ (ਸੰਕਲਪ) ਪੂਰੇ ਹੋ ਜਾਂਦੇ ਹਨ॥ ੧॥ ਰਹਾਉ॥

ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ ॥

ਅਬਿਨਾਸੀ=ਨਾਸ ਤੋਂ ਰਹਿਤ ਪ੍ਰਭੂ ਨੂੰ ਰਾਤ ਦਿਨੇ ਗਾਉਣਾ ਕਰ।

ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥ ੨ ॥

(੧) ਤਾਂ ਮਰਤ=ਮਾਤ ਲੋਕ ਵਿਚ ਜੀਉਂਦਿਆਂ ਹੀ ''ਨਿਹਚਲੁ ਥਾਉ''=ਅਚੱਲ ਸਰੂਪ ਨੂੰ ਪਾ ਲਵੇਂਗਾ।

(੨) ਜੀਵਤ ਭਾ ਤੋਂ ਮਰਨਾ ਕਰ ਤਾਂ ਅਚੱਲ ਸਰੂਪ ਨੂੰ ਪਾ ਲਵੇਂਗਾ॥ ੨॥

ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥
ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥ ੩ ॥

ਸੋ ਸਾਹੁ=ਉਹ ਪਾਤਿਸ਼ਾਹ ਪਰਮੇਸ਼ਰ ਦੀ ਸੇਵਾ ਕਰ, ਜਿਸ ਦੇ ਖਜ਼ਾਨੇ ਵਿਚ ਤੋਟ ਨਹੀਂ ਆਉਂਦੀ। ਫਿਰ ਤੇਰੀ ਉਮਰ ਆਪ ਖਾਂਦਿਆਂ, ਸਬੰਧੀਆਂ ਨੂੰ ਖਰਚਦਿਆਂ ਹੋਇਆਂ ਸੁਖ-ਅਨੰਦ ਵਿਚ ਵਿਹਾਵੈ=ਬਤੀਤ ਹੋਵੇਗੀ॥ ੩॥

ਜਗਜੀਵਨ ਪੁਰਖੁ ਸਾਧਸੰਗਿ ਪਾਇਆ ॥

ਉਸ ਪੁਰਸ਼ ਨੇ ਸਤਸੰਗਤ ਕਰ ਕੇ (ਜਗਜੀਵਨ ਪੁਰਖੁ) ਪਰਮਾਤਮਾ ਨੂੰ ਪਾ ਲਿਆ ਹੈ।

ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ ॥ ੪ ॥ ੨੪ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਗੁਰੂ ਦੀ ਕਿਰਪਾ ਨਾਲ ਨਾਮ ਨੂੰ ਧਿਆਇਆ ਹੈ।

ਅਥਵਾ:-ਸਤਸੰਗਤ ਵਿਚ ਬੈਠ ਕੇ ਗੁਰਾਂ ਦੀ ਕਿਰਪਾ ਨਾਲ ਜਿਸ ਨੇ ਨਾਮ ਨੂੰ ਧਿਆਉਣਾ ਕੀਤਾ ਹੈ, ਉਸ ਨੇ (ਜਗਜੀਵਨ ਪੁਰਖੁ) ਪਰਮਾਤਮਾ ਨੂੰ ਪਾ ਲਿਆ ਹੈ॥ ੪॥ ੨੪॥ ੩੦॥

ਸੂਹੀ ਮਹਲਾ ੫ ॥ ਗੁਰ ਪੂਰੇ ਜਬ ਭਏ ਦਇਆਲ ॥

ਜਿਸ ਵੇਲੇ ਪੂਰੇ ਗੁਰੂ ਸਾਹਿਬ ਜੀ ਦਿਆਲੂ ਹੋਏ।

ਦੁਖ ਬਿਨਸੇ ਪੂਰਨ ਭਈ ਘਾਲ ॥ ੧ ॥

ਤਾਂ ਦੁੱਖ ਸਾਰੇ ਬਿਨਸੇ=ਨਾਸ ਹੋ ਗਏ ਅਤੇ ਘਾਲ=ਕਮਾਈ (ਜਪ, ਤਪ ਆਦਿ ਸਾਧਨਾਂ ਦੀ) ਪੂਰਨ=ਸਫਲ ਹੋ ਗਈ॥ ੧॥

ਪੇਖਿ ਪੇਖਿ ਜੀਵਾ ਦਰਸੁ ਤੁਮ੍ਹਾਰਾ ॥ ਚਰਣ ਕਮਲ ਜਾਈ ਬਲਿਹਾਰਾ ॥

ਹੇ ਪ੍ਰਭੂ ! ਆਪ ਜੀ ਦੇ ਦਰਸ਼ਨ ਨੂੰ ਵੇਖ ਵੇਖ ਕੇ ਜੀਉਂਦਾ ਹਾਂ।

ਆਪ ਜੀ ਦੇ ਚਰਨ-ਕਮਲਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਤੁਝ ਬਿਨੁ ਠਾਕੁਰ ਕਵਨੁ ਹਮਾਰਾ ॥ ੧ ॥ ਰਹਾਉ ॥

ਹੇ ਠਾਕੁਰ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੌਣ ਆਸਰਾ ਹੈ॥ ੧ ॥ ਰਹਾਉ ॥

ਸਾਧਸੰਗਤਿ ਸਿਉ ਪ੍ਰੀਤਿ ਬਣਿ ਆਈ ॥

ਜਿਹੜੀ ਹੁਣ ਮੇਰੀ ਸਾਧਸੰਗਤਿ ਨਾਲ ਪ੍ਰੀਤੀ ਕਰਨੀ ਬਣ ਆਈ ਹੈ।

ਪੂਰਬ ਕਰਮਿ ਲਿਖਤ ਧੁਰਿ ਪਾਈ ॥ ੨ ॥

ਇਹ ਪੂਰਬਿ=ਪਿਛਲੇ ਕਰਮਾਂ ਦੀ ਲਿਖਤ ਧੁਰ ਤੋਂ ਪਾਈ ਹੈ।

ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ ॥

ਜਿਸ ਪ੍ਰਭੂ ਦਾ ਅਸਚਰਜ ਪ੍ਰਤਾਪ ਹੈ ਉਸ ਦੇ ਹਰਿ ਹਰਿ ਨਾਮ ਨੂੰ ਜਪਣ ਕਰ ਕੇ ਜੀਵ ਦਾ ਆਪਣਾ ਅਸਚਰਜ ਪ੍ਰਤਾਪ ਹੋ ਜਾਂਦਾ ਹੈ।

ਜਾਲਿ ਨ ਸਾਕਹਿ ਤੀਨੇ ਤਾਪ ॥ ੩ ॥

ਹੁਣ ਆਧ, ਬਿਆਧ ਤੇ ਉਪਾਧ ਰੂਪ ਤਿੰਨੇ ਤਾਪ ਜਾਲਿ=ਸਾੜ ਨਹੀਂ ਸਕਦੇ ॥ ੩ ॥

ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਹਾਰੇ ॥

ਹੇ ਹਰੀ ! ਇਕ ਨਿਮਖ ਮਾਤ੍ਰ ਸਮਾਂ ਭੀ ਆਪ ਜੀ ਦੇ ਚਰਨ ਮੈਨੂੰ ਨਾ ਬਿਸਰਹਿ=ਭੁੱਲਣ।

ਨਾਨਕੁ ਮਾਗੈ ਦਾਨੁ ਪਿਆਰੇ ॥ ੪ ॥ ੨੫ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪਿਆਰੇ ਪ੍ਰਭੂ ! ਮੈਂ ਆਪ ਜੀ ਤੋਂ ਏਹੋ ਦਾਨ ਮੰਗਦਾ ਹਾਂ ॥ ੪ ॥ ੨੫ ॥ ੩੧ ॥

ਸੂਹੀ ਮਹਲਾ ੫ ॥ ਸੇ ਸੰਜੋਗ ਕਰਹੁ ਮੇਰੇ ਪਿਆਰੇ ॥

ਹੇ ਮੇਰੇ ਪਿਆਰੇ ਪ੍ਰਭੂ ! ਸੇ=ਉਹਨਾਂ ਸੰਤਾਂ ਨਾਲ ਮੇਰਾ ਸੰਜੋਗ=ਮੇਲ ਕਰ ਦਿਓ।

ਜਿਤੁ ਰਸਨਾ ਹਰਿ ਨਾਮੁ ਉਚਾਰੇ ॥ ੧ ॥

ਜਿਨ੍ਹਾਂ ਨਾਲ ਮਿਲ ਕੇ ਜਿਹਵਾ ਹਰੀ ਨਾਮ ਨੂੰ ਉਚਾਰਦੀ ਰਹੇ ॥ ੧ ॥

ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥

ਹੇ ਦੀਨ ਦਿਆਲ ਪ੍ਰਭੂ ! ਮੇਰੀ ਬੇਨਤੀ ਸੁਣ।

ਸਾਧ ਗਾਵਹਿ ਗੁਣ ਸਦਾ ਰਸਾਲਾ ॥ ੧ ॥ ਰਹਾਉ ॥

ਜੋ ਸੰਤ ਤੇਰੇ ਰਸਾਲਾ=ਸੁੰਦਰ ਗੁਣਾਂ ਨੂੰ ਸਦਾ ਗਾਉਂਦੇ ਹਨ, ਉਹਨਾਂ ਦੀ ਸੰਗਤ ਦਿਓ ॥ ੧ ॥ ਰਹਾਉ ॥

ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥

ਹੇ ਪ੍ਰਭੂ ! ਤੇਰਾ ਸਿਮਰਨ ਹੀ ਜੀਵਨ ਰੂਪੀ ਹੈ।

ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥ ੨ ॥

ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈਂ, ਉਸ ਦੇ ਨੇਰਾ=ਨੇੜੇ ਵਸਦਾ ਹੈਂ॥ ੨ ॥

ਜਨ ਕੀ ਭੂਖ ਤੇਰਾ ਨਾਮੁ ਆਹਾਰੁ ॥ ਤੂੰ ਦਾਤਾ ਪ੍ਰਭ ਦੇਵਣਹਾਰੁ ॥ ੩ ॥

(੧) ਤੇਰਾ ਨਾਮ ਰੂਪ ਜੋ ਆਹਾਰੁ=ਭੋਜਨ ਹੈ, ਸੰਤ ਜਨਾਂ ਨੂੰ ਉਸ ਦੀ ਭੁੱਖ ਲੱਗ ਰਹੀ ਹੈ।

(੨) ਦਾਸ ਦੀ ਭੁੱਖ ਦੂਰ ਕਰਨ ਵਾਲਾ ਤੇਰਾ ਨਾਮ ਰੂਪ ਭੋਜਨ ਹੈ। ਹੇ ਦੇਵਣਹਾਰ ਪ੍ਰਭੂ ! ਤੂੰਹੀਂ ਨਾਮ ਦਾ ਦਾਤਾ ਹੈਂ॥ ੩ ॥

ਰਾਮ ਰਮਤ ਸੰਤਨ ਸੁਖੁ ਮਾਨਾ ॥
ਨਾਨਕ ਦੇਵਨਹਾਰ ਸੁਜਾਨਾ ॥ ੪ ॥ ੨੬ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਸੰਤਾਂ ਨੇ ਰਾਮ ਨਾਮ ਉਚਾਰਨ ਵਿਚ ਸੁਖ ਮੰਨਿਆ ਹੈ।

ਉਹਨਾਂ ਨੇ ਤੈਨੂੰ ਹੀ ਦਾਤਾਂ ਦੇ ਦੇਣ ਵਾਲਾ ਸਭ ਤੋਂ ਸੁਜਾਨਾ=ਚਤੁਰ ਮੰਨਿਆ ਹੈ॥ ੪ ॥ ੨੬ ॥ ੩੨ ॥

ਸੂਹੀ ਮਹਲਾ ੫ ॥ ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥

ਹੇ ਭਾਈ ! ਤੇਰੀ ਉਮਰ, ਵਾ:-ਬਿਰਤੀ ਸੰਸਾਰ-ਸਮੁੰਦਰ ਵਿਚ ਵਿਅਰਥ ਬਹਤੀ=ਰੁੜ੍ਹਦੀ ਜਾਂਦੀ ਹੈ, ਉਸ ਪਾਸੇ ਤੂੰ ਕਦੇ ਨਿਗਾਹ ਹੀ ਨਹੀਂ ਧਾਰਤ=ਕਰਦਾ।

ਮਿਥਿਆ ਮੋਹ ਬੰਧਹਿ ਨਿਤ ਪਾਰਚ ॥ ੧ ॥

ਮਿਥਿਆ=ਝੂਠੇ ਪਦਾਰਥਾਂ ਦੇ ਮੋਹ ਕਰ ਕੇ ਨਿਤਾਪ੍ਰਤੀ ਸੰਸਾਰਕ ਪਰਚਿਆਂ ਨੂੰ ਬੰਨ੍ਹਦਾ ਹੈਂ।,

ਮਾਧਵੇ ਭਜੁ ਦਿਨ ਨਿਤ ਰੈਣੀ ॥

ਹੇ ਭਾਈ ! ਜੇ ਤਰਨਾ ਹੈ, ਭਾਂ ਨਿਤਾਪ੍ਰਤੀ ਰਾਤ ਦਿਨ ਮਾਧਵੇ=ਮਾਇਆ ਪਤੀ (ਪਰਮਾਤਮਾ) ਨੂੰ ਭਜੁ=ਯਾਦ ਕਰ।

ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥ ੧ ॥ ਰਹਾਉ ॥

ਹਰੀ ਦੀ ਸ਼ਰਨ ਵਿਚ ਪੈ ਕੇ ਆਪਣੇ ਅਮੋਲਕ ਜਨਮ-ਪਦਾਰਥ ਨੂੰ ਜਿੱਤ ਲੈ॥ ੧ ॥ ਰਹਾਉ ॥

ਕ੍ਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥ ੨ ॥

ਤੂੰ ਦੋਨੋਂ ਹੱਥ ਝਾੜ ਕੇ ਭਾਵ ਨਫਿਕਰ ਹੋ ਕੇ ਵਿਕਾਰ ਰੂਪ ਪਾਪ ਕਰਮਾਂ ਨੂੰ ਕਰਦਾ ਹੈਂ। (ਇਸ ਕਰ ਕੇ ਯਮਦੂਤ ਤੇਰੇ ਪਰ ਦੋਨੋਂ ਹੱਥ ਝਾੜਨਗੇ ਭਾਵ ਦੋਹਾਂ ਨਾਲ ਤੈਨੂੰ ਕੁੱਟਣਗੇ ਇਸ ਲਈ ਤੂੰ ਆਪਣੇ ਮਨ ਬੁੱਧੀ ਰੂਪ ਦੋਵੇਂ ਹੱਥ ਵਿਕਾਰਾਂ ਵਲੋਂ ਝਾੜ ਦੇ।) ਰਤਨੁ=ਅਮੋਲਕ ਰਾਮ ਨਾਮ ਨੂੰ ਹਿਰਦੇ ਵਿਚ ਤਿਲ ਮਾਤਰ ਵੀ ਧਾਰਦਾ ਨਹੀਂ॥ ੨ ॥

ਭਰਣ ਪੋਖਣ ਸੰਗਿ ਅਉਧ ਬਿਹਾਣੀ ॥
ਜੈ ਜਗਦੀਸ ਕੀ ਗਤਿ ਨਹੀ ਜਾਣੀ ॥ ੩ ॥

ਸਰੀਰ ਦੇ ਭਰਣ ਪੋਖਣ=ਪਾਲਣ ਪੋਸਣ ਵਿਚ, ਵਾ:-ਭਰਕੇ ਪੁਸ਼ਟੀ ਕਰਨ ਵਿਚ ਤੇਰੀ ਅਉਧ=ਉਮਰ

ਬਿਹਾਣੀ=ਬੀਤ ਗਈ ਹੈ। ਜਿਸ ਜਗਦੀਸ਼ ਦੀ ਸਾਰੇ ਜੈ ਹੋ ਰਹੀ ਹੈ, ਵਾ:-ਜਿਸ ਨੇ ਤੇਰੀ ਜੈ ਕਰਨੀ ਹੈ, ਉਸ ਜਗਦੀਸ਼ ਦੀ ਗਤਿ=ਰੀਤੀ ਤੂੰ ਨਹੀਂ ਜਾਣੀ॥ ੩॥

ਜੇ ਤਰਨ ਦੀ ਇੱਛਾ ਹੈ ਤਾਂ ਉਸ ਅੱਗੇ ਬੇਨਤੀ ਕਰ-

[ਪੰਨਾ ੭੪੪]

ਸਰਣਿ ਸਮਰਥ ਅਗੋਚਰ ਸੁਆਮੀ॥

ਹੇ ਅਗੋਚਰ ਸੁਆਮੀ ! ਤੂੰ ਸ਼ਰਨ ਆਇਆਂ ਦੀ ਰੱਖਿਆਂ ਕਰਨ ਨੂੰ ਸਮਰੱਥ ਹੈਂ।

ਉਧਰੁ ਨਾਨਕ ਪ੍ਰਭੁ ਅੰਤਰਜਾਮੀ॥ ੪॥ ੨੭॥ ੩੩॥

ਹੇ ਅੰਤਰਜਾਮੀ ਪ੍ਰਭੂ ! ਤੂੰ ਸਾਨੂੰ (ਸੰਸਾਰ-ਸਮੁੰਦਰ ਤੋਂ) ਉਧਰੁ=ਤਾਰਨਾ ਕਰ॥ ੪॥ ੨੭॥ ੩੩॥

ਸੂਹੀ ਮਹਲਾ ੫॥ ਸਾਧਸੰਗਿ ਤਰੈ ਭੈ ਸਾਗਰੁ॥
ਹਰਿ ਹਰਿ ਨਾਮੁ ਸਿਮਰਿ ਰਤਨਾਗਰੁ॥ ੧॥

ਅੰਨਵੇਂ ਅਰਥ:-ਸੰਤਾਂ ਦੇ ਸੰਗ ਨਾਲ ਮਿਲ਼ ਕੇ ਰਤਨਾਗਰੁ=ਸ਼ੁਭ-ਗੁਣਾਂ ਰੂਪ ਰਤਨਾਂ ਦੀ ਖਾਣ ਜੋ ਹਰਿ ਹਰਿ ਦਾ ਨਾਮ ਹੈ, ਉਸ ਨਾਮ ਨੂੰ ਸਿਮਰਦੇ ਹਨ, ਉਹ ਭੈਦਾਇਕ (ਸੰਸਾਰ) ਸਮੁੰਦਰ ਤੋਂ ਤਰ ਗਏ ਹਨ॥ ੧॥

ਸਿਮਰਿ ਸਿਮਰਿ ਜੀਵਾ ਨਾਰਾਇਣ॥

(੧) ਮੈਂ ਭੀ ਨਾਰਾਇਣ ਦੇ ਸਿਮਰਨ ਨੂੰ ਸਿਮਰ ਕੇ ਜੀਉਂਦਾ ਹਾਂ।

(੨) ਨਾਰਾਇਣ ਨੂੰ ਸਿਮਰ-ਸਿਮਰ ਕੇ ਜੀਉਂਦਾ ਹਾਂ।

ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ॥੧॥ਰਹਾਉ॥

ਪੂਰਿਆਂ ਗੁਰਾਂ ਨਾਲ ਮਿਲਣ ਕਰ ਕੇ ਜਨਮ ਮਰਨ ਦੇ ਦੁੱਖ, ਸਰੀਰਕ ਰੋਗ ਤੇ ਸੋਗ=ਚਿੰਤਾ ਆਦਿਕ ਸਭ ਬਿਨਸੇ=ਨਾਸ ਹੋ ਗਏ ਹਨ ਅਤੇ ਪਾਪ ਕਰਮਾਂ ਨੂੰ ਭੀ ਤਜਾਇਣ=ਤਿਆਗ ਦਿੱਤਾ ਹੈ॥ ੧॥ ਰਹਾਉ॥

ਜੀਵਨ ਪਦਵੀ ਹਰਿ ਕਾ ਨਾਉ॥ ਮਨੁ ਤਨੁ ਨਿਰਮਲੁ ਸਾਚੁ ਸੁਆਉ॥ ੨॥

ਹਰੀ ਦਾ ਨਾਮ ਹੀ ਜੀਵਨ ਪਦਵੀ ਦੇ ਦੇਣ ਵਾਲਾ ਹੈ। ਸੱਚ ਨਾਮ ਦੇ ਸੁਆਉ=ਲਾਭ,

ਵਾ:-ਪ੍ਰਯੋਜਨ ਕਰ ਕੇ ਹੀ ਮਨ ਤਨ ਨਿਰਮਲ ਹੁੰਦਾ ਹੈ॥ ੨॥

ਆਠ ਪਹਰ ਪਾਰਬ੍ਰਹਮੁ ਧਿਆਈਐ॥ ਪੂਰਬਿ ਲਿਖਤੁ ਹੋਇ ਤਾ ਪਾਈਐ॥ ੩॥

ਪੂਰਬਲੀ ਲਿਖਤ ਚੰਗੀ ਲਿਖੀ ਹੋਈ ਹੋਵੇ ਤਾਂ ਹੀ ਅੱਠੇ ਪਹਿਰ ਪਾਰਬ੍ਰਹਮ ਦਾ ਧਿਆਉਣਾ ਪਾਈਦਾ ਹੈ॥ ੩॥

ਸਰਣਿ ਪਏ ਜਪਿ ਦੀਨ ਦਇਆਲਾ॥
ਨਾਨਕੁ ਜਾਚੈ ਸੰਤ ਰਵਾਲਾ॥ ੪॥ ੨੮॥ ੩੪॥

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਦੇ ਹੋਏ ਦੀਨ ਦਿਆਲ ਪ੍ਰਭੂ ਦੀ ਸ਼ਰਨ ਪਏ ਹਾਂ।

ਅਤੇ ਸੰਤਾਂ ਦੀ ਚਰਨ-ਧੂੜੀ ਜਾਚੈ=ਮੰਗਦੇ ਹਾਂ। ਅਥਵਾ:-ਗੁਰੂ ਜੀ ਕਥਨ ਕਰਦੇ ਹਨ-ਜੋ ਦੀਨ ਦਿਆਲ ਨੂੰ ਜਪਦੇ ਹਨ । ਉਹਨਾਂ ਸੰਤਾਂ ਦੀ ਸ਼ਰਨ ਵਿਚ ਪੈ ਕੇ ਚਰਨ-ਧੂੜੀ ਮੰਗਦੇ ਹਾਂ॥ ੪॥ ੨੮॥ ੩੪॥

ਸੂਹੀ ਮਹਲਾ ੫॥

ਘਰ ਕਾ ਕਾਜੁ ਨ ਜਾਣੀ ਰੂੜਾ॥ ਝੂਠੈ ਧੰਧੈ ਰਚਿਓ ਮੂੜਾ॥ ੧॥

ਹੇ ਹਰੀ ! ਇਹ ਰੂੜਾ=ਅਪਾਵਨ ਜੀਵ, ਰੂੜਾ=ਸੁੰਦਰ ਸਰੂਪ ਰੂਪੀ ਘਰ ਦੀ ਪ੍ਰਾਪਤੀ ਦਾ ਕਾਰਜ ਭਾਂ ਜਾਣਦਾ ਨਹੀਂ ਹੈ। ਅਤੇ ਇਹ ਮੂਰਖ ਜੀਵ ਝੂਠੇ ਧੰਦਿਆਂ ਵਿਚ ਰਚਿਓ=ਤਦਾਕਾਰ ਭਾਵ ਲੱਗਾ ਹੋਇਆ ਹੈ॥ ੧॥

ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ॥

ਜਿਸ ਪਾਸੇ ਤੂੰ ਲਾਉਂਦਾ ਹੈਂ, ਇਸ ਨੇ ਉਧਰ-ਉਧਰ ਹੀ ਲੱਗਣਾ ਹੈ।

ਜਾ ਤੂੰ ਦੇਹਿ ਤੇਰਾ ਨਾਉ ਜਪਨਾ॥ ੧॥ ਰਹਾਉ॥

ਜਦ ਤੂੰ ਦੇਵੇਂਗਾ, ਤਦੋਂ ਹੀ ਇਸ ਨੇ ਤੇਰਾ ਨਾਮ ਜਪਣਾ ਹੈ॥ ੧॥ ਰਹਾਉ॥

ਹਰਿ ਕੇ ਦਾਸ ਹਰਿ ਸੇਤੀ ਰਾਤੇ॥ ਰਾਮ ਰਸਾਇਣਿ ਅਨਦਿਨੁ ਮਾਤੇ॥ ੨॥

ਹਰੀ ਦੇ ਦਾਸ ਹਰੀ ਦੇ ਨਾਲ ਰੱਤੇ ਹੋਏ ਹਨ। ਕਿਉਂਕਿ ਉਹ ਅਨਦਿਨੁ=ਰਾਤ ਦਿਨ ਰਸਾਇਣਿ=ਰਸਾਂ ਦਾ ਘਰ ਜੋ ਰਾਮ ਹੈ, ਉਹ ਵਿਚ ਮਾਤੇ=ਮਸਤ ਰਹਿੰਦੇ ਹਨ॥ ੨॥

ਬਾਹ ਪਕਰਿ ਪ੍ਰਭਿ ਆਪੇ ਕਾਢੇ॥ ਜਨਮ ਜਨਮ ਕੇ ਟੂਟੇ ਗਾਢੇ॥ ੩॥

ਪ੍ਰਭੂ ਨੇ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਆਪ ਹੀ (ਸੰਸਾਰ-ਸਮੁੰਦਰ ਵਿੱਚੋਂ) ਕੱਢ ਲਿਆ ਹੈ। ਅਤੇ ਜਨਮਾਂ ਜਨਮਾਂ ਦੇ ਟੂਟੇ=ਵਿਛੁੜੇ ਹੋਏ ਜੀਵ ਨੂੰ ਆਪਣੇ ਨਾਲ ਗਾਢੇ=ਮਿਲਾ ਲਿਆ ਹੈ॥ ੩॥

ਉਧਰੁ ਸੁਆਮੀ ਪ੍ਰਭ ਕਿਰਪਾ ਧਾਰੇ॥
ਨਾਨਕ ਦਾਸ ਹਰਿ ਸਰਣਿ ਦੁਆਰੇ॥ ੪॥ ੨੯॥ ੩੫॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਸੁਆਮੀ ! ਕਿਰਪਾ ਦ੍ਰਿਸ਼ਟੀ ਕਰ ਕੇ ਤਾਰ ਲੈ।
ਹੇ ਹਰੀ ! ਮੈਂ ਦਾਸ ਆਪ ਜੀ ਦੇ ਦੁਆਰੇ ਦੀ ਸ਼ਰਨ ਹਾਂ॥ ੪॥ ੨੯॥ ੩੫॥

ਸੂਹੀ ਮਹਲਾ ੫॥ ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ॥

(੧) ਸੰਤਾਂ ਦੀ ਕਿਰਪਾ ਨਾਲ ਘਰ ਬੈਠਿਆਂ ਹੀ ਨਿਸਚਲ-ਤਾਈ ਨੂੰ ਪਾਇਆ ਹੈ।
(੨) ਜਦ ਤੋਂ ਸੰਤਾਂ ਦੀ ਕਿਰਪਾ ਨਾਲ ਨਿਹਚਲੁ=ਅਚੱਲ ਘਰੁ=ਸਰੂਪ ਨੂੰ ਪਾ ਲਿਆ ਹੈ।

ਸਰਬ ਸੁਖ ਫਿਰਿ ਨਹੀ ਡੋਲਾਇਆ॥ ੧॥

ਤਦ ਤੋਂ ਸਾਰੇ ਸੁਖ ਪ੍ਰਾਪਤ ਹੋਏ ਹਨ, ਅਤੇ ਮੁੜ ਕੇ ਮਨ ਡੋਲਿਆਂ ਨਹੀਂ ਹੈ॥ ੧॥

ਗੁਰੂ ਧਿਆਇ ਹਰਿ ਚਰਨ ਮਨਿ ਚੀਨੇ॥

ਗੁਰਾਂ ਨੂੰ ਧਿਆ ਕੇ ਚਰਨ=ਪੂਜਨੀਕ, ਵਾ: ਵੇਦ ਪ੍ਰਤਿਪਾਦਜ ਹਰੀ ਨੂੰ ਮਨ ਵਿਚ ਜਾਣਿਆ ਹੈ।

ਅਥਵਾ:-ਗੁਰੂ ਦੇ ਚਰਨਾਂ ਦਾ ਧਿਆਇ=ਧਿਆਨ, ਤੇ ਹਰੀ ਸਿਮਰਨ ਕਰਨਾ ਮਨ ਵਿਚ ਚੀਨੇ=ਜਾਣਿਆ ਹੈ।

ਤਾ ਤੇ ਕਰਤੈ ਅਸਥਿਰੁ ਕੀਨੇ ॥ ੧ ॥ ਰਹਾਉ ॥

ਤਾ ਤੇ=ਤਿਸ ਕਰ ਕੇ ਕਰਤੇ ਪੁਰਖ ਨੇ ਮੇਰੇ ਮਨ ਨੂੰ ਅਸਥਿਰੁ=ਅਚੱਲ ਕਰ ਦਿੱਤਾ ਹੈ ॥ ੧ ॥ ਰਹਾਉ ॥

ਗੁਣ ਗਾਵਤ ਅਚੁਤ ਅਬਿਨਾਸੀ ॥ ਤਾ ਤੇ ਕਾਟੀ ਜਮ ਕੀ ਫਾਸੀ ॥ ੨ ॥

ਅਚੁਤ=ਅਗਿੜ ਅਬਿਨਾਸੀ ਦੇ ਗੁਣ ਗਾਉਂਦੇ ਹਾਂ। ਤਿਸ ਕਰ ਕੇ ਫਾਹੀ ਕੱਟੀ ਗਈ ॥ ੨ ॥

ਕਰਿ ਕਿਰਪਾ ਲੀਨੇ ਲੜਿ ਲਾਏ ॥
ਸਦਾ ਅਨਦੁ ਨਾਨਕ ਗੁਣ ਗਾਏ ॥ ੩ ॥ ੩੦ ॥ ੩੬ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਸਾਨੂੰ ਆਪਣੇ ਨਾਮ ਰੂਪ ਪੱਲੇ ਨਾਲ ਲਾ ਲਿਆ ਹੈ। ਇਸ ਕਰ ਕੇ ਅਸੀਂ ਨਾਨਕ=ਪ੍ਰਭੂ ਦੇ ਗੁਣ ਗਾਉਂਦੇ ਹੋਏ ਸਦਾ ਅਨੰਦ ਰਹਿੰਦੇ ਹਾਂ ॥ ੩ ॥ ੩੦ ॥ ੩੬ ॥

ਸੂਹੀ ਮਹਲਾ ੫ ॥ ਅੰਮ੍ਰਿਤ ਬਚਨ ਸਾਧ ਕੀ ਬਾਣੀ ॥

ਹੇ ਭਾਈ ! ਸੰਤਾਂ ਦੀ ਜੋ ਬਾਣੀ ਮੂੰਹ ਵਿੱਚੋਂ ਨਿਕਲੀ ਹੈ, ਉਹ ਬਚਨ ਅੰਮ੍ਰਿਤ ਵਾਂਗ ਮਿੱਠੇ ਹਨ।

ਜੋ ਜੋ ਜਪੈ ਤਿਸ ਕੀ ਗਤਿ ਹੋਵੈ
ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥ ੧ ॥ ਰਹਾਉ ॥

ਜ਼ਾਤੀ ਕੁਜ਼ਾਤੀ ਦਾ ਕੋਈ ਨਿਯਮ ਨਹੀਂ, ਚਾਹੇ ਉੱਚੀ ਜ਼ਾਤ ਵਾਲਾ ਹੈ ਚਾਹੇ ਨੀਚ ਜ਼ਾਤੀ ਵਾਲਾ ਹੈ, ਜੋ ਜੋ ਪੁਰਸ਼ ਭੀ ਉਸ ਬਾਣੀ ਨੂੰ ਜਪਦਾ ਹੈ ਉਸ ਦੀ ਮੁਕਤੀ ਹੁੰਦੀ ਹੈ, ਇਸ ਕਰ ਕੇ ਤੂੰ ਨਿਤਾਪ੍ਰਤੀ ਹਰਿ ਹਰਿ ਨਾਮ ਨੂੰ ਰਸਨਾ ਨਾਲ ਬਖਾਨੀ=ਕਥਨ ਕਰਦਾ ਰਹੁ ॥ ੧ ॥ ਰਹਾਉ ॥

ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥ ੧ ॥

ਉਸ ਦੇ ਕਲਜੁਗ ਦੇ ਸਮੇਂ ਦੇ ਸਾਰੇ ਕਲੇਸਾ=ਦੁੱਖ ਮਿਟ ਗਏ ਹਨ। ਜਿਸ ਦੇ ਮਨ ਵਿਚ ਇਕ ਨਾਮ ਦਾ ਪਰਵੇਸਾ=ਵਾਸਾ ਹੋਇਆ ਹੈ ॥ ੧ ॥

ਸਾਧੂ ਧੂਰਿ ਮੁਖਿ ਮਸਤਕਿ ਲਾਈ ॥

(੧) ਜਿਨ੍ਹਾਂ ਨੇ ਮੂੰਹ ਅਤੇ ਮੱਥੇ ਪਰ ਸੰਤਾਂ ਦੀ ਚਰਨ-ਧੂੜ ਲਾਈ ਹੈ।

(੨) ਜਿਨ੍ਹਾਂ ਨੇ ਮੁਖੀ ਸੰਤਾਂ ਦੀ ਧੂੜ ਆਪਣੇ ਮੱਥੇ ਪਰ ਲਗਾਈ ਹੈ।

ਨਾਨਕ ਉਧਰੇ ਹਰਿ ਗੁਰ ਸਰਣਾਈ ॥ ੨ ॥ ੩੧ ॥ ੩੭ ॥

ਗੁਰੂ ਜੀ ਕਥਨ ਕਰਦੇ ਹਨ-ਉਹ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਆ ਕੇ (ਸੰਸਾਰ-ਸਮੁੰਦਰ ਤੋਂ) ਉਧਰੇ=ਤਰ ਗਏ ਹਨ ॥ ੨ ॥ ੩੧ ॥ ੩੭ ॥

ਸੂਹੀ ਮਹਲਾ ੫ ਘਰੁ ੩ ॥ ਗੋਬਿੰਦਾ ਗੁਣ ਗਾਉ ਦਇਆਲਾ ॥

ਹੇ ਗੋਬਿੰਦਾ=ਵੇਦਾਂ ਕਰਕੇ ਜਾਨਣੇ ਜੋਗ ਦਿਆਲੂ ਸੁਭਾਅ ਵਾਲੇ ! ਮੈਂ ਆਪ ਜੀ ਦੇ ਗੁਣ ਗਾਉਂਦਾ ਹਾਂ।

ਦਰਸਨੁ ਦੇਹੁ ਪੂਰਨ ਕਿਰਪਾਲਾ ॥ ਰਹਾਉ ॥

ਹੇ ਪੂਰਨ ਕਿਰਪਾਲੂ ! ਆਪ ਆਪਣਾ ਦਰਸ਼ਨ ਦੇਣਾ ਕਰੋ॥ ਰਹਾਉ ॥

ਕਰਿ ਕਿਰਪਾ ਤੁਮ ਹੀ ਪ੍ਰਤਿਪਾਲਾ ॥ ਜੀਉ ਪਿੰਡੁ ਸਭੁ ਤੁਮਰਾ ਮਾਲਾ ॥ ੧ ॥

ਕਿਰਪਾ ਦ੍ਰਿਸ਼ਟੀ ਕਰ ਕੇ ਤੁਸਾਂ ਨੇ ਹੀ ਸਾਨੂੰ, ਵਾ:-ਹਰ ਇਕ ਨੂੰ ਪਾਲਿਆ ਹੈ।

ਜੀਅ ਪਿੰਡੁ=ਸਰੀਰ ਤੇ ਸਾਰਾ ਮਾਲ ਤੁਹਾਡਾ ਹੀ ਦਿੱਤਾ ਹੋਇਆ ਹੈ॥ ੧ ॥

ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥

ਨਾਨਕੁ ਜਾਚੈ ਸੰਤ ਰਵਾਲਾ ॥ ੨ ॥ ੩੨ ॥ ੩੮ ॥

(੧) ਨਾਮ-ਅੰਮ੍ਰਿਤ ਦਾ ਜਪ ਹੀ ਇਸ ਜੀਵ ਦੇ ਨਾਲ ਸਹਾਇਕ ਬਣ ਕੇ ਚਲਦਾ ਹੈ।

(੨) ਜਪਦਿਆਂ ਜਪਦਿਆਂ ਜਿਨ੍ਹਾਂ ਦੇ ਅੰਦਰ ਨਾਮ-ਅੰਮ੍ਰਿਤ ਦਾ ਨਾਲਾ=ਪ੍ਰਵਾਹ ਚਲ ਪਿਆ ਹੈ।

ਗੁਰੂ ਜੀ ਕਥਨ ਕਰਦੇ ਹਨ-ਮੈਂ ਉਹਨਾਂ ਸੰਤਾਂ ਦੀ ਚਰਨਾ-ਧੂੜੀ ਜਾਚੈ=ਮੰਗਦਾ ਹਾਂ॥ ੨ ॥ ੩੨ ॥ ੩੮ ॥

ਸੂਹੀ ਮਹਲਾ ੫ ॥

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਆਪੇ ਥੰਮੈ ਸਚਾ ਸੋਈ ॥ ੧ ॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਉਹ ਸੱਚਾ ਆਪ ਹੀ ਸੱਤਾ ਸਫੁਰਤੀ ਦੇ ਕੇ ਸਾਰਿਆਂ ਨੂੰ ਥੰਮੈ=ਥੰਮਦਾ ਹੈ॥ ੧ ॥

ਹਰਿ ਹਰਿ ਨਾਮੁ ਮੇਰਾ ਆਧਾਰੁ ॥

ਕਰਣ ਕਾਰਣ ਸਮਰਥੁ ਅਪਾਰੁ ॥ ੧ ॥ ਰਹਾਉ ॥

ਉਸ ਪ੍ਰਭੂ ਦਾ ਹਰਿ ਹਰਿ ਨਾਮ ਹੀ ਮੇਰਾ ਆਸਰਾ ਰੂਪ ਹੈ। ਉਹ ਅਪਾਰ ਪ੍ਰਭੂ ਸਾਰਿਆਂ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ॥ ੧ ॥ ਰਹਾਉ ॥

ਸਭ ਰੋਗ ਮਿਟਾਵੇ ਨਵਾ ਨਿਰੋਆ ॥ ਨਾਨਕ ਰਖਾ ਆਪੇ ਹੋਆ ॥ ੨ ॥ ੩੩ ॥ ੩੯ ॥

ਅੰਨਵੇ:-ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਉਹ ਆਪ ਪ੍ਰਭੂ ਰਾਖਾ ਹੋਇਆ ਹੈ, ਉਸ ਦੇ ਉਸ ਨੇ ਸਾਰੇ ਰੋਗ ਦੂਰ ਕਰ ਦਿੱਤੇ ਹਨ ਅਤੇ ਉਹ ਨਵਾਂ ਨਿਰੋਗ ਹੋ ਗਿਆ ਹੈ!

ਵਾ:-ਨਵਾ=ਨਵੀਨ ਪਰਮਾਤਮਾ ਨੂੰ ਪਾ ਕੇ ਨਿਰੋਆ=ਨਿਰੋਗ ਹੋ ਗਿਆ ਹੈ॥ ੨ ॥ ੩੩ ॥ ੩੯ ॥

[ਪੰਨਾ੭੪੫]

ਸੂਹੀ ਮਹਲਾ ੫ ॥

ਦਰਸਨ ਕਉ ਲੋਚੈ ਸਭੁ ਕੋਈ ॥ ਪੂਰੈ ਭਾਗਿ ਪਰਾਪਤਿ ਹੋਈ ॥ ੧ ॥ ਰਹਾਉ ॥

ਉਸ ਪ੍ਰਭੂ ਦੇ ਦਰਸ਼ਨ ਨੂੰ ਸਭ ਕੋਈ ਲੋਚੈ=ਚਾਹੁੰਦਾ ਹੈ।

ਜਿਸ ਪ੍ਰਭੂ ਦੀ ਪ੍ਰਾਪਤੀ ਪੂਰਿਆਂ ਭਾਗਾਂ ਵਾਲੇ ਨੂੰ ਹੁੰਦੀ ਹੈ॥ ੧ ॥ ਰਹਾਉ ॥

ਜਗਿਆਸੂ ਨੇ ਪ੍ਰਸ਼ਨ ਕੀਤਾ-

ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ ਮਹਾ ਮੋਹਨੀ ਦੂਤਾ ਲਾਈ ॥ ੧ ॥

ਸਿਆਮ ਸੁੰਦਰ=ਪਰਮਾਤਮਾ ਨੂੰ ਤਿਆਗ ਕੇ ਜੀਵ ਨੂੰ ਅਵਿਦਿਆ ਰੂਪ ਨੀਂਦ ਕਿਉਂ ਆ ਗਈ?

ਉੱਤਰ:-ਮਹਾ ਮੋਹਨੀ=ਵੱਡੀ ਮੋਹ ਲੈਣ ਵਾਲੀ ਮਾਇਆ ਨੇ ਕਾਮ ਆਦਿਕ ਦੂਤਾਂ ਦੀ ਪੰਗਤੀ ਲਾ ਦਿੱਤੀ ਹੈ॥ ੧ ॥

ਪ੍ਰੇਮ ਬਿਛੋਹਾ ਕਰਤ ਕਸਾਈ ॥ ਨਿਰਦੈ ਜੰਤੁ ਜਿਸੁ ਦਇਆ ਨ ਪਾਈ ॥ ੨ ॥

(੧) ਫਿਰ ਉਹ ਕਸਾਈ ਕਾਮ ਆਦਿਕ ਦੂਤ ਪ੍ਰਭੂ ਦੇ ਪ੍ਰੇਮ ਦਾ ਵਿਛੋੜਾ ਕਰ ਦਿੰਦੇ ਹਨ।

(੨) ਕਸਾਈ=ਕਸਾਇਣ ਮਾਇਆ ਪ੍ਰੇਮ ਦਾ ਵਿਛੋੜਾ ਕਰ ਦਿੰਦੀ ਹੈ, ਇਸ ਕਰਕੇ ਜੀਵ ਦੇ ਅੰਦਰ ਮਾਇਆ ਦੀ ਹੀ ਕਸਾਈ=ਕਸ ਭਾਵ ਖਿੱਚ ਆਈ ਹੋਈ ਹੈ। ਉਸ ਕਰਕੇ ਜੀਵ ਨਿਰਦਈ ਹੋ ਗਏ ਹਨ, ਤਿਸ ਮਾਇਆ ਨੇ ਦਇਆ ਨਹੀਂ ਪਾਈ। *ਅਥਵਾ:*-ਕਾਮ ਆਦਿਕ ਜੰਤ ਨਿਰਦਈ ਹਨ, ਉਨ੍ਹਾਂ ਵਿਚ ਪ੍ਰਭੂ ਨੇ ਦਇਆ ਨਹੀਂ ਪਾਈ, ਇਸ ਕਰਕੇ ਉਹ ਕਿਸੀ ਪਰ ਦਇਆ ਨਹੀਂ ਕਰਦੇ।

ਅਨਿਕ ਜਨਮ ਬੀਤੀਅਨ ਭਰਮਾਈ ॥ ਘਰਿ ਵਾਸੁ ਨ ਦੇਵੈ ਦੁਤਰ ਮਾਈ ॥ ੩ ॥

(੧) ਇਸ ਲਈ ਅਨੇਕਾਂ ਜਨਮ ਭੌਂਦਿਆਂ ਹੀ ਬੀਤ ਗਏ ਹਨ। ਕਿਉਂਕਿ ਨਾ ਤਰੇ ਜਾਣ ਵਾਲੀ ਦੁਤਰ ਮਾਈ=ਕਠਨ ਮਾਇਆ ਜੀਵ ਨੂੰ ਸਰੂਪ ਘਰ ਵਿਚ ਵਸਣ ਨਹੀਂ ਦੇਂਦੀ॥ ੩ ॥

(੨) ਅਨ=ਦ੍ਵੈਤ ਵਿਚ ਭਰਮਾਉਣ ਵਾਲੇ ਜੋ ਕਾਮ ਆਦਿਕ ਦੂਤ ਹਨ, ਉਨ੍ਹਾਂ ਕਰਕੇ ਅਨੇਕਾਂ ਜਨਮ ਬੀਤ ਗਏ ਹਨ। ਮਾਈ=ਹੇ ਭਾਈ ! ਦੁਸ਼ਤਰ=ਦੁਤਰ (ਕਠਨ) ਕਾਮ ਆਦਿਕ ਸਰੂਪ-ਘਰ ਵਿਚ ਵਸਣ ਨਹੀਂ ਦਿੰਦੇ॥ ੩ ॥

ਦਿਨੁ ਰੈਨਿ ਅਪਨਾ ਕੀਆ ਪਾਈ ॥ ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥ ੪ ॥

ਦਿਨ ਰਾਤ ਜੀਵ ਆਪਣੇ ਕੀਤੇ ਕਰਮਾਂ ਦਾ ਫਲ ਪਾਉਂਦੇ ਹਨ।

ਜਦ ਕਿ ਆਪਣੇ ਕਰਮ ਹੀ ਭੁਆਂਦੇ ਹਨ ਤਾਂ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ॥ ੪ ॥

ਸੁਣਿ ਸਾਜਨ ਸੰਤ ਜਨ ਭਾਈ ॥

ਹੇ ਸੱਜਣ ਸੰਤ ਜਨੋਂ ! ਤੁਸੀਂ ਸੁਣੋ, ਹੇ ਭਾਈ=ਗ੍ਰਹਿਸਤੀਓ ! ਤੁਸੀਂ ਭੀ ਸੁਣੋ।

ਵਾ:-ਹੇ ਜਨੋਂ ! ਸੱਜਣ ਸੰਤਾਂ ਦੁਆਰੇ ਤੁਸੀਂ ਭਾਈ=ਪ੍ਰੇਮ ਨਾਲ ਸੁਣੋ।

ਚਰਣ ਸਰਣ ਨਾਨਕ ਗਤਿ ਪਾਈ ॥ ੫ ॥ ੩੪ ॥ ੪੦ ॥

ਪੂਰਿਆਂ ਗੁਰਾਂ ਦੀ ਚਰਨ-ਸ਼ਰਨ ਗ੍ਰਹਿਣ ਕਰਕੇ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ॥ ੫ ॥ ੩੪ ॥ ੪੦ ॥

ਰਾਗੁ ਸੂਹੀ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਤਰਨ ਤਾਰਨ ਤੋਂ ਤੁਰੇ, ਤਾਂ ਰਾਹ ਵਿਚ ਭਿਆਨਕ ਝੱਖੜ ਚਲ ਪਿਆ। ਕੋਲ ਇਕ ਪਠਾਣਾਂ ਦਾ ਪਿੰਡ ਸੀ। ਗੁਰੂ ਜੀ ਨੇ ਬਿਸਰਾਮ ਕਰਨ ਵਾਸਤੇ ਸਿੱਖਾਂ ਨੂੰ ਭੇਜ ਕੇ ਪੁੱਛ ਭੇਜਿਆ-''ਜੇਕਰ ਰਹਿਣ ਵਾਸਤੇ ਕੋਈ ਅਸਥਾਨ

ਹੋਵੇ ਤਾਂ ਅਸੀਂ ਇਥੇ ਕੁਝ ਸਮਾਂ ਰਹਿ ਪਈਏ।''

ਗੁਰੂ ਜੀ ਦੇ ਹੁਕਮ ਨਾਲ ਜਦ ਸਿੱਖਾਂ ਨੇ ਆ ਕੇ ਪਠਾਣਾਂ ਤੋਂ ਪੁੱਛਿਆ ਤਾਂ ਉਹ ਸ਼ਰਾਬ ਦੀ ਮਸਤੀ ਵਿਚ ਮਸਤ ਹੋ ਕੇ ਵੇਸ਼ਵਾ ਤੋਂ ਮੁਜ਼ਰਾ ਕਰਵਾ ਰਹੇ ਸਨ, ਸ਼ਰਾਬ ਦੀ ਮਸਤੀ ਵਿਚ ਮਸਤ ਹੋਇਆਂ ਨੇ ਆਖਿਆ-''ਇਥੇ ਗੁਰੂ ਜੀ ਦੇ ਠਹਿਰਨ ਲਈ ਕੋਈ ਜਗ੍ਹਾ ਨਹੀਂ ਹੈ।''

ਸਿੱਖਾਂ ਨੇ ਓਸੇ ਤਰ੍ਹਾਂ ਆ ਕੇ ਸੁਣਾ ਦਿੱਤਾ ਕਿ ਇਥੋਂ ਦੇ ਵਸਨੀਕ ਮੁਸਲਮਾਨ ਖਾਨ ਆਖਦੇ ਹਨ-''ਗੁਰੂ ਜੀ ਦੇ ਬਿਸ੍ਰਾਮ ਲਈ ਕੋਈ ਜਗ੍ਹਾ ਨਹੀਂ ਹੈ।''

ਇਹ ਗੱਲ ਸੁਣ ਕੇ ਗੁਰੂ ਜੀ ਅੱਗੇ ਚੱਲ ਪਏ ਤੇ ਇਕ ਟੁੱਟੀ ਹੋਈ ਛੰਨ ਦੇਖ ਕੇ ਠਹਿਰ ਗਏ ਜਿਸ ਵਿਚ ਭਾਈ 'ਹੇਮਾ ਭਗਤ' ਗੁਰੂ ਜੀ ਨੂੰ ਅਰਾਧ ਰਿਹਾ ਸੀ।

ਇਸ ਦਾ ਵਿਉਹਾਰ ਇਸ ਤਰ੍ਹਾਂ ਦਾ ਸੀ ਜਦ ਵਾਢੀਆਂ ਹੋ ਚੁੱਕਦੀਆਂ ਸਨ ਤਾਂ ਖੇਤਾਂ ਵਿਚ ਜਾ ਕੇ ਕੁਝ ਰਹੇ ਹੋਏ ਦਾਣੇ ਚੁਗ-ਚੁਗ ਕੇ ਕੱਠੇ ਕਰ ਰੱਖਦਾ ਸੀ ਤੇ ਆਪਣੇ ਹੱਥਾਂ ਨਾਲ ਚੱਕੀ ਵਿਚ ਪੀਹ ਕੇ ਰੋਜ਼ ਦੇ ਤਿੰਨ ਪਰਸ਼ਾਦੇ ਪਕਾਉਂਦਾ, ਇਕ ਪਰਸ਼ਾਦਾ ਆਪ ਖਾਂਦਾ, ਦੋ ਪਰਸ਼ਾਦੇ ਆਏ ਗਏ ਅਭਿਆਗਤਾਂ ਲਈ ਰੱਖ ਛੱਡਦਾ ਸੀ, ਜਿਸ ਦਿਨ ਕੋਈ ਨਾ ਆਵੇ ਤਾਂ ਰਾਤ ਨੂੰ ਆਪ ਖਾ ਲੈਂਦਾ ਸੀ।

ਜਿਸ ਵੇਲੇ ਗੁਰੂ ਜੀ ਇਸ ਦੀ ਛੰਨ ਕੋਲ ਆ ਕੇ ਖੜੇ ਹੋਏ, ਤਾਂ ਇਹ ਦਰਸ਼ਨ ਕਰ ਕੇ ਗਦ-ਗਦ ਹੋ ਗਿਆ ਜਿਹੜੀ ਟੁੱਟੀ ਹੋਈ ਮੰਜੀ ਅੰਦਰ ਪਈ ਸੀ ਓਸੇ ਪਰ ਬਿਠਾ ਕੇ ਮੱਥਾ ਟੇਕਿਆ ਤੇ ਦੋਵੇਂ ਪਰਸ਼ਾਦੇ ਅੱਗੇ ਰਖ ਕੇ ਬੇਨਤੀ ਕੀਤੀ-''ਆਪ ਛਕੋ।'' ਗੁਰੂ ਜੀ ਨੇ ਦੋਵੇਂ ਪਰਸ਼ਾਦੇ ਛਕ ਕੇ ਕਿਹਾ-''ਤ੍ਰੇਹ ਲੱਗੀ ਹੈ, ਪਾਣੀ ਲਿਆ।'' ਭਾਈ ਹੇਮੇ ਨੇ ਕਿਹਾ, ''ਪਾਣੀ ਦੂਰ ਹੈ, ਹੁਕਮ ਕਰੋ ਤਾਂ ਲੈ ਆਉਂਦਾ ਹਾਂ।''

ਗੁਰੂ ਜੀ ਨੇ ਕਿਹਾ, ''ਪਾਣੀ ਇਥੇ ਹੀ ਹੈ, ਚਲ ਤੈਨੂੰ ਵਿਖਾਈਏ।'' ਨਾਲ ਲਿਜਾ ਕੇ ਸੁੱਕੇ ਛੱਪੜ ਵਿਚ ਇਕ ਅੱਠ ਨੁੱਕਰੀ ਢੀਮ ਪਈ ਸੀ। ਗੁਰੂ ਜੀ ਨੇ ਕਿਹਾ-'ਇਸ ਨੂੰ ਚੁੱਕ।' ਜਾਂ ਉਸ ਨੇ ਚੁੱਕੀ ਤਾਂ ਓਸੇ ਵੇਲੇ ਇਤਨਾ ਪਾਣੀ ਨਿਕਲਿਆ ਜਿਸ ਨਾਲ ਸਾਰਾ ਛੱਪੜ ਭਰ ਗਿਆ।

ਉਸ ਵੇਲੇ ਗੁਰੂ ਜੀ ਨੇ ਵਰ ਦਿੱਤਾ-'ਇਹ ਪਾਣੀ ਸੁੱਕੇਗਾ ਨਹੀਂ। ਅੱਠ ਗੁਣਾਂ ਭਰਿਆ ਹੀ ਰਹੇਗਾ ਅਤੇ ਜਿਹੜੀ ਮਾਈ ਇਥੇ ਆ ਕੇ ਇਸ਼ਨਾਨ ਕਰੇਗੀ ਉਸ ਨੂੰ ਅਠਰੱਾ ਦੀ ਬਿਮਾਰੀ ਨਹੀਂ ਰਹੇਗੀ।' ਫੇਰ ਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਹੇਮੇ ਦੇ ਪ੍ਰਤੀ ਸ਼ਬਦ ਉਚਾਰ ਕੇ ਸ਼ੁਭ ਸਿੱਖਿਆ ਦਿੱਤੀ।

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਏ ॥

ਉਹ ਛੱਪਰੀ ਚੰਗੀ ਤੇ ਸੋਹਣੀ ਹੈ। ਜਾ ਮਹਿ=ਜਿਸ ਵਿਚ ਹਰੀ ਦੇ ਗੁਣ ਗਾਏ ਜਾਂਦੇ ਹਨ।

ਯਥਾ:- ''ਸੁੰਦਰ ਮੰਦਰ ਸੈਣਹ ਜੇਣ ਮਧ੍ ਹਰਿ ਕੀਰਤਨਹ ॥'' *(ਗਾਥਾ, ਪੰਨਾ ੧੩੬੦)*

ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ ੧ ॥ ਰਹਾਉ ॥

ਉਹ ਪੱਕੇ ਧਉਲਹਰ=ਮੰਦਰ ਕਿਸੇ ਭੀ ਕੰਮ ਨਹੀਂ ਹਨ, ਜਿਨ੍ਹਾਂ ਮੰਦਰਾਂ ਵਿਚ ਵੱਸਣ ਨਾਲ ਹਰੀ ਬਿਸਰਾਏ=ਭੁੱਲ ਜਾਂਦਾ ਹੈ ॥ ੧ ॥ ਰਹਾਉ ॥

ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥

ਉਸ ਗਰੀਬੀ ਵਿਚ ਅਨੰਦ ਹੈ, ਜਿਸ ਵਿਚ ਸੰਤਾਂ ਦੇ ਸੰਗ ਕਰ ਕੇ ਪ੍ਰਭੂ ਚੇਤੇ ਆਉਂਦਾ ਹੈ।

ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥ ੧ ॥

ਇਹ ਬਡ-ਪਨਾ=ਵਡਾਪਨ ਜਲਿ ਜਾਉ=ਸੜ ਬਲ ਜਾਵੇ, ਜਿਸ ਵਡਿਆਈ ਕਰ ਕੇ ਮਾਇਆ ਵਿਚ ਲਪਟਾਏ=ਫਸ ਜਾਂਦਾ ਹੈ॥ ੧ ॥

ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥

ਉਸ ਪੀਸਨੁ=ਚੱਕੀ ਨੂੰ ਪੀਹਣ ਕਰ ਕੇ ਅਤੇ ਕਾਮਰੀ=ਕੰਬਲੀ ਦੇ ਓਢਿ=ਓਢਨ ਕਰ ਕੇ (ਪਹਿਰਨ ਕਰਕੇ) ਸੁਖ ਹੈ, ਜਿਸ ਵਿਚ ਮਨ ਨੂੰ ਸੰਤੋਖਾਏ=ਸੰਤੋਖ ਆਵੇ।

ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥ ੨ ॥

ਅਜਿਹਾ ਰਾਜ ਕਿਸੇ ਭੀ ਕੰਮ ਦਾ ਨਹੀਂ, ਜਿਸ ਵਿਚ ਤ੍ਰਿਪਤੀ ਨਹੀਂ ਹੈ॥ ੨ ॥

ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥

ਚਾਹੇ ਇਕ ਪ੍ਰਭੂ ਦੇ ਪ੍ਰੇਮ ਵਿਚ ਨੰਗਾ ਭੀ ਫਿਰਦਾ ਹੈ, ਪਰ ਉਹ ਸ਼ੋਭਾ ਪਾਉਂਦਾ ਹੈ।

ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥ ੩ ॥

ਉਹ ਸੂਤੀ ਕਪੜੇ ਤੇ ਪਟ ਦੇ ਬਸਤਰ ਵਿਅਰਥ ਹਨ, ਜਿਨ੍ਹਾਂ ਵਿਚ ਰਚਿ=ਮਿਲ ਕੇ ਇਸ ਦੇ ਅੰਦਰ ਲੋਭ ਆਦਿਕ ਵਿਕਾਰ ਆ ਜਾਂਦੇ ਹਨ।

ਸਭੁ ਕਿਛੁ ਤੁਮ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥

ਹੇ ਪ੍ਰਭੂ ! ਸੱਭ ਕੁਝ ਤੇਰੇ ਹੱਥ ਵਿਚ ਹੈ, ਤੂੰ ਆਪ ਹੀ ਕਰਦਾ ਤੇ ਕਰਾਉਂਦਾ ਹੈਂ।

ਸਾਂਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥ ੪ ॥ ੧ ॥ ੪੧ ॥

ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਇਹ ਦਾਨ ਪਾਓ, ਕਿ ਅੰਦਰ ਸ੍ਵਾਸ ਜਾਂਦਿਆਂ ਬਾਹਰ ਸਵਾਸ ਆਉਂਦਿਆ ਆਪ ਜੀ ਨੂੰ ਹੀ ਸਿਮਰਦਾ ਰਹਾਂ॥ ੪॥ ੧॥ ੪੧॥

ਸੂਹੀ ਮਹਲਾ ੫ ॥ ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ ॥

(੧) ਹਰੀ ਦਾ ਜੋ ਸੰਤ ਹੈ ਏਹੀ ਮੇਰੇ ਪ੍ਰਾਣਾਂ ਦਾ ਧਨ ਰੂਪ ਭਾਵ ਆਸਰਾ ਹੈ।

(੨) ਹਰੀ ਦਾ ਨਾਮ ਜਿਸ ਸੰਤ ਦਾ ਪ੍ਰਾਣ ਤੇ ਧਨ ਹੈ, ਮੈਂ ਉਸ ਦਾ ਪਨਿਹਾਰਾ=ਪਾਣੀ ਭਰਨ ਵਾਲਾ (ਸੇਵਕ) ਹਾਂ।

ਭਾਈ ਮੀਤ ਸੁਤ ਸਗਲ ਤੇ ਜੀਅ ਹੂੰ ਤੇ ਪਿਆਰਾ ॥ ੧ ॥ ਰਹਾਉ ॥

ਭਾਈ=ਭਰਾ, ਮੀਤ=ਮਿੱਤਰ, ਸੁਤ=ਪੁੱਤਰ, ਸਗਲ=ਸਾਰਿਆਂ ਸਬੰਧੀਆਂ ਨਾਲੋਂ ਭੀ ਉਹ ਮੈਨੂੰ ਪਿਆਰਾ ਹੈ। ਬਲਕਿ ਆਪਣੇ ਜੀਵਣ ਨਾਲੋਂ ਭੀ ਪਿਆਰਾ ਹੈ॥ ੧ ॥ ਰਹਾਉ ॥

ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥

(੧) ਕੇਸਾਂ ਦਾ ਬੀਜਨਾ=ਪੱਖਾ ਬਣਾ ਕਰ ਕੇ ਸੰਤਾਂ ਦੇ ਚਉਰੁ=ਚੌਤਰਫ (ਚੌਹੀਂ ਪਾਸੀਂ) ਢੁਲਾਉਂਦਾ ਹਾਂ।

(੨) ਕੇਸਾਂ ਦਾ ਪੱਖਾ ਕਰਦਾ ਹਾਂ, ਤੇ ਸੰਤਾਂ ਨੂੰ ਪ੍ਰਤੱਖ ਚੌਰ ਢੁਲਾਉਂਦਾ ਹਾਂ।

(੩) ਕੇਸਾ=ਧਰਮ ਦਾ ਉਪਦੇਸ਼ ਕਰਨ ਵਾਲੇ ਜੋ ਸੰਤ ਹਨ, ਉਹਨਾਂ ਨੂੰ ਪ੍ਰਤੱਖ ਬੀਜਨਾ=ਪੱਖਾ ਤੇ ਚੌਰ ਢੁਲਾਉਂਦਾ ਹਾਂ।

ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥ ੧ ॥

ਆਪਣੇ ਸਿਰ ਨੂੰ ਸੰਤਾਂ ਦੇ ਚਰਨਾਂ ਹੇਠ ਨਿਹਾਰਉ=ਨਿਵਾਉਂਦਾ ਹਾਂ।

ਅਥਵਾ:-ਸਿਰ ਨੂੰ ਚਰਨਾਂ ਹੇਠ ਦੇਂਦਾ ਹਾਂ ਤੇ ਅੱਖਾਂ ਨਾਲ ਸੰਤਾਂ ਦੇ ਦਰਸ਼ਨ ਨੂੰ ਨਿਹਾਰਉ=ਵੇਖਦਾ ਹਾਂ ਅਤੇ ਮੂੰਹ ਉੱਤੇ ਸੰਤਾਂ ਦੀ ਚਰਨ-ਧੂੜੀ ਲਾਉਂਦਾ ਹਾਂ॥ ੧॥

ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ॥

ਦੀਨ=ਗਰੀਬ ਦੀ ਨਿਆਈਂ ਬਣਕੇ ਬਹੁਤ ਹੀ ਮਿਸਟ=ਮਿੱਠਿਆਂ ਬਚਨਾਂ ਨਾਲ ਬੇਨਤੀ ਕਰਦਾ ਹਾਂ।

ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ॥ ੨ ॥

ਜ਼ਾਤੀ, ਵਿਦਿਆ, ਧਨ ਆਦਿਕਾ ਦਾ ਅਭਿਮਾਨੁ=ਹੰਕਾਰ ਤਿਆਗ ਕੇ ਉਹਨਾਂ ਦੀ ਚਰਨ ਸ਼ਰਨ ਵਿਚ ਪੈਂਦਾ ਹਾਂ, ਜਿਨ੍ਹਾਂ ਨੇ ਸ਼ੁਭ-ਗੁਣਾਂ ਦੀ ਨਿਧੀ ਹਰੀ ਦੀ ਪ੍ਰਾਪਤੀ ਪਾਈ ਹੈ॥ ੨॥

ਅਵਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ॥

ਸੰਤ ਜਨਾਂ ਦਾ ਦਰਸਾਰੁ=ਦਰਸ਼ਨ ਪੁਨਹ ਪੁਨਹ=ਮੁੜ-ਮੁੜ ਕੇ ਅਵਲੋਕਨ=ਵੇਖਣਾ ਕਰਦਾ ਹਾਂ।

ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ॥ ੩ ॥

ਸੰਤਾਂ ਦੇ ਅੰਮ੍ਰਿਤ ਰੂਪ ਮਿੱਠੇ ਬਚਨਾਂ ਨੂੰ ਮਨ ਵਿਚ ਸਿੰਚਉ=ਧਾਰਨ ਕਰਦਾ ਹਾਂ। ਅਤੇ ਵਾਰੰ-ਵਾਰ ਸੰਤਾਂ ਨੂੰ ਬੰਦਉ=ਬੰਦਨਾ ਕਰਦਾ ਹਾਂ॥ ੩॥

ਚਿਤਵਉ ਮਨਿ ਆਸਾ ਕਰਉ ਜਨ ਕਾ ਸੰਗੁ ਮਾਗਉ॥

ਚਿਤਵਨੇ ਵਾਲਾ ਹੋ ਕੇ ਮਨ ਵਿਚ ਆਸ ਕਰਦਾ ਹਾਂ, ਅਤੇ ਸੰਤ ਜਨਾਂ ਦਾ ਸੰਗ ਕਰਨਾ ਮੰਗਦਾ ਹਾਂ।

ਨਾਨਕ ਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ॥ ੪ ॥ ੨ ॥ ੪੨ ॥

ਹੇ ਪ੍ਰਭੂ ! ਦਇਆ ਦ੍ਰਿਸ਼ਟੀ ਕਰ ਕੇ ਮੈਂ ਨਾਨਕ ਨੂੰ ਆਪਣਾ ਦਾਸ ਜਾਣ ਕੇ ਆਪਣੀ ਚਰਨੀਂ ਲਗਾ ਲਓ॥ ੪॥ ੨॥ ੪੨॥

ਸੂਹੀ ਮਹਲਾ ੫ ॥ ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ॥

ਪ੍ਰਭੂ ਦੇ ਸਨਮੁਖ ਬੇਨਤੀ ਕਰੋ:-ਹੇ ਪ੍ਰਭੂ ! ਜਿਸ ਮਾਇਆ ਨੇ ਖੰਡਾਂ ਬ੍ਰਹਿਮੰਡਾਂ ਦੇ ਜੀਵਾਂ ਨੂੰ ਮੋਹਤ ਕੀਤਾ ਹੈ, ਉਸੀ ਮਾਇਆ ਵਿਚ ਮੈਂ ਪਾਉ=ਪੈ ਰਿਹਾ ਹਾਂ।

ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ॥ ੧ ॥ ਰਹਾਉ ॥

(੧) ਮੈਂ ਵਿਸ਼ਈ ਜੀਵ ਨੂੰ ਇਸ ਮਾਇਆ ਤੋਂ ਰੱਖ ਲੈਣਾ ਕਰੋ ਅਤੇ ਆਪਣਾ ਨਾਮ ਦਾਨ ਦੇਣਾ ਕਰੋ।

(੨) ਆਪਣਾ ਨਾਮ ਦਾਨ ਦੇ ਕੇ, ਮੈਂ ਵਿਸ਼ਈ ਜੀਵ ਨੂੰ ਇਸ ਮਾਇਆ ਤੋਂ ਰੱਖ ਲੈਣਾ ਕਰੋ॥ ੧॥ ਰਹਾਉ॥

ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥

ਜਿਸ ਤੇਰੀ ਮਾਇਆ ਤੋਂ ਕੋਈ ਭੀ ਸੁਖੀ ਨਹੀਂ ਹੈ, ਤਿਸ ਮਾਇਆ ਦੇ ਪਿੱਛੇ ਮੈਂ ਜਾਂਦਾ ਹਾਂ।

ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥

ਜੋ (ਮਾਇਆ) ਸਾਰਿਆਂ ਨੂੰ ਛੱਡੀ ਜਾਂਦੀ ਹੈ, ਮੈਂ ਫਿਰਿ ਫਿਰਿ=ਵਾਰੰ-ਵਾਰ (ਮੁੜ-ਮੁੜ ਕੇ) ਉਸ ਵਿਚ ਲਪਟਾਉ=ਫਸ ਰਿਹਾ ਹਾਂ॥ ੧ ॥

ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥

ਹੇ ਕਰੁਣਾ ਪਤੇ ! ਕਿਰਪਾ ਦ੍ਰਿਸ਼ਟੀ ਕਰ, ਜੋ ਹਰ ਵੇਲੇ ਹੇ ਹਰੀ ! ਤੇਰੇ ਹੀ ਗੁਣ ਗਾਉਣਾ ਕਰਾਂ।

ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥ ੨ ॥ ੩ ॥ ੪੩ ॥

ਹੇ ਪ੍ਰਭੂ ! ਮੈਂ ਨਾਨਕ ਦੀ ਏਹੋ ਬੇਨਤੀ ਹੈ ਕਿ ਅੱਠੇ ਪਹਿਰ ਸਤਸੰਗਤ ਵਿਚ ਹੀ ਸਮਾਉ ਮਿਲਿਆ ਰਹਾਂ॥ ੨ ॥ ੩ ॥ ੪੩ ॥

[ਪੰਨਾ ੭੪੬]

ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ

ਜਗਿਆਸੂ ਨੇ ਪ੍ਰਸ਼ਨ ਕੀਤਾ-ਪ੍ਰੀਤੀਆਂ ਵਿਚੋਂ ਵੱਡੀ ਪ੍ਰੀਤੀ ਕਿਹੜੀ ਹੈ? ਉਤਰ :-

ੴ ਸਤਿਗੁਰ ਪ੍ਰਸਾਦਿ ॥ ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥

(੧) ਲਾਲਨਾ=ਪਿਆਰੇ ਮੋਹਨ ਪਰਮਾਤਮਾ ਵਿਚ ਜੋ ਪ੍ਰੀਤੀ ਕਰਨੀ ਹੈ ਏਹੋ ਸਭ ਤੋਂ ਗੁਰੀਆ=ਵੱਡੀ ਪ੍ਰੀਤੀ ਹੈ।

(੨) ਪ੍ਰੀਤੀਆਂ ਵਿੱਚੋਂ ਮੇਰੇ ਅੰਦਰ ਲਾਲਨਾ=ਪਿਆਰੇ ਮੋਹਨ ਪਰਮਾਤਮਾ ਦੀ ਗੁਰੀਆ=ਭਾਰੀ ਪ੍ਰੀਤੀ ਲੱਗ ਰਹੀ ਹੈ। ਇਸ ਕਰਕੇ-

ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ
ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥ ੧ ॥ ਰਹਾਉ ॥

ਹੇ ਮਨ ! ਤੂੰ ਇਕ ਗੋਬਿੰਦ ਨੂੰ ਜਪਣਾ ਕਰ, ਕਿਉਂਕਿ ਹੋਰ ਕੋਈ ਕਰਮ ਲੇਖੇ ਵਿਚ ਨਹੀਂ ਪੈਂਦਾ, ਸੰਤਾਂ ਦੀ ਚਰਨੀਂ ਲੱਗ ਕੇ, ਮਨ ਵਿੱਚੋਂ ਦੁਬਿਧਾ ਦੀ ਕੁਰੀਆ=ਡੰਡੀ ਛੱਡ ਦੇ॥ ੧ ॥ ਰਹਾਉ ॥

ਨਿਰਗੁਨ ਹਰੀਆ ॥ ਸਰਗੁਨ ਧਰੀਆ ॥ ਅਨਿਕ ਕੋਠਰੀਆ ॥

ਨਿਰਗੁਨ ਹਰੀ ਨੇ ਹੀ ਸਰਗੁਨ ਸਰੂਪ ਧਾਰਨਾ ਕੀਤਾ ਹੈ।

ਉਸ ਨੇ ਆਪ ਹੀ ਅਨੇਕਾਂ ਕੋਠਰੀਆਂ=ਦੇਹਾਂ।

ਭਿੰਨ ਭਿੰਨ ਭਿੰਨ ਭਿਨ ਕਰੀਆ ॥ ਵਿਚਿ ਮਨ ਕੋਟਵਰੀਆ ॥

ਚੌਹਾਂ ਖਾਣੀਆਂ ਦੀਆਂ ਵੱਖੋ ਵੱਖ ਕਿਸਮ ਦੀਆਂ ਕਰੀਆ=ਕੀਤੀਆਂ ਹਨ।

ਦੇਹ ਦੇ ਵਿਚ ਹੀ ਮਨ ਨੂੰ ਕੋਟਵਰੀਆ=ਕੋਟਵਾਲ ਕੀਤਾ ਹੈ ਭਾਵ ਮੁਖੀ ਬਣਾਇਆ ਹੈ।

ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥
ਨਹ ਮਰੀਆ ਨਹ ਜਰੀਆ ॥ ੧ ॥

ਪਿਰੀਆ=ਪਿਆਰੇ ਪ੍ਰਭੂ ਦਾ ਇਹ ਮਨੁੱਖਾ ਦੇਹ ਆਪਣਾ ਮੰਦਰ ਹੈ।

ਓਸੇ ਮਨੁੱਖਾ ਦੇਹ ਰੂਪ ਮੰਦਰ ਵਿਚ ਹੀ ਅਨੰਦ ਲੈਣਾ ਕਰਦਾ ਹੈ।

ਨਾ ਉਹ ਮਰਦਾ ਹੈ, ਨਾ ਅੱਗ ਵਿਚ ਜਰੀਆ=ਸੜਦਾ ਹੈ। *ਅਥਵਾ:-*ਨਾ ਜਰੀਆ=ਬੁੱਢਾ ਹੁੰਦਾ ਹੈ।

ਕਿਰਤਨਿ ਜੁਰੀਆ ॥ ਬਹੁ ਬਿਧਿ ਫਿਰੀਆ ॥
ਪਰ ਕਉ ਹਿਰੀਆ ॥ ਬਿਖਨਾ ਘਿਰੀਆ ॥

ਕਿਰਤਨਿ=ਕੀਤੇ ਹੋਏ ਕਰਮਾਂ ਵਿਚ ਜੁਰੀਆ=ਜੁੜਕੇ ਜੀਵ ਰੂਪ ਹੋ ਕੇ।

ਬਹੁਤ ਤਰ੍ਹਾਂ ਦੀਆਂ ਜੂਨੀਆਂ ਵਿਚ ਫਿਰੀਆ=ਫਿਰਦਾ ਹੈ।

ਬਿਖਨਾ=ਵਿਸ਼ਿਆਂ ਦਾ, ਵਾ:-ਮਾਇਆ ਦਾ ਘਿਰਿਆ ਹੋਇਆ ਪਰਾਏ ਧਨ ਨੂੰ ਹਿਰੀਆ=ਚੁਰਾਉਂਦਾ ਹੈ।

*ਅਥਵਾ:-*ਪਰਮੇਸ਼ਰ ਨੂੰ ਛੱਡ ਕੇ ਪਰਾਏ ਦੇਵੀ ਦੇਵਤਿਆਂ ਵਲ ਹਿਰੀਆ=ਵੇਖਦਾ ਹੈ।

ਅਬ ਸਾਧੂ ਸੰਗਿ ਪਰੀਆ ॥ ਹਰਿ ਦੁਆਰੈ ਖਰੀਆ ॥

ਜੋ ਹੁਣ ਸੰਤਾਂ ਦੇ ਸੰਗ ਵਿਚ ਪਿਆ ਹੈ। ਉਹ ਹਰੀ ਦੇ ਦਰਬਾਰ ਵਿਚ ਖਰੀਆ=ਖਰਾ ਭਾਵੇਂ ਸਚਿਆਰ ਹੁੰਦਾ ਹੈ। ਤੇ-

ਦਰਸਨੁ ਕਰੀਆ ॥ ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥ ੨ ॥ ੧ ॥ ੪੪ ॥

ਪ੍ਰਭੂ ਦੇ ਦਰਸ਼ਨ ਨੂੰ ਕਰਦਾ ਹੈ। ਗੁਰ=ਪੂਜਨੀਕ ਨਾਨਕ=ਪਰਮਾਤਮਾ ਨਾਲ ਮਿਲ ਜਾਂਦਾ ਹੈ। ਮੁੜ ਕੇ ਉਹ ਚੁਰਾਸੀ ਦੇ ਚੱਕਰ ਵਿਚ ਨਹੀਂ ਫਿਰਦਾ। *ਅਥਵਾ:-*ਗੁਰੂ ਜੀ ਕਥਨ ਕਰਦੇ ਹਨ-ਜੋ ਸਾਧੂ ਹਰੀ ਦੇ ਦੁਆਰੇ ਪਰ ਖੜੇ ਹਨ, ਅਬ=ਹੁਣ ਵਿਚਾਰ ਦੁਆਰਾ ਉਨ੍ਹਾਂ ਸੰਤਾਂ ਦੇ ਸਤਸੰਗ ਵਿਚ ਪਰੀਆ=ਪੈ ਕੇ ਜੋ ਗੁਰਾਂ ਨਾਲ ਮਿਰੀਆ=ਮਿਲਿਆ ਹੈ, ਉਸ ਨੇ ਹਰੀ ਦਾ ਦਰਸ਼ਨ ਕੀਤਾ ਹੈ ਜਿਸ ਨੇ ਦਰਸ਼ਨ ਕੀਤਾ ਹੈ ਉਹ ਮੁੜ ਕੇ ਜੂਨੀਆਂ ਵਿਚ ਨਹੀਂ ਭੌਂਦਾ॥ ੨ ॥ ੧ ॥ ੪੪ ॥

ਸੂਹੀ ਮਹਲਾ ੫ ॥

ਰਾਸਿ ਮੰਡਲੁ ਕੀਨੋ ਆਖਾਰਾ ॥ ਸਗਲੋ ਸਾਜਿ ਰਖਿਓ ਪਾਸਾਰਾ ॥ ੧ ॥ ਰਹਾਉ ॥

ਹੇ ਪ੍ਰਭੂ ! ਆਪ ਨੇ ਹੀ ਰਾਸ ਮੰਡਲ ਵਾਂਗ ਇਹ (ਸੰਸਾਰ) ਅਖਾੜਾ ਰਚਨਾ ਕੀਤਾ ਹੈ।

ਸਾਰਾ ਪਸਾਰਾ ਸਾਜਕੇ ਫਿਰ ਆਪ ਨੇ ਹੀ ਇਸ ਦੀ ਰੱਖਿਆ ਕੀਤੀ ਹੈ॥ ੧ ॥ ਰਹਾਉ॥

ਬਹੁ ਬਿਧਿ ਰੂਪ ਰੰਗ ਆਪਾਰਾ ॥ ਪੇਖੈ ਖੁਸੀ ਭੋਗਨ ਹੀ ਹਾਰਾ ॥

ਬਹੁਤ ਤਰ੍ਹਾਂ ਦੇ ਰੂਪ ਤੇ ਆਪਾਰਾ=ਬਿਅੰਤ ਹੀ ਪ੍ਰਕਾਰ ਦੇ ਰੰਗਾਂ ਨੂੰ ਪੇਖੈ=ਵੇਖਕੇ ਹੇ ਭੋਗਨਹਾਰ ਪ੍ਰਭੂ ! ਤੂੰ ਆਪ ਹੀ ਖ਼ੁਸ਼ੀ ਦੇ ਸਹਿਤ ਹੋ ਰਿਹਾ ਹੈਂ।

ਸਭਿ ਰਸ ਲੈਤ ਬਸਤ ਨਿਰਾਰਾ ॥ ੧ ॥

ਸਾਰਿਆਂ ਰਸਾਂ ਨੂੰ ਲੈਂਦਾ ਹੋਇਆ ਫਿਰ ਤੂੰ ਸਭ ਤੋਂ ਅਲੱਗ ਵਸ ਰਿਹਾ ਹੈਂ॥ ੧ ॥

ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥

ਨਾ ਆਪ ਜੀ ਦਾ ਕੋਈ ਬਰਨ ਹੈ, ਨਾ ਚਿਹਨ ਹੈ, ਨਾ ਹੀ ਮੂੰਹ ਪਰ ਮਾਸਾਰਾ=ਦਾੜ੍ਹਾ ਹੈ।

*ਅਥਵਾ:-*ਨਾਂ ਮੂੰਹ ਹੈ, ਨਾ ਹੀ ਮਾਸਾਰਾ=ਮਾਸ ਭਾਵ ਸਰੀਰ ਹੈ।

ਕਹਨੁ ਨ ਜਾਈ ਖੇਲੁ ਤੁਹਾਰਾ ॥ਨਾਨਕ ਰੇਣ ਸੰਤ ਚਰਨਾਰਾ ॥੨ ॥੨ ॥੪੫ ॥

ਆਪ ਜੀ ਦਾ ਖੇਲੁ=ਕੌਤਕ ਕੁਝ ਕਿਹਾ ਨਹੀਂ ਜਾਂਦਾ।

ਗੁਰੂ ਜੀ ਕਥਨ ਕਰਦੇ ਹਨ-ਮੈਂ ਤੇਰੇ ਸੰਤਾਂ ਦੀ ਚਰਨ-ਧੂੜੀ ਹਾਂ॥ ੨ ॥ ੨ ॥ ੪੫ ॥

ਸੂਹੀ ਮਹਲਾ ੫ ॥

ਤਉ ਮੈ ਆਇਆ ਸਰਨੀ ਆਇਆ ॥ਭਰੋਸੈ ਆਇਆ ॥ਕਿਰਪਾ ਆਇਆ ॥

ਅੰਨਵੇਂ ਅਰਥ:-ਹੇ ਪਰਮੇਸ਼ਰ ਜਾਂ ਤੂੰ ਕਿਰਪਾ ਕਰਨ ਵਿਚ ਆਇਆ ਤਾਂ ਮੈਂ ਗੁਰਾਂ ਦੀ ਸ਼ਰਨ ਵਿਚ ਆਇਆ, ਜਾਂ ਸ਼ਰਨ ਵਿਚ ਆਇਆ ਤਾਂ ਹੀ ਭਰੋਸੇ ਵਿਚ ਆਇਆ ਹਾਂ।

ਜਿਉ ਭਾਵੈ ਤਿਉ ਰਾਖਹੁ ਸੁਆਮੀ ਮਾਰਗੁ ਗੁਰਹਿ ਪਠਾਇਆ ॥੧ ॥ਰਹਾਉ ॥

ਹੇ ਸੁਆਮੀ ! ਜਿਵੇਂ ਭਾਉਂਦਾ ਹੈ ਤਿਵੇਂ ਆਪ ਮੈਨੂੰ ਰੱਖ ਲਓ,

ਮੈਨੂੰ ਆਪ ਜੀ ਦੇ ਰਾਹ ਉੱਤੇ ਗੁਰਾਂ ਨੇ ਪਠਾਇਆ=ਭੇਜਿਆ ਹੈ॥ ੧ ॥ ਰਹਾਉ ॥

ਮਹਾ ਦੁਤਰੁ ਮਾਇਆ ॥ ਜੈਸੇ ਪਵਨੁ ਝੁਲਾਇਆ ॥ ੧ ॥

ਜੋ ਮਾਇਆ ਤਰਨੀ ਮਹਾ ਦੁਤਰੁ=ਬੜੀ ਦੁਸ਼ਤਰ ਭਾਵ ਔਖੀ ਹੈ। ਇਹ ਇਸ ਤਰ੍ਹਾਂ ਆਉਣ ਜਾਣ ਵਾਲੀ ਹੈ। ਜਿਵੇਂ ਪਵਨੁ=ਹਵਾ ਦਾ ਝੁਲਾਇਆ=ਬੁੱਲਾ ਆਉਂਦਾ ਤੇ ਚਲਾ ਜਾਂਦਾ ਹੈ। *ਅਥਵਾ:-*ਵੱਡੀ ਕਠਨ ਮਾਇਆ ਇਸ ਤਰ੍ਹਾਂ ਭੁਲਾਉਂਦੀ ਹੈ। ਜਿਵੇਂ ਹਵਾ ਦਾ ਬੁੱਲਾ ਦੀਵੇ ਨੂੰ ਭੁਲਾ ਦੇਂਦਾ ਹੈ॥ ੧ ॥

ਸੁਨਿ ਸੁਨਿ ਹੀ ਡਰਾਇਆ ॥ ਕਰਰੋ ਧ੍ਰਮਰਾਇਆ ॥ ੨ ॥

ਇਹ ਗੱਲ ਸੁਣ ਸੁਣ ਕੇ ਹੀ ਡਰ ਲੱਗਦਾ ਹੈ ਕਿ ਧਰਮਰਾਜ ਬੜਾ ਕਰੜਾ (ਕਠੋਰ, ਸਖਤ) ਹੈ।

*ਅਥਵਾ:-*ਕਰੜੇ ਸੁਭਾਵ ਵਾਲਾ ਜੋ ਧਰਮਰਾਜਾ ਹੈ, ਉਸ ਨੂੰ ਸੁਣ ਸੁਣ ਕੇ ਹੀ=ਹਿਰਦਾ ਡਰਦਾ ਹੈ॥ ੨ ॥

ਗ੍ਰਿਹ ਅੰਧ ਕੂਪਾਇਆ ॥ ਪਾਵਕੁ ਸਗਰਾਇਆ ॥ ੩ ॥

ਗ੍ਰਹਿਸਤ ਅੰਨ੍ਹਾਂ ਕੂਪਾਇਆ=ਖੂਹ ਹੈ। ਸੰਸਾਰ ਪਾਵਕੁ=ਅੱਗ ਦਾ ਸਗਰਾਇਆ=ਸਾਗਰ (ਸਮੁੰਦਰ) ਹੈ॥ ੩ ॥

ਗਹੀ ਓਟ ਸਾਧਾਇਆ ॥ ਨਾਨਕ ਹਰਿ ਧਿਆਇਆ ॥
ਅਬ ਮੈ ਪੂਰਾ ਪਾਇਆ ॥ ੪ ॥ ੩ ॥ ੪੬ ॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੀ ਓਟ ਫੜ ਕੇ ਹਰੀ ਨਾਮ ਨੂੰ ਸਿਮਰਿਆ ਹੈ।

ਇਸ ਕਰਕੇ ਹੁਣ ਮੈਂ ਪੂਰਾ ਗਿਆਨ, ਵਾ:-ਪੂਰਾ ਪ੍ਰਭੂ ਪਾ ਲਿਆ ਹੈ॥ ੪॥ ੩॥ ੪੬॥

ਰਾਗੁ ਸੂਹੀ ਮਹਲਾ ੫ ਘਰੁ ੬

੧ਓ ਸਤਿਗੁਰ ਪ੍ਰਸਾਦਿ॥

ਇਸ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ:-

ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥

ਹੇ ਪ੍ਰਭੂ ! ਸਤਿਗੁਰਾਂ ਪਾਸ ਮੇਰੀ ਏਹੋ ਬੇਨਤੀ ਹੈ ਕਿ ਮੈਨੂੰ ਨਾਮ ਦਾ ਹੀ ਆਧਾਰਾ=ਆਸਾਰਾ ਮਿਲੇ।

ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥ ੧॥

ਹੇ ਪ੍ਰਭੂ ! ਤੂੰ ਸੱਚਾ ਪਾਤਸ਼ਾਹ ਹੈਂ, ਜਿਸ ਉੱਤੇ ਤੂੰ ਪ੍ਰਸੰਨ ਹੋਇਆ ਹੈਂ, ਉਸ ਦਾ ਸੰਸਾਰਕ ਤਾਪ ਨਵਿਰਤ ਹੋ ਗਿਆ ਹੈ॥ ੧॥

ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ॥ ੧॥ ਰਹਾਉ॥

ਹੇ ਸੱਚੇ ਸਿਰਜਨਹਾਰ ਪ੍ਰਭੂ! ਭਗਤਾਂ ਦੀ ਟੇਕ ਤੂੰਹੀਂ ਹੈਂ ਅਤੇ ਸੰਤਾਂ ਦੀ ਓਟ ਭੀ ਤੂੰਹੀਂ ਹੈਂ॥ ੧॥ ਰਹਾਉ॥

ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ॥

ਆਪ ਜੀ ਦੀ ਸ਼ੁਭ-ਗੁਣਾਂ ਰੂਪ ਸਮੱਗ੍ਰੀ ਸੱਚੀ ਹੈ। ਆਪ ਜੀ ਦਾ ਸਤਸੰਗ ਦਰਬਾਰ ਭੀ ਸੱਚਾ ਹੈ।

ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥ ੨॥

ਮਹਾਤਮਾਂ ਦੇ ਅੰਤਹਕਰਨ, ਵਾ:-ਵੇਦਾਂ, ਸ਼ਾਸਤ੍ਰਾਂ ਰੂਪ ਆਪ ਦੇ ਖਜ਼ਾਨੇ ਸੱਚੇ ਹਨ, ਆਪ ਜੀ ਦਾ ਸੰਸਾਰ ਪਸਾਰਾ ਭੀ ਸੱਚਾ ਹੈ ॥ ੨॥

ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ॥

ਸੱਤ ਚਿੱਤ ਅਨੰਦ ਇਹ ਆਪ ਜੀ ਦਾ ਸੁੰਦਰ ਸਰੂਪ ਅਗੰਮ ਹੈ,
ਅਤੇ ਆਪ ਜੀ ਦਾ ਦਰਸ਼ਨ ਭੀ ਅਨੂਪ=ਉਪਮਾ ਤੋਂ ਰਹਿਤ ਹੈ।

[ਪੰਨਾ ੭੪੭]

ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ॥ ੩॥

ਮੈਂ ਤੇਰਿਆਂ ਉਨ੍ਹਾਂ ਸੇਵਕਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੂੰ ਹਰੀ ਨਾਮ ਪਿਆਰਾ ਲੱਗਾ ਹੈ॥ ੩॥

ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥

ਹੇ ਅਗਮ੍ ਅਪਾਰ ਪ੍ਰਭੂ ! ਜਾਂ ਆਪ ਜੀ ਨੂੰ ਪਾਇਆ ਤਾਂ ਮੇਰੀਆਂ ਸਭੇ=ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆ ਹਨ।

ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰ॥੪॥੧॥੪੭॥

ਹੇ ਪਾਰਬ੍ਰਹਮ ! ਤੂੰ ਆਪ ਹੀ ਗੁਰੂ ਨਾਨਕ ਰੂਪ ਹੋ ਕੇ ਮੈਨੂੰ ਮਿਲਿਆ ਹੈਂ

ਮੈਂ ਆਪ ਜੀ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ॥ ੪॥ ੧॥ ੪੭॥

ਰਾਗੁ ਸੂਹੀ ਮਹਲਾ ੫ ਘਰੁ ੭

੧ਓ ਸਤਿਗੁਰ ਪ੍ਰਸਾਦਿ॥

ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ॥

ਜਿਸ ਉੱਤੇ ਤੂੰ ਦਿਆਲੂ ਹੁੰਦਾ ਹੈਂ, ਤੇਰਾ ਜੋ ਭਾਣਾ=ਹੁਕਮ ਹੈ, ਉਸ ਨੂੰ ਆਪ ਹੀ ਮਨਵਾਉਂਦਾ ਹੈਂ।

ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ॥ ੧॥

ਭਗਤੀ ਕੀਤੀ ਹੋਈ ਸਾਈ=ਓਹੀ ਸਫਲ ਹੈ ਜੋ ਆਪ ਜੀ ਨੂੰ ਭਾਉਂਦੀ ਹੈ, ਸਾਰਿਆਂ ਜੀਵਾਂ ਦੀ ਤੂੰ ਹੀ ਪ੍ਰਤਿਪਾਲਾ ਕਰਨ ਵਾਲਾ ਹੈਂ॥ ੧॥

ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਹਾਰੀ॥

ਹੇ ਮੇਰੇ ਰਾਮਰਾਇ ! ਸੰਤਾਂ ਨੂੰ ਆਪ ਜੀ ਦੀ ਟੇਕ=ਓਟ ਹੈ।

ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ॥ ੧॥ ਰਹਾਉ॥

ਜੋ ਆਪ ਜੀ ਨੂੰ ਭਾਉਂਦਾ ਹੈ ਸੰਤਾਂ ਨੂੰ ਓਹੀ ਪ੍ਰਵਾਨ ਹੈ, ਸੰਤਾਂ ਦੇ ਮਨ ਤਨ ਵਿਚ ਤੂੰ ਹੀ ਅਧਾਰੀ=ਆਸਰਾ ਰੂਪ ਹੈਂ॥ ੧॥ ਰਹਾਉ॥

ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾਨਿਧਿ ਮਨਸਾ ਪੂਰਣਹਾਰਾ॥

ਹੇ ਕਿਰਪਾ ਨਿਧੀ ! ਤੂੰ ਦਿਆਲੂ ਤੇ ਕ੍ਰਿਪਾਲ ਹੈਂ।

ਅਥਵਾ:-ਤੂੰ ਪਿੱਛੇ ਵੀ ਦਿਆਲੂ ਸੀ, ਹੁਣ ਭੀ ਕ੍ਰਿਪਾਲੂ ਹੈਂ, ਅੱਗੇ ਵੀ ਕਿਰਪਾ ਨਿਧੀ ਹੋਵੇਂਗਾ, ਤੂੰ ਸਾਰਿਆਂ ਦੀ ਮਨਸਾ=ਇੱਛਾ ਪੂਰੀ ਕਰਨ ਵਾਲਾ ਹੈਂ।

ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ॥ ੨॥

ਹੇ ਪ੍ਰਾਣ ਪਤੀ (ਪਰਮਾਤਮਾ)! ਭਗਤ ਤੈਨੂੰ ਪ੍ਰੀਤਮ=ਪਿਆਰੇ ਹਨ, ਅਤੇ ਤੂੰ ਸਾਰਿਆਂ ਭਗਤਾਂ ਦਾ ਪਿਆਰਾ ਹੈਂ॥ ੨॥

ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ॥

ਤੂੰ ਅਥਾਹ ਹੈਂ, ਅਪਾਰੁ=ਪਾਰਾਵਾਰ ਤੋਂ ਰਹਿਤ ਹੈਂ, ਫਿਰ ਤੂੰ ਵੱਡਾ ਉਚਾ ਹੈਂ, ਤੇਰੀ ਭਾਤੇ=ਤਰ੍ਹਾਂ ਦਾ ਅਵਰੁ=ਹੋਰ ਕੋਈ ਨਹੀਂ ਹੈ।

ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ॥ ੩॥

ਹੇ ਸੁਖਦਾਤੇ ਸੁਆਮੀ ! ਸਾਡੀ ਏਹੋ ਅਰਦਾਸਿ=ਬੇਨਤੀ ਹੈ, ਆਪ ਮੈਨੂੰ ਕਦੇ ਭੀ ਨਾ ਵਿਸਰੁ=ਭੁੱਲੋ॥ ੩॥

ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ॥

ਹੇ ਸੁਆਮੀ ! ਜੇਕਰ ਆਪ ਜੀ ਨੂੰ ਭਾ ਜਾਵਾਂ ਤਾਂ ਦਿਨ-ਰਾਤ ਅੰਦਰ ਸ੍ਵਾਸ ਜਾਂਦਿਆਂ ਬਾਹਰ ਸ੍ਵਾਸ

ਆਉਂਦਿਆਂ ਆਪ ਜੀ ਦੇ ਹੀ ਗੁਣ ਗਾਉਦਾ ਰਹਾਂ।

ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ.ਪਾਵਾ॥ ੪॥ ੧॥ ੪੮॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੁਖ ਰੂਪ ਤੇਰਾ ਨਾਮ ਮੰਗਦਾ ਹਾਂ, ਪਰ ਹੇ ਸਾਹਿਬ ! ਜਦ ਆਪ ਤੁਠੈ=ਪ੍ਰਸੰਨ ਹੋਵੋਗੇ ਤਾਂ ਹੀ ਇਹ ਨਾਮ-ਦਾਨ ਪਾਵਾਂਗਾ॥ ੪॥ ੧॥ ੪੮॥

ਸੂਹੀ ਮਹਲਾ ੫॥ ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ॥

ਜਗਿਆਸੂ ਬੇਨਤੀ ਕਰਦਾ ਹੈ-ਸੋ ਥਾਨੁ ਤੇਰਾ ਕੇਹਾ=ਉਹ ਆਪ ਜੀ ਦਾ ਕਿਹੜਾ ਅਸਥਾਨ ਹੈ ਜਿਥੇ ਬੈਠਣ ਕਰ ਕੇ ਤੂੰ ਕਦੇ ਭੀ ਭੁੱਲਦਾ ਨਹੀਂ ਹੈਂ ?

ਆਠ ਪਹਰ ਜਿਤੁ ਤੁਧੁ ਧਿਆਈ ਨਿਰਮਲ ਹੋਵੈ ਦੇਹਾ॥ ੧॥

ਜਿਥੇ ਪਹੁੰਚ ਕੇ ਅੱਠੇ ਪਹਿਰ ਤੈਨੂੰ ਧਿਆਉਣਾ ਕਰਾਂ, ਤਾਂ ਕਿ-

ਮੇਰਾ ਦੇਹਾ=ਸਰੀਰ ਨਿਰਮਲ ਹੋ ਜਾਵੇ॥ ੧॥

ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ॥

ਹੇ ਮੇਰੇ ਰਾਮ ! ਹਉ=ਮੈਂ ਉਹ ਅਸਥਾਨ ਢੂੰਢਣ ਆਇਆ ਹਾਂ।

ਖੋਜਤ ਖੋਜਤ ਭਇਆ ਸਾਧਸੰਗੁ ਤਿਨ੍ ਸਰਣਾਈ ਪਾਇਆ॥ ੧॥ ਰਹਾਉ॥

ਢੂੰਢਦਿਆਂ ਢੂੰਢਦਿਆਂ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ, ਉਹਨਾਂ ਦੀ ਸ਼ਰਨੀ ਆ ਕੇ ਇਹ ਗਿਆਨ ਪਾਇਆ ਹੈ॥ ੧॥ ਰਹਾਉ॥ ਕਿ-

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ॥

ਵੇਦਾਂ ਨੂੰ ਪੜ੍ਹਦੇ ਪੜ੍ਹਦੇ ਸਭ ਬ੍ਰਹਮੇ ਹਾਰ ਗਏ ਹਨ,

ਉਹਨਾਂ ਨੇ ਇਕ ਤਿਲ ਮਾਤਰ ਭੀ ਉਸ ਪ੍ਰਭੂ ਦੀ ਕੀਮਤ ਨਹੀਂ ਪਾਈ।

ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ॥ ੨॥

ਸਾਧਿਕ=ਸਾਧਨਾਂ ਦੇ ਕਰਨ ਵਾਲੇ, ਤੇ ਚੁਰਾਸੀ ਸਿੱਧ ਸਭ ਵਿਰਲਾਪ ਕਰਦੇ ਫਿਰਦੇ ਹਨ, ਕਿਉਂਕਿ ਉਹ ਭੀ ਮਾਇਆ ਦੇ ਮੋਹੇ ਹੋਏ ਹਨ॥ ੨॥

ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ॥

(ਚਵੀ ਅਵਤਾਰਾਂ ਵਿੱਚੋਂ) ਦਸ ਅਵਤਾਰ (ਸ੍ਰੀ ਰਾਮਚੰਦ੍ਰ, ਕ੍ਰਿਸ਼ਨ, ਨਰਸਿੰਘ) ਆਦਿਕ ਰਾਜਾ ਰੂਪ ਹੋ ਕੇ ਵਰਤ ਰਹੇ ਹਨ।

ਯਥਾ:- ''ਦੋ ਬਨ ਚਰ ਦੋ ਬਾਰ ਚਰ, ਚਾਰ ਬਿਪ੍ ਦੁਇ ਭੂਪ।
ਇਨ ਦਸਹਨ ਕੋ ਬੰਦ ਕੈ ਤੁਲਸੀ ਤਰ ਭਵ ਸਿੰਧ।''

ਦੋ ਬਨ=ਜੰਗਲ ਵਿਚ ਚਰ=ਫਿਰਨ ਵਾਲੇ ਵਰਾਹ=ਸੂਰ ਤੇ ਨਰਸਿੰਘ ਅਵਤਾਰ, ਦੋ ਬਾਰ ਚਰ=ਜਲ ਵਿਚ ਰਹਿਣ ਵਾਲੇ ਮੱਛ ਤੇ ਕੱਛ ਅਵਤਾਰ। ਚਾਰ ਬਿਪ੍=ਬ੍ਰਾਹਮਾਣ ਜ਼ਾਤੀ ਵਿੱਚੋਂ ਹੋਏ-

੧. ਬੋਧਾ ਅਵਤਾਰ, ੨. ਪਰਸਰਾਮ, ੩. ਨਿਹਕਲੰਕ, ੪. ਬਾਵਨ ਅਵਤਾਰ।

ਦੁਇ ਭੂਪ=ਦੋ ਰਾਜਾ ਰੂਪ ਹੋਏ-ਸ੍ਰੀ ਰਾਮਚੰਦ੍ਰ ਜੀ ਤੇ ਕ੍ਰਿਸ਼ਨ ਜੀ।

ਪਰ ਇਨ੍ਹਾਂ ਦਸਾਂ ਅਵਤਾਰਾਂ ਨੇ ਭੀ ਉਸ ਦਾ ਅੰਤ ਨਹੀਂ ਪਾਇਆ।

ਅਥਵਾ:-ਚਵੀ ਅਵਤਾਰਾਂ ਵਿੱਚੋਂ ਦਸ ਅਵਤਾਰ ਸ੍ਰੇਸ਼ਟ ਹੋਏ ਹਨ! ਅਤੇ ਪ੍ਰਿਥੂ ਆਦਿਕ, ਰਾਜੇ ਅੰਸ਼ਾ ਅਵਤਾਰ ਰੂਪ ਹੋ ਕੇ ਵਰਤ ਰਹੇ ਹਨ, ਅਵਧੂਤ ਜੋ ਸ਼ਿਵਜੀ ਹਨ।

ਅਥਵਾ:-ਸ਼ਿਵ ਜੀ ਤੇ ਅਉਧੂਤਾ=ਦੱਤਾਤ੍ਰੇ-

ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥ ੩ ॥

(੧) ਇਹ ਸਭ ਬਿਭੂਤੀਆਂ ਲਗਾ ਕੇ ਥੱਕ ਗਏ ਹਨ, ਪਰ ਤਿਨ੍ਹਾਂ ਵਿੱਚੋਂ ਕਿਸੀ ਨੇ ਭੀ ਤੇਰਾ=ਤਿਸ ਪਰਮਾਤਮਾ ਦਾ ਅੰਤ ਨਹੀਂ ਪਾਇਆ।

(੨) ਉਹਨਾਂ ਨੇ ਭੀ ਆਪ ਜੀ ਦਾ ਅੰਤ ਨਹੀਂ ਪਾਇਆ, ਸਭ ਬਿਭੂਤੀਆਂ ਨੂੰ ਲਗਾ ਕੇ ਥੱਕ ਗਏ ਹਨ॥ ੩ ॥

ਸਹਜ ਸੂਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ ॥

ਜਦ ਹਰੀ ਦੇ ਸੰਤਾਂ ਨੇ ਨਾਮ-ਸਿਮਰਨ ਵਿਚ ਰਸ=ਪ੍ਰੇਮ ਕਰਕੇ ਪ੍ਰਭੂ ਦੇ ਮੰਗਲ ਰੂਪ ਜਸ ਨੂੰ ਗਾਇਆ ਤਾਂ ਸਹਜ ਸੂਖ=ਅਚੁਤ ਸੁਖ ਦੇ ਅਨੰਦ ਨੂੰ ਮਾਣਿਆਂ।

ਸਫਲ ਦਰਸਨੁ ਭੇਟਿਓ ਗੁਰ ਨਾਨਕ
ਤਾ ਮਨਿ ਤਨਿ ਹਰਿ ਹਰਿ ਧਿਆਇਆ ॥ ੪ ॥ ੨ ॥ ੪੯ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪੂਰਿਆਂ ਗੁਰਾਂ ਦਾ ਸਫਲ ਦਰਸ਼ਨ ਮਿਲਿਆ ਤਾਂ ਹੀ ਮੈਂ ਮਨ ਤਨ ਵਿਚ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ॥ ੪ ॥ ੨ ॥ ੪੯ ॥

ਸੂਹੀ ਮਹਲਾ ੫ ॥ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥

ਜੋ ਪਖੰਡ ਵਾਲੇ ਭਾਵ ਦਿਖਾਵੇ ਰੂਪ ਕਰਮ ਧਰਮ ਦਿਸਦੇ ਹਨ, ਉਹਨਾਂ ਕਰਮਾਂ ਧਰਮਾਂ ਨੂੰ ਪ੍ਰਲੋਕ ਰਸਤੇ ਵਿਚ ਜਮ ਜਾਗਾਤੀ=ਮਸੂਲੀਆ ਹੀ ਲੁੱਟ ਲੈਂਦਾ ਹੈ।

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥ ੧ ॥

ਇਸ ਲਈ ਹੇ ਭਾਈ ! ਕਰਤੇ ਪੁਰਖ ਪਰਮਾਤਮਾ ਦਾ ਨਿਰਬਾਣ=ਇਕ ਰਸ ਕੀਰਤਨ ਗਾਉਣਾ ਕਰੋ, ਜਿਸ ਦੇ ਨਿਮਖ ਮਾਤ੍ਰ ਸਿਮਰਨ ਕਰਨ ਨਾਲ ਜਮ ਦੇ ਦੁੱਖਾਂ ਤੋਂ ਛੁੱਟ ਜਾਈਦਾ ਹੈ।

ਸੰਤਹੁ ਸਾਗਰੁ ਪਾਰਿ ਉਤਰੀਐ ॥

ਸੰਤਹੁ=ਸੰਤਾਂ ਦੁਆਰੇ ਸੰਸਾਰ-ਸਮੁੰਦਰ ਤੋਂ ਪਾਰ ਉਤਰਨਾ ਕਰੀਏ।

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ ੧ ॥ ਰਹਾਉ ॥

ਜਿਹੜਾ ਕੋਈ ਸੰਤਾਂ ਦਾ ਬਚਨ ਕਮਾਵੇਗਾ, ਉਹ ਗੁਰਾਂ ਦੀ ਕਿਰਪਾ ਨਾਲ ਤਰ ਜਾਏਗਾ ॥ ੧ ॥ ਰਹਾਉ ॥

ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥

ਭਾਵੇਂ ਕ੍ਰੋੜਾਂ ਤੀਰਥਾਂ ਪਰ ਜਾ ਕੇ ਮਜਨ=ਪਰਬਾਂ ਦੇ ਇਸ਼ਨਾਨ ਭੀ ਕਰ ਲਵੇ, ਤਾਂ ਭੀ ਇਸ ਕਲਜੁਗ ਵਿਚ ਇਹ ਜੀਵ ਪਾਪਾਂ ਰੂਪੀ, ਵਾ:-ਅਭਿਮਾਨਤਾ ਰੂਪੀ ਮੈਲ ਨਾਲ ਭਰਿਆ ਜਾਂਦਾ ਹੈ।

ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥ ੨॥

ਸਾਧ ਸੰਗਤ ਵਿਚ ਜਾ ਕੇ ਜੋ ਹਰੀ ਗੁਣਾਂ ਨੂੰ ਗਾਉਂਦਾ ਹੈ,
ਉਹ ਆਪਣੇ ਮਨ ਨੂੰ ਨਿਰਮਲ ਕਰ ਲੈਂਦਾ ਹੈ॥ ੨॥

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥

ਚਾਰ ਵੇਦ, ਕਤੇਬ, ਸਤਾਈ ਸਿੰਮ੍ਰਤੀਆਂ, ਛੇ ਸ਼ਾਸਤ੍ਰ ਆਦਿਕ ਜੋ ਸਾਰੇ ਗ੍ਰੰਥ ਹਨ,
ਇਨ੍ਹਾਂ ਦੇ ਪੜ੍ਹਿਆਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ ੩॥

ਜੋ ਗੁਰਮੁਖ ਗੁਰਾਂ ਦੁਆਰੇ ਇਕ ਅ-ਖਰੁ=ਨਾਸ ਤੋਂ ਰਹਿਤ ਪਰਮਾਤਮਾ ਨੂੰ ਜਾਪੈ=ਜਾਣਦਾ ਹੈ, ਉਸ ਦੀ ਪਵਿੱਤ੍ਰ ਸੋਈ=ਸ਼ੋਭਾ ਹੁੰਦੀ ਹੈ॥ ੩॥

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ, ਇਨ੍ਹਾਂ ਚੌਹਾਂ ਵਰਨਾਂ ਨੂੰ ਸਾਡਾ ਸਾਂਝਾ ਉਪਦੇਸ਼ ਹੈ।

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ
ਘਟਿ ਘਟਿ ਨਾਨਕ ਮਾਝਾ॥ ੪॥ ੩॥ ੫੦॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਪੁਰਸ਼ ਗੁਰਮੁਖਿ=ਗੁਰਾਂ ਦੁਆਰੇ ਸਾਰਿਆਂ ਘਟਾਂ ਘਟਾਂ ਮਾਝਾ=ਵਿਚ ਵਿਆਪਕ ਜਾਣ ਕੇ, ਇਸ ਕਲਜੁਗ ਮਹਿ=ਵਿਚ ਹਰੀ ਨਾਮ ਜਪਦਾ ਹੈ, ਉਹ ਪੁਰਸ਼ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ॥ ੪॥ ੩॥ ੫੦॥

[ਪੰਨਾ ੭੪੮]

ਸੂਹੀ ਮਹਲਾ ੫॥

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ॥

ਸੰਤ ਜੋ ਕੁਝ ਭੀ ਕਰਦੇ ਹਨ, ਪ੍ਰਭੂ ਓਹੀ ਮੰਨ ਲੈਂਦਾ ਹੈ, ਕਿਉਂਕਿ ਉਹ ਸੰਤ ਰਾਮ ਨਾਮ ਦੇ ਰੰਗ ਵਿਚ ਰੱਤੇ ਹੋਏ ਹਨ।

ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ॥ ੧॥

ਜਿਨ੍ਹਾਂ ਨੇ ਪ੍ਰਭੂ ਦੇ ਚਰਨ ਪਰਾਤੇ=ਫੜੇ ਹਨ, ਵਾ:-ਪ੍ਰਭੂ ਦੇ ਚਰਨਾਂ ਦਾ ਧਿਆਨ ਕਰਨਾ ਪਰਾਤੇ=ਪਛਾਣਿਆ ਹੈ, ਉਹਨਾਂ ਦੀ ਸ਼ੋਭਾ ਸਾਰੀਆਂ ਜਗ੍ਹਾਂ ਪਰ ਹੁੰਦੀ ਹੈ॥ ੧॥

ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥

ਹੇ ਮੇਰੇ ਭਾਈ ! ਹਰੀ ਦੇ ਸੰਤਾਂ ਜੇਡਾ ਕੋਈ ਭੀ ਨਹੀਂ ਹੈ।

ਭਗਤਾ ਬਣਿ ਆਈ ਪ੍ਰਭ ਅਪਨੇ ਸਿਉ
ਜਲਿ ਥਲਿ ਮਹੀਅਲਿ ਸੋਈ॥ ੧॥ ਰਹਾਉ॥

ਭਗਤਾਂ ਦੀ ਆਪਣੇ ਪ੍ਰਭੂ ਨਾਲ ਪ੍ਰੀਤੀ ਬਣ ਆਈ ਹੈ,

ਪੁਨਾ ਭਗਤਾਂ ਨੇ ਇਹ ਨਿਸਚੇ ਕੀਤਾ ਹੈ ਕਿ ਉਹ ਪ੍ਰਭੂ ਜਲਾਂ ਵਿਚ, ਥਲਾਂ ਵਿਚ, ਮਹੀ-ਪ੍ਰਿਥਵੀ ਤੇ ਅ(ਿ=ਅਕਾਸ਼ ਵਿਚ ਪੂਰਨ ਹੈ॥ ੧॥ ਰਹਾਉ॥

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥

ਕਰੋੜਾਂ ਅਪਰਾਧੀ ਸੰਤਾਂ ਦਾ ਸੰਗ ਕਰ ਕੇ ਤਰ ਗਏ ਹਨ, ਉਹਨਾਂ ਦੇ ਨੇੜੇ ਜਮ ਨਹੀਂ ਆਉਂਦਾ ।

ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ॥ ੨॥

ਜਿਹੜਾ ਜੀਵ ਜਨਮਾਂ ਜਨਮਾਂ ਦਾ ਵਿਛੁੜਿਆ ਹੁੰਦਾ ਹੈ, ਉਸ ਨੂੰ ਆਣਿ=ਲਿਆ ਕੇ ਹਰੀ ਨਾਲ ਮਿਲਾ ਦੇਂਦੇ ਹਨ॥ ੨॥

ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥

ਜਿਹੜਾ ਕੋਈ ਸੰਤਾਂ ਦੀ ਸ਼ਰਨ ਵਿਚ ਆਉਂਦਾ ਹੈ, ਸੰਤ ਉਸ ਦੇ ਅੰਦਰੋਂ ਮਾਇਆ ਦਾ ਮੋਹ, ਪੰਜ ਪਰਕਾਰ ਦਾ ਭਰਮ ਅਤੇ ਜਮਾਂ ਦਾ ਡਰ ਕੱਟ ਦੇਂਦੇ ਹਨ।

ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥ ੩॥

ਜਿਸ ਤਰ੍ਹਾਂ ਦਾ ਕੋਈ ਸੰਕਲਪ ਕਰ ਕੇ ਅਰਾਧਦਾ ਹੈ, ਓਹੀ ਫਲ ਸੰਤਾਂ ਪਾਸੋਂ ਪਾ ਲੈਂਦਾ ਹੈ॥ ੩॥

ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ॥

ਉਹਨਾਂ ਸੰਤ ਜਨਾਂ ਦੀ ਮਹਿਮਾ ਮੈਂ ਕਿੰਨੀ ਕੁ ਕਥਨ ਕਰਾਂ, ਜੋ ਆਪਣੇ ਪ੍ਰਭੂ ਨੂੰ ਭਾ ਗਏ ਹਨ।

ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ॥੪॥੪॥੫੧॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਪੂਰਾ ਸਤਿਗੁਰੂ ਮਿਲਿਆ ਹੈ, ਉਹ ਸਭ ਦੀ ਕਾਨ ਕਨੌਡ ਤੋਂ ਰਹਿਤ ਹੋ ਗਏ ਹਨ, ਭਾਵ ਉਹ ਬੇ-ਮੁਥਾਜ (ਬੇਮੁਹਤਾਜ) ਹੋ ਗਏ ਹਨ॥ ੪॥ ੪॥ ੫੧॥

ਸੂਹੀ ਮਹਲਾ ੫॥

ਪਹਿਲੇ ਰਹਾਉ ਦੀ ਤੁਕ ਦਾ ਅਰਥ ਕਰਨਾ:-"ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ॥"

ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ॥

ਹੇ ਮੇਰੇ ਰਾਮ ! ਜੋ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਪਏ ਹਨ, ਉਹਨਾਂ ਨੂੰ ਤੁਸਾਂ ਨੇ ਬੜੀ ਡਰਾਉਣੀ ਅੱਗ ਤੋਂ। ਵਾ:-ਮਹਾਂ ਅਗਨ ਰੂਪ ਸੰਸਾਰ ਤੋਂ ਹੱਥ ਦੇ ਕੇ ਰੱਖ ਲਿਆ ਹੈ।

ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ॥ ੧॥

ਮੇਰੇ ਹਿਰਦੇ ਅੰਦਰ ਆਪ ਜੀ ਦਾ ਹੀ ਮਾਣ ਤਾਣ ਹੈ,

ਹੋਰ ਦੂਜੀ ਸਭ ਆਸਾ ਚੁਕਾਈ=ਦੂਰ ਕਰ ਦਿੱਤੀ ਹੈ॥ ੧॥

ਮੇਰੇ ਰਾਮਰਾਇ ਤੁਧੁ ਚਿਤਿ ਆਇਐ ਉਬਰੇ॥

ਹੇ ਮੇਰੇ ਰਾਮ ਰਾਜੇ ! ਆਪ ਜੀ ਦੇ ਚੇਤੇ ਆਇਆਂ ਹੀ ਅਸਾਂ ਸੰਸਾਰ ਤੋਂ ਬੱਚ ਗਏ ਹਾਂ।

ਤੇਰੀ ਟੇਕ ਭਰਵਾਸਾ ਤੁਮ੍ਰਾ ਜਪਿ ਨਾਮੁ ਤਮ੍ਹਾਰਾ ਉਧਰੇ ॥ ੧॥ ਰਹਾਉ॥

ਆਪ ਜੀ ਦੀ ਟੇਕ=ਓਟ ਹੈ, ਆਪ ਜੀ ਦਾ ਭਰੋਸਾ ਹੈ, ਆਪ ਜੀ ਦਾ ਨਾਮ ਜਪਕੇ ਹੀ ਅਸੀਂ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਾਂ॥ ੧॥ ਰਹਾਉ॥

ਅੰਧ ਕੂਪ ਤੇ ਕਾਢਿ ਲੀਏ ਤੁਮ੍ ਆਪਿ ਭਏ ਕਿਰਪਾਲਾ॥

ਤੁਸਾਂ ਨੇ ਆਪ ਹੀ ਕਿਰਪਾਲੂ ਹੋ ਕੇ ਅੰਨ੍ਹੇ ਖੂਹੇ ਸੰਸਾਰ ਤੋਂ ਕੱਢ ਲਿਆ ਹੈ।

ਸਾਰਿ ਸਮ੍ਹਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ॥ ੨॥

ਤੁਸਾਂ ਨੇ ਸਾਰ ਸੰਭਾਲ ਕੇ ਸਾਰੇ ਸੁਖ ਦਿੱਤੇ ਹਨ, ਅਤੇ ਆਪ ਹੀ ਪਾਲਣਾ ਕਰਦੇ ਹੋ॥ ੨॥

ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ॥

ਹੇ ਪਰਮੇਸ਼ਰ ! ਤੁਸਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰ ਕੇ ਮੋਹ ਦੇ ਬੰਧਨ ਕੱਟ ਕੇ ਜਮਾਂ ਤੋਂ ਛਡਾ ਲਿਆ ਹੈ

ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥ ੩॥

ਹੇ ਪ੍ਰਭੂ ! ਤੁਸਾਂ ਨੇ ਆਪਣੀ ਭਗਤੀ ਆਪ ਹੀ ਕਰਵਾਈ ਹੈ, ਅਤੇ ਆਪ ਹੀ ਆਪਣਿਆਂ ਸੇਵਕਾਂ ਨੂੰ ਸੇਵਾ ਕਰਨ ਵਿਚ ਲਗਾਇਆ ਹੈ॥ ੩॥

ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ॥

ਭਰਮ ਦੂਰ ਹੋ ਗਿਆ ਹੈ, ਭੈ=ਡਰ ਤੇ ਮੋਹ ਨਾਸ ਹੋ ਗਿਆ ਹੈ ਅਤੇ ਸਾਰਾ ਵਿਸੂਰਾ=ਝੋਰਾ ਭੀ ਮਿਟ ਗਿਆ ਹੈ।

ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ॥ ੪॥ ੫॥ ੫੨॥

ਗੁਰੂ ਜੀ ਕਥਨ ਕਰਦੇ ਹਨ-ਹੇ ਸੁਖਦਾਤੇ ਪ੍ਰਭੂ ! ਆਪ ਜੀ ਨੇ ਦਇਆ ਦ੍ਰਿਸ਼ਟੀ ਕੀਤੀ ਹੈ, ਇਸ ਕਰਕੇ ਪੂਰਾ ਸਤਿਗੁਰੂ ਮਿਲ ਪਿਆ ਹੈ॥ ੪॥ ੫॥ ੫੨॥

ਸੂਹੀ ਮਹਲਾ ੫॥

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ॥

ਜਿਸ ਵੇਲੇ ਮਾਂ ਦੇ ਗਰਭ ਵਿਚ ਇਹ ਜੀਵ ਕੁਝ ਵੀ ਕਰਨ ਜੋਗਾ ਨਹੀਂ ਸੀ, ਤਿਸ ਵੇਲੇ ਆਪਣੇ ਬਚਾਉ

ਲਈ ਕਿਆ ਕਰਤਾ=ਕੀ ਕਰਦਾ ਸੀ, ਜਦ ਮਾਂ ਦੇ ਗਰਭ ਤੋਂ ਬਾਹਰ ਆਇਆ ਤਦ ਇਹ ਕਿਹੜਾ ਕਰਮ ਕਰਦਾ ਸੀ, ਅਰਥਾਤ ਕੁਝ ਭੀ ਨਹੀਂ ਕਰਦਾ ਸੀ। ਉਹ ਪਰਮੇਸ਼ਰ ਹੀ ਖਾਣ ਪਾਣ ਦੇਂਦਾ ਸੀ।

ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥੧॥

ਉਹ ਪ੍ਰਭੂ ਆਪਣੇ ਖੇਲ ਨੂੰ ਆਪ ਹੀ ਕਰਕੇ ਵੇਖਦਾ ਹੈ, ਜਿਸ ਠਾਕੁਰ ਨੇ ਇਸ ਰਚਨੁ=ਸੰਸਾਰ ਨੂੰ ਰਚਾਇਆ=ਪੈਦਾ ਕੀਤਾ ਹੈ॥ ੧॥

ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ॥

ਹੇ ਮੇਰੇ ਰਾਮ ਰਾਜੇ ! ਮੇਰੇ ਪਾਸੋਂ ਤਾਂ ਕੁਝ ਭੀ ਨਹੀਂ ਹੁੰਦਾ।

ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ॥੧॥ ਰਹਾਉ॥

ਤੂੰ ਆਪ ਹੀ ਬ੍ਰਹਮਾ ਆਦਿਕਾਂ ਨੂੰ ਕਰਦਾ ਹੈਂ ਅਤੇ ਉਨ੍ਹਾਂ ਤੋਂ ਫਿਰ ਆਪ ਹੀ ਜਗਤ ਨੂੰ ਕਰਾਉਂਦਾ ਹੈਂ। ਤੂੰ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈਂ, ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈਂ ਫੇਰ ਆਪ ਹੀ ਫਲ ਦੇਣਾ ਕਰਦਾ ਹੈਂ, ਸੋ ਤੂੰ ਆਪ ਹੀ ਨਿਰੰਤਰਿ=ਇਕ-ਰਸ ਸਾਰਿਆਂ ਦੇ ਅੰਦਰ ਵਿਆਪਕ ਹੈਂ॥ ੧॥ ਰਹਾਉ॥

ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ॥

ਕਰਮਾਂ ਦੀ ਗਿਣਤੀ ਗਿਣਿਆਂ ਇਹ ਜੀਵ ਕਦੇ ਭੀ ਨਹੀਂ ਛੁਟ ਸਕਦਾ,

ਜਿਸ ਦੇਹ ਦਾ ਹੰਕਾਰ ਕਰਦਾ ਹੈ ਇਹ ਦੇਹ ਕੱਚੀ ਹੈ ਅਤੇ ਬੁੱਧੀ ਵੀ ਇਆਣੀ=ਅਗਿਆਤ ਹੈ।

ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ॥੨॥

ਹੇ ਕਰਣਹਾਰ ਪ੍ਰਭੂ ! ਆਪ ਕਿਰਪਾ ਦ੍ਰਿਸ਼ਟੀ ਕਰੋ, ਆਪ ਜੀ ਦੀ ਬਖਸ਼ਿਸ਼ ਨਿਰਾਲੀ ਹੈ॥ ੨॥

ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ॥

ਇਹ ਜੀਆ ਜੰਤ ਸਭ ਆਪ ਜੀ ਦੇ ਪੈਦਾ ਕੀਤੇ ਹੋਏ ਹਨ,

ਘਟ ਘਟ ਵਿਚ ਸਾਰੇ ਆਪ ਜੀ ਨੂੰ ਹੀ ਧਿਆ ਰਹੇ ਹਨ।

ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ॥੩॥

ਤੇਰੀ ਗਤ ਦੀ ਜੋ ਮਿਤਿ=ਮਰਯਾਦਾ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ,

ਸਾਥੋਂ ਤਾਂ ਤੇਰੀ ਕੁਦਰਤਿ=ਮਾਇਆ ਦੀ, ਵਾ:-ਸ਼ਕਤੀ ਦੀ ਕੀਮਤ ਨਹੀਂ ਪੈਂਦੀ ॥ ੩॥

ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ॥

ਮੈਂ ਨਿਰਗੁਣੁ=ਸ਼ੁਭ-ਗੁਣਾਂ ਤੋਂ ਰਹਿਤ, ਮੁਗਧੁ=ਮੂਰਖ, ਅਜਾਣੁ=ਬੇਸਮਝ ਤੇ ਅਗਿਆਨੀ ਹਾਂ ਅਤੇ ਨਾ ਹੀ ਮੈਂ ਚੰਗੇ ਕਰਮ-ਧਰਮ ਕਰਨੇ ਜਾਣਦਾ ਹਾਂ।

ਦਇਆ ਕਰਹੁ ਨਾਨਕੁ ਗੁਣ ਗਾਵੈ

ਮਿਠਾ ਲਗੈ ਤੇਰਾ ਭਾਣਾ॥੪॥੬॥੫੩॥

ਗੁਰੂ ਜੀ ਕਥਨ ਕਰਦੇ ਹਨ-ਅਜੇਹੀ ਦਇਆ ਕਰੋ ਜਿਸ ਤੇ ਆਪ ਜੀ ਦੇ ਗੁਣ ਗਾਵਾਂ

ਅਤੇ ਆਪ ਜੀ ਦਾ ਭਾਣਾ ਮਿੱਠਾ ਲਗੇ॥ ੪॥ ੬॥ ੫੩॥

ਸੂਹੀ ਮਹਲਾ ੫॥

[ਪੰਨਾ ੭੪੯] ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ॥

ਹੇ ਹਰੀ ! ਆਪ ਜੀ ਦੇ ਸੰਤ ਭਾਗਠੜੇ=ਧਨਾਢ (ਸ਼ਾਹੂਕਾਰ) ਹਨ,

ਵਾ:-ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਹਿਰਦੇ-ਘਰ ਵਿਚ ਹਰੀ ਨਾਮ ਰੂਪ ਧਨ ਹੈ।

ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥ ੧॥

ਇਹ=ਇਸ ਸੰਸਾਰ ਵਿਚ ਆਏ ਹੋਏ ਓਹੀ ਪਰਵਾਣੁ=ਸਫਲ ਗਿਣੇ ਗਏ ਹਨ,

ਅਤੇ ਉਨ੍ਹਾਂ ਦੇ ਸਾਰੇ ਕੰਮ ਕੀਤੇ ਹੋਏ ਸਫਲ ਹਨ॥ ੧॥

ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥

ਹੇ ਮੇਰੇ ਰਾਮ ! ਮੈਂ ਹਰੀ ਦੇ ਸੰਤ ਜਨਾਂ ਤੋਂ ਬਲਿਹਾਰ ਜਾਂਦਾ ਹਾਂ।

ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥ ੧॥ ਰਹਾਉ॥

ਆਪਣੇ ਕੇਸਾਂ ਦਾ ਚੌਰ ਬਣਾ ਕੇ ਢੁਲਾਉਂਦਾ ਹਾਂ, ਅਤੇ ਉਹਨਾਂ ਦੀ ਚਰਨ-ਧੂੜੀ ਮੱਥੇ ਉਤੇ ਲਾਉਂਦਾ ਹਾਂ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥

ਜਨਮ ਤੇ ਮਰਨ ਇਨ੍ਹਾਂ ਦੋਹਾਂ ਵਿਚ ਨਹੀਂ ਹਨ, ਉਹ ਸੰਤ ਜਨ ਕੇਵਲ ਪਰ-ਉਪਕਾਰ ਕਰਨ ਵਾਸਤੇ ਜਗਤ ਵਿਚ ਆਏ ਹਨ।

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ੨॥

ਜੀਆਂ ਨੂੰ ਉਪਦੇਸ਼ ਦਾਨ ਦੇ ਕੇ, ਵਾ:-ਜੀਵਨ ਦਾਨ ਦੇ ਕੇ ਪ੍ਰਭੂ ਦੀ ਭਗਤੀ ਵਿਚ ਲਾਉਂਦੇ ਹਨ ਅਤੇ ਹਰੀ ਨਾਲ ਮਿਲਾ ਲੈਂਦੇ ਹਨ॥ ੨॥

ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥

ਉਹਨਾਂ ਦਾ ਅਮਰੁ=ਹੁਕਮ ਸੱਚਾ ਹੈ, ਉਹਨਾਂ ਦੀ ਪਾਤਿਸ਼ਾਹੀ ਭੀ ਸੱਚੀ ਹੈ, ਕਿਉਂਕਿ ਉਹ ਸੱਚੇ ਪ੍ਰਭੂ ਦੇ ਨਾਲ ਹੀ ਰਾਤੇ=ਮਿਲੇ ਹੋਏ ਹਨ।

ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥ ੩॥

ਉਹਨਾਂ ਨੂੰ ਸੱਚਾ ਆਤਮ ਸੁਖ ਪ੍ਰਾਪਤ ਹੋਇਆ ਹੈ, ਇਸ ਕਰ ਕੇ ਜਗਤ ਵਿਚ ਉਹਨਾਂ ਦੀ ਸੱਚੀ ਵਡਿਆਈ ਹੋ ਰਹੀ ਹੈ, ਕਿਉਂਕਿ ਜਿਸ ਦੇ ਉਹ ਪੈਦਾ ਕੀਤੇ ਹੋਏ ਸਨ ਉਹਨਾਂ ਨੇ ਉਸ ਨੂੰ ਜਾਤੇ=ਜਾਣ ਲਿਆ ਹੈ।

*ਅਥਵਾ:-*ਜਿਸ ਪਰਮਾਤਮਾ ਦੇ ਉਹ ਦਾਸ ਸਨ, ਉਸੇ ਪਰਮਾਤਮਾ ਨੇ ਉਹਨਾਂ ਸੰਤਾਂ ਦੇ ਗੁਣ ਜਾਤੇ=ਜਾਣ ਲਏ ਹਨ॥ ੩॥ ਮੈਨੂੰ ਭੀ ਬਲ ਬਖਸ਼ੋ ਕਿ-

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥

ਸੰਤਾਂ ਨੂੰ ਪੱਖਾ ਝੱਲਾਂ, ਉਹਨਾਂ ਵਾਸਤੇ ਪਾਣੀ ਢੋਵਾਂ ਅਤੇ ਹਰੀ ਦੇ ਸੰਤ ਜਨਾਂ ਪਾਸ ਜਾ ਕੇ ਪੀਸਣੁ=ਚੱਕੀ ਵਿਚ ਦਾਣਿਆਂ ਦੇ ਪੀਹਣ ਦੀ ਸੇਵਾ ਕਮਾਉਣਾ ਕਰਾਂ।

ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪ ॥ ੭ ॥ ੫੪ ॥

ਹੇ ਪ੍ਰਭੂ ! ਆਪ ਜੀ ਦੇ ਪਾਸ ਮੈਂ ਨਾਨਕ ਦੀ ਏਹੋ ਬੇਨਤੀ ਹੈ ਕਿ ਮੈਂ ਹਰ ਵੇਲੇ ਤੇਰੇ ਸੰਤ ਜਨਾਂ ਦਾ ਦਰਸ਼ਨ ਕਰਦਾ ਰਹਾਂ॥ ੪॥ ੭॥ ੫੪॥

ਸੂਹੀ ਮਹਲਾ ੫ ॥ ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ ॥

ਹੇ ਪਾਰਬ੍ਰਹਮ ਪਰਮੇਸ਼ਰ ਸਤਿ=ਤ੍ਰੈ ਕਾਲ ਅਬਾਧ, ਗੁਰ=ਚੇਤਨ ਸਰੂਪ ਤੂੰ ਆਪ ਹੀ ਸਭ ਕੁਝ ਕਰਨ ਵਾਲਾ ਹੈਂ।

ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ ॥ ੧ ॥

ਮੈਂ ਸੇਵਕ ਤੇਰੀ ਚਰਨ-ਧੂੜ ਮੰਗਦਾ ਹਾਂ, ਅਤੇ ਤੇਰੇ ਦਰਸ਼ਨ ਤੋਂ ਕੁਰਬਾਨ ਜਾਦਾ ਹਾਂ॥ ੧॥

ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥

ਹੇ ਮੇਰੇ ਰਾਮਰਾਜੇ ! ਜਿਵੇਂ ਜਿਵੇਂ ਆਪ ਰੱਖਦੇ ਹੋ, ਤਿਵੇਂ ਅਸੀਂ ਰਹਿੰਦੇ ਹਾਂ।

ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥ ੧ ॥ ਰਹਾਉ ॥

ਆਪ ਜੀ ਨੂੰ ਭਾਵੇ ਤਾਂ ਹੀ ਨਾਮ ਜਪਵਾਉਂਦੇ ਹੋ, ਆਪ ਜੀ ਦਾ ਦਿੱਤਾ ਹੋਇਆ ਹੀ ਸੁਖ ਲਈਦਾ ਹੈ॥ ੧॥ ਰਹਾਉ॥

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥

ਆਪ ਜੀ ਦੀ ਸੇਵਾ ਦੇ ਵਿਚ ਹੀ ਮੁਕਤੀ ਦੀ ਯੁਗਤੀ ਤੇ ਭੁਗਤੀ ਦੀ ਯੁਗਤੀ ਹੈ, ਪਰ ਜਿਸ ਪਾਸੋਂ ਤੁਸੀਂ ਆਪ ਕਰਵਾਉਂਦੇ ਹੋ ਓਹੀ ਪੁਰਸ਼ ਸੇਵਾ ਕਰਦਾ ਹੈ।

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥ ੨ ॥

ਜਿਥੇ ਆਪ ਜੀ ਦਾ ਕੀਰਤਨ ਹੁੰਦਾ ਹੈ ਓਹੀ ਬੈਕੁੰਠ ਧਾਮ ਹੈ,

ਹੇ ਪ੍ਰਭੂ ! ਤੂੰ ਆਪ ਹੀ ਗੁਰਮੁਖ ਜਗਿਆਸੂਆਂ ਅੰਦਰ ਸ਼ਰਧਾ ਲਾਇਹਿ=ਲਾਉਂਦਾ ਹੈਂ॥ ੨॥

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥

ਹੇ ਸਿਮਰਨੇ ਜੋਗ ! ਤੇਰੇ ਨਾਮ ਨੂੰ ਸਿਮਰ-ਸਿਮਰ ਕੇ ਜੀਉਂਦਾ ਹਾਂ ਅਤੇ ਤਨ ਮਨ ਕਰਕੇ ਮੈਂ ਨਿਹਾਲਾ=ਦੁੱਖਾਂ ਤੋਂ ਰਹਿਤ ਹੋਇਆ ਹਾਂ।

ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥ ੩ ॥

ਹੇ ਮੇਰੇ ਦੀਨ ਦਿਆਲ ਸਤਿਗੁਰੂ ! ਆਪ ਜੀ ਦੇ ਚਰਨ-ਕਮਲ ਮੈਂ ਧੋ-ਧੋ ਕੇ ਪੀਂਦਾ ਹਾਂ॥ ੩॥

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥

ਉਸ ਵੇਲੇ ਦੀ ਸ਼ੋਭਨੀਕ ਘੜੀ ਤੋਂ ਮੈ ਕੁਰਬਾਨ ਜਾਂਦਾ ਹਾਂ, ਜਿਸ ਵੇਲੇ ਆਪ ਜੀ ਦੇ ਦਰਵਾਜ਼ੇ ਪਰ ਆਇਆ ਸਾਂ।

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥ ੪ ॥ ੮ ॥ ੫੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਜਿਸ ਵੇਲੇ ਆਪ ਮੈਂ ਦਾਸ ਉਤੇ ਕ੍ਰਿਪਾਲੂ ਹੋਏ ਤਾਂ ਹੀ ਮੈਂ ਪੂਰਿਆਂ ਸਤਿਗੁਰਾਂ ਨੂੰ ਪਾਇਆ ॥ ੪ ॥ ੮ ॥ ੫੫ ॥

ਸੂਹੀ ਮਹਲਾ ੫ ॥

ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ ॥

ਹੇ ਸਾਹਿਬ ! ਆਪ ਜੀ ਦੇ ਚੇਤੇ ਆਉਣ ਨਾਲ ਬੜਾ ਅਨੰਦ ਹੁੰਦਾ ਹੈ, ਜਿਸ ਨੂੰ ਆਪ ਭੁੱਲ ਜਾਂਦੇ ਹੋ, ਉਹ ਮਰ ਜਾਂਦਾ ਹੈ, ਵਾ:-ਉਹ ਮਰਦਾ ਜੰਮਦਾ ਹੈ।

ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥ ੧ ॥

ਹੇ ਕਰਤੇ ਪੁਰਖ ! ਜਿਸ ਉਤੇ ਆਪ ਦਿਆਲੂ ਹੁੰਦੇ ਹੋ, ਉਹ ਸਦਾ ਆਪ ਜੀ ਨੂੰ ਧਿਆਉਂਦਾ ਹੈ॥ ੧ ॥

ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥

ਹੇ ਮੇਰੇ ਸਾਹਿਬ ! ਮੈਂ ਨਿਮਾਣੀ ਦਾ ਤੂੰ ਮਾਣ ਰੂਪ ਹੈਂ।

ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥ ੧ ॥ ਰਹਾਉ ॥

ਹੇ ਆਪਣੇ ਪ੍ਰਭੂ ! ਮੈਂ ਆਪ ਜੀ ਦੇ ਅੱਗੇ ਏਹੋ ਅਰਦਾਸਿ=ਬੇਨਤੀ ਕਰਦਾ ਹਾਂ, ਕਿ ਆਪ ਜੀ ਦੀ ਨਾਮ-ਬਾਣੀ ਹੀ ਸੁਣ-ਸੁਣ ਕੇ ਜੀਉਂਦੀ ਰਹਾਂ॥ ੧ ॥ ਰਹਾਉ ॥

ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥

ਤੇਰਿਆਂ ਦਾਸਾਂ ਦੀ ਚਰਨ ਧੂੜੀ ਹੋ ਜਾਵਾਂ ਅਤੇ ਆਪ ਜੀ ਦੇ ਦਰਸ਼ਨ ਤੋਂ ਬਲਿਹਾਰ ਜਾਣਾ ਕਰਾਂ।

ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥ ੨ ॥

(੧) ਆਪ ਜੀ ਦੇ ਅੰਮ੍ਰਿਤ ਰੂਪ ਮਿੱਠੇ ਬਚਨਾਂ ਨੂੰ ਹਿਰਦੇ ਦੇ ਉਰਿ=ਵਿਚ ਧਾਰਦੀ ਹਾਂ, ਆਪ ਜੀ ਦੀ ਕਿਰਪਾ ਨਾਲ ਹੀ ਆਪ ਦਾ ਸੰਗ ਕਰਨਾ ਪਾਉਂਦੀ ਹਾਂ।

(੨) ਸੰਤਾਂ ਦੇ ਅੰਮ੍ਰਿਤ ਰੂਪ ਬਚਨਾਂ ਨੂੰ ਹਿਰਦੇ ਵਿਚ ਧਾਰਦੀ ਹਾਂ, ਕਿਉਂਕਿ ਆਪ ਜੀ ਦੀ ਕਿਰਪਾ ਨਾਲ ਹੀ ਸੰਤਾਂ ਦਾ ਸੰਗ ਕਰਨਾ ਪਾਉਂਦੀ ਹਾਂ॥ ੨ ॥

ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ ॥

ਮੈਂ ਆਪਣੇ ਅੰਦਰ ਦੀ ਗਤਿ=ਹਾਲਤ ਆਪ ਜੀ ਦੇ ਪਾਸ ਸਾਰੀ=ਪ੍ਰਗਟ ਕੀਤੀ ਹੈ, ਕਿਉਂਕਿ ਆਪ ਜੀ ਜੇਡਾ ਵੱਡਾ ਹੋਰ ਕੋਈ ਨਹੀਂ।

ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ॥ ੩ ॥

ਜਿਸ ਨੂੰ ਆਪ ਲਾਇ=ਲਗਾ ਲੈਹਿ=ਲੈਂਦੇ ਹੋ ਓਹੀ ਭਗਤੀ ਵਿਚ ਲਾਗੈ=ਲੱਗਦਾ ਹੈ, ਅਤੇ ਓਹੀ ਆਪ ਜੀ ਦਾ ਅਸਲ ਭਗਤ ਹੈ॥ ੩ ॥

ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ॥

ਮੈਂ ਦੋ ਕਰ=ਹੱਥ ਜੋੜ ਕੇ ਇਕ ਦਾਨ ਮੰਗਦਾ ਹਾਂ,

ਪਰ ਹੇ ਸਾਹਿਬ ! ਆਪ ਜੀ ਦੇ ਤੁਠੇ=ਪ੍ਰਸੰਨ ਹੋਣ ਤੇ ਹੀ ਪਾਵਾਂਗਾ।

ਕਿਹੜਾ ਦਾਨ ਮੰਗਦੇ ਹਨ ਉਹ ਦੱਸਦੇ ਹਨ-

ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ॥ ੪ ॥ ੯ ॥ ੫੬ ॥

ਮੈਂ ਨਾਨਕ ਸਵਾਸ-ਸਵਾਸ ਆਪ ਜੀ ਦੇ ਨਾਮ ਨੂੰ ਆਰਾਧਦਾ ਰਹਾਂ,

ਅਤੇ ਅੱਠੇ ਪਹਿਰ ਆਪ ਜੀ ਦੇ ਗੁਣ ਗਾਉਂਦਾ ਰਹਾਂ॥ ੪ ॥ ੯ ॥ ੫੬ ॥

ਸੂਹੀ ਮਹਲਾ ੫ ॥

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥

ਹੇ ਸੁਆਮੀ ਪਰਮਾਤਮਾ ! ਜਿਸ ਦੇ ਸਿਰ ਉਤੇ ਤੂੰ ਰਖਵਾਲਾ ਹੈਂ, ਉਹ ਪੁਰਸ਼ ਕਿਸ ਤਰ੍ਹਾਂ ਦੁੱਖ ਪਾ ਸਕਦਾ ਹੈ ? ਭਾਵ ਨਹੀਂ ਦੁੱਖ ਪਾ ਸਕਦਾ।

ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥ ੧ ॥

ਜੋ ਮਾਹਿਆ ਦੇ ਮਦ ਵਿਚ ਮਸਤ ਹੈ ? ਅਤੇ ਜਿਸ ਨੂੰ ਮਰਨਾ ਭੀ ਚੇਤੇ ਨਹੀਂ ਆਉਂਦਾ, ਉਹ ਤਾਂ ਸ਼ੁਭ-ਬਚਨ ਬੋਲ ਨਹੀਂ ਜਾਣਦਾ, ਵਾ:-ਨਾਮ ਬੋਲਣਾ ਨਹੀਂ ਜਾਣਦਾ॥ ੧ ॥

ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ॥

ਹੇ ਮੇਰੇ ਰਾਮ ਰਾਜੇ ! ਤੂੰ ਸੰਤਾਂ ਦਾ ਰਾਖਾ ਹੈਂ, ਸੰਤ ਤੇਰੇ ਆਸਰੇ ਹਨ।

ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ॥

ਤੇਰੇ ਸੇਵਕ ਨੂੰ ਕਿਸੇ ਦਾ ਕੁਝ ਡਰ ਨਹੀਂ ਹੈ, ਅਤੇ ਉਸ ਸੇਵਕ ਦੇ ਨੇਰੇ=ਨੇੜੇ ਜਮ ਭੀ ਨਹੀਂ ਆ ਸਕਦਾ॥ ੧ ॥ ਰਹਾਉ॥

[ਪੰਨਾ ੭੫੦]

ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ॥

ਹੇ ਸੁਆਮੀ ਪਰਮਾਤਮਾ ! ਜੋ ਤੇਰੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ,

ਉਹਨਾਂ ਦਾ ਜਨਮ ਮਰਨ ਰੂਪ ਦੁੱਖ ਨਾਸ ਹੋ ਗਿਆ ਹੈ।

ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥ ੨ ॥

ਤੇਰੀ ਬਖ਼ਸ਼ਿਸ਼ ਨੂੰ ਕੋਈ ਮੇਟ ਹੀ ਨਹੀਂ ਸਕਦਾ, ਪਰ ਆਪ ਜੀ ਦੀ ਬਖ਼ਸ਼ਿਸ਼ ਉਸ ਨੂੰ ਪ੍ਰਾਪਤ ਹੋਈ ਹੈ ਜਿਸ ਨੂੰ ਸਤਿਗੁਰਾਂ ਦਾ ਦਿੱਤਾ ਹੋਇਆ ਧੀਰਜ ਪ੍ਰਾਪਤ ਹੋਇਆ ਹੈ॥ ੨॥

ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ॥

ਜੋ ਤਨ ਕਰਕੇ ਨਾਮ ਨੂੰ ਧਿਆਉਂਦੇ ਹਨ ਤੇ ਮਨ ਕਰਕੇ ਅੱਠੇ ਪਹਿਰ ਨਾਮ ਨੂੰ ਆਰਾਧਦੇ ਹਨ, ਉਹ ਸੁਖ ਦੀ ਪ੍ਰਾਪਤੀ ਰੂਪ ਫਲ ਨੂੰ ਪਾਉਂਦੇ ਹਨ।

ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩॥

ਜੋ ਤੇਰੀ ਸ਼ਰਲ ਵਿਚ ਪਏ ਹਨ ਉਹਨਾਂ ਨੇ ਆਪ ਜੀ ਦੇ ਭਰੋਸੇ ਨਾਲ ਪੰਜ (ਕਾਮ, ਕ੍ਰੋਧ ਆਦਿਕ) ਦੁਸ਼ਟ ਸਾਧ ਲਏ ਹਨ ਭਾਵ ਆਪਣੇ ਵੱਸ ਵਿਚ ਕਰ ਲਏ ਹਨ॥ ੩॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥

ਨਾ ਗਿਆਨ, ਨਾ ਧਿਆਨ, ਨਾ ਹੀ ਕੁਝ ਚੰਗੇ ਕਰਮ ਕਰਨੇ ਜਾਣਦਾ ਹਾਂ, ਅਤੇ ਤੇਰੀ ਸਾਰ ਭੀ ਨਹੀਂ ਜਾਣਦਾ ਹਾਂ।

ਯਥਾ:- "ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ॥
ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ॥ ੧॥"

(ਜੈਤਸਰੀ ਮਹਲਾ ੫, ਪੰਨਾ ੭੦੨)

ਇਕ ਏਹੋ ਗੱਲ ਜਾਣਦਾ ਹਾਂ, ਕਿ-

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ ੪॥ ੧੦॥ ੫੭॥

ਸਾਰਿਆਂ ਤੋਂ ਵੱਡੇ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਨੇ ਚੌਥੇ ਸਰੂਪ ਵਿਚ ਹੋ ਕੇ ਮੇਰੀ ਕਲ -ਇੱਜ਼ਤ ਰੱਖ ਲਈ ਹੈ॥ ੪॥ ੧੦॥ ੫੭॥

ਸੂਹੀ ਮਹਲਾ ੫॥

ਗੁਰੂ ਤੇ ਪਰਮੇਸ਼ਰ ਨੂੰ ਇਕ ਸਰੂਪ ਜਾਣ ਕੇ ਬੇਨਤੀ ਕਰਦੇ ਹਨ—

ਸਗਲ ਤਿਆਗਿ ਗੁਰ ਸਰਣੀ ਆਇਆ ਰਾਖਹੁ ਰਾਖਨਹਾਰੇ॥

(ਕੁਟੰਬ ਦੇ) ਸਭ ਜੀਵਾਂ ਨੂੰ ਤਿਆਗ ਕੇ ਭਾਵ ਸਾਰੇ ਪ੍ਰਵਾਰ ਦਾ ਮੋਹ ਛੱਡ ਕੇ ਗੁਰਾਂ ਦੀ ਸ਼ਰਨ ਵਿਚ ਆਇਆ ਹਾਂ, ਹੇ ਰਖਣ ਵਾਲੇ ਪ੍ਰਭੂ ! ਆਪ ਮੈਨੂੰ (ਸੰਸਾਰ ਤੋਂ) ਰੱਖ ਲਓ।

ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ॥ ੧॥

ਜਿਸ ਤਰਫ ਆਪ ਲਗਾਉਂਦੇ ਹੋ, ਓਸੇ ਤਰਫ ਅਸੀ ਲੱਗ ਰਹੇ ਹਾਂ, ਇਹ ਵਿਚਾਰੇ ਜੀਵ ਆਪਣੇ ਆਪ ਕੀ ਕਰ ਸਕਦੇ ਹਨ॥ ੧॥

ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ॥

ਹੇ ਮੇਰੇ ਰਾਮ ਜੀ ! ਤੂੰ ਅੰਤਰਜਾਮੀ ਪ੍ਰਭੂ ਹੈਂ,

ਵਾ:-ਤੂੰ ਸਰਬ ਕਲਾਂ ਕਰਕੇ ਪ੍ਰਭ=ਸਮਰੱਥ ਹੈਂ ਅਤੇ ਅੰਤਰਜਾਮੀਂ ਹੈਂ।

ਕਰਿ ਕਿਰਪਾ ਗੁਰਦੇਵ ਦਇਆਲਾ ਗੁਣ ਗਾਵਾ ਨਿਤ ਸੁਆਮੀ ॥੧ ॥ਰਹਾਉ ॥

ਹੇ ਦਿਆਲੂ ਗੁਰਦੇਵ ! ਅਜੇਹੀ ਕਿਰਪਾ ਕਰ, ਜਿਸ ਕਰਕੇ ਸੁਆਮੀ=ਪਰਮੇਸ਼ਰ ਦੇ ਗੁਣ ਨਿਤਾਪ੍ਰਤੀ ਗਾਉਣਾ ਕਰਾਂ॥ ੧ ॥ ਰਹਾਉ॥

ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥

ਹੇ ਪ੍ਰਭੂ ! ਤੁਹਾਨੂੰ ਆਪਣਾ ਸੁਆਮੀ ਸਮਝ ਕੇ ਅੱਠੇ ਪਹਿਰ ਧਿਆਉਣਾ ਕਰੀਏ, ਅਤੇ ਗੁਰਾਂ ਦੀ ਕਿਰਪਾ ਨਾਲ ਭੈਦਾਇਕ ਸੰਸਾਰ ਤੋਂ ਤਰ ਜਾਈਏ॥

ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥ ੨ ॥

ਆਪੁ=ਆਪਾ ਭਾਵ ਹੰਕਾਰ ਨੂੰ ਤਿਆਗ ਕੇ ਸਾਰਿਆਂ ਦੀ ਚਰਨ-ਧੂੜ ਹੋ ਜਾਈਏ,
ਇਸ ਤਰ੍ਹਾਂ ਜੀਵਤ ਭਾ ਤੋਂ ਮਰ ਜਾਈਏ॥ ੨ ॥

ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥

ਜਗਤ ਦੇ ਵਿਚ ਉਸ ਦਾ ਮਨੁੱਖਾ ਜਨਮ ਸਫ਼ਲ ਹੈ, ਜੋ ਸਤਸੰਗਤ ਵਿਚ ਜਾ ਕੇ ਵਾਹਿਗੁਰੂ-ਵਾਹਿਗੁਰੂ ਨਾਮ ਜਪਦਾ ਹੈ।

ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥ ੩ ॥

ਉਸ ਦੇ ਸਾਰੇ ਸੰਕਲਪ ਪੂਰੇ ਹੋਏ ਹਨ, ਜਿਸ ਉਤੇ ਪ੍ਰਭੂ ਆਪ ਹੀ ਦਇਆ-ਦ੍ਰਿਸ਼ਟੀ ਕਰਦਾ ਹੈ॥ ੩ ॥

ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ ॥

ਹੇ ਪ੍ਰਭੂ ਸੁਆਮੀ ! ਤੂੰ ਪਿੱਛੇ ਦੀਨ ਦਿਆਲ ਸੀ, ਹੁਣ ਭੀ ਕ੍ਰਿਪਾਲੂ ਹੈਂ, ਅੱਗੇ ਭੀ ਦਿਆਲੂ ਹੋਵੇਂਗਾ; ਮੈਂ ਤੇਰੀ ਸ਼ਰਨ ਵਿਚ ਆਇਆ ਹਾਂ।

ਕਰਿ ਕਿਰਪਾ ਅਪਨਾ ਨਾਮੁ ਦੀਜੈ
ਨਾਨਕ ਸਾਧ ਰਵਾਲਾ ॥ ੪ ॥ ੧੧ ॥ ੫੮ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਕਿਰਪਾ ਕਰਕੇ ਆਪਣਾ ਨਾਮ ਦਾਨ ਅਤੇ ਸੰਤਾਂ ਦੇ ਦੀ ਰਵਾਲਾ=ਧੂੜ ਦੇਣਾ ਕਰ॥ ੪ ॥ ੧੧ ॥ ੫੮ ॥★

ਅਗਲਾ ਸ਼ਬਦ ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਗੁਰੂ ਜੀ ਉਚਾਰਦੇ ਹਨ।

ਜਗਿਆਸੂ ਆਪਣੀ ਬਿਵਸਥਾ ਸੁਣਾਉਂਦਾ ਹੈ:-

★ਨੋਟ- ੯ ਸ਼ਬਦ ਪਹਿਲੇ ਗੁਰੂ ਜੀ ਦੇ ਹਨ।
੧੫ ਸ਼ਬਦ ਚਉਥੇ ਗੁਰੂ ਜੀ ਦੇ ਹਨ।
੫੮ ਸ਼ਬਦ ਪੰਜਵੇਂ ਗੁਰੂ ਜੀ ਦੇ ਹਨ।

ਜੋੜ ੮੨ ਇਸਤੇ ਇਥੇ ਵੱਡਾ ਜੋੜ ੮੨ ਠੀਕ ਹੈ।

ਰਾਗ ਸੂਹੀ ਅਸਟਪਦੀਆ ਮਹਲਾ ੧ ਘਰੁ ੧

੧ੴ ਸਤਿਗੁਰ ਪ੍ਰਸਾਦਿ॥ ਸਭਿ ਅਵਗਣ ਮੈ ਗੁਣੁ ਨਹੀ ਕੋਈ॥

ਹੇ ਸੰਤੋ ! ਮੇਰੇ ਵਿਚ ਸਾਰੇ ਔਗੁਣ ਹਨ, ਗੁਣ ਤਾਂ ਕੋਈ ਭੀ ਨਹੀਂ ਹੈ।

ਕਿਉ ਕਰਿ ਕੰਤ ਮਿਲਾਵਾ ਹੋਈ॥ ੧॥

ਪਰਮੇਸ਼ਰ-ਪਤੀ ਨਾਲ ਮੇਰਾ ਮਿਲਾਪ ਕਿਸ ਤਰ੍ਹਾਂ ਹੋਵੇਗਾ॥ ੧॥

ਨਾ ਮੈ ਰੂਪੁ ਨ ਬੰਕੇ ਨੈਣਾ॥ ਨਾ ਕੁਲ ਢੰਗੁ ਨ ਮੀਠੇ ਬੈਣਾ॥ ੧॥ ਰਹਾਉ॥

ਨਾ ਮੇਰਾ ਸਫਾਈ ਰੂਪੀ ਰੂਪ ਹੈ, ਸੁਰਤੀ ਸਿੰਮ੍ਰਿਤੀ ਰੂਪ ਬੰਕੇ=ਸੁੰਦਰ ਨੈਣ ਭੀ ਨਹੀਂ ਹਨ।

ਨਾ ਹੀ ਸੰਤਾਂ ਵਾਲੀ ਅਚੁੱਤ ਕੁਲ ਹੈ, ਨਾ ਹੀ ਕੋਈ ਜਪ-ਤਪ (ਆਦਿਕ ਸਾਧਨਾਂ ਦੇ) ਕਰਨ ਦਾ ਢੰਗੁ=ਸਬੱਬ ਹੈ, ਨਾ ਹੀ ਮਿੱਠੇ ਬਚਨਾਂ ਦੇ ਬੋਲਣ ਦਾ ਵਲ ਹੈ॥ ੧॥ ਰਹਾਉ॥

ਇਹ ਬਚਨ ਸੁਣ ਕੇ ਅੱਗੋਂ ਮਹਾਤਮਾ ਉੱਤਰ ਦੇਂਦੇ ਹਨ-

ਸਹਜਿ ਸੀਗਾਰ ਕਾਮਣਿ ਕਰਿ ਆਵੈ॥ ਤਾ ਸੋਹਾਗਣਿ ਜਾ ਕੰਤੈ ਭਾਵੈ॥ ੨॥

ਜੇਕਰ (ਜਗਿਆਸੂ ਰੂਪ) ਕਾਮਣਿ=ਇਸਤ੍ਰੀ ਸਹਜਿ=ਸ਼ਾਂਤੀ ਰੂਪ ਸ਼ਿੰਗਾਰ ਦੇ ਕਰਨ ਵਿਚ ਆਵੇ, ਤਾਂ ਇਹ ਪਤੀ (ਪਰਮਾਤਮਾ) ਨੂੰ ਭਾਉਂਦੀ ਹੈ ਜਾਂ ਪਤੀ ਨੂੰ ਭਾ ਜਾਵੇ ਤਾਂ ਸੁਹਾਗਣ ਹੁੰਦੀ ਹੈ॥ ੨॥

ਨਾ ਤਿਸੁ ਰੂਪੁ ਨ ਰੇਖਿਆ ਕਾਈ॥ ਅੰਤਿ ਨ ਸਾਹਿਬੁ ਸਿਮਰਿਆ ਜਾਈ॥ ੩॥

ਜੇ ਜਗਿਆਸੂ ! ਉਸ ਸਾਹਿਬ ਦਾ ਕੋਈ ਰੂਪ ਨਹੀਂ ਹੈ, ਨਾ ਹੀ ਕੋਈ ਕੱਛ ਮੱਛ ਆਦਿਕ ਰੇਖਾ ਹੈ। ਅੰਤ ਦੇ ਵੇਲੇ ਉਸ ਸਾਹਿਬ ਨੂੰ ਸਿਮਰਿਆ ਨਹੀਂ ਜਾਣਾ।

ਉਸ ਦੇ ਸਿਮਰਨ ਦਾ ਵੇਲਾ ਹੁਣੇ ਹੀ ਹੈ॥ ੩॥

ਪਹਿਲੇ ਇਸ ਤਰ੍ਹਾਂ ਬੇਨਤੀ ਕਰ-

ਸੁਰਤਿ ਮਤਿ ਨਾਹੀ ਚਤੁਰਾਈ॥ ਕਰਿ ਕਿਰਪਾ ਪ੍ਰਭ ਲਾਵਹੁ ਪਾਈ॥ ੪॥

ਸੁਰਤਿ=ਵੇਦਾਂ ਦੀਆਂ ਜੋ ਸੁਰਤੀਆਂ ਹਨ ਉਹਨਾਂ ਦੇ ਮਤਿ=ਸਿਧਾਂਤ ਗ੍ਰਹਿਣ ਕਰਨ ਵਾਲੀ ਚਤੁਰਾਈ ਮੇਰੇ ਵਿਚ ਨਹੀਂ ਹੈ।

(੨) ਨਾ ਸੁਰਤਿ=ਗਿਆਤ ਹੈ, ਵਾ:-ਨਾ ਹੀ ਸੁ-ਰਤਿ=ਸ੍ਰੇਸ਼ਟ ਪ੍ਰੀਤੀ ਹੈ,

ਨਾ ਹੀ ਮਤਿ=ਬੁੱਧੀ ਦੀ ਚਤੁਰਾਈ ਹੈ।

(੩) ਮੇਰੇ ਵਿਚ ਸੁਰਤਿ=ਸਮਝ ਵਾਲੀ ਬੁੱਧੀ ਤੇ ਚਤੁਰਾਈ ਨਹੀਂ ਹੈ।

ਹੇ ਪ੍ਰਭੂ ! ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਪਾਈ=ਚਰਨੀਂ ਲਾ ਲਵੋ॥ ੪॥

ਖਰੀ ਸਿਆਣੀ ਕੰਤ ਨ ਭਾਣੀ॥ ਮਾਇਆ ਲਾਗੀ ਭਰਮਿ ਭੁਲਾਣੀ॥ ੫॥

ਭਾਵੇਂ ਮੈਂ ਵਿਉਹਾਰਾਂ ਵਿਚ ਖਰੀ=ਚੰਗੀ ਸਿਆਣੀ ਹਾਂ, ਪਰ ਮਾਇਆ ਦੇ ਲੱਗਣ ਕਰਕੇ ਭਰਮ ਵਿਚ ਭੁੱਲੀ ਫਿਰਦੀ ਹਾਂ, ਇਸ ਕਰਕੇ ਹੇ ਪਤੀ ! ਮੈਂ ਤੈਨੂੰ ਨਹੀਂ ਭਾਣੀ=ਭਾਉਂਦੀ।

ਅਗਲੀ ਤੁਕ ਵਿਚ ਫੇਰ ਮਹਾਤਮਾ ਜਗਿਆਸੂ ਨੂੰ ਸਮਝਾਉਂਦੇ ਹਨ-

ਹਉਮੈ ਜਾਈ ਤਾ ਕੰਤ ਸਮਾਈ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥ ੬॥

ਹੰਗਤਾ-ਮਮਤਾ ਨਵਿਰਤ ਹੋ ਜਾਵੇ ਤਾਂ ਇਸ ਦੀ ਪਰਮੇਸ਼ਰ-ਪਤੀ ਵਿਚ ਸਮਾਈ ਹੁੰਦੀ ਹੈ।

ਤਾਂ ਹੀ ਇਹ ਜਗਿਆਸੂ ਰੂਪ ਇਸਤ੍ਰੀ ਨਿੱਧੀ ਰੂਪ ਪਿਆਰੇ ਪਤੀ ਨੂੰ ਪਾਉਂਦੀ ਹੈ॥ ੬॥

ਅਨਿਕ ਜਨਮ ਬਿਛੁਰਤ ਦੁਖੁ ਪਾਇਆ॥

ਹੇ ਜਗਿਆਸੂ ! ਉਸ ਦੀ ਪ੍ਰਾਪਤੀ ਵਾਸਤੇ ਤੂੰ ਇੰਜ ਬੇਨਤੀ ਕਰ-

ਹੇ ਪ੍ਰਭੂ ! ਅਨੇਕਾਂ ਜਨਮ ਆਪ ਜੀ ਤੋਂ ਵਿਛੁੜ ਕੇ ਵਿਛੋੜੇ ਦਾ ਦੁੱਖ ਪਾਇਆ ਹੈ।

ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ॥ ੭॥

ਹੇ ਪ੍ਰੀਤਮ ਪ੍ਰਭੂ ਰਾਜੇ ! ਹੁਣ ਮੇਰੇ ਮਨ ਰੂਪੀ ਕਰੁ=ਹੱਥ ਨੂੰ ਫੜ ਲੈਣਾ ਕਰੋ।

ਵਾ:-ਫੜ ਕੇ ਆਪਣੇ ਨਾਲ ਮਿਲਾ ਲੈਣਾ ਕਰੋ॥ ੭॥

ਭਣਤਿ ਨਾਨਕੁ ਸਹੁ ਹੈ ਭੀ ਹੋਸੀ॥ ਜੈ ਭਾਵੈ ਪਿਆਰਾ ਤੈ ਗਾਵੇਸੀ॥ ੮॥ ੧॥

ਗੁਰੂ ਜੀ ਭਣਤਿ=ਕਥਨ ਕਰਦੇ ਹਨ, ਸਹੁ=ਪਤੀ ਪਰਮਾਤਮਾ ਭੀ=ਪਿੱਛੇ ਸੀ, ਹੁਣ ਹੈ, ਅੱਗੇ ਹੋਸੀ=ਹੋਵੇਗਾ, ਪਰ ਪਿਆਰਾ ਪ੍ਰਭੂ ਜਿਸ ਨੂੰ ਚਾਹੁੰਦਾ ਹੈ ਉਸ ਨੂੰ ਗਾਵੇਸੀ=ਗਾਂਵਦਾ ਹੈ॥ ੮॥ ੧॥

[ਪੰਨਾ ੭੫੧]

ਸੂਹੀ ਮਹਲਾ ੧ ਘਰੁ ੯

ੴ ਸਤਿਗੁਰ ਪ੍ਰਸਾਦਿ॥ ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ॥

ਹੇ ਭਾਈ ! ਜਿਵੇਂ ਕਸੁੰਭੇ ਦਾ ਰੰਗ ਕੱਚਾ ਹੋਣ ਕਰਕੇ ਚਾਰ ਦਿਨ ਸੁਹਾਵਣਾ ਹੁੰਦਾ ਹੈ ਥੋੜ੍ਹੇ ਚਿਰ ਪਿੱਛੋਂ ਉਸ ਦਾ ਸੁਹੱਪਣ ਨਾਸ ਹੋ ਜਾਂਦਾ ਹੈ, ਤਿਵੇਂ ਪਦਾਰਥਾਂ ਦਾ, *ਅਥਵਾ:*-ਵਿਸ਼ਿਆਂ ਦਾ ਅਨੰਦ ਥੋੜ੍ਹਾ ਸਮਾਂ ਹੀ ਹੁੰਦਾ ਹੈ, ਚਾਰ ਦਿਨ ਤੋਂ ਬਾਅਦ ਅਰਥਾਤ ਕੁਝ ਸਮੇਂ ਤੋਂ ਬਾਅਦ ਇਹ ਅਨੰਦ ਅਭਾਵ ਹੋ ਜਾਂਦਾ ਹੈ।

ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ॥

ਜੋ ਨਾਮ ਤੋਂ ਬਿਨਾਂ ਭਰਮ ਵਿਚ ਭੁੱਲੀ ਹੋਈ ਹੈ, ਉਸ ਕੂੜਿਆਰ ਇਸਤ੍ਰੀ ਨੂੰ (ਕਾਮ ਆਦਿਕ) ਠੱਗਾਂ ਨੇ ਮੁਠੀ=ਲੁੱਟ ਲਿਆ ਹੈ।

ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ॥ ੧॥

ਸੱਚੇ ਪ੍ਰਭੂ ਨਾਲ ਰਤਿਆ=ਤਦਾਕਾਰ ਹੋਣ ਕਰਕੇ ਫਿਰ ਇਸ ਦਾ ਦੂਜੀ ਵਾਰ ਜਨਮ ਨਹੀਂ ਹੁੰਦਾ॥ ੧॥

ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ॥

ਜੋ ਰੰਗੁ=ਪ੍ਰੇਮ ਨੂੰ ਲਗਾ ਕੇ ਪ੍ਰਭੂ ਵਿਚ ਰਤੇ ਗਏ ਹਨ, ਉਨ੍ਹਾਂ ਰੰਗਿਆਂ ਹੋਇਆਂ ਦੇ ਨਾਲ ਕੀ ਕਰੇ?

ਉੱਤਰ:-ਉਨ੍ਹਾਂ ਦੇ ਨਾਲ ਆਪਣੇ ਆਪ ਨੂੰ ਰੰਗਣਾ ਕਰੇ।

ਅਥਵਾ:-ਹੇ ਪ੍ਰਭੂ ! ਜੋ ਪ੍ਰੇਮ ਨੂੰ ਲਗਾ ਕੇ ਆਪ ਜੀ ਨਾਲ ਰੰਗੇ ਹਨ, ਉਨ੍ਹਾਂ ਰੰਗਿਆਂ ਹੋਇਆਂ ਦਾ ਕੀ ਰੰਗਣਾ ਹੈ, ਤੂੰ ਸਾਨੂੰ ਰੰਗਣਾ ਕਰ।

ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ ॥ ੧ ॥ ਰਹਾਉ ॥

ਹੇ ਭਾਈ ! ਰੰਗਣੇ ਵਾਲੇ ਗੁਰਾਂ ਨੂੰ ਸੇਵਨਾ ਕਰ, ਅਤੇ ਸੱਚੇ ਪ੍ਰਭੂ ਨਾਲ ਚਿਤ ਬਿਰਤੀ ਨੂੰ ਲਗਾਉਣਾ ਕਰ ॥ ੧ ॥ ਰਹਾਉ ॥

ਚਾਰੇ ਕੁੰਡਾ ਜੇ ਭਵਹਿ ਬਿਨੁ ਭਾਗਾ ਧਨੁ ਨਾਹਿ ਜੀਉ ॥

ਪ੍ਰਤੱਖ ਧਨ, ਵਾ:=ਨਾਮ-ਧਨ ਦੀ ਪ੍ਰਾਪਤੀ ਵਾਸਤੇ ਜੇਕਰ ਕੋਈ ਚੌਹਾਂ ਕੁੰਡਾ=ਦਿਸ਼ਾਂ ਭੀ ਫਿਰਦਾ ਰਹੇ ਤਾਂ ਭੀ ਭਾਗਾਂ ਤੋਂ ਬਿਨਾਂ ਪ੍ਰਤੱਖ ਧਨ ਜਾਂ ਨਾਮ-ਧਨ ਨਹੀਂ ਮਿਲਦਾ।

ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ ॥

ਜਿਹੜੇ ਔਗੁਣਾਂ ਕਰਕੇ ਮੁਠੀ=ਠੱਗੀ ਹੋਈ ਬੁੱਧੀ ਵਾਲੇ ਪੁਰਸ਼ ਫਿਰਦੇ ਹਨ।

ਉਹ ਬਧਿਕ=ਹਿੰਸਕ ਹਨ, ਇਸੇ ਕਰਕੇ ਉਹ ਸਰੂਪ ਥਾਂ ਨੂੰ ਨਹੀਂ ਪਾਉਂਦੇ।

ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ ॥ ੨ ॥

ਜੋ ਮਨ ਕਰਕੇ ਸਬਦਿ ਮਾਹਿ=ਗੁਰ ਉਪਦੇਸ਼ ਵਿਚ ਰਤੇ=ਰੰਗੇ ਗਏ ਹਨ, ਉਨ੍ਹਾਂ ਦੇ ਗੁਰੂ ਰਾਖੇ ਹੋਏ ਹਨ, ਜਿਨ੍ਹਾਂ ਦੇ ਗੁਰੂ ਰਾਖੇ ਹੋਏ ਹਨ, ਉਹ ਵਿਕਾਰਾਂ ਤੋਂ ਉਬਰੇ=ਬਚ ਗਏ ਹਨ॥ ੨ ॥

ਪਖੰਡ ਦੀ ਨਖੇਧੀ ਕਰਦੇ ਹਨ:-

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥

ਜਿਨ੍ਹਾ ਦੇ ਕਪੜੇ ਬਾਹਰੋਂ ਚਿੱਟੇ ਹਨ, ਅਤੇ ਚਿਤ=ਦਿਲ ਪਾਪਾਂ ਨਾਲ ਮੈਲੇ ਤੇ ਕਠੋਰ ਹਨ, ਜੀਵ ਹਿੰਸਿਆਂ ਕਰਦੇ ਹੋਏ ਤਰਸ ਨਹੀਂ ਕਰਦੇ।

ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥

(੧) ਉਨ੍ਹਾਂ ਦੇ ਮੂੰਹੋਂ ਕਦੇ ਨਾਮ ਨਹੀਂ ਨਿਕਲਦਾ, ਉਹ ਚੋਰ ਦੂਜੇ ਕੰਮਾਂ ਵਿਚ ਫਸੇ ਹੋਏ ਹਨ।

(੨) ਦੂਜੈ=ਦ੍ਵੈਤ ਭਾਵ ਵਿਚ ਵਿਆਪੇ=ਲੱਗਣ ਕਰਕੇ ਉਹ ਚੋਰ ਹਨ।

(੩) ਦੂਜੇ ਚੋਰ ਜੋ (ਕਾਮ ਆਦਿਕ) ਹਨ, ਉਹ ਉਨ੍ਹਾਂ ਨੂੰ ਵਿਆਪੇ=ਲੱਗ ਰਹੇ ਹਨ।

ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥ ੩ ॥

ਜੋ ਪੁਰਸ਼ ਆਪਣੇ ਮੂਲੁ=ਮੁੱਢ (ਰੂਪ ਪਰਮਾਤਮਾ) ਨੂੰ ਨਹੀਂ ਬੁੱਝਦੇ।

ਉਹ (ਗਊ ਮੱਝ ਆਦਿਕ) ਪਸ਼ੂ ਹਨ, ਤੇ ਖਰ ਆਦਿਕ ਢੋਰ ਹਨ॥ ੩ ॥

ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖ ਜੀਉ ॥

ਇਹ ਮਨ ਨਿਤਾਪ੍ਰਤੀ (ਹਰ ਰੋਜ਼) ਖੁਸ਼ੀਆਂ ਕਰਦਾ ਹੈ, ਅਤੇ ਨਿਤਾਪ੍ਰਤੀ ਅਧੈ ਸੁਖ ਮੰਗਦਾ ਹੈ।

ਕਰਤਾ ਚਿਤਿ ਨ ਆਵਈ ਫਿਰਿ ਫਿਰਿ ਲਗਹਿ ਦੁਖ ਜੀਉ ॥

ਜਿਸ ਕਰਤੇ ਨੇ ਸੁਖ ਦੇਣੇ ਹਨ ਉਹ ਕਰਤਾ ਪੁਰਖ ਕਦੇ ਚੇਤੇ ਨਹੀਂ ਆਉਂਦਾ।

ਇਸ ਕਰਕੇ ਮੁੜ-ਮੁੜ ਕੇ ਦੁੱਖ ਆ ਕੇ ਲੱਗਦੇ ਹਨ।

ਸੁਖ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ ॥ ੪ ॥

ਕਰਮਾਂ ਅਨੁਸਾਰ ਸੁਖ ਦੁਖ ਦੀ ਪ੍ਰਾਪਤੀ ਦਾ ਦਾਤਾ ਪ੍ਰਭੂ ਜਿਸ ਦੇ ਮਨ ਵਿਚ ਵੱਸਦਾ ਹੈ।

ਅਥਵਾ:-ਸੁਖਾਂ ਦੀ ਪ੍ਰਾਪਤੀ ਦਾ ਦਾਤਾ, ਤੇ ਦੁੱਖਾਂ ਦੀ ਨਵਿਰਤੀ ਦਾ ਦਾਤਾ ਪ੍ਰਭੂ ਜਿਸ ਦੇ ਮਨ ਵਿਚ ਵੱਸਦਾ ਹੈ ਉਸ ਦੇ ਤਨਿ=ਸਰੀਰ ਵਿਚ ਕਿਸ ਗੱਲ ਦੀ ਭੁੱਖ ਰਹਿੰਦੀ ਹੈ, ਅਰਥਾਤ ਫੇਰ ਕਿਸੇ ਪਦਾਰਥ ਦੀ ਭੁੱਖ ਨਹੀਂ ਰਹਿੰਦੀ॥ ੪॥

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥

ਜੋ ਪੁਰਸ਼ ਬਾਕੀ ਵਾਲਾ ਹੈ ਭਾਵ ਜਿਸ ਦੇ ਪਾਸ ਪਾਪਾਂ ਰੂਪੀ ਬਾਕੀ ਪਈ ਹੋਈ ਹੈ,

ਉਸ ਨੂੰ ਧਰਮਰਾਜਾ ਤਲਬੀਐ=ਤਲਾਬ ਕਰਦਾ ਹੈ ਭਾਵ ਬੁਲਾਉਂਦਾ ਹੈ,

ਯਥਾ:-''ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥'' *(ਪੰਨਾ ੯੫੩)*

ਅਤੇ ਜੰਦਾਰੁ=ਜ਼ਿੰਦ ਦਾ ਅਰੀ ਜਮ ਉਸ ਦੇ ਸਿਰ ਉਤੇ ਜੰਦਾਰੁ=ਡੰਡੇ ਮਾਰਦਾ ਹੈ।

ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ ॥

ਮੰਗੇ ਦੇ ਅਨੁਸਾਰ ਲੇਖਾ ਦੇਣਾ ਹੀ ਪੈਣਾ ਹੈ, ਜ਼ੁਲਮ ਨਹੀਂ ਕਰਦਾ,

ਵਿਚਾਰ ਕਰਿ=ਕਰਕੇ ਪੁਛੈ=ਪੁੱਛਦਾ ਹੈ।

ਸਚੇ ਕੀ ਲਿਵ ਉਬਰੈ ਬਖਸੇ ਬਖਸਣਹਾਰੁ ਜੀਉ ॥ ੫ ॥

ਜਿਨ੍ਹਾਂ ਨੇ ਸੱਚੇ ਪ੍ਰਭੂ ਵਿਚ ਆਪਣੀ ਲਿਵ ਲਗਾਉਣਾ ਕੀ=ਕੀਤੀ ਹੈ, ਉਹ ਜਮਾਂ ਦੀ ਮਾਰ ਤੋਂ ਉਬਰੈ=ਬਚ ਗਏ ਹਨ, ਬਖ਼ਸ਼ਣਹਾਰ ਪ੍ਰਭੂ ਨੇ ਉਨ੍ਹਾਂ ਦੇ ਸਾਰੇ ਪਾਪ ਬਖ਼ਸ਼ ਦਿੱਤੇ ਹਨ॥ ੫॥

ਅਨ ਕੋ ਕੀਜੈ ਮਿਤੜਾ ਖਾਕੁ ਰਲੈ ਮਰਿ ਜਾਇ ਜੀਉ ॥

(੧) ਪਰਮੇਸ਼ਰ ਤੋਂ ਬਿਨਾਂ ਅਨ ਕੋ=ਹੋਰ ਕਿਸ ਨੂੰ ਮਿੱਤਰ ਕਰਨਾ ਹੈ ਕਿਉਂਕਿ ਸਭ ਕੋਈ ਮਰ ਕੇ ਮਿੱਟੀ ਵਿਚ ਰਲ ਜਾਂਦਾ ਹੈ।

(੨) ਪਰਮੇਸ਼ਰ ਤੋਂ ਬਿਨਾਂ ਜਿਹੜਾ ਹੋਰ ਕਿਸੇ ਨੂੰ ਮਿੱਤਰ ਕਰਨਾ ਹੈ, ਇਹ ਠੀਕ ਨਹੀਂ ਹੈ ਕਿਉਂਕਿ ਹੋਰ ਸਭ ਮਰ ਕੇ ਮਿੱਟੀ ਵਿਚ ਰਲ ਜਾਂਦੇ ਹਨ।

ਬਹੁ ਰੰਗ ਦੇਖਿ ਭੁਲਾਇਆ ਭੁਲਿ ਭੁਲਿ ਆਵੈ ਜਾਇ ਜੀਉ ॥

ਜਿਸ ਨੇ ਦੁਨੀਆਂ ਦੇ ਬਹੁਤੇ ਰੰਗਾਂ ਨੂੰ ਵੇਖ ਕੇ ਪ੍ਰਭੂ ਦਾ ਨਾਮ ਭੁਲਾ ਦਿੱਤਾ ਹੈ,

ਉਹ ਵਾਰੰ-ਵਾਰ ਭੁੱਲ-ਭੁੱਲ ਕੇ ਆਵੈ ਜਾਇ=ਜੰਮਦਾ ਮਰਦਾ ਹੈ।

ਨਦਰਿ ਪ੍ਰਭੂ ਤੇ ਛੁਟੀਐ ਨਦਰੀ ਮੇਲਿ ਮਿਲਾਇ ਜੀਉ ॥ ੬ ॥

ਪ੍ਰਭੂ ਦੀ ਨਦਰਿ=ਕਿਰਪਾ-ਦ੍ਰਿਸ਼ਟੀ ਨਾਲ ਹੀ ਛੁਟਕਾਰਾ ਹੁੰਦਾ ਹੈ,

ਨਦਰੀ=ਪਰਮਾਤਮਾ ਕਿਰਪਾ-ਦ੍ਰਿਸ਼ਟੀ ਕਰਕੇ ਹੀ ਸਤਸੰਗਤ ਦੇ ਮੇਲ ਵਿਚ ਮਿਲਾਉਂਦਾ ਹੈ॥ ੬ ॥

ਗਾਫਲ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥

ਹੇ ਪ੍ਰਭੂ ਤੋਂ ਗਾਫਲ=ਭੁੱਲੇ ਹੋਏ, ਸਰੂਪ ਗਿਆਨ ਤੋਂ ਹੀਣੇ ਪੁਰਸ਼ਾਂ ਗੁਰੂਆਂ ਤੋਂ ਬਿਨਾਂ ਹੋਰ ਕਿਤੋਂ ਗਿਆਨ ਨੂੰ ਨਾ ਲੱਭ।

ਖਿੰਚੋਤਾਣਿ ਵਿਗੁਚੀਐ ਬੁਰਾ ਭਲਾ ਦੁਇ ਨਾਲਿ ਜੀਉ ॥

ਖਿੰਚੋਤਾਣਿ=ਖਿੱਚੋ-ਖਿੱਚੀ ਕਰਨ ਨਾਲ ਵਿਗੁਚੀਐ=ਖਰਾਬ ਹੋਈਦਾ ਹੈ, ਬੁਰੇ ਕਰਮਾਂ ਦੇ ਲਿਖਣ ਵਾਲੇ ਚਿਤ੍ਰ ਗੁਪਤ ਤੇਰੇ ਨਾਲ ਹੀ ਹਨ।

ਅਥਵਾ:-ਬੁਰਾ ਭਲਾ ਜੋ ਭੀ ਕਰਮ ਹੈ, ਉਹ ਦੋਵੇਂ ਤੇਰੇ ਨਾਲ ਰਹਿੰਦੇ ਹਨ।

ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ ॥ ੭ ॥

ਸਬਦੈ=ਬ੍ਰਹਮ ਦੇ ਡਰ ਵਿਚ ਤਦਾਕਾਰ ਹੋਏ ਤੋਂ ਬਿਨਾਂ, ਜਮ ਕਾਲ ਨੇ ਸਾਰੀ ਦੁਨੀਆਂ ਜੋਹੀ=ਦੇਖੀ ਹੋਈ ਹੈ॥ ੭ ॥

ਜਿਨਿ ਕਰਿ ਕਾਰਣੁ ਧਾਰਿਆ ਸਭਸੈ ਦੇਇ ਆਧਾਰੁ ਜੀਉ ॥

ਜਿਸ ਕਾਰਨ ਰੂਪ ਪਰਮਾਤਮਾ ਨੇ (ਮਹਿਤੱਤ, ਤ੍ਰਿਯਾਹੰਕਾਰ ਆਦਿਕ) ਕਾਰਨਾਂ ਕਰਕੇ ਪ੍ਰਪੰਚ ਨੂੰ ਉਤਪੰਨ ਕੀਤਾ ਹੈ, ਓਹੀ ਪਰਮਾਤਮਾ ਸਾਰਿਆਂ ਨੂੰ ਆਧਾਰੁ=ਆਸਰਾ ਦੇਂਦਾ ਹੈ।

ਸੋ ਕਿਉ ਮਨਹੁ ਵਿਸਾਰੀਐ ਸਦਾ ਸਦਾ ਦਾਤਾਰੁ ਜੀਉ ॥

ਜੋ ਦਾਤਾਰ ਪ੍ਰਭੂ ਸਦਾ ਸਦਾ ਦਾਤਾਂ ਦੇ ਦੇਣ ਵਾਲਾ ਹੈ, ਉਸ ਨੂੰ ਮਨ ਵਿਚੋਂ ਕਿਉਂ ਭੁਲਾਉਂਣਾ ਹੈ ਭਾਵ ਨਹੀਂ ਭੁਲਾਉਣਾ ਚਾਹੀਦਾ।

ਨਾਨਕ ਨਾਮੁ ਨ ਵੀਸਰੈ ਨਿਧਾਰਾ ਆਧਾਰੁ ਜੀਉ ॥ ੮ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਿਧਾਰਾ ਆਧਾਰੁ=ਨਿਆਸਰਿਆਂ ਦਾ ਆਸਰਾ ਹੈ, ਉਸ ਪ੍ਰਭੂ ਦਾ ਨਾਮ ਮੈਨੂੰ ਨਾ ਭੁੱਲੇ॥ ੮ ॥ ੨ ॥

ਸੂਹੀ ਮਹਲਾ ੧ ਕਾਫੀ ਘਰੁ ੧੦

ੴ ਸਤਿਗੁਰ ਪ੍ਰਸਾਦਿ ॥ ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥

ਮਨੁੱਖ ਜਨਮ ਪ੍ਰਾਪਤ ਹੋਣਾ ਬਹੁਤ ਦੁਲੰਭੁ=ਦੁਰਲੱਭ (ਕਠਨ, ਔਖਾ) ਹੈ, ਗੁਰਮੁਖਾਂ ਨੇ ਇਸ ਦੁਰਲੱਭ ਮਨੁੱਖਾ ਜਨਮ ਨੂੰ ਪਾਇਆ ਹੈ।

ਯਥਾ:-''ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥

ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥'' *(ਕਬੀਰ ਜੀ, ਪੰਨਾ ੧੧੫੯)*

ਅਥਵਾ:-ਗੁਰਮੁਖਾਂ ਨੇ ਗੁਰਾਂ ਦੁਆਰੇ ਇਸ ਦੁਰਲੱਭ ਮਨੁੱਖਾ ਜਨਮ ਵਿਚ ਅਮੋਲਕ ਨਾਮ-ਪਦਾਰਥ ਪਾਇਆ ਹੈ। ਅਥਵਾ:-ਇਸ ਦੁਰਲੱਭ ਮਨੁੱਖਾ ਜਨਮ ਨੂੰ ਪਾਇਆ=ਸਫਲ ਕੀਤਾ ਹੈ।

ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥ ੧ ॥

ਜੇ ਸਤਿਗੁਰਾਂ ਨੂੰ ਭਾ ਜਾਵੇ ਤਾਂ ਮਨ ਤਨ ਨੂੰ ਚੁਲੰਭੁ=ਗੂੜ੍ਹਾ ਰੰਗ ਹੋ ਜਾਂਦਾ ਹੈ॥ ੧ ॥

ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥

ਜਿਨ੍ਹਾਂ ਨੇ ਸੱਚ-ਨਾਮ ਰੂਪ ਵਖਰੁ=ਸੌਦਾ ਲੀਤਾ ਹੈ, ਉਹ ਆਪਣੇ ਜਨਮ ਨੂੰ ਸਵਾਰ ਕੇ ਚਲੇ ਹਨ।

ਅਤੇ ਓਹੀ ਗੁਰਮੁਖ-

ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥ ੧ ॥ ਰਹਾਉ ॥

ਸਤਿਗੁਰਾਂ ਦੇ ਸਬਦਿ=ਉਪਦੇਸ਼ ਨਾਲ ਪ੍ਰਭੂ ਦੇ ਭੈ=ਡਰ ਨੂੰ ਧਾਰ ਕੇ ਪਰਮੇਸ਼ਰ ਦੇ ਦਰਬਾਰ ਵਿਚ ਪਤਿ ਪਾਏ=ਇੱਜ਼ਤ ਪਾਉਂਦੇ ਹਨ॥ ੧ ॥ ਰਹਾਉ ॥

ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥

ਜਿਸ ਪੁਰਸ਼ ਨੇ ਮਨ ਅਤੇ ਤਨ ਕਰਕੇ ਸੱਚ ਨੂੰ ਸਲਾਹਿਆ ਹੈ, ਉਹ ਸੱਚੇ ਦੇ ਮਨ ਵਿਚ ਭਾ ਗਿਆ ਹੈ।

ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥ ੨ ॥

ਜਿਸ ਨੇ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਪੂਰਾ ਗੁਰੂ ਪਾਇਆ ਹੈ, ਤੇ ਉਹਨਾਂ ਦੇ ਮਨੁ=ਮੰਤ੍ਰ ਨੂੰ ਮੰਨਿਆ ਹੈ, ਉਹ ਲਾਲਿ ਰਤਾ=ਪਿਆਰੇ ਵਾਹਿਗੁਰੂ ਨਾਲ ਮਿਲ ਗਿਆ ਹੈ।

ਅਥਵਾ:-ਮਨੁ ਮਾਨਿਆ ਗੁਰ=ਜਿਸ ਦਾ ਗੁਰੂ ਉਤੇ ਮਨ ਮੰਨਿਆ ਗਿਆ ਹੈ, ਉਸ ਨੇ ਪੂਰਾ ਗਿਆਨ ਪਾਇਆ ਹੈ, ਗਿਆਨ ਦੀ ਸ਼ਕਤੀ ਨਾਲ ਉਹ ਫਿਰ ਲਾਲਿ=ਪਿਆਰੇ ਪ੍ਰਭੂ ਵਿਚ ਰਤਾ=ਰੰਗਿਆ ਗਿਆ ਹੈ॥ ੨ ॥

[ਪੰਨਾ ੭੫੨]

ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥

ਭਾਵੇਂ ਤੂੰ ਮੇਰੇ ਅੰਦਰ ਵੱਸ ਰਿਹਾ ਹੈਂ, ਪਰ ਮੈਂ ਆਪ ਜੀ ਦੇ ਗੁਣਾਂ ਨੂੰ ਸੰਭਾਲ ਕੇ ਜੀਉਂਦਾ ਹਾਂ।

ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥ ੩ ॥

(੧) ਤੂੰ ਮੇਰੇ ਮਨ ਵਿਚ ਵੱਸਦਾ ਹੈਂ, ਇਹ ਗੱਲ ਜਾਣਨ ਵਾਲਾ ਪੁਰਸ਼ ਆਤਮ-ਰਸ ਵਿਚ ਰਸ ਜਾਂਦਾ ਹੈ।

(੨) ਜੇ ਤੂੰ ਮਨ ਦੇ ਵਿਚ ਵਸਹਿ=ਸਖਿਆਤਕਾਰ ਹੋ ਜਾਵੇਂ ਤਾਂ ਸੁਭਾਵਕ ਹੀ ਮਨ ਰਸਿ=ਆਤਮ-ਰਸ ਵਿਚ ਰਸੈ=ਰਸਦਾ ਹੈ॥ ੩ ॥

ਮੂਰਖ ਮਨ ਸਮਝਾਇ ਆਖਉ ਕੇਤੜਾ ॥

ਇਸ ਮੂਰਖ ਮਨ ਨੂੰ ਕਿੰਨਾ ਕੁ ਆਖ ਕੇ ਸਮਝਾਉਣਾ ਕਰਾਂ, ਇਹ ਨਹੀਂ ਸਮਝਦਾ।

ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥ ੪ ॥

ਗੁਰਮੁਖਾਂ ਨੇ ਹਰੀ ਦੇ ਗੁਣ ਗਾ ਕੇ ਮਨ ਨੂੰ ਆਤਮ-ਰੰਗ ਵਿਚ ਰੰਗੇਤੜਾ=ਰੰਗਣਾ ਕੀਤਾ ਹੈ॥ ੪॥

ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥

ਹੇ ਮਨ ! ਤੂੰ ਨਿਤਾਪ੍ਰਤੀ ਆਪਣੇ ਪ੍ਰੀਤਮੁ=ਪਰਮਾਤਮਾ ਨੂੰ ਹਿਰਦੇ ਵਿਚ ਸੰਭਾਲਣਾ ਕਰ।

ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥ ੫ ॥

ਜੇ ਸ਼ੁਭ-ਗੁਣਾਂ ਨੂੰ ਨਾਲ ਲੈ ਕੇ ਇਥੋਂ ਚਲੇਂਗਾ, ਤਾਂ ਫਿਰ ਦੁੱਖਾਂ ਕਰਕੇ ਸੰਤਾਪਣਾ=ਦੁਖੀ ਨਹੀਂ ਹੋਵੇਂਗਾ॥ ੫॥

ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥

(੧) ਮਨਮੁਖ ਭਰਮ ਵਿਚ ਭੁੱਲਿਆ ਫਿਰਦਾ ਹੈ, ਉਸ ਨੂੰ ਨਾਮ ਨਾਲ ਰੰਗੁ=ਪ੍ਰੇਮ ਨਹੀਂ ਹੈ।

(੨) ਜੋ ਮਨਮੁਖ ਭਰਮ ਵਿਚ ਭੁੱਲਿਆ ਫਿਰਦਾ ਹੈ, ਉਸ ਨੂੰ ਜੀਉਣ ਦਾ ਰੰਗੁ=ਅਨੰਦ ਨਹੀਂ ਹੈ।

ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥ ੬ ॥

ਉਸ ਦੇ ਮਨ ਤਨ ਵਿਚ ਪ੍ਰਭੂ ਦੀ ਪ੍ਰੀਤੀ ਦਾ ਭੰਗੁ=ਵਿਘਨ ਹੈਂ, ਇਸ ਕਰਕੇ ਉਹ ਵਿਡਾਣਾ=ਦੁਖੀ ਹੋਕੇ ਮਰਦਾ ਹੈ। ਵਾ:-ਜਿਸ ਵੇਲੇ ਮਰਦਾ ਹੈ ਤਾਂ ਵਿਡਾਣਾ=ਪਰਾਇਆਂ (ਜਮਾਂ) ਦਾ ਹੁੰਦਾ ਹੈ॥ ੬॥

ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥

ਜੋ ਪੁਰਸ਼ ਗੁਰਾਂ ਦੀ ਦੱਸੀ ਹੋਈ ਸੇਵਾ ਰੂਪ ਕਾਰ ਨੂੰ ਕਮਾਉਂਦਾ ਹੈ,
ਉਸ ਨੇ ਸਰੀਰ ਘਰ ਵਿਚ ਲਾਭਾ=ਲਾਭ ਨੂੰ ਆਣਿਆ=ਲਿਆਂਦਾ ਹੈ। ਅਤੇ-

ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥ ੭ ॥

ਗੁਰਾਂ ਦੀ ਸਬਦਿ ਬਾਣੀ=ਉਪਦੇਸ਼ ਬਾਣੀ ਦੁਆਰਾ ਉਸ ਨੇ ਨਿਰਬੰਧ ਪ੍ਰਭੂ ਨੂੰ ਪਛਾਣ ਲਿਆ ਹੈ।

ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦੀ ਇਕ ਬੇਨਤੀ ਹੈ, ਜੇ ਆਪ ਜੀ ਨੂੰ ਭਾ ਜਾਵੇ। ਤਾਂ-

ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥ ੮ ॥ ੧ ॥ ੩ ॥

ਮੈਨੂੰ ਨਾਮ-ਸਿਮਰਨ ਵਿਚ ਨਿਵਾਸ ਦਿਓ, ਜਿਸ ਕਰਕੇ ਹਰ ਵੇਲੇ ਹੇ ਹਰੀ ! ਤੇਰੇ ਹੀ ਗੁਣ ਗਾਉਂਦਾ ਰਹਾਂ॥ ੮॥ ੧॥ ੩॥

ਸੂਹੀ ਮਹਲਾ ੧ ॥ ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥

ਜਿਵੇਂ ਲੁਹਾਰ ਆਰਣਿ=ਭੱਠੀ ਵਿਚ ਲੋਹੇ ਨੂੰ ਪਾ ਕੇ (ਤਪਾਉਂਦਾ ਹੈ, ਫਿਰ ਉਸ ਨੂੰ) ਭੰਨ-ਭੰਨ ਕੇ ਕੁੱਟ-ਕੁੱਟ ਕੇ ਘੜਾਈਐ=ਘੜਦਾ ਹੈ।

ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥ ੧ ॥

ਤਿਵੇਂ ਜਮ ਰੂਪੀ ਲੁਹਾਰ ਸਾਕਤ ਪੁਰਸ਼ਾਂ ਨੂੰ ਜੂਨੀਆਂ ਵਿਚ ਪਾ ਕੇ ਸਜ਼ਾ ਦੇਂਦਾ ਹੈ, ਤੇ ਜੀਵ ਕਰਮਾਂ ਦਾ

ਭਵਾਈਐ=ਭਵਾਇਆ ਹੋਇਆ ਜੂਨੀਆਂ ਵਿਚ ਭਵੈ=ਫਿਰਦਾ ਹੈ॥ ੧॥

ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥

ਬੂਝੇ=ਸਮਝ ਤੋਂ ਬਿਨਾਂ, ਸਭ ਦੁੱਖ ਹੀ ਦੁੱਖ ਦਾ ਕਮਾਉਣਾ ਕਰਦਾ ਹੈ।

ਹਉਮੈ ਆਵੈ ਜਾਇ ਭਰਮਿ ਭੁਲਾਵਣਾ॥ ੧॥ ਰਹਾਉ॥

ਜਿਸ ਨੇ ਭਰਮ ਵਿਚ ਆਪਣੇ ਮਨ ਨੂੰ ਭੁਲਾਉਣਾ ਕੀਤਾ ਹੈ, ਉਹ ਹਉਮੈ ਕਰਕੇ ਜੰਮਦਾ ਤੇ ਮਰਦਾ ਹੈ।

ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ॥

ਹਰੀ-ਨਾਮ ਦੇ ਧਿਆਉਣ ਵਾਲੇ ਜੋ ਗੁਰਮੁਖ ਹਨ, ਤੂੰ ਉਹਨਾਂ ਦੀ ਰੱਖਿਆ ਕਰਨ ਵਾਲਾ ਹੈਂ।

ਮੇਲਹਿ ਤੁਝਹਿ* ਰਜਾਇ ਸਬਦੁ ਕਮਾਈਐ॥ ੨॥

ਆਪ ਜੀ ਨੇ ਰਜਾਇ=ਆਗਿਆ ਕਰਕੇ ਜੋ ਗੁਰਾਂ ਨਾਲ ਮੇਲੇ ਹਨ, ਉਹ ਸ਼ਬਦ ਦੀ ਕਮਾਈਐ=ਕਮਾਈ ਕਰਦੇ ਹਨ॥ ੨॥

ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ॥

ਹੇ ਪ੍ਰਭੂ ! ਤੂੰ ਆਪ ਹੀ ਕਰਿ ਕਰਿ=ਰਚ-ਰਚ ਕੇ ਸਭ ਨੂੰ ਵੇਖ ਰਿਹਾ ਹੈਂ, ਜੋ ਤੂੰ ਦੇਂਦਾ ਹੈਂ, ਉਹ ਪਾਈਐ=ਪਾਈਦਾ ਹੈ।

ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ॥ ੩॥

(੧) ਹੇ ਪ੍ਰਭੂ ! ਤੂੰ ਆਪ ਹੀ ਆਪਣੀ ਬੀਨਾਈਐ=ਨਿਗਾਹ ਦੇ ਦਰਿ=ਅੰਦਰ ਜੀਵਾਂ ਦੀ ਥਾਪਿ=ਉਤਪੱਤੀ, ਦੇਖਹਿ=ਪਾਲਣਾ, ਉਥਾਪਿ=ਲੈਤਾ ਕਰਦਾ ਹੈਂ।

(੨) ਜਿਨ੍ਹਾਂ ਦੇ ਪਾਸ ਦਰਿਬੀ ਨਾਈਐ=ਨਾਮ ਰੂਪੀ ਧਨ ਹੈ, ਅਤੇ ਜੋ ਦਰਬੀ=ਕੜਛੀ ਦੀ ਨਾਈਐ=ਨਿਆਈਂ ਅਸੰਗ (ਨਿਰਲੇਪ) ਰਹਿੰਦੇ ਹਨ।

ਯਥਾ:- ''ਕੜਛੀਆ ਫਿਰੰਨਿ੍ ਸੁਆਉ ਨ ਜਾਣਨਿ੍ ਸੁਵੀਆ॥'' *(ਵਾਰ ਗੂਜਰੀ, ਪੰਨਾ ੫੨੧)*

ਪੁਨਾ ਸ਼ੁਭ-ਗੁਣਾਂ ਨੂੰ ਥਾਪਦੇ ਹਨ ਅਤੇ ਅਸ਼ੁਭ-ਗੁਣਾਂ ਨੂੰ ਉਥਾਪਿ=ਪੁੱਟ ਦੇਂਦੇ ਹਨ ਉਹ ਤੂ ਦੇਖਹਿ=ਤੇਰੇ ਸਰੂਪ ਨੂੰ ਦੇਖਦੇ ਹਨ॥ ੩॥

ਨੋਟ-ਪਾਠ-''ਤੂ ਦੇਖਹਿ ਥਾਪਿ ਉਥਾਪਿ, ਦਰਿ ਬੀਨਾਈਐ॥'' ਹੀ ਕਰਨਾ ਜੀ !

ਦੇਹੀ ਹੋਵਗਿ ਖਾਕੁ ਪਵਣੁ ਉਡਾਈਐ॥

(੧) ਪਵਣੁ ਉਡਾਈਐ=ਸਵਾਸਾਂ ਦੇ ਉੱਡ ਜਾਣ ਤੇ ਇਸ ਦੇਹ ਨੇ ਖ਼ਾਕ ਹੋ ਜਾਣਾ ਹੈ।

(੨) ਇਸ ਪੰਚ ਭੂਤਕ ਸਰੀਰ ਨੇ ਖਾਕੁ=ਸੁਆਹ ਹੋ ਜਾਣਾ ਹੈ ਤੇ ਲਿੰਗ (ਸੂਖਮ) ਸਰੀਰ ਨੇ ਭੀ ਪ੍ਰਾਣਾਂ ਉਤੇ ਚੜ੍ਹ ਕੇ ਉਡ ਜਾਣਾ ਹੈ।

ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ॥ ੪॥

---

*ਪਾਠੰਤ੍ਰ-''ਮੇਲਹਿ ਤੁਝੈ ਰਜਾਇ॥'' ਭੀ ਹੈ।

ਇਨ੍ਹਾਂ ਘਰਾਂ ਵਿਚ ਫਿਰ ਤੂੰ ਕਿਥੇ ਅਉਤਾਕੁ=ਘਰ ਕਰੇਂਗਾ,

ਅਥਵਾ:-ਇਨ੍ਹਾਂ ਘਰਾਂ ਨੂੰ ਅਉ=ਵਿਸ਼ੇਸ ਕਰਕੇ ਫਿਰ ਤੂੰ ਕਿਥੇ ਤਾਕੁ=ਤੱਕੇਂਗਾ,

ਵਾ:-ਇਨ੍ਹਾਂ ਘਰਾਂ ਵਿਚ ਫਿਰ ਤੂੰ ਕਿਥੋਂ ਆਉਤਾਕੁ=ਰਿਹਾਇਸ਼ ਕਰੇਂਗਾ। ਜਿਨ੍ਹਾਂ ਦੇ ਮੋਹ ਕਰਕੇ ਤੂ ਮਹਲੁ=ਸਰੂਪ ਨਹੀਂ ਪਾਉਂਦਾ॥ ੪॥

ਦਿਹੁ ਦੀਵੀ ਅੰਧ ਘੋਰੁ ਘਰੁ ਮੁਹਾਈਐ॥

ਅੰਧੁ ਘੋਰੁ=ਭਿਆਨਕ (ਡਰਾਉਣੇ) ਹਨੇਰੇ ਵਿਚ ਘਰ ਲੁੱਟਿਆ ਜਾਵੇ ਤਾਂ ਅਫਸੋਸ ਨਹੀਂ, ਜੇਕਰ ਦਿਨ ਦੀਵੀਂ ਘਰ ਲੁੱਟਿਆ ਜਾਵੇ ਤਾਂ ਅਫਸੋਸ ਲੱਗਦਾ ਹੈ।

ਏਸੇ ਤਰ੍ਹਾਂ ਹੇ ਅੰਧ ਘੋਰੁ=ਮਹਾਂ ਮੂਰਖ ਪੁਰਸ਼ਾ ! ਤੂੰ ਦਿਹੁ ਦੀਵੀ=ਪ੍ਰਗਟ ਹੀ।

ਵਾ:-ਦਿਨ ਦੀਵੀ ਮਨੁੱਖ ਜਨਮ ਨੂੰ ਪਾ ਕੇ। ਅਥਵਾ:-ਗੁਰੂ ਦਾ ਸਿੱਖ ਹੋ ਕੇ।

ਅਥਵਾ:-ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹ ਸੁਣ ਕੇ ਆਪਣੇ ਘਰੁ=ਘਰ ਨੂੰ ਮੁਹਾਈਐ=ਲੁਟਾ ਰਿਹਾ ਹੈਂ, ਇਸ ਕਰਕੇ ਤੇਰੇ ਪਰ ਅਫਸੋਸ ਹੈ।

ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ॥ ੫॥

ਗਰਬਿ=ਹੰਕਾਰੀ ਦੇ ਘਰ ਨੂੰ ਹੰਕਾਰ ਰੂਪੀ ਚੋਰ ਮੁਸੈ=ਲੁੱਟੀ ਜਾ ਰਿਹਾ ਹੈ, ਇਹ ਕਿਸ ਨੂੰ ਰੋ ਕੇ ਸੁਣਾਏਗਾ, ਕਿਉਂਕਿ ਹੰਕਾਰ ਕਰਕੇ ਸਾਰੇ ਕਰਮ ਧਰਮ ਨਾਸ ਹੋ ਜਾਂਦੇ ਹਨ॥ ੫॥

ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ॥

ਉਹਨਾਂ ਗੁਰਮੁਖਾਂ ਨੂੰ ਚੋਰ ਨਹੀਂ ਲੱਗਦੇ, ਜੋ ਹਰੀ ਨਾਮ ਚਿੰਤਨ ਕਰਨੇ ਰੂਪ ਜਾਗ੍ਰਤ ਵਿਚ ਜਾਗਦੇ ਹਨ।

ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ॥ ੬॥

ਗੁਰ-ਉਪਦੇਸ਼ ਰੂਪੀ ਜਲ ਨੇ ਤ੍ਰਿਸ਼ਨਾ ਰੂਪ ਅੱਗ ਬੁਝਾ ਦਿੱਤੀ ਹੈ।

ਇਸ ਲਈ ਜੋਤਿ=ਜੋਤੀ (ਪਰਮਾਤਮਾ) ਦਾ ਦੀਪਾਈਐ=ਪ੍ਰਕਾਸ਼ ਹੋ ਗਿਆ ਹੈ॥ ੬॥

ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ॥

ਗੁਰਾਂ ਨੇ ਇਹ ਸੁਰਤ ਸਮਝਾਈ ਹੈ ਕਿ ਹਰੀ ਦਾ ਨਾਮ ਲਾਲ ਤੇ ਰਤਨ ਵਾਂਗ ਅਮੋਲਕ ਹੈ।

ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ॥ ੭॥

ਜਿਹੜੇ ਗੁਰ ਸਿਖਿਆ ਨੂੰ ਪਾਉਂਦੇ ਹਨ, ਉਹ ਸਦਾ ਨਿਹ+ਕਾਮੁ=ਕਾਮਨਾ ਤੋਂ ਰਹਿਤ ਹੋ ਕੇ ਰਹਿੰਦੇ ਹਨ।

ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ॥

ਉਹ ਰਾਤ ਦਿਨੇ ਹਰੀ ਨਾਮ ਨੂੰ ਆਪਣੇ ਮਨ ਵਿਚ ਵਸਾਉਂਦੇ ਹਨ।

ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ॥ ੮॥ ੨॥ ੪॥

ਗੁਰੂ ਜੀ ਕਥਨ ਕਰਦੇ ਹਨ-ਜਿਹੜੇ ਸਤਸੰਗ ਦੇ ਮੇਲ ਵਿਚ ਮਿਲਾਏ ਹਨ,

ਉਹ ਤੁਧੁ ਭਾਈਐ=ਤਿਸ ਪਰਮੇਸ਼ਰ ਨੂੰ ਭਾ ਗਏ ਹਨ॥ ੮॥ ੨॥ ੪॥

ਸੂਹੀ ਮਹਲਾ ੧ ॥ ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥

ਹੇ ਹਰੀ ! ਮੈਂ ਮਨ ਵਿੱਚੋਂ ਨਾਮ ਨੂੰ ਨਹੀਂ ਭੁਲਾਇਆ, ਦਿਨ ਰਾਤ ਨਾਮ ਨੂੰ ਧਿਆਉਣਾ ਕੀਤਾ ਹੈ।

ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥ ੧ ॥

ਜਿਵੇਂ ਆਪ ਕਿਰਪਾ-ਦ੍ਰਿਸ਼ਟੀ ਧਾਰ ਕੇ ਰੱਖਦੇ ਹੋ, ਮੈਂ ਤਿਸੇ ਤਰ੍ਹਾਂ ਦੇ ਰਹਿਣ ਵਿਚ ਹੀ ਸੁਖ ਪਾਇਆ ਹੈ॥ ੧ ॥

ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥

ਮੈਂ ਅੰਧੁਲੇ=ਅੰਨ੍ਹੇ ਵਾਸਤੇ ਹਰੀ ਦਾ ਨਾਮ ਹੀ ਟੋਹਣੀ=ਟੋਹਣ ਵਾਲੀ ਲਕੁਟੀ=ਲੱਕੜੀ (ਸੋਟੀ) ਹੈ।

ਯਥਾ:-''ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥ ੧ ॥'' *(ਨਾਮਦੇਵ, ਪੰਨਾ ੭੨੭)*

ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥ ੧ ॥ ਰਹਾਉ ॥

ਸਾਹਿਬ=ਮਾਲਕ ਪ੍ਰਭੂ ਦੀ ਓਟ ਵਿਚ ਰਹਿੰਦਾ ਹਾਂ, ਇਸ ਕਰਕੇ ਮੋਹਣੀ ਮਾਇਆ ਮੈਨੂੰ ਨਹੀਂ ਮੋਹੇਗੀ ॥ ੧ ॥ ਰਹਾਉ ॥

ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ ॥

ਜਿਥੇ ਵੇਖਦਾ ਹਾਂ ਓਥੇ (ਪਰਮੇਸ਼ਰ) ਮੇਰੇ ਨਾਲ ਹੈ, ਪਰ ਗੁਰਾਂ ਨੇ ਮੈਨੂੰ ਵਿਖਾਇਆ ਹੈ।

ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ ॥ ੨ ॥

ਪਹਿਲੇ ਮੈਂ ਬਾਹਰ ਜੰਗਲਾਂ ਵਿਚ ਤੇ ਤੀਰਥਾਂ ਪਰ ਭਾਲਿ=ਢੂੰਡਦਾ ਸਾਂ, ਪਰ ਹੁਣ ਗੁਰ-ਸ਼ਬਦ ਦੀ ਪ੍ਰਾਪਤੀ ਹੋਣ ਕਰਕੇ ਅੰਤਰਿ-ਅੰਤਹਕਰਨ ਦੇ ਵਿੱਚੋਂ ਹੀ ਨਿਹਾਲਿਆ=ਦੇਖ ਲਿਆ ਹੈ॥ ੨ ॥

ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ ॥

(੧) ਜਿਸ ਨੇ ਨਿਰੰਜਨ ਦਾ ਨਾਮ ਦਿੱਤਾ ਹੈ, ਉਸ ਸਤਿਗੁਰੂ ਨੂੰ ਭਾਇ=ਪ੍ਰੇਮ ਨਾਲ ਸੇਂਵਦਾ ਹਾਂ।

(੨) ਸਤਿਗੁਰਾਂ ਨੂੰ ਪ੍ਰੇਮ ਨਾਲ ਸੇਂਵਦਾ ਹਾਂ ਅਤੇ ਨਿਰੰਜਨ ਦੇ ਨਾਮ ਨੂੰ ਜਪਦਾ ਹਾਂ।

ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ ॥ ੩ ॥

ਹੇ ਰਜਾਇ=ਆਗਿਆ ਦੇ ਕਰਨ ਵਾਲੇ ਪ੍ਰਭੂ ! ਜਿਵੇਂ ਆਪ ਜੀ ਨੂੰ ਭਾਵੇ,

ਤਿਵੇਂ ਹੀ ਮੇਰਾ ਭਰਮ ਤੇ ਭਉ=ਡਰ ਭੰਜਨਾ=ਨਾਸ ਕਰ ਦਿਓ॥ ੩ ॥

ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ ॥

ਜੀਵ ਨੂੰ ਜੰਮਦਿਆਂ ਨਾਲ ਹੀ ਮਰਨ ਦਾ ਦੁੱਖ ਆ ਕੈ=ਕਰਕੇ ਲੱਗ ਜਾਂਦਾ ਹੈ।

ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ ॥ ੪ ॥

ਹਰੀ ਦੇ ਗੁਣ ਗਾਉਣ ਕੈ=ਕਰਕੇ ਹੀ ਜਨਮ ਮਰਨ ਪਰਵਾਣੁ=ਸਫਲ ਹੁੰਦਾ ਹੈ॥ ੪ ॥

ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ ॥

ਜਿਥੇ ਹਉ=ਹੰਕਾਰ ਨਹੀਂ ਉਥੇ ਤੂੰ ਪ੍ਰਾਪਤ ਹੁੰਦਾ ਹੈਂ, ਇਹ ਨਿਯਮ,

ਅਥਵਾ:-ਸਾਧਨ ਤੈਂਨੇ ਆਪ ਹੀ ਸਾਜਿਆ=ਬਣਾਇਆ ਹੈ।

ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ ॥ ੫ ॥

ਤੂੰ ਆਪ ਹੀ ਸੰਸਾਰ ਨੂੰ ਥਾਪਿ=ਉਤਪੱਤ ਤੇ ਉਥਾਪਿ=ਲੈਤਾ ਕਰਦਾ ਹੈਂ,

ਤੁਸਾਂ ਨੇ ਗੁਰ ਸ਼ਬਦ ਦੀ ਕਮਾਈ ਕਰਨ ਵਾਲਿਆਂ ਨੂੰ ਵਡਿਆਇਆ ਹੈ।

[ਪੰਨਾ ੭੫੩]

ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ ॥

ਜਿਸ ਵੇਲੇ ਦੇਹ ਭਸਮ ਵਿਚ ਰੁਲ ਜਾਂਦੀ ਹੈ, ਫਿਰ ਨਹੀਂ ਜਾਪੀ=ਜਾਣਿਆਂ ਜਾਂਦਾ ਕਿ ਜੀਵ ਕਿਥੇ ਗਿਆ ਹੈ।

ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ ॥ ੬ ॥

ਤੂੰ ਆਪ ਹੀ ਅਕਾਸ਼ ਵਾਂਗ ਸਾਰੇ ਸਮਾ ਰਿਹਾ ਹੈਂ, ਸੋ ਤੂੰ ਆਪ ਹੀ ਵਿਸਮਾਦੁ=ਅਸਚਰਜ ਰੂਪ ਹੋ ਰਿਹਾ ਹੈਂ ॥ ੬ ॥

ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥

ਹੇ ਪ੍ਰਭੂ ! ਤੂੰ ਦੂਰ ਨਹੀਂ ਹੈਂ, ਤੂੰ ਸਭ ਨੂੰ ਜਾਣਦਾ ਹੈਂ, ਵਾ:-ਤੂੰ ਸਭ ਕੁਝ ਜਾਣਦਾ ਹੈਂ।

ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥ ੭ ॥

(੧) ਗੁਰਮੁਖਿ ਆਪ ਜੀ ਨੂੰ ਹਾਜ਼ਰਾ ਹਜ਼ੂਰ ਦੇਖਦੇ ਹਨ, ਗੁਰਮੁਖਾਂ ਦੇ ਅੰਦਰ ਭੀ ਤੂੰ ਪ੍ਰਗਟ ਹੈਂ।

(੨) ਗੁਰਮੁਖਾਂ ਨੇ ਬਾਹਰ ਭੀ ਤੈਨੂੰ ਆਪਣੇ ਹਦੂਰਿ=ਪਾਸ ਵੇਖਿਆ ਹੈ, ਗੁਰਮੁਖਾਂ ਨੇ ਹਿਰਦੇ ਅੰਦਰ ਭੀ ਤੈਨੂੰ ਸਖਿਆਤ ਦੇਖਿਆ ਹੈ ॥ ੭ ॥

ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥

ਹੇ ਪ੍ਰਭੂ ! ਮੇਰਾ ਨਾਮ ਵਿਚ ਨਿਵਾਸ ਕਰ ਦਿਉ ਜਿਸ ਕਰਕੇ ਹਿਰਦੇ ਅੰਦਰ ਸ਼ਾਂਤੀ ਹੋ ਜਾਵੇ।

ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥ ੮ ॥ ੩ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਆਪ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ, ਕਿਉਂਕਿ ਦਾਸ ਨੂੰ ਸਤਿਗੁਰਾਂ ਨੇ ਏਹੋ ਮਤਿ=ਸਿਖਿਆ ਦਿੱਤੀ ਹੈ ॥ ੮ ॥ ੩ ॥ ੫ ॥

ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ

੧ਓ ਸਤਿਗੁਰ ਪ੍ਰਸਾਦਿ ॥

ਹੁਣ ਨਾਮ ਨਾਮੀ ਦੀ ਅਭੇਦਤਾ ਕਥਨ ਕਰਦੇ ਹਨ-

ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥

ਸੰਸਾਰ ਵਿਚ ਜੋ ਕੁਝ ਭੀ ਦਿੱਸ ਰਿਹਾ ਹੈ, ਉਹ ਸਭ ਕੁਝ ਨਾਮੀ ਪਰਮਾਤਮਾ ਤੋਂ ਉਤਪੰਨ ਹੋਇਆ ਹੈ।

ਅਥਵਾ:-ਨਾਮ ਜਪਣ ਤੋਂ ਹੀ ਸਭ ਕੁਝ ਸ਼ੁਭ ਗੁਣਾਂ ਦਾ ਸਮਦਾਅ ਪੈਦਾ ਹੋਇਆ ਹੈ, ਪਰ ਉਹ ਨਾਮ ਸਤਿਗੁਰਾਂ ਤੋਂ ਬਿਨਾਂ ਜਾਣਿਆਂ ਨਹੀਂ ਜਾਂਦਾ।

ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ॥

ਗੁਰਾਂ ਦੇ ਉਪਦੇਸ਼ ਦਾ ਰਸੁ=ਸਵਾਦ ਮਹਾ=ਬੜਾ ਮਿੱਠਾ ਹੈ, ਪਰ ਚੱਖੇ ਤੋਂ ਬਿਨਾਂ ਭਾਵ ਧਾਰੇ ਤੋਂ ਬਿਨਾਂ ਉਹ ਸਵਾਦ(ਅਨੰਦ) ਜਾਣਿਆ ਨਹੀਂ ਜਾਂਦਾ।

ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ॥

ਜਿਸ ਨੇ ਕਉਡੀ=ਮਾਇਆ ਦੇ ਬਦਲੈ=ਵੱਟੇ ਸੱਟੇ ਮਨੁੱਖਾ ਜਨਮ ਨਿਸਫਲ ਗੁਆ ਦਿੱਤਾ ਹੈ, ਉਹ ਆਪਣੇ ਸਰੂਪ ਨੂੰ ਨਹੀ ਪਛਾਣਦਾ।

ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ॥ ੧॥

ਜਾਂ ਗੁਰਮੁਖ ਹੋ ਕੇ ਮੁਖੀ ਗੁਰਾਂ ਦੇ ਸਨਮੁਖ ਖੜਾ ਹੋਵੇ ਤਾਂ ਇਕ ਪ੍ਰਭੂ ਨੂੰ ਜਾਣਦਾ ਹੈ, ਉਸ ਨੂੰ ਫਿਰ ਹਉਮੈ=ਮੈਂ ਮੇਰੀ ਦਾ ਦੁੱਖ ਨਹੀਂ ਦੁਖਾਵੇਗਾ॥ ੧॥

ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ॥

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਮੇਰੀ ਲਿਵ ਸੱਚੇ ਪ੍ਰਭੂ ਨਾਲ ਲਗਾਈ ਹੈ।

ਸਬਦੁ ਚੀਨਿ੍ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ॥ ੧॥ ਰਹਾਉ॥

ਗੁਰ ਉਪਦੇਸ਼ ਨੂੰ ਚੀਨਿ੍=ਜਾਣਿਆ ਤਾਂ ਆਤਮੁ=ਆਪਣੇ ਸਰੂਪ ਦਾ ਪ੍ਰਕਾਸ਼ ਹੋਇਆ,

ਤਾਂ ਸਹਜੇ=ਸੁਭਾਵਕ ਹੀ ਪਰਮੇਸ਼ਰ ਵਿਚ ਸਮਾ ਰਹਿੰਦਾ ਹੈ॥ ੧॥ ਰਹਾਉ॥

ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ॥

ਕਿਸੇ ਵੇਲੇ ਗੁਰਮੁਖ ਰਾਗ ਵਿਚ ਪ੍ਰਭੂ ਦੇ ਗੁਣ ਗਾਉਂਦੇ ਹਨ, ਕਿਸੇ ਵੇਲੇ ਗੁਰਮੁਖ ਸ਼ਾਸਤ੍ਰ ਨੂੰ ਲੈ ਕੇ ਪ੍ਰਭੂ ਦਾ ਸਿਧਾਂਤ ਬੁੱਝਦੇ ਹਨ, ਕਿਸੇ ਵੇਲੇ ਗੁਰਮੁਖ ਗੁਰ-ਸ਼ਬਦ ਦਾ,

ਵਾ:-ਬ੍ਰਹਮ ਦਾ ਵਿਚਾਰ ਕਰਦੇ ਹਨ।

ਯਥਾ:- ''ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥'' *(ਜਪੁਜੀ, ਪੰਨਾ ੨)*

(੧) ਜੋ ਮੁਖ ਗੁਰੂ ਸਾਹਿਬ ਜੀ ਨਾਮਾਂ ਨੂੰ ਗਾਉਂਦੇ ਹਨ, ਉਹਨਾਂ ਤੋਂ ਗੁਰਮੁਖ ਜਗਿਆਸੂ ਬੂਝੈ=ਬੁੱਝੇ ਤਾਂ ਗੁਰ=ਚੇਤਨ ਸਾਰਿਆਂ ਦਾ ਮੁਖਿ=ਅਸਿਸਠਾਨ ਰੂਪ ਸਬਦੁ=ਬ੍ਰਹਮ ਦਾ ਬਿਚਾਰੇ=ਵਿਚਾਰ ਕਰਦਾ ਹੈ। ਭਾਵ-ਪ੍ਰਾਪਤ ਕਰਦਾ ਹੈ।

ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ॥

ਜੀਅ ਤੇ ਪਿੰਡੁ=ਸਰੀਰ ਆਦਿਕ ਸਭ ਕੁਝ ਗੁਰਾਂ ਤੋਂ ਉਪਜੈ=ਉਧਰਦੇ ਹਨ,

ਭਾਵ-ਸਫਲ ਹੁੰਦੇ ਹਨ, ਮੁਖ ਗੁਰੂ ਹੀ ਸਿੱਖ ਦੇ ਸਾਰੇ ਕੰਮ ਸਵਾਰਦੇ ਹਨ।

ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ॥

ਅੰਨ੍ਹਾ ਮਨਮੁਖ ਅੰਧੁ=ਮੰਦ ਕਰਮਾਂ ਨੂੰ ਕਮਾਉਂਦਾ ਹੈ, ਅਤੇ ਸੰਸਾਰ ਵਿਚ ਵਿਸ਼ਿਆਂ ਰੂਪੀ ਜ਼ਹਿਰ ਨੂੰ ਖੱਟਦਾ ਹੈ। ਭਾਵ-ਪ੍ਰਾਪਤ ਕਰਦਾ ਹੈ।

ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥ ੨ ॥

ਅਤਿ ਪਿਆਰੇ-ਬੜੇ ਪਿਆਰ ਵਾਲੇ ਜੋ ਗੁਰੂ ਹਨ ਉਹਨਾਂ ਤੋਂ ਬਿਨਾਂ ਹੋ ਕੇ ਮਾਇਆ ਦੇ ਮੋਹ ਵਿਚ ਲੱਗ ਕੇ ਸਦਾ ਹੀ ਦੁੱਖ ਨੂੰ ਪਾਉਂਦਾ ਹੈ॥ ੨ ॥

ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ॥

ਓਹੀ ਸੱਚਾ ਸੇਵਕ ਹੈ ਜਿਹੜਾ ਸਤਿਗੁਰਾਂ ਦੀ ਸੇਵਾ ਕਰਦਾ ਹੈ ਅਤੇ ਸਤਿਗੁਰਾਂ ਦੇ ਭਾਏ=ਭਾਣੇ ਵਿਚ ਚਲਦਾ ਹੈ, ਵਾ:-ਸਤਿਗੁਰਾਂ ਦੇ ਭਾਏ=ਅਨੁਸਾਰ ਚਲਦਾ ਹੈ।

ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ॥

ਜੋ ਸਬਦੁ=ਬ੍ਰਹਮ ਸੱਚਾ ਹੈ, ਤੇ ਜਿਸ ਦੀ ਸਿਫਤ ਭੀ ਸੱਚੀ ਹੈ, ਉਸ ਦਾ ਸੱਚਾ ਨਾਮ ਮਨ ਵਿਚ ਵਸਾਉਣਾ ਕਰੇ।

ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ॥

ਗੁਰਮੁਖ-ਜਨ ਸੱਚੀ ਨਾਮ-ਬਾਣੀ ਨੂੰ ਆਖਦੇ ਹਨ, ਇਸ ਕਰਕੇ ਉਹਨਾਂ ਦੇ ਹਿਰਦੇ ਵਿਚੋਂ ਹੰਗਤਾ-ਮਮਤਾ ਚਲੀ ਜਾਂਦੀ ਹੈ।

ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ॥ ੩ ॥

(੧) ਉਹ ਪ੍ਰਭੂ ਆਪ ਦਾਤਾ ਹੈ, ਉਸ ਦਾ ਕਰਮੁ=ਕਰਤੱਵ ਭੀ ਸੱਚਾ ਹੈ, ਇਸ ਗੱਲ ਨੂੰ ਉਹ ਜਾਣਦਾ ਹੈ ਜਿਸ ਨੂੰ ਗੁਰੂ ਸੱਚਾ ਉਪਦੇਸ਼ ਸੁਣਾਉਂਦੇ ਹਨ।

(੨) ਸੱਚਾ ਦਾਤਾ ਪਰਮੇਸ਼ਰ ਆਪ ਜਿਸ ਉਤੇ ਕਰਮੁ=ਅਨਿਗ੍ਰਹੁ ਕਰਦਾ ਹੈ, ਉਸ ਨੂੰ ਗੁਰਾਂ ਦਾ ਸੱਚਾ ਸ਼ਬਦ ਸੁਣਾਉਂਦਾ ਹੈ॥ ੩ ॥

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥

ਗੁਰਮੁਖ ਗੁਰ ਸੇਵਾ ਦੀ ਕਮਾਈ ਘਾਲੇ=ਕਰਦੇ ਹਨ, ਗੁਰਮੁਖ ਹੀ ਨਾਮ-ਧਨ ਖੱਟਦੇ ਹਨ, ਗੁਰਮੁਖ ਹੀ ਹੋਰਨਾਂ ਨੂੰ ਨਾਮ ਜਪਵਾਉਂਦੇ ਹਨ।

ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥

ਗੁਰਾਂ ਦੇ ਉਪਦੇਸ਼ ਵਿਚ ਸਹਜੇ ਸੁਭਾਏ=ਸ੍ਰੇਸ਼ਟ ਪ੍ਰੇਮ ਕਰਕੇ ਸੱਚੇ ਰੰਗ ਵਿਚ ਰਾਤਾ=ਮਿਲਿਆ ਹੋਇਆ ਗੁਰਮੁਖ ਸਦਾ ਹੀ ਸੰਸਾਰ ਤੋਂ ਅਲਿਪਤੁ=ਅਲਪ (ਅਸੰਗ) ਰਹਿੰਦਾ ਹੈ।

ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥

ਮਨਮੁਖ ਪੁਰਸ਼ ਸਦਾ ਹੀ ਝੂਠ ਬੋਲਦਾ ਹੈ, ਵਿਹੁ ਨੂੰ ਬੀਜ ਕੇ ਵਿਹੁ ਫਲ ਖਾਂਦੇ ਹਨ, ਅਰਥਾਤ ਮੰਦ ਕਰਮ ਕਰਕੇ ਦੁਖੀ ਹੁੰਦੇ ਹਨ। ਵਾ:-ਵਿਸ਼ਿਆਂ ਰੂਪੀ ਬੀਜ ਨੂੰ ਬੀਜ ਕੇ ਜ਼ਹਿਰ ਫਲ ਨੂੰ ਹੀ ਖਾਂਦੇ ਹਨ।

ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥ ੪ ॥

ਤ੍ਰਿਸ਼ਨਾ ਦੀ ਅੱਗ ਨਾਲ ਦਾਧਾ=ਸੜੇ ਹੋਏ ਮਨਮੁਖ ਨੂੰ ਜਿਸ ਵੇਲੇ ਜਮਕਾਲ ਨੇ ਸੰਗਲਾਂ ਨਾਲ ਬੰਨ੍ਹ ਲਿਆ, ਤਾਂ ਦੱਸੋ ਗੁਰਾਂ ਤੋਂ ਬਿਨਾਂ ਉਸ ਨੂੰ ਕੌਣ ਛੁਡਾ ਸਕਦਾ ਹੈ ? ॥ ੪ ॥

ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥

(੧) ਸਚਾ ਤੀਰਥੁ=ਪਵਿੱਤਰ ਤੀਰਥ ਸਤਸੰਗ ਹੈ, (ਸਤ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ-ਗੁਣਾਂ ਰੂਪੀ ਜਲ ਨਾਲ ਭਰਿਆ ਹੋਇਆ ਹੈ) ਜਿਤੁ ਸਰਿ=ਜਿਸ ਸਤਸੰਗ ਸਰੋਵਰ ਵਿਚ ਇਸ਼ਨਾਨ ਕਰਨਾ ਉਹ ਪ੍ਰਭੂ ਆਪ ਹੀ ਗੁਰਮੁਖਾਂ ਨੂੰ ਬੁਝਾਏ=ਸਮਝਾਉਂਦਾ ਹੈ।

(੨) ਜਿਸ ਸਤਸੰਗ=ਸਰੋਵਰ ਵਿਚ ਇਸ਼ਨਾਨ ਕਰਨ ਕਰਕੇ ਉਹ ਪਰਮੇਸ਼ਰ ਗੁਰਮੁਖਾਂ ਨੂੰ ਗੁਰਾਂ ਦੁਆਰੇ ਆਪਿ ਬੁਝਾਏ=ਆਪਣਾ ਆਪ ਸਮਝਾ ਦੇਂਦਾ ਹੈ।

ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੇ ਮਲੁ ਜਾਏ ॥

ਅਠਸਠਿ=ਅਠਾਠ (੬੮) ਤੀਰਥ ਜੋ ਮੁਖ ਹਨ, ਉਹ ਗੁਰਾਂ ਨੇ ਆਪਦੇ ਸ਼ਬਦ ਵਿਚ ਸਿੱਖਾ ਨੂੰ ਦਿਖਾਏ ਹਨ, ਉਸ ਸ਼ਬਦ ਰੂਪ ਤੀਰਥ ਵਿਚ ਇਸ਼ਨਾਨ ਕਰਨ ਨਾਲ ਸਾਰੇ ਮਲੁ=ਪਾਪ ਦੂਰ ਚਲੇ ਜਾਂਦੇ ਹਨ।

ਯਥਾ:- ''ਸੁਣਿਐ ਅਠਸਠਿ ਕਾ ਇਸਨਾਨੁ ॥'' *(ਜਪੁਜੀ, ਪੰਨਾ ੩)*

ਤਥਾ:- 'ਜੈਸੇ ਅਠਸਠਿ ਤੀਰਥ ਪਰਸ ਕੀਓ, ਜੁਗ ਚਾਰ ਚੜ੍ਹਿਓ ਕੈਲਾਸ਼ ਰਹਿਓ।
ਜੈਸੇ ਲਾਖਬਾਰ ਕੁਰਛੇਤਰ ਮੈਂ, ਅਸਮੇਘ ਜਗ ਅਭੰਗ ਠਇਓ।
ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੇਂ ਤਨ ਦਾਹ ਦਇਓ।
ਫੁਨ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ।

(ਭਾਈ ਗੁਰਦਾਸ ਜੀ, ਕਬਿਤ-ਸ੍ਵੈਯੇ)

ਸਚਾ ਸਬਦੁ ਸਾਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥

ਉਹ ਸਬਦੁ=ਬ੍ਰਹਮ ਪਿੱਛੇ ਸੱਚਾ ਸੀ, ਹੁਣ ਭੀ ਸੱਚਾ ਤੇ ਨਿਰਮਲ ਹੈ,
ਨਾ ਉਸ ਨੂੰ ਮੈਲ ਲਗਦੀ ਹੈ ਨਾ ਹੀ ਉਹ ਹੋਰਨਾਂ ਨੂੰ ਮੈਲ਼ ਲਗਾਉਂਦਾ ਹੈ।

ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥ ੫ ॥

ਉਸ ਦੀ ਸਿਫਤ ਸੱਚੀ ਹੈ, ਉਸ ਦੀ ਸ਼ਲਾਘਾ ਭੀ ਸੱਚੀ ਹੈ, ਉਹ ਪੂਰਿਆਂ ਗੁਰਾਂ ਤੋਂ ਪਾਇਆ ਜਾਂਦਾ ਹੈ ॥ ੫ ॥

ਸਿਫਤ ਮੁਸਲਮਾਨ ਕਰਦੇ ਹਨ, ਸ਼ਲਾਘਾ ਹਿੰਦੂ ਕਰਦੇ ਹਨ:-

ਯਥਾ:- ''ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥ (ਵਾਰ ਆਸਾ, ਪੰਨਾ ੪੬੫)

ਦੂਜਾ ਅਰਥ:-ਸਚਾ ਸਬਦੁ ਸਾਚਾ ਹੈ ਨਿਰਮਲ ਨਾ ਮਲੁ ਲਗੈ ਨ ਲਾਏ॥

ਸਚਿਆਂ ਗੁਰਾਂ ਦਾ ਸਬਦੁ=ਉਪਦੇਸ਼ ਸੱਚਾ ਤੇ ਨਿਰਮਲ ਹੈ,

ਉਸ ਨੂੰ ਨਾ ਮੈਲ ਲੱਗਦੀ ਹੈ ਨਾ ਹੀ ਉਹ ਸਿੱਖ ਨੂੰ ਮੈਲ ਲੱਗਣ ਦੇਂਦਾ ਹੈ।

ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ॥ ੫॥ (ਪੰਨਾ ੭੫੩)

ਜੋ ਸਚੀ ਸਿਫਤਿ=ਸ਼ੋਭਾ ਤੇ ਸਚੀ ਸਾਲਾਹ=ਵਡਿਆਈ ਹੈ,

ਉਹ ਪੂਰਿਆਂ ਗੁਰਾਂ ਤੋਂ ਪਾਈ ਜਾਂਦੀ ਹੈ॥ ੫॥

ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ॥

ਤਨ ਮਨ ਆਦਿਕ ਸਭ ਕੁਝ ਉਸ ਹਰੀ ਦਾ ਹੈ, ਪਰ ਦੁਰਮਤਿ=ਖੋਟੀ ਬੁੱਧੀ ਕਰਕੇ ਉਸ ਦਾ ਕਿਹਾ ਨਹੀਂ ਜਾਂਦਾ।

ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ॥

ਜੋ ਗੁਰਾਂ ਦਾ ਹੁਕਮ ਹੋਵੇ ਉਸ ਨੂੰ ਸੱਚਾ ਕਰਕੇ ਮੰਨ ਲਵੇ, ਤਾਂ ਹਿਰਦੇ ਵਿਚੋਂ ਹਉਮੈ ਦੇ ਚਲੇ ਜਾਣ ਕਰਕੇ ਮਨ ਸ਼ੁੱਧ ਹੁੰਦਾ ਹੈ।

ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ॥

ਗੁਰਾਂ ਦੀ ਕਹੀ ਹੋਈ ਸਾਖੀ=ਸਿਖਿਆ ਸਹਜੇ ਚਾਖੀ=ਸੁਭਾਵਕ ਹੀ ਛਕ ਲਈ ਜਾਏ ਭਾਵ ਸ਼ਾਂਤੀ ਨਾਲ ਧਾਰਨ ਕੀਤੀ ਜਾਏ ਤਾਂ ਤ੍ਰਿਸ਼ਨਾ ਰੂਪ ਅੱਗ ਬੁਝ ਜਾਂਦੀ ਹੈ।

ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ॥ ੬॥

ਜੋ ਜਗਿਆਸੂ ਗੁਰਾਂ ਦੇ ਉਪਦੇਸ਼ ਵਿਚ ਰਾਤਾ=ਤਦਾਕਾਰ ਹੋ ਕੇ ਸਹਜੇ ਮਾਤਾ=ਗਿਆਨ ਵਿਚ ਮਸਤ ਹੋਇਆ ਹੈ, ਉਹ ਸੁਭਾਵਕ ਹੀ ਪਰਮੇਸ਼ਰ ਵਿਚ ਸਮਾ ਰਿਹਾ ਹੈ॥ ੬॥

ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ॥

ਜੋ ਪਿਆਰਿਆਂ ਗੁਰਾਂ ਵਿਚ ਭਾਇ=ਪ੍ਰੇਮ ਕਰਦਾ ਹੈ, ਉਹ ਹਰੀ ਦਾ ਨਾਮ ਸੱਚਾ ਕਰਕੇ ਜਾਣਦਾ ਹੈ।

[ਪੰਨਾ ੭੫੪]

ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ॥

ਜੋ ਸੱਚ ਨਾਮ ਦੇ ਪਿਆਰੇ ਹਨ, ਉਨ੍ਹਾਂ ਨੇ ਸੱਚੀ ਵਡਿਆਈ ਗੁਰਾਂ ਤੋਂ ਪਾਈ ਹੈ।

ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ॥

ਇਕ ਸੱਚਾ ਪ੍ਰਭੂ ਭਾਵੇਂ ਸਾਰਿਆਂ ਵਿਚ ਵਰਤ ਰਿਹਾ ਹੈ, ਪਰ ਕੋਈ ਵਿਰਲਾ ਹੀ ਉਸ ਦੀ ਵਿਚਾਰ ਕਰਦਾ ਹੈ।

ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥ ੭॥

(੧) ਜਾਂ ਗੁਰੂ ਨਾਮ ਬਖਸ਼ੇ ਤਾਂ ਸੱਚੀ ਭਗਤੀ ਨਾਲ ਸਵਾਰੇ ਹੋਏ ਪੁਰਸ਼ ਨੂੰ ਆਪਣੇ ਨਾਲ ਮੇਲ ਲੈਂਦਾ ਹੈ।

(੨) ਸੱਚੀ ਭਗਤੀ ਕਰਕੇ ਜਾਂ (ਮਨ ਬੁੱਧ ਆਦਿਕ ਸਭ) ਇੰਦ੍ਰੀਏ ਸਵਾਰ ਲਏ ਤਾਂ ਪ੍ਰਭੂ ਨੇ ਔਗੁਣ ਬਖਸ਼ ਕੇ ਆਪਣੇ ਨਾਲ ਮੇਲ ਲੀਤਾ॥ ੭॥

ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥

ਪਿੱਛੇ ਵੀ ਸੱਚਾ ਸਾਰਿਆਂ ਵਿਚ ਵਰਤਦਾ ਸੀ, ਹੁਣ ਭੀ ਸੱਚਾ ਸਾਰਿਆਂ ਵਿਚ ਵਰਤ ਰਿਹਾ ਹੈ, ਅੱਗੇ ਭੀ ਸੱਚਾ ਸਾਰਿਆਂ ਵਿਚ ਵਰਤੇਗਾ, ਪਰ ਕੋਈ ਗੁਰਮੁਖ ਹੀ ਇਸ ਭੇਦ ਨੂੰ ਜਾਣਦਾ ਹੈ।

ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ॥

ਜਿਸ ਦੇ ਹੁੱਕਮ ਵਿਚ ਜੰਮਣਾ ਮਰਨਾ ਵਰਤ ਰਿਹਾ ਹੈ, ਗੁਰਮੁਖਾਂ ਨੇ ਆਪਣੇ ਆਪ ਨੂੰ ਉਸ ਦਾ ਰੂਪ ਪਛਾਣਿਆ ਹੈ।

ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ॥

ਪ੍ਰਭੂ ਦੇ ਨਾਮ ਨੂੰ ਧਿਆਵੇ ਤਾਂ ਇਹ ਸਤਿਗੁਰਾਂ ਨੂੰ ਭਾਉਂਦਾ ਹੈ, ਫਿਰ ਜੋ ਇੱਛਾ ਕਰਦਾ ਹੈ ਓਹੀ ਫਲ ਪਾਉਂਦਾ ਹੈ।

ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ॥ ੮॥ ੧॥

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਸਭ ਕੁਝ ਸਫਲ ਹੁੰਦਾ ਹੈ, ਜਿਹੜਾ ਹਿਰਦੇ ਵਿਚੋਂ ਆਪਾ ਭਾ ਹੰਕਾਰ ਨੂੰ ਗੁਆਉਂਦਾ ਹੈ॥ ੮॥ ੧॥

ਸੂਹੀ ਮਹਲਾ ੩॥

ਕਾਇਆ ਕਾਮਣਿ ਅਤਿ ਸੁਆਲਿਉ ਪਿਰੁ ਵਸੈ ਜਿਸੁ ਨਾਲੇ॥

ਉਹ ਕਾਇਆ=ਦੇਹ, ਵਾ:-ਬੁੱਧੀ ਰੂਪ ਇਸਤ੍ਰੀ ਅਤਿ ਸੁਆਲਿਓ=ਵੱਡੀ ਸੁੰਦਰ ਹੈ, ਵਾ:-ਸਲਾਹੁਣੇ ਜੋਗ ਹੈ। ਜਿਸ ਦੇ ਨਾਲ ਪਤੀ (ਪਰਮਾਤਮਾ) ਵੱਸਦਾ ਹੈ।

ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ॥

ਸੱਚੇ ਪਿਰੀ ਦੇ ਮਿਲਾਪ ਨਾਲ ਉਹ ਸਦਾ ਸੁਹਾਗਵੰਤੀ ਹੈ, ਪਰ ਸੱਚਾ ਪਿਰੀ ਤਾ ਮਿਲਦਾ ਹੈ ਜਾਂ ਗੁਰਾਂ ਦਾ ਗੁਰ-ਉਪਦੇਸ਼ ਸੰਭਾਲਣਾ ਕਰੇ।

ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ॥ ੧॥

ਜੋ ਹਰੀ ਦੀ ਭਗਤੀ ਦੇ ਰੰਗ ਵਿਚ ਸਦਾ ਰਾਤਾ=ਮਿਲਿਆ ਰਹਿੰਦਾ ਹੈ, ਉਸ ਦੇ ਹਿਰਦੇ ਵਿਚੋਂ ਹੰਗਤਾ-ਮਮਤਾ ਜਾਲੇ=ਸੜ ਜਾਂਦੀ ਹੈ॥ ੧॥

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥੧॥ਰਹਾਉ॥

ਪੂਰਿਆਂ ਗੁਰਾਂ ਦੀ ਬਾਣੀ ਵਾਹੁ ਵਾਹੁ=ਧੰਨ ਧੰਨ ਹੈ। ਜੋ ਪੂਰਿਆਂ ਗੁਰਾਂ ਤੋਂ ਪੈਦਾ ਹੋਈ ਹੈ, ਤੇ ਸੱਚ ਸਰੂਪ

ਵਿਚ ਸਮਾ ਗਈ ਹੈ॥ ੧॥ ਰਹਾਉ॥

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥

੧. ਖੰਡ, ਮੰਡਲ ਅਤੇ ਪਾਤਾਲ ਆਦਿਕ ਸਭ ਕੁਝ ਦੇਹ ਦੇ ਅੰਦਰ ਹੀ ਵੱਸ ਰਿਹਾ ਹੈ।

੨. ਕਾਇਆ ਦੇ ਅੰਦਰ ਸਭ ਕੁਝ ਵੱਸ ਰਿਹਾ ਹੈ, ਖੰਡ=ਨੌ ਜੋੜ ਮੁਖ-ਮੁਖ, ਮੰਡਲ=ਕਮਰ ਅਸਥਾਨ, ਵਾ:-ਅੰਤਹਕਰਨ, ਪਾਤਾਲਾ=ਪੈਰ।

੩. ਸਭ ਕੁਝ ਵਸਤੂਆਂ ਦਾ ਮਾਲਕ ਜੋ ਪਰਮੇਸ਼ਰ ਹੈ, ਉਹ ਇਸ ਕਾਇਆਂ ਦੇ ਅੰਦਰ ਵਸ ਰਿਹਾ ਹੈ, ਖੰਡਾਂ, ਮੰਡਲਾਂ ਤੇ ਪਤਾਲਾਂ ਵਿਚ ਭੀ ਵਸ ਰਿਹਾ ਹੈ।

ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥

ਜੋ ਸਾਰਿਆਂ ਜੀਆਂ ਦੀ ਪ੍ਰਤਿਪਾਲਾ ਕਰਦਾ ਹੈ ਉਹ ਜਗਜੀਵਨ ਦਾਤਾ ਭੀ ਇਸ ਕਾਇਆਂ ਦੇ ਅੰਦਰ ਵੱਸ ਰਿਹਾ ਹੈ।

ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ॥ ੨॥

ਉਹ ਕਾਇਆਂ, ਵਾ:-ਬੁੱਧੀ ਰੂਪ ਕਾਮਣਿ=ਇਸਤ੍ਰੀ ਸਦਾ ਹੀ ਸੁਹੇਲੀ=ਸੁਖੀ ਹੈ,
ਜਿਸ ਨੇ ਗੁਰਮੁਖਿ=ਗੁਰਾਂ ਦੁਆਰੇ ਨਾਮ ਨੂੰ ਸੰਭਾਲਿਆ ਹੈ॥ ੨॥

ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥

ਉਹ ਅਲੱਖ ਸਰੂਪ (ਪਰਮਾਤਮਾ) ਇਸ ਕਾਇਆਂ ਦੇ ਅੰਦਰ ਆਪ ਹੀ ਵੱਸ ਰਿਹਾ ਹੈ, ਜੋ ਗੁਰਾਂ ਤੋਂ ਬਿਨਾਂ ਲਖਿਆ=ਜਾਣਿਆ ਨਹੀਂ ਜਾਂਦਾ।

ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥

ਮਨਮੁਖ ਮੂਰਖ ਇਸ ਭੇਦ ਨੂੰ ਸਮਝਦਾ ਨਹੀਂ ਹੈ ਤੇ ਪ੍ਰਭੂ ਨੂੰ ਢੂੰਡਣ ਵਾਸਤੇ ਬਾਹਰ ਜੰਗਲਾਂ ਵਿਚ ਵਾ:-ਤੀਰਥਾਂ ਉੱਪਰ ਜਾਂਦਾ ਹੈ।

ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ॥ ੩॥

ਉਹਨਾਂ ਸਤਿਗੁਰਾਂ ਨੂੰ ਸੇਵੇ ਤਾਂ ਸਦਾ ਸੁਖ ਪਾਉਂਦਾ ਹੈ, ਜਿਨ੍ਹਾਂ ਸਤਿਗੁਰਾਂ ਨੇ ਅਲੱਖ ਪ੍ਰਭੂ ਲਖਾਈ=ਜਣਾ ਦਿੱਤਾ ਹੈ॥ ੩॥

ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ॥

ਕਾਇਆਂ ਦੇ ਅੰਦਰ ਹੀ ਰਤਨ=ਅਮੋਲਕ ਨਾਮ ਪਦਾਰਥ ਹੈ,
ਵਾ:-ਰਤਨ=ਵੈਰਾਗ ਆਦਿਕ ਪਦਾਰਥ ਹਨ, ਅਤੇ ਭਗਤੀ ਦੇ ਭੰਡਾਰੇ ਭਰੇ ਹੋਏ ਹਨ।

ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥

ਨੌਂ ਖੰਡਾਂ ਦੀ ਪ੍ਰਿਥਵੀ ਦਾ ਮਾਲਕ ਪਰਮੇਸ਼ਰ ਇਸ ਕਾਇਆਂ ਦੇ ਅੰਦਰ ਹੈ।
*ਅਥਵਾ:-*ਨਉ ਖੰਡ=ਨੌਂ ਹਿੱਸਿਆਂ ਵਾਲੀ ਨੌਧਾ ਭਗਤੀ ਇਸ ਕਾਇਆਂ ਦੇ ਅੰਦਰ ਹੈ।

ਅਥਵਾ:-ਨਉ ਖੰਡ=ਨੌਂ ਜੋੜ, ਪ੍ਰਿਥਮੀ=ਬੁੱਧੀ, ਹਾਟ=ਹਿਰਦਾ, ਪਟਣ=ਸਰੀਰ,

ਵਾ:-ਅੰਤਹਕਰਨ, ਬਾਜਾਰਾ=ਇੰਦ੍ਰੀਏ ਇਤਿਆਦਿਕ ਸਭ ਕੁਝ ਇਸ ਕਾਇਆਂ ਦੇ ਅੰਦਰ ਹੈ।

ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ
ਗੁਰ ਕੈ ਸਬਦਿ ਵੀਚਾਰਾ ॥ ੪ ॥

ਗੁਰ ਸ਼ਬਦ ਦੇ ਵਿਚਾਰ ਦੁਆਰਾ ਹੀ ਇਸ ਕਾਇਆ ਦੇ ਅੰਦਰ ਨੌ ਨਿਧੀ ਰੂਪ ਨਾਮ ਪਾਈਦਾ ਹੈ॥ ੪ ॥

ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥

ਉਹ ਪ੍ਰਭੂ ਆਪ ਹੀ ਤੋਲਣ ਵਾਲਾ ਹੋ ਕੇ ਇਸ ਕਾਇਆਂ ਦੇ ਅੰਦਰ ਤੋਲ ਨੂੰ ਤੁਲਾਉਂਦਾ ਹੈ। ਅਰਥਾਤ ਇਸ ਕਾਇਆਂ ਦੇ ਅੰਦਰ ਤੋਲਿ ਤੁਲਾਵੈ=ਵਿਚਾਰ ਵਿਚਰਾਉਂਦਾ ਹੈ, ਅਤੇ ਆਪ ਹੀ ਤੋਲਣਹਾਰਾ=ਵਿਚਾਰ ਦੇ ਕਰਨ ਵਾਲਾ ਹੈ।

ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥

ਇਸ ਮਨ ਦੇ ਵਿਚ ਹੀ ਰਤਨੁ=ਵੈਰਾਗ, ਜਵਾਹਰ=ਗਿਆਨ, ਮਾਣਕੁ=ਸ੍ਰਵਨ, ਮੰਨਣ, ਨਿਧਿਆਸਨ ਹੈ, ਉਹਨਾਂ ਗੁਣਾਂ ਦਾ ਮੁੱਲ ਅਫਾਰਾ=ਅਸਹਿ ਭਾਵ ਬਿਅੰਤ ਹੈ। ਪ੍ਰਤੱਖ ਰੁਪਈਆਂ ਨਾਲ ਮੁੱਲ ਨਹੀਂ ਪੈਂਦਾ।

ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥ ੫ ॥

ਕਿਸੇ ਭੀ ਮੋਲਿ=ਮੁੱਲ ਨਾਲ ਨਾਮ ਨਹੀਂ ਪਾਇਆ ਜਾਂਦਾ, ਗੁਰ-ਉਪਦੇਸ਼ ਦੀ ਵਿਚਾਰ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ॥ ੫ ॥

ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥

ਜੋ ਗੁਰਮੁਖ ਹੁੰਦਾ ਹੈ ਓਹੀ ਉਸ ਨੂੰ ਕਾਇਆ=ਦੇਈ ਵਿਚੋਂ ਖੋਜੈ=ਖੋਜਦਾ ਹੈ, ਹੋਰ ਸਾਰੀ (ਦੁਨੀਆਂ) ਭਰਮ ਵਿਚ ਭੁੱਲੀ ਹੋਈ ਹੈ।

ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥

ਜਿਸ ਨੂੰ ਪਰਮੇਸ਼ਰ ਵਿਚਾਰ ਦੇਂਦਾ ਹੈ ਓਹੀ ਪੁਰਸ਼ ਪਾਉਂਦਾ ਹੈ, ਹੋਰ ਆਪਣੇ ਆਪ ਕੋਈ ਕੀ ਚਤੁਰਾਈ ਕਰ ਸਕਦਾ ਹੈ।

ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥ ੬ ॥

ਕਾਇਆਂ ਦੇ ਅੰਦਰ ਹੀ ਭਉ=ਭਰ ਤੇ ਭਾਉ=ਪ੍ਰੇਮ ਵੱਸ ਰਿਹਾ ਹੈ, ਪਰ ਗੁਰਾਂ ਦੀ ਕਿਰਪਾ ਨਾਲ ਪਾਈਦਾ॥ ੬ ॥

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥

ਕਾਇਆਂ ਦੇ ਅੰਦਰ ਹੀ ਬ੍ਰਹਮਾ, ਵਿਸ਼ਨੂੰ ਤੇ ਮਹੇਸਾ=ਸ਼ਿਵ ਜੀ ਹਨ, ਜਿਤੁ=ਜਿਨ੍ਹਾਂ ਦੇਵਤਿਆਂ ਕਰਕੇ ਸਾਰੇ ਸੰਸਾਰ ਦੀ ਉਤਪਤੀ, ਪਾਲਣਾ, ਲੈਤਾ ਹੁੰਦੀ ਹੈ।

ਅਥਵਾ:-ਕਾਇਆਂ ਦੇ ਅੰਦਰ ਹੀ ਬ੍ਰਹਮਾ, ਵਿਸ਼ਨੂੰ, ਮਹੇਸਾ-ਰਜੋ, ਸਤੋ, ਤਮੋ ਤਿੰਨੇ ਗੁਣ ਹਨ, ਜਿਨ੍ਹਾਂ

ਤਿੰਨਾਂ ਗੁਣਾਂ ਤੋਂ ਸਾਰੇ ਸੰਸਾਰ ਦੀ ਉਤਪਤੀ ਹੈ।

ਅਥਵਾ- ''ਬ੍ਰਹਮੁ ਪਾਤੀ ਬਿਨੁ ਡਾਰੀ ਫੂਲ ਸੰਕਰ ਦੇਉ॥''

ਇਸ ਸਿਧਾਂਤ ਅਨੁਸਾਰ (ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ) ਤਿੰਨੇ ਦੇਵਤੇ ਕਾਇਆਂ ਦੇ ਅੰਦਰ ਹਨ।*

ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ॥

ਜੋ ਆਵਾ ਗਉਣੁ=ਆਉਣ ਜਾਣ ਵਾਲਾ ਸੰਸਾਰ ਪਸਾਰਾ ਹੈ, ਸੱਚੇ ਨੇ ਇਹ ਇਕ ਆਪਣਾ ਹੀ ਖੇਲ ਬਣਾਇਆ ਹੈ।

*ਅਥਵਾ:-*ਸਚੇ ਨੇ ਜੋ ਆਪਣਾ ਸੰਸਾਰ ਖੇਲ ਬਣਾਇਆ ਹੈ, ਇਸ ਪਸਾਰੇ ਨੂੰ ਵੀ ਆਵਾਗੌਣ ਹੀ ਕੀਤਾ ਹੈ।

ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ॥ ੭॥

ਪੂਰਿਆਂ ਸਤਿਗੁਰਾਂ ਨੇ ਕਿਰਪਾ ਕਰਕੇ ਜਿਸ ਨੂੰ ਆਪ ਸੱਚਾ ਨਾਮੀ ਪਰਮਾਤਮਾ ਵਿਖਾਇਆ ਹੈ, ਉਸ ਦਾ ਨਿਸਤਾਰਾ ਹੋਇਆ ਹੈ॥ ੭॥

ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ॥

ਜੋ ਸਤਿਗੁਰਾਂ ਨੂੰ ਸੇਂਵਦੀ ਹੈ ਸਚੇ ਪ੍ਰਭੂ ਨੇ ਆਪ ''ਸਾ ਕਾਇਆ ਸਵਾਰੀ'' ਉਹ ਦੇਹ ਸਵਾਰਨਾ ਕੀਤਾ ਹੈ।

ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥

ਨਾਮ-ਸਿਮਰਨ ਕੀਤੇ ਤੋਂ ਬਿਨਾਂ ਦਰਗਾਹ ਵਿਚ ਢੋਈ=ਜਗ੍ਹਾ ਨਹੀਂ ਮਿਲਦੀ, ਤਾਂ ਹੀ ਇਸ ਨੂੰ ਜਮੁ ਖੁਆਰੀ=ਖਰਾਬ ਕਰਦਾ ਹੈ।

ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ॥ ੮॥ ੨॥

ਗੁਰੂ ਜੀ ਕਥਨ ਕਰਦੇ ਹਨ--ਜਿਸ ਉਤੇ ਹਰੀ ਕਿਰਪਾ-ਦ੍ਰਿਸ਼ਟੀ ਕਰਦਾ ਹੈ, ਉਹ ਸੱਚ-ਨਾਮ ਨੂੰ ਜਪਕੇ ਸੱਚੀ ਵਡਿਆਈ ਨੂੰ ਪਾਉਂਦਾ ਹੈ॥ ੮॥ ੨॥

[ਪੰਨਾ ੭੫੫]

ਰਾਗੁ ਸੂਹੀ ਮਹਲਾ ੩ ਘਰੁ ੧੦

੧ੴ ਸਤਿਗੁਰ ਪ੍ਰਸਾਦਿ॥

ਇਕ ਮਨੁੱਖ ਸੋਹਣੇ ਮਕਾਨਾਂ ਨੂੰ, ਚੰਗੀਆਂ ਦੁਕਾਨਾਂ ਨੂੰ ਤੇ ਚੰਗਿਆਂ ਪਦਾਰਥਾਂ ਨੂੰ ਵੇਖ ਕੇ ਇਸ ਦੁਨੀਆਂ

★*''ਸਰਬ ਸੁਕਰ ਬ੍ਰਹਮਾ ਅਹੈ, ਬਿਸਨ ਪਲਦ ਪ੍ਰਕਾਸ਼।*
ਈਸਰ ਅਸਤ ਸੰਘਾਤ ਹੈ, ਤਾਂ ਤੇ ਮਤ ਭਖ ਮਾਸ।'' (ਸਾਰੁਕਤਾਵਲੀ, ਅਧਿ:੭)

ਅਰਥ:-ਸਾਰਿਆਂ ਵਿਚ ਜੋ ਸ਼ੁਕਰ=ਬੀਰਜ ਅੰਸ ਹੈ, ਇਹ ਬ੍ਰਹਮਾ ਰੂਪ। ਸਾਰਿਆਂ ਵਿਚ ਜੋ ਪਲਦ=ਮਾਸ ਦਾ ਪ੍ਰਕਾਸ਼ ਹੈ, ਇਹ ਵਿਸ਼ਨੂੰ ਰੂਪ ਹੈ। ਅਸਤ ਸੰਘਾਤ=ਹੱਡੀਆਂ ਦਾ ਜੋ ਸਮੁਦਾਅ ਹੈ ਇਹ ਸ਼ਿਵ ਰੂਪ ਹੈ।

ਇਸ ਕਰਕੇ ਕਾਇਆਂ ਦੇ ਅੰਦਰ ਹੀ ਾ, ਵਿਸ਼ਨੂੰ ਤੇ ਸ਼ਿਵ ਜੀ' ਤਿੰਨੇ ਦੇਵਤੇ ਹਨ।

ਦੀ ਸ਼ਲਾਘਾ ਕਰ ਰਿਹਾ ਸੀ, ਦੂਜਾ ਮਨੁੱਖ ਸੁਰਗ ਤੇ ਸ਼ਿਵ ਆਦਿਕ ਲੋਕਾਂ ਦੇ ਸੁਖ ਸੁਣ ਕੇ ਉਹਨਾਂ ਦੀ ਸ਼ਲਾਘਾ ਕਰ ਰਿਹਾ ਸੀ। ਉਹਨਾਂ ਤੋਂ ਸੁਣ ਕੇ ਗੁਰੂ ਜੀ ਸਮਝਾਉਂਦੇ ਹਨ-

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥

ਹੇ ਭਾਈ ! ਇਸ ਦੁਨੀਆਂ ਨੂੰ ਨਾ ਸਲਾਹੁਣਾ ਕਰ ਜੋ ਮਰ ਕੇ ਵੰਞਸੀ=ਚਲੇ ਜਾਣ ਵਾਲੀ ਹੈ।

ਯਥਾ:- ''ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰੁ॥ ੩॥'' *(ਸਿਰੀ ਰਾਗੁ ਮ: ੧, ਪੰਨਾ ੬੪)*

ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥ ੧॥

ਸੁਰਗ ਲੋਕ, ਇੰਦਰ ਲੋਕ, ਸ਼ਿਵ ਲੋਕ, ਪ੍ਰਹਮ ਲੋਕ ਇਤਆਦਿਕ ਉਪਰਲੇ ਲੋਕਾਂ ਨੂੰ ਭੀ,
ਵਾ:-ਪ੍ਰਲੋਕ ਨੂੰ ਭੀ ਨਾ ਸਲਾਹੁਣਾ ਕਰ ਜੋ ਮਰ ਕੇ ਖ਼ਾਕ ਰੂਪ ਥੀਈ=ਹੋ ਜਾਣ ਵਾਲੇ ਹਨ॥ ੧॥

ਯਥਾ:- ''ਇੰਦ੍ਰ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
ਸਿਵ ਪੁਰੀ ਕਾ ਹੋਇਗਾ ਕਾਲਾ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥ ੨॥''

(ਗਉੜੀ ਮ: ੫, ਪੰਨਾ ੨੩੭)

ਵਾਹੁ ਮੇਰੇ ਸਾਹਿਬਾ ਵਾਹੁ॥
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ॥ ੧॥ ਰਹਾਉ॥

ਹੇ ਭਾਈ ! ਗੁਰਮੁਖ ਆਪਣੇ ਮਾਲਕ ਦੀ ਸ਼ਲਾਘਾ ਸਦਾ ਹੀ ਇਸ ਤਰ੍ਹਾਂ ਕਰਦੇ ਹਨ, ਕਿ- ਹੇ ਮੇਰੇ ਸਾਹਿਬਾ ਤੂੰ ਧੰਨ ਹੈਂ। ਫਿਰ ਤੂੰ ਸੱਚਾ ਅਤੇ ਬੇ-ਪਰਵਾਹ ਹੈਂ॥ ੧॥ ਰਹਾਉ॥

ਦੁਨੀਆ ਕੇਰੀ ਦੋਸ਼ਤੀ ਮਨਮੁਖ ਦਝਿ ਮਰੰਨਿ॥

ਮਨਮੁਖ ਤਾਂ ਦੁਨੀਆਂ ਦੀ ਦੋਸਤੀ ਵਿਚ ਹੀ ਦਝਿ ਮਰੰਨਿ=ਸੜ ਮਰਦੇ ਹਨ।

ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ॥ ੨॥

ਸੰਗਲਾਂ ਨਾਲ ਬਧੇ=ਬੰਨ੍ਹੇ ਹੋਏ ਜਮਪੁਰੀ ਵਿਚ ਮਾਰ ਖਾਂਦੇ ਹਨ, ਮੁੜ ਕੇ ਮਨੁੱਖ ਜਨਮ ਦੀ ਪ੍ਰਾਪਤੀ ਦਾ ਵੇਲਾ ਨਹੀਂ ਲੈ ਸਕਦੇ। ਵਾ:-ਨਾਮ ਜਪਣ ਦਾ ਵੇਲਾ ਨਹੀਂ ਲੈ ਸਕਦੇ॥ ੨॥

ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ॥

ਸੱਚੇ ਗੁਰਾਂ ਦੇ ਉਪਦੇਸ਼ ਵਿਚ ਲੱਗਣ ਕਰਕੇ ਗੁਰਮੁਖਾਂ ਦਾ ਮਨੁੱਖ ਜਨਮ ਸਕਾਰਥਾ=ਸਫ਼ਲਾ ਹੈ।

ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ॥ ੩॥

ਆਤਮਾ ਤੇ ਰਾਮ ਦੋਹਾਂ ਦੇ ਅਭੇਦ ਰੂਪ ਦਾ ਪ੍ਰਗਾਸਿਆ=ਗਿਆਨ ਹੋਣ ਕਰਕੇ ਸੁਭਾਵਕ ਹੀ ਸੁਖੀ ਰਹਿੰਦੇ ਹਨ।

ਯਥਾ:- ''ਆਤਮ ਮਹਿ ਰਾਮੁ ਰਾਮ ਮਹਿ ਆਤਮੁ, ਚੀਨਸਿ ਗੁਰ ਬੀਚਾਰਾ॥'' *(ਭੈਰਉ, ਪੰਨਾ ੧੧੫੩)*

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ॥

ਮਨਮੁਖਾਂ ਨੇ ਗੁਰਾਂ ਦਾ ਉਪਦੇਸ਼ ਭੁਲਾ ਦਿੱਤਾ ਹੈ, ਅਤੇ ਦ੍ਵੈਤ ਭਾ ਵਿਚ ਲੱਗੇ ਹੋਏ ਹਨ।

ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ ੪ ॥

ਉਹਨਾਂ ਦੇ ਅੰਦਰੋਂ ਤ੍ਰਿਸ਼ਨਾ ਰੂਪੀ ਭੁੱਖ ਨਹੀਂ ਉਤਰਦੀ, ਤੇ ਰਾਤ ਦਿਨ ਸੜਦੇ ਫਿਰਦੇ ਹਨ॥ ੪ ॥

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥

ਬੁਰਿਆਂ ਨਾਲ ਪ੍ਰੀਤੀ ਕਰਦੇ, ਅਤੇ ਸੰਤਾਂ ਨਾਲ ਵੈਰ ਕਰਦੇ ਹਨ।

ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ ੫ ॥

ਉਹ ਆਪ ਤਾਂ ਕੁਟੰਬ ਪਰਵਾਰ ਸਮੇਤ ਨਰਕਾਂ ਵਿਚ ਡੁੱਬੇ ਹੋਏ ਹਨ, ਅਤੇ ਆਪਣੇ ਸਾਰੇ ਕੁਲ=ਖਾਨਦਾਨ ਨੂੰ ਭੀ ਡੋਬ ਲੈਂਦੇ ਹਨ॥ ੫ ॥

ਨਿੰਦਾ ਭਲਾ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥

ਨਿੰਦਿਆਂ ਕਰਨੀ ਕਿਸੇ ਦੀ ਭੀ ਚੰਗੀ ਨਹੀਂ, ਪਰ ਮਨਮੁਖ ਮੂਰਖ ਕਰਦੇ ਰਹਿੰਦੇ ਹਨ।

ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥

ਉਹਨਾਂ ਨਿੰਦਕਾਂ ਦੇ ਇਸ ਸੰਸਾਰ ਵਿਚ ਮੂੰਹ ਕਾਲੇ ਹੁੰਦੇ ਹਨ, ਅਤੇ ਅੱਗੇ ਜਾ ਕੇ ਘੋਰਿ=ਕੁੰਭੀ ਨਰਕ ਵਿਚ ਪੈਂਦੇ ਹਨ॥ ੬ ॥

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥

ਹੇ ਮਨ ! ਜਿਸ ਤਰ੍ਹਾਂ ਦੀ ਸੇਵਾ ਕਰੇਂਗਾ ਉਸੇ ਤਰ੍ਹਾਂ ਦਾ ਰੂਪ ਹੋ ਜਾਏਂਗਾ।

*ਅਥਵਾ:-*ਜੈਸਾ ਸੇਵਹਿ=ਜਿਸ ਤਰ੍ਹਾਂ ਦੀ ਸੇਵਾ ਕਰੇ, ਏ ਮਨ ਤੈਸਾ ਹੋਵਹਿ=ਇਸ ਮਨ ਨੂੰ ਤੈਸਾ ਹੀ ਫਲ ਹੁੰਦਾ ਹੈ। ਇਸ ਲਈ ਓਹੋ ਜੇਹੇ ਕਰਮ ਕਮਾਉਣਾ ਕਰ, ਜਿਸ ਕਰਕੇ ਇਥੇ ਭੀ ਚੰਗਾ ਫਲ ਹੋਵੇ ਤੇ ਦਰਗਾਹ ਵਿਚ ਵੀ ਸੁਖ ਹੋਵੇ।

ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥ ੭ ॥

ਆਪਣਾ ਬੀਜਿਆ ਆਪੇ ਹੀ ਖਾਣਾ ਹੈ, ਇਸ ਲਈ ਹੋਰ ਕੁਝ ਕਿਹਾ ਨਹੀਂ ਜਾਂਦਾ॥ ੭ ॥

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥

ਮਹਾਂਪੁਰਸ਼ਾਂ ਦਾ ਬੋਲਣਾ=ਉਪਦੇਸ਼ ਕਿਤੈ=ਕਿਸੇ ਪਰਥਾਇ=ਸਬੱਬ (ਬਹਾਨੇ) ਨਾਲ ਹੀ ਹੁੰਦਾ ਹੈ।

ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥ ੮ ॥

ਉਹ ਮਹਾਂਪੁਰਸ਼ ਨਾਮ-ਅੰਮ੍ਰਿਤ ਨਾਲ ਪੂਰਨ ਭਰੇ ਹੋਏ ਹਨ, ਉਹਨਾਂ ਦੇ ਅੰਦਰ ਤਿਲ ਮਾਤ੍ਰ ਵੀ ਤਮਾਇ=ਤਮਾ (ਖਾਹਿਸ਼) ਨਹੀਂ ਹੈ। ਵਾ:-ਅਗਿਆਨ ਰੂਪ ਹਨੇਰਾ ਨਹੀਂ ਹੈ॥ ੮ ॥

ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥

ਫਿਰ ਉਹ ਪਰਉਪਕਾਰ ਰੂਪ ਗੁਣ ਦੇ ਕਰਨ ਵਾਲੇ ਹਨ ਤੇ ਸ਼ੁਭ-ਗੁਣਾਂ ਨੂੰ ਸੰਘਰੈ=ਇਕੱਠਾ ਕਰਦੇ ਹਨ, ਅਤੇ ਹੋਰਨਾਂ ਨੂੰ ਭੀ ਏਹੋ ਉਪਦੇਸ਼ ਦੇਂਦੇ ਹਨ।

ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ॥ ੯॥

ਜਿਹੜੇ ਉਹਨਾਂ ਦੇ ਨਾਲ ਮਿਲ ਰਹੇ ਹਨ, ਉਹ ਵਡਭਾਗੀ ਪੁਰਸ਼ ਰਾਤ ਦਿਨ ਨਾਮ ਨੂੰ ਲੈਂਦੇ ਹਨ। ਭਾਵ ਉਹਨਾਂ ਸਤ ਪੁਰਖਾਂ ਦੀ ਸੰਗਤ ਵਿਚ ਰਹਿ ਕੇ ਪ੍ਰਭੂ ਦੀ ਸ਼ਿਮਰਨ-ਭਗਤੀ ਵਿਚ ਹਰ ਸਮੇਂ ਲੀਨ ਰਹਿੰਦੇ ਹਨ। ਪ੍ਰਭੂ ਦੀ ਯਾਦ ਉਹਨਾਂ ਦੇ ਜੀਵਨ ਦਾ ਅਧਾਰ ਬਣ ਜਾਂਦੀ ਹੈ।

ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ॥

ਜਿਸ ਪ੍ਰਭੂ ਨੇ ਮੇਦਨੀ=ਸ੍ਰਿਸ਼ਟੀ ਉਤਪੰਨ ਕੀਤੀ ਹੈ, ਓਹੀ ਸਾਰਿਆਂ ਨੂੰ ਰਿਜਕੁ=ਖਾਣ ਪਾਣ ਸੰਬਾਹਿ ਦੇਸੀ=ਪਹੁੰਚਾ ਦੇਂਦਾ ਹੈ।

ਏਕੋ ਹੈ ਦਾਤਾਰੁ ਸਚਾ ਆਪਿ ਧਣੀ॥ ੧੦॥

ਉਹ ਇਕੋ ਦਾਤਾ ਹੈ, ਅਤੇ ਸੱਚਾ ਵਾਹਿਗੁਰੂ ਆਪ ਹੀ ਸਭ ਦਾ ਧਣੀ=ਮਾਲਕ ਹੈ॥ ੧੦॥

ਯਥਾ:- ''ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੫॥'' *(ਜਪੁਜੀ, ਪੰਨਾ ੨)*

ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ॥

ਉਹ ਸੱਚਾ ਵਾਹਿਗੁਰੂ ਤੇਰੇ ਨਾਲ ਵੱਸ ਰਿਹਾ ਹੈ ਗੁਰਮੁਖ ਹੋ ਕੇ ਗੁਰਾਂ ਦੁਆਰੇ ਨਦਰਿ ਨਿਹਾਲਿ= ਅੱਖੀਂ ਵੇਖ ਲੈ।

ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ॥ ੧੧॥

ਉਸ ਪ੍ਰਭੂ ਨੂੰ ਸਦਾ ਸੰਭਾਲਣਾ ਕਰ, ਉਹ ਆਪ ਹੀ ਔਗੁਣਾਂ ਨੂੰ ਬਖਸ਼ ਕੇ ਮੇਲ ਲੈਂਦਾ ਹੈ॥ ੧੧॥

ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ॥

ਮੇਰਾ ਮਨ ਪਾਪਾਂ ਕਰਕੇ ਮੈਲਾ ਹੈ, ਸੱਚਾ ਪ੍ਰਭੂ ਨਿਰਮਲ ਹੈ, ਕਿਸ ਤਰ੍ਹਾਂ ਉਸ ਨਾਲ ਮਿਲਿਆ ਜਾਏਗਾ?

ਉੱਤਰ:-

ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ॥ ੧੨॥

ਜਦ ਪ੍ਰਭੂ ਗੁਰਾਂ ਨਾਲ ਮੇਲੇ ਤੇ ਗੁਰਾਂ ਦੇ ਸ਼ਬਦ ਦੁਆਰਾ ਹਉਮੈ ਨੂੰ ਜਲਾਇ=ਸਾੜਨਾ ਕਰੇ, ਤਾਂ ਇਹ ਜੀਵ ਪ੍ਰਭੂ ਨਾਲ ਮਿਲਿਆ ਰਹਿੰਦਾ ਹੈ॥ ੧੨॥

ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ॥

ਉਹ ਸਚਾ ਸਹੁ=ਪਤੀ-ਪਰਮਾਤਮਾ ਭੁੱਲ ਜਾਵੇ ਤਾਂ ਸੰਸਾਰ ਵਿਚ ਇਸ ਦੇ ਜੀਉਣੇ ਨੂੰ ਧ੍ਰਿਕਾਰ ਹੈ।

ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ॥ ੧੩॥

ਗੁਰਮਤੀ=ਗੁਰ-ਸਿਖਿਆ ਦੀ ਵੀਚਾਰ ਕਰੇ ਤਾਂ ਨਦਰਿ=ਨਦਰੀ ਪਰਮਾਤਮਾ ਭੁੱਲਦਾ ਨਹੀਂ ਹੈ॥ ੧੩॥

ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ॥

ਸਤਿਗੁਰੂ ਕਿਰਪਾ ਕਰਕੇ ਮੇਲਣ ਤਾਂ ਹੀ ਮਿਲਿਆ ਰਹਿੰਦਾ ਹੈ, ਅਤੇ ਸੱਚ ਨਾਮ ਨੂੰ ਹਿਰਦੇ ਵਿਚ ਧਾਰੀ ਰੱਖਦਾ ਹੈ।

ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ॥ ੧੪॥

ਪਿਆਰਿਆਂ ਗੁਰਾਂ ਦੇ ਹੇਤਿ=ਪ੍ਰੇਮ ਕਰਕੇ ਜੋ ਪ੍ਰਭੂ ਨਾਲ ਮਿਲਿਆ ਹੋਇਆ ਹੈ, ਉਹ ਫਿਰ ਕਦੇ ਨਹੀਂ ਵਿਛੜਦਾ॥ ੧੪॥

ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ॥

ਜੋ ਇਸਤ੍ਰੀ ਗੁਰਾਂ ਦੇ ਸ਼ਬਦ ਦੀ ਵਿਚਾਰ ਕਰਕੇ ਆਪਣੇ ਪਤੀ-ਪਰਮਾਤਮਾ ਨੂੰ ਸਲਾਹੁੰਦੀ ਹੈ। ਉਸ ਨੇ-

ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ॥ ੧੫॥

ਪ੍ਰੀਤਮ ਪ੍ਰਭੂ ਨਾਲ ਮਿਲ ਕੇ ਸੁਖ ਪਾਇਆ ਹੈ, ਅਤੇ ਓਹੀ ਜਗਿਆਸੂ ਰੂਪ ਇਸਤ੍ਰੀ ਸ਼ੋਭਾ ਵਾਲੀ ਹੈ॥ ੧੫॥

ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥

ਮਨਮੁਖਾਂ ਦਾ ਮਨ ਪ੍ਰੇਮ ਵਿਚ ਭਿੱਜਦਾ ਨਹੀਂ ਹੈ, ਕਿਉਂਕਿ ਪਾਪਾਂ ਕਰਕੇ ਅਤਿ=ਬੜੇ ਮੈਲੇ ਹਨ, ਤੇ ਪੱਥਰ ਵਾਂਗੂੰ ਚਿਤ ਕਠੋਰ ਹੈ, ਉਨ੍ਹਾਂ ਦਾ ਚਾਹੇ ਕਿਤਨਾ ਭਲਾ ਕਰੋ ਉਹ ਅੱਗੋਂ ਬੁਰਿਆਈ ਹੀ ਕਰਦੇ ਹਨ। ਇਸ ਪਰ ਦ੍ਰਿਸਟਾਂਤ ਦੇਂਦੇ ਹਨ-

ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥ ੧੬॥

ਜਿਵੇਂ ਸੱਪ ਨੂੰ ਕਿਤਨਾ ਹੀ ਦੁੱਧ ਪਿਆਈਏ, ਪਰ ਉਸ ਦੇ ਅੰਦਰੋਂ ਨਿਕੋਰ=ਨਿਖਾਲਸ,

ਵਾ:-ਨਿਰੀ ਜ਼ਹਿਰ ਹੀ ਨਿਕਲਦੀ ਹੈ।

(੧) ''ਸਪੈ ਦੁਧੁ ਪੀਆਲੀਏ ਵਿਹੁ ਮੁਖਹੁ ਸਟੈ।'' *(ਭਾ:ਗੁਰਦਾਸ, ਵਾਰ ੩੫, ਪੌੜੀ ੧)*

(੨) ''ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।'' *(ਭਾ:ਗੁਰਦਾਸ, ਵਾਰ ੬.ਪੌ:੨੦)*

(੩) ''ਸਪੈ ਦੁਧੁ ਪਿਆਲੀਐ ਵਿਸੁ ਉਗਾਲੈ ਪਾਸਿ ਖੜੋਆ।'' *(ਵਾਰ ੩੭. ਪੌ: ੨੦)*

ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ॥

ਜਾਂ ਉਹ ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ ਤਾਂ ਕਿਸ ਨੂੰ ਆਖੀਏ,

ਉਹ ਪ੍ਰਭੂ ਆਪ ਹੀ ਗੁਨਾਹਾਂ ਦੇ ਬਖ਼ਸ਼ਣ ਵਾਲਾ ਹੈ।

ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ॥ ੧੭॥

ਗੁਰਾਂ ਦੇ ਉਪਦੇਸ਼ ਨਾਲ ਅੰਤਹਕਰਨ ਦੀ ਹਉਮੈ ਰੂਪੀ ਮੈਲ ਲਹਿ ਜਾਵੇ, ਤਾਂ ਸਚ ਦਾ ਸ਼ਿੰਗਾਰ ਬਣਦਾ ਹੈ।

*ਅਥਵਾ:-*ਤਾਂ ਇਸ ਦਾ ਸ਼ਿੰਗਾਰ ਬਣਿਆ ਹੋਇਆ ਸਚੁ=ਸਫ਼ਲਾ ਹੁੰਦਾ ਹੈ॥ ੧੭॥

[ਪੰਨਾ ੭੫੬]

ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ॥

ਉਹ ਪਰਮੇਸ਼ਰ ਆਪ ਹੀ ਸਚਾ ਸਾਹੁ=ਗੁਰੂ ਰੂਪ ਹੈ, ਤੇ ਨਾਮ ਰੂਪ ਸੌਦਾ ਖਰੀਦਣ ਵਾਲੇ ਸੱਚੇ

ਵਣਜਾਰੇ=ਜਗਿਆਸੂ ਰੂਪ ਹਨ, ਓਥੇ ਸਤਿਸੰਗ ਵਿਚ ਝੂਠੇ ਪੁਰਸ਼ ਨਹੀਂ ਟਿਕਦੇ।

ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ॥ ੧੮॥

ਕਿਉਂਕਿ ਉਹਨਾਂ ਨੂੰ ਸੱਚ ਬੋਲਣਾ, ਸੱਚ-ਨਾਮ ਜਪਣਾ ਚੰਗਾ ਨਹੀਂ ਲੱਗਦਾ,

ਇਸ ਲਈ ਉਹ ਕੂੜੇ=ਝੂਠੇ ਦੁੱਖਾਂ ਵਿਚ ਹੀ ਪਚੰਨਿ=ਸੜਦੇ ਹਨ॥ ੧੮॥

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ॥

ਜੀਵ ਹੰਗਤਾ-ਮਮਤਾ ਦੀ ਮੈਲ ਨਾਲ ਮੈਲਾ ਹੋਇਆ ਜਗਤ ਵਿਚ ਫਿਰਦਾ ਹੈ,

ਏਸੇ ਕਰਕੇ ਵਾਰੰਵਾਰ ਜੰਮਦਾ ਮਰਦਾ ਹੈ।

ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ॥ ੧੯॥

ਮੱਥੇ ਪਰ ਲੇਖਾਂ ਦੇ ਪਏ ਅਨੁਸਾਰ ਕਿਰਤਿ=ਕਰਮਾਂ ਦਾ ਕਮਾਉਣਾ ਕਰਦਾ ਹੈ, ਫਲ ਭੋਗੇ ਬਿਨਾਂ ਕਰਮਾਂ ਦੀ ਗਤੀ ਨੂੰ ਕੋਈ ਮੇਟਣ ਵਾਲਾ ਨਹੀਂ ਹੈ॥ ੧੯॥

ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ॥

ਸੰਤਾਂ ਦੀ ਸਤਸੰਗਤ ਵਿਚ ਮਿਲਿਆ ਰਹੇ ਤਾਂ ਇਸ ਦਾ ਸੱਚ ਵਿਚ ਪਿਆਰ ਲੱਗਦਾ ਹੈ।

ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ॥ ੨੦॥

ਸੱਚ ਨੂੰ ਸਲਾਹੁਣਾ ਕਰੇ, ਸੱਚ ਦਾ ਮੰਨਣ ਕਰੇ, ਤਾਂ ਸੱਚੇ ਦਰਬਾਰ ਅੰਦਰ ਸਚਿਆਰ ਹੁੰਦਾ ਹੈ॥ ੨੦॥

ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ॥

ਪੂਰਿਆਂ ਗੁਰਾਂ ਦੀ ਏਹੋ ਪੂਰੀ ਮਤਿ=ਸਿਖਿਆ ਹੈ, ਕਿ ਦਿਨ ਰਾਤ ਨਾਮ ਨੂੰ ਧਿਆਉਂਦਾ ਰਹੁ , ਤੇ-

ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ॥ ੨੧॥

ਹਉਮੈ ਤੇ ਮੇਰ ਤੇਰ ਦਾ ਜੋ ਵੱਡਾ ਰੋਗ ਹੈ, ਇਸ ਨੂੰ ਹਿਰਦੇ ਵਿਚੋਂ ਠਾਕਿ ਰਹਾਇ=ਰੋਕੀ ਰੱਖ॥ ੨੧॥

ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ॥

ਆਪਣੇ ਗੁਰੂ ਨੂੰ ਸਲਾਹੁਣਾ ਕਰ, ਅਤੇ ਝੁਕ-ਝੁਕ ਕੇ ਪਾਇ=ਚਰਨੀਂ ਲੱਗਣਾ ਕਰ।

ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ॥ ੨੨॥

ਆਪਣਾ ਤਨ ਮਨ ਉਹਨਾਂ ਅੱਗੇ ਸਉਪੀ=ਭੇਟਾ ਧਰ ਦੇ,

ਵਾ:-ਤਨ ਵੀ ਸੌਂਪ ਦੇ ਮਨ ਨੂੰ ਭੀ ਅੱਗੇ ਧਰ ਦੇ, ਤੇ ਹਿਰਦੇ ਵਿੱਚੋਂ ਆਪਾ ਭਾ ਹੰਕਾਰ ਨੂੰ ਗੁਆ ਦੇ॥ ੨੨॥

ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ॥

ਖਿੰਚੋਤਾਣਿ=ਖਿੱਚਾ ਖਿੱਚੀ ਕਰਨ ਨਾਲ ਵਿਗੁਚੀਐ=ਖਰਾਬ ਹੋਈਦਾ ਹੈ, ਇਸ ਲਈ ਇਕ ਪ੍ਰਭੂ ਦੇ ਨਾਲ ਹੀ ਚਿਤ ਬਿਰਤੀ ਨੂੰ ਲਗਾਉਣਾ ਕਰ।

ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ॥ ੨੩॥

ਜਾਂ ਤੂੰ ਹਉਮੈ ਤੇ ਮੇਰ ਤੇਰ ਨੂੰ ਛੱਡੇਂਗਾ, ਤਾਂ ਹੀ ਸੱਚੇ-ਸਰੂਪ ਵਿਚ ਅਭੇਦ ਹੋ ਰਹੇਂਗਾ ॥ ੨੩ ॥

ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥

ਹੇ ਭਾਇਰਾ=ਭਾਈਓ ! ਜੋ ਪੁਰਸ਼ ਸਤਿਗੁਰਾਂ ਨੂੰ ਮਿਲੇ ਹਨ ਸਿ=ਉਹ ਸੱਚੇ ਗੁਰੂ ਦੇ ਸ਼ਬਦ ਵਿਚ ਲੱਗੇ ਹਨ।

ਅਥਵਾ:-ਸਤਿਗੁਰਾਂ ਨਾਲ ਮਿਲ ਕੇ ਜਿਹੜੇ ਭਾਇਰਾ=ਪ੍ਰੇਮ ਪੂਰਬਕ ਸੱਚੇ ਸਬਦਿ=ਬ੍ਰਹਮ ਵਿਚ ਲੱਗੇ ਹਨ, ਸਿ ਭਾਇਰਾ=ਉਹ ਪ੍ਰਭੂ ਨੂੰ ਭਾ ਗਏ ਹਨ।

ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥ ੨੪ ॥

ਜੋ ਸੱਚ ਵਿਚ ਮਿਲੇ ਹਨ ਉਹ ਨਹੀਂ ਵਿਛੜਦੇ, ਉਹ ਸੱਚੇ ਦਰਬਾਰ ਵਿਚ ਸ਼ੋਭਨੀਕ,

ਵਾ:-ਸੁਰਖਰੂ ਦਿੱਸਦੇ ਹਨ ॥ ੨੪ ॥

ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥

ਉਹ ਸਾਡੇ ਭਰਾ ਹਨ, ਉਹ ਸਾਡੇ ਸੱਜਣ ਹਨ, ਜੋ ਸੱਚੇ ਨੂੰ ਸੇਵੰਨਿ=ਜਪਦੇ ਹਨ। ਤੇ-

ਅਵਗਣ ਵਿਕਣਿ ਪਲ੍ਰਨਿ ਗੁਣ ਕੀ ਸਾਝ ਕਰੰਨ੍ਹਿ ॥ ੨੫ ॥

ਬੁੱਧੀ ਰੂਪ ਪਲਰਨਿ=ਪੱਲੇ ਵਿਚੋਂ ਔਗੁਣਾਂ ਨੂੰ ਪਲ੍ਰਨਿ=ਖਾਲੀ ਜਾਣ ਕੇ ਵਿਕਣਿ=ਤਿਆਗਦੇ ਹਨ, ਅਤੇ ਸ਼ੁਭ-ਗੁਣਾਂ ਦੀ ਸਾਝ=ਭਾਈ-ਵਾਲੀ ਕਰਦੇ ਹਨ ॥ ੨੫ ॥

ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥

ਸ਼ੁਭ-ਗੁਣਾਂ ਦੀ ਸਾਝ=ਭਾਈਵਾਲੀ, ਕਰਕੇ ਅਤੇ ਸੱਚੀ ਭਗਤੀ ਕਰਨ ਕਰਕੇ ਸੁਖ ਪੈਦਾ ਹੁੰਦਾ ਹੈ।

ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥ ੨੬ ॥

ਜੋ ਗੁਰ-ਸ਼ਬਦ ਨਾਲ ਪਿਆਰ ਕਰਕੇ ਸੱਚ-ਨਾਮ ਨੂੰ ਵਣੰਜਹਿ=ਖਰੀਦਦੇ ਹਨ, ਉਹ ਆਪਣੇ ਮਨੁੱਖ ਜਨਮ ਦਾ ਲਾਹਾ=ਲਾਭ ਲਏਨਿ=ਲੈਂਦੇ ਹਨ ॥ ੨੬ ॥

ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥

ਪਾਪ ਕਰਮਾਂ ਨੂੰ ਕਰ-ਕਰਕੇ ਸੋਇਨਾ=ਸੋਨਾ ਤੇ ਰੁਪਾ=ਚਾਂਦੀ ਸੰਚੀਐ=ਇਕੱਠਾ ਕਰੀਦਾ ਹੈ, ਪਰ ਜਗਤ ਤੋਂ ਚਲਦਿਆਂ ਹੋਇਆਂ ਇਹ ਪਦਾਰਥ ਨਾਲ ਨਹੀਂ ਚਲਦੇ।

ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥ ੨੭ ॥

ਨਾਮ ਤੋਂ ਬਿਨਾਂ ਕੁਝ ਭੀ ਨਾਲ ਨਹੀਂ ਚਲਦਾ, ਜਮਕਾਲ ਨੇ ਸਾਰੀ ਦੁਨੀਆਂ ਮੁਠੀ=ਠੱਗ ਲਈ ਹੈ ॥ ੨੭ ॥

ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ ॥

ਮਨ ਕਾ ਤੋਸਾ=ਜੀਵ ਦਾ ਖਰਚਾ ਤਾਂ ਹਰੀ ਨਾਮ ਹੈ, ਇਸ ਨੂੰ ਹਿਰਦੇ ਵਿਚ ਸੰਭਾਲ ਕੇ ਰੱਖੋ।

ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥ ੨੮ ॥

ਇਹ ਅਖੁਟ ਖਰਚ ਹੈ, ਜੇਕਰ ਗੁਰਮੁਖਿ=ਗੁਰਾਂ ਦੁਆਰੇ ਲਵੋਗੇ ਤਾਂ ਤੁਹਾਡੇ ਨਾਲ ਨਿਬਹੈ= ਨਿਭੇਗਾ॥ ੨੮॥

ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ॥

ਏ ਮਨ=ਹੇ ਜੀਵ! ਤੂੰ ਆਪਣੇ ਮੂਲਹੁ=ਮੁੱਢ ਤੋਂ ਭਾਵ ਪ੍ਰਮੇਸ਼ਰ ਤੋਂ ਭੁਲਿਆ ਹੋਇਆ ਹੈਂ ਇਸ ਕਰਕੇ ਤੂੰ ਇੱਜ਼ਤ ਗੁਆ ਕੇ ਜਾਏਂਗਾ।

ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ॥ ੨੯॥

ਇਹ ਸਾਰਾ ਸੰਸਾਰ ਤਾਂ ਮੋਹ ਕਰਕੇ ਦ੍ਵੈਤ ਭਾਵ ਵਿਚ ਵਿਆਪਿਆ=ਲੱਗਾ ਹੋਇਆ ਹੈ, (ਤੂੰ ਇਸ ਦੇ ਮਗਰ ਨਾ ਲੱਗ,) ਤੂੰ ਸਿਖਿਆ ਲੈ ਕੇ ਸੱਚ-ਨਾਮ ਨੂੰ ਧਿਆਉਂਣਾ ਕਰ॥ ੨੯॥

ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ॥

ਇੰਝ ਮਿਥ ਕਰਕੇ ਹਰੀ ਦੀ ਕੀਮਤ ਨਹੀਂ ਪੈਂਦੀ ਅਤੇ ਨਾ ਹੀ ਹਰੀ ਦਾ ਸੰਪੂਰਨ ਜਸ ਲਿਖਿਆ ਜਾਂਦਾ ਹੈ।

ਯਥਾ:- ''ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੪॥ ੨॥''

(ਸਿਰੀਰਾਗੁ ਮ:੧, ਪੰਨਾ ੧੫)

ਤਥਾ:- ''ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬੰਨਰਾਇ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥ ੬੧॥ *(ਕਬੀਰ, ਪੰਨਾ ੧੩੬੯)*

ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ॥ ੩੦॥

ਤੂੰ ਆਪਣੇ ਮਨ ਤਨ ਨੂੰ ਗੁਰਾਂ ਦੇ ਉਪਦੇਸ਼ ਵਿਚ ਰਪੈ=ਤਦਾਕਾਰ ਕਰ, ਤਾਂ ਤੂੰ ਹਰੀ ਨਾਲ ਅਭੇਦ ਹੋ ਰਹੇਂਗਾ॥ ੩੦॥

ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ॥

ਉਹ ਮੇਰਾ ਸਹੁ=ਪਤੀ ਰੰਗੁਲਾ=ਅਨੰਦ ਵਾਲਾ ਹੈ, ਵਾ:-ਰੰਗਣ ਵਾਲਾ ਹੈ?
ਜੋ ਸ਼ਰਨ ਵਿਚ ਆਉਂਦੇ ਹਨ, ਉਹਨਾਂ ਨੂੰ ਸੁਤੇ-ਸਿਧ ਰੰਗ ਦੇਂਦਾ ਹੈ।

ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ॥ ੩੧॥

(ਜਗਿਆਸੂ ਰੂਪ) ਇਸਤ੍ਰੀ ਨੂੰ (ਭਗਤੀ) ਰੰਗ, (ਬ੍ਰਹਮ ਗਿਆਨ ਰੂਪ ਰੰਗ) ਤਾਂ ਹੀ ਚੜ੍ਹਦਾ ਹੈ, ਜਾਂ ਇਹ ਪਿਰੀ ਦੇ ਅੰਕਿ=ਸਰੂਪ ਵਿਚ ਸਮਾਵੇ॥ ੩੧॥

ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ॥

ਜੋ ਪੂਰਿਆਂ ਸਤਿਗੁਰਾਂ ਦੀ ਸੇਵੰਨਿ=ਸੇਵਾ ਕਰਦੇ ਹਨ, ਉਹ ਚਿਰਾਂ ਦੇ ਵਿਛੁੰਨੇ=ਵਿਛੜੇ ਹੋਏ ਭੀ ਮਿਲ ਜਾਂਦੇ ਹਨ।

ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ
ਹਰਿ ਗੁਣ ਸਹਜਿ ਰਵੰਨਿ॥ ੩੨ ॥

ਨੌਂ ਨਿੱਧੀਆਂ ਦਾ ਦਾਤਾ ਨਾਮ ਅੰਦਰ ਹੀ ਹੈ, ਆਪ ਖਾਂਦਿਆਂ ਹੋਰਨਾਂ ਨੂੰ ਖਰਚਦਿਆਂ ਨਿੰਖੁਟਈ=ਮੁੱਕਦਾ ਨਹੀਂ, ਇਸ ਕਰਕੇ ਗੁਰਮੁਖ ਸਹਿਜੇ ਹਰੀ ਦੇ ਗੁਣਾਂ ਨੂੰ ਰਵੰਨਿ=ਉਚਾਰਦੇ ਹਨ॥ ੩੨ ॥

ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ॥

ਨਾ ਉਹ ਜੰਮਦੇ ਹਨ, ਨਾ ਮਰਦੇ ਹਨ ਅਤੇ ਨਾ ਉਹ ਜਮਾਂ ਦਾ ਦੁੱਖ ਸਹੰਨਿ=ਸਹਾਰਦੇ ਹਨ।

ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ॥ ੩੩ ॥

ਜਿਨ੍ਹਾਂ ਨੂੰ ਗੁਰਾਂ ਨੇ ਰੱਖ ਲਿਆ ਹੈ, ਉਹ (ਸੰਸਾਰ-ਸਮੁੰਦਰ ਤੋਂ) ਤਰ ਗਏ ਹਨ ਅਤੇ ਹਰੀ ਨਾਲ ਮਿਲਕੇ ਕੇਲ=ਖੁਸ਼ੀਆਂ ਕਰਦੇ ਹਨ॥ ੩੩ ॥

ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ॥

(੧) ਜਿਹੜੇ ਪੁਰਸ਼ ਸੱਜਣ=ਪਰਮਾਤਮਾ ਨਾਲ ਮਿਲੇ ਹਨ, ਉਹ ਵਿਛੜਦੇ ਨਹੀਂ ਹਨ, ਉਹ ਰਾਤ ਦਿਨ ਉਸ ਨਾਲ ਮਿਲੇ ਰਹਿੰਦੇ ਹਨ।

(੨) ਜਿਹੜੇ ਰਾਤ ਦਿਨ ਨਾਮ-ਸਿਮਰਨ ਨਾਲ ਮਿਲੇ ਰਹਿੰਦੇ ਹਨ, ਉਹ ਸੱਜਣ ਪਰਮਾਤਮਾ ਨਾਲ ਮਿਲੇ ਹੋਏ ਫੇਰ ਕਦੇ ਨਹੀਂ ਵਿਛੜਦੇ।

ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ॥ ੩੪ ॥੧॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜੋ ਸੱਚ ਨੂੰ ਲੱਭ ਲੈਂਦੇ ਹਨ ਉਹ ਇਸ ਕਲਜੁਗ ਵਿਚ ਵਿਰਲੇ ਜਾਣੀਦੇ ਹਨ। ਭਾਵ-ਜੋ ਮਨੁੱਖ ਇਸ ਸੰਸਾਰ ਵਿਚ ਮਨੁੱਖਾ ਜਨਮ ਲੈ ਕੇ ਓਸ ਪ੍ਰਭੂ ਦੀ ਸੁਰਤ ਵਿਚ ਲੀਨ ਹੁੰਦੇ ਹਨ ਉਸ ਦਾ ਸਿਮਰਨ ਕਰਦੇ ਹਨ ਉਹ ਕੋਈ ਗਿਣਤੀ ਵਿਚ ਬਹੁਤੇ ਨਹੀਂ, ਉਹ ਵਿਰਲੇ ਹੀ ਪੁਰਸ਼ ਹਨ। ਸਾਹਿਬਾਂ ਦਾ ਫੁਰਮਾਨ ਹੈ-

"ਹੈਨਿ ਵਿਰਲੈ ਨਾਹੀ ਘਣੇ ਫੈਲ ਫਕੜੁ ਸੰਸਾਰੁ॥" *(ਪੰਨਾ ੧੪੧੮)*

ਸੂਹੀ ਮਹਲਾ ੩ ॥

ਹਰਿ ਜੀ ਸੁਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥

ਜਗਿਆਸੂ ਨੇ ਆ ਕੇ ਬੇਨਤੀ ਕੀਤੀ-ਹਰਿ ਜੀ=ਪਰਮਾਤਮਾ ਬਹੁਤ ਸੂਖਮ ਹੈ ਇਸ ਕਰਕੇ ਉਸ ਦਾ ਪਾਉਣਾ ਅਗਮੁ=ਕਠਨ ਹੈ, ਆਪ ਦੱਸੋ ਉਸਨੂੰ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ? *ਉੱਤਰ:-*

ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥ ੧॥

ਗੁਰਾਂ ਦੇ ਉਪਦੇਸ਼ ਕਰਕੇ ਭਰਮ ਨੂੰ ਕੱਟ ਦੇਈਏ, ਤਾਂ ਉਹ ਅਚਿੰਤੁ=ਅਚਾਨਕ ਹੀ ਮਨ ਵਿਚ ਆ ਵੱਸਦਾ ਹੈ॥ ੧॥

ਗੁਰਮੁਖਿ ਹਰਿ ਹਰਿ ਨਾਮੁ ਜਪੰਨਿ॥

ਜੋ ਗੁਰਮੁਖ ਗੁਰਾਂ ਦੁਆਰੇ ਹਰਿ ਹਰਿ ਨਾਮ ਨੂੰ ਜਪਦੇ ਹਨ। ਅਤੇ-

ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ ॥ ੧ ॥ ਰਹਾਉ ॥

ਮਨ ਵਿਚ ਭੀ ਸਦਾ ਹਰਿ ਦੇ ਗੁਣਾਂ ਨੂੰ ਰਵੰਨਿ=ਉਚਾਰਦੇ ਹਨ, ਹਉ=ਮੈਂ ਉਹਨਾਂ (ਗੁਰਮੁਖਾਂ) ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੧ ॥ ਰਹਾਉ ॥

ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥

ਗੁਰੂ ਸਾਹਿਬ ਜੀ ਮਾਨ-ਸਰੋਵਰ ਦੇ ਸਰਵਰੁ=ਸਦਰਸ ਹਨ।

(੧) ਸਰੋਵਰਾਂ ਵਿੱਚੋਂ ਗੁਰੂ ਸਾਹਿਬ ਜੀ ਮਾਨ-ਸਰੋਵਰ ਹਨ।

(੨) ਸਰਵਰੁ=ਸੰਸਾਰ ਵਿਚ ਇਕ ਗੁਰੂ ਹੀ ਮਾਨ-ਸਰੋਵਰ ਹਨ, ਵੱਡਿਆਂ ਭਾਗਾਂ ਵਾਲੇ ਪੁਰਸ਼ ਉਸ ਗੁਰੂ ਰੂਪ ਮਾਨ-ਸਰੋਵਰ ਨੂੰ ਲਹੰਨ੍ਹਿ=ਪ੍ਰਾਪਤ ਕਰਦੇ ਹਨ।

[ਪੰਨਾ ੭੫੭]

ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥ ੨ ॥

ਜਿਨ੍ਹਾਂ ਨੇ ਸੇਵਕ ਹੋ ਕੇ ਗੁਰਾਂ ਦੁਆਰੇ ਕੁਝ ਢੂੰਡਿਆ ਹੈ, ਉਹ ਗੁਰਮੁਖ ਜੀਵਾਂ ਰੂਪੀ ਹੰਸ ਨਾਮ ਰੂਪ ਮੋਤੀਆਂ ਦੀ ਚੋਗ ਨੂੰ ਲੱਭ ਲੈਂਦੇ ਹਨ॥ ੨ ॥

ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ ॥

ਜੋ ਰੰਗ ਸਿਉ=ਪ੍ਰੇਮ ਨਾਲ ਨਾਮ ਨੂੰ ਧਿਆਉਂਦੇ ਹਨ, ਉਹ ਗੁਰਮੁਖ ਗੁਰਾਂ ਦੁਆਰੇ ਨਾਮੀ ਦੇ ਨਾਮ ਵਿਚ ਹੀ ਲੱਗੇ ਰਹਿੰਦੇ ਹਨ ਅਰਥਾਤ ਹਰ ਦਮ ਉਸ ਵਾਹਿਗੁਰੂ ਦਾ ਸਿਮਰਨ ਕਰਦੇ ਰਹਿੰਦੇ ਹਨ।

ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ ॥ ੩ ॥

ਜਿਨ੍ਹਾਂ ਦੇ ਮੱਥੇ ਪਰ ਧੁਰ ਤੋਂ ਪੂਰਬਲੇ ਜਨਮ ਦਾ ਕੁਝ ਚੰਗਾ ਲੇਖ ਲਿਖਿਆ ਹੁੰਦਾ ਹੈ, ਉਹ ਗੁਰਾਂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲੈਂਦੇ ਹਨ॥ ੩ ॥

ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ ॥

ਜਿਸ ਵਡਭਾਗੀ ਨੇ ਘਰੁ=ਅੰਤਹਕਰਨ ਨੂੰ ਖੋਜਿਆ ਹੈ, ਉਸ ਨੇ ਨਾਮ ਰੂਪ ਖ਼ਜ਼ਾਨਾ ਪਾਇਆ ਹੈ।

ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥ ੪ ॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਦਿਖਾਇਆ ਤਾਂ ਮੈਂ ਆਤਮ=ਆਪਣੇ ਆਪ ਨੂੰ ਰਾਮ ਪ੍ਰਭੂ ਦਾ ਸਰੂਪ ਪਛਾਣ ਲਿਆ ਭਾਵ ਆਤਮਾ ਤੇ ਪਰਮਾਤਮਾ ਦੋਹਾਂ ਨੂੰ ਅਭੇਦ ਰੂਪ ਨਿਸਚੇ ਕਰ ਲਿਆ॥ ੪ ॥

ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥

ਸਾਰਿਆਂ ਦਾ ਆਸਰਾ ਇਕ ਪ੍ਰਭੂ ਹੈ, ਹੋਰ ਦੂਜਾ ਨਹੀਂ ਹੈ।

ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥ ੫ ॥

ਗੁਰੂ ਦੀ ਕਿਰਪਾ ਨਾਲ ਮਨਿ ਵਸੈ=ਮਨ ਵਸੀਕਾਰ ਹੋ ਜਾਵੇ, ਵਾ:-ਜਿਸ ਦੇ ਮਨ ਵਿਚ ਨਾਮ ਵੱਸਦਾ ਹੈ, ਉਸ ਦੇ ਅੰਤਹਕਰਨ ਵਿਚ ਪ੍ਰਭੂ ਪਰਗਟ ਹੁੰਦਾ ਹੈ॥ ੫ ॥

ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥

ਬ੍ਰਹਮ ਸਭ ਦੇ ਅੰਦਰ ਦੀ ਗੱਲ ਜਾਣਦਾ ਹੈ, ਕਿਉਂਕਿ ਬ੍ਰਹਮ ਸਭ ਥਾਵਾਂ ਪਰ ਵਸ ਰਿਹਾ ਹੈ।

ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ॥ ੬॥

ਗੁਰ ਸ਼ਬਦ ਵਿਚ, ਵਾ;-ਸਬਦਿ=ਬ੍ਰਹਮ ਵਿਚ ਲਿਵ ਲਗਾ ਕੇ ਵੇਖੋ, ਤਾਂ ਫਿਰ ਮੰਦਾ=ਬੁਰਾ ਕਿਸ ਨੂੰ ਆਖਣਾ ਹੈ, ਫਿਰ ਤਾਂ ਸਾਰੇ ਬ੍ਰਹਮ ਹੀ ਵਿਆਪਕ ਹੈ॥ ੬॥

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥

ਜਿਚਰੁ=ਜਿੰਨਾ ਚਿਰ ਦੁਹੁ ਮਾਹਿ=ਦ੍ਵੈਤ ਵਿਚ ਹੈ, ਤਿਚਰੁ=ਓਨਾ ਚਿਰ ਹੀ ਬੁਰਾ ਭਲਾ=ਮੰਦਾ ਚੰਗਾ ਆਖਦਾ ਹੈ।

ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥ ੭॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਇਕ ਨੂੰ ਬੁੱਝਿਆ ਹੈ, ਉਹ ਇਕ ਦੇ ਵਿਚ ਹੀ ਸਮਾ ਗਏ ਹਨ॥ ੭॥

ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ॥

ਅਸਲ ਸੇਵਾ ਉਹ ਹੈ ਜੋ ਪ੍ਰਭੂ ਨੂੰ ਭਾ ਜਾਵੇ, ਅਤੇ ਓਹੀ ਸੇਵਾ ਫਲਦਾਇਕ ਹੈ, ਜਿਸ ਸੇਵਾ ਨੂੰ ਪ੍ਰਭੂ ਥਾਂ ਪਾ ਲਵੇ।

ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ॥੮॥੨॥੪॥੯॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨਾਂ ਨੇ ਗੁਰੂ ਦੇ ਚਰਨਾਂ ਨਾਲ ਚਿਤ ਨੂੰ ਲਗਾ ਕੇ ਹਰੀ ਨੂੰ ਅਰਾਧਿਆ ਹੈ॥ ੮॥ ੨॥ ੪॥ ੯॥

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨

੧ੴ ਸਤਿਗੁਰ ਪ੍ਰਸਾਦਿ॥

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥

ਵਾਹਿਗੁਰੂ ਦਾ ਪਿਆਰਾ ਤੇ ਮੇਰਾ ਪ੍ਰੀਤਮ ਜੋ ਗੁਰੂ ਹੈ, ਐਸਾ ਕੋਈ ਹੈ ਜਿਹੜਾ ਆਣਿ=ਆ ਕੇ ਉਸ ਨਾਲ ਮੈਨੂੰ ਮਿਲਾਵੇ ਤਾਂ ਹਉ=ਮੈਂ ਉਸ ਪਾਸ ਆਪਣੇ ਆਪ ਨੂੰ ਵੇਚ ਦਿਆਂਗਾ, ਅਰਥਾਤ ਉਸ ਦੇ ਬਚਨਾਂ ਅਨੁਸਾਰ ਚੱਲਣਾ ਕਰਾਂਗਾ॥ ੧॥

ਪ੍ਰਸ਼ਨ-ਤੂੰ ਕਿਸ ਵਾਸਤੇ ਆਪਣੇ ਆਪ ਨੂੰ ਵੇਚਦਾ ਹੈਂ? ਉੱਤਰ:-

ਦਰਸਨੁ ਹਰਿ ਦੇਖਣ ਕੈ ਤਾਈ॥

ਹਰੀ ਦੇ ਦਰਸ਼ਨ ਵੇਖਣ ਤਾਈ=ਵਾਸਤੇ (ਮੈਂ ਆਪਣੇ ਆਪ ਨੂੰ ਵੇਚਦਾ ਹਾਂ)।

ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ਰਹਾਉ॥

ਹੇ ਹਰੀ ! ਜੇ ਤੂੰ ਕਿਰਪਾ-ਦ੍ਰਿਸ਼ਟੀ ਕਰੇਂ ਤਾਂ ਮੈਨੂੰ ਸਤਿਗੁਰਾਂ ਨਾਲ ਹੀ ਮੇਲਣਾ ਕਰ,

ਜਿਸ ਤੇ ਮੈਂ ਹਰਿ ਹਰਿ ਨਾਮ ਨੂੰ ਧਿਆਉਂਦਾ ਰਹਾਂ॥ ੧॥ ਰਹਾਉ॥

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥

ਜੇ ਕਰਮਾਂ ਅਨੁਸਾਰ ਸੁਖ ਦੇਵੇਂਗਾ ਤਾਂ ਭੀ ਆਪ ਜੀ ਨੂੰ ਸਿਮਰਾਂਗਾ,

ਜੇ ਕਰਮਾਂ ਅਨੁਸਾਰ ਦੁੱਖ ਦਿਉਗੇ ਤਾਂ ਭੀ ਆਪ ਜੀ ਨੂੰ ਧਿਆਵਾਂਗਾ॥ ੨॥

ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੁਖ ਮਨਾਈ॥ ੩॥

ਜੇ ਕਰਮਾਂ ਅਨੁਸਾਰ ਭੁੱਖ ਦੇਵੇਂਗਾ ਤਾਂ ਇਸੇ ਵਿਚ ਹੀ ਰਾਜਾ=ਰੱਜਾ ਰਹਾਂਗਾ, ਅਤੇ ਦੁੱਖ ਵਿਚ ਹੀ ਸੁਖ ਮਨਾਵਾਂਗਾ॥ ੩॥

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥

(੧) ਤਨ ਮਨ ਨੂੰ ਕੱਟ ਕੱਟ ਕੇ ਸਭ ਕੁਝ ਅਰਪਣ ਕਰ ਦਿਆਂਗਾ, ਤੇ ਆਪ ਜੀ ਦੇ ਹੁਕਮ ਅਨੁਸਾਰ ਪ੍ਰਤੱਖ ਅੱਗ ਵਿਚ ਆਪਣੇ ਆਪ ਨੂੰ ਸਾੜ ਦਿਆਂਗਾ।

(੨) ਤਨ ਨਾਲੋਂ ਮਨ ਨੂੰ ਕੱਟ ਕੇ ਅਤੇ ਸਾਰਿਆਂ ਨਾਲੋਂ ਸਰੀਰ ਨੂੰ ਕੱਟ ਕੇ ਅਰਪੀ=ਅਰਪਨ (ਭੇਟਾ) ਕਰ ਦਿਆਂਗਾ ਅਤੇ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਆਪੁ=ਆਪਾ ਭਾ ਹੰਕਾਰ ਨੂੰ ਜਲਾਈ=ਸਾੜ ਦਿਆਂਗਾ॥ ੪॥

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ੫॥

ਫਿਰ ਮੈਂ ਆਪ ਜੀ ਦੀ ਸਤਸੰਗਤ ਵਿਚ ਜਾ ਕੇ ਪੱਖਾ ਝੱਲਾਂਗਾ, ਪਾਣੀ ਢੋਵਾਂਗਾ, ਜੋ ਤੂੰ ਦੇਵੇਂਗਾ ਓਹੀ ਖਾਵਾਂਗਾ, ਵਾ:-ਜੋ ਸੰਤ ਦੇਣਗੇ ਓਹੀ ਖਾਵਾਂਗਾ॥ ੫॥

ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ ੬॥

ਹੇ ਹਰੀ ! ਮੈਂ ਗਰੀਬ ਤੇਰੇ ਦੁਆਰੇ ਤੇ ਢਹਿ ਪਿਆ ਹਾਂ, ਮੈਨੂੰ ਆਪਣੇ ਨਾਲ ਮੇਲ ਲਉ, ਇਸ ਵਿਚ ਤੇਰੀ ਵਡਿਆਈ ਹੈ। ਵਾ:-ਮੈਂ ਆਪ ਜੀ ਦੀ ਵਡਿਆਈ ਕਰਾਂਗਾ॥ ੬॥

ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ॥ ੭॥

ਸਾਰੀ ਧਰਤੀ ਫਿਰ ਕੇ ਗੁਰਾਂ ਪਾਸੋਂ ਇਹ ਮਤ=ਸਿਖਿਆ ਪਾਈ ਹੈ, ਅਰਥਾਤ ਗੁਰਾਂ ਤੋਂ ਇਤਨੀ ਸ਼ਰਧਾ ਪ੍ਰਾਪਤ ਹੋਈ ਹੈ, ਜਿਸ ਸ਼ਰਧਾ ਕਰਕੇ ਮੈਂ ਪ੍ਰਤੱਖ ਅੱਖਾਂ ਕੱਢ ਕੇ ਆਪ ਜੀ ਦੇ ਚਰਨਾਂ ਹੇਠ ਰੱਖਦਾ ਹਾਂ।

ਅਥਵਾ:-ਇਕ-ਰਸ ਧਿਆਨ ਲਗਾਈ ਰਖਦਾ ਹਾਂ॥ ੭॥

ਜੇ ਪਾਸਿ ਬਹਾਲਹਿ ਤ੍ਰਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ॥ ੮॥

ਜੋ ਤੂੰ ਆਪਣੇ ਆਪ ਮੈਨੂੰ ਬਿਠਾਵੇਂ, ਤਾਂ ਭੀ ਆਪ ਨੂੰ ਅਰਾਧਾਂਗਾ ਜੇ ਮਾਰ ਕੇ ਆਪਣੇ ਪਾਸੋਂ ਬਾਹਰ ਕੱਢ ਦਿਉ ਤਾਂ ਭੀ ਆਪ ਜੀ ਨੂੰ ਧਿਆਵਾਂਗਾ॥ ੮॥

ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ॥ ੯॥

ਜੇਕਰ ਦੁਨੀਆ ਦੇ ਲੋਕ ਮੇਰੀ ਸਲਾਹੇ=ਸ਼ਲਾਘਾ (ਵਡਿਆਈ) ਕਰਨਗੇ ਤਾਂ ਭੀ ਮੈਂ ਤੇਰੀ ਉਪਮਾ ਕਰਾਂਗਾ। ਜੇਕਰ ਦੁਨੀਆਂ ਦੇ ਲੋਕ ਮੇਰੀ ਨਿੰਦਿਆ ਕਰਨਗੇ ਤਾਂ ਭੀ ਮੈਂ ਆਪ ਜੀ ਨੂੰ ਛੱਡ ਨਹੀਂ ਜਾਵਾਂਗਾ॥ ੯॥

ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥

ਜੇਕਰ ਤੇਰੇ ਵਲ ਮੇਰਾ ਮਨ ਲੱਗਾ ਰਹੇ, ਤਾਂ ਕੋਈ ਭਾਵੇਂ ਕੁਝ ਪਿਆ ਆਖੇ, ਪਰਵਾਹ ਨਹੀਂ, ਪਰ ਆਪ ਜੀ ਦੇ ਭੁੱਲ ਜਾਣੇ ਕਰਕੇ ਮੇਰਾ ਮਰ ਜਾਣਾ ਹੁੰਦਾ ਹੈ॥ ੧੦॥

ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥ ੧੧ ॥

ਗੁਰਾਂ ਦੇ ਉੱਪਰੋਂ ਮੈਂ ਵਾਰਿ ਵਾਰਿ=ਬਲਿਹਾਰ ਕੁਰਬਾਨ ਜਾਂਦਾ ਹਾਂ, ਅਤੇ ਸੰਤ=ਸ਼ਾਂਤ ਆਤਮਾ ਗੁਰੂ ਦੇ ਪੈ=ਚਰਨੀ ਪੈ ਕੇ ਮਨਾਉਂਦਾ ਹਾਂ, ਵਾ:-ਪੂਜਦਾ ਹਾਂ॥ ੧੧॥

ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥ ੧੨ ॥

ਹੇ ਹਰੀ ! ਤਉ=ਆਪ ਜੀ ਦੇ ਦਰਸ਼ਨਾਂ ਵਾਸਤੇ ਮੈਂ ਨਾਨਕ ਵਿਚਾਰਾ ਦੇਵਾਨਾ=ਮਸਤਾਨਾ ਹੋ ਗਿਆ ਹਾਂ॥ ੧੨॥

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥

ਝੱਖੜ ਝੁਲਦਾ ਹੋਵੇ, ਮੀਂਹ ਵੱਸਦਾ ਹੋਵੇ, ਤਾਂ ਭੀ ਮੈਂ ਇਨ੍ਹਾਂ ਨੂੰ ਝਾਗੀ=ਲੰਘ ਕੇ ਗੁਰਾਂ ਦਾ ਦਰਸ਼ਨ ਦੇਖਣ ਜਾਵਾਂਗਾ॥ ੧੩॥

ਯਥਾ:- ''ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥ ੨੫॥'' *(ਸੇਖ ਫਰੀਦ, ਪੰਨਾ ੧੩੭੯)*

ਅੰਤ੍ਰੀਵ-ਲੋਭ ਰੂਪੀ ਝੱਖੜ ਝੁਲਦਾ ਹੋਵੇ ਤੇ ਪਦਾਰਥਾਂ ਰੂਪੀ ਮੀਂਹ ਵੀ ਵਸਦਾ ਹੋਵੇ ਤਾਂ ਭੀ ਮੈਂ ਇਨ੍ਹਾਂ ਨੂੰ ਝਾਗ਼ੀ=ਲੰਘ ਕੇ ਗੁਰਾਂ ਦਾ ਦਰਸ਼ਨ ਦੇਖਣ ਜਾਵਾਂਗਾ।

ਅਥਵਾ -ਹਰ ਇਕ ਸਿੱਖ ਨੂੰ ਚਾਹੀਦਾ ਹੈ ਇਨ੍ਹਾਂ ਨੂੰ ਲੰਘ ਕੇ ਗੁਰਾਂ ਦਾ ਦਰਸ਼ਨ ਦੇਖਣ ਜਾਵੇ।

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥ ੧੪ ॥

ਸਾਗਰੁ=ਸਹਿਤ ਗਰਲਤਾ ਭਾਵ ਵਿਹੁ (ਜ਼ਹਿਰ) ਦੇ ਸਹਿਤ ਹੋਣ ਕਰਕੇ ਚਾਹੇ ਸਮੁੰਦਰ ਬਹੁਤਾ ਖਾਰਾ ਭੀ ਹੋਵੇ, ਅਥਵਾ:-ਸੰਸਾਰ-ਸਮੁੰਦਰ ਦੁੱਖਾਂ ਰੂਪੀ।

ਵਾ:-ਵਿਸ਼ਿਆਂ ਰੂਪੀ ਜ਼ਹਿਰ ਦੇ ਸਹਿਤ ਭੀ ਹੋਵੇ ਅਤੇ ਬਹੁਤਾ ਖਾਰਾ ਭੀ ਹੋਵੇ ਭਾਵ ਦੁੱਖ ਮਾਝ ਹੋਰ ਅਨੇਕਾਂ ਦੁੱਖ ਭੀ ਪ੍ਰਾਪਤ ਹੋਣ ਤਾਂ ਗੁਰੂ ਦਾ ਸਿੱਖ ਉਸ ਨੂੰ ਲੰਘ ਕੇ ਭੀ ਗੁਰੂ ਦੇ ਪਾਸ ਜਾਵੇ॥ ੧੪॥

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥

ਜਿਵੇਂ ਪ੍ਰਾਣੀ=ਪ੍ਰਾਣਧਾਰੀ ਪੁਰਸ਼ ਜਲ ਤੋਂ ਬਿਨਾਂ ਮਰ ਜਾਂਦਾ ਹੈ, ਤਿਵੇਂ ਸਿੱਖ ਗੁਰੂ ਤੋਂ ਬਿਨਾਂ ਮਰ ਜਾਂਦਾ ਹੈ॥ ੧੫॥

ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥

ਜਿਵੇਂ ਜਲ ਦੇ ਵਰਸਣ ਕਰਕੇ ਭਾਵ ਮੀਂਹ ਦੇ ਪੈਣ ਨਾਲ ਧਰਤੀ ਸ਼ੋਭਾ ਨੂੰ ਭਾਵ ਸੁੰਦਰਤਾ ਨੂੰ ਪ੍ਰਾਪਤ

**ਜਿਹੜੀ ਹਵਾ ਮਿੱਟੀ ਘੱਟੇ ਨੂੰ ਉਡਾਉਂਦੀ ਹੈ ਤੇ ਬ੍ਰਿਛਾਂ ਨੂੰ ਤੋੜਦੀ ਜਾਂਦੀ ਹੈ, ਉਸ ਨੂੰ ਝੱਖੜ ਕਹਿੰਦੇ ਹਨ।*

ਕਰਦੀ ਹੈ, ਤਿਵੇਂ ਸਿੱਖ ਆਪਣੇ ਗੁਰੂ ਨੂੰ ਮਿਲ ਕੇ ਬਿਗਸਾਈ=ਪ੍ਰਸੰਨ ਹੁੰਦਾ ਹੈ॥ ੧੬॥

[ਪੰਨਾ ੭੫੮]

ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥ ੧੭॥

ਹੇ ਪ੍ਰਭੂ ! ਇਹ ਕਿਰਪਾ ਕਰ ਮੈਂ ਗੁਰੂ ਦੇ ਸੇਵਕ ਦਾ ਸੇਵਕ ਹੋ ਕੇ ਵਰਤਾ=ਚੱਲਾਂ ਅਤੇ ਬਿਨਉ=ਬੇਨਤੀ ਦੇ ਸ਼ਬਦ ਉਚਾਰਨ ਕਰ ਕਰ ਕੇ ਬੁਲਾਵਾਂ॥ ੧੭॥

ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ॥ ੧੮॥

ਹੇ ਹਰੀ ! ਆਪ ਜੀ ਦੇ ਪਾਸ ਮੈਂ ਨਾਨਕ ਦੀ ਏਹੋ ਬੇਨਤੀ ਹੈ, ਮੈਂ ਪੂਰਨ ਗੁਰਾਂ ਨਾਲ ਮਿਲ ਕੇ ਗੁਰ=ਭਾਰੀ ਆਤਮ-ਸੁਖ ਪਾਉਣਾ ਕਰਾਂ॥ ੧੮॥

ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥ ੧੯॥

ਹੇ ਪ੍ਰਭੂ ! ਤੂੰ ਆਪ ਹੀ ਗੁਰੂ ਰੂਪ ਹੈਂ, ਤੂੰ ਆਪ ਹੀ ਚੇਲਾ ਜਗਿਆਸੂ ਰੂਪੀ ਹੈਂ, ਮੈਂ ਗੁਰੂ ਨੂੰ ਵਿਚੁ=ਵਿਚੋਲਾ ਦੇ=ਦੇ ਕੇ ਆਪ ਨੂੰ ਧਿਆਉਂਦਾ ਹਾਂ॥ ੯॥

ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥ ੨੦॥

ਜੋ ਆਪ ਜੀ ਨੂੰ ਸੇਂਵਦੇ ਹਨ ਉਹਨਾਂ ਉਤੇ ਤੂੰ ਪ੍ਰਸੰਨ ਹੁੰਦਾ ਹੈਂ, *ਅਥਵਾ:-*ਉਹ ਤੇਰਾ ਸਰੂਪ ਹੁੰਦੇ ਹਨ, ਤੁਸਾਂ ਨੇ ਆਪਣਿਆਂ ਸੇਵਕਾਂ ਦੀ ਆਪ ਹੀ ਪੈਜ ਰਖਾਈ=ਇੱਜ਼ਤ ਰੱਖੀ ਹੈ॥ ੨੦॥

ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ॥ ੨੧॥

ਹੇ ਹਰੀ ! ਤੇਰੇ ਸੰਤ ਭਗਤੀ ਦੇ ਭੰਡਾਰੇ ਭਰੇ ਹੋਏ ਹਨ, ਜਿਸ ਨੂੰ ਭਾਵੈ=ਚਾਹੁੰਦਾ ਹੈਂ, ਉਸ ਨੂੰ ਤੂੰ ਸੰਤਾਂ ਪਾਸੋਂ ਦੇਵਾਈ=ਦਿਵਾਉਂਦਾ ਹੈਂ॥ ੨੧॥

ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ॥ ੨੨॥

ਜਿਸ ਨੂੰ ਤੂੰ ਦੇਂਦਾ ਹੈਂ ਓਹੀ ਪੁਰਸ਼ ਪਾਉਂਦਾ ਹੈ, ਹੋਰ ਸਭ ਤਰ੍ਹਾਂ ਦੀ ਚਤੁਰਾਈ ਨਿਸਫਲ ਹੈ॥ ੨੨॥

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥ ੨੩॥

ਆਪਣੇ ਗੁਰੂ ਨੂੰ ਮਨ, ਬਾਣੀ, ਸਰੀਰ ਦੁਆਰਾ ਸਿਮਰ-ਸਿਮਰ ਕੇ ਮੋਹ ਦੀ ਨੀਂਦ ਵਿਚ ਸੁੱਤੇ ਹੋਏ ਮਨ ਨੂੰ ਗਿਆਨ ਜਾਗ੍ਰਤ ਵਿਚ ਜਗਾਉਂਦਾ ਹਾਂ॥ ੨੩॥

ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ॥ ੨੪॥

ਵਿਚਾਰਾ ਨਾਨਕ ਇਕ ਏਹੋ ਦਾਨ ਮੰਗਦਾ ਹੈ, ਹੇ ਹਰੀ ! ਮੈਨੂੰ ਆਪਣੇ ਦਾਸਾਂ ਦਾ ਦਾਸ ਕਰ ਲੈ ॥ ੨੪॥

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥ ੨੫॥

(ਕਿਸੇ ਕੰਮ ਦੇ ਵਿਗੜ ਜਾਣ ਕਰਕੇ) ਜੇ ਗੁਰੂ ਝਿੜਕੇ=ਝਿੜਕਾ ਦੇਣ ਭਾਵ ਤਾੜਨ ਭਾਂ (ਉਨ੍ਹਾਂ ਦਾ ਬਚਨ) ਮੈਨੂੰ ਮੀਠਾ=ਪਿਆਰਾ ਲੱਗੇ, ਜੇਕਰ ਉਸ ਗੁਨਾਹ ਨੂੰ ਗੁਰੂ ਜੀ ਬਖਸ਼ ਦੇਣ ਤਾਂ ਗੁਰਾਂ ਦੀ ਇਹ ਆਪਣੀ

ਵਡਿਆਈ ਹੈ॥ ੨੫॥

ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥੨੬॥

ਜੋ ਭੀ ਗੁਰਮੁਖ ਬੋਲਦੇ ਹਨ, ਸੋ ਉਨ੍ਹਾਂ ਦਾ ਬੋਲਣਾ ਪਰਮੇਸ਼ਰ ਥਾਂ ਪਾਉਂਦਾ ਹੈ ਭਾਵ ਸਫਲ ਕਰਦਾ ਹੈ, ਮਨਮੁਖਾਂ ਦਾ ਬੋਲਿਆ ਕੁਝ ਥਾਂ ਨਹੀਂ ਪਾਉਂਦਾ ਭਾਵ ਸਫਲ ਨਹੀਂ ਕਰਦਾ॥ ੨੬॥

ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥ ੨੭॥

(੧) ਭਾਵੇਂ ਪਾਲਾ ਸਮਾਨ ਠੰਡ ਹੋਵੇ, ਭਾਵੇਂ ਕੱਕਰ ਪੈਂਦਾ ਹੋਵੇ ਬਹੁਤੀ ਠੰਡ ਹੋਵੇ, ਭਾਵੇਂ ਵਰਫ=ਗੜੇ ਵਸਦੇ ਹੋਣ ਤਾਂ ਭੀ ਗੁਰੂ ਦਾ ਸਿੱਖ ਗੁਰੂ ਦੇ ਦੇਖਣ=ਦਰਸ਼ਨ ਕਰਨ ਜਾਂਦਾ ਹੈ।

(੨) ਪਾਲਾ=ਪਾਪ, ਕਕਰੁ=ਕਠੋਰਤਾ, ਵਰਫ=ਜੜ੍ਹਤਾ ਇਤਿਆਦਿਕ ਅਸ਼ੁਭ ਗੁਣ ਭੀ ਹੋਣ ਤਾਂ ਭੀ ਗੁਰੂ ਦਾ ਸਿੱਖ ਗੁਰੂ ਦੇ ਦਰਸ਼ਨ ਕਰਨ ਜਾਂਦਾ ਹੈ।॥ ੨੭॥

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥੨੮॥

ਸਾਰਾ ਦਿਨ ਤੇ ਸਾਰੀ ਰਾਤ ਮੈਂ ਆਪਣੇ ਗੁਰੂ ਦਾ ਦੇਖਉ=ਦਰਸ਼ਨ ਕਰਦਾ ਹਾਂ, ਤੇ ਆਪਣੀਆਂ ਅੱਖਾਂ ਵਿਚ ਗੁਰਾਂ ਦੇ ਚਰਨਾਂ ਨੂੰ ਧਾਰਦਾ ਹਾਂ।

ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥ ੨੯॥

ਗੁਰੂ ਨੂੰ ਪ੍ਰਸੰਨ ਕਰਨ ਵਾਸਤੇ ਮੈਂ ਅਨੇਕਾਂ ਉਪਾਵ=ਜਤਨ ਕਰਦਾ ਹਾਂ, ਪਰ ਜਿਹੜਾ ਜਤਨ ਗੁਰੂ ਨੂੰ ਭਾਉਂਦਾ ਹੈ ਓਹੀ ਥਾਂ ਪਾਉਂਦਾ ਹੈ ਭਾਵ ਸਫ਼ਲ ਕਰਦਾ ਹੈ।॥ ੨੯॥

ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥ ੩੦॥

ਹੇ ਮੇਰੇ ਸਾਈ=ਮਾਲਕ ਪ੍ਰਭੂ ! ਮੇਰੇ ਉਤੇ ਅਜੇਹੀ ਕਿਰਪਾ-ਦ੍ਰਿਸ਼ਟੀ ਕਰੋ, ਜੋ ਮੈਂ ਰਾਤ ਦਿਨ ਗੁਰੂ ਦੇ ਚਰਨਾਂ ਦੀ ਅਰਾਧਣਾ ਕਰਦਾ ਰਹਾਂ॥ ੩੦॥

ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥ ੩੧॥

ਮੈਂ ਨਾਨਕ ਦਾ ਇਹ ਪਾਣ ਹੀ ਗੁਰੂ ਹੈ, ਅਥਵਾ:-ਮੈਂ ਨਾਨਕ ਦਾ ਜੋ ਪਿੰਡ ਤੇ ਜੀਵ ਹੈ ਇਹ ਸਭ ਗੁਰੂ ਦਾ ਹੀ ਹੈ, ਮੈਂ ਗੁਰੂ ਨੂੰ ਮਿਲ ਕੇ ਤ੍ਰਿਪਤ ਹੋ ਕੇ ਰੱਜ ਗਿਆ ਹਾਂ॥ ੩੧॥

ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥ ੩੨॥ ੧॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦਾ ਪ੍ਰਭੂ ਹਰ ਥਾਂ ਪੂਰਨ ਹੋ ਰਿਹਾ ਹੈ, ਜਤ ਕਤ=ਜਿੱਥੇ ਕਿੱਥੇ ਵੇਖਦਾ ਹਾਂ, ਤਤ=ਓਥੇ ਹੀ ਗੋਸਾਈ=ਪਰਮਾਤਮਾ ਹੈ॥ ੩੨॥ ੧॥

ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦

ੴ ਸਤਿਗੁਰ ਪ੍ਰਸਾਦਿ॥ ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ॥

ਆਪਣੇ ਪ੍ਰੀਤਮ=ਗੁਰਾਂ ਨੇ ਮੇਰੇ ਹਿਰਦੇ ਅੰਦਰ ਸੱਚਾ ਨੇਹੁ=ਪ੍ਰੇਮ ਲਗਾਇਆ ਹੈ।

ਤਨੁ ਮਨੁ ਹੋਇ ਨਿਹਾਲੁ ਜਾ ਗੁਰ ਦੇਖਾ ਸਾਮ੍ਹਣੇ॥ ੧॥

ਜਦ ਮੈਂ ਗੁਰਾਂ ਨੂੰ ਆਪਣੇ ਸਾਹਮਣੇ ਵੇਖਦਾ ਹਾਂ ਤਾਂ ਤਨ ਮਨ ਨਿਹਾਲੁ=ਕ੍ਰਿਤ ਕ੍ਰਿਤ ਹੋ ਜਾਂਦਾ ਹੈ,

ਵਾ:-ਨਿਹਾਲੁ=ਦੁੱਖਾਂ ਤੋਂ ਰਹਿਤ ਹੋ ਜਾਂਦਾ ਹੈ॥ ੧॥

ਮੈ ਹਰਿ ਹਰਿ ਨਾਮੁ ਵਿਸਾਹੁ॥

ਮੈਂਨੇ ਹਰਿ ਹਰਿ ਨਾਮ ਨੂੰ ਵਿਸਾਹੁ=ਖਰੀਦਿਆ ਹੈ।

ਗੁਰ ਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ॥ ੧॥ ਰਹਾਉ॥

ਅਗਮ ਅਥਾਹ ਜੋ ਪਰਮਾਤਮਾ ਹੈ, ਉਸ ਦਾ ਨਾਮ-ਅੰਮ੍ਰਿਤ ਮੈਂ ਪੂਰਿਆਂ ਗੁਰਾਂ ਤੋਂ ਪਾਇਆ ਹੈ॥ ੧॥ ਰਹਾਉ॥

ਹਉ ਸਤਿਗੁਰੁ ਵੇਖਿ ਵਿਗਸੀਆ ਹਰਿ ਨਾਮੇ ਲਗਾ ਪਿਆਰੁ॥

ਹਉ=ਮੈਂ ਸਤਿਗੁਰਾਂ ਨੂੰ ਦੇਖ ਕੇ ਵਿਗਸੀਆ=ਪ੍ਰਸੰਨ ਹੋਇਆ ਹਾਂ, ਜਿਨ੍ਹਾਂ ਦੀ ਕਿਰਪਾ ਨਾਲ ਮੇਰਾ ਹਰੀ ਨਾਮ ਨਾਲ ਪਿਆਰ ਲੱਗਾ ਹੈ। ਅਤੇ-

ਕਿਰਪਾ ਕਰਿ ਕੈ ਮੇਲਿਅਨੁ ਪਾਇਆ ਮੋਖ ਦੁਆਰੁ॥ ੨॥

ਮੁਕਤੀ ਦਾ ਦਰਵਾਜ਼ਾ ਗਿਆਨ ਪਾਇਆ ਹੈ, ਜਿਸ ਗਿਆਨ ਕਰਕੇ ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਨਾਲ ਮੇਲ ਲੀਤਾ ਹੈ॥ ੨॥

ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ॥

ਨਾਮ-ਸਿਮਰਨ ਦਾ ਬਿਰਹੀ=ਪ੍ਰੇਮੀ ਸਤਿਗੁਰੂ ਜੇਕਰ ਮਿਲ ਜਾਵੇ ਤਾਂ ਮੈਂ ਉਸ ਨੂੰ ਆਪਣਾ ਤਨ ਮਨ ਭੇਟਾ ਕਰ ਦਿਆਂਗਾ।

ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ॥ ੩॥

ਜੇਕਰ ਪੂਰਬਲਾ ਕਰਮ ਚੰਗਾ ਲਿਖਿਆ ਹੋਵੇਗਾ, ਤਾਂ ਨਾਮ-ਅੰਮ੍ਰਿਤ ਸਹਿਜੇ ਹੀ ਪੀ ਲਵਾਂਗਾ॥ ੩॥

ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ॥

ਜੋ ਸੁੱਤਿਆਂ ਪਿਆਂ ਗੁਰੂ ਨੂੰ ਸਲਾਹੁੰਦਾ ਹੈ, ਅਤੇ ਉੱਠਦਿਆਂ ਭੀ ਧੰਨ ਗੁਰੂ ਧੰਨ ਗੁਰੂ ਉਚਾਰਦਾ ਹੈ।

ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ॥ ੪॥

ਜੇ ਕੋਈ ਅਜੇਹਾ ਗੁਰਮੁਖ ਮੈਨੂੰ ਮਿਲ ਜਾਵੇ, ਤਾਂ ਹਉ=ਮੈਂ ਉਸ ਦੇ ਚਰਨ ਧੋਵਾਂਗਾ॥ ੪॥

ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਕਿਹਾ-

ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ॥

ਕੋਈ ਅਜੇਹਾ ਸੱਜਣ ਲੋੜਿ ਲਹੁ=ਚਾਹ ਲਓ, ਵਾ:-ਲੱਭ ਲਵੋ,

ਜਿਹੜਾ ਮੈਂ ਪ੍ਰੀਤਮ ਦੇ ਨਾਲ ਮਿਲਾ ਦੇਵੇ। ਉੱਤਰ:-ਅਸਲੀ ਸੱਜਣ ਗੁਰੂ ਹੀ ਹਨ-

ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ॥ ੫॥

ਸਤਿਗੁਰਾਂ ਨਾਲ ਮਿਲਣ ਕਰਕੇ ਹਰੀ ਪਾਇਆ ਜਾਂਦਾ ਹੈ, ਇਹ ਨਿਯਮ ਹੈ ਸਤਿਗੁਰਾਂ ਦੀ ਕਿਰਪਾ ਨਾਲ

ਹੀ ਹਰੀ ਸੁਤੇ-ਸਿਧ ਮਿਲਿਆ ਹੈ॥ ੫॥

[ਪੰਨਾ ੭੫੯]

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ॥

ਸਤਿਗੁਰ ਦੇਵ ਜੀ ਸ਼ੁਭ-ਗੁਣ ਤੇ ਨਾਮ ਦਾ ਸਾਗਰੁ=ਸਮੁੰਦਰ ਹੈ, ਮੈਨੂੰ ਉਸ ਗੁਰੂ ਦੇ ਦੇਖਣ ਦਾ ਚਾਉ=ਉਤਸ਼ਾਹ ਲੱਗ ਰਿਹਾ ਹੈ।

ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ॥ ੬॥

ਹਉ=ਮੈਂ ਉਸ ਤੋਂ ਬਿਨਾਂ ਇਕ ਘੜੀ ਭਰ ਭੀ ਨਹੀਂ ਜੀਉਂਦਾ, ਗੁਰਾਂ ਦੇ ਦੇਖੇ ਤੋਂ ਬਿਨਾਂ ਮਰ ਜਾਂਦਾ ਹਾਂ॥ ੬॥

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥

ਜਿਵੇਂ ਮੱਛੀ ਪਾਣੀ ਤੋਂ ਬਿਨਾਂ ਹੋਰ ਕਿਸੇ ਉਪਾਇ=ਜਤਨ ਕਰਕੇ ਜੀਉਂਦੀ ਨਹੀਂ ਰਹਿ ਸਕਦੀ।

ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ॥ ੭॥

ਤਿਵੇਂ ਹਰੀ-ਨਾਮ ਤੋਂ ਬਿਨਾਂ ਸੰਤ ਜੀਉਂਦੇ ਨਹੀਂ ਰਹਿ ਸਕਦੇ, ਹਰੀ ਨਾਮ ਤੋਂ ਬਿਨਾਂ ਮਰ ਜਾਂਦੇ ਹਨ॥ ੭॥

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥

ਮੇਰੀ ਸਤਿਗੁਰਾਂ ਦੇ ਨਾਲ ਪਿਰਹੜੀ=ਪ੍ਰੀਤੀ ਹੈ, ਮਾਉ=ਹੇ ਭਾਈ ! ਗੁਰਾਂ ਤੋਂ ਬਿਨਾਂ ਮੈਂ ਕਿਵੇਂ ਜੀਵਾਂਗਾ।

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥ ੮॥

ਮੈਨੂੰ ਗੁਰਬਾਣੀ ਦਾ ਆਧਾਰੁ=ਆਸਰਾ ਹੈ, ਇਸ ਕਰਕੇ ਗੁਰਬਾਣੀ ਦੇ ਪੜ੍ਹਨ ਸੁਣਨ ਵਿਚ ਹੀ ਲੱਗਾ ਰਹਿੰਦਾ ਹਾਂ॥ ੮॥

ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ॥

ਮਾਇ=ਹੇ ਭਾਈ ! ਹਰਿ ਹਰਿ ਨਾਮ ਰਤਨਾਂ ਵਾਂਗ ਅਮੋਲਕ ਹੈ,
ਜੇ ਗੁਰੂ ਤੁਠਾ=ਪ੍ਰਸੰਨ ਹੋਣ ਤਾਂ ਅਮੋਲਕ ਨਾਮ-ਧਨ ਦੇਂਦੇ ਹਨ।

ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ॥ ੯॥

ਮੈਨੂੰ ਸੱਚੇ ਨਾਮ ਦੀ ਧਰ=ਓਟ ਹੈ, ਇਸ ਲਈ ਹਰੀ ਨਾਮੀ ਦੇ ਨਾਮ ਵਿਚ ਲਿਵ ਲਾਈ ਰਹਿੰਦਾ ਹਾਂ॥ ੯॥

ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥

ਗਿਆਨ ਦੀ ਪ੍ਰਾਪਤੀ ਕਰਾਉਣ ਵਾਲਾ ਗੁਰਾਂ ਪਾਸ ਰੂਪ ਪਦਾਰਥ ਹੈ, ਇਸ ਕਰਕੇ ਗੁਰੂ ਜੀ ਹਰੀ ਨਾਮ ਨੂੰ ਦ੍ਰਿੜ੍ਹ ਕਰਵਾ ਦੇਂਦੇ ਹਨ।

ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥ ੧੦ ॥

ਜਿਸ ਨੂੰ ਪ੍ਰਾਪਤ ਹੋਣਾ ਲਿਖਿਆ ਹੈ ਓਹੀ ਲਹੈ=ਲੈਂਦਾ ਹੈ, ਅਤੇ ਓਹੀ ਗੁਰਾਂ ਦੀ ਚਰਨੀਂ ਆ ਕੇ ਲੱਗਦਾ ਹੈ॥ ੧੦॥

ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥

ਪ੍ਰਭੂ ਦੇ ਪ੍ਰੇਮ ਦੀ ਕਹਾਣੀ ਅਕੱਥ ਹੈ, ਜਿਹੜਾ ਕੋ=ਕੋਈ ਪ੍ਰੀਤਮੁ=ਪਿਆਰਾ ਆ ਕੇ ਆਖੇਗਾ।

ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥ ੧੧ ॥

ਮੈਂ ਉਸ ਨੂੰ ਆਪਣਾ ਮਨ ਦੇਵਾਂਗਾ, ਅਤੇ ਝੁਕ-ਝੁਥ ਕੇ ਉਸ ਦੀ ਚਰਨੀਂ ਲੱਗਾਂਗਾ॥ ੧੧॥

ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥

ਹੇ ਕਰਤੇ ਪੁਰਖ ਸੁਜਾਣ ! ਇਕ ਤੂੰਹੀ ਮੇਰਾ ਸੱਜਣ ਹੈਂ।

ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥ ੧੨ ॥

ਮਿੱਤਰ ਸਤਿਗੁਰਾਂ ਨੇ ਮੈਨੂੰ ਤੇਰੇ ਨਾਲ ਮਿਲਾਇਆ ਹੈ, ਹੇ ਸਦਾ=ਨਿਤ ਰੂਪ ਪਰਮਾਤਮਾ ! ਮੈਨੂੰ ਸਦਾ ਤੇਰਾ ਹੀ ਤਾਣੁ=ਬਲ ਹੈ॥ ੧੨॥

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥

ਮੇਰਾ ਸਤਿਗੁਰੂ ਸਦਾ ਹੀ ਸਦਾ=ਨਿਤ ਰੂਪ ਹੈ, ਨਾ ਜੰਮਦਾ ਹੈ, ਨਾ ਮਰਦਾ ਹੈ।

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥ ੧੩ ॥

(੧) ਉਹ ਮੇਰਾ ਗੁਰੂ ਅਬਿਨਾਸੀ ਪੁਰਖ ਹੈ, ਜਿਸ ਗੁਰੂ ਦਾ ਜਸ ਸਾਰਿਆਂ ਵਿਚ ਸਮਾ ਰਿਹਾ ਹੈ।

(੨) ਮੇਰਾ ਗੁਰੂ ਉਸ ਅਬਿਨਾਸੀ ਪੁਰਖ ਦਾ ਰੂਪ ਹੈ, ਜੋ ਸਾਰਿਆਂ ਵਿਚ ਸਮਾ ਰਿਹਾ ਹੈ॥ ੧੩॥

ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥

ਰਾਸਿ=ਸੱਚੀ ਸ਼ਰਧਾ ਰੂਪੀ ਸਾਬਤ ਪੂੰਜੀ ਕਰਕੇ ਰਾਮ ਨਾਮ ਰੂਪੀ ਧਨ ਨੂੰ ਸੰਚਿਆ=ਇਕੱਠਾ ਕੀਤਾ ਹੈ।

ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥ ੧੪ ॥ ੧ ॥ ੨ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਪੂਰੇ ਗੁਰੂ ਧੰਨਤਾਯੋਗ ਹਨ, ਜਿਨ੍ਹਾਂ ਦੀ ਕਿਰਪਾ ਨਾਲ ਮੈਂ ਦਰਗਾਹ ਵਿਚ ਮਾਨੀਕ ਹੋਇਆ ਹਾਂ॥ ੧੪॥ ੧॥ ੨॥ ੧੧॥

ਰਾਗੁ ਸੂਹੀ ਅਸਟਪਦੀਆ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥ ਉਰਝਿ ਰਹਿਓ ਬਿਖਿਆ ਕੈ ਸੰਗਾ ॥

ਜੀਵ ਦੀ ਦਸ਼ਾ ਕਹਿੰਦੇ ਹਨ:-ਇਹ ਜੀਵ ਵਿਸ਼ਿਆਂ ਦੇ ਨਾਲ ਉਲਝ (ਫਸ) ਰਿਹਾ ਹੈ।

ਮਨਹਿ ਬਿਆਪਤ ਅਨਿਕ ਤਰੰਗਾ ॥ ੧ ॥

ਇਸ ਦੇ ਮਨ ਵਿਚ ਅਨੇਕਾਂ ਤਰੰਗ਼ਾਂ=ਸੰਕਲਪ ਬਿਆਪਤ=ਲੱਗ, ਭਾਵ ਉਠ ਰਹੇ ਹਨ॥ ੧॥

ਮੇਰੇ ਮਨ ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥ ੧ ॥ ਰਹਾਉ ॥

ਹੇ ਮੇਰੇ ਮਨ ! ਅਗਮ ਅਗੋਚਰ ਪੂਰਨ ਪਰਮੇਸ਼ਰ ਨੂੰ ਇਨ੍ਹਾਂ ਸੰਕਲਪਾਂ ਵਿਚ ਫਸ ਕੇ ਕਤ ਪਾਈਐ=ਕਿਸ ਤਰ੍ਹਾਂ ਪਾਏਂਗਾ। ਅਰਥਾਤ ਨਹੀਂ ਪਾਏਂਗਾ ॥ ੧ ॥ ਰਹਾਉ ॥

ਮੋਹ ਮਗਨ ਮਹਿ ਰਹਿਆ ਬਿਆਪੇ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥ ੨ ॥

ਇਹ ਜੀਵ ਮੋਹ ਦੀ ਮਸਤੀ ਵਿਚ ਬਿਆਪੇ=ਲੱਗ ਰਿਹਾ ਹੈ।

ਅਤਿ=ਬਹੁਤੀ ਤ੍ਰਿਸ਼ਨਾ ਦੇ ਹੋਣ ਕਰਕੇ ਮਨ ਕਦੇ ਧ੍ਰਾਪੇ=ਰੱਜਦਾ ਨਹੀਂ ਹੈਂ ॥ ੨ ॥

ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥ ੩ ॥

ਇਸ ਸਰੀਰ ਵਿਚ ਕ੍ਰੋਧ ਰੂਪੀ ਚੰਡਾਰਾ=ਚੰਡਾਲ ਬਸਇ=ਵੱਸ ਰਿਹਾ ਹੈ,

ਮਹਾ ਗੁਬਾਰਾ=ਬੜੇ ਹਨੇਰੇ ਦੇ ਹੋਣ ਕਰਕੇ ਇਸ ਅਗਿਆਨਿ=ਅਗਿਆਨੀ ਜੀਵ ਨੂੰ ਕੁਝ ਭਲਾ ਬੁਰਾ ਸੁਝਦਾ ਨਹੀਂ ਹੈ ॥ ੩ ॥

ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭ ਦਰਬਾਰਾ ॥ ੪ ॥

ਭਰਮ ਦੇ ਬਿਆਪਤ=ਲੱਗਣ ਕਰਕੇ ਪੰਜਾਂ ਕੋਸ਼ਾਂ ਰੂਪੀ ਕਿਵਾਰਾ=ਤਖ਼ਤੇ ਜੜੇ ਹੋਏ ਹਨ। ਇਸ ਲਈ ਪ੍ਰਭੂ ਦੇ ਦਰਬਾਰ ਵਿਚ ਜਾਣਾ ਨਹੀਂ ਪਾਉਂਦਾ ॥ ੪ ॥

ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥ ੫ ॥

ਇਸ ਪ੍ਰਾਣੀ ਦੇ ਪਰਾਨਾ=ਪ੍ਰਾਣ ਆਸਾ ਤੇ ਅੰਦੇਸਾ=ਸੰਸਿਆਂ ਵਿਚ ਬੰਧਿ=ਬੰਨ੍ਹੇ ਹੋਏ ਹਨ। ਇਸ ਲਈ ਮਹਲੁ=ਸਰੂਪ ਨੂੰ ਨਹੀਂ ਪਾਉਂਦਾ, ਬਿ-ਗਾਨਾ=ਦ੍ਵੈਤ ਦੇ ਗਾਇਣ ਕਰਨ ਵਿਚ, ਵਾ:-ਬੇ-ਗਿਆਤ ਹੋਇਆ ਫਿਰਦਾ ਹੈ, ਵਾ:-ਬਿਗਾਨਾ=ਪਰਾਇਆ ਭਾਵ ਜਮਾਂ ਦਾ ਹੋਇਆ ਫਿਰਦਾ ਹੈ ॥ ੫ ॥

ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥

ਪਰਮੇਸ਼ਰ ਨੇ ਕਰਮਾਂ ਅਨੁਸਾਰ ਇਸ ਨੂੰ ਸਾਰਿਆਂ ਬਿਆਧਿ=ਰੋਗਾਂ ਦੇ ਵਸੀਕਾਰ ਕਰ ਦਿੱਤਾ ਹੈ।

ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥ ੬ ॥

ਪਦਾਰਥਾਂ ਰੂਪੀ ਜਲ ਦੀ ਨਾ ਪ੍ਰਾਪਤੀ ਹੋਣ ਕਰਕੇ ਪਿਆਸ ਨਾਲ ਇਸ ਤਰ੍ਹਾਂ ਦੁਖੀ ਹੋਇਆ ਫਿਰਦਾ ਹੈ, ਜਿਵੇਂ ਜਲ ਤੋਂ ਬਿਨਾਂ ਮੱਛੀ ਦੁਖੀ ਹੁੰਦੀ ਹੈ ॥ ੬ ॥

ਕਛੂ ਸਿਆਨਪ ਉਕਤਿ ਨ ਮੋਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥ ੭ ॥

ਮੇਰੀ ਬੁੱਧੀ ਦੀ ਕੁਝ ਸਿਆਣਪ ਨਹੀਂ ਹੈ, ਨਾ ਹੀ ਕੁਝ ਬਾਣੀ ਦੀ ਉਕਤਿ=ਯੁਕਤੀ ਹੈ।

ਹੇ ਪ੍ਰਭੂ ਠਾਕੁਰ ! ਮੈਨੂੰ ਇਕ ਤੇਰੀ ਹੀ ਆਸਾ ਹੈ ॥ ੭ ॥

ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥ ੮ ॥

ਮੈਂ ਸੰਤਾਂ ਪਾਸ ਬੇਨਤੀ ਕਰਦਾ ਹਾਂ, ਕਿ ਹੇ ਸੰਤੋ ! ਮੇਰੀ ਇਕ ਏਹੋ ਅਰਦਾਸ ਹੈ ਕਿ ਮੈਨੂੰ ਨਾਨਕ=ਪਰਮਾਤਮਾ ਨਾਲ ਮੇਲ ਲਵੋ।

ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥
ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਕਿਰਪਾਲੂ ਹੋਣ ਤੇ ਮੈਂ ਸਤਸੰਗ ਨੂੰ ਪਾਇਆ ਹੈ। ਸਤਸੰਗ ਦੀ ਕਿਰਪਾ ਨਾਲ ਪੂਰਾ ਗਿਆਨ ਪਾਇਆ ਹੈ, ਇਸ ਕਰਕੇ ਮੇਰਾ ਮਨ ਸੰਸਾਰਕ ਪਦਾਰਥਾਂ ਵਲੋਂ ਤ੍ਰਿਪਤ ਹੋ ਗਿਆ ਹੈ॥ ੧॥ ਰਹਾਉ ਦੂਜਾ ॥ ੧॥

[ਪੰਨਾ ੭੬੦]

ਰਾਗੁ ਸੂਹੀ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥

ਮਿਥਿਆ ਪਦਾਰਥਾਂ ਦਾ ਮੋਹ ਤ੍ਰਿਸ਼ਨਾ ਰੂਪ ਅੱਗ, ਅਤੇ ਸੋਕ=ਚਿੰਤਾ ਦਾ ਸਾਗਰ=ਸਮੁੰਦਰ ਜੋ ਸੰਸਾਰ ਹੈ। ਹੇ ਨਾਗਰ=ਚਤੁਰ ਹਰੀ ! ਇਸ ਸੰਸਾਰ ਤੋਂ ਉਧਰਿ=ਤਾਰ ਲੈ ॥ ੧॥

ਚਰਣ ਕਮਲ ਸਰਣਾਇ ਨਰਾਇਣ ॥ ਦੀਨਾ ਨਾਥ ਭਗਤ ਪਰਾਇਣ ॥੧॥ ਰਹਾਉ ॥

ਹੇ ਨਰਾਇਣ ! ਮੈ ਆਪ ਜੀ ਦੇ ਚਰਨਾਂ-ਕਮਲਾਂ ਦੀ ਸ਼ਰਨ ਵਿਚ ਆਇਆ ਹਾਂ।

ਹੇ ਦੀਨਾ ਦੇ ਨਾਥ ! ਆਪ ਭਗਤਾਂ ਦੇ ਪਰਾਇਣ=ਆਸਰਾ ਰੂਪ ਹੋ॥ ੧॥ ਰਹਾਉ॥

ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧਸੰਗਿ ਜਮਦੂਤ ਨ ਭੇਟਨ ॥ ੨ ॥

ਹੇ ਅਨਾਥ=ਯਤੀਮਾਂ ਦੇ ਨਾਥ=ਸੁਆਮੀ (ਮਾਲਕ)! ਆਪ ਹੀ ਭਗਤਾਂ ਦੇ ਡਰ ਨੂੰ ਮੇਟਨ=ਦੂਰ ਕਰਨ ਵਾਲੇ ਹੋ।

ਆਪ ਜੀ ਦੀ ਸਤਸੰਗਤ ਵਿਚ ਨਾਮ ਜਪਣ ਨਾਲ ਜਮਦੂਤ ਨਹੀਂ ਭੇਟਨ=ਮਿਲਦੇ॥ ੨॥

ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥ ੩ ॥

ਹੇ ਜੀਵਨ ਰੂਪ ਦਿਆਲੂ! ਆਪ ਜੀ ਦੇ ਅਨੂਪੰ ਗੁਣਾਂ ਦੇ ਰਵਣ=ਉਚਾਰਨ ਨਾਲ ਜਮਾਂ ਦਾ ਜਾਲਾ=ਫਾਹ ਕੱਟਿਆ ਜਾਂਦਾ ਹੈ॥ ੩॥

ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥ ੪ ॥

ਜੋ ਪੁਰਸ਼ ਰਸਨਾ ਨਾਲ ਨਿਤਾਪ੍ਰਤੀ ਅੰਮ੍ਰਿਤ ਰੂਪ ਨਾਮ ਨੂੰ ਜਾਪਦਾ ਹੈ।

ਉਸ ਨੂੰ ਰੋਗ ਰੂਪ ਮਾਇਆ ਨਹੀਂ ਬਿਆਪੈ=ਲੱਗਦੀ ॥ ੪॥

ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥ ੫ ॥

ਜਿਸ ਨੇ ਗੋਬਿੰਦ ਨੂੰ ਜਪਿਆ ਹੈ, ਉਸ ਨੇ ਆਪਣੇ ਸਾਰੇ ਸੰਗੀ ਤਾਰ ਲਏ ਹਨ।

(ਕਾਮ ਕਰੋਧ ਆਦਿਕ) ਪੰਜ ਬਟਵਾਰੇ=ਠੱਗ ਉਸ ਨੂੰ ਨਹੀਂ ਪੋਹਤ=ਪੋਂਹਦੇ॥ ੫॥

ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ॥ ਸਰਬ ਫਲਾ ਸੋਈ ਜਨੁ ਪਾਏ॥ ੬॥

ਮਨ, ਬਾਣੀ, ਸਰੀਰ ਕਰਕੇ ਜੋ ਇਕ ਪ੍ਰਭੂ ਨੂੰ ਧਿਆਉਂਦਾ ਹੈ।

ਓਹੀ ਪੁਰਸ਼ ਸਾਰਿਆਂ ਫਲਾਂ ਨੂੰ ਪਾਏ=ਪਾਉਂਦਾ ਹੈ॥ ੬॥

ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ॥ ਕੇਵਲ ਨਾਮੁ ਭਗਤਿ ਰਸੁ ਦੀਨਾ॥ ੭॥

ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਧਾਰਕੇ ਜਿਸ ਨੂੰ ਆਪਣਾ ਦਾਸ ਕਰ ਲਿਆ ਹੈ।

ਉਸ ਨੂੰ ਕੇਵਲ ਨਾਮ ਤੇ ਭਗਤੀ ਦਾ ਰਸ ਦਿੱਤਾ ਹੈ॥ ੭॥

ਗੁਰੂ ਜੀ ਕਥਨ ਕਰਦੇ ਹਨ-ਉਸ ਨੇ ਇੰਜ ਨਿਸਚੇ ਕਰ ਲਿਆ ਹੈ ਕਿ-

ਆਦਿ ਮਧਿ ਅੰਤਿ ਪ੍ਰਭੁ ਸੋਈ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ॥ ੮॥੧॥੨॥

ਉਹ ਪ੍ਰਭੂ (ਆਦਿ, ਮਧ, ਅੰਤ) ਤਿੰਨਾਂ ਸਮਿਆਂ ਵਿਚ ਪੂਰਨ ਹੈ। ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੮॥ ੧॥ ੨॥

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯

੧ੴ ਸਤਿਗੁਰ ਪ੍ਰਸਾਦਿ॥

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ॥

ਜਿਨ੍ਹਾਂ ਸੰਤਾਂ ਦਾ ਡਿਠਿਆਂ=ਦਰਸ਼ਨ ਕੀਤਿਆਂ ਮਨ ਨੂੰ ਰਹਸੀਐ=ਅਨੰਦ ਪ੍ਰਾਪਤ ਹੁੰਦਾ ਹੈ, ਉਹਨਾਂ ਦਾ ਸੰਗ ਕਿਵੇਂ ਪਾਈਦਾ ਹੈ?

ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ॥

ਉਹ ਸੱਜਣ ਸੰਤ ਹੀ ਮਨ ਦੇ ਮਿੱਤਰ ਹਨ, ਜਿਨ੍ਹਾਂ ਨੇ ਪ੍ਰਭੂ ਸਿਉ=ਨਾਲ ਰੰਗੁ=ਪ੍ਰੇਮ ਲਾਇਆ ਹੈ, ਵਾ:-ਸਾਡਾ ਲਗਾਇਆ ਹੈ।

ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ॥ ੧॥

ਉਹਨਾਂ ਸੰਤਾਂ ਨਾਲੋਂ ਕਦੇ ਪ੍ਰੀਤੀ ਨਾ ਟੁੱਟੇ ਤਾਂ ਫਿਰ ਕਦੇ ਭੀ ਭੰਗੁ=ਬਿਘਨ ਨਹੀਂ ਹੁੰਦਾ ॥ ੧॥

ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ॥

ਹੇ ਪਾਰਬ੍ਰਹਮ ਪ੍ਰਭ। ਅਜੇਹੀ ਦਇਆ ਕਰ, ਜੋ ਨਿਤਾਪ੍ਰਤੀ ਮੈਂ ਤੇਰੇ ਗੁਣ ਗਾਉਣਾ ਕਰਾਂ।

ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ॥ ੧॥ ਰਹਾਉ॥

ਹੇ ਸੱਜਣ ਸੰਤੋ ! ਆ ਕੇ ਮਿਲਣਾ ਕਰੋ, ਮਨ ਦਾ ਮਿੱਤਰ ਜੋ ਪ੍ਰਭੂ ਹੈ, ਉਸ ਦਾ ਨਾਮ ਜਪਣਾ ਕਰੀਏ॥ ੧॥ ਰਹਾਉ॥

ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ॥

(੧) ਇਹ ਅੰਨ੍ਹਾ ਜੀਵ ਅਜੇਹਾ ਮਾਇਆ ਵਿਚ ਮੋਹਿਆ ਹੋਇਆ ਹੈ, ਜੋ ਦੇਖਦਾ ਸੁਣਦਾ ਹੋਇਆ ਭੀ ਕੁਝ ਨਹੀਂ ਜਾਣਦਾ।

(੨) ਉਹ ਪਰਮੇਸ਼ਰ ਇਸ ਨੂੰ ਦੇਖ ਰਿਹਾ ਹੈ, ਤੇ ਇਸ ਦੀਆਂ ਗੱਲਾਂ ਸੁਣ ਰਿਹਾ ਹੈ, ਪਰ ਜੀਵ ਉਸਨੂੰ ਜਾਣਦਾ ਨਹੀਂ ਹੈ।

(੩) ਜੀਵ ਆਪ ਦੇਖ ਰਿਹਾ ਹੈ ਕਿ ਸਭ ਮਰਦੇ ਜਾਂਦੇ ਹਨ, ਸੁਣਦਾ ਭੀ ਹੈ ਕਿ ਵੱਡੇ ਵਡੇਰੇ ਸਭ ਮਰ ਗਏ ਹਨ, ਫਿਰ੍ ਭੀ ਇਹ ਨਹੀਂ ਜਾਣਦਾ।

(੪) ਨਾ ਗੁਰਾਂ ਦਾ ਦਰਸ਼ਨ ਵੇਖਦਾ ਹੈ, ਨਾ ਹੀ ਨਾਮ ਸੁਣਦਾ ਹੈ, ਨਾ ਹੀ ਪਰਮੇਸ਼ਰ ਨੂੰ ਜਾਣਦਾ ਹੈ, ਮਾਇਆ ਵਿਚ ਮੋਹਿਆ ਹੋਇਆ ਹੋਣ ਕਰਕੇ ਅੰਨ੍ਹਾ ਹੋ ਰਿਹਾ ਹੈ।

ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥

ਇਹ ਕੱਚੀ ਦੇਹ ਨਾਸ ਹੋ ਜਾਣ ਵਾਲੀ ਹੈ, ਜੀਵ ਐਂਵੇਂ ਝੂਠਿਆਂ ਧੰਦਿਆਂ ਨੂੰ ਕਮਾਉਂਦਾ ਹੈ।

ਅਥਵਾ:-ਧੰਦਿਆਂ ਵਿਚ ਲੱਗ ਕੇ ਝੂਠ ਨੂੰ ਕਮਾਉਂਦਾ ਹੈ।

ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥ ੨ ॥

ਜੋ ਪੁਰਸ਼ ਪੂਰਿਆ ਗੁਰਾਂ ਨਾਲ ਸ੍ਨਬੰਧੁ=ਮਿਲ ਕੇ ਨਾਮ ਧਿਆਉਂਦੇ ਹਨ ਉਹ ਮਨੁੱਖਾ ਦੇਹ ਰੂਪ ਬਾਜ਼ੀ ਨੂੰ ਜਿਣਿ=ਜਿੱਤ ਕੇ ਚਲੇ=ਚਲਦੇ ਹਨ॥ ੨ ॥

ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥

ਪ੍ਰਭੂ ਦੇ ਹੁਕਮ ਅੰਦਰ ਹੀ ਇਹ ਜੀਵ ਕਲਜੁਗ ਵਿਚ ਆਇਆ ਹੈ ਅਤੇ ਹੁਕਮ ਦੇ ਸੰਜੋਗ ਵਿਚ ਹੀ ਇਸ ਸੰਸਾਰ ਤੋਂ ਚਲਣੁ=ਚਲਦਾ ਹੈ।

ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥

ਪ੍ਰਭੂ ਦੇ ਹੁਕਮ ਅੰਦਰ ਹੀ ਸਾਰਾ ਸੰਸਾਰ ਪ੍ਰਪੰਚ ਪਸਰਿਆ=ਫੈਲ ਰਿਹਾ ਹੈ,

ਪ੍ਰਭੂ ਦੇ ਹੁਕਮ ਅੰਦਰ ਹੀ ਇਹ ਜੀਵ ਰਸਾਂ ਨੂੰ ਭੋਗਣਾ ਕਰਦਾ ਹੈ।

ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥ ੩ ॥

ਜਿਸ ਪੁਰਸ਼ ਨੂੰ ਕਰਤਾ ਪੁਰਖ ਵਿਸਰੈ=ਭੁੱਲ ਜਾਂਦਾ ਹੈ,

ਓਸੇ ਨੂੰ ਵਿਛੋੜਾ ਅਤੇ ਸੋਗੁ=ਚਿੰਤਾ ਹੁੰਦੀ ਹੈ॥ ੩ ॥

ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥

ਜੋ ਪੁਰਸ਼ ਆਪਣੇ ਪ੍ਰਭੂ ਨੂੰ ਭਾ ਗਿਆ ਹੈ, ਉਹ ਪ੍ਰਲੋਕ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪਹਿਨ ਕੇ ਜਾਂਦਾ ਹੈ।

ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥

ਜੋ ਪੁਰਸ਼ ਇਕ ਪ੍ਰਭੂ ਦੇ ਨਾਮ ਨੂੰ ਧਿਆਉਂਦਾ ਹੈ, ਉਸ (ਪੁਰਸ਼) ਨੂੰ ਐਥੈ=ਇਸ ਲੋਕ ਵਿਚ ਸੁਖ ਹੁੰਦਾ ਹੈ ਅਤੇ ਪ੍ਰਲੋਕ ਵਿਚ ਉਸ ਦਾ ਮੂੰਹ ਉਜਲਾ ਹੁੰਦਾ ਹੈ।

ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥ ੪ ॥

ਜਿਸ ਨੇ ਆਪਣੇ ਗੁਰੂ ਨੂੰ ਸਤ=ਨਿਸਚੇ ਅਤੇ ਭਾਇ=ਪ੍ਰੇਮ ਨਾਲ ਸੇਵਿਆ ਹੈ,

ਅਥਵਾ:-ਸਤ ਭਾਇ=ਸੈਂਕੜੇ ਪ੍ਰਕਾਰ ਨਾਲ ਗੁਰੂ ਨੂੰ ਸੇਵਿਆ ਹੈ, ਉਹ ਸਤ-ਭਾਇ=ਪਰਮੇਸ਼ਰ ਦਾ ਸਰੂਪ ਹੋਏ ਹਨ, ਏਸੇ ਕਰਕੇ ਉਸ ਨੂੰ ਪਾਰਬ੍ਰਹਮ ਨੇ ਆਦਰ ਦਿੱਤਾ ਹੈ।॥ ੪ ॥

ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥

ਜੋ ਪ੍ਰਭੂ ਸਭ ਜਗ੍ਹਾਂ ਪਰ ਤੇ ਥਨੰਤਰਿ=ਥਨੰਤਰੀ ਜੀਵਾਂ ਦੇ ਘਟ ਘਟ ਵਿਚ ਰਵਿ=ਪੂਰਨ ਹੋ ਰਿਹਾ ਹੈ, ਅਤੇ ਜੋ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈ।

ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥

ਇਕ ਨਾਮ ਰੂਪੀ ਧਨ ਮਾਲ ਦਾ ਸੱਚਾ ਖ਼ਜ਼ਾਨਾ ਉਸ ਨੇ ਸੰਚਿਆ=ਇਕੱਠਾ ਕੀਤਾ ਹੈ।

ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥ ੫ ॥

ਜਾਂ ਉਹ ਪ੍ਰਭੂ ਆਪ ਦਿਆਲੂ ਹੋਵੇ ਤਾਂ ਫਿਰ ਕਦੇ ਭੀ ਮਨ ਵਿੱਚੋਂ ਭੁੱਲਦਾ ਨਹੀਂ ਹੈ।

[ਪੰਨਾ ੭੬੧]

ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥

ਉਹ ਪੁਰਸ਼ ਆਵਣੂ ਜਾਣਾ ਜਨਮ ਮਰਨ ਤੋਂ ਰਹਿਤ ਹੋ ਗਏ ਹਨ, ਜਿਨ੍ਹਾਂ ਦੇ ਮਨ ਵਿਚ ਨਿਰੰਕਾਰ ਵਸਿਆ ਹੈ।

ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ ॥

ਜੋ ਸਾਰਿਆਂ ਤੋਂ ਉੱਚਾ, ਅਤੇ ਅਗਮ-ਸ਼ਾਸਤ੍ਰਾਂ ਕਰਕੇ ਅਪਾਰ ਹੈ, ਉਸ ਪ੍ਰਭੂ ਦਾ ਅੰਤ ਨਹੀਂ ਪਾਇਆ ਜਾਂਦਾ।

ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥ ੬ ॥

ਜਿਸ ਨੂੰ ਆਪਣਾ ਪ੍ਰਭੂ ਵਿਸਰੈ=ਭੁੱਲ ਜਾਂਦਾ ਹੈ, ਉਹ ਲੱਖਾਂ ਵਾਰੀ ਸੰਸਾਰ ਵਿਚ ਜੰਮਦਾ ਮਰਦਾ ਰਹਿੰਦਾ ਹੈ॥ ੬ ॥

ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥

ਉਹਨਾਂ ਪ੍ਰੀਤਮਾਂ ਦਾ ਵਾਹਿਗੁਰੂ ਨਾਲ ਸੱਚਾ ਨੇਹੁ=ਪ੍ਰੇਮ ਹੈ, ਜਿਨ੍ਹਾਂ ਦੇ ਮਨ ਵਿਚ ਪ੍ਰਭੂ ਆਪ ਆ ਕੇ ਵੁਠਾ=ਵੱਸਿਆ ਹੈ।

ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥

(੧) ਉਹਨਾਂ ਦੇ ਨਾਲ ਵੱਸਣ ਕਰਕੇ ਸ਼ੁਭ-ਗੁਣਾਂ ਦੀ ਭਾਈਵਾਲੀ ਹੁੰਦੀ ਹੈ ਜੋ ਅੱਠੇ ਪਹਿਰ ਪ੍ਰਭੂ ਦੇ ਜਾਪ ਨੂੰ ਜਪਦੇ ਹਨ।

(੨) ਜੋ ਗੁਣਾਂ ਦੇ ਸਾਂਝੀ ਹੋ ਕੇ ਅੱਠੇ ਪਹਿਰ ਜਾਪ ਕਰਦੇ ਹਨ, ਪ੍ਰਭੂ ਉਹਨਾਂ ਦੇ ਸੰਗ ਹੀ ਵੱਸਦਾ ਹੈ।

ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥ ੭ ॥

ਜੋ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ, ਉਹਨਾ ਦੇ ਸਾਰੇ ਸੰਤਾਪ ਨਾਸ ਹੋ ਗਏ ਹਨ॥ ੭ ॥

ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥

(੧) ਪਿੱਛੇ ਭੀ ਤੂੰ ਕਰਤਾ ਸੀ, ਹੁਣ ਭੀ ਤੂੰ ਸਭ ਦੇ ਕਰਨ ਵਾਲਾ ਹੈਂ, ਤੂੰਹੀ ਇਕ ਰੂਪ ਹੈਂ, ਤੂੰਹੀ ਅਨੇਕ ਰੂਪ ਹੈਂ।

(੨) ਹੇ ਕਰਤਾ ਪੁਰਖ ! ਤੂੰਹੀ ਜਗਤ ਦੇ ਕਰਨ ਵਾਲਾ ਹੈਂ, ਤੂੰ ਇਕ ਰੂਪ ਹੈਂ, ਤੂੰਹੀ ਅਨੇਕ ਰੂਪ ਹੈਂ।

ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥

ਤੂੰਹੀ ਸਰਬ ਕਲਾ ਸਮਰੱਥ ਹੈਂ, ਤੂੰਹੀ ਸਰਬ ਰੂਪ ਹੈਂ, ਤੂੰਹੀ ਬੁੱਧੀ ਰੂਪ ਹੈਂ, ਤੂੰਹੀ ਬਿਬੇਕ ਰੂਪ ਹੈਂ,

ਅਥਵਾ:-ਤੂੰਹੀ ਬੁੱਧੀ ਵਿਚ ਬਿਬੇਕ=ਵਿਚਾਰ ਦੇ ਦੇਣ ਵਾਲਾ ਹੈਂ।

ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥ ੮ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸਦਾ ਹੀ ਤੇਰਾ ਨਾਮ ਜਪਦਾ ਹਾਂ,

ਕਿਉਂਕਿ ਤੂੰਹੀ ਭਗਤ ਜਨਾਂ ਦੀ ਟੇਕ=ਓਟ ਰੂਪ ਹੈਂ॥ ੮ ॥ ੧ ॥ ੩ ॥

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ

੧ੴ ਸਤਿਗੁਰ ਪ੍ਰਸਾਦਿ ॥

ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ ॥

ਹੇ ਸਾਈ ! ਜੇ ਭੁੱਲੀ ਹਾਂ ਤਨ ਕਰਕੇ, ਜੇ ਚੁੱਕੀ ਹਾਂ ਮਨ ਕਰਕੇ,

ਅਥਵਾ:-ਹੇ ਸਾਂਈ ! ਜੇ ਮੈਂ ਭਰਮ ਵਿਚ ਭੁੱਲ ਗਈ ਹਾਂ, ਅਤੇ ਰਾਹੋਂ ਚੁਕੀ=ਖੁੰਝ ਗਈ ਹਾਂ।

ਅਥਵਾ:-ਹੇ ਸਾਂਈ ! ਜੇ ਮੈਂ ਸਿਮਰਨ ਤੋਂ ਭੁੱਲ ਗਈ ਹਾਂ, ਅਤੇ ਸੇਵਾ ਤੋਂ ਚੁਕ ਗਈ ਹਾਂ,

ਤਦ ਭੀ ਮੈਂ ਤਹਿੰਜੀ=ਆਪ ਜੀ ਦੀ ਦਾਸੀ ਕਾਢੀਆ=ਕਹਾਉਂਦੀ ਹਾਂ।

ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥ ੧ ॥

ਜਿਨ੍ਹਾਂ ਦਾ ਦੂਜਾਣੇ=ਦ੍ਵੈਤ ਭਾਵ ਨਾਲ ਨੇਹੁ=ਪ੍ਰੇਮ ਲੱਗਾ ਹੈ,

ਉਹ ਤੈਥੋਂ ਵਾਢੀਆ=ਵਿਛੜੀਆਂ ਹੋਈਆਂ ਝੁਰ-ਝੁਰ ਕੇ ਮਰਦੀਆਂ ਹਨ॥ ੧ ॥

ਹਉ ਨਾ ਛੋਡਉ ਕੰਤ ਪਾਸਰਾ ॥

ਹੇ ਕੰਤ=ਪਤੀ-ਪਰਮਾਤਮਾ ! ਹਉ=ਮੈਂ ਆਪ ਜੀ ਦਾ ਪਾਸਰਾ=ਅਸਥਾਨ,

ਵਾ:-ਪਾਸਾ ਛੱਡਦੀ ਨਹੀਂ ਹਾਂ।

ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਾਰਾ ॥ ੧ ॥ ਰਹਾਉ ॥

ਤੂੰ ਸਦਾ ਰੰਗੀਲਾ=ਅਨੰਦ ਵਾਲਾ ਹੈਂ, ਲਾਲ ਵਾਂਗ ਬੇ-ਕੀਮਤਾ ਹੈਂ, ਤੇ ਮੇਰਾ ਪਿਆਰਾ ਹੈ। ਏਹੁ=ਇਸ

ਸਰੀਰ ਦਾ ਆਸਰਾ ਮਹਿੰਜਾ=ਮੇਰੀ ਤੂੰਹੀਂ ਹੈਂ॥ ੧॥ ਰਹਾਉ॥

ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ॥

ਇਸ ਲੋਕ ਦਾ ਸੱਜਣ ਮੇਰਾ ਤੂੰ ਹੈਂ, ਪ੍ਰਲੋਕ ਦਾ ਸੈਣੁ=ਸਾਥੀ ਭੀ ਮੇਰਾ ਤੂੰ ਹੈਂ, ਆਪ ਜੀ ਦੇ ਉਪਰ ਮੈਂ ਬਹੁਤ ਹੀ ਮਾਣ ਕਰਦੀ ਹਾਂ ਕਿ ਆਪ ਮੇਰੇ ਹੋ।

ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥ ੨॥

ਜਾਂ ਤੂੰ ਅੰਦਰ ਪ੍ਰਾਪਤ ਹੋਇਆ ਤਾਂ ਹੀ ਸੁਖ ਹੋਇਆ, ਮੈਂ ਨਿਮਾਣੀ ਦਾ ਤੂੰਹੀ ਮਾਣ ਰੂਪ ਹੈਂ॥ ੨॥

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥

ਹੇ ਕਿਰਪਾ ਦੇ ਨਿਧਾਨ=ਖ਼ਜ਼ਾਨੇ ਪ੍ਰਭੂ ! ਜੇ ਤੂੰ ਮੇਰੇ ਉਤੇ ਪ੍ਰਸੰਨ ਹੋਇਆ ਹੈਂ, ਤਾਂ ਮੈਨੂੰ ਹੋਰ ਕੋਈ ਦੂਜਾ ਨਾ ਵੇਖਾਲੀਂ।

ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥ ੩॥

ਮੈਨੂੰ ਏਹੋ ਦਾਤੜੀ=ਦਾਤ ਪਾਈਂ ਜੋ ਨਿਤਾਪ੍ਰਤੀ ਹਿਰਦੇ ਵਿਚ ਆਪ ਜੀ ਨੂੰ ਸੰਭਾਲੀ ਰੱਖਾ ॥ ੩॥

ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ॥

ਮੈਂ ਪਾਵ=ਪੈਰਾਂ ਨਾਲ ਤਉ=ਤੇਰੇ ਪੰਧ=ਰਾਹ ਉਤੇ ਜੁਲਾਈ=ਚੱਲਾਂ, ਅੱਖਾਂ ਮੇਰੀਆਂ ਨੂੰ ਤੂੰ ਆਪਣਾ ਦਰਸ਼ਨ ਵਿਖਾਉਣਾ ਕਰ।

ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ॥ ੪॥

ਸ੍ਰਵਣੀ=ਕੰਨਾਂ ਨਾਲ ਮੈਂ ਆਪ ਜੀ ਦੀਆਂ ਕਹਾਣੀਆਂ ਸੁਣਾਂ, ਪਰ ਕਹਾਣੀਆਂ ਤਾਂ ਹੀ ਸੁਣ ਸਕਦਾ ਹਾਂ ਜੇਕਰ ਗੁਰੂ ਕਿਰਪਾਲੂ ਹੋ ਜਾਣ॥ ੪॥

ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ॥

ਹੇ ਪਿਰੀਏ=ਪਤੀ ਪਰਮਾਤਮਾ ਕਿੰਨੇ ਲੱਖਾਂ ਕਰੋੜਾਂ ਰੁਪਏ,

ਵਾ:-ਪਦਾਰਥ ਤੇਰੇ ਰੋਮ ਦੇ ਬਰਾਬਰ ਨਹੀਂ ਪੁੱਜ ਸਕਦੇ।

ਯਥਾ:- ''ਦੀਨੋ ਦੁਨੀਆ ਦਰਿ ਕਮੰਦਿ ਆਂ ਪਰੀ ਰੁਖ਼ ਸਾਰਿ ਮਾ।

ਹਰ ਦੋ ਆਲਮ, ਕੀਮਤਿ ਯਕ ਤਾਰਿ ਮੂਏ ਯਾਰਿ ਮਾ॥ ੧॥'' *(ਭਾ: ਨੰਦ ਲਾਲ, ਗਜ਼ਲ ੨)*

ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ॥ ੫॥

ਤੂੰ ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈਂ, ਮੈਂ ਤੇਰੇ ਗੁਣ ਕਹਿ ਨਹੀਂ ਸਕਾ=ਸਕਦੀ ॥ ੫॥

ਯਥਾ:- ''ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੈ ਸਾਹੁ॥''

ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥ ੨੨॥'' *(ਮ:੫, ਪੰਨਾ ੧੪੨੬)*

ਸਹੀਆ ਤਉ ਅਸੰਖ ਮੰਵਹੁ ਹਭਿ ਵਧਾਣੀਆ॥

ਆਪ ਜੀ ਦੀਆਂ ਮਹਾਤਮਾਂ ਰੂਪ ਸਖੀਆਂ ਬਿਅੰਤ ਹਨ, ਪਰ ਮੰਵਹੁ=ਮੇਰੇ ਨਾਲੋਂ ਉਹ ਸਾਰੀਆਂ ਵਧ ਗੁਣਾਂ

ਵਾਲੀਆਂ ਹਨ।

ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥ ੬ ॥

ਇਕ ਮੈਂ ਭੋਰੀ=ਭੋਲੀ ਪਰ ਭੋਰੀ=ਰੰਚਕ ਮਾਤ੍ਰ ਕਿਰਪਾ-ਦ੍ਰਿਸ਼ਟੀ ਨਾਲ ਦੇਖੋ, ਜਿਸ ਕਰਕੇ ਗਿਆਨ ਰੂਪੀ ਭੋਰੀ=ਭੋਰ (ਦਿਨ) ਚੜ੍ਹ ਜਾਵੇ ਤੇ ਆਪਣਾ ਦਰਸ਼ਨ ਦਿਉ ਤਾਂਕਿ ਮੈਂ ਭੀ ਰੰਗੁ=ਆਨੰਦ ਮਾਣੀਆ=ਭੋਗਣਾ ਕਰਾਂ ॥ ੬ ॥

ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ ॥

ਜੈ ਡਿਠੇ=ਜਿਸ ਦੇ ਦਰਸ਼ਨ ਕੀਤਿਆਂ ਮਨ ਨੂੰ ਧੀਰਜ ਹੁੰਦਾ ਹੈ, ਅਤੇ ਕਿਲਵਿਖ=ਪਾਪ ਦੂਰ ਵੰਞਨ੍ਹਿ=ਚਲੇ ਜਾਂਦੇ ਹਨ।

ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥ ੭ ॥

ਹੇ ਮਾਉ=ਭਾਈ ! ਉਹ ਪ੍ਰਭੂ ਮੈਨੂੰ ਕਿਵੇਂ ਭੁੱਲ ਸਕਦਾ ਹੈ, ਜੋ ਸਾਰੇ ਭਰਪੂਰ ਹੋ ਰਿਹਾ ਹੈ ॥ ੭ ॥

ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥

ਜਿਸ ਵੇਲੇ ਮੈਂ ਨਿਮਾਣੀ ਹੋ ਕੇ ਚਰਨਾਂ ਤੇ ਡਿਗ ਪਈ, ਤਾਂ ਸੁਤੇ-ਸਿਧ ਆਕੇ ਮਿਲ ਪਿਆ।

ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥ ੮ ॥ ੧ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਉਸ ਨੂੰ ਪਾਇਆ ਹੈ, ਜੋ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ ॥ ੮ ॥ ੧ ॥ ੪ ॥

ਸੂਹੀ ਮਹਲਾ ੫ ॥ ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥

ਸਤਾਈ ਸਿੰਮ੍ਰਿਤੀਆਂ, ਚਾਰ ਵੇਦ, ਅਠਾਰਾਂ ਪੁਰਾਣ ਅਤੇ ਹੋਰ ਸਭ ਧਾਰਮਕ ਪੋਥੀਆਂ=ਪੁਸਤਕਾਂ (ਗ੍ਰੰਥ) ਏਹੋ ਗੱਲ ਪੁਕਾਰਦੀਆਂ ਹਨ ਭਾਵ ਕਹਿੰਦੀਆਂ ਹਨ। ਕਿ-

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥

(੧) ਵਾਹਿਗੁਰੂ-ਨਾਮ ਤੋਂ ਬਿਨਾਂ ਸਭ ਕੁਝ ਝੂਠਾ ਹੈ, ਤੇ ਹੋਰ ਗੱਲਾਂ ਕਰਨੀਆਂ ਭੀ ਤੁੱਛ ਹਨ।

(੨) ਨਾਮ ਤੋਂ ਬਿਨਾਂ ਸਾਰੀਆਂ ਗੱਲਾਂ ਝੂਠੀਆਂ ਤੇ ਹੋਛੀਆ=ਥੋਥੀਆਂ ਹਨ ॥ ੧ ॥

ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥

ਅਪਾਰ ਪ੍ਰਭੂ ਦਾ ਨਾਮ ਰੂਪ ਨਿਧਾਨੁ=ਖ਼ਜ਼ਾਨਾ ਭਗਤਾਂ ਦੇ ਮਨ ਵਿਚ ਵਸੈ=ਵੱਸ ਰਿਹਾ ਹੈ।

ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥ ੧ ॥ ਰਹਾਉ ॥

ਸਾਧੂਆਂ ਦੇ ਸੰਗ ਕਰਕੇ ਜਨਮ ਮਰਨ ਦਾ ਦੁੱਖ ਅਤੇ ਮੋਹ ਦਾ ਦੁੱਖ ਨਸੈ=ਨਸ ਜਾਂਦਾ ਹੈ ॥ ੧ ॥ ਰਹਾਉ ॥

ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥

ਮੋਹ ਵਾਲਿਆਂ ਨੇ, ਬਾਦਿ=ਝਗੜਾ ਕਰਨ ਵਾਲਿਆਂ ਨੇ ਅਤੇ ਹੰਕਾਰੀਆਂ ਨੇ ਸਰਪਰ=ਜ਼ਰੂਰ ਹੀ

ਰੁੰਨਿਆ=ਰੋਣਾ ਹੈ।

ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ ॥ ੨ ॥

ਨਾਮ ਤੋਂ ਵਿਛੜੇ ਹੋਏ ਪੁਰਸ਼ ਮੂਲਿ=ਕਦਾਚਿਤ ਸੁਖ ਨਹੀਂ ਪਾਉਂਦੇ ॥ ੨ ॥

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥

(੧) ਮੇਰੀ ਮਾਇਆ, ਮੇਰੀ ਭੂਮੀ, ਅਜੇਹੀ ਬਿਰਤੀ ਧਾਰ ਕੇ ਬੰਧਨਾਂ ਵਿਚ ਬੱਧਾ ਹੋਇਆ ਹੈ।

(੨) ਜਿਸ ਨੇ ਮੇਰੀ ਮੇਰੀ ਧਾਰੀ ਹੈ, ਉਸ ਨੂੰ ਜਮਾਂ ਨੇ ਆਪਣੇ ਬੰਧਨਾਂ ਵਿਚ ਬੰਨ੍ਹ ਲਿਆ ਹੈ।

ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ ੩ ॥

ਇਹ ਜੀਵ ਮਾਇਆਵੀ ਧੰਦਿਆਂ ਕਰਕੇ ਕਦੇ ਨਰਕਾਂ ਵਿਚ, ਕਦੇ ਸੁਰਗਾਂ ਵਿਚ ਅਵਤਾਰ= ਉਤਰਦਾ ਹੈ।

ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥

ਵੇਦਾ ਨੂੰ ਸੋਧ ਕੇ, ਸ਼ਾਸਤ੍ਰਾਂ ਨੂੰ ਸੋਧ ਕੇ, ਪੁਰਾਣਾਂ ਨੂੰ ਸੋਧ ਕੇ ਇਹ ਤਤੁ=ਸਿਧਾਂਤ ਵਿਚਾਰਿਆ ਹੈ। ਕਿ-

ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥ ੪ ॥

ਨਾਮ-ਸਿਮਰਨ ਤੋਂ ਬਿਨਾਂ ਕਿਸੇ ਨੂੰ ਭੀ ਸੁਖ ਦੀ ਪ੍ਰਾਪਤੀ ਨਹੀਂ ਹੈ, ਜੋ ਨਾਮ ਤੋਂ ਬਿਨਾ ਹੈ ਉਹ ਸਰਪਰ=ਜ਼ਰੂਰ ਮਨੁੱਖ ਜਨਮ ਨੂੰ ਹਾਰ ਜਾਂਦਾ ਹੈ॥ ੪॥

[ਪੰਨਾ ੭੬੨]

ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥

ਉਹ ਮਰ ਕੇ ਅਨੇਕਾਂ ਵਾਰੀ ਜਨਮ ਮਰਨ ਵਿਚ ਆਉਂਦੇ ਜਾਂਦੇ ਹਨ।

ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥ ੫ ॥

(੧) ਬੂਝੇ=ਗਿਆਨ ਤੋਂ ਬਿਨਾਂ ਸਾਰੇ ਕਰਮ ਵਾਦਿ=ਵਿਅਰਥ ਹਨ ਤੇ ਕਰਮਾਂ ਦੇ ਕਰਨ ਵਾਲੇ ਪੁਰਸ਼ ਜੂਨੀਆਂ ਵਿਚ ਭਰਮਤੇ=ਭੌਂਦੇ ਹਨ।

(੨) ਗੁਰਾਂ ਪਾਸੋਂ ਸ਼ੁਭ ਸਿਖਿਆ ਤੇ ਨਾਮ-ਉਪਦੇਸ਼ ਬੁੱਝੇ ਤੋਂ ਬਿਨਾਂ ਸਾਰੇ ਪੁਰਸ਼ ਵਾਦਿ=ਝਗੜਿਆਂ ਵਿਚ ਫਸ ਕੇ ਅੰਤ ਨੂੰ ਜੂਨੀਆਂ ਵਿਚ ਫਿਰਦੇ ਹਨ॥ ੫॥

ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ ॥

ਜਿਨ੍ਹਾਂ ਉੱਪਰ ਪਰਮਾਤਮਾ ਦਿਆਲੂ ਹੋਇਆ ਹੈ।

ਉਹਨਾਂ ਨੂੰ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ। ਅਤੇ-

ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ੀ ਜਨੀ ਜਪਿ ਲਇਆ ॥ ੬ ॥

ਤਿਨੀ=ਉਹਨਾਂ ਜਨੀ=ਗੁਰਮੁਖ ਜਨਾਂ ਨੇ ਹਰੀ ਦਾ ਨਾਮ-ਅੰਮ੍ਰਿਤ ਜਪ ਲਿਆ ਹੈ॥ ੬॥

ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ॥
ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ॥ ੭॥

ਅਨੰਤ ਰੂਪ ਦੇ ਤਾਈਂ ਬਹੁਤ ਹੀ ਪੁਰਸ਼ ਅਸੰਖਾਂ ਨਾਲ ਮਿਲ ਕੇ ਕਰੋੜਾਂ ਜਤਨ ਕਰਕੇ ਖੋਜਦੇ ਹਨ। ਪਰ ਜਿਸ ਨੂੰ ਆਪ ਸਮਝਾਉਂਦਾ ਹੈ ਉਸ ਦੇ ਉਹ ਪ੍ਰਭੂ ਨਜ਼ਦੀਕ ਹੁੰਦਾ ਹੈ॥ ੭॥

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥

ਹੇ ਦਾਤਾਰ ਪ੍ਰਭੂ ! ਤੂੰ ਮੈਨੂੰ ਭੁੱਲ ਨਾ, ਆਪਣਾ ਨਾਮ-ਦਾਨ ਦੇਣਾ ਕਰੋ।

ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥ ੮॥ ੨॥ ੫॥ ੧੬॥

ਮੈਂ ਨਾਨਕ ਨੂੰ ਏਹੋ ਚਾਉ ਹੈ, ਕਿ ਦਿਨ ਰਾਤ ਮੈਂ ਤੇਰੇ ਹੀ ਗੁਣ ਗਾਉਂਦਾ ਰਹਾਂ॥ ੮॥ ੨॥ ੫॥ ੧੬॥

ਰਾਗੁ ਸੂਹੀ ਮਹਲਾ ੧ ਕੁਚਜੀ

ੴ ਸਤਿਗੁਰ ਪ੍ਰਸਾਦਿ॥

ਗੁਰੂ ਸਾਹਿਬ ਜੀ 'ਉੱਤਮ, ਮਧਿਮ ਤੇ ਕਨਿਸ਼ਟ' ਤਿੰਨਾਂ ਸਖੀਆਂ ਦੀ ਬਿਵਸਥਾ ਸ੍ਰਵਣ ਕਰਾਉਂਦੇ ਹਨ ਕਨਿਸ਼ਟ ਦਾ ਨਾਂ ਕੁਚੱਜੀ ਹੈ, ਮਧਿਮ ਦਾ ਨਾਂ ਸੁਚੱਜੀ, ਉਤਮ ਦਾ ਨਾਂ ਗੁਣਵੰਤੀ ਹੈ।

ਪਹਿਲੇ ਕਨਿਸ਼ਟ ਭਾਵ ਕੁਚੱਜੀ ਦੀ ਬਿਵਸਥਾ ਸੁਣਾਉਂਦੇ ਹਨ।

ਮੰਦੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ॥

ਮੰਦੁ=ਮੈਂ ਕੁਚਜੀ=ਖੋਟਿਆਂ ਕਰਤੱਬਾਂ ਦੇ ਕਰਨ ਵਾਲੀ ਹਾਂ, ਮੇਰੇ ਵਿਚ ਇਤਨੇ ਦੋਸ਼ ਹਨ ਜੋ ਅੰਮਾਵਣਿ=ਮਿਉਂਦੇ ਨਹੀਂ ਹਨ, ਫਿਰ ਮੈਂ ਸਹੁ=ਪਤੀ ਦੇ ਅਨੰਦ ਨੂੰ ਰਾਵਣਿ=ਮਾਣਨ ਵਾਸਤੇ ਕਿਵੇਂ ਜਾਵਾਂ?

ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ॥

(ਮਹਾਤਮਾਂ ਰੂਪ) ਸਖੀਆਂ ਪਤੀ ਦੇ ਚਰਨਾਂ ਵਿਚ ਇਕ ਦੂਜੀ ਤੋਂ ਇਕ ਚੜ੍ਹਦੀਆਂ ਕਲਾਂ ਵਿਚ ਹਨ, ਓਥੇ ਮੇਰੇ ਨਾਮ ਨੂੰ ਭਲਾ ਕੌਣ ਜਾਣਦਾ ਹੈ?

ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ॥

ਜਿਨ੍ਹਾਂ (ਮਹਾਤਮਾਂ ਰੂਪ) ਸਖੀਆਂ ਨੇ ਪਤੀ ਦੇ ਨਾਮ ਨੂੰ ਵਾ:-ਆਨੰਦ ਨੂੰ ਰਾਵਿਆ ਹੈ,
ਉਹ (ਮਹਾਤਮਾ ਰੂਪ) ਸਖੀਆ ਅੰਬ ਦੀ ਛਾਂ ਵਾਂਗ ਸੀਤਲ ਸੁਭਾਅ ਵਾਲੀਆਂ ਹਨ।

ਸੇ ਗੁਣ ਮੰਦੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ॥

ਉਹ ਸ਼ੁਭ-ਗੁਣ ਮੰਦ=ਮੇਰੇ ਵਿਚ ਆਉਂਦੇ ਨਹੀਂ ਹਨ, ਮੈਂ ਆਪਣੇ ਜੀ ਦਾ ਦੋਸ਼ ਕਿਸ ਜੀਵ ਉਤੇ ਧਰੇਉ=ਧਾਰਨਾ ਕਰਾਂ।

ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥

ਤੇਰੇ ਕਿਹੜੇ ਕਿਹੜੇ ਗੁਣਾਂ ਨੂੰ ਵਿਥਰਾ=ਵਿਸਤੀਰਨ ਕਰਾਂ, ਅਤੇ ਹਉ=ਮੈਂ ਤੇਰਾ ਕਿਹੜਾ ਕਿਹੜਾ ਨਾਮ

ਘਿਨਾ=ਲੈਣਾ ਕਰਾਂ।

ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥

ਮੈਂ ਆਪ ਜੀ ਦੇ ਇਕ ਹੀ ਟੋਲਿ=ਪਰ-ਉਪਕਾਰ ਨੂੰ ਨਹੀਂ ਪਹੁੰਚ ਸਕਦੀ।

ਅਥਵਾ:-ਆਪ ਜੀ ਨੇ ਮੈਨੂੰ ਬਿਅੰਤ ਪਦਾਰਥ ਦਿੱਤੇ ਹੋਏ ਹਨ ਪਰ ਮੈਂ ਇਕ ਪਦਾਰਥ ਨੂੰ ਭੀ ਨਹੀਂ ਪਹੁੰਚ ਸਕਦੀ, ਮੈਂ ਤੇਰੇ ਉਤੋਂ ਸਦਾ ਕੁਰਬਾਨ ਜਾਂਦੀ ਹਾਂ।

ਯਥਾ:- ''ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥''

(ਸੁਖਮਨੀ, ਪੰਨਾ ੨੬੯)

ਤਥਾ:- ''ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥''

(ਧਨਾਸਰੀ ਮ: ੧, ਪੰਨਾ ੬੬੧)

''ਜਿਨਿ ਦੀਆ ਤੁਧੁ ਪਵਨੁ ਅਮੋਲਾ॥ ਜਿਨਿ ਦੀਆ ਤੁਧੁ ਨੀਰੁ ਨਿਰਮੋਲਾ॥
ਜਿਨਿ ਦੀਆ ਤੁਧੁ ਪਾਵਕੁ ਬਲਨਾ॥ ਤਿਸੁ ਠਾਕੁਰ ਕੀ ਰਹੁ ਮਨ ਸਰਨਾ॥ ੩॥
ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ॥ ਅੰਤਰਿ ਥਾਨ ਠਹਰਾਵਨ ਕਉ ਕੀਏ॥
ਬਸੁਧਾ ਦੀਓ ਬਰਤਨਿ ਬਲਨਾ॥ ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ॥ ੪॥''

(ਰਾਮਕਲੀ ਮ: ੫, ਪੰਨਾ ੯੧੩)

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥

ਸੁਇਨਾ=ਸੋਨਾ (ਸੋਨੇ ਦੇ ਗਹਿਣੇ, ਸੋਨੇ ਦੀਆਂ ਮੋਹਰਾਂ) ਰੁਪਾ=ਚਾਂਦੀ, ਤੇ ਚਾਂਦੀ ਦੇ ਭਾਂਡੇ, ਮੋਤੀ ਅਤੇ ਮਾਣਿਕ ਆਦਿਕ ਜੋ ਪਦਾਰਥ ਰੰਗੁਲਾ=ਅਨੰਦ ਦੇਣ ਵਾਲੇ ਹਨ।

ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥

ਉਹ ਸਭ ਵਸਤੂ=ਚੀਜ਼ਾਂ ਸਹਿ=ਪਤੀ-ਪਰਮਾਤਮਾ ਨੇ ਮੈਨੂੰ ਦਿੱਤੀਆਂ ਹਨ ਅਤੇ ਮੈਂ ਉਹਨਾਂ ਚੀਜ਼ਾਂ ਸਿਉ=ਨਾਲ ਹੀ ਚਿਤ ਲਗਾਇਆ ਹੈ।

ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥

ਮਿੱਟੀ ਤੇ ਪੱਥਰਾਂ ਸੰਦੜੇ=ਦੇ ਨਾਲ ਜੋ ਮੰਦਰ ਰਾਸਿ=ਬਣਾ ਕੇ ਤਿਆਰ ਕੀਤੇ ਹੋਏ ਹਨ।

ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥

ਹਉ=ਮੈਂ ਇਹਨਾਂ ਟੋਲੀ=ਪਦਾਰਥਾਂ ਵਿਚ ਭੁੱਲ ਗਈ ਹਾਂ ਅਤੇ ਉਸ ਪਤੀ-ਪਰਮਾਤਮਾ ਦੇ ਪਾਸ (ਕੋਲ) ਕਦੇ ਭੀ ਬੈਠੀ ਨਹੀਂ ਹਾਂ।

ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥

ਅੰਬਰਿ=ਅਕਾਸ਼ ਵਿਚ ਕੂੰਜਾਂ ਕੁਰਲੀਆ=ਬੋਲ ਚੁੱਕੀਆਂ ਹਨ ਅਤੇ ਬਗ=ਬਗਲੇ ਆ ਬੈਠੇ ਹਨ। ਏਸੇ ਤਰ੍ਹਾਂ ਅੰਬਰਿ=ਸਿਰ ਤੋਂ ਕੂੰਜਾ=ਕਾਲੇ ਕੇਸ ਕੁਰਲੀਆ=ਕੁਰਲ ਗਏ ਭਾਵ ਚਲੇ ਗਏ ਹਨ ਤੇ ਬਗ=ਚਿੱਟੇ ਕੇਸ

ਆ ਬਹਿਠੇ=ਬੈਠੇ ਹਨ।

(੨) ਹਿਰਦੇ-ਅਕਾਸ਼ ਵਿਚ ਕੂੰਜਾ=ਵਾਸ਼ਨਾ ਕੁਰਲੀਆ=ਬੋਲਦੀਆਂ ਹਨ ਅਤੇ ਬਗ=ਬਗਲੇ ਕਾਮ ਆਦਿਕ ਭੀ ਆ ਕੇ ਬਹਿਠੇ=ਬੈਠ ਗਏ ਹਨ।

ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥

ਜਿਸ ਵੇਲੇ (ਜੀਵ ਰੂਪ) ਸਾਧਨ=ਇਸਤ੍ਰੀ (ਪ੍ਰਲੋਕ ਰੂਪ) ਸਾਹੁਰੇ ਘਰ ਵਿਚ ਚਲੀ=ਜਾਵੇਗੀ ਤਾਂ ਅੱਗੇ ਜਾ ਕੇ ਕੀ ਮੂੰਹ ਦੇਸੀ=ਦੇਵੇਗੀ ?

ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥

ਪ੍ਰਤੱਖ ਨੀਂਦ ਵਿਚ ਸੁੱਤੀ-ਸੁੱਤੀ ਨੂੰ ਝਾਲੁ=ਚਿੱਟਾ ਦਿਨ ਥੀਆ=ਹੋ ਗਿਆ ਹੈ।

ਅਥਵਾ:-ਮੋਹ ਤੇ ਅਗਿਆਨ ਦੀ ਨੀਂਦ ਵਿਚ ਸੁੱਤੀ-ਸੁੱਤੀ ਨੂੰ ਕਾਲ ਰੂਪੀ ਝਾਲੁ=ਦਿਨ ਚੜ੍ਹ ਗਿਆ ਹੈ ਤੇ ਪਰਮੇਸ਼ਰ ਦੀ ਭਗਤੀ ਰੂਪ ਵਾਟ=ਰਸਤੇ ਪਰ ਤੁਰਨਾ ਭੁੱਲ ਗਿਆ ਹੈ।

ਵਾ:-ਪਦਾਰਥਾਂ ਦੀ ਆਸਾ ਕਰਕੇ ਭਗਤੀ ਰੂਪੀ ਵਾਟੁ=ਰਸਤਾ ਭੁੱਲ ਗਈ ਹੈ।

ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥

ਤਿਸ ਪਤੀ-ਪਰਮਾਤਮਾ ਨਾਲੋਂ ਮੁਤੀਅਸੁ=ਛੁੱਟੜ ਹੋ ਗਈ ਹਾਂ ਅਤੇ ਦੁੱਖਾਂ ਨੂੰ ਧਰੀਆਸੁ=ਧਾਰਨ ਕਰਦੀ ਹਾਂ ਭਾਵ ਦੁੱਖ ਭੋਗ ਰਹੀ ਹਾਂ।

ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸੁਆਮੀ ਜੀ ! ਤੇਰੇ ਵਿਚ ਗੁਣ ਹਨ, ਮੇਰੇ ਵਿਚ ਸਾਰੇ ਔਗੁਣ ਹਨ, ਪਰ ਮੇਰੀ ਇਕ ਅਰਦਾਸਿ=ਬੇਨਤੀ ਹੈ।

ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥ ੧ ॥

ਸਾਰੀਆਂ ਸੁਹਾਗਣਾਂ ਆਪ ਜੀ ਵਿਚ ਰਤੀਆਂ ਹਨ, ਮੈਂ ਦੁਹਾਗਣ ਨੂੰ ਭੀ ਕਿਸੀ ਪ੍ਰਕਾਰ ਆਪਣੇ ਵਿਚ ਰਾਤਿ=ਤਦਾਕਾਰ ਕਰ ਲਵੋ।

ਅਥਵਾ:-ਸੁਹਾਗਣ ਇਸਤ੍ਰੀ ਦੀਆਂ (ਬਾਲਕ, ਜੋਬਨ, ਬ੍ਰਿਧ ਆਦਿਕ) ਸਭ ਰਾਤਾਂ ਸਫਲ ਹਨ, ਮੈਂ ਦੁਹਾਗਣ ਦੀ ਭੀ ਕੋਈ ਅਵੱਸਥਾ ਰੂਪੀ ਰਾਤ ਸਫਲ ਕਰ ਦਿਉ ॥ ੧ ॥

ਸੂਹੀ ਮਹਲਾ ੧ ਸੁਚਜੀ ॥ ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥

ਸੁਚਜੀ=ਸਰੇਸ਼ਟ ਕਰਤੱਬਾਂ ਦੇ ਕਰਨ ਵਾਲੀ ਮਧਿਮ (ਜਗਿਆਸੂ ਰੂਪ) ਇਸਤ੍ਰੀ ਆਖਦੀ ਹੈ:-

ਹੇ ਸਾਹਿਬ ! ਜਾਂ ਤੂੰ ਪ੍ਰਾਪਤ ਹੋਵੇਂ ਤਾਂ ਸਾਰੇ ਪਦਾਰਥ ਮੈਨੂੰ ਪ੍ਰਾਪਤ ਹੁੰਦੇ ਹਨ।

ਅਥਵਾ:-ਜਾਂ ਤੂੰ ਮੇਰਾ ਰਾਖਾ ਹੈਂ ਤਾਂ ਸਭ ਕੋਈ ਮੇਰਾ ਹਿਤਕਾਰੀ ਹੈ।

ਅਥਵਾ:-ਜਾਂ ਤੂੰ ਮੇਰਾ ਹੈਂ ਤਾਂ ਸਭ ਕੋਈ ਮੈਨੂੰ ਆਪਣਾ ਜਾਣਦਾ ਹੈ, ਤੂੰ ਹੀ ਮੇਰਾ ਸਾਹਿਬ ਹੈਂ, ਤੂੰ ਹੀ ਮੇਰੀ ਪੂੰਜੀ ਹੈਂ,

ਵਾ:-ਤੂੰਹੀ ਮੈਨੂੰ ਸ਼ਰਧਾ ਅਤੇ ਸ਼ੁਭ ਗੁਣਾਂ ਰੂਪੀ ਪੂੰਜੀ ਦੇ ਦੇਣ ਵਾਲਾ ਹੈਂ।

ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥

ਹਿਰਦੇ ਅੰਦਰ ਆਪ ਜੀ ਦੇ ਸਖਿਆਤ ਹੋਣ ਕਰਕੇ ਮੈਂ ਸੁਖੀ ਵਸਦਾ ਹਾਂ, ਤੂੰ ਹੀ ਸੰਸਾਰ ਦੇ ਅੰਦਰ ਸਾਬਾਸਿ=ਧੰਨਤਾ-ਯੋਗ ਦੇ ਦੇਣ ਵਾਲਾ ਹੈਂ।

ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥

ਆਪ ਜੀ ਦੇ ਭਾਣੇ ਵਿਚ ਹੀ ਰਾਜ ਤਖ਼ਤ ਦੀਆਂ ਵਡਿਆਈਆਂ ਮਿਲਦੀਆਂ ਹਨ ਤੇ ਆਪ ਜੀ ਦੇ ਭਾਣੇ ਵਿਚ ਹੀ ਉਦਾਸਿ=ਸਾਧੂ ਹੋ ਕੇ ਭਿਖਿਆ ਮੰਗਦਾ ਹੈ।

ਅਥਵਾ:-ਭਾਣੇ ਵਿਚ ਹੀ ਸਰੂਪ ਤਖ਼ਤ ਦੀਆਂ ਵਡਿਆਈਆਂ ਮਿਲਦੀਆਂ ਹਨ ਅਤੇ ਭਾਣੇ ਵਿਚ ਹੀ ਉਦਾਸੀਨ ਹੋ ਕੇ ਜੂਨੀਆਂ ਰੂਪ ਭਿਖਿਆ ਵਿਚ ਫਿਰਦਾ ਹੈ।

ਭਾਵ-ਹੇ ਵਾਹਿਗੁਰੂ ! ਇਹ ਮਨੁੱਖ ਆਪ ਜੀ ਦੇ ਹੁਕਮ ਵਿਚ ਨਾਮ-ਅਭਿਆਸ ਕਰਕੇ ਤੇਰੇ ਸਰੂਪ ਵਿਚ ਲੀਨ ਹੋ ਜਾਂਦਾ ਹੈ। ਜਨਮ ਮਰਨ ਦੇ ਗੇੜ ਤੋਂ ਬੱਚ ਜਾਂਦਾ ਹੈ। ਤੇਰੇ ਭਾਣੇ (ਹੁਕਮ) ਵਿਚ ਹੀ ਮਨੁੱਖ ਨਾਮ ਤੋਂ ਬੇ-ਮੁਖ ਹੋ ਕੇ ਚੁਰਾਸੀ ਦੇ ਚੱਕਰ ਵਿਚ ਪੈ ਜਾਂਦਾ ਤੇ ਖੂਹ ਦੀਆਂ ਟਿੰਡਾਂ ਵਾਂਗ ਆਉਂਦਾ ਤੇ ਜਾਂਦਾ ਹੈ, ਇਹ ਸਭ ਕੁਝ ਤੇਰੇ ਹੁਕਮ ਵਿਚ ਹੀ ਹੁੰਦਾ ਹੈ।

ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥

ਆਪ ਜੀ ਦੇ ਹੁਕਮ ਵਿਚ ਹੀ ਥਲ=ਸੁੱਕੀ ਧਰਤੀ ਸਿਰਿ=ਉੱਤੇ ਸਰੁ ਵਹੈ=ਨਦੀਆਂ ਚਲ ਪੈਂਦੀਆਂ ਹਨ ਅਤੇ ਅਕਾਸ਼ ਵਿਚ ਕੌਲ-ਫੁੱਲ ਫੁਲੈ=ਖਿੜ ਜਾਂਦੇ ਹਨ।

ਯਥਾ:- ਤਿਸੁ ਭਾਣਾ ਤਾਂ ਥਲ ਸਿਰਿ ਸਰਿਆ ॥'' *(ਭੈਰਉ ਮ: ੫, ਪੰਨਾ ੧੧੪੧)*

ਵਸ਼ਿਸ਼ਟ ਪੁਰਾਣ ਵਿਚ ਲਿਖਿਆ ਹੈ-'ਜਿੱਥੇ ਅਕਾਸ਼ ਵਿਚ ਕੁਟੀਆ ਬਣਾ ਕੇ ਵਸ਼ਿਸ਼ਟ ਜੀ ਬੈਠੇ ਹੋਏ ਹਨ ਉਹਨਾਂ ਦੀ ਕੁਟੀਆ ਦੇ ਆਲੇ-ਦੁਆਲੇ ਕੌਲ-ਫੁੱਲ ਖਿੜੇ ਹੋਏ ਹਨ।'

ਅਥਵਾ:-ਥਲਾਂ ਦੀ ਨਿਆਈਂ ਖੁਸ਼ਕ ਅੰਤਹਕਰਨ ਵਿਚ ਪ੍ਰੇਮ ਰੂਪ ਨਦੀਆਂ ਦੇ ਪ੍ਰਵਾਹ ਚਲ ਪੈਂਦੇ ਹਨ। ਅਤੇ ਹਿਰਦੇ ਰੂਪ ਅਕਾਸ਼ ਵਿਚ ਸ਼ੁਭ-ਗੁਣਾਂ ਰੂਪੀ ਕੌਲ-ਫੁਲੈ =ਖਿੜ ਜਾਂਦੇ ਹਨ।

ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥

ਆਪ ਜੀ ਦੇ ਭਾਣੇ ਵਿਚ ਹੀ ਸੰਸਾਰ-ਸਮੁੰਦਰ ਤੋਂ ਲੰਘ ਜਾਂਦਾ ਹੈ ਅਤੇ ਆਪ ਜੀ ਦੇ ਭਾਣੇ ਵਿਚ ਹੀ ਪਾਪਾਂ ਨਾਲ ਭਰ ਕੇ ਸੰਸਾਰ-ਸਮੁੰਦਰ ਦੇ ਮੰਝਿ=ਵਿਚ ਡੁੱਬ ਜਾਂਦਾ ਹੈ।

ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥

ਭਾਣੈ=ਹੁਕਮ ਦੇ ਵਿਚ ਹੀ ਉਹ ਰੰਗੁਲਾ=ਅਨੰਦ ਵਾਲਾ ਜੋ ਪਤੀ-ਪਰਮੇਸ਼ਰ ਹੈ,

ਉਸ ਗੁਣਤਾਸਿ=ਗੁਣਾਂ ਦੇ ਖ਼ਜ਼ਾਨੇ ਦੀ ਸਿਫ਼ਤੋ ਸ਼ਲਾਘਾ ਵਿਚ ਰਤਾ=ਤਦਾਕਾਰ ਹੁੰਦਾ ਹੈ।

ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥

ਹੁਕਮ ਦੇ ਵਿਚ ਹੀ ਭੀਹਾਵਲਾ=ਭਿਆਨਕ ਡਰ ਦੇ ਦੇਣ ਵਾਲਾ ਸਹੁ=ਪਤੀ (ਜਮ) ਲੈਣ ਵਾਸਤੇ ਆਉਂਦਾ ਹੈ, ਏਸੇ ਕਰਕੇ ਮੈਂ ਆਉਣ ਜਾਣ ਵਿਚ ਮੁਈਆਸਿ=ਮਰ ਰਹੀ ਹਾਂ।

ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ॥

ਹੇ ਪਤੀ (ਪਰਮਾਤਮਾ!) ਤੂੰ ਅਗਮ ਤੇ ਅਤੋਲ ਹੈਂ,

ਮੈਂ ਤੇਰੇ ਗੁਣਾਂ ਨੂੰ ਕਹਿ ਕਹਿ ਕੇ ਤੇਰੇ ਦਰ 'ਤੇ ਢਹਿ=ਡਿੱਗ ਪਈ ਹਾਂ।

ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ॥

ਮੈਨੂੰ ਕੇਵਲ ਇਕ ਆਪ ਜੀ ਦੇ ਦਰਸ਼ਨ ਦੀ ਭੁੱਖ ਤੇ ਤ੍ਰੇਹ ਹੈ,

ਇਸ ਤੋਂ ਇਲਾਵਾ ਮੰਗਾਂ ਕੀ ? ਕਹਾਂ ਕੀ ਤੇ ਸੁਣਾਂ ਕੀ ?

ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥ ੨॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦੀ ਏਹੋ ਸੱਚੀ ਬੇਨਤੀ ਹੈ, ਕਿ-

ਹਰ ਇਕ ਨੇ ਗੁਰਾਂ ਦੇ ਉਪਦੇਸ਼ ਕਰਕੇ ਹੀ ਸਹੁ=ਪਤੀ (ਪਰਮਾਤਮਾ) ਨੂੰ ਪਾਇਆ ਹੈ॥ ੨॥

[ਪੰਨਾ ੭੬੩]

ਸੂਹੀ ਮਹਲਾ ੫ ਗੁਣਵੰਤੀ॥

ਸ਼ੁਭ-ਗੁਣਾਂ ਵਾਲੀ ਉੱਤਮ ਸਖੀ ਕਥਨ ਕਰਦੀ ਹੈ-

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥

(ਗੁਰੂ ਸਾਹਿਬ ਜੀ ਦੀ ਸਿਖਿਆ ਦੇ ਲੈਣ ਵਾਲਾ) ਜੋ ਗੁਰਸਿੱਖ ਨਿਗ੍ਹਾ ਆਉਂਦਾ ਹੈ, ਮੈਂ ਉਸ ਦੇ ਨਿਉਂ-ਨਿਉਂ ਕੇ ਚਰਨੀਂ ਲੱਗਦੀ ਹਾਂ।

ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥

ਉਸ ਅੱਗੇ ਮੈਂ ਆਪਣੇ ਜੀਅ=ਦਿਲ ਦੀ ਸਾਰੀ ਬਿਰਥਾ=ਹਾਲਤ ਆਖਦੀ ਹਾਂ, ਕਿ ਸੱਜਣ ਜੋ ਗੁਰੂ ਹਨ, ਉਹਨਾਂ ਨਾਲ ਮੈਨੂੰ ਮਿਲਾ ਦੇਂ।

ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ॥

ਮੈਨੂੰ ਉਹ ਉਪਦੇਸ਼ ਦੱਸੋ, ਜਿਸ ਉਪਦੇਸ਼ ਨੂੰ ਸੁਣ ਕੇ, ਮੇਰਾ ਮਨ ਅਨਤ=ਹੋਰ ਕਿਸੀ ਤਰਫ ਨਾ ਜਾਵੇ।

ਇਹ ਮਨ ਮੈਂ ਤੈਨੂੰ ਦੇ ਦੇਵਾਂਗਾ, ਤੂੰ ਕਿਰਪਾ ਕਰਕੇ ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਰਾਹ ਬਤਾਇ=ਦੱਸ ਦੇ।

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥

ਮੈਂ ਦੂਰੋਂ ਚੱਲ ਕੇ (ਭਾਵ ਜੂਨੀਆਂ ਨੂੰ ਭੋਗਦਾ ਹੋਇਆ) ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਮੈਂ ਇਕ ਆਪ ਜੀ ਦੀ ਹੀ ਸ਼ਰਨ ਤੱਕੀ ਹੈਂ। ਮੈਂ ਆਪਣੇ ਚਿੱਤ ਵਿਚ ਏਹੋ ਆਸਾ ਰੱਖੀ ਹੈ ਕਿ ਆਪ ਹੀ ਮੇਰਾ

ਉਧਾਰ ਕਰੋਗੇ, ਇਸ ਕਰਕੇ ਮੇਰਾ ਸਾਰਾ ਦੁੱਖ ਗਵਾਇ=ਦੂਰ ਕਰੋ।

ਇਹ ਗੱਲ ਸੁਣ ਅੱਗੋਂ ਗੁਰਸਿੱਖ ਨੇ ਕਿਹਾ:-

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥

ਹੇ ਭਾਈ ! ਇਸ ਰਾਹੇ ਤੁਰ ਚਲੇਂ, ਪ੍ਰਸ਼ਨ-"ਕਿਹੜੇ ਰਾਹ ?" ਉੱਤਰ-ਜੋ ਗੁਰੂ ਕਹਿਣ ਉਸੇ ਕਾਰ ਨੂੰ ਕਮਾਉਣਾ ਕਰ ਅਤੇ ਮਨ ਦੀ ਮਤਿ ਨੂੰ ਤਿਆਗ ਦੇਵੇਂ, ਪੁਨਾ ਦੂਜਾ ਭਾਉ=ਦ੍ਵੈਤ ਭਾ ਨੂੰ ਭੀ ਵਿਸਾਰ ਦੇਵੇਂ।

ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥

ਇਸ ਤਰ੍ਹਾਂ ਨਾਲ ਤੂੰ ਹਰੀ ਦੇ ਦਰਸ਼ਨ ਨੂੰ ਪਾਵੇਂਗਾ ਤੇ ਤੈਨੂੰ ਪ੍ਰਤੱਖ ਤੱਤੀ ਵਾਉ=ਹਵਾ।

ਵਾ:-ਦੁੱਖ ਰੂਪੀ ਤੱਤੀ ਹਵਾ, ਵਾ:-ਪਰ-ਇਸਤ੍ਰੀ ਰੂਪੀ, ਵਾ:-ਮਾਇਆ ਰੂਪੀ ਤੱਤੀ ਹਵਾ ਨਹੀਂ ਲੱਗੇਂਗੀ। ਵਾ:-ਨਰਕ ਰੂਪੀ ਤੱਤੀ ਹਵਾ ਨਹੀਂ ਲੱਗੇਗੀ। ਮੈਂ ਆਪਣੇ ਆਪ ਬੋਲਣਾ ਕੁਝ ਨਹੀਂ ਜਾਣਦਾ, ਮੈਂ ਇਹ ਜੋ ਕੁਛ ਕਿਹਾ ਹੈ, ਸਭ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਕਿਹਾ ਹੈ।

ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਸ ਵੇਲੇ ਗੁਰਾਂ ਨੇ ਕਿਰਪਾ ਵਾ:-ਉਪਦੇਸ਼ ਰੂਪ ਪਸਾਉ=ਦਾਨ ਦੇਣਾ ਕੀਤਾ ਤਾਂ ਹਰੀ ਦੀ ਭਗਤੀ ਰੂਪੀ ਖ਼ਜ਼ਾਨਾ ਬਖਸ਼ਿਆ। ਫਿਰ ਮੈਨੂੰ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਭੁੱਖ ਕੋਈ ਨਾ ਰਹੀ, ਮੈਂ ਇਸ ਲੋਕ ਦੇ ਪਦਾਰਥਾਂ ਤੋਂ ਵੀ ਰੱਜ ਗਿਆ, ਪ੍ਰਲੋਕ ਦੇ ਪਦਾਰਥਾਂ ਤੋਂ ਵੀ ਤ੍ਰਿਪਤ, ਸੁਰਗ ਲੋਕ ਦੇ ਪਦਾਰਥਾਂ ਤੋਂ ਵੀ ਅਘਾਇ=ਰੱਜ ਗਿਆ।

ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥ ੩॥

ਜੋ ਗੁਰੂ ਦਾ ਸਿੱਖ ਦਿੱਸਦਾ ਹੈ, ਮੈਂ ਝੁਕ-ਝੁਕ ਕੇ ਉਸ ਦੇ ਚਰਨੀਂ ਲੱਗਦੀ ਹਾਂ॥ ੩॥

ਰਾਗੁ ਸੂਹੀ ਛੰਤ ਮਹਲਾ ੧ ਘਰੁ ੧

੧ਓ ਸਤਿਗੁਰ ਪ੍ਰਸਾਦਿ॥

ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ॥

ਹੇ ਭਾਈ ! ਇਹ ਜੀਵ ਰੂਪ ਇਸਤ੍ਰੀ ਮਾਤ-ਲੋਕ ਰੂਪੀ ਪੇਈਅੜੈ ਘਰਿ ਪਾਹੁਣੀ=ਪੇਕੇ ਘਰ ਵਿਚ ਪ੍ਰਾਹੁਣੀ ਵਾਂਗ ਹੈ, ਪਰ ਜੋਬਨ ਅਵਸਥਾ ਜਿਹੜੀ ਆ ਕੇ ਭਰੀ ਹੈ ਏਹੀ ਇਕ ਮੈ=ਸ਼ਰਾਬ ਹੈ, ਇਸ ਵਿਚ ਇਹ ਮਤ=ਮਸਤ ਹੋ ਰਹੀ ਹੈ।

ਪ੍ਰਸ਼ਨ:-ਇਹ ਤਰੇ ਕਿਵੇਂ ?

ਉੱਤਰ:-ਇਸ ਤਰ੍ਹਾਂ ਬੇਨਤੀ ਕਰੇ-ਹੇ ਰਾਮ ! ਮੈਂ ਤੇਰੇ ਤੋਂ (ਬਲਿ) ਬਲਿਹਾਰ ਜਾਂਦਾ ਹਾਂ।

ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥

ਚਿਤ ਵਿਚ ਔਗੁਣਾਂ ਦੇ ਧਾਰਨ ਕਰ ਕੇ ਜੀਵ ਰੂਪ ਇਸਤਰੀ ਮੈਲੀ ਹੋ ਰਹੀ ਹੈ, ਗੁਰਾਂ ਤੋਂ ਬਿਨਾਂ ਰਾਮ ਜੋ ਬਲਿਹਾਰ ਜਾਣੇ ਜੋਗ ਹੈ ਉਸ ਦੀ ਪ੍ਰਾਪਤੀ ਦੇ ਗੁਣ ਹਿਰਦੇ ਵਿਚ ਸਮਾਉਂਦੇ ਨਹੀਂ ਹਨ।

ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥

ਇਸ ਜੀਵ ਰੂਪ ਇਸਤਰੀ ਨੇ ਸ਼ੁਭ-ਗੁਣਾਂ ਦੀ ਸੱਭਾਲ ਕਰਨੀ ਨਾ ਜਾਣੀ, ਭਰਮ ਦੇ ਵਿਚ ਭੁੱਲੀ ਹੋਈ ਨੇ ਪ੍ਰਤੱਖ ਜੋਬਨ, ਵਾ:-ਸ਼ੋਕ ਅਵੱਸਥਾ ਰੂਪੀ ਜੋਬਨ ਨੂੰ ਬਾਦਿ=ਵਿਅਰਥ ਗੁਆ ਲਿਆ ਹੈ।

ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥

ਪਰਮੇਸ਼ਰ-ਪਤੀ ਹੈ ਤਾਂ ਸਰੀਰ-ਘਰ ਦੇ ਦਰੁ=ਅੰਦਰ, ਪਰ ਉਸ ਦਾ ਦਰਸ਼ਨ ਕਰਨਾ ਨਹੀਂ ਜਾਣਿਆ, ਕਿਉਂਕਿ ਪਰਮੇਸ਼ਰ-ਪਤੀ ਦਾ ਇਸ ਨੂੰ ਸਹਜੁ ਨ ਭਾਇਆ=ਗਿਆਨ ਜੋ ਚੰਗਾ ਨਾ ਲੱਗਾ।

ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥

ਪੂਰਨ ਸਤਿਗੁਰਾਂ ਤੋਂ ਪੁੱਛ ਕੇ ਪਤੀ-ਪਰਮੇਸ਼ਰ ਦੇ ਪ੍ਰਾਪਤੀ ਰੂਪ ਸ੍ਰੇਸ਼ਟ ਰਸਤੇ ਵਿਚ ਨਾ ਚੱਲੀ, ਅਤੇ (ਅਵਿਦਿਆ ਦੀ) ਨੀਂਦ ਵਿਚ ਸੁਤਿਆਂ ਹੀ (ਅਵਸਥਾ ਰੂਪੀ) ਰੈਣੀ=ਰਾਤ੍ਰੀ ਵਿਹਾਣੀ=ਬੀਤ ਗਈ।

ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਹ ਜੀਵ ਰੂਪ ਇਸਤਰੀ ਬਾਲਤਣਿ=ਬਾਲਕ ਅਵਸਥਾ ਤੋਂ ਹੀ ਰਾਡੇਪ=ਰੰਡੀ (ਭਾਵ ਅਨੀਸੁਰਵਾਦੀ) ਹੋ ਗਈ, ਇਸ ਤਰ੍ਹਾਂ ਆਖਦੀ ਹੈ ਕਿ ਪਰਮੇਸ਼ਰ ਕੋਈ ਨਹੀਂ ਹੈ ਪਰਮੇਸ਼ਰ-ਪਤੀ ਦੀ ਪ੍ਰਾਪਤੀ ਤੋਂ ਬਿਨਾਂ ਇਹ ਜੀਵ ਰੂਪ ਇਸਤਰੀ ਕੁਮਲਾ ਗਈ॥ ੧ ॥

ਇਸ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਬੇਨਤੀਆਂ ਕਰੇ-

ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥

ਹੇ ਬਾਬਾ=ਗੁਰੋ ! ਮੈਨੂੰ ਹਰੀ ਰੂਪ ਪਤੀ ਦੀ ਪ੍ਰਾਪਤੀ ਕਰ ਦਿਓ, ਕਿਉਂਕਿ ਮੈਨੂੰ ਹਰੀ ਰੂਪ ਪਤੀ ਭਾਉਂਦਾ ਹੈ, ਰਾਮ ਜੋ ਬਲਿਹਾਰ ਜਾਣੇ ਜੋਗ ਹੈ, ਉਸ ਦੀ ਇੱਛਾ ਲਗ ਰਹੀ ਹੈ।

ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥

ਜੋ ਹਰੀ ਚਾਰੇ ਜੁਗਾਂ ਵਿਚ ਰਵ ਰਿਹਾ ਹੈ, ਅਤੇ ਤਿੰਨੇ ਭਵਨ ਜਿਸ ਦੀ ਬਾਣੀ=ਬਨਾਵਟ ਹਨ, ਤਿਸ ਰਾਮ ਦੇ ਉਪਰੋਂ ਮੈਂ ਬਲਿਹਾਰ ਜਾਂਦੀ ਹਾਂ।

ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥

ਤਿੰਨਾਂ ਭਵਨਾਂ ਵਿਚ ਸੁਹਾਗਣ ਇਸਤ੍ਰੀਆਂ ਹੀ ਆਪਣੇ ਪਤੀ-ਪਰਮੇਸ਼ਰ ਦੇ ਅਨੰਦ ਨੂੰ ਰਾਂਵਦੀਆਂ ਹਨ, ਅਤੇ ਔਗੁਣਾਂ ਵਾਲੀਆਂ ਇਸਤ੍ਰੀਆਂ ਉਸ ਤੋਂ ਦੂਰ ਰਹਿੰਦੀਆਂ ਹਨ।

ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥

ਸੁਹਾਗਣ ਇਸਤ੍ਰੀ ਜਿਹੋ ਜੇਹੀ ਆਸਾ ਕਰਦੀ ਹੈ, ਉਹ ਸੁਆਮੀ ਪਰਮੇਸ਼ਰ ਤੈਸੀ ਹੀ ਮਨਸਾ=ਵਾਸ਼ਨਾ

ਪੂਰੀ ਕਰਦਾ ਹੈ। ਉਹ ਸੁਆਮੀ ਕੈਸਾ ਹੈ? ਕਿ ਭਰਪੂਰ ਹੋ ਕੇ ਸਾਰੇ ਪੂਰਨ ਹੋ ਰਿਹਾ ਹੈ।

ਵਾ:-ਜੇਹੋ ਜੇਹੀ ਆਸਾ ਕਰਦੀ ਹੈ, ਤੈਸੀ ਮਨਸਾ (ਪੂਰਿ) ਪੂਰੀ ਕਰਦਾ ਹੈ, (ਰਹਿਆ ਭਰਪੂਰੇ) ਜੋ ਸਾਰੇ ਭਰਪੂਰ ਹੋ ਰਿਹਾ ਹੈ।

ਅਥਵਾ:-ਜੀਵ ਰੂਪ ਇਸਤ੍ਰੀ ਜੇਹੋ ਜੇਹੀ ਆਸਾ ਕਰਦੀ ਹੈ, ਤੈਸੇ ਹੀ ਇਸ ਦੀ ਮਨਸਾ=ਦਸ਼ਾ ਹੁੰਦੀ ਹੈ।

ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ॥

ਜੋ ਹਰੀ ਦੀ ਇਸਤ੍ਰੀ ਹੈ ਉਹ ਸਭ ਤਰ੍ਹਾਂ ਕਰ ਕੇ ਸੁਹਾਗਣਿ ਰਹਿੰਦੀ ਹੈ, ਨਾ ਉਹ ਰਾਂਡ=ਰੰਡੀ (ਅਨੀਸੁਰਵਾਦੀ) ਹੁੰਦੀ ਹੈ, ਨਾ ਹੀ ਉਸ ਦੇ ਮੈਲੇ ਵੇਸ ਹੁੰਦੇ ਹਨ, ਭਾਵ ਉਸ ਉੱਤੇ ਕਾਮ ਆਦਿਕ ਵੈਰੀ ਜ਼ੋਰ ਨਹੀਂ ਪਾਉਂਦੇ।

ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜੁਗਾਂ ਜੁਗਾਂ ਵਿਚ ਜਿਵੇਂ ਪ੍ਰੀਤਮ=ਪਿਆਰੇ ਸੰਤਾਂ ਨੂੰ ਉਹ ਪਰਮੇਸ਼ਰ ਭਾਉਂਦਾ ਹੈ, ਤਿਵੇਂ ਮੈਨੂੰ ਭੀ ਸੱਚਾ ਵਰੁ-ਪਤੀ-ਵਾਹਿਗੁਰੂ ਭਾਉਂਦਾ ਹੈ॥ ੨॥

ਬਾਬਾ ਲਗਨੁ ਗਣਾਇ ਹੰਭੀ ਵੰਞਾ ਸਾਹੁਰੈ ਬਲਿ ਰਾਮ ਜੀਉ॥

(ਜਗਿਆਸੀ ਗੁਰਾਂ ਨੂੰ ਕਹਿੰਦਾ ਹੈ)- ਹੇ ਬਾਬਾ=ਗੁਰੋ ! ਜਿਹੜੀ ਲਿਵ ਲਗਾਉਣੀ ਹੈ ਏਹੋ ਇਕ ਲਗਨ ਗਿਣਾਵੋ*, ਤਾਂ ਸਾਹੁਰੇ=ਪ੍ਰਲੋਕ ਅਰਥਾਤ ਲੋਕਾਂ ਤੋਂ ਪਰੇ ਜੋ ਰਾਮ ਹੈ, ਬਲਿਹਾਰ ਜਾਣੇ ਜੋਗ ਤਿਸ ਵਿਚ ਹੰਭੀ=ਮੈਂ ਭੀ ਵੰਞਾ=ਜਾਣਾ ਕਰੋ।

ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ॥

ਰਜਾਈ=ਪਰਮਾਤਮਾ ਦਾ ਜੋ ਹੁਕਮ ਮੰਨਣਾ ਹੈ ਏਹੋ ਸਾਹਾ ਸੁਧਾਉਣਾ ਕਰੋ, **ਜੋ ਹੁਕਮ ਪ੍ਰਭੂ ਕਰਦਾ ਹੈ, ਉਹ ਐਵੇਂ ਨਹੀਂ ਟਲਦਾ, ਇਸ ਤੇ ਮੈਂ ਰਾਮ ਤੋਂ ਬਲਿਹਾਰ ਜਾਂਦੀ ਹਾਂ।

ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ॥

ਜੀਵਾਂ ਦੇ ਮੱਥੇ ਪਰ ਜੋ ਕਰਤੇ ਵਾਹਿਗੁਰੂ ਨੇ ਕਿਰਤੁ=ਕਰਮ (ਲੇਖ) ਲਿਖਿਆ ਹੈ, ਉਸ ਦੇ ਅਨੁਸਾਰ ਫਲ ਪਿਆ ਭੋਗੇ ਤੋਂ ਬਿਨਾਂ ਉਸ ਨੂੰ ਕੋਈ ਹਟਾ ਨਹੀਂ ਸਕਦਾ।

ਜਾਵੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ॥

ਨਰਹ=ਨਿਯੰਤਾ ਜੋ ਨਿਹਕੇਵਲੁ=ਸ਼ੁੱਧ ਪਰਮਾਤਮਾ ਹੈ ਉਸ ਦੇ ਨਾਮ ਜਪਣ ਵਾਲੇ ਜੋ ਮਹਾਤਮਾ ਹਨ ਏਹੀ ਜਾਂਵੀ ਹੈ, ਵਾ:-ਉਸ ਦੇ ਨਾਮ ਹੀ ਜਾਂਵੀ ਹਨ, ਉਹ ਹਰੀ ਕੈਸਾ ਹੈ? ਕਿ ਤਿੰਨਾਂ ਲੋਕਾਂ ਵਿਚ ਰਵਿ=ਪਰੀਪੂਰਨ ਹੋ ਰਿਹਾ ਹੈ। ਪ੍ਰਤੱਖ ਦ੍ਰਿਸ਼ਟਾਂਤ ਸੁਣੋ, ਜਿਸ ਵੇਲੇ-

ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ॥

ਬਾਲੀ=ਲੜਕੀ ਦਾ ਬਾਲੈ ਹੇਤੇ=ਲੜਕੇ ਭਾਵ ਲਾੜੇ ਨਾਲ ਜਦ ਪ੍ਰੇਮ ਹੁੰਦਾ ਹੈ ਅਰਥਾਤ ਵਿਆਹ ਹੁੰਦਾ

**ਨੋਟ :-ਮੇਖ ਬ੍ਰਿਖ, ਮਿਥਨ, ਕਰਕ, ਸਿੰਘ, ਕੰਨਿਆ, ਤੁਲਾ, ਆਦਿਕ ਰਾਸ਼ੀਆਂ ਕਾ ਜੋ ਉਦੇ ਹੋਣਾ ਹੈ ਏਸੇ ਨੂੰ ਲਗਨ ਕਹਿੰਦੇ ਹਨ।*

***ਸਾਹਾ=(ਸੁ+ਆਹ) ਚੰਗਾ ਦਿਨ ਹਿੰਦੂ ਮੱਤ ਅਨੁਸਾਰ ਗ੍ਰਹਿ ਆਦਿਕਾਂ ਦੀ ਗਿਣਤੀ ਕਰਕੇ ਵਿਆਹ ਲਈ ਜੋ ਦਿਨ ਮੁਕੱਰਰ ਕੀਤਾ ਜਾਵੇ, ਉਸ ਨੂੰ ਸਾਹਾ ਕਹਿੰਦੇ ਹਨ। ਯਥਾ-"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ (ਸੋਹਿਲਾ, ਪੰਨਾ ੧੨)*

ਹੈ ਤਾਂ ਮਾਤਾ ਨਿਰਾਸ ਹੋਈ ਵਿਛੁੜ ਕੇ ਰੋਂਦੀ ਹੈ। ਇਸੀ ਪ੍ਰਕਾਰ ਜਦ ਜਗਿਆਸੂ ਰੂਪ ਲੜਕੀ ਦਾ ਜਿਸ ਵੇਲੇ ਬਾਲੈ=(ਬਾਲਾਨ ਬਾਲ) ਪਰਮਾਤਮਾ ਨਾਲ ਪ੍ਰੇਮ ਹੁੰਦਾ ਹੈ, ਤਾਂ ਮਾਇਆ ਨਿਰਾਸ ਹੋਈ ਵਿਛੁੜ ਕੇ ਰੋਂਦੀ ਹੈ ਕਿ ਇਹ ਮੇਰੇ ਪਾਸੋਂ ਬਚ ਗਈ ਹੈ।

ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ॥ ੩॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਉਪਦੇਸ਼ ਦੁਆਰਾ ਗੁਰਾਂ ਦੇ ਚਰਨਾਂ ਦਾ ਧਿਆਨ ਕਰਕੇ ਪ੍ਰਭੂ ਨੂੰ ਚੇਤੇ ਕਰੇ ਤਾਂ ਮਹਲੀ=ਜਗਿਆਸੂ ਨੂੰ ਸਰੂਪ ਸੁਖ ਪ੍ਰਾਪਤ ਹੁੰਦਾ ਹੈ॥ ੩॥

ਜਿਵੇਂ ਸਿਆਣੇ ਮਾਤਾ ਪਿਤਾ ਲੜਕੀ ਦਾ ਵਿਆਹ ਦੂਰ ਕਰਦੇ ਹਨ, ਕਿਉਂਕਿ ਸਾਹੁਰੇ ਘਰੋਂ ਲੜ ਕੇ ਪੇਕੇ ਘਰ ਨਾ ਆ ਬੈਠੇ। ਏਸੇ ਤਰ੍ਹਾਂ-

[ਪੰਨਾ ੭੬੪]

ਬਾਬੁਲਿ ਦਿਤੜੀ ਦੂਰਿ ਨ ਆਵੈ ਘਰਿ ਪੇਈਐ ਬਲਿ ਰਾਮ ਜੀਉ॥

ਬਾਬੁਲਿ=ਜੋ ਗੁਰੂ ਸਾਹਿਬ ਜੀ ਹਨ, ਓਹਨਾਂ ਨੇ ਸਭ ਤੋਂ ਦੂਰ ਜੋ ਪਰਮਾਤਮਾ ਹੈ, ਉਸ ਦੇ ਨਾਲ ਜਗਿਆਸੂ ਰੂਪ ਲੜਕੀ ਵਿਆਹ ਦਿੱਤੀ ਜੋ ਕਿ ਫਿਰ ਮਾਤ-ਲੋਕ ਰੂਪੀ ਪੇਕੇ ਘਰ ਵਿਚ ਨਾ ਆਵੇ, ਮੈਂ ਰਾਮ ਤੋਂ ਬਲਿਹਾਰ ਜਾਂਦੀ ਹਾਂ।

ਯਥਾ:- ''ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥ ੩॥ *(ਸੋਹਿਲਾ, ਪੰਨਾ ੧੨)*

ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ॥

ਪਿਰਿ=ਪਰਮਾਤਮਾ ਨੂੰ ਆਪਣੇ ਹਦੂਰਿ=ਪਾਸ ਵੇਖ ਕੇ ਤੇ ਉਸ ਨੂੰ ਰਾਵਕੇ ਰਹਸੀ=ਅਨੰਦ ਹੁੰਦੀ ਹੈ, ਘਰਿ ਸੋਹੀਐ=ਘਰ ਦੇ ਸੁਹਾਵਣੇ ਕਰਨ ਵਾਲਾ ਜੋ ਰਾਮ-ਪਤੀ ਹੈ, ਉਸ ਰਾਮ ਤੋਂ ਮੈਂ ਬਲਿਹਾਰ ਜਾਂਦੀ ਹਾਂ।

ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ॥

ਸੱਚੇ ਪਿਰੀ ਪਰਮਾਤਮਾ ਨੇ ਜੋ ਜਗਿਆਸੂ ਰੂਪੀ ਇਸਤ੍ਰੀ ਲੋੜੀ=ਚਾਹੀ, ਓਹੀ ਪ੍ਰੀਤਮ=ਗੁਰਾਂ ਨਾਲ ਜੋੜੀ, ਜੋ ਗੁਰਾਂ ਨਾਲ ਜੋੜੀ, ਓਸੇ ਦੀ ਮਤਿ=ਅਕਲ ਪੂਰਨ ਹੋਈ ਹੈ ਅਤੇ ਓਹੀ ਪਰਧਾਨੇ=ਮੁਖੀ ਹੋਈ ਹੈ।

ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ॥

ਸੁਹੇਲਾ ਥਾਨਿ ਜੋ ਸਤਸੰਗ ਹੈ ਉਸ ਨਾਲ ਜਦ ਸ੍ਰੇਸ਼ਟ ਕਰਮਾਂ ਦੇ ਸੰਜੋਗਾਂ ਕਰਕੇ ਮਿਲਾਪ ਹੋਇਆ ਤਾਂ ਗੁਰਾਂ ਦੇ ਗਿਆਨਾਂ ਦੁਆਰਾ ਗੁਣਾਂ ਵਾਲੀ ਹੋਈ।

ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥

ਸਤ ਸੰਤੋਖ ਦੇ ਸਹਿਤ ਬੁੱਧੀ ਰੂਪ ਪੱਲੇ ਵਿਚ ਸਦਾ ਸੱਚ-ਨਾਮ ਨੂੰ ਧਾਰੇ, ਕਿਉਂਕਿ ਸੱਚ ਨੂੰ ਬੋਲੇ ਤਾਂ ਹੀ ਪਤੀ ਨੂੰ ਭਾਉਂਦੀ ਹੈ।

ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ-ਜੋ ਜੀਵ ਰੂਪੀ ਇਸਤਰੀ ਗੁਰ-ਸਿਖਿਆ ਦੁਆਰੇ ਅੰਕਿ=ਸਰੂਪ ਵਿਚ ਸਮਾਈ

ਹੈ, ਉਹ ਪਤੀ ਤੋਂ ਵਿਛੁੜੇ ਫਿਰ ਦੁੱਖ ਨਹੀਂ ਪਾਉਂਦੀ ॥ ੪॥ ੧॥

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨

੧ੴ ਸਤਿਗੁਰ ਪ੍ਰਸਾਦਿ॥

ਹਮ ਘਰਿ ਸਾਜਨ ਆਏ॥ ਸਾਚੈ ਮੇਲਿ ਮਿਲਾਏ॥

ਅਸੀਂ ਸਜਣਾਂ ਦੇ ਘਰ ਵਿਚ ਆਏ, ਵਾ:-ਸਾਜਨ=ਮਹਾਤਮਾਂ ਸਾਡੇ ਘਰ ਵਿਚ ਆਏ, ਤਾਂ ਸੱਚੇ ਨਾਮ ਦੇ ਮੇਲ ਨਾਲ ਮਿਲਾਇਆ। ਜਾਂ ਸੱਚੇ ਨਾਮ ਦੇ ਮੇਲ ਵਿਚ ਮਿਲਾਇਆ ਤਾਂ ਸਾਡੇ ਘਰ ਵਿਚ ਸਾਜਨ=ਸ਼ੁਭ-ਗੁਣ ਆਏ। ਜੋ ਸ਼ੁਭ ਗੁਣ ਸਚੇ ਦੇ ਮੇਲ ਨਾਲ ਮਿਲਾਉਣ ਵਾਲੇ ਹਨ। ਤਾਂ ਸਾਡੇ ਘਰ ਵਿਚ ਸਾਜਨ=ਪਰਮਾਤਮਾ ਆਇਆ, ਜਿਸ ਸੱਚੇ ਪਰਮਾਤਮਾ ਨੇ ਪੰਜਾਂ ਤੱਤਾਂ ਦੇ ਮੇਲ ਵਿਚ ਜਗਤ ਨੂੰ ਮਿਲਾਇਆ ਹੈ, ਤਾਂ ਐਸੇ ਨਿਸਚੇ ਕੀਤਾ ਕਿ ਹਮ=ਤਮਾਮ ਦੇ ਘਰ ਵਿਚ ਸਜਣ ਪਰਮਾਤਮਾ ਆ ਰਿਹਾ ਹੈ।

ਅਥਵਾ:-ਸਾਡੇ ਘਰ ਵਿਚ ਸੱਜਣ ਮਹਾਤਮਾਂ ਆਏ, ਜੋ ਸਚੇ ਦੇ ਮੇਲ ਨਾਲ ਮਿਲਾਉਣ ਵਾਲੇ ਹਨ।

ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ॥

ਹਰਿ ਮਨਿ ਭਾਏ=ਸ਼ਰੋਮਣ ਹਰੀ ਨੂੰ ਭਾਏ ਤੇ (ਪੰਚ ਮਿਲੇ) ਸ੍ਰੇਸ਼ਟ ਮਹਾਤਮਾਂ ਨਾਲ ਮਿਲੇ ਤਾਂ ਉਹਨਾਂ ਨੇ ਸਹਜਿ ਮਿਲਾਏ=ਗਿਆਨ ਨਾਲ ਮਿਲਾਇਆ, ਜਾਂ ਗਿਆਨ ਨਾਲ ਮਿਲਾਇਆ ਤਾਂ ਆਤਮ ਸੁਖ ਨੂੰ ਪਾਇਆ।

ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥

ਜਿਸ ਵਸਤੂ ਦੇ ਨਾਲ ਮਨ ਨੂੰ ਲਗਾਇਆ, ਓਹੀ ਆਤਮ-ਵਸਤੂ ਪ੍ਰਾਪਤ ਹੋਈ।

ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ॥

ਮੰਦਰ=ਅੰਦਰੋਂ ਸ਼ੋਭਨੀਕ ਘਰ ਜੋ ਸਤਿਸੰਗ ਹੈ ਜਦ ਉਸ ਨਾਲ ਰਾਤ ਦਿਨੇ ਮਿਲਾਪ ਹੋਇਆ ਤੇ ਗੁਰਾਂ ਦੇ ਮਨੁ ਮਾਨਿਆ=ਮੰਤ੍ਰ ਨੂੰ ਮੰਨਿਆ ਤਾਂ ਅੰਦਰੋਂ ਘਰ ਅੰਤਹਕਰਨ ਸ਼ੋਭਨੀਕ ਹੋਇਆ, ਜਾਂ ਅੰਤਹਕਰਨ ਸ਼ੋਭਨੀਕ ਹੋਇਆ ਤਾਂ ਅਵਿਦਿਆ ਰੂਪੀ ਅਨ=ਰਾਤ ਤੋਂ ਗਿਆਨ ਰੂਪੀ ਦਿਨ ਚੜ੍ਹ ਗਿਆ ਜਾਂ ਗਿਆਨ ਦਿਨ ਚੜ੍ਹਿਆ ਤਾਂ ਪਰਮੇਸ਼ਰ ਨਾਲ ਮੇਲ ਹੋ ਗਿਆ, ਜਾਂ ਮੇਲ ਹੋਇਆ ਤਾਂ ਉਸ ਉਤੇ ਮਨ ਮੰਨਿਆ ਗਿਆ ਤੇ ਸਭ ਘਰਾਂ ਦੇ ਅੰਦਰ ਉਸ ਸ਼ੋਭਨੀਕ ਪਰਮੇਸ਼ਰ ਨੂੰ ਨਿਸਚੇ ਕੀਤਾ।

ਦੂਜਾ ਅਰਥ:-ਰਾਤ ਦਿਨੇ ਸਤਿਸੰਗ ਨਾਲ ਮੇਲ ਹੋਇਆ ਤੇ ਗੁਰਾਂ ਦੇ ਮੰਤਰ ਨੂੰ ਮੰਨਿਆ ਤਾਂ ਪ੍ਰਤੱਖ ਕਰ ਕੱਚੇ ਤੇ ਮੰਦਰ ਪੱਕੇ ਸ਼ੋਭਨੀਕ ਹੋਏ।

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ॥ ੧॥

ਜਿਸ ਵੇਲੇ ਅਸੀਂ ਸਾਜਨ=ਮਹਾਤਮਾਂ ਦੇ ਘਰ ਵਿਚ ਆਏ ਤਾਂ ਪੰਚ=ਸ੍ਰੇਸ਼ਟ ਸਤਿਨਾਮੁ ਵਾਹਿਗੁਰੂ ਦੇ ਸਬਦ ਧੁਨਿ=ਉਚਾਰਨੇ ਰੂਪੀ ਅਨਹਦ=ਇਕ-ਰਸ ਵਾਜੇ ਵੱਜੇ। ਤਾਂ ਸਾਡੇ ਅੰਤਹਕਰਨ ਰੂਪੀ ਘਰ ਵਿਚ ਸਾਜਨ=ਸ਼ੁਭ ਗੁਣ ਆਏ, ਜਾਂ ਸ਼ੁਭ ਗੁਣ ਆਇ ਤਾਂ ('ਸੁਧੋ ਹੰ ਬੁੱਧੋ ਹੰ ਨਿਰਵਿਕਾਰੋ ਹੰ' ਰੂਪ) ਪੰਜ ਸ਼ਬਦਾਂ ਦੀ

ਧੁਨੀ ਇਕ-ਰਸ ਵਜ ਆਈ, ਜਾਂ ਸ਼ਬਦਾਂ ਦੀ ਧੁਨੀ ਵੱਜੀ ਤਾਂ ਸਾਡੇ ਘਰ ਵਿਚ ਸਾਜਨ=ਪਰਮਾਤਮਾ ਆ ਗਿਆ ॥ ੧ ॥

ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥

ਹੇ ਪਿਆਰੇ ਮਿੱਤਰੋ ! ਆਵੋ, ਵਾ:-ਹੇ ਪਿਆਰੇ ਦੇ ਮਿੱਤਰੋ ! ਆਵੋ, ਮਹਾਤਮਾ ਰੂਪ ਨਾਰੇ=ਨਾਰੀਆਂ ਨਾਲ ਮਿਲ ਕੇ ਪਰਮੇਸ਼ਰ ਦੇ ਮੰਗਲਾਂ ਨੂੰ ਗਾਵੋ, ਵਾ ਮੰਗਲਾਂ ਦਾ ਨਾਰੇ=ਨਾਲਾ ਪ੍ਰਵਾਹ ਜੋ ਪਰਮੇਸ਼ਰ ਹੈ, ਉਸ ਦੇ ਜਸ ਨੂੰ ਗਾਵੋ, ਜਦ ਗਾਵੋਗੇ ਤਾਂ ਨਾ+ਰੇ=ਰੇ ਸ਼ਬਦ ਨਹੀਂ ਹੋਵੇਗਾ।

ਯਥਾ:- " ਰੇ ਰੇ ਦਰਗਹ ਕਹੈ ਨ ਕੋਊ ॥" *(ਪੰਨਾ ੨੫੨)*

*ਅਥਵਾ:-*ਕੋਈ ਅੜੇਗਾ ਨਹੀਂ।

ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥

ਸਚ ਸਰੂਪ ਪਰਮੇਸ਼ਰ ਦੇ ਮੰਗਲ ਨੂੰ ਗਾਵੋ, ਤਾਂ ਪ੍ਰਭੂ ਨੂੰ ਭਾ ਜਾਵੋਗੇ, ਤਾਂ ਹੀਂ ਚਾਰੇ ਜੁਗਾਂ ਵਿਚ ਸੋਹਿਲੜਾ=ਅਨੰਦ ਹੋਵੇਗਾ।

ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥

ਸੁਹਾਇਆ ਥਾਨ-ਜੋ ਆਪਣਾ ਘਰ ਸਤਿਸੰਗ ਹੈ ਉਸ ਵਿਚ ਜਦ ਆਇਆ ਤਾਂ ਗੁਰ-ਉਪਦੇਸ਼ ਦੁਆਰਾ ਮੋਖਸ਼ ਰੂਪੀ ਕਾਰਜ=ਕੰਮ ਨੂੰ ਸਵਾਰਨਾ ਕੀਤਾ।

ਅਥਵਾ ਚੱਕ੍ਰਕਾ:-ਸੁਹਾਇਆ ਥਾਨ-ਜੋ ਆਪਣਾ ਘਰ ਸਤਿਸੰਗ ਹੈ ਉਸ ਵਿਚ ਜਦ ਆਇਆ ਤਾਂ ਗੁਰ-ਉਪਦੇਸ਼ ਦੇ ਗ੍ਰਹਿਣ ਕਰਨੇ ਰੂਪੀ ਕਾਰਜ ਨੂੰ ਸਵਾਰਨਾ ਕੀਤਾ। ਜਾਂ ਉਪਦੇਸ਼ ਰੂਪੀ ਕਾਰਜ ਨੂੰ ਸਵਾਰਿਆ ਤਾਂ ਸੁਹਾਇਆ ਥਾਨ-ਜੋ ਆਪਣਾ ਘਰ ਅੰਤਰ-ਮੁੱਖਤਾ ਹੈ, ਉਸ ਵਿਚ ਆਇਆ ਤਾਂ ਇਹ ਨਿਸਚੇ ਕੀਤਾ ਕਿ ਸਬਦਿ=ਬ੍ਰਹਮ ਨੇ ਹੀ ਸਾਰੇ ਕਾਰਜ ਸਵਾਰੇ ਹਨ ਜਾਂ ਇਹ ਨਿਸਚੇ ਕੀਤਾ ਤਾਂ ਸੁਹਾਇਆ ਥਾਨ-ਜੋ ਆਪਣਾ ਘਰ ਸਰੂਪ ਹੈ ਉਸ ਵਿਚ ਆਇਆ ਤਾਂ ਬ੍ਰਹਮ ਦੀ ਪ੍ਰਾਪਤੀ ਰੂਪ ਕਾਰਜ ਨੂੰ ਸਵਾਰਿਆ, ਅਰਥਾਤ ਆਪਣੇ ਸਰੂਪ ਨੂੰ ਬ੍ਰਹਮ ਰੂਪ ਹੀ ਨਿਸਚੇ ਕੀਤਾ। ਤਾਂ ਸੁਹਾਇਆ ਥਾਨ-ਜੋ ਆਪਣਾ ਘਰ ਸੰਸਾਰ ਹੈ ਉਸ ਵਿਚ ਪਰਮੇਸ਼ਰ ਨੂੰ ਆਇਆ ਨਿਸਚੇ ਕੀਤਾ ਅਤੇ ਸ਼ਬਦ ਦੁਆਰਾ ਹੋਰਨਾਂ ਦੇ ਕਾਰਜ=ਕੰਮਾਂ ਨੂੰ ਸਵਾਰਨਾ ਕੀਤਾ।

ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥

ਮਹਾਂ ਰਸ=ਅਨੰਦਦਾਇਕ ਜੋ ਗਿਆਨ ਹੈ ਏਹੀ ਅੰਜਨੁ=ਸੁਰਮਾਂ ਗੁਰਾਂ ਨੇ ਬੁੱਧੀ ਰੂਪ ਅੱਖਾਂ ਵਿਚ ਪਾਇਆ, ਤਾਂ ਤਿੰਨਾਂ ਭਵਨਾ ਨੂੰ ਮਿਥਿਆ ਰੂਪ, ਵਾ:-ਬ੍ਰਹਮ ਰੂਪ ਦਿਖਾਇਆ।

ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥ ੨ ॥

ਹੇ ਸਖੀ ! ਇਸ ਤਰ੍ਹਾਂ ਨਾਲ ਸਾਡੇ ਘਰ ਵਿਚ ਸਾਜਨੁ=ਪਰਮਾਤਮਾ ਆਇਆ ਹੈ, ਤੁਸੀਂ ਭੀ ਮਿਲ ਕੇ ਰਸਿ=ਪ੍ਰੇਮ ਪੂਰਬਕ ਮੰਗਲਾਂ ਨੂੰ ਗਾਵੋ ॥ ੨ ॥

ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥

ਅੰਨਵੇ:-ਜਿਸ ਵੇਲੇ ਹਿਰਦੇ ਅੰਦਰ ਪ੍ਰੇਮ ਤੇ ਰਤੰਨਾ=ਵੈਰਾਗ ਹੋਇਆ, ਤਾਂ ਮਨ ਤਨ ਨਾਮ ਅੰਮ੍ਰਿਤ ਵਿਚ

ਭਿੰਨਾ=ਭਿੱਜ ਗਿਆ।

ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ॥

ਮੇਰੇ ਹਿਰਦੇ ਅੰਦਰ ਰਤਨੁ=ਵੈਰਾਗ ਪਦਾਰਥ ਦੇ ਹੋਣ ਕਰ ਕੇ ਪਰਮ ਤਤੁ=ਸਿਧਾਂਤ ਨੂੰ ਵੀਚਾਰਨਾ ਕੀਤਾ ਹੈ।

ਜੰਤ ਭੇਖ ਤੂੰ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ॥

ਸਾਰੇ ਜੰਤ ਭੇਖੀ ਹਨ, ਇਕ ਤੂੰ ਹੀ ਸਹਿਤ ਫਲਾਂ ਦੇ ਦਾਤਾ ਹੈਂ, ਸਿਰਜ ਸਿਰਜ ਕੇ, ਵਾ ਸਿਰ ਬਸਿਰ ਜਿਥੇ ਕੋਈ ਹੈ ਓਥੇ ਹੀ ਰਿਜ਼ਕ ਦੇ ਦੇਣ ਵਾਲਾ ਹੈਂ।

ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ॥

ਹੇ ਗਿਆਨੀ ! ਤੂੰ ਗਿਆਨੀਆਂ ਨਾਲ ਮਿਲ ਕੇ ਅੰਤਰਜਾਮੀ ਪਰਮਾਤਮਾ ਨੂੰ ਜਾਣ। ਜੇ ਅੰਤਰਜਾਮੀ ਨੂੰ ਜਾਣੇਗਾ ਤਾਂ ਤੂੰ ਗਿਆਨੀ ਹੋ ਜਾਏਂਗਾ, ਸਭ ਕਾਰਨ ਕਾਰਜਾਂ ਨੂੰ ਉਸ ਨੇ ਆਪ ਹੀ ਕੀਤਾ ਹੈ।

ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ॥ ੩॥

ਹੇ ਸਖੀਓ ! ਸੁਨਣਾ ਕਰੋ, ਜਿਸ ਵੇਲੇ ਮਨੁ ਮੋਹਨਿ=ਪਰਮਾਤਮਾ ਨੇ ਮਹਾਤਮਾਂ ਰੂਪੀ ਮੋਹਨੀ=ਇਸਤ੍ਰੀਆਂ ਦੇ ਮਨ ਨੂੰ ਮੋਹਿਆ ਤਾਂ ਬ੍ਰਹਮਾਨੰਦ ਰੂਪੀ ਅੰਮ੍ਰਿਤ ਵਿਚ ਤਨ ਮਨ ਭਿੱਜ ਗਿਆ॥ ੩॥

ਆਤਮ ਰਾਮੁ ਸੰਸਾਰਾ॥ ਸਾਚਾ ਖੇਲੁ ਤੁਮ੍ਹਾਰਾ॥

ਅੰਨਵੇ:-ਹੇ ਸੱਚੇ ਆਤਮਰਾਮ ਵਾਹਿਗੁਰੂ ਨੂੰ ਇਹ ਸਾਰਾ ਸੰਸਾਰ ਤੁਮਾਰਾ=ਤੁਹਾਡਾ ਆਪਣਾ ਹੀ ਖੇਲ ਹੈ।

ਅਥਵਾ:-ਹੇ ਆਤਮਰਾਮ ਪਰਮਾਤਮਾ ਇਹ ਤੁਹਾਡਾ ਸੰਸਾਰ ਖੇਲ ਸੱਚਾ ਹੈ।

ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ॥

ਹੇ ਅਗਮ ਅਪਾਰ ਪਰਮਾਤਮਾ ! ਇਹ ਤੁਹਾਡਾ ਖੇਲ ਸੱਚਾ ਹੈ, ਆਪ ਤੋਂ ਬਿਨਾਂ ਇਸ ਗੱਲ ਨੂੰ ਕੌਣ ਸਮਝਾ ਸਕਦਾ ਹੈ।

ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ॥

ਸਿਧ ਵੀ ਕਿਤਨੇ ਹਨ, ਸਾਧਿਕ=ਸਾਧਨਾਂ ਦੇ ਕਰਨ ਵਾਲੇ ਜਗਿਆਸੂ ਅਤੇ ਸਿਆਣੇ ਭੀ ਕਿਤਨੇ ਹੀ ਹਨ, ਪਰ ਤੁਹਾਡੇ ਬਿਨਾਂ ਕੌਣ ਕੋਈ ਕਹਿ ਕਹਾ ਸਕਦਾ ਹੈ।

ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ॥

ਜਿਨ੍ਹਾਂ ਪੁਰਸ਼ਾ ਦਾ ਮਨ ਗੁਰਾਂ ਨੇ ਟਿਕਾਣੇ ਰੱਖਿਆ ਹੈ ਭਾਵ ਇਕਾਗਰ ਕੀਤਾ ਹੈ, ਉਨ੍ਹਾਂ ਦੇ ਕਾਲੁ ਬਿਕਾਲੁ=ਮਰਨਾ ਜੰਮਣਾ ਦੋਵੇਂ ਦੇਵਾਨੇ=ਝੱਲੇ ਹੋ ਗਏ ਹਨ ਅਰਥਾਤ ਨਵਿਰਤ ਹੋ ਗਏ ਹਨ।

ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ॥ ੪॥ ੧॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰ ਉਪਦੇਸ਼ ਦੁਆਰਾ ਔਗੁਣਾਂ ਨੂੰ ਸਾੜਿਆ ਹੈ, ਉਨ੍ਹਾਂ ਨੇ ਗੁਣਾਂ ਦੇ ਸੰਗਮਿ=ਸਬੰਧ ਕਰਕੇ ਪ੍ਰਭੂ ਨੂੰ ਪਾਉਣਾ ਕੀਤਾ ਹੈ॥ ੪॥ ੧॥ ੨॥

ਰਾਗੁ ਸੂਹੀ ਮਹਲਾ ੧ ਘਰ ੩

ੴ ਸਤਿਗੁਰ ਪ੍ਰਸਾਦਿ ॥

ਆਵਹੁ* ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥

ਹੇ ਸਜਣ ਪਰਮਾਤਮਾ ! ਆਪ ਆਵੋ, ਮੈਂ ਤੇਰਾ ਦਰਸ਼ਨ ਦੇਖਣਾ ਕਰਾਂ। ਆਪਣੇ ਸਰੀਰ-ਘਰ ਵਿਚ ਮੈਂ ਖੜੀ ਹੋ ਕੇ ਅਰਥਾਤ ਸਮਾਹਤ ਚਿਤ ਹੋ ਕੇ ਤੇਰਾ ਰਾਹ ਤਕਾ=ਤੱਕ ਰਹੀ ਹਾਂ, ਹੇ ਰਾਮ ! ਮੇਰੇ ਮਨ ਵਿਚ ਤੇਰੇ ਦਰਸ਼ਨ ਦਾ ਘਣਾ ਉਤਸ਼ਾਹ ਲੱਗ ਰਿਹਾ ਹੈ। *ਪਾਠੰਤ੍ਰ-''ਆਵਹੋ' ਭੀ ਹੈ।

ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥

ਮੇਰੇ ਮਨ ਵਿਚ ਘਣਾ ਉਤਸ਼ਾਹ ਹੋ ਰਿਹਾ ਹੈ, ਹੇ ਮੇਰੇ ਪ੍ਰਭੂ ! ਆਪ ਸੁਨਣਾ ਕਰੋ, ਮੈਨੂੰ ਤਾਂ ਤੇਰਾ ਹੀ ਭਰੋਸਾ ਹੈ। ਆਪ ਜੀ ਦੇ ਦਰਸ਼ਨ ਨੂੰ ਦੇਖਕੇ ਮੈਂ ਨਿਹਕੇਵਲ=ਸ਼ੁੱਧ ਹੋਈ ਹਾਂ ਅਤੇ ਜਨਮ ਮਰਨ ਦਾ ਦੁੱਖ ਨਾਸ ਹੋ ਗਿਆ ਹੈ।

[ਪੰਨਾ ੭੬੫]

ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥ ੧ ॥

ਸਾਰੀਆਂ ਜੋਤੀਆਂ ਵਿਚ ਸੋ ਇਕ ਤੈਨੂੰ ਹੀ ਜਾਤਾ=ਜਾਣਿਆ ਹੇ? ਜਿਨ੍ਹਾਂ ਨੂੰ ਤੂੰ ਮਿਲਿਆ ਹੈਂ (ਭਾਇ) ਪ੍ਰੇਮ ਕਰਕੇ ਹੀ ਸੁਭਾਵਕ ਮਿਲਿਆ ਹੈਂ। ਗੁਰੂ ਜੀ ਕਥਨ ਕਰਦੇ ਹਨ-ਸਾਜਨ=ਪਰਮੇਸ਼ਰ ਤੋਂ ਬਲਿਹਾਰ ਜਾਈਏ, ਸਤਿਸੰਗ ਘਰ ਵਿਚ ਆਏ ਤਾਂ ਸਚ-ਨਾਮ ਨਾਲ ਮਿਲੇ।

ਅਥਵਾ:-ਅੰਤਰਮੁੱਖਤਾ ਰੂਪੀ ਘਰ ਵਿਚ ਆਏ ਤਾਂ ਜੋ ਸੱਚਾ ਸਾਰੇ ਮਿਲ ਰਿਹਾ ਹੈ, ਉਸ ਦੇ ਸਰੂਪ ਘਰ ਵਿਚ ਆਏ ॥ ੧ ॥

ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥

ਜਿਸ ਵੇਲੇ ਅੰਤਹਕਰਨ ਰੂਪੀ ਘਰ ਵਿਚ ਸਾਜਨਾ=ਪਰਮਾਤਮਾ ਆਇਅੜੇ=ਆਏ ਭਾਵ ਸਖਿਆਤਕਾਰ ਹੋਏ ਤਾਂ ਜਗਿਆਸੂ ਰੂਪੀ ਧਨ=ਇਸਤ੍ਰੀ ਖਰੀ ਸਰਸੀ=ਅਧਿਕ ਆਨੰਦ ਵਾਲੀ ਹੋਈ।

ਅਥਵਾ:-ਚੱਕ੍ਰਕਾ-ਜਿਸ ਵੇਲੇ ਸੱਜਣ ਮਹਾਤਮਾਂ ਦੇ ਘਰ ਸਤਿਸੰਗ ਵਿਚ ਆਏ, ਵਾ:- ਸੱਜਣ ਮਹਾਤਮਾਂ ਮੇਰੇ ਘਰ ਵਿਚ ਚਲ ਕੇ ਆਏ, ਤਾਂ ਧਨ ਖਰੀ ਸਰਸੀ=ਚੰਗੀ ਸਹਿਤ ਪ੍ਰੇਮ ਦੇ ਹੋਈ, ਜਾਂ ਪ੍ਰੇਮ ਦੇ ਸਹਿਤ ਹੋਈ ਤਾਂ ਘਰ ਵਿਚ ਸੱਜਣ=ਸ਼ੁੱਭ-ਗਣ ਆਏ, ਜਾਂ ਸ਼ੁਭ-ਗੁਣ ਆਏ, ਤਾਂ ਧਨ ਖਰੀ ਸਰਸੀ=ਅਧਿਕ ਤਾਤਪਰਜ ਦੇ ਸਹਿਤ ਹੋਈ, ਤੇ ਸੱਜਣ ਪਰਮਾਤਮਾ ਘਰ ਵਿਚ ਆ ਕੇ ਪ੍ਰਾਪਤ ਹੋਏ, ਤਾਂ ਧਨ ਖਰੀ ਸਰਸੀ=ਅਧਿਕ ਆਨੰਦ ਦੇ ਸਹਿਤ ਹੋਈ।

ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨੂੰ ਮੋਹਿਆ ਤਾਂ ਠਾਕੁਰ ਰਾਮ ਨੂੰ ਦੇਖ ਕੇ ਰਹੰਸੀ=ਆਨੰਦ ਹੋਈ।

ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ॥

ਜਾਂ ਸ਼ੁਭ-ਗੁਣਾਂ ਦੇ ਨਾਲ ਰਹੰਸੀ=ਰਹੀ, ਤਾਂ ਖਰੀ ਸਰਸੀ=ਅਧਿਕ ਆਨੰਦ ਦੇ ਸਹਿਤ ਹੋਈ ਤਾਂ ਹੀ ਰੰਗਿ ਰਾਤੈ=ਪਰਮਾਤਮਾ ਦੇ ਅਨੰਦ ਨੂੰ ਰਾਵੀ=ਮਾਣਨਾ ਕੀਤਾ।

ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ॥

ਔਗੁਣਾਂ ਦੇ ਮਾਰਨੇ ਕਰ ਕੇ ਗੁਣੀ=ਪਰਮਾਤਮਾ ਘਰ ਵਿਚ ਆ ਕੇ ਛਾਇਆ=ਇਸਥਿਤ ਹੋਇਆ, ਜੋ ਪੂਰਨ ਪੁਰਖ ਪਰਮਾਤਮਾ ਬਿਧਾਤੈ=ਫਲਬਰ ਦਾਤਾ ਹੈ।

ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ॥

ਪੰਚਾਇਣਿ=ਪੰਚ ਆਇਣਿ=ਪੰਜ ਸਤ ਸੰਤੋਖ ਵਾ:-ਪੰਚ=ਸ੍ਰੇਸ਼ਟਤਾਈ ਵਾ:-ਪੰਚ=ਪਰਮਾਤਮਾ ਦਾ ਆਇਣਿ=ਘਰ ਜੋ ਸਤਿਸੰਗ ਹੈ, ਕਾਮ ਆਦਿਕ ਚੋਰਾਂ ਦੇ ਮਾਰਨ ਵਾਲਾ ਤੇ ਵੀਚਾਰ ਪੂਰਬਕ ਅਦਲੁ ਕਰੇ=ਨਿਆਂ ਦੇ ਕਰਨ ਵਾਲਾ, ਤਿਸ ਸਤਿਸੰਗ ਵਿਚ ਜਦ ਵਸੀ ਤਾਂ ਵਿਚਾਰ ਪੂਰਬਕ ਮੇਰੇ ਕਾਮ ਆਦਿਕ ਚੋਰ ਮਾਰ ਦਿੱਤੇ, ਤਾਂ ਫਿਰ ਪੰਚਾਇਣਿ ਵਸੀ=ਪੰਜ ਸਤ ਸੰਤੋਖ ਆਦਿਕਾਂ ਵਿਚ ਵਸੀ, ਜਾਂ ਸਤ ਸੰਤੋਖ ਆਦਿਕਾਂ ਵਿਚ ਵਸੀ ਤਾਂ ਵਿਚਾਰ ਕੇ ਅਦਲੁ ਕਰੇ=ਨਿਆਂ ਦੇ ਕਰਨ ਵਾਲਾ ਜੋ ਪੰਚਾਇਣਿ=ਪਰਮਾਤਮਾ ਹੈ, ਉਸ ਵਿਚ ਵਸੀ ਜਾਂ ਉਸ ਵਿਚ ਵਸੀ ਤਾਂ ਜਮਦੂਤਾਂ ਰੂਪੀ ਤਸਕਰ=ਚੋਰਾਂ ਨੂੰ ਮਾਰਿ=ਮਾਰ ਦਿੱਤਾ।

ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਰਾਮ ਨਾਮ ਜਪਣ ਕਰ ਕੇ ਨਿਸਤਾਰਾ ਹੁੰਦਾ ਹੈ, ਇਸ ਲਈ ਹੇ ਪਿਆਰੇ ! ਤੂੰ ਗੁਰ-ਸਿਖਿਆ ਵਿਚ ਮਿਲਣਾ ਕਰ ॥ ੨॥

ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ॥

ਜਦ ਤਿਸ ਬਾਲੜੀਏ=ਇਸਤ੍ਰੀ ਨੇ ਪਰਮੇਸ਼ਰ ਵਰੁ=ਪਤੀ ਨੂੰ ਪਾਇਆ, ਤਾਂ ਰਾਮ ਨੇ ਇਸ ਲੋਕ ਦੀ ਆਸਾ ਤੇ ਪ੍ਰਲੋਕ ਦੀ ਮਨਸਾ ਪੂਰੀ ਕਰ ਦਿੱਤੀ।

ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ॥

ਜੋ ਗੁਰ ਉਪਦੇਸ਼ ਵਿਚ ਰਲੀ ਹੈ ਉਸ ਨੇ ਪਿਰੀ ਪਰਮਾਤਮਾ ਨੂੰ ਰਾਵਿਆ ਹੈ, ਅਤੇ ਐਸੇ ਨਿਸਚੇ ਕੀਤਾ ਹੈ ਕਿ ਉਹ ਪਰਮਾਤਮਾ ਸਾਰੇ ਰਵਿ=ਪਰੀਪੂਰਨ ਹੋ ਰਿਹਾ ਹੈ ਦੂਰ ਨਹੀਂ ਹੈ।

ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ॥
ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ॥

ਪ੍ਰਭੂ ਦੂਰ ਨਹੀਂ ਹੋ ਰਿਹਾ, ਘਟਾਂ ਘਟਾਂ ਵਿਚ ਸ਼ੋਭ ਰਿਹਾ ਹੈ, ਸਾਰੀਆਂ ਉਸੇ ਦੀਆਂ ਨਾਰੀਆਂ ਹਨ। ਆਪ ਹੀ ਰਸਾਂ ਦੇ ਉਤਪੰਨ ਕਰਨ ਵਾਲਾ ਹੈ, ਆਪ ਹੀ ਰਸਾਂ ਦੇ ਰਾਵੇ=ਭੋਗਣ ਵਾਲਾ, ਜਿਵੇਂ ਉਸ ਦੀ

ਵਡਿਆਈ=ਇੱਛਾ ਹੁੰਦੀ ਹੈ।

ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ॥
ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ॥ ੩

ਜੋ ਸੱਚਾ ਅਮਰ=ਮਰਨ ਤੋਂ ਰਹਿਤ, ਅਡੋਲੁ=ਡੋਲਣ ਤੋਂ ਰਹਿਤ, ਅਮੋਲੁ=ਅਮੋਲਕ ਹੈ ਅਤੇ ਅਪਾਰਾ=ਬਿਅੰਤ ਗੁਣਾਂ ਵਾਲਾ ਹੈ, ਉਹ ਪੂਰਿਆਂ ਗੁਰਾਂ ਦੁਆਰੇ ਪਾਈਦਾ ਹੈ। ਨਾਨਕ=ਗੁਰੂ ਜੀ ਕਥਨ ਕਰਦੇ ਹਨ-ਉਹ ਪਰਮੇਸ਼ਰ ਆਪ ਹੀ ਜੋਗੀ=ਮਹਾਤਮਾਂ ਦਾ ਸੰਜੋਗੀ ਹੈ, ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਉਸ ਵਿਚ ਲਿਵ ਨੂੰ ਲਗਾਉਂਦਾ ਹੈ॥ ੩॥

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ॥
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ॥

ਜੋ ਰਾਮ ਤਿੰਨਾਂ ਲੋਕਾਂ ਦੇ ਸਿਰ ਦਾ ਤਾਜ ਛੱਤਰ ਹੈ, ਉਸ ਪਿਰੀ ਦੀ ਭਗਤੀ, ਬੈਕੁੰਠ ਧਾਮ, ਸਤਸੰਗਤ, ਮਨੁੱਖਾ ਦੇਹ ਰੂਪੀ ਮਾੜੜੀਐ=ਮਾੜੀ (ਅਟਾਰੀ) ਸਭ ਤੋਂ ਉੱਚੀ ਹੈ। ਉਸ ਦੇ ਗੁਣਾਂ ਨੂੰ ਦੇਖ ਕੇ ਮੈਂ ਅਸਚਰਜ ਹੋਈ ਹਾਂ, ਉਹ ਰਾਮ ਸਬਦ=ਬ੍ਰਹਮ ਅਨਹਦ=ਇਕ-ਰਸ ਸਾਰੇ ਅ+ਗਾਜਾ=ਵਿਸ਼ੇਸ਼ ਕਰ ਕੇ ਪ੍ਰਗਟ ਹੋ ਰਿਹਾ ਹੈ।

ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ॥
ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ॥

ਗੁਰ-ਉਪਦੇਸ਼ ਦੇ ਵਿਚਾਰਨੇ ਰੂਪੀ ਕਰਨੀ ਸਾਰੀ=ਸ੍ਰੇਸ਼ਟ ਹੈ, ਏਸੇ ਕਰ ਕੇ ਰਾਮ ਨਾਮ ਰੂਪੀ ਨੀਸਾਣੋ=ਪਰਵਾਨਾ ਮਿਲਦਾ ਹੈ। ਨਾਮ ਤੋਂ ਬਿਨਾਂ ਖੋਟਿਆਂ ਨੂੰ ਠਾਹਰ=ਜਗ੍ਹਾ ਨਹੀਂ ਮਿਲਦੀ, ਨਾਮ ਰੂਪ ਰਤਨ ਕਰ ਕੇ ਹੀ ਪ੍ਰਮਾਣੀਕ ਹੋਈਦਾ ਹੈ।

ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ॥ ੪॥ ੧॥ ੩॥

ਜਿਨ੍ਹਾਂ ਦੇ ਪਾਸ ਪੂਰਾ ਨਾਮ ਵਾ:-ਉਪਦੇਸ਼ ਰੂਪ ਪਰਵਾਨਾ ਹੈ, ਉਹਨਾਂ ਦੀ ਪਤਿਸ਼ਟਾ ਅਤੇ ਮਤਿ=ਅਕਲ ਪੂਰੀ ਹੈ, ਨਾ ਉਹ ਆਉਂਦਾ ਹੈ, ਨਾ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਜੋ ਗੁਰਾਂ ਦੁਆਰੇ ਆਪਣੇ ਸਰੂਪ ਨੂੰ ਪਛਾਣਦਾ ਹੈ ਉਹ ਪ੍ਰਭੂ ਅਬਿਨਾਸ਼ੀ ਜੈਸੇ=ਵਰਗੇ ਹੋਏ ਹਨ।

ਅਥਵਾ:-ਉਹ ਪ੍ਰਭੂ ਵਾਂਗ ਅਵਿਨਾਸੀ=ਨਾਸ ਤੋਂ ਰਹਿਤ ਹੋਏ ਹਨ॥ ੪॥ ੧॥ ੩॥

ੴ ਸਤਿਗੁਰ ਪ੍ਰਸਾਦਿ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪॥
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥

ਜਿਸ ਪਰਮੇਸ਼ਰ ਨੇ ਜਗਤ ਨੂੰ ਉਤਪੰਨ ਕੀਤਾ ਹੈ, ਉਸੇ (ਪ੍ਰਭੂ) ਨੇ ਦੇਖਿਆ=ਪਾਲਿਆ ਹੈ, ਅਤੇ ਜਗਤ ਨੂੰ ਧੰਦਿਆਂ ਵਿਚ ਲਗਾਇਆ ਹੈ।

ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥

ਉਸ ਦੇ ਨਾਮ-ਦਾਨ ਕਰ ਕੇ ਘਰ ਵਿਚ ਚਾਨਣਾ=ਪ੍ਰੋਖ ਗਿਆਨ ਹੁੰਦਾ ਹੈ ਅਤੇ ਉਸ ਦੀ ਕਿਰਪਾ ਕਰ ਕੇ ਹੀ ਤਨ ਵਿਚ ਅਪ੍ਰੋਖ ਗਿਆਨ ਰੂਪੀ ਚੰਦਰਮਾ ਪ੍ਰਕਾਸ਼ਣੇ ਵਿਚ ਆਇਆ ਹੈ*।

ਅਥਵਾ:-ਉਸ ਦੇ ਨਾਮ-ਦਾਨ ਕਰ ਕੇ ਹੀ ਘਟ ਵਿਚ ਸਤੋ ਗੁਣ, ਵਾ:-ਵੈਰਾਗ ਰੂਪੀ ਚੰਦ੍ਰਮਾ ਦੀਪਾਇਆ=ਪ੍ਰਕਾਸ਼ਿਆ ਤਾਂ ਘਟ ਵਿਚ ਚਾਨਣਾ=ਅਪ੍ਰੋਖ ਗਿਆਨ ਹੋਇਆ।

ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥
ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥

ਹਰੀ ਦੇ ਨਾਮ-ਦਾਨ ਕਰ ਕੇ ਜਦ ਸਤੋ ਗੁਣ, ਵੈਰਾਗ, ਅਪ੍ਰੋਖ ਗਿਆਨ ਰੂਪੀ ਚੰਦ੍ਰਮਾ ਪ੍ਰਕਾਸ਼ਿਆ ਤਾਂ ਦੁਖਦਾਈ ਅਗਿਆਨ ਰੂਪੀ ਹਨੇਰਾ ਉੱਠ ਗਿਆ। ਸ਼ੁਭ-ਗੁਣਾਂ ਰੂਪੀ ਜੰਞ ਲਾੜੇ=ਪਤੀ-ਪਰਮੇਸ਼ਰ ਦੇ ਨਾਲ ਸ਼ੋਭ ਰਹੀ ਹੈ, ਸ੍ਰਿਸ਼ਟ ਜਗਿਆਸੂ ਰੂਪ ਮੋਹਣੀਐ=ਇਸਤ੍ਰੀਆਂ ਨੇ ਪਰਖ ਨੇ ਉਸ ਪਤੀ-ਪਰਮੇਸ਼ਰ ਨੂੰ ਪਰਾਪਤ ਕੀਤਾ ਹੈ।

ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ੧ ॥

ਇਸ ਤਰ੍ਹਾਂ ਸ਼ੋਭਾ ਦੇ ਨਾਲ ਵਿਆਹ ਹੋਇਆ, ਪੰਚ=ਸ੍ਰਿਸ਼ਟ ਸਤਿਗੁਰਾਂ ਦੇ ਉਪਦੇਸ਼ ਦੁਆਰਾ ਪਰਮੇਸ਼ਰ ਆ ਕੇ ਪ੍ਰਾਪਤ ਹੋਇਆ। ਜਿਸ ਪਰਮੇਸ਼ਰ ਨੇ ਜਗਤ ਨੂੰ ਉਤਪੰਨ ਕੀਤਾ ਹੈ, ਉਸ ਨੇ ਦੇਖਿਆ=ਪਾਲਿਆ ਅਤੇ ਸਾਰੇ ਜਗਤ ਨੂੰ ਧੰਦਿਆਂ ਵਿਚ ਲਗਾਇਆ ॥ ੧ ॥

**ਕਿਉਂਕਿ ਪ੍ਰੋਖ-ਅਪ੍ਰੋਖ ਭੇਦ ਕਰਕੇ ਬ੍ਰਹਮ-ਗਿਆਨ ਦੋ ਪ੍ਰਕਾਰ ਦਾ ਹੈ, ਸੱਤ, ਚਿੱਤ, ਅਨੰਦ ਰੂਪ ਬ੍ਰਹਮ ਹੈ, ਇਸ ਤਰ੍ਹਾਂ ਜੋ ਜਾਨਣਾ, ਉਹ ਪ੍ਰੋਖ ਬ੍ਰਹਮ-ਗਿਆਨ ਹੈ। ਪ੍ਰਸ਼ਨ-'ਪੋਖ ਬ੍ਰਹਮ ਗਿਆਨ ਕਿਵੇਂ ਹੁੰਦਾ ਹੈ?' ਉੱਤਰ -ਸਤਿਗੁਰਾਂ ਦੇ ਅਤੇ ਸ਼ਾਸਤਰਾਂ ਦੇ ਬਚਨਾਂ ਵਿਚ ਵਿਸ਼ਵਾਸ ਰਖਣ ਨਾਲ ਪ੍ਰੋਖ ਬ੍ਰਹਮ ਗਿਆਨ ਹੁੰਦਾ ਹੈ। ਪ੍ਰਸ਼ਨ-ਪ੍ਰੋਖ ਬ੍ਰਹਮ ਗਿਆਨ ਕਰ ਕੇ ਕੀ ਫਲ ਪਰਾਪਤ ਹੁੰਦਾ ਹੈ?' ਉੱਤਰ-'ਅਸੱਤ੍ਹਾ ਪਾਦਕ ਅਵਰਨ ਦੀ ਨਵਿਰਤੀ ਹੁੰਦੀ ਹੈ।*

ਅਗਿਆਨ ਦੀਆਂ ਦੋ ਸ਼ਕਤੀਆਂ ਹਨ- ੧. ਅਵਰਨ, ੨. ਵਿਖੇਪ। ਅੱਗੋਂ ਅਵਰਨ ਦੀਆਂ ਦੋ ਸ਼ਕਤੀਆਂ ਹਨ ਇਕ ਅਸ਼ੱਤ੍ਹਾ ਪਾਦਕ। ਦੂਜੀ ਅਭਾਨਾ ਪਾਦਕ। ਇਨ੍ਹਾਂ ਦੋਹਾਂ ਦੀ ਨਵਿਰਤੀ ਵਾਸਤੇ ਦੋ ਪਰਕਾਰ ਦਾ ਬ੍ਰਹਮ ਗਿਆਨ ਕਿਹਾ ਹੈ-ਪ੍ਰੋਖ ਅਪ੍ਰੋਖ ਭੇਦ ਕਰ ਕੇ।

ਵਸਤੂ ਨਹੀਂ ਹੈ ਐਸੀ ਪਰਤੀਤ ਕਰਾਉਣ ਵਾਲੀ ਜੋ ਸ਼ਕਤੀ ਹੈ ਉਸ ਨੂੰ ਅਸੱਤ੍ਹਾ ਪਾਦਕ ਕਹਿੰਦੇ ਹਨ। ਕਿ ਪਰਮਾਤਮਾ ਹੈ ਹੀ ਨਹੀਂ। ਪ੍ਰਸ਼ਨ-'ਅਪ੍ਰੋਖ ਬ੍ਰਹਮ ਗਿਆਨ ਕਿਸ ਨੂੰ ਕਹਿੰਦੇ ਹਨ?' ਉੱਤਰ-ਸੱਤ, ਚਿੱਤ ਅਨੰਦ ਰੂਪ ਬ੍ਰਹਮ ਮੈਂ ਹੂੰ ਐਸਾ ਜੋ ਜਾਨਣਾ ਹੈ ਉਸ ਨੂੰ ਅਪ੍ਰੋਖ ਬ੍ਰਹਮ ਗਿਆਨ ਕਹਿੰਦੇ ਹਨ।

ਪ੍ਰਸ਼ਨ-'ਅਪ੍ਰੋਖ ਬ੍ਰਹਮ ਗਿਆਨ ਕਿਸ ਤੋਂ ਹੁੰਦਾ ਹੈ?'

ਉੱਤਰ-ਗੁਰੂ ਮੁਖ ਤੋਂ ਤੱਤ੍ਹਮਸੀ ਆਦਿਕ ਮਹਾਂ ਵਾਕ ਦੇ ਸੁਣਨ ਨਾਲ ਅਪ੍ਰੋਖ ਬ੍ਰਹਮ ਗਿਆਨ ਹੁੰਦਾ ਹੈ।

ਪ੍ਰਸ਼ਨ-'ਅਪ੍ਰੋਖ ਗਿਆਨ ਦਾ ਫਲ ਕੀ ਹੈ?'

ਉੱਤਰ-ਅਭਾਨਾ ਪਾਦਕ (ਵਸਤੂ ਦੀ ਪ੍ਰਤੀਤੀ ਨਾ ਹੋਣੀ) ਅਵਰਨ ਅਤੇ ਵਿਸ਼ੇਸ਼ ਰੂਪ ਕਾਰਜ ਸਹਿਤ ਅਵਿਦਿਆ ਦੀ ਨਵਿਰਤੀ ਹੀ ਅਪ੍ਰੋਖ ਬ੍ਰਹਮ ਗਿਆਨ ਦਾ ਫਲ ਹੈ।

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥

ਉਹਨਾਂ ਸੱਜਣ ਮਹਾਤਮਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਮਿੱਤਰਾਂ ਦੀ ਅਵਰੀਤਾ=ਹੋਰ ਹੀ ਰੀਤੀ ਹੈ। ਲੋਕ ਤਾਂ ਮਾਇਆ ਨੂੰ ਗ੍ਰਹਿਣ ਕਰਦੇ ਹਨ, ਤੇ ਸੰਤ ਜਨ ਤਿਆਗਦੇ ਹਨ। ਇਹ ਸਰੀਰ ਜਿਨ੍ਹਾਂ ਮਹਾਤਮਾਂ ਦੀ ਸੇਵਾ-ਟਹਲ ਕਰਨ ਨਾਲ ਗਾਡਿਆ=ਮਿਲਿਆ ਹੋਇਆ ਹੈ, ਉਹਨਾਂ ਨੂੰ ਮਨ ਦਿੱਤਾ ਤੇ ਉਪਦੇਸ਼ ਲੀਤਾ।

ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥
ਜਿਨ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥

ਜਿਨ੍ਹਾਂ ਦੇ ਨਾਲ ਮਨ ਦਿੱਤਾ ਤੇ ਨਾਮ ਦਾ ਉਪਦੇਸ਼ ਲੀਤਾ ਹੈ।

ਅਥਵਾ:-ਜਿਨ੍ਹਾਂ ਦਾ ਦਿੱਤਾ ਹੋਇਆ ਮਾਨ ਲਿਆ ਹੈ, ਉਹ ਸੱਜਣ ਮਹਾਤਮਾਂ ਕਿਵੇਂ ਭੁੱਲ ਸਕਦੇ ਹਨ? ਜਿਨ੍ਹਾਂ ਸੰਤਾਂ ਦੀ ਦਿਸਿ=ਤਰਫ਼ ਆਉਣ ਕਰ ਕੇ ਬਿਅੰਤ ਰਲੀਆ ਹੋਹਿ=ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਐਸੇ ਸੰਤਾਂ ਨੂੰ ਆਪਣੇ ਜੀਅ ਦੇ ਨਾਲ ਫੜ ਰਹਿਣਾ ਕਰੇ ਭਾਵ ਉਨ੍ਹਾਂ ਦੇ ਚਰਨਾਂ ਦਾ ਧਿਆਨ ਰੱਖੇ।

ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ੨ ॥

ਜਿਨ੍ਹਾਂ ਸੰਤਾਂ ਵਿਚ ਸਾਰੇ ਸ਼ੁਭ-ਗੁਣ ਹੀ ਹਨ, ਔਗੁਣ ਕੋਈ ਭੀ ਨਹੀਂ, ਨਿਤਾਪ੍ਰਤੀ ਗੁਣ ਹੀ ਗੁਣ ਹੁੰਦੇ ਹਨ। ਐਸੇ ਸੱਜਣ ਮਹਾਤਮਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਮਿੱਤਰਾਂ ਦੀ ਹੋਰ ਹੀ ਰੀਤੀ ਹੈ॥ ੨ ॥

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥

ਜੇਕਰ ਕਿਸੇ ਸੱਜਣ ਮਹਾਤਮਾਂ ਦਾ ਅੰਤਹਕਰਨ ਸ਼ੁਭ-ਗੁਣਾਂ ਦਾ ਵਾਸੁਲਾ=ਡੁੱਬਾ ਹੋਵੇ, ਤਾਂ ਉਸ ਵਿੱਚੋਂ ਸ਼ੁਭ ਕੱਢ ਕੇ ਭਗਤੀ ਰੂਪ ਵਾਸੁ=ਸੁਗੰਧੀ ਲੈਣਾ ਕਰੀਏ।

ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥

[ਪੰਨਾ ੭੬੬]

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥

ਜੇਕਰ ਸਾਜਨਾ=ਮਹਾਤਮਾਂ ਵਿਚ ਸ਼ੁਭ-ਗੁਣ ਹੋਣ, ਤਾਂ ਉਨ੍ਹਾਂ ਨਾਲ ਮਿਲਕੇ ਸਾਝ=ਭਾਈਵਾਲੀ ਕਰੀਏ। ਸ਼ੁਭ-ਗੁਣਾਂ ਦੀ ਸਾਝ=ਭਾਈਵਾਲੀ ਕਰੀਏ, ਤੇ ਔਗੁਣਾਂ ਨੂੰ ਛੱਡ ਕੇ ਪਰਮੇਸ਼ਰ ਦੀ ਤਰਫ਼ ਚੱਲੀਏ।

ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥

ਪ੍ਰੇਮ ਰੂਪੀ ਪਟੰਬਰ ਨੂੰ ਪਹਿਰ ਕੇ ਸ਼ੁਭ ਗੁਣਾਂ ਦੇ ਅਡੰਬਰ ਨੂੰ ਬਨਾਉਣਾ ਕਰੀਏ, ਸ਼ੁਭ ਗੁਣਾਂ ਦੇ ਅਡੰਬਰ ਨੂੰ ਬਣਾਕੇ ਗਿਆਨ ਰੂਪ ਪਟੰਬਰ ਨੂੰ ਪਹਿਰੇ, ਅਤੇ ਆਪਣੇ ਪਿੜ=ਸਰੂਪ ਨੂੰ ਮੱਲਣਾ ਕਰੀਏ। ਜਿਥੇ ਭੀ ਜਾ

ਕੇ ਬੈਠੀਏ ਓਥੇ ਭਲਾ ਬਚਨ ਹੀ ਕਥਨ ਕਰੀਏ, ਤੇ ਵਾਸ਼ਨਾ, ਵਾ:-ਪੰਜਾ ਕੋਸ਼ਾ ਰੂਪੀ ਬੂਰ ਨੂੰ ਝੋਲਿ=ਹਟਾਕੇ,

ਅਥਵਾ:-ਝੋਲਿ=ਵਿਚਾਰ ਕੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ ਪੀਣਾ ਕਰੀਏ।

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥ ੩॥

ਜੇਕਰ ਮਹਾਤਮਾਂ ਦਾ ਅੰਤਹਕਰਨ ਸ਼ੁਭ-ਗੁਣਾਂ ਦਾ ਵਾਸੁਲਾ=ਡੱਬਾ ਹੋਵੇ ਤਾਂ ਉਸ ਵਿੱਚੋਂ ਸ਼ੁਭ-ਗੁਣ ਕੱਢ ਕੇ ਭਗਤੀ ਰੂਪ ਸੁਗੰਧੀ ਲੈਣਾ ਕਰੀਏ॥ ੩॥

ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥
ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ॥

ਉਹ ਪਰਮੇਸ਼ਰ ਆਪ ਹੀ ਸਭ ਕੁਝ ਕਰਦਾ ਹੈ, ਹੋਰ ਕਿਸਨੂੰ ਆਖੀਏ ਜੋ ਕੁਛ ਕਰ ਦੇਵੇ, ਕਿਉਂਕਿ ਹੋਰ ਕੋਈ ਕੁਝ ਕਰਨੇ ਨੂੰ ਸਮਰੱਥ ਨਹੀਂ ਹੈ। ਹੋਰ ਕਿਸੇ ਨੂੰ ਆਖਣ ਵਾਸਤੇ ਤਾਂ ਜਾਈਏ, ਜੇਕਰ ਉਹ ਪਰਮੇਸ਼ਰ ਭੁੱਲਾ ਹੋਇਆ ਹੋਵੇ।

ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ॥
ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ॥

ਜੇਕਰ ਭੁੱਲਾ ਹੋਇਆ ਹੋਵੇ, ਤਾਂ ਜਾ ਕੇ ਕਹੀਏ ਭੀ ਸਹੀ, ਉਹ ਕਰਤਾ ਵਾਹਿਗੁਰੂ ਆਪ ਕਿਵੇਂ ਭੁਲ ਸਕਦਾ ਹੈ? ਪ੍ਰਤੱਖ ਜੇ ਕਿਸੇ ਨੂੰ ਸੁਣਾਈਏ ਕਿ ਮੇਰੇ ਕਪੜੇ ਪਾਟੇ ਹੋਏ ਹਨ ਤਾਂ ਉਹ ਦੇਂਦਾ ਹੈ, ਜਾਂ ਕਿਸੇ ਨੂੰ ਦਿਖਾਈਏ ਤਾਂ ਉਹ ਦੇਂਦਾ ਹੈ ਜਾਂ ਆਪਣੇ ਮੂੰਹੋਂ ਕਹੀਏ ਕਿ ਮੈਂ ਬੜਾ ਗ਼ਰੀਬ ਹਾਂ ਮੈਨੂੰ ਕੁਝ ਮਿਲਣਾ ਚਾਹੀਦਾ ਹੈ, ਤਦ ਉਹ ਦੇਂਦਾ ਹੈ। ਲੇਕਿਨ ਉਹ ਪ੍ਰਮੇਸ਼ਰ ਐਸਾ ਦਿਆਲੂ ਹੈ, ਕਿ ਸੁਣੇ ਦੇਖੇ ਅਤੇ ਕਹੇ ਤੋਂ ਬਿਨਾਂ ਹੀ ਅਣ-ਮੰਗਿਆ ਦਾਨ ਦੇਂਦਾ ਹੈ। ਵਾ:-ਜਿਨ੍ਹਾਂ ਨੂੰ ਦਾਨ ਦੇਂਦਾ ਹੈ ਉਨ੍ਹਾਂ ਫਿਰ ਅਣ-ਮੰਗ ਕਰ ਦੇਂਦਾ ਹੈ ਭਾਵ ਫਿਰ ਮੰਗਣ ਜੋਗਾ ਨਹੀਂ ਰੱਖਦਾ। ਵਾ:-ਅਣਮੰਗ ਜੋ ਮਹਾਤਮਾਂ ਹਨ ਉਨ੍ਹਾਂ ਨੂੰ ਭੀ ਓਹੀ ਦਾਨ ਦੇਂਦਾ ਹੈ।

ਵਾ:-ਅਣ-ਮੰਗਿਆ ਦਾਨ ਜੋ ਦੁੱਖ ਹੈ ਜਿਸਨੂੰ ਕੋਈ ਨਹੀਂ ਮੰਗਦਾ, ਦੁੱਖ ਦਾ ਦਾਨ ਭੀ ਓਹੀ ਦੇਂਦਾ ਹੈ।

ਅਥਵਾ:-ਜੋ ਦਾਨ ਮੰਗਿਆ ਹੋਇਆਂ ਕੋਈ ਨਾ ਦੇਵੇ, 'ਧਾਮ, ਬਾਮ, ਸਰੂਪ', (ਘਰ, ਇਸਤ੍ਰੀ, ਆਪਣਾ ਸੁੰਦਰ ਸਰੂਪ) ਉਸ ਨੂੰ ਭੀ ਓਹੀ ਦੇਂਦਾ ਹੈ।

ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ॥
ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥ ੪॥ ੧॥ ੪॥

ਓਹੀ ਦਾਤਾ ਦਾਨ ਦੇਂਦਾ ਹੈ, ਜੋ ਜਗਤ ਕਾ ਫਲਬਰ ਦਾਤਾ ਹੈ, ਨਾਨਕਾ=ਗੁਰੂ ਜੀ ਕਥਨ ਕਰਦੇ ਹਨ-ਉਹ ਪਰਮਾਤਮਾ ਸੱਚਾ ਹੈ। ਉਹ ਪਰਮੇਸ਼ਰ ਆਪ ਹੀ ਸਭ ਕਰਦਾ ਹੈ ਹੋਰ ਕਿਸ ਨੂੰ ਆਖੀਏ ਜੇ ਕੁਝ ਕਰ ਦੇਵੇ ਕਿਉਂਕਿ ਹੋਰ ਕੋਈ ਭੀ ਕਰਨੇ ਨੂੰ ਸਮੱਰਥ ਨਹੀਂ ਹੈ॥ ੪॥ ੧॥ ੪॥

ਸੂਹੀ ਮਹਲਾ ੧॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥
ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥

ਮੇਰਾ ਮਨ ਪ੍ਰੇਮ ਵਿਚ ਰਤਾ ਹੋਇਆ ਪਰਮੇਸ਼ਰ ਦੇ ਗੁਣਾਂ ਨੂੰ ਰਵੈ=ਉਚਾਰਦਾ ਹੈ, ਅਤੇ ਮੇਰੇ ਮਨ ਵਿਚ

ਵੀ ਓਹੀ ਪਰਮੇਸ਼ਰ ਭਾਉਂਦਾ ਹੈ। ਸਚ ਦੀ ਪ੍ਰਾਪਤੀ ਕਰਾਉਣ ਵਾਲੀ ਜੋ ਗੁਰਾਂ ਦੀ ਸਿਖਿਆ ਰੂਪ ਪਉੜੀ ਹੈ, ਉਸ ਕਰਕੇ ਸੱਚਾ ਸੁਖ ਪ੍ਰਾਪਤ ਹੁੰਦਾ ਹੈ।

ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥
ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥

ਜੇਕਰ ਜੀਵ ਨੂੰ ਸਚ-ਨਾਮ ਜਪਣਾ ਭਾ ਜਾਵੇ ਤਾਂ ਸਹਜੇ ਹੀ ਸੁਖ ਆ ਕੇ ਪ੍ਰਾਪਤ ਹੁੰਦਾ ਹੈ, ਸਚ-ਸਰੂਪ ਦੀ ਪ੍ਰਾਪਤੀ ਵਾਲੀ ਜੋ ਗੁਰਸਿਖਿਆ ਹੈ ਉਹ ਫਲ ਦਿੱਤੇ ਵਗੈਰ ਕਿਵੇਂ ਹਟ ਸਕਦੀ ਹੈ? ਉਹ ਪਰਮਾਤਮਾ ਆਪ ਅਛੱਲ ਹੈ, ਮਜਨੁ ਇਸਨਾਨੁ=ਪਰਬਾਂ ਦੇ ਇਸ਼ਨਾਨ, ਦਾਨ ਅਤੇ ਸ਼ਾਸਤ੍ਰ-ਗਿਆਨ (ਚੰਗਾ ਗਿਆਨ, ਚੰਗੀ ਫਿਲਾਸਫੀ) ਇਨ੍ਹਾਂ ਕਰਕੇ ਉਹ ਪਰਮੇਸ਼ਰ ਕਿਵੇਂ ਛਲਿਆ ਜਾ ਸਕਦਾ ਹੈ?

ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥
ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥ ੧॥

ਜਿਸ ਵੇਲੇ ਪਰਪੰਚ=ਛਲਵਲ ਕਰਨਾ, ਪਦਾਰਥਾਂ ਦਾ ਮੋਹ, ਵਿਸ਼ੇ ਵਿਕਾਰ ਇਹ ਸਾਰੇ ਥੱਕ ਗਏ, ਤਾਂ ਕੂੜੁ=ਝੂਠ ਤੇ ਕਪਟ ਇਹ ਦੋਨੋਂ ਭੀ ਨਾ ਰਹੇ। ਮੇਰਾ ਮਨ ਰੱਤਾ ਹੋਇਆ ਪਰਮੇਸ਼ਰ ਦੇ ਗੁਣਾਂ ਨੂੰ ਗਾਉਂਦਾ ਹੈ, ਅਤੇ ਮੇਰੇ ਮਨ ਵਿਚ ਭੀ ਓਹੀ ਪਰਮੇਸ਼ਰ ਭਾਉਂਦਾ ਹੈ॥ ੧॥

ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥
ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥

ਉਸ ਸਾਹਿਬ ਨੂੰ ਸਲਾਹੁਣਾ ਕਰੀਏ, ਜਿਸ ਨੇ ਕਾਰਨ ਕਾਰਜ ਸਭਨਾਂ ਨੂੰ ਪੈਦਾ ਕੀਤਾ ਹੈ। ਮੈਲੇ ਮਨ ਵਾਲਿਆਂ ਨੂੰ ਰਾਗ-ਦ੍ਵੈਸ਼ ਰੂਪ ਮੈਲ ਲੱਗ ਰਹੀ ਹੈ, ਪਰ ਕਿਸੀ ਵਿਰਲੇ ਗੁਰਮੁਖ ਨੇ ਹੀ ਨਾਮ ਅੰਮ੍ਰਿਤ ਪੀਤਾ ਹੈ।

ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ॥
ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ॥

ਜਿਸ ਪੁਰਸ਼ ਨੇ ਇਹ ਮਨ ਗੁਰਾਂ ਨੂੰ ਅਰਪਣ ਕਰ ਦਿੱਤਾ ਹੈ, ਉਸ ਨੇ ਮਥਿ=ਵਿਚਾਰ ਕੇ ਨਾਮ-ਅੰਮ੍ਰਿਤ ਪੀਤਾ ਹੈ, ਅਤੇ ਗੁਰਾਂ ਦੇ ਪਾਸੋਂ ਹੀ ਆਤਮਿਕ ਆਨੰਦ ਦਾ ਮੁੱਲ ਕਰਾਇਆ ਹੈ। ਉਸ ਨੇ ਆਪਣੇ ਪ੍ਰਭੂ ਨੂੰ ਸਹਜੇ ਹੀ ਪਛਾਣਿਆ ਹੈ, ਜਦ ਇਹ ਮਨ ਸੱਚੇ ਵਾਹਿਗੁਰੂ ਵਿਚ ਲਗਾਇਆ।

ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ॥
ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ॥ ੨॥

ਜੇ ਤਿਸਨੂੰ ਭਾਵਾ=ਚਾਹਵਾਂ ਤਾਂ ਉਸ ਮਹਾਤਮਾਂ ਨਾਲ ਮਿਲਕੇ ਗੁਣ ਗਾਇਣ ਕਰਾਂ, ਅਤੇ ਐਸੇ ਬੇਨਤੀ ਕਰਾਂ ਕਿ ਪਰਾਇਆ ਹੋਇਆ ਜੋ ਪਰਮੇਸ਼ਰ ਹੈ ਉਹ ਕਿਵੇਂ ਮਿਲੇ? ਉੱਤਰ:-

ਹੇ ਭਾਈ ! ਉਸ ਸਾਹਿਬ ਨੂੰ ਸਲਾਹੁਣਾ ਕਰ, ਜਿਸ ਨੇ ਸਾਰੇ ਜਗਤ ਨੂੰ ਉਤਪੰਨ ਕੀਤਾ ਹੈ॥ ੨॥

ਆਇ ਗਇਆ ਕੀ ਨ ਆਇਓ ਕਿਉ ਆਵੈ ਜਾਤਾ ॥

ਜਿਸ ਵੇਲੇ ਪਰਮੇਸ਼ਰ ਆਇ ਗਇਆ=ਆ ਕੇ ਪ੍ਰਾਪਤ ਹੋ ਗਿਆ, ਤਾਂ ਕੀ ਨਾ ਆਇਓ=ਕਿਹੜਾ ਪਦਾਰਥ ਆ ਕੇ ਪ੍ਰਾਪਤ ਨ ਹੋਇਆ, ਅਰਥਾਤ ਸਭ ਕੁਝ ਆ ਗਿਆ, ਉਹ ਪਰਮੇਸ਼ਰ ਇਕ ਵਾਰ ਜਦ ਆ ਕੇ ਮਿਲ ਗਿਆ ਤਾਂ ਕਿਉ ਜਾਤਾ=ਜਿਵੇਂ ਜਾਂਦਾ ਹੈ, ਭਾਵ ਫਿਰ ਨਹੀਂ ਜਾਂਦਾ।

ਯਥਾ:- ''ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥''

(ਗਉੜੀ ਮ:੫, ਪੰਨਾ ੨੪੯)

ਦੂਜਾ ਅਰਥ:-ਇਹ ਜੀਵ ਜਿਸ ਵੇਲੇ ਪਰਮੇਸ਼ਰ ਦੀ ਤਰਫ ਭਾਵ ਸਤਿਸੰਗ ਵਿਚ ਆ ਗਿਆ, ਤਾਂ ਕੀ=ਕਿਹੜਾ ਪਦਾਰਥ ਆ ਕੇ ਪ੍ਰਾਪਤ ਨਾ ਹੋਇਆ, ਭਾਵ ਸਾਰੇ ਪਦਾਰਥ ਆ ਗਏ, ਉਹ ਫੇਰ ਕਿਵੇਂ (ਆਵੈ ਜਾਤਾ) ਜੰਮਦਾ ਮਰਦਾ ਹੈ ਅਰਥਾਤ ਨਾ ਜੰਮਦਾ ਹੈ, ਨਾ ਮਰਦਾ ਹੈ।

ਤੀਜਾ ਅਰਥ:- ਜਿਸ ਵੇਲੇ ਆਇਆ ਗਿਆਨ ਤੇ ਗਇਆ ਅਗਿਆਨ ਤਾਂ 'ਕੀ ਨ ਆਇਓ' =ਕਿਹੜਾ ਸਾਧਨ ਨਾ ਹੋ ਆਇਆ, ਭਾਵ ਸਭ ਸਾਧਨ ਹੋ ਗਏ, ਆਇਆ ਹੋਇਆ ਗਿਆਨ ਜਾਵੇ ਕਿਉ? ਤੇ ਗਿਆ ਹੋਇਆ ਅਗਿਆਨ ਆਵੇ ਕਿਉਂ? ਅਰਥਾਤ ਫਿਰ ਨਹੀਂ ਆਉਂਦਾ।

ਪ੍ਰੀਤਮ ਸਿਉ ਮਨੁ ਮਾਨਿਆ ਹਰਿ ਸੇਤੀ ਰਾਤਾ ॥

ਜਦ ਪ੍ਰੀਤਮ=ਪਰਮਾਤਮਾ ਨਾਲ ਮਨ ਮੰਨਿਆ ਗਿਆ ਤਾਂ ਹਰੀ ਦੇ ਸੇਤੀ=ਨਾਲ ਰਾਤਾ=ਮਿਲ ਗਿਆ।

ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟੁ ਉਸਾਰਿਆ ॥
ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ ॥

ਉਸ ਸਾਹਿਬ ਦੇ ਰੰਗ ਵਿਚ ਰੱਤਾ ਹੋਇਆ ਸੱਚ ਦੀਆਂ ਗੱਲਾਂ ਕਰਦਾ ਹੈ, ਜਿਸ ਨੇ ਰਕਤ ਬਿੰਦ ਰੂਪ ਬਿੰਬ=ਜਲ ਦਾ ਕੋਟੁ=ਕਿਲ੍ਹਾ (ਇਹ ਸਰੀਰ) ਉਸਾਰਿਆ=ਬਣਾਉਣਾ ਕੀਤਾ ਹੈ। ਉਹ ਪਰਮੇਸ਼ਰ ਪੰਚ ਭੂ=ਪੰਜਾਂ ਤੱਤਾਂ ਦਾ ਆਪ ਹੀ ਨਾਇਕੋ=ਸੁਆਮੀ ਹੈ ਅਤੇ ਆਪ ਹੀ ਸਭ ਦੇ ਸਿਰੰਦਾ=ਸਿਰਜਨੇ ਵਾਲਾ ਹੈ, ਜਿਸ ਨੇ (ਸਚ ਕਾ ਪਿੰਡੁ) ਸਤਸੰਗ, ਵਾ:-ਇਹ ਸੰਸਾਰ ਸਵਾਰਨਾ ਕੀਤਾ ਹੈ।

ਵਾ:-ਜਿਸ ਸੱਚੇ ਨੇ ਪਿੰਡੁ=ਸਰੀਰ ਦਾ ਸਵਾਰਨਾ ਕੀਤਾ ਹੈ।

ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥
ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ ॥ ੩ ॥

ਹੇ ਪਿਆਰੇ ਵਾਹਿਗੁਰੂ ! ਤੂੰ ਮੇਰੀ ਬੇਨਤੀ ਸੁਣ, ਮੈਂ ਔਗੁਣਤਾਈ ਦਾ ਘਰ ਹਾਂ, ਪਰ ਜੇ ਤੈਨੂੰ ਭਾਉਂਦਾ ਹੈ ਉਹੀ ਸੱਚਾ ਹੈ। ਉਸ ਦਾ ਆਉਣਾ ਜਾਣਾ ਨਹੀਂ ਹੁੰਦਾ, ਜਿਸ ਨੂੰ ਗੁਰਾਂ ਦੀ ਸੱਚੀ ਸਿਖਿਆ ਪਰਾਪਤ ਹੋਈ ਹੈ ॥ ੩ ॥

ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ ॥ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ ॥

ਗੁਰਾਂ ਦੁਆਰੇ ਬੁੱਧੀ ਰੂਪ ਅੱਖਾਂ ਵਿਚ ਉਹੋ ਜੇਹਾ ਗਿਆਨ ਰੂਪੀ ਅੰਜਨੁ=ਸੁਰਮਾ ਅੰਜੀਐ=ਪਾਈਏ ਜਿਹੋ ਜਿਹਾ ਪਿਰੀ ਨੂੰ ਭਾ ਜਾਵੇ। ਜੋ ਪਰਮਾਤਮਾ ਅੰਦਰ ਦੀ ਗੱਲ ਨੂੰ ਸਮਝਦਾ ਹੈ, ਤੇ ਬਾਹਰਦੀ ਗੱਲ ਨੂੰ ਭੀ

ਸੂਝੈ=ਜਾਣਦਾ ਹੈ, ਉਸ ਪਰਮੇਸ਼ਰ ਨੂੰ ਜਾਣੀਏ, ਪਰ ਜਾਣਦਾ ਤਦ ਹੈ ਜੇ ਆਪ ਪਰਮੇਸ਼ਰ ਜਣਾਵੇ।

ਦੂਜਾ ਅਰਥ:- ਜੇਕਰ ਆਪ ਪਰਮੇਸ਼ਰ ਜਣਾਵੇ, ਤਾਂ ਇਹ ਜੀਵ ਗੁਰਾਂ ਦੇ ਉਪਦੇਸ਼ ਨੂੰ ਸਮਝ ਕੇ ਨਾਮ ਜਪਣ ਦੀ ਸੂਝੈ=ਗਿਆਤ ਵਾਲਾ ਹੋ ਕੇ ਪਰਮੇਸ਼ਰ ਨੂੰ ਜਾਣਦਾ ਹੈ।

ਤੀਜਾ ਅਰਥ:- ਜੇਕਰ ਆਪ ਪਰਮੇਸ਼ਰ ਜਣਾਵੇ, ਤਾਂ ਸਮਝੈ-ਨਿਸ਼ਕਾਮ ਕਰਮਾਂ ਨੂੰ, ਸੂਝੈ-ਉਪਾਸ਼ਨਾ ਨੂੰ, ਜਾਣੀਐ=ਗਿਆਨ ਨੂੰ।

ਚੌਥਾ ਅਰਥ:- ਸਮਝੈ-ਸ੍ਰਵਨ ਨੂੰ, ਸੂਝੈ-ਮੰਨਣ ਨੂੰ, ਜਾਣੀਐ-ਨਿਧਿਆਸਣ ਨੂੰ। ਅਥਵਾ:-ਸਮਝੈ=ਤ੍ਵੰ ਪਦ ਨੂੰ, ਸੂਝੈ=ਤਤ ਪਦ ਨੂੰ, ਜਾਣੀਐ=ਜਾਣਦਾ ਹੈ ਦੋਨਾਂ ਦੀ ਅਭੇਦਤਾ ਨੂੰ ਕਿ ਤ੍ਵੰ ਤਤ, ਤਤ ਤ੍ਵੰ।

ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ॥

ਆਪੇ ਜਣਾਉਂਦਾ ਹੈ, ਆਪੇ ਰਾਹੇ ਪਾਉਂਦਾ ਹੈ, ਅਤੇ ਆਪ ਹੀ ਆਪਣੇ ਵਲ ਮਨ ਨੂੰ ਲਾ ਲੈਂਦਾ ਹੈ।

ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ॥

ਚੰਗੇ ਮੰਦੇ ਕਰਮ ਭੀ ਆਪੇ ਕਰਾਉਂਦਾ ਹੈ, ਉਸ ਅਭੇਦ ਰੂਪ ਪਰਮਾਤਮਾ ਦੀ ਕੀਮਤ ਨੂੰ ਕੌਣ ਜਾਣ ਸਕਦਾ ਹੈ।

ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥ ੪॥

ਇਸ ਤਰ੍ਹਾਂ ਬੇਨਤੀ ਕਰੇ, ਹੇ ਵਾਹਿਗੁਰੂ ! ਮੈਂ ਕੋਈ ਮੰਤਰ ਤੰਤਰ ਵਗੈਰਾ ਨਹੀਂ ਜਾਣਦਾ ਅਤੇ ਨਾ ਹੀ ਕੋਈ ਪਖੰਡ ਕਰਨਾ ਜਾਣਦਾ ਹਾਂ, ਜਿਨ੍ਹਾਂ ਦੇ ਹਿਰਦੇ ਵਿਚ ਰਾਮ ਹੈ ਉਹਨਾਂ ਸੰਤਾਂ ਉੱਤੇ ਮੇਰਾ ਮਨ ਮੰਨਿਆ ਗਿਆ ਹੈ। ਜਿਨ੍ਹਾਂ ਗੁਰ-ਸ਼ਬਦੀਆਂ ਨੇ ਸੱਚ ਨੂੰ ਜਾਣਿਆ ਹੈ, ਉਹਨਾਂ ਦੇ ਪਾਸੋਂ ਨਾਮ ਰੂਪੀ ਅੰਜਨੁ ਸੂਝੈ=ਸੁਰਮਾ ਪ੍ਰਾਪਤ ਹੁੰਦਾ ਹੈ॥ ੪॥

ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ॥
ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ॥

ਜਦ ਸੰਤ ਸੱਜਣ ਆਪਣੇ ਸਹਾਈ ਹੋ ਜਾਣ, ਤਦ ਮੁਕਤੀ ਦੀ ਪ੍ਰਾਪਤੀ ਵਾਸਤੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪੀ ਪਰਾਏ ਘਰ ਵਿਚ ਕਿਸ ਲਈ ਜਾਣਾ ਹੈ, ਭਾਵ ਕੋਈ ਲੋੜ ਨਹੀਂ ਜਾਣ ਦੀ। ਸੱਜਣ ਜੋ ਸੰਤ ਹਨ ਉਹ ਮਨ ਦੇ ਵਿਚ ਹੀ ਸੱਚ ਦੇ ਨਾਲ ਰਤੇ ਹੋਏ ਹਨ।

ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ॥
ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ॥

ਇਸੇ ਕਰ ਕੇ ਸੱਜਣ ਜੋ ਸੰਤ ਹਨ ਉਹ ਪਰਮੇਸ਼ਰ ਨੂੰ ਮਨ ਦੇ ਵਿਚ ਹੀ ਜਾਣ ਕੇ ਰਲੀਆ=ਖੁਸ਼ੀਆਂ ਕਰਦੇ ਹਨ, ਇਸੀ ਤੇ ਉਹਨਾਂ ਦਾ ਕਰਮ ਧਰਮ ਸਬਾਇਆ=ਸਾਰਾ ਸਫਲ ਹੈ। ੬੮ ਤੀਰਥਾਂ ਪਰ ਇਸ਼ਨਾਨ ਕਰਨੇ ਦਾ ਪੁੰਨ ਅਤੇ ਠਾਕੁਰ ਪੂਜਾ ਦਾ ਫਲ, ਸਭ ਉਸ ਨੂੰ ਪ੍ਰਾਪਤ ਹੋ ਗਿਆ ਹੈ, ਜਿਸ ਦੇ ਮਨ ਵਿਚ ਸੱਚੇ ਦਾ ਨਾਮ ਭਾ ਗਿਆ ਹੈ।

[ਪੰਨਾ ੭੬੭]

ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ ॥

ਜੋ ਪਰਮਾਤਮਾ ਆਪ ਸ੍ਰਿਸ਼ਟੀ ਨੂੰ ਸਾਜਦਾ ਹੈ ਆਪ ਹੀ ਮਰਯਾਦਾ ਵਿਚ ਥਾਪਦਾ ਹੈ ਫਿਰ ਆਪ ਹੀ ਵੇਖੈ=ਪਾਲਦਾ ਹੈ, ਉਸ ਪਰਮੇਸ਼ਰ ਦਾ ਭਾਣਾ ਮੰਨਣਾ ਸੰਤਾਂ ਨੂੰ ਭਾਇਆ ਹੈ।

ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ ॥ ੫ ॥

ਉਹ ਸਾਜਨ=ਮਹਾਤਮਾ ਬ੍ਰਹਮਗਿਆਨ ਰੂਪੀ ਰੰਗ ਵਿਚ ਰੰਗੇ ਹੋਏ ਹਨ,

ਜਿਨ੍ਹਾਂ ਨੇ ਲਾਲੁ=ਪਿਆਰੇ ਪ੍ਰਭੂ ਨਾਲ ਰੰਗੁ=ਪ੍ਰੇਮ ਬਣਾਇਆ ਹੋਇਆ ਹੈ।

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥

ਜੇਕਰ ਅੰਨ੍ਹਾਂ ਅਗਿਆਨੀ ਪੁਰਸ਼ ਲੋਕਾਂ ਦਾ ਆਗੂ=ਗੁਰੂ ਹੋ ਜਾਵੇ ਤਾਂ ਸਿੱਖ ਪਰਮੇਸ਼ਰ ਦੀ ਪ੍ਰਾਪਤੀ ਦੇ ਪਾਧਰੁ=ਰਸਤੇ ਨੂੰ ਕਿਵੇਂ ਜਾਣੇਗਾ?

ਆਪਿ ਮੁਸੈ ਮਤਿ ਹੋਛੀਐ ਕਿਉ ਰਹੁ ਪਛਾਣੈ ॥

ਜੋ ਹੋਛੀਐ=ਤੁਛ ਮਤਿ=ਅਕਲ ਕਰਕੇ ਆਪ ਕਾਮ ਆਦਿਕਾਂ ਤੋਂ ਮੁਸੈ=ਲੁੱਟਿਆ ਗਿਆ ਹੈ, ਉਸ ਦੇ ਪਿੱਛੇ ਲੱਗਣ ਵਾਲਾ ਸਿੱਖ ਪ੍ਰਭੂ ਦੇ ਰਾਹ ਨੂੰ ਕਿਵੇਂ ਪਛਾਣੇਗਾ?

ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥

ਮਹਲੁ=ਸਰੂਪ ਨੂੰ ਪਾਉਣ ਵਾਸਤੇ ਸ਼ੁਭ ਰਸਤੇ ਉੱਤੇ ਕਿਵੇਂ ਜਾਵੇਗਾ, ਕਿਉਂਕਿ ਅੰਨ੍ਹੇ ਪੁਰਸ਼ ਦੀ ਮਤਿ=ਸਿਖਿਆ, ਵਾ:-ਬੁੱਧੀ ਅੰਨ੍ਹੀ ਹੈ।

ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥

ਹਰੀ ਦੇ ਨਾਮ-ਸਿਮਰਨ ਤੋਂ ਬਿਨਾਂ ਹੋਰ ਕੁਝ ਮੁਕਤੀ ਦਾ ਸਾਧਨ ਨਹੀਂ ਸੁਝਦਾ, ਅੰਨ੍ਹੇ ਅਗਿਆਨੀ ਦੀ ਬੁੱਧੀ ਧੰਦਿਆਂ ਵਿਚ ਬੂਡੌ=ਡੁੱਬ ਰਹੀ ਹੈ।

ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥

ਜਿਸ ਨੂੰ ਸਤਸੰਗ ਕਰਨ ਦਾ ਚਾਉ=ਉਤਸ਼ਾਹ ਪੈਦਾ ਹੁੰਦਾ ਹੈ, ਤੇ ਮਨ ਵਿਚ ਗੁਰਾਂ ਦਾ ਉਪਦੇਸ਼ ਵਸਦਾ ਹੈ, ਉਸ ਨੂੰ ਦਿਨ ਰਾਤ ਗਿਆਨ ਦਾ ਚਾਨਣ ਹੁੰਦਾ ਹੈ।

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥ ੬ ॥

ਹੇ ਪੁਰਸ਼ਾ ! ਤੂੰ ਹੱਥ ਜੋੜ ਕੇ ਗੁਰੂ ਪਾਸ ਬੇਨਤੀ ਕਰ, ਕਿਉਂਕਿ ਗੁਰੂ ਹੀ ਪਰਮਾਤਮਾ ਦੀ ਪ੍ਰਾਪਤੀ ਦੇ ਪਾਧਰੁ ਰਾਹੁ=ਖੁਲ੍ਹੇ ਰਸਤੇ ਨੂੰ ਦੱਸਦੇ ਹਨ॥ ੬॥

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥

ਜੇਕਰ ਮਨ ਪਰਦੇਸੀ ਦੀ ਤਰ੍ਹਾਂ ਵੈਰਾਗਵਾਨ ਹੋ ਜਾਵੇ, ਤਾਂ ਸਾਰਾ ਦੇਸ਼ ਹੀ ਪਰਾਇਆ ਨਿਸਚੇ ਕਰਦਾ ਹੈ ਕਿ ਇਹ ਪ੍ਰਭੂ ਦਾ ਹੈ।

ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥

ਕਿਸ ਦੇ ਪਾਸ ਮੈਂ ਆਪਣੇ ਦੁੱਖਾਂ ਦੀ ਗੰਠੜੀ=ਗੰਢ ਖੋਲ੍ਹਾਂ ਭਾਵ ਮੈਂ ਆਪਣਾ ਦੁੱਖ ਕਿਸ ਨੂੰ ਸੁਣਾਵਾਂ, ਕਿਉਂਕਿ ਸਾਰਾ ਸੰਸਾਰ ਹੀ ਦੁੱਖਾਂ ਵਿਚ ਭਰਿਆ ਹੋਇਆ ਹੈ।

ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥

ਸਾਰਾ ਸੰਸਾਰ ਤਾਂ ਦੁੱਖਾਂ ਵਿਚ ਭਰ ਆਇਆ ਹੈ, ਮੇਰਿਆਂ ਦੁੱਖਾਂ ਦੀ ਨਵਿਰਤੀ ਦੀ ਵਿਧੀ ਨੂੰ ਪਰਮੇਸ਼ਰ ਤੋਂ ਬਿਨਾਂ ਕੌਣ ਜਾਣਦਾ ਹੈ?

ਅਥਵਾ:-ਪਰਮੇਸ਼ਰ ਨਾਲ ਮੇਰੀਆ=ਮੇਲਣ ਦੀ ਵਿਧੀ ਨੂੰ ਕੌਣ ਜਾਣਦਾ ਹੈ?

ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥

ਜੰਮਨ ਮਰਨ ਕਰ ਕੇ ਚੰਗੇ ਡਰਾਉਣੇ ਹੋ ਰਹੇ ਹਨ, ਚਉਰਾਸੀ ਲੱਖ ਜੂਨੀਆਂ ਦੇ ਫੇਰਿਆਂ ਦੀ ਤੋਟਿ=ਬੁੜ ਨਹੀਂ ਆਉਂਦੀ।

ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥

ਜਿਨ੍ਹਾਂ ਨੂੰ ਗੁਰਾਂ ਨੇ ਆਪਣਾ ਉਪਦੇਸ਼ ਨਹੀਂ ਸੁਣਾਇਆ, ਉਹ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਊਣੇ ਝੂਣੇ=ਨਿਮੋ-ਝੂਣੇ ਹੋ ਰਹੇ ਹਨ।

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ ੭ ॥

ਜੇਕਰ ਮਨ ਪਰਦੇਸੀ ਦੀ ਤਰ੍ਹਾਂ ਵੈਰਾਗਵਾਨ ਹੋ ਜਾਵੇ, ਤਾਂ ਜਾਣੇਗਾ ਕਿ ਸਾਰਾ ਦੇਸ਼ ਹੀ ਪਰਾਇਆ ਹੈ ॥ ੭ ॥

ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ ॥

ਗੁਰਾਂ ਦੁਆਰੇ ਮਹਲੀ=(ਜਗਿਆਸੂ ਰੂਪ) ਇਸਤਰੀ ਆਪਣੇ (ਸਰੀਰ) ਘਰ ਵਿਚ ਉਸ ਭਰਪੂਰ ਪਤੀ-ਪਰਮੇਸ਼ਰ ਨੂੰ ਲੀਣ ਹੋਇਆ ਨਿਸਚੇ ਕਰੇ।

ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ ॥

ਜੀਵ ਸੇਵਕ ਬਣ ਕੇ ਤਾਂ ਸੇਵਾ ਕਰਦਾ ਹੈ, ਜੋ ਸੱਚੇ ਗੁਰਾਂ ਦੇ ਸ਼ਬਦ ਵਿਚ ਪਤੀਣਾ=ਭਰੋਸਾ ਕਰੇ।

ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ ॥

ਗੁਰਾਂ ਦੇ ਉਪਦੇਸ਼ ਵਿਚ ਪਤੀਜੈ=ਭਰੋਸਾ ਕਰੇ, ਤਾਂ ਅੰਕੁ=ਹਿਰਦਾ ਭਿੱਜਦਾ ਹੈ, ਅਤੇ ਉਸ ਮਹਲੁ=ਪਰਮਾਤਮਾ ਨੂੰ ਸਾਰਿਆਂ ਮਹਲਾ=ਸਰੀਰਾਂ ਦੇ ਅੰਦਰ ਨਿਸਚੇ ਕਰਦਾ ਹੈ।

ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ ॥

ਉਹ ਕਰਤਾ ਪੁਰਖ ਆਪ ਹੀ ਸਭ ਕੁਝ ਕਰਦਾ ਹੈ,

ਅਤੇ ਉਹ ਪ੍ਰਭੂ ਆਪ ਹੀ ਨਿਰੰਤਰੇ=ਇਕਰਸ ਸਭ ਦੇ ਅੰਤਿ=ਅੰਦਰ ਹੈ।

ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ ॥

ਜਾਂ ਗੁਰ ਉਪਦੇਸ਼ ਨਾਲ ਮਿਲਾਪ ਹੋਇਆ ਤੇ ਅਨਹਦ=ਇਕ ਰਸ ਨਾਮਾ ਰੂਪੀ ਬੀਣਾ=ਵਾਜੇ ਵੱਜ ਆਏ

ਤਾਂ ਸੁਹੇਲਾ=ਸੋਭਨੀਕ, ਵਾ:-ਸੁਖੀ ਹੋਇਆ।

ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ ॥ ੮ ॥

ਗੁਰਾਂ ਦੁਆਰੇ ਮਹਲੀ=ਜਗਿਆਸੂ ਨੇ ਆਪਣੇ (ਸਰੀਰ) ਘਰ ਵਿਚ ਉਸ ਭਰਿਪੁਰਿ=ਪੂਰਨ ਪਤੀ-ਪਰਮੇਸ਼ਰ ਨੂੰ ਲੀਣ ਹੋਇਆ ਨਿਸਚੇ ਕੀਤਾ ॥ ੮ ॥

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ ॥

ਪੈਦਾ ਕੀਤਾ ਹੋਇਆ ਜੋ ਜੀਵ ਹੈ ਉਸ ਨੂੰ ਕੀ ਸਲਾਹੁਣਾ ਹੈ, ਜੋ ਪੈਦਾ ਕਰ ਕੇ ਸਾਰਿਆਂ ਨੂੰ ਵੇਖਦਾ ਹੈ ਉਸ ਨੂੰ ਸਲਾਹੁਣਾ ਚਾਹੀਦਾ ਹੈ।

ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਕੋਈ ॥

ਜੋ ਕੋਈ ਅੰਤ ਲੈਣਾ ਚਾਹੇ ਤਾਂ ਉਸ ਦੀ ਕੀਮਤ ਨਹੀਂ ਪੈਂਦੀ।

ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ ॥

ਪ੍ਰਾਪਤੀ ਰੂਪ ਕੀਮਤ ਨੂੰ ਉਹ ਪਾਉਂਦਾ ਹੈ ਜਿਸ ਨੂੰ ਆਪ ਜਣਾਉਂਦਾ ਹੈ,
ਉਹ ਕਰਤਾ ਪੁਰਖ ਆਪ ਅਭੁੱਲ ਹੈ ਕਦੇ ਭੀ ਭੁੱਲਦਾ ਨਹੀਂ ਹੈ।

ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ ॥

ਅਮੋਲਕ ਗੁਰਾਂ ਦੇ ਸ਼ਬਦ ਗ੍ਰਹਿਣ ਕਰਨ ਨਾਲ ਤਿਸ ਪਰਮੇਸ਼ਰ ਨੂੰ ਭਾ ਜਾਵੇ,
ਤਾਂ ਦੁਨੀਆਂ ਦੇ ਸਾਰੇ ਲੋਕ ਇਸ ਦੇ ਜੈ ਜੈ ਕਾਰ ਕਰਹਿ=ਕਰਦੇ ਹਨ।

ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ ॥

ਤੁਸੀਂ ਇਸ ਤਰ੍ਹਾਂ ਬੇਨਤੀ ਕਰੋ, ਕਿ-ਹੇ ਭਾਈ ! ਮੈਂ ਸ਼ੁਭ ਗੁਣਾਂ ਤੋਂ ਹੀਣਉ=ਹੀਣਾ (ਰਹਿਤ) ਹਾਂ ਅਤੇ ਨੀਚ ਜ਼ਾਤੀ ਵਾਲਾ ਹਾਂ, ਪਰ ਸੱਚ ਨੂੰ ਨਹੀਂ ਛਡਦਾ ਹਾਂ।

ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥ ੯ ॥ ੨ ॥ ੫ ॥

ਗੁਰੂ ਜੀ ਕਥਨ ਰਕਦੇ ਹਨ-ਜਿਸ ਪ੍ਰਭੂ ਨੇ ਜਗਤ ਨੂੰ ਬਣਾ ਕੇ ਫੇਰ ਦੇਖਿਆ ਹੈ,
ਵਾ:-ਪਾਲਿਆ ਹੈ, ਓਹੀ ਪ੍ਰਭੂ ਸਭਨਾਂ ਨੂੰ ਮਤਿ=ਅਕਲ ਦੇਂਦਾ ਹੈ ॥ ੯ ॥ ੨ ॥ ੫ ॥

ਰਾਗੁ ਸੂਹੀ ਛੰਤ ਮਹਲਾ ੩ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿ ਫਲੁ ਪਾਵਹੁ ॥

ਗੁਰਮੁਖਿ=ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਵੋ, ਤੇ ਹਰੀ ਦੀ ਪ੍ਰਾਪਤੀ ਰੂਪ ਫਲ ਨੂੰ ਪਾਵੋ ਤਾਂ ਸੁਖ ਅਤੇ ਸੋਹਿਲੜਾ=ਜਸ, ਵਾ:-ਅਨੰਦ ਹੋਵੇਗਾ।

ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੈ ਦੂਖ ਨਿਵਾਰੇ ॥

ਗੁਰਾਂ ਦੁਆਰੇ ਹਰੀ ਨਾਮ ਨੂੰ ਸਿਮਰੋ ਤਾਂ ਇਹ ਫਲ ਪਾਓਗੇ ਕਿ ਜਨਮਾਂ ਜਨਮਾਂਤਰਾਂ ਦੇ ਦੁੱਖ ਨਵਿਰਤ ਹੋ ਜਾਣਗੇ।

ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਮੇਰੇ ਸਾਰੇ ਕੰਮ ਸਵਾਰੇ ਹਨ।

ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿਜਨ ਪਾਵਹੁ ॥

ਹੇ ਹਰੀ ਜਨੋ ! ਹਰੀ ਨਾਮ ਦਾ ਜਾਪ ਜਪੋ, ਤਾਂ ਹਰੀ ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇਗਾ ਅਤੇ ਸੁਖ ਫਲ ਨੂੰ ਪਾਓਗੇ।

ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਜਨੋ ! ਸੁਣੋ ਸੁਖ ਸਰੂਪ ਹਰੀ ਨਾਮ ਨੂੰ ਧਿਆਵੋ ਤਾਂ ਸੁਖ ਤੇ ਸੋਹਿਲੜਾ=ਅਨੰਦ ਹੋਵੇਗਾ ॥ ੧ ॥

ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥

ਜੋ ਹਰੀ ਦੇ ਗੁਣਾਂ ਨੂੰ ਸੁਣ ਕੇ ਪ੍ਰੇਮ ਵਿਚ ਭੀਨੇ=ਭਿੱਜੇ ਹਨ, ਉਹ ਸਹਜੇ ਹੀ ਸੁਭਾਏ=ਸ਼ੋਭਾ ਵਾਲੇ ਹੋਏ ਹਨ। ਅਤੇ ਗੁਰਾਂ ਦੀ ਸਿਖਿਆ ਲੈ ਕੇ ਉਨ੍ਹਾਂ ਨੇ ਸਹਜੇ ਹੀ ਸਤਿਨਾਮੁ ਨੂੰ ਧਿਆਇਆ ਹੈ।

ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥

ਜਿਨ੍ਹਾਂ ਨੂੰ ਧੁਰ ਤੋਂ ਚੰਗਾ ਲੇਖ ਲਿਖਿਆ ਹੋਇਆ ਹੈ ਉਨ੍ਹਾਂ ਨੂੰ ਪੂਰਾ ਗੁਰੂ ਮਿਲਿਆ ਹੈ ਅਤੇ ਉਨ੍ਹਾਂ ਦਾ ਜਨਮ ਮਰਨ ਰੂਪ ਡਰ ਭਾਗਾ=ਦੌੜ ਗਿਆ ਹੈ।

ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥

ਜਿਸ ਨੇ ਹਿਰਦੇ ਅੰਦਰੋਂ ਦੂਜੀ=ਦ੍ਵੈਤ ਵਾਲੀ ਦੁਰਮਤਿ=ਖੋਟੀ ਬੁੱਧੀ ਨਾਸ਼ ਕੀਤੀ ਹੈ, ਓਹੀ ਜਨੁ=ਪੁਰਸ਼ ਹਰੀ ਦੀ ਲਿਵ ਵਿਚ ਲੱਗਾ ਹੈ।

[ਪੰਨਾ ੭੬੮]

ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ ॥

ਜਿਨ੍ਹਾਂ ਨੂੰ ਮੇਰੇ ਸੁਆਮੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਹਨਾਂ ਨੇ ਰਾਤ ਦਿਨ ਹਰੀ ਦੇ ਗੁਣ ਗਾਏ ਹਨ।

ਸੁਣਿ ਮਨ ਭੀਨੇ ਸਹਜਿ ਸੁਭਾਏ ॥ ੨ ॥

ਹਰੀ ਦੇ ਗੁਣ ਸੁਣ ਕੇ ਮਨ ਆਦਿਕ ਚਤੁਸ਼ਟੇ ਅੰਤਹਕਰਨ ਸੁਤੇ ਸਿਧ ਪ੍ਰੇਮ ਵਿਚ ਭਿੱਜ ਗਏ ਹਨ ॥ ੨ ॥

ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥

ਇਸ ਕਲਜੁਗ ਵਿਚ ਰਾਮ ਨਾਮ ਜਪਣ ਕਰ ਕੇ ਹੀ ਸੰਸਾਰ ਤੋਂ ਨਿਸਤਾਰਾ ਹੁੰਦਾ ਹੈ।

ਗੁਰਾਂ ਦੀ ਕਿਰਪਾ ਤੋਂ ਹੀ ਸਬਦੁ=ਬ੍ਰਹਮ ਦਾ ਵੀਚਾਰ ਉਪਜੈ=ਪੈਦਾ ਹੁੰਦਾ ਹੈ।

ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ॥

ਗੁਰ-ਉਪਦੇਸ਼ ਦੀ ਵੀਚਾਰ ਤੋਂ ਰਾਮ ਦਾ ਨਾਮ ਪਿਆਰਾ ਲੱਗਦਾ ਹੈ, ਜਿਸ ਪਰ ਕਿਰਪਾ ਕਰਦਾ ਹੈ, ਉਹ ਗੁਰਾਂ ਦਾ ਉਪਦੇਸ਼ ਪਾਉਂਦਾ ਹੈ।

ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ॥

ਜੋ ਸਹਿਜੇ-ਸਹਿਜੇ ਦਿਨ ਰਾਤ ਗੁਣਾਂ ਨੂੰ ਗਾਉਂਦਾ ਹੈ, ਉਹ ਸਾਰਿਆਂ ਕਿਲਵਿਖ=ਪਾਪਾਂ ਨੂੰ ਗੁਆ ਲੈਂਦਾ ਹੈ।

ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ॥

ਹੇ ਹਰੀ ! ਸਭ ਕੋਈ ਤੇਰਾ ਦਾਸ ਹੈ, ਤੂੰ ਸਾਰਿਆਂ ਦਾ ਮਾਲਕ ਹੈਂ, ਹਉ ਤੇਰਾ=ਮੈਂ ਤੇਰਾ ਸੇਵਕ ਹਾਂ ਤੂੰ ਮੇਰਾ ਠਾਕੁਰ ਹੈਂ।

ਜੁਗ ਮਹਿ ਰਾਮ ਨਾਮੁ ਨਿਸਤਾਰਾ॥ ੩

ਇਸ ਕਲਜੁਗ ਵਿਚ ਰਾਮ ਨਾਮ ਜਪਣ ਕਰ ਕੇ ਹੀ ਸੰਸਾਰ ਤੋਂ ਨਿਸਤਾਰਾ ਹੁੰਦਾ ਹੈ॥ ੩॥

ਸਾਜਨ ਆਇ ਵੁਠੇ ਘਰ ਮਾਹੀ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ॥

ਜੋ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ ਉਹਨਾਂ ਦੇ ਹਿਰਦੇ-ਘਰ ਵਿਚ ਸੱਜਣ ਪਰਮਾਤਮਾ ਜੀ ਆ ਕੇ ਵੱਸੇ ਹਨ, ਇਸ ਲਈ ਉਹ ਤ੍ਰਿਪਤ ਹੋ ਕੇ ਅਘਾਹੀ=ਰੱਜ ਗਏ ਹਨ।

ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ॥

ਜੋ ਹਰੀ ਦੇ ਗੁਣਾਂ ਨੂੰ ਗਾ ਕੇ ਸਦਾ ਤ੍ਰਿਪਤ ਹੋਏ ਹਨ, ਉਹਨਾਂ ਨੂੰ ਫਿਰ ਆ ਕੇ ਭੁੱਖ ਨਹੀਂ ਲੱਗਦੀ।

ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ॥

ਉਸ ਹਰੀ ਦੇ ਸੇਵਕ ਜਨ ਦੀ ਦਸੋਂ ਦਿਸ਼ਾਂ ਵਿਚ ਪੂਜਾ ਹੋਵੈ=ਹੁੰਦੀ ਹੈ, ਜੋ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ।

ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਆਪ ਹੀ ਮੇਲਦਾ ਤੇ ਵਿਛੋੜਦਾ ਹੈ, ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

ਸਾਜਨ ਆਇ ਵੁਠੇ ਘਰ ਮਾਹੀ॥ ੪॥ ੧॥

ਗੁਰਮੁਖਾਂ ਦੇ ਹਿਰਦੇ-ਘਰ ਵਿਚ ਸੱਜਣ ਪਰਮਾਤਮਾ ਜੀ ਆ ਕੇ ਵੁਠੇ=ਵੱਸੇ ਹਨ॥ ੪॥ ੧॥

ੴ ਸਤਿਗੁਰ ਪ੍ਰਸਾਦਿ॥ ਰਾਗੁ ਸੂਹੀ ਮਹਲਾ ੩ ਘਰੁ ੩॥

ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ॥

ਭਗਤ ਜਨਾਂ ਦੀ ਪੈਜ ਹਰਿ ਜੀਉ ਆਪ ਰਾਖੈ=ਰੱਖਦਾ ਹੈ।

ਪਰ ਹੇ ਰਾਮ=ਭਾਈ ! ਜੁਗਾਂ ਜੁਗਾਂ ਵਿਚ ਭਗਤਾਂ ਦੀ ਪੈਜ ਰੱਖਦਾ ਆਇਆ ਹੈ।

ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ॥

ਅਸਲ ਭਗਤ ਉਹ ਹੈ ਜੋ ਗੁਰਮੁਖਿ=ਗੁਰਾਂ ਦੁਆਰੇ ਰਾਮ ਦੀ ਭਗਤੀ ਵਿਚ ਇਸਥਿਤ ਹੁੰਦਾ ਹੈ, ਅਤੇ ਗੁਰ-ਉਪਦੇਸ਼ ਦੁਆਰਾ ਹਉਮੈ ਨੂੰ ਜਲਾਇਆ=ਸਾੜਿਆ ਹੈ।

ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ॥

(੧) ਜਿਸ ਗੁਰੂ ਦੀ ਬਾਣੀ ਸੱਚੀ ਹੈ ਉਸ ਗੁਰੂ ਦੇ ਉਪਦੇਸ਼ ਦੁਆਰਾ ਜਿਸ ਨੇ ਹਉਮੈ ਨੂੰ ਸਾੜਿਆ ਹੈ ਉਹ ਮੇਰੇ ਹਰੀ ਪ੍ਰਭੂ ਨੂੰ ਭਾ ਗਿਆ ਹੈ।

(੨) ਜਿਸ ਨੇ ਸ਼ਬਦ ਦੁਆਰਾ ਹਉਮੈ ਨੂੰ ਸਾੜਿਆ ਹੈ, ਉਹ ਮੇਰੇ ਉਸ ਹਰੀ ਪ੍ਰਭੂ ਨੂੰ ਭਾ ਗਿਆ ਹੈ, ਜਿਸ ਹਰੀ ਦੀ ਵੇਦ ਬਾਣੀ, ਵਾ:-ਨਾਮ-ਬਾਣੀ ਸੱਚੀ ਹੈ।

ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ॥

ਗੁਰਮੁਖ-ਜਨ ਦਿਨ ਰਾਤ ਸੱਚੀ ਭਗਤੀ ਕਰਦੇ ਹਨ ਜਿਸ ਭਗਤੀ ਦੀ ਮਹਿਮਾ ਗੁਰਮੁਖਿ=ਮੁਖੀ ਗੁਰਾਂ ਨੇ ਅਤੇ ਵੇਦਾਂ ਸ਼ਾਸਤਰਾਂ ਨੇ ਆਖ ਕੇ ਕਥਨ ਕੀਤੀ ਹੈ।

ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ॥

ਉਹਨਾਂ ਭਗਤਾਂ ਦੀ ਚਾਲ ਸੱਚੀ ਤੇ ਵੱਡੀ ਨਿਰਮਲ ਹੈ, ਕਿਉਂਕਿ ਉਹਨਾਂ ਦੇ ਮਨ ਵਿਚ ਸੱਚਾ ਨਾਮ ਭਾਇਆ ਹੈ।

ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹ ਭਗਤ ਸੱਚੇ ਦਰਬਾਰ ਅੰਦਰ ਸ਼ੋਭਾ ਪਾਉਂਦੇ ਹਨ, ਜਿਨੀ=ਜਿਨ੍ਹਾਂ ਨੇ ਸੱਚ ਹੀ ਸੱਚ ਨੂੰ ਕਮਾਇਆ ਹੈ॥ ੧॥

ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ॥

ਭਗਤਾਂ ਦੀ ਜ਼ਾਤੀ ਤੇ ਪਤਿ=ਪਤਿਸ਼ਟਾ (ਇੱਜ਼ਤ) ਹਰੀ ਹੀ ਹੈ, ਕਿਉਂਕਿ ਭਗਤ-ਜਨ ਹਰੀ ਦੇ ਨਾਮ ਵਿਚ ਸਮਾਣੇ=ਸਮਾਏ ਹੋਏ ਹਨ।

ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ॥

ਜਿਨ੍ਹਾਂ ਭਗਤਾਂ ਨੇ ਰਾਮ ਨਾਮ ਨੂੰ ਜਪ ਕੇ ਗੁਣ ਤੇ ਔਗੁਣਾਂ ਨੂੰ ਪਛਾਣ ਲਿਆ ਹੈ,
ਉਹ ਹਰੀ ਦੀ ਭਗਤੀ ਕਰਦੇ ਹਨ ਅਤੇ ਹਿਰਦੇ ਵਿੱਚੋਂ ਹੰਕਾਰ ਨੂੰ ਗਵਾ ਦੇਂਦੇ ਹਨ।

ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ॥

ਜੋ ਸ਼ੁਭ-ਗੁਣ ਤੇ ਔਗੁਣਾਂ ਦੀ ਪਛਾਣ ਕਰ ਕੇ ਹਰੀ ਨਾਮ ਨੂੰ ਕਥਨ ਕਰਦੇ ਹਨ, ਉਹਨਾਂ ਨੂੰ ਭੈ ਦੇ ਸਹਿਤ ਪ੍ਰਭੂ ਦੀ ਪ੍ਰੇਮਾ ਭਗਤੀ ਮੀਠੀ=ਪਿਆਰੀ ਲੱਗੀ ਹੈ।

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ॥

ਅਨਦਿਨੁ=ਇਕ-ਰਸ ਦਿਨ ਰਾਤ ਭਗਤੀ ਕਰਦੇ ਰਹਿੰਦੇ ਹਨ
ਅਤੇ ਘਰ ਦੇ ਵਿਚ ਹੀ ਬੈਰਾਗੀ=ਤਿਆਗੀ (ਸਾਧੂ) ਹੋ ਕੇ ਰਹਿੰਦੇ ਹਨ।

ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ॥

ਜੋ ਭਗਤੀ ਵਿਚ ਰਤੇ ਹੋਏ ਹਨ, ਉਹਨਾਂ ਦਾ ਮਨ ਸਦਾ ਨਿਰਮਲ ਹੈ,
ਇਸ ਲਈ ਉਹ ਹਰਿ ਜੀ ਨੂੰ ਸਦੀਵ ਕਾਲ ਆਪਣੇ ਨਾਲ ਵੇਖਦੇ ਹਨ।

ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਹਾਲੇ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਹ ਭਗਤ ਹਰੀ ਦੇ ਦਰਬਾਰ ਵਿਚ ਸੱਚੇ ਹਨ,
ਜੋ ਰਾਤ ਦਿਨ ਪ੍ਰਭੂ ਦੇ ਨਾਮ ਨੂੰ ਸੰਭਾਲਦੇ ਹਨ॥ ੨॥

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥

ਸਤਿਗੁਰਾਂ ਦੇ ਉਪਦੇਸ਼ ਲਏ ਤੋਂ ਬਿਨਾਂ ਮਨਮੁਖ-ਲੋਕ ਭਗਤੀ ਕਰਦੇ ਹਨ,
ਪਰ ਸਤਿਗੁਰਾਂ ਤੋਂ ਬਿਨਾਂ ਰਾਮ ਦੀ ਭਗਤੀ ਕੀਤੀ ਹੋਈ ਪ੍ਰਵਾਨ ਨਹੀਂ ਹੁੰਦੀ।

ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ॥

ਮਾਇਆ ਦੇ ਹਉਮੈ ਰੂਪੀ ਰੋਗ ਵਿਚ ਵਿਆਪੇ=ਲੱਗੇ ਹੋਏ ਹਨ,
ਰਾਮ ਨਾਮ ਤੋਂ ਬਿਨਾਂ ਉਹਨਾਂ ਨੂੰ ਜਨਮ ਮਰਨ ਦਾ ਦੁੱਖ ਹੁੰਦਾ ਰਹਿੰਦਾ ਹੈ।

ਮਰਿ ਜਨਮਹਿ ਦੁਖੁ ਹੋਈ
ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ॥

ਜਨਮ ਮਰਨ ਦਾ ਦੁੱਖ ਹੁੰਦਾ ਹੈ, ਦ੍ਵੈਤ ਭਾਵ ਨੇ ਸਾਰੀ ਪਰਜਾ ਵਿਗੋਈ=ਖ਼ਰਾਬ ਕਰ ਦਿੱਤੀ ਹੈ,
ਗੁਰੂ ਤੋਂ ਬਿਨਾਂ ਕਿਸੇ ਨੇ ਤਤੁ=ਸਿਧਾਂਤ ਨੂੰ ਨਹੀਂ ਜਾਣਿਆ।

ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ॥

ਪ੍ਰਭੂ ਦੀ ਭਗਤੀ ਤੋਂ ਬਿਨਾਂ ਸਾਰਾ ਸੰਸਾਰ ਭਰਮਿਆ=ਭਟਕ ਰਿਹਾ ਹੈ
'ਤੇ ਅੰਤ ਨੂੰ ਪਛਤਾਉਂਦਾ ਹੀ ਚਲਾ ਗਿਆ ਹੈ।

[ਪੰਨਾ ੭੬੯]

ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ॥

ਕੋੜਾਂ ਮਧੇ=ਵਿੱਚੋਂ ਕਿਸੇ ਵਿਰਲੇ ਨੇ ਹੀ ਉਸ ਸੱਚੇ ਹਰੀ ਦੇ ਨਾਮਾਂ ਨੂੰ ਪਛਾਣਿਆ ਹੈ।

ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਨਾਮੀ ਦੇ ਨਾਮ ਜਪਣ ਕਰਕੇ ਹੀ ਵਡਿਆਈ ਮਿਲਦੀ ਹੈ, ਦੂਜੇ ਪੁਰਸ਼ਾਂ ਨੇ ਦ੍ਵੈਤ ਭਾਅ ਵਿਚ ਲੱਗ ਕੇ ਆਪਣੀ ਪਤਿ=ਇੱਜ਼ਤ ਖੋਹ ਲਈ ਹੈ॥ ੩ ॥

ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ॥

(੧) ਭਗਤਾਂ ਦੇ ਅੰਤਹਕਰਨ ਰੂਪ ਘਰ ਵਿਚ ਏਹੋ ਸੱਚਾ ਕੰਮ ਹੈ, ਜੋ ਸਦਾ ਹੀ ਹਰੀ ਰਾਮ ਦੇ ਗੁਣਾਂ ਨੂੰ ਵਖਾਣੇ=ਕਥਨ ਕਰਦੇ ਹਨ।

(੨) ਭਗਤਾਂ ਦੇ ਘਰ ਵਿਚ ਪ੍ਰਭੂ ਦੇ ਨਾਲ ਵਿਆਹ ਦਾ ਸੱਚਾ ਕਾਰਜ ਹੈ, ਇਸ ਕਰਕੇ ਹਰੀ ਰਾਮ ਦੇ ਗੁਣਾਂ ਨੂੰ ਸਦਾ ਹੀ ਕਥਨ ਕਰਦੇ ਹਨ।

ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ॥

ਵਾਹਿਗੁਰੂ ਨੇ ਆਪ ਹੀ ਭਗਤਾਂ ਨੂੰ ਭਗਤੀ ਰੂਪ ਖ਼ਜ਼ਾਨਾ ਦਿੱਤਾ ਹੈ, ਇਸ ਕਰਕੇ ਭਗਤ ਕੰਟਕੁ=ਦੁਖਦਾਈ ਕਾਲ ਨੂੰ ਮਾਰ ਕੇ ਰਾਮ ਵਿਚ ਸਮਾਏ ਹਨ।

ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ॥

ਭਗਤਾ ਨੇ ਗੁਰਾਂ ਪਾਸੋਂ ਸਚ-ਨਾਮ ਰੂਪੀ ਖ਼ਜ਼ਾਨਾ ਪਾਇਆ ਹੈ, ਇਸ ਤੇ ਉਹ ਹਰੀ ਦੇ ਮਨ ਨੂੰ ਭਾਣੇ=ਚੰਗੇ ਲੱਗੇ ਹਨ ਤੇ ਕੰਟਕੁ=ਦੁਖਦਾਈ ਕਾਲ ਨੂੰ ਮਾਰ ਕੇ ਹਰੀ ਵਿਚ ਸਮਾਏ ਹਨ।

ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ॥

ਨਾਮ ਰੂਪ ਖ਼ਜ਼ਾਨਾ ਸਦਾ ਅਖੁਟ ਹੈ, ਕਦੇ ਭੀ ਨਹੀ ਮੁਕਦਾ, ਹਰੀ ਨੇ ਸੁਤੇ-ਸਿਧ ਭਗਤਾਂ ਨੂੰ ਦਿੱਤਾ ਹੈ।

ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ॥

ਹਰੀ ਦੇ ਭਗਤ-ਜਨ ਉੱਚੇ ਹਨ ਪਰ ਸਦਾ ਹੀ ਸਭ ਤੋਂ ਉੱਚੇ ਹਨ, ਵਾ:-ਸਭ ਤੋਂ ਉੱਚੇ ਜੋ ਬ੍ਰਹਮਾ ਆਦਿਕ ਹਨ ਉਨ੍ਹਾਂ ਤੋਂ ਭੀ ਉੱਚੇ ਹਨ, ਗੁਰਾਂ ਦੇ ਉਪਦੇਸ਼ ਕਰਕੇ ਉਨ੍ਹਾਂ ਦਾ ਅੰਤਹਕਰਨ ਸ਼ੋਭਨੀਕ ਹੋਇਆ ਹੈ। ਵਾ:-ਉਹ ਆਪ ਸੁਹਾਇਆ=ਸ਼ੋਭਾ ਵਾਲੇ ਹੋਏ ਹਨ।

ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ॥ ੪ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨੇ ਬਖ਼ਸ਼ ਕੇ ਆਪਣੇ ਨਾਲ ਮਿਲਾ ਲਿਆ ਹੈ,
ਇਸ ਕਰਕੇ ਉਨ੍ਹਾਂ ਨੇ ਜੁਗਾਂ ਜੁਗਾਂ ਵਿਚ ਸ਼ੋਭਾ ਨੂੰ ਪਾਇਆ ਹੈ॥ ੪ ॥ ੧ ॥ ੨ ॥

ਸੂਹੀ ਮਹਲਾ ੩ ॥

ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ॥

ਜਿਥੇ ਸੱਚੇ ਰਾਮ ਦੀ ਪ੍ਰਾਪਤੀ ਦਾ ਵਿਚਾਰ ਹੁੰਦਾ ਹੈ, ਹੇ ਭਾਈ ! ਤੂੰ ਓਥੇ ਜਾ ਸੱਚੇ ਸ਼ਬਦ ਦੁਆਰਾ ਪ੍ਰਭੂ ਦਾ ਸੱਚਾ ਸੋਹਿਲਾ=ਜਸ ਉਚਾਰਨਾ ਕਰ।

ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ॥

ਜਿਸ ਨੇ ਸਤਸੰਗ ਵਿਚ ਜਾ ਕੇ ਸੱਚੇ ਰਾਮ ਦਾ ਜਸ ਹਿਰਦੇ ਵਿਚ ਧਾਰ ਰਖਿਆ ਹੈ,
ਉਸ ਨੇ ਹਉਮੈ ਅਤੇ ਸਾਰਿਆਂ ਕਿਲਵਿਖਾਂ ਨੂੰ ਕੱਟ ਦਿੱਤਾ ਹੈ।

ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ॥

ਜਿਨ੍ਹਾਂ ਨੇ ਸੱਚ ਨੂੰ ਹਿਰਦੇ ਵਿਚ ਧਾਰ ਰੱਖਿਆ ਹੈ ਉਨ੍ਹਾਂ ਨੂੰ ਪ੍ਰਭੂ ਨੇ ਇਸ ਸੰਸਾਰ ਤੋਂ ਤਾਰ ਲਿਆ ਹੈ, ਇਹ ਜਨਮ ਬੀਤ ਗਿਆ ਤਾਂ ਫਿਰ ਸੰਸਾਰ-ਸਮੁੰਦਰ ਤੋਂ ਤਰਨਾ ਨਹੀਂ ਹੋਵੇਗਾ।

ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ॥

ਉਹ ਸਤਿਗੁਰੂ ਸੱਚਾ ਹੈ, ਉਸ ਦੀ ਬਾਣੀ ਭੀ ਸੱਚੀ ਹੈ,
ਜਿਸ ਗੁਰੂ ਨੇ ਸਾਨੂੰ ਉਹ ਸੱਚਾ ਪ੍ਰਭੂ ਦਿਖਾਇਆ ਹੈ।

ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ॥

ਜੋ ਸੱਚੇ ਪ੍ਰਭੂ ਦੇ ਜਸ-ਰੂਪ ਗੁਣਾਂ ਨੂੰ ਗਾਉਂਦਾ ਹੈ ਉਹ ਸਚੁ ਵਿਚ ਸਮਾਉਂਦਾ ਹੈ,
ਕਿਉਂਕਿ ਉਹ ਸਾਰਿਆਂ ਨੂੰ ਸੱਚ-ਸਰੂਪ ਹੀ ਦੇਖਦਾ ਹੈ।
ਅਥਵਾ:-ਉਹ ਸਭ ਵਿਚ ਸੱਚੇ ਵਾਹਿਗੁਰੂ ਨੂੰ ਹੀ ਦੇਖਦਾ ਹੈ।

ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹ ਸਾਹਿਬੁ=ਮਾਲਕ ਸੱਚਾ ਹੈ, ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ, ਉਸ ਸੱਚ ਨੂੰ ਜਪਿਆਂ ਹੀ ਨਿਸਤਾਰਾ ਹੋਣਾ ਹੈ॥ ੧॥

ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ॥

ਸੱਚਿਆਂ ਸਤਿਗੁਰਾਂ ਨੇ ਹੀ ਸੱਚ-ਸਰੂਪ ਪਰਮਾਤਮਾ ਬੁਝਾਇਆ ਹੈ,
ਉਹ ਸੱਚਾ ਰਾਮ ਹੀ ਪਤ-ਆਬਰੋ ਦੇ ਰੱਖਣ ਵਾਲਾ ਹੈ।

ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ॥

ਜੋ ਨਾਮ ਜਪਦਾ ਹੈ ਉਸ ਦਾ ਭੋਜਨ ਖਾਧਾ ਸਚਾ=ਸਫਲ ਹੈ, ਉਸ ਦਾ ਭਾਉ=ਪ੍ਰੇਮ ਭੀ ਸਚਾ=ਸਫਲ ਹੈ, ਸੱਚੇ ਰਾਮ ਦੇ ਨਾਮ ਜਪਣ ਕਰਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ॥

ਸੱਚੇ ਨਾਮੀ ਦੇ ਨਾਮ ਜਪਣ ਕਰਕੇ ਜਿਨ੍ਹਾਂ ਨੂੰ ਸੁਖ ਹੋਇਆ ਹੈ, ਉਨ੍ਹਾਂ ਵਿੱਚੋ ਕੋਈ ਮਰਦਾ ਨਹੀਂ ਹੈ ਅਤੇ ਨਾ ਹੀ ਗਰਭ ਜੂਨੀ ਵਿਚ ਵਾਸਾ ਪਾਉਂਦਾ ਹੈ।

ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ॥

ਜਿਸ ਨੇ ਸੱਚ ਨਾਮ ਨੂੰ ਪਰਗਾਸਾ=ਉਚਾਰਿਆ ਹੈ,

ਅਥਵਾ:-ਸੱਚ ਨਾਮ ਕਰਕੇ ਪਰਗਾਸਾ=ਗਿਆਨ ਹੋਇਆ ਹੈ, ਜੋਤੀ ਪਰਮਾਤਮਾ ਨੇ ਆਪਣੇ ਵਿਚ ਉਸ ਦੀ ਜੋਤ ਮਿਲਾ ਲਈ ਹੇ, ਏਸੇ ਕਰਕੇ ਉਸ ਦੀ ਸੱਚ ਵਿਚ ਸਮਾਈ=ਅਭੇਦਤਾ ਹੋਈ ਹੈ।

ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥

ਅਨਦਿਨੁ=ਰਾਤ ਦਿਨ ਸੱਚ ਨੂੰ ਧਿਆਉਂਦਿਆਂ-ਧਿਆਉਂਦਿਆਂ ਜਿਨ੍ਹਾਂ ਨੇ ਸੱਚ ਨੂੰ ਜਾਤਾ=ਜਾਣ ਲਿਆ ਹੈ, ਉਹ ਸੱਚੇ ਦਾ ਸਰੂਪ ਹੋਏ ਹਨ।

ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ॥੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਹਿਰਦੇ ਵਿਚ ਸੱਚ-ਨਾਮ ਵੱਸਿਆ ਹੈ ਉਹ ਵਿਛੋੜੇ ਦਾ ਦੁੱਖ ਨਹੀਂ ਪਾਉਂਦੇ।

ਅਥਵਾ:-ਉਹ ਪ੍ਰਭੂ ਤੋਂ ਵਿਛੜ ਕੇ ਦੁੱਖ ਨਹੀਂ ਪਾਉਂਦੇ॥ ੨॥

ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ॥

ਜੋ ਗੁਰਾਂ ਦੀ ਸੱਚੀ ਉਪਦੇਸ਼-ਬਾਣੀ ਕਰਕੇ ਸੱਚੇ ਦੇ ਗੁਣਾਂ ਨੂੰ ਗਾਉਂਦੇ ਹਨ,
ਰਾਮ ਦੀ ਕਿਰਪਾ ਨਾਲ ਉਨ੍ਹਾਂ ਦੇ ਘਰ ਵਿਚ ਸੋਹਿਲਾ=ਅਨੰਦ ਹੁੰਦਾ ਹੈ।

ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ॥

ਨਿਰਮਲ ਪ੍ਰਭੂ ਦੀ ਪ੍ਰਾਪਤੀ ਕਰਨ ਵਾਲੇ ਸੱਚੇ ਗੁਣਾਂ ਕਰਕੇ ਉਨ੍ਹਾਂ ਦਾ ਤਨ ਮਨ ਸਾਚਾ=ਸਫ਼ਲ ਹੋਇਆ ਹੈ, ਅਤੇ ਉਨ੍ਹਾਂ ਦੇ ਹਿਰਦੇ ਵਿਚ ਉਹ ਰਾਮ ਸੱਚਾ ਪ੍ਰਭੂ ਪੁਰਖ ਵੱਸ ਰਿਹਾ ਹੈ।

ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ॥

(੧) ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰੇ ਸੱਚਾ ਪ੍ਰਭੂ ਵਰਤ ਰਿਹਾ ਹੈ, ਇਸ ਕਰਕੇ ਸੱਚ ਨੂੰ ਬੋਲਦੇ ਹਨ, ਸੱਚਾ ਵਾਹਿਗੁਰੂ ਜੋ ਕਰਦਾ ਹੈ ਓਹੀ ਕੁਝ ਹੁੰਦਾ ਹੈ।

(੨) ਉਹ ਸਾਰਿਆਂ ਨਾਲ਼ ਸੱਚਾ ਵਰਤਾਰਾ ਕਰਦੇ ਹਨ, ਸੱਚ ਨੂੰ ਹੀ ਬੋਲਦੇ ਹਨ, ਉਹ ਜੋ ਮੂੰਹੋਂ ਬੋਲਣਾ ਕਰਦੇ ਹਨ ਉਹ ਸੱਚ ਹੀ ਹੁੰਦਾ ਜਾਂਦਾ ਹੈ।

ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ॥

ਜਿੱਥੇ ਦੇਖਿਆ ਹੈ ਤਿੱਥੇ ਸੱਚ ਨੂੰ ਹੀ ਪਸਰਿਆ ਦੇਖਿਆ ਹੈ,
ਉਸ ਤੋਂ ਬਿਨਾਂ ਅਵਰੁ=ਹੋਰ ਕੋਈ ਦੂਜਾ ਨਹੀਂ ਹੈ।

ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ॥

ਇਹ ਜੀਵ ਸੱਚ ਤੋਂ ਉਪਜੈ=ਪੈਦਾ ਹੋਏ ਹਨ, ਅੰਤ ਨੂੰ ਸੱਚ ਵਿਚ ਹੀ ਸਮਾਉਂਦੇ ਹਨ,
ਜਿਨ੍ਹਾਂ ਦੇ ਅੰਦਰ ਦੂਜਾ=ਦ੍ਵੈਤ-ਭਾਵ ਹੁੰਦਾ ਹੈ, ਉਹ ਜੰਮਦੇ ਮਰਦੇ ਹਨ।

ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ॥੩॥

ਗੁਰੂ ਜੀ ਕਥਨ ਕਰਦੇ ਹਨ-ਉਹ ਕਰਤਾ ਪੁਰਖ ਸਭ ਕੁਝ ਆਪ ਹੀ ਕਰਦਾ ਹੈ

ਅਤੇ ਉਹ ਆਪ ਹੀ ਹੋਰਨਾਂ ਪਾਸੋਂ ਕਰਾਉਂਦਾ ਹੈ॥ ੩॥

ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ॥

ਹੇ ਰਾਮ=ਭਾਈ ! ਜੋ ਸੱਚ ਹੀ ਸੱਚ ਨੂੰ ਵਖਾਣੇ=ਕਥਨ ਕਰਦੇ ਹਨ,
ਉਹ ਸੱਚੇ ਭਗਤ ਦਰਬਾਰ ਵਿਚ ਸੋਹਹਿ=ਸ਼ੋਭਾ ਪਾਉਂਦੇ ਹਨ।

ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ॥

ਜਿਨ੍ਹਾਂ ਦੇ ਅੰਦਰ ਸੱਚੀ ਰਾਮ ਨਾਮ ਬਾਣੀ ਹੈ, ਉਹ ਆਪਣੇ ਸੱਚੇ ਸਰੂਪ ਨੂੰ ਪਛਾਣ ਲੈਂਦੇ ਹਨ।

ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥

ਜ਼ਾਂ ਆਪਣੇ ਸਰੂਪ ਨੂੰ ਪਛਾਨਣ ਤਾਂ ਹੀ ਸੱਚ ਨੂੰ ਜਾਣਦੇ ਹਨ,
ਪਰ ਸੱਚੇ ਗੁਰੂ ਤੋਂ ਆਪਣੇ ਸਰੂਪ ਦੇ ਪਛਾਨਣ ਦੀ ਸੋਝੀ=ਗਿਆਤ ਹੁੰਦੀ ਹੈ।

ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ॥

ਜਿਸ ਗੁਰੂ ਦਾ ਸਬਦੁ=ਉਪਦੇਸ਼ ਸੱਚਾ ਹੈ ਤੇ ਸ਼ੋਭਾ ਵੀ ਸੱਚੀ ਹੈ, ਉਸ ਸੱਚੇ ਗੁਰੂ ਕਰਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥

ਜੋ ਸੱਚ-ਨਾਮ ਵਿਚ ਰਤੇ=ਲੀਨ ਹੋਏ ਹਨ ਉਹ ਭਗਤ ਇਕ ਪ੍ਰਭੂ ਦੇ ਰੰਗੀ=ਅਨੰਦ ਵਾਲੇ ਹਨ,
ਉਹਨਾਂ ਨੂੰ ਹੋਰ ਕੋਈ ਦੂਜਾ ਰੰਗੁ=ਅਨੰਦ ਨਹੀਂ ਭਾਉਂਦਾ।

ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ॥੪॥੨॥੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮੱਥੇ ਪਰ ਚੰਗਾ ਲੇਖ ਲਿਖਿਆ ਹੋਇਆ ਹੈ, ਉਸ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ॥ ੪॥ ੨॥ ੩॥

ਸੂਹੀ ਮਹਲਾ ੩॥

ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ॥

ਜੇਕਰ ਇਹ ਜੀਵ ਰੂਪ ਇਸਤ੍ਰੀ ਚਾਰੇ ਜੁਗਾਂ ਵਿਚ ਭੀ ਭਵੈ=ਫਿਰਦੀ ਰਹੇ, ਤਾਂ ਭੀ ਸਤਿਗੁਰਾਂ ਤੋਂ ਬਿਨਾਂ ਰਾਮ-ਪਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ॥

ਹਰੀ ਦਾ ਰਾਜੁ=ਪ੍ਰਕਾਸ਼, ਵਾ:-ਹੁਕਮ ਸਦਾ ਨਿਸਚਲ ਹੈ,
ਉਸ ਰਾਮ ਤੋਂ ਬਿਨਾਂ ਹੋਰ ਕੋਈ ਇਸਥਿਤ ਨਹੀਂ ਹੈ।

[ਪੰਨਾ ੭੭੦]

ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ॥

ਉਸ ਤੋਂ ਬਿਨਾਂ ਹੋਰ ਕੋਈ ਇਸਥਿਤ ਨਹੀਂ ਹੈ, ਉਹ ਸੱਚਾ ਸਦੀਵ ਕਾਲ ਰਹਿੰਦਾ ਹੈ, ਗੁਰਮੁਖਾਂ ਨੇ ਗੁਰਾਂ

ਦੁਆਰੇ ਉਸ ਇਕ ਨੂੰ ਜਾਣਿਆ=ਜਾਣ ਲਿਆ ਹੈ।

ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ॥

ਉਸ ਜਗਿਆਸੂ ਰੂਪ ਧਨ=ਇਸਤ੍ਰੀ ਦਾ ਪਤੀ-ਪਰਮਾਤਮਾ ਨਾਲ ਮਿਲਾਪ ਹੋਇਆ ਹੈ, ਜਿਸ ਦਾ ਗੁਰ-ਸਿਖਿਆ ਉਤੇ ਮਨ ਮੰਨਿਆ ਗਿਆ ਹੈ।

ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ॥

ਪੂਰਾ ਸਤਿਗੁਰੂ ਮਿਲਿਆ ਤਾਂ ਹੀ ਹਰੀ ਨਾਮ-ਸਿਮਰਨ ਕਰਨਾ ਪਾਇਆ,

ਹਰੀ ਨਾਮ-ਸਿਮਰਨ ਤੋਂ ਬਿਨਾਂ ਕਿਸੇ ਦੀ ਭੀ ਮੁਕਤੀ ਨਹੀਂ ਹੋਈ।

ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਮਨ ਵਿਚ ਨਾਮ ਜਪਣਾ ਮੰਨਿਆਂ ਹੈ, ਉਹ (ਜੀਵ ਰੂਪ) ਇਸਤਰੀ ਕੰਤੈ ਰਾਵੇ=ਪਤੀ-ਪਰਮੇਸ਼ਰ ਦੇ ਅਨੰਦ ਨੂੰ ਰਾਵੇ=ਮਾਣਦੀ ਹੈ ਅਤੇ ਓਸੇ ਨੂੰ ਸੁਖ ਦੀ ਪਰਾਪਤੀ ਹੁੰਦੀ ਹੈ॥ ੧॥

ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ॥

ਹੇ ਧਨ ਬਾਲੜੀਏ=ਅਗਿਆਤ ਇਸਤਰੀਏ ! ਸਤਿਗੁਰਾਂ ਨੂੰ ਸੇਵਨਾ ਕਰ, ਤਦ ਉਸ ਹਰੀ ਰਾਮ ਰੂਪ ਵਰੁ=ਪਤੀ ਨੂੰ ਪਾਵੇਂਗੀ।

ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ॥

ਸਦਾ ਹੀ ਸੁਹਾਗਵੰਤੀ ਹੋਵੇਂਗੀ, ਰਾਮ ਦੀ ਕਿਰਪਾ ਕਰਕੇ ਫਿਰ ਤੇਰਾ ਵੇਸੁ=ਲਿਬਾਸ ਕਦੇ ਮੈਲਾ ਨਹੀਂ ਹੋਵੇਗਾ। ਭਾਵ ਖੋਟਿਆਂ ਕਰਮਾਂ ਦੇ ਕਰਨ ਵਾਲੀ ਨਹੀਂ ਹੋਵੇਗੀ।

ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ॥

ਫਿਰ ਤੇਰਾ ਵੇਸ ਮੈਲਾ ਨਹੀਂ ਹੋਵੇਗਾ, ਜਿਹੜੀ ਕੋਈ ਗੁਰਮੁਖਿ=ਗੁਰਾਂ ਦੁਆਰੇ ਨਾਮ-ਸਿਮਰਨ ਨੂੰ ਬੁਝਦੀ ਹੈ ਉਸ ਨੇ ਹੰਗਤਾ ਮਮਤਾ ਨੂੰ ਮਾਰ ਕੇ ਸਰੂਪ ਨੂੰ ਪਛਾਣਿਆ ਹੈ।

ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ॥

ਜੋ ਗੁਰ ਉਪਦੇਸ਼ ਵਿਚ ਸਮਾ ਕੇ 'ਕਰਣੀ ਕਾਰ ਕਮਾਵੈ'=ਭਗਤੀ ਰੂਪ ਕਾਰ ਕਮਾਉਂਦੀ ਹੈ ਉਸ ਨੇ ਹਿਰਦੇ ਵਿਚੋਂ ਹੀ ਇਕ ਪ੍ਰਭੂ ਨੂੰ ਜਾਣ ਲਿਆ ਹੈ।

ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ॥

ਜੋ ਗੁਰਾਂ ਦੁਆਰੇ ਆਪਣੇ ਪ੍ਰਭੂ ਦੇ ਨਾਮ ਨੂੰ ਦਿਨ ਰਾਤ ਰਾਵੇ=ਉਚਾਰਦੀ (ਜਪਦੀ) ਹੈ, ਉਸ ਦੀ ਸੱਚੀ ਸ਼ੋਭਾ ਹੁੰਦੀ ਹੈ।

ਯਥਾ:-''ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥'' *(ਬਾਰਹ ਮਾਹ, ਪੰਨਾ ੧੩੬)*

ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ॥ ੨॥

ਗੁਰੂ ਜੀ ਕਥਨ ਕਰਦੇ ਹਨ-ਜੋ (ਜਗਿਆਸੂ ਰੂਪ) ਇਸਤਰੀ ਆਪਣੇ ਪਤੀ ਨੂੰ ਰਾਵੇ=ਉਚਾਰਦੀ ਭਾਵ-

ਉਸ ਦਾ ਨਾਮ ਜਪਦੀ ਹੈ, (ਉਹ ਇਸ ਤਰ੍ਹਾਂ ਨਿਸਚੇ ਕਰਦੀ ਹੈ ਕਿ) ਉਹ ਪ੍ਰਭੂ ਸਾਰਿਆਂ ਵਿਚ ਰਵਿ ਰਹਿਆ=ਭਰਪੂਰ ਹੋ ਰਿਹਾ ਹੈ॥ ੨॥

ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ॥

ਜੋ ਧਨ ਬਾਲੜੀਏ=ਅਗਿਆਤ (ਬੇ-ਸਮਝ) ਇਸਤਰੀ ਗੁਰਾਂ ਦੀ (ਦੱਸੀ ਹੋਈ) ਕਾਰ (ਨੂੰ) ਕਰਦੀ ਹੈ, ਉਸ ਨੂੰ ਰਾਮ ਰੂਪ ਗੁਰੂ ਸਾਹਿਬ ਜੀ (ਹਰੀ ਰੂਪ) ਵਰੁ=ਪਤੀ ਨਾਲ ਮਿਲਾ ਦੇਂਦੇ ਹਨ।

ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ॥

ਉਹ (ਜਗਿਆਸੂ ਰੂਪ) ਇਸਤਰੀ ਹਰੀ ਦੇ ਰੰਗਿ=ਪ੍ਰੇਮ। ਵਾ:-ਅਨੰਦ ਵਿਚ ਰਤੀ=ਮਿਲੀ ਰਹਿੰਦੀ ਹੈ, ਅਤੇ ਪ੍ਰੀਤਮ੍=ਪਿਆਰੇ ਪ੍ਰਭੂ ਨਾਲ ਮਿਲ ਕੇ ਸੁਖ ਪਾਉਂਦੀ ਹੈ।

ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ॥

ਪ੍ਰੀਤਮ ਨਾਲ ਮਿਲ ਕੇ ਸੁਖ ਨੂੰ ਪਾਉਂਦੀ ਹੈ ਅਤੇ ਉਸ ਸੱਚ ਵਿਚ ਸਮਾ ਜਾਂਦੀ ਹੈ ਜੋ ਸੈਚਾ ਸਭ ਜਗ੍ਹਾ ਤੇ ਵਰਤ ਰਿਹਾ ਹੈ।

ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ॥

ਜੋ ਇਸਤਰੀ ਦਿਨ ਰਾਤ ਸੱਚਾ ਸ਼ਿੰਗਾਰ ਕਰਦੀ ਹੈ, ਉਸ ਦੀ ਸੱਚ ਵਿਚ ਸਮਾਈ ਹੁੰਦੀ ਹੈ।

ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ॥

ਸੁਖਦਾਤੇ ਹਰੀ ਨੂੰ ਜਿਸ ਨੇ ਗੁਰ ਉਪਦੇਸ਼ ਕਰਕੇ ਪਛਾਣਿਆ ਹੈ, ਉਸ ਕਾਮਣਿ=ਇਸਤਰੀ ਨੂੰ ਪਤੀ (ਪਰਮਾਤਮਾ) ਨੇ ਗਲ ਨਾਲ ਲਾ ਲਿਆ ਹੈ।

ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਮਹਲੀ=(ਜਗਿਆਸੂ ਰੂਪ) ਇਸਤਰੀ ਨੇ ਗੁਰ-ਸਿਖਿਆ ਕਰਕੇ ਮਹਲੁ=ਸਰੂਪ ਨੂੰ ਪਛਾਣਿਆ ਹੈ, ਉਸ ਨੇ ਹਰੀ ਨੂੰ ਪਾਇਆ ਹੈ॥ ੩॥

ਸਾਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ॥

ਮੇਰੇ ਰਾਮ ਪ੍ਰਭੂ ਨੇ ਜੋ ਇਸਤਰੀ ਆਪਣੇ ਨਾਲ ਮਿਲਾਈ ਹੈ, ਉਹ ਬਾਲੀ=ਅਗਿਆਤ ਸਾਧਨ ਇਸਤਰੀ ਧੁਰ ਤੋਂ ਭਜਨ-ਸਿਮਰਨ ਵਿਚ ਮੇਲੀ ਹੋਈ ਸੀ, ਭਾਵ ਉਹ ਪਹਿਲੇ ਹੀ ਭਗਤੀ ਕਰਦੀ ਆਈ ਸੀ।

ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ॥

ਗੁਰ=ਸਿਖਿਆ ਕਰਕੇ ਹਿਰਦੇ ਵਿਚ ਇਹ ਚਾਨਣ ਹੋਇਆ ਹੈ ਕਿ ਪ੍ਰਭੂ ਰਾਮ ਸਾਰੀਆਂ ਜਗ੍ਹਾਂ ਪਰ ਰਵਿ=ਭਰਪੂਰ ਹੋ ਰਿਹਾ ਹੈ।

ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ॥

ਪ੍ਰਭੂ ਸਾਰੀਆਂ ਜਗ੍ਹਾਂ ਪਰ ਰਵ ਰਹਿਆ ਹੈ, ਪੂਰਬਲੇ ਲਿਖੇ ਅਨੁਸਾਰ ਜਿਸ ਨੇ ਗੁਰਾਂ ਨੂੰ ਪਾਇਆ ਹੈ ਓਸੇ ਨੇ ਮਨ ਵਿਚ ਗੁਰ-ਸਿਖਿਆ ਵਸਾਈ ਹੈ।

ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥

ਜਿਸ ਨੇ ਸੱਚ (ਆਦਿਕ ਸ਼ੁਭ ਗੁਣਾਂ) ਦਾ ਸ਼ਿੰਗਾਰ ਬਣਾਇਆ ਹੈ, ਉਹ (ਜੀਵ ਰੂਪ) ਇਸਤਰੀ ਮੇਰੇ ਪ੍ਰਭੂ ਨੂੰ ਭਾਣੀ=ਚੰਗੀ ਲੱਗੀ ਹੈ, ਓਸੇ ਦੀ ਅੰਤਹਕਰਨ ਰੂਪੀ ਸੇਜਾ ਸੁਖਾਲੀ=ਸੁਖਦਾਈ ਹੋਈ ਹੈ।

ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥

ਉਹ (ਜੀਵ ਰੂਪ) ਇਸਤਰੀ ਨਿਰਮਲ ਹੈ, ਜਿਹੜੀ ਗੁਰ-ਸਿਖਿਆ ਦੁਆਰੇ ਹੰਗਤਾ-ਮਮਤਾ ਰੂਪੀ ਮੈਲ ਨੂੰ ਖੋਹ ਕੇ ਸੱਚ-ਸਰੂਪ ਵਿਚ ਸਮਾਈ ਹੈ।

ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥ ੪ ॥ ੩ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਨਾਮ ਰੂਪ ਨੌਂ ਨਿੱਧੀ ਪਾਈ ਹੈ,
ਉਹ ਇਸਤਰੀ ਪਤੀ (ਕਰਤੇ ਪੁਰਖ) ਨੇ ਆਪਣੇ ਨਾਲ ਮਿਲਾ ਲਈ ਹੈ॥ ੪ ॥ ੩ ॥ ੪॥

ਸੂਹੀ ਮਹਲਾ ੩ ॥

ਹਰਿ ਹਰੇ ਹਰਿ ਗੁਣ ਗਾਣਹੁ ਹਰਿ ਗੁਰਮੁਖੇ ਪਾਏ ਰਾਮ ॥

ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ ਉਸ ਦੇ ਗੁਣ ਗਾਉਣਾ ਕਰੋ, ਉਹ ਹਰੀ ਰਾਮ ਗੁਰਮੁਖੇ=ਗੁਰਾਂ ਦੁਆਰੇ ਪਾਇਆ ਜਾਂਦਾ ਹੈ।

ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥

ਅਨਦਿਨੋ=ਰਾਤ ਦਿਨ ਗੁਰ ਉਪਦੇਸ਼ ਨੂੰ ਰਵਹੁ=ਉਚਾਰੋ, ਤਾਂ ਅਨਹਦ=ਇਕ-ਰਸ ਰਾਮ ਸਬਦ=ਬ੍ਰਹਮ ਵਜਾਏ=ਪ੍ਰਗਟ ਹੁੰਦਾ ਹੈ।

ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ ਨਾਰੀ ॥

ਜਿਨ੍ਹਾਂ ਨੇ ਅਨਹਦ=ਇਕ-ਰਸ ਗੁਰ-ਉਪਦੇਸ਼ ਨੂੰ ਵਜਾਏ=ਉਚਾਰਿਆ ਹੈ, ਉਹਨਾਂ ਦੇ ਹਿਰਦੇ ਘਰ ਵਿਚ ਹਰਿ ਜੀਉ ਪ੍ਰਗਟ ਹੋ ਆਏ ਹਨ, ਜਿਸ ਵਾਸਤੇ ਹੇ (ਜਗਿਆਸੂ ਰੂਪ) ਨਾਰੀਓ ! ਤੁਸੀਂ ਹਰੀ ਦੇ ਗੁਣ ਗਾਉਣਾ ਕਰੋ।

ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ ॥

ਜੋ ਰਾਤ ਦਿਨ ਗੁਰਾਂ ਦੀ ਆਗੈ=ਆਗਿਆ ਵਿਚ ਭਗਤੀ ਕਰਦੀ ਹੈ,
ਉਹ (ਜਗਿਆਸੂ ਰੂਪ) ਇਸਤਰੀ ਪਤੀ-ਪਰਮਾਤਮਾ ਨੂੰ ਪਿਆਰੀ ਹੁੰਦੀ ਹੈ।

ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ॥

ਜਿਸ ਦੇ ਹਿਰਦੇ ਅੰਦਰ ਗੁਰਾਂ ਦਾ ਉਪਦੇਸ਼ ਵੱਸਿਆ ਹੈ,
ਉਹ ਪੁਰਸ਼ ਸਬਦਿ=ਸੰਸਾਰ ਵਿਚ ਸ਼ੋਭਾ ਵਾਲੇ ਹਨ।

ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦੇ ਘਰ ਸਦਾ ਹੀ ਸੋਹਿਲਾ=ਅਨੰਦ ਹੈ,

ਹਰੀ ਕਿਰਪਾ ਕਰਕੇ ਜਿਨ੍ਹਾਂ ਦੇ ਘਰ ਵਿਚ ਆਉਂਦਾ ਹੈ॥ ੧॥

ਭਗਤਾ ਮਨਿ ਆਨੰਦੁ ਭਇਆ ਹਰਿ ਨਾਮਿ ਰਹੇ ਲਿਵ ਲਾਏ ਰਾਮ॥

ਉਹਨਾਂ ਭਗਤਾਂ ਦੇ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ,
ਜੋ ਭਗਤ ਹਰੀ ਨਾਮ ਵਿਚ ਲਿਵ ਲਾ ਜਹੇ ਹਨ।

ਗੁਰਮੁਖੇ ਮਨੁ ਨਿਰਮਲੁ ਹੋਆ ਨਿਰਮਲ ਹਰਿ ਗੁਣ ਗਾਏ ਰਾਮ॥

ਉਹਨਾਂ ਗੁਰਮੁਖਾਂ ਦਾ ਮਨ ਨਿਰਮਲ ਹੋਇਆ ਹੈ ਜਿਨ੍ਹਾਂ ਨੇ ਨਿਰਮਲ ਹਰੀ ਰਾਮ ਦੇ ਗੁਣ ਗਾਏ ਹਨ।

ਨਿਰਮਲ ਗੁਣ ਗਾਏ ਨਾਮੁ ਮੰਨਿ ਵਸਾਏ ਹਰਿ ਕੀ ਅੰਮ੍ਰਿਤ ਬਾਣੀ॥

ਨਿਰਮਲ ਹਰੀ ਦੇ ਗੁਣ ਗਾਏ ਹਨ, ਨਾਮ ਨੂੰ ਮਨ ਵਿਚ ਵਸਾਇਆ ਹੈ, ਅਤੇ ਅੰਮ੍ਰਿਤ ਰੂਪ ਹਰੀ ਦੀ ਬਾਣੀ ਪੜ੍ਹੀ ਹੈ, ਵਾ:-ਕੰਨਾਂ ਦੁਆਰੇ ਅੰਮ੍ਰਿਤ ਰੂਪ ਹਰੀ ਦੀ ਬਾਣੀ ਸੁਣੀ ਹੈ।

ਜਿਨ੍ ਮਨਿ ਵਸਿਆ ਸੇਈ ਜਨ ਨਿਸਤਰੇ ਘਟਿ ਘਟਿ ਸਬਦਿ ਸਮਾਣੀ॥

ਜਿਨ੍ਹਾਂ ਦੇ ਮਨ ਵਿਚ ਇਹ ਵਿਚਾਰ ਵੱਸਿਆ ਹੈ ਕਿ ਸਾਰਿਆਂ ਘਟਾਂ ਘਟਾਂ ਵਿਚ ਸਬਦਿ ਸਮਾਣੀ= ਬ੍ਰਹਮ ਦੀ ਸੱਤਾ ਸਮਾਈ ਹੋਈ ਹੈ, ਓਹੀ ਪੁਰਸ਼ ਤਰ ਗਏ ਹਨ।

[ਪੰਨਾ ੭੭੧]

ਤੇਰੇ ਗੁਣ ਗਾਵਹਿ ਸਹਜਿ ਸਮਾਵਹਿ ਸਬਦੇ ਮੇਲਿ ਮਿਲਾਏ॥

ਜਿਹੜੇ ਗੁਰਮੁਖ ਆਪਣੇ ਆਪ ਨੂੰ ਗੁਰ-ਉਪਦੇਸ਼ ਦੇ ਮੇਲ ਵਿਚ ਮਿਲਾ ਕੇ ਤੇਰੇ=ਤਿਸ ਪ੍ਰਭੂ ਦੇ ਗੁਣ ਗਾਉਂਦੇ ਹਨ ਉਹ ਸਹਿਜ ਪਦ ਵਿਚ ਸਮਾ ਜਾਂਦੇ ਹਨ।

ਨਾਨਕ ਸਫਲ ਜਨਮੁ ਤਿਨ ਕੇਰਾ ਜਿ ਸਤਿਗੁਰਿ ਹਰਿ ਮਾਰਗਿ ਪਾਏ॥੨॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦਾ ਮਨੁੱਖਾ ਜਨਮ ਸਫਲ ਹੈ,
ਜਿਨ੍ਹਾਂ ਨੂੰ ਸਤਿਗੁਰਾਂ ਨੇ ਹਰੀ ਦੇ ਰਸਤੇ ਵਿਚ ਪਾਇਆ ਹੈ॥ ੨॥

ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ॥

ਜਿਨ੍ਹਾਂ ਦਾ ਸੰਤਾਂ ਦੀ ਸਤਸੰਗਤ ਨਾਲ ਮੇਲ ਹੋਇਆ ਹੇ, ਉਹ ਹਰਿ ਹਰਿ ਰਾਮ ਦੇ ਨਾਮ-ਸਿਮਰਨ ਵਿਚ ਸਮਾਏ ਹਨ।

ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ॥

ਗੁਰਾਂ ਦੇ ਉਪਦੇਸ਼ ਕਰਕੇ ਜੋ ਹਰੀ ਰਾਮ ਦੇ ਨਾਮ-ਸਿਮਰਨ ਵਿਚ ਲਿਵ ਲਗਾਉਂਦੇ ਹਨ, ਉਹ ਸਦਾ ਜੀਵਨ-ਮੁਕਤ ਹੋਏ ਹਨ।

ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ॥

ਗੁਰਾਂ ਦੇ ਮੇਲ ਵਿਚ ਆਪਣੇ ਆਪ ਨੂੰ ਮਿਲਾ ਕੇ ਜੋ ਹਰੀ ਦੇ ਨਾਮ-ਸਿਮਰਨ ਵਿਚ ਚਿੱਤ ਨੂੰ ਲਗਾਉਂਦੇ ਹਨ, ਉਹਨਾਂ ਦਾ ਮਨ ਹਰੀ ਨਾਲ ਰੰਗਿਆ ਗਿਆ ਹੈ।

ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮਾਲੇ॥

ਜਿਨ੍ਹਾਂ ਨੇ ਮੋਹ ਨੂੰ ਚੁਕਾਇਆ=ਦੂਰ ਕੀਤਾ ਹੈ ਤੇ ਰਾਤ ਦਿਨ ਨਾਮ ਨੂੰ ਸੰਭਾਲਿਆ ਹੈ, ਉਹਨਾਂ ਨੇ ਸੁਖਦਾਤਾ ਜੋ ਪ੍ਰਭੂ ਹੇ ਉਸ ਨੂੰ ਪਾਇਆ ਹੈ।

ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ॥

ਉਹ ਗੁਰ-ਉਪਦੇਸ਼ ਵਿਚ ਰੱਤਾ ਹੋਇਆ ਸਹਿਜੇ ਹੀ ਮਸਤ ਰਹਿੰਦਾ ਹੈ, ਤੇ ਨਾਮ ਨੂੰ ਮਨ ਵਿਚ ਵਸਾਈ ਰੱਖਦਾ ਹੇ।

ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ॥ ੩॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦੇ ਘਰ ਵਿਚ ਸਦਾ ਹੀ ਸੋਹਿਲਾ=ਅਨੰਦ ਹੈ, ਜਿਹੜੇ ਸਤਿਗੁਰਾਂ ਦੀ ਸੇਵਾ ਵਿਚ ਸਮਾਏ ਹੋਏ ਹਨ॥ ੩॥

ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ਹਰਿ ਕਾ ਮਹਲੁ ਨ ਪਾਇਆ ਰਾਮ॥

ਸਤਿਗੁਰਾਂ ਤੋਂ ਬਿਨਾਂ ਜੀਵ ਨੂੰ ਭਰਮ ਨੇ ਭੁਲਾਇਆ ਹੋਇਆ ਹੇ,

ਇਸ ਲਈ ਇਸ ਨੇ ਹਰੀ ਰਾਮ ਦਾ ਮਹਲੁ=ਸਰੂਪ ਨਹੀਂ ਪਾਇਆ।

ਗੁਰਮੁਖੇ ਇਕਿ ਮੇਲਿ ਮਿਲਾਇਆ ਤਿਨ ਕੇ ਦੂਖ ਗਵਾਇਆ ਰਾਮ॥

ਜਿਨ੍ਹਾਂ ਇਕਨਾਂ ਨੂੰ ਮੁਖ ਗੁਰਾਂ ਦੇ ਮੇਲ ਵਿਚ ਮਿਲਾਇਆ ਹੈ, ਰਾਮ ਨੇ ਉਹਨਾਂ ਦੇ ਸਾਰੇ ਦੁੱਖ ਗਵਾਇਆ=ਦੂਰ ਕਰ ਦਿੱਤੇ ਹਨ। ਭਾਵ-ਨਾਮ ਦਾ ਅਭਿਆਸ ਕਰਨ ਕਰਕੇ ਉਹਨਾਂ ਦੇ ਸਰੀਰਕ, ਮਾਨਸਕ ਅਤੇ ਦੈਵਗ ਸਾਡੇ ਦੁੱਖ, ਦਰਿਦ੍ਰ ਖਤਮ ਹੋ ਗਏ ਹਨ।

ਤਿਨ ਕੇ ਦੂਖ ਗਵਾਇਆ ਜਾ ਹਰਿ ਮਨਿ ਭਾਇਆ ਸਦਾ ਗਾਵਹਿ ਰੰਗਿ ਰਾਤੇ॥

ਉਹਨਾਂ ਦੇ ਦੁੱਖਾਂ ਨੂੰ ਗੁਆ ਦਿੱਤਾ ਹੇ, ਜਾਂ ਉਹਨਾਂ ਦਾ ਕੀਤਾ ਹੋਇਆ ਸ਼ੁਭ ਕਰਮ ਹਰੀ ਦੇ ਮਨ ਵਿਚ ਭਾਅ ਗਿਆ, ਤਾਂ ਉਹ ਰੰਗ=ਪ੍ਰੇਮ ਵਿਚ ਰਾਤੇ=ਰੰਗੇ ਹੋਏ ਸਦਾ ਹੀ ਹਰੀ ਦੇ ਗੁਣ ਗਾਉਂਦੇ ਹਨ।

ਹਰਿ ਕੇ ਭਗਤ ਸਦਾ ਜਨ ਨਿਰਮਲ ਜੁਗਿ ਜੁਗਿ ਸਦ ਹੀ ਜਾਤੇ॥

ਹਰੀ ਦੇ ਭਗਤ ਜਨ ਸਦਾ ਹੀ ਨਿਰਮਲ ਹਨ ਅਤੇ ਜੁਗਾਂ ਜੁਗਾਂ ਵਿਚ ਸਦਾ ਹੀ ਪਰਗਟ ਜਾਤੇ=ਜਾਣੇ ਜਾਂਦੇ ਹਨ।

ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ॥

ਜੋ ਸੱਚੀ ਭਗਤੀ ਕਰਦੇ ਹਨ ਉਹ ਦਰਬਾਰ ਵਿਚ ਜਾਪਹਿ=ਜਾਣੇ ਜਾਂਦੇ ਹਨ ਅਤੇ ਉਹਨਾਂ ਦੇ ਹਿਰਦੇ-ਘਰ ਅੰਦਰ ਸੱਚਾ ਪ੍ਰਭੂ ਪ੍ਰਗਟ ਹੋਇਆ ਹੈ।

ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ ਸਬਦੇ ਹੀ ਸੁਖੁ ਹੋਈ॥੪॥੪॥੫॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਨੂੰ ਸੱਚਾ ਸੋਹਿਲਾ=ਅਨੰਦ ਪ੍ਰਾਪਤ ਹੈ, ਸਚੁ=ਨਿਸਚੇ ਕਰਕੇ ਉਹਨਾਂ ਦੀ ਬਾਣੀ ਭੀ ਸੱਚੀ ਹੈ, ਅਤੇ ਉਹਨਾਂ ਦੇ ਉਪਦੇਸ਼ ਨੂੰ ਸੁਣਦਿਆਂ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੪॥ ੪॥ ੫॥

ਸੂਹੀ ਮਹਲਾ ੩ ॥

ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥

ਹੇ (ਜਗਿਆਸੂ ਰੂਪ) ਇਸਤ੍ਰੀਏ ! ਜੇ ਤੂੰ (ਪਰਮੇਸ਼ਰ) ਪਤੀ ਨੂੰ ਮਿਲਣਾ ਚਾਹੁੰਦੀ ਹੈਂ ਤਾਂ ਰਾਮ ਰੂਪ ਗੁਰਾਂ ਦੇ ਚਰਨਾਂ ਨਾਲ ਚਿਤ ਨੂੰ ਲਗਾਉਣਾ ਕਰ।

ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥

ਫਿਰ ਤੂੰ ਸਦਾ ਲਈ ਸੋਹਾਗਵੰਤੀ ਹੋਵੇਂਗੀ, ਉਹ ਹਰਿ ਜੀਉ ਰਾਮ ਨਾ ਮਰਦਾ ਹੈ ਨਾ ਜੰਮਦਾ ਹੈ।

ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥

ਉਹ ਹਰਿ ਜੀਉ ਨਾ ਮਰਦਾ ਹੈ, ਨਾ ਜੰਮਦਾ ਹੈ, ਜੋ ਗੁਰਾਂ ਦੇ ਉਪਦੇਸ਼ ਵਿਚ ਸਹਿਜੇ ਹੀ ਸੁਭਾਏ-ਸ੍ਰੇਸ਼ਟ ਪ੍ਰੇਮ ਕਰਦੀ ਹੈ, ਸਾ=ਓਹੀ ਧਨ=ਇਸਤ੍ਰੀ ਪਤੀ ਨੂੰ ਪਿਆਰੀ ਲੱਗਦੀ ਹੈ।

ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥

ਗੁਰਾਂ ਦੇ ਉਪਦੇਸ਼ ਕਰਕੇ ਜੋ ਸਾਧਨਾ ਨਾਲ ਸ਼ਿੰਗਾਰੀ ਗਈ ਹੈ, ਉਸ ਦਾ ਸੰਜਮਿ=ਇੰਦਰੀਆਂ ਦਾ ਰੋਕਣਾ ਸੱਚਾ ਹੈ ਤੇ ਮਨ ਵੀ ਸਦਾ ਨਿਰਮਲ ਹੈ।

ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥

(ਉਸ ਦਾ ਇਹ ਨਿਸਚਾ ਹੈ ਕਿ-) ਮੇਰਾ ਪ੍ਰਭੂ ਸੱਚਾ ਹੈ, ਪਰ ਸਦਾ ਹੀ ਸੱਚਾ ਹੈ, ਜਿਸ ਨੇ ਆਪਣੇ ਤੋਂ ਆਪ ਹੀ ਜਗਤ ਨੂੰ ਪੈਦਾ ਕੀਤਾ ਹੈ।

ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥

ਗੁਰੂ ਜੀ ਕਥਨ ਕਰਦੇ ਹਨ-ਉਹ ਇਸਤਰੀ ਸਦਾ ਹੀ ਆਪਣੇ ਪਤੀ-ਪਰਮੇਸ਼ਰ ਦੇ ਅਨੰਦ ਨੂੰ ਰਾਵੇ=ਭੋਗਦੀ (ਮਾਣਦੀ) ਹੈ, ਜਿਸ ਨੇ ਗੁਰੂ ਦੇ ਚਰਨਾਂ ਨਾਲ ਚਿਤ ਲਗਾਇਆ ਹੈ॥ ੧॥

ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥

ਜਿਸ ਬਾਲੜੀਏ=ਅਗਿਆਤ (ਬੇ-ਸਮਝ ਜਗਿਆਸੂ ਰੂਪ) ਇਸਤਰੀ ਨੇ ਪਰਮੇਸ਼ਰ-ਪਤੀ ਨੂੰ ਪਾਇਆ ਹੈ, ਉਹ ਰਾਤ ਦਿਨ ਸਹਿਜੇ ਰਾਮ ਵਿਚ ਮਾਤੀ=ਮਸਤ ਰਹਿੰਦੀ ਹੈ।

ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥

ਗੁਰਾਂ ਦੀ ਸਿਖਿਆ ਕਰਕੇ ਉਸ ਦੇ ਮਨ ਵਿਚ ਅਨੰਦ ਹੋਇਆ ਹੈ ਤੇ ਰਾਮ ਦੀ ਕਿਰਪਾ ਕਰਕੇ ਉਸ ਤਨਿ=ਸਰੀਰ ਵਿਚ ਰਾਤੀ=ਰੱਤੀ ਭਰ ਵੀ ਪਾਪਾਂ ਰੂਪੀ ਮੈਲ ਨਹੀਂ ਹੈ।

ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥

ਉਸ ਦੇ ਤਨ ਵਿਚ ਰਾਤੀ=ਰੱਤੀ ਭਰ ਵੀ ਮੈਲ ਨਹੀਂ ਹੈ ਤੇ ਹਰੀ ਪ੍ਰਭ ਦੇ ਰੰਗ ਵਿਚ ਰਾਤੀ=ਮਿਲੀ ਰਹਿੰਦੀ ਹੈ, ਇਸ ਲਈ ਉਸ ਨੂੰ ਮੇਰਾ ਪ੍ਰਭੂ ਆਪਣੇ ਮੇਲ ਨਾਲ ਮਿਲਾ ਲੈਂਦਾ ਹੈ।

ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ॥

ਉਹ ਹਿਰਦੇ ਵਿੱਚੋਂ ਆਪੁ=(ਆਪਾ ਭਾਵ) ਹੰਕਾਰ ਗੁਆ ਕੇ ਰਾਤ ਦਿਨ ਆਪਣੇ ਹਰੀ ਪ੍ਰਭੂ ਦੇ ਅਨੰਦ ਨੂੰ ਰਾਵੇ=ਭੋਗਦੀ (ਮਾਣਦੀ) ਹੈ।

ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ॥

ਜਿਸ ਨੇ ਗੁਰ-ਸਿਖਿਆ ਨੂੰ ਪਾਇਆ ਹੈ ਉਸ ਦਾ ਸਹਜਿ=ਗਿਆਨ ਨਾਲ ਮਿਲਾਪ ਹੋਇਆ ਹੈ, ਗਿਆਨ ਕਰਕੇ ਉਹ ਫਿਰ ਆਪਣੇ ਪ੍ਰੀਤਮ ਨਾਲ ਰਾਤੀ=ਮਿਲੀ ਰਹਿੰਦੀ ਹੈ।

ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਨਾਮ ਦੀ ਵਡਿਆਈ ਮਿਲੀ ਹੈ,
ਉਹ ਨਾਮ ਦੇ ਰੰਗ ਵਿਚ ਰਤੀ ਹੋਈ ਪ੍ਰਭੂ ਦੇ ਅਨੰਦ ਨੂੰ ਰਾਵੇ=ਭੋਗਦੀ ਹੈ॥ ੨॥

ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ॥

ਜੋ ਰੰਗਿ ਰਾਤੜੀਏ=ਪ੍ਰੇਮ ਵਿਚ ਰੱਤੀ ਹੋਈ ਪਤੀ ਦੇ ਨਾਮਾਂ ਨੂੰ ਰਾਵੇ=ਉਚਾਰਦੀ ਹੈ, ਉਸ ਨੇ ਰਾਮ-ਪਤੀ ਦਾ ਮਹਲੁ=ਸਰੂਪ ਪਾਇਆ ਹੈ।

ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ॥

ਸੋ ਸਹੋ=ਉਹ ਪਤੀ-ਪਰਮਾਤਮਾ ਬੜਾ ਨਿਰਮਲ ਤੇ ਦਾਤਾ ਹੈ, ਮਿਲਦਾ ਉਸ ਨੂੰ ਹੈ ਜਿਸ ਨੇ ਹਿਰਦੇ ਵਿਚੋਂ ਆਪੁ=(ਆਪਾ ਭਾਵ) ਹੰਕਾਰ ਗਵਾਇਆ ਹੈ।

ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ॥

ਜਾਂ ਹਿਰਦੇ ਵਿਚੋਂ ਮੋਹ ਨੂੰ ਚੁਕਾਇਆ=ਦੂਰ ਕੀਤਾ ਤੇ ਇਸ ਦਾ ਕੀਤਾ ਹੋਇਆ ਕਰਤੱਬ ਹਰੀ ਨੂੰ ਭਾਅ ਗਿਆ, ਤਾਂ ਇਹ ਕਾਮਣਿ=ਇਸਤਰੀ ਹਰੀ ਦੇ ਮਨ ਵਿਚ ਭਾਣੀ=ਭਾਅ ਗਈ।

ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ॥

ਰਾਤ ਦਿਨ ਨਿਤਾਪ੍ਰਤੀ ਸੱਚੇ ਦੇ ਗੁਣ ਗਾਉਂਦੀ ਹੈ ਤੇ ਅਕੱਥ ਪ੍ਰਭੂ ਦੀ ਕਹਾਣੀ ਨੂੰ ਕਥਨ ਕਰਦੀ ਰਹਿੰਦੀ ਹੈ।

ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ॥

ਚਾਰੇ ਜੁਗਾ ਵਿਚ ਇਕ ਸੱਚਾ ਵਾਹਿਗੁਰੂ ਵਰਤ ਰਿਹਾ ਹੈ,
ਪਰ ਗੁਰਾਂ ਤੋਂ ਬਿਨਾਂ ਉਸ ਨੂੰ ਕਿਸੇ ਨੇ ਭੀ ਨਹੀਂ ਪਾਇਆ।

ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਰੀ ਦੇ ਨਾਲ ਚਿਤ ਨੂੰ ਜੋੜਿਆ ਹੈ ਉਹ ਰੰਗਿ ਰਾਤੀ=ਪ੍ਰੇਮ ਦੀ ਰਤੀ ਹੋਈ ਸੁਆਮੀ ਦੇ ਰੰਗਿ ਰਵੈ=ਅਨੰਦ ਨੂੰ ਭੋਗਦੀ ਹੈ॥ ੩॥

[ਪੰਨਾ ੭੭੨]

ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ॥

ਜਿਸ ਨੂੰ ਪਿਆਰੇ ਸੱਜਣ ਰਾਮ ਜੀ ਮਿਲੇ ਹਨ, ਉਸ (ਜਗਿਆਸੂ ਰੂਪ) ਇਸਤਰੀ ਦੇ ਮਨ ਵਿਚ ਸੋਹਿਲੜਾ=ਅਨੰਦ ਹੈ।

ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ॥

ਗੁਰਾਂ ਦੀ ਸਿਖਿਆ ਨਾਲ ਮਨ ਨਿਰਮਲੁ=ਸ਼ੁੱਧ ਹੋਇਆ ਹੈ, ਅਤੇ ਗੁਰਮਤੀਆਂ ਨੇ ਹਰੀ ਰਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ॥

ਹਰਿ ਨੂੰ ਉਰਿ=ਹਿਰਦੇ ਵਿਚ ਧਾਰਨ ਕਰ ਰੱਖਿਆ ਹੈ, ਜਿਨ੍ਹਾਂ ਗੁਰਮਤੀਆਂ ਨੇ ਹਰੀ ਨੂੰ ਜਾਤਾ=ਜਾਣਿਆ ਹੈ, ਉਨ੍ਹਾਂ ਨੇ ਆਪਣਾ ਮੋਖਸ਼ ਰੂਪੀ ਕਾਰਜ ਸਵਾਰ ਲਿਆ ਹੈ।

ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ॥

ਜਿਸ ਪ੍ਰੀਤਮ ਨੇ ਮੇਰੇ ਮਨ ਨੂੰ ਮੋਹ ਲਿਆ ਹੈ, ਉਸ ਕਰਮ ਬਿਧਾਤੇ ਫਲਬਰ ਦਾਤੇ ਪ੍ਰਭੂ ਨੂੰ ਪਾ ਲਿਆ ਹੈ।

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ॥

ਸਤਿਗੁਰਾਂ ਦੀ ਸੇਵਾ ਕਰਕੇ ਹਰੀ ਮੁਰਾਰੀ ਮਨ ਵਿਚ ਆ ਵੱਸਿਆ ਹੈ,

ਇਸ ਕਰਕੇ ਸਦਾ ਸੁਖੁ=ਨਿਤ ਸੁਖ ਪਾਇਆ ਹੈ।

ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ॥ ੪॥ ੫॥ ੬॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਉਪਦੇਸ਼ ਨੇ ਜਿਸ ਵੇਲੇ (ਮਨ, ਬੁਧ ਆਦਿਕ) ਚਾਰੇ ਅੰਤਹਕਰਨ ਸਵਾਰ ਦਿੱਤੇ ਤਾਂ ਗੁਰਿ=ਚੇਤਨ ਪਰਮਾਤਮਾ ਨੇ ਆਪਣੇ ਨਾਲ ਮੇਲ ਲੈਣਾ ਕੀਤਾ॥ ੪॥ ੫॥ ੬॥

ਸੂਹੀ ਮਹਲਾ ੩॥

ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ॥

ਹਰੀ ਦੇ ਰਾਮ ਨਾਮ ਜਪਣ ਕਰਕੇ ਸੋਹਿਲੜਾ=ਅਨੰਦ ਪ੍ਰਾਪਤ ਹੁੰਦਾ ਹੈ,

ਇਸ ਕਰਕੇ ਗੁਰ-ਸ਼ਬਦੀਏ ਰਾਮ ਨਾਮ ਦਾ ਹੀ ਵਿਚਾਰ ਕਰਦੇ ਰਹਿੰਦੇ ਹਨ।

ਹਰਿ ਮਨੁ ਤਨੋ ਗੁਰਮੁਖਿ ਭੀਜੈ ਰਾਮ ਨਾਮੁ ਪਿਆਰੇ ਰਾਮ॥

ਹੇ ਰਾਮ!=ਭਾਈ ! ਜਿਨ੍ਹਾਂ ਨੂੰ ਰਾਮ ਨਾਮ ਪਿਆਰੇ ਲੱਗੇ ਹਨ, ਉਹਨਾਂ ਗੁਰਮੁਖਾਂ ਦਾ ਮਨ ਤਨ ਹਰੀ ਨਾਮ ਵਿਚ ਹੀ ਭਿੱਜਾ ਰਹਿੰਦਾ ਹੈ।

ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ॥

ਜੋ ਰਾਮ ਨਾਮ ਦੇ ਪਿਆਰੇ ਗੁਰਮਖਿ ਮੂੰਹੋਂ ਰਾਮ ਨਾਮ ਦੀ ਬਾਣੀ ਬੋਲਦੇ ਹਨ, ਉਹ ਆਪਣੀਆਂ ਸਾਰੀਆਂ

ਕੁਲਾਂ ਨੂੰ ਤਾਰ ਦੇਂਦੇ ਹਨ।

ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ॥

ਉਹਨਾਂ ਨੇ ਅੰਤਹਕਰਨ ਰੂਪੀ ਘਰ ਵਿਚ ਅਨਹਦ=ਹਦ ਤੋਂ ਰਹਿਤ ਜੋ ਪ੍ਰਭੂ ਹੈ, ਉਸ ਦੀ ਸੁਰਤ ਸਮਾਉਣ ਕਰਕੇ ਆਤਮ-ਸੁਖ ਪਾਇਆ ਹੈ, ਇਸ ਕਰਕੇ ਉਹ ਜਨਮ ਮਰਨ ਵਲੋਂ ਰਹਿ ਗਏ ਹਨ।

ਹਰਿ ਹਰਿ ਏਕੋ ਪਾਇਆ ਹਰਿ ਪ੍ਰਭੁ ਨਾਨਕ ਕਿਰਪਾ ਧਾਰੇ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਉਤੇ ਹਰੀ ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਨੂੰ ਧਾਰਿਆ ਹੈ, ਉਹਨਾਂ ਨੇ ਇਕ ਹਰਿ ਹਰਿ ਨੂੰ ਪਾਇਆ ਹੈ।

ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ॥ ੧॥

ਹਰੀ ਦੇ ਰਾਮ ਨਾਮ ਜਪਣ ਕਰਕੇ ਸੋਹਿਲੜਾ=ਅਨੰਦ ਪ੍ਰਾਪਤ ਹੁੰਦਾ ਹੈ, ਇਸ ਕਰਕੇ ਗੁਰ-ਸ਼ਬਦੀਏ ਰਾਮ ਨਾਮ ਦਾ ਵੀਚਾਰ ਕਰਦੇ ਰਹਿੰਦੇ ਹਨ॥ ੧॥

ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ॥

(ਜਗਿਆਸੂ ਰੂਪ ਇਸਤਰੀ ਕਹਿੰਦੀ ਹੈ:-) ਹੇ ਸੰਤੋ ! ਮੈਂ ਔਗੁਣਾਂ ਕਰਕੇ ਨੀਵੀਂ ਹਾਂ ਭਾਵ ਛੋਟੀ ਹਾਂ ਤੇ ਪ੍ਰਭੂ ਪਰਮਾਤਮਾ ਗੁਣਾਂ ਕਰਕੇ ਅਤਿ=ਅਤਿਅੰਤ ਉੱਚਾ ਹੈ, ਉਸ ਰਾਮ ਨਾਲ ਕਿਸ ਤਰ੍ਹਾਂ ਕਰਕੇ ਮਿਲਿਆ ਜਾਵੇ?

ਉੱਤਰ:-

ਗੁਰਿ ਮੇਲੀ ਬਹੁ ਕਿਰਪਾ ਧਾਰੀ ਹਰਿ ਕੈ ਸਬਦਿ ਸੁਭਾਏ ਰਾਮ॥

ਹਰੀ ਰਾਮ ਦੇ ਸ਼ਬਦ ਕਰਕੇ ਸੁਭਾਏਮਾਨ ਜੋ ਗੁਰੂ ਸਾਹਿਬ ਜੀ ਹਨ, ਜਦ ਉਹਨਾਂ ਗੁਰਾਂ ਨੇ ਬਹੁਤ ਹੀ ਕਿਰਪਾ-ਦ੍ਰਿਸ਼ਟੀ ਧਾਰਨਾ ਕੀਤੀ ਤਾਂ ਹਰੀ ਨੇ ਆਪਣੇ ਨਾਲ ਮੇਲ ਲੈਣਾ ਕੀਤਾ।

ਮਿਲੁ ਸਬਦਿ ਸੁਭਾਏ ਆਪੁ ਗਵਾਏ ਰੰਗ ਸਿਉ ਰਲੀਆ ਮਾਣੇ॥

ਸ਼ੋਭਨੀਕ ਗੁਰ-ਸ਼ਬਦ ਵਿਚ ਮਿਲ ਕੇ ਜਿਸ ਨੇ ਆਪੁ=(ਆਪਾ ਭਾਵ) ਹੰਕਾਰ ਗਵਾਇਆ ਹੈ, ਉਹ ਰੰਗ=ਪ੍ਰੇਮ ਨਾਲ ਰੰਗੁ=ਪਿਆਰੇ ਪ੍ਰਭੂ ਨਾਲ ਮਿਲ ਕੇ ਰਲੀਆ ਮਾਣੇ=ਖੁਸ਼ੀਆਂ ਨੂੰ ਮਾਣੇ=(ਮਾਣਦੀ) ਭੋਗਦੀ ਹੈ।

ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ॥

ਹਰਿ ਹਰਿ ਨਾਮ ਵਿਚ ਸਮਾਉਣ ਰੂਪ ਕਰਤੱਬ ਜਾਂ ਪ੍ਰਭੂ ਨੂੰ ਭਾਅ ਗਿਆ ਤਾਂ ਇਸ ਦੀ ਅੰਤਹਕਰਨ ਰੂਪ ਸੇਜਾ ਸੁਖਾਲੀ=ਸੁਖਦਾਈ ਹੋ ਗਈ।

ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ॥

ਗੁਰੂ ਜੀ ਕਥਨ ਕਰਦੇ ਹਨ-ਜਿਹੜੀ ਸਤਿਗੁਰੂ ਦੇ ਭਾਣੇ ਵਿਚ ਚਲਦੀ ਹੈ, ਉਹ ਵੱਡਿਆਂ ਭਾਗਾਂ ਵਾਲੀ ਸੁਹਾਗਣ ਇਸਤਰੀ ਹੈ।

ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ॥ ੨॥

(ਜਗਿਆਸੂ ਰੂਪ ਇਸਤਰੀ ਕਹਿੰਦੀ ਹੈ) ਮੈਂ ਨੀਵੀਂ ਹਾਂ, ਪ੍ਰਭੂ ਬਹੁਤ ਉੱਚਾ ਹੈ, ਉਸ ਰਾਮ ਨੂੰ ਕਿਵੇਂ

ਮਿਲਿਆ ਜਾਵੇ? ॥ ੨ ॥

ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥

ਸਾਰਿਆਂ ਘਟਾਂ ਘਟਾਂ ਵਿਚ ਇਕ ਰਾਮ ਪੂਰਨ ਹੈ, ਫਿਰ ਇਕ ਰਾਮ ਹੀ ਸਾਰਿਆਂ ਦਾ ਭਤਾਰੋ=ਪਤੀ ਬਣ ਕੇ ਸਭ ਦੀ ਪਾਲਣਾ ਕਰਦਾ ਹੈ।

ਇਕਨਾ ਪ੍ਰਭੁ ਦੂਰਿ ਵਸੈ ਇਕਨਾ ਮਨਿ ਆਧਾਰੋ ਰਾਮ ॥

ਇਕਨਾਂ ਮਨਮੁਖਾਂ ਤੋਂ ਪ੍ਰਭੂ ਦੂਰ ਵੱਸਦਾ ਹੈ,

ਇਕਨਾਂ ਗੁਰਮੁਖਾਂ ਦੇ ਮਨ ਦਾ ਉਹ ਰਾਮ ਆਧਾਰੋ=ਆਸਾਰਾ ਹੈ।

ਇਕਨਾ ਮਨ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ ॥

ਜਿਨ੍ਹਾਂ ਵਡਭਾਗੀਆਂ ਨੇ ਗੁਰੂ ਪਾਇਆ ਹੈ, ਉਹਨਾਂ ਇਕਨਾਂ ਦੇ ਮਨ ਦਾ ਆਧਾਰੋ=ਆਸਰਾ ਸਿਰਜਣਹਾਰ ਪ੍ਰਭੂ ਹੀ ਹੈ।

ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ ਗੁਰਮੁਖਿ ਅਲਖੁ ਲਖਾਇਆ ॥

ਹਰੇਕ ਘਟਾਂ ਘਟਾਂ ਵਿਚ ਇਕ ਹਰੀ ਪ੍ਰਭੂ ਸੁਆਮੀ ਹੈ, ਪਰ ਉਸ ਅਲੱਖ ਸਰੂਪ ਪਰਮਾਤਮਾ ਨੂੰ ਮੁਖੀ ਗੁਰਾਂ ਨੇ ਜਣਾਇਆ ਹੈ।

ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮ ਬੀਚਾਰੋ ॥

ਗੁਰੂ ਜੀ ਕਥਨ ਕਰਦੇ ਹਨ-ਬ੍ਰਹਮ ਦੀ ਵਿਚਾਰ ਪਰ ਜਿਸ ਦਾ ਮਨ ਮੰਨਿਆ ਗਿਆ ਹੈ, ਉਸ ਨੂੰ ਸਹਿਜੇ ਹੀ ਅਨੰਦ ਪ੍ਰਾਪਤ ਹੋਇਆ ਹੈ।

ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥ ੩ ॥

ਸਾਰਿਆਂ ਘਟਾਂ ਘਟਾਂ ਵਿਚ ਇਕ ਰਾਮ ਪੂਰਨ ਹੈ, ਫਿਰ ਇਕ ਰਾਮ ਪਤੀ ਬੰਣ ਕੇ ਸਾਰਿਆ ਦੀ ਪਾਲਣਾ ਕਰਦਾ ਹੈ॥ ੩ ॥

ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥

ਜੋ ਸਤਿਗੁਰੂ ਸਭ ਪਦਾਰਥਾਂ ਦੇ ਦਾਤੇ ਹਨ, ਵਾ:-ਨਾਮ ਦੇ ਭੀ ਦਾਤੇ ਹਨ ਉਹਨਾਂ ਗੁਰਾਂ ਨੂੰ ਜਿਹੜਾ ਸੇਂਵਦਾ ਹੈ, ਉਹ ਹਰਿ ਹਰਿ ਰਾਮ ਨਾਮੀ ਵਿਚ ਅਭੇਦ ਹੁੰਦਾ ਹੈ।

ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥

ਹੇ ਹਰੀ ਰਾਮ ! ਮੈਨੂੰ ਪੂਰਿਆਂ ਗੁਰਾਂ ਦੀ ਚਰਨ-ਧੂੜੀ ਦੇਣਾ ਕਰੋ,

ਜਿਸ ਚਰਨ-ਧੂੜੀ ਨੇ ਹਮ=ਤਮਾਮ ਪਾਪੀਆਂ ਨੂੰ ਮੁਕਤ ਕਰਾਇਆ ਹੈ।

ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥

ਜਿਨ੍ਹਾਂ ਨੇ ਆਪਾ ਭਾਅ ਹੰਕਾਰ ਨੂੰ ਗੁਆ ਕੇ ਨਿਜ ਘਰਿ=ਸਰੂਪ ਘਰ ਵਿਚ ਵਾਸਾ ਪਾਇਆ ਹੈ, ਉਹਨਾਂ ਨੇ ਬਿਅੰਤ ਪਾਪੀ ਮੁਕਤ ਕਰਾਏ ਹਨ।

ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥

(੧) ਜਿਸ ਦੀ ਬੁੱਧੀ ਵਿਚ ਬਿਬੇਕ=ਵਿਚਾਰ ਹੈ ਉਸ ਦੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਬੀਤਦੀ ਹੈ ਤੇ ਗੁਰਮਤੀਆਂ ਨੂੰ ਨਾਮੀ ਪਰਮਾਤਮਾ ਦਾ ਪ੍ਰਕਾਸ਼ ਹੋਇਆ ਹੈ।

(੨) ਗੁਰਾਂ ਦੀ ਸਿਖਿਆ ਕਰਕੇ ਜਿਸ ਨੂੰ ਨਾਮੀ ਦੇ ਨਾਮ ਦਾ ਪ੍ਰਕਾਸ਼ ਹੋਇਆ ਹੈ ਉਸ ਬਿਬੇਕ ਬੁਧੀ ਵਾਲੇ ਦੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਬੀਤਦੀ ਹੈ।

ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਹਰੀ ਜੋ ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ, ਉਸ ਦਾ ਨਾਮ ਮਿੱਠਾ ਲਗ ਆਇਆ ਹੇ, ਉਹਨਾਂ ਨੂੰ ਦਿਨ ਰਾਤ ਅਨੰਦ ਪ੍ਰਾਪਤ ਹੋਇਆ ਹੈ।

ਗੁਰੁ ਸੇਵਨਿ ਸਤਿਗੁਰੁ ਦਾਤਾ
ਹਰਿ ਹਰਿ ਨਾਮਿ ਸਮਾਏ ॥ ੪ ॥ ੬ ॥ ੭ ॥ ੫ ॥ ੭ ॥ ੧੨ ॥

(੧) ਸਭ ਪਦਾਰਥਾਂ ਦੇ ਦਾਤਾ ਜੋ ਸਤਿਗੁਰੂ ਹਨ ਉਹਨਾਂ ਗੁਰਾਂ ਨੂੰ ਜੋ ਸੇਂਵਦਾ ਹੈ, ਉਹ ਹਰਿ ਹਰਿ ਨਾਮੀ ਵਿਚ ਸਮਾਏ=ਅਭੇਦ ਹੁੰਦਾ ਹੈ।

(੨) ਗੁਰੁ=ਪੂਜਨੀਕ ਨਾਮ ਦੇ ਦਾਤੇ ਸਤਿਗੁਰਾਂ ਨੂੰ ਜੋ ਸੇਂਵਦਾ ਹੈ, ਉਹ ਹਰਿ ਹਰਿ ਨਾਮੀ ਵਿਚ ਅਭੇਦ ਹੁੰਦਾ ਹੈ॥ ੪ ॥ ੬ ॥ ੭ ॥ ੫ ॥ ੭ ॥ ੧੨ ॥

[ਪੰਨਾ ੭੭੩]

ਰਾਗੁ ਸੂਹੀ ਮਹਲਾ ੪ ਛੰਤ ਘਰੁ ੧
ੴ ਸਤਿਗੁਰ ਪ੍ਰਸਾਦਿ ॥

ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥

ਹੇ ਬਲਿਹਾਰ ਜਾਣੇ ਯੋਗ ਰਾਮ ! ਕਿਰਪਾ ਕਰਕੇ ਸਤਿਗੁਰ ਪੁਰਖਾਂ ਨਾਲ ਮਿਲਾਉਣਾ ਕਰ, ਤਾਂਕਿ ਮੈਂ ਔਗੁਣਾਂ ਨੂੰ ਵਿਕਣਾ=ਤਿਆਗਾਂ ਤੇ ਸ਼ੁਭ-ਗੁਣਾਂ ਨੂੰ ਰਵਾ=ਉਚਾਰਨਾ ਕਰਾਂ।

ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥

ਹੇ ਬਲਿਹਾਰ ਜਾਣੇ ਯੋਗ ਰਾਮ ! ਇਹ ਕਿਰਪਾ ਕਰ, ਜੋ ਹਰਿ ਹਰਿ ਨਾਮ ਨੂੰ ਧਿਆਵਾਂ,
ਤੇ ਗੁਰਬਾਣੀ ਨੂੰ ਨਿਤ ਨਿਤ=ਨਿਤਾਪ੍ਰਤੀ ਚਵਾ=ਉਚਾਰਨਾ ਕਰਾਂ।

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥

ਜਿਨ੍ਹਾਂ ਨੂੰ ਗੁਰਬਾਣੀ ਸਦਾ ਮਿੱਠੀ ਲੱਗੀ ਹੈ, ਉਨ੍ਹਾਂ ਨੇ ਵਿਕਾਰ ਰੂਪ ਪਾਪਾਂ ਨੂੰ,
ਅਥਵਾ:- ਉਨ੍ਹਾਂ ਨੇ ਪਾਪਾਂ ਨੂੰ ਤੇ ਵਿਕਾਰਾਂ ਨੂੰ ਨਾਸ ਕਰ ਦਿੱਤਾ ਹੈ।

ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥

ਉਨ੍ਹਾਂ ਦਾ ਹਉਮੈ ਰੂਪੀ ਰੋਗ ਨਵਿਰਤ ਹੋ ਗਿਆ ਹੈ, ਤੇ ਜਮਾਂ ਦਾ ਡਰ ਨੱਸ ਗਿਆ ਹੈ ਅਤੇ ਸਹਿਜੇ ਹੀ

ਸਹਿਜ ਪਦ ਵਿਚ ਮਿਲਾਪ ਹੋ ਗਿਆ ਹੈ।

ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥

ਉਨ੍ਹਾਂ ਦੀ ਕਾਇਆ=ਬੁੱਧੀ ਰੂਪ ਸੇਜਾ ਗੁਰ-ਉਪਦੇਸ਼ ਕਰਕੇ ਸੁਖ ਵਾਲੀ ਹੋਈ ਹੈ,

ਤੇ ਬ੍ਰਹਮ-ਗਿਆਨ ਦੁਆਰਾ ਤਤਿ=ਸਿਧਾਂਤ ਰੂਪ ਪਰਮਾਤਮਾ ਦੇ ਅਨੰਦ ਨੂੰ ਭੋਗੋ=ਭੋਗਣਾ ਕੀਤਾ ਹੈ।

ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਧੁਰ ਰੂਪ ਪਰਮਾਤਮਾ ਨਾਲ ਸੰਜੋਗ ਹੋਇਆ ਹੈ

ਉਹ ਰਾਤ ਦਿਨ ਨਿਤਾਪ੍ਰਤੀ ਸੁਖ ਸਹਿਤ ਰਲੀਆ=ਖੁਸ਼ੀਆਂ ਨੂੰ ਭੋਗਦੀ ਹੈ॥ ੧ ॥

ਜਿਸ ਤਰ੍ਹਾਂ ਪ੍ਰਤੱਖ ਕੁੜਮਾਂ ਵਲੋਂ ਕੁੜਮਾਈ ਦਾ ਆਉਣਾ ਹੁੰਦਾ ਹੈ ਤੇ ਲੜਕੇ ਦੇ ਮੂੰਹ ਨਾਲ (ਮੇਵਾ ਗੁੜ ਆਦਿਕ) ਕੋਈ ਚੀਜ਼ ਛੁਹਾਈ ਜਾਂਦੀ ਹੈ, ਏਸੇ ਤਰ੍ਹਾਂ-

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥

ਗੁਰਾਂ ਨੇ ਜਿਹੜਾ ਸਤ ਸੰਤੋਖ ਵਿਚ ਪ੍ਰੇਮ ਕਰਵਾ ਦਿੱਤਾ ਹੈ,

ਅਥਵਾ:-ਸਤ ਸੰਤੋਖ ਦੇ ਸਹਿਤ ਪਰਮੇਸ਼ਰ ਵਿਚ ਜਿਹੜਾ ਭਾਉ=ਪ੍ਰੇਮ ਕਰਵਾ ਦਿੱਤਾ ਹੈ, ਏਹੋ ਕੁੜਮਾਂ ਵਲੋਂ ਕੁੜਮਾਈ ਦਾ ਆਉਣਾ ਹੋਇਆ ਹੈ।

(ਜਗਿਆਸੂ ਰੂਪ ਲੜਕੀ ਦੇ ਪਿਤਾ ਗੁਰੂ ਜੀ ਹਨ, ਇਸ ਕਰਕੇ ਗੁਰੂ ਹੀ ਕੁੜਮ ਹਨ)

ਜਿਵੇਂ-ਵਿਆਹ ਤੋਂ ਕੁਝ ਦਿਨ ਪਹਿਲੇ ਲੜਕੀਆਂ ਕੱਠੀਆਂ ਹੋ ਕੇ ਗੀਤ ਗਾਉਂਦੀਆਂ ਹਨ, ਤਿਵੇਂ-

ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥

ਸੰਤ ਜਨਾਂ ਨਾਲ ਮੇਲ ਕਰਕੇ ਬਲਿਹਾਰ ਜਾਣੇ ਯੋਗ ਰਾਮ ਦੀ ਪ੍ਰਾਪਤੀ ਕਰਨ ਵਾਲੀ ਜੋ ਗੁਰਬਾਣੀ ਗਾਉਣਾ ਕੀਤੀ ਹੈ, ਏਹੋ ਸੁਹਾਗ ਦੇ ਗੀਤ ਗਾਏ ਹਨ।

ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥

ਗੁਰਾਂ ਦੀ ਬਾਣੀ ਗਾਇਨ ਕੀਤੀ ਤਾਂ ਹੀ ਕੇਵਲ ਮੁਕਤੀ ਪਾਈ,

ਅਤੇ ਸ਼ੋਭਨੀਕ ਪੰਚ-ਸ੍ਰੇਸ਼ਟ ਪਰਮਾਤਮਾ ਮਿਲ ਪਿਆ ਹੈ।

ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥

ਕ੍ਰੋਧ=ਗੁੱਸਾ ਚਲਾ ਗਿਆ ਹੈ, ਤਨ ਵਿੱਚੋਂ ਮਮਤਾ ਨਾਸ ਹੋ ਗਈ ਹੈ,

ਪਖੰਡ ਅਤੇ ਭਰਮ ਨੂੰ ਭੀ ਗਵਾ ਦਿੱਤਾ ਹੈ।

ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥

ਹਉਮੈ ਦੀ ਪੀੜਾ ਚਲੀ ਗਈ ਹੈ, ਆਤਮ-ਸੁਖ ਪਾਇਆ ਹੈ ਅਤੇ ਸਰੀਰ ਆਰੋਗ ਹੋ ਗਿਆ ਹੈ।

ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਕਰਕੇ ਸ਼ੁਭ-ਗੁਣਾਂ ਦੇ ਗਹੀਰਾ=ਸਮੁੰਦਰ ਰੂਪ ਬ੍ਰਹਮ ਨੂੰ

ਪਛਾਤਾ=ਪਛਾਣ ਲਿਆ ਹੈ॥ ੨॥

ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥

ਰਾਮ ਜੋ ਬਲਿਹਾਰ ਜਾਣੇ ਯੋਗ ਹੈ ਮਨਮੁਖ-ਇਸਤਰੀ ਉਸ ਤੋਂ ਵਿਛੜ ਕੇ ਦੂਰ ਚੁਰਾਸੀ ਲੱਖ ਜੂਨੀਆਂ ਵਿਚ ਚਲੀ ਗਈ ਹੈ, ਮਹਲੁ=ਸਰੂਪ ਨੂੰ ਨਹੀਂ ਪਾਉਂਦੀ, ਕਿਉਂਕਿ ਕਾਮ ਕ੍ਰੋਧ ਰੂਪ ਅੱਗ ਵਿਚ,

ਵਾ:-ਤ੍ਰਿਸ਼ਨਾ ਰੂਪ ਅੱਗ ਵਿਚ ਬਲਿ ਗਈ=ਸੜ ਗਈ ਹੈ।

ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥

ਉਸ ਦੇ ਅੰਦਰ ਝੂਠਿਆਂ ਪਦਾਰਥਾਂ ਦੀ ਮਮਤਾ ਹੈ ਤੇ ਕੂੜੁ ਵਿਹਾਝੇ=ਝੂਠ ਨੂੰ ਵਿਹਾਝੇ=ਖਰੀਦਦੀ ਹੈ, ਇਸ ਲਈ ਝੂਠ ਨੇ ਇਸ ਨੂੰ ਮਾਰ ਲੀਤਾ ਹੇ, ਮੈਂ ਤਾਂ ਰਾਮ ਤੋਂ ਬਲਿਹਾਰ ਜਾਂਦਾ ਹਾਂ।

ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ॥

ਝੂਠ ਤੇ ਕਪਟ ਨੂੰ ਕਮਾਉਂਦੀ ਹੋਈ ਵੱਡਾ ਦੁਖ ਪਾਉਂਦੀ ਹੈ, ਸਤਿਗੁਰਾਂ ਨੂੰ ਮਿਲੇ ਤੋਂ ਬਿਨਾ ਪ੍ਰਭੂ ਦੀ ਪ੍ਰਾਪਤੀ ਦਾ ਮਗੁ=ਰਸਤਾ ਕਿਸੇ ਨੇ ਨਹੀਂ ਪਾਇਆ।

ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥

ਇਹ ਗਾਵਾਰੀ=ਮੂਰਖ-ਇਸਤ੍ਰੀ ਸੰਸਾਰ-ਉਜਾੜ ਦੇ ਰਸਤੇ ਵਿਚ ਭੁੱਲੀ ਫਿਰਦੀ ਹੈ, ਅਤੇ ਖਿਨੁ ਖਿਨੁ=ਥੋੜ੍ਹੇ ਥੋੜ੍ਹੇ ਸਮੇਂ ਵਿਚ ਧੱਕੇ ਨੂੰ ਖਾਂਦੀ ਹੈ।

ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ॥

ਪ੍ਰਭੂ ਦਾਤਾ ਆਪ ਕਿਰਪਾ ਦ੍ਰਿਸ਼ਟੀ ਕਰੇ, ਤਾਂ ਸਤਿਗੁਰ ਪੁਰਖਾਂ ਨਾਲ ਮਿਲਾਉਂਦਾ ਹੈ।

ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ॥ ੩॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰ ਪੁਰਖਾਂ ਨੇ ਸਹਜਿ ਸੁਭਾਏ=ਸੁਤੇ-ਸਿਧ ਹੀ ਜਨਮਾਂ ਜਨਮਾਂ ਦੇ ਵਿਛੜੇ ਹੋਏ ਪੁਰਸ਼ ਪ੍ਰਭੂ ਨਾਲ ਮੇਲਣਾ ਕੀਤੇ ਹਨ॥ ੩॥

ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ॥

ਬਲਿਹਾਰ ਜਾਣੇ ਯੋਗ ਜੋ ਰਾਮ ਹੈ, ਉਸ ਪਰਮਾਤਮਾ ਵਿਚ ਜਿਹੜੀ ਲਿਵ ਲੱਗੀ ਹੈ ਏਹੋ ਲਗਨ ਗਿਣਿਆ ਆਇਆ ਹੈ, ਇਸ ਲਈ ਜਗਿਆਸੂ ਰੂਪ ਧਨ=ਇਸਤਰੀ ਦੇ ਹਿਰਦੇ ਵਿਚ ਓਮਾਹੀਆ=ਉਤਸ਼ਾਹ ਪੈਦਾ ਹੋਇਆ ਹੈ।

ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ॥

ਪੰਡਿਤ* ਜੋ ਗੁਰੂ ਸਾਹਿਬ ਜੀ ਹਨ, ਤਿੰਨਾਂ ਗੁਣਾਂ ਤੋਂ ਰਹਿਤ ਪਾਧੇ+ ਪਧਤੀ ਦੇ ਦੱਸਦ ਵਾਲੇ ਉਹਨਾਂ

---

*ਯਥਾ:-"ਸੋ ਪੰਡਿਤੁ ਜੋ ਤਿਹਾਂ ਗੁਣਾਂ ਕੀ ਪੰਡ ਉਤਾਰੈ॥ ਅਨਦਿਨੁ ਏਕੋ ਨਾਮੁ ਵਖਾਣੈ॥ (ਮਲਾਰ ਮ: ੩, ਪੰਨਾ ੧੨੬੧)

+"ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥" (ਦਖਣੀ ਓਅੰਕਾਰ, ਪੰਨਾ ੯੩੮)

ਨੇ ਆਣਿ=ਆ ਕੇ ਵੇਦ ਰੂਪ ਪਤੀ=ਪੱਤਰਕਾ ਬਹਿ=ਬੈਠ ਕੇ ਵਾਚਾਈਆ=ਵਾਚੀ ਹੈ।

ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ॥

ਜਬ=ਜਿਸ ਵੇਲੇ ਵੇਦ ਰੂਪ=ਪਤੀ=ਪੱਤ੍ਰਕਾ ਵਾਚੀ ਤੇ ਸੁਣ ਲਿਆ ਕਿ ਹੁਣ ਸੱਜਣ ਪਰਮਾਤਮਾ ਜੀ ਅੰਤਹਕਰਨ ਰੂਪੀ ਘਰ ਆ ਕੇ ਸਖਿਆਤਕਾਰ ਹੋਣਗੇ ਤਾਂ ਮਨ ਵਿਚ ਅਨੰਦ ਦੀ ਵਧਾਈ ਵੱਜੀ।

ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥

ਗੁਣੀਆਂ, ਗਿਆਨੀਆਂ ਨੇ ਬੈਠ ਕੇ ਮਤਾ ਪਕਾਇਆ=ਸਲਾਹ ਕੀਤੀ ਕਿ ਇਹ ਪੂਰਨ ਅਧਿਕਾਰੀ ਹੈ, ਇਸ ਜਗਿਆਸੂ ਰੂਪ ਇਸਤਰੀ ਦਾ ਪਰਮੇਸ਼ਰ-ਪਤੀ ਨਾਲ ਵਿਆਹ ਕਰ ਦੇਦਾ ਚਾਹੀਦਾ ਹੈ, ਉਸੀ ਵੇਲੇ ਤਤ ਬੋਧਕ ਮਹਾਂ ਵਾਕ ਬਚਨ ਵੁਚਾਰਨੇ ਰੂਪ ਫੇਰੇ ਦਿਵਾ ਦਿੱਤੇ । ਤੇ-

ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ॥

ਅਗਮ ਅਗੋਚਰ ਅਕਾਲ ਪੁਰਖ ਰੂਪ ਵਰੁ=ਪਤੀ ਨੂੰ ਪਾ ਲਿਆ ਜੋ ਸਦਾ ਹੀ ਨਵੀਨ ਤੇ ਬਾਲ ਸਖਾਈ ਹੈ। *ਅਥਵਾ:*-ਬਾਲ=ਬਾਲਾਨ ਬਲ-ਵੱਡਿਆਂ ਤੋਂ ਵੱਡਾ ਹੈ ਤੇ ਸਖਾਈ=ਮਿੱਤ੍ਰਤਾ ਦੇ ਕਰਨ ਵਾਲਾ ਹੈ।

ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ-ਜਦ ਇਕ ਵਾਰ ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਨਾਲ ਮੇਲਦਾ ਹੈ ਤਾਂ ਫਿਰ ਉਸ ਨਾਲੋਂ ਕਦੇ ਵਿਛੜ ਨਹੀਂ ਜਾਂਦਾ॥ ੪॥ ੧॥

ਸੂਹੀ ਮਹਲਾ ੪॥

ਉਥਾਨਕਾ:-ਇਕ ਵਾਰ ਦੀ ਗੱਲ ਹੈ ਕਿ ਗ਼ਰੀਬ ਪ੍ਰੇਮੀ ਦੇ ਘਰ ਜਿਸ ਵੇਲੇ ਲੜਕੀ ਵਰ ਦੇ ਯੋਗ (ਵਿਆਹੁਣ ਵਾਲੀ) ਹੋ ਗਈ ਤਾਂ ਉਸ ਨੂੰ ਚਿੰਤਾ ਲੱਗ ਗਈ ਤੇ ਲੜਕੇ ਦੀ ਦੇਖ-ਭਾਲ ਕਰਨੀ ਸ਼ੁਰੂ ਕਰ ਦਿੱਤੀ। ਪ੍ਰਭੂ ਦੀ ਪ੍ਰੇਰਨਾ ਅਨੁਸਾਰ ਥੋੜ੍ਹੇ ਦਿਨਾਂ ਦੇ ਵਿਚ ਹੀ ਉਸ ਨੂੰ ਲੜਕੇ ਦੀ ਦੱਸ ਪੈ ਗਈ ਤੇ ਉਸ ਦੇ ਮਾਪਿਆਂ ਨਾਲ ਮਿਲ ਕੇ ਇਸ ਨੇ ਸਾਰੀ ਗੱਲ ਪੱਕੀ ਕਰ ਲਈ। ਪਹਿਲੇ ਸ਼ਗਨ ਦੇ ਕੇ ਫੇਰ ਵਿਆਹ ਦਾ ਦਿਨ ਮੁਕੱਰਰ ਕਰ ਲਿਆ। ਜਿਸ ਵੇਲੇ ਵਿਆਹ ਦੇ ਦਿਨ ਥੋੜ੍ਹੇ ਰਹਿ ਗਏ ਤਾਂ ਇਸ ਨੇ ਪੰਡਿਤ ਜੀ ਨੂੰ ਘਰ ਸੱਦ ਕੇ ਕਿਹਾ-''ਮੇਰੀ ਲੜਕੀ ਦਾ ਵਿਆਹ ਹੈ, ਆਪ ਜੀ ਨੇ ਵਿੱਧੀ ਅਨੁਸਾਰ ਸਾਰਾ ਕੰਮ ਸੋਹਣੇ ਢੰਗ ਨਾਲ ਪੂਰਾ ਕਰ ਦੇਣਾ।'' ਇਹ ਗੱਲ ਸੁਣ ਕੇ ਪੰਡਿਤ ਜੀ ਨੇ ਕਿਹਾ-''ਕੰਮ ਸਾਰਾ ਸੋਹਣੇ ਢੰਗ ਨਾਲ ਕਰਾਂਗਾ ਪਰ ਰੁਪਏ ਪੰਜਾਹ ਲਵਾਂਗਾ।'' ਉਸ ਨੇ ਹੱਥ ਜੋੜ ਕੇ ਕਿਹਾ-'' ਮੈਂ ਗ਼ਰੀਬ ਹਾਂ ਇਤਨੇ ਰੁਪਏ ਨਹੀਂ ਦੇ ਸਕਦਾ, ਹੱਛਾ ਤੁਸੀਂ ਪੰਝੀ ਰੁਪਏ ਲੈ ਲੈਣੇ।'' ਬਹੁਤ ਕਹਿਣ ਦੇ ਬਾਵਜੂਦ ਭੀ ਪੰਡਿਤ ਜੀ ਨਾ ਮੰਨੇ ਉਸ ਨੂੰ ਨਿਰਾਸ ਕਰਕੇ ਤੁਰ ਆਏ। ਇਸ ਨੇ ਫਿਰ ਬਹੁਤਿਆਂ ਨਾਲ ਸਲਾਹ ਕੀਤੀ ਕਿ 'ਮੈਂ ਗਰੀਬ ਆਦਮੀ ਹਾਂ ਲੜਕੀ ਦਾ ਵਿਆਹ ਭੀ ਜ਼ਰੂਰ ਕਰਨਾ ਹੈ, ਥੋੜ੍ਹੇ ਰੁਪਇਆਂ ਵਿਚ ਜੇ ਕੋਈ ਕਰਵਾ ਦੇਵੇ ਤਾਂ ਬਹੁਤ ਚੰਗਾ ਹੈ।' ਇਸ ਦੀ ਇਹ ਗੱਲ ਸੁਣ ਕੇ ਇਕ ਸਿੱਖ ਨੇ ਕਿਹਾ-''ਤੂੰ ਗੁਰੂ ਦੇ ਚੱਕ ਗੁਰੂ ਜੀ ਪਾਸ ਜਾ ਕੇ ਬੇਨਤੀ ਕਰ ਉਹ ਤੇਰਾ ਕਾਰਜ ਰੁਪਇਆਂ ਤੋਂ ਬਗੈਰ ਹੀ ਪੂਰਾ ਕਰ ਦੇਣਗੇ।'' ਸਿੱਖ ਤੋਂ ਸੁਣ ਕੇ ਬੜਾ ਖ਼ੁਸ਼ ਹੋਇਆ ਤੇ ਉਸੀ ਵੇਲੇ ਗੁਰੂ ਦੇ ਚੱਕ ਗੁਰੂ ਜੀ ਪਾਸ ਪਹੁੰਚ ਕੇ ਦੋਵੇਂ ਹੱਥ ਜੋੜ ਕੇ ਆਖਦਾ ਹੈ-''ਗ਼ਰੀਬ ਨਿਵਾਜ਼ ਜੀਓ ! ਗ਼ਰੀਬ ਤੇ ਤਰਸ ਕਰੋ, ਮੈਂ ਤੁਹਾਡੀਆਂ ਸਿਫ਼ਤਾਂ ਸੁਣ ਕੇ ਆਇਆ ਹਾਂ, ਆਪ ਦਾਸ ਦਾ ਕਾਰਜ ਪੂਰਾ ਕਰ ਦਿਉ।'' ਗੁਰੂ ਜੀ ਨੇ ਪੁੱਛਿਆ-''ਕੀ ਕੰਮ

ਹੈ?'' ਤਾਂ ਉਸ ਨੇ ਸਾਰੀ ਗੱਲ ਸੁਣਾਈ ਕਿ 'ਲੜਕੀ ਦਾ ਵਿਆਹ ਕਰਨਾ ਹੈ' ਮੈਂ ਪੰਡਿਤ ਜੀ ਨੂੰ ਸੱਦ ਕੇ ਕਿਹਾ ਸੀ ਤੇ ਉਸ ਨੇ ਪੰਜਾਹ ਰੁਪਏ ਮੰਗੇ ਸਨ, ਮੈਂ ਕਿਹਾ-ਗ਼ਰੀਬ ਤੇ ਤਰਸ ਕਰੋ ਪੰਜਾਹ ਨਹੀਂ ਦੇ ਸਕਦਾ ਪੰਝੀ ਦੇ ਦਿਆਂਗਾ ਪਰ ਉਹ ਇਨਕਾਰ ਕਰ ਗਿਆ ਹੈ, ਮੈਂ ਬਹੁਤ ਡਾਵੇਂਡੋਲ ਹੋ ਕੇ ਆਪ ਜੀ ਪਾਸ ਆਇਆ ਹਾਂ ਆਪ ਕਿਰਪਾ ਕਰੋ।'

ਗੁਰੂ ਜੀ ਨੇ ਕਿਹਾ-''ਇਥੇ ਕੋਈ ਇਨਕਾਰ ਨਹੀਂ, ਜਿਸ ਵੇਲੇ ਭੀ ਤੁਸੀਂ ਸਾਰੇ ਮੁੰਡਾ ਕੁੜੀ ਲੈ ਆਉਗੇ ਅਸੀਂ ਵਿਆਹ ਕਰ ਦਿਆਂਗੇ।'' ਇਹ ਬਚਨ ਸੁਣ ਕੇ ਬੜਾ ਖੁਸ਼ ਹੋ ਕੇ ਘਰ ਚਲਾ ਗਿਆ। ਪਹਿਲੇ ਆਪਣੇ ਪ੍ਰਵਾਰ ਨਾਲ ਸਲਾਹ ਕੀਤੀ, ਫੇਰ ਮੁੰਡੇ ਦੇ ਮਾਪਿਆਂ ਨਾਲ ਪੱਕੀ ਸਲਾਹ ਕਰ ਲਈ ਕਿ 'ਗੁਰੂ ਦੇ ਚੱਕ ਜਾ ਕੇ ਵਿਆਹ ਕਰਨਾ ਹੈ।'

ਜਿਹੜਾ ਵਿਆਹ ਵਾਲਾ ਦਿਨ ਮੁਕੱਰਰ ਕੀਤਾ ਹੋਇਆ ਸੀ, ਉਸ ਦਿਨ ਸਾਰੇ ਇਕੱਠੇ ਹੋ ਕੇ ਗੁਰੂ ਦੇ ਚੱਕ ਗੁਰੂ ਜੀ ਦੇ ਪਾਸ ਪਹੁੰਚ ਕੇ ਬੇਨਤੀ ਕੀਤੀ-''ਗਰੀਬ ਨਿਵਾਜ਼ ਜੀਓ ! ਮੁੰਡਾ ਕੁੜੀ ਆ ਗਏ ਹਨ, ਆਪ ਇਨ੍ਹਾਂ ਦਾ ਵਿਆਹ ਕਰ ਦਿਓ।''

ਗੁਰੂ ਜੀ ਨੇ ਉਹਨਾਂ ਨੂੰ ਆਪਣੇ ਪਾਸ ਬਿਠਾ ਲਿਆ, ਉਸ ਵੇਲੇ ਇਕ ਅਧਿਕਾਰੀ ਜਗਿਆਸੂ (ਪਰਮੇਸ਼ਰ ਪ੍ਰਾਪਤੀ ਦੀ ਇੱਛਾ ਵਾਲਾ) ਬੈਠਾ ਹੋਇਆ ਸੀ, ਉਸ ਨੂੰ ਗੁਰੂ ਸਾਹਿਬ ਜੀ ਸਿਖਿਆ ਦੇਣ ਲੱਗੇ ਸਨ ਤਾਂ ਗੁਰੂ ਜੀ ਨੇ ਕਿਹਾ-''ਤੁਹਾਡਾ ਦੋਹਾਂ ਦਾ ਕੰਮ ਇਕੱਠਾ ਹੀ ਕਰ ਦੇਂਦੇ ਹਾਂ।'' ਉਸ ਵੇਲੇ ਗੁਰੂ ਜੀ ਨੇ ਇਹ ਲਾਵਾਂ ਉਚਾਰ ਕੇ ਪ੍ਰਤੱਖ ਮੁੰਡੇ ਕੁੜੀ ਦਾ ਵਿਆਹ ਅਤੇ ਅੰਤ੍ਰੀਵ ਜਗਿਆਸੂ ਰੂਪ ਲੜਕੀ ਦਾ ਪਰਮੇਸ਼ਰ ਪਤੀ ਨਾਲ ਵਿਆਹ ਕਰ ਦਿੱਤਾ। ਲਾਵ ਦੇ ਚਾਰ ਅਰਥ ਹਨ-

੧. ਪਰਕਰਮਾ, ੨. ਸਿਖਿਆ, ੩. ਭੂਮਿਕਾ, ੪. ਲਗਨ।

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਜੋ ਰਾਮ ਹੈ, ਉਸ ਹਰੀ ਰੂਪ ਪਤੀ ਦੀ ਪ੍ਰਾਪਤੀ ਦੀ ਪਹਿਲੜੀ ਲਾਵ=ਪਹਿਲੀ ਪਰਕਰਮਾ, ਪਹਿਲੀ ਸਿਖਿਆ, ਪਹਿਲੀ ਭੂਮਿਕਾ ਜੋ ਪਰਵਿਰਤੀ ਕਰਮ 'ਸ਼ੁਭ ਇੱਛਾ' ਹੈ, ਉਹ ਗੁਰਾਂ ਨੇ ਦ੍ਰਿੜ੍ਹਾਉਣਾ ਕੀਤਾ ਹੈ।

ਯਥਾ:- ਦੋਹਰਾ ॥''ਬਿਖਿਆ ਬਿਖੈ ਭਈ ਦ੍ਰੈਖਤਾ ਗੁਰ ਤੀਰਥ ਅਨੁਰਾਗੁ।
ਤਾਂ ਤੇ ਸੁਭ ਇੱਛਾ ਕਹੀ ਕਥਾ ਸ੍ਰਵਨ ਮਨ ਲਗ॥ ੯ ॥''. *(ਵਿਚਾਰ ਮਾਲਾ ਅਧਿ:੩)*

ਤਥਾ:-''ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥'' *(ਪੰਨਾ ੯੩੨)*

ਇਹ ਨਿਸਚੇ ਕਰਕੇ ਵਿਸ਼ਿਆਂ ਤਰਫੋਂ ਗਿਲਾਨੀ (ਨਫਰਤ) ਕਰਨੀ ਗੁਰੂ ਸੇਵਾ ਤੇ ਤੀਰਥ ਯਾਤਰਾ ਵਿਚ ਪ੍ਰੇਮ ਕਰਨਾ ਕਿਉਂਕਿ ਗੁਰੂ ਸੇਵਾ ਤੇ ਵਿਧੀ ਸਹਿਤ ਤੀਰਥ ਯਾਤਰਾ ਕਰਨੀ ਮਨ ਦੀ ਸ਼ੁੱਧੀ ਦਾ ਕਾਰਨ ਹਨ, ਤੇ ਪ੍ਰਭੂ ਦੀ ਕਥਾ ਸਭ ਤੋਂ ਉੱਤਮ ਹੈ।

ਯਥਾ:- ''ਨਿਰਗੁਣ ਕਥਾ ਕਥਾ ਹੈ ਹਰਿ ਕੀ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ॥ *(ਪੰਨਾ ੧੬੪)*

ਤਥਾ:- ''ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ॥ ੧ ॥ ਰਹਾਉ ॥
ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਆਵਰੁ ਨ ਕਿਛੁ ਲਾਈਕੀ ਰੇ॥ ੧ ॥

ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ॥ ੨॥ ੪॥ ੧੩੩॥''

(ਪੰਨਾ ੪੦੪)

ਪ੍ਰਭੂ ਦੀ ਕਥਾ ਸੁਨਣ ਵਿਚ ਮਨ ਦਾ ਲਗਾਉਣਾ ਇਨ੍ਹਾਂ ਸਭਨਾਂ ਨੂੰ ਸ਼ੁਭ ਇੱਛਾ ਕਿਹਾ ਹੈ, ਏਸੇ ਦਾ ਨਾਮ ਪ੍ਰਵਿਰਤੀ ਕਰਮ ਹੈ।

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥

ਬ੍ਰਹਮਾ ਜਿਸ ਦਾ ਗ੍ਰੰਥੀ ਹੈ ਐਸੀ ਜੋ ਵੇਦ ਬਾਣੀ ਹੈ ਉਸ ਦੁਆਰੇ ਧਰਮ ਨੂੰ ਦ੍ਰਿੜ੍ਹ ਕਰੋ, ਪਾਪਾਂ ਨੂੰ ਤਜਾਇਆ=ਤਿਆਗਣਾ ਕਰੋ ਤੇ ਰਾਮ ਤੋਂ ਬਲਿਹਾਰ ਜਾਣਾ ਕਰੋ।

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥

ਸ੍ਵੈ ਧਰਮ* ਨੂੰ ਦਿੜ੍ਹ ਕਰੋ, ਕਿਉਂਕਿ:-

''ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥'' *(ਪੰਨਾ ੬੨੨)*

ਅਤੇ ਹਰੀ ਨਾਮ ਨੂੰ ਧਿਆਉਣਾ ਕਰੋ ਜਿਸ ਨਾਮ ਨੂੰ ਵੇਦਾਂ, ਸ਼ਾਸਤਰਾਂ ਤੇ ਸਿੰਮ੍ਰਿਤੀਆਂ ਨੇ ਦ੍ਰਿੜ੍ਹ ਕਰਵਾਇਆ ਹੈ।

ਯਥਾ:- ''ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧॥'' *(ਪੰਨਾ ੭੬੧)*

ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥

ਗੁਰੁ=ਪੂਜਨੀਕ ਪੂਰਿਆਂ ਸਤਿਗੁਰਾਂ ਨੂੰ ਅਰਾਧਣਾ ਕਰੋ,

*ਅਥਵਾ:-*ਸਤਿਗੁਰਾਂ ਦੁਆਰੇ ਗੁਰੁ ਪੂਰਾ=ਪੂਜਨੀਕ ਪੂਰੇ ਪਰਮੇਸ਼ਰ ਨੂੰ ਅਰਾਧਣਾ ਕਰੋ, ਜਿਨ੍ਹਾਂ ਨੇ ਅਰਾਧਿਆ ਹੈ, ਉਨ੍ਹਾਂ ਨੇ ਚੌਹਾਂ ਕਿਲਵਿਖਾਂ** ਨੂੰ ਤੇ ਬਿਅੰਤ ਪਾਪਾਂ ਨੂੰ ਗੁਆ ਦਿੱਤਾ ਹੈ।

ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥

ਉਸ ਵਡਭਾਗੀ ਪੁਰਸ਼ ਨੂੰ ਸਹਜੇ ਅਨੰਦ ਪ੍ਰਾਪਤ ਹੋਇਆ ਹੈ,

ਜਿਸ ਦੇ ਮਨ ਵਿਚ ਹਰਿ ਹਰਿ ਦਾ ਨਾਮ ਮਿੱਠਾ ਲਗ ਆਇਆ ਹੈ।

**ਧਰਮ ਦੇ ਦਸ ਚਿੰਨ੍ਹ ਕਹੇ ਹਨ,*

ਯਥਾ:-''ਖਿਮਾ, ਅਹਿੰਸਾ, ਦਯਾ, ਮ੍ਰਿਦਾ ਸਤ ਬਚਨ, ਤਪਦਾਨ।

ਸੀਲ, ਸੋਚ, ਤ੍ਰਿਸ਼ਨਾ ਬਿਨਾ ਧਰਮ ਲਿੰਗ ਦਸ ਜਾਨ॥ ੧੦॥''.....

ਧਰਮ ਤੋਂ ਬਿਨਾ ਜੀਵ ਦਾ ਜੀਉਣਾ ਨਿਸਫਲ ਹੈ,

ਯਥਾ:-''ਇੰਦ ਬਿਨਾ ਜਿਉਂ ਮੰਦ ਨਿਸ, ਮੰਦ ਕੰਜ ਬਿਨਾਂ ਤਾਲ।

ਜੀਵ ਮੰਦ ਤਿਉ ਧਰਮ ਬਿਨ, ਤਾਂ ਤੇ ਧਰਮ ਨ ਟਾਲ॥ ੧੪॥'' *(ਸਾਰੁਕਤਾਵਲੀ ਅਧਿ:੧)*

***ਯਥਾ:-''ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ॥''* *(ਪੰਨਾ ੭੦)*

ਤਥਾ:-''ਬ੍ਰਹਮਣ ਕੈਲੀ ਘਾਤੁ ਕੰਵਕਾ ਅਣਚਾਰੀ ਕਾ ਧਾਨੁ॥'' *(ਪੰਨਾ ੧੪੧੩)*

ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਵਿਆਹ ਰੂਪ ਕਾਰਜ ਦੇ ਆਰੰਭ ਵਿਚ 'ਸੁਭਇੱਛਾ' ਰੂਪ ਪਹਿਲੀ ਲਾਵ=ਪਰਕਰਮਾ, ਸਿਖਿਆ, ਭੂਮਿਕਾ ਨੂੰ ਰਚਾਉਣਾ ਕੀਤਾ ਹੈ॥ ੧ ॥

[ਪੰਨਾ ੭੭੪]

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਜੋ ਰਾਮ ਹੈ ਉਸ ਹਰੀ ਪਤੀ ਦੀ ਪ੍ਰਾਪਤੀ ਦੀ ਦੂਜੜੀ ਲਾਵ=ਦੂਜੀ ਪਰਕਰਮਾ ਸਿਖਿਆ, ਭੂਮਿਕਾ ਜੋ ਸ਼ੁਭ ਵਿਚਾਰ ਹੈ, ਸਤਿਗੁਰ ਪੁਰਖਾਂ ਨੇ ਉਸ ਨਾਲ ਮਿਲਾਉਣਾ ਕੀਤਾ ਹੈ।

ਯਥਾ:- ''ਦੂਜੀ ਕਹੀ ਸੁ ਵਿਚਾਰਨਾਂ ਉਪਜਜੋ ਤੱਤ ਬਿਚਾਰ।
ਏਕੰਤ ਹ੍ਵੈ ਸੋਧੱਨ ਲਗਜੋ ਕੋ ਹੌਂ ਕੋ ਸੰਸਾਰ॥ ੧੩ ॥'' *(ਵਿਚਾਰ ਮਾਲਾ ਬਿਸ੍ਰਾਮ ੩)*

ਸ਼ੁਭ ਵਿਚਾਰ ਦੁਆਰਾ ਇਕਾਂਤ ਜਗ੍ਹਾ ਪਰ ਬੈਠ ਕੇ ਇਸ ਗੱਲ ਨੂੰ ਵਿਚਾਰਨ ਲੱਗ ਪਿਆ, ਹੌਂ=ਮੈਂ ਕੌਣ ਹਾਂ? ਤੇ ਸੰਸਾਰ ਕੀ ਹੈ?

ਵਿਚਾਰ ਕੇ ਇਹ ਨਿਸਚੇ ਕੀਤਾ, ਮੈਂ ਕੁਝ ਚੀਜ਼ ਨਹੀਂ ਹਾਂ ਕਿਉਂਕਿ ਇਹ ਸਰੀਰ ਮੈਲੇ ਪਾਣੀ ਦਾ ਬੁਦ-ਬੁਦਾ ਹੈ।

ਯਥਾ:- ''ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧ ॥'' *(ਪੰਨਾ ੩੩੬)*

ਤਥਾ:- ''ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥'' *(ਪੰਨਾ ੬੩)*

''ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥'' *(ਪੰਨਾ ੭੦੬)*

ਅਤੇ ਸੰਸਾਰ ਭੀ ਧੁੰਏ ਦੇ ਪਹਾੜ ਵਾਂਗ ਨਾਸਵੰਤ ਹੈ।

ਯਥਾ:- ''ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥'' *(ਪੰਨਾ ੧੧੮੬)*

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਰਾਮ ਦੇ ਭੈ=ਡਰ ਧਾਰਨ ਕਰਕੇ ਮਨ ਨਿਰਖੋਫ਼ ਹੁੰਦਾ ਹੈ, ਗੁਰਮੁਖਾਂ ਨੇ ਰਾਮ ਦੇ ਡਰ ਨੂੰ ਧਾਰ ਕੇ ਹਉਮੈ ਦੀ ਮੈਲ ਨੂੰ ਗੁਆ ਦੇਣਾ ਕੀਤਾ ਹੈ।

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥

ਨਿਰਮਲ ਪਰਮਾਤਮਾ ਦੇ ਭਉ=ਡਰ ਨੂੰ ਪਾ ਕੇ ਜਿਸ ਨੇ ਹਰੀ ਗੁਣਾਂ ਨੂੰ ਗਾਇਣ ਕੀਤਾ ਹੈ, ਉਸ ਨੇ ਹਰੀ ਰਾਮ ਨੂੰ ਹਾਜ਼ਰਾ ਹਜ਼ੂਰ ਦੇਖਿਆ ਹੈ।

ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥

ਹਰੀ ਰਾਮ ਨੇ ਆਤਮ=ਆਪਣੇ ਆਪ ਤੋਂ ਇਹ ਸੰਸਾਰ ਪਸਾਰਾ ਪਸਾਰਿਆ ਹੈ,

ਪੁਨਾ-ਉਹ ਸੁਆਮੀ ਸਾਰਿਆਂ ਵਿਚ ਭਰਪੂਰੇ=ਪੂਰਨ ਹੋ ਰਿਹਾ ਹੈ।

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥

ਸਰੀਰ ਦੇ, ਅਥਵਾ:-ਬ੍ਰਹਿਮਾਂਡ ਦੇ ਅੰਦਰ ਬਾਹਰ ਜੋ ਇਕ ਹਰੀ ਪ੍ਰਭੂ ਹੈ, ਉਸ ਹਰੀ ਦੇ ਸੰਤ ਜਨਾਂ ਨਾਲ ਮਿਲ ਕੇ ਅਸਾਂ ਨੇ ਉਸ ਦੇ ਜੰਗਲ ਗਾਏ ਹਨ, ਤੁਸੀਂ ਗਾਉਣਾ ਕਰੋ।

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥ ੨॥

ਗੁਰੂ ਜੀ ਕਥਨ ਕਰਦੇ ਹਨ—ਪਰਮੇਸ਼ਰ-ਪਤੀ ਦੀ ਪ੍ਰਾਪਤੀ ਵਾਸਤੇ 'ਸੁਵਿਚਾਰਨਾ' ਸ਼ੁਭ ਵਿਚਾਰ ਕਰਨੇ ਰੂਪ ਦੂਜੀ ਲਾਵ=ਪਰਕਰਮਾ, ਵਾ:-ਸਿਖਿਆ, ਵਾ:-ਭੂਮਿਕਾ ਚਲਾਉਣਾ ਕੀਤੀ ਹੈ, ਤੇ ਅਨਹਦ=ਇਕ-ਰਸ ਨਾਮਾਂ ਰੂਪੀ ਸ਼ਬਦ ਵਜਾਏ=ਉਚਾਰਨਾ ਕੀਤੇ।

ਅਤੇ ਪ੍ਰਤੱਖ ਵਿਆਹ ਵਾਲਿਆਂ ਨੇ ਪ੍ਰਤੱਖ ਇਕ-ਰਸ ਵਾਜੇ ਵਜਵਾਏ॥ ੨॥

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥

ਬਲਿਹਾਰ ਜਾਣੇ ਯੋਗ ਜੋ ਰਾਮ ਹੈ ਉਸ ਹਰੀ ਪਤੀ ਦੀ ਪ੍ਰਾਪਤੀ ਵਾਸਤੇ ਤੀਜੜੀ ਲਾਵ=ਤੀਜੀ ਪਰਕਰਮਾ, ਵਾ:-ਤੀਜੀ ਸਿਖਿਆ, ਵਾ:-ਭੂਮਿਕਾ 'ਤਨੂਮਾਨਸਾ' ਹੈ,

ਯਥਾ:- 'ਤਨੂਮਾਨਸਾ ਸੁ ਤੀਸਰੀ ਮਨ ਕੋ ਪ੍ਰਤ ਆਹਾਰ।

ਥਿਰ ਹ੍ਵੈ ਸੁਧ ਸਰੂਪ ਕੀ ਰਾਖੈ ਨਿਤ ਸੰਭਾਰ॥ ੨੨॥ *(ਵਿਚਾਰ ਮਾਲਾ ਬਿਸ੍ਰਾਮ ੩)*

(ਮਨ ਨੂੰ ਪ੍ਰਤ ਆਹਾਰ=ਰੋਕਣਾ, ਰੋਕ ਕੇ ਫਿਰ ਸੂਖਮ ਕਰਨਾ ਇਸੀ ਦਾ ਨਾਮ ਤਨੂਮਾਨਸਾ ਹੈ) ਏਸੇ ਕਰਕੇ ਬੈਰਾਗੀਆਂ ਦੀ ਨਿਆਈਂ ਮਨ ਵਿਚ ਚਾਉ=ਉਤਸ਼ਾਹ ਹੋਇਆ ਹੈ।

ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥

ਹੇ ਭਾਈ ! ਹਰੀ ਦੇ ਸੰਤ ਜਨਾਂ ਨਾਲ ਤੂੰ ਆਪਣੇ ਆਪ ਨੂੰ ਮੇਲ,

ਜਿਨ੍ਹਾਂ ਵਡਭਾਗੀ ਸੰਤਾਂ ਨੇ ਬਲਿਹਾਰ ਜਾਣੇ ਯੋਗ ਹਰੀ ਰਾਮ ਨੂੰ ਪਾਇਆ ਹੈ।

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥

ਜਿਨ੍ਹਾਂ ਸੰਤਾਂ ਨੇ ਨਿਰਮਲ ਹਰੀ ਨੂੰ ਪਾਇਆ ਹੈ ਤੇ ਹਰੀ ਗੁਣਾਂ ਨੂੰ ਗਾਇਣ ਕੀਤਾ ਹੈ ਅਤੇ ਮੁੰਹੋਂ ਹਰੀ ਨਾਮ ਬਾਣੀ ਬੋਲੀ ਹੈ। ਇਸ ਤਰ੍ਹਾਂ ਦੇ-

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥

ਸੰਤ ਜਨਾਂ ਦਾ ਸੰਗ ਵਡਭਾਗੀ ਪੁਰਸ਼ਾਂ ਨੇ ਪਾਇਆ ਹੈ,

ਇਸ ਕਰਕੇ ਤੁਸੀਂ ਭੀ ਸੰਤਾਂ ਨਾਲ ਮਿਲ ਕੇ ਅਕੱਥ ਹਰੀ ਦੀ ਕਹਾਣੀ ਨੂੰ ਕਥਨ ਕਰੋ।

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥

ਹਰੀ ਨਾਮ ਦੇ ਜਪਣੇ ਕਰਕੇ ਹਿਰਦੇ ਵਿਚ ਹਰਿ ਹਰਿ ਦੀ ਧੁਨ ਉਪਜੀ ਹੈ ਭਾਵ ਬ੍ਰਹਮਾ ਕਾਰ ਬਿਰਤੀ ਹੋਈ ਹੈ, ਇਸ ਲਈ ਮੱਥੇ ਦੇ ਭਾਗਾਂ ਅਨੁਸਾਰ ਹਰੀ ਨਾਮ ਨੂੰ ਜਪਣਾ ਕਰੀਏ।

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥ ੩॥

ਗੁਰੂ ਜੀ ਕਥਨ ਕਰਦੇ ਹਨ—ਹਰੀ-ਪਤੀ ਦੀ ਪ੍ਰਾਪਤੀ ਵਾਸਤੇ 'ਤਨੂਮਾਨਸਾ' ਰੂਪ ਤੀਜੀ ਲਾਵੈ=ਤੀਜੀ

ਪਰਕਰਮਾ, ਵਾ:-ਤੀਜੀ ਸਿਖਿਆ, ਵਾ:-ਤੀਜੀ ਭੂਮਿਕਾ ਉਚਾਰਨਾ ਕੀਤੀ ਹੈ, ਜਿਸ ਕਰਕੇ ਮਨ ਵਿਚ ਬੈਰਾਗ ਉਪਜੈ=ਪੈਦਾ ਹੋਇਆ ਹੈ॥ ੩॥

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥

ਹਰੀ-ਪਤੀ ਦੀ ਪ੍ਰਾਪਤੀ ਵਾਸਤੇ ਚਉਥੜੀ ਲਾਵ=ਚੌਥੀ ਪਰਕਰਮਾ, ਵਾ:-ਚੌਥੀ ਸਿਖਿਆ, ਵਾ:-ਚੌਥੀ ਭੂਮਿਕਾ ਸੱਤ੍ਵਾਪਤ ਹੈ ਅਰਥਾਤ ਤੁਰੀਆ ਪਦ ਹੈ।

ਯਥਾ:- "ਚਤੁਰਥ ਸਤ੍ਵਾਪਤਿ ਯਿਹ ਅਨਭਵ ਉਦੈ ਅਭੰਗ।

ਆਤਮ ਜਗ ਦਰਸਿਓ ਭਲੇ ਜਿਉ ਮਧ ਸਿੰਧੁ ਤਰੰਗ॥ ੧੩॥ *(ਵਿਚਾਰਮਾਲਾ ਪਿ:੩)*

ਇਸ ਕਰਕੇ ਮਨ ਵਿਚ ਪ੍ਰਭੂ ਦਾ ਸਹਜੁ ਭਇਆ=ਗਿਆਨ ਹੋਇਆ ਹੈ,

ਉਸ ਗਿਆਨ ਕਰਕੇ ਹੀ ਬਲਿਹਾਰ ਜਾਣੇ ਯੋਗ ਹਰੀ ਰਾਮ ਨੂੰ ਪਾਇਆ ਹੈ।

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥

ਜਿਸ ਵੇਲੇ ਮੁਖੀ ਗੁਰਾਂ ਨੇ ਬਲਿਹਾਰ ਜਾਣੇ ਯੋਗ ਰਾਮ ਹਰੀ ਦਾ ਨਾਮ ਮਨ ਤਨ ਵਿਚ ਮਿੱਠਾ ਲਗਾਇਆ ਤਾਂ ਸੁਭਾਵਕ ਹੀ ਹਰੀ ਆ ਕੇ ਮਿਲ ਪਿਆ।

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥

ਜਿਸ ਨੂੰ ਹਰੀ ਨਾਮ ਮਿੱਠਾ ਲਗ ਆਇਆ ਹੈ ਤੇ ਰਾਤ ਦਿਨ ਹਰੀ ਵਿਚ ਬਿਰਤੀ ਜੋੜੀ ਹੈ, ਉਹ ਜਗਿਆਸੂ ਮੇਰੇ ਹਰੀ ਪ੍ਰਭੂ ਨੂੰ ਭਾ ਗਿਆ ਹੈ।

ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥

ਉਸ ਨੇ ਸੁਆਮੀ ਦੀ ਪ੍ਰਾਪਤੀ ਰੂਪ ਮਨ-ਇੱਛਤ ਫਲ ਪਾ ਲਿਆ ਹੈ ਅਤੇ ਹਰੀ ਨਾਮੀ ਦੀ ਪਰਾਪਤੀ ਹੋਣ ਕਰਕੇ ਅਨੰਦ ਦੀ ਵਧਾਈ ਵੱਜੀ ਹੈ।

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥

ਜਿਸ ਵੇਲੇ ਗੁਰਾਂ ਨੇ ਹਰੀ ਪ੍ਰਭੂ ਠਾਕੁਰ ਦੀ ਪ੍ਰਾਪਤੀ ਦਾ ਕਾਜੁ=ਢੰਗ (ਵਿਅਹ) ਰਚਾਇਆ ਤਾਂ ਜਗਿਆਸੂ ਰੂਪ ਇਸਤਰੀ ਹਿਰਦੇ ਵਿਚ ਨਾਮੀ ਦੇ ਨਾਮ ਨੂੰ ਜਪ ਕੇ ਵਿਗਾਸੀ=ਅਨੰਦ ਹੋਈ।

ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥੪॥੨॥

ਗੁਰੂ ਜੀ ਕਥਨ ਕਰਦੇ ਹਨ-ਚਉਥੀ ਲਾਵੈ=ਚੌਥੀ ਪਰਕਰਮਾ,

ਵਾ:-ਚੌਥੀ ਸਿਖਿਆ ਜੋ ਚੌਥੀ ਭੂਮਿਕਾ (ਤੁਰੀਆ ਪਦ) ਹੈ, ਉਸ ਵਿਚ ਹਰੀ ਪ੍ਰਭੂ ਅਬਿਨਾਸੀ ਨੂੰ ਪਾਇਆ ਹੈ॥ ੪॥ ੨॥

ਇਸ ਤਰ੍ਹਾਂ ਚਾਰ ਲਾਵਾਂ ਉਚਾਰ ਕੇ ਗੁਰੂ ਜੀ ਨੇ ਪ੍ਰਤੱਖ ਮੁੰਡੇ ਕੁੜੀ ਦਾ ਵਿਆਹ ਕਰਕੇ ਤੇ ਪ੍ਰਸ਼ਾਦ ਦੇ ਕੇ ਉਹਨਾਂ ਸਾਰਿਆਂ ਨੂੰ ਤੋਰ ਦਿੱਤਾ।

ਅਤੇ ਜਗਿਆਸੂ ਰੂਪ ਲੜਕੀ ਦਾ ਪਰਮੇਸ਼ਰ-ਪਤੀ ਨਾਲ ਵਿਆਹ ਕਰਕੇ ਅਰਥਾਤ ਪ੍ਰਭੂ ਦੀ ਪ੍ਰਾਪਤੀ ਕਰਕੇ ਉਸ ਨੂੰ ਭੀ ਭੇਜ ਦਿੱਤਾ।

੧ੴ ਸਤਿਗੁਰ ਪ੍ਰਸਾਦਿ ॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥

ਗੁਰਮੁਖਿ ਹਰਿ ਗੁਣ ਗਾਏ ॥ ਹਿਰਦੈ ਰਸਨ ਰਸਾਏ ॥

ਗੁਰਮੁਖ ਜਨ ਰਸਨਾ ਆਦਿਕ ਇੰਦ੍ਰੀਆਂ ਨੂੰ ਰਸਾ ਕੇ ਹਰੀ ਗੁਣਾਂ ਨੂੰ ਗਾਉਂਦੇ ਹਨ ਅਤੇ ਹਿਰਦੇ ਵਿਚ ਹਰੀ ਦੇ ਗੁਣਾਂ ਨੂੰ ਵਸਾਉਂਦੇ ਹਨ।

ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥

ਰਸਨਾ ਆਦਿਕ ਇੰਦ੍ਰੀਏ ਹਰੀ ਵਿਚ ਰਸਾਉਣਾ ਕਰਕੇ ਮੇਰੇ ਪ੍ਰਭੂ ਨੂੰ ਭਾਅ ਗਏ ਹਨ, ਇਸ ਕਰ ਕੇ ਸਹਜਿ ਸੁਭਾਏ=ਸੁਤੇ-ਸਿਧ ਉਹਨਾਂ ਨੂੰ ਹਰੀ ਆ ਮਿਲਿਆ ਹੈ।

ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥

ਜਿਨ੍ਹਾਂ ਨੂੰ ਹਰੀ ਮਿਲਿਆ ਹੈ, ਉਹ ਰਾਤ ਦਿਨ ਖਾਣ ਪਾਣ ਆਦਿਕ ਭੋਗ=ਪਦਾਰਥ ਨੂੰ ਭੋਗਦੇ ਹੋਏ ਭੀ ਸਬਦਿ=ਬ੍ਰਹਮ ਵਿਚ ਲਿਵ ਲਗਾਈ ਰਹਿੰਦੇ ਹਨ, ਇਸ ਲਈ ਸੁਖੀ ਸੌਂਦੇ ਹਨ।

ਵਾ:-ਆਤਮ ਸੁਖ ਵਿਚ ਸੋਵੈ=ਇਸਥਿਤ ਹੁੰਦੇ ਹਨ।

ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥

ਵੱਡਿਆਂ ਭਾਗਾਂ ਨਾਲ ਪੂਰਾ ਗੁਰੂ ਪਾਈਏ ਤਾਂ ਰਾਤ ਦਿਨ ਨਾਮ ਧਿਆਉਂਦੇ ਰਹੀਦਾ ਹੈ।

ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੂੰ ਸੁਭਾਵਕ ਹੀ ਸਹਜਿ=ਗਿਆਨ ਕਰਕੇ
ਜਗਜੀਵਨੁ=ਪਰਮਾਤਮਾ ਮਿਲਿਆ ਹੈ ਉਹ ਸੁੰਨਿ=ਅਫੁਰ ਬ੍ਰਹਮ ਵਿਚ ਸਮਾਏ ਹਨ॥ ੧ ॥

ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥

ਪਰਮੇਸ਼ਰ ਨੇ ਕਿਰਪਾ ਕਰਕੇ, ਜੋ ਪੁਰਸ਼ ਸੰਤਾਂ ਦੀ ਸੰਗਤ ਵਿਚ ਮਿਲਾਏ ਹਨ।
ਉਹ ਸਤਸੰਗ-ਸਰੋਵਰ ਦੇ ਹਰੀ ਨਾਮ ਰੂਪ ਨਿਰਮਲ ਜਲ ਵਿਚ ਇਸ਼ਨਾਨ ਕਰਦੇ ਹਨ।

ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤ੍ਰ ਸਰੀਰਾ ॥

ਜੋ ਪੁਰਸ਼ ਨਾਮ ਰੂਪ ਨਿਰਮਲ ਜਲ ਵਚ ਇਸ਼ਨਾਨ ਕਰਦੇ ਹਨ, ਉਹ ਪਾਪਾਂ ਰੂਪੀ ਮੈਲ ਨੂੰ ਗਵਾਏ=ਦੂਰ ਕਰਦੇ ਹਨ ਤੇ ਉਹਨਾਂ ਦੇ ਸੂਖਮ ਸਥੂਲ ਦੋਵੇਂ ਸਰੀਰ ਪਵਿੱਤ੍ਰ ਹੋ ਗਏ ਹਨ।

ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥

ਦੁਰਮਤਿ=ਖੋਟੀ ਬੁੱਧੀ ਰੂਪ ਮੈਲ ਲਹਿ ਗਈ ਹੈ, ਭਰਮ ਦੂਰ ਹੋ ਗਿਆ,
ਅਤੇ ਹਉਮੈ ਦੀ ਪੀਰਾ=ਪੀੜ ਭੀ ਬਿਨਠੀ=ਨਾਸ ਹੋ ਗਈ ਹੈ।

ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥

ਜਿਸ ਵੇਲੇ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਨਾਲ ਸਤਸੰਗਤ ਪਾਈ ਤਾਂ ਆਪਣੇ ਸਰੂਪ-ਘਰ ਵਿਚ ਵਾਸਾ=ਨਿਵਾਸ ਹੋ ਗਿਆ।

ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਰਸਨਾ ਆਦਿਕ ਇੰਦ੍ਰੀਏ ਰਸਾ ਕੇ ਹਰੀ ਨਾਮ ਨੂੰ ਪ੍ਰਗਾਸਾ= ਉਚਾਰਿਆ ਹੈ, ਉਹਨਾ ਨੂੰ ਮੰਗਲ ਹੀ ਮੰਗਲ ਹਨ॥ ੨ ॥

[ਪੰਨਾ ੭੭੫]

ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥

ਜਿਨ੍ਹਾਂ ਦੇ ਅੰਤਰਿ=ਅੰਤਹਕਰਨ ਵਿਚ ਵਿਚਾਰ ਰੂਪ ਰਤਨ ਹੈ, ਅਥਵਾ:-ਰਤਨੁ=ਵੈਰਾਗ ਤੇ ਸ਼ੁਭ ਵਿਚਾਰ ਹੈ, ਉਹ ਗੁਰਮੁਖ ਹੀ ਵਾਹਿਗੁਰੂ ਨਾਮ ਦੇ ਪਿਆਰੇ ਹਨ।

ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥

ਜੋ ਹਰੀ ਨਾਮ ਦੇ ਪਿਆਰੇ ਹਨ, ਉਹਨਾਂ ਦਾ ਅਗਿਆਨ ਰੂਪ ਹਨੇਰਾ ਪ੍ਰਭੂ ਨੇ ਮਿਟਾ ਦਿੱਤਾ ਹੈ ਅਤੇ ਸਬਦਿ=ਸੰਸਾਰ-ਸਮੁੰਦਰ ਤੋਂ ਤਾਰ ਲਿਆ ਹੈ।

ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥

ਜਿਸ ਵੇਲੇ ਪ੍ਰਚੰਡੁ=ਤੀਸ਼ਨ ਗਿਆਨ ਰੂਪ ਦੀਵਾ ਬਲਿਆ ਤਾਂ ਘਟ ਵਿਚ ਚਾਨਣ ਹੋਇਆ ਤਾਂ ਪ੍ਰਤੱਖ ਘਰ ਤੇ ਮੰਦਰ ਸ਼ੋਭਨੀਕ ਹੋ ਗਏ। ਅਥਵਾ:-ਘਰ=ਸਰੀਰ ਤੇ ਮੰਦਰ=ਅੰਤਹਕਰਨ ਸ਼ੋਭਨੀਕ ਹੋ ਗਿਆ।

ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥

ਜਿਸ ਨੇ ਤਨ ਮਨ ਆਦਿਕ ਅਰਪਣੇ ਰੂਪ ਸ਼ਿੰਗਾਰ ਬਣਾਏ ਹਨ।

ਉਹ ਸੱਚੇ ਹਰੀ ਪ੍ਰਭੂ ਨੂੰ ਭਾ ਗਿਆ ਹੈ।

ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਕੰਮ ਪ੍ਰਭੂ ਕਹੇ ਓਹੀ ਕੰਮ ਪਰੁ=ਭਲੀ ਪ੍ਰਕਾਰ ਕਰੀਏ, ਤਾਂ ਇਹ ਜੀਵ ਅੰਕਿ=ਸਰੂਪ ਵਿਚ ਸਮਾਇਆ=ਅਭੇਦ ਹੁੰਦਾ ਹੈ॥ ੩ ॥

ਹਰਿ ਪ੍ਰਭਿ ਕਾਜੁ ਰਚਾਇਆ ॥ ਗੁਰਮੁਖਿ ਵੀਆਹਣਿ ਆਇਆ ॥

ਹਰੀ ਪ੍ਰਭੂ ਨੇ ਕਿਰਪਾ ਕਰਕੇ ਆਪ ਹੀ ਕਾਜੁ=ਵਿਆਹ ਰਚਾਇਆ ਹੈ।

ਗੁਰਮੁਖਿ=ਗੁਰੂ ਦੁਆਰੇ ਆਪ ਹੀ ਜਗਿਆਸੂ ਰੂਪ ਲੜਕੀ ਨੂੰ ਵਿਆਹੁਣ ਆਇਆ ਹੈ।

ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥

ਆਪ ਹੀ ਗੁਰਾਂ ਦੁਆਰੇ ਵਿਆਹੁਣ ਆਇਆ ਹੈ, ਜਿਸ ਨੇ ਹਰੀ-ਪਤੀ ਨੂੰ ਪਾਇਆ ਹੈ।

ਸਾ ਧਨ=ਓਹੀ (ਜਗਿਆਸੂ ਰੂਪ) ਇਸਤ੍ਰੀ ਪਤੀ (ਪਰਮਾਤਮਾ) ਨੂੰ ਪਿਆਰੀ ਲੱਗੀ ਹੈ।

ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ॥

ਜਿਸ ਨੇ ਸੰਤ ਜਨਾਂ ਨਾਲ ਮਿਲ ਕੇ ਮੰਗਲ ਰੂਪ ਗੁਣ ਗਾਏ ਹਨ, ਹਰਿ ਜੀਉ ਨੇ ਆਪ ਉਸ ਦੀ ਬੁੱਧੀ ਸਵਾਰੀ ਹੈ, *ਅਥਵਾ:*-ਉਸ ਦੀ ਪੈਜ ਸਵਾਰੀ ਹੈ।

ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ॥

ਸੁਰਿ=ਦੇਵਤੇ, ਨਰ=ਮਨੁੱਖ, (ਸ਼ਿਵਾਂ ਦੇ) ਗਣ, (ਹਾਹਾ ਹੂਹੂ) ਗੰਧਰਬ ਇਹ ਸਾਰੇ ਕੱਠੇ ਹੋ ਕੇ ਆਏ, ਏਹੋ ਇਕ ਅਪੂਰਬ=ਅਸਚਰਜ ਜੰਞ ਬਣ ਕੇ ਆਈ ਹੈ।

ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ॥ ੪ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੱਚਾ (ਪ੍ਰਭੂ ਪਰਮਾਤਮਾ) ਪਤੀ ਪਾਇਆ ਹੈ,
ਜੋ ਨਾ ਕਦੇ ਮਰਦਾ ਹੈ, ਅਤੇ ਨਾ ਹੀ ਛੱਡ ਕੇ ਜਾਂਦਾ ਹੈ॥ ੪॥ ੧॥ ੩॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ॥

ਹੇ ਸੰਤ ਜਨੋ ! ਆਓ ਅਸੀਂ ਆਪਸ ਵਿਚ ਰਲ ਕੇ ਰਾਮ ਗੋਬਿੰਦ ਦੇ ਗੁਣ ਗਾਉਣਾ ਕਰੀਏ।

ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ॥

ਉਨ੍ਹਾਂ ਗੁਰਮੁਖਾਂ ਨਾਲ ਮਿਲ ਰਹਿਣਾ ਕਰੀਏ, ਜਿਨ੍ਹਾਂ ਦੇ ਘਰ ਵਿਚ ਰਾਮ ਦੀ ਪ੍ਰਾਪਤੀ ਕਰਾਉਣ ਵਾਲੇ ਘਨੇਰੇ=ਬਹੁਤ ਸ਼ਬਦ ਵੱਜ ਰਹੇ ਹਨ, ਭਾਵ ਕੀਰਤਨ ਹੋ ਰਿਹਾ ਹੈ।

ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ॥

ਹੇ ਹਰੀ ਪ੍ਰਭੂ ! ਤੇਰੀ ਪ੍ਰਾਪਤੀ ਦੇ ਘਨੇਰੇ=ਬਹੁਤ ਸ਼ਬਦ ਪੜ੍ਹ ਰਹੇ ਹਨ,
ਹੇ ਕਰਤਾ ਪੁਰਖ ! ਤੂੰ ਸਾਰੀਆਂ ਥਾਈ=ਜਗ੍ਹਾਂ ਪਰ ਪੂਰਨ ਹੈਂ।

ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ॥

ਜਿਸ ਨੇ ਸੱਚੇ ਗੁਰ ਉਪਦੇਸ਼ ਵਿਚ, ਵਾ:-ਬ੍ਰਹਮ ਵਿਚ ਲਿਵ ਲਗਾਈ ਹੈ,
ਉਹ ਅਹਿਨਿਸਿ=ਦਿਨ ਰਾਤ ਨਾਮ ਜਪਦਾ ਰਹਿੰਦਾ ਹੈ ਤੇ ਸਦਾ ਹੀ ਪ੍ਰਭੂ ਦੀ ਸ਼ਲਾਘਾ ਕਰਦਾ ਰਹਿੰਦਾ ਹੈ।

ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ॥

ਉਹ ਪੁਰਸ਼ ਸਹਿਜੇ ਰਾਤ ਦਿਨ ਰੰਗਿ=ਅਨੰਦ ਵਿਚ ਰੱਤਾ ਰਹਿੰਦਾ ਹੈ,
ਜਿਸ ਨੇ ਹਿਰਦੇ ਵਿਚ ਰਾਮ ਨਾਮ ਜਪਣ ਰੂਪ ਪੂਜਾ ਕੀਤੀ ਹੈ।

ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ॥ ੧॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੇ ਇਕ ਨੂੰ ਪਛਾਣਿਆ ਹੈ,

ਅਵਰੁ=ਹੋਰ ਕਿਸੇ ਦੂਜੇ ਨੂੰ ਨਹੀਂ ਜਾਣਿਆ॥ ੧॥

ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ॥

ਉਹ ਰਾਮ ਪ੍ਰਭੂ ਅੰਤਰਜਾਮੀ ਸਾਰਿਆਂ ਵਿਚ ਰਵਿ ਰਹਿਆ=ਮਿਲ ਰਿਹਾ ਹੈ।

ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ॥

ਜਿਹੜਾ ਗੁਰ ਉਪਦੇਸ਼ ਨੂੰ ਰਵੈ=ਉਚਾਰਦਾ ਹੈ ਉਹ ਇੰਜ ਨਿਸਚੇ ਕਰਦਾ ਹੈ ਕਿ ਮੇਰਾ ਰਾਮ ਪ੍ਰਭੂ ਸੁਆਮੀ ਸਾਰਿਆਂ ਵਿਚ ਪਰੀਪੂਰਨ ਹੋ ਰਿਹਾ ਹੈ।

ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ॥

ਜੋ ਮੇਰਾ ਪ੍ਰਭੂ ਸੁਆਮੀ ਅੰਤਰਜਾਮੀ ਹੈ, ਉਹ ਘਟਾਂ ਘਟਾਂ ਵਿਚ ਵਿਆਪਕ ਹੈ।

ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ॥

ਗੁਰਾਂ ਦੀ ਸਿਖਿਆ ਦੁਆਰੇ ਜਦ ਇਹ ਸਚੁ=ਨਿਸਚਾ ਪਾਈਏ, ਕਿ ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ ਤਾਂ ਸਹਿਜ-ਪਦ ਵਿਚ ਸਮਾਈਦਾ ਹੈ।

ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ॥

ਸਹਿਜੇ ਸਹਿਜੇ ਗੁਣਾਂ ਨੂੰ ਗਾਉਣਾ ਕਰ, ਜੇ ਤੂੰ ਪ੍ਰਭੂ ਨੂੰ ਭਾਅ ਜਾਵੇਂਗਾ
ਤਾਂ ਉਹ ਪ੍ਰਭੂ ਆਪ ਹੀ ਆਪਣੇ ਨਾਲ ਮਿਲਾ ਲਏਗਾ।

ਨਾਨਕ ਸੋ ਪ੍ਰਭੁ ਸਬਦੇ ਜਾਪੈ ਅਹਿਨਿਸਿ ਨਾਮੁ ਧਿਆਏ॥ ੨॥

ਗੁਰੂ ਜੀ ਕਥਨ ਕਰਦੇ ਹਨ—ਗੁਰ-ਸ਼ਬਦ ਦੁਆਰਾ ਦਿਨ ਰਾਤ ਨਾਮ ਨੂੰ ਧਿਆਵੇ ਤਾਂ ਉਹ ਪ੍ਰਭੂ ਜਾਪੈ=ਜਾਣਿਆ ਜਾਂਦਾ ਹੈ॥ ੨॥

ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ॥

ਇਸ ਜਗਤ ਤੋਂ ਤਰਨਾ ਦੁਤਰੁ=ਕਠਨ ਭਾਵ ਔਖਾ ਹੈ,
ਮਨਮੁਖ ਪੁਰਸ਼ ਨੇ ਇਸ ਤੋਂ ਪਾਰ ਹੋਣ ਦੀ ਜੁਗਤੀ ਨਹੀਂ ਪਾਈ।

ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ॥

ਕਿਉਂਕਿ ਮਨਮੁਖ ਦੇ ਹਿਰਦੇ ਅੰਦਰ ਹਉਮੈ=ਹੰਗਤਾ ਮਮਤਾ, ਕਾਮ, ਕ੍ਰੋਧ ਅਤੇ ਸੰਸਾਰਕ ਚਤੁਰਾਈ ਵੱਸ ਰਹੀ।

ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ॥

ਜਿਸ ਦੇ ਅੰਦਰ ਸੰਸਾਰਕ ਚਤੁਰਾਈ ਹੈ, ਉਸ ਨੇ ਸਰੂਪ ਥਾਂ ਨਹੀਂ ਪਾਈ
ਅਤੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਬਿਰਥਾ=ਵਿਅਰਥ ਗਵਾ ਲਿਆ ਹੈ।

ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ॥

ਉਹ ਜਮ ਰਸਤੇ ਵਿਚ ਗਿਆ ਹੋਇਆ ਦੁੱਖ ਪਾਉਂਦਾ ਹੈ, ਤੇ ਜਮਾਂ ਦੀਆਂ ਖਾਂਦਾ ਹੈ, ਅੰਤ ਸਮੇਂ

ਪਛਤਾਉਂਦਾ ਹੀ ਚਲਾ ਗਿਆ ਹੈ।

ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ॥

ਪ੍ਰਭੂ ਨਾਮ ਤੋਂ ਬਿਨਾਂ ਭਰਾ, ਪੁੱਤਰ ਤੇ ਭਰਾ ਦੇ ਪੁੱਤਰ ਭਤੀਜੇ ਆਦਿਕ ਪਰਵਾਰ ਵਿਚੋਂ ਕੋਈ ਭੀ ਬੇਲੀ ਨਹੀਂ ਹੁੰਦਾ।

ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ॥ ੩॥

ਗੁਰੂ ਜੀ ਕਥਨ ਕਰਦੇ ਹਨ-ਜੋ ਭੀ ਮਾਇਆ ਦੇ ਮੋਹ ਦਾ ਪਸਾਰਾ ਹੈ,

ਇਹ ਆਗੈ=ਪ੍ਰਲੋਕ ਵਿਚ ਨਾਲ ਨਹੀਂ ਜਾਂਦਾ॥ ੩॥

ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ॥

ਹਉ=ਮੈਂ ਆਪਣੇ ਸਤਿਗੁਰੂ ਦਾਤਿਆਂ ਤੋਂ ਪੁੱਛਦਾ ਹਾਂ ਕਿ ਹੇ ਰਾਮ ਰੂਪ ਗੁਰੋ ! ਇਸ ਦੁਤਰੁ=ਕਠਨ ਸੰਸਾਰ-ਸਮੁੰਦਰ ਤੋਂ ਕਿਸ ਤਰ੍ਹਾਂ ਤਰੀਦਾ ਹੈ? ਉੱਤਰ:-

ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ॥

ਸਤਿਗੁਰਾਂ ਦੀ ਭਾਇ=ਆਗਿਆ ਵਿਚ ਚਲਣਾ ਕਰੋ,

ਅਥਵਾ:-ਸਤਿਗੁਰਾਂ ਦੇ ਕਹੇ ਅਨੁਸਾਰ ਭਾਇ=ਪ੍ਰੇਮ ਦੇ ਰਾਹ ਉਤੇ ਚਲਣਾ ਕਰੋ, ਜੀਵਤ ਭਾਅ ਤੋਂ ਮਰ ਜਾਓ, ਇਵ=ਇਸ ਤਰ੍ਹਾਂ ਕਰਕੇ ਕਠਨ ਸੰਸਾਰ-ਸਮੁੰਦਰ ਤੋਂ ਤਰੀਦਾ ਹੈ।

ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ॥

ਜੀਵਤ ਭਾਅ ਤੋਂ ਮਰੀਏ ਤਾਂ ਸੰਸਾਰ-ਸਮੁੰਦਰ ਤੋਂ ਤਰੀਦਾ ਹੈ,

ਗੁਰਮੁਖ-ਜਨ ਨਾਮ ਜਪ ਕੇ ਨਾਮੀ ਵਿਚ ਸਮਾਵੈ=ਅਭੇਦ ਹੁੰਦੇ ਹਨ।

ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ॥

ਜਿਸ ਵਡਭਾਗੀ ਪੁਰਸ਼ ਨੇ ਪੂਰਾ ਪੁਰਖੁ=ਪੂਰਾ ਗੁਰੂ ਪਾਇਆ ਹੈ,

ਉਹ ਸੱਚੇ ਨਾਮੀ ਦੇ ਨਾਮ ਵਿਚ ਬਿਰਤੀ ਲਗਾਉਂਦਾ ਹੈ।

[ਪੰਨਾ ੭੭੬]

ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ॥

ਜਾਂ ਗੁਰਾਂ ਦੇ ਮਨੁ=ਮੰਤਰ ਨੂੰ ਮੰਨਿਆ ਤੇ ਰਾਮ ਨਾਮ ਦੀ ਵਡਿਆਈ ਕੀਤੀ ਤਾਂ ਪ੍ਰਕਾਸ਼ ਵਾਲੀ ਆਤਮ ਵਿਸ਼ੈਣੀ ਬੁੱਧੀ ਪ੍ਰਾਪਤ ਹੋ ਗਈ।

ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ
ਜੋਤੀ ਜੋਤਿ ਮਿਲਾਈ॥ ੪॥ ੧॥ ੪॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਆਪਣੇ ਮਨ ਨੂੰ ਗੁਰ-ਉਪਦੇਸ਼ ਵਿਚ ਮਿਲਾਇਆ ਹੈ ਓਸੇ ਨੇ ਪ੍ਰਭੂ ਨੂੰ ਪਾਇਆ ਹੈ ਅਤੇ ਜੋਤੀ ਪਰਮਾਤਮਾ ਨੇ ਉਸ ਦੀ ਜੋਤ ਅੰਤ ਨੂੰ ਆਪਣੇ ਵਿਚ ਮਿਲਾ ਲਈ ਹੈ॥ ੪॥ ੧॥ ੪॥

ਸੂਹੀ ਮਹਲਾ ੪ ਘਰੁ ੫

੧ਓ ਸਤਿਗੁਰ ਪ੍ਰਸਾਦਿ ॥

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥

ਹੇ ਸੰਤ ਜਨੋ ! ਮੈਨੂੰ ਪਿਆਰਾ ਗੁਰੂ ਮਿਲਿਆ ਹੈ,

ਇਸ ਕਰਕੇ ਮੇਰੀ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਆਸੇ=ਹੈ।

ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ ॥

ਹਉ=ਮੈਂ ਆਪਣੇ ਮਨ ਅਤੇ ਤਨ ਨੂੰ ਉਨ੍ਹਾਂ ਸਤਿਗੁਰਾਂ ਅੱਗੇ ਭੇਟਾ ਕਰ ਦੇਂਦਾ ਹਾਂ,

ਜੋ ਗੁਰੂ ਮੈਨੂੰ ਸ਼ੁਭ-ਗੁਣਾਂ ਦੇ ਤਾਸੇ=ਖ਼ਜ਼ਾਨੇ ਪ੍ਰਭੂ ਨਾਲ ਮੇਲਣਗੇ।

ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥

ਵੱਡੇ ਪੁਰਖ ਹੋਣ ਕਰਕੇ ਗੁਰੂ ਸਾਹਿਬ ਜੀ ਧਨੁ ਧੰਨੁ=ਧੰਨਤਾ ਯੋਗ ਹਨ, ਜੋ ਮੈਨੂੰ ਸਾਬਾਸੇ=ਧੰਨਤਾ ਯੋਗ ਹਰੀ ਦੀ ਪ੍ਰਾਪਤੀ ਦਾ ਰਸਤਾ ਦੱਸਦੇ ਹਨ।

ਅਥਵਾ:-ਜਿਨ੍ਹਾਂ ਨੇ ਮੈਨੂੰ ਹਰੀ ਦੀ ਸਾਬਾਸੇ=ਵਡਿਆਈ ਕਰਨੀ ਦੱਸੀ ਹੈ।

ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵਡਭਾਗੀ ਪੁਰਸ਼ ਨੇ ਨਾਮੀ ਦੇ ਨਾਮ ਨੂੰ ਜਪ ਕੇ ਹਰੀ ਨੂੰ ਪਾਇਆ ਹੈ, ਉਹ ਹਮੇਸ਼ਾ ਵਿਗਾਸੇ=ਪ੍ਰਸੰਨ ਰਹਿੰਦਾ ਹੈ॥ ੧ ॥

ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ ॥

ਮੈਨੂੰ ਪਿਆਰਾ ਗੁਰੂ ਸੱਜਣ ਮਿਲਿਆ ਹੈ, ਪੰਥਾਂ ਵਿਚੋਂ ਮੈਂਨੇ ਹਰੀ ਦਾ ਮਾਰਗੁ=ਰਾਹ ਗੁਰਾਂ ਤੋਂ ਦਸਾਹ=ਪੁੱਛਿਆ ਹੈ।

ਅਥਵਾ:-ਗੁਰਾਂ ਨੇ ਮੈਨੂੰ ਹਰੀ ਦਾ ਮਾਰਗੁ ਪੰਥੁ=ਖੁਲ੍ਹਾ ਰਸਤਾ ਦਸਾਹਾ=ਦੱਸਿਆ ਹੈ।

ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥

ਹੇ ਚਿਰ ਕਾਲ ਦੇ ਵਿਛੜੇ ਹੋਏ ਪ੍ਰਭੂ ! ਆਪ ਮੇਰੇ ਘਰ ਵਿਚ ਆ ਕੇ ਸਖਿਆਤਕਾਰ ਹੋਵੋ ਗੁਰਾਂ ਦੇ ਸ਼ਬਦ ਦੁਆਰਾ ਹੇ ਪ੍ਰਭੂ ਨਾਹਾ=ਸੁਆਮੀ ! ਮੈਨੂੰ ਮਿਲਣਾ ਕਰੋ।

ਹਉ ਤੁਝ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ ॥

ਹਉ=ਮੈਂ ਆਪ ਜੀ ਤੋਂ ਬਾਝਹੁ=ਬਿਨਾਂ ਖਰੀ ਉਡੀਣੀਆ=ਚੰਗੀ ਉਦਾਸੀਨ ਹੋ ਰਹੀ ਹਾਂ।

ਅਥਵਾ:-ਦੁਖੀ ਹੋ ਰਹੀ ਹਾਂ। ਵਾ:-ਨਿਮੋ-ਝੂਣੀ ਹੋ ਰਹੀ ਹਾਂ।

ਅਤੇ ਜਿਵੇਂ ਪਾਣੀ ਤੋਂ ਬਿਨਾਂ ਮੀਨੁ=ਮੱਛੀ ਮਰਾਹਾ=ਮਰਦੀ ਹੈ, ਤਿਵੇਂ ਮੈਂ ਮਰ ਰਹੀ ਹਾਂ।

ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀਆਂ ਨੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ ਅਤੇ ਵਡਭਾਗੀ ਜਨਾਂ

ਨੂੰ ਹੀ ਨਾਮੀ ਦਾ ਸਮਾਹਾ=ਸਮਾਹੜਾ (ਅਨੰਦ) ਪ੍ਰਾਪਤ ਹੋਇਆ ਹੈ॥ ੨॥

ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥

ਮਨਮੁਖ ਦਾ ਮਨ ਭਰਮ ਦਾ ਭੁਲਾਇਆ ਹੋਇਆ ਹੋਣ ਕਰਕੇ ਚਲਿ=ਭੰਬੀਰੀ ਵਾਂਗ ਚਲਿ=ਚੰਚਲ ਹੋ ਕੇ ਦਸੋਂ ਦਿਸ਼ਾਂ ਵਿਚ ਭਰਮਿਆ=ਭਟਕਦਾ ਫਿਰਦਾ ਹੈ।

ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥

ਨਿਤ ਹੀ ਮਨ ਵਿਚ ਆਸਾ ਨੂੰ ਵਿਤਵਦਾ ਹੈ ਅਤੇ ਮਨ ਵਿਚ ਤ੍ਰਿਸ਼ਨਾ ਰੂਪੀ ਭੁੱਖ ਨੂੰ ਲਗਾਇਆ ਹੋਇਆ ਹੈ।

ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ॥

ਅਨਤਾ=ਬਿਅੰਤ ਧਨ ਧਰਿ=ਧਰਤੀ ਵਿਚ ਦੱਬਿਆ ਹੋਇਆ ਹੈ ਅਤੇ ਫਿਰ ਭੀ ਬਿਖੁ=ਜ਼ਹਿਰ ਰੂਪ ਧਨ ਨੂੰ ਢੂੰਡਣ (ਲੱਭਣ) ਜਾਂਦਾ ਹੈ।

ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਨਾਮ ਨੂੰ ਸਿਮਰਨ ਕਰ ਲੈ, ਕਿਉਂਕਿ ਨਾਮ ਤੋਂ ਬਿਨਾਂ ਇਹ ਜੀਵ ਪਚਿ ਪਚਿ=ਸੜ ਸੜ ਕੇ, ਵਾ:-ਚੁੜ ਚੁੜ ਕੇ ਮਰਦਾ ਹੈ॥ ੩॥

ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ॥

ਜਿਸ ਵੇਲੇ ਸੁੰਦਰ ਗੁਰਾਂ ਦੀ ਪ੍ਰੇਮ ਬਾਣੀ ਦੁਆਰੇ ਮਨ ਰੂਪੀ ਹਰਨ ਨੂੰ ਮਾਰਨਾ ਕੀਤਾ ਤਾਂ ਹਰੀ ਮੋਹਨ ਨੂੰ ਪਾ ਲੈਣਾ ਕੀਤਾ।

ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ॥

ਉਸ ਵੇਲੇ ਮੇਰੇ ਹਿਰਦੇ ਵਿਚੋਂ ਬੁੱਧੀ ਦੀ ਸੁਧਿ=ਸੁਧ-ਹੋਸ਼ ਹੀ ਭੁੱਲ ਗਈ ਅਤੇ ਮਨ ਨੇ ਆਸਾ ਤੇ ਚਿੰਤਾ ਨੂੰ ਭੁਲਾ ਦਿੱਤਾ।

ਯਥਾ:- ''ਦਰਸਨ ਦੇਖਤ ਸੁਧ ਕੀ ਨ ਸੁਧ ਰਹੀ, ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।''

ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ॥

ਮੇਰੇ ਹਿਰਦੇ ਅੰਦਰ ਪ੍ਰੇਮ ਦੀ ਵੇਦਨ=ਪੀੜਾ ਲਗ ਰਹੀ ਸੀ ਗੁਰੂ ਨੂੰ ਵੇਖਦਿਆਂ ਹੀ ਮਨ ਨੂੰ ਧੀਰਜ ਆ ਗਿਆ ਹੈ, ਵਾ:-ਮਨ ਸਹਿਤ ਆਸਰੇ ਦੇ ਹੋ ਗਿਆ ਹੈ।

ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ॥੪॥੧॥੫॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਦਾਸ ਨੂੰ ਆ ਕੇ ਮਿਲ ਤਾਂ ਹੀ ਮੈਂ ਵਡਭਾਗੀ ਹੋਵਾਂਗਾ, ਮੈਂ (ਸੇਵਕ ਜਨ) ਖਿਨੁ ਖਿਨੁ=ਥੋੜ੍ਹੇ ਥੋੜ੍ਹੇ ਸਮੇਂ ਵਿਚ ਆਪ ਜੀ ਤੋਂ ਵਾਰਨੇ ਜਾਂਦਾ ਹਾਂ॥ ੪॥ ੧॥ ੫॥

ਸੂਹੀ ਛੰਤ ਮਹਲਾ ੪ ॥

ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥

ਵੇ ਜਨ=ਹੇ ਜਨੋ ! ਉਸ ਬਿਖਿਆ=ਮਾਇਆ ਦੀ ਹਉਮੈ ਨੂੰ ਮਾਰ ਦਿਉ। ਜਿਸ ਨੇ ਹਰੀ ਪ੍ਰਭੂ ਨਾਲ ਮਿਲਣ ਨਹੀਂ ਦਿੱਤਾ।

ਦੇਹ ਕੰਚਨ ਵੇ ਵੰਨੀਆ, ਇਨਿ ਹਉਮੈ ਮਾਰਿ ਵਿਗੁਤੀਆ ॥

ਵੇ=ਹੇ ਭਾਈ ! ਇਹ ਮਨੁੱਖਾ ਦੇਹ ਕੰਚਨ ਵੰਨੀਆ=ਸੋਨੇ ਦੇ ਰੰਗ ਵਾਂਗ ਸੀ, ਪਰ ਇਸ ਮਾਇਆ ਦੀ ਹਉਮੈ ਨੇ ਮਾਰ ਕੇ ਵਿਗੁਤੀਆ=ਖ਼ਰਾਬ ਕਰ ਦਿੱਤੀ ਹੈ।

ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ ॥

ਵੇ=ਹੇ ਭਾਈ ! ਮਾਇਆ ਦਾ ਮੋਹ ਸਭ ਕਾਲਖ ਰੂਪ ਹੈ, ਮਨਮੁਖ ਮੂਰਖ ਨੇ ਆਪਣੀ ਬੁੱਧੀ ਇਨਿ=ਇਸ ਮਾਇਆ ਦੇ ਸ-ਜੁਤੀਆ=ਨਾਲ ਜੋੜਨਾ ਕੀਤੀ ਹੈ।

ਅਥਵਾ:-ਇਸ ਮਾਇਆ ਦੇ ਸ-ਜੁਤੀਆ=ਸੰਯੁਕਤ ਕੀਤੀ ਹੈ।

ਅਥਵਾ:-ਇਸ ਮਾਇਆ ਕਰਕੇ ਮੂਰਖ ਮਨਮੁਖ ਸ-ਜੁਤੀਆ=ਜੁੱਤੀਆ ਦੇ ਸਹਿਤ ਹੁੰਦਾ ਹੈ, ਭਾਵ ਜੁੱਤੀਆਂ ਦੀ ਮਾਰ ਖਾਂਦਾ ਹੈ।

ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੇ ਸ਼ਬਦ ਕਰਕੇ ਜਿਨ੍ਹਾਂ ਪੁਰਸ਼ਾਂ ਦੀ ਹਉਮੈ ਛੁਟ ਗਈ ਹੈ, ਉਹ ਗੁਰਮੁਖ ਹੀ ਇਸ ਮਾਇਆ ਤੋਂ ਉਬਰੇ=ਬਚੇ ਹਨ॥ ੧ ॥

ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ ॥

ਵੇ ਜਨ=ਹੇ ਪੁਰਸ਼ੋ ! ਇਸ ਮਨ ਨੂੰ ਆਪਣੇ ਵੱਸ ਵਿਚ ਆਣਿਹੁ=ਲਿਆਉਣਾ ਕਰੋ, ਕਿਉਂਕਿ ਇਹ ਮਨ ਬਾਸੇ=ਬਾਜ਼ ਵਾਂਗ ਨਿਤ ਹੀ ਭਾਉਂਦਾ ਫਿਰਦਾ ਹੈ।

ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ ॥

ਵੇ=ਹੇ ਭਾਈ ! ਨਿਤਾਪ੍ਰਤੀ ਆਸਾ ਹੀ ਆਸਾ ਕਰਦਿਆਂ ਹੋਇਆਂ, ਵਾ-ਆਸਾ ਵਾਲਿਆਂ ਦੀ ਆਸਾ ਕਰਦਿਆਂ ਹੋਇਆਂ ਅਵਸਥਾ ਰੂਪੀ ਰਾਤ ਦੁੱਖਾਂ ਵਿਚ ਹੀ ਵਿਹਾਣੀਆ=ਬਤੀਤ ਹੋ ਰਹੀ ਹੈ।

ਗੁਰੁ ਪਾਇਆ ਵੇ ਸੰਤ ਜਨੋ ਮਨਿ ਆਸ ਪੂਰੀ ਹਰਿ ਚਉਦਿਆ ॥

ਵੇ=ਹੇ ਸੰਤ ਜਨੋ ! ਜਿਸ ਨੇ ਪੂਰਾ ਗੁਰੂ ਪਾਇਆ ਹੈ ਤੇ ਹਰੀ ਨਾਮ ਨੂੰ ਚਉਦਿਆ=ਉਚਾਰਿਆ ਹੈ, ਉਸ ਦੇ ਮਨ ਦੀ ਆਸਾ ਪੂਰੀ ਹੋਈ ਹੈ।

ਜਨ ਨਾਨਕ ਪ੍ਰਭ ਦੇਹੁ ਮਤੀ ਛਡਿ ਆਸਾ ਨਿਤ ਸੁਖਿ ਸਉਦਿਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇੰਜ ਬੇਨਤੀ ਕਰੋ ਕਿ ਹੇ ਪ੍ਰਭੂ ! ਮੈਂ ਜਨ ਨੂੰ ਸ਼ੁਭ-ਮਤੀ ਦੇਣਾ ਕਰੋ, ਜਿਸ ਕਰਕੇ ਆਸਾ ਨੂੰ ਛੱਡ ਕੇ ਨਿਤ ਹੀ ਸੁਖਾਂ ਵਿਚ ਸਉਦਿਆ=ਇਸਥਿਤ ਹੋਵਾਂ।

ਅਥਵਾ:-ਹੇ ਪ੍ਰਭੂ ! ਦਾਸ ਨੂੰ ਉਨ੍ਹਾਂ ਸੰਤਾਂ ਦੀ ਸਿਖਿਆ ਦੇਣਾ ਕਰੋ ਜੋ ਆਸਾ ਨੂੰ ਛੱਡ ਕੇ ਨਿਤ ਹੀ ਸੁਖਾਂ ਵਿਚ ਸੌਂਦੇ ਹਨ॥ ੨॥

ਸਾਧਨ ਆਸਾ ਚਿਤਿ ਕਰੇ ਰਾਮ, ਰਾਜਿਆ ਹਰਿ ਪ੍ਰਭ ਸੇਜੜੀਐ ਆਈ॥

ਹੇ ਰਾਮ ਰਾਜਿਆ=ਭਾਈ ! (ਜਗਿਆਸੂ ਰੂਪ) ਸਾਧਨ=ਇਸਤ੍ਰੀ ਚਿਤ ਵਿਚ ਏਹੋ ਆਸਾ ਕਰਦੀ ਹੈ ਕਿ ਹਰੀ ਪ੍ਰਭੂ ਮੇਰੀ ਅੰਤਹਕਰਨ ਰੂਪ ਸੇਜਾ ਉੱਪਰ ਆ ਜਾਵੇ।

ਮੇਰਾ ਠਾਕੁਰੁ ਅਗਮ ਦਇਆਲੁ ਹੈ ਰਾਮ ਰਾਜਿਆ ਕਰਿ ਕਿਰਪਾ ਲੇਹੁ ਮਿਲਾਈ॥

ਹੇ ਰਾਮ ਰਾਜਿਆ=ਭਾਈ ! ਜੋ ਮੇਰਾ ਠਾਕੁਰ ਪ੍ਰਭੂ ਅਗਮ ਹੈ ਤੇ ਦਿਆਲੂ ਸੁਭਾਅ ਵਾਲਾ ਹੈ,
ਉਸ ਪਾਸ ਮੇਰੀ ਬੇਨਤੀ ਹੈ ਕਿ ਕਿਰਪਾ-ਦ੍ਰਿਸ਼ਟੀ ਕਰਕੇ ਮੈਨੂੰ ਮਿਲਾ ਲਵੇ।

[ਪੰਨਾ ੭੭੭]

ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮ ਰਾਜਿਆ ਹਰਿ ਸਰਧਾ ਸੇਜ ਵਿਛਾਈ॥

ਹੇ ਰਾਮ ਰਾਜਿਆ=ਭਾਈ ! ਮੇਰੇ ਮਨ ਤਨ ਵਿਚ ਪ੍ਰਭੂ ਦੇ ਮਿਲਾਪ ਦੀ ਚਾਹ ਲਗ ਰਹੀ ਹੈ,
ਏਸੇ ਕਰਕੇ ਮੈਂਨੇ ਗੁਰਮੁਖੇ=ਗੁਰਾਂ ਦੁਆਰੇ ਹਰੀ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪ ਸੇਜਾ ਵਿਛਾਈ ਹੈ।

ਜਨ ਨਾਨਕ ਹਰਿ ਪ੍ਰਭ ਭਾਣੀਆ ਰਾਮ ਰਾਜਿਆ ਮਿਲਿਆ ਸਹਜਿ ਸੁਭਾਈ॥੩॥

ਗੁਰੂ ਜੀ ਕਥਨ ਕਰਦੇ ਹਨ-ਹੇ ਰਾਮ ਰਾਜਿਆ=ਭਾਈ ! ਜਿਸ ਵੇਲੇ ਮੈਂ ਇਸਤ੍ਰੀ ਪਤੀ (ਹਰੀ ਪ੍ਰਭੂ) ਨੂੰ ਭਾਅ ਗਈ, ਤਾਂ (ਹਰੀ) ਸੁਤੇ-ਸਿਧ ਆ ਕੇ ਮਿਲ ਪਿਆ॥ ੩॥

ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ ਮੇਲੇਈ॥

ਹੇ ਰਾਮ ਰਾਜਿਆ=ਭਾਈ ! ਮੇਰੀ ਤੇ ਹਰੀ ਦੀ ਇਕ ਹੀ ਅੰਤਹਕਰਨ ਰੂਪ ਸੇਜਾ ਹੈ,
ਜੀਵ ਅੰਤਹਕਰਨ ਵਸ਼ਿਸ਼ਟ ਹੈ ਤੇ ਸਾਖੀ ਚੇਤਨ ਅੰਤਹਕਰਨ ਉਪਹਿਤ ਹੈ।
ਪਰ ਇਹ ਭੇਦ ਗੁਰੂ ਦੱਸ ਦੇਣ ਤਾਂ ਹਰੀ ਮਿਲਦਾ ਹੈ।

ਮੈ ਮਨਿ ਤਨਿ ਪ੍ਰੇਮ ਬੈਰਾਗੁ ਹੈ ਰਾਮ ਰਾਜਿਆ ਗੁਰੁ ਮੇਲੇ ਕਿਰਪਾ ਕਰੇਈ॥

ਹੇ ਰਾਮ ਰਾਜਿਆ=ਭਾਈ ! ਮੇਰੇ ਮਨ ਤਨ ਵਿਚ ਪ੍ਰੇਮ ਤੇ ਵੈਰਾਗ ਬਹੁਤ ਹੋ ਰਿਹਾ ਹੈ,
ਪਰ ਗੁਰੂ ਹੀ ਕਿਰਪਾ ਕਰਕੇ ਉਸ ਹਰੀ ਨਾਲ ਮੇਲਦੇ ਹਨ।

ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮ ਰਾਜਿਆ ਜੀਉ ਸਤਿਗੁਰ ਆਗੈ ਦੇਈ॥

ਹੇ ਰਾਮ ਰਾਜਿਆ=ਭਾਈ ! ਹਉ=ਮੈਂ ਵਿਟਹੁ ਉੱਪਰੋਂ ਵਾਰੀ ਘੋਲੀ ਜਾਂਦਾ ਹਾਂ ਅਤੇ ਸਤਿਗੁਰਾਂ ਅੱਗੇ ਜੀਉ ਭੇਟਾ ਦੇਈ=ਦੇਂਦਾ ਹਾਂ!

ਗੁਰੁ ਤੁਠਾ ਜੀਉ ਰਾਮ ਰਾਜਿਆ ਜਨ ਨਾਨਕ ਹਰਿ ਮੇਲੇਈ ॥੪॥੨॥੬॥੧੮॥

ਹੇ ਰਾਮ ਰਾਜਿਆ=ਭਾਈ ! ਜਿਸ ਵੇਲੇ ਗੁਰੂ ਤੁਠਾ=ਪ੍ਰਸੰਨ ਹੁੰਦੇ ਹਨ, ਤਾਂ ਹਰੀ ਨਾਲ ਮੇਲ ਦੇਂਦੇ ਹਨ॥ ੪॥ ੨॥ ੬॥ ੧੮॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੧

੧ੴ ਸਤਿਗੁਰ ਪ੍ਰਸਾਦਿ ॥ ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥

ਹੇ ਪਾਗ਼ਲਾ ! ਸੁਣ, ਤੂੰ ਇਹਨਾਂ ਪਦਾਰਥਾਂ ਨੂੰ ਵੇਖ ਕੇ ਕਿਉਂ ਭੁੱਲ ਗਿਆ ਹੈਂ।

ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥

ਹੇ ਬਾਵਰੇ=ਸ਼ੁਦਾਈਆ ! ਸੁਣ, ਕਸੁੰਭੇ ਦੇ ਰੰਗ ਵਾਂਗ ਜੋ ਮਿਥਿਆ ਪਦਾਰਥ ਹਨ, ਇਹਨਾਂ ਵਿਚ ਤੂੰ ਕੂੜਾ=ਝੂਠਾ ਹੀ ਨੇਹੁ=ਪ੍ਰੇਮ ਲਗਾਇਆ ਹੋਇਆ ਹੈ।

ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥

ਜਿਨ੍ਹਾਂ ਕੁੜੀਆਂ ਮੁੰਡਿਆਂ ਨੂੰ ਵੇਖ ਕੇ ਤੂੰ ਭੁੱਲ ਰਿਹਾ ਹੈਂ, ਜਿਸ ਝੂਠੀ ਦੁਨੀਆਂ ਨੂੰ ਵੇਖ ਕੇ ਤੂੰ ਭੁੱਲ ਰਿਹਾ ਹੈਂ, ਇਸ ਦਾ ਅਢੁ=ਕੌਡੀ ਮੁੱਲ ਭੀ ਨਹੀਂ ਲਹੈ=ਲਏਗਾ ਤੇ ਗੋਬਿੰਦ ਦਾ ਨਾਮ ਮਜੀਠੇ ਰੰਗ ਵਾਂਗ ਪੱਕਾ ਤੇ ਸੱਚਾ ਹੈ।

ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ ॥

ਜੇਕਰ ਤੂੰ ਗੁਰਾਂ ਦਾ ਲਾਲਾ ਥੀਵਹਿ=ਦਾਸ ਹੋ ਕੇ, ਗੁਰਾਂ ਦੇ ਮਿੱਠੇ ਸ਼ਬਦ ਨੂੰ ਚੀਨ੍ਹਿ=ਜਾਣੇ ਤਾਂ ਅਤਿਅੰਤ ਗੁਲਾਲਾ=ਗਾੜ੍ਹਾ ਰੰਗ ਚੜ੍ਹੇਗਾ।

ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ ॥

ਜਿਸ ਤੇ ਤੂੰ ਮਿਥਿਆ ਪਦਾਰਥਾਂ ਦੇ ਮੋਹ ਵਿਚ ਮਸਤ ਥੀ ਰਹਿਆ=ਹੋ ਰਿਹਾ ਹੈਂ,
ਇਸੀ ਤੇ ਤੂੰ ਝੂਠ ਦੇ ਨਾਲ ਹੀ ਲਪਟਾਨਾ=ਫਸ ਰਿਹਾ ਹੈਂ।

ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰ, ਹੇ ਕਿਰਪਾ ਨਿਧੀ ਪਰਮਾਤਮਾ ! ਮੈਂ ਦੀਨ ਮਨ ਹੋ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਜਿਵੇਂ ਆਪ ਭਗਤਾਂ ਦੀ ਲਾਜ ਰੱਖਦੇ ਹੋ, ਤਿਵੇਂ ਆਪ ਮੇਰੀ ਲਾਜ ਰੱਖ ਲਓ॥ ੧ ॥

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ ॥

ਹੇ ਬਾਵਰੇ=ਝੱਲੇ ਪੁਰਸ਼ਾ ! ਸੁਣ, ਪ੍ਰਾਣਾਂ ਦਾ ਆਸਰਾ ਰੂਪ ਸੁਆਮੀ ਜੋ ਠਾਕੁਰ ਹੈ, ਉਸ ਨੂੰ ਸੇਵਨਾ ਕਰ।

ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ ॥

ਹੇ ਪਾਗਲਾ ! ਸੁਣ. ਜੋ ਭੀ ਜਗਤ ਵਿਚ ਆਇਆ ਹੈ ਉਸ ਨੇ ਇਥੋਂ ਤੁਰ ਜਾਣਾ ਹੈ।

ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤਸੰਗਿ ਮਿਲਿ ਰਹੀਐ ॥

ਹੇ ਪਰਦੇਸੀ ਜੀਵ ! ਸੁਣ. ਜਿਨ੍ਹਾਂ ਨੂੰ ਤੂੰ ਨਿਸਚਲ ਮੰਨੀ ਬੈਠਾ ਹੈਂ, ਨਿਸਚੇ ਕਰਕੇ ਇਨ੍ਹਾਂ ਹਭ ਵੈਸੀ=ਸਭਨਾਂ ਨੇ ਚਲਿਆ ਜਾਣਾ ਹੈ, ਇਸ ਲਈ ਤੈਨੂੰ ਸੰਤਾਂ ਦੀ ਸੰਗਤ ਵਿਚ ਮਿਲ ਕੇ ਰਹਿਣਾ ਚਾਹੀਦਾ ਹੈ।

ਹਰਿ ਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ॥

ਹੇ ਵੈਰਾਗਵਾਨ ਪੁਰਸ਼ਾ ! ਸੁਣ, ਭਾਗਾਂ ਨਾਲ ਹਰੀ ਪ੍ਰਾਪਤ ਹੁੰਦਾ ਹੈ,
ਇਸ ਕਰਕੇ ਪ੍ਰਭੂ ਦੇ ਚਰਨਾਂ ਨੂੰ ਫੜ ਰਹਿਣਾ ਚਾਹੀਦਾ ਹੈ। ਅਤੇ-

ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ॥

ਇਹ ਮਨ ਗੁਰਾਂ ਨੂੰ ਅਰਪਣ ਕਰ ਦਿਓ, ਸ਼ੰਸ਼ਾ ਨਾ ਕਰੋ ਤੇ ਧਨ ਆਦਿਕਾਂ ਦਾ ਜੋ ਬਹੁਤਾ ਮਾਣ ਹੈ, ਉਸਨੂੰ ਗੁਰਾਂ ਦੁਆਰੇ ਤਿਆਗ ਦਿਓ।

ਨਾਨਕ ਦੀਨ ਭਗਤ ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ॥ ੨॥

ਗੁਰੂ ਜੀ ਕਥਨ ਕਰਦੇ ਹਨ-ਐਸੇ ਬੇਨਤੀ ਕਰੋ, ਦੀਨਾਂ ਨੂੰ ਤੇ ਭਗਤਾਂ ਨੂੰ ਭਵ=ਸੰਸਾਰ ਤੋਂ ਤਾਰਨ ਵਾਲੇ ਹੇ ਪ੍ਰਭੂ ! ਮੈਂ ਆਪ ਜੀ ਦੇ ਕਿਹੜੇ ਕਿਹੜੇ ਗੁਣਾਂ ਨੂੰ ਆਖ ਕੇ ਕਥਨ ਕਰਾਂ॥ ੨॥

ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ॥

ਹੇ ਭੱਲਿਆ ਪੁਰਸ਼ਾ ! ਸੁਣ, ਝੂਠਿਆਂ ਪਦਾਰਥਾਂ ਦਾ ਮਾਣ ਕਿਉਂ ਕਰਦਾ ਹੈਂ?

ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ॥

ਹੇ ਕਮਲਿਆ ! ਸੁਣ, ਹੰਕਾਰੀ ਪੁਰਸ਼ ਦਾ ਸਾਰਾ ਗੁਮਾਨ ਚਲਿਆ ਜਾਣਾ ਹੈ।

ਅਥਵਾ:-ਧਨ ਦਾ ਗਰਬੁ=ਹੰਕਾਰ ਤੇ ਵਿਦਿਆ ਅਤੇ ਜਾਤੀ ਦਾ ਗੁਮਾਨੋ=ਅਭਿਮਾਨ ਭੀ ਸਭ ਚਲਿਆ ਜਾਣਾ ਹੈ।

ਨਿਹਚਲੁ ਹਭ ਜਾਣਾ ਮਿਥਿਆ ਮਾਣਾ ਸੰਤ ਪ੍ਰਭੂ ਹੋਇ ਦਾਸਾ॥

ਨਿਹਚਲੁ=ਨਿਸਚੇ ਕਰਕੇ ਹਭ=ਸਭ ਨੇ ਚਲੋ ਜਾਣਾ ਹੈ, ਇਸ ਕਰਕੇ ਇਨ੍ਹਾਂ ਸਭਨਾਂ ਨੂੰ ਮਿਥਿਆ ਕਰਕੇ ਮੰਨ, ਵਾ:-ਪਦਾਰਥਾਂ ਦਾ ਮਾਣ ਕਰਨਾ ਮਿਥਿਆ ਹੈ, ਪ੍ਰਭੂ ਦੇ ਸੰਤਾਂ ਦਾ ਦਾਸ ਹੋ ਜਾ।

ਜੀਵਤ ਮਰੀਐ ਭਉਜਲੁ ਤਰੀਐ ਜੇ ਥੀਵੈ ਕਰਮਿ ਲਿਖਿਆਸਾ॥

ਜੇਕਰ ਕਰਮਾਂ ਵਿਚ ਲਿਖਿਆ ਹੋਇਆ ਹੋਵੇ, ਤਾਂ ਜੀਵਤ ਭਾਅ ਤੋਂ ਮਰ ਕੇ ਹੀ ਸੰਸਾਰ-ਸਮੁੰਦਰ ਤੋਂ ਤਰ ਸਕਦਾ ਹੈ।

ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ॥

ਗੁਰਾਂ ਨੂੰ ਸੇਵਨਾ ਕਰੋ ਤੇ ਨਾਮ-ਅੰਮ੍ਰਿਤ ਨੂੰ ਪੀਣਾ ਕਰੋ, ਜਿਸ ਨੂੰ ਪਰਮੇਸ਼ਰ ਧਿਆਨ ਵਿਚ ਲਗਾਉਂਦਾ ਹੈ, ਓਹੀ ਸੁਤੇ ਧਿਆਨ ਵਿਚ ਲਗਦਾ ਹੈ।

ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ॥ ੩॥

ਗੁੰਰੂ ਜੀ ਕਥਨ ਕਰਦੇ ਹਨ-ਮੈਂ ਹਰੀ ਦੇ ਦੁਆਰੇ ਸਤਸੰਗ ਦੀ ਸ਼ਰਨ ਵਿਚ ਪਿਆਰਾ ਹਾਂ ਤੇ ਮਨ, ਬਾਣੀ, ਸਰੀਰ ਕਰਕੇ ਸਦਾ ਉਸ ਤੋਂ ਕੁਰਬਾਨ ਜਾਂਦਾ ਹਾਂ॥ ੩॥

ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥

ਹੇ ਬਾਵਰੇ=ਸ਼ੁਦਾਈਆ ! ਸੁਣ, ਮਤੁ=ਮਤਾਂ ਜਾਣੀ ਜੋ ਮੈਂ ਪ੍ਰਭੂ ਨੂੰ ਪਾ ਲਿਆ ਹੈ।

ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥

ਹੇ ਝੱਲਿਆ ! ਸੁਣ, ਜਿਨ੍ਹਾਂ ਨੇ ਪ੍ਰਭੂ ਨੂੰ ਧਿਆਇਆ ਹੈ, ਉਹਨਾਂ ਦੇ ਚਰਨਾਂ ਦੀ ਧੂੜ ਹੋ ਜਾ।

ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ ਵਡਭਾਗੀ ਦਰਸਨੁ ਪਾਈਐ ॥

ਜਿਨ੍ਹਾਂ ਨੇ ਪ੍ਰਭੂ ਨੂੰ ਧਿਆਇਆ ਹੈ ਉਹਨਾਂ ਨੇ ਸੁਖ ਪਾਇਆ ਹੈ, ਪਰ ਉਹਨਾਂ ਦਾ ਦਰਸ਼ਨ ਵੱਡਿਆਂ ਭਾਗਾਂ ਨਾਲ ਪਾਈਦਾ ਹੈ।

ਥੀਉ ਨਿਮਾਣਾ ਸਦ ਕੁਰਬਾਣਾ ਸਗਲਾ ਆਪੁ ਮਿਟਾਈਐ ॥

ਨਿਮਾਣਾ ਹੋ ਤੇ ਸੰਤਾਂ ਤੋਂ ਸਦਾ ਕੁਰਬਾਨ ਜਾਣਾ ਕਰ ਤੇ ਆਪਾ ਭਾਅ ਹੰਕਾਰ ਸਾਰਾ ਮਿਟਾ ਦੇਣਾ ਕਰ।

ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ ਹਮ ਤਿਸੁ ਪਹਿ ਆਪੁ ਵੇਚਾਇਆ ॥

ਉਹ ਪੁਰਸ਼ ਸੁਧਾ=ਨਿਰਾ ਧੰਨਤਾ ਯੋਗ ਭਾਗਾਂ ਵਾਲਾ ਹੈ।

ਅਥਵਾ:-ਉਹ ਧੰਨਤਾ ਯੋਗ ਭਾਗਾਂ ਵਾਲਾ ਹੈ ਤੇ ਸੁਧਾ=ਅਮਰ ਹੈ ਜਿਸ ਨੇ ਪ੍ਰਭੂ ਨੂੰ ਲਧਾ=ਲੱਭ ਲਿਆ ਹੈ, ਅਸਾਂ ਨੇ ਉਸ ਦੇ ਪਾਸ ਆਪਣਾ ਆਪ ਵੇਚ ਦਿੱਤਾ ਹੈ।

ਨਾਨਕ ਦੀਨ ਸਰਣਿ ਸੁਖਸਾਗਰ ਰਾਖੁ ਲਾਜ ਅਪਨਾਇਆ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸੁਖਸਾਗਰ=ਪ੍ਰਭੂ ! ਮੈਂ ਦੀਨ ਮਨ ਹੋ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਆਪਣਾ ਦਾਸ ਜਾਣ ਕੇ ਮੇਰੀ ਲਾਜ ਰੱਖਣਾ ਕਰੋ॥ ੪ ॥ ੧ ॥

ਸੂਹੀ ਮਹਲਾ ੫ ॥

ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਰਾਮ ਦੇ ਸਰੂਪ ਸਤਿਗੁਰਾਂ ਨੇ ਤੁਸਿ ਕੈ=ਪ੍ਰਸੰਨ ਹੋ ਕੇ ਹਰੀ ਦੇ ਚਰਨ-ਕਮਲਾਂ ਦੀ ਟੇਕ=ਓਟ ਫੜਾ ਦਿੱਤੀ ਹੇ।

ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥

ਹਰੀ ਦੇ ਭੰਡਾਰੇ ਸੰਤਾਂ ਦੇ ਅੰਤਹਕਰਨ, ਵਾ:-ਵੇਦ ਸ਼ਾਸਤ੍ਰ ਨਾਮ-ਅੰਮ੍ਰਿਤ ਨਾਲ ਭਰੇ ਹੋਏ ਹਨ ਅਤੇ ਬਲਿਹਾਰ ਜਾਣੇ ਯਗ ਜੋ ਰਾਮ ਹੈ, ਉਸ ਦੇ ਘਰ ਵਿਚ ਹੋਰ ਭੀ ਸਭ ਕੁਝ ਪਦਾਰਥ ਹੈ।

[ਪੰਨਾ ੭੭੮]

ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥

ਮੇਰਾ ਬਾਬੁਲੁ=ਪਿਤਾ ਪਰਮੇਸ਼ਰ ਵੱਡੀ ਤਾਕਤ ਵਾਲਾ ਹੈ,

ਉਹ ਪ੍ਰਭੂ ਆਪ ਹੀ ਸਭ ਕਾਰਨਾਂ ਦੇ ਕਰਨ ਹਾਰਾ=ਵਾਲਾ ਹੈ।

ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥

ਜਿਸ ਦੇ ਸਿਮਰਨ ਕਰਕੇ ਕੋਈ ਦੁੱਖ ਨਹੀਂ ਲਗਦਾ, ਅਤੇ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ।

ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥

ਉਹ ਆਦਿ ਜੁਗਾਦਿ=ਸਦਾ ਸਦਾ ਭਗਤਾਂ ਦਾ ਰਾਖਾ ਹੈ, ਮੈਂ ਉਸ ਦੀ ਉਸਤਤੀ ਕਰ ਕਰਕੇ ਜੀਉਂਦਾ ਹਾਂ ॥

ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਦਾ ਰਸ ਮਹਾ=ਬੜਾ ਮਿੱਠਾ ਹੈ ਮੈਂ ਰਾਤ ਦਿਨ ਉਸ ਨੂੰ ਮਨ ਤਨ ਕਰਕੇ ਪੀਂਦਾ ਹਾਂ ॥ ੧ ॥

ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥

ਹੇ ਬਲਿਹਾਰ ਜਾਣੇ ਯੋਗ ਹਰੀ ਰਾਮ ! ਜਿਸ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ,
ਉਸ ਦਾ ਤੇਰੇ ਨਾਲੋਂ ਫਿਰ ਵਿਛੋੜਾ ਕਿਉ=ਕਿਵੇਂ ਥੀਵਈ=ਹੋਵੇਗਾ।

ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥

ਹੇ ਬਲਿਹਾਰ ਜਾਣੇ ਯੋਗ ਰਾਮ ! ਜਿਸ ਨੂੰ ਤੇਰੀ ਟੇਕ=ਓਟ ਹੈ, ਉਹ ਹਮੇਸ਼ਾ ਹੀ ਜੀਉਂਦਾ ਰਹਿੰਦਾ ਹੈ।

ਤੇਰੀ ਟੇਕ ਤੁਝੇ ਤੇ ਪਾਈ ਸਾਚੇ ਸਿਰਜਣਹਾਰਾ ॥

ਹੇ ਸੱਚੇ ਸਿਰਜਣਹਾਰ ਪ੍ਰਭੂ ! ਤੇਰੀ ਓਟ ਤੈਥੋਂ ਤੋਂ ਹੀ ਪਾਈ ਜਾਂਦੀ ਹੈ।

ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥

ਜਿਸ ਆਪ ਜੀ ਤੋਂ ਕੋਈ ਭੀ ਖਾਲੀ ਨਹੀਂ ਜਾਂਦਾ, ਤੂੰ ਮੇਰਾ ਐਸਾ ਸਮਰੱਥ ਪ੍ਰਭੂ ਹੈਂ।

ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਹਾਰੀ ॥

ਸੰਤ ਜਨਾਂ ਨਾਲ ਮਿਲ.ਕੇ ਮੈਂਨੇ ਆਪ ਜੀ ਦਾ ਮੰਗਲ ਰੂਪ ਜਸ ਗਾਇਆ ਹੈ
ਅਤੇ ਦਿਨ ਰਾਤ ਆਪ ਜੀ ਦੀ ਆਸਾ ਲੱਗ ਰਹੀ ਹੈ।

ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਪੂਰਿਆਂ ਗੁਰਾਂ ਦੇ ਮਿਲਣ ਕਰਕੇ ਆਪ ਜੀ ਦਾ ਸਫਲ ਦਰਸ਼ਨ ਮਿਲ ਗਿਆ ਹੈ, ਮੈਂ ਆਪ ਜੀ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੨ ॥

ਸੰਮਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥

ਬਲਿਹਾਰ ਜਾਣੇ ਯੋਗ ਰਾਮ ਦੇ ਸੱਚੇ ਥਾਨੁ=ਸਤਸੰਗ ਨੂੰ ਸੰਭਾਲਿਆ ਤਾਂ ਸਮਾਨਤੇ ਮਾਨੁ=ਆਦਰ ਅਤੇ ਵਿਸ਼ੇਸ਼ ਕਰਕੇ ਮਹਤੁ=ਮਰਾਤਬਾ (ਅਉਦਾ) ਪਾਇਆ।

ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥

ਦਿਆਲੁ ਸਤਿਗੁਰੂ ਮਿਲਿਆ ਤਾਂ ਬਲਿਹਾਰ ਜਾਣੇ ਯੋਗ ਰਾਮ ਅਬਿਨਾਸੀ ਦੇ ਗੁਣਾਂ ਨੂੰ ਗਾਉਣਾ ਕੀਤਾ।

ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥

ਪ੍ਰਾਣਾਂ ਦਾ ਪ੍ਰੀਤਮ ਜੋ ਸੁਆਮੀ ਹੈ, ਉਸ ਗੋਬਿੰਦ ਦੇ ਗੁਣਾਂ ਨੂੰ ਨਿਤਾਪ੍ਰਤੀ ਮੈਂ ਗਾਉਂਦਾ ਹਾਂ, ਤੁਸੀਂ ਗਾਉਣਾ ਕਰੋ।

ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥

ਜਿਸ ਵੇਲੇ ਚੰਗੇ ਦਿਨ ਆਏ ਤਾਂ ਫੜ ਕੇ ਗਲ ਨਾਲ ਲਗਾ ਲੀਤਾ ਤਾਂ ਅਸੀਂ ਅੰਤਰਜਾਮੀ ਪ੍ਰਭੂ ਨਾਲ ਮਿਲ ਗਏ।

ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥

ਸਤ ਸੰਤੋਖ ਦੇ ਸਹਿਤ ਇਕ-ਰਸ ਰੁਣਝੁਣਕਾਰ ਸੰਗਿਆ ਦੇ ਵਾਜੇ ਵੱਜ ਆਏ।

ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥ ੩ ॥

(੧) ਗੁਰੂ ਜੀ ਕਥਨ ਕਰਦੇ ਹਨ-ਕਰਨਹਾਰ ਪ੍ਰਭੂ ਪੁਰਖ ਦੇ ਜਸ ਨੂੰ ਸੁਣ ਕੇ ਸਾਰੇ ਡਰ ਨਾਸ ਹੋ ਗਏ ਹਨ। (੨) ਉਹਨਾਂ ਵਾਜਿਆਂ ਦੀ ਧੁਨ ਸੁਣਨ ਨਾਲ ਸਾਰੇ ਡਰ ਨਾਸ ਹੋ ਗਏ ਅਤੇ ਪ੍ਰਭੂ ਪੁਰਖ ਨੂੰ ਸਭ ਗੱਲਾਂ ਦੇ ਕਰਨ ਨਾਲ ਨਿਸਚੇ ਕੀਤਾ ॥ ੩ ॥

ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥

ਜਿਸ ਵੇਲੇ ਤਤ ਗਿਆਨੁ=ਯਥਾਰਥ ਸਰੂਪ ਦਾ ਗਿਆਨ ਪੈਦਾ ਹੋਇਆ ਤਾਂ ਸਾਹੁਰੈ ਪੇਈਐ=ਲੋਕ-ਪ੍ਰਲੋਕ ਵਿਚ ਬਲਿਹਾਰ ਜਾਣੇ ਯੋਗ ਇਕ ਰਾਮ ਹਰੀ ਨੂੰ ਵਿਆਪਕ ਦੇਖਿਆ।

ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥

ਜਿਸ ਵੇਲੇ ਬ੍ਰਹਮ ਰੂਪ ਹੋ ਕੇ ਬ੍ਰਹਮ ਨਾਲ ਮਿਲਿਆ ਤਾਂ ਬਲਿਹਾਰ ਜਾਣੇ ਯੋਗ ਰਾਮ ਤੋਂ ਕੋਈ ਵੀ ਇਸਨੂੰ ਵੱਖਰਾ ਨਹੀਂ ਕਰ ਸਕਦਾ।

ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥

ਜਿਸ ਦਾ ਦੇਖਣਾ ਬਿਸਮੁ=ਅਸਚਰਜ ਹੈ, ਜਿਸ ਦਾ ਸੁਣਨਾ ਭੀ ਅਸਚਰਜ ਹੈ,

ਉਹ ਅਸਚਰਜ ਰੂਪ ਪਰਮਾਤਮਾ ਨਿਗਾਹ ਆਇਆ।

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥

ਉਹ ਸੁਆਮੀ ਜਲਾਂ ਵਿਚ, ਥਲਾਂ ਵਿਚ, ਮਹੀ=ਧਰਤੀ ਤੇ ਅਲਿ=ਅਕਾਸ਼ ਵਿਚ ਪੂਰਨ ਹੈ ਅਤੇ ਸਭ ਘਟਾਂ-ਘਟਾਂ ਵਿਚ ਭੀ ਸਮਾ ਰਿਹਾ ਹੈ।

ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥

ਜਿਸ ਬ੍ਰਹਮ ਦੇ ਅਗਿਆਨ ਤੋਂ ਇਹ ਉਪਜਿਆ ਹੈ ਭਾਵ ਜੀਵ ਰੂਪ ਕਰਕੇ ਮੰਨਿਆ ਗਿਆ ਹੈ, ਉਸੀ ਬ੍ਰਹਮ ਦੇ ਗਿਆਨ ਕਰਕੇ ਉਸ ਦੇ ਵਿਚ ਜਾ ਕੇ ਸਮਾ ਗਿਆ, ਉਸ ਦੀ ਕੁਝ ਕੀਮਤ ਕਹੀ ਨਹੀਂ ਜਾਂਦੀ।

ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਚਲਤ=ਕੌਤਕ ਜਾਣੇ ਨਹੀਂ ਜਾਂਦੇ, ਅਸੀਂ ਉਸੇ ਨੂੰ ਧਿਆਉਂਦੇ ਹਾਂ। ਤੁਸੀਂ ਉਸ ਨੂੰ ਧਿਆਉਣਾ ਕਰੋ॥ ੪ ॥ ੨ ॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

ਬੇਨਤੀ ਕੀਤੀ-'ਆਪ ਕਿਸ ਕੰਮ ਵਿਚ ਲੱਗੇ ਹੋਏ ਹੋ?' *ਉੱਤਰ:-*

ਗੋਬਿੰਦ ਗੁਣ ਗਾਵਣ ਲਾਗੇ ॥ ਹਰਿ ਰੰਗਿ ਅਨਦਿਨੁ ਜਾਗੇ ॥

ਗੋਬਿੰਦ ਦੇ ਗੁਣ ਗਾਉਣ ਲੱਗੇ ਹਾਂ ਤੇ ਰਾਤ ਦਿਨ ਹਰੀ ਦੇ ਰੰਗਿ=ਪ੍ਰੇਮ ਵਿਚ ਜਾਗਦੇ ਹਾਂ।

ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥

ਵਾਹਿਗੁਰੂ ਦੇ ਪਿਆਰੇ ਸੰਤ ਮਿਲੇ ਹਨ ਇਸ ਕਰਕੇ ਹਰੀ ਦੇ ਰੰਗ ਵਿਚ ਜਾਗੇ ਹਾਂ ਤੇ ਪਾਪ ਸਾਰੇ ਭਾਗੇ=ਭੱਜ ਗਏ ਹਨ।

ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ ॥

ਗੁਰੂ ਦੇ ਚਰਨਾਂ ਨਾਲ ਲੱਗਣ ਕਰਕੇ ਭਰਮ ਭੱਜ ਗਏ ਹਨ ਤੇ ਸਾਰਿਆਂ ਕੰਮਾਂ ਨੂੰ ਸਵਾਰ ਲਿਆ ਹੈ।

ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ ਵਡਭਾਗੈ ॥

ਕੰਨਾਂ ਨਾਲ ਗੁਰਬਾਣੀ ਸੁਣ ਕੇ ਇਹ ਗੱਲ ਸਹਿਜੇ ਜਾਣੀ ਹੈ ਕਿ ਹਰੀ ਨਾਮ ਦਾ ਜਪਣਾ ਵੱਡਿਆਂ ਭਾਗਾਂ ਕਰਕੇ ਹੁੰਦਾ ਹੈ।

*ਅਥਵਾ:-*ਕੰਨਾਂ ਨਾਲ ਗੁਰਬਾਣੀ ਸੁਣ ਕੇ ਵੱਡਿਆਂ ਭਾਗਾਂ ਕਰਕੇ ਹਰੀ ਨਾਮ ਨੂੰ ਜਪਿਆ ਤਾਂ ਸਹਿਜ ਅਵਸਥਾ ਭਾਵ ਗਿਆਨ ਅਵਸਥਾ ਜਾਨਣਾ ਕੀਤੀ।

ਬਿਨਵੰਤਿ ਨਾਨਕ ਸਰਣਿ ਸੁਆਮੀ ਜੀਉ ਪਿੰਡੁ ਪ੍ਰਭ ਆਗੈ ॥ ੧ ॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਅਸਾਂ ਨੇ ਸੁਆਮੀ ਦੀ ਸ਼ਰਨ ਵਿਚ ਪੈ ਕੇ ਪ੍ਰਭੂ ਦੀ ਆਗੈ= ਆਗਿਆ ਵਿਚ ਰਹਿ ਕੇ ਆਪਣਾ ਜੀਅ, ਪਿੰਡੁ=ਸਰੀਰ ਪ੍ਰਭੂ ਦੇ ਆਗੈ=ਅੱਗੇ ਅਰਪਣ ਕਰ ਦਿੱਤਾ ਹੈ॥ ੧ ॥

ਅਨਹਤ ਸਬਦੁ ਸੁਹਾਵਾ ॥ ਸਚੁ ਮੰਗਲੁ ਹਰਿ ਜਸੁ ਗਾਵਾ ॥

ਉਹ ਸਬਦੁ=ਬ੍ਰਹਮ ਅਨਹਤ=ਨਾਸ ਤੋਂ ਰਹਿਤ ਹੈ ਅਤੇ ਅਨਹਤ=ਇਕ-ਰਸ ਸ਼ੋਭਾ ਵਾਲਾ ਹੈ।
ਮੰਗਲਾਂ ਦੇ ਕਰਨ ਵਾਲੇ ਹਰੀ ਦੇ ਸੱਚੇ ਜਸ ਨੂੰ ਮੈਂ ਗਾਉਂਦਾ ਹਾਂ।

ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥

ਹਰਿ ਹਰਿ ਦੇ ਗੁਣ ਗਾਉਣ ਕਰਕੇ ਦੁੱਖ ਨਾਸ ਹੋ ਗਏ ਹਨ ਅਤੇ ਮਨ ਵਿਚ ਘਣਾ=ਬਹੁਤਾ ਅਨੰਦ ਪੈਦਾ ਹੋਇਆ ਹੈ।

ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ॥

ਜਾਂ ਪ੍ਰਭੂ ਦਾ ਨਾਮ ਮੂੰਹੋਂ ਉਚਾਰਿਆ ਤੇ ਦਰਸ਼ਨ ਨੂੰ ਵੇਖਿਆ ਤਾਂ ਮਨ ਤਨ ਨਿਰਮਲ ਹੋ ਗਿਆ।

[ਪੰਨਾ ੭੭੯]

ਹੋਇ ਰੇਣ ਸਾਧੂ ਪ੍ਰਭ ਅਰਾਧੂ ਆਪਣੇ ਪ੍ਰਭ ਭਾਵਾ॥

ਸੰਤਾਂ ਦੀ ਰੇਣ=ਧੂੜ ਹੋ ਕੇ ਪ੍ਰਭੂ ਨੂੰ ਆਰਾਧੀਏ ਤਾਂ ਆਪਣੇ ਪ੍ਰਭੂ ਨੂੰ ਭਾਵਾਂਗੇ।

ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ! ਦਇਆ-ਦ੍ਰਿਸ਼ਟੀ ਧਾਰਨਾ ਕਰੋ ਤਾਂ ਮੈਂ ਸਦਾ ਹੀ ਤੇਰੇ ਗੁਣ ਗਾਵਾਂਗਾ॥ ੨॥

ਗੁਰ ਮਿਲਿ ਸਾਗਰੁ ਤਰਿਆ॥ ਹਰਿ ਚਰਣ ਜਪਤ ਨਿਸਤਰਿਆ॥

ਗੁਰੂ ਨੂੰ ਮਿਲ ਕੇ ਸੰਸਾਰ-ਸਮੁੰਦਰ ਤੋਂ ਤਰਿਆ ਹਾਂ ਅਤੇ ਹਰੀ ਦੇ ਚਰਨਾਂ ਨੂੰ ਜਪ ਕੇ ਤਰਿਆ ਹਾਂ।

ਅਥਵਾ:-ਜੋ ਭੀ ਸੰਸਾਰ-ਸਮੁੰਦਰ ਤੋਂ ਤਰਿਆ ਹੈ, ਉਹ ਗੁਰਾਂ ਨਾਲ ਮਿਲ ਕੇ ਤਰਿਆ ਹੈ। ਜਾਂ ਹਰੀ ਦੇ ਚਰਨਾਂ ਨੂੰ ਜਪ ਕੇ ਭਾਵ ਧਿਆਨ ਧਾਰ ਕੇ ਤਰਿਆ ਹੈ।

ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ॥

ਹਰੀ ਦੇ ਚਰਨਾਂ ਦਾ ਧਿਆਨ ਧਾਰ ਕੇ ਹੀ ਸਾਰੇ ਫਲ ਪਾਏ ਹਨ, ਅਤੇ ਆਉਣਾ ਜਾਣਾ, ਜੰਮਣਾ ਮਰਨਾ ਮਿਟ ਗਿਆ ਹੈ।

ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ॥

ਭਾਂਇ ਭਗਤਿ=ਪ੍ਰੇਮਾ ਭਗਤੀ ਕਰਕੇ ਸੁਭਾਵਕ ਹੀ ਹਰੀ ਨੂੰ ਜਪਿਆ ਹੈ ਅਤੇ ਆਪਣੇ ਪ੍ਰਭੂ ਨੂੰ ਭਾਅ ਗਿਆ ਹਾਂ।

ਜਪਿ ਏਕੁ ਅਲਖ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ॥

ਇਕ ਅਲੱਖ ਅਪਾਰ ਪੂਰਨ ਨੂੰ ਜਪਿਆ ਹੈ, ਤੇ ਇਹ ਨਿਸਚੇ ਕੀਤਾ ਹੈ ਕਿ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ॥ ੩॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਨੇ ਕਿਰਪਾ ਕਰਕੇ ਭਰਮ ਨਾਸ ਕਰ ਦਿੱਤਾ ਹੈ,
ਹੁਣ ਜਿਥੇ ਦੇਖਦਾ ਹਾਂ ਉਥੇ ਉਹ ਪ੍ਰਭੂ ਹੀ ਦਿੱਸਦਾ ਹੈ॥ ੩॥

ਪਤਿਤ ਪਾਵਨ ਹਰਿ ਨਾਮਾ॥ ਪੂਰਨ ਸੰਤ ਜਨਾ ਕੇ ਕਾਮਾ॥

ਜਿਸ ਹਰੀ ਦਾ ਨਾਮ ਪਾਪੀਆਂ ਨੂੰ ਪਾਵਨ=ਪਵਿੱਤ੍ਰ ਕਰਨ ਵਾਲਾ ਹੈ।
ਓਹੀ ਹਰੀ ਸੰਤ ਜਨਾਂ ਦੇ ਕੰਮ ਪੂਰਨ ਕਰਦਾ ਹੈ।

ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥

ਜਿਸ ਨੇ ਸੰਤੁ=ਸ਼ਾਂਤ ਆਤਮਾ ਗੁਰਾਂ ਨੂੰ ਪਾਇਆ ਹੈ ਤੇ ਪ੍ਰਭੂ ਨੂੰ ਧਿਆਉਣਾ ਕੀਤਾ ਹੈ ਉਸ ਦੀਆਂ ਸਭ ਇਛਾ ਇਛਾਵਾਂ=ਪੂਰਨ ਹੋ ਗਈਆਂ ਹਨ।

ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥

ਜਿਸ ਵੇਲੇ ਸਰਸੇ=ਪ੍ਰੇਮ ਦੇ ਸਹਿਤ ਹੋਏ ਤਾਂ ਹਉਮੈ ਰੂਪੀ ਤਾਪ, ਵਾ:-ਹਉਮੈ ਤੇ ਤਿੰਨੇ ਤਾਪ ਬਿਨਸ ਗਏ ਤਾਂ ਚਿਰ ਦੇ ਵਿਛੜੇ ਹੋਏ ਪ੍ਰਭੂ ਨੂੰ ਮਿਲ ਪਏ ਤੇ ਸਦਾ ਹੀ ਸਰਸੇ=ਅੰਨੰਦ ਹੋਏ।

ਮਨਿ ਸਾਂਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥

ਜਿਸ ਦੇ ਮਨ ਵਿਚੋਂ ਉਹ ਪ੍ਰਭੂ ਕਦੇ ਭੁਲਦਾ ਨਹੀਂ ਹੈ, ਉਸ ਦੇ ਮਨ ਵਿਚ ਸ਼ਾਂਤੀ ਆਈ ਹੈ ਤੇ ਅਨੰਦ ਦੀ ਵਧਾਈ ਵੱਜੀ ਹੈ।

ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ ॥੪ ॥੧ ॥੩ ॥

ਗੁਰੂ ਕਥਨ ਕਰਦੇ ਹਨ—ਸਤਿਗੁਰਾਂ ਨੇ ਇਹ ਮੰਤ੍ਰ ਦ੍ਰਿੜ੍ਹ ਕਰਵਾਇਆ ਹੈ,
ਹੇ ਪੁਰਸ਼ਾ! ਤੂੰ ਜਗਤ ਦੇ ਮਾਲਕ ਨੂੰ ਸਦਾ ਭਜੁ=ਯਾਦ ਕਰ॥ ੪॥ ੧॥ ੩॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੩

੧ੴ ਸਤਿਗੁਰ ਪ੍ਰਸਾਦਿ ॥

ਤੂ ਠਾਕੁਰੋ ਬੈਰਾਗਰੋ ਹੈ ਜੇਹੀ ਘਣ ਚੇਰੀ ਰਾਮ ॥

ਹੇ ਠਾਕੁਰ ! ਤੂੰ ਬੈਰਾਗਰੋ=ਹੀਰਿਆਂ ਦੀ ਖਾਣ ਹੈਂ, *ਅਥਵਾ:-*ਹੀਰਿਆਂ ਵਾਂਗ ਅਮੋਲਕ ਹੈਂ,
ਹੇ ਰਾਮ ! ਮੇਰੇ ਜੇਹੀਆਂ ਆਪ ਜੀ ਦੀਆਂ ਘਣ ਚੇਰੀ=ਬਹੁਤੀਆਂ ਦਾਸੀਆਂ ਹਨ।

ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥

ਹੇ ਰਾਮ ! ਆਪ ਸਾਗਰੋ=ਸਮੁੰਦਰ ਹੋ, ਅਤੇ ਰਤਨਾਗਰੋ=ਰਤਨਾਂ ਦੀ ਖਾਣ ਹੋ,
ਵਾ:-ਸ਼ੁਭ-ਗੁਣ ਰੂਪ ਰਤਨਾਂ ਦੀ ਖਾਣ ਹੋ।
*ਅਥਵਾ:-*ਆਪ ਆਗਰੋ=ਸ੍ਰੇਸ਼ਟ ਰਤਨਾਂ ਦੇ ਸਮੁੰਦਰ ਹੋ, ਹਉ=ਮੈਂ ਤੇਰੀ ਸਾਰ ਨਹੀਂ ਜਾਣਦੀ ਹਾਂ।

ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥

ਮੈਂ ਤੇਰੀ ਸਾਰ ਨਹੀਂ ਜਾਣਦੀ ਹਾਂ, ਤੂੰ ਵੱਡਾ ਦਾਣਾ=ਦਨਾਹ ਹੈਂ,
ਹੇ ਸਾਂਈ ਤੂੰ ਮੇਰੇ ਉਤੇ ਅਮਿਤ ਮੇਹਰ ਕਰ।

ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥

ਕਿਰਪਾ ਦ੍ਰਿਸ਼ਟੀ ਕਰਕੇ ਉਹ ਅਕਲ ਦਿਓ, ਜਿਸ ਕਰਕੇ ਅੱਠੇ ਪਹਿਰ ਆਪ ਜੀ ਨੂੰ ਧਿਆਉਂਦਾ ਰਹਾਂ।

ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥

ਹੇ ਜੀਵ ! ਗਰਬੁ=ਹੰਕਾਰ ਨਾ ਕਰ, ਸਾਰਿਆਂ ਦੀ ਵਾ:-ਸੰਤਾਂ ਦੀ ਚਰਨ-ਧੂੜ ਹੋਣਾ ਕਰ ਤਾਂ ਤੇਰੀ ਗਤਿ=ਗਤੀ (ਮੁਕਤੀ) ਹੋਵੇਗੀ।

ਅਥਵਾ:-ਹੰਕਾਰ ਨਾ ਕਰਾਂ ਤੇ ਚਰਨ-ਧੂੜ ਹੋ ਜਾਵਾਂ ਤਾਂ ਜੀਵ ਨੂੰ ਤੇਰੀ ਗਤਿ=ਪ੍ਰਾਪਤੀ ਹੋਵੇਗੀ।

ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥ ੧ ॥

ਮੈਂ ਨਾਨਕ ਦਾ ਤੂੰਹੀ ਠਾਕੁਰ ਹੈਂ ਅਤੇ ਸਾਰਿਆਂ ਤੋਂ ਉੱਚਾ ਹੈਂ,

ਹੇ ਰਾਮ ! ਮੇਰੇ ਜੇਹੀਆਂ ਆਪ ਜੀ ਦੀਆਂ ਬਹੁਤੀਆਂ ਦਾਸੀਆਂ ਹਨ ॥ ੧ ॥

ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥

ਆਪ ਗਉਹਰ=ਮੋਤੀ ਵਾਂਗ ਸ਼ੁੱਧ ਹੋ, ਅਤਿ=ਬੜੇ ਗਹਿਰ=ਡੂੰਘੇ ਤੇ ਗੰਭੀਰਾ=ਨਿਰਮਲ ਹੋ, ਹੇ ਰਾਮ! ਆਪ ਪਤੀ ਹੋ, ਮੈਂ ਆਪ ਜੀ ਦੀ ਬਹੁਰੀਆ=ਇਸਤ੍ਰੀ ਹਾਂ।

ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥

ਆਪ ਵੱਡੇ ਹੋ, ਵੱਡਿਆਂ ਨਾਲੋਂ ਭੀ ਵੱਡੇ ਉੱਚੇ ਹੋ,

ਅਥਵਾ:-ਜੀਵਾਂ ਤੋਂ ਵੱਡੇ ਰਾਜੇ, ਰਾਜਿਆਂ ਤੋਂ ਵੱਡੇ ਦੇਵਤੇ, ਦੇਵਤਿਆਂ ਤੋਂ ਵੱਡੇ ਇੰਦਰ ਤੇ ਬ੍ਰਹਸਪਤੀ ਆਦਿਕ ਆਪ ਇਨ੍ਹਾਂ ਤੋਂ ਭੀ ਉੱਚੇ ਹੋ,

ਹੇ ਰਾਮ ! ਮੈਂ ਇਤਨੀਕ=ਇੰਨੀ ਕੁ ਭਾਵ ਛੋਟੀ ਜੇਹੀ ਆਪ ਜੀ ਦੀ ਲਹੁਰੀਆ=ਦਾਸੀ ਹਾਂ।

ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥

ਹਉ=ਮੈਂ ਕੁਝ ਭੀ ਨਹੀਂ ਹਾਂ, ਇਕੋ ਤੂੰਹੀ ਹੈਂ, ਤੁਸੀਂ ਆਪੇ ਆਪ ਸੁਜਾਨਾ=ਚਤੁਰ ਹੋ।

ਅਥਵਾ:- ਹੇ ਸੁਜਾਨਾ=ਚਤਰ ਪ੍ਰਭੂ ! ਪਿੱਛੇ ਇਕ ਆਪ ਸੀ, ਹੁਣ ਭੀ ਆਪ ਹੈ, ਅੱਗੇ ਭੀ ਆਪ ਹੋਵੋਗੇ।

ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ ॥

ਹੇ ਪ੍ਰਭੂ ! ਤੇਰੀ ਨਿਮਖ ਮਾਤ੍ਰ 'ਅੰਮ੍ਰਿਤ ਦ੍ਰਿਸਟਿ'=ਕਿਰਪਾ ਦ੍ਰਿਸ਼ਟੀ ਹੋਣ ਕਰਕੇ ਮੇਰਾ ਜੀਉਣਾ ਹੁੰਦਾ ਹੈ ਅਤੇ ਸਾਰਿਆਂ ਰਸਾਂ ਦੇ ਰੰਗ=ਆਨੰਦ ਦਾ ਮਾਨਣਾ ਹੁੰਦਾ ਹੈ।

ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥

ਆਪ ਜੀ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰ ਕੇ ਮੈਂ ਦਾਸਾਂ ਦੀ ਦਾਸੀ ਹੋਈ ਹਾਂ, ਇਸ ਲਈ ਮਨ ਵੀ ਮਉਲੈ=ਖਿੜ ਪਿਆ ਹੈ ਅਤੇ ਤਨ ਵੀ ਸ਼ੁਭ-ਗੁਣਾਂ ਨਾਲ ਹਰਿਆ ਹੋ ਗਿਆ ਹੈ।

ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਠਾਕੁਰ ! ਤੂੰ ਸਾਰਿਆਂ ਵਿਚ ਸਮਾਇਆ ਹੋਇਆ ਹੈਂ ਅਤੇ ਜੋ ਕੁਝ ਭੀ ਕਰਦਾ ਹੈ ਤੂੰ ਆਪਣੀ ਭਵਨ=ਮਰਜ਼ੀ ਨਾਲ ਕਰਦਾ ਹੈਂ ॥ ੨ ॥

ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ॥

ਹੇ ਰਾਮ! ਮਨ ਕਰਕੇ ਆਪ ਜੀ ਦੇ ਉੱਪਰ ਮੇਰਾ ਬਹੁਤ ਸਾਰਾ ਮਾਣ ਹੈ ਅਤੇ ਤਨ ਕਰਕੇ ਭੀ ਮੇਰਾ ਤੂੰਹੀ ਤਾਣਾ=ਬਲ ਰੂਪ ਹੈਂ।

ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ॥

ਵਿਹਾਰਕ ਸੁਰਤਿ=ਗਿਆਤ, ਆਤਮ ਵਿਸ਼ੈਣੀ ਮਤਿ=ਬੁੱਧੀ ਤੇ ਸ਼ਾਸਤਰਕ ਚਤੁਰਾਈ,

ਅਥਵਾ:-ਸੁਰਤੀਆਂ ਦੇ ਮਤ ਦੀ ਚਤੁਰਾਈ ਸਭ ਤੇਰੀ ਦਿੱਤੀ ਹੋਈ ਹੈ।

ਹੇ ਰਾਮ! ਤੂੰ ਜਣਾਵੇਂ ਤਾਂ ਕੋਈ ਜਾਣਦਾ ਹੈ।

ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ॥

(੧) ਜਿਸ ਉਤੇ ਆਪ ਕਿਰਪਾ-ਦ੍ਰਿਸ਼ਟੀ ਸਿਰੰਦੇ=ਕਰਦੇ ਹੋ, ਓਹੀ ਆਪ ਜੀ ਨੂੰ ਜਾਣਦਾ ਹੈ, ਓਹੀ ਆਪ ਜੀ ਨੂੰ ਪਛਾਣਦਾ ਹੈ।

(੨) ਸੋਈ ਸੋਈ ਜਾਣੈ=ਗਿਆਤ ਪੂਰਬਕ ਆਪ ਜੀ ਨੂੰ ਪਛਾਣਦਾ ਹੈ।

ਅਥਵਾ:-ਓਹੀ ਗੁਰ-ਉਪਦੇਸ਼ ਨੂੰ ਜਾਣਦਾ ਹੈ, ਓਹੀ ਨਾਮ ਨੂੰ ਸੁਖ ਰੂਪ ਪਛਾਣਦਾ ਹੈ।

ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ॥

ਮਨਮੁਖ ਇਸਤਰੀ ਬਹੁਤਿਆਂ ਰਸਤਿਆਂ ਵਿਚ ਭੁੱਲੀ ਫਿਰਦੀ ਹੈ

ਅਤੇ ਮਾਇਆ ਦੇ ਫੰਧਿਆਂ ਵਿਚ ਫਸੀ ਹੋਈ ਹੈ।

ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ॥

ਹੇ ਠਾਕੁਰ! ਜੋ ਆਪ ਜੀ ਨੂੰ ਭਾਈ ਹੈ ਓਹੀ ਸ਼ੁਭ-ਗੁਣਾਂ ਵਾਲੀ ਹੈ ਅਤੇ ਓਸੇ ਨੇ ਸਾਰਿਆਂ ਅਨੰਦਾਂ ਨੂੰ ਮਾਣਾ=ਭੋਗਿਆ ਹੈ।

ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ॥ ੩॥

ਗੁਰੂ ਜੀ ਕਥਨ ਕਰਦੇ ਹਨ-ਹੇ ਠਾਕੁਰ! ਮੈਂ ਨਾਨਕ ਦੀ ਤੂੰਹੀ ਧਰ=ਓਟ ਹੈਂ

ਅਤੇ ਮੈਂ ਨਾਨਕ ਦਾ ਮਾਣ ਭੀ ਤੂੰਹੀ ਹੈਂ॥ ੩॥

ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ॥

ਮੈਂ ਵਾਰਨੇ ਜਾਂਦਾ ਹਾਂ, ਘੋਲੀ ਵੰਞਾ=ਕੁਰਬਾਨ ਜਾਂਦਾ ਹਾਂ,

ਹੇ ਰਾਮ ! ਤੂੰ ਸੁਮੇਰ ਪਰਬਤ ਵਾਂਗ ਮੇਰਾ ਓਲ੍ਹਾ=ਆਸਰਾ ਰੂਪ ਹੈਂ।

ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥

(੧) ਹੇ ਲੱਖ ਸਰੂਪ ਪਰਮਾਤਮਾ ! ਆਪ ਜੀ ਨੂੰ ਲਖ=ਜਾਣ ਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ,

(੨) ਹੇ ਲੱਖ ਸਰੂਪ ਪ੍ਰਭੂ ! ਆਪ ਜੀ ਦੇ ਉਪਕਾਰ ਨੂੰ ਲਖ ਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ

ਜਾਂਦਾ ਹਾਂ,

(੩) ਮਨ, ਬਾਣੀ, ਸਰੀਰ ਕਰਕੇ ਮੈਂ ਲੱਖਾਂ ਵਾਰੀ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।

ਹੇ ਰਾਮ ! ਜਿਸ ਆਪ ਜੀ ਨੇ ਮੇਰੇ ਅੰਦਰੋਂ ਭਰਮ ਦਾ ਪੜਦਾ ਖੋਲ੍ਹ ਦਿੱਤਾ ਹੈ।

[ਪੰਨਾ ੭੮੦]

ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥

ਹੇ ਠਾਕੁਰ ! ਜਿਸ ਵੇਲੇ ਆਪ ਜੀ ਨਾਲ ਮੇਰਾ ਮਨ ਮੰਨਿਆ ਗਿਆ ਤੇ ਵਿਸ਼ੇ ਵਿਕਾਰ ਤਿਆਗ ਦਿੱਤੇ ਤਾਂ ਅਗਿਆਨਤਾ ਦੇ ਸਾਰੇ ਹਨੇਰੇ ਮਿੱਟ ਗਏ।

ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥

ਹੇ ਪ੍ਰਭੂ ਜੀ ! ਜਿਸ ਵੇਲੇ ਆਪ ਜੀ ਨੂੰ ਭਾਅ ਗਈ ਤਾਂ ਜਮਾਂ ਦੀ ਕਾਨ ਕਨੌਡ ਤੋਂ ਰਹਿਤ ਹੋ ਗਈ ਤਾਂ ਹੀ ਪ੍ਰਮਾਣੀਕ ਮਨੁੱਖਾ ਜਨਮ ਸਫਲ ਹੋ ਗਿਆ।

ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ ॥

ਭਾਰੇ ਤੋਲ ਵਾਲਾ ਅਰਥਾਤ ਦੇਸ਼, ਕਾਲ (ਸਮਾ), ਵਸਤੂ ਤੋਂ ਰਹਿਤ ਜੋ ਪਰਮਾਤਮਾ ਹੈ, ਉਸ ਨੂੰ ਪਾ ਕੇ ਮੈਂ ਅਮੋਲਕ ਹੋ ਗਈ ਹਾਂ, ਮੁਕਤੀ ਵਿਚ ਜੁਗਤਿ=ਜੁੜਨ ਦਾ ਦਰਵਾਜ਼ਾ ਖੁਲ੍ਹ ਗਿਆ ਹੈ।

ਅਥਵਾ:-ਮੁਕਤੀ ਦਾ ਦਰੁ=ਦਰਵਾਜ਼ਾ-ਗਿਆਨ ਗੁਰਾਂ ਨੇ ਜੁਗਤੀ ਨਾਲ ਖੋਲ੍ਹ ਦਿੱਤਾ ਹੈ।

ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ ॥ ੪ ॥ ੧ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਿਰਖੌਫ ਹੋ ਗਈ ਹਾਂ, ਹੁਣ ਜਨਮ ਮਰਨ ਦਾ ਡਰ ਨਹੀਂ ਰਿਹਾ, ਕਿਉਂਕਿ ਉਹ ਪ੍ਰਭੂ ਮੇਰਾ ਓਲ੍ਹਾ=ਆਸਰਾ ਹੋ ਗਿਆ ਹੈ॥ ੪॥ ੧॥ ੪॥

ਸੂਹੀ ਮਹਲਾ ੫ ॥

ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥

ਸਤਿਗੁਰੂ ਪੁਰਖ ਮੇਰਾ ਪੂਰਾ ਸੱਜਣ ਹੈ, ਰਾਮ=ਹੇ ਭਾਈ ! ਉਸ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਨਹੀਂ ਜਾਣਿਆ।

ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥

ਹੇ ਰਾਮ=ਭਾਈ ! ਮਾਂ, ਪਿਉ, ਭਰਾ, ਪੁੱਤਰ, ਸਬੰਧੀ, ਜੀਅ ਅਤੇ ਪ੍ਰਾਣ ਇਤਿਆਦਿਕ ਸਾਰੇ ਰੂਪਾਂ ਵਿਚ ਮੇਰੇ ਮਨ ਵਿਚ ਸਤਿਗੁਰੂ ਹੀ ਭਾਏ ਹਨ।

ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥

ਜੀਅ ਪਿੰਡੁ=ਸਰੀਰ ਪ੍ਰਾਣ ਆਦਿਕ ਸਭ ਕੁਝ ਉਸ ਦਾ ਦਿੱਤਾ ਹੋਇਆ ਹੈ ਅਤੇ ਉਹ ਪ੍ਰਭੂ ਸਾਰਿਆਂ ਗੁਣਾਂ ਵਿਚ ਭਰਪੂਰ ਹੈ।

ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥

ਉਹ ਮੇਰਾ ਪ੍ਰਭੂ ਅੰਤਰਜਾਮੀ ਹੈ ਅਤੇ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ।

ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥

ਉਸ ਦੀ ਸ਼ਰਨ ਵਿਚੋਂ ਮੈਂ ਸਾਰੇ ਸੁਖ ਪਾਏ ਹਨ ਅਤੇ ਸਾਰੇ ਸੰਬੰਧੀ ਭੀ ਕਲਿਆਣਾ=ਸੁਖੀ ਹੋਏ ਹਨ।

ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਤੋਂ ਪਿੱਛੇ ਮੈਂ ਸਦਾ ਸਦਾ ਬਲਿਹਾਰ ਜਾਂਦਾ ਸੀ, ਹੁਣ ਵੀ ਸਦਾ ਕੁਰਬਾਨ ਜਾਂਦਾ ਹਾਂ॥ ੧॥

ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥

ਹੇ ਰਾਮ=ਭਾਈ ! ਅਜੇਹਾ ਗੁਰੂ ਵੱਡਿਆਂ ਭਾਗਾਂ ਨਾਲ ਪਾਈਦਾ ਹੈ, ਜਿਸ ਗੁਰੂ ਦੇ ਮਿਲਿਆਂ ਰਾਮ ਪ੍ਰਭੂ ਜਾਪੈ=ਜਾਣਿਆ ਜਾਂਦਾ ਹੈ।

ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥

ਹਰੀ ਰਾਮ ਦੇ ਸੰਤਾਂ ਦੀ ਚਰਨ-ਧੂੜੀ ਵਿਚ ਨਿਤ ਨਾਪੈ=ਇਸ਼ਨਾਲ ਕਰਨ ਨਾਲ ਜਨਮਾਂ-ਜਨਮਾਂ ਦੇ ਕੀਤੇ ਹੋਏ ਕਿਲਵਿਖ=ਪਾਪ ਉਤਰ ਜਾਂਦੇ ਹਨ।

ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥

ਹਰੀ ਦੇ ਸੰਤਾਂ ਦੀ ਚਰਨ-ਧੂੜੀ ਵਿਚ ਇਸ਼ਨਾਨ ਕਰਨ ਨਾਲ ਤੇ ਪ੍ਰਭੂ ਦੇ ਧਿਆਉਣ ਕਰਕੇ ਮੁੜ ਕੇ ਜੂਨੀਆਂ ਵਿਚ ਨਹੀਂ ਆਈਦਾ।

ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥

ਗੁਰਾਂ ਦੇ ਚਰਨਾਂ ਨਾਲ ਲਗਣੇ ਕਰਕੇ ਭ੍ਰਮ ਤੇ ਡਰ ਦੌੜ ਜਾਂਦਾ ਹੈ ਅਤੇ ਮਨ-ਇੱਛਤ ਫਲ ਨੂੰ ਪਾਈਦਾ ਹੈ।

ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥

ਜਿਸ ਪੁਰਸ਼ ਨੇ ਹਰੀ ਦੇ ਗੁਣ ਸਦਾ ਗਾਏ ਹਨ ਤੇ ਨਾਮ ਨੂੰ ਧਿਆਉਣਾ ਕੀਤਾ ਹੈ, ਉਸ ਨੂੰ ਫਿਰ ਸੋਗ ਅਤੇ ਸੰਤਾਪ ਨਹੀਂ ਹੁੰਦਾ।

ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਸਭ ਜੀਵਾਂ ਦਾ ਦਾਤਾ ਹੈ, ਜਿਸ ਦਾ ਪਰਤਾਪ ਸਾਰੇ ਪੂਰਾ ਹੈ॥ ੨॥

ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥

ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ, ਹਰਿ=ਤਮਾਮ ਗੁਣਾਂ ਦੀ ਨਿਧੀ ਰੂਪ ਉਹ ਹਰੀ ਰਾਮ ਸੰਤਾਂ ਦੇ ਉਪਦੇਸ਼ ਕਰਕੇ ਵੱਸ ਵਿਚ ਆਉਂਦਾ ਹੈ।

ਅਥਵਾ-ਉਹ ਹਰੀ ਰਾਮ ਸੰਤਾਂ ਦੇ ਵੱਸ ਵਿਚ ਆਉਂਦਾ ਹੈ।

ਸੰਤ ਚਰਣ ਗੁਰ ਸੇਵਾ ਲਾਗੈ ਤਿਨੀ ਪਰਮ ਪਦ ਪਾਏ ਰਾਮ ॥

ਹੇ ਰਾਮ=ਭਾਈ ! ਜੋ ਪੁਰਸ਼ ਸੰਤਾਂ ਦੀ ਚਰਨੀਂ ਪੈ ਕੇ ਗੁਰ ਸੇਵਾ ਵਿਚ ਲੱਗੇ ਹਨ, ਉਨ੍ਹਾਂ ਨੇ ਪਰਮ ਪਦਵੀ

ਨੂੰ ਪਾਉਣਾ ਕੀਤਾ ਹੈ।

ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ॥

ਜਿਨ੍ਹਾਂ ਨੇ ਆਪਾ ਭਾਵ ਹੰਕਾਰ ਨੂੰ ਮਿਟਾ ਕੇ ਪਰਮ ਪਦਵੀ ਨੂੰ ਪਾਇਆ ਹੈ,

ਉਨ੍ਹਾਂ ਉਤੇ ਹਰੀ ਪੂਰਨ ਨੇ ਕਿਰਪਾ-ਦ੍ਰਿਸ਼ਟੀ ਧਾਰੀ ਹੈ।

ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ॥

ਇਕ ਹਰੀ ਮੁਰਾਰੀ ਦੇ ਮਿਲ਼ਣ ਕਰਕੇ ਮਨੱਖਾ ਜਨਮ ਸਫਲ ਹੋ ਗਿਆ ਹੈ ਅਤੇ ਜਮਾਂ ਦਾ ਭਉ=ਡਰ ਭਾਗਾ=ਭੱਜ ਗਿਆ ਹੈ।

ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ॥

ਜਿਸ ਦਾ ਦਾਸ ਸੀ, ਉਸ ਨੇ ਆਪਣੇ ਨਾਲ ਮੇਲ਼ ਲੀਤਾ ਹੈ ਤੇ ਅੰਤ ਨੂੰ ਜੋਤੀ ਪਰਮਾਤਮਾ ਦੀ ਜੋਤ ਵਿਚ ਸਮਾ ਗਿਆ।

ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ॥ ੩॥

ਗੁਰੂ ਜੀ ਕਥਨ ਕਰ ਕੇ ਹਨ-ਸਤਿਗੁਰਾਂ ਨਾਲ ਮਿਲ ਕੇ ਨਿਰੰਜਨ ਦੇ ਨਾਮ ਨੂੰ ਜਪਣਾ ਕਰੀਏ, ਜਿਸ ਨੇ ਗੁਰਾਂ ਨਾਲ ਮਿਲ ਕੇ ਨਾਮ ਜਪਿਆ ਹੈ, ਉਸ ਨੇ ਸੁਖ ਪਾਇਆ ਹੈ॥ ੩॥

ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ॥

ਹੇ ਹਰੀ ਦੇ ਪ੍ਰੇਮੀ ਜਨੋਂ! ਨਿਤ ਹੀ ਹਰੀ ਦੇ ਮੰਗਲ ਰੂਪ ਜਸ ਨੂੰ ਗਾਉਣਾ ਕਰੋ, ਜੋ ਗਾਉਂਦੇ ਹਨ, ਰਾਮ ਨੇ ਉਨ੍ਹਾਂ ਦੀ ਸਾਰੀ ਇੱਛਾ ਪੁੰਨੀ=ਪੂਰੀ ਕੀਤੀ ਹੈ।

ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ॥

ਜੋ ਪੁਰਸ਼ ਆਪਣੇ ਸੁਆਮੀ ਦੇ ਰੰਗਿ ਸੇਤੀ=ਪ੍ਰੇਮ ਨਾਲ ਰਤੇ ਗਏ ਹਨ, ਰਾਮ=ਹੇ ਭਾਈ ! ਉਹ ਮਰ ਕੇ ਆਉਂਦੇ ਜਾਂਦੇ ਨਹੀਂ ਹਨ।

ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ॥

ਜਦ ਨਾਮ ਨੂੰ ਧਿਆਉਣਾ ਕੀਤਾ ਤਾਂ ਅਬਿਨਾਸ਼ੀ ਪ੍ਰਭੂ ਨੂੰ ਪਾਇਆ ਅਤੇ ਮਨ ਦੇ ਸਾਰੇ ਸੰਕਲਪ ਪੂਰੇ ਹੋ ਗਏ।

ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ॥

ਗੁਰੂ ਦੇ ਚਰਨਾਂ ਵਿਚ ਮਨ ਨੂੰ ਲਗਾਉਣ ਕਰਕੇ ਸ਼ਾਂਤੀ ਤੇ ਸਹਜ=ਗਿਆਨ ਨੂੰ ਪਾ ਕੇ ਘਨੇਰੇ=ਬੜੇ ਅਨੰਦ ਹੋਏ ਹਾਂ। ਤੇ ਇਸ ਤਰ੍ਹਾਂ ਨਿਸਚੇ ਕੀਤਾ-

ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ॥

ਉਹ ਅਬਿਨਾਸ਼ੀ ਪਰਮਾਤਮਾ ਘਟਾਂ-ਘਟਾਂ ਵਿਚ ਪੂਰਨ ਹੋ ਰਿਹਾ ਹੈ ਅਤੇ ਥਾਨਾ ਅੰਦਰ ਥਾਨਾਂ ਵਿਚ ਭੀ ਓਹੀ ਪ੍ਰਭੂ ਹੈ।

ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥੪॥੨॥੫॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਦੇ ਚਰਨਾਂ ਨਾਲ ਜਿਸ ਨੇ ਮਨ ਨੂੰ ਲਗਾਇਆ ਹੈ, ਉਸ ਦੇ ਸਾਰੇ ਕੰਮ ਪੂਰੇ ਹੋ ਗਏ ਹਨ॥ ੪॥ ੨॥ ੫॥

ਸੂਹੀ ਮਹਲਾ ੫ ॥

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ॥

ਹੇ ਪ੍ਰੀਤਮ ਸੁਆਮੀ ! ਮੇਰੇ ਉਤੇ ਅਜੇਹੀ ਕਿਰਪਾ ਕਰ, ਜੋ ਮੇਰੀਆਂ ਅੱਖਾਂ ਹੇ ਰਾਮ ! ਤੇਰਾ ਹੀ ਦਸਸ਼ਨ ਵੇਖਣ, ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਨਜ਼ਰ ਨਾ ਆਵੇ।

ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ॥

ਹੇ ਮੇਰੇ ਪਿਆਰੇ ਹਰੀ ! ਮੇਰੇ ਮੂੰਹ ਵਿਚ ਲੱਖ ਜੀਭ ਦੇਹੁ, ਤਾਂਕਿ ਮੇਰਾ ਮੂੰਹ ਹੇ ਰਾਮ ਤੇਰਾ ਹੀ ਅਰਾਧਣ ਕਰੇ।

ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ॥

ਹੇ ਹਰੀ ! ਆਪ ਜੀ ਦੇ ਅਰਾਧਣ ਕਰਕੇ ਜਮ ਰਸਤਾ ਸਾਧਿਆ ਜਾਂਦਾ ਹੈ ਅਤੇ ਨਾ ਹੀ ਕੋਈ ਦੁੱਖ ਵਿਆਪੈ=ਲਗਦਾ ਹੈ।

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ॥

ਹੇ ਸੁਆਮੀ ! ਜਲਾਂ ਵਿਚ, ਥਲਾਂ ਵਿਚ, ਮਹੀ=ਧਰਤੀ ਤੇ ਅਲਿ=ਅਕਾਸ਼ ਵਿਚ ਪੂਰਨ ਹੈਂ, ਮੈਂ ਹੁਣ ਜਿਥੇ ਦੇਖਦਾ ਹਾਂ ਉਥੇ ਸੋ ਤੂੰਹੀਂ ਹੈਂ।

ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰ ਹੂ ਤੇ ਨੇਰਾ॥

ਹੇ ਪ੍ਰਭੂ ! ਜਿਸ ਵੇਲੇ ਆਪ ਜੀ ਨੂੰ 'ਨੇਰ ਹੂ ਤੇ ਨੇਰਾ'=ਨੇੜਿਆਂ ਤੋਂ ਨੇੜੇ ਦੇਖਿਆ ਤਾਂ ਭਰਮ, ਮੋਹ ਅਤੇ ਵਿਸ਼ੇ ਵਿਕਾਰ ਆਦਿਕ ਸਭ ਨੱਸ ਗਏ।

ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ ॥੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੇਰੇ ਉਤੇ ਇਹੋ ਕਿਰਪਾ ਕਰ, ਜੋ ਨੇਤ੍ਰ=ਅੱਖਾਂ ਹਰ ਪਾਸੇ ਤੇਰਾ ਹੀ ਦਰਸ਼ਨ ਵੇਖਣ ॥ ੧॥

[ਪੰਨਾ ੭੮੧]

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥

ਹੇ ਪ੍ਰੀਤਮ ਪ੍ਰਭੂ ! ਕ੍ਰੋੜਾਂ ਕਰਨ=ਕੰਨ ਮੈਨੂੰ ਦੇਣਾ ਕਰੋ,

ਤਾਂਕਿ ਉਨ੍ਹਾਂ ਕੰਨਾਂ ਨਾਲ ਹੇ ਹਰੀ ਰਾਮ ਅਬਿਨਾਸ਼ੀ ! ਆਪ ਜੀ ਦੇ ਗੁਣ ਸੁਣਦੇ ਰਹੀਏ।

ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥

ਹੇ ਰਾਮ ! ਆਪ ਜੀ ਦੇ ਗੁਣਾਂ ਨੂੰ ਸੁਣ-ਸੁਣ ਕੇ ਮੇਰਾ ਇਹ ਮਨ ਨਿਰਮਲ ਹੋਵੇਗਾ

ਅਤੇ ਕਾਲ ਦੀ ਫਾਹੀ ਕੱਟੀ ਜਾਏਗੀ।

ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥

ਜਮਾਂ ਦੀ ਫਾਹੀ ਕੱਟੀ ਜਾਏਗੀ, ਹੇ ਅਬਿਨਾਸ਼ੀ ! ਤੇਰਾ ਸਿਮਰਨ ਕੀਤਿਆਂ ਸਾਰੇ ਮੰਗਲ ਤੇ ਸੁਗਿਆਨਾ=ਸ੍ਰੇਸ਼ਟ ਗਿਆਨ ਪ੍ਰਾਪਤ ਹੁੰਦਾ ਹੈ।

ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥

ਹੇ ਹਰਿ ਹਰਿ ! ਆਪ ਜੀ ਦੇ ਨਾਮ ਜਪ ਨੂੰ ਜਪਦਿਆਂ-ਜਪਦਿਆਂ, ਦਿਨ ਰਾਤ ਸਹਿਜ-ਪਦ ਧਿਆਨ ਲੱਗ ਜਾਂਦਾ ਹੈ।

ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥

ਹੇ ਪ੍ਰਭੂ ! ਆਪ ਜੀ ਦੇ ਚਿਤਾਰੇ=ਸਿਮਰਨ ਨੇ ਇਕ ਭਾਂ ਮਨ ਦੀ ਖੋਟੀ ਮਤਿ=ਅਕਲ ਨਾਸ ਕਰ ਦਿੱਤੀ ਹੈ, ਦੂਜਾ ਸਾਰੇ ਕਲਮਲ=ਪਾਪ ਅਤੇ ਦੁੱਖ ਜਾਰੇ=ਸਾੜ ਦਿੱਤੇ ਹਨ।

ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਅਬਿਨਾਸ਼ੀ ਪ੍ਰਭੂ ! ਐਸੀ ਕਿਰਪਾ ਕਰੋ, ਜੋ ਹਰ ਵੇਲੇ ਆਪ ਜੀ ਦੇ ਹੀ ਗੁਣ ਸੁਣਦੇ ਰਹੀਏ॥ ੨ ॥

ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥

ਹੇ ਰਾਮ ! ਮੇਰੇ ਕ੍ਰੋੜਾਂ ਹਸਤ=ਹੱਥ ਹੋਣ ਜਿਨ੍ਹਾਂ ਨਾਲ ਮੈਂ ਤੇਰੀ ਸੇਵਾ-ਟਹਿਲ ਕਰਾਂ ਅਤੇ ਹੇ ਪ੍ਰਭੂ ! ਚਰਨ ਤੇਰੇ ਰਸਤੇ ਵਿਚ ਤੁਰਨ। ਵਾ:- ਚਰਨਾਂ ਨਾਲ ਮੈਂ ਤੇਰੇ ਰਸਤੇ ਵਿਚ ਤੁਰਾਂ

ਭਵਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥

ਹੇ ਹਰੀ ! ਆਪ ਜੀ ਦੀ ਜੋ ਸੇਵਾ ਹੈ, ਏਹੋ ਭਵਸਾਗਰ=ਸੰਸਾਰ-ਸਮੁੰਦਰ ਤੋਂ ਪਾਰ ਕਰਨ ਵਾਲਾ ਨਾਵ=ਬੇੜਾ ਹੈ, ਜਿਹੜਾ ਕੋਈ ਇਸ ਉਤੇ ਚੜ੍ਹਦਾ ਹੈ, ਹੇ ਰਾਮ ! ਉਸ ਨੂੰ ਤੂੰ ਤਾਰਦਾ ਹੈਂ।

ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥

ਹੇ ਹਰਿ ਹਰਿ ! ਜਿਸ ਨੇ ਤੇਰੇ ਨਾਮਾਂ ਨੂੰ ਸਿਮਰਿਆ ਹੈ ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ, ਉਸ ਦੇ ਸਾਰੇ ਮਨੋਰਥ=ਮਨ ਦੇ ਸੰਕਲਪ ਪੂਰੇ ਹੋਏ ਹਨ।

ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥

ਬੜੇ-ਬੜੇ ਦੁੱਖ ਰੂਪ ਵਿਕਾਰ ਨਵਿਰਤ ਹੋ ਗਏ ਹਨ, ਸੁਖ ਪੈਦਾ ਹੋ ਗਏ ਹਨ ਅਤੇ ਅਨਹਦ=ਇਕ-ਰਸ ਜਸ ਰੂਪੀ ਤੂਰੇ=ਵਾਜੇ ਵੱਜ ਆਏ ਹਨ।

ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥

ਸਾਰੇ ਮਨ-ਇੱਛਤ ਫਲ ਪਾ ਲੀਤੇ ਹਨ, ਹੇ ਕੁਦਰਤੀ ! ਤੇਰੀ ਕੀਮਤ ਅਪਾਰਗਿ=ਅਪਾਰ (ਬਿਅੰਤ) ਹੈ।

ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਕਿਰਪਾ ਕਰ, ਜੋ ਮੇਰਾ ਮਨ ਸਦਾ ਹੀ ਤੇਰੇ ਰਸਤੇ ਉਤੇ ਤੁਰਦਾ ਰਹੇ ॥ ੩ ॥

ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਭਗਵਾਨ ਨੇ ਕਿਹਾ-"ਜਿਸ ਵਰ ਦੀ ਲੋੜ ਹੈ ਉਹ ਵਰ ਮੰਗ ਲੈ; ਜੇ ਵਡਿਆਈ ਕਰਾਉਣ ਦੀ ਇੱਛਾ ਹੈ ਤਾਂ ਵਡਿਆਈ ਦੇਂਦਾ ਹਾਂ, ਜੇ ਧਨ ਲੈਣ ਦੀ ਇੱਛਾ ਹੈ ਤਾਂ ਧਨ ਮੰਗ ਲੈ।" ਇਹ ਗੱਲਾਂ ਸੁਣ ਕੇ ਜਗਿਆਸੂ ਨੇ ਕਿਹਾ- "ਮੈਨੂੰ ਤੁਹਾਡੇ ਚਰਨਾਂ ਦੀ ਲੋੜ ਹੈ, ਹੋਰ ਕਿਸੇ ਪਦਾਰਥ ਦੀ ਇੱਛਾ ਨਹੀਂ ਹੈ।"

ਏਹੋ ਵਰੁ ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ ॥

ਹੇ ਰਾਮ ! ਮੇਰੇ ਲਈ ਵਰ ਭੀ ਏਹੀ ਹੈ, ਵਡਿਆਈ ਭੀ ਏਹੋ ਹੈ, ਧਨ ਭੀ ਏਹੋ ਹੈ, ਏਸੇ ਕਰਕੇ ਮੈਂ ਵੱਡਿਆਂ ਭਾਗਾਂ ਵਾਲਾ ਹੋਇਆ ਹਾਂ।

ਏਹੋ ਰੰਗੁ ਏਹੋ ਰਸ ਭੋਗਾ ਹਰਿ ਚਰਣੀ ਮਨੁ ਲਾਗਾ ਰਾਮ ॥

ਰੰਗੁ=ਅਨੰਦ ਭੀ ਏਹੋ ਹੈ, ਰਸਾਂ ਦਾ ਭੋਗਣਾ ਭੀ ਏਹੋ ਹੈ,

ਹੇ ਹਰੀ ਰਾਮ ! ਜਿਹੜਾ ਆਪ ਜੀ ਦੇ ਪਵਿੱਤ੍ਰ ਚਰਨਾਂ ਵਿਚ ਮੇਰਾ ਮਨ ਲੱਗ ਗਿਆ ਹੈ।

ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ ॥

ਹੇ ਗੋਪਾਲ ! ਸਾਰਿਆਂ ਕਾਰਨਾਂ ਦੇ ਕਰਨੇ ਨੂੰ ਪ੍ਰਭ=ਸਮਰਥ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਮੇਰਾ ਮਨ ਲੱਗਾ ਹੈ।

ਸਭੁ ਕਿਛੁ ਤੇਰਾ ਤੂ ਪ੍ਰਭੁ ਮੇਰਾ ਮੇਰੇ ਠਾਕੁਰ ਦੀਨ ਦਇਆਲਾ ॥

ਹੇ ਦੀਨ ਦਿਆਲ ਠਾਕੁਰ ! ਮੇਰੇ ਪਾਸ ਜੋ ਕੁਝ ਭੀ ਹੈ ਸਭ ਕੁਝ ਤੇਰਾ ਦਿੱਤਾ ਹੋਇਆ ਹੈ।

ਅਤੇ ਤੂੰ ਹੀ ਮੇਰਾ ਪ੍ਰਭੂ=ਮਾਲਕ ਹੈਂ। ਵਾ:-ਰੱਖਜਕ ਹੈਂ ।

ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ ਸੰਤਸੰਗਿ ਮਨੁ ਜਾਗਾ ॥

ਹੇ ਸੁਖਾਂ ਦੇ ਸਮੁੰਦਰ ਪ੍ਰੀਤਮ=ਪਰਮਾਤਮਾ ! ਸੰਤਾਂ ਦੀ ਸੰਗਤ ਕਰਕੇ ਮੈਂ ਨਿਰਗੁਣ=ਗੁਣ ਹੀਣੇ ਦਾ ਮਨ ਆਪ ਜੀ ਦੇ ਸਿਮਰਨ ਵਿਚ ਜਾਗ ਪਿਆ ਹੈ।

ਕਹੁ ਨਾਨਕ ਪ੍ਰਭਿ ਕਿਰਪਾ ਕੀਨ੍ਹੀ ਚਰਣ ਕਮਲ ਮਨੁ ਲਾਗਾ ॥ ੪ ॥ ੩ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਆਪ ਜੀ ਨੇ ਆਪੇ ਹੀ ਕਿਰਪਾ ਕੀਤੀ ਹੈ ਜੋ ਆਪ ਜੀ ਦੇ ਚਰਨ-ਕਮਲਾਂ ਨਾਲ ਮੇਰਾ ਮਨ ਲੱਗ ਗਿਆ ਹੈ ॥ ੪ ॥ ੩ ॥ ੬ ॥

ਸੂਹੀ ਮਹਲ ੫ ॥

ਜਿਸ ਵੇਲੇ ਹਰਿਮੰਦਰ ਬਣਾ ਚੁਕੇ ਤਾਂ ਸਿੱਖਾਂ ਨੇ ਬੇਨਤੀ ਕੀਤੀ-"ਇਹ ਹਰਿਮੰਦਰ ਸਾਹਿਬ ਆਪ ਜੀ ਨੇ ਕਿਉਂ ਬਣਾਇਆ ਹੈ, ਇਸ ਦਾ ਮੁਖ ਕਾਰਨ ਕੀ ਹੈ ?" ਉੱਤਰ-

ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥

ਹਰੀ ਨਾਮ ਜਪਣ ਵਾਸਤੇ ਇਹ ਹਰਿਮੰਦਰ ਬਣਾਇਆ ਹੈ, ਇਸ ਹਰਿਮੰਦਰ ਵਿਚ ਬੈਠ ਕੇ ਸੰਤ ਤੇ ਭਗਤ ਰਾਮ ਦੇ ਗੁਣ ਗਾਉਣਗੇ।

ਅਥਵਾ:- ਹਰੀ ਨਾਮ ਜਪਣ ਵਾਸਤੇ ਸਤਸੰਗਤ ਰੂਪ ਹਰਿਮੰਦਰ ਬਣਾਇਆ ਹੈ, ਇਸ ਵਿਚ ਸੰਤ ਤੇ ਭਗਤ ਰਾਮ ਦੇ ਗੁਣ ਗਾਉਂਦੇ ਹਨ।

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥

ਇਸ ਹਰਿਮੰਦਰ ਸਾਹਿਬ ਵਿਚ ਆਪਣੇ ਰਾਮ ਪ੍ਰਭੂ ਸੁਆਮੀ ਦੇ ਸਿਮਰਨ ਨੂੰ ਸਿਮਰ ਕੇ ਸਾਰਿਆਂ ਪਾਪਾਂ ਨੂੰ ਤਜਾਵਹਿ=ਤਿਆਗਣਗੇ ਭਾਵ ਦੂਰ ਕਰ ਲੈਣਗੇ।

ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥

(੧) ਪ੍ਰਭੂ ਦੀ ਉੱਤਮ ਬਾਣੀ ਸੁਣ ਕੇ ਅਤੇ ਹਰੀ ਗੁਣਾਂ ਨੂੰ ਗਾ ਕੇ ਸੰਤਾਂ ਭਗਤਾਂ ਨੇ ਪਰਮ ਪਦ ਪਾਇਆ ਹੈ।

(੨) ਪ੍ਰਭੂ ਦੀ ਉੱਤਮ ਵੇਦ ਬਾਣੀ ਦੁਆਰੇ ਸੰਤਾਂ ਭਗਤਾਂ ਨੇ ਹਰੀ ਗੁਣਾਂ ਨੂੰ ਗਾ ਕੇ ਪਰਮ ਪਦੁ=ਆਤਮ-ਪਦ ਪਾਇਆ ਹੈ।

ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥

ਸਹਜ=ਸ਼ਾਂਤ ਸਰੂਪ ਪ੍ਰਭੂ ਦੀ ਕਥਾ ਜੋ ਅਤਿ=ਬੜੀ ਮਿੱਠੀ ਹੈ, ਓਹੀ ਅਕਥ ਕਹਾਣੀ ਅਕੱਥ ਕਥਾ ਸੰਤਾਂ ਭਗਤਾਂ ਨੇ ਇਥੇ ਬੈਠ ਕੇ ਕਥਨ ਕੀਤੀ ਹੈ ਤੇ ਅੱਗੇ ਕਥਨ ਕਰਨਗੇ।

ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥

ਉਹ ਸੰਜੋਗ ਤੇ ਮਹੂਰਤ ਚੰਗਾ ਸੀ, ਉਹ ਪਲ ਭੀ ਸੱਚਾ ਸੀ ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਬਚਲ ਨੀਂਹ ਰੱਖੀ ਗਈ ਹੈ।

*ਅਥਵਾ:-*ਉਹ ਸੰਜੋਗ ਤੇ ਮਹੂਰਤ ਚੰਗਾ ਸੀ, ਉਹ ਪਲ ਭੀ ਸੱਚਾ ਸੀ ਜਿਸ ਵੇਲੇ ਬ੍ਰਹਮ ਰੂਪ ਕਿਲ੍ਹਾ ਦੇ ਉਸਾਰਨ ਲਈ ਸ਼ਰਧਾ ਰੂਪ ਅਬਚਲ ਨੀਂਹ ਰੱਖੀ ਗਈ।

ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪ੍ਰਭੂ ਦਿਆਲੂ ਹੋਏ ਤਾਂ ਸਾਰੀਆਂ ਸ਼ਕਤੀਆਂ ਬਣ ਆਈਆਂ ॥ ੧ ॥

ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥

ਅਨੰਦਦਾਇਕ ਵਾਜੇ ਨਿਤਾਪ੍ਰਤੀ ਵੱਜ ਰਹੇ ਹਨ।

ਅਤੇ ਰਾਮ ਪਾਰਬ੍ਰਹਮ ਮਨ ਵਿਚ ਵੂਠਾ=ਵੱਸ ਗਿਆ ਹੈ।

ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥

ਗੁਰਮੁਖਾਂ ਦੀ ਸਾਰੀ ਕਰਨੀ ਸੱਚੀ ਹੈ, ਰਾਮ ਨਾਮ ਜਪਣ ਕਰਕੇ ਪੰਜ ਪਰਕਾਰ ਦਾ ਭਰਮ ਜਮਾਂ ਦਾ ਡਰ

ਅਤੇ ਝੂਠ ਬੋਲਣ ਦਾ ਸੁਭਾਵ=ਨਾਸ ਹੋ ਗਿਆ ਹੈ।

ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥

(੧) ਇਕ-ਰੱਸ ਨਾਮ ਬਾਣੀ ਗੁਰਮੁਖਾਂ ਨੇ ਕਥਨ ਕੀਤੀ ਹੈ, ਉਹਨਾਂ ਦੁਆਰੇ ਪਰਮੇਸ਼ਰ ਦੇ ਜਸ ਨੂੰ ਸੁਣ-ਸੁਣ ਕੇ ਮੇਰਾ ਤਨ ਸ਼ੁਭ-ਗੁਣਾਂ ਕਰਕੇ ਹਰਿਆ ਹੋਇਆ ਹੈ।

(੨) ਇਸ ਹਰਿਮੰਦਰ ਸਾਹਿਬ ਵਿਚ ਗੁਰਮੁਖ ਲੋਕ ਇਕ-ਰਸ ਮੁਖੀ ਗੁਰਾਂ ਦੀ ਬਾਣੀ ਨੂੰ ਕਥਨ ਕਰਨਗੇ, ਜਿਸ ਜਸ ਰੂਪ ਬਾਣੀ ਨੂੰ ਸੁਣ ਕੇ ਸੁਣਨ ਵਾਲਿਆਂ ਦਾ ਮਨ ਤਨ ਹਰਿਆ ਹੋਵੇਗਾ।

ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥

ਉਸ ਨੂੰ ਇਹ ਸਾਰੇ ਸੁਖ ਬਣ ਆਏ ਹਨ, ਜਿਸ ਨੂੰ ਪ੍ਰਭੂ ਨੇ ਆਪਣਾ ਦਾਸ ਬਣਾਉਣਾ ਕੀਤਾ ਹੈ।

ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥

ਉਸ ਦੇ ਘਰ ਵਿਚ ਨੌਂ ਨਿੱਧੀਆਂ ਦੇ ਭੰਡਾਰੇ ਭਰੇ ਹੋਏ ਹਨ,

ਜਿਸ ਦਾ ਰਾਮ ਨਾਮ ਵਿਚ ਰੰਗੁ=ਪ੍ਰੇਮ ਲੱਗਾ ਹੈ।

ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਭਾਗ ਪੂਰਨ ਹਨ ਉਸ ਜਨ ਨੂੰ ਪ੍ਰਭੂ ਪਰਮਾਤਮਾ ਕਦੇ ਭੁੱਲਦਾ ਨਹੀਂ ਹੈ॥ ੨ ॥

ਛਾਇਆ ਪ੍ਰਭਿ ਛਤ੍ਰਪਤਿ ਕੀਨੀ ਸਗਲੀ ਤਪਤਿ ਬਿਨਾਸੀ ਰਾਮ ॥

ਛਤਰ-ਪਤੀ ਪਰਮਾਤਮਾ ਨੇ ਆਪ ਹੀ ਹਰਿਮੰਦਰ ਸਾਹਿਬ ਨੂੰ ਛਾਇਆ=ਬਣਾਇਆ ਹੈ,

ਅਥਵਾ:- ਛਤਰ-ਪਤੀ ਪਰਮਾਤਮਾ ਨੇ ਆਪ ਹੀ ਸ਼ਾਂਤੀ ਰੂਪ ਛਾਇਆ ਕੀਤੀ ਹੈ, ਰਾਮ ਨੇ ਸਾਰੀ ਤਪਤਿ=ਤਪਸ਼ ਦੂਰ ਕਰ ਦਿੱਤੀ ਹੈ।

ਦੂਖ ਪਾਪ ਦਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥

(੧) ਦੁੱਖਾਂ ਪਾਪਾਂ ਦਾ ਡੇਰਾ ਹੀ ਢਹਿ ਗਿਆ ਹੈ, ਰਾਮ ਨਾਮ ਦੇ ਜਪਣ ਕਰਕੇ ਸਾਰਾ ਕਾਰਜ ਰਾਸ ਆ ਗਿਆ ਹੈ।

(੨) ਦੁੱਖਾਂ ਪਾਪਾਂ ਦਾ ਡੇਰਾ=ਅਗਿਆਨ ਢਹਿ ਗਿਆ ਹੈ, ਰਾਮ ਦੀ ਪ੍ਰਾਪਤੀ ਰੂਪ ਕਾਰਜ ਰਾਸ ਆ ਗਿਆ ਹੈ।

[ਪੰਨਾ ੭੮੨]

ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨ ਫਲਿਆ ॥

ਹਰੀ ਪ੍ਰਭੂ ਦਾ ਫੁਰਮਾਇਆ ਹੋਇਆ ਹੁਕਮ ਮੰਨਿਆ ਤਾਂ ਅਵਿਦਿਆ ਰੂਪ ਬਲਾ,

ਵਾ:-ਵਿਘਨਾਂ ਰੂਪੀ ਬਲਾ ਦੂਰ ਹੋ ਗਈ, ਸੱਚੇ ਧਰਮ ਤੇ ਪੁੰਨਾਂ ਦਾ ਫਲ ਫਲੀਭੂਤ ਹੋਇਆ ਹੈ।

ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥

ਸੁੱਤਿਆਂ, ਬੈਠਿਆਂ ਤੇ ਖਲੋਤਿਆਂ ਉਸ ਆਪਣੇ ਪ੍ਰਭੂ ਨੂੰ ਸਦਾ ਧਿਆਉਂਦੇ ਹਾਂ ਤੇ ਤੁਸੀਂ ਧਿਆਉਣਾ ਕਰੋ।

ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥

ਸ਼ੁਭ ਗੁਣਾਂ ਦਾ ਖਜ਼ਾਨਾ ਅਤੇ ਸੁਖਾਂ ਦਾ ਸਮੁੰਦਰ ਜੋ ਸੁਆਮੀ ਹੈ, ਉਹ ਜਲਾਂ, ਥਲਾਂ ਅਤੇ ਮਹੀ=ਧਰਤੀ, ਅਲਿ=ਅਕਾਸ਼ ਵਿਚ ਪੂਰਨ ਹੈ।

ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥ ੩ ॥

ਮੈਂ (ਜਨ ਨੇ) ਉਸ ਪ੍ਰਭੂ ਦੀ ਸ਼ਰਨ ਲਈ ਹੈ, ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਰੱਖਜਕ ਨਹੀਂ ਹੈ॥ ੩ ॥

ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥

ਮੇਰਾ ਘਰੁ=ਗੁਰੂ ਕੇ ਮਹਲ* ਸ਼ੋਭਨੀਕ ਬਣਿਆ ਹੈ, ਬਨੁ=ਗੁਰੂ ਕਾ ਬਾਗ, ਤਾਲੁ=ਅੰਮ੍ਰਿਤ ਸਰੋਵਰ ਇਹ ਸ਼ੋਭਨੀਕ ਬਣਿਆ ਹੈ।

ਅਥਵਾ:- ਮੇਰਾ ਘਰੁ=ਸਰੀਰ ਸਫਲਾ ਬਣਿਆ ਹੈ। ਬਨੁ= ਸ਼ੁਭ-ਗੁਣਾਂ ਰੂਪ ਬਗੀਚਾ। ਤਾਲੁ=ਹਿਰਦਾ ਭਾਵ ਅੰਤਹਕਰਨ ਪ੍ਰੇਮ ਸਹਿਤ ਸੋਹਣਾ ਬਣਿਆ ਹੈ। ਜਿਸ ਵੇਲੇ ਹਰੀ ਪ੍ਰਭੂ ਰਾਜਾ ਰਾਮ ਦੇ ਚਰਨ ਪਰਸਣਾ ਕੀਤੇ।

ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥

ਹਰੀ ਰਾਮ ਦੇ ਮੰਗਲਦਾਇਕ ਗੁਣਾਂ ਦੇ ਗਾਉਣੇ ਕਰਕੇ ਮੇਰਾ ਮਨ ਸ਼ੋਭਨੀਕ ਹੋਇਆ ਹੈ ਅਤੇ ਸ਼ੁਭ-ਗੁਣਾਂ ਰੂਪੀ ਮਿੱਤਰ ਸੱਜਣ ਸਰਸੇ=ਅਧਿਕ ਹੋਏ ਹਨ।

ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥

ਗੁਣਾਂ ਨੂੰ ਗਾ ਕੇ ਸੱਚੇ ਪ੍ਰਭੂ ਨੂੰ ਧਿਆ ਕੇ ਸਾਰੀਆਂ ਇਛਾਵਾਂ ਪਾਈਆ=ਪੂਰਨ ਕੀਤੀਆਂ ਹਨ।

ਗੁਰ ਚਰਣ ਲਾਗੇ ਸਦਾ ਜਾਗੇ, ਮਨਿ ਵਜੀਆ ਵਾਧਾਈਆ ॥

ਗੁਰਾਂ ਦੀ ਚਰਨੀਂ ਲੱਗ ਕੇ ਸਦਾ ਗਿਆਨ ਜਾਗ੍ਰਤ ਵਿਚ ਜਾਗੇ ਤਾਂ ਮਨ ਵਿਚ ਅਨੰਦ ਦੀਆਂ ਵਧਾਈਆਂ ਵੱਜੀਆਂ।

ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥

ਸੁਖਾਂ ਵਿਚ ਗਮਨ ਕਰਾਉਣ ਵਾਲੇ ਸੁਆਮੀ ਨੇ ਜਦ ਕਿਰਪਾ-ਦ੍ਰਿਸ਼ਟੀ ਕੀਤੀ ਤਾਂ ਉਸ ਕਿਰਪਾ ਨੇ ਮੇਰਾ ਲੋਕ-ਪ੍ਰਲੋਕ ਸਵਾਰ ਦਿੱਤਾ।

** ੩੦੦ ਸਾਲਾ ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਬੜੀ ਧੂਮ-ਧਾਮ ਨਾਲ ੭ ਦਸੰਬਰ ੧੯੭੫ ਨੂੰ ਮਨਾਇਆ ਗਿਆ ਸੀ। ਅਨੰਦਪੁਰ ਸਾਹਿਬ ਤੋਂ ਦਿੱਲੀ ਤਕ ਤੇ ਬਾਬਾ ਬੁੱਢਾ ਜੀ ਦੀ ਬੀੜ ਤੋਂ ਗੁਰੂ ਕੇ ਮਹਿਲਾਂ ਤਕ ਇਸ ਸਾਲ ਵਿਚ ਭੀ ੩੦੧ਵਾਂ ਸ਼ਹੀਦੀ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਬਾਬੇ ਬਕਾਲੇ ਤੋਂ ਨਿਕਲ ਕੇ ਗੁਰੂ ਕੇ ਮਹਿਲਾਂ ਤਕ ਮਨਾਇਆ ਗਿਆ ੨੬-੧੧-੧੯੭੬ ਨੂੰ।*

ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥੪ ॥੪ ॥੭ ॥

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਨਾਮ ਨਿਤਾਪ੍ਰਤੀ ਜਪੀਏ, ਜਿਸਨੇ ਆਪਣੀ ਸ਼ਕਤੀ ਨਾਲ ਪਾਣੀ ਦੇ ਬੁਦ-ਬੁਦੇ ਤੋਂ ਪਿੰਡੁ=ਸਰੀਰ ਧਾਰ ਕੇ ਵਿਚ ਜੀਵ ਨੂੰ ਟਿਕਾਇਆ ਹੈ॥ ੪॥ ੪॥ ੭॥ ਯਥਾ:-

'ਵਾਰੀ ਤੇ ਬਲਿਹਾਰੀ ਨਿਤ ਜਾਈਏ ਉਸ ਦੀ ਸ਼ਾਨ ਉਤੋਂ, ਜਿਸ ਦੀਆਂ ਕੁਦਰਤਾਂ ਬਣਾਇਆ ਤੁਛ ਬੰਦਾ ਹੈ।'
ਅੱਡੋ ਅੱਡੀ ਹੱਡੀਆਂ ਦੇ ਜੋੜ ਜੋੜੇ ਜੁਗਤ ਨਾਲ, ਕੀਤੀ ਸੁ ਸਫਾਈ ਸੋਹਣਾ ਫੇਰ ਫੇਰ ਰੰਦਾ ਹੈ।
ਉਤੋਂ ਚਿੱਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ, ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।
ਬੰਦਾ ਓਹਦਾ ਹੋ ਕੇ ਕਰੇ ਬੰਦਗੀ ਤਾਂ ਬੰਦਾ ਚੰਗਾ, ਬੰਦਗੀ ਤੋਂ ਬਿਨਾਂ ਬੰਦਾ ਗੰਦੇ ਤੋਂ ਭੀ ਗੰਦਾ ਹੈ।

ਸੂਹੀ ਮਹਲਾ ੫ ॥

ਉਥਾਨਕਾ:- ਇਹ ਸੰਸਾਰ ਸਾਗਰ ਕੈਸਾ ਹੈ ? ਪੁਨਾ-ਇਸ ਤੋਂ ਜੀਵ ਤਰ ਕਿਵੇਂ ਸਕਦਾ ਹੈ ?

ਉੱਤਰ:-

ਭੈ ਸਾਗਰੋ ਭੈ ਸਾਗਰੁ ਤਰਿਆ ਹਰਿ ਹਰਿ ਨਾਮੁ ਧਿਆਏ ਰਾਮ ॥

ਜਿਵੇਂ ਪ੍ਰਤੱਖ ਸਾਗਰ ਭੈਦਾਇਕ ਹੁੰਦਾ ਹੈ ਪ੍ਰਤੱਖ ਸਾਰਗ ਭੈ ਦਾਇਕ ਹੁੰਦਾ ਹੈ, (ਇਹ ਬੀਪਸਾ ਅਲੰਕਾਰ ਦੀ ਰੀਤੀ ਹੈ) ਤਿਵੇਂ ਸੰਸਾਰ-ਸਾਗਰ ਭੈਦਾਇਕ ਹੈ, ਸੰਸਾਰ-ਸਮੁੰਦਰ ਭੈਦਾਇਕ ਹੈ।

ਅਥਵਾ:-ਜਿਵੇ-ਪ੍ਰਤੱਖ ਸਾਗਰੋ=ਸਮੁੰਦਰ ਅਸਗਾਹ ਹੋਣ ਕਰਕੇ ਭੈਦਾਇਕ ਹੈ। ਤਿਵੇਂ-ਸੰਸਾਰ ਸਮੁੰਦਰ ਵੀ ਭੈਦਾਇਕ ਹੈ। ਤਿਵੇਂ-ਸੰਸਾਰ ਸਮੁੰਦਰ ਵੀ ਭੈਦਾਇਕ ਹੈ।

ਅਥਵਾ:-ਭੈਦਾਇਕ ਸੰਸਾਰ-ਸਮੁੰਦਰ ਵਿਸ਼ਿਆ ਰੂਪੀ ਗਰਲਤਾ ਯਾਨੇ ਵਿਹੁ ਦੇ ਸਾ=ਸਹਿਤ ਭੈ=ਹੈ। ਇਸ ਤੋਂ ਉਹ ਪੁਰਸ਼ ਤਰਿਆ ਹੈ, ਜਿਸ ਨੇ ਹਰਿ ਹਰਿ ਰਾਮ ਦੇ ਨਾਮ ਨੂੰ ਧਿਆਉਣਾ ਕੀਤਾ ਹੈ।

ਬੋਹਿਥੜਾ ਹਰਿ ਚਰਣ ਅਰਾਧੇ ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥

ਸਤਿਗੁਰਾਂ ਨਾਲ ਮਿਲ ਕੇ ਬੋਹਿਥੜਾ=ਜਹਾਜ਼ ਰੂਪ ਹਰੀ ਦੇ ਚਰਨ ਅਰਾਧਣਾ ਕਰ ਤਾਂ ਰਾਮ ਤੈਨੂੰ ਸੰਸਾਰ-ਸਾਗਰ ਤੋਂ ਪਾਰ ਲਘਾਏ=ਕਰੇਗਾ।

ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥

ਗੁਰ-ਸ਼ਬਦ ਦੁਆਰੇ ਤਰਨਾ ਕਰੀਏ ਤਾਂ ਬਹੁੜਿ=ਫਿਰ ਜੰਮਦਾ ਮਰਦਾ ਨਹੀਂ ਅਤੇ ਆਉਣਾ ਜਾਣਾ ਦੂਰ ਹੋ ਜਾਂਦਾ ਹੈ।

ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥

ਜੋ ਕੁਝ ਵਾਹਿਗੁਰੂ ਕਰੈ=ਕਰਦਾ ਹੈ ਉਸ ਨੂੰ ਚੰਗਾ ਕਰਕੇ ਮੰਨੋ-ਤਾਂ ਇਹ ਮਨ ਸਹਜ ਪਦ ਵਿਚ ਸਮਾਉਂਦਾ ਹੈ।

ਦੂਖ ਨ ਭੂਖ ਨ ਰੋਗੁ ਨ ਬਿਆਪੈ ਸੁਖ ਸਾਗਰ ਸਰਣੀ ਪਾਏ ॥

ਸੁਖ ਸਾਗਰ=ਪਰਮਾਤਮਾ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਉਣ ਕਰਕੇ ਨਾ ਦੁੱਖ, ਨਾ ਭੁੱਖ, ਨਾ ਕੋਈ ਰੋਗ ਬਿਆਪੈ=ਲੱਗਦਾ ਹੈ।

ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ ॥ ੧ ॥

ਰੰਗ ਰਾਤਾ ਜੋ ਹਰੀ ਹੈ ਉਸ ਦੇ ਨਾਮਾਂ ਨੂੰ ਸਿਮਰ-ਸਿਮਰ ਕੇ ਮੈਂ ਰੰਗਿ=ਅਨੰਦ ਵਿਚ ਰੱਤਾ ਹਾਂ ਅਤੇ ਮਨ ਦੀ ਚਿੰਤਾ ਨੂੰ ਮਿਟਾਉਣਾ ਕੀਤਾ ਹੈ। ਤੂੰ ਭੀ ਹਰੀ ਦੇ ਸਿਮਰਨ ਨੂੰ ਸਿਮਰ ਕੇ ਮਨ ਦੀ ਚਿੰਤਾ ਮਿਟਾਉਣਾ ਕਰ ॥ ੧ ॥

ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥

ਜਿਸ ਵੇਲੇ ਸੰਤ ਜਨਾਂ ਨੇ ਹਰੀ ਰਾਮ ਦਾ ਸਤਿਨਾਮੁ ਮੰਤ੍ਰ ਦ੍ਰਿੜ੍ਹ ਕਰਵਾਇਆ, ਤਾਂ ਉਸ ਮੰਤ੍ਰ ਨੇ ਹਰੀ ਸੱਜਣ ਨੂੰ ਵਸਗਤਿ=ਅਧੀਨ ਕਰ ਦਿਤਾ।

ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥

ਤਿਸ ਵੇਲੇ ਆਪਣਾ ਮਨ ਰਾ ਮ ਦੇ ਅੱਗੇ ਧਰ ਦਿੱਤਾ ਅਤੇ ਹੋਰ ਸਾਰੇ ਪਦਾਰਥ ਵੀ ਠਾਕੁਰ ਦੇ ਅੱਗੇ ਅਰਪਣ ਕਰ ਦਿੱਤੇ। (੨) ਜਿਨ੍ਹਾਂ ਨੇ ਆਪਣਾ ਮਨ ਪ੍ਰਭੂ ਅੱਗੇ ਧਰਿਆ ਹੈ, ਰਾਮ ਠਾਕੁਰ ਨੇ ਉਨ੍ਹਾਂ ਨੂੰ ਆਪਣਾ ਸਰਬੰਸ ਦੇ ਦਿੱਤਾ ਹੈ।

ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥

ਤਦ ਹਰੀ ਨੇ ਮੈਨੂੰ ਆਪਣੀ ਦਾਸੀ ਕਰ ਲਿਆ-ਮੇਰੀ ਸਾਰੀ ਉਦਾਸਤਾਈ ਮਿਟ ਗਈ, ਹਰੀ ਦੇ ਮੰਦਰਿ=ਅੰਦਰ, ਵਾ:-ਮੰਦਰਿ=ਅਧਿਸ਼ਠਾਨ ਰੂਪ ਹਰੀ ਵਿਚ ਇਸਥਿਤੀ ਪਾਈ।

ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥

ਅਨੰਦਦਾਇਕ ਬਿਨੋਦ=ਕੌਤਕਾਂ ਦੇ ਕਰਨ ਵਾਲੇ ਸੱਚੇ ਪ੍ਰਭੂ ਨੂੰ ਸਿਮਰਨਾ ਕਰੋ,
ਜੋ ਪ੍ਰਾਪਤ ਹੋ ਕੇ ਫਿਰ ਕਦੇ ਵਿਛੜ ਨਹੀਂ ਜਾਂਦਾ ।

ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨੇ ॥

ਉਹ ਵੱਡਿਆਂ ਭਾਗਾਂ ਵਾਲੀ ਹੈ, ਉਹ ਸਦਾ ਸੁਹਾਗਣ ਹੈ, ਜਿਸ ਨੇ ਰਾਮ ਨਾਮ ਦੇ ਗੁਣ ਚੀਨੇ=ਜਾਣੇ ਹਨ।

ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਰੰਗ ਰਾਤੇ=ਪਰਮੇਸ਼ਰ ਨੂੰ ਉਹ ਪੁਰਸ਼ ਰਵਹਿ=ਉਚਾਰਦੇ ਹਨ, ਜੋ ਪ੍ਰੇਮ ਰੂਪ ਮਹਾਜਸ ਵਿਚ ਭੀਨੇ=ਭਿੱਜੇ ਹਨ॥ ੨ ॥

ਅਨਦ ਬਿਨੋਦ ਭਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥

ਹੇ ਸਖੀਏ ! ਰਾਮ ਨਾਮ ਦੇ ਜਪਣੇ ਕਰਕੇ—ਸਦਾ ਹੀ ਸਾਡੇ ਘਰ ਵਿਚ ਅਨੰਦਦਾਇਕ ਬਿਨੋਦ=ਕੌਤਕ ਅਤੇ ਮੰਗਲ ਪ੍ਰਾਪਤ ਹੋਏ ਹਨ।

ਆਪਨੜੈ ਪ੍ਰਭਿ ਆਪਿ ਸੀਗਾਰੀ ਸੋਭਾਵੰਤੀ ਨਾਰੇ ਰਾਮ ॥

ਆਪਣੇ ਪ੍ਰਭੂ ਨੇ ਜੋ ਇਸਤ੍ਰੀ ਆਪ (ਜਪ ਤਪ ਆਦਿਕ) ਸ਼ਿੰਗਾਰਾਂ ਨਾਲ ਸ਼ਿੰਗਾਰੀ ਹੈ, ਉਹ ਇਸਤ੍ਰੀ ਰਾਮ ਦੀ ਕਿਰਪਾ ਕਰਕੇ ਸ਼ੋਭਾ ਵਾਲੀ ਹੋਈ ਹੈ।

ਸਹਜ ਸੁਭਾਇ ਭਏ ਕਿਰਪਾਲਾ ਗੁਣ ਅਵਗਣ ਨ ਬੀਚਾਰਿਆ ॥

ਜਦ ਸਹਜ ਸੁਭਾਏ=ਸੁਤੇ-ਸਿਧ ਪਰਮਾਤਮਾ ਕਿਰਪਾਲੂ ਹੋਇ ਤਦ ਆਪਣੇ ਸੇਵਕ ਦੇ ਗੁਣ ਔਗੁਣਾਂ ਨੂੰ ਨਾ ਬਿਚਾਰਿਆ।

ਕੰਠਿ ਲਗਾਇ ਲੀਏ ਜਨ ਅਪੁਨੇ ਰਾਮ ਨਾਮ ਉਰਿ ਧਾਰਿਆ ॥

ਜਿਸ ਨੇ ਰਾਮ ਨਾਮ ਨੂੰ ਹਿਰਦੇ ਵਿਚ ਧਾਰਿਆ ਹੈ ਉਸ ਆਪਣੇ ਸੇਵਕ ਜਨ ਨੂੰ ਪਰਮੇਸ਼ਰ ਨੇ ਆਪਣੇ ਗਲ ਨਾਲ ਲਗਾ ਲੀਤਾ।

ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥

ਸਾਰੀ ਦੁਨੀਆਂ ਮਾਨ, ਮੋਹ, ਮਦ=ਹੰਕਾਰ ਆਦਿਕ ਵਿਕਾਰਾਂ ਵਿਚ ਬਿਆਪੀ=ਲਗ ਰਹੀ ਤੇ ਸਾਡੇ ਅੰਦਰੋਂ (ਮਦ ਆਦਿਕ ਵਿਕਾਰ) ਵਾਹਿਗੁਰੂ ਨੇ ਕਿਰਪਾ ਕਰਕੇ ਆਪੇ ਨਵਿਰਤ ਕਰ ਦਿੱਤੇ ਹਨ।

ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥ ੩ ॥

ਗੁਰੂ ਜੀ ਕਥਨ ਕਰਦੇ ਹਨ- ਭੈਦਾਦਿਕ ਸੰਸਾਰ-ਸਾਗਰ ਤੋਂ ਮੈਂ ਤਰਨਾ ਕੀਤਾ ਹੈ ਤੇ ਸਾਡੇ ਸਾਰੇ ਕਾਰਜ ਪੂਰਨ ਹੋਏ ਹਨ॥ ੩ ॥

ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥

ਹੇ ਸਖੀਓ ! ਗੋਪਾਲ ਦੇ ਗੁਣ ਨਿਤਾਪ੍ਰਤੀ ਗਾਉਣਾ ਕਰੋ, ਜਿਨ੍ਹਾਂ ਨੇ ਗੁਣ ਗਾਏ ਹਨ, ਉਹਨਾਂ ਨੇ ਰਾਮ ਪਾਸੋਂ ਮਨੋਰਥ=ਮਨ ਦੇ ਸੰਕਲਪ ਅਨੁਸਾਰ ਸਾਰੇ ਪਦਾਰਥ ਪਾਏ ਹਨ।

ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥

ਅੰਨਵੈ-ਸੰਤਾਂ ਨਾਲ ਮਿਲ ਕੇ ਜਿਸ ਨੇ ਇਕ ਓਅੰਕਾਰ ਰਾਮ ਦੇ ਨਾਮ ਧਿਆਏ ਹਨ, ਉਸ ਦਾ ਮਨੁੱਖਾ ਜਨਮ ਸਫਲ ਹੋਇਆ ਹੈ।

ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਿਲ ਛਾਇਆ ॥

ਹੇ ਭਾਈ ! ਉਸ ਇਕ ਪ੍ਰਭੂ ਨੂੰ ਜਪ, ਜੋ ਅਨੇਕਾਂ ਵਿਚ ਪੂਰਨ ਹੈ ਅਤੇ ਸਾਰਿਆਂ ਮੰਡਲਾਂ ਵਿਚ ਜਿਸ ਦਾ ਜਸ ਛਾਇਆ ਹੋਇਆ ਹੈ।

ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥

ਇਹ ਸੰਸਾਰ ਪਸਾਰਾ ਬ੍ਰਹਮ ਰੂਪ ਹੈ, ਕਿਉਂਕਿ ਬ੍ਰਹਮ ਹੀ ਸਾਰੇ ਪਸਰ ਰਿਹਾ ਹੈ, ਗੁਰਮੁਖਾਂ ਨੂੰ ਸਾਰੇ ਬ੍ਰਹਮ ਹੀ ਨਿਗਾਹ ਆਇਆ ਹੈ।

ਅਥਵਾ:-ਇਹ ਸੰਸਾਰ ਪਸਾਰਾ ਬ੍ਰਹਮ ਦਾ ਰਚਿਆ ਹੋਇਆ ਹੈ ਤੇ ਬ੍ਰਹਮ ਹੀ ਸਾਰੇ ਪਸਰ ਰਿਹਾ ਹੈ, ਇਸ ਤੇ ਸਾਰੇ ਬ੍ਰਹਮ ਹੀ ਨਿਗਾਹ ਆਇਆ ਹੈ।

ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥

ਜਲਾਂ, ਥਲਾਂ ਵਿਚ ਪੂਰਨ ਹੈ, ਮਹੀ=ਧਰਤੀ ਤੇ ਅਲਿ=ਆਕਾਸ਼ ਵਿਚ ਭੀ ਪੂਰਨ ਹੈ।

ਅਥਵਾ:-ਉਹ ਪੂਰਨ=ਪ੍ਰਮੇਸ਼ਰ ਜਲਾਂ, ਥਲਾਂ ਮਹੀ=ਧਰਤੀ ਤੇ ਅਲਿ=ਅਕਾਸ਼ ਵਿਚ ਪੂਰਨ ਹੈ, ਉਸ ਤੋਂ ਬਿਨਾਂ ਹੋਰ ਕੋਈ ਜਾਏ=ਜਗ੍ਹਾ ਨਹੀਂ ਹੈ।

ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥ ੪ ॥ ੫ ॥ ੮ ॥

ਉਸ ਦੇ ਦਰਸ਼ਨ ਨੂੰ ਵੇਖ ਕੇ ਅਸੀਂ ਬਿਗਸੇ=ਅਨੰਦ ਹੋਏ ਹਾਂ ਅਤੇ ਪ੍ਰਮੇਸ਼ਰ ਨੇ ਆਪਣੇ ਨਾਲ ਸਾਨੂੰ ਮਿਲਾ ਲੀਤਾ ਹੈ॥ ੪॥ ੫॥ ੮॥

[ਪੰਨਾ ੭੮੩]

ਸੂਹੀ ਮਹਲਾ ੫ ॥

ਉਥਾਨਕਾ:- ਸ੍ਰੀ ਅੰਮਿਤ ਸਰੋਵਰ ਦੀ ਅਤੇ ਸਤਸੰਗ ਨਗਰ ਦੀ ਮਹਿਮਾ ਸੁਣਾਉਂਦੇ ਹਨ।

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥

ਗੋਬਿੰਦ ਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਰਚਿਆ ਹੋਇਆ ਇਹ ਅੰਮ੍ਰਿਤਸਰ ਅਬਚਲ ਨਗਰ ਹੈ, ਇਥੋਂ ਦੇ ਵਸਨੀਕਾਂ ਨੇ ਨਾਮ ਜਪ ਕੇ ਸੁਖ ਪਾਇਆ ਹੈ।

ਵਾ:-ਗੁਰੂ=ਪੂਜਨੀਕ ਗੋਬਿੰਦ ਦਾ ਸਤਸੰਗ ਰੂਪ ਨਗਰ ਅਬਚਲ ਹੈ। ਇਸ ਵਿਚ ਬੈਠ ਕੇ ਪ੍ਰਮਾਤਮਾ ਦੇ ਨਾਮ ਨੂੰ ਜਪਦਿਆਂ-ਜਪਦਿਆਂ ਸਭ ਨੇ ਸੁਖ ਪਾਇਆ ਹੇ।

ਅਥਵਾ:-ਭਵਿੱਖਤ ਬਚਨ ਕਿਹਾ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਬਿਚਲ ਨਗਰੁ=ਸ੍ਰੀ ਹਜ਼ੂਰ ਸਾਹਿਬ ਹੋਵੇਗਾ।

ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥

ਜੋ ਮਨ ਵਿਚ ਇੱਛਾ ਕਰਦੇ ਸੀ ਓਹੀ ਫਲ ਪਾਏ ਹਨ, ਇਹ ਅੰਮ੍ਰਿਤਸਰ ਨਗਰ, ਵਾ:-ਸਤਸੰਗ ਰੂਪ ਨਗਰ ਰਾਮ ਕਰਤੇ ਨੇ ਆਪ ਵਸਾਇਆ ਹੈ।

ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥

ਕਰਤੇ ਪੁਰਖ ਨੇ ਇਹ ਨਗਰ ਆਪ ਵਸਾਇਆ ਹੈ, ਇਸ ਕਰਕੇ ਸਾਰੇ ਸੁਖਾਂ ਨੂੰ ਪਾਇਆ ਹੈ, ਇਸ ਨਗਰ ਨੂੰ ਦੇਖ ਕੇ ਪੁੱਤਰ, ਭਾਈ ਅਤੇ ਸਿੱਖ ਸਭ ਖੁਸ਼ ਹੋਏ ਹਨ।

ਵਾ:- ਸਤਸੰਗ ਰੂਪ ਨਗਰ ਨੂੰ ਭੀ ਕਰਤੇ ਪੁਰਖ ਨੇ ਆਪ ਵਸਾਇਆ ਹੈ। ਸਤਸੰਗੀ ਪੁਰਸ਼ ਨੇ ਸਭ ਸੁਖਾਂ ਨੂੰ ਪਾਇਆ ਹੈ, ਪੁਤ ਪਵਿੱਤਰ=ਆਤਮਾ ਭਾਈ=ਪ੍ਰੇਮੀ ਜੋ ਸਿੱਖ ਹਨ, ਉਹ ਸਭ ਅਨੰਦ ਹੋਏ ਹਨ।

ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥

ਪੂਰਨ ਪਰਮੇਸ਼ਰ ਦੇ ਗੁਣਾਂ ਨੂੰ ਜੋ ਗਾਉਂਦਾ ਹੈ, ਉਸ ਦਾ ਕਾਰਜ ਰਾਸੇ=ਪੂਰਨ ਹੋ ਆਇਆ।

ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥

ਇਸ ਅੰਮ੍ਰਿਤਸਰ ਨਗਰ ਦਾ, ਵਾ:-ਸਤਸੰਗ ਨਗਰ ਦਾ ਪ੍ਰਭੂ ਪਰਮੇਸ਼ਰ ਆਪ ਸੁਆਮੀ ਹੈ ਅਤੇ ਆਪ ਹੀ ਰਖਾ=ਰਾਖਾ ਹੈ, ਆਪ ਹੀ ਪਿਤਾ ਰੂਪ ਹੋ ਕੇ ਪਾਲਦਾ ਹੈ, ਆਪ ਹੀ ਮਾਤਾ ਰੂਪ ਹੋ ਕੇ ਵਿਸ਼ੇ-ਅਗਨੀ ਤੋਂ ਰੱਖਦਾ ਹੈ।

ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਹਨਾਂ ਸਤਿਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ, ਜਿਸ ਗੁਰੂ ਰਾਮਦਾਸ ਸਾਹਿਬ ਜੀ ਨੇ ਇਹ ਥਾਨ ਸੁਭਾਏਮਾਨ ਕੀਤਾ ਹੈ ॥ ੧ ॥

ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥

ਘਰ ਇਕ ਛੱਤੇ, ਮੰਦਰ ਬਹੁ ਛੱਤੇ ਵਾ:-ਘਰ ਕੱਚੇ, ਮੰਦਰ ਪੱਕੇ, ਹਟਨਾਲੇ=ਬਜ਼ਾਰ ਸਾਰੇ ਸ਼ੋਭਨੀਕ ਹਨ ਜਿਸ ਵਿਚ ਰਾਮ ਦੇ ਨਾਮ ਦਾ ਨਿਵਾਸ ਹੈ।

ਅਥਵਾ:-ਘਰ ਗੁਰੂ ਕੇ ਮਹਲ, ਮੰਦਰ=ਸ੍ਰੀ ਹਰਿ ਮੰਦਰ ਸਾਹਿਬ, ਹਟਨਾਲੇ=ਗੁਰੂ ਕਾ ਬਜ਼ਾਰ,

ਵਾ:-ਬੱਤੀ ਹੱਟਾਂ ਇਹ ਸਭ ਸ਼ੋਭਨੀਕ ਹਨ।

ਅਥਵਾ:-ਘਰ=ਸਰੀਰ, ਮੰਦਰ=ਅੰਤਹਕਰਨ ਹਟਨਾਲੇ=ਬਜ਼ਾਰ ਇੰਦਰੀਆਂ ਰੂਪੀ ਸਭ ਸ਼ੋਭਨੀਕ ਹਨ ਜਿਸ ਵਿਚ ਰਾਮ ਨਾਮ ਦਾ ਨਿਵਾਸ ਹੈ।

ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ॥

ਇਸ ਨਗਰ ਵਿਚ ਨਿਵਾਸ ਕਰਨ ਵਾਲੇ ਸੰਤ ਭਗਤ ਹਰੀ ਨਾਮ ਨੂੰ ਅਰਾਧਦੇ ਹਨ, ਰਾਮ ਨਾਮ ਕਰਕੇ ਉਹਨਾਂ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ॥

ਪ੍ਰਭੂ ਅਬਿਨਾਸੀ ਦੇ ਹਰਿ ਹਰਿ ਨਾਮ ਧਿਆਉਣ ਕਰਕੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।

ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ॥

ਇਹ ਅੰਮ੍ਰਿਤਸਰ ਨਗਰੀ ਸਭ ਸਮੱਗਰੀਆਂ ਕਰਕੇ ਪੂਰਨ ਹੋਈ ਹੈ, ਜੋ ਇਸ ਵਿਚ ਆ ਕੇ ਵੱਸਦਾ ਹੈ ਉਹ ਮਨ-ਇੱਛਤ ਫਲ ਪਾਉਂਦਾ ਹੈ।

ਵਾ:-ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਸਭ ਸਮੱਗਰੀਆਂ ਪੂਰਨ ਪ੍ਰਾਪਤ ਹੋਈਆਂ ਹਨ।

ਅਥਵਾ:-ਸਤਸੰਗ ਰੂਪ ਨਗਰ ਵਿਚ ਵੱਸਣ ਕਰਕੇ ਜਗਿਆਸੂ ਦੀ (ਜਪ, ਤਪ ਰੂਪੀ) ਸਾਰੀ ਸਮੱਗ੍ਰੀ ਪੂਰਨ ਹੋਈ ਹੈ, ਸਤਸੰਗ ਦੇ ਪ੍ਰਤਾਪ ਕਰਕੇ ਜਗਿਆਸੂ ਨੇ ਮਨ-ਇੱਛਕ ਫਲ ਪਾਏ ਹਨ।

ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ॥

ਜੋ ਸੰਤ ਸੱਜਣ ਸੁਖ ਪੂਰਬਕ ਰਲੀਆਂ=ਖੁਸ਼ੀਆਂ ਨੂੰ ਭੋਗਦੇ ਹਨ, ਦੁਖ ਜਨ ਦਰਦ ਅਤੇ ਭਰਮ ਦੀ ਪੰਕਤੀ ਨੱਸ ਗਈ ਹੈ।

ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ॥ ੨ ॥

ਪੂਰਿਆਂ ਸਤਿਗੁਰਾਂ ਨੇ ਸ਼ਬਦ ਦੇ ਕੇ ਸਾਰੇ ਕੰਮ ਸਵਾਰੇ ਹਨ, ਵਾ:- ਮਨ ਆਦਿਕ ਸਵਾਰਨਾ ਕੀਤੇ ਹਨ ਇਸ ਤੇ ਮੈਂ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੨ ॥

ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ॥

ਖਸਮ ਦੀ ਦਿੱਤੀ ਹੋਈ ਦਾਤ ਪੂਰਨ ਪ੍ਰਾਪਤ ਹੋਈ ਹੈ। ਰਾਮ ਦੀ ਕਿਰਪਾ ਨਾਲ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹ ਰਹੀ ਹੈ।

ਪ੍ਰਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥

ਪਾਰਬ੍ਰਹਮ ਨੇ ਬੜਾ ਖਸਮਾਨਾ=ਪੱਖ ਕੀਤਾ ਹੈ, ਜਿਸ ਰਾਮ ਦੀ ਵਡਿਆਈ ਸਭ ਤੋਂ ਵੱਡੀ ਹੈ।

ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥

ਆਦਿ ਜੁਗਾਦਿ=ਸਦਾ ਸਦਾ ਜੋ ਭਗਤਾਂ ਦਾ ਰੱਖਜਕ ਹੈ, ਉਹ ਪ੍ਰਭੂ ਦਿਆਲੂ ਹੋਇਆ ਹੈ।

ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥

ਅੰਮ੍ਰਿਤਸਰ ਨਗਰ ਵਿਚ, ਵਾ:-ਸਤਸੰਗ-ਨਗਰ ਵਿਚ ਜਿਤਨੇ ਕੁ· ਸੂਖਮ, ਅਸਥੂਲ ਜੀਆ-ਜੰਤ ਹਨ ਸਭ ਸੁਖ ਪੂਰਬਕ ਵਸਾਏ ਹਨ, ਪੁਨਾ ਉਹ ਪ੍ਰਭੂ ਆਪ ਹੀ ਸਾਰਿਆਂ ਦੀ ਪ੍ਰਤਿਪਾਲਾ=ਪਾਲਣਾ ਕਰਦਾ ਹੈ।

ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥

ਦਸੋਂ ਦਿਸ਼ਾਂ ਵਿਚ ਸੁਆਮੀ ਦਾ ਜਸ ਪੂਰਨ ਹੋ ਰਿਹਾ ਹੈ, ਉਸ ਦੀ ਕੀਮਤ ਕਹੀ ਨਹੀਂ ਜਾਂਦੀ।

ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥ ੩ ॥

ਗੁਰੂ ਜੀ ਕਹਿੰਦੇ ਹਨ-ਉਹਨਾਂ ਸਤਿਗੁਰਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਅਬਚਲ ਨੀਂਹ ਰੱਖੀ ਹੈ। ਵਾ:-ਸਤਸੰਗ ਰੂਪ ਨਗਰ ਦੀ ਅਬਚਲ ਨੀਂਹ ਰੱਖੀ ਹੈ।

ਵਾ: ਸੋਢਬੰਸ ਦੀ, ਵਾ:-ਗੁਰਿਆਈ-ਗੱਦੀ ਦੀ,

ਅਥਵਾ:- ਸਰੂਪ ਦੀ ਅਬਚਲ ਨੀਂਹ ਰੱਖੀ ਹੈ

*ਅਥਵਾ:-*ਬ੍ਰਹਮ ਰੂਪ ਕਿਲ੍ਹੇ ਦੀ ਸ਼ਰਧਾ ਰੂਪ ਅਬਚਲ ਨੀਂਹ ਰਖਾਈ=ਰੱਖੀ ਹੈ॥ ੩ ॥

ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥

ਇਸ ਹਰਿਮੰਦਰ, ਵਾ:-ਸਤਸੰਗ ਵਿਚ ਪੂਰਨ ਪਰਮੇਸ਼ਰ ਦਾ ਗਿਆਨ ਧਿਆਨ ਹੁੰਦਾ ਰਹੇਗਾ, ਹਰਿ ਹਰਿ ਰਾਮ ਦੀ ਕਥਾ ਨਿਤਾਪ੍ਰਤੀ ਸੁਣੀਂਦੀ ਰਹੇਗੀ।

ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥

ਅਨਹਦ=ਇਕ-ਰਸ ਚੋਜ=ਕੌਤਕਾਂ ਦੇ ਕਰਨ ਵਾਲਾ ਜੋ ਪਰਮੇਸ਼ਰ ਹੈ, ਭਗਤਾਂ ਦੇ ਭਵ=ਜਨਮ ਮਰਨ ਨੂੰ ਭੰਜਨ=ਨਾਸ ਕਰਨ ਵਾਲਾ, ਉਸ ਰਾਮ ਦੇ ਇਕ-ਰਸ ਵਾਜਿਆਂ ਦੀ ਧੁਨੀਐ=ਧੁਨ (ਅਵਾਜ਼) ਹੁੰਦੀ ਰਹੇਗੀ।

ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥

ਅਨਹਦ=ਇਕ-ਰਸ ਵਾਜਿਆਂ ਦੇ ਝੁਣਕਾਰ ਹੁੰਦੇ ਰਹਿਣਗੇ, ਤਤ ਨੂੰ ਵਿਚਾਰਦੇ ਰਹਿਣਗੇ, ਵਾ:-ਤਤ ਨੂੰ ਵਿਚਾਰਨ ਵਾਲੇ ਜੋ ਸੰਤ ਹਨ ਉਹਨਾਂ ਸੰਤਾਂ ਦੀ ਨਿਤ ਗੋਸਟਿ=ਚਰਚਾ ਹੁੰਦੀ ਰਹੇਗੀ।

ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥

ਹਰੀ ਨਾਮ ਨੂੰ ਅਰਾਧਣਗੇ ਰਾਗ ਦ੍ਵੈਸ਼, ਵਾ:-ਪਾਪਾਂ ਰੂਪੀ ਸਾਰੀ ਮੈਲ ਨੂੰ ਕੱਟਣਗੇ ਅਤੇ ਸਾਰੇ ਕਿਲਵਿਖਾਂ ਨੂੰ ਖੋਹਣਗੇ।

ਭਾਵ:-''ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ (ਸਲੋਕ ਮਹਲਾ ੩, ਪੰਨਾ ੧੪੧੩)

ਇਹਨਾਂ ਚੌਹਾਂ ਕਿਲਵਿਖਾਂ ਨੂੰ ਨਾਸ ਕਰਨਗੇ।

ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ॥

ਤਿਸ ਹਰਿਮੰਦਰ, ਵਾ:-ਸਤਸੰਗ ਵਿਚ ਰਹਿਣ ਕਰਕੇ ਜੰਮਣਾ ਮਰਨਾ ਅਤੇ ਆਉਣਾ ਜਾਣਾ ਨਹੀਂ ਹੋਵੇਗਾ, ਫਿਰ ਜੂਨੀਆਂ ਵਿਚ ਭੀ ਨਹੀਂ ਪਾਏ ਜਾਣਗੇ।

ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ॥੪॥੬॥੯॥

ਗੁਰੂ ਜੀ ਕਥਨ ਕਰਦੇ ਹਨ-ਮੈਂਨੇ ਗੁਰਾਂ ਦੁਆਰੇ ਪਰਮੇਸ਼ਰ ਪਾਇਆ ਹੈ, ਜਿਸ ਗੁਰੂ ਦੀ ਕਿਰਪਾ ਨਾਲ ਸਭ ਇੱਛਾ ਪੂਰੀ ਹੋਈ ਹੈ॥ ੪॥ ੬॥ ੯॥

ਸੂਹੀ ਮਹਲਾ ੫॥

ਉਥਾਨਕਾ:- ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦੀ ਸੇਵਾ ਸਿੱਖਾਂ ਪਾਸੋਂ ਕਰਵਾ ਰਹੇ ਸਨ। ਜਦ ਖੋਦਦਿਆਂ ਖੋਦਦਿਆਂ ਹਰਿ ਕੀ ਪੌੜੀ ਵਾਲੀ ਜਗ੍ਹਾ ਉੱਪਰ ਪਹੁੰਚੇ ਉਹ ਜ਼ਮੀਨ ਕਰੜੀ ਹੋਣ ਕਰਕੇ ਉਥੋਂ ਦੀ ਮਿੱਟੀ ਪੁੱਟੀ ਨਾ ਜਾਵੇ, ਗੈਂਤੀਆਂ ਮਾਰ ਮਾਰ ਕੇ ਸਿੱਖ ਥੱਕ ਗਏ। ਗੁਰੂ ਸਾਹਿਬਾਂ ਪਾਸ ਆ ਕੇ ਬੇਨਤੀ ਕੀਤੀ-ਕਿ 'ਫਲਾਣੀ ਜਗ੍ਹਾ ਪੁੱਟੀ ਨਹੀਂ ਜਾਂਦੀ।' ਗੁਰੂ ਸਾਹਿਬਾਂ ਨੇ ਕਿਹਾ-''ਹੁਣ ਰਹਿਣ ਦਿਓ ਕੱਲ੍ਹ ਨੂੰ ਦੀਵਾਨ ਦੀ ਸਮਾਪਤੀ ਤੋਂ ਬਾਅਦ ਸੇਵਾ ਕਰਨੀ।'' ਦੂਜੇ ਦਿਨ ਸਵੇਰੇ ਅਜੇ ਦਿਵਾਨ ਸਜਿਆ ਹੋਇਆ ਸੀ ਗੁਰੂ ਸਾਹਿਬ ਜੀ ਲਾਚੀ ਬੇਰ ਹੇਠ ਬੈਠੇ ਸਿੱਖ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ, ਏਧਰ ਵਿਸ਼ਨੂੰ ਭਗਵਾਨ ਜੀ ਨੇ ਆਪਣਾ ਹੀ ਕੰਮ ਸਮਝ ਕੇ ਸਭ ਦੇਵਤਿਆਂ ਨੂੰ ਨਾਲ ਲੈ ਕੇ ਸਿੱਖਾਂ ਦੇ ਰੂਪ ਵਿਚ ਆ ਕੇ ਸੇਵਾ ਅਰੰਭ ਦਿੱਤੀ। ਵਿਸ਼ਨੂੰ ਜੀ ਨੇ ਗੈਂਤੀ ਨਾਲ ਹਰਿ ਕੀ ਪਉੜੀ ਵਾਲੀ ਜਗ੍ਹਾ ਆਪ ਪੁੱਟੀ, ਸ਼ਿਵਾਂ ਨੇ ਟੋਕਰੀਆਂ ਭਰੀਆਂ ਤੇ ਬ੍ਰਹਮਾ ਜੀ ਸਭ ਦੇਵਤਿਆਂ ਸਹਿਤ ਚੁਕ ਚੁਕ ਕੇ ਬਾਹਰ ਸੁੱਟਦੇ ਗਏ ਤੇ ਨਾਲ ਸਤਿਨਾਮੁ-ਵਾਹਿਗੁਰੂ ਦੀ ਧੁਨ ਉਚਾਰਦੇ ਜਾਂਦੇ ਹਨ।

ਸਤਿਨਾਮੁ ਦੀ ਧੁਨ ਸੁਣ ਕੇ ਗੁਰੂ ਜੀ ਨੇ ਸਿੱਖਾਂ ਨੂੰ ਭੇਜਿਆ ਕਿ ਜਾ ਕੇ ਪਤਾ ਲਿਆਓ ਕਿਥੋਂ ਦੀ ਸੰਗਤ ਆ ਕੇ ਸੇਵਾ ਕਰ ਰਹੀ ਹੈ। ਸਿੱਖਾਂ ਨੇ ਬਹੁਤ ਸਾਰਿਆਂ ਤੋਂ ਪੁੱਛਿਆ, ਪਰ ਕਿਸੇ ਨੇ ਕੁਝ ਨਾ ਦੱਸਿਆ। ਆਖਿਰ ਉਹਨਾਂ ਸਿੱਖਾਂ ਨੇ ਗੁਰੂ ਜੀ ਨੂੰ ਆ ਕੇ ਕਿਹਾ-''ਉਹ ਤਾਂ ਸੇਵਾ ਵਿਚ ਤੇ ਸਤਿਨਾਮੁ ਸਿਮਰਨ ਵਿਚ ਮਸਤ ਹਨ, ਬੜਾ ਪੁੱਛਿਆ ਪਰ ਉਹ ਤਾਂ ਬੋਲਦੇ ਹੀ ਨਹੀਂ ਹਨ।'' ਉਸ ਵੇਲੇ ਗੁਰੂ ਜੀ ਨੇ ਅੰਤਰ-ਧਿਆਨ ਹੋ ਕੇ ਵੇਖਿਆ ਕਿ ਇਹ ਤਾਂ ਵਿਸ਼ਨੂੰ ਭਗਵਾਨ ਜੀ ਆਪ ਹੀ ਸਭ ਦੇਵਤਿਆਂ ਨੂੰ ਨਾਲ ਲਿਆ ਕੇ ਸੇਵਾ ਕਰ ਰਹੇ ਹਨ। ਉਸ ਵੇਲੇ ਸੰਗਤ ਨੂੰ ਦੱਸਣ ਵਾਸਤੇ ਕਿ ਇਹ ਕੰਮ ਕਿਸ ਨੇ ਪੂਰਾ ਕੀਤਾ ਹੈ ਅਤੇ ਉਸ ਪਰੀ-ਪੂਰਨ ਵਾਹਿਗੁਰੂ ਦੇ ਧੰਨਵਾਦ (ਸ਼ੁਕਰਾਨੇ) ਵਿਚ ਇਹ ਸ਼ਬਦ ਉਚਾਰਨ ਕੀਤਾ-

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥

ਸੰਤਾਂ=ਸ਼ਾਂਤ ਆਤਮਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਕਾਰਜ ਕਰਨ ਵਿਚ ਹਰੀ ਆਪ ਆ ਕੇ ਖਲੋਤਾ ਹੈ। ਹਰਿ ਕੀ ਪੌੜੀ ਦੇ ਕੜ ਤੋੜਨੇ ਦਾ ਜੋ ਕੰਮ ਹੈ, ਵਾ:-ਤਲਾ ਵਿਚੋਂ ਕਾਰ ਕੱਢਣ ਦਾ ਜੋ ਕੰਮ ਹੈ ਉਸ ਦੇ ਕਰਾਉਣੇ ਨੂੰ ਰਾਮ ਆਪ ਦੇਵਤਿਆਂ ਨੂੰ ਨਾਲ ਲੈ ਕੇ ਆਇਆ ਹੈ।

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

ਚਾਰੋਂ ਤਰਫ ਅੰਮ੍ਰਿਤਸਰ ਦੀ ਧਰਤੀ ਸ਼ੋਭਨੀਕ ਹੋਈ ਹੈ, ਸ੍ਰੀ ਹਰਿਮੰਦਰ ਸਾਹਿਬ ਜੀ ਦਾ ਤਲਾ ਵੀ ਸ਼ੋਭਨੀਕ

ਹੋਇਆ ਹੈ, ਰਾਮ ਦੀ ਕਿਰਪਾ ਨਾਲ ਇਸ ਤਲਾਵ ਵਿਚ ਜਲ ਅੰਮ੍ਰਿਤ ਰੂਪ ਹੋ ਕੇ ਛਾਇਆ=ਇਸਥਿਤ ਹੋਇਆ ਹੈ।

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥

ਇਸ ਤਲਾਵ ਵਿਚ ਜਲ ਅੰਮ੍ਰਿਤ ਰੂਪ ਹੋ ਕੇ ਇਸਥਿਤ ਹੋਇਆ, ਪੂਰਨ ਪਰਮੇਸ਼ਰ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪੂਰਨ ਹੀ ਸਾਜ ਕਰਾਇਆ ਹੈ ਤੇ ਮਨ ਦੇ ਸਾਰੇ ਮਨੋਰਥ ਪੂਰੇ ਹੋ ਗਏ ਹਨ।

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥

ਸ੍ਰੀ ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਪੂਰੀ ਤਿਆਰੀ ਹੋਣ ਕਰਕੇ ਸਾਰੇ ਸੰਸਾਰ ਵਿਚ ਜੈ ਜੈ ਕਾਰ ਹੋ ਰਿਹਾ ਹੈ ਅਤੇ ਸਾਰੇ ਵਿਸੂਰੇ=ਝੋਰੇ ਲਹਿ ਗਏ ਹਨ।

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥

ਸਾਰਿਆਂ ਵਿਚ ਪੂਰਨ ਜੋ ਅਕਾਲ ਪੁਰਖ ਹੈ ਅਬਿਨਾਸੀ=ਨਾਸ ਤੋਂ ਰਹਿਤ ਤੇ ਅਚੁਤ=ਅਗਿੜ, ਜਿਸ ਦੇ ਜਸ ਨੂੰ ਚਾਰੇ ਵੇਦਾਂ ਅਤੇ ਪੁਰਾਣਾਂ ਨੇ ਗਾਇਆ ਹੈ।

ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ ੧॥

ਉਸ ਪਰਮੇਸ਼ਰ ਨੇ ਆਪਣਾ ਬਿਰਦੁ-ਧਰਮ ਜਾਣ ਕੇ ਰੱਖਿਆ ਕੀਤੀ ਹੈ, ਅਸਾਂ ਨੇ ਉਸ ਦੇ ਨਾਮ ਨੂੰ ਧਿਆਉਣਾ ਕੀਤਾ ਹੈ॥ ੧॥

ਦੂਜਾ ਅਰਥ:-ਸੰਤਾਂ ਦੇ ਕਾਰਜ ਵਿਚ ਹਰੀ ਆਪ ਖਲੋਤਾ ਹੈ, ਸੰਤਾਂ ਦੇ ਸਾਧਨਾ ਰੂਪੀ ਕੰਮ ਕਰਨ ਵਿਚ ਹਰੀ ਰਾਮ ਆਪ ਆਉਂਦਾ ਹੈ। ਸਤਸੰਗ ਰੂਪ ਧਰਤੀ, ਵਾ:-ਸੰਤਾਂ ਦੀ ਬੁੱਧੀ ਰੂਪ ਧਰਤੀ ਸ਼ੋਭਨੀਕ ਹੈ, ਤਾਲ=ਹਿਰਦਾ ਸ਼ੋਭਨੀਕ ਹੈ। ਸੰਤਾਂ ਦੇ ਹਿਰਦੇ-ਤਾਲ ਵਿਚ ਰਾਮ ਦਾ ਨਾਮ ਰੂਪ ਅੰਮ੍ਰਿਤ ਜਲ ਇਸਥਿਤ ਹੋ ਰਿਹਾ ਹੈ। ਸੰਤਾਂ ਦੇ ਹਿਰਦੇ ਵਿਚ ਨਾਮ-ਅੰਮ੍ਰਿਤ ਜਲ ਇਸਥਿਤ ਹੋ ਰਿਹਾ ਹੈ, ਸਾਧਨਾਂ ਦਾ ਸਾਜ ਪੂਰਨ ਕਰਾਇਆ ਹੈ ਤੇ ਮਨ ਦੇ ਸਾਰੇ ਮਨੋਰਥ=ਸੰਕਲਪ ਪੂਰੇ ਹੋ ਗਏ ਹਨ। ਸਾਰਿਆਂ ਵਿਚ ਪੂਰਨ ਪੁਰਖ ਜੋ ਅਬਿਨਾਸੀ ਅਚੁਤ=ਅਗਿੜ ਹੈ, ਜਿਸ ਦਾ ਜਸ ਵੇਦਾਂ, ਪੁਰਾਣਾਂ ਨੇ ਗਾਇਆ ਹੈ। ਉਸ ਪਰਮੇਸ਼ਰ ਨੇ ਆਪਣਾ ਬਿਰਦ ਰੱਖਦਿਆਂ ਹੋਇਆਂ ਸੰਤਾਂ ਦੀ ਸਹਾਇਤਾ ਕੀਤੀ ਹੈ, ਜਿਨ੍ਹਾਂ ਸੰਤਾਂ ਨੇ ਉਸ ਦੇ ਨਾਮ ਨੂੰ ਧਿਆਇਆ ਹੈ॥ ੧॥

ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ॥

ਨੌਂ ਨਿੱਧੀਆਂ, ਸਿੱਧੀਆਂ, ਰਿੱਧੀਆਂ ਆਦਿਕ ਬਿਅੰਤ ਪਦਾਰਥ ਰਾਮ ਕਰਤੇ ਨੇ ਦਿੱਤੇ ਹਨ, ਜਿਸ ਕਰਕੇ ਹੁਣ ਕਾਈ=ਕਿਸੇ ਵਸਤੂ ਦਾ ਤੋਟਿ=ਘਾਟਾ ਨਹੀਂ ਆਉਂਦਾ।

ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ॥

ਆਪ ਖਾਂਦਿਆਂ, ਸਬੰਧੀਆਂ ਵਾਸਤੇ ਖਰਚਦਿਆਂ, ਬਿਲਛਤ=ਆਮ ਖਾਸ ਨੂੰ ਦੇਂਦਿਆਂ ਹੋਇਆਂ ਅਸਾਂ ਨੇ ਸੁਖ ਪਾਇਆ ਹੈ, ਕਰਤੇ ਰਾਮ ਦੀ ਦਾਤ ਸਵਾਈ=ਅਧਿਕ (ਬਹੁਤੀ) ਹੀ ਹੁੰਦੀ ਗਈ ਹੈ।

[ਪੰਨਾ ੭੮੪]

ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ॥

ਉਸ ਦੀ ਦਾਤ ਸਵਾਈ=ਅਧਿਕ ਹੈ, ਨਿਖੁਟਿ=ਮੁੱਕ ਨਹੀਂ ਜਾਂਦੀ, ਅੰਤਰਜਾਮੀ ਪਰਮਾਤਮਾ ਨੇ ਸੰਕਲਪ

ਹੀ ਐਸਾ ਪਾਇਆ ਹੈ।

ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥

ਜੋ ਕ੍ਰੋੜਾਂ ਵਿਘਨ ਸਨ ਉਹ ਸਾਰੇ ਉਠ ਕੇ ਨੱਸ ਗਏ ਹਨ, ਵਾ:-ਕ੍ਰੋੜਾਂ ਵਿਘਨਾਂ ਦੇ ਪਾਉਣ ਵਾਲੇ ਜੋ ਵਿਘ੍ਨ ਸਨ ਉਹ ਸਾਰੇ ਉੱਠ ਕੇ ਨੱਸ ਗਏ ਹਨ, ਹੁਣ ਕੋਈ ਦੁੱਖ ਨੇੜੇ ਨਹੀਂ ਆਉਂਦਾ ਹੈ।

ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥

ਸੁਤੇ ਸਿਧ ਸ਼ਾਂਤੀ ਪੂਰਬਕ ਘਨੇਰੇ=ਬਹੁਤੇ ਅਨੰਦ ਪ੍ਰਾਪਤ ਹੋਏ ਹਨ, ਪਦਾਰਥਾਂ ਦੀ ਸਾਰੀ ਭੁੱਖ ਬਿਨਸੀ=ਖ਼ਤਮ ਹੋ ਗਈ ਹੈ।

ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਸ ਸੁਆਮੀ ਦੇ ਗੁਣ ਅਸੀਂ ਗਾਉਂਦੇ ਹਾਂ, ਜਿਸ ਦੀ ਵਡਿਆਈ ਅਸਚਰਜ ਰੂਪ ਹੈ ॥ ੨ ॥

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥

ਜਿਸ ਪਰਮਾਤਮਾ ਦਾ ਇਹ ਕਾਰਜੁ=ਕੰਮ ਸੀ, ਉਸੇ ਰਾਮ ਨੇ ਆਪ ਆ ਕੇ ਪੂਰਨ ਕੀਤਾ ਹੈ। ਇਹ ਮਨੁੱਖ ਵਿਚਾਰਾ ਕੀ ਹੈ, ਜੋ ਕੋਈ ਕਾਰਜ ਪੂਰਾ ਕਰ ਸਕੇ।

ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥

ਅੰਮ੍ਰਿਤਸਰ ਅਥਵਾ ਸਤਸੰਗ ਵਿਚ ਹਰੀ ਦੇ ਗੁਣ ਗਾਉਂਦੇ ਹੋਏ ਭਗਤ ਸ਼ੋਭਦੇ ਹਨ ਅਤੇ ਰਾਮ ਦੇ ਜੈਕਾਰਿਆਂ ਨੂੰ ਸਦਾ ਉਚਾਰਨ ਕਰਦੇ ਹਨ।

ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥

ਗੋਬਿੰਦ ਦੇ ਗੁਣ ਗਾਉਣ ਕਰਕੇ ਭਗਤਾਂ ਨੂੰ ਅਨੰਦ ਉਤਪੰਨ ਹੁੰਦਾ ਹੈ ਅਤੇ ਸਾਧ ਸੰਗਤ ਨਾਲ ਭਗਤਾਂ ਦੀ ਪ੍ਰੀਤੀ ਬਣੀ ਰਹਿੰਦੀ ਹੈ।

ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥

(੧) ਜਿਸ ਗੁਰੂ ਅਮਰਦਾਸ ਜੀ ਨੇ ਇਸ ਤਲਾਵ ਦੇ ਬਨਾਉਣ ਦਾ ਉੱਦਮ ਕੀਤਾ ਹੈ, ਜੋ ਆਪਣੀ ਆਗਿਆ ਦੇ ਕੇ ਗੋਇੰਦਵਾਲ ਤੋਂ ਚੌਥੇ ਪਾਤਿਸ਼ਾਹ (ਸ੍ਰੀ ਗੁਰੂ ਰਮਦਾਸ) ਜੀ ਨੂੰ ਭੇਜਿਆ ਹੈ।

ਤਿਸ ਗੁਰੂ ਅਮਰਦਾਸ ਜੀ ਦੀ ਕੀ ਉਪਮਾ ਗਨੀ=ਗਿਣਨਾ ਕਰੀਏ।

(੨) ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਇਸ ਸਰੋਵਰ ਦੇ ਬਣਾਉਣ ਦਾ ਉੱਦਮ ਕੀਤਾ ਸੀ ਉਸ ਗੁਰੂ ਰਾਮਦਾਸ ਸਾਹਿਬ ਜੀ ਦੀ ਕੀ ਉਪਮਾ ਗਿਣੀਏ।

(੩) ਜਿਸ ਪਰਮਾਤਮਾ ਨੇ ਵਿਸ਼ਨੂੰ ਰੂਪ ਵਿਚ ਆਪ ਆ ਕੇ ਹਰਿ ਕੀ ਪੌੜੀ ਦਾ ਕੜ ਤੋੜ ਕੇ ਇਸ ਸਰੋਵਰ ਦੇ ਬਣਾਉਣ ਦਾ ਉੱਦਮ ਕੀਤਾ ਹੈ ਉਸ (ਪਰਮਾਤਮਾ) ਦੀ ਉਪਮਾ ਕੀ ਗਿਣੀਏ।

(੪) ਜਿਸ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਸਰੋਵਰ ਦੇ ਬਣਾਉਣ ਦਾ ਉੱਦਮ ਪਹਿਲੇ ਹੀ ਕੀਤਾ ਸੀ। ਜਦ ਮਰਦਾਨੇ ਤੋਂ ਅਲਾਹੀ ਕੀਰਤਨ ਸੁਣ ਕੇ ਅੰਮ੍ਰਿਤ ਰੂਪ ਹੋ ਗਏ ਸਨ ਉਹ ਏਹੋ ਅਸਥਾਨ ਸੀ। ਜਿਸ ਵੇਲੇ ਮਰਦਾਨੇ ਨੇ ਭੋਗ ਪਾਇਆ ਤੇ ਭਾਈ ਬਾਲੇ ਦੀਆਂ ਅੱਖਾਂ ਖੁਲ੍ਹੀਆਂ ਤਾਂ ਕੀ ਤਕਿਆ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਸਰੂਪ ਕੋਈ ਨਹੀਂ, ਜਿੱਥੇ ਬੈਠੇ ਸਨ ਓਥੇ (ਓਹੀ ਸਰੂਪ) ਅੰਮ੍ਰਿਤ ਰੂਪ ਹੋਇਆ ਪਿਆ ਹੈ।

ਉਸ ਵੇਲੇ ਹੱਥ ਜੋੜ ਕੇ ਅਰਦਾਸ ਕੀਤੀ-''ਪਾਤਿਸ਼ਾਹ! ਆਪ ਕਿਰਪਾ ਕਰਕੇ ਦਰਸ਼ਨ ਦਿਓ।'' ਜਦ ਬੇਨਤੀ ਸੁਣ ਕੇ ਪ੍ਰਗਟ ਹੋਏ ਤਾਂ ਉਹ ਅੰਮ੍ਰਿਤ ਅਲੋਪ ਕਰ ਲਿਆ। ਉਸ ਵੇਲੇ ਭਾਈ ਬਾਲੇ ਨੇ ਬੇਨਤੀ ਕੀਤੀ-'' ਸੱਚੇ ਪਾਤਿਸ਼ਾਹ ਜੀ ! ਇਹ ਅੰਮ੍ਰਿਤ ਰਹਿਣ ਦੇਣਾ ਸੀ ਕਈਆਂ ਦਾ ਭਲਾ ਹੁੰਦਾ।'' ਤਾਂ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਭਵਿੱਖਤ ਬਚਨ ਕਿਹਾ-''ਬਾਲਾ ਜੀ ! ਇਸ ਅੰਮ੍ਰਿਤ ਨੂੰ ਫੇਰ ਚੌਥੇ ਸਰੂਪ ਵਿਚ ਪ੍ਰਗਟ ਕਰਾਂਗੇ, ਇਥੇ ਬੜਾ ਭਾਰੀ ਸਰੋਵਰ ਬਣੇਗਾ।'' ਇਸ ਵਜ੍ਹਾ ਕਰਕੇ ਜਿਸ ਗੁਰੂ ਨਾਨਕ ਦੇਵ ਜੀ ਨੇ ਸਰੋਵਰ ਦਾ ਉੱਦਮ ਕੀਤਾ ਹੈ, ਉਹਨਾਂ ਦੀ ਉਪਮਾ ਕੀ ਗਿਣੀਏ।

ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ॥

ਇਸ ਸਰੋਵਰ ਵਿਚ ਜਿਸ ਨੇ ਇਸ਼ਨਾਨ ਕੀਤਾ ਹੈ, ਵਾ:-ਸਤਸੰਗ ਵਿਚ ਜਿਸ ਨੇ ਨਿਵਾਸ ਕੀਤਾ ਹੈ, ਉਸ ਨੂੰ ੬੮ ਤੀਰਥਾਂ ਪਰ ਇਸ਼ਨਾਨ ਕਰਨ ਦਾ ਫਲ ਅਤੇ ਪੁੰਨ ਆਦਿਕ ਕਰਮਾਂ ਦੇ ਕਿਰਿਆ=ਕਰਨ ਦਾ ਫਲ ਅਤੇ ਮਹਾਂ ਨਿਰਮਲ ਚਾਰਾ=ਕਰਤੱਬਾਂ ਦਾ ਫਲ ਪ੍ਰਾਪਤ ਹੁੰਦਾ ਹੈ।

ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ॥ ੩॥

ਪਾਪੀਆਂ ਨੂੰ ਪਵਿੱਤ੍ਰ ਕਰਨ ਦਾ ਜਿਸ ਸੁਆਮੀ ਦਾ ਬਿਰਦੁ=ਧਰਮ ਹੈ, ਗੁਰ-ਸ਼ਬਦ ਦੁਆਰਾ ਅਸਾਂ ਨੇ ਉਸ ਬ੍ਰਹਮ ਦਾ ਆਸਰਾ ਲੈਣਾ ਕੀਤਾ ਹੈ॥ ੩॥

ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ॥

ਉਹ ਮੇਰਾ ਪ੍ਰਭੂ ਕਰਤਾ ਸ਼ੁਭ-ਗੁਣਾਂ ਦਾ ਨਿਧਾਨ=ਖਜ਼ਾਨਾ ਹੈ, ਉਸ ਰਾਮ ਦੀ ਉਸਤਤੀ ਕਉਨੁ=ਕਿਸ ਤਰ੍ਹਾਂ ਕਰੀਜੈ=ਕਰੀਏ।

ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ॥

ਜੋ ਸੰਤਾਂ ਦੀ ਕੀਤੀ ਹੋਈ ਬੇਨਤੀ ਨੂੰ ਪ੍ਰਵਾਨ ਕਰਦਾ ਹੈ, ਉਸ ਸੁਆਮੀ ਅੱਗੇ ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਰਾਮ ! ਨਾਮ ਰੂਪ ਮਹਾਂ-ਰਸ ਮੈਨੂੰ ਦੇਣਾ ਕਰ।

ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥

ਨਾਮ ਦੇਣਾ ਕਰ, ਪਰ ਦਾਨ ਹੀ ਕਰ ਦਿਓ, ਇਕ ਖਿਨ ਭਰ ਵੀ ਆਪ ਬਿਸਰੁ=ਭੁੱਲੋ ਨਾ।

ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ॥

ਹੇ ਭਾਈ ! ਰਸਨਾ ਨਾਲ ਗੋਪਾਲ ਦੇ ਗੁਣ ਉਚਾਰਨਾ ਕਰ ਅਤੇ ਸਦੀਵ ਕਾਲ ਰਾਤ ਦਿਨੇ ਰਾਗ ਵਿਚ ਪਾ ਕੇ ਗੁਣ ਵੀ ਗਾਉਣਾ ਕਰ।

ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ॥

ਜਿਸ ਦੀ ਨਾਮ ਨਾਲ ਪ੍ਰੀਤ ਲੱਗੀ ਹੈ, ਉਸ ਦਾ ਮਨ ਤਨ ਨਾਮ-ਅੰਮ੍ਰਿਤ ਵਿਚ ਭੀਜੈ=ਭਿੱਜ ਗਿਆ ਹੈ।

ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ॥ ੪॥ ੭॥ ੧੦॥

ਗੁਰੂ ਜੀ ਕਥਨ ਕਰਦੇ ਹਨ-ਮੇਰੀ ਇੱਛਾ ਪੂਰਨ ਹੋਈ ਹੈ, ਪਰਮਾਤਮਾ ਦੇ ਦਰਸ਼ਨ ਨੂੰ ਦੇਖ ਕੇ ਜੀਉਂਦੇ ਹਾਂ ॥ ੪॥ ੭॥ ੧੦॥

ਯਥਾ:-''ਦਰਸਨੁ ਪੇਖਤ ਮੈ ਜੀਓ॥ ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ॥ ੧ ॥

(ਆਸਾ, ਪੰਨਾ ੩੮੨)

ਰਾਗੁ ਸੂਹੀ ਮਹਲਾ ੫ ਛੰਤ

੧ੑ ਸਤਿਗੁਰ ਪ੍ਰਸਾਦਿ ॥ ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥

ਹਰੀ ਜੋ ਮੇਰਾ ਸੱਜਣ ਸੁਆਮੀ ਹੈ ਉਹ ਮਿੱਠੀ ਬਾਣੀ ਦੇ ਬੋਲੜਾ=ਬੋਲਣ ਵਾਲਾ ਹੈ।

ਯਥਾ:-"ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥" *(ਨਾਮਦੇਵ, ਪੰਨਾ ੭੨੭)*

ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ ॥

ਮੈਂ ਤਾਂ ਦਿਲ ਵਿਚ ਇਸ ਗੱਲ ਨੂੰ ਸੰਮਲਿ=ਸੰਭਾਲ ਕੇ ਥੱਕ ਗਈ ਹਾਂ, ਉਹ ਕਦੇ ਵੀ ਕੌੜਾ ਬਚਨ ਨਹੀਂ ਬੋਲਦਾ।

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥

ਪੂਰਨ ਰੂਪ ਭਗਵਾਨ ਕੌੜਾ ਬਚਨ ਬੋਲਣਾ ਨਹੀਂ ਜਾਣਦਾ ਅਤੇ ਦਾਸਾਂ ਦਾ ਕੋਈ ਭੀ ਔਗੁਣ ਨਹੀਂ ਚਿਤਾਰਦਾ।

ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥

ਹਰੀ ਆਪਣਾ ਪਤਿਤ ਪਾਵਨ ਧਰਮ ਸਦਾਉਂਦਾ ਹੈ, ਇਕ ਤਿਲ ਮਾਤਰ ਵੀ ਕਿਸੇ ਦੀ ਕੀਤੀ ਹੋਈ ਘਾਲੇ=ਕਮਾਈ ਨੂੰ ਨਹੀਂ ਭੰਨੈ=ਭੰਨਦਾ।

ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥

ਸਰਬ ਨਿਵਾਸੀ=ਪਰਮਾਤਮਾ ਘਟ-ਘਟ ਵਿਚ ਵੱਸ ਰਿਹਾ ਹੈ। ਵਾ:-ਘਟ-ਘਟ ਵਿਚ ਵੱਸ ਰਿਹਾ ਹੈ।

ਪੁਨਾ-ਸਾਰਿਆਂ ਤੋਂ ਨਿਵਾਸੀ=ਨਿਰਵਾਸੀ-ਅਲੇਪ ਹੈ ਅਤੇ ਨੇੜੇ ਹੈ। ਭਾਵ ਨੇੜੇ ਜੋ ਇੰਦਰੀਆਂ ਹਨ ਉਹਨਾਂ ਤੋਂ ਭੀ ਨੇੜੇ ਹੈ।

ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥ ੧ ॥

ਮੇਰਾ ਸੱਜਣ ਜੋ ਅੰਮ੍ਰਿਤ ਰੂਪ ਹਰੀ ਹੈ, ਮੈਂ ਦਾਸ ਸਦਾ=ਹਮੇਸ਼ਾਂ ਉਸ ਦੀ ਸ਼ਰਨ ਵਿਚ ਪ੍ਰਾਪਤ ਹੋਇਆ ਹਾਂ ॥ ੧ ॥

ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ ॥

ਅਪਾਰ ਰੂਪ ਹਰੀ ਦਾ ਦਰਸ਼ਨ ਵੇਖ ਕੇ ਹਉ=ਮੈਂ ਅਸਚਰਜ ਹੋ ਗਈ ਹਾਂ।

ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ ॥

ਮੇਰੇ ਸੁਆਮੀ ਜੀ ਸੁੰਦਰ ਹਨ, ਹਉ=ਮੈਂ ਚਰਨ-ਕਮਲ=ਪਰਮਾਤਮਾ ਦੇ ਪਗ=ਚਰਨਾਂ ਦੀ ਧੂੜ ਹਾਂ।

ਅਥਵਾ:-ਸਾਰਿਆਂ ਵਿਚ ਪਗ=ਰਪਿਆ (ਮਿਲਿਆ) ਹੋਇਆ ਜੋ ਪ੍ਰਭੂ ਹੈ, ਉਸ ਦੇ ਚਰਨ-ਕਮਲਾਂ ਦੀ ਛਾਰਾ=ਧੂੜ ਹਾਂ। ਵਾ:-ਮੈ ਉਸ ਦੇ ਚਰਨ-ਕਮਲਾਂ ਦੀ ਧੂੜ ਵਿਚ ਰਪਿਆ ਹਾਂ।

ਅਥਵਾ:-ਚਰਨ=ਵੇਦਾਂ ਕਰਕੇ ਪ੍ਰਤਿਪਾਦਜ (ਕਥਨ ਕਰਨੇ ਯੋਗ) ਜੋ ਪਰਮੇਸ਼ਰ ਹੈ, ਉਸ ਦੇ ਪਗ ਕਮਲ=ਚਰਨ-ਕਮਲਾਂ ਦੀ ਧੂੜ ਹਾਂ।

ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ॥

ਪ੍ਰਭੂ ਨੂੰ ਵੇਖ ਕੇ ਜੀਉਂਦੀ ਹਾਂ ਅਤੇ ਠੰਡੀ ਹੁੰਦੀ ਹਾਂ, ਉਸ ਜੇਡਾ ਹੋਰ ਕੋਈ ਨਹੀਂ ਹੈ।

ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ॥

(ਆਦ, ਮਧ, ਅੰਤ) ਤਿੰਨਾਂ ਸਮਿਆਂ ਵਿਚ ਉਹ ਪ੍ਰਭੂ ਰਵ ਰਿਹਾ ਹੈ ਅਤੇ ਜਲਾਂ, ਥਲਾਂ, ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਭੀ ਓਹੀ ਪਰਮਾਤਮਾ ਹੈ।

ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ॥

ਉਸ ਦੇ ਚਰਨ-ਕਮਲਾਂ ਨੂੰ ਜਪ ਕੇ ਜੋ ਸੰਸਾਰ-ਸਮੁੰਦਰ ਤੋਂ ਤਰਿਆ ਹੈ, ਉਹਨਾਂ ਦੀ ਸ਼ਰਨ ਗ੍ਰਹਿਣ ਕਰਕੇ ਹੋਰ ਜਗਿਆਸੂ ਭੀ ਸੰਸਾਰ-ਸਮੁੰਦਰ ਤੋਂ ਪਾਰ ਉਤਰੇ ਹਨ।

ਅਥਵਾ:-ਉਸ ਦੇ ਚਰਨ-ਕਮਲਾਂ ਨੂੰ ਜਪ ਕੇ ਪਹਿਲੇ ਵਿਸ਼ਿਆਂ ਦੇ ਸਮੁੰਦਰ ਤੋਂ ਤਰਿਆ ਹਾਂ, ਫੇਰ ਸੰਸਾਰ-ਸਮੁੰਦਰ ਤੋਂ ਪਾਰ ਉਤਰਿਆ ਹਾਂ।

ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਪੂਰਨ ਪਰਮੇਸ਼ਰ ! ਮੈਂ ਤੇਰੀ ਸ਼ਰਨ ਹਾਂ, ਤੇਰੇ ਪਾਰ ਉਰਾਰ ਦਾ ਅੰਤ ਨਹੀਂ ਆਉਂਦਾ॥ ੨॥

ਹਉ ਨਿਮਖ ਨ ਛੋਡਾ ਜੀ ਹਰਿ ਪ੍ਰੀਤਮ ਪ੍ਰਾਨ ਅਧਾਰੋ॥

ਮੇਰੇ ਪ੍ਰਾਣਾਂ ਦਾ ਅਧਾਰੋ=ਆਸਰਾ ਜੋ ਹਰੀ ਪ੍ਰੀਤਮ ਹੈ, ਮੈਂ ਉਸ ਨੂੰ ਨਿਮਖ ਭਰ ਵੀ ਛੱਡ ਨਹੀਂ ਸਕਦਾ।

ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ॥

ਗੁਰਿ=ਪੂਜਨੀਕ ਸਤਿਗੁਰਾਂ ਨੇ ਸੱਚੇ ਅਗਮ=ਵਾਹਿਗੁਰੂ ਜੀ ਦਾ ਵਿਚਾਰ ਕਿਹਾ ਹੈ।

ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ॥

ਸੰਤਾਂ ਨੂੰ ਮਿਲ ਕੇ ਮਨ ਭੇਟ ਦਿੱਤਾ ਤਾਂ ਪ੍ਰਭੂ ਦਾ ਨਾਮ ਲੀਤਾ ਤੇ ਜਨਮ ਮਰਨ ਦੇ ਦੁੱਖ ਨੱਸ ਗਏ।

ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ॥

ਸਹਜ=ਅਚੁਤ ਸੁਖ ਦੇ ਘਣੇ ਅਨੰਦ ਪ੍ਰਾਪਤ ਹੋਏ ਹਨ ਅਤੇ ਹਉਮੈ ਦੀ ਗੰਢ ਖੁੱਲ੍ਹ ਗਈ ਹੈ।

[ਪੰਨਾ ੭੮੫]

ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ॥

ਵਿਆਪਕ ਹੋਣ ਕਰਕੇ ਸਾਰਿਆਂ ਦੇ ਮਧਿ=ਵਿਚ ਹੈ, ਅਸੰਗ ਹੋਣ ਕਰਕੇ ਸਭ ਤੋਂ ਬਾਹਰ ਹੈ ਅਤੇ ਰਾਗ ਦ੍ਵੈਸ਼ ਤੋਂ ਨਿਆਰੋ=ਨਿਰਲੇਪ ਹੈ।

ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ ॥ ੩॥

ਗੁਰੂ ਜੀ ਕਥਨ ਕਰਦੇ ਹਨ-ਦਾਸ ਨੇ ਉਸ ਗੋਬਿੰਦ ਦੀ ਸ਼ਰਨ ਵਿਚ ਆਉਣਾ ਕੀਤਾ ਹੈ, ਜਿਸ ਹਰੀ ਪ੍ਰੀਤਮ ਦਾ ਮਨ ਵਿਚ ਸਧਾਰੋ=ਆਸਰਾ ਹੈ।

ਅਥਵਾ:- ਜਿਸ ਹਰੀ ਪ੍ਰੀਤਮ ਨੇ ਮਨ ਨੂੰ ਸਹਿਤ ਆਸਰੇ ਦੇ ਕੀਤਾ ਹੈ॥ ੩॥

ਮੈ ਖੋਜਤ ਖੋਜਤ ਜੀ ਹਰਿ ਨਿਹਚਲੁ ਸੁ ਘਰੁ ਪਾਇਆ ॥

ਮੈਂ ਖੋਜਦਿਆਂ ਖੋਜਦਿਆਂ ਨਿਸਚਲ ਘਰ ਜੋ ਹਰੀ ਹੈ, ਸੁ=ਉਸ ਨੂੰ ਪਾਇਆ ਹੈ।

ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ ॥

ਜਿਸ ਵੇਲੇ ਦਿਲ ਵਿਚ ਸਾਰਿਆਂ ਪਦਾਰਥਾਂ ਨੂੰ ਅਧ੍ਰੁਵ=ਚਲੇ ਜਾਣ ਵਾਲਾ ਦੇਖਿਆ ਤਾਂ ਵਾਹਿਗੁਰੂ ਦੇ ਚਰਨ-ਕਮਲਾਂ ਨਾਲ ਚਿਤ ਨੂੰ ਲਗਾਉਣਾ ਕੀਤਾ।

ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥

ਅਬਿਨਾਸੀ ਹੋਣ ਕਰਕੇ ਉਹ ਪ੍ਰਭੂ ਜਨਮ ਮਰਨ ਵਿਚ ਨਹੀਂ ਆਉਂਦਾ ਜਾਂਦਾ ਇਸ ਕਰਕੇ ਹਉ=ਮੈਂ ਉਸ ਦੀ ਦਾਸੀ ਹਾਂ।

ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥

ਧਰਮ, ਅਰਥ, ਕਾਮ ਆਦਿਕ ਸਾਰਿਆਂ ਪਦਾਰਥਾਂ ਨਾਲ ਪੂਰਨ ਹੋ ਗਏ ਹਾਂ ਅਤੇ ਮਨਿ ਚਿੰਦੀ=ਮਨ ਵਿਚ ਚਿੰਤਨ ਕੀਤੀ ਹੋਈ ਇੱਛਾ ਪੁਜਾਏ=ਪੂਰੀ ਹੋ ਗਈ ਹੈ।

ਅਥਵਾ:-ਮਨਿ ਚਿੰਦੀ=ਪਰਮਾਤਮਾ ਨੇ ਸਭ ਇੱਛਾ ਪੂਰਨ ਕਰ ਦਿਤੀ ਹੈ।

ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥

ਵੇਦਾਂ ਦੀਆਂ ਸੁਰਤੀਆਂ ਤੇ ਸਤਾਈ ਸਿਮ੍ਰਿਤੀਆਂ ਜਿਸ ਕਰਤੇ ਪੁਰਖ ਦੇ ਗੁਣ ਗਾਉਂਦੀਆਂ ਹਨ ਅਤੇ ਚੁਰਾਸੀ ਸਿੱਧਾਂ ਨੇ, ਸਾਧਿਕ=ਸਾਧਨਾਂ ਕਰਨ ਵਾਲੇ (ਜਗਿਆਸੂਆਂ ਨੇ) ਤੇ ਮੁਨੀ ਜਨਾਂ ਨੇ ਜਿਸ ਪ੍ਰਭੂ ਨੂੰ ਧਿਆਉਣਾ ਕੀਤਾ ਹੈ।

ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ
ਵਡਭਾਗੀ ਹਰਿ ਹਰਿ ਗਾਇਆ ॥ ੪ ॥ ੧ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀ ਪੁਰਸ਼ਾਂ ਨੇ ਉਸ ਕਿਰਪਾ ਨਿਧਿ ਸੁਆਮੀ ਦੀ ਸ਼ਰਨ ਗ੍ਰਹਿਣ ਕਰਕੇ ਹਰਿ ਹਰਿ ਦੇ ਜਸ ਨੂੰ ਗਾਉਣਾ ਕੀਤਾ ਹੈ॥ ੪ ॥ ੧ ॥ ੧੧ ॥

ਵਾਰ ਸੂਹੀ ਕੀ

੧ਓ ਸਤਿਗੁਰ ਪ੍ਰਸਾਦਿ ॥ ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥

ਗੁਰੂ ਸਾਹਿਬਾਂ ਨੇ ਇਹ ਸੂਹੀ ਰਾਗ ਦੀ ਵਾਰ ਸਲੋਕਾਂ, ਮਹੱਲਿਆਂ ਦੇ ਸਹਿਤ ਉਚਾਰਨਾ ਕੀਤੀ ਹੈ, ਕਿਉਂਕਿ ਕਈ ਵਾਰਾਂ ਸਲੋਕਾਂ ਤੋਂ ਬਿਨਾਂ ਭੀ ਹਨ, ਜਿਵੇਂ ਸ਼ਤੇ ਬਲਵੰਡ ਦੀ ਤੇ ਬਸੰਤ ਦੀ ਵਾਰ ਹੈ। ਫਿਰ ਇਸ ਵਾਰ ਵਿਚ ਵਾਰ=ਪਉੜੀਆਂ ਤੀਜੇ ਗੁਰੂ ਜੀ ਦੀਆਂ ਆਉਣਗੀਆਂ।

ਸਲੋਕੁ ਮਃ ੩ ॥ ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥

ਦੋਹਾਗਣੀ=ਛੁਟੜ ਮਨਮੁਖ-ਇਸਤ੍ਰੀ ਪਰਮੇਸ਼ਰ-ਪਤੀ ਨੂੰ ਛੱਡ ਕੇ ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲਾ ਵੇਸ ਕਰਦੀ ਹੈ ਤੇ ਪਰਾਏ ਪਿਰੀ-ਦੇਵੀ ਦੇਵਤਿਆਂ ਨੂੰ ਰਾਵਣ ਜਾਇ=ਪੂਜਣ ਜਾਂਦੀ ਹੈ।

ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥

ਆਪਣੇ ਹਿਰਦੇ-ਘਰ ਵਿਚ ਵੱਸਦੇ ਪਤੀ-ਪਰਮਾਤਮਾ ਨੂੰ ਛੱਡ ਕੇ, ਦ੍ਵੈਤ ਭਾਵ ਵਿਚ ਮੋਹੀ=ਠੱਗੀ ਗਈ ਹੈ।

ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥

ਜਿਨ੍ਹਾਂ ਪਦਾਰਥਾਂ ਨੂੰ, ਵਾ:-ਵਿਸ਼ਿਆਂ ਨੂੰ ਮਿੱਠਾ ਜਾਣ ਕੇ ਖਾਧਾ ਸੀ, ਉਹਨਾਂ ਦੇ ਸੁਆਦ ਤੋਂ ਬਹੁਤ ਸਾਰਾ ਪ੍ਰਤੱਖ ਰੋਗ, ਵਾ:-ਅਗਿਆਨ ਰੂਪੀ ਰੋਗ ਵਧਿਆ ਹੈ।

ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥

ਜਿਸ ਨੇ ਸੁਧ ਪਤੀ ਹਰੀ ਨੂੰ ਛੱਡ ਦਿੱਤਾ ਹੈ, ਉਸ ਨੂੰ ਮੁੜ ਕੇ ਜਨਮ ਮਰਨ ਦਾ ਦੁੱਖ ਲੱਗਾ ਹੈ।

ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥

ਜੋ ਮੁਖੀ ਗੁਰਾਂ ਦੇ ਸਨਮੁਖ ਹੋਈ ਹੈ ਉਸ ਦਾ ਮਨ ਸੰਸਾਰ ਵਲੋਂ ਪਲਟਿਆ=ਉਲਟ ਗਿਆ ਹੈ ਅਤੇ ਉਹ ਹਰੀ ਪ੍ਰਾਪਤੀ ਦੇ ਸ਼ਿੰਗਾਰ ਵਿਚ ਰਾਤੀ=ਰਤੀ ਗਈ ਹੈ।

ਅਥਵਾ:- ਜਪ ਤਪ ਆਦਿਕ ਸ਼ਿੰਗਾਰਾਂ ਨੂੰ ਸਾਜਿ=ਬਣਾ ਕੇ (ਕਰਕੇ) ਹਰੀ ਵਿਚ ਰਤੀ ਹੈ।

ਸਹਜਿ ਸਚੁ ਪਿਰੁ ਰਾਵਿਆ ਹਰਿ ਨਾਮਾ ਉਰ ਧਾਰਿ ॥

ਹਰੀ ਨਾਮਾਂ ਨੂੰ ਹਿਰਦੇ ਵਿਚ ਧਾਰ ਕੇ ਉਸ ਨੇ ਸਹਿਜੇ ਹੀ ਸੱਚੇ ਪਿਰੀ-ਪਰਮਾਤਮਾ ਨੂੰ ਰਾਵਿਆ ਹੈ।

ਆਗਿਆਕਾਰੀ ਸਦਾ ਸੋਹਾਗਣਿ ਆਪਿ ਮੇਲੀ ਕਰਤਾਰਿ ॥

ਉਸ ਆਗਿਆ ਮੰਨਣ ਵਾਲੀ ਇਸਤ੍ਰੀ ਨੂੰ ਕਰਤਾਰ ਨੇ ਆਪਣੇ ਨਾਲ ਮੇਲ ਲਿਆ ਹੈ, ਇਸ ਲਈ ਉਹ

ਸਦਾ ਸੁਹਾਗਣ ਹੈ।

ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋਹਾਗਣਿ ਨਾਰਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਸੱਚਾ ਪਤੀ ਹਰੀ ਪਾਇਆ ਹੈ, ਉਹ ਇਸਤ੍ਰੀ ਸਦਾ ਸੁਹਾਗਣ ਹੈ॥ ੧॥

ਮਃ ੩॥ ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ॥

ਸੂਹਵੀਏ=ਪਦਾਰਥਾਂ ਵਾਸਤੇ ਪਖੰਡ ਵਾਲਾ ਵੇਸ ਕਰਨ ਵਾਲੀਏ ਹੇ ਸੂਹਵੀਏ=ਪਖੰਡਣੇ ! ਨਿਮਾਣੀ= ਸਰੂਪ ਤੋਂ ਰਹਿਤ ਤੂੰ ਪ੍ਰੇਮਣ ਹੋ ਕੇ ਉਸ ਪਤੀ ਨੂੰ ਸਦਾ ਚੇਤੇ ਕਰ।

ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ॥ ੨॥

ਗੁਰੂ ਜੀ ਕਥਨ ਕਰਦੇ ਹਨ-ਫਿਰ ਤੂੰ ਆਪਣੇ ਜਨਮ ਨੂੰ ਸਵਾਰ ਲਏਂਗੀ ਅਤੇ ਤੇਰੇ ਨਾਲ ਹੀ ਤੇਰੀ ਕੁਲ ਭੀ ਜਮਾਂ ਦੇ ਦੁੱਖ ਤੋਂ ਛੁੱਟ ਜਾਏਂਗੀ॥ ੨॥

ਪਉੜੀ॥ ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ॥
ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ॥

ਉਸ ਪਰਮਾਤਮਾ ਨੇ ਆਪ ਸੰਸਾਰ ਰੂਪ ਤਖਤ ਬਣਾਇਆ ਹੈ, ਅਕਾਸ਼ ਰੂਪ ਚੰਦੋਆ ਤਾਣਿਆ ਹੈ, ਫਿਰ ਆਪਣੇ ਹੁਕਮ ਅੰਦਰ ਪਤਾਲ ਵਿਚ ਜੋ ਧਰਤੀ ਸਾਜੀਅਨੁ=ਬਣਾਈ ਹੈ ਇਹ ਗਲੀਚਾ ਵਿਛਾਇਆ ਹੈ, ਉਸ ਧਰਤੀ ਰੂਪ ਗਲੀਚੇ ਪਰ ਸੱਚੀ ਧਰਮ ਦੀ ਸਾਲਾ ਭਾਰਥ ਖੰਡ ਦੀ ਭੂਮੀ ਬਣਾਈ ਹੈ।

ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ॥

ਜਿਸ ਸੱਚੇ ਦਾ ਨਾਮ ਦੀਨ ਦਿਆਲ ਹੈ ਉਹ ਆਪ ਹੀ ਸੰਸਾਰ ਉਪਾਇ=ਪੈਦਾ ਕਰਦਾ ਹੈ, ਆਪ ਹੀ ਖਪਾਇਦਾ=ਨਾਸ ਕਰਦਾ ਹੈ।

ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ॥

ਸਾਰਿਆਂ ਨੂੰ ਰਿਜਕੁ=ਖਾਣ ਪਾਣ ਸੰਬਾਹਿਦਾ=ਪਹੁੰਚਾਉਦਾ ਹੈ, ਤਿਸ ਦਾ ਹੁਕਮ ਸਭਨਾਂ ਤੋਂ ਨਿਰਾਲਾ=ਵੱਖਰਾ ਹੈ।

ਅਥਵਾ:- ਉਸ ਦਾ ਹੁਕਮ ਜੀਵ ਨੂੰ ਸੰਸਾਰ ਤੋਂ ਅਸੰਗ ਕਰਨ ਵਾਲਾ ਹੈ।

ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ॥ ੧॥

ਆਪਣੇ ਆਪ ਸਾਰਿਆਂ ਵਿਚ ਵਰਤਦਾ ਹੈ, ਆਪ ਹੀ ਹਰ ਇਕ ਦੀ ਪਾਲਣਾ ਕਰਦਾ ਹੈ॥ ੧॥

ਸਲੋਕੁ ਮਃ ੩॥ ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ॥

ਹੇ ਸੂਹਬ=ਪਖੰਡਣੇ ਤੂੰ ਤਾਂ ਸੋਹਾਗਣ ਹੋਵੇਂਗੀ, ਜਾਂ ਸੱਚੇ ਨਾਮ ਨੂੰ ਮੰਨ ਲਵੇਂਗੀ।

ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ॥

ਆਪਣਿਆਂ ਸਤਿਗੁਰਾਂ ਨੂੰ ਮਨਾ ਲੈ ਤਾਂ ਅਗਲਾ=ਬਹੁਤਾ ਸਫ਼ਾਈ ਰੂਪੀ, ਵਾ:-ਸ਼ੌਕ ਅਵਸਥਾ ਰੂਪੀ

ਰੂਪ ਚੜ੍ਹੇਗਾ, ਇਸ ਤੋਂ ਬਿਨਾਂ ਹੋਰ ਕੋਈ ਦੂਜਾ ਥਾਂ ਸੁੱਖ ਦਾ ਨਹੀਂ ਹੈ।

ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥

ਤੂੰ ਅਜੇਹਾ ਸ਼ੁਭ-ਗੁਣਾਂ ਦਾ ਸ਼ਿੰਗਾਰ ਬਨਾਉਣਾ ਕਰ, ਜੋ ਕਦੇ ਭੀ ਮੈਲਾ ਨਾ ਹੋਵੇ, ਤਦ ਤੇਰਾ ਅਹਿਨਿਸਿ=ਦਿਨ ਰਾਤ ਪਰਮੇਸ਼ਰ ਨਾਲ ਭਾਉ=ਪ੍ਰੇਮ ਲੱਗੇਗਾ।

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ
ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-(ਕਿਸੀ ਨੇ ਪੁੱਛਿਆ) ਸੁਹਾਗਣ ਇਸਤਰੀ ਦਾ ਕੀ ਚਿੰਨ੍ਹ ਹੈ ?

ਉੱਤਰ:- ਜਿਸ ਦੇ ਹਿਰਦੇ ਅੰਦਰ ਸੱਚ ਹੈ, ਮੂੰਹ ਉੱਜਲਾ ਹੈ, ਤੇ ਖਸਮੈ=ਮਾਲਕ ਦੇ ਹੁਕਮ ਵਿਚ ਸਮਾਈ ਰਹਿੰਦੀ ਹੈ, ਉਹ ਸੁਹਾਗਣ ਇਸਤਰੀ ਹੈ ॥ ੧ ॥

ਮਃ ੩ ॥ ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥

ਹੇ ਲੋਕੋ! ਹਉ ਸੂਹਵੀ=ਮੈਂ ਪਖੰਡਣ ਹਾਂ ਕਿਉਂਕਿ ਸੂਹਾ=ਪਦਾਰਥਾਂ ਵਾਸਤੇ ਮੈਂ ਸੂਹਾ=ਪਖੰਡ ਵਾਲਾ ਵੇਸ ਕਰਦੀ ਹਾਂ। ਪਰ-

ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥

ਭੇਖਾਂ ਦੇ ਧਾਰਨ ਕਰਕੇ ਸਹੁ=ਪਤੀ-ਪਰਮਾਤਮਾ ਨਹੀਂ ਪਾਈਦਾ, ਮੈ ਬਥੇਰੇ ਵੇਸ ਧਾਰਨ ਕਰ-ਕਰ ਕੇ ਥੱਕ ਰਹੀ ਹਾਂ।

ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥

ਗੁਰੂ ਜੀ ਕਥਨ ਕਰਦੇ ਹਨ-ਉਹਨਾ ਨੇ ਸਹੁ=ਪਤੀ-ਪਰਮਾਤਮਾ ਪਾਇਆ ਹੈ, ਜਿਨ੍ਹਾਂ ਨੇ ਪ੍ਰੇਮ ਨਾਲ ਗੁਰੂ ਦੀ ਸਿਖਿਆ ਸੁਣੀ ਹੈ।

ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥ ੨ ॥

ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਸੋ ਥੀਐ=ਓਹੀ ਕੁਝ ਹੁੰਦਾ ਹੈ।

ਇਨ ਬਿਧਿ=ਇਸ ਤਰ੍ਹਾਂ ਦੇ ਨਿਸਚੇ ਹੋਣ ਕਰਕੇ ਕੰਤ=ਪਤੀ ਪਰਮਾਤਮਾ ਮਿਲਦਾ ਹੈ॥ ੨ ॥

[ਪੰਨਾ ੭੮੬]

ਪਉੜੀ ॥ ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥

ਹੇ ਹੁਕਮੀ=ਹੁਕਮ ਦੇ ਕਰਨ ਵਾਲੇ ਪ੍ਰਭੂ ! ਤੈਂਨੇ ਆਪ ਹੀ ਸ੍ਰਿਸ਼ਟੀ ਬਣਾਈ ਹੈ ਅਤੇ ਤੂੰ ਆਪ ਹੀ ਬਹੁਤ ਤਰ੍ਹਾਂ ਕਰਕੇ ਸੰਸਾਰ ਨੂੰ ਭਿਤਿ=ਚੋਗ (ਖ਼ੁਰਾਕ) ਦੇ ਰਿਹਾ ਹੈਂ।

ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥

ਹੇ ਸੱਚੇ ਅਲੱਖ ਅਪਾਰ ਪ੍ਰਭੂ! ਤੇਰਾ ਹੁਕਮ ਜਾਣਿਆ ਨਹੀਂ ਜਾਂਦਾ ਕੇਡਾ ਕੁ ਹੈ।

ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥

ਇਕਨਾ ਗੁਰਮੁਖਾਂ ਨੂੰ ਗੁਰ-ਸ਼ਬਦ ਦੀ ਵਿਚਾਰ ਵਿਚ ਲਗਾ ਕੇ ਤੂੰ ਆਪਣੇ ਨਾਲ ਮੇਲ ਲੈਂਦਾ ਹੈ।

ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥

ਹਉਮੈ ਆਦਿਕ ਵਿਕਾਰਾਂ ਨੂੰ ਤਿਆਗ ਕੇ ਜੋ ਸਚ ਵਿਚ ਰਤੇ ਹਨ, ਉਹ ਨਿਰਮਲ ਹੋਏ ਹਨ।

ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥ ੨ ॥

ਜਿਸਨੂੰ ਤੂੰ ਆਪਣੇ ਨਾਲ ਮੇਲਦਾ ਹੈਂ, ਓਹੀ ਤੈਨੂੰ ਮਿਲਦਾ ਹੈ, ਓਹੀ ਸਚਿਆਰ ਰੂਪ ਹੁੰਦਾ ਹੈ॥ ੨ ॥

ਸਲੋਕੁ ਮਃ ੩ ॥ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥

ਹੇ ਸੂਹਵੀਏ=ਪਖੰਡਣੇ ! ਸਾਰਾ ਸੰਸਾਰ ਹੀ ਸੂਹਾ=ਪਦਾਰਥਾਂ ਵਾਸਤੇ ਸੂਹਾ=ਪਖੰਡ ਵਾਲਾ ਵੇਸ ਕਰਦਾ ਹੈ. ਪਰ ਜਿਸ ਦੇ ਅੰਦਰ ਦੁਰਮਤਿ=ਖੋਟੀ ਬੁੱਧੀ ਤੇ ਦ੍ਵੈਤ ਭਾਵ ਹੈ।

ਖਿਨ ਮਹਿ ਝੂਠੁ ਸਭੁ ਬਿਨਸ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥

ਸਭ ਪਦਾਰਥਾਂ ਦਾ ਝੂਠਾ ਰੰਗ (ਅਨੰਦ) ਇਕ ਖਿਨ ਵਿਚ ਇਉਂ ਨਾਸ ਹੋ ਜਾਣ ਵਾਲਾ ਹੈ, ਜਿਵੇਂ ਬ੍ਰਿਛ ਦੀ ਛਾਂ ਇਕ ਜਗ੍ਹਾ ਨਹੀਂ ਟਿਕਦੀ।

ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥

ਗੁਰਮੁਖ ਜਨ ਲਾਲੋ ਲਾਲੁ=ਬ੍ਰਹਮ ਗਿਆਨ ਕਰਕੇ ਪਰਮੇਸ਼ਰ ਦਾ ਰੂਪ ਹਨ,

ਅਥਵਾ:-ਗੁਰਮੁਖ ਜਨ ਲਾਲੁ=ਪਿਆਰੇ ਪਰਮੇਸ਼ਰ ਨੂੰ ਪਾ ਕੇ ਇਉਂ ਲਾਲ ਰੰਗ ਵਾਲੇ ਹਨ ਜਿਵੇਂ ਮਜੀਠਾ ਰੰਗ ਚੜ੍ਹਿਆ ਹੋਇਆ ਸਚੜਾਉ=ਸੱਚਾ ਤੇ ਪੱਕਾ ਹੁੰਦਾ ਹੈ।

ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥

ਜਦ ਤੋਂ ਹਰੀ ਨਾਮ-ਅੰਮ੍ਰਿਤ ਮਨ ਵਿਚ ਵੱਸਿਆ, ਤਦ ਤੋਂ ਬਿਰਤੀ ਸਕਤਿ=ਮਾਇਆ ਵਲੋਂ ਉਲਟ ਕੇ ਸਿਵੈ ਘਰਿ ਆਈ=ਕਲਿਆਣ ਸਰੂਪ ਪਰਮੇਸ਼ਰ ਦੇ ਘਰ ਵਿਚ ਆਈ ਹੈ।

ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸ ਗੁਰੂ ਨਾਲ ਮਿਲ ਕੇ ਮੈਂ ਹਰੀ ਦੇ ਗੁਣਾਂ ਨੂੰ ਗਾਉਂਦਾ ਹਾਂ॥ ੧ ॥

ਮਃ ੩ ॥ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥

ਸੂਹਾ=ਪਦਾਰਥਾਂ ਵਿਚ ਜਿਹੜਾ ਰੰਗੁ=ਪ੍ਰੇਮ ਕਰਨਾ ਹੈ ਇਹ ਵਿਕਾਰ=ਦੁਖ ਰੂਪ ਹੈ, ਇਸ ਦੇ ਕਰਨ ਨਾਲ ਕੰਤੁ=ਪਤੀ-ਪਰਮਾਤਮਾ ਨਹੀਂ ਪਾਇਆ ਜਾਂਦਾ।

ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥

ਇਸ ਕੱਚੇ ਰੰਗ=ਅਨੰਦ ਵਾ:-ਪ੍ਰੇਮ ਦੇ ਲਹਦੇ=ਹਟਦਿਆਂ ਬਿਲਮ=ਦੇਰ ਨਹੀਂ ਹੁੰਦੀ, ਇਹ ਰੰਡੀ (ਅਨੀਸ਼ਰਵਾਦੀ ਦ੍ਵੈਤ ਭਾਵ ਵਿਚ) ਬੈਠੀ ਹੋਈ ਹੈ।

ਅਥਵਾ:-ਦ੍ਵੈਤ ਭਾਵ ਦੇ ਹੋਣ ਕਰਕੇ ਇਹ ਜੀਵ ਰੂਪ ਇਸਤ੍ਰੀ ਰੰਡ=ਰੰਡੀ (ਭਾਵ ਅਨੀਸ਼ਰਵਾਦੀ, ਨਾਸਤਕ) ਹੋ ਬੈਠੀ ਹੈ।

ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੁਭਾਇ ॥

ਇਹ ਇਆਣੀ=ਅਗਿਆਤ ਜੀਵ ਰੂਪ ਮੁੰਧ=ਇਸਤ੍ਰੀ ਦੁੰਮਣੀ=ਦੁਚਿੱਤੀ ਵਾ:-ਨਿਮੋ-ਝੂਣੀ ਹੋ ਕੇ ਦੁੰਮਣੀ=ਦੁਖੀ ਹੋ ਰਹੀ ਹੈ। ਕਿਉਂਕਿ ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲੇ ਵੇਸ ਵਿਚ ਲੁਭਾਇਮਾਨ ਹੋ ਰਹੀ ਹੈ।

ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥

ਜਿਸ ਨੇ ਸੱਚੇ ਗੁਰਾਂ ਦੇ ਉਪਦੇਸ਼ ਰੂਪੀ ਰੰਗ ਨਾਲ ਅੰਤਹਕਰਨ ਰੂਪ ਕਪੜਾ ਲਾਲ ਕੀਤਾ ਹੈ ਅਤੇ ਡਰ ਤੇ ਪ੍ਰੇਮ ਦਾ ਸ਼ਿੰਗਾਰ ਬਣਾਇਆ ਹੈ।

ਅਥਵਾ:- ਜਿਸ ਨੇ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਭੈ ਸਹਿਤ ਭਾਇ=ਪ੍ਰੇਮ ਰੂਪ ਸ਼ਿੰਗਾਰ ਨੂੰ ਬਣਾ ਕੇ ਅੰਤਹਕਰਨ ਰੂਪੀ ਕਪੜੇ ਨੂੰ ਰੰਗੁ ਲਾਲੁ=ਬ੍ਰਹਮ-ਗਿਆਨ ਰੂਪੀਂ ਰੰਗ ਚਾੜ੍ਹਨਾ ਕੀਤਾ ਹੈ। ਅਤੇ-

ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜੀ ਸਤਿਗੁਰਾਂ ਦੀ ਭਾਇ=ਆਗਿਆ ਵਿਚ ਚਲਦੀ ਹੈ, ਉਹ ਸਦਾ ਲਈ ਸੁਹਾਗਣ ਇਸਤ੍ਰੀ ਹੈ॥ ੨ ॥

ਪਉੜੀ ॥ ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ॥

ਪਰਮੇਸ਼ਰ ਨੇ ਆਪਣੇ ਤੋਂ ਹੀ ਆਪ ਜਗਤ ਨੂੰ ਉਪਾਇਅਨੁ=ਪੈਦਾ ਕੀਤਾ ਹੈ,

ਫਿਰ ਇਸ ਦੇ ਵਿਚ ਆਪ ਹੀ ਕੀਮਤਿ=ਸੱਤਾ ਪਾਈ ਹੈ।

ਤਿਸ ਦਾ ਅੰਤੁ ਨ ਜਾਪਈ ਗੁਰ ਸਬਦਿ ਬੁਝਾਈ ॥

ਗੁਰਾਂ ਨੇ ਆਪਣੇ ਸ਼ਬਦ ਦੁਆਰਾ ਇਹ ਗੱਲ ਸਮਝਾਈ ਹੈ ਕਿ ਉਸ ਪ੍ਰਭੂ ਦਾ ਅੰਤ ਨਹੀਂ ਜਾਪਈ=ਜਾਣਿਆ ਜਾਂਦਾ।

ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ ॥

ਮਾਇਆ ਦਾ ਮੋਹ ਗੁਬਾਰਾ=ਹਨੇਰਾ ਰੂਪ ਹੈ, ਉਸ ਕਰਕੇ ਜੀਵ ਦੀ ਬੁੱਧੀ ਦ੍ਵੈਵ ਭਾਵ ਵਿਚ ਭਰਮ ਰਹੀ ਹੈ।

ਮਨਮੁਖ ਠਉਰ ਨ ਪਾਇਨ੍ਹੀ ਫਿਰਿ ਆਵੈ ਜਾਈ ॥

ਮਨਮੁਖ ਪੁਰਸ਼ ਠਉਰ=ਸਰੂਪ ਥਾਂ ਨੂੰ ਨਹੀਂ ਪਾਉਂਦੇ, ਮੁੜ-ਮੁੜ ਕੇ ਜੰਮਦੇ ਮਰਦੇ ਹਨ।

ਜੋ ਤਿਸੁ ਭਾਵੈ ਸੋ ਥੀਐ ਸਭ ਚਲੈ ਰਜਾਈ ॥ ੩ ॥

ਜੋ ਉਸ ਪ੍ਰਭੂ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ, ਸਾਰੇ ਜੀਵ ਉਸ ਦੀ ਰਜਾਈ=ਆਗਿਆ ਵਿਚ ਤੁਰਦੇ ਹਨ॥ ੩ ॥

ਸਲੋਕੁ ਮਃ ੩ ॥

ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥

ਜੋ ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲਾ ਵੇਸ ਕਰਨ ਵਾਲੀ ਕਾਮਣਿ=ਇਸਤ੍ਰੀ ਹੈ, ਉਹ

ਕੁਲਖਣੀ=ਖੋਟੇ ਲੱਛਣਾਂ ਵਾਲੀ ਹੈ।

ਅਥਵਾ:-ਕੁਲਖਣੀ=ਸ਼ੁਭ ਗੁਣਾਂ ਰੂਪੀ ਕੁਲ ਦੇ ਖੈ ਕਰਨ ਵਾਲੀ ਹੈ, ਕਿਉਂਕਿ ਉਹ ਆਪਣੇ ਪਤੀ-ਪਰਮਾਤਮਾ ਨੂੰ ਛੱਡ ਕੇ ਪਰਾਏ ਪੁਰਖਾਂ ਨਾਲ ਪਿਆਰ ਧਾਰਦੀ ਹੈ।

ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥

ਉਸ ਦੇ ਵਿਚ ਨਾ ਸੀਲ ਸ਼ੁਭਾਅ ਹੈ, ਨਾ ਹੀ ਸੰਜਮੁ=ਇੰਦ੍ਰੀਆਂ ਦਾ ਦਮਨ ਹੈ, ਸਦਾ ਹੀ ਝੂਠ ਬੋਲਦੀ ਹੈ, ਅਤੇ ਮਨਮੁੱਖਤਾ ਦੇ ਕਰਮ ਕਰਨ ਵਿਚ ਸਦਾ ਖੁਆਰੁ=ਖਰਾਬ ਹੁੰਦੀ ਹੈ।

ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ॥

ਜਿਸ ਦੇ ਮੱਥੇ ਪਰ ਪੂਰਬਲਾ ਚੰਗਾ ਲੇਖ ਲਿਖਿਆ ਹੁੰਦਾ ਹੈ, ਉਸ ਨੂੰ ਸਤਿਗੁਰਾਂ ਦੁਆਰੇ ਪਰਮੇਸ਼ਰ ਭਤਾਰੁ=ਪਤੀ ਮਿਲਦਾ ਹੈ।

ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥

ਸੂਹਾ=ਪਦਾਰਥਾਂ ਵਾਸਤੇ ਸੂਹਾ=ਪਖੰਡ ਵਾਲਾ ਭੇਸ ਸਭ ਉਤਾਰ ਛੱਡੇ ਅਤੇ ਗਲ ਵਿਚ ਖਿਮਾਂ ਆਦਿਕ ਸ਼ਿੰਗਾਰਾਂ ਨੂੰ ਪਹਿਰੇ।

ਯਥਾ:- ''ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥'' (ਆਸਾ, ਪੰਨਾ ੩੫੯)

ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ॥

ਤਾਂ ਉਹ ਮਾਤਲੋਕ ਰੂਪੀ ਪੇਕੇ ਘਰ ਅਤੇ ਸਾਹੁਰੈ=ਪ੍ਰਲੋਕ ਵਿਚ ਬਹੁਤ ਹੀ ਸ਼ੋਭਾ ਪਾਉਂਦੀ ਹੈ, ਅਤੇ ਸਾਰਾ ਸੰਸਾਰ ਉਸ ਦੀ ਪੂਜਾ ਕਰਦਾ ਹੈ।

ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ॥

ਜਿਸ ਨੂੰ ਸਿਰਜਣਹਾਰ ਪਰਮਾਤਮਾ ਆਪ ਰਾਵੈ=ਰਾਉਂਦਾ ਹੈ, ਉਹ ਜੇਕਰ ਕਿਸੇ ਦੇ ਨਾਲ ਰਲਾਈ ਜਾਵੇ ਤਾਂ ਨਹੀਂ ਰਲਦੀ ।

ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਇਸਤ੍ਰੀ ਨੂੰ ਗੁਰਾਂ ਦੁਆਰੇ ਅਬਿਨਾਸੀ ਪੁਰਖ ਪਰਮਾਤਮਾ ਭਰਤਾਰੁ=ਪਤੀ ਮਿਲਿਆ ਹੈ, ਉਹ ਇਸਤ੍ਰੀ ਸਦਾ ਸੁਹਾਗਵੰਤੀ ਹੈ॥ ੧॥

ਮਃ ੧॥ ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ॥

ਨਿਸੀ=ਰਾਤ ਦੇ ਸੁਪਨੇ ਵਾਂਗ ਸੂਹਾ=ਪਦਾਰਥਾਂ ਦਾ ਰੰਗੁ=ਅਨੰਦ ਝੂਠਾ ਹੈ, ਜਿਵੇਂ ਧਾਗੇ ਤੋਂ ਬਿਨਾਂ ਗਲ ਵਿਚ ਹਾਰ ਨਹੀਂ ਪੈ ਸਕਦਾ (ਤਿਵੇਂ ਇਹ ਪਦਾਰਥ ਨਾਲ ਨਹੀਂ ਜਾਣੇ)।

ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ॥

ਜਿਵੇਂ ਮਜੀਠ ਦਾ ਰੰਗ ਸਚਾ=ਪੱਕਾ ਹੁੰਦਾ ਹੈ (ਤਿਵੇਂ ਬ੍ਰਹਮ ਦਾ ਰੰਗ ਸੱਚਾ ਤੇ ਪੱਕਾ ਹੈ) ਇਸ ਕਰਕੇ ਗੁਰਮੁਖ ਜਨ ਬ੍ਰਹਮ ਦਾ ਹੀ ਵਿਚਾਰ ਕਰਦੇ ਹਨ।

ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰੇਮ ਕਰਕੇ ਮਹਾ ਰਸੀ=ਵੱਡੇ ਰਸ ਵਾਲੀ ਹੋਈ ਹੈ, ਉਸ ਦੀਆਂ ਸਭ ਬੁਰਿਆਈਆਂ ਛਾਰੁ=ਨਾਸ ਹੋ ਗਈਆਂ ਹਨ॥ ੨ ॥

ਪਉੜੀ ॥ ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥

ਪਰਮੇਸ਼ਰ ਨੇ ਆਪ ਹੀ ਵਿਡਾਨੁ ਚੋਜ ਕਰਿ=ਅਸਚਰਜ ਕੌਤਕ ਕਰਕੇ ਇਹ ਜਗਤ ਪੈਦਾ ਕੀਤਾ ਹੈ।

ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥

ਪੰਚ ਧਾਤੁ=ਪੰਜਾ ਤੱਤਾਂ ਦੇ ਰਚੇ ਹੋਏ ਸਰੀਰ ਵਿਚ ਉਸ ਨੇ ਆਪ ਹੀ ਮੋਹ, ਝੂਠ ਅਤੇ ਗੁਮਾਨੁ=ਹੰਕਾਰ ਆਦਿਕ ਵਿਕਾਰ ਪਾ ਦਿੱਤੇ ਹਨ।

ਇਨ੍ਹਾਂ ਵਿਕਾਰਾਂ ਦੇ ਵੱਸ ਵਿਚ ਹੋਣ ਕਰਕੇ-

ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥

ਮਨਮੁਖ ਅਗਿਆਨੀ ਪੁਰਸ਼ ਆਉਣ ਜਾਣ ਭਾਵ ਜਨਮ ਮਰਨ ਵਿਚ ਭਵਾਏ ਜਾਂਦੇ ਹਨ।

ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥

ਇਕਨਾਂ ਉੱਤਮ ਅਧਿਕਾਰੀਆਂ ਨੂੰ ਹਰੀ ਨੇ ਆਪ ਹੀ ਗੁਰਮੁਖਿ=ਗੁਰਾਂ ਦੁਆਰੇ ਗਿਆਨ ਸਮਝਾ ਦਿੱਤਾ ਹੈ।

ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥ ੪ ॥

(ਅਤੇ) ਉਨ੍ਹਾਂ ਨੂੰ ਭਗਤੀ ਰੂਪ ਖ਼ਜ਼ਾਨਾ ਬਖਸ਼ਿਆ ਹੈ,

ਇਸ ਲਈ ਉੱਹ ਹਰੀ ਨਾਮ ਨੂੰ ਜਪ ਕੇ ਨਿਧੀਆਂ ਦੇ ਖ਼ਜ਼ਾਨੇ ਹੋ ਗਏ ਹਨ॥ ੪ ॥

[ਪੰਨਾ ੭੮੭]

ਸਲੋਕੁ ਮਃ ੩ ॥ ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥

ਹੇ ਸੂਹਵੀਏ=ਪਖੰਡਣੇ! ਸੂਹਾ=ਪਦਾਰਥਾਂ ਵਾਸਤੇ ਤੂੰ ਜਿਹੜਾ ਸਹਾ=ਪਖੰਡ ਵਾਲਾ ਵੇਸ ਕੀਤਾ ਹੋਇਆ ਹੈ ਇਸ ਨੂੰ ਛੱਡ ਦੇ ਤਾਂ ਤੇਰਾ ਪਤੀ-ਪਰਮਾਤਮਾ ਨਾਲ ਪਿਆਰ ਲੱਗੇਗਾ।

ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥

ਸੂਹੈ=ਪਦਾਰਥਾਂ ਵਾਸਤੇ ਸੂਹੈ=ਪਖੰਡ ਵਾਲਾ ਵੇਸ ਕਰਕੇ ਪਤੀ ਨੂੰ ਕਿਸੇ ਨੇ ਭੀ ਨਹੀਂ ਪਾਇਆ, ਮਨਮੁਖ ਇਸਤ੍ਰੀ ਤ੍ਰਿਸ਼ਨਾ ਰੂਪ ਅੱਗ ਵਿਚ ਗਾਵਾਰਿ=ਮੂਰਖਤਾ ਕਰਕੇ ਦਝਿ ਮੁਈ=ਸੜ ਮੋਈ ਹੈ।

ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥

ਜਿਸ ਨੇ ਸਤਿਗੁਰਾਂ ਨਾਲ ਮਿਲਣਾ ਕੀਤਾ ਹੈ ਉਸ ਦਾ ਸੂਹਾ=ਪਖੰਡ ਵਾਲਾ ਵੇਸ ਚਲਾ ਗਿਆ ਹੈ ਅਤੇ ਹਿਰਦੇ ਵਿਚੋਂ ਹਉਮੈ ਨੂੰ ਭੀ ਮਾਰਿਆ ਹੈ।

ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥

ਉਸ ਦਾ ਮਨ ਤਨ ਪ੍ਰੇਮ ਵਿਚ, ਵਾ:-ਨਾਮ-ਸਿਮਰਨ ਵਿਚ ਰੱਤਾ ਹੋਇਆ ਲਾਲੁ=ਬ੍ਰਹਮ ਗਿਆਨ ਦੇ ਸਹਿਤ ਹੋਇਆ ਹੈ ਅਤੇ ਸ਼ੁਭ-ਗੁਣਾਂ ਦੀ ਸਾਰਿ=ਸੰਭਾਲ ਵਿਚ ਰਸਨਾ ਰਤੀ=ਜੀਭ ਵੀ ਤਦਾਕਾਰ ਹੋ ਗਈ ਹੈ।

ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ॥

ਜੋ ਗੁਰ-ਉਪਦੇਸ਼ ਨੂੰ ਮੰਨ ਕੇ (ਮੰਨਣ ਕਰਕੇ) ਪਰਮੇਸ਼ਰ ਦੇ ਭੈ ਭਾਇ=ਡਰ ਤੇ ਪ੍ਰੇਮ ਦਾ ਸ਼ਿੰਗਾਰ ਕਰਦੀ ਹੈ, ਉਹ ਇਸਤ੍ਰੀ ਸਦਾ ਹੀ ਸੁਹਾਗਵੰਤੀ ਹੈ।

ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਕਰਮਾਂ ਵਾਲੀ ਨੇ ਮਹਲੁ=ਸਰੂਪ ਨੂੰ ਪਾਇਆ ਹੈ,
ਜਿਸ ਨੇ ਪਤੀ-ਪਰਮਾਤਮਾ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ॥ ੧ ॥

ਮਃ ੩ ॥ ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ॥

ਹੇ ਜਗਿਆਸੂ ਰੂਪ ਮੁੰਧੇ=ਇਸਤ੍ਰੀਏ! ਸੂਹਾ=ਪਦਾਰਥਾਂ ਵਾਸਤੇ ਸੂਹਾ=ਪਖੰਡ ਕਰਨਾ ਤਿਆਗ ਦੇ ਅਤੇ ਲਾਲੁ=ਪ੍ਰੇਮ, ਵਾ:-ਬ੍ਰਹਮਗਿਆਨ ਰੂਪੀ ਸ਼ਿੰਗਾਰ ਕਰ।

ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ॥

ਗੁਰ-ਸ਼ਬਦ ਦੀ ਵਿਚਾਰ ਕਰ ਤਾਂ ਤੇਰਾ ਆਉਣਾ ਜਾਣਾ ਜੰਮਣਾ ਮਰਨਾ ਭੁੱਲ ਜਾਏਗਾ।

ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ॥

ਉਹ ਜਗਿਆਸੂ ਰੂਪ ਮੁੰਧ=ਇਸਤ੍ਰੀ ਸੋਹਣੀ ਤੇ ਸੁਹਾਵੀ=ਸ਼ਭਾ ਵਾਲੀ ਹੈ, ਜਿਸ ਦੇ ਅੰਤਹਕਰਨ ਰੂਪੀ ਘਰ ਵਿਚ ਸਹਜਿ ਭਤਾਰੁ=ਸ਼ਾਂਤੀ ਸਰੂਪ ਪਤੀ-ਪਰਮਾਤਮਾ ਵੱਸਦਾ ਹੈ।

ਨਾਨਕ ਸਾ ਧਨ ਰਾਵੀਐ ਰਾਵੇ ਰਾਵਣਹਾਰੁ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਰਾਵਣਹਾਰੁ=ਪਰਮਾਤਮਾ ਜਿਸ ਨੂੰ ਰਾਵਦਾ ਭਾਵ ਪ੍ਰਾਪਤ ਹੁੰਦਾ ਹੈ, ਉਹ ਇਸਤ੍ਰੀ ਪਤੀ-ਪਰਮੇਸ਼ਰ ਦੇ ਆਨੰਦ ਨੂੰ ਰਾਵੀਐ=ਭੋਗਦੀ (ਮਾਣਦੀ) ਹੈ॥ ੨ ॥

ਪਉੜੀ॥ ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ॥

ਕੁਟੰਬ ਦਾ ਮੋਹ ਕੂੜੁ=ਝੂਠਾ ਹੈ, ਮਨਮੁਖ ਮੂਰਖਤਾ ਕਰਕੇ ਉਸ ਵਿਚ ਰੱਤਾ ਹੋਇਆ ਹੈ।

ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ॥

ਹੰਗਤਾ ਮਮਤਾ ਦੇ ਵੱਸ ਹੋ ਕੇ ਮੇਰਾ ਤੇਰਾ ਕਰਦੇ ਮਰ ਗਏ ਹਨ, ਇਨ੍ਹਾਂ ਪਦਾਰਥਾਂ ਵਿਚੋਂ ਕੁਝ ਭੀ ਨਾਲ ਨਹੀਂ ਲੈਣਾ ਕੀਤਾ।

ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ॥

ਸਿਰ ਉਤੇ ਜਮਕਾਲ ਖੜਾ ਹੈ ਪਰ ਇਸ ਨੂੰ ਕੁਝ ਸੁਝਦਾ ਨਹੀਂ ਹੈ, ਦ੍ਵੈਤ ਭਾਵ ਵਿਚ ਭਰਮਿਤਾ=ਭਰਮ ਰਿਹਾ ਹੈ।

ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ ॥

ਜਿਸ ਵੱਲੇ ਜਮਕਾਲ ਨੇ ਇਸ ਨੂੰ ਆਪਣੇ ਵਸ ਵਿਚ ਕਰ ਲਿਆ, ਤਾਂ ਮੁੜ ਕੇ ਮਨੁੱਖ ਜਨਮ ਦਾ ਵੇਲਾ ਉਸ ਦੇ ਹੱਥ ਨਹੀਂ ਆਉਂਦਾ।

ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥ ੫ ॥

ਜੇਹੋ ਜੇਹਾ ਧੁਰ ਤੋਂ ਲਿਖ ਪਾਇਆ ਹੈ ਇਹ ਜੀਵ ਓਹੀ ਕਰਮ ਕਮਾਉਂਦਾ ਹੈ॥ ੫॥

ਉਥਾਨਕਾ:- ਇਕ ਇੰਸਤ੍ਰੀ ਸ੍ਰੀ ਗੋਇੰਦਵਾਲ ਸਾਹਿਬ ਵਿਚ ਆਪਣੇ ਪਤੀ ਨਾਲ ਚਿਖਾ ਉਤੇ ਬੈਠਕੇ ਸਤੀ ਹੋ ਗਈ। ਉਸ ਦੇ ਕੌਤਕ ਨੂੰ ਵੇਖ ਕੇ ਸਿੱਖਾਂ ਨੇ ਗੁਰੂ ਜੀ ਨੂੰ ਆ ਕੇ ਕਿਹਾ-''ਛਲਾਣੀ ਇਸਤ੍ਰੀ ਪਤੀ ਨਾਲ ਸਤੀ ਹੋ ਗਈ।'' ਸੁਣ ਕੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ:-

ਸਲੋਕੁ ਮਃ ੩ ॥ ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥

ਇਹ ਇਸਤ੍ਰੀਆਂ ਸਤੀਆਂ ਨਹੀਂ ਆਖੀਆਂ ਜਾਂਦੀਆਂ, ਜੋ ਮੜਿਆ=ਮੁਰਦਿਆਂ ਦੇ ਨਾਲ ਲਗ ਕੇ ਜਲੰਨਿ=ਸੜ ਜਾਂਦੀਆਂ ਹਨ।

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਹ ਇਸਤ੍ਰੀਆਂ ਸਤੀਆਂ ਜਾਣੀਆਂ ਜਾਦੀਆਂ ਹਨ, ਜੋ ਪਤੀ ਦੇ ਬਿਰਹੇ=ਵਿਛੋੜੇ ਦੀ ਸੱਟ ਨਾਲ ਮਰਦੀਆਂ ਹਨ॥ ੧॥

ਕਿਸੇ ਨੇ ਮਾਤਾ ਸੀਤਾ ਨੂੰ ਕਿਹਾ-''ਅਸਾਂ ਨੇ ਅੱਜ ਤਕ ਰਾਵਣ ਦੀ ਫੋਟੋ ਨਹੀਂ ਵੇਖੀ ਤੂੰ ਕਿਤਨਾ ਸਮਾਂ ਰਾਵਣ ਦੇ ਅਸ਼ੋਕ ਬਾਗ ਵਿਚ ਰਹੀ ਹੈਂ ਤੂੰ ਤਾਂ ਕਈ ਵਾਰ ਉਸ ਦੀ ਸ਼ਕਲ ਵੇਖੀ ਹੋਣੀ ਹੈ, ਪਰ ਅੱਜ ਤੂੰ ਸਾਨੂੰ ਭੀ ਉਸ ਦਾ ਚਿਤ੍ਰ ਵਿਖਾ।''

ਇਹ ਗੱਲ ਸੁਣ ਕੇ ਸੀਤਾ ਮਾਤਾ ਨੇ ਕੰਧ ਉੱਪਰ ਰਾਵਣ ਦੀ ਸ਼ਕਲ ਚਿਤ੍ਰ ਦਿੱਤੀ।

''ਏਕ ਦਿਵਸ ਜਾਨਕਿ ਤ੍ਰਿਯ ਸਿਖਾ॥ ਭੀਤ ਭਏ ਰਾਵਣ ਕਹ ਲਿਖਾ॥''

ਇਤਨੇ ਨੂੰ ਸ੍ਰੀ ਰਾਮਚੰਦ੍ਰ ਜੀ ਨੇ ਆ ਕੇ ਵੇਖ ਲਿਆ, ਮਨ ਵਿਚ ਗੁੱਸਾ ਧਾਰ ਕੇ ਕਿਹਾ-''ਅਜੇ ਭੀ ਇਸ ਦਾ ਰਾਵਣ ਦੇ ਨਾਲ ਪ੍ਰੇਮ ਹੈ, ਤਾਂ ਹੀ ਇਸ ਨੇ ਰਾਵਣ ਦੀ ਸ਼ਕਲ ਨੂੰ ਚਿਤਰਿਆ ਹੈ।''

''ਜਬ ਰਘੁਬਰ ਤ੍ਰਿਹੱ ਆਨ ਨਿਹਾਰਾ॥ਕਛੁਕ ਕੋਪ ਇਮ ਬਚਨ ਉਚਾਰਾ॥ ੮੪੪॥
ਰਾਮ ਬਾਚ ਮਨ ਮੈ॥ ਯਾ ਕੋ ਕਛੁ ਰਾਵਣ ਸੋ ਹੇਤਾ॥ਤਾ ਤੇ ਚਿੱਤ੍ਰ ਕੈ ਦੇਖਾ॥''

ਇਹ ਬਚਨ ਸੁਣ ਕੇ ਮਾਤਾ ਸੀਤਾ ਨੂੰ ਬਹੁਤ ਗੁੱਸਾ ਆ ਗਿਆ ਤੇ ਆਖਦੀ ਹੈ-''ਚੰਗੇ ਸੁਆਮੀ ਜੀ ਹਨ ਜੋ ਇਹ ਆਪ ਹੀ ਮੇਰੇ ਪਰ ਦੋਸ਼ ਲਗਾਉਣ ਲਗ ਪਏ ਹਨ।'' ਉਸ ਵੇਲੇ ਸੀਤਾ ਨੇ ਆਪਣਾ ਨਿਸਚਾ ਦਿਖਾਂਦਿਆਂ ਹੋਇਆਂ ਧਰਤੀ ਨੂੰ ਕਿਹਾ :-

''ਬਚਨ ਸੁਨਤ ਸੀਤਾ ਭਈ ਰੋਖਾ॥ ਪ੍ਰਭ ਮੁਹਿ ਅਜਹੂੰ ਲਗਾਵਤ ਦੋਖਾ॥
ਜਉ ਮੇਰੇ ਬਚ ਕਰਮ ਕਰਿ, ਹ੍ਰਿਦੈ ਬਸਤ ਰਘੁਰਾਇ॥

ਪ੍ਰਿਥੀ ਪੈਡ ਮੁਹਿ ਦੀਜੀਐ, ਲੀਜੈ ਮੋਹਿ ਮਿਲਾਇ॥ ੮੪੬॥
ਚਉਪਈ॥ ਸੁਨਤ ਬਚਨ ਧਰਨੀ ਫਟ ਗਈ॥ ਲੋਪ ਸੀਆ ਤਿਹ ਭੀਤਰ ਭਈ॥
ਚੱਕ੍ਰਤ ਰਹੇ ਨਿਰਖ ਰਘੁਰਾਈ॥ ਰਾਜ ਕਰਨ ਕੀ ਆਸ ਚੁਕਾਈ ॥ ੮੪੭॥
ਦੋਹਰਾ॥ ਇਹ ਜਗ ਧੂਅਰੋ ਧਉਲਹਰਿ ਕਿਹ ਕੇ ਆਯੋ ਕਾਮ॥
ਰਘੁਬਰ ਬਿਨੁ ਸੀਅ ਨਾ ਜੀਐ, ਸੀਅ ਬਿਨ ਜੀਐ ਨ ਰਾਮ ॥ ੮੪੮॥

ਸੀਤਾ ਦੇ ਵਿਛੋੜੇ ਕਰਕੇ ਸ੍ਰੀ ਰਾਮ ਚੰਦ੍ਰ ਜੀ ਆਪਣਾ ਸਰੀਰ ਤਿਆਗ ਗਏ।

ਏਸੇ ਤਰ੍ਹਾਂ ਅੱਜ ਰਾਜੇ ਦੇ ਵਿਜੋਗ ਕਰਕੇ ਉਸ ਦੀ ਸਪੁਤਨੀ 'ਇੰਦ੍ਰਮਤੀ' ਰਾਣੀ ਮਰ ਗਈ ਸੀ ਤੇ ਇੰਦ੍ਰਮਤੀ ਦੇ ਵਿਜੋਗ ਕਰਕੇ ਅੱਜ ਰਾਜੇ ਨੇ ਰਾਜ-ਭਾਗ ਤਿਆਗ ਕੇ ਯੋਗ ਭੇਖ ਲੈਣਾ ਕੀਤਾ ਹੈ।

ਯਥਾ:- ਇੰਦ੍ਰਮਤੀ ਹਿਤ ਅੱਜ ਨ੍ਰਿਪਤ, ਜਿਮ ਗ੍ਰਿਹ ਤਜ ਲੀਆ ਜੋਗ॥
ਤਿਮ ਰਘੁਬਰ ਤਨ ਕੋ ਤਜਾ, ਸ੍ਰੀ ਜਾਨਕੀ ਬਿਯੋਗ ॥ ੮੫੦॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਪੰਨਾ ੨੫੨-੫੩)

ਮਃ ੩ ॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥

ਉਹ ਇਸਤ੍ਰੀਆਂ ਭੀ ਸਤੀਆਂ ਜਾਣੀਦੀਆਂ ਹਨ, ਜੋ ਸੀਲ ਸੁਭਾਅ ਤੇ ਸੰਤੋਖ ਵਿਚ ਰਹਿੰਦੀਆਂ ਹਨ।

ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥ ੨ ॥

ਅਤੇ ਆਪਣੇ ਸਾਈ=ਮਾਲਕ ਦੀ ਸੇਵਾ ਕਰਦੀਆਂ ਹਨ ਤੇ ਨਿਤਾਪ੍ਰਤੀ ਸਵੇਰੇ ਉੱਠ ਕੇ ਪਤੀ ਨੂੰ ਯਾਦ ਕਰਦੀਆਂ ਹਨ॥ ੨ ॥

ਮਃ ੩ ॥ ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ॥

ਜੋ ਮਹੇਲੀਆ=ਇਸਤ੍ਰੀਆਂ ਆਪਣੇ ਪਤੀ ਦੀ ਆਗਿਆ ਨਾਲ ਰਹਿੰਦੀਆਂ ਹਨ,
ਉਨ੍ਹਾਂ ਇਸਤ੍ਰੀਆਂ ਦਾ ਅੱਗ ਨਾਲ ਸੜਨਾ ਸਫਲ ਹੈ।

ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥

ਜਿਹੜੀਆਂ ਆਪਣੇ ਪਤੀ ਨੂੰ ਪਰਮੇਸ਼ਰ ਰੂਪ ਜਾਣਦੀਆਂ ਹਨ, ਤਾਂ ਉਹ ਆਪਣੇ ਤਨ ਉਤੇ ਦੁਖਾਂ ਨੂੰ ਸਹਾਰਨ।

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥

ਗੁਰੂ ਜੀ ਕਥਨ ਕਰਦੇ ਹਨ- ਜੋ ਔਰਤਾਂ ਪਤੀ ਨੂੰ ਪਰਮੇਸ਼ਰ ਰੂਪ ਨਹੀਂ ਜਾਣਦੀਆਂ, ਉਹ ਔਰਤਾਂ ਅੱਗ ਵਿਚ ਕਿਉਂ ਸੜਦੀਆਂ ਹਨ।

ਭਾਵੈ ਜੀਵਾਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥ ੩ ॥

ਜੋ ਔਰਤਾਂ ਪਤੀ ਦੀ ਆਗਿਆ ਮੰਨਣ ਤੋਂ ਦੂਰ ਹੀ ਦੌੜ ਜਾਂਦੀਆਂ ਹਨ, ਉਹ ਭਾਵੇਂ ਜੀਉਣ, ਕੈ=ਜਾਂ ਮਰ ਜਾਣ, ਉਨ੍ਹਾਂ ਦਾ ਕੋਈ ਲਾਭ ਨਹੀਂ ਹੈ, ਉਨ੍ਹਾਂ ਦਾ ਜੀਉਣਾ ਤੇ ਮਰਨਾ ਨਿਸਫਲ ਹੈ॥ ੩ ॥

ਦੂਜਾ ਅਰਥ :- ਕੋਈ ਪਖੰਡੀ ਪੰਜ ਧੂਣੀਆਂ ਤਪਦਾ ਹੋਇਆ ਆਪਣੇ ਆਪ ਨੂੰ ਸਤਵਾਦੀ ਕਹਾ ਰਿਹਾ

ਸੀ, ਉਸ ਨੂੰ ਗੁਰੂ ਸਾਹਿਬ ਜੀ ਉਪਦੇਸ਼ ਦੇਂਦੇ ਹਨ,

ਸਤੀਅ ਏਹਿ ਨ ਆਖੀਅਨਿ :- ਇਸ ਤਰ੍ਹਾਂ ਦੇ ਪੁਰਸ਼ ਸਤਵਾਦੀ ਨਹੀਂ ਆਖੇ ਜਾਂਦੇ।

ਜੋ ਮੜਿਆ ਲਗਿ ਜਲੰਨਿ :- ਜੋ ਮੜਿਆ=ਪੰਜ ਧੂਣੀਆਂ ਨਾਲ ਲਗ ਕੇ ਸੜਦੇ ਹਨ।

ਨਾਨਕ ਸਤੀਆ ਜਾਣੀਅਨਿ :- ਗੁਰੂ ਜੀ ਕਥਨ ਕਰਦੇ ਹਨ-ਉਹ ਪੁਰਸ਼ ਸਤਵਾਦੀ ਜਾਣੀਦੇ ਹਨ।

ਜਿ ਬਿਰਹੇ ਚੋਟ ਮਰੰਨ੍ਹਿ ॥੧॥ :- ਜੋ ਪ੍ਰਭੂ ਦੇ ਵਿਛੋੜੇ ਦੀ ਸੱਟ ਨਾਲ ਮਰ ਜਾਂਦੇ ਹਨ ॥ ੧ ॥

ਯਥਾ:- ''ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥
ਤਿਉ ਹਰਿ ਬਿਨੁ ਸੰਤੁ ਨ ਜੀਵਾਈ ਬਿਨੁ ਹਰਿ ਨਾਮੈ ਮਰਿ ਜਾਇ ॥ ੭॥ *(ਪੰਨਾ ੭੫੯)*

ਤਥਾ:- ''ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ੩੦॥ *(ਫਰੀਦ, ਪੰਨਾ ੧੩੭੯)*

ਮ: ੩ ॥ ਭੀ ਸੋ ਸਤੀਆ ਜਾਣੀਅਨਿ:- ਉਹ ਪੁਰਸ਼ ਭੀ ਸਤਵਾਦੀ ਜਾਣੇ ਜਾਂਦੇ ਹਨ।

ਸੀਲ ਸੰਤੋਖਿ ਰਹੰਨ੍ਹਿ ॥- ਜੋ ਸੀਲ ਸੁਭਾਅ, ਵਾ :-ਜਤ ਸਤ ਵਿਚ, ਅਤੇ ਸੰਤੋਖ ਵਿਚ ਰਹਿਣਾ ਕਰਦੇ ਹਨ।

ਸੇਵਨਿ ਸਾਈ ਆਪਣਾ:- ਆਪਣੇ ਮਾਲਕ ਪਰਮਾਤਮਾ ਨੂੰ ਸੇਂਵਦੇ ਹਨ ਅਤੇ-

ਨਿਤ ਉਠਿ ਸੰਮ੍ਲੰਨਿ॥ :- ਨਿਤਾਪ੍ਰਤੀ ਅੰਮ੍ਰਿਤ ਵੇਲੇ ਉਠ ਕੇ ਵਾਹਿਗੁਰੂ ਨੂੰ ਯਾਦ ਕਰਦੇ ਹਨ ॥ ੨ ॥

ਮ: ੩ ॥ ਕੰਤਾ ਨਾਲਿ ਮਹੇਲੀਆ:- ਜੋ ਜਗਿਆਸੂ ਰੂਪ ਇਸਤ੍ਰੀਆਂ ਪਤੀ ਦੀ ਆਗਿਆ ਨਾਲ ਰਹਿੰਦੀਆਂ ਹਨ,

ਸੇਤੀ ਅਗਿ ਜਲਾਹਿ॥- ਉਨ੍ਹਾਂ ਦਾ ਪੰਜ ਧੂਣੀਆਂ ਤਪਣ ਰੂਪ ਅੱਗ ਨਾਲ ਸੜਨਾ ਸਫਲ ਹੈ।

ਜੇ ਜਾਣਹਿ ਪਿਰੁ ਆਪਣਾ:- ਜੇਕਰ ਚਿਤ ਵਿਚ ਜਾਨਣ ਕਿ ਪਿਰੀ-ਪਰਮੇਸ਼ਰ ਸਾਡਾ ਆਪਣਾ ਹੈ,

ਤਾ ਤਨਿ ਦੁਖ ਸਹਾਹਿ॥- ਤਾਂ ਸਰੀਰ ਉਤੇ ਪੰਜ ਧੂਣੀਆਂ ਤਪਣੇ ਰੂਪ ਦੁੱਖ ਨੂੰ ਸਹਾਰਨ।

ਨਾਨਕ ਕੰਤ ਨ ਜਾਣਨੀ:- ਗੁਰੂ ਜੀ ਕਥਨ ਕਰਦੇ ਹਨ-ਜਿਹੜੀਆਂ ਪਤੀ-ਪਰਮੇਸ਼ਰ ਦੀ ਆਗਿਆ ਨੂੰ ਨਹੀਂ ਜਾਣਦੀਆਂ,

ਸੇ ਕਿਉ ਅਗਿ ਜਲਾਹਿ:- ਉਹ ਪੰਜ ਧੂਣੀਆਂ ਤਪਣ ਰੂਪ ਅੱਗ ਵਿਚ ਕਿਉਂ ਸੜਦੀਆਂ ਹਨ।

ਭਾਵੈ ਜੀਵਉ ਕੈ ਮਰਉ
ਦੂਰਹੁ ਹੀ ਭਜਿ ਜਾਹਿ॥ ੩॥- ਜੋ ਪਤੀ-ਪਰਮਾਤਮਾ ਦੀ ਆਗਿਆ ਮੰਨਣ ਤੋਂ ਦੂਰ ਹੀ ਭੱਜ ਜਾਂਦੀਆਂ ਹਨ, ਉਹ ਭਾਵੇਂ ਜੀਵਉ=ਪਰਵਿਰਤੀ ਪੱਖ ਨੂੰ ਗ੍ਰਹਿਣ ਕਰਨ ਤੇ ਭਾਵੇਂ ਮਰਉ=ਨਵਿਰਤੀ ਪੱਖ ਨੂੰ ਗ੍ਰਹਿਣ ਕਰਨ। ਉਨ੍ਹਾਂ ਦੇ ਪਰਵਿਰਤੀ ਤੇ ਨਵਿਰਤੀ ਦੋਵੇਂ ਪੱਖ ਨਿਸਫਲ ਹਨ॥ ੩ ॥

ਪਉੜੀ॥ ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ॥

ਉਸ ਕਰਤੇ ਨੇ ਦੁਖ ਸੁਖ ਨੂੰ ਪੈਦਾ ਕੀਤਾ ਹੈ ਪਰ ਨਾਲ ਹੀ ਇਨ੍ਹਾਂ ਦਾ ਲੇਖ ਲਿਖ ਦਿੱਤਾ ਹੈ।

ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥

ਪ੍ਰਭੂ ਦੇ ਨਾਮ ਜੇਡੀ ਹੋਰ ਕੋਈ ਦਾਤ ਨਹੀਂ ਹੈ, ਉਸ ਪ੍ਰਭੂ ਦਾ ਕੋਈ ਰੂਪ ਰੇਖ ਨਹੀਂ ਹੈ।

ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥

ਪ੍ਰਭੂ ਦਾ ਨਾਮ ਅਖੁਟੁ=ਅਮੁਕ ਖਜ਼ਾਨਾ ਹੈ, ਜੋ ਗੁਰਮੁਖਾਂ ਦੇ ਮਨ ਵਿਚ ਵੱਸ ਗਿਆ ਹੈ।

ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥

ਜਿਸ ਨੂੰ ਪਰਮੇਸ਼ਰ ਕਿਰਪਾ-ਦ੍ਰਿਸ਼ਟੀ ਕਰਕੇ ਨਾਮ ਦੇਂਦਾ ਹੈ, ਫਿਰ ਉਸ ਦੇ ਕਰਮਾਂ ਦਾ ਲੇਖਾ ਨਹੀਂ ਲਿਖਿਆ।

ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥ ੬ ॥

ਜਿਨ੍ਹਾਂ ਨੇ ਸੇਵਕੀ ਭਾਂਵ ਨਾਲ ਹਰੀ ਜਪ ਨੂੰ ਜਪਿਆ ਹੈ, ਉਹ ਪੁਰਸ਼ ਪਰਮੇਸ਼ਰ ਨਾਲ ਮਿਲ ਗਏ ਹਨ ॥ ੬ ॥

ਸਲੋਕੁ ਮਃ ੨ ॥ ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥

ਜਿਨ੍ਹਾਂ ਨੇ ਸੰਸਾਰ ਤੋਂ ਚਲਣਾ ਜਾਣਿਆ ਹੈ ਕਿ ਅਸਾਂ ਨੇ ਮਰ ਜਾਣਾ ਹੈ ਉਹ ਫਿਰ ਸੰਸਾਰ ਵਿਚ ਧੰਦਿਆਂ ਦਾ ਕਿਸ ਲਈ ਵਿਸਥਾਰ ਕਰਦੇ ਹਨ ਅਰਥਾਤ ਨਹੀਂ ਕਰਦੇ।

ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥ ੧ ॥

ਜੋ ਪੁਰਸ਼ ਸੰਸਾਰ ਤੋਂ ਚਲਣੇ ਦੀ ਭਾਵ ਮਰਨੇ ਦੀ ਸਾਰ=ਖਬਰ ਨਹੀਂ ਜਾਣਦੇ, ਉਹ ਕਈ ਤਰ੍ਹਾਂ ਦੇ ਕੰਮ ਸਵਾਰਨ ਵਾਲੇ ਹੋ ਰਹੇ ਹਨ ਕਿ ਇਹ ਭੀ ਕੰਮ ਕਰ ਲਈਏ, ਫਲਾਣਾ ਕੰਮ ਭੀ ਕਰ ਲਈਏ।

ਮਃ ੨ ॥ ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਹਿ ॥ ੨ ॥

ਜਿਵੇਂ ਕੋਈ ਪੁਰਸ਼ ਇਕ ਰਾਤ ਵਾਸਤੇ ਬਾਹਰ ਜਾਂਦਾ ਹੈ ਤੇ ਓਥੇ ਜਾ ਕੇ ਧਨ ਕੱਠਾ ਕਰਨ ਲਗ ਜਾਂਦਾ ਹੈ, ਭਲਕੇ=ਸਵੇਰ ਹੋਣ ਨਾਲ ਉਥੋਂ ਚਲ ਪੈਣਾ ਹੈ ਤੇ ਉਹ ਪਦਾਰਥ ਨਾਲ ਨਹੀਂ ਚਲਦੇ, ਇਸ ਕਰਕੇ ਮੁੜ ਉਸ ਨੂੰ ਪਛਤਾਵਾ ਹੁੰਦਾ ਹੈ। ਇਸੇ ਤਰ੍ਹਾਂ ਇਹ ਜੀਵ ਅਵਸਥਾ ਰੂਪੀ ਰਾਤ ਦੇ ਵਾਸਤੇ ਧਨ ਨੂੰ ਕੱਠਾ ਕਰਦਾ ਹੈ ਤੇ ਕਾਲ ਰੂਪੀ ਦਿਨ ਦੇ ਚੜ੍ਹਨ ਕਰਕੇ ਜੀਵ ਦਾ ਚਲਣਾ ਹੋ ਜਾਣਾ ਹੈ। ਗੁਰੂ ਜੀ ਕਥਨ ਕਰਦੇ ਹਨ-ਇਹ ਪਦਾਰਥ ਅੰਤ ਨੂੰ ਜੀਵ ਦੇ ਨਾਲ ਨਹੀਂ ਚਲਦੇ ਇਸ ਕਰਕੇ ਮੁੜ ਇਸ ਨੂੰ ਪਛਚਾਤਾਪ ਹੁੰਦਾ ਹੈ ॥ ੨ ॥

ਮਃ ੨ ॥ ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥

ਜੋ ਪੁਰਸ਼ ਮੋਹ ਦਾ ਬੱਧਾ ਹੋਇਆ ਚੱਟੀ ਭਰਦਾ ਹੈ ਭਾਵ ਇਸਤ੍ਰੀ ਪੁੱਤਰ ਆਦਿਕ ਸਬੰਧੀਆਂ ਨੂੰ ਲਿਆ ਕੇ ਦੇਂਦਾ ਹੈ, ਪਰ ਉਹ ਸਬੰਧੀ ਇਸ ਜੀਵ ਦਾ ਨਾ ਕੋਈ ਗੁਣ ਤੇ ਨਾ ਕੋਈ ਪਰਉਪਕਾਰ ਸਮਝਦੇ ਹਨ, ਸਗੋਂ ਇਹ ਗੱਲ ਆਖਦੇ ਹਨ ਕਿ ਇਹ ਤਾਂ ਆਪਣੇ ਸੁਖ ਲਈ ਸਾਨੂੰ ਖੱਟ ਕਮਾ ਕੇ ਲਿਆ ਦੇਂਦਾ ਹੈ।

ਅਥਵਾ:-ਜੋ ਪੁਰਸ਼ ਰੋਗ ਦਾ ਬੱਧਾ ਹੋਇਆ ਚੱਟੀ ਭਰਦਾ ਹੈ ਭਾਵ ਜਿਸ ਵੇਲੇ ਕੋਈ ਦੁੱਖ ਆ ਬਣਦਾ ਹੈ ਤਾਂ ਦਾਨ ਪੁੰਨ ਕਰਦਾ ਹੈ, ਉਸ ਕਰਕੇ ਨਾ=ਪੁਰਸ਼ ਨੂੰ ਰੋਗ ਦੀ ਨਵਿਰਤੀ ਰੂਪ ਗੁਣੁ=ਲਾਭ ਤਾਂ ਹੋ ਜਾਂਦਾ

ਹੈ, ਲੇਕਿਨ ਪਰਉਪਕਾਰ ਕੋਈ ਨਹੀਂ ਹੁੰਦਾ।

ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥ ੩॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਖੁਸ਼ੀਆਂ ਦੇਂ ਨਾਲ ਨਿਸ਼ਕਾਮ ਹੋ ਕੇ ਦਾਨ ਪੁੰਨ ਕਰੇ, ਤਾਂ ਆਪਣੇ ਮੋਖ ਰੂਪੀ ਕਾਰਜ ਨੂੰ ਸਵਾਰ ਲੈਂਦਾ ਹੈ।

ਅਥਵਾ:-ਜੋ ਖੁਸ਼ੀ ਦੇ ਨਾਲ ਕੰਮ ਸਵਾਰਨਾ ਹੈ ਉਹ ਕਾਰਜੁ=ਕੰਮ ਸਾਰੁ=ਸ੍ਰੇਸ਼ਟ ਹੈ॥ ੩॥

ਮਃ ੨॥ ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ॥

ਆਪਣੇ ਆਪ ਮਨ ਦੇ ਹਠ ਕਰਕੇ ਜੇ ਕੋਈ ਬਹੁਤਾ ਤਪ ਭੀ ਘਾਲੇ=ਕਮਾਵੇ (ਕਰੇ), ਤਾਂ ਕਾਮ ਆਦਿਕਾਂ ਦੀ ਤਰਫ ਜਿਪਈ=ਜਿੱਤੀ ਨਹੀਂ ਜਾਂਦੀ ।

ਅਥਵਾ:-ਪਰਮੇਸ਼ਰ ਦੀ ਤਰਫ ਜਿਪਈ ਨ=ਜਾਣੀ ਨਹੀਂ ਜਾਂਦੀ।

ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ॥ ੪॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਦੇ ਉਪਦੇਸ਼ ਨੂੰ ਵਿਚਾਰ ਕੇ, ਜੇ ਸਤ=ਸਤ, ਚਿਤ, ਅਨੰਦ ਸਰੂਪ ਪਰਮੇਸ਼ਰ ਵਿਚ ਭਾਉ=ਪ੍ਰੇਮ ਦੇਵੇ ਤਾਂ ਕਾਮ-ਆਦਿਕਾਂ ਦੀ ਤਰਫ ਨੂੰ ਜਿਣੈ =ਜਿੱਤ ਲੈਂਦਾ ਹੈ ।

ਅਥਵਾ:- ਪਰਮੇਸ਼ਰ ਦੀ ਤਰਫ ਨੂੰ ਜਿਣੈ=ਜਾਣ ਲੈਂਦਾ ਹੈ॥ ੪॥

ਪਉੜੀ॥ ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ॥

ਜਿਸ ਕਰਤੇ ਪੁਰਖ ਪਰਮਾਤਮਾ ਨੇ ਇਹ ਕਾਰਣੁ=ਪ੍ਰਪੰਚ ਕੀਤਾ ਹੈ, ਉਸ ਨੂੰ ਉਹ ਪਰਮੇਸ਼ਰ ਆਪ ਹੀ ਜਾਣਦਾ ਹੈ।

ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ॥

ਉਸ ਨੇ ਆਪ ਹੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਆਪ ਹੀ ਪੁਨਾ ਗੋਈ=ਬੁਲਾਈ, ਮਿਲਾਈ, ਛਪਾਈ ਹੈ, ਭਾਵ ਆਪ ਹੀ ਨਾਸ ਕਰਨੀ ਹੈ।

[ਪੰਨਾ ੭੮੮]

ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ॥

ਚਾਰੇ ਜੁਗਾਂ ਵਿਚ ਸਾਰੀ ਦੁਨੀਆਂ ਭਵਿ=ਫਿਰ ਕੇ ਥੱਕ ਗਈ ਹੈ, ਪਰ ਕਰਤੇ ਦੀ ਕੀਮਤ ਕਿਸ ਤੋਂ ਹੋਈ ਹੈ ? ਭਾਵ ਕਿਸੇ ਤੋਂ ਨਹੀਂ ਹੋਈ।

ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ॥

ਸਤਿਗੁਰਾਂ ਨੇ ਜਿਨ੍ਹਾਂ ਪੁਰਸ਼ਾਂ ਨੂੰ ਇਕ ਪਰਮਾਤਮਾ ਵਿਖਾਇਆ ਹੈ, ਉਸ ਦੇ ਮਨ ਤਨ ਵਿਚ ਸੁਖ ਦੀ ਪ੍ਰਾਪਤੀ ਹੋਈ ਹੈ।

ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ॥ ੭॥

ਗੁਰਮੁਖ ਜਨ ਸਦਾ ਹੀ ਉਸ ਦੀ ਸ਼ਲਾਘਾ ਕਰਦਾ ਹੋਇਆ ਇਸ ਤਰ੍ਹਾਂ ਆਖਦਾ ਹੈ ਕਿ ਕਰਤਾ ਪੁਰਖ

ਜੋ ਕਰਦਾ ਹੈ ਓਹੀ ਕੁਝ ਹੁੰਦਾ ਹੈ॥ ੭॥

ਸਲੋਕ ਮਹਲਾ ੨ ॥ ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥

ਜਿਨ੍ਹਾਂ ਨੂੰ ਪਰਮੇਸ਼ਰ ਦਾ ਭਉ=ਡਰ ਹੈ, ਉਹਨਾਂ ਨੂੰ ਜਮਾਂ ਦਾ ਡਰ ਨਹੀਂ ਹੈ, ਜਿਹੜੇ ਪਰਮੇਸ਼ਰ ਦੇ ਨਿ-ਭਵਿਆਹ=ਡਰ ਤੋਂ ਰਹਿਤ ਹਨ, ਉਹਨਾਂ ਨੂੰ ਜਮਾਂ ਦਾ ਮੁਚੁ ਭਉ=ਬਹੁਤਾ ਡਰ ਹੁੰਦਾ ਹੈ।

ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪਰਮੇਸ਼ਰ ਦੀ ਸਤਸੰਗ ਦੀਬਾਣਿ=ਸਭਾ ਵਿਚ ਗਿਆਂ ਇਸ ਪਟੰਤਰਾ=ਭੇਦ ਦਾ ਨਿਰਣਾ ਮਲੂਮ ਹੁੰਦਾ ਹੈ ॥ ੧॥

ਮਃ ੨ ॥ ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥
ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥

(੧) ਜਿਵੇਂ ਤੁਰਦੇ ਪੁਰਸ਼ ਨੂੰ ਤੁਰਦਾ ਪੁਰਸ਼ ਹੀ ਮਿਲਦਾ ਹੈ, ਉਡਦੇ ਪੰਛੀ ਨੂੰ ਉਡਦਾ ਪੰਛੀ ਹੀ ਮਿਲਦਾ ਹੈ, ਜੀਉਂਦੇ ਨੂੰ ਜੀਉਂਦਾ ਪੁਰਸ਼ ਮਿਲਦਾ ਹੈ, ਅਰਥਾਤ ਜ਼ਿਦੰਗੀ ਹੋਣ ਕਰਕੇ ਕਦੇ ਨਾ ਕਦੇ ਮੇਲ ਜ਼ਰੂਰ ਹੋ ਜਾਂਦਾ ਹੈ, ਮਰੇ ਹੋਏ ਨੂੰ ਮਰਿਆ ਪੁਰਸ਼ ਮਿਲਦਾ ਹੈ, ਭਾਵ ਪਿਤਰਾਂ ਨੂੰ ਪਿਤਰਾਂ ਦਾ ਮਿਲਾਪ ਹੁੰਦਾ ਹੈ।

ਏਸੇ ਤਰ੍ਹਾਂ:-

(੨)

ਤੁਰਦੇ ਕਉ ਤੁਰਦਾ ਮਿਲੈ:- ਕਰਮ ਕਾਂਡੀ ਨੂੰ ਕਰਮ ਕਾਂਡੀ ਮਿਲ ਕੇ ਖੁਸ਼ ਹੁੰਦਾ ਹੈ।
ਉਡਤੇ ਕਉ ਉਡਤਾ॥:- ਉਪਾਸ਼ਨਾ ਵਾਲੇ ਨੂੰ ਉਪਾਸ਼ਨਾ ਕਰਨ ਵਾਲਾ ਮਿਲ ਕੇ ਖੁਸ਼ ਹੁੰਦਾ ਹੈ।
ਜੀਵਤੇ ਕਉ ਜੀਵਤਾ ਮਿਲੈ:- ਜੀਉਂਦਾ ਹੈ ਗਿਆਨੀ, ਗਿਆਨੀ ਨੂੰ ਗਿਆਨੀ ਮਿਲਕੇ ਖੁਸ਼ ਹੁੰਦਾ ਹੈ।
ਮੂਏ ਕਉ ਮੂਆ॥:- ਜੀਵਨ ਮੁਕਤ ਨੂੰ ਜੀਵਨ ਮੁਕਤ ਅਵਸਥਾ ਵਾਲਾ ਮਿਲ ਕੇ ਖੁਸ਼ ਹੁੰਦਾ ਹੈ।

(੩)

ਤੁਰਦੇ ਕਉ ਤੁਰਦਾ ਮਿਲੈ:- ਕਰਮ ਕਾਂਡੀ ਨੂੰ ਕਰਮ ਕਾਂਡੀ ਮਿਲ ਕੇ ਖੁਸ਼ ਹੁੰਦਾ ਹੈ।
ਉਡਦੇ ਕਉ ਉਡਤਾ॥:- ਪ੍ਰਾਣਾਂਯਾਮ ਦੇ ਕਰਨ ਵਾਲੇ ਨੂੰ ਪ੍ਰਾਣਾਂਯਾਮ ਕਰਨ ਹਵਾਲਾ ਮਿਲ ਕੇ ਖੁਸ਼ ਹੁੰਦਾ ਹੈ।
ਜੀਵਤੇ ਕਉ ਜੀਵਤਾ ਮਿਲੈ:- ਉਪਾਸ਼ਨਾ ਕਰਨ ਵਾਲੇ ਨੂੰ ਉਪਾਸ਼ਨਾ ਕਰਨ ਵਾਲਾ ਮਿਲ ਕੇ ਖੁਸ਼ ਹੁੰਦਾ ਹੈ।
ਮੂਏ ਕਉ ਮੂਆ॥:- ਬ੍ਰਹਮਗਿਆਨੀ ਨੂੰ ਬ੍ਰਹਮਗਿਆਨੀ ਮਿਲ ਕੇ ਖੁਸ਼ ਹੁੰਦਾ ਹੈ।

(੪)

ਪ੍ਰਸ਼ਨ:- ਜਿਸ ਵੇਲੇ ਬ੍ਰਹਮਗਿਆਨੀ ਦਾ ਸਰੀਰ ਸ਼ਾਂਤ ਹੁੰਦਾ ਹੈ ਤਾਂ ਉਹ ਚਲ ਕੇ ਕਿਥੇ ਜਾਂਦਾ ਹੈ ?
ਉੱਤਰ:- ਪ੍ਰਾਣ ਅੰਤ ਵੇਲੇ ਤੱਤਾਂ ਵਿਚ ਤੱਤ ਲੀਣ ਹੋ ਜਾਂਦੇ ਹਨ, ਚੇਤਨ ਵਿਚ ਚੇਤਨ ਭਾਗ ਲੀਣ ਹੋ ਜਾਂਦਾ ਹੈ।

ਤੁਰਦੇ ਕਉ ਤੁਰਦਾ ਮਿਲੈ:- ਜਲ ਤੱਤ ਨੂੰ ਜਲ ਤੱਤ ਮਿਲ ਜਾਂਦਾ ਹੈ।
ਉਡਤੇ ਕਉ ਉਡਤਾ :- ਹਵਾ ਤੱਤ ਨੂੰ ਹਵਾ ਤੱਤ ਮਿਲ ਜਾਂਦਾ ਹੈ।

ਜੀਵਤੇ ਕਉ ਤੁਰਦਾ ਮਿਲੈ:- ਅੱਗ ਤੱਤ ਨੂੰ ਅੱਗ ਤੱਤ ਮਿਲ ਜਾਂਦਾ ਹੈ,

ਵਾ:-ਚੇਤਨ ਨਾਲ ਚੇਤਨ ਮਿਲ ਜਾਂਦਾ ਹੈ।

ਮੂਏ ਕਉ ਮੂਆ॥- ਧਰਤੀ ਤੱਤ ਨੂੰ ਧਰਤੀ ਤੱਤ ਮਿਲ ਜਾਂਦਾ ਹੈ।

ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਸ ਪਰਮਾਤਮਾ ਨੂੰ ਸਰਾਹੁਣਾ ਕਰੀਏ, ਜਿਸ ਨੇ ਵਿਰੋਧੀ ਤੱਤਾਂ ਨੂੰ ਮੇਲ ਕੇ ਇਹ ਕਾਰਣੁ=ਪ੍ਰਪੰਚ ਕੀਤਾ ਹੈ॥ ੨॥

ਪਉੜੀ॥ ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ॥

ਜੋ ਗੁਰ-ਸ਼ਬਦ ਦੇ ਵੀਚਾਰੀ ਹੋ ਕੇ ਸੱਚ-ਨਾਮ ਨੂੰ ਧਿਆਉਂਦੇ ਹਨ, ਉਹ ਸੱਚੇ ਹਨ।

ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ॥

ਕਿਉਂਕਿ ਉਹਨਾਂ ਨੇ ਹੰਗਤਾ ਮਮਤਾ ਨੂੰ ਮਾਰ ਕੇ ਮਨ ਨੂੰ ਨਿਰਮਲਾ=ਸ਼ੁੱਧ ਕੀਤਾ ਹੈ ਅਤੇ ਹਰੀ ਨਾਮ ਨੂੰ ਹਿਰਦੇ ਵਿਚ ਧਾਰ ਲਿਆ ਹੈ।

ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ॥

ਕੋਠੇ ਕੱਚੇ, ਮੰਡਪ=ਪੱਕੇ ਮੰਦਰ, ਮਾੜੀਆ=ਦੁਹਾਸਣੀਆਂ ਤੇ ਚੁਹਾਸਣੀਆਂ ਮੂਰਖ ਪੁਰਸ਼ ਇਹਨਾਂ ਦੇ ਮੋਹ ਵਿਚ ਲੱਗ ਪਏ ਹਨ।

ਜਿਨਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ॥

ਜਿਸ ਪਰਮੇਸ਼ਰ ਨੇ ਇਹ ਪਦਾਰਥ ਪੈਦਾ ਕੀਤੇ ਹਨ, ਜਾਂ ਦੇਣਾ ਕੀਤੇ ਹਨ, ਮਨਮੁੱਖਤਾ ਦੇ ਗੁਬਾਰੀ=ਹਨੇਰੇ ਕਰਕੇ ਉਸ ਨੂੰ ਜਾਣਦੇ ਨਹੀਂ ਹਨ।

ਜਿਸੁ ਬੁਝਾਇਹਿ ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ॥ ੮॥

ਹੇ ਸੱਚਿਆ ! ਜਿਸ ਨੂੰ ਤੂੰ ਸਮਝਾਉਂਦਾ ਹੈਂ ਓਹੀ ਸਮਝਦਾ ਹੈ, ਤੇਰੀ ਕਿਰਪਾ ਤੋਂ ਬਿਨਾਂ ਇਹ ਵਿਚਾਰਾ ਜੀਵ ਕੀ ਕਰ ਸਕਦਾ ਹੈ ? ਭਾਵ ਆਪਣੇ ਆਪ ਇਹ ਵਿਚਾਰਾ ਮਨੁੱਖ ਕੁਝ ਨਹੀਂ ਕਰ ਸਕਦਾ। ਮਨੁੱਖ ਤਾਂ ਕਠ-ਪੁਤਲੀ ਵਾਂਗ ਹੈ, ਵਾਹਿਗੁਰੂ ਇਕ ਬਾਜੀਗਰ ਵਾਂਗ ਹੈ, ਜਿਵੇਂ ਉਹ ਜੀਵਾਂ ਨੂੰ ਆਪਣੇ ਹੁਕਮ ਵਿਚ ਨਚਾਉਂਦਾ ਹੈ ਉਵੇਂ ਨੱਚਦੇ ਹਨ॥ ੮॥

ਸਲੋਕ ਮਃ ੩॥ ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ॥
ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ॥

ਹੇ ਇਸਤਰੀ ! ਆਪਣੇ ਸਰੀਰ ਉਤੇ ਤਾਂ ਸ਼ਿੰਗਾਰ ਕਰ, ਜਾਂ ਪਹਿਲੇ ਆਪਣੇ ਪਤੀ ਨੂੰ ਮਨਾ ਲੈ। ਮਤਾਂ ਜੇਕਰ ਸੇਜਾ ਉਤੇ ਪਤੀ ਨਾ ਆਇਆ ਤਾਂ ਤੇਰਾ ਕੀਤਾ ਹੋਇਆ ਸ਼ਿੰਗਾਰ ਐਵੇਂ ਵਿਅਰਥ ਹੀ ਚਲਿਆ ਜਾਏਗਾ। ਇਸੇ ਤਰ੍ਹਾਂ-ਹੇ (ਜਗਿਆਸੂ ਰੂਪ) ਕਾਮਿਣ=ਇਸਤ੍ਰੀ ! ਤੂੰ ਜਪ ਤਪ ਰੂਪੀ ਸ਼ਿੰਗਾਰ ਤਾਂ ਕਰ, ਜਾਂ ਪਹਿਲੇ ਆਪਣੇ ਕੰਤੁ=ਪਤੀ-ਗੁਰਾਂ ਨੂੰ ਮਨਾ ਲੈ।

ਅਥਵਾ:- ਪਹਿਲੇ ਆਪਣੇ ਕੰਤੁ=ਪਰਮਾਤਮਾ ਨੂੰ ਮਨਾ ਲੈ, ਭਾਵ ਉਸ ਵਿਚ ਆਸਤਕ ਭਾਵਨਾ ਧਾਰ ਲੈ,

ਮਤਾਂ ਜੇ ਤੇਰੀ ਅੰਤਹਕਰਨ ਰੂਪੀ ਸੇਜਾ ਉਤੇ ਪਤੀ-ਪਰਮਾਤਮਾ ਆ ਕੇ ਸਖਿਆਤਕਾਰ ਨਾ ਹੋਵੇ, ਤਾਂ ਸਾਧਨਾਂ ਰੂਪੀ ਸ਼ਿੰਗਾਰ ਕੀਤਾ ਹੋਇਆ ਐਵੇਂ ਹੀ ਵਿਅਰਥ ਚਲਿਆ ਜਾਏਗਾ।

ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ॥

ਜਦ (ਜਗਿਆਸੂ ਰੂਪ) ਕਾਮਣਿ=ਇਸਤਰੀ ਦਾ ਪਿਰੀ ਉਤੇ ਮਨ ਮੰਨਿਆ ਗਿਆ, ਭਾਵ ਪਤੀ ਉਤੇ ਆਸਤਕ ਭਾਵਨਾ ਹੋ ਗਈ, ਤਦ ਇਸ ਦਾ ਜਪ ਤਪ ਰੂਪੀ ਸ਼ਿੰਗਾਰ ਬਣਿਆ ਸਫਲ ਹੈ।

ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ॥

(੧) ਜਾਂ ਪਤੀ (ਪਰਮਾਤਮਾ) ਇਸ ਨਾਲ ਪ੍ਰੇਮ ਧਾਰੇ ਤਾਂ ਇਸ ਕਾਮਣੀ ਦਾ ਜਪ ਤਪ ਰੂਪੀ ਸ਼ਿੰਗਾਰ ਕੀਤਾ ਹੋਇਆ ਪ੍ਰਮਾਣੀਕ ਹੈ।

(੨) ਇਸ ਕਾਮਣੀ ਦਾ ਸਾਧਨਾ ਰੂਪੀ ਸ਼ਿੰਗਾਰ ਕੀਤਾ ਹੋਇਆ ਤਾਂ ਪ੍ਰਮਾਣੀਕ ਹੈ ਜਾਂ ਇਹ ਪਤੀ ਵਿਚ ਪ੍ਰੇਮ ਧਾਰਨਾ ਕਰੇ।

ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ॥

ਪਰਮੇਸ਼ਰ ਦਾ ਭਉ=ਡਰ ਧਾਰਨਾ ਇਹ ਸ਼ਿੰਗਾਰ ਕਰੇ, ਰਸੁ=ਪ੍ਰੇਮ ਰੂਪ ਤੰਬੋਲ=ਪਾਨ ਖਾਵੇ, ਭਾਉ=ਬ੍ਰਹਮਗਿਆਨ ਰੂਪੀ ਭੋਜਨ ਖਾਣਾ ਕਰੇ।

ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ॥ ੧॥

ਆਪਣਾ ਤਨ ਤੇ ਮਨ ਪਤੀ-ਪਰਮਾਤਮਾ ਨੂੰ ਸਉਪੇ=ਭੇਟਾ ਕਰ ਦੇਵੇ, ਗੁਰੂ ਜੀ ਕਥਨ ਕਰਦੇ ਹਨ-ਤਦ ਇਹ (ਜਗਿਆਸੂ ਰੂਪ) ਇਸਤਰੀ ਅਭੇਦਤਾ ਦੇ ਅਨੰਦ ਨੂੰ ਭੋਗਣਾ ਕਰਦੀ ਹੈ॥ ੧॥

ਮਃ ੩॥ ਕਾਜਲ ਫੁਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ॥
ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ॥ ੨॥

ਇਸਤਰੀ ਨੇ ਅੱਖਾਂ ਵਿਚ ਕੱਜਲ ਪਾਇਆ, ਗਲ ਵਿਚ ਫੁੱਲਾਂ ਦੀ ਮਾਲਾ ਪਾਈ, ਮੂੰਹ ਵਿਚ ਤੰਬੋਲ=ਪਾਨ ਖਾਧਾ, ਰਸੁ=ਪ੍ਰੇਮ ਦੀਆਂ ਗੱਲਾਂ ਕੀਤੀਆਂ, ਇਤਿਆਦਿਕ ਚੀਜ਼ਾਂ ਲੈ ਕੇ ਇਸਤਰੀ ਨੇ ਆਪਣੇ ਤਨ ਉਤੇ ਸ਼ਿੰਗਾਰ ਕੀਤਾ, ਪਰ ਸੇਜਾ ਉਤੇ ਪਤੀ ਆ ਕੇ ਨਾ ਮਿਲਿਆ ਤਾਂ ਉਹ ਕੀਤਾ ਹੋਇਆ ਸ਼ਿੰਗਾਰ ਐਵੇਂ ਵਿਕਾਰ ਰੂਪ ਹੋ ਗਿਆ॥ ੨॥

ਏਸੇ ਤਰ੍ਹਾਂ-ਜਗਿਆਸੂ ਰੂਪ ਇਸਤਰੀ ਨੇ ਸਮਾਧੀ ਲਗਾਉਣ ਰੂਪ ਕੱਜਲ ਪਾਇਆ, ਫੁਲ=ਪ੍ਰਫੁੱਲਤ ਹੋ ਕੇ ਗੁਣਾਂ ਦੇ ਗਾਉਣ ਕਰਨੇ ਰੂਪ ਫੁੱਲਾਂ ਦਾ ਹਾਰ ਪਹਿਰਿਆ, ਰਸੁ ਤੰਬੋਲ=ਪ੍ਰੇਮ,

ਵਾ:-ਬ੍ਰਹਮਗਿਆਨ ਰੂਪੀ ਪਾਨਾਂ ਦਾ ਬੀੜਾ ਲੈ ਕੇ ਇਸਤਰੀ ਨੇ ਸੋਹਣਾ ਸ਼ਿੰਗਾਰ ਕੀਤਾ ਹੈ। ਪਰ ਬੁੱਧੀ ਰੂਪ ਸੇਜਾ ਉਤੇ ਪਤੀ-ਪਰਮਾਤਮਾ ਆ ਕੇ ਸਖਿਆਤਕਾਰ ਨਾ ਹੋਇਆ ਤਾਂ ਇਹ ਸਾਧਨਾਂ ਰੂਪੀ ਸ਼ਿੰਗਾਰ ਕੀਤਾ ਹੋਇਆ ਐਵੇਂ ਵਿਕਾਰ ਰੂਪ ਹੋ ਗਿਆ॥ ੨॥

ਮਃ ੩॥ ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ ੩॥

ਇਹ ਇਸਤਰੀ ਤੇ ਪਤੀ ਨਹੀਂ ਕਹੇ ਜਾਂਦੇ, ਜੋ ਇਕੱਠੇ ਹੋ ਕੇ ਬਹਿ ਜਾਂਦੇ ਹਨ।

ਦੁਇ ਮੂਰਤੀ=ਸ਼ਕਲਾਂ ਭਾਵੇਂ ਦੋ ਹੋਣ ਪਰ ਅੰਦਰਲੀ ਜੋਤ ਇਕ ਹੋਣੀ ਚਾਹੀਦੀ ਹੈ, ਉਹ ਇਸਤਰੀ ਤੇ ਪਤੀ ਕਹੇ ਜਾਂਦੇ ਹਨ।

ਏਸੇ ਤਰ੍ਹਾਂ-ਏਹ ਧਨ ਪਿਰੁ=ਚੇਲਾ ਗੁਰੂ ਨਹੀਂ ਕਹੇ ਜਾਂਦੇ, ਜੋ ਇਕੱਠੇ ਹੋ ਕੇ ਬਹਿ ਜਾਂਦੇ ਹਨ।

ਗੁਰੂ ਚੇਲੇ ਦੀਆਂ ਮੂਰਤੀਆਂ ਭਾਵੇਂ ਦੋ ਹੋਣ, ਪਰ ਦੋਹਾਂ ਦੀ ਜੋਤ ਇਕੋ ਹੋਣੀ ਚਾਹੀਦੀ ਹੈ ਅਰਥਾਤ ਜੇ ਦਿਲ ਦਾ ਸਿਧਾਂਤ ਇਕੋ ਹੋਵੇ ਤਾਂ ਅਸਲ ਵਿਚ ਉਹ ਗੁਰੂ ਚੇਲਾ ਕਹੇ ਜਾਂਦੇ ਹਨ।

ਅਥਵਾ:- ਧਨ ਪਿਰੁ=ਜੀਵ ਤੇ ਈਸ਼ੂਰ ਇਹ ਨਹੀਂ ਕਹੇ ਜਾਂਦੇ, ਜੋ ਇਕੱਠੇ ਹੋ ਕੇ ਬਹਿ ਜਾਂਦੇ ਹਨ। ਮੂਰਤੀਆਂ ਭਾਵੇਂ ਦੋ ਹੋਣ ਜੀਵ ਤੇ ਈਸ਼ੂਰ ਦੀ ਪਰ ਜੋਤ ਇਕ ਹੋਣੀ ਚਾਹੀਦੀ ਹੈ; ਸਤ, ਚਿਤ, ਅੰਨਦ, ਸਰੂਪ, ਉਹ ਜੀਵ ਈਸ਼ੂਰ ਦੋਵੇਂ ਅਭੇਦ ਰੂਪ ਕਹੇ ਜਾਂਦੇ ਹਨ॥ ੩॥

ਪਉੜੀ॥ ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥

ਪਰਮੇਸ਼ਰ ਦੇ ਡਰ ਧਾਰੇ ਤੋਂ ਬਿਨਾਂ ਭਗਤੀ ਨਹੀਂ ਹੁੰਦੀ ਤੇ ਭਗਤੀ ਤੋਂ ਬਿਨਾਂ ਨਾਮਿ=ਨਾਮੀ ਪਰਮਾਤਮਾ ਵਿਚ ਪਿਆਰ ਨਹੀਂ ਲੱਗਦਾ।

ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ॥

ਸਤਿਗੁਰਾਂ ਨਾਲ ਮਿਲਣ ਕਰਕੇ ਪਰਮੇਸ਼ਰ ਦਾ ਡਰ ਪੈਦਾ ਹੁੰਦਾ ਹੈ। ਡਰ ਹੀ ਪ੍ਰੇਮ ਦੇ ਰੰਗ ਨੂੰ ਸਵਾਰ ਦੇਂਦਾ ਹੈ,

ਅਥਵਾ:- ਭੈ=ਡਰ ਧਾਰ ਕੇ ਭਾਇ=ਪ੍ਰੇਮ ਨਾਲ ਅੰਤਹਕਰਨ ਨੂੰ ਸਵਾਰੇ ਤਾਂ ਰੰਗੁ=ਅਨੰਦ ਹੁੰਦਾ ਹੈ।

ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ॥

ਜਿਸ ਦਾ ਤਨ ਮਨ ਰੰਗ=ਪ੍ਰੇਮ ਨਾਲ ਰੱਤਾ ਗਿਆ ਹੈ, ਉਸ ਨੇ ਹਉਮੈ ਤੇ ਤ੍ਰਿਸ਼ਨਾ ਨੂੰ ਮਾਰ ਲਿਆ ਹੈ।

ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ॥

ਜਿਸ ਵੇਲੇ ਮਨ ਤੇ ਤਨ ਅਤਿਅੰਤ ਕਰਕੇ ਨਿਰਮਲ ਹੋ ਗਿਆ, ਤਿਸ ਵੇਲੇ ਸੋਹਣਾ ਜੋ ਕ੍ਰਿਸ਼ਨ ਮੁਰਾਰੀ ਪਰਮਾਤਮਾ ਹੈ ਉਹ ਮਿਲ ਪਿਆ।

ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ॥ ੯॥

ਭਉ=ਡਰ ਅਤੇ ਭਾਉ=ਪ੍ਰੇਮ ਸਭ ਉਸ ਪਰਮੇਸ਼ਰ ਦਾ ਧਾਰੇ, ਉਹ ਸੱਚਾ ਪ੍ਰਭੂ ਹੀ ਸਾਰੇ ਸੰਸਾਰ ਵਿਚ ਵਰਤ ਰਿਹਾ ਹੈ॥ ੯॥

ਸਲੋਕ ਮਃ ੧॥ ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਦੀਏ॥

ਹੇ ਪੁਰਸ਼ਾ ! ਤੂੰ ਇਸ ਤਰ੍ਹਾਂ ਨਿਸਚੇ ਕਰ, ਜਿਸ ਪਰਮੇਸ਼ਰ ਨੇ ਪੰਜਾਂ ਤੱਤਾਂ ਨੂੰ ਰਚਿ=ਬਣਾ ਕੇ ਹਮ=ਤਮਾਮ (ਸਾਰੇ) ਜੀਵ ਰਚਨਾ ਕੀਤੇ ਹਨ ਉਹ ਖਸਮ ਪਰਮਾਤਮਾ ਵਾਹੁ=ਧੰਨ ਹੈ, ਧੰਨ ਹੈ।

ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹੁ॥

ਸਾਗਰ ਤੇ ਸਮੁੰਦ ਦੋ ਸ਼ਬਦ ਵਿਚ ਲਿਖੇ ਹਨ ਪੰਜ ਉੱਪਰੋਂ ਲੈਣੇ, ਸਾਰੇ ਸੱਤ ਸਮੁੰਦਰ ਰਚੇ ਹਨ,

*ਅਥਵਾ:-*ਸਾਗਰ=ਸਗਰ ਰਾਜਾ ਦੇ ਪੁੱਤਰ ਦੀ ਖੱਡੀ ਤੇ ਸਮੁੰਦਰ ਅਤੇ ਉਸ ਦੀਆਂ ਲਹਿਰਾਂ, ਸਰ=ਮਾਨ

ਸਰੋਵਰ, ਵੇਲਿ=ਦਰੀਆਵਾਂ ਦੇ ਬੇਲੇ, ਵਾ:-ਕਿਨਾਰੇ, ਵਾ:-ਸਮੇਂ, ਬਾਰਾਂ ਮਹੀਨਿਆਂ ਦੇ ਵਰਸ=ਵਰ੍ਹੇ, ਵਰਾਹੁ=ਪਰਬਤ, ਵਾ:-ਕੁੰਭ ਜੋ ਹਰ ਬਾਰਾਂ ਸਾਲਾਂ ਪਿੱਛੋਂ ਆਉਂਦਾ ਹੈ, ਜਿਵੇਂ ਹੁਣ ੧੯੭੬ ਸੰਨ ਵਿਚ ਅਲਾਹਾਬਾਦ ਪਰਾਗ ਰਾਜ ਸੰਗਮ ਦਾ ਕੁੰਭ ਆਇਆ ਹੈ।

ਅਥਵਾ:-ਵਰਾਹੁ=ਬਰਾਹ ਅਵਤਾਰ ਭੀ ਧਾਰਨਾ ਕੀਤਾ ਹੈ।

ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥

ਜਗਤ ਨੂੰ ਆਪ ਹੀ ਪੈਦਾ ਕਰਦਾ ਹੈ, ਪੁਨਾ ਆਪ ਹੀ ਇਸ ਦੇ ਵਿਚ ਖੜੋਵਹਿ=ਇਸਥਿਤ ਹੋ ਰਿਹਾ ਹੈ ਅਤੇ ਆਪ ਹੀ ਇਸ ਤੋਂ ਆਪਾਹੁ=ਨਿਰਲੇਪ (ਅਸੰਗ) ਹੈ।

ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥

ਉਹਨਾਂ ਗੁਰਮਖਾਂ ਦੀ ਸੇਵਾ ਕੀਤੀ ਹੋਈ ਪਵੈ=ਕਬੂਲ ਪੈਂਦੀ ਹੈ,

ਜਿਨ੍ਹਾਂ ਨੇ ਉਨਮਨਿ=ਤੁਰੀਆ ਪਦ ਰੂਪੀ ਤਤੁ=ਸਿਧਾਂਤ ਨੂੰ ਕਮਾਇਆ ਹੈ।

ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ ॥

ਹੇ ਭਾਈ! ਜਪ ਤਪ ਰੂਪ ਮਸਕਤਿ=ਮੇਹਨਤ ਨੂੰ ਕਰਕੇ ਖਸਮ ਦਰਾਹੁ=ਪਰਮੇਸ਼ਰ ਦੇ ਦਰਵਾਜ਼ੇ ਤੋਂ ਮੰਗ ਮੰਗ ਕੇ ਮਜ਼ੂਰੀਆਂ ਲੈਣਾ ਕਰੋ। ਕਿਉਂਕਿ ਉਹ ਪਰਮੇਸ਼ਰ ਕਿਸੇ ਦੀ ਕੀਤੀ ਹੋਈ ਕਮਾਈ ਨੂੰ ਇਕ ਤਿਲ ਮਾਤਰ ਭੀ ਨਿਸਫਲ ਨਹੀਂ ਗੁਆਉਂਦਾ।

ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ ॥੧ ॥

ਗੁਰੂ ਜੀ ਕਥਨ ਕਰਦੇ ਹਨ-ਬੇ-ਪਰਵਾਹ ਪ੍ਰਭੂ ਦਾ ਦਰਵਾਜ਼ਾ ਸਭ ਪਦਾਰਥਾਂ ਕਰਕੇ ਪੂਰਨ ਹੈ, ਜੋ ਸੱਚਾ ਪ੍ਰਭੂ ਬੇ-ਪਰਵਾਹ ਹੈ, ਉਸ ਦੇ ਦਰਵਾਜ਼ੇ ਤੋਂ ਕੋਈ ਭੀ ਊਣਾ=ਖਾਲੀ ਨਹੀਂ ਜਾਂਦਾ ॥ ੧ ॥

ਮਹਲਾ ੧ ॥ ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ ॥

ਜਿਨ੍ਹਾਂ ਗਹਿਣਿਆਂ ਦੇ ਨਾਲ ਉੱਜਲ (ਚਿੱਟੇ) ਮੋਤੀ ਤੇ ਸੁਹਣੇ ਰਤਨ ਜੜਤਕਾਰੀ ਕੀਤੇ ਹੋਏ ਹਨ।

ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਦਾ ਜਰੁ=ਧਨ ਉਹਨਾਂ ਦਾ ਵੈਰੀ ਹੈ ਜਿਹੜੇ ਬੁਢੇ=ਹੰਕਾਰੀ ਹੋ ਕੇ ਮਰਦੇ ਹਨ॥ ੨ ॥

ਅਥਵਾ:-ਜਿਸ ਮਨੁੱਖ ਸਰੀਰ ਦੇ ਨਾਲ ਉਜਲ ਮੋਤੀ=ਚਿੱਟੇ ਦੰਦ ਤੇ ਰਤਨ=ਨੇਤਰ ਜੜੇ ਹੋਏ ਸੋਹਣੇ=ਸ਼ੋਭਨੀਕ ਹੋ ਰਹੇ ਹਨ।

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਨੇਤਰ ਆਦਿਕ ਇੰਦ੍ਰੀਆਂ ਦਾ ਵੈਰੀ ਜਰੁ=ਬੁਢੇਪਾ ਹੈ, ਜਿਹੜੇ ਬੁੱਢੇ ਹੋ ਕੇ ਮਰਦੇ ਹਨ ਉਹਨਾਂ ਦੇ ਸਭ ਇੰਦ੍ਰੀਏ ਕਮਜ਼ੋਰ ਹੋ ਜਾਂਦੇ ਹਨ।

ਅਥਵਾ:- ਜਿਸ ਵੇਲੇ ਬੁਢੇ ਹੋਈਦਾ ਹੈ ਤਾਂ ਇਹ ਸਭ ਇੰਦ੍ਰੀਏ ਮਰ ਜਾਂਦੇ ਹਨ, ਅਰਥਾਤ ਦੰਦ ਝੜ ਜਾਂਦੇ ਹਨ ਤੇ ਅੱਖਾਂ ਵਿੱਚੋ ਦਿੱਸਣੋਂ ਘਟ ਜਾਂਦਾ ਹੈ।

[ਪੰਨਾ ੭੮੬]

ਪਉੜੀ ॥ ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥

ਹੇ ਭਾਈ ! ਸਦਾ ਸਦਾ ਹਰੀ ਨੂੰ ਸਲਾਹੁਣਾ ਕਰ, ਮਨੁ=ਸੂਖਮ ਸਰੀਰ ਤਨੁ=ਨਾਲੇ ਅਸਥੂਲ ਸਰੀਰ ਨੂੰ ਗੁਰਾਂ ਅੱਗੇ ਸਉਪਿ=ਅਰਪਣ ਕਰ।

ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥

ਗੁਰ-ਸ਼ਬਦੀਆਂ ਨੇ ਸੱਚ ਨੂੰ ਪਾਇਆ ਹੈ, ਜੋ ਸੱਚਾ ਗਹਿਰ=ਡੂੰਘਾ ਤੇ ਗੰਭੀਰੁ=ਨਿਰਮਲ ਹੈ।

ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥

ਹੀਰਿਆਂ ਵਿੱਚੋਂ ਸ਼ੁੱਧ ਹੀਰਾ ਜੋ ਹਰੀ ਹੈ, ਉਹ ਗੁਰਮੁਖਾਂ ਦੇ ਮਨ ਤਨ ਅਤੇ ਹਿਰਦੇ ਵਿਚ ਰਵਿ ਰਹਿਆ=ਪਰੀਪੂਰਨ ਹੋ ਰਿਹਾ ਹੈ।

ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥

ਇਸ ਲਈ ਉਨ੍ਹਾਂ ਦੇ ਜਨਮ ਮਰਨ ਦਾ ਦੁੱਖ ਚਲਾ ਗਿਆ ਹੈ, ਫਿਰ ਉਹ ਚੁਰਾਸੀ ਲੱਖ ਜੂਨੀਆਂ ਦੇ ਫੀ਼ਰੁ=ਫੇਰੇ ਵਿਚ ਨਹੀਂ ਪੈਂਦਾ। ਵਾ:-ਫੀਰੁ=ਫੀਲ ਭਾਵ ਹਾਥੀ ਆਦਿਕ ਜੂਨੀਆਂ ਵਿਚ ਨਹੀਂ ਪੈਦਾ।

ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਤੂੰ ਉਸ ਦੇ ਨਾਮ ਨੂੰ ਸਲਾਹੁਣਾ ਕਰ, ਜੋ ਹਰੀ ਸ਼ੁਭ-ਗੁਣਾਂ ਦਾ ਗਹੀਰੁ=ਸਮੁੰਦਰ ਹੈ॥ ੧੦॥

ਸਲੋਕ ਮਃ ੧ ॥ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਸ ਸਰੀਰ ਨੂੰ ਜਾਲਿ=ਸਾੜ ਫੂਕ ਦੇ, ਕਿਉਂਕਿ ਜਿਸ ਪਦਾਰਥਾਂ ਦੀ ਤ੍ਰਿਸ਼ਨਾ ਅੱਗ ਨਾਲ ਸੜੇ ਹੋਏ ਨੇ ਵਾਹਿਗੁਰੂ-ਨਾਮ ਵਿਸਾਰ ਦਿੱਤਾ ਹੈ। ਵਾ:- ਹੇ ਪੁਰਖਾ ! ਇਸ ਤਨ ਅਭਿਮਾਨ ਨੂੰ ਗਿਆਨ ਅੱਗ ਨਾਲ ਸਾੜ ਦੇ, ਵਾ:- ਇਹ ਤਨ, ਇੰਦ੍ਰਜਾਲ ਦੇ ਪਦਾਰਥਾਂ ਵਾਂਗ ਮਿਥਿਆ ਹੈ, ਜਿਸ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਅੱਗ ਨਾਲ ਸੜੇ ਹੋਏ ਨੇ ਪਰਮੇਸ਼ਰ ਦਾ ਨਾਮ ਭੁਲਾ ਦਿੱਤਾ ਹੈ।

ਕਿਸੇ ਆਦਮੀ ਦੀ ਮੁੰਦਰੀ ਨੀਵੇਂ ਤਲਾ ਵਿਚ ਜਾ ਪਈ ਤੇ ਉੱਪਰ ਖੜਾ ਰੋਈ ਜਾਵੇ ਹੇਠਾਂ ਜਾ ਕੇ ਕੱਢਦਾ ਨਹੀਂ । ਇਤਨੇ ਨੂੰ ਕਿਸੇ ਲੰਘਦੇ ਜਾਂਦੇ ਸਿਆਣੇ ਆਦਮੀ ਨੇ ਪੁੱਛਿਆ-''ਤੂੰ ਰੋਂਦਾ ਕਿਉਂ ਹੈਂ?'' ਤਾਂ ਉਸ ਨੇ ਕਿਹਾ- ''ਇਸ ਨੀਵੇਂ ਤਲਾ ਵਿਚ ਮੇਰੀ ਮੁੰਦਰੀ ਛਿੱਗ ਪਈ ਹੈ।'' ਇਹ ਗੱਲ ਸੁਣਕੇ ਉਸ ਸਿਆਣੇ ਨੇ ਕਿਹਾ- ''ਹੇ ਭਲੇ ਲੋਕਾ ! ਤਿਤੁ ਨਿਵੰਧੈ ਤਾਲਿ=ਤਿਸ ਨੀਵੇਂ ਤਲਾ ਦੇ ਵਿਚ ਹਨੇਰੀ ਵਗਣ ਕਰਕੇ ਪਉਦੀ ਜਾਇ ਪਰਾਲਿ=ਮਿੱਟੀ ਘੱਟਾ ਪਈ ਜਾਂਦਾ ਹੈ, ਪਿੱਛੋਂ ਤੇਰਾ ਹੱਥ ਨਹੀਂ ਅੰਬੜੈ=ਪਹੁੰਚਣਾ। ਹੁਣ ਤੂੰ ਛੇਤੀ ਛੇਤੀ ਕੱਢ ਲੈ। ਇਹ ਦ੍ਰਿਸ਼ਟਾਂਤ ਹੈ। ਏਸੇ ਤਰ੍ਹਾਂ-ਤਿਸ ਅੰਤਹਕਰਨ ਰੂਪ ਨੀਵੇਂ ਤਲਾ ਦੇ ਵਿਚ ਆਤਮਾ ਰੂਪੀ ਇਕ ਸੋਨੇ ਦੀ ਛਾਪ ਹੈ ਉਸ ਨੂੰ ਤੂੰ ਕੱਢ ਲੈ, ਨਹੀਂ ਤਾਂ ਕਾਮ ਆਦਿਕਾਂ ਦਾ ਝੱਖੜ ਝੁੱਲ ਰਿਹਾ ਹੈ, ਵਿਸ਼ਿਆਂ ਰੂਪੀ ਮਿੱਟੀ ਘੱਟਾ ਪਈ ਜਾਂਦੀ ਹੈ ਪਿੱਛੋ ਤੇਰਾ ਮਨ ਬੁੱਧੀ ਰੂਪੀ ਹੱਥ ਅੰਬੜੈ ਨ=ਪਹੁੰਚਣਾ ਨਹੀਂ॥ ੧ ॥

ਭਾਵ ਜਿਸ ਵੇਲੇ ਪਾਪ ਬਹੁਤੇ ਹੋ ਗਏ, ਤਾਂ ਫਿਰ ਬੁੱਧੀ ਵਿਚ ਨਾਮ ਜਪਣ ਦੀ ਤਾਕਤ ਨਹੀਂ ਰਹਿਣੀ, ਇਸ ਲਈ ਤੂੰ ਹੁਣੇ ਨਾਮ ਜਪ ਲੈ ॥ ੧ ॥

ਮਃ ੧ ॥ ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ ॥
ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮਨ ਦੇ ਕੰਮ ਇਤਨੇ ਫਿਟਿਆ=ਵਿਗੜੇ ਹੋਏ ਹਨ, ਜੋ ਗਿਣਤੀ ਨਹੀਂ ਆਉਂਦੀ। ਇਹ ਕੁਝ ਪਤਾ ਨਹੀਂ ਜੋ ਉਹਨਾਂ ਵਿਗੜੇ ਹੋਏ ਕੰਮਾਂ ਦੇ ਫਲ ਵਿਚ ਕਿਤੀ ਲਹਾ ਸਹੰਮ*=ਸਹੰਮਾ ਪਦ ਦੁਖ ਦਾ ਵਾਚਕ ਤੁਖਾਰੀ ਰਾਗ ਵਿਚ ਵੀ ਲਿਖਿਆ ਹੈ-

ਕਿਤਨਾ ਕੁ ਸਹੰਮ=ਦੁੱਖ ਲਵਾਂਗਾ, ਪਰ ਜੇਕਰ ਵਾਹਿਗੁਰੂ ਬਖਸ਼ ਦੇਵੇ, ਤਾਂ ਚੁਰਾਸੀ ਵਿਚ ਧੱਕਾ ਨਹੀਂ ਮਿਲੇਗਾ ॥ ੨ ॥

ਪਉੜੀ ॥ ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਣੁ ॥

ਸਚਾ ਫੁਰਮਾਣੁ=ਹੁਕਮ ਕਰਕੇ ਸੱਚਾ ਅਮਰੁ=ਰਾਜ ਚਲਾਇਆ ਹੈ।

ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਣੁ ॥

ਉਹ ਸੁਜਾਣੁ ਪੁਰਖ ਨਿਸਚਲ ਹੋ ਕੇ ਸਦਾ ਰਵਿ ਰਿਹਾ ਹੈ।

ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥

ਗੁਰਾਂ ਦੀ ਕਿਰਪਾ ਦੁਆਰੇ ਸੱਚਾ ਜੋ ਸਬਦਿ=ਬ੍ਰਹਮ ਹੈ ਨੀਸਾਣ=ਪ੍ਰਗਟ, ਉਸ ਨੂੰ ਸੇਵਣਾ ਕਰੀਏ।

ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥

ਹੇ ਭਾਈ ! ਜਿਸ ਨੇ ਜਗਤ ਦਾ ਪੂਰਾ ਥਾਟਿ=ਬਨਾਉ ਬਣਾਇਆ ਹੈ, ਗੁਰ-ਸਿਖਿਆ ਦੁਆਰੇ ਤੂੰ ਉਸ ਦੇ ਰੰਗੁ ਮਾਣੁ=ਅਨੰਦ ਨੂੰ ਭੋਗਣਾ ਕਰ।

ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥ ੧੧ ॥

ਜੋ ਹਰੀ ਮਨ ਕਰਕੇ ਅਗਮੁ ਤੇ ਅਗੋਚਰੁ=ਇੰਦਰੀਆਂ ਦੇ ਅਵਿਸ਼ੇ ਹੈ ਅਤੇ ਆਪਣੇ ਆਪ ਉਹ ਅਲਖੁ=ਲਖਣੇ (ਜਾਣਨ) ਤੋਂ ਰਹਿਤ ਹੈ, ਉਸ ਹਰੀ ਨੂੰ ਗੁਰਾਂ ਦੁਆਰੇ ਜਾਨਣਾ ਕਰ ॥ ੧੧ ॥

ਸਲੋਕ ਮਃ ੧ ॥ ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ ॥**
ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜਿਸ ਵੇਲੇ ਧਨ ਮਾਲ ਦਾ ਬਦਰਾ ਬਾਦਸ਼ਾਹ ਦੀ ਕਚਹਿਰੀ ਵਿਚ ਲਿਆ ਕੇ ਰੱਖਣਾ ਕੀਤਾ। ਤਿਸ ਵੇਲੇ ਸਾਹਿਬ ਕੈ ਦੀਬਾਣਿ=ਬਾਦਸ਼ਾਹ ਦੀ ਕਚਹਿਰੀ ਵਿਚ ਖੋਟੇ ਅਤੇ ਖਰੇ ਰੁਪਏ ਸਭ ਪਰਖੇ ਜਾਂਦੇ ਹਨ।

ਇਸੀ ਪ੍ਰਕਾਰ:-ਪਾਪੀ ਪੁੰਨੀ ਜੀਵਾਂ ਰੂਪੀ ਮਾਲ ਦਾ ਬਦਰਾ ਭਾਵ ਬਿਅੰਤ ਪਾਪੀ ਪੁੰਨੀ ਜੀਵਾਂ ਦਾ ਸਮਦਾ ਧਰਮ ਰਾਜਾ ਦੀ ਕਚਹਿਰੀ ਵਿਚ ਲਿਆ ਕੇ ਰੱਖਣਾ ਕੀਤਾ। ਸਾਹਿਬ=ਧਰਮ ਰਾਜਾ ਦੀ ਸਭਾ ਵਿਚ ਖੋਟੇ

---

*"ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥" (ਪੰ: ੧੧੦੭)

**ਇਕ ਹਜ਼ਾਰ ਰੁਪਏ ਦੀ ਥੈਲੀ ਹੁੰਦੀ ਹੈ, ਤੇ ਦਸ ਹਜ਼ਾਰ ਰੁਪਏ ਦਾ 'ਬਦਰਾ' ਹੁੰਦਾ ਹੈ।

ਖਰੇ=ਪਾਪੀ ਪੁੰਨੀ ਜੀਵ ਸਾਰੇ ਪਰਖੇ ਜਾਂਦੇ ਹਨ॥ ੧॥

ਮਃ ੧॥ ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥

ਜੋ ਮਨ ਦੇ ਖੋਟੇ ਅਤੇ ਤਨ ਦੇ ਚੋਰ ਪੁਰਸ਼ ਤੀਰਥਾਂ ਪਰ ਇਸ਼ਨਾਨ ਕਰਨ ਚੱਲੇ ਹਨ। ਓਹਨਾਂ ਦਾ ਤੀਰਥਾਂ ਪਰ ਜਾ ਕੇ ਇਸ਼ਨਾਨ ਕਰਨ ਨਾਲ ਪਾਪਾਂ ਦਾ ਇਕ ਅਤੇ ਭਾਉ=ਹਿੱਸਾ ਤਾਂ ਲੱਥ ਗਿਆ, ਪਰ ਓਥੇ ਜਾ ਕੇ ਵਿਸ਼ਿਆਂ ਨੂੰ ਭੋਗਦਾ ਰਿਹਾ ਜਾਂ ਚੋਰੀ, ਠੱਗੀ ਕਰਦਾ ਰਿਹਾ। ਇਸ ਤੇ ਦੁਇ ਭਾ=ਦੋ ਹਿੱਸੇ ਪਾਪਾਂ ਦੇ ਹੋਰ ਸਿਰ ਤੇ ਚੜ੍ਹ ਗਏ।

ਬਾਹਰਿ ਧੋਤੀ ਤੂੰਮੜੀ ਅੰਦਰਿ ਵਿਸੁ ਨਿਕੋਰ ॥

ਜਿਵੇਂ ਪ੍ਰਤੱਖ ਬਾਹਰੋਂ ਤੂੰਬੀ ਦੇ ਧੋਣ ਕਰਕੇ ਉਹ ਕੋਈ ਮਿੱਠੀ ਨਹੀਂ ਹੁੰਦੀ ਉਸ ਦੇ ਅੰਦਰ ਨਿਕੋਰ=ਨਿਰੋਲ। ਵਾ:-ਕੋਰੀ ਦੀ ਕੋਰੀ ਵਿਹੁ ਰਹਿੰਦੀ ਹੈ। ਜਿਵੇਂ:-

ਸਾਖੀ-ਕਬੀਰ ਜੀ ਦੀ

ਭਗਤ ਕਬੀਰ ਜੀ ਦਾ ਇਕ ਚੇਲਾ ਕਬੀਰ ਜੀ ਤੋਂ ਆਗਿਆ ਲੈ ਕੇ ਤੀਰਥ ਇਸ਼ਨਾਨ ਨੂੰ ਚੱਲਿਆ ਤਾਂ ਉਸ ਨੂੰ ਕਬੀਰ ਜੀ ਨੇ ਇਕ ਤੂੰਬੀ ਦਿੱਤੀ ਤੇ ਕਿਹਾ-''ਜਿਥੇ ਤੂੰ ਇਸ਼ਨਾਨ ਕਰੇਂ ਇਸ ਨੂੰ ਭੀ ਨਾਲ ਕਰਵਾ ਦਿੱਤਾ ਕਰੀਂ।'' ਉਸ ਨੇ ਆਖਿਆ-''ਸਤ ਬਚਨ ਜੀ ! ਇਕ ਵੇਰ ਕੀ ਦਸ ਵਾਰੀ ਇਸ਼ਨਾਨ ਕਰਵਾ ਦੇਵਾਂਗਾ।'' ਉਸ ਨੇ ਵੈਸੇ ਹੀ ਕੀਤਾ ਜਿਥੇ ਵੀ ਜਾ ਕੇ ਉਸ ਨੇ ਇਸ਼ਨਾਨ ਕੀਤਾ ਤੂੰਬੀ ਨੂੰ ਦਸ ਵਾਰੀ ਇਸ਼ਨਾਲ ਕਰਵਾਇਆ। ਜਦ ਤੀਰਥ ਯਾਤ੍ਰਾ ਕਰਕੇ ਉਹ ਘਰ ਨੂੰ ਵਾਪਸ ਆਇਆ ਤੇ ਕਬੀਰ ਜੀ ਨੂੰ ਮੱਥਾ ਟੇਕ ਕੇ ਉਹ ਤੂੰਬੀ ਅੱਗੇ ਰੱਖ ਦਿਤੀ। ਕਬੀਰ ਜੀ ਨੇ ਉਸੀ ਵੇਲੇ ਲਾਂਗਰੀ ਨੂੰ ਸੱਦਕੇ ਕਿਹਾ-''ਇਹ ਤੂੰਬੀ ਕੱਟ ਕੇ ਚਾੜ੍ਹ ਦੇ ਤੇ ਸਭਨਾਂ ਨੂੰ ਥੋੜ੍ਹੀ ਥੋੜ੍ਹੀ ਰੋਟੀ ਦੇ ਨਾਲ ਦੇ ਦੇਈਂ।'' ਜਦ ਲਾਂਗਰੀ ਨੇ ਚਾੜ੍ਹ ਕੇ ਸਭਨਾਂ ਨੂੰ ਦਿੱਤੀ ਤਾਂ ਸਭ ਥੂ-ਥੂ ਕਰਨ ਲੱਗ ਪਏ। ਭਾਵ ਜਿਵੇਂ ਤੀਰਥਾਂ ਪਰ ਇਸ਼ਨਾਨ ਕਰਨ ਨਾਲ ਤੂੰਬੀ ਦੀ ਕੁੜੱਤਨਤਾ ਨਹੀਂ ਗਈ, ਇਸੇ ਤਰ੍ਹਾਂ ਖੋਟੇ ਪੁਰਸ਼ਾਂ ਦੀ ਵੀ ਤੀਰਥਾਂ ਪਰ ਇਸ਼ਨਾਨ ਕਰਨ ਨਾਲ ਪਾਪਾਂ ਰੂਪੀ ਮੈਲ ਨਹੀਂ ਜਾਂਦੀ, ਹਿਰਦੇ ਅੰਦਰ ਕੋਰੀ ਦੀ ਕੋਰੀ ਵਿਸ਼ਿਆਂ ਰੂਪੀ ਵਿਹੁ ਵਧਦੀ ਹੈ।

ਯਥਾ:-''ਕਾਂਇਆ ਮਾਂਜਸਿ ਕਉਨ ਗੁਨਾਂ॥ ਜਉ ਘਟ ਭੀਤਰਿ ਹੈ ਮਲਨਾਂ ॥ ੧॥ ਰਹਾਉ॥
ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥ ੨॥ *(ਪੰਨਾ ੬੫੬)*

ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ ੨॥

ਜੋ ਸਾਧ=ਸ੍ਰੇਸ਼ਟ ਪੁਰਸ਼ ਹਨ, ਉਹ ਅਣਨਾਤਿਆ=ਬਿਨਾਂ ਇਸ਼ਨਾਨ ਦੇ ਹੀ ਭਲੇ ਹਨ, ਚੋਰ ਜਿਹੜੇ ਹਨ ਚੋਰੀ ਦੇ ਕਰਨ ਵਾਲੇ, ਉਹ ਚੋਰ ਹੀ ਹਨ॥ ੨॥

ਪਉੜੀ॥ ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ॥
ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ॥

ਉਹ ਪਰਮੇਸ਼ਰ ਆਪ ਹੀ ਹੁਕਮ ਚਲਾਉਂਦਾ ਹੈ, ਆਪ ਹੀ ਜਗਤ ਨੂੰ ਧੰਦਿਆਂ ਵਿਚ ਲਗਾਉਂਦਾ ਹੈ। ਇਕਨਾਂ ਨੂੰ ਆਪ ਹੀ ਆਪਣੀ ਤਰਫ ਲਗਾਉਂਦਾ ਹੈ: ਗੁਰਮੁਖਾਂ ਨੇ ਗੁਰਾਂ ਦੀ ਕਿਰਪਾ ਨਾਲ ਸੁਖ ਨੂੰ ਪਾਇਆ ਹੈ।

ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥

ਇਹ ਚੰਚਲ ਮਨ ਦਸੌਂ ਦਿਸ਼ਾਂ ਵਿਚ ਧਾਵਦਾ=ਦੌੜਦਾ ਸੀ, ਪਰ ਧੰਨ ਗੁਰੂ ਹਨ ਜਿਨ੍ਹਾਂ ਨੇ ਠਾਕਿ ਰਹਾਇਆ=ਰੋਕ ਰੱਖਿਆ ਹੈ।

ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥

ਸਾਰੀ ਦੁਨੀਆਂ ਨਾਮ ਜਪਣਾ ਚਾਹੁੰਦੀ ਹੈ, ਪਰ ਗੁਰਮਤੀਆਂ ਨੇ ਨਾਮ ਜਪਣਾ ਪਾਇਆ ਹੈ।

ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥ ੧੨ ॥

ਜੋ ਲੇਖ ਧੁਰ ਤੋਂ ਲਿਖਿਆ ਗਿਆ ਹੈ ਉਸ ਨੂੰ ਕੋਈ ਮੇਟ ਨਹੀਂ ਸਕਦਾ, ਜੋ ਲੇਖ ਹਰੀ ਨੇ ਲਿਖ ਪਾਇਆ ਹੈ॥ ੧੨ ॥

ਸਲੋਕ ਮਃ ੧ ॥ ਦੁਇ ਦੀਵੇ ਚਉਦਹ ਹਟਨਾਲੇ ॥
ਜੇਤੇ ਜੀਅ ਤੇਤੇ ਵਣਜਾਰੇ ॥ ਖੁਲ੍ਹੇ ਹਟ ਹੋਆ ਵਾਪਾਰੁ ॥
ਜੋ ਪਹੁਚੈ ਸੋ ਚਲਣਹਾਰੁ ॥ ਧਰਮੁ ਦਲਾਲੁ ਪਾਏ ਨੀਸਾਣੁ ॥

ਪਹਿਲਾ ਅਰਥ-ਸਮਸ਼ਟੀ

ਸੂਰਜ ਚੰਦਰਮਾ ਰੂਪ ਦੋ ਦੀਵੇ ਹਨ, ਚੌਦਾਂ ਲੋਕ ਇਹ ਹਟਨਾਲੇ=ਬਜ਼ਾਰ ਹਨ। ਜਿਤਨੇ ਕੁ ਜੀਵ ਹਨ ਤਿਤਨੇ ਸਭ ਵਣਜਾਰੇ ਹਨ। ਸੰਸਾਰ ਰੂਪ ਹੱਟ ਖੁਲ੍ਹਿਆ ਹੋਇਆ ਹੈ ਤੇ ਵਾਪਾਰ ਹੋ ਰਿਹਾ ਹੈ। ਪਰ ਜੋ ਸੰਸਾਰ ਵਿਚ ਪਹੁੰਚਿਆ ਹੈ ਉਹ ਚਲਨੇ ਵਾਲਾ ਹੋਇਆ ਹੈ। ਧਰਮਰਾਜਾ ਦਲਾਲ ਹੈ, ਇਹ ਸਭ ਉਤੇ ਨਿਸ਼ਾਨੀਆਂ ਪਾਉਂਦਾ ਹੈ ਕਿ ਇਹ ਪਾਪੀ ਹੈ ਤੇ ਇਹ ਪੁੰਨੀ ਹੈ।

ਦੂਜਾ ਅਰਥ-ਵਿਅਸਟੀ

ਸੱਜਾ ਖੱਬਾ ਨੇਤ੍ਰ ਇਹ ਦੋ ਦੀਵੇ ਹਨ, ਦਸ ਇੰਦ੍ਰੀਏ ਚਾਰੇ ਅੰਤਹਕਰਨ ਇਹ ਚੌਦਾਂ ਇੰਦ੍ਰੀਏ ਹਟਨਾਲੇ=ਬਜ਼ਾਰ ਹਨ। ਜਿਤਨੇ ਕੁ ਜੀਵ ਹਨ ਤਿਤਨੇ ਸਭ ਵਣਜਾਰੇ ਹਨ। ਸਰੀਰਾਂ ਰੂਪੀ ਹੱਟ ਖੁਲ੍ਹੇ ਹੋਏ ਹਨ, ਇਸ ਵਿਚ ਚੰਗੇ ਮੰਦੇ ਕਰਮਾਂ ਦਾ ਵਾਪਾਰ ਹੋ ਰਿਹਾ ਹੈ। ਇਸ ਸਰੀਰ ਵਿਚ ਜੋ ਪਹੁੰਚਿਆ ਹੈ ਉਹ ਚਲਨੇ ਵਾਲਾ ਭਾਵ ਮਰਨ ਵਾਲਾ ਸਮਝੋ। ਧਰਮ ਅਧਰਮ ਇਹ ਦੋਨੋਂ ਦਲਾਲ ਇਸ ਦੇ ਮੱਥੇ ਪਰ ਨਿਸ਼ਾਨ ਪਾਉਂਦੇ ਹਨ।

ਤੀਜਾ ਅਰਥ-

ਗਿਆਨ ਵੈਰਾਗ ਰੂਪ ਦੋ ਦੀਵੇ ਹਨ, ਚੌਦਾ ਇੰਦ੍ਰੀਆਂ ਦਾ ਦਮਨ ਕਰਨ ਰੂਪ ਹਟਨਾਲੇ=ਬਜ਼ਾਰ ਹਨ। ਜਿਤਨੇ ਕੁ ਜੀਵ ਸਤਸੰਗ ਵਿਚ ਆਏ ਹਨ, ਤਿਤਨੇ ਸਭ ਨਾਮ ਦੇ ਵਣਜਾਰੇ ਹਨ।
ਸਤਸੰਗ ਹੱਟ ਖੁਲ੍ਹ ਰਿਹਾ ਹੈ ਤੇ ਪਰਮੇਸ਼ਰ ਦੇ ਨਾਮ ਦਾ ਵਾਪਾਰ ਹੋ ਰਿਹਾ ਹੈ।
ਜੋ ਸਤਸੰਗ ਵਿਚ ਪਹੁੰਚਦਾ ਹੈ, ਉਹ ਪਰਮੇਸ਼ਰ ਦੀ ਤ੍ਰਫ਼ ਚੱਲਣ ਵਾਲਾ ਹੁੰਦਾ ਹੈ।
ਧਰਮ ਰੂਪ ਸਤਿਗੁਰੂ ਹੀ ਦਲਾਲ ਹਨ, ਜੋ ਨਾਮ ਦਾ ਨੀਸਾਣੁ=ਚਿੰਨ੍ਹ ਪਾਉਂਦੇ ਹਨ।

ਨਾਨਕ ਨਾਮੁ ਲਾਹਾ ਪਰਵਾਣੁ ॥ ਘਰਿ ਆਏ ਵਜੀ ਵਾਧਾਈ ॥
ਸਚ ਨਾਮ ਕੀ ਮਿਲੀ ਵਡਿਆਈ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਣ ਕਰਕੇ ਪ੍ਰਮਾਣੀਕ ਲਾਭ ਹੁੰਦਾ ਹੈ। ਅੰਤ੍ਰ ਮੁਖ ਬਿਰਤੀ ਕਰਨੇ

ਰੂਪੀ ਘਰ, ਵਾ:- ਸਤਸੰਗ ਘਰ, ਵਾ-ਸਰੂਪ ਘਰ ਵਿਚ ਆਏ ਤਾਂ ਅਨੰਦ ਦੀ ਵਧਾਈ ਵੱਜੀ । ਗੁਰਮੁਖਾਂ ਨੂੰ ਸੱਚਨਾਮ ਦੀ ਵਡਿਆਈ ਮਿਲੀ ਹੈ॥ ੧ ॥

ਪ੍ਰਸ਼ਨ-ਜੇਕਰ ਸੰਤਾਂ ਨੂੰ ਕੁਸੰਗਤ ਦਾ ਸੰਗ ਹੋ ਜਾਵੇ ਤਾਂ ਖੋਟਾ ਰੰਗ ਚੜ੍ਹਦਾ ਹੈ ਕਿ ਨਹੀਂ? ਅਤੇ ਜੇਕਰ ਦੁਸ਼ਟ ਪੁਰਸ਼ਾਂ ਨੂੰ ਸੰਤਾਂ ਦਾ ਸੰਗ ਹੋ ਜਾਵੇ ਤਾਂ ਉਨ੍ਹਾਂ ਨੂੰ ਕੁਝ ਅਸਰ ਹੁੰਦਾ ਹੈ ਕਿ ਨਹੀਂ?''

ਉੱਤਰ-

ਮਃ ੧ ॥ ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥

ਜਿਵੇਂ ਮੱਸਿਆ ਦੀਆਂ ਰਾਤਾਂ ਕਾਲੀਆਂ ਹੋਵਨ=ਹੁੰਦੀਆਂ ਹਨ ਤੇ ਸੁਪੇਦਾ=ਚਿੱਟੀਆਂ (ਉੱਜਲ) ਚੀਜ਼ਾਂ ਦਾ ਸੇ=ਓਹੀ ਵੰਨ=ਰੰਗ ਰਹਿੰਦਾ ਹੈ।

ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥

ਜਿਵੇਂ-ਜੇਠ, ਹਾੜ ਵਿਚ ਦਿਨ ਬਗਾ=ਚਿੱਟਾ ਘਣਾ ਤਪਦਾ ਹੈ, ਪਰ ਕਾਲੀਆਂ ਚੀਜ਼ਾਂ ਦਾ ਕਾਲਾ ਹੀ ਵੰਨ=ਰੰਗ ਰਹਿੰਦਾ ਹੈ।

ਤਿਵੇਂ-ਜਿਨ੍ਹਾਂ ਦੁਸ਼ਟਾਂ ਦੀਆਂ ਅਵਸਥਾ ਰੂਪ ਰਾਤਾਂ ਪਾਪਾਂ ਕਰਕੇ ਕਾਲੀਆ ਹਨ, ਜੇਕਰ ਉਨ੍ਹਾਂ ਦਾ ਸੰਗ ਹੋ ਭੀ ਜਾਵੇ ਤਾਂ ਸੁਪੇਦਾ=ਚਿੱਟੇ (ਸਾਫ਼) ਅੰਤਹਕਰਨ ਵਾਲੇ ਜੋ ਮਹਾਤਮਾ ਹਨ ਉਨ੍ਹਾਂ ਦਾ ਸੇ ਵੰਨ=ਓਹੀ ਰੰਗ ਰਹਿੰਦਾ ਹੈ।

ਯਥਾ-''ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥ ੧੭੪॥'' *(ਪੰਨਾ, ੧੩੭੩)*

ਅਤੇ ਬੱਗੇ ਦਿਨ ਵਾਂਗ ਜੋ ਸਤਿਸੰਗ ਹੈ ਘਣਾ ਤਪ ਰਿਹਾ ਭਾਵ ਤੇਜ਼ ਦੇ ਸੰਜੁਗਤ ਭੀ ਹੈ।

ਤਾਂ ਭੀ ਕਾਲੇ ਪਾਪੀਆਂ ਦੇ ਕਾਲੇ ਹੀ ਵੰਨ=ਰੰਗ ਰਹਿੰਦੇ ਹਨ।

ਪਾਪੀਆਂ ਨੂੰ ਸਤਸੰਗ ਦਾ ਕੋਈ ਅਸਰ ਨਹੀਂ ਹੁੰਦਾ।

ਅਥਵਾ:-ਚਾਹੇ ਰਾਤੀ ਹੋਵਨ ਕਾਲੀਆ=ਕਲਜੁਗ ਦਾ ਸਮਾਂ ਭੀ ਪ੍ਰਾਪਤ ਹੋਵੇ, ਤਾਂ ਭੀ ਸੁਪੇਦਾ=ਮਹਾਤਮਾ ਦਾ ਓਹੀ ਵੰਨ=ਰੰਗ ਰਹਿੰਦਾ ਹੈ।

ਦਿਹੁ ਬਗਾ ਤਪੈ ਘਣਾ= ਚਾਹੇ ਸਤਿਜੁਗ, ਤ੍ਰੇਤਾ, ਦੁਆਪੁਰ ਦਾ ਸਮਾਂ ਭੀ ਹੋਵੇ, ਤਾਂ ਭੀ ਕਾਲੇ ਪਾਪੀਆਂ ਦੇ ਕਾਲੇ ਰੰਗ ਰਹਿੰਦੇ ਹਨ।

ਜਿਵੇਂ-ਬੇਣ ਅਦਿਕ ਰਾਜਿਆਂ ਦੇ ਮਨ ਪਾਪੀ ਹੀ ਰਹੇ।

ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥
ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥ ੨ ॥

ਅੰਨ੍ਹੇ ਅਗਿਆਨੀ ਸੰਸਾਰਕ ਅਕਲ ਤੋਂ ਵੀ ਬਾਹਰ ਹਨ ਅਤੇ ਮੂਰਖ ਸਰੂਪ ਗਿਆਨ ਤੋਂ ਭੀ ਅੰਨ੍ਹੇ ਹਨ। ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਨਦਰੀ ਪਰਮੇਸ਼ਰ ਦੀ ਕਿਰਪਾ-ਦ੍ਰਿਸ਼ਟੀ ਤੋਂ ਬਾਹਰ ਹਨ ਉਹ ਕਦੇ ਭੀ ਮਾਨ ਨਹੀਂ ਪਾਉਂਦੇ ॥ ੨ ॥

ਪਉੜੀ ॥ ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥
ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥

ਹਰੀ ਸੱਚੇ ਨੇ ਆਪ ਹੀ ਕਾਇਆਂ ਰੂਪੀ ਇਕ ਕੋਟੁ=ਕਿਲ੍ਹਾ ਬਣਾਇਆ ਹੈ। ਇਕ ਦ੍ਵੈਤ ਭਾਵ ਵਾਲਿਆਂ ਨੂੰ ਆਪਣੇ ਵਲੋਂ ਖੁਆਇਅਨੁ=ਭੁਲਾ ਦਿੱਤਾ ਹੈ, ਹਉਮੈ ਦੇ ਵਿਚ ਵਿਆਪੇ ਲੱਗਣ ਕਰਕੇ।

ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ॥
ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ॥

ਇਹ ਮਨੁੱਖਾ ਜਨਮ ਪ੍ਰਾਪਤ ਹੋਣਾ ਦੁਰਲੱਭ ਹੈ, ਪਰ ਸਾ=ਇਸ ਮਨੁੱਖਾ ਜਨਮ ਦੇ ਵਿਚ ਹੀ ਮਨਮੁਖ ਪੁਰਸ਼ ਸੰ+ਤਾਪੇ=ਭਲੀ ਪ੍ਰਕਾਰ ਦੁਖੀ ਹੋ ਰਹੇ ਹਨ। ਜਿਸ ਨੂੰ ਉਹ ਪਰਮੇਸ਼ਰ ਆਪ ਸਮਝਾਉਂਦਾ ਹੈ ਓਹੀ ਸਮਝਦਾ ਹੈ, ਪਰ ਸਮਝਾਉਂਦਾ ਓਸੇ ਨੂੰ ਹੈ ਜਿਸ ਨੂੰ ਸਤਿਗੁਰ ਦੇਵ ਜੀ ਸਰੂਪ ਵਿਚ ਥਾਪਦੇ ਹਨ।

ਸਭ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ॥੧੩॥

ਜਗਤ ਰੂਪੀ ਸਾਰੇ ਖੇਲ ਨੂੰ ਰਚਾ ਕੇ ਫਿਰ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈ॥ ੧੩॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ-"ਆਪ ਕਲਜੁਗ ਦੇ ਕੁਝ ਚਿੰਨ੍ਹ ਸੁਣਾਓ ?" ਤਾਂ ਗੁਰੂ ਜੀ ਨੇ ਕਿਹਾ-

[ਪੰਨਾ ੭੯੦]

ਸਲੋਕ ਮਃ ੧॥ ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥

ਚੋਰੀ ਦੇ ਕਰਨ ਵਾਲੇ ਜੋ ਚੋਰ ਹਨ ਤੇ ਇਸਤਰੀਆਂ ਦੇ ਜੋ ਯਾਰ ਹਨ, ਰੰਡੀਆਂ ਇਸਤਰੀਆਂ ਅਤੇ ਫੱਫੇ ਕੁੱਟਣੀਆਂ ਕਲਜੁਗ ਵਿਚ ਇਨ੍ਹਾਂ ਦੀ ਦੀਬਾਣੁ=ਸਭਾ ਲੱਗੇਗੀ ਭਾਵ ਇਹ ਕਲਜੁਗ ਵਿਚ ਪਰਧਾਨ ਹੋਣਗੇ।

ਅਥਵਾ:-ਚੋਰਾ-ਜੋ ਗੁਰ-ਉਪਦੇਸ਼ ਦੇ ਚੁਰਾਉਣ ਵਾਲੇ ਹਨ, ਜਾਰਾ-ਜੋ ਦੇਵੀ ਦੇਵਤਿਆਂ ਦੇ ਉਪਾਸ਼ਕ ਹਨ, ਰੰਡੀਆਂ=ਅਨੀਸ਼ਰ ਵਾਦੀ ਜੋ ਪਰਮੇਸ਼ਰ ਨੂੰ ਨਹੀਂ ਮੰਨਦੇ, ਫੱਫੇ ਕੁੱਟਣੀਆਂ-ਜੋ ਪਰਮੇਸ਼ਰ ਵੱਲੋਂ ਹਟਾ ਕੇ ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਵਿਚ ਲਾਉਂਦੇ ਹਨ, ਕਲਜੁਗ ਵਿਚ ਇਹਨਾਂ ਦੀ ਪ੍ਰਧਾਨਤਾ ਹੋਣ ਕਰਕੇ ਇਨ੍ਹਾਂ ਦੀ ਦੀਬਾਣੁ=ਸਭਾ ਜੁੜੇਗੀ।

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥

ਕਲਜੁਗ ਵਿਚ ਵੇ ਦੀਨਾ=ਬੇ-ਧਰਮੀਆਂ ਦੀ ਦੋਸਤੀ ਹੋਵੇਗੀ ਅਤੇ ਵੇਦੀਨਾ=ਬੇ-ਧਰਮੀਆਂ ਦੇ ਨਾਲ ਮਿਲ ਕੇ ਖਾਣਾ ਖਾਣਗੇ।

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥

ਸਿਫਤੀ ਜੋ ਪਰਮਾਤਮਾ ਹੈ ਉਸ ਦੀ ਸਿਫਤ ਦੀ ਸਾਰ ਸੰਭਾਲ ਨਹੀਂ ਜਾਨਣਗੇ ਅਤੇ ਸਦਾ ਹੀ ਸੈਤਾਨੁ=ਕਾਮ ਆਦਿਕਾਂ ਦੀ ਸੰਗਤ ਵਿਚ ਵੱਸਣਗੇ।

ਪ੍ਰਸ਼ਨ:- "ਕਲਜੁਗੀ ਜੀਵਾਂ ਦਾ ਜੀਵਨ ਕਿਸੇ ਤਰ੍ਹਾਂ ਚੱਜਾ ਵੀ ਹੋ ਸਕੇਗਾ ਕਿ ਨਹੀਂ ?" *ਉੱਤਰ:*-

ਗਦਹੁ ਚੰਦਨਿ ਖਉਲੀਐ ਭੀ ਸਾਹੁ ਸਿਉ ਪਾਣੁ॥

ਜਿਵੇਂ -ਗਦਹੁ=ਗਧੇ ਨੂੰ ਚੰਦਨ ਖਉਲੀਐ=ਰਗੜ ਕੇ ਲਗਾਈਏ, ਤਾਂ ਭੀ ਉਸ ਦੀ ਸਾਹੁ ਸਿਉ ਪਾਣੁ=ਸੁਆਹ ਦੇ ਪਾਉਣ ਨਾਲ ਹੀ ਪ੍ਰੀਤੀ ਹੈ। ਤਿਵੇਂ ਗਧੇ ਵਾਂਗ ਕਾਮੀ ਜੀਵ ਨੂੰ ਜੇਕਰ ਚੰਦਨ ਦੀ ਤਰ੍ਹਾਂ

ਠੰਡਿਆਂ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਭੀ ਸੁਣਾਈਏ, ਤਾਂ ਭੀ ਉਸ ਦੀ ਵਿਸ਼ਿਆਂ ਰੂਪੀ ਸੁਆਹ ਦੇ ਪਾਉਣ ਨਾਲ ਪ੍ਰੀਤੀ ਹੈ।

ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥੧॥

ਸਾਖੀ- ਜੁਲਾਹੇ ਦੀ ਦਸਤਾਰ ਬਨਾਉਣ ਵਾਲੀ

ਇਕ ਜੁਲਾਹਿਆ ਸੀ, ਉਸ ਨੇ ਆਪਣੇ ਮਨ ਵਿਚ ਠੱਗੀ ਕਰਨ ਦਾ ਵਿਚਾਰ ਕੀਤਾ। ਪਰ ਨਾਲ ਹੀ ਉਸ ਨੇ ਇਹ ਗੱਲ ਸੋਚੀ ਕਿ 'ਕਿਸੀ ਮਾੜੇ ਪੁਰਸ਼ ਨੂੰ ਨਹੀਂ ਠੱਗਣਾ, ਠੱਗਣਾ ਹੈ ਤਾਂ ਕਿਸੀ ਧਨਾਢ ਜਾਂ ਰਾਜੇ ਨੂੰ।' ਇਹ ਗੱਲ ਸੋਚ ਕੇ ਆਪਣੇ ਪਿੰਡ ਤੋਂ ਚੱਲ ਪਿਆ, ਅੱਗੇ ਰਾਜੇ ਦੇ ਸ਼ਹਿਰ ਅੰਦਰ ਵੜ ਕੇ ਪਹਿਲੇ ਕੁਝ ਵੱਢੀ ਦੇ ਕੇ ਵਜ਼ੀਰ, ਮੁਣਸ਼ੀਆਂ ਨੂੰ ਆਪਣੇ ਹੱਥ ਵਿਚ ਕਰ ਕੇ ਆਖਿਆ-''ਮੇਰੀ ਰਾਜੇ ਨਾਲ ਮੁਲਾਕਾਤ ਕਰਵਾ ਦਿਓ।'' ਤਾਂ ਵਜ਼ੀਰ ਉਸ ਜੁਲਾਹੇ ਨੂੰ ਰਾਜੇ ਪਾਸ ਲੈ ਗਿਆ। ਜੁਲਾਹੇ ਨੇ ਜਾ ਕੇ ਰਾਜੇ ਦੀ ਬੜੀ ਉਸਤਤੀ ਕੀਤੀ ਤੇ ਆਖਿਆ-''ਜਨਾਬ! ਮੇਰੇ ਦਿਲ ਦੀ ਉਮੰਗ ਹੈ ਕਿ ਮੈਂ ਇਕ ਦਸਤਾਰ ਸਭ ਤੋਂ ਵਧੀਆ ਬਣਾ ਕੇ ਆਪ ਜੀ ਦੇ ਸਿਰ ਤੇ ਬੰਨ੍ਹਾਵਾਂ।'' ਬਦਸ਼ਾਹ ਨੇ ਕਿਹਾ-''ਚੰਗੀ ਗੱਲ ਹੈ।'' ਉਸ ਵੇਲੇ ਜੁਲਾਹੇ ਨੇ ਕਿਹਾ-''ਮੈਨੂੰ ਫਿਰ ਸੰਦਾਂ ਦੇ ਖਰੀਦਣ ਵਾਸਤੇ ਕੁਝ ਰੁਪਿਆ ਚਾਹੀਦਾ ਹੈ।'' ਬਾਦਸ਼ਾਹ ਨੇ ਹੁਕਮ ਦੇ ਕੇ ਚਾਰ ਸੌ ਰੁਪਇਆ ਦਿਵਾ ਦਿੱਤਾ। ਉਹ ਚਾਰ ਸੌ ਰੁਪਇਆ ਲੈ ਕੇ ਘਰ ਆ ਗਿਆ, ਅਰਾਮਦਾਰੀ ਨਾਲ ਖਾਂਦਾ ਪੀਂਦਾ ਰਿਹਾ ਤੇ ਸੰਦ ਕੋਈ ਨਾ ਖਰੀਦੇ। ਮਹੀਨੇ ਬਾਅਦ ਫਿਰ ਚਲਿਆ ਗਿਆ ਤੇ ਜਾ ਕੇ ਆਖਦਾ ਹੈ-''ਹੁਣ ਸੂਤਰ ਵਾਸਤੇ ਕੁਝ ਕੁ ਰੁਪਏ ਚਾਹੀਦੇ ਹਨ।'' ਰਾਜੇ ਨੇ ਦੋ ਸੌ ਰੁਪਇਆ ਫੇਰ ਦਿਵਾ ਦਿੱਤਾ। ਉਹ ਰੁਪਇਆ ਲੈ ਕੇ ਵੀ ਘਰ ਆ ਗਿਆ, ਕੁਝ ਅਰਸੇ ਬਆਦ ਰਾਜੇ ਨੇ ਨੌਕਰ ਭੇਜਿਆ ਉਸ ਨੇ ਆ ਕੇ ਆਖਿਆ ਕਿ ਦਸਤਾਰ ਅਜੇ ਤਿਆਰ ਹੋਈ ਹੈ ਕਿ ਨਹੀਂ? ਤਾਂ ਜੁਲਾਹੇ ਨੇ ਕਿਹਾ-''ਅਜੇ ਮੈਂ ਸੂਤਰ ਕੱਤ ਰਿਹਾ ਹਾਂ।'' ਜਦ ਦੁਬਾਰਾ ਪੁੱਛ ਭੇਜਿਆ ਤਾਂ ਜੁਲਾਹੇ ਨੇ ਕਿਹਾ-''ਹੁਣ ਮੈਂ ਤਾਣਾ ਤਣ ਰਿਹਾ ਹਾਂ।'' ਜਦ ਤੀਜੀ ਵੇਰ ਪੁੱਛ ਘੱਲਿਆ ਤਾਂ ਜੁਲਾਹੇ ਨੇ ਕਿਹਾ-''ਹੁਣ ਮੈਂ ਕਪੜੇ ਨੂੰ ਕੱਛ ਰਿਹਾ ਹਾਂ।'' ਇਕ ਦਿਨ ਉਹ ਜੁਲਾਹਾ ਆਪ ਹੀ ਫਿਰ ਰਾਜੇ ਪਾਸ ਜਾ ਕੇ ਕਹਿੰਦਾ ਹੈ-''ਹੇ ਰਾਜਨ ! ਦਸਤਾਰ ਤਾਂ ਤਿਆਰ ਹੋ ਗਈ ਹੈ, ਪਰ ਉਸ ਦੇ ਵਾਸਤੇ ਹੁਣ ਪਟਾਰੀ ਚਾਹੀਦੀ ਹੈ, ਜਿਸ ਦੇ ਨਾਲ ਮੋਤੀ ਵਗੈਰਾ ਲੱਗੇ ਹੋਣ, ਉਸ ਦੇ ਵਿਚ ਆਪ ਜੀ ਦੀ ਦਸਤਾਰ ਪਾ ਕੇ ਲਿਆਵਾਂਗਾ।'' ਬਾਦਸ਼ਾਹ ਨੇ ਪਟਾਰੀ ਵਾਸਤੇ ਹੋਰ ਰੁਪਏ ਦਿਵਾ ਦਿੱਤੇ। ਉਹ ਰੁਪਏ ਲੈ ਕੇ ਵੀ ਜੁਲਾਹੇ ਨੇ ਬੜੀ ਐਸ਼ ਲੁੱਟੀ ਤੇ ਇਕ ਦਿਨ ਪਟਾਰੀ ਲੈ ਕੇ ਉਸ ਉਤੇ ਚੰਗੇ-ਚੰਗੇ ਰੇਸ਼ਮੀ ਰੁਮਾਲ ਵਲ੍ਹੇਟ ਕੇ ਪਾਲਕੀ ਵਿਚ ਰੱਖ ਕੇ ਵਾਜੇ ਵਜਾਉਂਦਾ ਹੋਇਆ ਰਾਜ-ਦਰਬਾਰ ਵਿਚ ਆ ਗਿਆ ਤੇ ਸਾਰੇ ਰੌਲਾ ਪਾ ਦਿੱਤਾ ਕਿ 'ਰਾਜਾ ਜੀ ਦੀ ਦਸਤਾਰ ਆਈ ਹੈ।' ਵੇਖਣ ਵਾਸਤੇ ਬੜੀ ਭਾਰੀ ਸਭਾ ਇਕੱਠੀ ਹੋ ਗਈ। ਸਭਾ ਦੇ ਵਿਚ ਪਟਾਰੀ ਰੱਖੀ ਗਈ ਤੇ ਰੁਮਾਲ ਖੋਲ੍ਹਣ ਤੋਂ ਪਹਿਲਾਂ ਜੁਲਾਹੇ ਨੇ ਇਕ ਗੱਲ ਆਖੀ-''ਇਹ ਦਸਤਾਰ ਉਸ ਨੂੰ ਨਿਗਾਹ ਆਵੇਗੀ ਜੋ ਆਪਣੇ ਮਾਂ ਪਿਓ ਦਾ ਹੋਵੇਗਾ, ਜੋ ਹਰਾਮ ਦਾ ਹੋਵੇਗਾ ਉਸ ਨੂੰ ਨਿਗਾਹ ਨਹੀਂ ਆਵੇਗੀ।''ਇਹ ਗੱਲ ਸੁਣ ਕੇ ਸਾਰੇ ਡਰ ਗਏ, ਜਿਸ ਵੇਲੇ ਵਜ਼ੀਰ ਨੇ ਪਟਾਰੀ ਖੋਲ੍ਹੀ ਤਾਂ ਪੱਗ ਕੋਈ ਨਿਗ੍ਹਾ ਨਾ ਆਈ, ਅਸਚਰਜ ਹੋ ਗਿਆ ਤੇ ਵਿਚਾਰਦਾ ਹੈ 'ਜੇ ਮੈਂ ਆਖਦਾ ਹਾਂ ਕਿ ਪੱਗ ਕੋਈ ਨਹੀਂ ਤਾਂ ਮੈਂ ਹਰਾਮ ਦਾ ਬਣਦਾ ਹਾਂ ਅਤੇ ਸਾਰੇ ਲੋਕ ਆਖਣਗੇ ਕਿ ਇਹ ਵਜ਼ੀਰ ਹਰਾਮ ਦਾ ਹੈ।' ਤਦ ਵਜ਼ੀਰ ਨੇ ਆਖਿਆ ਕਿ ਪੱਗ ਬੜੀ ਸੁੰਦਰ ਹੈ, ਵਜ਼ੀਰ ਦੇ ਮਗਰ ਲੱਗ ਕੇ ਲੋਕ ਭੀ ਆਖਣ ਲੱਗ ਗਏ ਕਿ ਪੱਗ ਬੜੀ ਸੁੰਦਰ ਹੈ। ਫਿਰ ਰਾਜੇ ਨੂੰ ਕਿਹਾ-''ਆਪ ਇਸ ਪੱਗ ਨੂੰ ਬੰਨ੍ਹੋ।' ਰਾਜਾ ਵੀ ਵੇਖ ਕੇ ਹੈਰਾਨ ਹੁੰਦਾ ਹੈ ਕਿ ਪੱਗ ਹੈ ਨਹੀਂ, ਮੈਂ ਬੰਨ੍ਹਾਂ ਕੀ, ਜੇ ਨਹੀਂ ਬੰਨ੍ਹਦਾ ਤਾਂ ਹਰਾਮ ਦਾ ਹੁੰਦਾ ਹਾਂ। ਉਸ ਵੇਲੇ ਰਾਜੇ ਨੇ ਪੰਜ ਚਾਰ ਵੇਰ ਆਪਣੀਆਂ ਬਾਹਵਾਂ ਉੱਚੀਆਂ ਕਰਕੇ ਦਸਤਾਰ ਬੰਨ੍ਹਣ ਦੀ ਸ਼ਕਲ ਲੋਕਾਂ

ਦੇ ਸਾਹਮਣੇ ਰੱਖ ਦਿੱਤੀ ਤੇ ਆਖਿਆ- ''ਦਸਤਾਰ ਬਹੁਤ ਵਧੀਆ ਹੈ।''

ਹੁਣ ਇਸ ਸਾਰੇ ਪ੍ਰਸੰਗ ਦਾ ਗੁਰੂ ਸਾਹਿਬ ਜੀ ਦੋ ਤੁਕਾਂ ਵਿਚ ਅਨੁਵਾਦ ਕਰਦੇ ਹਨ, ਜੁਲਾਹੇ ਨੇ ਜਿਹੜਾ ਕਿਹਾ ਸੀ-''ਮੈਂ ਸੂਤਰ ਕੱਤ ਰਿਹਾ ਹਾਂ, ਇਹ ਵੀ ਝੂਠ ਹੈ। ਫੇਰ ਉਸ ਨੇ ਕਿਹਾ ਸੀ- ''ਮੈਂ ਤਾਣਾ ਤਣ ਰਿਹਾ ਹਾਂ ਇਹ ਵੀ ਉਸ ਦਾ ਝੂਠ ਹੈ।'' ਫੇਰ ਉਸ ਨੇ ਕਿਹਾ ਸੀ ਕਿ ਹੁਣ ਮੈਂ ਕਪੜੇ ਨੂੰ ਕੱਛ ਰਿਹਾ ਹਾਂ ਇਹ ਵੀ ਉਸ ਦਾ ਝੂਠ ਹੈ ਅਤੇ ਉਸ ਦਸਤਾਰ ਦੇ ਬੰਨ੍ਹਣ ਦਾ ਅਨੰਦ ਜਿਹੜਾ ਰਾਜੇ ਨੇ ਮਾਣਿਆ ਹੈ, ਉਹ ਵੀ ਝੂਠਾ ਹੈ।

ਅਥਵਾ:- ਗੁਰ-ਉਪਦੇਸ਼ ਗ੍ਰਹਿਣ ਕੀਤੇ ਤੋਂ ਬਿਨਾਂ ਹੀ ਜਿਹੜਾ ਜਗਿਆਸੂ ਕਹਿੰਦਾ ਹੈ ਕਿ ਮੈ ਕਤਿਐ=ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੀ ਨਵਿਰਤੀ ਕੀਤੀ ਹੈ।' ਇਹ ਵੀ ਝੂਠਾ ਹੈ।

'ਕੂੜਾ ਤਣੀਐ ਤਾਣੁ' ਜਿਹੜਾ ਆਖਦਾ ਹੈ-

''ਮੈਂ ਉਪਾਸ਼ਨਾ ਕਰਕੇ ਵਿਖੇਪ ਦੋਸ਼ ਦੀ ਨਵਿਰਤੀ ਕੀਤੀ ਹੈ ।'' ਇਹ ਵੀ ਝੂਠ ਹੈ।

ਕੂੜਾ ਕਪੜੁ ਕਛੀਐ=(ਜਿਹੜਾ ਆਖਦਾ ਹੈ-) ''ਮੈਂ ਬ੍ਰਹਮ ਗਿਆਨ ਦੇ ਸਹਿਤ ਹੋ ਕੇ ਅਵਰਨ ਨੂੰ ਦੂਰ ਕੀਤਾ ਹੈ।'' ਇਹ ਵੀ ਝੂਠ ਹੈ।

ਕੂੜਾ ਪੈਨਣੁ ਮਾਣੁ =ਜਿਹੜਾ ਆਖਦਾ ਹੈ- ''ਮੈਂ ਹੁਣ ਆਨੰਦ ਮਾਣਿਆ ਹੈ'', ਇਹ ਵੀ ਉਸ ਦਾ ਝੂਠ ਹੈ।

ਅਥਵਾ:- ਕੂੜੈ ਕਤਿਐ=ਜਿਹੜਾ ਆਖਦਾ ਹੈ-''ਮੈਂ ਸ੍ਰਵਣ ਕੀਤਾ ਹੈ।'' ਇਹ ਵੀ ਝੂਠ ਹੈ।

ਕੂੜਾ ਤਣੀਐ ਤਾਣੁ=ਜਿਹੜਾ ਆਖਦਾ ਹੈ-''ਮੈਂ ਮੰਨਣ ਕਰ ਲਿਆ ਹੈ।'' ਇਹ ਵੀ ਝੂਠ ਹੈ।

ਕੂੜਾ ਕਪੜੁ ਕਛੀਐ=ਜਿਹੜਾ ਆਖਦਾ ਹੈ- ''ਮੈਂ ਨਿਧਿਆਸਣ ਕਰ ਲਿਆ ਹੈ।'' ਇਹ ਭੀ ਝੂਠ ਹੈ।

ਕੂੜਾ ਪੈਨਣੁ ਮਾਣੁ=ਜਿਹੜਾ ਆਖਦਾ ਹੈ-''ਮੈਨੂੰ ਸਖਿਆਤਕਾਰੀ ਹੋਈ ਹੈ।'' ਇਹ ਵੀ ਝੂਠ ਹੈ॥ ੧॥

ਮਃ ੧ ॥ ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ ॥

ਬਾਂਗਾ ਦੇਣ ਵਾਲੇ ਮੁੱਲਾਂ, ਨਿਆਂ ਦੇ ਕਰਨ ਵਾਲੇ ਬੁਰਗੂ=ਕਾਜ਼ੀ, ਸਿੰਙੀਆਂ=ਸਿੰਙੀ ਵਜਾਉਣ ਵਾਲੇ ਜੋਗੀ, ਕਲਾਣ=ਕਲਿਆਣਾਂ ਦੇ ਉਚਾਰਨ ਵਾਲੇ ਭੂਮ, ਇਹ ਵੀ ਸਾਰੇ ਚੋਰਾਂ, ਯਾਰਾਂ, ਰੰਡੀਆਂ ਦੇ ਨਾਲ ਮਿਲੀ=ਮਿਲ ਰਹੇ ਹਨ।

ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥

ਸੰਸਾਰ ਵਿਚ ਇਕ ਦਾਤੇ ਤੇ ਇਕ ਮੰਗਤੇ ਹਨ, ਪਰ ਇਨ੍ਹਾਂ ਸਾਰਿਆਂ ਵਿਚੋਂ ਤੇਰਾ=ਤਿਸ ਪਰਮੇਸ਼ਰ ਦਾ ਨਾਮ ਜਪਣ ਵਾਲਾ ਹੀ ਪ੍ਰਮਾਣੀਕ ਹੈ।

ਨਾਨਕ ਜਿਨੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਣ ਕੀਤਾ ਹੈ, ਉਹਨਾਂ ਉਪਰੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨ ॥

ਪਉੜੀ ॥ ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥

ਮਾਇਆ ਦਾ ਮੋਹ ਸਭ ਝੂਠਾ ਹੈ, ਇਸ ਦੇ ਵਿਚ ਲਗਣ ਵਾਲਾ ਪੁਰਸ਼ ਵੀ ਝੂਠਾ ਹੋ ਗਿਆ। ਜੀਵਾਂ ਨੇ ਆਪਣੇ ਗਲ ਵਿਚ ਹਉਮੈ ਦਾ ਝਗੜਾ ਪਾਇਆ ਹੈ, ਇਸ ਤੇ ਝਗੜੇ ਦੇ ਵਿਚ ਹੀ ਜਗਤ ਮਰ ਗਿਆ ਹੈ।

ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥
ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥

ਗੁਰਮੁਖਾਂ ਨੇ ਇਕ ਪਰਮੇਸ਼ਰ ਨੂੰ ਸਾਰੇ ਰਵ ਰਿਹਾ ਨਿਸਚੇ ਕਰਕੇ ਹਉਮੈ ਦਾ ਝਗੜਾ ਚੁਕਾ ਦਿੱਤਾ ਹੈ। ਜਿਸ ਨੇ ਆਤਮਾ ਰਾਮ ਨੂੰ ਸਾਰਿਆਂ ਵਿਚ ਵਿਆਪਕ ਪਛਾਣਿਆ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ। ਜੋ ਹਰੀ ਨਾਮ ਜਪਣ ਵਿਚ ਸਮਾਇਆ ਹੈ, ਉਸ ਦੀ ਜੋਤ ਜੋਤੀ ਵਿਚ ਸਮਾ ਗਈ ਹੈ॥ ੧੪॥

ਸਲੋਕ ਮਃ ੧ ॥ ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥
ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ ॥

ਹੇ ਸਤਿਗੁਰੂ ! ਤੂੰ ਸਮਰੱਥ ਦਾਤਾਰ ਹੈਂ, ਇਸ ਕਰਕੇ ਮੈਨੂੰ ਨਾਮ ਦੀ ਭਿਖਿਆ ਦੇਣਾ ਕਰ। ਅਤੇ ਹਉਮੈ, ਗਰਬ, ਕਾਮ, ਕ੍ਰੋਧ, ਹੰਕਾਰ ਆਦਿਕਾਂ ਨੂੰ ਦੂਰ ਕਰ ਦਿਓ।

ਲਬੁ ਲੋਭ ਪਰਜਾਲੀਐ ਨਾਮੁ ਮਿਲੈ ਆਧਾਰੁ ॥

ਲਬੁ=ਪਦਾਰਥਾਂ ਦੇ ਖਾਣੇ ਦਾ, ਲੋਭੁ=ਪਦਾਰਥਾਂ ਦੇ ਇਕੱਤਰ ਕਰਨ ਦਾ, ਇਹਨਾਂ ਨੂੰ ਪਰ-ਜਾਲੀਐ=ਭਲੀ ਪ੍ਰਕਾਰ ਸਾੜਨਾ ਕਰੀਏ ਅਤੇ ਨਾਮ ਦਾ ਆਧਾਰੁ=ਆਸਰਾ ਮਿਲੇ।

ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ ॥

ਉਹ ਪਰਮੇਸ਼ਰ ਦਿਨ ਰਾਤ ਨਵਤਨ=ਨਵੀਨ ਅਤੇ ਨਿਰਮਲ ਹੈ,
ਜੋ ਕਦੇ ਵੀ ਮੈਲਾ ਨਹੀਂ ਹੁੰਦਾ।

ਨਾਨਕ ਇਹ ਬਿਧਿ ਛੁਟੀਐ ਨਦਰਿ ਤੇਰੀ ਸੁਖੁ ਹੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਇਸ ਵਿਧੀ ਕਰਕੇ ਦੁਖ ਤੋਂ ਛੁਟਣਾ ਕਰੀਏ, ਤਿਸ ਪਰਮੇਸ਼ਰ ਦੀ ਕਿਰਪਾ-ਦ੍ਰਿਸ਼ਟੀ ਕਰਕੇ ਹੀ ਸੁਖ ਪ੍ਰਾਪਤ ਹੁੰਦਾ ਹੈ॥ ੧॥

ਮਃ ੧ ॥ ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ ॥
ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ ॥ ੨ ॥

ਜਿਤਨੀਆਂ ਸੰਸਾਰ ਦਰਵਾਜ਼ੇ ਪਰ ਖੜੀਆਂ ਹਨ,

ਵਾ:- ਸਤਸੰਗ ਦਰਵਾਜ਼ੇ ਪਰ ਖੜੀਆਂ ਹਨ, ਉਹਨਾਂ ਸਾਰੀਆਂ ਦਾ ਕੰਤੁ= ਪਤੀ ਇਕ ਪਰਮੇਸ਼ਰ ਹੀ ਹੈ।

ਗੁਰੂ ਜੀ ਕਥਨ ਕਰਦੇ ਹਨ- ਜੋ ਇਸਤਰੀਆਂ ਪਤੀ ਪਰਮਾਤਮਾ ਦੇ ਪ੍ਰੇਮ ਵਿਚ ਰੱਤੀਆਂ ਹਨ, ਉਹਨਾਂ ਪਾਸੋਂ ਪਤੀ ਪ੍ਰਾਪਤੀ ਦੀਆਂ ਗੱਲਾਂ ਬਾਤਾਂ ਪੁੱਛਣਾ ਕਰੋ॥ ੨॥

ਮਃ ੧ ॥ ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ॥
ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ ॥ ੩ ॥

ਸਭ ਇਸਤਰੀਆਂ ਪਤੀ ਦੇ ਪ੍ਰੇਮ ਵਿਚ ਰੱਤੀਆਂ ਹੋਈਆਂ ਹਨ ਅਤੇ ਮੈਂ ਦੁਹਾਗਣਿ ਕਿਸ ਗਿਣਤੀ ਵਿਚ ਹਾਂ ? ਭਾਵ ਕਿਸੀ ਗਿਣਤੀ ਵਿਚ ਨਹੀਂ। ਕਿਉਂਕਿ ਮੇਰੇ ਸਰੀਰ ਵਿਚ ਇਤਨੇ ਔਗੁਣ ਹਨ, ਜਿਨ੍ਹਾਂ ਨੂੰ ਵੇਖ ਕੇ ਪਰਮਾਤਮਾ ਮੇਰੀ ਤਰਫ ਚਿੱਤ ਨਹੀਂ ਫੇਰਦਾ ॥ ੩ ॥

ਮਃ ੧ ॥ ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ ॥
ਸਭਿ ਰਾਤੀ ਸੋਹਾਗਣੀ ਇਕ ਮੈ ਦੋਹਾਗਣਿ ਰਾਤਿ ॥ ੪ ॥

ਹਉ=ਮੈਂ ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦੀ ਹਾਂ, ਜਿਨ੍ਹਾਂ ਦੇ ਵਾਤਿ=ਮੂੰਹ ਵਿਚ ਸਿਫ਼ਤੀ ਪਰਮਾਤਮਾ ਦੀ ਸਿਫਤ ਹੈ। ਹੇ ਪਰਮੇਸ਼ਰ ! ਸਭ ਸੁਭ ਸੁਹਾਗਣਾਂ ਤੇਰੇ ਵਿਚ ਰਾਤੀ=ਮਿਲੀਆਂ ਹਨ ਤੇ ਇਕ ਮੈਂ ਦੁਹਾਗਣ ਨੂੰ ਭੀ ਆਪਣੇ ਵਿਚ ਰਾਤਿ=ਤਦਾਕਾਰ ਕਰ ਲਵੋ।

ਅਥਵਾ:- (ਬਾਲਕ, ਜੋਬਨ, ਬ੍ਰਿਧ ਇਤਆਦੀ) ਸਭ ਅਵਸਥਾ ਰੂਪੀ ਰਾਤੀ=ਰਾਤਾਂ ਸੁਹਾਗਣਾਂ ਦੀਆਂ ਸਫਲ ਕੀਤੀਆਂ ਹਨ ਤੇ ਇਕ ਮੈਂ ਦੁਰ ਗਣ ਦੀ ਵੀ ਕੋਈ ਅਵਸਥਾ ਰੂਪੀ ਰਾਤ ਸਫਲ ਕਰ ਦਿਉ।

ਪਉੜੀ ॥ ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ ॥
ਗੁਰਮੁਖਿ ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥

ਹੇ ਹਰੀ ! ਆਪ ਜੀ ਦੇ ਦਰਵਾਜ਼ੇ ਤੋਂ ਮੈਂ ਮੰਗਤਾ ਦਾਨ ਮੰਗਦਾ ਹਾਂ, ਆਪ ਕਿਰਪਾ ਤਰਕੇ ਦੇਣਾ ਕਰੋ। ਹੇ ਹਰੀ ! ਗੁਰਾਂ ਦੁਆਰੇ ਮੈਨੂੰ ਆਪਣੇ ਨਾਲ ਮਿਲਾ ਲਵੋ, ਜਿਸ ਕਰਕੇ ਮੈਂ ਜਨ ਨਾਮ ਨੂੰ ਪਾਉਣਾ ਕਰਾਂ।

ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥

ਜੋ ਅਨਹਦੁ=ਇਕ-ਰਸ ਗੁਰ-ਉਪਦੇਸ਼ ਨੂੰ ਵਜਾਇ=ਉਚਾਰਦਾ ਹੈ, ਉਹ ਜੋਤ ਪਰਮਾਤਮਾ ਵਿਚ ਜੋਤ ਨੂੰ ਧਾਰਦਾ ਹੈ।

ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥
ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥ ੧੫ ॥

ਜਿਸ ਹਰੀ ਦੇ ਸਾਰੇ ਜੈ ਜੈ ਸ਼ਬਦ ਉਚਾਰਨ ਹੋ ਰਹੇ ਹਨ, ਉਸ ਹਰੀ ਦੇ ਗੁਣਾਂ ਨੂੰ ਜਿਹਵਾ ਨਾਲ ਗਾਉਣਾ ਕਰ ਅਤੇ ਹਿਰਦੇ ਵਿਚ ਧਾਰ। ਜੋ ਹਰੀ ਸਾਰੇ ਜਗਤ ਵਿਚ ਆਪ ਵਰਤ ਰਿਹਾ ਹੈ, ਉਸ ਦੇ ਨਾਲ ਤੂੰ ਪ੍ਰੀਤਿ ਕਰ ॥ ੧੫ ॥

ਸਲੋਕ ਮਃ ੧ ॥ ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ॥
ਸੁੰਵੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ॥ ੧ ॥

ਜਿਨ੍ਹਾਂ ਪੁਰਸ਼ਾਂ ਨੇ ਪ੍ਰਮੇਸ਼ਰ ਦੇ ਪ੍ਰੇਮ-ਰਸ ਨੂੰ ਨਹੀਂ ਪਾਇਆ ਅਤੇ ਕੰਤੁ=ਪਤੀ ਦੇ ਮਿਲਾਪ-ਰੂਪ ਸੁਆਦ ਨੂੰ ਭੀ ਨਹੀਂ ਪਾਇਆ। ਉਸ ਦਾ ਸੰਸਾਰ ਵਿਚ ਆਉਣਾ ਇਸ ਤਰ੍ਹਾਂ ਨਿਸਫਲ ਹੈ, ਜਿਵੇਂ ਸੁੰਵੇ=ਖਾਲੀ ਘਰ ਦਾ

ਪ੍ਰਾਹੁਣਾ ਜਿਵੇਂ ਆਉਂਦਾ ਹੈ, ਤਿਵੇਂ ਚਲਿਆਂ ਜਾਂਦਾ ਹੈ॥ ੧॥

ਮਃ ੧॥ ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥

ਦਿਨ ਵਿਚ ਜੇਕਰ ਪਰਮੇਸ਼ਰ ਦਾ ਭਜਨ ਨਾ ਕਰੇ ਤਾਂ ੧੦੦ (ਸੌ) ਉਲਾਂਭੇ ਮਿਲਦੇ ਹਨ, ਜੇਕਰ ਰਾਤ ਨੂੰ ਭਜਨ=ਸਿਮਰਨ ਨਾ ਕਰੇ ਤਾਂ ਰਾਤੀ ਸਹੰਸੁ=ਹਜ਼ਾਰਾਂ ਉਲਾਂਭੇ ਮਿਲਦੇ ਹਨ, ਕਿਉਂਕਿ ਪਰਮੇਸ਼ਰ ਨੇ ਰਾਤ ਭਜਨ-ਸਿਮਰਨ ਕਰਨ ਵਾਸਤੇ ਬਣਾਈ ਸੀ।

ਅਥਵਾ:- ਦਿਨ ਵਾਂਗ ਚਿੱਟੀ ਜੋ ਬ੍ਰਿਧ ਅਵਸਥਾ ਹੈ ਇਸ ਵਿਚ ਜੇਕਰ ਪਰਮੇਸ਼ਰ ਦਾ ਭਜਨ-ਸਿਮਰਨ ਨਾ ਕਰੇ ਤਾਂ ਸੈਂਕੜੇ ਉਲਾਂਭੇ ਮਿਲਦੇ ਹਨ ਅਤੇ ਕਾਲੀ ਰਾਤ ਵਾਂਗ ਹਨੇਰੀ ਜੋ ਜੋਬਨ ਅਵਸਥਾ ਹੈ, ਇਸ ਵਿਚ ਜੇਕਰ ਪਰਮੇਸ਼ਰ ਦਾ ਭਜਨ ਨਾ ਕਰੇ ਤਾਂ ਹਜ਼ਾਰਾਂ ਹੀ ਉਲਾਂਭੇ ਮਿਲਦੇ ਹਨ, ਕਿਉਂਕਿ ਜੁਆਨੀ ਅਵਸਥਾ ਵਿਚ ਜੋ ਕੰਮ ਕਰਨਾ ਚਾਹੇ ਕਰ ਸਕਦਾ ਹੈ ਤੇ ਜੇ ਕਰ ਜੋਬੁਨ ਨੂੰ ਪਾ ਕੇ ਵੀ ਜਪ, ਤਪ, ਭਜਨ-ਸਿਮਰਨ ਵਗੈਰਾ ਨਾ ਕਰੇ ਫਿਰ ਤਾਂ ਆਰੇ ਹੀ ਹਜ਼ਾਰਾਂ ਹੀ ਉਲਾਂਭੇ ਮਿਲਣੇ ਹੋਏ।

ਸਿਫਤਿ ਸਲਾਹਣੁ ਛਡਿ ਕੈ=ਸਿਫਤੀ=ਪਰਮਾਤਮਾ ਦੀ ਸਿਫਤ ਦਾ ਸਲਾਹੁਣਾ ਛੱਡ ਕਰਕੇ ਕਰੰਗੀ ਲਗਾ ਹੰਸੁ=ਹੰਸ ਜੋ ਜੀਵਾਤਮਾ ਹੈ, ਉਹ ਆਪਣੇ ਧਰਮ ਨੂੰ ਛੱਡ ਕੇ ਭੈੜਿਆਂ ਕਰਮਾਂ ਦੇ ਕਰਨ ਰੂਪ ਕਰੰਗੇ ਪਰ ਭਾਵ-ਮਰੇ ਹੋਏ ਪਸ਼ੂ ਦੇ ਪਿੰਜਰੇ ਪਰ ਲਗ ਰਿਹਾ ਹੈ। ਵਾ:-ਹੰਸੁ=ਮਹਾਤਮਾ ਪਰ-ਇਸਤ੍ਰੀ ਰੂਪ ਕਰੰਗੇ ਪਰ ਲੱਗਾ ਹੋਇਆ ਹੈ, ਭਾਵ ਵਿਭਚਾਰੀ ਹੋ ਰਿਹਾ ਹੈ।

ਇਸ ਪਰ ਸ੍ਰੀ ਮਾਨ ਗਿਆਨੀ ਜੀ ਮਹਾਰਾਜ ਸਾਖੀ ਸੁਣਾਉਂਦੇ ਹੁੰਦੇ ਸਨ ਕਿ-

ਇਕ ਸਮੇਂ ਪੰਜੇ ਪਾਂਡਵ ਵੱਖੋ-ਵੱਖ ਸਵੇਰ ਨੂੰ ਸੈਰ ਕਰਨ ਗਏ ਤਾਂ ਰਾਜਾ ਯੁਧਿਸ਼ਟਰ ਨੇ ਕੀ ਵੇਖਿਆ ਕਿ ਹੰਸ ਕਰੰਗੇ ਪਰ ਬੈਠਾ ਹੈ, ਵੇਖ ਕੇ ਬੜਾ ਵਿਚਾਰ ਕੀਤਾ ਕਿ ਹੰਸ ਤਾਂ ਮਾਨਸਰੋਵਰ ਪਰ ਰਹਿੰਦੇ ਹਨ ਤੇ ਮੋਤੀ ਹੀਰੇ ਉਨ੍ਹਾਂ ਦੀ ਖੁਰਾਕ ਹੈ ਤੇ ਇਹ ਹੰਸ ਇਸ ਕਰੰਗੇ ਪਰ ਕਿਉਂ ਬੈਠਾ ਹੈ ? ਇਸ ਤਰ੍ਹਾਂ ਵਿਚਾਰ ਕੇ ਕਹਿੰਦਾ ਹੈ-"ਇਹ ਗੱਲ ਕ੍ਰਿਸ਼ਨ ਜੀ ਤੋਂ ਪੁੱਛਾਂਗੇ।"

ਭੀਮਸੈਨ ਨੇ ਕੀ ਵੇਖਿਆ ਕਿ ਤਿੰਨਾਂ ਖੂਹੀਆਂ ਦਾ ਜਲ ਚੱਲ ਰਿਹਾ ਹੈ, ਵਿਚਕਾਰਲੀ ਨੂੰ ਛੱਡ ਕੇ ਆਸੇ ਪਾਸੇ ਦੀਆਂ ਖੂਹੀਆਂ ਦਾ ਜਲ ਮਿਲ ਰਿਹਾ ਹੈ, ਵੇਖ ਕੇ ਬੜਾ ਹੈਰਾਨ ਹੋਇਆ ਤੇ ਆਖਦਾ ਹੈ-"ਇਸ ਦਾ ਕੀ ਕਾਰਨ ਹੈ, ਕ੍ਰਿਸ਼ਨ ਜੀ ਪਾਸੋਂ ਪੁੱਛਾਂਗੇ।"

ਅਰਜਨ ਨੇ ਕੀ ਵੇਖਿਆ- ਇਕ ਗਊ ਹੈ, ਉਹ ਵੱਛੀ ਦਾ ਦੁੱਧ ਚੁੰਘ ਰਹੀ ਹੈ, ਇਸ ਦਾ ਕੀ ਕਾਰਨ ਹੈ, ਇਸ ਨੇ ਵੀ ਦਿਲ ਵਿਚ ਏਹੋ ਕਿਹਾ ਕਿ ਇਸ ਗੱਲ ਦਾ ਉੱਤਰ ਕ੍ਰਿਸ਼ਨ ਜੀ ਪਾਸੋਂ ਲਵਾਂਗੇ।

ਜਦ ਨਕੁਲ ਸੈਰ ਕਰਦਾ ਹੋਇਆ ਜੰਗਲ ਵਿਚ ਗਿਆ ਤਾਂ ਕੀ ਵੇਖਦਾ ਹੈ ਕਿ ਇਕ ਹਾਥੀ ਦੇ ਦੋ ਸੁੰਡ ਹਨ, ਇਕ ਨਾਲ ਘਾਹ ਖਾ ਰਿਹਾ ਹੈ, ਦੂਜੇ ਨਾਲ ਮਾਸ ਖਾ ਰਿਹਾ ਹੈ। ਵੇਖ ਕੇ ਹੈਰਾਨ ਹੋ ਗਿਆ ਤੇ ਕਿਹਾ ਕਿ ਕ੍ਰਿਸ਼ਨ ਜੀ ਪਾਸੋਂ ਪੁੱਛਾਗੇ।

ਸਹਿਦੇਵ ਨੇ ਕੀ ਦੇਖਿਆ ਕਿ ਪਹਾੜ ਰੁੜ੍ਹਿਆ ਆ ਰਿਹਾ ਹੈ ਤੇ ਇਕ ਕੱਖ ਦੇ ਨਾਲ ਅਟਕ ਕੇ ਰੁਕ ਗਿਆ, ਸਹਿਦੇਵ ਦੇਖ ਕੇ ਬੜਾ ਹੈਰਾਨ ਹੋਇਆ ਦਿੱਲ ਵਿਚ ਸੋਚਿਆ ਕਿ ਕ੍ਰਿਸ਼ਨ ਜੀ ਤੋਂ ਪੁੱਛਾਂਗੇ ਇਸ ਦਾ ਕੀ ਕਾਰਨ ਹੈ। ਜਿਸ ਵੇਲੇ ਪੰਜੇ ਪਾਂਡਵਾਂ ਨੇ ਆਪੋ ਆਪਣੇ ਪ੍ਰਸ਼ਨ ਕੀਤੇ।

(੧) *ਰਾਜਾ ਯੁਧਿਸ਼ਟਰ ਨੇ ਕਿਹਾ-* ''ਮੈਂ ਅੱਜ ਹੰਸ ਨੂੰ ਕਰੰਗੇ ਪਰ ਬੈਠਿਆਂ ਵੇਖਿਆ ਹੈ, ਇਸ ਦਾ ਕੀ ਕਾਰਨ ਹੈ ?

ਕ੍ਰਿਸ਼ਨ ਜੀ ਨੇ ਕਿਹਾ-''ਹੇ ਰਾਜਨ ! ਇਹ ਕਲਜੁਗ ਦੇ ਚਿੰਨ੍ਹ ਹਨ, ਕਲਜੁਗ ਵਿਚ ਜੋ ਚੰਗੇ-ਚੰਗੇ ਜੀਵਾਤਮਾ ਬ੍ਰਾਹਮਣ ਆਦਿਕ ਹੋਣਗੇ ਉਹ ਸਭ ਆਪੋ ਆਪਣੇ ਸੰਧਿਆ ਤਰਪਣ ਵਗੈਰਾ ਚੰਗੇ ਕਰਮ ਛੱਡ ਕੇ ਕਰੰਗੇ ਪਰ ਬੈਠਣਗੇ ਭਾਵ ਜੂਆ, ਚੌਪੜ, ਤਾਸ਼ ਖੇਡਣੀ, ਹੁੱਕਾ ਪੀਣਾ ਆਦਿਕ ਭੈੜੇ ਕਰਮਾਂ ਵਿਚ ਪ੍ਰਾਵਰਤ ਹੋਣਗੇ ਅਤੇ ਸੰਤਾਂ ਰੂਪੀ ਹੰਸ ਪਰ-ਇਸਤ੍ਰੀ ਰੂਪ ਕਰੰਗੇ ਪਰ ਬੈਠ ਕੇ ਵਿਸ਼ਿਆਂ ਰੂਪੀ ਗੰਦਗੀ ਨੂੰ ਖਾਣਗੇ।

(੨) *ਫੇਰ ਭੀਮ ਸੈਨ ਨੇ ਬੇਨਤੀ ਕੀਤੀ-*''ਮੈਂ ਅੱਜ ਨਵਾਂ ਕੌਤਕ ਦੇਖਿਆ ਹੈ ਕਿ ਤਿੰਨ ਖੂਹੀਆਂ ਚਲ ਰਹੀਆਂ ਹਨ, ਆਸੇ-ਪਾਸੇ ਦੀਆਂ ਖੂਹੀਆਂ ਦਾ ਪਾਣੀ ਮਿਲ ਰਿਹਾ ਹੈ, ਵਿਚਲੀ ਦਾ ਮਿਲਾਪ ਨਹੀਂ ਹੈ।''

ਕ੍ਰਿਸ਼ਨ ਜੀ ਨੇ ਕਿਹਾ-''ਇਹ ਵੀ ਕਲਜੁਗ ਦੇ ਲੱਛਣ ਹਨ, ਕਲਜੁਗ ਵਿਚ ਸਕੇ ਭਰਾਵਾਂ ਦਾ ਆਪਸ ਵਿਚ ਮੇਲ ਨਹੀਂ ਹੋਵੇਗਾ ਤੇ ਆਲੇ-ਦੁਆਲੇ ਪੁਰਸ਼ਾਂ ਦਾ ਆਪਸ ਵਿਚ ਮੇਲ ਹੋਵੇਗਾ।''

(੩) *ਅਰਜਨ ਨੇ ਕਿਹਾ-* ''ਮੈਂ ਭੀ ਇਕ ਅਸਚਰਜ ਗੱਲ ਵੇਖੀ ਹੈ ਕਿ ਗਊ ਵੱਛੇ ਨੂੰ ਚੁੰਘ ਰਹੀ ਹੈ, ਇਸ ਦਾ ਕੀ ਕਾਰਨ ਹੈ?''

ਕ੍ਰਿਸ਼ਨ ਜੀ ਨੇ ਕਿਹਾ-"ਇਹ ਵੀ ਕਲਜੁਗ ਦੇ ਚਿੰਨ੍ਹ ਹਨ, ਕਲਜੁਗ ਵਿਚ ਗਊ ਵਾਂਗ ਜੋ ਮਾਤਾ ਪਿਤਾ ਹੋਣਗੇ ਉਹ ਧੀਆਂ ਦਾ ਪੈਸਾ ਖਾ ਕੇ ਗੁਜ਼ਾਰਾ ਕਰਨਗੇ ਭਾਵ ਲੜਕੀਆਂ ਦਾ ਚੁਕਾਵਾ ਕਰਕੇ ਪਹਿਲੇ ਹਜ਼ਾਰ, ਦੋ ਹਜ਼ਾਰ ਵੱਢੀ ਲੈ ਕੇ ਫੇਰ ਲੜਕੀ ਨੂੰ ਵਿਆਹੁਣਗੇ।''

(੪) *ਨਕੁਲ ਨੇ ਕਿਹਾ-* ''ਮੈਂ ਤਾਂ ਹੋਰ ਹੀ ਲੀਲ੍ਹਾ ਵੇਖੀ ਹੈ ਕਿ ਇਕ ਹਾਥੀ ਦੇ ਦੋ ਸੁੰਡ ਸਨ, ਇਕ ਨਾਲ ਘਾਹ ਦੂਜੇ ਨਾਲ ਮਾਸ ਖਾਂਦਾ ਸੀ, ਇਸ ਦਾ ਕੀ ਕਾਰਨ ਹੈ ?''

ਕ੍ਰਿਸ਼ਨ ਜੀ ਨੇ ਕਿਹਾ- ''ਇਹ ਵੀ ਕਲਜੁਗ ਦੇ ਲੱਛਣ ਹਨ, ਕਲਜੁਗ ਦੇ ਜੋ ਰਾਜੇ ਹੋਣਗੇ ਉਹ ਸੱਚੇ ਪਾਸੋਂ ਵੀ ਖਾ ਜਾਣਗੇ, ਝੂਠੇ ਪਾਸੋਂ ਵੀ ਖਾ ਜਾਣਗੇ।

(੫) ਸਹਿਦੇਵ ਨੇ ਪੁੱਛਿਆ-''ਮੈਂ ਇਕ ਪਹਾੜ ਰੁੜ੍ਹਿਆ ਆਉਂਦਾ ਵੇਖਿਆ ਹੈ ਤੇ ਉਹ ਇਕ ਕੱਖ ਦੇ ਅੜੇਵੇਂ ਨਾਲ ਰੁਕ ਗਿਆ, ਇਸ ਦਾ ਕੀ ਕਾਰਨ ਹੈ?''

ਤਾਂ ਕ੍ਰਿਸ਼ਨ ਜੀ ਨੇ ਕਿਹਾ-''ਹੇ ਪਿਆਰੇ! ਕਲਜੁਗ ਵਿਚ ਧਰਮ ਰੂਪੀ ਪਹਾੜ ਨਾਮ ਦਾਨ ਰੂਪ ਕੱਖ ਦੇ ਆਸਰੇ ਠਹਿਰੇਗਾ।

ਇਸੇ ਕਰਕੇ ਗੁਰੂ ਜੀ ਨੇ ਕਿਹਾ ਹੈ-''ਕਰੰਗੀ ਲਗਾ ਹੰਸੁ॥''

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥ ੨॥

ਇਸੇ ਤਰ੍ਹਾਂ ਦੇ ਜੀਉਣੇ ਨੂੰ ਫਿਟੇ-ਮੂੰਹ ਹੈ, ਜਿਸ ਜੀਉਣ ਵਿਚ ਪਦਾਰਥਾਂ ਨੂੰ ਖਾ-ਖਾ ਕੇ ਢਿੱਡ ਨੂੰ ਵਧਾ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਸੱਚੇ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਾਰੇ ਪੁਰਸ਼ ਦੁਸ਼ਮਣਤਾਈ ਵਿਚ ਪ੍ਰੇਮ ਕਰਦੇ ਹਨ।

ਅਥਵਾ:- ਸਾਰੇ ਕਾਮ ਆਦਿਕ ਉਸ ਨਾਲ ਦੁਸ਼ਮਣਤਾਈ ਦਾ ਹੇਤੁ=ਕਾਰਨ ਹੁੰਦੇ ਹਨ॥ ੨॥

ਪਉੜੀ॥ ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ॥
ਗੁਰਮੁਖਿ ਸੇਵਿ ਸਲਾਹਿ ਸਚਾ ਉਰ ਧਾਰਿਆ॥

ਜੋ ਢਾਡੀ ਰੂਪੀ ਹੋ ਕੇ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ, ਉਸ ਨੇ ਨਿਤਾਪ੍ਰਤੀ ਆਪਣੇ ਮਨੁੱਖਾ ਜਨਮ ਨੂੰ ਸਵਾਰ ਲਿਆ ਹੈ ਤੇ ਗੁਰਾਂ ਦੁਆਰੇ ਸੇਵਨੇ ਜੋਗ ਨੂੰ ਸਲਾਹਿਆ ਹੈ ਅਤੇ ਸੱਚੇ ਨੂੰ ਹਿਰਦੇ ਵਿਚ ਧਾਰ ਲਿਆ ਹੈ।

[ਪੰਨਾ ੭੯੧]

ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ॥
ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ॥

ਨਾਮ ਦੇ ਪਿਆਰ ਵਾਲਾ ਪੁਰਸ਼ ਸਰੀਰ ਘਰ ਦੇ (ਦਰੁ) ਅੰਦਰ ਹੀ ਮਹਲੁ=ਸਰੂਪ ਨੂੰ ਪਾਉਂਦਾ ਹੈ। ਗੁਰਾਂ ਦੁਆਰੇ ਨਾਮ ਪਾਇਆ ਜਾਂਦਾ ਹੈ ਇਸ ਕਰਕੇ ਮੈਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ॥ ੧੬॥

ਹੇ ਸਿਰਜਣਹਾਰ ਪਰਮਾਤਮਾ ! ਤੂੰ ਆਪੇ ਆਪ ਹੀ ਗੁਰਮਖਾਂ ਦੇ ਜਨਮ ਨੂੰ ਸੁਆਰਦਾ ਹੈਂ॥ ੧੬॥

ਸਲੋਕ ਮਃ ੧ ॥ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥

ਜਿਵੇਂ ਦੀਵਾ ਬਲੇ ਤਾਂ ਹਨੇਰਾ ਦੂਰ ਹੋ ਜਾਂਦਾ ਹੈ। ਤਿਵੇਂ ਵੇਦ ਦਾ ਪਾਠ ਬੁੱਧੀ ਦੇ ਪਾਪਾਂ ਨੂੰ ਖਾ ਜਾਂਦਾ ਹੈ।

ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥

ਜਿਵੇਂ ਸੂਰਜ ਚੜ੍ਹੇ ਤਾਂ ਚੰਦਰਮਾ ਦਾ ਪ੍ਰਕਾਸ਼ ਜਾਣਿਆ ਨਹੀਂ ਜਾਂਦਾ । ਇਸੇ ਤਰ੍ਹਾਂ ਜਿਥੇ ਸ੍ਵੈ-ਸਰੂਪ ਦੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ।

ਬੇਦ ਪਾਠ ਸੰਸਾਰ ਕੀ ਕਾਰ॥ ਪੜਿ੍ ਪ੍ੜਿ ਪੰਡਿਤ ਕਰਹਿ ਬੀਚਾਰ॥

ਸੰਸਾਰੀ ਲੋਕਾਂ ਨੇ ! ਵੇਦ ਪਾਠ ਨੂੰ ਸੰਸਾਰ ਦੀ ਇਕ ਕਾਰ ਹੀ ਸਮਝ ਲਿਆ ਹੈ। ਪੰਡਿਤ ਲੋਕ ਵੇਦ ਪਾਠ ਨੂੰ ਪੜ੍ਹ ਪੜ੍ਹ ਕੇ ਉਪਜੀਵਕਾ ਦਾ ਹੀ ਵਿਚਾਰ ਕਰਦੇ ਹਨ।

"ਬੇਦ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ॥" *(ਮਾਰੂ ਮਹਲਾ ੫, ਪੰਨਾ ੧੦੦੩)*

ਅਥਵਾ:- ਜੇਕਰ ਸਿਧਾਂਤ ਵਲ ਨਿਗ੍ਹਾ ਕਰੀਏ ! ਤਾਂ ਵੇਦ ਪਾਠ ਸੰਸਾਰ ਦੀ ਕੀ ਕਾਰ ਹੈ, ਕਿੰਤੂ ਕੋਈ ਕਾਰ ਨਹੀਂ। ਪੰਡਿਤ ਲੋਕ ਵੇਦਾਂ ਨੂੰ ਪੜ੍ਹ ਪੜ੍ਹ ਕੇ ਸਿਧਾਂਤ ਦਾ ਹੀ ਵਿਚਾਰ ਕਰਦੇ ਹਨ।

ਬਿਨੁ ਬੂਝੇ ਸਭ ਹੋਇ ਖੁਆਰ॥ ਨਾਨਕ ਗੁਰਮੁਖਿ ਉਤਰਸਿ ਪਾਰਿ॥ ੧॥

ਜੋ ਲੋਗ ਸਿਧਾਂਤ ਦੇ ਬੁੱਝੇ ਤੋਂ ਬਿਨਾਂ ਹਨ, ਉਸ ਸਾਰੇ ਦੇ ਸਾਰੇ ਹੀ ਖਰਾਬ ਹੁੰਦੇ ਹਨ।

ਗੁਰੂ ਜੀ ਕਥਨ ਕਰਦੇ ਹਨ—ਸੰਸਾਰ-ਸਮੁੰਦਰ ਤੋਂ ਤਾਂ ਗੁਰਮੁਖਿ ਜਨ ਹੀ ਪਾਰ ਉਤਰਦੇ ਹਨ॥ ੧॥

ਮਃ ੧॥ ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ॥
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ॥

ਮਨਮੁਖ ਪੁਰਸ਼ ਨੂੰ ! ਗੁਰ-ਉਪਦੇਸ਼ ਦਾ ਸੁਆਦ ਨਹੀਂ ਆਇਆ ਅਤੇ ਨਾ ਹੀ ਉਸਦਾ ਨਾਮ ਵਿਚ ਪ੍ਰੇਮ ਲੱਗਾ ਹੈ। ਜ਼ਬਾਨ ਨਾਲ ਫਿੱਕੇ ਬਚਨ ਬੋਲਦਾ ਹੈ, ਇਸ ਕਰਕੇ ਨਿਤਾਪ੍ਰਤੀ ਖੁਆਰ=ਖ਼ਰਾਬ ਹੁੰਦਾ ਹੈ।

ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ, ਜਿਸ ਤਰ੍ਹਾਂ ਦਾ ਮੱਥੇ ਤੇ ਕਿਰਤਿ=ਲੇਖ ਪਿਆ ਹੈ, ਉਸੇ ਤਰ੍ਹਾਂ ਦੇ ਕਰਮਾਂ ਨੂੰ ਕਮਾਉਣਾ ਕ਼ਰਦਾ ਹੈ। (ਭੋਗੇ ਤੋਂ ਬਗੈਰ) ਉਹਨਾਂ ਕਰਮਾਂ ਨੂੰ ਕੋਈ ਮੇਟਣ ਵਾਲਾ ਨਹੀਂ ਹੈ॥ ੨ ॥

ਪਉੜੀ॥ ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ॥
ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ॥

ਜਿਹੜਾ ਮਨੁੱਖ ਆਪਣੇ ਪ੍ਰਭੂ ਨੂੰ ਸਲਾਹੁੰਦਾ ਹੈ ਉਹ ਸ਼ੋਭਾ ਪਾਉਂਦਾ ਹੈ ਅਤੇ ਹਿਰਦੇ ਵਿਚੋਂ ਹਉਮੈ ਨੂੰ ਦੂਰ ਕਰ ਕੇ ਸੱਚ-ਨਾਮ ਨੂੰ ਮਨ ਵਿਚ ਵਸਾਉਂਦਾ ਹੈ।

ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ॥
ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੂਰਖਿ ਮਿਲਾਏ॥

ਗੁਣਾਂ ਵਾਲੀ ਸੱਚੀ ਨਾਮ ਬਾਣੀ ਉਚਾਰ ਕੇ ਸੱਚਾ ਸੁਖ ਪਾਉਂਦਾ ਹੈ।

ਜਿਨ੍ਹਾਂ ਪੁਰਖਾਂ ਨੇ ਸਤਿਗੁਰ ਪੁਰਖਾਂ ਨਾਲ ਆਪਣੇ ਆਪ ਨੂੰ ਮਿਲਾਇਆ ਹੈ, ਉਹਨਾਂ ਚਿਰ ਦੇ ਵਿਛੜਿਆਂ ਦਾ ਪਰਮੇਸ਼ਰ ਨਾਲ ਮੇਲ ਹੋਇਆ ਹੈ।

ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ॥ ੧੭ ॥

ਜਦ ਹਰੀ ਨਾਮ ਨੂੰ ਧਿਆਵੇ, ਤਦ ਇਸ ਪ੍ਰਕਾਰ ਮੈਲਾ ਮਨ ਪਵਿੱਤਰ ਹੁੰਦਾ ਹੈ॥ ੧੭ ॥

ਉਥਾਨਕਾ:- ਇਕ ਆਦਮੀ ਪ੍ਰਤੱਖ ਫੁੱਲਾਂ ਨੂੰ ਤੋੜ ਕੇ ਮਾਲਾ ਗੁੰਦ ਰਿਹਾ ਸੀ, ਉਸ ਦੇ ਪ੍ਰਤੀ ਕਥਨ ਕਰਦੇ ਹਨ-

ਸਲੋਕ ਮਃ ੧ ॥ ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥
ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥ ੧ ॥

ਕਾਇਆ=ਬੁੱਧੀ ਰੂਪੀ ਕੂਮਲ=ਕਰੂੰਬਲੀ ਨਾਲੋਂ ਸ਼ੁਭ-ਗੁਣਾਂ ਰੂਪੀ ਫੁੱਲ ਲਾਹ ਕੇ ਉਹਨਾਂ ਦੀ ਮਾਲਾ ਗੁਪਸਿ=ਗੁੰਦਣਾ ਕਰ। ਇਨ੍ਹਾਂ ਫੁੱਲਾਂ ਦੇ ਲੈਣ ਲਈ ਸਤਸੰਗਤ ਦੀ ਤਰਫ਼ ਰਉ ਕਰੇ=ਚਲਣਾ ਕਰ,

ਵਾ:-ਇਨ੍ਹਾਂ ਫੁੱਲਾਂ ਦੀ ਮਾਲਾ ਪਹਿਰਣ ਕਰਕੇ, ਪਤੀ-ਪਰਮੇਸ਼ਰ ਆਉਣ ਦਾ ਰਉ ਕਰੇ=ਰੁਖ ਕਰਦਾ ਹੈ, ਇਸ ਕਰਕੇ ਹੋਰਨਾਂ ਡਾਲੀਆਂ ਨਾਲੋਂ ਫੁੱਲ ਕੀ ਚੁਣੀਅਹਿ=ਚੁਨਣੇ ਹਨ॥ ੧ ॥

ਮਹਲਾ ੨ ॥ ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਨੂੰ ਸਦਾ ਹੀ ਬਸੰਤੁ=ਅਨੰਦ ਹੈ, ਜਿਨ੍ਹਾਂ ਦੇ ਅੰਤਹਕਰਨ ਰੂਪ ਘਰ ਵਿਚ ਕੰਤੁ=ਪਤੀ-ਪਰਮਾਤਮਾ ਵੱਸਿਆ ਹੈ।

ਜਿਨ੍ਹਾਂ ਦੇ ਪਤੀ ਦਿਸਾਪੁਰੀ=ਪਰਦੇਸ਼ ਗਏ ਹੋਏ ਹਨ, ਉਹ ਰਾਤ ਦਿਨੇ ਸੜਦੀਆਂ ਫਿਰਦੀਆਂ ਹਨ।

ਏਸੇ ਤਰ੍ਹਾਂ-ਜਿਨ੍ਹਾਂ ਜਗਿਆਸੂ ਰੂਪ ਇਸਤ੍ਰੀਆਂ ਦਾ ਪਤੀ-ਪਰਮਾਤਮਾ ਦਿਸਾਪੁਰੀ=ਅਸਖਿਆਂਤਕਾਰ ਹਨ, ਉਹ ਰਾਤ ਦਿਨੇ ਸੜਦੇ ਫਿਰਦੇ ਹਨ॥ ੨॥

ਪਉੜੀ॥ ਆਪੇ ਬਖਸੇ ਦਇਆ ਕਰਿ ਗੁਰ ਸਤਿਗੁਰ ਬਚਨੀ॥
ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ ਰਚਨੀ॥

ਗੁਰ=ਪੂਜਨੀਕ ਸਤਿਗੁਰਾਂ ਦੇ ਬਚਨਾਂ ਦੁਆਰੇ, ਆਪ ਹੀ ਦਇਆ ਕਰਕੇ ਬਖਸ਼ਦਾ ।

ਇਸ ਕਰਕੇ ਰਾਤ ਦਿਨੇ ਗੁਰਾਂ ਦੀ ਸੇਵਾ ਕਰੇ ਤੇ ਜਸ ਰੂਪ ਗੁਣਾਂ ਨੂੰ ਰਵਾ=ਉਚਾਰੇ ਅਤੇ ਮਨ ਨੂੰ ਸੱਚ-ਨਾਮ ਵਿਖੇ ਤਦਾਕਾਰ ਕਰੇ।

ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ॥
ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜੰਪਨੀ॥

ਉਹ ਮੇਰਾ ਪ੍ਰਭੂ ਬਿਅੰਤ ਹੈ, ਉਸ ਦਾ ਅੰਤ ਕਿਸੇ ਨੇ ਜਾਣਿਆ ਨਹੀਂ । ਸਤਿਗੁਰਾਂ ਦੀ ਚਰਨੀਂ ਲੱਗਣ ਕਰਕੇ ਨਿਤਾਪ੍ਰਤੀ ਹਰੀ ਨਾਮੁ ਨੂੰ ਜਪਦਾ ਹੈ।

ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ॥ ੧੮॥

ਜੋ ਭੀ ਇੱਛਾ ਕਰਦਾ ਹੈ ਓਸੇ ਫਲ ਨੂੰ ਪਾਉਂਦਾ ਹੈ, ਸਭ ਜਚਨੀ=ਮੰਗਾਂ (ਇੱਛਾਵਾਂ) ਘਰ ਦੇ ਵਿਚ ਹੀ ਪੂਰਨ ਹੋ ਜਾਂਦੀਆਂ ਹਨ।

ਸਲੋਕ ਮਃ ੧॥ ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥ ੧॥

ਬਸੰਤ ਰੁੱਤ ਦੇ ਆਉਣ ਤੋਂ ਪਹਿਲਾਂ ਹੀ, ਉਹ ਪਰਮੇਸ਼ੁਰ ਪਹਿਲੇ ਹੀ ਮਉਲਿਓ=ਖਿੜ ਰਿਹਾ ਹੈ। ਜਿਸ ਦੇ ਖਿੜਾਉਣ ਕਰਕੇ ਸਾਰਾ ਜਗਤ ਖਿੜ ਰਿਹਾ ਹੈ, ਉਸ ਪਰਮਾਤਮਾ ਨੂੰ ਕੋਈ ਭੀ ਨਹੀਂ ਮਉਲਿਹੁ= ਖਿੜਾਉਂਦਾ ॥ ੧॥

ਮਃ ੨॥ ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥
ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥ ੨॥

ਬਸੰਤ ਰੁੱਤ ਦੇ ਆਉਣ ਤੋਂ ਪਹਿਲਾਂ ਹੀ ਤਿਸ=ਉਸ ਪਰਮਾਤਮਾ ਦਾ ਵਿਚਾਰ ਕਰੋ, ਗੁਰੂ ਜੀ ਕਥਨ ਕਰਦੇ ਹਨ-ਉਸ ਪਰਮੇਸ਼ਰ ਨੂੰ ਸਲਾਹੁਣਾ ਕਰੋ-ਜਿਹੜਾ ਸਾਰਿਆਂ ਨੂੰ (ਆਧਾਰੁ) ਆਸਰਾ ਦੇਂਦਾ ਹੈ॥ ੨॥

ਮਃ ੨॥ ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥ ੩॥

ਪਹਿਲਾ ਅਰਥ:-

ਜੋ ਪੁਰਸ਼ ਪਰਮੇਸ਼ਰ ਨੂੰ ਮਿਲਿਆ ਮਿਲਿਆ ਕਹਿੰਦਾ ਹੈ, ਉਹ ਨਾ ਮਿਲੈ=ਕਦੇ ਵੀ ਨਹੀਂ ਮਿਲਦਾ, ਇਸੇ

ਤਰ੍ਹਾਂ ਜਿਹੜਾ ਮਿਲਿਆ ਹੈ, ਉਹ ਮਿਲਿਆ ਹੋਇਆ ਕਹੀਦਾ ਹੈ।

ਪ੍ਰਸ਼ਨ:-''ਕਿਸ ਤਰ੍ਹਾਂ ਮਿਲਿਆ ਹੈ ?'' ਉੱਤਰ:-ਅੰਤਰ ਆਤਮੈ ਜੋ ਮਿਲੈ=ਅੰਦਰੋਂ ਮਨ ਕਰਕੇ ਜੋ ਮਿਲਿਆ ਹੈ, ਉਹ ਮਿਲਿਆ ਹੋਇਆ ਕਹੀਦਾ ਹੈ॥ ੩॥

ਦੂਜਾ ਅਰਥ:-

ਜੋ ਪੁਰਸ਼ ਪਦਾਰਥਾਂ ਵਿਖੇ ਮਿਲਿਆ ਹੋਇਆ ਹੈ, (ਮਿਲਿਆ) ਉਸ ਨਾਲ ਜੋ ਮਿਲਿਆ ਹੈ, ਉਹ ਪਰਮੇਸ਼ਰ ਨਾਲ ਨਹੀਂ ਮਿਲਦਾ, ਪਰਮਾਤਮਾ ਨਾਲ ਮਿਲਿਆ ਹੋਇਆ ਜੋ ਮਹਾਤਮਾ ਹੈ, ਉਸ ਨਾਲ ਜੋ ਪੁਰਸ਼ ਮਿਲਿਆ ਹੈ। ਪ੍ਰਸ਼ਨ:-''ਕਿਵੇਂ ਮਿਲਿਆ ਹੈ ?''

ਉੱਤਰ:- ਅੰਤਰ ਆਤਮੈ ਜੋ ਮਿਲੈ=ਅੰਦਰੋਂ ਮਨ ਕਰਕੇ ਜੋ ਮਿਲਿਆ ਹੈ, ਉਹ ਪਰਮੇਸ਼ਰ ਨਾਲ ਮਿਲਿਆ ਹੋਇਆ ਕਹੀਦਾ ਹੈ ॥ ੩॥

ਤੀਜਾ ਅਰਥ:-

ਸਾਰਿਆਂ ਨਾਲ ਮਿਲਿਆ ਹੋਇਆ ਜੋ ਪਰਮਾਤਮਾ ਹੈ ਉਸ ਨਾਲ ਜੋ ਮਿਲਿਆ ਹੈ, ਓਹ ਨ ਮਿਲੈ=ਪ੍ਰਪੰਚ ਨਾਲ ਨਹੀਂ ਮਿਲਦਾ, (ਮਿਲੈ ਮਿਲਿਆ ਜੇ ਹੋਇ) ਬਾਣੀ ਕਰਕੇ ਜਿਹੜਾ ਮਿਲਿਆ ਹੈ, ਤਨ ਕਰਕੇ ਜਿਹੜਾ ਮਿਲਿਆ ਹੋਇਆ ਹੈ। (ਅੰਤਰ ਆਤਮੈ ਜੋ ਮਿਲੈ) ਅੰਦਰੋਂ ਮਨ ਕਰਕੇ ਜੋ ਮਿਲਿਆ ਹੈ, ਓਹੀ ਮਿਲਿਆ ਹੋਇਆ.ਕਹੀਦਾ ਹੈ ॥ ੩॥

ਪਉੜੀ॥ ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ॥
ਦੂਜੀ ਕਾਰੈ ਲਗਿਆ ਫਿਰਿ ਜੋਨੀ ਪਾਵੈ॥

ਹੇ ਭਾਈ ਹਰਿ ਹਰਿ ਨਾਮ ਨੂੰ ਸਲਾਹੀਏ ਅਤੇ ਸੱਚੀ ਭਗਤੀ ਰੂਪੀ ਕਾਰ ਨੂੰ ਕਮਾਈਏ। ਜੋ ਪੁਰਸ਼ ਦ੍ਵੈਤ ਦੀ ਕਾਰ ਵਿਚ ਲੱਗਾ ਹੋਇਆ ਹੈ, ਉਹ ਮੁੜ-ਮੁੜ ਕੇ ਜੂਨਾਂ ਵਿਚ ਪੈਂਦਾ ਹੈ।

ਨਾਮਿ ਰਤਿਆ ਨਾਮੁ ਪਾਈਐ ਨਾਮੇ ਗੁਣ ਗਾਵੈ॥
ਗੁਰ ਕੈ ਸਬਦਿ ਸਲਾਹੀਐ ਹਰਿ ਨਾਮਿ ਸਮਾਵੈ॥

ਨਾਮ ਜਪਣ ਵਿਚ ਤਦਾਕਾਰ ਹੋਣ ਕਰਕੇ ਪ੍ਰਸਿੱਧ ਪਰਮੇਸ਼ਰ ਪਾਈਦਾ ਹੈ, ਇਸ ਕਰਕੇ ਨਾਮ ਜਪਣ ਦੇ ਗੁਣਾਂ ਨੂੰ ਗਾਉਣਾ ਕਰੇ। ਗੁਰਾਂ ਦੇ ਉਪਦੇਸ਼ ਦੁਆਰਾ ਜੋ ਨਾਮ ਨੂੰ ਸਲਾਹੁੰਦਾ ਹੈ, ਉਹ ਹਰੀ ਨਾਮੀ ਵਿਖੇ ਸਮਾਉਂਦਾ ਹੈ।

ਸਤਿਗੁਰ ਸੇਵਾ ਸਫਲ ਹੈ ਸੇਵਿਐ ਫਲ ਪਾਵੈ॥ ੧੯॥

ਸਤਿਗੁਰਾਂ ਦੀ ਸੇਵਾ ਸਹਿਤ ਫਲਾਂ ਦੇ ਹੈ, ਜੋ ਪੁਰਸ਼ ਸੇਵਾ ਕਰਦਾ ਹੈ ਓਹੀ ਫਲ ਪਾਉਂਦਾ ਹੈ॥ ੧੯॥

ਇਸ ਸ਼ਬਦ ਵਿਚ ਵਾਹਿਗੁਰੂ ਦੇ ਪਿਆਰਿਆਂ (ਆਸ਼ਕਾਂ) ਦੀ ਅਵਸਥਾ ਸੁਣਾਉਂਦੇ ਹਨ-

ਸਲੋਕ ਮਃ ੨॥ ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥

ਕਿਸੇ ਦਾ ਕੋਈ ਅਤੇ ਕਿਸੇ ਦਾ ਕੋਈ ਆਸਰਾ ਰੂਪ ਹੈ, ਪਰ ਮੰਞੁ=ਮੈਂ ਨਿਮਾਣੀ ਦਾ ਹੇ ਪਰਮੇਸ਼ਰ ! ਇਕ ਤੂੰ ਹੀ ਆਸਰਾ ਰੂਪ ਹੈਂ।

ਯਥਾ:- ''ਜੇ ਭੁਲੀ ਜੇ ਚੁਕੀ ਸਾਈਂ ਭੀ ਤਹਿੰਜੀ ਕਾਢੀਆ ॥
ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥ ੧ ॥
ਹਉ ਨ ਛੋਡਉ ਕੰਤ ਪਾਸਰਾ ॥
ਸਦਾ ਰੰਗੀਲਾ ਲਾਲੁ ਪਿਆਰਾ ਇਹੁ ਮਹਿੰਜਾ ਆਸਰਾ ॥ ੧ ॥ ਰਹਾਉ ॥''

(ਸੂਹੀ ਮਹਲਾ ੫, ਪੰਨਾ ੭੯੧)

[ਪੰਨਾ ੭੯੨]

ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥

ਉਤਨਾ ਚਿਰ ਰੋ-ਰੋ ਕੇ ਮਰ ਕਿਉਂ ਜਾਈਏ, ਜਦੋਂ ਤੱਕ ਕਿ ਤੂੰ ਚੇਤੇ ਨਹੀਂ ਆਉਂਦਾ ॥ ੧ ॥

ਭਾਵ-ਵਾਹਿਗੁਰੂ ਦੇ ਪ੍ਰੇਮੀ ਉਸ ਦੀ ਯਾਦ ਤੋਂ ਬਿਨਾਂ ਇਕ ਛਿਨ ਮਾਤਰ ਵੀ ਨਹੀਂ ਰਹਿ ਸਕਦੇ, ਕਿਉਂਕਿ ਉਸ ਪ੍ਰਭ ਦੇ ਵਿਜੋਗ ਵਿਚ ਹਰ ਵੇਲੇ ਵਿਲਕਦੇ ਰਹਿੰਦੇ ਹਨ।

ਜਿਵੇਂ ਇਕ ਮੁਸਲਮਾਨ ਨੇ ਕਿਸੇ ਫਕੀਰ ਨੂੰ ਪੁੱਛਿਆ-''ਖੁਦਾ ਦੇ ਜੋ ਪ੍ਰੇਮੀ ਹਨ, ਉਹ ਕਿਸ ਹਾਲਤ ਵਿਚ ਰਹਿੰਦੇ ਹਨ।''

ਫਕੀਰ ਨੇ ਕਿਹਾ-''ਖੁਦਾ ਦੇ ਜੋ ਆਸ਼ਕ ਹਨ, ਉਹਨਾਂ ਦੀਆਂ ਨੌਂ ਨਿਸ਼ਾਨੀਆਂ ਹਨ-

'ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ ! ਆਹ ਸਰਦੋ, ਰੰਗ ਜ਼ਰਦੋ, ਚਸ਼ਮ ਤਰ।
ਕਮ ਗੁਫਤਨੋ, ਕਮ ਖੁਰਦਨੋ, ਖੁਆਬਸ਼ ਹਰਾਮ। ਇੰਤਜ਼ਾਰੀ ਬੇ-ਕਰਾਰੀ ਦਸ਼ਤ ਸਰ।'

ਅਰਥ:-ਐ ਪਿਸਰ=ਹੇ ਪੁੱਤਰ ! ਖੁਦਾ ਦੇ ਆਸ਼ਕਾਂ ਦੀਆਂ ਨੌਂ ਨਿਸ਼ਾਨੀਆਂ ਹਨ-

੧. ਪ੍ਰੀਤਮ ਦੇ ਨਾ ਮਿਲਣ ਕਰਕੇ ਇਕ. ਤਾਂ (ਆਹ ਸਰਦੋ) ਠੰਡੇ ਹਉਕੇ ਭਰਦੇ ਹਨ।
ਯਥਾ:- ''ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥'' (ਰਾਗੁ ਗਉੜੀ, ਪੰਨਾ ੩੩੭)

੨. (ਰੰਗ ਜ਼ਰਦੋ) ਚਿਹਰੇ ਦਾ ਰੰਗ ਪੀਲਾ ਪੈ ਜਾਂਦਾ ਹੈ।

੩. (ਚਸ਼ਮ ਤਰ) ਨੈਣ ਅੱਥਰੂਆਂ ਨਾਲ ਡਲ੍ਹਕਦੇ ਰਹਿੰਦੇ ਹਨ।
ਯਥਾ:-''ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ ॥ ੩ ॥'' (ਮਾਝ ਮ: ੪, ਪੰਨਾ ੯੪)

੪. (ਕਮ ਗੁਫਤਨੋ) ਘੱਟ ਤੋਂ ਘੱਟ ਗੱਲਾਂ ਕਰਦੇ ਹਨ।
ਯਥਾ:- ''ਗੋਰਖ ਆਖੇ ਨਾਨਕ ਵਿਚ ਦੁਨੀਆਂ ਕਿਉਂ ਰਹੀਏ?''
ਉੱਤਰ:-'ਅੱਖੀਂ ਦੇਖੇ ਕੰਨੀ ਸੁਣੀਏ ਜਿਹਵਾ ਮੂਲ ਨ ਕਹੀਏ।'

੫. (ਕਮ ਖੁਰਦਨੋ) ਭੁੱਖ ਮਰ ਜਾਂਦੀ ਹੈ ਘੱਟ ਖਾਂਦੇ ਹਨ।
ਯਥਾ:- ''ਥੋੜੀ ਨਿੰਦ੍ਰਾ ਅਲਪ ਅਹਾਰੀ ਸਾਧ ਕਾ ਪਿੰਡ ਸਦਾ ਵੀਚਾਰੀ।''

੬. (ਖੁਆਬਸ਼ ਹਰਾਮ) ਅਨੀਂਦਰਾ ਹੋ ਜਾਂਦਾ ਹੈ, ਭਾਵ ਨੀਂਦ ਨਹੀਂ ਆਉਂਦੀ।

੭. (ਇੰਤਜ਼ਾਰੀ) ਮਿਲਣ ਦੀ ਆਸ ਲੱਗੀ ਰਹਿੰਦੀ ਹੈ।

੮. (ਬੇ-ਕਰਾਰੀ) ਦਿਲ ਨੂੰ ਬੇਚੈਨੀ ਰਹਿਣੀ ਭਾਵ ਮਨ ਤੇ ਤਨ ਵਿਚ ਟਿਕਾਉ ਨਹੀਂ ਰਹਿੰਦਾ।

੯. (ਦਸ਼ਤ ਸਰ) ਸਿਰ ਗੋਡਿਆਂ ਵਿਚ ਪਾ ਕੇ ਬੈਠਿਆਂ ਰਹਿਣਾ।

ਜਾਂ ਸਿਰ ਉਤੇ ਹੱਥ ਰੱਖ ਕੇ ਸ਼ੋਕ ਸਹਿਤ ਰਹਿੰਦੇ ਹਨ।

ਜਿਵੇਂ-ਕਿਸੇ ਸ਼ਾਇਰ ਨੇ ਕਿਹਾ ਸੁੰਦਰ ਕਥਨ ਕੀਤਾ ਹੈ:-

'ਜੋ ਆਸ਼ਕ ਹੋਗਾ ਗਿਰਫਤਾਰੀ ਇਸ਼ਕ ਮੇਂ ਪੜਾ ਹੋਗਾ।
ਅਜ਼ਰਾਈਲ ਕੇ ਆਨੇ ਸੇ ਓ ਪਹਿਲੇ ਹੀ ਮਰਾ ਹੋਗਾ।
ਜਬ ਅਜ਼ਰਾਈਲ ਆਏਗਾ ਤੋ ਆਸ਼ਿਕ ਹੱਸ ਕੇ ਬੋਲੇਗਾ।
ਗਲੀ ਮਹਿਬੂਬ ਕੀ ਹੋਗੀ ਵਹਾਂ ਆਸ਼ਕ ਖੜਾ ਹੋਗਾ।'

(ਹਰੀ ਨਰਾਇਣ ਉਪਦੇਸ਼, ਪੰਨਾ ੪੬੦)

ਇਸੇ ਤਰ੍ਹਾਂ-ਗੁਰੂ ਅੰਗਦ ਸਾਹਿਬ ਜੀ ਵਾਹਿਗੁਰੂ ਦੇ ਪਿਆਰ ਵਾਲਿਆਂ ਦੀ ਨਿਸ਼ਾਨੀ ਇਉ ਫੁਰਮਾਉਂਦੇ ਹਨ-

''ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ੨॥ *(ਸਿਰੀਰਾਗ ਕੀ ਵਾਰ, ਪੰਨਾ ੮੩)*

ਤਥਾ:- ''ਪੰਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥'' *(ਮ: ੫, ਪੰਨਾ ੧੧੦੨)*

ਸਾਖੀ-ਸਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਜੀ

ਸੂਬੇ ਨੂੰ ਸਿੰਘਾਂ ਦੀ ਤਾਕਤ ਜਦੋਂ ਤਲਵਾਰਾਂ ਦੀਆਂ ਧਾਰਾਂ ਤੇ ਵਧਦੀ ਦਿੱਸੀ ਅਤੇ ਜਦੋਂ ਉਸ ਨੇ ਵੇਖਿਆ ਕਿ ਨਾ ਇਹ ਸਾੜੇ ਜਾ ਸਕਦੇ ਹਨ, ਨਾ ਡੋਬੇ ਜਾ ਸਕਦੇ ਹਨ, ਨਾ ਇਹ ਕਤਲ ਕੀਤੇ ਜਾ ਸਕਦੇ ਹਨ। ਇਸ ਲਈ ਕੋਈ ਰਾਜਨੀਤਕ ਚਾਲ ਚਲੀਏ।

ਉਨ੍ਹਾਂ ਨੇ ਵਕੀਲ ਸਬੇਗ ਸਿੰਘ ਜੀ ਨੂੰ ਲੱਖ ਰੁਪਏ ਦੀ ਜਾਗੀਰ ਦੀ ਸਨਦ ਤੇ ਨਵਾਬੀ ਖਿਤਾਬ ਦੇ ਕੇ ਸਿੰਘਾਂ ਵਲ ਭੇਜਿਆ, ਨਾਲ ਕੀਮਤੀ ਖਿਲਤ ਭੇਜੀ।

ਜਦੋਂ ਸਬੇਗ ਸਿੰਘ ਸ੍ਰੀ ਅੰਮ੍ਰਿਤਸਰ ਪੁੱਜਾ ਤਾਂ ਉਸ ਨੇ ਵੇਖਿਆ ਕਿ ਕੋਈ ਸਿੰਘ ਭੱਜ-ਭੱਜ ਕੇ ਪਾਣੀ ਲਿਆ ਕੇ ਇਸ਼ਨਾਨ ਕਰਵਾ ਰਿਹਾ ਹੈ, ਕੋਈ ਕਿਸੇ ਦੇ ਕਪੜੇ ਧੋ ਰਿਹਾ ਹੈ। ਕੋਈ ਘੋੜਿਆਂ ਦੀ ਮਾਲਸ਼ ਕਰ ਰਿਹਾ ਹੈ, ਕੋਈ ਗਤਕਾ ਖੇਲ ਰਿਹਾ ਹੈ। ਕੋਈ ਪਾਠ ਕਰ ਰਿਹਾ ਹੈ ਅਤੇ ਕੋਈ ਰਬਾਬ ਵਜਾ ਰਿਹਾ ਹੈ। ਕੋਈ ਹਥਿਆਰ ਸਾਫ ਕਰ ਰਿਹਾ ਹੈ, ਕੋਈ ਵਾਰਾਂ ਗਾ ਰਿਹਾ ਹੈ। ਸਾਰੇ ਸਿੰਘ ਈਰਖਾ ਰਹਿਤ ਸਨ ਤੇ ਚੜ੍ਹਦੀ ਕਲਾ ਵਿਚ ਸਨ।

ਜਦੋਂ ਸਬੇਗ ਸਿੰਘ ਜੀ ਨੇ ਸਾਰੀ ਗੱਲ ਦੱਸੀ ਤਾਂ ਇਕ ਬੋਲਿਆ, ''ਇਹ ਸਭ ਕੁਝ ਲੁੱਟ ਲਵੋ।'' ਦੂਜਾ ਬੋਲਿਆ, ''ਇਸ ਨੂੰ ਹੁਣੇ ਭਜਾ ਦਿਓ।'' ਕੋਈ ਬੋਲਿਆ, ''ਇਹ ਪਟਾ ਪਾੜ ਦਿਓ।'' ਦੂਜਾ ਬੋਲਿਆ, ''ਇਸ ਨੂੰ ਹੁਣੇ ਸਾੜ ਦਿਓ।''

ਤੀਜਾ ਬੋਲਿਆ,''ਅਸੀ ਸ਼ਹਿਨਸ਼ਾਹ ਦੇ ਪੁੱਤਰ ਹਾਂ, ਜਮਾਂਦਰੂ ਬਾਦਸ਼ਾਹ ਹਾਂ, ਅਸੀਂ ਜੋ ਕੁਝ ਲੈਣਾ ਹੈ, ਤਲਵਾਰ ਦੇ ਜ਼ੋਰ ਲੈਣਾ ਹੈ।

ਸਬੇਗ ਸਿੰਘ ਜੀ ਨੇ ਨਿਮ੍ਰਤਾ ਨਾਲ ਗੱਲ ਕੀਤੀ ਅਤੇ ਭਾਈ ਦਰਬਾਰਾ ਸਿੰਘ ਜੀ ਅੱਗੇ ਨਵਾਬੀ ਦੀ ਖਿਲਤ ਰੱਖੀ। ਉਹ ਬੋਲਿਆ, "ਇਹ ਨਵਾਬੀ ਨਹੀਂ, ਇਹ ਖਰਾਬੀ ਦੀ ਜੜ੍ਹ ਹੈ। ਇਹ ਖਿਲਤ ਨਹੀਂ , ਜ਼ਿਲਤ ਅਤੇ ਖਵਾਰੀ ਹੈ।"

ਸਬੇਗ ਸਿੰਘ ਨੇ ਕਿਹਾ, "ਮੈਂ ਕਹਿੰਦਾ ਹਾਂ, ਇਹ ਜੋ ਕੁਝ ਮਿਲਦਾ ਹੈ, ਇਹ ਲੈ ਲਵੋ। ਹੋਰ ਲੈਣ ਤੋਂ ਤੁਹਾਨੂੰ ਕੌਣ ਰੋਕਦਾ ਹੈ।

ਇਕ ਸਿੰਘ ਬੋਲਿਆ, "ਖਾਲਸਾ ਜੀ, ਇਹ ਤਾਂ ਰਾਜ ਦੀ ਸਾਈ ਹੈ। ਦਿਤੇ ਰਾਜ ਦਾ ਵਿਆਜ ਹੈ, ਇਸ ਨੂੰ ਕਿਉਂ ਛਡਦੇ ਹੋ।"

ਸਬੇਗ ਸਿੰਘ ਨੂੰ ਸਭ ਨੇ ਕਿਹਾ,"ਭਾਈ ਨੌਧ ਸਿੰਘ ਜੀ ਸ਼ੁਕਰਚਕੀਏ ਨੂੰ ਨਵਾਬੀ ਦਿਓ।"

ਭਾਈ ਨੌਧ ਸਿੰਘ ਜੀ ਬੋਲੇ, "ਸਾਨੂੰ ਗੁਰੂ ਨੇ ਲੋਕ-ਪ੍ਰਲੋਕ ਦੀ ਪਹਿਲਾਂ ਹੀ ਬਾਦਸ਼ਾਹੀ ਦੇ ਰੱਖੀ ਹੈ। ਮੈਨੂੰ ਇਸ ਦੀ ਲੋੜ ਨਹੀਂ।"

ਇਕ ਸਿੰਘ ਬਾਣੀ ਪੜ੍ਹ ਰਿਹਾ ਸੀ, "ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥" ਇਕ ਸਿੰਘ ਬੋਲਿਆ, "ਬਾਣੀ ਨੇ ਫੈਸਲਾ ਕਰ ਦਿੱਤਾ ਹੈ ਔਹ ਵੇਖੋ ਭਾਈ ਕਪੂਰ ਸਿੰਘ ਫ਼ਾਜ਼ਲਪੁਰ ਦਾ ਪੱਖਾ ਝੱਲ ਰਿਹਾ ਹੈ, ਇਸ ਨੇ ਭਾਈ ਬਿਨੋਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਹੈ। ਇਹ ਲੱਕੜਾਂ ਲਿਆਉਂਦੇ ਹਨ, ਜੂਠੇ ਭਾਂਡੇ ਮਾਂਜਦੇ ਹਨ, ਸਿੰਘਾਂ ਦੇ ਕੱਛੇ ਧੋਂਦੇ ਹਨ, ਘੋੜਿਆਂ ਦੀ ਲਿੱਦ ਢੋਂਦੇ ਹਨ। ਇਨ੍ਹਾਂ ਦੇ ਮਨ ਵਿਚ, ਸਾਰੀ ਉਮਰ ਵਿਚ, ਇਕ ਵਾਰ ਭੀ ਈਰਖਾ ਨਹੀਂ ਆਈ। ਇਨ੍ਹਾਂ ਦੇ ਮੱਥੇ ਜ਼ਖਮ ਭੀ ਅੱਲਾ ਹੈ ਪਰ ਇਨ੍ਹਾਂ ਨੂੰ ਜ਼ਖਮ ਦੀ ਪੀੜ ਨਾਲੋਂ ਸੇਵਾ ਦਾ ਸੁਖ ਚੰਗਾ ਲਗਦਾ ਹੈ।"

ਸਾਰੀ ਸੰਗਤ ਵਿਚੋਂ ਅਵਾਜ਼ ਆਈ, "ਠੀਕ ਹੈ, ਗੁਰੂ ਬਾਣੀ ਦਾ ਹੁਕਮ ਭੀ ਹੋ ਚੁੱਕਾ ਹੈ। ਹੁਣ ਇਹ ਨਵਾਬੀ ਮੋੜੀ ਨਹੀਂ ਜਾ ਸਕਦੀ।"

ਇਹ ਭਾਈ ਸਬੇਗ ਸਿੰਘ ਜੀ ਹੀ ਸਨ ਜੋ ਸਰਕਾਰੀ ਕੰਮ ਭੀ ਕਰਦੇ ਸਨ ਅਤੇ ਪੰਥ ਦਾ ਭਲਾ ਭੀ ਸੋਚਦੇ ਸਨ ਅਤੇ ਜੋ ਭਰੋਸਾ ਰਖਦੇ ਸਨ ਕਿ ਸਮੇਂ ਦੇ ਅਨੁਸਾਰ ਪੰਥ ਨੂੰ ਆਪਣਾ ਰਵੱਈਆ ਬਦਲ ਲੈਣਾ ਚਾਹੀਦਾ ਹੈ। ਲਚਕ ਹੋਰ ਚੀਜ਼ ਹੈ ਅਤੇ ਦ੍ਰਿੜ੍ਹਤਾ ਹੋਰ ਚੀਜ਼ ਹੈ। ਨਿਸ਼ਾਨਾ ਨਹੀਂ ਬਦਲਿਆ ਜਾਂਦਾ । ਸਾਧਨ ਬਦਲੇ ਜਾ ਸਕਦੇ ਹਨ।

ਇਹ ਲਾਹੌਰ ਦੇ ਕੋਤਵਾਲ ਭੀ ਰਹੇ ਅਤੇ ਇਨ੍ਹਾਂ ਨੇ ਆਪਣੇ ਸਮੇਂ ਇਤਿਹਾਸਕ ਯਾਦਗਾਰਾਂ ਭੀ ਬਣਵਾਈਆਂ, ਜਿਵੇਂ ਸ: ਬਘੇਲ ਸਿੰਘ ਜੀ ਨੇ ਦਿੱਲੀ ਦੇ ਗੁਰਦਵਾਰੇ ਬਣਵਾਏ ਸਨ। ਇਹ ਨਵਾਬੀਆਂ ਦੇ ਚੱਕਰ ਤਾਂ ਕੇਵਲ ਸਮਾਂ ਟਾਲਣਾ ਸੀ। ਇਸ ਤੋਂ ਪਿਛੋਂ ਫਿਰ ਦਮਨ-ਚੱਕਰ ਪੂਰੇ ਜ਼ੋਰ ਨਾਲ ਚਲਿਆ ਲਖਪਤ ਨੇ ਪ੍ਰਣ ਕਰ ਲਿਆ ਕਿ ਇਕ ਖੱਤਰੀ ਨੇ ਸਿੱਖਾਂ ਦੀ ਨੀਂਹ ਰੱਖੀ ਹੈ ਅਤੇ ਮੈਂ ਪ੍ਰਣ ਕਰਦਾ ਹਾਂ ਕਿ ਮੈਂ ਇਨ੍ਹਾਂ ਦੀਆਂ ਜੜ੍ਹਾਂ ਪੁਟ ਦੇਵਾਂਗਾ। ਯਹੀਆ ਖਾਂ ਨੇ ਕਿਹਾ, "ਚੰਗਾ, ਜਿੰਨੀ ਫੌਜ ਦੀ ਲੋੜ ਹੈ, ਲੈ ਲੈ । ਜਿੰਨੇ ਰੁਪਏ ਦੀ ਲੋੜ ਹੈ, ਲੈ ਲੈ ਤੇ ਆਪਣਾ ਪ੍ਰਣ ਪੂਰਾ ਕਰ।"

ਭਾਈ ਸਬੇਗ ਸਿੰਘ ਜੀ ਜਿਵੇਂ ਆਪ ਅਰਬੀ ਫਾਰਸੀ ਦੇ ਵਿਦਵਾਨ ਸਨ, ਉਸੇ ਤਰ੍ਹਾਂ ਉਨ੍ਹਾਂ ਦਾ ਪੁੱਤਰ ਸ਼ਾਹਬਾਜ਼ ਸਿੰਘ ਸੀ ਉਹ ਲਾਹੌਰ ਵਿਚ ਪੜ੍ਹਦਾ ਸੀ।

ਸਰਕਾਰ ਵਲੋਂ ਇਹ ਫੁਰਮਾਨ ਨਿਕਲ ਚੁਕੇ ਸਨ ਕਿ ਸਾਰੇ ਸਰਕਾਰੀ ਸਿੱਖ ਨੌਕਰਾਂ ਨੂੰ ਕਤਲ ਕਰ ਦਿਤਾ ਜਾਵੇ। ਜਿਸ ਪਿੰਡ ਵਿਚ ਸਿੱਖ ਹੋਵੇ, ਉਥੇ ਦੇ ਪੰਚ ਨੂੰ ਸਜ਼ਾ ਦਿਤੀ ਜਾਵੇ। ਸਿੰਘ ਵਿਚਾਰੇ ਘਰ ਘਾਟ ਛੱਡ ਕੇ

ਜੰਗਲਾਂ ਵਿਚ ਲੁਕ ਕੇ ਤੇ ਸ਼ਾਗ ਪਾਤ ਖਾ ਅਵਸਰ ਦੀ ਉਡੀਕ ਕਰ ਰਹੇ ਹਨ।

ਇਕ ਦਿਨ ਕਾਜ਼ੀ ਦਾ ਅਤੇ ਸ਼ਾਹਬਾਜ਼ ਸਿੰਘ ਦਾ ਧਰਮਾਂ ਸੰਬੰਧੀ ਸੰਵਾਦ ਹੋਇਆ। ਕਾਜ਼ੀ ਦਲੀਲਾਂ ਅੱਗੇ ਹਾਰ ਗਿਆ। ਸੂਬੇ ਅੱਗੇ ਚੁਗਲੀ ਕੀਤੀ। ਸੂਬੇ ਨੇ ਦੋਹਾਂ ਪਿਉ ਪੁੱਤਰਾਂ ਨੂੰ ਗ੍ਰਿਫਤਾਰ ਕਰ ਲਿਆ।

ਸੂਬੇ ਨੇ ਜਦੋਂ ਮੁਸਲਮਾਨ ਹੋਣ ਲਈ ਕਿਹਾ ਤਾਂ ਭਾਈ ਸਬੇਗ ਸਿੰਘ ਜੀ ਨੇ ਕਿਹਾ, "ਜਿਵੇਂ ਤੁਹਾਨੂੰ ਆਪਣਾ ਧਰਮ ਪਿਆਰਾ ਹੈ, ਏਸੇ ਤਰ੍ਹਾਂ ਸਾਨੂੰ ਆਪਣਾ ਧਰਮ ਪਿਆਰਾ ਹੈ। ਸਾਡੇ ਗੁਰੂ ਤੇਗ ਬਹਾਦਰ ਜੀ ਨੇ ਸਾਨੂੰ ਉੱਤਰ ਦੇਣ ਦੀ ਜਾਚ ਸਿਖਾ ਦਿੱਤੀ ਹੈ। ਧੰਨ ਚਰਖੜੀ ਹੈ, ਧੰਨ ਉਹ ਘੜੀ ਹੋਵੇਗੀ ਅਤੇ ਧੰਨ ਹੈ ਤੁਹਾਡਾ ਇਨਸਾਫ ਜੋ ਸਾਨੂੰ ਕੁਰਬਾਨੀ ਕਰਨ ਦਾ ਅਵਸਰ ਦੇਵੇਗਾ। ਮਰਨਾ ਸਭ ਨੇ ਹੈ, ਕੋਈ ਧਰਮ, ਮੌਤ ਤੋਂ ਬਚਾ ਨਹੀਂ ਸਕਦਾ ਪਰ ਜਿਹੜਾ ਮੌਤ ਨੂੰ ਸ਼ਹੀਦੀ ਵਿਚ ਬਦਲ ਲਵੇ, ਉਹੋ ਸੁਭਾਗਾ ਹੈ। ਮੈਨੂੰ ਆਪਣੀ ਵੰਸ ਖਤਮ ਹੋਣ ਦਾ ਡਰ ਨਹੀਂ, ਸਾਡੇ ਗੁਰੂ ਨੇ ਇਹੋ ਕੰਮ ਕੀਤਾ ਹੈ।"

ਦੋਹਾਂ ਨੂੰ ਚਰਖੜੀ ' ਤੇ ਚੜ੍ਹਾਕੇ ਬੁਰੀ ਤਰ੍ਹਾਂ ਚੱਕਰ ਦਿਤੇ। ਦੋਵੇਂ ਪਿਉ ਪੁੱਤਰ ਉੱਚੀ ਜੈਕਾਰੇ ਗਜਾਉਂਦੇ ਰਹੇ। ਚਰਬੇ ਉਡਦੇ ਰਹੇ। ਚਰਖੜੀ ਰੁਕਵਾ ਕੇ ਸੂਬੇ ਨੇ ਸ਼ਾਹਬਾਜ਼ ਸਿੰਘ ਨੂੰ ਸੱਦਿਆ ਤੇ ਵਖ ਕਰਕੇ ਕਿਹਾ, "ਤੇਰਾ ਪਿਉ ਬੁੱਢਾ ਹੈ, ਇਹ ਬਥੇਰਾ ਖਾ ਹੰਢਾ ਚੁਕਾ ਹੈ। ਤੂੰ ਅਜੇ ਬੱਚਾ ਏਂ, ਤੇ ਪੜ੍ਹਿਆ ਲਿਖਿਆ ਏਂ, ਤੈਨੂੰ ਮੈਂ ਅਹੁਦਾ, ਜਾਗੀਰਾਂ ਅਤੇ ਸੁੰਦਰ ਇਸਤਰੀ ਦੇਵਾਂਗਾ। ਅਰਾਮ ਨਾਲ ਜੀਵਨ ਬਤੀਤ ਕਰੀਂ । ਦੀਨ ਮੰਨ ਲੈ।"

ਜਦੋਂ ਸ਼ਾਹਬਾਜ਼ ਸਿੰਘ ਨ ਮੰਨਿਆ ਤਾਂ ਉਸ ਦੇ ਕੇਸ ਦਰੱਖਤ ਨਾਲ ਬੰਨ੍ਹ ਦਿਤੇ ਅਤੇ ਚਾਬਕ ਮਾਰਨੇ ਸ਼ੁਰੂ ਕਰ ਦਿਤੇ। ਗਰਮ ਕਰਕੇ ਲੋਹੇ ਨਾਲ ਸਰੀਰ ਨੂੰ ਦਾਗਿਆ।

ਕਦੇ ਉਸ ਦੀਆਂ ਲੱਤਾਂ ਅਤੇ ਬਾਹਵਾਂ ਮਰੋੜੀਆਂ, ਉਸ ਦੇ ਮੂੰਹ ਉੱਪਰ ਸਖਤ ਸੱਟਾਂ ਲਾਈਆਂ। ਨੇਜ਼ੇ ਨਾਲ ਵਿੰਨੇ, ਜ਼ਖਮਾਂ ਵਿਚੋਂ ਲਹੂ ਵਗ ਰਿਹਾ ਸੀ। ਦੰਦਾਂ ਤੇ ਭੀ ਸੱਟਾਂ ਮਾਰੀਆਂ ।

ਜਦੋਂ ਸ਼ਾਹਬਾਜ਼ ਸਿੰਘ ਬੇਹੋਸ਼ ਹੋ ਜਾਂਦਾ ਤਾਂ ਛਡ ਦੇਂਦੇ । ਪਾਣੀ ਦੇ ਛਿੱਟੇ ਮਾਰ ਕੇ ਹੋਸ਼ ਵਿਚ ਲਿਆਉਂਦੇ ਅਤੇ ਫਿਰ ਮਾਰਨਾ ਸ਼ੁਰੂ ਕਰ ਦੇਂਦੇ ਤੇ ਕਹਿੰਦੇ "ਜਿੰਨਾ ਚਿਰ ਦੀਨ ਨਹੀਂ ਕਬੂਲੇਂਗਾ, ਛਡਾਂਗੇ ਨਹੀਂ ।" ਲਾਗੇ ਬਹੁਤ ਸਾਰੇ ਹਿੰਦੂ ਖੜੇ ਕਰ ਦਿਤੇ, ਜੋ ਮੁਸਲਮਾਨ ਹੋ ਗਏ ਸਨ। ਅੱਤ ਦੀਆਂ ਪੀੜਾਂ ਨੇ ਬਾਲਕ ਨੂੰ ਬੇਵਸ ਕਰ ਦਿੱਤਾ ਤੇ ਉਸ ਨੇ ਅਧ ਬੇਹੋਸ਼ੀ ਵਿਚ "ਹਾਂ" ਕਹਿ ਦਿਤਾ।

ਸਾਰੇ ਕਰਮਚਾਰੀ ਖੁਸ਼ੀ ਨਾਲ ਨੱਚ ਉੱਠੇ। ਉਨ੍ਹਾਂ ਇਸ ਨੂੰ ਆਪਣੇ ਧਰਮ ਦੀ ਜਿੱਤ ਸਮਝ ਲਿਆ। ਉਸ ਨੂੰ ਬਾਪ ਕੋਲ ਲੈ ਆਏ।

ਭਾਈ ਸਬੇਗ ਸਿੰਘ ਨੇ ਆਪਣੇ ਪੁੱਤਰ ਵਲ ਵੇਖਿਆ। ਵਾਹਿਗੁਰੂ ਕਹਿ ਕੇ ਆਪਣੇ ਹੀ ਚਰਨਾਂ ਦੀ ਧੂੜ ਆਪਣੇ ਪੁੱਤਰ ਦੇ ਮੱਥੇ ਤੇ ਲਾ ਕੇ ਕਿਹਾ, "ਲੈ ਪੁੱਤਰ, ਮੈਂ ਤੇਰੇ ਲੇਖ ਪਲਟ ਦਿਤੇ ਹਨ। ਉੱਠ ਸ਼ੇਰ ਬਣ, ਤੇਰੇ ਭਾਗਾਂ ਵਿਚ ਸ਼ਹੀਦੀ ਹੈ।"

ਸ਼ਾਹਬਾਜ਼ ਸਿੰਘ ਵਿਚ ਲੋਹੜੇ ਦਾ ਜੋਸ਼ ਆ ਗਿਆ ਅਤੇ ਉਹ ਜੈਕਾਰਾ ਬੁਲਾ ਕੇ ਬੋਲਿਆ, "ਮੈਂ ਸਿੰਘ ਹਾਂ, ਗੁਰੂ ਗੋਬਿੰਦ ਸਿੰਘ ਦਾ। ਮੈਂ ਖੰਡੇ ਦਾ ਅੰਮ੍ਰਿਤ ਪੀਤਾ ਹੈ, ਮੈਂ ਨਿਰਭੈਤਾ ਪੀਤੀ ਹੋਈ ਹੈ। ਮੈਂ ਅਕਾਲ ਦਾ ਪੁਜਾਰੀ ਹਾਂ।"

ਸੂਬੇ ਨੇ ਕਿਹਾ, "ਤੂੰ ਆਪਣੇ ਪੁੱਤਰ ਦੀ ਰੇਖਾ ਮਿਟਾ ਦਿਤੀ ਹੈ, ਕੀ ਤੇਰੇ ਵਿਚ ਇਤਨੀ ਸ਼ਕਤੀ ਹੈ?"

ਸਬੇਗ ਸਿੰਘ ਨੇ ਸ਼ੁੱਕਰ ਵਿਚ ਆ ਕੇ ਕਿਹਾ,"ਸ਼ਕਤੀ ਸਾਡੇ ਵਿਚ ਨਹੀਂ, ਸਾਡੇ ਗੁਰੂ ਵਿਚ ਹੈ।"

ਸੂਬੇ ਨੇ ਕਿਹਾ, ''ਮੇਰੇ ਘਰ ਕੀ ਹੋਵੇਗਾ?''

ਭਾਈ ਸਬੇਗ ਸਿੰਘ ਨੇ ਕਿਹਾ,''ਅੱਧੀ ਰਾਤ ਨੂੰ ਲੜਕੀ ਹੋਵੇਗੀ ਪਰ ਆਪਣੀ ਮਾਂ ਨੂੰ ਭੀ ਨਾਲ ਲੈ ਕੇ ਚਲੀ ਜਾਵੇਗੀ।'' ਉਸੇ ਤਰ੍ਹਾਂ ਹੋਇਆ।

ਅਗਲੇ ਦਿਨ ਕੈਦਖਾਨੇ ਵਿਚੋਂ ਭਾਈ ਸਬੇਗ ਸਿੰਘ ਜੀ ਨੂੰ ਕਢਕੇ ਲਿਆਂਦਾ ਅਤੇ ਕਿਹਾ, ''ਮੇਰੀ ਮੌਤ ਕਿਸ ਤਰ੍ਹਾਂ ਹੋਵੇਗੀ?''

ਭਾਈ ਸਬੇਗ ਸਿੰਘ ਜੀ ਨੇ ਕਿਹਾ, ''ਪੈਂਤੀ ਦਿਨਾਂ ਦੇ ਅੰਦਰ ਤੇਰੀ ਪੇਟ ਦੇ ਸੂਲ ਨਾਲ ਮੌਤ ਹੋਵੇਗੀ।''

ਸੂਬੇ ਨੇ ਫਿਰ ਦੋਹਾਂ ਪਿਓ ਪੁੱਤਰਾਂ ਨੂੰ ਕੈਦਖਾਨੇ ਵਿਚ ਭੇਜ ਦਿੱਤਾ। ਦੋਵੇਂ ਪਿਉ, ਪੁੱਤਰ, ਗੁਰੂ ਬਾਣੀ ਦਾ ਪਾਠ ਕਰਦੇ ਅਤੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਦੇ ਕਈ ਪ੍ਰਕਾਰ ਦੀਆਂ ਕੈਦਖਾਨੇ ਦੀਆਂ ਤਕਲੀਫਾਂ ਝਾਗਦੇ ਹੋਏ ੧੮੦੨ ਨੂੰ ਚਰਖੜੀ ਚਾੜ੍ਹਕੇ ਸ਼ਹੀਦ ਕੀਤੇ ਗਏ।

ਸਿੱਖ ਇਤਿਹਾਸ ਇਹ ਭੀ ਦਸਦਾ ਹੈ ਕਿ ਜਦੋਂ ਸੂਬੇ ਦਾ ਪਿਸ਼ਾਬ ਬੰਦ ਹੋ ਗਿਆ। ਭਾਈ ਸਬੇਗ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਦਾ ਜੋੜਾ (ਜੁੱਤੀ) ਸੂਬੇ ਦੇ ਸਿਰ ਤੇ ਲਾਇਆ ਤਾਂ ਪਿਸ਼ਾਬ ਖੁਲ੍ਹਾ।

ਭਾਈ ਮਤੀ ਦਾਸ ਜੀ

ਭਾਈ ਪਰਾਗਾ ਪਿੰਡ ਕੜਿਆਲ ਜ਼ਿਲ੍ਹਾ ਜੇਹਲਮ ਦਾ ਵਸਨੀਕ ਸੀ।

ਇਹ ਭਾਈ ਗੌਤਮ ਦਾ ਪੁੱਤਰ ਸੀ। ਭਾਈ ਪਰਾਗਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੰਗਾਂ ਯੁੱਧਾਂ ਵਿਚ ਸ਼ਾਮਲ ਹੁੰਦਾ ਸੀ। ਇਸ ਉੱਪਰ ਗੁਰੂ ਜੀ ਦੀ ਬੜੀ ਕਿਰਪਾ ਸੀ। ਇਸ ਦੇ ਘਰ ਚਾਰ ਪੁੱਤਰ ਹੋਏ। ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜਤੀ ਦਾਸ ਜੀ ਅਤੇ ਭਾਈ ਸਖੀ ਦਾਸ ਜੀ।

ਭਾਈ ਮਤੀ ਦਾਸ ਜੀ ਗੁਰੂ ਜੀ ਦਾ ਦੀਵਾਨ ਸੀ। ਦੀਵਾਨ ਦਾ ਕੰਮ ਹਰ ਪ੍ਰਕਾਰ ਦੇ ਹਿਸਾਬ ਕਿਤਾਬ ਦਾ ਵੇਰਵਾ ਰਖਣਾ ਹੁੰਦਾ ਸੀ।

ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਭੀ ਸਨ ਤੇ ਇਨ੍ਹਾਂ ਤਿੰਨਾਂ ਨੂੰ ਗੁਰੂ ਜੀ ਤੋਂ ਇਕ ਦਿਨ ਪਹਿਲਾਂ ਸ਼ਹੀਦ ਕੀਤਾ ਗਿਆ ਸੀ।

ਭਾਈ ਮਤੀ ਦਾਸ ਜੀ ਨੂੰ ਦੋ ਫੱਟਿਆਂ ਵਿਚ ਬੰਨ੍ਹ ਦਿੱਤਾ ਗਿਆ। ਆਰਾ ਆਪਣੀ ਚਾਲੇ ਚਲ ਰਿਹਾ ਸੀ, ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਆਪਣੀ ਚਾਲੇ ਚਲ ਰਿਹਾ ਸੀ। ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਹੋ ਰਹੇ ਪਾਠ ਵਿਚ ਆਰੇ ਦਾ ਕੋਈ ਦਖਲ ਨਹੀਂ ਹੈ। ਅਵਾਜ਼ ਉੱਪਰ ਦਰਦ ਦਾ ਕੋਈ ਅਸਰ ਨਹੀਂ ਸੀ। ਪਾਠ ਦੇ ਭਾਵਾਂ ਦਾ ਪ੍ਰਭਾਵ ਸੀ।

ਓਧਰੋਂ ਸ੍ਰੀ ਜਪੁਜੀ ਸਾਹਿਬ ਜੀ ਦੀ ਸਮਾਪਤੀ ਹੋਈ, ਓਧਰੋਂ ਸ਼ਹੀਦੀ ਸੰਪੂਰਨ ਹੋ ਗਈ।

ਭਾਈ ਦਿਆਲਾ ਜੀ ਦੇ ਹੱਥ ਪੈਰ ਬੰਨ੍ਹ ਦਿਤੇ ਗਏ ਉਨ੍ਹਾਂ ਨੂੰ ਗਰਮ ਤੇਲ ਦੀ ਦੇਗ ਵਿਚ ਸੁਟ ਦਿੱਤਾ ਗਿਆ। ਗਰਮ ਤੇਲ ਸਰੀਰ ਨੂੰ ਭੁੰਨ ਰਿਹਾ ਸੀ ਪਰ ਮਨ ਇਸ ਭਿਆਨਕ ਸੇਕ ਤੋਂ ਬਹੁਤ ਦੂਰ ਸੀ। ਉਹ ਬਾਣੀ ਦਾ ਪਾਠ ਕਰ ਰਿਹਾ ਸੀ। ਵੇਖਣ ਵਾਲੇ ਮੂੰਹ ਵਿਚ ਉਂਗਲਾਂ ਪਾਉਂਦੇ ਸਨ ਕਿ ਇਹ ਕਿਸ ਮਿੱਟੀ ਦੇ ਬਣੇ ਹੋਏ ਹਨ।

ਭਾਈ ਸਤੀ ਦਾਸ ਜੀ ਨੂੰ ਕਹਿੰਦੇ ਹਨ ਕਿ ਰੂੰ ਵਿਚ ਵਲ੍ਹੇਟ ਕੇ ਅੱਗ ਲਾਈ ਗਈ। ਉਨ੍ਹਾਂ ਦੇ ਸਰੀਰ ਨੂੰ ਭੜਥੇ ਵਾਂਗ ਸਾੜ ਦਿੱਤਾ ਗਿਆ, ਉਨ੍ਹਾਂ ਦੇ ਮੂੰਹ ਵਿੱਚੋਂ ਗੁਰੂ ਬਾਣੀ ਦਾ ਉਚਾਰਨ ਹੋ ਰਿਹਾ ਸੀ ।

ਇਸ ਤਰ੍ਹਾਂ ਗੁਰੂ ਜੀ ਦੇ ਸੇਵਕਾਂ ਨੇ ਗੁਰੂ ਨਾਲ ਜੀਉਂਦਿਆਂ ਭੀ ਅਤੇ ਸ਼ਹੀਦੀਆਂ ਪਾ ਕੇ ਤੋੜ ਨਿਭਾਈ ਅਤੇ ਇਹ ਦਸ ਦਿਤਾ ਕਿ ਗੁਰੂ ਸਿੱਖ ਦੀ ਪ੍ਰੀਤ ਮੱਛੀ ਦੀ ਰੀਤ ਵੀ ਹੈ, ਇਹ ਜੀਉਂਦਿਆਂ ਭੀ ਕਾਇਮ ਰਹਿੰਦੀ

ਹੈ ਅਤੇ ਮਰਨ ਪਿੱਛੋਂ ਭੀ ਜੀਉਂਦੀ ਰਹਿੰਦੀ ਹੈ।

ਮਃ ੨ ॥ ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਰਾਲਿਓਇ ॥
ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸਿਆਣੀਏ ! ਜਦੋਂ ਸਰੀਰ ਨੂੰ ਸੁਖ ਹੋਵੇ ਤਦ ਵੀ ਸਹੁ=ਪਤੀ ਪਰਮਾਤਮਾ ਦੇ ਨਾਮ ਨੂੰ ਰਾਵਿਓ=ਉਚਾਰਨ ਕਰ ਅਤੇ ਜੇ ਦੁੱਖ ਹੋਵੇ ਤਦ ਵੀ ਪਰਮੇਸ਼ਰ ਨੂੰ ਯਾਦ ਕਰ। ਤਾਂ ਇਉ ਕੰਤ ਮਿਲਾਵਾ ਹੋਇ=ਇਸ ਤਰ੍ਹਾਂ ਪਤੀ-ਪਰਮਾਤਮਾ ਨਾਲ ਮਿਲਾਪ ਹੁੰਦਾ ਹੈ।

ਭਾਵ-ਗੁਰੂ ਜੀ ਸੁਘੜ ਅਤੇ ਸਿਆਣੀ ਜਗਿਆਸਣ ਨੂੰ ਪ੍ਰਭੂ ਦੇ ਮਿਲਣ ਦਾ ਢੰਗ ਦੱਸਦੇ ਹਨ- "ਜੇ ਸੁਖ ਮਿਲੇ ਤਾਂ (ਸੁਖ ਵਿਚ ਭੁੱਲ ਨਾ ਜਾਣਾ) ਭੀ ਸ਼ੁਕਰਾਨੇ ਵਿਚ ਯਾਦ ਰਖਣਾ, ਜੇ ਦੁੱਖ ਮਿਲੇ ਤਾਂ ਭੀ (ਤੇਰਾ ਕੀਆ ਮੀਠਾ ਲਾਗੈ), ਮਿੱਠਾ ਭਾਣਾ ਮੰਨ ਕੇ ਯਾਦ ਰੱਖਣਾ।"

ਪਉੜੀ ॥ ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥
ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥

ਹੇ ਪਰਮੇਸ਼ਰ ! ਮੈ ਕਿਰਮ ਜੰਤੁ=ਛੋਟਾ ਜਿਹਾ ਜੀਵ ਤੇਰੀ ਕੀ ਸ਼ਲਾਘਾ ਕਰਾਂ? ਕਿਉਂਕਿ ਤੇਰੀ ਵਡਿਆਈ ਸਭ ਤੋਂ ਵੱਡੀ ਹੈ। ਹੇ ਦਿਆਲੂ ! ਤੂੰ ਅਗੰਮ ਤੋਂ ਅਗੰਮ ਹੈਂ, ਆਪਣਿਆਂ ਦਾਸਾਂ ਨੂੰ ਆਪਣੇ ਨਾਲ ਤੂੰ ਮਿਲਾ ਲੈਂਦਾ ਹੈਂ।

ਭਾਵ-ਮੈਂ ਤੁੱਛ ਕੀੜਾ ਹਾਂ, ਤੇਰਾ ਵੱਡ-ਪਣ ਵੱਡਾ ਹੈ, ਮੈਂ ਤੇਰੀ ਸੰਪੂਰਨ ਸ਼ਲਾਘਾ ਕਰ ਨਹੀਂ ਸਕਦਾ। ਤੂੰ ਮੇਰੇ ਮਨ ਦੀ ਪਕੜ ਤੋਂ ਬਹੁਤ ਦੁਰੇਡਾ ਏਂ, ਪਰ ਚੂੰਕਿ ਤੂੰ ਦਇਆ ਤੇ ਤਰਸ ਦਾ ਭੰਡਾਰ ਏਂ, ਇਸ ਲਈ ਆਪ ਹੀ ਇਸ ਸਾਧਨਾ-ਹੀਣ ਕੀੜੇ ਨੂੰ ਮਿਲਾ ਲੈਣਾ।

ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥
ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥
ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥ ੨੦ ॥ ੧ ॥

ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਬੇਲੀ ਸਾਥੀ ਨਹੀਂ, ਅੰਤਿ=ਪ੍ਰਾਣਾਂ ਦੇ ਵਿਜੋਗ ਸਮੇਂ ਤੂੰ ਹੀ ਸਹਾਇਤਾ ਕਰਨ ਵਾਲਾ ਹੈਂ। ਜੋ ਪੁਰਸ਼ ਤੇਰੀ ਸ਼ਰਨ ਵਿਚ ਗਤੀ=ਪ੍ਰਾਪਤ ਹੁੰਦਾ ਹੈ ਭਾਵ ਆਉਂਦਾ ਹੈ, ਉਸ ਨੂੰ ਤੂੰ ਜਮਾਂ ਤੋਂ ਛੁਡਾ ਲੈਂਦਾ ਹੈਂ। ਗੁਰੂ ਜੀ ਕਥਨ ਕਰਦੇ ਹਨ-ਹੇ ਵਾਹਿਗੁਰੂ ! ਤੂੰ ਬੇ-ਪਰਵਾਹ ਹੈਂ, ਤਿਸੁ=ਆਪ ਜੀ ਨੂੰ ਤਿਲ-ਮਾਤਰ ਵੀ ਤਮੋ ਗੁਣ ਨਹੀਂ , ਵਾ :- ਖ੍ਵਾਹਿਸ਼ ਨਹੀਂ ॥ ੨੦॥ ੧॥

ਭਾਵ-ਪ੍ਰਭੂ ਨਰਿੱਛਤ ਹੈ, ਬੇ-ਪਰਵਾਹ ਹੈ, ਜਦੋਂ ਕੋਈ ਜਗਿਆਸੂ ਸਾਰੀਆਂ ਆਸਾਂ, ਉਮੀਦਾਂ ਛੱਡ ਕੇ ਉਸ ਦੇ ਦਰ ਉੱਪਰ ਢਹਿ ਪੈਂਦਾ ਹੈ ਅਤੇ ਪੁਕਾਰ ਕੇ ਕਹਿੰਦਾ ਹੈ ਕਿ ਪ੍ਰਲੋਕ ਦੇ ਬੇਲੇ ਵਿਚ ਮੇਰਾ ਕੋਈ ਬੇਲੀ (ਮਿੱਤਰ) ਨਹੀਂ ਤਾਂ ਤੂੰ ਕਰਮਾਂ ਦੀ ਅਤੇ ਜਮਾਂ ਦੀ ਪਕੜ ਤੋਂ ਛੁਡਾ ਲੈਂਦਾ ਏਂ।

ਰਾਗੁ ਸੂਹੀ ਭਗਤ ਬਾਣੀ

ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ॥
ਕਬੀਰ ਕੇ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:- ਹਿਤ ਉਪਦੇਸ਼ ਦੇਂਦੇ ਦੇਂਦੇ ਥੱਕ ਗਏ, ਇਸ ਲਈ ਹੁਣ ਤਾੜ ਕੇ ਉਪਦੇਸ਼ ਦੇਂਦੇ ਹਨ। ਜਿਵੇਂ-ਸ੍ਰੀ ਗੁਰੂ ਅਮਰਦਾਸ ਜੀ ਨੇ ਤਾੜ ਕੇ ਉਪਦੇਸ਼ ਕੀਤਾ ਹੈ-

"ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥"

(ਬਿਲਾਵਲੁ ਮਹਲਾ ੩, ਪੰਨਾ ੭੯੬)

ਅਵਤਰਿ ਆਇ ਕਹਾ ਤੁਮ ਕੀਨਾ॥

ਅਵਤਰਿ=ਹੇ ਔਤਰੇ ਨਿਖਤਰੇ ਪੁਰਸ਼ਾ ! ਇਸ ਦੁਨੀਆਂ ਵਿਚ ਆ ਕੇ ਤੈਂਨੇ ਕਿਹੜਾ ਲਾਭ ਵਾਲਾ ਕੰਮ ਕੀਤਾ ਹੈ ?

ਵਾ:-ਤਰਨੇ ਨੂੰ ਅਵਤਰਿ=ਦੁਸ਼ਤਰ, ਭਾਵ ਕਠਨ ਜੋ ਸੰਸਾਰ ਹੈ, ਇਸ ਵਿਚ ਆ ਕੇ ਤੈਂਨੇ ਕਿਹੜਾ ਕੰਮ ਕੀਤਾ ਹੈ?

ਵਾ:- ਹੋਰ ਜੂਨੀਆਂ ਤੋਂ ਅਵਤਰਿ=ਉਤਰ ਕੇ ਇਸ ਜਨਮ ਵਿਚ ਆ ਕੇ ਤੈਂਨੇ ਕੀ ਨਫੇ ਵਾਲਾ ਕੰਮ ਕੀਤਾ ਹੇ?

ਵਾ:- ਮਨੁੱਖਾ ਜਨਮ ਹੀ ਇਕ ਅਵਤਰਿ=ਅਵਤਾਰ ਹੈ, ਇਸ ਵਿਚ ਆ ਕੇ ਤੈਂਨੇ ਕਿਹੜਾ ਚੰਗਾ ਕੰਮ ਕੀਤਾ ਹੈ?

ਰਾਮ ਕੋ ਨਾਮੁ ਨ ਕਬਹੂ ਲੀਨਾ॥ ੧॥

(ਸਭ ਸੁਖਾਂ ਦੇ ਦੇਣ ਵਾਲੇ) ਪਰਮਾਤਮਾ ਦਾ ਨਾਮ ਕਦੇ ਨਹੀਂ ਲੈਣਾ ਕੀਤਾ।

ਰਾਮ ਨ ਜਪਹੁ ਕਵਨ ਮਤਿ ਲਾਗੇ ॥

ਰਾਮ ਨੂੰ ਜਪਦੇ ਨਹੀਂ, ਕਿਸ ਖੋਟੀ ਮਤ ਵਿਚ ਲੱਗ ਰਹੇ ਹੋ ?

ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥ ੧ ॥ ਰਹਾਉ ॥

ਹੇ ਅਭਾਗੇ=ਭਾਗਹੀਨ ਪੁਰਸ਼ੋ ! ਮਰਿ ਜਇਬੇ=ਮਰ ਜਾਣ ਵਾਲੇ ਕਰਮਾਂ ਨੂੰ ਕੀ ਕਰਦੇ ਹੋ ?

ਅਥਵਾ:- ਜਇਬੇ=ਜਨਮ ਤੇ ਮਰਨ ਦੇ ਦੇਣ ਵਾਲੇ ਕਰਮਾਂ ਨੂੰ ਕੀ ਕਰਦੇ ਹੋ ?

ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ ॥

ਕਈ ਤਰ੍ਹਾਂ ਦੇ ਦੁਖ ਸੁਖ ਸਹਾਰ ਕੇ,

ਵਾ:-ਛਲ ਛਿਦ੍ਰ ਕਰਕੇ ਅਤੇ ਚੋਰੀ, ਠੱਗੀ, ਯਾਰੀ ਵਗੈਰਾ ਕਰਕੇ ਜਿਨ੍ਹਾਂ ਨੇ ਆਪਣੇ ਪੁੱਤਰ, ਇਸਤਰੀ ਆਦਿਕ ਕੁਟੰਬ ਨੂੰ ਜੀਵਾਇਆ=ਛਕਾਇਆ, ਭਾਵ ਪਾਲਣਾ ਕੀਤਾ।

ਯਥਾ:- ''ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥ *(ਪੰਨਾ ੬੫੬)*

ਮਰਤੀ ਬਾਰ ਇਕਸਰ ਦੁਖੁ ਪਾਇਆ ॥ ੨ ॥

ਉਹਨਾਂ ਨੇ ਮਰਨ ਵੇਲੇ ਅੰਤ ਨੂੰ ਇਕ ਸਰ=ਇਕ-ਰਸ, ਵਾ ਇਕੱਠਾ, ਵਾ ਇਕ ਆਪਣੇ ਸਿਰ ਤੇ ਹੀ ਦੁਖ ਪਾਉਣਾ ਕੀਤਾ ਹੈ। (ਇਕ ਸਰ ਦੇ ਤਿੰਨੇ ਅਰਥ ਸੰਪ੍ਰਦਾਈ ਹਨ।)

ਕੰਠ ਗਹਨ ਤਬ ਕਰਨ ਪੁਕਾਰਾ ॥

ਜਿਸ ਵੇਲੇ ਜਮਦੂਤ ਤੈਨੂੰ ਕੰਠ=ਗਲ 'ਚੋਂ ਗਹਨ=ਫੜਨਗੇ ਤਿਸ ਵੇਲੇ ਪੁਕਾਰਾਂ ਕਰੇਂਗਾ, ਭਾਵ ਸਬੰਧੀਆਂ ਨੂੰ ਅਵਾਜ਼ਾਂ ਮਾਰੇਂਗਾ, ਪਰ ਉਸ ਵੇਲੇ ਤੇਰੀਆਂ ਪੁਕਾਰਾਂ ਕੋਈ ਨਹੀਂ ਸੁਣੇਗਾ।

ਕਹਿ ਕਬੀਰ ਆਗੇ ਤੇ ਨ ਸੰਮ੍ਹਾਰਾ ॥ ੩ ॥ ੧ ॥

ਕਬੀਰ ਜੀ ਕਥਨ ਕਰਦੇ ਹਨ-(ਉਸ ਵੇਲੇ ਜਮਦੂਤ ਕਹਿਣਗੇ) ਤੂੰ ਅੱਗੇ ਕਿਉਂ ਨਹੀਂ ਪਰਮਾਤਮਾ ਨੂੰ ਯਾਦ ਕੀਤਾ।

ਯਥਾ:- ''ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥'' *(ਪੰਨਾ ੫੮੧)*

ਹੁਣ ਦਾ ਸਿਮਰਨ ਕੀਤਾ ਕਿਸੇ ਕੰਮ ਨਹੀਂ ਆਵੇਗਾ ॥ ੩ ॥ ੧ ॥

ਸੂਹੀ ਕਬੀਰ ਜੀ ॥

ਉਥਾਨਕਾ:- ਬ੍ਰਿਧ ਅਵਸਥਾ ਵਾਲੇ ਕਿਸੇ ਪੁਰਸ਼ ਨੇ ਆ ਕੇ ਬੇਨਤੀ ਕੀਤੀ-ਹੇ ਕਬੀਰ ਜੀ ! ਸ਼ਾਸਤਰਾਂ ਦੁਆਰਾ ਪ੍ਰਲੋਕ ਦੇ ਭਿਆਨਕ ਦੁੱਖਾਂ ਨੂੰ ਸੁਣ ਕੇ-

ਥਰਹਰ ਕੰਪੈ ਬਾਲਾ ਜੀਉ ॥

ਮੈਂ ਬਾਲਾ=ਅਗਿਆਤ ਜੀਵ ਥਰ-ਹਰ=ਥਰ-ਥਰ ਕੰਬਦਾ ਹਾਂ, ਜਿਵੇਂ ਥਰ=ਥਾਲੀ ਵਿਚ ਹਰ=ਜਲ, ਵਾ:-ਮੋਤੀ ਕੰਬਦਾ ਹੈ।

ਯਥਾ:- ''ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ॥'' (ਪੰਨਾ ੯੩੪)

ਨਾ ਜਾਨਉ ਕਿਆ ਕਰਸੀ ਪੀਉ॥ ੧॥

ਮੈਂ ਇਹ ਕੁਝ ਨਹੀਂ ਜਾਣਦਾਂ, ਜੋ ਪੀਉ=ਪਤੀ-ਪਰਮਾਤਮਾ ਪ੍ਰਲੋਕ ਵਿਚ ਮੇਰਾ ਕੀ ਹਾਲ ਕਰੇਗਾ, ਇਸ ਕਰਕੇ ਆਪ ਮੈਨੂੰ ਸ਼ੁਭ ਸਿਖਿਆ ਦਿਓ। ਹੁਣ ਕਬੀਰ ਜੀ ਉਪਦੇਸ਼ ਕਰਦੇ ਹਨ-

ਰੈਨਿ ਗਈ ਮਤ ਦਿਨੁ ਭੀ ਜਾਇ॥

(ਪਰਮਾਤਮਾ ਨੇ ਰਾਤ ਭਜਨ-ਸਿਮਰਨ ਕਰਨ ਵਾਸਤੇ ਬਣਾਈ ਸੀ) ਉਹ ਤਾਂ ਤੇਰੀ (ਸੁੱਤਿਆਂ ਹੀ ਵਿਅਰਥ) ਚਲੀ ਗਈ ਹੈ। ਉਸ ਵਾਂਗ ਦਿਨ ਮਤਾਂ ਨਿਸਫਲ ਚਲਿਆ ਜਾਵੇ।

ਅਥਵਾ-ਰਾਤ ਵਾਂਗ ਹਨੇਰੀ ਜੋ ਜੋਬਨ ਅਵਸਥਾ ਹੈ, ਜਿਸ ਵਿਚ ਭਲਾ ਬੁਰਾ ਕੁਝ ਨਹੀਂ ਸੁਝਦਾ ਉਹ ਤਾਂ ਤੇਰੀ ਨਿਸਫਲ ਚਲੀ ਗਈ ਹੈ।

ਮਤ ਦਿਨੁ ਭੀ ਜਾਇ॥:-ਦਿਨ ਵਾਂਗ ਚਿੱਟੀ ਜੋ ਬ੍ਰਿਧ ਅਵਸਥਾ ਹੈ, ਉਹ ਮਤਾਂ ਨਿਸਫਲ ਚਲੀ ਜਾਵੇ। ਭਾਵ ਜੁਆਨੀ ਤਾਂ ਐਵੇਂ ਚਲੀ ਗਈ ਹੈ, ਬੁਢੇਪੇ ਵਿਚ ਤਾਂ ਸਿਮਰਨ ਕਰ ਲੈ।

ਭਵਰ ਗਏ ਬਗ ਬੈਠੇ ਆਇ॥ ੧॥ ਰਹਾਉ॥

ਭੌਰਿਆਂ ਵਾਂਗ ਕਾਲੇ ਕੇਸ ਚਲੇ ਗਏ ਹਨ। ਬਗ=ਚਿੱਟੇ ਕੇਸ ਆ ਕੇ ਬੈਠ ਗਏ ਹਨ।

ਕਾਚੈ ਕਰਵੈ ਰਹੈ ਨ ਪਾਨੀ॥

ਜਿਵੇਂ ਮਿੱਟੀ ਦੇ ਕੱਚੇ ਕਰਵੈ=ਕਸੋਰੇ ਵਿਚ ਪਾਣੀ ਨਹੀਂ ਠਹਿਰਦਾ, ਤਿਵੇਂ ਕਾਚੈ ਕਰਵੈ=ਸਰੀਰ ਵਿਚ ਸਵਾਸਾਂ ਰੂਪੀ ਪਾਣੀ ਨੇ ਇਸਥਿਤ ਨਹੀਂ ਰਹਿਣਾ।

ਯਥਾ- ''ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ॥'' (ਸੋਰਠਿ, ਪੰਨਾ ੬੫੪)

ਤਥਾ- ''ਕਾਚੀ ਗਾਗਰਿ ਸਰਪਰ ਫੂਟੈ॥'' (ਪੰਨਾ ੨੫੪)

''ਕਾਚ ਗਗਰੀਆ ਅੰਭ ਮਝਰੀਆ॥'' (ਆਸਾ ਮ: ੫, ਪੰਨਾ ੩੯੨)

''ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥ ੯੬॥ (ਸੇਖ ਫਰੀਦ, ਪੰਨਾ ੧੩੮੨)

''ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ॥''

(ਬਿਲਾਵਲੁ ਕਬੀਰ, ਪੰਨਾ ੮੫੬)

ਹੰਸੁ ਚਲਿਆ ਕਾਇਆ ਕੁਮਲਾਨੀ॥ ੨॥

ਜਿਸ ਵੇਲੇ ਪ੍ਰਾਣਾਂ ਰੂਪੀ ਘੋੜੇ ਉਤੇ ਚੜ੍ਹਕੇ ਹੰਸੁ=ਜੀਵਆਤਮਾ ਚਲਦਾ ਹੈ ਤਾਂ ਕਾਇਆ=ਅਸਥੂਲ ਦੇਹ ਕੁਮਲਾ ਜਾਂਦੀ ਹੈ।

ਪਰਮੇਸ਼ਰ ਅਤੇ ਸਤਿਗੁਰਾਂ ਵਿਖੇ ਆਸਤਕ ਭਾਵਨਾ ਕੀਤੇ ਬਗੈਰ, ਜਪ ਤਪ ਆਦਿ ਕਰਮ ਕੀਤੇ ਸਭ ਨਿਸਫਲ ਹਨ। ਇਸ ਪਰ ਦ੍ਰਿਸ਼ਟਾਂਤ ਦੇਂਦੇ ਹਨ-

ਕੁਆਰ ਕੰਨਿਆ ਜੈਸੇ ਕਰਤ ਸੀਗਾਰ॥ਕਿਉ ਰਲੀਆ ਮਾਨੈ ਬਾਝੁ ਭਤਾਰਾ॥੩॥

ਜਿਸ ਤਰ੍ਹਾਂ ਕੁਆਰ=ਕੁਆਰੀ ਲੜਕੀ ਕਈ ਤਰ੍ਹਾਂ ਦੇ ਸੋਹਣੇ-ਸੋਹਣੇ ਸ਼ਿੰਗਾਰ ਕਰਦੀ ਹੈ, ਪਰੰਤੂ-ਆਪਣੇ ਪਤੀ ਤੋਂ ਬਿਨਾਂ ਵਿਆਹੀਆਂ ਔਰਤਾਂ ਦੇ ਸਮਾਨ ਕਿਵੇਂ ਰਲੀਆ=ਖੁਸ਼ੀਆਂ ਨੂੰ ਮਾਨੈ=ਭੋਗ ਸਕਦੀ ਹੈ। ਭਾਵ-ਪਤੀ ਦੀ ਪਰਾਪਤੀ ਤੋਂ ਬਿਨਾਂ ਜਿਵੇਂ ਕੁਆਰੀ ਲੜਕੀ ਦੇ ਸ਼ਿੰਗਾਰ ਕੀਤੇ ਹੋਏ ਨਿਸਫਲ ਹਨ, ਤਿਵੇਂ ਗੁਰਾਂ ਵਿਚ ਸ਼ਰਧਾ ਧਾਰੇ ਬਿਨਾਂ, ਜਪ ਤਪ ਆਦਿ ਕਰਮ ਕੀਤੇ ਨਿਸਫਲ ਹਨ।

ਕਾਗ ਉਡਾਵਤ ਭੁਜਾ ਪਿਰਾਨੀ॥

ਚਾਹੇ ਕੁਆਰੀ ਲੜਕੀ ਕਿਤਨੇ ਸ਼ਗਨ ਵੀ ਮਨਾ ਲਵੇ। ਪ੍ਰਤੱਖ ਕਾਵਾਂ ਦੇ ਉਡਾਉਂਦਿਆਂ ਉਡਾਉਂਦਿਆਂ ਬਾਹਵਾਂ ਪਿਰਾਨੀ=ਪੀੜਤ, ਭਾਵ ਥੱਕ ਜਾਂਦੀਆਂ ਹਨ, ਪਰ ਪਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਇਸੇ ਤਰ੍ਹਾਂ-ਲੜਕੀ ਵਾਂਗ ਨਿਗੁਰਾ ਪੁਰਸ਼ ਹੈ, ਚਾਹੇ ਉਹ ਕਿਤਨੇ ਹੀ ਜਪ ਤਪ ਆਦਿ ਸ਼ਿੰਗਾਰਾਂ ਨੂੰ ਕਰ ਲਵੇ, ਪਰ ਪਰਮੇਸ਼ਰ-ਪਤੀ ਵਿਚ ਆਸਤਕ ਭਾਵਨਾ ਤੋਂ ਬਗੈਰ ਖੁਸ਼ੀਆਂ ਨੂੰ ਕਿਵੇਂ ਭੋਗ ਸਕਦਾ ਹੈ। ਕਾਮ ਆਦਿਕ ਕਾਵਾਂ ਨੂੰ ਉਡਾਉਂਦਿਆਂ-ਉਡਾਉਂਦਿਆਂ ਉਸ ਦੀ ਬੁੱਧੀ ਰੂਪ ਬਾਂਹ ਪੀੜਤ ਹੋ ਜਾਂਦੀ ਹੈ, ਪਰ ਕਾਮ ਆਦਿ ਕਾਂ ਨਹੀਂ ਉਡਦੇ।

ਕਹਿ ਕਬੀਰ ਇਹ ਕਥਾ ਸਿਰਾਨੀ॥੪॥੨॥

ਕਬੀਰ ਜੀ ਕਥਨ ਕਰਦੇ ਹਨ-ਇਹ ਕਥਾ ਸਿਰਾਨੀ=ਓੜਕ ਦੀ ਹੈ।

ਅਥਵਾ-ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਕਾਮ ਆਦਿ ਕਾਵਾਂ ਨੂੰ ਉਡਾ ਦਿੱਤਾ ਤਾਂ ਬੁੱਧੀ ਰੂਪੀ ਬਾਂਹ ਪਿਰਾਨੀ=ਪਿਰ+ਆਨੀ=ਪਿਰੀ ਨੇ ਆਪਣੀ ਤਰਫ ਲਿਆ ਕੇ ਫੇਰ ਪਿਰੀ ਨੇ ਰਾਨੀ=ਪ੍ਰਕਾਸ਼ਨ, ਭਾਵ ਗਿਆਨਵਾਨ ਕਰ ਦਿੱਤਾ।

ਕਬੀਰ ਜੀ ਕਥਨ ਕਰਦੇ ਹਨ-ਇਸ ਦੇ ਮਗਰੋਂ ਜਨਮ ਮਰਨ ਦੀ ਕਥਾ ਸਿਰਾਨੀ=ਬਤੀਤ ਹੋ ਗਈ।

ਸੂਹੀ ਕਬੀਰ ਜੀਉ॥ ਅਮਲੁ ਸਿਰਾਨੋ ਲੇਖਾ ਦੇਨਾ॥

ਅਮਲੁ=ਕਰਮਾਂ ਦੇ ਸਿਰਾਨੋ=ਅਨੁਸਾਰ ਜੀਵ ਨੂੰ ਲੇਖਾ=ਹਿਸਾਬ ਦੇਣਾ ਪੈਂਦਾ ਹੈ।

ਯਥਾ:-''ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥ ੯੮॥''

ਤਥਾ:-''ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥ ੧੦੦॥''

(ਸ਼ੇਖ ਫਰੀਦ, ਪੰਨਾ ੧੩੮੩)

ਅਥਵਾ:-ਜਿਸ ਵੇਲੇ ਪਰਮਾਤਮਾ ਦਾ ਅਮਲੁ ਸਿਰਾਨੋ=ਹੁਕਮ ਹੋਇਆ ਤਾਂ ਲੇਖਾ ਦੇਣਾ ਪੈਂਦਾ ਹੈ।

ਆਏ ਕਠਿਨ ਦੂਤ ਜਮ ਲੇਨਾ॥

ਜਿਸ ਵੇਲੇ ਕਠਿਨ=ਨਾ ਹਟਣ ਵਾਲੇ ਜਮਦੂਤ ਲੈਣ ਵਾਸਤੇ ਆਉਂਦੇ ਹਨ।

ਕਿਆ ਤੈ ਖਟਿਆ ਕਹਾ ਗਵਾਇਆ॥

(ਪਹਿਲੇ ਜੀਵ ਪਾਸੋਂ ਪੁੱਛਦੇ ਹਨ-) ਤੂੰ ਜੋ ਸਵਾਸਾਂ ਰੂਪੀ ਪੂੰਜੀ ਲੈ ਕੇ ਇਸ ਲੋਕ ਵਿਚ ਆਇਆ ਹੈਂ ਇਥੇ ਆ ਕੇ ਤੂੰ ਖੱਟਿਆ ਕੀ ਹੈ ? ਅਤੇ ਗਵਾਇਆ ਕੀ ਹੈ?'

ਚਲਹੁ ਸਿਤਾਬ ਦੀਬਾਨਿ ਬੁਲਾਇਆ ॥ ੧ ॥

ਸਿਤਾਬ=ਜਲਦੀ ਚਲ, ਤੈਨੂੰ ਦੀਬਾਨਿ=ਧਰਮਰਾਜ ਦੀ ਕਚਹਿਰੀ ਵਿਚ ਬੁਲਾਇਆ ਗਿਆ ਹੈ। ਉਸ ਵੇਲੇ ਜੀਵ ਉਰੇ ਪਰੇ ਹੋਣ ਦੀਆਂ ਗੱਲਾਂ ਕਰਦਾ ਹੈ।

ਜਮਦੂਤ ਫੇਰ ਆਖਦੇ ਹਨ-

ਚਲੁ ਦਰਹਾਲੁ ਦੀਵਾਨਿ ਬੁਲਾਇਆ ॥

ਏਸੇ ਹੀ ਹਾਲਤ ਵਿਚ ਚਲ, ਝਟ ਪਟ ਦੀਵਾਨਿ=ਧਰਮਰਾਜ ਨੇ ਬੁਲਾਇਆ ਹੈ, (ਪਰ ਉਸ ਨੇ ਕੋਈ ਆਪਣੇ ਆਪ ਨਹੀਂ ਬੁਲਾਇਆ।)

ਹਰਿ ਫੁਰਮਾਨੁ ਦਰਗਹ ਕਾ ਆਇਆ ॥ ੧ ॥ ਰਹਾਉ ॥

ਹਰੀ ਪਰਮਾਤਮਾ ਦੀ ਦਰਗਹ ਦਾ ਹੁਕਮ ਆਇਆ ਹੈ, ਇਸ ਤੇ ਤੂੰ ਦੇਰ ਨਾ ਕਰ।

ਯਥਾ:- ''ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ ॥'' *(ਮ: ੧, ਪੰਨਾ ੯੦੭)*

ਭਾਵ-ਜਾਂ ਉਸ ਪਰਮਾਤਮਾ ਨੇ ਭੇਜਿਆ ਤਾਂ ਸੰਸਾਰ ਵਿਚ ਆਏ, ਜਾਂ ਉਸ ਨੇ ਬੁਲਾ ਲਿਆ ਤਾਂ ਸੰਸਾਰ ਤੋਂ ਚਲ ਪਏ।

ਕਰਉ ਅਰਦਾਸਿ ਗਾਵ ਕਿਛੁ ਬਾਕੀ ॥

(ਜੀਵ ਆਖਦਾ ਹੈ-) ਹੇ ਜਮਦੂਤੋ ! ਮੈਂ ਹੱਥ ਜੋੜ ਕੇ ਤੁਹਾਡੇ ਅੱਗੇ ਅਰਦਾਸਿ=ਬੇਨਤੀ ਕਰਦਾ ਹਾਂ, ਇਸ ਗਾਵ=ਪਿੰਡ ਵਿਚ ਮੇਰੀ ਕੁਝ ਰੁਪਏ ਲੈਣ ਦੀ ਬਾਕੀ ਰਹਿੰਦੀ ਹੈ।

ਵਾ :-ਇਸ ਸਰੀਰ ਰੂਪੀ ਪਿੰਡ ਵਿਚ ਕੁਝ ਖਾਣ ਪੀਣ ਦੀ ਬਾਕੀ ਰਹਿੰਦੀ ਹੈ।

ਲੇਉ ਨਿਬੇਰਿ ਆਜੁ ਕੀ ਰਾਤੀ ॥

(ਉਹ ਲੈਣ ਦੇਣ) ਅੱਜ ਦੀ ਰਾਤ ਮੈਂ ਸਭ ਨਿਬੇੜ ਲਵਾਂਗਾ, (ਇਸ ਵਾਸਤੇ ਇਕ ਰਾਤ ਮੈਨੂੰ ਰਹਿਣ ਦਿਓ.....।)

ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥

ਕੁਝ ਥੋੜ੍ਹਾ ਜਿਹਾ ਖਰਚ ਮੈਂ ਤੁਹਾਡੇ ਨਮਿੱਤ ਵੀ ਸਾਰਉ=ਕਰਵਾ ਦਿਆਂਗਾ, ਭਾਵ ਤੁਸੀਂ ਵੀ ਕੁਝ ਵੱਢੀ ਲੈ ਲੈਣੀ।

ਸੁਬਹ ਨਿਵਾਜ ਸਰਾਇ ਗੁਜਾਰਉ ॥ ੨ ॥

ਸੁਬਹ ਨਿਵਾਜ=ਸਵੇਰ ਦੀ ਬੰਦਗੀ ਅਗਲੀ ਸਰਾਂ, ਭਾਵ ਪਰਲੋਕ ਰਸਤੇ ਦੀ ਪਹਿਲੀ ਮੰਜ਼ਲ ਪੁਰਸਲਾਤ ਦੇ ਪੁਲ ਤੇ ਗੁਜਾਰਉ=ਕਰਾਂਗਾ।

ਭਾਵ-ਇਤਨੀਆਂ ਬੇਨਤੀਆਂ ਕਰਨ ਨਾਲ ਵੀ ਜਮਦੂਤ ਛੱਡਦੇ ਨਹੀਂ, ਮੱਲੋ-ਮੱਲੀ ਫੜ ਕੇ ਲੈ ਜਾਂਦੇ ਹਨ।

*ਅਥਵਾ:-*ਜਮਦੂਤ ਆਖਦੇ ਹਨ-ਤੂੰ ਐਵੇਂ ਢਿੱਲ-ਮਠ ਕਰਦਾ ਪਿਆ ਹੈਂ। ਅਸਾਂ ਨੇ ਸਵੇਰ ਦੀ ਨਿਮਾਜ਼ ਅਗਲੀ ਸਰਾਂ ਪਰ ਗੁਜ਼ਾਰਨੀ ਹੈ, ਇਸ ਲਈ ਤੂੰ ਛੇਤੀ ਚੱਲ, ਪਰੰਤੂ ਗੁਰਮੁਖਾਂ ਨੂੰ ਕੁਝ ਨਹੀਂ ਆਖਦੇ ।

ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥

ਸਤਿਸੰਗਤ ਦੁਆਰਾ ਜਿਸ ਦਾ ਅਕਾਲ ਪੁਰਖ ਨਾਲ ਰੰਗੁ=ਪ੍ਰੇਮ ਲੱਗਾ ਹੈ।

ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥

ਉਹ ਪੁਰਸ਼ ਧੰਨਤਾ ਯੋਗ ਹੈ ਅਤੇ ਓਹੀ ਪੁਰਖ ਸ੍ਰੇਸ਼ਟ ਭਾਗਾਂ ਵਾਲਾ ਹੈ।

ਈਤ ਊਤ ਜਨ ਸਦਾ ਸੁਹੇਲੇ ॥ ਜਨਮੁ ਪਦਾਰਥੁ ਜੀਤਿ ਅਮੋਲੇ ॥ ੩ ॥

ਈਤ ਊਤ=ਇਧਰ-ਉਧਰ, ਲੋਕ-ਪ੍ਰਲੋਕ ਵਿਚ ਉਹ ਪੁਰਸ਼ ਹਮੇਸ਼ਾਂ ਸੁਹੇਲੇ=ਸੁਖੀ ਹਨ।

ਕਿਉਂਕਿ ਉਹਨਾਂ ਨੇ ਆਪਣੇ ਅਮੋਲਕ ਜਨਮੁ ਪਦਾਰਥੁ=ਮਨੁੱਖਾ ਜਨਮ ਨੂੰ ਜਿੱਤ ਲਿਆ, ਭਾਵ-ਸਫ਼ਲ ਕਰ ਲੀਤਾ ਹੈ।

ਜਾਗਤੁ ਸੋਇਆ ਜਨਮੁ ਗਵਾਇਆ ॥

ਜਿਹੜਾ ਜੀਵ ਜਾਗਦਾ ਹੀ ਸੌਂ ਗਿਆ ਹੈ, ਉਸ ਨੇ ਮਨੁੱਖਾ ਜਨਮ ਨੂੰ ਵਿਅਰਥ ਗੁਆ ਲਿਆ ਹੈ।

ਜਾਗ ਕੇ, ਭਾਵ ਪੜ੍ਹ ਸੁਣ ਕੇ ਜਾਂ ਪੂਰਨ ਸੰਤਾ ਕਹਾ ਕੇ, ਪਰਮੇਸ਼ਰ ਦਾ ਭਗਤ ਅਖਵਾ ਕੇ,

ਅਥਵਾ:-ਗੁਰੂ ਦਾ ਸਿੱਖ ਸਦਵਾ ਕੇ ਜੋ ਫਿਰ ਸੌਂ ਗਿਆ ਹੈ, ਅਰਥਾਤ ਮਾੜੇ ਕਰਮ ਕਰਨ ਲੱਗ ਪਿਆ ਹੈ, ਉਸ ਨੇ ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ।

ਮਾਲੁ ਧਨੁ ਜੋਰਿਆ ਭਇਆ ਪਰਾਇਆ ॥

ਆਪਣੇ ਸੁਖ ਵਾਸਤੇ ਮਾਲੁ=ਹਾਥੀ, ਘੋੜਾ, ਗਊ, ਮੱਝ ਆਦਿਕ ਅਤੇ ਧਨੁ=ਚਾਂਦੀ, ਸੋਨਾ ਆਦਿਕ ਜਿਤਨਾ ਵੀ ਜੋਰਿਆ=ਇਕੱਠਾ ਕੀਤਾ ਸੀ, ਉਹ ਅੰਤ ਨੂੰ ਸਭ ਪਰਾਇਆ ਹੋ ਗਿਆ ।

ਕਹੁ ਕਬੀਰ ਤੇਈ ਨਰ ਭੂਲੇ ॥

ਕਬੀਰ ਜੀ ਕਥਨ ਕਰਦੇ ਹਨ-ਉਹ ਪੁਰਸ਼ ਚੁਰਾਸੀ ਲੱਖ ਜੂਨ ਵਿਚ ਭੁੱਲੇ ਫਿਰਦੇ ਹਨ।

ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥ ੪ ॥ ੩ ॥

ਜੋ ਆਪਣੇ ਮਾਲਕ ਅਕਾਲ ਪੁਰਖ ਨੂੰ ਭੁਲਾ ਕੇ ਵਿਸ਼ੇ ਵਿਕਾਰਾਂ ਰੂਪੀ ਮਿੱਟੀ ਨਾਲ ਰੂਲੇ=ਖੁਆਰ ਹੋ ਰਹੇ ਹਨ।

[ਪੰਨਾ ੭੯੩]

ਸੂਹੀ ਕਬੀਰ ਜੀਉ ਲਲਿਤ* ॥

ਉਥਾਨਕਾ:-ਕਿਸੇ ਬੁੱਢੇ ਆਦਮੀ ਨੂੰ ਉਪਦੇਸ਼ ਦੇਂਦੇ ਹਨ-

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥

ਹੇ ਪੁਰਸ਼ਾ! ਤੇਰੇ ਨੈਨ=ਨੇਤ੍ਰ ਸੰਸਾਰ ਦੇ ਪਦਾਰਥਾਂ ਨੂੰ ਵੇਖ ਵੇਖ ਕੇ ਥੱਕ ਗਏ ਹਨ। ਭਾਵ ਜੋਤ ਘਟ ਗਈ

**ਸੂਹੀ ਨਾਲ ਮਿਲੀ ਹੋਈ ਲਲਿਤ ਰਾਗਣੀ ਹੈ।*

ਯਥਾ:-"ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥" *(ਰਾਗਮਾਲਾ, ਪੰਨਾ ੧੪੩੦)*

ਹੈ। ਸ੍ਰਵਨ=ਕੰਨ ਵੀ ਉਸਤਤੀ ਨਿੰਦਿਆ ਵਾਲੇ ਬਚਨ ਸੁਣ ਸੁਣ ਕੇ ਥੱਕ ਗਏ ਹਨ। ਬੜੇ ਸੁੰਦਰ ਰੂਪ ਵਾਲੀ ਕਾਇਆ=ਦੇਹ ਵੀ ਥੱਕ ਗਈ ਹੈ, ਜੋ ਹੁਣ ਤੁਰ ਫਿਰ ਨਹੀਂ ਸਕਦੀ।

ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥ ੧ ॥

ਜਰਾ=ਬ੍ਰਿਧ ਅਵਸਥਾ ਰੂਪ ਬਿਘਿਆੜੀ ਨੇ ਹਾਕ ਦਿੱਤੀ, ਭਾਵ ਬੁਢੇਪੇ ਨੇ ਜਿੰਸ ਵੇਲੇ ਅਵਾਜ਼ ਦਿੱਤੀ ਤਾਂ ਸਭ ਬੁੱਧੀ ਮਾਰੀ ਗਈ।

ਅਥਵਾ:-ਜਰਾ=ਬ੍ਰਿਧ ਅਵਸਥਾ ਨੂੰ ਹਾਕਦੀ=ਰੋਕਦਿਆਂ-ਰੋਕਦਿਆਂ, ਭਾਵ-ਕਲਫ ਲਗਾਉਂਦਿਆਂ-ਲਗਾਉਂਦਿਆਂ ਤੇਰੀ ਸਭ ਬੁੱਧੀ ਥੱਕ ਗਈ ਹੈ, ਪਰ ਅਫਸੋਸ ਹੈ ਇਕ ਮਾਇਆ ਦੇ ਇਕੱਠੇ ਕਰਨ ਦਾ ਸੰਕਲਪ ਨਹੀਂ ਥੱਕਿਆ।

ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥

ਹੇ ਝੱਲੇ ਪਰਸ਼ਾ! ਨਾਮ ਨੂੰ ਜਪ ਕੇ ਤੂੰ ਗਿਆਨ ਦੇਣ ਵਾਲਾ ਸ਼ੁਭ ਵਿਚਾਰ ਨਾ ਪ੍ਰਾਪਤ ਕੀਤਾ।

ਭਾਵ-ਮੈਂ ਕੌਣ ਹਾਂ? ਮੈਨੂੰ ਕੀ ਕਰਨਾ ਚਾਹੀਦਾ ਹੈ ਐਸਾ ਵਿਚਾਰ ਸਤਿਸੰਗ ਵਿਚੋਂ ਨਾ ਪਰਾਪਤ ਕੀਤਾ।

ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥

ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਹੀ ਗਵਾ ਲਿਆ ਹੈ।

ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥

ਹੇ ਪੁਰਸ਼ੋ! ਉਤਨਾ ਚਿਰ ਤਿਸ ਅਕਾਲ ਪੁਰਖ ਨੂੰ ਸੇਂਵਦੇ ਰਹੋ, ਜਿਤਨਾ ਚਿਰ ਤੁਹਾਡੇ ਸਰੀਰ ਵਿਚ ਸਵਾਸ ਹਨ। *ਪ੍ਰਸ਼ਨ*-ਸਾਰੀ ਉਮਰ ਸਿਮਰਨ ਕਰਨ ਦਾ ਕੀ ਫਲ ਹੈ? *ਉੱਤਰ*-

ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥ ੨ ॥

ਪ੍ਰਾਰਬਧ ਅਨੁਸਾਰ ਜੇ ਸਰੀਰ ਨਾਸ ਵੀ ਹੋ ਜਾਏ ਤਾਂ ਪਰਮੇਸ਼ਰ ਦਾ ਭਾਉ=ਪ੍ਰੇਮ ਨਹੀਂ ਜਾਵੇਗਾ ਅਤੇ ਬੈਕੁੰਠ ਧਾਮ ਵਿਚ ਹਰੀ ਦੇ ਚਰਨਾਂ ਵਿਚ ਨਿਵਾਸ ਹੋ ਜਾਵੇਗਾ।

ਵਾ:-ਚਰਨ=ਪੂਜਨੀਕ, ਵਾ:-ਵੇਦਾਂ ਕਰਕੇ ਪ੍ਰਤਿਪਾਦਯ ਹਰੀ ਵਿਚ ਨਿਵਾਸ ਹੋ ਜਾਵੇਗਾ, ਭਾਵ ਜੂਨੀਆਂ ਤੋਂ ਬੱਚ ਜਾਉਗੇ।

ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥

ਪਰਮਾਤਮਾ ਜਿਸ ਪੁਰਸ਼ ਦੇ ਰਿਦੇ ਅੰਦਰ ਗੁਰ-ਉਪਦੇਸ਼ ਕਉ=ਨੂੰ ਵਸਾਉਂਦਾ ਹੈ, ਤਿਸ ਦੇ ਅੰਦਰੋਂ ਪਦਾਰਥਾਂ ਦੀ ਪਿਆਸਾ=ਤਰੇਹ ਮਿੱਟ ਜਾਂਦੀ ਹੈ।

ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥ ੩ ॥

ਪਰਮਾਤਮਾ ਦੇ ਹੁਕਮ ਬੁੱਝਣੇ ਰੂਪੀ ਚੌਪੜ ਨੂ ਖੇਡੇ, ਅਰਥਾਤ ਦੁਖ ਸੁਖ ਪ੍ਰਭੂ ਦੀ ਆਗਿਆ ਵਿਚ ਨਿਸਚੇ ਕਰੇ।

ਯਥਾ:- ''ਦੁਖ ਸੁਖ ਤੇਰੀ ਆਗਿਆ ਪਿਆਰੇ..... ॥''

ਭਾਵ-ਦੁੱਖ ਪਾ ਕੇ ਘਬਰਾਵੇ ਨਾ, ਸਗੋਂ ਨਾਮ ਜਪੇ, ਏਹੀ ਪਰਮਾਤਮਾ ਦਾ ਹੁਕਮ ਬੱਝਣਾ ਹੈ।

ਮਨ ਦੇ ਜਿੱਤਣੇ ਰੂਪ ਪਾਸੇ ਨੂੰ ਢਾਲੇ।

ਵਾ:-ਮਨ ਨੂੰ ਜਿੱਤ ਕੇ ਤਿੰਨਾਂ ਗੁਣਾਂ ਰੂਪ ਪਾਸੇ ਨੂੰ ਢਾਲੇ।

ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ॥

ਜਿਹੜੇ ਪੁਰਸ਼ ਅਬਿਗਤ=ਪਰਮੇਸ਼ਰ ਨੂੰ ਭਜਨਾ ਜਾਣਦੇ ਹਨ ਉਹਨਾਂ ਦਾ ਕੁਝ ਵੀ ਨਾਸ ਨਹੀਂ ਹੁੰਦਾ। ਭਾਵ-ਉਹਨਾਂ ਦੇ ਤਨ, ਮਨ, ਧਨ ਆਦਿਕ ਸਭ ਪਦਾਰਥ ਸਫਲੇ ਹੋ ਜਾਂਦੇ ਹਨ।

ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ॥੪॥੪॥

ਕਬੀਰ ਜੀ ਕਥਨ ਕਰਦੇ ਹਨ-ਇਸ ਸੰਸਾਰ ਰੂਪੀ ਬਾਜ਼ੀ ਵਿਚੋਂ ਉਹ ਪੁਰਸ਼ ਕਦੇ ਵੀ ਹਾਰਦੇ ਨਹੀ ਜਿਹੜੇ ਮਨ ਦੇ ਜਿੱਤਣ ਰੂਪ, ਵਾ:-ਤਿੰਨਾਂ ਗੁਣਾਂ ਰੂਪੀ ਪਾਸੇ ਨੂੰ ਢਾਲਣਾ ਜਾਣਦੇ ਹਨ।

ਸੂਹੀ ਲਲਿਤ ਕਬੀਰ ਜੀਉ॥

ਉਥਾਨਕਾ:- ਇਕ ਮਹਾਤਮਾ ਨੇ ਕਬੀਰ ਜੀ ਨੂੰ ਪੁੱਛਿਆ, "ਇਨ੍ਹਾਂ ਕਾਮ ਆਦਿਕਾਂ ਤੋਂ ਆਪ ਕਿਵੇਂ ਬਚੇ ਹੋ ?"

ਹੁਣ ਕਬੀਰ ਜੀ ਆਪਣੀ ਸਾਰੀ ਬਿਵਸਥਾ ਸੁਣਾਉਂਦੇ ਹਨ-

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥

ਇਕ ਸਰੀਰ ਰੂਪੀ ਕੋਟੁ=ਕਿਲ੍ਹਾ ਹੈ, ਪੰਜ ਕਾਮ ਆਦਿਕ ਇਸ ਸਰੀਰ ਰੂਪੀ ਕਿਲ੍ਹੇ ਜਾਂ ਪਿੰਡ ਵਿਚ ਸਿਕਦਾਰਾ=ਨੰਬਰਦਾਰ ਹਨ, ਇਹ ਪੰਜੇ ਹੀ ਆਪੋ ਆਪਣੇ ਵਿਸ਼ੇ ਰੂਪ ਹਾਲਾ=ਮਾਮਲਾ ਮੰਗਦੇ ਹਨ।

ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥੧॥

(ਜੇ ਮੈਂ ਜ਼ਮੀਨ ਵਾਂਹਦਾ ਤਾਂ ਮਾਮਲਾ ਦੇਣ ਦਾ ਮੈਨੂੰ ਕੋਈ ਦੁੱਖ ਨਹੀਂ ਸੀ, ਪਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਇਨ੍ਹਾਂ ਸਭਨਾਂ ਵਿਚੋਂ) ਕਿਸੇ ਦੀ ਜ਼ਮੀਨ ਮੈਂ ਬੋਈ=ਵਾਹੀ ਨਹੀਂ, ਭਾਵ ਕਿਸੇ ਵਿਸ਼ੇ ਵੱਲ ਮੈਂ ਬਿਰਤੀ ਨਹੀਂ ਲਗਾਈ, ਪਰੰਤੂ ਇਹ ਕਾਮ ਆਦਿਕ ਐਸਾ=ਐਹੋ ਜਿਹਾ ਦੁੱਖ ਦੇਂਦੇ ਹਨ, ਜੋ ਮੈਂ ਕਹਿ ਨਹੀਂ ਸਕਦਾ।

ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥

ਹੇ ਹਰੀ ਦੇ ਲੋਕੋ ! ਪਟਵਾਰੀ=ਧਰਮਰਾਂਜ ਮੈਨੂੰ ਹਮੇਸ਼ਾਂ ਹੀ ਡਸੈ=ਡਸਦਾ, ਦੁਖ ਦੇਂਦਾ ਹੈ।

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ
ਤਿਨਿ ਹਉ ਲੀਆ ਉਬਾਰੀ॥੧॥ਰਹਾਉ॥

(ਇਸ ਤੁਕ ਦਾ ਅਰਥ ਅੱਗੇ ਜਾ ਕੇ ਕਰਨਾ ਹੈ।)

ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ॥

ਨੌਂ ਗੋਲਕਾਂ ਇਹ ਡਾਡੀ=ਜ਼ਰੀਬਾਂ ਹਨ, (ਮਿਣਤੀ ਕਰਨ ਵਾਲੀਆਂ।) ਦਸ ਇੰਦ੍ਰੀਏ ਮੁਨਸਫ ਹਨ, ਇਹ ਆਪਣੇ ਹੀ ਮੁੰਸਫ=ਨਿਆਂ ਕਰਨ ਵਲ ਦੌੜਦੇ ਹਨ। ਰਈਅਤਿ=ਸ਼ੁਭ-ਗੁਣਾਂ ਰੂਪ ਪਰਜਾ ਨੂੰ ਵੱਸਣ ਨਹੀਂ ਦੇਂਦੇ।

ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ॥ ੨ ॥

ਪੂਰੀ ਰੱਸੀ ਨਾਲ ਮਾਪਹਿ=ਮਿਣਦੇ ਨਹੀਂ, ਭਾਵ ਪ੍ਰਾਰਬਧ ਤੇ ਸ਼ਾਕਰ ਨਹੀਂ ਰਹਿਣ ਦੇਂਦੇ, ਬਹੁਤ ਹੀ ਬਿਸਟਾਲਾ=ਵੱਢੀ ਲੈਂਦੇ ਹਨ।

ਪ੍ਰਸ਼ਨ-ਵੱਢੀ ਕਿਹੜੀ ਹੈ? ਉੱਤਰ-ਜਿਹੜਾ ਵਿਸ਼ੇ ਵਿਕਾਰਾਂ ਰੂਪੀ ਬਿਸਟਾ+ਲਾ ਲੇਹੀ=ਗੰਦਗੀ ਵਿਚ ਲਾ ਲੈਣਾ ਕਰਦੇ ਹਨ।

(ਪਿਛਲੀ ਤੁਕ ਜਿਹੜੀ ਛੱਡੀ ਸੀ ਉੱਸ ਦਾ ਅਰਥ ਹੁਣ ਕਰਨਾ।)

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥

ਆਖਿਰ ਤੰਗ ਆ ਕੇ ਮੈਂ ਆਪਣੀਆਂ ਬਾਹਾਂ ਉੱਚੀਆਂ ਕਰਕੇ ਗੁਰਾਂ ਪਾਸ ਪੁਕਾਰ ਕੀਤੀ ਤਾਂ ਉਨ੍ਹਾਂ ਨੇ ਦਇਆ ਕਰਕੇ ਮੈਨੂੰ ਬਚਾ ਲਿਆ।

ਇਸੇ ਤਰ੍ਹਾਂ-ਸਤਿਗੁਰ ਅਰਜਨ ਦੇਵ ਜੀ ਵੀ ਆਪਣੇ ਪਿਆਰੇ ਗੁਰਸਿੱਖਾਂ ਨੂੰ ਓਸ ਪਰੀਪੂਰਨ, ਸਰਬ ਸ਼ਕਤੀਵਾਨ ਵਾਹਿਗੁਰੂ ਅੰਤਰਜਾਮੀ ਅੱਗੇ ਅਰਦਾਸ (ਬੇਨਤੀ) ਕਰਨ ਦਾ ਤਰੀਕਾ ਇਉਂ ਦੱਸਦੇ ਹਨ-

"ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥ ੧॥ ਰਹਾਉ॥
ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਾਹੇ॥
ਖੇਦ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥ ੧॥
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ॥
ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥ ੨॥
ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥
ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥ ੩॥
ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥ ੪॥ ੪॥ ੧੨੫॥"

(ਗਉੜੀ ਮਹਲਾ ੫, ਪੰਨਾ ੨੦੫)

ਪ੍ਰਸ਼ਨ:- "ਕਿਵੇਂ ਬਚਾਇਆ?" ਉੱਤਰ:-

ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ॥

ਬਹੱਤਰ ਕੋਠੜੀਆਂ ਵਾਲੇ ਸਰੀਰ ਰੂਪ ਘਰ ਵਿਚ ਜੋ ਇਕ ਅਕਾਲ ਪੁਰਖ ਵੱਸ ਰਿਹਾ ਹੈ, ਉਸ ਦਾ ਨਾਮ ਗੁਰਾਂ ਨੇ ਜਣਾ ਦਿੱਤਾ। ਨਾਮ ਦੇ ਪਰਤਾਪ ਕਰਕੇ ਕੁਝ ਚਿਰ ਮਗਰੋਂ-

ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥ ੩ ॥

ਧਰਮ ਰਾਜੇ ਦਾ ਦਫਤਰ ਮੈਂ ਸੋਧਿਆ=ਵਿਚਾਰ ਕੇ ਵੇਖਣਾ ਕੀਤਾ ਤਾਂ ਮੇਰੇ ਵੱਲ ਰਿਜਮ=ਰੰਚਕ ਮਾਤਰ ਵੀ ਕੋਈ ਬਾਕੀ ਨਾ ਨਿਕਲੀ।

ਯਥਾ:- "ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਆਨੰਦੇ॥
ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਫੰਦੇ॥" *(ਮ: ੪, ਪੰਨਾ ੮੦੦)*

''ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥'' (ਪੰਨਾ ੬੧੪)

ਤਥਾ:- ''ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥''
ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥ ੪॥ ੫॥'' (ਪੰਨਾ ੬੯੮)

''ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ॥''
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ॥'' (ਪੰਨਾ ੯੮੦)

ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ॥

ਇਹ ਸਭ ਸੰਤਾਂ ਦਾ ਪਰਤਾਪ ਹੈ, ਇਸ ਤੇ ਮਤਾਂ ਕੋਈ ਸੰਤਾਂ ਨੂੰ ਨਿੰਦਣਾ ਕਰੋ, ਕਿਉਂਕਿ ਸੰਤ ਤੇ ਰਾਮ ਦੋਨੋਂ ਇਕ ਸਰੂਪ ਹਨ।

ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥

ਕਬੀਰ ਜੀ ਕਥਨ ਕਰਦੇ ਹਨ-ਮੈਂ ਕਬੀਰ ਨੇ ਉਹ ਗੁਰੂ (ਰਾਮਾਨੰਦ) ਜੀ ਨੂੰ ਪਾਉਣਾ ਕੀਤਾ ਹੈ, ਜਿਨ੍ਹਾਂ ਦਾ ਨਾਮ ਬਿਬੇਕੁ=ਬਿਬ+ਏਕੋ=ਦੋਂਹ ਤੋਂ ਇਕ ਕਰਨ ਵਾਲਾ, ਭਾਵ ਜੀਵ ਤੋਂ ਬ੍ਰਹਮ ਕਰਨ ਵਾਲਾ ਹੈ।

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-''ਪਰਮੇਸ਼ਰ ਦੀ ਪ੍ਰਾਪਤੀ ਦੇ ਅਨੰਦ ਨੂੰ ਕੌਣ ਲੈਂਦਾ ਹੈ ?''

ਪਤੀਬ੍ਰਤ ਧਰਮ ਵਾਲੀ ਇਸਤਰੀ ਦਾ ਦ੍ਰਿਸਟਾਂਤ ਦੇ ਕੇ ਦੱਸਦੇ ਹਨ ਕਿ ਪਰਮੇਸ਼ਰ-ਪਤੀ ਦਾ ਅਨੰਦ ਸ੍ਰੇਸ਼ਟ ਭਾਗਾਂ ਵਾਲੇ ਪੁਰਸ਼ ਹੀ ਲੈ ਸਕਦੇ ਹਨ।

ਸਹ ਕੀ ਸਾਰ ਸੁਹਾਗਨਿ ਜਾਨੈ॥

ਜਿਵੇਂ ਪਤੀ ਦੀ ਸਾਰ=ਸੰਭਾਲ ਨੂੰ ਪਤੀ-ਬ੍ਰਤ ਧਰਮ ਵਾਲੀ ਔਰਤ ਹੀ ਜਾਣਦੀ ਹੈ ਅਤੇ-

ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥

ਆਪਣੇ ਹੁਸਨ ਦੇ ਹੰਕਾਰ ਨੂੰ ਤਿਆਗ ਕੇ ਸੁਖ ਸਹਿਤ ਰਲੀਆ ਮਾਨੈ=ਖੁਸ਼ੀਆਂ ਨੂੰ ਭੋਗਦੀ ਹੈ, ਭਾਵ-ਅਨੰਦ ਲੁੱਟਦੀ ਹੈ।

ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥੧॥

ਆਪਣਾ ਤਨ ਤੇ ਮਨ ਪਤੀ ਨੂੰ ਦੇ ਦੇਂਦੀ ਹੈ, ਅੰਤਰੁ=ਭੇਦ (ਫਰਕ) ਨਹੀਂ ਰਖਦੀ, ਭਾਵ ਪਤੀ ਤੋਂ ਕੋਈ ਗੱਲ ਛੁਪਾਉਂਦੀ ਨਹੀਂ।

ਪਤੀ ਤੋਂ ਬਗੈਰ ਹੋਰਨਾਂ ਵੱਲ ਵੇਖਦੀ ਨਹੀਂ , ਨਾ ਹੋਰਨਾਂ ਦੇ ਬਚਨ ਸੁਣਦੀ ਹੈ।

ਅਭਾਖੈ=ਨਾ ਹੀ ਹੋਰਨਾਂ ਨਾਲ ਬੋਲਦੀ ਹੈ। ਏਸੇ ਤਰ੍ਹਾਂ-

ਸਹ ਕੀ ਸਾਰ ਸੁਹਾਗਨਿ ਜਾਨੈ॥

ਸਹ=ਅਕਾਲ ਪੁਰਖ ਦੀ ਸਾਰ=ਸੰਭਾਲ ਨੂੰ ਸੁਹਾਗਨਿ=ਤਤਵੇਤਾ ਮਹਾਤਮਾ ਰੂਪ ਸਖੀਆਂ ਹੀ ਜਾਣਦੀਆਂ ਹਨ।

ਤਜਿ ਅਭਿਮਾਨੁ ਸੁਖ ਰਲੀਆ ਮਾਨੈ॥

ਜ਼ਾਤੀ, ਧਨ, ਵਿਦਿਆ ਤੇ ਦੇਹ ਆਦਿਕਾਂ ਦੇ ਹੰਕਾਰ ਨੂੰ ਤਿਆਗ ਕੇ ਸੁਖ ਪੂਰਬਕ ਖੁਸ਼ੀਆਂ ਨੂੰ ਭੋਗਦੀਆਂ ਹਨ।

ਤਨੁ ਮਨੁ ਦੇਇ ਨ ਅੰਤਰੁ ਰਾਖੈ॥

ਤਨ, ਮਨ, ਧਨ ਸਭ ਪਰਮੇਸ਼ਰ ਅਰਪਣ ਕਰ ਦੇਂਦੀਆਂ ਹਨ। ਨ ਅੰਤਰੁ ਰਾਖੈ=ਭੇਦ ਕੋਈ ਨਹੀਂ ਰੱਖਦੀਆਂ।

ਅਵਰਾ ਦੇਖਿ ਨ ਸੁਨੈ ਅਭਾਖੈ ॥ ੧॥

ਪਰਮੇਸ਼ਰ-ਪਤੀ ਤੋਂ ਬਿਨਾਂ ਹੋਰ ਦੇਵੀ ਦੇਵਤਿਆਂ ਵੱਲ ਨਹੀਂ ਦੇਖਦੀਆਂ ਅਤੇ ਨਾ ਹੀ ਦੇਵੀ ਦੇਵਤਿਆਂ ਦੀਆਂ ਗੱਲਾਂ ਸੁਣਦੀਆਂ ਹਨ, ਨਾ ਹੀ ਉਹਨਾਂ ਨਾਲ ਬੋਲਦੀਆਂ ਹਨ, ਭਾਵ ਆਪਣੀ ਜਿਹਵਾ ਨਾਲ ਦੇਵਤਿਆਂ ਦੇ ਨਾਮ ਨਹੀਂ ਲੈਂਦੀਆਂ।

ਸੋ ਕਤ ਜਾਨੈ ਪੀਰ ਪਰਾਈ॥ਜਾ ਕੈ ਅੰਤਰਿ ਦਰਦੁ ਨ ਪਾਈ॥੧॥ਰਹਾਉ॥

ਉਹ ਤਤਵੇਤਾ ਮਹਾਤਮਾ ਰੂਪ ਸਖੀਆਂ ਪਰਾਈ ਪੀੜਾ ਨੂੰ ਕਦ ਜਾਣਦੀਆਂ ਹਨ।

ਜਿਨ੍ਹਾਂ ਦੇ ਅੰਦਰ ਸੰਸਾਰਕ ਦਰਦ ਕੋਈ ਪਈ ਹੀ ਨਹੀਂ, ਭਾਵ ਉਹ ਆਪ ਸੁਖੀ ਹੋਣ ਕਰਕੇ ਸਾਰਿਆਂ ਨੂੰ ਸੁਖੀ ਹੀ ਸਮਝਦੇ ਹਨ।

ਯਥਾ:- ''ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥

— — — — —

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥''

(ਸੋਰਠਿ ਮ: ੫, ਪੰਨਾ ੬੧੦)

*ਅਥਵਾ:-*ਉਹ ਪੁਰਸ਼, ਭਲਾ ਪਰਾਈ ਪ੍ਰੇਮ-ਪੀੜਾ ਨੂੰ ਕਿਵੇਂ ਜਾਣ ਸਕਦਾ ਹੈ, ਜਿਸ ਦੇ ਅੰਦਰ ਪ੍ਰੇਮ-ਪੀੜਾ ਪਈ ਹੀ ਨਹੀਂ।

ਯਥਾ- ''ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥'' *(ਆਸਾ ਮ: ੪, ਪੰਨਾ ੪੪੯)*

ਦੁਖੀ ਦੁਹਾਗਨਿ ਦੁਇ ਪਖ ਹੀਨੀ॥

ਜਿਵੇਂ ਪ੍ਰਤੱਖ ਛੁੱਟੜ ਔਰਤ ਦੁਖੀ ਅਤੇ ਦੋਨੋਂ ਪੱਖਾਂ ਤੋਂ, ਭਾਵ ਸਹੁਰੇ ਤੇ ਪੇਕੇ ਘਰ ਵਿਚ ਸੁਖਾਂ ਤੋਂ ਰਹਿਤ ਰਹਿੰਦੀ ਹੈ। ਏਸੇ ਤਰ੍ਹਾਂ-ਜੋ ਜੀਵ ਰੂਪ ਇਸਤਰੀ ਛੁੱਟੜ ਹੈ, ਭਾਵ ਜਿਸ ਨੇ ਪਤੀ-ਪਰਮੇਸ਼ਰ ਵਿਚ ਸ਼ਰਧਾ ਨਹੀਂ ਧਾਰੀ, ਉਹ- ਦੁਇ ਪਖ ਹੀਨੀ॥

ਦੋਹਾਂ ਲੋਕ ਪਰਲੋਕ ਦੇ ਸੁਖਾਂ ਤੋਂ ਰਹਿਤ ਹੈ। ਵਾ:-ਗਿਆਨ ਵੈਰਾਗ ਤੋਂ ਰਹਿਤ ਹੈ।

ਵਾ:-ਜੀਵ ਈਸ਼ਵਰ ਦੀ ਏਕਤਾ ਕਰਨ ਤੋਂ ਰਹਿਤ ਹੈ।

ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥

ਜਿਸ ਨੇ ਨਿਰੰਤਰਿ=ਇਕ ਰਸ ਨਾਹ=ਪਤੀ-ਪਰਮਾਤਮਾ ਦੀ ਪ੍ਰੇਮਾ ਭਗਤੀ ਨਹੀਂ ਕੀਤੀ।

ਪੁਰ ਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥ ੨ ॥

ਵੈਤਰਨੀ ਨਦੀ ਉਤੇ ਦੁੱਖਾਂ ਨਾਲ ਪੂਰਨ ਸਲਾਤ ਪੁਲ ਦਾ ਰਾਹ ਦੁਹੇਲਾ=ਕਠਨ ਹੈ। ਉਹ ਵਾਟ ਖੰਡੇ ਦੀ ਧਾਰ ਨਾਲੋਂ ਤਿੱਖੀ ਤੇ ਵਾਲ ਤੋਂ ਬਰੀਕ ਹੈ॥ ੨ ॥

ਯਥਾ:- ''ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥''

(ਸੂਹੀ ਸੇਖ ਫਰੀਦ, ਪੰਨਾ ੭੪੪)

ਤਥਾ:- ''ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥ *(ਸੇਖ ਫਰੀਦ, ਪੰਨਾ ੧੩੭੭)*

ਦੁਖੀਆ ਦਰਦਵੰਦੁ ਦਰਿ ਆਇਆ ॥

ਐ ਦਰਦਵੰਦੁ=ਪੀੜਾ ਦੇ ਜਾਨਣ ਵਾਲੇ ਅਕਾਲ ਪੁਰਖ ! ਮੈਂ ਦੁਖੀ ਹੋ ਕੇ ਆਪ ਦੇ ਸਤਿਸੰਗ ਰੂਪੀ ਦਰਵਾਜ਼ੇ ਤੇ ਆਇਆ ਹਾਂ।

ਬਹੁਤੁ ਪਿਆਸ ਜਬਾਬੁ ਨ ਪਾਇਆ ॥

ਮੈਨੂੰ ਤੇਰੇ ਦਰਸ਼ਨ ਦੀ ਬਹੁਤ ਹੀ ਇੱਛਾ ਲਗ ਰਹੀ ਹੈ, ਪਰ ਅਜੇ ਤਕ ਮੈਂ ਕੋਈ ਉੱਤਰ ਨਹੀਂ ਪਰਾਪਤ ਕੀਤਾ।

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਹੇ ਭਗਵਾਨ ! ਮੈਂ ਸੇਵਕ ਨੇ ਆਪ ਦੇ ਚਰਨ-ਕਵਲਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥ ੩ ॥ ੧ ॥

ਜਿਸ ਤਰ੍ਹਾਂ ਜਾਣੋਂ, ਤਿਵੇਂ ਮੇਰੀ ਮੁਕਤੀ ਜ਼ਰੂਰ ਕਰ ਦਿਓ॥ ੩ ॥ ੧ ॥

ਸੂਹੀ ॥

ਉਥਾਨਕਾ:-ਵੈਰਾਗ ਜਨਕ ਉਪਦੇਸ਼ ਦੇਂਦੇ ਹਨ:-

ਜੋ ਦਿਨ ਆਵਹਿ ਸੋ ਦਿਨ ਜਾਹੀ ॥

ਜੋ ਦਿਨ ਆਉਂਦਾ ਭਾਵ ਚੜ੍ਹਦਾ ਹੈ, ਸੋ ਦਿਨ ਬਤੀਤ ਹੋਇਆ ਜਾਂਦਾ ਹੈ। ਏਸੇ ਤਰ੍ਹਾਂ-

ਕਰਨਾ ਕੂਚੁ ਰਹਨੁ ਥਿਰੁ ਨਾਹੀ ॥

ਜੋ ਵੀ ਸੰਸਾਰ ਵਿਚ ਆਇਆ ਹੈ, ਉਸ ਨੇ ਕੂਚ=ਚਲਾਣਾ ਕਰ ਜਾਣਾ ਹੈ। ਕਿਸੀ ਨੇ ਵੀ ਇਸਥਿਤ ਨਹੀਂ ਰਹਿਣਾ।

ਯਥਾ- ''ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ ੩॥

(ਸਿਰੀ ਰਾਗ ਮ: ੧, ਪੰਨਾ ੬੪)

ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥ ੧॥

ਸਾਰੇ ਸੰਗੀ ਚਲੇ ਜਾ ਰਹੇ ਹਨ, ਵਾ:-ਚਲੇ ਗਏ ਹਨ। ਉਹਨਾਂ ਦੀ ਭੀ=ਨਿਆਈਂ ਅਸਾਂ ਵੀ ਚਲਿਆਂ ਜਾਣਾ ਹੈ।

ਜਿਸ ਮੌਤ ਦਾ ਗਵਨ ਤੁਸੀਂ ਦੂਰ ਸਮਝ ਰਹੇ ਹੋ, ਉਹ ਮਰਨਾ ਤੁਹਾਡੇ ਸਿਰ ਤੇ ਖਲੋਤਾ ਹੈ।

ਵਾ:- ਜਿਸ ਵੇਲੇ ਮਰਨਾ ਸਿਰ ਤੇ ਆਇਆ ਤਾਂ ਦੂਰ ਗਮਨ ਕਰਨਾ ਪਵੇਗਾ, ਕਿਉਂਕਿ ਪ੍ਰਲੋਕ ਦਾ ਪੈਂਡਾ ਧਰਮ ਸ਼ਾਸਤਰ ਵਿਚ ਸਾਲ ਭਰ ਦਾ ਲਿਖਿਆ ਹੈ।

[ਪੰਨਾ ੭੯੪]

ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ ੧॥ ਰਹਾਉ॥

ਹੇ ਇਆਨਾ=ਅਗਿਆਤ ਜੀਵ ! ਤੂੰ ਕੀ ਅਵਿਦਿਆ ਰੂਪ ਨੀਂਦ ਵਿਚ ਸੁੱਤਾ ਹੋਇਆ ਹੈਂ ?

ਵਾਹਿਗੁਰੂ ਦੇ ਭਜਨ-ਸਿਮਰਨ ਦੁਆਰਾ ਗਿਆਨ-ਜਾਗ੍ਰਤ ਵਿਚ ਜਾਗਣਾ ਕਰ।

ਤੈਂਨੇ ਝੂਠੇ ਜੀਵਨ ਨੂੰ ਜਗਤ ਵਿਚ ਸੱਚਾ ਕਰਕੇ ਜਾਣਿਆ ਹੈ॥ ੧॥ ਰਹਾਉ॥

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥

ਜਿਸ ਪਰਮਾਤਮਾ ਨੇ ਜੀਉ=ਜੀਉਣਾ ਦਿੱਤਾ ਹੈ। ਵਾ:-ਜਿਸ ਨੇ ਦੇਹ ਵਿਚ ਜੀਵ ਨੂੰ ਇਸਥਿਤ ਕਰ ਦਿੱਤਾ ਹੈ, ਓਹੀ ਸਾਰਿਆਂ ਨੂੰ ਰਿਜਕੁ=ਖਾਣ ਪਾਣ ਅੰਬਰਾਵੈ=ਪਹੁੰਚਾਉਂਦਾ ਹੈ।

ਸਭ ਘਟ ਭੀਤਰਿ ਹਾਟੁ ਚਲਾਵੈ॥

ਸਾਖੀ ਰੂਪ ਹੋ ਕੇ ਘਟ=ਸਰੀਰ ਦੇ ਵਿਚ ਸ਼ਾਰੀਆਂ ਹਾਟੁ=ਇੰਦਰੀਆਂ ਨੂੰ ਚਲਾ ਰਿਹਾ ਹੈ।

ਕਰਿ ਬੰਦਿਗੀ ਛਾਡਿ ਮੈ ਮੇਰਾ॥ ਹਿਰਦੈ ਨਾਮੁ ਸਮ੍ਹਾਰਿ ਸਵੇਰਾ॥ ੨॥

ਹੇ ਪੁਰਸ਼ਾਂ ! ਤੂੰ ਮੇਰ ਤੇਰ ਨੂੰ ਛੱਡ ਕੇ ਵਾਹਿਗੁਰੂ ਦੀ ਬੰਦਗੀ ਕਰ।

ਯਥਾ:- ''ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ॥'' (ਮ: ੧, ਪੰਨਾ ੫੦)

ਸਵੇਰਾ=ਅੰਮ੍ਰਿਤ ਵੇਲੇ ਉੱਠ ਕੇ ਆਪਣੇ ਦਿਲ ਵਿਚ ਨਾਮ ਨੂੰ ਯਾਦ ਕਰ॥ ੨॥

ਜਨਮੁ ਸਿਰਾਨੋ ਪੰਥੁ ਨ ਸਵਾਰਾ॥ ਸਾਂਝ ਪਰੀ ਦਹ ਦਿਸ ਅੰਧਿਆਰਾ॥

ਤੇਰਾ ਮਨੁੱਖਾ ਜਨਮ ਨਿਸਫਲ ਹੀ ਸਿਰਾਨੋ=ਬਤੀਤ ਹੋ ਰਿਹਾ ਹੈ, ਪਰ ਤੈਂਨੇ ਅਗਲਾ ਪਰਲੋਕ ਦਾ ਰਸਤਾ ਸਵਾਰਿਆ ਨਹੀਂ।

(ਜਿਵੇਂ ਇਹ ਨਿਯਮ ਹੈ ਕਿ ਜਿਸ ਵੇਲੇ-) ਸਾਂਝ=ਸੰਧਿਆ (ਸ਼ਾਮ) ਪੈਂਦੀ ਹੈ ਤਾਂ ਦਹ ਦਿਸ=ਹਰ ਪਾਸੇ ਅੰਧੇਰਾ ਹੀ ਅੰਧੇਰਾ ਹੋ ਜਾਂਦਾ ਹੈ। ਇਸੀ ਪਰਕਾਰ ਜਦ ਬ੍ਰਿਧ ਅਵਸਥਾ ਰੂਪੀ ਸੰਧਿਆ ਪਈ ਤਾਂ

ਦਹਦਿਸ=ਦਸਾਂ ਇੰਦ੍ਰੀਆਂ ਵਿਚ ਜੜ੍ਹਤਾ ਰੂਪ ਹਨੇਰਾ ਫੈਲ ਜਾਵੇਗਾ। ਉਸ ਵੇਲੇ ਤੇਰੇ ਪਾਸੋਂ ਕੁਝ ਨਹੀਂ ਹੋਣਾ।

ਕਹਿ ਰਵਿਦਾਸ ਨਿਦਾਨਿ ਦਿਵਾਨੇ॥
ਚੇਤਸਿ ਨਾਹੀ ਦੁਨੀਆ ਫਨ ਖਾਨੇ॥ ੩॥ ੨॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਹੇ ਨਿਦਾਨਿ=ਮੂਰਖ ਦਿਵਾਨੇ=ਝੱਲੇ ! ਹੁਣ ਤੇਰਾ ਨਿਦਾਨਿ= ਅੰਤ ਆ ਰਿਹਾ ਹੈ. ਇਸ ਕਰਕੇ ਤੂੰ ਕੁਛ ਨਿਦਾਨਿ=ਦਵਾਈ ਬੂਟੀ ਕਰ ਲੈ।

ਤੂੰ ਅਕਾਲ ਪੁਰਖ ਨੂੰ ਸਿਮਰਦਾ ਨਹੀਂ, ਜਿਸ ਦੁਨੀਆਂ ਵਿਚ ਲੱਗ ਰਿਹਾ ਹੈਂ, ਇਹ ਫਨਾਹ ਦਾ ਘਰ ਹੈ।

ਵਾ:-ਫ਼ਨਾਹ ਦਾ ਖਾਨਾ ਜੋ ਇਹ ਦੁਨੀਆਂ ਹੈ, ਇਸ ਵਿਖੇ ਤੂੰ ਪਰਮਾਤਮਾ ਨੂੰ ਯਾਦ ਨਹੀਂ ਕਰਦਾ॥ ੩॥ ੨॥

ਸੂਹੀ॥

ਉਥਾਨਕਾ:-ਇਕ ਸ਼ਾਹੂਕਾਰ ਸੋਹਣੇ ਸੋਹਣੇ ਮਕਾਨ ਤਿਆਰ ਕਰਕੇ ਆਪਣੇ ਸਬੰਧੀਆਂ ਦੇ ਮੋਹ ਵਿਚ ਫਸਿਆ ਹੋਇਆ ਸੀ, ਉਸ ਨੂੰ ਉਪਦੇਸ਼ ਦੇਂਦੇ ਹਨ।

ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥ ੧॥

ਹੇ ਭਾਈ ! ਜੋ ਤੂੰ ਬੜੇ ਬੜੇ ਮੰਦਰ (ਮਕਾਨ) ਤੇ ਵੱਖੋ-ਵੱਖ ਰਸੋਈ ਦੀ ਸਾਲ=ਜਗ੍ਹਾ ਬਣਵਾ ਰਿਹਾ ਹੈਂ। ਵਾ:-ਰਸੋਈ ਦੀ ਵੱਖਰੀ, ਅਰਾਮ ਕਰਨ ਦੀ ਵੱਖਰੀ, ਇਸ਼ਨਾਨ ਕਰਨ ਦੀ ਵੱਖਰੀ।

ਪਰ-(ਜਿਸ ਵੇਲੇ ਸਵਾਸ ਪੂਰੇ ਹੋ ਗਏ ਤਾਂ-) ਇਕ ਘੜੀ ਭਰ ਵੀ ਇਹਨਾਂ ਮੰਦਰਾਂ ਵਿਚ ਰਹਿਣਾ ਨਹੀਂ ਹੋਵੇਗਾ॥ ੧॥

ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥

(ਜਿਸ ਨੂੰ ਬੜੇ ਪ੍ਰੇਮ ਨਾਲ ਪਾਲਦੇ ਪੋਸਦੇ ਹੋ) ਇਹ ਸਰੀਰ (ਕਾਲ-ਅਗਨੀ ਦੇ ਸਾਹਮਣੇ) ਐਸਾ=ਇਸ ਤਰ੍ਹਾਂ ਹੈ, ਜਿਵੇ ਪ੍ਰਤੱਖ ਅਗਨੀ ਦੇ ਸਾਹਮਣੇ ਘਾਸ ਦੀ ਟਾਟੀ=ਖਿੜਕੀ ਹੈ।

ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥

ਜਿਸ ਵੇਲੇ ਅਗਨੀ ਦੇ ਪ੍ਰਭਾਵ ਨਾਲ ਘਾਹ ਸੜ ਜਾਂਦਾ ਹੈ ਤਾਂ ਮਿੱਟੀ ਨਾਲ ਰਲ ਜਾਂਦਾ ਹੈ। ਇਸੀ ਪਰਕਾਰ-ਸਰੀਰ ਵੀ ਸੜ ਕੇ ਮਿੱਟੀ ਰੂਪ ਹੋ ਜਾਂਦਾ ਹੈ॥ ੧॥ ਰਹਾਉ॥

ਭਾਈ ਬੰਧ ਕੁਟੰਬ ਸਹੇਰਾ॥ ਓਇ ਭੀ ਲਾਗੇ ਕਾਢੁ ਸਵੇਰਾ॥ ੨॥

ਭਾਈ=ਸਕੇ ਭਰਾ ਤੇ ਬੰਧ=ਰਿਸ਼ਤੇਦਾਰ, ਕੁਟੰਬ=ਆਪਣਾ ਜੋ ਪਰਵਾਰ ਸਹੇਰਾ=ਇਕੱਠਾ ਹੋਇਆ ਹੋਇਆ ਹੈ।

ਉਸ ਸਾਰੇ ਹੀ ਸਵੇਰੇ ਸਵੇਰੇ ਕੱਢਣ ਲੱਗ ਪੈਂਦੇ ਹਨ, ਤਾਂਕਿ ਧੁੱਪ ਨਾ ਬਹੁਤੀ ਚੜ੍ਹ ਪਵੇ॥ ੨॥

ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ ਭੂਤੁ ਭੂਤੁ ਕਰਿ ਭਾਗੀ॥ ੩॥

ਜੋ ਘਰ ਦੀ ਔਰਤ ਉਰਹਿ=ਛਾਤੀ ਨਾਲ ਲੱਗੀ ਰਹਿੰਦੀ ਸੀ।

ਉਹ ਨਾਰੀ ਤਾਂ ਪ੍ਰੇਤ-ਪ੍ਰੇਤ ਕਰਕੇ ਦੂਰ ਦੌੜਦੀ ਹੈ, ਇਸ ਕਰਕੇ ਇਨ੍ਹਾਂ ਸਨਬੰਧੀਆਂ ਦਾ ਖਹਿੜਾ ਵੀ ਤਿਆਗ ਦੇਹ।

ਕਹਿ ਰਵਿਦਾਸ ਸਭੈ ਜਗੁ ਲੂਟਿਆ ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਕਿ ਸਾਰਾ ਸੰਸਾਰ (ਮੋਹ ਆਦਿਕਾਂ ਲੱਗਣ ਕਰਕੇ) ਲੁੱਟਿਆ ਜਾ ਰਿਹਾ ਹੈ।

ਪ੍ਰਸ਼ਨ-''ਫਿਰ ਆਪ ਵੀ ਲੁੱਟੇ ਗਏ ਹੋਵੋਗੇ?'' *ਉੱਤਰ-*

ਹਮ ਤਉ ਏਕ ਰਾਮੁ ਕਹਿ ਛੂਟਿਆ ॥ ੪ ॥ ੩ ॥

ਮੈਂ ਤਾਂ (ਗੁਰੂ ਰਾਹੀਂ) ਇਕ ਰਾਮ ਦਾ ਨਾਮ ਕਹਿ ਕੇ (ਇਨ੍ਹਾਂ ਕਾਮ ਆਦਿਕ ਦੁਸ਼ਮਣਾਂ ਤੋਂ) ਛੁੱਟ ਗਿਆ ਹਾਂ। (ਤੁਸੀ ਭੀ ਰਾਮ ਨਾਮ ਦਾ ਸਿਮਰਨ ਕਰਕੇ ਇਨ੍ਹਾਂ ਦੁਸ਼ਮਣਾਂ ਤੋਂ ਬਚਣਾ ਕਰੋ) ॥ ੪ ॥ ੩ ॥

ੴ ਸਤਿਗੁਰ ਪ੍ਰਸਾਦਿ ॥

ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥

ਉਥਾਨਕਾ:-ਜਿਸ ਵੇਲੇ ਸ਼ੇਖ ਫਰੀਦ ਜੀ ਤਪ ਕਰਦੇ-ਕਰਦੇ ਥੱਕ ਗਏ। ਬਾਰਾਂ ਵਰ੍ਹਿਆਂ ਦੇ ਤਪ ਮਗਰੋਂ ਅਕਾਲ ਪੁਰਖ ਦੇ ਦਰਸ਼ਨ ਪ੍ਰਾਪਤ ਨਾ ਹੋਏ। ਵਿਆਕੁਲ ਹੋਏ-ਹੋਏ ਜੰਗਲ ਵਿਚ ਇਕ ਬ੍ਰਿਛ ਹੇਠਾਂ ਬੈਠ ਕੇ ਵਿਛੋੜੇ ਦੀ ਗੱਲ ਐਉਂ ਕਹਿੰਦੇ ਹਨ ਕਿ-

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥

ਤਪ ਰੂਪੀ ਅਗਨੀ ਨੂੰ ਤਪ ਕੇ ਪ੍ਰਾਣਾਂ ਨੂੰ ਭੁੱਖ ਤਰੇਹ ਨਾਲ ਝੁਲਸਾ-ਝੁਲਸਾ ਕੇ ਹੁਣ ਹੱਥਾਂ ਨੂੰ ਮਰੋਰਉ= ਝੱਸਦੀ, ਭਾਵ ਮਲਦੀ ਹਾਂ, ਕਿਉਂਕਿ ਹੇ ਸਹੁ=ਅਕਾਲ ਪੁਰਖ ! ਆਪ ਦੇ ਦਰਸ਼ਨਾਂ ਨੂੰ ਚਾਹੁੰਦੀ ਹੋਈ ਮੈਂ ਬਾਵਲਿ=ਝੱਲੀ ਹੋ ਗਈ ਹਾਂ, ਪਰ ਆਪ ਦਾ ਦਰਸ਼ਨ ਫਿਰ ਵੀ ਨਹੀਂ ਹੋਇਆਂ। ਇਸ ਲਈ ਤਪਿ=ਦੁਖੀ ਹੋ ਹੋ ਕੇ ਲੁਹਿ ਲੁਹਿ=ਸੜ-ਸੜ ਕੇਂ ਮੈਂ ਹੱਥ ਮਲਦੀ ਹਾਂ।

ਤੈ ਸਹਿ ਮਨ ਮਹਿ ਕੀਆ ਰੋਸੁ ॥ ਮੁਝੁ ਅਵਗਨ ਸਹ ਨਾਹੀ ਦੋਸੁ ॥ ੧ ॥

ਹੇ ਸਹਿ=ਅਕਾਲ ਪੁਰਖ ! ਕੀ ਤੈ=ਤੂੰ ਆਪਣੇ ਮਨ ਵਿਚ ਰੋਸੁ=ਗੁੱਸਾ ਕੀਤਾ ਹੈ ? ਜਿਸ ਕਰਕੇ ਦਰਸ਼ਨ ਨਹੀਂ ਦਿੱਤਾ, ਨਹੀਂ ਨਹੀਂ ਆਪ ਵਿਚ ਕਸੂਰ ਨਹੀਂ, ਮੇਰੇ ਵਿਚ ਹੀ ਔਗੁਣ ਹਨ।

ਹੇ ਸਹ=ਅਕਾਲ ਪੁਰਖ ! ਆਪ ਵਿਚ ਕੋਈ ਦੋਸ਼ ਨਹੀਂ।

ਯਥਾ:- ''ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥

ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ ॥'' *(ਪੰਨਾ ੨੪੭)*

ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥

ਜੋਬਨੁ ਖੋਇ ਪਾਛੈ ਪਛੁਤਾਨੀ ॥ ੧ ॥ ਰਹਾਉ ॥

ਆਪਣੇ ਕਰਮਾਂ ਕਰਕੇ ਹੇ ਸਹਿਬ ! ਮੈਂ ਆਪ ਦੀ ਪ੍ਰਾਪਤੀ ਦੀ ਸੰਭਾਲ ਨਹੀਂ ਜਾਨਣੀ ਕੀਤੀ। ਜੋਬਨ ਤੇ

ਬਲ ਨੂੰ ਸੁੱਕੇ ਪੱਤੇ ਖਾ ਕੇ ਵਿਅਰਥ ਹੀ ਗੁਆਇਆ ਹੈ ਤੇ ਹੁਣ ਪਿਛੋਂ ਪਸਚਾਤਾਪ ਕਰਦੀ ਹਾਂ।

ਵਾ:-ਸ਼ੋਕ ਅਵਸਥਾ ਰੂਪੀ ਜੋਬਨ ਖੋਹ ਕੇ ਪਿਛੋਂ ਪਸਚਾਤਪ ਕਰਦੀ ਹਾਂ।

ਜਦ ਫਰੀਦ ਜੀ ਇਸ ਤਰ੍ਹਾਂ ਵਿਰਲਾਪ ਕਰ ਰਹੇ ਸਨ ਤਾਂ ਉਥੋਂ ਦੀ ਇਕ ਮਹਾਤਮਾ ਲੰਘੇ। ਫਰੀਦ ਦੇ ਸਰੀਰ ਦਾ ਕਾਲਾ ਰੰਗ ਦੇਖ ਕੇ ਕੋਇਲ ਨੂੰ ਮੁਖ ਰੱਖ ਕੇ ਅਨੁਕਤੀ ਅਲੰਕਾਰ ਨਾਲ ਕਥਨ ਕਰਦੇ ਹਨ-

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥

ਹੇ ਕਾਲੀ ਕੋਇਲ ! ਤੂੰ ਕਿਹੜੇ ਗੁਨ=ਔਗੁਣ ਕਰਕੇ ਕਾਲੀ ਹੋ ਗਈ ਹੈਂ ?

ਇਹ ਗੱਲ ਸੁਣ ਕੇ ਫਰੀਦ ਜੀ ਨੇ ਵਿਚਾਰਿਆ ਸੰਤਾਂ ਨੇ ਕੋਇਲ ਨੂੰ ਭਲਾ ਕੀ ਕਹਿਣਾ ਹੈ ਇਹ ਮੈਨੂੰ ਕਹਿ ਰਹੇ ਹਨ। ਫਰੀਦ ਜੀ ਉੱਠ ਕੇ ਸੰਤਾਂ ਦੇ ਚਰਨੀਂ ਡਿੱਗ ਕੇ ਆਖਦੇ ਹਨ-

ਹੇ ਸੰਤ ਜੀ ! ਹਉ=ਮੈਂ ਆਪਣੇ ਪ੍ਰੀਤਮ ਦੇ ਬਿਰਹੈ=ਵਿਛੋੜੇ ਰੂਪੀ ਅੱਗ ਨਾਲ ਸੜ ਰਹੀ ਹਾਂ।

ਪਿਰਹਿ ਬਿਹੂਨ ਕਤਹਿ ਸੁਖੁ ਪਾਏ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ॥ ੨ ॥

ਉਸ ਪਤੀ ਦੀ ਪ੍ਰਾਪਤੀ ਹੋਏ ਤੋਂ ਬਿਨਾਂ ਮੈਂ ਭਲ੍ਹਾ ਕਤਹਿ=ਕਿਸ ਤਰ੍ਹਾਂ ਨਾਲ ਸੁਖ ਪਾਉਣਾ ਕਰਾਂ, ਪਰ ਇਹ ਮੈਂ ਨਿਸਚੇ ਕੀਤਾ ਹੋਇਆ ਹੈ ਕਿ ਜਿਸ ਵੇਲੇ ਅਕਾਲ ਪੁਰਖ ਕ੍ਰਿਪਾਲੂ ਹੁੰਦਾ ਹੈ, ਤਿਸ ਵੇਲੇ ਹੀ ਉਹ ਆਪਣੇ ਨਾਲ ਮਿਲਾ ਲੈਂਦਾ ਹੈ, ਪਰ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਉਹ ਕ੍ਰਿਪਾਲੂ ਕਿਸ ਤਰ੍ਹਾਂ ਹੁੰਦਾ ਹੈ।

ਵਿਧਣ ਖੂਹੀ ਮੁੰਧ ਇਕੇਲੀ॥ ਨਾ ਕੋ ਸਾਥੀ ਨਾ ਕੋ ਬੇਲੀ॥

ਵਿਧਣ=ਦੁਖਦਾਈ ਸੰਸਾਂਰ ਰੂਪੀ ਖੂਹੀ ਵਿਚ ਮੈਂ ਮੁੰਧ=ਇਸਤਰੀ ਇਕੱਲੀ ਪੈ ਰਹੀ ਹਾਂ। ਨਾ ਕੋਈ ਇਸ ਲੋਕ ਦਾ ਸਾਥੀ ਹੈ ਅੰਤੇ ਨਾ ਹੀ ਪਰਲੋਕ ਦਾ ਕੋਈ ਬੇਲੀ ਹੈ।

ਵਾ:- ਨਾ ਤਾਂ ਕੋਈ ਸਾਥੀ ਹੈ ਜੋ ਮੇਰੇ ਨਾਲ ਮਿਲ ਕੇ ਤਪ ਕਰੇ ਅਤੇ ਨਾ ਹੀ ਕੋਈ ਬੇਲੀ ਹੈ, ਪਰਮਾਤਮਾ ਨਾਲ ਮਿਲਾਉਣ ਵਾਲਾ।

ਇਸ ਕਰਕੇ ਸੰਤ ਜੀ ! ਆਪ ਕਿਰਪਾ ਕਰਕੇ ਦੱਸੋ, ਇਸ ਸੰਸਾਰ ਰੂਪੀ ਖੂਹੀ ਵਿਚੋਂ ਨਿਕਲ ਕੇ ਆਪ ਨੇ ਪਰਮਾਤਮਾ ਦੇ ਕਿਸ ਤਰ੍ਹਾਂ ਦਰਸ਼ਨ ਕੀਤੇ ਹਨ ? ਉੱਤਰ ਰੂਪ ਵਿਚ ਜੋ ਕੁਝ ਉਸ ਸੰਤ ਨੇ ਕਿਹਾ, ਉਸ ਨੂੰ ਫਰੀਦ ਜੀ ਆਪਣੀ ਬਾਣੀ ਦੁਆਰਾ ਇਉਂ ਕਹਿੰਦੇ ਹਨ-

ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥ ੩ ॥

ਹੇ ਸ਼ੇਖ ਫਰੀਦ ! ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਜਦ ਮੈਨੂੰ ਸਾਧਸੰਗਤ ਨਾਲ ਮੇਲਿਆ ਤਾਂ ਮੈਨੂੰ ਗੁਰਾਂ ਦੀ ਪ੍ਰਾਪਤੀ ਹੋਈ। ਗੁਰਾਂ ਨੇ ਫੇਰ ਸ਼ੁਭ-ਗੁਣਾਂ ਦੀ ਬਖਸ਼ਿਸ਼ ਕੀਤੀ ਤਾਂ ਜਿਧਰ ਨਿਗਾਹ ਕਰਕੇ ਵੇਖਿਆ ਤਾਂ ਫਿਰ ਮੇਰਾ ਅੱਲਾ ਹੀ ਬੇਲੀ ਦਿੱਸਣ ਵਿਚ ਆਇਆ। ਫਿਰ ਫਰੀਦ ਜੀ ਨੇ ਕਿਹਾ-

ਵਾਟ ਹਮਾਰੀ ਖਰੀ ਉਡੀਣੀ॥

ਵਾਹਿਗੁਰੂ ਦੀ ਪਰਾਪਤੀ ਤੋਂ ਬਿਨਾਂ ਜਿਸ ਵਾਟ=ਪਗਡੰਡੀ ਤੇ ਅਸਾਂ ਨੇ ਚਲਣਾ ਹੈ, ਉਹ ਅਸਾਡੀ ਪਰਲੋਕ ਵਾਟ ਖਰੀ=ਬਹੁਤ ਉਡੀਣੀ=ਦੁਖਦਾਇਕ ਹੈ।

ਖੰਨਿਅਹੁ ਤਿਖੀ ਬਹੁਤੁ ਪਿਈਣੀ॥

ਖੰਨਿਅਹੁ=ਖੰਡੇ ਨਾਲੋਂ ਤਿੱਖੀ ਹੈ ਤੇ ਬੜੀ ਪਿਈਣੀ=ਬਰੀਕ, ਭਾਵ ਪਤਲੀ ਹੈ।

ਯਥਾ:-''ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥'' *(ਪੰਨਾ ੧੦੨੮)*

ਉਸੁ ਊਪਰਿ ਹੈ ਮਾਰਗੁ ਮੇਰਾ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥ ੪॥ ੧॥

ਸ਼ੇਖ ਫਰੀਦ ਜੀ ਕਥਨ ਕਰਦੇ ਹਨ ਕਿ ਉਸ ਦੁਖਦਾਇਕ ਪਗਡੰਡੀ ਦੇ ਉੱਪਰ ਮੇਰਾ ਮਾਰਗੁ=ਰਸਤਾ ਹੈ ਜਿਸ ਉਤੇ ਚੱਲਣਾ ਹੈ।

ਉਸ ਤੋਂ ਬਚਣ ਲਈ ਕੋਈ ਉਪਾਅ ਦੱਸੋ ? ਤਾਂ ਸੰਤ ਜੀ ਨੇ ਉੱਤਰ ਦਿੱਤਾ-

ਵਾਟ ਹਮਾਰੀ ਖਰੀ ਉਡੀਣੀ॥- ਸਾਡੀ ਭਗਤੀ ਰੂਪੀ ਵਾਟ ਖਰੀ=ਹੱਛੀ ਉਡੀਣੀ=ਕਠਨ ਹੈ।

ਖੰਨਿਅਹੁ ਤਿਖੀ ਬਹੁਤੁ ਪਿਈਣੀ॥- ਖੰਡੇ ਨਾਲੋਂ ਤਿੱਖੀ ਤੇ ਬਹੁਤ ਸੂਖਮ ਹੈ।

ਉਸੁ ਊਪਰਿ ਹੈ ਮਾਰਗੁ ਮੇਰਾ॥- ਉਸ ਭਗਤੀ ਰੂਪ ਵਾਟ ਉੱਪਰ ਮੇਰਾ ਮਾਰਗ ਚੱਲਣਾ ਹੈ।

ਜੇ ਤੈਨੂੰ ਤਰਨ ਦੀ ਇੱਛਾ ਹੈ ਤਾਂ-

ਹੇ ਸ਼ੇਖ ਫਰੀਦ ! ਤੂੰ ਸਵੇਰੇ ਉੱਠ ਕੇ ਅੰਮ੍ਰਿਤ ਵੇਲੇ ਭਗਤੀ ਰੂਪ ਰਸਤੇ ਨੂੰ ਯਾਦ ਕਰ, ਕਿਉਂ ਜੁ ਭਗਤੀ ਰੂਪ ਰਸਤੇ ਦੇ ਸੰਭਾਲਣ ਦਾ ਇਹ ਮਨੁੱਖਾ ਜਨਮ ਹੀ ਵੇਲਾ ਹੈ।

ਭਗਤੀ ਮਾਰਗ ਤਾਂ ਇਉਂ ਹੈ-

ਯਥਾ:- ''ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥ *(ਪੰਨਾ ੯੧੮)*

ਤਥਾ:- ''ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥..... ॥ ੫੮॥''

ਸੂਹੀ ਲਲਿਤ ॥

ਉਥਾਨਕਾ:-ਇਕ ਪੁਰਸ਼ ਨੂੰ ਪਦਾਰਥਾਂ ਵਿਚ ਫਸਿਆ ਦੇਖਕੇ ਫਰੀਦ ਜੀ ਅਫਸੋਸ ਨਾਲ ਕਥਨ ਕਰਦੇ ਹਨ-

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

ਹੇ ਭਾਈ ! ਤੂੰ ਆਪਣੇ ਸਰੀਰ ਰੂਪੀ ਬੇੜੇ ਨੂੰ ਵਿਸ਼ਿਆਂ ਰੂਪੀ ਜਲ ਵਲੋਂ ਰੋਕ ਨਹੀਂ ਸਕਿਆ, ਪਰ ਇਹ ਜੁਆਨੀ ਅਵਸਥਾ ਹੀ ਤੇਰੇ ਬੰਧਨ=ਰੋਕਣ ਦਾ ਵੇਲਾ ਸੀ।

*ਅਥਵਾ:-*ਜਪ ਤਪ ਰੂਪੀ ਬੇੜੇ ਨੂੰ ਬੰਨ੍ਹ ਨਾ ਸਕਿਆ, ਪਰ ਇਹ ਮਨੁੱਖਾ ਜਨਮ ਇਸ ਬੇੜੇ ਨੂੰ ਬੰਨ੍ਹਣ ਦੀ

ਘੜੀ ਸੀ।

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥ ੧ ॥

ਜਿਸ ਵੇਲੇ ਸਰੀਰ ਰੂਪੀ ਸਰੋਵਰ ਬ੍ਰਿਧ ਅਵਸਥਾ ਰੂਪੀ ਜਲ ਨਾਲ ਭਰ ਗਿਆ ਤੇ ਉਛਲੈ=ਦੁੱਖ ਪਰਾਪਤ ਹੋਏ ਤਿਸ ਵੇਲੇ ਤਰਨਾ ਬੜਾ ਕਠਨ ਹੋ ਜਾਏਗਾ।

ਵਾ-ਜਿਸ ਵੇਲੇ ਸਰੀਰ ਰੂਪੀ ਸਰੋਵਰ ਸਵਾਸਾਂ ਰੂਪੀ ਜਲ ਨਾਲ ਭਰ ਗਿਆ, ਭਾਵ ਸਵਾਸ ਪੂਰੇ ਹੋਏ ਤੇ ਜਮਕਾਲ ਇਸ ਨੂੰ ਉਛਾਲੇਗਾ ਤਿਸ ਵੇਲੇ ਤਰਨਾ ਕਠਨ ਹੋ ਜਾਏਗਾ, ਕਿਉਂਕਿ ਬ੍ਰਿਧ ਅਵਸਥਾ ਵਿਚ ਕੁਝ ਹੋ ਨਹੀਂ ਸਕਦਾ।

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ ੧ ॥ ਰਹਾਉ ॥

ਪਹਿਲੇ ਦ੍ਰਿਸ਼ਟਾਂਤ-ਕਸੁੰਭੜੈ=ਅਗਨੀ ਨੂੰ ਹੱਥ ਨਾ ਲਗਾ। ਢੋਲਾ=ਹੇ ਪਿਆਰੇ! ਜੇ ਤੂੰ ਹੱਥ ਲਾਵੇਂਗਾ ਤਾਂ ਸੜ ਜਾਏਂਗਾ। ਏਸੇ ਤਰ੍ਹਾਂ ਹੇ ਭਾਈ ! ਤ੍ਰਿਸ਼ਨਾ ਰੂਪੀ ਅਗਨੀ ਨੂੰ ਮਨ ਰੂਪੀ ਹੱਥ ਨਾ ਲਗਾ, ਜੇ ਲੱਗ ਗਿਆ ਤਾਂ ਹੇ ਪਿਆਰੇ ! ਮਨ ਰੂਪੀ ਹੱਥ ਸੜ ਜਾਵੇਗਾ, ਭਾਵ ਦਾਗੀ ਹੋ ਜਾਵੇਗਾ।

*ਅਥਵਾ :-*ਹੇ ਪਿਆਰੇ! ਕਸੁੰਭੇ ਰੰਗ ਨੂੰ ਗਿੱਲਾ ਹੱਥ ਨਾ ਲਾ, ਕਿਉਂਕਿ ਕਸੁੰਭਾ ਰੰਗ ਕੱਚਾ ਹੁੰਦਾ ਹੈ, ਇਸ ਦੇ ਨਾਸ ਹੁੰਦਿਆਂ ਕੋਈ ਦੇਰ ਨਹੀਂ ਲੱਗਦੀ।

ਯਥਾ- ''ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ ॥'' *(ਗੌਂਡ ਮ: ੪, ਪੰਨਾ ੮੬੧)*

ਤਥਾ:- ''ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥'' *(ਸਿਰੀਰਾਗ ਮਹਲਾ, ਪੰਨਾ ੨੭)*

''ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥
ਇਸ ਕਾ ਰੰਗੁ ਦਿਨ ਥੋੜਿਆਂ ਛੋਛਾ ਇਸ ਦਾ ਮੁਲੁ ॥

(ਸਿਰੀਰਾਗ ਕੀ ਵਾਰ, ਪੰਨਾ ੮੫)

''ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥ *(ਸੂਹੀ ਮ: ੧, ਪੰਨਾ ੭੫੧)*

''ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥'' *(ਬਿਲਾਵਲੁ ਮ: ੫, ਪੰਨਾ ੮੦੯)*

ਜੇ ਕਸੁੰਭੇ ਰੰਗ ਤੇ ਜਲ ਦੀ ਬੂੰਦ ਪੈ ਗਈ ਤਾਂ ਢੋਲਾ=ਹੇ ਪਿਆਰੇ ! ਉਹ ਜਾਸੀ=ਨਵਿਰਤ ਹੋ ਜਾਵੇਗਾ।

ਯਥਾ- ''ਕੱਚਾ ਰੰਗ ਕੁਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ ॥''

(ਭਾ: ਗੁਰਦਾਸ ਜੀ, ਵਾਰ ੧ ਪਉੜੀ ੩੩)

ਏਸੇ ਤਰ੍ਹਾਂ ਕਸੁੰਭੇ ਰੰਗ ਵਾਂਗ ਜੋ ਪਦਾਰਥ ਹਨ, ਇਨ੍ਹਾਂ ਨੂੰ ਮਨ ਰੂਪੀ ਹੱਥ ਨਾ ਲਗਾ। ਜਿਸ ਵੇਲੇ ਪੁੰਨਾਂ ਦੇ ਅਭਾਵ ਰੂਪੀ ਜਲ ਦੀ ਬੂੰਦ ਪਈ ਤਾਂ ਹੇ ਪਿਆਰੇ ! ਇਹ ਸਾਰੇ ਪਦਾਰਥ ਨਾਸ ਹੋ ਜਾਣਗੇ।

*ਅਥਵਾ:-*ਕਸੁੰਭੇ ਨੂੰ ਹੱਥ ਲਾ ਕੇ ਜੇ ਪਹਿਲੀਆਂ ਡੋਡੀਆਂ ਨਾ ਤੋੜੇ ਤਾਂ ਉਹ ਕਸੁੰਭਾ ਫੁੱਲ ਸੜ ਜਾਂਦਾ ਹੈ। ਏਸੇ ਤਰ੍ਹਾਂ ਬੁੱਧੀ ਰੂਪ ਧਰਤੀ ਵਿਚ ਜੋ ਸ਼ੁਭ-ਗੁਣਾਂ ਰੂਪੀ ਕਸੁੰਭੇ ਦੇ ਫੁੱਲ ਹਨ, ਉਹਨਾਂ ਦੀਆਂ ਕਾਮ ਆਦਿਕ ਰੂਪ ਡੋਡੀਆਂ ਮਨ ਰੂਪੀ ਹੱਥ ਲਗਾ ਕੇ ਨਾ ਤੋੜੇਂਗਾ ਤਾਂ ਸ਼ੁਭ-ਗੁਣ ਸਾਰੇ ਅਭਾਵ ਹੋ ਜਾਣਗੇ।

ਇਕ ਆਪੀਨੈ ਪਤਲੀ ਸਹ ਕੇਰੇ ਬੇਲਾ ॥

ਇਕਨਾਂ ਨੇ ਸਹ=ਅਕਾਲ ਪੁਰਖ ਦੇ ਬੋਲਾਂ ਨੂੰ ਬੋਲ ਕੇ, ਭਾਵ ਭਜਨ-ਸਿਮਰਨ ਕਰਕੇ ਆਪਣੀ ਬਿਰਤੀ

ਸੰਸਾਰ ਵੱਲੋਂ ਪਤਲੀ ਕੀਤੀ ਹੈ।

ਅਥਵਾ:-ਇਕ ਗੁਰਮੁਖ ਪੁਰਸ਼ਾਂ ਨੇ ਕੇਰੇ=ਗੁਰਾਂ ਅਤੇ ਵੇਦਾਂ ਉਚਾਰਨ ਕੀਤੇ ਹੋਏ ਬਚਨ ਸਹ=ਸਹਾਰ ਕੇ ਆਪੀਨ੍ਹੈ=ਆਪਣੀ ਪਤ=ਇੱਜ਼ਤ ਲੀ=ਲੀਤੀ ਹੈ। ਕਿਉਂਕਿ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਕੋਈ ਉੱਤਮ ਅਧਿਕਾਰੀ ਜਨ ਹੀ ਸਹਾਰ ਸਕਦਾ ਹੈ। ਭਗਤ ਕਬੀਰ ਜੀ ਆਖਦੇ ਹਨ-

ਯਥਾ:- ''ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ॥
ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ॥ ੧੮੩॥'' (ਪੰਨਾ ੧੩੭੪)

ਜਿਸ ਮਨੁੱਖਾ ਦੇਹ ਅਤੇ ਜੋਬਨ ਦਾ ਤੂੰ ਮਾਣ ਕਰਦਾ ਹੈਂ, ਇਹ ਤੈਨੂੰ ਫਿਰ ਨਹੀਂ ਪਰਾਪਤ ਹੋਵੇਗਾ। ਜਿਵੇਂ-

ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥ ੨॥

ਜੋ ਦੁੱਧ ਇਕ ਵੇਰਾਂ ਥਣਾਂ ਵਿਚੋਂ ਨਿਕਲ ਆਇਆ ਹੈ, ਓਹੀ ਦੁੱਧ ਉਹਨਾਂ ਛਿੱਦਰਾਂ ਦੁਆਰੇ ਮੁੜ ਨਹੀਂ ਆਉਂਦਾ। ਏਸੇ ਤਰ੍ਹਾਂ ਹੀ ਇਸ ਮਨੁੱਖਾ ਜਨਮ ਦਾ ਮੇਲ ਮੁੜ ਨਹੀਂ ਹੁੰਦਾ।

ਯਥਾ:- ''ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ॥'' (ਮਹਲਾ ੧, ਪੰਨਾ ੨੪੨)

ਤਥਾ:- 'ਜਿ। ਜਲ ਬਹੈ ਮਿਲੇ ਝ੍ਰਣ ਬ੍ਰਿੰਦਾ। ਬਿਛਰੇ ਮੇਲ ਨ ਬਹੁਰ ਬੰਨਦਾ।
ਨਿਕਸੈ ਦੁਗਧ ਨ ਅਸਥਨ ਆਵੈ। ਝਰਹਿ ਪਤ੍ਰ ਕੋ ਸਾਖ ਲਗਾਵੈ।

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥

ਫਰੀਦ ਜੀ ਕਹਿੰਦੇ ਹਨ-ਹੇ ਸਖੀਓ ! ਸਹੁ=ਪਰਮਾਤਮਾ ਧਰਮਰਾਜ ਨੂੰ ਹੁਕਮ ਦੇ ਕੇ ਜਿਸ ਵੇਲੇ ਤੁਹਾਨੂੰ ਅਲਾਏਸੀ=ਸੱਦੇਗਾ।

ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਹੀ ਥੀਸੀ॥ ੩॥ ੨॥

ਉਸ ਵੇਲੇ ਹੰਸੁ=ਜੀਵ ਆਤਮਾ ਡੁਮਣਾ=ਦੁਖੀ ਹੋਇਆ ਪਰਲੋਕ ਰਸਤੇ ਚਲੇਗਾ ਤੇ ਪਿੱਛੋਂ ਇਹ ਸਰੀਰ ਸਵਾਹ ਦੀ ਢੇਰੀ ਥੀਸੀ=ਹੋ ਜਾਵੇਗੀ॥ ੩॥ ੨॥

ਸੂਹੀ ਰਾਗੁ ਸਮਾਪਤੰ

ਸੂਹੀ ਰਾਗ ਵਿਖੇ-

੫ ਸ਼ਬਦ ਕਬੀਰ ਜੀ ਦੇ ਹਨ।
੩ ਸ਼ਬਦ ਰਵਿਦਾਸ ਜੀ ਦੇ ਹਨ।
੨ ਸ਼ਬਦ ਸ਼ੇਖ ਫਰੀਦ ਜੀ ਦੇ ਹਨ।

ਕੁਲ ੧੦ ਸ਼ਬਦ ਹਨ।

ਰਾਗੁ ਬਿਲਾਵਲੁ

[ਪੰਨਾ ੭੯੫]

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਰਾਗੁ ਬਿਲਾਵਲੁ* ਮਹਲਾ ੧ ਚਉਪਦੇ ਘਰੁ ੧॥
ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥

ਹੇ ਪਰਮਾਤਮਾ ! ਤੂੰ ਸੁਲਤਾਨੁ=ਚੱਕ੍ਰਵਰਤੀ ਪਾਤਿਸ਼ਾਹ ਹੈਂ, ਜੇਕਰ ਮੈਂ ਆਪ ਜੀ ਨੂੰ ਮੀਆਂ ਆਖਾਂ ਤਾਂ ਇਸ ਵਿਚ ਤੇਰੀ ਕੀ ਵਡਿਆਈ (ਉਪਮਾ) ਹੈ। ਅਰਥਾਤ ਜਿਵੇਂ-ਪਾਤਿਸ਼ਾਹ ਨੂੰ ਮੀਆਂ ਕਹਿਣਾ ਉਸ ਦੀ ਹੱਤਕ ਹੈ, ਤਿਵੇਂ ਰਾਮ ਕ੍ਰਿਸ਼ਨ ਆਦਿਕ ਨਾਮਾਂ ਨਾਲ ਪਰਮੇਸ਼ਰ ਦੀ ਉਪਮਾ ਕਰਨੀ ਉਸ ਦੀ ਸਗੋਂ ਨਿੰਦਾ ਹੈ।

ਅਥਵਾ:-ਤੂੰ ਪਾਤਿਸ਼ਾਹ ਹੈਂ ਤੇ ਮੈਂ ਆਪਣੇ ਆਪ ਨੂੰ ਮੀਆਂ ਕਹਾਉਂਦਾ ਹਾਂ, ਅਰਥਾਤ ਤੂੰ ਵੱਡਾ ਹੈਂ ਤੇ ਮੈਂ ਛੋਟਾ ਦਾਸ ਹਾਂ, ਮੈਂ ਆਪ ਜੀ ਦੀ ਕਿਹੋ ਜਿਹੀ ਵਡਿਆਈ ਕਹਿ ਸਕਦਾ ਹਾਂ।

ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥ ੧॥

ਹੇ ਸੁਆਮੀ ! ਜੋ ਅਕਲ ਤੂੰ ਦਿੱਤੀ ਹੈ ਉਸ ਦੇ ਅਨੁਸਾਰ ਹੀ ਮੈਂ ਆਪ ਜੀ ਦਾ ਜਸ ਕਹਿੰਦਾ ਹਾਂ, ਮੈਂ ਮੂਰਖ ਪਾਸੋਂ ਆਪਣੇ ਆਪ ਕੁਝ ਕਿਹਾ ਨਹੀਂ ਜਾਂਦਾ ॥ ੧॥

ਤੇਰੇ ਗੁਣ ਗਾਵਾ ਦੇਹਿ ਬੁਝਾਈ॥ਜੈਸੇ ਸਚ ਮਹਿ ਰਹਉ ਰਜਾਈ॥੧॥ ਰਹਾਉ॥

ਹੇ ਰਜਾਈ=ਹੁਕਮ ਕਰਨ ਵਾਲੇ ਪ੍ਰਭੂ ! ਅਜੇਹੀ ਅਕਲ ਸਮਝਾ ਦਿਓ, ਜਿਸ ਕਰਕੇ ਮੈਂ ਆਪ ਜੀ ਦੇ ਗੁਣ ਗਾਵਾਂ ਤੇ ਸੱਚ ਵਿਚ ਲੱਗਾ ਰਹਾਂ, ਫਿਰ ਆਪ ਜੀ ਦੀ ਰਜਾਈ=ਆਗਿਆ ਵਿਚ ਰਹਾਂ॥ ੧॥

**ਬਿਲਾਵਲ ਸੰਪੂਰਨ ਜਾਤੀ ਦਾ ਰਾਗ ਹੈ, ਰਾਗ ਮਾਲਾ ਵਿਚ ਇਹ ਭੈਰਉ ਦੀ ਇਸਤ੍ਰੀ ਲਿਖਿਆ ਹੈ-*

ਯਥਾ:- "ਪ੍ਰਥਮ ਰਾਗ ਭੈਰਉ ਵੈ ਕਰਹੀ॥ ਪੰਚ ਰਾਗਨੀ ਸੰਗਿ ਉਚਰਹੀ॥
ਪ੍ਰਥਮ ਭੈਰਵੀ 'ਬਿਲਾਵਲੀ'॥ ਪੁੰਨਿਆਕੀ ਗਾਵਹਿ ਬੰਗਲੀ॥" (ਪੰਨਾ੧੪੨੯)

ਤਥਾ:- "ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ 'ਬਿਲਵਾਲੁ ਰਾਗੁ'॥

....

"ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ॥" (ਬਿਲਾਵਲ ਵਾਰ, ਪੰਨਾ ੮੪੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਲਾਵਲ ਦਾ ਸੋਲ੍ਹਵਾਂ ਨੰਬਰ ਹੈ।

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥

ਜੋ ਕੁਝ ਹੋਇਆ ਹੈ ਇਹ ਸਭ ਕੁਝ ਆਪ ਜੀ ਤੋਂ ਹੋਇਆ ਹੈ, ਇਸ ਕਰਕੇ ਸਾਰਿਆਂ ਨਾਲ ਤੇਰੀ ਅਸਨਾਈ=ਦੋਸਤੀ (ਪ੍ਰੀਤੀ) ਹੈ। ਵਾ:-ਤੈਨੂੰ ਸਭ ਦੀ ਅਸਨਾਈ=ਪਛਾਣ (ਵਾਕਫੀਅਤ) ਹੈ।

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ॥ ੨ ॥

ਹੇ ਮੇਰੇ ਸਾਹਿਬ=ਮਾਲਕ ਪ੍ਰਭੂ ! ਮੈਂ ਤੇਰਾ ਅੰਤ ਨਹੀਂ ਜਾਣਦਾ, ਭਲਾ ਮੈਂ ਅੰਨ੍ਹੇ ਦੀ ਕਾਹਦੀ ਚਤੁਰਾਈ ਹੈ॥ ੨ ॥

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥

(੧) ਹਉ=ਮੈਂ ਕਥੀ ਕੀ ਚੀਜ਼ ਹਾਂ ਜੋ ਕਥਨ ਕਰਨ ਵਾਲਾ (ਕਹਿਣ ਵਾਲਾ) ਹੋ ਕੇ ਉਸ ਨੂੰ ਕਥ ਕੇ ਵੇਖਾਂ,

(੨) ਹਉ= ਮੈਂ ਕਥਨ ਵਾਲਾ ਕੀ ਚੀਜ਼ ਹਾਂ, ਜੋ ਉਸ ਦੀ ਕਥਾ ਨੂੰ ਕਥ ਕੇ ਵੇਖਾਂ,

(੩) ਹਉ ਮੈਂ ਕੀ ਚੀਜ਼ ਹਾਂ ਜੋ ਕਥੀ=ਕਥਨ ਕਰਨੇ ਜੋਗ ਪ੍ਰਭੂ ਨੂੰ ਕਥਨ ਕਰਨ ਵਾਲਾ ਹੋ ਕੇ ਉਸ ਨੂੰ ਕਥ ਕੇ ਵੇਖਾਂ, ਹੇ ਅਕਥ ਪ੍ਰਭੂ ਆਪ ਮੇਰੇ ਪਾਸੋਂ ਕਥਨ ਨਹੀਂ ਕੀਤੇ ਜਾਂਦੇ ਹੋ।

ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ॥ ੩ ॥

ਜੋ ਆਪ ਜੀ ਨੂੰ ਭਾਉਂਦਾ ਹੈ ਓਹੀ ਆਪ ਜੀ ਦੀ ਤਿਲ ਮਾਤ੍ਰ ਵਡਿਆਈ ਨੂੰ ਆਖਦਾ ਹਾਂ, ਕਿਉਂਕਿ ਆਪ ਜੀ ਦੀ ਸਾਰੀ ਵਡਿਆਈ ਨੂੰ ਨਹੀਂ ਕਹਿ ਸਕਦਾ॥ ੩ ॥

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ॥

(੧) ਇਤਨੇ ਕਾਮ ਕ੍ਰੋਧ ਆਦਿਕ ਕੁੱਤੇ ਹਨ, ਮੈਂ ਇਨ੍ਹਾਂ ਵਿਚ ਬੇਗਾਨਾ=ਓਪਰਾ ਕੁੱਤਾ ਹਾਂ, ਇਸ ਤਨ ਦੀ ਰੱਖਿਆ ਵਾਸਤੇ ਮੈਂ ਭੌਂਕਦਾ ਹਾਂ।

(੨) ਇਤਨੇ ਕੁੱਤੇ ਗਿਆਨ ਇੰਦ੍ਰੀਏ ਹਨ ਇਨ੍ਹਾਂ ਨੇ ਮੈਨੂੰ ਬੇਗਾਨਾ=ਬੇ-ਗਿਆਤ ਕਰ ਰੱਖਿਆ ਹੈ, ਇਸ ਲਈ ਮੈਂ ਇਸ ਤਨ ਦੇ ਪਾਲਣ ਪੋਸਣ ਲਈ ਭੌਂਕਦਾ ਹਾਂ।

(੩) ਏਤੇ=ਇਤਨੇ ਭਾਵ ਬਹੁਤ ਸਾਰੇ ਬਿਆਸ ਵਸ਼ਿਸ਼ਟ ਆਦਿਕ ਪਰਮੇਸ਼ਰ ਦੇ ਜਸ ਨੂੰ ਕੂਕ ਰਹੇ=ਉਚਾਰ ਰਹੇ ਹਨ ਤੇ ਮੈਂ ਭੀ ਬੇ=ਵਿਸ਼ੇਸ਼ ਕਰਕੇ ਉਸ ਦੇ ਜਸ ਨੂੰ ਗਾਨਾ=ਗਾਇਨ ਕਰਦਾ ਹਾਂ ਤਾਂ ਫਿਰ ਇਸ ਦੇ ਤਾਈਂ ਕੀ ਖੋਫ ਹੈ ਭਾਵ ਕੋਈ ਡਰ ਨਹੀਂ ਹੈ।

(੪) ਮੈਂ ਤੇਰੀ ਤਿਲ ਮਾਤ੍ਰ ਵਡਿਆਈ ਕਹਿੰਦਾ ਹਾਂ, ਜੇ ਇਤਨੀ ਗੱਲ ਦੇ ਕੂਕਨੇ ਤੋਂ ਬੇਗਿਆਤ ਹੋ ਰਹਾਂ ਭਾਵ ਇਤਨੀ ਗੱਲ ਦਾ ਜੇ ਹੰਕਾਰ ਨਾ ਕਰਾਂ ਤਾਂ ਇਸ ਤਨ ਤਾਈਂ ਕੀ ਡਰ ਹੈ ਭਾਵ ਕੋਈ ਡਰ ਨਹੀਂ ਹੈ।

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਮੈਂ ਭਗਤੀ ਤੋਂ ਰਹਿਤ ਹੋ ਭੀ ਜਾਵਾਂਗਾ,

ਤਾਂ ਹੇ ਖਸਮ ! ਆਪ ਜੀ ਦਾ ਨਾਮ ਨਹੀਂ ਜਾਵੇਗਾ, ਸਾਰੇ ਏਹੋ ਕਹਿਣਗੇ ਕਿ ਇਹ ਪਰਮੇਸ਼ਰ ਦਾ ਭਗਤ ਹੈ ਇਸ ਕਰਕੇ ਆਪਣੇ ਨਾਂ ਦੀ ਲੱਜਾ ਆਪ ਹੀ ਰੱਖਣਾ ਕਰੋ॥ ੪ ॥ ੧ ॥

ਬਿਲਾਵਲੁ ਮਹਲਾ ॥ ੧ ॥

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥

ਮਨ ਮੰਦਰੁ=ਬਾਂਦਰ ਵਾਂਗ ਚੰਚਲ ਹੈ ਇਸ ਦੇ ਵੱਸ ਕਰਨੇ ਨੂੰ ਤਨ ਉਤੇ ਜਿਹੜਾ ਫਕੀਰੀ ਭੇਸ ਧਾਰਨਾ ਹੈ ਏਹੋ ਕਲੰਦਰੀ ਵੇਸ ਹੈ, ਵਾ:-ਤਨ ਦੇ ਮੰਦਰੁ= ਮੰਦਰ ਜੋ ਮਨ ਹੈ ਇਹ ਬਾਂਦਰ ਹੈ ਉਸ ਦੇ ਵੱਸ ਕਰਨੇ ਨੂੰ ਤਨ ਉਤੇ ਜੋ ਫਕੀਰੀ ਭੇਸ ਧਾਰਨਾ ਹੈ ਏਹੋ ਕਲੰਦਰੀ ਵੇਸ ਹੈ। ਜਿਵੇਂ ਕਲੰਦਰ ਤਮਾਸ਼ਾ ਕਰਦਾ ਹੋਇਆ ਤਰੀਥਾਂ ਪਰ ਜਾ ਕੇ ਇਸ਼ਨਾਨ ਕਰਦਾ ਹੈ, ਤਿਵੇਂ ਮੈਂ ਭੀ ਘਟ ਦੇ ਵਿਚ ਜੋ ਆਤਮਾ ਰੂਪੀ ਤੀਰਥ ਹੈ ਤਿਸ ਪਰ ਇਸ਼ਨਾਨ ਕਰਦਾ ਹਾਂ।

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ ੧ ॥

ਇਕ ਗੁਰਾਂ ਦਾ ਉਪਦੇਸ਼, ਵਾ:-ਸਬਦੁ=ਬ੍ਰਹਮ ਮੇਰੇ ਪ੍ਰਾਣਾਂ ਵਿਚ ਵੱਸਦਾ ਹੈ, ਇਸ ਕਰਕੇ ਬਾਹੁੜਿ=ਮੁੜ ਕੇ ਜਨਮ ਮਰਨ ਵਿਚ ਨਹੀਂ ਆਵਾਂਗਾ ॥ ੧ ॥

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥

ਹੇ ਮੇਰੇ ਮਾਈ=ਭਾਈ ! ਮੇਰਾ ਮਨ ਉਸ ਦਿਆਲੂ ਪਰਮਾਤਮਾ ਨਾਲ ਬੇਧਿਆ=ਤਦਾਕਾਰ ਹੋਇਆ ਹੈ।

ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥ ੧ ॥ ਰਹਾਉ ॥

ਪਰਾਈ=ਦੂਜੇ ਦੀ ਪੀਰ=ਪੀੜਾ ਨੂੰ ਕੌਣ ਕੋਈ ਜਾਣਦਾ ਹੈ ਭਾਵ ਕੋਈ ਨਹੀਂ ਜਾਣਦਾ, ਅਸਾਂ ਨੂੰ ਭੀ ਪਰਾਈ ਚਿੰਤਾ ਨਹੀਂ ਹੈ॥ ੧ ॥

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥

ਹੇ ਮਨ ਕਰਕੇ ਅਗਮ, ਇੰਦਰੀਆਂ ਕਰਕੇ ਅਗੋਚਰ, ਅਲਖ=ਜਾਨਣੇ ਤੋਂ ਰਹਿਤ, ਅਪਾਰਾ=ਪਾਰਾਵਾਰ ਤੋਂ ਰਹਿਤ ਸੁਆਮੀ ਜੀਉ ! ਤੁਸੀਂ ਆਪ ਹੀ ਸਾਡੇ ਤਾਰਨੇ ਦੀ ਚਿੰਤਾ ਕਰੋ।

ਜਲਿ ਥਲਿ ਮਹੀ ਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਹਾਰੀ ॥ ੨ ॥

(੧) ਜਲਾਂ, ਥਲਾਂ, ਮਹੀਂ=ਪ੍ਰਿਥਵੀ, ਅਲਿ=ਅਕਾਸ਼ ਆਦਿਕਾਂ ਵਿਚ ਭਰਪੂਰ ਹੋ ਕੇ ਲੀਣ ਹੋ ਰਹੇ ਹੋ।

(੨) ਜਲਾਂ, ਥਲਾਂ ਵਿਚ ਭਰਪੂਰ ਹੋ ਤੇ ਪ੍ਰਿਥਵੀ, ਅਕਾਸ਼ ਆਦਿਕਾਂ ਵਿਚ ਭੀ ਲੀਣ ਹੋ, ਸਾਰਿਆਂ ਘਟਾਂ-ਘਟਾਂ ਵਿਚ ਆਪ ਜੀ ਦੀ ਜੋਤਿ=ਚੇਤਨ ਸੱਤਾ ਹੈ॥ ੨ ॥

ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ ॥

(੧) ਸ਼ਾਸਤ੍ਰਕ ਸਿਖਿਆ, ਵਿਹਾਰਕ ਮਤੀ ਤੇ ਆਤਮ ਵਿਸ਼ੈਣੀ ਬੁੱਧੀ ਸਭ ਆਪ ਜੀ ਦੀ ਦਿੱਤੀ ਹੋਈ ਪ੍ਰਾਪਤ ਹੈ।

(੨) ਬੁੱਧੀ ਵਿਚ ਤੁਹਾਡੀ ਪ੍ਰਾਪਤੀ ਦੀ ਮਤਿ=ਸਿਖਿਆ ਦਾ ਸਭ ਤਰ੍ਹਾਂ ਨਾਲ ਸਿਖ=ਸਿੱਖਣਾ ਕੀਤਾ ਹੈ, ਧਰਮਸਾਲਾਂ ਤੇ ਮੰਦਰਾਂ ਦੇ ਬਨਾਉਣ ਦਾ ਬਹੁਤ ਹੀ ਮਹਾਤਮ ਹੈ ਇਸ ਕਰਕੇ ਇਹ ਉੱਦਮ ਦਿਓ ਕਿ ਮੈਂ

ਆਪ ਜੀ ਦੇ ਹੀ ਮੰਦਰਾਂ ਨੂੰ ਛਾਵਾ=ਬਣਾਵਾਂ।

ਵਾ:-ਹੇ ਮੰਦਿਰ=ਅਧਿਸ਼ਠਾਨ ਰੂਪ ਪਰਮਾਤਮਾ ! ਸਾਰੇ ਲੋਕ ਤੇਰੇ ਹੀ ਛਾਵਾ=ਆਸਰੇ ਹਨ।

ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥ ੩ ॥

ਹੇ ਮੇਰੇ ਸਾਹਿਬ ! ਮੈਂ ਆਪ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਹਾਂ,

ਮੈਂ ਤਾਂ ਨਿਤਾਪ੍ਰਤੀ ਤੇਰੇ ਹੀ ਉਸਤਤੀ ਰੂਪ ਗੁਣਾਂ ਨੂੰ ਗਾਉਂਦਾ ਹਾਂ॥ ੩ ॥

ਜੀਅ ਜੰਤ ਸਭਿ ਸਰਣਿ ਤੁਮ੍ਹਾਰੀ ਸਰਬ ਚਿੰਤ ਤੁਧੁ ਪਾਸੇ ॥

(ਸੂਖਮ, ਸਥੂਲ) ਜੀਅ ਸੰਤ ਸਾਰੇ ਤੁਹਾਡੀ ਸ਼ਰਨ ਵਿਚ ਹਨ

ਅਤੇ ਆਪ ਜੀ ਦੇ ਪਾਸ ਹੀ ਸਾਰਿਆਂ ਦੀ ਚਿੰਤਾ ਹੈ।

ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਾਨਕ ਦੀ ਆਪ ਜੀ ਅੱਗੇ ਇਕ ਏਹੋ ਅਰਦਾਸ ਹੈ, ਕਿ ਜਿਹੜਾ ਆਪ ਜੀ ਨੂੰ ਭਾਉਂਦਾ ਹੈ, ਓਹੀ ਚੰਗਾ ਹੈ॥ ੪ ॥ ੨ ॥

ਬਿਲਾਵਲੁ ਮਹਲਾ ੧ ॥

ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥

ਹੇ ਪਰਮੇਸ਼ਰ ! ਤੂੰ ਆਪ ਸਬਦੁ=ਬ੍ਰਹਮ ਰੂਪ ਹੈਂ ਆਪ ਹੀ ਸਰਗੁਣ ਰੂਪ ਹੋ ਕੇ ਸਾਰੇ ਨੀਸਾਨੁ=ਪਰਗਟ ਹੈਂ।

ਵਾ:-ਆਪ ਹੀ ਨਾਮ ਰੂਪ ਨੀਸਾਨੁ=ਪਰਵਾਨਾ ਹੈਂ । ਹੇ ਪਰਮੇਸ਼ਰ ਤੂੰ ! ਆਪ ਹੀ ਸੁਰਤਾ=ਵੇਦ ਪਾਠੀ ਹੈਂ,

ਵਾ:-ਸੁਰਤਾ=ਗਿਅਤ ਗੇਅ ਹੈਂ।

ਵਾ:-ਸੁਰਤਾ=ਸ੍ਰੇਸ਼ਟ ਪ੍ਰੀਤੀ ਦੇ ਕਰਨ ਵਾਲਾ ਹੈਂ, ਆਪ ਹੀ ਸਭ ਗੱਲਾਂ ਦੇ ਜਾਨਣੇ ਜੋਗ ਹੈਂ।

ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥ ੧ ॥

ਤੂੰ ਆਪ ਹੀ ਆਪਣੇ ਤਾਣੁ=ਬਲ ਕਰਕੇ ਜੀਵਾਂ ਦੀ ਕਰਿ=ਉਤਪੱਤੀ ਕਰਦਾ ਹੈਂ, ਆਪ ਹੀ ਵੇਖੈ=ਪਾਲਣਾ ਕਰਦਾ ਹੈਂ, ਆਪ ਹੀ ਜੀਵਾਂ ਦੇ ਕਰਤੱਬਾਂ ਨੂੰ ਵੇਖਦਾ ਹੈਂ ।

ਤੂੰ ਹੀ ਸਾਰਿਆਂ ਦਾ ਦਾਤਾ ਹੈਂ, ਆਪ ਜੀ ਦਾ ਨਾਮ ਹੀ ਜੀਵਾਂ ਨੂੰ ਪ੍ਰਮਾਣੀਕ ਕਰਨ ਵਾਲਾ ਹੈਂ ।

ਵਾ:-ਅਸਾਂ ਨੇ ਤੇਰਾ ਨਾਮ ਜਪਣਾ ਪ੍ਰਵਾਨ ਕੀਤਾ ਹੈ॥ ੧ ॥

[ਪੰਨਾ ੭੯੬]

ਐਸਾ ਨਾਮੁ ਨਿਰੰਜਨ ਦੇਉ ॥ ਹਉ ਜਾਚਿਕੁ ਤੂ ਅਲਖ ਅਭੇਉ ॥ ੧ ॥ ਰਹਾਉ ॥

ਹੇ ਨਿਰੰਜਨ ਪਰਮਾਤਮਾ ! ਆਪ ਜੀ ਦਾ ਨਾਮ ਐਸਾ ਹੈ ਜੋ ਜਪਣ ਵਾਲਿਆਂ ਦੇ ਹਿਰਦੇ ਵਿਚ ਦੇਉ=ਪ੍ਰਕਾਸ਼ ਕਰਨ ਵਾਲਾ ਹੈ।

ਹੇ ਨਿਰੰਜਨ ! ਤੂੰ ਅਲੱਖ ਤੇ ਅਭੇਉ=ਭੇਦਾਂ ਤੋਂ ਰਹਿਤ ਹੈਂ ਤੇ ਮੈਂ ਤੇਰੇ ਦਰ ਦਾ ਜਾਚਕੁ=ਮੰਗਤਾ ਹਾਂ॥ ੧ ॥ ਰਹਾਉ ॥

ਮਾਇਆ ਮੋਹੁ ਧਰਕਟੀ ਨਾਰਿ॥ ਭੁੰਡੀ ਕਾਮਣਿ ਕਾਮਣਿਆਰਿ॥

ਸਭ ਦੇ ਮੋਹਣੇ ਵਾਲੀ ਮਾਇਆ ਧਰ ਕਟੀ ਨਾਰਿ=ਬਿਭਚਾਰਨ ਔਰਤ ਹੈ ਕਿਉਂਕਿ ਕਦੇ ਕਿਸੇ ਪਾਸ, ਕਦੀ ਕਿਸੇ ਪਾਸ ਚਲੀ ਜਾਂਦੀ ਹੈ, ਇਸ ਦਾ ਇਕ ਖਸਮ ਨਹੀਂ ਹੈ।

ਯਥਾ:- ''ਖਸਮੁ ਮਰੈ ਤਉ ਨਾਰਿ ਨ ਰੋਵੈ॥ ਉਸੁ ਰਖਵਾਰਾ ਅਉਰੋ ਹੋਵੈ॥''

(ਗੌਂਡ ਕਬੀਰ, ਪੰਨਾ ੮੭੧)

*ਅਥਵਾ:-*ਜੀਵ ਰੂਪ ਨਾਰੀ ਮਾਇਆ ਦੇ ਮੋਹ ਕਰਕੇ ਸਰੂਪ ਰੂਪੀ ਥਿਰ ਤੋਂ ਕੱਟੀ ਹੋਈ ਹੈ। ਭਾਵ ਪਰਮੇਸ਼ਰ ਤੋਂ ਬੇ-ਮੁੱਖ ਹੈ। ਇਹ ਕਾਮਣਿ ਭੁੰਡੀ=ਭੈੜੀ ਹੈ ਕਿਉਂਕਿ ਕਾਮਣਿਆਰਿ=ਟੂਣਿਆਂ ਦੇ ਕਰਨ ਵਾਲੀ ਹੈ।

ਰਾਜੁ ਰੂਪੁ ਝੂਠਾ ਦਿਨ ਚਾਰਿ॥ ਨਾਮੁ ਮਿਲੈ ਚਾਨਣੁ ਅੰਧਿਆਰਿ॥ ੨॥

ਚਾਰ ਕੁ ਦਿਨ ਰਹਿਣ ਕਰਕੇ ਰਾਜ ਦਾ ਅੰਨਦ ਤੇ ਸੁੰਦਰ ਰੂਪ ਦਾ ਅੰਨਦ ਝੂਠਾ ਹੈ।

ਵਾਹਿਗੁਰੂ-ਨਾਮ ਮਿਲਣ ਕਰਕੇ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਚਾਨਣ ਹੁੰਦਾ ਹੈ॥ ੨॥

ਚਖਿ ਛੋਡੀ ਸਹਸਾ ਨਹੀ ਕੋਇ॥ ਬਾਪੁ ਦਿਸੈ ਵੇਜਾਤਿ ਨ ਹੋਇ॥

ਮਾਇਆ ਚੱਖ ਕੇ ਛੱਡੀ ਹੈ। ਹੁਣ ਕੋਈ ਭਰਮ ਨਹੀਂ ਹੋਵੇਗਾ। ਵਾ:-ਚਖਿ ਛੋਡੀ=ਦੇਖ ਛੱਡੀ ਹੈ ਹੁਣ ਕੋਈ ਭਰਮ ਨਹੀਂ ਹੈ।

(੧) ਜਿਸ ਦਾ ਪ੍ਰਤੱਖ ਪਿਤਾ ਦਿਸੱਦਾ ਹੈ, ਉਹ ਪਿਤਾ ਦੀ ਜ਼ਾਤ ਤੋਂ ਵੇ=ਰਹਿਤ ਨਹੀਂ ਹੁੰਦਾ। ਇਸੇ ਤਰ੍ਹਾਂ ਜਿਸ ਦਾ ਬਾਪੁ=ਪਰਮੇਸ਼ਰ ਦਿਸਦਾ ਹੈ, ਉਹ ਪੁਰਸ਼ ਵੇ ਜਾਤਿ=ਨਿਗੁਰਾ ਨਹੀ ਹੁੰਦਾ।

(੨) ਜਿਸ ਦਾ ਬਾਪੁ=ਪਰਮੇਸ਼ਰ ਦਿਸਦਾ ਹੈ ਭਾਵ ਜਿਸ ਦੀ ਪਰਮੇਸ਼ਰ ਵਿਚ ਆਸਤਕ ਭਾਵਨਾ ਹੈ, ਉਹ ਵੇਜਾਤਿ=ਨਾਸਤਕ ਨਹੀਂ ਹੁੰਦਾ।

ਏਕੇ ਕਉ ਨਾਹੀ ਭਉ ਕੋਇ॥ ਕਰਤਾ ਕਰੇ ਕਰਾਵੈ ਸੋਇ॥ ੩॥

ਇਕ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਨੂੰ ਕੋਈ ਡਰ ਨਹੀਂ ਹੁੰਦਾ। ਕਿਉਂਕਿ ਉਹ ਕਰਤਾ ਪੁਰਖ ਪਰਮਾਤਮਾ ਹੀ ਸਭ ਕੁਝ ਕਰਦਾ ਤੇ ਕਰਾਉਂਦਾ ਹੈ॥ ੩॥

ਸਬਦਿ ਮੁਏ ਮਨੁ ਮਨ ਤੇ ਮਾਰਿਆ॥ ਠਾਕਿ ਰਹੇ ਮਨੁ ਸਾਚੈ ਧਾਰਿਆ॥

ਗੁਰੂ-ਸ਼ਬਦ ਕਰਕੇ ਜੋ ਜੀਵਤ ਭਾਅ ਤੋਂ ਮੋਏ ਹਨ, ਉਹਨਾਂ ਨੇ ਆਪਣੇ ਮਨ ਨੂੰ ਮਨਾਉਤ ਵਲੋਂ ਮਾਰਿਆ ਹੈ। ਸੱਚ ਵਿਚ ਧਾਰ ਕੇ ਮਨ ਨੂੰ ਸੰਸਾਰ ਵੱਲੋਂ ਠਾਕਿ ਰਹੇ=ਰੋਕ ਰਹੇ ਹਨ।

*ਅਥਵਾ:-*ਗੁਰਾਂ ਦੇ ਮਨੁ=ਮੰਤਰ ਕਰਕੇ ਜਿਸ ਨੇ ਆਪਣੇ ਮਨ ਨੂੰ ਮਾਰਿਆਂ ਹੈ ਉਸ ਦੇ ਸ਼ਬਦ ਕਰਕੇ ਅੱਗੋਂ ਹੋਰ ਭੀ ਜਗਿਆਸੂ ਜੀਵਤ ਭਾਅ ਤੋਂ ਮੋਏ ਹਨ। ਮਨ ਨੂੰ ਸੰਕਲਪਾਂ ਵਲੋਂ ਰੋਕ ਕੇ ਰੱਖਿਆ ਹੈ ਅਤੇ ਸੱਚ ਵਿਚ ਟਿਕਾਇਆ ਹੈ।

ਅਵਰੁ ਨ ਸੂਝੈ ਗੁਰ ਕਉ ਵਾਰਿਆ॥
ਨਾਨਕ ਨਾਮਿ ਰਤੇ ਨਿਸਤਾਰਿਆ॥ ੪॥ ੩॥

ਸੰਸਾਰ ਤੋਂ ਤਾਰਨ ਵਾਲਾ ਗੁਰਾਂ ਤੋਂ ਬਿਨਾਂ ਹੋਰ ਕੋਈ ਸੁਝਦਾ ਨਹੀਂ ਹੈ, ਇਸ ਲਈ ਮੈਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰੂ ਜੀ ਕਥਨ ਕਰਦੇ ਹਨ- ਜੋ ਨਾਮੀ ਦੇ ਨਾਮ ਵਿਚ ਰਤੇ=ਲੀਣ ਹੋਏ ਹਨ, ਉਹਨਾਂ ਸੰਸਾਰ-ਸਮੁੰਦਰ ਤੋਂ ਨਿਸਤਾਰਿਆ=ਤਾਰ ਦਿੱਤਾ ਹੈ॥ ੪॥ ੩॥

ਬਿਲਾਵਲੁ ਮਹਲਾ ੧॥ ਗੁਰ ਬਚਨੀ ਮਨੁ ਸਹਜ ਧਿਆਨੇ॥

ਗੁਰਾਂ ਦੇ ਬਚਨਾਂ ਕਰਕੇ ਮਨ ਸਹਜ=ਸੁਭਾਵਕ ਹੀ ਧਿਆਨ ਵਿਚ ਲੱਗ ਗਿਆ ਹੈ।

ਹਰਿ ਕੈ ਰੰਗਿ ਰਤਾ ਮਨੁ ਮਾਨੇ॥ ਮਨਮੁਖ ਭਰਮਿ ਭੁਲੇ ਬਉਰਾਨੇ॥

ਗੁਰਾਂ ਦੇ ਮਨੁ ਮਾਨੈ=ਮੰਤਰ ਨੂੰ ਮੰਨਿਆ ਤਾਂ ਹਰੀ ਦੇ ਅੰਨਦ ਵਿਚ ਤਦਾਕਾਰ ਹੋ ਗਿਆ।

ਭਰਮ ਵਿਚ ਭੁੱਲੇ ਹੋਏ ਮਨਮੁਖ ਪੁਰਸ਼ ਬਉਰਾਨੇ=ਝੱਲੇ (ਪਾਗਲ) ਹੋ ਗਏ ਹਨ।

ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ॥ ੧॥

(੧) ਹਰੀ ਤੋਂ ਬਿਨਾਂ ਕਿਵੇਂ ਰਿਹਾ ਜਾਂਦਾ ਹੈ, ਗੁਰਾਂ ਦੇ ਸ਼ਬਦ ਕਰਕੇ ਹਰੀ ਦੀ ਪਛਾਣ ਹੁੰਦੀ ਹੈ।

(੨) ਗੁਰਾਂ ਦੇ ਸ਼ਬਦ ਨੂੰ ਪਛਾਣੇ ਤਾਂ ਹਰੀ ਦੀ ਪ੍ਰਾਪਤੀ ਤੋਂ ਬਿਨਾਂ ਕਿਵੇਂ ਰਿਹਾ ਜਾ ਸਕਦਾ ਹੈ॥ ੧॥

ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ॥

ਹੇ ਮੇਰੇ ਭਾਈ ! ਦਰਸ਼ਨ ਤੋਂ ਬਿਨਾਂ ਕਿਵੇਂ ਜੀਵਾਂ ?

ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ
ਸਤਿਗੁਰਿ ਬੂਝ ਬੁਝਾਈ॥ ੧॥ ਰਹਾਉ॥

ਹਰੀ ਤੋਂ ਬਿਨਾਂ ਮੇਰਾ ਦਿਲ ਇਕ ਖਿਨ ਮਾਤਰ ਭੀ ਰਹਿ ਨਹੀਂ ਸਕਦਾ, ਇਹ ਸਮਝ ਸਤਿਗੁਰਾਂ ਨੇ ਮੈਨੂੰ ਸਮਝਾਈ ਹੈ। ਵਾ:- ਸਤਿਗੁਰਾਂ ਨੇ ਉਸ ਪ੍ਰਭੂ ਨਾਲ ਮਿਲਣ ਦੀ ਸਮਝ ਸਮਝਾਈ ਹੈ॥ ੧॥ ਰਹਾਉ॥

ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥

ਮੇਰਾ ਪ੍ਰਭੂ ਮੈਨੂੰ ਬਿਸਰੈ=ਭੁੱਲ ਜਾਵੇ ਤਾਂ ਹਾਉ=ਮੈਂ ਦੁਖੀ ਹੋ ਕੇ ਮਰਦੀ ਹਾਂ।

ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ॥

ਆਪਣੇ ਹਰੀ ਨੂੰ ਭਾਲੀ=ਢੂੰਡਦੀ ਹਾਂ ਉਸ ਦੀ ਪ੍ਰਾਪਤੀ ਲਈ ਉਸ ਨੂੰ ਸ੍ਵਾਸ ਲੈਂਦਿਆਂ ਗਿਰਾਸਿ=ਭੋਜਨ ਖਾਂਦਿਆਂ ਜਾਪਦੀ ਹਾਂ।

ਸਦ ਬੈਰਾਗਨਿ ਹਰਿ ਨਾਮੁ ਨਿਹਾਲੀ॥ ਅਬ ਜਾਨੇ ਗੁਰਮੁਖਿ ਹਰਿ ਨਾਲੀ॥ ੨॥

ਸਦਾ ਵੈਰਾਗਵਾਨ ਹੋ ਕੇ, ਵਾ:-ਪ੍ਰੇਮਣ ਹੋ ਕੇ ਹਰੀ ਨਾਮ ਨੂੰ ਜਪਿਆ ਤਾਂ ਨਿਹਾਲੀ=ਦੁੱਖਾਂ ਤੋਂ ਰਹਿਤ ਹੋਈ। ਵਾ:-ਜਿਸ ਦਾ ਨਾਮ ਹਰੀ ਹੈ, ਸਦਾ ਵੈਰਾਗਣ ਹੋ ਕੇ ਉਸ ਨੂੰ ਨਿਹਾਲੀ=ਦੇਖਦੀ ਹਾਂ, ਹੁਣ ਗੁਰਾਂ ਦੁਆਰੇ ਜਾਣਿਆਂ ਹੈ ਕਿ ਹਰੀ ਨਾਲ ਹੀ ਵੱਸਦਾ ਹੈ॥ ੨॥

ਅਕਥ ਕਥਾ ਕਹੀਐ ਗੁਰ ਭਾਇ॥ ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ॥

ਗੁਰਾਂ ਵਿਚ ਭਾਇ=ਪ੍ਰੇਮ ਕਰਕੇ ਅਕੱਥ ਪ੍ਰਭੂ ਦੀ ਕਥਾ ਕਥਨ ਕਰੀਏ। ਤਾਂ ਗੁਰੂ ਸਾਹਿਬ ਜੀ ਅਗਮ ਅਗੋਚਰ ਪ੍ਰਭੂ ਨੂੰ ਦਿਖਾ ਦੇਂਦੇ ਹਨ।

ਬਿਨੁ ਗੁਰ ਕਰਣੀ ਕਿਆ ਕਾਰ ਕਮਾਇ॥

ਗੁਰਾਂ ਤੋ ਬਿਨਾਂ ਕਰਨੀ=ਨਿਸ਼ਕਾਮ, ਵਾ:-ਭਗਤੀ ਦੀ ਕਾਰ ਨੂੰ ਕੀ ਕਮਾਵੇਂਗਾ ? ਭਾਵ ਨਹੀਂ ਕਮਾ ਸਕਦਾ, ਵਾ:-ਗੁਰਾਂ ਦੀ ਕਰਨੀ ਤੋਂ ਬਿਨਾਂ ਹੋਰ ਕਾਰ ਕੀ ਕਮਾਉਣੀ ਹੈ।

ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ॥ ੩॥

ਗੁਰਮੁਖ ਜਨ ਗੁਰ-ਸ਼ਬਦ ਵਿਚ ਸਮਾ ਕੇ ਹਉਮੈ ਦੇ ਮੇਟਣ ਵਿਚ ਚੱਲੇ ਹਨ,

ਵਾ:-ਹੰਗਤਾ ਮਮਤਾ ਨੂੰ ਮੇਟ ਕੇ ਪਰਮੇਸ਼ਰ ਵੱਲ ਚੱਲੇ ਹਨ॥ ੩॥

ਮਨਮੁਖੁ ਵਿਛੁੜੈ ਖੋਟੀ ਰਾਸਿ॥ ਗੁਰਮੁਖਿ ਨਾਮਿ ਮਿਲੈ ਸਾਬਾਸਿ॥

ਮਨਮੁਖ ਪਰਸ਼ ਖੋਟੀ ਰਾਸਿ=ਅਸ਼ਰਧਾ ਕਰਕੇ ਉਸ ਪ੍ਰਭੂ ਤੋਂ ਵਿਛੜੇ ਰਹਿੰਦੇ ਹਨ। ਗੁਰਮੁਖਾਂ ਨੂੰ ਨਾਮਿ=ਨਾਮੀ ਪਰਮਾਤਮਾ ਵਲੋਂ ਸਾਬਾਸਿ=ਧੰਨਤਾ ਜੋਗ ਮਿਲਦੀ ਹੈ।

ਹਰਿ ਕਿਰਪਾ ਧਾਰੀ ਦਾਸਨਿ ਦਾਸ॥
ਜਨ ਨਾਨਕ ਹਰਿ ਨਾਮ ਧਨੁ ਰਾਸਿ॥ ੪॥ ੪॥

ਹਰੀ ਨੇ ਕਿਰਪਾ ਧਾਰੀ ਤਾਂ ਦਾਸਾਂ ਦੇ ਦਾਸ ਹੋਏ। ਵਾ:-ਜੋ ਦਾਸਾਂ ਦੇ ਦਾਸ ਹੋਏ ਹਨ, ਉਹਨਾਂ ਉਤੇ ਹਰੀ ਨੇ ਕਿਰਪਾ-ਦ੍ਰਿਸ਼ਟੀ ਧਾਰੀ ਹੈ। ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ ਦੇ ਪਾਸ ਰਾਸਿ=ਸੱਚਾ ਹਰੀ ਨਾਮ ਰੂਪੀ ਧਨ ਹੈ॥ ੪॥ ੪॥

ਬਿਲਾਵਲੁ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ॥

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥

ਨਾਮ ਤੋਂ ਬਿਨਾਂ ਜੋ ਪਦਾਰਥਾਂ ਦਾ ਖਾਣਾ ਹੈ ਉਸ ਨੂੰ ਧ੍ਰਿਗ-ਧ੍ਰਿਗ ਹੈ, ਉਸ ਦੇ ਸਉਣੇ ਨੂੰ ਭੀ ਧ੍ਰਿਗ-ਧ੍ਰਿਗ ਹੈ, ਅਤੇ ਅੰਗਿ=ਸਹਰੀਰ ਉਤੇ ਜਿਹੜਾ ਕਪੜਿਆਂ ਦਾ ਪਹਿਰਣਾ ਹੈ, ਉਸ ਨੂੰ ਭੀ ਧ੍ਰਿਗ-ਧ੍ਰਿਗ* ਹੈ।

ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥

ਜੇਕਰ ਸਰੀਰ ਦੇ ਸਹਿਤ ਹੈ ਤੋਭੀ ਧ੍ਰਿਗਕਾਰ ਹੈ ਜੇਕਰ ਪਰਵਾਰ ਦੇ ਸਿਉ=ਸਹਿਤ ਹੈ ਤੋਭੀ ਧ੍ਰਿਗਕਾਰ ਹੈ, ਜਿਸ ਪ੍ਰਵਾਰ ਨਾਲ ਮਿਲ ਕੇ ਹੁਣ ਤਕ ਪਰਮੇਸ਼ਰ ਨੂੰ ਨਹੀਂ ਪਾਇਆ ਹੈ।

---

*ਸੌ ਵਾਰ ਫਿਟੇ ਮੂੰਹ ਕਹੀਏ ਤਾਂ ਇਕ ਲਾਹਨਤ ਹੁੰਦੀ ਹੈ, ਸੌ ਵਾਰ ਲਾਹਨਤ ਪਾਈਏ ਤਾਂ ਇਕ ਧ੍ਰਿਗਕਾਰ ਹੁੰਦੀ ਹੈ।

ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥ ੧ ॥

ਇਹ ਮਨੁੱਖਾ ਦੇਹ ਰੂਪ ਪਉੜੀ ਛੁਟ ਗਈ ਤਾਂ ਮੁੜ ਕੇ ਹੱਥ ਨਹੀਂ ਆਵੇਗੀ, ਨਾਮ-ਸਿਮਰਨ ਤੋਂ ਹੀਣੇ ਮਨਮੁਖ ਨੇ ਅਹਿਲਾ=ਸੁੰਦਰ ਮਨੁੱਖਾ ਜਨਮ ਨੂੰ ਅਹਿਲਾ=ਬਿਅਰਥ ਹੀ ਗਵਾ ਲਿਆ ਹੈ॥ ੧ ॥

ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥

ਉਹ ਦ੍ਵੈਵ ਭਾਵ ਪ੍ਰਭੂ ਵਿਚ ਲਿਵ ਨਹੀਂ ਲੱਗਣ ਦਿੰਦਾ, ਜਿਸ ਦ੍ਵੈਤ ਭਾਵ ਨੇ ਹਰੀ ਦੇ ਚਰਨ ਵਿਸਾਰੇ=ਭੁਲਾ ਦਿੱਤੇ ਹਨ।

ਜਗਜੀਵਨ ਦਾਤਾ ਜਨ ਸੇਵਕ ਤੇਰੇ
ਤਿਨ ਕੇ ਤੈ ਦੂਖ ਨਿਵਾਰੇ ॥ ੧ ॥ ਰਹਾਉ ॥

ਹੇ ਜਗਜੀਵਨ ਦਾਤੇ ! ਜੋ ਪੁਰਸ਼ ਤੇਰੇ ਸੇਵਕ ਹਨ, ਉਹਨਾਂ ਦੇ ਤੈਂ=ਆਪ ਜੀ ਨੇ ਸਾਰੇ ਦੁੱਖ ਦੂਰ ਕਰ ਦਿੱਤੇ ਹਨ॥ ੧ ॥ ਰਹਾਉ ॥

ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥

ਹੇ ਪਤੀ-ਪਰਮਾਤਮਾ ! ਤੂੰ ਦਿਆਲੂ ਸੁਭਾਅ ਵਾਲਾ ਹੈਂ , ਸਭ ਉਤੇ ਦਇਆ ਕਰਨ ਵਾਲਾ ਹੈਂ ਤੇ ਸਭ ਦਾ ਦਾਤਾ ਹੈਂ, ਇਹ ਵਿਚਾਰੇ ਜੀਵ ਕੀ ਕਰ ਸਕਦੇ ਹਨ।

ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥

ਗੁਰਮੁਖ ਜਨ ਅਜੇਹਾ ਬਚਨ ਆਖ ਕੇ ਕਥਨ ਕਰਦੇ ਹਨ ਕਿ ਮੁਕਤੀ ਤੇ ਬੰਧਨ ਸਭ ਆਪ ਦੇ ਹੁਕਮ ਵਿਚ ਹੋ ਰਹੇ ਹਨ।

ਅਥਵਾ:- ਆਪ ਤੋਂ ਹੀ ਸਾਰੇ ਜੀਵ ਬੰਧਨਾਂ ਤੋਂ ਮੁਕਤ ਹੁੰਦੇ ਹਨ, ਵੇਦ, ਸ਼ਾਸਤਰ ਇਸ ਤਰ੍ਹਾਂ ਆਖ ਕੇ ਕਥਨ ਕਰਦੇ ਹਨ।

ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥ ੨ ॥

ਵਿਚਾਰਨਾ ਕਰੋ ਜੋ ਗੁਰਮੁਖ ਹੁੰਦੇ ਹਨ ਉਹ ਤਾਂ ਮੁਕਤ ਰੂਪ ਕਹੀਦੇ ਹਨ ਤੇ ਮਨਮੁਖ ਵਿਚਾਰਿਆਂ ਨੂੰ ਬੰਧਨ ਪਏ ਰਹਿੰਦੇ ਹਨ॥ ੨ ॥

ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥

ਉਹ ਪੁਰਸ਼ ਮੁਕਤ ਰੂਪ ਹੈ ਜਿਸ ਦੀ ਇਕ ਪ੍ਰਭੂ ਵਿਚ ਲਿਵ ਲੱਗੀ ਰਹਿੰਦੀ ਹੈ ਅਤੇ ਉਹ ਸਦੀਵ ਕਾਲ ਹਰੀ ਦੇ ਨਾਲ ਅਭੇਦ ਰਹਿੰਦਾ ਹੈ।

ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥

ਉਹਨਾਂ ਦੀ ਗਹਣ ਗਤਿ=ਗੁਝ ਰੀਤੀ ਕਹੀ ਨਹੀਂ ਜਾਂਦੀ, ਉਹਨਾਂ ਦੇ ਮਨ ਬੁਧ ਆਦਿਕ ਚਾਰੇ ਅੰਤਹਕਰਨ ਸੱਚੇ ਨੇ ਆਪ ਹੀ ਸਵਾਰੇ ਹਨ।

[ਪੰਨਾ ੭੯੭]

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ॥ ੩ ॥

ਜੋ ਭਰਮ ਵਿਚ ਭੁੱਲੇ ਹੋਏ ਹਨ ਉਹ ਮਨਮੁਖ ਕਹੇ ਜਾਂਦੇ ਹਨ, ਉਹਨਾਂ ਨੂੰ ਉਰਵਾਰਿ=ਇਸ ਲੋਕ ਦਾ ਸੁਖ ਅਤੇ ਨਾ ਹੀ ਉਹਨਾਂ ਨੂੰ ਪਾਰੇ=ਪ੍ਰਲੋਕ ਦਾ ਸੁਖ ਹੁੰਦਾ ਹੈ॥ ੩ ॥

ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਹਾਲੇ॥

ਜਿਸ ਉਤੇ ਆਪਣੀ ਕਿਰਪਾ-ਦ੍ਰਿਸ਼ਟੀ ਕਰਦਾ ਹੈ ਓਹੀ ਪੁਰਸ਼ ਗੁਰਾਂ ਦਾ ਸ਼ਬਦ ਸੰਭਾਲਦਾ ਹੋਇਆ ਪ੍ਰਭੂ ਨੂੰ ਪਾਉਂਦਾ ਹੈ।

ਹਰਿ ਜਨ ਮਾਇਆ ਮਾਹਿ ਨਿਸਤਾਰੇ॥

ਫਿਰ ਉਸ ਸੇਵਕ-ਜਨਾਂ ਨੂੰ ਹਰੀ ਮਾਇਆ ਵਿੱਚੋ ਤਾਰ ਲੈਂਦਾ ਹੈ।

ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮੱਥੇ ਦਾ ਭਾਗ ਚੰਗਾ ਹੁੰਦਾ ਹੈ, ਉਹ ਕਾਲ ਨੂੰ ਮਾਰ ਕੇ ਬਿਦਾਰੇ=ਪਰ੍ਹੇ ਹਟਾ ਦੇਂਦਾ ਹੈ॥ ੪ ॥ ੧ ॥

ਬਿਲਾਵਲੁ ਮਹਲਾ ੩ ॥

ਅਤੁਲੁ ਕਿਉ ਤੋਲਿਆ ਜਾਇ॥ ਦੂਜਾ ਹੋਇ ਤ ਸੋਝੀ ਪਾਇ॥

ਅਤੁਲੁ=ਪਰਮਾਤਮਾ ਕਿਵੇਂ ਤੋਲਿਆ ਜਾ ਸਕਦਾ ਹੈ। ਕੋਈ ਦੂਜਾ ਉਸ ਵਰਗਾ ਹੋਵੇ ਤਾਂ ਉਸ ਦੀ ਸੋਝੀ=ਗਿਆਤ ਪਾਉਂਦਾ ਹੈ।

ਤਿਸ ਤੇ ਦੂਜਾ ਨਾਹੀ ਕੋਇ॥ ਤਿਸ ਕੀ ਕੀਮਤਿ ਕਿਕੂ ਹੋਇ॥ ੧ ॥

ਉਸ ਤੋ ਬਿਨਾਂ ਹੋਰ ਕੋਈ ਦੂਜਾ ਉਸ ਵਰਗਾ ਨਹੀਂ ਹੈ।

ਫਿਰ ਉਸ ਦੀ ਕੀਮਤ ਕਿਕੂ=ਕਿਸ ਤਰ੍ਹਾਂ ਹੋ ਸਕਦੀ ਹੈ॥ ੧ ॥

ਗੁਰ ਪਰਸਾਦਿ ਵਸੈ ਮਨਿ ਆਇ॥
ਤਾ ਕੋ ਜਾਣੈ ਦੁਬਿਧਾ ਜਾਇ॥ ੧ ॥ ਰਹਾਉ॥

ਗੁਰਾਂ ਦੀ ਕਿਰਪਾ ਨਾਲ ਮਨ ਵਿਚ ਨਾਮ ਆ ਕੇ ਵੱਸ ਜਾਵੇ ਤੇ ਦੁਬਿਧਾ ਚਲੀ ਜਾਵੇ ਤਾਂ ਕੋਈ ਉਸ ਪ੍ਰਭੂ ਨੂੰ ਜਾਣਦਾ ਹੈ।

ਅਥਵਾ:- ਤਾਂ ਕੋਈ ਜਾਣਦਾ ਹੈ ਕਿ ਇਸ ਦੇ ਅੰਦਰੋਂ ਦੁਬਿਧਾ ਜਾਇ=ਚਲੀ ਗਈ ਹੈ॥ ੧ ॥ ਰਹਾਉ॥

ਆਪਿ ਸਰਾਫੁ ਕਸਵਟੀ ਲਾਏ॥ ਆਪੇ ਪਰਖੇ ਆਪਿ ਚਲਾਏ॥

ਉਹ ਪਰਮੇਸ਼ਰ ਆਪ ਹੀ ਗੁਰੂ ਰੂਪ ਸਰਾਫ ਹੋ ਕੇ ਜਗਿਆਸੂ ਰੂਪ ਸੋਨੇ ਨੂੰ ਤਾੜਨਾ ਰੂਪ ਕਸਵੱਟੀ ਉਤੇ ਲਾਉਂਦਾ ਹੈ। ਆਪ ਹੀ ਪਰਖਦਾ ਹੈ ਅਤੇ ਆਪ ਹੀ ਗਿਆਨ-ਰਸਤੇ ਉਤੇ ਤੋਰਦਾ ਹੈ।

ਆਪੇ ਤੋਲੇ ਪੂਰਾ ਹੋਇ ॥ ਆਪੇ ਜਾਣੈ ਏਕੋ ਸੋਇ ॥ ੨ ॥

ਉਹ ਪਰਮੇਸ਼ਰ ਆਪ ਹੀ ਪੂਰਾ ਗੁਰੂ ਹੋ ਕੇ ਤੋਲਦਾ ਹੈ ਤੇ ਆਪ ਹੀ ਸਿੱਖ ਹੋ ਕੇ ਤੋਲ ਵਿਚ ਪੂਰਾ ਹੁੰਦਾ ਹੈ।

ਅਥਵਾ:-ਆਪ ਹੀ ਜਿਸ ਨੂੰ ਵਿਚਾਰ ਰੂਪੀ ਵੱਟੇ ਨਾਲ ਤੋਲਦਾ ਹੈ, ਉਸ ਨੂੰ ਪੂਰਾ ਪਰਮੇਸ਼ਰ ਪ੍ਰਾਪਤ ਹੁੰਦਾ ਹੈ। ਅਤੇ ਉਹ ਆਪ ਹੀ ਇਕ ਅਦੁੱਤੀ ਬ੍ਰਹਮ ਨੂੰ ਜਾਣਦਾ ਹੈ॥ ੨ ॥

ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥ ਜਿਸ ਨੋ ਮੇਲੇ ਸੁ ਨਿਰਮਲੁ ਹੋਇ ॥

ਮਇਆ ਵੀ ਪਦਾਰਥਾਂ ਦਾ ਰੂਪ ਸਭ ਉਸ ਤੋਂ ਪੈਦਾ ਹੋ ਰਿਹਾ ਹੈ।

ਅਥਵਾ:-ਮਾਇਆ ਦਾ ਕਾਰਜ ਜੋ ਨਾਮ ਰੂਪ ਜਗਤ ਹੈ ਇਹ ਸਭ ਉਸੇ ਤੋਂ (ਪੈਦਾ) ਹੋ ਰਿਹਾ ਹੈ। ਜਿਸ ਨੂੰ ਸਤਿਗੁਰਾਂ ਨਾਲ ਮੇਲਦਾ ਹੈ ਓਹੀ ਸ਼ੁੱਧ ਹੁੰਦਾ ਹੈ।

ਜਿਸ ਨੋ ਲਾਏ ਲਗੈ ਤਿਸੁ ਆਇ ॥
ਸਭੁ ਸਚੁ ਦਿਖਾਲੇ ਤਾ ਸਚਿ ਸਮਾਇ ॥ ੩ ॥

ਜਿਸ ਨੂੰ ਪਰਮੇਸ਼ਰ ਪ੍ਰੇਮ ਲਗਾਉਂਦਾ ਹੈ ਓਸੇ ਨੂੰ ਆ ਕੇ ਲਗਦਾ ਹੈ।

ਸਭਨਾਂ ਵਿਚ ਸੱਚ ਨੂੰ ਵਿਖਾਵੇ ਤਾਂ ਸੱਚ ਵਿਚ ਸਮਾ ਰਹਿੰਦਾ ਹੈ॥ ੩ ॥

ਆਪੇ ਲਿਵ ਧਾਤੁ ਹੈ ਆਪੇ ॥ ਆਪਿ ਬੁਝਾਏ ਆਪੇ ਜਾਪੇ ॥

ਆਪੇ ਲਿਵ ਲਗਾਉਣ ਵਾਲਾ ਹੈ, ਆਪੇ ਧਾਤੁ=ਮਾਇਆ ਰੂਪ ਹੈ,

ਵਾ:- ਦੌੜਨ ਵਾਲਾ ਹੈ। ਆਪੇ ਸਮਝਾਉਂਦਾ ਹੈ, ਆਪ ਹੀ ਜਾਪੇ=ਜਾਣਦਾ ਹੈ।

ਆਪੇ ਸਤਿਗੁਰੁ ਸਬਦੁ ਹੈ ਆਪੇ ॥ ਨਾਨਕ ਆਖਿ ਸੁਣਾਏ ਆਪੇ ॥ ੪ ॥ ੨ ॥

ਆਪੇ ਹੀ ਸਤਿਗੁਰੂ ਰੂਪ ਹੈ ਆਪ ਹੀ ਸਬਦੁ=ਉਪਦੇਸ਼ ਰੂਪ ਹੈ, ਆਪ ਹੀ ਉਪਦੇਸ਼ ਦੇ ਲੈਣ ਵਾਲਾ ਜਗਿਆਸੂ ਰੂਪ ਹੈ।

ਗੁਰੂ ਜੀ ਕਥਨ ਕਰਦੇ ਹਨ-ਉਹ ਆਪ ਹੀ ਆਖ ਕੇ ਸੁਣਾਉਂਦਾ ਹੈ॥ ੪ ॥ ੨ ॥

ਬਿਲਾਵਲੁ ਮਹਲਾ ੩ ॥

ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥

ਸਾਹਿਬ ਕਰਕੇ ਸੇਵਕ ਅਤੇ ਸੇਵਕ ਕਰਕੇ ਸਾਹਿਬ ਜਾਣਿਆ ਜਾਂਦਾ ਹੈ,

ਯਥਾ:-"ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥" *(ਰਵਿਦਾਸ, ਪੰਨਾ ੯੩)*

ਜਿਵੇਂ- ਪਿਤਾ ਕਰਕੇ ਪੁੱਤਰ ਤੇ ਪੁਤਰ ਕਰਕੇ ਪਿਤਾ ਜਾਣਿਆ ਜਾਂਦਾ ਹੈ।

ਅਥਵਾ:-ਸਾਹਿਬੀ ਦੇ ਅਭਿਮਾਨ ਨੂੰ ਤਿਆਗ ਕੇ ਜੋ ਸੇਵਕ ਹੋ ਕੇ ਸੇਵਾ ਕਰਦਾ ਹੈ, ਉਹ ਸਾਹਿਬਾਂ ਕਰਕੇ ਭਾਵ ਦੇਵਤਿਆਂ ਕਰਕੇ ਪੂਜਨੀਕ ਹੋ ਜਾਂਦਾ ਹੈ, ਇਸ ਸੱਚੀ ਗੱਲ ਦੇ ਦੂਰ ਕਰਨ ਵਿਚ ਕੋਈ ਕੀ ਬਹਾਨਾ ਕਹੇਗਾ।

ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥ ੧ ॥

ਤੇਰਾ ਇਕ ਅਜੇਹਾ ਖੇਲੁ=ਕੌਤਕ ਬਣਿਆ ਹੋਇਆ ਹੈ, ਇਕ ਤੂੰ ਹੀ ਸਾਰਿਆਂ ਵਿਚ ਸਮਾਇਆ ਹੋਇਆ ਹੈਂ॥ ੧ ॥

ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥

ਸਤਿਗੁਰਾਂ ਦੇ ਪਰਚੈ=ਉਪਦੇਸ਼ ਵਿਚ ਪਰਚਣੇ ਕਰਕੇ ਗੁਰਮੁਖਾਂ ਦਾ ਮਨ ਹਰੀ ਨਾਮੀ ਵਿਚ ਸਮਾਇਆ ਹੋਇਆ ਹੈ।

ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ
ਅਨਦਿਨੁ ਲਾਗੈ ਸਹਜ ਧਿਆਨਾ ॥ ੧ ॥ ਰਹਾਉ ॥

ਜਿਸ ਦਾ ਕਰਮ ਚੰਗਾ ਹੁੰਦਾ ਹੈ ਓਹੀ ਸਤਿਗੁਰਾਂ ਨੂੰ ਪਾਉਂਦਾ ਹੈ, ਫਿਰ ਓਸੇ ਦਾ ਰਾਤ ਦਿਨ ਸਹਜ ਪਦ ਵਿਚ ਧਿਆਨ ਲਗਦਾ ਹੈ॥ ੧ ॥ ਰਹਾਉ ॥

ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ ॥

ਆਪਣੇ ਜ਼ੋਰ ਨਾਲ ਕੀ ਕੋਈ ਤੇਰੀ ਸੇਵਾ ਕਰੇਗਾ ਅਤੇ ਕੀ ਕੋਈ ਜਾਤੀ ਤੇ ਵਿਦਿਆ ਆਦਿਕ ਦਾ ਹੰਕਾਰ ਕਰੇਗਾ।

ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ
ਤਬ ਕੋਈ ਕਰਉ ਦਿਖਾ ਵਖਿਆਨਾ ॥ ੨ ॥

ਹੇ ਸੁਆਮੀ ਪਰਮਾਤਮਾ ! ਜਿਸ ਵੇਲੇ ਤੂੰ ਆਪਣੀ ਜੋਤਿ=ਸੱਤਾ ਖਿੱਚ ਲਵੇਂ, ਤਿਸ ਵੇਲੇ ਕੋਈ ਕੁਝ ਕਰ ਕੇ ਵਿਖਾਵੇ ਤਾਂ ਆਖੀਏ ਇਹ ਕੁਝ ਕਰ ਸਕਦਾ ਹੈ।

ਅਥਵਾ:- ਤਿਸ ਵੇਲੇ ਕੋਈ ਕੁਝ ਕਥਨ ਕਰਕੇ ਵਿਖਾਵੇ॥ ੨ ॥

ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥

ਉਹ ਪਰਮੇਸ਼ਰ ਆਪ ਗੁਰੂ ਰੂਪ ਹੈ ਆਪ ਹੀ ਚੇਲਾ ਰੂਪ ਹੈ,
ਆਪ ਹੀ ਸ਼ੁਭ-ਗੁਣਾਂ ਦਾ ਨਿਧਾਨਾ=ਖ਼ਜ਼ਾਨਾ ਹੈ।

ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ ॥ ੩ ॥

ਜਿਸ ਤਰ੍ਹਾਂ ਆਪ ਚਲਾਉਂਦਾ ਹੈ, ਓਸੇ ਤਰ੍ਹਾਂ ਕੋਈ ਚਲਦਾ ਹੈ,
ਜਿਵੇਂ ਹਰੀ ਭਗਵਾਨ ਨੂੰ ਭਾਉਂਦਾ ਹੈ ਤਿਵੇਂ ਕੋਈ ਕਰਦਾ ਹੈ॥ ੩ ॥

ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥

ਗੁਰੂ ਜੀ ਕਹਿੰਦੇ ਹਨ-ਇਕ ਤੂੰ ਹੀ ਸੱਚਾ ਸਾਹਿਬ ਹੈਂ, ਤੇਰਿਆਂ ਕੰਮਾਂ ਨੂੰ ਕੌਣ ਜਾਣਦਾ ਹੈ? ਭਾਵ ਕੋਈ ਨਹੀਂ ਜਾਣ ਸਕਦਾ।

ਇਕਨਾ ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥੪ ॥੩ ॥

ਇਕਨਾਂ ਗੁਰਮੁਖਾਂ ਨੂੰ ਘਰ ਵਿਚ ਬੈਠਿਆਂ ਹੀ ਨਾਮ ਦੀ ਵਡਿਆਈ ਦੇਂਦਾ ਹੈਂ ਅਤੇ ਇਕ ਮਨਮੁਖ ਭਰਮ ਵਿਚ ਤੇ ਅਭਿਮਾਨਾ=ਹੰਕਾਰ ਵਿਚ ਭੌਂਦੇ ਫਿਰਦੇ ਹਨ॥ ੪ ॥ ੩.॥

ਬਿਲਾਵਲੁ ਮਹਲਾ ੩ ॥

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥

ਪੂਰੇ ਪਰਮਾਤਮਾ ਨੇ ਜਗਤ ਦਾ ਪੂਰਾ ਹੀ ਬਣਾਓ ਬਣਾਇਆ ਹੈ, ਵੇਚਣਾ ਕਰੋ ਇਸ ਦੇ ਵਿਚ ਇਕ ਪਰਮਾਤਮਾ ਹੀ ਸਮਾਨਾ=ਸਮਾ ਰਿਹਾ ਹੈ।

ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧ ॥

ਇਸ ਸੰਸਾਰ ਵਿਚ ਸੱਚੇ ਨਾਮ ਦੀ ਵਡਿਆਈ ਹੈ, ਧਨ ਦੇ ਹੰਕਾਰ ਨੂੰ ਕੋਈ ਮਤੁ ਧਰਹੁ=ਨਾ ਧਾਰਨਾ ਕਰੋ॥ ੧ ॥

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥

(੧) ਸਤਿਗੁਰਾਂ ਦੀ ਬਖਸ਼ੀ ਹੋਈ ਜਿਸ ਨੂੰ ਮਤਿ=ਅਕਲ ਆਉਂਦੀ ਹੈ ਉਹ ਸਤਿਗੁਰਾਂ ਦੇ ਹੁਕਮ ਵਿਚ ਸਮਾਉਂਦਾ ਹੈ।

(੨) ਜਿਸ ਨੂੰ ਸਤਿਗੁਰਾਂ ਦੀ ਸਿਖਿਆ ਆ ਕੇ ਪ੍ਰਾਪਤ ਹੁੰਦੀ ਹੈ ਉਹ ਸਤਿ=ਤ੍ਰੈ ਕਾਲ ਅਬਾਧ ਗੁਰ=ਚੇਤਨ ਪ੍ਰਭੂ ਵਿਚ ਸਮਾਨਾ=ਅਭੇਦ ਹੁੰਦਾ ਹੈ।

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧ ॥ਰਹਾਉ ॥

ਇਸ ਗੁਰਬਾਣੀ ਨੂੰ, ਵਾ:-ਉਪਦੇਸ਼ ਬਾਣੀ ਨੂੰ ਜੋ ਦਿਲੋਂ ਜਾਣਦਾ ਹੈ, ਉਸ ਦਾ ਅੰਦਰਲਾ ਮਨ ਹਰੀ ਨਾਮਾ ਨੂੰ ਰਵੈ=ਉਚਾਰਦਾ ਹੈ, ਜਾਂ ਉਸ ਨੇ ਹਿਰਦੇ ਅੰਦਰ ਹਰੀ ਨਾਮਾ ਨੂੰ ਰਵੈ=ਉਚਾਰਨਾ ਕੀਤਾ ਹੈ।

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥

ਹੁਣ ਚਾਰਿਆਂ ਜੁਗਾਂ ਨਿਬੇੜਾ=ਫੈਸਲਾ ਕਰਨ ਲਈ ਨਰ=ਪੁਰਸ਼ਾਂ ਨੂੰ ਤੇ ਮਨੁਖਾ=ਇਸਤ੍ਰੀਆਂ ਨੂੰ ਇਕ ਨਾਮ ਰੂਪ ਨਿਧਾਨਾ=ਖਜ਼ਾਨਾ ਮਿਲਿਆ ਹੈ।

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥

ਜਤ, (ਸਤ) ਸੰਜਮ, ਆਦਿਕ ਸਾਧਨਾਂ ਦਾ ਕਰਨਾ ਤੇ ਤੀਰਥ ਇਸ਼ਨਾਨ ਕਰਨੇ ਇਹ ਤਾਂ ਉਹਨਾਂ ਪਿਛਲਿਆਂ ਜੁਗਾਂ ਦਾ ਧਰਮ ਹੈ, ਕਲਜੁਗ ਵਿਚ ਹਰੀ ਨਾਮ ਦਾ ਕੀਰਤਨ ਕਰਨਾ ਹੀ ਜੀਵ ਨੂੰ ਤਾਰਨ ਵਾਲਾ ਹੈ। ਜਾਂ ਕਲਜੁਗ ਵਿਚ ਹਰੀ ਨਾਮ ਦੀ ਕੀਰਤੀ ਕਰਨੀ ਹੀ ਸਭ ਤੋਂ ਸ੍ਰੇਸ਼ਟ ਸਾਧਨ ਹੈ॥ ੨ ॥

ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥

ਜੁਗਾਂ ਜੁਗਾਂ ਵਿਚ ਆਪੋ ਆਪਣਾ ਧਰਮ ਹੀ ਸ੍ਰੇਸ਼ਟ ਮੰਨਿਆਂ ਹੈ, ਬੇ-ਸ਼ੱਕ ਵੇਦਾਂ, ਪੁਰਾਣਾਂ ਨੂੰ ਵਿਚਾਰ ਕੇ ਵੇਖ ਲਵੋ।

ਯਥਾ:-''ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥ ੧ ॥'' *(ਗਉੜੀ ਰਵਿਦਾਸ, ਪੰਨਾ ੩੪੬)*

ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ੩ ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰਿ ਹਰਿ ਨਾਮ ਨੂੰ ਧਿਆਉਂਣਾ ਕੀਤਾ ਹੈ ਜਗਤ ਵਿਚ ਉਹ ਪੂਰੇ ਪੁਰਖ ਪ੍ਰਮਾਣੀਕ ਮੰਨੇ ਗਏ ਹਨ॥ ੩ ॥

[ਪੰਨਾ ੭੯੮]

ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਪ੍ਰਭੂ ਨਾਲ ਪ੍ਰੀਤੀ ਲਗਾਵੇ, ਤਾਂ ਮਨ ਦਾ ਅਭਿਮਾਨਾ=ਹੰਕਾਰ ਚੂਕੈ= ਦੂਰ ਹੋ ਜਾਂਦਾ ਹੈ।

ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥ ੪ ॥

ਨਾਮ ਨੂੰ ਕਹਿਣ ਵਾਲੇ ਤੇ ਸੁਣਨ ਵਾਲੇ ਸਾਰੇ ਸੁਖ ਪਾਉਂਦੇ ਹਨ ਅਤੇ ਮਾਨਤ=ਮੰਨਣ ਕਰਨ ਵਾਲੇ ਨਿਧੀਆਂ ਦੇ ਖਜ਼ਾਨੇ ਪਰਮੇਸ਼ਰ ਨੂੰ ਪਾਉਂਦੇ ਹਨ॥ ੪ ॥ ੪ ॥

ਬਿਲਾਵਲੁ ਮਹਲਾ ੩ ॥ ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥

ਗੁਰਾਂ ਦੁਆਰੇ ਜਿਸ ਗੁਰਮੁਖ ਦੇ ਹਿਰਦੇ ਅੰਦਰ ਉਹ ਪ੍ਰਭੂ ਆਪੇ ਪ੍ਰੀਤੀ ਲਾਉਂਦਾ ਹੈ।

ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥

ਸ਼ੋਭਨੀਕ ਗੁਰਾਂ ਦੇ ਸ਼ਬਦ ਕ੍ਰਦੇ ਉਸ ਦੇ ਘਰ ਵਿਚ ਬਿਲਵਲੁ=ਅਨੰਦ ਹੁੰਦਾ ਹੈ।

ਮੰਗਲੁ ਨਾਰੀ ਗਾਵਹਿ ਆਏ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥ ੧ ॥

ਮਹਾਤਮਾਂ ਰੂਪ ਨਾਰੀਆਂ ਉਸ ਘਰ ਵਿਚ ਆ ਕੇ ਮੰਗਲਦਾਇਕ ਗੀਤ ਗਾਉਂਦੀਆਂ ਹਨ ਅਤੇ ਪ੍ਰੀਤਮ=ਪਰਮਾਤਮਾ ਨਾਲ ਮਿਲ ਕੇ ਨਿਤ ਸੁਖ ਨੂੰ ਪਾਉਂਦੀਆਂ ਹਨ॥ ੧ ॥

ਹਉ ਤਿਨ ਬਲਿਹਾਰੈ ਜਿਨ ਹਰਿ ਮੰਨਿ ਵਸਾਏ ॥

ਹਉ=ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨਾਮ ਮਨ ਵਿਚ ਵਸਾਇਆ ਹੈ,

ਹਰਿ ਜਨ ਕਉ ਮਿਲਿਆ ਸੁਖੁ ਪਾਈਐ
ਹਰਿ ਗੁਣ ਗਾਵੈ ਸਹਜਿ ਸੁਭਾਏ ॥ ੧ ॥ ਰਹਾਉ ॥

ਜੋ ਹਰੀ ਦੇ ਸੰਤ ਜਨਾਂ ਨੂੰ ਮਿਲਿਆ ਹੈ, ਉਸ ਨੇ ਸੁਤੇ ਸਿਧ ਹਰੀ ਦੇ ਗੁਣਾਂ ਨੂੰ ਗਾ ਕੇ ਸੁਖ ਪਾਇਆ ਹੈ।

ਅਥਵਾ:-ਹਰੀ ਦੇ ਸੰਤ ਜਨਾਂ ਨੂੰ ਮਿਲਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ, ਇਸ ਲਈ ਹਰੀ ਦੇ ਸੰਤ ਜਨਾਂ ਨਾਲ ਮਿਲ ਕੇ ਹਰੀ ਗੁਣਾਂ ਨੂੰ ਗਾਵੇ ਤਾਂ ਸ਼ਾਂਤੀ ਸੁਭਾਅ ਹੁੰਦਾ ਹੈ॥ ੧ ॥ ਰਹਾਉ ॥

ਸਦਾ ਰੰਗਿ ਰਾਤੇ ਤੇਰੈ ਚਾਏ ॥ ਹਰਿ ਜੀਉ ਆਪਿ ਵਸੈ ਮਨਿ ਆਇ ॥

ਹੇ ਹਰਿ ਜੀਓ ! ਤੇਰੇ ਚਾਏ=ਉਤਸ਼ਾਹ ਕਰਕੇ ਜੋ ਸਦਾ ਤੇਰੇ ਰੰਗਿ=ਪ੍ਰੇਮ ਵਿਚ ਮਿਲੇ ਹੋਏ ਆਪ ਜੀ ਨੂੰ ਜਾਏ=ਚਾਹੁੰਦੇ ਹਨ। ਉਨ੍ਹਾਂ ਦੇ ਮਨ ਵਿਚ ਹੇ ਹਰਿ ਜੀਓ ! ਤੂੰ ਆਪ ਆ ਕੇ ਵਸਦਾ ਹੈਂ।

ਆਪੇ ਸੋਭਾ ਸਦ ਹੀ ਪਾਏ ॥ ਗੁਰਮੁਖਿ ਮੇਲੈ ਮੇਲਿ ਮਿਲਾਏ ॥ ੨ ॥

ਤੂੰ ਆਪੇ ਉਹਨਾਂ ਦੀ ਸ਼ੋਭਾ ਸਦਾ ਸੰਸਾਰ ਵਿਚ ਪਾਉਂਦਾ ਹੈਂ। ਮੁਖੀ ਗੁਰਾਂ ਨਾਲ ਮੇਲ ਕੇ ਫਿਰ ਤੂੰ ਉਹਨਾਂ ਨੂੰ ਆਪਣੇ ਮੇਲ ਵਿਚ ਮਿਲਾਉਂਦਾ ਹੈਂ॥ ੨ ॥

ਗੁਰਮੁਖਿ ਰਾਤੇ ਸਬਦਿ ਰੰਗਾਏ ॥ ਨਿਜ ਘਰਿ ਵਾਸਾ ਹਰਿ ਗੁਣ ਗਾਏ ॥

ਗੁਰਮੁਖ ਆਪ ਰੱਤੇ ਹੋਏ ਹਨ ਹੋਰਨਾਂ ਨੂੰ ਸ਼ਬਦ ਰੰਗ ਰੰਗਾਉਂਦੇ ਹਨ।

ਹਰੀ ਗੁਣਾਂ ਨੂੰ ਗਾ ਕੇ ਸਰੂਪ-ਘਰ ਵਿਚ ਵਾਸਾ ਪਾਉਂਦੇ ਹਨ।

ਰੰਗਿ ਚਲੂਲੈ ਹਰਿ ਰਸਿ ਭਾਏ ॥ ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥ ੩ ॥

ਜਿਨ੍ਹਾਂ ਨੇ ਹਰੀ ਰਸ ਵਿਚ ਭਾਏ=ਪ੍ਰੇਮ ਕੀਤਾ ਹੈ, ਉਹਨਾਂ ਨੂੰ ਚਲੂਲੈ=ਗੂੜ੍ਹਾ ਰੰਗ ਚੜ੍ਹਿਆ ਹੈ।

ਇਹ ਰੰਗ ਕਦੇ ਲਹਿੰਦਾ ਨਹੀਂ ਹੈ, ਇਸ ਰੰਗ ਵਾਲੇ ਸੱਚ-ਸਰੂਪ ਵਿਚ ਸਮਾਉਂਦੇ ਹਨ॥ ੩ ॥

ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥

ਉਹਨਾਂ ਦੇ ਅੰਤਹਕਰਨ ਵਿਚ ਗੁਰ-ਸ਼ਬਦ ਹੋਣ ਕਰਕੇ ਅਗਿਆਨ ਰੂਪ ਹਨੇਰਾ ਮਿੱਟ ਗਿਆ ਹੈ।

ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥

ਸਤਿਗੁਰਾਂ ਦਆਰੇ ਗਿਆਨ ਪ੍ਰਾਪਤ ਕਰਨ ਵਾਲਿਆਂ ਨੂੰ ਮੇਰਾ ਪ੍ਰੀਤਮੁ=ਪਰਮਾਤਮਾ ਮਿਲਿਆ ਹੈ।

ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥

ਜੋ ਸੱਚ ਵਿਚ ਰਾਤੇ=ਰੰਗੇ ਗਏ ਹਨ, ਉਹਨਾਂ ਦਾ ਜਗਤ ਵਿਚ ਮੁੜ ਕੇ ਫੇਰਾ ਨਹੀਂ ਹੁੰਦਾ।

ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਮੇਰਾ ਪੂਰਾ ਗੁਰੂ ਹੀ ਸੱਚ-ਨਾਮ ਨੂੰ ਦ੍ਰਿੜ੍ਹਾਉਂਦਾ ਹੈ॥ ੪ ॥ ੫ ॥

ਬਿਲਾਵਲੁ ਮਹਲਾ ੩ ॥

ਪੂਰੇ ਗੁਰ ਤੇ ਵਡਿਆਈ ਪਾਈ ॥ ਅਚਿੰਤ ਨਾਮੁ ਵਸਿਆ ਮਨਿ ਆਈ ॥

ਜਿਨ੍ਹਾਂ ਨੇ ਪੂਰਿਆਂ ਗੁਰਾਂ ਤੋਂ ਵਡਿਆਈ ਪਾਈ ਹੈ। ਉਹਨਾਂ ਦੇ ਮਨ ਵਿਚ ਅਚਿੰਤ=ਅਚਾਨਕ ਹੀ ਪ੍ਰਭੂ ਦਾ ਨਾਮ ਆ ਕੇ ਵਸਿਆ ਹੈ।

ਹਉਮੈ ਮਾਇਆ ਸਬਦਿ ਜਲਾਈ ॥ ਦਰਿ ਸਾਚੈ ਗੁਰ ਤੇ ਸੋਭਾ ਪਾਈ ॥ ੧ ॥

ਗੁਰ-ਉਪਦੇਸ਼ ਨੇ ਮਾਇਆ ਹੀ ਹੰਗਤਾ-ਮਮਤਾ ਜਲਾਈ=ਸਾੜ ਦਿੱਤੀ ਹੈ।

ਗੁਰਮੁਖਾਂ ਨੇ ਸੱਚੇ ਦਰਬਾਰ ਦੀ ਸ਼ੋਭਾ ਗੁਰਾਂ ਤੋਂ ਪ੍ਰਾਪਤ ਕੀਤੀ ਹੈ॥ ੧ ॥

ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥

ਹੇ ਜਗਤ ਦੇ ਈਸ਼ੂਰ ! ਮੈਂ ਆਪ ਜੀ ਨੂੰ ਸੇਵਉ=ਸਿਮਰਦਾ ਹਾਂ, ਮੈਨੂੰ ਹੋਰ ਕੋਈ ਕੰਮ ਨਹੀਂ ਹੈ।

ਅਨਦਿਨੁ ਅਨਦੁ ਹੋਵੈ ਮਨਿ ਮੇਰੈ
ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥ ੧ ॥ ਰਹਾਉ ॥

ਮੇਰੇ ਮਨ ਵਿਚ ਤਾਂ ਹੀ ਰਾਤ ਦਿਨੇ ਅਨੰਦ ਹੋ ਰਿਹਾ ਹੈ। ਜਾਂ ਮੁਖ ਗੁਰਾਂ ਪਾਸੋਂ ਨਿਵਾਜਾ=ਵਡਿਆਈ ਦੇਣ ਵਾਲਾ ਤੇਰਾ ਨਾਮ ਹੀ ਮੰਗਦਾ ਹਾਂ।

ਮਨ ਕੀ ਪਰਤੀਤਿ ਮਨ ਤੇ ਪਾਈ ॥ ਪੂਰੇ ਗੁਰ ਤੇ ਸਬਦਿ ਬੁਝਾਈ ॥

ਮਨ ਦੀ ਪਰਤੀਤਿ=ਸ਼ਰਧਾ ਗੁਰਾਂ ਦੇ ਮਨ=ਮੰਤਰ ਤੋਂ ਪਾਈ ਹੈ।

ਪੂਰਿਆਂ ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਸਾਰੀ ਸਮਝ ਆਈ ਹੈ।

ਵਾ:-ਮਨ ਦੀ ਪ੍ਰਤੀਤੀ ਮਨ ਤੋਂ ਹੀ ਪਾਈ ਹੈ, ਕਿਉਂਕਿ ਸ਼ੁੱਧ ਮਨ ਹੀ ਸਮਝਾਵੇ ਤਾਂ ਮਨ ਸਮਝਦਾ ਹੈ।

ਯਥਾ:-"ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥" (ਕਬੀਰ, ਪੰਨਾ ੩੪੨)

ਜੀਵਣ ਮਰਣੁ ਕੋ ਸਮਸਰਿ ਵੇਖੈ ॥ ਬਹੁੜਿ ਨ ਮਰੈ ਨਾ ਜਮੁ ਪੇਖੈ ॥ ੨ ॥

ਜੀਉਣ ਮਰਨ ਨੂੰ ਜਿਹੜਾ ਕੋਈ ਇਕ ਸਮਾਨ ਕਰਕੇ ਵੇਖਦਾ ਹੈ। ਉਹ ਮੁੜ ਕੇ ਮਰਦਾ ਨਹੀਂ ਹੈ ਤੇ ਨਾ ਹੀ ਉਸ ਨੂੰ ਜਮ ਵੇਖਦਾ ਹੈ ਅਤੇ ਨਾ ਹੀ ਉਹ ਜਮ ਦੇ ਦੁੱਖ ਨੂੰ ਵੇਖਦਾ ਹੈ॥ ੨ ॥

ਘਰ ਹੀ ਮਹਿ ਸਭਿ ਕੋਟ ਨਿਧਾਨ ॥ ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥

ਜੋ ਕ੍ਰੋੜਾਂ ਨਿਧਾਨ=ਖਜ਼ਾਨੇ ਹਨ ਉਹ ਸਾਰੇ ਸਰੀਰ-ਘਰ ਦੇ ਅੰਦਰ ਹੀ ਹਨ। ਜਾਂ ਸਤਿਗੁਰਾਂ ਨੇ ਵਿਖਾਏ ਤਾਂ ਹੰਕਾਰ ਨਵਿਰਤ ਹੋ ਗਿਆ।

*ਅਥਵਾ:-*ਸਾਰਿਆਂ ਕ੍ਰੋੜਾਂ ਨਿਧੀਆਂ ਦਾ ਖ਼ਜ਼ਾਨਾ ਪਰਮੇਸ਼ਰ ਅੰਤਹਕਰਨ ਰੂਪੀ ਘਰ ਦੇ ਵਿਚ ਹੀ ਹੈ, ਜਿਸ ਵੇਲੇ ਹੰਕਾਰ ਗਿਆ ਤਾਂ ਸਤਿਗੁਰਾਂ ਨੇ ਉਹ ਪਰਮੇਸ਼ਰ ਵਿਖਾ ਦਿੱਤਾ।

ਸਦ ਹੀ ਲਾਗਾ ਸਹਜਿ ਧਿਆਨ ॥ ਅਨਦਿਨੁ ਗਾਵੈ ਏਕੋ ਨਾਮ ॥ ੩ ॥

ਸਹਜ ਪਦ ਵਿਚ ਸਦਾ ਹੀ ਧਿਆਨ ਲੱਗਾ ਰਹਿੰਦਾ ਹੈ ਅਤੇ ਮੇਰਾ ਮਨ ਰਾਤ ਦਿਨ ਇਕ ਨਾਮ ਨੂੰ ਹੀ ਗਾਉਂਦਾ ਹੈ॥ ੩ ॥

ਇਸੁ ਜੁਗ ਮਹਿ ਵਡਿਆਈ ਪਾਈ ॥ ਪੂਰੇ ਗੁਰ ਤੇ ਨਾਮੁ ਧਿਆਈ ॥

ਇਸ ਕਲਜੁਗ ਵਿਚ ਅਸਾਂ ਨੇ ਵਡਿਆਈ ਪਾਈ ਹੈ ਅਤੇ ਪੂਰਿਆਂ ਗੁਰਾਂ ਤੋਂ ਸ਼ਬਦ ਲੈ ਕੇ ਨਾਮ ਧਿਆਉਂਦਾ ਹਾਂ।

ਜਹ ਦੇਖਾ ਤਹ ਰਹਿਆ ਸਮਾਈ ॥ ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥ ੪ ॥

ਜਿਥੇ ਦੇਖਦਾ ਹਾਂ ਉਥੇ ਹੀ ਸਮਾਈ ਕਰ ਰਿਹਾ ਹੈ। ਉਹ ਸਦੀਵਕਾਲ ਸੁਖਾਂ ਦਾ ਦਾਤਾ ਹੈ, ਉਸ ਦੀ ਕੀਮਤ ਨਹੀਂ ਪਾਈ ਜਾਂਦੀ ॥ ੪ ॥

ਪੂਰੈ ਭਾਗਿ ਗੁਰੁ ਪੂਰਾ ਪਾਇਆ ॥ ਅੰਤਰਿ ਨਾਮੁ ਨਿਧਾਨੁ ਦਿਖਾਇਆ ॥

ਪੂਰਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਇਆ ਹੈ। ਜਿਸ ਪੂਰੇ ਗੁਰੂ ਨੇ ਅੰਦਰੋਂ ਹੀ ਨਾਮ ਰੂਪ ਨਿਧਾਨੁ= ਖਜ਼ਾਨਾ ਵਿਖਾਇਆ ਹੈ।

ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥

ਗੁਰਾਂ ਦਾ ਉਪਦੇਸ਼ ਅਤਿ=ਵੱਡਾ ਮਿੱਠਾ ਲੱਗ ਆਇਆ ਹੈ।

ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥ ੫ ॥ ੬ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ-ਇਸ ਲਈ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ ਤੇ ਮਨ ਤਨ ਵਿਚ ਸੁਖ ਪਾਇਆ ਹੈ॥ ੫॥ ੬॥ ੧੦॥

ਰਾਗੁ ਬਿਲਾਵਲੁ ਮਹਲਾ ੪ ਘਰੁ ੩

੧ੴ ਸਤਿਗੁਰ ਪ੍ਰਸਾਦਿ ॥

ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥

ਅੰਤਰਜਾਮੀ ਪ੍ਰਭੂ ਮਤੀ ਵਿਚ ਉੱਦਮ ਦੇਣ ਵਾਲਾ ਹੈ, ਜਾਂ ਉੱਦਮ ਵਾਲੀ ਮਤੀ ਦੇਣ ਵਾਲਾ ਹੈ, ਜਿਵੇਂ ਉਹ ਪ੍ਰਭੂ ਪ੍ਰੇਰਦਾ ਹੈ ਤਿਵੇਂ ਜੀਵ ਕੰਮ-ਕਾਰ ਕਰਦਾ ਹੈ।

ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ ॥ ੧ ॥

ਜਿਵੇ ਤੰਤੀ=ਤੰਤ ਵਾਲਾ ਜੋ ਨਟ ਹੈ ਉਹ ਤੰਤੀ=ਪੁਤਲੀ ਦੀ ਤੰਤੁ=ਤਾਰ ਨੂੰ ਵਜਾਏ=ਵਜਾਉਂਦਾ ਹੈ ਤਿਵੇਂ ਉਹ ਵੱਜਦੀ ਹੈ। ਇਸੇ ਤਰ੍ਹਾਂ-ਜਿਵੇਂ ਉਹ ਪਰਮੇਸ਼ਰ ਜੀਵਾਂ ਰੂਪ ਪੁਤਲੀਆਂ ਨੂੰ ਨਚਾਉਂਦਾ ਹੈ, ਤਿਵੇਂ ਸੂਖਮ ਸਥੂਲ ਜੀਆ ਜੰਤ ਵਾਜਹਿ=ਨੱਚਦੇ ਭਾਵ ਕਾਰ ਵਿਹਾਰ ਕਰਦੇ ਹਨ॥ ੧॥

[ਪੰਨਾ ੭੯੯]

ਜਪਿ ਮਨ ਰਾਮ ਨਾਮੁ ਰਸਨਾ ॥

ਹੇ ਮਨ=ਪਿਆਰੇ ਰਸਨਾ ਨਾਲ ਰਾਮ ਨਾਮ ਨੂੰ ਜਪਣਾ ਕਰ।

ਮਸਤਕਿ ਲਿਖਤ ਲਿਖੇ ਗੁਰੁ ਪਾਇਆ
ਹਰਿ ਹਿਰਦੈ ਹਰਿ ਬਸਨਾ ॥ ੧ ॥ ਰਹਾਉ ॥

ਮੱਥੇ ਦੇ ਲਿਖੇ ਲੇਖਾਂ ਅਨੁਸਾਰ ਗੁਰੂ ਪਾਇਆ ਹੈ, ਗੁਰਾਂ ਦੀ ਕਿਰਪਾ ਨਾਲ ਹਿਰਦੇ ਵਿਚ ਹਰਿ ਹਰਿ ਨਾਮ ਬਸਨਾ=ਵੱਸ ਗਿਆ ਹੈ॥ ੧॥ ਰਹਾਉ॥

ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ ॥

ਹੇ ਪ੍ਰਭੂ ! ਇਹ ਪ੍ਰਾਣਧਾਰੀ ਜੀਵ ਮਾਇਆ ਦਾ ਗ੍ਰਸਿਆ ਹੋਇਆ ਭੌਂਦਾ ਫਿਰਦਾ ਹੈ, ਆਪ ਕਿਰਪਾ ਕਰ ਕੇ ਇਸ ਨੂੰ ਆਪਣਾ ਸੇਵਕ ਜਨ ਜਾਣ ਕੇ ਰੱਖ ਲੈਣਾ ਕਰੋ।

ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ ॥ ੨ ॥

ਜਿਵੇਂ ਪ੍ਰਹਿਲਾਦ ਨੂੰ ਹਰਨਾਖਸ਼ ਨੇ ਗ੍ਰਸਿਆ ਸੀ ਤੇ ਉਹ ਹਰੀ ਦੀ ਸ਼ਰਨ ਪਿਆ ਸੀ ਉਸ ਵੇਲੇ ਹਰੀ ਨੇ ਨਰਸਿੰਘ ਅਵਤਾਰ ਧਾਰ ਕੇ ਉਸ ਨੂੰ ਰੱਖ ਲਿਆ ਸੀ, ਇਸੇ ਤਰ੍ਹਾਂ ਮੈਨੂੰ ਰੱਖ ਲਓ॥ ੨॥

ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ ॥

ਕਿਸ ਕਿਸ ਦੀ ਗਤਿ=ਮੁਕਤੀ ਦੀ ਮਰਯਾਦਾ ਕਹੀਏ, ਹਰੀ ਨੇ ਕਿਤਨੇ ਹੀ ਪਾਪੀ ਜੀਵ ਪਵੰਨਾ=ਪਵਿੱਤਰ ਕੀਤੇ ਹਨ।

ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ ॥ ੩ ॥

ਹੇ ਹਰੀ ! ਉਹ ਜੋ ਚਮਿਆਰ ਢੋਰ=ਮੋਏ ਪਸੂਆਂ ਨੂੰ ਢੋਂਦਾ ਸੀ ਤੇ ਹੱਥ ਵਿਚ ਚੰਮ ਦੇ ਚਮਰੇ=ਟੁਕੜੇ ਫੜੇ ਰਹਿੰਦੇ ਸੰਨ ਜੁੱਤੀਆਂ ਗੰਢਣ ਕਰਕੇ, ਵਾ:- ਹੱਥ ਚੰਮ ਨਾਲ ਚਿੰਮੜੇ ਰਹਿੰਦੇ ਸਨ, ਜਿਸ ਵੇਲੇ ਆਪ ਜੀ ਦੀ ਸ਼ਰਨ ਵਿਚ ਪਿਆ ਤਾਂ ਉਸ ਨੂੰ ਭੀ ਤੁਸਾਂ ਨੇ ਉਧਾਰਿਆ ਸੀ॥ ੩ ॥

ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ ॥

ਹੇ ਦੀਨ ਦਿਆਲ ਪ੍ਰਭੂ ! ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲੇ, ਅਸਾਂ ਪਾਪੀਆਂ ਨੂੰ ਪਪਨਾ=ਪਾਪਾਂ ਵਲੋਂ ਰੱਖ ਲੈ।

ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ ॥੪ ॥੧ ॥

ਹੇ ਹਰੀ ! ਮੈਨੂੰ ਆਪਣੇ ਦਾਸਾਂ ਦੇ ਦਾਸਾਂ ਦਾ ਦਾਸ ਕਰ ਲਓ, ਜੋ ਦਾਸ ਆਪ ਜੀ ਦੀ ਪ੍ਰਾਪਤੀ ਦਾ ਰਾਹ ਦਸੰਨਾ=ਦੱਸਣ ਵਾਲੇ ਹਨ। ਜਾਂ ਗੁਰੂ ਜੀ ਕਥਨ ਕਰਦੇ ਹਨ-ਮੈਂ ਤੇਰੇ ਦਾਸਾਂ ਦਾ ਦਾਸ ਹਾਂ।

ਵਾ:- ਮੈਂ ਤੇਰਾ ਹੀ ਦਾਸ ਦਸੰਨਾ=ਕਹਾਉਂਦਾ ਹਾਂ॥ ੪॥ ੧ ॥

ਬਿਲਾਵਲੁ ਮਹਲਾ ੪ ॥

ਹਮ ਮੂਰਖ ਮੁਗਧ ਅਗਿਆਨ ਮਤੀ ਸਰਣਾਗਤਿ ਪੁਰਖ ਅਜਨਮਾ ॥

ਹੇ ਅਜਨਮਾ ਪੁਰਖ ਪਰਮਾਤਮਾ ! ਮੈਂ ਮੂਰਖ ਮੁਗਧ=ਜੜ੍ਹ ਅਗਿਆਨ ਮਤੀ ਵਾਲਾ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹੋਇਆ ਹਾਂ।

ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ ॥ ੧ ॥

ਹੇ ਮੇਰੇ ਠਾਕੁਰ=ਸੁਆਮੀ ! ਮੈਂ ਪੱਥਰ ਵਾਂਗ ਕਠੋਰ ਹਿਰਦੇ ਵਾਲਾ ਹਾਂ, ਸ਼ੁਭ-ਗੁਣਾਂ ਤੋਂ ਹੀਨ=ਰਹਿਤ ਹਾਂ, ਅਤੇ ਚੰਗਿਆਂ ਕਰਮਾਂ ਤੋਂ ਰਹਿਤ ਹਾਂ, ਆਪ ਕਿਰਪਾ-ਦ੍ਰਿਸ਼ਟੀ ਕਰਕੇ ਮੈਨੂੰ ਰੱਖ ਲਵੋ॥ ੧ ॥

ਮੇਰੇ ਮਨ ਭਜੁ ਰਾਮ ਨਾਮੈ ਰਾਮਾ ॥

ਹੇ ਮੇਰੇ ਪਿਆਰੇ ! ਸਾਰਿਆਂ ਵਿਚ ਰਮਿਆ ਹੋਇਆ ਜੋ ਰਾਮ ਹੈ, ਉਸ ਦੇ ਨਾਮ ਨੂੰ ਜਪ।

ਗੁਰਮਤਿ ਹਰਿ ਰਸੁ ਪਾਈਐ ਹੋਰਿ ਤਿਆਗਹੁ ਨਿਹਫਲ ਕਾਮਾ ॥੧ ॥ਰਹਾਉ ॥

ਗੁਰਾਂ ਦੀ ਸਿਖਿਆ ਕਰਕੇ ਹਰੀ ਰਸ ਪਾਈਦਾ ਹੈ।

ਹੋਰ ਸਾਰਿਆਂ ਨਿਕੰਮੇ ਕੰਮਾਂ ਨੂੰ ਛੱਡ ਦਿਓ॥ ੧ ॥ ਰਹਾਉ ॥

ਹਰਿਜਨ ਸੇਵਕ ਸੇ ਹਰਿ ਤਾਰੇ ਹਮ ਨਿਰਗੁਨ ਰਾਖੁ ਉਪਮਾ ॥

ਹੇ ਹਰੀ ! ਆਪ ਜੀ ਦੇ ਜੋ ਸੇਵਕ ਜਨ ਹਨ ਉਨ੍ਹਾਂ ਨੂੰ ਹੇ ਹਰੀ ਤੁਸਾਂ ਨੇ ਤਾਰਿਆ ਹੈ। ਜੇਕਰ ਮੈਂ ਗੁਣ ਹੀਣੇ ਨੂੰ ਹੱਥ ਦੇ ਕੇ ਰੱਖ ਲਓ ਤਾਂ ਇਸ ਵਿਚ ਆਪ ਜੀ ਦੀ ਉਪਮਾ=ਵਡਿਆਈ ਹੈ। ਵਾ:-ਮੈਂ ਆਪ

ਜੀ ਦੀ ਉਪਮਾ ਕਰਾਂਗਾ।

ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ ਹਰਿ ਜਪੀਐ ਵਡੇ ਕਰੰਮਾ ॥ ੨ ॥

ਹੇ ਮੇਰੇ ਸੁਆਮੀ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਸ਼ਹਾਇਕ ਨਹੀ ਹੈ, ਵੱਡਿਆਂ ਕਰਮਾਂ ਕਰਕੇ ਹਰੀ ਨਾਮ ਦਾ ਜਪਣਾ ਹੁੰਦਾ ਹੈ॥ ੨ ॥

ਨਾਮਹੀਨ ਧ੍ਰਿਗੁ ਜੀਵਤੇ ਤਿਨ ਵਡ ਦੂਖ ਸਹੰਮਾ ॥

ਜੋ ਪੁਰਸ਼ ਨਾਮ ਤੋਂ ਬਿਨਾਂ ਜੀਉਦੇ ਹਨ ਉਨ੍ਹਾਂ ਨੂੰ ਧ੍ਰਿਕਾਰ ਹੈ, ਉਨਾਂ ਨੇ ਵੱਡਾ ਦੁੱਖ ਸਹੰਮਾ=ਸਹਾਰਨਾ ਭਾਵ ਭੋਗਣਾ ਹੈ।

ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮੰਦਭਾਗੀ ਮੂੜ ਅਕਰਮਾ ॥ ੩ ॥

ਉਹ ਮੰਦਭਾਗੀ ਮੂਰਖ ਅਕਰਮਾ=ਪੁਰਸ਼ ਭੈੜਿਆਂ ਕਰਮਾਂ ਵਾਲੇ ਫਿਰਿ ਫਿਰਿ=ਮੁੜ-ਮੁੜ ਕੇ ਜੂਨਾਂ ਵਿਚ ਭੁਆਏ ਜਾਂਦੇ ਹਨ॥ ੩ ॥

ਹਰਿ ਜਨ ਨਾਮੁ ਅਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥

ਉਨ੍ਹਾਂ ਹਰੀ ਦੇ ਸੇਵਕ ਜਨਾਂ ਨੂੰ ਨਾਮ ਦਾ ਅਧਾਰੁ=ਆਸਰਾ ਹੈ, ਜਿਨ੍ਹਾਂ ਦੇ ਮੱਥੇ ਪਰ ਧੁਰ ਰੂਪ ਪਰਮਾਤਮਾ ਨੇ ਪੂਰਬਲੇ ਵੱਡੇ ਚੰਗੇ ਕਰਮ ਲਿਖੇ ਹੋਏ ਹਨ।

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥ ੪ ॥ ੨ ॥

ਗੁਰਿ=ਪੂਜਨੀਕ ਸਤਿਗੁਰਾਂ ਨੇ ਜਿਸ ਨੂੰ ਨਾਮ-ਸਿਮਰਨ ਦ੍ਰਿੜ੍ਹ ਕਰਵਾਇਆ ਹੈ, ਗੁਰੂ ਜੀ ਕਥਨ ਕਰਦੇ ਹਨ-ਉਸ ਪੁਰਸ਼ ਦਾ ਮਨੁੱਖਾ ਜਨਮ ਸਫਲ ਹੈ॥ ੪॥ ੨ ॥

ਬਿਲਾਵਲੁ ਮਹਲਾ ੪ ॥

ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥

ਹੇ ਪ੍ਰਭੂ ! ਮੇਰਾ ਚਿੱਤ ਬਿਖਿਆ=ਮਾਇਆ ਦੇ ਮੋਹ ਵਿਚ ਲੁਭਾਇਮਾਨ ਹੈ, ਇਸ ਲਈ ਦੁਰਮਤਿ=ਖੋਟੀ ਮੱਤ ਕਰਕੇ ਪਾਪਾਂ ਰੂਪੀ ਮੈਲ ਨਾਲ ਬਹੁਤ ਭਰ ਗਿਆ ਹੈ।

ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥ ੧ ॥

ਹੇ ਪ੍ਰਭੂ ! ਤੇਰੀ ਸੇਵਾ ਕਰ ਨਹੀਂ ਸਕਦਾ ਹਾਂ, ਮੈਂ ਮੂਰਖ ਕਿਸ ਤਰ੍ਹਾਂ ਸੰਸਾਰ-ਸਮੁੰਦਰ ਤੋਂ ਪਾਰ ਉਤਰਾਂਗਾ॥ ੧ ॥

ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ ॥

ਜਿਸ ਪ੍ਰਭੂ ਨੇ ਪ੍ਰਹਿਲਾਦ ਦੀ ਰੱਖਿਆ ਵਾਸਤੇ ਨਰਹਰ=ਨਰਸਿੰਘ ਅਵਤਾਰ ਧਾਰਿਆ ਹੈ, ਫੇਰ-ਜਿਸ ਪ੍ਰਭੂ ਦਾ ਨਾਮ ਨਰਹਰਾ=ਪੁਰਸ਼ਾਂ ਨੂੰ ਹਰਿਆ ਕਰਨ ਵਾਲਾ ਹੈ, ਹੇ ਮੇਰੇ ਮਨ ! ਉਸ ਪ੍ਰਭੂ ਦੇ ਨਾਮ ਨੂੰ ਜਪਣਾ ਕਰ।

ਜਨ ਊਪਰਿ ਕਿਰਪਾ ਪ੍ਰਭਿ ਧਾਰੀ ਮਿਲਿ ਸਤਿਗੁਰ ਪਾਰਿ ਪਰਾ ॥ ੧ ॥ ਰਹਾਉ ॥

ਹੇ ਪ੍ਰਭੂ ! ਜਿਸ ਪੁਰਸ਼ ਉੱਪਰ ਤੂੰ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਹ ਪੁਰਸ਼ ਸਤਿਗਰਾਂ ਨਾਲ ਮਿਲਕੇ ਸੰਸਾਰ-ਸਮੁੰਦਰ ਤੋਂ ਪਾਰ ਹੋ ਗਿਆ ਹੈ॥ ੧ ॥

ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ॥

ਹੇ ਮੇਰੇ ਪਿਤਾ ਰੂਪ ਠਾਕੁਰ ਪ੍ਰਭੂ ਸੁਆਮੀ ! ਮੈਨੂੰ ਅਜਿਹੀ ਮੱਤ ਦਿਓ ਜਿਸ ਨਾਲ ਮੈਂ ਹਰ ਵੇਲੇ ਆਪ ਜੀ ਦਾ ਜਸ ਕਰਦਾ ਰਹਾਂ।

ਤੁਮ੍ਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ॥ ੨॥

ਜੋ ਆਪ ਜੀ ਨੇ ਨਾਲ ਲੱਗੇ ਹਨ ਉਹ ਇਸ ਤਰ੍ਹਾਂ ਤਰ ਗਏ ਹਨ, ਜਿਵੇਂ ਕਾਸਟ=ਕਾਠ (ਲੱਕੜ) ਦੇ ਨਾਲ ਲੱਗ ਕੇ ਲੋਹਾ ਤਰ ਜਾਂਦਾ ਹੈ॥ ੨॥

ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ ਹਰਿ ਹਰਿ ਸੇਵ ਨ ਕਰਾ॥

ਉਹ ਸਾਕਤ ਪੁਰਸ਼ ਹੋਛੀ=ਤੁੱਛ ਮਤੀ ਵਾਲੀ ਮਧਿਮ=ਨੀਚ ਹਨ, ਜਿਨ੍ਹਾਂ ਨੇ ਹਰਿ ਹਰਿ ਦੀ ਸੇਵਾ ਨੂੰ ਨਹੀਂ ਕੀਤਾ, ਭਾਵ ਹਰੀ ਦਾ ਸਿਮਰਨ ਨਹੀਂ ਕੀਤਾ।

ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ॥ ੩॥

ਉਹ ਪੁਰਸ਼ ਭਾਗਾਂ ਤੋਂ ਹੀਣੇ ਦੁਹਚਾਰੀ=ਖੋਟਿਆਂ ਕਰਤੱਬਾਂ ਦੇ ਕਰਨ ਵਾਲੇ ਹਨ, ਉਹ ਜੰਮ ਕੇ ਨਿਸਫਲ ਮਰ ਗਏ ਇਕ ਵਾਰ ਨਹੀਂ ਫਿਰ ਫਿਰ ਜੰਮਦੇ ਮਰਦੇ ਹਨ।

ਅਥਵਾ:-ਉਹ ਮਰ ਕੇ ਜਨਮ ਮਰਨ ਵਿਚ ਫਿਰਦੇ ਰਹਿੰਦੇ ਹਨ॥ ੩॥

ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਾਏ ਸੰਤੋਖ ਗੁਰ ਸਰਾ॥

ਹੇ ਹਰੀ ਸੁਆਮੀ ! ਜਿਨ੍ਹਾਂ ਨੂੰ ਤੁਸੀਂ ਗੁਰਾਂ ਨਾਲ ਮੇਲਿਆ ਹੈ, ਉਹ ਗੁਰਾਂ ਦੇ ਰਚੇ ਹੋਏ ਸੰਤੋਖ-ਸਰ ਵਿਚ ਇਸ਼ਨਾਨ ਕਰਦੇ ਹਨ।

ਅਥਵਾ:- ਸਤ, ਸੰਤੋਖ ਆਦਿਕ ਸ਼ੁਭ-ਗੁਣਾਂ ਦਾ ਸਰੋਵਰ ਜੋ ਗੁਰੂ ਹਨ ਉਸ ਵਿਚ ਇਸ਼ਨਾਨ ਕਰਦੇ ਹਨ।

ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਰੀ ਦਾ ਭਜਨ ਕੀਤਾ ਹੈ, ਉਸ ਦੀ ਖੋਟੀ ਮਤ ਰੂਪ ਮੈਲ ਦੂਰ ਹੋ ਗਈ ਹੈ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਿਆ ਹੈ ॥ ੪॥ ੩॥

ਬਿਲਾਵਲੁ ਮਹਲਾ ੪॥

ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ॥

ਹੇ ਮੇਰੇ ਭਾਈ ਸੰਤੋ ! ਆਓ, ਆਪਸ ਵਿਚ ਰਲ ਮਿਲ ਕੇ ਬੈਠੋ, ਜਾਂ ਹੇ ਮੇਰੇ ਭਾਈ ! ਸੰਤਾਂ ਨਾਲ ਆ ਕੇ ਮਿਲੋ, ਮਿਲ ਕੇ ਭਾਈ=ਪ੍ਰੇਮ ਪੂਰਬਕ ਹਰਿ ਹਰਿ ਦੀ ਕਥਾ ਕਰੋ।

ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ॥ ੧॥

ਕਲਜੁਗ ਵਿਚ ਹਰਿ ਹਰਿ ਨਾਮ ਦਾ ਸਿਮਰਨ ਬੋਹਿਥੁ=ਜਹਾਜ਼ ਰੂਪ ਹੈ, ਗੁਰੂ ਖੇਵਟੁ=ਮਲਾਹ ਰੂਪ ਹਨ ਉਨ੍ਹਾਂ ਦੇ ਸਬਦਿ=ਉਪਦੇਸ਼ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਕਰੋ॥ ੧॥

ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥

ਹੇ ਮੇਰੇ ਪਿਆਰੇ ! ਹਰ ਵੇਲੇ ਹਰਿ ਹਰਿ ਦੇ ਗੁਣ ਉਚਾਰਨਾ ਕਰੋ।

[ਪੰਨਾ ੮੦੦]

ਮਸਤਕਿ ਲਿਖਤ ਲਿਖੇ ਗੁਨ ਗਾਏ
ਮਿਲਿ ਸੰਗਤਿ ਪਾਰਿ ਪਰਹੁ ॥ ੧ ॥ ਰਹਾਉ ॥

ਮੱਥੇ ਪਰ ਚੰਗੇ ਲੇਖਾਂ ਦੇ ਲਿਖੇ ਅਨੁਸਾਰ ਗੁਣ ਗਾਏ ਜਾਂਦੇ ਹਨ, ਇਸ ਲਈ ਸਤਸੰਗਤ ਨਾਲ ਮਿਲ ਕੇ ਸੰਸਾਰ-ਸਮੁੰਦ੍ਰ ਤੋਂ ਪਾਰ ਉਤਾਰਨਾ ਕਰੋ ॥ ੧ ॥ ਰਹਾਉ ॥

ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥

ਇਸ ਸਰੀਰ ਰੂਪ ਨਗਰ ਵਿਚ ਜੋ ਉੱਤਮ ਹਰੀ ਰਾਮ-ਰਸ ਵੱਸ ਰਿਹਾ ਹੈ, ਉਹ ਕਿਵੇਂ ਪਾਈਦਾ ਹੈ?

ਹੇ ਸੰਤ ਜਨੋ ! ਮੈਂ ਸੇਵਕ ਜਨ ਨੂੰ ਉਪਦੇਸ਼ ਦੇਣਾ ਕਰੋ। ਸੰਤਾਂ ਨੇ ਕਿਹਾ-

ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥ ੨ ॥

ਹਰੀ ਸਰੂਪ ਸਤਿਗੁਰਾਂ ਦਾ ਦਰਸ਼ਨ ਸਫ਼ਲ ਹੈ ਅਤੇ ਸੇਵਾ ਭੀ ਸਫ਼ਲ ਹੈ ਇਸ ਕਰਕੇ ਗੁਰਾਂ ਦੀ ਸੇਵਾ ਕਰੋ ਅਤੇ ਗੁਰਾਂ ਨਾਲ ਮਿਲ ਕੇ ਹਰੀ ਨਾਮ-ਰਸ ਰੂਪੀ ਅੰਮ੍ਰਿਤ ਨੂੰ ਪੀਣਾ ਕਰੋ ॥ ੨ ॥

ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥

ਹਰੀ ਦਾ ਹਰਿ ਹਰਿ ਨਾਮ-ਸਿਮਰਨ ਮਿੱਠਾ ਅੰਮ੍ਰਿਤ ਹੈ, ਹਰੀ ਦੇ ਸੰਤਾਂ ਪਾਸੋਂ ਚੱਖ ਕੇ ਦਿਖਹੁ= ਦੇਖ ਲਓ।

ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥ ੩ ॥

ਜਿਨ੍ਹਾਂ ਨੂੰ ਗੁਰਾਂ ਦੀ ਸਿਖਿਆ ਦੁਆਰੇ ਹਰੀ ਨਾਮ-ਰਸ ਮਿੱਠਾ ਲੱਗਾ ਹੈ, ਉਨ੍ਹਾਂ ਨੂੰ ਸਾਰੇ ਵਿਸ਼ੇ ਰਸ ਬਿਸਰੇ=ਭੁੱਲ ਗਏ ਹਨ ॥ ੩ ॥

ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥

ਰਸਾਂ ਵਿੱਚੋਂ ਰਾਮ ਜੋ ਰਮਿਆ ਹੋਇਆ ਹੈ ਉਸ ਦਾ ਜੋ ਨਾਮ ਰਸਾਇਣ ਰਸ ਹੈ, ਉਸ ਦੀ ਪ੍ਰਾਪਤੀ ਲਈ ਹਰੀ ਦੇ ਸੰਤ ਜਨਾਂ ਨੂੰ ਸੇਵਣਾ ਕਰੋ।

ਅਥਵਾ:-ਹੇ ਸੰਤ ਜਨੋ ! ਉਸ ਹਰੀ ਨੂੰ ਸੇਵਣਾ ਕਰੋ।

ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ-(ਧਰਮ, ਅਰਥ, ਕਾਮਜ, ਮੋਖ, ਰੂਪ) ਚਾਰ ਪਦਾਰਥ ਹਨ ਜੇਕਰ ਚਾਰੇ ਪਦਾਰਥਾਂ ਨੂੰ ਪਾਉਣਾ ਚਾਹੁੰਦੇ ਹੋ ਤਾਂ ਗੁਰ-ਸਿਖਿਆ ਦਆਰੇ ਹਰੀ ਦਾ ਭਜਨ ਕਰੋ।

ਅਥਵਾ:-ਚਾਂਰਿ=ਸੁੰਦਰ ਚਾਰੇ ਪਦਾਰਥ ਪਾਏ ਹਨ। ਵਾ:-ਗੁਰਮੁਖਾਂ ਨੇ ਚਾਰ ਤੇ ਚਾਰ ਅੱਠ ਪਦਾਰਥ ਪਾਏ ਹਨ, ਧਰਮ, ਅਰਥ, ਕਾਮਜ, ਮੋਖ ਤੇ ਜਨਮ ਪਦਾਰਥ, ਪ੍ਰੇਮ ਪਦਾਰਥ, ਨਾਮ ਪਦਾਰਥ, ਗਿਆਨ ਪਦਾਰਥ।

ਬਿਲਾਵਲੁ ਮਹਲਾ ੪ ॥

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥

ਬ੍ਰਾਹਮਣ, ਖੱਤ੍ਰੀ, ਵੈਸ਼ ਤੇ ਸ਼ੂਦਰ ਇਹ ਚਾਰ ਵਰਨ ਹਨ, ਇਨ੍ਹਾਂ ਵਿਚੋਂ ਜੰਪੈਨੀ=ਜਪਣੇ ਜੋਗ ਹਰੀ ਨਾਮ ਮੰਤ੍ਰ ਨੂੰ ਜਿਹੜਾ ਕੋਈ ਜਪਦਾ ਹੈ ਉਹ ਤਰ ਜਾਂਦਾ ਹੈ।

ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥

ਗੁਰੁ=ਪੂਜਨੀਕ ਸਤਿਗੁਰਾਂ ਨੂੰ ਪਾਰਬ੍ਰਹਮ ਰੂਪ ਜਾਣ ਕੇ ਪੂਜਣਾ ਕਰੋ ਤੇ ਨਿਤਾਪ੍ਰਤੀ ਸਾਰਾ ਦਿਨ, ਸਾਰੀ ਰਾਤ ਸੇਵਾ ਕਰੋ। *ਅਥਵਾ:-* ਨਿਤਾਪ੍ਰਤੀ ਦਿਨ ਰਾਤ ਸਭ ਤਰ੍ਹਾਂ ਦੀ ਸੇਵਾ ਕਰੋ॥ ੧॥

ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥

ਹੇ ਹਰੀ ਦੇ ਸੇਵਕ ਜਨੋ ! ਗਿਆਨ ਵੈਰਾਗੁ ਰੂਪੀ ਨੇਤ੍ਰਾਂ ਵਾਲੇ, ਵਾ:-ਨੈਨੀ=ਨਿਯੰਤਾ (ਪ੍ਰੇਰਕ) ਸਤਿਗੁਰਾਂ ਨੂੰ ਇਨ੍ਹਾਂ ਅੱਖਾਂ ਨਾਲ ਹਰੀ ਰੂਪ ਦੇਖੋ।

ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ ॥੧॥ ਰਹਾਉ ॥

ਫਿਰ ਜੋ ਇਛਹੁ=ਚਾਹੋਗੇ ਓਹੀ ਫਲ ਪਾਉਗੇ; ਗੁਰਾਂ ਦੀ ਸਿਖਿਆ ਅਨੁਸਾਰ ਹਰੀ ਨਾਮ ਬਾਣੀ ਨੂੰ ਬੋਲਣਾ ਕਰੋ॥ ੧॥ ਰਹਾਉ॥

ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥

ਭਾਵੇਂ ਅਨੇਕ ਤਰ੍ਹਾਂ ਦੇ ਉਪਾਵ=ਜਤਨਾਂ ਨੂੰ ਬਹੁਤੇਰਾ ਚਿਤਵੀਅਹਿ=ਸੋਚਦੇ ਰਹੀਏ, ਪਰ ਜਿਹੜੀ ਗੱਲ ਹੋਵੈਨੀ=ਹੋਣੀ ਹੈ ਸਾ ਹੋਵੇ=ਉਹ ਗੱਲ ਜ਼ਰੂਰ ਹੋ ਕੇ ਰਹਿੰਦੀ ਹੈ ।

ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੈ ਜਿ ਮੇਰੈ ਚਿਤਿ ਨ ਚਿਤੈਨੀ ॥੨॥

ਸਭ ਕੋਈ ਆਪਣਾ ਭਲਾ ਚਾਹੁੰਦਾ ਹੈ, ਪਰ ਪ੍ਰਭੂ ਉਹ ਕੰਮ ਕਰਦਾ ਹੈ ਜੋ ਮੇਰੇ ਚਿੱਤ ਚੇਤੇ ਭੀ ਨਹੀਂ ਹੁੰਦਾ॥ ੨॥

ਮਨਿ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥

ਹੇ ਹਰੀ ਦੇ ਸੇਵਕ ਜਨੋ ! ਮਨ ਦੀ ਮੱਤ ਤਿਆਗ ਦਿਓ, ਮਨਮਤ ਦਾ ਜਿਹੜਾ ਤਿਆਗਣਾ ਹੈ ਏਹੋ ਗੱਲ ਕਠੈਨੀ=ਕਠਨ (ਔਖੀ) ਹੈ।

ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥

ਗੁਰ=ਪੂਜਨੀਕ ਸਤਿਗੁਰਾਂ ਦੀ ਸਿਖਿਆ ਲੈ ਕੇ ਦਿਨ ਰਾਤ ਹਰਿ ਹਰਿ ਨਾਮ ਨੂੰ ਧਿਆਉਣਾ ਕਰੋ॥ ੩॥

ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥

ਹੇ ਸੁਆਮੀ ! ਕੁਮਤਿ ਤੇ ਸੁਮਤਿ ਤੇਰੇ ਵੱਸ ਵਿਚ ਹੈ, ਅਸੀਂ ਜੰਤ ਹਾਂ ਤੂੰ ਜੰਤੈਨੀ=ਪ੍ਰੇਰਕ ਪੁਰਖ ਹੈਂ। ਵਾ:-ਅਸੀਂ ਜੰਤ=ਵਾਜੇ ਹਾਂ ਤੂੰ ਜੰਤੈਨੀ=ਵਜਾਉਣ ਵਾਲਾ ਪੁਰਖ ਹੈਂ । ਜੇਹਾ ਤੂੰ ਬੁਲਾਉਂਦਾ ਹੈ ਤੇਹਾ ਅਸੀਂ ਬੋਲਦੇ ਹਾਂ।

ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਦਾਸ ਦੇ ਸੁਆਮੀ ਪ੍ਰਭੂ ਕਰਤੇ ! ਜਿਵੇਂ ਆਪ ਜੀ ਨੂੰ ਭਾਉਂਦਾ ਹੈ; ਤਿਵੇਂ ਸਾਨੂੰ ਬੁਲਾਉਂਦਾ ਹੈਂ॥ ੪ ॥ ੫ ॥

ਬਿਲਾਵਲੁ ਮਹਲਾ ੪ ॥

ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ॥

ਅਨੰਦ ਦੇ ਮੂਲੁ=ਮੁੱਢ ਰੂਪ ਉੱਤਮ ਪੁਰਖ ਨੂੰ ਧਿਆਉਣਾ ਕੀਤਾ ਹੈ, ਇਸ ਲਈ ਰਾਤ ਦਿਨ ਅਨੰਦ ਨੂੰ ਪਾ ਕੇ ਅਨੰਦ ਹੋ ਰਹੇ ਹਾਂ।

ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ॥ ੧ ॥

ਧਰਮ ਰਾਜਾ ਦੀ ਕਾਨ ਕਨੌਡ ਚੁਕਾ ਦਿੱਤੀ ਹੈ 'ਤੇ ਜਮ ਦੇ ਸਾਰੇ ਛੰਦੇ=ਮੁਹਲਾਜੇ ਚੂਕੇ=ਦੂਰ ਹੋ ਗਏ ਹਨ।

ਜਪਿ ਮਨ ਹਰਿ ਹਰਿ ਨਾਮੁ ਗੋਬਿੰਦੇ॥

ਹੇ ਭਾਈ ! ਮਨ=ਮੈਂ ਗੋਬਿੰਦ ਦੇ ਹਰਿ ਹਰਿ ਨਾਮ ਨੂੰ ਮਨ ਵਿਚ ਜਪਿਆ ਹੈ, ਤੁਸੀਂ ਜਪਣਾ ਕਰੋ।

ਵਡਭਾਗੀ ਗੁਰੁ ਸਤਿਗੁਰੁ ਪਾਇਆ ਗੁਣ ਗਾਏ ਪਰਮਾਨੰਦੇ॥ ੧ ॥ ਰਹਾਉ ॥

ਵੱਡਿਆਂ ਭਾਗਾਂ ਨਾਲ ਗੁਰੁ=ਪੂਜਨੀਕ ਸਤਿਗੁਰਾਂ ਨੂੰ ਪਾਇਆ ਹੈ ਤੇ ਪਰਮ ਅਨੰਦ ਸਰੂਪ ਪਰਮੇਸ਼ਰ ਦੇ ਗੁਣ ਗਾ ਕੇ ਪਰਮਾਨੰਦੇ=ਬੜੇ ਅਨੰਦ ਹੋਏ ਹਾਂ॥ ੧ ॥ ਰਹਾਉ ॥

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ॥

ਮੂਰਖ ਸਾਕਤ ਮਾਇਆ ਦੇ ਬਧਿਕ=ਬੱਧੇ ਹੋਏ ਹਨ, ਇਸ ਲਈ ਉਹ ਮਾਇਆ ਦੇ ਫੇਰਾਂ ਵਿਚ ਹੀ ਫਿਰਦੇ ਹਨ। *ਅਥਵਾ:*-ਮੂਰਖ ਸਾਕਤ ਮਾਇਆ ਦੀ ਪ੍ਰਾਪਤੀ ਵਾਸਤੇ ਬਧਿਕ=ਹਿੰਸਕ ਹੋ ਰਹੇ ਹਨ ਪਰਮੇਸ਼ਰ ਦੇ ਫਿਰਾਏ ਹੋਏ, ਵਾ:- ਕਰਮਾਂ ਦੇ ਫਿਰਾਏ ਹੋਏ ਮਾਇਆ ਦੇ ਵਿਚ ਫਿਰ ਰਹੇ ਹਨ।

ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥ ੨ ॥

ਕਿਰਤ=ਕਰਮਾਂ ਦੇ ਬਧੇ ਹੋਏ ਤ੍ਰਿਸ਼ਨਾਂ ਦੀ ਅੱਗ ਵਿਚ ਜਲਤ=ਸੜਦੇ ਹਨ ਤੇ ਮਾਇਆ ਦੇ ਮਗਰ ਇਸ ਤਰ੍ਹਾਂ ਫਿਰਦੇ ਹਨ ਜਿਵੇਂ ਤੇਲੀ ਦਾ ਬਲਦ ਕੋਹਲੂ ਦੇ ਆਲੇ ਦੁਆਲੇ ਭਉਂਦਾ ਹੈ॥ ੨ ॥

ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ॥

ਜੋ ਮੁਖੀ ਗੁਰਾਂ ਦੀ ਸੇਵਾ ਵਿਚ ਲੱਗੇ ਹਨ ਉਹ ਤਰ ਗਏ ਹਨ, ਵਡਭਾਗੀ ਪੁਰਸ਼ ਹੀ ਗੁਰਾਂ ਦੀ ਸੇਵਾ ਕਰਦੇ ਹਨ।

ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ॥ ੩ ॥

ਜਿਨ੍ਹਾਂ ਨੇ ਹਰੀ ਨਾਮ ਨੂੰ ਜਪਿਆ ਹੈ ਉਨ੍ਹਾਂ ਨੇ ਗਿਆਨ-ਫਲ ਪਾਇਆ ਹੈ ਅਤੇ ਉਨ੍ਹਾਂ ਦੇ ਗਲੋਂ ਮਾਇਆ ਦੇ ਸਾਰੇ ਫਾਹ ਟੁੱਟ ਗਏ ਹਨ॥ ੩ ॥

ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥

ਆਪੇ ਠਾਕੁਰ ਰੂਪ ਹੈ ਆਪੇ ਸੇਵਕ ਰੂਪ ਹੈ, ਸਾਰੇ ਰੂਪ ਗੋਬਿੰਦ ਆਪੇ ਆਪ ਹੋ ਰਿਹਾ ਹੈ।

ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਉਹ ਗੋਬਿੰਦ ਆਪੇ ਆਪ ਸਭ ਰੂਪ ਹੋ ਕੇ ਸਾਰਿਆਂ ਵਿਚ ਵਰਤ ਰਿਹਾ ਹੈ, ਜਿਵੇਂ ਉਹ ਰੱਖਦਾ ਹੈ ਤਿਵੇਂ ਸਾਰੇ ਜੀਵ ਰਹਿੰਦੇ ਹਨ॥ ੪॥ ੬॥

ੴ ਸਤਿਗੁਰ ਪ੍ਰਸਾਦਿ ॥

ਰਾਗੁ ਬਿਲਾਵਲੁ ਮਹਲਾ ੪ ਪੜਤਾਲ ਘਰੁ ੧੩ ॥

ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ ॥

ਹੇ ਭਾਈ ! ਰਾਮ ਨਾਮ ਨੂੰ ਬੋਲਣਾ ਕਰੋ, ਜੋ ਪਾਪੀਆਂ ਨੂੰ ਪਾਵਨ=ਪਵਿੱਤ੍ਰ ਕਰਨ ਵਾਲਾ ਹੈ।

[ਪੰਨਾ ੮੦੧]

ਹਰਿ ਸੰਤ ਭਗਤ ਤਾਰਨੋ ॥ ਹਰਿ ਭਰਿਪੁਰੇ ਰਹਿਆ ॥

ਹਰੀ ਨਾਮ ਹੀ ਸੰਤਾਂ ਭਗਤਾਂ ਨੂੰ ਤਾਰਨ ਵਾਲਾ ਹੈ, ਹਰੀ ਸਾਰੇ ਭਰਪੂਰ ਹੋ ਰਿਹਾ ਹੈ।

ਜਲਿ ਥਲੇ ਰਾਮ ਨਾਮੁ ॥ ਨਿਤ ਗਾਈਐ ਹਰਿ ਦੂਖ ਬਿਸਾਰਨੋ ॥ ੧ ॥ ਰਹਾਉ ॥

ਰਾਮ ਹੈ ਨਾਮ ਜਿਸਦਾ ਉਹ ਜਲਾਂ, ਥਲਾਂ ਵਿਚ ਰਮ ਰਿਹਾ ਹੈ। ਜੋ ਹਰੀ ਦੁੱਖਾਂ ਦੇ ਦੂਰ ਕਰਨ ਵਾਲਾ ਹੈ ਉਸ ਦੇ ਨਾਮਾਂ ਨੂੰ ਨਿਤਾਪ੍ਰਤੀ ਗਾਉਣਾ ਕਰੋ॥ ੧॥ ਰਹਾਉ॥

ਹਰਿ ਕੀਆ ਹੈ ਸਫਲ ਜਨਮੁ ਹਮਾਰਾ ॥

ਹਰੀ ਨੇ ਮੇਰਾ ਮਨੁੱਖਾ ਜਨਮ ਸਫਲ ਕਰ ਦਿੱਤਾ ਹੈ। ਕਿਉਂਕਿ ਮੈਂ-

ਹਰਿ ਜਪਿਆ ਹਰਿ ਦੂਖ ਬਿਸਾਰਨਹਾਰਾ ॥

ਦੁੱਖਾਂ ਦੇ ਦੂਰ ਕਰਨ ਵਾਲਾ ਹਰਿ ਹਰਿ ਨਾਮ ਜਪਿਆ ਹੈ।

ਗੁਰੁ ਭੇਟਿਆ ਹੈ ਮੁਕਤਿ ਦਾਤਾ ॥ ਹਰਿ ਕੀਈ ਹਮਾਰੀ ਸਫਲ ਜਾਤਾ ॥

ਮੁਕਤੀ ਦੇਣ ਵਾਲਾ ਗੁਰੂ ਮਿਲਿਆ ਹੈ, ਇਸ ਕਰਕੇ ਹਰੀ ਨੇ ਸਾਡੀ ਗੁਰਾਂ ਪਾਸ ਜਾਣ ਦੀ ਯਾਤਰਾ, ਵਾ:-ਸੰਸਾਰਕ ਯਾਤਰਾ ਸਫਲ ਕਰ ਦਿੱਤੀ ਹੈ।

ਮਿਲਿ ਸੰਗਤੀ ਗੁਨ ਗਾਵਨੋ ॥ ੧ ॥

ਤੂੰ ਭੀ ਗੁਰਾਂ ਦੀ ਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਉਣਾ ਕਰ।

ਮਨ ਰਾਮ ਨਾਮ ਕਰਿ ਆਸਾ ॥ ਭਾਉ ਦੂਜਾ ਬਿਨਸਿ ਬਿਨਾਸਾ ॥

ਹੇ ਭਾਈ ! ਮਨ=ਮੈਂ ਰਾਮ ਰਾਮ ਜਪਣ ਦੀ ਆਸਾ ਕੀਤੀ ਹੈ, ਤੂੰ ਭੀ ਮਨ ਵਿਚ ਰਾਮ ਨਾਮ ਜਪਣ ਦੀ

ਆਸ ਕਰ ਅਤੇ ਦ੍ਵੈਤ ਭਾ ਨੂੰ ਬਿਨਸਿ=ਸ਼ੀਘਰ ਹੀ ਬਿਨਾਸਾ=ਨਾਸ ਕਰ ਦੇ।

ਅਥਵਾ:- ਨਾਸ ਕਰਨ ਵਾਲੇ ਦ੍ਵੈਤ ਭਾ ਨੂੰ ਨਾਸ ਕਰ ਦੇ।

ਅਥਵਾ:-ਦ੍ਵੈਤ ਭਾ ਨਾਸ ਕਰਕੇ ਬਿਨਾਸਾ ਬਿਨ ਆਸਾ=ਆਸ਼ਾ ਤੋਂ ਬਿਨਾਂ ਹੋ ਜਾ।

ਵਿਚਿ ਆਸਾ ਹੋਇ ਨਿਰਾਸੀ॥ ਸੋ ਜਨੁ ਮਿਲਿਆ ਹਰਿ ਪਾਸੀ॥

ਆਸਾ ਰੂਪ ਪ੍ਰਪੰਚ ਵਿਚ ਜੋ ਨਿਰਾਸ ਹੋ ਕੇ ਰਿਹਾ ਹੈ। ਉਹ ਪੁਰਸ਼ ਹਰੀ ਦੇ ਪਾਸ ਭਾਵ ਹਰੀ ਦੇ ਨਾਲ ਮਿਲਿਆ ਹੈ।

ਕੋਈ ਰਾਮ ਨਾਮ ਗੁਨ ਗਾਵਨੋ॥
ਜਨੁ ਨਾਨਕੁ ਤਿਸੁ ਪਗਿ ਲਾਵਨੋ॥ ੨॥ ੧॥ ੭॥ ੪॥ ੬॥ ੭॥ ੧੭॥

ਜਿਹੜਾ ਕੋਈ ਗੁਨ=ਵਿਚਾਰ ਕੇ ਰਾਮ ਨਾਮ ਦੇ ਗੁਣਾਂ ਨੂੰ ਗਾਉਣ ਵਾਲਾ ਹੈ।

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਜਨ ਨੂੰ ਉਸ ਦੇ ਚਰਨੀਂ ਲਾਉਣਾ ਕਰੋ॥ ੨॥ ੧॥ ੭॥ ੪॥ ੬॥ ੭॥ ੧੭॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧

੧ੴ ਸਤਿਗੁਰ ਪ੍ਰਸਾਦਿ॥

ਨਦਰੀ ਆਵੈ ਤਿਸੁ ਸਿਉ ਮੋਹੁ॥ ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ॥

ਜੋ ਸੰਸਾਰ ਨਿਗਾਹ ਆਉਂਦਾ ਹੈ ਇਹ ਮਨ ਉਸ ਨਾਲ ਮੋਹ ਕਰ ਰਿਹਾ ਹੈ।

ਹੇ ਨਾਸ ਤੋਂ ਰਹਿਤ ਪ੍ਰਭੂ ! ਤੇਰੇ ਨਾਲ ਕਿਵੇਂ ਮਿਲਾਪ ਹੋਵੇਗਾ?

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ॥ ਸਾਧਸੰਗਤਿ ਕੈ ਅੰਚਲਿ ਲਾਵਹੁ॥੧॥

ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸ਼ੁਭ ਰਸਤੇ ਵਿਚ ਪਾਵੋ ਅਤੇ ਸਤਸੰਗਤ ਦੇ ਅੰਚਲਿ=ਪੱਲੇ ਨਾਲ ਲਗਾ ਦਿਓ॥ ੧॥

ਕਿਉ ਤਰੀਐ ਬਿਖਿਆ ਸੰਸਾਰੁ॥ ਸਤਿਗੁਰੁ ਬੋਹਿਥੁ ਪਾਵੈ ਪਾਰਿ॥੧॥ ਰਹਾਉ॥

ਇਹ ਜ਼ਹਿਰ ਦਾ ਸਮੁੰਦਰ-ਸੰਸਾਰ ਕਿਵੇਂ ਤਰਿਆ ਜਾਵੇਗਾ ?

ਉੱਤਰ:-ਨਾਮ ਗਿਆਨ ਰੂਪੀ ਜਹਾਜ਼ ਉੱਤੇ ਚੜ੍ਹਾ ਕੇ ਸਤਿਗੁਰੂ ਹੀ ਪਾਰ ਲੰਘਾਉਂਦੇ ਹਨ॥ ੧॥ ਰਹਾਉ॥

ਪਵਨ ਝੁਲਾਰੇ ਮਾਇਆ ਦੇਇ॥ ਹਰਿ ਕੇ ਭਗਤ ਸਦਾ ਥਿਰੁ ਸੇਇ॥

ਮਾਇਆ ਰੂਪੀ ਪੌਣ ਵਾਸ਼ਨਾਂ ਰੂਪੀ ਝੁਲਾਰੇ=ਬੁੱਲੇ (ਝੋਲੇ) ਦੇਂਦੀ ਹੈ। ਪਰ ਉਨ੍ਹਾਂ ਬੁੱਲਿਆਂ ਵਿਚ ਹਰੀ ਦੇ ਜੋ ਭਗਤ ਹਨ ਉਹ ਸਦਾ ਹੀ ਇਸਥਿਤ ਰੂਪ ਹਨ।

ਹਰਖ ਸੋਗ ਤੇ ਰਹਹਿ ਨਿਰਾਰਾ॥ ਸਿਰ ਊਪਰਿ ਆਪਿ ਗੁਰੂ ਰਖਵਾਰਾ॥੨॥

ਉਹ ਹਰਖ ਸੋਗ ਤੋਂ ਅਲੇਪ ਰਹਿੰਦੇ ਹਨ। ਕਿਉਂਕਿ ਉਨ੍ਹਾਂ ਦੇ ਸਿਰ ਉੱਤੇ ਗੁਰੂ ਆਪ ਰੱਖਿਆ ਕਰਨ ਵਾਲਾ ਹੈ॥ ੨॥

ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥
ਹਉਮੈ ਪਚੇ ਦੀਪਕ ਦੇਖਿ ਪਤੰਗਾ ॥

ਮਾਇਆ ਰੂਪ ਭੁਇਅੰਗਾ=ਸੱਪਣੀ ਨੇ ਸਾਰਿਆਂ ਜੀਵਾਂ ਨੂੰ ਵੇੜੁ=ਘੇਰਾ ਪਾਇਆ ਹੋਇਆ ਹੈ।

ਇਸ ਲਈ ਜੀਵ ਹਉਮੈ ਵਿਚ ਇਸ ਤਰ੍ਹਾਂ ਸੜ ਰਹੇ ਹਨ, ਜਿਵੇਂ ਪਤੰਗਾ ਦੀਵੇ ਨੂੰ ਵੇਖ ਕੇ ਉਸ ਉੱਤੇ ਜਾ ਸੜਦਾ ਹੈ।

ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥ ੩ ॥

ਗੁਰੂ ਤੋਂ ਬਿਨਾਂ ਭਾਵੇਂ ਸਾਰੇ ਸਾਧਨਾਂ ਰੂਪੀ ਸ਼ਿੰਗਾਰ ਕਰ ਭੀ ਲਵੇ, ਤੋਭੀ ਨਹੀਂ ਪਾਉਂਦਾ।

ਜਾਂ ਪ੍ਰਭੂ ਕ੍ਰਿਪਾਲੂ ਹੋਵੇ ਤਾਂ ਪੂਰਿਆਂ ਗੁਰਾਂ ਨਾਲ ਮਿਲਾਉਂਦਾ ਹੈ॥ ੩ ॥

ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥

ਮੈਂ ਉਦਾਸੀਨ ਹੋਈ ਫਿਰਦੀ ਹਾ, ਮੈਨੂੰ ਇਕ ਨਾਮ-ਰਤਨ ਦੀ ਦਸ ਪਈ ਹੈ ਇਸ ਲਈ ਉਸ ਨਾਮ-ਰਤਨ ਨੂੰ ਦਸਾਇਆ=ਪੁੱਛਦੀ ਹਾਂ।

ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥

ਉਹ ਨਿਰਮੋਲਕੁ ਹੀਰਾ ਨਾਮ ਆਪਣੇ ਆਪ ਕਿਸੇ ਜਤਨ ਨਾਲ ਮਿਲਦਾ ਨਹੀਂ ਹੈ।

ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥

ਹਰੀ ਦਾ ਮੰਦਰ ਜੋ ਸਤਸੰਗ ਹੈ ਉਸ ਵਿਚ ਲਾਲੁ=ਪ੍ਰੇਮ ਵਾ-ਨਾਮ ਹੈ।

ਅਥਵਾ:-ਹਰੀ ਦਾ ਮੰਦਰ ਜੋ ਅੰਤਹਕਰਨ ਹੈ.ਉਸ ਵਿਚ ਲਾਲੁ=ਪਿਆਰਾ ਪ੍ਰਭੂ ਪਰਮਾਤਮਾ ਹੈ।

ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥ ੪ ॥

ਜਿਸ ਵੇਲੇ ਗੁਰਾਂ ਨੇ ਪੰਜਾਂ ਕੋਸ਼ਾਂ ਰੂਪੀ ਪੜਦਾ ਖੋਲ੍ਹਿਆ ਤਾਂ ਪਰਮਾਤਮਾ ਨੂੰ ਦੇਖਕੇ ਨਿਹਾਲ ਹੋ ਗਈ॥ ੪ ॥

ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥

ਜਿਸ ਨੇ ਚਾਖਿਆ=ਚੱਖਿਆ (ਖਾਧਾ) ਹੈ ਓਸੇ ਨੂੰ ਸਾਦੁ=ਅਨੰਦ ਆਇਆ ਹੈ। ਜਿਵੇਂ ਗੁੰਗਾ ਪੁਰਸ਼ ਗੁੜ ਆਦਿਕ ਮਿਸ਼ਠਾਨ ਖਾ ਕੇ ਮਨ ਵਿਚ ਅਸਚਰਜ ਹੁੰਦਾ ਹੈ।

ਆਨਦ ਰੂਪੁ ਸਭੁ ਨਦਰੀ ਆਇਆ ॥

ਉਸ ਨੂੰ ਸਾਰਿਆਂ ਵਿਚ ਅਨੰਦ ਰੂਪ ਪਰਮਾਤਮਾ ਨਿਗਾਹ ਆਇਆ ਹੈ।

ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥ ੫ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਹਰੀ ਦੇ ਗੁਣ ਆਖਣ ਵਾਲਾ ਪੁਰਸ਼ ਉਸ ਦੇ ਵਿਚ ਹੀ ਸਮਾ ਗਿਆ ਹੈ॥ ੫ ॥ ੧ ॥

ਬਿਲਾਵਲੁ ਮਹਲਾ ੫ ॥ ਸਰਬ ਕਲਿਆਣ ਕੀਏ ਗੁਰਦੇਵ ॥

ਗੁਰਦੇਵਾਂ ਨੇ ਉਸ ਸੇਵਕ ਨੂੰ ਸਾਰੇ ਕਲਿਆਣ=ਸੁਖ ਪ੍ਰਾਪਤ ਕਰ ਦਿੱਤੇ ਹਨ।

ਸੇਵਕੁ ਅਪਨੀ ਲਾਇਓ ਸੇਵ ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥ ੧ ॥

ਜਿਸ ਸੇਵਕ ਨੂੰ ਆਪਣੀ ਸੇਵਾ ਵਿਚ ਲਗਾਇਆ ਹੈ। ਅਲੱਖ ਅਭੇਵ ਦੇ ਜਪਿਆਂ ਕੋਈ ਵਿਘਨ ਨਹੀਂ ਆ ਕੇ ਲੱਗਦਾ ॥ ੧ ॥

ਧਰਤਿ ਪੁਨੀਤ ਭਈ ਗੁਨ ਗਾਏ ॥
ਦੁਰਤੁ ਗਇਆ ਹਰਿ ਨਾਮੁ ਧਿਆਏ ॥ ੧ ॥ ਰਹਾਉ ॥

ਜਿਥੇ ਬਹਿ ਕੇ ਸੰਤਾਂ ਨੇ ਗੁਣ ਗਾਏ ਹਨ ਉਹ ਪ੍ਰਤੱਖ ਧਰਤੀ, ਵਾ:-ਬੁੱਧੀ ਰੂਪ ਧਰਤੀ ਪੁਨੀਤ=ਪਵਿੱਤ੍ਰ ਹੋਈ ਹੈ। ਹਰੀ ਨਾਮ ਦੇ ਧਿਆਉਣ ਕਰਕੇ ਦੁਰਤੁ=ਪਾਪਾਂ ਦਾ ਪੁੰਜ ਨਵਿਰਤ ਹੋ ਗਿਆ ਹੈ॥ ੧ ॥

ਸਭਨੀ ਥਾਂਈ ਰਵਿਆ ਆਪਿ ॥ ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥

ਸਾਰੀਆਂ ਜਗ੍ਹਾਂ ਪਰ ਉਹ ਪ੍ਰਭੂ ਆਪ ਰਵ ਰਿਹਾ ਹੈ। ਆਦਿ ਜੁਗਾਦਿ=ਸਦਾ ਸਦਾ ਜਿਸ ਦਾ ਸਭ ਤੋਂ ਵੱਡਾ ਪ੍ਰਤਾਪ ਹੈ।

ਗੁਰ ਪਰਸਾਦਿ ਨ ਹੋਇ ਸੰਤਾਪੁ ॥ ੨ ॥

ਗੁਰਾਂ ਦੀ ਕਿਰਪਾ ਨਾਲ ਸੰ=ਭਲੀ ਪ੍ਰਕਾਰ ਕੋਈ ਦੁੱਖ ਨਹੀਂ ਹੁੰਦਾ॥ ੨ ॥

ਗੁਰ ਕੇ ਚਰਨ ਲਗੇ ਮਨਿ ਮੀਠੇ ॥ ਨਿਰਬਿਘਨ ਹੋਇ ਸਭ ਥਾਂਈ ਵੂਠੇ ॥

ਗੁਰੂ ਦੇ ਚਰਨ ਮਨ ਵਿਚ ਪਿਆਰੇ ਲੱਗੇ ਹਨ। ਹੁਣ ਬਿਘਨਾਂ ਤੋਂ ਰਹਿਤ ਹੋ ਕੇ ਸਭ ਜਗ੍ਹਾਂ ਪਰ ਸੁਖ ਪੂਰਬਕ ਵਸੇ ਹਾਂ।

ਅਥਵਾ:-ਬਿਘਨਾਂ ਤੋਂ ਰਹਿਤ ਹੋ ਗਏ ਹਾਂ ਤੇ ਸਭ ਜਗ੍ਹਾਂ ਪਰ ਪਰਮੇਸ਼ਰ ਨੂੰ ਵਸਿਆ ਨਿਸਚੇ ਕੀਤਾ ਹੈ।

ਸਭਿ ਸੁਖ ਪਾਏ ਸਤਿਗੁਰ ਤੂਠੇ ॥ ੩ ॥

ਸਤਿਗੁਰਾਂ ਦੇ ਤੂਠੇ=ਪ੍ਰਸੰਨ ਹੋਣ ਨਾਲ ਸਾਰੇ ਸੁਖ ਪਾਏ ਹਨ॥ ੩ ॥

ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥ ਜਿਥੈ ਕਿਥੈ ਦੀਸਹਿ ਨਾਲੇ ॥

ਪਾਰਬ੍ਰਹਮ ਪ੍ਰਭੂ ਰੱਖਿਆ ਕਰਨ ਵਾਲੇ ਹੋਏ ਹਨ। ਜਿਥੇ ਕਿਥੇ (ਹਰ ਜਗ੍ਹਾਂ ਪਰ) ਨਾਲ ਹੀ ਦਿਸਦੇ ਹਨ।

ਨਾਨਕ ਦਾਸ ਖਸਮਿ ਪ੍ਰਤਿਪਾਲੇ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਖਸਮ ਪਰਮਾਤਮਾ ਦਾਸਾਂ ਦੀ ਆਪ ਹੀ ਪ੍ਰਤਿਪਾਲਾ ਕਰਦਾ ਹੈ। ਵਾ:-ਦਾਸ ਜਾਣ ਕੇ ਖਸਮ ਨੇ ਆਪ ਹੀ ਪਾਲਣਾ ਕੀਤੀ ਹੈ॥ ੪ ॥ ੨ ॥

[ਪੰਨਾ ੮੦੨]

ਬਿਲਾਵਲੁ ਮਹਲਾ ੫ ॥

ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥

ਹੇ ਮੇਰੇ ਪ੍ਰੀਤਮ ਪ੍ਰਭੂ ! ਤੂੰ ਸੁਖਾਂ ਦਾ ਨਿਧਾਨ=ਖਜ਼ਾਨਾ ਹੈਂ। ਹੇ ਪ੍ਰਭੂ ਠਾਕੁਰ ! ਤੇਰੇ ਗੁਣ ਅਗਨਤ= ਬੇਅੰਤ ਹਨ।

ਮੋਹਿ ਅਨਾਥ ਤੁਮਰੀ ਸਰਣਾਈ॥ ਕਰਿ ਕਿਰਪਾ ਹਰਿ ਚਰਨ ਧਿਆਈ॥ ੧॥

ਮੈਂ ਅਨਾਥ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ। ਇਹ ਕਿਰਪਾ ਕਰ ਜੋ ਹੇ ਹਰੀ ! ਆਪ ਜੀ ਦੇ ਚਰਨਾਂ ਦਾ ਧਿਆਈ ਹੋਵਾਂ ॥ ੧॥

ਦਇਆ ਕਰਹੁ ਬਸਹੁ ਮਨਿ ਆਇ॥
ਮੋਹਿ ਨਿਰਗੁਨ ਲੀਜੈ ਲੜਿ ਲਾਇ॥ ਰਹਾਉ॥

ਦਇਆ-ਦ੍ਰਿਸ਼ਟੀ ਕਰਕੇ ਮੇਰੇ ਮਨ ਵਿਚ ਆ ਵੱਸੋ। ਮੈਂ ਗੁਣਾਂ ਤੋਂ ਹੀਣੇ ਨੂੰ ਆਪਣੇ ਨਾਮ-ਪੱਲੇ ਨਾਲ ਲਗਾ ਲਵੋ॥ ਰਹਾਉ॥

ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ॥ ਹਰਿ ਸੇਵਕ ਨਾਹੀ ਜਮ ਪੀੜ॥

ਪ੍ਰਭੂ ਚੇਤੇ ਆਵੇ ਤਾਂ ਫਿਰ ਕੇਹੀ ਭੀੜ=ਬਿਪਤਾ ਹੈ, ਵਾ:-ਕਾਮ ਆਦਿਕਾਂ ਦੀ ਭੀੜਾ ਵਿਚ, ਵਾ:-ਜਮਾਂ ਦੀ ਭੀੜਾ ਵਿਚ ਕਿਵੇਂ ਜਾ ਸਕਦਾ ਹੈ ? ਹਰੀ ਦੇ ਸੇਵਕ ਨੂੰ ਜਮਾਂ ਦੀ ਪੀੜ ਨਹੀਂ ਹੁੰਦੀ।

ਸਰਬ ਦੂਖ ਹਰਿ ਸਿਮਰਤ ਨਸੇ॥ ਜਾ ਕੈ ਸੰਗਿ ਸਦਾ ਪ੍ਰਭੁ ਬਸੈ॥ ੨॥

ਹਰੀ ਦੇ ਸਿਮਰਨ ਕਰਕੇ ਸਾਰੇ ਦੁੱਖ ਨੱਸ ਜਾਂਦੇ ਹਨ। ਜਿਸ ਨਾਮ ਦੇ ਸੰਗ ਕਰਕੇ ਸਦੀਵ ਕਾਲ ਪ੍ਰਭੂ ਹਿਰਦੇ ਵਿਚ ਵੱਸਦਾ ਹੈ। *ਅਥਵਾ:-* ਜਿਨ੍ਹਾਂ ਸੰਤਾਂ ਦੇ ਨਾਲ ਪ੍ਰਭੂ ਸਦਾ ਵੱਸਦਾ ਹੈ, ਉਨ੍ਹਾਂ ਸੰਤਾਂ ਨਾਲ ਮਿਲ ਕੇ ਹਰੀ ਨੂੰ ਸਿਮਰਦਿਆਂ ਸਾਰੇ ਦੁੱਖ ਨੱਸ ਜਾਂਦੇ ਹਨ॥ ੨॥

ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ॥ ਬਿਸਰਤ ਨਾਮੁ ਹੋਵਤ ਤਨੁ ਛਾਰੁ॥

ਪ੍ਰਭ ਕਾ ਨਾਮ ਮਨ ਅਤੇ ਤਨ ਦਾ ਆਧਾਰੁ=ਆਸਰਾ ਰੂਪ ਹੈ। ਨਾਮ ਦੇ ਭੁੱਲ ਜਾਣ ਤੇ ਸਰੀਰ ਛਾਰੁ=ਖੇਹ ਰੂਪ ਹੋ ਜਾਂਦਾ ਹੈ।

ਪ੍ਰਭ ਚਿਤਿ ਆਏ ਪੂਰਨ ਸਭ ਕਾਜ॥ ਹਰਿ ਬਿਸਰਤ ਸਭ ਕਾ ਮੁਹਤਾਜ॥ ੩॥

ਪ੍ਰਭੂ ਦੇ ਚੇਤੇ ਆਉਣ ਕਰਕੇ ਸਾਰੇ ਕੰਮ ਪੂਰਨ ਹੋ ਜਾਂਦੇ ਹਨ। ਹਰੀ ਦੇ ਭੁੱਲ ਜਾਣ ਤੇ ਸਭ ਦਾ ਮੁਥਾਜ ਹੋ ਜਾਂਦਾ ਹੈ ਭਾਵ ਸਭ ਦੇ ਅਧੀਨ ਹੋ ਕੇ ਰਹਿੰਦਾ ਹੈ॥ ੩॥

ਚਰਨ ਕਮਲ ਸੰਗਿ ਲਾਗੀ ਪ੍ਰੀਤਿ॥ ਬਿਸਰਿ ਗਈ ਸਭ ਦੁਰਮਤਿ ਰੀਤਿ॥

ਪ੍ਰਭੂ ਦੇ ਚਰਨ-ਕਵਲਾਂ ਨਾਲ ਜਿਸ ਦੀ ਪ੍ਰੀਤੀ ਲੱਗੀ ਹੈ। ਉਸ ਦੇ ਅੰਦਰੋਂ ਖੋਟੀ ਮੱਤ ਵਾਲੀ ਸਾਰੀ ਰੀਤੀ ਭੁੱਲ ਗਈ ਹੈ।

ਮਨ ਤਨ ਅੰਤਰਿ ਹਰਿ ਹਰਿ ਮੰਤ॥

ਜਿਨ੍ਹਾਂ ਦੇ ਮਨ ਤਨ ਦੇ ਵਿਚ ਹਰਿ ਹਰਿ ਮੰਤ=ਨਾਮ-ਮੰਤ੍ਰ ਵੱਸਦਾ ਹੈ।

ਨਾਨਕ ਭਗਤਨ ਕੈ ਘਰਿ ਸਦਾ ਅਨੰਦ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਭਗਤਾਂ ਦੇ ਹਿਰਦੇ-ਘਰ ਵਿਚ ਸਦਾ ਹੀ ਅਨੰਦ ਹੈ॥ ੪॥ ੩॥

ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ

*ਇਆਨੜੀਏ ਮਾਨੜਾ ਕਾਇ ਕਰੇਹਿ ॥**

ਜਿਸ ਤੀਜੇ ਘਰ ਵਿਚ ਇਹ ਸ਼ਬਦ ਗਾਉਣਾ ਕੀਤਾ ਹੈ ਓਸੇ ਘਰ ਵਿਚ ਇਸ ਨੂੰ ਗਾਇਨ ਕਰਨਾ ਪਰ ਇਥੇ ਘਰੁ ੨ ਭੀ ਲਿਖਿਆ ਹੈ, ਇਸ ਦਾ ਭਾਵ ਇਹ ਹੈ ਕਿ ਦੋ ਤਾਰ ਵਿਚ ਅਤੇ ਤਿੰਨ ਤਾਰ ਵਿਚ ਭੀ ਇਸ ਨੂੰ ਗਾਉਣਾ। ਜਾਂ ਦੋ ਤਿੰਨ, ਪੰਜ, ਪੰਜ ਤਾਰ ਵਿਚ ਇਸ ਨੂੰ ਗਾਇਨ ਕਰਨਾ।

*ਅਥਵਾ:-''ਜਾਨੀਅੜਾ ਹਰਿ ਜਾਨੀਅੜਾ''***

ਜਿਸ ਘਰ ਵਿਚ ਇਹ ਸ਼ਬਦ ਗਾਇਨ ਕੀਤਾ ਹੈ ਓਸੇ ਘਰ ਵਿਚ ਇਹ ਸ਼ਬਦ ਗਾਇਨ ਕਰਨਾ ।

ਵਾ:-ਯਾਨੜੀਏ ਛੰਦ ਦੀ ਚਾਲ ਹੈ। ਵਾ:-ਯਾਨੜੀਏ=ਪਿਆਰੇ ਪ੍ਰਭੂ ਨੂੰ ਹਿਰਦੇ-ਘਰ ਵਿਚ ਲਿਆ ਕੇ ਇਸ ਸ਼ਬਦ ਨੂੰ ਗਾਇਨ ਕਰਨਾ।

੧ੴ ਸਤਿਗੁਰ ਪ੍ਰਸਾਦਿ ॥

ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ॥

ਮੇਰੇ ਮਨ ਵਿਚ ਤੇਰੀ ਓਟ ਹੈ, ਮੇਰੇ ਪਿਆਰੇ ਪ੍ਰਭੂ ! ਮੇਰੇ ਮਨ ਵਿਚ ਆਪ ਜੀ ਦੀ ਟੇਕ=ਓਟ ਹੈ।

ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ॥੧॥ਰਹਾਉ॥

ਹੇ ਪਿਆਰੇ ਪ੍ਰਭੂ ! ਹੋਰ ਸਭ ਸਿਆਣਪਾਂ ਵਿਅਰਥ ਹਨ; ਇਕ ਤੂੰਹੀਂ ਰੱਖਿਆ ਕਰਨੇ ਨੂੰ ਸਮਰੱਥ ਹੈਂ।

ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ॥

ਹੇ ਪਿਆਰੇ ! ਜਿਹੜਾ ਪੂਰਿਆਂ ਸਤਿਗੁਰਾਂ ਨੂੰ ਮਿਲਦਾ ਹੈ ਓਹੀ ਪੁਰਸ਼ ਨਿਹਾਲ ਹੁੰਦਾ ਹੈ।

ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ॥

ਹੇ ਪਿਆਰੇ ! ਓਹੀ ਪੁਰਸ਼ ਗੁਰਾਂ ਦੀ ਸੇਵਾ ਕਰਦਾ ਹੈ, ਜਿਸ ਉੱਤੇ ਉਹ ਪ੍ਰਭੂ ਦਿਆਲੂ ਹੁੰਦਾ ਹੈ।

ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ॥

ਸੁਆਮੀ ਗੁਰਦੇਵਾਂ ਦੀ ਮੂਰਤੀ ਸਫਲ ਹੈ ਅਤੇ ਸਰਬ ਸ਼ਕਤੀਆਂ ਕਰਕੇ ਭਰਪੂਰ ਹੈ।

ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਪਾਰਬ੍ਰਹਮ ਰੂਪ ਹਨ ਤੇ ਪਰਮੇਸ਼ਰ ਆਪ ਗੁਰੂ ਰੂਪ ਹੋਇਆ ਹੈ,

*ਅਥਵਾ:-*ਪਾਰਬ੍ਰਹਮ ਪਰਮੇਸ਼ਰ ਸਦਾ ਸਦਾ ਗੁਰਾਂ ਦੇ ਹਜੂਰੇ=ਪਾਸ ਵੱਸਦਾ ਹੈ॥ ੧॥

ਸੁਣਿ ਸੁਣਿ ਜੀਵਾ ਸੋਇ ਤਿਨਾ ਕੀ ਜਿਨ੍ ਅਪੁਨਾ ਪ੍ਰਭੁ ਜਾਤਾ॥

ਜਿਨ੍ਹਾਂ ਨੇ ਆਪਣੇ ਪ੍ਰਭੂ ਨੂੰ ਜਾਣਿਆ ਹੈ ਮੈਂ ਉਹਨਾਂ ਦੀ ਸੋਇ=ਸ਼ੋਭਾ, ਵਾ:-ਕੰਨਸੋਆਂ ਸੁਣ-ਸੁਣ ਕੇ ਜੀਉਂਦਾ ਹਾਂ।

ਹਰਿ ਨਾਮੁ ਅਰਾਧਹਿ ਨਾਮੁ ਵਖਾਣਹਿ ਹਰਿ ਨਾਮੇ ਹੀ ਮਨੁ ਰਾਤਾ॥

---

*ਪੰਨਾ ੭੨੨ ਤਿਲੰਗ ਮ: ੧. **ਰਾਮਕਲੀ ਮ: ੫ ਛੰਤ, ਪੰਨਾ ੯੨੪

ਉਹ ਹਰੀ ਨਾਮ ਨੂੰ ਅਰਾਧਦੇ ਹਨ, ਹਰੀ ਨਾਮ ਨੂੰ ਕਥਨ ਕਰਦੇ ਹਨ, ਹਰੀ ਨਾਮ ਵਿਚ ਹੀ ਉਹਨ੍ਹਾਂ ਦਾ ਮਨ ਰੱਤਾ ਹੋਇਆ ਹੈ।

ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ॥

ਮੈਂ ਸੇਵਕ ਸੰਤ ਜਨਾਂ ਦੀ ਸੇਵਾ ਮੰਗਦਾ ਹਾਂ, ਪਰ ਸੇਵਾ ਦਾ ਕਮਾਉਣਾ ਪੂਰਿਆਂ ਕਰਮਾਂ ਕਰਕੇ ਹੁੰਦਾ ਹੈ।

ਅਥਵਾ:-ਪੂਰਿਆਂ ਕਰਮਾਂ ਨਾਲ ਹੀ ਉਹਨਾਂ ਦੀ ਸੇਵ ਕਮਾਵਾਂਗਾ।

ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਸੁਆਮੀ! ਮੇਰੀ ਏਹੋ ਬੇਨਤੀ ਹੈ ਕਿ ਤੇਰਿਆਂ ਸੰਤ ਜਨਾਂ ਦਾ ਦਰਸ਼ਨ ਦੇਖਣਾ ਪਾਵਾਂ॥ ੨॥

ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤ ਸੰਗਤਿ ਜਿਨਾ ਵਾਸੋ॥

ਹੇ ਪਿਆਰੇ! ਉਹ ਪੁਰਸ਼ ਵਡਭਾਗੀ ਕਹੇ ਜਾਂਦੇ ਹਨ, ਜਿਨ੍ਹਾਂ ਦਾ ਸੰਤਾਂ ਦੀ ਸੰਗਤ ਵਿਚ ਨਿਵਾਸ ਹੁੰਦਾ ਹੈ।

ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ॥

ਪਵਿੱਤਰ ਕਰਨ ਵਾਲੇ ਨਾਮ-ਅੰਮ੍ਰਿਤ ਨੂੰ ਆਰਾਧਣਾ ਕਰੀਏ ਤਾਂ ਮਨ ਵਿਚ ਪਰਗਾਸੋ=ਗਿਆਨ ਹੁੰਦਾ ਹੈ।

ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ॥

ਗਿਆਨ ਕਰਕੇ ਹੇ ਪਿਆਰੇ ! ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ ਅਤੇ ਜਮਾਂ ਦੀ ਕਾਨ-ਕਨੌਡ ਚੁੱਕ ਜਾਂਦੀ ਹੈ।

ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ॥ ੩॥

ਗੁਰੂ ਜੀ ਕਥਨ ਕਰਦੇ ਹਨ-ਜੋ ਆਪਣੇ ਪ੍ਰਭੂ ਦੇ ਭਾਣੇ ਅੰਦਰ ਰਹਿੰਦੇ ਹਨ,

ਵਾ:-ਜੋ ਆਪਣੇ ਪ੍ਰਭੂ ਨੂੰ ਭਾਣੇ=ਚੰਗੇ ਲੱਗੇ ਹਨ, ਉਹਨਾਂ ਨੂੰ ਪ੍ਰਭੂ ਦਾ ਦਰਸ਼ਨ ਪ੍ਰਾਪਤ ਹੁੰਦਾ ਹੈ॥ ੩॥

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥

ਹੇ ਸੁਆਮੀ ! ਤੂੰ ਅਪਾਰ ਉੱਚਾ ਹੈਂ ਤੇਰੇ ਬੇਅੰਤ ਗੁਣ ਹਨ, ਤੇਰਿਆਂ ਗੁਣਾਂ ਨੂੰ ਕੌਣ ਜਾਣ ਸਕਦਾ ਹੈ?

ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥

ਤੇਰੇ ਗੁਣਾਂ ਨੂੰ ਗਾਉਣ ਵਾਲੇ ਤਰ ਗਏ ਹਨ, ਸੁਣਨ ਵਾਲੇ ਭੀ ਤਰ ਗਏ ਹਨ, ਕਿਉਂਕਿ ਉਹਨਾਂ ਦੇ ਬਹੁਤੇ ਜਨਮਾਂ ਦੇ ਪਾਪ ਨਾਸ ਹੋ ਗਏ ਹਨ।

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ॥

ਪਸੂਆਂ, ਪਰੇਤਾਂ ਤੇ ਮੂਰਖਾਂ ਨੂੰ ਤਾਰ ਦਿੱਤਾ ਹੈ, ਵਾ:-ਜੋ ਮੂਰਖ ਪਸੂਆਂ ਪਰੇਤਾਂ ਵਾਂਗ ਸਨ ਉਹਨਾਂ ਨੂੰ ਤਾਰ ਦਿੱਤਾ ਹੈ, ਪਾਹਨ=ਪੱਥਰਾਂ ਦੀ ਨਿਆਈਂ ਕਠੋਰ ਹਿਰਦੇ ਵਾਲਿਆਂ ਨੂੰ ਭੀ,

ਵਾ:-ਪੱਥਰਾਂ ਵਾਂਗ ਬੜੇ ਭਾਰੀ ਪਾਪੀਆਂ ਨੂੰ ਭੀ ਪਾਰ ਉਤਾਰ ਦਿੱਤਾ ਹੈ।

ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ॥ ੪॥ ੧॥ ੪॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਤੇਰੀ ਸ਼ਰਨ ਵਿਚ ਆਇਆ ਹਾਂ ਅਤੇ ਸਦਾ-ਸਦਾ ਮੈਂ ਆਪ ਜੀ

ਤੋਂ ਬਲਿਹਾਰ ਜਾਂਦਾ ਹਾਂ॥ ੪॥ ੧॥ ੪॥

ਬਿਲਾਵਲੁ ਮਹਲਾ ੫॥

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥

ਹੇ ਸਖੀਏ ! ਵਿਸ਼ਿਆਂ ਰੂਪੀ ਬਨੁ=ਜਲ ਨੂੰ ਫਿੱਕਾ ਜਾਣ ਕੇ ਤਿਆਗ ਦੇ; ਨਾਮ ਅੰਮ੍ਰਿਤ ਨੂੰ ਮਹਾਂ ਰਸ ਦਾਇਕ ਜਾਣ ਕੇ ਪੀਣਾ ਕਰ।

ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥

ਨਾਮ-ਰਸ ਦੇ ਚੱਖੇ ਤੋਂ ਬਿਨਾਂ ਸਾਰੀ ਦੁਨੀਆਂ ਨਰਕਾਂ ਵਿਚ ਡੁੱਬ ਗਈ ਹੈ, ਵਿਸ਼ਿਆਂ ਵਿਚ ਲੱਗ ਕੇ ਕੋਈ ਜੀਵ ਸੁਖੀ ਨਹੀਂ ਹੁੰਦਾ ।

[ਪੰਨਾ ੮੦੩]

ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ॥

ਨਾ ਕੋਈ ਤੇਰਾ ਮਾਨੁ ਕਰਦਾ ਹੈ, ਨਾ ਕੋਈ ਮਹਤੁ=ਮਰਾਤਬਾ ਪ੍ਰਾਪਤ ਹੈ, ਨਾਹੀ ਕੋਈ ਤੇਰੇ ਵਿਚ ਸਕਤਿ=ਸ਼ਕਤੀ ਹੈ ਇਸ ਲਈ ਤੂੰ ਸੰਤਾਂ ਦੀ ਦਾਸੀ ਥੀਓ=ਹੋ ਜਾ।

ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ॥ ੧॥

ਗੁਰੂ ਜੀ ਕਥਨ ਕਰਦੇ ਹਨ-ਦਰਬਾਰ ਵਿਚ ਉਹ ਪੁਰਸ਼ ਸ਼ੋਭਾ ਵਾਲੇ ਹਨ, ਜੋ ਪ੍ਰਭੂ ਨੇ ਆਪਣੇ ਦਾਸ ਕੀਤੇ ਹਨ॥ ੧॥

ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ॥

ਹੇ ਸਖੀਏ ! ਜਿਨ੍ਹਾਂ ਪਦਾਰਥਾਂ ਵਿਚ ਤੇਰਾ ਚਿੱਤ ਭਰਮ ਰਿਹਾ ਹੈ ਇਹ ਪਦਾਰਥ ਹਰਿ ਚੰਦਉਰੀ=ਗੰਧਰਬ ਨਗਰੀ ਵਾਂਗ ਮਿਥਿਆ ਹਨ, ਜਿਵੇਂ ਮ੍ਰਿਗ-ਤ੍ਰਿਸ਼ਨਾਂ ਦਾ ਜਲ ਝੂਠਾ ਹੁੰਦਾ ਹੈ, ਤਿਵੇਂ ਇਹ ਭੀ ਝੂਠੇ ਹਨ, ਫੇਰ ਜਿਵੇਂ ਦ੍ਰੁਮ=ਬ੍ਰਿੱਛ ਦੀ ਛਾਂ ਅਨਿਸਥਿਰ ਹੁੰਦੀ ਹੈ, ਤਿਵੇਂ ਏਹ ਪਦਾਰਥ ਭੀ ਥਿਰ ਰੂਪ ਨਹੀਂ ਹਨ।

ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ॥

ਹੇ ਸਖੀਏ ! ਚੰਚਲ ਮਾਇਆ ਜੀਵ ਦੇ ਨਾਲ ਚਲਦੀ ਨਹੀਂ ਹੈ,

ਅੰਤ ਵੇਲੇ ਮਾਇਆ ਨੂੰ ਇਥੇ ਹੀ ਤਿਆਗ ਕੇ (ਛੱਡ ਕੇ) ਜੀਵ ਚਲਾ ਜਾਂਦਾ ਹੈ।

ਰਸਿ ਭੋਗਣ ਅਤਿ ਰੂਪ ਰਸ ਮਾਤੇ ਇਨ ਸੰਗਿ ਸੁਖੁ ਨ ਪਾਇਆ॥

ਰਸਿ=ਰਸੀਏ ਪੁਰਸ਼ ਸ਼ਬਦ, ਸਪ੍ਰੱਰਸ਼ ਰੂਪ ਰਸ ਆਦਿਕ ਵਿਸ਼ਿਆਂ ਦੇ ਭੋਗਣ ਵਿਚ ਅਤਿ=ਅਤਿਅੰਤ (ਬਹੁਤੇ) ਮਸਤ ਹਨ, ਪਰ ਇਹਨਾਂ ਵਿਸ਼ਿਆਂ ਦੇ ਸੰਗ ਕਰਕੇ ਕਿਸੀ ਨੇ ਦਰਗਾਹ ਦਾ ਸੁਖ ਨਹੀਂ ਪਾਇਆ।

ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ॥ ੨॥

ਗੁਰੂ ਜੀ ਕਥਨ ਕਰਦੇ ਹਨ-ਹੇ ਸਖੀਏ ! ਉਹ ਸਾਧ ਜਨ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ॥ ੨॥

ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ॥

ਹੇ ਵਡਭਾਗਣੀ ਸਖੀਏ ! ਜਾ ਕੇ ਵੱਸਣਾ ਕਰੋ, *ਪ੍ਰਸ਼ਨ:-* ਕਿਥੇ ਜਾ ਕੇ ਵੱਸੀਏ ?

ਗੁਰ ਉੱਤਰ:- ਸੰਤਾਂ ਦੇ ਸੰਗ ਵਿਚ ਜਾ ਕੇ ਸਮਾਉਣਾ ਕਰੋ। ਜਾਂ ਹੇ ਵਡਭਾਗਣੀ ਸਖੀਏ ! ਸੰਤਾਂ ਦੇ ਸਤਸੰਗ ਵਿਚ ਜਾ ਕੇ ਵੱਸਣਾ ਕਰੋ ਤਾਂ ਸਰੂਪ ਵਿਚ ਸਮਾਈ ਹੋਵੇਗੀ।

ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨਕਮਲ ਲਿਵ ਲਾਈਐ॥

ਤਿਥੇ ਨਾ ਦੁੱਖ, ਨਾ ਭੁੱਖ ਅਤੇ ਨਾ ਹੀ ਕੋਈ ਰੋਗ ਬਿਆਪਦਾ ਹੈ, ਇਸ ਲਈ ਸੰਤਾਂ ਦੇ ਚਰਨ-ਕਮਲ ਨਾਲ ਲਿਵ ਲਗਾਉਣਾ ਕਰੋ। ਜਾਂ ਉਹਨਾਂ ਸੰਤਾਂ ਦੇ ਚਰਨ-ਕਮਲਾਂ ਨਾਲ ਲਿਵ ਲਗਾਉਣਾ ਕਰੋ, ਤਾਂ ਜਨਮ ਮਰਨ ਦਾ ਦੁੱਖ ਨਹੀਂ ਹੁੰਦਾ, ਭੁਖ ਤ੍ਰਿਸ਼ਨਾਂ ਨਹੀਂ ਵਧਦੀ ਤੇ ਨਾ ਹੀ ਹਉਮੈ ਰੂਪੀ ਰੋਗ ਬਿਆਪੈ=ਲੱਗਦਾ ਹੈ।

ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਣੀ ਪਾਈਐ॥

ਜਿਸ ਨੇ ਮਨ ਨੂੰ ਨਿਸਚਲ ਕਰਕੇ ਸੰਤਾਂ ਦੀ ਸ਼ਰਨ ਪਾਈ ਹੈ, ਉਸ ਦਾ ਮੁੜ ਕੇ ਜੰਮਣਾ ਮਰਨਾ ਨਹੀਂ ਹੁੰਦਾ ਤੇ ਨਾ ਹੀ ਸੰਸਾਰ ਵਿਚ ਆਉਣਾ ਜਾਣਾ ਹੁੰਦਾ ਹੈ।

ਅਥਵਾ:- ਤਹ=ਤਿਸ ਸਤਸੰਗ ਵਿਚ ਨਾ ਜੰਮਣਾ ਮਰਨਾ ਹੈ ਨਾ ਹੀ ਆਉਣਾ ਜਾਣਾ ਹੈ। ਸਤਸੰਗ ਦਵਾਰਾ ਨਿਸਚਲੁ=ਪਰਮਾਤਮਾ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਈਏ।

ਪ੍ਰੇਮ ਬਿਛੋਹੁ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ॥ ੩॥

ਗੁਰੂ ਜੀ ਕਥਨ ਕਰਦੇ ਹਨ, ਸੰਤਾਂ ਨਾਲ ਪ੍ਰੇਮ ਕਰਕੇ ਇਕ ਹਰੀ ਨੂੰ ਧਿਆਉਣਾ ਕਰੀਏ ਤਾਂ ਪਦਾਰਥਾਂ ਦਾ ਵਿਛੋੜਾ ਤੇ ਸਬੰਧੀਆਂ ਦਾ ਮੋਹ ਨਹੀਂ ਬਿਆਪੈ=ਲਗਦਾ ॥ ੩॥

ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ॥

ਪਿਆਰੇ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਧਾਰ ਕੇ ਜਿਨ੍ਹਾਂ ਦੇ ਮਨ ਨੂ ਬੇਧਿਆ=ਵਿੰਨ੍ਹਿਆ ਹੈ, ਉਹ ਸਹਿਜੇ ਹੀ ਸੁਭਾਏ=ਸ੍ਰੇਸ਼ਟ ਪ੍ਰੇਮ ਵਿਚ ਰਤੜੇ=ਰੰਗੇ ਗਏ ਹਨ।

ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ॥

ਉਹਨਾਂ ਨੇ ਅਨੰਦ ਰੂਪ ਪਰਮਾਤਮਾ ਦੇ ਮੰਗਲ-ਦਾਇਕ ਗੁਣ ਗਾਏ ਹਨ, ਇਸ ਲਈ ਪ੍ਰੀਤਮ ਨਾਲ ਮਿਲਣ ਕਰਕੇ ਉਹਨਾਂ ਦੀ ਅੰਤਹਕਰਨ ਰੂਪੀ ਸੇਜਾ ਸ਼ੋਭਨੀਕ ਹੋਈ ਹੈ।

ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ॥

ਜੋ ਸਹੇਲੀ=ਪਿਆਰੀ ਸਖੀ ਰਾਮ ਦੇ ਰੰਗ ਵਿਚ ਰਾਤੀ=ਰੰਗੀ ਉਸ ਦੇ ਮਨ ਤਨ ਦੀ ਸਭ ਇੱਛਾ ਪੁਜਾਏ=ਪੂਰੀ ਹੋਈ ਹੈ।

ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ॥੪॥੨॥੫॥

ਗੁਰੂ ਜੀ ਕਥਨ ਕਰਦੇ ਹਨ-ਉਂਹ ਅਸਚਰਜ ਰੂਪ ਹੋ ਕੇ ਅਸਚਰਜ ਰੂਪ ਪਰਮਾਤਮਾ ਨਾਲ ਮਿਲ ਗਿਆ ਹੈ, ਉਹਨਾਂ ਦੇ ਮਿਲਾਪ ਦਾ ਵੱਖਰਾਪਨ ਕੁਝ ਕਿਹਾ ਨਹੀਂ ਜਾਂਦਾ। ਜਾਂ ਜੋ ਅਨੰਦ ਪ੍ਰਾਪਤ ਹੋਇਆ ਹੈ·ਉਹ

ਮੂੰਹ ਤੋਂ ਕੁਝ ਕਿਹਾ ਨਹੀਂ ਜਾਂਦਾ ॥ ੪ ॥ ੨ ॥ ੫ ॥

ਰਾਗੁ ਬਿਲਾਵਲੁ ਮਹਲਾ ੫ ਘਰੁ ੪

੧ਓ ਸਤਿਗੁਰ ਪ੍ਰਸਾਦਿ ॥

ਸਾਰਾ ਸੰਸਾਰ ਪਸਾਰਾ ਕੀ ਰੂਪ ਹੈ ? *ਗੁਰ ਉੱਤਰ:-*

ਏਕ ਰੂਪ ਸਗਲੋ ਪਾਸਾਰਾ ॥ ਆਪੇ ਬਨਜੁ ਆਪਿ ਬਿਉਹਾਰਾ ॥ ੧ ॥

ਸਾਰਾ ਸੰਸਾਰ ਪਸਾਰਾ ਇਕ ਹਰੀ ਸਰੂਪ ਹੈ। ਵਾ:-ਸਾਰੇ ਸੰਸਾਰ ਪਸਾਰੇ ਵਿਚ ਇਕ ਅਦੁੱਤੀ ਸਰੂਪ ਪਰਮਾਤਮਾ ਹੈ। ਉਹ ਆਪ ਹੀ ਵਣਜ ਰੂਪ ਹੈ ਅਤੇ ਆਪ ਹੀ ਬਿਉਹਾਰਾ=ਵਣਜ ਕਰਨ ਵਾਲਾ (ਵਪਾਰੀ ਰੂਪ) ਹੈ. ॥ ੧ ॥

ਐਸੋ ਗਿਆਨੁ ਬਿਰਲੋ ਈ ਪਾਏ ॥
ਜਤ ਜਤ ਜਾਈਐ ਤਤ ਦ੍ਰਿਸਟਾਏ ॥ ੧ ॥ ਰਹਾਉ ॥

ਕੋਈ ਵਿਰਲਾ ਪੁਰਸ਼ ਹੀ ਅਜਿਹੇ ਗਿਆਨ ਨੂੰ ਪਾਉਂਦਾ ਹੈ। ਫਿਰ ਜਿਥੇ-ਜਿਥੇ ਉਹ ਜਾਂਦਾ ਹੈ ਓਥੇ ਹਰੀ ਹੀ ਉਸ ਨੂੰ ਦ੍ਰਿਸਟਾਏ=ਦਿੱਸਦਾ ਹੈ॥ ੧ ॥ ਰਹਾਉ ॥

ਅਨਿਕ ਰੰਗ ਨਿਰਗੁਨ ਇਕ ਰੰਗਾ ॥ ਆਪੇ ਜਲੁ ਆਪ ਹੀ ਤਰੰਗਾ ॥ ੨ ॥

ਸਰਗੁਣ ਰੂਪ ਹੋ ਕੇ ਅਨੇਕ ਰੰਗਾਂ ਵਾਲਾ ਹੈ। ਨਿਰਗੁਣ ਰੂਪ ਹੋ ਕੇ ਇਕ ਰੰਗ ਵਾਲਾ ਹੈ।
ਆਪੇ ਜਲ ਰੂਪ ਹੈ ਆਪ ਹੀ ਤਰੰਗਾ=ਲਹਿਰਾਂ ਰੂਪ ਹੈ॥ ੨ ॥

ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੂਜਾਰੀ ਆਪ ਹੀ ਦੇਵਾ ॥ ੩ ॥

ਆਪ ਹੀ ਮੰਦਰ ਰੂਪ ਹੈ, ਆਪ ਹੀ ਸੇਵਾ ਰੂਪ ਹੈ। ਆਪੇ ਪੁਜਾਰੀ ਰੂਪ ਹੈ ਅਤੇ ਆਪ ਹੀ ਦੇਵਾ=ਦੇਵਤਾ ਰੂਪ ਹੈ॥ ੩ ॥

ਆਪਹਿ ਜੋਗ ਆਪ ਹੀ ਜੁਗਤਾ ॥
ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥ ੪ ॥ ੧ ॥ ੬ ॥

ਆਪ ਹੀ ਹਠ ਜੋਗ, ਵਾ:-ਭਗਤੀ ਜੋਗ ਰੂਪ ਹੈ, ਆਪ ਹੀ ਭਗਤੀ ਜੋਗ ਵਿਚ ਜੁਗਤਾ=ਜੁੜਨ ਵਾਲਾ ਹੈ। ਮੈਂ ਨਾਨਕ ਦੇ ਪ੍ਰਭੂ ਸਦਾ ਮੁਕਤ ਰੂਪ ਹੈ॥ ੪ ॥ ੧ ॥ ੬ ॥

ਬਿਲਾਵਲੁ ਮਹਲਾ ੫ ॥

ਆਪਿ ਉਪਾਵਨ ਆਪਿ ਸਧਰਨਾ ॥ ਆਪਿ ਕਰਾਵਨ ਦੋਸੁ ਨ ਲੈਨਾ ॥ ੧ ॥

ਉਹ ਪ੍ਰਭੂ ਆਪ ਹੀ ਜੀਵਾਂ ਦੀ ਉਤਪਤੀ ਕਰਨ ਵਾਲਾ ਹੈ, ਆਪ ਹੀ ਸਭਨਾਂ ਦੇ ਸੁਧਾਰਨੇ ਵਾਲਾ ਹੈ।
ਵਾ:-ਆਪ ਹੀ ਸਾਰਿਆਂ ਨੂੰ ਸਧਰਨਾ=ਸਹਿਤ ਆਸਰੇ ਦੇ ਕਰਨ ਵਾਲਾ ਹੈ।
ਆਪ ਹੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ, ਪਰ ਆਪਣੇ ਉੱਤੇ ਦੋਸ਼ ਨਹੀਂ ਲੈਂਦਾ॥ ੧ ॥

ਆਪਨ ਬਚਨੁ ਆਪ ਹੀ ਕਰਨਾ ॥
ਆਪਨ ਬਿਭਉ ਆਪ ਹੀ ਜਰਨਾ ॥ ੧ ॥ ਰਹਾਉ ॥

ਆਪੇ ਬਚਨ ਰੂਪ ਹੈ, ਆਪ ਹੀ ਬਚਨਾਂ ਦੇ ਉਚਾਰਨ ਕਰਨ ਵਾਲਾ ਹੈ, ਆਪੇ ਬਿਭਉ=ਵਿਆਪਕ,
ਵਾ:-ਬਿਭੂਤੀ ਵਾਲਾ ਹੈ, ਆਪ ਹੀ ਉਸ ਨੂੰ ਜਰਨਾ=ਸਹਾਰਨ ਵਾਲਾ ਹੈ।

ਆਪ ਹੀ ਮਸਟਿ ਆਪ ਹੀ ਬੁਲਨਾ ॥ ਆਪ ਹੀ ਅਛਲੁ ਨ ਜਾਈ ਛਲਨਾ ॥ ੨ ॥

ਆਪ ਹੀ ਮਸਟਿ=ਚੁਪ ਕਰ ਰਿਹਾ ਹੈ, ਆਪ ਹੀ ਬੁਲਨਾ=ਬੋਲਣ ਵਾਲਾ ਹੋ ਰਿਹਾ ਹੈ ।
ਆਪ ਹੀ ਅਛਲ ਰੂਪ ਹੈ ਕਿਸੀ ਪਾਸੋਂ ਛਲਿਆ ਨਹੀਂ ਜਾਂਦਾ ॥ ੨ ॥

ਆਪਿ ਹੀ ਗੁਪਤ ਅਪਿ ਪਰਗਟਨਾ ॥
ਆਪ ਹੀ ਘਟਿ ਘਟਿ ਆਪਿ ਅਲਿਪਨਾ ॥ ੩ ॥

ਆਪ ਹੀ ਗੁਪਤ ਰੂਪ ਹੈ ਆਪ ਹੀ ਪਰਗਟਨਾ=ਪਰਗਟ ਰੂਪ ਹੈ।
ਆਪ ਹੀ ਘਟ ਘਟ ਵਿਚ ਵਿਆਪਕ ਹੈ ਅਤੇ ਆਪ ਹੀ ਸਭ ਤੋਂ ਅਲਿਪਨਾ=ਅਲੇਪ (ਅਸੰਗ) ਹੈ ॥ ੩ ॥

ਆਪੇ ਅਵਿਗਤੁ ਆਪ ਸੰਗਿ ਰਚਨਾ ॥
ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥ ੪ ॥ ੨ ॥ ੭ ॥

ਆਪ ਹੀ ਅਵਿਗਤੁ=ਕਠਨ ਪ੍ਰਾਪਤੀ ਵਾਲਾ ਹੈ,
ਵਾ:-ਅਵਯਕਤ=ਸਰੀਰ ਤੋਂ ਰਹਿਤ ਹੈ, ਆਪ ਹੀ ਸਾਰਿਆਂ ਦੇ ਨਾਲ ਰਚਨਾ=ਮਿਲ ਰਿਹਾ ਹੈ।
ਗੁਰੂ ਜੀ ਕਥਨ ਕਰਦੇ ਹਨ-ਇਹ ਪ੍ਰਭੂ ਦੇ ਹੀ ਸਾਰੇ ਜਚਨਾ=ਕਰੱਤਬ ਹਨ।
ਵਾ:-ਪ੍ਰਭੂ ਦੇ ਪਾਸੋਂ ਸਾਰੇ ਜਚਨਾ=ਮੰਗਦੇ ਹਨ।
ਵਾ:-ਪ੍ਰਭੂ ਦੇ ਸਾਰੇ ਜਚਨਾ=ਜਾਚੇ ਹੋਏ ਭਾਵ ਮਿਣੇ ਹੋਏ ਹਨ ॥ ੪ ॥ ੨ ॥ ੭ ॥

ਬਿਲਾਵਲੁ ਮਹਲਾ ੫ ॥

ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥ ੧ ॥

ਸਰੂਪ ਤੋਂ ਭੁੱਲੇ ਹੋਏ ਨੂੰ ਜਿਸ ਨੇ ਰਾਹ ਦੱਸਿਆ ਹੈ।
ਐਸਾ ਗੁਰੂ ਵੱਡਿਆਂ ਭਾਗਾਂ ਨਾਲ ਪਾਇਆ ਹੈ ॥ ੧ ॥

ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥
ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥ ੧ ॥ ਰਹਾਉ ॥

ਹੇ ਮਨਾ ! ਸਿਮਰਨੇ ਜੋਗ ਰਾਮ ਨਾਮ ਹੈ ਚਿਤਾਰਨਾ ਕਰ, ਪਿਆਰੇ ਗੁਰਾਂ ਦੇ ਚਰਨ-ਕਮਲ ਮੇਰੇ ਹਿਰਦੇ ਵਿਚ ਵਸ ਰਹੇ ਹਨ।

[ਪੰਨਾ ੮੦੪]

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ ੨ ॥

ਕਾਮ, ਕ੍ਰੋਧ, ਲੋਭ, ਮੋਹ ਆਦਿਕਾਂ ਨੇ ਮਨ ਨੂੰ ਆਪਣੇ ਵਿਚ ਲੀਣ ਕਰ ਲਿਆ ਸੀ। ਗੁਰਾਂ ਨੇ ਮੋਹ ਆਦਿਕਾਂ ਦੇ ਬੰਧਨ ਕੱਟ ਕੇ ਮੁਕਤ ਕਰ ਦਿੱਤਾ ਹੈ॥ ੨ ॥

ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩ ॥

ਦੁੱਖਾਂ ਸੁਖਾਂ ਨੂੰ ਧਾਰਨ ਕਰਦਾ ਹੋਇਆ ਫੁਨਾ ਜੰਮਦਾ ਮਰਦਾ ਸੀ। ਪਰ ਗੁਰਾਂ ਨੇ ਚਰਨ-ਕਮਲਾਂ ਦਾ ਆਸ੍ਰਮੁ=ਆਸਰਾ ਦੇ ਦਿੱਤਾ ਹੈ।

ਅਥਵਾ:-ਪ੍ਰਭੂ ਦੇ ਚਰਨ-ਕਮਲਾਂ ਵਿਚ ਆਸ੍ਰਮੁ=ਅਸਥਾਨ ਬਣਾ ਦਿੱਤਾ ਹੈ॥ ੩ ॥

ਅਗਨਿ ਸਾਗਰ ਬੂਡਤ ਸੰਸਾਰਾ ॥

ਜੋ ਅੱਗ ਦੇ ਸਮੁੰਦਰ-ਸੰਸਾਰ ਵਿਚ ਡੁੱਬਦਾ ਜਾਂਦਾ ਸੀ ।

ਜਾਂ ਸਾਰਾ ਸੰਸਾਰ ਹੀ ਤ੍ਰਿਸ਼ਨਾ ਰੂਪ ਅੱਗ ਦੇ ਸਮੁੰਦਰ ਵਿਚ ਡੁੱਬ ਰਿਹਾ ਸੀ।

ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥ ੪ ॥ ੩ ॥ ੮ ॥

ਗੁਰੂ ਜੀ ਕਥਨ ਕਰਦੇ ਹਨ-ਸਤਿਗੁਰਾਂ ਨੇ ਉਸ ਨੂੰ ਬੁੱਧੀ ਰੂਪ ਭੁਜਾਂ ਤੋਂ ਫੜ ਕੇ ਪਾਰ ਕਰ ਦਿੱਤਾ ਹੈ॥ ੪ ॥ ੩ ॥ ੮ ॥

ਬਿਲਾਵਲੁ ਮਹਲਾ ੫ ॥
ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥
ਕਵਨ ਸੁਮਤਿ ਜਿਤੁ ਹਰਿ ਹਰਿ ਜਪਨਾ ॥ ੧ ॥

ਪ੍ਰਸ਼ਨ:-(ਓਹ) ਕਿਹੜੀ ਸੁਮੱਤਿ ਹੈ ਕਿ ਜਿਸ ਕਰਕੇ ਹਰਿ ਹਰਿ ਦੇ ਨਾਮ ਦਾ ਜਪਣ ਹੁੰਦਾ ਹੈ ?

ਉੱਤਰ:-ਆਪਣਾ ਤਨ, ਮਨ, ਧਨ, ਸਭ ਕੁਝ ਗੁਰਾਂ ਅੱਗੇ ਅਰਪਣ ਕਰ ਦਿਓ, ਤਾਂ ਹੀ ਹਰਿ ਹਰਿ ਨਾਮ ਜਾ ਜਪਣਾ ਹੁੰਦਾ ਹੈ।

ਕਰਿ ਆਸਾ ਆਇਓ ਪ੍ਰਭ ਮਾਗਨਿ ॥
ਤੁਮ੍ ਪੇਖਤ ਸੋਭਾ ਮੇਰੈ ਆਗਨਿ ॥ ੧ ॥ ਰਹਾਉ ॥

ਹੇ ਪ੍ਰਭੂ ! ਮੈਂ ਆਸਾ ਕਰਕੇ।ਆਪ ਜੀ ਪਾਸੋਂ ਮੰਗਣ ਲਈ ਆਇਆ ਹਾਂ।

ਆਪ ਜੀ ਦਾ ਦਰਸ਼ਨ ਕਰਦਿਆਂ ਮੇਰੇ ਹਿਰਦੇ ਰੂਪ ਆਗਨਿ=ਵਿਹੜੇ ਵਿਚ ਸੋਭ=ਰੌਣਕ ਹੋਈ ਹੈ॥ ੧ ॥ ਰਹਾਉ ॥

ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥

ਸਾਧਸੰਗਿ ਇਸੁ ਮਨਹਿ ਉਧਾਰਉ ॥ ੨ ॥

ਅਨੇਕ ਤਰ੍ਹਾਂ ਦੀਆਂ ਜੁਗਤੀਆਂ ਕਰਕੇ ਬਹੁਤ ਹੀ ਵਿਚਾਰ ਕੇ ਦੇਖਿਆ ਹੈ ਕਿ-ਸਤਸੰਗਤ ਕਰਕੇ ਹੀ ਇਸ ਮਨ ਦਾ ਉਧਾਰ ਹੋਣਾ ਹੈ॥ ੨ ॥

ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ ਤਾ ਮਿਲੀਐ ਜਾ ਲਏ ਮਿਲਾਈ ॥ ੩ ॥

ਮੇਰੇ ਵਿਚ ਮਤੀ ਵਿਹਾਰਕ, ਆਤਮ ਵਿਸ਼ੈਣੀ ਬੁੱਧੀ, ਸ਼ਾਸਤਰਾਂ ਦੀ ਸੁਰਤਿ=ਚਿੱਤ, ਚਤੁਰਾਈ=ਹੰਕਾਰ ਚਾਰੇ ਅੰਤਹਕਰਨ ਦੀ ਸੁੱਧੀ ਨਹੀਂ ਹੈ।

ਅਥਵਾ:-ਸੁਰਤੀਆਂ ਦੀ ਚਤਰਾਈ ਵਾਲੀ ਜੋ ਮਤੀ ਹੈ, ਉਹ ਮੇਰੀ ਬੁੱਧੀ ਵਿਚ ਨਹੀਂ ਹੈ।

ਜਾਂ ਤੂੰ ਕਿਰਪਾ ਕਰ ਕੇ ਮਿਲਾ ਲਵੇਂ ਤਾਂ ਆਪ ਜੀ ਨਾਲ ਮਿਲਾਪ ਹੁੰਦਾ ਹੈ॥ ੩ ॥

ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥
ਕਹੁ ਨਾਨਕ ਸਫਲੁ ਸੋ ਆਇਆ ॥ ੪ ॥ ੪ ॥ ੯ ॥

ਜਿਸ ਨੇ ਪ੍ਰਭੂ ਦਾ ਦਰਸ਼ਨ ਪਾਇਆ ਹੈ ਉਸ ਦੇ ਨੇਤਰ ਸੰਤੋਖ ਨੂੰ ਪ੍ਰਾਪਤ ਹੋਏ ਹਨ।

ਗੁਰੂ ਜੀ ਕਥਨ ਕਰਦੇ ਹਨ-ਉਸ ਦਾ ਜਗਤ ਵਿਚ ਆਉਣਾ ਸਫਲ ਹੈ॥ ੪ ॥ ੪ ॥ ੯ ॥

ਬਿਲਾਵਲੁ ਮਹਲਾ ੫ ॥

ਮਾਤ ਪਿਤਾ ਸੁਤ ਸਾਥਿ ਨ ਮਾਇਆ ॥
ਸਾਧਸੰਗਿ ਸਭੁ ਦੂਖੁ ਮਿਟਾਇਆ ॥ ੧ ॥

ਮਾਂ, ਪਿਉ, ਪੁੱਤਰ, ਮਾਇਆ ਆਦਿਕਾਂ ਵਿੱਚੋਂ ਕੋਈ ਭੀ ਜੀਵ ਦਾ ਸਾਥੀ ਨਹੀਂ ਹੈ।

ਸੰਤਾਂ ਦੇ ਸੰਗ ਕਰਕੇ ਸਾਰੇ ਦੁੱਖ ਨੂੰ ਦੂਰ ਕਰ ਲਿਆ ਹੈ॥ ੧ ॥

ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥

ਜੋ ਪ੍ਰਭੂ ਸਾਰਿਆਂ ਵਿਚ ਆਪੇ ਰਵਿ ਰਹਿਆ=ਵਿਆਪਕ ਹੋ ਰਿਹਾ ਹੈ।

ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥ ੧ ॥ ਰਹਾਉ ॥

ਉਸ ਹਰੀ ਨੂੰ ਰਸਨਾਂ ਨਾਲ ਜਪਣ ਕਰ ਕੇ ਕੋਈ ਦੁੱਖ ਨਹੀਂ ਵਿਆਪੇ=ਲੱਗਦਾ ॥ ੧ ॥ ਰਹਾਉ ॥

ਤਿਖਾ ਭੂਖ ਬਹੁ ਤਪਤਿ ਵਿਆਪਿਆ ॥
ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥ ੨ ॥

ਤਿਖਾ=ਤ੍ਰੇਹ, ਭੁੱਖ ਦੀ ਬਹੁਤੀ ਤਪਸ਼ਤਾ ਵਿਚ ਮਨ ਵਿਆਪਿਆ=ਲੱਗ (ਫਸ) ਰਿਹਾ ਸੀ। ਜਦ ਤੋਂ ਹਰਿ ਹਰਿ ਦੇ ਜਸ ਨੂੰ ਜਪਿਆ ਤਦ ਤੋਂ ਸੀਤਲ ਹੋ ਗਿਆ ਹੈ॥ ੨ ॥

ਕੋਟਿ ਜਤਨ ਸੰਤੋਖੁ ਨ ਪਾਇਆ ॥ ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥ ੩ ॥

ਕ੍ਰੋੜਾਂ ਜਤਨ ਕਰਕੇ ਭੀ ਸੰਤੋਖ ਨਹੀਂ ਪਾਇਆ ਸੀ। ਜਦ ਤੋਂ ਹਰੀ ਦੇ ਗੁਣਾਂ ਨੂੰ ਗਾਇਆ ਹੈ ਤਦ ਤੋਂ

ਮਨ ਤ੍ਰਿਪਤ ਹੋ ਗਿਆ ਹੈ॥ ੩॥

ਦੇਹੁ ਭਗਤਿ ਪ੍ਰਭ ਅੰਤਰਜਾਮੀ ॥ ਨਾਨਕ ਕੀ ਬੇਨੰਤੀ ਸੁਆਮੀ ॥੪ ॥੫ ॥੧੦ ॥

ਗੁਰੂ ਜੀ ਕਥਨ ਕਰਦੇ ਹਨ-ਹੇ ਅੰਤਰਜਾਮੀ ਪ੍ਰਭੂ ਸੁਆਮੀ ! ਮੈਂ ਨਾਨਕ ਦੀ ਬੇਨਤੀ ਸੁਣ ਕੇ ਆਪਣੀ ਭਗਤੀ ਕਰਨੀ ਦਿਓ॥ ੪॥ ੫॥ ੧੦॥

ਬਿਲਾਵਲੁ ਮਹਲਾ ੫ ॥

ਗੁਰੁ ਪੂਰਾ ਵਡਭਾਗੀ ਪਾਈਐ ॥ ਮਿਲਿ ਸਾਧੂ ਹਰਿ ਨਾਮੁ ਧਿਆਈਐ ॥ ੧ ॥

ਪੂਰਾ ਗੁਰੂ ਵੱਡਿਆਂ ਭਾਗਾਂ ਕਰਕੇ ਪਾਈਦਾ ਹੈ। ਸਾਧੂ=ਸੰਤਾਂ ਨਾਲ ਮਿਲ ਕੇ, ਵਾ:-ਸ੍ਰੇਸ਼ਟ ਗੁਰਾਂ ਨਾਲ ਮਿਲ ਕੇ ਹਰੀ ਨਾਮ ਨੂੰ ਧਿਆਉਣਾ ਕਰੋ॥ ੧॥

ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥
ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥ ੧ ॥ ਰਹਾਉ ॥

ਹੇ ਪ੍ਰਭੂ ਪਾਰਬ੍ਰਹਮ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ। ਗੁਰੂ ਦੇ ਚਰਨਾਂ ਦੀ ਭਜੁ=ਸੇਵਾ ਕਰਨ ਕਰ ਕੇ ਕਿਲਬਿਖ=ਪਾਪ ਕੱਟੇ ਜਾਂਦੇ ਹਨ॥ ੧॥

ਅਵਰਿ ਕਰਮ ਸਭਿ ਲੋਕਾਚਾਰ ॥ ਮਿਲਿ ਸਾਧੂ ਸੰਗਿ ਹੋਇ ਉਧਾਰ ॥ ੨ ॥

ਨਾਮ ਤੋਂ ਬਿਨਾਂ ਅਵਰਿ=ਹੋਰ ਸਾਰੇ ਕਰਮ ਤਾਂ ਲੋਕਾਂ ਦਾ ਦਿਖਾਵਾ ਹੈ। ਸੰਤਾਂ ਦੀ ਸੰਗਤ ਵਿਚ ਮਿਲਕੇ ਨਾਮ ਜਪਦਿਆਂ ਜੀਵ ਦਾ ਤਰਨਾ ਹੁੰਦਾ ਹੈ॥ ੨॥

ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥ ੩ ॥

ਸਿੰਮ੍ਰਿਤੀਆਂ, ਸ਼ਾਸਤਰ, ਵੇਦਾਂ ਦੇ ਵਿਚਾਰਿਆਂ ਮੁਕਤੀ ਨਹੀਂ ਪ੍ਰਾਪਤ ਹੁੰਦੀ।

ਤਾਂ ਤੇ ਉਹ ਨਾਮ ਜਪੀਏ ਜਿਸ ਕਰਕੇ ਸੰਸਾਰ ਤੋਂ ਪਾਰ ਉਤਾਰਾ ਹੁੰਦਾ ਹੈ॥ ੩॥

ਜਾਂ ਸਿੰਮ੍ਰਿਤੀਆਂ, ਸ਼ਾਸਤਰ ਤੇ ਚਾਰੇ ਵੇਦ ਵਿਚਾਰੇ ਹਨ ਸਭ ਏਹੋ ਕਹਿੰਦੇ ਹਨ, ਕਿ ਉਹ ਨਾਮ ਜਪੀਏ ਜਿਸ ਨਾਮ ਨੇ ਕਈ ਜੀਵ ਪਾਰ ਉਤਾਰੇ ਹਨ।

ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥
ਸਾਧੂ ਧੂਰਿ ਮਿਲੈ ਨਿਸਤਰੀਐ ॥ ੪ ॥ ੬ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਸੇਵਕ ਜਨ ਉੱਤੇ ਕਿਰਪਾ ਦ੍ਰਿਸ਼ਟੀ ਕਰੀਏ। ਸੰਤਾਂ ਦੀ ਚਰਨ-ਧੂੜ ਮਿਲੇ ਜਿਸ ਕਰਕੇ ਸੰਸਾਰ-ਸਮੁੰਦਰ ਤੋਂ ਨਿਸਤਰੀਐ=ਤਰਨਾ ਕਰੀਏ॥ ੪॥ ੬॥ ੧੧॥

ਬਿਲਾਵਲੁ ਮਹਲਾ ੫ ॥

ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥ ਸਗਲ ਮਨੋਰਥ ਪੂਰਨ ਆਸੀਨਾ ॥ ੧ ॥

ਜਿਸ ਨੇ ਗੁਰਾਂ ਦਾ ਸਬਦੁ=ਉਪਦੇਸ਼ ਹਿਰਦੇ ਵਿਚ ਆਸੀਨਾ=ਇਸਥਿਤ ਕਰਨਾ ਚੀਨ੍ਹਾ=ਜਾਣਿਆ ਹੈ। ਉਸ ਦੇ ਸਾਰੇ ਮਨੋਰਥ ਪੂਰਨ ਹੋਏ ਹਨ । ਜਾਂ ਜਿਸ ਨੇ ਗੁਰਾਂ ਦਾ ਸ਼ਬਦ ਹਿਰਦੇ ਵਿਚ ਜਾਣਿਆ ਹੈ ਉਸ ਦੇ

ਸਾਰੇ ਮਨੋਰਥ ਪੂਰਨ ਹੋਏ ਹਨ ਤੇ ਆਸੀਨਾ=ਇਸਥਿਤ ਹੋ ਗਿਆ ਹੈ,

ਵਾ:-ਕੋਈ ਆਸਾ ਨਹੀਂ ਰਹੀ ॥ ੧ ॥

ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥
ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥ ੧ ॥ ਰਹਾਉ ॥

ਪ੍ਰਭੂ ਨੇ ਸੰਤਜਨਾਂ ਦਾ ਮੂੰਹ ਉੱਜਲਾ ਕੀਤਾ ਹੈ, ਅਤੇ ਕਿਰਪਾ ਕਰਕੇ ਸੰਤਾਂ ਨੂੰ ਆਪਣਾ ਨਾਮ ਦਾਨ ਦਿੱਤਾ ਹੈ॥ ੧ ॥ ਰਹਾਉ ॥

ਅੰਧ ਕੂਪ ਤੇ ਕਰੁ ਗਹਿ ਲੀਨਾ ॥ ਜੈ ਜੈ ਕਾਰੁ ਜਗਤਿ ਪ੍ਰਗਟੀਨਾ ॥ ੨ ॥

ਅੰਨ੍ਹੇ ਖੂਹ ਸੰਸਾਰ ਵਿੱਚੋਂ ਮਨ ਰੂਪੀ ਹੱਥ ਫੜ ਕੇ ਬਾਹਰ ਕੱਢ ਲਿਆ ਹੈ ਅਤੇ ਸਾਰੇ ਜਗਤ ਵਿਚ ਜੈ ਜੈ ਕਾਰ ਦੇ ਸ਼ਬਦ ਪ੍ਰਗਟ ਕੀਤੇ ਹਨ॥ ੨ ॥

ਨੀਚਾ ਤੇ ਊਚ ਊਨ ਪੂਰੀਨਾ ॥ ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥ ੩ ॥

ਜੋ ਪ੍ਰਭੂ ਨੀਚਾਂ ਤੋਂ ਉੱਚਿਆਂ ਕਰਨ ਵਾਲਾ ਹੈ, ਊਣਿਆਂ ਨੂੰ ਪੂਰੀਨਾ=ਪੂਰਨ ਭਾਵ ਭਰਨੇ ਵਾਲਾ ਹੈ। ਉਸ ਦੇ ਮਹਾਂ ਰਸਦਾਇਕ ਨਾਮ-ਅੰਮ੍ਰਿਤ ਨੂੰ ਲੈਣਾ ਕੀਤਾ, ਜਾਂ ਮਹਾਂ ਰਸਦਾਇਕ ਨਾਮ-ਅੰਮ੍ਰਿਤ ਵਿਚ ਮਨ ਲੀਣ ਹੋ ਗਿਆ ॥ ੩ ॥

ਮਨ ਤਨ ਨਿਰਮਲ ਪਾਪ ਜਲਿ ਖੀਨਾ ॥
ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥ ੪ ॥ ੭ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪ੍ਰਭੂ ਪ੍ਰਸੀਨਾ=ਪ੍ਰਸੰਨ ਹੋਏ ਹਨ, ਉਸ ਦੇ ਪਾਪ ਜਲਿ=ਸੜ ਕੇ ਖੀਨਾ=ਨਾਸ ਹੋ ਗਏ ਹਨ ਅਤੇ ਮਨ ਤਨ ਸ਼ੁੱਧ ਹੋ ਗਿਆ ਹੈ॥ ੪ ॥ ੭ ॥ ੧੨ ॥

[ਪੰਨਾ ੮੦੫]

ਬਿਲਾਵਲੁ ਮਹਲਾ ੫ ॥

ਸਗਲ ਮਨੋਰਥ ਪਾਈਅਹਿ ਮੀਤਾ ॥
ਚਰਨ ਕਮਲ ਸਿਉ ਲਾਈਐ ਚੀਤਾ ॥ ੧ ॥

ਹੇ ਮਿੱਤ੍ਰ ! ਪ੍ਰਭੂ ਦੇ ਚਰਨ-ਕਮਲਾਂ ਨਾਲ ਚਿੱਤ ਨੂੰ ਲਗਾਈਏ, ਤਾਂ ਸਾਰੇ ਮਨੋਰਥ ਪਾ ਲਈਦੇ ਹਨ॥ ੧ ॥

ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥
ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥ ੧ ॥ ਰਹਾਉ ॥

ਜੋ ਪ੍ਰਭੂ ਨੂੰ ਧਿਆਉਂਦੇ ਹਨ ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਹਰਿ ਹਰਿ ਦੇ ਗੁਣ ਗਾਉਣ ਕਰਕੇ ਤ੍ਰਿਸ਼ਨਾ ਰੂਪ ਅੱਗ ਬੁਝੈ=ਬੁਝ ਜਾਂਦੀ ਹੈ॥ ੧ ॥ ਰਹਾਉ ॥

ਸਫਲ ਜਨਮੁ ਹੋਵਤ ਵਡਭਾਗੀ ॥ ਸਾਧਸੰਗਿ ਰਾਮਹਿ ਲਿਵ ਲਾਗੀ ॥ ੨ ॥

ਉਸ ਵਡਭਾਗੀ ਦਾ ਮਨੁੱਖਾ ਜਨਮ ਸਫਲ ਹੁੰਦਾ ਹੈ। ਸਾਧ ਸੰਗ ਕਰਕੇ ਜਿਸ ਦੀ ਰਾਮ ਵਿਚ ਲਿਵ ਲੱਗੀ ਹੈ॥ ੨ ॥

ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥
ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥ ੩ ॥

ਮਤਿ=ਬੁੱਧੀ, ਪਤਿ=ਪਤਿਸ਼ਟਾ (ਇੱਜ਼ਤ) ,ਧਨ, ਸੁਖ, ਸਹਜ=ਸ਼ਾਂਤੀ ਤੇ ਅਨੰਦ ਮੇਰਾ ਸਭ ਕੁਝ ਆਪ ਹੀ ਹੋ, ਇਸ ਲਈ ਹੇ ਪਰਮ ਅਨੰਦ ਸਰੂਪ ਪ੍ਰਭੂ ! ਆਪ ਇਕ ਨਿਮਖ ਮਾਤ੍ਰ ਭੀ ਭੁੱਲੋ ਨਾ॥ ੩ ॥

ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥
ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥ ੪ ॥ ੮ ॥ ੧੩ ॥

ਹੇ ਹਰੀ ! ਮੇਰੇ ਮਨ ਵਿਚ ਆਪ ਜੀ ਦੇ ਦਰਸ਼ਨ ਦੀ ਬੜੀ ਪਿਆਸ ਲੱਗ ਰਹੀ ਹੈ।

ਗੁਰੂ ਜੀ ਕਥਨ ਕਰਦੇ ਹਨ- ਹੇ ਪ੍ਰਭੂ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ॥ ੪ ॥ ੮ ॥ ੧੩ ॥

ਬਿਲਾਵਲੁ ਮਹਲਾ ੫ ॥

ਮੋਹਿ ਨਿਰਗੁਨ ਸਭ ਗੁਣਹ ਬਿਹੂਨਾ ॥ਦਇਆ ਧਾਰਿ ਅਪੁਨਾ ਕਰਿ ਲੀਨਾ ॥੧ ॥

ਮੈਂ ਨਿਰਗੁਣ ਸਾਰਿਆਂ ਸ਼ੁਭ-ਗੁਣਾਂ ਤੋਂ ਬਿਨਾਂ ਹਾਂ। ਪਰ ਦਇਆ ਦ੍ਰਿਸ਼ਟੀ ਧਾਰਕੇ ਉਸ ਨੇ ਮੈਨੂੰ ਆਪਣਾ ਦਾਸ ਕਰ ਲਿਆ ਹੈ॥ ੧ ॥

ਮੇਰਾ ਮਨੁ ਤਨੁ ਹਰਿ ਗੋਪਾਲਿ ਸੁਹਾਇਆ ॥
ਕਰਿ ਕਿਰਪਾ ਪ੍ਰਭੁ ਘਰ ਮਹਿ ਆਇਆ ॥ ੧ ॥ ਰਹਾਉ ॥

ਗੋ-ਪਾਲਿ=ਇੰਦ੍ਰੀਆਂ ਦੇ ਪਾਲਣ ਵਾਲੇ ਹਰੀ ਨੇ ਮੇਰਾ ਮਨ ਤਨ ਸੁਹਾਇਆ=ਸ਼ੋਭਾ ਵਾਲਾ ਕੀਤਾ ਹੈ ਅਤੇ ਪ੍ਰਭੂ ਕਿਰਪਾ ਕਰਕੇ ਮੇਰੇ ਅੰਤਹਕਰਨ ਰੂਪੀ ਘਰ ਵਿਚ ਪਰਗਟ ਹੋ ਆਇਆ ਹੈ॥ ੧ ॥

ਭਗਤਿ ਵਛਲ ਭੈ ਕਾਟਨਹਾਰੇ ॥ ਸੰਸਾਰ ਸਾਗਰ ਅਬ ਉਤਰੇ ਪਾਰੇ ॥ ੨ ॥

ਜੋ ਭਗਤਾਂ ਦਾ ਪਿਆਰਾ ਤੇ ਡਰ ਕੇ ਕਟਣ ਵਾਲਾ ਹੈ। ਉਸ ਦੇ ਪ੍ਰਾਪਤ ਹੋਣ ਕਰ ਕੇ ਅਸੀਂ ਹੁਣ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਾਂ॥ ੨ ॥

ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥
ਪਾਰਬ੍ਰਹਮ ਸੋ ਨੈਨਹੁ ਪੇਖਿਆ ॥ ੩ ॥

ਜਿਸ ਪ੍ਰਭੂ ਦਾ ਬਿਰਦੁ=ਧਰਮ ਪਤਿਤ ਪਾਵਨ ਹੈ, ਇਹ ਵੇਦ ਵਿਚ ਲਿਖਿਆ ਹੋਇਆ ਹੈ, ਉਸ ਪਾਰਬ੍ਰਹਮ ਨੂੰ ਅਸਾਂ ਨੇ ਅੱਖਾਂ ਨਾਲ ਵੇਖ ਲਿਆ ਹੈ॥ ੩ ॥

ਸਾਧਸੰਗਿ ਪ੍ਰਗਟੇ ਨਾਰਾਇਣ ॥
ਨਾਨਕ ਦਾਸ ਸਭਿ ਦੂਖ ਪਲਾਇਣ ॥ ੪ ॥ ੯ ॥ ੧੪ ॥

ਸਾਧ ਸੰਗ ਵਿਚ ਬੈਠਣ ਕਰਕੇ ਨਾਰਾਇਣ ਜੀ ਪਰਗਟ ਹੋਏ ਹਨ। ਗੁਰੂ ਜੀ ਕਥਨ ਕਰਦੇ ਹਨ-ਇਸ ਕਰਕੇ ਦਾਸ ਦੇ ਸਾਰੇ ਦੁੱਖ ਪਲਾਇਣ=ਦੂਰ ਹੋ ਗਏ ਹਨ॥ ੪ ॥ ੯ ॥ ੧੪ ॥

ਬਿਲਾਵਲੁ ਮਹਲਾ ੫ ॥

ਕਵਨੁ ਜਾਨੈ ਪ੍ਰਭ ਤੁਮ੍ਰੀ ਸੇਵਾ ॥ ਪ੍ਰਭ ਅਵਿਨਾਸੀ ਅਲਖ ਅਭੇਵਾ ॥ ੧ ॥

ਹੇ ਪ੍ਰਭੂ ! ਆਪ ਜੀ ਦੀ ਸੇਵਾ ਨੂੰ ਕੌਣ ਜਾਣ ਸਕਦਾ.ਹੈ ?

ਹੇ ਪ੍ਰਭੂ! ਆਪ ਨਾਸ ਤੋ ਰਹਿਤ ਹੋ, ਅਲਖ=ਲਖਣੇ ਤੋਂ ਰਹਿਤ ਹੋ, ਅਭੇਵਾ-ਭੇਦਾਂ ਤੋਂ ਰਹਿਤ ਹੋ ॥ ੧ ॥

ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ ਊਚ ਮਹਲ ਸੁਆਮੀ ਪ੍ਰਭ ਮੇਰੇ ॥

ਹੇ ਪ੍ਰਭੂ ! ਆਪ ਜੀ ਦੇ ਬੇਅੰਤ ਗੁਣ ਹਨ, ਫਿਰ ਆਪ ਗਹਿਰ=ਡੂੰਘੇ ਤੇ ਗੰਭੀਰੇ=ਨਿਰਮਲ ਹੋ।

ਹੇ ਮੇਰੇ ਪ੍ਰਭੂ ਸੁਆਮੀ ! ਆਪ ਜੀ ਦੇ ਸਤਸੰਗ, ਸੱਚ-ਖੰਡ, ਹਰਿਮੰਦਰ ਤੇ ਸਰੂਪ ਰੂਪੀ ਮਹਲ=ਮੰਦਰ ਸਭ ਤੋਂ ਉੱਚੇ ਹਨ।

ਤੂ ਅਪਰੰਪਰ ਠਾਕੁਰ ਮੇਰੇ ॥ ੧ ॥ ਰਹਾਉ ॥

ਹੇ ਮੇਰੇ ਠਾਕੁਰ ਪ੍ਰਭੂ ! ਤੂੰ ਅਪਰੰਪਰ=ਬ੍ਰਹਮਾ ਆਦਿਕਾਂ ਤੋਂ ਭੀ ਪਰੇ ਹੈਂ ॥ ੧ ॥ ਰਹਾਉ ॥

ਏਕਸ ਬਿਨੁ ਨਾਹੀ ਕੋ ਦੂਜਾ ॥ ਤੁਮ੍ ਹੀ ਜਾਨਹੁ ਅਪਨੀ ਪੂਜਾ ॥ ੨ ॥

ਇਕ ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਤੇਰੇ ਜਿਹਾ ਨਹੀਂ ਹੈ।

ਤੁਸੀਂ ਆਪਣੀ ਪੂਜਾ ਨੂੰ ਆਪ ਹੀ ਜਾਣਦੇ ਹੋ॥ ੨ ॥

ਆਪਹੁ ਕਛੂ ਨ ਹੋਵਤ ਭਾਈ ॥ ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ ॥ ੩ ॥

ਹੇ ਭਾਈ ! ਇਸ ਜੀਵ ਤੋਂ ਆਪਣੇ ਆਪ ਕੁਝ ਨਹੀਂ ਹੋ ਸਕਦਾ।

ਜਿਸ ਨੂੰ ਪ੍ਰਭੂ ਦੇਂਦਾ ਹੈ ਓਹੀ ਨਾਮ ਦੀ ਦਾਤ ਨੂੰ ਪਾਉਂਦਾ ਹੈ ॥ ੩ ॥

ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥
ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥ ੪ ॥ ੧੦ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਪ੍ਰਭੂ ਨੂੰ ਭਾ ਗਿਆ ਹੈ। ਓਸੇ ਨੇ ਸ਼ੁਭ-ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਪਾਇਆ ਹੈ॥ ੪ ॥ ੧੦ ॥ ੧੫ ॥

ਬਿਲਾਵਲੁ ਮਹਲਾ ੫ ॥

ਮਾਤ ਗਰਭ ਮਹਿ ਹਾਥ ਦੇ ਰਾਖਿਆ ॥

ਜਿਸ ਹਰੀ ਨੇ ਹੱਥ ਦੇ ਕੇ ਮਾਂ ਦੇ ਗਰਭ ਵਿਚ ਤੈਨੂੰ ਬਚਾਈ ਰੱਖਿਆ ਹੈ।

ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥ ੧ ॥

ਉਸ ਹਰੀ ਦੇ ਨਾਮ-ਰਸ ਨੂੰ ਛੱਡ ਕੇ ਤੈਂਨੇ ਵਿਸ਼ਿਆਂ ਰੂਪ ਫਲ ਨੂੰ ਖਾਣਾ ਕੀਤਾ ਹੈ॥ ੧ ॥

ਭਜੁ ਗੋਬਿੰਦ ਸਭ ਛੋਡਿ ਜੰਜਾਲ ॥

ਤੈਨੂੰ ਚਾਹੀਦਾ ਹੈ ਕਿ ਸਾਰਿਆਂ ਧੰਦਿਆਂ ਨੂੰ ਛੱਡ ਕੇ ਗੋਬਿੰਦ ਦਾ ਭਜਨ ਕਰ।

ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥੧ ॥ਰਹਾਉ ॥

ਹੇ ਮੂਰਖਾ ! ਜਦੋਂ ਜਮ ਆ ਕੇ ਤੈਨੂੰ ਸੰਘਾਰੈ=ਮਾਰੇਗਾ, ਤਦੋਂ ਤੇਰਾ ਸਰੀਰ ਨਾਸ ਹੋ ਜਾਏਗਾ ਤੇ ਤੂੰ ਬੜਾ ਬੇਹਾਲ=ਦੁਖੀ ਹੋਵੇਂਗਾ ॥ ੧ ॥ ਰਹਾਉ ॥

ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥
ਕਰਨਹਾਰੁ ਇਕ ਨਿਮਖ ਨ ਜਾਪਿਆ ॥ ੨ ॥

ਤੈਂਨੇ ਤਨ ਮਨ ਤੇ ਧਨ ਨੂੰ ਆਪਣਾ ਬਣਾ ਰੱਖਿਆ ਹੈ। ਅਤੇ-

ਸਿਰਜਨਹਾਰ ਪ੍ਰਭੂ ਨੂੰ ਇਕ ਨਿਮਖ ਮਾਤਰ ਸਮਾਂ ਭੀ ਨਹੀਂ ਜਪਿਆ ॥ ੨ ॥

ਮਹਾ ਮੋਹ ਅੰਧ ਕੂਪ ਪਰਿਆ ॥ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥੩ ॥

ਮਹਾਂ ਮੋਹ ਰੂਪੀ ਅੰਨ੍ਹੇ ਖੂਹ ਵਿਚ ਡਿਗਿਆ ਪਿਆ ਹੈਂ।

ਮਾਇਆ ਦੇ ਪਟਲਿ=ਪੜਦੇ ਕਰਕੇ ਪਾਰਬ੍ਰਹਮ ਤੈਨੂੰ ਭੁੱਲ ਗਿਆ ਹੈ ॥ ੩ ॥

ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥
ਸੰਤ ਸੰਗਿ ਨਾਨਕ ਪ੍ਰਭੁ ਪਾਇਆ ॥ ੪ ॥ ੧੧ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀ ਪੁਰਸ਼ਾਂ ਨੇ ਸੰਤਾਂ ਦੀ ਸੰਗਤ ਵਿਚ ਬੈਠ ਕੇ ਪ੍ਰਭੂ ਦੇ ਕੀਰਤਨ ਨੂੰ ਗਾਇਆ ਹੈ ਓਸੇ ਕੀਰਤਨ ਦੇ ਪ੍ਰਤਾਪ ਕਰਕੇ ਪ੍ਰਭੂ ਨੂੰ ਪਾਇਆ ਹੈ ॥ ੪ ॥ ੧੧ ॥ ੧੬ ॥

ਬਿਲਾਵਲੁ ਮਹਲਾ ੫ ॥

ਮਾਤ ਪਿਤਾ ਸੁਤ ਬੰਧਪ ਭਾਈ ॥ ਨਾਨਕ ਹੋਆ ਪਾਰਬ੍ਰਹਮੁ ਸਹਾਈ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਮਾਂ, ਪਿਓ, ਪੁੱਤਰ, ਸਬੰਧੀ ਤੇ ਭਰਾ, ਇਨ੍ਹਾਂ ਵਿੱਚੋਂ ਕੋਈ ਸਹਾਇਕ ਨਾ ਹੋਇਆ। ਇਕ ਪਾਰਬ੍ਰਹਮ ਹੀ ਸਹਾਇਤਾ ਕਰਨ ਵਾਲਾ ਹੋਇਆ।

ਅਥਵਾ:-ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਮਾਂ, ਪਿਓ, ਪੁੱਤਰ, ਸਬੰਧੀ ਤੇ ਭਰਾ, ਆਦਿਕ ਸਬੰਧੀਆਂ ਵਾਗ ਸਾਡਾ ਪਾਰਬ੍ਰਹਮ ਹੀ ਸਹਾਈ ਹੋਇਆ ਹੈ। ਜਾਂ ਗੁਰੂ ਨਾਨਕ ਜੀ ਦੀ ਕਿਰਪਾ ਨਾਲ ਜੋ ਪਾਰਬ੍ਰਹਮ ਮੇਰਾ ਸਹਾਈ ਹੋਇਆ ਹੈ। ਮੇਰਾ ਮਾਂ, ਪਿਓ, ਪੁੱਤਰ, ਸਬੰਧੀ, ਭਰਾ ਆਦਿਕ ਸਭ ਕੁਝ ਓਹੀ ਹੈ।

ਸੂਖ ਸਹਜ ਆਨੰਦ ਘਣੇ ॥

ਓਸੇ ਦੀ ਕਿਰਪਾ ਨਾਲ ਸੂਖ ਸਹਜ=ਅਚੁੱਤ ਸੁਖ ਦੇ ਘਣੇ ਅਨੰਦ ਹੋਏ ਹਨ।

ਗੁਰੁ ਪੂਰਾ ਪੂਰੀ ਜਾ ਕੀ ਬਾਣੀ
ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥ ੧ ॥ ਰਹਾਉ ॥

ਮੇਰਾ ਗੁਰੂ ਪੂਰਾ ਹੈ, ਜਿਸ ਦੀ ਬਾਣੀ ਪੂਰੀ ਹੈ, ਅਨੇਕਾਂ ਗੁਣ ਹਨ; ਜਿਸ ਦੇ ਗੁਣ ਗਿਣੇ ਨਹੀਂ ਜਾਂਦੇ ॥ ੧ ॥

ਸਗਲ ਸਰੰਜਾਮ ਕਰੇ ਪ੍ਰਭੁ ਆਪੇ॥ ਭਏ ਮਨੋਰਥ ਸੋ ਪ੍ਰਭੁ ਜਾਪੇ॥ ੨॥

ਪ੍ਰਭੂ ਨੇ ਆਪ ਹੀ ਸਾਰੇ ਸਰੰਜਾਮ=ਉੱਦਮ ਕੀਤੇ ਹਨ। ਵਾ:-ਸਾਰੀਆਂ ਸਰੰਜਾਮ=ਸਮੱਗ੍ਰੀਆਂ ਨੂੰ ਦੇਣਾ ਕਰਦਾ ਹੈ। ਉਸ ਪ੍ਰਭੂ ਨੂੰ ਜਪਣ ਕਰਕੇ ਸਾਰੇ ਮਨੋਰਥ ਪੂਰਨ ਹੋਏ ਹਨ॥ ੨॥

[ਪੰਨਾ ੮੦੬]

ਅਰਥ ਧਰਮ ਕਾਮ ਮੋਖ ਕਾ ਦਾਤਾ॥
ਪੂਰੀ ਭਈ ਸਿਮਰਿ ਸਿਮਰਿ ਬਿਧਾਤਾ॥ ੩॥

ਧਰਮ, ਅਰਥ, ਕਾਮ ਅਤੇ ਮੋਖ ਦਾ ਦਾਤਾ ਜੋ ਬਿਧਾਤਾ=ਫਲ ਬਰ ਦਾਤਾ ਪਰਮੇਸ਼ਰ ਹੈ, ਉਸ ਨੂੰ ਸਿਮਰਦਿਆਂ-ਸਿ਼ਮਰਦਿਆਂ ਜਾਂ ਉਸ ਦੇ ਸਿਮਰਨ ਨੂੰ ਸ਼ਿਮਰਦਿਆਂ ਸੇਵਾ ਪੂਰੀ ਹੈ, ਵਾ:- ਸਭ ਵਾਸ਼ਨਾ ਪੂਰੀ ਹੋਈ ਹੈ॥ ੩॥

ਸਾਧਸੰਗਿ ਨਾਨਕਿ ਰੰਗੁ ਮਾਣਿਆ॥
ਘਰਿ ਆਇਆ ਪੂਰੈ ਗੁਰਿ ਆਇਆ॥ ੪॥ ੧੨॥ ੧੭॥

ਗੁਰੂ ਜੀ ਕਥਨ ਕਰਦੇ ਹਨ-ਸਤਸੰਗ ਨਾਲ ਮਿਲ ਕੇ ਨਾਮ ਦਾ ਰੰਗੁ=ਆਨੰਦ ਮਾਣਿਆ ਹੈ।
ਜਦ ਪੂਰਿਆਂ ਗੁਰਾਂ ਨੇ ਲਿਆਂਦਾ ਤਾਂ ਹੀ ਸਰੂਪ-ਘਰ ਵਿਚ ਆ ਗਿਆ ਹਾਂ॥ ੪॥ ੧੨॥ ੧੭॥

ਬਿਲਾਵਲੁ ਮਹਲਾ ੫ ॥
ਸ੍ਰਬ ਨਿਧਾਨ ਪੂਰਨ ਗੁਰਦੇਵ॥ ੧॥ ਰਹਾਉ॥

ਪੂਰਨ ਗੁਰਦੇਵ ਜੀ ਸਰਬ ਨਿੱਧੀਆਂ ਦੇ ਨਿਧਾਨ=ਖਜ਼ਾਨੇ ਹਨ॥ ੧॥ ਰਹਾਉ॥
ਅਜਿਹੇ ਪੂਰਨ ਗੁਰਾਂ ਦੁਆਰੇ-

ਹਰਿ ਹਰਿ ਨਾਮੁ ਜਪਤ ਨਰ ਜੀਵੇ॥ ਮਰਿ ਖੁਆਰੁ ਸਾਕਤ ਨਰ ਥੀਵੇ॥ ੧॥

ਗੁਰਮੁਖ ਪੁਰਸ਼ ਹਰਿ ਹਰਿ ਨਾਮ ਜਪਦੇ ਹੋਏ ਸੰਸਾਰ ਵਿਚ ਜੀਉਂਦੇ ਹਨ ਤੇ ਸਾਕਤ ਪੁਰਸ਼ ਨਾਮ ਤੋਂ ਹੀਣੇ ਮਰ ਕੇ ਖੁਆਰ ਹੁੰਦੇ ਹਨ॥ ੧॥

ਰਾਮ ਨਾਮੁ ਹੋਆ ਰਖਵਾਰਾ॥ ਝਖ ਮਾਰਉ ਸਾਕਤੁ ਵੇਚਾਰਾ ॥ ੨॥

ਰਾਮ ਨਾਮ ਹੀ ਗੁਰਮੁਖਾਂ ਦਾ ਸਦਾ ਰਖਵਾਲਾ ਹੋਇਆ ਹੈ। ਮਨਮੁਖ ਵਿਚਾਰਾ ਝੱਖਾਂ ਮਾਰਦਾ ਹੀ ਮਰ ਗਿਆ ਹੈ॥ ੨॥

ਨਿੰਦਾ ਕਰਿ ਕਰਿ ਪਚਹਿ ਘਨੇਰੇ॥ ਮਿਰਤਕ ਫਾਸ ਗਲੈ ਸਿਰਿ ਪੈਰੇ ॥ ੩॥

ਘਨੇਰੇ=ਬਹੁਤ ਸਾਰੇ ਮਨਮੁਖ ਗੁਰ-ਨਿੰਦਿਆ ਕਰ ਕਰਕੇ ਪਚਹਿ=ਖ਼ਰਾਬ ਹੋ ਰਹੇ ਹਨ ਜਾਂ ਸੜ ਰਹੇ ਹਨ। ਜਿਸ ਵੇਲੇ-ਮਿਰਤਕ=ਮਰਦਾ ਹੈ, ਤਿਸ ਵੇਲੇ ਸਿਰ ਤੋਂ ਲੈ ਕੇ ਪੈਰਾਂ ਤਕ ਇਸ ਦੇ ਗਲ ਵਿਚ ਫਾਹੀ ਪੈਂਦੀ ਹੈ। ਵਾ:-ਮਿਰਤਕ ਫਾਸ=ਮੌਤ ਰੂਪ ਫਾਹੀ ਪੜੀ ਤਾਂ ਸਿਰ ਤੋਂ ਲੈ ਕੇ ਪੈਰਾਂ ਤਕ ਗਲੈ=ਗਲ ਗਿਆ।

ਜਾਂ ਮਰਨ ਸਮੇਂ ਜਮਾਂ ਦੀ ਫਾਹੀ ਗਲ ਵਿਚ ਪਈ 'ਤੇ ਸਿਰ ਉੱਤੇ ਜੁੱਤੀਆਂ ਜਾਂ ਡੰਡੇ ਪੈਰੇ=ਪੈਂਦੇ ਹਨ ॥ ੩ ॥

ਕਹੁ ਨਾਨਕ ਜਪਹਿ ਜਨ ਨਾਮ ॥
ਤਾ ਕੇ ਨਿਕਟਿ ਨ ਆਵੈ ਜਾਮ ॥ ੪ ॥ ੧੩ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਪੁਰਸ਼ ਨਾਮ ਨੂੰ ਜਪਦਾ ਹੈ। ਉਸ ਦੇ ਨੇੜੇ ਜਮ ਨਹੀਂ ਆਉਂਦਾ

ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ

ੴ ਸਤਿਗੁਰ ਪ੍ਰਸਾਦਿ ॥ ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥

(ਜਗਿਆਸੂ ਨੇ ਗੁਰਾਂ ਤੋਂ ਪੁੱਛਿਆ-) ਮੈਂ ਕਿਹੜੇ ਸੰਜੋਗ ਕਰਕੇ ਆਪਣੇ ਪ੍ਰਭੂ ਨੂੰ ਮਿਲਣਾ ਕਰਾਂ ? *(ਗੁਰ ਉੱਤਰ)*

ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥ ੧ ॥

ਪੱਲ ਪੱਲ ਵਿਚ ਨਿਮਖ ਨਿਮਖ ਸਮੇਂ ਵਿਚ ਤੂੰ ਹਮੇਸ਼ਾਂ ਹਰੀ ਨਾਮ ਨੂੰ ਜਪਣਾ ਕਰ ॥ ੧ ॥

ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥
ਕਵਨ ਸੁ ਮਤਿ ਜਿਤੁ ਪ੍ਰੀਤਮੁ ਪਾਵਉ ॥ ੧ ॥ ਰਹਾਉ ॥

ਪ੍ਰਸ਼ਨ- ਉਹ ਕਿਹੜੀ ਸ਼ੁਭ ਸਿਖਿਆ ਹੈ ਜਿਸ ਕਰਕੇ ਮੈਂ ਆਪਣੇ ਪ੍ਰੀਤਮ ਪ੍ਰਭੂ ਨੂੰ ਪਾ ਲਵਾਂ ?
ਉੱਤਰ- ਤੂੰ ਨਿਤਾਪ੍ਰਤੀ ਪ੍ਰਭੂ ਦੇ ਚਰਨ-ਕਮਲਾਂ ਨੂੰ ਜਪਣਾ ਕਰ ਭਾਵ ਧਿਆਨ ਵਿਚ ਜੁੜਨਾ ਕਰ।

ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥
ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥ ੨ ॥ ੧ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਪ੍ਰਭੂ ! ਮੇਰੇ ਉੱਤੇ ਅਜਿਹੀ ਕਿਰਪਾ ਕਰ। ਜੋ ਹੇ ਹਰੀ ! ਆਪ ਕਿਸੀ ਵੇਲੇ ਭੀ ਮੈਨੂੰ ਨਾ ਭੁੱਲੋ॥ ੨ ॥ ੧ ॥ ੧੯ ॥

ਬਿਲਾਵਲੁ ਮਹਲਾ ੫ ॥

ਚਰਨ ਕਮਲ ਪ੍ਰਭ ਹਿਰਦੈ ਧਿਆਏ ॥ ਰੋਗ ਗਏ ਸਗਲੇ ਸੁਖ ਪਾਏ ॥ ੧ ॥

ਹਿਰਦੇ ਵਿਚ ਪ੍ਰਭੂ ਦੇ ਚਰਨ-ਕਮਲ ਧਿਆਏ ਹਨ। ਧਿਆਉਣ ਕਰਕੇ ਰੋਗ ਮਿਟ ਗਏ ਹਨ ਅਤੇ ਸਾਰੇ ਸੁਖ ਪਾਏ ਹਨ॥ ੧ ॥

ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥
ਸਫਲ ਜਨਮੁ ਜੀਵਨ ਪਰਵਾਨੁ ॥ ੧ ॥ ਰਹਾਉ ॥

ਗੁਰਾਂ ਨੇ ਨਾਮ ਦਾਨ ਦੇ ਕੇ ਜਨਮ ਮਰਨ ਦਾ ਦੁੱਖ ਕੱਟ ਦਿੱਤਾ ਹੈ। ਇਸ ਲਈ ਜੀਉਣਾ ਸਫਲ ਹੈ ਤੇ ਜਨਮ ਪ੍ਰਵਾਨ ਹੋਇਆ ਹੈ।

ਅਥਵਾ:-ਸਭ ਜੂਨੀਆਂ 'ਚੋਂ ਪ੍ਰਮਾਨੀਕ ਜੋ ਮਨੁੱਖਾ ਜਨਮ ਹੈ ਉਸ ਦਾ ਜੀਉਣਾ ਸਫਲ ਹੋਇਆ ॥ ੧॥ ਰਹਾਉ॥

ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ॥
ਕਹੁ ਨਾਨਕ ਜਪਿ ਜੀਵੇ ਗਿਆਨੀ॥ ੨॥ ੨॥ ੨੦॥

ਜਿਸ ਪ੍ਰਭੂ ਦੀ ਕਥਾ ਅਕੱਥ ਹੈ ਉਸ ਪ੍ਰਭੂ ਦੀ ਬਾਣੀ ਅੰਮ੍ਰਿਤ ਰੂਪ ਹੈ। ਗੁਰੂ ਜੀ ਕਥਨ ਕਰਦੇ ਹਨ- ਗਿਆਨੀ ਲੋਕ ਉਸ ਨੂੰ ਜਪਦੇ ਜੀਉਂਦੇ ਹਨ॥ ੨॥ ੨॥ ੨੦॥

ਬਿਲਾਵਲੁ ਮਹਲਾ ੫ ॥
ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ॥
ਸੁਖ ਉਪਜੇ ਬਾਜੇ ਅਨਹਦ ਤੂਰੇ॥ ੧॥ ਰਹਾਉ॥

ਗੁਰਿ=ਪੂਜਨੀਕ ਪੂਰਿਆਂ ਸਤਿਗੁਰਾਂ ਨੇ ਮੇਰੇ ਮਨ ਦੇ ਅੰਦਰ ਸ਼ਾਂਤੀ ਪਾਈ ਹੈ। ਸੁਖ ਪੈਦਾ ਹੋ ਗਏ ਹਨ ਅਤੇ ਇਕ-ਰਸ ਨਾਮਾਂ ਰੂਪੀ।

ਵਾਂ:-(ਸੁੱਧੋ ਹੰ, ਬੁੱਧੋ ਹੰ ਰੂਪੀ) ਤੂਰੇ=ਵਾਜੇ ਵੱਜ ਆਏ ਹਨ।

ਤਾਪ ਪਾਪ ਸੰਤਾਪ ਬਿਨਾਸੇ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ॥ ੧॥

(ਆਧਿ, ਬਿਆਧਿ, ਉਪਾਧਿ ਰੂਪ) ਤਿੰਨੇ ਤਾਪ, ਪਾਪ ਤੇ ਸਾਰੇ ਸੰਤਾਪ=ਦੁੱਖ ਨਾਸ ਹੋ ਗਏ ਹਨ।

ਹਰੀ ਨੂੰ ਸਿਮਰਦਿਆਂ ਹੀ ਸਾਰੇ ਪਾਪ ਨਾਸ ਹੋ ਗਏ ਹਨ, ਵਾ:- ਨੱਸ ਗਏ ਹਨ॥ ੧॥

ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥
ਗੁਰਿ ਨਾਨਕਿ ਮੇਰੀ ਪੈਜ ਸਵਾਰੀ॥ ੨॥ ੩॥ ੨੧॥

ਮਹਾਤਮਾ ਰੂਪ ਸੁੰਦਰ ਨਾਰੀ ਨਾਲ ਮਿਲ ਕੇ, ਵਾ:-ਭਗਤੀ ਰੂਪ ਸੁੰਦਰ ਨਾਰੀ ਨਾਲ ਮਿਲ ਕੇ ਮੈਂ ਆਨੰਦ ਲੈਣਾ ਕਰਦਾ ਹਾਂ, ਤੁਸੀ ਲੈਣਾ ਕਰੋ।

ਗੁਰੂ ਨਾਨਕ ਦੇਵ ਜੀ ਨੇ ਮੇਰੀ ਪੈਜ ਸਵਾਰਨਾ ਕੀਤੀ ਹੈ॥ ੨॥ ੩॥ ੨੧॥

ਬਿਲਾਵਲੁ ਮਹਲਾ ੫ ॥
ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ॥

ਪਦਾਰਥਾਂ ਦੀ ਮਮਤਾ, ਸਬੰਧੀਆ ਦੇ ਮੋਹ, ਧ੍ਰੋਹ=ਛਲ, ਮਦਿ=ਹੰਕਾਰ ਵਿਚ ਮਸਤ ਹੈ ਇਤਆਦਿਕ ਬੰਧਨਾਂ ਵਿਚ ਬੱਧਾ ਹੋਇਆ ਇਹ ਜੀਵ ਅਤੀ ਬਿਕਰਾਲ=ਭਿਆਨਕ ਹੋ ਰਿਹਾ ਹੈ।

ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ॥ ੧॥

ਦਿਨੋਂ ਦਿਨ ਵਿਕਾਰ ਕਰਦਿਆਂ ਅਉਧ ਛਿਜਤ=ਉਮਰਾ ਘਟਦੀ ਜਾਂਦੀ ਹੈ, ਵਾਸ਼ਨਾਂ ਦੀ ਫਾਹੀ ਵਿਚ ਫਸਿਆ ਹੋਇਆ ਅੰਤ ਨੂੰ ਜਮਾਂ ਦੇ ਜਾਲ=ਫਾਹ ਵਿਚ ਪੈਂਦਾ ਹੈ॥ ੧॥

ਤੇਰੀ ਸਰਣਿ ਪ੍ਰਭ ਦੀਨ ਦਇਆਲਾ॥

ਹੇ ਦੀਨ ਦਿਆਲ ਪ੍ਰਭੂ ! ਮੈਂ ਤੇਰੀ ਸ਼ਰਨ ਆਇਆ ਹਾਂ।

ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ ॥੧ ॥ਰਹਾਉ ॥

ਮੈਨੂੰ ਸੰਤ ਚਰਨ ਰਵਾਲਾ=ਧੂੜੀ ਦੇ ਨਾਲ ਮੇਲ ਕੇ ਬੜਾ ਵਿਖਮ=ਕਠਨ ਜੋ ਅਤਿਅੰਤ ਭਾਰੀ ਸੰਸਾਰ-ਸਮੁੰਦਰ ਹੈ ਇਸ ਤੋਂ ਤਾਰਨਾ ਕਰੋ।

ਪ੍ਰਭ ਸੁਖਦਾਤੇ ਸਮਰਥ ਸੁਆਮੀ ਜੀਉ ਪਿੰਡੁ ਸਭੁ ਤੁਮਰਾ ਮਾਲ ॥

ਹੇ ਸੁਖ ਦਾਤੇ ਪ੍ਰਭੂ ! ਆਪ ਸਮਰਥ ਸੁਆਮੀ ਹੋ, ਜੀਵ ਨੂੰ ਪਿੰਡੁ=ਸਰੀਰ ਤੇ ਮਾਲ ਆਦਿਕ ਸਭ ਆਪ ਜੀ ਦਾ ਦਿੱਤਾ ਹੋਇਆ ਹੈ।

ਭ੍ਰਮ ਕੇ ਬੰਧਨ ਕਾਟਹੁ ਪਰਮੇਸਰ ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥੨ ॥੪ ॥੨੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪਰਮੇਸ਼ਰ ! ਆਪ ਮੈਂ ਨਾਨਕ ਦੇ ਪ੍ਰਭੂ ਹੋ ਤੇ ਸਦਾ ਕ੍ਰਿਪਾਲੂ ਸੁਭਾਅ ਵਾਲੇ ਹੋ, ਮੇਰੇ ਭਰਮ ਦੇ ਬੰਧਨ ਕੱਟ ਦੇਣਾ ਕਰੋ ॥ ੨ ॥ ੪ ॥ ੨੨ ॥

ਬਿਲਾਵਲੁ ਮਹਲਾ ੫ ॥

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ ॥

ਆਪਣਾ ਬਿਰਦ ਚੇਤੇ ਕਰਕੇ ਪਰਮੇਸ਼ਰ ਨੇ ਸਭ ਤਰ੍ਹਾਂ ਦਾ ਅਨੰਦ ਬਣਾਉਣਾ ਕੀਤਾ ਹੈ।

ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥ ੧ ॥

ਸਾਰੇ ਸੰਤ ਜਨ ਕ੍ਰਿਪਾਲੂ ਹੋਏ ਹਨ ਅਤੇ ਸਾਰਾ ਪ੍ਰਵਾਰ ਭੀ ਅਨੰਦ ਹੋ ਗਿਆ ਹੈ॥ ੧ ॥

ਕਾਰਜੁ ਸਤਿਗੁਰਿ ਆਪਿ ਸਵਾਰਿਆ ॥

ਸਤਿਗੁਰਾਂ ਨੇ ਆਪ ਹੀ ਕਾਰਜ ਸਵਾਰਨਾ ਕੀਤਾ ਹੈ।

[ਪੰਨਾ ੮੦੭]

ਵਡੀ ਆਰਜਾ ਹਰਿ ਗੋਬਿੰਦ ਕੀ

ਸੂਖ ਮੰਗਲ ਕਲਿਆਣ ਬੀਚਾਰਿਆ ॥ ੧ ॥ ਰਹਾਉ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਵੱਡੀ ਉਮਰਾ ਹੋ ਗਈ ੪੨ ਸਾਲ ੯ ਮਹੀਨੇ ੧੯ ਦਿਨ, ਮੰਗਲ ਰੂਪ ਜੋ ਪਰਮੇਸ਼ਰ ਹੈ ਕਲਿਆਣਾਂ ਦੇ ਕਰਨ ਵਾਲਾ ਉਸ ਨੂੰ ਵਿਚਾਰਿਆ ਭਾਂ ਸੁਖ ਪ੍ਰਾਪਤ ਹੋਇਆ॥ ੧ ॥

ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥

ਪ੍ਰਤੱਖ ਵਣ, ਤ੍ਰਿਣ ਤੇ ਤਿੰਨ ਭਵਨ ਹਰੇ ਭਰੇ ਹੋ ਗਏ।

ਅਥਵਾ:-ਵਣ=ਅੰਤਹਕਰਨ, ਤ੍ਰਿਣ=ਇੰਦਰੀਏ, ਤ੍ਰਿਭਵਣ=ਤਿੰਨੇ ਸਰੀਰ ਸ਼ੁਭ-ਗੁਣਾਂ ਕਰਕੇ ਹਰੇ ਹੋ ਗਏ ਅਤੇ ਸਾਰੇ ਸੂਖਮ ਸਥੂਲ ਜੀਵ ਸਾਧਾਰਿਆ=ਸਹਿਤ ਆਸਰੇ ਦੇ ਹੋ ਗਏ।

ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥ ੨ ॥ ੫ ॥ ੨੩ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਤੋਂ ਮਨ ਇੱਛਤ ਫਲ ਪਾਏ ਹਨ, ਜੋ ਪੂਰਨ ਪਰਮਾਤਮਾ ਸਭ ਦੀ

ਇੱਛਾ ਪੁਜਾਰਿਆ=ਪੂਰਨ ਕਰਦਾ ਹੈ॥ ੨॥ ੫॥ ੨੩॥

ਬਿਲਾਵਲੁ ਮਹਲਾ ੫॥ ਜਿਸੁ ਊਪਰਿ ਹੋਵਤ ਦਇਆਲੁ॥

ਜਿਸ ਉਤੇ ਪਰਮੇਸ਼ਰ ਦਿਆਲੂ ਹੁੰਦਾ ਹੈ।

ਹਰਿ ਸਿਮਰਤ ਕਾਟੈ ਸੋ ਕਾਲੁ॥ ੧॥ ਰਹਾਉ॥

ਉਸ ਗੁਰਮੁਖ ਹਰੀ ਨੂੰ ਸਿਮਰਦਾ ਹੋਇਆ ਆਪਣਾ ਕਾਲੁ=ਸਮਾਂ ਚੰਗਾ ਬਤੀਤ ਕਰਦਾ ਹੈ।

ਸਾਧਸੰਗਿ ਭਜੀਐ ਗੋਪਾਲੁ॥ ਗੁਨ ਗਾਵਤ ਤੂਟੈ ਜਮ ਜਾਲੁ ॥੧॥

ਸੰਤਾਂ ਦੀ ਸੰਗਤ ਵਿਚ ਬੈਠ ਕੇ ਗੋਪਾਲ ਨਾਮ ਨੂੰ ਜਪਣਾ ਕਰੀਏ । ਕਿਉਂਕਿ ਉਸ ਦੇ ਗੁਣ ਗਾਉਂਦਿਆਂ ਹੀ ਜਮਾਂ ਦਾ ਫਾਹ ਟੁੱਟ ਜਾਂਦਾ ਹੈ॥ ੧॥

ਆਪੇ ਸਤਿਗੁਰੁ ਆਪੇ ਪ੍ਰਤਿਪਾਲ॥ਨਾਨਕੁ ਜਾਚੈ ਸਾਧ ਰਵਾਲ॥੨॥੬॥੨੪॥

ਉਹ ਆਪ ਸਤਿਗੁਰੂ ਰੂਪ ਧਾਰਦਾ ਹੈ ਆਪ ਹੀ ਸਭ ਦੀ ਪ੍ਰਤਿਪਾਲਾ ਕਰਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਦੇ ਪਾਸੋਂ ਸੰਤ ਚਰਨ ਧੂੜੀ ਮੰਗਦੇ ਹਾਂ॥ ੨॥ ੬॥ ੨੪॥

ਬਿਲਾਵਲੁ ਮਹਲਾ ੫॥ ਮਨ ਮਹਿ ਸਿੰਚਹੁ ਹਰਿ ਹਰਿ ਨਾਮ॥

ਮਨ ਦੇ ਵਿਚ ਹਰਿ ਹਰਿ ਨਾਮ ਰੂਪੀ ਅੰਮ੍ਰਿਤ ਨੂੰ ਸਿੰਚਣਾ ਕਰੋ ।

ਅਨਦਿਨੁ ਕੀਰਤਨੁ ਹਰਿ ਗੁਣ ਗਾਮ॥ ੧॥

ਰਾਤ ਦਿਨ ਕੀਰਤਨ ਦੁਆਰਾ ਹਰੀ ਗੁਣਾਂ ਨੂੰ ਗਾਮ=ਗਾਉਣਾ ਕਰੋ।

ਐਸੀ ਪ੍ਰੀਤਿ ਕਰਹੁ ਮਨ ਮੇਰੇ॥ਆਠ ਪਹਰ ਪ੍ਰਭ ਜਾਨਹੁ ਨੇਰੇ॥੧॥ਰਹਾਉ॥

ਹੇ ਮੇਰੇ ਮਨ ! ਅਜਿਹੀ ਪ੍ਰੀਤੀ ਧਾਰਨਾ ਕਰੋ। ਜੋ ਅੱਠੇ ਪਹਿਰ ਪ੍ਰਭੂ ਨੂੰ ਆਪਣੇ ਨੇੜੇ ਜਾਣੋ।

ਕਹੁ ਨਾਨਕ ਜਾ ਕੇ ਨਿਰਮਲ ਭਾਗ॥
ਹਰਿ ਚਰਣੀ ਤਾ ਕਾ ਮਨੁ ਲਾਗ॥ ੨॥ ੭॥ ੨੫॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਉੱਤਮ ਭਾਗ ਹਨ। ਉਸ ਦਾ ਮਨ ਹਰੀ ਦੇ ਚਰਨਾਂ ਨਾਲ ਲਗਦਾ ਹੈ॥ ੨॥ ੭॥ ੨੫॥

ਅਗਲਾ ਸ਼ਬਦ ਛੇਵੇਂ ਪਾਤਿਸ਼ਾਹ ਜੀ ਦੇ ਅਤੇ ਜਗਿਆਸੂ ਦੇ ਪ੍ਰਤੀ ਉਚਾਰਨ ਕੀਤਾ ਹੈ।

ਬਿਲਾਵਲੁ ਮਹਲਾ ੫॥ ਰੋਗੁ ਗਇਆ ਪ੍ਰਭਿ ਆਪਿ ਗਵਾਇਆ॥

ਆਪ ਪ੍ਰਭੂ ਨੇ ਕਿਰਪਾ ਕਰਕੇ ਗਵਾਇਆ ਤਾਂ ਛੇਵੇਂ ਪਾਤਿਸ਼ਾਹ ਜੀ ਦਾ ਰੋਗ ਦੂਰ ਹੋ ਗਿਆ।

ਅਥਵਾ:-ਆਪ ਪ੍ਰਭੂ ਨੇ ਗਵਾਇਆ ਤਾਂ ਜਗਿਆਸੂ ਦਾ ਅਗਿਆਨ ਰੂਪੀ ਰੋਗ ਨਵਿਰਤ ਹੋ ਗਿਆ।

ਨੀਦ ਪਈ ਸੁਖ ਸਹਜ ਘਰੁ ਆਇਆ॥ ੧॥ ਰਹਾਉ॥

ਪ੍ਰਤੱਖ ਨੀਂਦ ਵਾ:-ਸ਼ਾਂਤੀ ਰੂਪੀ ਨੀਂਦ ਆ ਪਈ ਹੈ ਤੇ ਅਚੁੱਤ ਸੁਖ ਘਰ ਵਿਚ ਆ ਕੇ ਪ੍ਰਾਪਤ ਹੋਇਆ

ਹੈ॥ ੧॥ ਰਹਾਉ॥

ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ॥ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ॥੧॥

ਹੇ ਮੇਰੇ ਭਾਈ ! ਪ੍ਰਤੱਖ ਭੋਜਨ ਨੂੰ, ਵਾ:-ਬ੍ਰਹਮ ਗਿਆਨ ਰੂਪੀ ਭੋਜਨ ਨੂੰ ਰੱਜਕੇ ਖਾਣਾ ਕਰੋ। ਅਤੇ ਹਿਰਦੇ ਵਿਚ ਨਾਮ ਅੰਮ੍ਰਿਤ ਦੇ ਧਿਆਉਣ ਵਾਲੇ ਹੋਵੋ॥ ੧॥

ਨਾਨਕ ਗੁਰ ਪੂਰੇ ਸਰਨਾਈ॥
ਜਿਨਿ ਅਪਨੇ ਨਾਮ ਕੀ ਪੈਜ ਰਖਾਈ॥ ੨॥ ੮॥ ੨੬॥

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਪੂਰੇ ਗੁਰੂ ਦੀ ਸ਼ਰਨ ਵਿਚ ਆ ਪਏ ਹਾਂ। ਜਿਸ ਨੇ ਆਪਣੇ ਨਾਮ ਦੀ ਪੈਜ ਰੱਖ ਲਈ ਹੈ॥ ੨॥ ੮॥ ੨੬॥

ਬਿਲਾਵਲੁ ਮਹਲਾ ੫॥
ਸਤਿਗੁਰ ਕਰਿ ਦੀਨੇ ਅਸਥਿਰ ਘਰ ਬਾਰ॥ ਰਹਾਉ॥

ਸ੍ਰੀ ਹਰਿਮੰਦਰ ਸਾਹਿਬ ਬਣ ਜਾਣ ਤੋਂ ਬਾਅਦ ਇਹ ਸ਼ਬਦ ਉਚਾਰਿਆ ਕਿ ਸਤਿਗੁਰਾਂ ਨੇ ਘਰ=ਗੁਰੂ ਕੇ ਮਹਲ, ਵਾ:-ਸ੍ਰੀ ਹਰਿਮੰਦਰ ਸਾਹਿਬ ਬਾਰ=ਦਰਸ਼ਨੀ ਦਰਵਾਜ਼ਾ (ਡਿਉੜੀ) ਇਹ ਸਭ ਇਸਥਿਤ ਕਰ ਦਿੱਤੇ ਹਨ।

ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ॥ ੧॥

ਜਿਹੜਾ ਜਿਹੜਾ ਕੋਈ ਇਨ੍ਹਾਂ ਘਰਾਂ ਦੀ ਨਿੰਦਿਆ ਕਰੇਗਾ, ਉਸ ਨੂੰ ਨਿੰਦਿਆ ਕਰਨ ਤੋਂ ਪਹਿਲੇ ਹੀ ਕਰਤਾਰ ਮਾਰੇਗਾ।

ਅਥਵਾ:- ਉਸ ਨੂੰ ਆਗੈ=ਪ੍ਰਲੋਕ ਵਿਚ ਕਰਤਾਰ ਜ਼ਰੂਰ ਹੀ ਮਾਰੇਗਾ॥ ੧॥

ਨਾਨਕ ਦਾਸ ਤਾ ਕੀ ਸਰਨਾਈ ਜਾ ਕੋ ਸਬਦੁ ਅਖੰਡ ਅਪਾਰ॥੨॥੯॥੨੭॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੇ ਉਸ ਦੀ ਸ਼ਰਨ ਗ੍ਰਹਿਣ ਕੀਤੀ ਹੈ ਜਿਸ ਅਪਾਰ ਰੂਪ ਪਰਮਾਤਮਾ ਦਾ ਸਬਦੁ=ਹੁਕਮ ਅਖੰਡ ਹੈ।

ਅਥਵਾ:- ਮੈਂ ਦਾਸ ਨੇ ਉਸ ਦੀ ਸ਼ਰਨ ਗ੍ਰਹਿਣ ਕੀਤੀ ਹੈ, ਜਿਸ ਨੂੰ ਅਖੰਡ ਅਪਾਰ ਦੀ ਪ੍ਰਾਪਤੀ ਕਰਨ ਵਾਲਾ ਸ਼ਬਦ ਮਿਲਿਆ ਹੈ ॥ ੨॥ ੯॥ ੨੭॥

ਜਿਸ ਵੇਲੇ ਛੇਵੇਂ ਪਾਤਿਸ਼ਾਹ ਜੀ ਦਾ ਬੁਖਾਰ ਉੱਤਰ ਗਿਆ ਉਸ ਵੇਲੇ ਇਹ ਸ਼ਬਦ ਉਚਾਰਿਆ-

ਬਿਲਾਵਲੁ ਮਹਲਾ ੫॥
ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ॥

ਹੇ ਪੁੱਤਰ ! ਤਾਪ ਜੋ ਸੰਤਾਪਣੇ ਵਾਲੇ ਸਨ ਉਹ ਸਾਰੇ ਦੂਰ ਹੋ ਗਏ ਹਨ,

ਵਾ:-ਆਪ ਜੀ ਦੇ ਸਰੀਰ ਦਾ ਤਾਪ ਤੇ ਸਿੱਖਾਂ ਦੇ ਸੰਤਾਪ ਚਲੇ ਗਏ ਹਨ ਅਤੇ ਸੀਤਲਾ ਆਦਿਕ ਰੋਗ ਭੀ ਬਿਨਸ ਗਏ ਹਨ।

ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥ ਰਹਾਉ ॥

ਪਾਰਬ੍ਰਹਮ ਨੇ ਤੈਨੂੰ ਬਖਸ਼ ਲਿਆ ਹੈ ਸੰਤਾਂ ਦਆਰੇ ਤੂੰ ਨਾਮ ਰਸ ਨੂੰ ਭੋਗਣਾ ਕਰ ॥ ਰਹਾਉ ॥

ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ ॥

ਹੇ ਪੁਤ੍ਰ! ਤੇਰਾ ਮਨ ਤਨ ਅਰੋਗ ਹੋਣ ਕਰਕੇ ਤੇਰੀ ਸਤਸੰਗਤ ਰੂਪ ਮੰਡਲੀ ਨੂੰ ਸਾਰੇ ਸੁਖ ਪ੍ਰਾਪਤ ਹਨ।

ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਧ ਜੋਗ ॥ ੧ ॥

ਨਿਤਾਪ੍ਰਤੀ ਰਾਮ ਦੇ ਗੁਣ ਗਾਉਣਾ ਕਰੋ, ਏਹੋ ਔਸ਼ਧੀ ਹਰ ਤਰ੍ਹਾਂ ਕਰਕੇ ਜੋਗ=ਲਾਂਇਕ ਹੈ॥ ੧ ॥

ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ ॥

ਵਡਾਲੀ ਤੋਂ ਆ ਕੇ ਦੇਸ=ਸ੍ਰੀ ਅੰਮ੍ਰਿਤਸਰ ਘਰ (ਗੁਰੂ ਕੇ ਮਹਲਾਂ) ਵਿਚ ਆ ਕੇ ਵੱਸੋ ਇਹ ਸੰਜੋਗ=ਸਮਾਂ ਚੰਗਾ ਹੈ। ਵਾ:-ਮਾਝੇ ਦੇਸ਼ ਵਿਚ ਘਰ ਅੰਮ੍ਰਿਤਸਰ ਹੈ,

ਵਾ:-ਸਤਸੰਗਤ ਰੂਪ ਦੇਸ਼ ਤੇ ਸਰੂਪ-ਘਰ ਵਿਚ ਆ ਕੇ ਵੱਸੋ, ਇਸ ਵੇਲੇ ਦੇ ਸੰਜੋਗ ਚੰਗੇ ਹਨ।

ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥ ੨ ॥ ੧੦ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਜੀ ਆਪ ਪ੍ਰਸੰਨ ਹੋਏ ਹਨ, ਇਸ ਲਈ ਸਾਰੇ ਬਿਓਗ=ਵਿਛੋੜੇ ਤੇ ਝੋਰੇ ਲਹਿ ਗਏ ਹਨ॥ ੨ ॥ ੧੦ ॥ ੨੮ ॥

ਬਿਲਾਵਲੁ ਮਹਲਾ ੫ ॥ ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ ॥

ਇਹ ਜੰਜਾਲ ਰੂਪ ਮਾਇਆ ਕਿਸੀ ਦੇ ਨਾਲ ਚਲਦੀ ਨਹੀਂ ਹੈ।

ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ ॥ ਰਹਾਉ ॥

ਜੋ ਰਾਵਣ ਆਦਿਕ ਸੰਤਾਂ ਨੂੰ ਦੁਖ ਦੇਣ ਦੇ ਖਿਆਲ ਵਿਚ ਪਏ ਹੋਏ ਸਨ ਕਿਉਂਕਿ ਰਾਵਣ ਨੇ ਰਿਖੀਆਂ ਦਾ ਖੂਨ ਨਿਚੋੜਿਆ ਸੀ ਉਹ ਛਤ੍ਰ-ਪਤੀ ਰਾਜੇ ਉੱਠ ਕੇ ਚਲੇ ਗਏ ਹਨ। ਜਾਂ ਸੰ=ਭਲੀ ਪਰਕਾਰ ਤਨ ਦੇ ਪਾਲਣ ਪੋਸਣ ਦੇ ਖਿਆਲ ਵਿਚ ਪਏ ਹੋਏ ਸਨ, ਉਹ ਛਤ੍ਰ-ਪਤੀ ਰਾਜੇ ਸੰਸਾਰ ਤੋਂ ਉੱਠ ਕੇ ਚਲੇ ਗਏ ਹਨ।

ਅਥਵਾ:-ਸੰਤਾਂ ਦੇ ਧਿਆਨ ਵਿਚ ਸਭ ਛਤਰ-ਪਤੀ ਰਾਜੇ ਸੰਸਾਰ ਤੋਂ ਉੱਠ ਕੇ ਚਲੇ ਗਏ ਹਨ।

ਅਥਵਾ:-ਛਤਰ-ਪਤੀ ਰਾਜੇ ਤਾਂ ਉੱਠ ਕੇ ਚਲੇ ਗਏ ਹਨ ਤੇ ਤੂੰ ਸੰਤਾਂ ਪਾਸੋਂ ਉਪਦੇਸ਼ ਲੈਣ ਦੇ ਖਿਆਲ ਵਿਚ ਪਓ। ਜਾਂ ਸੰਤਾਂ ਦੀ ਸੇਵਾ ਕਰਨ ਦੇ ਖਿਆਲ ਵਿਚ ਰਹੁ।

ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥

ਹੰਕਾਰ ਬੁੱਧੀ ਵਾਲਿਆਂ ਨੂੰ ਜੰਮਣਾ ਮਰਨਾ ਬਣਿਆ ਰਹਿੰਦਾ ਹੈ ਇਹ ਮੁੱਢ ਦੀ ਢਾਲ=ਮਰਯਾਦਾ ਹੈ।

ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ ॥ ੧ ॥

ਜੋ ਵਿਸ਼ਿਆਂ ਵਿਚ ਲੱਗ ਕੇ ਬਿਕਰਾਲ=ਭਿਆਨਕ ਹੋ ਰਹੇ ਹਨ, ਉਹ ਬਹੁਤ ਹੀ ਜੂਨੀਆਂ ਵਿਚ ਜੰਮਦੇ ਮਰਦੇ ਹਨ॥ ੧ ॥

ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ॥

ਸਾਧੂ ਹਮੇਸ਼ਾਂ ਸੱਚਾ ਬਚਨ ਕਹਿੰਦੇ ਹਨ, ਜੇ ਕੋਈ ਸੇਵਾ ਵਾਸਤੇ ਕਹੇ ਤਾਂ ਸਤ ਬਚਨ ਕਹਿੰਦੇ ਹਨ ਅਤੇ ਨਿਤਾਪ੍ਰਤੀ ਗੋਪਾਲ ਨਾਮ ਨੂੰ ਜਪਦੇ ਹਨ।

ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ॥ ੨॥ ੧੧॥ ੨੯॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਦੇ ਲਾਲ ਰੰਗ ਵਿਚ ਰੰਗੇ ਗਏ ਹਨ, ਵਾ:-ਲਾਲ=ਪਿਆਰੇ ਹਰੀ ਦੇ ਰੰਗ=ਪ੍ਰੇਮ ਵਿਚ ਰਹਿੰਦੇ ਹਨ, ਉਹ ਉਸ ਨੂੰ ਸਿਮਰ-ਸਿਮਰ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ॥ ੨॥ ੧੧॥ ੨੯॥

ਬਿਲਾਵਲੁ ਮਹਲਾ ੫॥ ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥

ਸਹਜ ਸਮਾਧਿ=ਨਿਰ-ਵਿਕਲਪ ਸਮਾਧੀ ਦਾ ਸੁਖ ਅਨੰਦ ਸਾਨੂੰ ਪੂਰਿਆਂ ਗੁਰਾਂ ਨੇ ਦਿੱਤਾ ਏ।

ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ॥ ਰਹਾਉ॥

ਜੋ ਸਦਾ ਸੰਗੀ ਤੇ ਸਹਾਈ ਪ੍ਰਭੂ ਹੈ ਉਸ ਦੇ ਅੰਮ੍ਰਿਤ=ਮੁਕਤੀ ਰੂਪੀ ਗੁਣਾਂ ਨੂੰ ਜਾਣਿਆ ਹੈ॥ ਰਹਾਉ॥

[ਪੰਨਾ ੮੦੮]

ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ॥

ਸਾਰੇ ਜਗਤ ਵਿਚ ਜੈ ਜੈ ਕਾਰ ਹੋ ਰਿਹਾ ਹੈ ਤੇ ਸਾਰੇ ਜੀਵ ਦਰਸ਼ਨ ਨੂੰ ਲੋਚਹਿ=ਚਾਹੁੰਦੇ ਹਨ।

ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ॥ ੧॥

ਪ੍ਰਭੂ ਰੂਪ ਸਤਿਗੁਰਾਂ ਦੇ ਪ੍ਰਸੰਨ ਹੋਣ ਕਰਕੇ, ਜਾਂ ਸਤਿਗੁਰਾਂ ਦੇ ਤੇ ਪ੍ਰਭੂ ਦੇ ਪ੍ਰਸੰਨ ਹੋਣ ਕਰਕੇ ਸਾਨੂੰ ਕੁਝ ਵਿਘਨ ਨਹੀਂ ਹੋਇਆ॥ ੧॥

ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ॥

ਉਹ ਦਿਆਲ ਪ੍ਰਭੂ ਜਿਸ ਦਾ ਅੰਗੁ=ਪੱਖ ਕਰਦਾ ਹੈ, ਸਾਰੇ ਜੀਵ ਉਸ ਦੇ ਦਾਸ ਹੋ ਜਾਂਦੇ ਹਨ।

ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ॥ ੨॥ ੧੨॥ ੩੦॥

ਸਦਾ ਦਿਆਲ ਪ੍ਰਭੂ ਕਾਲ, ਵਰਤਮਾਨ ਤੇ ਭਵਿੱਖਤ ਸਮੇਂ ਦੀਆਂ ਸਭ ਵਡਿਆਈਆਂ ਗੁਰੂ ਨਾਨਕ ਦੇਵ ਜੀ ਦੇ ਪਾਸੇ ਹਨ॥ ੨॥ ੧੨॥ ੩੦॥

ਰਾਗੁ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ

ੴ ਸਤਿਗੁਰ ਪ੍ਰਸਾਦਿ॥ ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥

ਜਿਤਨਾ ਕੁ ਜਗ ਮੰਡਲ ਸਾਜਿਆ ਹੈ ਇਹ ਮਿਰਤੂ ਹੋ ਜਾਣ ਵਾਲਾ ਏ, ਜਾਂ ਜਗ ਮੰਡਲ ਵਿਚ ਜੋ ਮ੍ਰਿਤ=ਮਾਤ ਲੋਕ ਸਾਜਿਆ ਹੈ ਇਹ ਇਸ ਤਰ੍ਹਾਂ ਨਾਸਵੰਤ ਹੈ, ਜਿਵੇਂ ਬਾਲੂ=ਰੇਤੇ ਦਾ ਘਰਬਾਰ ਹੁੰਦਾ ਹੈ।

ਅਥਵਾ:-ਜਿਵੇਂ ਬਾਰ=ਬਾਲਕਾ ਬਾਰ=ਜਲ ਵਿਚ ਬਾਲੂ=ਰੇਤੇ ਦਾ ਘਰ ਬਣਾਵੇ ਤਾਂ ਉਹ ਝਟ ਨਾਸ ਹੋ

ਜਾਂਦਾ ਹੈ ਤਿਵੇਂ ਇਹ ਸਾਰਾ ਜਗ ਮੰਡਲ ਮਿਥਿਆ ਹੈ, ਇਸ ਦੇ ਨਾਸ ਹੋਣ ਵਿਚ ਕੋਈ ਦੇਰ ਨਹੀਂ ਲਗਦੀ।

ਅਥਵਾ:-ਬਾਗ=ਅਗਿਆਤ ਜੀਵ ਜਿਵੇਂ ਬਾਲੂ=ਰੇਤੇ ਦਾ ਘਰ ਬਣਾਵੇ ਤਾਂ ਨਹੀਂ ਠਹਿਰਦਾ ਤਿਵੇਂ ਇਹ ਜਗਮੰਡਲ ਹੈ।

ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥੧॥

ਇਸ ਦੇ ਨਾਸ ਹੋਣ ਵਿਚ ਬਾਰ=ਦੇਰ ਨਹੀਂ ਲਗਦੀ, ਜਿਵੇਂ ਕਾਗਜ਼ ਉੱਤੇ ਜਲ ਦੀ ਬੂੰਦ ਪਵੇ ਤਾਂ ਕਾਗਜ਼ ਝਟ ਗਲ ਜਾਂਦਾ ਹੈ, ਜਾਂ ਜਿਉਂ ਕਾਗਦ ਬੂੰਦਾਰ=ਜਿਵੇ ਜਲ ਦੀ ਬੂੰਦ ਕਾਗਜ਼ ਦਾ ਅਰੀ ਦੁਸ਼ਮਨ ਹੈ॥ ੧॥

ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥

ਮੇਰੀ ਮਨਸਾ=ਸਿਖਿਆ ਸੁਣ ਕੇ ਮਨ ਵਿਚ ਵਿਚਾਰ ਕੇ ਸਤਸਰੂਪ ਪਰਮਾਤਮਾ ਨੂੰ ਦੇਖਣਾ ਕਰ।

ਅਥਵਾ:-ਹੇ ਮੇਰੀ ਮਨਸਾ=ਬੁੱਧੀ ! ਸੁਣ ਅਤੇ ਮਨ ਵਿਚ ਵਿਚਾਰ ਕੇ ਦੇਖ, ਸਤ ਵਸਤੂ ਕਿਹੜੀ ਹੈ ?

ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥

ਜਿੰਨੇ ਭੀ ਸਿਧ, ਸਾਧਿਕ, ਗਿਰਹੀ=ਗ੍ਰਹਿਸਤੀ ਤੇ ਜੋਗੀ ਹੋਏ ਹਨ, ਇਥੇ ਹੀ ਸਾਰੇ ਘਰ ਬਾਰ ਛੱਡ ਕੇ ਖਾਲੀ ਚਲੇ ਗਏ ਹਨ॥ ੧॥ ਰਹਾਉ॥

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥

ਜਿਸ ਤਰ੍ਹਾਂ ਰਾਤ ਦਾ ਸੁਪਨਾ ਝੂਠਾ ਹੁੰਦਾ ਹੈ, ਉਸੇ ਤਰ੍ਹਾਂ ਦਾ ਸੰਸਾਰ ਝੂਠਾ ਹੈ।

ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ ੨॥

ਜੋ ਭੀ ਦ੍ਰਿਸਟਿ ਮਾਨ=ਨਿਗਾਹ ਆ ਰਿਹਾ ਹੈ ਸਭ ਨਾਸ ਹੋ ਜਾਣ ਵਾਲਾ ਹੈ,
ਹੇ ਮੂਰਖ ਪੁਰਸ਼ਾ ! ਤੂੰ ਇਸ ਵਿਚ ਕੀ ਲਗ ਰਿਹਾ ਹੈਂ॥ ੨॥

ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥

ਦੇਖ ਨੈਨ ਪਸਾਰਿ=ਅੱਖਾਂ ਖੋਲ੍ਹ ਕੇ ਵੇਖ, ਤੇਰੇ ਉਹ ਭਰਾ ਤੇ ਮਿੱਤਰ ਕਿਥੇ ਹਨ, ਜਿਨ੍ਹਾਂ ਦੇ ਨਾਲ ਤੂੰ ਖੇਡਦਾ ਸੀ।

ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥ ੩॥

ਇਕ ਚਲੇ ਗਏ ਹਨ, ਇਕ ਚਲਣ ਨੂੰ ਤਿਆਰ ਹਨ, ਸਾਰੇ ਆਪਣੀ ਆਪਣੀ ਵਾਰੀ ਨਾਲ ਜਾ ਰਹੇ ਹਨ।

ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ॥

ਜਿਨ੍ਹਾਂ ਨੇ ਪੂਰਿਆਂ ਸਤਿਗੁਰਾਂ ਨੂੰ ਸੇਵਨਾ ਕੀਤਾ ਹੈ ਉਹ ਹਰੀ ਦੇ ਸਰੂਪ ਦੁਆਰੇ ਵਿਚ ਇਸਥਿਤ ਹੋਏ ਹਨ।

ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ॥ ੪॥ ੧॥ ੩੧॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਜਨ ਆਪ ਜੀ ਦਾ ਦਾਸ ਹਾਂ, ਹੇ ਮੁਰਾਰੀ ! ਆਪ ਮੇਰੀ ਪੈਜ ਰੱਖ ਲਓ॥ ੪॥ ੧॥ ੩੧॥

ਬਿਲਾਵਲੁ ਮਹਲਾ ੫ ॥ ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥

ਪ੍ਰਤੱਖ ਲੋਕਾਂ ਦੀਆਂ ਵਡਿਆਈਆਂ ਨੂੰ ਪ੍ਰਤੱਖ ਬੈਸੰਤਰਿ=ਅੱਗ ਵਿਚ, ਵਾ:-ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਪਾ ਕੇ ਸਾੜ ਦਿਓ।

ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥ ੧ ॥

ਜਿਨ੍ਹਾਂ ਬਚਨਾਂ ਦੇ ਉਚਾਰਨ ਨਾਲ ਆਪਣਾ ਪਿਆਰਾ ਪ੍ਰਭੂ ਮਿਲੇ, ਉਨ੍ਹਾਂ ਬਚਨਾਂ ਨੂੰ ਕਰਾਗਉ=ਉਚਾਰਨਾ ਕਰੋ॥ ੧ ॥

ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥

ਜਾਂ ਆਪਣੇ ਪ੍ਰਭ ਜੀਉ ਦਿਆਲੂ ਹੋਣ ਤਾਂ ਭਗਤੀ ਵਿਚ ਲਗ ਜਾਓ।

ਲਪਟਿ ਰਹਿਓ ਮਨੁ ਬਾਸਨਾ ਗੁਰ ਮਿਲਿ ਇਹ ਤਿਆਗਉ ॥ ੧ ॥ ਰਹਾਉ ॥

ਇਹ ਮਨ ਵਾਸ਼ਨਾਂ ਵਿਚ ਲੰਪਟ ਹੋ ਰਿਹਾ ਹੈ ਗੁਰਾਂ ਨਾਲ ਮਿਲਕੇ ਇਨ੍ਹਾਂ ਵਾਸ਼ਨਾਂ ਨੂੰ ਤਿਆਗ ਦਿਓ॥ ੧ ॥

ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ ॥

ਅਤਿ ਘਨੀ=ਬਹੁਤ ਤੋਂ ਬਹੁਤ ਬੇਨਤੀਆਂ ਕਰੋ ਅਤੇ ਇਸ ਜੀਅ ਨੂੰ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਹੋਮਾਗਉ=ਹਵਨ ਕਰ ਦਿਓ।

ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ ॥ ੨ ॥

ਪ੍ਰਿਅ=ਪਤੀ-ਪਰਮਾਤਮਾ ਦੇ ਇਕ ਨਿਮਖ ਮਾਤਰ ਸੁਹਾਗ ਦੇ ਉਤੋਂ ਸਾਰਿਆਂ ਅਰਥ=ਪਦਾਰਥਾਂ ਨੂੰ ਲਿਆ ਕੇ ਵਾਰਨੇ ਕਰ ਦਿਓ॥ ੨ ॥

ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥

ਗੁਰਾਂ ਦਾ ਸੰਗ ਕਰਨ ਨਾਲ ਰਾਗ ਅਤੇ ਦ੍ਵੈਸ਼ ਦੇ ਸਹਿਤ ਪੰਜ ਕਾਮ ਆਦਿਕ ਛੁਟ ਗਏ ਹਨ।

ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸਰੁ ਜਾਗਉ ॥ ੩ ॥

ਹਿਰਦੇ ਵਿਚ ਪ੍ਰਗਾਸੁ=ਗਿਆਨ ਪਰਗਟ ਹੋਇਆ ਹੈ, ਹੁਣ ਰਾਤ ਦਿਨੇ ਜਾਗਦੇ ਹਾਂ।
ਤਾਂ ਤੇ ਤੁਸੀਂ ਭੀ ਦਿਨ ਰਾਤ ਭਜਨ-ਸਿਮਰਨ ਵਿਚ ਜਾਗਣਾ ਕਰੋ॥ ੩ ॥

ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਉ ॥

ਪੂਰਨ ਮਹਾਤਮਾਂ ਰੂਪ ਸੁਹਾਗਣਾਂ ਦੀ ਸ਼ਰਨ ਵਿਚ ਓਹੀ ਆਇਆ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹਨ।

ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ ॥ ੪ ॥ ੨ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਪਰਮੇਸ਼ਰ ਨੂੰ ਪਾਇਆ ਹੈ,
ਉਨ੍ਹਾਂ ਦਾ ਤਨ ਮਨ ਸੀਤਲ ਹੋ ਗਿਆ ਹੈ॥ ੪ ॥ ੨ ॥ ੩੨ ॥

ਬਿਲਾਵਲੁ ਮਹਲਾ ੫ ॥ ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥

ਲਾਲ=ਪਿਆਰੇ ਪ੍ਰਭੂ ਦਾ ਲਾਲ=ਪ੍ਰੇਮ, ਵਾ:-ਗਿਆਨ ਰੂਪੀ ਰੰਗ ਉਸ ਨੂੰ ਲੱਗਾ ਹੈ, ਜਿਸ ਦੇ

ਵੱਡੇ ਉੱਤਮ ਭਾਗ ਹਨ।

ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥

ਉਸ ਦਾ ਮਨ ਕਦੇ ਮੈਲਾ ਨਹੀਂ ਹੁੰਦਾ ਅਤੇ ਨਾ ਹੀ ਪਾਪਾਂ ਦਾ ਦਾਗ ਲਗਦਾ ਹੈ॥ ੧ ॥

ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥

ਜਿਸ ਨੂੰ ਸੁਖ ਭਾਇ=ਸੁਖ ਸਰੂਪ ਗੁਰੂ ਮਿਲਿਆ ਹੈ ਓਸੇ ਨੇ ਸੁਖਦਾਈ ਪ੍ਰਭੂ ਨੂੰ ਪਾਇਆ ਹੈ।

ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ ੧ ॥ ਰਹਾਉ ॥

ਜਿੰਸ ਵੇਲੇ ਸਹਜ ਪਦ ਦੇ ਵਿਚ ਸਮਾਇਆ ਤਾਂ ਅਜੇਹਾ ਅਨੰਦ ਪ੍ਰਾਪਤ ਹੋਇਆ ਜੋ ਛੱਡਿਆ ਨਹੀਂ ਜਾਂਦਾ ॥ ੧ ॥ ਰਹਾਉ ॥

ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥

ਜਰਾ ਮਰਾ ਰੋਗ, ਜਾਂ ਜਰਾ=ਰੰਚਕ ਮਾਤ੍ਰ ਮਰਨ ਦਾ ਦੁੱਖ ਨਹੀਂ ਵਿਆਪਦਾ,

ਵਾ:-ਜਰਾ=ਬੁਢੇਪਾ ਅਤੇ ਮਰਨਾ ਨਹੀਂ ਵਿਆਪਦਾ, ਮੁੜ ਕੇ ਉਸ ਨੇ ਕੋਈ ਦੁੱਖ ਭੀ ਨਾ ਪਾਇਆ।

ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥

ਜਿਸ ਵੇਲੇ ਗੁਰਾਂ ਨੇ ਅਮਰ=ਹੁਕਮ ਮਨਾਵਣਾ ਕਰਾਇਆ ਤਾਂ ਨਾਮ-ਅੰਮ੍ਰਿਤ ਨੂੰ ਪੀ ਕੇ ਅਘਾਨਿਆ= ਰੱਜ ਗਿਆ, ਨਾਮ ਦੇ ਪ੍ਰਤਾਪ ਕਰਕੇ ਮੁੜ ਗੁਰਾਂ ਨੇ ਉਸ ਨੂੰ ਅਮਰ ਕਰ ਦਿੱਤਾ॥ ੨ ॥

ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥

ਜਿਸ ਨੇ ਅਮੋਲਕ ਹਰੀ ਨਾਮ-ਰਸ ਨੂੰ ਗੁਰਾਂ ਪਾਸੋਂ ਲੈ ਕੇ ਚਖਿਆ ਹੈ, ਉਸ ਦੇ ਅਨੰਦ ਨੂੰ ਓਹੀ ਜਾਣਦਾ ਹੈ।

ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ ੩ ॥

ਉਸ ਦੀ ਕੀਮਤ ਕਹੀ ਨਹੀਂ ਜਾਂਦੀ, ਮੂੰਹ ਤੋਂ ਕੀ ਬਚਨ ਕਹਿ ਕੇ ਬੋਲੀਏ॥ ੩ ॥

ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥

ਹੇ ਪਾਰਬ੍ਰਹਮ ! ਆਪ ਜੀ ਦਾ ਦਰਸ਼ਨ ਸਫਲ ਹੈ, ਆਪ ਜੀ ਦੀ ਬਾਣੀ ਭੀ ਸ਼ੁਭ ਗੁਣਾਂ ਦਾ ਨਿਧਿ=ਖਜ਼ਾਨਾ ਹੈ।

[ਪੰਨਾ ੮੦੬]

ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥ ੪ ॥ ੩ ॥ ੩੩ ॥

ਗੁਰੂ ਜੀ ਕਥਨ ਕਰਦੇ ਹਨ-ਤੇਰੇ ਦਾਸਾਂ ਦੀ ਚਰਨ-ਧੂੜੀ ਮੈਂ ਪਾਉਂਦਾ ਹਾਂ ਅਤੇ ਦਾਸਾਂ ਤੋਂ ਕੁਰਬਾਨ ਜਾਂਦਾ ਹਾਂ॥ ੪ ॥ ੩ ॥ ੩੩ ॥

ਬਿਲਾਵਲੁ ਮਹਲਾ ੫ ॥ ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥

ਹੇ ਪ੍ਰਭੂ ! ਕ੍ਰਿਪਾ ਦ੍ਰਿਸ਼ਟੀ ਧਾਰਕੇ ਮੈਨੂੰ ਆਪਣੀ ਸ਼ਰਨ ਵਿਚ ਰਖਣਾ ਕਰੋ ।

ਸੇਵਾ ਕਛੂ ਨ ਜਾਨਉ ਨੀਚੁ ਮੂਰਖਾਰੇ॥ ੧॥

ਮੈਂ ਨੀਚ ਤੇ ਮੂਰਖ ਹਾਂ, ਆਪ ਜੀ ਦੀ ਸੇਵਾ ਕਰਨੀ ਕੁਝ ਜਾਣਦਾ ਨਹੀਂ ਹਾਂ॥ ੧॥

ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥

ਹੇ ਮੇਰੇ ਪਿਆਰੇ ਪ੍ਰੀਤਮ ! ਮੈਂ ਆਪ ਜੀ ਦੇ ਉੱਪਰ ਮਾਣ ਰਖਣਾ ਕਰਦਾ ਹਾਂ।

ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥ ੧॥ ਰਹਾਉ॥

ਅਸੀਂ ਅਪਰਾਧੀ ਸਦਾ ਭੁਲਣਹਾਰ ਹਾਂ, ਤੁਸੀਂ ਔਗੁਣਾਂ ਦੇ ਬਖਸ਼ਣ ਵਾਲੇ ਹੋ॥ ੧॥ ਰਹਾਉ॥

ਯਥਾ:-''ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।
ਚੋਰੁ ਯਾਰੁ ਜੂਆਰਿ ਹਉਂ ਪਰ ਘਰਿ ਜੋਹੰਦਾ।
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ।
ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ।
ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ। (ਭਾ. ਗੁਰਦਾਸ ਜੀ, ਵਾਰ ੩੬)

ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥

ਅਸੀਂ ਨਿਤਾਪ੍ਰਤੀ ਅਸੰਖ=ਨਗਿਣਤ ਔਗੁਣ ਕਰਦੇ ਹਾਂ, ਪਰ ਤੁਸੀਂ ਫਿਰ ਭੀ ਗੁਣ-ਹੀਣਿਆਂ ਨੂੰ ਦਾਤ ਦੇਂਦੇ ਹੋ।

ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥ ੨॥

ਹੇ ਪ੍ਰਭੂ ! ਆਪ ਜੀ ਨੂੰ ਛਡ ਕੇ ਤੇਰੀ ਦਾਸੀ ਮਾਇਆ ਦੀ ਸੰਗਤ ਕਰਦੇ ਹਾਂ,
ਇਸ ਤਰ੍ਹਾਂ ਦੇ ਸਾਡੇ ਨੀਚ ਕਰਮ ਹਨ॥ ੨॥

ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥

ਤੁਸੀਂ ਤਾਂ ਸਭ ਕੁਝ ਦਇਆ ਦ੍ਰਿਸ਼ਟੀ ਧਾਰਕੇ ਦੇਂਦੇ ਹੋ, ਪਰ ਅਸੀਂ ਅਕ੍ਰਿਤਘਨ ਹਾਂ ਜੋ ਤੇਰੇ ਉਪਕਾਰ ਨੂੰ ਜਾਣਦੇ ਨਹੀਂ ਹਾਂ।

ਯਥਾ:-''ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ। ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ। ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ। ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥ ੮॥
ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ। ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੁ ਭਰਿਆ ਕਪੜਾ ਕਰਿ ਕਜਣੁ ਤਾਸੁ। ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ। ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ॥ ੯॥''

(ਭਾਈ ਗੁਰਦਾਸ ਜੀ, ਵਾਰ ੩੫)

ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥ ੩ ॥

ਹੇ ਮਾਲਕਾ ! ਤੇਰੇ ਦਿੱਤੇ ਹੋਏ ਦਾਨ ਨਾਲ ਲਗ ਪਏ ਹਾਂ,

ਹੇ ਖਸਮ ਪਰਮਾਤਮਾ ! ਚਿੱਤ ਵਿਚ ਆਪ ਜੀ ਨੂੰ ਚੇਤੇ ਨਹੀਂ ਕਰਦੇ ਹਾਂ॥ ੩ ॥

ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥

ਹੇ ਭਵ=ਜਨਮ ਮਰਨ ਦੇ ਕੱਟਣ ਵਾਲੇ ਪ੍ਰਭੂ ! ਆਪ ਜੀ ਦੇ ਹੁਕਮ ਤੋਂ ਬਾਹਰਿ=ਬਿਨਾਂ ਕੁਝ ਨਹੀਂ ਹੁੰਦਾ।

ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥ ੪ ॥ ੪ ॥ ੩੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਗੁਰ=ਵੱਡੇ ਦਿਆਲੂ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੈਂ ਮੂਰਖ ਨੂੰ ਤਾਰ ਲੈਣਾ ਕਰੋ॥ ੪ ॥ ੪ ॥ ੩੪ ॥

ਬਿਲਾਵਲੁ ਮਹਲਾ ੫ ॥ ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ॥

ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਆਪਣੇ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ।

ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ ॥ ੧ ॥

ਜਿਸ ਦੀ ਸੇਵਾ ਕਰਨ ਕਰਕੇ ਘਨਾ=ਬਹੁਤਾ ਸੁਖ ਹੁੰਦਾ ਹੈ, ਮਨ ਕਰਕੇ ਓਸੇ ਨੂੰ ਗਾਉਣਾ ਚਾਹੀਦਾ ਹੈ॥੧॥

ਕਹੀਐ ਕਾਇ ਪਿਆਰੇ ਤੁਝੁ ਬਿਨਾ ॥

ਹੇ ਪਿਆਰੇ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਕਿਸ ਨੂੰ ਜਾ ਕੇ ਕਹੀਏ।

ਤੁਮ੍ ਦਇਆਲ ਸੁਆਮੀ ਸਭ ਅਵਗਨ ਹਮਾ ॥ ੧ ॥ ਰਹਾਉ ॥

ਹੇ ਸੁਆਮੀ ਜੀਉ ! ਤੁਸੀਂ ਦਿਆਲੂ ਹੋ, ਤੇ ਹਮਾ=ਸਾਡੇ ਵਿਚ ਸਾਰੇ ਔਗੁਣ ਹਨ॥ ੧ ॥ ਰਹਾਉ ॥

ਜਿਉ ਤੁਮ੍ ਰਾਖਹੁ ਤਿਉ ਰਹਾ ਅਵਰੁ ਨਹੀ ਚਾਰਾ ॥

ਜਿਵੇਂ ਤੁਸੀਂ ਰਖਦੇ ਹੋ ਤਿਵੇਂ ਰਹਿੰਦੇ ਹਾਂ, ਅਵਰੁ=ਹੋਰ ਕੋਈ ਸਾਡਾ ਚਾਰਾ=ਜ਼ੋਰ ਨਹੀਂ ਹੈ।

ਨੀਧਰਿਆ ਧਰ ਤੇਰੀਆ ਇਕ ਨਾਮ ਅਧਾਰਾ ॥ ੨ ॥

ਨਿਓਟਿਆਂ ਨੂੰ ਇਕ ਤੇਰੀ ਧਰ=ਓਟ ਹੈ ਅਤੇ ਇਕ ਆਪ ਜੀ ਦੇ ਨਾਮ ਦਾ ਅਧਾਰਾ=ਆਸਰਾ ਹੈ॥ ੨ ॥

ਜੋ ਤੁਮ੍ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥

ਜੋ ਤੁਸੀਂ ਕਰਦੇ ਹੋ, ਓਸੇ ਨੂੰ ਜੋ ਭਲਾ=ਚੰਗਾ ਕਰਕੇ ਮੰਨ ਲੈਂਦਾ ਹੈ ਉਹ ਮੁਕਤ ਹੋ ਜਾਂਦਾ ਹੈ।

ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥ ੩ ॥

ਸਾਰੀਆਂ ਚੀਜ਼ਾਂ ਆਪ ਜੀ ਦੀਆਂ ਹਨ, ਸਾਰੀਆਂ ਜੁਗਤੀਆਂ ਭੀ ਆਪ ਜੀ ਦੀਆਂ ਹਨ॥ ੩ ॥

ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥

ਹੇ ਠਾਕੁਰ ! ਜੇਕਰ ਆਪ ਜੀ ਨੂੰ ਭਾ ਜਾਵੇ ਤਾਂ ਆਪ ਜੀ ਦੇ ਚਰਨ ਪਖਾਰਉ=ਧੋਣੇ ਰੂਪ ਸੇਵਾ ਕਰਦਾ ਹਾਂ।

ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕੁ ਗੁਣ ਗਾਵੈ॥ ੪॥ ੫॥ ੩੫॥

ਹੇ ਦਿਆਲ ਪ੍ਰਭੂ ! ਮੇਰੇ ਤੇ ਕ੍ਰਿਪਾਲੂ ਹੋਵੋ ਜੋ ਮੈਂ ਨਾਨਕ ਗੁਣ ਗਾਉਂਦਾ ਰਹਾਂ॥ ੪॥ ੫॥ ੩੫॥

ਬਿਲਾਵਲੁ ਮਹਲਾ ੫॥ ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ॥

ਇਸ ਜੀਵ ਦੇ ਸਿਰ ਉੱਤੇ ਮੌਤ ਹੱਸ ਰਹੀ ਹੈ, ਇਸ ਨੂੰ ਆਪਣਾ ਭਖ ਸਮਝ ਕੇ, ਪਰ ਇਹ ਪਸੂਆ=ਅਗਿਆਤ ਜੀਵ ਸਮਝਦਾ ਨਹੀਂ ਹੈ।

ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ॥ ੧॥

ਬਾਦ=ਝਗੜ, ਵਿਸ਼ੇ ਸੁਆਦ ਤੇ ਹੰਕਾਰ ਵਿਚ ਲੱਗੇ ਹੋਏ ਨੂੰ ਮੌਤ ਸੁਝਦੀ ਨਹੀਂ ਹੈ॥ ੧॥

ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ॥

ਹੇ ਅਭਾਗੇ=ਭਾਗਾਂ ਤੋਂ ਹੀਣਿਓ ! ਆਪਣੇ ਸਤਿਗੁਰਾਂ ਦੀ ਸੇਵਾ ਕਰੋ, ਕਿਸ ਵਾਸਤੇ ਨਿਕੰਮੇ ਕੰਮਾਂ ਵਿਚ ਫਿਰਦੇ ਹੋ ।

ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ॥ ੧॥ ਰਹਾਉ॥

ਕਸੁੰਭੇ ਨੂੰ ਰੰਗੁਲਾ=ਰੰਗ ਵਾਲਾ ਦੇਖ ਕੇ ਕਿਉਂ ਭੁੱਲ ਕੇ ਇਸ ਵਿਚ ਲੱਗੇ ਹੋਏ ਹੋ। ਪਾਣੀ ਦੀ ਬੂੰਦ ਪੈਣ ਨਾਲ ਇਸ ਦਾ ਰੰਗ ਫਿਟ ਜਾਣਾ ਹੈ। ਇਸੇ ਤਰ੍ਹਾਂ ਇਹ ਪਦਾਰਥ ਤੇ ਵਿਸ਼ੇ ਅਨੰਦ ਕਸੁੰਭੇ ਰੰਗ ਵਾਂਗ ਕੱਚੇ ਹਨ, ਪੁੰਨਾਂ ਦੇ ਅਭਾਵ ਰੂਪੀ ਜਲ ਦੀ ਬੂੰਦ ਪੈਣ ਨਾਲ ਇਨ੍ਹਾਂ ਨੇ ਨਾਸ ਹੋ ਜਾਣਾ ਹੈ, ਤੁਸੀਂ ਕਿਉਂ ਭੁੱਲ ਕੇ ਇਨ੍ਹਾਂ ਵਿਚ ਲੱਗੇ ਹੋਏ ਹੋ ॥ ੧॥ ਰਹਾਉ॥

ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ॥

ਵਰਤਣ ਦੇ ਵਾਸਤੇ ਪਾਪ ਕਰ ਕਰ ਕੇ ਧਨ ਨੂੰ ਕੱਠਾ ਕੀਤਾ ਸੀ, ਪਰ ਵਰਤੋਂ ਤੋਂ ਬਿਨਾਂ ਹੀ ਪ੍ਰਾਣ ਨਿਕਲ ਗਏ।

ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ॥ ੨॥

ਮਿੱਟੀ ਨਾਲ ਰਲਕੇ ਦੇਹ ਮਿੱਟੀ ਹੋ ਗਈ ਅਤੇ ਜੀਵ ਨੰਗਾ ਹੀ ਉੱਠ ਕੇ ਤੁਰ ਜਾਂਦਾ ਹੈ॥ ੨॥

ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ॥

ਜਿਨ੍ਹਾਂ ਸਬੰਧੀਆਂ ਦੀ ਪਾਲਣਾ ਕਰਨ ਵਾਸਤੇ ਕਈ ਤਰ੍ਹਾਂ ਦੇ ਸ੍ਰਮ=ਦੁੱਖ (ਕਸ਼ਟ) ਬਰਦਾਸ਼ਤ ਕਰਦਾ ਹੈ, ਓਹੀ ਸਬੰਧੀ ਬੁਢੇਪੇ ਵਿਚ ਵੈਰ ਵਿਰੋਧ ਕਰਦੇ ਹਨ।

ਜਾਂ ਮਾਇਆ ਪਿੱਛੇ ਵਿਰੋਧੀ ਹੋ ਕੇ ਵੈਰ ਕਰਦੇ ਹਨ।

ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ॥ ੩॥

ਅੰਤ ਦੇ ਸਮੇਂ ਬੁਢੇਪੇ ਵਿਚ ਉਹ ਤੈਨੂੰ ਛਡ ਕੇ ਦੌੜ ਜਾਣਗੇ,

ਉਨ੍ਹਾਂ ਦੀ ਖਾਤਰ ਤੂੰ ਕਿਉਂ ਕ੍ਰੋਧੀ ਹੋ ਕੇ ਕਰੋਧ ਵਿਚ ਸੜਦਾ ਹੈਂ ॥ ੩॥

ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ ॥

ਪ੍ਰਭੂ ਦੇ ਦਾਸਾਂ ਦੀ ਚਰਨ-ਧੂੜ ਗ੍ਰਹਿਣ ਵਾਲਾ ਓਹੀ ਹੋਇਆ ਹੈ, ਜਿਸ ਦੇ ਮੱਥੇ ਦੇ ਕਰਮ ਚੰਗੇ ਹਨ।

ਕਹੁ ਨਾਨਕ ਬੰਧਨ ਛੁਟੇ ਸਤਿਗੁਰ ਕੀ ਸਰਨਾ ॥ ੪ ॥ ੬ ॥ ੩੬ ॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਸਤਿਗੁਰਾਂ ਦੀ ਸ਼ਰਨੀ ਪਿਆ ਹੈ, ਉਸ ਦੇ ਮੋਹ ਰੂਪ ਬੰਧਨ ਛੁਟੇ=ਖੁਲ੍ਹ ਗਏ ਹਨ॥ ੪ ॥ ੬ ॥ ੩੬ ॥

ਬਿਲਾਵਲੁ ਮਹਲਾ ੫ ॥

ਇਕ ਸਿੱਖ ਨੇ ਆ ਕੇ ਬੇਨਤੀ ਕੀਤੀ-'ਗਰੀਬ ਨਿਵਾਜ ਜੀਓ ! ਸਤਸੰਗਤ ਦੇ ਕਰਨ ਦਾ ਕੀ ਫਲ ਹੁੰਦਾ ਹੈ?

ਤਾਂ ਗੁਰੂ ਜੀ ਨੇ ਕਿਹਾ:-ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥

ਹੇ ਮੇਰੇ ਮਿੱਤਰੋ ! ਹੁਣ ਤੁਸੀਂ ਸਾਧੂਆਂ ਦੀ ਸਤਸੰਗਤ ਕਰਨ ਦੀ ਮਹਿਮਾ ਸੁਣੋ ।

ਸਾਧੂਆਂ ਦੀ ਸੰਗਤ ਕਰਨ ਨਾਲ-

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥

ਪ੍ਰਤੱਖ ਪਿੰਗਲਾ ਪਰਬਤ ਤੋਂ ਪਾਰ ਉੱਤਰ ਜਾਂਦਾ ਹੈ, ਤੇ ਖਲ=ਮੂਰਖ ਪੁਰਸ਼ ਚਤਰ ਵਕਤਾ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਧਨ ਸੰਪਤੀ ਰੂਪੀ, ਵਾ:- ਨਿਸ਼ਕਾਮ ਕਰਮਾਂ ਰੂਪੀ ਪੈਰਾਂ ਤੋਂ ਬਿਨਾਂ ਜੋ ਪਿੰਗਲਾ ਪੁਰਸ਼ ਹੈ ਉਹ ਸੰਸਾਰ, ਹੰਕਾਰ ਤੇ ਅਗਿਆਨ ਰੂਪ ਪਰਬਤ ਤੋਂ ਪਾਰ ਉੱਤਰ ਜਾਂਦਾ ਹੈ, ਅਤੇ ਮੂਰਖ ਪੁਰਸ਼ ਜੋ ਪ੍ਰੀਤੀ ਰੂਪ ਜੀਭ ਤੋਂ ਰਹਿਤ ਹੈ ਉਹ ਚਾਰੇ ਵੇਦਾਂ ਦਾ ਵਕਤਾ ਭਾਵ ਚਾਰੇ ਵੇਦਾਂ ਦਾ ਟੀਕਾ ਕਰਨ ਵਾਲਾ ਹੋ ਜਾਂਦਾ ਹੈ। ਜਿਵੇਂ ਅੱਠਵੇਂ ਗੁਰੂ ਜੀ ਦੀ ਕਿਰਪਾ ਨਾਲ ਪੰਜੋਖਰੇ ਪਿੰਡ ਵਿਚ ਗੁੰਗੇ ਛੱਜੂ ਝੀਵਰ ਨੇ ਗੀਤਾ ਦਾ ਪਾਠ ਪੰਡਿਤ ਨੂੰ ਸੁਣਾ ਦਿੱਤਾ ਸੀ।

ਜਿਵੇਂ ਗੁਰੂ ਕਲਗੀਧਰ ਜੀ ਨੇ ਫੁਰਮਾਇਆ ਹੈ-

''ਮੂਕ ਉਚਰੈ ਸ਼ਾਸਤ੍ਰ ਖਟਿ ਪਿੰਗੁ ਗਿਰਨ ਚੜਿ ਜਾਇ ॥'' *(ਦਸਮ ਗ੍ਰੰਥ, ਪੰਨਾ ੪੭)*

ਇਸੇ ਤਰ੍ਹਾਂ ਭਾਈ ਸੰਤੋਖ ਸਿੰਘ ਜੀ ਨੇ ਕਥਨ ਕੀਤਾ ਹੈ-

ਯਥਾ:-'ਪਿੰਗਲ ਪਰਬਤ ਪਰ ਚਢੈ ਗੁੰਗ ਹੋਇ ਬਾਚਾਲ ॥''

ਕਾਇਰ ਹ੍ਵੈ ਭਟ ਜੈ ਧਰੈ ਕਰੇ ਜਿ ਕ੍ਰਿਪਾ ਕ੍ਰਿਪਾਲ ॥ ੧ ॥

(ਨਾਨਕ ਪ੍ਰਕਾਸ਼, ਉਤ੍ਰਾਰਧ ਧਿਆ ੧੨)

ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥

ਪੁਨੀਤਾ=ਪਵਿੱਤ੍ਰ ਗੁਰਾਂ ਦੇ ਮਿਲਣ ਕਰਕੇ ਅੰਨ੍ਹੇ ਨੂੰ ਤਿੰਨੇ ਭਵਣ ਨਿਗਾਹ ਆ ਜਾਂਦੇ ਹਨ।

ਯਥਾ:- ''ਅੰਧ ਲਖੈ ਬਧਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ ॥'' *(ਦਸਮ ਗ੍ਰੰਥ, ਪੰਨਾ ੪੭)*

ਅਥਵਾ:-ਅੰਧੁਲੇ=ਗਿਆਨ ਵੈਰਾਗ ਰੂਪੀ ਅੱਖਾਂ ਤੋਂ ਰਹਿਤ ਅੰਨ੍ਹੇ ਪੁਰਸ਼ ਨੂੰ ਤਿੰਨਾਂ ਭਵਨਾਂ ਦੀ ਅੰਤਰਜਾਮਤਾ ਸੁਝ ਆਉਂਦੀ ਹੈ।

ਵਾ:-ਤਿੰਨੇ ਭਵਨ ਮਿਥਿਆ ਰੂਪ ਸੁਝਦੇ ਹਨ,

ਅਥਵਾ:-ਤਿੰਨੇ ਭਵਨ ਬ੍ਰਹਮ ਰੂਪ ਸੁਝ ਆਉਂਦੇ ਹਨ।

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥

ਹੇ ਮਿੱਤਰਾ ! ਸਾਧੂਆਂ ਦੇ ਸੰਗ ਦੀ ਮਹਿਮਾ ਨੂੰ ਸੁਣ।

ਯਥਾ:- "ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।

ਸਾਧ ਸੰਗਤਿ ਮਿਲਿ ਗਾਵਦੇ ਰਾਤੀਂ ਜਾਇ ਸੁਣੈ ਗੁਰਬਾਣੀ।" *(ਭਾ: ਗੁਰਦਾਸ ਜੀ, ਵਾਰ ੧੦ ਪੌ: ੬)*

ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥ ਰਹਾਉ ॥

ਸਾਧ ਸੰਗ ਕਰਕੇ ਰਾਗ ਦ੍ਵੈਸ਼ ਰੂਪੀ ਮੈਲ ਖੋਈ=ਨਾਸ ਹੋ ਜਾਂਦੀ ਹੈ ਤੇ ਕਰੋੜਾਂ ਅਘ ਹਰੇ=ਪਾਪ ਦੂਰ ਹੋ ਜਾਂਦੇ ਹਨ; ਮਨ, ਬੁਧ ਚਿੱਤ ਆਦਿਕ ਸਭ ਨਿਰਮਲ ਹੋ ਜਾਂਦੇ ਹਨ॥ ੧ ॥ ਰਹਾਉ ॥

ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥

ਗੋਬਿੰਦ ਦੀ ਅਜੇਹੀ ਭਗਤੀ ਹੈ ਜਿਸ ਦੀ ਮਦਦ ਨਾਲ ਪ੍ਰਤੱਖ ਕੀਟਿ=ਕੀੜੀ ਨੇ ਹਾਥੀ ਨੂੰ ਜਿੱਤ ਲਿਆ ਹੈ।

ਅਥਵਾ:- ਬ੍ਰਹਮਾਕਾਰ ਬਿਰਤੀ ਰੂਪ ਕੀੜੀ ਨੇ ਹਸਤੀ=ਹੰਕਾਰ ਰੂਪੀ ਹਾਥੀ ਨੂੰ ਜਿੱਤ ਲਿਆ ਹੈ।

ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ ੨ ॥

ਜਾਂ ਵਿਚਾਰ ਰੂਪ ਕੀੜੀ ਨੇ ਮਨ ਰੂਪੀ ਹਾਥੀ ਨੂੰ ਜਿੱਤ ਲਿਆ।

ਜਿਸ ਜਿਸ ਨੂੰ ਪ੍ਰਭੂ ਨੇ ਆਪਣਾ ਦਾਸ ਕੀਤਾ ਹੈ ਉਸ ਨੂੰ ਅਭੈ=ਨਿਰਭੈ ਦਾਨ ਦਿੱਤਾ ਹੈ॥ ੨ ॥

ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥

ਪ੍ਰਤੱਖ-ਸਿੰਘੁ=ਸ਼ੇਰ ਬਿਲਾਈ=ਬਿੱਲੀ ਵਾਂਗ ਹੋ ਗਿਆ ਤੇ ਤ੍ਰਿਣੁ=ਘਾਹ ਸੁਮੇਰ ਪਰਬਤ ਬਰਾਬਰ ਦਿੱਸਣ ਲੱਗ ਪਿਆ। ਇਸੇ ਤਰ੍ਹਾਂ ਸਿੰਘੁ=ਸ਼ੇਰ ਹੰਕਾਰੀ ਪੁਰਸ਼, ਬਿੱਲੀ ਦੀ ਤਰ੍ਹਾਂ ਨਿੰਮ੍ਰਤਾ ਵਾਲਾ ਹੋ ਗਿਆ ਅਤੇ ਤ੍ਰਿਣ=ਕੱਖ ਦੇ ਸਮਾਨ ਗਰੀਬ ਪੁਰਸ਼ ਸੁਮੇਰ ਪਰਬਤ ਜੇਡਾ ਧਨਾਢ ਬੜਾ ਮਾਇਆਧਾਰੀ ਹੋ ਗਿਆ।

ਅਥਵਾ:- ਤ੍ਰਿਣੁ=ਕੱਖ ਦੀ ਤਰ੍ਹਾਂ ਛੋਟਾ ਜੋ ਕਰਤਾ ਭੋਗਤਾ ਆਪਣੇ ਆਪ ਨੂੰ ਮੰਨੀ ਬੈਠਾ ਸੀ, ਉਹ ਮੇਰੁ=ਸੁਮੇਰ ਪਰਬਤ ਵਾਂਗ ਉੱਚਾ ਬ੍ਰਹਮ ਸਰੂਪ ਹੋ ਗਿਆ।

[ਪੰਨਾ ੮੧੦]

ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥ ੩ ॥

ਜੋ ਆਢ ਦਮ=ਅੱਧੀ ਦਮੜੀ ਲੈਣ ਵਾਸਤੇ ਕਈ ਤਰ੍ਹਾਂ ਦੇ ਕਸ਼ਟ ਸਹਾਰਨ ਕਰਦੇ ਸਨ ਤੇ ਗਨੀ ਧਨੀਤਾ=ਉਹ ਹੁਣ ਧਨਾਢ ਗਿਣੇ ਗਏ ਹਨ। (ਭਗਤ ਨਾਮਦੇਵ ਵਾਂਗ)

ਯਥਾ:- "ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਨਾ ॥

ਆਢ ਦਾਮ ਕੋ ਛੀਪਰੋ ਹੋਇਓ ਲਾਖੀਨਾ ॥ ੧ ॥" *(ਆਸਾ, ਪੰਨਾ ੪੮੭)*

ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥

ਸਾਧੂਆਂ ਵਿਚ ਬੇਅੰਤ ਗੁਨੀਤਾ=ਗੁਣ ਹਨ, ਮੈਂ ਕਿਸ ਤਰ੍ਹਾਂ ਵਡਿਆਈ ਕਹਿ ਸਕਦਾ ਹਾਂ।

ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥ ੪ ॥ ੭ ॥ ੩੭ ॥

ਗੁਰੂ ਜੀ ਕਥਨ ਕਰਦੇ ਹਨ-ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ-ਦਾਨ ਦੇਣਾ ਕਰੋ,

ਮੈਂ ਆਪ ਜੀ ਦੇ ਦਰ ਦਾ ਸਰੀਤਾ-ਕੁੱਤਾ ਭਾਵ ਦਾਸ ਹਾਂ।

ਅਥਵਾ:-ਏਹੋ ਦਰਸ਼ਨ ਦੀ ਰੀਤਾ=ਰੀਤੀ ਹੈ,

ਵਾ:-ਮੈਂ ਸ਼ੁਭ-ਗੁਣਾਂ ਤੋਂ ਰੀਤਾ=ਚਾਲੀ ਹਾਂ॥ ੪ ॥ ੭ ॥ ੩੭ ॥

ਨੋਟ-ਮੁਖ ਪਾਠ ਪਹਿਲਾ ਹੀ ਹੈ-''ਨਾਨਕ ਦਰ ਸਰੀਤਾ''

ਬਿਲਾਵਲੁ ਮਹਲਾ ੫ ॥ ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ ॥

ਇਹ ਜੀਵ ਹੰਗਤਾ ਵਾਲੀ ਬੁੱਧੀ ਕਰਕੇ ਨਿਤ ਹੀ ਪਰ=ਭਲੀ ਪ੍ਰਕਾਰ ਪਰ=ਪਰਾਏ ਭਾਵ ਦੂਜਿਆਂ ਨਾਲ ਬਾਦ=ਝਗੜੇ ਕਰਦਾ ਹੈ ਅਤੇ ਲੋਭ ਕਰਕੇ ਰਸਨਾਂ ਨਾਲ ਕਈ ਤਰ੍ਹਾਂ ਦੇ ਪਦਾਰਥਾਂ ਦਾ ਸੁਆਦ ਲੈਂਦਾ ਹੈ।

ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ ॥ ੧ ॥

ਕਪਟੀ ਪੁਰਸ਼ ਛਲ ਆਦਿਕਾਂ ਵਿਚ ਲੰਪਟ ਹੋ ਕੇ ਘਰ ਦੇ ਬੰਦਿਆਂ ਵਿਚ ਤਦਾਕਾਰ ਹੈ 'ਤੇ ਮਿਥਿਆ ਵਿਸ਼ਿਆਂ ਨੂੰ ਅਦਨ ਕਰਦਾ ਹੈ।

ਐਸੀ ਪੇਖੀ ਨੇਤ੍ਰ ਮਹਿ ਪੂਰੇ ਗੁਰ ਪਰਸਾਦਿ ॥

ਪੂਰਿਆਂ ਗੁਰਾਂ ਦੀ ਕਿਰਪਾ ਨਾਲ ਜਗਤ ਵਿਚ ਜੀਵਾਂ ਦੀ ਅਜੇਹੀ ਦਸ਼ਾ ਅੱਖਾਂ ਨਾਲ ਵੇਖੀ ਹੈ ਕਿ-

ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ ॥ ੧ ॥ ਰਹਾਉ ॥

ਪ੍ਰਭੂ ਦੇ ਨਾਮ ਤੋਂ ਬਿਨਾਂ ਰਾਜ-ਭਾਗ, ਮਿਲਖ=ਜਗੀਰਾਂ, ਧਨ ਅਤੇ ਜੋਬਨ ਆਦਿਕ ਸਭ ਕੁਝ ਬਾਦਿ=ਵਿਅਰਥ ਹੈ॥ ੧ ॥ ਰਹਾਉ ॥

ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥

ਸੋਹਣਾ ਰੂਪ, ਗੁੱਗਲ ਆਦਿਕ ਧੂਪ, ਅਤਰ ਫੁਲੇਲ ਆਦਿਕ ਸੁਗੰਧੀਆਂ, ਜਾਂ ਰੂਪ ਧੂਪ=ਰੂਪ ਰਾਪ ਇਹ ਇਕ ਕੱਠੀ ਬੋਲੀ ਹੈ, ਵਾ:-ਧੂਪ ਰੂਪ=ਉੱਜਲ ਰੂਪ, ਸੁਗੰਧੀਆਂ, ਸੋਹਣੇ ਕਪੜੇ, ਭੋਗਾਦਿ=ਪਦਾਰਥ ਆਦਿਕ ਜੋ ਭੀ ਕੁਝ ਹੈ।

ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥ ੨ ॥

ਇਸ ਪਾਪਿਸਟ ਤਨ=ਵੱਡੇ ਪਾਪੀ ਸਰੀਰ ਦੇ ਨਾਲ ਮਿਲਦਿਆਂ ਹੀ ਦੁਰਗਾਦਿ=ਦੁਰਗੰਧੀ ਰੂਪ ਜਾਂ ਗੰਦੇ ਹੋ ਜਾਂਦੇ ਹਨ॥ ੨ ॥

ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ ॥

ਚੁਰਾਸੀ ਲੱਖ ਜੂਨੀਆਂ ਵਿਚ ਫਿਰਦਿਆਂ-ਫਿਰਦਿਆਂ ਹੁਣ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਪਰ ਇਹ ਦੇਹ ਆਦਿਕ ਸਾਰੇ ਪਦਾਰਥ ਖਿਨ ਭੰਗਰ ਹਨ।

ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ ॥ ੩ ॥

ਜੋ ਇਸ ਮਨੁੱਖਾ ਦੇਹ ਰੂਪ ਅਉਸਰ=ਸਮੇਂ ਤੋਂ ਚੂਕਿਆ=ਚੁਕ ਗਿਆ (ਖੁੰਝ ਗਿਆ) ਹੈ, ਉਹ ਬਹੁਤੀਆਂ ਜੂਨੀਆਂ ਵਿਚ ਭਰਮਦਾ ਹੈ॥ ੩ ॥

ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ ॥

ਪ੍ਰਭੂ ਦੀ ਕਿਰਪਾ ਨਾਲ ਜਿਸ ਨੂੰ ਪੂਰੇ ਗੁਰੂ ਮਿਲੇ ਹਨ, ਉਹ ਹਰਿ ਹਰਿ ਨਾਮ ਨੂੰ ਜਪ ਕੇ ਬਿਸਮਾਦ=ਅਸਚਰਜ ਰੂਪ ਹੋਇਆ ਹੈ।

ਸੂਖ ਸਹਜ ਨਾਨਕ ਅਨੰਦ ਤਾ ਕੈ ਪੂਰਨ ਨਾਦ ॥ ੪ ॥ ੮ ॥ ੩੮ ॥

ਗੁਰੂ ਜੀ ਕਥਨ ਕਰਦੇ ਹਨ-ਤਾ ਕੈ ਪੂਰਨ ਨਾਦ=ਉਨ੍ਹਾਂ ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਉਸ ਨੂੰ ਸਹਜ=ਅਚੁੱਤ ਸੁਖ ਦਾ ਅਨੰਦ ਪ੍ਰਾਪਤ ਹੋਇਆ ਹੈ॥ ੪ ॥ ੮ ॥ ੩੮ ॥

ਬਿਲਾਵਲੁ ਮਹਲਾ ੫ ॥ ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥

ਸੰਤਾਂ ਦੇ ਚਰਨ ਬੋਹਿਥਾ=ਜਹਾਜ਼ ਰੂਪ ਹੋਏ ਹਨ, ਜੇਤ=ਜਿਨ੍ਹਾਂ ਦੇ ਆਸਰੇ ਹੋ ਕੇ ਸੰਸਾਰ-ਸਮੁੰਦਰ ਤੋਂ ਤਰੇ ਹਾਂ। ਵਾ:-ਜੇਤ=ਜਿਤਨਾ ਭੀ ਸਮੁੰਦਰ ਸੀ ਉਸ ਤੋਂ ਤਰ ਗਏ ਜਾਂ ਕਾਮ ਆਦਿਕਾਂ ਨੂੰ ਜੇਤ=ਜਿੱਤ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਾਂ।

ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥ ੧ ॥

ਜਿਨ੍ਹਾਂ ਨੂੰ ਗੁਰਾਂ ਨੇ ਕਾਮ ਆਦਿਕਾਂ ਦੇ ਵਸ ਕਰਨ ਲਈ ਸਾਰੇ ਭੇਤ ਦੱਸੇ ਹਨ,
ਉਨ੍ਹਾਂ ਨੇ ਸੰਸਾਰ-ਉਜਾੜ ਵਿਚ-ਗਿਆਨ-ਭਗਤੀ ਰੂਪ ਰਸਤਾ ਪਾਇਆ ਹੈ॥ ੧ ॥

ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥

(੧) ਮਨ ਕਰਕੇ ਹਰੀ ਦੇ ਹਰਿ ਹਰਿ ਨਾਮ ਵਿਚ ਹੇਤ=ਪ੍ਰੇਮ ਕਰ; ਬਾਣੀ ਕਰਕੇ ਹਰੀ ਦੇ ਹਰਿ ਹਰਿ ਨਾਮ ਵਿਚ ਪ੍ਰੇਮ ਕਰ, ਸਰੀਰ ਕਰਕੇ ਭੀ ਹਰੀ ਦੇ ਹਰਿ ਹਰਿ ਨਾਮ ਵਿਚ ਹੇਤ=ਪ੍ਰੇਮ ਕਰ।

(੨) ਜਿਸ ਵੇਲੇ ਹਰਿ=ਤੰਦੂਏ ਨੇ ਹਰਿ=ਹਾਥੀ ਨੂੰ ਹੇਠਾਂ ਹਰਿ=ਜਲ ਵਿਚ ਹਰਿ=ਹਰਿਆ (ਖਿੱਚਿਆ) ਤੇ ਹਰਿ=ਕੋਲ-ਫੁੱਲ ਦੀ ਭੇਟਾ ਦਿੱਤੀ, ਉਸ ਵੇਲੇ ਜਿਸ ਹਰੀ ਨੇ ਹਰਿ=ਗਰੁੜ ਦੀ ਸਵਾਰੀ ਕਰਕੇ ਉਸ ਦੇ ਦੁੱਖ ਨੂੰ ਹਰਿਆ ਹੈ, ਉਸ ਹਰੀ ਵਿਚ ਹੇਤ=ਪ੍ਰੇਮ ਕਰ।

(੩) ਹਰਿ=ਤਮਾਮ ਜਗਤ ਵਿਚ ਜੋ ਹਰਿ=ਹਰ ਪ੍ਰਕਾਰ ਦੇ ਜੀਵ ਹਨ, ਉਨ੍ਹਾਂ ਨੂੰ ਜੋ ਹਰਿ=ਹਰ ਪ੍ਰਕਾਰ ਦੇ ਰੋਗ ਲੱਗੇ ਹੋਏ ਹਨ, ਫਿਰ ਉਹ ਰੋਗ ਹਰਿ=ਹਰ ਕਿਸਮਾਂ ਦੇ ਹਨ, ਉਨ੍ਹਾਂ ਨੂੰ ਹਰਿ=ਦੂਰ ਕਰਕੇ ਜੋ ਹਰਿਆ ਕਰਨ ਵਾਲਾ ਹਰੀ ਹੈ, ਉਸ ਹਰੀ ਦੇ ਹਰਿ ਹਰਿ ਨਾਮ ਵਿਚ ਤੂੰ ਹੇਤ=ਪ੍ਰੇਮ ਕਰ।

ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥ ੧ ॥ ਰਹਾਉ ॥

ਉੱਠਦਿਆਂ ਹਰੀ ਨੂੰ ਚੇਤਨਾ ਕਰ, ਬੈਠਿੰਦਿਆਂ ਭੀ ਹਰੀ ਨੂੰ ਯਾਦ ਕਰ, ਸੌਣ ਲੱਗਿਆਂ ਭੀ ਹਰੀ ਨੂੰ ਸਿਮਰਨ ਕਰ।

ਜਾਂ ਉੱਠਦਿਆਂ ਬੈਠਦਿਆਂ ਸੁੱਤਿਆਂ ਹਰ ਵੇਲੇ ਹਰ ਸ੍ਵਾਸ ਹਰੀ ਨੂੰ ਚੇਤੇ ਕਰ॥ ੧॥ ਰਹਾਉ॥

ਪੰਚ ਚੋਰ ਆਰੈ ਭਗੇ ਜਬ ਸਾਧਸੰਗੇਤ॥

ਜਿਸ ਵੇਲੇ ਸਤਸੰਗਤ ਕੀਤੀ ਤਾਂ ਕਾਮ ਕ੍ਰੋਧ ਆਦਿਕ ਪੰਜ ਚੋਰ ਅੱਗੇ ਲੱਗ ਕੇ ਭਗੇ=ਦੌੜ ਗਏ।

ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥ ੨॥

(੧) ਸ਼ਰਧਾ ਰੂਪੀ ਸਾਬਤ ਪੂੰਜੀ ਕਰਕੇ ਘਣੋ=ਬਹੁਤਾ ਲਾਭ ਹੋਇਆ ਅਤੇ ਸ਼ੋਭਾ ਦੇ ਸੇਤ=ਸਹਿਤ ਘਰ ਵਿੱਚ ਜਾਂਦਾ ਹੈ।

(੨) ਨਾਮ ਦੇ ਘਣੇ ਲਾਭ ਕਰਕੇ ਸ੍ਵਾਸਾਂ ਰੂਪੀ ਪੂੰਜੀ ਸਾਬਤ ਰਹੀ ਤੇ ਪ੍ਰਲੋਕ ਘਰ ਵਿਚ ਸੇਤ=ਉੱਜਲ ਸ਼ੋਭਾ ਹੁੰਦੀ ਹੈ।

(੩) ਸੁਖ ਸਹਿਤ ਘਰ ਵਿਚ ਜਾਣ ਲਈ ਪ੍ਰਭੂ ਦੀ ਸ਼ੋਭਾ ਕਰਨੇ ਰੂਪੀ ਸੇਤ=ਪੁਲ ਬੰਨ੍ਹੀ ਹੈ।

ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ॥

ਨਿਹਚਲ ਆਸਣ=ਅਚੱਲ ਸਥਾਨ (ਸਰੂਪ) ਵਿਚ ਟਿਕਣ ਕਰਕੇ ਚਿੰਤਾ ਮਿਟ ਗਈ ਹੈ ਹੁਣ ਡੋਲੇਤ=ਡੋਲਤੇ ਨਹੀਂ ਹਾਂ।

ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥ ੩॥

ਨੇਤ=ਨੇਤ੍ਰਾਂ (ਅੱਖਾਂ) ਨਾਲ ਨਿਤਾਪ੍ਰਤੀ ਪ੍ਰਭੂ ਨੂੰ ਦੇਖਦਿਆਂ ਸਾਰ ਭਰਮ ਦਾ ਭੁਲੇਖਾ ਮਿਟ ਗਿਆ ਹੈ।

ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ॥

ਗੁਣਾਂ ਦਾ ਗਭੀਰ=ਸਮੁੰਦਰ ਹੋਣ ਕਰਕੇ ਸ਼ੁਭ ਗੁਣਾਂ ਦਾ ਨਾਇਕਾ=ਸੁਆਮੀ (ਮਾਲਕ) ਹੈ, ਉਸ ਦੇ ਕੇਤ=ਕਿਹੜੇ ਕਿਹੜੇ ਗੁਣ ਕਹੀਏ, ਜਾਂ ਕੇਤ=ਕਿਤਨੇ ਗੁਣ ਕਹੀਏ।

ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥ ੪॥ ੯॥ ੩੯॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਸੰਗ ਕਰਕੇ ਹਰਿ ਹਰਿ ਨਾਮ ਰੂਪੀ ਅੰਮ੍ਰਿਤ ਪਾਇਆ ਹੈ।
ਜਾਂ ਹਰਿ ਹਰਿ ਨਾਮ ਨੂੰ ਜਪ ਕੇ ਅੰਮ੍ਰਿਤ=ਮੁਕਤ-ਪਦ ਪਾਇਆ ਹੈ॥ ੪॥ ੯॥ ੩੯॥

ਬਿਲਾਵਲੁ ਮਹਲਾ ੫॥ ਬਿਨੁ ਸਾਧੂ ਜੋ ਜੀਵਨਾ ਤਤੋ ਬਿਰਥਾਰੀ॥

ਸਾਧੂਆਂ ਦੀ ਸੰਗਤ ਕੀਤੇ ਤੋਂ ਬਿਨਾਂ ਜੋ ਜੀਉਣਾ ਹੈ, ਉਤਨਾ ਉਹ ਸਾਰਾ ਵਿਅਰਥ ਹੈ।

ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ॥ ੧॥

ਸੰਤਾਂ ਦੇ ਸਤਸੰਗ ਵਿਚ ਮਿਲਦਿਆਂ ਹੀ ਸਾਰੇ ਭਰਮ ਮਿਟ ਗਏ ਹਨ,
ਅਤੇ ਸਾਡੀ ਗਤਿ=ਮੁਕਤੀ ਹੋ ਗਈ ਹੈ॥ ੧॥

ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ॥

ਜਿਸ ਦਿਨ ਮੈਨੂੰ ਪੂਰਨ ਸੰਤ ਮਿਲੇ ਹਨ, ਉਸ ਦਿਨ ਤੋਂ ਮੈਂ ਬਲਿਹਾਰ ਜਾਂਦਾ ਹਾਂ।

ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ॥ ੧॥ ਰਹਾਉ॥

ਆਪਣਾ ਤਨ, ਮਨ ਅਤੇ ਜੀਵ ਮੁੜ-ਮੁੜ ਕੇ ਮੈਂ ਕੁਰਬਾਨ ਕਰਦਾ ਹਾਂ॥ ੧॥ ਰਹਾਉ॥

ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ॥

ਇਤਨੀ ਵਸਤੂ ਮੇਰੇ ਪਾਸੋਂ ਛੁਡਵਾ ਦਿੱਤੀ ਹੈ ਅਤੇ ਇਤਨੀ ਵਸਤੂ ਦ੍ਰਿੜ੍ਹ ਕਰਵਾ ਦਿੱਤੀ ਹੈ।

ਅਗਲੀਆਂ ਤੁਕਾਂ ਵਿਚ ਸਪੱਸ਼ਟ ਹੈ।

ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪ ਧਾਰੀ॥ ੨॥

ਇਹ ਮੇਰਾ ਮਨ ਸਾਰਿਆਂ ਦੀ ਚਰਨ-ਧੂੜ ਹੋ ਗਿਆ ਹੈ ਅਤੇ ਅਪ-ਅਪਣੱਤ ਧਾਰੀ ਹੋਈ ਸੀ ਉਹ ਨਾਸ ਹੋ ਗਈ ਹੈ॥ ੨॥

ਨਿੰਦ ਚਿੰਦ ਪਰ ਦੂਖਨਾ ਏ ਖਿਨ ਮਹਿ ਜਾਰੀ॥

ਨਿੰਦਿਆ, ਚਿੰਦ=ਉਸਤਤੀ 'ਤੇ ਪਰਾਏ ਵਿਚ ਦੂਸ਼ਨ ਅਰੋਪਣ ਵਾਲੀ ਜੋ ਬੁੱਧੀ ਸੀ, ਇਹ ਛਿਨ ਵਿਚ ਹੀ ਜਾਰੀ=ਸਾੜ ਦਿੱਤੀ ਹੈ।

ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ॥ ੩॥

ਦਇਆ ਦੇ ਕਰਨ ਵਾਲੇ ਮਇਆ ਸਰੂਪ ਪਰਮੇਸ਼ਰ ਨੂੰ ਨੇੜੇ ਵੇਖ ਲਿਆ ਹੈ ਅਤੇ ਨਿਸਚੇ ਕਰ ਲਿਆ ਹੈ ਕਿ ਉਹ ਪ੍ਰਭੂ ਸਾਥੋਂ ਦੂਰ ਨਹੀਂ ਹੈ॥ ੩॥

ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ॥

ਤਨ ਤੇ ਮਨ ਠੰਡਾ ਹੋ ਗਿਆ ਹੈ, ਹੁਣ ਸੰਸਾਰੀ ਦੁੱਖਾਂ ਤੋਂ ਭੀ ਮੁਕਤ ਹੋ ਗਏ ਹਾਂ।

ਜਾਂ ਤਨ ਮਨ ਆਦਿਕ ਸਭ ਸੀਤਲ ਹੋ ਗਏ ਹਨ, ਹੁਣ ਸੰਸਾਰਕ ਬੰਧਨਾਂ ਤੋਂ ਭੀ ਮੁਕਤੇ=ਛੁਟ ਗਏ ਹਾਂ।

ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ ॥ ੪॥ ੧੦॥ ੪੦॥

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਦਰਸ਼ਨ ਵਿਚ ਜੋ ਚਿੱਤ ਦਾ ਹੀਤ=ਪ੍ਰੇਮ ਲੱਗ ਰਿਹਾ ਹੈ, ਪ੍ਰਾਣ,ਤੇ ਧਨ ਆਦਿਕ ਮੇਰਾ ਸਭ ਕੁਝ ਏਹੀ ਹੈ॥ ੪॥ ੧੦॥ ੪੦॥

ਬਿਲਾਵਲੁ ਮਹਲਾ ੫॥ ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ॥

ਹੇ ਪ੍ਰਭੂ ! ਕਿਰਪਾ ਕਰਕੇ ਇਹ ਸੁਮਤਿ ਦਿਓ-ਤੇਰਿਆਂ ਦਾਸਾਂ ਦੀ (ਸੰਤਾਂ ਦੀ) ਸੇਵਾ ਕਰਾਂ ਅਤੇ ਉਨ੍ਹਾਂ ਦੇ ਚਰਨਾ ਨੂੰ ਕੇਸਾਂ ਨਾਲ ਝਾੜਾਂ।

ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ॥ ੧॥

ਆਪਣਾ ਮਸਤਕੁ=ਸਿਰ ਉਨ੍ਹਾਂ ਨੂੰ ਭੇਟਾ ਕਰ ਦੇਵਾਂ ਅਤੇ ਉਨ੍ਹਾਂ ਤੋਂ ਤੇਰੇ ਰਸਾਲ=ਸੁੰਦਰ ਗੁਣਾਂ ਨੂੰ ਸੁਣਾਂ॥ ੧॥

ਤੁਮ੍ ਮਿਲਤੇ ਮੇਰਾ ਮਨੁ ਜੀਓ ਤੁਮ੍ ਮਿਲਹੁ ਦਇਆਲ॥

ਤੁਹਾਡੇ ਮਿਲਣ ਨਾਲ ਮੇਰਾ ਮਨ ਜੀਉਂਦਾ ਹੈ, ਇਸ ਲਈ ਹੇ ਦਿਆਲੂ ! ਤੁਸੀਂ ਮੈਨੂੰ ਆਪ ਆ ਕੇ ਮਿਲੋ।

ਨਿਸਿ ਬਾਸੁਰ ਮਨਿ ਅਨਦੁ ਹੋਤ ਚਿਤਵਤ ਕਿਰਪਾਲ॥ ੧॥ ਰਹਾਉ॥

ਹੇ ਕ੍ਰਿਪਾਲੂ ਪਰਮਾਤਮਾ ! ਆਪ ਜੀ ਦਾ ਚਿਤਵਤ=ਚਿੰਤਨ ਕਰਦਿਆਂ ਹੋਇਆਂ ਨਿਸਿ ਬਾਸੁਰ=ਰਾਤ ਦਿਨ ਮਨ ਵਿਚ ਆਨੰਦ ਹੁੰਦਾ ਹੈ॥ ੧॥ ਰਹਾਉ॥

[ਪੰਨਾ ੮੧੧]

ਜਗਤ ਉਧਾਰਨ ਸਾਧ ਪ੍ਰਭ ਤਿਨ੍ ਲਾਗਹੁ ਪਾਲ॥

ਹੇ ਪ੍ਰਭੂ ! ਜਗਤ ਤੋਂ ਤਾਰਨ ਵਾਲੇ ਜੋ ਸੰਤ ਹਨ, ਮੈਂ ਉਹਨਾਂ ਦੇ ਪਾਲ=ਪੱਲੇ ਨਾਲ ਲੱਗਦਾ ਹਾਂ।

ਮੋ ਕਉ ਦੀਜੈ ਦਾਨੁ ਪ੍ਰਭ ਸੰਤਨ ਪਗ ਰਾਲ॥ ੨॥

ਹੇ ਪ੍ਰਭੂ ! ਮੈਨੂੰ ਸੰਤਾਂ ਦੇ ਪਗ ਰਾਲ=ਚਰਨਾਂ ਦੀ ਧੂੜੀ ਦਾ ਦਾਨ ਦੇਣਾ ਕਰੋ॥ ੨॥

ਉਕਤਿ ਸਿਆਨਪ ਕਛੁ ਨਹੀ ਨਾਹੀ ਕਛੁ ਘਾਲ॥

ਹੇ ਪ੍ਰਭੂ ! ਮੇਰੇ ਵਿਚ ਨਾ ਬਾਣੀ ਦੀ ਉਕਤਿ=ਜੁਗਤੀ ਹੈ, ਨਾ ਹੀ ਬੁੱਧੀ ਦੀ ਸਿਆਣਪ ਹੈ ਅਤੇ ਨਾ ਹੀ ਕੁਝ ਜਪ ਤਪ ਦੀ ਘਾਲ=ਕਮਾਈ ਹੈ।

ਭ੍ਰਮ ਭੈ ਰਾਖਹੁ ਮੋਹ ਤੇ ਕਾਟਹੁ ਜਮ ਜਾਲ॥ ੩॥

ਮੈਨੂੰ ਭਰਮ, ਜਮਾਂ ਦਾ ਭੈ=ਡਰ ਅਤੇ ਸਬੰਧੀਆਂ ਦੇ ਮੋਹ ਵੱਲੋਂ ਰੱਖ ਲਓ,
ਤੇ ਜਮਾਂ ਦੇ ਜਾਲ=ਫਾਹ ਨੂੰ ਕੱਟ ਦਿਓ॥ ੩॥

ਬਿਨਉ ਕਰਉ ਕਰੁਣਾਪਤੇ ਪਿਤਾ ਪ੍ਰਤਿਪਾਲ॥

ਹੇ ਕਿਰਪਾ ਦੇ ਪਤੀ ਪਰਮਾਤਮਾ! ਮੈਂ ਆਪ ਜੀ ਅੱਗੇ ਬਿਨਉ=ਬੇਨਤੀ ਕਰਦਾ ਹਾਂ, ਕਿਉਂਕਿ ਆਪ ਪਿਤਾ ਵਾਂਗ ਪ੍ਰਤਿਪਾਲਾ ਕਰਨ ਵਾਲੇ ਹੋ।

ਗੁਣ ਗਾਵਉ ਤੇਰੇ ਸਾਧਸੰਗਿ ਨਾਨਕ ਸੁਖ ਸਾਲ॥ ੪॥ ੧੧॥ ੪੧॥

ਗੁਰੂ ਜੀ ਕਥਨ ਕਰਦੇ ਹਨ-ਏਹੀ ਕਿਰਪਾ ਕਰੋ। ਸੁਖਾਂ ਦਾ ਸਾਲ=ਅਸਥਾਨ, ਘਰ,

ਅਥਵਾ:-ਸਾਲ=ਭਾਰੀ ਸੁਖ ਦੇਣ ਵਾਲਾ ਜੋ ਸੰਤਾਂ ਦਾ ਸੰਗ ਹੈ, ਉਸ ਵਿਚ ਬੈਠ ਕੇ ਆਪ ਜੀ ਦੇ ਹੀ ਗੁਣ ਗਾਉਂਦਾ ਰਹਾਂ॥ ੪॥ ੧੧॥ ੪੦॥

ਬਿਲਾਵਲੁ ਮਹਲਾ ੫॥ ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ॥

ਹੇ ਪ੍ਰਭੂ !. ਜੋ ਤੂੰ ਕੀਤਾ ਲੋੜਹਿ=ਚਾਹੁੰਦਾ ਹੈਂ ਓਹੀ ਕਰਦਾ ਹੈਂ,
ਆਪ ਜੀ ਤੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ।

ਪਰਤਾਪੁ ਤੁਮ੍ਹਾਰਾ ਦੇਖਿ ਕੈ ਜਮਦੂਤ ਛਡਿ ਜਾਹਿ॥ ੧॥

ਤੁਹਾਡਾ ਪਰਤਾਪ ਦੇਖ ਕੇ ਜਮਦੂਤ ਭੀ ਛੱਡ ਜਾਂਦੇ ਹਨ॥ ੧॥

ਤੁਮ੍ਰੀ ਕ੍ਰਿਪਾ ਤੇ ਛੂਟੀਐ ਬਿਨਸੈ ਅਹੰਮੇਵ ॥

ਆਪ ਜੀ ਦੀ ਕਿਰਪਾ ਹੋਣ ਤੇ ਛੁਟਕਾਰਾ ਹੁੰਦਾ ਹੈ ਅਤੇ ਅਹੰਮੇਵ=ਏਵ ਨਿਸਚੇ ਕਰਕੇ ਹੰਕਾਰ ਬਿਨਸੈ=ਖਤਮ ਹੋ ਜਾਂਦਾ ਹੈ।

ਸਰਬ ਕਲਾ ਸਮਰਥ ਪ੍ਰਭ ਪੂਰੇ ਗੁਰਦੇਵ ॥ ੧ ॥ ਰਹਾਉ ॥

ਉਹ ਪ੍ਰਭੂ ਸਰਬ ਸ਼ਕਤੀਆਂ ਕਰਕੇ ਸਮਰੱਥ ਹੈ ਅਤੇ ਉਸ ਦਾ ਸਰੂਪ ਹੋਣ ਕਰਕੇ ਗੁਰਦੇਵ ਭੀ ਗੁਣਾਂ ਕਰ ਕੇ ਪੂਰੇ ਹਨ॥ ੧ ॥ ਰਹਾਉ ॥

ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ ॥

(੧) ਮਨ ਕਰਕੇ ਖੋਜਿਆ ਹੈ, ਬਾਣੀ ਕਰਕੇ ਖੋਜਿਆ ਹੈ, ਸਰੀਰ ਕਰਕੇ ਖੋਜਿਆ ਹੈ।

(੨) ਜਿਨ੍ਹਾਂ ਨੇ ਖੋਜਿਆ ਹੈ, ਮੈਂ ਭੀ ਖੋਜਣ ਵਾਲਾ ਹੋ ਕੇ ਉਹਨਾਂ ਦੁਆਰੇ ਖੋਜਿਆ ਹੈ, ਕਿ ਨਾਮ-ਸਿਮਰਨ ਤੋਂ ਬਿਨਾਂ ਸਭ ਕੁਝ ਕੂਰ=ਝੂਠਾ ਹੈ।

ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ ॥ ੨ ॥

ਸੰਤਾਂ ਦੇ ਸੰਗ ਵਿਚ ਜੀਵਨ=ਜ਼ਿੰਦਗੀ ਦਾ ਸਾਰਾ ਸੁਖ ਹੈ,
ਇਸ ਕਰਕੇ ਹੇ ਪ੍ਰਭੂ ! ਤੂੰ ਮੇਰੀ ਮਨਸਾ=ਵਾਸ਼ਨਾਂ (ਇੱਛਾ) ਪੂਰੀ ਕਰ॥ ੨ ॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ ॥

ਜਿਧਰ ਜਿਧਰ ਤੁਸੀਂ ਲਗਾਉਂਦੇ ਹੋ ਉਧਰ ਕਿਧਰ ਮੈਂ ਲੱਗਦਾ ਹਾਂ,
ਮੈਂ ਆਪਣੀ ਬੁੱਧੀ ਦੀ ਸਾਰੀ ਸਿਆਣਪ ਜਾਲੀ=ਸਾੜ ਦਿੱਤੀ ਹੈ।

ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ ਦਇਆਲੀ ॥ ੩ ॥

ਹੇ ਮੇਰੇ ਦੀਨ ਦਿਆਲ ਪ੍ਰਭੂ ! ਜਿਥੇ ਕਿਥੇ ਆਪ ਸਾਰੇ ਭਰਪੂਰ=ਪਰੀਪੂਰਨ ਹੋ॥ ੩ ॥

ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ ॥

ਮੈਂ ਸਭ ਕੁਝ ਆਪ ਜੀ ਪਾਸੋਂ ਮੰਗਣਾ ਕਰਦਾ ਹਾਂ, ਵਡਭਾਗੀ ਪੁਰਸ਼ ਹੀ ਆਪ ਜੀ ਦੇ ਦਰਸ਼ਨ ਨੂੰ ਪਾਉਂਦੇ ਹਨ।

ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ ॥ ੪ ॥ ੧੨ ॥ ੪੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਨਾਨਕ ਦੀ ਆਪ ਜੀ ਅੱਗੇ ਹੀ ਬੇਨਤੀ ਹੈ ਅਤੇ ਆਪ ਜੀ ਦੇ ਹੀ ਗੁਣ ਗਾ ਕੇ ਜੀਉਂਦਾ ਹਾਂ॥ ੪ ॥ ੧੨ ॥ ੪੨ ॥

ਬਿਲਾਵਲੁ ਮਹਲਾ ੫ ॥ ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥

ਸਤਸੰਗਤ ਦੇ ਵਿਚ ਵਸਣੇ ਕਰਕੇ ਸਾਰੇ ਕਲਮਲ=ਪਾਪ ਨੱਸ ਜਾਂਦੇ ਹਨ।

ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ ॥ ੧ ॥

ਪ੍ਰਭੂ ਦੇ ਰੰਗਿ=ਪ੍ਰੇਮ ਨਾਲ ਰਾਤਿਆ=ਤਦਾਕਾਰ ਹੋਣਾ ਕਰੇ, ਕਿਉਂਕਿ ਤਾ ਤੇ=ਤਿਸ ਪ੍ਰੇਮ ਕਰਕੇ ਮਾਂ ਦੇ ਗਰਭ ਵਿਚ ਫਿਰ ਗ੍ਰਸਿਆ ਨਹੀਂ ਜਾਂਦਾ॥ ੧॥

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥

ਗੋਬਿੰਦ ਦਾ ਨਾਮ ਕਹਿਣ ਨਾਲ ਰਸਨਾ ਸੂਚੀ ਭਈ=ਪਵਿੱਤਰ ਹੋ ਗਈ ਹੈ।

ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ॥

ਗੁਰਾਂ ਦਾ ਜਪ ਜਪਣ ਕਰਕੇ ਮਨ ਤਨ ਸ਼ੁੱਧ ਹੋ ਜਾਂਦਾ ਹੈ॥ ੧॥ ਰਹਾਉ॥

ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ॥

ਹਰੀ ਨਾਮ ਰਸ ਨੂੰ ਚੱਖਦਿਆਂ ਹੀ ਧ੍ਰਾਪਿਆ=ਰੱਜ ਗਿਆ ਹਾਂ ਅਤੇ ਮਨ ਵਿਚ ਆਤਮ-ਰਸ ਨੂੰ ਲੈ ਕੇ ਹਸਨਾ=ਅਨੰਦ ਹੋ ਗਿਆ ਹਾਂ।

ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ॥ ੨॥

ਪ੍ਰਕਾਸ਼ ਵਾਲੀ ਆਤਮ ਵਿਸ਼ੈਣੀ ਬੁੱਧੀ ਪ੍ਰਗਟ ਹੋਈ ਹੈ
ਅਤੇ ਸੰਸਾਰ ਵੱਲੋਂ ਉਲਟ ਕੇ ਹਿਰਦਾ-ਕੌਲ ਬਿਗਸਨਾ=ਖਿੜ ਪਿਆ ਹੈ॥ ੨॥

ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ॥

ਸੀਤਲ ਕਰਨੇ ਵਾਲਾ ਸ਼ਾਂਤੀ ਸਹਿਤ ਸੰਤੋਖ ਹੋਇਆ ਹੈ, ਜਿਸ ਕਰਕੇ ਸਾਰੀ ਤ੍ਰਿਸ਼ਨਾਂ ਬੁਝ ਗਈ ਹੈ। ਜਾਂ ਸ਼ਾਂਤੀ ਤੇ ਸੰਤੋਖ ਨੂੰ ਪਾ ਕੇ ਸਨ ਸੀਤਲ=ਠੰਡਾ ਹੋ ਗਿਆ ਹੈ ਅਤੇ ਸਾਰੀ ਤ੍ਰਿਸ਼ਨਾਂ ਅੱਗ ਬੁਝ ਗਈ ਹੈ।

ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ॥ ੩॥

ਦਸੋਂ ਦਿਸ਼ਾਂ ਦਾ ਦੌੜਨਾ ਮਿਟ ਗਿਆ ਹੈ, ਸਰੂਪ ਰੂਪੀ ਨਿਰਮਲ ਸਥਾਨ ਵਿਚ ਨਿਵਾਸ ਮਿਲ ਗਿਆ ਹੈ। ਜਾਂ ਸਤਸੰਗ ਰੂਪ ਨਿਰਮਲ ਅਸਥਾਨ ਪਰ ਵਸਣਾ ਕੀਤਾ ਤਾਂ ਦਸੋਂ ਦਿਸ਼ਾਂ ਦਾ ਦੌੜਨਾ ਮਿਟ ਗਿਆ॥ ੩॥

ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ॥

ਰਖਣ ਵਾਲੇ ਪ੍ਰਭੂ ਨੇ ਰੱਖ ਲਿਆ ਹੈ, ਭਰਮ ਸਾਰੇ ਸੜਦੇ ਭਸਨਾ=ਸਵਾਹ ਹੋ ਗਏ ਹਨ।

ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ॥ ੪॥ ੧੩॥ ੪੩॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਦਰਸ਼ਨ ਨੂੰ ਵੇਖ ਕੇ ਅਤੇ ਨਿਧੀਆਂ ਦੇ ਖਜ਼ਾਨੇ ਨਾਮ ਨੂੰ ਜਪ ਕੇ ਸੁਖੀ ਹੋ ਗਏ ਹਾਂ॥ ੪॥ ੧੩॥ ੪੩॥

ਬਿਲਾਵਲੁ ਮਹਲਾ ੫॥ ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥

ਪ੍ਰਭੂ ਦੇ ਦਾਸਾਂ ਪਾਸ ਜਾ ਕੇ ਪਾਣੀ ਭਰਨਾ ਕਰ, ਪੱਖਾ ਝਲਣਾ ਕਰ, ਚੱਕੀ ਵਿਚ ਦਾਨੇ ਪੀਹਣਾ ਕਰ, ਭਾਵ ਸਭ ਤਰ੍ਹਾਂ ਦੀ ਸੇਵਾ ਕਰ ਤਦ ਤੂੰ ਨਿਹਾਲ ਤੇ ਸੁਖੀ ਹੋਵੇਂਗਾ।

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥ ੧॥

ਪ੍ਰਤੱਖ ਰਾਜ ਭਾਗ, ਮਿਲਖ=ਜਗੀਰਾਂ, ਸਿਕਦਾਰੀਆ=ਸਰਦਾਰੀਆਂ, ਨੰਬਰਦਾਰੀਆਂ, ਠਾਣੇਦਾਰੀਆਂ, ਪ੍ਰਤੱਖ ਅੱਗ ਵਿਚ ਵਾ:-ਬ੍ਰਹਮ-ਦ੍ਰਿਸ਼ਟੀ ਰੂਪ ਅੱਗ ਵਿਚ ਜਾਲੁ=ਸਾੜ ਦੇ॥ ੧॥

ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥

ਸੰਤ ਜਨਾਂ ਦਾ ਜੋ ਛੋਹਰਾ=ਦਾਸ ਹੈ ਉਸ ਦੀ ਚਰਨੀਂ ਲੱਗ ਜਾ।

ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ॥ ੧॥ ਰਹਾਉ॥

ਜੋ ਮਾਇਆਧਾਰੀ ਛਤਰ-ਪਤੀ ਰਾਜੇ ਹਨ, ਉਹਨਾਂ ਨੂੰ ਤਿਆਗ ਛੱਡੋ॥ ੧॥ ਰਹਾਉ॥

ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥

ਸੰਤਾਂ ਦਾ ਜੋ ਰੁੱਖਾ ਦਾਨਾ ਹੈ, ਭਾਵ ਅਨਚੋਪੜਿਆ ਪ੍ਰਸ਼ਾਦਾ ਹੈ,
ਉਹ ਸਭ ਨਿਧੀਆਂ ਦਾ ਖਜ਼ਾਨਾ ਹੈ, ਭਾਵ ਉਹ ਅੰਮ੍ਰਿਤ ਦੇ ਸਮਾਨ ਹੈ।

ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥ ੨॥

ਸਾਕਤ=ਮਨਮੁਖ ਦੇ ਘਰ ਵਿਚ ਜੋ ਛੱਤੀਹ ਤਰ੍ਹਾਂ ਦੇ ਭੋਜਨ ਹਨ, ਉਹ ਬਿਖੂ ਸਮਾਨ=ਜ਼ਹਿਰ ਦੇ ਸਮਾਨ ਦੁਖਦਾਈ ਹਨ॥ ੨॥

ਜਿਵੇਂ -ਮਲਕ ਭਾਗੋ ਦੇ ਪੂੜਿਆਂ ਵਿੱਚੋਂ ਗੁਰੂ ਨਾਨਕ ਦੇਵ ਜੀ ਨੇ ਲਹੂ ਕੱਢ ਕੇ ਦੱਸਿਆ ਸੀ ਕਿ ਇਹ ਤੇਰਾ ਸਨਿਗਧ ਭੋਜਨ ਖਾਣੇ ਜੋਗ ਨਹੀਂ ਹੈ ਕਿਉਂਕਿ ਇਹ ਵਿਹੁ ਦੇ ਸਮਾਨ ਦੁਖਦਾਈ ਹੈ।

ਕਿਉਂਕਿ ਇਸ ਦੇ ਖਾਣ ਨਾਲ ਨਾ ਤਪ ਹੁੰਦਾ ਹੈ ਨਾ ਧਿਆਨ ਲੱਗ ਸਕਦਾ ਹੈ।

ਯਥਾ:- ''ਤਪਿਯਨ ਤਪ ਛੀਜਹਿ ਇਹ ਖਾਏ। ਧਜਾਨੀ ਧਜਾਨ ਨ ਲਗਹਿ ਲਗਾਏ।
ਖਾਵਹਿ ਮਨ ਕੋ ਕਰਤਿ ਮਲੀਨਾ। ਹਰਿ ਜਸੁ ਰੰਗ ਨ ਚਢਹਿ ਨਵੀਨਾ॥ ੫੫॥''

(ਨਾਨਕ ਪ੍ਰਕਾਸ਼, ਪੂਰ: ਅਧਿ ੩੯)

ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ॥

ਭਗਤ ਜਨਾ=ਵਾਹਿਗੁਰੂ ਦੇ ਪਿਆਰ ਵਾਲਿਆਂ ਦਾ ਜੋ ਲੂਗਰਾ=ਭੂਰੇ ਦਾ ਟੋਟਾ ਹੈ, ਉਸ ਦੇ ਓਢਿ= ਪਹਿਰਨ ਨਾਲ ਨੰਗਾ ਨਹੀਂ ਹੁੰਦਾ। ਭਾਵ ਇੱਜ਼ਤ ਤੋਂ ਰਹਿਤ ਨਹੀਂ ਹੁੰਦਾ ।

ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ॥ ੩॥

ਚਾਹੇ ਸਾਕਤ ਦਾ ਦਿੱਤਾ ਹੋਇਆ ਸਿਰੋਪਾਉ ਰੇਸ਼ਮੀ ਭੀ ਹੈ, ਉਸ ਦੇ ਪਹਿਰਨ ਨਾਲ ਪਤ-ਆਬਰੋ ਖੋਈ=ਨਾਸ ਹੋ ਜਾਂਦੀ ਹੈ॥ ੩॥

ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ॥

ਮਨਮੁਖ ਨਾਲ ਮੂੰਹ ਜੋੜਨ ਕਰਕੇ ਭਾਵ ਪ੍ਰੀਤੀ ਕਰਨ ਨਾਲ ਅੱਧ-ਵਿਚਾਲਿਓ ਟੁੱਟ ਜਾਂਦੀ ਹੈ। ਜਾਂ ਅਧ ਵੀਚਹੁ ਟੂਟੈ=ਕਾਰ ਵਿਹਾਰ ਕਰਦਿਆਂ, ਸਾਧਨ ਕਰਦਿਆਂ, ਜੁਆਨੀ ਮੌਤੇ ਮਰ ਜਾਂਦਾ ਹੈ।

ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥ ੪॥

ਜੋ ਪੁਰਸ਼ ਹਰੀ ਦੇ ਸੰਤ ਜਨਾਂ ਦੀ ਸੇਵਾ ਕਰਦਾ ਹੈ, ਉਹ ਇਤ ਊਤਹਿ=ਲੋਕ ਪਰਲੋਕ ਦੇ ਦੁੱਖਾਂ ਤੋਂ

ਛੁੱਟ ਜਾਂਦਾ ਹੈ॥ ੪॥

ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ॥

ਸਭ ਕੁਝ ਆਪ ਜੀ ਤੋਂ ਹੀ ਹੋਇਆ ਹੈ, ਤੁਸਾਂ ਨੇ ਆਪ ਹੀ ਸਾਰੇ ਸੰਸਾਰ ਦੀ ਬਣਤ=ਬਣਾਵਟ ਬਣਾਈ ਹੈ।

ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ॥ ੫॥ ੧੪॥ ੪੪॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦਾ ਦਰਸ਼ਨ ਮਿਲੇ ਤਦ ਆਪ ਜੀ ਦੇ ਗੁਣਾਂ ਦਾ ਗਾਇਨ ਕਰਨਾ ਹੁੰਦਾ ਹੈ॥ ੫॥ ੧੪॥ ੪੪॥

[ਪੰਨਾ ੮੧੨]

ਬਿਲਾਵਲੁ ਮਹਲਾ ੫॥

ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ॥

ਜੋ ਹਰੀ ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ ਉਸ ਦਾ ਨਾਮ ਮੈਂ ਕੰਨੀਂ ਸੁਣਦਾ ਹਾਂ, ਤੁਸੀਂ ਸੁਣਨਾ ਕਰੋ ਤੇ ਠਾਕਰ ਦੇ ਜਸ ਨੂੰ ਮੈਂ ਗਾਉਂਦਾ ਹਾਂ, ਤੁਸੀਂ ਗਾਓ ਕਰੋ।

ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ॥ ੧॥

ਸੰਤਾਂ ਦੇ ਚਰਨਾਂ ਪਰ ਸਿਰ ਰੱਖ ਕੇ ਹਰੀ ਨਾਮ ਨੂੰ ਮੈਂ ਧਿਆਉਂਦਾ ਹਾਂ 'ਤੇ ਤੁਸੀ ਭੀ ਸੰਤਾਂ ਦੇ ਚਰਨਾਂ ਪਰ ਸਿਰ ਰੱਖ ਕੇ', ਵਾ:-ਚਰਨਾਂ ਨਾਲ ਕਰ=ਹੱਥ ਛੁਹਾ ਕੇ ਫੇਰ ਆਪਣੇ ਸਿਰ ਪਰ ਧਰ ਕੇ ਹਰੀ ਨਾਮ ਨੂੰ ਧਿਆਉਣਾ ਕਰੋ॥ ੧॥

ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ॥

ਹੇ ਦਿਆਲ ਪ੍ਰਭੂ ! ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਏਹੀ ਨਿੱਧੀ ਸਿੱਧੀ ਪਾਵੋ। ਕਿ-

ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ॥ ੧॥ ਰਹਾਉ॥

ਸੰਤ ਜਨਾਂ ਦੀ ਰੇਣੁਕਾ=ਧੂੜੀ ਲੈ ਕੇ ਆਪਣੇ ਮੱਥੇ ਪਰ ਲਾਵਾਂ॥ ੧॥ ਰਹਾਉ॥

ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ॥

ਨੀਵੇਂ ਤੋਂ ਨੀਵਾਂ ਹੋਵਾਂ ਪੁਨਾ ਅਤਿ ਨੀਚੁ ਹੋਇ=ਬੜੀ ਨਿੰਮ੍ਰਤਾ ਵਾਲਾ ਹੋ ਕੇ ਬੇਨਤੀ ਸਹਿਤ ਬੁਲਾਉਣਾ ਕਰਾਂ।

ਜਾਂ-ਜੋ ਪੁਰਸ਼ ਨੀਚ ਤੋਂ ਨੀਚ ਹਨ, ਪੁਨਾ ਜੋ ਅਤੀ ਨੀਚ ਹੋਏ ਹਨ, ਚਮਾਰ ਜ਼ਾਤੀ ਵਿੱਚੋਂ ਰਵਿਦਾਸ ਆਦਿਕ ਉਨ੍ਹਾਂ ਨੂੰ ਬੇਨਤੀ ਕਰ ਕੇ ਬੁਲਾਉਣਾ ਕਰੋ।

ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ॥ ੨॥

ਆਪਾ ਭਾ (ਹੰਕਾਰ) ਤਿਆਗ ਕੇ ਚਰਨਾਂ ਨੂੰ ਮਲੋਵਾ=ਝਸਣਾ ਕਰ ਅਤੇ ਸੰਤਾਂ ਦੇ ਸੰਗ ਵਿਚ ਸਮਾਉਣਾ ਕਰ॥ ੨॥

ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥

ਅੰਦਰ ਸ੍ਵਾਸ ਜਾਂਦਿਆਂ, ਬਾਹਰ ਸ੍ਵਾਸ ਨਿਕਲਦਿਆਂ ਪ੍ਰਭੂ ਭੁੱਲੇ ਨਾ ਅਤੇ ਉਸ ਨੂੰ ਛੱਡ ਕੇ ਅਨ=ਹੋਰ ਕਿਸੇ ਤਰਫ਼ ਨਾ ਦੌੜੇ।

ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥ ੩ ॥

ਫਲਾਂ ਦੇ ਸਹਿਤ ਗੁਰਾਂ ਦਾ ਦਰਸ਼ਨ ਭੇਟੀਐ=ਮਿਲ ਜਾਵੇ ਤਾਂ ਮਾਨ ਅਤੇ ਮੋਹ ਨੂੰ ਮਿਟਾਵਉ=ਮਿਟਾ ਦੇਣਾ ਕਰੋ॥ ੩ ॥

ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥

ਸੱਚ ਬੋਲਣਾ, ਸੰਤੋਖ ਧਾਰਨਾ, ਸਭ ਉੱਤੇ ਦਇਆ ਕਰਨੀ , ਸ੍ਵੈ ਧਰਮ ਵਿਚ ਰਹਿਣਾ, ਇਤ ਆਦਿਕ ਸ਼ੁਭ-ਗੁਣਾਂ ਰੂਪੀ ਸ਼ਿੰਗਾਰ ਤਨ ਉੱਤੇ ਬਣਾਉਣਾ ਕਰੋ।

ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ ੪ ॥ ੧੫ ॥ ੪੫ ॥

ਗੁਰੂ ਜੀ ਕਥਨ ਕਰਦੇ ਹਨ-ਆਪਣੇ ਪ੍ਰਭੂ ਨੂੰ ਭਾ ਜਾਣ ਕਰਕੇ ਸੁਹਾਗਣਾਂ ਦਾ ਜੀਵਨ ਸਫਲ ਹੈ।

ਬਿਲਾਵਲੁ ਮਹਲਾ ੫ ॥

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ ॥

ਸਭਨਾਂ ਵਿਚ ਪ੍ਰਗਟ ਹੋ ਗਿਆ ਹੈ ਕਿ ਸੰਤ ਜਨਾਂ ਦਾ ਬਚਨ ਅਟੱਲ ਹੈ।

ਯਥਾ:- ''ਨਿਸ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥'' *(ਪੰਨਾ ੧੨੦੪)*

*ਅਥਵਾ:-*ਸਾਧੂ ਜਨਾ=ਸ੍ਰੇਸ਼ਟ ਗੁਰਾਂ ਦਾ ਬਚਨ ਅਟੱਲ ਹੈ ਜੋ ਸਾਰਿਆਂ ਵਿਚ ਪ੍ਰਗਟ ਹੋ ਆਇਆ ਹੈ।

ਗੁਰੂ ਅਮਰ ਦਾਸ ਜੀ ਨੇ ਬੀਬੀ ਭਾਨੀ ਜੀ ਦੀ ਸੇਵਾ ਪਰ ਪ੍ਰਸੰਨ ਹੋ ਕੇ ਕਿਹਾ ਸੀ, ਦੇਖ ! ਤੇਰੇ ਪਿਤਾ ਜੀ ਗੁਰ-ਗੱਦੀ ਪਰ ਸੁਭਾਇਮਾਨ ਹਨ, ਤੇਰੇ ਪਤੀ ਦੇਵ ਭੀ ਗੁਰੂ ਹੋਣਗੇ 'ਤੇ ਪੁੱਤਰ ਅਤੇ ਪੋਤਰੇ ਭੀ ਮਹਾਨ ਗੁਰੂ ਹੋਵਣਗੇ।

ਭਾਵੇਂ ਪ੍ਰਿਥੀ ਚੰਦ ਨੇ ਕਿਤਨੀ ਈਰਖਾ ਕੀਤੀ ਹੈ, ਪਰ ਇਹ ਬਚਨ ਅਟੱਲ ਹੀ ਰਿਹਾ।

ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ ॥ ੧ ॥

ਜਿਸ ਪੁਰਸ਼ ਨੂੰ ਸੰਤਾਂ ਦਾ ਸੰਗ ਪ੍ਰਾਪਤ ਹੋਇਆ ਹੈ, ਉਸ ਨੂੰ ਹਰੀ ਰਾਜਾ ਮਿਲਿਆ ਹੈ॥ ੧ ॥

ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖੁ ਪਾਇਆ ॥

ਇਹ ਸੰਤ ਜਨ ਹੀ ਗੋਬਿੰਦ ਦੀ ਪ੍ਰਤੀਤੀ ਕਰਾਉਣ ਵਾਲੇ ਹਨ,

ਸੰਤਾਂ ਦੁਆਰੇ ਹਰੀ ਨਾਮ ਨੂੰ ਜਪ ਕੇ ਸੁਖ ਪਾਇਆ ਹੈ।

ਅਨਿਕ ਬਾਤਾ ਸਭਿ ਕਰਿ ਰਹੇ ਗੁਰੁ ਘਰਿ ਲੈ ਆਇਆ ॥ ੧ ॥ ਰਹਾਉ ॥

ਪ੍ਰਤੱਖ ਅਨੇਕ ਤਰ੍ਹਾਂ ਦੀਆਂ ਸਾਧਨਾਂ ਰੂਪ ਗੱਲਾਂ ਕਰ ਰਹੇ ਸੀ, ਪਰ ਨਾ ਪ੍ਰਾਪਤ ਹੋਇਆ,
ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਸਰੂਪ ਰੂਪੀ ਘਰ ਵਿਚ ਲੈ ਆਂਦਾ ਹੈ॥ ੧ ॥ ਰਹਾਉ ॥

ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ॥

ਕਿਉਂਕਿ ਗੁਰੂ ਸਾਹਿਬ ਜੀ ਸ਼ਰਨ ਵਿਚ ਪਏ ਦੀ ਲੱਜਾ ਰੱਖਦੇ ਹਨ, ਇਸ ਵਿਚ ਕੋਈ ਸੰਸਾ ਨਹੀਂ ਹੈ ।

ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥ ੨ ॥

ਮਨੁੱਖਾ ਦੇਹ ਰੂਪੀ ਕਰਮ ਭੂਮੀ ਵਿਚ ਹਰੀ ਨਾਮ ਰੂਪੀ ਬੀਜ ਬੀਜਣਾ ਕਰ, ਇਹ ਮਨੁੱਖ ਜਨਮ ਦੀ ਪਰਾਪਤੀ ਦਾ ਅਉਸਰੁ=ਸਮਾਂ ਬਹੁਤ ਦੁਰਲੱਭ ਹੈ॥ ੨ ॥

ਅੰਤਰਜਾਮੀ ਆਪਿ ਪ੍ਰਭੁ ਸਭ ਕਰੇ ਕਰਾਇਆ ॥

ਅੰਤਰਜਾਮੀ ਪ੍ਰਭੂ ਆਪ ਹੀ ਸਭ ਕੁਝ ਕਰਦਾ ਤੇ ਕਰਾਉਂਦਾ ਹੈ।

ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥ ੩ ॥

ਉਸ ਨੇ ਘਣੇ ਪਤਿਤ=ਬੜੇ ਪਾਪੀ ਪਵਿੱਤਰ ਕੀਤੇ ਹਨ, ਏਹੋ ਠਾਕੁਰ ਦਾ ਬਿਰਦਾਇਆ=ਧਰਮ ਹੈ॥ ੩ ॥

ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥

ਹੇ ਮਾਇਆ ਦੇ ਭਰਮਾਏ ਹੋਏ ਮਨੁੱਖ ਜਨੋ ! ਨਾਮ ਨੂੰ ਮਤ ਭੂਲਹੁ=ਨਾ ਭੁੱਲੋ ।

ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥ ੪ ॥ ੧੬ ॥ ੪੬ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਪ੍ਰਭੂ ਨੇ ਨਾਮ ਦਾ ਪੁਸ਼ਾਕਾ ਪੁਆਇਆ ਹੈ, ਜਾਂ ਜਸ ਦਾ ਸਿਰੋਪਾ ਪਹਿਰਾਇਆ ਹੈ ਓਸੇ ਦੀ ਪਤ-ਆਬਰੋ ਰੱਖਦਾ ਹੈ॥ ੪ ॥ ੧੬ ॥ ੪੬ ॥

ਬਿਲਾਵਲੁ ਮਹਲਾ ੫ ॥ ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ॥

ਜਿਸ ਪਰਮਾਤਮਾ ਨੇ ਪੰਜਾਂ ਤੱਤਾਂ ਰੂਪੀ ਮਿੱਟੀ ਤੋਂ ਦੁਰਲੱਭ ਮਨੁੱਖਾ ਦੇਹ ਨੂੰ ਸਾਜਨਾ ਕੀਤਾ ਹੈ।

ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ ॥ ੧ ॥

ਫਿਰ ਜਿਸ ਨੇ ਮਨ ਦੇ ਵਿਚ ਅਨੇਕਾਂ ਛਿਦ੍=ਦੋਸ਼ ਲੁਕਾ ਰੱਖੇ ਹਨ ਤੇ ਸਰੀਰ ਦਾ ਗੋਰਾ ਰੰਗ ਨਿਗਾਹ ਆਉਂਦਾ ਹੈ। *ਅਥਵਾ:-* ਉਹ ਪ੍ਰਭੂ ਆਪ ਬਹੁਤ ਉੱਜਲ ਨਿਗਾਹ ਆਉਂਦਾ ਹੈ॥ ੧ ॥

ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ॥

ਜਿਸ ਪ੍ਰਭੂ ਦੇ ਇਹ ਗੁਣ ਹਨ ਉਹ ਪ੍ਰਭੂ ਮਨ ਵਿੱਚੋਂ ਕਿਵੇਂ ਭੁੱਲ ਸਕਦਾ ਹੈ।

ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ ॥੧॥ਰਹਾਉ॥

ਜਿਹੜੇ ਉਸ ਪ੍ਰਭੂ ਨੂੰ ਤਿਆਗ ਕੇ ਹੋਰਨਾਂ ਕੰਮਾਂ ਨਾਲ ਰਚੇ ਹੋਏ ਹਨ, ਉਹ ਖੇਹ ਨਾਲ ਰਲ ਜਾਣਗੇ॥ ੧॥ ਰਹਾਉ॥

ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ॥

ਅੰਤਰ ਸ੍ਵਾਸ ਜਾਂਦਿਆਂ ਸਿਮਰੋ, ਬਾਹਰ ਸ੍ਵਾਸ ਨਿਕਲਦਿਆਂ ਭੀ ਸਿਮਰੋ, ਸਿਮਰਨ ਕਰਨ ਵਿਚ ਮਤੰ ਬਿਲਮ ਕਰੇਹ=ਦੇਰ ਨਾ ਕਰੋ।

ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ॥੨॥

ਪ੍ਰਪੰਚੁ=ਛਲ ਨੂੰ ਛੱਡ ਕੇ ਅਤੇ ਝੂਠੇ ਪਦਾਰਥਾਂ ਦੇ ਨੇਹੁ=ਪ੍ਰੇਮ ਨੂੰ ਤਿਆਗ ਕੇ ਪ੍ਰਭੂ ਨਾਲ ਰਚਹੁ=ਪ੍ਰੀਤੀ ਕਰੋ॥ ੨॥

ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ॥

ਜਿਸ ਇਕ ਪਰਮਾਤਮਾ ਨੇ ਅਨੇਕਾਂ ਜੀਵਾਂ ਦੇ ਬਹੁਤ ਪਰਕਾਰ ਦੇ ਰੰਗ ਕੀਤੇ ਹਨ, ਇਹ ਗੱਲ ਯਾਦ ਰੱਖੋ; ਉਹ ਪਰਮੇਸ਼ਰ ਪਿੱਛੇ ਸੀ, ਹੁਣ ਹੈ, ਅੱਗੇ ਹੋਸੀ=ਹੋਵੇਗਾ।

ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ॥੩॥

ਗੁਰਾਂ ਤੋਂ ਮਤਿ=ਸਿਖਿਆ ਲੈ ਕੇ ਉਸ ਪਾਰਬ੍ਰਹਮ ਦੀ ਸੇਵਾ ਕਰ ॥ ੩॥

ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ॥

ਜੋ ਵੱਡਾ ਪ੍ਰਭੂ ਉੱਚਿਆਂ ਤੋਂ ਉੱਚਾ ਹੈ ਅਤੇ ਸਭ ਦਾ ਸੰਗੀ ਬਰਨੇਹ=ਕਥਨ ਕੀਤਾ ਹੈ।

ਦਾਸ ਦਾਸ ਕੋ ਦਾਸਰਾ ਨਾਨਕ ਕਰਿ ਲੇਹ॥੪॥੧੭॥੪੭॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਨੂੰ ਆਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਣਾ ਲੈਣਾ ਕਰ ॥ ੪॥ ੧੭॥ ੪੭॥

ਬਿਲਾਵਲੁ ਮਹਲਾ ੫॥ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ॥

ਸੰਤਾਂ ਨੇ ਇਕ ਗੋਬਿੰਦ ਦੀ ਟੇਕ=ਓਟ ਲੈ ਕੇ ਹੋਰ ਸਾਰੀ ਆਸ ਛੱਡ ਦਿੱਤੀ ਹੈ।

ਪ੍ਰਸ਼ਨ:-ਉਹ ਗੋਬਿੰਦ ਕੈਸਾ ਹੈ? *ਗੁਰ ਉੱਤਰ-*

ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ॥੧॥

ਉਹ ਪ੍ਰਭੂ ਸਭ ਦੇ ਉਤੇ ਸਮਰੱਥ ਹੈ ਅਤੇ ਪੂਰਨ ਸ਼ੁਭ-ਗੁਣਾਂ ਦਾ ਖਜ਼ਾਨਾ ਹੈ॥ ੧॥

ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ॥

ਉਸ ਪ੍ਰਭੂ ਦੀ ਸ਼ਰਨ ਵਿਚ ਪਾ ਕੇ ਸੰਤ ਜਨਾਂ ਨੇ ਨਾਮ ਦਾ ਆਸਰਾ ਗ੍ਰਹਿਣ ਕੀਤਾ ਹੈ।

ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥ ੧ ॥ ਰਹਾਉ ॥

ਸੰਤਾਂ ਦੇ ਮਨ ਵਿਚ ਕੇਵਲ ਪਰਮੇਸ਼ਰ ਦੇ ਨਾਮ ਦਾ ਆਸਰਾ ਹੈ॥ ੧ ॥ ਰਹਾਉ ॥

ਆਪਿ ਰਖੈ ਆਪਿ ਦੇਵਸੀ ਆਪੇ ਪ੍ਰਤਿਪਾਰੈ ॥

ਪਰਮੇਸ਼ਰ ਆਪ ਸੰਤਾਂ ਦੀ ਇੱਜ਼ਤ ਰਖਦਾ ਹੈ, ਆਪ ਹੀ ਨਾਮ-ਦਾਨ ਦੇਂਦਾ ਹੈ ਤੇ ਆਪ ਹੀ ਸੰਤਾਂ ਨੂੰ ਪਦਾਰਥ ਦੇ ਕੇ ਉਹਨਾਂ ਦੀ ਪ੍ਰਤਿਪਾਲਾ ਕਰਦਾ ਹੈ।

[ਪੰਨਾ ੮੧੩]

ਦੀਨ ਦਇਆਲ ਕ੍ਰਿਪਾ ਨਿਧੇ ਸਾਸਿ ਸਾਸਿ ਸਮ੍ਹਾਰੈ ॥ ੨ ॥

ਉਹ ਦੀਨ ਦਿਆਲ ਪਰਮਾਤਮਾ ਕਿਰਪਾ ਦੀ ਨਿਧੀ ਹੈ, ਭਗਤ ਉਸ ਨੂੰ ਸ੍ਵਾਸ-ਸ੍ਵਾਸ ਸੰਭਾਲਦੇ ਹਨ।

ਅਥਵਾ:-ਉਹ ਪਰਮੇਸ਼ਰ ਭਗਤਾਂ ਨੂੰ ਸ੍ਵਾਸ ਸ੍ਵਾਸ ਸੰਭਾਲਦਾ ਹੈ।

ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥

ਕਰਣਹਾਰੁ=ਸਿਰਜਣਹਾਰ ਪ੍ਰਭੂ ਜੋ ਭੀ ਕਰ ਰਿਹਾ ਹੈ, ਉਹ ਆਪਣੀ ਵਡਿਆਈ=ਇੱਛਾ ਅਨੁਸਾਰ ਕਰ ਰਿਹਾ ਹੈ।

ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥ ੩ ॥

ਪੂਰਿਆਂ ਗੁਰਾਂ ਨੇ ਏਹੋ ਉਪਦੇਸ਼ ਦਿੱਤਾ ਹੈ, ਕਿ ਖਸਮ=ਮਾਲਕ ਪ੍ਰਭੂ ਦੀ ਰਜਾਈ=ਆਗਿਆ ਵਿਚ ਹੀ ਸੁਖ ਹੈ॥ ੩ ॥

ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥

ਚਿੰਤ ਅੰਦੇਸਾ=ਫਿਕਰ ਤੇ ਗਿਣਤੀ ਛੱਡ ਕੇ ਜਨਿ=ਦਾਸ ਨੇ ਮਾਲਕ ਦਾ ਹੁਕਮ ਮੰਨਣਾ ਹੀ ਪਛਾਣ ਲਿਆ ਹੈ।

ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ ॥ ੪ ॥ ੧੮ ॥ ੪੮ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾ ਨਾਸ ਹੁੰਦਾ ਹੈ, ਨਾ ਹੀ ਛੱਡ ਕੇ ਕਿਸੇ ਪਾਸੇ ਜਾਂਦਾ ਹੈ, ਉਸ ਦੇ ਰੰਗ ਵਿਚ ਮੇਰਾ ਮਨ ਰੰਗਿਆ ਗਿਆ ਹੈ॥ ੪ ॥ ੧੮ ॥ ੪੮ ॥

ਬਿਲਾਵਲੁ ਮਹਲਾ ੫ ॥ ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ ॥

ਵੱਡੀ ਭਾਰੀ ਤ੍ਰਿਸ਼ਨਾਂ ਰੂਪ ਅੱਗ ਦੀ ਤਪੱਸ਼ਤਾ ਤੋਂ ਸ਼ਾਂਤੀ ਹੋ ਗਈ ਹੈ, ਗੁਰਾਂ ਦੇ ਚਰਨ ਪਰਸਣ ਕਰਕੇ ਪਾਪ ਨਾਠੇ=ਨੱਸ ਗਏ ਹਨ।

ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥ ੧ ॥

ਸੰਸਾਰ ਰੂਪ ਅੰਨ੍ਹੇ ਖੂਹ ਵਿਚ ਪੈ ਕੇ ਗਲ ਰਹੇ ਸੀ,

ਗੁਰਾਂ ਨੇ ਕਿਰਪਾ ਰੂਪੀ ਹੱਥ ਦਾ ਸਹਾਰਾ ਦੇ ਕੇ ਕੱਢ ਲਿਆ ਹੈ॥ ੧ ॥

ਓਇ ਹਮਾਰੇ ਸਾਜਨਾ ਹਮ ਉਨ ਕੀ ਰੇਨ ॥

ਉਹ ਗੁਰੂ ਹੀ ਸਾਡੇ ਸੱਜਣ ਹਨ, ਅਸਾਂ ਨੇ ਉਨ੍ਹਾਂ ਦੇ ਚਰਨਾਂ ਦੀ ਰੇਨ=ਧੂੜ ਗ੍ਰਹਿਣ ਕੀਤੀ ਹੈ।

ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ ॥ ੧ ॥ ਰਹਾਉ ॥

ਜਿਨ੍ਹਾਂ ਦੇ ਮਿਲਦਿਆਂ ਹੀ ਮਨ ਸੁਖੀ ਹੁੰਦਾ ਹੈ ਅਤੇ ਉਹ ਗੁਰੂ ਜੀਵ ਨੂੰ ਅਸਲ ਜੀਵਨ ਦਾਨ ਦੇਣ ਵਾਲੇ ਹਨ॥ ੧ ॥ ਰਹਾਉ ॥

ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ ॥

ਜਿਹੜਾ ਕੋਈ ਪਰਾ=ਉਤ-ਕ੍ਰਿਸ਼ਟ ਪੂਰਬਲਾ ਚੰਗਾ ਲੇਖ ਲਿਖਿਆ ਹੋਇਆ ਸੀ, ਉਸ ਦਾ ਫਲ ਹੁਣ ਆ ਕੇ ਮਿਲਿਆ ਹੈ।

ਬਸਤ ਸੰਗਿ ਹਰਿ ਸਾਧ ਕੈ ਪੂਰਨ ਆਸਾਇ ॥ ੨ ॥

ਹਰੀ ਦੇ ਸੰਤਾਂ ਨਾਲ ਬਸਣ ਕਰਕੇ ਸਭ ਆਸਾਂ ਪੂਰਨ ਹੋਈਆਂ ਹਨ॥ ੨ ॥

ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ॥

ਤਿੰਨਾਂ ਲੋਕਾਂ ਦੇ ਡਰ ਬਿਨਸ਼ ਗਏ ਹਨ ਅਤੇ ਸੁਖਾਂ ਦਾ ਅਸਥਾਨ (ਸਰੂਪ) ਪਾ ਲਿਆ ਹੈ।

ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥ ੩ ॥

ਸਮਰੱਥ ਗੁਰਾਂ ਨੇ ਦਇਆ-ਦ੍ਰਿਸ਼ਟੀ ਕੀਤੀ ਹੈ, ਇਸ ਲਈ ਮਨ ਵਿਚ ਸਤਿਨਾਮੁ ਵਸ ਗਿਆ ਹੈ॥ ੩ ॥

ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਨਾਨਕ ਦੀ ਤੂੰਹੀਂ ਓਟ ਰੂਪ ਹੈਂ ਅਤੇ ਮੈਨੂੰ ਤੇਰਾ ਹੀ ਆਧਾਰ-ਆਸਰਾ ਹੈ।

ਕਰਣ ਕਾਰਣ ਸਮਰਥ ਪ੍ਰਭ ਹਰਿ ਅਗਮ ਅਪਾਰ ॥ ੪ ॥ ੧੯ ॥ ੪੯ ॥

ਹੇ ਅਗਮ ਅਪਾਰ ਹਰੀ ਪ੍ਰਭੂ ! ਸਾਰਿਆਂ ਕਾਰਨਾਂ ਕਾਰਜਾਂ ਦੇ ਕਰਨੇ ਨੂੰ ਇਕ ਤੂੰ ਹੀ ਸਮਰੱਥ ਹੈਂ॥ ੪ ॥ ੧੯ ॥ ੪੯ ॥

ਬਿਲਾਵਲੁ ਮਹਲਾ ੫ ॥ ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥

ਜਿਸ ਨੇ ਪ੍ਰਭੂ ਨੂੰ ਭੁਲਾ ਦਿੱਤਾ ਹੈ, ਓਹੀ ਗੰਦਾ, ਕੰਗਾਲ ਤੇ ਸ਼ੁਭ-ਗੁਣਾਂ ਤੋਂ ਹੀਨੁ=ਰਹਿਤ ਹੈ।

ਵਾ:-ਓਹੀ ਰਾਗ ਦੈਸ਼,

ਵਾ:-ਪਾਪਾਂ ਰੂਪੀ ਮੈਲ ਕਰਕੇ ਮਲੀਨ ਹੈ, ਦੀਨੁ=ਸਰੂਪ ਤੋਂ ਰਹਿਤ ਹੈ, ਹੀਨੁ=ਸ਼ੁਭ-ਗੁਣਾਂ ਤੋਂ ਰਹਿਤ ਹੈ।

ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥ ੧ ॥

ਕਰਨੈਹਾਰੁ=ਸਿਰਜਣਹਾਰ ਪ੍ਰਭੂ ਨੂੰ ਸਮਝਦਾ ਨਹੀਂ ਹੈ, ਇਹ ਬਿਗਾਨਾ=ਬੇ-ਗਿਆਤ ਜੀਵ ਆਪਣੇ ਆਪ ਨੂੰ ਚੰਗਾ ਗਿਣਦਾ ਹੈ।

ਅਥਵਾ:-ਬਿ-ਗਾਨਾ=ਦ੍ਵੈਤ ਦੇ ਗਾਉਣ ਨਾਲ ਬਿਗਾਨਾ=ਜਮਾਂ ਦੇ ਹਵਾਲੇ ਹੁੰਦਾ ਹੈ॥ ੧॥

ਭਾਵ-ਇਹ ਮਨੁੱਖ ਆਪਣੇ ਸਰੂਪ ਨੂੰ ਨਹੀਂ ਪਛਾਣਦਾ ਤੇ ਸੰਸਾਰਕ ਰੁਝੇਵਿਆਂ ਵਿਚ ਫਸਿਆ, ਨਾਮ-ਸਿਮਰਨ ਤੋਂ ਬਿਨਾਂ ਮੇਰੀ ਦੇ ਖਿਆਲਾਂ ਵਿਚ ਰਹਿਣ ਕਰਕੇ ਅਖੀਰ ਜਮਾਂ ਦੇ ਵੱਸ ਹੋ ਜਾਂਦਾ ਹੈ।

ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ॥

ਜਦ ਪ੍ਰਭੂ ਭੁੱਲ ਜਾਵੇ ਤਦ ਇਸ਼ ਨੂੰ ਦੁੱਖ ਪ੍ਰਾਪਤ ਹੁੰਦੇ ਹਨ,
ਪ੍ਰਭੂ ਦੇ ਚੇਤੇ ਆਉਣ ਕਰਕੇ ਸੁਖ ਪ੍ਰਾਪਤ ਹੁੰਦਾ ਹੈ।

ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ॥ ੧॥ ਰਹਾਉ॥

ਸੰਤਾਂ ਦੇ ਪਾਸ ਇਹੋ ਅਨੰਦ ਦਾ ਸਾਧਨ ਹੈ, ਜਿਹੜਾ ਨਿਤਾਪ੍ਰਤੀ ਹਰੀ ਗੁਣਾਂ ਨੂੰ ਗਾਉਂਦੇ ਹਨ॥ ੧॥

ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ॥

ਉੱਚਿਆਂ ਨੂੰ ਨੀਚ ਕਰ ਦੇਂਦਾ ਹੈ ਤੇ ਨੀਚਾਂ ਨੂੰ ਇਕ ਖਿਨ ਵਿਚ ਉੱਚ-ਪਦਵੀ ਪਰ ਥਾਪ ਦੇਂਦਾ ਹੈ।

ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ॥ ੨॥

ਠਾਕੁਰ ਦੇ ਪਰਤਾਪ ਦੀ ਕੀਮਤ ਕੁਝ ਆਖੀ ਨਹੀਂ ਜਾਂਦੀ ॥ ੨॥

ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ॥

ਜਗਤ ਦੇ ਰੰਗ ਰੂਪ ਤੇ ਕਈ ਤਰ੍ਹਾਂ ਦੀਆ ਲੀਲਾ=ਖੇਡਾਂ ਵੇਖਦਿਆਂ-ਵੇਖਦਿਆਂ ਇਸ ਸੰਸਾਰ ਤੋਂ ਚਲਨੈ=ਚਲੇ ਜਾਣ ਦਾ, ਭਾਵ ਮੌਤ ਦਾ ਦਿਨ ਆ ਗਿਆ।

ਸੁਪਨੇ ਕਾ ਸੁਪਨਾ ਭਇਆ ਸੰਗਿ ਚਲਿਆ ਕਮਾਇਆ॥ ੩॥

ਸੰਸਾਰ ਸੁਪਨੇ ਦਾ ਸਾਰਾ ਨਜ਼ਾਰਾ ਸੁਪਨਾ ਹੀ ਹੋ ਗਿਆ ਯਾਨੇ ਅਭਾਵ ਹੋ ਗਿਆ, ਜੋ ਕਰਮ ਕਮਾਇਆ ਸੀ ਓਹੀ ਇਸ ਦੇ ਨਾਲ ਚਲਿਆ॥ ੩॥

ਕਰਣ ਕਾਰਣ ਸਮਰਥ ਪ੍ਰਭ ਤੇਰੀ ਸਰਣਾਈ॥

ਹੇ ਸਾਰਿਆਂ ਕਾਰਨਾਂ ਦੇ ਕਰਨੇ ਨੂੰ ਸਮਰੱਥ ਪ੍ਰਭੂ ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ।

ਹਰਿ ਦਿਨਸੁ ਰੈਣਿ ਨਾਨਕੁ ਜਪੈ ਸਦ ਸਦ ਬਲਿ ਜਾਈ॥ ੪॥ ੨੦॥ ੫੦॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਦਿਨ ਰਾਤ ਆਪ ਜੀ ਦੇ ਨਾਮ ਨੂੰ ਜਪਦਾ ਹਾਂ ਅਤੇ ਸਦਾ ਸਦਾ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ॥ ੪॥ ੨੦॥ ੫੦॥

ਬਿਲਾਵਲੁ ਮਹਲਾ ੫ ॥

ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ॥

ਇਸ ਸਿਰ ਕਰਕੇ ਮੈਂ ਸੰਤਾਂ ਲਈ ਜਲ ਢੋਂਦਾ ਹਾਂ ਅਤੇ ਕਰ=ਹੱਥਾਂ ਨਾਲ ਪਗ=ਪੈਰਾਂ ਨੂੰ ਪਖਲਾਵਉ= ਧੋਂਦਾ ਹਾਂ ਹੇ ਸਿੱਖੋ ! ਤੁਸੀਂ ਭੀ ਇਸ ਸਿਰ ਕਰਕੇ ਢੋਣਾ ਕਰੋ ਤੇ ਹੱਥਾਂ ਨਾਲ ਸੰਤਾਂ ਦੇ ਚਰਨ ਧੋਣਾ ਕਰੋ।

ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ ॥ ੧ ॥

ਲੱਖਾਂ ਵੇਰੀ ਬਲਿਹਾਰ ਜਾਂਦਾ ਹਾਂ ਅਤੇ ਸੰਤਾਂ ਦੇ ਦਰਸ਼ਨ ਨੂੰ ਵੇਖ ਕੇ ਜੀਉਂਦਾ ਹਾਂ ਤੁਸੀਂ ਭੀ ਲੱਖਾਂ ਵਾਰੀ ਬਲਿਹਾਰ ਜਾਣਾ ਕਰੋ ਤੇ ਦਰਸ਼ਨ ਨੂੰ ਵੇਖ ਕੇ ਜੀਉਣਾ ਕਰੋ॥ ੧ ॥

ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ ॥

ਆਪਣੇ ਮਨ ਵਿਚ ਜੋ ਭੀ ਮਨੋਰਥ ਕਰਦਾ ਹਾਂ ਉਹ ਆਪਣੇ ਪ੍ਰਭੂ ਤੋਂ ਪਾ ਲੈਂਦਾ ਹਾਂ।

ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥ ੧ ॥ ਰਹਾਉ ॥

ਤੁਸੀਂ ਭੀ ਸੰਤਾਂ ਦੇ ਦਰ੍ਹ ਪਰ ਜਾ ਕੇ ਝਾੜੂ ਦੇਣਾ ਕਰੋ ਤੇ ਸੰਤਾਂ ਨੂੰ ਪੱਖਾ ਫੇਰਨਾ ਕਰੋ।

ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥

ਜਿਸ ਵੇਲੇ ਭੀ ਸੰਤ ਅੰਮ੍ਰਿਤ ਰੂਪ ਗੁਣਾਂ ਨੂੰ ਬੋਲਦੇ ਹਨ, ਉਹਨਾਂ ਨੂੰ ਸੁਣ ਕੇ ਮਨ ਨੂੰ ਅੰਮ੍ਰਿਤ ਪੀਆਉਂਦਾ ਹਾਂ।

ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥ ੨ ॥

ਉਸ ਰਸ ਵਿਚੋਂ ਸ਼ਾਂਤੀ ਨਾਲ ਤ੍ਰਿਪਤ ਹੋ ਕੇ ਵਿਸ਼ਿਆਂ ਦੀ ਜਲਨਤਾ ਨੂੰ ਬੁਝਾਉਂਦਾ ਹਾਂ॥ ੨ ॥

ਤੁਸੀਂ ਭੀ ਉਸ ਰਸ ਵਿਚੋਂ ਸ਼ਾਂਤੀ ਪੂਰਬਕ ਤ੍ਰਿਪਤ ਹੋ ਕੇ ਵਿਸ਼ਿਆਂ ਦੀ ਜਲਨਤਾ ਨੂੰ ਬੁਝਾਉਣਾ ਕਰੋ॥ ੨ ॥

ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥

ਜਦ ਵੀ ਸੰਤ ਮੰਡਲੀ ਇਕੱਤਰ ਹੋ ਕੇ ਭਗਤੀ ਕਰਦੀ ਹੈ ਤਾਂ ਉਹਨਾਂ ਨਾਲ ਮਿਲ ਕੇ ਮੈਂ ਹਰੀ ਗੁਣਾਂ ਨੂੰ ਗਾਉਂਦਾ ਹਾਂ, ਤੁਸੀਂ ਭੀ ਉਹਨਾਂ ਦੇ ਨਾਲ ਮਿਲ ਕੇ ਹਰੀ ਦੇ ਗੁਣ ਗਾਉਣਾ ਕਰੋ।

ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥ ੩ ॥

ਭਗਤ ਜਨਾਂ ਨੂੰ ਨਮਸ਼ਕਾਰ ਕਰਦਾ ਹਾਂ ਅਤੇ ਉਹਨਾਂ ਦੀ ਚਰਨ-ਧੂੜੀ ਲੈ ਕੇ ਮੱਥੇ ਪਰ ਲਾਉਂਦਾ ਹਾਂ। ਤੁਸੀਂ ਭੀ ਭਗਤ ਜਨਾਂ ਨੂੰ ਨਮਸ਼ਕਾਰ ਕਰੋ ਤੇ ਉਹਨਾਂ ਦੀ ਚਰਨ-ਧੂੜੀ ਮੱਥੇ ਪਰ ਲਾਉਣਾ ਕਰੋ॥ ੩ ॥

ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥

ਉੱਠਦਿਆਂ ਬਹਿੰਦਿਆਂ ਨਾਮ ਜਪਦਾ ਹਾਂ ਇਹੋ ਕਰਮ ਕਮਾਉਂਦਾ ਹਾਂ। ਤੁਸੀਂ ਭੀ ਉੱਠਦਿਆਂ ਬੈਠਦਿਆਂ ਨਾਮ ਜਪਣਾ ਕਰੋ, ਇਸ ਤਰ੍ਹਾਂ ਦੇ ਸ਼ੁਭ ਕਰਮ ਕਮਾਉਣਾ ਕਰੋ।

ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ ॥ ੪ ॥ ੨੧ ॥ ੫੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੇਰੀ ਇਹੋ ਬੇਨਤੀ ਹੈ ਕਿ ਹੇ ਹਰੀ ! ਆਪ ਜੀ ਦੀ ਸ਼ਰਨ ਵਿਚ ਸਮਾ ਜਾਵਾਂ॥ ੪ ॥ ੨੧ ॥ ੫੧ ॥

ਬਿਲਾਵਲੁ ਮਹਲਾ ੫ ॥ ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥

ਇਸ ਸੰਸਾਰ-ਸਮੁੰਦਰ ਤੋਂ ਓਹੀ ਤ੍ਰਦਾ ਹੈ ਜੋ ਹਰੀ ਦੇ ਗੁਣ ਗਾਉਂਦਾ ਹੈ।

ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥ ੧ ॥

ਸਤਸੰਗਤ ਦੇ ਸੰਗ ਵਿਚ ਵਸਣਾ ਕੋਈ ਵਡਭਾਗੀ ਪੁਰਸ਼ ਹੀ ਪਾਉਂਦਾ ਹੈ॥ ੧ ॥

[ਪੰਨਾ ੮੧੪]

ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥

ਜੋ ਭਗਤ ਜਨਾਂ ਨੇ ਬਾਣੀ ਆਖੀ ਹੈ ਉਸ ਨੂੰ ਤੁਹਾਡੇ ਦਾਸ ਸੁਣ-ਸੁਣ ਕੇ ਵਾ:-ਸੁਣਿ=ਕੰਨਾਂ ਦੁਆਰੇ ਸੁਣ ਕੇ ਜੀਉਂਦੇ ਹਨ।

ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥ ੧ ॥ ਰਹਾਉ ॥

ਇਹ ਗੱਲ ਸਾਰੇ ਲੋਅ=ਜਗਤ ਵਿਚ ਪ੍ਰਗਟ ਹੋਈ ਹੈ ਕਿ ਤੁਸਾਂ ਨੇ ਸੇਵਕ ਦੀ ਪੈਜ ਰੱਖੀ ਹੈ।
ਜਾਂ ਸੇਵਕ ਦੀ ਰੱਖੀ ਹੋਈ ਪਤ-ਆਬਰੋ ਸਾਰੀ ਲੋਕਾਈ ਵਿਚ ਪਰਗਟ ਹੋਈ ਹੈ॥ ੧ ॥ ਰਹਾਉ ॥

ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥

ਅੱਗ ਦੇ ਸਮੁੰਦਰ-ਸੰਸਾਰ ਚੋਂ ਕੱਢ ਲਿਆ ਹੈ ਅਤੇ ਪ੍ਰਭੂ ਨੇ ਤ੍ਰਿਸ਼ਨਾਂ ਰੂਪੀ ਜਲਨਿ=ਅੱਗ ਬੁਝਾ ਦਿੱਤੀ ਹੈ।

ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥ ੨ ॥

ਜਦ ਗੁਰੂ ਸਾਹਿਬ ਜੀ ਆਪ ਸਹਾਈ ਹੋਏ ਤਾਂ ਉਹਨਾਂ ਨੇ ਨਾਮ-ਅੰਮ੍ਰਿਤ ਜਲ ਸਿੰਚ ਦਿੱਤਾ ॥ ੨ ॥

ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥

ਜਨਮ ਮਰਨ ਦਾ ਦੁੱਖ ਕੱਟ ਦਿੱਤਾ ਹੈ ਅਤੇ ਸੁਖਾਂ ਦਾ ਅਸਥਾਨ (ਸਰੂਪ) ਪਾ ਲਿਆ ਹੈ।

ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ ੩ ॥

ਆਪਣੇ ਪ੍ਰਭੂ ਨੂੰ ਮੈਂ ਭਾ ਗਿਆ ਹਾਂ, ਇਸ ਲਈ ਉਹਨਾਂ ਨੇ ਭਰਮ ਅਤੇ ਮੋਹ ਦੀ ਸਿਲਕ=ਫਾਹੀ ਕੱਟ ਦਿੱਤੀ ਹੈ।

ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥

ਅਵਰੁ=ਹੋਰ ਕਿਸੇ ਨੂੰ ਮਤਾਂ ਜਾਣੋ ਭਾਵ ਹੋਰ ਕਿਸੇ ਨੂੰ ਨਾ ਜਾਣੋ ਕਿਉਂਕਿ ਸਭ ਕੁਝ ਪ੍ਰਭੂ ਦੇ ਹੱਥ ਵਿਚ ਹੈ।

ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥ ੪ ॥ ੨੨ ॥ ੫੨ ॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਤੇ ਸੰਗ ਤੇ ਸਾਥੀ ਹੋ ਕੇ ਹੀ ਅਸਾਂ ਨੇ ਸਾਰੇ ਪਾਏ ਹਨ॥ ੪ ॥ ੨੨ ॥ ੫੨ ॥

ਬਿਲਾਵਲੁ ਮਹਲਾ ੫ ॥ ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ ॥

ਪ੍ਰਭੂ ਆਪ ਕ੍ਰਿਪਾਲੂ ਹੋਇਆ ਹੈ ਇਸ ਲਈ ਉਸ ਨੇ ਸਾਡੇ ਸਾਰੇ ਬੰਧਨ ਕੱਟ ਦਿੱਤੇ ਹਨ।

ਦੀਨ ਦਇਆਲ ਪ੍ਰਭ ਪਾਰਬ੍ਰਹਮ ਤਾ ਕੀ ਨਦਰਿ ਨਿਹਾਲ ॥ ੧ ॥

ਜੋ ਪਾਰਬ੍ਰਹਮ ਪ੍ਰਭੂ ਦੀਨ ਦਿਆਲ ਹੈ ਉਸ ਦੀ ਕਿਰਪਾਦ੍ਰਿਸ਼ਟੀ ਕਰਕੇ ਨਿਹਾਲ=ਦੁੱਖਾਂ ਤੋਂ ਰਹਿਤ ਹੋ

ਗਏ ਹਾਂ॥ ੧॥

ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਕਿਰਪਾ ਕੀਤੀ ਤਾਂ ਦੁਖਦਾਈ ਹਉਮੈ ਰੂਪੀ ਰੋਗ ਕੱਟ ਦਿੱਤਾ।

ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ॥ ੧॥ ਰਹਾਉ॥

ਧਿਆਉਣ ਜੋਗ ਪ੍ਰਭੂ ਨੂੰ ਧਿਆਇਆ ਹੈ, ਇਸ ਕਰਕੇ ਮਨ ਸੀਤਲ ਤੇ ਤਨ ਸੁਖੀ ਹੋ ਗਿਆ ਹੈ।

ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ॥

ਹਰੀ ਦਾ ਨਾਮ ਹੀ ਅਉਖਧੁ=ਦਵਾਈ ਹੈ, ਜਿਸ ਦੇ ਖਾਣ ਨਾਲ ਹਉਮੈ ਰੂਪੀ ਰੋਗ ਨਹੀਂ ਵਿਆਪੈ= ਲੱਗਦਾ।

ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ॥ ੨॥

ਮਨੋ ਤਨੋ ਹੋ ਕੇ ਸੰਤਾਂ ਦੇ ਸੰਗ ਵਿਚ ਹਿਤੈ=ਪ੍ਰੇਮ ਕਰੇ ਤਾਂ ਫਿਰ ਦੁੱਖ ਨਹੀਂ ਜਾਪੈ=ਜਾਣਿਆ ਜਾਂਦਾ॥ ੨॥

ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ॥

ਹਰ ਇਕ ਜੀਵਾਂ ਦੇ ਹਰਿਆਂ ਕਰਨ ਵਾਲਾ ਜੋ ਹਰੀ ਹੈ, ਅੰਦਰ ਲਿਵ ਲਗਾ ਕੇ ਉਸ ਹਰੀ ਨਾਮ ਨੂੰ ਜਾਪਣਾ ਕਰੀਏ।

ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥ ੩॥

ਸਾਧੂਆਂ ਦੀ ਸ਼ਰਨ ਵਿਚ ਆਉਣ ਕਰਕੇ ਕਿਲਵਿਖ=ਪਾਪ ਉੱਤਰ ਜਾਂਦੇ ਹਨ
ਅਤੇ ਮਨ ਸ਼ੁੱਧ ਹੋ ਜਾਂਦਾ ਹੈ॥ ੩॥

ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥

ਜੋ ਹਰੀ ਜਸ ਨੂੰ ਸੁਣਦਾ ਹੈ ਅਤੇ ਹਰੀ ਨਾਮ ਨੂੰ ਜਪਦਾ ਹੈ,
ਉਸ ਦੀ ਅਵਿਦਿਆ ਰੂਪੀ ਬਲਾ ਦੂਰ ਹੋ ਜਾਂਦੀ ਹੈ।

ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥ ੪॥ ੨੩॥ ੫੩॥

ਗੁਰੂ ਜੀ ਕਥਨ ਕਰਦੇ ਹਨ-ਸਤਿਨਾਮੁ ਰੂਪ ਮਹਾਂ ਮੰਤ੍ਰ ਨੂੰ ਕਥਨ ਕਰੇ ਅਤੇ ਹਰੀ ਦੇ ਗੁਣ ਗਾਉਣਾ ਕਰੇ ॥ ੪॥ ੨੩॥ ੫੩॥

ਬਿਲਾਵਲੁ ਮਹਲਾ ੫॥ ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ॥

ਭੈ ਤੇ=ਡਰ ਤੋਂ ਪ੍ਰਭੂ ਦੀ ਭਗਤੀ ਪੈਦਾ ਹੁੰਦੀ ਹੈ ਅਤੇ ਭਗਤੀ ਕਰਕੇ ਹਿਰਦੇ ਅੰਦਰ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ॥ ੧॥

ਗੋਬਿੰਦ ਦਾ ਨਾਮ ਜਪਦਿਆਂ-ਜਪਦਿਆਂ ਭਰਮ ਤੇ ਭ੍ਰਾਂਤੀ ਨਾਸ ਹੋ ਜਾਂਦੀ ਹੈ॥ ੧॥
ਮੈਂ ਜੀਵ ਹਾਂ ਇਸ ਨੂੰ ਭਰਮ ਕਹਿੰਦੇ ਹਨ, ਭ੍ਰਾਂਤੀ ਦੋ ਪ੍ਰਕਾਰ ਦੀ ਹੈ-ਮੈਂ ਜੀਵ ਹਾਂ ਕਿ ਈਸ਼ੁਰ,

ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥

ਜਿਸ ਨੂੰ ਪੂਰਾ ਗੁਰੂ ਭੇਟਿਆ=ਮਿਲਿਆ ਹੈ, ਉਸ ਦੇ ਹਿਰਦੇ ਵਿਚ ਸੁਖਾਂ ਨੇ ਪ੍ਰਵੇਸ਼ ਕੀਤਾ ਹੈ।

ਜਾਂ ਤਾ ਕੈ=ਤਿਸ ਦਾ ਸੁਖਾਂ ਵਿਚ ਪ੍ਰਵੇਸ਼ ਹੋਇਆ ਹੈ।

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥ ੧ ॥ ਰਹਾਉ ॥

ਮਨ ਦੀ ਮੱਤ ਨੂੰ ਤਿਆਗ ਦੇਣਾ ਚਾਹੀਦਾ ਹੈ, ਅਤੇ ਗੁਰ-ਉਪਦੇਸ਼ ਨੂੰ ਸੁਣਨਾ ਚਾਹੀਦਾ ਹੈ ॥ ੧ ॥ ਰਹਾਉ ॥

ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥

(੧) ਉਸ ਦਾਤਾਰ ਪੁਰਖ ਨੂੰ ਮਨ ਕਰਕੇ ਸਿਮ੍ਰਰੀਏ, ਬਾਣੀ ਕਰਕੇ ਸਿਮਰੀਏ, ਤਨ ਕਰਕੇ ਸਿਮਰੀਏ।

(੨) ਸਿਮਰਤੀਆਂ ਜਿਸ ਨੂੰ ਸਿਮਰਦੀਆਂ ਹਨ, ਉਸ ਦਾਤਾਰ ਪੁਰਖ ਨੂੰ ਸਿਮਰਨਾ ਕਰੀਏ।

(੩) ਸਿਮਰਨੇ ਜੋਗ ਦੇ ਸਿਮਰਨ ਨੂੰ ਸਿਮਰਨਾ ਕਰੀਏ, ਉਹ ਅਕਾਲ ਪੁਰਖ ਸਭ ਦਾ ਦਾਤਾ ਹੈ।

ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥ ੨ ॥

ਉਹ ਅਪਾਰ ਪੁਰਖ ਪਰਮਾਤਮਾ ਗੁਰਮੁਖਾਂ ਦੇ ਮਨ ਵਿਚੋਂ ਕਦੇ ਭੁੱਲਦਾ ਨਹੀਂ ਹੈ॥ ੨ ॥

ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ॥

ਅਸਚਰਜ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਕਮਲਾਂ ਨਾਲ ਰੰਗੁ ਲਗਾ=ਪ੍ਰੇਮ ਲੱਗਾ ਹੈ।

ਜਾ ਕਉ ਕਿਰਪਾ ਕਰਹੁ ਪ੍ਰਭ ਤਾ ਕਉ ਲਾਵਹੁ ਸੇਵ ॥ ੩ ॥

ਹੇ ਪ੍ਰਭੂ ! ਜਿਸ ਨੂੰ ਕਿਰਪਾ ਕਰਦੇ ਹੋ ਉਸ ਨੂੰ ਸਤਿਗੁਰਾਂ ਦੀ ਸੇਵਾ ਵਿਚ ਲਗਾਉਂਦੇ ਹੋ ॥ ੩ ॥

ਨਿਧਿ ਨਿਧਾਨ ਅੰਮ੍ਰਿਤੁ ਪੀਆ ਮਨਿ ਤਨਿ ਆਨੰਦ ॥

ਨਿਧੀਆਂ ਦਾ ਨਿਧਾਨ=ਖਜ਼ਾਨਾ ਨਾਮ-ਅੰਮ੍ਰਿਤ ਪੀਤਾ ਹੈ, ਇਸ ਲਈ ਮਨ ਤੇ ਤਨ ਵਿਚ ਅਨੰਦ ਪ੍ਰਾਪਤ ਹੋਇਆ ਹੈ।

ਨਾਨਕ ਕਬਹੁ ਨ ਵੀਸਰੈ ਪ੍ਰਭ ਪਰਮਾਨੰਦ ॥ ੪ ॥ ੨੪ ॥ ੫੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੂੰ ਉਹ ਪਰਮ ਅਨੰਦ ਸਰੂਪ ਪ੍ਰਭੂ ਕਦੇ ਵੀਸਰੈ=ਭੁੱਲਦਾ ਨਹੀਂ ਹੈ॥ ੪ ॥ ੨੪ ॥ ੫੪ ॥

ਬਿਲਾਵਲੁ ਮਹਲਾ ੫ ॥ ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥

ਤ੍ਰਿਸ਼ਨਾ-ਅੱਗ ਬੁਝ ਗਈ ਹੈ, ਪਦਾਰਥਾਂ ਦੀ ਮਮਤਾ ਭੀ ਮਿਟ ਗਈ ਹੈ, ਡਰ ਅਤੇ ਭਰਮ ਨਾਠੇ=ਨੱਸ ਗਏ ਹਨ।

ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥ ੧ ॥

ਮਨ ਨੇ ਥਿਰਤਾ ਪਾ ਲਈ ਹੈ, ਅਨੰਦ ਪ੍ਰਾਪਤ ਹੋਇਆ ਹੈ, ਗੁਰਾਂ ਨੇ ਸਾਨੂੰ ਧਰਮਾਤਮਾ ਕਰ ਦਿੱਤਾ ਹੈ।

ਜਾਂ ਜਿਸ ਵੇਲੇ ਗੁਰਾਂ ਨੇ ਆਪਣਾ ਧਰਮ ਕੀਤਾ, ਵਾ:-ਗੁਰਾਂ ਨੇਂ ਸਾਨੂੰ ਸ੍ਵੈ-ਧਰਮ ਦ੍ਰਿੜ੍ਹ ਕਰਾਇਆ ਤਾਂ ਮਨ ਨੇ ਇਸਥਿਤੀ ਪਾਈ ਤੇ ਆਤਮਿਕ ਅਨੰਦ ਪ੍ਰਾਪਤ ਹੋ ਗਿਆ॥ ੧॥

ਗੁਰੁ ਪੂਰਾ ਆਰਾਧਿਆ ਬਿਨਸੀ ਮੇਰੀ ਪੀਰ॥

ਜਦ ਪੂਰਿਆਂ ਗੁਰਾਂ ਨੂੰ ਅਰਾਧਿਆ ਤਾਂ ਮੇਰੀ=ਮੇਰ ਤੇਰ ਦੀ ਪੀੜਾ ਬਿਨਸ ਗਈ, ਜਾਂ ਪ੍ਰਭੂ ਦੇ ਵਿਛੋੜੇ ਦੀ ਪੀੜਾ ਬਿਨਸੀ=ਨਾਸ ਹੋ ਗਈ।

ਤਨੁ ਮਨੁ ਸਭੁ ਸੀਤਲੁ ਭਇਆ ਪਾਇਆ ਸੁਖੁ ਬੀਰ॥ ੧॥ ਰਹਾਉ॥

ਬੀਰ=ਹੇ ਭਾਈ! ਆਤਮਿਕ ਸੁਖ ਪਾਇਆ ਹੈ ਇਸ ਲਈ ਸਭ ਤਰ੍ਹਾਂ ਕਰਕੇ ਤਨ ਮਨ ਸੀਤਲ ਹੋ ਗਿਆ ਹੈ।

ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ॥

ਸੁੱਤਿਆਂ, ਜਾਗਦਿਆਂ ਜਿਸ ਨੇ ਹਰੀ ਨੂੰ ਜਪਿਆ ਹੈ, ਉਸ ਨੇ ਅਸਚਰਜ ਰੂਪ ਪ੍ਰਭੂ ਨੂੰ ਦੇਖ ਲਿਆ ਹੈ। ਵਾ:-ਮੋਹ ਰੂਪ ਨੀਂਦ ਵਿਚ ਸੁੱਤਾ ਹੋਇਆ ਸੀ ਜਦ ਹਰੀ ਨਾਮ ਨੂੰ ਜਪਿਆ ਤਾਂ ਗਿਆਨ-ਜਾਗ੍ਰਤ ਵਿਚ ਜਾਗ ਪਿਆ ਤੇ ਅਸਚਰਜ ਰੂਪ ਪਰਮਾਤਮਾ ਨੂੰ ਦੇਖ ਲਿਆ।

ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ॥ ੨॥

ਨਾਮ-ਅੰਮ੍ਰਿਤ ਨੂੰ ਪੀ ਕੇ ਤ੍ਰਿਪਤ ਹੋਂ ਗਿਆ ਹੈ, ਪਰ ਉਸ ਨਾਮ ਦਾ ਸੁਆਦ ਬੜਾ ਅਸਚਰਜ ਹੈ॥ ੨॥

ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ॥

ਆਪ ਮੁਕਤ ਹੋ ਗਏ ਸੰਗੀ ਭੀ ਤਰ ਗਏ, ਕੁਟੰਬ ਦੇ ਕੁਲ=ਸਮੂਹ ਜੀਵ ਭੀ ਤਾਰ ਦਿੱਤੇ।

ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ॥ ੩॥

ਗੁਰਦੇਵਾਂ ਦੀ ਸੇਵਾ ਸਫਲ ਹੈ ਅਤੇ ਗੁਰਾਂ ਦਾ ਦਰਬਾਰ ਭੀ ਨਿਰਮਲ ਹੈ। ਜਾਂ ਗੁਰਦੇਵਾਂ ਦੀ ਸੇਵਾ ਸਫਲ ਹੈ, ਜਿਸ ਸੇਵਾ ਕਰਕੇ ਪ੍ਰਲੋਕ ਦਰਬਾਰ ਵਿਚ ਪ੍ਰਾਣੀ ਦਾ ਮੂੰਹ ਨਿਰਮਲ=ਉੱਜਲ ਹੁੰਦਾ ਹੈ।

ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ॥

ਮੈਂ ਨੀਚ ਅਨਾਥ ਤੇ ਅਨਜਾਨ ਸੀ ਅਤੇ ਸ਼ੁਭ-ਗੁਣਾਂ ਤੋਂ ਹੀਣ ਹੋਣ ਕਰਕੇ ਨਿਰਗੁਣ ਸੀ।

[ਪੰਨਾ ੮੧੫]

ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ॥ ੪॥ ੨੫॥ ੫੫॥

ਗੁਰੂ ਜੀ ਕਥਨ ਕਰਦੇ ਹਨ-ਮੇਰੇ ਉੱਤੇ ਪ੍ਰਭੂ ਦੀ ਵੱਡੀ ਕਿਰਪਾ ਹੋਈ ਹੈ, ਜੋ ਉਸ ਨੇ ਆਪਣਾ ਦਾਸ ਕਰ ਲਿਆ ਹੈ॥ ੪॥ ੨੫॥ ੫੫॥

ਬਿਲਾਵਲੁ ਮਹਲਾ ੫॥ ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ॥

ਹੇ ਹਰੀ! ਤੂੰ ਭਗਤਾਂ ਦਾ ਆਸਰਾ ਰੂਪ ਹੈਂ, ਭਗਤਾਂ ਨੂੰ ਆਪ ਜੀ ਤੋਂ ਬਿਨਾਂ ਅਨ=ਹੋਰ ਕੋਈ ਜਗ੍ਹਾ ਨਹੀਂ ਹੈ।

ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥ ੧ ॥

ਹੇ ਪ੍ਰਭੂ ! ਤੇਰਾ ਨਾਮ ਹੀ ਭਗਤਾਂ ਦਾ ਤਾਣੁ=ਬਲ, ਦੀਬਾਣ=ਆਸਰਾ, ਪ੍ਰਵਾਰ ਅਤੇ ਧਨ ਹੈ॥ ੧ ॥

ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ ॥

ਹੇ ਪ੍ਰਭੂ ! ਤੈਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਆਪਣੇ ਦਾਸ ਮੁਸ਼ਕਲਾਂ ਤੋਂ ਰੱਖ ਲੀਤੇ ਹਨ।

ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ ॥ ੧ ॥ ਰਹਾਉ ॥

ਨਿੰਦਕ ਪੁਰਸ਼ ਨਿੰਦਿਆ ਕਰਕੇ ਪਚੇ=ਸੜ ਗਏ ਹਨ ਅਤੇ ਉਨ੍ਹਾਂ ਨੂੰ ਜਮਕਾਲ ਨੇ ਗ੍ਰਸ ਲੀਤਾ ਹੈ।

ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ ॥

ਸੰਤਾਂ ਨੇ ਇਕ ਆਪ ਜੀ ਨੂੰ ਧਿਆਉਣਾ ਕੀਤਾ ਹੈ, ਹੋਰ ਕਿਸੇ ਦੂਜੇ ਨੂੰ ਨਹੀਂ ਮੰਨਿਆ।

ਏਕਸੁ ਆਗੈ ਬੇਨਤੀ ਰਵਿਆ ਸ੍ਰਬ ਥਾਇ ॥ ੨ ॥

ਸਾਰਿਆਂ ਅਸਥਾਨਾਂ ਪਰ ਆਪ ਜੀ ਨੂੰ ਰਵਿਆ=ਪੂਰਨ ਜਾਣ ਕੇ ਇਕ ਆਪ ਜੀ ਦੇ ਅੱਗੇ ਹੀ ਬੇਨਤੀ ਕਰਦੇ ਹਨ॥ ੨ ॥

ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ ॥

ਪੁਰਾਤਨ ਕਥਾ ਦੁਆਰੇ ਇਸ ਤਰ੍ਹਾਂ ਗੱਲ ਸੁਣੀ ਹੈ ਕਿ ਭਗਤਾਂ ਨੇ ਜੋ ਬਾਣੀ ਬੋਲੀ ਹੈ ਉਹ ਸੱਚੀ ਹੈ। ਜਾਂ ਪੁਰਾਤਨ ਕਥਾ ਦੁਆਰੇ ਇਹ ਗੱਲ ਸੁਣੀ ਹੈ ਤੇ ਭਗਤਾਂ ਦੀ ਬਾਣੀ ਦੁਆਰੇ ਭੀ ਇਹ ਗੱਲ ਸੁਣੀ ਹੈ। ਕਿ-

ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ ॥ ੩ ॥

ਸਾਰਿਆਂ ਦੁਸ਼ਟ ਪੁਰਸ਼ਾਂ ਨੂੰ ਖੰਡ ਖੰਡ=ਟੋਟੇ ਟੋਟੇ ਕਰ ਦਿੱਤਾ ਹੈ ਤੇ ਸੰਤ ਜਨਾਂ ਦੀ ਗੱਲ ਤੈਨੇ ਮੰਨ ਲੀਤੀ ਹੈ।

ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ ॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਇਹ ਸੱਚੇ ਬਚਨ ਕਹੇ ਹਨ,
(ਕੋਈ ਲੁਕੇ ਛਿਪੇ ਨਹੀਂ ਹਨ) ਸਭ ਵਿਚ ਪਰਗਟ ਹਨ।

ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ ॥ ੪ ॥ ੨੬ ॥ ੪੬ ॥

ਪ੍ਰਭੂ ਦੇ ਸੇਵਕ ਪ੍ਰਭੂ ਦੀ ਸ਼ਰਨ ਵਿਚ ਰਹਿੰਦੇ ਹਨ, ਇਸ ਲਈ ਉਨ੍ਹਾਂ ਨੂੰ ਕਿਸੇ ਕਿਸਮ ਦਾ ਭਉ ਨਾਹਿ=ਡਰ ਨਹੀਂ ਹੈ॥ ੪ ॥ ੨੬ ॥ ੫੬ ॥

ਬਿਲਾਵਲੁ ਮਹਲਾ ੫ ॥ ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥

ਹੇ ਪ੍ਰਭੂ ! ਜਨਮ ਮਰਨ ਰੂਪ ਜੋ ਬੰਧਨ ਹਨ, ਸੋ ਉਨ੍ਹਾਂ ਬੰਧਨਾਂ ਨੂੰ ਤੂੰ ਆਪ ਹੀ ਕੱਟਦਾ ਹੈਂ, ਜਿਸ ਆਪ ਜੀ ਦੇ ਹੱਥ ਵਿਚ ਸਾਰੀਆਂ ਕਲ=ਸ਼ਕਤੀਆਂ ਹਨ।

ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥ ੧ ॥

ਅਵਰ=ਹੋਰ ਕਿਸੇ ਕਰਮ ਕਰਕੇ ਛੁਟਕਾਰਾ ਨਹੀਂ ਹੁੰਦਾ,

ਹੇ ਹਰੀ ਨਾਥ ! ਆਪ ਹੀ ਕਿਰਪਾ ਕਰਕੇ ਰੱਖ ਲਓ॥ ੧ ॥

ਤਉ ਸਰਣਾਗਤਿ ਮਾਧਵੇ ਪੂਰਨ ਦਇਆਲ ॥

ਹੇ ਪੂਰਨ ਦਿਆਲੂ ਮਾਧਵ ! ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ।

ਛੂਟਿ ਜਾਇ ਸੰਸਾਰ ਤੇ ਰਾਖੈ ਗੋਪਾਲ ॥ ੧ ॥ ਰਹਾਉ ॥

ਹੇ ਗੋਪਾਲ ! ਜਿਸ ਦੇ ਰਾਖੇ ਆਪ ਹੋ, ਉਹ ਸੰਸਾਰ ਦੇ ਦੁੱਖਾਂ ਤੋਂ ਛੁਟ ਜਾਂਦਾ ਹੈ॥ ੧ ॥ ਰਹਾਉ ॥

ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥

ਪਦਾਰਥਾਂ ਦੀ ਆਸਾ, ਭਰਮ, ਵਿਸ਼ੇ-ਵਿਕਾਰ ਅਤੇ ਮੋਹ ਇਨ੍ਹਾਂ ਵਿੰਕਾਰਾਂ ਵਿਚ ਮੈਂ ਲੁਭਾਇਮਾਨ ਹੋ ਰਿਹਾ ਹਾਂ।

ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥ ੨ ॥

ਝੂਠੀ ਸਮਗ੍ਰੀ ਮੇਰੇ ਮਨ ਵਿਚ ਵੱਸ ਰਹੀ ਹੈ, ਹੇ ਪਾਰਬ੍ਰਹਮ ! ਆਪ ਜੀ ਨੂੰ ਜਾਣਿਆ ਨਹੀਂ ਹੈ।

ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਹਾਰੇ ॥

ਹੇ ਪਰਮ ਜੋਤੀ ਪੂਰਨ ਪੁਰਖ ਪਰਮਾਤਮਾ ! ਇਹ ਸਾਰੇ ਜੀਵ ਆਪ ਜੀ ਦੇ ਹਨ।

ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥ ੩ ॥

ਹੇ ਅਗਮ ਅਪਾਰ ਪ੍ਰਭੂ ! ਜਿਵੇ ਤੂੰ ਰਖਦਾ ਹੈਂ ਤਿਵੇਂ ਹੀ ਰਹਿੰਦਾ ਹਾਂ॥ ੩ ॥

ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ ॥

ਹੇ ਕਾਰਨ ਕਰਨ ਸਮਰਥ ਪ੍ਰਭੂ! ਮੈਨੂੰ ਆਪਣਾ ਨਾਮ-ਦਾਨ ਦੇਣਾ ਕਰੋ।

ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ ॥ ੪ ॥ ੨੭ ॥ ੫੭ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰਿ ਹਰਿ ! ਆਪ ਜੀ ਦੀ ਸਤਸੰਗਤ ਵਿਚ ਆਪ ਜੀ ਦੇ ਉਸਤਤੀ ਰੂਪ ਗੁਣ ਗਾਉਣ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੪ ॥ ੨੭ ॥ ੫੭ ॥

ਬਿਲਾਵਲੁ ਮਹਲਾ ੫ ॥ ਕਵਨੁ ਕਵਨੁ ਨਹੀ ਪਤਰਿਆ ਤੁਮ੍ਹਰੀ ਪਰਤੀਤਿ ॥

ਹੇ ਮਨ ! ਤੇਰੀ ਪ੍ਰਤੀਤ ਕਰਕੇ ਕਿਹੜਾ ਕਿਹੜਾ ਨਹੀਂ ਪਤਰਿਆ=ਡਿਗਿਆ।

ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥

ਮਹਾ ਮੋਹਨੀ=ਮਾਇਆ ਨੇ ਤੈਨੂੰ ਮੋਹਿਆ ਹੋਇਆ ਹੈ, ਏਹੋ ਨਰਕ ਦੀ ਰੀਤੀ ਹੈ॥ ੧ ॥

ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥

ਹੇ ਖੁਟਹਰ=ਖੋਟੇ ਮਨ ! ਤੇਰਾ ਕੋਈ ਭਰੋਸਾ ਨਹੀਂ ਹੈ, ਕਿਉਂਕਿ ਤੂੰ ਮਦ ਵਿਚ ਬੜਾ ਮਸਤ ਹੈਂ। ਸਤ

ਪੁਰਸ਼ਾਂ ਨੇ ਮਨ ਉੱਪਰ ਛੇ ਦ੍ਰਿਸ਼ਟਾਂਤ ਦੇ ਕੇ ਮਨ ਨੂੰ ਅਤਿ ਚੰਚਲ ਵਰਣਨ ਕੀਤਾ ਹੈ।

੧. ਮਨ ਪਿੱਪਲ ਦੇ ਚੋਟੀ ਦੇ ਪੱਤੇ ਵਾਂਗ ਚੰਚਲ ਹੈ।

੨. ਮਨ ਝੰਡੇ (ਨਿਸ਼ਾਨ ਸਾਹਿਬ) ਦੇ ਫਰਰੇ ਵਾਂਗ ਹਿਲਦਾ ਰਹਿੰਦਾ ਹੈ।

੩. ਮਨ ਅਕਾਸ਼ੀ ਬਿਜਲੀ ਦੀ ਤਰ੍ਹਾਂ ਇਕ ਜਗ੍ਹਾ ਤੇ ਨਹੀਂ ਰਹਿੰਦਾ ।

੪. ਮਨ ਕੱਛੂ ਦੀ ਸਿਰੀ ਵਾਂਗ ਕਦੀ ਅੰਦਰ ਕਦੀ ਬਹਾਰ ਫਿਰਦਾ ਹੈ।

੫. ਮਨ ਭੂਤਾਂ ਦੀ ਅੱਗ ਦੀ ਤਰ੍ਹਾਂ ਟਿਕਾਅ ਤੋਂ ਰਹਿਤ ਹੈ।

੬. ਮਨ ਦੀਵੇ ਦੀ ਲਾਟ ਵਾਂਗ ਹਿਲਦਾ ਰਹਿੰਦਾ ਹੈ। ਅਨਾਥ ਦਾਸ ਜੀ ਕਹਿੰਦੇ ਹਨ-

ਯਥਾ:- 'ਚਲ ਦਲ ਪਤ੍ਰ, ਪਤਾਕ ਪਟ, ਦਾਮਨ, ਕੱਛਪ ਮਾਥ।

ਭੂਤ ਦੀਪ, ਦੀਪਕ ਸਿਖਾ; ਯੌ ਮਨ ਬਿਰਤ ਅਨਾਥ ।' *ਵਿਚਾਰ ਮਾਲਾ, ਬਿਸ੍ਰਾਮ—*

ਇਹ ਗੱਲ ਯਾਦ ਰੱਖ-

ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ ੧ ॥ ਰਹਾਉ ॥

*ਖਰ ਕਾ=ਅਸਤ੍ਰ ਦੇ ਪੈਰਾਂ ਦਾ ਪੈਖਰੁ=ਬੰਧਨ (ਰੱਸਾ) ਤਾਂ ਛੁਟਦਾ (ਖੁਲ੍ਹਦਾ) ਹੈ ਜਾਂ ਉਸ ਦੇ ਉੱਪਰ ਭਾਰ ਲੱਦ ਲਿਆ ਜਾਵੇ। ਏਸੇ ਤਰ੍ਹਾਂ ਮਨ ਅਸਤ੍ਰ ਵਾਂਗ ਚੰਚਲ ਹੈ ਇਸ ਨੂੰ ਸਮਾਧੀ ਵਲੋਂ ਤਾਂ ਹਟਾਵੇ ਜਦ ਇਸ ਦੇ ਉੱਪਰ ਭਾਰ ਲੱਦ ਲਵੇ ਭਾਵ ਇਸ ਨੂੰ ਕਥਾ ਕੀਰਤਨ ਵਿਚ ਜੋੜ ਲਵੇ।

ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥

ਹੇ ਮਨ ! ਤੈਨੇ ਜਪੀਆਂ ਦੇ ਜਪ, ਤਪੀਆਂ ਦੇ ਤਪ, ਸੰਜਮ ਵਾਲਿਆਂ ਦੇ ਸੰਜਮ ਨਾਸ ਕਰ ਦਿੱਤੇ ਹਨ, ਇਸ ਕਰਕੇ ਜੀਵ ਜਮ ਡੰਡਿਆਂ ਦੇ ਦੁੱਖ ਸਹਾਰਦਾ ਹੈ।

ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥

ਹੇ ਨਿਰਲੱਜ-ਤਾਈ ਦੇ ਭਾਂਡੇ ਬਿ-ਸ਼ਰਮ ਮਨ ! ਤੂੰ ਜੂਨੀਆਂ ਦੇ ਦੁੱਖਾਂ ਨੂੰ ਸਿਮਰਦਾ ਨਹੀਂ ਹੈਂ॥

ਭਾਵ ਜੂਨੀਆਂ ਦੇ ਦੁੱਖਾਂ ਨੂੰ ਚੇਤੇ ਰੱਖਦਾ ਨਹੀਂ ਹੈ॥ ੨ ॥

ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥

ਜੋ ਹਰੀ ਮਹਾ ਮੀਤੁ=ਵੱਡਾ (ਭਾਰੀ) ਮਿੱਤਰ ਹੈ ਅਤੇ ਤੇਰੇ ਅੰਗ-ਸੰਗ ਹੋ ਕੇ ਤੇਰੀ ਸਹਾਇਤਾ ਕਰਨ ਵਾਲਾ ਹੈ, ਉਸ ਦੇ ਨਾਲ ਤੇਰਾ ਭੇਦ ਪੈ ਰਿਹਾ ਹੈ ਭਾਵ ਵਿਰੋਧ ਹੋ ਰਿਹਾ ਹੈ।

ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥

ਤੂੰ ਪੰਜ (ਕਾਮ ਆਦਿਕ) ਬਟਵਾਰਈ=ਧਾੜਵੀਆਂ ਨਾਲ ਬੀਧਾ=ਮਿਲ ਰਿਹਾ ਹੈਂ, ਇਸ ਲਈ ਮਹਾ ਖੇਦੁ=ਬੜਾ ਭਾਰੀ ਦੁੱਖ ਉਪਜਿਓ=ਪੈਦਾ ਹੋਇਆ ਹੈ॥ ੩ ॥

ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥

**ਖੱਚਰ ਦੇ ਪੇਟ ਨੂੰ ਪਾੜ ਕੇ ਜੋ ਬੱਚਾ ਕੱਢਿਆ ਜਾਂਦਾ ਹੈ ਓਸੇ ਨੂੰ ਖਰਕਾ, ਜਾਂ ਅਸਤ੍ਰ ਕਹਿੰਦੇ ਹਨ, ਬਹੁਤਾ ਚੰਚਲ ਹੋਣ ਕਰ ਕੇ ਆਪਣੇ ਉੱਪਰ ਭਾਰ ਨਹੀਂ ਲੱਦਣ ਦੇਂਦਾ, ਇਸ ਲਈ ਪੈਖਰ ਬੰਨ੍ਹਦੇ ਹਨ ਭਾਰ ਲੱਦ ਕੇ ਫੇਰ ਪੈਖਰ ਖੋਲ੍ਹ ਦੇਂਦੇ ਹਨ।*

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਸੰਤਾਂ ਦੀ ਸ਼ਰਨ ਵਿਚ ਆਉਣਾ ਕਰ, ਜਿਨ੍ਹਾਂ ਨੇ ਆਪਣੇ ਮੰਨ ਨੂੰ ਵਸੀਕਾਰ ਕੀਤਾ ਹੋਇਆ ਹੈ।

ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ ॥ ੪ ॥ ੨੮ ॥ ੫੮ ॥

ਪ੍ਰਭੂ ਨੇ ਆਪਣਾ ਤਨ ਧਨ ਤੇ ਸਰਬੰਸ ਉਨ੍ਹਾਂ ਗੁਰਮੁਖ ਜਨਾਂ ਨੂੰ ਦਿੱਤਾ ਹੋਇਆ ਹੈ ॥ ੪ ॥ ੨੮ ॥ ੫੮ ॥

ਬਿਲਾਵਲੁ ਮਹਲਾ ੫ ॥ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥

ਸਤਸੰਗਤ ਵਿਚ ਜਾਣ ਦਾ ਉੱਦਮ ਕਰਦਿਆਂ ਮਨ ਵਿਚ ਅਨੰਦ ਹੋਇਆ ਹੈ
ਅਤੇ ਨਾਮ ਨੂੰ ਸਿਮਰਦਿਆਂ ਸਾਰ ਆਤਮਿਕ ਸੁਖ ਪ੍ਰਾਪਤ ਹੋਇਆ ਹੈ।

ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ ੧ ॥

ਗੋਬਿੰਦ ਦਾ ਨਾਮ ਜਪਦਿਆਂ-ਜਪਦਿਆਂ ਪੂਰਨ ਵਿਚਾਰ ਪ੍ਰਾਪਤ ਹੋਇਆ ਹੈ ॥ ੧ ॥

ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥

(ਪਾਪਾਂ ਦੇ ਜਪਤ ਕਰਨ ਵਾਲੇ ਜੋ ਗੁਰੂ ਹਨ) ਉਨ੍ਹਾਂ ਦੇ ਚਰਨ-ਕਮਲ ਜਪ ਕੇ ਭਾਵ ਚਰਨਾਂ ਦਾ ਧਿਆਨ ਧਾਰ ਕੇ ਤੇ ਹਰੀ ਨਾਮ ਨੂੰ ਜਪ ਕੇ ਮੈਂ ਜੀਉਂਦਾ ਹਾਂ।

ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥ ੧ ॥ ਰਹਾਉ ॥

ਪਾਰਬ੍ਰਹਮ ਦੇ ਅਰਾਧਣ ਰੂਪ ਅੰਮ੍ਰਿਤ ਨੂੰ ਮੂੰਹ ਨਾਲ਼ ਪੀਂਦਾ ਹਾਂ ॥ ੧ ॥ ਰਹਾਉ ॥

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥

ਸਾਰਿਆਂ ਸੰਤਾਂ ਦੇ ਮਨ ਵਿਚ ਏਹੋ ਲੋਚ=ਇੱਛਾ ਹੈ ਕਿ ਸਾਰੇ ਸੂਖਮ ਸਥੂਲ ਜੀਅ ਜੰਤ ਸੁਖਾਂ ਵਿਚ ਵਸਣ।

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥ ੨ ॥

ਸੰਤ ਨਿਤਾਪ੍ਰਤੀ ਪਰਉਪਕਾਰ ਨੂੰ ਹੀ ਚਿਤਵਦੇ ਹਨ ਅਤੇ ਕੁਝ ਪੋਚ=ਨੀਚ ਕਰਮ ਨਹੀਂ ਕਰਦੇ ॥ ੨ ॥

[ਪੰਨਾ ੮੧੬]

ਧੰਨ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥

ਉਹ ਸਤਸੰਗ ਅਸਥਾਨ ਧੰਨਤਾ ਜੋਗ ਹੈ, ਜਿਥੇ ਧੰਨਤਾ ਜੋਗ ਸੰਤ ਵੱਸਦੇ ਹਨ ਅਤੇ ਜਿਥੇ ਪਰਮੇਸ਼ਰ ਦਾ ਨਾਮ ਜਪਿਆ ਜਾਂਦਾ ਹੈ।

ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ ॥ ੩ ॥

ਜਿਸ ਸਤਸੰਗ ਵਿਚ ਹਰੀ ਦੀ ਅਤਿ=ਬੜੀ ਕਥਾ ਹੋ ਰਹੀ ਹੈ ਅਤੇ ਹਰੀ ਦਾ ਕੀਰਤਨ ਭੀ ਘਨਾ=ਬਹੁਤ ਹੋ ਰਿਹਾ ਹੈ, ਉਸ ਸਤਸੰਗ ਵਿਚ ਜਾਣ ਕਰਕੇ ਅਚੁੱਤ ਸੁਖ ਵਿਚ ਬਿਸ੍ਰਾਮੁ=ਇਸਥਿਤੀ ਹੁੰਦੀ ਹੈ ॥ ੩ ॥

ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥

ਅਨਾਥਾਂ ਦਾ ਨਾਥ=ਸੁਆਮੀ ਪਰਮਾਤਮਾ ਮੇਰੇ ਮਨ ਵਿਚੋਂ ਕਦੇ ਵੀਸਰੈ ਨ=ਭੁੱਲਦਾ ਨਹੀਂ ਹੈ।

ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ॥ ੪॥ ੨੯॥ ੫੯॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ ਦੀ ਸ਼ਰਨ ਵਿਚ ਆਇਆ ਹਾਂ, ਜਿਸ ਦੇ ਹੱਥ ਵਿਚ ਸਭ ਕੁਝ ਹੈ॥ ੪॥ ੨੯॥ ੫੯॥

ਬਿਲਾਵਲੁ ਮਹਲਾ ੫॥

ਜਿਨਿ ਤੂ ਬੰਧਿ ਕਰਿ ਛੋਡਿਆ ਫੁਨਿ ਸੁਖ ਮਹਿ ਪਾਇਆ ॥

ਜਿਸ ਪਰਮੇਸ਼ਰ ਨੇ ਤੈਨੂੰ ਮਾਂ ਦੇ ਪੇਟ ਵਿਚ ਬੰਨ੍ਹ ਕੇ ਫਿਰ ਤੈਨੂੰ ਛੱਡ ਦਿੱਤਾ ਹੈ, ਫੁਨਿ=ਪੁਨਾ ਸੁਖਾਂ ਵਿਚ ਪਾਇਆ ਹੈ।

ਸਦਾ ਸਿਮਰਿ ਚਰਣਾਰਬਿੰਦ ਸੀਤਲ ਹੋਤਾਇਆ॥ ੧॥

ਉਸ ਦੇ ਚਰਣਾਰਬਿੰਦ=ਚਰਨ-ਕਮਲਾਂ ਨੂੰ ਸਦਾ ਸਿਮਰਨਾ ਕਰ ਤਾਂ ਮਾਇਆ ਦੀ ਤ੍ਰਿਸ਼ਨਾ ਰੂਪੀ ਹੋਤਾਇਆ=ਹੁਤਾਸਨ (ਅੱਗ) ਦਾ ਹੋਤਾਇਆ=ਤਪਾਇਆ ਹੋਇਆ ਮਨ ਸੀਤਲ ਹੋ ਜਾਵੇਗਾ॥ ੧॥

ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ॥

ਜਿਨ੍ਹਾਂ ਪਦਾਰਥਾਂ ਵਿਚ ਤੂੰ ਲੱਗ ਰਿਹਾ ਹੈਂ ਏਹੋ ਪਦਾਰਥ ਜੀਉਂਦਿਆਂ ਅਥਵਾ ਮੋਇਆਂ ਕਿਸੇ ਕੰਮ ਨਹੀਂ ਆਉਣੇ।

ਜਿਨਿ ਏਹੁ ਰਚਨੁ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ॥ ੧॥ ਰਹਾਉ॥

ਜਿਸ ਪਰਮੇਸ਼ਰ ਨੇ ਇਸ ਸੰਸ਼ਾਰ ਰਚਨਾ ਨੂੰ ਰਚਾਇਆ=ਬਣਾਇਆ ਹੈ, ਉਸ ਦੇ ਨਾਲ ਕੋਈ ਵਿਰਲਾ ਪੁਰਸ਼ ਹੀ ਰੰਗੁ=ਪ੍ਰੇਮ ਲਗਾਉਂਦਾ ਹੈ॥ ੧॥ ਰਹਾਉ॥

ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ॥

ਹੇ ਪ੍ਰਾਣੀ ! ਉਹ ਪਰਮੇਸ਼ਰ ਉਸਨ=ਗਰਮੀ ਤੇ ਸੀਤ=ਠੰਡ ਨੂੰ ਪੈਦਾ ਕਰਦਾ ਹੈ, ਫੇਰ ਵਰਖਾ ਪਾ ਕੇ ਘਾਮ=ਤਪਸ਼ਤਾ ਵਿਚੋਂ ਸੇਵਕਾਂ ਨੂੰ ਕੱਢ ਲੈਂਦਾ ਹੈ।

ਅਥਵਾ:-ਹੇ ਪ੍ਰਾਣੀ ! ਉਹ ਪਰਮੇਸ਼ਰ ਉਸਨ=ਗਰਮੀ (ਦੁਖ) ਤੇ ਸੀਤ=ਸਰਦੀ (ਸੁਖ) ਨੂੰ ਪੈਦਾ ਕਰਦਾ ਹੈ, ਪੁਨਾ ਆਪਣਿਆਂ ਸੇਵਕਾਂ ਨੂੰ ਘਾਮ=ਦੁੱਖਾਂ ਵਿਚੋਂ ਕੱਢ ਲੈਂਦਾ ਹੈ।

ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ॥ ੨॥

ਕੀਰੀ=ਕੀੜੀ ਤੋਂ ਹਸਤੀ=ਹਾਥੀ ਕਰ ਦੇਂਦਾ ਹੈ ਭਾਵ ਗਰੀਬ ਤੋਂ ਰਾਜਾ ਬਣਾ ਦੇਂਦਾ ਹੈ ਅਤੇ ਟੂਟਾ=ਵਿਛੁੜੇ ਹੋਏ ਨੂੰ ਆਪਣੇ ਨਾਲ ਗਾਢੈ=ਮਿਲਾ ਲੈਂਦਾ ਹੈ॥ ੨॥

ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ॥

ਅੰਡਜ=ਅੰਡਿਆਂ ਤੋਂ ਪੈਦਾ ਹੋਣ ਵਾਲੀ ਅੰਡਜ ਖਾਣੀ, ਜੇਰਜ=ਜੇਰ ਤੋਂ ਪੈਦਾ ਹੋਣ ਵਾਲੀ ਜੇਰਜ ਖਾਣੀ, ਸੇਤਜ=ਪਸੀਨੇ ਤੋਂ ਪੈਦਾ ਹੋਣ ਵਾਲੀ ਸੇਤਜ ਖਾਣੀ, ਉਤਭੁਜਾ=ਜ਼ਮੀਨ ਨੂੰ ਪਾੜ ਕੇ ਪੈਦਾ ਹੋਣ ਵਾਲੇ ਬ੍ਰਿੱਛ ਆਦਿਕ ਉਤਭੁਜ ਖਾਣੀ, ਇਹ ਚਾਰੇ ਖਾਣੀਆਂ ਪ੍ਰਭੂ ਦੀ ਪੈਦਾਵਾਰ ਕਿਰਤ ਹੈ ਅਰਥਾਤ ਇਨ੍ਹਾਂ ਦੁਆਰੇ ਸਾਰੀ

ਸ੍ਰਿਸ਼ਟੀ ਪੈਦਾ ਕਰਦਾ ਹੈ।

ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ ॥ ੩ ॥

ਆਪੋ ਆਪਣੇ ਕਿਰਤ=ਕਰਮਾਂ ਦੇ ਕਮਾਏ ਅਨੁਸਾਰ ਸਾਰੇ ਫਲ ਪ੍ਰਾਪਤ ਹੁੰਦੇ ਹਨ, ਇਸ ਲਈ ਸਤ ਅਸਤ ਵਸਤੂ ਦਾ ਨਿਰਤ=ਨਿਰਨਾ ਕਰਕੇ ਹਰੀ ਨੂੰ ਰਵੀਐ=ਉਚਾਰਨਾ ਕਰੀਏ॥ ੩ ॥

ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥

ਹੇ ਪ੍ਰਭੂ ! ਸਾਡੇ ਪਾਸੋਂ ਕੁਝ ਭੀ ਨਹੀ ਹੋਣਾ, ਅਸੀਂ ਤਾਂ ਤੇਰੇ ਸੰਤਾਂ ਦੀ ਸ਼ਰਨ ਪਏ ਹਾਂ।

ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥ ੪ ॥ ੩੦ ॥ ੬੦ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸਾਰਿਆਂ ਤੋਂ ਗੁਰ=ਵੱਡੇ ਵਾਹਿਗੁਰੂ ! ਤੁਸੀਂ ਕਿਰਪਾ ਕਰ ਕੇ ਮੋਹ ਦੀ ਮਸਤੀ ਕਰਕੇ ਅਸੀਂ ਅੰਨ੍ਹੇ ਖੂਹ (ਸੰਸਾਰ) ਵਿਚ ਡਿੱਗ ਪਏ ਹਾਂ ਆਪ ਕੱਢ ਲੈਣਾ ਕਰੋ॥ ੪ ॥ ੩੦ ॥ ੬੦ ॥

ਬਿਲਾਵਲੁ ਮਹਲਾ ੫ ॥ ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥

ਮੈਂ ਖੋਜਦਾ ਹੀ ਖੋਜਦਾ ਫਿਰਦਾਂ ਹਾਂ, ਬਨ ਥਾਨ=ਜੰਗਲਾਂ ਦੇ ਅਸਥਾਨ ਪਰ ਭੀ ਖੋਜਦਾ ਹਾਂ।

ਅਥਵਾ:-ਬਨ=ਜਲ, ਜਲ 'ਚੋਂ ਤੀਰਥ ਲੈਣੇ ਤੀਰਥਾਂ ਦੇ ਅਸਥਾਨ ਪਰ ਭੀ ਖੋਜਦਾ ਹਾਂ।

ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥ ੧ ॥

ਕਿਸੇ ਪਾਸੋਂ ਛਲੇ ਨਹੀਂ ਜਾਂਦੇ ਇਸ ਕਰਕੇ ਅਛਲ ਹਨ, ਕਿਸੇ ਪਾਸੋਂ ਸ਼ਸਤਰਾਂ ਨਾਲ ਕੱਟੇ ਨਹੀਂ ਜਾਂਦੇ ਇਸ ਕਰਕੇ ਅਛੇਦ ਹਨ ਅਤੇ ਅਭੇਦ=ਭੇਦਾਂ ਤੋਂ ਰਹਿਤ ਹਨ, ਐਸੇ ਗੁਣਾਂ ਵਾਲੇ ਭਗਵਾਨ ਮੇਰੇ ਪ੍ਰਭ=ਰੱਖਜਕ ਹਨ, ਜਾਂ ਮੇਰੇ ਸੁਆਮੀ ਹਨ।

ਅਥਵਾ:-ਜੋ ਅਛਲ ਹੈ ਐਸੇ ਪ੍ਰਭੂ ਨੂੰ ਮੈਂ ਖੋਜਦਾ ਹਾਂ, ਜੋ ਅਭੇਦ ਹੈ ਐਸੇ ਭਗਵਾਨ ਨੂੰ ਮੈਂ ਖੋਜਉ ਬਨ ਥਾਨ=ਜੰਗਲਾਂ ਦੇ ਅਸਥਾਨਾਂ ਪਰ ਖੋਜਦਾ ਫਿਰਦਾ ਹਾਂ॥ ੧ ॥

ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥

ਮੇਰੇ ਆਤਮ=ਮਨ ਦੇ ਵਿਚ ਰੰਗਿਆ ਹੋਇਆ ਜੋ ਆਪਣਾ ਪ੍ਰਭੂ ਹੈ ਉਸ ਨੂੰ ਮੈਂ ਕਦ ਵੇਖਣਾ ਕਰਾਂ?

ਅਥਵਾ:- ਮੈਂ ਆਪਣੇ ਪ੍ਰਭੂ ਨੂੰ ਕਦ ਵੇਖਣਾ ਕਰਾਂ।

ਉੱਤਰ:-ਆਤਮ ਕੈ ਰੰਗਿ=ਮਨ ਦੇ ਪ੍ਰੇਮ ਕਰਕੇ ਉਸ ਪ੍ਰਭੂ ਨੂੰ ਵੇਖਣਾ ਕਰ।

ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥ ੧ ॥ ਰਹਾਉ ॥

ਜਾਗਣ ਨਾਲੋਂ ਉਹ ਸੁਪਨਾ ਭਲਾ=ਚੰਗਾ ਹੈ, ਜਿਸ ਸੁਪਨ ਵਿਚ ਪ੍ਰਭੂ ਦੇ ਨਾਲ ਵੱਸਦੇ ਰਹੀਦਾ ਹੈ।

ਯਥਾ:- ''ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥'' *(ਫੁਨਹੇ, ਪੰਨਾ ੧੩੬੨)*

ਅਥਵਾ:-ਜਾਗਨ ਤੇ=ਪੜ੍ਹੇ ਹੋਏ ਨਾਲੋਂ ਸੁਪਨਾ ਭਲਾ=ਅਨਪੜ੍ਹਿਆ ਚੰਗਾ ਹੈ।

ਵਾ:-ਉਸ ਜਾਗਨ ਤੇ=ਸਾਧੂ ਨਾਲੋਂ ਸੁਪਨਾ=ਗ੍ਰਿਹਸਤੀ ਚੰਗਾ ਹੈ ਜਿਸ ਦੀ ਸੰਗਤ ਕਰਕੇ ਪ੍ਰਭੂ ਦੇ ਨਾਲ

ਵੱਸਣਾ ਹੁੰਦਾ ਹੈ॥ ੧॥ ਰਹਾਉ॥

ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ॥

(੧) ਚਾਰ ਬਰਨ, ਚਾਰ ਆਸ਼੍ਰਮ, ਛੇ ਸ਼ਾਸਤਰਾਂ ਵਿਚ ਜਿਸ ਨੂੰ ਵੱਸਦਾ ਸੁਣਦਾ ਹਾਂ ਓਸੇ ਦੇ ਦਰਸ਼ਨ ਦੀ ਪਿਆਸ ਹੈ।

(੨) ਚਾਰ ਵਰਨਾਂ ਤੋਂ, ਚਾਰ ਆਸ਼੍ਰਮਾਂ ਵਾਲਿਆਂ ਤੋਂ, ਛੇ ਸ਼ਾਸਤਰਾਂ ਤੋਂ ਜਿਸ ਨੂੰ ਸੁਣਦਾ ਹਾਂ ਓਸੇ ਪ੍ਰਭੂ ਦੇ ਦਰਸ਼ਨ ਦੀ ਪਿਆਸ ਹੈ।

ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥ ੨॥

ਅਬਿਨਾਸੀ ਸਰੂਪ ਹੋਣ ਕਰਕੇ ਉਸ ਠਾਕੁਰ ਦਾ ਪੰਜਾਂ ਤੱਤਾਂ ਰਚਤ ਸਰੀਰ ਨਹੀਂ ਹੈ, ਨਾ ਹੀ ਕੋਈ ਰੂਪ ਰੇਖ ਹੈ॥ ੨॥

ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥

ਉਸ ਸਤ, ਚਿਤ, ਅਨੰਦ ਸਰੂਪ ਪਰਮਾਤਮਾ ਨੂੰ ਜੋਗੀਸ਼ਰਾਂ ਵਿਚੋਂ ਕੋਈ ਵਿਰਲੇ ਹੀ ਸੰਤ ਕਥਨ ਕਰਦੇ ਹਨ।

ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥ ੩॥

ਪ੍ਰਭੂ ਕਿਰਪਾ ਕਰਕੇ ਜਿਸ ਨੂੰ ਮਿਲੇ ਹਨ ਉਹ ਸੰਤ ਈਸ਼ਵਰ ਨੂੰ ਧੰਨ ਧੰਨ ਕਹਿੰਦੇ ਹਨ। ਜਾਂ ਉਹ ਸੰਤ ਈਸ਼ਵਰ ਰੂਪ ਹਨ ਉਹਨਾਂ ਨੂੰ ਦੁਨੀਆਂ ਦੇ ਲੋਕ ਧੰਨ ਧੰਨ ਕਹਿੰਦੇ ਹਨ। ਜਾਂ ਉਹ ਈਸ਼ਵਰ ਕਿਰਪਾ ਕਰਕੇ ਜਿਸ ਨੂੰ ਮਿਲਿਆ ਹੈ ਉਹ ਪੁਰਸ਼ ਧਨਿ ਧਨਿ=ਧੰਨਤਾ ਦੇ ਜੋਗ ਹਨ॥ ੩॥

ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ॥

ਉਹਨਾਂ ਦੇ ਹਿਰਦੇ ਵਿਚੋਂ ਭਰਮਾਂ ਦੇ ਨਾਸ ਹੋਣ ਕਰਕੇ ਐਸੇ ਨਿਸਚੇ ਕਰਦੇ ਹਨ ਕਿ ਸਰੀਰ ਦੇ ਅੰਦਰ ਭੀ ਓਹੀ ਹੈ, ਸਰੀਰ ਤੋਂ ਬਾਹਰ ਭੀ ਓਹੀ ਹੈ।

ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ॥ ੪॥ ੩੧॥ ੬੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਕਰਮਾ=ਭਾਗ ਪੂਰਨ ਹਨ, ਓਸੇ ਨੂੰ ਪ੍ਰਭੂ ਪਰਮਾਤਮਾ ਭੇਟਿਆ=ਮਿਲਿਆ ਹੈ॥ ੪॥ ੩੧॥ ੬੧॥

ਬਿਲਾਵਲੁ ਮਹਲਾ ੫॥ ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ॥

ਉਹ ਪ੍ਰਭੂ ਦੇ ਪ੍ਰਤਾਪ ਨੂੰ ਦੇਖ ਕੇ ਸਾਰੇ ਜੀਆ ਜੰਤ ਪ੍ਰਸੰਨ ਹੋਏ ਹਨ।

ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ॥ ੧॥

ਸਤਿਗੁਰਾਂ ਨੇ ਆਪ ਹੀ ਆਹਰੁ=ਉੱਦਮ ਕਰਕੇ ਸਾਡਾ ਕਰਜ਼ਾ ਉਤਾਰ ਦਿੱਤਾ ਹੈ।

ਵਾ:-ਰਿਖੀ ਦੰਡ, ਦੇਵ ਦੰਡ, ਪਿਤਰ ਦੰਡ, ਜਮ ਦੰਡ ਇਸ ਤਰ੍ਹਾਂ ਦਾ ਕਰਜ਼ ਉਤਾਰ ਦਿੱਤਾ ਹੈ।

ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੂਟ॥

ਗੁਰਾਂ ਦਾ ਸ਼ਬਦ ਅਖੁਟ ਖਜ਼ਾਨਾ ਹੈ ਇਸ ਦੁਆਰਾ ਆਪ ਖਾਂਦਿਆਂ ਹੋਰਨਾਂ ਸਬੰਧੀਆਂ ਨੂੰ ਖਰਚਦਿਆਂ

ਨਿਰਬਾਹ ਹੁੰਦਾ ਰਹਿੰਦਾ ਹੈ।

ਪੂਰਨ ਭਈ ਸਮਗਰੀ ਕਬਹੂ ਨਹੀ ਤੂਟ॥ ੧॥ ਰਹਾਉ॥

ਪ੍ਰਤੱਖ ਸਾਰੀਆਂ ਸਮੱਗਰੀਆਂ ਪੂਰਨ ਪ੍ਰਾਪਤ ਹੋਈਆਂ ਹਨ, ਕਦੇ ਭੀ ਤੋਟਾ ਨਹੀਂ ਆਉਂਦਾ ।

ਅਥਵਾ:- ਜਗਿਆਸੂ ਨੂੰ ਜਪ ਤਪ ਰੂਪ ਪੂਰਨ ਸਮੱਗਰੀਆਂ ਪ੍ਰਾਪਤ ਹੋਈਆਂ ਹਨ ।

ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ॥

ਆਪਾਰ=ਬੇਅੰਤ ਨਿਧੀਆਂ ਸਿਧੀਆਂ ਦਾ ਮਾਲਕ ਜੋ ਹਰੀ ਹੈ, ਉਸ ਨੂੰ ਸੰਤਾਂ ਦੇ ਸਤਸੰਗ ਵਿਚ ਬੈਠ ਕੇ ਅਰਾਧਣਾ ਕਰ।

ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥ ੨॥

ਉਸ ਹਰੀ ਨੂੰ ਧਰਮ, ਅਰਥ ਅਤੇ ਕਾਮਜ, ਮੋਖ ਆਦਿਕ ਪਦਾਰਥ ਦੇਂਦਿਆਂ ਕੋਈ ਬਾਰ=ਦੇਰ ਨਹੀਂ ਲਗਦੀ ॥ ੨॥

ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ॥

ਇਕ ਗੋਬਿੰਦ ਗੋਪਾਲ ਨੂੰ ਭਗਤ ਲੋਕ ਰੰਗਿ=ਪਰੇਮ ਨਾਲ ਅਰਾਧਦੇ ਹਨ।

ਰਾਮ ਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ॥ ੩॥

ਉਹ ਰਾਮ ਨਾਮ ਧਨ ਸੰਚਿਆ=ਕੱਠਾ ਕੀਤਾ ਹੈ, ਜਿਸ ਦਾ ਅੰਤ ਨਹੀਂ ਆਉਂਦਾ॥ ੩॥

ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ॥

ਹੇ ਪ੍ਰਭੂ ! ਤੇਰੀ ਸ਼ਰਨ ਵਿਚ ਪਏ ਹਾਂ ਅਤੇ ਹੇ ਪ੍ਰਭੂ ! ਤੇਰੀ ਹੀ ਵਡਿਆਈ ਕਰਦੇ ਹਾਂ।

ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ॥ ੪॥ ੩੨॥ ੬੨॥

ਗੁਰੂ ਜੀ ਕਥਨ ਕਰਦੇ ਹਨ-ਉਹ ਗੁਸਾਈਂ ਬੇਅੰਤ ਹੈ, ਇਸ ਕਰਕੇ ਉਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾਂਦਾ ॥ ੪॥ ੩੨॥ ੬੨॥

ਬਿਲਾਵਲੁ ਮਹਲਾ ੫॥ ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ॥

ਪੂਰਨ ਪ੍ਰਭੂ ਨੂੰ ਸਿਮਰਦਿਆਂ-ਸਿਮਰਦਿਆਂ ਸਾਰੇ ਕਾਰਜ ਰਾਸ ਹੋ ਗਏ ਹਨ।

ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥ ੧॥ ਰਹਾਉ॥

(੧) (ਜ਼ਿਲ੍ਹਾ ਸਿਆਲਕੋਟ ਰਾਵੀ ਦੇ ਕੰਢੇ) ਕਰਤਾਰਪੁਰ ਵਿਚ ਸੰਤਨ=ਸ਼ਾਂਤਿ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਕਰਤਾ ਪੁਰਖ ਆਪ ਵੱਸਦਾ ਹੈ। ਜਾਂ ਕਰਤਾਰਪੁਰ ਵਿਚ ਕਰਤਾ=ਪਰਮੇਸ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਹੋ ਕੇ ਸੰਤਾਂ ਦੇ ਪਾਸ ਵੱਸਦਾ ਹੈ।

(੨) (ਜਲੰਧਰ ਦੇ ਪਾਸ) ਕਰਤਾਰਪੁਰ ਵਿਚ ਕਰਤਾ=ਪਰਮੇਸ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪ ਹੋ ਕੇ ਸੰਤਾਂ ਦੇ ਪਾਸ ਵੱਸਦਾ ਹੈ।

(੩) ਸਤਸੰਗਤ ਰੂਪੀ ਕਰਤਾਰਪੁਰ ਵਿਚ ਕਰਤਾ ਖੁਰਖ ਪਰਮਾਤਮਾ ਆਪ ਸੰਤਾਂ ਦੇ ਪਾਸ ਵੱਸਦਾ ਹੈ।

(੪) ਜਿਸ ਪੁਰਿ=ਪੂਰਨ ਪ੍ਰਭੂ ਦੇ ਕਰ=ਹੱਥ ਵਿਚ ਜੀਵਾਂ ਦੇ ਖਾਣ ਪਾਨ ਦੇਣ ਦੀ ਤਾਰ ਹੈ, ਉਹ ਕਰਤਾ ਪ੍ਰਭੂ ਸੰਤਾਂ ਦੇ ਪਾਸ ਵੱਸਦਾ ਹੈ॥ ੧॥ ਰਹਾਉ॥

ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ॥

ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਅਰਦਾਸਿ=ਬੇਨਤੀ ਕਰਨ ਨਾਲ ਕੋਈ ਬਿਘਨ ਲਗਦਾ ਨਹੀਂ ਹੈਂ।

ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥ ੧॥

ਭਗਤਾਂ ਦੀ ਜੋ ਸ਼ੁਭ-ਗੁਣਾਂ ਰੂਪ ਰਾਸਿ=ਪੂੰਜੀ ਹੈ ਉਸ ਦੀ ਰਖਿਆ ਵਾਲਾ ਗੋਬਿੰਦ ਰਾਇ ਆਪ ਹੈ॥ ੧॥

[ਪੰਨਾ ੮੧੭]

ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ॥

ਇਸ ਲਈ ਭਗਤਾਂ ਦੇ ਮੂਲ ਰੂਪ ਸੋਦੇ ਵਿਚ ਕਦੇ ਤੋਟਿ=ਘਾਟਾ ਨਹੀਂ ਆਉਂਦਾ,
ਉਨ੍ਹਾਂ ਭਗਤਾਂ ਦਾ ਅੰਤਹਕਰਨ ਰੂਪ ਭੰਡਾਰਾ ਸ਼ੁਭ-ਗੁਣਾਂ ਨਾਲ ਪੂਰਨ ਰਹਿੰਦਾ ਹੈ।

ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ॥ ੨॥

ਅਗਮ ਅਪਾਰ ਪ੍ਰਭੂ ਦੇ ਚਰਨ-ਕਮਲ ਉਨ੍ਹਾਂ ਭਗਤਾਂ ਦੇ ਮਨ ਤਨ ਵਿਚ ਵਸ ਰਹੇ ਹਨ॥ ੨॥

ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ॥

ਨਾਮ ਵਸਤੂ ਦੇ ਕਮਾਉਣ ਕਰਕੇ ਉਹ ਸਭ ਤਰ੍ਹਾਂ ਸੁਖੀ ਹਨ, ਕਿਸੇ ਵਸਤੂ ਦੀ ਊਣਤਾ ਨਹੀਂ ਦਿਸਦੀ।

ਅਥਵਾ:-ਜੋ ਕਰਤਾਰਪੁਰ ਵਿਚ ਬਸਤ=ਵੱਸਦੇ ਹਨ ਅਤੇ ਨਾਮ-ਸਿਮਰਨ ਰੂਪ ਕਮਾਵਤ=ਕਮਾਈ ਕਰਦੇ ਹਨ।

ਉਹ ਸਾਰੇ ਸੁਖੀ ਹਨ, ਉਨ੍ਹਾਂ ਨੂੰ ਕੁਝ ਊਨ=ਘਾਟਾ ਨਹੀਂ ਦਿਸਦਾ।

ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥ ੩॥

ਸੰਤਾਂ ਦੀ ਪ੍ਰਸਾਦਿ=ਕਿਰਪਾ ਕਰਕੇ ਉਹ ਪੂਰਨ ਜਗਦੀਸ਼ ਪ੍ਰਭੂ ਨਾਲ ਮਿਲੇ ਹਨ॥ ੩॥

ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ॥

ਦੁਨੀਆਂ ਦੇ ਸਾਰੇ ਲੋਕ ਜੈ ਜੈ ਕਾਰ ਕਰਦੇ ਹਨ, ਉਨ੍ਹਾਂ ਦਾ ਸਤਸੰਗ ਰੂਪ ਸੱਚਾ ਅਸਥਾਨ ਸੁਹਾਇਆ=ਸ਼ੋਭਨੀਕ ਹੈ।

ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ॥ ੪॥ ੩੩॥ ੬੩॥

ਗੁਰੂ ਜੀ ਕਥਨ ਕਰਦੇ ਹਨ-ਪੂਰਿਆਂ ਗੁਰਾਂ ਦੁਆਰੇ ਨਿਧੀਆਂ ਦਾ ਖਜ਼ਾਨਾ ਨਾਮ ਜਪ ਕੇ ਸੁਖਾਂ ਦਾ ਨਿਧਾਨ=ਖਜ਼ਾਨਾ ਪਾਇਆ ਹੈ॥ ੪॥ ੩੩॥ ੬੩॥

ਬਿਲਾਵਲੁ ਮਹਲਾ ੫ ॥ ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥

(੧) ਹਰੀ ਦੇ ਹਰਿ ਨਾਮਾਂ ਨੂੰ ਅਰਾਧੀਏ ਤਾਂ ਪ੍ਰਤੱਖ ਰੋਗਾਂ ਤੋਂ ਰਹਿਤ ਹੋਈਦਾ ਹੈ।

(੨) ਮਨ ਕਰਕੇ ਹਰੀ ਨਾਮ ਨੂੰ ਅਰਾਧੀਏ, ਬਾਣੀ ਦੁਆਰਾ ਹਰੀ ਨਾਮ ਨੂੰ ਅਰਾਧੀਏ, ਤਨ ਕਰਕੇ ਹਰੀ ਨਾਮ ਨੂੰ ਅਰਾਧੀਏ ਤਾਂ ਹਉਮੈ ਆਦਿਕ ਰੋਗਾਂ ਤੋਂ ਰਹਿਤ ਹੋਈਦਾ ਹੈ।

ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥ ੧ ॥ ਰਹਾਉ ॥

ਜਿਸ ਰਾਮ ਚੰਦਰ ਜੀ ਦੀ ਪ੍ਰਤੱਖ ਲਸਟਿਕਾ=ਲਾਠੀ ਨੇ ਪ੍ਰਹਿਲਾਦ ਭਗਤ ਦਾ ਹੰਕਾਰ ਰੂਪੀ ਰੋਗ ਮਾਰਨਾ ਕੀਤਾ ਹੈ। ਹਰਨਾਖਸ਼ ਦੇ ਮਰਨ ਤੋਂ ਬਾਅਦ ਜਦ ਪ੍ਰਹਿਲਾਦ ਜੀ ਰਾਜ-ਗੱਦੀ ਪਰ ਬੈਠ ਕੇ ਰਾਜ ਕਰਨ ਲਗ ਪਏ ਤਾਂ ਰਾਖਸ਼ੀ ਵਜ਼ੀਰਾਂ ਨੇ ਹੌਲੀ-ਹੌਲੀ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਲਾਇਕ ਪੁੱਤਰ ਓਹੀ ਹੁੰਦਾ ਹੈ ਜੋ ਆਪਣੇ ਪਿਤਾ ਦਾ ਬਦਲਾ ਲਵੇ, ਵਿਸ਼ਨੂੰ ਨੇ ਤੁਹਾਡੇ ਪਿਤਾ ਨੂੰ ਮਾਰਿਆ ਹੈ ਇਸ ਕਰ ਕੇ ਆਪ ਜੀ ਨੂੰ ਉਸ ਤੋਂ ਬਦਲਾ ਲੈਣਾ ਚਾਹੀਦਾ ਹੈ।' ਰੋਜ਼ਾਨਾ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ ਇਕ ਦਿਨ ਪ੍ਰਹਿਲਾਦ ਜੀ ਫੌਜਾਂ ਤਿਆਰ ਕਰ ਕੇ ਵਿਸ਼ਨੂੰ ਨਾਲ ਯੁੱਧ ਕਰਨ ਵਾਸਤੇ ਤੁਰ ਪਏ । ਰਾਹ ਵਿਚ ਵਿਸ਼ਨੂੰ ਜੀ ਬੁੱਢੇ ਬ੍ਰਾਹਮਣ ਰੂਪ ਧਾਰਕੇ ਆ ਮਿਲੇ। ਪੁਛਿਆ-''ਕਿਥੇ ਜਾ ਰਹੇ ਹੋ।'' ਪ੍ਰਹਿਲਾਦ ਨੇ ਕਿਹਾ- ''ਵਿਸ਼ਨੂੰ ਨੇ ਮੇਰੇ ਪਿਉ ਨੂੰ ਮਾਰਿਆ ਹੈ, ਉਸ ਤੋਂ ਬਦਲਾ ਲੈਣ ਜਾ ਰਿਹਾ ਹਾਂ।'' ਬੁੱਢੇ ਬ੍ਰਾਹਮਣ ਨੇ ਕਿਹਾ- ''ਹਾਂ ਠੀਕ ਹੈ ਉਸ ਨੇ ਮੇਰੇ ਪਿਉ ਨੂੰ ਭੀ ਮਾਰਿਆ ਹੈ ਮੈਂ ਭੀ ਬਦਲਾ ਲੈਣਾ ਹੈ, ਮੈਂ ਭੀ ਆਪ ਦੇ ਨਾਲ ਚਲਦਾ ਹਾਂ।'' ਚਲਦਿਆਂ ਚਲਦਿਆਂ ਰਾਹ ਵਿਚ ਸੋਟੀ ਸੁਟ ਦਿਤੀ ਤੇ ਖੜਿਆਂ ਹੋ ਕੇ ਕਿਹਾ-''ਮੇਰੀ ਸੋਟੀ ਉਠਵਾ ਦਿਓ। ''ਪ੍ਰਹਲਾਦ ਨੇ ਆਪਣੇ ਵਜ਼ੀਰ ਨੂੰ ਕਿਹਾ, ਪਰ ਉਸ ਪਾਸੋਂ ਸੋਟੀ ਨਾ ਉਠਾਈ ਗਈ। ਫੇਰ ਵੱਖ ਵੱਖ ਕਈ ਸੂਰਮਿਆਂ ਨੂੰ ਕਿਹਾ, ਪਰ ਕਿਸੇ ਪਾਸੋਂ ਨਾ ਚੁਕੀ ਗਈ। ਪ੍ਰਹਿਲਾਦ ਜੀ ਨੇ ਆਪ ਚੁਕੀ ਤਾਂ ਭੀ ਨਾ ਉਠਾਈ ਗਈ। ਉਸ ਵੇਲੇ ਬੁੱਢੇ ਬ੍ਰਾਹਮਣ ਨੇ ਕਿਹਾ-''ਜੇਕਰ ਤੁਹਾਡਿਆਂ ਸੂਰਮਿਆਂ ਪਾਸੋਂ ਤੇ ਆਪ ਜੀ ਤੋਂ ਇਹ ਸੋਟੀ ਨਹੀਂ ਚੁਕੀ ਗਈ ਤਾਂ ਆਪ ਵਿਸ਼ਨੂੰ ਜੀ ਨਾਲ ਯੁੱਧ ਕਰਕੇ ਆਪਣੇ ਪਿਉ ਦਾ ਬਦਲਾ ਕਿਵੇਂ ਲੈ ਸਕੋਗੇ ? ਇਤਨੇ ਵਿਚ ਪ੍ਰਹਿਲਾਦ ਨੂੰ ਗਿਆਨ ਹੋ ਗਿਆ ਤੇ ਫੌਜਾਂ ਸਮੇਤ ਵਾਪਸ ਘਰ ਮੁੜ ਆਇਆ। ਇਸ ਤਰ੍ਹਾਂ ਨਾਲ ਵਿਸ਼ਨੂੰ ਦੀ ਲਾਠੀ ਨੇ ਪ੍ਰਹਿਲਾਦ ਦਾ ਹੰਕਾਰ ਦੂਰ ਕੀਤਾ ਹੈ।

ਅਥਵਾ:- ਜਿਸ ਰਾਮ ਚੰਦ=ਪਰਮਾਤਮਾ ਦੀ ਭਗਤੀ ਰੂਪ ਲਾਠੀ ਨੇ ਅਗਿਆਨ ਰੂਪੀ ਰੋਗ ਵਾ: ਜਨਮ ਮਰਨ ਰੂਪੀ ਰੋਗ ਮਾਰਿਆ ਹੈ॥ ੧ ॥

ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥

ਪੂਰਿਆਂ ਗੁਰਾਂ ਦੁਆਰੇ ਹਰੀ ਨਾਮ ਨੂੰ ਜਪੀਏ ਤਾਂ ਹੀ ਨਿਤ ਅਨੰਦ ਦਾ ਭੋਗਣਾ ਕੀਤਾ ਜਾਂਦਾ ਹੈ।

ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥ ੧ ॥

ਮੈਂ ਸਾਧਸੰਗਤ ਕਰਨ ਵਾਲਿਆਂ ਤੋਂ ਵਾਰਣੈ=ਕੁਰਬਾਨ ਜਾਂਦਾ ਹਾਂ।

ਜਿਨ੍ਹਾਂ ਦੀ ਕਿਰਪਾ ਨਾਲ ਇਹ ਸੰਜੋਗ ਮਿਲਿਆ ਹੈ।

ਜਾਂ ਜਿਨ੍ਹਾਂ ਦੇ ਸੰਜੋਗ ਕਰ ਕੇ ਪਰਮਾਤਮਾ ਆ ਮਿਲਿਆ ਹੈ॥ ੧ ॥

ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ ॥

ਜਿਸ ਨੂੰ ਸਿਮਰਦਿਆਂ ਸੁਖ ਪ੍ਰਾਪਤ ਹੁੰਦਾ ਹੈ ਅਤੇ ਬਿਓਗੁ=ਵਿਛੋੜਾ ਨਾਸ ਹੋ ਜਾਂਦਾ ਹੈ।

ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ ॥ ੨ ॥ ੩੪ ॥ ੬੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ ਦੀ ਸ਼ਰਨ ਵਿਚ ਆਇਆ ਹਾਂ, ਜੋ ਪ੍ਰਭੂ ਸਭ ਕਾਰਨਾਂ ਦੇ ਕਰਨੇ ਯੋਗ ਹੈ॥ ੨ ॥ ੩੪ ॥ ੬੪ ॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫

੧ੴ ਸਤਿਗੁਰ ਪ੍ਰਸਾਦਿ ॥

ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥

ਹੋਰ ਸਾਰੇ ਜਤਨ ਤਿਆਗ ਦਿਤੇ ਹਨ, ਇਕ ਨਾਮ ਰੂਪ ਦਾਰੂ ਲਿਆ ਹੈ।

ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥ ੧ ॥

(ਅਧਿਆਤਮਕ, ਅਧਿਭੂਤਕ, ਅਧਿਦੈਵਗ ਰੂਪ, ਤਿੰਨੇ ਤਾਪ, ਸਾਰੇ ਪਾਪ ਅਤੇ ਹੰਕਾਰ ਤੇ ਅਗਿਆਨ ਰੂਪੀ ਰੋਗ ਇਹ ਸਭ ਮਿਟ ਗਏ ਹਨ, ਤੇ ਮਨ ਸੀਤਲ ਹੋ ਗਿਆ ਹੈ॥ ੧ ॥

ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ ॥

ਪੂਰਿਆਂ ਗੁਰਾਂ ਨੂੰ ਅਰਾਧਿਆ ਹੈ ਇਸ ਕਰਕੇ ਸਾਰਾ ਦੁੱਖ ਚਲਾ ਗਿਆ ਹੈ।

ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ ॥ ੧ ॥ ਰਹਾਉ ॥

ਰਖਣ ਵਾਲੇ ਪਰਮੇਸ਼ਰ ਨੇ ਆਪਣੀ ਮਇਆ=ਕਿਰਪਾ ਦ੍ਰਿਸ਼ਟੀ ਕਰ ਕੇ ਰੱਖ ਲਿਆ ਹੈ॥ ੧ ॥

ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ ॥

ਪ੍ਰਭੂ ਨੇ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਮੋਹ ਰੂਪ ਅੰਨ੍ਹੇ ਖੂਹ ਵਿਚੋਂ ਕੱਢ ਲਿਆ ਹੈ ਅਤੇ ਅਪਣਾ ਦਾਸ ਕਰ ਲਿਆ ਹੈ।

ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ ॥ ੨ ॥ ੧ ॥ ੬੫ ॥

ਗੁਰੂ ਜੀ ਕਥਨ ਕਰਦੇ ਹਨ-ਵਾਹਿਗੁਰੂ ਨੂੰ ਸਿਮਰਦਿਆਂ ਸਿਮਰਦਿਆਂ ਤਨ ਸੁਖੀ ਅਤੇ ਮਨ ਨਿਰਭਉ ਹੋ ਗਿਆ ਹੈ॥ ੨ ॥ ੧ ॥ ੬੫ ॥

ਬਿਲਾਵਲੁ ਮਹਲਾ ੫ ॥ ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥

ਜਿਨ੍ਹਾਂ ਦੇ ਮੱਥੇ ਪਰ ਪ੍ਰਤੱਖ ਹੱਥ; ਵਾ:-ਕਿਰਪਾ ਰੂਪੀ ਹੱਥ ਰੱਖ ਕੇ ਸਤਸੰਗ ਵਿਚ ਥਾਪਿਆ ਹੈ, ਜਾਂ ਵਡਿਆਇਆ ਹੈ, ਤੇ ਨਾਮ ਦਾਨ ਦਿੱਤਾ ਹੈ। ਜਾਂ ਦਾਨਿ=ਜਾਣਨਾ ਕਰੋ ਨਾਮ ਦਿੱਤਾ ਹੈ।

ਅਥਵਾ:-ਅਧਿਕਾਰੀ ਦਾਨਿ=ਜਾਣ ਕੇ ਨਾਮ ਦਿੱਤਾ ਹੈ।

ਅਥਵਾ:-ਨਾਮ ਅਤੇ ਦਾਨਿ=ਗਿਆਨ ਦਿੱਤਾ ਹੈ।

ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ ॥ ੧ ॥

ਜਿਨ੍ਹਾਂ ਨੇ ਉਸ ਪਾਰਬ੍ਰਹਮ ਦੀ ਸਫਲ ਸੇਵਾ ਕੀਤੀ ਹੈ, ਤਾ ਕੀ=ਉਸ ਭਗਤ ਦੀ ਕਦੇ ਹਾਨੀ ਨਹੀਂ ਹੁੰਦੀ।

ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ॥

ਪ੍ਰਭੁ ਆਪ ਹੀ ਆਨਿ=ਆ ਕੇ ਭਗਤਾਂ ਦੀ ਆਨਿ=ਪ੍ਰਤੱਗਿਆ, ਜਾਂ ਵਡਿਆਈ ਰੱਖਦਾ ਹੈ।

ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥ ੧॥ ਰਹਾਉ॥

ਸੰਤ ਜਨ ਜੋ ਜੋ ਭੀ ਮਨ ਵਿਚ ਚਿਤਵਦੇ ਹਨ, ਭਾਵ ਸੰਕਲਪ ਕਰਦੇ ਹਨ, ਉਸ ਗੱਲ ਨੂੰ ਪ੍ਰਭੁ ਮੰਨ ਲੈਂਦਾ ਹੈ॥ ੧॥ ਰਹਾਉ॥

ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ॥

ਜੋ ਸੰਤ ਜਨ ਪ੍ਰਭੂ ਦੇ ਚਰਨ-ਕਮਲਾਂ ਦੀ ਸ਼ਰਨ ਵਿਚ ਪਏ ਹਨ,

ਉਹ ਸੰਤ ਜਨ ਪ੍ਰਭੂ ਦੇ ਪ੍ਰਾਣ ਰੂਪ ਹਨ।

ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ॥ ੨॥ ੨॥ ੬੬॥

ਗੁਰੂ ਜੀ ਕਥਨ ਕਰਦੇ ਹਨ-ਉਹ ਸੰਤ ਜਨ ਸੁਤੇ ਸਿਧ ਪਰਮਾਤਮਾ ਨਾਲ ਮਿਲੇ ਹਨ ਅਤੇ ਜੋਤੀ ਨਾਲ ਉਨ੍ਹਾਂ ਦੀ ਜੋਤ ਸਮਾ ਜਾਂਦੀ ਹੈ॥ ੨॥ ੨॥ ੬੬॥

ਬਿਲਾਵਲੁ ਮਹਲਾ ੫॥ ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ॥

ਪ੍ਰਭੂ ਨੇ ਆਪ ਹੀ ਆਪਣਿਆਂ ਚਰਨ-ਕਮਲਾਂ ਦਾ ਆਸ੍ਰਰਾ ਸੰਤਾਂ ਨੂੰ ਦਿੱਤਾ ਹੈ।

ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ॥ ੧॥

ਜੋ ਸੰਤ ਜਨ ਪ੍ਰਭੂ ਦੀ ਸ਼ਰਨ ਵਿਚ ਆ ਪਏ ਹਨ, ਉਨ੍ਹਾਂ ਸੰਤਾਂ ਦਾ ਸਦ=ਸ੍ਰੇਸ਼ਟ ਪ੍ਰਤਾਪ ਸਦਾ ਹੀ ਬਣਿਆ ਰਹਿੰਦਾ ਹੈ॥ ੧॥

ਰਾਖਨਹਾਰ ਅਪਾਰ ਪ੍ਰਭ ਤਾ ਕੀ ਨਿਰਮਲ ਸੇਵ॥

ਜੋ ਅਪਾਰ ਪ੍ਰਭੂ ਰੱਖਿਆ ਕਰਨ ਵਾਲਾ ਹੈ, ਉਸ ਦੀ ਸੇਵਾ ਪਵਿੱਤਰ ਹੈ।

ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ॥ ੧॥ ਰਹਾਉ॥

ਧੰਨ ਗੁਰਦੇਵ ਜੀ ਹਨ ਜਿਨ੍ਹਾਂ ਨੇ ਰਾਮਦਾਸ ਪੁਰੇ ਵਿਚ ਯਾਨੇ ਅੰਮ੍ਰਿਤਸਰ ਵਿਚ ਰਾਮ ਰਾਜ=ਰੱਬੀ ਰਾਜ ਕਰ ਦਿੱਤਾ ਹੈ। ਅਰਥਾਤ ਉਸ ਤਰ੍ਹਾਂ ਦਾ ਰਾਜ ਕੀਤਾ ਹੈ ਜਿਸ ਵਿਚ ਹਰ ਤਰ੍ਹਾਂ ਦਾ ਸੁਖ ਹੈ॥ ੧॥ ਰਹਾਉ॥

ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ॥

ਸਦਾ=ਨਿਤ ਰੂਪ ਹਰੀ ਨੂੰ ਸਦਾ ਧਿਆਉਣਾ ਕਰੀਏ ਤਾਂ ਕੁਝ ਵਿਘਨ ਨਹੀਂ ਲੱਗਦਾ ।

ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੈ॥ ੨॥ ੩॥ ੬੭॥

ਗੁਰੂ ਜੀ ਕਥਨ ਕਰਦੇ ਹਨ-ਨਾਮ ਨੂੰ ਜਪੀਏ, ਤਾਂ ਦੁਸ਼ਮਣ ਦਾ ਭਇ=ਡਰ ਭਾਗੈ=ਦੌੜ ਜਾਂਦਾ ਹੈ।

ਬਿਲਾਵਲੁ ਮਹਲਾ ੫॥ ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥

ਸਾਧ ਸਮਾਗਮ ਵਿਚ ਮਿਲ ਕੇ ਤਨ ਕਰ ਕੇ ਸੇਵਾ ਅਤੇ ਮਨ ਕਰ ਕੇ ਪ੍ਰਭੂ ਨੂੰ ਅਰਾਧਣਾ ਕਰੀਏ।

ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥ ੧ ॥

ਗੋਪਾਲ ਦੇ ਜਸ ਰੂਪ ਗੁਣਾਂ ਨੂੰ ਉਚਾਰਨ ਕਰਦਿਆਂ ਜਮ ਦੂਰੋਂ ਹੀ ਭਾਗੈ=ਭੱਜ ਜਾਂਦਾ ਭਾਵ ਦੌੜ ਜਾਂਦਾ ਹੈ॥ ੧॥

ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥

ਜੋ ਪੁਰਸ਼ ਰਾਮ ਨਾਮ ਨੂੰ ਜਪਦਾ ਹੈ ਉਹ ਸਦਾ ਰਾਤ ਦਿਨ ਗਿਆਨ ਜਾਗ੍ਰਤ ਵਿਚ ਜਾਗਦਾ ਹੈ।

ਅਥਵਾ:- ਰਾਤ ਦਿਨ ਸਦਾ ਜਾਗਦਾ ਹੈ, ਭਾਵ ਵਿਕਾਰਾਂ ਵਲੋਂ ਸਾਵਧਾਨ ਰਹਿੰਦਾ ਹੈ।

[ਪੰਨਾ ੮੧੮]

ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥ ੧ ॥ ਰਹਾਉ ॥

ਜੰਤਰ, ਤੰਤਰ, ਮੰਤਰ ਕਰਨ ਵਾਲੇ ਮਾਂਦਰੀ ਪੁਰਸ਼ ਉਸ ਵਲ ਨਹੀਂ ਜੋਹਈ=ਦੇਖ ਸਕਦੇ; ਜਾਂ ਤੰਤਰ ਮੰਤਰ ਆਦਿਕ ਜੋ ਭੀ ਹਨ ਉਹ ਉਸਨੂੰ ਹਈ ਨ=ਹਤ (ਨਾਸ) ਨਹੀਂ ਕਰ ਸਕਦੇ, ਤਿਤੁ=ਉਸ ਨੂੰ ਚਾਖੁ= ਖੋਟੀ ਦ੍ਰਿਸ਼ਟੀ ਭੀ ਨਹੀਂ ਲਗਦੀ।

*ਅਥਵਾ:-*ਉਸ ਨੂੰ ਪ੍ਰਤੱਖ ਚਾਖੁ=ਡੈਣ, ਵਾ:-ਮਾਇਆ ਰੂਪੀ ਡੈਣ ਭੀ ਨਹੀਂ ਲੱਗਦੀ।

ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥

ਕਾਮ, ਕ੍ਰੋਧ, ਮਦ=ਹੰਕਾਰ, ਮਾਨ, ਮੋਹ ਅਤੇ ਅਨਰਾਗੈ=ਰਾਗ ਦ੍ਵੈਸ਼ ਭੀ ਨਾਸ ਹੋ ਜਾਂਦੇ ਹਨ।

ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ ॥ ੨ ॥ ੪ ॥ ੬੮ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਸਰਨਾਗੈ=ਸ਼ਰਨ ਵਿਚ ਆ ਕੇ ਜਿਨ੍ਹਾਂ ਨੇ ਰਾਮ ਵਿਚ ਰੰਗਿ=ਪ੍ਰੇਮ ਕੀਤਾ ਹੈ ਉਹ ਆਨੰਦ-ਰਸ ਵਿਚ ਮਗਨ=ਮਸਤ ਰਹਿੰਦੇ ਹਨ॥ ੨॥ ੪॥ ੬੮॥

ਬਿਲਾਵਲੁ ਮਹਲਾ ੫ ॥ ਜੀਅ ਜੁਗਤਿ ਵਸਿ ਪ੍ਰਭੂ ਕੈ ਜੋ ਕਹੈ ਸੁ ਕਰਨਾ ॥

ਜੀਵਾਂ ਜੀ ਸਾਰੀ ਜੁਗਤੀ ਪ੍ਰਭੂ ਦੇ ਵੱਸ ਵਿਚ ਹੈ, ਜੋ ਪ੍ਰਭੂ ਕਹਿੰਦਾ ਹੈ ਸਾਰਿਆਂ ਨੇ ਓਹੀ ਕਰਨਾ ਹੈ।

ਭਏ ਪ੍ਰਸੰਨ ਗੋਪਾਲ ਰਾਇ ਭਉ ਕਿਛੁ ਨਹੀ ਕਰਨਾ ॥ ੧ ॥

ਜਿਨ੍ਹਾਂ ਉਤੇ ਗੋਪਾਲ ਰਾਇ ਪ੍ਰਸੰਨ ਹੋਇਆ ਹੈ, ਉਨ੍ਹਾਂ ਨੇ ਕਿਸੇ ਦਾ ਕੁਛ ਡਰ ਧਾਰਨ ਨਹੀਂ ਕਰਨਾ॥ ੧॥

ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥

ਹੇ ਭਾਈ ! ਤੂੰ ਪਾਰਬ੍ਰਹਮ ਨੂੰ ਚਿਤਾਰਨਾ ਕਰ ਤਾਂ ਤੈਨੂੰ ਕਦੇ ਕੋਈ ਦੁੱਖ ਨਹੀਂ ਲੱਗੇਗਾ।

ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥ ੧ ॥ ਰਹਾਉ ॥

ਹੇ ਪਿਆਰੇ ਗੁਰਸਿੱਖ ! ਤੇਰੇ ਨੇੜੇ ਜਮ ਕੰਕਰੁ=ਜਮਦੂਤ ਭੀ ਨਹੀਂ ਆਵੇਗਾ॥ ੧॥ ਰਹਾਉ॥

ਕਰਣ ਕਾਰਣ ਸਮਰਥੁ ਹੈ ਤਿਸੁ ਬਿਨੁ ਨਹੀ ਹੋਰੁ ॥ ੧ ॥

ਉਹ ਇਕ ਪ੍ਰਭੂ ਹੀ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਉਸ ਤੋਂ ਬਿਨਾਂ ਹੋਰ ਕੋਈ ਕੁਝ ਨਹੀਂ ਕਰ ਸਕਦਾ।

ਨਾਨਕ ਪ੍ਰਭ ਸਰਣਾਗਤੀ ਸਾਚਾ ਮਨਿ ਜੋਰੁ ॥ ੨ ॥ ੫ ॥ ੬੯ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਭੂ ਦੀ ਸ਼ਰਨ ਵਿਚ ਆਇਆ ਹੈ,

ਉਸ ਦੇ ਮਨ ਵਿਚ ਸੱਚਾ ਜ਼ੋਰ ਪ੍ਰਾਪਤ ਹੋਇਆ ਹੈ॥ ੨ ॥ ੫ ॥ ੬੯ ॥

ਬਿਲਾਵਲੁ ਮਹਲਾ ੫ ॥ ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ ॥

ਆਪਣੇ ਪ੍ਰਭੂ ਨੂੰ ਸਿਮਰਦਿਆਂ ਸਿਮਰਦਿਆਂ ਦੁੱਖਾਂ ਦਾ ਠਾਉ=ਟਿਕਾਣਾ (ਅਗਿਆਨ) ਨਾਠਾ=ਨੱਸ ਗਿਆ ਹੈ।

ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ ॥ ੧ ॥

ਸਾਧ ਸੰਗਤ ਵਿਚ ਮਿਲ ਕੇ ਮਨ ਨੇ ਬਿਸ੍ਰਾਮ=ਇਸਥਿਤੀ ਪਾ ਲਈ ਹੈ,

ਅਥਵਾ:-ਸਾਧ ਸੰਗਤ ਨਾਲ ਮਿਲ ਕੇ ਸਚ-ਸਰੂਪ ਵਿਚ ਇਸਥਿਤ ਹੋ ਕੇ ਸਾਰੇ ਬਿਸ੍ਰਾਮ=ਸੁਖ ਪਾਏ ਹਨ, ਇਸ ਕਰ ਕੇ ਮੁੜ ਕੇ ਜੂਨਾਂ ਵਿਚ ਨਹੀਂ ਦੌੜਾਂਗਾ॥ ੧ ॥

ਬਲਿਹਾਰੀ ਗੁਰ ਆਪਨੇ ਚਰਨਨ੍ ਬਲਿ ਜਾਉ ॥

ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਉਨ੍ਹਾਂ ਦੇ ਚੰਰਨਾ ਤੋਂ ਭੀ ਸਦਕੇ ਜਾਂਦਾ ਹਾਂ।

ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥ ੧ ॥ ਰਹਾਉ ॥

ਗੁਰਾਂ ਦਾ ਦਰਸ਼ਨ ਵੇਖ ਕੇ ਪ੍ਰਭੂ ਦੇ ਗੁਣ ਗਾਉਂਦਾ ਹਾਂ, ਇਸ ਕਰਕੇ ਆਤਮ-ਸੁਖ ਤੇ ਅਨੰਦਦਾਇਕ ਮੰਗਲ ਬਣੇ ਰਹਿੰਦੇ ਹਨ॥ ੧ ॥ ਰਹਾਉ ॥

ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥

ਕਥਾ ਦਾ ਕਰਨਾ ਜਾਂ ਸੁਣਨਾ ਅਤੇ ਰਾਗ ਦੀ ਨਾਦ=ਅਲਾਪ-ਚਾਰੀ ਵਿਚ ਕੀਰਤਨ ਦਾ ਧੁਨਿ=ਉਚਾਰਨ ਕਰਨਾ ਇਸ ਤਰ੍ਹਾਂ ਦੇ ਸੁਆਉ=ਲਾਭ ਬਣੇ ਰਹਿੰਦੇ ਹਨ।

ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥ ੨ ॥ ੬ ॥ ੭੦ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਆਪ ਪ੍ਰਸੰਨ ਹੋਏ ਤਾਂ ਮਨ ਇੱਛਤ ਫਲ ਪਾ ਲੈਣੇ ਕੀਤੇ।

ਬਿਲਾਵਲੁ ਮਹਲਾ ੫ ॥ ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ॥

ਹੇ ਪ੍ਰਭੂ ! ਤੇਰੇ ਅੱਗੇ ਦਾਸ ਦੀ ਏਹੋ ਬੇਨਤੀ ਹੈ ਕਿ ਮੇਰੇ ਹਿਰਦੇ ਵਿਚ ਸਰੂਪ ਦਾ ਪ੍ਰਕਾਸ਼ ਕਰ ਦਿਓ।

ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ ॥ ੧ ॥

ਹੇ ਪਾਰਬ੍ਰਹਮ ! ਆਪ ਜੀ ਦੀ ਕਿਰਪਾ ਨਾਲ ਹੀ ਪਾਪਾਂ ਦਾ ਨਾਸ ਹੁੰਦਾ ਹੈ॥ ੧ ॥

ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ ॥

ਹੇ ਸ਼ੁਭ ਗਣਾਂ ਦੇ ਖਜ਼ਾਨੇ ਪ੍ਰਭੂ ਪੁਰਖ ਮੈਨੂੰ ਤੇਰੇ ਚਰਨ-ਕਮਲਾਂ ਦਾ ਹੀ ਆਸਰਾ ਹੈ।

ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥ ੧ ॥ ਰਹਾਉ ॥

ਜਿੰਨਾ ਚਿਰ ਮੇਰੇ ਘਟਿ=ਸਰੀਰ ਵਿਚ ਸ੍ਵਾਸ ਹਨ, ਉਤਨਾ ਚਿਰ ਕੀਰਤਨ ਕਰਦਾ ਰਹਾਂ ਅਤੇ ਨਾਮ ਨੂੰ ਸਿਮਰਦਾ ਰਹਾਂ ॥ ੧ ॥ ਰਹਾਉ ॥

ਮਾਤ ਪਿਤਾ ਬੰਧਪ ਤੂਹੈ ਤੂ ਸਰਬ ਨਿਵਾਸੁ ॥

ਤੂੰ ਹੀ ਮਾਂ, ਪਿਓ, ਸਬੰਧੀ ਹੈਂ, ਅਤੇ ਤੂੰ ਹੀਂ ਸਾਰਿਆਂ ਵਿਚ ਨਿਵਾਸ ਕਰ ਰਿਹਾ ਹੈਂ ।

ਨਾਨਕ ਪ੍ਰਭ ਸਰਣਾਗਤੀ ਜਾ ਕੋ ਨਿਰਮਲ ਜਾਸੁ ॥ ੨ ॥ ੭ ॥ ੭੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਜਿਸ ਆਪ ਜੀ ਦਾ ਜਸ ਨਿਰਮਲ=ਉੱਜਲ ਹੈ॥ ੨ ॥ ੭ ॥ ੭੧ ॥

ਬਿਲਾਵਲੁ ਮਹਲਾ ੫ ॥ ਸਰਬ ਸਿਧਿ ਹਰਿ ਗਾਈਐ ਸਭਿ ਭਲਾ ਮਨਾਵਹਿ ॥

ਸਭ ਸਿਧੀਆਂ ਦਾ ਮਾਲਕ ਜੋ ਹਰੀ ਹੈ ਉਸ ਦੇ ਗੁਣ ਗਾਉਣਾ ਕਰੋ, ਜਾਂ ਹਰੀ ਦੇ ਗਣ ਗਾਉਣ ਕਰ ਕੇ ਸਾਰੇ ਕਾਰਜ ਸਿਧਿ=ਪੂਰੇ ਹੋ ਜਾਂਦੇ ਹਨ ਅਤੇ ਦੁਨੀਆਂ ਦੇ ਸਾਰੇ ਲੋਕ ਭਲਾ ਮਨਾਉਂਦੇ ਹਨ।

ਸਾਧੁ ਸਾਧੁ ਮੁਖ ਤੇ ਕਹਹਿ ਸੁਣਿ ਦਾਸ ਮਿਲਾਵਹਿ ॥ ੧ ॥

ਸਾਰੇ ਮੂੰਹ 'ਚੋਂ ਉਸ ਨੂੰ ਸਾਧੂ ਸਾਧੂ ਜਾ ਸ੍ਰੇਸ਼ਟ ਸ੍ਰੇਸ਼ਟ ਕਹਿਣ ਲੱਗ ਜਾਂਦੇ ਹਨ, ਉਸ ਦੀ ਸ਼ੋਭਾ ਸੁਣ ਕੇ ਕਈ ਪੁਰਸ਼ ਆਪਣੇ ਆਪ ਨੂੰ ਦਾਸ ਭਾਵ ਵਿਚ ਮਿਲਾਉਂਦੇ ਹਨ॥ ੧ ॥

ਸੂਖ ਸਹਜ ਕਲਿਆਣ ਰਸ ਪੂਰੈ ਗੁਰਿ ਕੀਨ੍ ॥

ਪੂਰਿਆਂ ਗੁਰਾਂ ਨੇ ਸੂਖ ਸਹਜ=ਆਤਮ-ਸੁਖ ਦੇ ਕੇ ਕਲਿਆਣ ਰਸ=ਅਨੰਦ ਸਰੂਪ ਕਰ ਦਿੱਤਾ ਹੈ।

ਅਥਵਾ:-ਪੂਰਿਆਂ ਗੁਰਾਂ ਨੇ ਰਸ=ਪ੍ਰੇਮ ਕੀਤਾ ਤਾਂ ਅਚੁੱਤ ਸੁਖ ਦੇ ਸਹਿਤ ਕਲਿਆਣ ਹੋਈ।

ਜੀਅ ਸਗਲ ਦਇਆਲ ਭਏ ਹਰਿ ਹਰਿ ਨਾਮੁ ਚੀਨ੍ ॥ ੧ ॥ ਰਹਾਉ ॥

ਜਾਂ ਹਰਿ ਹਰਿ ਨਾਮ ਦਾ ਸਿਮਰਨ ਕਰਨਾ ਚੀਨ੍=ਜਾਣਿਆਂ ਤਾਂ ਸਾਰੇ ਜੀਵ ਦਿਆਲੂ ਹੋ ਗਏ॥ ੧ ॥ ਰਹਾਉ ॥

ਪੂਰਿ ਰਹਿਓ ਸਰਬਤ੍ਰ ਮਹਿ ਪ੍ਰਭ ਗੁਣੀ ਗਹੀਰ ॥

ਸ਼ੁਭ-ਗੁਣਾਂ ਦਾ ਗਹੀਰ=ਸਮੁੰਦਰ ਪ੍ਰਭੂ ਸਾਰਿਆਂ ਵਿਚ ਪਰੀ-ਪੂਰਨ ਹੋ ਰਿਹਾ ਹੈ।

ਨਾਨਕ ਭਗਤ ਆਨੰਦ ਮੈ ਪੇਖਿ ਪ੍ਰਭ ਕੀ ਧੀਰ ॥ ੨ ॥ ੮ ॥ ੭੨ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੀ ਧੀਰ=ਧੀਰਜਤਾ ਨੂੰ ਵੇਖ ਕੇ ਭਗਤ ਆਨੰਦ ਮੈ=ਸਰੂਪ ਹੋ ਰਹੇ ਹਨ॥ ੨ ॥ ੮ ॥ ੭੨ ॥

ਬਿਲਾਵਲੁ ਮਹਲਾ ੫ ॥ ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥

ਦਾਤਾਂ ਦੇਣ ਵਾਲੇ ਪ੍ਰਭੂ ਨੇ ਬੇਨਤੀ ਸੁਣੀ ਹੈ ਅਤੇ ਕ੍ਰਿਪਾਲੂ ਹੋਏ ਹਨ।

ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥ ੧ ॥

ਆਪਣਾ ਸੇਵਕ ਹਰਿਗੋਬਿੰਦ ਨੂੰ ਪ੍ਰਭੂ ਨੇ ਹੱਥ ਦੇ ਕੇ ਰੱਖ ਲਿਆ ਹੈ, ਨਿੰਦਕਾਂ ਦੇ ਮੂੰਹ ਵਿਚ ਪ੍ਰਤੱਖ ਵਾ:-ਲਾਹਨਤਾਂ ਰੂਪੀ ਸੁਆਹ ਪਾਉਂਦਾ ਹੈ॥ ੧ ॥

ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ ॥

ਹੇ ਮਿੱਤਰ ਜਨ ਹਰਿਗੋਬਿੰਦ ! ਤੈਨੂੰ ਕੋਈ ਬੁਰੀ ਨਿਗਾਹ ਨਾਲ ਨਹੀਂ ਜੋਹੈ=ਵੇਖ ਸਕਦਾ, ਕਿਉਂਕਿ ਤੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਦਾਸ ਹੈਂ।

ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥ ੧ ॥ ਰਹਾਉ ॥

ਪਾਰਬ੍ਰਹਮ ਨੇ ਤੈਨੂੰ ਆਪਣਾ ਹੱਥ ਦੇ ਕੇ ਰੱਖ ਲਿਆ ਹੈ॥ ੧ ॥ ਰਹਾਉ ॥

ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ ॥

ਸਾਰਿਆਂ ਜੀਵਾਂ ਦਾ ਦਾਤਾ ਇਕ ਪ੍ਰਭੂ ਹੈ, ਬੀਆ=ਦੂਜਾ ਹੋਰ ਕੋਈ ਨਹੀਂ।

ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ ॥ ੨ ॥ ੯ ॥ ੭੩ ॥

ਪੰਚਮ ਗੁਰੂ ਜੀਂ ਕਥਨ ਕਰਦੇ ਹਨ-ਮੈਂ ਨਾਨਕ ਦੀ ਇਹੋ ਬੇਨਤੀ ਹੈ, ਮੈਨੂੰ ਤੇਰਾ ਹੀ ਜੋਰੁ=ਬਲ ਹੈ॥ ੨ ॥ ੯ ॥ ੭੩ ॥

ਬਿਲਾਵਲੁ ਮਹਲਾ ੫ ॥ ਮੀਤ ਹਮਾਰੇ ਸਾਜਨਾ ਰਾਖੇ ਗੋਵਿੰਦ ॥

ਸਾਡਾ ਮਿੱਤਰ ਇਸ ਲੋਕ ਦਾ ਤੇ ਸੱਜਣ ਪ੍ਰਲੋਕ ਦਾ ਜੋ ਪ੍ਰਭੂ ਗੋਬਿੰਦ ਹੈ, ਉਸ ਨੇ ਹਰਿਗੋਬਿੰਦ ਨੂੰ ਹੱਥ ਦੇ ਕੇ ਰੱਖ ਲਿਆ ਹੈ।

ਨਿੰਦਕ ਮਿਰਤਕ ਹੋਇ ਗਏ ਤੁਮ ਹੋਹੁ ਨਿਚਿੰਦ ॥ ੧ ॥ ਰਹਾਉ ॥

ਸਾਰੇ ਨਿੰਦਕ ਲੋਕ ਮਰ ਗਏ ਹਨ, ਜਾਂ ਮੁਰਦੇ ਤੁਲ ਹੋ ਗਏ ਹਨ, ਇਸ ਲਈ ਤੁਸੀਂ ਨਿਚਿੰਦ= ਨਿਸਚਿੰਤ (ਬੇ-ਫਿਕਰ) ਹੋ ਜਾਓ ॥ ੧ ॥ ਰਹਾਉ ॥

[ਪੰਨਾ ੮੧੯]

ਸਗਲ ਮਨੋਰਥ ਪ੍ਰਭਿ ਕੀਏ ਭੇਟੇ ਗੁਰਦੇਵ ॥

ਗੁਰਦੇਵਾਂ ਦੇ ਭੇਟੇ=ਮਿਲਣ ਕਰ ਕੇ ਪ੍ਰਭੂ ਨੇ ਸਾਰੇ ਮਨੋਰਥ=ਸੰਕਲਪ ਪੂਰੇ ਕਰ ਦਿੱਤੇ ਹਨ।

ਜੈ ਜੈ ਕਾਰੁ ਜਗਤ ਮਹਿ ਸਫਲ ਜਾ ਕੀ ਸੇਵ ॥ ੧ ॥

ਜਿਸ ਦੀ ਸੇਵਾ ਕਰਨੀ ਸਫਲ ਹੈ, ਉਸ ਪ੍ਰਭੂ ਨੇ ਸਾਰੇ ਸੰਸਾਰ ਵਿਚ ਜੈ ਜੈ ਕਾਰ ਕਰਵਾ ਦਿੱਤੇ ਹਨ॥ ੧ ॥

ਊਚ ਅਪਾਰ ਅਗਨਤ ਹਰਿ ਸਭਿ ਜੀਅ ਜਿਸੁ ਹਾਥਿ ॥

ਜਿਸ ਦੇ ਹੱਥ ਵਿਚ ਸਾਰੇ ਜੀਵ ਹਨ, ਉਸ ਅਪਾਰ ਉੱਚੇ ਹਰੀ ਦੇ ਅਨਗਿਣਤ ਗੁਣ ਹਨ।

ਨਾਨਕ ਪ੍ਰਭ ਸਰਣਾਗਤੀ ਜਤ ਕਤ ਮੇਰੈ ਸਾਥਿ ॥ ੨ ॥ ੧੦ ॥ ੭੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ.ਦੀ ਸ਼ਰਨ ਵਿਚ ਆਇਆ ਹਾਂ, ਉਹ ਜਿਥੇ ਕਿਥੇ ਮੇਰੇ ਨਾਲ ਵੱਸ ਰਿਹਾ ਹੈ॥ ੨ ॥ ੧੦॥ ੭੪ ॥

ਬਿਲਾਵਲੁ ਮਹਲਾ ੫ ॥ ਗੁਰੁ ਪੂਰਾ ਆਰਾਧਿਆ ਹੋਏ ਕਿਰਪਾਲ ॥

ਪੂਰਿਆ ਗੁਰਾਂ ਨਾਲ ਮਿਲ ਕੇ ਨਾਮ ਨੂੰ ਜਪਿਆ ਹੈ, ਇਸ ਕਰਕੇ ਪ੍ਰਭੂ ਜੀ ਕ੍ਰਿਪਾਲੂ ਹੋਏ ਹਨ।

ਮਾਰਗੁ ਸੰਤਿ ਬਤਾਇਆ ਤੂਟੇ ਜਮ ਜਾਲ ॥ ੧ ॥

ਸੰਤਿ=ਸ਼ਾਂਤ ਆਤਮਾ ਗੁਰਾਂ ਨੇ ਉਹ ਭਗਤੀ ਰੂਪ ਰਸਤਾ ਦੱਸਿਆ ਹੈ, ਜਿਸ ਉੱਤੇ ਤੁਰਨ ਕਰ ਕੇ ਜਮਾਂ ਦੇ ਜਾਲ=ਫਾਹੇ ਟੁੱਟ ਗਏ ਹਨ॥ ੧ ॥

ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ ॥

ਪ੍ਰਭੂ ਦਾ ਨਾਮ ਜਪਦਿਆਂ-ਜਪਦਿਆਂ ਦੁੱਖ, ਭੁੱਖ ਅਤੇ ਸੰਸਾ ਮਿਟ ਗਿਆ ਹੈ।

ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ ॥ ੧ ॥ ਰਹਾਉ ॥

ਅਚੁੱਤ ਸੁਖ ਨੂੰ ਪਾ ਕੇ ਅਨੰਦ ਵਿਚ ਰਸ=ਮਸਤ ਹਾਂ, ਜਾਂ ਅਨੰਦ ਸਰੂਪ ਪਰਮੇਸ਼ਰ ਵਿਚ ਰਸ=ਪ੍ਰੇਮ ਕਰਨ ਨਾਲ ਸਹਜ ਸੂਖ=ਅਚੁੱਤ ਸੁਖ ਪ੍ਰਾਪਤ ਹੋਇਆ ਹੈ ਅਤੇ ਸਾਰੇ ਕੰਮ ਪੂਰੇ ਹੋ ਗਏ ਹਨ।

ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ ॥

ਤ੍ਰਿਸ਼ਨਾ ਰੂਪੀ ਜਲਨਿ=ਅੱਗ ਬੁਝ ਗਈ ਹੈ, ਮਨ ਆਦਿਕ ਸਭ ਇੰਦ੍ਰੀਏ ਸੀਤਲ ਹੋ ਗਏ ਹਨ, ਕਿਉਂਕਿ ਪ੍ਰਭੂ ਨੇ ਆਪ ਹੱਥ ਦੇ ਕੇ ਰੱਖ ਲਿਆ ਹੈ।

ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ ॥ ੨ ॥ ੧੧ ॥ ੭੫ ॥

ਗੁਰੂ ਜੀ ਕਥਨ ਕ਼ਰਦੇ ਹਨ-ਉਸ ਪ੍ਰਭੂ ਦੀ ਸ਼ਰਨ ਵਿਚ ਆਇਆ ਹਾਂ, ਜਿਸ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ॥ ੨ ॥ ੧੧ ॥ ੭੫ ॥

ਬਿਲਾਵਲੁ ਮਹਲਾ ੫ ॥ ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ ॥

(੧) ਅੰਮ੍ਰਿਤਸਰ ਦੀ ਧਰਤੀ ਸ਼ੋਭਨੀਕ ਹੋਈ ਹੈ ਤੇ ਸ੍ਰੀ ਹ਼ਰਿਮੰਦਰ ਸਾਹਿਬ ਰੂਪ ਅਸਥਾਨ ਸਫਲ ਹੋਇਆ ਹੈ।

(੨) ਜਿਥੇ ਸੰਤ ਬੈਠਦੇ ਹਨ ਉਹ ਧਰਤੀ ਸ਼ੋਭਨੀਕ ਹੋਈ ਹੈ ਅਤੇ ਉਹ ਅਸਥਾਨ ਭੀ ਸਫਲ ਹੋਇਆ ਹੈ।

ਯਥਾ:- ''ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥'' *(ਫੁਨਹੇ ਪੰਨਾ ੧੩੬੩)*

ਤਥਾ:- ''ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥'' *(ਗਉੜੀ ਕੀ ਵਾਰ ਮ: ੫, ਪੰਨਾ ੩੧੯)*

(੩) ਬੁੱਧੀ ਰੂਪ ਧਰਤੀ ਸ਼ੋਭਨੀਕ ਹੋਈ ਹੈ ਹਿਰਦਾ ਰੂਪ ਸਥਾਨ ਵੀ ਸਫਲ ਹੈ।

ਵਾ:-ਧਰਤੀ=ਦੇਹ ਸ਼ੋਭਨੀਕ ਹੋਈ ਹੈ, ਥਾਨੁ=ਇੰਦ੍ਰੀਏ ਭੀ ਸਫਲ ਹੋਏ ਹਨ ਨਾਮ ਜਪਣੇ ਕਰ ਕੇ ਅਤੇ

ਸਾਰੇ ਕੰਮ ਭੀ ਪੂਰਨ ਹੋ ਗਏ ਹਨ।

ਭਉ ਨਾਠਾ ਭ੍ਰਮੁ ਮਿਟਿ ਗਇਆ ਰਵਿਆ ਨਿਤ ਰਾਮ ॥੧॥

ਨਿਤਾਪ੍ਰਤੀ ਰਾਮ ਨੂੰ ਰਵਿਆ=ਜਪਿਆ ਹੈ, ਇਸ ਕਰਕੇ ਭਰਮ ਮਿਟ ਗਿਆ ਹੈ, ਅਤੇ- ਜਮਾਂ ਦਾ ਭਉ=ਡਰ ਨਾਠਾ=ਭੱਜ ਗਿਆ ਹੈ॥ ੧॥

ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ॥

ਸੰਤ ਜਨਾਂ ਦੇ ਨਾਲ ਵੱਸਣ ਕਰ ਕੇ ਆਤਮਾ-ਸੁਖ ਵਿਚ ਵੱਸਣਾ ਪਾਇਆ ਹੈ।

ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ॥੧॥ਰਹਾਉ॥

ਉਹ ਘੜੀ ਸੁਲੱਖਣੀ ਹੈ (ਭਾਗਾਂ ਵਾਲੀ ਹੈ) ਜਿਸ ਵਿਚ ਹਰੀ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ।

ਪ੍ਰਗਟ ਭਏ ਸੰਸਾਰ ਮਹਿ ਫਿਰਤੇ ਪਹਨਾਮ ॥

ਪਹਿਲੇ ਪਹਨਾਮ=ਲੁਕੇ ਫਿਰਦੇ ਸੀ, ਹੁਣ ਨਾਮ ਦੇ ਪ੍ਰਤਾਪ ਕਰਕੇ ਸਾਰੇ ਸੰਸਾਰ ਵਿਚ ਪ੍ਰਗਟ=ਮਸ਼ਹੂਰ (ਪ੍ਰਸਿੱਧ) ਹੋ ਗਏ ਹਾਂ।

ਨਾਨਕ ਤਿਸੁ ਸਰਣਾਗਤੀ ਘਟ ਘਟ ਸਭ ਜਾਨ॥੨॥੧੨॥੭੬॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਦੀ ਸ਼ਰਨ ਵਿਚ ਆਇਆ ਹਾਂ-ਜੋ ਸਭ ਘਟਾਂ ਘਟਾਂ ਦੀ ਗੱਲ ਜਾਣਦਾ ਹੈ॥ ੨॥ ੧੨॥ ੭੬॥

ਬਿਲਾਵਲੁ ਮਹਲਾ ੫॥

ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ॥

ਪ੍ਰਭੂ ਨੇ ਆਪੇ ਰੋਗ ਦੂਰ ਕੀਤਾ ਹੈ, ਤੇ ਸ਼ਾਂਤੀ ਸੁਖ ਉਤਪੰਨ ਹੋ ਗਿਆ ਹੈ।

ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨੀ ਦਾਤਿ॥੧॥

ਜਿਸ ਦਾ ਪ੍ਰਤਾਪ ਵੱਡਾ ਹੈ, ਤੇ ਅਸਚਰਜ ਰੂਪ ਹੈ, ਉਸ ਹਰੀ ਨੇ ਨਾਮ ਦੀ ਦਾਤ, ਵਾ:-ਕਿਰਪਾ ਦੀ ਦਾਤ ਦੇਣਾ ਕੀਤੀ ਹੈ॥ ੧॥

ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ॥

(੧) ਗੁਰੂ ਰੂਪ ਗੋਬਿੰਦ ਨੇ ਕਿਰਪਾ ਕੀਤੀ ਤਾਂ ਹੇ ਭਾਈ ! ਮੈਨੂੰ ਦੁੱਖਾਂ ਤੋਂ ਰੱਖ ਲਿਆ ਹੈ।

(੨) ਗੁਰੂ ਨੇ ਕਿਰਪਾ ਕੀਤੀ ਤਾਂ ਗੋਬਿੰਦ ਨੇ ਹਰਿਗੋਬਿੰਦ ਨੂੰ ਮੇਰੇ ਭਾਈ ਪ੍ਰਿਥੀ ਚੰਦ ਤੋਂ ਬਚਾ ਕੇ ਰੱਖ ਲਿਆ।

(੩) ਗੁਰੂ ਤੇ ਗੋਬਿੰਦ ਦੋਹਾਂ ਨੇ ਕਿਰਪਾ ਕਰ ਕੇ ਗੁਰਤਾ-ਗੱਦੀ ਪਰ ਬੈਠਣ ਕਰਕੇ ਮੇਰਾ ਭਾਈ ਜੋ ਹਰਿ ਗੋਬਿੰਦ ਹੈ ਉਸ ਨੂੰ ਰੱਖ ਲਿਆ।

ਵਾ:-ਮੇਰਾ ਪੁੱਤਰ ਹਰਿਗੋਬਿੰਦ, ਜੋ ਮੈਨੂੰ ਭਾਈ=ਭਾਉਂਦਾ ਹੈ, ਉਸ ਨੂੰ ਰੱਖ ਲਿਆ ਹੈ।

ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ॥ ੧ ॥ ਰਹਾਉ ॥

ਅਸੀਂ ਉਸ ਦੀ ਸ਼ਰਨ ਵਿਚ ਆਏ ਹਾਂ, ਜੋ ਸਦਾ ਹੀ ਸਹਾਇਤਾ ਕਰਦਾ ਹੈ॥ ੧ ॥ ਰਹਾਉ॥

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥

ਸੰਤ ਜਨਾਂ ਦੀ ਕੀਤੀ ਹੋਈ ਅਰਦਾਸ ਕਦੇ ਭੀ ਵਿਅਰਥ ਨਹੀਂ ਹੁੰਦੀ।

ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥ ੨ ॥ ੧੩ ॥ ੭੭ ॥

ਗੁਰੂ ਜੀ ਕਥਨ ਕਰਦੇ ਹਨ-ਜੋ ਸੰਪੂਰਣ ਸ਼ੁਭ-ਗੁਣਾਂ ਦਾ ਖਜ਼ਾਨਾ ਹੈ, ਉਸ ਗੋਬਿੰਦ ਦਾ ਸਾਨੂੰ ਜੋਰੁ=ਬਲ ਹੈ॥ ੨ ॥ ੧੩ ॥ ੭੭॥

ਬਿਲਾਵਲੁ ਮਹਲਾ ੫ ॥

ਮਰਿ ਮਰਿ ਜਨਮੇ ਜਿਨ ਬਿਸਰਿਆ ਜੀਵਨ ਕਾ ਦਾਤਾ॥

ਜਿਨ੍ਹਾਂ ਨੂੰ ਤਮਾਮ ਜੀਵਾਂ ਦਾ ਦਾਤਾ ਪ੍ਰਭੂ ਭੁੱਲ ਗਿਆ ਹੈ ਉਹ ਪੁਰਸ਼ ਮਰ ਮਰ ਕੇ ਜੰਮਦੇ ਹਨ।

ਪਾਰਬ੍ਰਹਮੁ ਜਨਿ ਸੇਵਿਆ ਅਨਦਿਨੁ ਰੰਗਿ ਰਾਤਾ॥ ੧ ॥

ਜਿਸ ਜਨ ਨੇ ਪਾਰਬ੍ਰਹਮ ਨੂੰ ਸੇਵਨਾ ਕੀਤਾ ਹੈ, ਉਹ ਪੁਰਸ਼ ਰਾਤ ਦਿਨ ਉਸ ਦੇ ਰੰਗਿ=ਪ੍ਰੇਮ ਵਿਚ ਰੱਤਾ ਰਹਿੰਦਾ ਹੈ॥ ੧ ॥

ਸਾਂਤਿ ਸਹਜੁ ਆਨਦੁ ਘਨਾ ਪੂਰਨ ਭਈ ਆਸ॥

ਸਹਿਜੇ ਹੀ ਸ਼ਾਂਤੀ-ਦਾਇਕ ਘਨਾ=ਬਹੁਤਾ ਆਨੰਦ ਪ੍ਰਾਪਤ ਹੋਇਆ ਹੈ, ਅਤੇ ਸਾਰੀ ਆਸਾ ਭੀ ਪੂਰਨ ਹੋ ਗਈ ਹੈ।

ਸੁਖੁ ਪਾਇਆ ਹਰਿ ਸਾਧਸੰਗਿ ਸਿਮਰਤ ਗੁਣਤਾਸ॥ ੧ ॥ ਰਹਾਉ ॥

ਸਾਧ ਸੰਗਤ ਵਿਚ ਸ਼ੁਭ-ਗੁਣਾਂ ਦੇ ਖਜ਼ਾਨੇ ਹਰੀ ਦੇ ਸਿਮਰਨੇ ਕਰਕੇ ਸੁਖ ਪਾਇਆ ਹੈ॥ ੧ ॥ ਰਹਾਉ॥

ਸੁਣਿ ਸੁਆਮੀ ਅਰਦਾਸਿ ਜਨ ਤੁਮ੍ ਅੰਤਰਜਾਮੀ॥

ਹੇ ਸੁਆਮੀ ! ਆਪ ਅੰਤਰਜਾਮੀ ਹੋ। ਮੈਂ ਸੇਵਕ ਜਨ ਦੀ ਅਰਦਾਸ ਆਪ ਸੁਣਨਾ ਕਰੋ।

ਥਾਨ ਥਨੰਤਰਿ ਰਵਿ ਰਹੇ ਨਾਨਕ ਕੇ ਸੁਆਮੀ ॥ ੨ ॥ ੧੪ ॥ ੭੮ ॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਸੁਆਮੀ ਪਰਮਾਤਮਾ ! ਤੁਸੀਂ ਥਾਨਾਂ ਅੰਦਰ ਥਾਨਾਂ ਵਿਚ ਰਵਿ ਰਹੇ=ਪਰੀ-ਪੂਰਨ ਹੋ ਰਹੇ ਹੋ॥ ੨ ॥ ੧੪ ॥ ੭੮ ॥

ਬਿਲਾਵਲੁ ਮਹਲਾ ੫ ॥

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥

ਪਾਰਬ੍ਰਹਮ ਦੀ ਸ਼ਰਨ ਵਿਚ ਆਉਣ ਕਰਕੇ ਪ੍ਰਤੱਖ ਤੱਤੀ ਹਵਾ ਨਹੀਂ ਲੱਗਦੀ,

ਵਾ:-ਪ੍ਰਸੂਤ ਪੌਣ ਰੂਪ ਤੱਤੀ ਹਵਾ, ਜਾਂ ਦੁੱਖਾਂ ਰੂਪੀ ਤੱਤੀ ਹਵਾ,

ਅਥਵਾ:-ਪਰ ਇਸਤ੍ਰੀ ਰੂਪੀ ਤੱਤੀ ਹਵਾ, ਜਾਂ ਨਰਕਾਂ ਰੂਪੀ ਤੱਤੀ ਹਵਾ ਨਹੀਂ ਲੱਗਦੀ।

ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥

ਸਾਡੇ ਚਾਰੋਂ ਤਰਫ ਰਾਮ ਦੀ ਕਾਰ=ਲਕੀਰ ਜਾਂ ਰੱਖਿਆ ਹੈ, ਇਸ ਕਰ ਕੇ ਹੇ ਭਾਈ! ਸਾਨੂੰ ਕੋਈ ਦੁੱਖ ਲਗਦਾ ਨਹੀਂ ਹੈ॥ ੧॥

ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥

ਸਾਨੂੰ ਉਹ ਪੂਰਾ ਸਤਿਗੁਰੂ ਮਿਲਿਆ ਹੈ, ਜਿਸ ਨੇ ਸ਼ੁਭ-ਗੁਣਾਂ ਦੀ ਬਣਾਵਟ ਬਣਾਈ ਹੈ।

ਅਥਵਾ:-ਸਾਨੂੰ ਉਹ ਪੂਰਾ ਸਤਿਗੁਰੂ ਮਿਲਿਆ ਹੈ, ਜਿਸ ਨੇ ਸਾਰੇ ਸੰਸਾਰ ਦੀ ਬਣਾਵਟ ਬਣਾਈ ਹੈ।

ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ॥

ਗੁਰਾਂ ਨੇ ਹਉਮੈ ਰੂਪੀ ਰੋਗ ਦੀ ਨਵਿਰਤੀ ਲਈ ਰਾਮ ਨਾਮ ਰੂਪੀ ਦਾਰੂ ਦਿੱਤਾ ਹੈ, ਇਸ ਕਰ ਕੇ ਅਸਾਂ ਨੇ ਇਸ ਰਾਮ ਨਾਮ ਨਾਲ ਹੀ ਲਿਵ ਲਗਾਈ ਹੋਈ ਹੈ॥ ੧॥ ਰਹਾਉ॥

ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥

ਉਸ ਰਖਣਹਾਰ ਪ੍ਰਭੂ ਨੇ ਸਾਨੂੰ ਰੱਖ ਲੀਤਾ ਹੈ ਅਤੇ ਸਾਰੀ ਬਿਆਧਿ=ਬਿਮਾਰੀ ਮਿਟਾ ਦਿੱਤੀ ਹੈ।

ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥ ੨॥ ੧੫॥ ੭੯॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਹੋਈ ਹੈ,

ਜਿਸ ਕਰ ਕੇ ਪ੍ਰਭੂ ਜੀ ਆਪ ਸਹਾਇਤਾ ਕਰਨ ਵਾਲੇ ਹੋਏ ਹਨ॥ ੨॥ ੧੫॥ ੭੯॥

ਬਿਲਾਵਲੁ ਮਹਲਾ ੫ ॥ਆਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥

ਪ੍ਰਾਰਬ੍ਰਹਮ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਬਾਲਕ ਹਰਿਗੋਬਿੰਦ ਨੂੰ,

ਵਾ:-ਜਗਿਆਸੂ ਨੂੰ ਆਪੇ ਰੱਖ ਲਿਆ ਹੈ।

[ਪੰਨਾ ੮੨੦]

ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥ ੧॥ ਰਹਾਉ॥

ਸੁਖ, ਸ਼ਾਂਤੀ ਤੇ ਸਹਜ=ਗਿਆਨ ਨੂੰ ਪਾ ਕੇ ਅੰਨਦ ਹੋਏ ਹਾਂ, ਅਥਵਾ:-ਤਨ ਕਰ ਕੇ ਸੁਖ, ਮਨ ਕਰ ਕੇ ਸ਼ਾਂਤੀ ਅਤੇ ਸਹਜ ਆਨਦ=ਆਤਮਿਕ ਅੰਨਦ ਇਤਿਆਦਿਕ ਸਾਰੇ ਗੁਣ ਪ੍ਰਾਪਤ ਹੋਏ ਹਨ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਸੰਪੂਰਨ ਹੋ ਗਈ ਹੈ॥ ੧॥ ਰਹਾਉ॥

ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥

ਆਪਣਿਆਂ ਭਗਤ ਜਨਾਂ ਦੀ ਬੇਨਤੀ ਪ੍ਰਭੂ ਨੇ ਆਪ ਹੀ ਸੁਣੀ ਹੈ।

ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧॥

ਜਿਸ ਪ੍ਰਭੂ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ ਓਸੇ ਨੇ ਰੋਗ=ਦੁੱਖ ਦੂਰ ਕਰ ਕੇ ਆਪਣੇ ਵਲ ਜਿਵਾ ਲਿਆ ਹੈ।

ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥

ਆਪਣੀ ਕਲ=ਸ਼ਕਤੀ, ਵਾ:-ਪ੍ਰਸੰਨਤਾ ਧਾਰ ਕੇ ਸਾਡੇ ਦੋਸ਼ ਬਖਸ਼ ਦਿੱਤੇ ਹਨ।

ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ॥ ੨॥ ੧੬॥ ੮੦॥

ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਮਨ ਇੱਛਤ ਫਲ ਦੇ ਦਿੱਤੇ ਹਨ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ॥ ੨॥ ੧੬॥ ੮੦॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬

ੴ ਸਤਿਗੁਰ ਪ੍ਰਸਾਦਿ॥ ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ॥

ਹੇ ਮੇਰੇ ਮੋਹਨ=ਪਰਮਾਤਮਾ ! ਮੇਰੇ ਕੰਨਾਂ ਇਹ ਬਚਨ ਨਾ ਸੁਣਾਉਣਾ ਕਰ।

ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ ੧॥ ਰਹਾਉ॥

ਜੋ ਸਾਕਤ=ਮਨਮੁਖ ਪੁਰਸ਼ ਰਾਗ ਦੀ ਨਾਦ=ਅਲਾਪਚਾਰੀ ਵਿਚ ਬਾਹਰਲਿਆਂ ਗੀਤਾਂ ਦੀ ਧੁਨੀ ਨੂੰ ਗਾਉਂਦੇ ਹਨ ਅਤੇ ਅਜਾਏ=ਵਿਅਰਥ ਬੋਲਾਂ ਦੇ ਬੋਲਦੇ ਹਨ॥ ੧॥ ਰਹਾਉ॥

ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ॥

੧. ਪੁਰਸ਼ਾਂ ਕਰਕੇ ਸੇਵਨੇ ਜੋਗ ਰਾਜੇ, ਰਾਜਿਆਂ ਕਰਕੇ ਸੇਵਨੇ ਜੋਗ ਇੰਦ੍ਰ ਆਦਿਕ ਦੇਵਤੇ, ਇੰਦਰ ਆਦਿਕ ਦੇਵੜਿਆਂ ਕਰਕੇ ਸੇਵਨੇ ਜੋਗ ਬ੍ਰਹਮਾ, ਬ੍ਰਹਮਾ ਕਰਕੇ ਸੇਵਣੇ ਜੋਗ ਜੋ ਸੰਤ ਹਨ, ਤੁਸੀਂ ਭੀ ਉਨ੍ਹਾਂ ਸੰਤਾਂ ਨੂੰ ਸੇਵਨਾ ਕਰੋ।

੨. ਸੇਵਨੇ ਵਾਲਾ ਹੋ ਕੇ ਮਨ ਕਰਕੇ ਸੰਤਾਂ ਨੂੰ ਸੇਵੋ, ਬਾਣੀ ਦੁਆਰਾ ਸੰਤਾਂ ਨੂੰ ਸੇਵੋ, ਤਨ ਕਰਕੇ ਸੰਤਾਂ ਨੂੰ ਸੇਵੋ। ਇਸ ਸੇਵਾ ਰੂਪੀ ਕਿਰਤ ਨੂੰ ਸਦਾ ਹੀ ਕਰਦੇ ਰਹੋ।

ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ॥ ੧॥

ਸੰਗਤ ਵਿਚ ਮਿਲ ਕੇ ਹਰੀ ਦੇ ਗੁਣਾਂ ਨੂੰ ਗਾ ਕੇ ਦਾਤੇ ਪੁਰਖ ਪਰਮਾਤਮਾ ਪਾਸੋਂ ਅਭੈ=ਨਿਰਭੈ ਦਾਨ ਨੂੰ ਪਾਉਣਾ ਕਰੋ। ਤੇ ਬੇਨਤੀ ਕਰੋ-

ਰਸਨਾ ਅਗਹ ਅਗਹ ਗੁਨ ਰਾਤੀ ਨੈਨ ਦਰਸ ਰੰਗੁ ਲਾਏ॥

ਹੇ ਅਗਹ=ਅ-ਪਕੜ ਪ੍ਰਭੂ ਆਪ ਜੀ ਦੇ ਅਗਹ=ਅਗਾਧ ਗੁਣਾਂ ਦੇ ਗਾਉਣ ਵਿਚ ਮੇਰੀ ਰਸਨਾ ਰਾਤੀ=ਤਦਾਕਾਰ ਹੋ ਰਹੀ ਹੈ ਅਤੇ ਨੈਨ=ਅੱਖਾਂ ਵਿਚ ਦਰਸ਼ਨ ਕ਼ਰਨ ਦਾ ਰੰਗੁ=ਪ੍ਰੇਮ ਲੱਗ ਰਿਹਾ ਹੈ।

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਮੋਹਿ ਚਰਣ ਰਿਦੈ ਵਸਾਏ॥ ੨॥

ਹੇ ਦੀਨ ਦੁਖਭੰਜਨ ! ਆਪ ਕਿਰਪਾਲੁ ਹੋਵੋ, ਮੇਰੇ ਹਿਰਦੇ ਵਿਚ ਆਪਣੇ ਚਰਨਾਂ ਦਾ ਧਿਆਨ ਵਸਾਉਣਾ ਕਰੋ॥ ੨॥

ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ॥

ਜਿਵੇਂ ਸਾਰਿਆਂ ਅੰਗਾਂ ਤੋਂ ਤਲੈ=ਨੀਵੇਂ ਪੈਰ ਹਨ ਤੇ ਪੈਰਾਂ ਤੋਂ ਤਲੈ=ਹੇਠਾਂ ਧੂੜ ਹੈ, ਉਹ ਉੱਡ ਕੇ ਸਭ ਦੇ ਉੱਪਰ ਆਉਂਦੀ ਹੈ। ਏਸੇ ਤਰ੍ਹਾਂ ਜੀਵ ਨਿੰਮ੍ਰਤਾ ਧਾਰੇ ਤਾਂ ਇਸ ਦਾ ਜਸ ਸਭ ਦੇ ਉੱਪਰ ਆਉਂਦਾ ਹੈ, ਹੇ ਪ੍ਰਭੂ ਇਸ ਤਰ੍ਹਾਂ ਦੀ ਦ੍ਰਿਸ਼ਟੀ ਮੈਨੂੰ ਦਿਖਾਉਣਾ ਕਰੋ।

ਅਥਵਾ:- ਮੈਂ ਆਪਣੇ ਆਪ ਨੂੰ ਸਾਰਿਆਂ ਤੋਂ ਨੀਵਿਆਂ ਤੋਂ ਨੀਵਾਂ ਜਾਣਾਂ ਅਤੇ ਹੋਰ ਸਭਨਾਂ ਨੂੰ ਆਪਣੇ ਤੋਂ ਊਪਰਿ=ਉੱਚਾ ਜਾਣਾਂ, ਇਸ ਤਰ੍ਹਾਂ ਦੀ ਦ੍ਰਿਸ਼ਟੀ ਦਿਖਾਉਣਾ ਕਰੋ।

ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩ ॥

ਮੈਨੂੰ ਸਤਿਗੁਰਾਂ ਨੇ ਮੰਤਰ ਦ੍ਰਿੜ੍ਹ ਕਰਵਾਇਆ ਹੈ ਜਿਸ ਕਰ ਕੇ ਮੈਂ ਅਭਿਮਾਨ ਦੀ ਖੋਇ=ਆਦਤ ਨੂੰ ਮਨ ਕਰਕੇ ਖੋਹ ਦਿੱਤਾ ਹੈ, ਬਾਣੀ ਕਰਕੇ ਖੋਹ ਦਿੱਤਾ ਹੈ, ਤਨ ਕਰਕੇ ਖੋਹ ਦਿੱਤਾ ਹੈ।

ਅਥਵਾ:- ਸ਼ੁਭ-ਗੁਣਾਂ ਦੀ ਖੋਹ ਨੂੰ ਖੋਹਣੇ ਵਾਲੀ ਜੋ ਅਭਿਮਾਨ ਦੀ ਖੋਹ ਹੈ, ਉਸ ਨੂੰ ਮੈਂ ਖੋਹ ਦਿੱਤਾ ਹੈ। ਜਾਂ ਅਭਿਮਾਨ ਦੀ ਖੋਇ=ਆਦਤ ਜੋ ਖੋਇ=ਨਾਸ ਕਰਨ ਵਾਲੀ ਸੀ, ਉਸ ਖੋਇ=ਆਦਤ ਨੂੰ ਖੋਈ ਹਉ=ਮੈਂ ਨਾਸ ਕਰ ਦਿੱਤਾ ਹੈ।

ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿ ਵਛਲੁ ਕਿਰਪਾਏ ॥

(੧) ਉਹ ਪਰਮੇਸ਼ਰ ਚਾਰਿਆਂ ਜੁਗਾਂ ਵਿਚ ਅਤੁੱਲ ਹੈ, ਤੋਲਿਆ ਨਹੀਂ ਜਾਂਦਾ।

(੨) ਉਹ ਪਰਮੇਸ਼ਰ ਚਾਰੇ ਵੇਦਾਂ ਕਰ ਕੇ ਅਤੁੱਲ ਹੈ, ਤੋਲਿਆ ਨਹੀਂ ਜਾਂਦਾ ।

(੩) ਉਹ ਪਰਮੇਸ਼ਰ ਚਾਰੋਂ ਹੀ ਅੰਤਹਕਰਨ ਕਰ ਕੇ ਅਤੁੱਲ ਹੈ, ਤੋਲਿਆ ਨਹੀਂ ਜਾਂਦਾ, ਭਗਤਵਛਲੁ= ਭਗਤਾਂ ਦਾ ਪਿਆਰਾ ਅਤੇ ਕਿਰਪਾਏ=ਕ੍ਰਿਪਾਲੂ ਸਰੂਪ ਹੈ।

ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ ॥ ੪ ॥ ੧ ॥ ੮੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਗੁਰੂ ਨਾਨਕ ਸਾਹਿਬ ਜੀ ! ਜੋ ਜੋ ਪੁਰਸ਼ ਤੇਰੀ ਸ਼ਰਨ ਵਿਚ ਪਿਆ ਹੈ। ਉਸ ਨੇ ਅਭੈ=ਨਿਰਭੈ ਸੁਖ ਦਾ ਦਾਨ ਪਾਇਆ ਹੈ॥ ੪ ॥ ੧ ॥ ੮੧ ॥

ਬਿਲਾਵਲੁ ਮਹਲਾ ੫ ॥ ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥

ਹੇ ਪ੍ਰਭੂ ਜੀ ! ਤੂੰ ਹੀਂ ਮੇਰੇ ਪ੍ਰਾਣਾਂ ਦਾ ਅਧਾਰੈ=ਆਸਰਾ ਰੂਪ ਹੈਂ।

ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥ ੧ ॥ ਰਹਾਉ ॥

(੧) ਨਮਸ਼ਕਾਰ ਕਰਨ ਵਾਲਾ ਹੋ ਕੇ ਮੈਂ ਆਪ ਜੀ ਨੂੰ ਡੰਡਉਤ ਬੰਦਨਾ ਕਰਦਾ ਹਾਂ।

(੨) ਮਨ ਕਰਕੇ ਨਮਸ਼ਕਾਰ, ਬਾਣੀ ਕਰਕੇ ਬੰਦਨਾ, ਤਨ ਕਰਕੇ ਡੰਡਉਤ ਕਰਦਾ ਹਾਂ।

(੩) ਨਮਸ਼ਕਾਰ ਕਰਨ ਵਾਲਾ ਹੋ ਕੇ ਜੋ ਡੰਡਉਤ ਕਰਦਾ ਹੈ, ਉਸ ਨੂੰ ਫਿਰ ਕੋਈ ਬੰਦ ਨਾ=ਬੰਧਨ ਨਹੀਂ ਪੈਂਦਾ, ਮੈਂ ਅਨੇਕਾਂ ਵਾਰੀ ਆਪ ਜੀ ਤੋਂ ਬਾਰੈ=ਬਲਿਹਾਰ ਜਾਂਦਾ ਹਾਂ॥ ੧ ॥ ਰਹਾਉ ॥

ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥

ਉੱਠਦਿਆਂ, ਬਹਿੰਦਿਆਂ, ਸੁੱਤਿਆਂ, ਜਾਗਦਿਆਂ; ਮੇਰਾ ਇਹ ਮਨ ਆਪ ਜੀ ਨੂੰ ਚਿਤਾਰੈ=ਸਿਮਰਦਾ ਹੈ।

ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ॥ ੧॥

ਚਾਹੇ ਸੁਖ ਹੈ ਚਾਹੇ ਦੁਖ ਹੈ, ਜੋ ਭੀ ਇਸ ਮਨ ਦੀ ਬਿਰਥਾ=ਹਾਲਤ ਹੈ, ਉਹ ਆਪ ਜੀ ਅੱਗੇ ਹੀ ਸਾਰੈ=ਕਹਿੰਦਾ ਹਾਂ॥ ੧॥

ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ॥

ਤੂੰਹੀਂ ਮੇਰੀ ਓਟ ਹੈਂ, ਬਲ, ਬੁੱਧੀ ਅਤੇ ਧਨ ਆਦਿਕ ਮੇਰਾ ਸਭ ਕੁਝ ਤੂੰਹੀਂ ਹੈਂ, ਤੁਸੀਂ ਹੀ ਮੇਰਾ ਪਰਵਾਰ ਹੋ।

ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥੨॥੨॥੮੨॥

ਗੁਰੂ ਜੀ ਕਥਨ ਕਰਦੇ ਹਨ-ਜੋ ਤੁਸੀਂ ਕਰਦੇ ਹੋ ਓਹੀ ਸਾਡੇ ਲਈ ਭਲਾ ਹੈ, ਤੁਹਾਡੇ ਚਰਨਾਂ ਨੂੰ ਵੇਖ ਕੇ ਹੀ ਮੈਨੂੰ ਸੁਖ ਪ੍ਰਾਪਤ ਹੁੰਦਾ ਹੈ॥ ੨॥ ੨॥ ੮੨॥

ਬਿਲਾਵਲੁ ਮਹਲਾ ੫॥ ਸੁਨੀਅਤ ਪ੍ਰਭ ਤਉ ਸਗਲ ਉਧਾਰਨ॥

ਹੇ ਪ੍ਰਭੂ ! ਸ਼ਾਸਤ੍ਰਾਂ ਦੁਆਰੇ ਸੁਣੀਦਾ ਹੈ ਕਿ ਤੂੰਹੀ ਸਭ ਨੂੰ ਤਾਰਨ ਵਾਲਾ ਹੈਂ।

ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ॥ ੧॥ ਰਹਾਉ॥

ਇਹ ਪ੍ਰਾਣੀ ਮੋਹ ਵਿਚ ਮਗਨ=ਮਸਤ ਹੋ ਕੇ ਪਤਿਤ ਸੰਗਿ=ਪਾਪੀਆਂ ਦੀ ਸੰਗਤ ਕਰਦਾ ਹੈ, ਇਹੋ ਜਿਹੇ ਕਰਮ ਕਰਕੇ ਮਨ ਵਿਚੋਂ ਨਾਮ ਨੂੰ ਬਿਸਾਰਨ=ਭੁਲਾ ਦਿੱਤਾ ਹੈ॥ ੧॥ ਰਹਾਉ॥

ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ॥

ਬਿਖਿਆ ਸੰਖਿ=ਮਾਇਆ ਕੱਠੀ ਕਰਕੇ ਗ੍ਰਹਿਣ ਕਰ ਲਈ ਹੈ।

ਅਤੇ ਨਾਮ-ਅੰਮ੍ਰਿਤ ਨੂੰ ਮਨ ਤੋਂ ਡਾਰਨ=ਭੁਲਾ ਦਿੱਤਾ ਹੈ।

ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ॥ ੧॥

ਕਾਮ, ਕ੍ਰੋਧ, ਲੋਭ ਅਤੇ ਨਿੰਦਿਆਂ ਵਿਚ ਰਤੁ=ਪ੍ਰੀਤੀ ਕਰਕੇ ਸਤ ਸੰਤੋਖ ਆਦਿਕ ਸ਼ੁਭ-ਗੁਣਾਂ ਨੂੰ ਬਿਦਾਰਨ=ਨਸ਼ਟ ਕਰ ਦਿੱਤਾ ਹੈ॥ ੧॥

ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ॥

ਹੇ ਮੇਰੇ ਸੁਆਮੀ ਪਰਮਾਤਮਾ ! ਹਾਰ ਕੇ ਤੁਹਾਡੀ ਸ਼ਰਨ ਪਏ ਹਾਂ, ਆਪ ਇਹਨਾਂ ਦੁਸ਼ਟਾਂ ਦੀ ਸੰਗਤ ਵਿੱਚੋਂ ਮੈਨੂੰ ਕੱਢ ਲਓ।

ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ॥ ੨॥ ੩॥ ੮੩॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤੇਰੇ ਕੋਲ ਮੈਂ ਦਾਸ ਦੀ ਇਹੋ ਬੇਨਤੀ ਹੈ, ਕਿ ਸਾਧ ਸੰਗ ਦੇ ਕੇ ਮੈਂ ਰੰਕ=ਕੰਗਾਲ ਨੂੰ ਤਾਰ ਲਓ॥ ੨॥ ੩॥ ੮੩॥

ਬਿਲਾਵਲੁ ਮਹਲਾ ੫॥ ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥

ਅਸਲ ਸੰਤਾਂ ਪਾਸੋਂ ਇਕ ਪ੍ਰਭੂ ਦੀ ਗੱਲ ਹੀ ਸੁਣੀ ਜਾਂਦੀ ਹੈ।

ਕਥਾ ਕੀਰਤਨੁ ਆਨੰਦ ਮੰਗਲ ਧੁਨਿ
ਪੂਰਿ ਰਹੀ ਦਿਨਸੁ ਅਰੁ ਰਾਤਿ ॥ ੧ ॥ ਰਹਾਉ ॥

ਅਨੰਦਦਾਇਕ ਮੰਗਲਾਂ ਦੇ ਕਰਨ ਵਾਲੀ ਕਥਾ ਕੀਰਤਨ ਦੀ ਧੁਨੀ ਸੰਤਾਂ ਦੇ ਪਾਸ ਦਿਨ ਰਾਤ ਇਕ-ਰਸ ਪੂਰਨ ਹੋ ਰਹੀ ਹੈ॥ ੧ ॥ ਰਹਾਉ॥

ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥

ਜਿਨ੍ਹਾਂ ਨੂੰ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਆਪਣੇ ਦਾਸ ਕਰ ਲਿਆ ਹੈ ਉਹਨਾਂ ਨੂੰ ਆਪਣੇ ਨਾਮ ਦੀ ਦਾਤ ਦੇਣਾ ਕੀਤੀ ਹੈ।

ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥ ੧ ॥

ਅੱਠੇ ਪਹਿਰ ਪ੍ਰਭੂ ਦੇ ਗੁਣ ਗਾਉਣ ਕਰਕੇ ਇਸ ਸਰੀਰ ਵਿੱਚੋਂ ਕਾਮ ਕ੍ਰੋਧ ਆਦਿਕ ਵਿਕਾਰ ਚਲੇ ਜਾਂਦੇ ਹਨ॥ ੧ ॥

[ਪੰਨਾ ੮੨੧]

ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥

ਜਿਨ੍ਹਾਂ ਨੇ ਰਸੁ=ਪ੍ਰੇਮ ਸਹਿਤ ਹਰੀ ਨਾਮ-ਅੰਮ੍ਰਿਤ ਰੂਪ ਭੋਜਨ ਖਾਤ=ਖਾ ਕੇ ਪ੍ਰਭੂ ਦਾ ਦਰਸ਼ਨ ਵੇਖਿਆ ਹੈ ਉਹ ਤ੍ਰਿਪਤ ਹੋ ਕੇ ਅਘਾਏ=ਰੱਜ ਗਏ ਹਨ। ਜਾਂ ਇਸ ਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ ਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਭੀ ਰੱਜ ਗਏ ਹਨ।

ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ ॥੨ ॥੪ ॥੮੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਜਿਸ ਨੇ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ, ਤੂੰ ਉਸ ਨੂੰ ਕਿਰਪਾ ਕਰਕੇ ਸਤਸੰਗ ਦੇ ਨਾਲ ਮਿਲਾਉਂਦਾ ਹੈ॥ ੨ ॥ ੪ ॥ ੮੪ ॥

ਬਿਲਾਵਲੁ ਮਹਲਾ ੫ ॥ ਰਾਖਿ ਲੀਏ ਅਪਨੇ ਜਨ ਆਪ ॥

ਪਰਮੇਸ਼ਰ ਨੇ ਆਪਣੇ ਸੇਵਕ ਜਨ ਆਪ ਹੀ ਦੁੱਖਾਂ ਤੋਂ ਰੱਖ ਲਏ ਹਨ।

ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ ਬਿਨਸਿ ਗਏ ਸਭ ਸੋਗ ਸੰਤਾਪ ॥੧ ॥ਰਹਾਉ ॥

ਹਰੀ ਨੇ ਕਿਰਪਾ ਕਰਕੇ ਜਿਸ ਨੂੰ ਹੀ ਨਾਮ ਦਿੱਤਾ ਹੈ, ਉਸ ਦੇ ਸਾਰੇ ਸੋਗ ਸੰਤਾਪ ਬਿਨਸ ਗਏ ਹਨ॥ ੧ ॥

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥

ਹੇ ਹਰੀ ਦੇ ਜਨੋ ! ਤੁਸੀਂ ਸਾਰੇ ਇਕੱਠੇ ਹੋ ਕੇ ਰਤਨ=ਅਮੋਲਕ ਰਾਗ ਵਿਚ ਅਲਾਪਚਾਰੀ ਕਰਕੇ ਰਸਨਾ ਨਾਲ ਗੋਬਿੰਦ ਗੁਣ ਗਾਉਣਾ ਕਰੋ।

ਅਥਵਾ-ਹੇ ਹਰੀ ਦੇ ਜਨੋ ! ਤੁਸੀਂ ਸਾਰੇ ਰਲ ਕੇ ਰਾਗ=ਪ੍ਰੇਮ, ਰਤਨ=ਵੈਰਾਗ ਸਹਿਤ ਰਸਨਾ ਤੋਂ ਨਾਮ ਆਲਾਪ=ਉਚਾਰ ਕੇ ਗੋਵਿੰਦ ਦੇ ਗੁਣ ਗਾਉਣਾ ਕਰੋ।

ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ ਧ੍ਰਾਪ॥ ੧॥

ਰਸਾਇਣਿ=ਰਸਾਂ ਦਾ ਘਰ ਰਾਮ ਹੈ, ਉਸ ਨੂੰ ਜਪ ਕੇ ਜਿਸ ਦਾ ਆਤਮ=ਮਨ ਧ੍ਰਾਪ=ਤ੍ਰਿਪਤ ਹੋਇਆ ਹੈ, ਉਸ ਨੇ ਕ੍ਰੋੜਾਂ ਜਨਮਾਂ ਦੀ ਤ੍ਰਿਸ਼ਨਾ ਨਵਿਰਤ ਕਰ ਦਿੱਤੀ ਹੈ॥ ੧॥

ਚਰਣ ਗਹੇ ਸਰਣਿ ਸੁਖਦਾਤੇ ਗੁਰ ਕੈ ਬਚਨਿ ਜਪੇ ਹਰਿ ਜਾਪ॥

ਜਿਨ੍ਹਾਂ ਨੇ ਗੁਰਾਂ ਦੇ ਬਚਨਿ=ਉਪਦੇਸ਼ ਦੁਆਰਾ ਹਰੀ ਨਾਮ ਜਪ ਨੂੰ ਜਪਿਆ ਹੈ ਤੇ ਸੁਖਦਾਤੇ ਪ੍ਰਭੂ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ॥੨॥੫॥੮੫॥

ਗੁਰੂ ਜੀ ਕਥਨ ਕਰਦੇ ਹਨ-ਠਾਕੁਰ ਦੇ ਪ੍ਰਤਾਪ ਕਰ ਕੇ ਉਹਨਾਂ ਦੇ ਅੰਦਰੋਂ ਭਰਮ ਅਤੇ ਡਰ ਬਿਨਸ ਗਏ ਹਨ ਤੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ॥ ੨॥ ੫॥ ੮੫॥

ਬਿਲਾਵਲੁ ਮਹਲਾ ੫॥ ਤਾਪੁ ਲਾਹਿਆ ਗੁਰ ਸਿਰਜਨਹਾਰਿ॥

(੧) ਸਿਰਜਨਹਾਰਿ=ਪਰਮੇਸ਼ਰ ਦੇ ਸਰੂਪ ਗੁਰਾਂ ਨੇ ਛੇਵੇਂ ਪਾਤਿਸ਼ਾਹ ਜੀ ਦਾ ਤਾਪ ਲਾਹ ਦਿੱਤਾ ਹੈ।

(੨) ਸ਼ੁਭ-ਗੁਣਾਂ ਦੇ ਸਿਰਜਨ ਵਾਲੇ ਗੁਰਾਂ ਨੇ ਜਗਿਆਸੂ ਦਾ (ਅਧਿਆਤਮਕ, ਅਧਿਭੂਤਕ, ਅਧਿਦੈਵਗ ਰੂਪ) ਤਾਪ ਲਾਹ ਦਿੱਤਾ ਹੈ।

ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ॥੧॥ਰਹਾਉ॥

ਆਪਣੇ ਸਤਿਗੁਰੂ ਤੋਂ ਬਲਿਹਾਰ ਜਾਂਦੇ ਹਾਂ, ਜਿਸ ਨੇ ਸਾਰੇ ਸੰਸਾਰ ਵਿਚ ਸਾਡੀ ਪਤ-ਆਬਰੋ ਰੱਖੀ ਹੈ॥ ੧॥

ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ॥

ਸਿਰ ਉੱਤੇ ਕਰੁ=ਹੱਥ ਰੱਖ ਕੇ ਬਾਲਿਕੁ=ਹਰਗੋਬਿੰਦ ਨੂੰ ਵਾ:-ਜਗਿਆਸੂ ਨੂੰ ਰੱਖ ਲੀਤਾ ਹੈ।

ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ॥ ੧॥

ਪ੍ਰਭੂ ਦੇ ਨਾਮ-ਅੰਮ੍ਰਿਤ ਦਾ ਮਹਾ ਰਸੁ=ਵੱਡਾ ਅਨੰਦ ਦਿੱਤਾ ਹੈ॥ ੧॥

ਦਾਸ ਕੀ ਲਾਜ ਰਖੈ ਮਿਹਰਵਾਨੁ॥

ਆਪਣੇ ਦਾਸ ਦੀ ਲੱਜਾ ਨੂੰ ਮਿਹਰਵਾਨੁ=ਪਰਮਾਤਮਾ ਆਪ ਹੀ ਰੱਖਦਾ ਹੈ।

ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ॥ ੨॥ ੬॥ ੮੬॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਦਾ ਬਚਨ ਬੋਲਿਆ ਹੋਇਆ ਸੰਸਾਰ ਦਰਗਾਹ ਵਿਚ, ਪਰਲੋਕ ਦਰਗਾਹ ਵਿਚ ਅਤੇ ਸਤਸੰਗ ਦਰਗਾਹ ਵਿਚ ਪਰਵਾਨ ਹੁੰਦਾ ਹੈ॥ ੨॥ ੬॥ ੮੬॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭

ੴ ਸਤਿਗੁਰ ਪ੍ਰਸਾਦਿ॥ ਸਤਿਗੁਰ ਸਬਦਿ ਉਜਾਰੋ ਦੀਪਾ॥

ਜਿਸ ਹਿਰਦੇ ਵਿਚ ਸਤਿਗੁਰਾਂ ਦੇ ਸ਼ਬਦ ਰੂਪੀ ਦੀਪਕ ਦਾ, ਵਾ:-ਸ਼ਬਦ ਦੁਆਰੇ ਗਿਆਨ ਰੂਪ ਦੀਪਕ

ਦਾ ਉਜਾਰੋ=ਉਜਾਲਾ (ਪ੍ਰਕਾਸ਼) ਹੋਇਆ ਹੈ।

ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧ ॥ਰਹਾਉ ॥

ਤਿਸ ਅੰਤਹਕਰਨ ਰੂਪੀ ਮੰਦਰ ਵਿੱਚੋਂ ਅਗਿਆਨ ਰੂਪ ਹਨੇਰਾ ਬਿਨਸ ਗਿਆ ਹੈ, ਅਨੂਪਾ=ਉੱਪਮਾ ਤੋਂ ਰਹਿਤ ਰਤਨ=ਵੈਰਾਗ ਆਦਿਕ ਸ਼ੁਭ-ਗੁਣਾਂ ਦੀ ਕੋਠੀ=ਭਗਤੀ ਖੁਲ੍ਹੀ=ਪ੍ਰਾਪਤ ਹੋਈ ਹੈ॥ ੧ ॥ ਰਹਾਉ ॥

ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥

ਜਿਸ ਵੇਲੇ ਮਨ ਬਿਸ=ਵਿਸ਼ਿਆਂ ਵਲੋਂ ਬਿਸਮ=ਰਹਿਤ ਹੋਇਆ ਤਾਂ ਉਸ ਨੂੰ ਵੇਖਣਾ ਕੀਤਾ,

ਅਥਵਾ:-ਜਾਂ ਉਸ ਨੂੰ ਵੇਖਿਆ ਤਾਂ ਅਸਚਰਜ ਤੋਂ ਅਸਚਰਜ ਹੋ ਗਏ, ਪਰ ਉਸ ਦੀ ਵਡਿਆਈ ਕਹੀ ਨਹੀਂ ਜਾਂਦੀ।

ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥ ੧ ॥

ਊਹਾ ਸੰਗਿ=ਉਸ ਦੇ ਸੰਗ ਕਰਕੇ ਮਸਤ ਤੋਂ ਮਸਤ ਹੋ ਗਏ ਹਾਂ ਅਤੇ ਓਤਿ-ਪੋਤਿ=ਤਾਣੇ ਪੇਟੇ ਵਾਂਗ ਉਸ ਦੇ ਨਾਲ ਹੀ ਲੰਪਟ ਹੋ ਰਹੇ ਹਾਂ ॥ ੧ ॥

ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥

ਆਲ=ਘਰ ਦਾ ਜਾਲ=ਫਾਹ ਅਤੇ ਹੋਰ ਭੀ ਦੁਨਿਆਵੀ ਕੁਝ ਜੰਜਾਲ ਨਹੀਂ ਰਿਹਾ, ਭੋਰਾ=ਰੰਚਕ ਮਾਤਰ ਹੰਗਤਾ ਵਾਲੀ ਬੁੱਧੀ ਵੀ ਨਹੀਂ ਰਹੀ, ਇਸੀ ਤੇ ਗਿਆਨ ਰੂਪੀ ਭੋਰਾ=ਦਿਨ ਚੜ੍ਹਿਆ ਹੈ।

ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥ ੨ ॥

ਤੂੰ ਉੱਚਿਆਂ ਤੋਂ ਉੱਚਾ ਹੈਂ, ਤੇਰੇ ਮੇਰੇ ਵਿਚ ਕੋਈ ਬੀਚੁ ਨ ਖੀਚਾ=ਪੜਦਾ ਨਹੀਂ ਖਿੱਚਿਆ ਹੋਇਆ, ਹਉ ਤੇਰਾ=ਮੇਰਾ ਦਾਸ ਹਾਂ, ਤੂੰ ਮੇਰਾ ਸੁਆਮੀ ਹੈਂ॥ ੨ ॥

ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥

ਇਕ ਜੋ ਓਅੰਕਾਰ ਹੈ ਉਸ ਇਕ ਦਾ ਹੀ ਇਹ ਸੰਸਾਰ ਪਸਾਰਾ ਹੈ, ਉਹ ਇਕ ਪਰਮਾਤਮਾ ਹੀ ਅਪਰ ਅਪਾਰਾ=ਬੇਅੰਤ ਤੋਂ ਬੇਅੰਤ ਹੈ।

ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ ੩ ॥

ਇਕ ਨੇ ਹੀ ਸੰਸਾਰ ਨੂੰ ਵਿਸਥੀਰਨੁ=ਫੈਲਾਉਣਾ ਕੀਤਾ ਹੈ, ਇਕ ਹੀ ਸਭ ਦੇ ਸੰਪੂਰਨੁ=ਭਰਨ ਵਾਲਾ ਹੈ, ਵਾ:-ਸੰਪੂਰਨੁ=ਸਾਰੇ ਸੰਸਾਰ ਵਿਚ ਇਕੋ ਇਕ ਪ੍ਰਭੂ ਵਿਸਥੀਰਨ ਹੈ, ਇਕ ਹੀ ਸਾਰਿਆਂ ਦੇ ਪ੍ਰਾਣਾਂ ਦਾ ਅਧਾਰਾ=ਆਸਰਾ ਹੈ॥ ੩ ॥

ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥

(੧) ਨਿਰਮਲ ਪਰਮਾਤਮਾ ਪਿੱਛੇ ਸੁੱਚਿਆਂ ਤੋਂ ਸੁੱਚਾ ਸੀ, ਨਿਰਮਲ ਪਰਮਾਤਮਾ ਹੁਣ ਭੀ ਸੁੱਚਿਆਂ ਤੋਂ ਸੁੱਚਾ ਹੈ, ਨਿਰਮਲ ਪਰਮਾਤਮਾ ਅੱਗੇ ਭੀ ਸੁੱਚਿਆਂ ਤੋਂ ਸੁੱਚਾ ਹੋਵੇਗਾ।

(੨) ਨਿਰਮਲ ਪਰਮਾਤਮਾ ਮਨ ਨੂੰ ਸੁੱਚਿਆਂ ਤੋਂ ਸੁੱਚਾ ਕਰਨ ਵਾਲਾ ਹੈ, ਬਾਣੀ ਨੂੰ ਸੁੱਚਿਆਂ ਸੁੱਚਾ ਕਰਨ ਵਾਲਾ ਹੈ, ਸਰੀਰ ਨੂੰ ਭੀ ਸੁੱਚਿਆਂ ਤੋਂ ਸੁੱਚਾ ਕਰਨ ਵਾਲਾ ਹੈ।

(੩) ਸੁੱਚੇ ਗੁਰਾਂ ਦੇ ਸੁੱਚੇ ਉਪਦੇਸ਼ ਦੁਆਰਾ ਸੂਚੋ=ਪਵਿੱਤਰ ਹੋ ਕੇ ਨਿਰਮਲ ਪ੍ਰਭੂ ਦੇ ਨਿਰਮਲ ਨਾਮ

ਨੂੰ ਜਪੇ ਤਾਂ ਸੂਚੋ ਸੂਚਾ=ਪਵਿੱਤਰ ਤੋਂ ਪਵਿੱਤਰ ਹੁੰਦਾ ਹੈ।

ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥ ੪ ॥ ੧ ॥ ੮੭ ॥

ਅੰਤ ਲੈਣਾ ਕਰੀਏ ਤਾਂ ਉਸ ਦਾ ਅੰਤ ਨਹੀਂ ਆਉਂਦਾ ਕਿਉਂਕਿ ਉਹ ਸਦਾ ਬਿਅੰਤ ਹੈ।

ਵਸ਼ਿਸ਼ਟ ਪੁਰਾਣ ਵਿਚ ਲਿਖਿਆ ਹੈ- ''ਚਾਰ ਵਿਪਸਚਤ ਚਾਰੇ ਹੀ ਦਿਸ਼ਾਂ ਵਿਚ ਸ੍ਰਿਸ਼ਟੀ ਦਾ ਅੰਤ ਲੈਣ ਗਏ ਸੀ ਪਰ ਅੰਤ ਨਹੀਂ ਲੈ ਸਕੇ।'' ਭਾਵ-ਜੇਕਰ ਸ੍ਰਿਸ਼ਟੀ ਦਾ ਅੰਤ ਨਹੀਂ ਆਇਆ ਤਾਂ ਪਰਮੇਸ਼ਰ ਦਾ ਅੰਤ ਕੋਈ ਕਿਵੇਂ ਪਾ ਸਕਦਾ? ਸ਼ੇਸ਼ਨਾਗ ਰੋਜ਼ਾਨਾ ਨਵੇਂ ਤੋਂ ਨਵੇਂ ਦੋ ਹਜ਼ਾਰ ਨਾਮ ਉਚਾਰਦਾ ਹੈ, ਪਰ ਉਹ ਭੀ ਅੰਤ ਨਹੀਂ ਪਾ ਸਕਿਆ। ਜਿਵੇਂ ਗੁਰੂ ਕਲਗੀਧਰ ਜੀ ਫੁਰਮਾਉਂਦੇ ਹਨ-

''ਸ਼ੇਸ਼ਨਾਗ ਸਿਰ ਸਹਸ ਬਨਾਈ।।ਦ੍ਵੈ ਸਹੰਸ ਰਸਨਾਹ ਸੁਹਾਈ।।
ਰਟਤ ਅਬ ਲਗੇ ਨਾਮ ਅਪਾਰਾ।। ਤੁਮਰੋ ਤਊ ਨ ਪਾਵਤ ਪਾਰਾ।। ੬ ।।''

(ਦਸਮ ਗ੍ਰੰਥ, ਪੰਨਾ ੪੭)

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਉੱਚਿਆਂ ਤੋਂ ਉੱਚਾ ਹੈ॥ ੪ ॥ ੧ ॥ ੮੭ ॥

ਬਿਲਾਵਲੁ ਮਹਲਾ ੫ ॥ ਬਿਨੁ ਹਰਿ ਕਾਮਿ ਨ ਆਵਤ ਹੇ ॥

ਹੇ ਭਾਈ ! ਹਰੀ ਨਾਮ ਤੋਂ ਬਿਨਾਂ ਕੋਈ ਪਦਾਰਥ ਦਰਗਾਹ ਵਿਚ ਕੰਮ ਨਹੀਂ ਆਉਂਦਾ।

ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥ ੧ ॥ ਰਹਾਉ ॥

ਜਿਨ੍ਹਾਂ ਪਦਾਰਥਾਂ ਨਾਲ ਰਾਚਿ ਮਾਚਿ=ਤਦਾਕਾਰ ਹੋ ਕੇ ਤੁਸੀਂ ਲੱਗ ਰਹੇ ਹੋ, ਉਹ ਮੋਹਨੀ=ਮਾਇਆ ਤੁਹਾਨੂੰ ਮੋਹਾਵਤ ਹੇ=ਠੱਗ ਰਹੀ ਹੈ॥ ੧ ॥ ਰਹਾਉ ॥

ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥

ਕਨਿਕ=ਸੋਨਾ, ਕਾਮਨੀ=ਇਸਤਰੀ, ਸੇਜ ਸੋਹਨੀ=ਸੁੰਦਰ ਸੇਜਾ, ਇਤਆਦਿਕ ਸਾਰਿਆਂ ਪਦਾਰਥਾਂ ਨੂੰ ਇਕ ਖਿਨ ਵਿਚ ਛੱਡ ਕੇ ਜੀਵ ਪਰਲੋਕ ਵਿਚ ਚਲਾ ਜਾਂਦਾ ਹੈ।

ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥ ੧ ॥

ਇੰਦਰੀਆਂ ਦਾ ਪਰੇਰਿਆ ਹੋਇਆ ਵਿਸ਼ੇ ਰਸਾਂ ਵਿਚ ਉਲਝ ਰਿਹਾ ਹੈ ਅਤੇ ਵਿਸ਼ਿਆਂ ਰੂਪੀ ਠਗਉਰੀ=ਠੱਗ ਬੂਟੀ ਨੂੰ ਖਾ ਰਿਹਾ ਹੈ॥ ੧ ॥

ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਗਾਵਤ ਹੇ ॥

ਜਿਵੇਂ ਕਿਸੇ ਮਨੁੱਖ ਨੇ ਕੱਖਾਂ ਦਾ ਮੰਦਰ ਬਣਾ ਕੇ ਉਸ ਨੂੰ ਸਵਾਰਿਓ=ਸ਼ਿੰਗਾਰ ਲਿਆ ਹੈ ਤੇ ਤਲੈ=ਹੇਠਾਂ ਪਾਵਕੁ=ਅੱਗ ਬਾਲ ਦਿੱਤੀ ਹੈ ਤਾਂ ਉਹ ਕੋਈ ਮੂਰਖ ਹੈ ਕਿਉਂਕਿ ਅੱਗ ਦੀ ਲਾਟ ਨਾਲ ਉਸ ਨੇ ਸੜ ਜਾਣਾ ਹੈ।

ਏਸੇ ਤਰ੍ਹਾਂ-ਪੰਜਾਂ ਤੱਤਾਂ ਰੂਪੀ ਕੱਖਾਂ ਨੂੰ ਇਕੱਠਿਆਂ ਕਰਕੇ ਸਰੀਰ ਰੂਪੀ ਮੰਦਰ ਸਾਜ ਕੇ ਸਵਾਰਿਆ ਹੈ ਪਰ ਮੂਰਖ ਜੀਵ ਨੇ ਇਸ ਦੇ ਹੇਠਾਂ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਬਾਲੀ ਹੋਈ ਹੈ, ਉਸ ਨਾਲ ਇਸ ਨੇ ਸੜ ਜਾਣਾ ਹੈ।

ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ॥ ੨ ॥

ਹੇ ਹਠੀਲੋ=ਹਠੀਏ ਪੁਰਸ਼ਾ! ਐਹੋ ਜਿਹੇ ਸਰੀਰ ਗੜ=ਕਿਲ੍ਹੇ ਵਿਚ ਐਠਿ=ਆਕੜ ਕੇ ਫਜ਼ੂਲ ਹਠੀਲੋ=ਹਠ ਕਰ ਰਿਹਾ ਹੈਂ, ਫੁੱਲਾਂ ਦੀ ਮਾਲਾ ਪਾ ਕੇ ਫੂਲਿ=ਪਰਫੁੱਲਤ ਹੋ ਕੇ ਕੀ ਪਾਵੇਂਗਾ? ਜਾਂ ਫੁੱਲ ਵਾਂਗ ਪਰਫੁੱਲਤ ਹੋ ਕੇ ਕੀ ਪਾਵੇਂਗਾ?

ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ॥

(ਕਾਮ ਕ੍ਰੋਧ ਆਦਿਕ) ਪੰਜ ਦੂਤ ਤੇਰੇ ਮੂਡ ਪਰਿ ਠਾਢੇ=ਸਿਰ ਉੱਤੇ ਖੜੇ ਹਨ, ਪ੍ਰਤੱਖ ਕੇਸਾਂ ਤੋਂ, ਵਾ:-ਸੰਕਲਪਾਂ ਵਿਕਲਪਾਂ ਰੂਪੀ ਕੇਸਾਂ ਤੋਂ ਫੜ ਕੇ ਫਿਰਾਉਂਦੇ ਹਨ।

[ਪੰਨਾ ੮੨੨]

ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ॥ ੩ ॥

ਇਸ ਅੰਨ੍ਹੇ ਅਗਿਆਨੀ ਨੂੰ (ਉਹ ਕਾਮ ਆਦਿਕ ਦੂਤ) ਨਿਗਾਹ ਨਹੀਂ ਆਉਂਦੇ, ਜਾਂ ਇਸ ਅੰਨ੍ਹੇ ਅਗਿਆਨੀ ਨੂੰ ਕੁਝ ਵੀ ਨਿਗਾਹ ਨਹੀਂ ਆਉਂਦਾ, ਧਨ ਦੇ ਮਦ ਵਿਚ ਮਸਤ ਹੋਇਆ ਹੋਇਆ ਅਵਿਦਿਆ ਦੀ ਨੀਂਦ ਵਿਚ ਸੌਂ ਰਿਹਾ ਹੈ। ਸੋ ਰੁਪਇਆ ਪਾਸ ਹੋਵੇ ਤਾਂ ਇਕ ਸ਼ਰਾਬ ਦੀ ਬੋਲਤ ਜਿਤਨਾ ਨਸ਼ਾ ਹੁੰਦਾ ਹੈ॥ ੩ ॥

ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ॥

ਜਿਵੇਂ ਪ੍ਰਤੱਖ ਫੰਧਕ ਚੋਗਾ ਖਲਾਰ ਕੇ ਜਾਲ ਵਿਛਾ ਕੇ ਪੰਛੀਆਂ ਨੂੰ ਫਸਾਉਂਦਾ ਹੈ। ਤਿਵੇਂ ਵਿਸ਼ਿਆਂ ਰੂਪੀ ਚੋਗ ਖਲਾਰ ਕੇ ਮੋਹ ਰੂਪੀ ਜਾਲ ਪਸਾਰ ਕੇ ਮਾਇਆ ਜੀਵਾਂ ਰੂਪ ਪੰਛੀਆਂ ਨੂੰ ਫਸਾਉਂਦੀ ਹੈ।

ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ॥੪ ॥੨ ॥੮੮ ॥

ਗੁਰੂ ਜੀ ਕਥਨ ਕਰਦੇ ਹਨ-ਮਾਇਆ ਵੀ ਬੰਧਨਾਂ ਦੇ ਕੱਟਣ ਨੂੰ ਮੈਂ ਸਤਿਗੁਰ ਪੁਰਖਾਂ ਨੂੰ ਧਿਆਉਂਦਾ ਹਾਂ॥ ੪ ॥ ੨ ॥ ੮੮ ॥

ਬਿਲਾਵਲੁ ਮਹਲਾ ੫ ॥ ਹਰਿ ਹਰਿ ਨਾਮੁ ਅਪਾਰ ਅਮੋਲੀ ॥

ਅਪਾਰ ਹਰਿ ਹਰਿ ਦਾ ਨਾਮ ਬਿਅੰਤ ਅਮੋਲਕ ਹੈ।

ਪ੍ਰਾਨ ਪਿਆਰੋ ਮਨਹਿ ਅਧਾਰੋ
ਚੀਤਿ ਚਿਤਵਉ ਜੈਸੇ ਪਾਨ ਤੰਬੋਲੀ॥ ੧ ॥ ਰਹਾਉ ॥

ਮੇਰੇ ਪ੍ਰਾਣਾਂ ਦਾ ਪਿਆਰਾ ਹੈ ਮਨ ਦਾ ਆਸਰਾ ਹੈ, ਚਿੱਤ ਵਿਚ ਇਸ ਤਰ੍ਹਾਂ ਚਿਤਵਉ=ਚੇਤੇ ਰਖੱਦਾ ਹਾਂ, ਜਿਸ ਤਰ੍ਹਾਂ ਤੰਬੋਲੀ=ਪਾਨਾਂ ਵਾਲਾ ਪੁਰਸ਼ ਪਾਨਾਂ ਨੂੰ ਚੇਤੇ ਰਖਦਾ ਹੈ ਤੇ ਉਹਨਾਂ ਨੂੰ ਹਿਲਾਉਂਦਾ ਰਹਿੰਦਾ ਹੈ, ਜੇਕਰ ਨਾ ਹਿਲਾਵੇ, ਇਕੇ ਜਗ੍ਹਾ ਪਏ ਰਹਿਣ ਤਾਂ ਉਹ ਸੜ ਜਾਂਦੇ ਹਨ॥ ੧॥ ਰਹਾਉ ॥

ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ॥

ਗੁਰਾਂ ਨੇ ਉਪਦੇਸ਼ ਦੁਆਰਾ ਬਤਾਇਆ ਹੈ ਇਸ ਕਰਕੇ ਸਹਜ-ਪਦ ਵਿਚ ਸਮਾ ਗਿਆ ਹਾਂ, ਮੇਰੇ ਸਰੀਰ

ਦੀ ਬੁੱਧੀ ਰੂਪ ਚੋਲੀ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰੰਗੀ ਗਈ ਹੈ।

ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ॥ ੧ ॥

ਜਦ ਵੱਡੇ ਭਾਗ ਜਾਗੇ ਤਾਂ ਹੀ ਪਿਆਰੇ ਪਤੀ-ਪਰਮਾਤਮਾ ਦੇ ਮੱਥੇ ਲੱਗੇ ਹਾਂ, ਭਾਵ ਦਰਸ਼ਨ ਹੋਇਆ ਹੈ, ਹੁਣ ਮੇਰਾ ਸੁਹਾਗੁ=ਅਨੰਦ ਕਦੇ ਭੀ ਨਹੀਂ ਡੋਲਦਾ॥ ੧॥

ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ॥

ਮੇਰੇ ਵਿਚ ਸਫਾਈ ਰੂਪੀ ਰੂਪ ਨਹੀਂ ਹੈ, ਧੂਪ=ਜਸ ਭੀ ਨਹੀਂ ਉਚਾਰਿਆ, ਭਗਤੀ ਰੂਪ ਗੰਧ=ਸੁਗੰਧੀ ਭੀ ਨਹੀਂ ਹੈ, ਗਿਆਨ ਰੂਪ ਦੀਵੇ ਦਾ ਦੀਪਾ=ਪ੍ਰਕਾਸ਼ ਭੀ ਨਹੀਂ ਹੈ, ਪਰ ਗੁਰ ਕਿਰਪਾ ਹੋਣ ਕਰਕੇ ਤਾਣੇ ਪੇਟੇ ਵਾਂਗ ਅੰਗ-ਅੰਗ ਨਾਲ ਮਉਲੀ=ਮਿਲ ਗਈ ਹਾਂ। ਜਾਂ ਉਸ ਦੀ ਚੇਤਨ ਸੱਤਾ ਤਾਣੇ ਪੇਟੇ ਦੀ ਤਰ੍ਹਾਂ ਅੰਗਾਂ-ਅੰਗਾਂ ਨਾਲ ਮਿਲੀ ਹੋਈ ਨਿਸਚੇ ਕੀਤੀ ਹੈ।

ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ
ਅਤਿ ਨੀਕੀ ਮੇਰੀ ਬਨੀ ਖਟੋਲੀ॥ ੨ ॥ ੩ ॥ ੮੯ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਿਅ=ਪਤੀ-ਪਰਮਾਤਮਾ ਨੇ ਰਾਵਿਆ ਤਾਂ ਮੈਂ ਸੁਹਾਗਣ ਹੋਈ ਹਾਂ, ਮੇਰੀ ਅੰਤਹਕਰਨ ਰੂਪ ਖਟੋਲੀ=ਮੰਜੀ ਅਤਿਅੰਤ ਨੀਕੀ=ਚੰਗੀ ਬਣੀ ਹੈ, ਭਾਵ ਸ਼ਰਧਾ ਵਿਸ਼ਿਸ਼ਟ ਬੁੱਧੀ ਹੋ ਗਈ ਹੈ॥ ੨॥ ੩॥ ੮੯॥

ਬਿਲਾਵਲੁ ਮਹਲਾ ੫ ॥ ਗੋਬਿੰਦ ਗੋਬਿੰਦ ਗੋਬਿੰਦ ਮਈ॥
ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ॥ ੧ ॥ ਰਹਾਉ ॥

ਜਦ ਤੋਂ ਦਿਆਲੂ ਸੰਤ ਮਿਲੇ ਹਨ ਤਦ ਤੋਂ ਦੁਰਮਤਿ=ਖੋਟੀ ਮਤੀ ਦੂਰ ਹੋਈ ਹੈ, ਖੋਟੀ ਮੱਤ ਦੇ ਦੂਰ ਹੋਣ ਤੇ ਇਹ ਨਿਸਚੇ ਕੀਤਾ ਹੈ ਕਿ ਸਾਰਾ ਸੰਸਾਰ, ਗੋਬਿੰਦ ਜੋ ਪਰਮੇਸ਼ਰ ਹੈ ਗੋਬਿੰਦ=ਵੇਦਾਂ ਕਰਕੇ ਜਾਣਨੇ ਜੋਗ ਉਸ ਗੋਬਿੰਦ ਦਾ ਮਈ=ਰੂਪ ਹੈ। ਵਾ:-ਪਿੱਛੇ ਵੀ ਗੋਬਿੰਦ ਰੂਪ ਸੀ, ਹੁਣ ਭੀ ਗੋਬਿੰਦ ਰੂਪ ਹੈ, ਅੱਗੇ ਭੀ ਗੋਬਿੰਦ ਰੂਪ ਹੋਵੇਗਾ॥ ੧॥ ਰਹਾਉ॥

ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ॥

ਜੋ ਪੂਰਨ ਪਰਮਾਤਮਾ ਸੰਪੂਰਨ ਸੰਸਾਰ ਵਿਚ ਪੂਰਨ ਹੋ ਰਿਹਾ ਹੈ, ਉਸ ਦਿਆਲੂ ਪਰਮਾਤਮਾ ਨੇ ਸੀਤਲ ਕਰਨ ਵਾਲੀ ਸ਼ਾਂਤੀ ਦਿੱਤੀ ਹੈ।

ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥ ੧ ॥

ਕਾਮ, ਕ੍ਰੋਧ, ਤ੍ਰਿਸ਼ਨਾ ਤੇ ਹੰਕਾਰ ਇਤਆਦਿਕ ਵਿਕਾਰ ਸਰੀਰ ਦੇ ਵਿੱਚੋਂ ਸਾਰੇ ਖਈ=ਨਾਸ ਹੋ ਗਏ ਹਨ॥ ੧॥

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥

ਸੱਚ ਬੋਲਣਾ, ਸੰਤੋਖ ਧਾਰਨਾ, ਹਰ ਇਕ ਉੱਤੇ ਦਇਆ ਕਰਨੀ, ਸ੍ਵੈ-ਧਰਮ ਵਿਚ ਪੱਕਾ ਰਹਿਣਾ, ਸੁਚਿ=ਪਵਿੱਤ੍ਰਤਾ, ਇਨ੍ਹਾਂ ਸ਼ੁਭ-ਗੁਣਾਂ ਦੀ ਪ੍ਰਾਪਤੀ ਦੀ ਸੰਤਾਂ ਪਾਸੋਂ ਮੰਤੁ=ਸਿਖਿਆ ਲੀਤੀ ਹੈ।

ਕਹੁ ਨਾਨਕ ਜਿਨਿ ਮਨਹੁ ਪਛਾਨਿਆ
ਤਿਨ ਕਉ ਸਗਲੀ ਸੋਝ ਪਈ॥ ੨॥ ੪॥ ੯੦॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਮਨ ਕਰ ਕੇ ਵਾਹਿਗੁਰੂ ਨੂੰ ਪਛਾਣ ਲਿਆ ਹੈ, ਉਹਨਾਂ ਨੂੰ ਸਾਰੀ ਸੋਝ=ਗਿਆਤ ਪੈ ਗਈ ਹੈ॥ ੨॥ ੪॥ ੯੦॥

ਬਿਲਾਵਲੁ ਮਹਲਾ ੫॥
ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ॥

੧. ਅਸੀਂ ਵਿਚਾਰੇ ਜੀਅ ਜੰਤ ਕੀ ਚੀਜ਼ ਹਾਂ, ਤੇਰੇ ਜਸ ਨੂੰ ਇਕ ਰੋਮ ਜਿੰਨਾ ਭੀ ਕਥਨ ਨਹੀਂ ਕਰ ਸਕਦੇ।

੨. ਆਪ ਜੀ ਦੇ ਇਕ ਰੋਮ ਨੂੰ ਭੀ ਕਥਨ ਨਹੀਂ ਕਰ ਸਕਦੇ, ਕਿਉਂਕਿ ਇਕ-ਇਕ ਰੋਮ ਵਿਚ ਕ੍ਰੋੜਾਂ ਬ੍ਰਹਿਮਾਂਡ ਹਨ।

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ॥੧॥

ਹੇ ਬੇਅੰਤ ਠਾਕੁਰ! ਬ੍ਰਹਮਾ, ਸ਼ਿਵ, ਸਿਧ, ਮੁਨੀ ਅਤੇ ਇੰਦਰਾ=ਲੱਛਮੀ,
ਵਾ:- ਇੰਦਰ ਆਦਿਕਾਂ ਨੇ ਭੀ ਤੇਰੀ ਗਤੀ ਨਹੀਂ ਪਾਈ ਹੈ॥ ੧॥

ਕਿਆ ਕਥੀਐ ਕਿਛੁ ਕਥਨੁ ਨ ਜਾਈ॥

ਕੀ ਕਥਨ ਕਰੀਏ, ਕਿਉਂਕਿ ਕੁਝ ਕਥਨ ਨਹੀਂ ਕੀਤਾ ਜਾਂਦਾ।

ਜਹ ਜਹ ਦੇਖਾ ਤਹ ਰਹਿਆ ਸਮਾਈ॥ ੧॥ ਰਹਾਉ॥

ਜਿਥੇ ਜਿਥੇ ਦੇਖਦਾ ਹਾਂ, ਤੂੰ ਓਥੇ ਹੀ ਸਮਾਈ ਕਰ ਰਿਹਾ ਹੈਂ ॥ ੧॥ ਰਹਾਉ॥

ਜਹ ਮਹਾ ਭਇਆਨ ਦੂਖ ਜਮ ਸੁਨੀਐ ਤਹ ਮੇਰੇ ਪ੍ਰਭ ਤੂਹੈ ਸਹਾਈ॥

ਜਿਥੇ ਪ੍ਰਲੋਕ ਵਿਚ ਬੜਾ ਭਿਆਨਕ ਜਮਾਂ ਦਾ ਦੁੱਖ ਸੁਣਿਆ ਜਾਂਦਾ ਹੈ, ਹੇ ਮੇਰੇ ਪ੍ਰਭੂ! ਓਥੇ ਤੂੰ ਹੀ ਸਹਾਈ ਹੁੰਦਾ ਹੈਂ।

ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ
ਗੁਰਿ ਨਾਨਕ ਕਉ ਬੂਝ ਬੁਝਾਈ॥ ੨॥ ੫॥ ੯੧॥

ਹੇ ਪ੍ਰਭੂ! ਤੇਰੀ ਸ਼ਰਨੀ ਪਿਆ ਹਾਂ ਅਤੇ ਹੇ ਹਰੀ! ਆਪ ਜੀ ਦੇ ਚਰਨਾਂ ਦੀ ਓਟ ਗ੍ਰਹਿਣ ਕੀਤੀ ਹੈ, ਪਰ ਇਹ ਬੂਝ ਮੈਨੂੰ ਗੁਰਾਂ ਨੇ ਸਮਝਾਈ ਹੈ॥ ੨॥ ੫॥ ੯੧॥

ਬਿਲਾਵਲੁ ਮਹਲਾ ੫॥
ਅਗਮ ਰੂਪ ਅਬਿਨਾਸੀ ਕਰਤਾ ਪਤਿਤ ਪਵਿਤ ਇਕ ਨਿਮਖ ਜਪਾਈਐ॥

ਹੇ ਅਗਮ ਰੂਪ ਅਬਿਨਾਸੀ ਕਰਤਾ ਪੁਰਖ, ਪਤਿਤ ਪਵਿਤ=ਪਾਪੀਆਂ ਨੂੰ ਪਵਿੱਤਰ ਕਰਨ ਵਾਲੇ! ਮੈਨੂੰ ਉੱਦਮ ਦੇ ਕੇ ਮੇਰੇ ਪਾਸੋਂ ਇਕ ਨਿਮਖ ਨਿਮਖ ਸਮੇਂ ਵਿਚ ਆਪਣਾ ਨਾਮ ਜਪਾਉਣਾ ਕਰਾਓ।

ਅਚਰਜੁ ਸੁਨਿਓ ਪਰਾਪਤਿ ਭੇਟੁਲੇ ਸੰਤ ਚਰਨ ਚਰਨ ਮਨੁ ਲਾਈਐ ॥ ੧ ॥

ਹੇ ਅਸਚਰਜ ਰੂਪ ਪਰਮਾਤਮਾ! ਮੈਂ ਸੁਣਿਆ ਹੈ ਤੂੰ ਸੰਤਾਂ ਦੁਆਰੇ ਪ੍ਰਾਪਤ ਹੁੰਦਾ ਹੈਂ,

ਇਸ ਲਈ ਤੇਰੇ ਨਾਲ ਭੇਟੁਲੇ=ਮਿਲੇ ਜੋ ਸੰਤ ਹਨ,

ਉਨ੍ਹਾਂ ਦੇ ਚਰਨਾਂ ਹੀ ਚਰਨਾਂ ਨਾਲ ਮੇਰਾ ਮਨ ਲਾਉਣਾ ਕਰੋ।

ਵਾ:-ਜੋ ਸੰਤ ਚਰਨ=ਵੇਦਾਂ ਦਾ ਸਿਧਾਂਤ ਨਿਸਚੇ ਕਰਨ ਵਾਲੇ ਹਨ,

ਵਾ:- ਚਰਨ=ਸ੍ਰੇਸ਼ਟ ਕਰਤੱਬਾਂ ਦੇ ਕਰਨ ਵਾਲੇ ਹਨ, ਉਨ੍ਹਾਂ ਸੰਤਾਂ ਦੇ ਚਰਨਾਂ ਨਾਲ ਮੇਰਾ ਮਨ ਲਾਉਣਾ ਕਰੋ॥ ੧ ॥

ਕਿਤੁ ਬਿਧੀਐ ਕਿਤੁ ਸੰਜਮਿ ਪਾਈਐ ॥

ਕਿਸ ਵਿਧੀ ਕਰਕੇ ਅਤੇ ਕਿਸ ਸੰਜਮ ਕਰਕੇ ਪਾਈਦਾ ਹੈਂ?

ਕਹੁ ਸੁਰਜਨ ਕਿਤੁ ਜੁਗਤੀ ਧਿਆਈਐ ॥ ੧ ॥ ਰਹਾਉ ॥

ਕਹੁ ਖਾਂ ਸੁਰਜਨ=ਪ੍ਰਮਾਤਮਾ ਕਿਸ ਜੁਗਤੀ ਕਰਕੇ ਧਿਆਈਦਾ ਹੈ ? ॥ ੧ ॥ ਰਹਾਉ ॥ ਉੱਤਰ:-

ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਲਈ ਫੁਨਿ ਜਾਈਐ ॥

ਜੋ ਮਨੁੱਖ ਕਿਸੇ ਮਨੁੱਖ ਦੀ ਸੇਵਾ ਕਰਦਾ ਹੈ, ਉਹ ਮਨੁੱਖ ਉਸ ਦੀ ਭਲਿਆਈ ਕੀਤੀ ਹੋਈ ਨੂੰ ਮੁੜ-ਮੁੜ ਕੇ ਲਈ ਹੀ ਲਈ ਜਾਂਦਾ ਹੈ।

ਅਰਥਾਤ ਉਸ ਦੇ ਉਪਕਾਰ ਨੂੰ ਭੁਲਾਉਂਦਾ ਨਹੀਂ ਹੈ, ਸਗੋਂ ਹਮੇਸ਼ਾਂ ਯਾਦ ਰੱਖਦਾ ਹੈ।

ਵਾ:-ਜਿਥੇ ਭੀ ਉਹ ਜਾਂਦਾ ਹੈ ਉਸ ਦੇ ਲਈ ਉਹ ਕੁਝ ਚੰਗੀ ਚੀਜ਼ ਲਈ ਹੀ ਜਾਂਦਾ ਹੈ,

ਇਸੇ ਤਰ੍ਹਾਂ ਜੇ ਤੂੰ ਭੀ ਗੁਰਾਂ ਦੀ, ਜਾਂ ਪ੍ਰਭੂ ਦੀ ਸੇਵਾ ਕਰੇਂਗਾ ਤਾਂ ਤੇਰੇ ਲਈ ਉਹ ਪ੍ਰਭੂ ਅਨੇਕਾਂ ਪਦਾਰਥ ਲਿਆ ਕੇ ਤੈਨੂੰ ਦੇਵੇਗਾ। ਤੇ ਤੇਰੀ ਕੀਤੀ ਹੋਈ ਸੇਵਾ ਨੂੰ ਉਹ ਭੁਲਾਏਗਾ ਨਹੀਂ।

ਨਾਨਕ ਸਰਨਿ ਸਰਣਿ ਸੁਖ ਸਾਗਰ
ਮੋਹਿ ਟੇਕ ਤੇਰੋ ਇਕ ਨਾਈਐ ॥ ੨ ॥ ੬ ॥ ੯੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਉਸ ਅੱਗੇ ਬੇਨਤੀ ਕਰ,

ਹੇ ਸੁਖ ਸਾਗਰ ਪ੍ਰਭੂ ! ਮੈਂ ਆਪ ਜੀ ਦੀ ਸ਼ਰਨ ਹੀ ਸ਼ਰਨ ਹਾਂ,

ਵਾ:-ਸ਼ਰਨਾਂ ਵਿਚੋਂ ਹੇ ਸੁਖ ਸਾਗਰ ! ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਵਾ:-ਜਿਸ ਆਪ ਜੀ ਦੇ ਸਰ ਨ=ਸੁਦ੍ਰਸ਼ ਕੋਈ ਨਹੀਂ ਹੈ, ਇਸ ਕਰਕੇ ਹੇ ਸੁਖ ਸਾਗਰ ! ਆਪ ਜੀ ਦੀ ਸ਼ਰਨ ਵਿਚ ਅਇਆ ਹਾਂ, ਮੈਨੂੰ ਇਕ ਤੇਰੇ ਨਾਮ ਦੀ ਟੇਕ=ਓਟ ਹੈ॥ ੨ ॥ ੬ ॥ ੯੨ ॥

ਬਿਲਾਵਲੁ ਮਹਲਾ ੫ ॥ ਸੰਤ ਸਰਣਿ ਸੰਤ ਟਹਲ ਕਰੀ ॥

ਸੰਤਾਂ ਦੀ ਸ਼ਰਨੀ ਪੈ ਕੇ ਸੰਤਾਂ ਦੀ ਸੇਵਾ-ਟਹਲ ਕੀਤੀ ਹੈ।

ਧੰਧੁ ਬੰਧੁ ਅਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ ॥ ੧ ॥ ਰਹਾਉ ॥

ਧੰਦਿਆਂ ਦੇ ਬੰਧਨ ਅਤੇ ਸਾਰਿਆਂ ਜੰਜਾਲਾਂ ਤੋਂ, ਪੁਨਾ ਹੋਰਨਾਂ ਕੰਮਾਂ ਤੋਂ ਮੈਂ ਛੁਟ ਪਈ ਹਾਂ।

ਸੂਖ ਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ॥

ਗੁਰਾਂ ਪਾਸੋਂ ਜੋ ਹਰੀ ਦਾ ਨਾਮ ਪਾਇਆ ਹੈ, ਉਸ ਨਾਮ ਕਰ ਕੇ ਸੂਖ ਸਹਜ=ਅਚੁੱਤ ਸੁਖ ਅਤੇ ਘਨੋ=ਬੜਾ ਆਨੰਦ ਪ੍ਰਾਪਤ ਹੋਇਆ ਹੈ।

[ਪੰਨਾ ੮੨੩]

ਐਸੋ ਹਰਿ ਰਸੁ ਬਰਨਿ ਨ ਸਾਕਉ ਗੁਰਿ ਪੂਰੈ ਮੇਰੀ ਉਲਟਿ ਧਰੀ॥ ੧॥

ਹਰੀ ਨਾਮ ਰਸ ਐਸਾ ਹੈ ਜਿਸ ਨੂੰ ਮੈਂ ਕਥਨ ਨਹੀਂ ਕਰ ਸਕਦਾ,

ਪੂਰਿਆਂ ਗੁਰਾਂ ਨੇ ਸੰਸਾਰ ਵਲੋਂ ਉਲਟਾ ਕੇ ਉਸ ਵਿਚ ਮੇਰੀ ਬਿਰਤੀ ਟਿਕਾ ਦਿੱਤੀ ਹੈ॥ ੧॥

ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ॥

ਮੋਹਨੁ=ਪਰਮਾਤਮਾ ਨੂੰ ਸਾਰਿਆਂ ਦੇ ਨਾਲ ਦੇਖਿਆ ਹੈ, ਕਿਸੇ ਜਗ੍ਹਾ ਊਨ ਨਹੀਂ ਹੈ, ਸਾਰੀ ਸ੍ਰਿਸ਼ਟੀ ਆਪਣੀ ਚੇਤਨ ਸੱਤਾ ਨਾਲ ਭਰੀ ਹੋਈ ਹੈ।

ਪੂਰਨ ਪੂਰਿ ਰਹਿਓ ਕਿਰਪਾ ਨਿਧਿ
ਕਹੁ ਨਾਨਕ ਮੇਰੀ ਪੂਰੀ ਪਰੀ॥ ੨॥ ੭॥ ੯੩॥

ਪੂਰਨ ਜੋ ਕਿਰਪਾ ਨਿਧੀ ਪਰਮਾਤਮਾ ਹੈ, ਉਹ ਸਾਰੇ ਪੂਰਨ ਹੋ ਰਿਹਾ ਹੈ, ਇਹ ਗੱਲ ਜਾਣ ਕੇ ਜਾਂ ਉਸ ਨੂੰ ਜਪ ਕੇ ਮੇਰੀ ਪੂਰੀ ਪਤ-ਆਬਰੋ ਪਈ ਹੈ॥ ੨॥ ੭॥ ੯੩॥

ਬਿਲਾਵਲੁ ਮਹਲਾ ੫॥ ਮਨ ਕਿਆ ਕਹਤਾ ਹਉ ਕਿਆ ਕਹਤਾ॥

ਹੇ ਪ੍ਰਭੂ! ਮਨ ਕੀ ਕਹਿੰਦਾ ਹੈ? ਅਤੇ ਮੈਂ ਕੀ ਕਹਿੰਦਾ ਹਾਂ। ਭਾਵ-

ਮਨ ਕਹਿੰਦਾ ਹੈ- 'ਤੂੰ ਸੰਸਾਰਕ ਪਦਾਰਥਾਂ ਵਲ ਚਲ।' ਤੇ ਮੈਂ ਆਖਦਾ ਹਾਂ-'ਤੂੰ ਪਰਮੇਸ਼ਰ ਵਲ ਚਲ।'

ਫੇਰ ਮੈਂ ਇਹ ਗੱਲ ਭੀ ਸਮਝਾਉਂਦਾ ਹਾਂ ਕਿ-

ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ॥ ੧॥ ਰਹਾਉ॥

ਮੇਰੇ ਪ੍ਰਭੂ ਠਾਕੁਰ ਸਾਰੀਆਂ ਗੱਲਾਂ ਦੇ ਜਾਣਨ ਨੂੰ ਪ੍ਰਬੀਨ=ਚਤੁਰ ਹਨ,

ਜਿਸ ਵੇਲੇ ਉਹ ਤੇਰੇ ਪਾਸੋਂ ਪ੍ਰੱਛਣਗੇ ਤਾਂ ਉਨ੍ਹਾਂ ਦੇ ਅੱਗੇ ਤੂੰ ਕੀ ਕਹੇਂਗਾ?

ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥

ਜੀਵਾਂ ਦੇ ਹਿਰਦੇ ਵਿਚ ਜੋ ਕੁਝ ਭੀ ਸੰਕਲਪ ਹੁੰਦਾ ਹੈ,

ਉਸ ਸੰਕਲਪ ਨੂੰ ਬੋਲੇ ਤੋਂ ਬਗੈਰ ਹੀ ਤੂੰ ਪਛਾਣਦਾ ਹੈਂ।

ਯਥਾ:- ''ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ।''

ਰੇ ਮਨ ਕਾਇ ਕਹਾ ਲਉ ਭਹਕਹਿ ਜਉ ਪੇਖਤ ਹੀ ਸੰਗਿ ਸੁਨਤਾ॥ ੧॥

ਹੇ ਪਾਪੀ ਮਨ! ਕਿਸ ਵਾਸਤੇ ਕਿਥੋਂ ਤਕ ਤੂੰ ਭਟਕਦਾ ਫਿਰਦਾ ਹੈਂ,

ਜੇਕਰ ਕਰਤਾ ਪੁਰਖ ਤੇਰੇ ਨਾਲ ਵਸ ਕੇ ਤੇਰੇ ਸਾਰਿਆਂ ਹੀ ਕੰਮਾਂ ਨੂੰ ਵੇਖਦਾ ਅਤੇ ਸੁਣਦਾ ਹੈ॥ ੧॥

ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਕਰਨ ਵਾਲਾ ਨਹੀਂ ਹੈ,
ਇਸ ਤਰ੍ਹਾਂ ਜਾਣ ਕੇ ਮਨ ਵਿਚ ਅਨੰਦ ਹੋਏ ਹਾਂ।

ਕਹੁ ਨਾਨਕ ਗੁਰ ਭਏ ਦਇਆਰਾ ਹਰਿ ਰੰਗੁ ਨ ਕਬਹੂ ਲਹਤਾ॥੨॥੮॥੯੪॥

ਗੁਰੂ ਜੀ ਕਥਨ ਕਰਦੇ ਹਨ-ਪੂਰਨ ਗੁਰੂ ਦਿਆਲੂ ਹੋਏ ਹਨ,
ਇਸ ਲਈ ਉਹ ਹਰੀ ਰੰਗ ਚੜ੍ਹਿਆ ਹੈ ਜੋ ਕਦੇ ਲਹਿੰਦਾ ਨਹੀਂ ਹੈ॥ ੨॥ ੮॥ ੯੪॥

ਬਿਲਾਵਲੁ ਮਹਲਾ ੫ ॥

ਉਥਾਨਕਾ:- ਜਿਸ ਵੇਲੇ ਚੰਦੂ 'ਸਵਾਹੀ' ਦੀ ਲੜਕੀ ਦਾ ਸਾਕ ਗੁਰੂ ਅਰਜਨ ਸਾਹਿਬ ਜੀ ਨੇ ਨਾ ਲੀਤਾ ਤਾਂ ਚੰਦੂ ਨੇ ਅਕਬਰ ਬਾਦਸ਼ਾਹ ਅੱਗੇ ਗੁਰੂ ਜੀ ਦੀ ਚੁਗਲੀ ਕੀਤੀ, ਕਿ 'ਗੁਰੂ ਜੀ ਨੇ ਚੋਰ ਰੱਖੇ ਹੋਏ ਹਨ, ਉਹ ਸਾਡੀ ਕਿਤਾਬ ਚੁਰਾ ਕੇ ਲੈ ਗਏ ਹਨ, ਉਹ ਕਿਤਾਬ ਜ਼ਰੂਰ ਮੰਗਾਉਣੀ ਚਾਹੀਦੀ ਹੈ।' ਇਤਿਆਦਿਕ ਚੰਦੂ ਨੇ ਬਹੁਤ ਗੱਲਾਂ ਕਹੀਆਂ ਪਰ ਬਾਦਸ਼ਾਹ ਨੇ ਸੁਣੀ ਅਨ-ਸੁਣੀ ਕਰ ਦਿੱਤੀ । ਤੇ ਆਖਿਆ-'ਮੈਨੂੰ ਤਾਂ ਇਸ ਤਰ੍ਹਾਂ ਦੇ ਦੋਸ਼ ਉਨ੍ਹਾਂ ਵਿਚ ਕੋਈ ਪ੍ਰਤੀਤ ਨਹੀਂ ਹੁੰਦੇ।' ਕੁਝ ਸਮਾਂ ਪਾ ਕੇ ਚੰਦੂ ਨੇ ਫਿਰ ਸੁਲੱਬੀ ਨੂੰ ਹੁਕਮ ਦਿਵਾਇਆ। (ਇਹ ਸੁਲਹੀ ਦਾ ਭਤੀਜਾ ਸੀ, ਸੁਲਹੀ ਦੇ ਮਰਨ ਪਿੱਛੋਂ ਸੁਲਹੀ ਵਾਲਾ ਮਰਾਤਬਾ ਇਸ ਨੂੰ ਮਿਲਿਆ ਸੀ।) ਜਿਸ ਵੇਲੇ ਚੰਦੂ ਦਾ ਪ੍ਰੇਰਿਆ ਹੋਇਆ ਇਹ ਸੁਲੱਬੀ ਗੁਰੂ ਜੀ ਨੂੰ ਫੜਨ ਆਇਆ, ਤਾਂ ਰਸਤੇ ਵਿਚ ਇਕ ਸਯਦ ਮਿਲ ਪਿਆ, ਉਸ ਨੇ ਸੁਲਹੀ ਪਾਸੋਂ ਕੁਝ ਰੁਪਏ ਲੈਣੇ ਸਨ। ਸਯਦ ਨੇ ਕਿਹਾ-'ਹੇ ਸੁਲੱਬੀ ਤੂੰ ਚਾਚੇ ਦੀ ਸਾਰੀ ਮਲਕੀਅਤ ਸਾਂਭੀ ਹੈ, ਇਸ ਲਈ ਉਸ ਨੇ ਜੋ ਰੁਪਈਆ ਦੇਣਾ ਸੀ ਉਹ ਤੂੰ ਦੇ।' ਇਸ ਨੇ ਕਿਹਾ-'ਮੈਂ ਕਿਉਂ ਦੇਵਾਂ।' ਆਪਸ ਵਿਚ ਬੋਲਦੇ-ਬੋਲਦੇ ਲੜ ਪਏ। ਸਯਦ ਨੇ ਤਲਵਾਰ ਮਾਰ ਕੇ ਇਸ ਦਾ ਸਿਰ ਕੱਟ ਦਿੱਤਾ। ਜਿਸ ਵੇਲੇ ਇਹ ਖ਼ਬਰ ਅੰਮ੍ਰਿਤਸਰ ਪਹੁੰਚੀ ਕਿ ਸੁਲੱਬੀ ਮਰ ਗਿਆ ਹੈ ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ-

ਨਿੰਦਕੁ ਐਸੇ ਹੀ ਝਰਿ ਪਰੀਐ॥
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ॥੧॥ਰਹਾਉ॥

ਨਿੰਦਕ ਪੁਰਸ਼ ਇਸ ਤਰ੍ਹਾਂ ਹੀ ਝੜ ਪੈਂਦੇ ਹਨ। ਹੇ ਭਾਈ ਤੁਸੀਂ ਇਹ ਨਿਸ਼ਾਨੀ ਸੁਣਨਾ ਕਰੋ,
ਜਿਵੇਂ ਕੱਲਰ ਦੀ ਭੀਤਿ=ਕੰਧ ਡਿਗ ਪੈਂਦੀ ਹੈ॥ ੧॥ ਰਹਾਉ॥

ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ॥

ਜਦ ਕਿਸੇ ਦਾ ਛਿਦ੍ਰ=ਦੋਸ਼ ਵੇਖਦਾ ਹੈ ਤਾਂ ਨਿੰਦਕ ਉਮਾਹੈ=ਖੁਸ਼ ਹੁੰਦਾ ਹੈ, ਅਤੇ ਕਿਸੇ ਦਾ ਭਲਾ ਹੁੰਦਾ ਵੇਖ ਕੇ ਦੁਖ ਭਰੀਐ=ਦੁਖ ਪਾਉਂਦਾ ਹੈ।

ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ॥੧॥

ਅੱਠੇ ਪਹਿਰ ਬੁਰਾ ਸੋਚਦਾ ਹੈ, ਪਰ ਬੁਰਿਆਈ ਕਰਨੇ ਨੂੰ ਪਹੁੰਚ ਨਹੀਂ ਸਕਦਾ, ਬੁਰਾ ਚਿਤਵਦਾ ਚਿਤਵਦਾ

ਹੀ ਨਿੰਦਕ ਮਰ ਜਾਂਦਾ ਹੈ॥ ੧॥

ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ
ਹਰਿ ਜਨ ਸਿਉ ਬਾਦੁ ਉਠਰੀਐ॥

ਪ੍ਰਭੂ ਨੇ ਨਿੰਦਕ ਨੂੰ ਭੁਲਾ ਦਿੱਤਾ ਹੈ ਇਸ ਲਈ ਉਸ ਦਾ ਕਾਲ ਨੇੜੇ ਆਇਆ ਹੈ,
ਤਾਂ ਕਰਕੇ ਹੀ ਉਸ ਨੇ ਹਰੀ ਦੇ ਸੇਵਕ ਜਨਾਂ ਨਾਲ ਬਾਦੁ=ਝਗੜਾ ਖੜਾ ਕਰ ਲਿਆ ਹੈ।

ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ
ਕਿਆ ਮਾਨਸ ਬਪੁਰੇ ਕਰੀਐ॥ ੨॥ ੯॥ ੯੫॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਦਾ ਰਾਖਾ,
ਆਪ ਪ੍ਰਭੂ ਸੁਆਮੀ ਹੈ; ਇਹ ਮਨੁੱਖ ਵਿਚਾਰੇ ਕਿਸੇ ਦਾ ਕੀ ਨੁਕਸਾਨ ਕਰ ਸਕਦੇ ਹਨ॥ ੨॥ ੯॥ ੯੫॥

ਬਿਲਾਵਲੁ ਮਹਲਾ ੫॥ ਐਸੇ ਕਾਹੇ ਭੂਲਿ ਪਰੇ॥

ਹੇ ਭਾਈ ! ਤੁਸੀਂ ਇਸ ਪਰਕਾਰ ਕਿਉਂ ਭੁੱਲ ਪਏ ਹੋ।

ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ॥ ੧॥ ਰਹਾਉ॥

ਤੁਸੀਂ ਆਪ ਨਿੰਦਿਆ ਆਦਿਕ ਖੋਟੇ ਕਰਮ ਕਰਦੇ ਹੋ ਅਤੇ ਹੋਰਨਾਂ ਪਾਸੋਂ ਨਿੰਦਿਆ ਆਦਿਕ ਕਰਮ ਕਰਾਉਂਦੇ ਹੋ, ਅੰਤ ਨੂੰ ਫਿਰ ਮੁਕਰ ਪੈਂਦੇ ਹੋ ਕਿ ਅਸਾਂ ਨੇ ਨਹੀਂ ਕੀਤੇ,

ਪਰ ਇਹ ਯਾਦ ਰਖਣਾ:-ਉਹ ਹਰੀ ਤੁਹਾਡੇ ਅੰਗ-ਸੰਗ ਹੋ ਕੇ ਤੁਹਾਡੇ ਕਰਮਾਂ ਨੂੰ ਸਦਾ ਵੇਖਦਾ ਅਤੇ ਸੁਣਦਾ ਹੈ॥ ੧॥ ਰਹਾਉ॥ ਏਸੇ ਕਰਕੇ ਤੀਜੇ ਸਤਿਗੁਰੂ ਜੀ ਫੁਰਮਾਉਂਦੇ ਨੇ-

''ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥
ਸਦ ਸੁਣਦਾ ਸਦਾ ਵੇਖਦਾ ਸਬਦਿ ਰਹਿਆ ਭਰਪੂਰਿ॥ ੧॥'' *(ਆਸਾ ਮਹਲਾ ੩, ਪੰਨਾ ੪੨੯)*

ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ॥

ਵਿਸ਼ੇ ਵਿਕਾਰਾਂ ਰੂਪੀ ਕੱਚ ਨੂੰ ਵਾ:-ਸ਼ਕਾਮ ਕਰਮਾਂ ਰੂਪੀ ਕੱਚ ਨੂੰ ਖਰੀਦਦੇ ਹੋ,
ਨਾਮ ਰੂਪ ਕੰਚਨ=ਸੋਨੇ ਨੂੰ, ਵਾ:- ਨਿਸ਼ਕਾਮ ਕਰਮਾਂ ਰੂਪੀ ਸੋਨੇ ਨੂੰ ਛੱਡ ਦਿੱਤਾ ਹੈ,
ਕੁਟੰਬ ਦੇ ਜਿਤਨੇ ਪੁਰਸ਼ ਹਨ ਇਹ ਵੈਰੀ ਹਨ, ਇਨ੍ਹਾਂ ਨੂੰ ਸੰਗੀ ਜਾਣਕੇ ਹੇਤੁ=ਪ੍ਰੇਮ ਕਰਦਾ ਹੈਂ ਲੋਕ ਪ੍ਰਲੋਕ ਦੇ ਸਹਾਈ ਜੋ ਸੱਜਣ ਮਹਾਤਮਾ ਹਨ, ਉਹਨਾਂ ਨੂੰ ਤਿਆਗ ਖਲੋਤਾ ਹੈਂ।

ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ॥ ੧॥

ਜੋ ਸੱਚ ਹੋ ਕੇ ਰਹਿੰਣਾ ਹੈ 'ਮਰਨਾ' ਉਹ ਤੈਨੂੰ ਕੌੜਾ ਲੱਗ ਰਿਹਾ ਹੈ, ਅਨਹੋਵਨੁ=ਜੀਉਣਾ ਮਿੱਠਾ ਲੱਗ

ਰਿਹਾ ਹੈ, ਬਿਖਿਆ=ਮਾਇਆ ਮਹਿ=ਵਿਚ ਲੰਪਟ ਹੋ ਕੇ।

ਵਾ:-ਵਿਸ਼ੇ ਵਿਕਾਰਾਂ ਵਿਚ ਲੰਪਟ ਹੋ ਕੇ ਜਰੇ=ਸੜ ਰਹੇ ਹੋ॥ ੧॥

ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ॥

ਗ੍ਰਹਿਸਤ, ਵਾ:-ਸੰਸਾਰ ਰੂਪ ਅੰਨ੍ਹੇ ਖੂਹ ਇਹ ਪਰਾਨੀ=ਜੀਵ ਡਿੱਗਾ ਪਿਆ ਹੈ, ਭਰਮ ਦੇ ਗੁਬਾਰ ਕਰ ਕੇ ਮੋਹ ਦੇ ਬੰਧਨਾਂ ਵਿਚ ਪੈ ਰਿਹਾ ਹੈ ਭਾਵ ਫਸ ਗਿਆ ਹੈ।

ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ॥੨॥੧੦॥੯੬॥

ਗੁਰੂ ਜੀ ਕਥਨ ਕਰਦੇ ਹਨ-ਜਿਸ ਉੱਤੇ ਪ੍ਰਭੂ ਦਿਆਲੂ ਹੁੰਦਾ ਹੈ ਉਸਨੂੰ ਗੁਰੂ ਮਿਲਕੇ ਬੁੱਧੀ ਰੂਪ ਬਾਂਹ ਤੋਂ ਫੜ ਕੇ ਬਾਹਰ ਕੱਢ ਦੇਂਦੇ ਹਨ॥ ੨॥ ੧੦॥ ੯੬॥

ਬਿਲਾਵਲੁ ਮਹਲਾ ੫॥ ਮਨ ਤਨ ਰਸਨਾ ਹਰਿ ਚੀਨ੍ਹਾ॥

ਮਨ ਕਰਕੇ, ਤਨ ਕਰਕੇ, ਰਸਨਾ=ਬਾਣੀ ਦੁਆਰਾ ਹਰੀ ਨੂੰ ਚੀਨ੍ਹਾ=ਜਾਣਿਆ ਹੈ।

ਭਏ ਅਨੰਦਾ ਮਿਟੇ ਅੰਦੇਸੇ ਸਰਬ ਸੂਖ ਮੋ ਕਉ ਗੁਰਿ ਦੀਨ੍ਹਾ॥੧॥ਰਹਾਉ॥

ਇਸ ਲਈ ਅਨੰਦ ਹੋ ਗਏ ਹਾਂ, ਸੰਸੇ ਮਿਟ ਗਏ ਹਨ, ਗੁਰਾਂ ਨੇ ਸਾਰਿਆਂ ਸੁਖਾਂ ਦਾ ਸਮੁਦਾਅ ਮੈਨੂੰ ਦੇ ਦਿੱਤਾ ਹੈ॥ ੧॥ ਰਹਾਉ॥

ਇਆਨਪ ਤੇ ਸਭ ਭਈ ਸਿਆਨਪ ਪ੍ਰਭੁ ਮੇਰਾ ਦਾਨਾ ਬੀਨਾ॥

ਇਆਨਪ=ਅਨਜਾਨ-ਪਨੇ ਤੋਂ ਸਾਰੀ ਸਿਆਣਪ ਹੋ ਗਈ ਹੈ, ਮੇਰਾ ਪ੍ਰਭੂ ਦਾਨਾ=ਦਨਾਈ ਵਾਲਾ ਤੇ ਬੀਨਾ=ਦ੍ਰਿਸ਼ਟਾ ਹੈ।

ਹਾਥ ਦੇਇ ਰਾਖੈ ਅਪਨੇ ਕਉ ਕਾਹੂ ਨ ਕਰਤੇ ਕਛੁ ਖੀਨਾ॥੧॥

ਆਪਣੇ ਦਾਸ ਨੂੰ ਆਪ ਹੀ ਹੱਥ ਦੇ ਕੇ ਰੱਖਦਾ ਹੈ, ਉਸ ਕਰਤੇ ਦੇ ਹੱਥੋਂ ਕਿਸੇ ਦਾ ਕੁਝ ਖੀਨਾ=ਨੁਕਸਾਨ ਨਹੀਂ ਹੁੰਦਾ॥ ੧॥

ਬਲਿ ਜਾਵਉ ਦਰਸਨ ਸਾਧੂ ਕੈ ਜਿਹ ਪ੍ਰਸਾਦਿ ਹਰਿ ਨਾਮੁ ਲੀਨਾ॥

ਸੰਤਾਂ ਦੇ ਦਰਸ਼ਨ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੀ ਕਿਰਪਾ ਨਾਲ ਹਰੀ ਨਾਮ ਲੈਣਾ ਕੀਤਾ ਹੈ।

ਕਹੁ ਨਾਨਕ ਠਾਕੁਰ ਭਾਰੋਸੈ ਕਹੂ ਨ ਮਾਨਿਓ ਮਨਿ ਛੀਨਾ॥੨॥੧੧॥੯੭॥

ਗੁਰੂ ਜੀ ਕਥਨ ਕਰਦੇ ਹਨ-ਠਾਕੁਰ ਦੇ ਭਰੋਸੇ ਰਹਿਣ ਕਰ ਕੇ ਇਕ ਛੀਨਾ=ਛਿਨ ਮਾਤਰ ਭੀ ਹੋਰ ਕਿਸੇ ਉੱਤੇ ਮਨ ਨਹੀਂ ਮੰਨਿਆ।

ਅਥਵਾ:-ਨਾ ਕਿਸੇ ਹੋਰ ਉੱਤੇ ਮਨ ਮੰਨਿਆ ਹੈ, ਨਾਹੀ ਛੀਨਾ=ਕ੍ਰਿਸ ਹੋਇਆ ਹੈ॥ ੨॥ ੧੧॥ ੯੭॥

ਬਿਲਾਵਲੁ ਮਹਲਾ ੫॥ ਗੁਰਿ ਪੂਰੈ ਮੇਰੀ ਰਾਖਿ ਲਈ॥

ਪੂਰਿਆਂ ਗੁਰਾਂ ਨੇ ਮੇਰੀ ਪੈਜ ਰੱਖ ਲਈ ਹੈ।

ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧ ॥ਰਹਾਉ ॥

ਮੇਰੇ ਹਿਰਦੇਂ ਵਿਚ ਨਾਮ-ਅੰਮ੍ਰਿਤ ਵਸਾ ਦਿੱਤਾ ਹੈ, ਜਿਸ ਕਰਕੇ ਜਨਮਾਂ ਜਨਮਾਤਰਾਂ ਦੀ ਪਾਪਾਂ ਰੂਪੀ ਮੈਲ ਲਹਿ ਗਈ ਹੈ॥ ੧ ॥ ਰਹਾਉ ॥

ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥

ਪੂਰਿਆਂ ਗੁਰਾਂ ਦਾ ਜਾਪ ਜਪਿਆ ਹੈ, ਇਸ ਕਰਕੇ ਬੈਰਾਈ=ਵੈਰ ਕਰਨ ਵਾਲੇ ਦੁਸ਼ਟ ਦੂਤ ਨਵਿਰਤ ਹੋ ਗਏ ਹਨ।

[ਪੰਨਾ ੮੨੪]

ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥ ੧ ॥

ਕੋਈ ਵਿਚਾਰਾ ਸਾਡਾ ਕੀ ਨੁਕਸਾਨ ਕਰੇਗਾ? ਮੇਰੇ ਪ੍ਰਭੂ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ॥ ੧ ॥

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥

ਵਾਹਿਗੁਰੂ ਦੇ ਚਰਨ-ਕਮਲਾਂ ਦਾ ਧਿਆਨ ਮਨ ਵਿਚ ਰੱਖ ਕੇ, ਉਸ ਦਾ ਸਿਮਰਨ ਜੋ ਸਿਮਰਨੇ ਜੋਗ ਹੈ, ਉਸ ਨੂੰ ਸਿਮਰ ਕੇ ਹੀ ਸੁਖ ਪਾਇਆ ਹੈ।

ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥੨ ॥੧੨ ॥੯੮ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਉਸ ਦੀ ਸ਼ਰਨੀ ਪਿਆ ਹਾਂ, ਜਿਸ ਤੋਂ ਉੱਪਰ ਹੋਰ ਕੋਈ ਵੱਡਾ ਨਹੀਂ ਹੈ॥ ੨ ॥ ੧੨ ॥ ੯੮ ॥

ਬਿਲਾਵਲੁ ਮਹਲਾ ੫ ॥ ਸਦਾ ਸਦਾ ਜਪੀਐ ਪ੍ਰਭ ਨਾਮ ॥

ਸਦਾ=ਨਿਤ ਰੂਪ ਪ੍ਰਭੂ ਦੇ ਨਾਮ ਨੂੰ ਸਦਾ ਹੀ ਜਪਣਾ ਕਰੀਏ।

ਜਰਾ ਮਰਾ ਕਛੁ ਦੂਖੁ ਨ ਬਿਆਪੈ ਆਗੈ ਦਰਗਹ ਪੂਰਨ ਕਾਮ ॥੧ ॥ਰਹਾਉ ॥

ਤਾਂ ਫਿਰ ਜਰਾ=ਬੁਢੇਪੇ ਤੇ ਮਰਨ ਦਾ ਕੁਝ ਦੁੱਖ ਨਹੀਂ ਬਿਆਪੇਗਾ, ਅੱਗੇ ਦਰਗਾਹ ਵਿਚ ਵੀ ਸਾਰੇ ਕੰਮ ਪੂਰਨ ਹੋਣਗੇ॥ ੧ ॥ ਰਹਾਉ ॥

ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥

ਆਪਾ ਭਾ ਹੰਕਾਰ ਤਿਆਗ ਕੇ ਨਿਤ ਸ਼ਰਨੀ ਡਿੱਗੇ ਰਹੀਏ
ਤਾਂ ਗੁਰਾਂ ਪਾਸੋਂ ਇਹ ਨਾਮ-ਖਜ਼ਾਨਾ ਪਾਈਦਾ ਹੈ।

ਜਨਮ ਮਰਣ ਕੀ ਕਟੀਐ ਫਾਸੀਂ ਸਾਚੀ ਦਰਗਹ ਕਾ ਨੀਸਾਨੁ ॥ ੧ ॥

ਨਾਮ ਕਰਕੇ ਜਨਮ ਮਰਨ ਦੀ ਫਾਹੀ ਕੱਟੀ ਜਾਂਦੀ ਹੈ,
ਇਹ ਨਾਮ ਹੀ ਸੱਚੀ ਦਰਗਾਹ ਦਾ ਨੀਸਾਨੁ=ਪਰਵਾਨਾ ਹੈ॥ ੧ ॥

ਜੋ ਤੁਮ੍ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥

ਹੇ ਭਾਈ ! ਜੋ ਵਾਹਿਗੁਰੂ ਕਰਦਾ ਹੈ ਉਸ ਨੂੰ ਤੁਸੀਂ ਭਲਾ ਕਰਕੇ ਮੰਨੋ,

ਤਾਂ ਮਨ ਵਿਚੋਂ ਸਾਰਾ ਗੁਮਾਨੁ=ਹੰਕਾਰ ਛੁੱਟ ਜਾਏਗਾ।

ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥੨ ॥੧੩ ॥੯੯ ॥

ਗੁਰੂ ਜੀ ਕਥਨ ਕਰਦੇ ਹਨ-ਉਸ ਦੀ ਸ਼ਰਨ ਵਿਚ ਆਉਣਾ ਕਰੋ,

ਸਾਰਾ ਜਹਾਨ ਜਿਸ ਦਾ ਕੀਤਾ ਹੋਇਆ ਹੈ॥ ੨॥ ੧੩॥ ੯੯॥

ਬਿਲਾਵਲੁ ਮਹਲਾ ੫ ॥ ਮਨ ਤਨ ਅੰਤਰਿ ਪ੍ਰਭੁ ਆਹੀ ॥

ਸੰਤ ਭਗਤ ਹਮੇਸ਼ਾਂ ਮਨ ਤਨ ਦੇ ਅੰਦਰ ਪ੍ਰਭੂ ਨੂੰ ਹੀ ਆਹੀ=ਚਾਹੁੰਦੇ ਹਨ। ਅਤੇ-

ਹਰਿ ਗੁਨ ਗਾਵਤ ਪਰਉਪਕਾਰ ਨਿਤ
ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥ ੧ ॥ ਰਹਾਉ ॥

ਜਿਸ ਰਸਨਾ ਦੁਆਰੇ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ ਤੇ ਨਿਤ ਹੀ ਪਰਉਪਕਾਰ ਦਾ ਉਪਦੇਸ਼ ਦਿੰਦੇ ਹਨ, ਉਸ ਰਸਨਾ ਦਾ ਮੁੱਲ ਕੁਝ ਨਹੀਂ ਹੈ॥ ੧॥ ਰਹਾਉ॥

ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥

ਸੰਤਾਂ ਦੀ ਆਪਣੀ ਕੁਲ ਅਤੇ ਸਮੂਹ ਜੀਵ ਇਕ ਖਿਨ ਵਿਚ ਤਰ ਗਏ ਹਨ,

ਸੰਤਾਂ ਨੇ ਨਾਮ ਦੁਆਰਾ ਜਨਮਾਂ ਜਨਮਾਂ ਦੀ ਪਾਪਾਂ ਰੂਪੀ ਮੈਲ ਲਾਹ ਦਿੱਤੀ ਹੈ।

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧ ॥

ਆਪਣੇ ਪ੍ਰਭੂ ਸੁਆਮੀ ਦੇ ਸਿਮਰਨ ਨੂੰ ਸਿਮਰ-ਸਿਮਰ ਕੇ ਅਨੰਦ ਨਾਲ ਬਿਖਿਆ=ਵਿਸ਼ਿਆਂ ਰੂਪੀ ਬਨੁ ਗਾਹੀ=ਜਲ ਨੂੰ ਲੰਘ ਜਾਂਦੇ ਹਨ॥ ੧॥

ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ ॥

ਪ੍ਰਭੂ ਦੇ ਚਰਨਾਂ ਰੂਪੀ ਬੋਹਿਥੁ=ਜਹਾਜ਼ ਨੂੰ ਪਾ ਕੇ ਭਵਸਾਗਰੁ=ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਏ ਹਨ।

ਸੰਤ ਸੇਵਕ ਭਗਤ ਹਰਿ ਤਾ ਕੇ
ਨਾਨਕ ਮਨੁ ਲਾਗਾ ਹੈ ਤਾਹੀ ॥ ੨ ॥ ੧੪ ॥ ੧੦੦ ॥

ਗੁਰੂ ਜੀ ਕਥਨ ਕਰਦੇ ਹਨ-ਐਸੇ ਸੰਤ ਭਗਤ ਜੋ ਤਿਸ ਹਰੀ ਦੇ ਸੇਵਕ ਹਨ, ਮੇਰਾ ਮਨ ਉਨ੍ਹਾਂ ਵਿਚ ਲੱਗਾ ਹੈ। ਜਾਂ ਜੋ ਸੰਤ ਹਰੀ ਦੀ ਭਗਤੀ ਕਰਦੇ ਹਨ, ਉਨ੍ਹਾਂ ਦੇ ਜੋ ਸੇਵਕ ਹਨ;

ਮੇਰਾ ਮਨ ਉਨ੍ਹਾਂ ਦੇ ਚਰਨਾਂ ਨਾਲ ਲੱਗਾ ਹੈ॥ ੨॥ ੧੪॥ ੧੦੦॥

ਬਿਲਾਵਲੁ ਮਹਲਾ ੫ ॥ ਧੀਰਉ ਦੇਖਿ ਤੁਮਾਰੇ ਰੰਗਾ ॥

ਹੇ ਹਰੀ! ਤੁਹਾਡੇ ਰੰਗਾਂ ਨੂੰ ਦੇਖ ਕੇ ਮੇਰਾ ਮਨ ਧੀਰਜ ਨੂੰ ਪ੍ਰਾਪਤ ਹੋਇਆ ਹੈ।

ਤੁਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ ॥ ੧ ॥ ਰਹਾਉ ॥

ਹੇ ਸੁਆਮੀ ! ਤੂੰਹੀਂ ਅੰਦਰ ਦੀ ਗੱਲ ਜਾਣਦਾ ਹੈਂ ਅਤੇ ਤੂੰਹੀਂ ਸੰਤਾਂ ਦੇ ਸੰਗ ਵਿਚ ਵਸਦਾ ਹੈਂ।

ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ ॥ ੧ ॥

ਹੇ ਠਾਕੁਰ ! ਆਪ ਇਕ ਖਿਨ ਵਿਚ ਗਰੀਬਾਂ ਨੂੰ ਭਲੇ ਅਸਥਾਨ ਪਰ ਥਾਪ ਕੇ ਨਿਵਾਜੇ=ਵਡਿਆਉਂਦਾ ਹੈਂ ਅਤੇ ਨੀਚ ਕੀੜੇ-ਕੰਗਲੇ ਨੂੰ ਰਾਜੰਗਾ=ਰਾਜਾ ਕਰ ਦੇਂਦਾ ਹੈਂ॥ ੧ ॥

ਕਬਹੂ ਨ ਬਿਸਰੈ ਹੀਏ ਮੋਰੇ ਤੇ
ਨਾਨਕ ਦਾਸ ਇਹੀ ਦਾਨੁ ਮੰਗਾ ॥ ੨ ॥ ੧੫ ॥ ੧੦੧ ॥

ਗੁਰੂ ਜੀ ਕਥਨ ਕਰਦੇ ਹਨ-ਦਾਸ ਏਹੋ ਦਾਨ ਮੰਗਦਾ ਹੈ ਕਿ ਆਪ ਜ਼ੀ ਦਾ ਨਾਮ ਮੇਰੇ ਹਿਰਦੇ ਵਿੱਚੋਂ ਕਦੇ ਭੀ ਭੁੱਲੇ ਨਾ ॥ ੨ ॥ ੧੫ ॥ ੧੦੧ ॥

ਬਿਲਾਵਲੁ ਮਹਲਾ ੫ ॥ ਅਚੁਤ ਪੂਜਾ ਜੋਗ ਗੋਪਾਲ ॥

ਹੇ ਗੋਪਾਲ ! ਤੂੰ ਅਚੁਤ=ਅ-ਗਿੜ ਹੈਂ ਅਤੇ ਪੂਜਾ ਕਰਨੇ ਦੇ ਜੋਗ=ਲਾਇਕ ਹੈਂ।

ਮਨੁ ਤਨੁ ਅਰਪਿ ਰਖਉ ਹਰਿ ਆਗੈ ਸਰਬ ਜੀਆ ਕਾ ਹੈ ਪ੍ਰਤਿਪਾਲ ॥ ੧ ॥ ਰਹਾਉ ॥

ਹੇ ਹਰੀ ! ਆਪ ਜੀ ਦੇ ਅੱਗੇ ਮੈਂ ਅਪਣਾ ਮਨ ਤਨ ਅਰਪਣ ਕਰਕੇ ਰੱਖਦਾ ਹਾਂ, ਤੂੰਹੀਂ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈਂ॥ ੧ ॥ ਰਹਾਉ ॥

ਸਰਨਿ ਸਮ੍ਰਥ ਅਕਥ ਸੁਖਦਾਤਾ ਕਿਰਪਾ ਸਿੰਧੁ ਬਡੋ ਦਇਆਲ ॥

ਹੇ ਅਕੱਥ ਪ੍ਰਭੂ ! ਤੂੰਹੀਂ ਸੁਖਾਂ ਦੇ ਦੇਣ ਵਾਲਾ ਹੈਂ ਤੇ ਸ਼ਰਨ ਆਇਆਂ ਦੀ ਰੱਖਿਆ ਕਰਨ ਨੂੰ ਸਮਰੱਥ ਹੈਂ। ਕਿਰਪਾ ਦਾ ਸਮੁੰਦਰ ਹੈਂ ਅਤੇ ਬੜਾ ਦਿਆਲੂ ਹੈਂ।

ਕੰਠਿ ਲਾਇ ਰਾਖੈ ਅਪਨੇ ਕਉ ਤਿਸ ਨੋ ਲਗੈ ਨ ਤਾਤੀ ਬਾਲ ॥ ੧ ॥

ਜਿਸ ਆਪਣੇ ਦਾਸ ਨੂੰ ਆਪਣੇ ਗਲ ਨਾਲ ਲਗਾ ਰੱਖਦਾ ਹੈਂ ਉਸ ਨੂੰ ਦੁੱਖ ਰੂਪੀ,
ਵਾ:-ਪ੍ਰਸੂਤ ਪੌਣ ਰੂਪੀ ਤੱਤੀ ਬਾਲ=ਹਵਾ ਨਹੀਂ ਲੱਗਦੀ॥ ੧ ॥

ਦਾਮੋਦਰ ਦਇਆਲ ਸੁਆਮੀ ਸਰਬਸੁ ਸੰਤ ਜਨਾ ਧਨ ਮਾਲ ॥

ਹੇ ਦਮੋਦਰ ਸੁਆਮੀ ! ਆਪ ਦਿਆਲੂ ਹੋ ਅਤੇ ਸੰਤ ਜਨਾਂ ਦਾ ਸਾਰਾ ਸਰਬੰਸ ਤੇ ਧਨ ਮਾਲ ਆਪ ਹੀ ਹੋ।

ਨਾਨਕ ਜਾਚਿਕ ਦਰਸੁ ਪ੍ਰਭ ਮਾਗੈ
ਸੰਤ ਜਨਾ ਕੀ ਮਿਲੈ ਰਵਾਲ ॥ ੨ ॥ ੧੬ ॥ ੧੦੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਜਾਚਿਕ=ਮੰਗਤਾ ਆਪ ਜੀ ਦਾ ਦਰਸ਼ਨ ਕਰਨਾ ਮੰਗਦਾ ਹਾਂ ਅਤੇ ਸੰਤ ਜਨਾਂ ਦੀ ਚਰਨ-ਧੂੜੀ ਮਿਲੇ॥ ੨ ॥ ੧੬ ॥ ੧੦੨ ॥

ਬਿਲਾਵਲੁ ਮਹਲਾ ੫ ॥ ਸਿਮਰਤ ਨਾਮੁ ਕੋਟਿ ਜਤਨ ਭਏ ॥

ਨਾਮ ਦੇ ਸਿਮਰਨੇ ਕਰਕੇ ਕ੍ਰੋੜਾਂ ਜਤਨ (ਸਾਧਨ) ਸਿੱਧ ਹੋ ਗਏ ਹਨ।

ਸਾਧਸੰਗਿ ਮਿਲਿ ਹਰਿ ਗੁਨ ਗਾਏ ਜਮਦੂਤਨ ਕਉ ਤ੍ਰਾਸ ਅਹੇ ॥ ੧ ॥ ਰਹਾਉ ॥

ਸਾਧ ਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਏ ਹਨ, ਇਸ ਲਈ ਜਮਦੂਤਾਂ ਨੂੰ ਸਾਡੇ ਪਾਸੋਂ ਤ੍ਰਾਸ ਅਹੇ=ਖੋਫ਼ ਆ ਗਿਆ ਹੈ॥ ੧ ॥ ਰਹਾਉ॥

ਜੇਤੇ ਪੁਨਹਚਰਨ ਸੇ ਕੀਨੇ ਮਨਿ ਤਨਿ ਪ੍ਰਭ ਕੇ ਚਰਣ ਗਹੇ॥

ਪਾਪਾਂ ਦੀ ਨਵਿਰਤੀ ਕਰਨ ਵਾਲੇ ਜਿੰਨੇ ਕੁ ਯੱਗ, ਵਰਤ, ਤੀਰਥ ਯਾਤਰਾ ਆਦਿਕ ਪੁਨਹ-ਚਰਨ=ਪ੍ਰਾਸਚਿਤ ਹਨ, ਉਹ ਸਾਰੇ ਕਰ ਲਏ ਹਨ, ਜਿਹੜਾ ਮਨ ਤਨ ਕਰਕੇ ਪ੍ਰਭੂ ਦੇ ਚਰਨ ਗਹੇ=ਫੜੇ ਹਨ, ਏਹੀ ਸਭ ਤੋਂ ਵੱਡਾ ਪ੍ਰਾਸਚਿਤ ਹੈ।

ਆਵਣ ਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ ਦਹੇ॥ ੧ ॥

ਆਉਣਾ ਜਾਣਾ, ਜੰਮਣਾ ਮਰਨਾ, ਭਰਮ ਤੇ ਭਉ=ਡਰ ਸਾਥੋਂ ਦੂਰ ਭੱਜ ਗਿਆ ਹੈ,
ਅਤੇ ਜਨਮਾਂ-ਜਨਮਾਂ ਦੇ ਕੀਤੇ ਹੋਏ ਕਿਲਵਿਖ ਦਹੇ=ਪਾਪ ਸੜ ਗਏ ਹਨ॥ ੧ ॥

ਨਿਰਭਉ ਹੋਇ ਭਜਹੁ ਜਗਦੀਸੈ ਏਹੁ ਪਦਾਰਥੁ ਵਡਭਾਗਿ ਲਹੇ॥

ਨਿਰਭਉ ਹੋ ਕੇ ਜਗਤ ਦੇ ਮਾਲਕ ਨੂੰ ਭਜਨਾ ਕਰੋ, ਪਰ ਇਹ ਨਾਮ ਪਦਾਰਥ ਵੱਡਿਆਂ ਭਾਗਾਂ ਵਾਲਾ ਪੁਰਸ਼ ਹੀ ਲਹੇ=ਲੈਂਦਾ ਹੈ।

[ਪੰਨਾ ੮੨੫]

ਕਰਿ ਕਿਰਪਾ ਪੂਰਨ ਪ੍ਰਭ ਦਾਤੇ
ਨਿਰਮਲ ਜਸੁ ਨਾਨਕ ਦਾਸ ਕਹੇ॥ ੨ ॥ ੧੭ ॥ ੧੦੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੂਰਨ ਪ੍ਰਭੂ ਦਾਤੇ ! ਕਿਰਪਾ ਕਰ,
ਮੈਂ ਆਪ ਜੀ ਦੇ ਨਿਰਮਲ ਜਸ ਨੂੰ ਕਹੇ=ਕਥਨ ਕਰਦਾ ਹਾਂ॥ ੨ ॥ ੧੭ ॥ ੧੦੩ ॥

ਬਿਲਾਵਲੁ ਮਹਲਾ ੫ ॥

ਉਥਾਨਕਾ:-ਜਿਸ ਵੇਲੇ ਸੁਲਹੀ ਖਾਂ ਕਈ ਤਰ੍ਹਾਂ ਦੇ ਛਲ-ਫਰੇਬ ਕਰਕੇ ਜਹਾਂਗੀਰ ਬਾਦਸ਼ਾਹ ਦਾ ਹੁਕਮ ਲੈ ਕੇ ਦਿੱਲੀ ਤੋਂ ਪ੍ਰਿਥੀ ਚੰਦ ਦੀ ਮਦਦ ਕਰਨ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਉੱਤੇ ਚੜ੍ਹਾਈ ਕਰਕੇ ਆਇਆ, ਤੇ ਰਸਤੇ ਵਿਚ ਪ੍ਰਿਥੀ ਚੰਦ ਦੇ ਪਿੰਡ ਕੋਠੇ ਗਰਾਮ ਪੁੱਜਾ, ਪ੍ਰਿਥੀ ਚੰਦ ਨੇ ਉਸ ਦਾ ਬੜਾ ਸੁਆਗਤ ਕੀਤਾ। ਤੇ ਕਿਹਾ-"ਇਸ ਵੇਲੇ ਇੱਟਾਂ ਪਥਾ ਕੇ ਆਵੇ ਪਰ ਚਾੜ੍ਹੀਆਂ ਹੋਈਆਂ ਹਨ ਆਪ ਉਹ ਵੇਖਣ ਚੱਲੋ।" ਸੁਲਹੀ ਨੇ ਕਿਹਾ-"ਚੰਗਾ।" ਆਵੇ ਵੇਖਣ ਵਾਸਤੇ ਦੋਵੇਂ ਟੁਰ ਪਏ। ਆਵੇ ਦੇ ਪਾਸ ਪ੍ਰਿਥੀ ਚੰਦ ਤਾਂ ਪਿਸ਼ਾਬ ਕਰਨ ਬੈਠ ਗਿਆ ਤੇ ਸੁਲਹੀ ਖਾਂ ਸਿੱਧਾ ਹੀ ਘੋੜ ਅਸਵਾਰ ਹੋਇਆ ਹੋਇਆ ਆਵੇ ਉੱਤੇ ਚੜ੍ਹ ਗਿਆ। ਘੋੜੇ ਦੇ ਤ੍ਰਬਕਣੇ ਕਰਕੇ ਸੁਲਹੀ ਖਾਂ ਉਛਲ ਕੇ ਆਵੇ ਦੀ ਅੱਗ ਵਿਚ ਜਾ ਪਿਆ। ਇਸ ਦੇ ਮੋਢੇ ਪਰ ਕੁਹਾੜਾ ਸੀ ਉਸ ਦੇ ਵੱਜਣ ਨਾਲ ਇਸ ਦਾ ਸਿਰ ਭੀ ਕੱਟਿਆ ਗਿਆ ਅਤੇ ਸਰੀਰ ਆਵੇ ਵਿਚ ਧਸ ਕੇ ਸੜ ਕੇ ਸਵਾਹ ਹੋ ਗਿਆ। ਓਧਰ ਬਾਦਸ਼ਾਹ ਨੂੰ ਸੁਲਹੀ ਦੇ ਫਰੇਬ ਦਾ ਪਤਾ ਲੱਗਾ ਤਾਂ ਮਨ ਵਿਚ ਗੁੱਸਾ ਖਾ ਕੇ ਉਸ ਦੇ ਪ੍ਰਵਾਰ ਨੂੰ ਪਨਾਹ ਦੇਣੀ ਛੱਡ ਦਿੱਤੀ। ਏਧਰ ਸਤਿਗੁਰਾਂ ਨੂੰ ਭੀ ਸੁਲਹੀ ਦੇ ਮਰਨ ਦੀ ਖ਼ਬਰ ਪਹੁੰਚ ਗਈ ਉਸ ਵੇਲੇ ਗੁਰੂ ਜੀ ਨੇ ਸ਼ਬਦ ਉਚਾਰਿਆ--

ਸੁਲਹੀ ਤੇ ਨਾਰਾਇਣ ਰਾਖੁ ॥

ਹੇ ਭਾਈ ! ਨਾਰਾਇਣ ਨੇ ਸੁਲਹੀ ਦੇ ਪਾਸੋਂ ਸਾਨੂੰ ਰੱਖ ਲਿਆ ਹੈ।

ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧ ॥ਰਹਾਉ ॥

ਕਿਸੇ ਜਗ੍ਹਾ ਪਰ ਭੀ ਸੁਲਹੀ ਖਾਂ ਦਾ ਹੱਥ ਨਹੀਂ ਪਹੁੰਚਿਆ, ਸੁਲਹੀ ਖਾਂ ਤਾਂ ਨਾਪਾਕੁ=ਅਪਵਿੱਤ੍ਰ (ਪਲੀਤ) ਹੋ ਕੇ ਮਰ ਗਿਆ ਹੈ॥ ੧॥ ਰਹਾਉ॥

ਭਾਵ-ਮੁਸਲਮਾਨੀ ਮੱਤ ਵਿਚ ਸੜ ਕੇ ਮਰਨਾ ਅਪਵਿੱਤ੍ਰ ਮੰਨਿਆ ਗਿਆ ਹੈ ਤੇ ਸੁਲਹੀ ਆਵੇ ਦੀ ਅੱਗ ਵਿਚ ਸੜ੍ਹ ਕੇ ਮਰਨ ਕਾਰਨ ਸਤਿਗੁਰਾਂ ਨੇ 'ਨਾਪਾਕੁ' ਸ਼ਬਦ ਵਰਤਿਆ ਹੈ, ਕਿ ਸੁਲਹੀ ਖਾਂ ਧਰਮ ਤੋਂ ਪਤਿਤ ਹੋ ਕੇ ਮਰ ਗਿਆ। ਪਿੱਛੇ ਭੀ ਗਉੜੀ ਰਾਗੁ ਵਿਚ ਸਤਿਗੁਰਾਂ ਨੇ ਕਿਹਾ ਹੈ-

"ਗਰੀਬਾ ਉਪਰਿ ਜਿ ਖਿੰਜੈ ਦਾੜੀ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥ ੧॥" (ਪੰਨਾ ੧੬੬)

ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥

ਖਸਮਿ=ਪਰਮਾਤਮਾ ਨੇ ਕੁਠਾਰੁ=ਕੁਹਾੜਾ (ਤਬਰ) ਕੱਢ ਕੇ ਉਸ ਦਾ ਸਿਰ ਕੱਟ ਦਿੱਤਾ ਹੈ, ਇਕ ਖਿਨ ਦੇ ਵਿਚ ਹੀ ਖਾਕੁ=ਮਿੱਟੀ ਰੂਪ ਹੋ ਗਿਆ।

ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧ ॥

ਮੰਦਾ=ਬੁਰਾ ਲੋਚਦਾ ਪਚਿਆ=ਸੜ ਗਿਆ ਹੈ। ਜਿਸ ਪ੍ਰਭੂ ਨੇ ਰਚਿਆ ਹੈ, ਓਸੇ ਨੇ (ਆਵੇ ਵਿਚ) ਧੱਕਾ ਦੇ ਦਿੱਤਾ ਹੈ॥ ੧॥

ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥

ਪੁਤਰ, ਮਿੱਤਰ, ਧਨ ਆਦਿਕ ਕੁਝ ਭੀ ਪਾਸ ਨਾ ਰਿਹਾ ਸੂ,
ਸਾਰਿਆਂ ਭਰਾਵਾਂ, ਸਾਕਾਂ ਨੂੰ ਛੱਡ ਕੇ ਚਲਾ ਗਿਆ।

ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ੨ ॥ ੧੮ ॥ ੧੦੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਜਨ=ਦਾਸ ਦਾ ਬਚਨ ਪੂਰਾ ਕੀਤਾ ਹੈ (ਕਿ ਸੁਲਹੀ ਖਾਂ ਅੰਮ੍ਰਿਤਸਰ ਵਿਚ ਪਹੁੰਚੇਗਾ ਹੀ ਨਹੀਂ) ॥ ੨॥ ੧੮॥ ੧੦੪॥

ਬਿਲਾਵਲੁ ਮਹਲਾ ੫ ॥ ਪੂਰੇ ਗੁਰ ਕੀ ਪੂਰੀ ਸੇਵ ॥

ਪੂਰਿਆਂ ਗੁਰਾਂ ਦੀ ਸੇਵਾ ਪੂਰੀ ਹੈ, ਜਿਸ ਸੇਵਾ ਨੂੰ ਕਰਕੇ ਇਹ ਨਿਸਚੇ ਕੀਤਾ ਹੈ ਕਿ-

ਆਪੇ ਆਪਿ ਵਰਤੈ ਸੁਆਮੀ ਕਾਰਜੁ ਰਾਸਿ ਕੀਆ ਗੁਰਦੇਵ ॥ ੧ ॥ ਰਹਾਉ ॥

ਸੁਆਮੀ ਪਰਮਾਤਮਾ ਆਪੇ ਆਪ ਸਾਰਿਆਂ ਵਿਚ ਵਰਤ ਰਿਹਾ ਹੈ, ਗੁਰਦੇਵਾਂ ਨੇ ਮੇਰਾ ਸਾਰਾ ਕਾਰਜ ਰਾਸ ਕਰ ਦਿੱਤਾ ਹੈ। ਜਾਂ ਗੁਰਦੇਵਾਂ ਨੇ ਮੇਰਾ ਮੋਖ ਰੂਪੀ ਕਾਰਜ ਰਾਸ ਕਰ ਦਿੱਤਾ ਹੈ॥ ੧॥ ਰਹਾਉ॥

ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ ॥

ਮੇਰਾ ਸੁਆਮੀ ਪ੍ਰਭੂ ਆਦਿ, ਮਧ, ਅੰਤ (ਤਿੰਨਾਂ ਸਮਿਆਂ) ਵਿਚ ਪੂਰਨ ਹੈ, ਉਸ ਨੇ ਆਪਣੇ ਆਪ ਤੋਂ ਇਹ ਜਗਤ ਦਾ ਥਾਟ ਬਣਾਇਆ ਹੈ।

ਅਪਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ ॥ ੧ ॥

ਆਪਣੇ ਸੇਵਕ ਦੀ ਪੈਜ ਆਪ ਹੀ ਰਖਦਾ ਹੈ, ਮੇਰੇ ਪ੍ਰਭੂ ਦਾ ਪ੍ਰਤਾਪ ਸਾਰਿਆਂ ਤੋਂ ਵੱਡਾ ਹੈ॥ ੧ ॥

ਪਾਰਬ੍ਰਹਮ ਪਰਮੇਸੁਰ ਸਤਿਗੁਰ ਵਸਿ ਕੀਨੇ ਜਿਨਿ ਸਗਲੇ ਜੰਤ ॥

ਉਹ ਪਾਰਬ੍ਰਹਮ ਪਰਮੇਸ਼ਰ ਹੀ ਸਤਿਗੁਰੂ ਰੂਪ ਹੋਇਆ ਹੈ, ਜਿਸ ਨੇ ਸਾਰੇ ਜੰਤ ਆਪਣੇ ਵਸ ਵਿਚ ਕੀਤੇ ਹੋਏ ਹਨ।

ਚਰਨ ਕਮਲ ਨਾਨਕ ਸਰਣਾਈ
ਰਾਮ ਨਾਮ ਜਪਿ ਨਿਰਮਲ ਮੰਤ ॥ ੨ ॥ ੧੯ ॥ ੧੦੫ ॥

ਗੁਰੂ ਜੀ ਕਥਨ ਕਰਦੇ ਹਨ-ਗੁਰਦੇਵਾਂ ਦੇ ਚਰਨ-ਕਮਲਾਂ ਦੀ ਸ਼ਰਨ ਵਿਚ ਆ ਕੇ ਮੈਂ ਰਾਮ ਨਾਮ ਰੂਪੀ ਨਿਰਮਲ ਮੰਤਰ ਨੂੰ ਜਪਿਆ ਹੈ॥ ੨ ॥ ੧੯ ॥ ੧੦੫ ॥

ਬਿਲਾਵਲੁ ਮਹਲਾ ੫ ॥ ਤਾਪ ਪਾਪ ਤੇ ਰਾਖੇ ਆਪ ॥

ਪ੍ਰਭੂ ਨੇ ਆਪ ਹੀ ਸਾਨੂੰ ਤਾਪਾਂ ਤੇ ਪਾਪਾਂ ਵੱਲੋਂ ਰੱਖ ਲਿਆ ਹੈ।

ਜਾਂ ਤਾਪ=ਤਪਾਉਣ ਵਾਲੇ ਪਾਪਾਂ ਵਲੋਂ ਰੱਖ ਲਿਆ ਹੈ।

ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ ॥ ੧ ॥ ਰਹਾਉ ॥

ਗੁਰੂ ਦੀ ਚਰਨੀਂ ਲੱਗ ਕੇ ਹਿਰਦੇ ਵਿਚ ਰਾਮ ਨਾਮ ਨੂੰ ਜਪਿਆ ਤਾਂ ਮਨ, ਬੁੱਧ ਆਦਿਕ ਸਭ ਸੀਤਲ ਹੋ ਗਏ॥ ੧ ॥ ਰਹਾਉ ॥

ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵ ਖੰਡ ਪ੍ਰਤਾਪ ॥

ਪ੍ਰਭੂ ਨੇ ਕਿਰਪਾ ਕਰਕੇ ਮੇਰੇ ਮੱਥੇ ਪਰ ਹਸਤ=ਹੱਥ ਰੱਖ ਦਿੱਤਾ ਹੈ ਤੇ ਨੌਵਾਂ ਖੰਡਾਂ ਵਿਚ ਜਿਸ ਦਾ ਪ੍ਰਤਾਪ ਫੈਲਿਆ ਹੋਇਆ ਹੈ, ਉਸ ਪ੍ਰਭੂ ਨੇ ਜਗਤ ਉਧਾਰ=ਸੰਸਾਰ ਤੋਂ ਤਾਰਨਾ ਕੀਤਾ ਹੈ।

ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ ॥ ੧ ॥

ਸੱਚ ਨਾਮ ਕਰਕੇ ਦੁੱਖ ਬਿਨਸ ਗਏ ਹਨ, ਸੁਖ ਅਨੰਦ ਵਿਚ ਪ੍ਰਵੇਸ਼ ਹੋ ਗਿਆ ਹੈ, ਤ੍ਰਿਸ਼ਨਾ ਅੱਗ ਬੁਝ ਗਈ ਹੈ ਅਤੇ ਸੱਚ ਨੂੰ ਪਾ ਕੇ ਮਨ ਤਨ ਧ੍ਰਾਪ=ਰੱਜ ਗਿਆ ਹੈ॥ ੧ ॥

ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪੁ ॥

ਉਹ ਪ੍ਰਭੂ ਅਨਾਥਾਂ ਦਾ ਨਾਥੁ=ਸੁਆਮੀ ਹੈ, ਸ਼ਰਨ ਆਇਆਂ ਦੀ ਰਖਿਆ ਕਰਨੇ ਨੂੰ ਸਮਰੱਥ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਮਾਂ ਪਿਓ ਹੈ।

ਭਗਤਿ ਵਛਲ ਭੈ ਭੰਜਨ ਸੁਆਮੀ

ਗੁਣ ਗਾਵਤ ਨਾਨਕ ਆਲਾਪ ॥ ੨ ॥ ੨੦ ॥ ੧੦੬ ॥

ਗੁਰੂ ਜੀ ਕਥਨ ਕਰਦੇ ਹਨ-ਭਗਤਾਂ ਦਾ ਪਿਆਰਾ ਹੈ, ਡਰ ਦੇ ਨਾਸ ਕਰਨ ਵਾਲਾ ਹੈ, ਅਸੀਂ ਰਾਗ ਦੀ ਅਲਾਪਚਾਰੀ ਵਿਚ ਭਾਵ ਉੱਚੀ ਸੁਰ ਨਾਲ ਓਸੇ ਦੇ ਗੁਣ ਗਾਉਂਦੇ ਹਾਂ ॥ ੨ ॥ ੨੦ ॥ ੧੦੬ ॥

ਬਿਲਾਵਲੁ ਮਹਲਾ ੫ ॥ ਜਿਸ ਤੇ ਉਪਜਿਆ ਤਿਸਹਿ ਪਛਾਨੁ ॥

ਜਿਸ ਪ੍ਰਭੂ ਤੋਂ ਪੈਦਾ ਹੋਇਆ ਹਾਂ ਉਸ ਨੂੰ ਪਛਾਣ ਲਿਆ ਹੈ।

ਪਾਰਬ੍ਰਹਮੁ ਪਰਮੇਸਰੁ ਧਿਆਇਆ ਕੁਸਲ ਖੇਮ ਹੋਏ ਕਲਿਆਨ ॥੧ ॥ਰਹਾਉ ॥

ਪਾਰਬ੍ਰਹਮ ਪਰਮੇਸ਼ਰ ਨੂੰ ਮੈਂ ਧਿਆਉਣਾ ਕੀਤਾ ਹੈ, ਇਸ ਕਰਕੇ ਕਲਿਆਣ, ਖੇਮ=ਰੱਖਿਆ ਤੇ ਸਾਰੇ ਕੁਸਲ=ਸੁਖ ਪ੍ਰਾਪਤ ਹੋਏ ਹਨ॥ ੧ ॥ ਰਹਾਉ ॥

ਗੁਰੁ ਪੂਰਾ ਭੇਟਿਓ ਬਡ ਭਾਗੀ ਅੰਤਰਜਾਮੀ ਸੁਘੜੁ ਸੁਜਾਨੁ ॥

ਵੱਡਿਆ ਭਾਗਾਂ ਨਾਲ ਪੂਰਾ ਗੁਰੂ ਮਿਲਿਆ ਹੈ,

ਉਨ੍ਹਾਂ ਦੀ ਕਿਰਪਾ ਨਾਲ ਸੁਘੜ ਸੁਜਾਣ ਅੰਤਰਜਾਮੀ ਨੂੰ ਜਾਣ ਲਿਆ ਹੈ।

ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ ॥ ੧ ॥

ਆਪਣੇ ਜਾਣ ਕਰਕੇ ਹੱਥ ਦੇ ਕੇ ਉਸ ਨੇ ਰੱਖ ਲਿਆ ਹੈ, ਜੋ ਸਾਰਿਆਂ ਤੋਂ ਬੜਾ ਸਮਰੱਥ ਅਤੇ ਨਿਮਾਣਿਆਂ ਦਾ ਮਾਣ ਹੈ॥ ੧ ॥

ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥

ਇਕ ਖਿਨ ਦੇ ਵਿਚ ਭਰਮ ਤੇ ਡਰ ਨਾਸ ਹੋ ਗਏ ਹਨ ਅਤੇ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਚਾਨਣ ਪ੍ਰਗਟਿਆ ਹੈ।

ਸਾਸਿ ਸਾਸਿ ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥੨ ॥੨੧ ॥੧੦੭ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਨੂੰ ਸ੍ਵਾਸ-ਸ੍ਵਾਸ ਸਿਮਰਦਾ ਹਾਂ ਅਤੇ ਸਦਾ=ਨਿਤ ਰੂਪ ਪਰਮਾਤਮਾ ਤੋਂ ਕੁਰਬਾਨ ਜਾਂਦਾ ਹਾਂ॥ ੨ ॥ ੨੧ ॥ ੧੦੭ ॥

ਬਿਲਾਵਲੁ ਮਹਲਾ ੫ ॥ ਦੋਵੈ ਥਾਵ ਰਖੇ ਗੁਰ ਸੂਰੇ ॥

(੧) ਸੂਰਬੀਰ ਗੁਰਾਂ ਨੇ ਦੋਵੈ=ਦੋਵੇਂ ਦੋਖੀ ਸੁਲਹੀ ਤੇ ਸੁਲੱਬੀ, ਰਾਗ ਦ੍ਵੈਸ਼, ਹਰਖ ਸੋਗ, ਜਨਮ ਮਰਨ, ਹੰਕਾਰ ਤੇ ਅਗਿਆਨ ਇਨ੍ਹਾਂ ਨੂੰ ਥਾਂ ਹੀ ਰੱਖਿਆ ਹੈ ਭਾਵ ਮਾਰ ਦਿੱਤੇ ਹਨ।

(੨) ਸੂਰਬੀਰ ਗੁਰਾਂ ਨੇ ਅੰਤਹਕਰਨ ਰੂਪੀ ਥਾਂ ਪਰ ਦੋ ਅੱਖਰ-ਰਕਾਰ ਮਕਾਰ ਤੇ ਹਾਹਾ ਰਾਰਾ ਹਰੀ, ਗੱਗਾ ਰਾਰਾ ਗੁਰੂ, ਗਿਆਨ ਤੇ ਵੈਰਾਗ ਰਖਣਾ ਕੀਤੇ ਹਨ।

ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥ ੧ ॥ ਰਹਾਉ ॥

ਪਾਰਬ੍ਰਹਮ ਨੇ ਹਲਤ ਪਲਤ=ਲੋਕ ਪ੍ਰਲੋਕ ਸਵਾਰ ਦਿੱਤੇ ਹਨ ਅਤੇ ਸਾਡੇ ਸਾਰੇ ਕਾਰਜ ਪੂਰੇ ਹੋ ਗਏ ॥ ੧ ॥

ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ॥

ਹਰਿ ਹਰਿ ਨਾਮ ਨੂੰ ਜਪਦਿਆਂ ਸਹਜੇ ਸੁਖ ਪ੍ਰਾਪਤ ਹੋਇਆ ਹੈ ਅਤੇ ਸੰਤਾਂ ਦੀ ਚਰਨ-ਧੂੜੀ ਵਿਚ ਸਾਰਿਆਂ ਤੀਰਥਾਂ ਦਾ ਮਜਨੁ=ਇਸ਼ਨਾਨ ਹੋ ਗਿਆ ਹੈ।

ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ॥ ੧॥

ਆਉਣੇ ਜਾਣੇ ਦੀ ਤਰਫੋਂ ਰਹਿ ਗਏ ਹਾਂ, ਇਸਥਿਤੀ ਪਾ ਲਈ ਹੈ ਅਤੇ ਜਨਮ ਮਰਨ ਦੇ ਬਿਸੂਰੇ=ਝੋਰੇ ਮਿਟ ਗਏ ਹਨ॥ ੧॥

ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ॥

ਭਰਮ ਤੇ ਭੈ ਰੂਪ ਸੰਸਾਰ-ਸਮੁੰਦਰ ਤੋਂ ਤਰ ਗਏ ਹਾਂ,

ਜਮਾਂ ਦੇ ਡਰ ਤੋਂ ਛੁਟ ਗਏ ਹਾਂ ਅਤੇ ਘਟਾਂ ਘਟਾਂ ਵਿਚ ਇਕ ਨੂੰ ਭਰਪੂਰ ਹੋ ਰਿਹਾ ਨਿਸਚੇ ਕੀਤਾ ਹੈ।

[ਪੰਨਾ ੮੨੬]

ਨਾਨਕ ਸਰਣਿ ਪਰਿਓ ਦੁਖ ਭੰਜਨ
ਅੰਤਰਿ ਬਾਹਰਿ ਪੇਖਿ ਹਜੂਰੇ॥ ੨॥ ੨੨॥ ੧੦੮॥

ਗੁਰੂ ਜੀ ਕਥਨ ਕਰਦੇ ਹਨ-ਦੁਖ ਭੰਜਨ ਪ੍ਰਭੂ ਦੀ ਸ਼ਰਨੀ ਪਏ ਹਾਂ ਅਤੇ ਉਸ ਨੂੰ ਅੰਦਰ ਬਾਹਰ ਹਰ ਥਾਂ ਤੇ ਹਾਜ਼ਰਾ ਹਜ਼ੂਰ ਵੇਖਿਆ ਹੈ॥ ੨॥ ੨੨॥ ੧੦੮॥

ਬਿਲਾਵਲੁ ਮਹਲਾ ੫॥ ਦਰਸਨੁ ਦੇਖਤ ਦੋਖ ਨਸੇ॥

ਹੇ ਪ੍ਰਭੂ ! ਆਪ ਜੀ ਦਾ ਦਰਸ਼ਨ ਦੇਖਦਿਆਂ ਹੀ ਦੋਖ=ਪਾਪ ਨੱਸ ਜਾਂਦੇ ਹਨ।

ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥ ੧॥ ਰਹਾਉ॥

ਆਪ ਕਦੇ ਭੀ ਮੇਰੀ ਦ੍ਰਿਸ਼ਟੀ ਦੇ ਅਗੋਚਰ=ਓਹਲੇ ਨਾ ਹੋਵੇ, ਮੇਰੇ ਜੀਅ ਦੇ ਨਾਲ ਵੱਸਦੇ ਰਹੋ॥ ੧॥ ਰਹਾਉ॥

ਪ੍ਰੀਤਮ ਪ੍ਰਾਨ ਅਧਾਰ ਸੁਆਮੀ॥ ਪੂਰਿ ਰਹੇ ਪ੍ਰਭ ਅੰਤਰਜਾਮੀ॥ ੧॥

ਹੇ ਪ੍ਰੀਤਮ ਸੁਆਮੀ ! ਆਪ ਮੇਰੇ ਪ੍ਰਾਣਾਂ ਦਾ ਅਧਾਰ=ਆਸਰਾ ਹੋ।

ਹੇ ਅੰਤਰਜਾਮੀ ਪ੍ਰਭੂ ! ਆਪ ਹਰਿ ਜਗ੍ਹਾ ਪਰੀ-ਪੂਰਨ ਹੋ ਰਹੇ ਹੋ॥ ੧॥

ਕਿਆ ਗੁਣ ਤੇਰੇ ਸਾਰਿ ਸਮ੍ਹਾਰੀ॥ ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ॥ ੨॥

ਮੈਂ ਆਪ ਜੀ ਦੇ ਕਿਹੜੇ ਕਿਹੜੇ ਸਾਰਿ=ਸ੍ਰੇਸ਼ਟ ਗੁਣਾਂ ਨੂੰ ਸੰਭਾਲਾਂ।

ਹੇ ਪ੍ਰਭੂ ! ਸ੍ਵਾਸ-ਸ੍ਵਾਸ ਅਸੀਂ ਆਪ ਜੀ ਨੂੰ ਹੀ ਚਿਤਾ੍ਰੀ=ਯਾਦ ਕਰਦੇ ਹਾਂ॥ ੨॥

ਕਿਰਪਾ ਨਿਧਿ ਪ੍ਰਭ ਦੀਨ ਦਇਆਲਾ॥ ਜੀਅ ਜੰਤ ਕੀ ਕਰਹੁ ਪ੍ਰਤਿਪਾਲਾ॥ ੩॥

ਹੇ ਦੀਨ ਦਿਆਲ ਪ੍ਰਭੂ ! ਆਪ ਕਿਰਪਾ ਦੇ ਨਿਧਿ=ਸਮੁੰਦਰ ਹੋ।

ਛੋਟੇ ਵੱਡੇ ਹਰ ਇਕ ਜੀਆ ਜੰਤਾਂ ਦੀ ਆਪ ਹੀ ਪ੍ਰਤਿਪਾਲਾ ਕਰਦੇ ਹੋ॥ ੩॥

ਆਠ ਪਹਰ ਤੇਰਾ ਨਾਮੁ ਜਨੁ ਜਾਪੇ॥
ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ॥ ੪॥ ੨੩॥ ੧੦੯॥

ਮੈਂ ਸੇਵਕ ਜਨ ਅੱਠੇ ਪਹਿਰ ਆਪ ਜੀ ਦਾ ਨਾਮ ਜਪਦਾ ਹਾਂ। ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤੁਸਾਂ ਨੇ ਆਪ ਹੀ ਇਹ ਮੈਨੂੰ ਪ੍ਰੀਤ ਲਗਾਈ ਹੈ॥ ੪॥ ੨੩॥ ੧੦੯॥

ਬਿਲਾਵਲੁ ਮਹਲਾ ੫॥ ਤਨੁ ਧਨੁ ਜੋਬਨੁ ਚਲਤ ਗਇਆ॥

ਤਨ, ਧਨ, ਜੋਬਨ ਚਲਤ=ਚਰਿਤ੍ਰ ਭਾਵ ਕੌਤਕ ਰੂਪ ਹੋ ਗਿਆ ਹੈ, ਜਾਂ ਚਲਤ=ਚਲਾ ਹੀ ਗਿਆ ਹੈ।

ਰਾਮ ਨਾਮ ਕਾ ਭਜਨੁ ਨ ਕੀਨੋ ਕਰਤ ਬਿਕਾਰ ਨਿਸਿ ਭੋਰੁ ਭਇਆ॥੧॥ਰਹਾਉ॥

ਰਾਮ ਨਾਮ ਦਾ ਸਿਮਰਨ ਨਹੀਂ ਕੀਤਾ, ਵਿਕਾਰਾਂ ਨੂੰ ਕਰਦਿਆਂ-ਕਰਦਿਆਂ ਅਵਸਥਾ ਰੂਪੀ ਰਾਤ ਬੀਤ ਗਈ ਹੈ ਤੇ ਕਾਲ ਰੂਪੀ ਭੋਰੁ=ਦਿਨ ਚੜ੍ਹ ਗਿਆ ਹੈ। ਜਾਂ ਵਿਕਾਰਾਂ ਨੂੰ ਕਰਦਿਆਂ ਨਿਸਿ ਭੋਰੁ=ਰਾਤ ਤੋਂ ਦਿਨ ਹੋ ਗਿਆ ਹੈ, ਭਾਵ ਕਾਲੇ ਕੇਸਾਂ ਰੂਪੀ ਹਨੇਰੇ ਵਾਲੀ ਜੋਬਨ ਅਵਸਥਾ ਰੂਪੀ ਰਾਤ ਬੀਤ ਗਈ ਹੈ ਤੇ ਚਿੱਟੇ ਦਿਨ ਵਾਂਗ ਚਿੱਟੇ ਕੇਸ ਹੋ ਗਏ ਹਨ॥ ੧॥ ਰਹਾਉ॥

ਅਨਿਕ ਪ੍ਰਕਾਰ ਭੋਜਨ ਨਿਤ ਖਾਤੇ ਮੁਖ ਦੰਤਾ ਘਸਿ ਖੀਨ ਖਇਆ॥

ਨਿਤਾਪ੍ਰਤੀ ਅਨੇਕ ਤਰ੍ਹਾਂ ਦੇ ਭੋਜਨ ਖਾਂਦਿਆਂ ਖਾਂਦਿਆਂ ਮੂੰਹ ਵਿੱਚੋਂ ਦੰਤਾ=ਦੰਦ ਘਸ ਕੇ ਖੀਨ=ਅਭਾਵ ਹੋ ਗਏ ਹਨ ਤੇ ਸਰੀਰਕ ਬਲ ਵੀ ਖਇਆ=ਨਾਸ ਹੋ ਗਿਆ ਹੈ। ਜਾਂ ਮੂੰਹ ਘਸ ਗਿਆ ਹੈ ਤੇ ਦੰਦ ਵੀ ਖੀਣ ਹੋ ਕੇ ਖੈ ਹੋ ਗਏ ਹਨ।

ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ॥ ੧॥

ਮੇਰੀ ਮੇਰੀ ਕਰ ਕਰ ਕੇ ਮੂਠਉ=ਠੱਗਿਆ ਗਿਆ ਹੈ, ਪਾਪ ਕਰਮ ਕਰਦਿਆਂ ਕਦੇ ਭੀ ਦਇਆ ਨਹੀਂ ਪਈ।

ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ॥

ਮਹਾਂ ਵਿਕਾਰ ਰੂਪ ਘੋਰ=ਭਿਆਨਕ ਦੁੱਖਾਂ ਦਾ ਸਮੁੰਦਰ ਜੋ ਇਹ ਸੰਸਾਰ ਹੈ, ਇਸ ਵਿਚ ਪ੍ਰਾਣੀ ਪਿਆ ਹੋਇਆ ਗਲ ਰਿਹਾ ਹੈ।

ਸਰਨਿ ਪਰੇ ਨਾਨਕ ਸੁਆਮੀ ਕੀ
ਬਾਹ ਪਕਰਿ ਪ੍ਰਭਿ ਕਾਢਿ ਲਇਆ॥ ੨॥ ੨੪॥ ੧੧੦॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸੁਆਮੀ ਦੀ ਸ਼ਰਨ ਵਿਚ ਪਏ ਹਨ, ਸੁਆਮੀ ਨੇ ਉਹਨਾਂ ਨੂੰ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਦੁੱਖਾਂ ਦੇ ਸਮੁੰਦਰ (ਸੰਸਾਰ) ਵਿੱਚੋਂ ਕੱਢ ਲਿਆ ਹੈ॥ ੨॥ ੨੪॥ ੧੧੦॥

ਬਿਲਾਵਲੁ ਮਹਲਾ ੫॥ ਆਪਨਾ ਪ੍ਰਭੁ ਆਇਆ ਚੀਤਿ॥

ਮੈਨੂੰ ਆਪਣਾ ਪ੍ਰਭੂ ਪਰਮਾਤਮਾ ਚਿੱਤ ਵਿਚ ਚੇਤੇ ਆਇਆ ਹੈ।

ਦੁਸਮਨ ਦੁਸਟ ਰਹੇ ਝਖ ਮਾਰਤ
ਕੁਸਲੁ ਭਇਆ ਮੇਰੇ ਭਾਈ ਮੀਤ ॥ ੧ ॥ ਰਹਾਉ ॥

ਹੇ ਮੇਰੇ ਭਾਈ ! ਦੁਸ਼ਮਨੀ ਦੇ ਕਰਨ ਵਾਲੇ ਦੁਸ਼ਟ ਭਾਵੇਂ ਝੱਖਾਂ ਮਾਰਦੇ ਰਹੇ ਹਨ, ਪਰ ਅਸਲੀ ਮਿੱਤਰ (ਪ੍ਰਭੂ) ਦੀ ਕਿਰਪਾ ਕਰਕੇ ਮੇਰੇ ਮਨ ਵਿਚ ਸੁਖ ਅਨੰਦ ਹੋਇਆ ਹੈ॥ ੧ ॥ ਰਹਾਉ ॥

ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ ॥

ਕਰਤਾਰ ਨੇ ਮੇਰਾ ਅੰਗੀਕਾਰੁ=ਪੱਖ ਕੀਤਾ ਹੈ, ਇਸ ਕਰਕੇ ਬਿਆਧੀ ਮਿਟ ਗਈ ਏ ਅਤੇ ਸਾਰੀ ਉਪਾਧੀ ਭੀ ਨਾਸ ਹੋ ਗਈ ਹੈ।

ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥ ੧ ॥

ਸ਼ਾਂਤੀ ਸੁਖ ਅਤੇ ਘਣੇ ਅਨੰਦ ਪ੍ਰਾਪਤ ਹੋਏ ਹਨ, ਕਿਉਂਕਿ ਪ੍ਰੀਤਮ=ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਹਾਰ ਵਾਂਗ ਪਹਿਰਿਆ ਹੈ।

ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ ॥

ਹੇ ਪ੍ਰਭੂ ! ਜੀਅ ਨੂੰ ਪਿੰਡੁ=ਸਰੀਰ ਪ੍ਰਾਣ ਤੇ ਧਨ ਆਦਿਕ ਜੋ ਰਾਸਿ=ਪੂੰਜੀ ਹੈ, ਇਹ ਸਭ ਆਪ ਜੀ ਦੀ ਦਿੱਤੀ ਹੋਈ ਹੈ ਅਤੇ ਤੂੰ ਮੇਰੇ ਸਮਰੱਥ ਸੁਆਮੀ ਹੈਂ।

ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ ॥੨ ॥੨੫ ॥੧੧੧ ॥

ਤੂੰ ਆਪਣੇ ਦਾਸ ਨੂੰ ਆਪ ਹੀ ਰੱਖਣ ਵਾਲਾ ਹੈਂ, ਗੁਰੂ ਜੀ ਕਥਨ ਕਰਦੇ ਹਨ-ਦਾਸਾ ਭਾਵ ਦੇ ਸਹਿਤ ਮੈਂ ਸਦਾ ਆਪ ਜੀ ਦਾ ਚੇਰਾ=ਦਾਸ ਹਾਂ॥ ੨ ॥ ੨੫ ॥ ੧੧੧ ॥

ਬਿਲਾਵਲੁ ਮਹਲਾ ੫ ॥ ਗੋਬਿਦੁ ਸਿਮਰਿ ਹੋਆ ਕਲਿਆਣੁ ॥

ਗੋਬਿੰਦ ਦੇ ਸਿਮਰਨੇ ਕਰਕੇ ਕਲਿਆਣੁ=ਸੁਖ ਪ੍ਰਾਪਤ ਹੋਇਆ ਹੈ।

ਮਿਟੀ ਉਪਾਧਿ ਭਇਆ ਸੁਖੁ ਸਾਚਾ
ਅੰਤਰਜਾਮੀ ਸਿਮਰਿਆ ਜਾਣੁ ॥ ੧ ॥ ਰਹਾਉ ॥

ਉਸ ਨੂੰ ਅੰਤਰਜਾਮੀ ਜਾਣ ਕੇ ਸਿਮਰਿਆ ਹੈ, ਜਾਂ ਜਾਣਨੇ ਜੋਗ ਅੰਤਰਜਾਮੀ ਨੂੰ ਸਿਮਰਿਆ ਹੈ, ਇਸ ਲਈ ਉਪਾਧੀ ਮਿਟ ਗਈ ਹੈ ਅਤੇ ਸੱਚਾ ਸੁਖ ਪ੍ਰਾਪਤ ਹੋਇਆ ਹੈ॥ ੧ ॥ ਰਹਾਉ ॥

ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ ॥

ਜਿਸ ਦੇ ਅਸੀਂ ਜੀਵ ਸਾਂ ਓਸੇ ਨੇ ਸਾਨੂੰ ਸੁਖਾਲੇ=ਸੁਖੀ ਕੀਤਾ ਹੈ,
ਭਗਤ ਜਨਾਂ ਨੂੰ ਓਸੇ ਦਾ ਸਾਚਾ ਤਾਣੁ=ਬਲ ਪ੍ਰਾਪਤ ਹੋਇਆ ਹੈ।

ਦਾਸ ਅਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ ॥ ੧ ॥

ਆਪਣੇ ਦਾਸ ਦੀ ਉਸ ਨੇ ਆਪ ਹੀ ਪੈਜ ਰੱਖੀ ਹੈ, ਅਸੀਂ ਓਸੇ ਭੈ ਦੇ ਭੰਜਨ ਵਾਲੇ ਪ੍ਰਭੂ ਦੇ ਉੱਪਰ ਮਾਣ

ਕਰਦੇ ਹਾਂ॥ ੧॥

ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ॥

ਸਭ ਦੀ ਮਿੱਤਰਤਾ ਹੋ ਗਈ ਹੈ, ਵੈਰ ਭਾਵ ਮਿਟ ਗਿਆ ਹੈ, ਜਾਂ ਬੁਰਿਆਈ ਕਰਨੀ ਸਭ ਮਿਟ ਗਈ ਹੈ, ਦੁਸ਼ਟਤਾਈਂ ਦੇ ਕਰਨ ਵਾਲੇ ਜਿਹੜੇ ਦੂਤ ਸਨ ਉਹ ਹਰੀ ਨੇ ਚੁਣ-ਚੁਣ ਕੇ ਕੱਢ ਦਿੱਤੇ ਹਨ।

ਸੂਖ ਸਹਜ ਆਨੰਦ ਘਨੇਰੇ
ਨਾਨਕ ਜੀਵੈ ਹਰਿ ਗੁਣਹ ਵਖਾਣਿ॥ ੨॥ ੨੬॥ ੧੧੨॥

ਅਚੁੱਤ ਸੁਖ ਦੇ ਘਣੇ ਅਨੰਦ ਪ੍ਰਾਪਤ ਹੋਏ ਹਨ, ਗੁਰੂ ਜੀ ਕਥਨ ਕਰਦੇ ਹੱਨ-ਹਰੀ ਗੁਣਾਂ ਨੂੰ ਕਥਨ ਕਰ ਕੇ ਅਸੀਂ ਜੀਉਂਦੇ ਹਾਂ॥ ੨॥ ੨੬॥ ੧੧੨॥

ਬਿਲਾਵਲੁ ਮਹਲਾ ੫॥ ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ॥

ਪ੍ਰਭੂ ਪਾਰਬ੍ਰਹਮ ਸਾਡੇ ਉੱਤੇ ਕਿਰਪਾਲੂ ਹੋਏ ਹਨ।

ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ॥੧॥ਰਹਾਉ॥

ਸਤਿਗੁਰਾਂ ਨੇ ਸਾਡੇ ਸਾਰੇ ਕੰਮ ਸਵਾਰ ਦਿੱਤੇ ਹਨ, ਸਾਧੂਆਂ ਦੁਆਰੇ ਨਾਮ ਨੂੰ ਜਪ-ਜਪ ਕੇ ਨਿਹਾਲ=ਦੁੱਖਾਂ ਤੋਂ ਰਹਿਤ ਹੋ ਗਏ ਹਾਂ॥ ੧॥ ਰਹਾਉ॥

ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ॥

ਆਪਣੇ ਪ੍ਰਭੂ ਨੇ ਮੇਰਾ ਅੰਗੀਕਾਰੁ=ਪੱਖ ਕੀਤਾ ਹੈ,
ਮੇਰੇ ਸਾਰੇ ਦੋਖੀ ਰਵਾਲ=ਧੂੜ ਰੂਪ ਭਾਵ ਨਾਸ ਹੋ ਗਏ ਹਨ।

ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ॥ ੧॥

ਆਪਣੇ ਦਾਸ ਜਾਣ ਕੇ ਪ੍ਰਭੂ ਨੇ ਗਲ ਨਾਲ ਲਗਾ ਕੇ ਰੱਖ ਲਿਆ ਹੈ, ਅਤੇ ਆਪਣੇ ਪੱਲੇ ਨਾਲ ਲਗਾ ਕੇ ਦੁੱਖਾਂ ਤੋਂ ਬਚਾ ਲਿਆ ਹੈ॥ ੧॥

[ਪੰਨਾ ੮੨੭]

ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ॥

ਅਸੀਂ ਸਹੀ ਸਲਾਮਤਿ=ਸੁਖ ਅਨੰਦ ਦੇ ਸਹਿਤ ਮਿਲ ਕੇ ਵਡਾਲੀ ਤੋਂ ਅੰਮ੍ਰਿਤਸਰ ਰੂਪ ਘਰ ਵਿਚ ਆਏ ਹਾਂ ਅਤੇ ਨਿੰਦਕਾਂ ਦੇ ਮੂੰਹ ਕਾਲੇ ਹੋਏ ਹਨ।

ਕਹੁ ਨਾਨਕ ਮੇਰਾ ਸਤਿਗੁਰੁ ਪੂਰਾ
ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ॥ ੨॥ ੨੭॥ ੧੧੩॥

ਗੁਰੂ ਜੀ ਕਥਨ ਕਰਦੇ ਹਨ-ਮੇਰਾ ਸਤਿਗੁਰੂ ਪੂਰਾ ਹੈ, ਗੁਰੂ ਦੀ ਕਿਰਪਾ ਨਾਲ ਹੀ ਪ੍ਰਭੂ ਦੇ ਨਾਮ ਨੂੰ ਜਪ ਕੇ, ਜਾਂ ਪ੍ਰਭੂ ਦਾ ਦਰਸ਼ਨ ਕਰਕੇ ਨਿਹਾਲ=ਸੁਖੀ ਹੋਏ ਹਾਂ॥ ੨॥ ੨੭॥ ੧੧੩॥

ਬਿਲਾਵਲੁ ਮਹਲਾ ੫ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਮੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥

ਹੇ ਲਾਲਨ=ਪਿਆਰੇ ਪ੍ਰਭੂ ! ਮੂ=ਮੇਰੀ ਆਪ ਜੀ ਦੇ ਨਾਲ ਪ੍ਰੀਤੀ ਬਣ ਆਈ ਹੈ॥ ਰਹਾਉ॥

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥ ੧ ॥

ਹੇ ਮਾਧੋ ! ਇਸ ਤਰ੍ਹਾਂ ਦੀ ਪ੍ਰੀਤੀ ਖਿੱਚ ਕੇ ਤਣੀ ਗਈ ਹੈ, ਜੋ ਤੋੜਿਆਂ ਟੁੱਟਦੀ ਨਹੀਂ ਹੈ ਅਤੇ ਛੱਡਿਆਂ ਛੁੱਟਦੀ ਨਹੀਂ ਹੈ॥ ੧ ॥

ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ॥ ੨ ॥

ਤੂੰ ਦਿਨ ਰਾਤ ਮਨ ਵਿਚ ਵੱਸਦਾ ਹੈਂ, ਪਰ ਹੇ ਪ੍ਰਭੂ ! ਤੂੰ ਆਪਣੀ ਕਿਰਪਾ-ਦ੍ਰਿਸ਼ਟੀ ਕਰ ॥ ੨ ॥

ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ॥ ੩ ॥

ਹੇ ਸਿਆਮ ਸੁੰਦਰ ਪਰਮਾਤਮਾ! ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਸ ਆਪ ਜੀ ਦੀ ਕਥਾ ਦੀ ਬਾਤ=ਗੱਲ ਅਕੱਥ ਸੁਣੀ ਜਾਂਦੀ ਹੈ॥ ੩ ॥

ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ
ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ॥ ੪ ॥ ੨੮ ॥ ੧੧੪ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਆਪ ਜੀ ਦੇ ਦਾਸਾਂ ਦਾ ਦਾਸ ਕਹਾਉਂਦਾ ਹਾਂ, ਹੇ ਠਾਕੁਰ ! ਆਪ ਮੇਰੇ ਉੱਤੇ ਆਪਣੀ ਕਿਰਪਾ-ਦ੍ਰਿਸ਼ਟੀ ਕਰੋ॥ ੪ ॥ ੨੮ ॥ ੧੧੪ ॥

ਬਿਲਾਵਲੁ ਮਹਲਾ ੫ ॥ ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ॥

ਹੇ ਭਾਈ ! ਹਰੀ ਦੇ ਚਰਨ ਜਪਣਾ ਕਰ ਤੇ ਕੁਰਬਾਨ ਜਾਣਾ ਕਰ।

ਜਾਂ ਹਰੀ ਦੇ ਨਾਮ ਨੂੰ ਜਪ ਤੇ ਗੁਰੂ ਦੇ ਚਰਨਾਂ ਪਰ ਕੁਰਬਾਨ ਜਾਣਾ ਕਰ ।

ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ ਤਾ ਕਾ ਹਿਰਦੈ ਧਰਿ ਮਨ ਧਿਆਨੁ ॥੧ ॥ਰਹਾਉ ॥

ਮੇਰਾ ਗੁਰੂ ਹੀ ਪਾਰਬ੍ਰਹਮ ਪਰਮੇਸੁਰ ਰੂਪ ਹੈ, ਹਿਰਦੇ ਵਿਚ ਧਿਆਨ ਧਾਰ ਕੇ ਉਸ ਦਾ ਮਨ=ਮੰਨਣ ਕਰ। ਜਾਂ ਉਸ ਮਨ=ਸ਼ਰੋਮਣੀ ਪ੍ਰਭੂ ਦਾ ਹਿਰਦੇ ਵਿਚ ਧਿਆਨ ਧਾਰਨਾ ਕਰ।

ਵਾ:-ਹਿਰਦੇ ਵਿਚ ਭੀ ਅਤੇ ਮਨ ਵਿਚ ਭੀ ਓਸੇ ਦਾ ਧਿਆਨ ਧਾਰਨ ਕਰ।

ਸਿਮਰਿ ਸਿਮਰਿ ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਨੁ॥

ਸਿਮਰਨੇ ਜੋਗ ਸੁਖ ਦਾਤੇ ਦੇ ਸਿਮਰਨ ਨੂੰ ਸਿਮਰਨਾ ਕਰ, ਵਾ:-ਮਨ, ਬਾਣੀ, ਸਰੀਰ ਕਰਕੇ ਉਸ ਸੁਖਦਾਤੇ ਨੂੰ ਸਿਮਰਨਾ ਕਰ, ਜਿਸ ਦਾ ਕੀਤਾ ਹੋਇਆ ਸਾਰਾ ਜਹਾਨ ਹੈ।

ਰਸਨਾ ਰਵਹੁ ਏਕੁ ਨਾਰਾਇਣੁ ਸਾਚੀ ਦਰਗਹ ਪਾਵਹੁ ਮਾਨੁ॥ ੧ ॥

ਰਸਨਾ ਨਾਲ ਇਕ ਨਰਾਇਣ ਨੂੰ ਰਵਹੁ=ਉਚਾਰੋ

ਤਾਂ ਸੱਚੀ ਦਰਗਾਹ ਵਿਚ ਮਾਨੁ=ਆਦਰ ਪਾਓਗੇ॥ ੧॥

ਸਾਧੂ ਸੰਗੁ ਪਰਾਪਤਿ ਜਾ ਕਉ ਤਿਨ ਹੀ ਪਾਇਆ ਏਹੁ ਨਿਧਾਨੁ॥

ਜਿਸ ਨੂੰ ਸੰਤਾਂ ਦਾ ਸੰਗ ਪ੍ਰਾਪਤ ਹੋਇਆ ਹੈ ਓਸੇ ਨੇ ਇਹ ਨਿਧਾਨੁ=ਖਜ਼ਾਨਾ ਪਾਇਆ ਹੈ।

ਗਾਵਉ ਗੁਣ ਕੀਰਤਨੁ ਨਿਤ ਸੁਆਮੀ
ਕਰਿ ਕਿਰਪਾ ਨਾਨਕ ਦੀਜੈ ਦਾਨੁ॥ ੨॥ ੨੯॥ ੧੧੫॥

ਗੁਣ=ਲਾਭਦਾਇਕ ਸੁਆਮੀ ਦੇ ਕੀਰਤਨ ਨੂੰ ਨਿਤਾਪ੍ਰਤੀ ਗਾਉਣਾ ਕਰੋ।

ਗੁਰੂ ਜੀ ਕਥਨ ਕਰਦੇ ਹਨ-ਕਿਰਪਾ ਕਰਕੇ ਹੋਰਨਾਂ ਨੂੰ ਭੀ ਇਹੋ ਦਾਨ ਦੇਣਾ ਕਰੋ ॥ ੨॥ ੨੯॥ ੧੧੫॥

ਬਿਲਾਵਲੁ ਮਹਲਾ ੫॥ ਰਾਖਿ ਲੀਏ ਸਤਿਗੁਰ ਕੀ ਸਰਣ॥

ਸਤਿਗੁਰਾਂ ਦੀ ਸ਼ਰਨ ਵਿਚ ਪਾ ਕੇ ਸਾਨੂੰ ਰੱਖ ਲਿਆ ਹੈ।

ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਣ ਤਰਣ॥੧॥ਰਹਾਉ॥

ਸਾਰੇ ਜਗਤ ਦੇ ਅੰਦਰ ਜੈ ਜੈ ਕਾਰ ਹੋ ਰਿਹਾ ਹੈ,

ਮੇਰਾ ਪਾਰਬ੍ਰਹਮ ਤਾਰਨੇ ਨੂੰ ਤਰਣ=ਜਹਾਜ਼ ਰੂਪ ਹੈ॥ ੧॥ ਰਹਾਉ॥

ਬਿਸ੍ਵੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ॥

ਬਿਸ੍ਵੰਭਰ=ਸੰਸਾਰ ਨੂੰ ਭਰਨ ਵਾਲਾ ਹੈ, ਪੂਰਨ ਸੁਖਾਂ ਦਾ ਦਾਤਾ ਹੈ,

ਸਾਰੀਆਂ ਸਮੱਗ੍ਰੀਆਂ ਨਾਲ ਭਰ ਕੇ ਪੋਖਣ=ਪੁਸ਼ਟੀ ਕਰਨ ਵਾਲਾ ਹੈ।

ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਂਈ ਹਰਿ ਕੇ ਚਰਣ॥ ੧॥

ਨਿਰੰਤਰਿ=ਇਕ-ਰਸ ਸਭ ਥਾਨਾਂ ਅੰਦਰ ਥਾਨਾਂ ਵਿਚ ਪੂਰਨ ਹੈ, ਉਸ ਹਰੀ ਦੇ ਚਰਨਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ॥

ਤੁਸੀਂ ਐਸੇ ਨਿਸਚੇ ਕਰੋ ਕਿ-ਸਾਰਿਆਂ ਜੀਵਾਂ ਦੇ ਖਾਣ ਪੀਣ ਦੀ ਜੁਗਤੀ ਮੇਰੇ ਸੁਆਮੀ ਦੇ ਵੱਸ ਵਿਚ ਹੈ, ਪੁਨਾ ਉਹ ਕਾਰਨ ਕਰਨ ਸਭ ਸਿੱਧੀਆਂ ਦੇ ਦੇਣ ਵਾਲਾ ਹੈ।

ਆਦਿ ਜੁਗਾਦਿ ਪ੍ਰਭੁ ਰਖਦਾ ਆਇਆ
ਹਰਿ ਸਿਮਰਤ ਨਾਨਕ ਨਹੀ ਡਰਣ॥ ੨॥ ੩੦॥ ੧੧੬॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਆਦਿ ਜੁਗਾਦਿ=ਸਦਾ ਸਦਾ ਰੱਖਦਾ ਆਇਆ ਹੈ, ਹਰੀ ਦਾ ਨਾਮ-ਸਿਮਰਨ ਵਾਲਾ ਕਿਸੇ ਤੋਂ ਡਰਦਾ ਨਹੀਂ ਹੈ॥ ੨॥ ੩੦॥ ੧੧੬॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮

੧ੴ ਸਤਿਗੁਰ ਪ੍ਰਸਾਦਿ॥ ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥

ਮੇਰਾ ਕੁਝ ਭੀ ਨਹੀਂ ਹੈ ਤੇ ਪ੍ਰਭੂ ! ਇਹ ਸਭ ਕੁਝ ਘਰ ਵਿਚ ਆਪ ਜੀ ਦਾ ਦਿੱਤਾ ਹੋਇਆ ਹੈ।

ਯਥਾ:- ''ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥'' (ਪੰਨਾ ੧੩੭੫)

ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥੧॥ਰਹਾਉ॥

ਈਘੈ ਨਿਰਗੁਨ=ਇਹ ਜੋ ਗੁਣਾਂ ਤੋਂ ਰਹਿਤ ਜੀਵ ਹੈ ਅਤੇ ਉਘੈ ਸਰਗੁਨ=ਉਹ ਜੋ ਗੁਣਾਂ ਸਹਿਤ ਈਸ਼ਵਰ ਹੈ, ਇਨ੍ਹਾਂ ਦੋਹਾਂ ਵਿਚ ਮੇਰਾ ਸੁਆਮੀ ਪਰਮਾਤਮਾ ਹੀ ਕੇਲ=ਖੇਲ ਕਰ ਰਿਹਾ ਹੈ॥ ੧॥ ਰਹਾਉ॥

ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ॥

ਨਗਰ ਵਿਚ ਆਪ ਹੈ, ਨਗਰ ਤੋਂ ਬਾਹਰ ਭੀ ਪੁਨਾ ਆਪ ਹੈ, ਮੇਰੇ ਪ੍ਰਭੂ ਦਾ ਸਾਰਿਆਂ ਵਿਚ ਵਾਸਾ ਹੋ ਰਿਹਾ ਹੈ।

ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ॥੧॥

ਆਪੇ ਹੀ ਰਾਜਾ ਰੂਪ ਹੈ ਅਤੇ ਆਪੇ ਹੀ ਰਾਇਆ=ਟਿੱਕਾ ਰੂਪ ਹੈ ਵਾ:-ਰਾਇਆ=ਪਰਜਾ ਰੂਪ ਹੈ, ਕਿਸੇ ਕਿਸੇ ਜਗ੍ਹਾ ਠਾਕੁਰ ਰੂਪ ਹੈ, ਕਿਸੀ ਕਿਸੀ ਜਗ੍ਹਾ ਚੇਰਾ=ਦਾਸ ਰੂਪ ਹੈ॥ ੧॥

ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ॥

ਕਿਸੇ ਦੇ ਪਾਸੋਂ ਦੁਰਾਉ=ਛਿਪਾ (ਲੁਕਾ) ਕਰਨਾ ਹੈ, ਕਿਸ ਨਾਲ ਬਲਬੰਚਾ=ਠੱਗੀਆਂ ਕਰਨੀਆਂ ਹਨ ਕਿਉਂਕਿ ਜਿਥੇ ਦੇਖਦੇ ਹਾਂ, ਓਥੇ ਓਥੇ ਹੀ ਨੇਰਾ=ਨੇੜੇ ਦਿੱਸਦਾ ਹੈ।

ਸਾਧ ਮੂਰਤਿ ਗੁਰੁ ਭੇਟਿਓ ਨਾਨਕ
ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਸਾਧ ਮੂਰਤਿ=ਸੰਤ ਸਰੂਪ, ਵਾ:-ਸ੍ਰੇਸ਼ਟ ਮੂਰਤੀ ਵਾਲੇ ਗੁਰੂ ਸਾਹਿਬ ਜੀ ਮਿਲੇ ਤਾਂ ਇਹ ਨਿਸਚੇ ਕੀਤਾ, ਕਿ ਸਾਗਰ=ਸਮੁੰਦਰ ਨਾਲ ਮਿਲ ਕੇ ਬੂੰਦ ਅਨ=ਵੱਖਰੀ ਵੇਖਣ ਵਿਚ ਨਹੀਂ ਆਉਂਦੀ, ਤਿਵੇਂ ਜੀਵ ਬ੍ਰਹਮ ਤੋਂ ਵੱਖ ਨਹੀਂ ਦਿੱਸਦਾ ॥ ੨॥ ੧॥ ੧੧੭॥

[ਪੰਨਾ ੮੨੮]

ਬਿਲਾਵਲੁ ਮਹਲਾ ੫॥ ਤੁਮ੍ ਸਮਰਥਾ ਕਾਰਨ ਕਰਨ॥

ਹੇ ਪ੍ਰਭੂ ! ਆਪ ਸਾਰਿਆਂ ਕਾਰਨ ਦੇ ਕਰਨੇ ਨੂੰ ਸਮਰੱਥ ਹੋ।

ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ॥੧॥ਰਹਾਉ॥

ਹੇ ਗੋਬਿੰਦ ਰੂਪ ਗੁਰੋ ! ਜਾਂ ਹੇ ਗੁਰ=ਪੂਜਨੀਕ ਗੋਬਿੰਦ ! ਮੈਂ ਅਪਰਾਧੀ ਆਪ ਜੀ ਦੇ ਚਰਨਾਂ ਦੀ ਸ਼ਰਨ ਹਾਂ ਆਪ ਮੇਰੇ ਢਾਕਨ ਢਾਕਿ=ਪੜਦੇ ਢਕ ਲਓ॥ ੧॥ ਰਹਾਉ॥

ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ॥

ਜੋ ਜੋ ਕੰਮ ਅਸਾਂ ਨੇ ਕੀਤੇ ਹਨ ਉਹ ਸਭ ਤੁਸਾਂ ਨੇ ਜਾਣੇ ਹਨ, ਸਾਰੀਆਂ ਜਗ੍ਹਾਂ ਨੂੰ ਵੇਖਿਆ ਹੈ ਅਜੇਹੀ ਕੋਈ ਜਗ੍ਹਾ ਨਹੀਂ ਜਿਥੇ ਆਪ ਜੀ ਨਾ ਹੋਵੋ, ਫਿਰ ਭੀ ਅਸੀਂ ਢੀਠ ਮੁਕਰ ਜਾਂਦੇ ਹਾਂ।

ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ॥ ੧॥

ਹੇ ਪ੍ਰਭੂ ! ਆਪ ਜੀ ਦਾ ਪ੍ਰਤਾਪ ਸਭ ਤੋਂ ਵੱਡਾ ਸੁਣਿਆ ਹੈ ਅਤੇ ਆਪ ਜੀ ਦਾ ਨਾਮ ਕ੍ਰੋੜਾਂ ਅਘਾ=ਪਾਪਾਂ ਦੇ ਹਰਨ=ਨਾਸ ਕਰਨ ਵਾਲਾ ਹੈ॥ ੧॥

ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ॥

ਸਾਡਾ ਸਹਾਉ=ਸੁਭਾਵ ਸਦਾ ਸਦਾ ਭੂਲਣੇ ਵਾਲਾ ਹੈ ਅਤੇ ਤੁਹਾਡਾ ਬਿਰਦੁ=ਧਰਮ ਪਤਿਤ ਉਧਾਰਨ=ਪਾਪੀਆਂ ਦੇ ਤਾਰਨ ਵਾਲਾ ਹੈ।

ਕਰੁਣਾਮੈ ਕਿਰਪਾਲ ਕ੍ਰਿਪਾ ਨਿਧਿ
ਜੀਵਨ ਪਦ ਨਾਨਕ ਹਰਿ ਦਰਸਨ॥ ੨॥ ੨॥ ੧੧੮॥

ਗੁਰੂ ਜੀ ਕਥਨ ਕਰਦੇ ਹਨ-ਹੇ ਕਰੁਣਾ-ਮੈ=ਕਿਰਪਾ ਸਰੂਪ ਕਿਰਪਾਲੂ ਕਿਰਪਾ ਦੀ ਨਿਧੀ ਹਰੀ ! ਆਪ ਜੀ ਦਾ ਦਰਸ਼ਨ ਹੀ ਜੀਵਨ ਪਦਵੀ ਦੇ ਦੇਣ ਵਾਲਾ ਹੈ॥ ੨॥ ੨॥ ੧੧੮॥

ਬਿਲਾਵਲੁ ਮਹਲਾ ੫॥ ਐਸੀ ਕਿਰਪਾ ਮੋਹਿ ਕਰਹੁ॥

ਹੇ ਪ੍ਰਭੂ ! ਮੇਰੇ ਉੱਤੇ ਅਜਿਹੀ ਕਿਰਪਾ-ਦ੍ਰਿਸ਼ਟੀ ਕਰੋ। ਜੋ-

ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ॥ ੧॥ ਰਹਾਉ॥

ਸੰਤਾਂ ਦੇ ਚਰਨਾਂ ਪਰ ਮੇਰਾ ਮਾਥਾ=ਸਿਰ ਟਿਕਿਆ ਰਹੇ, ਨੈਨ=ਅੱਖਾਂ ਨਾਲ ਦਰਸ਼ਨ ਹੋਵੇ ਅਤੇ ਸਰੀਰ ਉੱਤੇ ਸੰਤਾਂ ਦੇ ਚਰਨਾਂ ਦੀ ਧੂੜ ਪਵੇ॥ ੧॥ ਰਹਾਉ॥

ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ॥

ਮੇਰੇ ਹਿਰਦੇ ਵਿਚ ਗੁਰਾਂ ਦਾ ਉਪਦੇਸ਼ ਵੱਸੇ ਅਤੇ ਮਨ ਦੇ ਨਾਲ ਹਰੀ ਨਾਮਾਂ ਨੂੰ ਧਾਰਨਾ ਕਰਾਂ।

ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ॥ ੧॥

ਹੇ ਠਾਕੁਰ=ਸੁਆਮੀ ਜੀਉ ! ਕਾਮ ਆਦਿਕ ਪੰਚ ਚੋਰਾਂ ਨੂੰ ਨਵਿਰਤ ਕਰ ਦਿਓ ਅਤੇ ਸਾਰਿਆਂ ਭਰਮਾਂ ਨੂੰ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਵਿਚ ਹਵਨ ਕਰ ਕੇ ਜਰਹੁ=ਸਾੜ ਦਿਓ॥ ੧॥

ਜੋ ਤੁਮ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ॥

ਜੋ ਤੁਸੀਂ ਕਰੋ ਉਸ ਨੂੰ ਅਸੀਂ ਭਲਾ ਕਰਕੇ ਮੰਨੀਏ ਅਤੇ ਦੁਬਿਧਾ ਦੀ ਭਾਵਨਾ ਨੂੰ ਦੂਰ ਟਾਲ ਦਿਓ।

ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤਸੰਗਿ ਲੇ ਮੋਹਿ ਉਧਰਹੁ॥੨॥੩॥੧੧੯॥

ਗੁਰੂ ਜੀ ਕਥਨ ਕਰਦੇ ਹਨ-ਹੇ ਨਾਨਕ ਦੇ ਪ੍ਰਭੂ ! ਤੁਸੀਂ ਆਪ ਹੀ ਸਭ ਦੇ ਦਾਤੇ ਹੋ, ਸੰਤਾਂ ਦੀ ਸੰਗਤ ਵਿਚ ਲਿਆਕੇ ਮੈਨੂੰ ਤਾਰ ਲਵੋ॥ ੨॥ ੩॥ ੧੧੯॥

ਬਿਲਾਵਲੁ ਮਹਲਾ ੫ ॥ ਐਸੀ ਦੀਖਿਆ ਜਨ ਸਿਉ ਮੰਗਾ ॥

ਹੇ ਪਾਰਬ੍ਰਹਮ ! ਤੇਰਿਆਂ ਸੰਤ-ਜਨਾਂ ਪਾਸੋਂ ਮੈਂ ਇਸ ਤਰ੍ਹਾਂ ਦੀ ਦੀਖਿਆ=ਸਿਖਿਆ ਮੰਗਦਾ ਹਾਂ।

ਤੁਮ੍ਰੋ ਧਿਆਨੁ ਤੁਮ੍ਹਾਰੋ ਰੰਗਾ ॥ ਤੁਮ੍ਰੀ ਸੇਵਾ ਤੁਮ੍ਹਾਰੇ ਅੰਗਾ ॥ ੧ ॥ ਰਹਾਉ ॥

ਕਿ ਤੁਹਾਡੇ ਹੀ ਸਰੂਪ ਦਾ ਧਿਆਨ ਹੋਵੇ, ਤੁਹਾਡਾ ਹੀ ਰੰਗਾ=ਪ੍ਰੇਮ ਹੋਵੇ।

ਤੁਹਾਡੀ ਹੀ ਸੇਵਾ ਕਰਾਂ, ਤੁਹਾਡੇ ਹੀ ਅੰਗਾ=ਪੱਖ ਵਿਚ ਰਹਾਂ ॥ ੧ ॥ ਰਹਾਉ ॥

ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥

ਜਨ=ਸੰਤਾਂ ਦੀ ਟਹਲ ਕਰਾਂ, ਸੰਤਾਂ ਨਾਲ ਹੀ ਸੰਭਾਖਨੁ=ਗੱਲ-ਬਾਤ ਕਰਾਂ ਅਤੇ ਸੰਤ ਜਨਾਂ ਨਾਲ ਹੀ ਉਠਣਾ ਬੈਠਣਾ ਹੋਵੇ।

ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ ॥ ੧ ॥

ਜਦ ਤੋਂ ਸੰਤ ਜਨਾਂ ਦੇ ਚਰ=ਚਰਨਾਂ ਦੀ ਰਜ=ਧੂੜ ਮੂੰਹ ਅਤੇ ਮੱਥੇ ਪਰ ਲੱਗੀ,

ਤਦ ਤੋਂ ਅਨੰਤ ਤਰੰਗਾ=ਅਨੇਕ ਸੰਕਲਪਾਂ ਦੀ ਆਸਾ ਪੂਰਨ ਹੋ ਗਈ ॥ ੧ ॥

ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥

ਹੇ ਪਾਰਬ੍ਰਹਮ ! ਸੰਤ ਜਨ ਆਪ ਜੀ ਦਾ ਸਰੂਪ ਹਨ, ਜਿਨ੍ਹਾਂ ਦੀ ਪਵਿੱਤ੍ਰ ਮਹਿਮਾ ਹੈ, ਸੰਤ ਜਨਾਂ ਦੇ ਚਰਨਾਂ ਵਿਚ ਗੰਗਾ ਆਦਿਕ ਕ੍ਰੋੜਾਂ ਤੀਰਥ ਵੱਸਦੇ ਹਨ।

ਜਨ ਕੀ ਧੂਰਿ ਕੀਓ ਮਜਨੁ ਨਾਨਕ
ਜਨਮ ਜਨਮ ਕੇ ਹਰੇ ਕਲੰਗਾ ॥ ੨ ॥ ੪ ॥ ੧੨੦ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਸੰਤ ਜਨਾਂ ਦੀ ਚਰਨ-ਧੂੜੀ ਵਿਚ ਮਜਨੁ=ਇਸ਼ਨਾਨ ਕੀਤਾ ਹੈ, ਉਸ ਦੇ ਜਨਮਾਂ ਜਨਮਾਂਤਰਾਂ ਦੇ ਕਲੰਗਾ=ਕਲੰਕ (ਪਾਪ) ਹਰੇ=ਨਾਸ ਹੋ ਗਏ ਹਨ ॥ ੨ ॥ ੪ ॥ ੧੨੦ ॥

ਬਿਲਾਵਲੁ ਮਹਲਾ ੫ ॥ ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥

ਹੇ ਗਰੀਬ ਨਿਵਾਜ਼ ਜੀਉ! ਜਿਵੇਂ ਆਪ ਜੀ ਨੂੰ ਭਾਵੇ, ਤਿਵੇਂ ਆਪ ਮੇਰੀ ਪਾਲਣਾ ਕਰੋ।

ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥ ੧ ॥ ਰਹਾਉ ॥

ਹੇ ਪਾਰਬ੍ਰਹਮ ਪਰਮੇਸ਼ਰ ਸਤਿ=ਤ੍ਰੈਕਾਲ ਅਬਾਧ ਗੁਰ=ਚੇਤਨ, ਆਪ ਕ੍ਰਿਪਾਲੂ ਪਿਤਾ ਹੋ ਅਸੀਂ ਆਪ ਜੀ ਦੇ ਬੱਚੇ ਹਾਂ ॥ ੧ ॥ ਰਹਾਉ ॥

ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮਰੀ ਘਾਲ ॥

ਮੈਂ ਸ਼ੁਭ-ਗੁਣਾਂ ਤੋਂ ਹੀਣੇ ਵਿਚ ਕੋਈ ਗੁਣ ਨਹੀਂ ਹੈ, ਆਪ ਜੀ ਦੀ ਘਾਲ=ਕਮਾਈ ਦੇ ਬਰਾਬਰ ਮੈਂ ਪਹੁੰਚ ਨਹੀਂ ਸਕਦਾ।

ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ ॥ ੧ ॥

ਤੁਹਾਡੀ ਗਤੀ ਅਤੇ ਜੋ ਮਰਯਾਦਾ ਹੈ ਉਸ ਨੂੰ ਤੁਸੀਂ ਆਪ ਹੀ ਜਾਣਦੇ ਹੋ,

ਇਹ ਜੀਅ, ਪਿੰਡ, ਮਾਲ ਆਦਿਕ ਸਭ ਕੁਝ ਆਪ ਜੀ ਦਾ ਹੀ ਹੈ ॥ ੧ ॥

ਅੰਤਰਜਾਮੀ ਪੁਰਖ ਸੁਆਮੀ ਅਨ ਬੋਲਤ ਹੀ ਜਾਨਹੁ ਹਾਲ॥

ਹੇ ਅਕਾਲ ਪੁਰਖ ! ਆਪ ਅੰਤਰਜਾਮੀ ਹੋ ਤੇ ਸਭ ਸੁਆਮੀ ਹੋ, ਤੁਸੀਂ ਅਨ ਬੋਤਲ=ਕਹੇ ਤੋਂ ਬਿਨਾਂ ਹੀ ਸਾਰਾ ਹਾਲ ਜਾਣਦੇ ਹੋ।

ਤਨੁ ਮਨੁ ਸੀਤਲੁ ਹੋਇ ਹਮਾਰੋ
ਨਾਨਕ ਪ੍ਰਭ ਜੀਉ ਨਦਰਿ ਨਿਹਾਲ॥ ੨॥ ੫॥ ੧੨੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭ ਜੀਓ ! ਆਪ ਕਿਰਪਾ ਦ੍ਰਿਸ਼ਟੀ ਨਾਲ ਦੇਖੋ ਤਾਂ ਸਾਡਾ ਤਨ, ਮਨ ਸੀਤਲੁ=ਠੰਡਾ ਹੋਵੇਗਾ॥ ੨॥ ੫॥ ੧੨੧॥

ਬਿਲਾਵਲੁ ਮਹਲਾ ੫॥ ਰਾਖੁ ਸਦਾ ਪ੍ਰਭ ਅਪਨੈ ਸਾਥ॥

ਹੇ ਪ੍ਰਭੂ ! ਸਦਾ ਮੈਨੂੰ ਆਪਣੇ ਨਾਲ ਰਖਣਾ ਕਰ।

ਤੂ ਹਮਰੋ ਪ੍ਰੀਤਮੁ ਮਨ ਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ॥੧॥ਰਹਾਉ॥

ਤੂੰ ਸਾਡਾ ਪ੍ਰੀਤਮ ਹੈਂ ਅਤੇ ਮਨ ਦੇ ਮੋਹਣ ਵਾਲਾ ਹੈਂ, ਆਪ ਜੀ ਤੋਂ ਬਿਨਾਂ ਸਾਡਾ ਸਾਰਾ ਜੀਵਨ ਅਕਾਥ=ਨਿਸਫਲ ਹੈ॥ ੧॥ ਰਹਾਉ॥

ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥

ਹੇ ਮੇਰੇ ਪ੍ਰਭੂ ! ਇਕ ਖਿਨ ਦੇ ਵਿਚ ਰੰਗ=ਕੰਗਾਲ ਤੋਂ ਰਾਜਾ ਕਰ ਦੇਂਦਾ ਹੈਂ ਫਿਰ ਤੂੰ ਅਨਾਥਾਂ (ਯਤੀਮਾਂ) ਦਾ ਨਾਥ=ਸੁਆਮੀ ਹੈਂ।

ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ॥੧॥

ਤ੍ਰਿਸ਼ਨਾਂ ਦੀ ਅੱਗ ਵਿਚ ਸੜਦੇ ਹੋਏ ਆਪਣੇ ਸੇਵਕ ਜਨ ਆਪ ਹੀ ਉਧਾਰੇ=ਬਚਾਏ ਹਨ ਅਤੇ ਆਪਣਾ ਕਰ=ਹੱਥ ਦੇ ਕੇ ਆਪ ਹੀ ਰੱਖ ਲਿਆ ਹੈ।

ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ॥

ਹਰੀ ਦੇ ਸਿਮਰਨ ਕਰ ਕੇ ਸੀਤਲ ਕਰਨ ਵਾਲਾ ਆਤਮ-ਸੁਖ ਪਾਇਆ ਹੈ, ਮਨ ਰੱਜ ਗਿਆ ਹੈ ਅਤੇ ਸਾਰੇ ਸ੍ਰਮ=ਥਕੇਵੇਂ ਲਹਿ ਗਏ ਹਨ।

ਨਿਧਿ ਨਿਧਾਨ ਨਾਨਕ ਹਰਿ ਸੇਵਾ
ਅਵਰ ਸਿਆਨਪ ਸਗਲ ਅਕਾਥ॥ ੨॥ ੬॥ ੧੧੨॥

[ਪੰਨਾ ੮੨੯]

ਬਿਲਵਲੁ ਮਹਲਾ ੫॥ ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ॥

ਹੇ ਸੁਆਮੀ ! ਤੁਸੀਂ ਆਪਣੇ ਸੇਵਕ ਨੂੰ ਕਦੇ ਭੁਲਾਉਂਦੇ ਨਹੀਂ ਹੋ, ਮੈਂ ਭੀ ਆਪ ਜੀ ਦਾ ਸੇਵਕ ਹਾਂ ਇਸ ਕਰਕੇ ਮੈਨੂੰ ਭੀ ਕਦੇ ਭੁਲਾਓ ਨਾ।

ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ॥੧॥ਰਹਾਉ॥

ਹੇ ਮੇਰੇ ਪ੍ਰਭੂ ਸੁਆਮੀ ! ਆਪ ਮੇਰੇ ਗਲ ਨਾਲ ਲਗਣਾ ਕਰੋ, ਹੇ ਗੋਬਿੰਦ ! ਪੂਰਬਲੀ ਮਾਂ ਦੇ ਪੇਟ (ਗਰਭ) ਵਾਲੀ ਪ੍ਰੀਤੀ ਵਿਚਾਰਨਾ ਕਰੋ। ਜਾਂ ਹੇ ਗੋਬਿੰਦ ! ਪੂਰਬਲੀ ਦਾਸਾਂ ਵਾਲੀ ਪ੍ਰੀਤੀ ਵਿਚਾਰਨਾ ਕਰੋ, ਜਿਵੇਂ ਪਿੱਛੇ ਦਾਸਾਂ ਨਾਲ ਪ੍ਰੀਤੀ ਕਰਦੇ ਸੀ, ਤਿਵੇਂ ਹੁਣ ਸਾਡੇ ਨਾਲ ਕਰੋ॥ ੧॥ ਰਹਾਉ॥

ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ ਹਮਰੇ ਦੋਖ ਰਿਦੈ ਮਤ ਧਾਰਹੁ॥

ਹੇ ਪ੍ਰਭੂ ਆਪ ਜੀ ਦਾ ਬਿਰਦੁ=ਧਰਮ ਪਤਿਤ ਪਾਵਨ ਹੈ, ਸਾਡੇ ਦੋਸ਼ ਤੁਸੀਂ ਆਪਣੇ ਹਿਰਦੇ ਵਿਚ ਨਾ ਧਾਰਨ ਕਰੋ।

ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ॥੧॥

ਹੇ ਹਰੀ ! ਸਾਡੇ ਜੀਵਨ ਰੂਪ ਪ੍ਰਾਣ ਅਤੇ ਧਨ ਆਦਿਕ ਸਾਰੇ ਸੁਖ ਤੁਸੀਂ ਆਪ ਹੀ ਹੋ, ਆਪ ਕਿਰਪਾ ਕਰ ਕੇ ਮੇਰੇ ਹਉਮੈ ਰੂਪ ਪਟਲੁ=ਪੜਦੇ ਨੂੰ ਜਾਰਹੁ=ਸਾੜ ਦਿਓ॥ ੧॥

ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ॥

ਪਾਣੀ ਤੋਂ ਬਿਨਾਂ ਮੱਛੀ ਦਾ ਜੀਉਣਾ ਕਿਵੇਂ ਹੋ ਸਕਦਾ ਹੈ ਅਤੇ ਦੁੱਧ ਤੋਂ ਬਿਨਾਂ ਬਾਰੋ=ਬਾਲਕਾ (ਬੱਚਾ) ਕਿਸ ਤਰ੍ਹਾਂ ਰਹਿ ਸਕਦਾ ਹੈ?

ਜਨ ਨਾਨਕ ਪਿਆਸ ਚਰਨ ਕਮਲਨ੍ ਕੀ
ਪੇਖਿ ਦਰਸੁ ਸੁਆਮੀ ਸੁਖ ਸਾਰੋ॥ ੨॥ ੭॥ ੧੨੩॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੂੰ ਆਪ ਜੀ ਦੇ ਚਰਨ-ਕਮਲਾਂ ਦੀ ਪਿਆਸ ਹੈ, ਹੇ ਸੁਆਮੀ! ਆਪ ਜੀ ਦਾ ਦਰਸ਼ਨ ਵੇਖਣ ਨਾਲ ਹੀ ਸਾਰਿਆਂ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ॥ ੨॥ ੭॥ ੨੩॥

ਬਿਲਾਵਲੁ ਮਹਲਾ ੫॥ ਆਗੈ ਪਾਛੈ ਕੁਸਲੁ ਭਇਆ॥

ਆਗੈ=ਪਰਲੋਕ ਦਾ ਪਾਛੈ=ਇਸ ਲੋਕ ਦਾ ਕੁਸਲੁ=ਸੁਖ ਪ੍ਰਾਪਤ ਹੋਇਆ ਹੈ।

ਗੁਰਿ ਪੂਰੈ ਪੂਰੀ ਸਭ ਰਾਖੀ ਪਾਰਬ੍ਰਹਮਿ ਪ੍ਰਭਿ ਕੀਨੀ ਮਇਆ॥੧॥ਰਹਾਉ॥

ਪੂਰਿਆਂ ਗੁਰਾਂ ਨੇ ਸਭ ਤਰ੍ਹਾਂ ਨਾਲ ਪੂਰੀ ਇੱਜ਼ਤ ਰੱਖੀ ਹੈ ਅਤੇ ਪ੍ਰਭੂ ਪਾਰਬ੍ਰਹਮ ਨੇ ਮਇਆ=ਕਿਰਪਾ ਦ੍ਰਿਸ਼ਟੀ ਕੀਤੀ ਹੈ॥ ੧॥ ਰਹਾਉ॥

ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ॥

ਹਰੀ ਪ੍ਰੀਤਮ ਨਾਲ ਮੇਰਾ ਮਨ ਤਨ ਰਵਿ ਰਹਿਆ=ਮਿਲ ਰਿਹਾ ਹੈ,
ਏਸੇ ਕਰ ਕੇ ਸਾਰਾ ਦੁਖ ਜਨ ਦਰਦ ਮਿਟ ਗਿਆ ਹੈ।

ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ॥੧॥

ਸਹਜੇ ਹੀ ਸ਼ਾਂਤੀ ਪੂਰਬਕ ਅਨੰਦ ਰੂਪੀ ਹਰੀ ਦੇ ਗੁਣ ਗਾਏ ਹਨ, ਇਸੀ ਤੇ ਦੁਸ਼ਟਤਾਈ ਦੇ ਕਰਨ ਵਾਲੇ ਕਾਮ ਕ੍ਰੋਧ ਆਦਿਕ ਸਾਰੇ ਦੂਤ ਖਇਆ=ਨਾਸ ਹੋ ਗਏ॥ ੧॥

ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ॥

ਪ੍ਰਭੂ ਨੇ ਮੇਰਾ ਗੁਣ ਔਗੁਣ ਕੁਝ ਭੀ ਨਹੀਂ ਵਿਚਾਰਿਆ। ਜਾਂ ਗੁਣ ਮੇਰੇ ਵਿਚ ਨਹੀਂ ਸੀ ਤੇ ਔਗੁਣ ਪ੍ਰਭੂ

ਨੇ ਨਹੀਂ ਵਿਚਾਰਿਆ ਅਤੇ ਪ੍ਰਭੂ ਨੇ ਕਿਰਪਾ ਕਰ ਕੇ ਮੈਨੂੰ ਆਪਣਾ ਦਾਸ ਕਰ ਲਿਆ ਹੈ।

ਅਤੁਲ ਬਡਾਈ ਅਚੁਤ ਅਬਿਨਾਸੀ
ਨਾਨਕੁ ਉਚਰੈ ਹਰਿ ਕੀ ਜਇਆ ॥ ੨ ॥ ੮ ॥ ੧੨੪ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਅਚੁੱਤ ਅਬਿਨਾਸੀ ਦੀ ਅਤੁਲ ਵਡਿਆਈ ਹੈ, ਉਸ ਹਰੀ ਦੀ ਜੈ ਜੈ ਧੁਨਿ ਉਚਾਰਦੇ ਹਾਂ, ਤੁਸੀਂ ਭੀ ਉਚਾਰਨਾ ਕਰੋ॥ ੨ ॥ ੮ ॥ ੧੨੪ ॥

ਬਿਲਾਵਲੁ ਮਹਲਾ ੫ ॥ ਬਿਨੁ ਭੈ ਭਗਤੀ ਤਰਨੁ ਕੈਸੇ ॥

ਹੇ ਸੁਆਮੀ ! ਆਪ ਜੀ ਦੀ ਡਰ ਭਗਤੀ ਕੀਤੇ ਬਿਨਾਂ ਕਿਸ ਤਰ੍ਹਾਂ ਤਰਨਾ ਹੋਵੇਗਾ?

ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥ ੧ ॥ ਰਹਾਉ ॥

ਹੇ ਪਤਿਤ ਉਧਾਰਨ ! ਮੇਰੇ ਉੱਤੇ ਕਿਰਪਾ ਕਰੋ, ਹੇ ਸੁਆਮੀ ! ਆਪਣੇ ਭਰੋਸੇ ਪਰ ਰਖੋ॥ ੧ ॥ ਰਹਾਉ ॥

ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥

ਇਸ ਜੀਵ ਨੂੰ ਆਪ ਜੀ ਦਾ ਸਿਮਰਨ ਕਰਨਾ ਨਹੀਂ ਆਉਂਦਾ, ਮਦ=ਹੰਕਾਰ ਵਿਚ ਮਸਤ ਹੋਇਆ ਫਿਰਦਾ ਹੈ, ਕੁੱਤੇ ਵਾਂਗ ਵਿਸ਼ਿਆਂ ਵਿਚ ਰੱਤਾ ਹੋਇਆ ਹੈ।

ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ ॥ ੧ ॥

ਜੀਵਾਂ ਨੂੰ ਅਧਿਕ ਮੋਹਾਵਤ=ਬਹੁਤ ਹੀ ਠਗਦਿਆਂ ਹੋਇਆਂ ਅਉਧ ਬਿਹਾਵਤ=ਉਮਰਾ ਬੀਤਦੀ ਜਾਂਦੀ ਹੈ। ਪਾਪਾਂ ਨੂੰ ਕਮਾਉਂਦੇ ਹੋਏ ਐਸੇ ਡੁੱਬ ਗਏ ਜੋ ਨਿਕਲਣ ਜੋਗੇ ਨਾ ਰਹੇ।

ਅਥਵਾ:-ਜਿਉਂ ਜਿਉਂ ਅਉਧ ਬਿਹਾਵਤ=ਉਮਰਾ ਬੀਤਦੀ ਹੈ, ਤਿਉਂ ਤਿਉਂ ਮੋਹ ਬਹੁਤਾ ਆਉਂਦਾ ਹੈ ਤੇ ਪਾਪ ਕਰਮਾਂ ਨੂੰ ਕਮਾਉਂਦਾ ਹੈ ਐਸੇ ਕਰਨ ਨਾਲ ਬਹੁਤ ਹੀ ਸੰਸਾਰ-ਸਮੁੰਦਰ ਵਿਚ ਡੁੱਬ ਗਈ॥ ੧ ॥

ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ ॥

ਹੇ ਦੁੱਖਾਂ ਦੇ ਨਾਸ ਕਰਨ ਵਾਲੇ ਨਿਰੰਜਨ ਪੁਰਖ ਪਰਮਾਤਮਾ ! ਮੈਂ ਆਪ ਜੀ ਦੀ ਸ਼ਰਨੀ ਆਇਆ ਹਾਂ, ਐਸੀ ਕਿਰਪਾ ਕਰੋ ਜਿਸ ਤਰ੍ਹਾਂ ਸਾਧੂਆਂ ਦੀ ਸੰਗਤ ਵਿਚ ਰਵਣੁ=ਚਲ ਕੇ ਜਾਵਾਂ। ਜਾਂ ਸਾਧੂਆਂ ਦੀ ਸੰਗਤ ਵਿਚ ਬੈਠ ਕੇ ਜਿਸ ਤਰ੍ਹਾਂ ਨਾਮਾਂ ਨੂੰ ਰਵਣੁ=ਉਚਾਰਨਾ ਕਰਾਂ।

ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ ॥ ੨ ॥ ੯ ॥ ੧੨੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਕੇਸ਼ਵ ਪਰਮਾਤਮਾ ! ਕਲੇਸ਼ਾਂ ਦੇ ਨਾਸ ਕਰਨ ਵਾਲੇ ਅਤੇ ਅਘ=ਪਾਪਾਂ ਦੇ ਖੰਡਨ ਵਾਲੇ ਆਪ ਜੀ ਦਾ ਦਰਸ ਦਿਸੇ=ਦਰਸ਼ਨ ਦਿਸੇ ਤਾਂ ਹੀ ਮੇਰਾ ਜੀਵਤ=ਸਫਲ ਜੀਉਣਾ ਹੈ॥ ੨ ॥ ੯ ॥ ੧੨੫ ॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯
ੴ ਸਤਿਗੁਰ ਪ੍ਰਸਾਦਿ ॥ ਆਪਹਿ ਮੇਲਿ ਲਏ ॥

ਹੇ ਵਾਹਿਗੁਰੂ ! ਤੁਸਾਂ ਨੇ ਕਿਰਪਾ ਕਰਕੇ ਆਪਣੇ ਦਾਸ ਆਪਣੇ ਨਾਲ ਮੇਲ ਲੀਤੇ ਹਨ।

ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥ ੧ ॥ ਰਹਾਉ ॥

ਜਦ ਤੋਂ ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ ਤਦ ਤੋਂ ਕਾਮ ਆਦਿਕ ਦੋਸ਼ ਨਵਿਰਤ ਹੋ ਗਏ ਹਨ॥ ੧ ॥ ਰਹਾਉ ॥

ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥

ਧਨ ਦੇ ਹੰਕਾਰ ਨੂੰ ਤਿਆਗ ਕੇ ਅਤੇ ਬਿਰਾਨੀ=ਬਿਗਾਨੀ ਸਬੰਧੀਆਂ ਦੇ ਪਾਲਣ ਦੀ ਚਿੰਤਾ ਛੱਡ ਕੇ ਸੰਤਾਂ ਦੀ ਸ਼ਰਨ ਵਿਚ ਪਏ ਹਾਂ।

ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥ ੧ ॥

ਹੇ ਪ੍ਰੀਤਮ ਆਪ ਜੀ ਦੇ ਨਾਮ ਨੂੰ ਜਪ ਜਪ ਕੇ ਤਨ ਤੋਂ ਰੋਗ ਨਾਸ ਹੋ ਗਏ ਹਨ॥ ੧ ॥

ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥

ਮਹਾਂ ਮੂਰਖ ਅਣਜਾਣ ਅਗਿਆਨੀ ਨੂੰ ਤੁਸਾਂ ਨੇ ਦਇਆ ਧਾਰਕੇ ਰੱਖ ਲੀਤਾ ਹੈ।

ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥ ੨ ॥ ੧ ॥ ੧੨੬ ॥

ਗੁਰੂ ਜੀ ਕਥਨ ਕਰਦੇ ਹਨ-ਜਦ ਪੂਰਾ ਗੁਰੂ ਮਿਲਿਆ ਹੈ, ਤਾਂ ਹੀ-
ਆਉਣ ਜਾਣ ਦੀ ਤਰਫੋਂ ਰਹਿ ਗਏ ਹਾਂ॥ ੨ ॥ ੧ ॥ ੧੨੬ ॥

ਬਿਲਾਵਲੁ ਮਹਲਾ ੫ ॥ ਜੀਵਉ ਨਾਮੁ ਸੁਨੀ ॥

ਮੈਂ ਪ੍ਰਭੂ ਦੇ ਨਾਮ ਨੂੰ ਸੁਣ ਕੇ ਜੀਵਉ=ਜੀਉਂਦਾ ਹਾਂ।

ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥ ੧ ॥ ਰਹਾਉ ॥

ਜਦ ਪੂਰੇ ਗੁਰੂ ਜੀ ਮੇਰੇ ਉੱਤੇ ਆਪ ਪ੍ਰਸੰਨ ਹੋਏ ਤਦ ਮੇਰੀ ਆਸ ਪੂਰੀ ਹੋਈ ਹੈ॥ ੧ ॥ ਰਹਾਉ ॥

ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ ॥

ਜਨਮ ਮਰਨ ਦੀ ਪੀੜਾ ਦੂਰ ਹੋ ਗਈ ਹੈ, ਮਨ ਨੇ ਧੀਰਰ ਬੰਨ੍ਹ ਲਿਆ ਅਤੇ ਅਨੰਦਦਾਇਕ ਧੁਨੀ ਨੂੰ ਸੁਣ ਕੇ ਮੇਰਾ ਮਨ ਮੋਹਿਆ ਗਿਆ ਹੈ।

ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥ ੧ ॥

ਪ੍ਰਭੂ ਪ੍ਰੀਤਮ ਦੇ ਮਿਲਣ ਦਾ ਚਾਉ=ਚਾਅ (ਉਤਸ਼ਾਹ) ਪੈਦਾ ਹੋਇਆ ਹੈ ਤੇ ਇਕ ਖਿਨ ਭਰ ਵੀ ਉਸ ਤੋਂ ਬਿਨਾਂ ਰਿਹਾ ਨਹੀਂ ਜਾਂਦਾ ॥ ੧ ॥

[ਪੰਨਾ ੮੩੦]

ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥

ਜਿਸ ਨੇ ਅਨੇਕਾਨ ਅਨੇਕ ਭਗਤ ਜਨ ਤਾਰੇ ਹਨ, ਜਾਂ ਜਿਸ ਨੇ ਅਨੇਕਾਂ ਭਗਤ ਤਾਰੇ ਹਨ ਤੇ ਅਨੇਕਾਂ ਸੇਵਕ ਜਨ ਤਾਰੇ ਹਨ ਅਤੇ ਜਿਸ ਨੂੰ ਅਨੇਕਾਂ ਮੁਨੀ ਸਿਮਰਦੇ ਹਨ।

ਅੰਧੁਲੇ ਟਿਕ ਨਿਰਧਨ ਧਨੁ ਪਾਇਓ
ਪ੍ਰਭ ਨਾਨਕ ਅਨਿਕ ਗੁਨੀ॥ ੨ ॥ ੨ ॥ ੧੨੭ ॥

ਗੁਰੂ ਜੀ ਕਥਨ ਕਰਦੇ ਹਨ-ਜੋ ਅੰਨ੍ਹੇ ਅਗਿਆਨੀ ਦਾ ਟਿਕ=ਆਸਰਾ ਰੂਪ ਹੈ ਤੇ ਨਿਰਧਨ=ਧਨ ਹੀਣ ਪੁਰਸ਼ ਦਾ ਧਨ ਰੂਪ ਹੈ ਅਤੇ ਅਨੇਕ ਗੁਣਾਂ ਵਾਲਾ ਹੈ, ਉਸ ਪ੍ਰਭੂ ਨੂੰ ਮੈਂ ਪਾਇਆ ਹੇ।

ਜਾਂ ਅੰਨ੍ਹੇ:- ਜਿਸ ਦੇ ਅਨੇਕਾਂ ਗੁਣ ਹਨ ਤੇ ਅੰਨ੍ਹੇ ਅਗਿਆਨੀ ਦਾ ਸੋਟੀ ਵਾਂਗ ਆਸਰਾ ਰੂਪ ਹੈ, ਮੈਂ ਨਿਰਧਨ ਨੇ ਉਸ ਧਨੁ=ਧੰਨਤਾ ਜੋਗ ਪ੍ਰਭੂ ਨੂੰ ਪਾਇਆ ਹੈ॥ ੨ ॥ ੨ ॥ ੧੨੭ ॥

ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ

ਪੜਤਾਲ ਛੰਦ ਦੀ ਚਾਲ ਹੈ, ਜਾਂ ਜਿਸ ਵਿਚ ਕਈ ਤਰ੍ਹਾਂ ਪਾਟਵੇਂ ਤਾਲ ਪੈਣ, ਉਸ ਨੂੰ ਪੜਤਾਲ ਆਖਦੇ ਹਨ। ਵਾ:-ਇਸ ਸ਼ਬਦ ਵਿਚ ਪਰਮੇਸ਼ਰ ਦੀ ਪੜਤਾਲ=ਢੂੰਡ ਕਰਦੇ ਹਨ।

ੴ ਸਤਿਗੁਰ ਪ੍ਰਸਾਦਿ ॥

ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥

ਮੋਹਨ=ਪਰਮੇਸ਼ਰ ਦੀ ਨਾ ਪ੍ਰਾਪਤੀ ਰੂਪ ਹਾਵੈ=ਹੌਕਿਆਂ (ਝੋਰਿਆਂ) ਕਰਕੇ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ। ਸੰਤਾਂ ਨੇ ਕਿਹਾ-"ਉਸ ਦੀ ਪ੍ਰਸੰਨਤਾ ਲਈ ਤੂੰ ਕੋਈ ਸ਼ਿੰਗਾਰ ਨਹੀਂ ਕੀਤਾ ਹੋਣਾ?"

ਜਗਿਆਸੂ ਨੇ ਕਿਹਾ-"ਸ਼ਿੰਗਾਰ ਤਾਂ ਬੜੇ ਕੀਤੇ ਹਨ।"

ਸੰਤਾਂ ਨੇ ਪੁੱਛਿਆ-"ਕਿਹੜੇ ਸ਼ਿੰਗਾਰ ਕੀਤੇ ਹਨ?"

ਜਗਿਆਸੂ ਨੇ ਕਿਹਾ-"ਹਰਿ ਹਰਿ ਉਚਾਰਨ ਕਰਨੇ ਰੂਪ ਹਾਰ ਪਾਇਆ ਹੈ, ਸਮਾਧੀ ਲਗਾਉਣ ਰੂਪ ਕੱਜਲ ਪਾਇਆ ਹੈ, ਪ੍ਰੇਮ ਰੂਪ ਬਸਤ੍ਰ ਜਾਂ ਪਰਮੇਸ਼ਰ ਪਰਮੇਸ਼ਰ ਨਾਮਾਂ ਦੇ ਉਚਾਰਨ ਕਰਨੇ ਰੂਪ ਬਸਤ੍ਰ ਲੀਤਾ ਹੈ।

ਯਥਾ:-"ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥
ਕਰ ਕਰਿ ਕਰ੍ਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥ ੨ ॥
ਮਧੁਸੂਧਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਟੀ॥" *(ਮਹਲਾ ੧, ਪੰਨਾ ੩੫੯)*

ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥ ੧ ॥ ਰਹਾਉ ॥

ਉਸ ਦੇ ਆਉਣ ਨੂੰ ਉਡੀਕ ਰਹੀ ਹਾਂ, ਉਡੀਕ ਰਹੀ ਹਾਂ, ਉਡੀਕ ਰਹੀ ਹਾਂ (ਨਿਸਚੇ ਪੂਰਬਕ ਅਰਥ ਹੈ।) ਜਾਂ ਮਨ ਕਰਕੇ ਉਡੀਕ ਰਹੀ ਹਾਂ, ਬਾਣੀ ਕਰਕੇ ਉਡੀਕ ਰਹੀ ਹਾਂ, ਤਨ ਕਰਕੇ ਉਡੀਕ ਰਹੀ ਹਾਂ।

ਅਥਵਾ:- ਉਡੀਨੀ=ਨਿਮੋਝੂਣੀ ਹੋਈ ਹੋਈ, ਉਡੀਨੀ=ਦੁੱਖੀ ਹੋਈ ਹੋਈ, ਉਡੀਨੀ=ਉਡੀਕ ਰਹੀ ਹਾਂ। ਜਾਂ ਉਦਾਸੀਨ ਹੋ ਰਹੀ ਹਾਂ।

ਰੀ=ਹੇ ਸਖੀ ! ਉਹ ਪਰਮੇਸ਼ਰ ਪਤੀ ਕਦੋਂ ਘਰ ਆ ਕੇ ਪ੍ਰਾਪਤ ਹੋਵੇਗਾ? ॥ ੧ ॥ ਰਹਾਉ ॥

ਸਰਨਿ ਸੁਹਾਗਨਿ ਚਰਨ ਸੀਸੁ ਧਰਿ॥ ਲਾਲਨੁ ਮੋਹਿ ਮਿਲਾਵਹੁ ॥

ਸੁਹਾਗਣਾਂ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਦੇ ਚਰਨਾਂ ਪਰ ਸਿਰ ਰੱਖ ਕੇ ਬੇਨਤੀ ਕਰਦੀ ਹਾਂ ਕਿ ਮੈਨੂੰ

ਲਾਲਨੁ=ਪਿਆਰੇ ਪਤੀ ਨਾਲ ਮਿਲਾਉਣਾ ਕਰੋ।

ਕਬ ਘਰਿ ਆਵੈ ਰੀ॥ ੧ ॥

ਰੀ=ਹੇ ਸਖੀਓ ! ਉਹ ਪਿਆਰਾ ਪਤੀ ਕਦੋਂ ਘਰ ਵਿਚ ਆ ਕੇ ਪ੍ਰਾਪਤ ਹੋਵੇਗਾ? ॥ ੧ ॥

ਅੱਗੋਂ ਸੁਹਾਗਣ ਨੇ ਕਿਹਾ-

ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ

ਮੈਂ ਕਹਿੰਦੀ ਹਾਂ, ਹੇ ਸਹੇਲੀ ! ਤੂੰ ਉਸ ਦੇ ਮਿਲਣੇ ਦੀ ਗੱਲ ਨੂੰ ਸੁਣ, ਪਹਿਲੇ ਤਾਂ ਤੂੰ ਆਪਣੇ ਅੰਦਰੋਂ ਸਾਰਾ ਹੰਕਾਰ ਮਿਟਾਵਹੁ=ਦੂਰ ਕਰ ਦਿਓ।

ਤਉ ਘਰ ਹੀ ਲਾਲਨੁ ਪਾਵਹੁ॥ ਤਬ ਰਸ ਮੰਗਲ ਗੁਨ ਗਾਵਹੁ॥

ਤਾਂ ਅੰਤਹਕਰਨ ਰੂਪੀ ਘਰ ਦੇ ਵਿਚ ਹੀ ਲਾਲਨੁ=ਪਿਆਰੇ ਪ੍ਰਭੂ ਨੂੰ ਪਾਵੇਂਗੀ।

(ਜਦ ਤਕ ਨਹੀਂ ਮਿਲਦਾ) ਤਦ ਤਕ ਰਸ=ਪ੍ਰੇਮ ਸਹਿਤ ਮੰਗਲ ਰੂਪ ਗੁਣਾਂ ਨੂੰ ਗਾਉਣਾ ਕਰ । ਅਤੇ-

ਆਨਦ ਰੂਪ ਧਿਆਵਹੁ॥ ਨਾਨਕੁ ਦੁਆਰੈ ਆਇਓ॥
ਤਉ ਮੈ ਲਾਲਨੁ ਪਾਇਓ ਰੀ॥ ੨ ॥

ਅਨੰਦ ਰੂਪ ਪ੍ਰਭੂ ਨੂੰ ਧਿਆਉਣ ਕਰ। ਗੁਰੂ ਜੀ ਕਥਨ ਕਰਦੇ ਹਨ-ਸੁਹਾਗਵੰਤੀ ਨੇ ਕਿਹਾ, ਸਤਸੰਗ ਦੁਆਰੇ ਪਰ ਆ ਕੇ ਜਦ ਮੈਂ ਅਨੰਦ ਰੂਪ ਨੂੰ ਧਿਆਉਣਾ ਕੀਤਾ ਹੈ, ਰੀ=ਹੇ ਸਖੀ ! ਤਾਂ ਹੀ ਮੈਂ ਲਾਲਨੁ=ਪਿਆਰੇ ਪ੍ਰਭੂ ਨੂੰ ਪਾਉਣਾ ਕੀਤਾ ਹੈ॥ ੨ ॥

ਮੋਹਨ ਰੂਪੁ ਦਿਖਾਵੈ॥ ਅਬ ਮੋਹਿ ਨੀਦ ਸੁਹਾਵੈ॥

ਮੋਹਨ ਪਰਮਾਤਮਾ ਨੇ ਆਪਣਾ ਸੁੰਦਰ ਰੂਪ ਦਿਖਾ ਦਿੱਤਾ ਹੈ, ਇਸ ਕਰ ਕੇ ਅਬ=ਹੁਣ ਮੈਨੂੰ ਸ਼ੋਭਨੀਕ ਸ਼ਾਂਤੀ ਰੂਪ ਨੀਂਦ ਆ ਗਈ ਹੈ।

ਸਭ ਮੇਰੀ ਤਿਖਾ ਬੁਝਾਨੀ॥ ਅਬ ਮੈ ਸਹਜਿ ਸਮਾਨੀ॥

ਮੇਰੀ ਹੁਣ ਸਾਰੀ ਤ੍ਰੇਹ ਬੁੱਝ ਗਈ ਹੈ, ਹੁਣ ਮੈਂ ਸਹਜ-ਪਦ ਵਿਚ ਸਮਾ ਗਈ ਹਾਂ।

ਮੀਠੀ ਪਿਰਹਿ ਕਹਾਨੀ॥
ਮੋਹਨੁ ਲਾਲਨੁ ਪਾਇਓ ਰੀ॥ ਰਹਾਉ ਦੂਜਾ॥ ੧॥ ੧੨੮॥

ਪਿਆਰੇ ਪਤੀ ਦੀ ਕਥਾ ਮਿੱਠੀ ਹੈ, ਜਿਸ ਨੂੰ ਸੁਣ ਕੇ ਰੀ=ਹੇ ਸਖੀ ! ਲਾਲਨੁ=ਪਿਆਰੇ ਮੋਹਨ ਨੂੰ ਮੈਂ ਪਾਇਆ ਹੈ। ਰਹਾਉ ਦੂਜਾ॥ ੧॥ ੧੨੮॥

ਬਿਲਾਵਲੁ ਮਹਲਾ ੫॥ ਮੋਰੀ ਅਹੰ ਜਾਇ ਦਰਸਨ ਪਾਵਤ ਹੇ॥

ਪ੍ਰਭੂ ਦਾ ਦਰਸ਼ਨ ਪਾਵਤ=ਕਰਦਿਆਂ ਨਾਲ ਹੀ ਮੇਰੀ ਅਹੰ=ਹੰਗਤਾ ਜਾਂਦੀ ਰਹੀ ਹੈ।

ਰਾਚਹੁ ਨਾਥ ਹੀ ਸਹਾਈ ਸੰਤਨਾ॥ ਅਬ ਚਰਨ ਗਹੇ॥ ੧॥ ਰਹਾਉ॥

(੧) ਜੋ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ, ਤੁਸੀਂ ਭੀ ਓਸੇ ਨਾਥ ਵਿਚ ਤਦਾਕਾਰ ਹੋਵੋ। ਹੁਣ ਓਸੇ ਦੇ ਚਰਨ ਗਹੇ=ਫੜਨਾ ਕਰੋ।

(੨) ਗੁਰਾਂ ਦੇ ਚਰਨ ਗਹੇ=ਫੜਨ ਕਰਕੇ ਹੁਣ ਮੇਰਾ ਹੀ=ਹਿਰਦਾ ਉਸ ਨਾਥ=ਸੁਆਮੀ ਪਰਮੇਸ਼ਰ ਵਿਚ ਰਚਿਆ ਹੈ, ਜੋ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ॥ ੧॥ ਰਹਾਉ॥

ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ
ਉਲਝਿਓ ਅਲਿ ਮਕਰੰਦ ਕਮਲ ਜਿਉ॥

ਅਵਰੁ ਨ ਭਾਵੈ=ਹੋਰ ਕੁਝ ਨਹੀਂ ਭਾਉਂਦਾ, ਮੇਰਾ ਮਨ ਇਕ ਚਰਨਾਂ ਹੀ ਚਰਨਾਂ ਨੂੰ ਆਹੇ=ਚਾਹੁੰਦਾ ਹੈ। ਜਿਵੇਂ ਅਲਿ=ਭੌਰਾ ਕਮਲ-ਫੁੱਲਾਂ ਦੀ ਮਕਰੰਦ=ਧੂੜੀ, ਸੁੰਗਧੀ ਪਰ ਉਲਝਿਓ=ਫਸ ਰਹਿੰਦਾ ਹੈ।

ਤਿਵੇਂ ਮੇਰਾ ਮਨ ਰੂਪੀ ਅਲਿ=ਭੌਰਾ ਗੁਰਾਂ ਦੇ ਚਰਨਾਂ ਰੂਪ ਕਮਲ-ਫੁੱਲਾਂ ਦੀ ਸ਼ਰਧਾ ਰੂਪ ਧੂੜੀ, ਪ੍ਰੇਮ ਰੂਪੀ ਰਸ, ਭਗਤੀ ਰੂਪ ਸੁੰਗਧੀ ਪਰ ਫਸ ਰਹਿੰਦਾ ਹੈ।

ਅਨ ਰਸ ਨਹੀ ਚਾਹੈ ਏਕੈ ਹਰਿ ਲਾਹੈ॥ ੧॥

ਅਨ=ਹੋਰ ਦੁਨਿਆਵੀ ਰਸਾਂ ਨੂੰ ਨਹੀਂ ਚਾਹੁੰਦਾ। ਇਹ ਹਰੀ ਦੇ ਲਾਂਭ ਨੂੰ ਹੀ ਲੈਂਦਾ ਹੈ॥ ੧॥

ਅਨ ਤੇ ਟੂਟੀਐ ਰਿਖ ਤੇ ਛੂਟੀਐ॥

ਅਨ=ਦ੍ਵੈਤ ਭਾਵ ਨਾਲੋਂ ਮਨ ਟੁੱਟ ਜਾਵੇ, ਜਾਂ ਅਨ=ਦ੍ਵੈਤ ਰੂਪ ਸੰਸਾਰ ਵੱਲੋਂ ਟੂਟੀਐ=ਹਟ ਜਾਈਏ, ਜਾਂ ਅਨ=ਹੋਰਨਾਂ ਨਾਲ ਜਿਹੜੀ ਪ੍ਰੀਤੀ ਕਰਦੇ ਹਾਂ ਇਸ ਨਾਲੋਂ ਟੂਟੀਐ=ਹਟ ਜਾਈਏ ਤਾਂ ਰਿਖੀ ਦੰਡ, ਪਿੜ ਦੰਡ ਤੋਂ ਛੁੱਟ ਜਾਈਦਾ ਹੈ। ਵਾ:-ਰਿਖ=ਇੰਦ੍ਰੀਆਂ ਦੇ ਵਿਸ਼ਿਆ ਵੱਲੋਂ ਛੁੱਟ ਜਾਈਦਾ ਹੈ। ਵਾ:-ਰਿਖ=ਧਰਮ ਰਾਜਾ ਤੋਂ ਛੁੱਟ ਜਾਈਦਾ ਹੈ। ਜਿਵੇਂ-

ਸਾਖੀ-ਧਰਮਰਾਂਜ ਦੇ ਰਿਖੀ ਰੂਪ ਧਾਰਨ ਦੀ

ਇਕ ਰਿਖੀ ਬੜੀ ਸਹਿਨ-ਸ਼ੀਲਤਾ ਵਾਲਾ ਸੀ, ਉਸ ਨੇ ਜ਼ਿੰਦਗੀ ਵਿਚ ਕਦੇ ਕ੍ਰੋਧ ਨਹੀਂ ਕੀਤਾ। ਪਰ ਉਸ ਦੀ ਪ੍ਰੀਖਿਆ ਲੈਣ ਵਾਸਤੇ ਇਕ ਦਿਨ ਧਰਮਰਾਜਾ ਰਿਖੀ ਦਾ ਰੂਪ ਧਾਰ ਕੇ ਉਸ ਦੀ ਔਰਤ ਪਾਸ ਆ ਕੇ ਬੈਠ ਗਿਆ ਤੇ ਪ੍ਰੇਮ-ਭਾਵ ਨਾਲ ਗੱਲਾਂ ਕਰਦਾ ਹੋਇਆ ਉਸ ਦੇ ਸਰੀਰ ਨਾਲ ਲਿਪਟ ਗਿਆ। ਇਤਨੇ ਨੂੰ ਰਿਖੀ ਨਦੀ ਤੋਂ ਇਸ਼ਨਾਨ ਕਰਕੇ ਆ ਗਿਆ। ਉਸ ਨੂੰ ਦੇਖ ਕੇ ਧਰਮਰਾਜਾ ਨੇ ਵਿਚਾਰਿਆ-'ਜੇਕਰ ਮੇਰੇ ਕਰਤੱਵ ਨੂੰ ਵੇਖ ਕੇ ਰਿਖੀ ਨੇ ਕਰੋਧ ਨਾਲ ਮੈਨੂੰ ਕੁਝ ਕਿਹਾ ਤਾਂ ਇਸ ਦੀ ਸਹਿਨ-ਸ਼ੀਲਤਾ ਜਾਂਦੀ ਰਹੇਗੀ। ਜੇਕਰ ਇਸ ਨੇ ਮੈਨੂੰ ਕੁਝ ਨਾ ਕਿਹਾ ਤਦ ਮੈਂ ਇਸ ਨੂੰ ਉੱਤਮ ਰਿਖੀ ਸਮਝਾਂਗਾ।' ਰਿਖੀ ਨੇ ਸਰਾਪ ਦੇਣਾ ਤਾ ਕਿਧਰੇ ਰਿਹਾ, ਮੱਥੇ ਪਰ ਵੱਟ ਭੀ ਨਹੀਂ ਪਾਇਆ ਤੇ ਖਿੜੇ ਮੱਥੇ ਧਰਮਰਾਜਾ ਨੂੰ ਸਤਿਕਾਰਿਆ। ਉਸ ਵੇਲੇ ਧਰਮਰਾਜਾ ਨੇ ਪ੍ਰਸੰਨ ਹੋ ਕੇ ਕਿਹਾ-''(ਵਰੰਭੂ) ਵਰ ਮੰਗ।'' ਰਿਖੀ ਨੇ ਕਿਹਾ-'ਮੈਨੂੰ ਕਿਸੇ ਪਦਾਰਥ ਦੀ ਲੋੜ ਨਹੀਂ।' ਜਦ ਧਰਮ ਰਾਜਾ ਨੇ ਦੁਬਾਰਾ ਕਿਹਾ-'ਵਰ ਮੰਗ।' ਤਾਂ ਰਿਖੀ ਨੇ ਵਿਚਾਰਿਆ-'ਇਸ ਨੇ ਐਵੇਂ ਜਾਣਾ ਨਹੀਂ ਕੁਝ ਮੰਗ ਹੀ ਲੈਣਾ ਚਾਹੀਦਾ ਹੈ।' ਉਸ ਵੇਲੇ ਰਿਖੀ ਨੇ ਕਿਹਾ-'ਜੋ ਮੇਰਾ ਨਾਮ ਹੈ ਉਹੀ ਤੇਰਾ ਨਾਮ ਹੋ ਜਾਵੇ।' ਧਰਮਰਾਜਾ ਨੇ ਕਿਹਾ-'ਤਥਾ ਅਸਤੂ।' ਉਸ ਦਿਨ ਤੋਂ ਧਰਮਰਾਜਾ ਦਾ ਨਾਮ 'ਰਿਖੀ' ਪੈ ਗਿਆ। ਇਸ ਕਰਕੇ ਇਥੇ ਰਿਖ ਦਾ ਅਰਥ ਧਰਮਰਾਜਾ ਕੀਤਾ ਹੈ।

ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ॥

ਮਨ ਕਰਕੇ ਹਰੀ ਨਾਮ ਅੰਮ੍ਰਿਤ ਰਸ ਦੇ ਘੁੱਟ ਭਰਨਾ ਕਰੀਏ,

ਸੰਤਾਂ ਦੇ ਸੰਗ ਕਰਕੇ ਸੰਸਾਰ ਵੱਲੋਂ ਬਿਰਤੀ ਨੂੰ ਉਲਟਾਉਣਾ ਕਰੀਏ।

ਅਨ ਨਾਹੀ ਨਾਹੀ ਰੇ॥ ਨਾਨਕ ਪ੍ਰੀਤਿ ਚਰਨ ਚਰਨ ਹੇ॥ ੨॥ ੨॥ ੧੨੯॥

ਅਨ=ਦ੍ਵੈਤ ਰੂਪ ਪ੍ਰਪੰਚ ਪਿੱਛੇ ਨਹੀਂ ਸੀ, ਹੁਣ ਭੀ ਨਹੀਂ ਹੈ, ਅੱਗੇ ਭੀ ਨਹੀਂ ਹੋਵੇਗਾ, ਕਿਉਂਕਿ ਤਿੰਨਾਂ ਸਮਿਆਂ ਵਿਚ ਮਿਥਿਆ ਹੈ। ਜਾਂ ਸਤਿਸੰਗ ਤੋਂ ਬਿਨਾਂ ਤਰਨ ਦਾ ਹੋਰ ਕੋਈ ਸਾਧਨ ਨਹੀਂ ਹੈ, ਹੋਰ ਕੋਈ ਸਾਧਨ ਨਹੀਂ ਹੈ।

ਗੁਰੂ ਜੀ ਕਥਨ ਕਰਦੇ ਹਨ-ਗੁਰੂ ਦੇ ਚਰਨਾਂ ਹੀ ਚਰਨਾਂ ਨਾਲ ਪ੍ਰੀਤੀ ਕਰ,

ਜਾਂ-ਚਰਨ=ਪੂਜਨੀਕ ਜੋ ਗੁਰੂ ਹਨ, ਵਾ:-ਚਰਨ=ਸਰੇਸ਼ਟ ਕਰਤੱਬਾਂ ਦੇ ਕਾਰਨ ਵਾਲੇ ਜੋ ਗੁਰੂ ਹਨ,

ਵਾ:-ਚਰਨ=ਵੇਦਾਂ ਵਿਚ ਵਿਚਰਨ ਵਾਲੇ ਜੋ ਗੁਰੂ ਹਨ, ਉਨ੍ਹਾਂ ਦੇ ਚਰਨਾਂ ਨਾਲ ਪ੍ਰੀਤੀ ਕਰ॥ ੨॥ ੨॥ ੧੨੯॥

ਰਾਗੁ ਬਿਲਾਵਲੁ ਮਹਲਾ ੯ ਦੁਪਦੇ
੧ੑ ਸਤਿਗੁਰ ਪ੍ਰਸਾਦਿ॥

ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਪਦੇਸ਼ ਦੇਂਦੇ ਹਨ-

ਦੁਖ ਹਰਤਾ ਹਰਿ ਨਾਮੁ ਪਛਾਨੋ॥

ਹਰੀ ਨਾਮ ਨੂੰ ਹੀ ਦੁੱਖਾਂ ਦੇ ਨਾਸ ਕਰਨ ਵਾਲਾ ਪਛਾਣਨਾ ਕਰੋ।

ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥ ੧॥ ਰਹਾਉ॥

ਜਿਸ ਦਾ ਸਿਮਰਨ ਕਰਕੇ ਅਜਾਮਲ ਪਾਪੀ ਤੇ ਗਨਕਾ ਪਾਪਣ* ਮੁਕਤ ਰੂਪ ਹੋਏ ਹਨ, ਇਹ ਆਪਣੇ ਜੀਅ ਜਾਨੋ=ਦਿਲ ਵਿਚ ਜਾਣ ਲਓ॥ ੧॥ ਰਹਾਉ॥

''ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਗਹਿਆ। ਗੁਰੁ ਤੇ ਬੇਮੁਖ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ। ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ। ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ। ਪੁਤੁ ਉਪੰਨਾਂ ਸਤਵਾਂ ਨਾਉਂ ਧਰਣ ਨੋ ਚਿਤਿ ਉਮਹਿਆ। ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣ ਕਹਿਆ। ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ। ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ। ਨਾਇ ਲਏ ਦੁਖ ਡੇਰਾ ਢਹਿਆ ॥ ੨੦॥ (ਵਾਰ ੧੦)

ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ। ਮਹਾਂ ਪੁਰਖ ਅਚਾਣਚੱਕ ਗਨਿਕਾ ਵਾੜੇ ਆਏ ਖਲੋਤਾ। ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ। ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ। ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ। ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ। ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ। ਗਈ ਬੈਕੁੰਠ ਬਿਬਾਣਿ ਚੜ੍ਹਿ ਨਾਉਂ ਰਸਾਇਣੁ ਛੋਤਿ ਅਛੋਤਾ। ਥਾਉਂ ਨਿਥਾਵੈਂ ਮਾਣੁ ਮਣੋਤਾ॥ ੨॥'' (ਭਾ: ਗੁਰਦਾਸ ਜੀ, ਵਾਰ ੧੦)

ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥

ਓਸੇ ਛਿਨ ਵਿਚ ਹੀ ਗਜ ਕੀ ਤ੍ਰਾਸ=ਹਾਥੀ ਦੀ ਖੋਫ਼ਤਾਈ ਮਿਟ ਗਈ ਸੀ, ਜਦੋਂ ਹੀ ਉਸ ਨੇ ਰਾਮ ਨੂੰ ਕਥਨ ਕੀਤਾ ਸੀ।

ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥ ੧॥

ਨਾਰਦ ਮੁਨੀ ਦਾ ਕਹਿਣਾ ਸੁਣਦਿਆਸਾਰ ਹੀ ਧ੍ਰੂਅ ਬਾਲਿਕ ਪ੍ਰਭੂ ਦੇ ਭਜਨ-ਸਿਮਰਨ ਵਿਚ ਲੰਪਟ ਹੋ ਗਿਆ ॥ ੧॥

ਯਥਾ:- ''ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
ਬਾਹਹੁ ਪਕੜਿ ਉਠਾਲਿਆ ਮਨ ਵਿਚ ਰੋਸੁ ਮਤ੍ਰੇਈ ਕੀਤਾ।
ਡਡਹੁਲਿੱਕਾ ਮਾਂ ਪੁਛੇ, ਤੂੰ ਸਾਵਾਣੀ ਹੈ ਕਿ ਸ੍ਰੀਤਾ।
ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ ।
ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ।
ਪਰਮੇਸਰੁ ਆਰਾਧੀਐ ਜਿਦ੍ਹੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਉ ਨਿਧਾਨੁ ਅਮਿਓ ਰਸੁ ਪੀਤਾ॥''..... ॥ ੧॥

(ਭਾਈ ਗੁਰਦਾਸ ਜੀ, ਵਾਰ ੧੦)

ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥

ਉਸ ਭਜਨ ਕਰਕੇ ਧ੍ਰੂਅ ਭਗਤ ਨੇ ਅਮਰ ਅਚੱਲ ਅਤੇ ਨਿਰਭੈ ਪਦ ਨੂੰ ਪਾਇਆ ਹੈ, ਜਿਸ ਨੂੰ ਵੇਖ ਕੇ ਸਾਰਾ ਜਗਤ ਹੈਰਾਨੋ=ਅਸਚਰਜ ਹੁੰਦਾ ਹੈ।

ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਭਗਤਾਂ ਦਾ ਰੱਖਜਕ ਹੈ, ਉਸ ਨੂੰ ਤੁਸੀਂ ਆਪਣੇ ਕੋਲ ਹੀ ਮੰਨਣਾ ਕਰੋ॥ ੨॥ ੧॥

ਬਿਲਾਵਲੁ ਮਹਲਾ ੯॥ ਹਰਿ ਕੇ ਨਾਮ ਬਿਨਾ ਦੁਖੁ ਪਾਵੈ॥

ਹਰੀ ਦੇ ਨਾਮ-ਸਿਮਰਨ ਤੋਂ ਬਿਨਾਂ ਇਹ ਜੀਵ ਦੁੱਖ ਪਾਉਂਦਾ ਹੈ।

ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥ ੧॥ ਰਹਾਉ॥

ਭਗਤੀ ਕੀਤੇ ਤੋਂ ਬਿਨਾ ਸੰਸਾ ਦੂਰ ਨਹੀਂ ਹੁੰਦਾ, ਪਰ ਇਸ ਭੇਦ ਨੂੰ ਗੁਰੂ ਹੀ ਬਤਾਵੈ=ਦੱਸਦੇ ਹਨ॥ ੧॥

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥

ਜੇਕਰ ਰਾਮ ਦੀ ਸ਼ਰਨ ਵਿਚ ਨਹੀਂ ਆਉਂਦਾ ਤਾਂ ਤੀਰਥ ਇਸ਼ਨਾਨ ਕੀਤਿਆਂ ਅਤੇ ਵਰਤ ਰੱਖਿਆਂ ਕੀ ਹੋਣਾ ਹੈ ? ਭਾਵ ਭਗਤੀ ਕੀਤੇ ਤੋਂ ਬਿਨਾਂ ਸਾਰੇ ਕਰਮ ਨਿਸਫਲ ਹਨ।

[ਪੰਨਾ ੮੩੧]

ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥ ੧ ॥

ਜੋ ਪ੍ਰਭੂ ਦੇ ਜਸ ਨੂੰ ਭੁਲਾਉਂਦਾ ਹੈ, ਉਸ ਦਾ ਜੋਗ ਸਾਧਿਆ ਹੋਇਆ ਅਤੇ ਜਗ=ਯੱਗ ਆਦਿਕ ਕਰਮ ਕੀਤੇ ਹੋਏ ਨਿਸਫਲ ਮੰਨੋ॥ ੧ ॥

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥

ਜੋ ਮਾਨ ਅਤੇ ਮੋਹ ਇਨ੍ਹਾਂ ਦੋਹਾਂ ਨੂੰ ਪਰਹਰਿ=ਤਿਆਗ ਕੇ ਗੋਵਿੰਦ ਦੇ ਗੁਣਾਂ ਨੂੰ ਗਾਉਂਦਾ ਹੈ।

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥ ੨ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਦੀ ਵਿਧੀ ਨਾਲ ਭਜਨ ਕਰਨ ਵਾਲਾ ਪੁਰਸ਼ ਜੀਵਨ-ਮੁਕਤ ਕਿਹਾ ਜਾਂਦਾ ਹੈ॥ ੨ ॥ ੨ ॥

ਬਿਲਾਵਲੁ ਮਹਲਾ ੯ ॥ ਜਾ ਮੈ ਭਜਨੁ ਰਾਮ ਕੋ ਨਾਹੀ ॥

ਜਾ=ਜਿਸ ਪੁਰਸ਼ ਦੇ ਹਿਰਦੇ ਮੈ=ਵਿਚ ਰਾਮ ਦਾ ਭਜਨ-ਸਿਮਰਨ ਨਹੀਂ ਹੈ।

ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ॥ ੧ ॥ ਰਹਾਉ ॥

ਤਿਸ ਪੁਰਸ਼ ਨੇ ਅਮੋਲਕ ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ,
ਇਸ ਗੱਲ ਮਨ ਦੇ ਵਿਚ ਯਾਦ ਰੱਖੋ॥ ੧ ॥ ਰਹਾਉ ॥

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥

ਭਾਵੇਂ ਤੀਰਥ ਇਸ਼ਨਾਨ ਕਰਦਾ ਹੈ, ਪੁਨਾ ਵਰਤ ਆਦਿਕ ਭੀ ਰੱਖਦਾ ਹੈ, ਪਰ ਜਿਸ ਦਾ ਮਨ ਆਪਣੇ ਵੱਸ ਵਿਚ ਨਹੀਂ ਹੈ।

ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥ ੧ ॥

ਉਸ ਦੇ ਕਰਮ ਧਰਮ ਕੀਤੇ ਹੋਏ ਤੁਸੀਂ ਸਾਰੇ ਨਿਸਫਲ ਮੰਨੋ, ਇਹ ਗੱਲ ਮੈਂ ਸੱਚ ਕਹਿੰਦਾ ਹਾਂ॥ ੧ ॥

ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ॥

ਜਿਸ ਤਰ੍ਹਾਂ ਪਾਹਨੁ=ਪੱਥਰ ਪਾਣੀ ਵਿਚ ਰੱਖਿਆ ਜਾਏ, ਤਿਸ ਨੂੰ ਪਾਣੀ ਭੇਦੈ ਨਾਹਿ=ਵਿੰਨ੍ਹਦਾ ਨਹੀਂ ਹੈ, ਭਾਵ ਅੰਦਰ ਪ੍ਰਵੇਸ਼ ਕਰਕੇ ਉਸ ਨੂੰ ਗਿੱਲਾ ਨਹੀਂ ਕਰ ਸਕਦਾ ।

ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ॥ ੨ ॥

ਜੋ ਪ੍ਰਾਣੀ ਭਗਤੀ ਤੋਂ ਹੀਨ=ਰਹਿਤ ਹੈ, ਤਾਹਿ=ਉਸ ਨੂੰ ਭੀ ਤੁਸੀਂ ਤੈਸੇ=ਉਸੇ ਤਰ੍ਹਾਂ ਦਾ ਸੁੱਕਾ ਪੱਥਰ ਹੀ ਪਛਾਣ ਲਵੋ॥ ੨ ॥

ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ॥

ਕਲਜੁਗ ਵਿਚ ਨਾਮ ਜਪਣ ਤੇ ਹੀ ਮੁਕਤੀ ਨੂੰ ਪਾਉਂਦਾ ਹੈ, ਇਸ ਭੇਦ ਨੂੰ ਗੁਰੂ ਹੀ ਦੱਸਦੇ ਹਨ।

ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ॥ ੩॥ ੩॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਭੂ ਦੇ ਗੁਣ ਗਾਉਂਦਾ ਹੈ, ਓਹੀ ਪੁਰਸ਼ ਸਾਰਿਆਂ ਤੋਂ ਗਰੂਆ=ਭਾਰੀ ਭਾਵ ਵੱਡਾ ਹੈ॥ ੩॥ ੩॥

ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦

ੴ ਸਤਿਗੁਰ ਪ੍ਰਸਾਦਿ॥ ਨਿਕਟਿ ਵਸੈ ਦੇਖੈ ਸਭੁ ਸੋਈ॥

ਪਰਮੇਸ਼ਰ ਸਭ ਦੇ ਨੇੜੇ ਵੱਸ ਰਿਹਾ ਹੈ ਅਤੇ ਓਹੀ ਸਭ ਕੁਝ ਵੇਖ ਰਿਹਾ ਹੈ।

ਗੁਰਮੁਖਿ ਵਿਰਲਾ ਬੂਝੈ ਕੋਈ॥

ਪਰ ਕੋਈ ਵਿਰਲਾ ਹੀ ਗੁਰਮੁਖ ਗੁਰਾਂ ਦੁਆਰੇ ਉਸ ਦੇ ਸਰੂਪ ਨੂੰ ਜਾਣਦਾ ਹੈ।

ਵਿਣੁ ਭੈ ਪਇਐ ਭਗਤਿ ਨ ਹੋਈ॥ ਸਬਦਿ ਰਤੇ ਸਦਾ ਸੁਖੁ ਹੋਈ॥ ੧॥

ਡਰ ਪਏ ਤੋਂ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੁੰਦੀ । ਜੋ ਗੁਰ-ਉਪਦੇਸ਼ ਵਿਚ ਰੱਤੇ ਹਨ, ਉਹਨਾਂ ਨੂੰ ਨਿਤ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੧॥

ਐਸਾ ਗਿਆਨੁ ਪਦਾਰਥੁ ਨਾਮੁ॥

ਗੁਰਮੁਖਿ ਪਾਵਸਿ ਰਸਿ ਰਸਿ ਮਾਨੁ॥ ੧॥ ਰਹਾਉ॥

ਨਾਮ-ਪਦਾਰਥ ਐਸਾ ਹੈ ਜੋ ਕਿ ਗਿਆਨ ਦੀ ਪ੍ਰਾਪਤੀ ਕਰਨ ਵਾਲਾ ਹੈ। ਜਾ ਗਿਆਨੁ=ਜਾਣਨਾ ਕਰ ਨਾਮ-ਪਦਾਰਥ ਐਸਾ ਹੈ। ਗੁਰਮੁਖ ਹੀ ਪ੍ਰੇਮ-ਰਸ ਵਿਚ ਰਸ ਕੇ ਨਾਮ ਦਾ ਮਾਨੁ=ਮੰਨਣ ਕਰਨਾ ਪਾਉਂਦਾ ਹੈ। ਵਾ:-ਗੁਰਮੁਖ ਗੁਰਾਂ ਦੁਆਰੇ ਨਾਮ-ਰਸ ਵਿਚ ਰਸ ਕੇ ਮਾਨ-ਵਡਿਆਈ ਪਾਉਂਦਾ ਹੈ॥ ੧॥ ਰਹਾਉ॥

ਗਿਆਨੁ ਗਿਆਨੁ ਕਥੈ ਸਭੁ ਕੋਈ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ॥

ਉੱਪਰੋਂ ਭਾਂ ਗਿਆਨ ਹੀ ਗਿਆਨ ਦੀਆਂ ਗੱਲਾਂ ਸਭ ਕੋਈ ਕਥਨ ਕਰਦਾ ਹੈ । ਜੋ ਕਥਾਂ ਨੂੰ ਕਥ ਕੇ ਬਾਦੁ=ਝਗੜੇ ਕਰਦਾ ਹੈ, ਉਸ ਨੂੰ ਦੁੱਖ ਦੀ ਪ੍ਰਾਪਤੀ ਹੈ।

ਕਥਿ ਕਹਣੈ ਤੇ ਰਹੈ ਨ ਕੋਈ॥ ਬਿਨੁ ਰਸ ਰਾਤੇ ਮੁਕਤਿ ਨ ਹੋਈ॥ ੨॥

ਫਜ਼ੂਲ ਕਥਨੀਆ ਦੇ ਕਹਿਣ ਵੱਲੋਂ ਕੋਈ ਰਹਿੰਦਾ ਨਹੀਂ ਹੈ।

ਜਾਂ ਵੇਦਾਂ ਨੂੰ ਕਥਨ ਭਾਂ ਕਰਦੇ ਹਨ ਪਰ ਉਸ ਕਹਿਣੇ ਪਰ ਇਸਥਿਤ ਨਹੀਂ ਰਹਿੰਦੇ । ਪ੍ਰੇਮ ਵਾ:- ਨਾਮ-ਰਸ ਵਿਚ ਰੱਤੇ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ॥ ੨॥

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ॥

ਸੱਚਾ ਗਿਆਨ ਤੇ ਸੱਚਾ ਧਿਆਨ ਸਭ ਗੁਰਾਂ ਤੋਂ ਪ੍ਰਾਪਤ ਹੁੰਦਾ ਹੈ।

ਜਾਂ ਗਿਆਨ ਧਿਆਨ ਆਦਿਕ ਸਾਰਿਆਂ ਸਾਧਨਾਂ ਦੀ ਸਫਲਤਾ ਗੁਰਾਂ ਦੀ ਕਿਰਪਾ ਨਾਲ ਹੁੰਦੀ ਹੈ।

ਸੱਚੀ ਰਹਿਣੀ ਦੇ ਧਾਰਨ ਕਰਕੇ ਹੀ ਮਨ ਵਿਚ ਉਸ ਸੱਚੇ ਦੀ ਪ੍ਰਾਪਤੀ ਹੁੰਦੀ ਹੈ।

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ ੩॥

ਮਨਮੁਖਾਂ ਦੀ ਕਥਨੀ ਤਾਂ ਹੈ ਪਰ ਰਹਿਣੀ ਕੋਈ ਨਹੀਂ ਹੈ।

(੧) ਨਾਮ ਤੋਂ ਭੁੱਲੇ ਹੋਏ ਨੂੰ ਕੋਈ ਥਾਂ ਨਹੀਂ ਝੱਲਦੀ।

(੨) ਨਾਮ ਤੋਂ ਭੁੱਲੇ ਹੋਏ ਨੂੰ ਕੋਈ ਸੁਖ ਦਾ ਥਾਂ ਪ੍ਰਾਪਤ ਨਹੀਂ ਹੁੰਦਾ ॥ ੩॥

ਮਨੁ ਮਾਇਆ ਬੰਧਿਓ ਸਰ ਜਾਲਿ॥
ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ॥

ਮਨ ਮਾਇਆ ਵਿਚ ਬੱਧਾ ਹੋਇਆ ਹੈ ਜਾਲ ਦੇ ਸਰ=ਸਦ੍ਰਸ਼। ਜਾਂ ਮਨ ਨੂੰ ਮਾਇਆ ਨੇ ਜਾਲ ਦੇ ਸਦ੍ਰਸ਼ ਬੰਨ੍ਹ ਲਿਆ ਹੈ।

ਅਥਵਾ:- ਸਰ=ਸੰਸਾਰ ਵਿਚ ਮਾਇਆ ਰੂਪੀ ਜਾਲ ਵਿਚ ਮਨ ਬੱਧਾ ਹੋਇਆ ਹੈ। ਏਸੇ ਕਰਕੇ ਹਰ ਇਕ ਘਟਿ ਘਟਿ=ਸਰੀਰ-ਸਰੀਰ ਵਿਸ਼ਿਆਂ ਨਾਲ ਲੱਗ ਰਿਹਾ ਹੈ।

*ਅਥਵਾ:-*ਉਹ ਪਰਮੇਸ਼ਰ ਸਾਰਿਆਂ ਘਟਾਂ ਘਟਾਂ ਵਿਚ ਵਿਆਪ ਰਿਹਾ ਹੈ,

*ਪ੍ਰਸ਼ਨ:-*ਇਹ ਜੀਵ ਉਸ ਨੂੰ ਕਿਉਂ ਨਹੀਂ ਜਾਣਦਾ ?

*ਉੱਤਰ:-*ਵਿਸ਼ਿਆਂ ਨਾਲ ਲੱਗਣ ਕਰਕੇ ਨਹੀਂ ਜਾਣਦਾ।

ਜੋ ਆਂਜੈ ਜੋ ਦੀਸੈ ਕਾਲਿ॥ ਕਾਰਜੁ ਸੀਧੋ ਰਿਦੈ ਸਮ੍ਹਾਲਿ॥ ੪॥

ਜੋ ਆਂਜੈ=ਆਇਆ ਹੈ ਉਹ ਕਾਲ ਦੇ ਮੂੰਹ ਵਿਚ ਦਿੱਸਦਾ ਹੈ, ਜਾਂ ਸਭ ਦੇ ਸਿਰ ਉਤੇ ਕਾਲ ਦਿੱਸਦਾ ਹੈ।

*ਅਥਵਾ:-*ਜੋ ਆਂਜੈ=ਅੱਜ ਦਿੱਸ ਰਿਹਾ ਹੈ, ਉਹ ਕੱਲ੍ਹ ਦਿੱਸੇਗਾ? ਕਿੰਤੂ ਨਹੀਂ ਦਿੱਸੇਗਾ।

ਏਸੇ ਵਾਸਤੇ ਕਿਹਾ ਹੈ-

"ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ ੧੩੮॥" *(ਪੰਨਾ ੧੩੭੧)*

ਹਿਰਦੇ ਵਿਚ ਨਾਮ ਨੂੰ ਸੰਭਾਲੇ ਤਾਂ ਮੋਖ ਰੂਪੀ ਕਾਰਜ ਸਿਧ ਹੁੰਦਾ ਹੈ॥ ੪॥

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ ਮਨਮੁਖਿ ਹਉਮੈ ਪਤਿ ਗਵਾਈ॥

ਉਹ ਅਸਲ ਗਿਆਨੀ ਹੈ ਜਿਸ ਨੇ ਸਬਦਿ=ਬ੍ਰਹਮ ਵਿਚ ਲਿਵ ਲਗਾਈ ਹੈ। ਪਰ ਮਨਮੁਖ ਨੇ ਹੰਗਰਾ-ਮਮਤਾ ਵਿਚ ਲੱਗ ਕੇ ਪਤ-ਆਬਰੋ ਗੁਆ ਲਈ ਹੈ।

ਆਪੇ ਕਰਤੈ ਭਗਤਿ ਕਰਾਈ॥ ਗੁਰਮੁਖਿ ਆਪੇ ਦੇ ਵਡਿਆਈ॥ ੫॥

ਜਿਨ੍ਹਾਂ ਪਾਸੋਂ ਕਰਤੇ ਪੁਰਖ ਨੇ ਆਪ ਭਗਤੀ ਕਰਵਾਈ ਹੈ।

ਉਹਨਾਂ ਗੁਰਮੁਖਾਂ ਨੂੰ ਆਪ ਹੀ ਵਡਿਆਈ ਦੇਂਦਾ ਹੈ॥ ੫॥

ਰੈਣਿ ਅੰਧਾਰੀ ਨਿਰਮਲ ਜੋਤਿ॥ ਨਾਮ ਬਿਨਾ ਝੂਠੇ ਕੁਚਲ ਕਛੋਤਿ॥

(੧) ਇਸ ਜੀਵ ਦੀ ਅਵਸਥਾ ਰੂਪੀ ਰਾਤ ਪਾਪਾਂ ਕਰਕੇ ਤੇ ਅਗਿਆਨ ਕਰਕੇ ਹਨੇਰੀ ਹੈ ਤੇ ਉਹ ਜੋਤੀ ਪਰਮਾਤਮਾ ਨਿਰਮਲ ਹੈ (ਉਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?)

(੨) ਅਵਸਥਾ ਰੂਪੀ ਰਾਤ ਜੋ ਪਾਪਾਂ ਕਰਕੇ ਹਨੇਰੀ ਹੈ, ਇਹ ਨਿਰਮਲ ਕਿਵੇਂ ਹੋਵੇ?

*ਉੱਤਰ:-*ਜੋਤੀ ਦੇ ਭਜਨ ਕਰਕੇ, *ਵਾ:-*ਸ਼ੁਭ ਗਿਆਤ ਕਰਕੇ ਨਿਰਮਲ ਹੁੰਦੀ ਹੈ। ਨਾਮ ਤੋਂ ਬਿਨਾਂ ਝੂਠੇ ਬਚਨ ਬੋਲਦਾ ਹੈ, ਤਨ ਕਰਕੇ ਕੁਚਲ=ਅਪਵਿੱਤ੍ਰ ਹੈ ਤੇ ਕਛੋਤਿ=ਖੋਟੀ ਬੁੱਧੀ ਕਰਕੇ ਨੀਚ ਹੈ।

ਬੇਦੁ ਪੁਕਾਰੈ ਭਗਤਿ ਸਰੋਤਿ॥ ਸੁਣਿ ਸੁਣਿ ਮਾਨੈ ਵੇਖੈ ਜੋਤਿ॥ ੬॥

ਵੇਦ ਪੁਕਾਰਦਾ ਹੈ ਕਿ ਪਹਿਲੇ ਸਰੋਤਿ=ਸ੍ਰਵਣ ਭਗਤੀ ਕਰੋ। ਜੋ ਪੁਰਸ਼ ਸੁਣ-ਸੁਣ ਕੇ ਮਾਨੈ=ਮੰਨਣ ਕਰਦਾ ਹੈ, *ਵਾ:-*ਮੰਨਦਾ ਹੈ ਉਹ ਜੋਤਿ=ਜੋਤੀ (ਪਰਮਾਤਮਾ) ਨੂੰ ਵੇਖ ਲੈਂਦਾ ਹੈ॥ ੬॥

ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ॥ ਗੁਰਮੁਖਿ ਸਾਂਤਿ ਊਤਮ ਕਰਾਮੰ॥

ਛੇ ਸ਼ਾਸਤਰ, ਸਤਾਈ ਸਿੰਮ੍ਰਤੀਆਂ ਨਾਮ ਨੂੰ ਦ੍ਰਿੜ੍ਹਾਉਂਦੀਆਂ ਹਨ। ਗੁਰਮੁਖਾਂ ਨੇ ਨਾਮ ਜਪਣੇ ਰੂਪ ਉੱਤਮ ਕਰਮ ਕਰਕੇ ਸ਼ਾਂਤੀ ਪ੍ਰਾਪਤ ਕੀਤੀ ਹੈ। ਜਾਂ ਮੁੱਖ ਗੁਰਾਂ ਦੀ ਉੱਤਮ ਕਲਾਮ ਹੈ, ਉਹਨਾਂ ਦੁਆਰੇ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਮਨਮੁਖਿ ਜੋਨੀ ਦੂਖ ਸਹਾਮੰ॥ ਬੰਧਨ ਤੂਟੇ ਇਕੁ ਨਾਮੁ ਵਸਾਮੰ॥ ੭॥

ਮਨਮੁਖ ਪੁਰਸ਼ ਜੂਨੀਆਂ ਦੇ ਦੁੱਖਾਂ ਨੂੰ ਸਹਾਮੰ=ਸਹਾਰਦੇ ਹਨ। ਜੇਕਰ ਇਕ ਨਾਮ ਨੂੰ ਹਿਰਦੇ ਵਿਚ ਵਸਾ ਲੈਣ ਤਾਂ ਸਾਰੇ ਬੰਧਨ ਟੁੱਟ ਜਾਂਦੇ ਹਨ॥ ੭॥

ਮੰਨੇ ਨਾਮੁ ਸਚੀ ਪਤਿ ਪੂਜਾ॥ ਕਿਸੁ ਵੇਖਾ ਨਾਹੀ ਕੋ ਦੂਜਾ॥

ਨਾਮ ਨੂੰ ਮੰਨਣ ਕਰੇ ਤਾਂ ਸੱਚੀ ਪਤਿ=ਇਜ਼ੱਤ ਸੱਚੀ ਹੁੰਦੀ ਹੈ ਤੇ ਪੂਜਾ ਭੀ ਹੁੰਦੀ ਹੈ।

*ਅਥਵਾ:-*ਨਾਮ ਨੂੰ ਮੰਨੇ ਤਾਂ ਸਚੀ ਪਤਿ=ਇੰਦਰ ਇਸ ਦੀ ਪੂਜਾ ਕਰਦਾ ਹੈ।

ਕਿਸ ਨੂੰ ਵੇਖਾਂ? ਕਿਉਂਕਿ ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥

ਦੇਖਿ ਕਹਉ ਭਾਵੈ ਮਨਿ ਸੋਇ॥ ਨਾਨਕੁ ਕਹੈ ਅਵਰੁ ਨਹੀ ਕੋਇ॥ ੮॥ ੧॥

ਮੈਂ ਓਸੇ ਨੂੰ ਦੇਖਦਾ ਹਾਂ, ਉਸੇ ਨੂੰ ਕਹਿੰਦਾ ਹਾਂ, ਜਾਂ ਓਸੇ ਨੂੰ ਜਪਦਾ ਹਾਂ ਅਤੇ ਓਹੀ ਮਨ ਵਿਚ ਭਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੮॥ ੧॥

(ਪੰਨਾ ੮੩੨)

ਬਿਲਾਵਲੁ ਮਹਲਾ ੧॥ ਮਨ ਕਾ ਕਹਿਆ ਮਨਸਾ ਕਰੈ॥

ਮਨ ਦਾ ਕਿਹਾ ਹੋਇਆ ਬਚਨ ਮਨਸਾ=ਬੁੱਧੀ ਨਿਸਚੇ ਕਰਦੀ ਹੈ।

ਇਹੁ ਮਨੁ ਪੁੰਨੁ ਪਾਪੁ ਉਚਰੈ॥

ਪਰ ਇਹ ਮਨ ਐਸਾ ਹੈ-ਜੋ ਪਾਪ ਪੁੰਨ ਹੀ ਉਚਾਰਦਾ ਹੈ।

ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ॥ ੧॥

ਮਾਇਆ ਦੇ ਮਦ ਵਿਚ ਮਸਤੇ ਹੋਏ ਜੀਵ ਨੂੰ ਤ੍ਰਿਪਤੀ ਨਹੀਂ ਆਉਂਦੀ।

ਮਨ ਵਿਚ ਸੱਚਾ ਨਾਮ ਭਾ ਜਾਵੇ ਤਾਂ ਤ੍ਰਿਪਤੀ ਪਾ ਕੇ ਮੁਕਤ ਹੁੰਦਾ ਹੈ।

ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ॥
ਬਿਨੁ ਨਾਵੈ ਕਿਛੁ ਸੰਗਿ ਨ ਜਾਨਾ॥ ੧॥ ਰਹਾਉ॥

ਤਨੁ=ਸਰੀਰ, ਧਨ, ਕਲਤੁ=ਇਸਤ੍ਰੀ ਇਨ੍ਹਾਂ ਵਿੱਚੋ ਸਭਨਾਂ ਨੂੰ ਦੇਖ ਕੇ ਹੰਕਾਰ ਕਰਦਾ ਹੈ।

ਪਰ ਨਾਮ ਤੋਂ ਬਿਨਾਂ ਇਨ੍ਹਾਂ ਵਿੱਚੋਂ ਕੁਝ ਭੀ ਨਾਲ ਨਹੀਂ ਜਾਣਾ॥ ੧॥ ਰਹਾਉ॥

ਕੀਚਹਿ ਰਸ ਭੋਗ ਖੁਸੀਆ ਮਨ ਕੇਰੀ॥ ਧਨੁ ਲੋਕਾਂ ਤਨੁ ਭਸਮੈ ਢੇਰੀ॥

ਮਨ ਦੀਆਂ ਖੁਸ਼ੀਆਂ ਅਨੁਸਾਰ ਰਸਾਂ ਨੂੰ ਭੋਗਣਾ ਕਰਦਾ ਹੈ।

ਜਿਸ ਵੇਲੇ ਤਨ ਨੇ ਭਸਮ ਦੀ ਢੇਰੀ ਹੋਣਾ ਹੈ ਤਾਂ ਧਨ ਨੂੰ ਲੋਕਾਂ ਨੇ ਸਾਂਭ ਲੈਣਾ ਹੈ।

ਖਾਕੂ ਖਾਕੁ ਰਲੈ ਸਭੁ ਫੈਲੁ॥ ਬਿਨੁ ਸਬਦੈ ਨਹੀ ਉਤਰੈ ਮੈਲੁ॥ ੨॥

ਸਭ ਤਰ੍ਹਾਂ ਦੀਆਂ ਬਦ-ਫੈਲੀਆ ਕਰਲ ਨਾਲ ਖਾਕੂ=ਪੰਜਾਂ ਤੱਤਾਂ ਰੂਪ ਖਾਕ ਦੇ ਰਚੇ ਹੋਏ ਸਰੀਰ ਨੇ ਪ੍ਰਤੱਖ ਖ਼ਾਕ, ਜਾਂ ਲਾਹਨਤਾਂ ਰੂਪੀ ਖ਼ਾਕ ਨਾਲ ਰਲ ਜਾਣਾ ਹੈ। ਵਾ:-ਇਹ ਸਭ ਤਰ੍ਹਾਂ ਦੇ ਫੈਲੁ=ਕਰਮ ਕਰਦਾ ਹੈ, ਪਰ ਇਹ ਨਹੀਂ ਸਮਝਦਾ ਕਿ ਖ਼ਾਕ ਰੂਪ ਤਨ ਨੇ ਖ਼ਾਕ ਵਿਚ ਰਲ ਜਾਣਾ ਹੈ।

ਵਾ:-ਖਾਕੂ=ਦੇਹ ਨੇ ਤਾਂ ਖ਼ਾਕ ਵਿਚ ਰਲ ਜਾਣਾ ਹੈ ਤੇ ਸਾਰੇ ਕੀਤੇ ਹੋਏ ਫੈਲੁ=ਕਰਮਾਂ ਨੇ ਹੀ ਨਾਲ ਜਾਣਾ ਹੈ। ਗੁਰ-ਉਪਦੇਸ਼ ਤੋਂ ਬਿਨਾਂ ਪਾਪਾਂ ਰੂਪੀ, ਜਾਂ ਹਉਮੈ ਰੂਪੀ, ਮੈਲ ਉਤਰਦੀ ਨਹੀਂ ਹੈ॥ ੨॥

ਗੀਤ ਰਾਗ ਘਨ ਤਾਲ ਸਿ ਕੂਰੇ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ॥

ਰਾਗਾਂ ਵਿਚ ਗੀਤ ਪੜ੍ਹਨੇ, ਘਨ=ਬਹੁਤਿਆਂ ਤਾਲਾਂ ਦਾ ਪੂਰਨਾ ਇਹ ਸਭ ਝੂਠਾ ਹੈ।

ਜਾਂ ਗੀਤਾ ਦਾ ਪਾਠ ਕਰਨਾ, ਰਾਗ=ਪ੍ਰੇਮ ਕਰਨਾ, ਘਨ ਤਾਲ=ਬਹੁਤੇ ਮਹਾਂ ਵਾਕਾਂ ਦਾ ਉਚਾਰਨਾ ਇਹ ਸਭ ਕੁਝ ਝੂਠਾ ਹੈ। ਹਿਰਦੇ ਵਿਚ ਤਿੰਨਾਂ ਗੁਣਾਂ ਦੇ ਉਪਜਨੇ ਕਰਕੇ ਸ਼ੁਭ-ਗੁਣ ਬਿਨਸ ਜਾਂਦੇ ਹਨ, ਇਸ ਕਰਕੇ ਪਰਮੇਸ਼ਰ ਤੋਂ ਦੂਰ ਰਹਿੰਦੇ ਹਨ।

ਅਥਵਾ:-ਜੋ ਰਾਗ ਤਾਲ ਵਿਚ ਘਨ=ਬਹੁਤੇ ਗੀਤ ਗਾਉਣ ਵਾਲੇ ਹਨ, ਸਿ ਕੂਰੇ=ਉਹ ਝੂਠੇ ਪੁਰਸ਼ ਤਿੰਨਾਂ ਗੁਣਾਂ ਕਰਕੇ ਉਪਜੈ ਬਿਨਸੈ=ਜੰਮਦੇ ਮਰਦੇ ਹਨ ਤੇ ਪਰਮੇਸ਼ਰ ਤੋਂ ਦੂਰ ਰਹਿੰਦੇ ਹਨ।

ਦੂਜੀ ਦੁਰਮਤਿ ਦਰਦੁ ਨ ਜਾਇ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ॥ ੩॥

(ਇਕ ਗੁਰਮਤਿ ਹੈ, ਉਸ ਤੋਂ ਭਿੰਨ ਦੂਜੀ ਦੁਰਮਤ ਹੈ, ਉਸ) ਖੋਟੀ ਮਤ ਕਰਕੇ ਜਨਮ ਮਰਨ ਰੂਪ ਦਰਦ

ਨਹੀਂ ਜਾਂਦੀ। ਗੁਰਮੁਖ ਹੋ ਕੇ ਗੁਰਾਂ ਦੁਆਰੇ ਗੁਣਾਂ ਦੇ ਗਾਉਣ ਰੂਪ ਦਾਰੂ ਕਰਕੇ ਦੁੱਖਾਂ ਤੋਂ ਛੁਟਕਾਰਾ ਹੁੰਦਾ ਹੈ॥ ੩॥

ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ॥

ਤੇੜ ਊਜਲ=ਚਿੱਟੀ ਧੋਤੀ ਬੱਧੀ ਹੋਈ ਏ, ਮੱਥੇ ਉਤੇ ਚਿੱਟਾ ਤਿਲਕ ਤੇ ਗਲ ਗਿਚ ਰੁਦ੍ਰਾਖ ਦੀ ਮਾਲਾ ਹੈ। ਪਰ ਜੇ ਅੰਤਹਕਰਨ ਵਿਚ ਕ੍ਰੋਧ ਹੈ, ਤਾਂ ਉਸ ਦਾ ਪੜ੍ਹਨਾ ਐਸਾ ਨਿਸਫਲ ਹੈ, ਜਿਵੇ ਨਟਸਾਲਾ ਵਿਚ ਕੇਵਲ ਛਲ ਵਿਦਿਆ ਦਾ ਹੀ ਸਿਖਣਾ ਹੁੰਦਾ ਹੈ।

ਨਾਮੁ ਵਿਸਾਰਿ ਮਾਇਆ ਮਦੁ ਪੀਆ॥
ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥ ੪॥

ਸਤਿਨਾਮੁ ਨੂੰ ਭੁਲਾ ਕੇ ਮਾਇਆ ਰੂਪ ਮਦੁ=ਸ਼ਰਾਬ ਨੂੰ ਪੀਤਾ ਹੈ।

ਗੁਰਾਂ ਤੋਂ ਬਿਨਾਂ ਭਗਤੀ ਨਹੀਂ ਹੁੰਦੀ, ਭਗਤੀ ਤੋਂ ਬਿਨਾਂ ਸੁਖ ਨਹੀਂ ਹੁੰਦਾ॥ ੪॥

ਸੂਕਰ ਸੁਆਨ ਗਰਧਭ ਮੰਜਾਰਾ॥ ਪਸੂ ਮਲੇਛ ਨੀਚ ਚੰਡਾਲਾ॥

ਸੂਕਰ=ਸੂਰ, ਸੁਆਨ=ਕੁੱਤਾ, ਗਰਧਭ=ਖੋਤਾ, ਮੰਜਾਰਾ=ਬਿੱਲਾ ਆਦਿਕ ਪਸ਼ੂ ਜੂਨੀਆਂ ਵਿਚ, ਜਾਂ ਮਲੇਛ ਚੰਡਾਲ ਆਦਿਕ ਨੀਚ-

ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ॥
ਬੰਧਨਿ ਬਾਧਿਆ ਆਈਐ ਜਾਈਐ॥ ੫॥

ਜੂਨੀਆਂ ਵਿਚ ਉਨ੍ਹਾਂ ਨੂੰ ਭਵਾਈਐ=ਫੇਰਿਆ ਜਾਂਦਾ ਹੈ,

ਜਿਨ੍ਹਾਂ ਨੇ ਗੁਰੂ ਤੋਂ ਮੂੰਹ ਫੇਰ ਲਿਆ ਹੈ ਭਾਵ ਗੁਰੂ ਧਾਰ ਕੇ ਛੱਡ ਦਿੱਤਾ ਹੈ।

ਯਥਾ:- ''ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਭੁਲਿ ਖਲਹ॥ ੩੩॥

(ਸਹਸਕ੍ਰਿਤੀ, ਪੰਨਾ ੧੩੫੭)

ਉਹ ਕਰਮਾਂ ਦੇ ਜਾਂ ਮੋਹ ਦੇ ਬੰਧਨਾਂ ਵਿਚ ਬੱਧਾ ਹੋਇਆ ਜੰਮਦਾ ਮਰਦਾ ਹੈ॥ ੫॥

ਗੁਰ ਸੇਵਾ ਤੇ ਲਹੈ ਪਦਾਰਥੁ॥ ਹਿਰਦੈ ਨਾਮੁ ਸਦਾ ਕਿਰਤਾਰਥੁ॥

ਸੇਵਾ ਕਰੇ ਤਾਂ ਗੁਰਾਂ ਤੋਂ ਨਾਮ ਪਦਾਰਥ ਲੈਂਦਾ ਹੈ।

ਜਿਸ ਦੇ ਹਿਰਦੇ ਵਿਚ ਨਾਮ ਵੱਸਦਾ ਹੈ, ਉਹ ਸਦਾ ਕਿਰਤਾਰਥੁ=ਮੁਕਤ ਰੂਪ ਹੁੰਦਾ ਹੈ।

ਸਾਚੀ ਦਰਗਹ ਪੂਛ ਨ ਹੋਇ॥ ਮਾਨੇ ਹੁਕਮੁ ਸੀਝੈ ਦਰਿ ਸੋਇ॥ ੬॥

ਸੱਚੀ ਦਰਗਾਹ ਵਿਚ ਉਸ ਨੂੰ ਪੁੱਛ-ਗਿੱਛ ਨਹੀਂ ਹੁੰਦੀ, ਜਾਂ ਪੂਛ ਨਹੀਂ ਹੁੰਦੀ ਭਾਵ ਪਸ਼ੂ ਨਹੀਂ ਬਣਦਾ।

ਜੋ ਹੁਕਮ ਨੂੰ ਮੰਨਦਾ ਹੈ ਉਹ ਦਰਗਾਹ ਵਿਚ ਸੀਝੈ=ਕਲਿਆਣ ਹੁੰਦਾ ਹੈ॥ ੬॥

ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥

ਸਤਿਗੁਰਾਂ ਨੂੰ ਮਿਲੇ ਤਾਂ ਉਸ ਪ੍ਰਭੂ ਨੂੰ ਜਾਣਦਾ ਹੈ ਅਤੇ ਰਜਾਈ=ਪਰਮਾਤਮਾ ਦੇ ਹੁਕਮ ਦੇ ਪਛਾਣਨੇ ਅੰਦਰ ਰਹਿੰਦਾ ਹੈ।

ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥ ੭ ॥

ਸਤਸੰਗ ਰੂਪੀ ਸੱਚੇ ਦਰ ਅੰਦਰ ਨਿਵਾਸ ਕਰਕੇ ਹੁਕਮ ਨੂੰ ਪਛਾਣੇ,

ਜਾਂ-ਹੁਕਮ ਨੂੰ ਪਛਾਣੇ ਤਾਂ ਸੱਚੇ ਦੇ ਅੰਦਰ ਨਿਵਾਸ ਹੁੰਦਾ ਹੈ।

ਗੁਰ-ਸ਼ਬਦ ਕਰਕੇ ਕਾਲ ਬਿਕਾਲ=ਜਨਮ ਮਰਨ ਦੋਵੇਂ ਨਾਸ ਹੋ ਗਏ ॥ ੭ ॥

ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥

ਪਦਾਰਥਾਂ ਤੋਂ ਅਤੀਤੁ=ਨਿਰਲੇਪ ਹੋ ਰਹੇ ਤੇ ਸਭ ਕੁਝ ਉਸ ਪਰਮੇਸ਼ਰ ਦਾ ਦਿੱਤਾ ਹੋਇਆ ਜਾਣੇ। ਜਿਸ ਦਾ ਇਹ ਦਿੱਤਾ ਹੋਇਆ ਹੈ ਓਸੇ ਨੂੰ ਤਨ ਮਨ ਅਰਪਣ ਕਰ ਦੇਵੇ।

ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਉਹ ਫਿਰ ਨਾ ਆਉਂਦਾ ਹੈ ਨਾ ਉਹ ਜਾਂਦਾ ਹੈ, ਉਹ ਸੱਚੇ ਨਾਮ ਦੇ ਪ੍ਰਤਾਪ ਕਰਕੇ ਸੱਚ ਸਰੂਪ ਵਿਚ ਸਮਾ ਜਾਂਦਾ ਹੈ॥ ੮ ॥ ੨ ॥

ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦

ੴ ਸਤਿਗੁਰ ਪ੍ਰਸਾਦਿ ॥ ਜਗੁ ਕਊਆ ਮੁਖਿ ਚੁੰਚ ਗਿਆਨੁ ॥

ਧਾਰਨਾ ਤੋਂ ਬਿਨਾਂ ਇਹ ਜੀਵ ਕਊਆ=ਕਾਂ ਦੀ ਤਰ੍ਹਾਂ ਪਾਪਾਂ ਕਰਕੇ ਕਾਲਾ ਹੈ।

ਪ੍ਰਸ਼ਨ:- 'ਕਾ ਦੀ ਚੁੰਜ ਹੁੰਦੀ ਹੈ, ਇਸ ਦੀ ਚੁੰਜ ਕਿਹੜੀ ਹੈ?'

*ਉੱਤਰ:-*ਜੋ ਮੂੰਹੋਂ ਬੱਧ ਗਿਆਨ ਕਥਨ ਕਰਦਾ ਹੈ ਏਹੋ ਚੁੰਜ ਹੈ।'

ਜਿਵੇਂ ਕਾਂ ਚੁੰਜ ਨਾਲ ਗੰਦਗੀ ਫੋਲਦਾ ਹੈ, ਤਿਵੇਂ ਇਹ ਜੀਵ ਵਿਸ਼ਿਆਂ ਦੀਆਂ ਗੱਲਾਂ ਕਰਦਾ ਹੈ।

*ਅਥਵਾ:-*ਜਗਤ ਵਿਚ ਚੁੰਚ ਗਿਆਨ ਮੁਖ ਹੋ ਰਿਹਾ ਹੈ, ਅਸਲ ਬ੍ਰਹਮ ਗਿਆਨ ਕੋਈ ਨਹੀਂ ਹੈ।

ਅੰਤਰਿ ਲੋਭੁ ਝੂਠੁ ਅਭਿਮਾਨੁ ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥ ੧ ॥

ਇਸ ਦੇ ਅੰਦਰ ਪਦਾਰਥਾਂ ਦਾ ਲੋਭ, ਝੂਠ ਅਤੇ ਜ਼ਾਤੀ ਅਭਿਮਾਨ, ਵਿਦਿਆ ਦਾ ਹੰਕਾਰ ਰੂਪ ਗੰਦਗੀ ਹੈ। ਸਤਿਨਾਮੁ ਤੋਂ ਬਿਨਾਂ ਨਿਦਾਨਿ=ਅੰਤ ਨੂੰ ਇਸ ਜੀਵ ਦਾ ਪਾਜੁ=ਪਖੰਡ ਲਹਿ ਜਾਏਗਾ ॥ ੧ ॥

ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥

ਸਤਿਗੁਰਾਂ ਨੂੰ ਸੇਵਿਆ ਜਾਵੇ ਤਾਂ ਮਨ ਚਿਤ ਵਿਚ ਨਾਮ ਵੱਸਦਾ ਹੈ।

ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥ ੧ ॥ ਰਹਾਉ ॥

ਸਤਿਗੁਰੂ ਮਿਲਣ ਤਾਂ ਉਹ ਹਰੀ ਨਾਮ ਨੂੰ ਚੇਤੇ ਕਰਵਾਉਂਦੇ ਹਨ, ਨਾਮ ਤੋਂ ਬਿਨਾਂ ਹੋਰ ਸਭ ਪ੍ਰੀਤੀਆਂ ਝੂਠੀਆਂ ਹਨ॥ ੧ ॥ ਰਹਾਉ ॥

ਗੁਰਿ ਕਹਿਆ ਸਾ ਕਾਰ ਕਮਾਵਹੁ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ॥

ਹੇ ਭਾਈ! ਜੋ ਗੁਰੂ ਨੇ ਕਿਹਾ ਹੈ, ਓਹੀ ਕੰਮ ਕਮਾਉਣਾ ਕਰੋ। ਗੁਰ-ਸ਼ਬਦ ਨੂੰ ਚੀਨ੍ਹਿ=ਜਾਣ ਕੇ ਸਹਜ=ਸ਼ਾਂਤੀ-ਘਰ ਵਿਚ ਆਉਣਾ ਕਰੋ।

ਸਾਚੈ ਨਾਇ ਵਡਾਈ ਪਾਵਹੁ॥ ੨॥

ਸੱਚੇ ਨਾਮ ਨੂੰ ਜਪ ਕੇ ਵਡਿਆਈ ਪਾਉਣਾ ਕਰੋ॥ ੨॥

ਆਪਿ ਨ ਬੂਝੈ ਲੋਕ ਬੁਝਾਵੈ॥ ਮਨ ਕਾ ਅੰਧਾ ਅੰਧੁ ਕਮਾਵੈ॥

ਜੋ ਆਪ ਸਮਝਦਾ ਨਹੀਂ ਹੈ ਅਤੇ ਲੋਕਾਂ ਨੂੰ ਸਮਝਾਉਦਾ ਹੈ। ਉਹ ਮਨ ਦਾ ਅੰਨ੍ਹਾ, ਅੰਨ੍ਹੇ ਹੀ ਕਰਮਾਂ ਨੂੰ ਕਮਾਉਂਦਾ ਹੈ।

ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ॥ ੩॥

ਅੰਤਹਕਰਨ ਰੂਪੀ ਘਰ ਦੇ ਦਰੁ=ਅੰਦਰ ਮਹਲੁ=ਸਰੂਪ ਹੈ, ਉਸ ਵਿਚ ਕਿਵੇਂ ਠਉਰੁ=ਇਸਥਿਤੀ ਪਾਵੇ? ਭਾਵ ਨਹੀਂ ਪਾ ਸਕਦਾ॥ ੩॥

ਹਰਿ ਜੀਉ ਸੇਵੀਐ ਅੰਤਰਜਾਮੀ॥

ਉਸ ਅੰਤਰਜਾਮੀ ਹਰਿ ਜੀ ਨੂੰ ਸੇਵਨਾ ਕਰੀਏ।

ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ॥

ਸਾਰਿਆਂ ਘਟਾਂ ਘਟਾਂ ਦੇ ਅੰਦਰ ਜਿਸ ਦੀ ਜੋਤ ਸਮਾ ਰਹੀ ਹੈ।

ਤਿਸੁ ਨਾਲਿ ਕਿਆ ਚਲੈ ਪਹਨਾਮੀ॥ ੪॥

ਉਸ ਦੇ ਨਾਲ ਪਹਨਾਮੀ=ਲੁਕਾ ਦੀ ਗੱਲ ਭਾਵ ਠੱਗੀ ਕਿਵੇਂ ਚਲ ਸਕਦੀ ਹੈ?॥ ੪॥

[ਪੰਨਾ ੮੩੩]

ਸਾਚਾ ਨਾਮੁ ਸਾਚੈ ਸਬਦਿ ਜਾਨੈ॥

ਸੱਚੇ ਗੁਰਾ ਦੇ ਸ਼ਬਦ ਦੁਆਰਾ ਸੱਚੇ ਨਾਮ ਦਾ ਸਿਮਰਨ ਕਰਨਾ ਜਾਣੇ। ਭਾਂ-

ਆਪੈ ਆਪੁ ਮਿਲੈ ਚੂਕੈ ਅਭਿਮਾਨੈ॥

ਹੰਕਾਰ ਦੇ ਚੁਕਣ ਕਰਕੇ ਆਪਣੇ ਸਰੂਪ ਨਾਲ ਆਪ ਮਿਲ ਜਾਂਦਾ ਹੈ।

ਗੁਰਮੁਖਿ ਨਾਮੁ ਸਦਾ ਸਦਾ ਵਖਾਨੈ॥ ੫॥

ਪਰ ਗੁਰਮੁਖ ਹੋ ਕੇ ਗੁਰਾਂ ਦੁਆਰੇ ਸਦਾ ਸਦਾ ਨਾਮ ਨੂੰ ਕਥਨ ਕਰੇ॥ ੫॥

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਦੂਜੀ ਖੋਟੀ ਮੱਤੀ ਚਲੀ ਜਾਂਦੀ ਹੈ।

ਅਉਗਣ ਕਾਟਿ ਪਾਪਾ ਮਤਿ ਖਾਈ॥

ਔਗੁਣ ਕੱਟੇ ਜਾਂਦੇ ਹਨ ਤੇ ਪਾਪਾਂ ਵਾਲੀ ਮਤੀ ਭੀ ਖਾਈ=ਅਭਾਵ ਹੋ ਜਾਂਦੀ ਹੈ।

ਕੰਚਨ ਕਾਇਆ ਜੋਤੀ ਜੋਤਿ ਸਮਾਈ॥ ੬॥

ਜਿਸ ਦੀ ਕਾਇਆ=ਬੁੱਧੀ ਕੰਚਨ=ਸੋਨੇ ਦੀ ਤਰ੍ਹਾਂ ਸ਼ੁੱਧ ਹੋਈ ਹੈ, ਉਸ ਦੀ ਜੋਤ ਜੋਤੀ ਵਿਚ ਸਮਾ ਗਈ ਹੈ॥ ੬॥

ਸਤਿਗੁਰਿ ਮਿਲਿਐ ਵਡੀ ਵਡਿਆਈ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ॥

ਸਤਿਗੁਰਾਂ ਨਾਲ ਮਿਲਣ ਕਰਕੇ ਵੱਡੀ ਵਡਿਆਈ ਹੁੰਦੀ ਹੈ। ਹਿਕਦੇ ਵਿਚ ਨਾਮ ਦੀ ਪ੍ਰੀਤੀ ਵਸਾਉਣ ਕਰਕੇ ਦੁੱਖ ਕੱਟੇ ਜਾਂਦੇ ਹਨ।

ਨਾਮਿ ਰਤੇ ਸਦਾ ਸੁਖੁ ਪਾਈ॥ ੭॥

ਨਾਮੀ ਦੇ ਨਾਮ ਵਿਚ ਤਦਾਕਾਰ ਹੋਣ ਕਰਕੇ ਸਦਾ=ਨਿਤ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੭॥

ਗੁਰਮਤਿ ਮਾਨਿਆ ਕਰਣੀ ਸਾਰੁ॥ ਗੁਰਮਤਿ ਮਾਨਿਆ ਮੋਖ ਦੁਆਰੁ॥

ਜਿਨ੍ਹਾਂ ਨੇ ਗੁਰ-ਸਿਖਿਆ ਨੂੰ ਮੰਨਿਆ ਹੈ ਉਹਨਾਂ ਦੀ ਕਰਣੀ =ਕਰਤੱਬਤਾ ਸਾਰੁ=ਸਰੇਸ਼ਟ ਹੈ, ਵਾ:-ਉਹਨਾਂ ਨੇ ਹੋਰ ਦੁਨਿਆਵੀ ਕਰਨੀਆਂ ਨੂੰ ਸਾਰੁ=ਸਾੜ ਦਿੱਤਾ ਹੈ।

ਜਿਨ੍ਹਾਂ ਨੇ ਗੁਰ ਸਿਖਿਆ ਨੂੰ ਮੰਨਿਆ ਹੈ, ਉਹਨਾਂ ਨੂੰ ਮੋਖ ਦਾ ਦੁਆਰਾ (ਗਿਆਨ) ਪ੍ਰਾਪਤ ਹੋਇਆ ਹੈ।

ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ॥ ੮॥ ੧॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਗੁਰ-ਸਿਖਿਆ ਨੂੰ ਮੰਨਿਆ ਹੈ, ਉਹਨਾਂ ਨੇ ਪ੍ਰਤੱਖ ਪਰਵਾਰ ਨੂੰ, ਵਾ:-ਸਿੱਖੀ-ਸੇਵਕੀ ਰੂਪੀ ਪਰਵਾਰ ਨੂੰ, ਵਾ:-ਇੰਦਰੀਆਂ ਰੂਪੀ ਪਰਵਾਰ ਨੂੰ ਸੁਧਾਰ ਲਿਆ ਹੈ, ਵਾ:-ਪਰਵਾਰ ਨੂੰ ਸਾਧਾਰੁ=ਸਹਿਤ ਆਸਰੇ ਦੇ ਕੀਤੇ ਹੈ॥ ੮॥ ੧॥ ੩॥

ਬਿਲਾਵਲੁ ਮਹਲਾ ੪ ਅਸਟਪਦੀਆ* ਘਰੁ ੧੧

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਤੋਂ ਆਗਿਆ ਲੈ ਕੇ ਜਿਸ ਵੇਲੇ ਮਾਤਾ ਜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਲਾਹੌਰ ਲੈ ਕੇ ਗਈ ਤਾਂ ਇਕ ਦੋ ਦਿਨ ਸਾਰਿਆਂ ਨਾਲ ਬੋਲਦੇ ਰਹੇ, ਫੇਰ ਸ੍ਰੀ ਗੁਰੂ ਅਮਰਦਾਸ ਜੀ ਦੇ ਵਿਯੋਗ ਨੂੰ ਨਾ ਸਹਾਰਦੇ ਹੋਏ ਚੁਪ ਚੁਪਾਤੇ ਉਦਾਸੀਨ ਸਰੂਪ ਵਿਚ ਰਹਿਣ ਲੱਗ ਪਏ, ਕੁਝ ਖਾਣ ਪੀਣ ਭੀ ਨਾ। ਮਾਤਾ ਜੀ ਨੇ ਵਿਚਾਰਿਆ, 'ਇਹਨਾਂ ਨੂੰ ਕੁਝ ਤਕਲੀਫ ਹੋ ਗਈ ਹੈ, ਵੈਦ ਨੂੰ ਵਿਖਾ ਦੇਈਏ।' ਉਸ ਵੇਲੇ ਦੋ ਵੈਦ ਬੁਲਾਏ 'ਇਕ ਜੋਗੀ ਤੇ ਦੂਜਾ ਸੰਨਿਆਸੀ।' ਜਾਂ ਉਹਨਾਂ ਨੇ ਗੁਰੂ ਜੀ ਦੀ ਨਬਜ਼ ਫੜ ਕੇ ਵੇਖਿਆ ਤਾਂ ਗੁਰੂ ਜੀ ਉਹਨਾਂ ਦੇ ਪ੍ਰਤੀ ਇਹ ਸੁਖਮਨਾ ਰੂਪ ਬਾਣੀ ਉਚਾਰ ਕੇ ਉਪਦੇਸ਼ ਦੇਣ ਲਗ ਪਏ—

---

*ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਚਾਰ ਰਾਗਾਂ ਵਿਚ ਸੁਖਮਨਾ ਸਾਹਿਬ ਉਚਾਰਿਆ ਹੈ-

ਛੇ ਅਸ਼ਟਪਦੀਆਂ ਬਿਲਾਵਲੁ ਰਾਗ ਵਿਚ, ਛੇ ਅਸ਼ਟਪਦੀਆਂ ਨਟ ਨਰਾਇਣ ਰਾਗ ਵਿਚ,
ਛੇ ਅਸ਼ਟਪਦੀਆਂ ਕਾਨੜੇ ਰਾਗ ਵਿਚ, ਛੇ ਅਸ਼ਟਪਦੀਆਂ ਕਲਿਆਨ ਰਾਗ ਵਿਚ।

ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥

ਜਿਸ ਨੇ ਰਸ=ਪ੍ਰੇਮ ਸਹਿਤ ਰਾਤ ਦਿਨ ਹਰੀ ਦੇ ਗੀਤ ਗਵਈਆ ਹੋ ਕੇ ਗ਼ਾਏ ਹਨ ਤੇ ਹਉਮੈ ਨੂੰ ਮੇਟਿਆ ਹੈ ਉਸ ਨੇ ਆਪਣੇ ਸਰੂਪ ਨੂੰ ਆਪ ਖਾਇ=ਧਾਰਿਆ ਹੈ।

*ਅਥਵਾ:-*ਆਪਾ ਭਾ ਹੰਕਾਰ ਜੋ ਧਾਰਿਆ ਹੋਇਆ ਸੀ, ਉਸ ਨੂੰ ਆਪ ਖਾਇ=ਅਭਾਵ ਕੀਤਾ ਹੈ।

ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥ ੧ ॥

ਮੁਖੀ ਗੁਰਾਂ ਦੇ ਪਰਚੈ=ਪ੍ਰੇਮ, ਵਾ:-ਉਪਦੇਸ਼ ਕਰਕੇ ਕਾਇਆ=ਬੁੱਧੀ ਸੋਨੇ ਵਾਂਗ ਸ਼ੁੱਧ ਹੋਈ ਤਾਂ ਨਿਰਭਉ ਜੋਤੀ ਵਿਚ ਇਸ ਦੀ ਜੋਤ ਮਿਲ ਗਈ ॥ ੧ ॥

ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥

ਮੈਨੂੰ ਹਰਿ ਹਰਿ ਰਮਈਏ ਦੇ ਨਾਮ ਦਾ ਹੀ ਅਧਾਰੁ=ਆਸਰਾ ਹੈ।

ਖਿਨੁ ਪਲੁ ਹਰਿ ਨ ਸਕਉ ਬਿਨੁ ਨਾਵੈ
ਗੁਰਮੁਖਿ ਹਰਿ ਹਰਿ ਪਾਠ ਪੜਈਆ ॥ ੧ ॥ ਰਹਾਉ ॥

ਨਾਮ ਤੋਂ ਬਿਨਾਂ ਮੈਂ ਇਕ ਖਿਨ ਤੇ ਪਲ ਭਰ ਵੀ ਰਹਿ ਨਹੀਂ ਸਕਦਾ, ਕਿਉਂਕਿ ਮੁਖੀ ਗੁਰਾਂ ਪਾਸੋਂ ਮੈਂ ਹਰਿ ਹਰਿ ਨਾਮ ਦਾ ਹੀ ਪਾਠ=ਸਬਕ ਪੜ੍ਹਿਆ ਹੈ॥ ੧ ॥ ਰਹਾਉ ॥

ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥

ਸਰੀਰ ਇਕ ਘਰ ਹੈ, ਜਿਸ ਦੇ ਦਸ ਇੰਦਰੀਏ ਰੂਪ ਦਸ ਦਰਵਾਜ਼ੇ ਹਨ, ਸ਼ੁਭ=ਗੁਣਾਂ ਰੂਪੀ ਮਾਲ ਨੂੰ ਤਸਕਰ=ਚੋਰੀ ਕਰਨ ਲਈ (ਕਾਮ ਕ੍ਰੋਧ ਆਦਿਕ) ਪੰਜ ਚੋਰ ਰਾਤ ਦਿਨ ਲੱਗੇ ਰਹਿੰਦੇ ਹਨ।

ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨ ॥

ਧਰਮ, ਅਰਥ (ਰੂਪ) ਸਾਰੇ ਧਨ ਨੂੰ ਇਹ ਚੋਰ ਹਿਰਿ ਲੇ ਜਾਵਹਿ=ਚੁਰਾ ਕੇ ਲਈ ਜਾਂਦੇ ਹਨ, ਪਰ ਮਨਮੁਖ ਅੰਨ੍ਹੇ ਨੂੰ ਉਹਨਾਂ ਚੋਰਾਂ ਦੀ ਖ਼ਬਰ ਹੀ ਨਹੀਂ ਪਈ॥ ੨ ॥

ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥

ਕੰਚਨ ਕੋਟੁ=ਸੋਨੇ ਦੇ ਕਿਲ੍ਹੇ ਵਾਂਗ ਜੋ ਮਨੁੱਖ ਦੇਹ ਹੈ, ਵਾ:-ਅੰਤਹਕਰਨ, ਇਹ ਬਹੁਤ ਹੀ (ਸ੍ਰਵਣ, ਮੰਨਣ ਨਿਧਿਆਸਣ ਰੂਪ) ਮਾਣਕਾਂ ਨਾਲ ਭਰਿਆ ਹੋਇਆ ਹੈ, ਇਹ ਮਾਣਕ ਤਾਂ ਪ੍ਰਾਪਤ ਹੁੰਦੇ ਹਨ ਜਾਂ ਲਿਵ ਲਗਾ ਕੇ ਤਤਿ ਗਿਆਨ=ਯਥਾਰਥ ਗਿਆਨ ਵਿਚ ਜਾਗੇ।

ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥ ੩ ॥

ਜੋ (ਕਾਮ ਕ੍ਰੋਧ ਆਦਿਕ) ਤਸਕਰ=ਚੋਰ ਹੇਰੂ=ਦੁੱਖ ਦੇਣ ਵਾਸਤੇ, ਜਾਂ ਸ਼ੁਭ-ਗੁਣਾਂ ਰੂਪੀ ਧਨ ਦੇ ਹੇਰੂ=ਚੁਰਾਉਣ ਵਾਸਤੇ ਇਸ ਸਰੀਰ ਵਿਚ ਆ ਕੇ ਲੁਕੇ ਹੋਏ ਸਨ, ਗੁਰਾਂ ਦੇ ਸ਼ਬਦ ਕਰਕੇ ਉਹਨਾ ਨੂੰ ਫੜ ਕੇ ਬੰਨ੍ਹ ਪਾਇਆ ਹੈ॥ ੩ ॥

ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥

ਹਰਿ ਹਰਿ ਦਾ ਨਾਮ ਸ਼ੁਭ-ਗੁਣਾਂ ਦਾ ਪੋਤ=ਖਜ਼ਾਨਾ ਹੈ, ਸੰਸਾਰ ਤੋਂ ਤਾਰਨੇ ਨੂੰ ਬੋਹਿਥਾ=ਜਹਾਜ਼ ਰੂਪ ਹੈ।

ਅਥਵਾ:-ਹਰਿ ਹਰਿ ਦਾ ਨਾਮ ਪੋਤੁ ਬੋਹਿਥਾ=ਪਵਿੱਤ੍ਰ ਜਹਾਜ਼ ਹੈ, ਗੁਰੂ ਰੂਪ ਖੇਵਟੁ=ਮਲਾਹ ਸ਼ਬਦ ਰੂਪ ਅਨਕੂਲੀ ਪੌਣ ਦੇ ਕੇ, ਵਾ:-ਸ਼ੁਬਦ ਦੇ ਦਾਤੇ ਗੁਰੂ ਰੂਪ ਮਲਾਹ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦੇ ਹਨ।

ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥ ੪ ॥

ਜਮ ਰੂਪ ਜਾਗਾਤੀ=ਮਸੂਲੀਆ ਇਸ ਜਹਾਜ਼ ਦੇ ਨੇੜੇ ਨਹੀਂ ਆਉਂਦਾ ਅਤੇ ਚੋਰੀ ਕਰਨ ਵਾਸਤੇ ਕੋਈ ਚੋਰ ਭੀ ਆ ਕੇ ਨਹੀ ਲਗਈਆ=ਲੱਗਦਾ ॥ ੪ ॥

ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥

ਅਸੀਂ ਦਿਨ ਰਾਤ ਸਦਾ ਹਰੀ ਦੇ ਗੁਣਾਂ ਨੂੰ ਗਾਉਂਦੇ ਹਾਂ, ਮੈਂ ਹਰੀ ਜਸ ਕਹਿਣ ਵਾਲਿਆਂ ਦਾ ਭੀ ਅੰਤ ਨਹੀਂ ਲੈ ਸਕਦਾ। ਜਾਂ ਮੈਂ ਹਰੀ ਜਸ ਨੂੰ ਕਹਿੰਦਿਆਂ ਹੋਇਆਂ ਭੀ ਉਸ ਦਾ ਅੰਤ ਨਹੀਂ ਲੀਤਾ।

ਗੁਰਮੁਖਿ ਮਨੂਆ ਇਕਤੁ ਘਰਿ ਆਵੈ
ਮਿਲਉ ਗੋਪਾਲ ਨੀਸਾਨੁ ਬਜਈਆ ॥ ੫ ॥

ਗੁਰਮੁਖਾਂ ਦਾ ਮਨ ਏਕਤਾ ਰੂਪੀ ਘਰ ਵਿਚ, ਵਾ:-ਇਕ ਸਰੂਪ ਰੂਪੀ ਘਰ ਵਿਚ ਆਉਂਦਾ ਹੈ। ਮੈਂ ਭੀ ਨਾਮ ਰੂਪ ਨੀਸਾਨੁ=ਧੌਂਸਾ ਵਜਾ ਕੇ ਗੋਪਾਲ ਨੂੰ ਮਿਲਾਂਗਾ, ਜਾਂ ਤੁਸੀਂ ਭੀ ਸਤਿਨਾਮੁ ਰੂਪੀ ਧੌਂਸੇ ਨੂੰ ਵਜਾ ਕੇ ਗੋਪਾਲ ਨੂੰ ਮਿਲਣਾ ਕਰੋ ॥ ੫ ॥

ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥

ਅੱਖਾਂ ਨਾਲ ਗੁਰਾਂ ਦਾ ਦਰਸ਼ਨ ਵੇਖਿਆ ਤੇ ਕੰਨਾਂ ਨਾਲ ਗੁਰਾਂ ਦੀ ਸ਼ਬਦ-ਬਾਣੀ ਨੂੰ ਸੁਣਿਆ ਤਾਂ ਮਨ ਤ੍ਰਿਪਤ ਹੋਇਆ ।

ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥ ੬ ॥

ਸ਼ਬਦ-ਬਾਣੀ ਨੂੰ ਸੁਣ-ਸੁਣ ਕੇ ਵਾ:-ਸੁਨਿ=ਕੰਨਾਂ ਦੁਆਰੇ ਸੁਣ ਕੇ ਆਤਮ ਦੇਵ ਵਿਚ ਭੀਨੇ=ਭਿੱਜ ਗਏ ਹਾਂ ਅਤੇ ਸਭ ਰਸਾਂ ਵਿਚ ਰਸਿਆ ਹੋਇਆ ਜੋ ਰਾਮ ਗੋਪਾਲ ਹੈ, ਪ੍ਰੇਮ ਰਸ ਵਿਚ ਰਸਿ=ਤਦਾਕਾਰ ਹੋ ਕੇ ਉਸ ਨੂੰ ਰਵਈਆ=ਉਚਾਰਨਾ ਕੀਤਾ ਹੈ ॥ ੬ ॥

ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥

ਤ੍ਰੈਗੁਣੀ ਜੀਵ ਤ੍ਰਿਗੁਣ-ਆਤਮਕ ਮਾਇਆ ਦੇ ਮੋਹ ਵਿਚ ਬਿਆਪ ਰਹੇ ਹਨ ਅਤੇ ਗੁਰਮੁਖਾਂ ਨੇ ਗੁਰਾਂ ਦੁਆਰੇ ਤੁਰੀਆ ਗੁਣ=ਚੌਥੀ ਭੂਮਿਕਾ ਨੂੰ ਲੱਭ ਲੀਤਾ ਹੈ।

ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥ ੭ ॥

ਗੁਰਮੁਖ ਏਕਤਾ ਦੀ ਨਜ਼ਰ ਨਾਲ ਸਭਨਾਂ ਨੂੰ ਇਕ ਸਮਾਨ ਕਰਕੇ ਜਾਣਦੇ ਹਨ, ਕਿਉਂਕਿ ਉਨ੍ਹਾਂ ਨੂੰ ਸਭਨਾ ਵਿਚ ਬ੍ਰਹਮ ਪਸਰਿਆ ਹੋਇਆ ਹੀ ਨਜ਼ਰ ਆਉਂਦਾ ਹੈ ॥ ੭ ॥

ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥

ਰਾਮ ਹੈ ਨਾਮ ਜਿਸ ਦਾ ਉਸ ਦੀ ਜੋਤ ਸਾਰਿਆਂ ਵਿਚ ਆਈ ਹੋਈ ਹੈ, ਉਹ ਅਲੱਖ ਪਰਮਾਤਮਾ ਆਪਣਾ ਸਰੂਪ ਗੁਰਾਂ ਦੁਆਰੇ ਲਖਾਉਂਦਾ (ਜਣਾਉਂਦਾ) ਹੈ।

ਜਾਂ ਗੁਰਮੁਖਾਂ ਨੇ ਆਪ ਹੀ ਉਸ ਅਲੱਖ ਸਰੂਪ ਨੂੰ ਲਖ ਲੈਣਾ ਕੀਤਾ ਹੈ।

ਨਾਨਕ ਦੀਨ ਦਇਆਲ ਭਏ ਹੈ
ਭਗਤਿ ਭਾਇ ਹਰਿ ਨਾਮਿ ਸਮਈਆ ॥ ੮ ॥ ੧ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਉਹ ਦੀਨ ਦਿਆਲ ਪਰਮਾਤਮਾ ਜਿਸ ਉਤੇ ਦਿਆਲੂ ਹੋਇਆ ਹੈ ਉਹ ਪ੍ਰੇਮਾ-ਭਗਤੀ ਕਰਕੇ ਹਰੀ ਨਾਮੀ ਵਿਚ ਸਮਾਇਆ ਹੈ॥ ੮॥ ੧॥ ੪॥

ਬਿਲਾਵਲੁ ਮਹਲਾ ੪ ॥

ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ
ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥

ਜਲ ਦੀ ਤਰ੍ਹਾਂ ਸੀਤਲ=ਠੰਡੇ ਹਰਿ ਹਰਿ ਨਾਮ ਨੂੰ ਧਿਆਉਣਾ ਕਰੋ, ਹਰੀ ਜੋ ਗੰਧਈਆ ਹੈ ਚੰਦਨ ਦੀ ਵਾਸ਼ਨਾ ਵਾਂਗ ਉਸ ਦੀ ਭਗਤੀ ਰੂਪ ਸੁੰਗਧੀ ਫੈਲ ਰਹੀ ਹੈ।

[ਪੰਨਾ ੮੩੪]

ਮਿਲਿ ਸਤਸੰਗਤਿ ਪਰਮ ਪਦੁ ਪਾਇਆ
ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥ ੧ ॥

ਸਤਿਸੰਗਤ ਨਾਲ ਮਿਲ ਕੇ ਪਰਮ ਪਦੁ=ਆਤਮ-ਪਦ ਪਾਇਆ ਹੈ, ਮੈਂ ਹਿਰਡ=ਅਰਿੰਡ ਤੇ ਪਲਾਸ=ਛਛਰੇ ਵਾਂਗ ਨਿਕੰਮਾ ਸੀ, ਹਰੀ ਰੂਪ ਚੰਦਨ ਨਾਲ ਮਿਲ ਕੇ ਭਗਤੀ ਜਾਂ ਕੀਰਤੀ ਰੂਪੀ ਬੁਹੀਆ= ਸੁੰਗਧੀ ਵਾਲਾ ਹੋ ਗਿਆ ਹਾਂ॥ ੧॥

ਜਪਿ ਜਗੰਨਾਥ ਜਗਦੀਸ ਗੁਸਈਆ ॥

(੧) ਜੋ ਜਗਦੀਸ਼ ਗੁਸਾਈਂ ਹੈ ਉਸ ਜਗਤ ਦੇ ਨਾਥ ਨੂੰ ਗੁਰਮੁਖਾਂ ਨੇ ਜਪਿਆ ਹੈ,

(੨) ਜੋ ਪਿੱਛੇ ਸਾਰੇ ਜਗਤ ਦਾ ਨਾਥ ਸੀ, ਹੁਣ ਭੀ ਜਗਤ ਦਾ ਈਸ਼ੂਰ ਹੈ, ਅੱਗੇ ਭੀ ਪ੍ਰਿਥਵੀ ਦਾ ਮਾਲਕ ਹੋਵੇਗਾ, ਓਹੀ ਤਿੰਨਾਂ ਸਮਿਆਂ ਵਿਚ ਜਪਣੇ ਜੋਗ ਹੈ।

ਸਰਣਿ ਪਰੇ ਸੇਈ ਜਨ ਉਬਰੇ
ਜਿਉ ਪ੍ਰਹਿਲਾਦ ਉਧਾਰਿ ਸਮਈਆ ॥ ੧ ॥ ਰਹਾਉ ॥

ਜੋ ਉਸ ਦੀ ਸ਼ਰਨ ਪਏ ਹਨ ਓਹੀ ਪੁਰਸ਼ ਸੰਸਾਰ ਦੇ ਦੁੱਖਾਂ ਤੋਂ ਉਬਰੇ=ਬਦੇ ਹਨ, ਜਿਵੇਂ ਪ੍ਰਹਿਲਾਦ ਭਗਤ ਨੂੰ ਉਧਾਰ ਕੇ ਉਸ ਨੇ ਆਪਣੇ ਵਿਚ ਸਮਾ ਲਿਆ (ਅਭੇਦ ਕਰ ਲਿਆ) ਹੈ ॥ ੧॥ ਰਹਾਉ॥

ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥

ਜਿਵੇਂ ਸਾਰੀ ਅਠਾਰਾਂ ਭਾਰ ਬਨਾਸਪਤੀ ਵਿਚੋਂ ਚੰਦਨ ਉੱਤਮ ਹੈ, ਚੰਦਨ ਦੇ ਕੋਲ ਵਸਣ ਵਾਲੇ ਸਾਰੇ ਬ੍ਰਿਛ ਚੰਦਨ ਰੂਪ ਹੋ ਜਾਂਦੇ ਹਨ।

ਤਿਵੇਂ ਸਾਰੀ ਸ੍ਰਿਸ਼ਟੀ ਵਿੱਚੋਂ ਸੰਤ ਉੱਤਮ ਹਨ, ਸੰਤਾਂ ਪਾਸ ਵੱਸਣ ਵਾਲੇ ਸਾਰੇ ਜੀਵ ਸੰਤ ਸੁਭਾਵ ਹੋ ਜਾਂਦੇ ਹਨ। ਇਸੇ ਤਰ੍ਹਾਂ ਕਬੀਰ ਸਾਹਿਬ ਜੀ ਨੇ ਭੀ ਕਿਹਾ ਹੈ-''ਕਿ ਚੰਦਨ ਦਾ ਛੋਟਾ ਜਿੰਨਾ ਬ੍ਰਿਛ ਢੱਕਾਂ ਛਿਛਰੇ ਤੇ ਪਲਾਹਾਂ ਨਾਲ ਢਕਿਆ ਹੋਇਆ ਵੀ ਸਭ ਨਾਲੋ ਚੰਗਾ ਹੈ ਕਿਉਂਕਿ ਉਸ ਦੇ ਨਜ਼ਦੀਕ ਰਹਿਣ ਵਾਲਾ ਵੀ ਚੰਦਨ ਰੂਪ (ਸੁਗੰਧੀ ਵਾਲਾ) ਹੋ ਜਾਂਦਾ ਹੈ।''

''ਕਬੀਰ ਚੰਦਨ ਕਾ ਬਿਰਵਾ ਭਲਾ ਵੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ੧੧॥'' *(ਪੰਨਾ ੧੩੬੫)*

ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥ ੨ ॥

ਸਾਕਤ ਕੂੜੇ=ਮਨਮੁਖ ਝੂਠੇ ਪੁਰਸ਼ ਊਭ ਸੁਕ=ਖੜ-ਸੁਕ ਬ੍ਰਿਛ ਦੀ ਤਰ੍ਹਾਂ ਹੋ ਗਏ ਹਨ, ਕਿਉਂਕਿ ਉਨ੍ਹਾਂ ਦੇ ਮਨ ਵਿਚ ਹੰਕਾਰ ਹੈ, ਇਸ ਲਈ ਉਹ ਸੰਤਾਂ ਤੋਂ ਵਿਛੜ ਕੇ ਦੂਰ ਚਲੇ ਗਏ ਹਨ ਭਾਵ ਚੁਰਾਸੀ ਦੇ ਚੱਕਰ ਵਿਚ ਸੁੱਟੇ ਗਏ ਹਨ॥ ੨॥

ਯਥਾ:-''ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ॥ ੪॥'' *(ਸਿਰੀ ਰਾਗੁ ਮ: ੩, ਪੰਨਾ ੬੬)*

ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ ॥

ਹਰੀ ਕਰਤਾ ਆਪਣੀ ਗਤ ਦੀ ਮਰਯਾਦਾ ਨੂੰ ਆਪ ਹੀ ਜਾਣਦਾ ਹੈ,
ਕਿਉਂਕਿ ਸਭ ਬਿਧੀਆਂ ਹਰਿ ਹਰਿ ਨੇ ਆਪ ਹੀ ਬਣਾਈਆਂ ਹਨ।

ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥੩ ॥

ਜਿਸ ਨੂੰ ਸਤਿਗੁਰ ਦੇਵ ਜੀ ਮਿਲਦੇ ਹਨ ਉਹ ਸੋਨੇ ਦੀ ਤਰ੍ਹਾਂ ਸ਼ੁੱਧ ਹੁਦਾ ਹੈ, ਜੋ ਲੇਖ ਧੁਰੋਂ ਲਿਖਿਆ ਗਿਆ ਹੈ ਉਹ ਫਲ ਭੋਗੇ ਤੋਂ ਬਿਨਾਂ ਕਿਸੇ ਦਾ ਮਿਟਾਇਆ ਹੋਇਆ ਮਿਟਦਾ ਨੰਹੀਂ ਹੈ॥ ੩॥

ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥

ਸਾਗਰ=ਸੰਸਾਰ ਵਿਚ ਰਤਨ ਪਦਾਰਥ=ਨਾਮ, ਵੈਰਾਗ ਤੇ ਗਿਆਨ ਅਤੇ ਭਗਤੀ ਦਾ ਭੰਡਾਰਾ ਖੁਲ੍ਹਿਆ ਹੋਇਆ ਹੈ ਪਰ ਕੋਈ ਵਿਰਲਾ ਹੀ ਗੁਰ-ਸਿਖਿਆ ਦੁਆਰੇ ਪਾਉਂਦਾ ਹੈ।

ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪ ॥

ਗੁਰ-ਚਰਨਾਂ ਨਾਲ ਮੇਰੀ ਇਕ ਸ਼ਰਧਾ ਪੈਦਾ ਹੋਈ ਹੈ, ਇਸ ਲਈ ਹਰੀ ਗੁਣ ਕਹਿੰਦਿਆਂ ਮੈਨੂੰ ਤ੍ਰਿਪਤੀ ਨਹੀਂ ਹੁੰਦੀ॥ ੪॥

ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ
ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥

ਪਰਮ=ਵੱਡੇ ਵੈਰਾਗ ਨੂੰ ਧਾਰ ਕੇ ਨਿਤ ਰੂਪ ਹਰੀ ਦੇ ਨਿਤਾਪ੍ਰਤੀ ਨਾਮ ਧਿਆਏ ਹਨ, ਮੈਂ ਹਰੀ ਗੁਣਾਂ ਨੂੰ ਕਹਤੇ=ਕਹਿੰਦਾ ਹਾਂ, ਪਰ ਭਾਵਨੀ ਕਹੀਆ=ਸ਼ਰਧਾ ਨਾਲ ਕਹਿੰਦਾ ਹਾਂ।

ਵਾ:-ਮੈਂ ਹਰੀ ਗੁਣਾਂ ਨੂੰ ਕਹਿੰਦਾ ਹਾਂ, ਕਹਿਣੇ ਕਰਕੇ ਭਾਵਨੀਕ ਹੀਆ--ਹਿਰਦਾ ਸ਼ੋਭਨੀਕ ਹੋ ਗਿਆ ਹੈ।

ਪਾਠ-''ਭਾਵਨੀ ਕਹੀਆ ॥'' ਹੀ ਹੈ। *ਅਥਵਾ:*-ਜੋ ਪਰਮ ਵੈਰਾਗ ਨੂੰ ਧਾਰ ਕੇ ਨਿਤ ਨਿਤ=ਨਿਤਾ-ਪ੍ਰਤੀ ਹਰੀ ਨਾਮ ਨੂੰ ਧਿਆਉਦੇ ਹਨ ਤੇ ਹਰੀ ਗੁਣਾਂ ਨੂੰ ਗਾਉਂਦੇ ਹਨ, ਅਜੇਹੇ ਸੰਤਾਂ ਵਿਚ ਭਾਵਨੀ=ਸ਼ਰਧਾ ਕਰਨੀ ਮੈਨੂੰ ਸਤਿਗੁਰਾਂ ਨੇ ਕਹੀ ਹੈ।

ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈ ਪਰਈਆ ॥ ੫ ॥

ਵਾਰੰਵਾਰ ਖਿਨ-ਖਿਨ ਤੇ ਪਲ-ਪਲ ਦੇ ਸਮੇਂ ਵਿਚ ਹਰੀ ਨਾਮ ਕਹਿੰਦਾ ਹਾਂ, ਹਰੀ ਦਾ ਪਾਰਾਵਾਰ ਨਹੀਂ ਪੈਂਦਾ ਹੈ, ਉਹ ਪਰੈ ਪਰਈਆ=ਪਰੇ ਤੋਂ ਪਰੇ ਹੈ। ਜਾਂ ਸਭ ਤੋਂ ਪਰੇ ਜੋ ਬ੍ਰਹਮਾ ਆਦਿਕ ਹਨ ਉਹਨਾਂ ਤੋਂ ਭੀ ਉਹ ਪਰੇ ਹੈ॥ ੫॥

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥

ਛੇ ਸ਼ਾਸਤਰ, ਚਾਰ ਵੇਦ, ਅਠਾਰਾਂ ਪੁਰਾਣ ਪੁਕਾਰਦੇ ਹਨ, ਸ੍ਰੈ ਧਰਮ ਧਾਰਨਾ ਕਰੋ ਅਤੇ ਖਟ=ਛੇ ਪ੍ਰਕਾਰ ਦੇ ਕਰਮ ਜਪ, ਹੋਮ, ਸੰਧਿਆ, ਇਸ਼ਨਾਨ, ਦੇਵ ਅਰਚਾ, ਅਥਿਤ ਪੂਜਾ ਨੂੰ ਦ੍ਰਿੜ੍ਹ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਛੇ ਕਰਮ ਸਹਸਕ੍ਰਿਤੀ ਵਿਚ ਜੋ ਲਿਖੇ ਹਨ, ਉਹ ਦ੍ਰਿੜ੍ਹ ਕਰੋ:-

''ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪਿ ਤ੍ਯਾਗਿ ਸਗਲ ਰੇਣੁਕਹ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰਜਨਹ॥ ੪੦॥'' *(ਪੰਨਾ ੧੩੫੭)*

ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥ ੬ ॥

ਪਖੰਡੀ ਮਨਮੁਖ ਭਰਮ ਵਿਚ ਵਿਗੂਤੇ=ਖਰਾਬ ਹੋ ਰਹੇ ਹਨ ਤੇ ਪਾਪਾਂ ਦੇ ਭਾਰ ਕਰਕੇ ਬਿਰਤੀ ਰੂਪ ਨਾਵ=ਨੌਕਾ (ਬੇੜੀ) ਲੋਭ ਦੀ ਲਹਿਰ ਵਿਚ ਡੁੱਬ ਰਹੀ ਹੈ॥ ੬॥

ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥

ਨਾਮ ਨੂੰ ਜਪਣਾ ਕਰੋ, ਨਾਮ ਕਰਕੇ ਹੀ ਮੁਕਤੀ ਪਾਉਗੇ, ਸਿੰਮ੍ਰਿਤੀਆਂ ਅਤੇ ਸ਼ਾਸਤ੍ਰਾਂ ਨੇ ਪ੍ਰਭੂ ਦਾ ਨਾਮ ਹੀ ਦ੍ਰਿੜ੍ਹ ਕਰਵਾਈਆ ਹੈ।

ਯਥਾ:- "ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥ ੧॥ (ਮ: ੫, ਪੰਨਾ ੭੬੧)

ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ॥ ੭॥

ਜੀਵ ਦੀ ਹਉਮੈ ਦੂਰ ਹੋ ਜਾਵੇ ਤਾਂ ਹੀ ਮਨ ਸ਼ੁੱਧ ਹੁੰਦਾ ਹੈ,
ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਕਰਕੇ ਗੁਰਮੁਖਾਂ ਨੇ ਪਰਮ-ਪਦ ਨੂੰ ਪਾਇਆ ਹੈ॥ ੭॥

ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ॥

ਹੇ ਪ੍ਰਭੂ ! ਇਹ ਜਗਤ ਵਰਨ ਤੇ ਰੂਪ ਆਦਿਕ ਸਭ ਕੁਝ ਤੇਰਾ ਬਣਾਇਆ ਹੋਇਆ ਹੈ, ਇਨ੍ਹਾਂ ਨੂੰ ਜਿਧਰ ਤੂੰ ਲਗਾਉਂਦਾ ਹੈ ਓਹੀ ਕਰਮ ਕਮਾਉਂਦੇ ਹਨ।

ਨਾਨਕ ਜੰਤ ਵਜਾਏ ਵਾਜਹਿ
ਜਿਤੁ ਭਾਵੈ ਤਿਤੁ ਰਾਹਿ ਚਲਈਆ॥ ੮॥ ੨॥ ੫॥

ਗੁਰੂ ਜੀ ਕਥਨ ਕਰਦੇ ਹਨ-ਇਹ ਜੀਵਾਂ ਰੂਪ ਵਾਜਿਆਂ ਨੂੰ ਜਿਵੇਂ ਤੂੰ ਵਜਾਉਂਦਾ ਹੈਂ, ਤਿਵੇਂ ਇਹ ਵੱਜਦੇ ਹਨ, ਜਿਧਰ ਤੂੰ ਚਾਹੁੰਦਾ ਹੈਂ ਤਿਤੁ ਰਾਹਿ ਚਲਈਆ=ਓਸੇ ਰਸਤੇ ਪਰ ਚਲਦੇ ਹਨ॥ ੮॥ ੨॥

ਬਿਲਵਲੁ ਮਹਲਾ ੪॥ ਗੁਰਮੁਖਿ ਅਗਮ ਅਗੋਚਰੁ ਧਿਆਇਆ
ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ॥

ਗੁਰਮੁਖਾਂ ਨੇ, ਗੁਰਾਂ ਦੁਆਰੇ ਅਗਮ ਅਗੋਚਰ ਪ੍ਰਭੂ ਨੂੰ ਧਿਆਉਣਾ ਕੀਤਾ ਹੈ,
ਸਤਿ ਪੁਰਖਈਆ=ਸਤਿ ਪੁਰਖ ਪਰਮੇਸ਼ਰ ਰੂਪ ਸਤਿਗੁਰਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ॥ ੧॥

ਗੁਰਾਂ ਨੇ ਮੇਰੇ ਪ੍ਰਾਣਾਂ ਵਿਚ ਰਾਮ ਦਾ ਨਾਮ ਵਸਾ ਦਿੱਤਾ ਹੈ,
ਸਤਿਗੁਰਾਂ ਨਾਲ ਪਰਸ ਕੇ ਮੈਂ ਹਰੀ ਨਾਮੀ ਵਿਚ ਸਮਾ ਗਿਆ ਹਾਂ॥ ੧॥

ਜਨ ਕੀ ਟੇਕ ਹਰਿ ਨਾਮੁ ਟਿਕਈਆ॥

ਦਾਸ ਦੀ ਟੇਕ=ਓਟ ਹਰੀ ਪਰ ਟਿਕ ਗਈ ਹੈ।
ਵਾ:-ਸੰਤ ਜਨਾਂ ਦੀ ਟੇਕ=ਓਟ ਲੈ ਕੇ ਗੁਰਮੁਖਾਂ ਨੇ ਹਰੀ ਨਾਮ ਵਿਚ ਟਿਕਣਾ ਕੀਤਾ ਹੈ।

ਸਤਿਗੁਰ ਕੀ ਧਰ ਲਾਗਾ ਜਾਵਾ
ਗੁਰ ਕਿਰਪਾ ਤੇ ਹਰਿ ਦਰੁ ਲਹੀਆ॥ ੧॥ ਰਹਾਉ॥

ਮੈਂ ਸਤਿਗੁਰਾਂ ਦੀ ਧਰ=ਓਟ ਤੇ, ਵਾ:-ਧਰ=ਤਰਫ਼ ਲਗਾ ਜਾਂਦਾ ਹਾਂ, ਗੁਰਾਂ ਦੀ ਕਿਰਪਾ ਨਾਲ ਮੈਂ ਹਰੀ ਦੀ ਪ੍ਰਾਪਤੀ ਦਾ ਦਰੁ=ਦਰਵਾਜ਼ਾ (ਗਿਆਨ) ਲੱਭ ਲੀਤਾ ਹੈ॥ ੧॥ ਰਹਾਉ॥

ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ॥

ਇਹ ਮਨੁੱਖ ਸਰੀਰ ਕਰਮਾਂ ਰੂਪੀ ਬੀਜ ਦੇ ਬੀਜਣ ਦੀ ਧਰਤੀ ਹੈ,

ਗੁਰਮੁਖਾਂ ਨੇ ਇਸ ਵਿਚ ਮਥਿ ਮਥਿ=ਵਿਚਾਰ-ਵਿਚਾਰ ਕੇ ਤਤੁ=ਸਿਧਾਂਤ ਨੂੰ ਕੱਢਣਾ ਕੀਤਾ ਹੈ।

ਜਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਇਸ ਸਰੀਰ ਚਾਟੀ ਵਿਚ ਨਿਸ਼ਕਾਮ ਕਰਮਾਂ ਰੂਪੀ ਦੁੱਧ, ਉਪਾਸ਼ਨਾ ਰੂਪ ਦਹੀਂ ਮਥ-ਮਥ ਕੇ ਭਾਵ ਵਿਚਾਰ-ਵਿਚਾਰ ਕੇ ਗਿਆਨ ਰੂਪੀ ਤਤੁ=ਮੱਖਣ ਕੱਢਣਾ ਕੀਤਾ ਹੈ।

ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥ ੨ ॥

ਲਾਲੁ=ਪ੍ਰੇਮ ਨਾਲ ਨਾਮ ਨੂੰ ਜਪਿਆ ਤਾਂ ਜਵੇਹਰ=ਗਿਆਨ ਦਾ ਪ੍ਰਕਾਸ਼ ਹੋਇਆ।

ਅਥਵਾ:-ਲਾਲ, ਜਵੇਹਰਾਂ ਵਾਂਗ ਨਾਮ ਦਾ ਪ੍ਰਕਾਸ਼ ਹੈ, ਜਿਸ ਭਾਂਡੈ=ਅੰਤਹਕਰਨ ਵਿਚ ਪ੍ਰੇਮ ਹੈ ਤਿਸ ਅੰਤਹਕਰਨ ਵਿਚ ਨਾਮ ਆ ਕੇ ਪੈਂਦਾ ਹੈ॥ ੨ ॥

ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥

ਜੋ ਪੁਰਸ਼ ਰਾਮ ਦੀ ਭਗਤੀ ਕਰਨ ਵਾਲੇ ਨਿਜ ਭਈਆ=ਆਪ ਹੋਏ ਹਨ, ਵਾ:-ਮੇਰੇ ਭਰਾ ਹਨ, ਮੈਂ ਉਨ੍ਹਾਂ ਦੇ ਦਾਸਾਂ ਦੇ ਦਾਸ ਦਾ ਦਾਸ ਹੋ ਕੇ ਰਹਿੰਦਾ ਹਾਂ।

ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥ ੩ ॥

ਮਨ ਬੁੱਧ ਆਦਿਕ ਸਭ ਕੁਝ ਗੁਰਾਂ ਅੱਗੇ ਅਰਪਿ ਧਰਉ=ਭੇਟਾ ਧਰਦਾ ਹਾਂ ਅਤੇ ਗੁਰਾਂ ਦੀ ਕਿਰਪਾ ਨਾਲ ਮੈਂ ਅਕੱਥ ਦਾ ਕਥਨ ਕਰਦਾ ਹਾਂ॥ ੩ ॥

ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥

ਮਨਮੁਖ ਪੁਰਸ਼ ਮਾਇਆ ਦੇ ਮੋਹ ਵਿਚ ਲੱਗੇ ਹੋਏ ਹਨ, ਉਨ੍ਹਾਂ ਦਾ ਇਹ ਮਨ ਤ੍ਰਿਸ਼ਨਾ ਵਿਚ ਜਲਤ=ਸੜਦਾ ਹੋਇਆ ਤਿਖਈਆ=ਪਿਆਸਾ ਹੀ ਰਹਿੰਦਾ ਹੈ।

ਜਾਂ ਤ੍ਰਿਸ਼ਨਾ ਤੇ ਤਿਖਈਆ=ਤ੍ਰੇਹ ਕਰਕੇ ਪਦਾਰਥਾਂ ਵਿਚ ਸੜਦਾ ਹੀ ਰਹਿੰਦਾ ਹੈ।

ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪ ॥

ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮ-ਅੰਮ੍ਰਿਤ ਰੂਪ ਜਲ ਪਾਇਆ ਹੈ,

ਜਾਂ ਗੁਰਾਂ ਦੇ ਸ਼ਬਦ ਦੁਆਰਾ ਬੁਝਾਉਣਾ ਕੀਤੀ ਤਾਂ ਤ੍ਰਿਸ਼ਨਾ ਰੂਪੀ ਅੱਗ ਬੁਝ ਗਈ ॥ ੪ ॥

ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥

ਜਾਂ ਇਹ ਮਨ ਸਤਿਗੁਰਾਂ ਦੀ ਆਗੈ=ਆਗਿਆ ਮੰਨਣ ਵਿਚ ਨਾਚੈ=ਨੱਚਣਾ ਕਰੇ ਭਾਵ ਉੱਦਮ ਦੇ ਸਹਿਤ ਹੋ ਕੇ ਆਗਿਆ ਦਾ ਪਾਲਣ ਕਰੇ, ਵਾ:-ਸਤਿਗੁਰਾਂ ਦੀ ਆਗਿਆ ਮੰਨ ਕੇ ਸੱਤ ਅਸੱਤ ਵਸਤੂ ਦਾ ਨਾਚੈ=ਨਿਰਣਾ ਕਰੇ ਤਾਂ ਅਨਹਦ=ਇਕ-ਰਸ ਸ਼ਬਦਾਂ ਦੀ ਧੁਨੀ ਰੂਪ ਤੂਰ ਵਜਈਆ=ਵਾਜੇ ਵੱਜ ਆਉਂਦੇ ਹਨ।

[ਪੰਨਾ ੮੩੫]

ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ
ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥ ੫ ॥

ਦਿਨ ਰਾਤ ਹਰਿ ਹਰਿ ਦੀ ਉਸਤਤੀ ਨੂੰ ਕਰੇ ਅਤੇ ਮੰਦ ਕਰਮਾਂ ਵੱਲੋਂ ਚਰਨਾਂ ਨੂੰ ਰਖਿ ਰਖਿ=ਰੋਕ ਕੇ

ਹਰੀ ਦੇ ਤਾਲ ਪੂਰਈਆ=ਜਸ ਨੂੰ ਉਚਾਰਨਾ ਕਰੇ, ਜਾਂ ਮਹਾਂ ਵਾਕਾਂ ਰੂਪੀ ਤਾਲਾਂ ਨੂੰ ਪੂਰਨਾ ਕਰੇ॥ ੫॥

ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ॥

ਗੁਰਮੁਖਾਂ ਦਾ ਮਨ ਰੰਗਿ=ਪ੍ਰੇਮ ਵਿਚ ਰੱਤਾ ਹੋਇਆ ਹਰੀ ਦੇ ਜਸ ਨੂੰ ਗਾਉਂਦਾ ਹੈ, ਰਸਾਲ=ਸੁੰਦਰ ਪ੍ਰੇਮ-ਰਸ ਵਿਚ ਰਸ ਕੇ ਗੁਰ=ਸ਼ਬਦ ਨੂੰ ਰਵਈਆ=ਉਚਾਰਦਾ ਹੈ।

ਨਿਜ ਘਰਿ ਧਾਰ ਚੁਐ ਅਤਿ ਨਿਰਮਲ
ਜਿਨਿ ਪੀਆ ਤਿਨ ਹੀ ਸੁਖੁ ਲਹੀਆ॥ ੬॥

ਅੰਤਹਕਰਨ ਰੂਪੀ ਨਿਜ ਘਰ ਵਿਚ ਬੜੀ ਪਵਿਤੱਰ ਬ੍ਰਹਮਾਨੰਦ ਰੂਪੀ ਧਾਰਾ ਚੋ ਹਰੀ ਹੈ, ਜਿਸ ਨੇ ਉਸ ਧਾਰਾ ਨੂੰ ਪੀਤਾ ਹੈ, ਓਸੇ ਨੇ ਸੁਖ ਲੀਤਾ ਹੈ॥ ੬॥

ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ॥

ਅਭਿਮਾਨੀ=ਹੰਕਾਰੀ ਪੁਰਸ਼ ਮਨ ਦੇ ਹਠ ਕਰਕੇ ਜੋ ਕਰਮ ਕਰਦਾ ਹੈ, (ਉਹ ਇਸ ਤਰ੍ਹਾਂ ਨਿਸਫਲ ਹਨ) ਜਿਵੇਂ (ਸਮੁੰਦਰ ਦੇ ਕੰਢੇ ਉਤੇ) ਬਾਲਕਾ ਬਾਲੂ=ਰੇਤੇ ਦੇ ਘਰ ਨੂੰ ਉਸਾਰਦਾ ਹੈ।

ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ॥ ੭॥

ਜਿਸ ਵੇਲੇ ਸਮੁੰਦਰ ਦੇ ਸਾਗਰ=ਪਾਣੀ ਦੀ ਲਹਰਿ=ਛੱਲ ਆਉਂਦੀ ਹੈ ਤਾਂ ਖਿਨ ਵਿਚ ਹੀ ਉਹ ਰੇਤ ਦੇ ਕਿਣਕੇ ਵੱਖੋ-ਵੱਖ ਹੋ ਕੇ ਘਰ ਢਹਿ ਪੈਂਦਾ ਹੈ।

ਇਸੇ ਤਰ੍ਹਾਂ-ਪੁੰਨਾ ਦੇ ਅਭਾਵ ਹੋਣ ਰੂਪ ਪਾਣੀ ਦੀ ਲਹਿਰ ਆਉਂਦੀ ਹੈ ਤਾਂ ਸਾਰੇ ਪਦਾਰਥ ਹੌਲੀ-ਹੌਲੀ ਅਭਾਵ ਹੋ ਜਾਂਦੇ ਹਨ। ਪਹਿਲੇ ਦਿਵਾਲਾ ਨਿਕਲਦਾ ਹੈ, ਫਿਰ ਹੱਟੀ ਚੁੱਕੀ ਜਾਂਦੀ ਹੈ ਤੇ ਘਰ ਵਿਕ ਜਾਂਦਾ ਹੈ, ਏਸੇ ਤਰ੍ਹਾਂ ਸਾਰੇ ਪਦਾਰਥ ਅਭਾਵ ਹੋ ਜਾਂਦੇ ਹਨ॥ ੭॥

ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ॥

ਆਪੇ ਹਰਿ ਹਰਿ ਸਾਗਰੁ=ਸਮੁੰਦਰ ਦੇ ਸਰੁ=ਸਦ੍ਰਸ਼ ਹੈ, ਇਹ ਜੋ ਸਾਰੇ ਜਗਤ ਦਾ ਖੇਲ ਖੇਡਣਾ ਕੀਤਾ ਹੈ, ਇਹੋ ਸਮੁੰਦਰ ਵਿਚ ਤਰੰਗ ਹਨ।

ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ
ਨਾਨਕ ਆਪੇ ਆਪਿ ਰਮਈਆ॥ ੮॥ ੩॥ ੬॥

ਜਿਸ ਤਰ੍ਹਾਂ ਜਲ ਵਿੱਚੋਂ ਤਰੰਗ ਪੈਦਾ ਹੁੰਦੇ ਹਨ ਤੇ ਜਲ ਦੇ ਆਸਰੇ ਠਹਿਰਦੇ ਹਨ, ਅੰਤ ਨੂੰ ਜਲ ਵਿਚ ਹੀ ਸਮਾ ਜਾਂਦੇ ਹਨ, ਏਸੇ ਤਰ੍ਹਾਂ ਹਰੀ ਤੋਂ ਜਗਤ ਪੈਦਾ ਹੋਇਆ ਹੈ, ਹਰੀ ਦੇ ਆਸਰੇ ਠਹਿਰਦਾ ਹੈ, ਅੰਤ ਨੂੰ ਓਸੇ ਦੇ ਵਿਚ ਹੀ ਲੀਣ ਹੋ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਹ ਰਮਈਆ ਆਪੇ ਆਪ ਸਾਰੇ ਪੂਰਨ ਹੈ॥ ੮॥ ੩॥

ਬਿਲਾਵਲੁ ਮਹਲਾ ੪॥

ਜਿਹੜਾ ਜੋਗੀ (ਵੈਦ) ਸੀ ਉਸ ਨੇ ਕਿਹਾ-'ਆਪ ਸਾਡਾ ਜੋਗ ਭੇਖ ਧਾਰਨਾ ਕਰੋ ਤਾਂ ਆਪ ਜੀ ਦਾ ਬੜਾ

ਪ੍ਰਤਾਪ ਹੋਵੇਗਾ।' ਗੁਰੂ ਜੀ ਨੇ ਕਿਹਾ-'ਅਸਾਂ ਨੇ ਪਹਿਲੇ ਹੀ ਜੋਗ ਭੇਖ ਧਾਰਿਆ ਹੋਇਆ ਹੈ।'

ਤਾਂ ਉਸ ਨੇ ਪੁੱਛਿਆ-'ਕਿਹੋ ਜਿਹਾ ਭੇਖ ਧਾਰਿਆ ਹੈ, ਓਹ ਸਾਨੂੰ ਭੀ ਸੁਣਾਓ।' ਤਾਂ ਗੁਰੂ ਜੀ ਨੇ ਕਿਹਾ-

ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥

ਮਨ ਵਿਚ ਜਾਣਨਾ ਕਰ, ਸਤਿਗੁਰਾਂ ਦੇ ਪ੍ਰੇਮ ਵਿਚ ਜੋ ਲੱਗੇ ਹਾਂ ਇਹੋ ਮੁੰਦਰਾਂ ਪਾਈਆਂ ਹਨ। ਮਨ ਵਿਚ ਜਿਹੜਾ ਗੁਰਾਂ ਦਾ ਸ਼ਬਦ ਦ੍ਰਿੜ੍ਹ ਕੀਤਾ ਹੈ, ਏਹੀ ਤਨ ਉਤੇ ਭਸਮ=ਬਿਭੂਤੀ ਮਲੀ ਹੈ।

ਜਾਂ ਅੰਦਰੋਂ ਬਾਹਰੋਂ ਜਿਹੜਾ ਸਤਿਗੁਰਾਂ ਵਿਚ ਪ੍ਰੇਮ ਕਰਨਾ ਹੈ, ਇਹੋ ਮਨ ਬੁੱਧੀ ਰੂਪ ਦੋ ਕੰਨਾਂ ਵਿਚ ਮੁੰਦ੍ਰਾਂ ਪਾਈਆਂ ਹਨ ਅਤੇ ਗੁਰਾਂ ਦਾ ਸ਼ਬਦ ਲੈ ਕੇ ਜਿਹੜਾ ਤਨ ਨੂੰ ਭਸਮ ਰੂਪ ਨਿਸਚੇ ਕੀਤਾ ਹੈ ਇਹੋ ਭਸਮ ਮਲੀ ਹੈ।

ਅਮਰ ਪਿੰਡ ਭਏ ਸਾਧੂ ਸੰਗਿ ਜਨਮ ਮਰਣ ਦੋਊ ਮਿਟਿ ਗਈਆ ॥ ੧ ॥

ਸੰਤਾਂ ਦੇ ਸੰਗ ਕਰਕੇ ਅਮਰ ਪਿੰਡ ਭਏ=ਅਮਰ ਸਰੂਪ ਹੋ ਗਏ ਹਾਂ, ਜਨਮ ਮਰਨ ਦੇ ਦੋਵੇਂ ਦੁੱਖ ਮਿਟ ਗਏ ਹਨ॥ ੧ ॥

ਮੇਰੇ ਮਨ ਸਾਧਸੰਗਤਿ ਮਿਲਿ ਰਹੀਆ ॥

ਹੇ ਮੇਰੇ ਮਨ ! ਸਤਿ ਸੰਗਤ ਵਿਚ ਮਿਲ ਰਹਿਣਾ ਕਰ।

ਕ੍ਰਿਪਾ ਕਰਹੁ ਮਧਸੂਦਨ ਮਾਧਉ
ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥ ੧ ॥ ਰਹਾਉ ॥

ਹੇ ਮਧੁ ਦੈਂਤ ਦੇ ਸੂਦਨ=ਅਭਾਵ ਕਰਨ ਵਾਲੇ ਮਾਧਉ=ਮਾਇਆ ਪਤੀ (ਪਰਮਾਤਮਾ!) ਕਿਰਪਾ ਕਰੋ, ਮੈਂ ਖਿਨ-ਖਿਨ ਦੇ ਸਮੇਂ ਵਿਚ ਸਾਧੂਆਂ ਦੇ ਚਰਨ ਪਖਈਆ=ਧੋਣਾ ਕਰਾਂ, ਜਾਂ ਦੇਖਣਾ ਕਰਾਂ,

ਵਾ:-ਸਾਧੂਆਂ ਦੇ ਚਰਨਾਂ ਦਾ ਪੱਖ ਲੈਣਾ ਕਰਾਂ॥ ੧ ॥ ਰਹਾਉ ॥

ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥

ਜੀਵ ਗ੍ਰਿਹਸਤ ਨੂੰ ਤਿਆਗ ਕੇ ਬਨਵਾਸੀ ਤਾਂ ਹੋ ਗਿਆ ਹੈ, ਪਰ ਇਕ ਖਿਨ ਮਾਤ੍ਰ ਭੀ ਮਨ ਟਿਕਾਇਆ ਹੋਇਆ ਟਿਕਦਾ ਨਹੀਂ ਹੈ।

ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥ ੨ ॥

ਧਾਵਤੁ=ਧਾਵਨੇ ਵਾਲੇ ਭਾਵ ਨਾਸਵੰਤ ਪਦਾਰਥਾਂ ਮਗਰ ਧਾਇ=ਦੌੜਨ ਵਾਲਾ ਮਨ, ਤਦ ਅੰਤ੍ਰ ਮੁਖ,

ਵਾ:-ਸਰੂਪ-ਘਰ ਵਿਚ ਆਉਂਦਾ ਹੈ, ਜਦ ਹਰਿ ਹਰਿ ਦੇ ਸੰਤਾਂ ਦੀ ਸ਼ਰਨ ਵਿਚ ਪੈਣਾ ਕਰੇ।

*ਅਥਵਾ:-*ਸੰਤਾਂ ਦੀ ਸ਼ਰਨ ਵਿਚ ਪੈ ਕੇ ਹਰਿ ਹਰਿ ਨਾਮ ਜਪਣਾ ਕਰੇ॥ ੨ ॥

ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥

ਭਾਵੇਂ ਧੀਆਂ, ਪੁੱਤ੍ਰਾਂ ਨੂੰ ਛੱਡ ਕੇ ਸੰਨਿਆਸੀ ਹੋ ਗਿਆ ਹੈ, ਪਰ ਆਸਾ ਵਿਚ ਫਸਿਆ ਹੋਇਆ ਮਨ ਬਹੁਤੀ ਆਸਾ ਹੀ ਕਰਦਾ ਹੈ। ਜਾਂ ਆਸਾਂ ਪੂਰਨ ਕਰਨ ਵਾਲਿਆਂ ਦੀ ਬਹੁਤੀ ਆਸਾ ਕਰਦਾ ਹੈ।

ਵਾ:-ਮਨ ਵਿਚ ਬਹੁਤੀ ਆਸਾ ਹੀ ਆਸਾ ਨੂੰ ਕਰਦਾ ਹੈ।

ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥ ੩ ॥

ਆਸਾ ਹੀ ਆਸਾ ਨੂੰ ਕਰਦਾ ਹੈ, ਜਾਂ ਆਸਾ ਵਾਲਾ ਹੋ-ਕੇ ਆਸ ਕਰਦਾ ਹੈ, ਪਰ ਆਸਾ ਬੁਝਦੀ ਨਹੀਂ ਹੈ, ਜਾਂ ਪਦਾਰਥਾਂ ਨੂੰ ਨਾਸਵੰਤ ਸਮਝਦਾ ਨਹੀਂ ਹੈ, ਗੁਰਾਂ ਦੇ ਸ਼ਬਦ ਕਰਕੇ ਹੀ ਨਿਰਾਸ-ਤਾਈ ਦੇ ਸੁਖ ਨੂੰ ਲੈਂਦਾ ਹੈ॥ ੩ ॥

ਉਪਜੀ ਤਰਕ ਦਿਗੰਬਰੁ ਹੋਆ
ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥

(ਔਰਤ ਦੇ ਬੋਲੀ ਮਾਰਨ ਤੇ ਜਾਂ ਕੋਈ ਘਾਟਾ ਪੈਣ ਤੇ) ਮਨ ਵਿਚ ਤਰਕ=ਨਫ਼ਰਤ ਪੈਦਾ ਹੋਈ ਤਾਂ ਦਿਗੰਬਰੁ=ਨਾਂਗਾ ਸਾਧੂ ਹੋ ਗਿਆ, ਮਨ ਦਸੋਂ ਦਿਸ਼ਾਂ ਵਿਚ ਚਲਿ=ਭੰਬੀਰੀ ਦੀ ਤਰ੍ਹਾਂ ਦੇ ਚਲਦਲ-ਪਿੱਪਲ ਦੇ ਪੱਤੇ ਵਾਂਗ ਚੰਚਲ ਹੋ ਕੇ ਗਵਨੁ ਕਰਈਆ=ਚੱਲਣਾ ਕਰਦਾ ਹੈ।

ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ
ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥ ੪ ॥

ਪਰਦੇਸਾਂ ਵਿਚ ਪ੍ਰਭਵਨ ਕਰੈ=ਭਲੀ ਪਰਕਾਰ ਫਿਰਨਾ ਕਰਦਾ ਹੈ, ਤ੍ਰਿਸ਼ਨਾ ਰੂਪੀ ਅੱਗ ਨਹੀਂ ਬੁਝਦੀ, ਗੁਰਮੁਖਾਂ ਨੇ ਸਤਿਸੰਗ ਵਿਚ ਮਿਲ ਕੇ ਦਇਆ ਦੇ ਘਰ-ਪ੍ਰਮੇਸ਼ਰ ਨੂੰ ਲੈਣਾ ਕੀਤਾ ਹੈ।

ਵਾ:-ਸੰਤਾਂ ਨਾਲ ਮਿਲਣ ਕਰਕੇ ਗੁਰਾਂ ਦੀ ਦਇਆ ਹੋਈ ਤਾ ਸਰੂਪ-ਘਰ ਲੈਣਾ ਕੀਤਾ ॥ ੪ ॥

ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥

ਕਈ ਪੁਰਸ਼ ਸਿੱਧਾਂ ਵਾਲੇ ਆਸਣ ਲਗਾਉਣੇ ਬਹੁਤ ਸਾਰੇ ਸਿੱਖਦੇ ਹਨ ਤੇ ਮਨ ਵਿਚ ਰਿੱਧੀਆਂ, ਸਿੱਧੀਆਂ ਮੰਗਦੇ ਹਨ, ਪਰ ਇਹ ਤਾਂ ਚੇਟਕਈਆ=ਜਾਦੂਗਰ ਦੇ ਚੇਟਕ=ਜਾਦੂ ਦੇ ਸਮਾਨ ਹਨ ਭਾਵ ਮਦਾਰੀ ਦੀ ਖੇਡ ਵਾਂਗ ਲੋਕਾਂ ਦੇ ਮਨ ਲੁਭਾਉਣ ਦਾ ਸਾਧਨ ਹਨ। ਜਾਂ ਇਹ ਜੀਵ ਚੇਟਕੀ ਹੋ ਕੇ ਕਈ ਤਰ੍ਹਾਂ ਦੇ ਜਾਦੂ-ਟੂਣੇ ਕਰਦਾ ਹੈ।

ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ
ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥ ੫ ॥

ਰਿੱਧੀਆਂ, ਸਿੱਧੀਆਂ ਕਰਕੇ ਮਨ ਵਿਚ ਤ੍ਰਿਪਤੀ, ਸੰਤੋਖ ਅਤੇ ਸ਼ਾਂਤੀ ਨਹੀਂ ਆਉਂਦੀ। ਜਾਂ ਤ੍ਰਿਪਤ ਕਰਨ ਵਾਲਾ ਜੋ ਸੰਤੋਖ ਹੈ, ਨਾ ਉਹ ਆ ਕੇ ਪ੍ਰਾਪਤ ਹੁੰਦਾ ਹੈ, ਨਾ ਹੀ ਮਨ ਵਿਚ ਸ਼ਾਂਤੀ ਆਉਂਦੀ ਹੈ। ਜਿਸ ਨੇ ਸੰਤਾਂ ਨਾਲ ਮਿਲ ਕੇ ਹਰੀ ਨਾਮ ਰੂਪ ਸਿੱਧੀ ਪਾਈ ਹੈ, ਉਸ ਨੂੰ ਤ੍ਰਿਪਤੀ ਹੋਈ ਹੈ॥ ੫ ॥

ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥

ਅੰਡਜ, ਜੇਰਜ, ਸੇਤਜ, ਉਤਭੁਜ (ਰੂਪ ਚਾਰ ਖਾਣੀਆਂ) ਜਿੰਨੇ ਕੁ ਵਰਨ, ਰੂਪ ਤੇ ਸੂਖਮ ਸਥੂਲ ਜੀਅ ਜੰਤ ਪ੍ਰਭੂ ਨੇ ਪੈਦਾ ਕੀਤੇ ਹਨ, (ਇਹਨਾਂ ਸਾਰਿਆਂ ਵਿੱਚੋਂ):-

ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥ ੬ ॥

ਜੋ ਸੰਤਾਂ ਦੀ ਸ਼ਰਨੀਂ ਪਿਆ ਹੈ ਉਹ ਤਰ ਗਿਆ ਹੈ, ਚਾਹੇ ਖੱਤਰੀ ਹੈ, ਚਾਹੇ ਬ੍ਰਾਹਮਣ ਹੈ, ਚਾਹੇ ਸ਼ੂਦਰ

ਹੈ, ਚਾਹੇ ਵੈਸ਼ ਹੈ, ਚਾਹੇ ਚੰਡਾਲਾਂ ਦੇ ਭੀ ਚੰਡਣੇ ਵਾਲਾ ਹੈ। ਜਾਂ ਚੰਡਾਲਾਂ ਦਾ ਭੀ ਵੱਡਾ ਚੰਡਾਲ ਹੈ, ਇਹਨਾਂ ਵਿੱਚੋਂ ਭੀ ਜੋ ਸੰਤਾਂ ਦੀ ਸ਼ਰਨ ਵਿਚ ਪਿਆ ਹੈ, ਉਹ ਤਰ ਗਿਆ ਹੈ॥ ੬॥

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ
ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥

ਨਾਮਦੇਵ (ਛੀਂਬਾ), ਜੈ ਦੇਵ (ਬ੍ਰਾਹਮਣ), ਕਬੀਰ (ਜੁਲਾਹਾ), ਤ੍ਰਿਲੋਚਨ (ਬਾਣੀਆਂ) ਅਉ ਜਾਤਿ=ਮਹਾਂ ਨੀਚ ਜ਼ਾਤੀ ਵਾਲਾ ਰਵਿਦਾਸ ਜੋ ਚਮਿਆਰਾਂ ਦਾ ਭੀ ਚਮਿਆਰ ਹੈ।

ਅਥਵਾ:-ਜੋ ਚੰਮ ਦੀ ਕਾਰ ਕਰਨ ਵਾਲਾ ਚਮਿਅਰ ਸੀ। ਜਾਂ ਰਵਿਦਾਸ ਜੋ ਚਮਿਆਰ ਹੈ, ਜਿਸ ਦੇ ਹੱਥ ਚੰਮ ਨਾਲ ਚਮਈਆ=ਚਮੜੇ ਰਹਿੰਦੇ ਸਨ।

ਜੋ ਜੋ ਮਿਲੈ ਸਾਧੂ ਜਨ ਸੰਗਤਿ
ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥ ੭॥

ਧੰਨਾ ਜੱਟ (ਜ਼ਾਤੀ ਦਾ ਸੀ), ਸੈਣ (ਨਾਈ ਸੀ), ਜੋ ਜੋ ਭੀ ਸਾਧੂ ਜਨਾਂ ਦੀ ਸੰਗਤ ਵਿਚ ਮਿਲਿਆ ਹੈ, ਉਹ ਧਨੁ=ਧੰਨਤਾ ਜੋਗ ਹੋਇਆ ਹੈ ਅਤੇ ਉਨ੍ਹਾਂ ਨੂੰ ਦਈਆ=ਪ੍ਰੇਰਕ ਹਰੀ ਮਿਲਿਆ ਹੈ॥ ੭॥

ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ॥

ਹਰੀ ਨੇ ਸੰਤ ਜਨਾਂ ਦੀ ਪੈਜ ਰੱਖ ਲਈ ਹੈ, ਕਿਉਂਕਿ ਉਸ ਦਾ ਨਾਮ ਭਗਤ ਵੱਛਲ ਹੈ, ਇਸ ਲਈ ਉਸ ਨੇ ਭਗਤਾਂ ਦਾ ਅੰਗੀਕਾਰੁ=ਪੱਖ ਕੀਤਾ ਹੈ।

ਨਾਨਕ ਸਰਣਿ ਪਰੇ ਜਗਜੀਵਨ
ਹਰਿ ਹਰਿ ਕਿਰਪਾ ਧਾਰਿ ਰਖਈਆ॥ ੮॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਜਗਜੀਵਨ ਪਰਮਾਤਮਾ ਦੀ ਸ਼ਰਨੀਂ ਪਏ ਹਨ, ਉਹਨਾਂ ਨੂੰ ਹਰਿ ਹਰਿ ਨੇ ਕਿਰਪਾ ਧਾਰ ਕੇ ਦੁੱਖਾ ਤੋਂ ਰੱਖ ਲਿਆ ਹੈ॥ ੮॥ ੪॥

ਬਿਲਾਵਲੁ ਮਹਲਾ ੪॥

ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥

ਜਦ ਗੁਰਾਂ ਦੇ ਸ਼ਬਦ ਸੁਣਨੇ ਰੂਪ ਤੀਰ ਮਨ ਵਿਚ ਲੱਗਿਆ, ਜਾਂ ਗੁਰਾਂ ਦੇ ਬਚਨ=ਉਪਦੇਸ਼ ਨੂੰ ਸੁਣਿਆ ਤੇ ਮਨ ਵਿਚ ਪ੍ਰੇਮ ਰੂਪੀ ਤੀਰ ਲੱਗਾ ਤਾਂ ਅੰਤਰਿ=ਅੰਤਹਕਰਨ ਵਿਚ ਪ੍ਰਭੂ ਦੀ ਪ੍ਰਾਪਤੀ ਦੀ ਪਿਆਸ ਉੱਠੀ।

[ਪੰਨਾ ੮੩੬]

ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ॥ ੧॥

ਮਨ ਦੀ ਬਿਰਥਾ=ਪੀੜਾ ਨੂੰ ਮਨ ਹੀ ਜਾਣਦਾ ਹੈ,
ਅਵਰੁ ਕੋ=ਹੋਰ ਕੋਈ ਪਰਈਆ=ਪਰਾਈ ਪੀੜਾ ਨੂੰ ਕਿ=ਕੀ ਜਾਣਦਾ ਹੈ॥ ੧॥

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥

ਰਾਮ=ਹੇ ਭਾਈ! ਰਾਮ ਮੋਹਨ ਦੇ ਸਰੂਪ ਗੁਰਾਂ ਨੇ ਮੇਰੇ ਮਨ ਨੂੰ ਮੋਹ ਲਿਆ ਹੈ।

ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ ॥ ੧ ॥ ਰਹਾਉ ॥

ਹਉ ਆਕਲ=ਮੈਂ ਬੜੀ ਅਕਲ ਵਾਲੀ ਸਾਂ, ਪਰ ਗੁਰੂ ਨੂੰ ਦੇਖਦਿਆਂ ਬਿਕਲ ਭਈ=ਬੇ-ਸੁੱਧ ਹੋ ਗਈ ਹਾਂ, ਜਾਂ ਗੁਰੂ ਨੂੰ ਦੇਖਦਿਆਂ ਸਾਰ ਮੈਂ ਸੰਸਾਰਕ ਅਕਲ ਤੋਂ ਬਿਕਲ=ਵਿਆਕੁਲ ਹੋ ਗਈ ਹਾਂ।

ਯਥਾ:-''ਦਰਸਨ ਦੇਖਤ ਸੁਧ ਕੀ ਨ ਸੁਧ ਰਹੀ, ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।''

(ਭਾ: ਗੁਰਦਾਸ ਜੀ, ਕਬਿਤ ੧)

ਹਉ=ਮੈਂ ਲੋਟ ਪੋਟ ਹੋ ਕੇ ਗੁਰ-ਚਰਨਾਂ ਪਰ ਢਹਿ ਪਈ ਹਾਂ॥ ੧ ॥ ਰਹਾਉ ॥

ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ
ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥

ਹਉ=ਮੈਂ ਸਾਰਿਆਂ ਦੇਸਾਂ ਦੇਸਾਂਤਰਾਂ ਨੂੰ ਵੇਖਦੀ ਫਿਰਦੀ ਹਾਂ, ਕਿਉਂਕਿ ਮੈਨੂੰ ਪ੍ਰਭੂ ਦੇ ਵੇਖਣ ਦਾ ਬਹੁਤ ਹੀ ਮਨ ਵਿਚ ਚਾਅ ਹੈ।

ਮਨੁ ਤਨੁ ਕਾਟਿ ਦੇਉ ਗੁਰ ਆਗੈ
ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥ ੨ ॥

ਜਿਨ੍ਹਾਂ ਗੁਰਾਂ ਨੇ ਮੈਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ ਪੰਥੁ-ਖੁਲ੍ਹਾ ਰਸਤਾ ਵਿਖਾਇਆ ਹੈ। ਜਾਂ ਪੰਥਾਂ ਵਿੱਚੋਂ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ=ਰਾਹ ਵਿਖਾਇਆ ਹੈ। ਜਾਂ ਪੰਥਾਂ ਦੇ ਅਭਿਮਾਨ ਨੂੰ ਗੁਆ ਕੇ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਮਾਰਗ ਵਿਖਾਇਆ ਹੈ, ਉਹਨਾਂ ਗੁਰਾਂ ਅੱਗੇ ਮਨ ਤਨ ਕੱਟ ਕੇ ਭੇਟਾ ਰੱਖਦਾ ਹਾਂ। ਭਾਵ-ਮਨ, ਤਨ ਦਾ ਹੰਕਾਰ ਤਿਆਗ ਕੇ ਸੇਵਾ ਕਰਦਾ ਹਾਂ॥ ੨ ॥

ਕੋਈ ਆਂਣਿ ਸਦੇਸਾ ਦੇਇ ਪ੍ਰਭ ਕੇਰਾ
ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥

੧. ਐਸਾ ਕੋਈ ਹੈ ਜਿਹੜਾ ਆ ਕੈ ਮੈਨੂੰ ਹਰੀ ਪ੍ਰਭੂ ਦੀ ਪ੍ਰਾਪਤੀ ਦਾ ਸੰਦੇਸ਼ਾ ਦੇਣਾ ਕਰੇ, ਕਿਉਂਕਿ ਤਨ ਅੰਦਰ ਜੋ ਮਨ ਹੈ, ਉਸ ਮਨ ਦੇ ਰਿਦ=ਵਿਚ ਹਰੀ ਮਿੱਠਾ ਲੱਗ ਰਿਹਾ ਹੈ।

੨. ਜਿਹੜਾ ਕੋਈ ਆ ਕੇ ਮੈਨੂੰ ਪ੍ਰਭੂ ਦੀ ਪ੍ਰਾਪਤੀ ਦਾ ਸੰਦੇਸ਼ਾ ਦੇਦਾ ਹੈ, ਉਹ ਮੇਰੇ ਹਿਰਦੇ ਅੰਦਰ ਮਨ ਤਨ ਨਾਲੋਂ ਮੀਠ=ਪਿਆਰਾ ਲੱਗਦਾ ਹੈ।

ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥ ੩ ॥

ਮੈਂ ਆਪਣਾ ਮਸਤਕੁ=ਸਿਰ ਕੱਟ ਕੇ ਉਸ ਦੇ ਚਰਨਾਂ ਦੇ ਤਲਿ=ਹੇਠਾਂ ਰੱਖ ਦਿਆਂਗਾ ਜੋ ਹਰੀ ਪ੍ਰਭੂ ਦੇ ਮੇਲ ਵਿਚ ਆਪ ਮਿਲੀ ਹੋਵੇ ਤੇ ਮੈਨੂੰ ਮੇਲਣਾ ਕਰੇ। ਜਾਂ ਜੋ ਹਰੀ ਪ੍ਰਭੂ ਦੇ ਮੇਲੇ=ਸਤਿਸੰਗ ਵਿਚ ਮਿਲਾ ਕੇ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ॥ ੩ ॥

ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥

ਹੇ ਸਖੀ! ਤੂੰ ਭੀ ਚੱਲ, ਇਧਰੋਂ ਮੈਂ ਭੀ ਚਲਦੀ ਹਾਂ, ਅਸੀਂ ਪ੍ਰਭੂ ਦੇ ਪਰਬੋਧਹ=ਗਿਆਨ ਨੂੰ ਲਈਏ, ਸ਼ੁਭ-

ਗੁਣਾਂ ਦੇ ਧਾਰਨ ਰੂਪ ਕਾਮਣ=ਟੂਣਾ (ਜਾਦੂ) ਕਰਕੇ,

ਵਾ:-ਮਣਕਾ ਕਰਕੇ ਹਰੀ ਪ੍ਰਭੂ ਨੂੰ ਵੱਸ ਵਿਚ ਕਰ ਲਈਏ ।

ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥ ੪ ॥

ਉਸ ਦਾ ਨਾਮ ਭਗਤਾਂ ਦਾ ਪਿਆਰਾ ਕਹੀਦਾ ਹੈ,

ਏਸੇ ਕਰਕੇ ਉਸ ਪ੍ਰਭੂ ਦੀ ਸ਼ਰਨ ਪਿੱਛੇ ਪੈਣਾ ਕਰੀਏ॥ ੪॥

ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥

ਪ੍ਰਭੂ ਦੀ ਖ਼ੁਸ਼ੀ ਵਾਸਤੇ ਖਿਮਾ ਰੂਪ ਸ਼ਿੰਗਾਰ ਨੂੰ ਕਰੇ,

ਯਥਾ:- ''ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥ ੧ ॥'' *(ਮ: ੫, ਪੰਨਾ ੩੫੯)*

ਅਤੇ ਮਨ ਰੂਪ ਮੰਦਰ ਵਿਚ ਗੁਰਾਂ ਦੁਆਰੇ ਗਿਆਨ ਰੂਪ ਦੀਵੇ ਨੂੰ ਬਾਲੇ॥

ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫ ॥

ਜੋ ਮੇਰਾ ਪ੍ਰਭੂ ਰਸਿ ਰਸਿ=ਤਦਾਕਾਰ ਹੋ ਹੋ ਕੇ ਜੀਵਾਂ ਵਿਚ ਰਸਾਂ ਨੂੰ ਭੋਗਣਾ ਕਰਦਾ ਹੈ, ਮੈਂ ਉਸ ਦੇ ਅੱਗੇ ਆਪਣਾ ਜੀਅ ਕੱਟ ਕੱਟ ਕੇ ਪਾਉਂਦੀ ਹਾਂ॥ ੫॥

ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥

ਹਰਿ ਹਰਿ ਨਾਮਾਂ ਦੇ ਉਚਾਰਨ ਕਰਨੇ ਰੂਪੀ ਹਾਰ ਗਲ ਵਿਚ ਬਣਿਆ ਹੈ ਅਤੇ ਮਨ ਨੂੰ ਮੋਤੀ ਵਾਂਗ ਸ਼ੁੱਧ ਕਰਨਾ ਏਹੋ ਗਹਿਣਿਆਂ ਵਿੱਚੋਂ ਮੋਤੀਚੂਰ ਗਹਿਣਾ ਬਣਿਆ ਹੈ।

ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬ ॥

ਹਰਿ ਹਰਿ ਦੀ ਪ੍ਰਾਪਤੀ ਵਾਸਤੇ ਸ਼ਰਧਾ ਰੂਪ ਸੇਜਾ ਵਿਛਾਈ ਹੈ, ਕਿਉਂਕਿ ਉਸ ਪ੍ਰਭੂ ਨੂੰ ਮੈਂ ਛੱਡ ਨਹੀਂ ਸਕਦੀ, ਉਹ ਮੇਰੇ ਮਨ ਵਿਚ ਬਹੁਤ ਹੀ ਭਾਅ ਗਿਆ ਹੈ।

*ਅਥਵਾ:-*ਜੋ ਹਰ ਤਰ੍ਹਾਂ ਨਾਲ ਸ਼ਰਧਾ ਧਾਰੀ ਹੈ ਏਹੋ ਹਰੀ ਲਈ ਸੇਜਾ ਵਿਛਾਈ ਹੈ, ਕਿਉਂਕਿ ਉਸ ਦੇ ਮਨ ਵਿਚ ਇਹ ਸ਼ਰਧਾ ਰੂਪ ਸੇਜਾ ਬਹੁਤ ਹੀ ਭਾਉਂਦੀ ਹੈ, ਇਸ ਸੇਜਾ ਨੂੰ ਉਹ ਪ੍ਰਭੂ ਛੱਡ ਨਹੀਂ ਸਕਦਾ॥ ੬॥

ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥

ਪ੍ਰਭੂ ਕੁਝ ਹੋਰ ਕਹੇ ਤੇ ਜਗਿਆਸੂ ਕੁਝ ਹੋਰ ਕਰੇ, ਉਸ ਦਾ ਕਰਮਾਂ ਰੂਪੀ ਸ਼ਿੰਗਾਰ ਕੀਤਾ ਹੋਇਆ ਸਾਰਾ ਬਾਦਿ=ਵਿਅਰਥ ਹੈ ਤੇ ਫੋਕਟ ਫੋਕਟੀਆ=ਨਿਸਫਲ ਤੋਂ ਨਿਸਫਲ ਹੈ।

ਵਾ:-ਆਪ ਭੀ ਨਿਸਫਲ ਹੈ, ਕਰਮ ਭੀ ਨਿਸਫਲ ਹਨ।

ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭ ॥

੧. ਪ੍ਰਭੂ ਨੂੰ ਮਿਲਣ ਵਾਸਤੇ ਸ਼ਿੰਗਾਰ ਕੀਤੇ ਸਨ, ਪਰ ਸੁਹਾਗਣਾਂ ਨੇ ਪ੍ਰਭੂ ਨੂੰ ਲੈ ਲੀਤਾ ਹੈ ਤੇ ਇਸ ਦੇ ਮੂੰਹ ਪਰ ਲਾਹਨਤਾਂ ਰੂਪ ਥੁੱਕਾਂ ਪੈਂਦੀਆਂ ਹਨ।

੨. ਜਿਨ੍ਹਾਂ ਸੁਹਾਗਣਾਂ ਨੇ ਪ੍ਰਭੂ ਦੇ ਮਿਲਣ ਵਾਸਤੇ ਸੱਚੇ ਸਾਧਨਾਂ ਰੂਪ ਸ਼ਿੰਗਾਰ ਕੀਤਾ ਹੈ, ਉਨਾਂ ਨੇ ਪਤੀ

ਦਾ ਅਨੰਦ ਲਿਆ ਹੈ ਤੇ ਦੁਹਾਗਣਾ ਦੇ ਮੂੰਹ ਪਰ ਲਾਹਨਤਾਂ ਰੂਪ ਥੁੱਕਾਂ ਪਈਆਂ ਹਨ॥ ੭॥

ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ॥

ਹੇ ਗੁਸਾਈਂ=ਮਾਲਕ ਪ੍ਰਭੂ ! ਤੂੰ ਅਗਮ ਹੈਂ, ਮੈਂ ਚੇਰੀ=ਦਾਸੀ ਤੇਰੇ ਵੱਸ ਵਿਚ ਪਈ ਹੋਈ ਹਾਂ, ਤੇਰੀ ਕਿਰਪਾ ਤੋਂ ਬਿਨਾਂ ਕਿਆ ਹਮ ਕਰਹ=ਮੈਂ ਕੀ ਕਰ ਸਕਦੀ ਹਾਂ।

ਦਇਆ ਦੀਨ ਕਰਹੁ ਰਖਿ ਲੇਵਹੁ
ਨਾਨਕ ਹਰਿ ਗੁਰ ਸਰਣਿ ਸਮਈਆ॥ ੮॥ ੫॥ ੮॥

ਗੁਰੂ ਜੀ ਕਥਨ ਕਰਦੇ ਹਨ-ਦਇਆ ਦ੍ਰਿਸ਼ਟੀ ਕਰਕੇ ਮੈਂ ਦੀਨ ਨੂੰ ਰੱਖ ਲੈਣਾ ਕਰੋ,
ਮੈਂ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਸਮਾਈ ਹਾਂ॥ ੮॥ ੫॥

ਬਿਲਾਵਲੁ ਮਹਲਾ ੪॥

ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ
ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ॥

ਮੇਰੇ ਮਨ ਵਿਚ ਤੇ ਤਨ ਵਿਚ ਅਗੰਮ ਠਾਕੁਰ ਦਾ ਪ੍ਰੇਮ ਲਗ ਰਿਹਾ ਹੈ ਅਤੇ ਖਿਨ-ਖਿਨ ਸਮੇਂ ਵਿਚ ਮਨ ਦੇ ਅੰਦਰ ਬਹੁਤ ਹੀ ਸ਼ਰਧਾ ਉੱਠ ਰਹੀ ਹੈ।

ਗੁਰ ਦੇਖੇ ਸਰਧਾ ਮਨ ਪੂਰੀ
ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ॥ ੧॥

ਗੁਰੂ ਜੀ ਦਾ ਦਰਸ਼ਨ ਵੇਖਦਿਆਂ ਹੀ ਮਨ ਦੀ ਸ਼ਰਧਾ ਪੂਰੀ ਹੁੰਦੀ ਹੈ, ਜਿਵੇਂ-ਪਪੀਹਾ ਸ੍ਵਾਤੀ ਬੂੰਦ ਲਈ ਪਿਰੀ-ਪਿਰੀ ਉਚਾਰਦਾ ਹੈ, ਜਿਸ ਵੇਲੇ ਮੂੰਹ ਵਿਚ ਸ੍ਵਾਂਤੀ ਬੂੰਦ ਪੈਂਦੀ ਹੈ ਤਾਂ ਚੁਪ ਕਰ ਜਾਂਦਾ ਹੈ।

ਤਿਵੇਂ-ਜਗਿਆਸੂ ਰੂਪ ਪਪੀਹਾ ਓਨਾ ਚਿਰ ਪਿਰੀ-ਪਿਰੀ ਉਚਾਰਦਾ ਹੈ ਜਿੰਨਾ ਚਿਰ ਸ੍ਵਾਂਤੀ ਬੂੰਦ ਨਹੀਂ ਮਿਲਦੀ, ਜਿਸ ਵੇਲੇ ਅਭੇਦ ਬੋਧ ਰੂਪੀ ਸ੍ਵਾਂਤੀ ਬੂੰਦ ਮਿਲਦੀ ਹੈ ਤਾਂ ਚੁਪ ਕਰ ਜਾਂਦਾ ਹੈ।

ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ॥

ਸੰਤਾਂ ਰੂਪ ਸਖੀਆਂ ਨਾਲ ਮਿਲ ਮਿਲ ਕੇ ਮੈਂ ਹਰੀ ਦੀ ਕਥਾ ਸੁਣਦੀ ਹਾਂ ਤੇ ਤੂੰ ਕਥਾ ਨੂੰ ਸੁਣਨਾ ਕਰ।

ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ
ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ॥ ੧॥ ਰਹਾਉ॥

ਜੋ ਸਤਿਗੁਰੂ ਦਇਆ-ਦ੍ਰਿਸ਼ਟੀ ਕਰਕੇ ਪ੍ਰਭੂ ਨਾਲ ਮੇਲਦਾ ਹੈ,
ਮੈਂ ਸਿਰ ਨੂੰ ਕੱਟ ਕੱਟ ਕੇ ਉਸ ਦੇ ਅੱਗੇ ਪਾਉਂਦੀ ਹਾਂ॥ ੧॥ ਰਹਾਉ॥

ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥

ਮੇਰੇ ਮਨ ਤਨ ਵਿਚ ਅਤੇ ਰੋਮਿ ਰੋਮਿ=ਲੂੰ ਲੂੰ ਵਿਚ ਇਕ ਵਿਛੋੜੇ ਦੀ ਬੇਦਨ=ਪੀੜ ਹੈ, ਪ੍ਰਭੂ ਨੂੰ ਵੇਖੇ ਤੋਂ ਬਿਨਾਂ ਮੈਨੂੰ ਪ੍ਰਤੱਖ ਨੀਂਦ, ਵਾ:-ਸ਼ਾਂਤੀ ਰੂਪ ਨੀਂਦ ਨਹੀਂ ਪੈਂਦੀ ।

ਬੈਦਕ ਨਾਟਿਕ ਦੇਖਿ ਭੁਲਾਨੇ
ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥ ੨ ॥

ਬੈਦਕ=ਵੈਦ ਲੋਕ ਹੱਥ ਦੀਆਂ ਨਾਟਿਕ=ਨਾੜੀਆਂ ਨੂੰ ਵੇਖਦੇ ਹੋਏ ਪਰਮੇਸ਼ਰ ਵਲੋਂ ਭੁੱਲ ਗਏ ਹਨ, ਪਰ ਮੇਰੇ ਰੋਗ ਦੀ ਪਛਾਣ ਨਹੀਂ ਕਰ ਸਕਦੇ, ਕਿਉਂਕਿ ਮੇਰੇ ਹਿਰਦੇ ਵਿਚ ਮਨੋਂ ਤਨੋਂ ਪ੍ਰੇਮ ਦੀ ਪੀੜਾ ਲਗ ਰਹੀ ਹੈ।

ਅਥਵਾ:-ਮੇਰੇ ਮਨ ਦੇ ਹਿਰਦੈ=ਵਿਚ ਪ੍ਰੇਮ ਦੀ ਪੀੜਾ ਅਤੇ ਤਨ ਵਿਚ ਵਿਛੋੜੇ ਦੀ ਪੀੜਾ ਲਗ ਰਹੀ ਹੈ॥ ੨ ॥

ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ
ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥

ਮੈਂ ਉਸ ਪ੍ਰੀਤਮ ਨੂੰ ਵੇਖੇ ਤੋਂ ਬਿਨਾਂ ਪਲ ਦਾ ਖਿਨ ਭਰ ਵੀ ਜੀਉਂਦੀ ਨਹੀਂ ਰਹਿ ਸਕਦੀ, ਜਿਵੇਂ ਅਮਲ ਦੇ ਮਿਲੇ ਤੋਂ ਬਿਨਾਂ ਅਮਲੀ ਪੁਰਸ਼ ਮਰ ਜਾਂਦਾ ਹੈ।

ਜਿਨ ਕਉ ਪਿਆਸ ਹੋਇ ਪ੍ਰਭ ਕੇਰੀ
ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥ ੩ ॥

ਜਿਸ ਨੂੰ ਪ੍ਰਭੂ ਦੇ ਮਿਲਣ ਦੀ ਪਿਆਸ=ਤ੍ਰੇਹ (ਸਿੱਕ) ਹੁੰਦੀ, ਉਸ ਨੂੰ ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਭਾਉਂਦਾ ਨਹੀ ਹੈ॥ ੩ ॥

ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ
ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ ॥

ਕੋਈ ਆ ਕੇ ਕੋਈ ਆ ਕੇ; ਮੇਰਾ ਪ੍ਰਭੂ ਮੈਨੂੰ ਮਿਲਾ ਦੇਵੇ, ਜਾਂ ਐਸਾ ਕੋਈ ਹੈ ਜਿਹੜਾ ਕੋਈ ਮੈਨੂੰ ਆਨਿ=ਦ੍ਵੈਤ ਵਲੋਂ ਆਨਿ=ਲਿਆ ਕੇ ਭਾਵ ਹਟਾ ਕੇ ਮੇਰਾ ਪ੍ਰਭੂ ਮੈਨੂੰ ਮਿਲਾ ਦੇਵੇ, ਹਉ=ਮੈਂ ਤਿਸਦੇ ਵਿਟਹੁ=ਉਤੋਂ ਮਨ ਕਰਕੇ ਬਲਿਹਾਰ, ਬਾਣੀ ਕਰਕੇ ਬਲਿਹਾਰ, ਤਨ ਕਰਕੇ ਘੁਮਿ ਗਈਆ=ਬਲਿਹਾਰ ਜਾਂਦੀ ਹਾਂ।

[ਪੰਨਾ ੮੩੭]

ਅਨੇਕ ਜਨਮ ਕੇ ਵਿਛੁੜੇ ਜਨ ਮੇਲੇ
ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥ ੪ ॥

ਜਾਂ ਸਤਿ=ਨਿਸਚੇ ਕਰਕੇ ਸਤਿ=ਸਤਿਨਾਮ ਦੇ ਦਾਤੇ, ਸਤ ਸਰੂਪ ਸਤਿਗੁਰਾਂ ਦੀ ਸ਼ਰਨ ਵਿਚ ਪੈ ਗਾਏ ਤਾਂ ਉਨ੍ਹਾਂ ਨੇ ਅਨੇਕ ਜਨਮਾਂ ਦੇ ਵਿਛੁੜੇ ਹੋਏ ਪੁਰਸ਼, ਪਰਮੇਸ਼ਰ ਨਾਲ ਮੇਲ ਦਿੱਤੇ॥ ੪ ॥

ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ ॥

ਇਕ ਅੰਤਹਕਰਨ ਰੂਪ ਸੇਜਾ ਹੈ, ਉਸ ਉਤੇ ਇਕੋ ਪ੍ਰਭੂ ਸੁਆਮੀ ਵੱਸਦਾ ਹੈ, ਪਰ ਮਨਮੁਖ ਇਸਤ੍ਰੀ ਭਰਮਾਂ ਵਿਚ ਭਰਮਦੀ ਹੋਈ ਉਸ ਦੇ ਮਹਲੁ=ਸਰੂਪ ਨੂੰ ਨਹੀਂ ਪਾਉਂਦੀ।

ਗੁਰੁ ਗੁਰੁ ਕਰਤ ਸਰਣਿ ਜੇ ਆਵੈ
ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥ ੫ ॥

ਧੰਨ ਗੁਰੂ ਧੰਨ ਗੁਰੂ ਕਰਦਿਆਂ ਜੇ ਗੁਰੂ ਦੀ ਸ਼ਰਨੀ ਆ ਪਵੇ, ਜਾਂ ਜੇ ਗੁਰੂ ਦੀ ਸ਼ਰਨੀ ਆਵੇ ਤੇ ਵਾਹਿਗੁਰੂ ਵਾਹਿਗੁਰੂ ਕਰਦਾ ਰਹੇ, ਤਾਂ ਪ੍ਰਭੂ ਛੇਤੀ ਆ ਮਿਲਦਾ ਹੈ, ਖਿਨ ਮਾਤ੍ਰ ਵੀ ਢੀਲ ਨ ਪਈਆ=ਦੇਰ ਨਹੀਂ ਪੈਂਦੀ ॥ ੫ ॥

ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥

ਕਈ ਤਰ੍ਹਾਂ ਦੀ ਕਿਰਿਆ ਕਰ ਕਰਕੇ ਇਸ ਨੇ ਚਾਰ=ਕਰਤੱਬ ਵਧਾ ਲੀਤੇ ਹਨ ਅਤੇ ਕਪਟ ਵਿਚ ਲੁਭਾਇਮਾਨ ਹੋ ਕੇ ਇਹ ਮਨ ਪਖੰਡ ਵਾਲੇ ਕਰਮ ਕਰਦਾ ਹੈ।

ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥ ੬ ॥

ਜਿਵੇਂ-ਵੇਸ਼ਵਾ ਦੇ ਘਰ ਵਿਚ ਪੁੱਤਰ ਜੰਮਿਆ ਹੈ ਤਾਂ ਉਸ ਦੇ ਪਿਤਾ ਦਾ ਕੀ ਨਾਮ ਸੱਦਿਆ ਜਾਏਗਾ ?

ਇਸੇ ਤਰ੍ਹਾਂ-ਪਖੰਡੀ ਤੇ ਕਪਟੀ ਨੇ ਗੁਰੂ ਧਾਰਨ ਨਹੀਂ ਕੀਤਾ ਅਤੇ ਪਰਮੇਸ਼ਰ ਵਿਚ ਆਸਤਕ ਭਾਵਨਾ ਵੀ ਧਾਰਨ ਨਹੀਂ ਕੀਤੀ ਤਾਂ ਉਸ ਨੇ ਗੁਰੂ ਦਾ ਨਾਮ ਕੀ ਰੋਸ਼ਨ ਕਰਨਾ ਹੈ ? ॥ ੬ ॥

ਪੂਰਬ ਜਨਮਿ ਭਗਤਿ ਕਰਿ ਆਏ
ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥

ਜੋ ਪੂਰਬ ਜਨਮਿ=ਪਿਛਲੇ ਜਨਮ ਵਿਚ ਭਗਤੀ ਕਰਕੇ ਹੁਣ ਮਨੁੱਖ ਜਨਮ ਵਿਚ ਆਏ ਹਨ, ਗੁਰਾਂ ਨੇ ਕਿਰਪਾ ਕਰਕੇ ਜੋ ਹਰੀ ਕਰਕੇ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ, ਉਸ ਹਰੀ ਦੀ ਭਗਤੀ ਉਨ੍ਹਾਂ ਦੇ ਅੰਦਰ ਜਮਾਈ ਹੈ।

ਭਗਤਿ ਭਗਤਿ ਕਰਤੇ ਹਰਿ ਪਾਇਆ
ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥ ੭ ॥

ਭਗਤੀ ਹੀ ਭਗਤੀ ਕਰਦਿਆਂ, ਵਾ:-ਭਗਤਾਂ ਨੇ ਭਗਤੀ ਕਰਦਿਆਂ-ਕਰਦਿਆਂ ਹਰੀ ਨੂੰ ਪਾਇਆ ਹੈ, ਜੋ ਹਰੀ ਹਰੇਕ ਜੀਵਾਂ ਦੇ ਹਰਿਆਂ ਕਰਨ ਵਾਲਾ ਹੈ, ਜਾਂ ਉਸ ਹਰੀ ਨਾਮ ਵਿਚ ਸਮਾਉਣਾ ਕੀਤਾ ॥ ੭ ॥

ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ ॥

ਪ੍ਰਭੂ ਨੇ ਜਿਹੜਾ ਸਾਨੂੰ ਆਣਿ=ਦ੍ਵੈਤ ਵਲੋਂ ਆਣਿ ਲਿਆਦਾ, ਭਾਵ ਹਟਾਇਆ ਹੈ ਏਹੋ ਮਹਿੰਦੀ ਪਿਸਾਈ ਹੈ।

ਵਾ:-ਪ੍ਰਭੂ ਨੇ ਜਿਹੜਾ ਸਾਨੂੰ ਆਪਣੀ ਵਲ ਆਣਿ=ਲਿਆਉਣਾ ਕੀਤਾ ਹੈ ਏਹੋ ਮਹਿੰਦੀ ਪਿਸਾਈ ਹੈ, ਆਪ ਹੀ ਉਸ ਮਹਿੰਦੀ ਨੂੰ ਘੋਲ-ਘੋਲ ਕੇ ਅੰਗਾਂ ਪਰ ਲਗਾਉਣਾ ਕੀਤਾ ਹੈ। ਜਿਹੜਾ ਸਾਡੇ ਅੰਦਰੋਂ ਸੂਖਮ ਤੇ ਅਸਥੂਲ ਵਾਸ਼ਨਾ ਦਾ ਅਭਾਵ ਕਰ ਦਿੱਤਾ ਹੈ।

ਜਿਨ ਕਉ ਠਾਕੁਰਿ ਕਿਰਪਾ ਧਾਰੀ
ਬਾਹ ਪਕਰਿ ਨਾਨਕ ਕਢਿ ਲਈਆ ॥ ੮ ॥ ੬ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਉਤੇ ਠਾਕੁਰ ਨੇ ਕਿਰਪਾ-ਦ੍ਰਿਸ਼ਟੀ ਧਾਰੀ ਹੈ, ਉਨ੍ਹਾਂ ਨੂੰ ਬੁੱਧੀ ਰੂਪ ਬਾਂਹ ਤੋਂ ਫੜ ਕੇ ਆਪ ਹੀ ਸੰਸਾਰ-ਸਮੁੰਦਰ ਤੋਂ ਕੱਢ ਲਿਆ ਹੈ॥ ੮॥ ੬॥ ੯॥

ਨੋਟ:-ਇਥੋਂ ਤੱਕ ਸੁਖਮਨੇ ਸਾਹਿਬ ਦੀਆਂ ਛੇ ਅਸਟਪਦੀਆਂ ਸਮਾਪਤ ਹਨ।

ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨

ੴ ਸਤਿਗੁਰ ਪ੍ਰਸਾਦਿ ॥

ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥

ਮੇਰੇ ਪਾਸੋਂ ਉਪਮਾਂ ਨਹੀਂ ਕਹੀ ਜਾਂਦੀ, ਪ੍ਰਭੂ ਦੀ ਉਪਮਾਂ ਨਹੀਂ ਕਹੀ ਜਾਂਦੀ।
ਜਾਂ ਮੇਰੇ ਪ੍ਰਭੂ ਦੀ ਉਪਮਾਂ ਪਿੱਛੇ ਨਹੀਂ ਕਹੀ ਜਾਂਦੀ ਸੀ, ਹੁਣ ਭੀ ਉਪਮਾਂ ਨਹੀ ਕਹੀ ਜਾਂਦੀ।

ਤਜਿ ਆਨ ਸਰਣਿ ਗਹੀ ॥ ੧ ॥ ਰਹਾਉ ॥

ਆਨ=ਹੋਰਨਾਂ ਦੀ ਆਸ ਛੱਡ ਕੇ, ਮੈਂ ਪ੍ਰਭੂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੧ ॥ ਰਹਾਉ ॥

ਪ੍ਰਭ ਚਰਨ ਕਮਲ ਅਪਾਰ ॥ ਹਉ ਜਾਉ ਸਦ ਬਲਿਹਾਰ ॥

ਅਪਾਰ ਪ੍ਰਭੂ ਦੇ ਚਰਨ-ਕਮਲਾਂ ਤੋਂ ਹਉ=ਮੈਂ ਸਦਾ ਬਲਿਹਾਰ ਜਾਂਦਾ ਹਾਂ।

ਮਨਿ ਪ੍ਰੀਤਿ ਲਾਗੀ ਤਾਹਿ ॥ ਤਜਿ ਆਨ ਕਤਹਿ ਨ ਜਾਹਿ ॥ ੧ ॥

ਮਨ ਵਿਚ ਉਨ੍ਹਾਂ ਦੀ ਪ੍ਰੀਤੀ ਲੱਗੀ ਹੈ। ਉਨ੍ਹਾਂ ਨੂੰ ਤਿਆਗ ਕੇ, ਮਨ ਹੋਰ ਕਿਸੇ ਤਰਫ਼ ਨਹੀਂ ਜਾਂਦਾ ॥ ੧ ॥

ਹਰਿ ਨਾਮ ਰਸਨਾ ਕਹਨ ॥ ਮਲ ਪਾਪ ਕਲਮਲ ਦਹਨ ॥

ਰਸਨਾ ਨਾਲ ਹਰੀ ਨਾਮ ਉਚਾਰਨ ਕਰਕੇ, ਰਾਗ ਦ੍ਵੈਸ਼ ਰੂਪੀ ਮੈਲ, ਪਾਪ ਅਤੇ ਵੱਡੇ ਕਲਮਲ=ਪਾਪ (ਕਿਲਵਿਖ) ਦਹਨ=ਸੜ ਜਾਂਦੇ ਹਨ।

ਚੜਿ ਨਾਵ ਸੰਤ ਉਧਾਰਿ ॥ ਭੈ ਤਰੇ ਸਾਗਰ ਪਾਰਿ ॥ ੨ ॥

ਹੇ ਪੁਰਖ਼ਾ! ਸੰਤਾਂ ਰੂਪ ਨਾਵ=ਬੇੜੀ 'ਤੇ ਚੜ੍ਹ ਕੇ ਆਪਣੇ ਆਪ ਨੂੰ ਉਧਾਰਿ=ਤਾਰਨਾ ਕਰ। ਜਿਹੜੇ ਚੜ੍ਹੇ ਹਨ, ਉਹ ਭੈ ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਉਤਰੇ ਹਨ॥ ੨ ॥

ਮਨਿ ਡੋਰਿ ਪ੍ਰੇਮ ਪਰੀਤਿ ॥ ਇਹ ਸੰਤ ਨਿਰਮਲ ਰੀਤਿ ॥

ਮਨ ਦੀ ਪ੍ਰੀਤੀ ਰੂਪੀ ਡੋਰ ਜਿਹੜੀ ਪ੍ਰਭੂ ਦੇ ਪ੍ਰੇਮ ਵਿਚ ਲਗ ਰਹੀ ਹੈ, ਏਹੋ ਸੰਤਾਂ ਦੀ ਨਿਰਮਲ ਰੀਤੀ ਹੈ।

ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥ ੩ ॥

ਪਾਪ ਅਤੇ ਵਿਕਾਰ ਜਿਸ ਵੇਲੇ ਤਿਆਗ ਕੇ ਚਲੇ ਗਏ, ਤਿਸ ਵੇਲੇ ਪ੍ਰਭੂ ਨਿਰੰਕਾਰ ਹਰਿ ਜੀ ਮਿਲ ਪਏ॥ ੩॥

ਪ੍ਰਭ ਪੇਖੀਐ ਬਿਸਮਾਦ॥ ਚਖਿ ਅਨਦ ਪੂਰਨ ਸਾਦ॥

ਬਿਸਮਾਦ=ਅਸਚਰਜ ਰੂਪ ਪ੍ਰਭੂ ਨੂੰ ਵੇਖਣਾ ਕਰੀਏ। ਜਿਨ੍ਹਾਂ ਨੇ ਨਾਮ ਦੇ ਸੁਆਦ ਨੂੰ ਚਖਿਆ ਹੈ, ਉਨ੍ਹਾਂ ਨੂੰ ਪੂਰਨ ਅਨੰਦ ਹੋਇਆ ਹੈ।

ਨਹ ਡੋਲੀਐ ਇਤ ਊਤ॥ ਪ੍ਰਭ ਬਸੇ ਹਰਿ ਹਰਿ ਚੀਤ॥ ੪॥

ਉਨ੍ਹਾਂ ਦਾ ਮਨ ਇਧਰ ਉਧਰ ਡੋਲਦਾ ਨਹੀਂ ਹੈ। ਜਿਨ੍ਹਾਂ ਦੇ ਚਿਤ ਵਿਚ ਹਰਿ ਹਰਿ ਪ੍ਰਭੂ ਜੀ ਵੱਸੇ ਹਨ॥ ੪॥

ਤਿਨ੍ ਨਾਹਿ ਨਰਕ ਨਿਵਾਸੁ॥ ਨਿਤ ਸਿਮਰਿ ਪ੍ਰਭ ਗੁਣਤਾਸੁ॥

ਉਨ੍ਹਾਂ ਦਾ ਨਰਕ ਵਿਚ ਵਾਸਾ ਨਹੀਂ ਹੁੰਦਾ, ਜੋ ਨਿਤਾਪ੍ਰਤੀ ਗੁਣਾਂ ਦੇ ਸਮੁੰਦਰ (ਪ੍ਰਭੂ) ਨੂੰ ਸਿਮਰਦੇ ਹਨ।

ਤੇ ਜਮੁ ਨ ਪੇਖਹਿ ਨੈਨ॥ ਸੁਨਿ ਮੋਹੇ ਅਨਹਤ ਬੈਨ॥ ੫॥

ਉਹ ਗੁਰਮੁਖ ਜਮ ਨੂੰ ਅੱਖਾਂ ਨਾਲ ਵੇਖਦੇ ਨਹੀ ਹਨ, ਜੋ ਅਨਹਤ=ਇਕ-ਰਸ ਗੁਰਾਂ ਦੇ ਬਚਨ ਸੁਣ ਕੇ ਮੋਹਿਤ ਹੋਏ ਹਨ॥ ੫॥

ਹਰਿ ਸਰਣਿ ਸੂਰ ਗੁਪਾਲ॥ ਪ੍ਰਭ ਭਗਤ ਵਸਿ ਦਇਆਲ॥

ਹਰੀ ਗੋਪਾਲ ਸ਼ਰਨ ਆਇਆਂ ਦੀ ਰੱਖਿਆ ਕਰਨੇ ਨੂੰ ਸੂਰਬੀਰ ਹੈ। ਦਿਆਲ ਪ੍ਰਭੂ ਭਗਤੀ ਦੇ, ਜਾਂ ਭਗਤਾਂ ਦੇ ਵਸਿ=ਅਧੀਨ ਹੈ।

ਹਰਿ ਨਿਗਮ ਲਹਹਿ ਨ ਭੇਵ॥ ਨਿਤ ਕਰਹਿ ਮੁਨਿ ਜਨ ਸੇਵ॥ ੬॥

ਹਰੀ ਦੇ ਭੇਵ=ਭੇਦ ਨੂੰ ਨਿਗਮ=ਵੇਦ ਭੀ ਨਹੀਂ ਲੈ ਸਕਦੇ। ਮੁਨੀ ਜਨ ਨਿਤ ਹੀ ਉਸ ਦੀ ਸੇਵਾ ਨੂੰ ਕਰਦੇ ਹਨ॥ ੬॥

ਦੁਖ ਦੀਨ ਦਰਦ ਨਿਵਾਰ॥ ਜਾ ਕੀ ਮਹਾ ਬਿਖੜੀ ਕਾਰ॥

ਉਹ ਪ੍ਰਭੂ ਦੀਨਾਂ ਦੇ ਦੁੱਖ ਜਨ ਦਰਦ ਨਵਿਰਤ ਕਰਨ ਵਾਲਾ ਹੈ। ਜਿਸ ਪ੍ਰਭੂ ਦੀ ਭਗਤੀ, ਜਾਂ ਸੇਵਾ ਰੂਪੀ ਕਾਰ ਮਹਾ ਬਿਖੜੀ=ਬੜੀ ਕਠਨ ਹੈ।

ਤਾ ਕੀ ਮਿਤਿ ਨ ਜਾਨੈ ਕੋਇ॥ ਜਲਿ ਥਲਿ ਮਹੀਅਲਿ ਸੋਇ॥ ੭॥

ਉਸ ਦੀ ਮਰਯਾਦਾ ਨੂੰ ਕੋਈ ਨਹੀਂ ਜਾਣਦਾ। ਉਹ ਜਲਾਂ ਵਿਚ, ਥਲਾਂ ਵਿਚ, ਮਹੀ=ਪ੍ਰਿਥਵੀ, ਅਲਿ = ਅਕਾਸ਼ ਵਿਚ ਪੂਰਨ ਹੈ॥ ੭॥

ਕਰਿ ਬੰਦਨਾ ਲਖ ਬਾਰ॥ ਥਕਿ ਪਰਿਓ ਪ੍ਰਭ ਦਰਬਾਰ॥

ਹੇ ਪ੍ਰਭੂ ! ਲੱਖਾਂ ਵਾਰੀ ਮੈਂ ਆਪ ਜੀ ਨੂੰ ਬੰਦਨਾ=ਨਮਸ਼ਕਾਰ ਕਰਦਾ ਹਾਂ। ਹੇ ਪ੍ਰਭੂ ! ਮੈਂ ਥੱਕ ਕੇ (ਹਾਰ ਕੇ) ਆਪ ਜੀ ਦੇ ਦਰਬਾਰ ਅੱਗੇ ਡਿੱਗ ਪਿਆ ਹਾਂ।

ਪ੍ਰਭ ਕਰਹੁ ਸਾਧੂ ਧੂਰਿ ॥ ਨਾਨਕ ਮਨਸਾ ਪੂਰਿ ॥ ੮ ॥ ੧ ॥

ਹੇ ਪ੍ਰਭੂ ! ਮੈਨੂੰ ਸੰਤਾਂ ਦੀ ਚਰਨ-ਧੂੜੀ ਦੇਣਾ ਕਰੋ। ਗੁਰੂ ਜੀ ਕਥਨ ਕਰਦੇ ਹਨ-ਆਪ ਮੇਰੀ ਮਨਸਾ= ਇੱਛਾ ਪੂਰੀ ਕਰੋ॥ ੮ ॥ ੧ ॥

ਬਿਲਾਵਲੁ ਮਹਲਾ ੫ ॥

ਸਿੱਖ ਨੇ ਬੇਨਤੀ ਕੀਤੀ-'ਤਰਨੇ ਦਾ ਸੌਖਾ ਉਪਾਅ ਦੱਸੋ?' ਗੁਰੂ ਜੀ ਨੇ ਕਿਹਾ-ਪ੍ਰਭੂ ਅੱਗੇ ਬੇਨਤੀਆਂ ਕਰ-

ਪ੍ਰਭ ਜਨਮ ਮਰਣ ਨਿਵਾਰਿ ॥ ਹਾਰਿ ਪਰਿਓ ਦੁਆਰਿ ॥

ਹੇ ਪ੍ਰਭੂ ! ਮੇਰਾ ਜਨਮ ਮਰਨ ਦੂਰ ਕਰ ਦਿਓ । ਮੈਂ ਹਾਰ ਕੇ ਆਪ ਜੀ ਦੇ ਸਤਿਸੰਗ ਦਰਵਾਜ਼ੇ ਪਰ ਪਿਆ ਹਾਂ।

ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥

ਸਾਧੂਆਂ ਦੇ ਸਤਿਸੰਗ ਵਿਚ ਇਸਥਿਤ ਹੋ ਕੇ ਗੁਰਾਂ ਦੇ ਚਰਨ ਫੜੇ ਹਨ। ਹਰਿ ਹਰਿ ਦਾ ਰੰਗ=ਪ੍ਰੇਮ ਮਨ ਵਿਚ ਮਿਸਟ=ਮਿੱਠਾ ਲੱਗਾ ਹੈ।

[ਪੰਨਾ ੮੩੮]

ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥ ੧ ॥

ਦਇਆ ਦ੍ਰਿਸ਼ਟੀ ਕਰਕੇ ਨਾਮ ਰੂਪ ਲੜਿ=ਪੱਲੇ ਨਾਲ ਲਗਾ ਲਓ। ਗੁਰੂ ਜੀ ਕਥਨ ਕਰਦੇ ਹਨ-ਜਿਸ 'ਤੇ ਹੇ ਨਾਨਕਾ=ਪ੍ਰਭੂ ! ਆਪ ਜੀ ਦੇ ਨਾਮ ਨੂੰ ਧਿਆਉਂਦੇ ਰਹੀਏ॥ ੧ ॥

ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥

ਹੇ ਦੀਨਾਂ ਦੇ ਨਾਥ ਮੇਰੇ ਸੁਆਮੀ ! ਆਪ ਪਿੱਛੇ ਦਿਆਲੂ ਸੀ, ਹੇ ਦੀਨਾਂ ਦੇ ਨਾਥ ਮੇਰੇ ਸੁਆਮੀ ! ਆਪ ਹੁਣ ਭੀ ਦਿਆਲੂ ਹੋ।

ਜਾਚਉ ਸੰਤ ਰਵਾਲ ॥ ੧ ॥ ਰਹਾਉ ॥

ਮੈਂ ਆਪ ਜੀ ਪਾਸੋਂ ਸੰਤਾਂ ਦੀ ਚਰਨ-ਧੂੜੀ ਮੰਗਦਾ ਹਾਂ॥ ੧ ॥ ਰਹਾਉ ॥

ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥

ਇਹ ਸੰਸਾਰ ਵਿਸ਼ਿਆਂ ਦਾ ਕੂਪ=ਖੂਹ ਹੈ। ਅਗਿਆਨ ਰੂਪ ਤਮ=ਹਨੇਰੇ ਕਰਕੇ ਤੇ ਮੋਹਤ=ਮੋਹ ਕਰਕੇ ਘੂਪ=ਗਾੜ੍ਹਾ ਹਨੇਰਾ ਹੋ ਰਿਹਾ ਹੈ।

ਅਥਵਾ:- ਤਮ=ਅਤਸੇ ਕਰਕੇ ਅਗਿਆਨ ਰੂਪੀ ਘੂਪ=ਗਾੜ੍ਹੇ ਹਨੇਰੇ ਕਰਕੇ ਮੈਂ ਮੋਹਤ=ਮੂਰਛਾ ਹੋ ਰਿਹਾ ਹਾਂ।

ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪੁਨਾ ਦੇਹੁ ॥

ਹੇ ਪ੍ਰਭੂ ਜੀਉ ! ਮੇਰੀ ਬੁੱਧੀ ਰੂਪ ਬਾਂਹ ਫੜ ਲਓ ਅਤੇ ਆਪਣਾ ਹਰੀ ਨਾਮ ਦੇਣਾ ਕਰੋ ।

ਪ੍ਰਭ ਤੁਝ ਬਿਨਾ ਨਹੀ ਠਾਉ॥ ਨਾਨਕਾ ਬਲਿ ਬਲਿ ਜਾਉ॥ ੨॥

ਹੇ ਪ੍ਰਭੂ ਜੀਉ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਠਾਉ=ਆਸਰਾ ਨਹੀਂ ਹੈ। ਹੇ ਨਾਨਕਾ=ਅਕਾਲ ਪੁਰਖ ! ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੨॥

ਲੋਭਿ ਮੋਹਿ ਬਾਧੀ ਦੇਹ॥ ਬਿਨੁ ਭਜਨ ਹੋਵਤ ਖੇਹ॥

ਪਦਾਰਥਾਂ ਦੇ ਲੋਭ ਵਿਚ ਤੇ ਸਬੰਧੀਆਂ ਦੇ ਮੋਹ ਵਿਚ ਦੇਹ ਬੱਧੀ ਹੋਈ ਹੈ, ਜੋ ਭਜਨ-ਸਿਮਰਨ ਤੋਂ ਬਿਨਾਂ ਖੇਹ ਹੁੰਦੀ ਜਾਂਦੀ ਹੈ।

ਜਮਦੂਤ ਮਹਾ ਭਇਆਨ॥ ਚਿਤ ਗੁਪਤ ਕਰਮਹਿ ਜਾਨ॥

ਜਮਦੂਤ ਮਹਾ=ਬੜੇ ਭਿਆਨਕ ਹਨ ਅਤੇ ਚਿਤ੍ਰ ਗੁਪਤ ਇਸ ਦੇ ਕਰਮਹਿ=ਕਰਮਾਂ ਨੂੰ ਜਾਣਦੇ ਹਨ।

ਦਿਨੁ ਰੈਨਿ ਸਾਖਿ ਸੁਨਾਇ॥ ਨਾਨਕਾ ਹਰਿ ਸਰਨਾਇ॥ ੩॥

ਦਿਨ ਰਾਤ ਦੇ ਕੀਤੇ ਕਰਮਾਂ ਦੀ ਸਾਖਿ=ਉਗਾਹੀ ਧਰਮਰਾਜਾ ਨੂੰ ਸੁਣਾਉਂਦੇ ਹਨ।

ਇਸ ਲਈ ਹੇ ਨਾਨਕ (ਹਰੀ) ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ॥ ੩॥

ਭੈ ਭੰਜਨਾ ਮੁਰਾਰਿ॥ ਕਰਿ ਦਇਆ ਪਤਿਤ ਉਧਾਰਿ॥

ਹੇ ਡਰ ਦੇ ਨਾਸ ਕਰਨ ਵਾਲੇ ਮੁਰਾਰੀ ! ਦਇਆ ਕਰਕੇ ਮੈਂ ਪਾਪੀ ਨੂੰ ਤਾਰ ਲੈ।

ਮੇਰੇ ਦੋਖ ਗਨੇ ਨ ਜਾਹਿ॥ ਹਰਿ ਬਿਨਾ ਕਤਹਿ ਸਮਾਹਿ॥

ਮੇਰੇ ਵਿਚ ਇਤਨੇ ਦੋਸ਼ ਹਨ ਜੋ ਗਿਣੇ ਨਹੀਂ ਜਾਂਦੇ । ਹੇ ਹਰੀ ! ਆਪ ਜੀ ਤੋਂ ਬਿਨਾਂ ਮੇਰੀ ਹੋਰ ਕਿਥੇ ਸਮਾਈ ਹੋ ਸਕਦੀ ਹੈ ?

ਗਹਿ ਓਟ ਚਿਤਵੀ ਨਾਥ॥ ਨਾਨਕਾ* ਦੇ ਰਖੁ ਹਾਥ॥ ੪॥

ਹੇ ਨਾਥ ਜੀ ! ਆਪ ਜੀ ਦੀ ਓਟ ਗ੍ਰਹਿਣ ਕਰਨੀ, ਚਿਤਵਨਾ ਕੀਤੀ ਹੈ। ਹੇ ਨਾਨਕਾ=ਅਕਾਲ ਪੁਰਖ ! ਮੈਨੂੰ ਹੱਥ ਦੇ ਕੇ ਰੱਖ ਲੈ ॥ ੪॥

ਹਰਿ ਗੁਣ ਨਿਧੇ ਗੋਪਾਲ॥ ਸਰਬ ਘਟ ਪ੍ਰਤਿਪਾਲ॥

ਹੇ ਹਰੀ ਗੋਪਾਲ ! ਆਪ ਸ਼ੁਭ-ਗੁਣਾਂ ਦੇ ਨਿਧੇ=ਸਮੁੰਦਰ ਹੋ । ਹੇ ਹਰੀ ! ਆਪ ਸਾਰਿਆਂ ਘਟਾਂ ਦੀ ਪ੍ਰਤਿਪਾਲਾ ਕਰਨ ਵਾਲੇ ਹੋ।

ਮਨਿ ਪ੍ਰੀਤਿ ਦਰਸਨ ਪਿਆਸ॥ ਗੋਬਿੰਦ ਪੂਰਨ ਆਸ॥

ਮੇਰੇ ਮਨ ਵਿਚ ਆਪ ਜੀ ਦੀ ਪ੍ਰੀਤੀ ਅਤੇ ਆਪ ਜੀ ਦੇ ਦਰਸ਼ਨ ਦੀ ਪਿਆਸ ਹੈ। ਹੇ ਗੋਬਿੰਦ ! ਆਪ ਮੇਰੀ ਆਸਾ ਪੂਰਨ ਕਰੋ।

ਇਕ ਨਿਮਖ ਰਹਨੁ ਨ ਜਾਇ॥ ਵਡ ਭਾਗਿ ਨਾਨਕੁ ਪਾਇ॥ ੫॥

---

*ਨੋਟ :- ਚਾਰ ਪਉੜੀਆਂ ਤਕ ਨਾਨਕ ਦਾ ਅਰਥ ਪਰਮੇਸ਼ਰ ਹੈ।

ਆਪ ਜੀ ਤੋਂ ਬਿਨਾਂ ਇਕ ਨਿਮਖ ਭਰ ਵੀ ਰਿਹਾ ਨਹੀਂ ਜਾਂਦਾ।

ਗੁਰੂ ਜੀ ਕਥਨ ਕਰਦੇ ਹਨ-ਵਡਭਾਗੀਆਂ ਨੇ ਆਪ ਜੀ ਨੂੰ ਪਾਇਆ ਹੈ॥ ੫॥

ਅਗਲੀਆਂ ਪਉੜੀਆਂ ਵਿਚ ਦ੍ਰਿਸ਼ਟਾਂਤਾਂ ਦੁਆਰੇ ਪ੍ਰੀਤੀ ਦਾ ਵਰਣਨ ਕਰਦੇ ਹਨ-

ਪ੍ਰਭ ਤੁਝ ਬਿਨਾ ਨਹੀ ਹੋਰ॥ ਮਨਿ ਪ੍ਰੀਤਿ ਚੰਦ ਚਕੋਰ॥

ਹੇ ਪ੍ਰਭੂ ! ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਪਿਆਰਾ ਨਹੀ ਹੈ। ਜਿਵੇਂ ਚਕੋਰ ਦੇ ਮਨ ਵਿਚ ਚੰਦ੍ਰਮਾ ਦੀ ਪ੍ਰੀਤੀ ਹੁੰਦੀ ਹੈ।

''ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।'' *(ਭਾ, ਗੁਰਦਾਸ ਜੀ, ਵਾਰ ੨੭.੪)*

''ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।'' *(ਭਾ. ਗੁਰਦਾਸ ਜੀ, ਵਾਰ ੨.੧੭)*

ਤਿਵੇਂ ਮੇਰੇ ਮਨ ਵਿਚ ਆਪ ਜੀ ਦੀ ਪ੍ਰੀਤੀ ਹੈ।

ਜਿਉ ਮੀਨ ਜਲ ਸਿਉ ਹੇਤੁ॥ ਅਲਿ ਕਮਲ ਭਿੰਨੁ ਨ ਭੇਤੁ॥

ਜਿਵੇਂ ਮੀਨ=ਮੱਛੀ ਦਾ ਜਲ ਨਾਲ ਹੇਤੁ=ਪ੍ਰੇਮ ਹੈ। ਜਿਵੇ ਅਲਿ=ਭੌਰੇ ਦਾ ਕਮਲ-ਫੁੱਲ ਨਾਲੋਂ ਕੋਈ ਭਿੰਨ-ਭੇਤ ਨਹੀਂ ਹੈ।

ਜਿਉ ਚਕਵੀ ਸੂਰਜ ਆਸ॥ ਨਾਨਕ ਚਰਨ ਪਿਆਸ॥ ੬॥

ਜਿਵੇਂ ਚਕਵੀ ਨੂੰ ਸੂਰਜ ਦੀ ਆਸ ਹੈ।

ਯਥਾ:-''ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।'' *(ਭਾ. ਗੁਰਦਾਸ ਜੀ, ਵਾਰ ੨੭.੪)*

''ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।'' *(ਭਾ. ਗੁਰਦਾਸ ਜੀ, ਵਾਰ ੨.੧੭)*

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤਿਵੇਂ ਮਨ ਵਿਚ ਆਪ ਜੀ ਦੇ ਚਰਨਾਂ ਦੀ ਭਾਵ ਦਰਸ਼ਨ ਦੀ ਪਿਆਸ ਹੈ॥ ੬॥

ਜਿਉ ਤਰੁਨਿ ਭਰਤ ਪਰਾਨ॥ ਜਿਉ ਲੋਭੀਐ ਧਨੁ ਦਾਨੁ॥

ਜਿਵੇਂ ਤ੍ਰੁਰਨਿ=ਜੋਬਨ ਅਵਸ਼ਥਾ ਵਾਲੀ (ਪਤੀਬ੍ਰਤ ਧਰਮ ਵਾਲੀ ਇਸਤ੍ਰੀ) ਨੂੰ ਆਪਣਾ ਪਤੀ ਪ੍ਰਾਣ ਰੂਪ ਹੈ। ਜਿਵੇਂ ਲੋਭੀ ਪੁਰਸ਼ ਨੂੰ ਧਨ ਦਾ ਦਾਨ ਦਿੱਤਾ ਜਾਵੇ ਤਾਂ ਉਹ ਅਨੰਦ ਹੁੰਦਾ ਹੈ।

ਜਾਂ ਜਿਵੇਂ ਲੋਭੀ ਪੁਰਸ਼ ਧਨ ਨੂੰ ਹੀ ਪ੍ਰਾਣ ਰੂਪ ਦਾਨੁ=ਜਾਣਦਾ ਹੈ।

ਜਿਉ ਦੂਧ ਜਲਹਿ ਸੰਜੋਗੁ॥ ਜਿਉ ਮਹਾ ਖੁਧਿਆਰਥ ਭੋਗੁ॥

ਜਿਵੇ ਦੁੱਧ ਦਾ ਪਾਣੀ ਨਾਲ ਤੇ ਪਾਣੀ ਦਾ ਦੁੱਧ ਨਾਲ ਸੰਜੋਗ ਹੁੰਦਾ ਹੈ। ਜਿਵੇਂ ਖੁਧਿਆਰਥ=ਭੁੱਖ ਕਰਕੇ ਵੱਡਾ ਦੁਖੀ ਪੁਰਸ਼ ਭੋਗੁ=ਪਦਾਰਥਾਂ ਦੇ ਖਾਣ ਵਿਚ ਪ੍ਰੀਤੀ ਕਰਦਾ ਹੈ।

ਜਿਉ ਮਾਤ ਪੂਤਹਿ ਹੇਤੁ॥ ਹਰਿ ਸਿਮਰਿ ਨਾਨਕ ਨੇਤ॥ ੭॥

ਜਿਵੇਂ ਮਾਂ ਦਾ ਪੁੱਤਰ ਨਾਲ ਹੇਤੁ=ਪਿਆਰ ਹੈ। ਗੁਰੂ ਜੀ ਕਥਨ ਕਰਦੇ ਹਨ-ਇਸੇ ਤਰ੍ਹਾਂ ਹੇ ਹਰੀ ! ਮੈਂ ਆਪ ਜੀ ਨੂੰ ਨੇਤ=ਨਿਤਾਪ੍ਰਤੀ ਸਿਮਰਦਾ ਹਾਂ॥ ੭॥

ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥

ਜਿਵੇਂ ਦੀਵੇ ਉਤੇ ਪਤੰਗਾ ਆਸ਼ਕ ਹੋ ਕੇ ਪਤਨ=ਡਿਗਦਾ ਹੈ।

ਯਥਾ:- "ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ।" (ਵਾਰ ੨੭.੩)

ਜਿਵੇਂ ਚੋਰ ਨਿਸ਼ੰਕ ਹੋ ਕੇ ਪਰਾਏ ਧਨ ਨੂੰ ਹਿਰਤ=ਚੁਰਾਉਂਦਾ ਹੈ।

ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥

੧. ਜਿਵੇਂ ਮੈਗਲਹਿ=ਹਾਥੀ ਕਾਮ ਦੇ ਵਸੀਕਾਰ ਹੋਇਆ ਹੋਇਆ ਬੰਧੁ=ਬੱਝ ਜਾਂਦਾ ਹੈ।

੨. ਹਾਥੀ ਕਾਮ ਵਿਚ ਬੱਧਾ ਹੋਇਆ ਟੋਏ ਵਿਚ ਪੈਂਦਾ ਹੈ।

ਯਥਾ:- "ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।" (ਵਾਰ ੨੭.੩)

ਜਿਵੇਂ ਗ੍ਰਿਹਸਤੀ ਵਿਸ਼ਿਆਂ ਦੇ ਧੰਦਿਆਂ ਵਿਚ ਫਸਿਆ ਰਹਿੰਦਾ ਹੈ।

ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥ ੮ ॥

ਜਿਵੇਂ ਜੂਆਰੀਏ ਨੂੰ ਜੂਆ ਬਿਸਨੁ=ਵਿਸਰ ਨਹੀਂ ਜਾਂਦਾ। ਜਾਂ ਜੂਏ ਖੇਡਣ ਦਾ ਬਿਸਨੁ=ਵਿਸ਼ਾ ਨਹੀ ਜਾਂਦਾ। ਇਕ ਜੂਆਰੀਆ ਸੀ ਉਸ ਦੀ ਮਾਂ ਕਈ ਦਿਨ ਬੀਮਾਰ ਹੋ ਕੇ ਮਰ ਗਈ ਪਰ ਉਹ ਜੂਏ ਖੇਡਣ ਤੋਂ ਨਹੀਂ ਹਟਿਆ।

ਗੁਰੂ ਜੀ ਕਹਿੰਦੇ ਹਨ-ਇਸੇ ਤਰ੍ਹਾਂ ਮੈਂ ਇਹ ਮਨ ਹਰੀ ਨਾਮ ਜਪਣ ਵਿਚ ਲਗਾਇਆ ਹੈ॥ ੮ ॥

ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥

ਜਿਵੇਂ ਕੁਰੰਕ=ਹਰਨ ਦਾ ਘੰਡੇ ਹੇੜੇ ਦੇ ਨਾਦੈ=ਸ਼ਬਦ ਨਾਲ ਨੇਹੁ=ਪ੍ਰੇਮ ਹੈ।

"ਮਿਰਗ ਨਾਦ ਬਿਸਮਾਦੁ ਹੋਇ ਫਿਰਦਾ ਉਜਾੜੀ।" (ਵਾਰ ੨੭.੩)

ਜਿਵੇਂ ਚਾਤ੍ਰਿਕ=ਪਪੀਹਾ ਬੱਦਲਾਂ ਦੀ ਵਰਖਾ ਵਿਚ ਸ੍ਵਾਂਤੀ ਬੂੰਦ ਨੂੰ ਚਾਹੁੰਦਾ ਹੈ।

ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥

ਤਿਵੇਂ ਜਨ=ਦਾਸਾਂ ਦਾ ਜੀਉਣਾ ਸੰਤਾਂ ਦੇ ਸਤਿਸੰਗ ਵਿਚ ਹੈ। ਕਿਉਂਕਿ ਉਨ੍ਹਾਂ ਨੂੰ ਗੋਬਿੰਦ ਦੇ ਭਜਨ-ਸਿਮਰਨ ਦਾ ਰੰਗਿ=ਪ੍ਰੇਮ ਹੈ।

ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥ ੯ ॥

ਰਸਨਾ ਨਾਲ ਨਾਮ ਨੂੰ ਕਥਨ ਕਰਦੇ ਹਨ। ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਦਰਸ਼ਨ ਦਾ ਦਾਨ ਦੇਣਾ ਕਰੋ॥ ੯ ॥

ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥

੧. ਜੋ ਪੁਰਸ਼ ਪ੍ਰਭੂ ਦੇ ਗੁਣ ਗਾਉਂਦਾ ਹੈ, ਸੁਣਦਾ ਹੈ ਅਤੇ ਆਪਣੇ ਹੱਥਾਂ ਨਾਲ ਲਿਖ ਕੇ ਦੇਂਦਾ ਹੈ।

੨. ਜੋ ਪੁਰਸ਼ ਪ੍ਰਭੂ ਦੇ ਗੁਣ ਗਾਉਣ, ਸੁਣਨ ਤੇ ਲਿਖਣ ਵਿਚ ਆਪਣਾ ਮਨ ਦੇਂਦਾ ਹੈ। ਉਹ ਪੁਰਸ਼ ਹਰੀ ਪਾਸੋਂ ਸਾਰੇ ਫਲ ਪਾ ਲੈਂਦਾ ਹੈ।

ਕੁਲ ਸਮੂਹ ਕਰਤ ਉਧਾਰੁ॥ ਸੰਸਾਰੁ ਉਤਰਸਿ ਪਾਰਿ॥

ਸਾਰੀ ਕੁਲ ਦਾ ਉਧਾਰ ਕਰ ਲੈਂਦਾ ਹੈ ਅਤੇ ਸੰਸਾਰ ਤੋਂ ਪਾਰ ਉਤਰ ਜਾਂਦਾ ਹੈ।

ਹਰਿ ਚਰਨ ਬੋਹਿਥ ਤਾਹਿ॥ ਮਿਲਿ ਸਾਧਸੰਗਿ ਜਸੁ ਗਾਹਿ॥

ਉਸ ਨੂੰ ਹਰੀ ਦਾ ਚਰਨਾਂ ਰੂਪ ਜਹਾਜ਼ ਮਿਲਦਾ ਹੈ, ਜੋ ਸੰਤਾਂ ਦੇ ਸੰਗ ਵਿਚ ਮਿਲ ਕੇ ਹਰੀ ਜਸ ਨੂੰ ਗਾਉਂਦਾ ਹੈ।

ਹਰਿ ਪੈਜ ਰਖੈ ਮੁਰਾਰਿ॥ ਹਰਿ ਨਾਨਕ ਸਰਨਿ ਦੁਆਰਿ॥ ੧੦॥ ੨॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਦੇ ਸਤਿਸੰਗ ਦੁਆਰੇ ਦੀ ਸ਼ਰਨ ਵਿਚ ਪਿਆ ਹੈ, ਹਰੀ ਮੁਰਾਰੀ ਆਪ ਉਸ ਦੀ ਪੈਜ=ਇੱਜ਼ਤ ਰੱਖਦਾ ਹੈ॥ ੧੦॥ ੨॥

ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ

੧ੴ ਸਤਿਗੁਰ ਪ੍ਰਸਾਦਿ॥

੧. ਜਤਿ=ਛੰਦ ਦੀ ਚਾਲ ਹੈ।

੨. ਥਿੱਤਾਂ ਦਾ ਸਮੁਦਾਅ ਹੈ।

੩. ਸੰਗੀਤ ਸ਼ਾਸਤ੍ਰ ਅਨੁਸਾਰ ਗਾਇਣ ਦੀ ਧਾਰਨਾ ਦਾ ਨਾਮ 'ਜਤਿ' ਹੈ।

ਡਾਕਟਰ ਚਰਨ ਸਿੰਘ ਜੀ ਨੇ ਬਾਣੀ ਬਿਉਰੇ ਵਿਚ ਲਿਖਿਆ ਹੈ ਕਿ-

ਜਤਿ, ਗਤਿ ਤੇ ਸਾਥ ਇਹ ਤਿੰਨ ਜੋੜੀ ਦੇ ਕਰਤੱਬ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਸੱਜੇ ਹੱਥ ਦੀਆਂ ਉਂਗਲੀਆਂ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰਨ ਤੇ ਖੱਬਾ ਹੱਥ ਖੁਲਾਸਾ ਵਜਾਏ, ਉਸ ਨੂੰ ਜਤਿ ਕਹਿੰਦੇ ਹਨ।

ਜਿਸ ਵੇਲੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ਼ ਕੱਢਣ ਅਤੇ ਨਰਮ ਨਰਮ ਅਵਾਜ਼ ਨਿਕਲੇ ਤਾਂ ਉਸ ਨੂੰ ਗਤਿ ਕਹਿੰਦੇ ਹਨ।

ਜਿਸ ਵੇਲੇ ਦੋਵੇਂ ਹੱਥ ਖੁਲ੍ਹਾ ਕੰਮ ਕਰਨ ਅਤੇ ਅਵਾਜ਼ ਭੀ ਖੁਲ੍ਹੀ ਨਿਕਲੇ ਜਿਸ ਨੂੰ ਕੜਕੁਟ ਆਖਦੇ ਹਨ, ਉਸ ਨੂੰ ਸਾਥ ਕਹਿੰਦੇ ਹਨ।

੪. 'ਜਤਿ' ਨਾਮ ਜ਼ਾਤੀ ਦਾ ਹੈ, ਥਿੱਤਾਂ ਇਸ ਬਾਣੀ ਦੀ ਜ਼ਾਤੀ ਹੈ।

ਯਥਾ:- ''ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ॥'' *(ਸੂਹੀ ਮ: ੫, ਪੰਨਾ ੭੪੨)*

੫. ਜਤਿ=ਜਿਸ ਵਿਚ ਪਰਮੇਸ਼ਰ ਦਾ ਜਸ ਹੋਵੇ, ਉਸ ਨੂੰ 'ਜਤਿ' ਕਹਿੰਦੇ ਹਨ।

ਯਥਾ:-''ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ॥ ੧॥''

(ਕਾਨੜਾ ਮ: ੫, ਪੰਨਾ ੧੩੦੮)

ਸਿੱਖ ਨੇ ਬੇਨਤੀ ਕੀਤੀ-'ਥਿੱਤਾਂ ਵਿੱਚੋਂ ਕਿਸ ਥਿੱਤ ਦਾ ਪੂਜਨ, ਜਾਂ ਕਿਸ ਦੇਵੀ ਦੇਵਤੇ ਦਾ ਪੂਜਨ ਕਰਨਾ ਚਾਹੀਦਾ ਹੈ?' *ਗੁਰ ਉੱਤਰ:-*

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥

ਏਕਮ ਥਿੱਤ ਦੁਆਰਾ ਕਥਨ ਕਰਦੇ ਹਨ, ਉਹ ਏਕੰਕਾਰ ਪਰਮਾਤਮਾ ਸਭ ਤੋਂ ਨਿਰਾਲਾ=ਅਸੰਗ ਹੈ। ਅਮਰੁ=ਮਰਨ ਤੋਂ ਰਹਿਤ ਹੈ, ਅਜੋਨੀ=ਜੂਨੀਆਂ ਤੋਂ ਰਹਿਤ ਹੈ, ਉਸ ਨੂੰ ਜ਼ਾਤੀ ਦਾ ਫਾਹ ਨਹੀਂ ਹੈ।

ਵਾ:-ਨਾ ਜ਼ਾਤੀ ਹੈ, ਨਾ ਜਾਲਾ=ਸੜਦਾ ਹੈ। ਵਾ:-ਮੋਹ ਦਾ ਜਾਲਾ=ਫਾਹ ਨਹੀਂ ਹੈ।

ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥

ਮਨ ਕਰਕੇ ਅਗੰਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਨਾ ਉਸ ਦਾ ਰੂਪ ਹੈ, ਨਾ ਹੀ ਕੋਈ ਮੱਛ ਕੱਛ ਆਦਿਕ ਰੇਖ ਹੈ। ਲੱਭਦਿਆਂ-ਲੱਭਦਿਆਂ ਉਸ ਨੂੰ ਸਾਰਿਆਂ ਘਟਾਂ-ਘਟਾਂ ਵਿਚ ਵੇਖਿਆ ਹੈ।

[ਪੰਨਾ ੮੩੯]

ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥
ਗੁਰ ਪਰਸਾਦਿ ਪਰਮ ਪਦੁ ਪਾਈ॥ ੧॥

੧. ਜੋ ਆਪ ਵੇਖ ਕੇ ਹੋਰਨਾਂ ਨੂੰ ਵਿਖਾਉਂਦਾ ਹੈ, ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ।

੨. ਜੋ ਗੁਰੂ ਦੇਖਿ=ਗਿਆਨ-ਦ੍ਰਿਸ਼ਟੀ ਨੂੰ ਵਿਖਾਉਂਦਾ ਹੈ, ਉਸ ਤੋਂ ਮੈਂ ਬਲਿਹਾਰ ਜਾਂਦਾ ਹੈ। ਗੁਰਾਂ ਦੀ ਕਿਰਪਾ ਨਾਲ ਹੀ ਗੁਰਮੁਖਾਂ ਨੇ ਪਰਮਪਦੁ=ਆਤਮ-ਪਦ ਨੂੰ ਪਾਇਆ ਹੈ।

ਕਿਆ ਜਪੁ ਜਾਪਉ ਬਿਨੁ ਜਗਦੀਸੈ॥

ਜਗਤ ਦੇ ਮਾਲਕ ਪਰਮੇਸ਼ਰ ਤੋਂ ਬਿਨਾਂ ਹੋਰ ਕਿਸ ਜਪ ਨੂੰ ਜਪਣਾ ਕਰੀਏ ?

ਗੁਰ ਕੈ ਸਬਦਿ ਮਹਲੁ ਘਰੁ ਦੀਸੈ॥ ੧॥ ਰਹਾਉ॥

ਗੁਰਾਂ ਦੇ ਉਪਦੇਸ਼ ਕਰਕੇ ਹੀ ਘਰੁ=ਹਿਰਦੇ ਵਿਚ ਮਹਲੁ=ਸਰੂਪ ਦਿੱਸਦਾ ਹੈ॥ ੧॥ ਰਹਾਉ॥

ਦੂਜੈ ਭਾਇ ਲਗੇ ਪਛੁਤਾਣੇ॥ ਜਮ ਦਰਿ ਬਾਧੇ ਆਵਣ ਜਾਣੇ॥

ਦੂਜ ਥਿੱਤ ਦੁਆਰਾ ਕਥਨ ਕਰਦੇ ਹਨ, ਜੋ ਦ੍ਵੈਤ ਭਾਵ ਵਿਚ ਲੱਗੇ ਹਨ, ਉਹ ਅੰਤ ਨੂੰ ਪਛਤਾਉਂਦੇ ਹਨ। ਉਹ ਜਮਾਂ ਦੇ ਦਰ ਵਿਚ ਬੱਧੇ ਹੋਏ ਮਾਰ ਖਾਂਦੇ ਹਨ ਅਤੇ ਜੰਮਦੇ ਮਰਦੇ ਰਹਿੰਦੇ ਹਨ।

ਕਿਆ ਲੈ ਆਵਹਿ ਕਿਆ ਲੈ ਜਾਹਿ॥ ਸਿਰਿ ਜਮਕਾਲੁ ਸਿ ਚੋਟਾ ਖਾਹਿ॥

ਉਹ ਲੈ ਕੇ ਕੀ ਆਏ ਹਨ ਅਤੇ ਕੀ ਲੈ ਕੇ ਜਾਣਗੇ ? ਭਾਵ ਨਾ ਕੁਝ ਲੈ ਕੇ ਆਏ ਹੰਨ, ਨਾ ਹੀ ਕੁਝ ਲੈ ਕੇ ਜਾਣਗੇ।

ਯਥਾ:-''ਨਾਂਗੇ ਆਵਨੁ ਨਾਂਗੇ ਜਾਨਾ॥ ਕੋਇ ਨ ਰਹਿਹੈ ਰਾਜਾ ਰਾਨਾ॥ ੧॥'' *(ਕਬੀਰ, ਪੰਨਾ ੧੧੫੭)*

ਤਥਾ:- ''ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ॥'' *(ਮਾਰੂ ਮ: ੫, ਪੰਨਾ ੧੦੬੪)*

ਤਥਾ:- ''ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ॥''

(ਸਾਰੰਗ ਵਾਰ ਮ: ੩, ਪੰਨਾ ੧੨੪੬)

ਤਥਾ:-''ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਪ ਕਰੋਰਿ॥ ੨੭॥ *(ਕਬੀਰ, ਪੰਨਾ ੧੩੬੫)*

*ਅਥਵਾ:-*ਕੀ ਲੈ ਕੇ ਆਏ ਹਨ ? ਭਾਵ-ਸ੍ਵਾਸ ਲੈ ਕੇ ਆਏ ਹਨ ਅਤੇ ਕੀ ਲੈ ਕੇ ਜਾਣਗੇ ? ਭਾਵ ਪਾਪ

ਲੈ ਕੇ ਜਾਣਗੇ। ਸਿ=ਉਹ ਪਾਪੀ ਸਿਰ ਉਤੇ ਜਮਕਾਲ ਦੀਆਂ ਚੋਟਾਂ ਖਾਣਗੇ।

ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥ ੨ ॥

ਗੁਰ-ਸ਼ਬਦ ਤੋਂ ਬਿਨਾ ਕੋਈ ਭੀ ਜਮਾਂ ਦੇ ਦੁੱਖ ਤੋਂ ਛੁਟਦਾ ਨਹੀਂ ਹੈ। ਕਿਉਂਕਿ ਪਖੰਡ ਦੇ ਕੀਤਿਆਂ ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ ॥ ੨ ॥

ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥

ਸੱਚੇ ਪਰਮਾਤਮਾ ਨੇ ਆਪ ਹੀ ਆਪਣੇ ਜੋੜਿ=ਜ਼ੋਰ (ਬਲ) ਕਰਕੇ, ਅੰਡਜ=ਅੰਡ ਕਟਾਹਾ ਭਾਵ ਧਰਤੀ ਤੇ ਅਕਾਸ਼ ਜੋ ਆਪਸ ਵਿਚ ਮਹਾਂ ਪਰਲੋ ਦੇ ਸਮੇਂ ਵਿਚ ਜੁੜੇ ਹੋਏ ਸਨ, ਉਨ੍ਹਾਂ ਨੂੰ ਫੋੜ ਕੇ ਵਿਛੋੜਨਾ ਕੀਤਾ ਹੈ।

ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥

ਧਰਤੀ ਨੂੰ ਗਲੀਚਾ ਤੇ ਅਕਾਸ਼ ਨੂੰ ਚੰਦੋਆ ਕੀਤਾ ਹੈ, ਵਿਚਕਾਰ ਜੀਵਾਂ ਦੇ ਬੈਠਣ ਨੂੰ ਜਗ੍ਹਾਂ ਕੀਤੀਆਂ ਹਨ। ਕਾਰ-ਵਿਹਾਰ ਲਈ ਰਾਤ ਤੇ ਦਿਨ ਅਤੇ ਭਾਉ=ਪ੍ਰੇਮ ਤੇ ਭਉ=ਡਰ ਪੈਦਾ ਕੀਤੇ ਹਨ।

ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥ ੩ ॥

ਜਿਸ ਨੇ ਜੀਵ ਪੈਦਾ ਕੀਤੇ ਹਨ ਓਹੀ ਬਣਾ ਕੇ ਵੇਖਣ ਵਾਲਾ ਹੈ, ਜਾਂ ਪਾਲਣਾ ਕਰਨ ਵਾਲਾ ਹੈ। ਉਸ ਤੋਂ ਬਿਨਾ ਹੋਰ ਕੋਈ ਦੂਜਾ ਸਿਰਜਣੇ ਵਾਲਾ ਨਹੀਂ ਹੈ॥ ੩ ॥

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥

ਤ੍ਰਿਤੀਆ=ਤੀਜ ਥਿੱਤ ਦੁਆਰਾ ਕਥਨ ਕਰਦੇ ਹਨ-ਬ੍ਰਹਮਾ, ਵਿਸ਼ਨੂ, ਸ਼ਿਵ (ਤਿੰਨ ਦੇਵਤੇ) ਪੈਦਾ ਕੀਤੇ ਹਨ। ਛਿਆਨਵੇਂ ਕ੍ਰੋੜ ਦੇਵੀਆਂ ਤੇ ਤੇਤੀ ਕ੍ਰੋੜ ਦੇਵਤਿਆਂ ਦੇ ਵੇਸਾ=ਭੇਸ ਪੈਦਾ ਕੀਤੇ ਹਨ।

ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥

੧. ਜੋਤੀ=ਪਰਮਾਤਮਾ ਨੇ ਜੋ ਸ੍ਰਿਸ਼ਟੀ ਜਾਤੀ=ਪੈਦਾ ਕੀਤੀ ਹੈ, ਉਸ ਦੀ ਗਿਣਤੀ ਨਹੀਂ ਆਉਂਦੀ।

੨. ਜੋਤੀ=ਪਰਮਾਤਮਾ ਨੇ ਜੋ ਜ਼ਾਤੀਆਂ ਕੀਤੀਆਂ ਹਨ, ਉਨ੍ਹਾਂ ਦੀ ਗਿਣਤੀ ਨਹੀ ਆਉਂਦੀ । ਜਿਸ ਨੇ ਸਾਜੀ=ਬਣਾਈ ਹੈ, ਓਹੀ ਇਸ ਦੀ ਕੀਮਤ ਪਾਉਂਦਾ ਹੈ।

ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥ ੪ ॥

੧. ਉਹ ਪਰਮੇਸ਼ਰ ਸੱਤਾ ਰੂਪੀ ਕੀਮਤ ਪਾ ਕੇ ਸਾਰੇ ਭਰਪੂਰ ਹੋ ਰਿਹਾ ਹੈ।

੨. ਜੋ ਪ੍ਰਭੂ ਜੋ ਸਾਰੇ ਭਰਪੂਰ ਹੋ ਰਿਹਾ ਹੈ, ਓਹੀ ਇਸ ਦੇ ਖਾਣ ਪਾਣ ਦੀ ਕੀਮਤ ਨੂੰ ਪਾਉਂਦਾ ਹੈ।

੧. ਆਪਣਾ ਆਪ ਰੂਪ ਹੋਣ ਕਰਕੇ ਕਿਸ ਤਰ੍ਹਾਂ ਉਸ ਨੂੰ ਨੇੜੇ ਆਖਾਂ, ਕਿਸ ਤਰ੍ਹਾਂ ਦੂਰ ਆਖਾਂ।

ਅਥਵਾ:-ਕਿਸ ਦੇ ਨੇੜੇ ਆਖਾਂ ? *ਉੱਤਰ:*-ਗੁਰਮੁਖਾਂ ਦੇ, ਅਤੇ ਕਿਸ ਦੇ ਦੂਰ ਆਖਾਂ ?

ਉੱਤਰ:-ਮਨਮੁਖਾਂ ਦੇ॥ ੪ ॥

ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥

ਚਉਥਿ=ਚੌਥੀ ਥਿੱਤ ਦੁਆਰਾ ਕਥਨ ਕਰਦੇ ਹਨ-ਸੰਸਾਰਕ ਮਰਯਾਦਾ ਵਾਸਤੇ ਉਸ ਨੇ ਚਾਰੇ ਵੇਦ (ਸ਼ਾਮ,

ਰਿਗ, ਯਜੁਰ ਅਥਰਬਣ) ਪੈਦਾ ਕੀਤੇ ਹਨ। ਫੇਰ (ਅੰਡਜ, ਜੇਰਜ, ਸੇਤਜ ਤੇ ਉਤਭੁਜ ਰੂਪ) ਚਾਰ ਖਾਣੀਆਂ ਅਤੇ (ਪਰਾ, ਪਸੰਤੀ, ਮਧਮਾ ਬੈਖਰੀ ਇਹ) ਚਾਰ ਬਾਣੀਆਂ ਦੇ ਭੇਦ ਪੈਦਾ ਕੀਤੇ ਹਨ।

ਅਸਟ ਦਸਾ ਖਟੁ ਤੀਨਿ ਉਪਾਏ॥ ਸੋ ਬੂਝੈ ਜਿਸੁ ਆਪਿ ਬੁਝਾਏ ॥

ਅਸਟ ਦਸਾ=ਅਠਾਰਾਂ ਪੁਰਾਣ, ਖਟੁ=ਛੇ ਸ਼ਾਸਤ੍ਰ, ਤਿੰਨ ਗੁਣ, ਜਾਂ ਤਿੰਨ ਲੋਕ ਪੈਦਾ ਕੀਤੇ ਹਨ। ਪਰ ਇਸ ਭੇਦ ਨੂੰ ਉਹ ਜਾਣਦਾ ਹੈ, ਜਿਸ ਨੂੰ ਆਪ ਸਮਝਾਉਂਦਾ ਹੈ।

ਤੀਨਿ ਸਮਾਵੈ ਚਉਥੈ ਵਾਸਾ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ॥ ੫॥

੧. (ਰਜੋ, ਸਤੋ, ਤਮੋ, ਰੂਪ) ਤਿੰਨ ਗੁਣ ਅਭਾਵ ਹੋ ਜਾਣ ਤਾਂ ਚਉਥੈ=ਤੁਰੀਆ-ਪਦ ਵਿਚ ਵਾਸਾ ਹੁੰਦਾ ਹੈ।

੨. ਧਰਮ, ਅਰਥ, ਕਾਮ, ਇਹ ਤਿੰਨੇ ਸਮਾਵੈ=ਅਭਾਵ ਹੋ ਜਾਣ ਤਾਂ ਚਉਥੈ=ਮੋਖ ਵਿਚ ਵਾਸਾ ਹੁੰਦਾ ਹੈ।

੩. ਸ੍ਰਵਨ, ਮੰਨਣ, ਨਿਧਿਆਸਣ, ਇਹ ਤਿੰਨੇ ਹਿਰਦੇ ਵਿਚ ਆ ਕੇ ਸਮਾਉਣ ਤਾਂ ਚਉਥੈ=ਗਿਆਨ ਵਿਚ ਵਾਸਾ ਹੁੰਦਾ ਹੈ।

੪. ਨਿਸ਼ਕਾਮ ਕਰਮ, ਉਪਾਸ਼ਨਾ, ਗਿਆਨ ਇਹ ਤਿੰਨੇ ਹਿਰਦੇ ਵਿਚ ਆ ਕੇ ਸਮਾਉਣ ਤਾਂ ਚਉਥੈ=ਸਖਿਆਤਕਾਰੀ ਵਿਚ ਵਾਸਾ ਹੁੰਦਾ ਹੈ। ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ- ਜਿਸ ਦਾ ਤੁਰੀਆ-ਪਦ ਵਿਚ ਵਾਸਾ ਹੈ, ਅਸੀਂ ਉਸ ਦੇ ਦਾਸ ਹਾਂ॥ ੫॥

ਪੰਚਮੀ ਪੰਚ ਭੂਤ ਬੇਤਾਲਾ॥ ਆਪਿ ਅਗੋਚਰੁ ਪੁਰਖੁ ਨਿਰਾਲਾ॥

ਪੰਚਮੀ=ਪੰਜਵੀਂ ਥਿੱਤ੍ਰ ਦੁਆਰਾ ਕਥਨ ਕਰਦੇ ਹਲਚ-ਪੰਚ ਭੂਤ=ਕਾਮ ਕ੍ਰੋਧ ਆਦਿਕਾਂ ਕਰਕੇ ਜੀਵ ਬੇਤਾਲਾ=ਭੂਤਨਾ, ਵਾ:-ਬੇ-ਤਾਲਾ=ਸਰੂਪ ਤੋਂ ਬੇ=ਰਹਿਤ ਹੋ ਰਿਹਾ ਹੈ।

ਉਹ ਅਗੋਚਰ ਪੁਰਖ ਪਰਮਾਤਮਾ ਆਪ ਇਸ ਤੋਂ ਨਿਰਾਲਾ=ਅਸੰਗ ਹੈ।

ਇਕਿ ਭ੍ਰਮਿ ਭੂਖੇ ਮੋਹ ਪਿਆਸੇ॥ ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ॥

੧. ਇਕ ਮਨਮੁਖ ਮੋਹ ਕਰਕੇ ਭੁੱਖਿਆਂ, ਪਿਆਸਿਆਂ ਵਾਂਗ ਭਰਮ ਰਹੇ ਹਨ।

੨. ਇਕ ਮਨਮੁਖ ਪੁਰਸ਼ ਭਰਮ ਕਰਕੇ ਭੁੱਖੇ ਅਤੇ ਮੋਹ ਕਰਕੇ ਪਿਆਸੇ ਹਨ। ਇਕ ਗੁਰਮੁਖ ਜਗਿਆਸੂ ਸ਼ਬਦ ਦੁਆਰਾ ਆਤਮਾ=ਰਸ ਨੂੰ ਚਖ ਕੇ ਤ੍ਰਿਪਤ ਹੋਏ ਹਨ।

ਇਕਿ ਰੰਗਿ ਰਾਤੇ ਇਕਿ ਮਰਿ ਧੂਰਿ॥ ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ॥ ੬॥

੧. ਇਕ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ ਅਤੇ ਇਕ ਮਰ ਕੇ ਧੂੜ ਹੋ ਗਏ ਹਨ।

੨. ਜਿਹੜੇ ਇਕ ਸੰਸਾਰਕ ਰੰਗ ਵਿਚ ਰੱਤੇ ਹੋਏ ਹਨ, ਉਹ ਇਕ ਮਰ ਕੇ ਧੂੜ ਰੂਪ ਹੋ ਗਏ ਹਨ ਤੇ ਜਿਹੜੇ ਇਕ ਪ੍ਰਭੂ ਦੇ ਰੰਗ ਵਿਚ ਰੱਤੇ ਹੋਏ ਹਨ, ਉਨ੍ਹਾਂ ਦਾ ਜੰਮਣਾ ਮਰਨਾ ਧੂਰਿ=ਧੂੜ ਭਾਵ ਨਵਿਰਤ ਹੋ ਗਿਆ ਹੈ। ਇਕ ਗੁਰਮੁਖ ਸਰੀਰ-ਘਰ ਦੇ ਅੰਦਰ ਹੀ ਸੱਚੇ ਵਾਹਿਗੁਰੂ ਨੂੰ ਹਾਜ਼ਰ ਹਜ਼ੂਰ ਵੇਖਦੇ ਹਨ।

ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥

ਝੂਠੇ ਪੁਰਸ਼ ਨੂੰ ਪਤ-ਆਬਰੋ ਤੇ ਨਾਉ=ਨੇਮ-ਨਾਮੀ ਨਹੀਂ ਮਿਲਦੀ।

ਵਾ:-ਝੂਠੇ ਪੁਰਸ਼ ਨੂੰ ਪਤੀ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਨਾਮ ਨਹੀਂ ਜਪਦਾ ।

ਜਿਵੇਂ-ਕਾਲਾ ਕਾਂ ਕਦੇ ਸੂਚਾ=ਪਵਿੱਤ੍ਰ ਨਹੀਂ ਹੁੰਦਾ, ਇਸੇ ਤਰ੍ਹਾਂ (ਕਾਲਾ ਕਾਂ) ਪਾਪੀ ਜੀਵ ਦਾ ਅੰਤਹਕਰਨ ਕਦੇ ਪਵਿੱਤਰ ਨਹੀਂ ਹੁੰਦਾ।

ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥

ਜਿਵੇਂ ਕੋਈ ਪੰਛੀ ਪਿੰਜਰੇ ਵਿਚ ਬੰਧਿਆ=ਬੰਦ ਕੀਤਾ ਹੋਵੇ ਤਾਂ ਛੇਰੀਂ=ਛੇਕਾਂ ਵਿਚ ਫਿਰਿਆਂ ਭਾਵ ਛੇਕਾਂ ਦੁਆਰੇ ਬਾਹਰ ਮੂੰਹ ਕੱਢਿਆਂ ਉਸ ਦਾ ਮੁਕਤਿ=ਛੁਟਕਾਰਾ ਨਹੀਂ ਹੁੰਦਾ।

ਇਸੇ ਤਰ੍ਹਾਂ ਸਰੀਰ ਰੂਪ ਪਿੰਜਰੇ ਵਿਚ ਜੀਵ ਰੂਪ ਪੰਛੀ ਬੱਧਾ ਹੋਇਆ ਹੈ, ਇੰਦ੍ਰੀਆਂ ਰੂਪ ਛੇਕਾਂ ਵਿਚ, ਜਾਂ ਪੰਜਾਂ ਕੋਸ਼ਾਂ ਰੂਪ ਛੇਕਾਂ ਵਿਚ ਭਰਮਣੇ ਕਰਕੇ ਮੁਕਤ ਰੂਪ ਨਹੀਂ ਹੁੰਦਾ।

ਜਾਂ ਛੇਰੀਂ=ਛੇਲੀ (ਬੱਕਰੀਆਂ) ਵਾਂਗ ਫਿਰਨ ਕਰਕੇ ਮੁਕਤ ਰੂਪ ਨਹੀਂ ਹੁੰਦਾ।

*ਅਥਵਾ:-*ਅਗਿਆਨ ਰੂਪ ਪਿੰਜਰੇ ਵਿਚ ਜਿਹੜਾ ਕੋਈ ਜੀਵ ਰੂਪ ਪੰਛੀ ਬੱਧਾ ਹੋਇਆ ਹੈ, ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੇ ਰੂਪ ਛੇਕਾਂ ਵਿਚ ਫਿਰਨ ਕਰਕੇ ਮੁਕਤ ਰੂਪ ਨਹੀਂ ਹੁੰਦਾ।

ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥ ੭ ॥

ਜਾਂ ਖਸਮੁ=ਪਰਮਾਤਮਾ ਆਪ ਛੁਡਾਵੇ ਤਾਂ ਮੋਹ ਦੇ ਬੰਧਨਾਂ ਤੋਂ ਛੁਟਦਾ ਹੈ। ਗੁਰੂ ਆਪਣੀ ਮਤਿ=ਸਿਖਿਆ ਵਿਚ ਮੇਲ ਕੇ ਭਗਤੀ ਦ੍ਰਿੜ੍ਹਾਉਂਦੇ ਹਨ॥ ੭ ॥

ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦ ਸਬਦੁ ਨਿਰਾਲਾ ਵਾਜੇ ॥

ਖਸਟੀ=ਛੇਵੀਂ ਥਿੱਤ ਦੁਆਰਾ ਕਥਨ ਕਰਦੇ ਹਨ-ਪ੍ਰਭੂ ਨੇ ਖਟੁ ਦਰਸਨੁ=ਛੇ ਭੇਖ*, ਜਾਂ ਛੇ ਸ਼ਾਸਤ੍ਰ** ਬਣਾਏ ਹਨ। ਪਰ ਉਹ ਬ੍ਰਹਮ ਅਨਹਦ=ਇਕ-ਰਸ ਇਨ੍ਹਾਂ ਸਭਨਾਂ ਤੋਂ ਅਸੰਗ ਵਾਜੇ=ਪ੍ਰਗਟ ਹੈ।

*ਅਥਵਾ:-*ਇਕ-ਰਸ ਗੁਰਾਂ ਦੇ ਸ਼ਬਦ ਨੂੰ ਵਾਜੇ=ਉਚਾਰੇ ਤਾਂ ਇਹ ਜੀਵ ਅਸੰਗ ਹੁੰਦਾ ਹੈ।

ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ ਪਤਿ ਪਾਵੈ ॥

ਜੇਕਰ ਪ੍ਰਭੂ ਨੂੰ ਭਾਅ ਜਾਵੇ, ਉਸ ਦਾ ਭਾਣਾ ਮੰਨੇ ਤਾਂ ਮਹਲਿ=ਸਰੂਪ ਵਿਚ ਬੁਲਾਉਂਦਾ ਹੈ। ਗੁਰ ਸ਼ਬਦ ਵਿਚ ਭੇਦੇ=ਤਦਾਕਾਰ ਹੋਵੇ, ਜਾਂ ਸ਼ਬਦ ਦੁਆਰਾ ਮਨ ਦੇ ਕਠੋਰ ਸੁਭਾਅ ਨੂੰ ਭੇਦੇ=ਵਿੰਨ੍ਹੇ ਤਾਂ ਪਤੀ ਨੂੰ ਪਾ ਕੇ ਪਤ-ਆਬਰੋ ਨੂੰ ਪਾਉਂਦਾ ਹੈ।

ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ ਸਾਚੈ ਸਾਚੇ ਸਾਚਿ ਸਮਾਵਹਿ ॥ ੮ ॥

ਜੋ ਅਨੇਕ ਤਰ੍ਹਾਂ ਦੇ ਭੇਖ ਧਾਰਨ ਕਰਨ ਕਰਕੇ ਖਪਦੇ ਹਨ, ਉਹ ਉਹਨਾਂ ਦੇ ਅਭਿਮਾਨ ਵਿਚ ਹੀ ਸੜ ਜਾਂਦੇ ਹਨ। ਵਾ:-ਤ੍ਰਿਸ਼ਨਾ-ਅੱਗ ਵਿਚ ਸੜ ਜਾਂਦੇ ਹਨ।

ਸੱਚੇ ਨਾਮ ਜਪਣ ਵਾਲੇ ਗੁਰਮੁਖ ਸੱਚੇ ਹੋ ਕੇ ਸੱਚ ਸਰੂਪ ਵਿਚ ਸਮਾ ਜਾਂਦੇ ਹਨ॥ ੮ ॥

---

*ਜੋਗੀ, ਜੰਗਮ, ਸ੍ਵੇਵੜੇ, ਸੰਨਿਆਸੀ, ਦਰਵੇਸ਼, ਬਿਪਰ ।

**ਛੇ ਸ਼ਾਸਤ੍ਰ:-ਸਾਂਖਜ ਸ਼ਾਸਤ੍ਰ, ਨਿਆਇ ਸ਼ਾਸਤ੍ਰ, ਵਿਸ਼ੇਸ਼ਕ ਸ਼ਾਸਤ੍ਰ, ਮਿਮਾਂਸ਼ਕ ਸ਼ਾਸਤ੍ਰ, ਯੋਗ ਸ਼ਾਸਤ੍ਰ, ਵੇਦਾਂਤ ਸ਼ਾਸਤ੍ਰ।

ਸਪਤਮੀ ਸਤੁ ਸੰਤੋਖੁ ਸਰੀਰਿ॥ ਸਾਤ ਸਮੁੰਦ ਭਰੇ ਨਿਰਮਲ ਨੀਰਿ॥
ਮਜਨੁ ਸੀਲੁ ਸਚੁ ਰਿਦੈ ਵੀਚਾਰਿ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ॥

ਸੱਤਵੀਂ ਥਿੱਤ ਦੁਆਰਾ ਕਥਨ ਕਰਦੇ ਹਨ—ਜਿਸ ਨੇ ਸਰੀਰ ਵਿਚ ਸਤ ਤੇ ਸੰਤੋਖ ਨੂੰ ਧਾਰਿਆ ਹੈ ਤੇ ਸਤ ਸਮੁੰਦਰ-ਪੰਜ ਗਿਆਨ ਇੰਦ੍ਰੀਏ ਮਨ ਤੇ ਬੁੱਧੀ ਨੂੰ ਨਾਮ ਰੂਪ ਪਵਿੱਤ੍ਰ ਜਲ ਨਾਲ ਭਰ ਲਿਆ ਹੈ। ਸੀਲ ਸੁਭਾਅ, ਜਾਂ ਜਤ ਧਾਰਨਾ ਇਹ ਇਸ਼ਨਾਨ ਕੀਤਾ ਹੈ ਅਤੇ ਸੱਚ ਨੂੰ ਹਿਰਦੇ ਵਿਚ ਵਿਚਾਰਿਆ ਹੈ। ਉਹ ਗੁਰਾਂ ਦੇ ਸ਼ਬਦ ਕਰਕੇ ਸਾਰੇ ਹੀ ਸੰਸਾਰ-ਸਮੁੰਦਰ ਤੋਂ ਪਾਰ ਹੋਣਾ ਪਾਉਂਦੇ ਹਨ।

ਮਨਿ ਸਾਚਾ ਮੁਖਿ ਸਾਚਉ ਭਾਇ॥ ਸਚੁ ਨੀਸਾਣੈ ਠਾਕ ਨ ਪਾਇ॥ ੯॥

੧. ਜਿਸ ਦੇ ਮਨ ਵਿਖ ਸੱਚਾ ਨਾਮ ਹੈ ਤੇ ਮੂੰਹ ਵਿਚ ਭੀ ਸੱਚ ਦਾ ਭਾਇ=ਪ੍ਰੇਮ ਹੈ, ਉਹ ਸੱਚੇ ਨਾਮ ਰੂਪ ਨੀਸਾਨੈ=ਪ੍ਰਵਾਨੇ ਵਾਲਾ ਪੁਰਸ਼ ਦਰਗਾਹ ਵਿਚ ਰੁਕਾਵਟ ਨਹੀਂ ਪਾਉਂਦਾ।

੨. ਜਿਸ ਦੇ ਮਨ ਵਿਚ ਸੱਚਾ ਨਾਮ ਹੈ ਉਹ ਸੱਚੇ ਮੁਖੀ ਪਰਮਾਤਮਾ ਨੂੰ ਭਾਅ ਗਿਆ ਹੈ, ਉਸ ਨੂੰ ਸੱਚਾ ਪ੍ਰਭੂ ਨੀਸਾਣੈ=ਪ੍ਰਗਟ ਹੋਇਆ ਹੈ, ਏਸੇ ਕਰਕੇ ਉਹ ਕਿਧਰੇ ਭੀ ਠਾਕ ਨ ਪਾਇ=ਰੁਕਾਵਟ ਨਹੀਂ ਪਾਉਂਦਾ॥ ੯॥

ਅਸਟਮੀ ਅਸਟ ਸਿਧਿ ਬੁਧਿ ਸਾਧੈ॥ ਸਚੁ ਨਿਹਕੇਵਲੁ ਕਰਮਿ ਅਰਾਧੈ॥

ਅਸ਼ਟਮੀ ਥਿੱਤ ਦੁਆਰਾ ਕਥਨ ਕਰਦੇ ਹਨ—ਬੁੱਧੀ ਨੂੰ ਸਾਧੇ ਤਾਂ ਅਸਟ=ਅੱਠ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ। ਵਾ:-ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧੀ ਦੁਆਰਾ ਅੱਠ ਪ੍ਰਕਾਰ ਦੇ ਕਾਮ* ਨੂੰ ਸਾਧੇ ਤਾਂ ਸਭ ਕਾਰਜਾਂ ਦੀ ਸਿੱਧੀ ਵਾ:-ਵਾਕ ਸਿੱਧੀ ਹੋ ਜਾਂਦੀ ਹੈ। ਗੁਰਾਂ ਦੀ ਕਰਮਿ=ਕਿਰਪਾ ਦੁਆਰੇ ਸੱਚ ਨੂੰ ਅਰਾਧੇ ਤਾਂ ਨਿਹਕੇਵਲੁ=ਸ਼ੁੱਧ ਹੁੰਦਾ ਹੈ।

ਪਉਣ ਪਾਣੀ ਅਗਨੀ ਬਿਸਰਾਉ॥ ਤਹੀ ਨਿਰੰਜਨੁ ਸਾਚੋ ਨਾਉ॥

੧. ਜਿਸ ਜੀਵ ਨੇ ਜਿਸ ਅੰਤਹਕਰਨ ਵਿੱਚੋਂ ਪੌਣ, ਪਾਣੀ, ਅਗਨੀ ਆਦਿਕ ਤੱਤਾਂ ਰਚਤ ਸਰੀਰ ਦੇ ਦੇਹ ਅਧਿਆਸ ਨੂੰ ਬਿਸਰਾਉ=ਭੁਲ ਦਿੱਤਾ ਹੈ।

੨. ਜਿਸ ਨੇ ਜਿਸ ਅੰਤਹਕਰਨ ਵਿੱਚੋਂ ਪਉਣ=ਰਜੋਗੁਣ, ਪਾਣੀ=ਸਤੋਗੁਣ, ਅਗਨੀ=ਤਮੋਗੁਣ, ਤਿੰਨਾਂ ਗੁਣਾਂ ਨੂੰ ਭੁਲਾ ਦਿੱਤਾ ਹੈ।

ਤਹੀ=ਤਿਸੀ ਅੰਤਹਕਰਨ ਵਿਚ ਨਿਰੰਜਨ ਦਾ ਸੱਚਾ ਨਾਮ ਵੱਸਦਾ ਹੈ।

ਤਿਸੁ ਮਹਿ ਮਨੂਆ ਰਹਿਆ ਲਿਵ ਲਾਇ॥
ਪ੍ਰਣਵਤਿ ਨਾਨਕੁ ਕਾਲੁ ਨ ਖਾਇ॥ ੧੦॥

ਤਿਸ ਨਾਮ ਦੇ ਵਿਚ ਜਿਸ ਦਾ ਮਨ ਲਿਵ ਲਗਾ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਨੂੰ ਫਿਰ

---

*ਸ੍ਰਵਨ, ਸਿਮਰਨ, ਕੀਰਤਨ, ਨਿਸਚਿਤ, ਬਾਤ ਇਕੰਤ, ਦ੍ਰਿੜ੍ਹ ਸੰਕਲਪ, ਪ੍ਰਯਤਨ, ਤਨ ਪ੍ਰਾਪਤਿ।

ਯਥਾ:- 'ਸ੍ਰਵਨ ਸਿਮਰਣ ਔ ਕੀਰਤਨ, ਚਿਤਵਨ ਬਾਤ ਇਕੰਤ।
ਦ੍ਰਿੜ੍ਹ ਸੰਕਲਪ ਪ੍ਰਯਤਨ ਤਨ, ਪ੍ਰਾਪਤਿ ਅਸ਼ਟ ਕਹੰਤ।' (ਵਿਚਾਰ ਮਾਲਾ, ਬਿਸ਼੍ਰਾਮ ੪)

ਕਾਲ ਨਹੀਂ ਖਾਂਦਾ ॥ ੧੦॥

ਨਾਉ ਨਉਮੀ ਨਵੇ ਨਾਥ ਨਵ ਖੰਡਾ ॥ ਘਟਿ ਘਟਿ ਨਾਥੁ ਮਹਾ ਬਲਵੰਡਾ ॥

ਨਉਮੀ=ਨੌਮੀ ਥਿੱਤ ਦੁਆਰਾ ਕਥਨ ਕਰਦੇ ਹਨ—ਨੌ ਨਾਥ* ਤੇ ਨੌਂ ਖੰਡਾਂ** ਦਾ, ਅਤੇ ਸਾਰਿਆਂ ਘਟਾਂ-ਘਟਾਂ ਦਾ ਜੋ ਨਾਥੁ=ਸੁਆਮੀ ਹੈ, ਉਸ ਪਰਮੇਸ਼ਰ ਦਾ ਨਾਉ=ਨਾਮ ਮਹਾ ਬਲਵੰਡਾ=ਬੜੇ ਬਲ ਵਾਲਾ ਹੈ।

ਅਥਵਾ:-ਉਹ ਨਾਉ=ਨਾਮੀ ਪਰਮਾਤਮਾ ਮਹਾ=ਬੜਾ ਬੱਲਵਾਨ ਹੈ।

[ਪੰਨਾ ੮੪੦]

ਆਈ ਪੂਤਾ ਇਹੁ ਜਗੁ ਸਾਰਾ ॥ ਪ੍ਰਭ ਆਦੇਸੁ ਆਦਿ ਰਖਵਾਰਾ ॥

੧. ਇਹ ਸਾਰਾ ਜਗਤ ਆਈ ਪੂਤਾ=ਮਾਇਆ ਦਾ ਪੁੱਤਰ ਹੈ।

੨. ਇਸ ਸਾਰੇ ਜਗਤ ਵਿਚ ਉਸ ਪਰਮੇਸ਼ਰ ਦੀ ਪੂਤਾ=ਪਵਿੱਤ੍ਰ ਚੇਤਨ ਸੱਤਾ ਆਈ=ਆ ਰਹੀ ਹੈ। ਜੋ ਪ੍ਰਭੂ ਆਦੋਂ ਹੀ ਸਭ ਦੀ ਰੱਖਿਆ ਕਰਨ ਵਾਲਾ ਹੈ, ਉਸ ਪ੍ਰਭੂ ਨੂੰ ਆਦੇਸੁ=ਨਮਸ਼ਕਾਰ ਹੈ।

ਆਦਿ ਜੁਗਾਦੀ ਹੈ ਭੀ ਹੋਗੁ ॥ ਓਹੁ ਅਪਰੰਪਰੁ ਕਰਣੈ ਜੋਗੁ ॥ ੧੧ ॥

ਉਹ ਪਰਮੇਸ਼ਰ ਆਦਿ ਜੁਗਾਦੀ=ਸਦਾ ਸਦਾ ਹੁਣ ਹੈ, ਭੀ=ਪਿੱਛੇ ਸੀ, ਹੋਗੁ=ਅੱਗੇ ਹੋਵੇਗਾ। ਉਹ ਅਪਰੰਪਰੁ=ਪਰਮਾਤਮਾ ਸਭ ਗੱਲਾਂ ਦੇ ਕਰਨੇ ਜੋਗੁ=ਲਾਇਕ ਹੈ।

ਅਥਵਾ:-ਉਹ ਅਪਰੰਪਰ ਨਮਸ਼ਕਾਰ ਕਰਨੇ ਜੋਗ ਹੈ॥ ੧੧॥

ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥

ਦਸਮੀ ਥਿੱਤ ਦੁਆਰਾ ਕਥਨ ਕਰਦੇ ਹਨ, ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ, ਨਾਮ ਜਪ ਅਤੇ ਯਥਾ ਸ਼ਕਤਿ ਦਾਨ ਦੇਣਾ ਕਰ।

੧. ਰਾਤ ਦਿਨ ਗੁਣਾਂ ਦੇ ਸਹਿਤ ਹੋ ਕੇ ਸੱਚ-ਨਾਮ ਰੂਪ ਜਲ ਵਿਚ ਇਸ਼ਨਾਨ ਕਰ ਤਾਂ ਗਿਆਨ ਹੋਵੇਗਾ।

੨. ਸੱਚੇ ਦੀ ਪ੍ਰਾਪਤੀ ਕਰਨ ਵਾਲੇ ਗਿਆਨ ਆਦਿਕ ਗੁਣਾਂ ਵਿਚ ਰਾਤ ਦਿਨ ਇਸ਼ਨਾਨ ਕਰ।

ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥

ਸੱਚ-ਨਾਮ ਜਪਣ ਕਰਕੇ, ਜਾਂ ਸੱਚ ਦੀ ਵਿਚਾਰ ਕੀਤਿਆਂ ਰਾਗ ਦ੍ਵੈਸ਼ ਰੂਪੀ ਮੈਲ ਨਹੀਂ ਲਗਦੀ, ਭਰਮ ਅਤੇ ਭਉ=ਡਰ ਨਾਸ ਹੋ ਜਾਂਦਾ ਹੈ।

ਚੇਤੇ ਰੱਖੋ:-ਕੱਚੇ ਧਾਗੇ ਨੂੰ ਟੁੱਟਦਿਆਂ ਬਿਲਮੁ=ਦੇਰ ਨਹੀਂ ਲਗਦੀ।

ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥ ੧੨ ॥

ਜਿਵੇਂ ਕੱਚਾ ਧਾਗਾ ਹੈ, ਇਸੇ ਤਰ੍ਹਾਂ ਜਗਤ ਨੂੰ ਮਿਥਿਆ ਜਾਣੋ। ਚਿਤ ਨੂੰ ਅਚੱਲ ਕਰਕੇ ਸੱਚ ਦੇ ਰੰਗ

**੧. ਗੋਰਖ ਨਾਥ, ੨. ਮਛੰਦਰ ਨਾਥ, ੩. ਚਰਪਟ ਨਾਥ, ੪. ਮੰਗਲ ਨਾਥ, ੫. ਘੁੱਘੂ ਨਾਥ, ੬.ਭਰਥਰਿ ਨਾਥ, ੭.ਗੋਪੀ ਨਾਥ, ੮.ਈਸ਼ਰ ਨਾਥ, ੯. ਚੰਬਾ ਨਾਥ।*

***੧. ਕਿੰ ਪੁਰਖ ਖੰਡ, ੨. ਭੱਦਰ ਖੰਡ, ੩. ਕੇਤਮਾਲ ਖੰਡ, ੪. ਹਰਿ ਵਰਖ ਖੰਡ, ੫. ਹਿਰਣਯ ਖੰਡ, ੬. ਰਮਯ ਖੰਡ, ੭. ਕੁਸ਼ ਖੰਡ, ੮. ਇਲਾ ਬ੍ਰਤ ਖੰਡ, ੯. ਭਾਰਤ ਖੰਡ।*

ਮਾਣਹੁ=ਅਨੰਦ ਨੂੰ ਭੋਗੋ॥ ੧੨॥

ਏਕਾਦਸੀ ਇਕੁ ਰਿਦੈ ਵਸਾਵੈ॥ ਹਿੰਸਾ ਮਮਤਾ ਮੋਹੁ ਚੁਕਾਵੈ॥

ਇਕਾਦਸ਼ੀ ਥਿੱਤ ਦੁਆਰਾ ਕਥਨ ਕਰਦੇ ਹਨ—ਇਕ ਪ੍ਰਭੂ ਨੂੰ ਹਿਰਦੇ ਵਿਚ ਵਸਾ ਲਵੇ। ਜੀਵ ਹਿੰਸਿਆ, ਪਦਾਰਥਾਂ ਦੀ ਮਮਤਾ ਅਤੇ ਮੋਹ ਨੂੰ ਦੂਰ ਕਰ ਦੇਵੇ।

ਫਲੁ ਪਾਵੈ ਬ੍ਰਤੁ ਆਤਮ ਚੀਨੈ॥ ਪਾਖੰਡਿ ਰਾਚਿ ਤਤੁ ਨਹੀ ਬੀਨੈ॥

ਸਾਰਿਆ ਨੂੰ ਆਤਮ ਚੀਨੈ=ਆਪਣਾ ਸਰੂਪ ਕਰਕੇ ਜਾਣੇ ਤਾਂ ਬਰਤ ਦਾ ਫਲ ਪਾਉਂਦਾ ਹੈ।

ਜਾ ਆਤਮਾ ਦੇ ਜਾਣਨੇ ਰੂਪ ਬਰਤ ਨੂੰ ਰੱਖੇ ਤਾਂ ਗਿਆਨ-ਫਲ ਨੂੰ ਪਾਉਂਦਾ ਹੈ।

ਪਖੰਡ ਵਿਚ ਰਾਚਿ=ਲੱਗਾ ਹੋਇਆ ਪਖੰਡੀ ਪੁਰਸ਼ ਤਤੁ=ਸਿਧਾਂਤ ਨੂੰ ਨਹੀਂ ਦੇਖਦਾ।

ਨਿਰਮਲੁ ਨਿਰਾਹਾਰੁ ਨਿਹਕੇਵਲੁ॥ ਸੂਚੈ ਸਾਚੇ ਨਾ ਲਾਗੈ ਮਲੁ॥ ੧੩॥

ਜੋ ਸ਼ੁੱਧ ਸਰੂਪ, ਅਹਾਰ=ਭੋਜਨ ਤੋਂ ਰਹਿਤ, ਨਿਹਕੇਵਲੁ=ਅਦੁਤੀ ਸਰੂਪ ਹੈ। ਉਸ ਸੱਚੇ ਨੂੰ ਜਾਣ ਕੇ ਜੋ ਸੂਚੈ=ਪਵਿੱਤ੍ਰ ਹੋਏ ਹਨ, ਉਨ੍ਹਾਂ ਨੂੰ ਅਵਿਦਿਆ ਦੀ ਮੈਲ ਨਹੀਂ ਲਗਦੀ ॥ ੧੩॥

ਜਹ ਦੇਖਉ ਤਹ ਏਕੋ ਏਕਾ॥ ਹੋਰਿ ਜੀਅ ਉਪਾਏ ਵੇਕੋ ਵੇਕਾ॥

ਜਿਥੇ ਵੇਖਦੇ ਹਾਂ ਓਥੇ ਇਕੋ ਇਕ ਪਰਮਾਤਮਾ ਹੈ। ਉਸ ਨੇ ਹੋਰ ਜਿੰਨੇ ਜੀਵ ਪੈਦਾ ਕੀਤੇ ਹਨ, ਸਭ ਵੇਕੋ ਵੇਕਾ=ਭਿੰਨ ਭਿੰਨ (ਵੱਖੋ ਵੱਖਰੇ) ਹਨ।

ਫਲੋਹਾਰ ਕੀਏ ਫਲੁ ਜਾਇ॥ ਰਸ ਕਸ ਖਾਏ ਸਾਦੁ ਗਵਾਇ॥

੧. ਫਲੋਹਾਰ=ਫਲ ਦਾ ਭੋਜਨ ਕਰਨ ਨਾਲ ਵੀ ਇਕਾਦਸ਼ੀ ਦਾ ਫਲ ਚਲਿਆ ਜਾਂਦਾ ਹੈ।

੨. ਫਲੋਹਾਰ=ਖੋਟਿਆਂ ਸੰਕਲਪਾਂ ਰੂਪੀ ਭੋਜਨ ਕਰਨੇ ਕਰਕੇ ਭੀ ਬ੍ਰਹਮਗਿਆਨ ਰੂਪੀ ਫਲ ਚਲਾ ਜਾਂਦਾ ਹੈ। ਦੁਨਿਆਵੀ ਰਸਾਂ ਕਸਾਂ ਨੂੰ ਖਾ ਕੇ, ਵਾ:-ਕਸ=ਤਾੜਨਾ ਦੇਣ ਵਾਲੇ ਰਸਾਂ ਨੂੰ ਖਾ ਕੇ, ਵਾ:-ਕਸੀਸ ਦੇ ਕੇ ਕੱਢੇ ਹੋਏ ਸ਼ਰਾਬ ਆਦਿਕ ਰਸਾਂ ਨੂੰ ਖਾ ਕੇ ਆਤਮ-ਸੁਆਦ ਨੂੰ ਗੁਆ ਲੈਂਦਾ ਹੈ।

ਕੂੜੈ ਲਾਲਚਿ ਲਪਟੈ ਲਪਟਾਇ॥ ਛੂਟੈ ਗੁਰਮੁਖਿ ਸਾਚੁ ਕਮਾਇ॥ ੧੪॥

(ਗੁਰਮੁਖ) ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਆਪ ਫਸਦੇ ਹਨ, ਤੇ ਹੋਰਨਾਂ ਨੂੰ ਫਸਾਉਂਦੇ ਹਨ। ਸੱਚ ਨਾਮ ਦੀ ਕਮਾਈ ਨੂੰ ਕਮਾ ਕੇ ਗੁਰਮੁਖ ਲਾਲਚ ਤੋਂ ਛੁੱਟ ਗਏ ਹਨ॥ ੧੪॥

ਦੁਆਦਸਿ ਮੁਦ੍ਰਾ ਮਨੁ ਅਉਧੂਤਾ॥ ਅਹਿਨਿਸਿ ਜਾਗਹਿ ਕਬਹਿ ਨ ਸੂਤਾ॥

ਜਿਸ ਨੇ ਦਸ ਇੰਦ੍ਰੀਏ ਤੇ ਮਨ ਬੁੱਧੀ ਇਨ੍ਹਾਂ ਦੁਆਦਸਿ=ਬਾਰ੍ਹਾਂ ਨੂੰ ਮੁਦ੍ਰਾ=ਰੋਕਿਆ ਹੈ, ਉਸ ਦਾ ਮਨ ਅਉਧੂਤਾ=ਸ਼ੁੱਧ (ਪਵਿੱਤ੍ਰ) ਹੋਇਆ ਹੈ। ਉਹ ਦਿਨ ਰਾਤ ਗਿਆਨ-ਜਾਗ੍ਰਤ ਵਿਚ ਜਾਗਦਾ ਹੈ, ਮੋਹ, ਅਵਿਦਿਆ ਰੂਪ ਨੀਂਦ ਵਿਚ ਕਦੇ ਨਹੀਂ ਸੌਂਦਾ।

ਜਾਗਤੁ ਜਾਗਿ ਰਹੈ ਲਿਵ ਲਾਇ॥ ਗੁਰ ਪਰਚੈ ਤਿਸੁ ਕਾਲੁ ਨ ਖਾਇ॥

ਜੋ ਵਿਲ ਲਗਾ ਕੇ ਗਿਆਨ-ਜਾਗ੍ਰਤ ਵਿਚ ਜਾਗ ਰਿਹਾ ਹੈ। ਉਸ ਗੁਰ-ਉਪਦੇਸ਼ ਵਾਲੇ ਨੂੰ,

ਵਾ :- ਗੁਰੂ ਦੇ ਪ੍ਰੇਮ ਵਾਲੇ ਨੂੰ ਕਾਲ ਨਹੀਂ ਖਾਂਦਾ।

ਅਤੀਤ ਭਏ ਮਾਰੇ ਬੈਰਾਈ॥ ਪ੍ਰਣਵਤਿ ਨਾਨਕ ਤਹ ਲਿਵ ਲਾਈ॥ ੧੫॥

ਜੋ ਪਦਾਰਥਾਂ ਤੋਂ ਅਤੀਤ=ਰਹਿਤ ਹੋਏ ਹਨ, ਉਨ੍ਹਾਂ ਨੇ ਸਭ ਵੈਰੀ ਮਾਰ ਦਿੱਤੇ ਹਨ।

ਅਥਵਾ:-ਜੋ ਕਾਮ ਕ੍ਰੋਧ ਆਦਿਕ ਵੈਰੀਆਂ ਨੂੰ ਮਾਰ ਕੇ ਅਤੀਤ ਹੋਏ ਹਨ।

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਨੇ ਉਸ ਪ੍ਰਭੂ ਵਿਚ ਲਿਵ ਲਗਾਈ ਹੈ॥ ੧੫॥

ਦੁਆਦਸੀ ਦਇਆ ਦਾਨੁ ਕਰਿ ਜਾਣੈ॥ ਬਾਹਰਿ ਜਾਤੋ ਭੀਤਰਿ ਆਣੈ॥

ਦੁਆਦਸੀ ਥਿੱਤ ਦੁਆਰਾ ਕਥਨ ਕਰਦੇ ਹਨ, ਸਭ ਉਤੇ ਦਇਆ ਤੇ ਦਾਨ ਕਰਨਾ ਜਾਣੇ। ਬਾਹਰ ਜਾਂਦੇ ਮਨ ਨੂੰ ਅੰਦਰ ਲਿਆਵੇ ਭਾਵ ਅੰਤ੍ਰਮੁਖ ਬਿਰਤੀ ਕਰੇ।

ਬਰਤੀ ਬਰਤ ਰਹੈ ਨਿਹਕਾਮ॥ ਅਜਪਾ ਜਾਪੁ ਜਪੈ ਮੁਖਿ ਨਾਮ॥

ਇਸ ਤਰ੍ਹਾਂ ਦਾ ਬਰਤੀ=ਵਜਤ ਰੱਖਣ ਵਾਲਾ ਹੋ ਕੇ ਨਿਸ਼ਕਾਮਤਾ ਵਿਚ ਵਰਤਦਾ ਰਹੇ।

ਜਾਂ ਬਰਤੀ=ਨਿਯਮੀ ਹੋ ਕੇ ਨਿਸ਼ਕਾਮਤਾ ਦੇ ਬਰਤ=ਨਿਯਮ ਵਿਚ ਰਹੇ। ਅਤੇ-

ਮੁੰਹੋ ਅਜਪਾ ਜਾਪੁ=ਓਅੰ ਸੋ ਹੰ ਰੂਪ ਨਾਮ ਨੂੰ ਜਪੇ। ਜਾਂ ਜਪਣੇ ਤੋਂ ਅਜਪ ਜੋ ਪ੍ਰਭੂ ਹੈ, ਉਸ ਦਾ ਸਤਿਨਾਮ ਮੁੰਹ ਤੋਂ ਜਪੇ ।

ਤੀਨਿ ਭਵਣ ਮਹਿ ਏਕੋ ਜਾਣੈ॥ ਸਭਿ ਸੁਚਿ ਸੰਜਮ ਸਾਚੁ ਪਛਾਣੈ॥ ੧੬॥

ਤਿੰਨਾਂ ਲੋਕਾਂ ਵਿਚ ਇਕ ਪ੍ਰਭੂ ਨੂੰ ਜਾਣੇ। ਸੁਚਿ=ਪਵਿੱਤ੍ਰ ਤੇ ਸੰਜਮ ਆਦਿਕ ਸਾਧਨ ਕਰਕੇ ਸੱਚ ਨੂੰ ਸਾਰਿਆਂ ਵਿਚ ਪਛਾਣੇ ॥ ੧੬॥

ਤੇਰਸਿ ਤਰਵਰ ਸਮੁਦ ਕਨਾਰੈ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ॥

੧. ਤੇਰਸਿ=ਤਰੋਦਸੀ ਥਿੱਤ ਦੁਆਰਾ ਕਥਨ ਕਰਦੇ ਹਨ—ਜਿਵੇਂ ਸਮੁੰਦਰ ਦੇ ਕਿਨਾਰੇ ਤਰਵਰ=ਬ੍ਰਿਛ ਹੁੰਦਾ ਹੈ, ਉਸ ਦੇ ਨਾਸ ਹੋਣ ਵਿਚ ਕੋਈ ਦੇਰ ਨਹੀਂ ਹੁੰਦੀ । ਤਿਵੇਂ ਸੰਸਾਰ ਦੇ ਨਾਸ ਹੁੰਦਿਆਂ ਕੋਈ ਦੇਰ ਨਹੀ ਲਗਦੀ। ਜੋ ਪ੍ਰਭੂ ਅੰਮ੍ਰਿਤ ਰੂਪ ਹੈ ਤੇ ਸਭ ਦਾ ਮੂਲ=ਮੁੱਢ, ਭਾਵ ਕਾਰਨ ਰੂਪ ਹੈ ਤੇ ਸਿਖਰਿ=ਉਤ ਕ੍ਰਿਸ਼ਟ ਹੈ, ਉਸ ਵਿਚ ਤੇਲ ਧਾਰਾ ਵਾਂਗ ਲਿਵ ਲਗਾਵੇ।

੨. ਸੰਸਾਰ-ਸਮੁੰਦਰ ਦੇ ਕਿਨਾਰੇ ਜੋ ਬ੍ਰਹਮ ਰੂਪ ਦਰੱਖਤ ਹੈ, ਅੰਮ੍ਰਿਤ ਦਾ ਮੁੱਢ, ਸਾਰਿਆ ਤੋਂ ਸਿਖਰਿ=ਵੱਡਾ ਜੋ ਉਸ ਵਿਚ ਲਿਵ ਲਗਾਉਂਦਾ ਹੈ ਉਹ ਆਪ ਤਰਦਾ ਹੇ ਤੇ ਹੋਰਨਾਂ ਨੂੰ ਤਾਰਦਾ ਏ।

ਡਰ ਡਰਿ ਮਰੈ ਨ ਬੂਡੈ ਕੋਇ॥ ਨਿਡਰੁ ਬੂਡਿ ਮਰੈ ਪਤਿ ਖੋਇ॥

ਜਿਹੜਾ ਕੋਈ ਪ੍ਰਭੂ ਦੇ ਡਰ ਨਾਲ ਡਰ ਕੇ ਜੀਵਤ ਭਾਵ ਤੋਂ ਮਰਦਾ ਹੇ ਉਹ ਕੋਈ ਡੁੱਬਦਾ ਨਹੀਂ ਹੈ। ਜਿਹੜਾ ਪਰਮੇਸ਼ਰ ਦੇ ਡਰ ਤੋਂ ਰਹਿਤ ਹੈ, ਉਹ ਆਪਣੀ ਇੱਜ਼ਤ ਗੁਆ ਕੇ ਸੰਸਾਰ-ਸਮੁੰਦਰ ਵਿਚ ਡੁੱਬ ਮਰਦਾ ਹੈ।

ਡਰ ਮਹਿ ਘਰੁ ਘਰ ਮਹਿ ਡਰੁ ਜਾਣੈ॥ ਤਖਤਿ ਨਿਵਾਸੁ ਸਚੁ ਮਨਿ ਭਾਣੈ॥ ੧੭॥

ਪਰਮੇਸ਼ਰ ਦੇ ਡਰ ਵਿਚ ਜਿਨ੍ਹਾਂ ਦਾ ਘਰੁ=ਸਰੀਰ ਹੈ ਅਤੇ ਘਰ=ਸਰੀਰ ਵਿਚ ਡਰ ਨੂੰ ਜਾਣਿਆ ਹੈ ਅਤੇ ਮਨ ਵਿਚ ਸੱਚੇ ਦੇ ਭਾਣੇ ਨੂੰ ਮੰਨਦੇ ਹਨ, ਉਨ੍ਹਾਂ ਦਾ ਸਰੂਪ ਤਖਤ ਪਰ ਨਿਵਾਸ ਹੁੰਦਾ ਹੈ॥ ੧੭॥

ਇਸ ਤੁਕ ਦਾ ਦੂਜਾ ਅਰਥ ਚੱਕ੍ਰਕਾ ਦੇ ਅਨੁਸਾਰ ਲੱਗਦਾ ਹੈ:-

ਸਤਿਸੰਗਤ ਰੂਪ ਤਖਤ ਪਰ ਨਿਵਾਸ ਕਰੇ ਤਾਂ ਸੱਚੇ ਦਾ ਨਾਮ ਮਨ ਵਿਚ ਭਾਉਂਦਾ ਹੈ, ਜਾਂ ਸੱਚੇ ਦਾ ਨਾਮ ਮਨ ਵਿਚ ਭਾਇਆ ਤਾਂ ਅੰਤ੍ਰਮੁੱਖਤਾ ਰੂਪੀ ਤਖ਼ਤ ਪਰ ਨਿਵਾਸ ਹੋਇਆ, ਜਾਂ ਅੰਤ੍ਰਮੁਖਤਾ ਰੂਪੀ ਤਖ਼ਤ ਪਰ ਨਿਵਾਸ ਹੋਇਆ, ਜਾਂ ਸਰੂਪ-ਤਖ਼ਤ ਪਰ ਨਿਵਾਸ ਹੋਇਆ ਤਾਂ ਇਸ ਤਰ੍ਹਾਂ ਨਿਸਚੇ ਹੋਇਆ 'ਜੋ ਸੱਚਾ ਸਭ ਦੇ ਮਨ ਨੂੰ ਭਾਉਂਦਾ ਹੈ, ਉਹ ਸੰਸਾਰ=ਤਖ਼ਤ ਪਰ ਨਿਵਾਸ ਕਰ ਰਿਹਾ ਹੈ।'

ਚਉਦਸਿ ਚਉਥੇ ਥਾਵਹਿ ਲਹਿ ਪਾਵੈ॥ ਰਾਜਸ ਤਾਮਸ ਸਤ ਕਾਲ ਸਮਾਵੈ॥

ਚੌਦਸ ਥਿੱਤ ਦੁਆਰਾ ਕਥਨ ਕਰਦੇ ਹਨ—ਚਉਥੇ ਥਾਵਹਿ=ਤੁਰੀਆ ਪਦ ਨੂੰ ਭਾਵ ਸਾਖੀ ਬ੍ਰਹਮ ਨੂੰ ਲਹਿ=ਲਖਣਾ (ਜਾਣਨਾ) ਪਾਵੈ। ਰਾਜਸ=ਰਜੋਗੁਣ, ਤਾਮਸ=ਤਮੋਗੁਣ, ਸਤ=ਸਤੋਗੁਣ ਅਤੇ ਕਾਲ, ਇਨ੍ਹਾਂ ਸਾਰਿਆਂ ਨੂੰ ਸਮਾਵੈ=ਅਭਾਵ ਕਰੇ।

ਸਸੀਅਰ ਕੈ ਘਰਿ ਸੂਰੁ ਸਮਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥

ਸਸੀਅਰ=ਸਤੋਗੁਣ ਵਿਸ਼ਿਸ਼ਟ ਅੰਤਹਕਰਨ ਰੂਪੀ ਘਰ ਵਿਚ,

ਅਥਵਾ:-ਸਸੀਅਰ=ਚੰਦ੍ਰਮਾ ਦਾ ਘਰ ਜੋ ਰਾਤ ਹੈ ਰਾਤ ਵਿਚੋਂ ਅਵਿਦਿਆ ਆਈ, ਉਸ ਅਵਿਦਿਆ ਘਰ ਵਿਚ ਜਿਸ ਵੇਲੇ ਗਿਆਨ ਰੂਪੀ ਸੂਰਜ ਸਮਾਉਂਦਾ ਹੈ, ਤਾਂ-

ਜੋਗ ਵਿਚ ਜੁੜਨ ਦੀ ਕੀਮਤ ਨੂੰ ਪਾਉਂਦਾ ਹੈ,

ਅਥਵਾ:-ਭਗਤੀ ਜੋਗ ਵਿਚ ਜੁੜ ਕੇ ਪਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਉਂਦਾ ਹੈ।

ਚਉਦਸਿ ਭਵਨ ਪਾਤਾਲ ਸਮਾਏ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ॥ ੧੮॥

ਸੱਤ ਪਤਾਲ ਤੇ ਸੱਤ ਅਕਾਸ਼ (ਰੂਪ ਚੌਦਾਂ ਲੋਕਾਂ) ਵਿਚ ਜੋ ਸਮਾ ਰਿਹਾ ਹੈ ਅਤੇ ਖੰਡਾਂ ਬ੍ਰਹਿਮੰਡਾਂ ਵਿਚ ਭੀ ਜੋ ਲਿਵ=ਸਮਾਧੀ ਲਗਾ ਰਿਹਾ ਹੈ॥ ੧੮॥

ਜਾਂ ਨੌਂ ਖੰਡਾਂ ਤੇ ਬ੍ਰਹਿਮੰਡਾਂ ਵਿਚ ਜੋ ਸਮਾ ਰਿਹਾ ਹੈ, ਉਸ ਵਿਚ ਲਿਵ ਲਗਾਉਣਾ ਕਰ॥ ੧੮॥

ਅਮਾਵਸਿਆ ਚੰਦੁ ਗੁਪਤੁ ਗੈਣਾਰਿ॥ ਬੂਝਹੁ ਗਿਆਨੀ ਸਬਦੁ ਬੀਚਾਰਿ॥

ਅਮਾਵਸ ਥਿੱਤ ਦੁਆਰਾ ਕਥਨ ਕਰਦੇ ਹਨ-ਜਿਵੇਂ ਮੱਸਿਆ ਦੀ ਰਾਤ ਵਿੱਚ ਗੈਣਾਰਿ=ਅਕਾਸ਼ ਵਿਖੇ ਚੰਦ੍ਰਮਾ ਗੁਪਤਾ ਰਹਿੰਦਾ ਹੈ। ਤਿਵੇਂ ਹਿਰਦੇ ਰੂਪ ਅਕਾਸ਼ ਵਿਚ ਪਰਮੇਸ਼ਰ ਰੂਪ ਚੰਦ੍ਰਮਾ ਗੁਪਤ ਰਹਿੰਦਾ ਹੈ।

੧. ਹੇ ਗਿਆਨੀਓ ! ਸ਼ਬਦ ਦੇ ਵਿਚਾਰ ਦੁਆਰਾ ਬੁੱਝਣਾ ਕਰੋ।

੨. ਗਿਆਨੀਆਂ ਦੇ ਸ਼ਬਦ ਦੇ ਵਿਚਾਰ ਦੁਆਰਾ ਬੁੱਝਣਾ ਕਰੋ।

ਸਸੀਅਰੁ ਗਗਨਿ ਜੋਤਿ ਤਿਹੁ ਲੋਈ॥ ਕਰਿ ਕਰਿ ਵੇਖੈ ਕਰਤਾ ਸੋਈ॥

ਸਸੀਅਰੁ=ਚੰਦ੍ਰਮਾ, ਗਗਨਿ=ਅਕਾਸ਼ ਅਤੇ ਤਿੰਲਾਂ ਲੋਕਾਂ ਵਿਚ ਉਸ ਜੋਤੀ ਦੀ ਜੋਤ ਹੈ।

ਅਥਵਾ:-ਸਸੀ=ਚੰਦ੍ਰਮਾ, ਅਰੁ=ਅਤੇ ਸੂਰਜ ਤੇ ਤਿੰਨਾਂ ਲੋਕਾਂ ਵਿਚ ਜਿਸ ਦੀ ਜੋਤ ਹੈ, ਉਹ ਜੋਤੀ ਹਿਰਦੇ ਰੂਪ ਗਗਨਿ=ਅਕਾਸ਼ ਵਿਚ ਹੈ।

ਉਹ ਕਰਤਾ ਪੁਰਖ ਹੀ ਕਰਿ=ਉਤਪੱਤੀ ਕਰਕੇ ਵੇਖੈ=ਪਾਲਦਾ ਹੈ।

ਗੁਰ ਤੇ ਦੀਸੈ ਸੋ ਤਿਸ ਹੀ ਮਾਹਿ॥ ਮਨਮੁਖਿ ਭੂਲੇ ਆਵਹਿ ਜਾਹਿ॥ ੧੯॥

ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਨੂੰ ਦਿਸਦਾ ਹੈ, ਉਹ ਓਸੇ ਦੇ ਵਿਚ ਹੀ ਸਮਾ ਜਾਂਦੇ ਹਨ ।

ਅਤੇ ਉਸ ਤੋਂ ਭੁੱਲੇ ਹੋਏ ਮਨਮੁਖ ਜੰਮਦੇ ਮਰਦੇ ਹਨ॥ ੧੯॥

ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ॥

ਸਤਿਸੰਗਤ ਰੂਪੀ ਸੁਹਾਵੇ ਥਾਨ ਵਿਖੇ ਇਸਥਿਤ ਹੋ ਕੇ ਘਰੁ=ਸਰੀਰ ਤੇ ਦਰੁ=ਇੰਦ੍ਰੀਆਂ ਨੂੰ ਥਾਪਿ=ਰੋਕੇ। ਸਰੂਪ=ਘਰ ਦੀ ਪ੍ਰਾਪਤੀ ਦਾ ਜੋ ਦਰੁ=ਦਰਵਾਜ਼ਾ (ਗਿਆਨ) ਹੈ, ਉਸ ਨੂੰ ਹਿਰਦੇ ਵਿਚ ਥਾਪੇ ਤਾਂ ਸੁਹਾਵੇ ਥਾਨਿ=ਸਰੂਪ ਵਿਚ ਇਸਥਿਤ ਹੁੰਦਾ ਹੈ।

ਜਾਂ ਸਤਿਗੁਰਾਂ ਨੂੰ ਪਾਵੇ ਤਾਂ ਆਪਣੇ ਆਪ ਨੂੰ ਪਛਾਣ ਲੈਂਦਾ ਹੈ।

ਜਹ ਆਸਾ ਤਹ ਬਿਨਸਿ ਬਿਨਾਸਾ॥ ਫੂਟੈ ਖਪਰੁ ਦੁਬਿਧਾ ਮਨਸਾ॥

ਜਿਸ ਅੰਤਹਕਰਨ ਵਿਚ ਪਦਾਰਥਾਂ ਦੀ ਆਸਾ ਹੈ, ਤਿਸਦਾ ਬਿਨਸਿ=ਸ਼ੀਅਰ ਬਿਨਾਸ ਹੁੰਦਾ ਹੈ।

ਮਨਸਾ=ਬੁੱਧੀ ਵਿਚ ਦੁਬਿਧਾ ਦੇ ਹੋਣ ਕਰਕੇ ਸਰੀਰ ਰੂਪੀ ਖੱਪਰ ਫੁਟ ਜਾਂਦਾ ਹੈ।

ਅਥਵਾ:-ਜਿਸ ਅੰਤਹਕਰਨ ਵਿਚ ਆਸਾ ਹੈ ਨਾਸ ਕਰਨ ਵਾਲੀ ਓਸੇ ਅੰਤਹਕਰਨ ਵਿੱਚੋਂ ਜਦ ਉਸ ਨੂੰ ਬਿ=ਵਿਸ਼ੇਸ਼ ਕਰਕੇ ਨਾਸ ਕੀਤਾ । ਤਾਂ ਮਨਸਾ=ਬੁੱਧੀ ਵਿਚੋ ਦੁਬਿਧਾ ਰੂਪੀ ਖੱਪਰ ਫੁਟ ਗਿਆ।

ਮਮਤਾ ਜਾਲ ਤੇ ਰਹੈ ਉਦਾਸਾ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ॥ ੨੦॥ ੧॥

ਜੋ ਮਮਤਾ ਰੂਪੀ ਜਾਲ ਤੋਂ ਉਦਾਸੀਨ ਰਹਿੰਦਾ ਹੈ। ਜਾਂ ਪਦਾਰਥਾਂ ਦੀ ਮਮਤਾ ਤੋਂ ਅਤੇ ਮੋਹ ਰੂਪ ਜਾਲ ਤੋਂ ਉਦਾਸੀਨ ਰਹਿੰਦਾ ਹੈ, ਓਹ ਬ੍ਰਹਮ ਸਰੂਪ ਹੁੰਦਾ ਹੈ। ਏਸੇ ਕਰਕੇ-

ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਦੇ ਦਾਸ ਹਾਂ ॥ ੨੦॥ ੧॥

[ਪੰਨਾ ੮੪੧]

ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦

ੴ ਸਤਿਗੁਰ ਪ੍ਰਸਾਦਿ॥

ਇਸ ਬਾਣੀ ਵਿਚ ਸੱਤਾਂ ਵਾਰਾਂ ਦਾ ਜ਼ਿਕਰ ਹੈ, ਇਸ ਲਈ ਵਾਰ ਸੱਤ ਇਸ ਬਾਣੀ ਦਾ ਸਿਰਲੇਖ ਹੈ। ਸਿੱਖਾਂ ਨੇ ਬੇਨਤੀ ਕੀਤੀ- 'ਆਪ ਅਜੇਹੀ ਬਾਣੀ ਉਚਾਰੋ ਜਿਸ ਵਿਚ ਸੱਤੇ ਵਾਰ (ਦਿਨ) ਆ ਜਾਣ ਅਤੇ ਜਿਸ ਦੇ ਪੜ੍ਹਨ ਕਰਕੇ ਸੱਤ ਵਾਰ ਭੀ ਸਫਲ ਹੋ ਜਾਣ।' ਤਾਂ ਗੁਰੂ ਜੀ ਨੇ ਇਹ ਬਾਣੀ ਉਚਾਰੀ-

ਆਦਿਤ ਵਾਰਿ ਆਦਿ ਪੁਰਖੁ ਹੈ ਸੋਈ॥ ਆਪੇ ਵਰਤੈ ਅਵਰੁ ਨ ਕੋਈ॥

ਆਦਿਤ ਵਾਰਿ=ਐਤਵਾਰ ਦੁਆਰੇ ਕਥਨ ਕਰਦੇ ਹਨ-ਉਹ ਪਰਮਾਤਮਾ ਅਨਾਦੀ ਪੁਰਖ ਹੈ,

ਵਾ:-ਸਭ ਪੁਰਖਾਂ ਦੀ ਆਦ ਹੈ ਉਹ ਆਪ ਹੀ ਸਾਰੇ ਵਰਤ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

ਓਤਿ ਪੋਤਿ ਜਗੁ ਰਹਿਆ ਪਰੋਈ॥ ਆਪੇ ਕਰਤਾ ਕਰੈ ਸੁ ਹੋਈ॥

ਓਤਿਪੋਤਿ=ਤਾਣੇ ਪੇਟੇ ਦੇ ਸੂਤ ਵਾਂਗ ਸਾਰੇ ਜਗਤ ਵਿਚ ਵਿਆਪ ਰਿਹਾ ਹੈ। ਕਰਤਾ ਪੁਰਖ ਜੋ ਆਪ ਕਰਦਾ ਹੈ, ਓਹੀ ਹੁੰਦਾ ਹੈ।

ਨਾਮਿ ਰਤੇ ਸਦਾ ਸੁਖੁ ਹੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥ ੧॥

ਜੋ ਨਾਮੀ ਦੇ ਨਾਮ ਵਿਚ ਰੱਤੇ ਹਨ, ਉਨ੍ਹਾਂ ਨੂੰ ਸਦਾ=ਨਿਤ ਸੁਖ ਪ੍ਰਾਪਤ ਹੁੰਦਾ ਹੈ।

ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਗੁਰਮੁਖ ਬੂਝੈ=ਸਮਝਦਾ ਹੈ॥ ੧॥

ਹਿਰਦੈ ਜਪਨੀ ਜਪਉ ਗੁਣਤਾਸਾ॥

੧.ਪ੍ਰਤੱਖ ਜਪਨੀ=ਮਾਲਾ ਲੈ ਕੇ, ਹਿਰਦੇ ਵਿਚ ਗੁਣਤਾਸਾ=ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਜਪੋ।

੨. ਹਿਰਦੇ ਰੂਪ ਜਪਨੀ=ਮਾਲਾ ਲੈ ਕੇ ਗੁਣਤਾਸ ਪ੍ਰਭੂ ਨੂੰ ਜਪੋ।

ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ
ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥ ੧॥ ਰਹਾਉ॥

ਜੋ ਹਰੀ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ, ਅਪਰ=ਸੰਸਾਰ ਤੋਂ ਪਰਾ ਰੂਪ ਸਭ ਦਾ ਸੁਆਮੀ ਹੈ, ਸੰਤ ਜਨਾਂ ਦੀ ਚਰਨੀਂ ਲੱਗ ਕੇ ਤੇ ਦਾਸਾਂ ਦਾ ਦਾਸ ਹੋ ਕੇ ਉਸ ਨੂੰ ਧਿਆਉਣਾ ਕਰੋ॥ ੧॥

ਸੋਮਵਾਰਿ ਸਚਿ ਰਹਿਆ ਸਮਾਇ॥ ਤਿਸ ਕੀ ਕੀਮਤਿ ਕਹੀ ਨ ਜਾਇ॥

ਸੋਮਵਾਰ ਦੁਆਰਾ ਕਥਨ ਕਰਦੇ ਹਨ-ਸੱਚਾ ਪ੍ਰਭੂ ਸਾਰਿਆਂ ਵਿਚ ਸਮਾ ਰਿਹਾ ਹੈ। ਉਸ ਦੀ ਉਪਮਾ ਕਥਨ ਨਹੀਂ ਕੀਤੀ ਜਾਂਦੀ।

ਆਖਿ ਆਖਿ ਰਹੇ ਸਭਿ ਲਿਵ ਲਾਇ॥ ਜਿਸੁ ਦੇਵੈ ਤਿਸੁ ਪਲੈ ਪਾਇ॥

੧. ਆਖ ਆਖ ਕੇ, ਵਾ:-ਅਖਿਆਣਾਂ ਦੁਆਰੇ ਆਖ ਕੇ ਸਭ ਉਸ ਵਿਚ ਲਿਵ ਲਗਾ ਰਹੇ ਹਨ।

੨. ਆਖਿ=ਮੂੰਹੋਂ ਤਾਂ ਸਭ ਕੋਈ ਲਿਵ ਲਗਾ ਕੇ ਉਸ ਦੇ ਜਸ ਨੂੰ ਆਖ ਰਹੇ ਹਨ। ਪਰ ਜਿਸ ਨੂੰ ਆਪਣਾ ਆਪ ਦੇਂਦਾ ਹੈ, ਤਿਸ ਦੇ ਬੁੱਧੀ ਰੂਪ ਪੱਲੇ ਵਿਚ ਪੈਂਦਾ ਹੈ।

ਅਗਮ ਅਗੋਚਰੁ ਲਖਿਆ ਨ ਜਾਇ॥
ਗੁਰ ਕੈ ਸਬਦਿ ਹਰਿ ਰਹਿਆ ਸਮਾਇ॥ ੨॥

ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ਗੁਰੂ ਤੋਂ ਆਪਣੇ ਆਪ ਲਖਿਆ ਨ ਜਾਇ=ਜਾਣਿਆ ਨਹੀਂ ਜਾਂਦਾ।

ਗੁਰਾਂ ਦੇ ਸ਼ਬਦ ਕਰਕੇ ਜਾਣਿਆ ਹੈ ਕਿ ਹਰੀ ਸਾਰਿਆਂ ਵਿੱਚ ਸਮਾ ਰਿਹਾ ਹੈ।

ਵਾ:-ਗੁਰਾਂ ਦੇ ਉਪਦੇਸ਼ ਕਰਕੇ ਇਹ ਜੀਵ ਹਰੀ ਵਿਚ ਸਮਾ ਰਹਿੰਦਾ ਹੈ॥ ੨॥

ਮੰਗਲਿ ਮਾਇਆ ਮੋਹੁ ਉਪਾਇਆ॥ ਆਪੇ ਸਿਰਿ ਸਿਰਿ ਧੰਧੈ ਲਾਇਆ॥

ਮੰਗਲਵਾਰ ਦੁਆਰਾ ਕਥਨ ਕਰਦੇ ਹਨ—ਮੋਹਣੇ ਵਾਲੀ ਮਾਇਆ ਨੇ ਸਾਰੇ ਜਗਤ ਨੂੰ ਉਪਾਇਆ ਹੈ। ਵਾ:-ਮੋਹਣੇ ਵਾਲੀ ਮਾਇਆ ਦੁਆਰੇ ਪਰਮੇਸ਼ਰ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ। ਵਾ:-ਸਭ ਦੇ ਹਿਰਦੇ ਵਿਚ ਮਾਇਆ ਦਾ ਮੋਹ ਪੈਦਾ ਕੀਤਾ ਹੈ।

ਆਪਿ ਬੁਝਾਏ ਸੋਈ ਬੂਝੈ॥ ਗੁਰ ਕੈ ਸਬਦਿ ਦਰੁ ਘਰੁ ਸੂਝੈ॥

ਆਪ ਹੀ ਉਸ ਨੇ ਸਿਰਜ ਸਿਰਜ ਕੇ, ਵਾ:-ਸਿਰ-ਬਸਿਰ ਵੱਖੋ-ਵੱਖਰੇ ਧੰਦਿਆਂ ਵਿਚ ਲਗਾਇਆ ਹੈ। ਜਿਸ ਨੂੰ ਆਪ ਸਮਝਾਉਂਦਾ ਹੈ ਓਹੀ ਸਮਝਦਾ ਹੈ ਅਤੇ ਗੁਰਾਂ ਦੇ ਉਪਦੇਸ਼ ਕਰਕੇ ਘਰ ਦੇ ਦਰੁ=ਅੰਦਰ

ਹੀ ਸੁਝ ਆਉਂਦਾ ਹੈ॥

ਪ੍ਰੇਮ ਭਗਤਿ ਕਰੇ ਲਿਵ ਲਾਇ॥ ਹਉਮੈ ਮਮਤਾ ਸਬਦਿ ਜਲਾਇ॥ ੩॥

ਲਿਵ ਲਗਾ ਕੇ ਉਸ ਦੀ ਪ੍ਰੇਮਾਭਗਤੀ ਕਰੇ ਅਤੇ ਸ਼ਬਦ ਦੁਆਰਾ ਹੰਗਤਾ ਮਮਤਾ ਨੂੰ ਜਲਾਇ= ਸਾੜ ਦੇਵੇ॥ ੩॥

ਬੁਧਵਾਰਿ ਆਪੇ ਬੁਧਿ ਸਾਰੁ॥ ਗੁਰਮੁਖਿ ਕਰਣੀ ਸਬਦੁ ਵੀਚਾਰੁ॥

ਬੁਧਵਾਰ ਦੁਆਰਾ ਕਥਨ ਕਰਦੇ ਹਨ—ਉਹ ਪ੍ਰਭੂ ਆਪ ਹੀ ਜਿਸ ਨੂੰ ਸਾਰੁ=ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧੀ ਦੇਂਦਾ ਹੈ, ਉਹ ਗੁਰਮੁਖ ਗੁਰਾਂ ਦੁਆਰੇ ਸ਼ਬਦ ਦੇ ਵਿਚਾਰਨੇ ਰੂਪੀ ਸ਼ੁਭ ਕਰਨੀ ਨੂੰ ਕਰਦਾ ਹੈ।

ਨਾਮਿ ਰਤੇ ਮਨੁ ਨਿਰਮਲੁ ਹੋਇ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ॥

ਨਾਮੀ ਦੇ ਨਾਮ ਵਿਚ ਤਦਾਕਾਰ ਹੋਣ ਕਰਕੇ ਮਨ ਸ਼ੁੱਧ ਹੁੰਦਾ ਹੈ। ਹਉਮੈ ਰੂਪੀ ਮੈਲ ਨੂੰ ਖੋਹ ਕੇ ਹਰੀ ਗੁਣਾਂ ਨੂੰ ਗਾਉਣਾ ਕਰੇ।

ਦਰਿ ਸਚੈ ਸਦ ਸੋਭਾ ਪਾਏ॥ ਨਾਮਿ ਰਤੇ ਗੁਰ ਸਬਦਿ ਸੁਹਾਏ॥ ੪॥

ਉਹ ਸੱਚੇ ਦਰਬਾਰ ਵਿਚ ਸਦਾ ਸ਼ੋਭਾ ਪਾਉਂਦਾ ਹੈ। ਸ਼ੋਭਨੀਕ ਗੁਰ-ਉਪਦੇਸ਼ ਕਰਕੇ ਨਾਮੀ ਪਰਮਾਤਮਾ ਵਿਚ ਰਤੇ=ਅਭੇਦ ਹੋ ਜਾਂਦੇ ਹਨ॥ ੪॥

ਲਾਹਾ ਨਾਮੁ ਪਾਏ ਗੁਰ ਦੁਆਰਿ॥ ਆਪੇ ਦੇਵੈ ਦੇਵਣਹਾਰੁ॥

ਦੇਣ ਵਾਲਾ ਪ੍ਰਭੂ ਆਪ ਕਿਰਪਾ ਕਰਕੇ ਦੇਵੇ। ਤਾਂ ਜੀਵ ਗੁਰਾਂ ਦੁਆਰੇ ਨਾਮ ਦਾ ਲਾਹਾ=ਲਾਭ ਪਾਉਂਦਾ ਹੈ।

ਜੋ ਦੇਵੈ ਤਿਸ ਕਉ ਬਲਿ ਜਾਈਐ॥ ਗੁਰ ਪਰਸਾਦੀ ਆਪੁ ਗਵਾਈਐ॥

ਜੋ ਦੇਣੇ ਵਾਲਾ ਹੈ ਤਿਸ ਤੋਂ ਬਲਿਹਾਰ ਜਾਣਾ ਕਰੀਏ। ਗੁਰਾਂ ਦੀ ਕਿਰਪਾ ਦੁਆਰੇ ਆਪੁ=ਹੰਕਾਰ ਗੁਆਉਣਾ ਕਰੀਏ।

ਨਾਨਕ ਨਾਮੁ ਰਖਹੁ ਉਰ ਧਾਰਿ॥ ਦੇਵਣਹਾਰੇ ਕਉ ਜੈਕਾਰੁ॥ ੫॥

ਗੁਰੂ ਜੀ ਕਥਨ ਕਰਦੇ ਹਨ—ਰਾਮ ਨਾਮ ਨੂੰ ਹਿਰਦੇ ਵਿਚ ਧਾਰਨ ਕਰ਼ਕੇ ਰੱਖੋ।

ਨਾਮ ਦੇਣ ਵਾਲੇ ਗੁਰੂ ਨੂੰ ਜੈਕਾਰੁ=ਨਮਸ਼ਕਾਰ ਕਰੋ॥ ੫॥

ਵੀਰਵਾਰਿ ਵੀਰ ਭਰਮਿ ਭੁਲਾਏ॥ ਪ੍ਰੇਤ ਭੂਤ ਸਭਿ ਦੂਜੈ ਲਾਏ॥

ਵੀਰਵਾਰ ਦੁਆਰਾ ਕਥਨ ਕਰਦੇ ਹਨ-ਬਵੰਜਾ ਬੀਰ ਭਰਮ ਵਿਚ ਭੁਲਾਏ ਹੋਏ ਹਨ।

ਅਥਵਾ:-ਇਹ ਜੀਵ ਭਰਮ ਵਿਚ ਭੁੱਲੇ ਹੋਏ ਬਵੰਜਾ ਬੀਰਾਂ ਦਾ ਪੂਜਨ ਕਰਦੇ ਹਨ। ਜੋ ਭੀ ਭੂਤ ਪ੍ਰੇਤ ਹਨ, ਸਭ ਦੂਜੇ ਭਾਵ ਵਿਚ ਲਾਏ ਹੋਏ ਹਨ। ਜਾਂ ਜੋ ਪੁਰਸ਼ ਦ੍ਵੈਤ ਭਾਅ ਵਿਚ ਲਗਾਏ ਹਨ, ਉਹ ਸਭ ਭੂਤਾਂ ਪ੍ਰੇਤਾਂ ਦਾ ਪੂਜਨ ਕਰਦੇ ਹਨ।

ਆਪਿ ਉਪਾਏ ਕਰਿ ਵੇਖੈ ਵੇਕਾ॥ ਸਭਨਾ ਕਰਤੇ ਤੇਰੀ ਟੇਕਾ॥

ਹੇ ਕਰਤਾ ਪੁਰਖ ਪਰਮਾਤਮਾ! ਤੂੰ ਆਪ ਹੀ ਸਭਨਾਂ ਨੂੰ ਪੈਦਾ ਕੀਤਾ ਹੈ ਅਤੇ ਆਪ ਹੀ ਵੇਕਾ=ਵੱਖੋ-ਵੱਖਰੇ ਨੂੰ ਵੇਖਦਾ ਹੈਂ, ਪਰ ਸਭਨਾਂ ਨੂੰ ਤੇਰੀ ਹੀ ਓਟ ਹੈ।

ਜੀਅ ਸੰਤ ਤੇਰੀ ਸਰਣਾਈ॥ ਸੋ ਮਿਲੈ ਜਿਸੁ ਲੈਹਿ ਮਿਲਾਈ॥ ੬॥

ਸਾਰੇ ਜੀਅ ਜੰਤ ਤੇਰੀ ਸ਼ਰਨ ਵਿਚ ਆਇਆ ਚਾਹੁੰਦੇ ਹਨ,। ਪਰ ਉਹ ਆਪ ਜੀ ਨੂੰ ਮਿਲਦਾ ਹੈ, ਜਿਸ ਨੂੰ ਤੂੰ ਮਿਲਾ ਲੈਂਦਾ ਹੈਂ॥ ੬॥

ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ॥ ਆਪਿ ਉਪਾਇ ਸਭ ਕੀਮਤਿ ਪਾਈ॥

ਸ਼ੁਕ੍ਰਵਾਰ ਦੁਆਰਾ ਕਥਨ ਕਰਦੇ ਹਨ—ਪ੍ਰਭੂ ਸਾਰਿਆਂ ਨੂੰ ਸਮਾਈ ਕਰ ਰਿਹਾ ਹੈ। ਉਸ ਨੇ ਆਪੇ ਦੁਨੀਆਂ ਪੈਦਾ ਕੀਤੀ ਹੈ ਅਤੇ ਆਪ ਹੀ ਸਭਨਾਂ ਦੀ ਕੀਮਤ ਪਾਈ ਹੈ। ਜਾਂ ਸਾਰਿਆਂ ਵਿਚ ਸੱਤਾ ਰੂਪੀ ਕੀਮਤ ਪਾਈ ਹੈ।

ਗੁਰਮੁਖਿ ਹੋਵੈ ਸੁ ਕਰੈ ਬੀਚਾਰੁ॥ ਸਚੁ ਸੰਜਮੁ ਕਰਣੀ ਹੈ ਕਾਰ॥

ਜਿਹੜਾ ਗੁਰਮੁਖ ਹੁੰਦਾ ਹੈ ਓਹੀ ਉਸ ਦੀ ਪ੍ਰਾਪਤੀ ਦਾ ਵਿਚਾਰ ਕਰਦਾ ਹੈ ਅਤੇ ਸੱਚੇ ਸੰਜਮ ਦੇ ਨਾਲ ਨਿਸ਼ਕਾਮ ਕਰਮਾਂ ਦੀ ਕਰਣੀ ਰੂਪ ਕਾਰ ਨੂੰ ਕਰਦਾ ਹੈ।

ਵਰਤੁ ਨੇਮੁ ਨਿਤਾਪ੍ਰਤਿ ਪੂਜਾ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ॥ ੭॥

ਨੇਮੁ=ਨਿਯਮ ਨਾਲ ਵਰਤ ਰੱਖਣੇ, ਵਾ:-ਵਰਤ ਰੱਖਣੇ ਤੇ ਰੋਜ਼ ਦਾ ਨੇਮ* ਪੂਰਾ ਕਰਨਾ ਅਤੇ ਨਿਤਾਪ੍ਰਤੀ ਠਾਕੁਰ ਪੂਜਨ ਕਰਨਾ, ਇਤਆਦਿਕ ਸਾਰੇ ਕਰਮ ਨਾਮ-ਗਿਆਨ ਦੇ ਬੁੱਝੇ ਤੋਂ ਬਿਨਾਂ ਦ੍ਵੈਤ ਭਾਵ ਰੂਪ ਹੈ॥ ੭॥

ਛਨਿਛਰਵਾਰਿ ਸਉਣ ਸਾਸਤ ਬੀਚਾਰੁ॥ ਹਉਮੈ ਮੇਰਾ ਭਰਮੈ ਸੰਸਾਰੁ॥

ਛਨਿਛਰਵਾਰ ਦੁਆਰਾ ਕਥਨ ਕਰਦੇ ਹਨ- ਜੋ ਸਉਣ ਸਾਸਤ=ਜੋਤਸ਼ ਸ਼ਾਸਤ੍ਰ ਦਾ ਵਿਚਾਰ ਕਰਦਾ ਹੈ। ਵਾ:-ਸਉਣ=ਸ਼ਗਨਾਂ ਦਾ ਤੇ ਸ਼ਾਸਤ੍ਰਾਂ ਦਾ ਵਿਚਾਰ ਕਰਦਾ ਹੈ। ਉਹ ਹੰਗਤਾ ਮਮਤਾ, ਮੇਰ ਤੇਰ ਕਰਦਾ ਹੋਇਆ ਸੰਸਾਰ ਵਿਚ ਭਰਮੈ=ਭਉਂਦਾ ਰਹਿੰਦਾ ਹੈ।

ਮਨਮੁਖੁ ਅੰਧਾ ਦੂਜੈ ਭਾਇ॥ ਜਮ ਦਰਿ ਬਾਧਾ ਚੋਟਾ ਖਾਇ॥

ਅੰਨ੍ਹਾ ਮਨਮੁਖ ਦ੍ਵੈਤ ਭਾਵ ਕਰਕੇ, ਜਮਾਂ ਦੇ ਦਰਬਾਰ ਵਿਚ ਬੱਧਾ ਹੋਇਆ ਚੋਟਾ ਖਾਇ=ਸੱਟਾਂ ਭਾਵ ਮਾਰ ਖਾਂਦਾ ਹੈ।

ਗੁਰ ਪਰਸਾਦੀ ਸਦਾ ਸੁਖੁ ਪਾਏ॥ ਸਚੁ ਕਰਣੀ ਸਾਚਿ ਲਿਵ ਲਾਏ॥ ੮॥

ਜਿਸ ਉਤੇ ਗੁਰੂ ਦੀ ਕਿਰਪਾ ਹੋਈ ਹੈ ਉਹ ਸੱਚੀ ਨਿਸ਼ਕਾਮ ਕਰਮਾਂ ਦੀ ਕਰਣੀ ਕਰਕੇ ਸਚ ਵਿਚ ਲਿਵ ਲਗਾ ਕੇ ਸਦਾ ਸੁਖੁ ਪਾਏ=ਨਿਤ ਸੁਖ ਨੂੰ ਪਾਉਂਦਾ ਹੈ॥ ੮॥

ਸਤਿਗੁਰੁ ਸੇਵਹਿ ਸੇ ਵਡਭਾਗੀ॥ ਹਉਮੈ ਮਾਰਿ ਸਚਿ ਲਿਵ ਲਾਗੀ॥

ਇਹ ਬਾਰਾਂ ਨੇਮ ਕਹੇ ਹਨ:-੧.ਸੱਚ, ੨.ਅਕਪਟਤਾ, ੩.ਸ੍ਵੈਧਰਮ, ੪.ਜਪ, ੫.ਤਪ, ੬.ਪੂਜਾ ੭.ਤੀਰਥ ਯਾਤ੍ਰਾ ੮.ਅਥਿਤੀ ਪੂਜਾ, ੯.ਗੁਰਾਂ ਦੀ ਸੇਵਾ ਕਰਨੀ, ੧੦.ਸੰਤੋਖ ਧਾਰਨਾ, ੧੧.ਪਰਉਪਕਾਰ ਕਰਨਾ, ੧੨. ਹਵਨ ਕਰਨਾ।

ਜੋ ਸਤਿਗੁਰਾਂ ਨੂੰ ਸੇਂਵਦੇ ਹਨ ਉਹ ਵਡਭਾਗੀ ਪੁਰਸ਼ ਹਨ। ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ, ਉਨ੍ਹਾਂ ਦੀ ਸੱਚ ਵਿਚ ਲਿਵ ਲੱਗੀ ਹੈ।

ਤੇਰੈ ਰੰਗਿ ਰਾਤੇ ਸਹਜਿ ਸੁਭਾਇ॥ ਤੂ ਸੁਖਦਾਤਾ ਲੈਹਿ ਮਿਲਾਇ॥

ਸਹਜਿ ਸੁਭਾਇ=ਸੁਤੇ-ਸਿਧ ਜੋ ਤੇਰੇ ਰੰਗਿ=ਪ੍ਰੇਮ ਵਿਚ ਰਤੇ ਹਨ, ਉਨ੍ਹਾਂ ਦਾ ਸਹਜਿ ਸੁਭਾਇ=ਸ਼ਾਂਤੀ ਸੁਭਾਅ ਹੋਇਆ ਹੈ। ਹੇ ਸੁਖਦਾਤੇ ਪ੍ਰਭੂ ! ਤੂੰ ਉਨ੍ਹਾਂ ਨੂੰ ਆਪਣੇ ਵਿਚ ਮਿਲਾ ਲੈਂਦਾ ਹੈਂ।

[ਪੰਨਾ ੮੪੨]

ਏਕਸ ਤੇ ਦੂਜਾ ਨਾਹੀ ਕੋਇ॥ ਗੁਰਮੁਖਿ ਬੂਝੈ ਸੋਝੀ ਹੋਇ॥ ੯॥

ਇਕ ਪ੍ਰਭੂ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਜੋ ਗੁਰਮੁਖ ਗੁਰਾਂ ਦੁਆਰੇ ਬੁੱਝਦਾ ਹੈ, ਉਸਨੂੰ ਇਸ ਗੱਲ ਦੀ ਸੋਝੀ ਹੁੰਦੀ ਹੈ॥ ੯॥

ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹਾ ਰੁਤੀ ਆਵਹਿ ਵਾਰ ਵਾਰ॥

ਜਿਵੇਂ ਪੰਦਰਾਂ ਥਿੱਤਾਂ ਅਤੇ ਸੱਤ ਵਾਰ। ਮਾਹਾ=ਬਾਰਾਂ ਮਹੀਨੇ, ਛੇ ਰੁੱਤਾਂ ਵਾਰੰ-ਵਾਰ ਆਉਂਦੇ ਹਨ।

ਦਿਨਸੁ ਰੈਣਿ ਤਿਵੈ ਸੰਸਾਰੁ॥ ਆਵਾ ਗਉਣੁ ਕੀਆ ਕਰਤਾਰਿ॥

ਪ੍ਰਨਾ-ਜਿਵੇਂ ਦਿਨ ਰਾਤ ਮੁੜ-ਮੁੜ ਕੇ ਆਉਂਦੇ ਹਨ, ਤਿਵੇਂ ਸੰਸਾਰ ਵਿਚ ਇਨ੍ਹਾਂ ਦੀ ਮਾਨਤਾ ਕਰਨ ਵਾਲੇ ਜੀਵਾਂ ਦਾ ਕਰਤਾਰ ਨੇ ਵਾਰੰ-ਵਾਰ ਆਵਾਗਉਣੁ=ਜੰਮਣਾ ਤੇ ਮਰਨਾ ਕੀਤਾ ਹੈ।

ਨਿਹਚਲੁ ਸਾਚੁ ਰਹਿਆ ਕਲ ਧਾਰਿ॥
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥ ੧੦॥ ੧॥

ਜੋ ਅੱਚਲ ਸੱਚਾ ਆਪਣੀ ਕਲ=ਸ਼ਕਤੀ ਨੂੰ ਧਾਰਨ ਕਰ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ—ਕੋਈ ਵਿਚਲਾ ਹੀ ਗੁਰਮੁਖ ਸ਼ਬਦ ਨੂੰ ਵਿਚਾਰ ਕੇ ਉਸ ਬ੍ਰਹਮ ਨੂੰ ਬੁੱਝਦਾ ਹੈ॥ ੧੦॥ ੧॥

ਬਿਲਾਵਲੁ ਮਹਲਾ ੩॥

ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ॥ ਜੀਅ ਜੰਤ ਮਾਇਆ ਮੋਹਿ ਪਾਜੇ॥

ਜੋ ਆਦਿ ਪੁਰਖ ਪਰਮਾਤਮਾ ਆਪ ਹੀ ਸ੍ਰਿਸ਼ਟੀ ਨੂੰ ਸਾਜੇ=ਸਾਜਦਾ ਹੈ।

ਉਸੇ ਨੇ ਸੂਖਮ ਸਥੂਲ ਜੀਆ ਜੰਤ ਮਾਇਆ ਦੇ ਮੋਹ ਵਿਚ ਪਾਜੇ=ਪਾਏ ਹਨ।

ਦੂਜੈ ਭਾਇ ਪਰਪੰਚਿ ਲਾਗੇ॥ ਆਵਹਿ ਜਾਵਹਿ ਮਰਹਿ ਅਭਾਗੇ॥

ਜੋ ਦ੍ਵੈਤ ਭਾਵ ਕਰਕੇ ਛਲ-ਵਲ ਕਰਨ ਵਿਚ ਲੱਗੇ ਹੋਏ ਹਨ, ਉਹ ਭਾਗਾਂ ਤੋਂ ਹੀਣੇ ਮਰ ਕੇ ਆਉਂਦੇ ਜਾਂਦੇ ਰਹਿੰਦੇ ਹਨ।

ਸਤਿਗੁਰਿ ਭੇਟਿਐ ਸੋਝੀ ਪਾਇ॥ ਪਰਪੰਚੁ ਚੂਕੈ ਸਚਿ ਸਮਾਇ॥ ੧॥

ਸਤਿਗੁਰਾਂ ਨਾਲ ਮਿਲਣ ਕਰਕੇ ਆਤਮ-ਗਿਆਤ ਪੈਂਦੀ ਹੈ। ਪਰਪੰਚੁ=ਛਲ-ਵਲ ਦੇ ਚੁਕ ਜਾਣ ਕਰਕੇ ਸੱਚ ਵਿਚ ਸਮਾਈ ਹੁੰਦੀ ਹੈ॥ ੧॥

ਜਾ ਕੈ ਮਸਤਕਿ ਲਿਖਿਆ ਲੇਖੁ ॥
ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥ ੧ ॥ ਰਹਾਉ ॥

ਜਿਸ ਦੇ ਮੱਥੇ ਪਰ ਚੰਗਾ ਲੇਖ ਲਿਖਿਆ ਹੋਇਆ ਹੈ, ਉਸ ਦੇ ਮਨ ਵਿਚ ਇਕ ਪ੍ਰਭੂ ਵੱਸਿਆ ਹੈ।

ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥ ਕੋਇ ਨ ਮੇਟੈ ਤੇਰੈ ਲੇਖੈ ॥

ਹੇ ਪੁਰਖ਼ਾ ! ਦੁਨੀਆਂ ਨੂੰ ਪੈਦਾ ਕਰਕੇ ਆਪ ਹੀ ਸਭਨਾਂ ਨੂੰ ਵੇਖ ਰਿਹਾ ਹੈ। ਭੋਗੇ ਤੋਂ ਬਿਨਾਂ ਤੇਰੇ ਲੇਖੈ=ਭਾਗਾਂ ਨੂੰ ਕੋਈ ਮੇਟ ਨਹੀਂ ਸਕਦਾ।

ਸਿਧ ਸਾਧਿਕ ਜੇ ਕੋ ਕਹੈ ਕਹਾਏ ॥ ਭਰਮੇ ਭੂਲਾ ਆਵੈ ਜਾਏ ॥

ਜਿਹੜਾ ਕੋਈ ਸਿੱਧ, ਜਾਂ ਸਾਧਕ ਆਪ ਨੂੰ ਵੱਡਾ ਕਹਿੰਦਾ ਤੇ ਕਹਾਉਂਦਾ ਹੈ ਕਿ ਇਹ ਜੀ ਬੜੇ ਪਰਤਾਪ ਵਾਲੇ ਤਪੱਸਵੀ ਸੰਤ ਹਨ। ਜਾਂ ਇੰਜ ਕਹਿੰਦਾ ਹੈ 'ਕਿ ਮੈਂ ਲੇਖਾਂ ਨੂੰ ਮੇਟ ਸਕਦਾ ਹਾਂ, ਤੇ ਹੋਰਨਾਂ ਤੋਂ ਕਹਾਉਂਦਾ ਹੈ ਕਿ ਇਹ ਮਹਾਂਪੁਰਸ਼ ਲੇਖ ਮੇਟ ਸਕਦੇ ਹਨ। ਉਹ ਭਰਮ ਵਿਚ ਭੁੱਲਾ ਹੋਣ ਕਰਕੇ ਜੰਮਦਾ ਤੇ ਮਰਦਾ ਹੈ।

ਸਤਿਗੁਰੁ ਸੇਵੈ ਸੋ ਜਨੁ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥ ੨ ॥

ਜੋ ਸਤਿਗੁਰਾਂ ਨੂੰ ਸੇਂਵਦਾ ਹੈ ਉਹ ਪੁਰਸ਼ ਪਰਮੇਸ਼ਰ ਨੂੰ ਬੁੱਝ ਲੈਂਦਾ ਹੇ। ਹੰਗਤਾ-ਮਮਤਾ ਨੂੰ ਮਾਰੇ ਤਾਂ ਦਰੁ=ਗਿਆਨ-ਦਰਵਾਜ਼ਾ ਸੁਝ ਆਉਂਦਾ ਹੈ।

ਵ:-ਦਰੁ=ਅੰਦਰ ਹੀ ਪਰਮੇਸ਼ਰ ਸੁਝ ਆਉਂਦਾ ਹੈ॥ ੨ ॥

ਏਕਸੁ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥

ਇਕ ਪਰਮਾਤਮਾ ਤੋਂ ਹੀ ਸਾਰਾ ਦੂਜਾ=ਪ੍ਰਪੰਚ ਹੋਇਆ ਹੈ। ਇਕ ਪਰਮਾਤਮਾ ਹੀ ਸਾਰੇ ਵਰਤ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

ਦੂਜੇ ਤੇ ਜੇ ਏਕੋ ਜਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥

ਜੇ ਕੋਈ ਗੁਰਾ ਦੇ ਉਪਦੇਸ਼ ਦੁਆਰਾ ਦੂਜੇ=ਦ੍ਵੈਤ ਭਾਅ ਨੂੰ ਤਿਆਗ ਕੇ, ਜਾਂ ਦੂਜੇ=ਪ੍ਰਪੰਚ ਤੋਂ ਮੋਹ ਹਟਾ ਕੇ ਇਕ ਪ੍ਰਭੂ ਨੂੰ ਜਾਣ ਲਵੇ ਤਾਂ ਹਰੀ ਦੇ ਦਰਿ=ਦਰਬਾਰ ਵਿਚ ਨੀਸਾਣੈ=ਪ੍ਰਗਟ ਹੁੰਦਾ ਹੈ।

ਸਤਿਗੁਰੁ ਭੇਟੇ ਤਾ ਏਕੋ ਪਾਏ ॥ ਵਿਚਹੁ ਦੂਜਾ ਠਾਕਿ ਰਹਾਏ ॥ ੩ ॥

ਸਤਿਗੁਰਾਂ ਨੂੰ ਮਿਲੇ ਤਾਂ ਇਕ ਪ੍ਰਭੂ ਨੂੰ ਪਾਉਂਦਾ ਹੈ, ਅਤੇ ਹਿਰਦੇ ਵਿੱਚੋਂ ਦ੍ਵੈਤ ਭਾਵ ਨੂੰ ਰੋਕ ਰੱਖਦਾ ਹੈ।

ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥

ਜਿਸ ਦਾ ਸਾਹਿਬੁ=ਮਾਲਕ ਪ੍ਰਭੂ ਡਾਢਾ=ਬੜੇ ਜ਼ੋਰ ਵਾਲਾ ਹੁੰਦਾ ਹੈ। ਉਸ ਨੂੰ ਕੋਈ ਭੀ ਮਾਰ ਨਹੀਂ ਸਕਦਾ।

ਸਾਹਿਬ ਕੀ ਸੇਵਕੁ ਰਹੈ ਸਰਣਾਈ ॥ ਆਪੇ ਬਖਸੇ ਦੇ ਵਡਿਆਈ ॥

ਜੇ ਸੇਵਕ ਸਾਹਿਬ ਦੀ ਸ਼ਰਨੀ ਪਿਆ ਰਹਿੰਦਾ ਹੈ, ਉਸ ਨੂੰ (ਮਾਲਕ ਪਰਮਾਤਮਾ) ਆਪ ਹੀ ਵਡਿਆਈ ਬਖਸ਼ ਦੇਂਦਾ ਹੈ।

ਤਿਸ ਤੇ ਊਪਰਿ ਨਾਹੀ ਕੋਇ॥ ਕਉਣੁ ਡਰੈ ਡਰੁ ਕਿਸ ਕਾ ਹੋਇ॥ ੪॥

ਉਸ ਪਰਮਾਤਮਾ ਤੋਂ ਉੱਪਰ ਹੋਰ ਕੋਈ ਨਹੀਂ ਹੈ। ਜਾਂ ਉਸ ਸੇਵਕ ਤੋਂ ਉੱਪਰ ਹੋਰ ਕੋਈ ਵੱਡਾ ਨਹੀਂ ਹੈ। ਫਿਰ ਡੇਰ ਕੌਣ, ਅਤੇ ਕਿਸ ਦਾ ਡਰ ਹੋਵੇਗਾ॥ ੪॥

ਗੁਰਮੰਤੀ ਸਾਂਤਿ ਵਸੈ ਸਰੀਰ॥ ਸਬਦੁ ਚੀਨ੍ਹਿ ਫਿਰਿ ਲਗੈ ਨ ਪੀਰ॥

ਗੁਰੂ ਦੀ ਸਿਖਿਆ ਦੁਆਰੇ ਸਰੀਰ ਵਿਚ ਸ਼ਾਂਤੀ ਵੱਸ ਜਾਵੇ, ਤੇ ਸ਼ਬਦ=ਬ੍ਰਹਮ ਨੂੰ ਚੀਨ੍ਹਿ=ਜਾਣ ਲਵੇ ਤਾਂ ਫਿਰ ਜੰਮਾਂ ਦੀ ਪੀੜ ਨਹੀਂ ਲਗਦੀ।

ਆਵੈ ਨ ਜਾਇ ਨਾ ਦੁਖੁ ਪਾਏ॥ ਨਾਮੇ ਰਾਤੇ ਸਹਜਿ ਸਮਾਏ॥

ਉਹ ਜੰਮਦਾ ਮਰਦਾ ਨਹੀਂ ਹੈ ਤੇ ਨਾ ਹੀ ਜਮਾਂ ਦੇ ਦੁੱਖ ਨੂੰ ਪਾਉਂਦਾ ਹੈ।

ਨਾਮ ਵਿਚ ਰੱਤਾ ਹੋਇਆ ਸਹਿਜ-ਪਦ ਵਿਚ ਸਮਾਉਂਦਾ ਹੈ।

ਨਾਨਕ ਗੁਰਮੁਖਿ ਵੇਖੈ ਹਦੂਰਿ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ॥ ੫॥

ਗੁਰੂ ਜੀ ਕਥਨ ਕਰਦੇ ਹਨ—ਜੋ ਮੇਰਾ ਪ੍ਰਭੂ ਦਾ ਸਦਾ ਹੀ ਭਰਪੂਰ ਹੋ ਰਿਹਾ ਹੈ।

ਗੁਰਮੁਖ ਉਸ ਨੂੰ ਆਪਣੇ ਪਾਸ ਹੀ ਵੇਖਦੇ ਹਨ॥ ੫॥

ਇਕਿ ਸੇਵਕ ਇਕਿ ਭਰਮਿ ਭੁਲਾਏ॥ ਆਪੇ ਕਰੇ ਹਰਿ ਆਪਿ ਕਰਾਏ॥

ਇਕਨਾਂ ਨੂੰ ਸੇਵਕ ਕੀਤਾ ਹੈ, ਅਤੇ ਇਕਨਾਂ ਨੂੰ ਭਰਮ ਵਿਚ ਭੁਲਾਇਆ ਹੈ। ਹਰੀ ਆਪ ਹੀ ਸਭ ਕੁਝ ਕਰਦਾ ਹੈ ਤੇ ਆਪ ਹੀ ਬ੍ਰਹਮਾਂ ਪਾਸੋਂ ਕਰਾਉਂਦਾ ਹੈ।

ਵਾ:-ਹਰੀ ਆਪ ਹੀ ਫਲ ਦੇਣਾ ਕਰਦਾ ਹੈ ਤੇ ਆਪ ਹੀ ਜੀਵਾਂ ਪਾਸੋਂ ਕਰਮ ਕਰਵਾਉਂਦਾ ਹੈ।

ਏਕੋ ਵਰਤੈ ਅਵਰੁ ਨ ਕੋਇ॥ ਮਨਿ ਰੋਸੁ ਕੀਜੈ ਜੇ ਦੂਜਾ ਹੋਇ॥

ਉਹ ਇਕ ਹੀ ਵਰਤ ਰਿਹਾ ਹੈ, ਹੋਰ ਕੋਈ ਨਹੀਂ ਹੈ। ਮਨ ਵਿਚ ਰੋਸੁ=ਗੁੱਸਾ ਤਾਂ ਕਰੀਏ ਜੇ ਕੋਈ ਦੂਜਾ ਹੋਵੇ।

ਸਤਿਗੁਰੁ ਸੇਵੇ ਕਰਣੀ ਸਾਰੀ॥ ਦਰਿ ਸਾਚੈ ਸਾਚੇ ਵੀਚਾਰੀ॥ ੬॥

੧. ਸਤਿਗੁਰਾਂ ਦੀ ਜੋ ਸੇਵਾ ਕਰਨੀ ਹੈ ਏਹੋ ਕਰਣੀ ਸਾਰੀ=ਸਰੇਸ਼ਟ ਹੈ।

੨. ਸਤਿਗੁਰਾਂ ਨੂੰ ਸੇਵਨਾ ਕਰੇ ਅਤੇ ਹੋਰ ਕਰਣੀਆਂ ਨੂੰ ਸਾਰੀ=ਸਾੜ ਦੇਵੇ।

੧. ਸੱਚੇ ਦਰਿ=ਸਤਿਸੰਗ ਵਿਚ ਜਾ ਕੇ ਸੱਚੇ ਦਾ ਵੀਚਾਰ ਕਰੇ।

੨. ਜੋ ਸੱਚੇ ਦਾ ਵਿਚਾਰ ਕਰਦਾ ਹੈ, ਉਹ ਦਰਗਾਹ ਵਿਚ ਸੱਚਾ ਹੁੰਦਾ ਹੈ॥ ੬॥

ਥਿਤੀ ਵਾਰ ਸਭਿ ਸਬਦਿ ਸੁਹਾਏ॥ ਸਤਿਗੁਰੁ ਸੇਵੇ ਤਾ ਫਲੁ ਪਾਏ॥

ਗੁਰ-ਸ਼ੁਦ ਕਰਕੇ ਸਾਰੇ ਥਿੱਤਾਂ ਤੇ ਵਾਰ ਸ਼ੋਭਾ ਵਾਲੇ ਹਨ। ਸਤਿਗੁਰਾਂ ਨੂੰ ਸੇਵਨਾ ਕਰੇ ਤਾਂ ਗਿਆਨ-ਫਲ ਨੂੰ ਪਾਉਂਦਾ ਹੈ।

ਥਿਤੀ ਵਾਰ ਸਭਿ ਆਵਹਿ ਜਾਹਿ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ॥

ਜਿਵੇਂ ਥਿੱਤਾਂ ਅਤੇ ਵਾਰ ਸਾਰੇ ਆਉਂਦੇ ਜਾਂਦੇ ਹਨ, ਤਿਵੇਂ ਥਿੱਤਾਂ ਤੇ ਵਾਰਾਂ ਨੂੰ ਮੰਨਣ ਵਾਲੇ ਸਾਰੇ ਜੀਵ ਜੰਮਦੇ ਮਰਦੇ ਰਹਿੰਦੇ ਹਨ।

੧. ਗੁਰ-ਸ਼ਬਦ ਨੂੰ ਮੰਨਣ ਵਾਲੇ ਸੱਚ ਵਿਚ ਸਮਾ ਕੇ ਸਦਾ ਨਿਹਚਲੁ=ਅੱਚਲ ਹੁੰਦੇ ਹਨ।

੨. ਗੁਰਾਂ ਦੇ ਸ਼ਬਦ ਕਰਕੇ ਜਿਸ ਦਾ ਮਨ ਨਿਸਚਲ ਹੋਇਆ ਹੈ, ਉਹ ਸਦਾ ਸੱਚ ਵਿਚ.ਸਮਾਉਂਦਾ ਹੈ।

ਥਿਤੀ ਵਾਰ ਤਾ ਜਾ ਸਚਿ ਰਾਤੇ॥ ਬਿਨੁ ਨਾਵੈ ਸਭਿ ਭਰਮਹਿ ਕਾਚੇ॥ ੭॥

ਜਾਂ ਸੱਚ ਵਿਚ ਰਾਤੇ=ਪ੍ਰੇਮ ਕਰੇ ਤਾਂ ਥਿੱਤਾਂ ਤੇ ਵਾਰ ਸਫ਼ਲ ਹੁੰਦੇ ਹਨ। ਨਾਮ ਨੂੰ ਜਪੇ ਤੋਂ ਬਿਨਾਂ ਕੱਚੇ ਪੁਰਸ਼ ਸਾਰੇ ਹੀ ਚੁਰਾਸੀ ਵਿਚ ਭਰਮਦੇ ਹਨ॥ ੭॥

ਮਨਮੁਖ ਮਰਹਿ ਮਰਿ ਬਿਗਤੀ ਜਾਹਿ॥ ਏਕੁ ਨ ਚੇਤਹਿ ਦੂਜੈ ਲੋਭਾਹਿ॥

ਜੋ ਮਨਮੁੱਖਤਾ ਵਿਚ ਮਰਦੇ ਹਨ ਉਹ ਮਰ ਕੇ ਬਿਗਤੇ ਜਾਂਦੇ ਹਨ। ਕਿਉਂਕਿ ਉਹ ਦੂਜੈ=ਸੰਸਾਰਕ ਪਦਾਰਥਾਂ ਵਿਚ ਲੋਭਾਹਿ=ਲੁਭਾਏਮਾਨ ਹੋ ਕੇ ਇਕ ਨੂੰ ਚੇਤੇ ਨਹੀਂ ਕਰਦੇ।

ਅਚੇਤ ਪਿੰਡੀ ਅਗਿਆਨ ਅੰਧਾਰੁ॥ ਬਿਨੁ ਸਬਦੈ ਕਿਉ ਪਾਏ ਪਾਰੁ॥

ਪਿੰਡੀ =ਬੁੱਧੀ ਅਚੇਤ=ਅਗਿਅਤ ਹੋਣ ਕਰਕੇ ਘੁੱਪ ਅਗਿਆਨ ਰੂਪ ਹਨੇਰਾ ਹੈ। ਗੁਰ-ਉਪਦੇਸ਼ ਤੋਂ ਬਿਨਾਂ ਕਿਵੇਂ ਪਾਰ ਹੋਣਾ ਪਾਵੇਗਾ ?

ਆਪਿ ਉਪਾਏ ਉਪਾਵਣਹਾਰੁ॥ ਆਪੇ ਕੀਤੋਨੁ ਗੁਰ ਵੀਚਾਰੁ॥ ੮॥

ਪੈਦਾ ਕਰਨ ਵਾਲੇ ਈਸ਼ੂਰ ਨੇ ਸਭ ਕੁਝ ਆਪੇ ਪੈਦਾ ਕੀਤਾ ਹੈ ਅਤੇ ਉਸ ਨੇ ਆਪ ਹੀ ਗੁਰ-ਵਿਚਾਰ ਨੂੰ ਮੁਖ ਕੀਤਾ ਹੈ॥ ੮॥

ਬਹੁਤੇ ਭੇਖ ਕਰਹਿ ਭੇਖਧਾਰੀ॥ ਭਵਿ ਭਵਿ ਭਰਮਹਿ ਕਾਚੀ ਸਾਰੀ॥

ਜੋ ਭੇਖਧਾਰੀ ਪੁਰਸ਼ ਬਹੁਤੇ ਭੇਖ ਧਾਰਨ ਕਰਦੇ ਹਨ।

੧. ਉਹ ਕੱਚੀ ਸਾਰੀ=ਨਰਦ (ਗੋਟੀ) ਵਾਂਗ ਭਵਿ=ਸੰਸਾਰ ਵਿਚ ਭਵਿ ਭਰਮਹਿ=ਭੌਂਦੇ ਫਿਰਦੇ ਹਨ।

੨. ਉਹ ਜੀਵਾਂ ਰੂਪੀ ਨਰਦਾਂ ਕੱਚੀਆਂ ਹਨ, ਕਿਉਂਕਿ ਉਨ੍ਹਾਂ ਨੇ ਇੰਦ੍ਰੀਆਂ ਦਾ ਦਮਨ ਨਹੀਂ ਕੀਤਾ, ਇਸ ਲਈ ਭਵਿ=ਸੰਸਾਰ ਵਿਚ ਭਵਿ=ਉਤਪੱਤ ਹੋ ਕੇ ਭਰਮਦੇ ਫਿਰਦੇ ਭਾਵ ਜੰਮਦੇ ਮਰਦੇ ਰਹਿੰਦੇ ਹਨ।

ਐਥੈ ਸੁਖੁ ਨ ਆਗੈ ਹੋਇ॥ ਮਨਮੁਖ ਮੁਏ ਅਪਣਾ ਜਨਮੁ ਖੋਇ॥

ਉਨ੍ਹਾਂ ਨੂੰ ਨਾ ਐਥੈ=ਇਸ ਲੋਕ ਵਿਚ ਸੁਖੁ ਨਾ ਹੀ ਆਗੈ=ਪ੍ਰਲੋਕ ਵਿਚ ਸੁਖ ਹੁੰਦਾ ਹੈ ।

ਮਨਮੁਖ ਪੁਰਸ਼ ਆਪਣਾ ਜਨਮ ਨਿਸਫਲ ਗੁਆ ਕੇ ਮਰ ਗਏ ਹਨ।

ਸਤਿਗੁਰੁ ਸੇਵੇ ਭਰਮੁ ਚੁਕਾਏ॥ ਘਰ ਹੀ ਅੰਦਰਿ ਸਚੁ ਮਹਲੁ ਪਾਏ॥ ੯॥

ਜੋ ਭਰਮ ਦੂਰ ਕਰਕੇ ਸਤਿਗੁਰਾਂ ਨੂੰ ਸੇਂਵਦੇ ਹਨ, ਉਹ ਸਰੀਰ-ਘਰ ਦੇ ਅੰਦਰ ਹੀ ਸੱਚ ਸਰੂਪ ਨੂੰ ਪਾ ਲੈਂਦੇ ਹਨ॥ ੯॥

[ਪੰਨਾ ੮੪੩]

ਆਪੇ ਪੂਰਾ ਕਰੇ ਸੁ ਹੋਇ॥ ਏਹਿ ਥਿਤੀ ਵਾਰ ਦੂਜਾ ਦੋਇ॥

ਪੂਰਾ ਪ੍ਰਭੂ ਜੋ ਆਪੇ ਕਰਦਾ ਹੈ, ਓਹੀ ਕੁਝ ਹੁੰਦਾ ਹੈ।

(੧) ਇਹ ਥਿੱਤਾਂ ਦੋਇ=ਦ੍ਵੈਤ ਭਾਵ ਵਿਚ ਲਾਉਣ ਵਾਲੀਆਂ ਹਨ ਅਤੇ ਵਾਰ ਭੀ ਦੂਜਾ=ਦ੍ਵੈਤ ਭਾਵ ਵਿਚ ਲਾਉਣ ਵਾਲੇ ਹਨ।

(੨) ਇਹ ਥਿੱਤਾਂ ਅਤੇ ਵਾਰ ਦੋਇ=ਦੋਨੋਂ ਹੀ ਜੀਵ ਨੂੰ ਦੂਜੇ ਭਾਵ ਵਿਚ ਲਾਉਣ ਵਾਲੇ ਹਨ।

(੩) ਥਿੱਤਾਂ ਤੇ ਸੱਤ ਵਾਰ ਇਨ੍ਹਾਂ ਦੋਹਾਂ ਨੂੰ ਜੋ ਪੂਜਦੇ ਹਨ, ਉਹ ਦੂਜਾ=ਜਮਾਂ ਦੇ ਹਵਾਲੇ ਹੁੰਦੇ ਹਨ।

ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥

ਸਤਿਗੁਰਾਂ ਤੋਂ ਬਿਨਾਂ ਸੰਸਾਰ ਵਿਚ ਵੱਡਾ ਘੋਰ ਹਨੇਰਾ ਹੈ। ਜੋ (ਨਾਮ ਨੂੰ ਛੱਡ ਕੇ) ਥਿੱਤਾਂ ਤੇ ਵਾਰਾਂ ਨੂੰ ਸੇਂਵਦੇ ਹਨ, ਉਹ ਮੂਰਖ ਤੇ ਗਵਾਰ ਹਨ।

ਨਾਨਕ ਗੁਰਮੁਖਿ ਬੂਝੈ ਸੋਝੀ ਪਾਇ॥
ਇਕਤੁ ਨਾਮਿ ਸਦਾ ਰਹਿਆ ਸਮਾਇ॥ ੧੦॥ ੨॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੁਆਰੇ ਬੁੱਝੇ ਤਾਂ ਆਤਮ-ਗਿਆਤ ਨੂੰ ਪਾਉਂਦਾ ਹੈ।
ਉਹ ਫਿਰ ਇਕ ਨਾਮੀ (ਪਰਮਾਤਮਾ) ਵਿਚ ਸਦਾ ਸਮਾ ਰਹਿੰਦਾ ਹੈ॥ ੧੦॥ ੨॥

ਬਿਲਾਵਲੁ ਮਹਲਾ ੧ ਛੰਤ ਦਖਣੀ
੧ੴ ਸਤਿਗੁਰ ਪ੍ਰਸਾਦਿ॥

੧. ਦੱਖਣੀ ਛੰਦ ਦੀ ਚਾਲ ਹੈ।

੨. ਦੱਖਣ ਦੇਸ਼ ਦੀ ਸੰਗਤ ਆਈ, ਉਸ ਨੂੰ ਛੰਤਾਂ ਦੇ ਰੂਪ ਵਿਚ ਬਾਣੀ ਉਚਾਰ ਕੇ ਉਪਦੇਸ਼ ਦਿੰਦੇ ਹਨ।

ਮੁੰਧ ਨਵੇਲੜੀਆ ਗੋਇਲਿ ਆਈ ਰਾਮ॥

ਜਿਸ ਨੇ ਰਾਮ ਨਾਮ ਨੂੰ ਜਪ ਕੇ ਗੋਇਲੀ ਦੀ ਤਰ੍ਹਾਂ ਆਪਣੇ ਆਪ ਨੂੰ ਸੰਸਾਰ ਵਿਚ ਆਇਆ ਨਿਸਚੇ ਕੀਤਾ ਹੈ ਕਿ ਮੈਂ ਕੋਈ ਦਿਨ ਦੀ ਪ੍ਰਾਹੁਣੀ ਹਾਂ, ਉਹ ਜਗਿਆਸੂ ਰੂਪ ਮੁੰਧ=ਇਸਤ੍ਰੀ ਸ਼ੋਕ ਅਵਸਥਾ ਰੂਪੀ ਨਿਵੇਲੜੀਆ=ਨਵੀਨ ਜੋਬਨ ਵਾਲੀ ਹੈ।

ਯਥਾ:-'ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਡੁ ਪਸਾਰੁ॥ *(ਮਃ ੧, ਪੰਨਾ ੫੦)*

ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ॥

ਇਸ ਲਈ ਉਸ ਨੇ ਦੇਹ ਅਧਿਆਸ ਰੂਪ ਮਟਕੀ, ਵਾ:-ਲੋਕ ਲੱਜਾ ਰੂਪ ਮਟਕੀ ਸੁੱਟ ਦਿੱਤੀ ਹੈ, ਅਤੇ ਹਰੀ ਰਾਮ ਵਿਚ ਲਿਵ=ਬਿਰਤੀ ਲਗਾਈ ਹੈ।

ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ ॥

ਜੋ ਗੋਇਲ ਅਸਥਾਨ ਸੰਸਾਰ ਵਿਚ ਆਪਣੇ ਆਪ ਨੂੰ ਗੋਇਲੀ ਦੀ ਤਰ੍ਹਾਂ ਕੋਈ ਦਿਨ ਦੀ ਪ੍ਰਾਹੁਣੀ ਮੰਨ ਕੇ, ਹਰੀ ਨਾਲ ਲਿਵ ਲਗਾ ਰਹੀ ਹੈ, ਉਹ ਸਹਿਜੇ ਹੀ ਗੁਰ-ਸ਼ਬਦ ਕਰਕੇ (ਜਪ ਤਪ ਆਦਿਕਾਂ ਨਾਲ) ਸ਼ਿੰਗਾਰੀ ਗਈ ਹੈ । ਅਤੇ-

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ ॥

ਕਰ=ਹੱਥ ਜੋੜ ਕੇ ਗੁਰਾਂ ਪਾਸ ਬੇਨਤੀ ਕਰਦੀ ਹੈ ਕਿ ਮੈਨੂੰ ਅਜੇਹਾ ਵਰ ਦਿਓ, ਜਿਸ ਕਰਕੇ ਮੈਂ ਉਸ ਸੱਚੇ ਪਿਆਰੇ ਨਾਲ ਮਿਲ ਜਾਵਾਂ, ਜਾਂ ਸੱਚ ਦੇ ਪਿਆਰ ਵਾਲੀਆਂ ਜੋ ਮਹਾਤਮਾ ਰੂਪ ਸਖੀਆਂ ਹਨ, ਉਨ੍ਹਾਂ ਨਾਲ ਮਿਲਣਾ ਕਰਾਂ।

ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ ॥

ਜਿਸ (ਜਗਿਆਸੂ) ਧਨ=ਇਸਤ੍ਰੀ ਨੇ ਭਾਇ ਭਗਤੀ=ਪ੍ਰੇਮਾ-ਭਗਤੀ ਕਰਕੇ ਕਾਮ, ਕ੍ਰੋਧ ਆਦਿਕਾਂ ਨੂੰ ਨਵਿਰਤ ਕੀਤਾ ਹੈ, ਉਸ ਨੇ ਦੇਖਿ ਪ੍ਰੀਤਮ=ਪਰਮਾਤਮਾ ਨੂੰ ਵੇਖ ਲਿਆ ਹੈ।

ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਉਹ (ਜਗਿਆਸੂ ਰੂਪ) ਮੁੰਧ=ਇਸਤ੍ਰੀ ਨਵੇਲ=ਨਵੀਨ ਤੇ ਸੁੰਦਰ ਹੈ, ਜਿਸ ਨੇ ਪਿਰੁ=ਪਿਰੀ (ਪਰਮਾਤਮਾ) ਨੂੰ ਵੇਖ ਕੇ ਮਨ ਨੂੰ ਸਹਿਤ ਆਸਰੇ ਦੇ ਕੀਤਾ ਹੈ॥ ੧ ॥

ਸਚਿ ਨਵੇਲੜੀਏ ਜੋਬਨਿ ਬਾਲੀ ਰਾਮ ॥

ਹੇ ਸ਼ੋਕ ਅਵਸਥਾ ਰੂਪ ਨਵੇਲੜੀਏ=ਨਵੀਨ ਜੋਬਨ ਵਾਲੀ (ਜਗਿਆਸੂ ਰੂਪ) ਬਾਲੀ=ਇਸਤ੍ਰੀਏ ! ਤੂੰ ਸੱਚੇ ਰਾਮ ਦਾ ਸਿਮਰਨ ਕਰ।

ਆਉ ਨ ਜਾਉ ਕਹੀ ਅਪਨੇ ਸਹ ਨਾਲੀ ਰਾਮ ॥

ਕਿਸੇ ਹੋਰ ਅਸਥਾਨ ਪਰ ਆਓ ਜਾਓ ਨਾ, ਆਪਣੇ ਰਾਮ-ਪਤੀ ਨਾਲ ਲੱਗੀ ਰਹੁ।

ਨਾਹ ਅਪਨੇ ਸੰਗਿ ਦਾਸੀ ਮੈ ਭਗਤਿ ਹਰਿ ਕੀ ਭਾਵਏ ॥

ਆਪਣੇ ਨਾਹ=ਪਤੀ-ਪਰਮਾਤਮਾ ਨਾਲ ਦਾਸੀ ਹੋ ਕੇ ਰਹਿਣਾ ਕਰ, ਮੈਨੂੰ ਤਾਂ ਹਰੀ ਦੀ ਭਗਤੀ ਕਰਨੀ ਭਾਉਂਦੀ ਹੈ।

ਅਗਾਧਿ ਬੋਧਿ ਅਕਥੁ ਕਥੀਐ ਸਹਜਿ ਪ੍ਰਭ ਗੁਣ ਗਾਵਏ ॥

ਜਿਸ ਦਾ ਬੋਧਿ=ਗਿਆਨ ਅਗਾਧ ਹੈ, ਉਸ ਅੱਕਥ ਨੂੰ ਕਥਨ ਕਰ, ਅਤੇ ਸਹਿਜੇ-ਸਹਿਜੇ ਪ੍ਰਭੂ ਦੇ ਜਸ ਰੂਪ ਗੁਣਾਂ ਨੂੰ ਗਾਉਣਾ ਕਰ।

ਰਾਮ ਨਾਮ ਰਸਾਲ ਰਸੀਆ ਰਵੈ ਸਾਚਿ ਪਿਆਰੀਆ ॥

ਜੋ ਰਸਾਲ=ਸੁੰਦਰ ਰਾਮ-ਨਾਮ ਨੂੰ ਰਸੀਆ=ਪ੍ਰੇਮ ਨਾਲ ਰਵੈ=ਉਚਾਰਦੀ ਹੈ, ਉਹ ਸੱਚ ਦੀ ਪਿਆਰੀ ਹੈ। ਵਾ:-ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ (ਪੰਨਾ ੨੩) ਐਸਾ ਜੋ ਰਸੀਆ ਪ੍ਰਭੂ ਹੈ, ਰਸਾਲ=ਸੁੰਦਰ

ਉਸ ਸੱਚੇ ਰਾਮ ਨਾਮ ਨੂੰ ਹੇ ਪਿਆਰੀ ! ਤੂੰ ਰਵੈ=ਉਚਾਰਨਾ ਕਰ।

ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਗੁਰਾਂ ਨੇ ਉਪਦੇਸ਼ ਦਿੱਤਾ ਹੈ ਅਤੇ ਨਾਮ ਦਾਨ ਦੇਣਾ ਕੀਤਾ ਹੈ, ਉਹ ਸ਼ੁਭ ਵਿਚਾਰ ਵਾਲੀ ਹੋਈ ਹੈ॥ ੨ ॥

ਸ੍ਰੀਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ ॥

ਜਿਸ ਨੂੰ ਸ੍ਰੀ ਧਰ=ਪਰਮਾਤਮਾ ਨੇ ਮੋਹ ਲਿਆ ਹੈ, ਉਹ ਰਾਮ-ਪਤੀ ਦੇ ਨਾਲ ਸੁੱਤੀ ਹੈ, ਭਾਵ ਉਸ ਦੇ ਨਾਲ ਅਭੇਦ ਹੋਈ ਹੈ।

ਗੁਰ ਕੈ ਭਾਇ ਚਲੋ ਸਾਚਿ ਸੰਗੂਤੀ ਰਾਮ ॥

ਜੋ ਗੁਰਾਂ ਦੇ ਭਾਇ=ਪ੍ਰੇਮ ਵਾ:-ਭਾਣੇ ਵਿਚ ਚੱਲੀ ਹੈ ਉਹ ਸੱਚੇ ਰਾਮ ਦੇ ਸੰਗੂਤੀ=ਸੰਗ ਹੋਈ ਹੈ।

ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ ਸੰਗਿ ਸਖੀ ਸਹੇਲੀਆ ॥

ਸੰਗਿ ਸਖੀ ਸਹੇਲੀਆ=ਪਿਆਰੀਆਂ ਸੰਤਾਂ ਰੂਪ ਸਹੇਲੀਆਂ ਦੇ ਨਾਲ ਮਿਲ ਕੇ, ਤੇ ਸੱਚ ਨਾਮ ਦੇ ਸੰਗੂਤੀ=ਸੰਜੁਗਤ ਹੋ ਕੇ ਜਗਿਆਸੁ ਰੂਪ ਇਸਤ੍ਰੀ ਹਰਿ ਸੰਗਿ ਸੂਤੀ=ਹਰੀ ਨਾਲ ਅਭੇਦ ਹੋਈ ਹੈ।

ਇਕ ਭਾਇ ਇਕ ਮਨਿ ਨਾਮੁ ਵਸਿਆ ਸਤਿਗੁਰੂ ਹਮ ਮੇਲੀਆ ॥

ਜਿਨ੍ਹਾਂ ਦੇ ਮਨ ਵਿਚ ਇਕ ਦਾ ਭਾਇ=ਪ੍ਰੇਮ ਹੈ , ਤੇ ਇਕ ਪ੍ਰਭੂ ਦਾ ਨਾਮ ਵੱਸਿਆ ਹੈ,

ਉਨ੍ਹਾਂ ਹਮ=ਤਮਾਮ ਭਾਵ ਸਭਨਾਂ ਨੂੰ ਸਤਿਗੁਰਾਂ ਨੇ ਪਰਮੇਸ਼ਰ ਨਾਲ ਮੇਲਿਆ ਹੈ।

ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥

ਜਿਸ ਨੂੰ ਇਕ ਘੜੀ ਅਤੇ ਚਸਾ ਪਰ ਵੀ ਨਾਮ ਭੁੱਲਦਾ ਨਹੀਂ ਹੈ, ਉਹ ਦਿਨ ਰਾਤ ਅੰਦਰ ਸ੍ਵਾਸ ਜਾਂਦਿਆਂ ਤੇ ਬਾਹਰ ਸ੍ਵਾਸ ਆਉਂਦਿਆਂ ਨਿਰੰਜਨ ਦਾ ਨਾਮ ਜਪਦੀ ਰਹਿੰਦੀ ਹੈ।

ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਨੇ ਉਸ ਦੇ ਅੰਤਹਕਰਨ ਰੂਪ ਮੰਦਰ ਵਿਚ ਸ਼ਬਦ ਰੂਪ ਜੋਤਿ=ਅੱਗ ਨਾਲ ਗਿਆਨ ਰੂਪ ਦੀਵਾ ਜਗਾ ਕੇ ਉਸ ਦਾ ਜਨਮ ਮਰਨ ਰੂਪ ਭਉ ਭੰਜਨੋ=ਡਰ ਨਾਸ ਕਰ ਦਿੱਤਾ ਹੈ॥ ੩ ॥

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥

ਜਿਸ ਰਾਮ ਦੀ ਜੋਤਿ=ਚੇਤਨ ਸੱਤਾ ਸਬਾਇੜੀਏ=ਸਾਰਿਆਂ ਵਿਚ ਆਈ ਹੋਈ ਹੈ, ਓਹੀ ਰਾਮ ਤਿਨ੍ਹਾਂ ਲੋਕਾਂ ਦੀ ਸਾਰੇ=ਸੰਭਾਲ ਰੱਖਦਾ ਹੈ। ਪੁਨਾ ਓਹ-

ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ॥

ਸਾਰਿਆਂ ਘਟਾਂ ਘਟਾਂ ਵਿਚ ਵਿਆਪ ਰਿਹਾ ਹੈ ਅਤੇ ਉਹ ਰਾਮ ਅਲੱਖ ਹੈ ਤੇ ਅਪਾਰੇ=ਪਾਰਾਵਾਰ ਤੋਂ ਰਹਿਤ ਹੈ।

ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ ॥

ਉਹ ਸੱਚਾ ਅਲੱਖ ਤੇ ਅਪਾਰ ਹੈ ਆਪੁ=(ਆਪਾ ਭਾਅ) ਹੰਕਾਰ ਨੂੰ ਮਾਰ ਕੇ ਉਸ ਅਪਾਰ ਪ੍ਰਭੂ ਨਾਲ ਆਪਣੇ ਆਪ ਨੂੰ ਮਿਲਾਉਣਾ ਕਰੀਏ।

ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ॥

ਹੰਗਤਾ-ਮਮਤਾ ਤੇ ਲੋਭ ਨੂੰ ਜਾਲਹੁ=ਸਾੜ ਦਿਓ,

ਅਤੇ ਗੁਰ-ਸ਼ਬਦ ਦੁਆਰਾ ਰਾਗ ਦ੍ਵੈਸ਼ ਰੂਪੀ ਮੈਲ ਨੂੰ ਦੂਰ ਕਰ ਦਿਓ।

ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ॥

ਜਿਸ ਨੇ ਦਰਿ=ਸਤਿਸੰਗਤ ਵਿਚ ਜਾ ਕੇ ਗੁਰਾਂ ਦਾ ਦਰਸ਼ਨ ਕੀਤਾ ਹੈ, ਤੇ ਭਾਣੇ ਨੂੰ ਮੰਨਿਆ ਹੈ ਉਸ ਨੂੰ ਤਾਰਨ ਵਾਲੇ ਨੇ ਤਾਰ ਲਿਆ ਹੈ।

ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਿਰਦੇ ਵਿਚ ਪ੍ਰੇਮ ਧਾਰਿਆ ਹੈ, ਉਹ ਹਰੀ ਨਾਮ-ਅੰਮ੍ਰਿਤ ਨੂੰ ਚੱਖ ਕੇ ਤ੍ਰਿਪਤ ਹੋਈ ਹੈ॥ ੪॥ ੧॥

ਬਿਲਾਵਲੁ ਮਹਲਾ ੧॥ ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ॥

ਮੇਰੇ ਮਨ ਵਿਚ ਘਣਾ ਚਾਉ=ਬਹੁਤਾ ਉਤਸ਼ਾਹ ਹੈ,

ਸੱਚੇ ਰਾਮ ਨੂੰ ਜਪ ਕੇ ਬੁੱਧੀ ਵਿਗਾਰੀ=ਖਿੜ ਪਈ ਹੈ।

ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ॥

ਜੋ ਰਾਮ ਪ੍ਰਭੂ ਅਬਿਨਾਸੀ ਹੈ, ਉਸ ਪਿਰੀ ਦੇ ਪ੍ਰੇਮ ਵਿਚ ਬੁੱਧੀ ਮੋਹੀ ਗਈ ਹੈ।

ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ॥

ਜਿਸ ਹਰੀ ਦੀ ਗਤੋ=ਪ੍ਰਾਪਤੀ ਅਵਿ=ਕਠਨ ਹੈ, ਅਤੇ ਜੋ ਨਾਥਾਂ ਦਾ ਭੀ ਨਾਥ ਹੈ,

ਉਸ ਨੂੰ ਜੋ ਭਾਉਂਦਾ ਹੈ ਓਹੀ ਹੁੰਦਾ ਹੈ। ਹੇ ਭਾਈ ! ਉਸ ਅੱਗੇ ਤੂੰ ਬੇਨਤੀ ਕਰ:-

ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ॥

ਹੇ ਕ੍ਰਿਪਾਲੂ ਤੇ ਸਦਾ ਦਿਆਲੂ ਦਾਤੇ ! ਜੀਵਾਂ ਦੇ ਅੰਦਰ ਕਲਾ ਪਾ ਕੇ ਤੂੰ ਹੀ ਜਿਵਾਉਣ ਵਾਲਾ ਹੈਂ।

[ਪੰਨਾ ੮੪੪]

ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ॥

ਹੇ ਹਰੀ ! ਮੈਂ ਹੋਰ ਗਿਆਨ ਧਿਆਨ ਤੇ ਕੁਝ ਪੂਜਾ ਕਰਨੀ ਨਹੀਂ ਜਾਣਦਾ ਹਾਂ, ਕੇਵਲ ਆਪ ਜੀ ਦਾ ਨਾਮ ਮੇਰੇ ਹਿਰਦੇ ਅੰਦਰ ਵੱਸਿਆ ਰਹੇ।

ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ॥ ੧॥

ਗੁਰੂ ਜੀ ਕਥਨ ਕਰਦੇ ਹਨ—ਭੇਖਾਂ ਵਿਚ ਫਿਰਨਾ, ਜਾਂ ਭੇਖ ਧਾਰ ਕੇ ਦੁਨੀਆਂ ਵਿਚ ਫਿਰਨਾ ਅਤੇ ਹਠ ਨੂੰ ਨਹੀਂ ਜਾਣਦਾ ਹਾਂ, ਕੇਵਲ ਇਕ ਸੱਚ ਨੂੰ ਹੀ ਗ੍ਰਹਿਣ ਕਰ ਰਿਹਾ ਹਾਂ॥ ੧॥

ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥

(੧) ਜਿਸ ਦੀ ਬੁੱਧੀ ਰਾਮ ਦੇ ਪ੍ਰੇਮ ਵਿਚ ਭਿੱਜੀ ਹੈ, ਉਸ ਦੀ ਪ੍ਰਤੱਖ ਰਾਤ ਭਲੀ ਹੈ ਤੇ ਦਿਨ ਭੀ ਸ਼ੋਭਨੀਕ ਹੈ।

(੨) ਜਿਸ ਦੀ ਅਵਸਥਾ ਰੂਪੀ ਰਾਤ ਪ੍ਰੇਮ ਵਿਚ ਭਿੱਜੀ ਹੈ ਉਹ ਆਪ ਭਲੀ ਹੈ, ਅਤੇ ਰਾਮ ਨਾਮ ਜੱਪਣ ਕਰਕੇ ਦਿਨ ਸ਼ੋਭਨੀਕ ਹੋਇਆ ਹੈ। ਜਾਂ ਸ਼ੋਭਨੀਕ ਗਿਆਨ ਰੂਪ ਦਿਨ ਚੜ੍ਹਿਆ ਹੈ।

(੩) ਜਿਸ ਦੀ ਜੋਬਨ ਅਵਸਥਾ ਰੂਪੀ ਰਾਮ ਪ੍ਰੇਮ ਵਿਚ ਭਿੱਜੀ ਹੈ ਅਤੇ ਰਾਮ ਨਾਮ ਕਰਕੇ ਬ੍ਰਿਧ ਅਵਸਥਾ ਰੂਪੀ ਦਿਨ ਭੀ ਸ਼ੋਭਨੀਕ ਹੋਇਆ ਹੈ, ਉਂਹ ਇਸਤ੍ਰੀ ਭਲੀ ਹੈ।

ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥

ਹੇ ਆਪਣੇ ਸਰੀਰ-ਘਰ ਵਿਚ ਮੋਹ-ਨੀਂਦ ਵਿਚ ਸੁੱਤੀ ਹੋਈਏ ਜੇਕਰ, ਰਾਮ ਪਿਰੀ ਜਗਾਵੇ ਤਾਂ ਹੀ ਜਾਗਣਾ ਹੁੰਦਾ ਹੈ।

ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥

ਜੋ ਨਵ ਧਨ=ਨਵੀਨ (ਉੱਤਮ ਜਗਿਆਸੂ ਰੂਪ) ਇਸਤਰੀ ਗੁਰ-ਸ਼ਬਦ ਕਰਕੇ ਮੋਹ ਨੀਂਦ ਵਲੋਂ ਜਾਗੀ ਹੈ। ਜਾਂ ਗਿਆਨ-ਜਾਗ੍ਰਤ ਵਿਚ ਜਾਗੀ ਹੈ, ਉਹ ਆਪਣੇ ਨਵਹਾਣਿ=ਨਵੀਨ ਪਤੀ (ਪਰਮਾਤਮਾ) ਨੂੰ ਭਾਣੀਆ=ਭਾ ਗਈ ਹੈ। ਕਿਉਂਕਿ ਉਸ ਨੇ-

ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥

ਕੂੜੁ=ਝੂਠ, ਕਪਟ ਵਾਲਾ ਸੁਭਾਅ, ਤੇ ਦ੍ਵੈਤ ਭਾਵ ਅਤੇ ਲੌਕਿਕ ਚਾਕਰੀ ਨੂੰ ਤਿਆਗ ਦਿੱਤਾ ਹੈ।

ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥

ਉਸ ਨੇ ਹਰੀ ਦਾ ਨਾਮ ਰੂਪੀ ਹਾਰ (ਕੰਠੇ ਮੈਂ) ਗਲ ਵਿਚ ਪਹਿਰਿਆ ਹੈ, ਇਸ ਲਈ ਉਸ ਨੂੰ ਸੱਚਾ ਸਬਦੁ=ਬ੍ਰਹਮ ਨੀਸਾਣਿਆ ਪ੍ਰਗਟ ਹੋਇਆ ਹੈ।

ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥ ੨ ॥

(੧) ਗੁਰੂ ਜੀ ਕਥਨ ਕਰਦੇ ਹਨ— ਕਰ=ਹੱਥ ਜੋੜ ਕੇ ਸੱਚ ਤੋਂ ਮੰਗਦਾ ਹਾਂ, ਜੇ ਆਪ ਜੀ ਨੂੰ ਭਾਉਂਦਾ ਹੈ ਤਾਂ ਮੇਰੇ ਉਤੇ ਨਦਰਿ ਕਰਿ=ਕਿਰਪਾ ਦ੍ਰਿਸ਼ਟੀ ਕਰ।

(੨) ਗੁਰੂ ਜੀ ਕਥਨ ਕਰਦੇ ਹਨ—ਮੈਂ ਹੱਥ ਜੋੜ ਕੇ ਸੱਚ ਨਾਮ ਮੰਗਦਾ ਹਾਂ, ਜੇਕਰ ਆਪ ਜੀ ਨੂੰ ਭਾਉਂਦਾ ਹੈ ਤਾਂ ਕਿਰਪਾ-ਦ੍ਰਿਸ਼ਟੀ ਕਰਕੇ ਨਾਮ ਦਾਨ ਦੇਣਾ ਕਰ ॥ ੨ ॥

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥

ਹੇ ਸੁਰਤੀ ਸਿੰਮ੍ਰਿਤੀ ਰੂਪ, ਵਾ:-ਗਿਆਨ ਵੈਰਾਗ ਰੂਪੀ ਸਲੋਨੜੀਏ=ਸੁੰਦਰ ਅੱਖਾਂ ਵਾਲੀਏ !

ਤੂੰ ਜਾਗ ਅਤੇ ਰਾਮ ਦੀ ਪ੍ਰਾਪਤੀ ਕਰਾਉਣ ਵਾਲੀ ਗੁਰਬਾਣੀ ਨੂੰ ਤੂੰ ਬੋਲਣਾ ਕਰ।

ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥

ਜਿਸ ਨੇ ਗੁਰਬਾਣੀ ਸੁਣ ਕੇ ਮੰਨਣ ਕੀਤੀ ਹੈ, ਉਸ ਨੂੰ ਰਾਮ ਦੀ ਅਕੱਥ ਕਹਾਣੀ ਪ੍ਰਾਪਤ ਹੋਈ ਹੈ।

ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥

ਅਕੱਥ ਕਹਾਣੀ ਨਿਰਬੰਧ ਪਦਵੀ ਦੀ ਪ੍ਰਾਪਤ ਕਰਨ ਵਾਲੀ ਹੈ, ਪਰ ਕੋਈ ਵਿਰਲਾ ਹੀ ਗੁਰਮੁਖ ਸਮਝਦਾ ਹੈ।

ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥

ਜੋ ਆਪਾ ਭਾਅ ਹੰਕਾਰ ਨੂੰ ਗੁਆਉਂਦਾ ਹੈ ਉਹ ਗੁਰ-ਉਪਦੇਸ਼ ਵਿਚ ਸਮਾਉਂਦਾ ਹੈ।

ਉਸ ਨੂੰ ਤਿੰਨਾਂ ਭਵਨਾਂ ਦੀ ਸੋਝੀ ਮਿਥਿਆ ਰੂਪਤਾ ਕਰਕੇ, ਜਾਂ ਬ੍ਰਹਮ ਰੂਪਤਾ ਕਰਕੇ ਸੂਝ ਆਉਂਦੀ ਹੈ।

ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥

ਉਹ ਜਗਤ ਤੋਂ ਅਤੀਤੁ=ਰਹਿਤ ਹੋ ਕੇ ਅਪਰੰਪਰਿ=ਪਰਮੇਸ਼ਰ ਵਿਚ ਰੱਤਾ ਰਹਿੰਦਾ ਹੈ ਅਤੇ ਮਨ ਵਿਚ ਸੱਚ ਦੇ ਗੁਣਾਂ ਨੂੰ ਸੰਭਾਲਦਾ ਹੈ। ਜਾਂ ਸੱਚ ਦੇ ਮਨਿ=ਮੰਨਣ ਕਰਨੇ ਰੂਪ ਗੁਣਾਂ ਨੂੰ ਸੰਭਾਲਦਾ ਹੈ।

ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜੋ ਸਾਰੀਆਂ ਜਗ੍ਹਾਂ ਪਰ ਪੂਰਨ ਹੋ ਰਿਹਾ ਹੈ, ਉਸ ਪਰਮਾਤਮਾ ਨੂੰ ਉਸ ਨੇ ਆਪਣੇ ਹਿਰਦੇ ਵਿਚ ਧਾਰਿਆ ਹੋਇਆ ਹੈ॥ ੩ ॥

ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥

ਜੋ ਭਗਤੀ ਵਿਚ ਸਨੇਹੀ=ਪ੍ਰੇਮ ਵਾਲੀ ਹੋਈ ਹੈ, ਉਸ ਨੂੰ ਰਾਮ ਨੇ ਮਹਲਿ=ਸਰੂਪ ਵਿਚ ਬੁਲਾਇਆ ਹੈ।

ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥

ਜੋ ਗੁਰ-ਸਿਖਿਆ ਕਰਕੇ ਮਨ ਵਿਚ ਰਹਸੀ=ਅਨੰਦ ਹੋਈ ਹੈ,

ਦੇਹ ਵਾਲਾ ਜੋ ਰਾਮ ਹੈ ਉਸ ਨੂੰ ਪਾ ਕੇ ਉਹ ਸੀਝਸਿ=ਕਲਿਆਣ ਹੋਈ ਹੈ।

ਜਾਂ ਰਾਮ ਦੀ ਕਿਰਪਾ ਨਾਲ ਦੇਹੀ=ਦੇਹ ਦੇ ਵਿਚ ਹੀ ਕਲਿਆਣ ਹੋਈ ਹੈ।

ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥

ਜਿਸ ਨੇ ਗੁਰ-ਸ਼ਬਦ ਦੁਆਰਾ ਮਨ ਨੂੰ ਮਾਰਿਆ ਹੈ, ਤੇ ਤਿੰਨਾਂ ਲੋਕਾਂ ਦੇ ਨਾਥੁ=ਸੁਆਮੀ ਪਰਮੇਸ਼ਰ ਨੂੰ ਪਛਾਣਿਆ ਹੈ ਉਹ ਸੀਝੈ=ਕਲਿਆਣ ਹੋ ਕੇ ਰੀਝੈ=ਪ੍ਰਸੰਨ ਹੋਈ ਹੈ।

ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥

ਜਿਸ ਨੇ ਆਪਣੇ ਪਤੀ-ਪਰਮੇਸ਼ਰ ਨੂੰ ਜਾਣ ਲਿਆ ਹੈ,

ਉਸ ਦਾ ਮਨ ਡੀਗਿ ਡੋਲਿ=ਡਾਵੇਂ ਡੋਲ ਹੋ ਕੇ ਕਿਸੇ ਤਰਫ਼ ਨਹੀਂ ਜਾਂਦਾ ।

ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥

ਮੈਨੂੰ ਤੇਰਾ ਆਧਾਰੁ=ਆਸਰਾ ਹੈ, ਤੂੰਹੀ ਮੇਰਾ ਖਸਮੁ=ਮਾਲਕ ਹੈਂ, ਮੈਂ ਤੇਰੇ ਹੀ ਤਾਣ ਨੂੰ ਤੱਕਿਆ ਹੈ। ਜਾਂ ਮੈਂ ਤੇਰਾ ਆਧਾਰੁ=ਆਸਰਾ ਤੱਕਿਆ ਹੈ, ਕਿਉਂਕਿ ਤੂੰ ਮੇਰਾ ਮਾਲਕ ਹੈਂ, ਮੈਨੂੰ ਤੇਰਾ ਹੀ ਤਾਣੁ=ਬਲ (ਜ਼ੋਰ) ਹੈ।

ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਸੱਚ ਨਾਮ ਨੂੰ ਜਪਕੇ ਸੂਚਾ=ਪਵਿੱਤ੍ਰ ਹੋਇਆ ਹੈ,

ਗੁਰ-ਸ਼ਬਦ ਨੇ ਉਸ ਦਾ ਸਦਾ ਲਈ ਚੁਰਾਸੀ ਲੱਖ ਜੂਨ ਦਾ ਝਗੜਾ ਨਿਬੇੜ ਦਿੱਤਾ ਹੈ॥ ੪ ॥ ੨ ॥

ਛੰਤ ਬਿਲਾਵਲੁ ਮਹਲਾ ੪ ਮੰਗਲ

੧ਓ ਸਤਿਗੁਰ ਪ੍ਰਸਾਦਿ ॥

੧. ਮੰਗਲ=ਛੰਦ ਦੀ ਚਾਲ ਹੈ।

੨. ਜਿਵੇਂ ਵਿਆਹ ਦੇ ਮਗਰੋਂ ਗੀਤ ਗਾਏ ਜਾਂਦੇ ਹਨ, ਉਸ ਨੂੰ ਮੰਗਲ ਰੂਪ ਗੀਤ ਕਹਿੰਦੇ ਹਨ। ਤਿਵੇਂ ਇਹ ਮੰਗਲ ਰੂਪ ਛੰਤ ਕਥਨ ਕਰਦੇ ਹਨ।

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥

ਹੇ ਭਾਈ ! ਮੇਰਾ ਹਰੀ ਪ੍ਰਭੂ ਮੇਰੀ ਅੰਤਹਕਰਨ ਰੂਪ ਸੇਜਾ ਪਰ ਆਇਆ ਹੈ, ਇਸ ਲਈ ਮੇਰਾ ਮਨ ਸੁਖ ਸਰੂਪ ਰਾਮ ਵਿਚ ਸਮਾ ਗਿਆ ਹੈ।

ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥

ਗੁਰੂ ਦੇ ਤੁਠੈ=ਪ੍ਰਸੰਨ ਹੋਣ ਨਾਲ ਹਰੀ ਪ੍ਰਭੂ ਨੂੰ ਪਾਇਆ ਹੈ, ਇਸ ਲਈ ਰਾਮ ਦੇ ਰੰਗਿ=ਪ੍ਰੇਮ ਵਿਚ ਰਲੀਆ ਮਾਣਾ=ਖੁਸ਼ੀਆਂ ਨੂੰ ਭੋਗਦਾ ਹਾਂ। ਵਾ:-ਰੰਗਾਂ ਰੰਗਾਂ ਦੀਆਂ ਖੁਸ਼ੀਆਂ ਨੂੰ ਮਾਣਦਾ ਹਾਂ,

ਵਾ:-ਅਨੰਦ ਰੂਪ ਰਾਮ ਦੀਆਂ ਖੁਸ਼ੀਆਂ ਭੋਗਦਾ ਹਾਂ।

ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥

ਉਹ ਸੁਹਾਗਣਾਂ ਵੱਡੇ ਭਾਗਾਂ ਵਾਲ਼ੀਆਂ ਹਨ, ਜਿਨ੍ਹਾਂ ਨੇ ਮੱਥੇ ਦੇ ਭਾਗਾਂ ਅਨੁਸਾਰ ਮਸਤਕਿ=ਸ਼ਰੋਮਣੀ ਹਰੀ ਰਾਮ ਦੇ ਅਨੰਦ ਨੂੰ ਮਾਣਿਆ ਹੈ।

ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਹਰਿ ਹਰਿ ਰਾਮ ਪ੍ਰਭੂ ਦਾ ਸੋਹਾਗੁ=ਅੰਨਦ ਮੇਰੇ ਮਨ ਵਿਚ ਭਾਣਾ=ਭਾਅ ਗਿਆ ਹੈ॥ ੧ ॥

ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥

ਹਰੀ ਨਿਮਾਣਿਆਂ ਦਾ ਮਾਣ ਰੂਪ ਹੈ, ਹਰਿ ਹਰਿ ਰਾਮ ਆਪ ਹੀ ਆਪਣਿਆਂ ਸੇਵਕਾਂ ਦਾ ਪ੍ਰਭੂ=ਰਖਜਕ ਹੈ।

ਯਥਾ:- ''ਹਰਿ ਜੀਉ ਨਿਮਾਣਿਆ ਤੂ ਮਾਣੁ ॥'' *(ਸੋਰਠਿ ਮ: ੫, ਪੰਨਾ ੬੨੪)*

ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ॥

ਗੁਰਮੁਖਾਂ ਨੇ ਗੁਰਾਂ ਦੁਆਰੇ (ਆਪਾ ਭਾਅ) ਹੰਕਾਰ ਨਾਸ ਕਰ ਦਿੱਤਾ ਹੈ,

ਅਤੇ ਨਿਤਾਪ੍ਰਤੀ ਹਰਿ ਹਰਿ ਰਾਮ ਨੂੰ ਜਾਪੈ=ਜਪਦੇ ਹਨ।

ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ॥

ਜੋ ਮੇਰੇ ਹਰੀ ਪ੍ਰਭੂ ਨੂੰ ਭਾਉਂਦਾ ਹੈ, ਓਹੀ ਕੰਮ ਗੁਰਮੁਖ ਕਰਦੇ ਹਨ, ਅਤੇ ਹਰਿ ਹਰਿ ਰਾਮ ਦੇ ਰੰਗ ਵਿਚ ਰਾਪੈ=ਰੰਗੇ ਰਹਿੰਦੇ ਹਨ।

ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ॥ ੨॥

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਨੂੰ ਹਰੀ ਨੇ ਆਪਣੇ ਨਾਲ ਸੁਭਾਵਕ ਮਿਲਾ ਲਿਆ ਹੈ, ਜੋ ਹਰਿ ਹਰਿ ਰਾਮ ਰਸ ਕਰਕੇ ਧ੍ਰਾਪੈ=ਰੱਜ ਗਏ ਹਨ॥ ੨॥

ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ॥

ਇਸ ਮਨੁੱਖ ਜਨਮ ਦੇ ਵਿਚ ਹੀ ਹਰੀ ਨੂੰ ਪਾਈਦਾ ਹੈ, ਕਿਉਂਕਿ ਇਹੋ ਹਰੀ ਰਾਮ ਦੇ ਰਾਵਣ=ਸਿਮਰਨ ਦਾ ਵੇਲਾ ਹੈ।

ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ॥

ਗੁਰਮੁਖ ਹੋ ਕੇ ਉਸ ਸੁਹਾਗਣ ਸੰਤਾਂ ਰੂਪ ਸਖੀ ਨਾਲ ਮਿਲ,

ਤਾਂ ਰਾਮ ਪ੍ਰਭੂ ਦਾ ਘਣੇਰਾ=ਵੱਡਾ ਅਨੰਦ ਪ੍ਰਾਪਤ ਹੋਵੇਗਾ।

ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ॥

ਜਿਸ ਨੇ ਮਨੁੱਖ ਜਨਮ ਨੂੰ ਨਹੀਂ ਪਾਇਆ, ਜਾਂ ਜਿਸ ਨੇ ਮਨੁੱਖ ਜਨਮ ਵਿਚ ਹਰੀ ਰਾਮ ਨੂੰ ਨਹੀਂ ਪਾਇਆ ਉਨ੍ਹਾਂ ਦਾ ਮੰਦਾ ਭਾਗ ਹੈ।

ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ॥ ੩॥

ਹੇ ਹਰਿ ਹਰਿ ਪ੍ਰਭੂ ਚਤੁਸ਼ਟੇ ਅੰਤਹਕਰਨ ਕਰਕੇ ਰੱਖ ਲੈ,

ਅਥਵਾ:-ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲੇ ਹਰਿ ਹਰਿ ਪ੍ਰਭੂ ਰੱਖ ਲੈ, ਹੇ ਰਾਮ ! ਮੈਂ ਆਪ ਜੀ ਦਾ ਸੇਵਕ ਜਨ ਹਾਂ॥ ੩॥

ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ॥

ਜਿਨ੍ਹਾਂ ਨੂੰ ਗੁਰਾਂ ਨੇ ਅਗਮ ਰੂਪ ਹਰੀ ਪ੍ਰਭੂ ਦਾ ਨਾਮ ਦ੍ਰਿੜ੍ਹ ਕਰਵਾਇਆ ਹੈ, ਉਨ੍ਹਾਂ ਦਾ ਮਨ ਤਨ ਰਾਮ ਦੇ ਰੰਗ ਵਿਚ ਭੀਨਾ=ਭਿੱਜ ਗਿਆ ਹੈ।

ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ॥

ਹਰੀ ਦਾ ਨਾਮ ਭਗਤਾਂ ਦਾ ਪਿਆਰਾ ਹੈ, ਗੁਰਮੁਖਾਂ ਦਾ ਮਨ ਉਸ ਹਰੀ ਰਾਮ ਵਿਚ ਲੀਣ ਹੋ ਰਿਹਾ ਹੈ।

[ਪੰਨਾ ੮੪੫]

ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥

ਗੁਰਮੁਖ ਹਰੀ ਨਾਮ ਤੋਂ ਬਿਨਾਂ ਜੀਉਂਦੇ ਨਹੀਂ ਹਨ, ਰਾਮ=ਹੇ ਭਾਈ ! ਜਿਵੇਂ ਪਾਣੀ ਤੋਂ ਬਿਨਾਂ ਮੱਛੀ ਨਹੀਂ ਜੀਉਂਦੀ।

ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥ ੪ ॥ ੧ ॥ ੩ ॥

(੧) ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਹਰੀ ਨੂੰ ਪਾਇਆ ਹੈ, ਉਸ ਦਾ ਮਨੁੱਖ ਜਨਮ ਸਫ਼ਲ ਹੈ, ਉਸ ਨੂੰ ਰਾਮ ਪ੍ਰਭੂ ਨੇ ਆਪਣਾ ਦਾਸ ਬਣਾ ਲਿਆ ਹੈ॥ ੪ ॥

(੨) ਜਿਨ੍ਹਾਂ ਨੇ ਹਰੀ ਨੂੰ ਪਾਇਆ ਹੈ, ਰਾਮ ਪ੍ਰਭੂ ਨੇ ਉਨ੍ਹਾਂ ਦਾ ਮਨੁੱਖ ਜਨਮ ਸਫ਼ਲ ਕਰ ਦਿੱਤਾ ਹੈ।

(੩) ਜਿਸ ਨੇ ਹਰੀ ਰਾਮ ਪ੍ਰਭੂ ਨੂੰ ਜਪਣਾ ਕੀਤਾ ਹੈ,
ਉਸ ਦਾ ਪਾਇਆ ਹੋਇਆ ਮਨੁੱਖ ਜਨਮ ਸਫ਼ਲ ਹੈ॥ ੪ ॥ ੧ ॥ ੩ ॥

ਬਿਲਾਵਲੁ ਮਹਲਾ ੪

ਸਲੋਕੁ ॥ ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ ॥

ਹੇ ਭਾਈ ! ਹਰੀ ਸੱਜਣ ਪ੍ਰਭੂ ਨੂੰ ਲੋੜਿ ਲਹੁ=ਚਾਹ ਲਵੋ, ਵੱਡਿਆਂ ਭਾਗਾਂ ਕਰਕੇ ਮਨ ਵਿਚ ਵੱਸਦਾ ਹੈ।

ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੂੰ ਪੂਰਿਆਂ ਗੁਰਾਂ ਨੇ ਵਿਖਾਇਆ ਹੈ,
ਉਨ੍ਹਾਂ ਦੀ ਲਿਵ ਹਰੀ ਵਿਚ ਲੱਗੀ ਹੈ॥ ੧ ॥

ਛੰਤ ॥ ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥

ਮੇਰੇ ਹਰੀ ਪ੍ਰਭੂ ਨੂੰ ਉਹ ਮਹਾਤਮਾ ਰੂਪ ਸਖੀਆਂ ਰਾਵਣ ਵਾਸਤੇ ਆਈਆਂ ਹਨ, ਜਿਨ੍ਹਾਂ ਨੇ ਹੰਗਤਾ-ਮਮਤਾ ਤੇ ਵਿਸ਼ਿਆਂ ਨੂੰ ਝਾਗੇ=ਲੰਘ ਕੇ ਰਾਮ ਨੂੰ ਜਪਿਆ ਹੈ। ਫੇਰ-

ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥

ਗੁਰ-ਸਿਖਿਆ ਦੁਆਰੇ (ਆਪਾ ਭਾਅ) ਹੰਕਾਰ ਨੂੰ ਮਿਟਾਇਆ ਹੈ, ਤੇ ਹਰਿ ਹਰਿ ਰਾਮ ਵਿਚ ਲਿਵ ਲਗਾਈ ਹੈ।

ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥

ਗਿਆਨੀ ਗੁਰਾਂ ਦੁਆਰੇ ਜੋ ਰਾਮ ਦੇ ਭਜਨ-ਸਿਮਰਨ ਵਿਚ ਜਾਗੇ ਹਨ, ਉਨ੍ਹਾਂ ਦਾ ਅੰਦਰੋਂ ਹਿਰਦਾ-ਕਮਲ ਪਰਗਾਸਿਆ=ਖਿੜਿਆ ਹੈ।

ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜੋ ਗੁਣਾਂ ਨਾਲ ਪੂਰੇ ਵਡਭਾਗੀ ਪੁਰਸ਼ ਹਨ, ਉਨ੍ਹਾਂ ਗੁਰਮੁਖ ਜਨਾਂ ਨੇ ਹਰੀ ਰਾਮ ਪ੍ਰਭੂ ਨੂੰ ਪਾਇਆ ਹੈ॥ ੧ ॥

ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ॥

ਹਰਿ ਹਰਿ ਨਾਮ ਜਪਣ ਵਾਲਾ ਪੁਰਸ਼ ਪ੍ਰਭੂ ਦੇ ਮਨ ਵਿਚ ਭਾਇਆ= ਚੰਗਾ ਲੱਗਾ ਹੈ, ਹਰੀ ਰਾਮ ਨਾਮ ਵਿਚ ਹੀ ਉਸ ਨੂੰ ਅਨੰਦ ਦੀ ਵਧਾਈ ਪ੍ਰਾਪਤ ਹੋਈ ਹੈ।

ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ॥

ਜਿਸ ਨੇ ਪੂਰਿਆਂ ਗੁਰਾਂ ਤੋਂ ਹਰਿ ਹਰਿ ਨਾਮ ਪਾਇਆ ਹੈ, ਉਸ ਨੇ ਰਾਮ ਪ੍ਰਭੂ ਨਾਲ ਲਿਵ ਲਾਈ=ਸੁਰਤ ਜੋੜੀ ਹੈ

ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ॥

ਉਸ ਦੇ ਅੰਦਰੋਂ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ, ਅਤੇ ਹਿਰਦੇ ਵਿਚ ਰਾਮ ਦੀ ਜੋਤ ਪ੍ਰਗਟ ਹੋ ਆਈ ਹੈ।

ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ॥ ੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਪੁਰਸ਼ ਨੂੰ ਨਾਮ ਦਾ ਆਸਰਾ ਹੈ, ਉਸ ਦੀ ਹਰੀ ਰਾਮ ਨਾਮੀ ਵਿਚ ਸਮਾਈ ਹੋਈ ਹੈ॥ ੨॥

ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ॥

ਇਸ ਧਨ=ਜਗਿਆਸੂ ਰੂਪ ਇਸਤ੍ਰੀ ਨੇ ਪਿਆਰੇ ਹਰੀ ਪ੍ਰਭੂ ਨੂੰ ਤਾਂ ਹੀ ਰਾਵਿਆ ਹੈ, ਜਾਂ ਹਰੀ ਰਾਮ ਪ੍ਰਭੂ ਨੂੰ ਇਹ ਭਾਈ=ਚੰਗੀ ਲੱਗੀ।

ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ॥

ਉਸ ਦੀਆਂ ਅੱਖਾਂ ਰਾਮ ਦੇ ਪ੍ਰੇਮ ਵਿਚ ਇਸ ਤਰ੍ਹਾਂ ਕਸਾਈਆ=ਖਿੱਚੀਆ ਹੋਈਆਂ ਹਨ, ਜਿਵੇਂ ਬਿਲਕ=ਬਿੱਲੀ ਦੀਆਂ ਅੱਖਾਂ ਮਸਾਈ=ਮਾਸ ਭਾਵ ਚੂਹੇ ਵਿਚ ਖਿੱਚੀਆਂ ਹੁੰਦੀਆਂ ਹਨ।

ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥

ਪੂਰਿਆਂ ਗੁਰਾਂ ਨੇ ਹਰੀ ਨਾਲ ਮੇਲ ਦਿੱਤਾ ਹੈ, ਤੇ ਹਰੀ ਰਾਮ-ਰਸ ਕਰਕੇ ਬੁੱਧੀ ਆਘਾਈ=ਤ੍ਰਿਪਤ ਹੋ ਗਈ ਹੈ।

ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ॥ ੩॥

ਗੁਰੂ ਜੀ ਕਥਨ ਕਰਦੇ ਹਨ—ਉਸ ਗੁਰਮੁਖ ਜਨ ਉਤੇ ਨਾਮਿ=ਨਾਮੀ ਪਰਮਾਰਤਮਾ ਪ੍ਰਸੰਨ ਹੋਇਆ ਹੈ, ਜਿਸ ਨੇ ਹਰਿ ਹਰਿ ਰਾਮ ਵਿਚ ਲਿਵ ਲਗਾਈ ਹੈ॥ ੩॥

ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ॥

ਹਰੀ ਰਾਮ ਨੇ ਕਿਰਪਾ-ਦ੍ਰਿਸ਼ਟੀ ਧਾਰ ਕੇ ਅਸਾਂ ਮੂਰਖ ਮੁਗਧਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ।

ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ॥

ਗੁਰੂ ਪਿੱਛੇ ਧੰਨ ਸੀ, ਗੁਰੂ ਹੁਣ ਧੰਨ ਹਨ, ਗੁਰੂ ਅੱਗੇ ਭੀ ਸਾਬਾਸਿ=ਧੰਨਤਾ ਜੋਗ ਹੋਣਗੇ। ਗੁਰੂ ਜੀ ਦੇ

ਮਾਤਾ ਜੀ ਧੰਨ, ਪਿਤਾ ਭੀ ਧੰਨ ਹਨ, ਗੁਰੂ ਆਪ ਭੀ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਰਾਮ ਨਾਮ ਦਾ ਉਪਦੇਸ਼ ਦੇ ਕੇ ਹੰਗਤਾ ਮਮਤਾ ਮਾਰ ਦਿੱਤੀ ਹੈ।

ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ॥

ਜਿਨ੍ਹਾਂ ਵਡਭਾਗੀਆਂ ਦੇ ਵੱਡੇ ਭਾਗ ਹਨ, ਉਨ੍ਹਾਂ ਨੇ ਹਰਿ ਹਰਿ ਰਾਮ ਦੀ ਪ੍ਰੀਤੀ ਹਿਰਦੇ ਵਿਚ ਧਾਰੀ ਹੈ।

ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ॥੪॥੨॥੪॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਓਸ ਪਰੀਪੂਰਨ ਵਾਹਿਗੁਰੂ ਨੂੰ ਸਲਾਹੁਣਾ ਕਰ ਅਤੇ ਰਾਮ ਨਾਮ ਜਪਣ ਵਾਲਿਆਂ ਤੋਂ ਬਲਿਹਾਰ ਜਾਣਾ ਕਰ ॥ ੪॥ ੨॥ ੪॥

ਬਿਲਾਵਲੁ ਮਹਲਾ ੫ ਛੰਤ

੧ੴ ਸਤਿਗੁਰ ਪ੍ਰਸਾਦਿ॥

ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ॥

ਜਿਸ ਵੇਲੇ ਆਪਣੇ ਰਾਮ ਪ੍ਰਭੂ ਦੇ ਜਸ ਨੂੰ, ਜਾਂ ਗੁਣਾਂ ਨੂੰ ਗਾਇਆ, ਤਾਂ ਮੰਗਲਾਂ ਦਾ ਸਾਜੁ=ਸਮੁਦਾਅ ਪ੍ਰਾਪਤ ਹੋਇਆ।

ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ॥

ਜਿਸ ਵੇਲੇ ਅਬਿਨਾਸੀ ਵਰੁ=ਪਤੀ ਨੂੰ ਸੁਣਿਆ ਕਿ ਉਹ ਕਦੇ ਮਰਦਾ ਨਹੀ ਹੈ, ਤਾਂ ਰਾਮ ਦੀ ਪ੍ਰਾਪਤੀ ਦਾ ਉਤਸ਼ਾਹ ਮਨ ਵਿਚ ਪੈਦਾ ਹੋਇਆ।

ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ॥

ਵੱਡਿਆਂ ਭਾਗਾਂ ਕਰਕੇ ਮਨ ਵਿਚ ਪ੍ਰੀਤੀ ਲਗਦੀ ਹੈ, ਜਿਸ ਦੀ ਪ੍ਰੀਤੀ ਲੱਗੀ ਹੈ ਉਹ ਇਸ ਤਰ੍ਹਾ ਕਹਿੰਦੀ ਹੈ ਕਿ ਪੂਰਨ ਪਤੀ ਪਰਮਾਤਮਾ ਕਦੋਂ ਮਿਲਦਾ ਹੈ ?

ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ॥

ਹੇ ਸਖੀਏ ! ਮੈਨੂੰ ਉਹ ਮਤੇ=ਸਿਖਿਆ ਦਿਓ, ਜਿਸ ਕਰਕੇ ਗੋਬਿੰਦ ਨੂੰ ਪਾਈਏ ਤੇ ਸਹਜ-ਪਦ ਵਿਚ; ਵਾ:-ਸ਼ਾਂਤੀ ਵਿਚ ਸਮਾ ਜਾਈਏ।

ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ॥

ਮੈਂ ਦਿਨ ਰਾਤ ਠਾਢੀ=ਖੜੀ ਹੋ ਕੇ ਸੇਵਾ ਕਰਦੀ ਹਾਂ, ਅਤੇ ਪੁੱਛਦੀ ਹਾਂ ਕਿ- ਤੁਸਾਂ ਨੇ ਕਿਸ ਜੁਗਤੀ ਕਰਕੇ ਪ੍ਰਭੂ ਨੂੰ ਪਾਇਆ ਹੈ?

ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ॥੧॥

ਗੁਰੂ ਜੀ ਉਚਾਰਦੇ ਹਨ-(ਉਹ ਸਖੀ ਕਹਿੰਦੀ ਹੈ) ਮੇਰੇ ਤੇ ਕਿਰਪਾ ਕਰੋ, ਤੇ ਮੈਨੂੰ ਆਪਣੇ ਲੜਿ=ਪੱਲੇ ਨਾਲ ਲਗਾ ਲਵੋ॥ ੧॥

ਦੂਜਾ ਅਰਥ ਭਾਵ-

ਜਗਿਆਸੂ ਸੰਤਾਂ ਅੱਗੇ ਬੇਨਤੀ ਕਰਦੀ ਹੈ-ਹੇ ਸੰਤ ਜੀ!

ਦਿਨੁ ਰੈਣਿ ਠਾਢੀ ਕਰਉ ਸੇਵਾ=ਮੈਂ ਦਿਨ ਰਾਤ ਖੜੋ ਕੇ ਆਪ ਜੀ ਦੀ ਸੇਵਾ ਕਰਦੀ ਹਾਂ।

ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ॥ ੧॥

ਮੈਂ ਬੇਨਤੀ ਕਰਦੀ ਹਾਂ-ਆਪ ਕਿਰਪਾ-ਦ੍ਰਿਸ਼ਟੀ ਕਰਕੇ ਮੈਨੂੰ ਨਾਮ-ਪੱਲੇ ਨਾਲ ਲਗਾ ਲਵੋ।

ਸੰਤਾਂ ਆਖਿਆ-ਤੂੰ ਕੀ ਚਾਹੁੰਦੀ ਹੈਂ ? ਤਾਂ (ਜਗਿਆਸੂ ਰੂਪ) ਇਸਤਰੀ ਨੇ ਕਿਹਾ-

ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ॥

ਮੈਂ ਪਰਮਾਤਮਾ ਨੂੰ ਅਬਿਨਾਸ਼ੀ ਵਰ ਸੁਣਿਆ ਹੈ, ਇਸ ਕਰਕੇ ਮੇਰੇ ਮਨ ਵਿਚ ਉਸ ਦੀ ਪ੍ਰਾਪਤੀ ਦਾ ਚਾਅ ਪੈਦਾ ਹੋਇਆ ਹੈ।

ਕਬ ਮਿਲੀਐ ਪੂਰਨ ਪਤੇ॥ :- ਆਪ ਦੱਸੋ, ਉਸ ਪੂਰਨ ਪਤੀ ਨਾਲ ਕਦੋਂ ਮਿਲਾਪ ਹੁੰਦਾ ਹੈ?

ਦੇਹੁ ਸਖੀਏ ਮੋਹਿ ਅਤੇ॥ :-ਹੇ ਸੱਖੀਏ (ਸੰਤੋ)! ਇਹ ਸਿੱਖਿਆ ਮੈਨੂੰ ਦੇਣੀ ਕਰੋ।

ਪ੍ਰਭੁ ਕਵਨ ਜੁਗਤੀ ਪਾਇਆ॥ :- ਤੁਸਾਂ ਨੇ ਪ੍ਰਭੂ ਨੂੰ ਕਿਸ ਜੁਗਤੀ ਨਾਲ ਪਾਇਆ ਹੈ?

ਮਹਾਤਮਾ ਉੱਤਰ ਦੇਂਦੇ ਹਨ-ਹੇ (ਜਗਿਆਸੂ ਰੂਪ) ਇਸਤ੍ਰੀਏ!

ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ॥

ਜਿਸ ਵੇਲੇ ਮੈਂ ਆਪਣੇ ਰਾਮ ਪ੍ਰਭੂ ਦਾ ਜਸ ਗਾਉਣਾ ਕੀਤਾ, ਤਾਂ ਹੀ ਮੰਗਲਾਂ ਦੇ ਸਾਜਣ ਵਾਲਾ ਪ੍ਰਭੂ ਪ੍ਰਾਪਤ ਹੋਇਆ।

ਮਨਿ ਪ੍ਰੀਤਿ ਲਾਗੀ ਵਡੈ ਭਾਗੀ॥ :-ਜਿਸ ਵੇਲੇ ਵੱਡਿਆਂ ਭਾਗਾਂ ਕਰਕੇ ਮਨ ਵਿਚ ਪ੍ਰੀਤੀ ਲਗ ਜਾਵੇ।

ਸਹਜੇ ਸਮਾਈਐ ਗੋਵਿੰਦ ਪਾਈਐ॥ :- ਤਾਂ ਸਹਜੇ=ਗਿਆਨ ਵਿਚ ਸਮਾਈਦਾ ਹੈ, ਫਿਰ ਗਿਆਨ ਕਰਕੇ ਹੀ ਗੋਵਿੰਦ=ਪਰਮਾਤਮਾ ਪਾਈਦਾ ਹੈ। ਉਸ ਦੇ ਪਾਉਣ ਦੀ ਇਕ ਗਿਆਨ ਹੀ ਜੁਗਤੀ ਹੈ।

ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ॥

ਜਿਸ ਵੇਲੇ ਹਰੀ ਰਾਮ-ਰਤਨ ਨੂੰ ਵਿਸਾਹਾ=ਖਰੀਦਿਆ ਤਾਂ ਵੱਡਾ ਅਨੰਦ ਹੋਇਆ ਹੈ।

ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ॥

ਮੈਂ ਖੋਜੀ ਨੂੰ ਖੋਜਦਿਆਂ ਹੋਇਆਂ ਹਰੀ ਰਾਮ ਦੀ ਪ੍ਰਾਪਤੀ ਦਾ ਖੋਜਿ=ਰਸਤਾ ਸੰਤਾਂ ਪਾਸੋਂ ਲੱਭਾ ਹੈ।

ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ॥

ਪਿਆਰੇ ਸੰਤ ਦਇਆ-ਦ੍ਰਿਸ਼ਟੀ ਧਾਰ ਕੇ ਮਿਲੇ ਹਨ, ਜੋ ਅਕੱਥ ਪ੍ਰਭੂ ਦਾ ਵਿਚਾਰ ਕਥਨ ਕਰਦੇ ਹਨ।

ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ॥

ਜਿਨ੍ਹਾਂ ਨੇ ਇਕ ਚਿਤ ਹੋ ਕੇ, ਤੇ ਇਕ ਮਨ ਹੋ ਕੇ ਸੁਆਮੀ ਨੂੰ ਧਿਆਉਣਾ ਕੀਤਾ ਹੈ,

ਉਨ੍ਹਾਂ ਨਾਲ ਪਿਆਰੇ ਪ੍ਰਭੂ ਨੇ ਪ੍ਰੀਤੀ ਲਗਾਈ ਹੈ।

ਅਥਵਾ:-ਸੰਤ ਪਿਆਰੇ ਵਿਚ ਪ੍ਰੀਤੀ ਲਗਾ ਕੇ ਇਕਾਗਰ ਮਨ ਹੋ ਕੇ, ਚਿਤ ਵਿਚ ਇਕ ਸੁਆਮੀ ਨੂੰ ਧਿਆਉਂਦੇ ਹਨ। ਤੇ-

ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥

ਕਰ=ਹੱਥ ਜੋੜ ਕੇ ਪ੍ਰਭੂ ਪਾਸ ਬੇਨਤੀ ਕਰਦੇ ਹਨ, ਕਿ ਮੈਨੂੰ ਹਰੀ ਜਸ ਕਰਨ ਦਾ ਲਾਹਾ=ਲਾਭ ਮਿਲ ਜਾਵੇ।

ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਬੇਨਤੀ ਕਰ ਕਿ-ਹੇ ਅਗਮ ਅਥਾਹ ! ਤੂੰ ਮੇਰਾ ਪ੍ਰਭੂ ਹੈਂ ਤੇ ਮੈਂ ਆਪ ਜੀ ਦਾ ਦਾਸ ਹਾਂ॥ ੨ ॥

ਜਿਵੇਂ ਪ੍ਰਤੱਖ ਲੜਕੀ ਦੇ ਵਿਆਹ ਵੇਲੇ ਪਹਿਲੇ ਸਾਹਾ ਸੋਧਿਆ ਜਾਂਦਾ ਹੈ, ਸਾਹਾ ਸੋਧੇ ਜਾਣ ਪਿੱਛੋ ਫੇਰ ਜ਼ਰੂਰ ਵਿਆਹ ਹੋ ਜਾਂਦਾ ਹੈ। ਇੰਸੇ ਤਰ੍ਹਾਂ ਏਧਰ-

[ਪੰਨਾ ੮੪੬]

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥

ਰਾਮ ਦੇ ਪੂਰਨ ਮਹਾਤਮਾ ਨਾਲ ਜਿਹੜਾ ਸੰਜੋਗ ਹੋਇਆ ਹੈ, ਏਹੋ ਇਕ ਅੱਟਲ ਸਾਹਾ ਗਿਣਿਆ ਗਿਆ ਹੈ।

ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥

ਉਸ ਵੇਲੇ ਸਮੂਹ ਸੁਖ ਪ੍ਰਾਪਤ ਹੋਇਆ, ਅਤੇ ਰਾਮ ਦਾ ਜਿਹੜਾ ਵਿਜੋਗੋ=ਵਿਛੋੜਾ ਸੀ ਉਹ ਦੂਰ ਹੋ ਗਿਆ।

ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਵੀਆਂ ॥

ਪ੍ਰਭੂ ਦੇ ਧਿਆਉਣ ਵਾਲੇ ਜਿਹੜੇ ਸੰਤ ਆ ਕੇ ਮਿਲੇ ਹਨ, ਏਹੋ ਅਸਚਰਜ ਜਾਂਵੀ ਬਣੇ ਹਨ।

ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਵੀਆ ॥

ਜਿਸ ਵੇਲੇ ਸੰਤ ਮਿਲ ਕੇ ਇਕੱਠੇ ਹੋਏ ਤਾਂ ਸਹਿਜੇ ਹੀ ਢੁਕਾਅ ਕੀਤਾ, ਜਾਂ ਸਹਜਿ=ਸ਼ਾਂਤੀ ਆਦਿਕ ਗੁਣਾਂ ਨੇ ਢੁਕਾਅ ਕੀਤਾ, ਤਿਸ ਵੇਲੇ* ਮਾਵੀਆ=ਜਗਿਆਸੂ ਦੇ ਮਨ ਵਿਚ ਪ੍ਰੀਤੀ ਉਤਪੰਨ ਹੋਈ।

ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥

ਜੋ ਓਤਿ ਪੋਤੀ=ਤਾਣੇ ਪੇਟੇ ਵਾਂਗ ਜੋਤੀ ਨਾਲ ਜੋਤ ਮਿਲ ਗਈ ਹੈ, ਏਹੋ ਵਿਆਹ ਹੋਇਆ ਹੈ। ਹਰੀ ਨਾਮ ਦਾ ਜੋ ਜਾਪ ਜਪਿਆ ਹੈ, ਏਹੋ ਸਭ ਰਸਾਂ ਨੂੰ ਭੋਗਣਾ ਕੀਤਾ ਹੈ।

ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਾਰਣ ਕਰਣ ਜੋਗੋ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਸਾਰਿਆਂ ਕਾਰਨਾਂ ਦੇ ਕਰਨ ਯੋਗ ਪ੍ਰਭੂ ਨਾਲ ਜਗਿਆਸੂ ਰੂਪ ਲੜਕੀ ਨੂੰ ਸਭ ਸੰਤਾਂ ਨੇ ਸਭ ਤਰ੍ਹਾਂ ਨਾਲ ਮੇਲ ਦਿੱਤਾ ਹੈ॥ ੩ ॥

---

*ਧੇਤੇ (ਧੀ) ਵਾਲਿਆਂ ਨੂੰ ਮਾਵੀ ਕਹਿੰਦੇ ਹਨ, ਏਸੇ ਕਰਕੇ ਮਾਵੀਆਂ ਦਾ ਅਰਥ ਜਗਿਆਸੂ ਕੀਤਾ ਹੈ।

ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥

(੧) ਰਾਮ ਦੀ ਕ੍ਰਿਪਾ ਨਾਲ ਪ੍ਰਤੱਖ ਭਵਨੁ=ਮੰਦਰ ਸ਼ੋਭਨੀਕ ਹੋਇਆ ਹੈ, ਧਰਤੀ ਵੀ ਸ੍ਰੇਸ਼ਟ ਭਾਗਾਂ ਵਾਲੀ ਹੋਈ ਹੈ।

(੨) ਰਾਮ ਦੀ ਕਿਰਪਾ ਨਾਲ ਭਵਨੁ=ਸਰੀਰ ਸ਼ੋਭਨੀਕ ਹੋਇਆ ਹੈ, ਬੁੱਧੀ ਰੂਪ ਧਰਤੀ ਵੀ ਸ੍ਰੇਸ਼ਟ ਭਾਗਾਂ ਵਾਲੀ ਹੋਈ ਹੈ।

ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥

ਰਾਮ ਸਰੂਪ ਗੁਰਾਂ ਦੇ ਚਰਨਾਂ ਨਾਲ ਬਿਰਤੀ ਲੱਗੀ ਤਾਂ ਅੰਤਹਕਰਨ ਰੂਪ ਘਰ ਵਿਚ ਪ੍ਰਭੂ ਆ ਕੇ ਸਖਿਆਤਕਾਰ ਹੋਇਆ ।

ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥

ਗੁਰ-ਚਰਨਾਂ ਨਾਲ ਬਿਰਤੀ ਲੱਗੀ ਤਾਂ ਮੋਹ ਰੂਪ ਨੀਂਦ ਤੋਂ ਸਹਜਿ=ਗਿਆਨ-ਜਾਗ੍ਰਤ ਵਿਚ ਜਾਗੀ, ਜਿਸ ਤੇ ਸਾਰੀਆਂ ਇੱਛਾਵਾਂ ਪੂਰਨ ਹੋ ਗਈਆਂ ਹਨ।

ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥

ਸੰਤਾਂ ਦੀ ਧੂੜੀ ਲੈਣ ਕਰਕੇ ਮੇਰੀ ਆਸਾ ਪੂਰੀ ਹੋਈ ਹੈ, ਕਿਉਂਕਿ ਵਿਛੁੰਨਿਆ=ਵਿਛੁੜੇ ਹੋਏ ਹਰੀ ਸੁਆਮੀ ਜੀ ਮਿਲ ਪਏ ਹਨ।

ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥

ਇਕ ਰਸ ਦਿਨ ਰਾਤ ਅਨੰਦਦਾਇਕ ਵਾਜੇ ਵੱਜੇ ਹਨ, ਅਤੇ ਮਨ ਦੀ ਅਹੰ=ਹੰਗਤਾ ਵਾਲੀ ਮਤਿ=ਮਤੀ ਤਿਆਗ ਦਿੱਤੀ ਹੈ।

ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੀ ਸੰਗਤ ਵਿਚ ਜਾ ਕੇ ਸੁਆਮੀ ਦੀ ਸ਼ਰਨ ਗ੍ਰਹਿਣ ਕੀਤੀ ਤਾਂ ਉਸ ਪ੍ਰਭੂ ਵਿਚ ਲਿਵ ਲਾਗੀ=ਬਿਰਤੀ ਜੁੜ ਗਈ॥ ੪॥ ੧॥

ਅਗਲੇ ਸ਼ਬਦ ਵਿਚ ਪਰਮਾਤਮਾ ਦੇ ਗੁਣ ਕਥਨ ਕਰਦੇ ਹਨ।

ਬਿਲਾਵਲੁ ਮਹਲਾ ੫ ॥ ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥

ਸਾਡਾ ਹਰੀ ਰਾਮ-ਪਤੀ ਸ੍ਰੇਸ਼ਟ ਭਾਗਾਂ ਵਾਲਾ ਅਤੇ ਸ਼ੁਭ ਲੱਖਣਾਂ ਵਾਲਾ ਹੈ।

ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥

ਉਸ ਰਾਮ ਦੇ ਸਤਿਸੰਗ ਦਰਬਾਰ ਵਿਚ ਅਨਹਦ=ਇਕ ਰਸ ਬਾਜਿਤ੍ਰਾ=ਵਾਜਿਆਂ ਦੀ ਧੁਨਿ ਹੋ ਰਹੀ ਹੈ।

ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥

ਸਤਿਸੰਗ ਵਿਚ ਇਕ-ਰਸ ਦਿਨ ਰਾਤ ਅਨੰਦਦਾਇਕ ਵਾਜੇ ਵੱਜਦੇ ਹਨ, ਅਤੇ ਰਾਤ ਦਿਨ ਉਮਾਹਾ=ਉਤਸ਼ਾਹ ਹੁੰਦਾ ਰਹਿੰਦਾ ਹੈ।

ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ॥

ਤਿਸ ਸਤਿਸੰਗ ਵਿਚ ਉਥੋਂ ਦੇ ਵਸਨੀਕਾਂ ਨੂੰ ਰੋਗ ਸੋਗ ਦਾ ਦੁੱਖ ਨਹੀਂ ਲਗਦਾ ਅਤੇ ਨਾ ਉਨ੍ਹਾਂ ਨੂੰ ਜਨਮ ਮਰਨ ਦਾ ਦੁੱਖ ਹੁੰਦਾ ਹੈ।

ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ॥

ਰਿੱਧੀ ਰੂਪ ਸੁਧਾਰਸ, ਅਤੇ ਸਿੱਧੀ ਰੂਪ ਅੰਮ੍ਰਿਤ,

ਅਥਵਾ:-ਸੁਧਾ=ਨਿਰੋਲ, ਜਾਂ ਸੁਧਾਰਨੇ ਵਾਲਾ ਨਾਮ ਰੂਪੀ ਅੰਮ੍ਰਿਤ ਰਸ, ਰਿੱਧੀ, ਸਿੱਧੀ ਅਤੇ ਭਗਤੀ ਦੇ ਭੰਡਾਰੇ ਭਰੇ ਹੋਏ ਹਨ।

ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ॥ ੧॥

੧. ਗੁਰੂ ਜੀ ਕਥਨ ਕਰਦੇ ਹਨ-ਪ੍ਰਾਣਾਂ ਦਾ ਆਸਰਾ ਜੋ ਪਾਰਬ੍ਰਹਮ ਹੈ, ਉਸ ਤੋਂ ਮੈਂ ਬਲਿਹਾਰ ਜਾਂਦਾ ਹਾਂ।

੨. ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੇ ਪ੍ਰਾਣਾਂ ਦਾ ਆਸਰਾ ਪਾਰਬ੍ਰਹਮ ਹੈ॥ ੧॥

ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ॥

ਹੇ ਪਿਆਰੀਆਂ ਮਹਾਤਮਾ ਰੂਪ ਸਖੀਓ ! ਸੁਣੋ, ਆਪ ਆਪਸ ਵਿਚ ਮਿਲ ਕੇ ਰਾਮ ਦੇ ਮੰਗਲ ਰੂਪ ਗੀਤ ਗਾਉਣਾ ਕਰੀਏ।

ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ॥

੧. ਮਨ ਤਨ ਦੇ ਪ੍ਰੇਮ ਕਰਕੇ ਤਿਸ ਰਾਮ ਪ੍ਰਭੂ ਨੂੰ ਸਿਮਰਨਾ ਕਰੀਏ।

੨. ਪ੍ਰੇਮ ਕਰਕੇ ਮਨ ਤਨ ਵਿਚ ਤਿਸ ਰਾਮ ਪ੍ਰਭੂ ਨੂੰ ਰਾਵਹ=ਉਚਾਰਨਾ ਕਰੀਏ।

ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ॥

ਪ੍ਰੇਮ ਕਰਕੇ ਰਾਵਹ=ਉਚਾਰੇ ਤਾਂ ਉਸ ਨੂੰ ਭਾਉਂਦੀ ਹੈ, ਪਲ ਦਾ ਇਕ ਨਿਮਖ ਮਾਤ੍ਰ ਵੀ ਉਸ ਨੂੰ ਤਿਆਗੀਏ ਨਾ।

ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਰੀਐ॥

ਉਸ ਨੂੰ ਗਹਿ=ਫੜ ਕੇ ਕੰਠਿ=ਗਲ ਨਾਲ ਲਾ ਲਈਏ ਭਾਵ ਦ੍ਰਿੜ੍ਹ ਨਿਸਚੇ ਨਾਲ ਦਿਲ ਵਿਚ ਧਾਰੀਏ, ਲਜਾਈਐ ਨਹ=ਸ਼ਰਮ ਨਾ ਕਰੀਏ ਅਤੇ ਚਰਨਾਂ ਦੀ ਰਜ=ਧੂੜ ਵਿਚ ਮਨ ਨੂੰ ਤਦਾਕਾਰ ਕਰੀਏ।

ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ॥

ਭਗਤੀ ਰੂਪ ਠਗਉਰੀ=ਠੱਗ ਬੂਟੀ (ਜਾਦੂ ਪਾ ਕੇ ਉਸ ਨੂੰ ਮੋਹ ਲਈਏ, ਤਾਂ ਫਿਰ ਉਹ ਹੋਰ ਕਿਸੇ ਤਰਫ ਨਹੀਂ ਦੌੜੇਗਾ।)

ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ॥ ੨॥

ਗੁਰੂ ਜੀ ਕਥਨ ਕਰਦੇ ਹਨ-ਸੰਤ ਸੱਜਣਾਂ ਨਾਲ ਮਿਲ ਕੇ ਅਮਰ ਪਦਵੀ ਨੂੰ ਪਾਉਣਾ ਕਰ॥ ੨॥

ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ॥

ਅਬਿਨਾਸੀ=ਨਾਸ ਤੋਂ ਰਹਿਤ ਰਾਮ ਦੇ ਗੁਣਾਂ ਨੂੰ ਵੇਖ ਕੇ ਮੈਂ ਅਸਚਰਜ ਹੋ ਗਈ ਹਾਂ।

ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ॥

੧. ਰਾਮ ਨੇ ਮੈਨੂੰ ਮਨ ਰੂਪ ਕਰੁ=ਹੱਥ ਤੋਂ ਫੜ ਲਿਆ ਹੈ, ਤੇ ਬੁੱਧੀ ਰੂਪ ਬਾਂਹ ਭੀ ਫੜ ਲਈ ਹੈ, ਅਤੇ ਜਮਾਂ ਦੀ ਫਾਹੀ ਕੱਟ ਦਿੱਤੀ ਹੈ।

੨. ਕਰੁ ਗਹਿ=ਗਹੁ ਕਰਕੇ ਅਰਥਾਤ ਮੋਹ, ਜਾਂ ਪ੍ਰੇਮ ਕਰਕੇ ਰਾਮ ਨੇ ਬੁੱਧੀ ਰੂਪ ਬਾਂਹ ਤੋਂ ਫੜ ਕੇ ਜਮਾਂ ਦੀ ਫਾਹੀ ਕੱਟ ਦਿੱਤੀ ਹੈ।

ਗਹਿ ਭੁਜਾ ਲੀਨੀ ਦਾਸਿ ਕੀਨੀ ਅੰਕੁਰਿ ਉਦੋਤੁ ਜਣਾਇਆ॥

ਰਾਮ ਨੇ ਬੁੱਧੀ ਰੂਪੀ ਬਾਂਹ ਫੜ ਲੀਤੀ ਹੈ, ਤੇ ਆਪਣੀ ਦਾਸੀ ਕਰ ਲਿਆ ਹੈ, ਪਰ ਕਦੋਂ ਕੀਤਾ ?

ਉੱਤਰ:-ਜਿਸ ਵੇਲੇ ਪੁੰਨਾਂ ਰੂਪੀ ਬੀਜ ਨੇ ਸ਼ੁਭ ਸੰਕਲਪਾਂ ਰੂਪੀ ਅੰਗੂਰ ਉਦੋਤੁ=ਪਰਗਟ ਜਣਾਇਆ॥

ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ॥

ਮੋਹ ਆਦਿਕ ਮਲਨ=ਗੰਦੇ ਵਿਕਾਰ ਨਾਠੇ=ਨੱਸ ਗਏ ਹਨ, ਅਤੇ ਪਵਿੱਤ੍ਰ ਦਿਵਸ=ਦਿਨ ਆ ਗਿਆ।

ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ॥

ਜਦ ਉਸ ਨੇ ਕਿਰਪਾ-ਦ੍ਰਿਸ਼ਟੀ ਧਾਰੀ ਤਾਂ ਮਹਾ ਦੁਰਮਤਿ ਨਾਸੀ=ਵੱਡੀ ਖੋਟੀ ਮਤਿ ਨਾਸ ਹੋ ਗਈ, ਉਸ ਦੇ ਨਾਸ ਹੋਣ ਤੇ ਮਨਿ=ਸ਼੍ਰੋਮਣ ਪਰਮਾਤਮਾ ਨੂੰ ਪਿਆਰੀ ਲੱਗੀ।

ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਬੁੱਧੀ ਨਿਰਮਲ ਹੋਈ ਤਾਂ ਅਬਿਨਾਸੀ ਪ੍ਰਭ ਜੀ ਮਿਲ ਪਏ। ਜਾਂ ਅਬਿਨਾਸ਼ੀ ਪ੍ਰਭੂ ਦੇ ਮਿਲਣ ਕਰਕੇ ਮੈਂ ਪਵਿੱਤ੍ਰ ਹੋ ਗਈ ਹਾਂ॥ ੩॥

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥

ਜਿਵੇਂ ਸੂਰਜ ਦੀਆ ਕਿਰਣਾਂ ਬਰਫ ਨਾਲ ਮਿਲ ਜਾਣ ਤਾਂ ਬਰਫ਼ ਢਲ ਕੇ ਜਲ ਦਾ ਜਲ ਰੂਪ ਹੋ ਜਾਂਦਾ ਹੈ। ਤਿਵੇਂ ਗੁਰੂ ਰੂਪ ਸੂਰਜ ਦੀਆਂ ਉਪਦੇਸ਼ ਰੂਪ ਕਿਰਣਾਂ ਮਿਲਣ ਤਾਂ ਜੀਵ ਢਲ ਕੇ ਅਰਥਾਤ ਜੀਵਤ ਭਾਵ ਨੂੰ ਤਿਆਗ ਕੇ (ਜਲ ਕਾ ਜਲੁ ਹੂਆ) ਚੇਤਨ ਦਾ ਚੇਤਨ ਹੋ ਜਾਂਦਾ ਹੈ।

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਜੋਤੀ ਪਰਮਾਤਮਾ ਨਾਲ ਜੋਤ ਰਲੀ ਤਾਂ ਸੰਪੂਰਨ ਰਾਮ=ਬ੍ਰਹਮ ਦਾ ਸਰੂਪ ਹੋ ਗਿਆ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥

ਹੁਣ ਬ੍ਰਹਮ ਨੂੰ ਸਾਰੇ ਦੀਸੈ=ਦੇਖਦਾ ਹੈ, ਬ੍ਰਹਮ ਨੂੰ ਸੁਣਦਾ ਹੈ, ਅਤੇ ਇਕ ਬ੍ਰਹਮ ਨੂੰ ਇਕ ਕਰਨੇ ਹੀ ਵਖਾਣੀਐ=ਕਥਨ ਕਰਦਾ ਹੈ।

ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

ਸੰਸਾਰ ਪਸਾਰੇ ਦੇ ਕਰਨ ਵਾਲਾ ਜੋ ਪ੍ਰਭੂ ਹੈ ਓਹੀ ਮੇਰਾ ਆਤਮ=ਆਪਣਾ ਆਪ ਹੈ, ਆਤਮਾ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਹੈ। ਫਿਰ ਇਸ ਤਰ੍ਹਾਂ ਨਿਸਚੇ ਕਰਦਾ ਹੈ ਕਿ-

ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥

ਉਹ ਆਪ ਹੀ ਕਰਤਾ ਹੈ, ਆਪ ਹੀ ਭੁਗਤਾ=ਭੋਗਣ ਵਾਲਾ ਹੈ, ਉਸ ਨੇ ਆਪ ਹੀ ਕਾਰਨ ਰੂਪ ਹੋ ਕੇ ਪ੍ਰਪੰਚ ਕੀਤਾ ਹੈ।

ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ॥ ੪॥ ੨॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਉਸ ਬ੍ਰਹਮ ਨੂੰ ਓਹੀ ਪੁਰਸ਼ ਜਾਣਦੇ ਹਨ, ਜਿਨ੍ਹਾਂ ਨੇ ਹਰੀ ਨਾਮ-ਰਸ ਨੂੰ ਪੀਤਾ ਹੈ॥ ੪॥ ੨॥

[ਪੰਨਾ ੮੪੭]

ਬਿਲਾਵਲੁ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ॥

ਹੁਣ ਉੱਤਮ, ਮਧਿੱਮ ਸਖੀਆਂ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ।

ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ॥

੧.ਹੇ ਸਖੀ ! ਤੂੰ ਭੀ ਆ, ਹੇ ਸਖੀ ! ਇਧਰੋਂ ਮੈਂ ਭੀ ਆਉਂਦੀ ਹਾਂ, ਇਹ ਜੋ ਮਹਾਤਮਾ ਰੂਪ ਸਖੀ ਬੈਠੀ ਹੈ ਇਸ ਨਾਲ ਵਸਿ=ਮਿਲ ਕੇ ਅਸੀਂ ਪਿਰੀ ਪਰਮਾਤਮਾ ਦਾ ਮੰਗਲ ਗਾਇਣ ਕਰੀਏ।

੨. ਹੇ ਸਖੀ ! ਤੂੰ ਭੀ ਆ, ਹੇ ਸਖੀ ! ਇਧਰੋਂ ਮੈਂ ਭੀ ਆਉਂਦੀ ਹਾਂ, ਅਸੀਂ ਰਲ ਮਿਲ ਕੇ ਪਿਰੀ ਦਾ ਮੰਗਲ ਗਾਈਏ, ਤਾਂ ਸਖੀ ਵਸਿ=ਸਖੀ ਦਿਲ ਵਾਲਾ ਜੋ ਪਰਮੇਸ਼ਰ ਹੈ ਉਹ ਸਾਡੇ ਵਸੀਕਾਰ ਹੋ ਜਾਏਗਾ।

ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ॥

ਹੇ ਸਖੀ! ਮਾਣ ਨੂੰ ਤਿਆਗ ਦੇ, ਹੇ ਸਖੀ! ਮਾਣ ਨੂੰ ਤਿਆਗ ਦੇ,

ਅਥਵਾ:-ਹੇ ਸਖੀ ! ਮਨ ਦੇ ਮਾਣ ਨੂੰ ਤਿਆਗ, ਤਨ ਦੇ ਮਾਣ ਨੂੰ ਭੀ ਤਿਆਗ ਦੇ। ਮਤਾਂ ਆਪਣੇ ਪ੍ਰੀਤਮ ਵਾਹਿਗੁਰੂ ਨੂੰ ਭਾਅ ਜਾਈਏ।

ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ॥
ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ॥

ਮਾਨ ਮੋਹ ਅਤੇ ਦ੍ਵੈਤ ਭਾਅ ਆਦਿਕ ਵਿਕਾਰਾਂ ਨੂੰ ਤਿਆਗ ਦੇ, ਤੇ ਇਕ ਨਿਰੰਜਨ ਨੂੰ ਸੇਵਣਾ ਕਰ।

ਦਿਆਲੂ ਪ੍ਰੀਤਮ ਦੇ ਚਰਨਾਂ ਦੀ ਸ਼ਰਨ ਵਿਚ ਲੱਗਣਾ ਕਰ, ਜੋ ਸਾਰਿਆਂ ਪਾਪਾਂ ਦੇ ਬਿਖੰਡਨੋ=ਨਾਸ ਕਰਨ ਵਾਲਾ ਹੈ।

ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ॥
ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ॥ ੧॥

ਉਦਾਸੀ ਨੂੰ ਤਿਆਗ ਕੇ ਦਾਸਾਂ ਦੀ ਦਾਸੀ ਹੋ, ਫੇਰ ਕਿਸੀ ਵਿਧੀ ਸੇ ਨਹੀਂ ਦੌੜੇਂਗੀ। ਗੁਰੂ ਜੀ ਪਇਅੰਪੈ=ਉਚਾਰਦੇ ਹਨ-ਹੇ ਆਪਣੇ ਪੀਆ ! ਜਿਸ ਵੇਲੇ ਆਪ ਕਿਰਪਾ ਉਸ ਵੇਲੇ ਕਰੋਗੇ, ਮੈਂ ਆਪ ਦੇ ਮੰਗਲਾਂ ਨੂੰ ਗਾਇਣ ਕਰਾਂਗੀ॥ ੧॥

ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ॥
ਓਹ ਜੋਹੈ ਬਹੁ ਪਰਕਾਰ ਸੁੰਦਰਿ ਮੋਹਨੀ॥

ਪਤੀ-ਪਰਮਾਤਮਾ ਦਾ ਨਾਮ ਅੰਮ੍ਰਿਤ ਹੈ, ਅੰਨ੍ਹੇ ਨੂੰ ਟੋਹਨੀ=ਸੋਟੀ ਵਾਂਗ ਆਸਰਾ ਰੂਪ ਹੈ। ਸੁੰਦਰ ਜੋ ਮੋਹਣੀ ਮਾਇਆ ਹੈ, ਉਹ ਮੈਨੂੰ ਬਹੁਤ ਪ੍ਰਕਾਰ ਸੇ ਜੋਹੈ=ਵੇਖਦੀ ਹੈ, ਵਾ:-ਹਤ ਕਰਦੀ ਹੈ।

ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ॥
ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ ਲੈਣ ਨ ਆਵਏ॥

ਮੋਹਨੀ=ਮਾਇਆ ਮਹਾਂ ਚੰਚਲ ਹੈ, ਅਤੇ ਬਚਿਤ੍ਰਿ=ਨਾਨਾ ਪ੍ਰਕਾਰ ਦੇ ਰੂਪ ਧਾਰ ਕੇ ਅਨੇਕ ਤਰ੍ਹਾਂ ਦੇ ਹਾਵ ਭਾਵ ਵਿਖਾਉਂਦੀ ਹੈ। ਢੀਠ=ਨਿਡਰ ਹੋ ਕੇ ਮਨ ਵਿਚ ਮਿੱਠੀ ਲਗ ਰਹੀ ਹੈ, ਇਸ ਕਰਕੇ ਜੀਵ ਪਾਸੋਂ ਪਰਮੇਸ਼ਰ ਦਾ ਨਾਮ ਲੈਣਾ ਨਹੀਂ ਆਉਂਦਾ।

ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ॥
ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ॥ ੨॥

ਗ੍ਰਿਹ=ਘਰ ਵਿਚ ਰਹਿਣ ਵਾਲਿਆਂ ਨੂੰ, ਬਨਹਿ=ਜੰਗਲ ਵਿਚ ਰਹਿਣ ਵਾਲਿਆਂ ਨੂੰ, ਤੀਰਥਾਂ ਦੇ ਤੀਰੈ=ਕਿਨਾਰੇ ਪਰ ਰਹਿਣ ਵਾਲਿਆਂ ਨੂੰ, ਵਰਤ ਰਖਣ ਵਾਲਿਆਂ ਨੂੰ, ਠਾਕੁਰ ਪੂਜਾ ਕਰਨ ਵਾਲਿਆਂ ਨੂੰ ਬਾਟ=ਰਸਤੇ ਵਿਚ ਚਲਣ ਵਾਲਿਆਂ ਨੂੰ, (ਘਾਟੇ) ਬੇੜੀ ਪੱਤਣ ਵਾਲਿਆਂ, ਸਭ ਨੂੰ ਇਹ ਮਾਇਆ ਜੋਹਨ=ਵੇਖਦੀ ਹੈ, ਵਾ:-ਜੋ ਮਾਇਆ ਸਭ ਨੂੰ ਹਤ ਕਰਦੀ ਹੈ। ਗੁਰੂ ਜੀ ਪਾਇਅੰਪੈ=ਉਚਾਰਦੇ ਹਨ-ਹੇ ਆਪਣੇ ਹੀਆ ! ਐਸੀ ਦਇਆ ਧਾਰੋ ਜਿਸਤੇ ਮੈਂ ਅੰਨ੍ਹੇ ਨੂੰ ਟੋਹਨੀ=ਸੋਟੀ ਵਾਗ ਆਪ ਦਾ ਆਸਰਾ ਰੂਪ ਨਾਮ ਮਿਲੇ॥ ੨॥

ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ॥
ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ॥

ਹੇ ਪਿਰੀ ਨਾਥ ! ਜਿਵੇਂ ਜਾਣੋ, ਤਿਵੇਂ ਮੈਂ ਅਨਾਥ ਨੂੰ ਰੱਖਣਾ ਕਰੋ। ਮੇਰੇ ਵਿਚ ਚਤੁਰਾਈ ਕੋਈ ਨਹੀਂ ਹੈ, ਜੋ ਮੁੰਹੋਂ ਬਚਨ ਕਹਿ ਕੇ ਆਪ ਰੀਝਾਵਉ=ਪ੍ਰਸੰਨ ਕਰਾਂ।

ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ॥
ਨਹ ਰੂਪ ਧੂਪ ਨ ਨੈਣ ਬੰਕੇ ਜਹ ਭਾਵੈ ਤਹ ਰਖੁ ਤੁਹੀ॥

ਨਾ ਮੈਂ ਚਤੁਰ ਹਾਂ, ਨਾ ਹੀ ਸੁ-ਘਰਿ=ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਹਾਂ, ਨਾ ਮੈਂ ਸੁਜਾਣ ਹਾਂ, ਨਾ ਹੀ ਸ਼ਾਸਤ੍ਰ ਬੇਤੀ ਹਾਂ। ਮੈਂ ਨਿਰਗੁਣ ਵਿਚ ਕੋਈ ਗੁਣ ਨਹੀਂ ਹੈ। ਨਾ ਸਫ਼ਾਈ ਰੂਪੀ ਰੂਪ ਹੈ, ਨਾ ਧੂਪ=ਜਸ ਹੈ, ਨਾ ਹੀ ਬੰਕੇ=ਸੁੰਦਰ ਸੁਰਤੀ ਸਿਮ੍ਰਿਤੀ, ਵਾ:-ਗਿਆਨ ਵੈਰਾਗ ਰੂਪੀ ਅੱਖਾਂ ਹਨ, ਜਿਥੇ ਆਪ ਨੂੰ ਭਾਵੇ ਉਥੇ ਆਪ ਰਖਣਾ ਕਰੋ।

ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ॥
ਨਾਨਕੁ ਪਇਅੰਪੈ ਸੇਵ ਸੇਵਕੁ ਜਿਉ ਜਾਨਹੁ ਤਿਉ ਮੋਹਿ ਰਖਹੁ॥ ੩॥

ਜਿਸ ਆਪ ਨੂੰ ਸਾਰੇ ਜੀਵ ਜੈ ਜੈ ਕਰਕੇ ਜਇਅੰਪਹਿ=ਉਚਾਰਨਾ ਕਰਦੇ ਹਨ, ਹੇ ਕਿਰਪਾ ਪਤੀ ਪਰਮਾਤਮਾ ! ਮੈਂ ਆਪ ਦੀ ਗਤੀ ਕਿਨਿ=ਕਿਸ ਪ੍ਰਕਾਰ ਜਾਨਣਾ ਕਰਾਂ ? ਵਾ:-ਹੇ ਕ੍ਰਿਪਾ ਪਤੀ ਪਰਮਾਤਮਾ ਮੇਰੀ ਗਤੀ ਆਪ (ਕਿ ਨਿ ਲਖਹੁ) ਕਿਉਂ ਨਹੀਂ ਜਾਣਦੇ ? ਗੁਰੂ ਜੀ ਪਇਅੰਪੈ=ਉਚਾਰਦੇ ਹਨ-ਹੇ ਆਪਣੇ ਪੀਆ ! ਮੈਂ ਸੇਵਕ ਹੋ ਕੇ ਆਪ ਦੀ ਸੇਵਾ ਕ੍ਰਦਾ ਹਾਂ, ਜਿਵੇਂ ਜਾਣੋ, ਤਿਵੇਂ ਮੈਨੂੰ ਰਖਣਾ ਕਰੋ॥ ੩॥

ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ॥
ਮੋਹਿ ਚਾਤ੍ਰਿਕ ਤੁਮ੍ ਬੂੰਦ ਤ੍ਰਿਪਤਉ ਮੁਖਿ ਪਰੈ॥

ਮੈ ਮੱਛੀ ਵਾਂਗ ਹਾਂ, ਆਪ ਜਲ ਰੂਪ ਹੋ, ਆਪ ਜੀ ਤੋਂ ਬਿਨਾਂ ਕਿਵੇਂ ਸਰ ਸਕਦਾ ਹੈ? ਮੈਂ ਪਪੀਹੇ ਵਤ ਹਾਂ, ਆਪ ਸ੍ਵਾਂਤੀ ਬੂੰਦ ਰੂਪ ਹੋ, ਮੂੰਹ ਵਿਚ ਅਭੇਦ ਬੋਧ ਰੂਪੀ ਸ੍ਵਾਂਤੀ ਬੂੰਦ ਪਵੇ ਤਾਂ ਮਨ ਤ੍ਰਿਪਤ ਹੁੰਦਾ ਹੈ।

ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ॥
ਲਾਡਿਲੇ ਲਾਡ ਲਡਾਇ ਸਭ ਮਹਿ ਮਿਲੁ ਹਮਾਰੀ ਹੋਇ ਗਤੇ॥

ਮੂੰਹ ਵਿਚ ਸ੍ਵਾਂਤੀ ਬੂੰਦ ਪਵੇ ਤਾਂ ਮੇਰੀ ਪਿਆਸਾ ਦੂਰ ਹੋਵੇ, ਹੇ ਵਾਹਿਗੁਰੂ ਆਪ ਜੀਅ, ਹਿਰਦੇ ਅਤੇ ਪ੍ਰਾਣਾਂ ਦੇ ਪਤੀ ਹੋ। ਸਾਰਿਆਂ ਵਿਚ ਲਾਡਲੇ=ਪਿਆਰੇ ਭਗਤਾਂ ਨੂੰ ਆਪ ਲਾਡ ਵਿਚ ਲਡਾਉਣ ਵਾਲੇ ਹੋ, ਮੈਨੂੰ ਮਿਲੋ ! ਜਿਸਤੇ ਸਾਡੀ ਗਤੀ ਹੋਵੇ।

ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ॥
ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰੁ ਨ ਵੀਸਰੈ॥ ੪॥

ਅਗਿਆਨ ਰੂਪ ਹਨੇਰੇ ਦੇ ਮਿਟ ਜਾਣ ਲਈ, ਮੈਂ ਆਪ ਜੀ ਨੂੰ ਚਿਤ ਵਿਚ ਐਸੇ ਚਿਤਵਦਾ ਹਾਂ, ਜਿਵੇਂ ਦਿਨੁ=ਸੂਰਜ ਦੇ ਚੜ੍ਹਨ ਦੀ ਆਸਾ ਚਕਵੀ ਕਰਦੀ ਹੈ। ਗੁਰੂ ਜੀ ਪਇਅੰਪਹੈ=ਉਚਾਰਦੇ ਹਨ--

ਇਸ ਤਰ੍ਹਾਂ ਬੇਨਤੀ ਕਰਨ ਨਾਲ ਹੇ ਪਿਰੀ ! ਜਦ ਤੁਸਾਂ ਨੇ ਆਪਣੇ ਨਾਲ ਮੇਲਿਆ, ਤਦ ਮੈਨੂੰ ਇਸ ਤਰ੍ਹਾਂ ਨਾ ਭੁੱਲੇ, ਜਿਵੇਂ ਮੱਛੀ ਨੂੰ ਜਲ ਨਹੀਂ ਵਿਸਰਦਾ॥ ੪॥

ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥
ਸੋਹੇ ਬੰਕ ਦੁਆਰ ਸਗਲਾ ਬਨੁ ਹਰਾ॥

ਸਾਡੇ ਭਾਗ ਧੰਨਤਾ ਦੇ ਜੋਗ ਹਨ, ਕਿਉਂਕਿ ਮੇਰਾ ਪਿਰੀ ਘਰ ਵਿਚ ਆ ਕੇ ਸਖਿਆਤ ਹੋਇਆ ਹੈ ।

ਬੰਕ=ਸੁੰਦਰ (ਦਰਸ਼ਨੀ) ਦਰਵਾਜ਼ੇ ਸ਼ੋਭਨੀਕ ਹੋਏ। ਸਾਰਾ (ਗੁਰੂ ਕਾ) ਬਨੁ=ਬਾਗ ਭੀ ਹਰਿਆ ਹੋਇਆ। ਵਾ:-ਸਾਧਨਾਂ ਰੂਪੀ, ਇੰਦ੍ਰੀਆਂ ਰੂਪੀ ਸੁੰਦਰ ਦਰਵਾਜ਼ੇ ਸ਼ੋਭਨੀਕ ਹੋਏ, ਅੰਤਹਕਰਨ ਰੂਪੀ ਸਾਰਾ ਬਨੁ=ਭੀ ਸ਼ੁਭ-ਗੁਣਾਂ ਨਾਲ ਹਰਿਆ ਹੋਇਆ।

ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ ॥
ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ ॥

ਹਰੀ ਸੁਆਮੀ ! ਸਭ ਜੀਵਾਂ ਦੇ ਹਰੇ ਕਰਨ ਵਾਲਾ ਹੈ, ਸੁਖਾਂ ਵਿਚ ਗਾਮੀ=ਗਮਨ ਕਰਾਉਣ ਵਾਲਾ ਹੈ, ਅਨੰਦਦਾਇਕ ਮੰਗਲਾਂ ਦੇ ਕਰਨ ਵਾਲਾ ਹੈ, ਸੇਵਕਾ ਵਿਚ ਜਿਸ ਦਾ ਘਣਾ ਰਸੁ=ਪ੍ਰੇਮ ਹੈ। ਨਵਲ ਨਵਤਨ=ਨਵੀਨ ਤੋਂ ਨਵੀਨ ਹੈ, ਵਾ:-ਨਵਲ=ਵਲਛਲ ਨਹੀਂ ਹੈ, ਨਵਤਨ=ਨਵੀਨ ਹੈ, ਸਭ ਦਾ ਨਾਹੁ=ਪਤੀ ਹੈ, ਬਾਲਾ=ਬਾਲਾਨ ਬਾਲ ਵੱਡਿਆਂ ਤੋਂ ਵੱਡਾ ਹੈ। ਰਸਨਾ=ਜ਼ਬਾਨ ਨਾਲ ਉਸ ਦੇ ਕਿਹੜੇ ਗੁਣ ਕਥਨ ਕਰਾਂ।

ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ॥
ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥ ੫ ॥ ੧ ॥ ੩ ॥

ਵਾਹਿਗੁਰੂ ਨੂੰ ਦੇਖ ਕੇ ਬੁੱਧੀ ਮੋਹੀ ਗਈ, ਦੁਖਦਾਈ ਸੰਸਾ ਸਾਰਾ ਹਰਾ=ਨਾਸ ਹੋ ਗਿਆ। ਗੁਰੂ ਜੀ ਪਇਅੰਪੈ=ਉਚਾਰਦੇ ਹਨ, ਅਪਰੰਪਰ ਸੁਆਮੀ ਪਰਮਾਤਮਾ ਦੇ ਮਿਲਣ ਕਰਕੇ ਮੇਰੀ ਆਸਾ ਪੂਰੀ ਹੋ ਗਈ ਹੈ॥ ੫॥ ੩॥

ਬਿਲਾਵਲੁ ਮਹਲਾ ੫ ਛੰਤ ਮੰਗਲ

ੴ ਸਤਿਗੁਰ ਪ੍ਰਸਾਦਿ ॥

ਬੇਨਤੀ ਕੀਤੀ-"ਜੀਵ ਨੂੰ ਸੁਖ ਦੀ ਪ੍ਰਾਪਤੀ ਕਿਵੇ ਹੋਵੇ ?" *ਉੱਤਰ:-*

ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥

ਸੁੰਦਰ ਅਤੇ ਸ਼ਾਂਤੀ ਚਿਤ ਵਾਲਾ ਜੋ ਪ੍ਰਭੂ ਦਿਆਲੂ ਹੈ, ਜੋ ਪਤੀ ਸਭ ਸੁਖਾਂ ਦੀ ਨਿਧੀ ਹੈ।

[ਪੰਨਾ ੮੪੮]

ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਹ ਸੁਖਾਂ ਦਾ ਸਮੁੰਦਰ ਪ੍ਰਭੂ ਮਿਲ ਜਾਵੇ, ਤਾਂ ਇਹ ਜੀਉ ਸੁਖੀ ਹੁੰਦਾ ਹੈ॥ ੧ ॥

ਛੰਤ ॥ ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥
ਮਾਨਨਿ ਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ॥

ਸੁਖਾਂ ਦਾ ਸਮੁੰਦਰ ਪ੍ਰਭੂ ਤਾਂ ਪ੍ਰਾਪਤ ਹੁੰਦਾ ਹੈ, ਜੇਕਰ ਰਾਮ ਦੀ ਪ੍ਰਾਪਤੀ ਦਾ ਚੰਗਾ ਭਾਗ ਹੋਵੇ। ਹੇ ਜਗਿਆਸੂ ਰੂਪ ਮਾਨਨਿ=ਇਸਤਰੀ ! ਤੂੰ ਮਾਨ ਨੂੰ ਦੂਰ ਕਰ ਦੇ, ਹਰੀ ਰਾਮ ਦੇ ਚਰਨੀਂ ਲਗਣਾ ਕਰ।

ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ॥
ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ॥ ੧॥

ਸਿਆਣਪ ਬੁੱਧੀ ਦੀ, ਚਤਰਾਈ ਵਾਕਾਂ ਦੀ ਛੱਤ ਦੇ, ਅਤੇ ਰਾਮ ਪ੍ਰਾਪਤੀ ਲਈ ਬੁੱਧੀ 'ਚੋਂ ਖੋਟੀ ਸਿਖਿਆ ਤਿਆਗ ਦੇ। ਗੁਰੂ ਜੀ ਕਥਨ ਕਰਦੇ ਹਨ- ਰਾਮ ਰਾਇ ਸ਼ਰਨ ਵਿਚ ਪੈਣਾ ਕਰ, ਤਾਂ ਰਾਮ ਦੀ ਪ੍ਰਾਪਤੀ ਦਾ ਸੁਹਾਗ ਥਿਰ ਹੋਵੇਗਾ॥ ੧॥

ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ॥
ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ॥

ਹੇ ਪੁਰਸ਼ਾ ! ਉਸ ਪ੍ਰਭੂ ਦੇ ਸਿਮਰਨ ਨੂੰ ਤਿਆਗ ਕੇ ਤੂੰ ਕਤ ਲਾਗੀਐ=ਕਿਥੇ ਲੱਗ ਰਿਹਾ ਹੈਂ, ਜਿਸ ਰਾਮ ਦੇ ਸਿਮਰਨ ਤੋਂ ਬਿਨਾਂ ਮਰ ਜਾਣਾ ਹੁੰਦਾ ਹੈ। ਹੇ ਅਗਿਆਨ ਮਤੀ ! ਤੈਨੂੰ ਸ਼ਰਮ ਨਹੀਂ ਆਉਂਦੀ ? ਜੋ ਰਾਮ ਦਾ ਭਜਨ-ਸਿਮਰਨ ਛਡ ਕੇ ਦੁਰਜਨ=ਖੋਟੇ ਪੁਰਸ਼ ਕਾਮ ਆਦਿਕਾਂ ਵਿਚ ਬਿਰਮਾਈਐ=ਪਰਚ ਰਹੀ ਹੈਂ ।

ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ॥
ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ॥੨॥

ਪਾਪੀਆਂ ਦੇ ਪਵਿੱਤਰ ਕਰਨ ਵਾਲੇ ਰਾਮ ਪ੍ਰਭੂ ਨੂੰ ਤਿਆਗ ਕਰਕੇ, ਕਹੋ ਖਾਂ:-ਆਪਣੇ ਮਨ ਨੂੰ ਕਿਥੇ ਠਹਿਰਾਵੇਂਗਾ? ਹੇ ਭਾਈ! ਦਿਆਲੂ ਦੀ ਪ੍ਰੇਮਾ ਭਗਤੀ ਕਰ, ਤਾਂ ਤੂੰ ਜੀਵਨ-ਪਦਵੀ ਦੇ ਅਨੰਦ ਨੂੰ ਪਾਵੇਂਗਾ॥ ੨॥

ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ॥
ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ॥

ਹੇ ਦੁਹ-ਚਾਰਣਿ=ਖੋਟੇ ਕਰਤੱਬਾਂ ਦੇ ਕਰਨ ਵਾਲੀ ਰਸਨਾ ! ਬਲਿ ਗਈਏ=ਸੜ ਗਈਏ ਤੂੰ ਸ੍ਰੀ ਗੁਪਾਲ ਦੇ ਰਾਮ ਨਾਮ ਨੂੰ ਨਹੀਂ ਉਚਾਰਦੀ।

ਭਗਤਾਂ ਦੇ ਪਿਆਰੇ ਪ੍ਰਭੂ ਨੂੰ ਸੇਂਵਦੀ ਨਹੀਂ ਹੈਂ, ਇਸ ਕਰਕੇ ਤੇਰੀ ਕਾਂਇਆਂ ਨੂੰ ਕਾਮ ਆਦਿਕਾਂ ਰੂਪੀ ਕਾਂ ਗ੍ਰਸਣਗੇ। ਵਾ:-ਪ੍ਰਲੋਕ ਵਿਚ ਡੋਡਰ ਕਾਂ ਤੇਰੀ ਕਾਂਇਆ ਨੂੰ ਗ੍ਰਸਣਗੇ।

ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ॥

ਭਰਮ ਵਿਚ ਮੋਹੀ ਹੋਈ ਬੁੱਧੀ-ਜਮਲੋਕ ਦੇ ਦੁੱਖਾਂ ਨੂੰ ਜਾਣਦੀ ਨਹੀਂ, ਰਾਮ ਤੋਂ ਬਿਨਾਂ ਕ੍ਰੋੜਾਂ ਜੂਨੀਆਂ ਵਿਚ ਵੱਸਦਾ ਹੈ।

ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ॥ ੩॥

ਗੁਰੂ ਜੀ ਕਥਨ ਕਰਦੇ ਹਨ-ਹਰੀ ਰਾਮ ਤੋਂ ਬਿਨਾਂ ਜੋ ਹੋਰ ਪਦਾਰਥਾਂ ਦਾ ਚਾਹੁਣਾ ਹੈ, ਉਹ ਸਭ ਮਿਥਿਆ ਹੈ। ਉਸ ਕਰਕੇ ਇਹ ਜੀਵ ਵਿਸ਼ਟਾ ਦਾ ਕੀੜਾ ਹੁੰਦਾ ਹੈ ਅਤੇ ਲਾਹਨਤਾਂ ਰੂਪੀ ਭਸਮ ਪੈਂਦੀ ਹੈ।

ਅਥਵਾ:-ਪ੍ਰਾਣਾਂ ਦੇ ਵਿਜੋਗ ਪਿੱਛੋਂ ਸਰੀਰ ਦੀਆਂ ਤਿੰਨ ਹਾਲਤਾਂ ਹੁੰਦੀਆਂ ਹਨ।

ਐਵੇਂ ਪਈ ਰਹਿਣ ਕਰਕੇ ਕੁੱਤੇ ਆਦਿਕ ਖਾ ਕੇ ਵਿਸ਼ਟਾ ਕਰਦੇ ਹਨ, ਜਾਂ ਕ੍ਰਿਮ=ਕੀੜੇ ਖਾ ਜਾਂਦੇ ਹਨ, ਜਾਂ ਸੜ ਕੇ ਸੁਆਹ ਰੂਪ ਹੋ ਜਾਂਦੀ ਹੈ॥ ੩॥

ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ॥

ਹੇ ਪੁਰਸ਼ਾ ! ਭਗਵੰਤ ਤੇ ਨਾਲ ਪ੍ਰੇਮ ਲਗਾਉਣਾ ਕਰ, ਅਤੇ ਵੇਰਾਗਵਾਨ ਹੋ ਕੇ ਰਾਮ ਨੂੰ ਮਿਲਣਾ ਕਰ।

ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ॥

(ਰਾਮ) ਹੇ ਭਾਈ ! ਚੰਦਨ ਆਦਿਕ ਸੁਗੰਧੀਆਂ ਨੂੰ ਲਗਾ ਕੇ ਚੀਰ=ਬਸਤਰਾਂ ਨੂੰ ਪਹਿਰਨਾ, ਅਤੇ ਹਉਮੈ ਦੇ ਸਹਿਤ ਵਿਸ਼ੇ ਰਸਾਂ ਨੂੰ ਤਿਆਗਣਾ ਕਰ।

ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ॥
ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ॥੪॥੧॥੪॥

ਹੇ ਭਾਈ ! ਇਧਰ ਉਧਰ ਭਟਕਣਾ ਨਾ ਕਰ। ਹਰੀ ਰਾਮ ਦੀ ਸੇਵਾ ਕਰਨੇ ਵਿਚ ਜਾਗਣਾ ਕਰ। ਗੁਰੂ ਜੀ ਕਹਿੰਦੇ ਹਨ-ਜਿਸ ਨੇ ਆਪਣੇ ਰਾਮ ਪ੍ਰਭੂ ਨੂੰ ਪਾਇਆ ਹੈ, ਉਹ ਇਸਤਰੀ ਅਟੱਲ ਸੁਹਾਗਣ ਹੋਈ ਹੈ॥ ੪॥ ੧॥ ੪॥

ਬਿਲਾਵਲੁ ਮਹਲਾ ੫॥

ਹਰਿ ਖੋਜਹੁ ਵਡਭਾਗੀਹੋ ਮਿਲਿ ਸਾਧੂ ਸੰਗੇ ਰਾਮ॥
ਗੁਨ ਗੋਵਿਦ ਸਦ ਗਾਈਅਹਿ ਪਾਰਬ੍ਰਹਮ ਕੈ ਰੰਗੇ ਰਾਮ॥

ਹੇ ਵਡਭਾਗੀ ਪੁਰਸ਼ੋ ! ਰਾਮ ਦੇ ਸੰਤਾਂ ਨਾਲ ਮਿਲ ਕੇ ਹਰੀ ਨੂੰ ਖੋਜਹੁ=ਲੱਭਣਾ ਕਰੋ। ਪਾਰਬ੍ਰਹਮ ਰਾਮ ਦੇ ਪ੍ਰੇਮ ਵਿਚ ਇਸਥਿਤ ਹੋ ਕੇ ਗੋਵਿੰਦ ਦੇ ਗੁਣ ਸਦਾ ਗਾਉਣਾ ਕਰੋ।

ਸੋ ਪ੍ਰਭੁ ਸਦ ਹੀ ਸੇਵੀਐ ਪਾਈਅਹਿ ਫਲ ਮੰਗੇ ਰਾਮ॥
ਨਾਨਕ ਪ੍ਰਭ ਸਰਣਾਗਤੀ ਜਪਿ ਅਨਤ ਤਰੰਗੇ ਰਾਮ॥੧॥

ਉਸ ਪ੍ਰਭੂ ਨੂੰ ਸਦਾ ਸੇਵਣਾ ਕਰੀਏ, ਤਾਂ ਰਾਮ ਦੇ ਪਾਸੋਂ ਮੂੰਹ-ਮੰਗੇ ਫਲ ਪਾਈਦੇ ਹਨ। ਹੇ ਪੁਰਸ਼ਾ ! ਪ੍ਰਭੂ ਦੀ ਸ਼ਰਨ ਵਿਚ ਪ੍ਰਾਪਤ ਹੋ ਅਤੇ ਅਨੇਕਾਂ (ਤਰੰਗ) ਸੰਕਲਪ ਵਿਕਲਪ ਦੂਰ ਕਰਕੇ ਰਾਮ ਨੂੰ ਜਪਣਾ ਕਰ।

ਅਥਵਾ:-ਬ੍ਰਹਮਾਂ ਆਦਿਕ ਅਨੇਕਾਂ ਤਰੰਗ ਜਿਸ ਬ੍ਰਹਮ ਰੂਪ ਸਮੁੰਦਰ ਵਿਚ ਉੱਠ ਰਹੇ ਹਨ, ਉਸ ਰਾਮ ਨੂੰ ਜਪਣਾ ਕਰ ॥ ੧॥

ਇਕੁ ਤਿਲੁ ਪ੍ਰਭੂ ਨ ਵੀਸਰੈ ਜਿਨਿ ਸਭੁ ਕਿਛੁ ਦੀਨਾ ਰਾਮ॥
ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨਾ ਰਾਮ॥

ਉਹ ਪ੍ਰਭੂ ਇਕ ਤਿਲ ਮਾਤਰ ਭਾਵ ਇਕ ਸ੍ਵਾਸ ਵੀ ਨਾ ਭੁੱਲੇ, ਜਿਸ ਰਾਮ ਨੇ ਸਭ ਕੁਝ ਦਿੱਤਾ ਹੋਇਆ ਹੈ। ਵੱਡਿਆਂ ਭਾਗਾਂ ਕਰਕੇ ਜਦ ਗੁਰਾਂ ਨਾਲ ਮਿਲਾਪ ਹੋਇਆ, ਤਾ ਗੁਰਾਂ ਦੁਆਰੇ ਰਾਮ-ਪਤੀ ਨੂੰ ਜਾਣਿਆ।

ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ॥
ਨਾਮ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ॥ ੨॥

ਜਦ ਰਾਮ ਨੇ ਆਪਣਾ ਦਾਸ ਕਰ ਲੀਤਾ, ਤਾਂ ਬੁੱਧੀ ਰੂਪ ਭੁਜਾਂ ਤੋਂ ਫੜ ਕੇ ਅਗਿਆਨ ਰੂਪ ਹਨੇਰੇ ਤੋਂ ਕੱਢ ਲੀਤਾ। ਅਸੀਂ ਤਾਂ ਨਾਮ ਜਪ ਕੇ ਜੀਊਂਦੇ ਹਾਂ, ਜਿਸ ਰਾਮ ਨੂੰ ਜਪ ਕੇ ਸਾਡਾ ਮਨ ਅਤੇ ਸੀਨਾ ਸੀਤਲ ਹੋਇਆ ਹੈ॥ ੨॥

ਕਿਆ ਗੁਣ ਤੇਰੇ ਕਹਿ ਸਕਉ ਪ੍ਰਭ ਅੰਤਰਜਾਮੀ ਰਾਮ॥
ਸਿਮਰਿ ਸਿਮਰਿ ਨਾਰਾਇਣੈ ਭਏ ਪਾਰਗਰਾਮੀ ਰਾਮ॥

ਹੇ ਰਾਮ ਪ੍ਰਭੂ ਅੰਤਰਜਾਮੀ ! ਮੈਂ ਆਪ ਜੀ ਦੇ ਕਿਹੜੇ ਕਿਹੜੇ ਗੁਣ ਕਹਿ ਸਕਦਾ ਹਾਂ। ਹੇ ਨਰਾਇਣ ! ਤੇਰੇ ਸਿਮਰਨ ਨੂੰ ਸਿਮਰ ਕੇ ਕਈ ਪੁਰਸ਼ ਸੰਸਾਰ ਗਰਾਮ ਤੋਂ ਪਾਰ ਹੋਏ ਹਨ।

ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ॥
ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ॥ ੩॥

ਗੋਵਿੰਦ ਦੇ ਗੁਣ ਗਾਉਣ ਕਰਨ ਵਾਲਿਆਂ ਦੀਆਂ ਰਾਮ ਨੇ ਸਭ ਇੱਛਾਵਾਂ ਪੂਰਨ ਕਰ ਦਿੱਤੀਆਂ ਹਨ। ਜੋ ਹਰੀ ਰਾਮ ਸਾਰਿਆਂ ਦਾ ਸੁਆਮੀ ਹੈ, ਉਸ ਹਰੀ ਨੂੰ ਜਪ ਕੇ ਭਗਤ ਜਨ ਤਰ ਗਏ ਹਨ॥ ੩॥

ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ॥
ਪ੍ਰਭ ਪੇਖਤ ਇਛਾ ਪੁੰਨੀਆ ਮਿਲਿ ਸਾਜਨ ਜੀ ਕੇ ਰਾਮ॥

ਹੇ ਭਾਈ! ਜੋ ਆਪਣੇ ਰਾਮ ਦੇ ਪ੍ਰੇਮ ਨਾਲ ਭਿੰਨਿਅੜੇ=ਭਿੱਜੇ ਹਨ-ਉਹ ਨੇਤਰ ਚੰਗੇ ਭਾਵ ਸਫਲ ਹਨ। ਪ੍ਰਭੂ ਨੂੰ ਵੇਖਦਿਆਂ ਸਾਡੀਆਂ ਇੱਛਾਵਾਂ ਪੂਰਨ ਹੋਈਆਂ ਹਨ, ਅਤੇ ਦਿਲ ਦੇ ਸੱਜਣ ਜੋ ਰਾਮ ਜੀ ਹਨ ਉਹ ਮਿਲ ਪਏ ਹਨ।

ਅੰਮ੍ਰਿਤ ਰਸੁ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ॥
ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ॥੪॥੨॥੫॥੯॥

ਹਰੀ ਨਾਮ ਅੰਮ੍ਰਿਤ-ਰਸ ਨੂੰ ਪਾਇਆ ਹੈ, ਤੇ ਵਿਸ਼ਿਆਂ ਰਸਾਂ ਨੂੰ ਫਿੱਕਾ ਜਾਣ ਕੇ ਤਿਆਗਿਆ ਹੈ। ਗੁਰੂ ਜੀ ਆਖਦੇ ਹਨ-ਜਿਵੇਂ ਜਲ ਵਿਚ ਜਲ ਸਮਾ ਜਾਂਦਾ ਹੈ, ਤਿਵੇਂ ਰਾਮ ਜੋਤੀ ਵਿਖੇ ਜੋਤ (ਮੀਕੇ) ਮਿਲ ਗਈ ਹੈ॥ ੪॥ ੨॥ ੫॥ ੯॥

ਬਿਲਾਵਲ ਕੀ ਵਾਰ

[ਪੰਨਾ ੮੪੯]

ਬਿਲਾਵਲ ਕੀ ਵਾਰ ਮਹਲਾ ੪

੧ਓ ਸਤਿਗੁਰ ਪ੍ਰਸਾਦਿ ॥

ਇਹ ਵਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਚਾਰੀ ਹੈ ਇਸ ਕਰਕੇ ਵਾਰ=ਪਉੜੀਆਂ ਸਾਰੀਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਹਨ ਤੇ ਸਲੋਕ ਸਾਂਝੇ ਆਉਣਗੇ।

ਸਿੱਖਾਂ ਨੇ ਬੇਨਤੀ ਕੀਤੀ='ਗੁਰਮੁਖ ਕੀ ਕਰਤੱਬ ਕਰਦੇ ਹਨ ?' *ਗੁਰ ਉੱਤਰ:-*

ਸਲੋਕ ਮਃ ੪ ॥

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥

੧. ਗੁਰਮੁਖਾਂ ਨੇ ਬਿਲਾਵਲ ਰਾਗ ਦੇ ਨਾਦੁ=ਸ਼ਬਦਾਂ ਦੁਆਰੇ, ਵਾ:-ਬਿਲਾਵਲੁ ਰਾਗ ਦੀ ਨਾਦੁ=ਅਲਾਪਚਾਰੀ ਕਰਕੇ ਹਰਿ ਹਰਿ ਉੱਤਮ ਪ੍ਰਭੂ ਦੇ ਜਸ ਨੂੰ ਗਾਵਿਆ ਹੈ।

੨. ਗੁਰਾਂ ਦੇ ਨਾਦੁ=ਉਪਦੇਸ਼ ਵਿਚ ਰਾਗੁ=ਪ੍ਰੇਮ ਕਰਕੇ ਜਿਨ੍ਹਾਂ ਨੇ ਹਰਿ ਹਰਿ ਉੱਤਮ ਪ੍ਰਭੂ ਦੇ ਜਸ ਨੂੰ ਗਾਵਿਆ ਹੈ, ਉਨ੍ਹਾਂ ਨੂੰ ਬਿਲਾਵਲੁ=ਅਨੰਦ ਹੋਇਆ ਹੈ।

ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥

ਜਿਸ ਦੇ ਮੱਥੇ ਉਤੇ ਧੁਰ ਤੋਂ ਹੀ ਪੂਰਾ ਭਾਗ ਲਿਖਿਆ ਹੋਇਆ ਹੈ, ਉਸ ਨੇ ਗੁਰ-ਉਪਦੇਸ਼ ਨੂੰ ਸੁਣ ਕੇ ਮੰਨਣ ਕੀਤਾ ਹੈ।

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥

ਹਿਰਦੇ ਦੀ ਲਿਵ ਹਰਿ ਹਰਿ ਵਿਚ ਲਗਾ ਕੇ ਉਹ ਦਿਨ ਰਾਤ ਸਭ ਹਰੀ ਦੇ ਗੁਣ ਉਚਾਰਦਾ ਹੈ।

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥

ਪਰਮੇਸ਼ਰ ਨਾਮ ਦੇ ਮਨੁ=ਮੰਨਣ ਕਰਨ ਨਾਲ ਉਨ੍ਹਾਂ ਦਾ ਮਨ ਤਨ ਸਭ ਤਰ੍ਹਾਂ ਕਰਕੇ ਇਉਂ ਹਰਾ ਹੋਇਆ ਹੈ, ਜਿਵੇਂ ਹਰਿਆ ਬਾਗ ਖਿੜਿਆ ਹੁੰਦਾ ਹੈ।

ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥

ਜਿਸ ਵੇਲੇ ਗੁਰਾਂ ਨੇ ਗਿਆਨ ਰੂਪ ਚਰਾਗੁ=ਦੀਵ ਦਾ ਗੁਰ ਚਾਨਣੁ=ਵੱਡਾ ਚਾਨਣ ਕੀਤਾ, ਤਾਂ ਅੰਤਹਕਰਨ ਰੂਪੀ ਮੰਦਰ ਵਿਚੋਂ ਅਗਿਆਨ ਹਨੇਰਾ ਦੂਰ ਹੋ ਗਿਆ।

ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਇਕ ਹਰੀ ਨੂੰ ਵੇਖ ਕੇ ਜੀਉਂਦੇ ਹਨ ਅਤੇ ਘੜੀ ਦਾ ਇਕ ਨਿਮਖ-ਨਿਮਖ ਸਮਾਂ ਪਰਮੇਸ਼ਰ ਦੇ ਮੁਖਿ ਲਾਗੁ=ਸਨਮੁਖ ਰਹਿੰਦੇ ਹਨ॥ ੧ ॥

ਮਃ ੩ ॥ ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥

੧. ਬਿਲਾਵਲ ਰਾਗ ਨੂੰ ਤਦ ਹੀ ਗਾਉਣਾ ਕਰੀਏ ਜਦ ਮੂੰਹ ਵਿਚ ਪਰਮੇਸ਼ਰ ਦਾ ਨਾਮ ਹੋਵੇ, ਜਾਂ ਸਾਰਿਆਂ ਨਾਮਾਂ ਵਿਚੋਂ ਮੁਖੀ ਨਾਮ ਪ੍ਰਾਪਤ ਹੋਵੇ।

੨. ਬਿਲਾਵਲੁ=ਆਨੰਦ ਨੂੰ ਤਾਂ ਹੀ ਲੈਣਾ ਕਰੀਏ ਜਾਂ ਮੂੰਹ ਵਿਚ ਨਾਮ-ਸਿਮਰਨ ਹੋਵੇ।

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥

ਰਾਗ ਦੇ ਨਾਦ=ਅਲਾਪ ਵਿਚ ਉਹ ਸ਼ਬਦ ਗਾਏ ਹੋਏ ਸ਼ੋਭਨੀਕ ਬ੍ਰਹਮ, ਜਾਂ=ਜਿਨ੍ਹਾਂ ਦੇ ਗਾਉਣ ਨਾਲ ਸਹਜ-ਪਦ ਵਿਚ ਧਿਆਨ ਲੱਗ ਜਾਵੇ।

ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥

(੧) ਵਿਸ਼ੇ ਸਬੰਧੀ ਰਾਗ ਦੀ ਨਾਦ=ਅਲਾਪਚਾਰੀ ਛੱਡ ਕੇ ਹਰੀ ਨੂੰ ਸੇਵੀਐ=ਸਿਮਰੀਏ, ਤਾਂ ਪਰਮੇਸ਼ਰ ਦੀ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ।

(੨) ਜੇਕਰ ਰਾਗ ਨਾਦ ਨੂੰ ਛੱਡ ਕੇ ਹਰੀ ਨਾਮ ਦਾ ਸਿਮਰਨ ਕਰੀਏ, ਤਾਂ ਭੀ ਪ੍ਰਭੂ ਦੀ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ।

ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਹੋ ਕੇ ਗੁਰਾਂ ਦੁਆਰੇ ਬ੍ਰਹਮ ਨੂੰ ਵਿਚਾਰੀਏ, ਤਾਂ ਮਨ ਵਿਚੋਂ ਅਭਿਮਾਨੁ=ਹੰਕਾਰ ਚੁੱਕ ਜਾਂਦਾ ਹੈ॥ ੨ ॥

ਪਉੜੀ ॥ ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ ॥

ਹੇ ਹਰੀ ਪ੍ਰਭੂ ! ਤੂੰ ਆਪ ਹੀ ਅਗੰਮ ਹੈਂ, ਸਾਰਿਆਂ ਜੀਵਾ ਨੂੰ ਤੁਸਾਂ ਨੇ ਹੀ ਪੈਦਾ ਕੀਤਾ ਹੈ।

ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ ॥

(੧) ਤੂੰ ਆਪਣੇ ਆਪ ਹੀ ਸਾਰੇ ਜਗਤ ਦੇ ਸਭਨਾਂ ਪਦਾਰਥਾਂ ਵਿਚ ਵਰਤਦਾ ਹੈਂ।

(੨) ਤੂੰ ਆਪੇ ਆਪ ਸਾਰੇ ਵਰਤ ਰਿਹਾ ਹੈਂ, ਇਹ ਜੋ ਸਾਰਾ ਜਗਤ ਹੈ ਉਹ ਸਾਰਾ ਤੇਰੇ ਅੰਦਰ ਹੀ ਆਇਆ ਹੋਇਆ ਹੈ।

ਤੁਧੁ ਆਪੇ ਤਾੜੀ ਲਾਈਐ ਆਪੇ ਗੁਣ ਗਾਇਆ ॥

ਤੁਸਾਂ ਨੇ ਆਪ ਹੀ ਗਿਆਨਵਾਨ ਹੋ ਕੇ ਤਾੜੀ=ਸਮਾਧੀ ਲਗਾਈ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ (ਸ਼ੁਭ) ਗੁਣਾਂ ਨੂੰ ਗਾਇਆ ਹੈ। ਅਸੀਂ ਸਭ ਨੂੰ ਏਹੋ ਉਪਦੇਸ਼ ਦੇਂਦੇ ਹਾਂ-

ਹਰਿ ਧਿਆਵਹੁ ਭਗਤਹੁ ਦਿਨਸੁ ਰਾਤਿ ਅੰਤਿ ਲਏ ਛਡਾਇਆ ॥

ਹੇ ਭਗਤੋ ! ਦਿਨ ਰਾਤ ਹਰੀ ਨੂੰ ਧਿਆਉਣਾ ਕਰੋ, ਜੋ ਅੰਤ ਸਮੇਂ ਜਮਾਂ ਤੋਂ ਛੁਡਾ ਲੈਂਦਾ ਹੈ।

ਜਿਨਿ ਸੇਵਿਆ ਤਿਨਿ ਸੁਖੁ ਪਾਇਆ ਹਰਿ ਨਾਮਿ ਸਮਾਇਆ ॥ ੧ ॥

ਜਿਸ ਨੇ ਹਰੀ ਨੂੰ ਸੇਵਿਆ=ਸਿਮਰਿਆ ਹੈ ਉਸ ਨੇ ਸੁਖ ਪਾਇਆ ਹੈ ਅਤੇ ਉਹ ਅੰਤ ਨੂੰ ਹਰੀ ਨਾਮੀ ਵਿਚ ਸਮਾ ਜਾਂਦਾ ਹੈ॥ ੧ ॥

ਸਲੋਕ ਮਃ ੩ ॥ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥

(੧) ਦੂਜੈ ਭਾਇ=ਦ੍ਵੈਤ ਭਾਵ ਕਰਕੇ ਬਿਲਾਵਲ ਰਾਗ ਦੀ ਅਲਾਪਚਾਰੀ ਕੀਤੀ ਹੋਈ ਸ਼ਫਲ ਨਹੀਂ ਹੁੰਦੀ ਅਤੇ ਮਨਮੁਖ ਦਾ ਕੋਈ ਕਰਤੱਬ ਕੀਤਾ ਹੋਇਆ ਥਾਂ ਨਹੀਂ ਪੈਂਦਾ, ਭਾਵ ਸਫਲ ਨਹੀਂ ਹੁੰਦਾ।

(੨) ਦ੍ਵੈਤ ਭਾਵ ਕਰਕੇ ਬਿਲਾਵਲੁ=ਅਨੰਦ ਪ੍ਰਾਪਤ ਨਹੀਂ ਹੁੰਦਾ ਅਤੇ ਮਨਮੁਖ ਪੁਰਸ਼ ਸਰੂਪ ਥਾਂ ਵਿਚ ਟਿਕਣਾ ਨਹੀਂ ਪਾਉਂਦਾ।

ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥

ਪਖੰਡ ਕੀਤਿਆਂ ਭਗਤੀ ਨਹੀਂ ਹੁੰਦੀ ਅਤੇ ਭਗਤੀ ਕੀਤੇ ਬਿਨਾਂ ਪਰਾ ਰੂਪ ਬ੍ਰਹਮ ਵਿਆਪਕ ਪਰਮੇਸ਼ਰ ਨਹੀਂ ਪਾਇਆ ਜਾਂਦਾ ।

ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥

ਮਨ ਹਠੀਏ ਮਨ ਦੇ ਹਠ ਕਰਕੇ ਜੋ ਕਰਮ ਕਮਾਉਂਦੇ ਹਨ, ਉਨ੍ਹਾਂ ਵਿਚੋਂ ਕੋਈ ਕਰਮ ਭੀ ਥਾਂ ਨਹੀਂ ਪੈਂਦਾ, ਭਾਵ ਮਨਜ਼ੂਰ ਨਹੀਂ ਹੁੰਦਾ।

ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਏ ॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੁਆਰੇ ਹਿਰਦੇ ਵਿਚੋਂ ਆਪਾ ਭਾਵ (ਹੰਕਾਰ) ਨੂੰ ਗਵਾ ਕੇ ਆਪਣੇ ਸਰੂਪ ਨੂੰ ਵਿਚਾਰਨਾ ਕਰੀਏ।

ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ ॥

ਜਿਸ ਦੇ ਮਨ ਵਿਚ ਪਾਰਬ੍ਰਹਮ ਆ ਵੱਸਿਆ ਹੈ, ਉਹ ਫਿਰ ਆਪੇ ਆਪ ਪਾਰਬ੍ਰਹਮ ਦਾ ਰੂਪ ਹੈ।

ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ ॥ ੧ ॥

ਜੋਤੀ ਪਰਮਾਤਮਾ ਨੇ ਉਸ ਦੀ ਜੋਤ ਨੂੰ ਆਪਣੇ ਵਿਚ ਮਿਲਾ ਲਿਆ ਹੈ, ਇਸ ਕਰਕੇ ਉਸ ਦਾ ਜੰਮਣਾ ਮਰਨਾ ਕੱਟਿਆ ਗਿਆ ਹੈ॥ ੧ ॥

ਮਃ ੩ ॥ ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ ॥

ਹੇ ਪਿਆਰਿਓ ! ਇਕ ਪ੍ਰਭੂ ਨਾਲ ਲਿਵ ਲਗਾ ਕੇ ਤੁਸੀਂ ਬਿਲਵਲੁ ਰਾਗ ਨੂੰ ਗਾਉਣਾ ਕਰੋ,

ਵਾ:-ਬਿਲਵਲੁ=ਅਨੰਦ ਪ੍ਰਾਪਤ ਕਰੋ।

ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ॥

ਜੇਕਰ ਤੁਹਾਡਾ ਮਨ ਸੱਚੇ ਵਿਚ ਸਮਾ ਰਹੇਗਾ, ਤਾਂ ਜਨਮ ਮਰਨ ਦਾ ਦੁੱਖ ਕੱਟਿਆ ਜਾਏਗਾ।

ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ॥

ਜਿਹੜੇ ਪੁਰਸ਼ ਸਤਿਗੁਰਾਂ ਦੇ ਭਾਇ=ਅਨੁਸਾਰ ਚਲਦੇ ਹਨ, ਜਾਂ ਸਤਿਗੁਰਾਂ ਦੇ ਭਾਇ=ਭਾਣੇ ਵਿਚ ਚਲਦੇ ਹਨ, ਉਨ੍ਹਾਂ ਨੂੰ ਸਦਾ ਹੀ ਬਿਲਾਵਲੁ=ਅਨੰਦ ਦੀ ਪ੍ਰਾਪਤੀ ਹੈ।

ਵਾ:-ਉਨ੍ਹਾਂ ਦੇ ਮਨ ਵਿਚ ਵੀ ਬਿਲਾਵਲੁ=ਅਨੰਦ ਹੈ, ਤੇ ਤਨ ਵਿਚ ਭੀ ਅਨੰਦ ਹੈ।

ਸਤਸੰਗਤੀ ਬਹਿ ਭਾਉ ਕਰਿ ਸਦਾ ਹਰਿ ਕੇ ਗੁਣ ਗਾਇ॥

ਜਿਹੜੇ ਸਤਿਸੰਗਤ ਵਿਚ ਬੈਠ ਕੇ ਭਾਉ=ਪ੍ਰੇਮ ਕਰਦੇ ਹਨ, ਉਹ ਸਦਾ=ਹਮੇਸ਼ਾਂ ਹਰੀ ਦੇ ਗੁਣ ਗਾਉਂਦੇ ਹਨ।

ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਹ ਜਨ ਸ਼ੋਭਨੀਕ ਹਨ, ਜਿਨ੍ਹਾਂ ਨੂੰ ਪਰਮੇਸ਼ਰ ਨੇ ਮੁਖੀ ਗੁਰਾਂ ਦੇ ਮੇਲ ਵਿਚ ਮਿਲਾਇਆ ਹੈ॥ ੨॥

ਪਉੜੀ॥ ਸਭਨਾ ਜੀਆ ਵਿਚਿ ਹਰਿ ਆਪਿ ਸੋ ਭਗਤਾ ਕਾ ਮਿਤੁ ਹਰਿ॥

ਜੋ ਹਰੀ ਆਪ ਸਾਰਿਆਂ ਜੀਵਾਂ ਵਿਚ ਵੱਸ ਰਿਹਾ ਹੈ, ਉਹ ਹਰੀ ਭਗਤਾਂ ਦਾ ਮਿੱਤਰ ਹੈ।

ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ॥

ਜਿਸ ਹਰੀ ਦੇ ਵੱਸ ਵਿਚ ਸਭ ਕੋਈ ਹੈ, ਉਸ ਹਰੀ ਦਾ ਅਨੰਦ ਭਗਤਾਂ ਦੇ ਹਿਰਦੇ-ਘਰ ਵਿਚ ਹੈ।

ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ॥

ਹਰੀ ਭਗਤਾਂ ਦਾ ਮੇਲੀ ਹੈ, ਇਸ ਕਰਕੇ ਸਾਰੇ ਭਗਤ ਜਨ ਸੰਸਾਰ ਵਲੋਂ ਨਿਸਲ-ਬੇ-ਫ਼ਿਕਰ ਹੋ ਕੇ (ਲੰਬੀਆਂ ਬਾਹਵਾਂ ਕਰਕੇ) ਟੰਗ ਉਤੇ ਟੰਗ ਧਰ ਕੇ ਸੌਂਦੇ ਹਨ।

ਹਰਿ ਸਭਨਾ ਕਾ ਹੈ ਖਸਮੁ ਸੋ ਭਗਤ ਜਨ ਚਿਤਿ ਕਰਿ॥

ਜੋ ਹਰੀ ਸਾਰਿਆਂ ਦਾ ਮਾਲਕ ਹੈ, ਭਗਤ ਜਨ ਉਸ ਹਰੀ ਨੂੰ ਚੇਤੇ ਕਰਦੇ ਹੋਏ ਬੇਨਤੀ ਕਰਦੇ ਹਨ-

ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ॥ ੨॥

ਹੇ ਗਰੀਬ ਨਿਵਾਜ਼ ! ਤੇਰੇ ਬਰਾਬਰ ਕੋਈ ਨਹੀ ਪਹੁੰਚ ਸਕਦਾ, ਤੇਰੇ ਅੰਤ ਲੈਣ ਦੀ ਇੱਛਾ ਵਾਲੇ ਸਾਰੇ ਹੀ ਝਖਿ ਝਖਿ=ਖਪ ਖਪ ਕੇ ਝੜ ਪੈਂਦੇ ਹਨ॥ ੧॥

[ਪੰਨਾ ੮੫੦]

ਸਲੋਕ ਮਃ ੩॥ ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥

ਜਿਹੜਾ ਬ੍ਰਹਮ ਨੂੰ ਬੰਦਹਿ=ਜਾਣਦਾ ਹੈ ਤੇ ਓਹੀ ਅਸਲ ਬ੍ਰਾਹਮਣ ਹੈ, *ਪ੍ਰਸ਼ਨ:-* 'ਬ੍ਰਹਮ ਨੂੰ ਕੌਣ ਜਾਣਦਾ

ਹੈਂ? ਉੱਤਰ:-ਜਿਹੜਾ ਸਤਿਗੁਰਾਂ ਦੀ ਭਾਇ=ਆਗਿਆ ਵਿਚ ਚਲਦਾ ਹੈ, ਓਹੀ ਬ੍ਰਹਮ ਨੂੰ ਜਾਣਦਾ ਹੈ।

ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ॥

ਜਿਸ ਦੇ ਹਿਰਦੇ ਵਿਚ ਹਰੀ ਨਾਮ ਵੱਸਦਾ ਹੈ, ਉਸਨੇ ਹਉਮੈ ਰੂਪੀ ਰੋਗ ਨੂੰ ਗਵਾ ਲਿਆ ਹੈ।

ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ॥

ਜੋ ਸ਼ੁਭ-ਗੁਣਾਂ ਨੂੰ ਰਵਹਿ=ਉਚਾਰਦਾ ਹੈ ਤੇ ਸ਼ੁਭ-ਗੁਣਾਂ ਨੂੰ ਸੰਗ੍ਰਹਹਿ=ਇਕੱਠਾ ਕਰਦਾ ਹੈ, ਜੋਤੀ ਪਰਮਾਤਮਾ ਨੇ ਉਸ ਦੀ ਜੋਤ ਨੂੰ ਆਪਣੇ ਵਿਚ ਮਿਲਾ ਲਿਆ ਹੈ।

ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ॥

ਇਸ ਕਲਜੁਗ ਵਿਚ ਉਹ ਕੋਈ ਵਿਰਲੇ ਬ੍ਰਾਹਮਣ ਹਨ ਜੋ ਚਿਤ ਨੂੰ ਲਗਾ ਕੇ ਬ੍ਰਹਮ ਨੂੰ ਬਿੰਦਹਿ= ਜਾਣਦੇ ਹਨ।

ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ॥੧॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਉਤੇ ਸੱਚਾ ਹਰੀ ਕਿਰਪਾ-ਦ੍ਰਿਸ਼ਟੀ ਕਰਦਾ ਹੈ, ਉਹ ਨਾਮਿ=ਨਾਮੀ (ਪਰਮਾਤਮਾ) ਵਿਚ ਲਿਵ ਲਗਾ ਰਹੇ ਹਨ॥ ੧॥

ਮਃ ੩॥ ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ॥

ਜਿਸ ਨੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ, ਅਤੇ ਗੁਰਾਂ ਦੇ ਉਪਦੇਸ਼ ਵਿਚ ਜਿਸ ਦਾ ਭਾਉ=ਪ੍ਰੇਮ ਨਹੀਂ ਲੱਗਾ।

ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ॥

ਉਸ ਨੇ ਵਿਸ਼ਿਆ ਦਾ, ਜਾਂ ਪਦਾਰਥਾਂ ਦਾ ਬਹੁਤਾ ਸੁਆਦ ਲੈਣ ਲਈ ਜਿਨ੍ਹਾਂ ਕਰਮਾਂ ਦਾ ਕਮਾਉਣਾ ਕੀਤਾ ਹੈ, ਉਨ੍ਹਾਂ ਕਰਮਾਂ ਤੋਂ ਉਸ ਨੂੰ ਬੜਾ ਭਾਰੀ ਹਉਮੈ ਰੂਪੀ ਰੋਗ ਹੋਇਆ ਹੈ।

ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ॥

ਮਨ ਦੇ ਹਠ ਕਰਕੇ ਕਰਮਾਂ ਦੇ ਕਮਾਉਣ ਵਾਲੇ ਪੁਰਸ਼ ਮੁੜ-ਮੁੜ ਕੇ ਜੂਨੀਆਂ ਵਿਚ ਪੈਂਦੇ ਹਨ।

ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ॥

ਉਸ ਗੁਰਮੁਖ ਦਾ ਮਨੁੱਖਾ ਜੀਵਨ ਸਫਲ ਹੈ ਜਿਸ ਨੂੰ ਪਰਮੇਸ਼ਰ ਆਪਣੇ ਨਾਲ ਮਿਲਾ ਲੈਂਦਾ ਹੈ।

ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ॥੨॥

ਗੁਰੂ ਜੀ ਕਥਨ ਕਰਦੇ ਹਨ-ਨਦਰੀ=ਪਰਮਾਤਮਾ ਆਪਣੀ ਨਦਰਿ=ਕਿਰਪਾ-ਦ੍ਰਿਸ਼ਟੀ ਕਰੇ, ਤਾਂ ਜੀਵ ਦੇ ਬੁੱਧੀ ਰੂਪ ਪੱਲੇ ਵਿਚ ਨਾਮ-ਧਨ ਪੈਂਦਾ ਹੈ॥ ੨॥

ਪਉੜੀ॥ ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ॥

ਹਰੀ ਨਾਮ ਵਿਚ ਹੀ ਸਾਰੀਆਂ ਵਡਿਆਈਆਂ ਹਨ, ਇਸ ਲਈ ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਣਾ ਕਰੀਏ।

ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ॥

ਜੇਕਰ ਹਰੀ ਨਾਮ ਵਿਚ ਚਿਤ ਨੂੰ ਲਾਈਏ ਤਾਂ ਜਿ=ਜਿਹੜੀ ਵਸਤੂ ਮੰਗੀ ਦੀ ਹੈ, ਓਹੀ ਵਸਤੂ ਪ੍ਰਾਪਤ ਹੁੰਦੀ ਹੈ।

ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ॥

ਆਪਣੇ ਜੀਅ ਕੀ=ਦਿਲ ਦੀ ਗੁਹਜ=ਗੁੱਝੀ (ਗੁਪਤ) ਗੱਲ ਭੀ ਸਤਿਗੁਰਾਂ ਪਾਸ ਕਰ ਦੇਈਏ, ਤਾਂ ਸਭ ਤਰ੍ਹਾਂ ਦੇ ਸੁਖ ਪਾ ਲਈਦੇ ਹਨ। ਜਿਵੇਂ ਸ੍ਰੀ ਰਾਮ ਚੰਦ੍ਰ ਜੀ ਨੇ ਸੀਤਾ ਦੇ ਪੈਰਾਂ ਵਿਚ ਪਾਏ ਹੋਏ ਨੂਪਰਾਂ ਦੀ ਪੁਨਿ ਸੁਣ ਕੇ ਹਿਰਦਾ ਚਲਾਇਮਾਨ ਹੋਣ ਤੇ ਪਹਿਲੇ ਲਛਮਣ ਨੂੰ ਕਿਹਾ 'ਇਹ ਨੂਪਰਾਂ ਦੀ ਧੁਨ ਨਹੀਂ ਇਹ ਤਾਂ ਕਾਮਦੇਵ ਦਾ ਧੌਂਸਾ ਵੱਜ ਰਿਹਾ ਹੈ।' ਇਸ ਤਰ੍ਹਾਂ ਦੀ ਜੋ ਨਹੀਂ ਕਹਿਣੇ ਜੋਗ ਗੱਲ ਸੀ, ਉਹ ਗੱਲ ਆਪਣੇ ਵਸ਼ਿਸ਼ਟ ਗੁਰੂ ਜੀ ਨੂੰ ਆ ਕੇ ਦੱਸ ਦਿੱਤੀ, ਅੱਗੋਂ ਗੁਰੂ ਜੀ ਨੇ ਕਿਹਾ-'ਹੌਸਲਾ ਕਰ ਏਸੇ ਨਾਲ ਹੀ ਤੇਰਾ ਵਿਆਹ ਹੋ ਜਾਣਾ ਹੈ।

ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ॥

ਜਿਸ ਨੂੰ ਪੂਰਾ ਗੁਰੂ ਹਰੀ ਨਾਮ ਦਾ ਉਪਦੇਸ਼ ਦੇਂਦੇ ਹਨ, ਉਸ ਦੀ ਸਾਰੀ ਤ੍ਰਿਸ਼ਨਾ ਰੂਪੀ ਭੁੱਖ ਲਹਿ ਜਾਂਦੀ ਹੈ।

ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ॥ ੩॥

ਜਿਸ ਨੂੰ ਪੂਰਬਲੇ ਜਨਮ ਵਿਚ ਰੰਗੇ ਕੀਤੇ ਹੋਏ ਕਰਮਾਂ ਦਾ ਲੇਖ ਲਿਖਿਆ ਹੋਇਆ ਆ ਕੇ ਪ੍ਰਾਪਤ ਹੁੰਦਾ ਹੈ, ਓਹੀ ਪੁਰਸ਼ ਹਰੀ ਗੁਣਾਂ ਨੂੰ ਗਾਉਂਦਾ ਹੈ॥ ੩॥

ਸਲੋਕ ਮਃ ੩॥ ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ॥

ਜਿਨ੍ਹਾਂ ਨੂੰ ਮੇਰੇ ਪ੍ਰਭੂ ਨੇ ਸਤਿਗੁਰਾਂ ਦੇ ਮੇਲ ਨਾਲ ਮਿਲਾਇਆ ਹੈ, ਉਨ੍ਹਾਂ ਵਿੱਚੋਂ ਕੋਈ ਭੀ ਸਤਿਗੁਰਾਂ ਦੀ ਦਾਤ ਤੋਂ ਖਾਲੀ ਨਹੀਂ ਰਿਹਾ।

ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ॥

ਸਤਿਗੁਰਾਂ ਦਾ ਦਰਸ਼ਨ ਸਫਲੁ=ਸਹਿਤ ਫਲਾਂ ਦੇ ਹੋਣ ਕਰਕੇ ਸਫਲ ਹੈ, ਜਿਹੋ ਜੇਹੀ ਕੋਈ ਇੱਛਾ ਕਰਦਾ ਹੈ, ਦਰਸ਼ਨ ਕਰਕੇ ਓਹੋ ਜੇਹਾ ਫਲ ਪਾ ਲੈਂਦਾ ਹੈ।

ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ॥

ਗੁਰਾਂ ਦਾ ਉਪਦੇਸ਼ ਅੰਮ੍ਰਿਤ ਰੂਪ ਹੈ ਜੋ ਸਭ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਦੂਰ ਕਰ ਦੇਂਦਾ ਹੈ।

ਹਰਿ ਰਸੁ ਪੀ ਸੰਤੋਖੁ ਹੋਆ ਸਚੁ ਵਸਿਆ ਮਨਿ ਆਏ॥

ਜਿਸ ਨੇ ਹਰੀ ਨਾਮ-ਰਸ ਨੂੰ ਪੀਤਾ ਹੈ ਉਸ ਨੂੰ ਸੰਤੋਖ ਹੋਇਆ ਹੈ, ਅਤੇ ਉਸ ਦੇ ਮਨ ਵਿਚ ਸੱਚਾ ਪ੍ਰਭੂ ਆ ਕੇ ਵੱਸਿਆ ਹੈ।

ਸਚੁ ਧਿਆਇ ਅਮਰਾ ਪਦੁ ਪਾਇਆ ਅਨਹਦ ਸਬਦ ਵਜਾਏ॥

ਅਨਹਦ ਸਬਦ ਵਜਾਏ=ਇਕ ਰਸ ਗੁਰ-ਉਪਦੇਸ਼ ਨੂੰ ਉਚਾਰ ਕੇ ਜਿਸ ਨੇ ਸੱਚ ਨੂੰ ਧਿਆਇਆ ਹੈ

ਉਸ ਨੇ ਅਮਰ-ਪਦ ਨੂੰ ਪਾਇਆ ਹੈ, ਅਤੇ ਉਸ ਨੂੰ ਅਨਹਦ=ਇਕ-ਰਸ ਸਬਦ ਵਜਾਏ=ਬ੍ਰਹਮ ਪਰਗਟ ਹੋ ਆਇਆ ਹੈ।

ਸਚੋ ਦਹ ਦਿਸਿ ਪਸਰਿਆ ਗੁਰ ਕੈ ਸਹਜਿ ਸੁਭਾਏ॥

ਸਹਜਿ ਸੁਭਾਏ=ਸੁਤੇ-ਸਿਧ ਗੁਰਾਂ ਦੇ ਉਪਦੇਸ਼ ਵਿਚ ਸ੍ਰੇਸ਼ਟ ਪ੍ਰੇਮ ਕਰਕੇ ਉਨ੍ਹਾਂ ਨੇ ਸੱਚ ਨੂੰ ਦਸੋਂ ਦਿਸ਼ਾਂ ਵਿਚ ਪਸਰਿਆ ਹੋਇਆ ਨਿਸਚੇ ਕੀਤਾ ਹੈ।

ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ॥ ੧॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਹਿਰਦੇ ਅੰਦਰ ਸਚੁ=ਪਰਮੇਸ਼ਰ ਦਾ ਨਾਮ-ਸਿਮਰਨ ਹੈ, ਉਹ ਗੁਰਮੁਖ ਜਨ ਕਿਸੇ ਦੇ ਲੁਕਾਏ ਹੋਏ ਨਹੀਂ ਲੁਕਦੇ॥ ੧॥

ਮਃ ੩॥ ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ॥

ਗੁਰਾਂ ਦੀ ਸੇਵਾ ਕਰਨ ਨਾਲ ਹਰੀ ਪਾਈਦਾ ਹੈ, ਪਰ ਗੁਰ-ਸੇਵਾ ਨੂੰ ਉਹ ਕਰਦੇ ਹਨ, ਜਿਨ੍ਹਾਂ ਉਤੇ ਵਾਹਿਗੁਰੂ ਕਿਰਪਾ-ਦ੍ਰਿਸ਼ਟੀ ਕਰਦਾ ਹੈ।

ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ॥

ਜਿਨ੍ਹਾਂ ਨੂੰ ਸੱਚੀ ਭਗਤੀ ਕਰਨੀ ਦਿੱਤੀ ਹੈ, ਉਹ ਮਨੁੱਖ ਤੋਂ ਦੇਵਤੇ ਹੋ ਗਏ ਹਨ।

ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ॥

ਜੋ ਗੁਰਾਂ ਦੇ ਉਪਦੇਸ਼ ਕਰਕੇ ਹਉਮੈ ਨੂੰ ਮਾਰ ਕੇ ਸੁਚੇਇ=ਪਵਿੱਤਰ ਹੋਏ ਹਨ, ਉਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਨਾਲ ਮਿਲਾ ਲਿਆ ਹੈ।

ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੂੰ ਗੁਰਾਂ ਨੇ ਨਾਮ ਦੀ ਵਡਿਆਈ ਦਿੱਤੀ ਹੈ, ਉਹ ਸਹਜੇ=ਸੁਭਾਵਕ ਹੀ (ਪਰਮਾਤਮਾ) ਨਾਲ ਮਿਲ ਰਹੇ ਹਨ॥ ੨॥

ਪਉੜੀ॥ ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ
ਹਰਿ ਕਰਤੈ ਆਪਿ ਵਧਾਈ॥

ਗੁਰ=ਪੂਜਨੀਕ ਸਤਿਗੁਰਾਂ ਵਿਚ ਨਾਮ ਦੀ ਵੱਡੀ ਵਡਿਆਈ ਹਰੀ ਕਰਤੇ ਪੁਰਖ ਨੇ ਆਪ ਹੀ ਵਧਾਈ ਹੈ।

ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨਿ੍ ਓਨ੍ਹਾ ਅੰਦਰਿ ਹਿਰਦੈ ਭਾਈ॥

ਉਸ ਵਡਿਆਈ ਨੂੰ ਵੇਖ ਵੇਖ ਕੇ ਸਾਰੇ ਸਿੱਖ ਸੇਵਕ ਜੀਉਂਦੇ ਹਨ, ਕਿਉਂਕਿ ਉਨ੍ਹਾਂ ਸਿੱਖ ਸੇਵਕਾਂ ਦੇ ਹਿਰਦੇ ਅੰਦਰ ਸਤਿਗੁਰਾਂ ਦੀ ਵਡਿਆਈ ਭਾਈ ਹੈ।

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ
ਓਨ੍ਹਾ ਪਰਾਇਆ ਭਲਾ ਨ ਸੁਖਾਈ॥

ਪਰ ਨਿੰਦਕ ਦੁਸ਼ਟ ਗੁਰੂ ਦੀ ਵਡਿਆਈ ਨੂੰ ਵੇਖ ਨਹੀਂ ਸਕਦੇ, ਕਿਉਂਕਿ ਉਨ੍ਹਾਂ ਨਿੰਦਕ ਦੁਸ਼ਟਾਂ ਨੂੰ ਦੂਜੇ

ਦਾ ਭਲਾ ਸੁਖਾਉਂਦਾ ਹੀ ਨਹੀਂ ਹੈ।

ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ॥

ਕਿਸੇ ਦੀ ਝਖ ਮਾਰਨ ਤੇ ਭਾਵ ਨਿੰਦਿਆ ਕਰਨ ਨਾਲ ਗੁਰੂ ਦਾ ਕੀ ਵਿਗਾੜ ਹੋਣਾ ਹੈ, ਜਦ ਕਿ ਗੁਰਾਂ ਦੀ ਸੱਚੇ ਪ੍ਰਭੂ ਨਾਲ ਪ੍ਰੀਤੀ ਬਣਿ ਆਈ ਹੈ, ਵਾ:-ਸੱਚੇ ਨਾਲ ਰਹਿ ਬਣ ਆਈ ਹੈ।

ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ
ਸਭ ਝਖਿ ਝਖਿ ਮਰੈ ਲੋਕਾਈ॥ ੪॥

ਜਿਹੜੀ ਗੱਲ ਕਰਤੇ ਪੁਰਖ ਨੂੰ ਭਾਉਂਦੀ ਹੈ ਉਹ ਨਿਤਾਪ੍ਰਤੀ ਸਵਾਈ ਤੋਂ ਸਵਾਈ ਚੜ੍ਹਦੀ ਹੇ ਅਤੇ ਗੁਰੂ ਦੀ ਨਿੰਦਿਆ ਕਰਨ ਵਾਲੀ ਸਾਰੀ ਲੋਕਾਈ=ਦੁਨੀਆਂ ਖਪ-ਖਪ ਕੇ ਮਰਦੀ ਹੈ ॥ ੪॥

ਸਲੋਕ ਮਃ ੩॥

ਧ੍ਰਿਗੁ ਏਹ ਆਸਾ ਦੂਜੇ ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ॥

(੧) ਜੋ ਮਾਇਆ ਦੇ ਮੋਹ ਵਿਚ ਚਿਤ ਲਗਾਉਣਾ ਹੈ, ਇਸ ਦੂਜੇ ਭਾਵ ਦੀ ਆਸਾ ਨੂੰ ਧ੍ਰਿਗਕਾਰ ਹੈ।

(੨) ਇਸ ਦ੍ਵੈਤ ਭਾਵ ਦੀ ਆਸਾ ਨੂੰ ਧ੍ਰਿਗਕਾਰ ਹੈ ਜੋ ਮਾਇਆ ਦੇ ਮੋਹ ਕਰਕੇ ਇਹ ਜੀਵ ਪਦਾਰਥਾਂ ਵਿਚ ਚਿਤ ਨੂੰ ਲਗਾਉਂਦਾ ਹੈ।

ਹਰਿ ਸੁਖੁ ਪਲ੍ਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ॥

ਸੁਖ ਰੂਪੀ ਹਰੀ ਨਾਮ ਨੂੰ ਪਲ੍ਰਿ=ਖਾਲੀ ਜਾਣ ਕੇ ਬੁੱਧੀ ਰੂਪ ਪੱਲੇ ਵਿਚੋਂ ਤਿਆਗ ਦਿੱਤਾ ਹੈ, ਉਹ ਨਾਮ ਨੂੰ ਭੁਲਾ ਕੇ ਦੁੱਖ ਪਾਉਂਦਾ ਹੈ।

[ਪੰਨਾ ੮੫੧]

ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ॥

ਮਨਮੁਖ ਅਗਿਆਨੀ ਅੰਨ੍ਹੇ ਹਨ, ਉਹ ਮੁੜ-ਮੁੜ ਕੇ ਜਨਮ ਮਰਨ ਵਿਚ ਆਉਂਦੇ ਜਾਂਦੇ ਹਨ।

ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ॥

ਉਸ ਦਾ ਮੋਖਸ਼ ਰੂਪੀ ਕਾਰਜ ਸਿੱਧ ਨਹੀਂ ਹੁੰਦਾ, ਅੰਤਿ=ਪ੍ਰਾਣਾਂ ਦੇ ਵਿਜੋਗ ਸਮੇਂ ਪਰਲੋਕ ਵਿਚ ਗਿਆ ਹੋਇਆ ਪਛਤਾਉਂਦਾ ਹੈ।

ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ ਸੋ ਹਰਿ ਹਰਿ ਨਾਮੁ ਧਿਆਏ॥

ਜਿਸ ਦਾ ਭਾਗ ਚੰਗਾ ਹੁੰਦਾ ਹੈ ਉਸ ਨੂੰ ਸਤਿਗੁਰੂ ਮਿਲਦਾ ਹੈ ਅਤੇ ਓਹੀ ਗੁਰੂ ਦੀ ਕਿਰਪਾ ਨਾਲ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ।

ਨਾਮਿ ਰਤੇ ਜਨ ਸਦਾ ਸੁਖੁ ਪਾਇਨ੍ਹਿ ਜਨ ਨਾਨਕ ਤਿਨ ਬਲਿ ਜਾਏ॥ ੧॥

ਜੋ ਨਾਮ ਵਿਚ ਰੰਗੇ ਹੋਏ ਹਨ ਉਹ ਨਿਤ ਸੁਖ ਨੂੰ ਪਾਉਂਦੇ ਹਨ, ਗੁਰੂ ਜੀ ਕਥਨ ਕਰਦੇ ਹਨ-ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੧॥

ਮਃ ੩ ॥ ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ ॥

ਜਗਿ ਮੋਹਣੀ=ਮਾਇਆ ਦੀ ਆਸਾ ਮਨਸਾ=ਬੁੱਧੀ ਵਿਚ ਲੱਗ ਰਹੀ ਹੈ, ਜਿਸ ਮਾਇਆ ਨੇ ਸਾਰੇ ਸੰਸਾਰ ਨੂੰ ਮੋਹਣਾ ਕੀਤਾ ਹੈ।

ਅਥਵਾ:-ਆਸਾ ਤੇ ਮਨਸਾ=ਵਾਸ਼ਨਾ ਜਗਤ ਵਿਚ ਅਜੇਹੀ ਮੋਹਣੀ ਹੈ, ਜਿਸ ਨੇ ਸਾਰਾ ਸੰਸਾਰ ਮੋਹ ਲਿਆ ਹੈ।

ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ ॥

ਸਭ ਕੋਈ ਜਮਾਂ ਦੇ ਚੀਰੇ=ਹੁਕਮ, ਵਾ:-ਦਫ਼ਤਰ, ਵਾ:-ਚੀਰੇ=ਚਿੱਠੇ ਵਿਚ ਹੈ, ਜਿੰਨਾ ਕੁ ਸਾਰੇ ਬ੍ਰਹਮਾਂਡ ਦਾ ਅਕਾਰ ਹੈ।

ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ ॥

ਹੁਕਮੀ=ਪਰਮੇਸ਼ਰ ਦੇ ਹੁਕਮ ਵਿਚ ਹੀ ਜਮ ਜੀਵ ਨੂੰ ਆ ਕੇ ਲੱਗਦਾ ਹੈ, ਜਿਸ ਨੂੰ ਕਰਤਾਰ ਬਖਸ਼ਦਾ ਹੈ, ਓਹੀ ਜਮਾਂ ਤੋਂ ਉਬਰੈ=ਬਚਦਾ ਹੈ।

ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ ॥

ਗੁਰੂ ਜੀ ਕਥਨ ਕਰਦੇ ਹਨ-ਇਹ ਚੰਚਲ ਮਨ ਗੁਰੂ ਦੀ ਕਿਰਪਾ ਨਾਲ ਤਾਂ ਤਰਦਾ ਹੈ, ਜਾਂ ਸ਼ਾਂਤੀ ਹੰਕਾਰ ਤੇ ਵਿਦਿਆ ਦੇ ਹੰਕਾਰ ਨੂੰ ਛੱਡ ਦੇਵੇ।

ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ ॥ ੨ ॥

ਗੁਰ-ਸ਼ਬਦ ਦੀ ਵਿਚਾਰ ਦੁਆਰਾ ਆਸਾ ਇਸ ਲੋਕ ਦੇ ਪਦਾਰਥਾਂ ਦੀ ਤੇ ਮਨਸਾ ਪਰਲੋਕ ਦੇ ਪਦਾਰਥਾਂ ਦੀ, ਵਾ:-ਮਨਸਾ=ਬੁੱਧੀ ਵਿਚੋਂ ਪਦਾਰਥਾਂ ਦੀ ਆਸਾ ਮਾਰ ਕੇ ਨਿਰਾਸ ਹੋਵੇ ਤਾਂ ਤਰਦਾ ਹੈ॥ ੨ ॥

ਪਉੜੀ ॥ ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥

ਜਗਤ ਵਿਚ ਜਿਥੇ ਭੀ ਜਾਈਦਾ ਹੈ, ਓਥੇ ਹੀ ਹਰੀ ਸੁਆਮੀ ਪੂਰਨ ਹੈ।

ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ ॥

ਅਗੈ=ਪ੍ਰਲੋਕ ਵਿਚ ਭੀ ਹਰੀ ਆਪੇ ਹੀ ਸਭ ਤਰ੍ਹਾਂ ਨਾਲ ਸੱਚਾ ਇਨਸਾਫ਼ ਕਰਨ ਵਾਲਾ ਹੋ ਕੇ ਵਰਤ ਰਿਹਾ ਹੈ।

ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥

ਕੂੜਿਆਰਾ=ਝੂਠਿਆਂ ਦੇ ਮੂੰਹ ਫਿਟਕਾਰਦਾ ਹੈ, ਭਗਤੀ ਕਰਨ ਵਾਲਿਆਂ ਨੂੰ ਸੱਚੀ ਵਡਿਆਈ ਦੇਂਦਾ ਹੈ। ਜਾਂ ਭਗਤੀ ਪਰ ਸਚੁ=ਨਿਸਚਾ ਰਖਣ ਵਾਲਿਆਂ ਨੂੰ ਵਡਿਆਈ ਦੇਂਦਾ ਹੈ।

ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ ॥

ਸੱਚੇ ਮਾਲਕ ਦਾ ਸੱਚਾ ਇਨਸਾਫ਼ ਹੈ, ਇਸ ਲਈ ਨਿੰਦਕ ਦੇ ਸਿਰ ਉਤੇ ਲਾਹਨਤਾਂ ਰੂਪ ਸ੍ਵਾਹ ਪੈਂਦੀ ਹੈ।

ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਗੁਰਾਂ ਦੁਆਰੇ ਸੱਚ ਨੂੰ ਅਰਾਧਿਆ ਹੈ ਉਸ ਗੁਰਮੁਖ ਨੇ ਸੁਖ ਪਾਇਆ ਹੈ॥ ੫ ॥

ਸਲੋਕ ਮਃ ੩ ॥ ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ ॥

ਜੇਕਰ ਹਰੀ ਪ੍ਰਭੂ ਬਖਸ਼ਿਸ਼ ਕਰੇ ਤਾਂ ਪੂਰਿਆਂ ਭਾਗਾਂ ਨਾਲ ਸਤਿਗੁਰੂ ਪਾਈਦੇ ਹਨ।

ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ ॥

ਸਤਿਗੁਰਾਂ ਪਾਸੋਂ ਜੋ ਨਾਮ ਪ੍ਰਾਪਤ ਹੁੰਦਾ ਹੈ, ਮੁਕਤੀ ਲਈ ਇਹ ਸਾਰਿਆਂ ਉਪਾਵਾਂ ਵਿਚੋਂ ਸਿਰਿ=ਸ਼ਰੋਮਣੀ ਉਪਾਉ=ਜਤਨ, ਜਾਂ ਸਾਧਨ ਹੈ।

ਅੰਦਰੁ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ ॥

ਨਾਮ ਜਪਣ ਕਰਕੇ, ਸ਼ਾਂਤੀ ਦੁਆਰਾ ਅੰਦਰੋਂ ਅੰਤਹਕਰਨ ਸੀਤਲ ਹੋ ਜਾਂਦਾ ਹੈ, ਅਤੇ ਹਿਰਦੇ ਵਿਚ, ਜਾਂ ਸਰੀਰ ਵਿਚ ਨਿਤ ਸੁਖ ਪ੍ਰਾਪਤ ਹੁੰਦਾ ਹੈ।

ਅੰਮ੍ਰਿਤੁ ਖਾਣਾ ਪੈਨ੍ਣਾ ਨਾਨਕ ਨਾਇ ਵਡਿਆਈ ਹੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੂੰ ਨਾਮ ਦੀ ਵਡਿਆਈ ਪ੍ਰਾਪਤ ਹੋਈ ਹੈ, ਉਸ ਦਾ ਖਾਣਾ ਤੇ ਕਪੜਿਆਂ ਦਾ ਪੈਨ੍ਣਾ ਅੰਮ੍ਰਿਤ=ਸਫਲ ਹੈ॥ ੧ ॥

ਮਃ ੩ ॥ ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥

ਏ ਮਨ=ਹੇ ਪਿਆਰੇ ! ਤੂੰ ਗੁਰਾਂ ਦੀ ਸਿਖਿਆ ਸੁਣ, ਤਾਂ ਤੂੰ ਸ਼ੁਭ-ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਪਾ ਲਵੇਂਗਾ।

ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥

ਜਾਂ ਸੁਖ ਦਾਤਾ (ਪ੍ਰਭੂ) ਤੇਰੇ ਮਨ ਵਿਚ ਵੱਸ ਜਾਏਗਾ, ਤਾਂ ਤੇਰੇ ਅੰਦਰੋਂ ਹਉਮੈ ਤੇ ਅਭਿਮਾਨ ਦੂਰ ਹੋ ਜਾਏਗਾ।

ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਸ਼ੁਭ-ਗੁਣਾਂ ਦਾ ਖ਼ਜ਼ਾਨਾ ਜੋ ਨਦਰੀ=ਪਰਮਾਤਮਾ ਹੈ, ਉਸ ਦੀ ਕਿਰਪਾ-ਦ੍ਰਿਸ਼ਟੀ ਕਰਕੇ ਨਾਮ-ਅੰਮ੍ਰਿਤ ਪਾਈਦਾ ਹੈ। *ਅਥਵਾ:*-ਅੰਮ੍ਰਿਤ=ਮੁਕਤੀ ਪਦ ਪਾਈਦਾ ਹੈ॥ ੨ ॥

ਪਉੜੀ ॥ ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ ਤਿਤਨੇ ਸਭਿ ਹਰਿ ਕੇ ਕੀਏ ॥

ਜਿੰਨੇ ਭੀ ਬਾਦਸ਼ਾਹ, ਸਾਹ=ਸ਼ਾਹੂਕਾਰ, ਰਾਜੇ, ਖਾਨ=ਦਸ ਹਜ਼ਾਰੀ, ਪੰਜ ਹਜ਼ਾਰੀ, ਉਮਰਾਵ ਅਤੇ ਸਿਕਦਾਰ=ਥਾਣੇਦਾਰ ਜਾਂ ਸਰਦਾਰ ਹਨ, ਤਿਤਨੇ ਸਭ ਹਰੀ ਦੇ ਪੈਦਾ ਕੀਤੇ ਹੋਏ ਹਨ।

ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ ॥

ਉਨ੍ਹਾਂ ਪਾਸੋਂ ਜੋ ਕੁਝ ਹਰੀ ਕਰਾਉਂਦਾ ਹੈ ਉਹ ਓਹੀ ਕੁਝ ਕਰਦੇ ਹਨ, ਕਿਉਂਕਿ ਸਾਰੇ ਹੀ ਜੀਵ ਹਰੀ ਦੇ ਦਰ ਦੇ ਅਰਥੀਏ=ਮੰਗਤੇ ਹਨ।

ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ
ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ
ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ॥

ਜੋ ਹਰੀ ਸਾਰਿਆਂ ਦਾ ਪ੍ਰਭੂ=ਸੁਆਮੀ ਹੈ·ਜਾਂ ਰੱਖਜਕ ਹੈ ਉਹ ਐਸਾ ਹਰੀ ਸਤਿਗੁਰਾਂ ਦੇ ਵਲਿ=ਤਰਫ਼ (ਭਾਵ ਪੱਖ ਵਿਚ) ਹੈ, ਤਿਸ ਪਰਮਾਤਮਾ ਨੇ ਸਾਰੇ ਵਰਨਾਂ ਦੇ, ਤੇ ਚੌਹਾਂ ਖਾਣੀਆਂ ਦੀ ਸਾਰੀ ਸ੍ਰਿਸ਼ਟੀ ਦੇ ਜੀਵ ਗੋਲੇ ਕਰਿ=ਦਾਸ ਬਣਾ ਕੇ ਸਤਿਗੁਰਾਂ ਦੇ ਅੱਗੇ ਕਾਰ=ਸੇਵਾ ਕਮਾਉਣ ਨੂੰ ਹਾਜ਼ਰ ਕਰ ਦਿੱਤੇ ਹਨ।

ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ
ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ॥

ਹੇ ਹਰੀ ਦੇ ਸੰਤੋ ! ਵੇਖੋ, ਹਰੀ ਦੀ ਸੇਵਾ ਕਰਨ ਦੀ ਅਜੇਹੀ ਵਡਿਆਈ ਹੈ, ਜਿਸ ਸੇਵਾ ਨੇ ਦੇਹ ਰੂਪ ਨਗਰੀ ਵਿਚੋਂ ਦੁਸ਼ਮਨੀ ਦੇ ਕਰਨ ਵਾਲੇ ਸਭ (ਕਾਮ ਕ੍ਰੋਧ ਆਦਿਕ) ਦੂਤ ਮਾਰ ਕੇ ਕੱਢ ਦਿੱਤੇ ਹਨ।

ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ
ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ॥ ੩॥

ਹਰਿ ਹਰਿ ਪਰਮਾਤਮਾ ਭਗਤ ਜਨਾਂ ਉਤੇ ਹਰ ਤਰ੍ਹਾਂ ਕ੍ਰਿਪਾਲੂ ਹੋਇਆ ਹੈ, ਹਰੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਭਗਤ ਜਨਾਂ ਨੂੰ ਹਰ ਤਰ੍ਹਾਂ ਨਾਲ ਆਪ ਦੁੱਖਾਂ ਤੋਂ ਰੱਖ ਲੀਤਾ ਹੈ॥ ੩॥

ਸਲੋਕ ਮਃ ੩॥

ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥

ਜਿਨ੍ਹਾਂ ਦੇ ਅੰਦਰ ਕਪਟ ਹੈ ਉਨ੍ਹਾਂ ਨੂੰ ਸਦਾ ਹੀ ਦੁੱਖ ਹੁੰਦਾ ਹੈ, ਕਿਉਂਕਿ ਉਨ੍ਹਾਂ ਮਨਮੁਖਾਂ ਦਾ ਪ੍ਰਭੂ ਦੇ ਚਰਨਾਂ ਵਿਚ ਧਿਆਨ ਨਹੀ ਲੱਗਦਾ।

ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥

ਉਨ੍ਹਾਂ ਨੇ ਪਿੱਛੇ ਦੁੱਖ ਵਿਚ ਹੀ ਕਾਰ ਕਮਾਈ ਸੀ, ਹੁਣ ਭੀ ਦੁੱਖ ਵਿਚ ਵਰਤਦੇ ਹਨ, ਅੱਗੇ ਜਾ ਕੇ ਭੀ ਦੁੱਖ ਭੋਗਣਗੇ।

ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ॥

ਪੂਰਬਲਿਆਂ ਕਰਮਾਂ ਅਨੁਸਾਰ ਸਤਿਗੁਰਾਂ ਨੂੰ ਮਿਲੀਏ ਤਾਂ ਸੱਚੇ ਨਾਮੀ ਪਰਮਾਤਮਾ ਵਿਚ ਲਿਵ ਲਗਦੀ ਹੈ।

ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ॥ ੧॥

ਗੁਰੂ ਜੀ ਕਥਨ ਕਰਦੇ ਹਨ-ਤਾਂ ਸਹਜੇ=ਸੁਭਾਵਕ ਹੀ ਆਤਮ-ਸੁਖ ਦੀ ਪ੍ਰਾਪਤੀ ਹੁੰਦੀ ਹੈ, ਅਤੇ ਅੰਤਹਕਰਨ ਵਿਚੋਂ ਭਰਮ ਤੇ ਡਰ ਭਾਗੈ=ਨਾਸ ਹੋ ਜਾਂਦਾ ਹੈ॥ ੧॥

ਮਃ ੩॥ ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ॥

ਗੁਰਮੁਖਾਂ ਨੂੰ ਸਦਾ ਹਰੀ ਦਾ ਰੰਗੁ=ਅਨੰਦ, ਵਾ:-ਪ੍ਰੇਮ ਹੈ, ਇਸ ਲਈ ਉਨ੍ਹਾਂ ਦੇ ਮਨ ਵਿਚ ਹਰੀ ਦਾ ਨਾਮ

ਭਾਇਆ ਹੈ।

[ਪੰਨਾ ੮੫੨]

ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥

ਗੁਰਮੁਖਾ ਦਾ ਵੇਖਣਾ ਤੇ ਬੋਲਣਾ ਸਫਲ ਹੈ, ਵਾ:-ਗੁਰਮੁਖ ਪਰਮੇਸ਼ਰ ਨੂੰ ਵੇਖਦੇ ਹਨ, ਤੇ ਪਰਮੇਸ਼ਰ ਦਾ ਜਸ ਬੋਲਣਾ ਕਰਦੇ ਹਨ, ਗੁਰਮੁਖਾਂ ਨੇ ਨਾਮ ਜਪਦਿਆਂ ਸਦਾ=ਨਿਤ ਸੁਖ ਨੂੰ ਪਾਇਆ ਹੈ।

ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ
ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਹੈ, ਜਿਸ ਨਾਲ ਤਿਮਰ=ਅਤਸੇ ਕਰਕੇ ਅਗਿਆਨ ਰੂਪੀ ਤਿਮਰ ਅੰਧੇਰੁ=ਮਹਾਂ ਘੁੱਪ ਹਨੇਰਾ ਦੂਰ ਹੋ ਗਿਆ ਹੈ॥ ੨ ॥

ਮਃ ੩ ॥ ਮਨਮੁਖ ਮੈਲੇ ਮਰਹਿ ਗਵਾਰ ॥

ਮਨਮੁਖ ਮੂਰਖ ਪਾਪਾਂ ਕਰਕੇ ਮੈਲੇ ਹਨ, ਇਸ ਕਰਕੇ ਜੰਮਦੇ ਮਰਦੇ ਹਨ।

ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥

ਗੁਰਮੁਖ ਜਨ ਨਿਰਮਲ ਹਨ ਕਿਉਂਕਿ ਉਨ੍ਹਾਂ ਨੇ ਹਿਰਦੇ ਵਿਚ ਹਰੀ ਨਾਮ ਨੂੰ ਧਾਰ ਰੱਖਿਆ ਹੈ।

ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ਜਨੋ ! ਸੁਣੋ, ਸਤਿਗੁਰਾਂ ਦੀ ਸੇਵਾ ਕਰੋ ਤਾਂ ਹਉਮੈ ਰੂਪੀ ਮੈਲ ਲਹਿ ਜਾਏਗੀ।

ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥

ਮਨਮੁਖ ਦੇ ਅੰਦਰ ਦੁਖਦਾਈ ਸੰਸਾ, ਵਿਆਪ ਰਿਹਾ ਹੈ, ਜਾਂ ਅੰਦਰ ਸੰਸਾ ਹੋਣ ਕਰਕੇ ਦੁੱਖ ਵਿਆਪ ਰਿਹਾ ਹੈ. ਕਿਉਂਕਿ ਨਿਤਾਪ੍ਰਤੀ ਧੰਦਿਆਂ ਵਿਚ ਸਿਰ ਮਾਰਦਾ ਹੈ।

ਦੂਜੈ ਭਾਇ ਸੁਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥

(੧) ਜਿਨ੍ਹਾਂ ਦੇ ਅੰਦਰ ਮਾਇਆ ਦੇ ਮੋਹ ਦਾ ਪਿਆਰ ਹੈ, ਉਹ ਦ੍ਵੈਤ ਭਾਵ ਵਿਚ ਸੁੱਤੇ ਹੋਏ ਕਦੇ ਜਾਗਦੇ ਨਹੀਂ ਹਨ।

(੨) ਦ੍ਵੈਤ ਭਾਵ ਕਰਕੇ ਅਵਿਦਿਆ ਦੀ ਨੀਂਦ ਵਿਚ ਸੁੱਤੇ ਹੋਏ ਕਦੇ ਭੀ ਗਿਆਨ-ਜਾਗ੍ਰਤ ਵਿਚ ਨਹੀਂ ਜਾਗਦੇ, ਕਿਉਂਕਿ ਉਨ੍ਹਾਂ ਦਾ ਮਾਇਆ ਦੇ ਮੋਹ ਵਿਚ ਪਿਆਰ ਹੈ।

ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥

ਨਾਮ ਨੂੰ ਸਿਮਰਦੇ ਨਹੀਂ ਹਨ, ਤੇ ਗੁਰ ਉਪਦੇਸ਼ ਨੂੰ ਭੀ ਵਿਚਾਰਦੇ ਨਹੀਂ ਹਨ, ਇਹ ਮਨਮੁਖਾਂ ਦਾ ਵਿਚਾਰ ਹੈ।

ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ ॥ ੩ ॥

ਹਰੀ ਨਾਮ ਦਾ ਸਿਮਰਨ ਕਰਨਾ ਨਹੀਂ ਭਾਇਆ ਇਸ ਤੇ ਮਨਮੁਖਾਂ ਨੇ ਅਮੋਲਕ ਜਨਮ ਨੂੰ ਵਿਅਰਥ ਗਵਾ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ-ਅੰਤ ਨੂੰ ਜਮ ਉਨ੍ਹਾਂ ਨੂੰ ਮਾਰ ਮਾਰ ਕੇ ਖ਼ਰਾਬ ਕਰਦਾ ਹੈ॥ ੩ ॥

ਪਉੜੀ ॥ ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥

ਜਿਸ ਨੂੰ ਹਰੀ ਨੇ ਸੱਚੀ ਭਗਤੀ ਕਰਨੀ ਬਖਸ਼ੀ ਹੈ, ਓਹੀ ਸੱਚਾ ਸ਼ਾਹੂਕਾਰ ਹੈ।

ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥

ਸਾਰਾ ਲੋਕੁ=ਜਗਤ ਉਸ ਦੀ ਮੁੰਹਤਾਜੀ=ਮੁਥਾਜੀ ਕੱਢਦਾ ਭਾਵ ਖੁਸ਼ਾਮਦ ਕਰਦਾ ਹੈ, ਕਿਉਂਕਿ ਹੋਰ ਕਿਸੇ ਸਰੀਰ ਰੂਪ ਹੱਟੀ ਤੋਂ ਨਾਮ-ਵਸਤੂ ਨਾ ਮਿਲਦੀ ਹੈ, ਅਤੇ ਨਾ ਹੀ ਕਿਸੇ ਦਾ ਵੇਸਾਹੁ=ਭਰੋਸਾ ਹੈ।

ਅਥਵਾ:-ਨਾ ਹੀ ਵੇਸਾਹੁ=ਖਰੀਦਣਾ ਹੈ।

ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥

ਜੋ ਪੁਰਸ਼ ਭਗਤ ਜਨਾਂ ਦੇ ਸਨਮੁਖ ਹੁੰਦਾ ਹੈ ਉਹ ਹਰੀ ਨਾਮ ਦੀ ਰਾਸ ਇਕੱਠੀ ਕਰ ਲੈਂਦਾ ਹੈ, ਅਤੇ ਬੇ-ਮੁਖ ਦੇ ਸਿਰ ਉਤੇ ਪ੍ਰਤੱਖ ਸ੍ਵਾਹ ਵਾ:-ਲਾਹਨਤਾਂ ਰੂਪੀ ਸ੍ਵਾਹ ਪੈਂਦੀ ਹੈ।

ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ
ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥

ਜੋ ਹਰੀ ਨਾਮ ਦੇ ਵਾਪਾਰੀ ਹਨ ਓਹੀ ਹਰੀ ਦੇ ਅਸਲ ਭਗਤ ਹਨ, ਜਮ ਰੂਪ ਜਾਗਾਤੀ=ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਜਾਂਦਾ।

ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ ॥ ੭ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਜਨ ਨੇ ਹਰੀ ਨਾਮ-ਧਨ ਲੱਦਿਆ ਹੈ, ਉਹ ਸਦਾ ਹੀ ਬੇ-ਪਰਵਾਹ ਰਹਿੰਦਾ ਹੈ॥ ੭ ॥

ਸਲੋਕ ਮਃ ੩ ॥ ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ
ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥

ਇਸ ਕਲਜੁਗ ਵਿਚ ਭਗਤੀ=ਭਗਤਾਂ ਨੇ ਹਰੀ ਨਾਮ-ਧਨ ਖੱਟਿਆ ਹੈ, ਹੋਰ ਸਾਰਾ ਜਗਤ ਭਰਮ ਵਿਚ ਭੁਲਾਇਆ ਹੈ। ਜਾਂ ਹੋਰ ਸਾਰੇ ਜਗਤ ਨੂੰ ਭਰਮ ਨੇ ਭੁਲਾ ਦਿੱਤਾ ਹੈ।

ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥

ਗੁਰਾਂ ਦੀ ਕਿਰਪਾ ਦੁਆਰੇ ਭਗਤਾਂ ਦੇ ਮਨ ਵਿਚ ਨਾਮ ਵੱਸਿਆ, ਇਸ ਲਈ ਭਗਤਾਂ ਨੇ ਦਿਨ ਰਾਤ ਨਾਮ ਨੂੰ ਸਿਮਰਿਆ ਹੈ।

ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥

ਬਿਖਿਆ=ਮਾਇਆ ਵਿਚ ਰਹਿੰਦਾ ਹੋਇਆ ਉਨ੍ਹਾਂ ਦਾ ਮਨ ਮਾਇਆ ਤੋਂ ਉਦਾਸ ਹੈ, ਗੁਰ-ਸ਼ਬਦ ਦੁਆਰਾ ਉਨ੍ਹਾਂ ਨੇ ਹਉਮੈ ਨੂੰ ਜਲਾਇਆ=ਸਾੜ ਲਿਆ ਹੈ।

ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥

ਉਹ ਆਪ ਸੰਸਾਰ ਤੋਂ ਤਰ ਗਿਆ ਹੈ ਅਤੇ ਕੁਲ ਦੇ ਜੀਵ ਭੀ ਉਧਰ ਗਏ ਹਨ, ਉਸ ਦੇ ਜੰਮਣ ਵਾਲੀ ਮਾਂ ਭੀ ਧੰਨਤਾ ਦੇ ਜੋਗ ਹੈ।

ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥

ਸੱਚੇ ਵਾਹਿਗੁਰੂ ਨਾਲ ਲਿਵ ਲਗਾਉਣ ਕਰਕੇ ਉਸ ਦੇ ਮਨ ਵਿਚ ਸਦਾ ਸਹਜੁ ਸੁਖੁ=ਸ਼ਾਂਤੀ ਸੁਖ ਵੱਸਿਆ ਹੈ।

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥

ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਤਿੰਨਾਂ ਗੁਣਾਂ ਵਿਚ ਭੁੱਲੇ ਹੋਏ ਹਨ, ਇਸ ਲਈ ਉਨ੍ਹਾਂ ਨੇ ਆਪਣੇ ਵਿਚ ਹਉਮੈ ਤੇ ਮੋਹ ਨੂੰ ਵਧਾਇਆ ਹੋਇਆ ਹੈ।

ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥

ਪੰਡਿਤ ਪੁਰਾਣਾਂ ਨੂੰ ਪੜ੍ਹ ਪੜ੍ਹ ਕੇ ਅਤੇ ਮੋਨੀ ਮੋਨ ਧਾਰ ਕੇ ਭੁੱਲੇ ਹੋਏ ਹਨ, ਜਿਨ੍ਹਾਂ ਨੇ ਦ੍ਵੈਤ ਭਾਵ ਵਿਚ ਚਿਤ ਨੂੰ ਲਗਾਇਆ ਹੋਇਆ ਹੈ।

ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥

ਜੋਗੀ, ਜੰਗਮ ਤੇ ਸੰਨਿਆਸੀ ਭੀ ਭੁੱਲੇ ਹੋਏ ਹਨ, ਗੁਰੂ ਤੋਂ ਬਿਨਾ ਕਿਸੇ ਨੇ ਭੀ ਤਤੁ=ਸਿਧਾਂਤ ਨੂੰ ਨਹੀਂ ਪਾਇਆ।

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥

ਮਨਮੁਖ ਪੁਰਸ਼ ਭਰਮ ਵਿਚ ਭੁੱਲੇ ਹੋਏ ਸਦਾ ਦੁਖੀ ਹਨ, ਉਨ੍ਹਾਂ ਨੇ ਆਪਣੇ ਮਨੁੱਖ ਜਨਮ ਨੂੰ ਨਿਸਫਲ ਗਵਾ ਲਿਆ ਹੈ।

ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾਮੀ ਵਿਚ ਰੱਤੇ ਹੋਏ ਹਨ, ਓਹੀ ਪੁਰਸ ਇਸ ਭੇਦ ਨੂੰ ਸਮਧੇ=ਸਮਝੇ ਹਨ, ਵਾ:-ਓਹੀ ਜਨ ਸਮਧੇ=ਗਿਆਨਵਾਨ ਹੋਏ ਹਨ, ਵਾ:-ਓਹੀ ਜਨ ਸਮਧੇ=ਇਸਥਿਤ ਹੋਏ ਹਨ, ਜਿਨ੍ਹਾਂ ਨੂੰ ਪ੍ਰਭੂ ਨੇ ਬਖਸ਼ਿਆ ਹੈ, ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ।

ਮਃ ੩ ॥ ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥

ਗੁਰੂ ਜੀ ਕਥਨ ਕਰਦੇ ਹਨ- ਉਸ ਨੂੰ ਸਲਾਹੁਣਾ ਕਰੀਏ, ਜਿਸ ਦੇ ਵੱਸ ਵਿਚ ਸਭ ਕੁਝ ਹੋ ਰਿਹਾ ਹੈ।

ਤਿਸਹਿ ਸਰੇਵਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥

ਹੇ ਪ੍ਰਾਣੀਓ ! ਓਸੇ ਨੂੰ ਸੇਵਣਾ ਕਰੋ, ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਕੁਝ ਕਰਨ ਵਾਲਾ ਨਹੀਂ ਹੈ। ਜਾਂ ਉਸ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ ਹੈ।

ਗੁਰਮੁਖਿ ਅੰਤਰਿ ਮਨਿ ਵਸੈ ਸਦਾ ਸਦਾ ਸੁਖੁ ਹੋਇ ॥ ੨ ॥

ਜਿਸ ਗੁਰਮੁਖ ਦੇ ਮਨ ਅੰਦਰ ਵੱਸਦਾ ਹੈ ਭਾਵ ਸਖਿਆਤ ਹੁੰਦਾ ਹੈ, ਉਸ ਨੂੰ ਸਦਾ ਸਦਾ ਹੀ ਸੁਖ ਹੁੰਦਾ ਹੈ॥ ੨ ॥

ਪਉੜੀ ॥ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥

ਜਿਨ੍ਹਾਂ ਨੇ ਗੁਰਮੁਖਿ=ਗੁਰਾਂ ਦੁਆਰੇ ਹਰੀ ਨਾਮ ਧਨ ਨਹੀਂ ਖੱਟਿਆ, ਇਸ ਕਲਜੁਗ ਦੇ ਵਿਚ ਉਹ ਪੁਰਸ਼ ਦੇਵਾਲੀਏ=ਕਰਜਾਈ ਹਨ। (ਉਨ੍ਹਾਂ ਦੇ ਸਿਰ ਉਤੇ ਰਿਖੀ ਦੰਡ, ਪਿਤਰ ਦੰਡ, ਦੇਵ ਦੰਡ, ਜਮ ਦੰਡ ਹਮੇਸ਼ਾ ਬਣਿਆ ਰਹਿੰਦਾ ਹੈ।)

ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥

ਉਹ ਸਾਰੇ ਜਗਤ ਵਿਚ ਮੰਗਦੇ ਫਿਰਦੇ ਹਨ, ਪਰ ਉਨ੍ਹਾਂ ਦੇ ਮੂੰਹ ਪਰ ਕੋਈ ਥੁੱਕ ਭੀ ਨਹੀਂ ਪਾਉਂਦਾ, ਉਹ ਐਸੇ ਧਿਰਕਾਰੇ ਹੋਏ ਹਨ।

ਅਥਵਾ:-ਆਪਣੇ ਮੂੰਹ ਦੀ ਥੁੱਕ ਭੀ ਉਨ੍ਹਾਂ ਨੂੰ ਕੋਈ ਨਹੀਂ ਪਾਉਂਦਾ ਭਾਵ ਆਪਣੇ ਮੂੰਹ ਦਾ ਜੂਠਾ ਟੁਕੜਾ ਭੀ ਉਨ੍ਹਾਂ ਨੂੰ ਕੋਈ ਨਹੀਂ ਦੇਂਦਾ।

ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ ॥

ਜੋ ਪਰਾਈ ਬਖੀਲੀ ਕਰਦੇ ਹਨ, ਉਹ ਆਪਣੀ ਪ੍ਰਤੀਤ ਖੋਂਹਦੇ ਹਨ, ਸਗਵਾ=ਉਲਟਾ ਆਪ ਨੂੰ ਭੀ ਮੂਰਖ, ਜਾ ਨਿੰਦਕ ਲਖਾਹਿ=ਜਣਾਉਂਦੇ ਹਨ।

ਜਿਸੁ ਧਨ ਕਾਰਣਿ ਚੁਗਲੀ ਕਰਹਿ
ਸੋ ਧਨੁ ਚੁਗਲੀ ਹਥਿ ਨ ਆਵੈ ਓਇ ਭਾਵੈ ਤਿਥੈ ਜਾਹਿ ॥

ਜਿਸ ਨਾਮ-ਧਨ ਦੀ ਪ੍ਰਾਪਤੀ ਵਾਸਤੇ ਚੁਗਲੀ ਕਰਦੇ ਹਨ, ਉਹ ਨਾਮ-ਧਨ ਚੁਗਲੀ ਕਰਨ ਨਾਲ ਮਨ ਰੂਪੀ ਹੱਥ ਵਿਚ ਨਹੀਂ ਆਉਂਦਾ, ਉਹ ਭਾਵੇਂ ਜਿਥੇ ਭੀ ਜਾਣਾ ਚਾਹੁੰਣ ਉਥੇ ਜਾ ਕੇ ਵੇਖ ਲੈਣ।

[ਪੰਨਾ ੮੫੩]

ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ ਤਿਥਹੁ ਕਰਮਹੀਣ ਲੈ ਨ ਸਕਹਿ
ਹੋਰ ਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ ॥ ੮ ॥

ਸੇਵਕੀ ਭਾਉ ਨਾਲ ਮੁਖੀ ਗੁਰਾਂ ਤੋਂ ਹਰੀ ਨਾਮ-ਧਨ ਮਿਲਦਾ ਹੈ, ਪਰ ਕਰਮਾਂ ਤੋਂ ਹੀਣੇ ਉਥੋਂ ਲੈ ਨਹੀਂ ਸਕਦੇ, ਅਤੇ ਹੋਰ ਥੈ=ਹੋਰਨਾਂ ਦੇਸ਼ਾਂ ਪ੍ਰਦੇਸ਼ਾਂ ਵਿਚੋਂ ਗੁਰਾਂ ਤੋਂ ਬਿਨਾਂ ਹਰੀ ਨਾਮ-ਧਨ ਮਿਲਦਾ ਨਹੀਂ ਹੈ॥ ੮ ॥

ਸਲੋਕ ਮ: ੩ ॥ ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ ॥

ਗੁਰਮੁਖਾਂ ਨੂੰ ਮੂਲਿ=ਕਦਾਚਿਤ ਸੰਸਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚੋਂ ਚਿੰਤਾ ਜਾਂਦੀ ਰਹੀ ਹੈ।

ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥

ਉਨ੍ਹਾਂ ਦੇ ਭਾਣੇ ਵਿਚ ਜੋ ਕੁਝ ਹੁੰਦਾ ਹੈ ਉਹ ਸੁਤੇ ਹੀ ਚੰਗਾ ਹੁੰਦਾ ਹੈ, ਇਸ ਲਈ ਉਨ੍ਹਾਂ ਪਾਸੋਂ ਕੁਝ ਭਲਾ ਬੁਰਾ ਕਿਹਾ ਨਹੀਂ ਜਾਂਦਾ। ਜਾਂ ਉਨ੍ਹਾਂ ਦੇ ਵਿਹਾਰ ਉਤੇ ਕੁਝ ਤਰਕ ਵਾਲਾ ਬਚਨ ਕਿਹਾ ਨਹੀ ਜਾਂਦਾ।

ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਦਾ ਆਖਿਆ ਹੋਇਆ ਬਚਨ ਪ੍ਰਭੂ ਆਪ ਸੁਣਦਾ ਹੈ, ਜਿਨ੍ਹਾਂ ਨੂੰ ਉਸਨੇ ਆਪਣੀ ਪੰਨੈ=ਸ਼ਰਨੀ ਪਾ ਲੀਤਾ ਹੈ। ਜਾਂ ਜਿਹੜੇ ਮਨੁੱਖ ਪ੍ਰਭੂ ਨੇ ਆਪਣੇ ਪੰਨੈ=ਪੱਲੇ, ਵਾ:-ਸਤਿਸੰਗਤ ਰੂਪੀ ਪੰਨੈ=ਦਫ਼ਤਰ ਵਿਚ ਪਾ ਲੀਤੇ ਹੰਨ॥ ੧ ॥

ਮਃ ੩ ॥ ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥

ਜਿਸ ਨੇ ਹਿਰਦੇ ਅੰਦਰ ਨਿਰਮਲ ਨਾਮ ਨੂੰ ਜਪ ਕੇ ਮਨ ਦੀਆਂ ਮਨਸਾ=ਵਾਸ਼ਨਾਂ ਮਨਹਿ ਸਮਾਣੀ=ਮਨ ਦੇ ਵਿਚ ਹੀ ਅਭਾਵ ਕੀਤੀਆਂ ਹਨ, ਉਸ ਨੇ ਕਾਲ ਨੂੰ ਮਾਰ ਲਿਆ ਹੈ।

ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ ॥

ਉਹ ਸੁਭਾਵਕ ਹੀ ਨਾਮ-ਅੰਮ੍ਰਿਤ ਦੇ ਪਿਲਾਉਣ ਵਿਚ ਰਾਤ ਦਿਨ ਜਾਗਦਾ ਰਹਿੰਦਾ ਹੈ, ਕਦੇ ਭੀ ਮੋਹ ਦੀ, ਜਾਂ ਅਵਿਦਿਆ ਦੀ ਨੀਂਦ ਵਿਚ ਨਹੀਂ ਸੌਂਦਾ।

ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥

ਉਹ ਬਾਣੀ ਦੁਆਰਾ ਅੰਮ੍ਰਿਤ ਰੂਪ ਮਿੱਠਾ ਬਚਨ ਬੋਲਦਾ ਹੈ ਅਤੇ ਰਾਤ ਦਿਨ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ ॥ ੨ ॥

ਉਹ ਸਰੂਪ ਚੁੱਪੀ ਨਿਜ ਘਰ ਵਿਚ ਵਾਸਾ ਪਾ ਕੇ ਸਦਾ ਸ਼ੋਭਦੇ ਹਨ, ਗੁਰੂ ਜੀ ਕਥਨ ਕਰਦੇ ਹਨ, ਉਨ੍ਹਾਂ ਦੇ ਨਾਲ ਮਿਲਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ॥ ੨ ॥

ਪਉੜੀ ॥ ਹਰਿ ਧਨੁ ਰਤਨ ਜਵੇਹਰੀ
ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ ॥

ਜੋ ਹਰੀ ਨਾਮ-ਧਨ, ਰਤਨਾਂ ਜਵੇਹਰਾਂ ਵਾਂਗ ਅਮੋਲਕ ਹੈ, ਸੋ=ਉਹ ਹਰੀ ਨਾਮ ਧਨ, ਹਰੀ ਨੇ ਮੈਨੂੰ ਗੁਰਾਂ ਪਾਸੋਂ ਦਿਵਾਇਆ ਹੈ।

ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ
ਅਕੈ ਕੋਈ ਕਿਹੁ ਦੇਵਾਏ ਏਹੁ ਹਰਿ ਧਨੁ ਜੋਰਿ ਕੀਤੈ
ਕਿਸੈ ਨਾਲਿ ਨ ਜਾਇ ਵੰਡਾਇਆ ॥

ਜੇਕਰ ਉਹ ਹਰੀ ਨਾਮ-ਧਨ ਗੁਰਾਂ ਤੋਂ ਬਿਨਾਂ ਹੋਰ ਕਿਸੇ ਪਾਸੋਂ ਕੁਝ ਦਿੱਸ ਆਵੇ, ਤਾਂ ਕੋਈ ਕਿਸੇ ਤਰ੍ਹਾਂ ਨਾਲ ਮੰਗ ਲਵੇ, ਅਕੈ=ਅਥਵਾ ਜਾਂ ਆ ਕੇ ਕੋਈ ਕਿਸੇ ਪਾਸੋਂ ਦਿਵਾ ਦੇਵੇ, ਪਰ ਇਹ ਹਰੀ ਨਾਮ-ਧਨ ਜੋਰਿ ਕੀਤੈ=ਬਲ਼ ਦੇ ਕੀਤਿਆਂ ਕਿਸੇ ਦੇ ਨਾਲੋਂ ਵੰਡਾਇਆ ਨਹੀਂ ਜਾਂਦਾ।

ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ
ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸ ਨੋ ਕਰਤੈ ਧੁਰਿ ਲਿਖਿ ਪਾਇਆ ॥

ਜਿਸ ਪੁਰਸ਼ ਨੂੰ ਹਰੀ ਸਤਿਗੁਰਾਂ ਨਾਲ ਮਿਲਾ ਕੇ ਸ਼ਰਧਾ ਲਗਾਵਾਉਂਦਾ ਹੈ, ਹਰੀ ਨਾਮ-ਧਨ ਦੀ ਵੰਡ ਉਸ ਦੇ ਹੱਥ ਵਿਚ ਆਉਂਦੀ ਹੈ, ਜਿਸ ਨੂੰ ਕਰਤੇ ਪੁਰਖ ਨੇ ਧੁਰ ਤੋਂ ਚੰਗਾ ਲੇਖ ਲਿਖ ਪਾਇਆ ਹੈ, ਓਸੇ ਨੇ ਗੁਰਾਂ ਨਾਲ ਮਿਲ ਕੇ ਨਾਮ-ਧਨ ਪਾਇਆ ਹੈ।

ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥

ਇਸ ਹਰੀ ਨਾਮ-ਧਨ ਦਾ ਕੋਈ ਸ਼ਰੀਕ ਭੀ ਨਹੀਂ ਹੈ, ਕਿਸੇ ਦਾ ਲਿਖਿਆ ਹੋਇਆ ਖ਼ਤ ਭੀ ਨਹੀ ਆਉਂਦਾ ਕਿ ਫਲਾਣੇ ਨੂੰ ਹਰੀ ਨਾਮ-ਧਨ ਦੇ ਦੇਣਾ, ਜਾਂ ਇਸ ਉਤੇ ਕਿਸੇ ਹਾਕਮ ਦਾ ਖਤੁ=ਪ੍ਰਵਾਨਾ ਭੀ ਨਹੀਂ ਤੁਰਦਾ, ਅਤੇ ਕਿਸੇ ਦੇ ਸੀਵ=ਹੱਦ, ਬੰਨੇ ਦਾ ਭੀ ਰੌਲਾ ਨਹੀਂ ਹੈ, (ਸੀਵ ਰਾਜਿਆਂ ਦੀਆਂ ਹੁੰਦੀਆਂ ਹਨ, ਬੰਨੇ ਜ਼ਿਮੀਂਦਾਰਾਂ ਦੇ ਹੁੰਦੇ ਹਨ*) ਜਿਹੜਾ ਕੋਈ ਹਰੀ ਨਾਮ-ਧਨ ਦੀ ਬਖੀਲੀ ਕਰਦਾ ਹੈ, ਉਸ ਦਾ ਮੂੰਹ, ਹਰੀ ਨੇ ਚੌਹਾਂ ਕੁੱਟਾਂ ਵਿਚ ਕਾਲਾ ਕਰਾਇਆ ਹੈ।

ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ॥ ੯ ॥

ਹਰੀ ਦੇ ਦਿੱਤੇ ਹੋਏ ਨਾਮ-ਧਨ ਨਾਲ ਨਾ ਕਿਸੇ ਦਾ ਜ਼ੋਰ ਚਲਦਾ ਹੈ, ਨਾ ਹੀ ਈਰਖਾ ਬਖੀਲੀ ਚਲਦੀ ਹੈ, ਇਸ ਲਈ ਗੁਰਾਂ ਕੋਲ ਨਾਮ-ਧਨ ਰੋਜ਼ ਦਾ ਰੋਜ਼ ਦਿਨੋ ਦਿਨ ਸਵਾਇਆ ਚੜ੍ਹਦਾ ਹੈ॥ ੯ ॥

ਸਲੋਕ ਮ: ੩ ॥ ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

ਇਹ ਜਗਤ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਹੈ, ਹੇ ਪ੍ਰਭੂ ! ਆਪਣੀ ਕਿਰਪਾ-ਦ੍ਰਿਸ਼ਟੀ ਧਾਰ ਇਸ ਨੂੰ ਰੱਖ ਲੈ।

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

ਜਿਸ ਰਸਤੇ ਦੁਆਰੇ ਬਚ ਸਕਦਾ ਹੈ, ਓਸੇ ਤਰ੍ਹਾਂ ਹੀ ਉਬਾਰਿ=ਬਚਾ ਲੈ।

ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥

ਜਿਸ ਸਤਿਗੁਰੂ ਨੇ ਮੈਨੂੰ ਸੁਖ ਵਿਖਾਇਆ ਹੈ, ਉਸ ਗੁਰੂ ਦੇ ਸੱਚੇ ਸਬਦੁ=ਉਪਦੇਸ਼ ਦਾ ਵਿਚਾਰ ਕਰਨਾ ਮੈਨੂੰ, ਜਾਂ ਜਗਤ ਨੂੰ ਦਿਓ।

ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਆਪ ਜੀ ਤੋਂ ਬਿਨਾਂ ਹੋਰ ਕੋਈ ਇਸ ਜੀਵ ਨੂੰ ਬਖਸ਼ਣੇ ਵਾਲਾ ਨਹੀਂ ਸੁੱਝਦਾ ॥ ੧ ॥

---

*ਕਈ ਇਸ ਤਰ੍ਹਾਂ ਭੀ ਆਖਦੇ ਹਨ-ਸੀਵ=ਹੱਦਾਂ ਜ਼ਿਮੀਂਦਾਰਾਂ ਦੀਆਂ ਹੁੰਦੀਆਂ ਹਨ ਅਤੇ ਬੰਨੇ ਰਾਜਿਆਂ ਮਹਾਰਾਜਿਆਂ ਦੇ ਹੁੰਦੇ ਹਨ।

ਮਃ ੩ ॥ ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥

ਮੋਹਣੀ ਮਾਇਆ ਹੀ ਹੰਗਤਾ ਮਮਤਾ ਕਰਕੇ ਹੀ ਜੀਵ ਦੂਜੈ=ਦ੍ਵੈਤ ਭਾਵ ਵਿਚ ਲੱਗੇ ਜਾ ਰਹੇ ਹਨ।

ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥

ਇਹ ਹੰਗਤਾ ਮਮਤਾ ਕਿਸੇ ਪਾਸੋਂ ਮਾਰੀ ਨਹੀਂ ਜਾਂਦੀ, ਨਾ ਹੀ ਇਹ ਆਪਣੇ ਆਪ ਮਰਦੀ ਹੈ, ਨਾ ਹੀ ਇਹ ਹੰਗਤਾ ਮਮਤਾ ਕਿਸੇ ਹੱਟੀ ਤੇ ਵੇਚੀ ਜਾ ਸਕਦੀ ਹੈ।

ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥

ਜੇਕਰ ਪੂਰਿਆਂ ਗੁਰਾਂ ਦੇ ਸ਼ਬਦ ਕਰਦੇ ਇਸ ਨੂੰ ਪਰ=ਭਲੀ ਪ੍ਰਕਾਰ ਜਾਲੀਐ=ਸਾੜ ਦੇਈਏ ਤਾਂ ਇਹ ਹਿਰਦੇ ਵਿੱਚੋਂ ਨਾਸ ਹੋ ਜਾਂਦੀ ਹੈ। ਇਸ ਦੇ ਦੂਰ ਹੋਣ ਕਰਕੇ-

ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥

ਤਨ ਮਨ ਪਵਿੱਤ੍ਰ ਹੋ ਜਾਂਦਾ ਹੈ, ਅਤੇ ਮਨ ਵਿਚ ਹਰੀ ਨਾਮ ਆ ਕੇ ਵੱਸਦਾ ਹੈ।

ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਮਾਇਆ ਦੇ ਮਾਰਨ ਦਾ ਮਾਰਣੁ=ਮਸਾਲਾ ਗੁਰ-ਉਪਦੇਸ਼ ਹੀ ਹੈ, ਪਰ ਉਹ ਉਪਦੇਸ਼ ਗੁਰਾਂ ਦੁਆਰੇ ਪਾਇਆ ਜਾਂਦਾ ਹੈ॥ ੨ ॥

ਪਉੜੀ ॥ ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ
ਧੁਰਹੁ ਹੁਕਮੁ ਬੁਝਿ ਨੀਸਾਣੁ ॥

ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਵਡਿਆਈ ਸਤਿਗੁਰੂ ਅੰਗਦ ਦੇਵ ਜੀ ਨੇ ਧੁਰ ਰੂਪ ਪਰਮਾਤਮਾ ਦਾ ਹੁਕਮ ਬੁੱਝ ਕੇ ਸਾਰੇ ਜਗਤ ਵਿਚ ਨੀਸਾਣੁ=ਪਰਗਟ ਕਰ ਦਿੱਤੀ ਹੈ।

ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ
ਲਾਹਿਓਨੁ ਸਭਨਾ ਕਾ ਅਭਿਮਾਨੁ ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ, ਪੁਤੀ=ਪੁੱਤਰਾਂ ਨੂੰ, ਭਤੀਜਿਆਂ ਨੂੰ, ਜਵਾਈ ਨੂੰ, ਹੋਰ ਸਕੀ=ਅੰਗ ਸਾਕ ਸਾਰਿਆਂ ਸਬੰਧੀਆਂ ਨੂੰ ਅਗਹੁ ਪਿਛਹੁ=ਚੰਗੀ ਤਰ੍ਹਾਂ ਟੋਲਿ ਡਿਠਾ=ਨਿਰਣੇ ਕਰਕੇ ਵੇਖਿਆ ਹੈ, ਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਲਾਇਕ ਵੇਖ ਕੇ ਸਾਰਿਆਂ ਦਾ ਅਭਿਮਾਨੁ=ਹੰਕਾਰ ਲਾਹ ਦਿੱਤਾ, ਤੇ ਸਾਰਿਆਂ ਦੇ ਸਾਹਮਣੇ ਗੁਰੂ ਅਮਰਦਾਸ ਜੀ ਨੂੰ ਗੱਦੀ ਪਰ ਅਸਥਾਪਨ ਕਰ ਦਿੱਤਾ।

ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੁ ਹਰਿ ਬਖਸਿਓਸੁ ਸਭੁ ਜਹਾਨੁ ॥

ਜਿਥੇ ਕੋਈ ਵੇਖਦਾ ਹੈ ਓਥੇ ਹੀ ਮੇਰਾ ਸਤਿਗੁਰੂ ਪੂਰਨ ਹੈ, ਹਰੀ ਨੇ ਸਾਰਾ ਜੋਹਾਨ ਸਤਿਗੁਰਾਂ ਨੂੰ ਬਖਸ਼ਿਆ ਹੈ, ਭਾਵ-ਸਭਨਾਂ ਨੂੰ ਸਤਿਗੁਰਾਂ ਦੇ ਹੁਕਮ ਵਿਚ ਰੱਖਿਆ ਹੈ।

ਅਥਵਾ:-ਸਾਰੇ ਜਹਾਨ ਵਿਚੋਂ ਜੋ ਪੁਰਸ਼ ਗੁਰਾਂ ਦੀ ਸ਼ਰਨੀ ਆਇਆ ਹੈ, ਉਸ ਨੂੰ ਹਰੀ ਨੇ ਬਖਸ਼ ਲਿਆ ਹੈ।

ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ
ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ॥

ਜਿਹੜਾ ਸਤਿਗੁਰਾਂ ਨੂੰ ਮਿਲ ਕੇ ਉਨ੍ਹਾਂ ਦੇ ਹੁਕਮ ਨੂੰ ਮੰਨਦਾ ਹੈ, ਉਹ ਹਲਤਿ-ਪਲਤਿ=ਲੋਕ ਪ੍ਰਲੋਕ ਵਿਚ ਸਿਝੈ=ਕਲਿਆਣ ਹੁੰਦਾ ਹੈ, ਭਾਵ-ਸੁਖੀ ਹੁੰਦਾ ਹੈ ਤੇ ਜਿਹੜਾ ਪੁਰਸ਼ ਗੁਰੂ ਤੋਂ ਬੇਮੁਖ ਹੁੰਦਾ ਹੈ ਉਹ ਭਰਿਸਟ ਥਾਨੁ=ਨੀਚ ਜੂਨੀਆਂ ਵਿਚ ਫਿਰਦਾ ਹੈ।

[ਪੰਨਾ ੮੫੪]

ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ॥

ਸ੍ਰੀ ਗੁਰੂ (ਰਾਮਦਾਸ ਸਾਹਿਬ) ਜੀ ਕਥਨ ਕਰਦੇ ਹਨ-ਜਿਸ ਵੇਲੇ ਸੁਆਮੀ (ਸ੍ਰੀ ਗੁਰੂ ਅਮਰਦਾਸ ਜੀ) ਮੈਂ ਦਾਸ ਦੀ ਵਲਿ=ਤਰਫ਼ ਹੋਇਆ ਤਾਂ ਹਰੀ ਸੁਜਾਣ ਪੁਰਖ ਮੇਰਾ ਸੱਜਣ ਹੋ ਗਿਆ।

ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ
ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ॥ ੧੦॥

(ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਲੰਗਰ ਵਿਚ ਅਨੇਕ ਤਰ੍ਹਾਂ ਦੇ ਭੋਜਨਾਂ ਰੂਪੀ) ਭਿਤਿ=ਚੋਗ ਪੈਂਦੀ ਵੇਖ ਕੇ ਭਾਵ ਸੋਹਣਾ ਭੋਜਨ ਵਰਤਦਾ ਵੇਖ ਕੇ ਸਾਰੇ ਪੁਰਸ਼ ਸੁਤਿਗੁਰਾਂ ਦੀ ਚਰਨੀਂ ਆ ਪਏ ਅਤੇ ਸਤਿਗੁਰਾਂ ਨੇ ਸਾਨੂੰ ਗੁਰਤਾ-ਗੱਦੀ ਪਰ ਬਿਠਾ ਕੇ ਸਾਰਿਆਂ ਕਿਅਹੁ=ਦੇ ਮਨ ਵਿਚੋਂ ਗੁਮਾਨੁ=ਹੰਕਾਰ ਲਾਹ ਦਿੱਤਾ ॥ ੧੦॥

ਸਲੋਕ ਮ: ੧॥

ਉਥਾਨਕਾ:-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰਿਆਂ ਦੀ ਪ੍ਰੀਖਿਆ ਲੈ ਕੇ ਗੁਰਤਾ ਗੱਦੀ ਸ੍ਰੀ ਅੰਗਦ ਜੀ ਨੂੰ ਸੌਂਪੀ ਹੈ, ਤਾਂ ਮਾਤਾ (ਸੁਲੱਖਣੀ) ਜੀ ਨੇ ਹੱਥ ਜੋੜ ਕੇ ਕਿਹਾ-

"ਆਪ ਜੀ ਦੇ ਦੋ ਪੁੱਤਰ ਹਨ (ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ) ਇਨ੍ਹਾਂ ਦਾ ਹੱਕ ਸੀ ਗੁਰਿਆਈ-ਗੱਦੀ ਪਰ ਬੈਠਣ ਦਾ, ਆਪ ਜੀ ਨੇ ਇਨ੍ਹਾਂ ਨੂੰ ਗੱਦੀ ਨਹੀਂ ਦਿੱਤੀ ਤੇ ਥੋੜ੍ਹੇ ਜਹੇ ਸਮੇਂ ਦਾ ਆਇਆ ਹੋਇਆ ਜੋ ਸੇਵਾਦਾਰ ਹੈ ਉਸ ਨੂੰ ਆਪ ਜੀ ਨੇ ਦੇ ਦਿੱਤੀ ਹੈ, ਇਸ ਦਾ ਕੀ ਕਾਰਨ ਹੈ ?"

ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-ਭੋਲੀਏ ਵਿਚਾਰ ਕੇ ਵੇਖ:-

ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ॥

ਜਿਵੇਂ ਜ਼ਮੀਨ ਨੂੰ ਵਾਹੁੰਦਾ ਕੋਈ ਹੈ, ਤੇ ਲੁਣੈ=ਕੱਟਦਾ, ਤੇ ਖਲਿਹਾਨਿ=ਗਾਹ ਕੋਈ ਪਾਉਂਦਾ ਹੈ।

ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ॥ ੧॥

(੧) ਗੁਰੂ ਜੀ ਕਥਨ ਕਰਦੇ ਹਨ-ਇਹ ਨਹੀਂ ਜਾਣਿਆ ਜਾਂਦਾ ਜੋ ਇਨ੍ਹਾਂ ਸਾਰਿਆਂ ਵਿੱਚੋਂ ਨਿਦਾਨਿ=ਅੰਤ ਨੂੰ ਉਸ ਖੇਤ ਦੇ ਦਾਣਿਆਂ ਨੂੰ ਕੋਈ ਖਾਏਗਾ ਕਿ ਨਹੀਂ, ਜਾਂ ਅੰਤ ਨੂੰ ਉਨ੍ਹਾਂ ਦਾਣਿਆਂ ਨੂੰ ਕੌਣ ਖਾਏਗਾ ? ਇਸੇ ਤਰ੍ਹਾਂ ਇਹ ਗੁਰਿਆਈ-ਗੱਦੀ ਕਿਸੇ ਦੀ ਗਿਣੀ-ਮਿਥੀ ਨਹੀਂ ਹੈ, ਜਿਸ ਦੇ ਭਾਗਾਂ ਵਿਚ ਲਿਖੀ ਹੋਈ ਹੈ, ਓਸੇ ਨੇ ਸਾਂਭਣੀ ਹੈ॥ ੧॥

(੨) ਕੋਈ ਤਾ ਵਾਹੈ=ਸ੍ਰਵਣ ਕਰਦਾ ਹੈ, ਕੋਈ ਲੁਣੈ=ਮੰਨਣ ਕਰਦਾ ਹੈ ਕੋਈ ਖਲਿਹਾਨਿ= ਨਿਧਿਆਸਣ ਕਰਦਾ ਹੇ।

(੩) ਕੋਈ ਤਾਂ ਵਾਹੈ=ਨਿਸ਼ਕਾਮ ਕਰਮ ਕਰਦਾ ਹੈ, ਕੋਈ ਲੁਣੈ=ਉਪਾਸ਼ਨਾ ਕਰਦਾ ਹੈ ਅਤੇ ਕੋਈ ਖਲਿਹਾਨਿ=ਗਿਆਨ ਨੂੰ ਪਾਉਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਇਹ ਨਹੀਂ ਜਾਣਿਆ ਜਾਂਦਾ ਕਿ ਅੰਤ ਨੂੰ ਸਖਿਆਤਕਾਰੀ ਦੇ ਅਨੰਦ ਨੂੰ ਕੌਣ ਖਾਏਗਾ ? ਇਹ ਨਿਯਮ ਨਹੀਂ ਕਿ ਨਿਧਿਆਸਣ ਵਾਲੇ ਨੂੰ ਹੀ ਰੱਬ ਮਿਲਣਾ ਹੈ। ਉਸ ਦੀ ਮਰਜ਼ੀ ਹੈ ਭਾਵੇਂ ਸ੍ਰਵਣ ਜਾਂ ਮੰਨਣ ਵਾਲੇ ਨੂੰ ਮਿਲ ਜਾਵੇ।

ਮਃ ੧ ॥ ਜਿਸੁ ਮਨਿ ਵਸਿਆ ਤਰਿਆ ਸੋਇ ॥

ਜਿਸ ਦੇ ਮਨ ਵਿਚ ਪਰਮੇਸ਼ਰ ਆਪ ਵੱਸਿਆ ਹੈ, ਉਹ (ਸੰਸਾਰ-ਸਮੁੰਦਰ ਤੋਂ) ਤਰਿਆ ਹੈ।

ਨਾਨਕ ਜੋ ਭਾਵੈ ਸੋ ਹੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਓਹੀ ਕੁਝ ਹੁੰਦਾ ਹੈ॥ ੨ ॥

ਪਉੜੀ ॥ ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥

ਪਾਰਬ੍ਰਹਮ ਨੇ ਦਿਆਲੂ ਹੋ ਕੇ ਉਸ ਨੂੰ (ਸੰਸਾਰ) ਸਮੁੰਦਰ ਤੋਂ ਤਾਰਿਆ ਹੈ।

ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥

ਪੂਰਿਆਂ ਗੁਰਾਂ ਨੇ ਮਿਹਰਵਾਨ ਹੋ ਕੇ ਜਿਸ ਦਾ ਭਰਮ ਤੇ ਡਰ ਮਾਰ ਦਿੱਤਾ ਹੈ।

ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥

ਉਸ ਦੇ ਅੰਦਰੋਂ ਕਾਮ ਕ੍ਰੋਧ ਆਦਿਕ ਭਿਆਨਕ ਸਾਰੇ ਦੂਤ ਹਾਰ ਗਏ ਹਨ।

ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥

ਉਸ ਨੇ ਨਾਮ-ਅੰਮ੍ਰਿਤ ਦੇ ਨਿਧਾਨੁ=ਖ਼ਜ਼ਾਨੇ ਨੂੰ ਕੰਠ ਦੇ ਉਰਿ=ਵਿਚ ਧਾਰਿਆ ਹੈ।

ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਸਾਧੂਆਂ ਦਾ ਸੰਗ ਕਰਕੇ ਉਸ ਨੇ ਜਨਮ ਮਰਨ ਸਵਾਰ ਲਿਆ ਹੈ॥ ੧੧ ॥

ਸਲੋਕ ਮਃ ੩ ॥ ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ ॥

ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨੂੰ ਭੁਲਾ ਦਿੱਤਾ ਹੈ ਅਤੇ ਝੂਠੇ ਕਹਣ=ਪ੍ਰਸੰਗਾਂ ਨੂੰ ਕਹਿੰਦੇ ਹਨ।

ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥

ਪੰਜ (ਕਾਮ ਕ੍ਰੋਧ ਆਦਿਕ) ਚੋਰ ਉਨ੍ਹਾਂ ਦੇ ਅੰਤਹਕਰਨ ਰੂਪੀ ਘਰ ਵਿਚੋਂ ਸ਼ੁਭ-ਗੁਣਾਂ ਰੂਪੀ ਧਨ ਨੂੰ ਮੁਹਨ੍ਹਿ=ਲੁੱਟ ਰਹੇ ਹਨ, ਉਨ੍ਹਾਂ ਦੇ ਅੰਦਰ ਹਉਮੈ ਰੂਪੀ ਸੰਨ੍ਹ ਲੱਗ ਰਹੀ ਹੈ।

ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ ॥

ਮਾਇਆ-ਧਾਰੀ ਸਾਕਤ ਪੁਰਸ਼ ਦੁਰਮਤੀ=ਖੋਟੀ ਮਤ ਕਰਕੇ ਮੁਠੇ=ਠੱਗੇ ਗਏ ਹਨ, ਜੋ ਹਰੀ ਨਾਮ-ਰਸ ਨੂੰ ਜਾਣਦੇ ਨਹੀਂ ਹਨ।

ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ ॥

ਜਿਨ੍ਹਾਂ ਨੇ ਭਰਮ ਕਰਕੇ ਆਤਮ-ਸੁਖ ਰੂਪ ਅੰਮ੍ਰਿਤ ਲੁਟਵਾ ਲਿਆ ਹੈ, ਉਹ ਵਿਸ਼ਿਆ ਰੂਪੀ ਬਿਖੁ=ਜ਼ਹਿਰ ਨਾਲ ਆਪ ਰੱਖਦੇ ਹਨ ਤੇ ਹੋਰਨਾਂ ਨੂੰ ਤਦਾਕਾਰ ਕਰਦੇ ਹਨ। ਜਾਂ ਉਹ ਬਿਖੁ=ਜ਼ਹਿਰ ਰੂਪ ਵਿਸ਼ਿਆਂ ਦੀ ਰਚਨਾ ਨਾਲ ਰਚੇ ਹੋਏ ਹਨ। ਉਹ-

ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ ॥

ਦੁਸ਼ਟ ਪੁਰਸ਼ਾਂ ਨਾਲ ਪਿਰਹੜੀ=ਪ੍ਰੀਤੀ ਕਰਦੇ ਹਨ, ਅਤੇ ਸੰਤਾਂ ਨਾਲ ਵਾਦੁ=ਝਗੜੇ ਕਰੰਨ੍ਹਿ= ਕਰਦੇ ਹਨ।

ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ ॥

ਗੁਰੂ ਜੀ ਕਥਨ ਕਰਦੇ ਹਨ-ਉਹ ਸਾਕਤ ਪੁਰਸ਼ ਜਮਾਂ ਦੇ ਬੱਧੇ ਹੋਏ ਨਰਕਾਂ ਵਿਚ ਜਾ ਕੇ ਦੁੱਖ ਸਹੰਨ੍ਹਿ=ਭੋਗਦੇ ਹਨ।

ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ ॥ ੧ ॥

ਜਿਸ ਤਰ੍ਹਾਂ ਦੇ ਮੱਥੇ ਪਰ ਕਿਰਤਿ=ਕਰਮ ਪਏ ਹਨ, ਉਸੇ ਤਰ੍ਹਾਂ ਹੀ ਦੇ ਕਰਮਾਂ ਨੂੰ ਕਮਾਉਂਦੇ ਹਨ, ਜਿਵੇਂ ਪਰਮੇਸ਼ਰ ਕਰਮਾਂ ਅਨੁਸਾਰ ਰੱਖਦਾ ਹੈ, ਤਿਵੇਂ ਹੀ ਰਹਿੰਦੇ ਹਨ॥ ੧॥

ਮ: ੩ ॥ ਜਿਨ੍ੀ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ ॥

ਜਿਨ੍ਹਾ ਨੇ ਸਤਿਗੁਰਾਂ ਨੂੰ ਸੇਵਿਆ ਹੈ, ਉਸ ਨਿਤਾਣੇ ਦਾ ਤਾਣੁ=ਬਲ ਸਤਿਗੁਰੂ ਹੀ ਹਨ।

ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ ॥

ਸ੍ਵਾਸ ਲੈਂਦਿਆਂ ਗਿਰਾਸਿ=ਭੋਜਨ ਖਾਂਦਿਆਂ ਜਿਸ ਦੇ ਮਨ ਵਿਚ ਸਦਾ ਨਾਮ ਵੱਸਦਾ ਹੈ, ਉਸ ਨੂੰ ਜਮਕਾਲ ਜੋਹਿ=ਵੇਖ ਨਹੀਂ ਸਕਦਾ।

ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ ॥

ਜਿਸ ਦੇ ਹਿਰਦੇ ਵਿਚ ਹਰਿ ਹਰਿ ਨਾਮ ਦਾ ਰਸੁ=ਪ੍ਰੇਮ ਹੈ, ਕਵਲਾ ਸੇਵਕਿ=ਲੱਛਮੀ ਦਾਸੀ ਹੋ ਕੇ ਉਸ ਦੀ ਸੇਵਾ ਕਰਦੀ ਹੈ।

ਹਰਿ ਦਾਸਾ ਕਾ ਦਾਸੁ ਹੋਇ ਪਰਮ ਪਦਾਰਥੁ ਤਿਸੁ ॥

ਜੋ ਪੁਰਸ਼ ਹਰਿ ਦੇ ਦਾਸਾਂ ਦਾ ਦਾਸ ਹੁੰਦਾ ਹੈ, ਉਸ ਨੂੰ ਮੋਖ ਰੂਪ ਪਰਮ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ।

ਨਾਨਕ ਮਨਿ ਤਨਿ ਜਿਸੁ ਪ੍ਰਭੁ ਵਸੈ ਹਉ ਸਦ ਕੁਰਬਾਣੈ ਤਿਸੁ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੇ ਮਨ ਤਨ ਵਿਚ ਪ੍ਰਭੂ ਵਸਦਾ ਹੈ, ਮੈਂ ਉਸ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਜਿਨ੍ ਕਉ ਪੂਰਬਿ ਲਿਖਿਆ ਰਸੁ ਸੰਤ ਜਨਾ ਸਿਉ ਤਿਸੁ ॥ ੨ ॥

ਪੂਰਬ ਜਨਮ ਦੇ ਚੰਗੇ ਕੀਤੇ ਹੋਏ ਕਰਮਾਂ ਦਾ ਲੇਖ ਲਿਖਿਆ ਹੋਇਆ ਜਿਸ ਨੂੰ ਆ ਕੇ ਪ੍ਰਾਪਤ ਹੋਇਆ ਹੈ , ਉਸ ਦਾ ਸੰਤ ਜਨਾਂ ਨਾਲ ਰਸੁ=ਪ੍ਰੇਮ ਲੱਗਾ ਹੈ॥ ੨॥ .

ਪਉੜੀ॥ ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ॥

ਪੂਰਾ ਸਤਿਗੁਰੂ ਜੋ ਭੀ ਬਚਨ ਬੋਲਦਾ ਹੈ, ਉਹ ਪਰਮੇਸ਼ਰ ਨੇ ਸੁਣਿਆ ਹੈ।

ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ॥

ਓਹੀ ਬਚਨ ਸਾਰੇ ਸੰਸਾਰ ਵਿਚ ਵਰਤਿਆ ਹੈ, ਇਸ ਗੱਲ ਨੂੰ ਘਟਿ ਘਟਿ=ਸਰੀਰ ਸਰੀਰ ਨੇ ਆਪਣੇ ਮੂੰਹੋ ਭਣਿਆ=ਕਥਨ ਕੀਤਾ ਹੈ।

ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ॥

ਸਾਹਿਬੈ=ਮਾਲਕ ਪਰਮੇਸ਼ਰ ਵਿਚ, ਜਾਂ ਗੁਰੂ ਸਾਹਿਬ ਜੀ ਵਿਚ ਬਹੁਤ ਸਾਰੀਆਂ ਵਡਿਆਈਆਂ ਹਨ, ਜੋ ਗਿਣੀਆਂ ਨਹੀਂ ਜਾਂਦੀਆਂ।

ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ॥

ਸਹਜੇ ਸੱਚਾ ਅਨੰਦ ਸਤਿਗੁਰਾਂ ਪਾਸ ਹੈ, ਵਾ:-ਸਚੁ=ਨਿਸਚੇ ਕਰਕੇ ਸਹਜੁ=ਗਿਆਨਾਨੰਦ ਸਤਿਗੁਰਾਂ ਪਾਸ ਹੈ ਅਤੇ ਗੁਰਾਂ ਦੀ ਮਣੀਆ=ਮਾਣਤਾ (ਵਡਿਆਈ) ਭੀ ਸੱਚੀ ਹੈ।

ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ॥ ੧੨॥

ਗੁਰੂ ਜੀ ਕਥਨ ਕਰਦੇ ਹਨ-ਪਾਰਬ੍ਰਹਮ ਨੇ ਸੰਤ ਪ੍ਰੇਮ ਆਦਿਕ ਸਾਧਨਾਂ ਨਾਲ ਸਵਾਰੇ ਹਨ, ਇਸੀ ਲਈ ਉਹ ਸੱਚੇ ਪਾਰਬ੍ਰਹਮ ਵਰਗੇ ਬਣ ਗਏ ਹਨ॥ ੧੨॥

ਯਥਾ- ''ਹਰਿਜਨ ਹਰਿ ਸੰਗ ਮਿਲਤ ਹੈ ਸੁਨਤ ਪ੍ਰੇਮ ਕੀ ਗਾਥ॥

ਜਿਉ ਡਾਰਿਓ ਮਿਲਿ ਜਾਤ ਹੈ ਨੀਰ ਨੀਰ ਕੇ ਸਾਥ॥ ੨੪੭੭॥'' *(ਦਸਮ ਗ੍ਰੰਥ, ਪੰਨਾ ੫੬੮)*

ਸਲੋਕ ਮਃ ੩॥ ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ॥

ਜਿਸ ਨੇ ਆਪਣਾ ਆਪ ਭਾਵ ਸ੍ਵੈ-ਸਰੂਪ ਨੂੰ ਨਹੀ ਪਛਾਣਿਆ ਅਤੇ ਹਰੀ ਪ੍ਰਭੂ ਨੂੰ ਦੂਰ ਜਾਣਿਆ ਹੈ।

ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ॥

ਗੁਰਾਂ ਦੀ ਸੇਵਾ ਕਰਨੀ ਵਿਸਰੀ=ਭੁੱਲ ਗਈ ਹੈ, ਉਹ ਮਨੁ=ਜੀਵ ਪ੍ਰਭੂ ਦੀ ਹਜ਼ੂਰੀ ਵਿਚ ਕਿਵੇਂ ਰਹੇਗਾ ?

ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ॥

ਝੂਠੇ ਮਨਮੁਖ ਨੇ ਕੂਰਿ=ਝੂਠਿਆਂ ਪਦਾਰਥਾਂ ਦੇ ਲਾਲਚ ਕਰਕੇ ਮਨੁੱਖ ਜਨਮ ਨੂੰ ਵਿਅਰਥ ਹੀ ਗਵਾ ਲਿਆ ਹੈ।

ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ॥ ੧॥

(੧) ਗੁਰੂ ਜੀ ਕਥਨ ਕਰਦੇ ਹਨ-ਸੱਚੇ ਸ਼ਬਦ ਦੇ ਦਾਤੇ ਜੋ ਗੁਰੂ ਹਨ ਉਨ੍ਹਾਂ ਦੀ ਹਜ਼ੂਰੀ ਵਿਚ ਜੋ ਰਹਿੰਦੇ ਹਨ, ਉਨ੍ਹਾਂ ਨੂੰ ਸੱਚੇ ਨੇ ਬਖਸ਼ ਕੇ ਆਪਣੇ ਨਾਲ ਮਿਲਾ ਲਿਆ ਹੈ।

(੨) ਜਿਨ੍ਹਾਂ ਨੂੰ ਬਖਸ਼ ਕੇ ਮਿਲਾ ਲਿਆ ਹੈ, ਉਹ ਸੱਚੇ ਸਬਦਿ=ਬ੍ਰਹਮ ਦੀ ਹਜ਼ੂਰੀ ਵਿਚ ਰਹਿੰਦੇ ਹਨ॥ ੧॥

ਮਃ ੩ ॥ ਹਰਿ ਪ੍ਰਭੁ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥

ਜਿਸ ਨੇ ਹਰੀ ਪ੍ਰਭੂ ਦਾ ਸੱਚਾ ਸੋਹਿਲਾ=ਜਸ ਉਚਾਰਨ ਕੀਤਾ ਹੈ ਅਤੇ ਗੁਰਮੁਖਿ=ਮੁਖ ਗੁਰਾਂ ਦੁਆਰੇ ਗੋਬਿੰਦ ਦਾ ਨਾਮ ਜਪਿਆ ਹੈ।

ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥

ਤੇ-ਰਾਤ ਦਿਨ ਹਰੀ ਨੂੰ ਸਲਾਹੁਣਾ ਕੀਤਾ ਹੈ ਤੇ ਹਰੀ ਨਾਮ ਨੂੰ ਜਪਿਆ ਹੈ, ਉਸ ਦੇ ਮਨ ਵਿਚ ਅਨੰਦ ਹੋਇਆ ਹੈ।

ਵਡਭਾਗੀ ਹਰਿ ਪਾਇਆ ਪੂਰਨੁ ਪਰਮਾਨੰਦੁ ॥

ਵਡਭਾਗੀ ਪੁਰਸ਼ਾਂ ਨੇ ਪੂਰਨ ਹਰੀ ਦੇ ਪਰਮ ਅਨੰਦ ਨੂੰ ਪਾਇਆ ਹੈ। ਜਾਂ ਪੂਰਨ ਪਰਮ ਅਨੰਦ ਸਰੂਪ ਹਰੀ ਨੂੰ ਪਾਇਆ ਹੈ।

ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਜਨ ਨੇ ਨਾਮ ਨੂੰ ਸਲਾ੍ਹਿਆ=ਸਿਮਰਿਆ ਹੈ, ਬਹੁੜਿ=ਫਿਰ ਉਸ ਦਾ ਮਨ ਤਨ ਭੰਗੁ=ਵਿਘਨ ਵਾਲਾ ਨਹੀਂ ਹੁੰਦਾ। ਜਾਂ ਉਸ ਦੇ ਮਨ ਤਨ ਵਿਚ ਕਿਸੇ ਕਿਸਮ ਦਾ ਭੰਗੁ=ਵਿਘਨ ਨਹੀ ਹੁੰਦਾ॥ ੨ ॥

ਯਥਾ:- ''ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥'' *(ਸੁਖਮਨੀ, ਪੰਨਾ ੨੬੪)*

[ਪੰਨਾ ੮੫੫]

ਪਉੜੀ ॥ ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥

ਜੇਕਰ ਕੋਈ ਸਤਿਗੁਰੂ ਦਾ ਨਿੰਦਕ ਹੋਵੇ ਅਤੇ ਮੁੜ ਕੇ ਗੁਰੂ ਜੀ ਦੀ ਸ਼ਰਨ ਵਿਚ ਆ ਜਾਵੇ।

ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥

ਤਾਂ ਸਤਿਗੁਰ ਦੇਵ ਜੀ ਉਸ ਦੇ ਪਿਛਲੇ ਔਗੁਣ ਬਖਸ਼ ਲੈਂਦੇ ਹਨ, ਤੇ ਅੱਗੋਂ ਲਈ ਸਤਿਸੰਗਤ ਨਾਲ ਰਲਾ ਦੇਂਦੇ ਹਨ।

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ ॥

ਜਿਵੇਂ ਮੀਂਹ ਦੇ ਵੱਸਣ ਕਰਕੇ ਗਲੀਆਂ, ਨਾਲੀਆਂ ਤੇ ਟੋਭਿਆਂ=ਛੱਪੜਾਂ ਦਾ ਪਾਣੀ ਮੁੜ ਕੇ ਸੁਰਸਰੀ=ਗੰਗਾ ਵਿਚ. ਜਾ ਪੈਂਦਾ ਹੈ, ਤੇ ਗੰਗਾ ਜਲ ਦੇ ਨਾਲ ਮਿਲਦਿਆਂ ਹੀ, ਪਵਿਤ੍ਰ ਪਾਵਨੁ ਹੋਇ ਜਾਵੈ=ਪਵਿੱਤ੍ਰ ਤੋਂ ਪਵਿੱਤ੍ਰਹੋ ਜਾਂਦਾ ਹੈ।

ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ ॥

ਨਿਰਵੈਰ ਸੁਭਾਵ ਵਾਲੇ ਸਤਿਗੁਰਾਂ ਵਿਚ ਇਹੋ ਵਡਿਆਈ ਹੈ, ਜਿਸ ਗੁਰੂ ਨਾਲ ਮਿਲਦਿਆਂ ਹੀ ਪਦਾਰਥਾਂ

ਦੀ ਤ੍ਰਿਸ਼ਨਾ ਰੂਪ ਭੁੱਖ ਉਤਰ ਜਾਂਦੀ ਹੈ ਤੇ ਹਰੀ ਦੀ ਪ੍ਰਾਪਤੀ ਕਰਨ ਵਾਲੀ ਸ਼ਾਂਤੀ ਤੜ ਆਵੈ=ਝਟ-ਪਟ ਭਾਵ ਸ਼ੀਘਰ ਆ ਜਾਂਦੀ ਹੈ

ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ
ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ਸੁਧੁ ॥

ਗੁਰੂ ਜੀ ਕਥਨ ਕਰਦੇ ਹਨ-ਮੇਰੇ ਸੱਚੇ ਹਰੀ ਸ਼ਾਹੂਕਾਰ ਦਾ ਇਹ ਅਸਚਰਜ ਕੌਤਕ ਵੇਖੋ, ਕਿ ਜਿਹੜਾ ਕੋਈ ਸਿੱਖ ਸਤਿਗੁਰਾਂ ਨੂੰ ਮੰਨਦਾ ਹੈ, ਉਹ ਸਭਨਾਂ ਨੂੰ ਭਾਉਂਦਾ ਹੈ॥ ੧੩॥ ੧॥

ਸੁਧੁ=ਇਹ ਵਾਰ ਸ਼ੁੱਧ ਹੈ, ਇਸ ਵਿਚ ਕੋਈ ਅਦਲਾ-ਬਦਲੀ ਨਹੀਂ ਕਰਨੀ ।

ਬਿਲਾਵਲ ਕੀ ਵਾਰ ਸਮਾਪਤੰ

ਰਾਗੁ ਬਿਲਾਵਲੁ ਭਗਤ ਬਾਣੀ

ਬਿਲਾਵਲੁ ਬਾਣੀ ਭਗਤਾ ਕੀ॥ ਕਬੀਰ ਜੀਉ ਕੀ

੧ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਇਸ ਜਗ੍ਹਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਲਾਂ ਅੱਖਰਾਂ ਵਾਲਾ ਮੰਤਰ ਰੱਖਿਆ ਹੈ-

੧	੨	੩	੪	੫	੬	੭	੮
੧ੴ	ਸ	ਤਿ	ਨਾ	ਮੁ	ਕ	ਰ	ਤਾ
੯	੧੦	੧੧	੧੨	੧੩	੧੪	੧੫	੧੬
ਪੁ	ਰ	ਖੁ	ਗੁ	ਰ	ਪ੍ਰ	ਸਾ	ਦਿ ॥

ਉਥਾਨਕਾ:-ਇਕ ਪ੍ਰੇਮੀ ਨੇ ਭਗਤੀ ਕਬੀਰ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਇਹ ਸੰਸਾਰ ਕੈਸਾ ਹੈ

ਉੱਤਰ :-

ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ॥

ਰੇ=ਹੇ ਭਾਈ! ਜੋ ਸੰਸਾਰ ਵੇਖਦੇ ਹੋ ਇਹ ਐਸਾ ਹੈ ਕਿ ਇਸ ਵਿਚ ਕਿਸੀ ਨੇ ਰਹਿਣਾ ਨਹੀ ਪਾਵਣਾ।

ਯਥਾ:-"ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ॥ ੭॥"

(ਦਸਮ ਗ੍ਰੰਥ, ਪੰਨਾ ੧੮)

ਅਥਵਾ:- ਇਹ ਸੰਸਾਰ ਐਸਾ ਹੈ ਜੈਸੇ ਪੇਖਨਾ=ਬਾਜੀਗਰ ਦੀ ਬਾਜ਼ੀ ਹੁੰਦੀ ਹੈ।

ਯਥਾ:- "ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥ ੨੩॥"

(ਸਲੋਕ ਮ: ੯, ਪੰਨਾ ੧੪੨੭)

ਅਥਵਾ:-ਇਹ ਸੰਸਾਰ ਪਰਮਾਤਮਾ ਨੇ ਪੇਖਨਾ=ਅਜ਼ਮਾਇਸ਼ ਵਾਸਤੇ ਰਚਿਆ ਹੈ ਕਿ ਜੀਵ ਮੇਰੇ ਵਿਚ ਲੱਗਦੇ ਹਨ ਜਾਂ ਪਦਾਰਥਾਂ ਵਿਚ। ਇਸ ਵਾਸਤੇ ਤੂੰ ਇਸ ਨੂੰ ਪੇਖ ਨਾ=ਵੇਖਣਾ ਨਾ ਕਰ।

ਯਥਾ:- "ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ॥
ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ॥ ੩॥"

(ਗਉੜੀ ਕਬੀਰ ਜੀ, ਪੰਨਾ ੩੩੬)

ਪ੍ਰਸ਼ਨ:-ਫਿਰ ਸਾਨੂੰ ਕੀ ਕੰਮ ਕਰਨਾ ਚਾਹੀਦਾ ਹੈ? *ਉੱਤਰ:-*

ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ॥ ੧॥ ਰਹਾਉ॥

ਸਿੱਧੇ ਸਿੱਧੇ ਰੇਗਿ=ਤੁਰੇ ਚਲੋ। *ਅਥਵਾ-*ਗਿਆਨ ਵੈਰਾਗ ਰੂਪੀ ਸਿੱਧੇ ਰੇਗਿ=ਰਸਤੇ ਵਿਚ ਸਿੱਧੇ ਹੋ ਕੇ ਚੱਲਣਾ ਕਰੋ। ਨਤਰ=ਨਹੀਂ ਤਾਂ ਧਰਮ ਰਾਜ ਕੁਧਕਾ=ਖੋਟਾ ਧੱਕਾ* ਦੇਵੇਗਾ, ਭਾਵ ਕੁੰਭੀ ਨਰਕ ਵਿਚ ਪਾਏਗਾ॥ ੧॥ ਰਹਾਉ॥

ਅੱਗੋਂ ਉਸ ਪੁਰਸ਼ ਨੇ ਕਿਹਾ-"ਹੁਣ ਜੁਆਨੀ ਅਵਸਥਾ ਵਿਚ ਤਾਂ ਮੌਜਾਂ ਕਰ ਲਈਏ ਫਿਰ ਵੇਖਿਆ ਜਾਵੇਗਾ।" ਕਬੀਰ ਜੀ ਨੇ ਕਿਹਾ-

ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ॥

ਹੇ ਭਾਈ! ਚਾਹੇ ਕੋਈ ਬਾਰੇ ਬੂਢੇ=ਬੱਚੇ ਤੇ ਬੁੱਢੇ ਹਨ ਤੇ ਚਾਹੇ ਕੋਈ ਤਰੁਨੇ=ਜੁਆਨ ਹਨ, ਇਹਨਾਂ ਸਭਨਾਂ ਨੂੰ ਜਮ ਲੈ ਜਾਂਦਾ ਹੈ, ਕਿਸੇ ਦਾ ਲਿਹਾਜ਼ ਨਹੀਂ ਕਰਦਾ। ਇਹ ਕਿਸੇ ਨੂੰ ਨਹੀਂ ਪਤਾ ਕਿ ਕਿਹੜੀ ਅਵਸਥਾ ਵਿਚ ਜਮ ਨੇ ਸੰਘੀ ਘੁੱਟ ਦੇਣੀ ਹੈ।

ਯਥਾ:- "ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥"

(ਗਉੜੀ ਬਾਵਨ ਅਖਰੀ, ਪੰਨਾ ੨੫੪)

ਤਥਾ:- "ਹਰੀ ਨਾਹੀ ਨਹ ਝਡੁਰੀ ਪਕੀ ਵਢਣਹਾਰ॥" *(ਸਿਰੀਰਾਗੁ ਮਹਲਾ ੫, ਪੰਨਾ ੪੩)*

ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ॥ ੧॥

ਮਾਨਸੁ=ਮਨੁੱਖ ਵਿਚਾਰਾ ਮੂਸਾ=ਚੂਹਾ ਕੀਤਾ ਹੈ ਤੇ ਮੀਚੁ=ਮੌਤ ਰੂਪੀ ਬਿਲਾਈਆ=ਬਿੱਲੀ ਇਸ ਨੂੰ ਖਾ ਹੀ ਜਾਂਦੀ ਹੈ।

ਪ੍ਰਸ਼ਨ:- "ਮੌਤ ਅਮੀਰ ਲੋਕਾਂ ਦਾ ਲਿਹਾਜ਼ ਕਰਦੀ ਹੋਵੇਗੀ?" *ਉੱਤਰ:-*

ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥

ਧਨਵੰਤਾ=ਧਨਾਢ ਅਤੇ ਨਿਰਧਨ=ਗਰੀਬ ਜਿਹੜੇ ਮਨਈ=ਮਨੁੱਖ ਹਨ, ਤਿਨ੍ਹਾਂ ਦੀ ਉਸ ਜਮ ਨੂੰ ਕੁਛ ਕਾਨ ਕਨੌਡ ਨਹੀਂ।

**ਜ਼ਮੀਨ ਪਰ ਖਲੋਤੇ ਹੋਏ ਨੂੰ ਜਿਹੜਾ ਪਿੱਛੋਂ ਆ ਕੇ ਬਾਹਵਾਂ ਦੇ ਜ਼ੋਰ ਨਾਲ ਸੁੱਟ ਦੇਣਾ ਹੈ ਉਸ ਨੂੰ ਧੱਕਾ ਆਖਦੇ ਹਨ ਤੇ ਕੋਠੇ ਪਰ ਖਲੋਤੇ ਹੋਏ ਨੂੰ ਜਿਹੜਾ ਹੇਠਾਂ ਸੁੱਟ ਦੇਣਾ ਹੈ ਉਸ ਨੂੰ ਕੁਧੱਕਾ ਆਖਦੇ ਹਨ।*

ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥ ੨ ॥

ਜਮਕਾਲ ਐਸਾ ਬਡਾਨੀ=ਵੱਡਾ ਬਲੀ, ਵਾ:-ਅਸਚਰਜ ਹੈ ਜੋ ਰਾਜਾ ਅਤੇ ਪਰਜਾ ਨੂੰ ਇਕ ਸਮਾਨ ਜਾਣ ਕੇ ਮਾਰਦਾ ਹੈ॥ ੨ ॥

ਯਥਾ:- ''ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ, ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ॥
ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ, ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈ॥
ਮਾਨ ਸੇ ਮਹੀਪ ਔ ਦਿਲੀਪ ਜੈਸੇ ਛੱਤ੍ਰਧਾਰੀ, ਬਡੋ ਅਭਿਮਾਨ ਭੁਜਦੰਡ ਕੋ ਕਰਤ ਹੈ॥
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ, ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈ॥ ੮॥ ੭੮॥''

(ਦਸਮ ਗ੍ਰੰਥ, ਪੰਨਾ ੧੮)

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ॥

ਜੋ ਹਰੀ ਦੇ ਸੇਵਕ ਹਰੀ ਨੂੰ ਭਾਅ ਗਏ ਹਨ, ਉਹਨਾਂ ਦੀ ਕਥਾ ਹੋਰਨਾਂ ਸੰਸਾਰੀ ਜੀਵਾਂ ਨਾਲੋਂ ਨਿਰਾਰੀ=ਨਿਰਾਲੀ, ਭਾਵ ਅੰਸਗ ਹੈ।

ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ ੩ ॥

ਉਹ ਜਾ ਜੰਮ ਕੇ ਸੰਸਾਰ ਵਿਚ ਆਉਂਦੇ ਹਨ ਅਤੇ ਨਾ ਕਦੇ ਮਰ ਕੇ ਪਰਲੋਕ ਵਿਚ ਜਾਂਦੇ ਹਨ, ਕਿਉਂਕਿ ਉਹ ਪਾਰਬ੍ਰਹਮ ਦੇ ਸੰਗਾਰੀ=ਸੰਗੀ ਹੋਏ ਹਨ॥ ੩ ॥

ਯਥਾ- ''ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾ ਸੇਵਕੁ ਆਪਿ ਹਰਿ ਭਾਵੈ॥
ਆਪਣਿਆ ਸੇਵਕਾ ਕੀ ਆਪਿ ਪੈਜ ਰਖੈ ਆਪਣਿਆ ਭਗਤਾ ਕੀ ਪੈਰੀ ਪਾਵੈ॥
ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ॥
ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ॥ ੧੭॥''

(ਬਿਹਾਗੜਾ ਵਾਰ, ਪੰਨਾ ੫੫੫)

ਤਥਾ- ''ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦॥''

(ਦਸਮ ਗ੍ਰੰਥ ਬਚਿੱਤ੍ਰ ਨਾਟਕ, ਪੰਨਾ ੫੯)

ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ॥

ਪੁੱਤਰ ਦੀ ਕਲਤ੍ਰ=ਇਸਤਰੀ ਜੋ ਨੁਖਾ ਹੈ, ਲਛਿਮੀ=ਆਪਣੀ ਇਸਤਰੀ ਅਤੇ ਮਾਇਆ ਇਨ੍ਹਾਂ ਸਾਰਿਆਂ ਨੂੰ ਦੁੱਖ ਰੂਪ ਜਾਣ ਕੇ ਜੀਅ=ਦਿਲ 'ਚੋ ਤਿਆਗ ਦਿਓ।

ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿਹੈ ਸਾਰਿਗਪਾਨੀ ਰੇ॥ ੪ ॥ ੧ ॥

ਕਬੀਰ ਜੀ ਕਥਨ ਕਰਦੇ ਹਨ-ਹੇ ਸੰਤੋ ! ਸੁਣਨਾ ਕਰੋ, ਇਸ ਤਰੀਕੇ ਨਾਲ ਸਾਰਿਗ-ਪਾਨੀ=ਪਰਮਾਤਮਾ ਤੁਹਾਨੂੰ ਮਿਲੇਗਾ॥ ੪ ॥ ੧ ॥

ਬਿਲਾਵਲੁ ॥

ਉਥਾਨਕਾ:-ਪੰਡਿਤਾਂ ਨੇ ਕਿਹਾ-"ਹੇ ਕਬੀਰ ! ਤੂੰ ਕੁਛ ਵਿਦਿਆ ਪੜ੍ਹ ਲੈ ਤਾਂ ਚੰਗੀ ਤਰ੍ਹਾਂ ਚਰਚਾ ਕਰ ਸਕੇਂਗਾ।" *ਉੱਤਰ-*

ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥

(ਵਿਤੰਡੇਵਾਦ ਵਾਲੀ) ਵਿਦਿਆ ਮੈਂ ਨਹੀਂ ਪੜ੍ਹਦਾ ਅਤੇ ਨਾ ਹੀ ਮੈਂ ਬਾਦੁ=ਝਗੜੇ ਕਰਨੇ ਜਾਣਦਾ ਹਾਂ।

ਹਰਿ ਗੁਨ ਕਥਤ ਸੁਨਤ ਬਉਰਾਨੋ ॥ ੧ ॥

ਮੈਂ ਤਾਂ ਕੇਵਲ ਹਰੀ ਗੁਣਾਂ ਦੇ ਕਥਨ ਕਰਨ ਵਿਚ ਅਤੇ ਸੁਨਣ ਵਿਚ ਬਉਰਾਨੋ=ਮਸਤ ਹਾਂ ॥ ੧ ॥

ਪੰਡਿਤਾਂ ਨੇ ਕਿਹਾ-"ਤੂੰ ਤਾਂ ਬਿਉਰਾ ਹੈਂ, ਚੰਗੀ ਗੱਲ ਨੂੰ ਭੀ ਤੂੰ ਨਹੀ ਸਮਝਦਾ ॥" *ਉੱਤਰ-*

ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥

ਹੇ ਮੇਰੇ ਬਾਬਾ=ਭਾਈ ! ਤੁਹਾਡੀਆਂ ਨਜ਼ਰਾਂ ਵਿਚ ਮੈਂ ਬਉਰਾ=ਝੱਲਾ ਹਾਂ ਤੇ ਹੋਰ ਸਾਰੀ ਖਲਕਤ ਸੈਆਨੀ=ਸਿਆਣੀ ਹੈ, ਠੀਕ ਮੈਂ ਝੱਲਾ ਹਾਂ।

ਮੈ ਬਿਗਰਿਓ ਬਿਗਰੈ ਮਤਿ ਅਉਰਾ ॥ ੧ ॥ ਰਹਾਉ ॥

ਮੈਂ ਤਾਂ ਵਿਗੜਿਆਂ ਹਾਂ, ਮੇਰੇ ਮਗਰ ਲਗ ਕੇ ਹੋਰ ਕੋਈ ਮਤਿ=ਮਤਾਂ ਵਿਗੜੇ ॥ ੧ ॥

ਆਪਿ ਨ ਬਉਰਾ ਰਾਮ ਕੀਓ ਬਉਰਾ ॥

ਮੈ ਕੋਈ ਆਪਣੇ ਆਪ ਝੱਲਾ ਨਹੀ, ਮੈਨੂੰ ਤਾਂ ਰਾਮ ਨੇ ਕਿਰਪਾ ਕਰਕੇ ਸੰਸਾਰ ਵਲੋਂ ਝੱਲਾ ਕੀਤਾ ਹੋਇਆ ਹੈ।

ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥ ੨ ॥

੧. ਸਤਿਗੁਰਾਂ ਦਾ ਜਾਰਿ=ਜਾਲਿਆ, ਭਾਵ ਸਾੜਿਆ ਹੋਇਆ ਮੇਰਾ ਭਰਮ ਚਲਾ ਗਿਆ ਹੈ।

੨. ਜਿਸ ਵੇਲੇ ਮੈਂ ਸਤਿਗੁਰਾਂ ਪਾਸ ਗਿਆ, ਉਸੀ ਵੇਲੇ ਉਨ੍ਹਾਂ ਨੇ ਭਰਮ ਜਾਰਿ=ਸਾੜ ਦਿੱਤਾ।

੩. ਅਸਲੀ ਯਾਰ ਜੋ ਸਤਿਗੁਰ ਦੇਵ ਜੀ ਹਨ, ਉਨ੍ਹਾਂ ਦੀ ਕਿਰਪਾ ਨਾਲ ਮੇਰਾ ਭਰਮ ਦੂਰ ਹੋ ਗਿਆ ਹੈ ॥ ੨ ॥

ਮੈ ਬਿਗਰੇ ਅਪਨੀ ਮਤਿ ਖੋਈ ॥ ਮੇਰੇ ਭਰਮਿ ਭੂਲਉ ਮਤਿ ਕੋਈ ॥ ੩ ॥

ਪਰਮੇਸ਼ਰ ਦੀ ਭਗਤੀ ਵਿਚ ਲਗ ਕੇ ਜੇ ਮੈਂ ਵਿਗੜੇ ਹੋਏ ਨੇ ਆਪਣੀ ਅਕਲ ਗਵਾਈ ਹੈ। ਤਾਂ ਮੇਰੇ ਮਗਰ ਲਗ ਕੇ ਤੁਸੀ ਮਤਿ=ਮਤਾਂ ਕੋਈ ਭਰਮ ਵਿਚ ਭੁੱਲਣਾ ਕਰੋ ॥ ੩ ॥

ਹੁਣ ਤਾੜ ਕੇ ਉਪਦੇਸ਼ ਦੇਂਦੇ ਹਨ-

ਸੋ ਬਉਰਾ ਜੋ ਆਪੁ ਨ ਪਛਾਨੈ ॥ ਆਪੁ ਪਛਾਨੈ ਤ ਏਕੈ ਜਾਨੈ ॥ ੪ ॥

ਅਸਲ ਵਿਚ ਉਹ ਪੁਰਸ਼ ਝੱਲਾ ਹੈ, ਜਿਹੜਾ ਆਪਣੇ ਸ੍ਵੈ-ਸਰੂਪ ਨੂੰ ਨਹੀਂ ਪਛਾਣਦਾ।

ਆਪਣ ਸ੍ਵੈ-ਸਰੂਪ ਨੂੰ ਪਛਾਣੇ ਤਾਂ ਹੀ ਇਕ ਅਕਾਲ ਪੁਰਖ ਨੂੰ ਜਾਣ ਲੈਂਦਾ ਹੈ ॥ ੪ ॥

ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥
ਕਹਿ ਕਬੀਰ ਰਾਮੈ ਰੰਗਿ ਰਾਤਾ ॥ ੫ ॥ ੨ ॥

ਜਿਹੜਾ ਪੁਰਸ਼ ਅਬਹਿ=ਹੁਣ ਮਨੁੱਖਾ ਦੇਹੀ ਨੂੰ ਪਾ ਕੇ ਪਰਮੇਸ਼ਰ ਦੇ ਰੰਗ ਵਿਚ ਨਹੀਂ ਮਾਤਾ=ਮਸਤਿਆ, ਓਹ ਕਦੇ ਵੀ ਮਸਤ ਨਹੀਂ ਹੁੰਦਾ।

ਕਬੀਰ ਜੀ ਆਖਦੇ ਹਨ, ਮੈਂ ਤਾਂ ਉਸ ਰਾਮ ਦੇ ਰੰਗ ਵਿਚ ਤਦਾਕਾਰ ਹੋਇਆ ਹਾਂ ॥ ੫ ॥ ੨ ॥

ਬਿਲਾਵਲੁ ॥

ਉਥਾਨਕਾ:-ਇਸ ਸ਼ਬਦ ਦੁਆਰਾ ਕਬੀਰ ਜੀ ਪਰਮੇਸ਼ਰ ਦੇ ਸਨਮੁਖ ਨਿੰਮ੍ਰਤਾ ਸਹਿਤ ਬੇਨਤੀ ਕਰਦੇ ਹਨ-

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥

ਹੇ ਭਗਵਾਨ ! ਤੇਰੀ ਪ੍ਰਾਪਤੀ ਲਈ ਜੇ ਅਸੀ ਘਰ ਨੂੰ ਤਿਆਗ ਕੇ ਸਾਧੂ ਬਣ ਕੇ ਜੰਗਲ ਦੇ ਕਿਸੇ ਖੰਡ=ਟੁਕੜੇ ਪਰ ਜਾ ਕੇ ਬੈਠ ਜਾਈਏ ਅਤੇ ਓਥੇ ਜਾ ਕੇ ਕੰਦਾ=ਫਲ ਫੁੱਲ ਵਗੈਰਾ ਚੁਣ ਕੇ ਖਾਣਾ ਕਰੀਏ।

ਯਥਾ- ''ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥'' *(ਪੰਨਾ ੧੪੦)*

ਅਜਹੁ ਬਿਕਾਰੁ ਨ ਛੋਡਈ ਪਾਪੀ ਮਨੁ ਮੰਦਾ ॥ ੧ ॥

ਪਰ ਇਹ ਮੰਦੇ ਸੰਕਲਪ ਦੇ ਚਿਤਵਣ ਵਾਲਾ ਪਾਪੀ ਮਨ ਅਜੇ ਤਕ ਵੀ ਵਿਛੇ ਵਿਕਾਰਾਂ ਨੂੰ ਨਹੀਂ ਛਡਦਾ ॥ ੧ ॥

ਯਥਾ- ''ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥ ੨ ॥'' *(ਮ: ੫, ਪੰਨਾ ੩੨੨)*

ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥

ਹੇ ਭਗਵਾਨ! ਜਮਦੂਤਾਂ ਤੋਂ ਮੈਂ ਕਿਵੇਂ ਛੁੱਟਾਂਗਾ ? ਅਤੇ ਭਵਜਲ ਨਿਧਿ ਭਾਰੀ=ਕਠਨ ਸੰਸਾਰ-ਸਮੁੰਦਰ ਤੋਂ ਕਿਸ ਤਰ੍ਹਾਂ ਤਰਾਂਗਾ? ਪਾਠ 'ਜਲਨਿਧਿ' ਇਕੱਠਾ ਹੈ।

ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥ ੧ ॥ ਰਹਾਉ ॥

ਤਾਂ ਤੇ ਹੇ ਮੇਰੇ ਬੀਠੁਲਾ=(ਸੰਸਾਰ ਦੀ ਉਤਪੱਤੀ, ਪਾਲਣਾ, ਲੈਤਾ ਕਰਨ ਵਾਲੇ) ਭਗਵਾਨ! ਮੈਨੂੰ ਰੱਖ ਲਓ, ਰੱਖ ਲਓ।

ਵਾ-ਹੇ ਰਖਿਆ ਕਰਨ ਜੋਗ ਬੀਠੁਲ ! ਆਪ ਰਖ ਲਓ। ਵਾ-ਸਤਿਨਾਮੁ ਰੂਪੀ ਰਖਿਆ ਦੇ ਕੇ ਰਖ ਲਓ।

*ਅਥਵਾ-*ਰਾਖ ਕਰਨ ਵਾਲੇ ਜੋ ਕਾਮ ਆਦਿਕ ਵਿਸ਼ੇ ਹਨ, ਇਨ੍ਹਾਂ ਵਲੋਂ ਰੱਖ ਲਓ।

ਵਾ-ਆਪਣੇ ਚਰਨਾਂ-ਕਮਲਾਂ ਦੀ ਰਾਖੁ-ਧੂੜੀ ਦੇ ਕੇ ਰੱਖ ਲਓ। ਮੈਂ ਦਾਸ=ਜਨ ਨੇ ਆਪ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਯਥਾ- 'ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈ ਰਾਖਹੁ ਕਿਰਪਾ ਧਾਰੇ॥'' (ਨਟ ਮਹਲਾ ੪, ਪੰਨਾ ੯੮੩)

ਤਥਾ- ''ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥ ੧॥'' (ਗਉੜੀ ਮਹਲਾ ੫, ਪੰਨਾ ੨੦੫)

''ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਹਾਰਹਿ॥੨॥'' (ਮ: ੫, ਪੰਨਾ ੧੨੧੧)

''ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ॥'' (ਪੰਨਾ ੩੭੮)

ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥

(ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿਕ) ਵਿਸ਼ੇ ਹੀ ਵਿਸ਼ਿਆਂ ਦੀ ਜਿਹੜੀ ਵਾਸ਼ਨਾ ਹੈ, ਉਹ ਆਪਣੇ ਆਪ ਤਿਆਗੀ ਨਹੀ ਜਾਂਦੀ।

ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ॥ ੨॥

ਹੇ ਭਗਵਾਨ ! ਜੇਕਰ ਆਪਣੇ ਆਪ ਅਨੇਕ ਜਤਨਾ ਨਾਲ ਮਨ ਨੂੰ ਵਿਸ਼ਿਆਂ ਵਲੋਂ ਰਾਖੀਐ=ਰੋਕਣਾ ਭੀ ਕਰੀਏ, ਤਾਂ ਵੀ ਇਹ ਨੀਚ ਮਨ ਫਿਰਿ ਫਿਰਿ=ਮੁੜ-ਮੁੜ ਕੇ ਉਨ੍ਹਾਂ ਵਿਸ਼ਿਆਂ ਵਿਚ ਹੀ ਲਪਟਾਈ=ਖੱਚਤ ਹੁੰਦਾ ਹੈ॥ ੨॥

[ਪੰਨਾ ੮੫੬]

ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ॥

ਜੋਬਨ ਅਵਸਥਾ ਦਾ ਜਿਉਣਾ ਨਿਸਫਲ ਚਲਿਆ ਗਿਆ ਅਤੇ ਜਰਾ=ਬੁਢੇਪਾ ਆ ਗਿਆ ਹੈ, ਪਰ ਅਫਸੋਸ ਹੈ, ਮੈਂ ਨਾਲਾਇਕ ਨੇ ਕੋਈ ਨੀਕਾ-ਚੰਗਾ ਕੰਮ ਨਹੀਂ ਕੀਤਾ।

ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ॥ ੩॥

ਲਾਲਾਂ ਵਾਂਗ ਇਹ ਅਮੋਲਕ ਜੀਅ ਵਿਸ਼ਿਆਂ ਰੂਪੀ ਕੌਡੀ ਨਾਲ ਲੱਗਕੇ ਮਾਇਆ ਵਿਚ ਮੀਕਾ=ਮਿਲ ਰਿਹਾ ਹੈ।

ਵਾ-ਮੀਕਾ=ਇਕ ਕੱਖ ਦਾ ਹੋ ਰਿਹਾ ਹੈ, ''ਕਉਡੀ ਬਦਲੇ ਜਾਇ॥ ੧॥''

ਤਥਾ:- ''ਹੀਰਾ ਲਾਲੁ ਲਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ॥੧॥ (ਕਬੀਰ, ਪੰਨਾ ੩੩੫)

ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ॥

ਕਬੀਰ ਜੀ ਕਥਨ ਕਰਦੇ ਹਨ-ਹੇ ਮੇਰੇ ਮਾਧਵਾ=ਮਾਇਆ ਪਤੀ ਭਗਵਾਨ! ਆਪ ਸਾਰਿਆਂ ਵਿਚ ਵਿਆਪਕ ਹੋ।

ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ॥ ੪॥ ੩॥

ਤੁਮ ਸਮਸਰਿ=ਆਪ ਜਿਹਾ ਸੰਸਾਰ ਵਿਚ ਕੋਈ ਦਿਆਲੂ ਨਹੀ ਅਤੇ ਮੋਹਿ ਸਮਸਰਿ=ਮੇਰੇ ਵਰਗਾ ਹੋਰ ਕੋਈ ਪਾਪੀ ਨਹੀ ਹੈ। ਇਸ ਤੇ ਆਪ ਬਖਸ਼ ਲਓ॥ ੪॥ ੩॥

ਯਥਾ- ''ਮੈ ਜੇਹਾ ਨ ਅਕਿਰਤਘਣੁ ਹੈ ਭਿ ਨ ਹੋਆ ਹੋਵਣਿਹਾਰਾ।
ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ।

ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰਿ ਬਜਰੁ ਭਾਰਾ।
ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰੁ ਤੇ ਬੇਮੁਖ ਹਤਿਆਰਾ।
ਮੈ ਜੇਹਾ ਕੋ ਦੁਸਟ ਨਾਂਹਿ ਨਿਰਵੈਰੈ ਸਿਉ ਵੈਰ ਵਿਕਾਰਾ।
ਮੈ ਜੇਹਾ ਨ ਵਿਸਾਹੁ ਧੋਹੁ ਬਗਲ ਸਮਾਧੀ ਮੀਨ ਅਹਾਰਾ।
ਬਜਰੁ ਲੇਪੁ ਨ ਉਤਰੈ ਪਿੰਡੁ ਅਪਰਚੇ ਅਉਚਰਿ ਚਾਰਾ।
ਮੈ ਜੇਹਾ ਨ ਦੁਬਾਜਰਾ ਤਜਿ ਗੁਰਮਤਿ ਦੁਰਮਤਿ ਹਿਤਕਾਰਾ।
ਨਾਉ ਮੁਰੀਦ ਨ ਸਬਦਿ ਵੀਚਾਰਾ॥ ੨੯ ॥" *(ਭਾਈ ਗੁਰਦਾਸ ਜੀ, ਵਾਰ ੩੭)*

ਬਿਲਾਵਲੁ ॥

ਉਥਾਨਕਾ:-ਪਰਮਾਤਮਾ ਦੇ ਭਜਨ-ਸਿਮਰਨ ਵਿਚ ਲੱਗਣ ਕਰਕੇ ਜੋ ਕੁਝ ਉਲਾਂਭੇ ਮਾਂ ਨੇ ਦਿੱਤੇ ਹਨ ਅਤੇ ਕਬੀਰ ਜੀ ਨੇ ਜੋ ਅੱਗੋਂ ਉੱਤਰ ਦਿੱਤਾ ਹੈ, ਉਹ ਸਾਰਾ ਸੰਬਾਦ ਇਸ ਸ਼ਬਦ ਵਿਚ ਕਹਿੰਦੇ ਹਨ।

(ਤੁਕਾਂ ਅੰਨਵੇਂ ਲੱਗਣੀਆਂ ਹਨ) ਮਾਂ ਆਖਦੀ ਹੈ-

-ਪਹਿਲਾ ਅਰਥ-

ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥

ਹੇ ਜਿਠਾਣੀ ! ਸੁਣਨਾ ਕਰ, ਹੇ ਦਿਰਾਣੀ! ਤੂੰ ਵੀ ਸੁਨਣਾ ਕਰ। ਇਕ ਅਸਚਰਜ ਕੌਤਕ ਹੋਇਆ ਹੈ।

ਹਮਾਰੇ ਕੁਲ ਕਉਨੇ ਰਾਮੁ ਕਹਿਓ॥

ਸਾਡੀ ਕੁਲ ਵਿਚ ਭਲਾ ਕਿਸ ਨੇ ਰਾਮ ਨਾਮ ਕਿਹਾ ਹੈ ? ਭਾਵ ਕਿਸੇ ਨੇ ਵੀ ਨਹੀਂ ਕਿਹਾ।

ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥੧॥ ਰਹਾਉ॥

ਇਸ ਨਿਪੂਤੇ=ਨਿਖਸਮੇ ਔਂਤਰੇ ਨੇ (ਰਾਮਾਨੰਦ ਪਾਸੋਂ) ਜਦੋਂ ਦੀ ਮਾਲਾ ਲਈ ਹੈ, ਤਦੋਂ ਦਾ ਸਾਨੂੰ ਕੋਈ ਸੁਖ ਪ੍ਰਾਪਤ ਨਹੀਂ ਹੋਇਆ। (ਹੁਣ ਸ਼ਬਦ ਦੇ ਆਦਿ ਤੋਂ ਸ਼ੁਰੂ ਕਰਨਾ)

ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ॥

ਨਿਤਾਪ੍ਰਤੀ ਰੋਜ਼ ਹੀ ਸਵੇਰੇ ਉੱਠ ਕੇ ਕੋਰੀ ਗਾਗਰਿ=ਨਵੀਂ ਘੜੀ (ਦਰਿਆਓਂ) ਗੰਗਾ-ਜਲ ਦੀ ਭਰ ਕੇ ਆਨੈ=ਲਿਆਉਂਦਾ ਹੈ। ਜਿਸ ਜਗ੍ਹਾ ਕਬੀਰ ਬੈਠਦਾ ਹੈ, ਉਸ ਜਗ੍ਹਾ ਨੂੰ ਸਾਡਾ ਲਿੰਬਦੀਆਂ ਦਾ ਜੀਅ ਵੀ ਸੜ ਗਿਆ ਹੈ।

ਵਾ-ਉਸ ਜਗ੍ਹਾ ਤੇ ਲੀਪਤ=ਪੋਚਾ ਫੇਰਦਿਆਂ ਫੇਰਦਿਆਂ ਇਸ ਕਬੀਰ ਦਾ ਜੀਅ ਕ੍ਰਿਸ ਹੋ ਗਿਆ ਹੈ।

ਵਾ-ਉਸ ਜਗ੍ਹਾ ਦੇ ਲਿੰਬਣ ਪਰ ਇਸ ਕਬੀਰ ਦਾ ਜੀਅ ਲਗ ਗਿਆ ਹੈ।

ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ॥ ੧॥

(ਤਾਣੀ ਦਾ) ਤਨਣਾ, (ਤਾਣੀ ਦਾ) ਬੁਨਣਾ ਇਹ ਇਸ ਨੂੰ ਕੁਝ ਸੁਝਦਾ ਨਹੀ। ਕੇਵਲ ਹਰਿ ਹਰਿ ਦੇ ਨਾਮ-ਰਸ ਵਿਚ ਲਪਟਿਓ=ਲੰਪਟ, ਭਾਵ ਲੱਗਾ ਰਹਿੰਦਾ ਹੈ॥ ੧॥

ਹਮਾਰੇ ਕੁਲ ਕਉਨੇ ਰਾਮੁ ਕਹਿਓ॥
ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ॥ ੧॥ ਰਹਾਉ॥
ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥

(ਇਨ੍ਹਾਂ ਤੁਕਾਂ ਦਾ ਅਰਥ ਪਹਿਲੇ ਹੋ ਚੁਕਾ ਹੈ)।

ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ॥ ੨॥

ਇਸ ਦੇ ਪਿਤਾ ਨੇ ਸੱਤਾਂ ਰੰਗਾਂ ਦਾ ਸੂਤਰ ਘਰ ਲਿਆ ਕੇ ਰੱਖਿਆ ਹੋਇਆ ਸੀ, ਪਰ ਇਸ ਨੇ ਉਸ ਸੂਤਰ ਦੀਆਂ ਭੋਰੀਆਂ ਵੱਟ ਕੇ ਸੰਤਾਂ ਨੂੰ ਦੇ ਦਿੱਤੀਆਂ ਹਨ।

ਅਥਵਾ:-ਉਸ ਸੂਤਰ ਨੂੰ ਵੇਚ ਕੇ ਬਜ਼ਾਰੋਂ ਆਟਾ ਵਗੈਰਾ ਲਿਆ ਕੇ ਸੰਤਾਂ ਨੂੰ ਛਕਾ ਦਿੱਤਾ ਹੈ।

ਆਪਣੇ ਪਰਵਾਰ ਨੂੰ ਕੁਝ ਵੀ ਨਹੀਂ ਦੇਂਦਾ, ਭਾਵ ਨਾ ਖਾਣ ਵਾਸਤੇ ਰੋਟੀ, ਨਾ ਸੌਣ ਲਈ ਮੰਜੀ-ਬਿਸਤਰਾ।

ਯਥਾ- ''ਲਰਿਕੀ ਲਰਿਕਨ ਖੈਬੋ ਨਾਹਿ॥ ਮੁੰਡੀਆ ਅਨਦਿਨੁ ਧਾਪੇ ਜਾਹਿ॥ ੨॥
ਇਕ ਦੁਇ ਮੰਦਰਿ ਇਕ ਦੁਇ ਬਾਟ॥ ਹਮ ਕਉ ਸਾਥਰੁ ਉਨ ਕਉ ਖਾਟ॥
ਮੂਡ ਪਲੋਸਿ ਕਮਰ ਬਧਿ ਪੋਥੀ ॥ ਹਮ ਕਉ ਚਾਬਨੁ ਉਨ ਕਉ ਰੋਟੀ॥ ੩॥''

(ਗੌਂਡ ਕਬੀਰ ਜੀ, ਪੰਨਾ ੮੭੧)

ਇਸ ਤਰੀਕੇ ਨਾਲ ਸੱਤਾਂ ਰੰਗਾਂ ਦਾ ਸੂਤਰ ਇਸ ਮੁੰਡੇ (ਕਬੀਰ) ਨੇ ਖੋਏ=ਗਵਾ ਦਿੱਤਾ ਹੈ।

ਵਾ-ਸਾਤ ਸੂਤ=ਘਰ ਦਾ ਲੱਟਾ ਪੱਟਾ, ਭਾਵ ਸਾਰਾ ਸਾਮਾਨ ਇਸ ਮੁੰਡੇ ਨੇ ਗਵਾ ਦਿੱਤਾ ਹੈ, ਇਸ ਕਰਕੇ ਇਹ ਮੁੰਡਾ ਮਰ ਕਿਉਂ ਨਾ ਗਿਆ, ਭਾਵ ਮਰ ਜਾਂਦਾ ਤਾਂ ਚੰਗਾ ਸੀ।

ਮਾਂ ਪਾਸੋਂ ਇਹ ਗੱਲਾਂ ਸੁਣ ਕੇ ਹੁਣ ਕਬੀਰ ਜੀ ਉੱਤਰ ਦੇਂਦੇ ਹਨ, ਹੇ ਮਾਤਾ!

ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ॥

ਸਾਰਿਆਂ ਸੁਖਾਂ ਦਾ ਦਾਤਾ ਜੋ ਇਕ ਹਰੀ ਸੁਆਮੀ ਹੈ, ਉਸ ਦਾ ਨਾਮ ਜਪਣਾ ਗੁਰਾਂ ਨੇ ਮੈਨੂੰ ਦਿੱਤਾ ਹੈ। ਮੈਂ ਕੋਈ ਆਪਣੇ ਆਪ ਨਹੀਂ ਜਪਦਾ। ਫੇਰ ਵੇਖ, ਜਿਸ ਦਾ ਨਾਮ ਮੈਂ ਜਪਦਾ ਹਾਂ, ਉਹ ਭਗਵਾਨ ਐਸਾ ਸਮਰੱਥ ਹੈ-

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥ ੩॥

ਜਿਸ ਭਗਵਾਨ ਨੇ ਸੰਤ ਪ੍ਰਹਲਾਦ ਦੀ ਇੱਜ਼ਤ ਰੱਖਣੀ ਕੀਤੀ ਹੈ ਅਤੇ ਨਰਸਿੰਘ ਰੂਪ ਹੋ ਕੇ ਹਰਨਾਖਸ਼ ਦੈਂਤ ਨੂੰ ਨਖ=ਨੌਂਹਾਂ ਨਾਲ ਬਿਦਰਿਓ=ਨਾਸ਼ ਕੀਤਾ ਹੈ, ਭਾਵ ਚੀਰ ਦਿੱਤਾ ਹੈ।

ਯਥਾ:-ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥
ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥
ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥੨॥ *(ਸੋਰਠਿ ਮ: ੩, ਪੰਨਾ ੬੦੧)*

ਤਥਾ-''ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ॥

ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ॥ ੩॥
ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ॥
ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ ॥ ੪॥
ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ॥
ਨਾਨਕ ਹਰਣਾਖਸੁ ਨਖੀ ਬਿਦਾਰਿਆ ਅੰਧੈ ਦਰ ਕੀ ਖਬਰਿ ਨ ਪਾਈ॥ ੫॥''

(ਭੈਰਉ ਮਹਲਾ ੩, ਪੰਨਾ ੧੧੩੩)

ਤਥਾ- ''ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥ ਹਰਨਾਖਸੁ ਛੇਦਿਓ ਨਖ ਬਿਦਾਰ॥ ੪॥''

(ਬਸੰਤੁ ਕਬੀਰ, ਪੰਨਾ ੧੧੯੪)

ਨੋਟ-ਪ੍ਰਹਿਲਾਦ ਨੂੰ ਬਹੁਤ ਜਗ੍ਹਾ 'ਭਗਤ' ਹੀ ਕਥਨ ਕੀਤਾ ਹੈ।

ਯਥਾ-''ਘਰਿ ਹਰਨਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।'' *(ਭਾ ਗੁਰਦਾਸ, ਵਾਰ ੧੦, ਪੌ: ੨)*

ਫੇਰ ਸਵਈਆਂ ਵਿਚ ਲਿਖਿਆ ਹੈ-

ਤਥਾ- ''ਅਬ ਰਾਖਹੁ ਦਾਸ ਭਾਟ ਕੀ ਲਾਜ॥
ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥''

(ਮਹਲ ੪, ਪੰਨਾ ੧੪੦੦)

ਤਥਾ- ''ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਹ ਕਮਲ ਮਾਥੇ ਪਰ ਧਰੀਅੰ॥ *(ਮਹਲਾ ੪, ਪੰਨਾ ੧੪੦੧)*

ਤਥਾ- ''ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ॥''

(ਪੰ: ੧੪੦੨)

ਇਸ ਵਾਸਤੇ ਇਹ ਅਰਥ ਕਰਨਾ-ਜਿਸ ਪਰਮਾਤਮਾ ਨੇ ਸੰਤ ਪ੍ਰਹਲਾਦ ਕੀ=ਸ਼ਾਂਤ ਆਤਮਾ ਪ੍ਰਹਿਲਾਦ ਭਗਤ ਦੀ ਇੱਜ਼ਤ ਰੱਖਣੀ ਕੀਤੀ ਹੈ॥ ੩॥

ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥

ਘਰ ਕੇ ਦੇਵ=ਪਰੋਹਤ ਜੋ ਸੰਡਾ ਮਰਕਾ ਹਨ, ਉਨ੍ਹਾਂ ਦੀ ਸਿਖਿਆ ਅਤੇ ਆਪਣੇ ਪਿਤਰ=ਪਿਤਾ ਹਰਨਾਖਸ਼ ਦੀ ਰਾਜਨੀਤੀ ਜਿਸ ਪ੍ਰਹਿਲਾਦ ਨੇ ਛੱਡ ਦਿੱਤੀ ਹੈ ਤੇ ਗੁਰੂ (ਨਾਰਦ) ਦੇ ਉਪਦੇਸ਼ ਨੂੰ ਲੈਣਾ ਕੀਤਾ ਹੈ।

ਕਹਤ ਕਬੀਰ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ॥ ੪॥ ੪॥

ਕਬੀਰ ਜੀ ਕਥਨ ਕਰਦੇ ਹਨ-ਸਾਰਿਆਂ ਪਾਪਾਂ ਦੇ ਖੰਡਨੁ=ਨਾਸ ਕਰਨ ਵਾਲੇ ਪਰਮਾਤਮਾ ਨੇ ਸੰਤਹ=ਸ੍ਰੇਸ਼ਟ ਪ੍ਰਹਿਲਾਦ ਭਗਤ ਨੂੰ ਲੈ ਕੇ ਪਿਤਾ ਦੇ ਕਰੋਧ ਤੋਂ ਉਧਰਿਓ=ਉਧਾਰਨਾ, ਭਾਵ ਬਚਾਉਣਾ ਕੀਤਾ॥ ੪॥ ੪॥

-ਦੂਜਾ ਅਰਥ-

ਨਿਤ ਉਠਿ ਕੋਰੀ ਗਾਗਰਿ ਆਨੈ

ਉਥਾਨਕਾ:-ਸਿੱਖ ਨੇ ਬੇਨਤੀ ਕੀਤੀ-

੧. ਗਿਆਨ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ ?

੨. ਨਿਤ ਰੂਪ ਜੋ ਸੰਸਾਰ ਮੰਨਿਆ ਹੋਇਆ ਹੈ, ਇਹ ਕਿਵੇਂ ਦੂਰ ਹੁੰਦਾ ਹੈ ?

੩. ਕਿਹੜਾ ਜੀਵ ਪਤ-ਆਬਰੋ ਲੈ ਕੇ ਪ੍ਰਲੋਕ ਵਿਚ ਜਾਂਦਾ ਹੈ ?

੪. ਆਸੁਰੀ ਸੰਪਦਾ ਰੂਪ ਕੁਲ ਤੋਂ ਰਹਿਤ ਕਿਵੇਂ ਹੁੰਦਾ ਹੈ ?

੫. ਇਹ ਜੀਵ ਕਦੋਂ ਦਾ ਅਪਵਿੱਤ੍ਰ ਹੈ ?

੬. ਜੀਵ ਮਰਦਾ ਕਿਉਂ ਨਹੀਂ ? *ਉੱਤਰ-*

(ਅੰਨਵੇਂ ਤੁਕਾਂ ਵਲ ਧਿਆਨ ਰੱਖਣਾ)

ਹਰਿ ਹਰਿ ਰਸਿ ਲਪਟਿਓ॥

ਜੋ ਪੁਰਸ਼ ਹਰਿ ਹਰਿ ਦੇ ਨਾਮ-ਰਸ ਵਿਚ ਲੰਪਟ ਹੋਇਆ ਹੈ॥

(ਗਾ ਗਰਿ) ਉਸ ਦੇ ਗਲ ਵਿਖੇ ਗਾ=ਗਿਆਨ ਦੀ ਪ੍ਰਾਪਤੀ ਹੋਈ ਹੈ। ਜਿਸ ਨੂੰ ਗਿਆਨ ਦੀ ਪ੍ਰਾਪਤੀ ਹੋਈ ਹੈ ਉਸ ਨੇ-

(ਨਿਤ ਉਠਿ) ਜੋ ਸੰਸਾਰ ਨਿਤ ਰੂਪ ਮੰਨਿਆ ਹੋਇਆ ਸੀ, ਉਹ ਉਸ ਦੇ ਅੰਦਰੋਂ ਉੱਠ ਗਿਆ ਹੈ, ਭਾਵ ਸੰਸਾਰ ਨੂੰ ਉਸ ਨੇ ਮਿਥਿਆ ਰੂਪ ਨਿਸਚੇ ਕੀਤਾ ਹੈ।

(ਕੋਰੀ) ਜਿਸ ਦੀ ਬੁੱਧੀ ਪਦਾਰਥਾਂ ਰੂਪੀ ਰੰਗ ਵਿਚ ਨਹੀਂ ਰੰਗੀ ਗਈ, ਅਰਥਾਤ ਕੋਰੀ ਰਹੀ ਹੈ।

(ਲੀ ਪਤ ਜੀਉ ਗਾਇਓ॥) ਉਸ ਦਾ ਜੀਵ ਪਤ-ਆਬਰੋ ਨੂੰ ਲੀ=ਲੈ ਕੇ (ਪ੍ਰਲੋਕ-ਘਰ ਵਿਚ) ਗਿਆ ਹੈ।

ਵਾ-ਪਤੀ ਪਰਮਾਤਮਾ ਨੂੰ ਸਾਖਿਆਤਕਾਰ ਕਰ ਲੀਤਾ ਹੈ ਤੇ ਜੀਵਤ ਭਾਵ ਚਲਾ ਗਿਆ ਹੈ।

ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥

ਜੋ ਹਰਿ ਹਰਿ ਦੇ ਨਾਮ-ਰਸ ਵਿਚ ਲੰਪਟ ਹੋਇਆ ਹੈ।

ਉਨ੍ਹਾਂ ਨੂੰ ਤਾਨਾ=ਤੁਰਕਾਂ ਦਾ ਬਾਨਾ=ਬਨਾਉਣਾ, ਵਾ ਤਾਨੇ ਮਾਰਨੇ ਦਾ ਬਾਨਾ=ਸੁਭਾਵ ਕੁਝ ਸੁਝਦਾ ਨਹੀਂ ਹੈ।

ਹਮਾਰੇ ਕੁਲ ਕਉਨੇ ਰਾਮੁ ਕਹਿਓ॥

ਜਿਸ ਨੇ ਰਾਮ ਨਾਮ ਨੂੰ ਕਿਹਾ ਹੈ, ਰੇ=ਹੇ ਭਾਈ ! ਉਸ ਨੇ ਹਮਾ=ਹੰਗਤਾ-ਮਮਤਾ ਰੂਪ ਆਸੁਰੀ ਸੰਪਦਾ ਦੀ ਕੁਲ ਨੂੰ ਕਉਨੇ=ਲਾਂਭੇ ਕੀਤਾ ਹੈ।

(ਜਬ ਕੀ ਮਾਲਾ ਲਈ ਨਿਪੂਤੇ) ਮਾਂ ਦੇ ਗਰਭ 'ਚੋਂ ਨਿਕਲ ਕੇ ਜਦ ਦੀ ਮਾ=ਮਾਇਆ ਇਸ ਨੇ ਆਪਣੇ ਮਗਰ ਲਾ ਲੀਤੀ ਹੈ ਤਦ ਦਾ ਇਹ ਜੀਵ ਨਿਪੂਤੇ=ਅਪਵਿੱਤਰ ਹੈ।

ਯਥਾ- "ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥" *(ਅਨੰਦ ਸਾਹਿਬ, ਪੰਨਾ ੯੨੧)*

ਤਬ ਤੇ ਸੁਖੁ ਨ ਭਇਓ ॥ ੧॥ ਰਹਾਉ॥

ਉਸ ਵੇਲੇ ਤੋਂ ਇਸ ਨੂੰ ਸੁਖ ਨਹੀ ਪ੍ਰਾਪਤ ਹੋਇਆ।

ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥

ਜਿਸ ਵੇਲੇ ਇਕ ਅਦੁਤੀ ਬ੍ਰਹਮ ਅਸਚਰਜ ਰੂਪ ਦਾ ਬ੍ਰਹਮ ਗਿਆਨ ਪ੍ਰਾਪਤ ਹੋਇਆ ਸੁ=ਉਸ ਵੇਲੇ ਪਦਾਰਥਾਂ ਦੀ ਜਿਠਾਨੀ=ਆਸਾ ਨਹੁ=ਨਾ ਹਰੀ ਅਤੇ ਸੁ=ਉਨ੍ਹਾਂ ਪਦਾਰਥਾਂ ਦੀ ਦਿਰਾਨੀ=ਤ੍ਰਿਸ਼ਨਾ ਭੀ ਨਾ ਰਹੀ*।

ਸਾਤ ਸੂਤ ਇਨਿ ਮੁਡੀਂਏ ਖੋਏ

ਸਾਤ ਸੂਤ=ਸੱਤਾਂ ਧਾਤਾਂ ਦਾ ਰਚਿਆ ਹੋਇਆ ਸਰੀਰ ਇਸ ਦੇ ਅਭਿਮਾਨ ਨੂੰ ਜਦ ਮੁਡੀਂਏ=ਜੀਵ ਨੇ ਖੋਹ ਲਿਆ।

ਵਾ-ਇਸ ਮੁੰਡੇ ਜੀਵ ਨੇ ਜਦ ਸਾਤ ਸੂਤ=ਪੰਜ ਗਿਆਨ ਇੰਦ੍ਰੀਏ ਤੇ ਮਨ ਬੁੱਧੀ ਇਨ੍ਹਾਂ ਸੱਤਾਂ ਦੇ ਵਿਸ਼ੇ ਖੋਹ ਦਿੱਤੇ ਤਾਂ-

ਇਹੁ ਮੁਡੀਆ ਕਿਉ ਨ ਮੁਇਓ॥

ਇਸ ਵਜ੍ਹਾ ਦੇ ਕਰਨ ਨਾਲ ਇਹ ਮੁੰਡਾ ਜੀਵ ਕਿਸੇ ਤਰ੍ਹਾਂ ਭੀ ਮਰਦਾ ਨਹੀ ਹੈ ।

ਯਥਾ:- ''ਮਰਣਹਾਰੁ ਇਹੁ ਜੀਅਰਾ ਨਾਹੀ॥ ੩॥'' *(ਮ: ੧, ਪੰਨਾ ੧੮੮)*

ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ॥

ਸਾਰਿਆਂ ਸੁਖਾਂ ਦਾ ਦਾਤਾ ਇਕ ਹਰੀ ਸੁਆਮੀ ਹੈ, ਉਸ ਦਾ ਨਾਮ ਗੁਰਾਂ ਨੇ ਦਿੱਤਾ ਹੈ।

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥ ੩॥

ਪਰ ਭਲੀ ਪ੍ਰਕਾਰ ਸੰਤਾਂ ਨੂੰ ਅਹਿਲਾਦ=ਅਨੰਦ ਦੇਣ ਵਾਲਾ ਜੋ ਪਰਮੇਸ਼ਰ ਹੈ, ਜਿਸ ਨੇ ਭਗਤਾਂ ਦੀ ਪਤ-ਆਬਰੋ ਰੱਖੀ ਹੈ ਅਤੇ ਹਰਨਾਖਸੁ=ਚਖਸ਼ੂ ਆਦਿ ਇੰਦ੍ਰੀਆਂ ਨੂੰ ਹਰ=ਪਿਲੱਤਨਤਾ ਦੇਣ ਵਾਲਾ ਜੋ ਅਗਿਆਨ ਹੈ।

ਨਹੀਂ ਤਾਂ ਸਿੱਧਾ ਹੀ ਹਰਨਾਖਸ਼ ਦਾ ਅਰਥ ਅਗਿਆਨ ਕਰ ਦਿਓ। ਗਿਆਨ ਵੈਰਾਗ ਅੱਖਾਂ ਹਰਨ ਵਾਲਾ ਜੋ ਹਰਨਾਖਸੁ=ਅਗਿਆਨ ਹੈ ਉਸ ਅਗਿਆਨ ਨੂੰ ਅਪਰੋਖ ਗਿਆਨ ਰੂਪ ਨੋਹਾਂ ਨਾਲ ਨਾਸ ਕੀਤਾ ਹੈ।

ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥

ਸਰੀਰ ਘਰ ਦਾ ਦੇਵ=ਪਤੀ ਜੋ ਧਰਮ ਰਾਜ ਹੈ, ਕਿਉਂਕਿ ਇਸ ਦੇ ਦੋ ਲਾੜੇ ਹਨ, ਇਕ ਪਰਮਾਤਮਾ ਦੂਜਾ ਧਰਮਰਾਜ ।

ਯਥਾ:- ''ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥'' *(ਫਰੀਦ, ਪੰਨਾ ੧੩੭੭)*

ਜਦ ਗੁਰਾਂ ਦਾ ਉਪਦੇਸ਼ ਲੀਤਾ ਤਾਂ ਸਰੀਰ-ਘਰ ਦਾ ਦੇਵ ਜੋ ਧਰਮਰਾਮ ਹੈ, ਉਸ ਨੂੰ ਛੱਡ ਦਿੱਤਾ ਅਤੇ ਪਿਤਰਾਂ ਦੀ ਪੂਜਾ ਕਰਨੀ ਵੀ ਛੱਡ ਦਿੱਤੀ।

ਕਹਤ ਕਬੀਰ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ॥ ੪॥ ੪॥

ਕਬੀਰ ਜੀ ਕਥਨ ਕਰਦੇ ਹਨ, ਸਭ ਪਾਪਾਂ ਦੇ ਖੰਡਨੁ=ਨਾਸ ਕਰਨ ਵਾਲੇ ਪਰਮੇਸ਼ਰ ਨੇ ਸ੍ਰੇਸ਼ਟ ਕਰਨੀ

**ਜੇਠ=ਹੰਕਾਰ ਹੈ, ਉਸ ਦੇ ਘਰ ਵਾਲੀ ਜਿਠਾਣੀ ਆਸ਼ਾ ਹੈ। ਦੇਵਰ=ਲੋਭ ਹੈ, ਉਸ ਦੇ ਘਰ ਵਾਲੀ ਦਿਰਾਣੀ ਤ੍ਰਿਸ਼ਨਾ ਹੈ।*

ਵਾਲੇ ਪੁਰਸ਼ਾਂ ਨੂੰ ਲੈ ਕੇ ਸੰਸਾਰ ਤੋਂ ਉਧਾਰ ਦਿੱਤਾ ਹੈ॥ ੪॥ ੪॥

ਬਿਲਾਵਲੁ ॥

ਉਥਾਨਕਾ:-ਸ਼ੰਕਾ ਵਾਦੀਆਂ ਨੇ ਸ਼ੰਕਾ ਕੀਤੀ-"ਹਰਨਾਖਸ਼ ਤਾਂ ਸਭ ਤੋਂ ਵੱਡਾ ਬਾਦਸ਼ਾਹ ਸੀ, ਉਸ ਨੂੰ ਭਗਵਾਨ ਨੇ ਕਿਸ ਤਰ੍ਹਾਂ ਚੀਰਿਆ ?" *ਉੱਤਰ-*

ਕੋਊ ਹਰਿ ਸਮਾਨਿ ਨਹੀ ਰਾਜਾ ॥

ਹਰੀ ਦੇ ਬਰਾਬਰ ਹੋਰ ਕੋਈ ਰਾਜਾ ਨਹੀਂ ਹੈ। ਸਰਬ ਸ਼ਕਤੀਮਾਨ ਹੋਣ ਕਰਕੇ ਉਸ ਪ੍ਰਭੂ ਨੇ ਹਰਨਾਖਸ਼ ਨੂੰ ਚੀਰ ਦਿੱਤਾ ਹੈ।

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥ ੧ ॥ ਰਹਾਉ ॥

ਇਹ ਪ੍ਰਿਥਵੀ ਦੇ ਰਾਜੇ ਸਾਰੇ ਚਾਰ ਦਿਨਾਂ ਦੇ, ਭਾਵ ਕੋਈ ਦਿਨ ਦੇ ਪ੍ਰਾਹੁਣੇ ਹਨ, ਪਰ ਆਪਣੇ ਆਪ ਨੂੰ ਅਬਿਨਾਸੀ ਰੂਪ ਸਮਝ ਕੇ ਝੂਠ ਹੀ ਦਿਵਾਜਾ=ਦਾਹਵੇ, ਵਾ ਵਿਖਾਵੇ ਕਰਦੇ ਹਨ॥ ੧॥ ਰਹਾਉ॥

ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥

ਹੇ ਪਰਮਾਤਮਾ ! ਜੋ ਤੇਰਾ ਭਗਤ ਜਨ ਹੁੰਦਾ ਹੈ, ਉਹ ਭਲਾ ਕਿਸੀ ਦੁੱਖ ਨਾਲ, ਵਾ ਕਿਸੇ ਲੋਭ ਨਾਲ ਕਤ ਡੋਲੈ=ਕਿਸ ਤਰ੍ਹਾਂ ਡੋਲਦਾ ਹੈ, ਭਾਵ ਨਹੀ ਡੋਲਦਾ। ਇਸੇ ਕਰਕੇ ਤਿੰਨਾਂ ਭਵਨ=ਲੋਕਾਂ ਉੱਪਰ ਉਸ ਦਾ ਜਸ ਛਾਜਾ=ਛਾਇਆ ਹੈ।

ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥ ੧ ॥

(ਐਹੋ ਜਿਹਾ ਕੌਣ ਜੰਮਿਆ ਹੈ ਜੋ ਪਰਮੇਸਰ ਦੇ ਪਿਆਰੇ ਸੇਵਕ) ਜਨ ਨੂੰ ਹੱਥ ਪਸਾਰ ਸਕੇ, ਭਾਵ ਹੱਥ ਚੁੱਕ ਸਕੇ,ਅਰਥਾਤ ਕੋਈ ਉਂਗਲ ਨਹੀਂ ਕਰ ਸਕੇਗਾ। ਹੋਰ ਭਲਾ ਕੀ ਕਹਿਣਾ, ਹੈ, ਅੰਦਾਜਾ=ਮਰਯਾਦਾ ਸਹਿਤ ਵੀ ਕੋਈ ਬੋਲ ਨਹੀਂ ਸਕਦਾ, ਕਿਉਂਕਿ ਉਨ੍ਹਾਂ ਦਾ ਤੇਜ਼ ਸਹਾਰਿਆ ਨਹੀ ਜਾਂਦਾ।

ਵਾ:-ਅੰਦਾਜਾ=ਮਰਯਾਦਾ ਤੋਂ ਬਾਹਰ ਕੋਈ ਬੋਲ ਨਹੀ ਸਕਦਾ ॥ ੧ ॥

ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥

ਹੇ ਮੂਰਖ ਮਨ ! ਮੇਰ ਤੇਰ ਵਿਚ ਲੱਗੇ ਹੋਏ ਅਚੇਤ=ਅਗਿਆਤ, ਤੂੰ ਪਰਮਾਤਮਾ ਨੂੰ ਚੇਤਨਾ ਕਰ ਤਾਂ ਅਨਹਦ=ਇਕ-ਰਸ (ਸੁਧੋ ਹੰ ਬੁੱਧੋ ਹੰ ਨਿਵਿਕਾਰੋ ਹੰ ਆਦਿ) ਸ੍ਰੇਸ਼ਟ ਵਾਜੇ ਵੱਜਣਗੇ।

ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ ॥ ੨ ॥ ੫ ॥

ਪਰਮਾਤਮਾ ਮੇਰੀ ਰਖਿਆ ਕਰੇਗਾ ਕਿ ਨਹੀਂ ? ਭਗਤੀ ਕਰਨ ਨਾਲ ਤਰਨਾ ਹੁੰਦਾ ਹੈ ਕਿ ਨਹੀਂ ? ਇਤਿਆਦੀ ਸੰਸਾ ਤੇ ਭਰਮ ਸਭ ਦੂਰ ਹੋ ਗਿਆ ਹੈ।

ਵਾ-ਸੰਸਾ ਜੋ ਭਰਮਾਉਣੇ ਵਾਲਾ ਹੈ ਉਹ ਦੂਰ ਹੋ ਗਿਆ ਹੈ। ਕਬੀਰ ਜੀ ਕਥਨ ਕਰਦੇ ਹਨ, ਆਪਣਾ ਪਿਆਰਾ ਸਮਝ ਕੇ ਭਗਵਾਨ ਨੇ ਧ੍ਰੂ ਤੇ ਪ੍ਰਹਿਲਾਦ ਦੋਹਾਂ ਭਗਤਾਂ ਨੂੰ ਨਿਵਾਜਾ=ਵਡਿਆਉਣਾ ਕੀਤਾ॥ ੨॥ ੨॥

ਬਿਲਾਵਲੁ ॥

ਉਥਾਨਕਾ:-ਕਬੀਰ ਜੀ ਪਰਮੇਸ਼ਰ ਦੇ ਸਨਮੁਖ ਆਪਣੀ ਬੇਨਤੀ ਕਰਦੇ ਹਨ-

ਰਾਖਿ ਲੇਹੁ ਹਮ ਤੇ ਬਿਗਰੀ ॥

ਹੇ ਪਰਮਾਤਮਾ ! ਸਾਨੂੰ ਸੰਸਾਰ ਵਲੋਂ ਰੱਖ ਲਓ। ਕਾਹੇ ਤੇ, ਹਮਾਰੇ ਪਾਸੋਂ ਬਿਗਰੀ=ਵਿਗੜ ਗਈ ਹੈ, ਅਰਥਾਤ ਅਵੱਗਿਆ ਹੋ ਗਈ ਹੈ ਜੋ ਆਪ ਦਾ ਭਜਨ-ਸਿਮਰਨ ਨਹੀ ਕੀਤਾ ਅਤੇ-

ਸੀਲੁ ਧਰਮੁ ਜਪੁ ਭਗਤਿ ਨ ਕੀਨੀ
ਹਉ ਅਭਿਮਾਨ ਟੇਢ ਪਗਰੀ ॥ ੧ ॥ ਰਹਾਉ ॥

ਨਾ ਹੀ ਸੀਲੁ=ਜਤਿੰਦ੍ਰੇ, ਭਾਵ ਇੰਦ੍ਰੀਆਂ ਦਾ ਦਮਨ ਕੀਤਾ ਹੈ, ਨਾ ਹੀ ਆਪਣੇ ਧਰਮ ਤੇ ਪੱਕੇ ਰਹੇ ਹਾਂ, ਨਾ ਹੀ ਨਾਮ ਜਪਿਆ ਹੈ, ਨਾ ਹੀ ਨੌਧਾ ਭਗਤੀ ਕੀਤੀ ਹੈ, ਮੈਂ ਅਭਿਮਾਨੀ ਨੇ ਟੇਢਤਾਈ, ਭਾਵ ਪੁੱਠੀ ਗੱਲ ਹੀ ਪਗਰੀ=ਫੜ ਰੱਖੀ ਹੈ।

ਵਾ-ਮੈਂ ਅਭਿਮਾਨੀ ਨੇ ਟੇਢੀ ਪਗ ਬੰਨ੍ਹਣਾ ਕੀਤੀ ਹੈ। *ਯਥਾ-*

"ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ॥
ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥ ੧ ॥
ਰਾਮੁ ਬਿਸਾਰਿਓ ਹੈ ਅਭਿਮਾਨਿ॥" *(ਕਬੀਰ, ਪੰਨਾ ੧੧੨੪)*

ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ ॥

ਅਮਰ ਜਾਨਿ=ਜਨਮ ਮਰਨ ਤੋਂ ਰਹਿਤ ਜਾਣ ਕੇ ਇਸ ਦੇਹ ਨੂੰ ਚੰਗੀ ਤਰ੍ਹਾਂ ਸੰਚੀ=ਪਾਲਣਾ ਪੋਸਣਾ ਕੀਤਾ ਹੈ, ਭਾਵ ਚੰਗੀ ਤਰ੍ਹਾਂ ਇਸ ਨੂੰ ਖੁਆਇਆ ਹੈ, ਪਰ ਇਹ ਦੇਹ ਮਿੱਟੀ ਦੀ ਕੱਚੀ ਘੜੀ ਵਾਂਗ ਮਿਥਿਆ ਹੈ।

ਯਥਾ- "ਕਾਚੀ ਗਾਗਰਿ ਸਰਪਰ ਫੂਟੈ॥" *(ਮਹਲਾ ੫, ਪੰਨਾ ੨੫੪)*

ਤਥਾ- "ਕਾਚ ਗਗਰੀਆ ਅੰਭ ਮਝਰੀਆ॥" *(ਆਸਾ ਮਹਲਾ ੫, ਪੰਨਾ ੩੯੨)*

ਤਥਾ- "ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ॥ ੧ ॥" *(ਕਬੀਰ, ਪੰਨਾ ੬੫੪)*

ਤਥਾ- "ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ ਜੈਹੈ ਫੂਟਿ ॥
ਗੁਰੁ ਜੁ ਨ ਚੇਤਹਿ ਆਪਨੋ ਅਧ ਮਾਝਿ ਲੀਜਹਿਗੇ ਲੂਟਿ ॥ ੭੩ ॥" *(ਕਬੀਰ, ਪੰਨਾ ੧੩੬੮)*

ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ ॥ ੧ ॥

ਜਿਸ ਪਰਮਾਤਮਾ ਨੇ ਸਰੀਰ ਸਾਜ ਕੇ ਸਾਨੂੰ ਨਿਵਾਜਿ=ਵਡਿਆਇਆ ਹੈ।

ਯਥਾ:- "ਕਰੁ ਮਸਤਕਿ ਧਾਰਿ ਸਾਜਿ ਨਿਵਾਜੇ ਮੁਏ ਦੁਸਟ ਜੋ ਖਇਆ॥" *(ਮ: ੫, ਪੰਨਾ ੫੩੩)*

ਤਿਸ ਪਰਮਾਤਮਾ ਨੂੰ ਭੁਲਾਕੇ ਅਵਰ ਲਗਰੀ=ਹੋਰਨਾਂ ਵਿਚ ਬਿਰਤੀ ਲੱਗ ਰਹੀ ਹੈ॥ ੧ ॥

ਸੰਧਿਕ ਤੋਹਿ ਸਾਧਾ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ ॥

ਅਸੀਂ ਭਾਵੇਂ ਤੋਹਿ=ਤੇਰੇ ਸੰਧਿਕ=ਚੋਰ ਹਾਂ, ਸੰਤ ਨਹੀਂ ਆਖੀਂਦੇ, ਪਰ ਆਪ ਜੀ ਦੇ ਪਗਰੀ=ਚਰਨਾਂ ਦੀ

ਸ਼ਰਨ ਪਏ ਹਾਂ।

ਪ੍ਰਸ਼ਨ:-"ਚੋਰ ਕਿਸ ਨੂੰ ਕਿਹਾ ਹੈ ?" ਉੱਤਰ-

"ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥" (ਮਹਲਾ ੧, ਪੰਨਾ ੧੩੨੮)

ਕਹਿ ਕਬੀਰ ਇਹ ਬਿਨਤੀ ਸੁਨੀਅਹੁ
ਮਤ ਘਾਲਹੁ ਜਮ ਕੀ ਖਬਰੀ॥ ੨ ॥ ੬ ॥

ਕਬੀਰ ਜੀ ਕਥਨ ਕਰਦੇ ਹਨ-ਹੇ ਭਗਵਾਨ ! ਕਿਰਪਾ ਕਰਕੇ ਸਾਡੀ ਇਕ ਇਹ ਬੇਨਤੀ ਸੁਣਨਾ ਕਰੋ ਕਿ ਜਮਾਂ ਦੀ ਖਬਰ ਮਤ ਘਾਲਹੁ=ਮਤਾਂ ਭੇਜਣੀ।

ਵਾ-ਜਮਾਂ ਦੀ ਖਬਰੀ=ਖਬਰਾਟ, ਭਾਵ ਤਲਵਾਰ ਨਾ ਭੇਜਣੀ॥ ੨ ॥ ੬ ॥

ਬਿਲਾਵਲੁ ॥

ਉਥਾਨਕਾ:-ਇਕ ਦਿਨ ਕਬੀਰ ਜੀ ਆਪਣੇ ਮਨ ਦੇ ਸ਼ੁੱਧ ਸੰਕਲਪ ਉੱਠਣ ਨਾਲ ਆਪਣੇ ਗੁਰਾਂ ਦੇ ਦਰਸ਼ਨ ਕਰਨ ਵਾਸਤੇ ਸਵੇਰ-ਸਾਰ ਹੀ ਚਲੇ ਗਏ।

ਰਾਮਾਨੰਦ ਨੇ ਵਿਚਾਰਿਆ, 'ਸਵੇਰ-ਸਾਰ ਹੀ ਜੁਲਾਹਿਆ ਮੱਥੇ ਆ ਲੱਗਾ ਹੈ ਸੋ ਬੂਹੇ ਦੇ ਦਿੱਤੇ ।

ਉਸ ਵੇਲੇ ਕਬੀਰ ਜੀ ਨੇ ਸ਼ਬਦ ਉਚਾਰਿਆ-

ਦਰਮਾਦੇ ਠਾਢੇ ਦਰਬਾਰਿ॥

ਹੇ ਗੁਰੋ ! ਦਰਮਾਦੇ=ਮਾਂਦਗੀ ਦੇ ਅੰਦਰ, ਭਾਵ ਦੁਖਿਤ ਹੋਇਆ ਹੋਇਆ ਮੈਂ ਆਪ ਜੀ ਦੇ ਬੂਹੇ ਤੇ ਠਾਢੇ=ਖੜਾ ਹਾਂ।

ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ॥੧॥ਰਹਾਉ॥

ਆਪ ਜੀ ਤੋਂ ਬਿਨਾਂ ਮੇਰੀ ਕੌਣ ਸੁਰਤਿ=ਖਬਰ ਕਰੇਗਾ। ਕਿਵਾਰ=ਬੂਹੇ ਖੋਲ੍ਹ ਕੇ ਸਾਹਮਣੇ ਦਰਸ਼ਨ ਦੇਣਾ ਕਰੋ ॥ ੧॥

ਯਥਾ:- "ਦਰਸਨ ਨਾਮ ਕਉ ਮਨੁ ਆਛੈ॥

ਕ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ॥ ੧॥" (ਮਹਲਾ ੫, ਪੰਨਾ ੫੩੩)

ਉਸ ਵੇਲੇ ਰਾਮਾਨੰਦ ਜੀ ਨੇ ਬੂਹੇ ਖੋਲ੍ਹ ਦਿੱਤੇ। ਕਬੀਰ ਜੀ ਚਰਨੀਂ ਪੈ ਕੇ ਆਖਦੇ ਹਨ-

ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ੍ ਸੁਨੀਅਤੁ ਸੁਜਸੁ ਤੁਮ੍ਹਾਰ॥

ਹੇ ਗੁਰੋ ! ਆਪ ਧਨ ਪਾ ਕੇ ਬੜੇ ਧਨੀ=ਧਨਾਢ ਹੋ, ਦਿਲ ਦੇ ਬਹੁਤ=ਉਦਾਰ=ਸਖੀ ਹੋ, ਫੇਰ ਪੂਰੇ ਪੂਰੇ ਤਿਆਗੀ ਹੋ, ਮੈਂ ਆਪ ਜੀ ਦਾ ਸਰੇਸ਼ਟ ਜਸ ਸ੍ਰਵਨਨ੍=ਕੰਨਾਂ ਨਾਲ ਸੁਨਣਾ ਕੀਤਾ ਹੈ।

ਰਾਮਾਨੰਦ ਜੀ ਨੇ ਕਿਹਾ-"ਜੇ ਤੈਨੂੰ ਕੋਈ ਇੱਛਾ ਹੈ ਤਾਂ ਹੋਰ ਕਿਸੇ ਪਾਸੋਂ ਜਾ ਕੇ ਮੰਗ ਲੈ।"

ਕਬੀਰ ਆਖਦਾ ਹੈ-

ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰੁ॥ ੧ ॥

ਆਪ ਤੋਂ ਬਿਨਾਂ ਮਾਗਉ ਕਾਹਿ=ਕਿਸ ਪਾਸੋਂ ਮੈਂ ਮੰਗਾਂ, ਹੋਰ ਸਭ ਨੂੰ ਮੈਂ ਕੰਗਾਲ ਹੀ ਵੇਖਦਾ ਹਾਂ, ਆਪ ਜੀ ਦੇ ਪਾਸੋਂ ਹੀ ਮੇਰਾ ਨਿਸਤਾਰੁ=ਪਾਰ ਉਤਾਰਾ ਹੋਣਾ ਹੈ।

ਰਾਮਾਨੰਦ ਜੀ ਨੇ ਕਿਹਾ-''ਅਸਾਂ ਨੇ ਕਿਸੇ ਨੂੰ ਅੱਗੇ ਕੋਈ ਤਾਰਿਆ ਭੀ ਹੈ ?'' ਤਾਂ ਕਬੀਰ ਜੀ ਨੇ ਕਿਹਾ-

ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥

ਜੈਦੇਵ, ਭਗਤ ਨਾਮਦੇਵ, ਬ੍ਰਾਹਮਣ ਸੁਦਾਮਾ, ਤਿਨ੍ਹਾਂ ਸਭਨਾਂ ਉਤੇ ਆਪ ਜੀ ਦੀ ਅਪਾਰ=ਬਿਅੰਤ ਕਿਰਪਾ ਹੋਈ ਹੈ।

ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥ ੨॥ ੭॥

ਕਬੀਰ ਜੀ ਕਹਿੰਦੇ ਹਨ-ਹੇ ਗੁਰੋ ! ਤੁਸੀ ਸਮਰੱਥ ਦਾਤੇ ਹੋ, ਚਾਰ ਪਦਾਰਥ ਦੇਂਦਿਆਂ ਕੋਈ ਦੇਰੀ ਨਹੀਂ ਲਾਉਂਦੇ। ਗੁਰੂ ਸਾਹਿਬ ਜੀ ਆਪ ਫੁਰਮਾਉਂਦੇ ਹਨ-

"ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥"

(ਸੁਖਮਨੀ ਸਾਹਿਬ, ਪੰਨਾ ੨੬੬)

ਜੈ ਦੇਵ ਭਗਤ ਜੀ ਤਤਵੇਤਾ ਮਹਾਤਮਾ ਦੀ ਸਤਿਸੰਗਤ ਨਾਲ ਤਰੇ ਹਨ।
ਨਾਮਦੇਵ ਜੀ ਗੁਰੂ ਗਿਆਨ ਦੇਵ ਜੀ ਦੇ ਉਪਦੇਸ਼ ਨਾਲ ਤਰੇ ਹਨ।
ਬ੍ਰਾਹਮਣ ਸੁਦਾਮਾ ਕ੍ਰਿਸ਼ਨ ਜੀ ਦੇ ਸਬੱਬ ਨਾਲ ਤਰਿਆ ਹੈ।
ਇਸ ਤਰ੍ਹਾਂ ਦੀ ਸ਼ੰਕਾ ਹੋਣ ਪਰ ਸ਼ਬਦ ਦਾ ਦੂਜਾ ਅਰਥ ਕਰਨਾ।
ਹੁਣ ਕਬੀਰ ਜੀ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

-ਦੂਜਾ ਅਰਥ-

(ਦਰਮਾਦੇ ਠਾਢੇ ਦਰਬਾਰਿ॥) ਹੇ ਪਰਮਾਤਮਾ ! ਮਾਂਦਗੀ ਦੇ ਅੰਦਰੁ, ਭਾਵ ਦੁੱਖ ਦੇ ਸਹਿਤ ਹੋਇਆ ਹੋਇਆ ਮੈਂ ਆਪ ਜੀ ਦੇ ਸਤਿਸੰਗ ਦਰਬਾਰ ਵਿਚ ਖੜੋਤਾ ਹਾਂ।

(ਤੁਝ ਬਿਨੁ ਸੁਰਤਿ ਕਰੈ ਕੌ ਮੇਰੀ॥) ਆਪ ਜੀ ਤੋਂ ਬਗੈਰ ਮੇਰੀ ਖ਼ਬਰ ਕੌਣ ਲੈ ਸਕਦਾ ਹੈ ?

(ਦਰਸਨੁ ਦੀਜੈ ਖੋਲ੍ਹਿ ਕਿਵਾਰ॥) ਪੰਜਾਂ ਕੋਸ਼ਾਂ ਰੂਪੀ ਤਖਤੇ ਖੋਲ੍ਹ ਕੇ ਆਪਣਾ ਦਰਸ਼ਨ ਦਿਓ।

(ਤੁਮ ਧਨ ਧਨੀ ਉਦਾਰ ਤਿਆਗੀ) ਆਪ ਪ੍ਰਤੱਖ ਧਨ ਕਰਕੇ ਧਨੀ ਹੋ, ਕਿਉਂਕਿ ਪੂਰਾ ਪੂਰਾ ਐਸ਼੍ਵਰਜ ਆਪ ਦੇ ਪਾਸ ਹੈ। ਤ੍ਰਿਲੋਕੀ ਦੇ ਸਭ ਜੀਵਾਂ ਨੂੰ ਆਪ ਹੀ ਦੇਂਦੇ ਹੋ, ਇਸ ਕਰਕੇ ਆਪ ਬੜੇ ਉਦਾਰ=ਸਖੀ ਹੋ। ਫਿਰ ਪੂਰੇ ਪੂਰੇ ਤਿਆਗੀ ਵੀ ਆਪ ਹੋ, ਸਾਰਾ ਜਗਤ ਅਭਾਵ ਹੋ ਜਾਵੇ ਤਾਂ ਆਪ ਨੂੰ ਕੋਈ ਸ਼ੋਕ ਨਹੀਂ।

(ਸ੍ਰਵਨਨ੍ ਸੁਨੀਅਤੁ ਸੁਜਸੁ ਤੁਮ੍ਹਾਰ॥) ਮੈਂ ਤਾਂ ਆਪ ਜੀ ਦਾ ਸ੍ਰੇਸ਼ਟ ਜਸ ਕੰਨਾਂ ਨਾਲ ਸੁਨਣਾ ਕੀਤਾ ਹੈ।

ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰੁ॥ ੧॥

ਆਪ ਤੋਂ ਬਿਨਾਂ ਮੈਂ ਕਿਸ ਪਾਸੋਂ ਮੰਗਾਂ ? ਹੋਰ ਸਭ ਦੇਵੀ ਦੇਵਤਿਆਂ ਨੂੰ ਮੈਂ ਕੰਗਾਲ ਦੇਖਦਾ ਹਾਂ, ਮੈਨੂੰ ਪੱਕਾ ਭਰੋਸਾ ਹੈ ਕਿ ਆਪ ਜੀ ਦੀ ਕਿਰਪਾ ਨਾਲ ਹੀ ਮੇਰਾ ਤਰਨਾ ਹੋਣਾ ਹੈ।

ਭਗਵਾਨ ਨੇ ਕਿਹਾ-"ਮੈਂ ਕਿਸੇ ਨੂੰ ਤਾਰਿਆ ਭੀ ਹੈ ਐਵੇਂ ਹੀ ਕਹੀ ਜਾਂਦਾ ਹੈਂ ?" ਉੱਤਰ-

ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥

ਜੈਦੇਵ, ਭਗਤ ਜੀ, ਨਾਮਦੇਵ ਜੀ ਤੇ ਬ੍ਰਾਹਮਣ ਸੁਦਾਮਾ ਇਨ੍ਹਾਂ ਸਭਨਾਂ ਉਤੇ ਆਪ ਜੀ ਬਿਅੰਤ ਕਿਰਪਾ ਹੋਈ ਹੈ।

ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥ ੨॥ ੭॥

ਕਬੀਰ ਜੀ ਕਥਨ ਕਰਦੇ ਹਨ-ਹੇ ਅਕਾਲ ਪੁਰਖ ! ਤੁਸੀਂ ਸਮਰੱਥ ਦਾਤੇ ਹੋ, (ਧਰਮ ਅਰਥ, ਕਾਮ, ਮੋਖ ਆਦਿਕ) ਚਾਰ ਪਦਾਰਥ ਦੇਂਦਿਆਂ ਹੋਇਆਂ ਆਪ ਬਾਰ=ਦੇਰ ਨਹੀਂ ਕਰਦੇ॥ ੨॥ ੭॥

ਬਿਲਾਵਲੁ॥

ਉਥਾਨਕਾ:-ਇਕ ਜੋਗੀ ਆਇਆ ਜੋ ਭੂਤਾਂ ਪ੍ਰੇਤਾਂ ਨੂੰ ਵੱਸ ਕਰਕੇ ਉਹਨਾਂ ਦੀ ਤਾਕਤ ਨਾਲ ਅਕਾਸ਼ ਵਿਚ ਆਸਰੇ ਤੋਂ ਬਿਨਾਂ ਕਿਤਨਾ ਚਿਰ ਬੈਠਾ ਰਹਿੰਦਾ ਸੀ, ਇਸ ਤਰ੍ਹਾਂ ਦਾ ਕੌਤਕ ਵਿਖਾ ਕੇ ਲੋਕਾਂ ਪਾਸੋਂ ਆਪਣੀ ਪੂਜਾ ਕਰਵਾਉਂਦਾ ਸੀ। ਲੋਕਾਂ ਨੇ ਵੇਖ ਕੇ ਕਬੀਰ ਜੀ ਨੂੰ ਲਿਆ ਵਿਖਾਇਆ।

ਉਸ ਦੇ ਪਖੰਡ ਨੂੰ ਵੇਖ ਕੇ ਕਬੀਰ ਜੀ ਉਸ ਨੂੰ ਸ਼ੁਭ ਸਿਖਿਆ ਦੇਂਦੇ ਹਨ—

('ਰਹਾਉ' ਦੀਆਂ ਤੁਕਾਂ ਤੋਂ ਅਰਥ ਸ਼ੁਰੂ ਕਰਨਾ।) *ਆਸਨੁ ਪਵਨ ਦੂਰਿ ਕਰਿ ਬਵਰੇ॥*

ਹੇ ਬਵਰੇ=ਝੱਲੇ ਪੁਰਖਾ ! ਪਵਨ=ਭੂਤਾਂ ਦਾ ਆਸਣ ਜੋ ਤੂੰ ਲਾਇਆ ਹੋਇਆ ਹੈ ਇਸ ਨੂੰ ਦੂਰ ਕਰ ਦੇ।

ਵਾ-ਆਸਨੁ ਪਵਨ=ਪ੍ਰਾਣਾਯਾਮ ਨੂੰ ਵੀ ਦੂਰ ਕਰ ਦੇ ।

ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥ ੧॥ ਰਹਾਉ॥

ਹੇ ਝੱਲੇ ਪੁਰਖਾ ! ਕਪਟੁ=ਪਖੰਡ ਨੂੰ ਤਿਆਗ ਕੇ ਨਿਤਾਪ੍ਰਤੀ ਰੋਜ਼ ਹੀ ਹਰੀ ਨੂੰ ਸਿਮਰਨਾ ਕਰ।

ਡੰਡਾ ਮੁੰਦ੍ਰਾ ਖਿੰਥਾ ਆਧਾਰੀ॥ ਭ੍ਰਮ ਕੈ ਭਾਇ ਭਵੈ ਭੇਖਧਾਰੀ॥ ੧॥

ਹੱਥ ਵਿਚ ਡੰਡਾ, ਕੰਨਾਂ ਵਿਚ ਮੁੰਦ੍ਰਾਂ, ਗਲ ਵਿਚ ਖਿੰਥਾ=ਖਫ਼ਨੀ, ਆਧਾਰੀ=ਝੋਲੀ ਇਤਿਆਦੀ ਜੋਗੀਆਂ ਵਾਲੇ ਭੇਖ ਨੂੰ ਧਾਰ ਕੇ ਤੂੰ ਆਪਣੀ ਪੂਜਾ ਕਰਵਾ ਰਿਹਾ ਹੈਂ ।

ਹੇ ਪਖੰਡ ਵਾਲੇ ਭੇਖ ਧਾਰਨ ਕਰਨ ਵਾਲੇ ਭੇਖੀ ਪੁਰਖਾ ! ਤੂੰ ਭਰਮ ਦੇ ਭਾਇ=ਪ੍ਰਕਾਰ, ਅਰਥਾਤ ਅਨੁਸਾਰ ਭਵੈ=ਫਿਰਦਾ ਹੈਂ। ਭੇਖਧਾਰੀਆਂ ਪਰ ਕਦੇ ਪਰਮਾਤਮਾ ਦੀ ਪ੍ਰਸੰਨਤਾ ਨਹੀਂ ਹੁੰਦੀ।

[ਪੰਨਾ ੮੫੭]

ਆਸਨੁ ਪਵਨ ਦੂਰਿ ਕਰਿ ਬਵਰੇ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥ ੧॥ ਰਹਾਉ॥

ਹੇ ਝੱਲੇ ਪੁਰਖਾ ! ਭੂਤਾਂ ਵਾਲੇ ਆਸਣ ਨੂੰ ਦੂਰ ਕਰ ਦੇ ਅਤੇ ਕਪਟ ਨੂੰ ਛੱਡ ਕੇ ਹੇ ਝੱਲੇ ਪੁਰਖਾ ! ਹਰੀ ਨੂੰ ਭਜਨਾ ਕਰ॥ ੧॥

ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ॥

ਜਿਸ ਮਾਇਆ ਨੂੰ ਤੂੰ ਜਾਚਹਿ=ਮੰਗਦਾ ਫਿਰਦਾ ਹੈਂ ਉਹ ਤਿੰਨਾਂ ਭਵਨਾਂ ਦੀ ਭੋਗੀ=ਚਗਲੀ ਹੋਈ ਹੈ।

ਯਥਾ- *'ਚਗਲ ਸਗਲ ਭੂਪਾਲ ਕੀ।'*

ਵਾ-ਤਿੰਨਾਂ ਭਵਨਾਂ ਦੇ ਨਾਸ ਕਰਨ ਨੂੰ ਉਹ ਮਾਇਆ ਭੋਗੀ=ਸ੍ਰਪਨੀ ਵਤ ਹੈ, ਇਸ ਲਈ ਤੈਨੂੰ ਇਹ ਕਰਤੱਬਜ ਕਰਨਾ ਚਾਹੀਦਾ ਹੈ ਕਿ-

ਕਹਿ ਕਬੀਰ ਕੇਸੌ ਜਗਿ ਜੋਗੀ ॥ ੨ ॥ ੮ ॥

ਕਬੀਰ ਜੀ ਕਥਨ ਕਰਦੇ ਹਨ, ਜੋ ਕੇਸੋ=ਪਰਮਾਤਮਾ ਸਾਰੇ ਜਗਤ ਵਿਚ ਜੋਗੀ=ਜੁੜ ਰਿਹਾ ਹੈ, ਤੂੰ ਉਸ ਦਾ ਚਿੰਤਨ ਕਰ॥ ੨॥ ੮॥

ਬਿਲਾਵਲੁ ॥

ਉਥਾਨਕਾ:-ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥

ਇਸ ਮੋਹਣੀ ਮਾਇਆ ਨੇ ਹੇ ਜਗਦੀਸ਼ ਗੁਸਾਈਂ ! ਤੁਹਾਡੇ ਚਰਨ ਭੁਲਾ ਦਿੱਤੇ ਹਨ, ਭਾਵ ਮਾਇਆ ਦੇ ਪ੍ਰਤਾਪ ਕਰਕੇ ਆਪ ਦੇ ਚਰਨਾਂ ਵਿਚ ਧਿਆਨ ਨਹੀਂ ਲਗਦਾ ।

ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ ੧ ॥ ਰਹਾਉ ॥

ਕਿੰਚਤ=ਥੋੜੀ ਜਿੰਨੀ ਪ੍ਰੀਤਿ ਵੀ ਪੁਰਸ਼ਾਂ ਦੇ ਦਿਲ ਵਿਚ ਉਪਜੈ=ਪੈਦਾ ਨਹੀਂ ਹੁੰਦੀ । ਇਹ ਵਿਚਾਰੇ ਪੁਰਸ਼ ਆਪਣੇ ਆਪ ਭਲਾ ਕੀ ਕਰ ਸਕਦੇ ਹਨ, ਕਿਉਂਕਿ ਪੁਰਸ਼ਾਂ ਦਾ ਜ਼ੋਰ ਮਾਇਆ ਤੇ ਨਹੀਂ ਪੈਂਦਾ ॥ ੧॥

ਧ੍ਰਿਗ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ
ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥

ਹੇ ਪਰਮਾਤਮਾ ! ਤੇਰੀ ਪ੍ਰੀਤੀ ਤੋਂ ਬਗੈਰ ਇਸ ਤਨ ਨੂੰ ਵੀ ਧ੍ਰਿਗਕਾਰ ਹੈ, ਧਨ ਨੂੰ ਵੀ ਧ੍ਰਿਗਕਾਰ ਹੈ, ਇਸ ਮਾਇਆ ਨੂੰ ਵੀ ਲਾਹਨਤ ਹੈ, ਮਾਇਆ ਦੀ ਪ੍ਰਾਪਤੀ ਵਾਲੀ ਮਤਿ=ਸਿਖਿਆ ਨੂੰ ਵੀ ਧ੍ਰਿਗਕਾਰ ਹੈ ਜੋ ਸੰਸਾਰਾਕਾਰ ਬੁਧਿ ਫੰਨੀ=ਨਫੇ ਵਾਲੀ ਸਮਝੀ ਹੋਈ ਹੈ ਉਸ ਨੂੰ ਵੀ ਧ੍ਰਿਗਕਾਰ ਹੈ।

ਵਾ-ਇਹ ਸਭ ਫੰਨੀ=ਫਨਾਹ ਰੂਪ ਹੈ।

ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ ॥ ੧ ॥

੧. ਹੇ ਪੁਰਸ਼ੋ ! ਤੁਸੀਂ ਇਸ ਮਾਇਆ ਨੂੰ ਦ੍ਰਿੜ=ਪੱਕਿਆਂ ਕਰਕੇ, ਭਾਵ ਸਾਂਭ ਸਾਂਭ ਕੇ ਰੱਖਦੇ ਹੋ, ਇਸ ਮਾਇਆ ਤੋਂ ਬਚੰਨੀ=ਬਚਣਾ, ਭਾਵ ਛੁਟਣਾ ਸੀ, ਸਗੋਂ ਮੋਹ ਕਰਕੇ ਉਸ ਵਿਚ ਆਪ ਬੱਧੇ ਗਏ ਹੋ। ਵਾ-ਬਾਂਧੇ ਆਪ ਬਚੰਨੀ=ਮਾਂ ਦੇ ਪੇਟ ਵਿਚ ਕੀਤੇ ਹੋਏ ਆਪਣੇ ਬਚੰਨੀ=ਬਚਨਾਂ ਅਨੁਸਾਰ ਤੁਸੀਂ ਬੱਧੇ ਗਏ ਹੋ।

੨. ਹੇ ਪਰਮਾਤਮਾ ! ਇਸ ਮਾਇਆ ਨੂੰ ਆਪਣੇ ਪਾਸ ਤਕੜੀ ਕਰਕੇ ਕਾਬੂ ਕਰ ਰੱਖੋ ਜੋ ਸਾਡੇ ਵੱਲ ਨਾ ਆਵੇ, ਕਿਉਂਕਿ ਇਹ ਮਾਇਆ ਤੁਹਾਡੇ ਬਚੰਨੀ=ਬਚਨਾਂ ਅਨੁਸਾਰ, ਭਾਵ ਹੁਕਮ ਕਰਕੇ ਹੀ ਜੀਵਾਂ ਨੂੰ ਬੰਨ੍ਹਦੀ ਹੈ॥ ੧॥

ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ ॥

ਖੇਤੀਆਂ ਕੀ ਕਰਨੀਆਂ ਹਨ ? ਅਤੇ ਕਿਸੀ ਨਾਲ ਲੈਣਾ ਦੇਣਾ ਕੀ ਕਰਨਾ ? ਭਾਵ ਕੋਈ ਵਿਹਾਰ ਕਰਨ ਦੀ ਲੋੜ ਨਹੀਂ, ਕਿਉਂਕਿ ਮਾਇਆ ਰਚਿਤ ਪਦਾਰਥਾਂ ਦਾ ਅਭਾਵ ਕਰਨ ਨਾਲ ਮਾਇਆ ਆਪੇ ਦੂਰ ਹਟ ਜਾਏਗੀ। ਇਸ ਪਰਪੰਚ=ਸੰਸਾਰ ਦਾ ਗੁਮਾਨਾ=ਹੰਕਾਰ ਕਰਨਾ ਸਭ ਝੂਠਾ ਹੈ।

ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥ ੨ ॥ ੯ ॥

ਕਬੀਰ ਜੀ ਕਥਨ ਕਰਦੇ ਹਨ-ਜਿਹੜੇ ਸੰਸਾਰ ਵਿਚ ਲੱਗੇ ਹਨ, ਉਹ ਪੁਰਸ਼ ਅੰਤ ਨੂੰ ਬਿਗੂਤੇ=ਖਰਾਬ ਹੋਏ ਹਨ, ਪਰ ਜਿਸ ਵੇਲੇ ਨਿਦਾਨਾ=ਅੰਤ ਨੂੰ ਜਮਕਾਲ ਆਇਆ ॥ ੨ ॥ ੯ ॥

ਬਿਲਾਵਲੁ ॥

ਉਥਾਨਕਾ:-ਪਰਮਾਤਮਾ ਕਿਸ ਅਸਥਾਨ ਤੇ ਨਿਵਾਸ ਕਰਦਾ ਹੈ ? ਉੱਤਰ-

ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥

ਸਰੀਰ ਰੂਪੀ ਸਰੋਵਰ ਦੇ ਵਿਚ ਸਭ ਨਾਲੋਂ ਆਛੈ=ਹੱਛਾ, ਚੰਗਾ ਅਨੂਪ=ਸੁੰਦਰ ਹਿਰਦਾ-ਕੌਲ ਹੈ।

ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥ ੧ ॥

ਪਰਮ ਜੋਤੀ ਜੋ ਉੱਤਮ ਪੁਰਖ ਪਰਮਾਤਮਾ ਹੈ, ਜਿਸ ਦਾ ਰੂਪ ਰੇਖ ਕੋਈ ਨਹੀਂ।

ਯਥਾ- ''ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥'' *(ਪੰਨਾ ੧੨੩੯)*

ਉਹ ਉਸ ਹਿਰਦੇ-ਕੌਲ ਵਿਚ ਨਿਵਾਸ ਕਰਦਾ ਹੈ।

ਪ੍ਰਸ਼ਨ-''ਸ਼ੁਭ-ਗੁਣਾਂ ਰੂਪੀ ਕੌਲ ਕਿਵੇਂ ਖਿੜਦੇ ਹਨ ?''

*ਉੱਤਰ-*ਸੂਖਮ ਸਰੀਰ=ਅੰਤਹਕਰਨ ਰੂਪੀ ਸਰੋਵਰ ਦੇ ਭੀਤਰੇ=ਵਿਚ ਸ਼ੁਭ-ਗੁਣਾਂ ਰੂਪੀ ਚੰਗੇ ਸੁੰਦਰ ਕੌਲ-ਫੁੱਲ ਹਨ। ਜਿਸ ਪੁਰਖੋਤਮੋ=ਉੱਤਮ ਪੁਰਖ ਪਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ, ਓਹੀ ਇਕ ਪਰਮ ਜੋਤਿ=ਸੂਰਜ ਹੈ, ਉਸ ਨੂੰ ਵੇਖ ਕੇ ਸ਼ੁਭ-ਗੁਣਾਂ ਰੂਪੀ ਕਤਲ-ਫੁੱਲ ਖਿੜਦੇ ਹਨ।

ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥ ੧ ॥ ਰਹਾਉ ॥

ਰੇ ਮਨ=ਹੇ ਪਿਆਰੇ ! ਭਰਮ ਨੂੰ ਤਿਆਗ ਕੇ ਸਿਮਰਨਾ ਕਰ, ਇਕ ਰਾਮ ਹੀ ਜਗਤ ਵਿਚ ਜੀਵਨ ਰੂਪ ਹੈ।

*ਅਥਵਾ-*ਹੇ ਮਨ ! ਭਰਮ ਨੂੰ ਤਿਆਗ ਕੇ ਹਰੀ ਜਗਜੀਵਨ ਰਾਮ ਨੂੰ ਭਜਨਾ ਕਰ। ਭਜਨ ਕਰਨ ਨਾਲ ਭਰਮ ਦੂਰ ਹੋਣ ਕਰਕੇ ਜਿਸ ਨੂੰ ਬ੍ਰਹਮ ਗਿਆਨ ਹੋਇਆ ਹੈ, ਉਸ ਦੀ ਨਿਗ੍ਹਾ ਵਿਚ ਸਾਰੇ ਪਰਮਾਤਮਾ ਹੀ ਹੈ।

ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥

ਅਧਿਸ਼ਟਾਨ ਤੋਂ ਬਿਨਾਂ ਨਾ ਕੁਝ ਆਉਂਦਾ ਦਿਸਦਾ ਹੈ, ਨਾ ਕੁਝ ਜਾਂਦਾ ਨਿਗਾਹ ਆਉਂਦਾ ਹੈ।

ਯਥਾ- ''ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥ ੧ ॥ ਰਹਾਉ ॥''

(ਸ੍ਰੀ ਪੀਪਾ ਜੀ, ਪੰਨਾ ੬੯੫)

ਤਥਾ- ''ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥''

(ਗਉੜੀ ਮਹਲਾ ੫, ਪੰਨਾ ੨੦੯)

ਪ੍ਰਸ਼ਨ-''ਇਹ ਜਗਤ ਫਿਰ ਕਿਸ ਵਿਚ ਲੀਨ ਹੋ ਜਾਂਦਾ ਹੈ?'' *ਉੱਤਰ-*

ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ॥ ੨॥

ਜਿਸ ਬ੍ਰਹਮ ਤੋਂ ਉਤਪੰਨ ਹੁੰਦਾ ਹੈ, ਬਿਨਸ ਕੇ ਉਸੇ ਬ੍ਰਹਮ ਦੇ ਵਿਚ ਹੀ ਲੋਪ ਹੋ ਜਾਂਦਾ ਹੈ।

ਯਥਾ- ''ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ ੧੧॥'' *(ਮਹਲਾ ੧, ਪੰਨਾ ੧੪੨੭)*

ਜਿਵੇਂ ਪੁਰਿਵਨ=ਚੁਪੱਤੀ ਦੇ ਪਾਤ=ਪੱਤੇ ਪਾਣੀ ਵਿੱਚੋਂ ਪੈਦਾ ਹੋ ਕੇ ਫਿਰ ਪਾਣੀ ਵਿਚ ਹੀ ਨਾਸ ਹੋ ਜਾਂਦੇ ਹਨ।

ਯਥਾ:- ''ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ ੧॥ *(ਮਹਲਾ ੧, ਪੰਨਾ ੨੩)*

*ਅਥਵਾ-*ਜਿਵੇ ਮਿੱਟੀ ਦੇ ਕਸੋਰੇ ਮਿੱਟੀ ਤੋਂ ਉਤਪੰਨ ਹੋ ਕੇ ਫਿਰ ਮਿੱਟੀ ਵਿਚ ਹੀ ਪਾਤ=ਪਤਨ, ਭਾਵ ਨਾਸ ਹੋ ਜਾਂਦੇ ਹਨ।

ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ॥

ਮਿਥਿਆ ਜਾਣ ਕੇ ਜਿਸ ਨੇ ਮਾਇਆ ਤਿਆਗੀ ਹੈ, ਉਹ ਸਹਜ ਸੁਖ=ਆਤਮਾ-ਸੁਖ ਦਾ ਵਿਚਾਰ ਕਰਦਾ ਹੈ।

ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ॥ ੩॥ ੧੦॥

ਕਬੀਰ ਜੀ ਕਥਨ ਕਰਦੇ ਹਨ-ਉਸ ਦੀ ਸੇਵਾ ਕਰੋ ਜੋ ਮੁਰਾਰੀ ਪਰਮਾਤਮਾ ਮਨ ਦੇ ਮੰਝਿ=ਵਿਚ ਇਸਥਿਤ ਹੈ॥ ੩॥ ੧੦॥

ਬਿਲਾਵਲੁ ॥

ਉਥਾਨਕਾ:-ਕਿਸੇ ਪੰਡਿਤ ਨੇ ਭਗਤ ਕਬੀਰ ਜੀ ਦੇ ਪਾਸੋਂ ਆ ਕੇ ਪੁਛਿਆ ਕਿ 'ਆਪ ਜੀ ਦਾ ਜਨਮ ਮਰਨ ਦਾ ਭਰਮ ਕਿਵੇ ਦੂਰ ਹੋਇਆ ਹੈ?' *ਉੱਤਰ-*

ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ॥

ਗੋਬਿੰਦ=ਪਰਮਾਤਮਾ ਵਿਚ ਲਿਵ ਲੱਗਣ ਕਰਕੇ ਜਨਮ ਮਰਨ ਦਾ ਭਰਮ ਦੂਰ ਹੋ ਗਿਆ ਹੈ।

ਜੀਵਤ ਸੁੰਨ ਸਮਾਨਿਆ ਗੁਰ ਸਾਖੀ ਜਾਗੀ॥ ੧॥ ਰਹਾਉ॥

ਜੀਵਤ=ਜੀਉਂਦਿਆਂ ਹੀ ਸੁੰਨ=ਅਫੁਰ ਵਿਚ ਸਮਾ ਗਿਆ ਹਾਂ, ਗੁਰਾਂ ਦੀ ਸਾਖੀ=ਸਿਖਿਆ ਜਾਗੀ=ਪ੍ਰਕਾਸ਼ਨ ਕਰਕੇ ॥ ੧॥

ਪ੍ਰਸ਼ਨ-''ਜੀਉਂਦਿਆਂ=ਅਫੁਰ ਵਿਚ ਕਿਵੇਂ ਅਭੇਦ ਹੋਏ ਹੋ?'' *ਉੱਤਰ-*

ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ॥

ਜਿਵੇਂ ਕਾਸੀ=ਘੜਿਆਲ ਤੋਂ ਧੁਨਿ=ਅਵਾਜ਼ ਉਤਪੰਨ ਹੁੰਦੀ ਹੈ, ਉਹ ਧੁਨ ਫਿਰ ਕਾਸੀ=ਘੜਿਆਲ ਵਿਚ ਸਮਾ ਜਾਂਦੀ ਹੈ।

ਕਾਸੀ ਫੂਟੀ ਪੰਡਿਤਾ ਧੁਨਿ ਕਹਾਂ ਸਮਾਈ ॥ ੧॥

੧. ਹੇ ਪੰਡਿਤ ! ਜਦ ਘੜਿਆਲ ਟੁੱਟ ਗਿਆ ਤਾਂ ਧੁਨ ਕਿਥੇ ਜਾ ਕੇ ਸਮਾਉਂਦੀ ਹੈ, ਭਾਵ ਘੜਿਆਲ

ਦੇ ਵਿਚ ਹੀ ਸਮਾਉਂਦੀ ਹੈ (ਇਹ ਵੇਦਾਂਤੀਆਂ ਦੇ ਮਤ ਅਨੁਸਾਰ ਹੈ) ਇਸੇ ਤਰ੍ਹਾਂ ਬ੍ਰਹਮ ਦੇ ਵਿਚ ਮੈਂ ਅਭੇਦ ਹੋਇਆ ਹਾਂ।

੨. ਕਾਸੀ=ਅਵਿਦਿਆ ਤੋਂ ਧੁਨਿ=ਸ੍ਰਿਸ਼ਟੀ ਉਤਪੰਨ ਹੁੰਦੀ ਹੈ, ਫਿਰ ਮਹਾਂ ਪਰਲੋ ਦੇ ਸਮੇਂ ਧੁਨਿ=ਸ੍ਰਿਸ਼ਟੀ ਕਾਸੀ=ਅਵਿਦਿਆ ਵਿਚ ਹੀ ਲੀਨ ਹੋ ਜਾਂਦੀ ਹੈ।

੩. ਹੇ ਪੰਡਿਤ ! ਜਿਸ ਵੇਲੇ ਕਾਸੀ=ਅਵਿਦਿਆ ਛੂਟੀ=ਦੂਰ ਹੋ ਗਈ ਤਾਂ ਧੁਨਿ=ਸ੍ਰਿਸ਼ਟੀ ਕਿਥੇ ਸਮਾਉਂਦੀ ਹੈ, ਭਾਵ ਬ੍ਰਹਮ ਵਿਚ ਹੀ ਲੀਨ ਹੋ ਜਾਂਦੀ ਹੈ ਕਿਉਂਕਿ ਅਵਿਦਿਆ ਦੇ ਦੂਰ ਹੋਣ ਨਾਲ ਉਸ ਦੀ ਨਿਗਾਹ ਵਿਚ ਸਭ ਬ੍ਰਹਮ ਹੀ ਪ੍ਰਤੀਤ ਹੁੰਦਾ ਹੈ॥ ੧॥

ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ॥

(ਇੜਾ, ਪਿੰਗਲਾ, ਸੁਖਮਨਾ ਰੂਪ) ਤ੍ਰਿਕੁਟੀ ਦੀ ਸੰਧਿ=ਮਿਲਾਉਣੀ ਜਿਥੇ ਹੋਵੇ, ਉਹ ਹੈ ਦਸਮ ਦੁਆਰ। ਤਿਸ ਵਿਚ ਪਰਮਾਤਮਾ ਨੂੰ ਵੇਖਿਆ ਤਾਂ ਘਟ-ਘਟ ਵਿਚ ਚੇਤਨ-ਸੱਤਾ ਜਾਗੀ ਹੋਈ ਨਿਸਚੇ ਕੀਤੀ ।

ਅਥਵਾ-(ਰਜੋ, ਸਤੋ, ਤੁਮੋ। ਵਾ ਧਿਆਤਾ, ਧਿਆਨ, ਧੇਯ ਰੂਪ) ਤ੍ਰਿਕੁਟੀ ਵਿਚ ਸੰਧਿ=ਮਿਲਿਆ ਹੋਇਆ ਪਰਮਾਤਮਾ ਨੂੰ ਤਦ ਵੇਖਣਾ ਕੀਤਾ ਜਿਸ ਵੇਲੇ ਘਟ=ਅੰਤਹਕਰਨ ਵਿਚ ਘਟ=ਇਕ-ਰਸ ਗੁਰਾਂ ਦੀ ਸਿਖਿਆ ਜਾਗੀ=ਪ੍ਰਗਟ ਹੋਈ ।

ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ॥ ੨॥

ਜਿਸ ਵੇਲੇ ਅਜੇਹੀ ਬੁੱਧੀ ਸਮ+ਅਚਰੀ=ਭਲੀ ਪ੍ਰਕਾਰ ਗ੍ਰਹਿਣ ਕੀਤੀ ਤਾਂ ਘਟ ਵਿਚ ਹੀ ਪਦਾਰਥਾਂ ਦੇ ਤਿਆਗੀ ਹੋ ਗਏ ॥ ੨॥

ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ॥

ਆਪਣੇ ਸ਼ੁੱਧ ਅੰਤਹਕਰਨ ਨਾਲ ਆਪਣੇ ਸ੍ਵੈਸਰੂਪ ਨੂੰ ਜਾਨਣਾ ਕੀਤਾ ਤਾਂ ਤੇਜ=ਸਾਖੀ ਚੇਤਨ ਤੇਜੁ=ਅਦ੍ਵੈ ਨੰਦ ਵਿਚ ਸਮਾ ਗਿਆ।

ਪ੍ਰਸ਼ਨ-"ਕਿਵੇਂ ਸਮਾਇਆ ?"

ਉੱਤਰ-ਜਿਵੇਂ ਆਪ=ਜਲ, ਜਲ ਨਾਲ ਅਭੇਦ ਹੋ ਜਾਂਦਾ ਹੈ ਤੇ ਤੇਜ=ਅੱਗ ਨਾਲ ਤੇਜੁ=ਅੱਗ ਮਿਲ ਜਾਂਦੀ ਹੈ।

ਯਥਾ-"ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਜਾਰੇ ਨਿਜਾਰੇ ਹੁਇਕੈ ਫੇਰਿ ਆਗ ਮੇਂ ਮਿਲਾਹਿਗੇ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ, ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ ਸਭੈ ਪਾਨ ਹੀ ਕਹਾਹਿਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਭੈ ਤਾਹੀ ਮੇਂ ਸਮਾਹਿਗੇ॥ ੧੭॥ ੮੭॥" *(ਦਸਮ ਗ੍ਰੰਥ, ਪੰਨਾ ੧੯)*

ਤਥਾ- "ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ,
ਤਾਹੀ ਤੇ ਉਪਜ ਸਭੈ ਤਾਹੀ ਮੇਂ ਸਮਾਹਿਗੇ॥ ੧੮ ॥ ੮੮॥" *(ਦਸਮ ਗ੍ਰੰਥ, ਪੰਨਾ ੨੦)*

ਕਹੁ ਕਬੀਰ ਅਬ ਜਾਨਿਆ ਗੋਬਿਦ ਮਨੁ ਮਾਨਾ ॥ ੩ ॥ ੧੧ ॥

ਕਬੀਰ ਜੀ ਕਥਨ ਕਰਦੇ ਹਨ, ਹੁਣ ਮੈਂ ਪਰਮਾਤਮਾ ਨੂੰ ਜਾਨਣਾ ਕੀਤਾ ਹੈ, ਪਰ ਜਿਸ ਵੇਲੇ ਗੁਰਾਂ ਦੀ ਕਿਰਪਾ ਨਾਲ ਗੋਬਿੰਦ ਦੇ ਸਿਮਰਨ ਵਿਚ ਮਨ ਮੰਨਿਆਂ ਗਿਆ ਹੈ॥ ੩ ॥ ੧੧ ॥

ਬਿਲਾਵਲੁ ॥

ਉਥਾਨਕਾ:-ਭਗਤ ਕਬੀਰ ਜੀ ਦੇ ਪਾਸ ਇਕ 'ਦੇਵਾ' ਨਾਮ ਕਰਕੇ ਬ੍ਰਾਹਮਣ ਚੱਲ ਕੇ ਆਇਆ ਹੈ, ਆ ਕੇ ਦੇਵੇ ਬ੍ਰਾਹਮਣ ਨੇ ਬੇਨਤੀ ਕੀਤੀ-''ਜੀਵ ਚਾਹੇ ਕਿਤਨੀ ਭਗਤੀ ਕਰ ਲਵੇ ਫਿਰ ਵੀ ਡੋਲ ਜਾਂਦਾ ਹੈ।

ਉੱਤਰ-

ਚਰਨ ਕਮਲ ਜਾ ਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ ॥

ਜਿਸ ਗੁਰਸਿੱਖ ਦੇ ਹਿਰਦੇ ਵਿਚ ਦੇਵ=ਪ੍ਰਕਾਸ਼ ਰੂਪ ਪਰਮਾਤਮਾ ਦੇ ਚਰਨ-ਕਮਲ ਵੱਸਦੇ ਹਨ, ਹੇ ਦੇਵੇ ਬ੍ਰਾਹਮਣ ! ਉਹ ਪੁਰਸ਼ ਭਲਾ ਕਿਵੇਂ ਡੋਲ ਸਕਦਾ ਹੈ ? ਭਾਵ ਨਹੀਂ ਡੋਲਦਾ।

ਸ੍ਰੀ ਪੰਚਮ ਪਿਤਾ ਜੀ ਨੇ ਅਕਾਲ ਪੁਰਖ ਤੋਂ ਏਹੀ ਵਰ ਮੰਗਿਆ ਹੈ-

''ਪ੍ਰਭ ਇਹੈ ਮਨੋਰਥੁ ਮੇਰਾ ॥
ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਲ ਕਾ ਚੇਰਾ ॥ ਰਹਾਉ ॥
ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥''

(ਦੇਵਗੰਧਾਰੀ ਮਹਲਾ ੫, ਪੰਨਾ ੫੩੩)

ਤਥਾ- ''ਸਰਬ ਸੁਖਾ ਗੁਰ ਚਰਨਾ ॥
ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥ ੧ ॥''

(ਦੇਵਗੰਧਾਰੀ ੫, ਪੰਨਾ ੫੩੧)

ਤਥਾ- ''ਗੁਰ ਕੇ ਚਰਨ ਰਿਦੈ ਪਰਵੇਸਾ ॥
ਰੋਗ ਸੋਗ ਸਭਿ ਦੂਖ ਬਿਨਾਸੇ ਉਤਰੇ ਸਗਲ ਕਲੇਸਾ ॥ ੧ ॥ *(ਦੇਵਗੰਧਾਰੀ ੫, ਪੰਨਾ ੫੩੧)*

ਮਾਨੌ ਸਭ ਸੁਖ ਨਉ ਨਿਧਿ ਤਾ ਕੈ
ਸਹਜਿ ਸਹਜਿ ਜਸੁ ਬੋਲੈ ਦੇਵ ॥ ੧ ॥ ਰਹਾਉ ॥

ਮਾਨੌ=ਮੰਨਣਾ ਕਰੋ, ਸਾਰੇ ਦੁਨਿਆਵੀ ਸੁਖ ਤੇ ਨੌ ਨਿੱਧੀਆਂ ਤਿਸ ਨੂੰ ਪ੍ਰਾਪਤ ਹੁੰਦੀਆਂ ਹਨ, ਹੇ ਦੇਵੇ ਬ੍ਰਾਹਮਣ ! ਜੋ ਪੁਰਸ਼ ਸਹਿਜ=ਸ਼ਾਂਤੀ ਨਾਲ ਸਹਿਜ=ਪਰਮਾਤਮਾ ਦੇ ਜਸ ਨੂੰ ਬੋਲਦਾ ਹੈ।

ਵਾ-ਸਹਜਿ ਸਹਜਿ=ਰਸ ਰਸ ਕੇ ਜੋ ਜਸ ਨੂੰ ਬੋਲਦਾ ਹੈ॥ ਰਹਾਉ ॥

ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ ॥

ਇਹ ਬੁੱਧੀ ਤਾਂ ਪ੍ਰਾਪਤ ਹੁੰਦੀ ਹੈ ਜਾਂ ਸਾਰਿਆਂ ਵਿਚ ਸਮਦ੍ਰਿਸ਼ਟੀ ਵੇਖਣਾ ਕਰੇ ਅਤੇ ਹੇ ਦੇਵੇ ਬ੍ਰਾਹਮਣ! ਕੁਟਿਲ ਗਾਂਠਿ=ਟੇਢੀ, ਭਾਵ ਪੀਡੀ ਚਿਦਜੜ੍ਹ ਦੀ ਗੰਢ ਨੂੰ ਖੋਲ੍ਹਣਾ ਕਰੇ।

ਭਾਵ ਆਤਮਾ ਅਨਾਮਤਾ ਦਾ ਵਿਚਾਰ ਕਰਕੇ ਆਤਮਾ ਨੂੰ ਗ੍ਰਹਿਣ ਕਰੇ, ਅਨਾਤਮਾ ਨੂੰ ਤਿਆਗੇ।

ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ॥ ੧॥

ਹੇ ਦੇਵੇ ਬ੍ਰਾਹਮਣ! ਬਾਰੰ-ਬਾਰ ਮਾਇਆ ਵਲੋਂ ਆਪਣੇ ਮਨ ਨੂੰ ਅਟਕੈ=ਰੋਕੇ ਅਤੇ ਵਿਚਾਰ ਰੂਪੀ ਨਰਜਾ=ਛਾਬਾ ਲੈ ਕੇ ਮਨ ਵਿਚ ਦੇਖ=ਪ੍ਰਕਾਸ਼ ਰੂਪ ਪਰਮਾਤਮਾ ਨੂੰ ਤੋਲੈ=ਵਿਚਾਰੇ ਤਾਂ ਇਹ ਫਲ ਮਿਲਦਾ ਹੈ ਕਿ-

ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ॥

ਜਿਥੇ ਵੀ ਉਹ ਜਾਵੇ ਤਿਥੇ ਹੀ ਸੁਖ ਪਾਉਂਦਾ ਹੈ। ਹੇ ਦੇਵੇ ਬ੍ਰਾਹਮਣ! ਤਿਸ ਨੂੰ ਫਿਰ ਮਾਇਆ ਝੋਲੈ=ਡੁਲਾਉਂਦੀ ਨਹੀਂ, ਭਾਵ ਦੁੱਖ ਨਹੀਂ ਦੇਂਦੀ।

ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ ਕੀਓ ਲੈ ਦੇਵ॥ ੨॥ ੧੨॥

ਕਬੀਰ ਜੀ ਕਥਨ ਕਰਦੇ ਹਨ-ਹੇ ਦੇਵੇ ਬ੍ਰਾਹਮਣ! ਆਪਣੇ ਆਪ ਨੂੰ ਰਾਮ ਦੀ ਪ੍ਰੀਤੀ ਦੀ ਓਲੈ=ਆਸਰੇ ਕੀਤਾ ਤਾਂ ਮੇਰਾ ਮਨ ਉਸ ਤੇ ਮੰਨਿਆ ਗਿਆ।

ਅਥਵਾ-ਜਿਸ ਵੇਲੇ ਮੇਰਾ ਮਨ ਮੰਨਿਆਂ ਗਿਆ ਤਾਂ ਰਾਮ ਦੀ ਪ੍ਰੀਤੀ ਵਿਚ ਕੀ ਓਲੈ=ਲੀਨ ਕਰ ਦਿਤਾ॥ ੨॥ ੧੨॥ (ਅਸਲ ਪਾਠ 'ਓਲੈ' ਹੈ।)

ਬਿਲਾਵਲੁ

ਬਾਣੀ ਭਗਤ ਨਾਮਦੇਵ ਜੀ ਕੀ ੧ਓ ਸਤਿਗੁਰ ਪ੍ਰਸਾਦਿ॥

ਬਾਣੀ ਭਗਤ ਨਾਮਦੇਵ ਜੀ ਕੀ ਪਾਸ ਸੇਵਕਾਂ ਨੇ ਆ ਕੇ ਬੇਨਤੀ ਕੀਤੀ ਕਿ ਆਪ ਜੀ ਦਾ ਮਨੁੱਖਾ ਜਨਮ ਕਿਵੇ ਸਫਲ ਹੋਇਆ ਹੈ? *ਉੱਤਰ-*

ਸਫਲ ਜਨਮੁ ਮੋ ਕਉ ਗੁਰ ਕੀਨਾ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ॥ ੧॥

[ਪੰਨਾ ੮੫੮]

ਗਿਆਨ ਅੰਜਨੁ ਮੋ ਕਉ ਗੁਰਿ ਦੀਨਾ॥

(ਅੰਨਵੇਂ ਤੁਕਾਂ ਲਾਵਣੀਆਂ)

ਇਹ ਸਭ ਗੁਰਾਂ ਦੀ ਕਿਰਪਾ ਦਾ ਫਲ ਹੈ, ਗੁਰਾਂ ਨੇ ਮੋਕਉ=ਮੈਨੂੰ ਗਿਆਨ ਰੂਪੀ ਅੰਜਨੁ=ਸੁਰਮਾ ਦੇ ਕੇ ਮੋ=ਮੇਰੇ ਮਨੁੱਖਾ ਜਨਮ ਕਉ=ਨੂੰ ਸਫਲ ਕਰ ਦਿੱਤਾ ਹੈ।

ਦੁਖ ਬਿਸਾਰਿ ਸੁਖ ਅੰਤਰਿ ਲੀਨਾ॥

ਸਾਰਿਆਂ ਦੁੱਖਾਂ ਨੂੰ ਵਿਸਾਰ ਕੇ ਸੁਖਾਂ ਅੰਦਰ, ਵਾ ਸੁਖ ਸਰੂਪ ਪਰਮਾਤਮਾ ਵਿਚ ਲੀਨ ਕਰ ਦਿੱਤਾ ਹੈ।

ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥ ੧॥ ਰਹਾਉ॥

ਹੁਣ ਇਹ ਨਿਸਚੇ ਹੋ ਗਿਆ ਹੈ ਕਿ ਰਾਮ ਨਾਮ ਦੇ ਸਿਮਰਨ ਬਿਨਾਂ ਮਨ=ਜੀਵ ਦਾ ਜੀਉਣਾ ਹੀਨਾ=ਨਿਸਫਲ ਹੈ॥ ੧॥

ਨਾਮਦੇਇ ਸਿਮਰਨੁ ਕਰਿ ਜਾਨਾਂ॥
ਜਗਜੀਵਨ ਸਿਉ ਜੀਉ ਸਮਾਨਾਂ॥ ੨॥ ੧॥

ਨਾਮਦੇਵ ਜੀ ਕਥਨ ਕਰਦੇ ਹਨ, ਮੈਂ ਤਾਂ ਕੇਵਲ ਸਿਮਰਨ ਕਰਨਾ ਹੀ ਜਾਣਦਾ ਹਾਂ।

ਜਗਜੀਵਨ=ਪਰਮਾਤਮਾ ਨਾਲ ਮੇਰਾ ਜੀਅ ਸਮਾ ਗਿਆ ਹੈ॥ ੨॥ ੧॥

ਬਿਲਾਵਲੁ

ਬਾਣੀ ਰਵਿਦਾਸ ਭਗਤ ਕੀ ੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:-ਰਵਿਦਾਸ ਭਗਤ ਜੀ ਅਕਾਲ ਪੁਰਖ ਦੇ ਸਨਮੁਖ ਬੇਨਤੀ ਕਰਦੇ ਹਨ ਕਿ-

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥

ਹੇ ਪਰਮਾਤਮਾ ! ਮੇਰੇ ਪ੍ਰਤੱਖ ਦਲਿੱਦਰ ਨੂੰ, ਵਾ ਗਰੀਬੀ ਰੂਪੀ ਦਲਿੱਦ੍ ਨੂੰ , ਵਾ ਕਰਤਾ ਭੋਗਤਾ, ਜੰਮਣਾ ਮਰਨਾ ਰੂਪ ਦਲਿੱਦਰ ਨੂੰ ਵੇਖਕੇ ਸਭ ਕੋਈ ਹੱਸਦਾ ਸੀ, ਮੇਰੀ ਇਹੋ ਜੇਹੀ ਦਸਾ=ਹਾਲਤ ਸੀ।

ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥ ੧॥

ਹੁਣ ਅਸਟ ਦਸਾ=ਅਠਾਰਾਂ ਸਿੱਧੀਆਂ ਕਰ=ਹੱਥ ਦੀ ਤਲੀ ਉਤੇ ਪ੍ਰਾਪਤ ਹਨ, ਆਪ ਜੀ ਦੀ ਕਿਰਪਾ ਹੈ॥ ੧॥

ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥

ਹੇ ਭਵ=ਜਨਮ ਮਰਨ ਦੇ ਨਾਸ ਕਰਨ ਵਾਲੇ ਰਾਮ ! ਆਪ ਸਭ ਕੁਝ ਜਾਣਦੇ ਹੋ, ਕਿਉਂਕਿ ਅੰਤਰਜਾਮੀ ਤੇ ਸਰਬਗਜ ਹੋ ਅਤੇ ਮੈਂ ਕੁਝ ਵੀ ਜਾਣਦਾ ਨਹੀ ।

ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥ ੧॥ ਰਹਾਉ॥

ਸਾਰੇ ਜੀਵ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹਨ । ਹੇ ਪ੍ਰਭੂ ! ਆਪ ਸਭ ਦੇ ਕੰਮ ਪੂਰਨ ਕਰਨ ਵਾਲੇ ਹੋ॥ ੧॥ ਰਹਾਉ॥

ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥

ਜਿਹੜਾ ਪੁਰਸ਼ ਆਪ ਜੀ ਦੀ ਸ਼ਰਨ ਪ੍ਰਾਪਤ ਹੋਇਆ ਹੈ, ਉਸ ਨੂੰ ਕੋਈ ਭਾਰੁ=ਦੁੱਖ ਨਹੀਂ ਹੁੰਦਾ।

ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥ ੨॥

ਹੇ ਪਰਮਾਤਮਾ! ਆਪ ਜੀ ਦੀ ਕਿਰਪਾ ਨਾਲ ਉਚ ਨੀਚ ਜਾਤੀਆਂ ਵਾਲੇ ਸ਼ਰਧਾਲੂ ਪੁਰਸ਼ ਸਾਰੇ ਆਲਜੁ=ਨਿਰ-ਲੱਜ ਸੰਸਾਰ ਤੋਂ ਤਰ ਗਏ ਹਨ।

ਇਹ ਸੰਸਾਰ ਐਸਾ ਨਿਰ-ਲੱਜ ਹੋ ਗਿਆ ਹੈ ਜੋ ਕਿ ਵੱਡੇ ਦੀ ਕੋਈ ਸ਼ਰਮ ਨਹੀਂ ਰਹੀ, ਮਾਵਾਂ ਧੀਆਂ ਦੇ ਤੇ ਸੱਸਾਂ ਨੂੰਹਾਂ ਦੇ ਇਕੋ ਜਹੇ ਫੈਸ਼ਨ ਹੋ ਗਏ ਹਨ। ਜਿਵੇਂ ਵੇਸਵਾ ਆਪਣੇ ਤਨ ਪਰ ਲਿਬਾਸ ਕਰਦੀਆਂ ਹਨ, ਤਿਵੇਂ ਅੱਜ ਕਲ੍ ਦੀਆਂ ਜ਼ਨਾਨੀਆਂ ਸਿਰ, ਬਾਹਵਾਂ ਤੇ ਢਿਡ ਨੰਗੇ ਕਰਕੇ ਚੱਲਣ ਲੱਗ ਪਈਆਂ ਹਨ।

ਅਥਵਾ-ਆਲ+ਜੁ ਸੰਸਾਰੁ=ਸੰਸਾਰ ਰੂਪੀ ਜੋ ਆਲਾ=ਘਰ ਹੈ, ਵਾ ਆ+ਲਜੁ ਸੰਸਾਰੁ=ਆ=ਵਿਸ਼ੇਸ਼ ਕਰਕੇ ਲੱਜ ਵਾਂਗ ਬੰਧਨ ਰੂਪ ਸੰਸਾਰ ਤੋਂ ਤਰ ਗਏ ਹਨ।

('ਆਲਜੁ' ਦੇ ਤਿੰਨੇ ਅਰਥ ਸੰਪ੍ਰਦਾਈ ਹਨ)

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ, ਆਪ ਜੀ ਦੀ ਕਥਾ ਅਕੱਥ ਹੈ ਇਸ ਤੇ ਬਹੁਤੀਆਂ ਕਥਾਵਾਂ ਕਿਸ ਵਾਸਤੇ ਕਰਨੀਆਂ ਹਨ, ਕਿਉਂਕਿ ਭਾਵੇਂ ਕਿਤਨੀਆਂ ਵੀ ਕਥਾ ਕਰੀਏ ਤਾਂ ਭੀ ਆਪ ਦਾ ਅੰਤ ਨਹੀਂ ਆਉਂਦਾ।

ਯਥਾ:- ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ॥ ਪਾਰਬ੍ਰਹਮ ਕਾ ਕਰਹਿ ਵਖਿਆਣ॥
ਜੋਗੀ ਜਤੀ ਬੈਸਨੋ ਰਾਮਦਾਸ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥ ੨॥
ਕਰਣ ਪਲਾਹ ਕਰਹਿ ਸਿਵ ਦੇਵ ॥ ਤਿਲੁ ਨਹੀ ਬੂਝਹਿ ਅਲਖ ਅਭੇਵ॥''

(ਗੌਂਡ ਮਹਲਾ ੫, ਪੰਨਾ ੮੬੭)

ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥ ੩॥ ੧॥

ਹੇ ਅਕਾਲ ਪੁਰਖ ! ਜੈਸਾ ਤੂੰ ਹੈਂ, ਤੈਸਾ ਤੂਹੀਂ ਹੈਂ, ਤੇਰੇ ਵਰਗਾ ਹੋਰ ਕੋਈ ਨਹੀਂ ਇਸ ਵਾਸਤੇ ਆਪ ਜੀ ਨੂੰ ਮੈਂ ਜਿਹੜੀ ਉੱਪਮਾ ਦੇਣਾ ਕਰੀਏ॥ ੩॥ ੧॥

ਬਿਲਾਵਲੁ॥ ਜਿਹ ਕੁਲ ਸਾਧੁ ਬੈਸਨੌ ਹੋਇ॥

ਜਿਸ ਕੁਲ ਵਿਚ ਕੋਈ ਆਦਮੀ ਵਿਸ਼ਨੂੰ ਦਾ ਸਾਧੂ ਭਾਵ ਵਿਸ਼ਨੂੰ ਉਪਾਸ਼ਕ ਹੋ ਜਾਵੇ।

ਬਰਨ ਅਬਰਨ ਰੰਕੁ ਨਹੀ ਈਸੁਰੁ
ਬਿਮਲ ਬਾਸੁ ਜਾਨੀਐ ਜਗਿ ਸੋਇ॥ ੧॥ ਰਹਾਉ॥

ਚਾਹੇ ਉਹ ਚਾਰ ਵਰਨਾਂ ਵਿਚੋਂ ਹੋਵੇ, ਚਾਹੇ ਅਵਰਨਾਂ 'ਚੋਂ ਹੋਵੇ, ਉਹ ਰੰਕੁ=ਕੰਗਾਲ ਨਹੀਂ ਹੈ ਈਸ਼ਰ ਸਰੂਪ ਹੈ, ਉਸ ਦੀ ਸੰਸਾਰ ਵਿਚ ਬਿਮਲ=ਨਿਰਮਲ ਕੀਰਤੀ ਪੂਰੀ ਬਾਸੁ=ਵਾਸ਼ਨਾ ਜਾਣੀ ਜਾਂਦੀ ਹੈ॥ ੧॥

ਵਾ-ਚਾਹੇ ਓਹ ਅਵਰਨ ਵਿੱਚੋਂ ਹੈ ਤਾਂ ਭੀ ਉਸ ਦਾ ਸ੍ਰੇਸ਼ਟ ਵਰਨ ਜਾਣਿਆ ਜਾਂਦਾ ਹੈ।

ਬ੍ਰਹਮਨ ਬੈਸ ਸੂਦ ਅਰੁ ਖ੍ਰਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥

ਬ੍ਰਾਹਮਣ, ਵੈਸ=ਵੈਸ਼, ਸੂਦ=ਸ਼ੂਦਰ ਅਤੇ ਖੱਤਰੀ, ਡੋਮ=ਡੂਮ, ਚੰਡਾਲ ਤੇ ਚਾਹੇ ਮਲੇਛਾਂ ਦਾ ਵੀ ਮਨ=ਸ਼ਰੋਮਣੀ ਹੋਵੇ*।

ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥ ੧॥

(ਇਹ ਸਾਰੇ ਜ਼ਾਤੀਆਂ ਵਾਲੇ ਪੁਰਸ਼ ਭਾਵੇਂ ਉੱਚ ਹਨ ਤੇ ਚਾਹੇ ਨੀਚ ਹਨ) ਭਗਵਾਨ ਦੇ ਸਿਮਰਨ ਕਰਨ ਨਾਲ ਸਾਰੇ ਪੁਨੀਤ=ਪ੍ਰਵਿੱਤ੍ਰ ਹੋ ਜਾਂਦੇ ਹਨ। ਆਪਣੇ ਆਪ ਨੂੰ ਤਾਰ ਕੇ, ਨਾਨਕੇ ਦਾਦਕੇ ਰੂਪ ਦੋ ਕੁਲਾਂ ਨੂੰ ਵੀ ਤਾਰ ਦੇਂਦੇ ਹਨ॥ ੧॥

ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥

**ਪਹਿਲੀਆਂ ਚਾਰ ਜ਼ਾਤਾਂ ਵਰਨਾਂ ਵਿਚ ਹਨ, ਅਗਲੀਆਂ ਅਵਰਨਾਂ ਵਿਚ ਹਨ।*

ਨਾਮ ਜਪਣ ਵਾਲਾ ਗੁਰਮੁਖ ਜਿਥੇ ਰਹਿੰਦਾ ਹੈ, ਸੁ ਗਾਉ=ਉਹ ਪਿੰਡ ਧੰਨਤਾ ਜੋਗ ਹੈ, ਉਹ ਠਾਉ=ਥਾਂ ਵੀ ਧੰਨ ਹੈ। ਉਸ ਦਾ ਕੁਟੰਬ ਵੀ ਧੰਨਤਾ ਜੋਗ ਹੈ, ਉਹ ਹੋਰ ਵੀ ਸਭ ਲੋਕਾਂ ਨੂੰ ਪੁਨੀਤਾ=ਪਵਿੱਤਰ ਕਰ ਦੇਂਦਾ ਹੈ।

ਜਿਨਿ ਪੀਆ ਸਾਰ ਰਸੁ ਤਜੇ ਆਨ ਰਸ
ਹੋਇ ਰਸ ਮਗਨ ਡਾਰੇ ਬਿਖੁ ਖੋਇ॥ ੨॥

ਜਿਸ ਨੇ ਸਾਰ ਰਸੁ=ਸ੍ਰੇਸ਼ਟ ਆਤਮ-ਰਸ ਪੀਤਾ ਹੈ, ਉਸ ਨੇ ਆਨ ਰਸ=ਹੋਰ ਦੁਨਿਆਵੀ ਰਸ ਤਿਆਗ ਦਿੱਤੇ ਹਨ। ਨਾਮ-ਰਸ ਵਿਚ ਮਸਤ ਹੋ ਕੇ ਵਿਸ਼ਿਆਂ ਨੂੰ ਖੋਇ=ਨਾਸ ਕਰ ਸੁੱਟਿਆ ਹੈ॥ ੨॥

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥

ਚਾਹੇ ਕੋਈ ਬੜਾ ਵਿਦਵਾਨ ਪੰਡਿਤ ਹੈ, ਚਾਹੇ ਸੂਰ=ਸੂਰਬੀਰ ਹੈ, ਚਾਹੇ ਛਤ੍ਰਪਤੀ ਰਾਜਾ=ਚੱਕ੍ਰਵਰਤੀ ਬਾਦਸ਼ਾਹ ਹੈ, ਪਰ ਨਾਮ ਜਪਣ ਵਾਲੇ ਭਗਤ ਦੇ ਸਮਾਨ ਹੋਰ ਕੋਈ ਵੀ ਨਹੀਂ ਹੈ।

ਯਥਾ- ''.....ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ
ਜੇ ਤਿਸੁ ਮਨਹੁ ਨ ਵੀਸਰਹਿ॥ ੨੩ ॥'' *(ਜਪੁਜੀ ਸਾਹਿਬ, ਪੰਨਾ ੫)*

ਜੈਸੇ ਪੁਰੈਨ ਪਾਤ ਰਹੈ ਜਲ ਸਮੀਪ
ਭਨਿ ਰਵਿਦਾਸ ਜਨਮੇ ਜਗਿ ਓਇ॥ ੩॥ ੨॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਉਨ੍ਹਾਂ ਗੁਰਮੁਖਾਂ ਦਾ ਜਗਤ ਵਿਚ ਜੀਉਣਾ ਇਸ ਤਰ੍ਹਾਂ ਅਸੰਗ ਹੈ ਜਿਵੇਂ ਜਲ ਦੇ ਨੇੜੇ ਪੁਰੈਨ=ਚੁਪੱਤੀ, ਵਾ ਕੌਲ-ਫੁੱਲ ਦਾ ਪਾਤ=ਪੱਤਾ ਨਿਰਲੇਪ ਰਹਿੰਦਾ ਹੈ॥ ੩॥ ੨॥

ਯਥਾ- ''ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥'' *(ਪੰਨਾ ੯੩੮)*

ਤਥਾ:- ''ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥
ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥
ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ॥
ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥
ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ॥ ੨੨॥'' *(ਪੰਨਾ ੧੨੪੬)*

ਬਾਣੀ ਸਧਨੇ ਕੀ ਰਾਗੁ ਬਿਲਾਵਲੁ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸਿੰਧ ਹੈਦਰਾਬਾਦ ਦੇ ਇਲਾਕੇ ਇਕ 'ਸੇਹਵਨ' ਨਾਮੇ ਨਗਰ ਹੈ (ਜੋ ਰੋਹੜੀ ਜੰਕਸ਼ਨ ਤੋਂ ੧੪੨ ਮੀਲ ਪਰ ਹੈ।) ਉਥੋਂ ਦੇ ਰਹਿਣ ਵਾਲਾ ਸਧਨਾ ਸੀ, ਜੋ ਜ਼ਾਤੀ ਦਾ ਕਸਾਈ ਸੀ, ਮਾਸ ਵੇਚਣ ਦਾ ਕੰਮ ਕਰਦਾ ਸੀ।

ਕਰਤਾਰ ਦੀ ਕੁਦਰਤ ਐਸੀ ਹੋਈ ਕਿ ਉਸ ਨਗਰੀ ਵਿਚ ਇਕ ਅਮੀਰ ਆਦਮੀ ਬਹੁਤ ਬੀਮਾਰ ਹੋ ਗਿਆ। ਡਾਕਟਰਾਂ ਨੂੰ ਸੱਦਿਆ ਗਿਆ। ਉਨ੍ਹਾਂ ਨੇ ਕਿਹਾ-''ਇਹ ਤਾਂ ਰਾਜ਼ੀ ਹੋਵੇਗਾ ਜੇ ਇਸੀ ਵੇਲੇ ਇਸ ਨੂੰ

ਮਾਸ ਦੀ ਤਰੀ ਦਿੱਤੀ ਜਾਵੇ।'' ਸਾਰੇ ਸ਼ਹਿਰ ਵਿਚ ਆਦਮੀ ਫਿਰਿਆ, ਪਰੰਤੂ ਮਾਸ ਨਾ ਮਿਲਿਆ। ਆਖਰ ਸਧਨੇ ਦੀ ਦੁਕਾਨ ਪਰ ਆਇਆ, ਸਧਨੇ ਨੂੰ ਕਿਹਾ ''ਪਾਈਆ ਭਰ ਮਾਸ ਚਾਹੀਦਾ ਹੈ।'' ਸਧਨੇ ਆਖਿਆ-''ਹੁਣ ਤਾਂ ਮੁੱਕ ਗਿਆ ਹੈ। ਇਕ ਪਾ ਮਾਸ ਵਾਸਤੇ ਬੱਕਰੇ ਨੂੰ ਵੱਢਿਆ ਤਾਂ ਗਰਮੀ ਬਹੁਤ ਹੋਣ ਦੇ ਕਾਰਨ ਰਾਤ ਨੂੰ ਖ਼ਰਾਬ ਹੋ ਜਾਵੇਗਾ।''*

ਇਹ ਗੱਲ ਸੁਣ ਕੇ ਉਸ ਪੁਰਸ਼ ਨੇ ਕਿਹਾ-''ਇਕ ਆਦਮੀ ਬਹੁਤ ਬੀਮਾਰ ਹੈ, ਉਸ ਦੀ ਜਾਨ ਤਾਂ ਬਚਦੀ ਹੈ ਜੇ ਮਾਸ ਦੀ ਤਰੀ ਦਿੱਤੀ ਜਾਵੇ। ਜਿਵੇਂ ਹੋ ਸਕਦਾ ਹੈ ਤੂੰ ਪਰਉਪਕਾਰ ਕਰ।''

ਉਸ ਵੇਲੇ ਸਧਨਾ ਛੁਰੀ ਫੜ ਕੇ ਬੱਕਰੇ ਦੇ ਪਤਾਲੂ ਕੱਟਣ ਲੱਗਾ। ਇਹ ਵੇਖ ਕੇ ਬੱਕਰਾ ਨਾਲੇ ਹੱਸੇ ਨਾਲੇ ਰੋਵੇ। ਸਧਨਾ ਬੱਕਰੇ ਨੂੰ ਪੁੱਛਦਾ ਹੈ-''ਤੂੰ ਰੋਂਦਾ ਤਾਂ ਦਰਦ ਕਰਕੇ ਹੈਂ, ਪਰ ਹੱਸਦਾ ਕਿਉਂ ਹੈਂ ?''

ਬੱਕਰੇ ਨੇ ਕਿਹਾ-''ਹੱਸਦਾ ਇਸ ਵਾਸਤੇ ਹਾਂ ਕਿ ਅੱਜ ਤੂੰ ਨਵੀਂ ਭਾਜੀ ਚਾੜ੍ਹਨ ਲੱਗਾ ਹੈਂ। ਅੱਜ ਦਿਨ ਤਕ ਅੱਗੇ ਤੂੰ ਕਈ ਵਾਰ ਮੇਰੇ ਸਿਰ ਕੱਟੇ ਤੇ ਮੈਂ ਤੇਰੇ ਸਿਰ ਕੱਟੇ, ਪਰ ਪਤਾਲੂ ਕਿਸੇ ਨੇ ਨਹੀਂ ਸੀ ਕੱਟੇ।''

ਇਤਨੀ ਗੱਲ ਸੁਣ ਕੇ ਸਧਨੇ ਨੂੰ ਅੱਗੇ ਨਾਲੋਂ ਵਧੇਰੇ ਵੈਰਾਗ ਹੋ ਗਿਆ। ਦੁਕਾਨ ਤੇ ਘਰ-ਬਾਰ ਸਭ ਕੁਛ ਛੱਡ ਕੇ ਇਕਾਂਤ ਭਗਤੀ ਕਰਨ ਦਾ ਇਰਾਦਾ ਕਰ ਲਿਆ ਅਤੇ ਸਭ ਕੁਛ ਛੱਡ ਕੇ ਜੰਗਲ ਦਾ ਰਾਹ ਫੜ ਲਿਆ।

(ਕਈ ਆਖਦੇ ਹਨ-''ਜਗੰਨਾਥ ਵਲ ਤੁਰ ਪਿਆ।'') ਇਸ ਨੂੰ ਭਗਤੀ ਕਰਦਿਆਂ ਵੇਖ ਕੇ ਕਾਜ਼ੀ ਤੇ ਬ੍ਰਾਹਮਣ ਦੋਨੋਂ ਇਸ ਦੇ ਵੈਰੀ ਹੋ ਗਏ। ਕਾਜ਼ੀ ਇਸ ਗੱਲ ਤੇ ਅਫਸੋਸ ਕਰਨ ਕਿ ਇਹ ਮੁਸਲਮਾਨ ਸੀ ਤੇ ਕੰਮ ਹਿੰਦੂਆਂ ਵਾਲਾ ਕਰਨ ਲੱਗ ਪਿਆ ਹੈ, ਅਸਾਡੇ ਮਜ਼ਹਬ 'ਚੋਂ ਨਿਕਲ ਰਿਹਾ ਹੈ ਇਹ ਗੱਲ ਚੰਗੀ ਨਹੀਂ।

ਹਿੰਦੂ ਇਸ ਲਈ ਵੈਰੀ ਹੋ ਗਏ ਕਿ ਇਹ ਸਧਨਾ ਮੁਸਲਮਾਨ ਅਤੇ ਕਸਾਈ ਹੋ ਕੇ ਅਸਾਡੇ ਧਰਮ ਨਾਲ ਰਲ ਕੇ ਅਸਾਂ ਨੂੰ ਭ੍ਰਿਸ਼ਟ ਕਰਨਾ ਚਾਹੁੰਦਾ ਹੈ, ਇਸ ਲਈ ਇਹ ਦੰਡ ਦੇ ਲਾਇਕ ਹੈ, ਕਿਉਂ ਨਾ ਹੋਵੇ ਇਸ ਨੂੰ ਬਾਦਸ਼ਾਹੀ ਦੰਡ ਦਿਵਾਇਆ ਜਾਵੇ। ਉਨ੍ਹਾਂ ਦਿਨਾਂ ਵਿਚ ਬਾਦਸ਼ਾਹ ਅਲਾਹਾਬਾਦ ਕਿਲ੍ਹੇ ਦੀ ਕੰਧ ਉਸਾਰ ਰਿਹਾ ਸੀ, ਪਰ ਰਾਤ ਨੂੰ ਕੰਧ ਡਿੱਗ ਪੈਂਦੀ ਸੀ। ਕਈ ਵਾਰ ਐਸੇ ਚਾਣਸ ਹੋਣ ਪਰ ਬਾਦਸ਼ਾਹ ਨੇ ਕਾਜ਼ੀਆਂ ਤੋਂ ਪੁੱਛਿਆ-''ਇਹ ਕੰਧ ਕਿਵੇਂ ਉਸਰੇ ?'' ਕਾਜ਼ੀਆਂ ਤੇ ਬ੍ਰਾਹਮਣਾਂ ਨੇ ਕਿਹਾ-''ਸਧਨਾ ਨਾਮ ਹੋਵੇ, ਜ਼ਾਤੀ ਦਾ ਕਸਾਈ ਹੋਵੇ, ਜੇਕਰ ਉਹ ਇਸ ਕੰਧ ਵਿਚ ਚਿਣਿਆਂ ਜਾਵੇ ਤਾਂ ਕੰਧ ਉਸਰੇਗੀ।''

ਇਹ ਗੱਲ ਸੁਣ ਕੇ ਬਾਦਸ਼ਾਹ ਨੇ ਢੰਡੋਰਾ ਫਿਰਾ ਦਿੱਤਾ ਕਿ ਸਧਨੇ ਕਸਾਈ ਨੂੰ ਜੋ ਲੱਭ ਕੇ ਲਿਆਏਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ। ਦੁਸ਼ਮਣਾਂ ਨੇ ਸਧਨੇ ਨੂੰ ਫੜ ਕੇ ਬਾਦਸ਼ਾਹ ਦੇ ਸਾਹਮਣੇ ਪੇਸ਼ ਕਰ ਦਿੱਤਾ।

ਬਾਦਸ਼ਾਹ ਨੇ ਪੁੱਛਿਆ-''ਤੇਰਾ ਨਾਮ ਕੀ ਹੈ ਅਤੇ ਜ਼ਾਤੀ ਕਿਹੜੀ ਹੈ?''

ਸਧਨੇ ਆਖਿਆ-''ਮੇਰਾ ਨਾਮ ਸਧਨਾ ਹੈ, ਕਸਾਈ ਦਾ ਕੰਮ ਕਰਦਾ ਹਾਂ।'' ਇਹ ਸੁਣ ਕੇ ਦੂਜੇ ਦਿਨ ਬਾਦਸ਼ਾਹ ਨੇ ਕੰਧ ਵਿਚ ਚਿਣਨ ਦਾ ਹੁਕਮ ਦੇ ਦਿੱਤਾ। ਕਾਰੀਗਰਾਂ ਨੇ ਸਧਨੇ ਨੂੰ ਖੜਾ ਕਰਕੇ ਆਲੇ ਦੁਆਲੇ ਕੰਧ ਉਸਾਰਨੀ ਸ਼ੁਰੂ ਕਰ ਦਿੱਤੀ ।

ਉਸ ਵੇਲੇ ਸਧਨੇ ਨੇ ਪਰਮਾਤਮਾ ਅੱਗੇ ਇਸ ਸ਼ਬਦ ਦੁਆਰਾ ਪ੍ਰਾਰਥਨਾ ਕੀਤੀ-

---

*ਕਈ ਸੱਜਣ ਇਹ ਭੀ ਆਖਦੇ ਹਨ ਕਿ ਉਸ ਦਿਨ ਦਸਮੀ ਥਿੱਤ ਸੀ, ਸਧਨੇ ਨੇ ਕਿਹਾ, ''ਕਲ੍ਹ ਇਕਾਦਸ਼ੀ ਹੈ, ਕਲ੍ਹ ਨੂੰ ਤਾਂ ਮਾਸ ਵਿਕਣਾ ਨਹੀਂ ਤੇ ਪਰਸੋਂ ਤੱਕ ਬੱਕਰਾ ਵੱਢਿਆ ਹੋਇਆ ਖਰਾਬ ਹੋ ਜਾਵੇਗਾ।''

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥

ਰਾਜੇ ਦੀ ਲੜਕੀ ਨਾਲ ਵਿਆਹ ਕਰਨ ਵਾਸਤੇ ਇਕ ਤਰਖਾਣ ਦਾ ਪੁੱਤਰ ਵਿਸ਼ਨੂੰ ਦਾ ਭੇਖਧਾਰੀ ਹੋ ਗਿਆ।

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥ ੧॥

ਇਕ ਤਾਂ ਉਹ ਕਾਮਾਰਥੀ=ਕਾਮ ਦੇ ਅਰਥ ਵਾਲਾ ਸੀ। ਦੂਜਾ ਸੁਆਰਥੀ=ਨਿਜ ਪ੍ਰਯੋਜਨੀ, ਭਾਵ ਆਪਣਾ ਮਤਲਬੀ ਸੀ। ਵਾ ਕੀ=ਉਸ ਦੀ ਪੈਜ ਹੈ ਪ੍ਰਭੂ ! ਆਪ ਜੀ ਨੇ ਸਵਾਰਨਾ ਕੀਤੀ ਹੈ॥ ੧॥

ਸਾਖੀ-ਤਰਖਾਣ ਦੇ ਪੁੱਤਰ ਦੀ

ਇਕ ਰਾਜਾ ਸੀ, ਉਸ ਦੀ ਰਾਜ ਲੜਕੀ ਬੜੇ ਸੁੰਦਰ ਸਰੂਪ ਵਾਲੀ ਸੀ। ਪਿਛਲੇ ਸੰਸਕਾਰਾਂ ਅਨੁਸਾਰ ਇਸ ਦੀ ਇਸ ਜਨਮ ਵਿਚ ਪਰਮੇਸ਼ਰ ਦੇ ਪਾਸੇ ਬੜੀ ਰੁਚੀ ਸੀ। ਛੋਟੀ ਉਮਰ ਵਿਚ ਹੀ ਇਹ ਧਾਰਮਕ ਪੁਸਤਕਾਂ ਪੜ੍ਹਦੀ ਹੁੰਦੀ ਸੀ। ਉਨ੍ਹਾਂ ਪੁਸਤਕਾਂ ਦੁਆਰੇ ਹੀ ਇਸ ਨੂੰ ਵਿਸ਼ਨੂੰ ਭਗਵਾਨ ਜੀ ਦੇ ਗੁਣਾਂ ਦਾ ਸਾਰਾ ਗਿਆਨ ਪ੍ਰਾਪਤ ਹੋ ਗਿਆ ਕਿ ਵਿਸ਼ਨੂੰ ਭਗਵਾਨ ਜੀ ਦੀਆਂ ਚਾਰ ਭੁਜਾਂ ਹਨ, ਉਨ੍ਹਾਂ ਹੱਥਾਂ ਵਿਚ ਚਾਰੇ ਹੀ ਸ਼ਸਤ੍ਰ 'ਸੰਖ, ਚੱਕ੍ਰ, ਗਦਾ, ਪਦਮ' ਫੜੇ ਹੋਏ ਹਨ, ਬੜੇ ਸੁੰਦਰ ਸਰੂਪ ਵਾਲੇ ਅਤੇ ਅਮਿਤ ਸ਼ਕਤੀਆਂ ਦੇ ਮਾਲਕ ਹਨ। ਆਪਦੇ ਭਗਤਾਂ ਦੀ ਰੱਖਿਆ ਵਾਸਤੇ ਲੋੜ ਅਨੁਸਾਰ ਹਰ ਜੁਗਾਂ ਵਿਚ ਅਵਤਾਰ ਧਾਰ ਕੇ ਆਉਂਦੇ ਹਨ।

ਸਤਿਜੁਗ ਵਿਖੇ ਧ੍ਰੂ ਪ੍ਰਹਿਲਾਦ ਦੇ ਪ੍ਰੇਮ ਨੂੰ ਵੇਖ ਕੇ ਪ੍ਰਤੱਖ ਦਰਸ਼ਨ ਦਿੱਤਾ।

ਤ੍ਰੇਤੇ ਜੁਗ ਵਿਚ ਭੀਲਣੀ ਦੇ ਜੂਠੇ ਬੇਰ ਖਾਧੇ।

ਦੁਆਪਰ ਜੁਗ ਵਿਖੇ ਸੁਦਾਮੇ ਦੇ ਦਲਿੱਦਰ ਨੂੰ ਦੂਰ ਕੀਤਾ ਤੇ ਬਿਦਰ ਦੀ ਛੱਪਰੀ ਵਿਚ ਚਰਨ ਪਾ ਕੇ ਭਾਗ ਲਗਾਇਆ।

ਏਸੇ ਤਰ੍ਹਾਂ ਕਲਜੁਗ ਵਿਚ ਭੀ ਕਬੀਰ, ਰਵਿਦਾਸ, ਨਾਮਦੇਵ, ਧੰਨੇ ਅਦਿਕਾਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੇ ਕੰਮ ਸਵਾਰਨਾ ਕੀਤੇ।

ਜਦ ਇਸ ਪ੍ਰਕਾਰ ਦੇ ਗੁਣ ਵਗੈਰਾ ਵਿਸ਼ਨੂੰ ਭਗਵਾਨ ਦੇ ਪੜ੍ਹੇ ਤਾਂ ਰਾਜ-ਲੜਕੀ ਦੇ ਮਨ ਵਿਚ ਬਹੁਤ ਸਾਰੀ ਰੁਚੀ ਵਧਦੀ ਗਈ। ਸਮਾਂ ਬੀਤਦਿਆਂ ਦੇਰ ਨਹੀਂ ਲਗਦੀ। ਜਦ ਬਾਲਕ ਅਵਸਥਾ ਲੰਘ ਗਈ ਤੇ ਸਰੀਰ ਪਰ ਜੋਬਨ ਆਇਆ ਤਾਂ ਪਿਤਾ ਨੇ ਆਪਣੀ ਪਟਰਾਣੀ ਨਾਲ ਰਾਜ ਪੁਤਰੀ ਦੇ ਵਿਆਹੁਣ ਵਾਸਤੇ ਘਰ ਵਿਚ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਇਕ ਦਿਨ ਇਸਨੇ ਆਪਣੀ ਮਾਤਾ ਪਾਸੋਂ ਆਪਣੀ ਸ਼ਾਦੀ ਬਾਰੇ ਸੁਣ ਕੇ ਕਿਹਾ-''ਹੇ ਮਾਤਾ! ਮੈਂ ਤਾਂ ਵਿਸ਼ਨੂੰ ਭਗਵਾਨ ਜੀ ਨਾਲ ਵਿਆਹ ਕਰਨ ਦਾ ਪ੍ਰਣ ਕਰ ਚੁਕੀ ਹਾਂ, ਇਸ ਵਾਸਤੇ ਮੇਰੇ ਲਈ ਕਿਸੇ ਹੋਰ ਰਾਜ ਕੁਮਾਰ ਨੂੰ ਢੂੰਡਣ ਦੀ ਖੇਚਲ ਨਾ ਕਰਨੀ।''

ਬੱਚੀ ਪਾਸੋਂ ਇਹ ਗੱਲ ਸੁਣ ਪਟਰਾਣੀ ਨੇ ਆਪਣੇ ਪਤੀ (ਰਾਜੇ) ਪਾਸ ਸਾਰੀ ਗੱਲ ਕਹੀ ਕਿ ਤੇਰੀ ਪੁੱਤਰੀ ਤਾਂ ਵਿਸ਼ਨੂੰ ਜੀ ਨਾਲ ਵਿਆਹ ਕਰਨ ਦਾ ਪ੍ਰਣ ਕਰ ਚੁਕੀ ਹੈ।

ਤਦ ਰਾਜੇ ਨੇ ਆਪਣੀ ਲੜਕੀ ਨੂੰ ਬਹੁਤ ਸਮਝਾਇਆ ਕਿ ਇਹ ਹੱਠ ਤੂੰ ਛਡ ਦੇ ਤੈਨੂੰ ਬੜੇ ਸੋਹਣੇ ਰਾਜ ਕੁਮਾਰ ਨਾਲ ਵਿਆਵਾਂਗਾ।

ਪਿਤਾ ਜੀ ਦੇ ਇਹ ਬਚਨ ਸੁਣ ਕੇ ਇਸ ਦੇ ਮਨ ਵਿਚ ਕੋਈ ਅਸਰ ਨਾ ਹੋਇਆ। ਦਿਨ-ਬ-ਦਿਨ ਮਨ ਵਿਚ ਵੈਰਾਗ ਵਧਦਾ ਗਿਆ। ਖਾਣਾ ਪੀਣਾ, ਬੋਲਣਾ ਚਾਲਣਾ ਘਟ ਕਰ ਦਿੱਤਾ। ਇਸ ਤਰ੍ਹਾਂ ਦੀ ਹਾਲਤ ਦੇਖਕੇ ਰਾਜੇ ਨੇ ਉਸ ਦੇ ਲਈ ਵੱਖਰਾ ਮੰਦਰ ਬਾਗ਼ ਵਿਚ ਪੁਆ ਦਿੱਤਾ। ਉਸੇ ਬਾਗ਼ ਅੰਦਰ ਹੀ ਵਿਸ਼ਨੂੰ ਭਗਵਾਨ ਜੀ ਦੀ ਪੂਜਾ ਵਾਸਤੇ ਇਕ ਵੱਖਰੀ ਜਗ੍ਹਾ ਬਨਾਉਣ ਵਾਸਤੇ ਇਕ ਕਾਰੀਗਰ ਨੂੰ ਸੱਦਿਆ। ਉਸਨੇ ਰਾਜ ਪੁੱਤਰੀ ਦੇ ਕਹੇ ਅਨੁਸਾਰ ਵਿਸ਼ਨ-ਮੰਦਰ ਦੀ ਉਸਾਰੀ ਸ਼ੁਰੂ ਕਰ ਦਿੱਤੀ ਅਤੇ ਆਪਣੇ ਪੁੱਤਰ ਨੂੰ ਭੀ ਮੱਦਦ ਵਾਸਤੇ ਨਾਲ ਲਿਆਇਆ ਕਰੇ। ਜਦ ਕੰਮ ਕਰਦਿਆਂ ਕਰਦਿਆਂ ਕਈ ਦਿਨ ਹੋ ਗਏ ਤਾਂ ਤਰਖਾਣ ਦੇ ਪੁੱਤਰ ਦੀ ਨਿਗਾਹ ਰਾਜ-ਕੰਨਿਆਂ ਪਰ ਪੈ ਗਈ ਉਸ ਦੇ ਸੁੰਦਰ ਸਰੂਪ ਨੂੰ ਦੇਖਕੇ ਭੌਰੇ ਵਾਂਗ ਆਸ਼ਕ ਹੋ ਗਿਆ।

ਪਿਤਾ ਨਾਲ ਰੋਜ਼ ਆਇਆ ਕਰੇ, ਪਰ ਕੰਮ ਵਿਚ ਰੁਚੀ ਨਾ ਦੇਵੇ। ਬਸ ਆਉਂਦੀ ਜਾਂਦੀ ਰਾਜ-ਕੁਮਾਰੀ ਵੱਲ ਹੀ ਤੱਕੀ ਜਾਇਆ ਕਰੇ। ਪਿਤਾ ਬਥੇਰਾ ਸਮਝਾਵੇ ਕਿ ਪੁੱਤਰ ਕੰਮ ਵਿਚ ਧਿਆਨ ਦਿੱਤਾ ਕਰ, ਉਰੇ ਪਰੇ ਨਾ ਦੇਖਿਆ ਕਰ, ਪਰ ਉਸ ਦੀ ਲਗਨ ਤਾਂ ਉਸ ਰਾਜਕੁਮਾਰੀ ਦੇ ਦੇਖਣ ਵਿਚ ਹੀ ਲੱਗੀ ਰਿਹਾ ਕਰੇ। ਜਦ ਕਈ ਦਿਨ ਲੰਘ ਗਏ ਤਾਂ ਇਕ ਦਿਨ ਉਸ ਦੇ ਪਿਤਾ ਨੇ ਬੜੇ ਪਿਆਰ ਨਾਲ ਸਮਝਾਇਆ ਕਿ ਕਾਕਾ! ਆਪਾਂ ਕਿਰਤੀ ਲੋਕ ਹਾਂ, ਇਸ ਤਰ੍ਹਾਂ ਵੇਹਲੇ ਬੈਠਿਆਂ ਝਟ ਨਹੀਂ ਲੰਘਦਾ, ਤੂੰ ਸਦਾ ਹੀ ਉਸ ਰਾਜ-ਪੁੱਤਰੀ ਵਲ ਤੱਕਦਾ ਰਹਿੰਦਾ ਹੈਂ। ਜੇ ਕਹੇਂ ਤਾਂ ਤੇਰੀ ਸ਼ਾਦੀ ਕਰ ਦੇਂਦਾ ਹਾਂ।

ਇਹ ਗੱਲ ਸੁਣਕੇ ਉਸ ਨੇ ਕਿਹਾ-"ਪਿਤਾ ਜੀ! ਮੈਂ ਹੋਰ ਕਿਸੇ ਲੜਕੀ ਨਾਲ ਸ਼ਾਦੀ ਨਹੀਂ ਕਰਵਾਉਣੀ, ਜੇ ਕਰਵਾਉਣੀ ਹੈ ਤਾਂ ਇਸ ਰਾਜ-ਪੁੱਤਰੀ ਨਾਲ ਹੀ ਕਰਵਾਉਣੀ ਹੈ"।

ਇਹ ਗੱਲ ਸੁਣਕੇ ਉਸ ਤਰਖਾਣ ਨੇ ਕਿਹਾ ਕਿ ਪੁੱਤਰ ਆਪਾਂ ਗਰੀਬ ਲੋਕ ਹਾਂ ਇਹ ਰਿਆਸਤਾਂ ਦੇ ਮਾਲਕ ਬਾਦਸ਼ਾਹ ! ਆਪਣਾ ਇਸ ਨਾਲ ਸਬੰਧ ਕਿਵੇਂ ਹੋ ਸਕਦਾ ਹੈ? ਪਰ ਉਸ ਲੜਕੇ ਦੇ ਮਨ ਪੁਰ ਕੋਈ ਅਸਰ ਨਾ ਹੋਇਆ।

ਇਸ ਤਰ੍ਹਾਂ ਮੰਦਰ ਵਿਚ ਰੋਜ਼ਾਨਾ ਆਉਣ ਜਾਣ ਦੇ ਕਾਰਨ ਉਸ ਲੜਕੇ ਨੂੰ ਇਹ ਭੀ ਪਤਾ ਲਗ ਗਿਆ ਕਿ ਇਸ ਰਾਜ-ਕੰਨਿਆਂ ਨੇ ਇਹ ਪ੍ਰਣ ਕੀਤਾ ਹੋਇਆ ਹੈ ਕਿ ਮੈਂ ਸ਼ਾਦੀ ਕਰਾਉਣੀ ਹੈ ਤਾਂ ਚਤੁਰਭੁਜ ਵਿਸ਼ਨੂੰ ਮਹਾਰਾਜ ਨਾਲ ਹੀ ਕਰਾਉਣੀ ਹੈ, ਹੋਰ ਕਿਸੇ ਨਾਲ ਨਹੀਂ। ਇਹ ਗੱਲ ਸੁਣਕੇ ਉਹ ਤਰਖਾਣ ਦਾ ਪੁੱਤਰ ਉਦਾਸ ਹੋ ਗਿਆ, ਪਰ ਹੌਂਸਲਾ ਨਾ ਛਡਿਆ।

ਤਰਖਾਣ ਦੇ ਪੁੱਤਰ ਦੀ ਇਕ ਸੁਨਿਆਰੇ ਨਾਲ ਬੜੀ ਮਿੱਤ੍ਰਤਾ ਸੀ, ਉਸ ਨੇ ਸਾਰੀ ਗੱਲ ਉਸ ਦੇ ਪਾਸ ਦਸ ਦਿੱਤੀ, ਕਿਉਂਕਿ ਇਸ ਦੇ ਚਿਹਰੇ ਦੀ ਉਦਾਸੀ ਨੂੰ ਦੇਖਕੇ ਉਸ ਨੇ ਪੁੱਛਿਆ ਕਿ ਕੀ ਸਰੀਰ ਨੂੰ ਕੋਈ ਬੀਮਾਰੀ ਲਗ ਗਈ ਏ ਤੂੰ ਵਿਚੇ ਵਿਚ ਹੀ ਸੁਕਦਾ ਜਾਂਦਾ ਹੈਂ?

ਇਸਨੇ ਕਿਹਾ-"ਹੇ ਮਿਤਰ ! ਮੈਂ ਆਪਣਾ ਮਨ ਰਾਜਕੁਮਾਰੀ ਦੀ ਸੁੰਦਰਤਾ ਤੇ ਲੁਟਾ ਬੈਠਾ ਹਾਂ, ਪਰ ਉਸ ਦਾ ਪ੍ਰਣ ਵਿਸ਼ਨੂੰ ਭਗਵਾਨ ਨਾਲ ਸ਼ਾਦੀ ਕਰਵਾਉਣ ਦਾ ਹੈ। ਤੂੰ ਹੁਣ ਕੋਈ ਉਪਾਅ ਦਸ?

ਇਹ ਸੁਨਿਆਰਾ ਬੜਾ ਸਿਆਣਾ ਤੇ ਪੜ੍ਹਿਆ ਲਿਖਿਆ ਸੀ, ਕਹਿਣ ਲੱਗਾ "ਇਹ ਵੀ ਕੋਈ ਵੱਡੀ ਗੱਲ ਹੈ। ਵਿਸ਼ਨੂੰ ਦੀਆਂ ਚਾਰ ਬਾਹਾਂ ਤੇ ਗਰੜ ਦੀ ਸਵਾਰੀ ਹੈ, ਤੂੰ ਉਹੋ ਜਿਹਾ ਬਣ ਕੇ ਉਸਦੇ ਪਾਸ ਚਲਾ ਜਾਹ। ਲਕੜੀ ਦਾ ਗਰੜ ਤੂੰ ਬਣਾ, ਵਿਚ ਕਲਾ ਮੈਂ ਪਾ ਦੇਵਾਂਗਾ ਤੇ ਬਣਾਵਟੀ ਲਕੜ ਦੀਆਂ ਬਾਹਵਾਂ ਹੋਰ ਲਗਾ ਲੈ, ਬਸ ਤੇਰਾ ਕੰਮ ਬਣ ਜਾਵੇਗਾ।"

ਇਨ੍ਹਾਂ ਦੋਹਾਂ ਨੇ ਇਸ ਤਰ੍ਹਾਂ ਦੀ ਸਲਾਹ ਕਰਕੇ ਲਕੜ ਦਾ ਗਰੜ ਤਿਆਰ ਕਰ ਲਿਆ ਅਤੇ ਦੋ ਬਣਾਵਟੀ ਬਾਹਵਾਂ ਲਗਾ ਕੇ ਤਰਖਾਣ ਦਾ ਪੁੱਤਰ ਰਾਤ ਨੂੰ ਰਾਜ-ਕੰਨਿਆਂ ਦੇ ਮਹਿਲਾਂ ਪਰ ਪਹੁੰਚ ਗਿਆ। ਅਗੇ ਉਹ ਬੈਠੀ ਵਿਸ਼ਨੂੰ ਭਗਵਾਨ ਦੀ ਪੂਜਾ ਕਰ ਰਹੀ ਸੀ। ਜਦ ਗਰੜ ਦੀ ਸਵਾਰੀ ਤੇ ਚਤੁਰਭੁਜ ਮੂਰਤੀ ਤਕੀ ਤਾਂ ਦੌੜ ਕੇ ਰਾਜ ਕੁਮਾਰੀ ਨੇ ਨਮਸ਼ਕਾਰ ਕੀਤੀ।

ਅਸ਼ੀਰਵਾਦ ਦੇ ਕੇ ਕਿਹਾ, ਕਿ ਮੈਂ ਤੇਰਾ ਪਰੇਮ ਦੇਖ ਕੇ ਸਿਰਫ ਪ੍ਰਣ ਪੂਰਾ ਕਰਨ ਵਾਸਤੇ ਹੀ ਚਤੁਰਭੁਜੀ ਰੂਪ ਵਿਚ ਆਇਆ ਹਾਂ, ਅਗੇ ਵਾਸਤੇ ਦੋ ਭੁਜਾਂ ਵਾਲੇ ਸਰੂਪ ਵਿਖੇ ਤੈਨੂੰ ਦਰਸ਼ਨ ਹੋਇਆ ਕਰੇਗਾ, ਇਸ ਗਲ ਦਾ ਨਿਸਚਾ ਤੂੰ ਹੁਣ ਕਰ ਲੈ।

ਰਾਜ ਕੰਨਿਆਂ ਨੇ ਪ੍ਰਸੰਨ ਹੋ ਕੇ ਆਪਣੇ ਪਿਤਾ ਨੂੰ ਸਾਰੀ ਵਾਰਤਾ ਦਸੀ ਕਿ ਹੇ ਪਿਤਾ ਜੀ! ਅਜ ਮੇਰੀ ਭਗਤੀ ਨੂੰ ਫਲ ਲਗਾ ਹੈ, ਚਤੁਰਭੁਜੀ ਵਿਸ਼ਨੂੰ ਮਹਾਰਾਜ ਦੇ ਦਰਸ਼ਨ ਹੋਏ ਹਨ। ਇਹ ਗੱਲ ਸੁਣ ਕੇ ਰਾਜਾ ਵੀ ਆਪਣੀ ਰਾਣੀ ਅਤੇ ਹੋਰ ਦਾਸ ਦਾਸੀਆਂ ਸਮੇਤ ਦਰਸ਼ਨ ਕਰਨ ਵਾਸਤੇ ਆਇਆ। ਦੇਖ ਕੇ ਨਿਸਚਾ ਕਰ ਲੀਤਾ ਅਤੇ ਰਾਜ ਕੰਨਿਆਂ ਦੇ ਕਹਿਣ ਅਨੁਸਾਰ ਵਿਆਹ ਦਾ ਦਿਨ ਨਿਸਚਿਤ ਹੋ ਗਿਆ, ਉਸ ਵੇਲੇ ਉਹ ਤਰਖਾਣ ਦਾ ਪੁੱਤਰ (ਬਨਾਉਟੀ ਵਿਸ਼ਨੂੰ) ਚਲਾ ਗਿਆ। ਵਿਆਹ ਵਾਲੇ ਦਿਨ ਆਇਆ ਅਤੇ ਰਾਜ-ਪੁੱਤਰੀ ਨਾਲ ਸ਼ਾਦੀ ਕਰ ਲਈ। ਮਨ ਦੀ ਇੱਛਾ ਪੂਰੀ ਹੋ ਗਈ ਅਤੇ ਉਸ ਦੇ ਪਾਸ ਹੀ ਬਣਾਏ ਹੋਏ ਵਖਰੇ ਮਹਿਲ ਵਿਚ ਰਹਿਣ ਲਗ ਪਿਆ। ਏਧਰੋਂ ਰਾਜੇ ਨੇ ਵਿਚਾਰਿਆ, 'ਜਦ ਮੇਰਾ ਜਵਾਈ ਤ੍ਰਿਲੋਕੀ ਦਾ ਮਾਲਕ ਵਿਸ਼ਨੂੰ ਭਗਵਾਨ ਬਣ ਗਿਆ ਹੈ ਤਾਂ ਹੁਣ ਮੈਨੂੰ ਕਿਸ ਦਾ ਭੈ ਹੈ। ਫੌਜਾਂ ਨੂੰ ਵਾਧੂ ਤਨਖਾਹ ਦੇਣ ਦਾ ਕੀ ਲਾਭ?'

ਇਹ ਗੱਲ ਵਿਚਾਰ ਕੇ ਸਾਰੀ ਫੌਜ ਹਟਾ ਦਿਤੀ। ਇਸ ਗੱਲ ਦਾ ਇਕ ਹੋਰ ਰਾਜੇ ਨੂੰ ਵੀ ਪਤਾ ਲਗ ਗਿਆ ਕਿ ਇਸ ਨੇ ਫੌਜਾਂ ਨੂੰ ਛੁੱਟੀ ਦੇ ਦਿਤੀ ਹੈ ਤਾਂ ਉਹ ਚੜ੍ਹਾਈ ਕਰਕੇ ਆ ਗਿਆ। ਸ਼ਹਿਰ ਨੂੰ ਘੇਰਾ ਪਾ ਕੇ ਇਸ ਵਲ ਚਿਠੀ ਲਿਖੀ ਕਿ ਜਾਂ ਮੇਰੀ ਈਨ ਮੰਨ ਜਾਂ ਜੰਗ ਵਾਸਤੇ ਤਿਆਰ ਹੋ ਜਾਹ।

ਇਹ ਗੱਲ ਸੁਣ ਕੇ ਰਾਜਾ ਆਪਣੇ ਜਵਾਈ ਪਾਸ ਆਇਆ ਤੇ ਬੇਨਤੀ ਕੀਤੀ ਕਿ ਆਪ ਮੇਰੀ ਸਹਾਇਤਾ ਕਰੋ। ਗਨੀਮ ਰਾਜੇ ਨੇ ਮੇਰੇ ਉੱਪਰ ਚੜ੍ਹਾਈ ਕਰ ਦਿੱਤੀ ਹੈ।

ਇਹ ਗੱਲ ਸੁਣ ਕੇ ਬਨਾਉਟੀ ਵਿਸ਼ਨੂੰ ਨੇ ਕਿਹਾ-'ਆਪ ਕੋਈ ਚਿੰਤਾ ਨਾ ਕਰੋ ਮੈਂ ਤੁਹਾਡੀ ਪੂਰੀ ਪੂਰੀ ਸਹਾਇਤਾ ਕਰਾਂਗਾ।' ਰਾਜੇ ਨੂੰ ਮਹਿਲਾਂ ਵਿਖੇ ਭੇਜ ਕੇ ਆਪ ਵਿਸ਼ਨੂੰ ਦੀ ਭਗਤੀ ਵਿਖੇ ਲੀਨ ਹੋ ਗਿਆ। ਜਿਤਨਾ ਚਿੰਤਾ ਤੇ ਭੈ ਦੇ ਸਮੇਂ ਆਦਮੀ ਦਾ ਮਨ ਭਜਨ ਵਿਖੇ ਲੱਗਦਾ ਹੈ ਉਤਨਾ ਸੁਖ ਤੇ ਨਿਰਭੈਤਾ ਸਮੇਂ ਨਹੀਂ ਲਗਦਾ, ਇਸੇ ਵਾਸਤੇ ਹੀ ਕਬੀਰ ਜੀ ਨੇ ਫੁਰਮਾਇਆ ਹੈ-

"ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥"

ਮਨ ਦੀ ਇਕਾਗਰਤਾ ਵਿਖੇ ਪਰਮੇਸ਼ਰ ਦੀ ਪ੍ਰਸੰਨਤਾ ਛੇਤੀ ਹੁੰਦੀ ਹੈ।

ਯਥਾ- "ਏਕ ਚਿੱਤ ਜਿਹ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥ ੧੦॥

(ਦਸਮ ਗ੍ਰੰਥ, ਪੰਨਾ ੧੧)

ਜਦ ਉਸ ਨੇ ਭੈ ਦੇ ਸਹਿਤ ਨਿੰਮਰਤਾ ਨਾਲ ਵਿਸ਼ਨੂੰ ਭਗਵਾਨ ਅੱਗੇ ਪ੍ਰਾਰਥਨਾ ਕੀਤੀ ਕਿ ਮੈਂ ਤੁਹਾਡਾ ਭੇਖ ਧਾਰਨਾ ਕੀਤਾ ਹੈ ਆਪ ਮੇਰੀ ਲਾਜ ਰੱਖੋ। ਆਪ ਦਾ ਬਿਰਦ ਗਰੀਬ ਨਿਵਾਜ਼ ਤੇ ਪਤਿਤ ਪਾਵਨ ਹੈ।

ਯਥਾ- 'ਜਉ ਹਮ ਅਧਮ ਕਰਮ ਕਰਿਕੈ ਪਤਿਤ ਭਏ, ਪਤਿਤ ਪਾਵਨ ਪ੍ਰਭੁ ਨਾਮ ਪ੍ਰਗਟਾਇਓ ਹੈ।

ਜਉ ਭਏ ਦੁਖਿਤ ਅਰੁ ਦੀਨ ਪਰਚੀਨ ਲਗਿ, ਦੀਨ ਦੁਖ ਭੰਜਨ ਬਿਰਦ ਬਿਰਦਾਇਓ ਹੈ॥
ਜਉ ਗ੍ਰਸੇ ਅਰਕਸੁਤ ਨਰਕ ਨਿਵਾਸੀ ਭਏ, ਨਰਕ ਨਿਵਾਰਨ ਜਗਤ ਜਸੁ ਗਾਇਓ ਹੈ॥
ਗੁਨ ਕੀਏ ਗੁਨ ਸਭ ਕੋਊ ਕਰੇ ਕ੍ਰਿਪਾ ਨਿਧਾਨ,
ਅਵਰੁਨ ਕੀਏ ਗੁਨ ਤੋਹੀ ਬਨਿਆਇਓ ਹੈ॥ ੫੦੪॥ *(ਕਬਿੱਤ ਭਾਈ ਗੁਰਦਾਸ ਜੀ)*

ਇਸ ਤਰ੍ਹਾਂ ਦੀਆਂ ਬੇਨਤੀਆਂ ਸੁਣ ਕੇ ਵਿਸ਼ਨੂੰ ਭਗਵਾਨ ਜੀ ਪ੍ਰਸੰਨ ਹੋ ਗਏ। ਅਤੇ ਵਿਚਾਰ ਕੀਤੀ ਕਿ ਇਸ ਨੇ ਮੇਰਾ ਭੇਖ ਧਾਰਨ ਕੀਤਾ ਹੈ। ਜੇ ਹੁਣ ਰਾਜੇ ਦੀ ਹਾਰ ਹੋ ਗਈ ਤਾਂ ਇਸ ਦਾ ਕਿਸੇ ਨੇ ਨਾਮ ਨਹੀਂ ਲੈਣਾ, ਸਭ ਕਹਿਣਗੇ ਬੜੇ ਬਲ ਵਾਲੇ ਰਾਕਸ਼ਾਂ ਨੂੰ ਜਿੱਤਣ ਵਾਲਾ ਵਿਸ਼ਨੂੰ ਭਗਵਾਨ ਅੱਜ ਮਾਮੂਲੀ ਰਾਜੇ ਪਾਸੋਂ ਹਾਰ ਗਿਆ ਹੈ।

ਇਹ ਗੱਲ ਸੋਚ ਕੇ ਅਕਾਸ਼ ਬਾਣੀ ਦੁਆਰਾ ਕਿਹਾ-'ਤੂੰ ਕੋਈ ਚਿੰਤਾ ਨਾ ਕਰ ਹੌਂਸਲਾ ਰਖ, ਤੂੰ ਮੇਰਾ ਭੇਖ ਧਾਰਨ ਕੀਤਾ ਹੈ, ਇਸ ਤੇ ਮੈਂ ਤੇਰੀ ਆਪ ਹੀ ਆ ਕੇ ਲਾਜ ਰੱਖਾਂਗਾ। ਸੋ ਆਪਣੀ ਸ਼ਕਤੀ ਤਰਖਾਣ ਪੁੱਤਰ ਵਿਚ ਪਾ ਕੇ ਭਗਤ ਦੀ ਸ਼ਕਤੀ ਬਨਾਉਟੀ ਗਰੜ ਵਿਚ ਰਖ ਕੇ ਮੈਦਾਨਿ-ਜੰਗ ਵਿਚ ਉਸ ਰਾਜੇ ਨਾਲ ਮੁਕਾਬਲਾ ਕਰਕੇ ਉਸ ਨੂੰ ਜਿੱਤ ਕੇ ਉਸ ਰਾਜੇ ਦੇ ਅਧੀਨ ਕਰ ਦਿੱਤਾ, ਜਿਸ ਤੇ ਉਸ ਚੜ੍ਹਾਈ ਕਰਕੇ ਆਇਆ ਸੀ।

ਉਹ ਗੱਲ ਸਧਨਾ ਜੀ ਕਥਨ ਕਰਦੇ ਹਨ ਕਿ ਮਹਾਰਾਜ ! ਆਪ ਜੀ ਨੇ ਉਸ ਕਾਮੀ ਤੇ ਭੇਖਧਾਰੀ ਦੀ ਜਿਵੇਂ ਲਾਜ ਰੱਖੀ ਹੈ, ਮੈਂ ਵੀ ਤੁਹਾਡੇ ਭਗਤਾਂ ਦਾ ਭੇਖ ਧਾਰਨ ਕੀਤਾ ਹੈ। ਮੈਂ ਕੋਈ ਨਿਜ ਪ੍ਰਯੋਜਨੀ ਤੇ ਕਾਮੀ ਨਹੀਂ ਹਾਂ। ਇਸ ਤੇ ਆਪ ਜ਼ਰੂਰ-ਬਰ-ਜ਼ਰੂਰ ਮੇਰੀ ਵੀ ਲਾਜ ਰੱਖਣਾ ਕਰੋ।

ਇਸ ਗੱਲ ਨੂੰ ਕਵੀ ਸੰਤੋਖ ਸਿੰਘ ਜੀ ਨੇ ਵੀ ਦੂਜੀ ਰੁਤ ਦੇ ਅਖੀਰ ਤੇ ਕਥਨ ਕੀਤਾ ਹੈ-

ਕਬਿੱਤ- ਸੀਰ ਨਾ ਸੁਸੰਗ ਮੈਂ, ਕੁਸੰਗ ਮੈਂ ਸੰਤੋਖ ਸਿੰਘ; ਰਮਜੋ ਨਿਜ ਪਾਪਨਿ ਮੋ ਮਿਲਜੋ ਕਬਿ ਧੀਰ ਨਾ।
ਧੀਰ ਨ ਧਰਤਿ ਕਾਮ ਲੰਪਟ ਕਠੋਰ ਕੂਰ, ਬੋਰਿਯੋ ਮੈਂ ਬਿਕਾਰਨ ਮੈ ਭਯੋ ਮਨ ਤੀਰ ਨਾ।
ਤੀਰ ਨਾ ਪਛਾਨਜੋਂ ਤੁਮੈਂ, ਦੂਰ ਕਰਿ ਜਾਣਜੋ ਪ੍ਰਭੂ ! ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ।
ਬੀਰ ਨ ਭਗਤ ਭੇਖਧਾਰੀ ਹਿਤ ਨਾਰੀ ਜਿਮ, ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ॥ ੪੪॥

(ਗੁਰਪ੍ਰਤਾਪ ਸੂਰਜ , ਰੁਤ ੨ ਧਿਆ: ੫੦)

ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰਾ ਕਿਹਾ-"ਹੇ ਸਧਨੇ ! ਕਰਮਾਂ ਦਾ ਫਲ ਅਮਿਟ ਹੈ। ਤੇਰੇ ਕਰਮ ਹੀ ਐਸੇ ਹਨ ਹੁਣ ਤੂੰ ਦੁਖਾਂ ਨੂੰ ਸੁਖ ਰੂਪ ਸਮਝ ਕੇ ਸਹਾਰ ਲੈ।" ਤਾਂ ਸਧਨੇ ਨੇ ਕਿਹਾ-

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥

ਹੇ ਸਾਰੇ ਸੰਸਾਰ ਦੇ ਗੁਰੂ ਭਗਵਾਨ ! ਤੇਰੀ ਉਪਾਸ਼ਨਾ ਕਰਨ ਦਾ ਸਾਨੂੰ ਫੇਰ ਕਹਾ ਗੁਨ=ਕੀ ਲਾਭ ਪ੍ਰਾਪਤ ਹੋਇਆ, ਜੇਕਰ ਸਾਡੇ ਪਿਛਲੇ ਲਿਖੇ ਹੋਏ ਕਰਮ ਹੀ ਨਾਸ ਨਾ ਹੋਏ।

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ ੧॥ ਰਹਾਉ॥

ਸਿੰਘ=ਸ਼ੇਰ ਦੀ ਸ਼ਰਨ ਵਿਚ ਹੀ ਕਿਸ ਵਾਸਤੇ ਜਾਣਾ ਹੈ, ਜੇਕਰ ਜੰਬੁਕੁ=ਗਿੱਦੜ ਨੇ ਹੀ ਗ੍ਰਾਸੈ=ਗ੍ਰਸ ਲੈਣਾ, ਭਾਵ ਖਾ ਜਾਣਾ ਹੈ।

ਤਾਂ ਭਗਵਾਨ ਨੇ ਕਿਹਾ, "ਹੁਣ ਤੂੰ ਦੁੱਖ ਸਹਾਰ ਲੈ, ਮੇਰਾ ਨਿਯਮ ਹੋਇਆ ਕਿ ਮੈਂ ਅੰਤ ਨੂੰ ਤੈਨੂੰ ਬੈਕੁੰਠ ਧਾਮ ਵਿਚ ਪਹੁੰਚਾ ਦਿਆਂਗਾ।"

ਇਹ ਗੱਲ ਸੁਣਕੇ ਸਧਨੇ ਨੇ ਕਿਹਾ-

ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥

ਜਿਵੇਂ ਇਕ ਸ੍ਵਾਂਤੀ ਬੂੰਦ ਦੀ ਪ੍ਰਾਪਤੀ ਵਾਸਤੇ ਚਾਤ੍ਰਿਕ=ਪਪੀਹਾ ਦੁੱਖ ਪਾਉਂਦਾ ਹੈ।

ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥ ੨ ॥

(ਤੜਫ-ਤੜਫ ਕੇ ਜਦ ਪਪੀਹੇ ਦੇ) ਸ੍ਵਾਸ ਨਿਕਲ ਗਏ, ਫਿਰ ਭਾਵੇਂ ਸ੍ਵਾਂਤੀ ਬੂੰਦਾਂ ਦਾ ਸਮੁੰਦਰ ਵੀ ਮਿਲ ਜਾਏ ਤਾਂ ਫੁਨਿ=ਫਿਰ ਉਸ ਦੇ ਕਿਸੇ ਕੰਮ ਨਹੀ ਆਉਂਦਾ ।

ਏਸੇ ਤਰ੍ਹਾਂ ਜੇ ਮੈਂ ਹੁਣ ਦੁੱਖ ਸਹਾਰਕੇ ਮਰ ਗਿਆ ਤਾਂ ਅੰਤ ਨੂੰ ਆਪ ਦਾ ਬੈਕੁੰਨ ਧਾਮ ਵਿਚ ਪਹੁੰਚਾਉਣਾ ਕਿਸੇ ਕੰਮ ਨਹੀਂ।

ਭਗਵਾਨ ਨੇ ਕਿਹਾ-"ਚੰਗਾ! ਮੈਂ ਤੇਰੀ ਸਹਾਇਤਾ ਕਰਦਾ ਹਾਂ, ਪਰ ਜ਼ਰਾ ਠਹਿਰ ਜਾ।" ਤਾਂ ਸਧਨੇ ਨੇ ਕਿਹਾ-

ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ॥

(ਸਰੀਰ ਵਿਖੇ ਜੋ ਪ੍ਰਾਣ ਹਨ, ਉਹ ਤਾਂ) ਥਾਕੇ=ਮੁੱਕ ਚੱਲੇ ਹਨ। ਥਿਰ ਨਹੀਂ=ਇਸਥਿਤ ਨਹੀਂ ਰਹਿੰਦੇ, ਭਾਵ ਠਹਿਰਦੇ ਨਹੀਂ। ਆਪ ਮੈਨੂੰ ਕਿਵੇਂ ਬਿਰਮਾਵਉ=ਪਰਚਾਉਂਦੇ ਹੋ (ਕਿ ਠਹਿਰ ਜਾ)

ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥ ੩ ॥

ਡੁਬ ਮੋਇਆਂ ਨੂੰ ਜੇ ਨਉਕਾ=ਬੇੜੀ ਮਿਲੇ ਤਾਂ ਕਹੋ ਖਾਂ ਕਿਸ ਨੂੰ ਉਤੇ ਚੜ੍ਹਾਵੋਗੇ? ॥ ੩ ॥

ਇਥੋਂ ਤਕ ਸਧਨੇ ਨੇ ਤਰਕ ਸਹਿਤ ਬੇਨਤੀ ਕੀਤੀ, ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰਾ ਕਿਹਾ, ਕਿ ਹੇ ਸਧਨੇ ! ਤੂੰ ਤਾਂ ਸ਼ਰੀਕਾਂ ਵਾਂਗ ਝਗੜਦਾ ਹੈਂ। ਇਹ ਗੱਲ ਸੁਣ ਕੇ ਅੱਗੋਂ ਨਿੰਮ੍ਰਤਾ ਨਾਲ ਬੇਨਤੀ ਕਰਦਾ ਹੈ-

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥

ਮੈ ਨਾਹੀ=ਮੈਂ ਕੋਈ ਆਪਣੇ ਆਪ ਨੂੰ ਜਗਤ ਦਾ ਸੂਰਜ ਨਹੀਂ ਮੰਨਿਆਂ ਹੋਇਆ ਕਿ ਮੇਰੇ ਮਰਨ ਨਾਲ ਜਗਤ ਵਿਚ ਹਨੇਰਾ ਹੋ ਜਾਏਗਾ।

ਕਛੁ ਹਉ ਨਹੀ=ਦੇਹ ਵਿਚ ਭੀ ਮੇਰੀ ਕੁਛ ਹੰਗਤਾ ਨਹੀਂ (ਦੇਹ ਪੰਜਾਂ ਤੱਤਾਂ ਦੀ ਹੈ) ਅਤੇ ਨਾ ਹੀ ਮੇਰਾ ਕੁਝ ਪਦਾਰਥ ਹੈ।

ਯਥਾ- "ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ॥"

(ਸਾਰਗ ਮਹਲਾ ੫, ਪੰਨਾ ੧੨੦੯)

ਤਥਾ-"ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ॥
ਕਰਨ ਕਰਾਵਨ ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ॥ ੨ ॥" *(ਸਾਰਗ ਮਹਲਾ ੫, ਪੰਨਾ ੧੨੧੬)*

ਵਾ-ਨਾ ਹੀ ਮੇਰਾ ਕੋਈ ਪੁੱਤਰ, ਇਸਤਰੀ ਆਦਿ ਸਬੰਧੀ ਹੈ। ਸੱਭ ਤੋਂ ਉਦਾਸ ਹੋ ਕੇ ਮੈਂ ਬੇਨਤੀ ਕਰਦਾ ਹਾਂ, ਮੇਰਾ ਤਾਂ ਕੁਝ ਨਹੀਂ ਵਿਗੜਨਾ, ਪਰ ਆਪ ਜੀ ਦੀ ਭਗਤੀ ਵਿਚ ਲੋਕਾਂ ਨੇ ਤੁੱਛਤਾ ਸਮਝਣੀ ਹੈ। ਤਾਂ ਤੇ ਮੇਰੀ ਆਖਰੀ ਬੇਨਤੀ ਹੈ-

ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ੪ ॥ ੧ ॥

ਇਸ ਅਉਸਰ=ਸਮੇਂ ਮੇਰੀ ਲਜਾ=ਪਤ-ਆਬਰੋ ਰੱਖ ਲੈਣਾ ਕਰੋ। ਮੈਂ ਸਧਨਾ ਜਨੁ ਤੋਰਾ=ਆਪ ਦਾ ਦਾਸ ਹਾਂ।

ਉਸੀ ਵੇਲੇ ਭਗਵਾਨ ਦੀ ਕਿਰਪਾ ਨਾਲ ਕਿਲ੍ਹੇ ਦੀ ਕੰਧ ਫਟ ਗਈ, ਕੰਧ ਦਾ ਇਕ ਪਾਸਾ ਬ੍ਰਾਹਮਣਾਂ ਤੇ ਜਾ ਪਿਆ, ਦੂਜਾ ਪਾਸਾ ਕਾਜ਼ੀਆਂ ਤੇ। ਦੋਨੋਂ ਵਿਰੋਧੀ ਮਰ ਗਏ। ਸਧਨਾ ਜਿਉਂ ਦਾ ਤਿਉਂ ਸੁਖ ਆਨੰਦ ਨਾਲ ਬਾਹਰ ਨਿਕਲ ਆਇਆ ॥ ੪ ॥ ੧ ॥

ਬਿਲਾਵਲੁ ਰਾਗ ਸਮਾਪਤੰ

ਬਿਲਾਵਲੁ ਰਾਗ ਵਿਖੇ-

੧੨ ਸ਼ਬਦ ਕਬੀਰ ਜੀ ਦੇ ਹਨ।
੧ ਸ਼ਬਦ ਨਾਮਦੇਵ ਜੀ ਦਾ ਹੈ।
੨ ਸ਼ਬਦ ਰਵਿਦਾਸ ਜੀ ਦੇ ਹਨ।
੧ ਸ਼ਬਦ ਸਧਨੇ ਜੀ ਦਾ ਹੈ।
ਕੁਲ ੧੬ ਸ਼ਬਦ ਹਨ।



ਰਾਗ ਗੌਂਡ

[ਪੰਨਾ ੮੫੬]

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਰਾਗੁ ਗੌਂਡ* ਚਉਪਦੇ ਮਹਲਾ ੪ ਘਰੁ ੧॥

ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ
ਤਾ ਮਨਚਿੰਦੇ ਅਨੇਕ ਅਨੇਕ ਫਲ ਪਾਈ॥

ਹੇ ਮਨਿ=ਪਿਆਰੇ! ਜੇਕਰ ਚਿੱਤ ਵਿਚ ਹਰੀ ਦੇ ਉੱਪਰ ਹੀ ਆਸ=ਉਮੈਦ ਰੱਖੇਂ ਤਾਂ ਮਨਚਿੰਦੇ=ਮਨਇੱਛਤ ਅਨੇਕ ਤਰ੍ਹਾਂ ਦੇ ਅਨੇਕਾਂ ਹੀ ਫਲ ਪਾ ਲਵੇਂਗਾ।

ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ
ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ॥

ਜੋ ਕੁਝ ਭੀ ਜੀਇ=ਦਿਲ ਵਿਚ ਵਰਤਦਾ ਹੈ ਹਰੀ ਸਭ ਕੁਝ ਜਾਣਦਾ ਹੈ, ਕਿਸੇ ਦਾ ਘਾਲਿਆ=ਕਮਾਇਆ ਹੋਇਆ ਕਰਮ ਪ੍ਰਭੂ ਇਕ ਮਾਤ੍ਰ ਭੀ ਨਹੀਂ ਗਵਾਉਂਦਾ ।

---

*ਇਹ ਇਕ ਖਾਡਵ ਜ਼ਾਤੀ ਸੰਕੀਰਨ ਰਾਗ ਹੈ, ਜੋ ਧਨਾਸਰੀ, ਮਲਾਰ ਤੇ ਬਿਲਾਵਲ ਦੇ ਮੇਲ ਤੋਂ ਬਣਦਾ ਹੈ। ਦਿਨ ਦੇ ਤੀਜੇ ਪਹਿਰ ਗਾਈਦਾ ਹੈ ਪਰ, ਬਰਸਾਤ ਵਿਚ ਹਰ ਵੇਲੇ। 'ਸੁਰਤਾਲ ਸਮੂਹ' ਰਾਧਾ ਗੋਬਿੰਦ ਸੰਗੀਤ ਸਾਰ, ਤੇ ਰਾਗ ਮਾਲਾ ਵਿਚ ਇਸਨੂੰ ਸ੍ਰੀ ਰਾਗ ਦਾ ਪੁੱਤਰ ਲਿਖਿਆ ਹੈ।

ਯਥਾ:- "ਸਾਲੂ ਸਾਰਗ ਸਾਗਰਾ ਅਉਰ 'ਗੌਂਡ' ਗੰਭੀਰ॥
ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥ ੧॥" (ਪੰਨਾ ੧੪੩੦)
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਸਤਾਰ੍ਹਵਾਂ ਨੰਬਰ ਹੈ।

ਹਰਿ ਤਿਸ ਕੀ ਆਸ ਕੀਜੈ ਮਨ ਮੇਰੇ
ਜੋ ਸਭ ਮਹਿ ਸੁਆਮੀ ਰਹਿਆ ਸਮਾਈ॥ ੧ ॥

ਹੇ ਮੇਰੇ ਮਨ=ਪਿਆਰੇ ! ਤੂੰ ਉਸ ਹਰੀ ਦੀ ਆਸਾ ਕਰ ਜੋ ਸੁਆਮੀ ਸਾਰਿਆਂ ਵਿਚ ਸਮਾਈ ਕਰ ਰਿਹਾ ਹੈ।

ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥

ਹੇ ਮੇਰੇ ਮਨ ! ਜਗਤ ਦੇ ਈਸ਼ਵਰ ਸੁਆਮੀ ਦੀ ਆਸਾ ਕਰ।

ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ
ਸਾ ਨਿਹਫਲ ਆਸ ਸਭ ਬਿਰਥੀ ਜਾਈ॥ ੧ ॥ ਰਹਾਉ ॥

ਜੋ ਹਰੀ ਤੋਂ ਬਿਨਾਂ ਕਿਸੇ ਹੋਰ ਦੀ ਆਸਾ ਕਰਨੀ ਹੈ, ਉਹ. ਨਿਹਫਲ=ਨਿਕੰਮੀ ਆਸਾ ਸਾਰੀ ਬਿਰਥੀ=ਖਾਲੀ ਜਾਂਦੀ ਹੈ॥ ੧ ॥ ਰਹਾਉ ॥

ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ
ਮਤ ਤਿਸ ਕੀ ਆਸ ਲਗਿ ਜਨਮੁ ਗਵਾਈ॥

ਮਾਇਆ ਦੇ ਮੋਹ ਵਾਲਾ ਜੋ ਸਾਰਾ ਕੁਟੰਬ ਦਿਸਦਾ ਹੈ; ਮਤ=ਮਤਾਂ ਉਸ ਦੀ ਆਸਾ ਵਿਚ ਲਗ ਕੇ, ਮਨੁੱਖ ਜਨਮ ਨੂੰ ਨਿਸਫ਼ਲ ਗੁਆ ਲਵੇ।

ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ
ਇਨ੍ ਕਾ ਵਾਹਿਆ ਕਛੁ ਨ ਵਸਾਈ॥

ਇਨ੍ਹਾਂ ਦੇ ਹੱਥ ਵਿਚ ਕੁਝ ਭੀ ਨਹੀਂ ਹੈ, ਇਹ ਵਿਚਾਰੇ ਕੀ ਕਰਨਗੇ, ਇਨ੍ਹਾਂ ਦਾ ਕੁਝ ਵੱਸ ਵਾਹਿਆ ਨ=ਚਲਦਾ ਨਹੀਂ ਹੈ।

ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ
ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ॥ ੨ ॥

ਹੇ ਮੇਰੇ ਮਨ ! ਆਪਣੇ ਪ੍ਰੀਤਮ ਹਰੀ ਦੀ ਆਸਾ ਕਰ, ਜੋ ਤੈਨੂੰ ਤਾਰੇਗਾ, ਅਤੇ ਤੇਰਾ ਸਾਰਾ ਕੁਟੰਬ ਦੁੱਖਾਂ ਤੋਂ ਛਡਾ ਲਏਗਾ ॥ ੨ ॥

ਜੇ ਕਿਛੁ ਆਸ ਅਵਰ ਕਰਹਿ ਪਰਮਿੜੀ,
ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ॥

ਜੇ ਕੁਝ ਪਰਮਿੜੀ=ਮਾਇਆ ਦੀ, ਯਾਂ ਦੇਵੀ ਦੇਵਤਿਆਂ ਦੀ,

*ਅਥਵਾ:-*ਪਰਮਿੜੀ=ਪਰਾਏ ਮਿੱਤਰਾਂ ਦੀ ਹੋਰ ਆਸਾ ਕਰੇਂਗਾ, ਤਾਂ ਮਤਾਂ ਤੂੰ ਜਾਣੀ ਕਿ ਇਹ ਤੇਰੇ ਕਿਸੇ ਕੰਮ ਵਿਚ ਆਉਣਗੇ।

ਅਰਥਾਤ ਇਹ ਤੇਰੇ ਕਿਸੇ ਕੰਮ ਨਹੀਂ ਆਉਣਗੇ।

ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ
ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥

ਇਹ ਜੋ ਪਰਮਿਤ੍ਰੀ=ਮਾਇਆ ਦੀ ਆਸਾ ਹੈ ਇਹੋ ਦ੍ਵੈਤ-ਭਾਵ ਹੈ, ਮਾਇਆ ਰਚਤ ਝੂਠੇ ਪਦਾਰਥ ਇਕ ਖਿਨ ਵਿਚ ਸਾਰੇ ਬਿਨਸ ਜਾਣ ਵਾਲੇ ਹਨ।

ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ
ਜੋ ਤੇਰਾ ਘਾਲਿਆ ਸਭੁ ਥਾਇ ਪਾਈ॥ ੩ ॥

ਹੇ ਮੇਰੇ ਮਨ ! ਸੱਚੇ ਪ੍ਰੀਤਮ ਹਰੀ ਦੀ ਆਸਾ ਕਰ, ਜੋ ਤੇਰਾ ਘਾਲਿਆ=ਕਮਾਇਆ (ਕੀਤਾ) ਹੋਇਆ ਕਰਮ ਸਭ ਥਾਂ ਪਾਵੇਗਾ॥ ੩ ॥

ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ
ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ॥

ਹੇ ਮੇਰੇ ਸੁਆਮੀ ! ਲੋਕ ਪ੍ਰਲੋਕ ਦੇ ਪਦਾਰਥਾਂ ਦੀ ਆਸਾ ਤੇ ਮਨਸਾ, ਜਾਂ ਮਨਸਾ=ਬੁੱਧੀ ਦੀ ਆਸਾ ਸਭ ਤੇਰੀ ਬਣਾਈ ਹੋਈ ਹੈ, ਜੇਹੋ-ਜੇਹੀ ਤੂੰ ਆਸ ਕਰਾਉਂਦਾ ਹੈਂ, ਤੇਹੋ ਜੇਹੀ ਕੋਈ ਆਸ ਕਰਦਾ ਹੈ।

[ਪੰਨਾ ੮੬੦]

ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ
ਐਸੀ ਮੇਰੈ ਸਤਿਗੁਰਿ ਬੂਝ ਬੁਝਾਈ॥

ਹੇ ਮੇਰੇ ਸੁਆਮੀ ! ਕਿਸੇ ਦੇ ਹੱਥ ਵਿਚ ਕੁਝ ਭੀ ਨਹੀਂ ਹੈ, ਮੇਰੇ ਸਤਿਗੁਰਾਂ ਨੇ ਮੈਨੂੰ ਅਜੇਹੀ ਸਮਝ (ਸਿਖਿਆ) ਸਮਝਾਈ ਹੈ।

ਜਨ ਨਾਨਕ ਕੀ ਆਸ ਤੂ ਜਾਣਹਿ
ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਦਾਸ ਦੀ ਆਸਾ ਨੂੰ ਤੂੰ ਹੀ ਜਾਣਦਾ ਹੈਂ ਹਰਿ ਦਰਸਨਿ=ਤਮਾਮ ਦਰਸ਼ਨਾਂ ਵਿੱਚੋਂ ਹੇ ਹਰੀ !

ਆਪ ਜੀ ਦਾ ਦਰਸ਼ਨ ਵੇਖ ਕੇ ਤ੍ਰਿਪਤ ਹੁੰਦਾ ਹਾਂ। ਜਾਂ ਹੇ ਹਰੀ ! ਆਪਣਾ ਦਰਸ਼ਨ ਦਿਓ ਜੋ ਹਰਿ= ਤਮਾਮ ਦਰਸ਼ਨਾਂ ਦੇ ਦੇਖਣ ਵਲੋਂ ਮਨ ਤ੍ਰਿਪਤ ਹੋਵੇ॥ ੪॥ ੧॥

ਗੌਂਡ ਮਹਲਾ ੪ ॥
ਐਸਾ ਹਰਿ ਸੇਵੀਐ ਨਿਤ ਧਿਆਈਐ ਜੋ
ਖਿਨ ਮਹਿ ਕਿਲਵਿਖ ਸਭਿ ਕਰੇ ਬਿਨਾਸਾ॥

ਅਜਿਹੇ ਹਰੀ ਨੂੰ ਸੇਵਨਾ ਕਰੀਏ ਤੇ ਨਿਤਾਪ੍ਰਤੀ ਧਿਆਉਣਾ ਕਰੀਏ, ਜੋ ਇਕ ਛਿਨ ਵਿਚ ਸਾਰਿਆਂ

ਕਿਲਵਿਖ=ਪਾਪਾਂ ਦਾ ਨਾਸ ਕਰਦਾ ਹੈ।

ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ
ਤਾ ਹਰਿ ਨਿਹਫਲ ਸਭ ਘਾਲ ਗਵਾਸਾ ॥

ਜੇਕਰ ਹਰੀ ਨੂੰ ਤਿਆਗ ਕੇ ਅਵਰ=ਹੋਰ ਦੀ ਆਸਾ ਕਰੀਏ, ਤਾਂ ਹਰੀ ਸਾਰੀ ਘਾਲ=ਕਮਾਈ ਨੂੰ ਨਿਸਫਲ ਗੁਆ ਦੇਂਦਾ ਹੈ।

ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ
ਜਿਸੁ ਸੇਵਿਐ ਸਭ ਭੁਖ ਲਹਾਸਾ ॥ ੧ ॥

ਹੇ ਮੇਰੇ ਮਨ ! ਸੁਖ ਦਾਤੇ ਸੁਆਮੀ ਨੂੰ ਸੇਵਨਾ ਕਰੋ, ਜਿਸ ਨੂੰ ਸੇਵਨੇ ਕਰਕੇ ਸਾਰੀ ਭੁਖ ਲਹਿ ਜਾਂਦੀ ਹੈ॥ ੧ ॥

ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ ॥

ਹੇ ਮੇਰੇ ਮਨ ! ਤੂੰ ਹਰੀ ਦੇ ਉੱਪਰ ਭਰੋਸਾ ਕਰ।

ਜਹ ਜਾਈਐ ਤਹ ਨਾਲਿ ਮੇਰਾ ਸੁਆਮੀ
ਹਰਿ ਅਪਨੀ ਪੈਜ ਰਖੈ ਜਨ ਦਾਸਾ ॥ ੧ ॥ ਰਹਾਉ ॥

ਜਿਥੇ ਜਾਈਦਾ ਹੈ ਓਥੇ ਹੀ ਮੇਰਾ ਸੁਆਮੀ ਨਾਲ ਹੈ, ਹਰੀ ਆਪਣਿਆਂ ਦਾਸਾਂ ਜਨਾਂ ਦੀ ਆਪ ਹੀ ਪਤ-ਆਬਰੋ ਰੱਖਦਾ ਹੈ॥ ੧ ॥ ਰਹਾਉ ॥

ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ
ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥

ਜੇਕਰ ਆਪਣੀ ਬਿਰਥਾ=ਪੀੜਾ ਹੋਰਨਾਂ ਪਾਸ ਕਹੀਏ, ਤਾਂ ਅੱਗੋਂ
ਉਹ ਪੁਰਸ਼ ਆਪਣੀ ਬਿਰਥਾ=ਪੀੜਾ ਬਹੁਤ ਤੋਂ ਬਹੁਤ ਕੱਢਕੇ ਦਸਦਾ ਹੈ। ਇਸ ਲਈ-

ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ
ਜੋ ਤੁਮ੍ਹਰੇ ਦੂਖ ਤਤਕਾਲ ਕਟਾਸਾ ॥

ਆਪਣੀ ਬਿਰਥਾ=ਪੀੜਾ ਆਪਣੇ ਸੁਆਮੀ ਹਰੀ ਕੋਲ ਹੀ ਆਖੋ, ਜੋ ਤੁਹਾਡੇ ਦੁੱਖਾਂ ਨੂੰ ਤਤਕਾਲ=ਸ਼ੀਘਰ (ਝਟਪਟ) ਕੱਟ ਦੇਵੇਗਾ।

ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ
ਅਵਰਾ ਪਹਿ ਕਹਿ ਮਨ ਲਾਜ ਮਰਾਸਾ ॥ ੨ ॥

ਅਜਿਹੇ ਪ੍ਰਭੂ ਨੂੰ ਛੱਡ ਕੇ ਆਪਣੀ ਬਿਰਥਾ ਦਾ ਜਿਹੜਾ ਹੋਰਨਾਂ ਪਾਸ ਕਹਿਣਾ ਹੈ ਇਹ ਠੀਕ ਨਹੀਂ, ਕਿਉਂਕਿ ਹੋਰਨਾਂ ਪਾਸ ਕਹਿੰਦਿਆਂ ਹੀ, ਮਨ ਸ਼ਰਮ ਵਿਚ ਮਰਦਾ ਹੈ॥ ੨ ॥

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ ॥

ਹੇ ਮੇਰੇ ਮਨ ! ਸੰਸਾਰ ਦੇ ਵਿਚ ਜੋ ਭੀ ਕੁਟੰਬੀ, ਮਿੱਤਰ ਤੇ ਭਰਾ ਦਿਸ ਰਹੇ ਹਨ, ਉਹ ਸਾਰੇ ਆਪਣੇ ਸੁਆਇ=ਪ੍ਰਯੋਜਨ (ਮਤਲਬ) ਵਿਚ ਮਿਲੇ ਹੋਏ ਹਨ। ਜਾਂ ਉਹ ਆਪਣੇ ਮਤਲਬ ਵਾਸਤੇ ਆ ਕੇ ਮਿਲਦੇ ਹਨ।

ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥

ਜਿਸ ਦਿਨ ਉਨ੍ਹਾਂ ਦਾ ਸੁਆਉ=ਮਤਲਬ ਪੂਰਾ ਨਹੀਂ ਹੋ ਆਉਂਦਾ, ਉਸ ਦਿਨ ਕੋਈ ਭੀ ਨੇੜੇ ਨਹੀਂ ਢੁਕਦਾ।

ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ
ਜੋ ਤੁਧੁ ਉਪਕਰੈ ਦੂਖਿ ਸੁਖਾਸਾ ॥ ੩ ॥

ਹੇ ਮੇਰੇ ਮਨ ! ਦਿਨ ਰਾਤ ਆਪਣੇ ਹਰੀ ਨੂੰ ਸੇਵਨਾ ਕਰ, ਜੋ ਦੁੱਖ ਸੁਖ ਵੇਲੇ ਤੇਰੇ ਪਾਸ ਉਪਕ੍ਰੈ=ਬਹੁੜੇਗਾ ਭਾਵ ਪਹੁੰਚੇਗਾ। *ਅਥਵਾ:*-ਜੋ ਤੈਨੂੰ ਦੁੱਖਾਂ ਦੇ ਉੱਪਰ ਕਰਕੇ ਸੁਖਾਸਾ=ਸੁਖੀ ਕਰੇਗਾ ॥ ੩ ॥

ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ
ਜੋ ਅੰਤੀ ਅਉਸਰਿ ਰਖਿ ਨ ਸਕਾਸਾ ॥

ਹੇ ਮੇਰੇ ਮਨ ! ਤੂੰ ਉਸ ਦਾ ਭਰਵਾਸਾ=ਭਰੋਸਾ ਕਿਉਂ ਕਰਦਾ ਹੈਂ, ਜੋ ਅੰਤ ਦੇ ਅਉਸਰਿ=ਸਮੇਂ ਵਿਚ ਤੈਨੂੰ ਰੱਖ ਹੀ ਨਹੀਂ ਸਕਦਾ।

ਹਰਿ ਜਪੁ ਮੰਤ੍ਰੁ ਗੁਰ ਉਪਦੇਸੁ ਲੈ ਜਾਪਹੁ
ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ ॥

ਮੰਤ੍ਰਾਂ ਵਿੱਚੋਂ ਗੁਰ-ਉਪਦੇਸ਼ ਨੂੰ ਲੈ ਕੇ ਹਰੀ ਜਪ ਨੂੰ ਜਪਣਾ ਕਰੋ, ਜਾਂ ਹਰੀ ਨਾਮ ਮੰਤ੍ਰ ਹੈ ਇਸ ਜਪ ਨੂੰ ਗੁਰ-ਉਪਦੇਸ਼ ਲੈ ਕੇ ਜਪੋ। ਜਿਨ੍ਹਾਂ ਨੇ ਪ੍ਰੀਤੀ ਨਾਲ ਹਰੀ ਨਾਮ ਮੰਤ੍ਰ ਨੂੰ ਚਿਤਾਸਾ=ਚਿਤਾਰਨਾ ਕੀਤਾ ਹੈ ਉਨ੍ਹਾਂ ਨੂੰ ਅੰਤ ਸਮੇਂ ਛਡਾ ਲੈਂਦਾ ਹੈ।

ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ
ਇਹੁ ਛੂਟਣ ਕਾ ਸਾਚਾ ਭਰਵਾਸਾ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸੰਤੋ ! ਰਾਤ ਦਿਨ ਹਰੀ ਨਾਮ ਨੂੰ ਜਪਣਾ ਕਰੋ, ਸਮਾਂ ਤੋਂ ਛੁੱਟਣ ਦਾ ਏਹੋ ਸੱਚਾ ਭਰੋਸਾ ਹੈ॥ ੪ ॥

ਗੌਂਡ ਮਹਲਾ ੪ ॥
ਹਰਿ ਸਿਮਰਤ ਸਦਾ ਹੋਇ ਅਨੰਦੁ

ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ ॥

ਹਰੀ ਦੇ ਸਿਮਰਨ ਕਰਦਿਆਂ ਸਦਾ ਹੀ ਅਨੰਦ ਹੁੰਦਾ ਹੈ, ਹਿਰਦੇ ਅੰਦਰ ਸ਼ਾਂਤੀ ਸੁਖ ਅਤੇ ਆਪਣਾ ਮਨ ਸੀਤਲ ਹੋ ਜਾਂਦਾ ਹੈ। ਜਾਂ ਆਪਣੇ ਮਨ ਅੰਦਰ ਸੀਤਲ ਕਰਨ ਵਾਲਾ ਸ਼ਾਂਤੀ ਸੁਖ ਹੁੰਦਾ ਹੈ।

ਜੈਸੇ ਸਕਤਿ ਸੂਰੁ ਬਹੁ ਜਲਤਾ
ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ ॥ ੧ ॥

ਜਿਸ ਤਰ੍ਹਾਂ ਸੂਰਜ ਦੇ ਤੇਜ਼ ਕਰਕੇ ਸਕਤਿ =ਰੇਤਾ ਬਹੁਤ ਤਪਦਾ ਹੈ, ਪਰ ਸਸਿ= ਚੰਦ੍ਰਮਾ ਦੇ ਵੇਖਦਿਆਂ ਸਾਰ ਉਸ ਦੀ ਤਪੁਸ਼ਤਾ ਲਹਿ ਜਾਂਦੀ ਹੈ ।

ਇਸੇ ਤਰ੍ਹਾਂ ਅਗਿਅਨ ਰੂਪ ਸੂਰਜ ਦੇ ਤੇਜ਼ ਕਰਕੇ ਅੰਤਹਕਰਨ ਰੂਪੀ ਰੇਤਾ ਬਹੁਤ ਹੀ ਜਲਤਾ= ਸੜ ਰਿਹਾ ਹੈ, ਪਰ ਗੁਰੂ ਰੂਪੀ ਚੰਦ੍ਰਮਾਂ ਦੇ ਦਰਸ਼ਨ ਕਰਨ ਨਾਲ ਹੀ ਸਾਰੀ ਤਪਸ਼ਤਾ ਲਹਿ ਜਾਂਦੀ ਹੈ ਤੇ ਅੰਤਹਕਰਨ ਸੀਤਲ ਹੋ ਜਾਂਦਾ ਹੈ॥ ੧ ॥

ਮੇਰੇ ਮਨ ਅਨਦਿਨੁ ਧਿਆਇ ਨਾਮੁ ਹਰਿ ਜਪਨਾ ॥

ਹੇ ਮੇਰੇ ਮਨ ! ਰਾਤ ਦਿਨ ਆਪਣੇ ਜੋਗ ਹਰੀ ਨਾਮ ਨੂੰ ਧਿਆਉਣਾ ਕਰ ।

ਜਹਾ ਕਹਾ ਤੁਝੁ ਰਾਖੈ ਸਭ ਠਾਈ
ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ ॥ ੧ ॥ ਰਹਾਉ ॥

ਜਹਾ ਕਹਾ=ਜਿੱਥੇ ਕਿਥੇ ਸਭ ਜਗ੍ਹਾ ਪਰ ਤੈਨੂੰ ਰੱਖੇਗਾ, ਸੋ ਅਜਿਹੇ ਪ੍ਰਭੂ ਨੂੰ ਤੂੰ ਸਦਾ ਆਪਣਾ ਜਾਣਕੇ ਸੇਵਨਾ ਕਰ ਭਾਵ ਸਿਮਰਨਾ ਕਰ ॥ ੧ ॥ ਰਹਾਉ ॥

ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ
ਗੁਰਮੁਖਿ ਖੋਜਿ ਲਹਹੁ ਹਰਿ ਰਤਨਾ ॥

ਹੇ ਮੇਰੇ ਮਨ ! ਜਿਸ ਵਿਚ ਸਾਰੇ ਨਿਧਾਨ=ਖਜ਼ਾਨੇ ਹਨ, ਉਸ ਹਰੀ ਨਾਮ ਨੂੰ ਜਪ, ਗੁਰਮੁਖਿ=ਮੁਖੀ ਗੁਰਾਂ ਦੁਆਰੇ ਰਤਨਾ=ਅਮੋਲਕ ਹਰੀ ਨੂੰ ਖੋਜ ਲਹਹੁ=ਲੈਣਾ ਕਰ ।

ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ
ਤਿਨ ਕੇ ਚਰਣ ਮਲਹੁ ਹਰਿ ਦਸਨਾ ॥ ੨ ॥

ਜਿਨ੍ਹਾਂ ਨੇ ਹਰੀ ਨਾਮ ਧਿਆਇਆ ਹੈ ਉਨਾਂ ਨੇ ਮੇਰੇ ਸੁਆਮੀ ਹਰੀ ਨੂੰ ਪਾਇਆ ਹੈ ਉਨ੍ਹਾਂ ਨੇ ਮੇਰੇ ਸੁਆਮੀ ਹਰੀ ਨੂੰ ਪਾਇਆ ਹੈ, ਉਨ੍ਹਾਂ ਹਰੀ ਦੇ ਦਾਸਾਂ ਦੇ ਚਰਨ ਮਲਹੁ=ਝੱਸਣਾ ਕਰੋ।

ਵਾ:-ਜੋ ਹਰੀ ਦਾ ਰਸਤਾ ਦਸਨਾ=ਦੱਸਣ ਵਾਲੇ ਹਨ ਉਨ੍ਹਾਂ ਦੇ ਚਰਨ ਝੱਸਣਾ ਕਰੋ।

ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ ॥

ਗੁਰ-ਉਪਦੇਸ਼ ਨੂੰ ਪਛਾਣ ਕੇ ਰਾਮ-ਰਸ ਨੂੰ ਪਾਉਣਾ ਕਰੋ, ਜਿਸ ਨੇ ਪਾਇਆ ਹੈ-ਉਹ ਉੱਤਮ ਪੁਰਸ਼

ਵੱਡਿਆਂ ਤੋਂ ਵੱਡਾ ਸੰਤ ਹੋਇਆ ਹੈ।

ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ
ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ ॥ ੩ ॥

ਉਸ ਸੰਤ ਜਨ ਦੀ ਵਡਿਆਈ ਹਰੀ ਨੇ ਆਪੇ ਵਧਾਈ ਹੈ, ਉਹ ਕਿਸੇ ਦੀ ਘਟਾਈ ਹੋਈ ਇਕ ਤਿਲ ਮਾਤ੍ਰ ਭੀ ਮਨ, ਬਾਣੀ ਸਰੀਰ ਕਰਕੇ, ਜਾਂ ਤਿੰਨਾਂ ਸਮਿਆਂ ਵਿਚ ਘਟਦੀ ਨਹੀਂ ਹੈ। ਜਾਂ ਇਕ ਤਿਲ ਮਾਤ੍ਰ ਕਿਸੇ ਦੀ ਤਿਲਕਾਈ ਹੋਈ ਤਿਲਕਦੀ ਨਹੀਂ ਹੈ॥ ੩ ॥

[ਪੰਨਾ ੮੬੧]

ਜਿਸ ਤੇ ਸੁਖ ਪਾਵਹਿ ਮਨ ਮੇਰੇ ਸੋ ਸਦਾ ਧਿਆਇ ਨਿਤ ਕਰ ਜੁਰਨਾ ॥

ਹੇ ਮੇਰੇ ਮਨ ! ਜਿਸ ਕਰਕੇ ਤੂੰ ਸੁਖ ਪਾਵੇਂਗਾ, ਉਸ ਹਰੀ ਨੂੰ ਨਿਤ ਹੀ ਕਰ ਜੁਰਨਾ=ਹੱਥ ਜੋੜਕੇ ਸਦੀਵਕਾਲ ਧਿਆਉਣਾ ਕਰ।

ਜਨ ਨਾਨਕ ਕਉ ਹਰਿ ਦਾਨੁ ਇਕੁ ਦੀਜੈ
ਨਿਤ ਬਸਹਿ ਰਿਦੈ ਹਰੀ ਮੋਹਿ ਚਰਨਾ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਦਾਸ ਨੂੰ ਇਕ ਏਹੋ ਦਾਨ ਦੇਣਾ ਕਰੋ ਕਿ ਨਿਤਾਪ੍ਰਤੀ ਮੇਰੇ ਹਿਰਦੇ ਵਿਚ ਹੇ ਹਰੀ ! ਆਪ ਜੀ ਦੇ ਚਰਨ ਵਸਦੇ ਰਹਿਣ ॥ ੪ ॥ ੩ ॥

ਗੌਂਡ ਮਹਲਾ ੪ ॥ ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ ॥

ਜਿੰਨੇ ਕੁ ਸ਼ਾਹ, ਪਾਤਿਸ਼ਾਹ, ਉਮਰਾਵ, ਸਿਕਦਾਰ=ਥਾਨੇਦਾਰ, ਤੇ ਚੌਧਰੀ ਹਨ, ਇਹ ਸਾਰੇ ਮਿਥਿਆ ਹਨ, ਜੋ ਝੂਠ ਬੋਲਣਾ ਤੇ ਦ੍ਵੈਤ ਭਾਵ ਨੂੰ ਜਾਣਦੇ ਹਨ।

ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ ॥ ੧ ॥

ਜੋ ਹਰੀ ਅਬਿਨਾਸੀ=ਨਾਸ ਤੋਂ ਰਹਿਤ ਸਦਾ ਅਚੱਲ ਤੋਂ ਅਚੱਲ ਹੈ, ਜਾਂ ਨਿਸਚਲ ਪਹਾੜ ਵਾਂਗ ਥਿਰ ਰੂਪ ਹੈ, ਹੇ ਮੇਰੇ ਮਨ ! ਉਸ ਹਰੀ ਨੂੰ ਸਥਿਰ ਮਨ ਹੋ ਕੇ ਭਜ, ਤਦ ਤੂੰ ਪ੍ਰਮਾਨੀਕ ਹੋਵੇਂਗਾ ॥ ੧ ॥

ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਣੁ ॥

ਹੇ ਮੇਰੇ ਮਨ ! ਹਰੀ ਨਾਮ ਨੂੰ ਸਦਾ ਭਜਨਾ ਕਰ ਜੋ ਲੋਕ ਪ੍ਰਲੋਕ ਦਾ ਸਦਾ ਦੀਬਾਣੁ=ਆਸਰਾ ਰੂਪ ਹੈ।

ਜੋ ਹਰਿ ਮਹਲੁ ਪਾਵੈ ਗੁਰ ਬਚਨੀ
ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥ ੧ ॥ ਰਹਾਉ ॥

ਜੋ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਦੇ ਮਹਲੁ=ਸਰੂਪ ਨੂੰ ਪਾਉਂਦਾ ਹੈ, ਉਸ ਜੇਡਾ ਹੋਰ ਕਿਸੇ ਦਾ ਤਾਣੁ=ਬਲ ਨਹੀਂ ਹੈ। ਅਰਥਾਤ ਉਸ ਪੁਰਸ਼ ਦੇ ਵਿਚ ਸਭ ਤੋਂ ਬਹੁਤਾ ਜ਼ੋਰ ਹੈ॥ ੧ ॥ ਰਹਾਉ ॥

ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ॥

ਹੇ ਮੇਰੇ ਮਨ ! ਜਿੰਨੇ ਭੀ ਧਨਵੰਤ=ਧਨ ਵਾਲੇ, ਕੁਲਵੰਤ=ਉੱਚੀ ਕੁਲ ਵਾਲੇ ਤੇ ਮਿਲਖਵੰਤ=ਜਗੀਰਾਂ ਵਾਲੇ ਦਿਸਦੇ ਹਨ, ਉਹ ਸਾਰੇ ਇਸ ਤਰ੍ਹਾਂ ਨਾਸ ਹੋ ਜਾਣ ਵਾਲੇ ਹਨ, ਜਿਵੇਂ ਕਸੁੰਭੇ ਦਾ ਰੰਗ।

ਕਚਾਣੁ=ਕੱਚਾ ਹੁੰਦਾ ਹੈ, ਪਾਣੀ ਦੀ ਬੂੰਦ ਪੈਣ ਨਾਲ ਉਸ ਦਾ ਰੰਗ ਨਸ਼ਟ ਹੋ ਜਾਂਦਾ ਹੈ।

ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ
ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ॥ ੨॥

ਹੇ ਮੇਰੇ ਮਨ ! ਤੂੰ ਸਦੀਵ ਕਾਲ ਸੱਚੇ ਹਰੀ ਨਿਰੰਜਨ ਨੂੰ ਸੇਵਨਾ ਕਰ। ਜਿਸ ਕਰਕੇ ਤੂੰ ਹਰੀ ਦਾ ਦਰਗਾਹ ਵਿਚ ਮਾਣੁ=ਆਦਰ ਪਾਵੇਂਗਾ॥ ੨॥

ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ॥

ਬ੍ਰਾਹਮਣ, ਖੱਤ੍ਰੀ, ਸ਼ੂਦਰ ਤੇ ਵੈਸ਼, ਇਹ ਚਾਰੇ ਵਰਨ ਹਨ, (ਗ੍ਰਹਿਸਤੀ, ਬਾਨ ਪ੍ਰਸਤੀ, ਸੰਨਿਆਸੀ ਤੇ ਬ੍ਰਹਮਚਾਰੀ ਇਹ) ਚਾਰ ਆਸ਼ਰਮ ਹਨ, ਇਨ੍ਹਾਂ ਵਿੱਚੋਂ ਜੋ ਭੀ ਹਰੀ ਨੂੰ ਧਿਆਉਂਦਾ ਹੈ, ਓਹੀ ਪਰਧਾਨੁ=ਮੁਖੀ ਹੁੰਦਾ ਹੈ।

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥ ੩॥

ਜਿਵੇਂ ਚੰਦਨ ਦੇ ਪਾਸ ਵਿਚਾਰਾ ਅਰਿੰਡ ਵਸਦਾ ਹੋਇਆ ਚੰਦਨ ਰੂਪ ਹੋ ਜਾਂਦਾ ਹੈ, ਤਿਵੇਂ ਸਤਸੰਗਤ ਨਾਲ ਮਿਲ ਕੇ ਪਾਪੀ ਭੀ ਪ੍ਰਮਾਨੀਕ ਹੋ ਜਾਂਦਾ ਹੈ॥ ੩॥

ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ॥

ਜਿਸ ਦੇ ਹਿਰਦੇ ਵਿਚ ਭਗਵਾਨ ਆਪ ਵਸਿਆ ਹੈ, ਉਹ ਪੁਰਸ਼ ਸਾਰਿਆਂ ਤੋਂ ਉੱਚਾ ਹੈ ਅਤੇ ਸਾਰਿਆਂ ਤੋਂ ਸੂਚਾ=ਪਵਿੱਤਰ ਹੈ।

ਜਨ ਨਾਨਕੁ ਤਿਸ ਕੇ ਚਰਨ ਪਖਾਲੈ
ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ-ਜੋ ਨੀਚ ਜ਼ਾਤੀ ਵਿੱਚੋਂ ਭੀ ਹਰੀ ਦਾ ਸੇਵਕ ਜਨ ਹੋ ਗਿਆ ਹੈ ਮੈਂ ਜਨ ਉਸ ਦੇ ਚਰਨਾਂ ਨੂੰ ਪਖਾਲੈ=ਧੋਂਦਾ ਹਾਂ॥ ੪॥ ੪॥

ਗੌਂਡ ਮਹਲਾ ੪॥

ਹਰਿ ਅੰਤਰਜਾਮੀ ਸਭਤੈ ਵਰਤੈ ਜੇਹਾ ਹਰਿ ਕਰਾਏ ਤੇਹਾ ਕੋ ਕਰਈਐ॥

ਅੰਤਰਜਾਮੀ ਹਰੀ ਸਭਨਾਂ ਵਿਚ ਵਰਤ ਰਿਹਾ ਹੈ, ਜੇਹੋ ਜਿਹਾ ਕੰਮ ਹਰੀ ਕਰਵਾਉਂਦਾ ਹੈ ਤੇਹੋ ਜੇਹਾ ਕੋਈ ਕਰਦਾ ਹੈ।

ਸੋ ਐਸਾ ਹਰਿ ਸੇਵਿ ਸਦਾ ਮਨ ਮੇਰੇ ਜੋ ਤੁਧਨੋ ਸਭ ਦੂ ਰਖਿ ਲਈਐ ॥ ੧ ॥

ਹੇ ਮੇਰੇ ਮਨ ! ਅਜਿਹੇ ਹਰੀ ਨੂੰ ਤੂੰ ਸਦਾ ਸੇਵਨਾਂ ਕਰ, ਜੋ ਤੈਨੂੰ ਸਾਰਿਆਂ ਦੁੱਖਾਂ ਤੋਂ ਰੱਖ ਲੈਂਦਾ ਹੈ॥ ੧ ॥

ਮੇਰੇ ਮਨ ਹਰਿ ਜਪਿ ਹਰਿ ਨਿਤ ਪੜਈਐ ॥

ਹੇ ਮੇਰੇ ਮਨ ! ਹਰੀ ਨਾਮ ਨੂੰ ਜਪ, ਅਤੇ ਨਿਤਾ-ਪ੍ਰਤੀ ਹਰੀ ਨਾਮ ਨੂੰ ਹੀ ਪੜ੍ਹਨਾ ਕਰ।

ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ
ਤਾ ਮੇਰੇ ਮਨ ਕਾਇਤੁ ਕੜਈਐ ॥ ੧ ॥ ਰਹਾਉ ॥

ਹਰੀ ਤੋਂ ਬਿਨਾਂ ਹੋਰ ਕੋਈ ਮਾਰ ਤੇ ਜਿਵਾ ਨਹੀਂ ਸਕਦਾ, ਹੇ ਮੇਰੇ ਮਨ ! ਤਾਂ ਫਿਰ ਕਾਇਤੁ=ਕਿਸ ਵਾਸਤੇ ਕੜਈਐ=ਝੋਰਾ ਕਰਨਾ ਹੈ॥ ੧ ॥ ਰਹਾਉ ॥

ਹਰਿ ਪਰਪੰਚੁ ਕੀਆ ਸਭੁ ਕਰਤੈ ਵਿਚਿ ਆਪੇ ਆਪਣੀ ਜੋਤਿ ਧਰਈਐ ॥

ਹਰੀ ਕਰਤੇ ਨੇ ਹੀ ਇਹ ਸਾਰਾ ਸੰਸਾਰ ਪ੍ਰਪੰਚ ਕੀਤਾ ਹੈ ਅਤੇ ਇਸ ਦੇ ਵਿਚਾਲੇ ਕਰਤੇ ਪੁਰਖ ਨੇ ਆਪ ਹੀ ਆਪਣੀ ਜੋਤ ਧਰੀ ਹੋਈ ਹੈ।

ਹਰਿ ਏਕੋ ਬੋਲੈ ਹਰਿ ਏਕੁ ਬੁਲਾਏ ਗੁਰਿ ਪੂਰੈ ਹਰਿ ਏਕੁ ਦਿਖਈਐ ॥ ੨ ॥

ਇਕ ਹਰੀ ਸਾਰਿਆਂ ਸਰੀਰਾਂ ਵਿਚ ਬੋਲਦਾ ਹੈ, ਇਕ ਹਰੀ ਹੀ ਸਾਰਿਆਂ ਨੂੰ ਬੁਲਾਉਂਦਾ ਹੈ, ਪੂਰਿਆਂ ਗੁਰਾਂ ਨੇ ਇਕ ਹਰੀ ਵਿਖਾ ਦਿੱਤਾ ਹੈ।

ਹਰਿ ਅੰਤਰਿ ਨਾਲੇ ਬਾਹਰਿ ਨਾਲੇ ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ ॥

ਅੰਦਰ ਭੀ ਹਰੀ ਨਾਲ ਵਸਦਾ ਹੈ, ਬਾਹਰ ਭੀ ਹਰੀ ਨਾਲ ਵਸਦਾ ਹੈ। ਫਿਰ ਹੇ ਮਨ ! ਕਹੁ ਖਾਂ ਉਸ ਦੇ ਪਾਸੋਂ ਕੀ ਚੁਰਾ ਕੇ ਰੱਖਣਾ ਹੈ।

ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ ॥ ੩ ॥

ਹੇ ਮੇਰੇ ਮਨ ! ਜੇਕਰ ਨਿਸ਼ਕਪਟ ਹੋ ਕੇ ਹਰੀ ਦੀ ਸੇਵਾ ਕਰੀਏ, ਤਾਂ ਸਾਰੇ ਸੁਖ ਪਾਈਦੇ ਹਨ॥ ੩ ॥

ਜਿਸ ਦੈ ਵਸਿ ਸਭੁ ਕਿਛੁ ਸੋ ਸਭ ਦੂ ਵਡਾ ਸੋ ਮੇਰੇ ਮਨ ਸਦਾ ਧਿਅਈਐ ॥

ਜਿਸ ਦੇ ਵੱਸ ਵਿਚ ਸਭ ਕੁਝ ਹੈ ਉਹ ਸਭ ਤੋਂ ਵੱਡਾ ਹੈ, ਹੇ ਮੇਰੇ ਮਨ ! ਉਸ ਪ੍ਰਭੂ ਨੂੰ ਸਦਾ ਧਿਆਉਣਾ ਕਰੀਏ।

ਜਨ ਨਾਨਕ ਸੋ ਹਰਿ ਨਾਲਿ ਹੈ ਤੇਰੈ ਹਰਿ ਸਦਾ ਧਿਆਇ ਤੂ
ਤੁਧੁ ਲਏ ਛਡਈਐ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਖ਼ਾ ! ਉਹ ਹਰੀ ਸਦਾ ਤੇਰੇ ਨਾਲ ਵਸ ਰਿਹਾ ਹੈ, ਤੂੰ ਉਸ ਨੂੰ ਸਦਾ ਧਿਆਉਣਾ ਕਰ, ਉਹ ਤੈਨੂੰ ਦੁੱਖਾਂ ਤੋਂ ਛਡਾ ਲਏਗਾ॥ ੪ ॥ ੫ ॥

ਗੌਂਡ ਮਹਲਾ ੪ ॥

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧ ॥

ਹਰੀ ਦੇ ਦਰਸ਼ਨ ਕਰਨੇ ਨੂੰ ਮੇਰਾ ਮਨ ਬਹੁਝ ਹੀ ਤੜਫ ਰਿਹਾ ਹੈ, ਜਿਵੇਂ ਤ੍ਰਿਖਾਵੰਤੁ=ਪਿਆਸਾ ਪੁਰਸ਼ ਪਾਣੀ ਤੋਂ ਬਿਨਾਂ ਤੜਫਦਾ ਹੈ॥ ੧॥

ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥

ਮੇਰੇ ਮਨ ਵਿਚ ਹਰੀ ਦੇ ਪ੍ਰੇਮ ਦਾ ਤੀਰ ਭਾਵ ਵੱਜਾ ਹੈ।

ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥ ੧ ॥ ਰਹਾਉ ॥

ਮੇਰੀ ਬੇਦਨ=ਪੀੜਾ ਨੂੰ ਹਰੀ ਪ੍ਰਭੂ ਹੀ ਜਾਣਦਾ ਹੈ, ਮੇਰੇ ਮਨ ਵਿਚ ਪ੍ਰਭੂ ਦੇ ਵਿਛੋੜੇ ਦੀ ਪੀਰ=ਪੀੜਾ ਹੈ॥ ੧ ॥ ਰਹਾਉ ॥

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥ ੨ ॥

ਜਿਹੜਾ ਕੋਈ ਮੇਰੇ ਪ੍ਰੀਤਮ ਹਰੀ ਦੀ ਗੱਲ ਮੈਨੂੰ ਸੁਣਾਉਂਦਾ ਹੈ, ਓਹੀ ਓਹੀ ਮੇਰਾ ਬੀਰ ਭਾਈ=ਸਕਾ ਭਰਾ ਹੈ। *ਅਥਵਾ:*-ਮੇਰਾ ਭਰਾ ਭੀ ਓਹੀ ਹੈ ਮੇਰਾ ਬੀਰ=ਸੂਰਬੀਰ ਭੀ ਓਹੀ ਹੈ॥ ੨ ॥

[ਪੰਨਾ ੮੬੨]

ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥ ੩ ॥

੧. ਹੇ ਸਖੀ ! ਧੀਰ=ਧੀਰਜ ਵਾਲੀ ਸਤਿਗੁਰਾਂ ਦੀ ਮਤਿ=ਸਿਖਿਆ ਲੈ ਕੇ ਮੇਰੇ ਨਾਲ ਮਿਲ ਮਿਲ ਕੇ ਮੇਰੇ ਪ੍ਰਭੂ ਦੇ ਗੁਣ ਕਹੁ।

੨. ਹੇ ਸਖੀ ! ਮੈਨੂੰ ਆ ਕੇ ਮਿਲ ਅਤੇ ਮੇਰੇ ਪ੍ਰਭੂ ਦੇ ਮਿਲੁ=ਮਿਲਾਪ ਦੇ ਗੁਣ ਕਹੁ ਪੁਨਾ-ਸਤਿਗੁਰਾਂ ਦੀ ਸਿਖਿਆ ਲੈ ਕੇ ਧੀਰ=ਧੀਰਜ ਕਰ॥ ੩ ॥

ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥੪ ॥੬ ॥

ਛਕਾ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਮੈਂ ਸੇਵਕ ਜਨ ਦੀ ਆਸਾ ਪੂਰਨ ਕਰੋ, ਹੇ ਹਰੀ ! ਆਪ ਜੀ ਦੇ ਦਰਸ਼ਨ ਕਰਕੇ ਸਰੀਰ ਨੂੰ ਸ਼ਾਂਤੀ ਹੁੰਦੀ ਹੈ, ਇਸ ਲਈ ਮੈਨੂੰ ਆਪਣਾ ਦਰਸ਼ਨ ਦੇਣਾ ਕਰੋ॥ ੪॥ ੬॥ ਛਕਾ ੧

ਇਥੋਂ ਤਕ ਛਿਆਂ ਸ਼ਬਦਾਂ ਦਾ ਇਕ ਛੱਕਾ ਆਇਆ ਹੈ।

ਰਾਗੁ ਗੌਂਡ ਮਹਲਾ ੫ ਚਉਪਦੇ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

ਪਰਮੇਸ਼ਰ ਨੂੰ ਸਰਬ ਰੂਪ ਵਰਣਨ ਕਰਦੇ ਹਨ-

ਸਭੁ ਕਰਤਾ ਸਭੁ ਭੁਗਤਾ ॥ ੧ ॥ ਰਹਾਉ ॥

ਸਭ ਦਾ ਕਰਤਾ=ਬਣਾਉਣ ਵਾਲਾ ਪਰਮੇਸ਼ਰ ਹੈ, ਸਭ ਪਦਾਰਥਾਂ ਦੇ ਭੋਗਣ ਵਾਲਾ ਭੀ ਓਹੀ ਪ੍ਰਭੂ ਹੈ॥ ੧ ॥ ਰਹਾਉ ॥

ਸੁਨਤੋ ਕਰਤਾ ਪੇਖਤ ਕਰਤਾ ॥ ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥

ਸੁਨਣ ਵਾਲਾ ਭੀ ਕਰਤਾ ਪੁਰਖ ਆਪ ਹੈ, ਵੇਖਣ ਵਾਲਾ ਭੀ ਕਰਤਾ ਪੁਰਖ ਆਪ ਹੈ। ਅਦ੍ਰਿਸਟੋ=ਗੁਪਤ ਭੀ ਕਰਤਾ ਪੁਰਖ ਆਪ ਹੈ, ਦ੍ਰਿਸਟੋ=ਪ੍ਰਗਟ ਭੀ ਕਰਤਾ ਪੁਰਖ ਆਪ ਹੈ।

ਓਪਤਿ ਕਰਤਾ ਪਰਲਉ ਕਰਤਾ ॥ ਬਿਆਪਤ ਕਰਤਾ ਅਲਿਪਤੋ ਕਰਤਾ ॥੧ ॥

ਉਤਪਤੀ ਕਰਨ ਵਾਲਾ ਭੀ ਕਰਤਾ ਪੁਰਖ ਹੈ, ਪਰਲੋ ਕਰਨ ਵਾਲਾ ਭੀ ਕਰਤਾ ਪੁਰਖ ਹੈ।

ਸਾਰੇ ਵਿਆਪਕ ਭੀ ਕਰਤਾ ਪੁਰਖ ਆਪ ਹੈ, ਸਾਰਿਆਂ ਤੋਂ ਅਲਿਪਤੋ=ਅਸੰਗ ਭੀ ਕਰਤਾ ਪੁਰਖ ਆਪ ਹੈ।

ਬਕਤੋ ਕਰਤਾ ਬੂਝਤ ਕਰਤਾ ॥ ਆਵਤੁ ਕਰਤਾ ਜਾਤੁ ਭੀ ਕਰਤਾ ॥

ਬਕਤੋ=ਉਚਾਰਨ ਵਾਲਾ ਭੀ ਕਰਤਾ ਪੁਰਖ ਆਪ ਹੈ, ਬੁੱਝਣੇ ਵਾਲਾ ਭੀ ਕਰਤਾ ਪੁਰਖ ਆਪ ਹੈ। ਆਉਂਦਾ ਭੀ ਕਰਤਾ ਪੁਰਖ ਹੈ, ਜਾਤੁ=ਜਾਂਦਾ ਭੀ ਕਰਤਾ ਪੁਰਖ ਹੈ।

ਨਿਰਗੁਨ ਕਰਤਾ ਸਰਗੁਨ ਕਰਤਾ ॥
ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ ॥ ੨ ॥ ੧ ॥

ਨਿਰਗੁਣ ਸਰੂਪ ਭੀ ਕਰਤਾ ਪੁਰਖ ਆਪ ਹੈ, ਸਰਗੁਣ ਸਰੂਪ ਭੀ ਕਰਤਾ ਪੁਰਖ ਆਪ ਹੈ।

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਦੁਆਰੇ ਉਸ ਨੂੰ ਸਭ ਜਗ੍ਹਾ ਪਰ ਸਮਦ੍ਰਿਸਟਾ=ਇਕ-ਸਾਰ ਵੇਖਿਆ ਹੈ॥ ੨ ॥ ੧ ॥

ਗੌਂਡ ਮਹਲਾ ੫ ॥

ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕਸੁੰਭਾਇਲੇ ॥

ਹੇ ਪੁਰਖ਼ਾ ! ਜਿਵੇਂ ਮੀਨ=ਮੱਛੀ ਤੇ ਕਪਿਕ=ਬਾਂਦਰ ਫਾਕਿਓ=ਫਸ ਜਾਂਦੇ ਹਨ, ਉਨ੍ਹਾਂ ਦੀ ਨਿਆਈ=ਤਰ੍ਹਾਂ ਤੂੰ ਭੀ ਕਸੁੰਭੇ ਰੰਗ ਵਾਂਗ ਖਿਨ ਭੰਗਰ ਪਦਾਰਥਾਂ ਵਿਚ ਉਰਝਿ ਰਹਿਓ=ਫਸ ਰਿਹਾ ਹੈਂ।

ਪਗ ਧਾਰਹਿ ਸਾਸੁ ਲੇਖੈ ਲੈ ਤਉ ਊਧਰਹਿ ਹਰਿ ਗੁਣ ਗਾਇਲੇ ॥ ੧ ॥

ਜਿੰਨੇ ਪਗ ਧਾਰਹਿ=ਪੈਰ ਰੱਖਦਾ ਹੈਂ, ਤੇ ਸ੍ਵਾਸ ਲੈਂਦਾ ਹੈਂ ਇਹ ਸਭ ਲੇਖੇ ਵਿਚ ਹਨ, ਹਰੀ ਗੁਣਾਂ ਨੂੰ ਗਾ ਲੈਣਾ ਕਰ ਤਾਂ ਤੂੰ ਉਧਰ ਜਾਵੇਂਗਾ॥ ੧ ॥

ਮਨ ਸਮਝੁ ਛੋਡਿ ਆਵਾਇਲੇ ॥

ਹੇ ਮਨ ! ਭਲੇ ਬੁਰੇ ਨੂੰ ਸਮਝਣਾ ਕਰ ਤੇ ਅਵਾਇਲੇ=ਅਵੈੜ-ਪਨੇ ਛੱਡ ਦੇ।

ਅਪਨੇ ਰਹਨ ਕਉ ਠਉਰੁ ਨ ਪਾਵਹਿ ਕਾਏ ਪਰ ਕੈ ਜਾਇਲੇ ॥ ੧ ॥ ਰਹਾਉ ॥

ਤੂੰ ਆਪਣੇ ਰਹਿਣ ਵਾਸਤੇ ਤਾਂ ਥਾਂ ਨਹੀਂ, ਪਾਉਂਦਾ ਫਿਰ ਪਰਾਏ ਨੂੰ ਉਪਦੇਸ਼ ਦੇਣ ਵਾਸਤੇ ਕਿਉਂ ਜਾਂਦਾ

ਹੈਂ? ਵਾ:-ਕਿਸ ਵਾਸਤੇ ਪਰਾਏ ਦੇਵੀ ਦੇਵਤਿਆਂ ਪਾਸ ਜਾਂਦਾ ਹੈਂ? ॥ ੧ ॥ ਰਹਾਉ ॥

ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ ॥

ਜਿਵੇਂ ਮੈਗਲੁ=ਹਾਥੀ ਇੰਦ੍ਰੀ ਦਾ ਪ੍ਰੇਰਿਆ ਹੋਇਆ ਵਿਸ਼ੇ ਰਸ ਲਈ ਦੌੜ ਕੇ ਜਾਂਦਾ ਹੈ ਤੇ ਟੋਏ ਵਿਚ ਡਿੱਗ ਪੈਂਦਾ ਹੈਂ, ਤਿਵੇਂ ਹੇ ਪੁਰਸ਼ਾ ਤੂੰ ਭੀ ਮੋਹ ਵਿਚ ਲੱਗ ਕੇ ਕੁਟੰਬ ਵਿਚ ਡਿੱਗਾ ਪਿਆ ਹੈਂ।

ਜਿਉ ਪੰਖੀ ਇਕਤ੍ਰ ਹੋਇ ਫਿਰਿ ਬਿਛੁਰੈ ਥਿਰੁ ਸੰਗਤਿ ਹਰਿ ਹਰਿ ਧਿਆਇਲੇ ॥੨ ॥

ਜਿਵੇਂ ਪੰਛੀ ਰਾਤ ਹੋਣ ਨਾਲ ਬ੍ਰਿੱਛ ਉੱਤੇ ਕੱਠੇ ਹੁੰਦੇ ਹਨ, ਦਿਨ ਚੜ੍ਹਦਿਆਂ ਸਾਰ ਫਿਰ ਵਿਛੜ ਜਾਂਦੇ ਹਨ। ਤਿਵੇਂ ਜੀਵਾਂ ਰੂਪ ਪੰਛੀ ਅਵਸਥਾ ਰੂਪੀ ਰਾਤ ਦੇ ਸੰਜੋਗ ਕਰਕੇ ਗ੍ਰਿਹਸਤ ਰੂਪ ਬ੍ਰਿਛ ਪਰ ਕੱਠੇ ਹੁੰਦੇ ਹਨ, ਕਾਲ ਰੂਪ ਦਿਨ ਚੜ੍ਹਨ ਕਰਕੇ ਫਿਰ ਵਿਛੜ ਜਾਂਦੇ ਹਨ, ਹੇ ਪੁਰਸ਼ਾ ਜੇ ਤੈਨੂੰ ਸਥਿਰ ਹੋਣ ਦੀ ਇੱਛਾ ਹੈ ਤਾਂ ਸੰਗਤ ਵਿਚ ਇਸਥਿਤ ਹੋ ਕੇ ਰਹਿ ਹਰਿ ਨਾਮ ਨੂੰ ਧਿਆ ਲੈਣਾ ਕਰ ॥ ੨ ॥

ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ ਮੂਠੌ ਮੂੜ ਲੋਭਾਇਲੇ ॥

ਜਿਵੇਂ ਮੱਛੀ ਰਸਨਾ ਦੇ ਸੁਆਦ ਕਰਕੇ ਬਿਨਸ ਜਾਂਦੀ-ਭਾਵ ਮਰ ਜਾਂਦੀ ਹੈ, ਹੇ ਮੂਰਖ ਪੁਰਸ਼ਾ! ਉਹ ਮੱਛੀ ਲੋਭ ਵਿਚ ਆਉਣ ਕਰਕੇ ਮੂਠੌ=ਲੁੱਟੀ ਗਈ ਹੈ, ਭਾਵ ਮੱਛੀ ਤਾਂ ਇਕ ਲੋਭ ਕਰਕੇ ਮਾਰੀ ਗਈ ਹੈ। ਤੇ-

ਤੂ ਹੋਆ ਪੰਚ ਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ ॥ ੩ ॥

ਤੂੰ (ਕਾਮ ਕ੍ਰੋਧ ਆਦਿਕ) ਪੰਜਾਂ ਵੈਰੀਆਂ ਦੇ ਵਸੀਕਾਰ ਹੋ ਗਿਆ ਹੈਂ, ਪਰ ਭਲੀ ਪ੍ਰਕਾਰ ਗੁਰਾਂ ਦੀ ਸ਼ਰਨ ਵਿਚ ਆਉਣਾ ਕਰ ਤਾਂ ਤੇਰਾ ਛੁਟਕਾਰਾ ਹੋਵੇਗਾ ॥ ੩ ॥

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਸਭਿ ਤੁਮ੍ਰੇ ਜੀਅ ਜੰਤਾਇਲੇ ॥

ਹੇ ਦੀਨ ਦੁੱਖ ਭੰਜਨ ਪ੍ਰਭੂ ! ਆਪ ਕ੍ਰਿਪਾਲੂ ਹੋਵੋ, ਇਹ ਸੂਖਮ ਸਥੂਲ ਸਾਰੇ ਜੀਆ ਜੰਤ ਤੁਹਾਡੇ ਹਨ।

ਪਾਵਉ ਦਾਨੁ ਸਦਾ ਦਰਸੁ ਪੇਖਾ ਮਿਲੁ ਨਾਨਕ ਦਾਸ ਦਸਾਇਲੇ ॥੪ ॥੨ ॥

ਗੁਰੂ ਜੀ ਕਥਨ ਕਰਦੇ ਹਨ-ਆਪ ਮੈਨੂੰ ਇਹ ਦਾਨ ਪਾਵੋ ਕਿ ਮੈਂ ਸਦਾ ਆਪ ਜੀ ਦਾ ਦਰਸ਼ਨ ਦੇਖਦਾ ਰਹਾਂ ਅਤੇ ਆਪ ਜੀ ਦੇ ਦਾਸਾਂ ਦੇ ਦਾਸਾਂ ਨਾਲ ਮਿਲ ਕੇ ਰਹਿਣਾ ਕਰਾਂ ॥ ੪ ॥ ੨ ॥

ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

ਜੀਅ ਪ੍ਰਾਨ ਕੀਏ ਜਿਨਿ ਸਾਜਿ ॥ ਮਾਟੀ ਮਹਿ ਜੋਤਿ ਰਖੀ ਨਿਵਾਜਿ ॥

ਜਿਸ ਪਰਮਾਂਤਮਾ ਨੇ ਜੀਵਾਂ ਤੇ ਪ੍ਰਾਣਾਂ ਦੀ ਸਾਜਣਾ ਕੀਤੀ ਹੈ,

ਅਥਵਾ:-ਜਿਸ ਪਰਮਾਤਮਾ ਨੇ ਜੀਵਾਂ ਵਿਚ ਪ੍ਰਾਣਾਂ ਨੂੰ ਸਾਜਣਾ ਕੀਤਾ ਹੈ।

ਮਾਟੀ-ਦੇਹ ਵਿਚ ਜੋਤਿ=ਚੇਤਨ ਸੱਤਾ ਰੱਖ ਕੇ ਨਿਵਾਜਿ=ਵਡਿਆਇਆ ਹੈ।

ਬਰਤਨ ਕਉ ਕਿਛੁ ਸਭੁ ਭੋਜਨ ਭੋਗਾਇ ॥ ਸੋ ਪ੍ਰਭੁ ਤਜਿ ਮੂੜੇ ਕਤ ਜਾਇ ॥ ੧ ॥

ਜਿਸ ਨੇ ਵਰਤਣੇ ਨੂੰ ਸਭ ਕੁਝ ਦਿੱਤਾ ਹੈ ਅਤੇ ਕਈ ਤਰ੍ਹਾਂ ਦੇ ਭੋਜਨ ਛਕਾਏ ਹਨ।

ਹੇ ਮੂਰਖਾ ! ਉਸ ਪ੍ਰਭੂ ਨੂੰ ਛੱਡ ਕੇ ਤੂੰ ਕਿਥੇ ਜਾਂਦਾ ਹੈਂ ॥ ੧ ॥

ਪਾਰਬ੍ਰਹਮ ਕੀ ਲਾਗਉ ਸੇਵ ॥ ਗੁਰ ਤੇ ਸੁਝੈ ਨਿਰੰਜਨ ਦੇਵ ॥ ੧ ॥ ਰਹਾਉ ॥

ਤੂੰ ਪਾਰਬ੍ਰਹਮ ਦੀ ਸੇਵਾ ਵਿਚ ਲੱਗ ਜਾ। ਉਹ ਦੇਵ=ਪ੍ਰਕਾਸ਼ ਰੂਪ ਨਿਰੰਜਨ ਪਰਮਾਤਮਾ ਗੁਰਾਂ ਦੇ ਉਪਦੇਸ਼ ਕਰਕੇ ਸੁੱਝਦਾ ਹੈ॥ ੧ ॥ ਰਹਾਉ ॥

ਜਿਨਿ ਕੀਏ ਰੰਗ ਅਨਿਕ ਪਰਕਾਰ ॥ ਓਪਤਿ ਪਰਲਉ ਨਿਮਖ ਮਝਾਰ ॥

ਜਿਸ ਨੇ ਅਨੇਕ ਤਰ੍ਹਾਂ ਦੇ ਰੰਗ ਬਣਾਏ ਹਨ। ਅਤੇ ਇਕ ਨਿਮਖ ਦੇ ਸਮੇਂ ਵਿਚ ਓਪਤਿ=ਉਤਪਤੀ ਤੇ ਪਰਲੌ ਕਰਦਾ ਹੈ।

ਜਾ ਕੀ ਗਤਿ ਮਿਤਿ ਕਹੀ ਨ ਜਾਇ ॥
ਸੋ ਪ੍ਰਭੁ ਮਨ ਮੇਰੇ ਸਦਾ ਧਿਆਇ ॥ ੨ ॥

ਜਿਸ ਦੀ ਗਤੀ ਤੇ ਮਰਯਾਦਾ ਕਹੀ ਨਹੀਂ ਜਾਂਦੀ। ਹੇ ਮੇਰੇ ਮਨ ! ਉਸ ਪ੍ਰਭੂ ਨੂੰ ਤੂੰ ਸਦਾ ਧਿਆਉਣਾ ਕਰ ॥ ੨ ॥

ਆਇ ਨ ਜਾਵੈ ਨਿਹਚਲੁ ਧਨੀ ॥ ਬੇਅੰਤ ਗੁਨਾ ਤਾ ਕੇ ਕੇਤਕ ਗਨੀ ॥

ਉਹ ਅੱਚਲ ਧਨੀ=ਮਾਲਕ ਪਰਮਾਤਮਾ ਜੰਮਦਾ ਮਰਦਾ ਨਹੀਂ ਹੈ। ਉਸ ਦੇ ਗੁਣ ਬੇਅੰਤ ਹਨ। ਕਿੰਨੇ ਕੁ ਗਿਣੀਏ।

[ਪੰਨਾ ੮੬੩]

ਲਾਲ ਨਾਮ ਜਾ ਕੈ ਭਰੇ ਭੰਡਾਰ ॥ ਸਗਲ ਘਟਾ ਦੇਵੈ ਆਧਾਰ ॥ ੩ ॥

ਜਿਸ ਦੇ ਨਾਮਾਂ ਰੂਪੀ ਲਾਲਾਂ ਦੇ ਭੰਡਾਰ ਭਰੇ ਹੋਏ ਹਨ। ਜਾਂ ਲਾਲ=ਪ੍ਰੇਮ ਤੇ ਨਾਮ ਆਦਿਕ ਗੁਣਾਂ ਦੇ ਜਿਸ ਦੇ ਭੰਡਾਰੇ ਭਰੇ ਹੋਏ ਹਨ। ਓਹੀ ਸਾਰਿਆਂ ਘਟਾਂ ਨੂੰ ਆਧਾਰ=ਆਸਰਾ ਦੇਂਦਾ ਹੈ॥ ੩ ॥

ਸਤਿ ਪੁਰਖੁ ਜਾ ਕੋ ਹੈ ਨਾਉ ॥ ਮਿਟਹਿ ਕੋਟਿ ਅਘ ਨਿਮਖ ਜਸੁ ਗਾਉ ॥

ਜਿਸ ਪ੍ਰਭੂ ਦਾ ਨਾਮ ਸਤਪੁਰਖ ਹੈ। ਜਿਸ ਦਾ ਜਸ ਇਕ ਨਿਮਖ ਮਾਤਰ ਗਾਉਣ ਨਾਲ ਕ੍ਰੋੜਾਂ ਅਘ=ਪਾਪ ਮਿਟ ਜਾਂਦੇ ਹਨ।

ਬਾਲ ਸਖਾਈ ਭਗਤਨ ਕੋ ਮੀਤ ॥
ਪ੍ਰਾਨ ਅਧਾਰ ਨਾਨਕ ਹਿਤ ਚੀਤ ॥ ੪ ॥ ੧ ॥ ੩ ॥

ਜੋ ਭਗਤਾਂ ਦਾ ਬਾਲ ਸਖਾਈ-ਮਿੱਤਰ ਹੈ। ਵਾ:-ਬਾਲ-ਬਾਲਾਨ ਬਾਲ (ਵੱਡਿਆਂ ਤੋਂ ਵੱਡਾ) ਹੈ ਤੇ ਸਖਾਈ=ਸਹਾਇਤਾ ਕਰਨ ਵਾਲਾ ਹੈ ਅਤੇ ਭਗਤਾਂ ਦਾ ਮਿੱਤਰ ਹੈ। ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਾਣਾਂ ਦਾ ਆਸਰਾ ਹੈ, ਉਸ ਵਿਚ ਮੇਰੇ ਚਿਤ ਦਾ ਹਿਤ=ਪ੍ਰੇਮ ਹੈ॥ ੪ ॥ ੧ ॥ ੩ ॥

ਗੌਂਡ ਮਹਲਾ ੫ ॥

ਨਾਮ ਸੰਗਿ ਕੀਨੋ ਬਿਉਹਾਰੁ॥ ਨਾਮੋ ਹੀ ਇਸੁ ਮਨ ਕਾ ਅਧਾਰੁ॥

ਨਾਮ ਦੇ ਨਾਲ ਹੀ ਅਸਾਂ ਨੇ ਵਿਉਹਾਰ ਕੀਤਾ ਹੈ। ਨਾਮ ਹੀ ਇਸ ਮਨ ਦਾ ਅਧਾਰੁ=ਆਸਰਾ ਹੈ।

ਨਾਮੋ ਹੀ ਚਿਤਿ ਕੀਨੀ ਓਟ॥ ਨਾਮੁ ਜਪਤ ਮਿਟਹਿ ਪਾਪ ਕੋਟਿ॥ ੧॥

ਨਾਮ ਨੂੰ ਹੀ ਚਿੱਤ ਦੀ ਓਟ ਕੀਤਾ ਹੈ। ਨਾਮ ਨੂੰ ਜਪਦਿਆਂ ਹੀ ਕ੍ਰੋੜਾਂ ਪਾਪ ਮਿਟਦੇ ਹਨ॥ ੧॥

ਰਾਸਿ ਦੀਈ ਹਰਿ ਏਕੋ ਨਾਮੁ॥
ਮਨ ਕਾ ਇਸਟੁ ਗੁਰ ਸੰਗਿ ਧਿਆਨੁ॥ ੧॥ ਰਹਾਉ॥

ਗੁਰਾਂ ਨੇ ਸਾਨੂੰ ਇਕ ਹਰੀ ਨਾਮ ਦੀ ਰਾਸਿ=ਪੂੰਜੀ ਦਿੱਤੀ ਹੈ। ਜਾਂ ਇਕ ਹਰੀ ਨਾਮ ਦੀ ਪ੍ਰਾਪਤੀ ਲਈ ਸ਼ਰਧਾ ਰੂਪੀ ਪੂੰਜੀ ਦਿੱਤੀ ਹੈ। ਮਨ ਦਾ ਇਸ਼ਟ ਜੋ ਗੁਰੂ ਹਨ ਉਨ੍ਹਾਂ ਨਾਲ ਧਿਆਨ ਜੁੜ ਗਿਆ ਹੈ।

ਅਥਵਾ—ਗੁਰੂ ਦੇ ਸੰਗ ਕਰਕੇ ਇਸਟ=ਪਿਆਰੇ ਨਾਮ ਨਾਲ ਹੀ ਮਨ ਦਾ ਧਿਆਨ ਜੁੜ ਗਿਆ ਹੈ॥ ੧॥ ਰਹਾਉ॥

ਨਾਮੁ ਹਮਾਰੇ ਜੀਅ ਕੀ ਰਾਸਿ॥ ਨਾਮੋ ਸੰਗੀ ਜਤ ਕਤ ਜਾਤ॥

ਨਾਮ ਹੀ ਸਾਡੇ ਜੀਅ ਦੀ ਰਾਸਿ=ਪੂੰਜੀ ਹੈ। ਜਿੱਥੇ ਕਿੱਥੇ ਜਾਂਦਾ ਹਾਂ ਨਾਮ ਹੀ ਮੇਰਾ ਸੰਗੀ=ਸਾਥੀ ਹੈ।

ਨਾਮੋ ਹੀ ਮਨਿ ਲਾਗਾ ਮੀਠਾ॥ ਜਲਿ ਥਲਿ ਸਭ ਮਹਿ ਨਾਮੋ ਡੀਠਾ॥ ੨॥

ਨਾਮ ਹੀ ਮੇਰੇ ਮਨ ਵਿਚ ਮੀਠਾ=ਪਿਆਰਾ ਲੱਗਾ ਹੈ। ਜਲਾਂ ਵਿਚ, ਥਲਾਂ ਵਿਚ ਤੇ ਸਾਰਿਆਂ ਜੀਵਾਂ ਵਿਚ ਨਾਮ ਨੂੰ ਪੂਰਨ ਵੇਖਿਆ ਹੈ॥ ੨॥

ਨਾਮੇ ਦਰਗਹ ਮੁਖ ਉਜ਼ਲੇ॥ ਨਾਮੇ ਸਗਲੇ ਕੁਲ ਉਧਰੇ॥

ਨਾਮ ਕਰਕੇ ਹੀ ਜੀਆਂ ਦੇ ਮੂੰਹ ਦਰਗਾਹ ਵਿਚ ਉੱਜਲੇ ਹੁੰਦੇ ਹਨ। ਨਾਮ ਕਰਕੇ ਹੀ ਕੁਲ ਦੇ ਸਾਰੇ ਜੀਵ ਤਰ ਜਾਂਦੇ ਹਨ।

ਨਾਮਿ ਹਮਾਰੇ ਕਾਰਜ ਸੀਧ॥ ਨਾਮ ਸੰਗਿ ਇਹੁ ਮਨੂਆ ਗੀਧ॥ ੩॥

ਨਾਮ ਕਰਕੇ ਹੀ ਸਾਡੇ ਸਾਰੇ ਕੰਮ ਸੀਧ=ਸਿੱਧ (ਪੂਰੇ) ਹੋਏ ਹਨ। ਨਾਮ ਨਾਲ ਹੀ ਇਹ ਮੇਰਾ ਮਨ ਗੀਧ=ਗਿੱਝ ਗਿਆ ਹੈ॥ ੩॥

ਨਾਮੇ ਹੀ ਹਮ ਨਿਰਭਉ ਭਏ॥ ਨਾਮੇ ਆਵਨ ਜਾਵਨ ਰਹੇ॥

ਨਾਮ ਕਰਕੇ ਅਸੀਂ ਨਿਰਭਉ ਹੋਏ ਹਾਂ। ਨਾਮ ਕਰਕੇ ਹੀ ਆਵਨ ਜਾਵਨ=ਜਨਮ ਮਰਨ ਤੋਂ ਰਹਿਤ ਹੋਏ ਹਾਂ।

ਗੁਰਿ ਪੂਰੈ ਮੇਲੇ ਗੁਣਤਾਸ॥
ਕਹੁ ਨਾਨਕ ਸੁਖਿ ਸਹਜਿ ਨਿਵਾਸੁ॥ ੪॥ ੨॥ ੪॥

ਪੂਰਿਆਂ ਗੁਰਾਂ ਨੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨਾਲ ਮੇਲ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ-ਨਾਮ ਕਰਕੇ

ਹੀ ਸਹਜਿ ਸੁਖਿ=ਅੱਚੁਤ ਸੁਖ ਵਿਚ ਨਿਵਾਸ ਹੋਇਆ ਹੈ॥ ੪॥ ੨॥ ੪॥

ਗੌਂਡ ਮਹਲਾ ੫॥

ਨਿਮਾਨੇ ਕਉ ਜੋ ਦੇਤੋ ਮਾਨੁ॥ ਸਗਲ ਭੂਖੇ ਕਉ ਕਰਤਾ ਦਾਨੁ॥

ਜੋ ਪ੍ਰਭੂ ਨਿਮਾਣਿਆਂ ਨੂੰ ਮਾਣ ਦੇਂਦਾ ਹੈ ਅਤੇ ਸਾਰੇ ਭੁੱਖੇ ਨੰਗੇ ਸੰਸਾਰ ਨੂੰ ਅੰਨ ਬਸਤਰ ਆਦਿਕਾਂ ਦਾ ਦਾਨ ਕਰਦਾ ਹੈ।

ਗਰਭ ਘੋਰ ਮਹਿ ਰਾਖਨਹਾਰੁ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ॥ ੧॥

ਜੋ ਮਾਂ ਦੇ ਗਰਭ ਰੂਪੀ ਡਰਾਉਣੇ ਨਰਕ ਵਿਚੋਂ ਰੱਖਿਆ ਕਰਨ ਵਾਲਾ ਹੈ, ਉਸ ਠਾਕੁਰ ਨੂੰ ਤੂੰ ਸਦਾ ਨਮਸ਼ਕਾਰ ਕਰ ॥ ੧॥

ਐਸੋ ਪ੍ਰਭੁ ਮਨ ਮਾਹਿ ਧਿਆਇ॥
ਘਟਿ ਅਵਘਟਿ ਜਤ ਕਤਹਿ ਸਹਾਇ॥ ੧॥ ਰਹਾਉ॥

ਅਜਿਹੇ ਪ੍ਰਭੂ ਨੂੰ ਮਨ ਵਿਚ ਸਦਾ ਧਿਆਉਣਾ ਕਰ। ਜੋ ਘਟਿ=ਸੁਖੈਣ ਰਸਤਿਆਂ ਵਿਚ ਤੇ ਅਵਘਟਿ =ਕਠਨ ਰਸਤਿਆਂ ਵਿਚ ਜਿਥੇ ਕਿਥੇ ਸਹਾਈ ਹੁੰਦਾ ਹੈ॥ ੧॥ ਰਹਾਉ॥

ਰੰਕ ਰਾਉ ਜਾ ਕੈ ਏਕ ਸਮਾਨਿ॥ ਕੀਟ ਹਸਤਿ ਸਗਲ ਪੂਰਾਨ॥

ਰੰਕੁ=ਕੰਗਾਲ ਤੇ ਰਾਉ=ਰਾਜਾ ਜਿਸ ਨੂੰ ਇਕ ਬਰਾਬਰ ਹਨ। ਜੋ ਕੀੜੀ ਤੋਂ ਲੈ ਕੇ ਹਸਤਿ=ਹਾਥੀ ਤਕ ਸਾਰਿਆਂ ਵਿਚ ਪੂਰਨ ਹੈ।

ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ ੨॥

ਨਾ ਹੀ ਕਿਸੇ ਬੀਓ=ਦੂਜੇ ਪਾਸੋਂ ਪੁੱਛ ਕੇ ਮਸਲਤਿ=ਸਲਾਂਹ ਧਾਰਦਾ ਹੈ। ਜੋ ਕੁਝ ਕਰਦਾ ਹੈ ਉਹ ਆਪਣੇ ਆਪ ਹੀ ਕਰਦਾ ਹੈ॥ ੨॥

ਜਾ ਕਾ ਅੰਤੁ ਨ ਜਾਨਸਿ ਕੋਇ॥ ਆਪੇ ਆਪਿ ਨਿਰੰਜਨੁ ਸੋਇ॥

ਜਿਸ ਪ੍ਰਭੂ ਦਾ ਅੰਤ ਕੋਈ ਨਹੀਂ ਜਾਣਦਾ। ਉਹ ਨਿਰੰਜਨ ਪ੍ਰਭੂ ਆਪੇ ਆਪਿ=ਸੁਤੰਤਰ ਹੈ।

ਆਪਿ ਅਕਾਰੁ ਆਪਿ ਨਿਰੰਕਾਰੁ॥ ਘਟ ਘਟ ਘਟਿ ਸਭ ਘਟ ਆਧਾਰੁ॥ ੩॥

ਆਪੇ ਅਕਾਰੁ=ਸਰੀਰ ਰੂਪ ਹੈ, ਆਪੇ ਨਿਰੰਕਾਰੁ=ਸਰੀਰ ਤੋਂ ਰਹਿਤ ਹੈ।

ਵਾ:- ਆਪੇ ਅਕਾਰੁ=ਸਰਗੁਣ ਰੂਪ ਹੈ, ਆਪੇ ਨਿਰੰਕਾਰੁ=ਨਿਰਗੁਣ ਬ੍ਰਹਮ ਹੈ। ਅਤੇ ਚੋਹਾਂ ਖਾਣੀਆਂ ਦੇ ਸਾਰਿਆਂ ਘਟਾਂ ਦਾ ਆਧਾਰੁ=ਆਸਰਾ ਰੂਪ ਹੈ॥ ੩॥

ਨਾਮ ਰੰਗਿ ਭਗਤ ਭਏ ਲਾਲ॥ ਜਸੁ ਕਰਤੇ ਸੰਤ ਸਦਾ ਨਿਹਾਲ॥

ਨਾਮ ਦੇ ਰੰਗਿ=ਪ੍ਰੇਮ ਕਰਕੇ ਭਗਤ ਲਾਲ=ਗਾੜ੍ਹੇ ਬ੍ਰਹਮ ਗਿਆਨ ਰੂਪੀ ਰੰਗ ਵਾਲੇ ਹੋਏ ਹਨ। ਜਾਂ ਨਾਮ ਦੇ ਪ੍ਰੇਮ ਕਰਕੇ ਭਗਤ ਲੋਕ ਪ੍ਰਭੂ ਦੇ ਲਾਲ=ਪਿਆਰੇ ਹੋਏ ਹਨ।

ਜਸ ਨੂੰ ਕਰਦੇ ਹੋਏ ਸੰਤ ਸਦਾ ਹੀ ਨਿਹਾਲ=ਦੁੱਖਾਂ ਤੋਂ ਰਹਿਤ ਹੋਏ ਹਨ।

ਨਾਮ ਰੰਗਿ ਜਨ ਰਹੇ ਅਘਾਇ॥
ਨਾਨਕ ਤਿਨ ਜਨ ਲਾਗੈ ਪਾਇ॥ ੪॥ ੩॥ ੫॥

ਨਾਮ ਦੇ ਰੰਗਿ=ਪ੍ਰੇਮ ਕਰਕੇ ਜੋ ਜਨ ਤ੍ਰਿਪਤ ਹੋ ਰਹੇ ਹਨ। ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਗੁਰਮੁਖ ਜਨਾਂ ਦੇ ਪਾਇ=ਚਰਨੀਂ ਮੈਂ ਲੱਗਦਾ ਹਾਂ, ਤੁਸੀਂ ਉਨ੍ਹਾਂ ਦੀ ਚਰਨੀਂ ਲੱਗਣਾ ਕਰੋ।

ਗੌਂਡ ਮਹਲਾ ੫॥

ਜਾ ਕੈ ਸੰਗਿ ਇਹੁ ਮਨੁ ਨਿਰਮਲੁ॥ ਜਾ ਕੈ ਸੰਗਿ ਹਰਿ ਹਰਿ ਸਿਮਰਨੁ॥

ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਇਹ ਮਲੀਨ ਮਨ ਸ਼ੁੱਧ ਹੁੰਦਾ ਹੈ। ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਹਰਿ ਹਰਿ ਨਾਮ ਦਾ ਸਿਮਰਨ ਪ੍ਰਾਪਤ ਹੁੰਦਾ ਹੈ।

ਜਾ ਕੈ ਸੰਗਿ ਕਿਲਬਿਖ ਹੋਹਿ ਨਾਸ॥ ਜਾ ਕੈ ਸੰਗਿ ਰਿਦੈ ਪਰਗਾਸ॥ ੧॥

ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਕਿਲਬਿਖ=ਪਾਪ ਨਾਸ ਹੋ ਜਾਂਦੇ ਹਨ। ਜਿਨ੍ਹਾਂ ਸੰਤਾਂ ਦੇ ਸੰਗ ਕਰਕੇ ਹਿਰਦੇ ਵਿਚ ਪਰਗਾਸ=ਗਿਆਨ ਹੁੰਦਾ ਹੈ॥ ੧॥

ਸੇ ਸੰਤਨ ਹਰਿ ਕੇ ਮੇਰੇ ਮੀਤ॥
ਕੇਵਲ ਨਾਮੁ ਗਾਈਐ ਜਾ ਕੈ ਨੀਤ॥ ੧॥ ਰਹਾਉ॥

ਉਹ ਹਰੀ ਦੇ ਸੰਤ ਜਨ ਮੇਰੇ ਮਿੱਤਰ ਹਨ। ਜਿਨ੍ਹਾਂ ਦੇ ਘਰ ਵਿਚ ਨਿਤ ਹੀ ਕੇਵਲ=ਨਿਰੋਲ ਵਾ:- ਸ਼ੁੱਧ ਨਾਮ ਜਪਿਆ ਜਾਂਦਾ ਹੈ॥ ੧॥ ਰਹਾਉ॥

ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ॥ ਜਾ ਕੈ ਉਪਦੇਸਿ ਭਰਮੁ ਭਉ ਨਸੈ॥

ਜਿਨ੍ਹਾਂ ਸੰਤਾਂ ਦੇ ਮੰਤ੍ਰਿ=ਉਪਦੇਸ਼ ਕਰ ਕੇ ਮਨ ਵਿੱਚ ਹਰਿ ਹਰਿ ਨਾਮ ਵਸਦਾ ਹੈ। ਜਿਨ੍ਹਾਂ ਸੰਤਾਂ ਦੇ ਉਪਦੇਸ਼ ਕਰ ਕੇ ਭਰਮ ਤੇ ਡਰ ਨਾਸ ਹੋ ਜਾਂਦਾ ਹੈ।

ਜਾ ਕੈ ਕੀਰਤਿ ਨਿਰਮਲ ਸਾਰ॥ ਜਾ ਕੀ ਰੇਨੁ ਬਾਂਛੈ ਸੰਸਾਰ॥ ੨॥

ਜਿਨ੍ਹਾਂ ਦੇ ਅਸਥਾਨ ਪਰ ਨਿਰਮਲ ਪਰਮਾਤਮਾ ਦਾ ਸਾਰ=ਸ੍ਰੇਸ਼ਟ ਕੀਰਤਨ ਹੁੰਦਾ ਹੈ।
ਜਿਨ੍ਹਾਂ ਦੀ ਚਰਨ-ਧੂੜੀ ਨੂੰ ਸਾਰਾ ਸੰਸਾਰ ਬਾਛੈ=ਚਾਹੁੰਦਾ ਹੈ॥ ੨॥

ਕੋਟਿ ਪਤਿਤ ਜਾ ਕੈ ਸੰਗਿ ਉਧਾਰ॥

ਜਿਨ੍ਹਾਂ ਸੰਤਾਂ ਦੇ ਸਤਸੰਗ ਕਰਕੇ ਕ੍ਰੋੜਾਂ ਪਤਿਤ=ਪਾਪੀਆਂ ਦਾ ਉਧਾਰ ਹੋਇਆ ਹੈ।

ਏਕੁ ਨਿਰੰਕਾਰੁ ਜਾ ਕੈ ਨਾਮ ਅਧਾਰ॥

ਜਿਨ੍ਹਾਂ ਦੇ ਮਨ ਵਿਚ ਇਕੋ ਨਿਰੰਕਾਰ ਦੇ ਨਾਮ ਦਾ ਅਧਾਰ=ਆਸਰਾ ਹੈ।

ਸਰਬ ਜੀਆਂ ਕਾ ਜਾਨੈ ਭੇਉ॥ ਕ੍ਰਿਪਾ ਨਿਧਾਨ ਨਿਰੰਜਨ ਦੇਉ॥ ੩॥

ਜੋ ਅੰਤਰਜਾਮੀ ਸਾਰਿਆਂ ਜੀਵਾਂ ਦਾ ਭੇਦ ਜਾਣਦਾ ਹੈ ਅਤੇ ਜੋ ਨਿਰੰਜਨ ਦੇਉ ਕਿਰਪਾ ਦਾ

ਨਿਧਾਨ=ਖ਼ਜ਼ਾਨਾ ਹੈ॥ ੩॥

ਪਾਰਬ੍ਰਹਮ ਜਬ ਭਏ ਕ੍ਰਿਪਾਲ॥ ਤਬ ਭੇਟੇ ਗੁਰ ਸਾਧ ਦਇਆਲ॥

ਉਹ ਪਾਰਬ੍ਰਹਮ ਜਦ ਤੋਂ ਕ੍ਰਿਪਾਲੂ ਹੋਏ ਹਨ। ਤਦ ਤੋਂ ਗੁਰ=ਵੱਡੇ ਦਿਆਲੂ ਸੰਤ ਮਿਲੇ ਹਨ।

[ਪੰਨਾ ੮੬੪]

ਦਿਨੁ ਰੈਣਿ ਨਾਨਕੁ ਨਾਮੁ ਧਿਆਏ॥
ਸੂਖ ਸਹਜ ਆਨੰਦ ਹਰਿ ਨਾਏ॥ ੪॥ ੪॥ ੬॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਸੰਤਾਂ ਨਾਲ ਮਿਲਕੇ ਦਿਨ ਰਾਤ ਵਾਹਿਗੁਰੂ ਨਾਮ ਨੂੰ ਧਿਆਉਣਾ ਕਰ। ਕਿਉਂਕਿ ਹਰੀ ਨਾਮ ਕਰਕੇ ਹੀ ਅਚੁੱਤ ਸੁਖ ਦਾ ਅਨੰਦ ਪ੍ਰਾਪਤ ਹੁੰਦਾ ਹੈ॥ ੪॥ ੪॥ ੬॥

ਗੌਂਡ ਮਹਲਾ ੫॥

ਗੁਰ ਅਸਤੋਤਰ ਕਥਨ ਕਰਦੇ ਹਨ।

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥

ਗੁਰਾਂ ਦੀ ਮੂਰਤੀ ਦਾ ਮਨ ਵਿਚ ਧਿਆਨ ਧਾਰਨਾ ਕਰ। ਕਿਉਂਕਿ-

''ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥'' *(ਪੰਨਾ ੧੨੬੪)*

ਤਥਾ: ''ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ॥ ੧॥'' *(ਪੰਨਾ ੧੨੬੮)*

ਗੁਰਾਂ ਦੇਂ ਉਪਦੇਸ਼ ਰੂਪ ਮੰਤਰ ਨੂੰ ਮਨ ਵਿਚ ਮਾਨ=ਮੰਨਣ ਕਰ।

ਵਾ:-ਗੁਰਾਂ ਦੇ ਉਪਦੇਸ਼ ਕਰਕੇ ਮਨੁ=ਸ਼ਰੋਮਣੀ ਮੰਤ੍ਰ ਸਤਿਨਾਮੁ ਨੂੰ ਮੰਨਣ ਕਰ।

ਗੁਰ ਕੇ ਚਰਨ ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥ ੧॥

ਗੁਰਾਂ ਦੇ ਚਰਨਾਂ ਦਾ ਧਿਆਨ ਲੈ ਕੇ ਹਿਰਦੇ ਵਿਚ ਧਾਰਨ ਕਰ।

ਗੁਰਾਂ ਨੂੰ ਪਾਰਖ੍ਰਹਮ ਰੂਪ ਜਾਣ ਕੇ ਸਦਾ ਨਮਸ਼ਕਾਰ ਕਰ॥ ੧॥

ਮਤ ਕੋ ਭਰਮਿ ਭੁਲੈ ਸੰਸਾਰਿ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ॥ ੧॥ ਰਹਾਉ॥

ਹੇ ਸੰਸਾਰੀ ਲੋਕੋ ! ਮਤਾਂ ਕੋਈ ਭਰਮ ਵਿਚ ਭੁੱਲ ਜਾਓ। ਨਿਯਮ ਸਮਝ ਲਓ—

ਗੁਰ=ਉਪਦੇਸ਼ ਤੋਂ ਬਿਨਾਂ ਕੋਈ ਭੀ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਉਤਰਿਆ॥ ੧॥ ਰਹਾਉ॥

ਭੂਲੇ ਕਉ ਗੁਰਿ ਮਾਰਗਿ ਪਾਇਆ॥
ਅਵਰ ਤਿਆਗਿ ਹਰਿ ਭਗਤੀ ਲਾਇਆ॥

ਭੁੱਲੇ ਹੋਏ ਜੀਵ ਨੂੰ ਗੁਰਾਂ ਨੇ ਹੀ ਸ਼ੁਭ ਰਸਤੇ ਪਾਇਆ ਹੈ। ਅਵਰ ਤਿਆਗਿ=ਹੋਰ ਸਭ ਕੁਝ ਛੁਡਵਾ ਕੇ ਹਰੀ ਦੀ ਭਗਤੀ ਵਿਚ ਲਾਇਆ ਹੈ।

ਜਨਮ ਮਰਨ ਕੀ ਤ੍ਰਾਸ ਮਿਟਾਈ॥ ਗੁਰ ਪੂਰੇ ਕੀ ਬੇਅੰਤ ਵਡਾਈ॥ ੨॥

ਜਨਮ ਮਰਨ ਦੀ ਤ੍ਰਾਸ=ਖੌਫ਼ਤਾਈ ਮਿਟਾ ਦਿੱਤੀ ਹੈ। ਇਸ ਕਰਕੇ ਪੂਰਿਆਂ ਗੁਰਾਂ ਦੀ ਬੇਅੰਤ ਵਡਿਆਈ ਹੈ॥ ੨॥

ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥ ਅੰਧਕਾਰ ਮਹਿ ਭਇਆ ਪ੍ਰਗਾਸ॥

ਗੁਰਾਂ ਦੀ ਪ੍ਰਸਾਦਿ=ਕਿਰਪਾ ਕਰਕੇ ਊਰਧ=ਮੂੰਧਾ ਹਿਰਦਾ ਕਮਲ ਪ੍ਰਭੂ ਵਲ ਖਿੜ ਪਿਆ ਹੈ ਅਤੇ ਅਗਿਆਨ ਰੂਪ ਹਨੇਰੇ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ।

ਜਿਨਿ ਕੀਆ ਸੋ ਗੁਰ ਤੇ ਜਾਨਿਆ॥
ਗੁਰ ਕਿਰਪਾ ਤੇ ਮੂਰਖ ਮਨੁ ਮਾਨਿਆ॥ ੩॥

ਜਿਸ ਪ੍ਰਭੂ ਨੇ ਜਗਤ ਨੂੰ ਪੈਦਾ ਕੀਤਾ ਹੈ, ਉਸ ਨੂੰ ਗੁਰੂ ਦੀ ਕਿਰਪਾ ਨਾਲ ਜਾਣਿਆ ਹੈ।

ਗੁਰੂ ਦੀ ਕਿਰਪਾ ਕਰਕੇ ਮੂਰਖ ਪੁਰਸ਼ ਦਾ ਮਨ ਪ੍ਰਭੂ ਉੱਤੇ ਮੰਨਿਆਂ ਗਿਆ ਹੈ। ਜਾਂ ਗੁਰੂ ਦੀ ਕਿਰਪਾ ਕਰਕੇ ਮੂਰਖ ਮਨ ਨੂੰ ਮਾਣ ਮਿਲਿਆ ਹੈ॥ ੩॥

ਗੁਰੁ ਕਰਤਾ ਗੁਰੁ ਕਰਣੈ ਜੋਗੁ॥ ਗੁਰੁ ਪਰਮੇਸਰੁ ਹੈ ਭੀ ਹੋਗੁ॥

ਗੁਰੂ ਸਭ ਕੁਝ ਕਰਦਾ ਹੈ ਕਿਉਂਕਿ ਸਮਰੱਥ ਗੁਰੂ ਸਭ ਗੱਲਾਂ ਕਰਨੇ ਜੋਗ ਹੈ।

ਗੁਰੂ ਪਿੱਛੇ ਭੀ ਪਰਮੇਸ਼ਰ ਰੂਪ ਸੀ, ਹੁਣ ਭੀ ਪਰਮੇਸ਼ਰ ਰੂਪ ਹੈ, ਅੱਗੇ ਭੀ ਪਰਮੇਸ਼ਰ ਰੂਪ ਹੋਵੇਗਾ।

ਯਥਾ:-''ਸਤਿਗੁਰ ਜੇਵਡੁ ਅਵਰੁ ਨ ਕੋਇ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥'' (ਪੰਨਾ ੧੨੭੧)

ਕਹੁ ਨਾਨਕ ਪ੍ਰਭਿ ਇਹੈ ਜਨਾਈ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ ੪॥ ੫॥ ੭॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਨੇ ਮੈਨੂੰ ਇਹ ਗੱਲ ਜਣਾਈ ਹੈ। ਕਿ-

ਹੇ ਭਾਈ ! ਗੁਰੂ ਤੋਂ ਬਿਨਾਂ ਕਿਸੇ ਨੇ ਭੀ ਮੁਕਤੀ ਨਹੀਂ ਪਾਈ॥ ੪॥ ੫॥ ੭॥

ਗੌਂਡ ਮਹਲਾ ੫ ॥

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥

੧. ਹੇ ਮੇਰੇ ਮਨ ! ਧੰਨ ਗੁਰੂ, ਧੰਨ ਗੁਰੂ, ਐਸੇ ਉਚਾਰੰਨਾ ਕਰ।

੨. ਧੰਨ ਗੁਰੂ ਨਾਨਕ ਦੇਵ ਜੀ, ਧੰਨ ਗੁਰੂ ਅੰਗਦ ਦੇਵ ਜੀ, ਧੰਨ ਗੁਰੂ ਅਮਰਦਾਸ ਜੀ, ਧੰਨ ਗੁਰੂ ਰਾਮਦਾਸ ਸਾਹਿਬ ਜੀ ਐਸੇ ਉਚਾਰਨਾ ਕਰ।

੩. ਹੇ ਮੇਰੇ ਮਨ ! ਗੁਰੂ ਦਾ ਸਿਮਰਨ, ਗੁਰੂ ਦਾ ਹੁਕਮ ਤੇ ਗੁਰਾਂ ਦੀ ਸੇਵਾ ਕਰ ਲੈ। ਕਿਉਂਕਿ ਮੈਂ ਜਾਣਦਾ ਹਾਂ ਕਿ ਗੁਰੂ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੁੰਦਾ ।

ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥ ੧॥

ਦਿਨ ਰਾਤ ਗੁਰੂ ਦੀ ਟੇਕ=ਓਟ ਵਿਚ ਰਹਿਣਾ ਕਰ। ਜਿਸ ਗੁਰੂ ਦੀ ਦਿੱਤੀ ਹੋਈ ਦਾਤ ਨੂੰ ਕੋਈ ਭੀ ਮੇਟ ਨਹੀਂ ਸਕਦਾ॥ ੧॥

ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥ ੧॥ ਰਹਾਉ॥

ਗੁਰੂ ਤੇ ਪਰਮੇਸ਼ਰ ਦੋਹਾਂ ਨੂੰ ਇਕ ਸਰੂਪ ਕਰਕੇ ਜਾਣ। ਜੋ ਉਸ ਨੂੰ ਭਾਉਂਦਾ ਹੈ, ਸਾਨੂੰ ਓਹੀ ਮਨਜ਼ੂਰ ਹੈ॥ ੧॥ ਰਹਾਉ॥

ਯਥਾ:- ''ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥ ੧੦॥''

(ਮਾਰੂ ਮ: ੧, ਪੰਨਾ ੧੦੪੩)

ਗੁਰ ਚਰਣੀ ਜਾ ਕਾ ਮਨੁ ਲਾਗੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥

ਗੁਰੂ ਦੇ ਚਰਨਾਂ ਨਾਲ ਜਿਸ ਦਾ ਮਨ ਲੱਗਦਾ ਹੈ। ਉਸ ਦਾ ਦੁਖ ਜਨ ਦਰਦ ਅਤੇ ਭਰਮ ਭਾਗੈ=ਦੌੜ ਜਾਂਦਾ ਭਾਵ ਨਾਸ ਹੋ ਜਾਂਦਾ ਹੈ।

ਯਥਾ:- ''ਗੁਰ ਸਰਣਾਈ ਸਗਲ ਨਿਧਾਨ॥ ਸਾਚੀ ਦਰਗਹਿ ਪਾਈਐ ਮਾਨੁ॥
ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ॥ ਸਾਧਸੰਗਿ ਸਦ ਹਰਿ ਗੁਣ ਗਾਇ॥ ੧॥''

(ਪੰਨਾ ੧੨੭੧)

ਗੁਰ ਕੀ ਸੇਵਾ ਪਾਏ ਮਾਨੁ॥ ਗੁਰ ਊਪਰਿ ਸਦਾ ਕੁਰਬਾਨੁ॥ ੨॥

ਗੁਰੂ ਦੀ ਸੇਵਾ ਕਰਕੇ ਹੀ ਜੀਵ ਆਦਰ ਪਾਉਂਦਾ ਹੈ। ਇਸ ਲਈ ਮੈਂ ਸਦਾ ਹੀ ਗੁਰੂ ਦੇ ਉੱਪਰੋਂ ਬਲਿਹਾਰ ਜਾਂਦਾ ਹਾਂ॥ ੨॥

ਗੁਰ ਕਾ ਦਰਸਨੁ ਦੇਖਿ ਨਿਹਾਲ॥ ਗੁਰ ਕੇ ਸੇਵਕ ਕੀ ਪੂਰਨ ਘਾਲ॥

ਗੁਰੂ ਦਾ ਦਰਸ਼ਨ ਵੇਖ ਕੇ ਨਿਹਾਲ ਹੁੰਦਾ ਹੈ। ਗੁਰੂ ਦੇ ਸੇਵਕ ਦੀ ਘਾਲ=ਕਮਾਈ ਕੀਤੀ ਹੋਈ ਪੂਰਨ=ਸਫ਼ਲ ਹੁੰਦੀ ਹੈ।

ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ॥
ਗੁਰ ਕਾ ਸੇਵਕੁ ਦਹ ਦਿਸਿ ਜਾਪੈ॥ ੩॥

ਗੁਰੂ ਦੇ ਸੇਵਕ ਨੂੰ ਕੋਈ ਭੀ ਦੁੱਖ ਨਹੀਂ ਲਗਦਾ। ਗੁਰੂ ਦਾ ਸਵੇਕ ਦਸੋਂ ਦਿਸ਼ਾਂ ਵਿਚ ਜਾਪੈ=ਜਾਣਿਆਂ ਜਾਂਦਾ ਹੈ॥ ੩॥

ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ॥

ਗੁਰੂ ਦੀ ਮਹਿਮਾ ਕਥਨ ਨਹੀਂ ਕੀਤੀ ਜਾਂਦੀ। ਪਾਰਬ੍ਰਹਮ ਪ੍ਰਭੂ ਗੁਰੂ ਦੇ ਵਿਚ ਆਪ ਹੀ ਸਮਾ ਰਿਹਾ ਹੈ। ਜਾਂ ਪਾਰਬ੍ਰਹਮ ਤੇ ਗੁਰਾਂ ਦਾ ਜਸ ਸਾਰੇ ਸਮਾ ਰਿਹਾ ਹੈ।

ਕਹੁ ਨਾਨਕ ਜਾ ਕੇ ਪੂਰੇ ਭਾਗ॥
ਗੁਰ ਚਰਣੀ ਤਾ ਕਾ ਮਨੁ ਲਾਗ॥ ੪॥ ੬॥ ੮॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਦੇ ਪੂਰਨ ਭਾਗ ਹਨ। ਉਸ ਦਾ ਮਨ ਗੁਰੂ ਦੇ ਚਰਨਾਂ ਨਾਲ ਲਗਦਾ ਹੈ॥ ੪॥ ੬॥ ੮॥

ਗੌਂਡ ਮਹਲਾ ੫ ॥

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥

ਮੇਰੀ ਪੂਜਾ ਭੀ ਗੁਰੂ ਹੈ, ਮੇਰਾ ਗੋਬਿੰਦ ਭੀ ਗੁਰੂ ਹੈ। ਜਾਂ ਗੁਰੂ ਦੀ ਆਗਿਆ ਮੰਨਣੀ,
ਵਾ:-ਸੇਵਾ ਕਰਨੀ ਏਹੋ ਮੇਰੀ ਪੂਜਾ ਹੈ। ਮੇਰਾ ਪਾਰਬ੍ਰਹਮ ਭੀ ਗੁਰੂ ਹੈ ਅਤੇ ਭਗਵੰਤ ਭੀ ਗੁਰੂ ਹੈ।
ਅਰਥਾਤ ਮੇਰਾ ਸਭ ਕੁਝ ਗੁਰੂ ਹੀ ਗੁਰੂ ਹਨ। ਜਾਂ ਗੁਰੂ ਮੇਰਾ ਪਾਰਬ੍ਰਹਮ ਰੂਪ ਹੈ ਤੇ ਭਗਵੰਤ ਗੁਰੂ ਰੂਪ ਹੈ।

ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥ ੧ ॥

ਮੇਰਾ ਗੁਰੂ ਦੇਉ=ਪ੍ਰਕਾਸ਼ ਰੂਪ ਹੈ, ਅਲਖ=ਜਾਣਨੇ ਤੋਂ ਰਹਿਤ ਹੈ, ਅਭੇਉ=ਭੇਦਾਂ ਤੋਂ ਰਹਿਤ ਹੈ ਜਾਂ ਮੇਰਾ ਦੇਉ=ਪ੍ਰਕਾਸ਼ ਰੂਪ ਗੁਰੂ ਅਲਖ ਅਭੇਉ=ਪਰਮੇਸ਼ਰ ਦਾ ਸਰੂਪ ਹੈ। ਗੁਰ ਚਰਨਾਂ ਦੀ ਸੇਉ=ਸੇਵਾ ਹੀ ਮੇਰੀ ਸਭ ਤਰ੍ਹਾਂ ਦੀ ਪੂਜਾ ਹੈ। ਜਾਂ ਸਾਰਿਆਂ ਕਰਕੇ ਪੂਜਨੇ ਜੋਗ ਗੁਰ ਚਰਨਾਂ ਦੀ ਮੈਂ ਸੇਵਾ ਕਰਦਾ ਹਾਂ॥ ੧ ॥

ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥
ਅਨਦਿਨੁ ਜਪਉ ਗੁਰੂ ਗੁਰ ਨਾਉ ॥ ੧ ॥ ਰਹਾਉ ॥

ਗੁਰੂ ਤੋਂ ਬਿਨਾਂ ਮੈਨੂੰ ਹੋਰ ਕੋਈ ਥਾਂ ਨਹੀ ਹੈ। ਇਸ ਲਈ ਮੈਂ ਦਿਨ ਰਾਤ ਗੁੰਰੂ ਗੁਰੂ ਨਾਮ ਨੂੰ ਹੀ ਜਪਦਾ ਹਾਂ॥ ੧ ॥ ਰਹਾਉ ॥

ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥

ਮੇਰਾ ਗਿਆਨ ਭੀ ਗੁਰੂ ਹੈ ਅਤੇ ਹਿਰਦੇ ਵਿਚ ਗੁਰੂ ਦਾ ਹੀ ਧਿਆਨ ਧਾਰਦਾ ਹਾਂ।
ਗੁਰੂ ਹੀ ਗੋਪਾਲ ਪੁਰਖ ਭਗਵਾਨ ਦਾ ਸਰੂਪ ਹਨ।

ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥ ੨ ॥

ਕਰਿ ਜੋਰਿ=ਹੱਥ ਜੋੜ ਕੇ ਗੁਰੂ ਦੀ ਸ਼ਰਨ ਵਿਚ ਪਿਆ ਰਹਿੰਦਾ ਹਾਂ। ਗੁਰੂ ਤੋਂ ਬਿਨਾਂ ਮੈਨੂੰ ਹੋਰ ਕਿਸੇ ਦਾ ਆਸਰਾ ਨਹੀਂ ਹੈ॥ ੨ ॥

ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥

ਗੁਰੂ ਜੀ ਜਹਾਜ਼ ਹੈ ਜੋ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ।
ਵਾ:-ਗੁਰੂ ਨਾਮ-ਜਹਾਜ਼ ਉਤੇ ਚਾੜ੍ਹ ਕੇ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ।
ਗੁਰੂ ਦੀ ਸੇਵਾ ਕਰਨ ਨਾਲ਼ ਜਮ ਤੋਂ ਛੁਟਕਾਰਾ ਹੁੰਦਾ ਹੈ।
ਯਥਾ:- ''ਗੁਰੁ ਬੋਹਿਥੁ ਭਵਜਲ ਤਾਰਣਹਾਰੁ ॥
ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ ॥'' *(ਪੰਨਾ ੧੨੭੦)*

ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥ ੩ ॥

ਅਗਿਆਨ ਰੂਪ ਹਨੇਰੇ ਵਿਚ ਗੁਰ ਮੰਤ੍ਰ ਕਰਕੇ ਹੀ ਗਿਆਨ ਦਾ ਉਜਾਰਾ=ਪ੍ਰਕਾਸ਼ ਹੁੰਦਾ ਹੈ।
ਗੁਰੂ ਦੇ ਸੰਗ ਕਰਕੇ ਸਾਰਿਆਂ ਦਾ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੩ ॥

ਗੁਰੁ ਪੂਰਾ ਪਾਈਐ ਵਡਭਾਗੀ॥ ਗੁਰ ਕੀ ਸੇਵਾ ਦੂਖੁ ਨ ਲਾਗੀ॥

ਵਡਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਈਦਾ ਹੈ। ਗੁਰੂ ਕੀ ਸੇਵਾ ਕਰਨ ਨਾਲ ਕੋਈ ਦੁਖ ਨਹੀਂ ਲਗਦਾ।

ਗੁਰ ਕਾ ਸਬਦੁ ਨ ਮੇਟੈ ਕੋਇ॥

ਗੁਰੁ ਨਾਨਕੁ ਨਾਨਕੁ ਹਰਿ ਸੋਇ॥ ੪॥ ੭॥ ੯॥

ਗੁਰੂ ਦਾ ਸਬਦੁ=ਹੁਕਮ ਕੋਈ ਭੀ ਮੇਟਦਾ ਨਹੀਂ ਹੈ। ਕਿਉਂਕਿ ਗੁਰੂ ਨਾਨਕ ਦੇਵ ਜੀ ਉਸ ਨਾਨਕੁ=ਦ੍ਵੈਤ ਰਹਿਤ ਹਰੀ ਦਾ ਸਰੂਪ ਹਨ।

ਯਥਾ:- 'ਅਨਿਕ ਰਹਿਤ ਪਰਮਾਤਮ ਜੋਈ। ਨਾਨਕ ਨਾਮ ਕਹਾਵੈ ਸੋਈ।'

ਵਾ-ਗੁਰੁ ਨਾਨਕੁ=ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਨਾਨਕੁ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਉਸ ਹਰੀ ਦਾ ਸਰੂਪ ਹਨ॥ ੪॥ ੭॥ ੯॥

[ਪੰਨਾ ੮੬੫]

ਗੌਂਡ ਮਹਲਾ ੫ ॥

ਹੁਣ ਰਾਮ ਅਸਤੋਤਰ ਕਥਨ ਕਰਦੇ ਹਨ-

ਰਾਮ ਰਾਮ ਸੰਗਿ ਕਰਿ ਬਿਉਹਾਰ॥ ਰਾਮ ਰਾਮ ਰਾਮ ਪ੍ਰਾਨ ਅਧਾਰ॥

ਹੇ ਭਾਈ ! ਤੂੰ ਰਾਮ ਰਾਮ ਨਾਲ ਆਪਣਾ ਸਾਰਾ ਵਿਹਾਰ ਕਰ। ਮਨ, ਬਾਣੀ, ਸਰੀਰ ਕਰਕੇ ਜੋ ਰਾਮ ਰਾਮ ਰਾਮ ਦਾ ਸਿਮਰਨ ਕਰਨਾ ਹੈ, ਏਹੋ ਪ੍ਰਾਣਾਂ ਦਾ ਅਧਾਰ=ਆਸਰਾ ਹੈ।

ਰਾਮ ਰਾਮ ਰਾਮ ਕੀਰਤਨੁ ਗਾਇ॥ ਰਮਤ ਰਾਮੁ ਸਭ ਰਹਿਓ ਸਮਾਇ॥ ੧॥

ਤਿੰਨਾਂ ਸਮਿਆਂ ਵਿਚ ਰਾਮ ਰਾਮ ਰਾਮ ਦਾ ਕੀਰਤਨ ਗਾਉਣਾ ਕਰ। ਰਮਤ ਰਾਮੁ=ਵਿਆਪਕ ਰਾਮ ਹੀ ਸਾਰਿਆਂ ਵਿਚ ਸਮਾ ਰਿਹਾ ਹੈ॥ ੧॥

ਸੰਤ ਜਨਾ ਮਿਲਿ ਬੋਲਹੁ ਰਾਮ॥ਸਭ ਤੇ ਨਿਰਮਲ ਪੂਰਨ ਕਾਮ॥੧॥ਰਹਾਉ॥

ਸੰਤ ਜਨਾਂ ਨਾਲ ਮਿਲ ਕੇ ਰਾਮ ਨੂੰ ਬੋਲਣਾ ਕਰੋ। ਸਾਰਿਆਂ ਤੋਂ ਪਵਿੱਤਰ ਅਤੇ ਪੂਰਨ ਏਹੋ ਕੰਮ ਹੈ॥ ੧॥ ਰਹਾਉ॥

ਰਾਮ ਰਾਮ ਧਨੁ ਸੰਚਿ ਭੰਡਾਰ॥ ਰਾਮ ਰਾਮ ਰਾਮ ਕਰਿ ਆਹਾਰ॥

ਰਾਮ ਰਾਮ ਦਾ ਸਿਮਰਨ ਰੂਪ ਧਨ ਦਾ ਭੰਡਾਰ ਸੰਚਿ=ਕੱਠਾ ਕਰ ਲੈ। ਰਾਮ ਰਾਮ ਰਾਮ ਸਿਮਰਨ ਕਰਨਾ ਹੀ ਆਹਾਰ=ਭਜਨ ਛਕਣਾ ਕਰ।

ਰਾਮ ਰਾਮ ਵੀਸਰਿ ਨਹੀ ਜਾਇ॥ ਕਰਿ ਕਿਰਪਾ ਗੁਰਿ ਦੀਆ ਬਤਾਇ॥ ੨॥

ਰਾਮ ਰਾਮ ਦਾ ਜਾਪ-ਮੈਨੂੰ ਭੁੱਲ ਨਹੀ ਜਾਂਦਾ। ਕਿਉਂਕਿ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਦੱਸ ਦਿੱਤਾ ਹੈ॥ ੨॥

ਰਾਮ ਰਾਮ ਰਾਮ ਸਦਾ ਸਹਾਇ ॥ ਰਾਮ ਰਾਮ ਰਾਮ ਲਿਵ ਲਾਇ ॥

ਰਾਮ ਰਾਮ ਰਾਮ ਦਾ ਜੋ ਸਿਮਰਨ ਕਰਨਾ ਹੈ ਏਹੋ ਤਿੰਨਾਂ ਸਮਿਆਂ ਵਿਚ ਸਦਾ ਸਹਾਈ ਹੈ। ਇਸ ਲਈ ਮਨ, ਬਾਣੀ ਸਰੀਰ ਦੁਆਰਾ ਰਾਮ ਰਾਮ ਰਾਮ ਸਿਮਰਨ ਵਿਚ ਲਿਵ ਲਗਾਈ ਰੱਖ ।

ਰਾਮ ਰਾਮ ਜਪਿ ਨਿਰਮਲ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥ ੩ ॥

ਰਾਮ ਰਾਮ ਜਪਣ ਵਾਲੇ ਸਾਰੇ ਪਵਿੱਤਰ ਹੋ ਗਏ ਹਨ। ਉਨ੍ਹਾਂ ਦੇ ਜਨਮਾਂ ਜਨਮਾਂ ਦੇ ਕਿਲਬਿਖ=ਪਾਪ ਨਵਿਰਤ ਹੋ ਗਏ ਹਨ॥ ੩ ॥

ਰਮਤ ਰਾਮ ਜਨਮ ਮਰਣੁ ਨਿਵਾਰੈ ॥ ਉਚਰਤ ਰਾਮ ਭੈ ਪਾਰਿ ਉਤਾਰੈ ॥

ਰਾਮ ਦਾ ਰਮਤ=ਉਚਾਰਨ (ਸਿਮਰਨ) ਕਰਨਾ ਹੀ ਜਨਮ ਮਰਨ ਨੂੰ ਨਵਿਰਤ ਕਰਦਾ ਹੈ।

ਰਾਮ ਦਾ ਉਚਾਰਨ (ਸਿਮਰਨ) ਕਰਨਾ ਹੀ ਭੈ-ਦਾਇਕ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ।

ਸਭ ਤੇ ਊਚ ਰਾਮ ਪਰਗਾਸ ॥ ਨਿਸਿ ਬਾਸੁਰ ਜਪਿ ਨਾਨਕ ਦਾਸ ॥ ੪ ॥ ੮ ॥ ੧੦ ॥

ਜਿਸ ਰਾਮ ਦਾ ਪ੍ਰਕਾਸ਼ ਸਾਰਿਆਂ ਤੋਂ ਉੱਚਾ ਹੈ। ਗੁਰੂ ਜੀ ਕਥਨ ਕਰਦੇ ਹਨ-ਦਾਸਾ ਭਾਵ ਦੇ ਸਹਿਤ ਹੋ ਕੇ ਰਾਤ ਦਿਨ ਉਸ ਨੂੰ ਜਪਣਾ ਕਰ ॥ ੪ ॥ ੮ ॥ ੧੦ ॥

ਗੌਂਡ ਮਹਲਾ ੫ ॥

ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥

ਉਨ੍ਹਾਂ ਕਾਮ ਆਦਿਕਾਂ ਨੂੰ ਖਸਮਿ=ਪਰਮਾਤਮਾ ਨੇ ਠਾਕਹਾਰੇ=ਰੁਕਾਵਟ ਕਰ ਦਿੱਤੀ ਹੈ।

ਆਪਣਿਆਂ ਦਾਸਾਂ ਨਾਲੋਂ ਉਹ ਮਾਰਿ=ਕਾਮ ਆਦਿਕ ਮਾਰ ਕੇ ਬਿਦਾਰੇ=ਬਿਦੀਰਨ ਅਰਥਾਤ ਨਾਸ ਕਰ ਦਿੱਤੇ ਹਨ।

ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥
ਰਾਮ ਜਨਾ ਮਿਲਿ ਮੰਗਲੁ ਗਾਇਆ ॥ ੧ ॥

ਗੋਬਿੰਦ ਦੇ ਭਗਤਾਂ ਦਾ ਜੋ ਮਹਲੁ=ਅੰਤਹਕਰਨ ਹੈ, ਉਸ ਵਿਚ ਕਾਮ ਆਦਿਕਾਂ ਨੇ ਰਹਿਣਾ ਨਹੀਂ ਪਾਇਆ। ਰਾਮ ਦੇ ਸੇਵਕ ਜਨਾਂ ਨੇ ਆਪਸ ਵਿਚ ਮਿਲ ਕੇ ਪ੍ਰਭੂ ਦਾ ਮੰਗਲ ਰੂਪ ਜਸ ਗਾਇਆ ਹੈ॥ ੧ ॥

ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥
ਰਾਮ ਭਗਤ ਕੇ ਪਾਨੀਹਾਰ ॥ ੧ ॥ ਰਹਾਉ ॥

ਸਾਰੀ ਸ੍ਰਿਸ਼ਟੀ ਦੇ ਸਿਰ ਉੱਤੇ (ਉਹ ਕਾਮ ਕ੍ਰੋਧ ਆਦਿਕ) ਪੰਜ ਸਿਕਦਾਰ=ਥਾਣੇਦਾਰ ਹਨ।

ਪਰ ਰਾਮ ਦੇ ਜੋ ਭਗਤ ਹਨ ਉਨ੍ਹਾਂ ਦੇ ਘਰ ਉਹ ਪੰਜੇ ਪਾਣੀ ਭਰਨ ਵਾਲੇ ਦਾਸ ਹਨ॥ ੧ ॥ ਰਹਾਉ ॥

ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥

ਸਾਰੇ ਜਗਤ ਦੇ ਪਾਸੋਂ ਤਾਂ ਉਹ ਦਾਨੁ=ਡੰਨ (ਕਰ) ਲੈਂਦੇ ਹਨ। ਪਰ ਗੋਬਿੰਦ ਦੇ ਭਗਤ ਨੂੰ ਉਹ ਪੰਜੇ ਸਲਾਮੁ=ਨਮਸ਼ਕਾਰ ਕਰਦੇ ਹਨ।

ਲੂਟਿ ਲੇਹਿ ਸਾਕਤ ਪਤਿ ਖੋਵਹਿ॥
ਸਾਧ ਜਨਾ ਪਗ ਮਲਿ ਮਲਿ ਧੋਵਹਿ॥ ੨॥

ਸਾਕਤਾਂ ਦੇ ਕੀਤੇ ਹੋਏ ਕਰਮਾਂ ਧਰਮਾਂ ਨੂੰ ਲੁੱਟ ਲੈਂਦੇ ਹਨ, ਅਤੇ ਪਤਿ ਖੋਵਹਿ=ਇੱਜ਼ਤ ਭੀ ਨਾਸ ਕਰ ਦੇਂਦੇ ਹਨ। ਪਰ ਸੰਤ ਜਨਾਂ ਦੇ ਪਗ=ਚਰਨਾਂ ਨੂੰ ਮਲ-ਮਲ ਕੇ ਧੋਂਦੇ ਹਨ॥ ੨॥

ਪੰਚ ਪੂਤ ਜਣੇ ਇਕ ਮਾਇ॥ ਉਤਭੁਜ ਖੇਲੁ ਕਰਿ ਜਗਤ ਵਿਆਇ॥

੧. ਇਕ ਮਾਇਆ ਨੇ ਹੀ ਪੰਜ ਕਾਮ ਆਦਿਕ ਪੁੱਤਰ ਜਣੇ=ਪੈਦਾ ਕੀਤੇ ਹਨ। ਅਤੇ ਉਤਭੁਜ=ਉਤੇ ਕ੍ਰਿਸ਼ਟ ਭੁਜਾਂ ਵਾਲੇ ਪ੍ਰਭੂ ਨਾਲ ਮਿਲ ਕੇ ਜਦ ਵਿਆਈ=ਪ੍ਰਸੂਤ ਹੋਈ ਤਾਂ ਉਸ ਨੇ ਜਗਤ ਦਾ ਖੇਲ ਰਚਨਾ ਕੀਤਾ।

੨. ਇਕ ਮਾਇਆ ਨੇ ਪੰਚ ਪੂਤ=ਪੰਜ ਤੱਤ ਪੈਦਾ ਕੀਤੇ ਹਨ। ਪੁਨਾ ਵਿਆਇ=ਪ੍ਰਸੂਤ ਹੋ ਕੇ ਉਤ ਭੁਜ ਆਦਿਕ ਚਾਰ ਖਾਣੀਆਂ ਰੂਪ ਜਗਤ ਦਾ ਖੇਲ ਰਚਨਾ ਕੀਤਾ।

ਤੀਨਿ ਗੁਣਾ ਕੈ ਸੰਗਿ ਰਚਿ ਰਸੇ॥ ਇਨ ਕਉ ਛੋਡਿ ਊਪਰਿ ਜਨ ਬਸੇ॥ ੩॥

ਜਗਤ ਦੇ ਜੀਵ ਤਿੰਨਾਂ ਗੁਣਾਂ ਦੇ ਨਾਲ ਰਚ ਕੇ ਉਨ੍ਹਾਂ ਦੇ ਵਿਚ ਹੀ ਰਸ ਰਹੇ ਹਨ, ਜਾਂ ਤਿੰਨਾਂ ਗੁਣਾਂ ਦੇ ਨਾਲ ਮਿਲ ਕੇ ਵਿਸ਼ੇ-ਰਸਾਂ ਵਿਚ ਰਚ ਰਹੇ ਹਨ। ਤੇ ਸੰਤ ਜਨ ਇਨ੍ਹਾਂ ਨੂੰ ਛੱਡ ਕੇ ਸਭ ਤੋਂ ਉੱਪਰ ਜੋ ਪਰਮੇਸ਼ਰ ਹੈ, ਉਸ ਵਿਚ ਵਸ ਰਹੇ ਹਨ॥ ੩॥

ਕਰਿ ਕਿਰਪਾ ਜਨ ਲੀਏ ਛਡਾਇ॥ ਜਿਸ ਕੇ ਸੇ ਤਿਨਿ ਰਖੇ ਹਟਾਇ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਂ ਦਾਸ ਜਨ ਨੂੰ ਉਨ੍ਹਾਂ ਤੋਂ ਛਡਾ ਲਿਆ ਹੈ। ਇਹ ਦੁਸ਼ਟ ਜਿਸ ਪ੍ਰਭੂ ਦੇ ਪੈਦਾ ਕੀਤੇ ਹੋਏ ਸਨ, ਓਸੇ ਨੇ ਮੇਰੇ ਵਲੋਂ ਇਨ੍ਹਾਂ ਨੂੰ ਹਟਾ ਰੱਖਿਆ ਹੈ।

ਕਹੁ ਨਾਨਕ ਭਗਤਿ ਪ੍ਰਭ ਸਾਰੁ॥
ਬਿਨੁ ਭਗਤੀ ਸਭ ਹੋਇ ਖੁਆਰੁ॥ ੪॥ ੯॥ ੧੧॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੀ ਭਗਤੀ ਹੀ ਸਾਰੁ=ਸ੍ਰੇਸ਼ਟ ਹੈ। ਭਗਤੀ ਤੋਂ ਬਿਨਾਂ ਸਾਰੇ ਖੁਆਰੁ=ਖ਼ਰਾਬ ਹੁੰਦੇ ਹਨ॥ ੪॥ ੯॥ ੧੧॥

ਗੌਂਡ ਮਹਲਾ ੫ ॥

ਕਲਿ ਕਲੇਸ ਮਿਟੇ ਹਰਿ ਨਾਇ॥ ਦੁਖ ਬਿਨਸੇ ਸੁਖ ਕੀਨੋ ਠਾਉ॥

ਹਰੀ ਨਾਮ ਜਪਣ ਕਰਕੇ ਕਲਪਣਾਂ ਤੇ ਕਲੇਸ਼ ਮਿਟ ਗਏ ਹਨ। ਦੁੱਖ ਭੀ ਬਿਨਸ ਗਏ ਹਨ ਅਤੇ ਸੁਖਾਂ ਨੇ ਹਿਰਦੇ ਵਿਚ ਥਾਂ ਬਣਾ ਲਿਆ ਹੈ।

ਜਪਿ ਜਪਿ ਅੰਮ੍ਰਿਤ ਨਾਮੁ ਅਘਾਏ॥ ਸੰਤ ਪ੍ਰਸਾਦਿ ਸਗਲ ਫਲ ਪਾਏ॥ ੧॥

ਅੰਮ੍ਰਿਤ ਰੂਪ ਨਾਮ ਨੂੰ ਜਪ ਜਪ ਕੇ ਅਘਾਏ=ਰੱਜ ਗਏ ਹਾਂ। ਸੰਤਾਂ ਦੀ ਕਿਰਪਾ ਨਾਲ ਸਾਰੇ ਫਲ ਪਾਏ ਹਨ॥ ੧॥

ਰਾਮ ਜਪਤ ਜਨ ਪਾਰਿ ਪਰੇ॥ ਜਨਮ ਜਨਮ ਕੇ ਪਾਪ ਹਰੇ॥ ੧॥ ਰਹਾਉ॥

ਰਾਮ ਜਪਣ ਵਾਲੇ ਗੁਰਮੁਖ ਜਨ ਸੰਸਾਰ-ਸਮੁੰਦਰ ਤੋਂ ਪਾਰ ਹੋ ਗਏ ਹਨ। ਤੇ ਜਨਮਾਂ ਜਨਮਾਂ ਦੇ ਪਾਪ ਹਰੇ=ਦੂਰ ਹੋ ਗਏ ਹਨ॥ ੧॥ ਰਹਾਉ॥

ਗੁਰ ਕੇ ਚਰਨ ਰਿਦੈ ਉਰਿ ਧਾਰੇ॥ ਅਗਨਿ ਸਾਗਰ ਤੇ ਉਤਰੇ ਪਾਰੇ॥

ਜਿਨ੍ਹਾਂ ਨੇ ਗੁਰੂ ਦੇ ਚਰਨ ਹਿਰਦੇ ਦੇ ਉਰਿ=ਵਿਚ ਧਾਰੇ ਹਨ। ਉਹ ਅੱਗ ਦੇ ਸਮੁੰਦਰ (ਸੰਸਾਰ) ਤੋਂ ਪਾਰ ਉਤਰ ਗਏ ਹਨ।

ਜਨਮ ਮਰਣ ਸਭ ਮਿਟੀ ਉਪਾਧਿ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ॥ ੨॥

ਜਨਮ ਮਰਨ ਰੂਪ ਸਾਰੀ ਉਪਾਧੀ ਮਿਟ ਗਈ ਹੈ। ਅਤੇ ਪ੍ਰਭੂ ਦੇ ਨਾਲ ਸਹਜੇ ਹੀ ਸਮਾਧੀ ਲਗ ਗਈ ਹੈ॥ ੨॥

ਥਾਨ ਥਨੰਤਰਿ ਏਕੋ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥

ਥਾਨਾਂ ਅੰਦਰ ਥਾਨਾਂ ਵਿਚ ਇਕ ਸੁਆਮੀ ਪੂਰਨ ਹੈ। ਜੋ ਸਾਰਿਆਂ ਘਟਾਂ ਦਾ ਅੰਤਰਯਾਮੀ ਹੈ, ਭਾਵ ਸਭ ਦੇ ਦਿਲਾਂ ਦੀ ਗੱਲ ਜਾਣਦਾ ਹੈ।

ਕਰਿ ਕਿਰਪਾ ਜਾ ਕਉ ਮਤਿ ਦੇਇ॥ ਆਠ ਪਹਰ ਪ੍ਰਭ ਕਾ ਨਾਉ ਲੇਇ॥ ੩॥

ਉਹ ਕਿਰਪਾ ਕਰਕੇ ਜਿਸ ਨੂੰ ਸ਼ੁਭ ਮਤੀ ਦੇਂਦਾ ਹੈ। ਉਹ ਅੱਠੇ ਪਹਿਰ ਪ੍ਰਭੂ ਦਾ ਨਾਮ ਲੈਂਦਾ ਭਾਵ ਜਾਪਦਾ ਹੈ।

ਜਾ ਕੈ ਅੰਤਰਿ ਵਸੈ ਪ੍ਰਭੁ ਆਪਿ॥ ਤਾ ਕੈ ਹਿਰਦੈ ਹੋਇ ਪ੍ਰਗਾਸੁ॥

ਜਿਸ ਦੇ ਹਿਰਦੇ ਵਿਚ ਪ੍ਰਭੂ ਆਪ ਆ ਕੇ ਵਸਦਾ ਹੈ। ਉਸ ਦੇ ਹਿਰਦੇ ਵਿਚ ਪ੍ਰਗਾਸੁ=ਗਿਆਨ ਹੁੰਦਾ ਹੈ।

ਭਗਤਿ ਭਾਇ ਹਰਿ ਕੀਰਤਨੁ ਕਰੀਐ॥
ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ॥ ੪॥ ੧੦॥ ੧੨॥

ਪ੍ਰੇਮਾ ਭਗਤੀ ਸਹਿਤ ਹਰੀ ਦੇ ਕੀਰਤਨ ਨੂੰ ਕਰੀਏ। ਅਤੇ ਗੁਰੂ ਜੀ ਕਥਨ ਕਰਦੇ ਹਨ-ਪ੍ਰਾਰਬ੍ਰਹਮ ਨੂੰ ਜਪਣਾ ਕਰੀਏ ਤਾਂ ਸੰਸਾਰ ਤੋਂ ਤਰਨਾ ਹੁੰਦਾ ਹੈ ॥ ੪॥ ੧੦॥ ੧੨॥

[ਪੰਨਾ ੮੬੬]

ਗੌਂਡ ਮਹਲਾ ੫॥

ਗੁਰ ਕੇ ਚਰਨ ਕਮਲ ਨਮਸਕਾਰਿ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ॥

ਉਸ ਗੁਰੂ ਦੇ ਚਰਨ-ਕਮਲਾਂ ਪਰ ਨਮਸ਼ਕਾਰ ਕਰ। ਜਿਸ ਗੁਰੂ ਨੇ ਇਸ ਸਰੀਰ ਦੇ ਵਿੱਚੋਂ ਕਾਮ ਕ੍ਰੋਧ ਆਦਿਕਾਂ ਨੂੰ ਮਾਰ ਦਿੱਤਾ ਹੈ।

ਹੋਇ ਰਹੀਐ ਸਗਲ ਕੀ ਰੀਨਾ॥
ਘਟਿ ਘਟਿ ਰਮਈਆ ਸਭ ਮਹਿ ਚੀਨਾ॥ ੧॥

ਸਾਰਿਆਂ ਦੇ ਚਰਨਾਂ ਦੀ ਰੀਨਾ=ਧੂੜ ਹੋ ਰਹਿਣਾ ਕਰ। ਅਤੇ ਸਾਰਿਆਂ ਘਟਾਂ ਘਟਾਂ ਵਿਚ ਰਮਈਏ ਨੂੰ ਚੀਨ੍ਹਾ=ਜਾਣਨਾ ਕਰ॥ ੧॥

ਇਨ ਬਿਧਿ ਰਮਹੁ ਗੋਪਾਲ ਗੁਬਿੰਦੁ ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥ ੧॥ ਰਹਾਉ॥

ਉਸ ਗੋਬਿੰਦ ਗੁਪਾਲ ਨੂੰ ਇਸ ਤਰ੍ਹਾਂ ਰਮਹੁ=ਉਚਾਰੋ ਕਿ ਇਹ ਤਨ ਧਨ ਪ੍ਰਭੂ ਦਾ ਦਿੱਤਾ ਹੋਇਆ ਹੈ ਅਤੇ ਜਿੰਦ ਪ੍ਰਭੂ ਦੀ ਦਿੱਤੀ ਹੋਈ ਹੈ॥ ੧॥ ਰਹਾਉ॥

ਆਠ ਪਹਰ ਹਰਿ ਕੇ ਗੁਣ ਗਾਉ॥ ਜੀਅ ਪ੍ਰਾਨ ਕੋ ਇਹੈ ਸੁਆਉ॥

ਅੱਠੇ ਪਹਿਰ ਹਰੀ ਦੇ ਗੁਣ ਗਾਉਣਾ ਕਰ। ਜੀਅ ਅਤੇ ਪ੍ਰਾਣਾਂ ਦਾ ਏਹੋ ਹੀ ਸੁਆਉ=ਲਾਭ ਹੈ।

ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ॥
ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ॥ ੨॥

ਹੰਕਾਰ ਨੂੰ ਤਿਆਗ ਕੇ ਪ੍ਰਭੂ ਨੂੰ ਆਪਣਾ ਸੰਗੀ ਜਾਣਨਾ ਕਰ। ਅਤੇ ਸੰਤਾਂ ਦੀ ਕਿਰਪਾ ਦੁਆਰੇ ਆਪਣੇ ਮਨ ਨੂੰ ਹਰੀ ਨਾਲ ਰੰਗਣਾ ਕਰ॥ ੨॥

ਜਿਨਿ ਤੂੰ ਕੀਆ ਤਿਸ ਕਉ ਜਾਨੁ॥ ਆਗੈ ਦਰਗਹ ਪਾਵੈ ਮਾਨੁ॥

ਜਿਸ ਨੇ ਤੈਨੂੰ ਪੈਦਾ ਕੀਤਾ ਹੈ, ਉਸ ਨੂੰ ਤੂੰ ਜਾਣਨਾ ਕਰ। ਤਾਂ ਅੱਗੇ ਜਾ ਕੇ ਪ੍ਰਲੋਕ ਦਰਗਾਹ ਵਿਚ ਮਾਨੁ=ਆਦਰ ਪਾਏਂਗਾ।

ਮਨੁ ਤਨੁ ਨਿਰਮਲ ਹੋਇ ਨਿਹਾਲੁ॥ ਰਸਨਾ ਨਾਮੁ ਜਪਤ ਗੋਪਾਲ॥ ੩॥

ਉਸ ਦਾ ਮਨ ਨਿਰਮਲ ਤੇ ਤਨ ਨਿਹਾਲੁ=ਦੁੱਖਾਂ ਤੋਂ ਰਹਿਤ ਹੁੰਦਾ ਹੈ। ਜਿਹੜਾ ਪੁਰਸ਼ ਰਸਨਾ ਨਾਲ ਗੋਪਾਲ ਦੇ ਨਾਮ ਨੂੰ ਜਪਦਾ ਹੈ॥ ੩॥

ਕਰਿ ਕਿਰਪਾ ਮੇਰੇ ਦੀਨ ਦਇਆਲਾ॥ ਸਾਧੂ ਕੀ ਮਨੁ ਮੰਗੈ ਰਵਾਲਾ॥

ਹੇ ਦੀਨ ਦਿਆਲ ਪ੍ਰਭੂ ! ਮੇਰੇ ਉੱਤੇ ਕਿਰਪਾ ਕਰ। ਮਨੁ=ਮੈਂ ਸੰਤਾਂ ਦੇ ਚਰਨਾਂ ਦੀ ਰਵਾਲਾ=ਧੂੜੀ ਮੰਗੈ=ਮੰਗਦਾ ਹਾਂ।

ਹੋਹੁ ਦਇਆਲ ਦੇਹੁ ਪ੍ਰਭ ਦਾਨੁ॥
ਨਾਨਕੁ ਜਪਿ ਜੀਵੈ ਪ੍ਰਭ ਨਾਮੁ॥ ੪॥ ੧੧॥ ੧੩ ॥

ਹੇ ਪ੍ਰਭੂ ! ਦਿਆਲੂ ਹੋ ਕੇ ਦਾਨ ਦੇਣਾ ਕਰੋ। ਗੁਰੂ ਜੀ ਕਥਨ ਕਰਦੇ ਹਨ-ਇਕ ਆਪ ਜੀ ਦੇ ਨਾਮ ਨੂੰ ਹੀ ਜਪ ਕੇ ਜੀਉਣਾ ਕਰਾਂ ॥ ੪॥ ੧੧॥ ੧੩॥

ਗੌਂਡ ਮਹਲਾ ੫ ॥

ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥

ਧੂਪ ਦੀਪ ਆਦਿਕ ਕਰਕੇ ਗੋਪਾਲ ਦੀ ਏਹੋ ਸੇਵਾ ਕੀਤੀ ਹੈ। ਜਿਹੜੀ ਅਨੇਕਾਂ ਵਾਰੀ ਕਰਤਾਰ ਨੂੰ ਬੰਦਨਾ ਕੀਤੀ ਹੈ।

ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥ ਗੁਰ ਸੁਪ੍ਰਸੰਨ ਭਏ ਵਡ ਭਾਗਿ ॥ ੧ ॥

ਸਭ ਕੁਝ ਤਿਆਗ ਕੇ ਪ੍ਰਭੂ ਦੀ ਸ਼ਰਨ ਗ੍ਰਹਿਣ ਕੀਤੀ ਹੈ। ਵੱਡਿਆਂ ਭਾਗਾਂ ਕਰਕੇ ਗੁਰੂ ਜੀ ਆਪੇ ਪ੍ਰਸੰਨ ਹੋਏ ਹਨ॥ ੧ ॥

ਆਠ ਪਹਰ ਗਾਈਐ ਗੋਬਿੰਦੁ ॥

ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥ ੧ ॥ ਰਹਾਉ

ਅੱਠੇ ਪਹਿਰ ਗੋਬਿੰਦ ਦੇ ਗੁਣ ਗਾਉਣਾ ਕਰੀਏ। ਤਨ ਤੇ ਧਨ ਪ੍ਰਭੂ ਦਾ ਹੈ, ਅਤੇ ਜਿੰਦ ਭੀ ਪ੍ਰਭੂ ਦੀ ਦਿੱਤੀ ਹੋਈ ਹੈ॥ ੧ ॥ ਰਹਾਉ ॥

ਹਰਿ ਗੁਣ ਰਮਤ ਭਏ ਆਨੰਦ ॥ ਪਾਰਬ੍ਰਹਮ ਪੂਰਨ ਬਖਸੰਦ ॥

ਹਰੀ ਗੁਣਾਂ ਦੇ ਰਮਤ=ਉਚਾਰਨ ਕਰਕੇ ਅਨੰਦ ਹੋਏ ਹਾਂ। ਕਿਉਂਕਿ ਪੂਰਨ ਪਾਰਬ੍ਰਹਮ ਬਖਸ਼ਸ਼ਾਂ ਦੇ ਕਰਨ ਵਾਲਾ ਹੈ।

ਕਰਿ ਕਿਰਪਾ ਜਨ ਸੇਵਾ ਲਾਏ ॥ ਜਨਮ ਮਰਣ ਦੁਖ ਮੇਟਿ ਮਿਲਾਏ ॥ ੨ ॥

ਕਿਰਪਾ ਦ੍ਰਿਸ਼ਟੀ ਕਰਕੇ ਉਸ ਨੇ ਆਪਣੇ ਸੇਵਕ ਜਨ ਆਪਣੀ ਸੇਵਾ ਵਿਚ ਲਗਾਏ ਹਨ।

ਅਤੇ ਆਪਣੇ ਨਾਲ ਮਿਲਾ ਕੇ ਜਨਮ ਮਰਨ ਦੇ ਦੁੱਖ ਮੇਟ ਦਿੱਤੇ ਹਨ।

ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥

ਸਾਧ ਸੰਗਤ ਵਿਚ ਬੈਠ ਕੇ ਜੋ ਹਰੀ ਨਾਮ ਦਾ ਜਾਪ ਜਪਣਾ ਹੈ। ਏਹੋ ਕਰਮ ਧਰਮ ਅਤੇ ਤਤੁ ਗਿਆਨੁ=ਯਥਾਰਥ ਗਿਆਨ ਹੈ।

ਸਾਗਰ ਤਰਿ ਬੋਹਿਥ ਪ੍ਰਭ ਚਰਣ ॥ ਅੰਤਰਜਾਮੀ ਪ੍ਰਭ ਕਾਰਣ ਕਰਣ ॥ ੩ ॥

ਸੰਸਾਰ-ਸਮੁੰਦਰ ਤੋਂ ਤਾਰਨ ਵਾਲੇ ਪ੍ਰਭੂ ਦੇ ਚਰਨ ਬੋਹਿਥ=ਜਹਾਜ਼ ਰੂਪ ਹਨ।

ਅੰਤਰਜਾਮੀ ਪ੍ਰਭੂ ਸਭ ਕਾਰਨਾਂ ਦੇ ਕਰਨ ਵਾਲਾ ਹੈ।

ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥

ਉਸ ਨੇ ਆਪਣੀ ਕਿਰਪਾ ਦ੍ਰਿਸ਼ਟੀ ਧਾਰ ਕੇ ਰੱਖ ਲਿਆ ਹੈ। ਬਿਕਰਾਲ=ਭਿਆਨਕ ਪੰਜ ਕਾਮ ਕ੍ਰੋਧ ਆਦਿਕ ਦੂਤ ਭੱਜ ਗਏ ਹਨ।

ਜੂਐ ਜਨਮੁ ਨ ਕਬਹੂ ਹਾਰਿ॥
ਨਾਨਕ ਕਾ ਅੰਗੁ ਕੀਆ ਕਰਤਾਰਿ॥ ੪ ॥ ੧੨ ॥ ੧੪ ॥

ਸੰਸਾਰ ਜੂਏ ਵਿਚ ਉਹ ਆਪਣੇ ਮਨੁੱਖ ਜਨਮ ਰੂਪ ਬਾਜ਼ੀ ਨੂੰ ਕਦੇ ਹਾਰਦਾ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ-ਕਰਤਾਰ ਨੇ ਜਿਸ ਦਾ ਅੰਗੁ=ਪੱਖ ਕੀਤਾ ਹੈ॥ ੪॥ ੧੨ ॥ ੧੪॥

ਗੌਂਡ ਮਹਲਾ ੫॥
ਕਰਿ ਕਿਰਪਾ ਸੁਖ ਅਨਦ ਕਰੇਇ॥ ਬਾਲਕ ਰਾਖਿ ਲੀਏ ਗੁਰਦੇਵਿ॥

ਪ੍ਰਭੂ ਦੀ ਕਿਰਪਾ ਕਰਕੇ ਅਸੀਂ ਸੁਖ ਅਨੰਦ ਭੋਗਣਾ ਕਰਦੇ ਹਾਂ।
ਗੁਰਦੇਵਾਂ ਨੇ ਹੱਥ ਦੇ ਕੇ ਬਾਲਕ=ਛੇਵੇਂ ਪਾਤਿਸ਼ਾਹ ਨੂੰ, ਵਾ:-ਜਗਿਆਸੂ ਨੂੰ ਰੱਖ ਲਿਆ ਹੈ।

ਪ੍ਰਭ ਕਿਰਪਾਲ ਦਇਆਲ ਗੋਬਿੰਦ॥ ਜੀਅ ਜੰਤ ਸਗਲੇ ਬਖਸਿੰਦ॥ ੧ ॥

ਪ੍ਰਭੂ ਪਿੱਛੇ ਕ੍ਰਿਪਾਲੂ ਸੀ, ਗੋਬਿੰਦ ਹੁਣ ਭੀ ਦਿਆਲੂ ਹੈ। ਜਾਂ ਗੋਬਿੰਦ=ਵੇਦਾਂ ਕਰਕੇ ਜਾਨਣੇ ਜੋਗ ਕ੍ਰਿਪਾਲੂ ਪ੍ਰਭੂ ਦਿਆਲੂ ਸੁਭਾਅ ਵਾਲਾ ਹੈ। ਸਾਰਿਆਂ ਜੀਆਂ ਜੰਤਾਂ ਨੂੰ ਬਖਸ਼ਣੇ ਵਾਲਾ ਹੈ।

ਤੇਰੀ ਸਰਣਿ ਪ੍ਰਭ ਦੀਨ ਦਇਆਲ॥
ਪਾਰਬ੍ਰਹਮ ਜਪਿ ਸਦਾ ਨਿਹਾਲ॥ ੧ ॥ ਰਹਾਉ॥

ਹੇ ਦੀਨ ਦਿਆਲ ਪ੍ਰਭੂ! ਮੈਂ ਤੇਰੀ ਸ਼ਰਨੀ ਹਾਂ। ਹੇ ਪਾਰਬ੍ਰਹਮ ਆਪ ਜੀ ਨੂੰ ਜਪ ਕੇ ਮੈਂ ਸਦਾ ਨਿਹਾਲ=ਸੁਖੀ ਰਹਿੰਦਾ ਹਾਂ॥ ੧ ॥ ਰਹਾਉ॥

ਪ੍ਰਭ ਦਇਆਲ ਦੂਸਰ ਕੋਈ ਨਾਹੀ॥ ਘਟ ਘਟ ਅੰਤਰਿ ਸਰਬ ਸਮਾਹੀ॥

ਹੇ ਪ੍ਰਭੂ ! ਤੇਰੇ ਵਰਗਾ ਹੋਰ ਕੋਈ ਦੂਜਾ ਦਿਆਲੂ ਨਹੀਂ ਹੈ। ਤੂੰ ਸਾਰਿਆਂ ਘਟਾਂ ਘਟਾਂ ਦੇ ਵਿਚ ਸਮਾ ਰਿਹਾ ਹੈਂ।

ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ॥
ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੈ॥ ੨ ॥

ਹੇ ਪ੍ਰਭੂ ! ਤੁਹਾਡਾ ਬਿਰਦ ਪਤਿਤ ਪਾਵਨ ਹੈ। ਤੂੰ ਆਪਣੇ ਦਾਸ ਦਾ ਹਲਤੁ ਪਲਤੁ=ਲੋਕ ਪ੍ਰਲੋਕ ਸਵਾਰਦਾ ਹੈਂ॥ ੨ ॥

ਅਉਖਧ ਕੋਟਿ ਸਿਮਰਿ ਗੋਬਿੰਦ॥ ਤੰਤੁ ਮੰਤੁ ਭਜੀਐ ਭਗਵੰਤ॥

ਗੋਬਿੰਦ ਦਾ ਸਿਮਰਨ ਹੀ ਕ੍ਰੋੜਾਂ ਰੋਗਾਂ ਦੀ ਨਵਿਰਤੀ ਦਾ ਇਕੋ ਅਉਖਧ=ਦਾਰੂ ਹੈ। ਭਗਵੰਤ ਦਾ ਜਿਹੜਾ ਭਜਨ ਕਰਨਾ ਹੈ ਏਹੋ ਜੰਤਰ, ਤੰਤਰ ਤੇ ਮੰਤਰ ਹੈ।

ਰੋਗ ਸੋਗ ਮਿਟੇ ਪ੍ਰਭ ਧਿਆਏ॥ ਮਨ ਬਾਂਛਤ ਪੂਰਨ ਫਲ ਪਾਏ॥ ੩ ॥

ਪ੍ਰਭੂ ਦੇ ਧਿਆਉਣ ਨਾਲ ਸਾਰੇ ਰੋਗ ਸੋਗ ਮਿਟ ਗਏ ਹਨ। ਅਤੇ ਮਨ ਬਾਂਛਤ=ਮਨ ਇੱਛਤ ਸਾਰੇ ਫਲ ਪਾ ਲਏ ਹਨ॥ ੩ ॥

ਕਰਨ ਕਾਰਨ ਸਮਰਥ ਦਇਆਰ॥ ਸਰਬ ਨਿਧਾਨ ਮਹਾ ਬੀਚਾਰ॥

ਉਹ ਦਿਆਲੂ ਪਰਮਾਤਮਾ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੈ। ਉਸ ਦੇ ਮਹਾ ਬੀਚਾਰ=ਉੱਤਮ ਆਤਮ-ਵਿਚਾਰ ਦੇ ਕਰਨ ਨਾਲ ਸਾਰੇ ਖ਼ਜ਼ਾਨੇ ਪ੍ਰਾਪਤ ਹੁੰਦੇ ਹਨ।

ਨਾਨਕ ਬਖਸਿ ਲੀਏ ਪ੍ਰਭਿ ਆਪਿ॥
ਸਦਾ ਸਦਾ ਏਕੋ ਹਰਿ ਜਾਪਿ॥ ੪॥ ੧੩॥ ੧੫॥

ਗੁਰੂ ਜੀ ਕਥਨ ਕਰਦੇ ਹਨ-ਸਾਨੂੰ ਪ੍ਰਭੂ ਨੇ ਆਪ ਹੀ ਬਖਸ਼ ਲਿਆ ਹੈ। ਅਸੀਂ ਤਾ ਸਦਾ=ਨਿਤ ਰੂਪ ਇਕ ਹਰੀ ਨੂੰ ਸਦਾ ਹੀ ਜਪਦੇ ਹਾਂ॥ ੪॥ ੧੩॥ ੧੫॥

ਗੌਂਡ ਮਹਲਾ ੫ ॥

ਹਰਿ ਹਰਿ ਨਾਮੁ ਜਪਹੁ ਮੇਰੇ ਮੀਤ॥ ਨਿਰਮਲ ਹੋਇ ਤੁਮ੍ਹਾਰਾ ਚੀਤ॥

ਹੇ ਮੇਰੇ ਮਿੱਤਰੋਂ ! ਹਰਿ ਹਰਿ ਨਾਮ ਨੂੰ ਜਪਣਾ ਕਰੋ। ਤਦ ਤੁਹਾਡਾ ਚਿੱਤ ਨਿਰਮਲ ਹੋਵੇਗਾ।

[ਪੰਨਾ ੮੬੭]

ਮਨ ਤਨ ਕੀ ਸਭ ਮਿਟੈ ਬਲਾਇ॥ ਦੂਖੁ ਅੰਧੇਰਾ ਸਗਲਾ ਜਾਇ॥ ੧॥

ਮਨ ਤਨ ਦੀ ਸਾਰੀ ਆਸਾ ਤ੍ਰਿਸ਼ਨਾ ਜਾਂ ਅਵਿਦਿਆ ਰੂਪੀ ਬਲਾ ਮਿਟ ਜਾਏਗੀ ਅਤੇ ਦੁਖਦਾਈ ਅਗਿਆਨ ਰੂਪ ਹਨੇਰਾ ਸਾਰਾ ਦੂਰ ਹੋ ਜਾਏਗਾ॥ ੧॥

ਹਰਿ ਗੁਣ ਗਾਵਤ ਤਰੀਐ ਸੰਸਾਰੁ॥
ਵਡ ਭਾਗੀ ਪਾਈਐ ਪੁਰਖੁ ਅਪਾਰੁ॥ ੧॥ ਰਹਾਉ॥

ਹਰੀ ਗੁਣ ਗਾਉਂਦਿਆਂ ਹੀ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ। ਵੱਡਿਆਂ ਭਾਗਾਂ ਕਰਕੇ ਅਪਾਰ ਪੁਰਖ ਪਰਮਾਤਮਾ ਪਾਈਦਾ ਹੈ॥ ੧॥ ਰਹਾਉ॥

ਜੋ ਜਨੁ ਕਰੈ ਕੀਰਤਨੁ ਗੋਪਾਲ॥ ਤਿਸ ਕਉ ਪੋਹਿ ਨ ਸਕੈ ਜਮਕਾਲੁ॥

ਜਿਹੜਾ ਪੁਰਸ਼ ਗੋਪਾਲ ਦੇ ਕੀਰਤਨ ਨੂੰ ਕਰਦਾ ਹੈ। ਉਸ ਨੂੰ ਜਮ ਕਾਲ ਪੋਹਿ=ਛੋਹ ਨਹੀਂ ਸਕਦਾ।

ਵਾ:-ਜਮ ਕਾਲੁ=ਜੰਮਣਾ ਤੇ ਮਰਨਾ ਛੋਹ ਨਹੀਂ ਸਕਦਾ ।

ਜਗ ਮਹਿ ਆਇਆ ਸੋ ਪਰਵਾਣੁ॥ ਗੁਰਮੁਖਿ ਅਪਨਾ ਖਸਮੁ ਪਛਾਣੁ॥ ੨॥

ਉਹ ਪੁਰਸ਼ ਜਗਤ ਵਿਚ ਆਇਆ ਹੋਇਆ ਪ੍ਰਮਾਨੀਕ ਹੈ। ਜਿਸ ਗੁਰਮੁਖ ਨੇ ਗੁਰਾਂ ਦੁਆਰੇ ਆਪਣੇ ਮਾਲਕ ਪ੍ਰਭੂ ਨੂੰ ਪਛਾਣ ਲਿਆ ਹੈ॥ ੨॥

ਹਰਿ ਗੁਣ ਗਾਵੈ ਸੰਤ ਪ੍ਰਸਾਦਿ॥ ਕਾਮ ਕ੍ਰੋਧ ਮਿਟਹਿ ਉਨਮਾਦ॥

ਜੋ ਸੰਤਾਂ ਦੀ ਕਿਰਪਾ ਨਾਲ ਹਰੀ ਗੁਣਾਂ ਨੂੰ ਗਾਉਂਦਾ ਹੈ। ਉਸ ਦੇ ਅੰਦਰੋਂ ਉਨਮਾਦ=ਮਸਤੀ ਦੇਣ ਵਾਲੇ ਕਾਮ ਕ੍ਰੋਧ ਆਦਿਕ ਮਿਟ ਜਾਂਦੇ ਹਨ। ਜਾਂ ਉਸ ਦਾ ਕਾਮ ਕ੍ਰੋਧ ਰੂਪੀ ਉਨਮਾਦ=ਰੋਗ ਮਿਟ ਜਾਂਦਾ ਹੈ।

ਅਥਵਾ:- ਕਾਮ ਕ੍ਰੋਧ ਤੇ ਉਨਮਾਦ=ਹੰਕਾਰ (ਆਦਿਕ ਸਾਰੇ ਵਿਕਾਰ) ਮਿਟ ਜਾਂਦੇ ਹਨ।

ਸਦਾ ਹਜੂਰਿ ਜਾਣੁ ਭਗਵੰਤ ॥ ਪੂਰੇ ਗੁਰ ਕਾ ਪੂਰਨ ਮੰਤ ॥ ੩ ॥

ਹੇ ਪੁਰਖ਼ਾ ! ਪੂਰਿਆਂ ਗੁਰਾਂ ਦਾ ਪੂਰਨ ਮੰਤਰ ਲੈ ਕੇ ਭਗਵੰਤ ਨੂੰ ਸਦਾ ਆਪਣੇ ਹਜੂਰਿ=ਸਮੀਪ (ਨੇੜੇ) ਜਾਣਨਾ ਕਰ ॥ ੩ ॥

ਹਰਿ ਧਨੁ ਖਾਟਿ ਕੀਏ ਭੰਡਾਰ ॥ ਮਿਲਿ ਸਤਿਗੁਰ ਸਭਿ ਕਾਜ ਸਵਾਰ ॥

ਜਿਨ੍ਹਾਂ ਨੇ ਸਤਿਗੁਰਾਂ ਨਾਲ ਮਿਲ ਕੇ ਹਰੀ ਨਾਮ-ਧਨ ਖੱਟ ਕੇ ਅੰਤਹਕਰਨ ਰੂਪ ਭੰਡਾਰੇ ਭਰ ਲੀਤੇ ਹਨ, ਉਹਨਾਂ ਨੇ ਆਪਣੇ ਸਾਰੇ ਕੰਮ ਸਵਾਰ ਲੀਤੇ ਹਨ।

ਹਰਿ ਕੇ ਨਾਮ ਰੰਗ ਸੰਗਿ ਜਾਗਾ ॥
ਹਰਿ ਚਰਣੀ ਨਾਨਕ ਮਨੁ ਲਾਗਾ ॥ ੪ ॥ ੧੪ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨਾਮ ਦੇ ਰੰਗ=ਪ੍ਰੇਮ ਨਾਲ ਜਿਸ ਦਾ ਮਨ ਜਾਗਿਆ ਹੈ। ਓਸੇ ਦਾ ਮਨ ਹਰੀ ਦੇ ਚਰਨਾਂ ਨਾਲ ਲੱਗ ਗਿਆ ਭਾਵ ਜੁੜ ਗਿਆ ਹੈ॥ ੪ ॥ ੧੪ ॥ ੧੬ ॥

ਗੌਂਡ ਮਹਲਾ ੫ ॥

ਭਵ ਸਾਗਰ ਬੋਹਿਥ ਹਰਿ ਚਰਣ ॥ ਸਿਮਰਤ ਨਾਮੁ ਨਾਹੀ ਫਿਰਿ ਮਰਣ ॥

ਭਵਸਾਗਰ=ਸੰਸਾਰ-ਸਮੁੰਦਰ ਤੋਂ ਪਾਰ ਕਰਨ ਵਾਲੇ ਹਰੀ ਦੇ ਚਰਨ ਜਹਾਜ਼ ਹਨ।

ਨਾਮ-ਸਿਮਰਨ ਕਰਨ ਵਾਲੇ ਨੂੰ ਮੁੜ ਕੇ ਮਰਨਾ ਨਹੀਂ ਹੁੰਦਾ।

ਹਰਿ ਗੁਣ ਰਮਤ ਨਾਹੀ ਜਮ ਪੰਥ ॥ ਮਹਾ ਬੀਚਾਰ ਪੰਚ ਦੂਤਹ ਮੰਥ ॥ ੧ ॥

ਹਰੀ ਦੇ ਗੁਣ ਉਚਾਰਨ ਕੀਤਿਆਂ ਜਮ ਰਸਤੇ ਵਿਚ ਨਹੀਂ ਜਾਈਦਾ। ਸਭ ਤੋਂ ਮਹਾ=ਵੱਡੇ ਉੱਤਮ ਆਤਮ-ਵਿਚਾਰ ਦੇ ਕਰਨ ਵਾਲਾ ਪੁਰਸ਼ ਪੰਜ ਕਾਮ ਆਦਿਕ ਦੂਤਾਂ ਨੂੰ ਮੰਥ=ਮਥਨ ਭਾਵ ਨਾਸ ਕਰ ਲੈਂਦਾ ਹੈ॥ ੧ ॥

ਤਉ ਸਰਣਾਈ ਪੂਰਨ ਨਾਥ ॥ ਜੰਤ ਅਪਨੇ ਕਉ ਦੀਜਹਿ ਹਾਥ ॥ ੧ ॥ ਰਹਾਉ ॥

ਹੇ ਪੂਰਨ ਸੁਆਮੀ! ਮੈਂ ਆਪ ਜੀ ਦੀ ਸ਼ਰਨੀ ਆਇਆ ਹਾਂ। ਆਪਣੇ ਸੇਵਕ ਜਨ ਨੂੰ ਕਿਰਪਾ ਰੂਪੀ ਹੱਥ ਦੇ ਕੇ ਰੱਖ ਲਓ॥ ੧ ॥ ਰਹਾਉ॥

ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ ॥

ਸਤਾਈ ਸਿੰਮ੍ਰਤੀਆਂ, ਛੇ ਸ਼ਾਸ਼ਤਰ, ਚਾਰ ਦੇਵ, ਅਠਾਰਾਂ ਪੁਰਾਣ, ਪਾਰਬ੍ਰਹਮ ਦਾ ਹੀ ਜਸ ਕਥਨ ਕਰਦੇ ਹਨ।

ਜੋਗੀ ਜਤੀ ਬੈਸਨੋ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥ ੨ ॥

ਜੋਗੀ, ਜਤੀ, ਵੈਸ਼ਨੋ ਤੇ ਰਾਮ ਦਾਸੀ* ਆਦਿਕ ਕੁਲ ਭੇਖਾਂ ਵਾਲੇ ਅਬਿਨਾਸ਼ੀ ਪਾਰਬ੍ਰਹਮ ਦੀ ਮਿਤਿ=ਮਰਯਾਦਾ ਦਾ ਅੰਤ ਨਹੀਂ ਪਾ ਸਕਦੇ।

---

*ਦੱਖਣ ਦੇਸ਼ ਵਿਚ ਇਕ ਪਰਸਿੱਧ ਮਹਾਤਮਾ ਰਾਮਦਾਸ ਜੀ ਹੋਏ ਹਨ, ਜੋ ਮਹਾਰਾਜਾ ਸ਼ਿਵਾ ਜੀ (ਮਰਹੱਟਾ) ਦੇ ਗੁਰੂ ਸਨ। ਉਨ੍ਹਾਂ ਦੀ ਸੰਪ੍ਰਦਾ ਵਾਲੇ ਸਾਧੂ 'ਰਾਮਦਾਸ' ਜਾਂ 'ਰਾਮਦਾਸੀ' ਕਹਾਉਂਦੇ ਹਨ।

ਕਰਣ ਪਲਾਹ ਕਰਹਿ ਸਿਵ ਦੇਵ ॥

ਸ਼ਿਵਜੀ ਆਦਿਕ ਦੇਵਤੇ ਕਰਣ=ਕੀਰਨੇ ਤੇ ਪਲਾਹ=ਜਤਨ ਬਥੇਰਾ ਕਰਦੇ ਹਨ।

ਤਿਲੁ ਨਹੀ ਬੂਝਹਿ ਅਲਖ ਅਭੇਵ ॥

ਪਰ ਉਸ ਅਲੱਖ ਅਭੇਵ ਦਾ ਅੰਤ ਤਿਲ ਮਾਤਰ ਭੀ ਨਹੀਂ ਬੁੱਝਦੇ।

ਪ੍ਰੇਮ ਭਗਤਿ ਜਿਸੁ ਆਪੇ ਦੇਇ ॥ ਜਗ ਮਹਿ ਵਿਰਲੇ ਕੇਈ ਕੇਇ ॥ ੩ ॥

ਜਿਨ੍ਹਾਂ ਨੂੰ ਆਪ ਪ੍ਰਭੂ ਪ੍ਰੇਮਾ ਭਗਤੀ ਦੇਂਦਾ ਹੈ। ਉਹ ਜਗਤ ਵਿਚ ਕੋਈ ਇਕ ਵਿਰਲੇ ਹੀ ਹਨ॥ ੩ ॥

ਮੋਹਿ ਨਿਰਗੁਣ ਗੁਣੁ ਕਿਛਹੁ ਨਾਹਿ ॥ ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ ॥

ਮੈਂ ਸ਼ੁਭ-ਗੁਣਾਂ ਤੋਂ ਹੀਣੇ ਵਿਚ ਕੁਝ ਭੀ ਗੁਣ ਨਹੀਂ ਹੈ। ਤੇਰੀ ਨਿਗਾਹ ਮਾਹਿ=ਵਿਚ ਸਾਰੇ (ਨਿਧਾਨ= ਖ਼ਜ਼ਾਨੇ) ਹਨ।

ਨਾਨਕੁ ਦੀਨੁ ਜਾਚੈ ਤੇਰੀ ਸੇਵ ॥ ਕਰਿ ਕਿਰਪਾ ਦੀਜੈ ਗੁਰਦੇਵ ॥ ੪ ॥ ੧੫ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦੀਨੁ=ਗ਼ਰੀਬ ਦਾਸ ਆਪ ਜੀ ਦੀ ਸੇਵਾ ਕਰਨੀ ਜਾਚੈ=ਮੰਗਦਾ ਹਾਂ। ਹੇ ਗੁਰਦੇਵ ਜੀਓ ! ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸੇਵਾ ਕਰਨੀ ਦਿਓ॥ ੪ ॥ ੧੫ ॥ ੧੭ ॥

ਗੌਂਡ ਮਹਲਾ ੫ ॥

ਸੰਤ ਕਾ ਲੀਆ ਧਰਤਿ ਬਿਦਾਰਉ ॥ ਸੰਤ ਕਾ ਨਿੰਦਕੁ ਅਕਾਸ ਤੇ ਟਾਰਉ ॥

ਜੋ ਨਿੰਦਕ ਸੰਤਾਂ ਦਾ ਲੀਆ=ਸਰਾਪਿਆ (ਫਿਟਕਾਰਿਆ) ਹੋਇਆ ਹੈ, ਉਸ ਨੂੰ ਧਰਤੀ ਪਰ ਬਿਦਾਰਉ=ਪਟਕਾਂਦਾ ਹੈ। ਵਾ:-ਸੰਤਾਂ ਦੇ ਲੀਆ=ਵਾਸਤੇ ਨਿੰਦਕਾਂ ਨੂੰ ਧਰਤੀ ਪਰ ਨਾਸ ਕਰਦਾ ਹੈ।

ਜੋ ਸੰਤਾਂ ਦਾ ਨਿੰਦਕ ਹੈ, ਉਸ ਨੂੰ ਅਕਾਸ਼ ਤੋਂ ਡੇਗ ਦੇਂਦਾ ਹੈ।

ਸੰਤ ਕਉ ਰਾਖਉ ਅਪਨੇ ਜੀਅ ਨਾਲਿ ॥ ਸੰਤ ਉਧਾਰਉ ਤਤਖਿਣ ਤਾਲਿ ॥ ੧ ॥

ਸੰਤਾਂ ਨੂੰ ਆਪਣੇ ਜੀਅ ਦੇ ਨਾਲ ਰੱਖਦਾ ਹੈ।

ਸੰਤਾਂ ਨੂੰ ਤਤਖਿਣ ਤਾਲਿ=ਸ਼ੀਘਰ ਤੋਂ ਸ਼ੀਘਰ ਉਧਾਰਦਾ ਹੈ।

ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥ ੧ ॥ ਰਹਾਉ ॥

ਅਸਲ ਸੰਤ ਓਹੀ ਹੈ, ਜਿਹੜਾ ਰਾਮ ਨੂੰ ਭਾਵੈ=ਭਾਉਂਦਾ ਹੈ।

(੧) ਸੰਤਾਂ ਨੂੰ ਇਕ ਗੋਬਿੰਦ ਦੇ ਸਿਮਰਨ ਦਾ ਹੀ ਕੰਮ ਹੈ।

(੨) ਸੰਤਾਂ ਦਾ ਤੇ ਗੋਬਿੰਦ ਦਾ ਇਕੋ ਹੀ ਕੰਮ ਹੈ, ਗੋਬਿੰਦ ਸੰਸਾਰ ਦੀ ਉਤਪਤੀ ਕਰਦਾ ਹੈ, ਸੰਤ ਸ਼ੁਭ-ਗੁਣਾਂ ਦੀ ਉਤਪਤੀ ਕਰਦੇ ਹਨ॥ ੧ ॥ ਰਹਾਉ ॥

ਸੰਤ ਕੈ ਊਪਰਿ ਦੇਇ ਪ੍ਰਭੁ ਹਾਥ ॥ ਸੰਤ ਕੈ ਸੰਗਿ ਬਸੈ ਦਿਨੁ ਰਾਤਿ ॥

ਸੰਤਾਂ ਦੇ ਉੱਪਰ ਪ੍ਰਭੂ ਹੱਥ ਦੇ ਕੇ ਰੱਖਿਆ ਕਰਦਾ ਹੈ।

ਸੰਤਾਂ ਦੇ ਨਾਲ ਹੀ ਰਾਤ ਦਿਨ ਪ੍ਰਭੂ ਵਸਦਾ ਹੈ।

ਸਾਸਿ ਸਾਸਿ ਸੰਤਹ ਪ੍ਰਤਿਪਾਲਿ॥ ਸੰਤ ਕਾ ਦੋਖੀ ਰਾਜ ਤੇ ਟਾਲਿ॥ ੨॥

ਅੰਦਰ ਸ੍ਵਾਸ ਜਾਂਦਿਆਂ ਬਾਹਰ ਸ੍ਵਾਸ ਆਉਂਦਿਆਂ ਸੰਤਾਂ ਦੀ ਪ੍ਰਤਿਪਾਲਾ ਕਰਦਾ ਹੈ।

ਸੰਤਾਂ ਦਾ ਜੋ ਦੋਖੀ ਹੈ, ਉਸਨੂੰ ਰਾਜ-ਭਾਗ ਤੋਂ ਟਾਲ ਦੇਂਦਾ ਹੈ॥ ੨॥

ਸੰਤ ਕੀ ਨਿੰਦਾ ਕਰਹੁ ਨ ਕੋਇ॥ ਜੋ ਨਿੰਦੈ ਤਿਸ ਕਾ ਪਤਨੁ ਹੋਇ॥

ਇਸ ਲਈ ਕੋਈ ਭੀ ਸੰਤਾਂ ਦੀ ਨਿੰਦਿਆ ਨਾ ਕਰੋ। ਜੋ ਸੰਤਾਂ ਦੀ ਨਿੰਦਿਆ ਕਰੇਗਾ ਉਸ ਦਾ ਪਤਨੁ=ਨਾਸ ਹੋਵੇਗਾ।

ਜਿਸ ਕਉ ਰਾਖੈ ਸਿਰਜਨਹਾਰੁ॥ ਝਖ ਮਾਰਉ ਸਗਲ ਸੰਸਾਰੁ॥ ੩॥

ਸਿਰਜਣਹਾਰ ਪਰਮਾਤਮਾ ਜਿਸ ਨੂੰ ਆਪ ਹੱਥ ਦੇ ਕੇ ਰੱਖਦਾ ਹੈ, ਭਾਵੇਂ ਉਸ ਦਾ ਬੁਰਾ ਕਰਨ ਲਈ ਸਾਰਾ ਸੰਸਾਰ ਝੱਖਾਂ ਮਾਰੇ ਪਰ ਉਸ ਦਾ ਕੁਝ ਵਿਗਾੜ ਨਹੀਂ ਕਰ ਸਕਦੇ॥ ੩॥

ਪ੍ਰਭ ਅਪਨੇ ਕਾ ਭਇਆ ਬਿਸਾਸੁ॥ ਜੀਉ ਪਿੰਡੁ ਸਭੁ ਤਿਸ ਕੀ ਰਾਸਿ॥

ਆਪਣੇ ਪ੍ਰਭੂ ਦਾ ਬਿਸਾਸੁ=ਭਰੋਸਾ ਹੋਇਆ ਹੈ ਕਿ ਜੀਉ ਪਿੰਡ ਆਦਿਕ ਸਾਰੀ ਰਾਸ ਓਸੇ ਦੀ ਦਿੱਤੀ ਹੋਈ ਹੈ।

ਨਾਨਕ ਕਉ ਉਪਜੀ ਪਰਤੀਤਿ॥
ਮਨਮੁਖ ਹਾਰ ਗੁਰਮੁਖ ਸਦ ਜੀਤਿ॥ ੪॥ ੧੬॥ ੧੮॥

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਨੂੰ ਵਾਹਿਗੁਰੂ ਦੀ ਪਰਤੀਤ ਪੈਦਾ ਹੋਈ ਹੈ, ਉਸ ਗੁਰਮੁਖ ਦੀ ਸਦਾ ਜਿੱਤ ਹੈ। ਤੇ ਪ੍ਰਤੀਤੇ ਤੋਂ ਹੀਣੇ ਮਨਮੁਖ ਨੂੰ ਸਦਾ ਹਾਰ ਪ੍ਰਾਪਤ ਹੁੰਦੀ ਹੈ॥ ੪॥ ੧੬॥ ੧੮॥

ਅਗਲੇ ਸ਼ਬਦ ਵਿਚ ਨਰਾਇਣ ਅਸਤੋਤਰ ਕਥਨ ਕਰਦੇ ਹਨ-

ਗੌਂਡ ਮਹਲਾ ੫॥
ਨਾਮੁ ਨਿਰੰਜਨੁ ਨੀਰਿ ਨਰਾਇਣ॥
ਰਸਨਾ ਸਿਮਰਤ ਪਾਪ ਬਿਲਾਇਣ॥ ੧॥ ਰਹਾਉ॥

ਨਰਾਇਣ ਦਾ ਨਾਮ ਨਿਰੰਜਨੀ ਨੀਰ ਹੈ, ਭਾਵ ਮਾਇਆ ਮਲ ਤੋਂ ਰਹਿਤ ਹੈ।

ਅਥਵਾ:-ਨਿਰੰਜਨ ਨਰਾਇਣ ਦਾ ਨਾਮ ਨੀਰਿ=ਗੰਗਾ-ਜਲ ਵਾਂਗ ਹੈ।

ਰਸਨਾ ਦੁਆਰੇ ਸਿਮਰਨ ਕਰਨ ਨਾਲ ਸਾਰੇ ਪਾਪ ਬਿਨਾਇਣ=ਦੂਰ ਹੋ ਜਾਂਦੇ ਹਨ॥ ੧॥ ਰਹਾਉ॥

[ਪੰਨਾ ੮੬੮]

ਨਾਰਾਇਣ ਸਭ ਮਾਹਿ ਨਿਵਾਸ॥ ਨਾਰਾਇਣ ਘਟਿ ਘਟਿ ਪਰਗਾਸ॥

ਨਰਾਇਣ ਹੀ ਸਾਰਿਆਂ ਵਿਚ ਨਿਵਾਸ ਕਰ ਰਹਿਆ ਹੈ। ਨਰਾਇਣ ਹੀ ਸਾਰਿਆਂ ਘਟਾਂ ਘਟਾਂ ਵਿਚ ਪ੍ਰਕਾਸ਼ ਰਿਹਾ ਹੈ।

ਨਾਰਾਇਣ ਕਹਤੇ ਨਰਕਿ ਨ ਜਾਹਿ॥
ਨਾਰਾਇਣ ਸੇਵਿ ਸਗਲ ਫਲ ਪਾਹਿ॥ ੧॥

ਨਰਾਇਣ ਨਾਮ ਕਹਿਣ ਵਾਲੇ ਨਰਕਾਂ ਵਿਚ ਨਹੀਂ ਜਾਂਦੇ ।

ਯਥਾ:-''ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ੫॥ ੨॥''

(ਤ੍ਰਿਲੋਚਨ ਜੀ, ਪੰਨਾ ੫੨੬)

ਨਰਾਇਣ ਦੀ ਸੇਵਾ ਕਰਨ ਵਾਲੇ ਪੁਰਸ਼ ਸਾਰੇ ਫਲ ਪਾ ਲੈਂਦੇ ਹਨ॥ ੧॥

ਨਾਰਾਇਣ ਮਨ ਮਾਹਿ ਅਧਾਰ॥ ਨਾਰਾਇਣ ਬੋਹਿਥ ਸੰਸਾਰ॥

ਗੁਰਮੁਖਾਂ ਦੇ ਮਨ ਵਿਚ ਨਰਾਇਣ ਨਾਮ ਹੀ ਅਧਾਰ=ਆਸਰਾ ਰੂਪ ਹੈ। ਸੰਸਾਰ-ਸਮੁੰਦਰ ਤੋਂ ਤਾਰਨ ਲਈ ਨਰਾਇਣ ਨਾਮ ਹੀ ਬੋਹਿਥ=ਜਹਾਜ਼ ਰੂਪ ਹੈ।

ਨਾਰਾਇਣ ਕਹਤ ਜਮੁ ਭਾਗਿ ਪਲਾਇਣ॥
ਨਾਰਾਇਣ ਦੰਤ ਭਾਨੇ ਡਾਇਣ॥ ੨॥

ਨਰਾਇਣ ਨਾਮ ਕਹਿੰਦਿਆਂ ਹੀ ਜਮ ਭਗੌੜਾ ਹੋ ਕੇ ਭੱਜ ਜਾਂਦਾ ਹੈ। ਜਾਂ ਭਾਗਿ=ਭੱਜ ਕੇ ਪਲਾਇਣ=ਪਿੱਛੇ ਮੁੜ ਜਾਂਦਾ ਹੈ।

੧. ਨਰਾਇਣ ਨਾਮ ਨੇ ਪ੍ਰਤੱਖ ਡੈਣ ਦੇ ਦੰਦ ਭੰਨ ਦਿੱਤੇ।
ਵਾ:-ਮਾਇਆ ਰੂਪੀ ਡੈਣ ਦੇ ਕਾਮ ਆਦਿਕਾਂ ਰੂਪੀ ਦੰਦ ਭੰਨ ਦਿੱਤੇ।

੨. ਨਰਾਇਣ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਰਦ ਦੀ ਇਸਤਰੀ ਕਲ੍ਹਾ ਜੋ ਡਾਇਣ ਰੂਪ ਹੋ ਕੇ ਆਈ ਸੀ, ਉਸ ਦੇ ਦੰਦ ਭੰਨ ਦਿੱਤੇ॥ ੨॥

ਸਾਖੀ-ਕਲ੍ਹਾ ਦਾ ਉਧਾਰ ਕਰਨਾ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਕਲਜੁਗੀ ਜੀਵਾਂ ਦਾ ਉਧਾਰ ਕਰਦੇ, ਸਤਿਨਾਮ ਦਾ ਉਪਦੇਸ਼ ਦੇਂਦੇ ਸਮੁੰਦਰ ਪਰ ਜਾ ਰਹੇ ਸਨ, ਜਿਵੇਂ ਧਰਤੀ ਤੇ ਹੀ ਚਲ ਰਹੇ ਹੋਣ। ਨਾਲ ਸਤਿਗੁਰੂ ਦੋ ਸਾਥੀ ਭਾਈ ਬਾਲਾ ਤੇ ਮਰਦਾਨਾ ਮਗਰ ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦੇ ਕਰਦੇ ਜਾ ਰਹੇ ਸਨ।

ਜਾਂਦਿਆ ਜਾਂਦਿਆ ਮਰਦਾਨੇ ਨੇ ਕੀ ਦੇਖਿਆ- 'ਇਕ ਬੜੀ ਡਰਾਉਣੀ ਸ਼ਕਲ ਵਾਲੀ ਡਾਇਣ ਆ ਰਹੀ ਹੈ।' ਦੇਖ ਕੇ ਮਰਦਾਨਾ ਡਰ ਗਿਆ। ਗੁਰੂ ਜੀ ਨੂੰ ਕਹਿਣ ਲੱਗਾ-''ਗੁਰੂ ਜੀ ਬਚਾਓ, ਓਹ ਵੇਖੋ ! ਸਾਹਮਣੇ ਡਾਇਣ ਆ ਰਹੀ ਹੈ।''

ਸਤਿਗੁਰਾਂ ਨੇ ਕਿਹਾ-''ਮਰਦਾਨਿਆ ! ਡਰ ਨਾ, ਇਹ ਕਲ੍ਹਾ ਹੈ, (ਨਾਰਦ ਦੇ ਘਰ ਵਾਲੀ) ਇਸ ਦਾ ਵੀ ਉਧਾਰ ਕਰਨਾ ਹੈ।'' ਉਸ ਵੇਲੇ ਇਕ ਡੰਡਾ ਰੁੜ੍ਹਿਆ ਆ ਰਿਹਾ ਸੀ, ਸਤਿਗੁਰਾਂ ਨੇ ਉਹ ਚੁਕ ਲਿਆ ਤੇ ਜਿਸ ਵੇਲੇ ਕਲ੍ਹਾ ਗੁਰੂ ਜੀ ਦੇ ਨੇੜੇ ਆਈ ਤਾਂ ਸਤਿਗੁਰਾਂ ਨੇ ਉਹ ਡੰਡਾ ਉਸ ਦੇ ਮੂੰਹ ਵਿਚ ਦੇ ਦਿੱਤਾ।

ਜਿਸ ਕਰਕੇ ਬੜੀ ਘਬਰਾ ਗਈ, ਮਗਰ ਹੀ ਨਾਰਦ ਜੀ ਵੀ ਆ ਗਏ ਤੇ ਹੱਥ ਜੋੜ ਕੇ ਨਮਸ਼ਕਾਰ ਕੀਤੀ

ਤੇ ਮੁਆਫੀ ਮੰਗੀ, ਕਿਹਾ-''ਇਹ ਬੇ-ਸਮਝ ਹੈ, ਆਪ ਬਖਸ਼ਸ਼ਾਂ ਦੇ ਘਰ ਹੋ, ਪਤਿਤ ਪਾਵਨ, ਗਰੀਬ ਨਿਵਾਜ਼ ਹੋ, ਆਪ ਜ਼ਿਰਪਾ ਕਰੋ। ਇਸ ਦੀ ਕਲਿਆਣ ਕਰ ਦਿਓ।''

ਸਤਿਗੁਰਾਂ ਦੇ ਮਨ 'ਚ ਦਇਆ ਆਈ ਤੇ ਉਸ ਨੂੰ ਭਾਉ-ਭਗਤੀ, ਨਾਮ-ਸਿਮਰਨ ਦਾ ਸ਼ੁਭ-ਉਪਦੇਸ਼ ਬਖਸ਼ਿਆ। ਇਸ ਤਰ੍ਹਾਂ ਸਤਿਗੁਰਾਂ ਨੇ ਉਸ ਕਲ੍ਹਾ ਦਾ ਵੀ ਉਧਾਰ ਕੀਤਾ।

(ਨਾਨਕ ਪ੍ਰਕਾਸ਼ ਪੂਰਬਾਰਧ, ਅਧਿ: ੫੨)

ਨਾਰਾਇਣ ਸਦ ਸਦ ਬਖਸਿੰਦ॥ ਨਾਰਾਇਣ ਕੀਨੇ ਸੂਖ ਅਨੰਦ॥

ਨਰਾਇਣ ਸਦਾ ਸਦਾ ਹੀ ਬਖਸ਼ਣਹਾਰ ਹੈ। ਨਰਾਇਣ ਨੇ ਹੀ ਸਾਨੂੰ ਸਾਰੇ ਸੁਖ ਅਨੰਦ ਪ੍ਰਾਪਤ ਕੀਤੇ ਹਨ।

ਨਾਰਾਇਣ ਪ੍ਰਗਟ ਕੀਨੋ ਪਰਤਾਪ॥ ਨਾਰਾਇਣ ਸੰਤ ਕੋ ਮਾਈ ਬਾਪ॥ ੩॥

ਨਾਰਾਇਣ ਨੇ ਹੀ ਸੰਤਾਂ ਦਾ ਪ੍ਰਤਾਪ ਸਾਰੇ ਪਰਗਟ ਕੀਤਾ ਹੈ, ਨਰਾਇਣ ਹੀ ਸੰਤਾਂ ਦਾ ਮਾਂ ਪਿਓ ਹੈ॥ ੩॥

ਨਾਰਾਇਣ ਸਾਧਸੰਗਿ ਨਰਾਇਣ॥ ਬਾਰੰ ਬਾਰ ਨਰਾਇਣ ਗਾਇਣ॥

ਨਰਾਇਣ ਸੰਤਸੰਗਤ ਵਿਚ ਵੱਸਦਾ ਹੈ ਅਤੇ ਸਤਿਸੰਗਤ ਨਰਾਇਣ ਵਿਚ ਵੱਸਦੀ ਹੈ। ਸਤਿਸੰਗਤ ਵਿਚ ਵਾਰੰ-ਵਾਰ ਨਰਾਇਣ ਦਾ ਹੀ ਜਸ ਗਾਇਣ ਹੁੰਦਾ ਹੈ।

ਬਸਤੁ ਅਗੋਚਰ ਗੁਰ ਮਿਲਿ ਲਹੀ॥
ਨਾਰਾਇਣ ਓਟ ਨਾਨਕ ਦਾਸ ਗਹੀ॥ ੪॥ ੧੭॥ ੧੯॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਨਾਲ ਮਿਲ ਕੇ ਅਗੋਚਰ=ਆਤਮ-ਵਸਤੂ ਲੱਭੀ ਹੈ। ਦਾਸ ਨੇ ਇਕ ਨਰਾਇਣ ਦੀ ਓਟ ਹੀ ਗ੍ਰਹਿਣ ਕੀਤੀ ਹੈ॥ ੪॥ ੧੭॥ ੧੯॥

ਗੌਂਡ ਮਹਲਾ ੫॥

ਜਾ ਕਉ ਰਾਖੈ ਰਾਖਣਹਾਰੁ॥ ਤਿਸ ਕਾ ਅੰਗੁ ਕਰੇ ਨਿਰੰਕਾਰੁ॥ ੧॥ ਰਹਾਉ॥

ਰਖਣਹਾਰ ਪਰਮਾਤਮਾ ਜਿਸ ਨੂੰ ਰੱਖਿਆ ਚਾਹੁੰਦਾ ਹੈ। ਨਿਰੰਕਾਰ ਪ੍ਰਭੂ ਫਿਰ ਓਸੇ ਦਾ ਹੀ ਅੰਗੁ=ਪੱਖ ਕਰਦਾ ਹੈ॥ ੧॥ ਰਹਾਉ॥

ਉਸ ਦੇ ਪੱਖ ਹੋਣ ਕਰਕੇ-

ਮਾਤ ਗਰਭ ਮਹਿ ਅਗਨਿ ਨ ਜੋਹੈ॥ ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ॥

ਮਾਂ ਦੇ ਗਰਭ ਵਿਚ ਜਠਨ-ਅਗਨੀ ਨ ਜੋਹੈ=ਪੋਂਹਦੀ ਨਹੀਂ ਹੈ। ਅਤੇ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵਿਕਾਰ ਭੀ ਪੋਂਹਦੇ ਨਹੀਂ ਹਨ।

ਸਾਧਸੰਗਿ ਜਪੈ ਨਿਰੰਕਾਰੁ॥ ਨਿੰਦਕ ਕੈ ਮੁਹਿ ਲਾਗੈ ਛਾਰੁ॥ ੧॥

ਜੋ ਸਤਿਸੰਗਤ ਵਿਚ ਬੈਠ ਕੇ ਨਿਰੰਕਾਰ ਨੂੰ ਜਪਦਾ ਹੈ। ਉਸ ਦਾ ਜੋ ਨਿੰਦਕ ਹੈ, ਉਸ ਦੇ ਮੂੰਹ ਪਰ

ਛਾਰੁ=ਕਾਲਖ (ਕਲੰਕ) ਲੱਗਦਾ ਹੈ।

ਰਾਮ ਕਵਚੁ ਦਾਸ ਕਾ ਸੰਨਾਹੁ॥ ਦੂਤ ਦੁਸਟ ਤਿਸੁ ਪੋਹਤ ਨਾਹਿ॥

ਜੋ ਰਾਮ ਕਵਚੁ=ਰਾਮ ਅਸਤੋਤਰ, ਗੁਰ ਅਸਤੋਤਰ, ਨਰਾਇਣ ਅਸਤੋਤਰ ਹੈ ਦਾਸ ਦਾ ਏਹੋ ਸੰਨਾਹੁ=ਸੰਜੋਅ ਰੂਪ ਹੈ। ਉਸ ਸੰਜੋਅ ਕਰਕੇ ਦੁਸ਼ਟ ਦੂਤ ਸਾਨੂੰ ਪੋਂਹਦੇ ਨਹੀਂ ਹਨ।

ਜੋ ਜੋ ਗਰਬੁ ਕਰੇ ਸੋ ਜਾਇ॥ ਗਰੀਬ ਦਾਸ ਕੀ ਪ੍ਰਭੁ ਸਰਣਾਇ॥ ੨॥

ਜੋ ਜੋ ਪੁਰਸ਼ ਭੀ ਹੰਕਾਰ ਕਰਦਾ ਹੈ, ਉਹ ਨਾਸ ਹੋ ਜਾਂਦਾ ਹੈ। ਮੈਂ ਗਰੀਬ ਦਾਸ ਨੇ ਪ੍ਰਭੂ ਦੀ ਸ਼ਰਨ ਵਿਚ ਆਉਣਾ ਕੀਤਾ ਹੈ॥ ੨॥

ਜੋ ਜੋ ਸਰਣਿ ਪਇਆ ਹਰਿ ਰਾਇ॥ ਸੋ ਦਾਸੁ ਰਖਿਆ ਅਪਣੈ ਕੰਠਿ ਲਾਇ॥

ਜੋ ਜੋ ਪੁਰਸ਼ ਭੀ ਹਰੀ ਰਾਜੇ ਦੀ ਸ਼ਰਨ ਵਿਚ ਪਿਆ ਹੈ। ਉਸ ਦਾਸ ਨੂੰ ਵਾਹਿਗੁਰੂ ਨੇ ਆਪਣੇ ਗਲ ਨਾਲ ਲਗਾ ਕੇ ਰੱਖਿਆ ਹੈ।

ਜੇ ਕੋ ਬਹੁਤੁ ਕਰੇ ਅਹੰਕਾਰੁ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥ ੩॥

ਜਿਹੜਾ ਕੋਈ ਜੁਆਨੀ ਦਾ, ਜਾਂ ਜਾਤੀ ਦਾ, ਜਾਂ ਪਦਾਰਥਾ ਦਾ ਬਹੁਤਾ ਹੰਕਾਰ ਕਰਦਾ ਹੈ। ਉਹ ਖਿਨ ਵਿਚ ਖ਼ਾਕ ਨਾਲ ਰੁਲ ਜਾਂਦਾ ਹੈ॥ ੩॥

ਹੈ ਭੀ ਸਾਚਾ ਹੋਵਣਹਾਰੁ॥ ਸਦਾ ਸਦਾ ਜਾਈਂ ਬਲਿਹਾਰ॥

ਜੋ ਸੱਚਾ ਪਰਮਾਤਮਾ ਪਿੱਛੇ ਸੀ, ਹੁਣ ਹੈ, ਅੱਗੇ ਹੋਵਣਹਾਰੁ=ਹੋਵੇਗਾ। ਮੈਂ ਉਸ ਸੱਚੇ ਪਰਮਾਤਮਾ ਤੋਂ ਸਦਾ ਬਲਿਹਾਰ ਜਾਂਦਾ ਹਾਂ।

ਅਪਣੇ ਦਾਸ ਰਖੇ ਕਿਰਪਾ ਧਾਰਿ॥
ਨਾਨਕ ਕੇ ਪ੍ਰਭ ਪ੍ਰਾਣ ਅਧਾਰ॥ ੪॥ ੧੮॥ ੨੦॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਕਿਰਪਾ-ਦ੍ਰਿਸ਼ਟੀ ਧਾਰ ਕੇ ਆਪਣੇ ਦਾਸ ਰੱਖੇ ਹਨ, ਉਹ ਪ੍ਰਭੂ ਮੇਰੇ ਭੀ ਪ੍ਰਾਣਾਂ ਦਾ ਅਧਾਰ=ਆਸਰਾ ਹੈ॥ ੪॥ ੧੮॥ ੨੦॥

ਗੌਂਡ ਮਹਲਾ ੫ ॥

ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ॥

ਮਹਾ ਅਨੂਪ=ਬੜੀ ਅਨੂਪੰ ਅਸਚਰਜ ਕਥਾ ਸੁਣੋ। ਇਸ ਪ੍ਰਾਤਮਾ=ਜੀਵ-ਆਤਮਾ ਪਾਰਬ੍ਰਹਮ ਦਾ ਰੂਪ ਹੈ।

ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥

ਇਹ ਨਾ ਬੁੱਢਾ ਹੈ ਨਾ ਹੀ ਇਹ ਬਾਲਕਾ ਹੈ। ਨਾ ਇਸ ਨੂੰ ਦੁੱਖ ਹੈ ਨਾ ਹੀ ਜਮਾਂ ਦਾ ਜਾਲਾ=ਫਾਹ ਹੈ।

ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥ ੧॥

ਨਾ ਇਹ ਬਿਨਸੈ=ਮਰਦਾ ਹੈ, ਨਾ ਹੀ ਇਹ ਜਾਇ=ਜੰਮਦਾ ਹੈ। ਆਦਿ ਜੁਗਾਦੀ=ਸਦਾ ਸਦਾ ਸਾਰੇ

ਸਮਾਈ ਕਰ ਰਿਹਾ ਹੈ॥ ੧॥

ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥

ਨਾ ਇਸ ਨੂੰ ਉਸਨੁ=ਗਰਮੀ ਲੱਗਦੀ ਹੈ, ਨਾ ਇਸ ਨੂੰ ਸੀਤੁ=ਠੰਡ ਲਗਦੀ ਹੈ। ਨਾ ਇਸ ਦਾ ਕੋਈ ਦੁਸ਼ਮਣ ਹੈ, ਨਾ ਹੀ ਇਸ ਦਾ ਕੋਈ ਮਿੱਤਰ ਹੈ।

ਨਾ ਇਸੁ ਹਰਖੁ ਨਹੀ ਇਸੁ ਸੋਗੁ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥ ੨॥

ਨਾ ਇਸ ਨੂੰ ਹਰਖੁ=ਖੁਸ਼ੀ ਹੈ, ਨਾ ਹੀ ਇਸ ਨੂੰ ਕੋਈ ਸੋਗ=ਚਿੰਤਾ ਹੈ। ਇਸ ਦਾ ਸਭ ਕੁਝ ਹੈ ਅਤੇ ਏਹੋ ਸਭ ਗੱਲਾਂ ਦੇ ਕਰਨੇ ਜੋਗ ਹੈ॥ ੨॥

ਨਾ ਇਸੁ ਬਾਪੁ ਨਹੀ ਇਸੁ ਮਾਇਆ॥ ਇਹੁ ਅਪਰੰਪਰੁ ਹੋਤਾ ਆਇਆ॥

ਨਾ ਇਸ ਨੂੰ ਪਿਓ ਹੈ, ਨਾ ਹੀ ਇਸ ਦੀ ਮਾਇਆ-ਮਾਂ ਹੈ। ਇਹ ਅਪਰੰਪਰ ਤੋਂ ਹੀ ਹੁੰਦਾ ਆਇਆ ਹੈ।

ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ ਸਦ ਹੀ ਜਾਗੈ॥ ੩॥

ਇਸ ਨੂੰ ਪਾਪ ਪੁੰਨ ਦਾ ਕੋਈ ਲੇਪ ਨਹੀਂ ਲਗਦਾ। ਸਾਰਿਆਂ ਘਟਾਂ ਘਟਾਂ ਦੇ ਅੰਦਰ ਇਹ ਸਦਾ ਹੀ ਜਾਗੈ=ਜਾਗ ਰਿਹਾ ਹੈ। ਜਾਂ ਜਾਗੈ=ਪ੍ਰਗਟ ਹੋ ਰਿਹਾ ਹੈ। ੩॥

ਪ੍ਰਸ਼ਨ-''ਜੇਕਰ ਐਸੇ ਹੈ ਤਾਂ ਜੀਵ ਈਸ਼ਰ ਦਾ ਭੇਦ ਕਿਉਂ ਪਿਆ ਹੈ ?''

ਤੀਨਿ ਗੁਣਾ ਇਕ ਸਕਤਿ ਉਪਾਇਆ॥
ਮਹਾ ਮਾਇਆ ਤਾ ਕੀ ਹੈ ਛਾਇਆ॥

ਤਿੰਨ ਗੁਣ ਆਤਮਿਕ ਜੋ ਸ਼ਕਤੀ ਹੈ ਮਹਾ ਮਾਇਆ, ਉਸ ਮਾਇਆ ਵਿਚ ਇਕ ਪਰਮੇਸ਼ਰ ਦਾ ਛਾਇਆ=ਪ੍ਰਤਿਬਿੰਬ ਪਿਆ ਤਾਂ ਜੀਵ ਈਸ਼ਰ ਨੂੰ ਉਪਾਇਆ।

ਪ੍ਰਸ਼ਨ-''ਇਨ੍ਹਾਂ ਦਾ ਫਿਰ ਆਪਸ ਵਿਚ ਫ਼ਰਕ ਕਿਉਂ ਪਿਆ ਹੈ ?'' *ਉੱਤਰ-*

ਈਸ਼ਰ ਦੀ ਉਤਪਤੀ ਸ਼ੁੱਧ ਮਾਇਆ ਤੋਂ ਹੈ, ਜੀਵ ਦੀ ਉਤਪਤੀ ਮਲਨ ਮਾਇਆ ਤੋਂ ਹੈ।

ਅਛਲ ਅਛੇਦ ਅਭੇਦ ਦਇਆਲ॥ ਦੀਨ ਦਇਆਲ ਸਦਾ ਕਿਰਪਾਲ॥

ਉਹ ਪਰਮਾਤਮਾ ਅਛਲ ਹੈ, ਅਛੇਦ=ਕੱਟਣੇ ਤੋਂ ਰਹਿਤ ਹੈ, ਅਭੇਦ=ਭੇਦਾਂ ਤੋਂ ਰਹਿਤ ਹੈ, ਸਦਾ ਦਿਆਲੂ ਹੈ। ਪੁਨਾ-ਉਹ ਦੀਨ ਦਿਆਲ ਪਰਮਾਤਮਾ ਸਦਾ ਕ੍ਰਿਪਾਲੂ ਹੈ।

ਤਾ ਕੀ ਗਤਿ ਮਿਤਿ ਕਛੂ ਨ ਪਾਇ॥
ਨਾਨਕ ਤਾ ਕੈ ਬਲਿ ਬਲਿ ਜਾਇ॥ ੪॥ ੧੯॥ ੨੧॥

ਉਸ ਦੀ ਗਤ ਦੀ ਮਰਯਾਦਾ ਕੁਝ ਪਾਈ ਨਹੀਂ ਜਾਂਦੀ। ਗੁਰੂ ਜੀ ਕਥਨ ਕਰਦੇ ਹਨ-ਅਸੀਂ ਉਸ ਦੇ ਉੱਪਰੋਂ ਬਲਿਹਾਰ ਤੇ ਕੁਰਬਾਨ ਜਾਂਦੇ ਹਾਂ॥ ੪॥ ੧੯॥ ੨੧॥

[ਪੰਨਾ ੮੬੯]

ਗੌਂਡ ਮਹਲਾ ੫ ॥

ਸੰਤਨ ਕੈ ਬਲਿਹਾਰੈ ਜਾਉ ॥ ਸੰਤਨ ਕੈ ਸੰਗਿ ਰਾਮ ਗੁਨ ਗਾਉ ॥

ਸੰਤਾਂ ਤੋਂ ਬਲਿਹਾਰ ਜਾਂਦੇ ਹਾਂ। ਸੰਤਾਂ ਦੇ ਸੰਗ ਕਰਕੇ ਰਾਮ ਦੇ ਗੁਣ ਗਾਉਂਦੇ ਹਾਂ।

ਸੰਤ ਪ੍ਰਸਾਦਿ ਕਿਲਵਿਖ ਸਭਿ ਗਏ ॥ ਸੰਤ ਸਰਣਿ ਵਡਭਾਗੀ ਪਏ ॥ ੧ ॥

ਸੰਤਾਂ ਦੀ ਕਿਰਪਾ ਕਰਕੇ ਸਾਰੇ ਕਿਲਵਿਖ=ਪਾਪ ਮਿਟ ਗਏ ਹਨ। ਪਰ ਵੱਡਿਆਂ ਭਾਗਾਂ ਵਾਲੇ ਪੁਰਸ਼ ਸੰਤਾਂ ਦੀ ਸ਼ਰਨੀ ਪਏ ਹਨ॥ ੧ ॥

ਰਾਮੁ ਜਪਤ ਕਛੁ ਬਿਘਨੁ ਨ ਵਿਆਪੈ ॥
ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ ॥ ੧ ॥ ਰਹਾਉ ॥

ਰਾਮ ਨੂੰ ਜਪਦਿਆਂ ਕੁਝ ਵਿਘਨ ਨਹੀਂ ਵਿਆਪੈ=ਲੱਗਦਾ। ਗੁਰਾਂ ਦੀ ਕਿਰਪਾ ਕਰਕੇ ਆਪਣਾ ਪ੍ਰਭੂ ਜਾਪੈ=ਜਾਣਿਆ ਜਾਂਦਾ ਹੈ। ਵਾਯ-ਜਪਿਆ ਜਾਂਦਾ ਹੈ॥ ੧ ॥ ਰਹਾਉ ॥

ਪਾਰਬ੍ਰਹਮੁ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥

ਜਿਸ ਵੇਲੇ ਪਾਰਬ੍ਰਹਮ ਦਿਆਲੂ ਹੁੰਦਾ ਹੈ। ਤਿਸ ਵੇਲੇ ਸੰਤ ਜਨਾਂ ਦੀ ਚਰਨ-ਧੂੜੀ ਕਰ ਦੇਂਦਾ ਹੈ।

ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥ ੨ ॥

ਇਸ ਸਰੀਰ ਵਿੱਚੋਂ ਕਾਮ ਕ੍ਰੋਧ ਆਦਿਕ ਦੂਰ ਹੋ ਜਾਂਦੇ ਹਨ ਅਤੇ ਰਤਨੁ=ਅਮੋਲਕ ਰਾਮ ਮਨ ਵਿਚ ਆ ਵੱਸਦਾ ਹੈ॥ ੨ ॥

ਸਫਲੁ ਜਨਮੁ ਤਾਂ ਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥

ਉਸ ਦਾ ਮਨੁੱਖ ਜਨਮ ਸਫਲ ਤੇ ਪ੍ਰਵਾਨ ਹੁੰਦਾ ਹੈ। ਜੋ ਪਾਰਬ੍ਰਹਮ ਨੂੰ ਨਿਕਟਿ=ਨੇੜੇ ਕਰਕੇ ਜਾਣਦਾ ਹੈ।

ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥ ੩ ॥

ਭਾਇਭਗਤੀ=ਪ੍ਰੇਮਾ-ਭਗਤੀ ਦੇ ਸਹਿਤ ਹੋ ਕੇ ਜੋ ਪ੍ਰਭੂ ਦੇ ਕੀਰਤਨ ਵਿਚ ਲੱਗਦਾ ਹੈ। ਉਹ ਜਨਮਾਂ ਜਨਮਾਂ ਦਾ ਅਵਿਦਿਆ ਦੀ ਨੀਂਦ ਵਿਚ ਸੁੱਤਾ ਹੋਇਆ ਗਿਆਨ-ਜਾਗ੍ਰਤ ਵਿਚ ਜਾਗ ਪੈਂਦਾ ਹੈ॥ ੩ ॥

ਚਰਨ ਕਮਲ ਜਨ ਕਾ ਆਧਾਰੁ ॥ ਗੁਣ ਗੋਵਿੰਦ ਰਉਂ ਸਚੁ ਵਾਪਾਰੁ ॥

੧. ਪ੍ਰਭੂ ਦੇ ਚਰਨ-ਕਮਲਾਂ ਦਾ ਸੇਵਕ ਜਨਾਂ ਨੂੰ ਆਸਰਾ ਹੈ। ਸੇਵਕ ਜਨ ਗੋਬਿੰਦ ਦੇ ਗੁਣਾਂ ਨੂੰ ਰਉ=ਉਚਾਰਦੇ ਹਨ ਅਤੇ ਸੱਚ-ਨਾਮ ਦਾ ਵਪਾਰ ਕਰਦੇ ਹਨ।

੨. ਹੇ ਪੁਰਸ਼ਾ ! ਤੂੰ ਸੰਤ ਜਨਾਂ ਦੇ ਚਰਨ-ਕਮਲਾਂ ਦਾ ਆਸਰਾ ਗ੍ਰਹਿਣ ਕਰ। ਗੋਬਿੰਦ ਦੇ ਗੁਣਾਂ ਨੂੰ ਉਚਾਰ ਤੇ ਸੱਚ-ਨਾਮ ਦਾ ਵਪਾਰ ਕਰ।

ਦਾਸ ਜਨਾ ਕੀ ਮਨਸਾ ਪੂਰਿ॥

ਨਾਨਕ ਸੁਖੁ ਪਾਵੈ ਜਨ ਧੂਰਿ॥ ੪॥ ੨੦॥ ੨੨॥ ੬॥ ੨੮॥

ਗੁਰੂ ਜੀ ਕਥਨ ਕਰਦੇ ਹਨ-ਉਹ ਆਪਣੇ ਸੇਵਕ ਜਨਾਂ ਦੀ ਮਨਸਾ=ਵਾਸ਼ਨਾ (ਸ਼ਰਧਾ) ਪੂਰਨ ਕਰਦਾ ਹੈ। ਮੈਂ ਸੇਵਕ ਜਨਾਂ ਦੀ ਚਰਨ-ਧੂੜੀ ਲੈ ਕੇ ਸੁਖ ਪਾਉਂਦਾ ਹਾਂ॥ ੪॥ ੨੦॥ ੨੨॥ ੬॥ ੨੮॥

੨੦ ਸ਼ਬਦ ਘਰੁ ੨ ਦੇ ਆਏ ਹਨ।

੨ ਸ਼ਬਦ ਘਰੁ ੧ ਦੇ ਆਏ ਹਨ, ਵੇਖੋ ਪੰਨਾ ੮੬੨।

ਇਸ ਕਰਕੇ ੨੨ ਅੰਕ ਲਗਾਇਆ ਹੈ।

੬ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਆਏ ਹਨ, ਉਹ ਵਿਚ ਰਲਾ ਕੇ ਸਾਰੇ ੨੮ ਸ਼ਬਦ ਆਏ ਹਨ।

ਰਾਗੁ ਗੌਂਡ ਅਸਟਪਦੀਆ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ॥

ਕਰਿ ਨਮਸਕਾਰ ਪੂਰੇ ਗੁਰਦੇਵ॥ ਸਫਲ ਮੂਰਤਿ ਸਫਲ ਜਾ ਕੀ ਸੇਵ॥

ਹੇ ਭਾਈ ! ਪੂਰਿਆਂ ਗੁਰਦੇਵਾਂ ਨੂੰ ਨਮਸ਼ਕਾਰ ਕਰ। ਜਿਨ੍ਹਾਂ ਦੀ ਮੂਰਤੀ ਸਫ਼ਲ ਹੈ ਭਾਵ ਜਿਨ੍ਹਾਂ ਦੇ ਸਰੀਰ ਦਾ ਦਰਸ਼ਨ ਕਰਨਾ ਸਫ਼ਲ ਹੈ ਅਤੇ ਜਿਨ੍ਹਾਂ ਦੀ ਸੇਵਾ ਭੀ ਸਫ਼ਲ=ਸਹਿਤ ਫਲਾਂ ਦੇ ਹੈ।

ਅੰਤਰਜਾਮੀ ਪੁਰਖੁ ਬਿਧਾਤਾ॥ ਆਠ ਪਹਰ ਨਾਮ ਰੰਗਿ ਰਾਤਾ॥ ੧॥

ਜੋ ਅੰਤਰਜਾਮੀ ਅਕਾਲ ਪੁਰਖ ਫਲ ਬਰ ਦਾਤਾ ਹੈ। ਉਸ ਦੇ ਨਾਮ ਰੰਗ ਵਿਚ ਗੁਰਾਂ ਦਾ ਮਨ ਅੱਠੇ ਪਹਿਰ ਰੱਤਾ ਰਹਿੰਦਾ ਹੈ॥ ੧॥

ਗੁਰੁ ਗੋਬਿੰਦ ਗੁਰੂ ਗੋਪਾਲ॥ ਅਪਨੇ ਦਾਸ ਕਉ ਰਾਖਨਹਾਰ॥ ੧॥ ਰਹਾਉ॥

(੧) ਗੁਰੂ ਗੋਬਿੰਦ ਰੂਪ ਹਨ ਅਤੇ ਗੋਪਾਲ ਨੇ ਹੀ ਗੁਰੂ ਰੂਪ ਧਾਰਿਆ ਹੈ।

(੨) ਗੁਰੂ ਗੋਬਿੰਦ ਰੂਪ ਹਨ ਅਤੇ ਗੁਰੂ ਗੋ=ਵੇਦਾਂ ਦੀ ਮਰਯਾਦਾ ਪਾਲਣ ਵਾਲੇ ਹਨ। ਗੁਰੂ ਹੀ ਆਪਣੇ ਦਾਸ ਨੂੰ ਅਨੇਕਾਂ ਵਿਘਨਾਂ ਤੋਂ ਰੱਖਣ ਵਾਲੇ ਹਨ॥ ੧॥ ਰਹਾਉ॥

ਪਾਤਿਸਾਹ ਸਾਹ ਉਮਰਾਉ ਪਤੀਆਏ॥ ਦੁਸਟ ਅਹੰਕਾਰੀ ਮਾਰਿ ਪਚਾਏ॥

ਬਾਦਸ਼ਾਹ, ਸ਼ਾਹੂਕਾਰ ਅਤੇ ਉਮਰਾਵ ਆਦਿਕ ਸਾਰੇ ਹੀ ਪਤੀਆਏ=ਭਰੋਸਾ ਕਰਦੇ ਹਨ। ਅਤੇ-ਦੁਸ਼ਟ ਜੋ ਹੰਕਾਰੀ ਪੁਰਸ਼ ਹਨ, ਉਹ ਮਾਰ ਕੇ ਪਚਾਏ=ਨਾਸ ਕਰ ਦਿੱਤੇ ਹਨ।

ਵਾ:-ਦੁਸ਼ਟ ਹੰਕਾਰੀਆਂ ਨੂੰ ਮਾਰ ਕੇ ਨਰਕ-ਅਗਨੀ ਵਿਚ ਪਚਾਏ=ਜਲਾਉਣਾ ਕੀਤਾ ਹੈ।

ਨਿੰਦਕ ਕੈ ਮੁਖਿ ਕੀਨੋ ਰੋਗੁ॥ ਜੈ ਜੈ ਕਾਰੁ ਕਰੈ ਸਭੁ ਲੋਗੁ॥ ੨॥

ਨਿੰਦਕਾ ਦੇ ਮੂੰਹ ਵਿਚ ਰੋਗ ਪੈਦਾ ਕਰ ਦਿੱਤਾ ਹੈ, ਇਸ ਲਈ ਉਹ ਬੋਲ ਨਹੀਂ ਸਕਦੇ ਹਨ। ਹੋਰ ਸਾਰੇ

ਲੋਕ ਗੁਰੂ ਜੀ ਦਾ ਜੈ ਜੈ ਕਾਰ ਕਰਦੇ ਹਨ॥ ੨॥

ਸੰਤਨ ਕੈ ਮਨਿ ਮਹਾ ਅਨੰਦੁ॥ ਸੰਤ ਜਪਹਿ ਗੁਰਦੇਉ ਭਗਵੰਤੁ॥

ਸੰਤਾਂ ਦੇ ਮਨ ਵਿਚ ਮਹਾ=ਵੱਡਾ ਅਨੰਦ ਹੈ। ਗੁਰਦੇਵਾਂ ਨੂੰ ਭਗਵੰਤ ਰੂਪ ਜਾਣ ਕੇ ਸੰਤ ਜਪਦੇ ਹਨ।

ਸੰਗਤਿ ਕੇ ਮੁਖ ਊਜਲ ਭਏ॥ ਸਗਲ ਥਾਨ ਨਿੰਦਕ ਕੇ ਗਏ॥ ੩॥

ਸੰਗਤ ਦੇ ਮੂੰਹ ਉੱਜਲੇ ਹੋਏ ਹਨ। ਨਿੰਦਕ ਪੁਰਸ਼ ਦੇ ਸਗਲ ਥਾਨ=ਸਾਰੇ ਥਾਂ ਭਾਵ ਲੋਕ ਪ੍ਰਲੋਕ ਵਿਗੜ ਗਏ ਹਨ॥ ੩॥

ਸਾਸਿ ਸਾਸਿ ਜਨੁ ਸਦਾ ਸਲਾਹੇ॥ ਪਾਰਬ੍ਰਹਮ ਗੁਰ ਬੇਪਰਵਾਹੇ॥

ਸੰਤ ਜਨ ਅੰਦਰ ਸ੍ਵਾਸ ਜਾਂਦਿਆਂ, ਬਾਹਰ ਸ੍ਵਾਸ ਆਉਂਦਿਆਂ ਸਦਾ ਪ੍ਰਭੂ ਨੂੰ ਸਲਾਹੁੰਦੇ ਹਨ। ਪਾਰਬ੍ਰਹਮ ਸਰੂਪ ਹੋਣ ਕਰਕੇ ਗੁਰੂ ਸਾਹਿਬ ਜੀ ਬੇ-ਪਰਵਾਹ ਹਨ। ਜਾਂ ਗੁਰੂ ਬੇ-ਪਰਵਾਹ ਪਾਰਬ੍ਰਹਮ ਦੇ ਸਰੂਪ ਹਨ।

ਸਗਲ ਭੈ ਮਿਟੇ ਜਾ ਕੀ ਸਰਨਿ॥ ਨਿੰਦਕ ਮਾਰਿ ਪਾਏ ਸਭਿ ਧਰਨਿ॥ ੪॥

ਜਿਨ੍ਹਾਂ ਸਤਿਗੁਰਾਂ ਦੀ ਸ਼ਰਨੀ ਪਿਆਂ ਸਾਰੇ ਡਰ ਮਿਟ ਗਏ ਹਨ। ਸਾਰਿਆਂ ਨਿੰਦਕਾਂ ਨੂੰ ਮਾਰ ਕੇ ਧਰਤੀ ਪਰ ਪਾ ਦਿੱਤਾ ਭਾਵ ਲਿਟਾ ਦਿੱਤਾ ਹੈ॥ ੪॥

ਜਨ ਕੀ ਨਿੰਦਾ ਕਰੈ ਨ ਕੋਇ॥ ਜੋ ਕਰੈ ਸੋ ਦੁਖੀਆ ਹੋਇ॥

ਇਸੀ ਤੇ ਸੰਤ ਜਨਾਂ ਦੀ ਜਾਂ ਗੁਰਾਂ ਦੀ ਨਿੰਦਿਆ ਕੋਈ ਭੀ ਨਾ ਕਰੋ। ਜਿਹੜਾ ਕੋਈ ਨਿੰਦਿਆ ਕਰੇਗਾ ਉਹ ਲੋਕ ਪ੍ਰਲੋਕ ਵਿਚ ਦੁਖੀ ਹੋਵੇਗਾ।

ਆਠ ਪਹਰ ਜਨੁ ਏਕੁ ਧਿਆਏ॥ ਜਮੂਆ ਤਾ ਕੈ ਨਿਕਟਿ ਨ ਜਾਏ॥ ੫॥

ਸੰਤ ਜਨ ਅੱਠੇ ਪਹਿਰ ਇਕ ਅਕਾਲ ਪੁਰਖ ਨੂੰ ਧਿਆਉਂਦੇ ਹਨ। ਇਸ ਲਈ ਜਮ ਉਹਨਾਂ ਦੇ ਨੇੜੇ ਨਹੀਂ ਜਾਂਦਾ ॥ ੫॥

ਜਨ ਨਿਰਵੈਰ ਨਿੰਦਕ ਅਹੰਕਾਰੀ॥ ਜਨ ਭਲ ਮਾਨਹਿ ਨਿੰਦਕ ਵੇਕਾਰੀ॥

ਸੰਤ ਜਨ ਨਿਰਵੈਰ ਹਨ, ਨਿੰਦਕ ਲੋਕ ਹੰਕਾਰੀ ਹਨ। ਸੰਤ ਜਨ ਸਭ ਦਾ ਭਲਾ ਮਨਾਉਂਦੇ ਹਨ ਅਤੇ ਨਿੰਦਕ ਲੋਕ ਵੇਕਾਰੀ ਹਨ, ਜੋ ਸੰਤਾਂ ਦਾ ਬੁਰਾ ਚਿਤਵਦੇ ਹਨ।

ਗੁਰ ਕੈ ਸਿਖਿ ਸਤਿਗੁਰੂ ਧਿਆਇਆ॥
ਜਨ ਉਬਰੇ ਨਿੰਦਕ ਨਰਕਿ ਪਾਇਆ॥ ੬॥

ਗੁਰੂ ਦੇ ਸਿੱਖਾਂ ਨੇ ਸਤਿਗੁਰਾਂ ਨੂੰ ਧਿਆਉਣਾ ਕੀਤਾ ਹੈ। ਇਸ ਲਈ ਜਨ ਉਬਰੇ=ਗੁਰੂ ਦੇ ਸਿੱਖ ਬਚ ਗਏ ਹਨ, ਪਰ ਧਰਮਰਾਜਾ ਨੇ ਨਿੰਦਕਾਂ ਨੂੰ ਨਰਕਾਂ ਵਿਚ ਪਾਇਆ ਹੈ॥ ੬॥

ਸੁਣਿ ਸਾਜਨ ਮੇਰੇ ਮੀਤ ਪਿਆਰੇ॥ ਸਤਿ ਬਚਨ ਵਰਤਹਿ ਹਰਿ ਦੁਆਰੇ॥

ਹੇ ਮੇਰੇ ਪਿਆਰੇ ਮਿੱਤਰ ਸੱਜਣੋ! ਸੱਚੇ ਬਚਨ ਸੁਣੋ। ਜੋ ਹਰੀ ਦੇ ਦਰਬਾਰ ਵਿਚ ਸੱਚੇ ਬਚਨ ਵਰਤ ਰਹੇ ਹਨ।

ਜੈਸਾ ਕਰੇ ਸੁ ਤੈਸਾ ਪਾਏ ॥ ਅਭਿਮਾਨੀ ਕੀ ਜੜ ਸਰਪਰ ਜਾਏ ॥ ੭ ॥

ਜੈਸਾ ਕੋਈ ਕਰਮ ਕਰਦਾ ਹੈ ਉਹ ਤੈਸਾ ਹੀ ਫਲ ਪਾਉਂਦਾ ਹੈ। ਅਭਿਮਾਨੀ=ਹੰਕਾਰੀ ਦੀ ਜੜ੍ਹ ਸਰਪਰ=ਜ਼ਰੂਰ ਹੀ ਨਵਿਰਤ ਹੋ ਜਾਂਦੀ ਹੈ॥ ੭॥

ਨੀਧਰਿਆ ਸਤਿਗੁਰ ਧਰ ਤੇਰੀ ॥ ਕਰਿ ਕਿਰਪਾ ਰਾਖਹੁ ਜਨ ਕੇਰੀ ॥

ਹੇ ਸਤਿਗੁਰੋ ! ਅਸਾਂ ਨੀਧਰਿਆ=ਨਿਆਸਰਿਆਂ ਨੂੰ ਇਕ ਤੇਰੀ ਧਰ=ਟੇਕ (ਓਟ) ਹੈ। ਕਿਰਪਾ-ਦ੍ਰਿਸ਼ਟੀ ਕਰਕੇ ਮੈਂ ਸੇਵਕ ਜਨ ਦੀ ਲਾਜ ਰੱਖ ਲਵੋ।

ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥
ਜਾ ਕੈ ਸਿਮਰਨਿ ਪੈਜ ਸਵਾਰੀ ॥ ੮ ॥ ੧ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ-ਉਸ ਗੁਰੂ ਤੋਂ ਮੈਂ ਬਲਿਹਾਰ ਜਾਂਦਾ ਹਾਂ। ਜਿਸ ਗੁਰੂ ਦੁਆਰੇ ਕੀਤੇ ਹੋਏ ਸਿਮਰਨ ਨੇ, ਮੇਰੀ ਪੈਜ=ਪ੍ਰਤੱਗਜਾ ਸਵਾਰੀ ਹੈ॥ ੮ ॥ ੧ ॥ ੨੯ ॥

ਰਾਗੁ ਗੋਂਡ ਭਗਤ ਬਾਣੀ

[ਪੰਨਾ ੮੭੦]

ਰਾਗੁ ਗੋਂਡ ਬਾਣੀ ਭਗਤਾ ਕੀ॥ ਕਬੀਰ ਜੀ ਘਰੁ ੧

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:-ਜਗਿਆਸੂ ਨੇ ਬੇਨਤੀ ਕੀਤੀ-ਬਾਬਾ ਬੋਲਨਾ ਕਿਆ ਕਹੀਐ॥

ਬਾਬਾ=ਹੇ ਕਬੀਰ ਸਾਹਿਬ ਜੀ ! ਬੋਲਨਾ ਕਿਆ ਕਹੀਏ=ਕਿਹੜੇ ਬਚਨ ਬੋਲਣਾ ਕਰੀਏ ?

ਉੱਤਰ-ਜੈਸੇ ਰਾਮ ਨਾਮ ਰਵਿ ਰਹੀਐ॥

ਜਿਸ ਪਰਕਾਰ ਰਾਮ ਨਾਮ ਨੂੰ ਰਵਿ=ਉਚਾਰਨ ਕਰ ਰਹੀਏ, ਉਹ ਬਚਨ ਬੋਲਣਾ ਕਰੋ।

ਸੰਤੁ ਮਿਲੈ ਕਿਛੁ ਸੁਨੀਐ ਕਹੀਐ॥

ਪੂਰਨ ਸੰਤ ਮਿਲ ਜਾਣ ਤਾਂ ਉਹਨਾਂ ਅੱਗੇ ਆਪਣੇ ਦਿਲ ਦਾ ਸੰਸਾ ਕਹੀਏ, ਫੇਰ ਉਹਨਾਂ ਪਾਸੋਂ ਸੰਸੇ ਨਵਿਰਤੀ ਦਾ ਬਚਨ ਸੁਨਣਾ ਕਰੀਏ।

ਵਾ:-ਕਥਨ ਕਰਨ ਵਾਲੇ ਸੰਤ ਮਿਲ ਜਾਣ ਤਾਂ ਉਹਨਾਂ ਪਾਸੋਂ ਕੁਛ ਪਰਮੇਸ਼ਰ ਸਬੰਧ ਬਚਨ ਸੁਣ ਲਈਏ ਅਤੇ ਜੇ ਸੁਨਣ ਵਾਲੇ ਸੰਤ ਮਿਲਣ ਤਾਂ ਆਪ ਕਥਨ ਕਰੀਏ ਜਿਸ ਤੇ ਉਹਨਾਂ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਏ।

ਮਿਲੈ ਅਸੰਤੁ ਮਸਟਿ ਕਰਿ ਰਹੀਐ॥ ੧॥

ਦੇਵਨੇਤ ਨਾਲ ਜੇ ਕੋਈ ਅਸੰਤੁ=ਬੇ-ਮੁਖ (ਖੋਟਾ ਪੁਰਸ਼) ਮਿਲ ਜਾਏ ਤਾਂ ਮਸਟਿ=ਚੁਪ ਕਰ ਰਹੀਏ॥ ੧॥

ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥ ੧॥ ਰਹਾਉ॥

(ਇਸ ਦਾ ਅਰਥ ਹੋ ਚੁਕਾ ਹੈ)।

ਸੰਤਨ ਸਿਉ ਬੋਲੇ ਉਪਕਾਰੀ॥

ਸੰਤਾਂ ਨਾਲ ਬੋਲਣ ਕਰਕੇ ਇਕ ਤਾਂ ਆਪਣੇ ਉਤੇ ਉਪਕਾਰ ਹੁੰਦਾ ਹੈ ਅਤੇ ਪਾਸ ਬੈਠੇ ਹੋਏ ਉਤੇ ਵੀ ਪਰਉਪਕਾਰ ਹੁੰਦਾ ਹੈ।

ਵਾ:-ਉਪਕਾਰੀ ਸੰਤਾਂ ਨਾਲ ਬੋਲਣਾ ਕਰੇ ਜਿਥੋਂ ਕੁਝ ਲਾਭ ਪ੍ਰਾਪਤ ਹੋਵੇ, ਕਿਉਂਕਿ ਇਕ ਅਵਧੂਤ ਸੰਤ ਹੁੰਦੇ ਹਨ ਉਹ ਕਦੇ ਕਿਸੇ ਨੂੰ ਉਪਦੇਸ਼ ਨਹੀਂ ਦੇਂਦੇ ਆਪਣੇ ਰੰਗ ਵਿਚ ਹੀ ਮਸਤ ਰਹਿੰਦੇ ਹਨ।

ਮੂਰਖ ਸਿਉ ਬੋਲੇ ਝਖ ਮਾਰੀ॥ ੨॥

ਮੂਰਖ ਨਾਲ ਬੋਲਣ ਕਰਕੇ ਝਖ ਮਾਰੀ=ਗੱਪਾਂ ਹੀ ਮਾਰਨੀਆਂ ਹਨ। "ਪ੍ਰਸ਼ਨ-ਮੂਰਖ ਕੌਣ ਹੈ ?"

ਉੱਤਰ-ਜੋ ਗੱਪਾਂ ਮਾਰੇ, ਵਾ ਝਖ=ਮੱਛੀਆਂ ਨੂੰ ਮਾਰੇ, ਓਹੋ ਹੀ ਮੂਰਖ ਹੈ॥ ੨॥

ਸੰਤਾਂ ਤੇ ਮੂਰਖਾਂ ਦੇ ਲੱਛਣ ਫੇਰ ਸਪਸ਼ਟ ਕਰਦੇ ਹਨ-

ਬੋਲਤ ਬੋਲਤ ਬਢਹਿ ਬਿਕਾਰਾ॥

ਮੂਰਖ ਨਾਲ ਬਾਰੰਬਾਰ ਬੋਲਣ ਕਰਕੇ ਬਿਕਾਰਾ=ਦੁਖ ਹੀ ਬਢਹਿ=ਵਧਦੇ ਹਨ।

ਬਿਨੁ ਬੋਲੇ ਕਿਆ ਕਰਹਿ ਬੀਚਾਰਾ॥ ੩॥

ਜੇ ਬੋਲਣ ਤੋਂ ਬਿਨਾਂ ਹੋ ਜਾਵੇ, ਭਾਵ ਮੂਰਖ ਨਾਲ ਕੋਈ ਗੱਲ ਨਾ ਕਰੇ ਤਾਂ ਮੂਰਖ ਵਿਚਾਰਾ ਕ੍ਯਾ ਕਰੇਗਾ? ਖਪ ਖਪ ਕੇ ਆਪੇ ਹੀ ਹਟ ਜਾਏਗਾ॥ ੩॥

ਦੂਜਾ ਅਰਥ-

ਬੋਲਤ ਬੋਲਤ ਬਢਹਿ ਬਿਕਾਰਾ॥

ਸੰਤਾਂ ਨਾਲ ਬੋਲਤ ਬੋਲਤ=ਬਚਨ ਬਿਲਾਸ ਕਰਨ ਨਾਲ ਵਿਕਾਰ ਬਢਹਿ=ਵੱਢੇ ਜਾਂਦੇ ਹਨ।

ਬਿਨੁ ਬੋਲੇ ਕਿਆ ਕਰਹਿ ਬੀਚਾਰਾ॥

ਜੇ ਸੰਤਾਂ ਨਾਲ ਬੋਲੇ ਤੋਂ ਬਿਨਾਂ ਹੋ ਜਾਵੇ ਤਾਂ ਸੱਤ ਅਸੱਤ ਦੇ ਨਿਰਣੇ ਦਾ ਵਿਚਾਰ ਕਿਵੇਂ ਕਰੇਗਾ, ਭਾਵ ਨਹੀਂ ਕਰ ਸਕਦਾ।

ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥ ੪॥ ੧॥

ਕਬੀਰ ਜੀ ਕਥਨ ਕਰਦੇ ਹਨ, ਜਿਵੇਂ ਛੂਛਾ=ਖਾਲੀ ਘੜਾ ਬੋਲਦਾ ਤੇ ਡੋਲਦਾ ਹੈ ਤੇ ਭਰਿਆ ਘੜਾ ਨਾ ਬੋਲਦਾ, ਨਾ ਡੋਲਦਾ ਹੈ, ਏਸੇ ਤਰ੍ਹਾਂ ਜੋ ਖਾਲੀ ਘੜੇ ਵਾਂਗ ਮੂਰਖ ਪੁਰਸ਼ ਹੈ ਉਹ ਵਿਆਰਥ ਬੋਲੀ ਜਾਂਦਾ ਹੈ ਤੇ ਹਰ ਵੇਲੇ ਡੋਲਦਾ ਰਹਿੰਦਾ ਹੈ ਤੇ ਭਰੇ ਘੜੇ ਵਾਂਗ ਸੰਤ ਨਾ ਬਹੁਤਾ ਬੋਲਦੇ ਹਨ, ਨਾ ਕਦੇ ਡੋਲਦੇ ਹਨ।

ਗੌਂਡ॥

ਜਿਨ੍ਹਾਂ ਅਸੰਤਾਂ ਨਾਲ ਬੋਲਣਾ ਨਿਸਫਲ ਕਿਹਾ ਹੈ, ਮਰਨ ਤੋਂ ਬਾਅਦ ਉਹਨਾਂ ਦੀ ਤ੍ਵਚਾ (ਚਮੜੀ) ਵੀ ਕਿਸੇ ਕੰਮ ਨਹੀਂ ਆਉਂਦੀ।

ਨਰੁ ਮਰੈ ਨਰੁ ਕਾਮਿ ਨ ਆਵੈ॥

ਨਰੁ=ਪੁਰਸ਼ ਮਰ ਜਾਵੇ ਤਾਂ ਉਸ ਦੀ ਨਰੂ=ਤੁਚਾ ਕਿਸੇ ਕੰਮ ਨਹੀਂ ਆਉਂਦੀ*।

**ਕਿਸੇ ਕਵੀ ਨੇ ਕਿਹਾ ਸੁੰਦਰ ਵਰਣਨ ਕੀਤਾ ਹੈ-*

ਹਾਥੀਓਂ ਕੇ ਦਾਂਤ ਕੇ ਖਲੌਣ ਬਣੇ ਭਾਂਤ ਭਾਂਤ, ਬਾਘਨ ਕੀ ਖਾਲ ਸੋ ਤੋ ਸ਼ਿਵ ਮਨ ਭਾਈ ਹੈ।
ਮ੍ਰਿਗਨ ਕੀ ਖਾਲਨ ਕੋ ਓਢਤ ਹੈ ਯੋਗੀ ਜਤੀ, ਬੱਕਰੇ ਕੀ ਖਾਲ ਸਾਥ ਪਾਣੀ ਭਰ ਲਾਈ ਹੈ।
ਪਸ਼ੂਓਂ ਕੀ ਖਾਲ ਕਾ ਅਧਿਕ ਸੁੰਦਰ ਜੋੜ ਬਣੇ, ਗੈਂਡਨ ਕੀ ਖਾਲਰਾਜਾ ਰਾਣੇ ਕੋ ਸੁਹਾਈ ਹੈ।
ਕਹੈ ਕਵਿ ਦਯਾ ਰਾਮ ਰਾਮ ਕੇ ਭਜਨ ਬਿਨ, ਮਾਨੁਖ ਕੀ ਖਾਲ ਕਿਸੇ ਕਾਮ ਨਹੀਂ ਆਈ ਹੈ।

ਪਸੂ ਮਰੈ ਦਸ ਕਾਜ ਸਵਾਰੈ॥ ੧॥

ਪਸ਼ੂ ਮਰ ਜਾਵੇ ਤਾਂ ਦਸ ਕੰਮ ਸਵਾਰਦਾ ਹੈ, ਅਰਥਾਤ ਪਸ਼ੂਆਂ ਦੀ ਖੱਲ ਨਾਲ ਜੁੱਤੀਆਂ, ਮਸ਼ਕਾਂ, ਬੋਕਾ, ਨਗਾਰੇ ਅਤੇ ਕਾਠੀਆਂ ਆਦਿ ਕਈ ਚੀਜ਼ਾਂ ਬਣਦੀਆਂ ਹਨ।

ਯਥਾ- ''ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥'' *(ਗੂਜਰੀ ਮਹਲਾ ੧, ਪੰਨਾ ੪੮੯)*

ਤਥਾ- ''ਸਗਲ ਸਰੀਰ ਆਵਤ ਸਭ ਕਾਮ॥ ਨਿਹਫਲ ਮਾਨੁਖੁ ਜਪੈ ਨਹੀ ਨਾਮ॥ ੩॥
(ਗਉੜੀ ਮਹਲਾ ੫, ਪੰਨਾ ੧੯੦)

ਹੁਣ ਕਰਮਾਂ ਦੀ ਗਤੀ ਵਚਿੱਤਰ ਕਹਿੰਦੇ ਹਨ-

ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥

ਹਰ ਮਨੁੱਖ ਵਾਸਤੇ ਭਜਨ ਕਰਨਾ ਜ਼ਰੂਰੀ ਹੈ। ਅਲਪਗ ਹੋਣ ਨਾਲ ਆਪਣੇ ਕਰਮਾਂ ਦੀ ਗਤੀ ਨੂੰ ਮੈਂ ਕੀ ਜਾਣਾਂ, ਜੋ ਕਰਮਾਂ ਨੇ ਕੀ ਕੀ ਫਲ ਦੇਣਾ ਹੈ, ਇਸ ਵਾਸਤੇ ਜੀਵ ਨੂੰ ਸਦਾ ਡਰਦਿਆਂ ਰਹਿਣਾ ਚਾਹੀਦਾ ਹੈ ਕਿ ਅਗਾਂਹ ਨੂੰ ਮੇਰੇ ਨਾਲ ਕੀ ਕੀ ਵਰਤਣਾ ਹੈ।

ਯਥਾ- ''ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ ਮਹਿ ਕਿਆ ਜਾਨਉ ਕਿਆ ਹੋਇ॥ ੩੯॥''
(ਸਲੋਕ ਕਬੀਰ ਜੀ, ਪੰਨਾ ੧੩੭੯)

ਸਾਖੀ-ਗੁਜਰੀ ਦੀ ਕਰਮਾਂ ਤੇ

ਇਕ ਗੁੱਜਰ ਜ਼ਾਤੀ ਦਾ ਸ਼ਾਹੂਕਾਰ ਸੀ, ਇਕ ਉਸ ਦੇ ਘਰ ਵਾਲੀ ਇਸਤਰੀ ਬੜੇ ਸੁੰਦਰ ਚਿਹਰੇ-ਮੋਹਰੇ ਵਾਲੀ ਸੀ, ਸਰੀਰ ਦਾ ਡੀਲ ਵੀ ਚੰਗਾ ਸੋਹਣਾ ਸੀ। ਇਕ ਸਮੇਂ ਸ਼ਾਹੂਕਾਰ ਆਪ ਅਣਜ ਵਪਾਰ ਵਾਸਤੇ ਪਰਦੇਸ ਚਲਾ ਗਿਆ, ਪਿੱਛੋਂ ਇਸ ਦੀ ਇਸਤਰੀ ਸਿਰ ਨਹਾ ਕੇ ਚੁਬਾਰੇ ਉੱਤੇ ਚੜ੍ਹੀ ਕੇਸ ਸੁਕਾ ਰਹੀ ਸੀ ਤੇ ਉਥੋਂ ਦਾ ਰਾਜਾ ਭੀ ਆਪਣੇ ਮਹਿਲਾਂ ਉੱਤੇ ਚੜ੍ਹ ਕੇ ਟਹਿਲ ਰਿਹਾ ਸੀ ਇਸ ਨੂੰ ਵੇਖਦਿਆਂ ਸਾਰ ਹੀ ਰਾਜੇ ਦਾ ਮਨ ਕਾਮਾਤੁਰ ਹੋ ਗਿਆ। ਕਿਸੇ ਅਹਿਲਕਾਰ ਦੀ ਰਾਹੀਂ ਇਸ ਨੂੰ ਆਪਣੇ ਪਾਸ ਬੋਲਾ ਕੇ ਰਾਜੇ ਨੇ ਬੜਾ ਪ੍ਰੇਮ ਦਸਿਆ ਤੇ ਇਸ ਨੂੰ ਅਪਣਾਕੇ ਆਪਣੇ ਮੰਦਰਾਂ ਵਿਚ.ਹੀ ਰਖਿਆ। ਕੁਝ ਕੁ ਸਮੇਂ ਬਾਅਦ ਜਦ ਇਸਤਰੀ ਦਾ ਆਪਣਾ ਪਤੀ ਘਰ ਆ ਪਹੁੰਚਾ ਤਾਂ ਉਸ ਨੇ ਵੇਖਿਆ ਇਸਤਰੀ ਘਰ ਨਹੀ ਹੈ, ਪੁੱਛਣ ਤੋਂ ਪਤਾ ਲਗਾ ਕਿ ਉਹ ਤਾਂ ਰਾਜ ਮੰਦਰਾਂ ਵਿਚ ਬੈਠੀ ਹੈ। ਉਸ ਵੇਲੇ ਉਸ ਨੇ ਇਕ ਪਿਆਰ ਭਰੀ ਪੱਤ੍ਰਕਾ ਲਿਖੀ-

'ਮੈਂ ਪ੍ਰਦੇਸੋਂ ਆ ਗਿਆ ਹਾਂ, ਤੇਰੀ ਉਡੀਕ ਵਿਚ ਬੈਠਾ ਹਾਂ, ਜੇ ਤੇਰੇ ਅੰਦਰ ਪਿਆਰ ਹੈ ਤਾਂ ਮੈਨੂੰ ਆ ਕੇ ਮਿਲ।' ਇਸ ਤਰ੍ਹਾਂ ਦੀ ਚਿੱਠੀ ਲਿਖ ਕੇ ਕਿਸੇ ਨੌਕਰ ਦੀ ਰਾਹੀਂ ਆਪਣੀ ਇਸਤਰੀ ਪਾਸ ਪਹੁੰਚਾ ਦਿਤੀ। ਇਸਤਰੀ ਪੜ੍ਹ ਕੇ ਬਹੁਤ ਖੁਸ਼ ਹੋਈ, ਅੱਗੋਂ ਇਸਤਰੀ ਨੇ ਭੀ ਆਪਣੀ ਵਲੋਂ ਇਕ ਪ੍ਰੇਮ ਪੱਤ੍ਰਕਾ ਲਿਖ ਕੇ ਪਤੀ ਦੇਵ ਵਲ ਭੇਜੀ ਕਿ ਮੇਰਾ ਚਿਤ ਤੇਰੇ ਨਾਲ ਹੀ ਹੈ, ਰਾਜੇ ਨੇ ਤਾਂ ਮੈਨੂੰ ਜ਼ਬਰਦਸਤੀ ਆਪਣੇ ਪਾਸ ਰਖਿਆ ਹੋਇਆ ਹੈ। ਜਿਸ ਵੇਲੇ ਵੀ ਕੋਈ ਨਿਕਲਣ ਦਾ ਮੌਕਾ ਮਿਲਿਆ ਤਾਂ ਮੈਂ ਜ਼ਰੂਰ ਤੈਨੂੰ ਆ ਕੇ ਮਿਲਾਂਗੀ।

ਦੇਵਨੇਤ ਨਾਲ ਇਕ ਦਿਨ ਰਾਜਾ ਇਸ ਔਰਤ ਨੂੰ ਨਾਲ ਲੈਂ ਕੇ ਤਮਾਸ਼ਾ ਦੇਖਣ ਚਲਾ ਗਿਆ। ਤਮਾਸ਼ਾ ਵੇਖ ਕੇ ਰਾਤ ਨੂੰ ਇਕ ਕੈਂਪ ਵਿਚ ਸੌਂ ਗਿਆ। ਇਸ ਔਰਤ ਨੇ ਉਸ ਰਾਤ ਮੌਕਾ ਤਾੜ ਕੇ ਰਾਜੇ ਨੂੰ ਇਕੱਲਾ ਵੇਖ ਕੇ ਮਾਰ ਦਿੱਤਾ, ਆਪ ਨਿਕਲ ਆਈ। ਪਤੀ ਨੂੰ ਮਿਲ ਕੇ ਰਾਤੋ ਰਾਤ ਆਪਣੇ ਘਰੋਂ ਨਕਦੀ ਮਾਲ ਵਗੈਰਾ

ਲੈ ਕੇ ਆਪਣੇ ਦੇਸ ਨੂੰ ਛਡ ਕੇ ਚਾਲੇ ਪਾ ਦਿੱਤੇ। ਅੱਗੋਂ ਇਕ ਜੰਗਲ ਆ ਗਿਆ। ਟੁਰਦੇ ਟੁਰਦੇ ਜਦ ਥੱਕ ਗਏ ਤਾਂ ਰਾਹ ਵਿਚ ਹੀ ਸੌਂ ਗਏ। ਉਥੇ ਹੀ ਇਕ ਸੱਪ ਨੇ ਨਿਕਲ ਕੇ ਇਸ ਔਰਤ ਦੇ ਪਤੀ ਨੂੰ ਡੰਗ ਮਾਰ ਕੇ ਮਾਰ ਦਿੱਤਾ। ਔਰਤ ਬਹੁਤ ਦੁਖੀ ਹੋਈ, ਰੋਂਦੀ ਪਿਟਦੀ ਨੂੰ ਚੋਰ ਆ ਗਏ, ਉਨ੍ਹਾਂ ਨੇ ਆ ਕੇ ਮਾਲ ਭੀ ਖੋਹ ਲਿਆ ਅਤੇ ਇਸ ਨੂੰ ਭੀ ਆਪਣੇ ਘਰ ਲੈ ਗਏ। ਕੁਝ ਕੁ ਚਿਰ ਆਪਣੇ ਪਾਸ ਰਖ ਕੇ ਫੇਰ ਵੇਸਵਾ ਪਾਸ ਵੇਚ ਦਿੱਤਾ। ਵੇਸਵਾ ਪਾਸ ਕਾਫੀ ਚਿਰ ਰਹੀ।

ਇਕ ਦਿਨ ਇਸ ਦਾ ਆਪਣਾ ਪੁੱਤਰ ਜੋ ਇਸ ਦੇ ਆਪਣੇ ਪਤੀ ਤੋਂ ਪੈਦਾ ਹੋਇਆ ਹੋਇਆ ਸੀ, ਉਹ ਸੌਦਾਗਰੀ ਕਰਦਾ ਕਰਦਾ ਇਸੇ ਸ਼ਹਿਰ ਵਿਚ ਆਇਆ ਤੇ ਕਾਮ ਅਧੀਨ ਹੋਇਆ ਹੋਇਆ ਉਸ ਵੇਸਵਾ ਦੇ ਘਰ ਆ ਪਹੁੰਚਾ, ਸਾਰੀ ਰਾਤ ਏਸੇ ਪਾਸ ਹੀ ਰਿਹਾ। ਜਦ ਸਵੇਰ ਹੋਣ ਨਾਲ ਉਹ ਉੱਠਿਆ ਤਾਂ ਵੇਸਵਾ ਨੇ ਪੁੱਛਿਆ-'ਤੁਸੀਂ ਕਿਥੋਂ ਆਏ ਹੋ? ਆਪ ਦਾ ਨਾਮ ਕੀ ਹੈ?'

ਇਸ ਨੌਜਵਾਨ ਲੜਕੇ ਨੇ ਜਦ ਆਪਣਾ ਨਾਮ, ਦੇਸ ਵਗੈਰਾ ਦਸਿਆ ਤਾਂ ਉਸ ਨੂੰ ਇਹ ਨਿਸਚਾ ਹੋ ਗਿਆ ਕਿ ਇਹ ਮੇਰਾ ਹੀ ਪੁੱਤਰ ਹੈ। ਬੜੀ ਲੱਜਾ ਸਹਿਤ ਹੋ ਕੇ ਆਖਦੀ ਹੈ 'ਅੱਜ ਮੇਰੇ ਪਾਸੋਂ ਬੜਾ ਭਾਰੀ ਪਾਪ ਹੋ ਗਿਆ ਹੈ।' ਉਸੀ ਵੇਲੇ ਉਸ ਨੂੰ ਟੋਰ ਕੇ ਆਪ ਕਿਸੇ ਪੰਡਿਤ ਪਾਸੋਂ ਜਾ ਕੇ ਪੁੱਛਦੀ ਹੈ ਕਿ ਜੇਕਰ ਐਸਾ ਕੋਈ ਪਾਪ ਕਰਮ ਹੋ ਜਾਏ ਤਾਂ ਉਸ ਦੀ ਨਵਿਰਤੀ ਦਾ ਪ੍ਰਾਸਚਿਤ ਕੀ ਹੋ ਸਕਦਾ ਹੈ?

ਪੰਡਿਤ ਜੀ ਨੇ ਆਪਣੀ ਵਿਦਵਤਾ ਨਾਲ ਕਿਹਾ-'ਜੇਕਰ ਮਾਂ ਪੁੱਤਰ ਦਾ ਐਸਾ ਕੋਈ ਕੁਕਰਮ ਹੋ ਜਾਏ ਤਾਂ ਪਿੱਪਲ ਦੀਆਂ ਸੁਕੀਆਂ ਲੱਕੜਾਂ ਇਕੱਠੀਆਂ ਕਰਕੇ ਨਦੀ ਦੇ ਕਿਨਾਰੇ ਪਰ ਚਿਖਾ ਬਣਾ ਕੇ ਜਿਉਂਦੀ ਸੜ ਜਾਏ।'

ਇਹ ਵੇਸਵਾ ਉਸੀ ਵੇਲੇ ਨਦੀ ਦੇ ਕਿਨਾਰੇ ਪਿੱਪਲ ਦੀਆਂ ਸੁੱਕੀਆਂ ਲੱਕੜਾਂ ਇਕੱਠੀਆਂ ਕਰਕੇ ਚਿਖਾ ਬਣਾ ਕੇ ਅੱਗ ਲਗਾ ਕੇ ਉੱਪਰ ਬੈਠੀ ਹੀ ਸੀ ਜੋ ਇਤਨੇ ਨੂੰ ਪਾਣੀ ਦਾ ਹੜ੍ਹ ਆ ਗਿਆ, ਉਹ ਰੋੜ੍ਹ ਕੇ ਵਿਚ ਹੀ ਲੈ ਗਿਆ, ਇਹ ਸੜ ਮਰ ਨਾ ਸਕੀ, ਕਿਉਂਕਿ ਆਪਣੇ ਆਪ ਮਰਨ ਦਾ ਕਿਸੇ ਵਿਚ ਜ਼ੋਰ ਨਹੀਂ ਹੈ। ਪਾਣੀ ਦੇ ਵਿਚ ਇਕ ਬੜੀ ਲੱਕੜ ਸੀ, ਉਸ ਉੱਤੇ ਬੈਠ ਗਈ ਤੇ ਪਾਣੀ ਵਿਚ ਰੁੜ੍ਹੀ ਜਾ ਰਹੀ ਹੈ। ਆਖ ਕੇ ਲੋਕਾਂ ਨੂੰ ਸੁਣਾਉਂਦੀ ਜਾ ਰਹੀ ਹੈ ਕਿ ਕੋਈ ਪਰਉਪਕਾਰੀ ਜੀਵ ਹੈ ਜੋ ਮੈਨੂੰ ਇਸ ਜਲ ਵਿਚੋਂ ਬਾਹਰ ਕੱਢ ਲਵੇ, ਤਾਂ ਮੈਂ ਉਸ ਦੀ ਦਾਸੀ ਹੋ ਕੇ ਰਹਾਂਗੀ।

ਇਕ ਗੁਜਰ ਜਲ ਦੇ ਕਿਨਾਰੇ ਦੁਧ ਵਾਲੇ ਭਾਂਡੇ ਧੋ ਰਿਹਾ ਸੀ, ਜਦ ਉਸ ਨੇ ਸੁਣਿਆ ਤਾਂ ਉਪਰਾਲਾ ਕਰਕੇ ਉਸ ਨੇ ਕੱਢ ਲਿਆ। ਇਹ ਔਰਤ ਫੇਰ ਉਸ ਦੇਂ ਭਾਂਡੇ ਚੁਕ ਕੇ ਉਸ ਦੇ ਨਾਲ ਹੀ ਉਸ ਦੇ ਘਰ ਚਲੀ ਗਈ, ਦਾਸੀ ਬਣਕੇ ਉਸ ਦਾ ਸਾਰਾ ਕੰਮ ਕਰਦੀ ਰਹੀ। ਦੁੱਧ ਦੇ ਵਲਟੋਹੇ ਚੁੱਕ ਕੇ ਦੁਕਾਨਾਂ ਪਰ ਜਾ ਕੇ ਭੀ ਦੇ ਆਇਆ ਕਰੇ।

ਇਕ ਦਿਨ ਦਾ ਜ਼ਿਕਰ ਹੈ ਜੋ ਇਹ ਭੀ ਅਤੇ ਹੋਰ ਗੁੱਜਰਨੀਆਂ ਲੱਸੀ ਦੁੱਧ ਦੇ ਵਲਟੋਹੇ ਚੁੱਕ ਕੇ ਜਾ ਰਹੀਆਂ ਸਨ ਤੇ ਅੱਗੋਂ ਇਕ ਸ਼ਾਹੀ ਫੌਜ ਚਲੀ ਆ ਰਹੀ ਸੀ, ਉਹਨਾਂ ਦੇ ਬੇ-ਪਰਵਾਹੀ ਧੱਕਿਆਂ ਕਰਕੇ ਸਭ ਗੁੱਜਰਨੀਆਂ ਦੇ ਭਾਂਡੇ ਡਿੱਗ ਪਏ। ਉਸ ਵੇਲੇ ਸਭ ਗੁੱਜਰਨੀਆਂ ਹੰਝੂ ਸੁਟਦੀਆਂ ਰੋਣ ਲੱਗਾ ਪਈਆਂ, ਪਰ ਇਕ ਇਹ ਗੁੱਜਰਨੀ ਹੱਸਦੀ ਰਹੀ। ਇਤਨੇ ਨੂੰ ਫੌਜ ਦਾ ਮਾਲਕ ਬਾਦਸ਼ਾਹ ਜਦ ਇਨ੍ਹਾਂ ਦੇ ਪਾਸ ਆ ਕੇ ਪਹੁੰਚਾ ਤਾਂ ਕੀ ਵੇਖਦਾ ਹੈ ਕਿ ਸਭ ਗੁੱਜਰਨੀਆਂ ਰੋ ਰਹੀਆਂ ਹਨ, ਦੁੱਧ ਲੱਸੀ ਦੇ ਡੁਲ੍ਹਣੇ ਕਰਕੇ; ਪਰ ਇਕ ਗੁੱਜਰਨੀ ਹੱਸ ਰਹੀ ਹੈ। ਉਸ ਪਾਸੋਂ ਬਾਦਸ਼ਾਹ ਨੇ ਪੁੱਛਿਆ-''ਤੂੰ ਕਿਉਂ ਹੱਸ ਰਹੀ ਹੈਂ?'' ਇਸ ਨੇ ਕਿਹਾ-''ਹੇ ਰਾਜਨ ! ਤੂੰ ਪੁੱਛਕੇ ਕੀ ਲੈਣਾ ਹੈ, ਤੂੰ ਆਪਣਾ ਕੰਮ ਕਰ।'' ਪਰ ਰਾਜਿਆਂ ਦਾ ਖਿਆਲ ਹੁੰਦਾ ਹੈ, ਜਿਸ ਪਾਸੇ ਪੈ ਜਾਵੇ। ਜਦ ਰਾਜਾ ਖਹਿੜੇ ਪੈ ਗਿਆ ਤਾਂ ਗੁੱਜਰਨੀ ਨੇ ਆਪਣੀ ਹੱਡ ਬੀਤੀ ਪਿਛਲੀ ਸਾਰੀ ਬਿਵਸਥਾ ਸੁਣਾ ਕੇ ਦੱਸੀ।

ਯਥਾ-ਨ੍ਰਿਪ ਮਾਰ ਚਲੀ ਪਿਅ ਆਪਨ ਸਿਉ, ਪਿਆ ਸਾਂਪ ਡਸਿਓ ਦੁਖ ਹੋ ਭਰ ਹੋਂ।
ਬਨ ਮਾਂਝ ਗਈ ਬਨ ਚੋਰ ਗਹੀ, ਤਿਨ ਬੇਚ ਲਈ ਗਨਿਕਾ ਘਰ ਹੋਂ।
ਸੁਤ ਸੰਗ ਕੀਯੋ ਤਬ ਜਰਨ ਚਲੀ, ਮਿਲ ਕਾਠ ਕੇ ਸੰਗ ਨਦੀ ਤਰਹੋਂ।
ਸੁਨਿ ਹੋ ਮਹਾਰਾਜ ਹੋਂ ਗੁਜਰੀ ਹੋਂ, ਅਬ ਛਾਛ ਕੀ ਚਿੰਤ ਕਹਾਂ ਕਰਹੋਂ।

ਇਸ ਸਾਖੀ ਤੋਂ ਇਹ ਸਿੱਧ ਹੋਇਆ ਕਿ ਕੋਈ ਭੀ ਆਪਣੇ ਕਰਮਾਂ ਦੀ ਗਤੀ ਨੂੰ ਨਹੀਂ ਜਾਣ ਸਕਦਾ ਕਿ ਉਸ ਦੇ ਜੀਵਨ ਵਿਚ ਕੀ ਗੁਜ਼ਰਨੀ ਹੈ।

ਮੈ ਕਿਆ ਜਾਨਉ ਬਾਬਾ ਰੇ॥ ੧॥ ਰਹਾਉ॥

ਬਾਬਾ=ਹੇ ਭਾਈ ! ਮੈਂ ਕੀ ਜਾਨਣਾ ਕਰਾਂ ਜੋ ਮੇਰੇ ਸੰਚਤ ਕਰਮ ਕੀ ਕੀ ਹਨ॥ ੧॥ ਰਹਾਉ॥ ਅੱਗੇ ਅੰਤ ਸਮੇਂ ਮਰਨ ਦੀ ਦਸ਼ਾ ਕਹਿੰਦੇ ਹਨ-

ਹਾਡ ਜਲੇ ਜੈਸੇ ਲਕਰੀ ਕਾ ਤੂਲਾ॥

ਚਿਖਾ ਵਿਖੇ ਹੱਡ ਇਸ ਤਰ੍ਹਾਂ ਸੜਦੇ ਹਨ, ਜਿਵੇਂ ਲੱਕੜੀਆਂ ਦਾ ਬੱਧਾ ਹੋਇਆ ਤੂਲਾ=ਗੱਠਾ, ਭਾਰ ਸੜਦਾ ਹੈ।

ਕੇਸ ਜਲੇ ਜੈਸੇ ਘਾਸ ਕਾ ਪੂਲਾ॥ ੨॥

ਵਾਲ ਇਸ ਤਰ੍ਹਾਂ ਸੜਦੇ ਹਨ, ਜਿਵੇਂ ਘਾਸ ਕਾ ਪੂਲਾ=ਦੱਥਾ ਸੜਦਾ ਹੈ॥ ੨॥

ਯਥਾ:- ''ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਿਉ ਘਾਸੁ॥
ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ॥ ੩੬॥''

(ਸਲੋਕ ਕਬੀਰ, ਪੰਨਾ ੧੩੬੬)

ਤਥਾ:- ''ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥''

(ਸੂਹੀ ਰਵਿਦਾਸ, ਪੰਨਾ ੭੯੪)

ਕਹੁ ਕਬੀਰ ਤਬ ਹੀ ਨਰੁ ਜਾਗੈ॥

ਕਬੀਰ ਜੀ ਕਥਨ ਕਰਦੇ ਹਨ-ਇਹ ਪੁਰਸ਼ ਅਵਿਦਿਆ, ਵਾ:-ਮੋਹ ਰੂਪ ਨੀਂਦ ਵਿਚ ਸੁੱਤਾ ਹੋਇਆ ਤਿਸ ਵੇਲੇ ਜਾਗੇਗਾ, ਭਾਵ ਸ਼ੁਭ ਸੰਕਲਪ ਕਰੇਗਾ।

ਜਮ ਕਾ ਡੰਡੁ ਮੂੰਡ ਮਹਿ ਲਾਗੈ॥ ੩॥ ੨॥

ਜਿਸ ਵੇਲੇ ਦੁਖਦਾਈ ਜਮ ਦਾ ਡੰਡਾ ਇਸ ਦੇ ਮੂੰਹ=ਸਿਰ ਵਿਚ ਲੱਗੇਗਾ, ਉਸ ਵੇਲੇ ਤਾਂ ਕੁਝ ਵੀ ਨਹੀਂ ਹੋਣਾ। ਜਦ ਘਰ ਨੂੰ ਅੱਗ ਲਗ ਜਾਵੇ ਤਾਂ ਉਸ ਵੇਲੇ ਖੂਹ ਪੁਟੇ ਤਾਂ ਉਸ ਦਾ ਜਤਨ ਕਰਨਾ ਨਿਸਫਲ ਹੈ॥ ੩॥ ੨॥

ਯਥਾ- ''ਜੈਸੇ ਘਰਿ ਲਾਗੈ ਆਗਿ ਜਾਗਿ ਕੂਆ ਖੋਦਿਓ ਚਾਹੈ,
ਕਾਰਜੁ ਨ ਸਿਧਿ ਹੋਇ ਰੋਇ ਪਛਤਾਈਐ।
ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ,
ਅਨਿਥਾ ਉਦਮ ਜੈਤ ਪਦਵੀ ਨ ਪਾਈਐ॥
ਜੈਸੇ ਨਿਸਿ ਸੋਵਤ ਸੰਘਾਤੀ ਚਲਿ ਜਾਤਿ ਪਾਛੇ,

ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ।
ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ,
ਅੰਤਿ ਕਾਲ ਕੈਸੇ ਹਰਿ ਨਾਮ ਲਿਵ ਲਾਈਐ॥ ੪੯੫॥'' *(ਭਾਈ ਗੁਰਦਾਸ ਜੀ)*

ਗੋਂਡ॥

ਉਥਾਨਕਾ:-ਜਗਿਆਸੂ ਨੂੰ ਪਹਿਲੇ ਵੈਰਾਗ ਦਾ ਉਪਦੇਸ਼ ਦੇ ਕੇ ਹੁਣ ਪਰਮੇਸ਼ਰ ਦੀ ਸਾਰੇ ਪਰੀਪੂਰਨਤਾ ਦੱਸਦੇ ਹਨ-

ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ॥

ਸੱਤਾਂ ਅਕਾਸ਼ਾਂ ਵਿਚ ਗਗਨੁ=ਚੇਤਨ ਦੇਵ ਹੈ, ਸੱਤਾਂ ਪਤਾਲਾਂ ਵਿਚ ਵੀ ਗਗਨੁ=ਚੇਤਨ ਦੇਵ ਹੈ। ਪੂਰਬ, ਉੱਤਰ, ਦੱਖਣ ਇਨ੍ਹਾਂ ਚਾਰੋਂ ਤਰਫ਼ ਹੀ ਚੇਤਨ ਦੇਵ ਰਹਾਇਲੇ=ਇਸਥਿਤ ਹੋ ਰਿਹਾ ਹੈ।

ਯਥਾ-''ਚਾਰਿ ਕੁੰਟ ਚਉਦਹ ਭਵਨ ਸੰਗਲ ਬਿਆਪਤ ਰਾਮ॥ '' *(ਪੰਨਾ ੨੯੯)*

ਤਥਾ-''ਚਉਦਹਿ ਚਾਰਿ ਕੁੰਟ ਪ੍ਰਭ ਆਪ॥ ਸਗਲ ਭਵਨ ਪੂਰਨ ਪਰਤਾਪ॥''

(ਗਉੜੀ ਥਿਤੀ, ਪੰਨਾ ੨੯੯)

ਤਥਾ-''ਚਉਦਸਿ ਚਉਦਹ ਲੋਕ ਮਝਾਰਿ॥ ਰੋਮ ਰੋਮ ਮਹਿ ਬਸਹਿ ਮੁਰਾਰਿ॥''

(ਗਉੜੀ ਕਬੀਰ, ਪੰਨਾ ੩੪੪)

ਪ੍ਰਸ਼ਨ-''ਸਾਰਿਆਂ ਵਿਚ ਵਿਆਪਕ ਹੋਣ ਕਰਕੇ ਸਰੀਰ ਦੇ ਨਾਸ ਹੋਣ ਤੇ ਉਸ ਦਾ ਵੀ ਨਾਸ ਹੋ ਜਾਂਦਾ ਹੋਵੇਗਾ?'' *ਉੱਤਰ*-

ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ॥ ੧॥

ਉਹ ਉੱਤਮ ਪੁਰਖ ਪਰਮਾਤਮਾ ਸਦੀਵ ਕਾਲ ਅਨੰਦ ਦਾ ਮੂੱਢ ਹੈ, ਜਿਸ ਤਰ੍ਹਾਂ ਘੜੇ ਦੇ ਬਿਨਸਨੇ ਕਰਕੇ ਅਕਾਸ਼ ਦਾ ਨਾਸ ਨਹੀਂ ਹੁੰਦਾ, ਕਿਉਂਕਿ ਘਟਾਕਾਸ ਮਹਾਂਕਾਸ ਵਿਚ ਲੀਨ ਹੋ ਜਾਂਦਾ ਹੈ, ਤਿਵੇਂ ਸਰੀਰ ਦੇ ਬਿਨਸਨੇ ਕਰਕੇ ਚੇਤਨ ਦੇਵ ਦਾ ਆਉਣਾ ਜਾਣਾ ਨਹੀਂ ਹੁੰਦਾ।

ਯਥਾ-''ਘਘਾ ਘਟਿ ਘਟਿ ਨਿਮਸੈ ਸੋਈ॥ ਘਟ ਫੂਟੇ ਘਟਿ ਕਬਹਿ ਨ ਹੋਈ॥''

(ਗਉੜੀ ਕਬੀਰ, ਪੰਨਾ ੩੪੦)

ਭਾਵ-ਸਮੂੰਹ ਦੇਹ ਆਦਿਕਾਂ ਦੇ ਨਾਸ ਹੋਣੇ ਕਰਕੇ ਤਿਸ ਚੇਤਨ ਰੂਪ ਅਕਾਸ਼ ਦਾ ਨਾਸ ਨਹੀਂ ਹੁੰਦਾ। ਇਸ ਤੇ ਅਸਥੂਲ ਦੇਹ ਦਾ ਨਾਸ ਹੋਣ ਕਰਕੇ ਜੋ ਜੀਵ ਦਾ ਨਾਸ ਮੰਨਦੇ ਹਨ, ਉਹ ਮੂਰਖ ਹਨ।

ਜੈਸੇ ਚੇਤਨ ਅਬਿਨਾਸੀ ਔਰ ਵਿਆਪਕ ਹੈ, ਤੈਸੇ ਜੀਵ ਭੀ ਅਬਿਨਾਸੀ ਅਤੇ ਵਿਆਪਕ ਹੈ।

ਇਹ ਗੱਲ ਸੁਣ ਕੇ ਜਗਿਆਸੂ ਨੇ ਕਿਹਾ-ਫਿਰ ਦੇਹ ਦੇ ਬਿਨਾਸ ਸਮੇਂ ਲੋਕ ਐਸੇ ਕਿਉਂ ਕਹਿੰਦੇ ਹਨ ਕਿ-

ਮੋਹਿ ਬੈਰਾਗੁ ਭਇਓ॥

ਮੈਨੂੰ ਬੜਾ ਰੋਣਾ ਪ੍ਰਾਪਤ ਹੋਇਆ ਹੈ। ਵਾ ਮੈਨੂੰ ਬੜਾ ਬੈਰਾਗੁ=ਸੰਸਾ ਹੋਇਆ ਹੈ, ਕਿਉਂਕਿ ਜੋ ਵਸਤੂ ਵਿਆਪਕ ਹੁੰਦੀ ਹੈ ਉਸ ਵਿਚ ਆਉਣਾ ਜਾਣਾ ਨਹੀਂ ਬਣ ਸਕਦਾ ਤੇ ਜੀਵ ਦਾ ਆਉਣਾ ਜਾਣਾ ਸਭ ਕਹਿੰਦੇ ਹਨ, ਇਸ ਤੇ ਮੈਂ ਆਪ ਜੀ ਪਾਸੋਂ ਪੁੱਛਦਾ ਹਾਂ-

ਇਹੁ ਜੀਉ ਆਇ ਕਹਾ ਗਇਓ ॥ ੧ ॥ ਰਹਾਉ ॥

ਇਹ ਜੀਵ ਆਇਆ ਕਿਥੋਂ ਤੇ ਗਿਆ ਕਿਥੇ? ॥ ੧ ॥ ਰਹਾਉ ॥

ਪੁਨਾ-ਕਈ ਨਾਸਤਕ ਲੋਕ ਐਸੇ ਭੀ ਕਹਿੰਦੇ ਹਨ-"ਦੇਹ ਤੋਂ ਭਿੰਨ ਹੋਰ ਕੋਈ ਆਤਮਾ ਨਹੀਂ ਜੇ ਦੇਹ ਤੋਂ ਭਿੰਨ ਕੋਈ ਆਤਮਾ ਹੋਵੇ ਤਾਂ ਸਰੀਰ ਤੋਂ ਭਿੰਨ ਦਿਖਾਈ ਦੇਵੇ, ਪਰੰਤੂ ਦਿਖਾਈ ਕੋਈ ਨਹੀਂ ਦੇਂਦਾ ਜਾਂ ਤੇ ਸੁਭਾਵ ਜਾਂ ਕਾਲ ਨੇ ਜੋ ਦੇਹ ਰਚ ਦਿੱਤੀ ਹੈ, ਏਹੀ ਆਤਮਾ ਹੈ।"

ਇਹ ਗੱਲ ਸੁਣ ਕੇ ਭਗਤ ਕਬੀਰ ਜੀ ਆਖਦੇ ਹਨ-

ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ ॥

ਸੁਭਾਵ ਜਾਂ ਕਾਲ ਨੇ ਪੰਜਾਂ ਤੱਤਾਂ ਨੂੰ ਮਿਲਾ ਕੇ ਜੋ ਕਾਇਆਂ ਉਤਪੰਨ ਕੀਤੀ ਹੈ।

ਯਥਾ:- "ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥" *(ਸਲੋਕ ਮ: ੯, ਪੰਨਾ ੧੪੨੭)*

ਜਿਸ ਨੂੰ ਤੁਸੀਂ ਆਤਮਾ ਮੰਨੀ ਬੈਠੇ ਹੋ, ਅਸੀਂ ਤੁਹਾਡੇ ਪਾਸੋਂ ਪੁੱਛਦੇ ਹਾਂ-

ਤਤੁ ਕਹਾ ਤੇ ਕੀਨੁ ਰੇ ॥

ਇਹ ਪੰਜ ਤੱਤ ਕਿਥੋਂ ਬਨਾਉਣਾ ਕੀਤੇ ਹਨ, ਕਿਉਂਕਿ ਜੋ ਜੋ ਕਾਰਜ ਬਣਦਾ ਹੈ, ਉਹ ਕਿਸੇ ਕਾਰਨ ਕਰਕੇ ਹੁੰਦਾ ਹੈ, ਇਸ ਵਾਸਤੇ ਤੱਤਾਂ ਦਾ ਕਾਰਨ ਦੱਸੋ? ਜੇਕਰ ਕਹੋ ਕਿ ਉਹ ਭੀ ਸੁਭਾਵਕ ਬਣੇ ਹਨ, ਤਾਂ ਇਹ ਗੱਲ ਬਣ ਨਹੀਂ ਸਕਦੀ, ਕਿਉਂਕਿ ਚਿਤਰੇਲੇ ਬਿਨਾਂ ਚਿੱਤ੍ਰਕਾਰੀ ਨਹੀਂ ਹੋ ਸਕਦੀ।

ਪੁਨਾ-ਸਾਡਾ ਪ੍ਰਸ਼ਨ ਸੁਣ ਕੇ ਜੇ ਤੁਸੀਂ ਸਥੂਲ ਤੱਤਾਂ ਦਾ ਕਾਰਨ ਸੂਖਮ ਤੱਤ ਤੇ ਸੂਖਮ ਤੱਤਾਂ ਦਾ ਕਾਰਨ ਤ੍ਰਿਧੋ ਹੰਕਾਰ ਅਤੇ ਤ੍ਰਿਧਾ ਹੰਕਾਰ ਦਾ ਕਾਰਨ ਮਹਤੱਤ ਤੇ ਮਹਤੱਤ ਦਾ ਕਾਰਨ ਮਾਇਆ ਕਹੋ, ਤਾਂ ਅਸੀਂ ਤੇਰੇ ਪਾਸੋਂ ਇਹ ਪੁੱਛਦੇ ਹਾਂ ਕਿ ਉਹ ਮਾਇਆ ਚੇਤਨ ਨਾਲੋਂ ਭਿੰਨ ਹੈ ਕਿ ਅਭਿੰਨ ਹੈ ਜਾਂ ਭਿੰਨਾ-ਭਿੰਨ ਉਕੇ ਹੈ? ਇਤਿਆਦਿ ਵਿਚਾਰ ਨਾਲ ਵੇਖੀਏ ਤਾ ਬ੍ਰਹਮ ਨਾਲੋਂ ਭਿੰਨ ਮਾਇਆ ਕੁਝ ਵਸਤੂ ਨਹੀਂ ਸਿੱਧ ਹੁੰਦੀ। ਮਾਇਆ ਬ੍ਰਹਮ ਦੇ ਆਸਰੇ ਹੀ ਹੈ ਇਸ ਤੇ ਤੂੰ ਬ੍ਰਹਮ ਨੂੰ ਮੰਨਣਾ ਕਰ। ਉਹ ਬ੍ਰਹਮ ਹੀ ਉਪਾਧੀ ਭੇਦ ਸੇ ਜੀਵ ਰੂਪ ਹੋ ਰਿਹਾ ਹੈ ਜਾਂ ਤੇ ਜੀਵ ਅਬਿਨਾਸੀ ਤੇ ਵਿਆਪਕ ਹੈ, ਪਰੰਤੂ ਇਹ ਖਿਆਲ ਵਾਸਤਵ ਦ੍ਰਿਸ਼ਟੀ ਕਰਕੇ ਹੁੰਦਾ ਹੈ।

ਪੁਨਾ-ਮਿਮਾਂਸਕ ਬੋਲਿਆ-

"ਜੀਵ ਕਰਮਾਂ ਅਨੁਸਾਰ ਪ੍ਰਲੋਕ ਵਿਚ ਆਉਂਦਾ ਜਾਂਦਾ ਹੈ, ਇਸ ਤੇ ਕਰਮ ਹੀ ਪਰਧਾਨ ਹਨ, ਹੋਰ ਕੋਈ ਪਰਮੇਸ਼ਰ ਨਹੀਂ, ਇਹ ਗੱਲ ਸੁਣ ਕੇ ਕਬੀਰ ਜੀ ਮਿਮਾਂਸਕ ਪਾਸੋਂ ਪੁੱਛਦੇ ਹਨ-

ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥ ੨ ॥

ਤੁਸੀ ਜੋ ਕਰਮਾਂ ਦਾ ਬੱਧਾ ਹੋਇਆ ਜੀਵ ਕਹਿੰਦੇ ਹੋ, ਅਸੀਂ ਪੁੱਛਦੇ ਹਾਂ-

ਕਰਮਹਿ ਕਿਨਿ ਜੀਉ ਦੀਨੁ ਰੇ ॥

ਕਰਮਾਂ ਵਿਚ ਜੀਵ ਦੇ ਬੰਧਨੇ ਦੀ ਜੀਉ=ਜੀਵਨ ਕਲਾ, ਸ਼ਕਤੀ ਕਿਸ ਨੇ ਦਿੱਤੀ ਹੋਈ ਹੈ? ਕਿਉਂਕਿ ਆਪਣੇ ਆਪ ਤਾਂ ਕਰਮ ਜੜ੍ਹ ਹਨ। ਇਹ ਗੱਲ ਸੁਣ ਕੇ ਮਿਮਾਂਸਕ ਚੁਪ ਕਰ ਗਿਆ, ਉੱਤਰ ਨਾ ਦਿੱਤਾ।

ਤਾਂ ਫਿਰ ਕਬੀਰ ਜੀ ਨੇ ਕਿਹਾ-"ਕਰਮਾਂ ਨੂੰ ਬੰਨ੍ਹਣ ਦੀ ਸ਼ਕਤੀ ਪਰਮੇਸ਼ਰ ਨੇ ਦਿੱਤੀ ਹੋਈ ਹੈ, ਤਾਂ ਤੇ

ਪਰਮੇਸ਼ਰ ਨੂੰ ਮੰਨਣਾ ਕਰ ਅਤੇ ਇਹ ਨਿਸਚੇ ਕਰ'' ॥ ੨ ॥

ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥

ਹਰੀ ਵਿਚ ਸਾਰੇ ਤਨੁ=ਸਰੀਰ ਹਨ ਅਤੇ ਸਾਰਿਆਂ ਸਰੀਰਾਂ ਵਿਚ ਹਰੀ ਪੂਰਨ ਹੈ।

ਹੇ ਭਾਈ ! ਉਹ ਪਰਮਾਤਮਾ ਸਾਰਿਆਂ ਵਿਚ ਨਿਰੰਤਰਿ=ਇਕ-ਰਸ ਪੂਰਨ ਹੈ।

ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥ ੩ ॥ ੩ ॥

ਕਬੀਰ ਜੀ ਕਥਨ ਕਰਦੇ ਹਨ, ਰਾਮ ਨਾਮ ਦਾ ਸਿਮਰਨ ਨਾ ਛੱਡਣਾ ਕਰੋ। ਸਰੀਰ ਦੀ ਕਿਰਿਆ ਕਰਮਾਂ ਅਨੁਸਾਰ ਜੋ ਸੁਤੇ ਹੋਵੇ ਸੋ ਹੋਈ ਜਾਵੇ। ਤੁਸੀਂ ਕੋਈ ਜਤਨ ਨਾ ਕਰੋ॥ ੩ ॥ ੩ ॥

ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:- ਇਕ ਸਮੇ ਪ੍ਰੇਮੀਆਂ ਨੇ ਕਬੀਰ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਆਪ ਜੀ ਨੂੰ ਹਾਥੀ ਅੱਗੇ ਕਿਉਂ ਸੁੱਟਿਆ ਗਿਆ ਅਤੇ ਆਪ ਜੀ ਦੀ ਸਹਾਇਤਾ ਕਿਸ ਨੇ ਕੀਤੀ ?

ਉਸ ਵੇਲੇ ਕਬੀਰ ਜੀ ਨੇ ਆਪਣਾ ਹੱਡ-ਬੀਤਿਆ ਸਾਰਾ ਹਾਲ ਪ੍ਰੇਮੀਆਂ ਨੂੰ ਸੁਣਾਇਆ ਕਿ-

ਇਕ ਸਮੇਂ ਕਾਜ਼ੀਆਂ ਤੇ ਬ੍ਰਾਹਮਣਾਂ ਨੇ ਆਪਸ ਵਿਚ ਮੇਰੇ ਖਿਲਾਫ਼ ਮਤਾ ਪਾਸ ਕਰਕੇ ਤੇ ਮੇਰੀ ਮਾਂ ਨੂੰ ਨਾਲ ਲੈ ਕੇ ਸਕੰਦਰ ਲੋਦੀ ਬਾਦਸ਼ਾਹ ਅੱਗੇ ਪੁਕਾਰ ਕੀਤੀ ਕਿ ਕਬੀਰ ਆਪਣੀ ਵਡਿਆਈ ਵਾਸਤੇ ਹਰ ਪਾਸੇ ਤੁਰ ਪੈਂਦਾ ਹੈ। ਕੁਝ ਪਤਾ ਨਹੀਂ ਲੱਗਦਾ ਇਹ ਮੁਸਲਮਾਨ ਹੈ ਕਿ ਹਿੰਦੂ ? ਸਾਡੇ ਖਿਆਲ ਵਿਚ ਇਹ ਕਾਫ਼ਰ ਜਾਪਦਾ ਹੈ, ਇਸ ਨੂੰ ਸਜ਼ਾ ਦੇਣੀ ਚਾਹੀਦੀ ਹੈ। ਬਾਦਸ਼ਾਹ ਨੇ ਕੁਝ ਸੋਚਿਆ ਸਮਝਿਆ ਨਾ, ਝਟ ਹੁਕਮ ਦੇ ਦਿੱਤਾ ਕਿ ਇਸ ਨੂੰ ਹਾਥੀ ਅੱਗੇ ਖੜਾ ਕਰਕੇ ਮਰਵਾ ਦਿਓ।

ਉਸ ਵੇਲੇ ਕਾਜ਼ੀਆਂ ਨੇ-

ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕੋਪਿ ਮੂੰਡ ਮਹਿ ਮਾਰਿਓ ॥

ਮੇਰੀਆਂ ਲੱਤਾਂ ਬਾਹਾਂ ਬੰਨ੍ਹ ਕੇ ਭਿਲਾ=ਮਿੱਟੀ ਦੀ ਢੇਮ ਵਾਂਗ ਇਕੱਠਾ ਕਰਕੇ ਵਾ:-ਭਿਲਾ=ਪੰਡ ਵਾਂਗ ਬੰਨ੍ਹ ਕੇ ਹਾਥੀ ਅੱਗੇ ਸੁੱਟ ਦਿੱਤਾ।

ਬਾਦਸ਼ਾਹ ਦੇ ਹੁਕਮ ਅਨੁਸਾਰ ਮਹਾਵਤ ਨੇ ਕੋਪਿ=ਕ੍ਰੋਧ ਨਾਲ ਹਸਤੀ=ਹਾਥੀ ਦੇ ਮੂੰਡ ਮਹਿ=ਸਿਰ ਵਿਚ ਕੋਪਿ=ਕੁੰਡਾ ਮਾਰਨਾ ਕੀਤਾ।

ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥ ੧ ॥

ਪਰ ਹਾਥੀ ਪਿਛਾਂਹ ਦੌੜ ਕੇ ਚੀਸਾ=ਚੀਕਾਂ ਮਾਰਨ ਲੱਗ ਪਿਆ।

(ਹਾਥੀ ਇੰਞ ਕਹੇ-) ਮੈਂ ਤਾਂ ਇਸ ਮੂਰਤੀ ਦੇ ਉੱਪਰੋਂ ਬਲਿਹਾਰ ਕੁਰਬਾਨ ਜਾਂਦਾ ਹਾਂ, (ਕਿਉਂਕਿ ਮੈਂ ਉਸ ਨੂੰ ਸ਼ੇਰ ਰੂਪ ਪ੍ਰਤੀਤ ਹੁੰਦਾ ਸੀ) ॥ ੧ ॥

ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥ ਕਾਜੀ ਬਕਿਬੋ ਹਸਤੀ ਤੋਰੁ ॥ ੧ ॥ ਰਹਾਉ ॥

(ਉਸ ਵੇਲੇ ਮੈਂ ਪਰਮੇਸ਼ਰ ਅੱਗੇ ਬੇਨਤੀ ਕੀਤੀ-) ਆਹਿ=ਹੇ ਮੇਰੇ ਠਾਕੁਰ ! ਮੈਨੂੰ ਇਕ ਆਪ ਜੀ ਦਾ ਹੀ ਜੋਰੁ=ਬਲ ਹੈ।

ਹਾਥੀ ਨੂੰ ਪਿੱਛੇ ਹਟਦਿਆਂ ਵੇਖ ਕੇ ਕਾਜੀ ਬਕਿਬੋ=ਬੋਲਿਆ, ਹੇ ਮਹਾਵਤ ਹਸਤੀ ਤੋਰੁ=ਹਾਥੀ ਨੂੰ ਤੋਰ ਕੇ ਕਬੀਰ ਨੂੰ ਤੋਰੁ=ਤੁੜਾ ਦੇ।

ਹਾਥੀ ਫੇਰ ਵੀ ਨਾ ਚਲਿਆ ਤਾਂ ਕਾਜ਼ੀ ਨੇ ਕਿਹਾ-''ਮੈਨੂੰ ਮਾਲੂਮ ਹੁੰਦਾ ਹੈ ਤੂੰ ਵੱਢੀ ਖਾਧੀ ਹੈ, ਜੋ ਚੰਗੀ ਤਰ੍ਹਾਂ ਹਾਥੀ ਨੂੰ ਚਲਾਉਂਦਾ ਨਹੀਂ।'' ਯਾਦ ਰੱਖ-

ਰੇ ਮਹਾਵਤ ਤੁਝੁ ਡਾਰਉ ਕਾਟਿ ॥ ਇਸਹਿ ਤੁਰਾਵਹੁ ਘਾਲਹੁ ਸਾਟਿ ॥

ਅਰੇ ਮਹਾਵਤ ! ਮੈਂ ਤੈਨੂੰ ਡਾਰਉ ਕਾਟਿ=ਵੱਢ ਸੁੱਟਾਂਗਾ।

ਕੁੰਡੇ ਦੀ ਸੱਟ ਪਾ ਕੇ ਏਸ ਹਾਥੀ ਨੂੰ ਤੁਰਾਵਹੁ=ਚਲਾਉਣਾ ਕਰ।

ਵਾ:-ਸੁੰਡ ਦੀ ਸੱਟ ਪਵਾ ਕੇ ਇਸ ਕਬੀਰ ਨੂੰ ਤੁੜਾ ਦੇ।

ਉਸ ਵੇਲੇ ਮਹਾਵਤ ਨੇ ਬਥੇਰਾ ਕੁੱਟਿਆ, ਪਰ-

ਹਸਤਿ ਨ ਤੋਰੈ ਧਰੈ ਧਿਆਨੁ ॥ ਵਾ ਕੈ ਰਿਦੈ ਬਸੈ ਭਗਵਾਨੁ ॥ ੨ ॥

ਹਾਥੀ ਮੈਨੂੰ ਤੋੜਦਾ ਨਹੀਂ, ਸਗੋਂ (ਮੇਰਾ) ਧਿਆਨ ਧਾਰਦਾ ਹੈ, (ਕਿਉਂਕਿ ਮੈਂ ਉਸ ਨੂੰ ਸ਼ੇਰ ਰੂਪ ਪ੍ਰਤੀਤ ਹੁੰਦਾ ਸਾਂ ਅਤੇ-)

ਉਸ ਹਾਥੀ ਦੇ ਚਿੱਤ ਵਿਚ ਅੰਤਰਜਾਮੀ ਪ੍ਰੇਰਕ ਭਗਵਾਨ ਵਸ ਰਿਹਾ ਸੀ, ਭਾਵ ਉਸ ਦੇ ਦਿਲ ਨੂੰ ਪ੍ਰੇਰ ਰਿਹਾ ਸੀ ॥ ੨ ॥

ਕਿਆ ਅਪਰਾਧੁ ਸੰਤ ਹੈ ਕੀਨਾ ॥ ਬਾਂਧਿ ਪੋਟ ਕੁੰਚਰ ਕਉ ਦੀਨਾ ॥

(ਉਸ ਵੇਲੇ ਕਾਂਸ਼ੀ ਨਿਵਾਸੀ ਲੋਕ ਇਹ ਕੌਤਕ ਨੂੰ ਵੇਖ ਕੇ ਆਖਦੇ ਸਨ-ਇਸ ਵਿਚਾਰੇ) ਸੰਤ ਨੇ ਭਲਾ ਕੀ ਅਪਰਾਧੁ=ਗੁਨਾਹ ਕੀਤਾ ਹੈ।

ਜੋ ਪੋਟ=ਪੰਡ ਵਾਂਗ ਬੰਨ੍ਹ ਕੇ ਕੁੰਚਰ=ਹਾਥੀ ਅੱਗੇ ਸੁੱਟ ਦੇਣਾ ਕੀਤਾ ਹੈ।

ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ ਕਾਜੀ ਅੰਧਿਆਰੈ ॥ ੩ ॥

ਹਾਥੀ ਪੰਡ ਨੂੰ ਸੁੰਡ ਨਾਲ ਲੈ ਲੈ=ਚੁੱਕ ਚੁੱਕ ਕੇ ਨਮਸ਼ਕਾਰਾਂ ਕਰਦਾ ਹੈ।

ਵਾ:-ਹਾਥੀ ਪਰਕਰਮਾਂ ਲੈ ਲੈ ਕੇ ਪੰਡ ਨੂੰ ਮੱਥਾ ਟੇਕਦਾ ਹੈ।

ਪਰ ਅੰਨ੍ਹੇ ਕਾਜ਼ੀ ਨੇ ਕੋਈ ਗੱਲ ਸਮਝਣੀ ਨਾ ਕੀਤੀ ॥ ੩ ॥

ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨੁ ਕਠੋਰੁ ਅਜਹੂ ਨ ਪਤੀਨਾ ॥

ਮਹਾਵਤ ਪਾਸੋਂ ਹਾਥੀ ਅੱਗੇ ਤਿੰਨ ਵਾਰ ਸੁਟਵਾ ਕੇ ਕਾਜ਼ੀ ਨੇ ਤਿੰਨੇ ਵਾਰੀ ਪਤੀਆਵਾ ਕਰ ਲੀਤਾ।

ਵਾ:-ਇਕ ਦਫ਼ਾ ਹਾਥੀ ਅੱਗੇ ਸੁੱਟਿਆ।

ਦੂਜੀ ਵਾਰ ਗੰਗਾ* ਵਿਚ ਰੋੜ੍ਹਿਆ। ਤੀਜੀ ਵਾਰ ਅੱਗ ਵਿਚ ਸੁੱਟਿਆ।

ਪਰ ਮਨ ਦਾ ਕਠੋਰ ਕਾਜ਼ੀ ਅਜੇ ਤਕ ਵੀ ਪਤੀਜਿਆ ਨਹੀਂ।

ਪ੍ਰਸ਼ਨ-"ਆਪ ਕਿਵੇਂ ਬਚੇ?" *ਉੱਤਰ*-

[ਪੰਨਾ ੮੭੧]

ਕਹਿ ਕਬੀਰ ਹਮਰਾ ਗੋਬਿੰਦੁ ॥

ਕਬੀਰ ਜੀ ਕਥਨ ਕਰਦੇ ਹਨ-ਉਸ ਵੇਲੇ ਗੋਬਿੰਦ ਪਰਮਾਤਮਾ ਮੇਰਾ ਰੱਖਜਕ ਹੋਇਆ।

ਚਉਥੇ ਪਦ ਮਹਿ ਜਨ ਕੀ ਜਿੰਦੁ ॥ ੪ ॥ ੧ ॥ ੪ ॥

ਪਰਮੇਸ਼ਰ ਦੀ ਕਿਰਪਾ ਨਾਲ ਮੈਂ ਦਾਸ ਦੀ ਜਿੰਦੁ=ਬੁੱਧੀ, ਚਉਥੇ ਪਦ=ਤੁਰੀਆ-ਪਦ ਵਿਚ ਇਸਥਿਤ ਰਹੀ, ਇਸ ਕਰਕੇ ਮੈਨੂੰ ਕੋਈ ਦੁੱਖ ਮਾਲੂਮ ਨਹੀਂ ਹੋਇਆ ॥ ੪ ॥ ੧ ॥ ੪ ॥

ਯਥਾ:- "ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥

ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥

ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥ ੧੬ ॥"

(ਵਾਰਾਂ ਤੇ ਵਧੀਕ, ਪੰਨਾ ੧੪੧੪)

ਗੌਂਡ ॥

ਉਥਾਨਕਾ:-ਜਗਿਆਸੂ ਨੇ ਆ ਕੇ ਬੇਨਤੀ ਕੀਤੀ-

ਇਆ ਮੰਦਰ ਮਹਿ ਕੌਨ ਬਸਾਈ ॥

ਇਸ ਸਰੀਰ ਰੂਪੀ ਮੰਦਰ ਵਿਚ ਕਿਹੜਾ ਦੇਵੀ ਦੇਵਤਾ ਵਸ ਰਿਹਾ ਹੈ? *ਉੱਤਰ*-

ਤਾ ਕਾ ਅੰਤੁ ਨ ਕੋਊ ਪਾਈ ॥

ਇਸ ਸਰੀਰ-ਮੰਦਰ ਵਿਚ ਜੋ ਵਸ ਰਿਹਾ ਹੈ, ਤਿਸ ਦਾ ਅੰਤ ਕੋਈ ਨਹੀਂ ਪਾ ਸਕਦਾ ।

ਪ੍ਰਸ਼ਨ-ਉਹ ਮਨੁੱਖ ਹੈ ਕਿ ਦੇਵਤਾ? ਜਤੀ ਹੈ ਕਿ ਸ਼ੈਵੀ? ਜੋਗੀ ਹੈ ਕਿ ਗ੍ਰਹਿਸਤੀ ਹੈ ਕਿ ਉਦਾਸੀ ਹੈ? *ਉੱਤਰ*-

ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥

ਨਾ ਇਹ ਮਨੁੱਖ ਹੈ, ਨਾ ਇਹ ਦੇਉ=ਦੇਵਤਾ ਹੈ।

ਨਾ ਇਹ ਜਤੀ ਹੈ ਅਤੇ ਨਾ ਹੀ ਸੇਉ=ਸੇਵਾ ਕਰਨ ਵਾਲਾ ਸੇਵਕ ਹੈ।

ਵਾ-ਨਾ ਹੀ ਸ਼ਿਵ ਉਪਾਸ਼ਕ ਸ਼ੈਵੀ ਹੈ।

**ਯਥਾ*-"ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜਰੀ ਬਾਂਧਿ ਕਰਿ ਖਰੇ ਕਬੀਰ ॥ ੧ ॥

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥

ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥ ੨ ॥" *(ਰਾਗੁ ਭੈਰਉ, ਪੰਨਾ ੧੧੬੨)*

ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥ ੧ ॥

ਨਾ ਇਹ ਜੋਗੀ ਹੈ ਅਤੇ ਨਾ ਹੀ ਅਵਧੂਤਾ=ਵਿਰੱਕਤ ਸਾਧੂ ਹੈ।

ਨਾ ਇਸ ਦੀ ਕੋਈ ਮਾਤਾ ਹੈ, ਨਾ ਹੀ ਇਹ ਕਿਸੇ ਦਾ ਪੁੱਤਰ ਹੈ।

ਯਥਾ:- ''ਨ ਭਾਤ ਹੈ ਨ ਮਾਤ ਹੈ ਅਖਜਾਲ ਅਖੰਡ ਰੂਪ ਹੈ॥'' *(ਦਸਮ ਗ੍ਰੰਥ, ਪੰਨਾ ੨੭)*

ਤਥਾ:- ''ਨ ਜਾਤ ਹੈ ਨ ਪਾਤ ਹੈ ਨ ਚਿਤ੍ਰ ਚਿਹਨ ਬਰਨ ਹੈ॥'' *(ਦਸਮ ਗ੍ਰੰਥ, ਪੰਨਾ ੨੭)*

''ਨ ਭਾਤ ਮਾਤ ਜਾਤ ਹੈ ਨ ਪਾਤ ਚਿਹਨ ਬਰਨ ਹੈ॥'' *(ਦਸਮ ਗ੍ਰੰਥ, ਪੰਨਾ ੨੬)*

ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥ ੧ ॥ ਰਹਾਉ ॥

ਇਸ ਸਰੀਰ ਮੰਦਰ ਵਿਖੇ ਕੌਣ ਵਸ ਰਿਹਾ ਹੈ? ਉੱਤਰ-

ਜੋ ਇਸ ਵਿਚ ਵਸ ਰਿਹਾ ਹੈ, ਤਿਸਦਾ ਅੰਤ ਕੋਈ ਨਹੀਂ ਪਾ ਸਕਦਾ॥ ੧ ॥ ਰਹਾਉ॥

ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥

ਨਾ ਇਹ ਗਿਰਹੀ-ਗ੍ਰਹਿਸਤੀ ਹੈ, ਨਾ ਇਹ ਓਦਾਸੀ=ਉਦਾਸਤਾਈ ਧਰਮ ਵਾਲਾ ਹੈ। ਨਾ ਇਹ ਰਾਜਾ ਹੈ ਅਤੇ ਨਾ ਹੀ ਇਹ ਭਿਖਿਆ ਮੰਗਣ ਵਾਲਾ ਕੰਗਾਲ ਹੈ।

ਨਾ ਇਸੁ ਪਿੰਡੁ ਨ ਰਕਤੁ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥ ੨ ॥

ਨਾ ਇਸ ਦਾ ਕੋਈ ਪਿੰਡੁ=ਸਰੀਰ ਹੈ ਅਤੇ ਰਾਤੀ=ਰੱਤੀ ਜਿੰਨਾ ਰਕਤੁ=ਲਹੂ ਭੀ ਨਹੀਂ ।

ਵਾ-ਰੱਤੀ ਭਰ ਕਿਸੇ ਨਾਲ ਰਕਤੁ=ਪ੍ਰੀਤੀ ਭੀ ਨਹੀਂ ਹੈ।

ਨਾ ਇਹ ਬ੍ਰਾਹਮਣ ਹੈ, ਨਾ ਇਹ ਖਾਤੀ=ਖੱਤ੍ਰੀ ਹੈ। ਵਾ-ਖਾਤੀ=ਤਰਖਾਣ ਭੀ ਨਹੀਂ।

ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥

ਨਾ ਇਹ ਆਪਣੇ ਆਪ ਨੂੰ ਤਪੱਸਵੀ ਕਹਾਉਂਦਾ ਹੈ, ਨਾ ਇਹ ਮੁਸਲਮਾਨਾਂ 'ਚੋਂ ਆਪਣੇ ਆਪ ਨੂੰ ਸ਼ੇਖ ਕਹਾਉਂਦਾ ਹੈ।

ਨਾ ਇਹ ਜੀਉਂਦਾ ਹੈ ਅਤੇ ਨਾ ਹੀ ਮਰਦਾ ਵੇਖਣ ਵਿਚ ਆਉਂਦਾ ਹੈ।

ਇਸੁ ਮਰਤੇ ਕਉ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥ ੩ ॥

ਇਸ ਨੂੰ ਮਰਿਆ ਸਮਝਕੇ ਜਿਹੜਾ ਕੋਈ ਅਗਿਆਨੀ ਹੈ, ਉਹ ਕੋਈ ਰੋਂਦਾ ਹੈ।

ਨਿਸਚੇ ਸਮਝ ਲਓ, ਜਿਹੜਾ ਰੋਂਦਾ ਹੈ, ਉਹੀ ਪੁਰਸ਼ ਆਪਣੀ ਇੱਜ਼ਤ ਵਿਦਵਾਨਾਂ ਦੀ ਸਭਾ ਵਿਚ ਖੋਂਹਦਾ ਹੈ॥ ੩ ॥

ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥

ਗੁਰਾਂ ਦੀ ਕਿਰਪਾ ਨਾਲ ਬ੍ਰਹਮ ਗਿਆਨ ਰੂਪੀ ਡਗਰੋ=ਖੁਲ੍ਹਾ ਰਸਤਾ ਮੈਂ ਪਾਉਣਾ ਕੀਤਾ ਹੈ।

ਜਿਉਣਾ ਤੇ ਮਰਨਾ ਦੋਹਾਂ ਨੂੰ ਮਿਟਵਾਇਆ=ਦੂਰ ਕਰ ਦਿੱਤਾ ਹੈ।

*ਪ੍ਰਸ਼ਨ-*ਅਜੇ ਆਪ ਨੇ ਇਹ ਨਿਸਚਾ ਨਹੀਂ ਕਰਵਾਇਆ ਕਿ ਇਸ ਸਰੀਰ ਮੰਦਰ ਵਿਚ ਕੌਣ ਵਸ

ਰਿਹਾ ਹੈ? ਉੱਤਰ-

ਕਹੁ ਕਬੀਰ ਇਹੁ ਰਾਮ ਕੀ ਅੰਸੁ ॥

ਕਬੀਰ ਜੀ ਕਥਨ ਕਰਦੇ ਹਨ-ਸਰੀਰ ਮੰਦਰ ਵਿਚ ਕੌਣ ਵਸ ਰਿਹਾ ਹੈ, ਇਹ ਰਾਮ ਦੀ ਅੰਸ ਹੈ, ਭਾਵ ਰਾਮ ਦਾ ਸਰੂਪ ਹੈ।

ਯਥਾ- ਮਮੀਵਾਂਸੋ ਜੀਵ ਲੋਕਹ ਜੀਵ ਭੂਤਾ ਸਨਾਤਨਹ ॥
ਮੀਨਾ ਸ਼ਸ਼ਟਾ ਨੀਦ੍ਰਿਆਣੀ ਪ੍ਰਕ੍ਰਿਤਸਥਾਨੀ ਕਰਿਸ਼ਤੀ ॥ ੭ ॥ (ਗੀਤਾ, ਧਿਆ ੧੫)

ਹੇ ਅਰਜਨ ! ਮਾਤ ਲੋਕ ਵਿਚ ਜੋ ਜੀਵ ਹਨ, ਇਹ ਮਮੀਵਾਂਸੋ=ਮੇਰੀ ਹੀ ਅੰਸ ਹਨ, ਇਹ ਜੀਵ ਪ੍ਰਾਣੀ ਅਨਾਦੀ ਕਾਲ ਤੋਂ ਹੋ ਰਹੇ ਹਨ ਅਤੇ ਮਨ ਆਦੀ ਜੋ ਛੇ ਪਰਕਾਰ ਦੇ ਇੰਦਰੀਏ ਹਨ, ਉਹਨਾਂ ਨੂੰ ਪ੍ਰਕਿਰਤੀ ਹੀ ਆਪਣੀ ਤਰਫ਼ ਕਰਿਸ਼ਤੀ=ਖਿੱਚ ਰਹੀ ਹੈ।

ਪ੍ਰਸ਼ਨ-ਰਾਮ ਤਾਂ ਬਹੁਤ ਸਾਰੇ ਹਨ?

ਯਥਾ- "ਏਕ ਰਾਮ ਦਸਰਥ ਕਾ ਬੇਟਾ। ਏਕ ਰਾਮ ਘਟ ਘਟ ਮਹਿ ਲੇਟਾ।
ਏਕ ਰਾਮ ਕਾ ਸਗਲ ਪਸਾਰਾ। ਏਕ ਰਾਮ ਸਭ ਹੂੰ ਤੇ ਨਿਆਰਾ।"

ਆਪ ਦੱਸੋ, ਕਿਹੜਾ ਰਾਮ ਦਾ ਸਰੂਪ ਹੈ? ਉੱਤਰ-

ਜਸ ਕਾਗਦ ਪਰ ਮਿਟੈ ਨ ਮੰਸੁ ॥ ੪ ॥ ੨ ॥ ੫ ॥

ਕਾਗਜ਼ ਉੱਤੇ ਮੰਸੁ=ਸਿਆਹੀ ਨਾਲ ਜਿਸ ਦਾ ਜਸ ਲਿਖਿਆ ਹੋਇਆ ਮਿਟੈ=ਮੇਂਵਦਾ ਨਹੀਂ ਉਹ ਵਿਆਪਕ ਰਾਮ ਦਾ ਸਰੂਪ ਹੈ ॥ ੪ ॥ ੨ ॥ ੫ ॥

ਗੌਂਡ ॥

ਉਥਾਨਕਾ:-ਕਬੀਰ ਜੀ ਦੀ ਮਾਂ ਨੇ ਜਿਠਾਣੀਆਂ ਦਿਰਾਣੀਆਂ ਨੂੰ ਪਾਸ ਬਿਠਾ ਕੇ ਜੋ ਜੋ ਗੱਲਾਂ ਕਬੀਰ ਵਾਸਤੇ ਉਲਾਂਭੇ ਦੀਆਂ ਕਹੀਆਂ ਹਨ; ਉਹ ਸਾਰੀਆਂ ਗੱਲਾਂ ਕਬੀਰ ਜੀ ਇਸ ਸ਼ਬਦ ਦੁਆਰਾ ਸ੍ਰਵਣ ਕਰਾਉਂਦੇ ਹਨ। ਮਾਂ ਆਖਦੀ ਹੈ-

ਯਥਾ- "ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥" (ਬਿਲਾਵਲੁ, ਪੰਨਾ ੮੫੪)

ਮੂਡ ਪਲੋਸਿ ਕਮਰ ਬਧਿ ਪੋਥੀ ॥

ਜਿਨ੍ਹਾਂ ਸੰਤਾਂ ਦੀ ਸੰਗਤ ਇਹ ਕਰਦਾ ਹੈ ਉਹ ਪਰਮਹੰਸ ਸੰਤ ਮੂਡ=ਸਿਰ ਤੇ ਹੱਥ ਪਲੋਸ=ਫੇਰਦੇ ਆਉਂਦੇ ਹਨ ਤੇ ਲੱਕ ਨਾਲ ਪੋਥੀਆਂ ਬੰਨ੍ਹੀਆਂ ਹੋਈਆਂ ਹਨ। ਫੇਰ ਇਤਨੇ ਸੰਤ ਆਉਂਦੇ ਹਨ, ਜਿਨ੍ਹਾਂ ਦੀ ਗਿਣਤੀ ਕੋਈ ਨਹੀਂ। ***ਇਕ ਦੁਇ ਮੰਦਰਿ ਇਕ ਦੁਇ ਬਾਟ ॥***

ਇਕ ਦੋ ਸਾਧ ਘਰ ਵਿਚ ਬੈਠੇ ਹੁੰਦੇ ਹਨ ਅਤੇ ਇਕ ਦੋ ਹੋਰ ਫ਼ਕੀਰ ਬਾਟ=ਰਸਤੇ ਵਿਚ ਚਲੇ ਆਉਂਦੇ ਹਨ।

ਭਾਵ-ਅਗਲੇ ਬੈਠੇ ਹੋਏ ਉੱਠਦੇ ਨਹੀਂ ਤੇ ਹੋਰ ਆਉਣ ਵਾਲੇ ਆ ਜਾਂਦੇ ਹਨ, ਏਸ ਤਰ੍ਹਾਂ ਦਾ ਪ੍ਰਵਾਹ ਜਾਰੀ ਹੈ। ਉਨ੍ਹਾਂ ਸਾਧਾਂ ਸੰਤਾਂ ਨਾਲ ਮਿਲ ਕੇ ਇਸ ਨੇ ਘਰ ਦਾ ਸਾਰਾ ਕੰਮ ਛੱਡ ਦਿੱਤਾ ਹੈ।

ਤੂਟੇ ਤਾਗੇ ਨਿਖੁਟੀ ਪਾਨਿ॥ ਦੁਆਰ ਊਪਰਿ ਝਿਲਕਾਵਹਿ ਕਾਨ॥

(ਖਲੋਤਿਆਂ ਖਲੋਤਿਆਂ) ਤਾਣੀ ਦੇ ਧਾਗੇ ਟੁੱਟ ਗਏ ਹਨ ਤੇ ਪਾਣ* ਵੀ ਨਿਖੁਟੀ=ਮੁੱਕ ਗਈ ਹੈ, ਭਾਵ ਸੁੱਕ ਗਈ ਹੈ।

ਅਥਵਾ:-ਪਾਣ ਵਾਸਤੇ ਜੋ ਚਾਵਲ ਪਏ ਸਨ, ਉਹ ਚਾਵਲ ਉਬਾਲ ਉਬਾਲ ਕੇ ਇਸ ਨੇ ਸੰਤਾਂ ਨੂੰ ਖੁਆ ਦਿੱਤੇ ਹਨ।

ਦੁਆਰ=ਬੂਹੇ ਉੱਤੇ ਹੁਣ ਤਾਣੀ ਤੋਂ ਬਿਨਾਂ ਖਾਲੀ ਕਾਨੇ ਹੀ ਝਿਲਕਦੇ ਹਨ, ਭਾਵ ਲਟਕਦੇ ਹਨ।

ਕੂਚ ਬਿਚਾਰੇ ਫੂਏ ਫਾਲ॥ ਇਆ ਮੁੰਡੀਆ ਸਿਰਿ ਚਢਿਬੋ ਕਾਲ॥ ੧॥

(ਤਾਣੀ ਉੱਪਰ ਫੇਰਨ ਵਾਲੇ) ਕੂੰਖ ਵਿਚਾਰੇ ਫੂਏ ਫਾਲ=ਟੁੱਟੇ ਖੁੱਸੇ ਪਏ ਹਨ। ਮੈਂ ਸਮਝਦੀ ਹਾਂ, ਇਸ ਮੁੰਡੀਆ=ਕਬੀਰ ਦੇ ਸਿਰ ਤੇ ਜਮਕਾਲ ਆ ਚੜ੍ਹਿਆ ਹੈ ਤਾਂ ਹੀ ਇਹ ਪੁੱਠੀਆਂ ਗੱਲਾਂ ਹੋ ਰਹੀਆਂ ਹਨ।

ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥
ਆਵਤ ਜਾਤ ਨਾਕਸਰ ਹੋਈ॥ ੧॥ ਰਹਾਉ॥

ਪਿਤਾ ਦਾ ਇਕੱਠਾ ਕੀਤਾ ਹੋਇਆ ਧਨ ਇਸ ਮੁੰਡੇ (ਕਬੀਰ) ਨੇ ਸੰਤਾਂ ਨੂੰ ਖੁਆ ਕੇ ਸਾਰਾ ਖੋਈ=ਗਵਾ ਦਿੱਤਾ ਹੈ।

ਇਤਨੇ ਸਾਧ ਆਉਂਦੇ ਜਾਂਦੇ ਹਨ ਜੋ ਮੈਂ ਵੇਖ ਕੇ ਨਾਕਸਰ=ਨੱਕ ਵਾਨੀ ਹੋ ਗਈ ਹਾਂ, ਭਾਵ ਨੱਕ ਜਾਨ ਆ ਗਈ ਹੈ, ਅਰਥਾਤ ਬਹੁਤ ਤੰਗ ਹੋ ਗਈ ਹਾਂ॥ ੧॥ ਰਹਾਉ॥

ਵਾ:-ਇਤਨੇ ਸਾਧ ਆਉਂਦੇ ਜਾਂਦੇ ਹਨ ਜੋ ਨਾ+ਕਸਰ ਹੋਈ=ਕੋਈ ਕਸਰ ਨਹੀਂ ਰਹੀ।

(ਪਾਠ ਪਹਿਲਾ ਹੀ ਠੀਕ ਹੈ।)

ਤੁਰੀ ਨਾਰਿ ਕੀ ਛੋਡੀ ਬਾਤਾ॥ ਰਾਮ ਨਾਮ ਵਾ ਕਾ ਮਨੁ ਰਾਤਾ॥

ਤੁਰੀ=ਜਿਸ ਉੱਤੇ ਕਪੜਾ ਵਲੇਟੀਦਾ ਹੈ, ਭਾਵ ਤੁਰ ਅਤੇ ਨਾਰਿ=ਨਲੀ ਦੀ ਗੱਲ ਇਸ ਨੇ ਛੱਡ ਹੀ ਦਿੱਤੀ ਹੈ।

ਵਾ ਕਾ=ਉਸ ਕਬੀਰ ਦਾ ਮਨ ਰਾਮ ਨਾਮ ਜਪਣ ਵਿਚ ਰਾਤਾ=ਤਦਾਕਾਰ ਹੈ।

ਲਰਿਕੀ ਲਰਿਕਨ ਖੈਬੋ ਨਾਹਿ॥ ਮੁੰਡੀਆ ਅਨਦਿਨੁ ਧਾਪੇ ਜਾਹਿ॥ ੨॥

ਲੜਕੀ ਤੇ ਲੜਕਿਆਂ ਦੇ ਖਾਣ ਨੂੰ ਘਰ ਕੁਝ ਵੀ ਨਹੀਂ ਹੈ।

ਮੁੰਡੀਆ=ਪਰਮਹੰਸ ਸਾਧੂ ਰਾਤ ਦਿਨ ਧਾਪੇ=ਤ੍ਰਿਪਤ ਹੋਏ ਜਾਂਦੇ ਹਨ॥ ੨॥

ਇਕ ਦੁਇ ਮੰਦਰਿ ਇਕ ਦੁਇ ਬਾਟ॥ ਹਮ ਕਉ ਸਾਥਰੁ ਉਨ ਕਉ ਖਾਟ॥

ਇਕ ਦੋ ਸੰਤ ਘਰ ਅੰਦਰ ਪ੍ਰਵੇਸ਼ ਕਰਦੇ ਹਨ ਅਤੇ ਇਕ ਦੋ ਫਕੀਰ ਰੋਟੀ ਖਾ ਕੇ ਬਾਟ=ਰਾਹੇ ਪੈ ਜਾਂਦੇ ਹਨ।

---

*ਤਾਣੀ ਉਤੇ ਮਾਇਆ ਲਗਾਉਣ ਵਾਸਤੇ ਜੋ ਚਾਵਲਾਂ ਦੀ ਪਿੱਛ ਕੱਢਦੇ ਹਨ, ਉਸ ਨੂੰ 'ਪਾਣ' ਆਖਦੇ ਹਨ।

ਸਾਨੂੰ ਸਾਬਰੁ=ਭੁੰਜੇ ਸੋਣ ਨੂੰ ਥਾਂ ਮਿਲਦੀ ਹੈ, ਉਹਨਾਂ ਸੰਤਾਂ ਨੂੰ ਖਾਟ=ਮੰਜੀਆਂ ਵਿਛਾਕੇ ਦਿੰਦਾ ਹੈ।

ਮੂਡ ਪਲੋਸਿ ਕਮਰ ਬਧਿ ਪੋਥੀ* ॥ ਹਮ ਕਉ ਚਾਬਨੁ ਉਨ ਕਉ ਰੋਟੀ ॥ ੩ ॥

ਸਾਨੂੰ ਦਾਣੇ ਚੱਬਣ ਨੂੰ ਮਿਲਦੇ ਹਨ, ਉਹਨਾਂ ਸੰਤਾਂ ਨੂੰ ਘਿਉ ਵਾਲੀਆਂ ਰੋਟੀਆਂ ਖਾਣ ਨੂੰ ਮਿਲਦੀਆਂ ਹਨ॥ ੩ ॥

ਮੁੰਡੀਆ ਮੁੰਡੀਆ ਹੂਏ ਏਕ ॥ ਏ ਮੁੰਡੀਆ ਬੂਡਤ ਕੀ ਟੇਕ ॥

ਮੁੰਡੀਆ=ਸੰਤਾਂ ਨਾਲ ਮਿਲ ਕੇ ਇਹ ਮੁੰਡਾ ਕਬੀਰ ਇਕ ਹੋ ਗਿਆ ਹੈ।

ਏਸ ਮੁੰਡੇ ਨੇ ਡੁੱਬਿਆਂ ਹੋਇਆਂ ਦੀ ਟੇਕ ਗ੍ਰਹਿਣ ਕੀਤੀ ਹੈ।

ਉਸ ਵੇਲੇ ਲੋਈ ਨੇ ਪਾਸੋਂ ਹੰਗੂਰਾ ਭਰ ਦਿੱਤਾ ਕਿ ਠੀਕ ਹੈ। ਕਬੀਰ ਦਾ ਮਾਂ ਉਤੇ ਤਾਂ ਕੋਈ ਜ਼ੋਰ ਨਾ ਚਲਿਆ ਤੇ ਆਪਣੀ ਇਸਤਰੀ ਲੋਈ ਨੂੰ ਆਖਦੇ ਹਨ-

ਸੁਨਿ ਅੰਧਲੀ ਲੋਈ ਬੇਪੀਰਿ ॥
ਇਨ੍ ਮੁੰਡੀਅਨ ਭਜਿ ਸਰਨਿ ਕਬੀਰ ॥ ੪ ॥ ੩ ॥ ੬ ॥

ਹੇ ਅੰਨ੍ਹੀ ਲੋਈਏ ! ਬੇਪੀਰਿ=ਗੁਰੂ ਪੀਰ ਤੋਂ ਰਹਿਤ ! ਤੂੰ ਸੁਨਣਾ ਕਰ। ਕਬੀਰ ਜੀ ਕਥਨ ਕਰਦੇ ਹਨ, ਮੈਂ ਇਨ੍ਹਾਂ ਸੰਤਾਂ ਦੀ ਸ਼ਰਨ ਭੱਜ ਕੇ ਪਿਆ ਹਾਂ, ਜੇ ਤੈਨੂੰ ਕੁਝ ਮੁਕਤੀ ਦੀ ਇੱਛਾ ਹੈ ਤਾਂ ਤੂੰ ਵੀ ਇਨ੍ਹਾਂ ਸੰਤਾਂ ਦੀ ਸ਼ਰਨ ਗ੍ਰਹਿਣ ਕਰ॥ ੪ ॥ ੩ ॥ ੬ ॥

-ਦੂਜਾ ਅਰਥ-

(ਮੂਡ ਪਲੋਸਿ ਕਮਰ ਬਧਿ ਪੋਥੀ॥) ਜਿਸ ਵੇਲੇ ਪੂਰਨ ਗੁਰਾਂ ਨੇ ਜਗਿਆਸੂ ਦੇ ਮੂਡ=ਸਿਰ ਤੇ ਕਿਰਪਾ ਰੂਪੀ ਹੱਥ ਪਲੋਸਿ=ਫੇਰ ਕੇ ਸਭ ਵੇਦਾਂ ਸ਼ਾਸਤਰਾਂ ਦਾ ਸਿਧਾਂਤ ਬੁੱਧੀ ਰੂਪੀ ਕਮਰ ਨਾਲ ਬੰਨ੍ਹ ਦਿੱਤਾ, ਭਾਵ ਗ੍ਰਹਿਣ ਕਰਵਾ ਦਿੱਤਾ ਤਾਂ-

(ਤੂਟੇ ਤਾਗੇ ਨਿਖੁਟੀ ਪਾਨਿ॥) ਇਸਤਰੀ ਪੁੱਤਰ ਆਦਿਕਾਂ ਦੇ ਮੋਹ ਸਬੰਧੀ ਬਚਨਾਂ ਰੂਪੀ ਧਾਗੇ ਟੁੱਟ ਗਏ ਅਤੇ ਪਦਾਰਥਾਂ ਦੀ ਪ੍ਰੀਤੀ ਰੂਪੀ ਪਾਣ ਵੀ ਨਿਖੁਟੀ=ਮੁੱਕ ਗਈ।

(ਦੁਆਰ ਊਪਰਿ ਝਿਲਕਾਵਹਿ ਕਾਨ॥) ਸਰੀਰ ਦੁਆਰੇ ਤੋਂ ਊਪਰਿ=ਉਪ੍ਰਾਮ ਹੋਣ ਨਾਲ ਕਾਨ=ਅੰਤਹਕਰਨ ਝਿਲਕਾਵਹਿ=ਸ਼ੁੱਧ ਹੋ ਗਿਆ।

ਵਾ-ਸਰੀਰ ਦੁਆਰੇ ਤੋਂ ਉਪ੍ਰਾਮ ਹੋਣ ਕਰਕੇ ਭਾਵ-ਦੇਹੁ ਹੰ ਤਿਆਗਣ ਨਾਲ ਕਾਰ=ਕ੍ਰਿਸ਼ਨ, ਜਿਸ ਵਿਚ ਕ੍ਰਿਸ਼ਤਾਈ ਨਾ ਹੋਵੇ, ਸੋ ਪਰਮਾਤਮਾ ਝਿਲਕਾਵਹਿ=ਪ੍ਰਕਾਸ਼ ਆਇਆ, ਭਾਵ ਸਾਖਿਆਤਕਾਰ ਹੋ ਗਿਆ।

(ਕੂਚ ਬਿਚਾਰ ਫੂਏ ਫਾਲ॥) ਫਾਲ=ਪਦਾਰਥ ਜੋ ਫੂਏ=ਫੈਲ ਰਹੇ ਹਨ, ਇਨ੍ਹਾਂ ਨੂੰ ਕੂਚ=ਨਾਸ ਹੋ ਜਾਣ ਵਾਲੇ ਵਿਚਾਰਨਾ ਕੀਤਾ।

ਇਆ ਮੁੰਡੀਆ ਸਿਰ ਚਢਿਬੋ ਕਾਲ ॥ ੧ ॥

---

*ਇਸ ਤੁਕ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਇਹ ਮੁੰਡੀਆ ਜੋ ਜੀਵ ਹੈ ਸੋ ਕਾਲ ਦੇ ਸਿਰ ਜਾ ਚੜ੍ਹਿਆ, ਭਾਵ ਕਾਲ ਨੂੰ ਦਬਾ ਦਿੱਤਾ, ਆਰਥਾਤ ਵਸੀਕਾਰ ਕਰ ਲੀਤਾ।

ਯਥਾ- 'ਗਿਆਨੀ ਕਾਲ ਕੋ ਬੰਚਨ ਕਰੇ।'

(ਇਹੁ ਮੁੰਡੀਆ ਸਗਲੌ ਦ੍ਰੁਬ ਖੋਈ॥) ਇਸ ਮੁੰਡੇ ਜੀਵ ਨੇ ਸਾਰਾ ਆਸੁਰੀ ਸੰਪਦਾ ਰੂਪ ਧਨ ਖੋਈ=ਦੂਰ ਕਰ ਦਿੱਤਾ।

(ਆਵਤ ਜਾਤ ਨਾਕ ਸਰ ਹੋਈ॥ ੧॥ ਰਹਾਉ॥) ਜੰਮ ਕੇ ਆਉਣਾ, ਮਰ ਕੇ ਜਾਣਾ ਅਤੇ ਨਾਕ=ਸਵਰਗ ਤੇ ਨਰਕ ਏਹ ਸਭ ਸਰ=ਜੈ ਹੋ ਗਏ॥ ੧॥

ਯਥਾ- ''ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥ ੧੨੦॥'' *(ਕਬੀਰ ਜੀ, ਪੰਨਾ ੧੩੭੦)*

(ਤੁਰੀ ਨਾਰਿ ਕੀ ਛੋਡੀ ਬਾਤਾ॥) ਤੁਰੀ=ਤੁਰੀਆ ਪਦ ਵਿਚ ਇਸਥਿਤ ਹੋਣ ਕਰਕੇ ਨਾਰਿ=ਮਾਇਆ ਦੀ ਗੱਲ-ਬਾਤ ਸਭ ਛੱਡ ਦਿੱਤੀ।

(ਰਾਮ ਨਾਮ ਵਾ ਕਾ ਮਨੁ ਰਾਤਾ॥) ਵਾ ਕਾ=ਸੁੰਦਰ ਜੋ ਰਾਮ ਨਾਮ ਹੈ ਤਿਸ ਵਿਚ ਮਨ ਤਦਾਕਾਰ ਹੋਇਆ।

(ਲਰਿਕੀ ਲਰਿਕਨ ਖੈਬੋ ਨਾਹਿ॥) ਲਰਿਕੀ=ਇੰਦ੍ਰੀਆਂ, ਲਰਿਕਨ=ਪਦਾਰਥਾਂ ਨੂੰ ਖਾਣਾ ਨਹੀਂ ਕਰਦੀਆਂ, ਭਾਵ ਵਿਸ਼ਿਆਂ ਨੂੰ ਨਹੀਂ ਭੋਗਦੀਆਂ।

(ਮੁੰਡੀਆ ਅਨਦਿਨੁ ਧਾਪੇ ਜਾਹਿ॥ ੨॥) ਮੁੰਡੀਆ=ਜੀਵ ਰਾਤ ਦਿਨ ਬ੍ਰਹਮਗਿਆਨ-ਭੋਜਨ ਨਾਲ ਤ੍ਰਿਪਤ ਹੋਇਆ ਜਾਂਦਾ ਹੈ॥ ੨॥

(ਇਕ ਦੁਇ ਮੰਦਰਿ ਇਕ ਦੁਇ ਬਾਟ॥) ਇਕ ਤੇ ਦੋ ਤਿੰਨ ਸ੍ਰਵਣ, ਮੰਨਣ, ਨਿਧਿਆਸਣ, ਮੰਦਰਿ=ਅੰਦਰ ਕੀਤੇ, ਅਤੇ ਇਕ ਤੇ ਦੋ ਤਿੰਨ ਰਜੋ, ਤਮੋ, ਸਤੋ ਨੂੰ ਬਾਟ=ਰਾਹੇ ਪਾਇਆ ਹੈ।

ਵਾ-ਇਕ ਤੇ ਦੋ ਤਿੰਨ ਵਿਸ਼ੇਸ਼ਣ ਸਤ, ਚਿਤ, ਅਨੰਦ, ਮੰਦਰਿ=ਅੰਦਰ ਕੀਤੇ ਹਨ, ਅਤੇ ਇਕ ਤੇ ਦੋ ਤਿੰਨ ਮਾਇਕ ਵਿਸ਼ੇਸ਼ਣ ਅਸੱਤ, ਜੜ੍ਹ, ਦੁੱਖ ਰੂਪ ਨੂੰ ਬਾਟ=ਰਾਹੇ ਪਾਇਆ ਹੈ।

ਅਥਵਾ-ਦੋਂਹ ਤੋਂ ਇਕ ਕਰਨ ਵਾਲੇ ਗਿਆਨ ਨੂੰ ਮੰਦਰਿ=ਅੰਦਰ ਕੀਤਾ ਹੈ ਤੇ ਇਕ ਤੋਂ ਦੋ ਕਰਨ ਵਾਲੇ ਅਗਿਆਨ ਨੂੰ ਬਾਟ=ਰਾਹੇ ਪਾ ਦਿਤਾ ਹੈ।

(ਹਮ ਕਉ ਸਾਥਰੁ ਉਨ ਕਉ ਖਾਟ॥) ਹਮ=ਹੰਗਤਾ ਨੂੰ ਸੱਥਰ ਪਾ ਦਿੱਤਾ ਹੈ, ਭਾਵ ਨਾਸ ਕਰ ਦਿੱਤਾ ਹੈ ਅਤੇ ਉਨ=ਉਨ੍ਹਾਂ ਸ਼ੁਭ ਗੁਣਾਂ ਨੂੰ ਖੱਟਣਾ ਕੀਤਾ ਹੈ।

ਮੂਡ ਪਲੋਸਿ ਕਮਰ ਬਧਿ ਪੋਥੀ॥ (ਇਸ ਤੁਕ ਦਾ ਅਰਥ ਹੋ ਚੁਕਾ ਹੈ।)

ਹਉ ਕਉ ਚਾਬਨੁ ਉਨ ਕਉ ਰੋਟੀ ॥ ੩॥

ਹਮ=ਤਮਾਮ ਦੇ ਚੱਬਣ ਵਾਲਾ ਜੋ ਕਾਲ ਹੈ ਉਸ ਨੂੰ ਐਸੇ ਅਭਾਵ ਕੀਤਾ ਹੈ, ਜਿਵੇਂ ਰੋਟੀ ਖਾ ਲਈਦੀ ਹੈ।

(ਮੁੰਡੀਆ ਮੁੰਡੀਆ ਹੂਏ ਏਕ॥) ਮੁੰਡੀਆ=ਜੀਵ, ਮੁੰਡੀਆ=ਪਰਮਾਤਮਾ ਨਾਲ ਮਿਲ ਕੇ ਇਕ ਰੂਪ ਹੋ ਗਿਆ ।

(ਏ ਮੁੰਡੀਆ ਬੂਡਤ ਕੀ ਟੇਕ॥) ਡੁੱਬ ਰਹੇ ਸੰਸਾਰੀ ਜੀਵਾਂ ਦਾ, ਹੁਣ ਇਹ ਮੁੰਡੀਆ=ਜੀਵ ਟੇਕ=ਆਸਰਾ ਰੂਪ ਹੋ ਗਿਆ।

(ਸੁਨਿ ਅੰਧਲੀ ਲੋਈ ਬੇਪੀਰਿ॥) ਗਿਆਨ ਵੈਰਾਗ ਰੂਪੀ ਨੇਤਰਾਂ ਤੋਂ ਹੀਣ ਹੇ ਅੰਧੀ ਲੋਈ! ਇਸ ਉਪਦੇਸ਼ ਨੂੰ ਸੁਣ

ਕੇ ਜਨਮ ਮਰਨ ਰੂਪ ਬੇ-ਪੀਰਿ=ਪੀੜਾ ਤੋਂ ਰਹਿਤ ਹੋ ਜਾ।

ਇਨ੍ ਮੁੰਡੀਅਨ ਭਜਿ ਸਰਨਿ ਕਬੀਰ॥

ਪ੍ਰਸ਼ਨ-''ਇਹ ਗੱਲ ਕਦੋਂ ਹੋਈ ?''

ਉੱਤਰ-ਜਿਸ ਵੇਲੇ ਇਸ ਮੁੰਡੀਅਨ=ਜੀਵ ਨੇ ਕਬੀਰ=ਸਭ ਤੋਂ ਬੜੇ ਪਰਮਾਤਮਾ ਦੀ ਸ਼ਰਨ ਗ੍ਰਹਿਣ ਕੀਤੀ॥ ੪॥ ੩॥ ੬॥

ਗੋਂਡ॥

ਉਥਾਨਕਾ:-ਹੁਣ ਭਗਤ ਕਬੀਰ ਜੀ ਮਾਇਆ ਦੀ ਅਵਸਥਾ ਨੂੰ ਸੁਣਾਉਂਦੇ ਹਨ-

ਖਸਮੁ ਮਰੈ ਤਉ ਨਾਰਿ ਨ ਰੋਵੈ॥ ਉਸੁ ਰਖਵਾਰਾ ਅਉਰੋ ਹੋਵੈ॥

ਖਸਮੁ=ਮਾਇਆਧਾਰੀ ਮਰ ਜਾਵੇ ਤਾਂ ਨਾਰਿ=ਮਾਇਆ ਰੋਂਦੀ ਨਹੀਂ, ਕਿਉਂਕਿ-

ਉਸ ਮਾਇਆ ਦੀ ਰਖਿਆ ਕਰਨ ਵਾਲਾ ਹੋਰ ਪੁਰਸ਼ ਹੋ ਜਾਂਦਾ ਹੈ।

ਰਖਵਾਰੇ ਕਾ ਹੋਇ ਬਿਨਾਸ॥ ਆਗੈ ਨਰਕੁ ਈਹਾ ਭੋਗ ਬਿਲਾਸ॥ ੧॥

ਜੇ ਦੂਜੇ ਰਖਵਾਲੇ ਦਾ ਵੀ ਮਰਨਾ ਹੋ ਜਾਵੇ ਤਾਂ ਤੀਜਾ ਹੋਰ ਬਣ ਜਾਂਦਾ ਹੈ, ਇਹ ਪਧਤੀ ਸਦਾ ਹੀ ਚਲੀ ਰਹਿੰਦੀ ਹੈ। ਇਸ ਕਰਕੇ ਮਾਇਆ ਹਮੇਸ਼ਾਂ ਸੁਹਾਗਣ ਰਹਿੰਦੀ ਹੈ, ਕਦੇ ਰੰਡੀ ਨਹੀਂ ਹੁੰਦੀ।

ਪਰ ਇਸ ਮਾਇਆ ਨੂੰ ਪਾ ਕੇ ਜੋ ਇਥੇ ਭੋਗ ਬਿਲਾਸ ਕਰਦੇ ਹਨ, ਉਨ੍ਹਾਂ ਨੂੰ ਆਗੈ=ਪ੍ਰਲੋਕ ਵਿਚ ਨਰਕ ਮਿਲਦਾ ਹੈ॥ ੧॥ *ਪ੍ਰਸ਼ਨ*-''ਮਾਇਆ ਕੈਸੀ ਹੈ ?'' *ਉੱਤਰ*-

ਏਕ ਸੁਹਾਗਨਿ ਜਗਤ ਪਿਆਰੀ॥

ਮਾਇਆ ਇਕ ਤਾਂ ਸੁਹਾਗਨਿ=ਸੁਹਾਗਵੰਤੀ ਇਸਤ੍ਰੀ ਹੈ। ਦੂਜਾ ਸਾਰੇ ਸੰਸਾਰ ਦੀ ਪਿਆਰੀ ਹੈ।

ਯਥਾ- ''ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥ ੪॥ '' *(ਕਬੀਰ, ਪੰਨਾ ੪੭੬)*

ਇਕ ਪਤੀ ਹੋਵੇ ਤਾਂ ਉਸ ਦੇ ਮਰਨ ਨਾਲ ਮਾਇਆ ਵਿਧਵਾ ਹੋ ਜਾਵੇ, ਪਰ-

ਸਗਲੇ ਜੀਅ ਜੰਤ ਕੀ ਨਾਰੀ॥ ੧॥ ਰਹਾਉ॥

ਇਹ ਮਾਇਆ ਸਭ ਛੋਟੇ ਵੱਡੇ ਜੀਵਾਂ ਦੀ ਨਾਰਪ=ਇਸਤ੍ਰੀ ਹੈ, ਇਸ ਕਰਕੇ ਵਿਧਵਾ ਕਦੇ ਨਹੀਂ ਹੁੰਦੀ।

ਸੋਹਾਗਨਿ ਗਲਿ ਸੋਹੈ ਹਾਰੁ॥

ਸੋਹਾਗਨਿ=ਮਾਇਆ ਦੇ ਗਲ ਵਿਚ ਪਦਾਰਥਾਂ ਰੂਪੀ, ਵਾ ਸ਼ਬਦ ਸਪਰਸ਼ ਆਦਿ ਵਿਸ਼ਿਆਂ ਦੇ ਹਾਰ ਸੋਭ ਰਹੇ ਹਨ ਜੀਵਾਂ ਨੂੰ ਮੋਹਤ ਕਰਨ ਲਈ।

ਪ੍ਰਸ਼ਨ-''ਮਾਇਆ ਤੋਂ ਕੋਈ ਬਚਿਆ ਭੀ ਹੈ ?'' *ਉੱਤਰ*-''ਇਕ ਸੰਤ ਬਚੇ ਹਨ।''

ਸੰਤ ਕਉ ਬਿਖੁ ਬਿਗਸੈ ਸੰਸਾਰੁ॥

ਜਿਸ ਮਾਇਆ ਨੂੰ ਵੇਖ ਕੇ ਸੰਸਾਰ ਬਿਗਸੈ=ਪ੍ਰਸੰਨ ਹੁੰਦਾ ਹੈ, ਓਹੀ ਮਾਇਆ ਸੰਤਾਂ ਨੂੰ ਬਿਖੁ=ਵਿਹੁ ਵਾਂਗ ਪਰਤੀਤ ਹੁੰਦੀ ਹੈ।

ਕਰਿ ਸੀਗਰੁ ਬਹੈ ਪਖਿਆਰੀ॥ ਸੰਤ ਕੀ ਠਿਠਕੀ ਫਿਰੈ ਬਿਚਾਰੀ॥ ੨॥

ਜੀਵਾਂ ਨੂੰ ਮੋਹਤ ਕਰਨ ਲਈ ਪਦਾਰਥਾਂ ਰੂਪੀ, ਵਾ ਸ਼ਬਦ ਸਪਰਸ਼ ਆਦਿ ਵਿੱਸ਼ਿਆਂ ਰੂਪੀ ਸ਼ਿੰਗਾਰ ਕਰਕੇ ਪਖਿਆਰੀ=ਵੇਸਵਾ ਵਾਂਗ ਤੀਰਥ ਆਦਿ ਅਸਥਾਨਾਂ ਤੇ ਜਿਥੇ ਕਿਥੇ ਬੈਠਦੀ ਹੈ।

ਪਰੰਤੂ ਪੂਰਨ ਸੰਤਾਂ ਦੀ ਠਿਠਕੀ=ਝਿੜਕੀ ਹੋਈ, ਭਾਵ ਮਿਥਿਅਤ ਨਿੰਸਚੇ ਕੀਤੀ ਹੋਈ ਬਿਚਾਰੀ =ਗਰੀਬਣੀ ਬਣੀ ਹੋਈ ਉਹਨਾਂ ਦੇ ਪਿੱਛੇ ਫਿਰਦੀ ਹੈ॥ ੨॥

ਸੰਤ ਭਾਗਿ ਓਹ ਪਾਛੈ ਪਰੈ॥ ਗੁਰ ਪਰਸਾਦੀ ਮਾਰਹੁ ਡਰੈ॥

ਸਫਲ ਹੋਣ ਵਾਸਤੇ ਭੱਜ ਕੇ ਸੰਤਾਂ ਦੇ ਪਿੱਛੇ ਪੈਂਦੀ ਹੈ, ਪਰ-

ਜਿਨ੍ਹਾਂ ਤੇ ਗੁਰਾਂ ਦੀ ਕਿਰਪਾ ਹੋਈ ਹੈ, ਉਹਨਾਂ ਦੀ ਮਾਰ ਤੋਂ ਡਰਦੀ ਹੈ।

ਸਾਕਤ ਕੀ ਓਹ ਪਿੰਡ ਪਰਾਇਣਿ॥

ਸਾਕਤ=ਦੁਸ਼ਟ ਪੁਰਸ਼ਾਂ ਦੇ ਪਿੰਡ=ਸਰੀਰ ਦੀ ਉਹ ਮਾਇਆ ਪਰਾਇਣਿ=ਆਸਰਾ,

ਵਾ:-ਪਰਾਇਣਿ=ਪ੍ਰਾਣ ਰੂਪ ਹੈ।

ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ॥ ੩॥

ਪਰ ਮੈਨੂੰ ਤ੍ਰਖਿ=ਤਿੱਖੀ, ਅਰਥਾਤ ਭੈਦਾਇਕ ਡੈਣ ਵਾਂਗ ਦ੍ਰਿਸਟਿ ਪਰੈ=ਨਿਗਾਹ ਆਉਂਦੀ ਹੈ।

ਵਾ:-ਤ੍ਰਖ ਇਕ ਪੰਛੀ ਜੋ ਡੈਣ ਦਾ ਵਾਹਨ ਹੈ, ਤਿਸ ਪਰ ਚੜ੍ਹੀ ਹੋਈ ਸਾਨੂੰ ਨਜ਼ਰ ਆਉਂਦੀ ਹੈ॥ ੩॥

ਹਮ ਤਿਸ ਕਾ ਬਹੁ ਜਾਨਿਆ ਭੇਉ॥

ਅਸਾਂ ਨੈਂ ਤਿਸ ਮਾਇਆ ਦਾ ਬਹੁਤ ਹੀ ਸਾਰਾ, ਭਾਵ ਚੰਗੀ ਤਰ੍ਹਾਂ ਭੇਦ ਜਾਣ ਲਿਆ ਹੈ ਕਿ ਅਸੱਤ ਜੜ੍ਹ ਦੁੱਖ ਰੂਪ ਹੈ।

ਪ੍ਰਸ਼ਨ-"ਇਹ ਭੇਦ ਆਪ ਨੇ ਕਦੋਂ ਜਾਣਿਆ ਹੈ ?" ਉੱਤਰ-

ਜਬ ਹੂਏ ਕ੍ਰਿਪਾਲ ਮਿਲੇ ਗੁਰਦੇਉ॥

ਜਿਸ ਵੇਲੇ ਗੁਰਦੇਵ ਕ੍ਰਿਪਾਲੂ ਹੋ ਕੇ ਮੈਨੂੰ ਮਿਲੇ ਤਾਂ ਇਹ ਭੇਦ ਜਾਣਿਆ।

ਕਹੁ ਕਬੀਰ ਅਬ ਬਾਹਰਿ ਪਰੀ॥ ਸੰਸਾਰੈ ਕੈ ਅੰਚਲਿ ਲਰੀ॥ ੪॥ ੪॥ ੭॥

ਕਬੀਰ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਕਰਕੇ ਮਾਇਆ ਹੁਣ ਮੇਰੇ ਹਿਰਦੇ ਤੋਂ ਬਾਹਰ ਪਈ ਹੈ ਤੇ-

ਸੰਸਾਰੀ ਜੀਵਾਂ ਦੇ ਚਿਤ ਰੂਪੀ ਅੰਚਲਿ=ਪੱਲੇ ਨਾਲ ਲਰੀ-ਲਗ ਗਈ ਹੈ॥ ੪॥ ੪॥ ੭॥

[ਪੰਨਾ ੮੭੨]

ਗੌਂਡ॥

ਉਥਾਨਕਾ:-ਪਿਛਲੇ ਸ਼ਬਦ ਵਿਚ ਭਾਵੇਂ ਮਾਇਆ ਨੂੰ ਦੁੱਖ ਰੂਪ ਕਥਨ ਕੀਤਾ ਹੈ, ਪਰ ਮਕਾਨਧਾਰੀ ਪਾਸ ਮਾਇਆ ਜ਼ਰੂਰ ਹੋਣੀ ਚਾਹੀਦੀ ਹੈ ਚਾਹੇ ਉਹ ਸਾਧੂ ਹੈ ਭਾਵੇਂ ਕੋਈ ਗ੍ਰਿਹਸਤੀ ਹੈ, ਕਿਉਂਕਿ ਮਕਾਨਧਾਰੀ ਦੀ

ਆਸ ਕਰਕੇ ਜੋ ਕੋਈ ਅਤਿਥੀ ਆਉਂਦਾ ਹੈ, ਉਸ ਦੀ ਆਸ ਪੂਰੀ ਕਰਨੀ ਮਕਾਨਧਾਰੀ ਦਾ ਫਰਜ਼ ਹੈ।

ਯਥਾ-''ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ॥

(ਮਾਰੂ ਵਾਰ ਡਖਣੇ ਮ: ੫, ਪੰਨਾ ੧੦੮੫)

ਜੇਕਰ ਆਏ ਗਏ ਦੀ ਸੇਵਾ ਨਾ ਕਰੇ ਉਸ ਨੂੰ ਖਾਲੀ ਮੋੜ ਦੇਵੇ ਤਾਂ ਉਹ ਦੋਸ਼ ਦਾ ਭਾਗੀ ਹੈ। ਹੁਣ ਏਸ ਪ੍ਰਸੰਗ ਨੂੰ ਕਬੀਰ ਸਾਹਿਬ ਜੀ ਖੋਲ੍ਹ ਕੇ ਕਥਨ ਕਰਦੇ ਹਨ-

ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥ ਆਵਤ ਪਹੀਆ ਖੂਧੇ ਜਾਹਿ॥

ਹੇ ਭਾਈ ! ਜਿਸ ਦੇ ਘਰ ਵਿਚ ਸੋਂਭਾ=ਮਾਇਆ ਨਹੀਂ ਹੈ ਤੇ-

ਪਹੀਆ=ਪਰਾਹੁਣੇ ਆਉਂਦੇ ਹੋਏ ਖੂਧੇ=ਭੁੱਖੇ ਹੋਏ ਨਿਰਾਸ ਜਾਂਦੇ ਹਨ।

ਵਾ ਕੈ ਅੰਤਰਿ ਨਹੀ ਸੰਤੋਖੁ॥ ਬਿਨੁ ਸੋਹਾਗਨਿ ਲਾਗੈ ਦੋਖੁ॥ ੧॥

ਵਾ ਕੈ=ਉਨ੍ਹਾਂ ਪਰਾਹੁਣਿਆਂ ਦੇ ਅੰਦਰ ਅੰਨ ਖਾਧੇ ਬਿਨਾ ਸੰਤੋਖ ਨਹੀਂ ਆਉਂਦਾ ਤੇ ਬਦ-ਅਸੀਸਾਂ ਦਿੰਦੇ ਜਾਂਦੇ ਹਨ।

(ਇਸ ਕਰਕੇ ਇਹ ਨਿਯਮ ਸਮਝ ਲਓ-ਜੋ ਵੀ ਮਕਾਨਧਾਰੀ ਚਾਹੇ ਸਾਧੂ, ਚਾਹੇ ਗ੍ਰਿਹਸ਼ਤੀ ਹੈ, ਉਸ ਨੂੰ) ਸੁਹਾਗਨਿ=ਮਾਇਆ ਤੋਂ ਬਿਨਾਂ ਅਰਥਾਤ ਆਏ ਗਏ ਅਤਿਥੀਆਂ ਦੀ ਸੇਵਾ ਕੀਤੇ ਬਿਨਾਂ ਬੜਾ ਭਾਰੀ ਦੋਸ਼ ਲੱਗਦਾ ਹੈ॥ ੧॥

ਧਨੁ ਸੋਹਾਗਨਿ ਮਹਾ ਪਵੀਤ॥ ਤਪੇ ਤਪੀਸਰ ਡੋਲੈ ਚੀਤ॥ ੧॥ ਰਹਾਉ॥

ਸੋਹਾਗਨਿ=ਮਾਇਆ ਧੰਨਤਾ ਯੋਗ ਹੈ ਜਿਸ ਨੇ ਬੜੇ ਪਵੀਤ=ਪਵਿੱਤ੍ਰ ਤਪ ਕਰਨ ਵਾਲੇ ਤਪੀਸ਼ਰਾਂ ਦੇ ਚਿਤ ਵੀ ਡੁਲਾਇਮਾਨ ਕਰ ਦਿੱਤੇ ਹਨ॥ ੧॥ ਰਹਾਉ॥

ਯਥਾ- ''ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥

ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥ ੩॥''

(ਭੈਰਉ ਕਬੀਰ, ਪੰਨਾ ੧੧੬੦)

ਸੋਹਾਗਨਿ ਕਿਰਪਨ ਕੀ ਪੂਤੀ॥ ਸੇਵਕ ਤਜਿ ਜਗਤ ਸਿਉ ਸੂਤੀ॥

ਸੋਹਾਗਨਿ=ਮਾਇਆ, ਕਿਰਪਨ=ਸੂਮਾਂ ਦੀ ਪੁੱਤਰੀ ਹੈ, ਭਾਵ ਸੂਮਾਂ ਨੂੰ ਪਿਆਰੀ ਹੈ। ਪਰਮੇਸ਼ਰ ਦੇ ਸੇਵਕਾਂ ਨੂੰ ਤਿਆਗ ਕੇ ਸੰਸਾਰੀ ਜੀਵਾਂ ਨਾਲ ਇਸਤ੍ਰੀ ਭਾਵਨਾ ਨਾਲ ਸੁੱਤੀ ਹੋਈ ਹੈ।

ਸਾਧੂ ਕੈ ਠਾਢੀ ਦਰਬਾਰਿ॥ ਸਰਨਿ ਤੇਰੀ ਮੋ ਕਉ ਨਿਸਤਾਰਿ॥ ੨॥

ਪਰਮੇਸ਼ਰ ਦੇ ਪਿਆਰੇ ਸੰਤਾਂ ਦੇ ਦਰਬਾਰ ਅੱਗੇ ਖੜ ਕੇ ਇਸ ਤਰ੍ਹਾਂ ਆਖਦੀ ਹੈ-

ਹੇ ਸੰਤੋ ! ਮੈਂ ਤੇਰੀ ਸ਼ਰਨ ਆਈ ਹਾਂ ਮੈਨੂੰ ਚੰਗੇ ਪਾਸੇ ਲਗਾ ਕੇ ਨਿਸਤਾਰਿ=ਤਾਰ ਲਓ। ਭਾਵ-ਸਫ਼ਲ ਕਰ ਦਿਓ।

ਸੋਹਾਗਨਿ ਹੈ ਅਤਿ ਸੁੰਦਰੀ॥ ਪਗ ਨੇਵਰ ਛਨਕ ਛਨਹਰੀ॥

ਸੋਹਾਗਨਿ=ਮਾਇਆ ਅਤਿ=ਬਹੁਤ ਹੀ ਸੁੰਦਰ ਹੈ ਜੋ ਹਰ ਇਕ ਨੂੰ ਮੋਹ ਲੈਂਦੀ ਹੈ।

ਚੇਤਨ ਮਾਇਆ ਦੇ ਪੈਰਾਂ ਵਿਚ ਨੇਵਰ=ਨੂਪਰ ਛਨ੍ਕ ਛਨਹਰੀ=ਛਨ-ਛਨ ਕਰਦੇ ਹਨ। ਤੁਲਸੀ ਰਮਾਇਣ ਵਿਚ ਵੇਖੋ-

ਸੀਤਾ ਦੇ ਪੈਰਾਂ ਵਿਚ ਪਏ ਨੂਪਰਾਂ ਦੀ ਧੁਨ ਸੁਣ ਕੇ ਆਪ ਸ੍ਰੀ ਰਾਮਚੰਦ੍ ਜੀ ਮੋਹਤ ਹੋ ਕੇ ਆਖਦੇ ਹਨ- ''ਹੇ ਲਛਮਣ ! ਨੂਪਰਾਂ ਦੀ ਅਵਾਜ਼ ਨਹੀਂ, ਇਹ ਤਾਂ ਕਾਮਦੇਵ ਦਾ ਧੌਂਸਾ ਵੱਜ ਰਿਹਾ ਹੈ।''

ਵਾ:-ਜੜ੍ਹ ਮਾਇਆ ਦੇ ਪਗ=ਪੈਰਾਂ ਵਿਚ ਪਦਾਰਥਾਂ ਰੂਪੀ ਨੂਪਰ ਛਨਕ ਛਨਹਰੀ=ਛਨ-ਛਨ ਕਰ ਰਹੇ ਹਨ।

ਯਥਾ- ''ਕਰਤ ਕੇਲ ਬਿਧੈ ਮੇਲ ਚੰਦ੍ ਸੂਰ ਮੋਹੇ॥ ਉਪਜਤਾ ਬਿਕਾਰ ਦੁੰਦਰ ਨਉਪਰੀ
ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ॥''

(ਸਾਰਗ ਮਹਲਾ ੫, ਪੰਨਾ ੧੨੩੧)

ਜਉ ਲਗੁ ਪ੍ਰਾਨ ਤਉ ਲਗੁ ਸੰਗੇ॥ ਨਾਹਿ ਤ ਚਲੀ ਬੇਗਿ ਉਠਿ ਨੰਗੇ॥ ੩॥

ਜਿੰਨਾ ਚਿਰ ਸਰੀਰ ਵਿਚ ਸ੍ਵਾਸ ਹਨ, ਓਨਾ ਚਿਰ ਇਹ ਮਾਇਆ ਨਾਲ ਹੈ।

ਨਹੀਂ ਤਾਂ ਭਾਵ ਜਦ ਪ੍ਰਾਣ ਨਹੀਂ ਰਹਿੰਦੇ ਤਾਂ ਮਾਇਆ ਵੀ ਜੀਵਾਂ ਨੂੰ ਨੰਗਿਆ ਛੱਡ ਕੇ ਛੇਤੀ ਹੀ ਉੱਠ ਕੇ ਚਲੀ ਜਾਂਦੀ ਹੈ।

ਵਾ:-ਨਹੀਂ ਤਾਂ ਭਾਵ ਸਰੀਰ ਦੇ ਬਿਨਸਨੇ ਤੇ ਮਾਇਆ ਚਲੀ ਜਾਂਦੀ ਹੈ, ਫਿਰ ਜੀਵ ਵੀ ਬੇਗਿ=ਸ਼ੀਘਰ ਨੰਗੇ ਪੈਰੀਂ ਉੱਠ ਕੇ ਚਲਾ ਜਾਂਦਾ ਹੈ॥ ੩॥

ਵਾ:-ਨਾਹਿਤ=ਓੜਕ ਨੂੰ ਬੇਗਿ=ਸ਼ੀਘਰ ਨੰਗੇ ਪੈਰੀਂ ਉੱਠ ਕੇ ਚੱਲੀਦਾ ਹੈ। ਚੱਲਣ ਵੇਲੇ ਮਾਇਆ ਅਤੇ ਪਦਾਰਥ ਸਭ ਏਥੇ ਰਹਿ ਜਾਂਦੇ ਹਨ।

ਯਥਾ- ''ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ॥
ਜਬ ਤੇ ਹੋਈ ਲਾਮੀ ਧਾਈ ਚਲਹਿ ਨਾਹੀ ਇਕ ਪੈਰੇ॥ ੪॥''

(ਗੂਜਰੀ ਮਹਲਾ ੫, ਪੰਨਾ ੪੯੭)

ਸੋਹਾਗਨਿ ਭਵਨ ਤ੍ਰੈ ਲੀਆ॥ ਦਸ ਅਠ ਪੁਰਾਣ ਤੀਰਥ ਰਸ ਕੀਆ॥

ਸੋਹਾਗਨਿ=ਮਾਇਆ ਨੇ ਤਿੰਨ ਲੋਕਾਂ ਦੇ ਜੀਵਾਂ ਨੂੰ ਆਪਣੇ ਵੱਸ ਵਿਚ ਲੀਤਾ ਹੋਇਆ ਹੈ।

ਯਥਾ- ''ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ॥ ੧॥''

(ਆਸਾ ਮ: ੫, ਪੰਨਾ ੩੮੪)

ਦਸ ਅਠ=ਅਠਾਰਾਂ ਪੁਰਾਣਾਂ ਦੇ ਪੜ੍ਹਨ ਵਾਲੇ ਪੰਡਿਤਾਂ ਵਿਚ ਇਸ ਮਾਇਆ ਨੇ ਆਪਣਾ ਪ੍ਰੇਮ ਕੀਤਾ ਹੋਇਆ ਹੈ।

ਯਥਾ- ''ਤੀਰਥ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥ ੧॥''

(ਆਸਾ ਮ: ੪, ਪੰਨਾ ੩੮੫)

ਤੀਰਥਾਂ ਪਰ ਰਹਿਣ ਵਾਲਿਆਂ ਵਿਚ ਆਪਣਾ ਰਸ=ਪ੍ਰੇਮ ਕੀਤਾ ਹੋਇਆ ਹੈ।

ਹੁਣ ਕੈਮੁੱਤਕ ਨਿਆਂ ਨਾਲ ਕਥਨ ਕਰਦੇ ਹਨ-

ब्रहमा बिसनु महेसर बेधे॥

ਇਸ ਮਾਇਆ ਨੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ (ਤਿੰਨ ਦੇਵਤੇ ਵੀ) ਬੇਧੇ=ਵਿੰਨ੍ਹੇ ਹਨ, ਭਾਵ-ਬ੍ਰਹਮਾ ਆਪਣੀ ਲੜਕੀ ਉਤੇ, ਵਿਸ਼ਨੂੰ ਜਲੰਧਰ ਦੈਂਤ ਦੀ ਇਸਤਰੀ ਬਿੰਦਰਾ ਉਤੇ ਤੇ ਸ਼ਿਵ ਜੀ ਮੋਹਨੀ ਅਵਤਾਰ ਉਤੇ ਮੋਹਤ ਹੋ ਕੇ ਭੱਜੇ ਫਿਰਦੇ ਰਹੇ।

ਯਥਾ-''ਮਾਇਆ ਮੋਹਿ ਸਭੁ ਜਗਤੁ ਉਪਾਇਆ॥ ਬ੍ਰਹਮਾ ਬਿਸਨੁ ਦੇਵ ਸਬਾਇਆ॥''

(ਮਾਰੂ ਮ: ੩, ਪੰਨਾ ੧੦੫੨)

बडे भूपति राजे है छेधे॥ ४॥

ਵੱਡੇ ਵੱਡੇ ਭੂ+ਪਤਿ=ਪ੍ਰਿਥਵੀ ਪਤੀ ਨੌਖ ਤੇ ਜੁਜਾਤੀ ਵਰਗੇ ਰਾਜੇ ਇਸ ਮਾਇਆ ਨੇ ਛਿਲ ਸੁੱਟੇ ਹਨ॥ ੪॥

सोहागनि उरवारि न पारि॥ पांच नारद कै संगि बिधवारि॥

ਬ੍ਰਹਮ ਗਿਆਨ ਤੋਂ ਬਿਨਾਂ ਮਾਇਆ ਦੇ ਉਰਵਰ ਪਾਰ ਦਾ ਅੰਤ ਨਹੀਂ ਆਉਂਦਾ ।

ਵਾ-ਮਾਇਆ ਵਿਚ ਪ੍ਰੇਮ ਕਰਨ ਨਾਲ ਉਰਵਾਰ ਹੀ ਰਹਿੰਦਾ ਹੈ। ਪਾਰਲਾ ਕਿਨਾਰਾ ਬ੍ਰਹਮ ਗਿਆਨ ਨਹੀਂ ਮਿਲਦਾ।

ਪਾਂਚ ਨਾਰਦ=ਪੰਜ ਗਿਆਨ ਇੰਦ੍ਰੀਆਂ ਦੇ ਨਾਲ ਇਹ ਮਾਇਆ ਮਿਲ ਰਹੀ ਹੈ।

ਵਾ-ਗਿਆਨ ਇੰਦ੍ਰੀਆਂ ਤੇ ਨਾਰਦ=ਮਨ* ਦੇ ਨਾਲ ਇਹ ਮਾਇਆ ਬਿਧਵਾਰਿ=ਮਿਲ ਰਹੀ ਹੈ।

पांच नारद के मिटवे फूटे॥

ਪੰਜ ਗਿਆਨ ਇੰਦ੍ਰੀਆਂ ਤੇ ਨਾਰਦ=ਮਨ ਦੇ ਮਿਟਵੇ=ਵਿਸ਼ੇ ਫੂਟੇ=ਅਭਾਵ ਹੋਏ।

ਵਾ-ਮਿੱਟੀ ਦੇ ਭਾਂਡੇ ਨੂੰ ਮਿਟਵਾ ਆਖਦੇ ਹਨ। ਇਸ ਤੇ ਇਹ ਅਰਥ ਕਰਨਾ ਕਿ ਪੰਜ ਗਿਆਨ ਇੰਦਰੀਆਂ ਤੇ ਨਾਰਦ=ਮਨ ਦੇ ਵਿਸ਼ਿਆਂ ਰੂਪੀ ਮਿਟਵੇ=ਭਾਡੇ ਫੁਟ ਗਏ।

कहु कबीर गुर किरपा छूटे॥ ५॥ ५॥ ८॥

ਕਬੀਰ ਜੀ ਕਥਨ ਕਰਦੇ ਹਨ-ਗੁਰਾਂ ਦੀ ਕਿਰਪਾ ਨਾਲ ਅਸੀਂ ਤਾਂ ਮਾਇਆ ਤੋਂ ਛੁਟ ਗਏ ਹਾਂ।

ਕਈ ਦਾਨੇ ਇਸ ਸ਼ਬਦ ਦਾ ਦੂਜਾ ਅਰਥ ਭੀ ਕਰਦੇ ਹਨ-

-ਦੂਜਾ ਅਰਥ-

ਗੌਂਡ॥ ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥

ਜਿਸ ਮਹਾਤਮਾ ਦੇ ਅੰਤਹਕਰਨ ਰੂਪ ਘਰ ਵਿਖੇ ਸੋਭਾ=ਭਗਤੀ ਨਹੀਂ।

(ਆਵਤ ਪਹੀਆ ਖੁਧੇ ਜਾਹਿ॥) ਪਹੀਆ=ਰਾਹੀ, ਭਾਵ ਜਗਿਆਸੂ ਆ ਕੇ ਭੁੱਖਾ ਚਲਿਆ ਜਾਂਦਾ ਹੈ, ਅਰਥਾਤ ਭਗਤੀ ਦਾ ਉਪਦੇਸ਼ ਨਹੀਂ ਮਿਲਦਾ।

**ਨਾਰਦ ਦਾ ਅਰਥ 'ਮਨ' ਕੀਤਾ ਹੈ, ਕਿਉਂਕਿ ਨਾਰਦ ਵੀ ਚੰਚਲ ਹੈ ਤੇ ਮਨ ਵੀ ਚੰਚਲ ਹੈ। ਅੱਗੇ ਬਸੰਤ ਰਾਗ ਵਿਚ ਵੀ ਨਾਰਦ ਦਾ ਅਰਥ ਮਨ ਕੀਤਾ ਹੈ।*

ਯਥਾ-''ਨਾ ਸਾਬੁਰੁ ਹੋਵੈ ਫਿਰਿ ਮੰਗੈ ਨਾਰਦ ਕਰੇ ਖੁਆਰੀ॥'' (ਬਸੰਤੁ ਮ: ੧, ਪੰਨਾ ੧੧੯੧)

(ਵਾ ਕੈ ਅੰਤਰਿ ਨਹੀ ਸੰਤੋਖੁ॥) ਇਸ ਲਈ ਵਾ ਕੈ=ਉਸ ਜਗਿਆਸੂ ਦੇ ਹਿਰਦੇ ਵਿਚ ਸੰਤੋਖ ਨਹੀਂ ਹੁੰਦਾ, ਭਾਵ ਮਨ ਸੰਤੁਸ਼ਟ ਨਹੀਂ ਹੁੰਦਾ, ਕਿਉਂਕਿ ਗਿਆਨ ਦੀ ਪ੍ਰਾਪਤੀ ਦਾ ਰਾਹ ਜੋ ਨਾ ਮਿਲਿਆ।

(ਬਿਨੁ ਸੋਹਾਗਨਿ ਲਾਗੈ ਦੋਖੁ॥) ਸੋਹਾਗਨਿ=ਭਗਤੀ ਤੋਂ ਬਿਨਾਂ ਹੋਣ ਕਰਕੇ ਉਨ੍ਹਾਂ ਮਹਾਤਮਾਂ ਨੂੰ ਬੜਾ ਭਾਰੀ ਦੋਸ਼ ਲੱਗਦਾ ਹੈ, ਕਿਉਂਕਿ ਉਹ ਜਗਿਆਸੂ ਦੇ ਮਨ ਨੂੰ ਸੰਤੁਸਟ ਜੋ ਨਹੀਂ ਕਰ ਸਕੇ।

(ਧਨੁ ਸੋਹਾਗਨਿ ਮਹਾ ਪਵੀਤ॥) ਇਹ ਸੋਹਾਗਨਿ=ਭਗਤੀ ਧੰਨਤਾ ਦੇ ਜੋਗ ਹੈ ਅਤੇ ਬੜੀ ਪਵੀਤ=ਪਵਿੱਤਰ ਹੈ।

ਤਪੇ ਤਪੀਸਰ ਡੋਲੈ ਚੀਤ॥ ੧॥ ਰਹਾਉ॥

ਤਪ ਕਰਨ ਵਾਲੇ ਮੁਨੀਆਂ ਦਾ ਅਤੇ ਤਪੀਆਂ ਦੇ ਈਸ਼ਰ ਬੜੇ ਬੜੇ ਮੁਨੀਸ਼ਰਾਂ ਦਾ ਮਨ ਭਗਤੀ ਕਰਨ ਵਾਸਤੇ ਡੋਲਦਾ, ਭਾਵ ਚਾਹੁੰਦਾ ਹੈ ਕਿ ਅਸੀਂ ਜ਼ਰੂਰ ਭਗਤੀ ਕਰੀਏ, ਭਗਤੀ ਤੋਂ ਬਿਨਾਂ ਅਸੀਂ ਐਵੇਂ ਆਪਣੀ ਦੇਹ ਸਾੜਦੇ ਰਹੇ, ਧੂਣੀਆਂ ਤਪ ਤਪ ਕੇ ਸਰੀਰ ਕਾਲਾ ਕਰ ਲਿਆ ਹੈ, ਭੁੱਖ-ਤਰੇਹ ਸਹਾਰ ਸਹਾਰ ਕੇ ਪ੍ਰਾਣਾਂ ਨੂੰ ਦੁੱਖ ਦਿੱਤਾ ਹੈ ਅੰਤਹਕਰਨ ਦੀ ਸ਼ੁੱਧੀ ਵਾਸਤੇ, ਪਰੰਤੂ ਹੁਣ ਤਕ ਬਣਿਆ ਕੁਝ ਨਹੀਂ, ਕਿਉਂਕਿ ਮਨ ਦੇ ਫੁਰਨੇ ਨਹੀਂ ਰੁਕੇ ਹਨ।

ਯਥਾ- ''ਵਰਮੀ ਮਾਰੀ ਸਾਪੁ ਨ ਮੂਆ॥'' *(ਪ੍ਰਭਾਤੀ ਮ: ੫, ਪੰਨਾ ੧੩੪੮)*

ਵਿਸ਼ਵਾਮਿੱਤਰ ਜੀ ਨੇ ੫੮ ਹਜ਼ਾਰ ਬਰਸ ਤਪ ਕੀਤਾ ਹੈ। ਦਸ ਹਜ਼ਾਰ ਬਰਸ ਤਾਂ ਉਸ ਨੇ ਗੰਗਾ ਦੇ ਪਰਵਾਹ ਵਿਚ ਖਲੋ ਕੇ ਤਪ ਕੀਤਾ ਹੈ, ਪਰੰਤੂ ਉਹ ਤਪ ਉਸ ਦਾ ਉਰਬਸੀ ਨੇ ਖਰਾਬ ਕਰ ਦਿੱਤਾ ਅਤੇ ਦਸ ਹਜ਼ਾਰ ਬਰਸ ਬ੍ਰਿਛਾਂ ਦੇ ਹੇਠ ਖਲੋ ਕੇ ਉਹ ਤਪ ਕਰਦਾ ਰਿਹਾ। ਪੱਤੇ ਵਗੈਰਾ ਖਾ ਕੇ ਗੁਜ਼ਾਰਾ ਕੀਤਾ, ਪਰ ਕੁਝ ਨਾ ਬਣਿਆ ਹੰਕਾਰ ਦੇ ਹੋਣ ਕਰਕੇ।

ਯਥਾ- ''ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ॥'' *(ਸੁਖਮਨੀ, ਪੰਨਾ ੨੬੫)*

ਫਰੀਦ ਜੀ ਨੇ ੩੬ ਬਰਸ ਤਪ ਕੀਤਾ ਪਰ ਕੁਝ ਨਾ ਬਣਿਆ।

ਯਥਾ- ''ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥'' *(ਸੋਰਠਿ ਮ: ੫, ਪੰਨਾ ੬੪੧)*

(ਸੋਹਾਗਨਿ ਕਿਰਪਨ ਕੀ ਪੂਤੀ॥) ਸੋਹਾਗਨਿ=ਭਗਤੀ, ਕਿਰਪਨ=ਕਿਰਪਾ ਆਦਿਕ ਸ਼ੁਭ-ਗੁਣਾਂ ਦੀ ਪੁੱਤਰੀ ਹੈ, ਕਿਉਂਕਿ ਕਿਰਪਾ ਆਦਿਕ ਗੁਣਾਂ ਤੋਂ ਇਹ ਭਗਤੀ ਪੈਦਾ ਹੋਣ ਵਾਲੀ ਹੈ।

(ਸੇਵਕ ਤਜਿ ਜਗਤ ਸਿਉ ਸੂਤੀ॥) ਜਗਤ ਦੇ ਜੀਵਾਂ ਨੂੰ ਤਿਆਗ ਕੇ ਪਰਮੇਸ਼ਰ ਦੇ ਸੇਵਕਾਂ ਨਾਲ ਸੌਂਦੀ ਹੈ।

(ਸਾਧੂ ਕੈ ਠਾਢੀ ਦਰਬਾਰਿ ॥) ਸੰਤਾਂ ਦੇ ਦਰਵਾਜ਼ੇ ਪਰ ਜੋ ਅਗਿਆਸੂ ਖੜੇ ਹੋ ਕੇ ਬੇਨਤੀਆਂ ਕਰਦੇ ਹਨ ਕਿ ਸਾਡੇ ਉੱਪਰ ਕਿਰਪਾ ਕਰੋ, ਇਹ ਮਾਨੋ ਭਗਤੀ ਹੀ ਅਵਤਾਰ ਧਾਰ ਕੇ ਖੜੀ ਹੈ।

(ਸਰਨਿ ਤੇਰੀ ਮੋਕਉ ਨਿਸਤਾਰਿ॥ ੨॥) ਹੇ ਸੰਤੋ ! ਮੈਂ ਤੁਹਾਡੀ ਸ਼ਰਨ ਹਾਂ, ਮੈਨੂੰ ਤਾਰ ਲਓ, ਜਿਹੜਾ ਜਗਿਆਸੂਆਂ ਦਾ ਕਹਿਣਾ ਹੈ ਇਹੀ ਇਕ ਭਗਤੀ ਹੈ॥ ੨॥

(ਸੋਹਾਗਨਿ ਹੈ ਅਤਿ ਸੁੰਦਰੀ॥) ਇਹ ਸੋਹਾਗਨਿ=ਭਗਤੀ ਅਤਿਅੰਤ ਸੁੰਦਰ ਹੈ। ਦਿਲ ਦੀ ਸਫਾਈ ਰੂਪ ਸੁੰਦਰਤਾ ਹੈ।

(ਪਗ ਨੇਵਰ ਛਨਕ ਛਨਹਰੀ॥) ਇਸ ਭਗਤੀ ਰੂਪ ਇਸਤ੍ਰੀ ਨੇ ਆਪਣੇ ਸਮ ਦਮ ਰੂਪ ਪੈਰਾਂ ਵਿਖੇ ਸ੍ਰਵਨ ਮੰਨਣ

ਆਦਿਕ ਨੇਵਰ=ਪੈਂਹਟੇ ਪਾਏ ਹੋਏ ਹਨ।

ਇਹ ਭਗਤੀ ਰੂਪ ਇਸਤ੍ਰੀ ਉਨ੍ਹਾਂ ਸ੍ਵਨ ਆਦਿਕ ਸਾਧਨਾਂ ਦੀ ਛਨ=ਅਵਾਜ਼ ਨਾਲ ਛਨਕ=ਇਕ ਛਿਨ ਵਿਚ ਜਗਿਆਸੂਆਂ ਦੇ ਚਿਤ ਨੂੰ ਹਰੀ=ਹਰ ਲੈਂਦੀ ਹੈ, ਭਾਵ ਚੁਰਾ ਲੈਂਦੀ ਹੈ।

ਜਉ ਲਗੁ ਪ੍ਰਾਨ ਤਉ ਲਗੁ ਸੰਗੇ॥ ਨਾਹਿ ਤ ਚਲੀ ਬੇਗਿ ਉਠਿ ਨੰਗੇ॥ ੩॥

ਜਦ ਤਕ ਸਰੀਰ ਵਿਚ ਸ੍ਵਾਸ ਹਨ, ਤਦ ਤਕ ਭਗਤੀ ਦੇ ਨਾਲ ਰਹੇ।

ਜੇ ਭਗਤੀ ਨਹੀਂ ਕਰੇਂਗਾ ਤਾਂ ਇਹ ਜਿੰਦ ਨੰਗੀ ਪੈਰੀਂ ਉੱਠ ਕੇ ਚਲੀ ਜਾਏਗੀ, ਭਾਵ ਸ਼ੁਭ-ਗੁਣਾਂ ਤੋਂ ਖਾਲੀ ਜਾਏਗੀ॥ ੩॥

ਸੋਹਾਗਨਿ ਭਵਨ ਤ੍ਰੈ ਲੀਆ॥ ਦਸ ਅਠ ਪੁਰਾਣ ਤੀਰਥ ਰਸ ਕੀਆ॥

ਸੋਹਾਗਨਿ=ਭਗਤੀ ਦੇ ਤਾਈਂ ਤਿੰਨਾਂ ਭਵਨਾਂ ਦੇ ਜੀਵਾਂ ਨੇ ਲੈਣਾ ਕੀਤਾ ਹੈ, ਭਾਵ ਅੰਗੀਕਾਰ ਕੀਤਾ।

ਅਠਾਰਾਂ ਪੁਰਾਣ ਰਚਣ ਵਾਲੇ ਬਿਆਸ ਜੀ ਨੇ ਅਤੇ ਤੀਰਥਾਂ ਪਰ ਰਹਿਣ ਵਾਲਿਆਂ ਨੇ ਭਗਤੀ ਵਿਖੇ ਰਸ=ਪ੍ਰੇਮ ਕੀਤਾ ਹੈ।

ਭਾਵੇਂ ਬਿਆਸ ਜੀ ਨੇ ਸ਼ਾਮ ਵੇਦ ਨੂੰ ਵਿਚਾਰ ਕੇ ਵੇਦਾਂਤ ਸ਼ਾਸਤ੍ਰ ਬਣਾਇਆ ਹੈ, ਪਰੰਤੂ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋਈ । ਫਿਰ ਜਦ ਨਾਰਦ ਮੁਨੀ ਨੇ ਉਪਦੇਸ਼ ਦੇ ਕੇ ਭਗਤੀ ਦਾ ਸਬਕ ਸਿਖਾਇਆ ਹੈ ਤਾਂ ਸ਼ਾਂਤੀ ਪ੍ਰਾਪਤ ਹੋਈ।

ਯਥਾ- ''ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।
ਮਾਇਆ ਡੰਡ ਨ ਉੱਤਰੇ ਜਮ ਡੰਡੇ ਬਹੁ ਦੁਖਿ ਰੁਆਇਆ।
ਨਾਰਦਿ ਮੁਨਿ ਉਪਦੇਸ਼ਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।''

(ਭਾ: ਗੁਰਦਾਸ ਜੀ, ਵਾਰ ੧ ਪਉੜੀ ੧੧)

(ਬ੍ਰਹਮਾ ਬਿਸਨੁ ਮਹੇਸਰ ਬੇਧੇ॥) ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਸਭ ਦੇਵਤੇ ਭਗਤੀ ਵਿਚ ਬੇਧੇ=ਮਿਲ ਰਹੇ ਹਨ।

ਬ੍ਰਹਮਾ ਭਗਤੀ ਵਾਸਤੇ ਹੀ ਵੇਦਾਂ ਨੂੰ ਉਚਾਰਦਾ ਹੈ।

ਯਥਾ- ''ਜੈ ਕਾਰਣਿ ਬੇਦ ਬ੍ਰਹਮੇ ਉਚਰੇ ਸੰਕਰਿ ਛੋਡੀ ਮਾਇਆ॥'' *(ਪ੍ਰਭਾਤੀ ਮ: ੧ ਪੰਨਾ ੧੩੨੮)*

ਵਿਸ਼ਨੂੰ-ਭਗਤੀ ਵਾਸਤੇ ਭਗਤਾਂ ਦੀ ਰੱਖਿਆ ਕਰਦਾ ਹੈ।

ਸ਼ਿਵ-ਭਗਤੀ ਵਾਸਤੇ ਭਗਤਾਂ ਦੀ ਰੱਖਿਆ ਕਰਦਾ ਹੈ।

ਯਥਾ- ''ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ॥'' *(ਪੰਨਾ ੧੦੧੩)*

(ਬਡੇ ਭੂਪਤਿ ਰਾਜੇ ਹੈ ਛੇਧੇ ॥ ੪॥) ਪ੍ਰਿਥੂ ਆਦਿਕ ਵੱਡੇ ਵੱਡੇ ਭੂਪਤਿ ਅਤੇ ਜਨਕ ਵਰਗੇ ਵੱਡੇ ਵੱਡੇ ਰਾਜੇ।

ਯਥਾ- ''ਭਗਤ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।
ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ।

ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ।
ਧਰਮ ਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ।''

(ਭਾ: ਗੁਰਦਾਸ ਜੀ, ਵਾਰ ੧੦ ਪਉੜੀ ੫)

ਇਸ ਤਰ੍ਹਾਂ ਭਗਤੀ ਨੇ ਸਾਰਿਆਂ ਦੇ ਚਿਤ ਬੇਧੇ=ਵਿੰਨ੍ਹੇ ਹੋਏ ਹਨ॥ ੪॥

(ਸੋਹਾਗਨਿ ਉਰਵਾਰਿ ਨ ਪਾਰਿ॥) ਸੋਹਾਗਨਿ=ਭਗਤੀ ਇਸ ਜੀਵ ਨੂੰ ਉਰਵਾਰਿ=ਸੰਸਾਰ ਵਿਚ ਨਹੀਂ ਰਹਿਣ ਦੇਂਦੀ, ਸੰਸਾਰ ਤੋਂ ਪਾਰ ਕਰ ਦੇਂਦੀ ਹੈ।

(ਪਾਂਚ ਨਾਰਦ ਕੈ ਸੰਗਿ ਬਿਧਵਾਰਿ॥) ਪੰਜ ਗਿਆਨ ਇੰਦ੍ਰੀਏ ਅਤੇ ਨਾਰਦ=ਮਨ ਇਨ੍ਹਾਂ ਕਰਕੇ ਭਗਤੀ ਨਾਲ ਬਿਧਵਾਰਿ=ਮਿਲਣ ਵਾਲਾ ਹੋਵੇ।

(ਪਾਂਚ ਨਾਰਦ ਕੇ ਮਿਟਵੇ ਫੂਟੇ॥) ਪੰਜ ਗਿਆਨ ਇੰਦਰੀਆਂ ਦੇ ਅਤੇ ਨਾਰਦ=ਮਨ ਦੇ ਵਿਸ਼ੇ ਰੂਪ ਮਿਟਵੇ=ਵਾਜੇ ਫੁੱਟ ਗਏ ਹਨ।

ਕਹੁ ਕਬੀਰ ਗੁਰ ਕਿਰਪਾ ਛੂਟੇ ॥ ੫॥ ੫॥ ੮॥

ਕਬੀਰ ਜੀ ਕਥਨ ਕਰਦੇ ਹਨ-ਗੁਰ ਕਿਰਪਾ ਨਾਲ ਭਗਤੀ ਦੁਆਰਾ ਅਸੀਂ ਛੁੱਟ ਗਏ ਹਾਂ॥ ੫॥ ੫॥ ੮॥

ਗੋਂਡ ॥

ਉਥਾਨਕਾ:-ਸੰਤਾਂ ਬਗੈਰ ਮੁਕਤੀ ਨਹੀਂ ਮਿਲਦੀ। ਇਸ ਪਰ ਦ੍ਰਿਸ਼ਟਾਂਤ ਦੇਂਦੇ ਹਨ-

ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ॥ ਨਾਮ ਬਿਨਾ ਕੈਸੇ ਪਾਰਿ ਉਤਰੈ॥

ਜਿਵੇਂ ਮੰਦਰ ਵਿਚੋਂ ਬਲ=ਵਲਾ, ਛਤੀਰ ਹਰ=ਖਿੱਚ ਲੈਣ ਨਾਲ ਮੰਦਰ ਨਹੀਂ ਠਹਿਰਦਾ। ਤਿਵੇਂ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਜੀਵ ਸੰਸਾਰ-ਸਮੁੰਦਰ ਤੋਂ ਕਿਸ ਤਰ੍ਹਾਂ ਪਾਰ ਉਤਰ ਸਕਦਾ ਹੈ।

ਕੁੰਭ ਬਿਨਾ ਜਲੁ ਨ ਟੀਕਾਵੈ॥ ਸਾਧੂ ਬਿਨੁ ਐਸੇ ਅਬਗਤੁ ਜਾਵੈ॥ ੧॥

ਜੈਸੇ ਕੁੰਭ=ਘੜੇ ਤੋਂ ਬਿਨਾਂ ਜਲ ਨਹੀਂ ਠਹਿਰਦਾ।

ਯਥਾ- ''ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥'' *(ਪੰਨਾ ੪੬੯)*

ਏਸੇ ਤਰ੍ਹਾਂ ਸੰਤਾਂ ਤੋਂ ਬਿਨਾਂ ਜੀਵ ਅਬਗਤੁ=ਅਵਗਤਾ, ਮੁਕਤੀ ਤੋਂ ਰਹਿਤ, ਟੇਢੀਆਂ ਜੂਨਾਂ ਵਿਚ ਜਾਂਦਾ ਹੈ॥ ੧॥

ਜਾਰਉ ਤਿਸੈ ਜੁ ਰਾਮੁ ਨ ਚੇਤੈ॥

ਤਿਸ ਨੂੰ ਜਾਰਉ=ਸਾੜ ਦਿਓ ਜੋ ਰਾਮ ਨਾਮ ਨੂੰ ਨਹੀਂ ਚੇਤੈ=ਸਿਮਰਦਾ।

ਤਨ ਮਨ ਰਮਤ ਰਹੈ ਮਹਿ ਖੇਤੈ॥ ੧॥ ਰਹਾਉ॥

ਸੰਸਾਰ ਖੇਤ ਵਿਚ ਜਿਸ ਦਾ ਤਨ ਮਨ ਰਮਤ ਰਹੈ=ਮਿਲਿਆ ਰਹਿੰਦਾ ਹੈ॥ ੧॥

ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ॥ ਸੂਤ ਬਿਨਾ ਕੈਸੇ ਮਣੀ ਪਰੋਈਐ॥

ਜਿਵੇਂ ਹਲ ਤੇ ਹਰ=ਜਲ ਬਿਨਾਂ ਜ਼ਮੀਨ ਨਹੀਂ ਬੀਜੀ ਜਾਂਦੀ, ਅਤੇ-

ਸੂਤ=ਧਾਗੇ ਤੋਂ ਬਿਨਾਂ ਮਾਲਾ ਦੇ ਮਣੀ=ਮਣਕੇ ਕਿਵੇਂ ਪਰੋਏ ਜਾਂਦੇ ਹਨ ?

ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ॥ ਸਾਧੂ ਬਿਨੁ ਤੈਸੇ ਅਬਗਤੁ ਜਾਈਐ॥ ੨॥

ਜੈਸੇ ਘੁੰਡੀ=ਮਰੋੜੀ ਦਿੱਤੇ ਬਿਨਾਂ ਗੰਢ ਕਿਵੇਂ ਚਾੜ੍ਹੀ ਜਾ ਸਕਦੀ ਹੈ ?

ਤੈਸੇ ਸੰਤਾਂ ਤੋਂ ਬਿਨਾਂ ਅਬਗਤੁ=ਬੁਰੇ ਹਾਲੀਂ ਮੁਕਤੀ ਤੋਂ ਰਹਿਤ ਜਾਈਦਾ ਹੈ॥ ੨॥

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥ ਬਿੰਬ ਬਿਨਾ ਕੈਸੇ ਕਪਰੇ ਧੋਈ॥

ਜਿਵੇਂ ਮਾਂ ਪਿਉ ਤੋਂ ਬਿਨਾਂ ਬਾਲਕ ਦੀ ਉਤਪਤੀ ਨਹੀਂ ਹੁੰਦੀ। ਅਤੇ-

ਬਿੰਬ=ਪਾਣੀ ਤੋਂ ਬਿਨਾਂ ਕਪੜੇ ਕਿਸ ਤਰ੍ਹਾਂ ਧੋਤੇ ਜਾਣ ? ਭਾਵ ਨਹੀਂ ਧੋਤੇ ਜਾਂਦੇ ।

ਘੋਰ ਬਿਨਾ ਕੈਸੇ ਅਸਵਾਰ॥ ਸਾਧੂ ਬਿਨੁ ਨਾਹੀ ਦਰਵਾਰ॥ ੩॥

ਜਿਵੇਂ ਘੋੜੇ ਤੋਂ ਬਿਨਾਂ ਅਸਵਾਰੀ ਕਿਸ ਤਰ੍ਹਾਂ ਕਰ ਸਕਦਾ ਹੈ?

ਤਿਵੇਂ ਸੰਤਾਂ ਤੋਂ ਬਿਨਾਂ ਦਰਵਾਰ=ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ ॥ ੩॥

ਯਥਾ-''ਖੋਜਤ ਖੋਜਤ ਸੁਨੀ ਇਹ ਸੋਇ। ਸਾਧਸੰਗਤਿ ਬਿਨੁ ਤਰਿਓ ਨ ਕੋਇ॥''

(ਆਸਾ ਮਹਲਾ ੫, ਪੰਨਾ ੩੭੩)

ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ॥ ਖਸਮਿ ਦੁਹਾਗਨਿ ਤਜਿ ਅਉਹੇਰੀ॥

ਜਿਵੇਂ ਵਾਜੇ ਤੋਂ ਬਿਨਾਂ ਫੇਰੀ=ਭਵਾਟੜੀ ਨਹੀਂ ਲੀਤੀ ਜਾਂਦੀ।

ਖਸਮ ਨੇ ਜਿਹੜੀ ਨਹੀਂ ਤਿਆਗੀ, ਉਹ ਦੁਹਾਗਣਿ ਨਹੀਂ ਵੇਖੀ ਜਾਂਦੀ ਤੇ ਖਸਮ ਨੇ ਜਿਹੜੀ ਤਿਆਗ ਦਿੱਤੀ ਹੈ ਉਹ ਦੁਹਾਗਣ ਵੇਖਣ ਵਿਚ ਆਉਂਦੀ ਹੈ।

ਕਹੈ ਕਬੀਰੁ ਏਕੈ ਕਰਿ ਕਰਨਾ॥

ਕਬੀਰ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਤੂੰ ਇਸ ਤਰ੍ਹਾਂ ਬੇਨਤੀ ਕਰ ਕਿ ਹੇ ਅਕਾਲ ਪੁਰਖ ! ਇਕ ਸਾਡੇ ਤੇ ਕਿਰਪਾ ਕਰ ਜੋ ਅਸੀਂ ਗੁਰਮੁਖ ਹੋਈਏ।

ਗੁਰਮੁਖਿ ਹੋਇ ਬਹੁਰਿ ਨਹੀ ਮਰਨਾ॥ ੪॥ ੬॥ ੯॥

ਕਿਉਂਕਿ ਜੋ ਗੁਰਮੁਖ ਹੁੰਦਾ ਹੈ ਉਸ ਦਾ ਫਿਰ ਜਨਮ ਮਰਨ ਨਹੀਂ ਹੁੰਦਾ ॥ ੪॥ ੬॥ ੯॥

ਗੌਂਡ॥

ਉਥਾਨਕਾ:-ਲੋਕਾਂ ਆਖਿਆਂ-''ਕਬੀਰ ਫੱਫੇ ਕੁੱਟਣਾ ਹੈ, ਜੋ ਦੇਵੀ ਦੇਵਤਿਆਂ ਦੀ ਉਪਾਸ਼ਨਾ ਵਲੋਂ ਹਟਾ ਕੇ ਪਰਮੇਸ਼ਰ ਵਲ ਲਾਉਂਦਾ ਹੈ।''

ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

ਕੂਟਨੁ ਕਿਸੈ ਕਹਹੁ ਸੰਸਾਰ॥

ਹੇ ਲੋਕੋ ! ਤੁਸੀਂ ਸੰਸਾਰ ਵਿਚ ਫੱਫੇ ਕੁੱਟਣਾ ਕਿਸ ਨੂੰ ਕਹਿੰਦੇ ਹੋ, ਕਿਉਂਕਿ-

(ਸਗਲ ਬੋਲਨ ਕੇ ਮਾਹਿ ਬੀਚਾਰ॥) ਸਾਰੀਆਂ ਗੱਲਾਂ ਦੇ ਬੋਲਣ ਵਿਚ ਵਿਚਾਰ ਹੈ।

ਕੂਟਨੁ ਸੋਇ ਜੁ ਮਨ ਕਉ ਕੂਟੈ॥ ਮਨ ਕੂਟੈ ਤਉ ਜਮ ਤੇ ਛੂਟੈ॥

ਸਾਡੇ ਮਤ ਵਿਚ ਫੱਫੇ ਕੁੱਟਣਾ ਉਹ ਹੈ ਜਿਹੜਾ ਮਨ (ਰੂਪੀ ਸ਼ੱਤ੍ਰੂ) ਨੂੰ ਕੁੱਟਣਾ ਕਰੇ।

ਮਨ ਰੂਪੀ ਸ਼ੱਤ੍ਰੂ ਨੂੰ ਕੱਟੇ ਤਾਂ ਜਮਾਂ ਤੋਂ ਛੁੱਟ ਜਾਂਦਾ ਹੈ।

ਕੁਟਿ ਕੁਟਿ ਮਨੁ ਕਸਵਟੀ ਲਾਵੈ॥ ਸੋ ਕੂਟਨੁ ਮੁਕਤਿ ਬਹੁ ਪਾਵੈ॥ ੧॥

ਵਿਸ਼ਿਆਂ ਵਿਚ ਲੱਗੇ ਹੋਏ ਮਨ ਨੂੰ ਸਮ ਦਮ ਆਦਿ ਸ਼ਾਧਨਾਂ ਦੁਆਰਾ ਬਾਰੰਬਾਰ ਕੁੱਟ ਕੁੱਟ ਕੇ ਫੇਰ ਉਸਦੀ

ਸ਼ੁੱਧਤਾ ਪਰਖਣੇ ਲਈ ਭਗਤੀ ਰੂਪ ਕਸਉਟੀ ਤੇ ਲਾਵੇ।

ਉਹ ਫੱਫੇ ਕੁੱਟਣਾ ਬਹੁ=ਵਡੀ ਮੁਕਤਿ=ਮੁਕਤੀ ਨੂੰ, ਭਾਵ ਕੇਵਲ ਮੁਕਤੀ ਨੂੰ ਪਾ ਲੈਂਦਾ ਹੈ।। ੧ ॥

ਕੂਟਨੁ ਕਿਸੈ ਕਹਹੁ ਸੰਸਾਰ ॥ ਸਗਲ ਬੋਲਨ ਕੇ ਮਾਹਿ ਬੀਚਾਰ ॥ ੧ ॥ ਰਹਾਉ ॥

(ਇਨ੍ਹਾਂ ਦੋ ਤੁਕਾਂ ਦਾ ਅਰਥ ਪਹਿਲੇ ਹੋ ਚੁਕਾ ਹੈ।)

ਲੋਕਾਂ ਆਖਿਆ-''ਇਹ ਨੱਚਣਾ ਹੈ, ਅਸੀਂ ਕੁਝ ਕਹਿੰਦੇ ਹਾਂ ਇਹ ਕੁਝ ਹੋਰ ਸਮਝਦਾ ਹੈ।'' ਉੱਤਰ-

ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ ਪਰਚੈ ਸਾਚੈ ॥

ਸਾਡੇ ਮਤ ਵਿਚ ਨੱਚਣਾ ਉਹ ਹੈ ਜਿਹੜਾ ਮਨ ਨਾਲ ਸੱਤ ਅਸੱਤ ਦਾ ਨਾਚੈ=ਨਿਰਣਾ ਕਰੇ। ਝੂਠੇ ਬਚਨਾਂ ਤੇ ਭਰੋਸਾ ਨਾ ਕਰੇ ਤੇ ਸੱਚ ਵਿਚ ਪਰਚਣਾ ਕਰੇ, ਭਾਵ ਲਗਣਾ ਕਰੇ।

ਇਸੁ ਮਨ ਆਗੇ ਪੂਰੈ ਤਾਲ ॥ ਇਸੁ ਨਾਚਨ ਕੇ ਮਨ ਰਖਵਾਲ ॥ ੨ ॥

ਇਸ ਮਨ=ਸ਼੍ਰੋਮਣੀ ਪਰਮਾਤਮਾ ਅੱਗੇ ਮਹਾਵਾਕਾਂ ਰੂਪੀ, ਵਾ:-ਜਸ ਰੂਪੀ ਤਾਲਾਂ ਨੂੰ ਪੂਰਨਾ ਕਰੇ। ਇਸ ਤਰ੍ਹਾਂ ਦੇ ਨੱਚਣ ਵਾਲੇ ਪੁਰਸ਼ ਦੀ ਮਨ=ਸ਼੍ਰੋਮਣੀ ਪਰਮਾਤਮਾ ਰੱਖਿਆ ਕਰਨ ਵਾਲਾ ਹੁੰਦਾ ਹੈ॥ ੨ ॥

ਫਿਰ ਲੋਕਾਂ ਨੇ ਆਖਿਆ-''ਇਹ ਮਸ਼ਕਰਾ ਹੈ ਚੂੰਕਿ ਉਲਟੀਆਂ ਗੱਲਾਂ ਵਿਚ ਉੱਤਰ ਦੇਂਦਾ ਹੈ।''

ਕਬੀਰ ਜੀ ਆਖਦੇ ਹਨ ਸਾਡੇ ਮਤ ਵਿਚ-

ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥

ਬਜਾਰੀ=ਮਸ਼ਕਰਾ ਉਹ ਹੈ ਜਿਹੜਾ ਬਜਾਰਹਿ=ਗਿਆਨ ਇੰਦ੍ਰੀਆਂ ਨੂੰ ਸੋਧਣਾ ਕਰੇ ਭਾਵ ਵਿਸ਼ਿਆਂ ਤੋਂ ਰਹਿਤ ਕਰੇ।

ਪਾਂਚ ਪਲੀਤਹ=ਪੰਜ ਗਿਆਨ ਇੰਦ੍ਰੀਆਂ ਨੂੰ ਪਰ=ਭਲੀ ਪ੍ਰਕਾਰ ਬੋਧੈ=ਸਮਝਾਵੇ।

ਨਉ ਨਾਇਕ ਕੀ ਭਗਤਿ ਪਛਾਨੈ ॥

ਨੌਂ ਖੰਡਾਂ ਵਾਲੀ ਪ੍ਰਿਥਵੀ ਦੇ ਨਾਇਕ=ਮਾਲਕ ਦੀ ਭਗਤੀ ਕਰਨੀ ਪਛਾਣੇ।

ਵਾ-ਨਾਇਕ=ਸੁਆਮੀ ਹੈ ਨਉ=ਨਾਂ ਜਿਸ ਦਾ, ਉਸ ਦੀ ਭਗਤੀ ਕਰਨੀ ਪਛਾਣੇ।

ਵਾ:-ਨਾਇਕ ਦੀ ਨਉ ਭਗਤਿ=ਨੌਧਾ ਭਗਤੀ ਕਰਨੀ ਪਛਾਣੇ।

ਸੋ ਬਾਜਾਰੀ ਹਮ ਗੁਰ ਮਾਨੇ ॥ ੩ ॥

ਉਸ ਮਸ਼ਕਰੇ ਨੂੰ ਅਸੀਂ ਸਭ ਤੋਂ ਗੁਰ=ਵੱਡਾ ਕਰਕੇ ਮੰਨਦੇ ਹਾਂ।

ਵਾ:-ਗੁਰੂ ਕਰਕੇ ਮੰਨਦੇ ਹਾਂ॥ ੩ ॥

ਕਬੀਰ ਜੀ ਨੇ ਆਪਣੀ ਸ਼ਰਨ ਆਇਆ ਸਮਝ ਕੇ ਬਚਾਉ ਦੀ ਖਾਤਰ ਜਦ ਚੋਰ ਨੂੰ ਆਪਣੀ ਲੜਕੀ ਪਾਸ ਸੁਆ ਦਿੱਤਾ ਤਾਂ ਲੋਕਾਂ ਆਖਿਆ, ''ਇਹ ਚੋਰਾਂ ਦਾ ਮੇਲੀ ਹੈ ਇਸ ਤੇ ਇਹ ਭੀ ਚੋਰ ਹੈ।''

ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

ਤਸਕਰੁ ਸੋਇ ਜਿ ਤਾਤਿ ਨ ਕਰੈ ॥

ਤਸਕਰੁ=ਚੋਰ ਉਹ ਹੈ ਜਿਹੜਾ ਕਿਸੇ ਨੂੰ ਦੁੱਖ ਦੇਣ ਦੀ ਤਾਤਿ=ਇੱਛਾ ਨਾ ਕਰੇ।

'ਤਾਤਿ' ਸ਼ਬਦ ਜਿਥੇ ਭੀ ਆਇਆ ਹੈ ਓਥੇ ਇੱਛਾ ਦਾ ਨਾਮ ਹੈ।

ਯਥਾ-''ਜਿਸੁ ਅੰਦਰਿ 'ਤਾਤਿ' ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥''

(ਗਉੜੀ ਵਾਰ, ਪੰਨਾ ੩੦੮)

ਤਥਾ-''ਬਿਸਰਿ ਗਈ ਸਭ 'ਤਾਤਿ' ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ ੧॥''

(ਕਾਨੜਾ ਮ: ੫, ਪੰਨਾ ੧੨੯੯)

ਤਥਾ-''ਅਹਿਨਿਸਿ ਨਿੰਦਾ 'ਤਾਤਿ' ਪਰਾਈ ਹਿਰਦੈ ਨਾਮ ਨ ਸਰਬ ਦਇਆ॥''

(ਰਾਮਕਲੀ ਮ: ੧, ਪੰਨਾ ੯੦੬)

ਇੰਦ੍ਰੀ ਕੈ ਜਤਨਿ ਨਾਮੁ ਉਚਰੈ॥

ਬੜੇ ਬੜੇ ਜਤਨਾਂ ਨੂੰ ਕੈ=ਕਰਕੇ ਇੰਦ੍ਰੀਆਂ ਨੂੰ ਆਪੋ ਆਪਣੇ ਵਿਸ਼ਿਆਂ ਵੱਲੋਂ ਰੋਕ ਕੇ ਅਕਾਲ ਪੁਰਖ ਦੇ ਨਾਮ ਨੂੰ ਉਚਾਰਨ ਕਰੇ।

ਵਾ:-ਜਤਨ ਪੂਰਬਕ ਇੰਦ੍ਰੀਆਂ ਦੁਆਰਾ ਨਾਮ ਨੂੰ ਉਚਾਰਨਾ ਕਰੇ।

ਕਹੁ ਕਬੀਰ ਹਮ ਐਸੇ ਲਖਨ॥
ਧੰਨੁ ਗਰਦੇਵ ਅਤਿ ਰੂਪ ਬਿਚਖਨ॥ ੪॥ ੭॥ ੧੦॥

ਕਬੀਰ ਜੀ ਕਥਨ ਕਰਦੇ ਹਨ-ਸਾਡੇ ਵਿਚ ਇਸ ਤਰ੍ਹਾਂ ਦੇ ਲਖਨ=ਚਿੰਨ੍ਹ ਹਨ।

ਪ੍ਰਸ਼ਨ-''ਇਹ ਚਿੰਨ੍ਹ ਤੁਹਾਨੂੰ ਕਿਵੇਂ ਪ੍ਰਾਪਤ ਹੋਏ ?'' ਉੱਤਰ-ਗੁਰਾਂ ਦੀ ਕਿਰਪਾ ਨਾਲ।

ਇਸ ਤੇ ਗੁਰਦੇਵ ਜੀ ਧੰਨਤਾ ਯੋਗ ਹਨ, ਜੋ ਅਤਿ ਰੂਪ ਬਿਚਖਨ=ਬੜੇ ਚਤੁਰ ਸਰੂਪ ਹਨ।

ਵਾ:-ਬਿ ਚਖਨ=ਵਿਸ਼ੇਸ਼ ਕਰਕੇ ਗਿਆਨ ਵੈਰਾਗ ਰੂਪੀ ਨੇਤਰਾਂ ਵਾਲੇ ਹਨ।

ਵਾ:-ਬਿ=ਦ੍ਵੈਵ ਦੇ ਚ=ਪੁਨਾ ਖਨ=ਖਨਨੇ ਭਾਵ ਨਾਸ ਕਰਨ ਵਾਲੇ ਹਨ॥ ੪॥ ੭॥ ੧੦॥

[ਪੰਨਾ ੮੭੩]

ਗੋਂਡ॥

ਉਥਾਨਕਾ:-ਕੋਈ ਪਖੰਡੀ ਪੁਰਸ਼ ਦੂਧਾਧਾਰੀ ਹੋ ਕੇ ਅੰਨ ਦੀ ਨਖੇਧੀ ਕਰਦਾ ਸੀ, ਸਾਰਿਆਂ ਲੋਕਾਂ ਨੂੰ ਇਹੋ ਉਪਦੇਸ਼ ਦੇਂਦਾ ਸੀ ਕਿ ਅੰਨ ਖਾਣ ਨਾਲ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ ।

ਤਿਸ ਨੂੰ ਕਬੀਰ ਜੀ ਉੱਤਰ ਦੇਂਦੇ ਹਨ-

ਧੰਨੁ ਗੁਪਾਲ ਧੰਨੁ ਗੁਰਦੇਵ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ॥

ਗੁ+ਪਾਲ=ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪਰਮਾਤਮਾ ਧੰਨ ਹੈ ਜਿਸ ਨੇ ਅੰਨ ਪੈਦਾ ਕੀਤਾ ਹੈ ਤੇ ਗੁਰਦੇਵ ਜੀ ਵੀ ਧੰਨ ਹਨ ਜੋ ਪਰਮੇਸ਼ਰ ਪ੍ਰਾਪਤੀ ਦਾ ਗਿਆਨ ਕਰ ਦੇਂਦੇ ਹਨ।

ਅਨਾਦਿ=ਅਨਾਜ (ਅੰਨ) ਧੰਨਤਾ ਯੋਗ ਹੈ, ਜਿਸ ਦੇ ਖਾਣ ਨਾਲ ਭੁੱਖੇ ਦਾ ਹਿਰਦਾ-ਕਵਲ ਟਹਕੇਵ=ਪਰਫੁੱਲਤ ਭਾਵ ਖਿੜ ਜਾਂਦਾ ਹੈ।

ਧਨੁ ਓਇ ਸੰਤ ਜਿਨ ਐਸੀ ਜਾਨੀ॥
ਤਿਨ ਕਉ ਮਿਲਿਬੋ ਸਾਰਿੰਗਪਾਨੀ॥ ੧॥

ਉਹ ਸੰਤ ਵੀ ਧੰਨ ਹਨ ਜਿਨ੍ਹਾਂ ਨੇ ਇਸ ਤਰ੍ਹਾਂ ਦੀ ਗੱਲ ਜਾਨਣਾ ਕੀਤੀ ਹੈ।

ਤਿਨ੍ਹਾਂ ਨੂੰ ਸਾਰਿੰਗਪਾਨੀ=ਪਰਮਾਤਮਾ ਮਿਲਦਾ ਹੈ॥ ੧॥

ਪ੍ਰਸ਼ਨ-''ਅੰਨ ਕਿਥੋਂ ਪੈਦਾ ਹੋਇਆ ਹੈ ?'' ਉੱਤਰ-

ਆਦਿ ਪੁਰਖ ਤੇ ਹੋਇ ਅਨਾਦਿ ॥

ਆਦਿ ਪੁਰਖ=ਪਰਮਾਤਮਾ ਤੋਂ ਹੀ ਅਨਾਦਿ=ਅੰਨ ਪਰੰਪਰਾ ਰੀਤੀ ਨਾਲ ਉਤਪੰਨ ਹੋਇਆ ਹੈ।

ਜਿਵੇਂ-ਕੁਲ ਸ੍ਰਿਸ਼ਟੀ ਦੇ ਜੀਵ ਅੰਨ ਤੋਂ ਪੈਦਾ ਹੁੰਦੇ ਹਨ, ਕਿਉਂਕਿ ਸਥੂਲ ਸਰੀਰ ਅੰਨਮਜ ਕੋਸ਼ ਹੈ। ਅੰਨ ਮੇਘਾਂ ਤੋਂ ਹੁੰਦਾ ਹੈ। ਮੇਘ ਯੱਗਾਂ ਤੋਂ ਹੁੰਦੇ ਹਨ। ਕਰਮ ਵੇਦਾਂ ਤੋਂ ਹੁੰਦੇ ਹਨ। ਵੇਦ ਪ੍ਰਮਾਤਮਾ ਤੋਂ ਹੋਏ ਹਨ। ਇਸ ਤਰ੍ਹਾਂ ਪਰੰਪਰਾ ਰੀਤੀ ਨਾਲ ਪ੍ਰਮਾਤਮਾ ਤੋਂ ਅੰਨ ਉਤਪੰਨ ਹੁੰਦਾ ਹੈ।

ਜਪੀਐ ਨਾਮੁ ਅੰਨ ਕੈ ਸਾਦਿ॥ ੧॥ ਰਹਾਉ॥

ਇਸ ਵਾਸਤੇ ਅੰਨ ਦੇ ਸੁਆਦ ਨੂੰ ਲੈ ਕੇ ਪਰਮਾਤਮਾ ਦਾ ਨਾਮ ਜਪਣਾ ਕਰੀਏ॥ ੧॥

ਜਪੀਐ ਨਾਮੁ ਜਪੀਐ ਅੰਨੁ॥ ਅੰਭੈ ਕੈ ਸੰਗਿ ਨੀਕਾ ਵੰਨੁ॥

ਪਰਮਾਤਮਾ ਦਾ ਨਾਮ ਜਪੀਏ ਅਤੇ ਅੰਨ ਨੂੰ ਵੀ ਜਪੀਏ, ਭਾਵ ਅੰਨ ਦੀ ਸਿਫਤ ਕਰੀਏ।

ਵਾ:-ਅੰਨ ਨੂੰ ਜਪੀਐ=ਖਾ ਕੇ ਨਾਮ ਨੂੰ ਜਪਣਾ ਕਰੀਏ।

ਅੰਭੈ=ਪਾਣੀ ਦੇ ਨਾਲ ਮਿਲਣ ਕਰਕੇ ਅੰਨ ਦਾ ਵੰਨੁ=ਰੰਗ, ਨੀਕਾ=ਚੰਗਾ ਹੋ ਜਾਂਦਾ ਹੈ।

ਅੰਨੈ ਬਾਹਰਿ ਜੋ ਨਰ ਹੋਵਹਿ॥ ਤੀਨਿ ਭਵਨ ਮਹਿ ਅਪਨੀ ਖੋਵਹਿ॥ ੨॥

ਅੰਨ ਛਕਣ ਤੋਂ ਬਾਹਰ ਜਿਹੜਾ ਆਦਮੀ ਹੁੰਦਾ ਹੈ।

ਉਹ ਤਿੰਨਾਂ ਲੋਕਾਂ ਵਿਚ ਆਪਣੀ ਪਤ-ਆਬਰੋ ਖੋਹ ਲੈਂਦਾ ਹੈ॥ ੨॥

ਯਥਾ-''ਅੰਨੁ ਨ ਖਾਹਿ ਦਹੀ ਦੁਖੁ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥''

(ਰਾਮਕਲੀ ਮ: ੧, ਪੰਨਾ ੯੦੫)

ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥

ਅੰਨ ਖਾਣਾ ਛੱਡ ਕੇ ਜੋ ਪਖੰਡ ਕਰਦਾ ਹੈ।

ਨਾ ਉਹ ਸੁਹਾਗਣ ਹੈ ਨਾ ਉਹ ਰੰਡੀ ਹੈ। ਪਰਮੇਸ਼ਰ-ਪਤੀ ਮਿਲਦਾ ਨਹੀਂ, ਇਸ ਕਰਕੇ ਸੁਹਾਗਣ ਨਹੀਂ। ਪਰਮਾਤਮਾ-ਪਤੀ ਕਦੇ ਮਰਦਾ ਨਹੀਂ, ਇਸ ਕਰਕੇ ਉਹ ਰੰਡੀ ਨਹੀਂ।

ਜਗ ਮਹਿ ਬਕਤੇ ਦੂਧਾਧਾਰੀ॥ ਗੁਪਤੀ ਖਾਵਹਿ ਵਟਿਕਾ ਸਾਰੀ॥ ੩॥

ਜਗਤ ਵਿਚ ਬਕਦੇ ਹਨ ਕਿ ਅਸੀਂ ਦੂਧਾਧਾਰੀ ਹਾਂ। ਦੁੱਧ ਦੇ ਆਸਰੇ ਰਹਿੰਦੇ ਹਾਂ।

ਪਰ ਰਾਤ ਨੂੰ ਗੁਪਤੀ=ਲੁਕ-ਛਿਪ ਕੇ ਸਾਰੀ ਵੱਟੀ, ਪੰਜ ਸੇਰ ਹੀ ਖਾ ਜਾਂਦੇ ਹਨ।

ਵਾ:-ਵਟਿ ਕਾਸਾਰੀ=ਕਸਾਰ ਦੀਆਂ ਪਿੰਨੀਆਂ ਵੱਟ ਕੇ ਗੁਪਤ ਖਾ ਜਾਂਦੇ ਹਨ।

(ਸੰਪ੍ਰਦਾਈ ਪਾਠ 'ਵਟਿਕਾ' ਹੈ)

ਅੰਨੈ ਬਿਨਾ ਨ ਹੋਇ ਸੁਕਾਲੁ॥ ਤਜਿਐ ਅੰਨਿ ਨ ਮਿਲੈ ਗੁਪਾਲੁ॥

ਨਿਯਮ ਹੈ, ਅੰਨ ਹੋਏ ਤੋਂ ਬਿਨਾਂ ਕਦੇ ਸੁਕਾਲੁ=ਚੰਗਾ ਸਮਾਂ, ਭਾਵ ਖੁਸ਼ਹਾਲੀ ਨਹੀਂ ਹੁੰਦੀ। ਅੰਨ ਦੇ ਤਿਆਗਣ ਕਰਕੇ ਗੁਪਾਲੁ=ਪਰਮਾਤਮਾ ਨਹੀਂ ਮਿਲਦਾ।

ਕਹੁ ਕਬੀਰ ਹਮ ਐਸੇ ਜਾਨਿਆ॥

ਕਬੀਰ ਜੀ ਕਥਨ ਕਰਦੇ ਹਨ-ਮੈਂ ਇਸ ਤਰ੍ਹਾਂ ਜਾਨਣਾ ਕੀਤਾ ਹੈ।

ਧੰਨੁ ਅਨਾਦਿ ਠਾਕੁਰ ਮਨੁ ਮਾਨਿਆ॥ ੪॥ ੮॥ ੧੧॥

ਅਨਾਦਿ=ਅਨਾਜ-ਅੰਨ ਧੰਨ ਹੈ ਜਿਸ ਉਤੇ ਠਾਕੁਰ=ਪਰਮਾਤਮਾ ਦਾ ਮਨ ਮੰਨਿਆਂ ਗਿਆ ਹੈ।

ਸਾਖੀ-ਅੰਨ ਮਹਿਮਾ ਦੀ

ਇਕ ਇਕ ਬੈਕੁੰਠ ਵਿਚ ਸਭ ਦੇਵਤਿਆਂ ਦੀ ਸਭਾ ਬੁਲਾਈ ਗਈ। ਜਿਉਂ ਜਿਉਂ ਦੇਵਤੇ ਆਉਣ, ਆਪੋ ਆ ਕੇ ਬੈਠਦੇ ਜਾਣ। ਜਿਸ ਵੇਲੇ ਅੰਨ ਦੇਵਤਾ ਆਇਆ ਤਾਂ ਭਗਵਾਨ ਜੀ ਨੇ ਅਵਾਜ਼ ਦੇ ਕੇ ਅੱਗੇ ਸੱਦ ਲਿਆ, ਬੜੇ ਆਦਰ-ਮਾਣ ਨਾਲ ਬਿਠਾਇਆ। ਇਹ ਗੱਲ ਵੇਖ ਕੇ ਬਾਕੀ ਦੇ ਦੇਵਤੇ ਨਾ ਸਹਿ ਸਕੇ। ਆਪਸ ਵਿਚ ਬਹੁਤ ਚਰਚਾ ਛਿੜ ਪਈ ਕਿ ਇਸ ਕਾਲੇ ਰੰਗ ਦੇ ਕੋਹੜੇ ਨੂੰ ਇਤਨਾ ਆਦਰ ਕਿਉਂ ਦਿੱਤਾ ਹੈ। ਰੌਲਾ ਸੁਣ ਕੇ ਅੰਤਰਜਾਮੀ ਭਗਵਾਨ ਨੇ ਉਸੀ ਵੇਲੇ ਸੰਸਾਰ 'ਚੋਂ ਅੰਨ ਦੇਵਤਾ ਬੁਲਾ ਲਿਆ। ਲੋਕ ਭੁੱਖੇ ਮਰਨ ਲੱਗੇ ਤੇ ਅਹੂਤੀਆਂ ਬੰਦ ਹੋਣ ਨਾਲ ਦੇਵਤੇ ਭੀ ਤੜਫਣ ਲੱਗੇ। ਉਸੀ ਵੇਲੇ ਦੇਵਤਿਆਂ ਨੇ ਭੁੱਲ ਬਖਸ਼ਾ ਕੇ ਅੰਨ ਦੇਵਤੇ ਨੂੰ ਸੰਸਾਰ, ਵਿਚ ਭਿਜਵਾਇਆ, ਉਸ ਵੇਲੇ ਸਭ ਦੇਵਤਿਆਂ ਅੰਦਰ ਵੀ ਅੰਨ ਦੇਵਤੇ ਦਾ ਵਧੇਰੇ ਸਨਮਾਨ ਹੋ ਗਿਆ।

ਦੂਜੀ ਸਾਖੀ

ਅੰਨ ਦੇਵਤਾ ਧੰਨ ਹੈ ਜਿਸ ਉਤੇ ਠਾਕੁਰ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਨ ਮੰਨਿਆਂ ਗਿਆ। ਜਿਸ ਵੇਲੇ ਪੰਚਮ ਪਿਤਾ ਸ੍ਰੀ ਰਾਮਸਰ ਸਰੋਵਰ ਦੇ ਕੰਢੇ ਪਰ ਬੈਠ ਕੇ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਰਹੇ ਸਨ ਤੇ ਬਸੰਤ ਰਾਗ ਵਿਖੇ ਵਾਰ ਉਚਾਰ ਰਹੇ ਸ਼ਨ। ਅਜੇ ਤਿੰਨ ਹੀ ਪਉੜੀਆਂ ਉਚਾਰੀਆਂ ਸਨ ਜੋ ਇਤਨੇ ਨੂੰ ਲਾਂਗਰੀ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ, ''ਗਰੀਬ ਨਿਵਾਸ ਜੀਓ ! ਲੰਗਰ ਦਾ ਪ੍ਰਸ਼ਾਦਿ ਹਾਜ਼ਰ ਹੈ, ਆਪ ਜੀ ਹੁਕਮ ਦਿਓ ਤਾਂ ਲੈ ਆਵਾਂ।''

ਹਜ਼ੂਰ ਨੇ ਅੰਨ ਦਾ ਸਤਿਕਾਰ ਕਰਦੇ ਹੋਇਆਂ ਕਿਹਾ-''ਭਾਈ ! ਲੈ ਆ।'' ਲਾਂਗਰੀ ਨੇ ਝੱਟ ਜਾ ਕੇ ਪ੍ਰਸ਼ਾਦਿ ਥਾਲ ਵਿਖੇ ਪਾ ਲਿਆਂਦਾ ਤੇ ਹਜ਼ੂਰ ਜੀ ਪ੍ਰਸ਼ਾਦ-ਪਾਣੀ ਛਕ ਕੇ ਬਿਰਾਜਮਾਨ ਹੋ ਗਏ। ਏਸ ਕਰਕੇ ਵਾਰ ਦੀਆਂ ਤਿੰਨ ਹੀ ਪਉੜੀਆਂ ਰਹੀਆਂ ਹਨ।

ਯਥਾ- 'ਇਤ ਸ੍ਰੀ ਅਰਜਨ ਰਚਿਤ ਗ੍ਰੰਥ ਨਿਤ ਲਿਖਤਿ ਜਾਤਿ ਗੁਰਦਾਸ ਸੁਜਾਨ।
ਰਾਗ ਬਸੰਤ ਬਨਾਇ ਸ਼ਬਦ ਸਭਿ, ਲਗੇ ਵਾਰ ਕਰਿਬੇ ਸੁਖ ਦਾਨ॥ ੨੬॥
ਪੌੜੀ ਤੀਨ ਉਚਾਰਨਿ ਕੀਨੀ, ਸੂਪਕਾਰ ਤਬਿ ਹੂੰ ਚਲਿ ਆਇ।
ਪ੍ਰਭੁ ਜੀ ਭੋਜਨ ਅਬਿ ਤਜਾਰ ਹੈ, ਰਾਵਰ ਕੀ ਜਿਮ ਹੋਇ ਰਜਾਇ।

ਹਿਤ ਅਹਾਰ ਕੇ ਆਦਰ ਕਰਿਬੇ; ਸ੍ਰੀ ਗੁਰ ਹਟੇ, ਨ ਬਹੁਰ ਬਨਾਇ।
ਅਚਜੋ ਅਨਾਇ ਤ੍ਰਿਪਤ ਤਬਿ ਹੈ ਕਰਿ, ਨਿਜ ਸੰਗਤਿ ਮਹਿ ਇਹੁ ਬਿਦਤਾਇ॥ ੨੭॥
ਤਿਤਨੀ ਹਰੀ ਨ ਬਹੁਬਿ ਬਨਾਈ, ਅਪਰ ਖਜਾਲ ਮਹਿੰਗੇ ਬਿਰਮਾਇ।

(ਗੁਰ ਪ੍ਰਤਾਪ ਸੂਰਜ, ਰਾਸ ੩. ਅੰਮੁ ੪੫)

ਦੂਜਾ ਅਰਥ-

ਕਈ ਦਾਨੇ ਇਸ ਸ਼ਬਦ ਦਾ ਦੂਜਾ ਅਰਥ ਭੀ ਕਰਦੇ ਹਨ-

ਧੰਨੁ ਗੁਪਾਲ ਧੰਨੁ ਗੁਰਦੇਵ॥

ਗੁ+ਪਾਲ=ਪ੍ਰਿਥਵੀ ਪਾਲਕ ਪਰਮਾਤਮਾ ਧੰਨਤਾ ਦੇ ਯੋਗ ਹੈ। ਅਗਿਆਨ ਦਾ ਨਾਸ ਕਰਕੇ ਗਿਆਨ ਦਾ ਦੇਵ=ਪ੍ਰਕਾਸ਼ਕ ਜੋ ਗੁਰ=ਪੂਜਨੀਕ ਪਰਮਾਤਮਾ ਹੈ ਉਹ ਧੰਨ ਹੈ।

(ਧੰਨੁ ਅਨਾਦਿ) ਉਹ ਅਨਾਦੀ ਪਰਮਾਤਮਾ ਧੰਨ ਹੈ।

(ਭੂ+ਖੇ) ਭੂ=ਪ੍ਰਿਥਵੀ ਤੇ ਖੇ ਅਕਾਸ਼ ਵਿਚ ਵਿਆਪਕ ਹੈ।

(ਕਵਲ ਟਹਕੇਵ॥) ਆਪਣੀ ਸੱਤਾ ਨਾਲ ਜੋ ਹਿਰਦੇ-ਕਵਲ ਨੂੰ ਖਿੜਾਉਣ ਵਾਲਾ ਹੈ।

ਧਨੁ ਓਇ ਸੰਤ ਜਿਨ ਐਸੀ ਜਾਨੀ॥ ਤਿਨ ਕਉ ਮਿਲਿਬੋ ਸਾਰਿੰਗਪਾਨੀ॥ ੧॥

ਉਹ ਸੰਤ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਅਜੇਹੀ ਸਿਖਿਆ ਜਾਣੀ ਹੈ।

ਤਿਨ੍ਹਾਂ ਸੰਤਾਂ ਨੂੰ ਜਿਹੜਾ ਮਿਲਣਾ ਹੈ ਏਹੀ ਸਾਰਿੰਗਪਾਨੀ=ਪਰਮਾਤਮਾ ਨਾਲ ਮਿਲਾਪ ਹੈ।

ਆਦਿ ਪੁਰਖ ਤੇ ਹੋਇ ਅਨਾਦਿ॥ ਜਪੀਐ ਨਾਮੁ ਅੰਨ ਕੈ ਸਾਦਿ॥ ੧॥ ਰਹਾਉ॥

ਜੋ ਸਾਰਿਆਂ ਦਾ ਆਦਿ ਪੁਰਖ ਹੈ, ਉਸ ਤੋਂ ਸਾਰਾ ਜਗਤ ਹੋਇਆ ਹੈ ਤੇ ਉਹ ਆਪ ਅਨਾਦੀ ਹੈ, ਉਸ ਦੀ ਆਦਿ ਕੋਈ ਨਹੀਂ।

ਜੇ ਉਸ ਦਾ ਨਾਮ ਜਪੀਏ ਤਾਂ ਫਿਰ ਅੰਨ=ਦ੍ਵੈਤ ਦਾ ਕੀ ਸੁਆਦ ਆਉਣਾ ਹੈ, ਭਾਵ ਨਹੀਂ ਆਉਂਦਾ।

ਜਪੀਐ ਨਾਮੁ ਜਪੀਐ ਅੰਨੁ॥ ਅੰਭੈ ਕੈ ਸੰਗਿ ਨੀਕਾ ਵੰਨੁ॥

ਸਤਿਨਾਮੁ ਨੂੰ ਜਪੀਏ ਅਤੇ ਅੰਨੁ=ਦ੍ਵੈਤ ਨੂੰ ਜਪੀਏ=ਜ਼ਬਤ ਕਰੀਏ।

ਪ੍ਰੇਮ ਰੂਪ ਅੰਭੈ=ਜਲ ਨਾਲ ਨੀਕਾ ਚੰਗਾ ਤੁਰੀਆ ਪਦ ਦਾ ਵੰਨੁ=ਰੰਗ ਚੜ੍ਹ ਜਾਂਦਾ ਹੈ।

ਅੰਨੈ ਬਾਹਰਿ ਜੋ ਨਰ ਹੋਵਹਿ॥ ਤੀਨਿ ਭਵਨ ਮਹਿ ਅਪਨੀ ਖੋਵਹਿ॥ ੨॥

ਜੋ ਪੁਰਸ਼ ਅੰਨੈ=ਦ੍ਵੈਤ ਤੋਂ ਬਾਹਰ ਹੁੰਦਾ ਹੈ।

ਉਹ ਤਿੰਨਾਂ ਭਵਨਾਂ ਵਿਚੋਂ ਅਪਨੀ=ਅਪਣੱਤ ਨੂੰ ਗੁਆ ਦੇਂਦਾ ਹੈ॥ ੨॥

(ਛੋਡਹਿ ਅੰਨੁ ਕਰਹਿ ਪਾਖੰਡ॥) ਜੋ ਅੰਨੁ=ਦ੍ਵੈਤ ਨੂੰ ਛੱਡਦਾ ਹੈ ਉਹ ਪੁਰਸ਼ ਪਾ=ਪਾਪਾਂ ਦਾ ਖੰਡ=ਖੰਡਨ ਕਰਦਾ ਹੈ।

(ਨਾ ਸੋਹਾਗਨਿ) ਉਹ ਨਾ=ਪੁਰਸ਼ ਸੋਹਾਗਨਿ=ਸੁਹਾਗਵੰਤੀਆਂ ਦੀ ਨਿਆਈਂ ਤਤਵੇਤਾ ਹੋ ਜਾਂਦਾ ਹੈ।

*(ਨਾ **ਓਹਿ ਰੰਡ**॥)* ਉਹ ਰੰਡ=ਅਨੀਸ਼ਰਵਾਦੀ, ਭਾਵ ਨਾਸਤਕ ਨਹੀਂ ਹੁੰਦਾ।

ਜਗ ਮਹਿ ਬਕਤੇ ਦੂਧਾਧਾਰੀ ॥

ਓਹ ਪੁਰਸ਼ ਜਗਤ ਵਿਖੇ ਦੁੱਧ ਦੀਆਂ ਧਾਰਾਂ ਵਾਂਗ ਉੱਜਲ, ਭਾਵ ਨਿਸ਼ਕਾਮੀ ਬਕਤੇ=ਉਚਾਰੇ ਜਾਂਦੇ ਹਨ।

ਗੁਪਤੀ ਖਾਵਹਿ ਵਟਿ ਕਾਸਾਰੀ ॥ ੩ ॥

ਗੁ+ਪਤੀ=ਇੰਦਰੀਆਂ ਦਾ ਪਤੀ ਜੋ ਸਾਧੀ ਚੇਤਨ ਹੈ, ਉਸ ਦੇ ਅਨੰਦ ਨੂੰ ਖਾਂਦੇ ਹਨ। ਕਸਾਰ ਵਾਂਗ ਜੋ ਇੰਦਰੀਏ ਹਨ, ਉਹਨਾਂ ਨੂੰ ਵਿਸ਼ਿਆਂ ਵਲੋਂ ਵਟਿ=ਦਮਨ ਕਰਦੇ ਹਨ।

ਯਥਾ- ''ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ॥'' *(ਮਾਝ ਵਾਰ, ਪੰਨਾ ੧੪੨)*

ਅੰਨੈ ਬਿਨਾ ਨ ਹੋਇ ਸੁਕਾਲੁ॥ ਤਜਿਐ ਅੰਨਿ ਨ ਮਿਲੈ ਗੁਪਾਲੁ॥

ਅੰਨੈ=ਦ੍ਵੈਤ ਤੋਂ ਬਿਨਾਂ ਹੋਣ ਕਰਕੇ ਉਹ ਕਾਲ ਦੇ ਵਸੀਕਾਰ ਨਹੀਂ ਹੁੰਦਾ।

ਕੀ ਅੰਨਿ=ਦ੍ਵੈਤ ਦੇ ਤਿਆਗਣ ਕਰਕੇ ਗੋਪਾਲ ਨਹੀਂ ਮਿਲਦਾ ? ਭਾਵ ਜ਼ਰੂਰ ਮਿਲਦਾ ਹੈ।

ਕਹੁ ਕਬੀਰ ਹਮ ਐਸੇ ਜਾਨਿਆ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ ੪॥ ੮॥ ੧੧॥

ਕਬੀਰ ਜੀ ਆਖਦੇ ਹਨ-ਅਸਾਂ ਨੇ ਇਸ ਪ੍ਰਕਾਰ ਦੇ ਵਿਚਾਰ ਨੂੰ ਜਾਣਿਆ ਹੈ।

ਉਹ ਅਨਾਦੀ ਠਾਕੁਰ ਧੰਨ ਹੈ, ਉਸ ਉਤੇ ਮੇਰਾ ਮਨ ਮੰਨਿਆ ਗਿਆ ਹੈ॥ ੪॥ ੮॥ ੧੧॥

ਇਥੋਂ ਤਕ ਗਿਆਰਾਂ ਸ਼ਬਦ ਕਬੀਰ ਸਾਹਿਬ ਜੀ ਦੇ ਆਏ ਹਨ।

ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ-''ਨਾਮ ਦੇ ਤੁਲ ਹੋਰ ਕੋਈ ਸਾਧਨ ਹੈ ਜਾਂ ਨਹੀਂ ?''

ਉੱਤਰ-''ਨਾਮ ਦੇ ਤੁਲ ਕੋਈ ਸਾਧਨ ਨਹੀਂ।''

ਯਥਾ-''ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ ੧॥''

(ਸੁਖਮਨੀ, ਪੰਨਾ ੨੬੫)

ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥

ਚਾਹੇ ਕੋਈ ਅਸ੍ਵਮੇਧ ਯੱਗ ਕਰ ਲਵੇ। (ਅਸ੍ਵਮੇਧ ਯੱਗ ਉਸ ਨੂੰ ਆਖਦੇ ਹਨ, ਜਿਸ ਵਿਚ ਘੋੜਾ ਹਵਨ ਕੀਤਾ ਜਾਵੇ।)

ਚਾਹੇ ਕੋਈ ਪੁਰਸ਼ ਤੁਲਾ ਦਾਨ ਕਰ ਦੇਵੇ, ਭਾਵ ਆਪਣੇ ਨਾਲ ਬਰਾਬਰ ਤੋਲ ਕੇ ਸੋਨਾ ਦਾਨ ਕਰੇ, ਵਾ ਤੁਲਾ=ਪੌਰਸ਼ ਦਾਨ ਕਰ ਦੇਵੇ। (ਮੰਤ੍ਰਾਂ ਦੀ ਤਾਕਤ ਨਾਲ ਇਕ ਸੋਨੇ ਦਾ ਆਦਮੀ ਬਣਾਇਆ ਜਾਂਦਾ ਹੈ। ਰੋਜ਼ਾਨਾ ਉਸ ਦੀਆਂ ਲੱਤਾਂ ਬਾਹਵਾਂ ਵੱਢ ਕੇ ਦਾਨ ਕਰਦਾ ਰਹੇ। ਰਾਤ ਨੂੰ ਬਾਹਵਾਂ ਹੂ-ਬ-ਹੂ ਹੋ ਜਾਂਦੀਆਂ ਹਨ, ਪਰੰਤੂ ਸਿਰ ਨਾ ਵੱਢੇ, ਸਿਰ ਵੱਢ ਦੇਵੇ ਤਾਂ ਮੁੜ ਕੇ ਸੋਨੇ ਦਾ ਨਹੀਂ ਬਣਦਾ। ਇਸ ਨੂੰ ਪੌਰਸ਼ ਦਾਨ ਆਖਦੇ ਹਨ, ਜਿਹੜਾ ਰੋਜ਼ ਸੋਨੇ ਦੀਆਂ ਲੱਤਾਂ ਬਾਹਵਾਂ ਦਾਨ ਕਰ ਦੇਣੀਆਂ ਹਨ।)

ਪ੍ਰਾਗ ਇਸਨਾਨੇ ॥ ੧ ॥

(ਮਾਘ ਮਹੀਨੇ ਵਿਚ ਚਾਹੇ) ਪ੍ਰਾਗਰਾਜ ਪਰ ਜਾ ਕੇ (ਤ੍ਰਿਵੇਣੀ ਦੇ ਪਰਵਾਹ ਵਿਚ) ਇਸ਼ਨਾਨ ਕਰ ਲਵੇ॥ ੨ ॥

ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥

ਤਾਂ ਭੀ ਹਰੀ ਨਾਮ ਦੀ ਕੀਰਤੀ ਤੁਲ ਕੋਈ ਸਾਧਨ ਨਹੀਂ ਪੁੱਜਦਾ।

ਯਥਾ- ''ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥ ੨ ॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥ ੩ ॥''

(ਸਿਰੀ ਰਾਗੁ ਮ: ੧, ਪੰਨਾ ੬੨)

ਤਥਾ- ''ਜਪ ਤਪ ਸੋਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ॥''

(ਸਾਰਗ ਮ: ੫, ਪੰਨਾ ੧੨੨੨)

ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥ ੧ ॥ ਰਹਾਉ ॥

ਹੇ ਆਲਸੀ ਮਨ ! ਤੂੰ ਆਪਣੇ ਰਾਮ ਨੂੰ ਭਜਨਾ ਕਰ।

ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥

ਚਾਹੇ ਗਇਆ ਪਰ ਜਾ ਕੇ ਪਿੱਤਰਾਂ ਨਮਿੱਤ ਪਿੰਡ ਭਰਾਣਾ ਕਰੇ ਪਰ-
''ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ॥'' *(ਨਾਮਦੇਵ, ਪੰਨਾ ੧੧੯੫)*
ਚਾਹੇ ਬਨਾਰਸਿ=ਕਾਂਸ਼ੀ ਵਿਚ ਨਿਵਾਸ ਕਰਦਾ ਅਸਿ=ਹੈਂ।

ਮੁਖਿ ਬੇਦ ਚਤੁਰ ਪੜਤਾ ॥ ੨ ॥

ਚਾਹੇ ਮੁਖ ਨਾਲ ਚਾਰੇ ਵੇਦ ਪੜ੍ਹਦਾ ਹੈ॥ ੨ ॥

ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥

ਚਾਹੇ ਸਾਰੇ ਧਰਮਾਂ ਦੇ ਅਛਿਤਾ=ਸਹਿਤ ਹੈ।
ਚਾਹੇ ਗੁਰਾਂ ਦੁਆਰੇ ਸ਼ਾਸਤ੍ਰ ਗਿਆਨ ਨੂੰ ਦ੍ਰਿੜ੍ਹ ਕਰ ਲਵੇ ਤੇ ਚਾਹੇ ਗਿਆਨ ਇੰਦਰੀਆਂ ਨੂੰ ਵੀ ਦਮਨ ਕਰ ਲਵੇ।

ਖਟੁ ਕਰਮ ਸਹਿਤ ਰਹਤਾ ॥ ੩ ॥

(ਚਾਹੇ ਜਪ, ਹੋਮ, ਸੰਧਿਆ, ਸ਼ਨਾਂਲ, ਦੇਵ ਅਰਚਾ, ਅਤਿਥ ਪੂਜਾ) ਇਨ੍ਹਾਂ ਛੇ ਕਰਮਾਂ ਦੇ ਸਹਿਤ ਰਹਿੰਦਾ ਹੈ॥ ੩ ॥

ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥

ਸ਼ਿਵਜੀ ਤੇ ਸ਼ਕਤਿ=ਪਾਰਬਤੀ ਦਾ ਆਪਸ ਵਿਚ ਜੋ ਸੰਬਾਦ ਕਥਾ ਵਾਰਤਾ=ਰਮਾਇਣ ਹੈ ਚਾਹੇ ਉਸਨੂੰ ਪੜ੍ਹ ਲਵੇ।

ਮਨ=ਹੇ ਪਿਆਰੇ ! ਅਸ੍ਵਮੇਧ ਯੱਗ ਤੋਂ ਆਦਿ ਲੈ ਕੇ ਪੂਰਬ ਕਹੇ ਸਾਰੇ ਬਹਿਰੰਗ ਸਾਧਨ ਜੋ ਭੇਦੰ=ਫਰਕ ਪਾਉਣ ਵਾਲੇ ਹਨ, ਤੂੰ ਇਨ੍ਹਾਂ ਨੂੰ ਛੱਡ ਦੇ, ਛੱਡ ਦੇ।

ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥ ੪ ॥ ੧ ॥

ਇਕ ਗੋਬਿੰਦ=ਪਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਸਿਮਰਨਾ ਕਰ।

ਪ੍ਰਸ਼ਨ-''ਕੀ ਲਾਭ ਹੋਏਗਾ?'' *ਉੱਤਰ-*

ਨਾਮਦੇਵ ਜੀ ਕਥਨ ਕਰਦੇ ਹਨ-ਪਰਮਾਤਮਾ ਦੇ ਭਜਨ ਕਰਨ ਨਾਲ ਸੰਸਾਰ-ਸਮੁੰਦਰ ਤੋਂ ਤਰ ਜਾਏਂਗਾ ॥ ੪ ॥ ੧ ॥

ਗੌਂਡ ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ-''ਨਾਮ ਨਾਲ ਕਿਸ ਤਰ੍ਹਾਂ ਪ੍ਰੇਮ ਕਰਨਾ ਚਾਹੀਦਾ ਹੈ ?'' ਹੁਣ ਨਾਮਦੇਵ ਜੀ ਹਰਨ, ਦਧੀਰਾ, ਸੁਨਿਆਰੇ, ਵਿਸ਼ਈ, ਜੁਆਰੀਏ, ਇਹ ਪੰਜ ਦ੍ਰਿਸ਼ਟਾਂਤ ਦੇ ਕੇ ਪ੍ਰੇਮ ਕਰਨ ਦਾ ਰਸਤਾ ਦੱਸਦੇ ਹਨ-

ਨਾਦ ਭ੍ਰਮੇ ਜੈਸੇ ਮਿਰਗਾਏ ॥ ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ ॥ ੧ ॥

ਜਿਵੇਂ ਮਿਰਗਾਏ=ਹਰਨ, ਨਾਦ=ਘੰਡੇ ਹੇੜੇ ਦਾ ਸ਼ਬਦ ਸੁਣ ਕੇ ਭਰਮਦਾ ਫਿਰਦਾ ਹੈ।

ਵਾ:-ਭ੍ਰਮੇ=ਭੁੱਲ ਜਾਂਦਾ ਹੈ।

ਯਥਾ- ''ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ *(ਬਿਲਾਵਲੁ ਮ: ੫, ਪੰਨਾ ੮੩੮)*

ਸ਼ਿਕਾਰੀ ਦੇ ਹੱਥੋਂ ਆਪਣੇ ਪ੍ਰਾਣਾਂ ਨੂੰ ਤਜੇ=ਤਿਆਗ ਦੇਂਦਾ ਹੈ, ਪਰ ਉਸ ਹਰਨ ਦਾ ਉਸ ਘੰਡੇ ਹੇੜੇ ਦੇ ਸ਼ਬਦ ਵੱਲੋਂ ਧਿਆਨ ਨਹੀਂ ਜਾਂਦਾ, ਮਰਦਾ ਹੋਇਆ ਵੀ ਉਧਰ ਧਿਆਨ ਰੱਖਦਾ ਹੈ।

ਯਥਾ- ''ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥'' *(ਜੈਤਸਰੀ ਵਾਰ, ਪੰਨਾ ੭੦੮)*

ਐਸੇ ਰਾਮਾ ਐਸੇ ਹੇਰਉ ॥ ਰਾਮੁ ਛੋਡਿ ਚਿਤੁ ਅਨਤ ਨ ਫੇਰਉ ॥ ੧ ॥ ਰਹਾਉ ॥

ਰਾਮ ਨੂੰ ਐਸੇ ਹੀ ਐਸੇ ਹੇਰਉ=ਵੇਖਣਾ ਕਰੋ, ਭਾਵ ਹਰਨ ਵਾਂਗ।

ਵਾ:-ਐਸੇ ਰਾਮ ਨੂੰ ਐਸੇ ਵੇਖਣਾ ਕਰੋ ਜੈਸੇ ਨਾਦ ਹੈ ਐਸੇ ਰਾਮ ਹੈ, ਜੈਸੇ ਮ੍ਰਿਗ ਹੈ ਐਸੇ ਆਪਣੇ ਆਪ ਨੂੰ ਵੇਖਣਾ ਕਰੋ। ਰਾਮ ਨੂੰ ਛੱਡ ਕੇ ਚਿਤ ਹੋਰ ਪਾਸੇ ਵਲ ਨਾ ਫੇਰਨਾ ਕਰੋ॥ ੧ ॥ ਰਹਾਉ ॥

ਜਿਉ ਮੀਨਾ ਹੇਰੈ ਪਸੂਆਰਾ ॥ ਸੋਨਾ ਗਢਤੇ ਹਿਰੈ ਸੁਨਾਰਾ ॥ ੨ ॥

ਜਿਵੇਂ ਪਸੂਆਰਾ=ਦਧੀਰਾ ਪੰਛੀ ਇਕ ਟਕ ਲਾ ਕੇ ਮੀਨਾ=ਮੱਛੀਆਂ ਨੂੰ ਹੇਰੈ=ਵੇਖਦਾ ਹੈ।

ਸੋਨਾ ਘੜਦਿਆਂ ਹੋਇਆਂ ਜਿਵੇਂ ਸੁਨਿਆਰਾ ਇਕ ਟਕ ਲਾ ਕੇ ਸੋਨੇ ਨੂੰ ਹਿਰੈ=ਵੇਖਦਾ ਰਹਿੰਦਾ ਹੈ।

ਯਥਾ- ''ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥ ੧॥ (ਰਾਮਕਲੀ ਨਾਮਦੇਵ, ਪੰਨਾ ੯੭੨)

ਵਾ:-ਹਿਰੈ=ਚੁਰਾ ਲੈਂਦਾ ਹੈ।

ਸਾਖੀ-ਰਾਜੇ ਨੇ ਸੋਨੇ ਦਾ ਹਾਥੀ ਬਣਵਾਇਆ ਸੁਨਿਆਰੇ ਪਾਸੋਂ ਪਹਿਰੇਦਾਰ ਖੜੇ ਕਰਕੇ, ਪਰ ਅੰਤ ਨੂੰ ਮੁਲੰਮੇ ਦਾ, ਭਾਵ ਪਿੱਤਲ ਦਾ ਹਾਥੀ ਪ੍ਰਾਪਤ ਹੋਇਆ॥ ੨॥

ਜਿਉ ਬਿਖਈ ਹੇਰੈ ਪਰ ਨਾਰੀ॥

ਜਿਸ ਤਰ੍ਹਾਂ ਵਿਸ਼ਈ ਆਦਮੀ ਪ੍ਰਾਈਆਂ ਔਰਤਾਂ ਨੂੰ ਭੈੜੀ ਨਿਗਾਹ ਨਾਲ ਹੇਰੈ=ਵੇਖਦਾ ਹੈ। ਅਤੇ-

ਕਉਡਾ ਡਾਰਤ ਹਿਰੈ ਜੁਆਰੀ॥ ੩॥

ਜੁਆਰੀਆ ਕੌਡਾਂ ਨੂੰ ਸੁਟਦਾ ਹੋਇਆ ਆਪਣੇ ਦਾਵ ਨੂੰ ਹਿਰੈ=ਵੇਖਦਾ ਹੈ॥ ੩॥

ਯਥਾ- ''ਜਿਉ ਜੂਆਰ ਬਿਸਨੁ ਨ ਜਾਇ॥'' (ਬਿਲਾਵਲੁ ਮ: ੫, ਪੰਨਾ ੮੩੮)

ਜਹ ਜਹ ਦੇਖਉ ਤਹ ਤਹ ਰਾਮਾ॥
ਹਰਿ ਕੇ ਚਰਨ ਨਿਤ ਧਿਆਵੈ ਨਾਮਾ॥ ੪॥ ੨॥

ਤੈਸੇ ਜਿੱਥੇ ਜਿੱਥੇ ਨਜ਼ਰ ਕਰਕੇ ਮੈਂ ਵੇਖਦਾ ਹਾਂ, ਤਿਥੇ ਤਿਥੇ ਰਾਮ ਹੀ ਪੂਰਨ ਹੈ।

ਨਾਮਦੇਵ ਜੀ ਕਥਨ ਕਰਦੇ ਹਨ-ਮੈਂ ਨਿਤਾਪ੍ਰਤੀ ਹਰੀ ਦੇ ਚਰਨਾਂ ਨੂੰ ਧਿਆਉਂਦਾ ਹਾਂ॥ ੪॥ ੨॥

ਗੌਂਡ॥

ਉਥਾਨਕਾ:-ਹੁਣ ਨਾਮਦੇਵ ਜੀ ਪਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹਨ-

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ॥

ਹੇ ਰਾਮ ! ਮੈਨੂੰ ਤਾਰ ਲੈ, ਹੇ ਰਾਮ ! ਮੈਨੂੰ ਤਾਰ ਲੈ।

ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ॥ ੧॥ ਰਹਾਉ॥

ਮੈਂ ਅਨਜਾਣ ਦਾਸ ਤਰਨਾ ਨਹੀਂ ਜਾਣਦਾ, ਹੇ ਬੀਠਲ ਪਿਤਾ ! ਤੁਸੀਂ ਆਪਣੀ ਬਾਂਹ ਮੈਨੂੰ ਫੜਾ ਦਿਓ।

ਵਾ:-ਆਪਣੀ ਕਿਰਪਾ ਰੂਪੀ ਬਾਂਹ ਦੇ ਕੇ ਤਾਰ ਲਓ॥ ੧॥ ਰਹਾਉ॥

ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਮਲਾਈ॥

ਉਹ ਪੁਰਸ਼ ਨਰ=ਮਨੁੱਖ ਜੂਨ ਤੋਂ ਇਕ ਨਿਮਖ ਵਿਚ ਸੁਰ=ਦੇਵਤਾ ਰੂਪ ਹੋ ਜਾਂਦਾ ਹੈ, ਜਿਸ ਨੂੰ ਸਤਿਗੁਰਾਂ ਨੇ ਸਰੇਸ਼ਟ ਬੁੱਧੀ ਸਿਖਾਉਣੀ ਕੀਤੀ ਹੈ।

ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ॥ ੧॥

ਉਹਨਾਂ ਨੇ ਮਨੁੱਖ ਦੇਹ ਵਿਚ ਉਪਜਿ=ਪੈਦਾ ਹੋ ਕੇ ਜਿਸ ਤਰ੍ਹਾਂ ਸਵਰਗ ਨੂੰ ਜਿੱਤਣਾ ਕੀਤਾ ਹੈ, ਮੈਂ ਵੀ ਗੁਰਾਂ ਪਾਸੋਂ ਉਹ ਵੈਰਾਗ ਰੂਪੀ ਅਵਖਧ=ਦੁਆਈ ਪਾਉਣਾ ਕੀਤੀ ਹੈ॥ ੧॥

ਜਹਾ ਜਹਾ ਧ੍ਰੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ॥

ਹੇ ਭਗਵਾਨ ! ਜਿਥੇ ਜਿਥੇ ਅਟੱਲ ਪਦਵੀ ਪਰ ਧ੍ਰੂ ਭਗਤ ਤੇ ਨਾਰਦ ਮੁਨੀ ਸਰੀਖੇ ਆਪਣੇ ਪ੍ਰੇਮੀ ਭਗਤ ਟੇਕੇ=ਇਸਥਿਤ ਕੀਤੇ ਹਨ।

ਯਥਾ- ''ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ॥ ੩॥''

(ਮਾਰੂ ਨਾਮਦੇਵ, ਪੰਨਾ ੧੧੦੫)

ਨੈਕੁ=ਥੋੜ੍ਹੀ ਜਿੰਨੀ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਵੀ ਓਸੇ ਅਟੱਲ ਪਦਵੀ ਪਰ ਟਿਕਾਵਹੁ=ਇਸਥਿਤ ਕਰੋ।

ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ॥੨॥੩॥

ਤੁਹਾਡੇ ਨਾਮ ਦੇ ਅਵਿਲੰਬਿ=ਆਸਰੇ ਕਰਕੇ ਬਹੁਤ ਆਦਮੀ ਤਰ ਗਏ ਹਨ, ਮੈਂ ਨਾਮਦੇਵ ਦੀ ਆਪਣੀ ਮਤੀ ਵੀ ਏਸ ਤਰ੍ਹਾਂ ਦੀ ਹੈ॥ ੨॥ ੩॥

[ਪੰਨਾ ੮੭੪]

ਗੋਂਡ॥

ਉਥਾਨਕਾ:-ਇਸ ਸ਼ਬਦ ਵਿਖੇ ਨਾਮਦੇਵ ਜੀ ਆਪਣੀ ਪ੍ਰੀਤੀ ਦਾ ਵਰਣਨ ਕਰਦੇ ਹਨ-

ਮੋਹਿ ਲਾਗਤੀ ਤਾਲਾਬੇਲੀ॥

ਮੈਨੂੰ ਬੇਲੀ=ਮਿੱਤਰ ਪਰਮਾਤਮਾ ਦੀ ਤਾਲਾ=ਤਲਬ ਭਾਵ ਇੱਛਾ ਲੱਗ ਰਹੀ ਹੈ।

ਤਲਬ ਨਾਮ ਇੱਛਾ ਦਾ ਅੱਗੇ ਰਾਮਕਲੀ ਵਿਚ ਵੀ ਲਿਖਿਆ ਹੈ।

ਯਥਾ- ''ਜੀਵਨ ਤਲਬ ਨਿਵਾਰਿ ਸੁਆਮੀ॥ ੧॥'' *(ਰਾਮਕਲੀ ਮ: ੧, ਪੰਨਾ ੮੭੬)*

ਤਲਬ ਨਾਮ ਸੱਦੇ ਦਾ ਭੀ ਹੈ।

ਯਥਾ- ''ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥'' *(ਰਾਮਕਲੀ ਵਾਰ, ਪੰਨਾ ੯੫੩)*

ਬਛਰੇ ਬਿਨੁ ਗਾਇ ਅਕੇਲੀ॥੧॥

ਜਿਵੇਂ ਵੱਛੇ ਬਿਨਾਂ ਗਊ ਅਕੇਲੀ=ਦੁਖੀ ਹੁੰਦੀ ਹੈ, ਤਿਵੇਂ ਮੈਂ ਪਰਮਾਤਮਾ ਤੋਂ ਬਿਨਾਂ ਦੁਖੀ ਹਾਂ॥ ੧॥

ਪਾਨੀਆ ਬਿਨੁ ਮੀਨੁ ਤਲਫੈ॥

ਜਿਵੇਂ ਪਾਣੀ ਤੋਂ ਬਿਨਾਂ ਮੀਨੁ=ਮੱਛੀ ਤੜਫਦੀ ਹੈ।

ਯਥਾ- ''ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ *(ਜੈਤਸਰੀ ਵਾਰ, ਪੰਨਾ ੭੦੮)*

ਐਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ॥੧॥ਰਹਾਉ॥

ਐਸੇ ਮੈਂ ਵਿਚਾਰਾ ਨਾਮਾ, ਰਾਮ ਨਾਮ ਤੋਂ ਬਿਨਾਂ ਤੜਫਦਾ ਹਾਂ॥ ੧॥ ਰਹਾਉ॥

ਜੈਸੇ ਗਾਇ ਕਾ ਬਾਛਾ ਛੂਟਲਾ॥ ਥਨ ਚੋਖਤਾ ਮਾਖਨੁ ਘੂਟਲਾ ॥੨॥

ਜਿਸ ਤਰ੍ਹਾਂ ਗਊ ਦਾ ਬਾਛਾ=ਵੱਛਾ ਛੂਟਲਾ=ਛੁਟ ਕੇ, ਥਨਾਂ ਨੂੰ ਚੋਖਤਾ=ਚੁੰਘਦਾ ਹੈ, ਫੇਰ ਮਾ+ਖਨੁ=ਮਾਂ ਦੇ ਥਣਾਂ ਨੂੰ ਖਣਦਾ ਹੈ, ਤੇ ਦੁੱਧ ਦੇ ਘੂਟਲਾ=ਘੁੱਟ ਭਰਦਾ ਹੈ।

ਵਾ:-ਵੇਦਾਂਤੀਆਂ ਦੇ ਮਤ ਅਨੁਸਾਰ ਮੱਖਣ ਪਦ ਦੀ ਨਾਲ ਅਜੱਹਿਤੀ ਲਖਸ਼ਣਾ ਹੈ।

ਜਿਵੇਂ-'ਕਿਸੀ ਨੇ ਕਿਹਾ ਸ ਨੋ ਧਾਵਤੀ ।'

ਭਾਵ-ਲਾਲ਼ ਰੰਗ ਦੌੜਿਆ ਜਾਂਦਾ ਹੈ, ਪਰ ਲਾਲ ਰੰਗ ਨਹੀਂ ਦੌੜ ਸਕਦਾ, ਲਾਲ ਰੰਗ ਵਾਲੀ ਗਊ ਜਾਂ ਘੋੜੀ ਦੌੜਦੀ ਬਣ ਸਕਦੀ ਹੈ। ਏਸੇ ਤਰ੍ਹਾਂ ਮੱਖਣ ਦੇ ਘੁੱਟ ਭਰਦਾ, ਇਹ ਅਰਥ ਨਹੀਂ ਬਣ ਸਕਦਾ ।

ਥਨ ਚੋਖਤਾ ਮਾਖਨੁ ਘੂਟਲਾ॥

ਵੱਛਾ ਥਣਾਂ ਨੂੰ ਚੁੰਘਦਾ ਹੈ ਤੇ ਮੱਖਣ ਸਹਿਤ ਦੁੱਧ ਦੇ ਘੁੱਟ ਭਰਦਾ ਹੈ॥ ੨॥

ਨਾਮਦੇਉ ਨਾਰਾਇਨੁ ਪਾਇਆ॥ ਗੁਰੁ ਭੇਟਤ ਅਲਖੁ ਲਖਾਇਆ॥ ੩॥

ਨਾਮਦੇਵ ਜੀ ਆਖਦੇ ਹਨ, ਇਸ ਪ੍ਰਕਾਰ ਮੈਂ ਪਰਮਾਤਮਾ ਪਾਉਣਾ ਕੀਤਾ ਹੈ।

ਪਰ ਜਿਸ ਵੇਲੇ ਗੁਰੂ ਜੀ ਮਿਲੇ ਤਾਂ ਉਨ੍ਹਾਂ ਨੇ ਅਲਖੁ=ਪਰਮਾਤਮਾ ਦੱਸ ਦਿੱਤਾ॥ ੩॥

ਮੰਡੂਕ ਪੁਲਤ ਨਿਆਂ ਨਾਲ ਅਰਥਾਤ ਡੱਡੂ ਦੀ ਛਾਲ ਮਾਰਨ ਵਾਂਗ ਫੇਰ ਪ੍ਰੀਤੀ ਦਾ ਵਰਣਨ ਕਰਦੇ ਹਨ-

ਜੈਸੇ ਬਿਖੈ ਹੇਤ ਪਰ ਨਾਰੀ॥ ਐਸੇ ਨਾਮੇ ਪ੍ਰੀਤਿ ਮੁਰਾਰੀ॥ ੪॥

ਜਿਵੇਂ ਵਿਸ਼ੇ ਵਾਸਤੇ ਆਦਮੀ ਦੀ ਪਰਾਈ ਔਰਤ ਨਾਲ ਪ੍ਰੀਤੀ ਹੁੰਦੀ ਹੈ॥ ੪॥

ਜੈਸੇ ਤਾਪਤੇ ਨਿਰਮਲ ਘਾਮਾ॥ ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ॥ ੫॥ ੪॥

ਜਿਵੇਂ ਨਿਰਮਲ ਘਾਮਾ=ਧੁੱਪ ਕਰਕੇ ਤਾਪ=ਤਪਸ਼ ਦੁਖਦਾਈ ਹੁੰਦੀ ਹੈ।

ਨਾਮਦੇਵ ਜੀ ਆਖਦੇ ਹਨ-ਇਸੇ ਤਰ੍ਹਾਂ ਮੇਰੀ ਪ੍ਰੀਤੀ ਮੁਰਾਰੀ=ਪਰਮਾਤਮਾ ਨਾਲ ਹੈ॥ ੪॥

ਉਵੇਂ ਹੀ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਮੈਂ ਬਾਪੁਰੋ=ਵਿਚਾਰਾ ਨਾਮਾ ਦੁਖੀ ਹਾਂ॥ ੫॥ ੪॥

ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:-ਭਗਤ ਨਾਮਦੇਵ ਜੀ ਅੱਗੇ ਸੇਵਕਾਂ ਨੇ ਬੇਨਤੀ ਕੀਤੀ ਕਿ ਹਰਿ ਹਰਿ ਨਾਮ ਜਪਣ ਨਾਲ ਕਿਸ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ? *ਉੱਤਰ-*

ਹਰਿ ਹਰਿ ਕਰਤ ਮਿਟੇ ਸਭਿ ਭਰਮਾ॥ ਹਰਿ ਕੋ ਨਾਮੁ ਲੈ ਊਤਮ ਧਰਮਾ॥

ਹਰਿ ਹਰਿ ਨਾਮ ਉਚਾਰਨ ਕਰਨ ਨਾਲ ਸਾਰੇ ਭਰਮ ਦੂਰ ਹੋ ਜਾਂਦੇ ਹਨ।

ਹਰੀ ਨਾਮ ਲੈਣਾ ਹੀ ਸਭ ਤੋਂ ਉੱਤਮ ਧਰਮ ਹੈ।

ਹਰਿ ਹਰਿ ਕਰਤ ਜਾਤਿ ਕੁਲ ਹਰੀ॥ ਸੋ ਹਰਿ ਅੰਧੁਲੇ ਕੀ ਲਾਕਰੀ॥ ੧॥

ਹਰਿ ਹਰਿ ਨਾਮ ਉਚਾਰਨ ਕਰਦਿਆਂ ਜ਼ਾਤੀ ਤੇ ਕੁਲ ਦੀ ਹੰਗਤਾ ਹਰੀ=ਦੂਰ ਹੋ ਜਾਂਦੀ ਹੈ।

ਅੰਧੇ ਪੁਰਸ਼ ਦੀ ਲੱਕੜੀ, ਭਾਵ ਸੋਟੀ ਦੇ ਸਮਾਨ ਉਸ ਹਰੀ ਦਾ ਨਾਮ ਮੇਰਾ ਆਸਰਾ ਰੂਪ ਹੈ॥ ੧॥

ਯਥਾ- ''ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥'' *(ਤਿਲੰਗ ਨਾਮਦੇਵ, ਪੰਨਾ ੭੨੭)*

ਹਰਏ ਨਮਸਤੇ ਹਰਏ ਨਮਹ॥

ਮੇਰੀ ਹਰੀ ਏ=ਤਾਈਂ ਨਮਸ਼ਕਾਰ ਹੈ, ਹਰੀ ਏ=ਤਾਈਂ ਨਮਸ਼ਕਾਰ ਹੈ।

ਹਰਿ ਹਰਿ ਕਰਤ ਨਹੀ ਦੁਖੁ ਜਮਹ॥ ੧॥ ਰਹਾਉ॥

ਹਰਿ ਹਰਿ ਨਾਮ ਉਚਾਰਨ ਕਰਨ ਨਾਲ ਜਮਕਾਲ ਦਾ ਦੁੱਖ ਨਹੀਂ ਹੁੰਦਾ ॥ ੧॥

ਯਥਾ- ''ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥'' (ਆਸਾ ਮ: ੫, ਪੰਨਾ ੪੫੭)

ਹਰਿ ਹਰਨਾਖਸ ਹਰੇ ਪਰਾਨ॥ ਅਜੈਮਲ ਕੀਓ ਬੈਕੁੰਠਹਿ ਥਾਨ॥

ਜਿਸ ਹਰੀ ਨੇ ਨਰਸਿੰਘ ਅਵਤਾਰ ਧਾਰ ਕੇ ਹਰਨਾਖਸ਼ ਦੈਂਤ ਦੇ ਪ੍ਰਾਣ ਹਰੇ=ਨਾਸ ਕੀਤੇ ਹਨ ਅਤੇ-
ਜਿਸ ਹਰੀ ਨੂੰ ਜਪ ਕੇ ਅਜਾਮਲ ਪਾਪੀ ਨੇ ਬੈਕੁੰਠ ਧਾਮ ਵਿਚ ਥਾਨ=ਇਸਥਿਤੀ ਕੀਤੀ ਹੈ।

ਯਥਾ- ''ਦੁਖ ਹਰਤਾ ਹਰਿ ਨਾਮੁ ਪਛਾਨੋ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤਿ ਭਏ ਜੀਅ ਜਾਨੋ॥ ੧॥''

(ਬਿਲਾਵਲੁ ਮ: ੯, ਪੰਨਾ ੮੩੦)

ਤਥਾ- ''ਹਰਿ ਕੋ ਨਾਮੁ ਸਦਾ ਸੁਖਦਾਈ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥ ੧॥''

(ਮਾਰੂ ਮ: ੯, ਪੰਨਾ ੧੦੦੮)

''ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਹ ਬਾਰ॥''

(ਬਸੰਤੁ ਮ: ੫, ਪੰਨਾ ੧੧੯੨)

''ਅਜਾਕਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥ ੨॥''

(ਰਾਮਕਲੀ ਮ: ੯, ਪੰਨਾ ੯੦੨)

''ਅਜਾਮਲੁ ਗਜ ਗਨਿਕਾ ਪਤਿਤ ਕਰਮ ਕੀਨੇ॥
ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥ ੨॥'' (ਧਨਾਸਰੀ ਰਵਿਦਾਸ, ਪੰਨਾ ੬੯੨)

''ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥ ੩॥''

(ਕੇਦਾਰਾ ਰਵਿਦਾਸ, ਪੰਨਾ ੧੧੨੪)

''ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥ ੨॥''

(ਨਟ ਮ: ੪, ਪੰਨਾ ੯੮੧)

''ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥''

(ਸੋਰਠਿ ਮਹਲਾ ੯, ਪੰਨਾ ੬੩੨)

ਸੂਆ ਪੜਾਵਤ ਗਨਿਕਾ ਤਰੀ॥

ਸੂਆ=ਤੋਤੇ ਨੂੰ ਪੜ੍ਹਾਉਂਦੀ ਪੜ੍ਹਾਉਂਦੀ ਗਨਿਕਾ=ਵੇਸਵਾ ਤਰ ਗਈ।

ਯਥਾ-''ਗਨਿਕਾ ਉਧਰੀ ਹਰਿ ਕਹੈ ਤੋਤ॥'' (ਬਸੰਤੁ ਮ: ੫, ਪੰਨਾ ੧੧੯੨)

ਤਥਾ-''ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖ ਆਚਾਣਚੱਕ ਗਨਿਕਾ ਵਾੜ ਆਇ ਖਲੋਤਾ।
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸੁ ਕਰਿ, ਖੇਲਿ ਗਇਆ ਦੇ ਵਣਜੁ ਸਓਤਾ,
ਲਿਵ ਲਾਗੀ ਤਿਸੁ ਤੋਤਿਅਹੁ, ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤ ਉਧਾਰਣੁ ਰਾਮ ਨਾਮੁ, ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ, ਨਾਉਂ ਰਸਾਇਣ ਛੋਤਿ ਅਛੋਤਾ।
ਥਾਉਂ ਨਿਥਾਵੇਂ ਮਾਣੁ ਮਾਣੇਂਛਾ॥ ੨੧॥'' (ਭਾ: ਗੁਰਦਾਸ ਜੀ, ਵਾਰ ੧੦)

ਸੋ ਹਰਿ ਨੈਨਹੁ ਕੀ ਪੂਤਰੀ॥ ੨॥

ਉਹ ਹਰੀ ਨਾਮ ਮੈਨੂੰ ਨੈਨਹੁ=ਅੱਖਾਂ ਦੀ ਪੂਤਰੀ=ਪੁਤਲੀ, ਭਾਵ ਧੀਰੀ ਵਾਂਗ ਪਿਆਰਾ ਹੈ॥ ੨॥

ਹਰਿ ਹਰਿ ਕਰਤ ਪੂਤਨਾ ਤਰੀ॥ ਬਾਲ ਘਾਤਨੀ ਕਪਟਹਿ ਭਰੀ॥

ਹਰਿ ਹਰਿ ਨਾਮ ਦਾ ਜਾਪ ਕਰਦਿਆਂ ਹੋਇਆਂ ਪੂਤਨਾ ਦਾਈ ਤਰ ਗਈ ।

ਜੋ ਬਾਲਾਂ ਦੇ ਘਾਤਨੀ=ਮਾਰਨ ਵਾਲੀ ਤੇ ਕਪਟਹਿ=ਛਲਾਂ ਨਾਲ ਭਰੀ ਹੋਈ ਸੀ, ਜਿਸ ਨੇ ਕੰਸ ਦੇ ਆਖੇ ਲਗ ਕੇ ਦੁੱਧੀਆਂ ਨੂੰ ਵਿਹੁ ਲਾ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਮਾਰਨਾ ਚਾਹਿਆ ਸੀ।

ਜਿਵੇਂ ਰਾਜੇ ਕੰਸ ਦੀ ਭੇਜੀ ਹੋਈ ਪੂਤਨਾ ਰਾਕਸ਼ਣੀ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਅਸਥਨਾਂ ਪਰ ਵਿਹੁ ਲਗਾ ਕੇ ਆਈ ਅਤੇ ਮਾਤਾ ਜਸੋਧਾਂ ਨੂੰ ਕਹਿਣ ਲੱਗੀ ਕਿ ਮੇਰੇ ਦੁੱਧ ਵਿਚ ਇਤਨੀ ਤਸੀਰ ਹੈ ਕਿ ਜੋ ਬੱਚਾ ਮੇਰੀ ਗੋਦ ਵਿਚ ਬੈਠ ਕੇ ਦੁੱਧ ਪੀਂਦਾ ਹੈ ਉਹ ਪਾਤਿਸ਼ਾਹ ਹੋ ਜਾਂਦਾ ਹੈ। ਮਾਵਾਂ ਨੂੰ ਇਹ ਬੜੀ ਸੱਧਰ ਹੁੰਦੀ ਹੈ ਕਿ ਮੇਰਾ ਪੁੱਤਰ ਪਾਤਿਸ਼ਾਹ ਹੋਵੇ, ਇਸ ਲਾਲਚ ਕਰਕੇ ਉਸ ਨੇ ਆਪਣਾ ਪੁੱਤਰ ਪੂਤਨਾ ਦੇ ਪਾਸ ਦੇ ਦਿੱਤਾ।*

ਭਾਈ ਗੁਰਦਾਸ ਜੀ ਨੇ ਭੀ ਕਥਨ ਕੀਤਾ ਹੈ-

''ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ।
ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ ਨ੍ਵਹਾਣਿ ਨਵੇਲੀ।
ਕੁਛੜਿ ਲਏ ਗੋਵਿੰਦ ਰਾਇ ਕਰਿ ਚੇਟਕੁ ਚਤੁਰੰਗ ਮਹੇਲੀ।
ਮੋਹਣੁ ਮੰਮੇ ਪਾਇਓਨੁ, ਬਾਹਰਿ ਆਈ ਗਰਬ ਗਹੇਲੀ।'' (ਵਾਰ ੧੦ ਪੌ: ੨੨)

---

*੧. ਇਹ ਪ੍ਰਸੰਗ ਸ੍ਰੀ ਦਸਮ ਗ੍ਰੰਥ ਕ੍ਰਿਸ਼ਨਾ ਅਵਤਾਰ, ਪੰਨਾ ੨੬੩ ਵਿਚ ਦੇਖੋ।

੨. ਭਾਗਵਤ ਪੁਰਾਣ ਸਕੰਧ ੧੦ ਧਿਆ. ਛੇਵੇਂ ਵਿਚ ਭੀ ਪੂਤਨਾ ਰਾਖਸ਼ਣੀ ਦਾ ਇਹੋ ਪ੍ਰਸੰਗ ਸਾਰਾ ਖੋਲ੍ਹ ਕੇ ਲਿਖਿਆ ਹੋਇਆ ਹੈ।

ਜਿਸ ਵੇਲੇ ਪੂਤਨਾ ਨੇ ਕ੍ਰਿਸ਼ਨ ਜੀ ਦੇ ਮੂੰਹ ਵਿਚ ਵਿਹੁ ਅਸਥਨ ਪਾਇਆ ਤਾਂ ਭਗਵਾਨ ਨੇ ਬਹੁਤ ਸਾਰਾ ਘੁੱਟਿਆ। ਉਸ ਵੇਲੇ ਦੁੱਖੀ ਹੋ ਕੇ ਪੂਤਨਾ ਨੇ ਕਿਹਾ-"ਹੇ ਹਰੀ ! ਛੱਡ ਦੇ, ਹੇ ਹਰੀ ! ਛੱਡ ਦੇ।"

ਯਥਾ- "ਪਾਪ ਕਰਿਓ ਬਹੁ ਪੂਤਨਾ ਜਾਸੋ ਨਰਕ ਡਰਾਇ॥
ਅੰਤ ਕਹਿਯੋ ਹਰਿ ਛਾਡਿ ਦੈ ਬਸੀ ਬਿਕੁੰਠਹ ਜਾਇ॥ ੮੮॥"

(ਦਸਮ ਗ੍ਰੰਥ, ਪੰਨਾ ੨੬੩)

ਏਸੇ ਤਰ੍ਹਾਂ ਪੂਤਨਾ ਰਾਖਸ਼ਣੀ ਵਾਂਗ ਪ੍ਰਿਥੀ ਚੰਦ ਦੀ ਭੇਜੀ ਹੋਈ ਇਕ ਦਾਸੀ (੧੦੦) ਸੋ ਰੁਪਿਆ ਲੈ ਕੇ ਅਸਥਨਾਂ ਤੇ ਵਿਹੁ ਲਗਾ ਕੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਰਨ ਵਾਸਤੇ ਸ੍ਰੀ ਵਡਾਲੀ ਸਾਹਿਬ ਪੁੱਜੀ ਜੋ ਕਿ ਪਹਿਲੇ ਜਨਮ ਵਿਖੇ ਦੇਵ ਲੋਕ ਵਿਖੇ ਰਹਿਣ ਵਾਲੀ ਗੰਧਰਬਣੀ ਸੀ। ਇਸ ਨੂੰ ਆਪਣੇ ਗੁਣ ਤੇ ਸੁੰਦਰ ਰੂਪ ਦਾ ਬੜਾ ਮਾਣ ਸੀ।

ਇਕ ਦਿਨ ਦੇਵਤਿਆਂ ਦੀ ਭਾਰੀ ਸਭਾ ਵਿਖੇ ਇਹ ਤਾਨਾਂ ਨੂੰ ਮਿਲਾ ਕੇ ਬੜੀ ਚੰਗੀ ਸੁਰ ਨਾਲ ਗਾਇਨ ਕਰ ਰਹੀ ਸੀ, ਉਸ ਮੌਕੇ ਦੇਵਤਿਆਂ ਦੇ ਗੁਰੂ ਬ੍ਰਹਸਪਤੀ ਜੀ ਕਿਸੇ ਕਾਰਨ ਓਥੇ ਆ ਪਹੁੰਚੇ, ਉਸ ਵੇਲੇ ਸਭਾ ਦੇ ਸਾਰੇ ਦੇਵਤਿਆਂ ਨੇ ਉੱਠ ਕੇ ਗੁਰੂ ਬ੍ਰਹਸਪਤੀ ਜੀ ਦਾ ਸਨਮਾਨ ਕੀਤਾ, ਪਰ ਇਸ ਨੇ ਆਪਣੇ ਸੁੰਦਰ ਸਰੂਪ ਦਾ ਅਤੇ ਰਾਗ ਵਿਦਿਆ ਦੇ ਗੁਣ ਦਾ ਮਾਣ ਕਰਕੇ ਬ੍ਰਹਸਪਤੀ ਜੀ ਨੂੰ ਨਮਸ਼ਕਾਰ ਨਾ ਕੀਤੀ।

ਬ੍ਰਹਸਪਤੀ ਜੀ ਨੇ ਅਯੋਗ ਗੱਲ ਸਮਝ ਕੇ ਇਸ ਨੂੰ ਸਰਾਪ ਦੇ ਦਿੱਤਾ ਕਿ ਤੂੰ ਇਸ ਦੇਵ ਲੋਕ ਵਿਚ ਰਹਿਣ ਦੀ ਅਧਿਕਾਰਨ ਨਹੀਂ ਹੈਂ, ਜਾਹ ਮਾਤ ਲੋਕ ਦੀ ਧਰਤੀ ਵਿਚ ਜਾ ਕੇ ਦਾਈਆਂ ਵਾਲੇ ਨੀਚ ਕਰਮ ਕਰਕੇ ਆਪਣੀ ਉਪਜੀਵਕਾ ਕਰ।

ਇਹ ਬਚਨ ਸੁਣ ਕੇ ਥਰਥਰ ਕੰਬੀ ਤੇ ਆਪਣੀ ਭੁੱਲ ਮਹਿਸੂਸ ਕਰਕੇ ਗੁਰੂ ਬ੍ਰਹਸਪਤੀ ਜੀ ਅੱਗੇ ਬੇਨਤੀ ਕੀਤੀ ਕਿ ਆਪ ਜੀ ਦਾ ਬਚਨ ਤਾਂ ਅਟੱਲ ਹੈ, ਇਹ ਤਾਂ ਹੁਣ ਪੂਰਾ ਹੋਣਾ ਹੀ ਹੈ, ਪਰ ਆਪ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਇਹ ਦੱਸੋ ਕਿ ਇਹ ਸਰਾਪ ਕਦੋਂ ਨਵਿਰਤ ਹੋਵੇਗਾ ?

ਬ੍ਰਹਸਪਤੀ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਕਲਜੁਗ ਵਿਖੇ ਜੀਵਾਂ ਦੀ ਕਲਿਆਣ ਹਿਤ ਪਰਮੇਸ਼ਰ ਅੰਤਰਜਾਮੀ ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਵਿਖੇ ਪ੍ਰਗਟੇਗਾ ਤੇ ਉਹਨਾਂ ਦੀ ਪੰਜਵੀਂ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਹੋਣਗੇ, ਉਹਨਾਂ ਦੇ ਘਰ ਜਿਸ ਵੇਲੇ ਸ਼ਹਿਜ਼ਾਦਾ ਹੋਵੇਗਾ ਤੇ ਉਹਨਾਂ ਪਾਸ ਜਿਸ ਵੇਲੇ ਤੂੰ ਜਾਏਂਗੀ ਤਾਂ ਤੇਰੀ ਕਲਿਆਣ ਹੋਵੇਗੀ।

ਯਥਾ-'ਸੁਰ ਗੁਰੁ ਭਨਜੋ ਹੋਹਿ ਗੁਰੁ ਅਰਜਨ, ਸ੍ਰੀ ਨਾਨਕ ਕੇ ਬੈਠਹਿਂ ਥਾਨ।
ਤਿਨ ਕੋ ਪੁੱਤ੍ਰ ਜਨਮ ਜਬਿ ਧਾਰਹਿ, ਤਿਸ ਕੇ ਸਾਥ ਮੇਲ ਨਿਜ ਠਾਨ।
ਸੋ ਤੇਰੋ ਤਬਿ ਕਰਹਿਂ ਉਧਾਰਨਿ, ਨਿਜ ਬਲ ਤੇ ਹਾਨਹਿਂਗੋ ਪ੍ਰਾਨ।
ਬਹੁਰ ਸਰੀਰ ਪ੍ਰਾਪਤਿ ਹੁਇਗੋ, ਗੰਧਰਬੀ ਕੋ ਰੂਪ ਮਹਾਨ॥ ੭॥'

(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ ੩. ਅੰਸ਼ ੮)

ਤਾਂ ਹਜ਼ੂਰ ਨੇ ਇਸ ਦੀ ਰੂਹ ਨੂੰ ਬ੍ਰਹਸਪਤੀ ਦੇ ਸਰਾਪ ਤੋਂ ਛੁਡਾਉਣ ਵਾਸਤੇ ਆਪਣਾ ਸਰੀਰ ਉਪਰਾਮ ਜੇਹਾ ਕਰ ਲਿਆ। ਨਾ ਦੁੱਧ ਪੀਣ ਅਤੇ ਨਾ ਹੀ ਹੱਸਣ ਖੇਡਣ ਵਾਲੀ ਕੋਈ ਗੱਲ ਕਰਨ।

ਇਸ ਹਾਲਤ ਨੂੰ ਵੇਖ ਵੇਖ ਕੇ ਮਾਤਾ ਜੀ ਬੜੇ ਘਬਰਾਣ ਤੇ ਦਿਲ ਵਿਚ ਸੋਚਦੇ ਰਹਿਣ ਕਿ ਸਾਹਿਬਜ਼ਾਦੇ ਨੂੰ ਕੀ ਹੋ ਗਿਆ ਹੈ। ਜੋ ਕਿ ਸਿਆਣੀਆਂ ਮਾਈਆਂ ਬਿਰਧ ਅਵਸਥਾ ਵਾਲੀਆਂ ਦੇਖਣ ਤਾਂ ਉਹਨਾਂ ਤੋਂ ਅੱਡ-

ਅੱਡ ਪੁੱਛਣ ਕਿ ਸਾਹਿਬਜ਼ਾਦਾ ਬੋਲਦਾ ਨਹੀਂ ਹੈ। ਨਾ ਕੁਝ ਖਾਂਦਾ ਪੀਂਦਾ ਹੈ, ਇਸ ਨੂੰ ਕੀ ਦੇਣਾ ਚਾਹੀਦਾ ਹੈ।

ਇੰਤਨੇ ਨੂੰ ਓਥੇ ਇਹ ਦਾਈ ਆ ਪਹੁੰਚੀ ਤੇ ਸਮੇਂ ਨੂੰ ਵਿਚਾਰ ਕੇ ਆਖਦੀ ਹੈ ਕਿ ਮੇਰੇ ਦੁੱਧ ਵਿਚ ਇਹ ਗੁਣ ਹੈ ਜੋ ਭੀ ਲੜਕਾ ਮੇਰੇ ਅਸਥਨਾਂ ਦੇ ਦੁੱਧ ਨੂੰ ਪੀਂਦਾ ਹੈ ਉਹ ਅਰੋਗ ਹੋ ਜਾਂਦਾ ਹੈ ਅਤੇ ਵੱਡੀ ਉਮਰਾਂ ਵਾਲਾਂ ਹੋ ਜਾਂਦਾ ਹੈ। ਯਥਾ-

'ਸਵੈਯਾ ਛੰਦ॥ ਸਭਿਨਿ ਬਿਖੈ ਗੰਗਾ ਮ੍ਰਿਦੁ ਬਚ ਕਹਿ, ਦੋ ਇਕ ਦਿਨ ਤੇ ਅਨਮਨ ਨੰਦ।
ਅਸਤਨ ਲੇਤਿ ਨ ਰੁਚਿ ਮਹਿੰ, ਕੋ ਦੁਖ ਸੁਧਿ ਨਾਹਿੰ ਮੋਹਿ ਬਿਲੰਦ।
ਜਿਤਿਕ ਬ੍ਰਿੱਧ ਉਪਚਾਰਨਿ ਭਾਖਤਿ, ਗੁਰਤੀ ਆਦਿ ਦੇਹੁ ਸੁਖਕੰਦ।
ਘਾਤਿ ਪਾਇ ਕਰਿ ਦੁਸ਼ਟਾ ਬੋਲੀ, ਕ੍ਰਿਸ਼ਨ ਪੂਤਨਾ ਕੇਰਿ ਮਨਿੰਦ ॥ ੧੫॥
ਮੋਹਿ ਬਿਖੈ ਗੁਨ ਦੀਨੋ ਪ੍ਰਭੂ ਨੇ, ਬਹੁ ਬਾਲਕ ਤੇ ਮੈਂ ਪਤਿਆਇ।
ਪਾਨ ਕਰਹਿ ਜੋ ਅਸਤਨ ਮੇਰੇ, ਤਿਸ ਇਸ ਕੇ ਦੁਖ ਨਿਕਟਿ ਨ ਆਇ।
ਹਰਹਿ ਅਰੁਚ ਕੋ ਤਤਛਿਨ ਛੁਧਤਹਿ, ਆਰਬਲਾ ਸੁ ਅਧਿਕ ਬਿਰਧਾਇ।
ਰਹੈ ਨਿਰੋਵਾ ਸੁਖ ਸੋਂ ਬਯ ਮਹਿੰ, ਨਹਿੰ ਔਸ਼ਧਿ ਕੀ ਚਾਹਿ ਰਹਾਇ॥ ੧੬॥'

ਉਸ ਵੇਲੇ ਮਾਤਾ ਗੰਗਾ ਜੀ ਨੇ ਇਸ ਦਾ ਗੁਣ ਸੁਣ ਕੈ ਅਤੇ ਸਾਰੀਆਂ ਬਿਰਧ ਇਸਤ੍ਰੀਆਂ ਦੀ ਮਰਜ਼ੀ ਜਾਣ ਕੇ ਸਾਹਿਬਜ਼ਾਦੇ ਨੂੰ ਗੋਦ ਵਿਚ ਦੇ ਦਿੱਤਾ ਤੇ ਦਾਈ ਨੇ ਆਪਣੀ ਇੱਛਾ ਪੂਰੀ ਹੋਈ ਜਾਣ ਕੇ ਸਾਹਿਬਜ਼ਾਦੇ ਨੂੰ ਗੋਦ ਵਿਚ ਲੈ ਕੇ ਇਕ ਹੱਥ ਮਹਾਰਾਜ ਜੀ ਦੇ ਸਿਰ ਹੇਠ ਦਿੱਤਾ । ਦੂਜੇ ਹੱਥ ਨਾਲ ਅੰਗੀਆਂ 'ਚੋਂ ਅਸਥਨ ਬਾਹਰ ਕੱਢ ਕੇ ਮੂੰਹ ਵਿਚ ਦਿੱਤਾ ਤੇ ਉੱਪਰ ਕਪੜਾ ਦੇ ਢਿੱਭਾ।

ਉਸ ਵੇਲੇ ਗੁਰੂ ਸਾਹਿਬ ਜੀ ਨੇ ਆਪਣੇ ਇਕ ਹੱਥ ਨਾਲ ਉਸ ਦੀ ਗੁੱਤ ਫੜ ਲਈ ਅਤੇ ਦੂਜੇ ਹੱਥ ਨਾਲ ਦੂਜਾ ਅਸਥਨ ਘੁੱਟ ਕੇ ਇਸ ਭੁਗਾ ਪ੍ਰਾਣ ਕੱਢੇ, ਜਿਵੇਂ ਬੱਚੇ ਨਾਲੀ ਨਾਲ ਗਲਾਸ ਵਿੱਚੋਂ ਪਾਣੀ ਕੱਢ ਲੈਂਦੇ ਹਨ।

ਯਥਾ- ਕਬਿੱਤ-

'ਤਤਛਿਨ ਅੰਤਰ ਬਸਨ ਅਸਤਨ ਦੇਤਿ, ਲੇਤਿ ਨ ਤਨਕ, ਗਹੇ ਹੋਤਿ ਇਤ ਉਤ ਨਾ।
ਗਾਢੋ ਜਬਿ ਕੀਨਿ ਤੋ ਪਯੋਧਰ[1] ਕੋ ਲੀਨ ਮੁਖ, ਹਾਥ ਕੋ ਖਸਾਰਿ ਗਹੀ ਛੋਰੀ ਤਬ ਗੁਤ ਨਾ।
ਦੂਜੇ ਹਾਥ ਸਾਥ ਗਹਜੋ ਦੂਜੋ ਕੁਚ ਦ੍ਰਿਢ ਕਰਿ, ਖੋਟੀ ਕ੍ਰਿਤ ਹੇਤੁ ਆਈਂ, ਲਾਗੇ ਲੋਭ ਭੂਤਨਾ।
ਜਾਂ ਕੋ ਮਨ ਪੂਤ[2] ਨਾ ਲਖਜੋ ਗੁਰੂ ਸਪੂਤ ਨਾ, ਜਿਸੀ ਕੇ ਪੀਰ ਪੂਤ ਨਾ[3] ਸੰਘਾਰੀ ਸਮ ਪੂਤਨਾ॥ ੨੨ ॥
ਗਾਢੇ ਅੰਗ ਪੀਰ ਕਰਿ, ਗਾਢੀ ਉਰ ਪੀੜ ਕਰਿ, ਪ੍ਰਾਨ ਤੇ ਸਰੀਰ ਕਰਿ ਭਿੰਨ ਐਂਚ ਲੀਨਿਓ।
ਜੈਸੇ ਪੋਲ ਤੀਲ ਤੇ ਕਿਲਾਲ[4] ਕੋ ਸੁ ਫੂਕ ਨਾਲਿ, ਖੈਂਚਿ ਲੇਤਿ ਬਾਲਕ ਸੁਭਾਇਕ ਹੀ ਕੀਨਿਓ ।
ਹਾਇ ਹਾਇ ਬੋਲਤੀ ਬਿਹਾਲ ਹ੍ਵੈ ਬਿਸਾਲ ਬਾਲ ਛੋਰੋ ਅੰਬਿ ਮੋਹਿ ਕੋ ਪ੍ਰਤਾਪ ਚਿਤ ਚੀਨਿਓ।'

(ਸ੍ਰੀ ਗੁਰ ਪ੍ਰਤਾਪ ਸੂਰਜ. ਰਾਸ ੩. ਅੰਸੂ ੭)

ਸਿਮਰਨ ਦ੍ਰੋਪਦ ਸੁਤ ਉਧਰੀ॥

ਦ੍ਰੁਪਦ ਰਾਜਾ ਦੀ ਪੁੱਤਰੀ ਸਿਮਰਨ ਕਰਨੇ ਨਾਲ ਦੁਰਜੋਧਨ ਰਾਜੇ ਦੀ ਸਭਾ ਵਿਚ ਨਗਨ ਹੋਣ ਦੇ ਕਸ਼ਟ

੧.ਅਸਥਨ। ੨.ਪਵਿੱਤਰ ਨਹੀਂ ਜਿਸ ਦਾ ਮਨ ਤੇ ਗੁਰੂ ਪੁੱਤਰ ਵੀ ਨਹੀ ਜਾਣਿਆ। ੩. ਜਿਸ ਦੇ ਦਿਲ ਵਿਚ ਪੁੱਤਰ ਦੀ ਪੀੜਾ ਵੀ ਨਹੀਂ ਸੀ। ੪. ਪਾਣੀ।

ਤੋਂ ਉਧਰੀ=ਬਚ ਗਈ।

ਯਥਾ- ''ਦੁਹਸਾਸਨ ਕੀ ਸਭਾ ਦ੍ਰੌਪਤੀ ਅੰਬਰ ਲੇਤ ਉਬਾਰੀਅਲੇ॥'' (ਨਾਮਦੇਵ, ਪੰਨਾ ੯੮੮)

ਤਥਾ- ''ਅੰਦਰਿ ਸਭਾ ਦੁਸਾਸਣੈ, ਮਥੇਵਾਲਿ ਦ੍ਰੌਪਤੀ ਆਂਦੀ ।
ਦੂਤਾ ਨੋਂ ਫ਼ੁਰਮਾਇਆ, ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।
ਅਖੀ ਮੀਟ ਧਿਆਨੁ ਧਰਿ, ਹਾਹਾ ਕ੍ਰਿਸਨ ਕਰੈ ਬਿਲਲਾਂਦੀ ।
ਕਪੜ ਕੋਟ ਉਸਾਰਿਓਨੁ, ਥਕੇ ਦੂਤ ਨ ਪਾਰ ਵਸਾਂਦੀ।''

(ਭਾ: ਗੁਰਦਾਸ ਜੀ, ਵਾਰ ੧੦, ਪਉੜੀ ੮)

ਤਥਾ--''ਨਾਰੀ ਮਧ ਸਾਰੀ ਹੈ ਕਿ ਸਾਰੀ ਮਧ ਨਾਰੀ ਹੈ।
ਨਾਰੀ ਹੂੰ ਕੀ ਸਾਰੀ ਹੈ ਕਿ ਸਾਰੀ ਹੂੰ ਕੀ ਨਾਰੀ ਹੈ।'' (ਭਗਤ ਸੂਰਦਾਸ ਜੀ)

ਗਉਤਮ ਸਤੀ ਸਿਲਾ ਨਿਸਤਰੀ॥ ੩ ॥

ਸਤੀ=ਸਤਵਾਦੀ ਗੌਤਮ ਰਿਖੀ ਦੀ ਇਸਤ੍ਰੀ ਅਹਿਲਿਆ ਜੋ ਸਿਲਾ=ਪੱਥਰ ਰੂਪ ਹੋਈ ਪਈ ਸ਼ੀ,
ਸ੍ਰੀ ਰਾਮਚੰਦਰ ਜੀ ਦੇ ਪੈਰ ਛੋਹਣ ਨਾਲ ਨਿਸਤਰੀ=ਮੁਕਤ ਰੂਪ ਹੋ ਗਈ ॥ ੩ ॥

ਯਥਾ- ''ਗੌਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥'' (ਨਾਮਦੇਵ, ਪੰਨਾ ੯੮੮)

ਤਥਾ- ''ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਨਾਰੈ ਬਾਝੁ ਪਰਾਣਾ।
ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।''

(ਭਾ: ਗੁਰਦਾਸ ਜੀ, ਵਾਰ ੧੦, ਪਉੜੀ ੧੮)

ਕੇਸੀ ਕੰਸ ਮਥਨੁ ਜਿਨਿ ਕੀਆ॥ ਜੀਆ ਦਾਨੁ ਕਾਲੀ ਕਉ ਦੀਆ॥

ਜਿਸ ਭਗਵਾਨ ਨੇ ਕੇਸੀ ਦੈਂਤ ਤੇ ਕੰਸ ਰਾਜੇ ਨੂੰ ਮਥਨਾ ਕੀਤਾ ਹੈ, ਅਤੇ
ਕਾਲੀ ਨਾਗ (ਸੱਪ) ਨੂੰ ਜਮਨਾ ਵਿਚ ਚਰੀ ਤਰ੍ਹਾਂ ਮਥ ਕੇ ਫੇਰ ਜਿਉਣ ਦਾਨ ਦਿੱਤਾ ਹੈ।

ਪ੍ਰਣਵੈ ਨਾਮਾ ਐਸੋ ਹਰੀ॥ ਜਾਸੁ ਜਪਤ ਭੈ ਅਪਦਾ ਟਰੀ॥ ੪ ॥ ੧ ॥ ੫ ॥

ਨਾਮਦੇਵ ਜੀ ਪ੍ਰਣਵੈ=ਉਚਾਰਦੇ ਹਨ, ਹਰੀ ਪਰਮਾਤਮਾ ਐਸਾ ਹੈ।
ਜਿਸ ਨੂੰ ਜਪਦਿਆਂ ਹੋਇਆਂ ਭੈਦਾਇਕ ਬਿਪਤਾ ਟਲ ਜਾਂਦੀ ਹੈ॥ ੪ ॥ ੧ ॥ ੫ ॥

ਉਥਾਨਕਾ:-ਦੇਵੀ ਦੇਵਤਿਆਂ ਦੇ ਉਪਾਸ਼ਕਾਂ ਨੇ ਨਾਮਦੇਵ ਦਾ ਪ੍ਰਤਾਪ ਸੁਣ ਕੇ ਆ ਕੇ ਆਖਿਆ-''ਤੂੰ ਸਾਡੇ ਪਾਸੋਂ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੀ ਸਿਖ ਲੈ ਤੇ ਸਾਨੂੰ ਹਰੀ ਨਾਮ ਦਾ ਉਪਦੇਸ਼ ਦੇ।''

ਇਹ ਗੱਲ ਸੁਣ ਕੇ ਨਾਮਦੇਵ ਜੀ ਕਹਿੰਦੇ ਹਨ-

ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥

ਮੈਂ ਤਾਂ ਇਕ ਵਾਹਿਗੁਰੂ ਦੇ ਨਾਮ ਨੂੰ ਹੀ ਲੈਂਦਾ ਹਾਂ, ਹੋਰ ਦੇਵਤਿਆਂ ਦੀ ਉਪਾਸ਼ਨਾ ਬਦਲੇ ਮੈਂ ਨਾਮ ਦਾ ਉਪਦੇਸ਼ ਤੁਹਾਨੂੰ ਨਹੀਂ ਦੇਂਦਾ।

ਵਾ-ਹੋਰ ਦੇਵਤਿਆਂ ਦੀ ਉਪਾਸ਼ਨਾ ਨੂੰ ਮੈਂ ਆਪਣੇ ਰਿਦੇ ਵਿਚੋਂ ਬਦਲਾ ਦਿੱਤਾ ਹੈ, ਭਾਵ ਮੈਂ ਹੋਰ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਦਾ। ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨ ਦਾ ਜੋ ਫਲ ਪ੍ਰਾਪਤ ਹੁੰਦਾ ਹੈ ਉਹ ਹੁਣ ਦੱਸਦੇ ਹਨ-

ਗੋਂਡ ॥

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥

ਜਿਹੜਾ ਪੁਰਸ਼ ਭੈਰੋਂ ਭੂਤ ਸੀਤਲਾ ਆਦਿਕਾਂ ਨੂੰ ਧਾਵੈ=ਧਿਆਉਂਦਾ ਹੈ, ਜੇ ਇਨ੍ਹਾਂ ਦੀ ਉਪਾਸ਼ਨਾ ਪੂਰੀ ਹੋ ਜਾਵੇ ਤਾਂ ਉਸ ਦੇਵਤੇ ਦਾ ਸਰੂਪ ਹੋ ਜਾਂਦਾ ਹੈ, ਕਿਉਂਕਿ ਇਹ ਨਿਯਮ ਹੈ ਜੇ ਉਪਾਸ਼ਨਾ ਪੂਰੀ ਪੂਰੀ ਹੋ ਜਾਵੇ ਤਾਂ ਉਪਾਸ਼ਕ ਉਪਾਸ਼ ਦਾ ਰੂਪ ਹੋ ਜਾਂਦਾ ਹੈ । ਜੇ ਉਪਾਸ਼ਨਾ ਪੂਰੀ ਨਾ ਹੋਵੇ ਤਾਂ ਉਸ ਦਾ ਵਾਹਨ ਬਣਦਾ ਹੈ। ਜਿਵੇਂ-

ਭੈਰੋਂ ਦੀ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਭੈਰੋਂ ਜਾ ਬਣਦਾ ਹੈ, ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਕੁੱਤਾ ਬਣਦਾ ਹੈ ਤੇ ਭੈਰੋਂ ਉਸ ਉਤੇ ਚੜ੍ਹ ਕੇ ਛਾਰ ਉਡਾਉਂਦਾ ਹੈ।

ਜੇ ਭੂਤਾਂ ਦੀ ਉਪਾਸ਼ਨਾ ਪੂਰੀ ਹੋ ਜਾਵੇ ਤਾਂ ਭੂਤ ਜਾ ਬਣਦਾ ਹੈ, ਜੇ ਉਪਾਸ਼ਨਾ ਪੂਰੀ ਨਾ ਹੋਵੇ ਤਾਂ ਉਸ ਦਾ ਵਾਹਨ ਵਾਵਰੋਲਾ ਹੁੰਦਾ ਹੈ, ਭੂਤ ਉਸ ਉੱਤੇ ਚੜ੍ਹ ਕੇ ਛਾਰ ਉਡਾਉਂਦਾ ਹੈ।

ਜੇ ਸੀਤਲਾ ਦੀ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਪੁਰਸ਼ ਤੋਂ ਸਗੋਂ ਨਾਰੀ ਜਾ ਬਣਦਾ ਹੈ। ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਖਰ=ਗਧਾ ਹੁੰਦਾ ਹੈ ਤੇ ਸੀਤਲਾ ਉਸ ਗਧੇ ਉੱਤੇ ਚੜ੍ਹ ਕੇ ਛਾਰ ਉਡਾਉਂਦੀ ਹੈ।

ਇਸ ਕਰਕੇ ਨਾਮਦੇਵ ਜੀ ਕਹਿੰਦੇ ਹਨ-

ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥

ਮੈਂ ਤਾਂ ਇਕ ਅਕਾਲ ਪੁਰਖ ਦੇ ਨਾਮ ਨੂੰ ਲੈਂਦਾ ਹਾਂ। ਹੋਰ ਦੇਵਤਿਆਂ ਦੀ ਉਪਾਸ਼ਨਾ ਨੂੰ ਬਦਲਾ ਦਿੱਤਾ ਹੈ॥ ੧ ॥ ਰਹਾਉ ॥

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥ ੨ ॥

ਸ਼ਿਵ ਸ਼ਿਵ ਕਰਕੇ ਜੋ ਆਦਮੀ ਸ਼ਿਵਜੀ ਨੂੰ ਧਿਆਉਂਦਾ ਹੈ, ਜੇ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਸ਼ਿਵਜੀ ਦਾ ਸਰੂਪ ਹੁੰਦਾ ਹੈ, ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਬਲਦ ਜਾ ਕੇ ਬਣਦਾ ਹੈ ਤਾਂ ਸ਼ਿਵਜੀ ਉਸ ਬਲਦ ਉੱਤੇ ਚੜ੍ਹਕੇ ਡੌਰੂ ਢਮਕਾਵੈ=ਵਜਾਉਂਦਾ ਹੈ॥ ੨ ॥

ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥ ੩ ॥

ਜਿਹੜਾ ਆਦਮੀ ਮਹਾ ਮਾਈ=ਵੱਡੀ ਦੇਵੀ ਚੰਡੀ ਦੀ ਪੂਜਾ ਕਰਦਾ ਹੈ, ਜੇ ਪੂਰੀ ਪੂਰੀ ਉਪਾਸ਼ਨਾ ਹੋ ਜਾਵੇ ਤਾਂ ਉਹ ਨਰ ਸੈ=ਆਦਮੀ ਤੋਂ ਇਸਤ੍ਰੀ ਹੋ ਕੇ ਉਤਰਦਾ, ਭਾਵ ਜੰਮਦਾ ਹੈ ਅਰਥਾਤ ਦੇਵੀ ਦਾ ਰੂਪ ਹੁੰਦਾ ਹੈ ਤੇ ਜੇ ਪੂਰੀ ਉਪਾਸ਼ਨਾ ਨਾ ਹੋਵੇ ਤਾਂ ਉਸ ਦਾ ਵਾਹਨ ਸ਼ੇਰ ਬਣਦਾ ਹੈ।

ਫਿਰ ਦੇਵੀ ਉਪਾਸਕ ਨੇ ਕਿਹਾ-"ਦੇਵੀ ਮੋਖ ਦੀ ਦਾਤੀ ਹੈ।"

ਨਾਮਦੇਵ ਜੀ ਨੇ ਕਿਹਾ-''ਦੇਵੀ ਭੋਗ ਦੀ ਦਾਤੀ ਤਾਂ ਹੈ, ਪਰ ਮੋਖ ਦੀ ਦਾਤੀ ਨਹੀਂ।''

ਇਸ ਉੱਤੇ ਹੁਣ ਪੀਪੇ ਰਾਜੇ ਦਾ ਦ੍ਰਿਸ਼ਟਾਂਤ ਦੇਂਦੇ ਹਨ-

ਰਾਜਾ ਪੀਪਾ ਦੇਵੀ ਦਾ ਉਪਾਸ਼ਕ ਸੀ। ਇਸ ਦੇ ਨਗਰ ਵਿਚ ਇਕ ਸੰਤ ਮੰਡਲੀ ਆਈ, ਉਨ੍ਹਾਂ ਨੂੰ ਅੱਧੀ ਰਸਦ ਭਿਜਵਾਈ ਤਾਂ ਮਹਾਤਮਾਂ ਨੇ ਉਹ ਰਸਦ ਅੰਗੀਕਾਰ ਨਾ ਕੀਤੀ। ਫਿਰ ਰਾਜੇ ਨੇ ਵਜ਼ੀਰਾਂ ਨੂੰ ਭੇਜਿਆ ਤਾਂ ਵੀ ਰਸਦ ਨਾ ਲੀਤੀ। ਫਿਰ ਆਪਣੇ ਪੁੱਤਰ ਨੂੰ ਭੇਜਿਆ ਤਾਂ ਭੀ ਸੰਤਾਂ ਨੇ ਨਾ ਲੀਤੀ।

ਫਿਰ ਰਾਜਾ ਆਪ ਸਾਰੀ ਰਸਦ ਲੈ ਕੇ ਆਇਆ।

ਸੰਤਾਂ ਨੇ ਪੁੱਛਿਆ-''ਕਿਸੇ ਦੀ ਉਪਾਸ਼ਨਾ ਵੀ ਕਰਦਾ ਹੈਂ ਕਿ ਨਹੀਂ?''

ਰਾਜੇ ਨੇ ਕਿਹਾ-''ਮੈਂ ਦੇਵੀ ਦੀ ਉਪਾਸ਼ਨਾ ਕਰਦਾ ਹਾਂ, ਦੇਵੀ ਮੈਨੂੰ ਰੋਜ਼ ਦਰਸ਼ਨ ਦੇਂਦੀ ਹੈ, ਦੇਵੀ ਤਾਂ ਭੋਗ ਮੋਖ ਦੀ ਦਾਤੀ ਹੈ।''

ਸੰਤਾਂ ਆਖਿਆ-''ਭੋਗ ਦੀ ਦਾਤੀ ਤਾਂ ਠੀਕ ਹੈ, ਪਰ ਮੋਖ ਦੀ ਦਾਤੀ ਨਹੀਂ। ਤੂੰ ਬੇ-ਸ਼ੱਕ ਦੇਵੀ ਪਾਸੋਂ ਸਵੇਰੇ ਪੁੱਛ ਲਈਂ ।''

ਰਾਜੇ ਪੀਪੇ ਨੂੰ ਸਵੇਰੇ ਉਪਾਸ਼ਨਾ ਵੇਲੇ ਜਦ ਦੇਵੀ ਪ੍ਰਗਟ ਹੋਈ ਤਾਂ ਰਾਜੇ ਨੇ ਕਿਹਾ-''ਹੇ ਮਾਤਾ ! ਮੈਨੂੰ ਮੁਕਤੀ ਦੇ।'' ਇਹ ਗੱਲ ਸੁਣ ਕੇ ਦੇਵੀ ਛਿਪ ਗਈ। ਰਾਜੇ ਪੀਪੇ ਨੇ ਬਥੇਰਾ ਜ਼ੋਰ ਲਗਾਇਆ, ਪਰੰਤੂ ਪ੍ਰਗਟ ਨਾ ਹੋਈ।

ਜਦ ਦੂਜੇ ਦਿਨ ਰਾਜਾ ਇਸ਼ਨਾਨ ਵਗੈਰਾ ਕਰਕੇ ਰੋਜ਼ ਦੇ ਨਿਯਮ ਅਨੁਸਾਰ ਸਮਾਧੀ ਵਿਖੇ ਬੈਠਾ ਤਾਂ ਫਿਰ ਦੇਵੀ ਨੇ ਆ ਕੇ ਦਰਸ਼ਨ ਦਿੱਤਾ। ਉਸ ਵੇਲੇ ਰਾਜੇ ਪੀਪੇ ਨੇ ਕਿਹਾ-

ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪ ॥

ਹੇ ਦੇਵੀ ! ਤੂੰ ਤਾਂ ਆਦਿ ਸ਼ਕਤੀ ਕਹਾਉਂਦੀ ਹੈਂ, ਪਰੰਤੂ ਮੁਕਤੀ ਦੇ ਵੇਲੇ ਕਿਥੇ ਛਿਪ ਗਈ ਸੀ? ਦੇਵੀ ਨੇ ਕਿਹਾ-''ਹੇ ਪੁੱਤਰ ! ਮੈਂ ਮੋਖ ਦੀ ਦਾਤੀ ਨਹੀਂ, ਮੈਂ ਤਾਂ ਵਰਾਂ ਦੀ ਦਾਤੀ ਹਾਂ। ਜੇ ਤੈਨੂੰ ਕਲਿਆਣ ਦੀ ਇੱਛਾ ਹੈ ਤਾਂ ਮੇਰਾ ਇਹ ਵਰ ਹੋਇਆ ਕਿ ਤੈਨੂੰ ਪੂਰਨ ਮਹਾਤਮਾਂ ਮੁਕਤੀ ਦਾਤੇ ਜ਼ਰੂਰ ਮਿਲ ਜਾਣਗੇ॥ ੪॥

ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ੫ ॥ ੨ ॥ ੬ ॥

ਹੇ ਮਿੱਤਰਾ ! ਗੁਰਾਂ ਦੀ ਸਿਖਿਆ ਦੁਆਰਾ ਰਾਮ ਨਾਮ ਨੂੰ ਗ੍ਰਹਿਣ ਕਰ। ਨਾਮਦੇਵ ਜੀ ਕਥਨ ਕਰਦੇ ਹਨ-

ਭਗਵਾਨ ਕ੍ਰਿਸ਼ਨ ਰਚਿਤ ਗੀਤਾ ਵੀ ਇਸ ਪ੍ਰਕਾਰ ਕਹਿ ਰਹੀ ਹੈ ਕਿ ਹੇ ਅਰਜਨ ! ਜੇ ਤੂੰ ਮੋਖ ਚਾਹੁੰਦਾ ਹੈਂ ਤਾਂ ਮੇਰਾ ਹੀ ਸਿਮਰਨ ਕਰ। ਹੋਰ ਦੇਵੀ ਦੇਵਤਿਆਂ ਦੀ ਉਪਾਸ਼ਨਾ ਨਾ ਕਰ।

ਅਥਵਾ-ਉਹ ਦੇਵੀ ਆਖਦੀ ਹੈ- ''ਹੇ ਰਾਜਨ ! ਲੋਕ-ਪ੍ਰਲੋਕ ਦਾ ਮਿੱਤਰ ਜੋ ਰਾਮ ਹੈ, ਉਸ ਦੇ ਨਾਮ ਨੂੰ ਗੁਰ ਸਿਖਿਆ ਦੁਆਰੇ ਗ੍ਰਹਿਣ ਕਰ।''

ਨਾਮਦੇਵ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਕਹਿ ਕੇ ਉਹ ਦੇਵੀ ਗੀ+ਤਾ=ਤਿਸ ਵੇਲੇ ਗੀ=ਚਲੀ ਗਈ॥ ੫॥ ੨॥ ੬॥

ਬਿਲਾਵਲੁ ਗੋਂਡ ॥

ਦੋ ਰਾਗਾਂ ਵਿਖੇ ਮਿਲਾਕੇ ਏਸ ਸ਼ਬਦ ਨੂੰ ਕਥਨ ਕਰਦੇ ਹਨ।

ਉਥਾਨਕਾ:-ਇਕ ਪੰਡਿਤ ਨੇ ਕਿਹਾ-''ਪਰਮੇਸ਼ਰ ਦੇ ਨਾਮ ਨਾਲੋਂ ਸੂਰਜ ਦਾ ਗਾਇਤ੍ਰੀ ਮੰਤ੍ਰ ਸ੍ਰੇਸ਼ਟ ਹੈ। ਜਿਸ ਨੇ ਗਾਇਤ੍ਰੀ ਮੰਤ੍ਰ ਦਾ ਜਾਪ ਕੀਤਾ ਹੈ, ਉਸ ਨੂੰ ਹੋਰ ਕਿਸੇ ਨਾਮ ਸਿਮਰਨ ਦੀ ਲੋੜ ਨਹੀਂ।''

ਹੁਣ ਨਾਮਦੇਵ ਜੀ ਉਸ ਨੂੰ ਮੂਰਖ ਪਦ ਦੇ ਕੇ ਸਮਝਾਉਂਦੇ ਹਨ-

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥ ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥ ੧॥

-ਪਹਿਲਾ ਅਰਥ-

ਨਾਮਦੇਵ ਜੀ ਕਥਨ ਕਰਦੇ ਹਨ-ਅੱਜ ਇਸ ਮਨੁੱਖਾ ਜਨਮ ਵਿਖੇ ਬੀਠਲੁ=ਪਰਮਾਤਮਾ ਨੂੰ ਦੇਖਿਆ ਹੈ, ਹੇ ਮੂਰਖ ਪੰਡਿਤ ! ਮੈਂ ਤੈਨੂੰ ਸਮਝਾਉਂਦਾ ਹਾਂ।

ਜਿਸ ਗਾਇਤ੍ਰੀ ਦਾ ਤੂੰ ਨਾਮ ਲੈਂਦਾ ਹੈਂ ਉਹ ਤੇਰੀ ਗਾਇਤ੍ਰੀ ਗਊ ਰੂਪ ਹੋ ਕੇ ਗੰਗਾ ਜੀ ਦੇ ਕਿਨਾਰੇ ਲੋਧੇ ਜ਼ਿਮੀਂਦਾਰ ਦਾ ਖੇਤ ਖਾਂਦੀ ਪਈ ਸੀ।

ਜਿਸ ਵੇਲੇ ਲੋਧੇ ਜ਼ਿਮੀਂਦਾਰ ਨੇ ਆ ਕੇ ਦੇਖਿਆ ਕਿ ਗਊ ਮੇਰੀ ਪੈਲੀ ਵਿਚ ਵੜ ਕੇ ਖੇਤ ਖਾ ਰਹੀ ਹੈ ਤਾਂ ਉਸ ਨੇ ਠੇਗਾ=ਸੋਟਾ ਲੈ ਕੇ ਗਊ ਦੀ ਟੰਗ ਤੋੜ ਦਿੱਤੀ। ਉਸ ਦਿਨ ਤੋਂ ਉਹ ਲੰਙੀ ਲੰਙੀ ਤੁਰੀ ਜਾਂਦੀ ਸੀ। ਉਹ ਗਾਇਤ੍ਰੀ ਤੂੰ ਲਈ ਫਿਰਦਾ ਹੈਂ ?

ਸਾਖੀ-ਗਾਇਤ੍ਰੀ ਦੀ

ਬ੍ਰਹਮਾ ਜੀ ਦੀਆਂ ਤਿੰਨ ਇਸਤ੍ਰੀਆਂ ਸਨ-ਸੁਰੱਸਤੀ, ਸਵਿਤੀ, ਗਾਇਤ੍ਰੀ ।

ਇਕ ਦਿਨ ਕਿਸੇ ਕਾਰਨ ਸਵਿਤ੍ਰੀ ਤੇ ਗਾਇਤ੍ਰੀ ਦੋਵੇਂ ਸੌਂਕਣਾ ਆਪਸ ਵਿਚ ਝਗੜਦੀਆਂ ਝਗੜਦੀਆਂ ਲੜ ਪਈਆਂ ਤੇ ਬ੍ਰਹਮਾ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਦੋਹਾਂ ਦੀ ਗੱਲ ਸੁਣੀ ਤੇ ਗਾਇਤ੍ਰੀ ਦੀ ਵਧੀਕੀ ਸਮਝਕੇ ਉਸ ਨੂੰ ਸਰਾਪ ਦੇ ਦਿੱਤਾ ਕਿ ਤੂੰ ਇਥੇ ਰਹਿਣ ਦੇ ਯੋਗ ਨਹੀਂ ਹੈਂ, ਜਾਹ ਮਾਤਲੋਕ ਵਿਚ ਜਾ ਕੇ ਪਸ਼ੂ ਜੂਨ ਧਾਰਕੇ ਵਿਚਰਨਾ ਕਰ। ਉਹ ਫਿਰ ਗਊ ਰੂਪ ਹੋ ਕੇ ਗੰਗਾ ਜੀ ਦੇ ਕਿਨਾਰੇ ਲੋਧੇ ਜ਼ਿਮੀਂਦਾਰ ਦੇ ਖੇਤ ਵਿਚ ਚਰਨ ਲੱਗ ਪਈ।

-ਦੂਜਾ ਅਰਥ-

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥ ਰਹਾਉ॥

ਬੀਠਲੁ=ਉਤਪਤੀ, ਪਾਲਣਾ, ਲੈਤਾ ਕਰਨ ਵਾਲੇ ਪਰਮਾਤਮਾ ਨੂੰ ਅੱਜ ਮਨੁੱਖਾ ਦੇਹ ਵਿਖੇ ਮੈਂ ਨਾਮਦੇਵ ਨੇ ਵੇਖਣਾ ਕੀਤਾ, ਭਾਵ ਸਾਖਿਆਤਕਾਰ ਕੀਤਾ ਹੈ।

ਹੇ ਮੂਰਖ ਪੰਡਿਤ ! ਇਸ ਲਈ ਮੈਂ ਮੈਨੂੰ ਸਮਝਾਉਂਦਾ ਹਾਂ।

ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤ ਖਾਤੀ ਥੀ॥

ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥ ੧॥

ਹੇ ਪਾਂਡੇ ! ਤੇਰੀ ਗਾਇਤ੍ਰੀ ਪਹਿਲੇ ਲੋਧੇ=ਪਾਪਾਂ ਦਾ ਖੇਤ ਖਾਂਦੀ ਸੀ, ਅਰਥਾਤ ਜਿਸ ਪਾਸੋਂ ਬ੍ਰਹਮ ਹੱਤਿਆ ਹੋ ਜਾਂਦੀ ਸੀ, ਉਸ ਦੇ ਪਾਪਾਂ ਨੂੰ ਦੂਰ ਕਰਦੀ ਸੀ, ਪਰ ਵਸ਼ਿਸ਼ਟ ਮਹਾਰਾਜ ਜੀ ਨੇ ਤਪ ਰੂਪ ਸੋਟਾ ਲੈ ਕੇ ਗਾਇਤ੍ਰੀ ਦੀ ਟੰਗ ਤੋੜ ਦਿੱਤੀ, ਟੰਗ ਕਿਹੜੀ ਤੋੜੀ ਜਿਹੜੀ ਉਸ ਵਿਚੋਂ ਸ਼ਕਤੀ ਕੱਢ ਦਿੱਤੀ ਹੈ।

ਵਾ-ਬੱਤੀ ਅੱਖਰਾਂ 'ਚ ਅੱਠ ਅੱਖਰ ਕੱਢ ਦਿੱਤੇ ਇਹੀ ਟੰਗ ਤੋੜੀ ਹੈ। ਹੁਣ ਲੰਗੜੀ ਲੰਗੜੀ ਤੁਰੀ ਜਾਂਦੀ ਹੈ, ਭਾਵ ਉਹ ਹੁਣ ਚਵੀ ਅੱਖਰਾਂ ਵਾਲੀ ਗਾਇਤ੍ਰੀ ਬ੍ਰਹਮ ਹੱਤਿਆ ਰੂਪ ਪਾਪਾਂ ਦੇ ਦੂਰ ਕਰਨ ਨੂੰ ਸਮਰੱਥ ਨਹੀਂ ਰਹੀ।

ਲੰਗੜੀ ਲੰਗੜੀ ਤੁਰੀ ਜਾਂਦੀ ਜਿਨ੍ਹਾਂ ਨੇ ਵੇਖੀ ਹੈ, ਉਹਨਾਂ ਦੁਆਰੇ ਮੈਂ ਸੁਣੀ ਹੈ॥ ੧॥

ਸਾਖੀ-ਵਸ਼ਿਸ਼ਟ ਜੀ ਦੀ

ਇਕ ਸਮੇਂ ਗਾਂਧ ਰਾਜੇ ਦਾ ਪੁੱਤਰ ਵਿਸ਼ਵਾਮਿੱਤ੍ਰ ਹਸੈਨਾ ਸਮੇਤ ਸ਼ਿਕਾਰ ਖੇਡਣ ਵਾਸਤੇ ਜੰਗਲ ਵਿਚ ਜਾ ਰਿਹਾ ਸੀ। ਰਾਹ ਵਿਚ ਵਸ਼ਿਸ਼ਟ ਮਹਾਰਾਜ ਜੀ ਦੀ ਕੁਟੀਆ ਪਰ ਜਾ ਕੇ ਵਿਸ਼ਵਾਮਿੱਤ੍ਰ ਜੀ ਨੇ ਸਾਦਰ ਨਮਸ਼ਕਾਰ ਕੀਤੀ। ਉਸ ਵੇਲੇ ਵਸ਼ਿਸ਼ਟ ਮਹਾਰਾਜ ਜੀ ਨੇ ਕਿਹਾ-''ਹੇ ਰਾਜਨ ! ਅੱਜ ਤੂੰ ਭੋਜਨ ਇਥੇ ਹੀ ਛਕਣਾ ਹੋਵੇਗਾ।''

ਵਿਸ਼ਵਾਮਿੱਤ੍ਰ ਨੇ ਕਿਹਾ-''ਮੇਰੇ ਨਾਲ ਬਹੁਤ ਸਾਰੀ ਫ਼ੌਜ ਹੈ, ਆਪ ਵਿਰੱਕਤ ਸਾਧੂ ਜੰਗਲ ਵਿਚ ਰਹਿਣ ਵਾਲੇ ਹੋ, ਇਤਨਾ ਪ੍ਰਬੰਧ ਆਪ ਕਿਵੇਂ ਕਰ ਸਕੋਗੇ ?''

ਵਸ਼ਿਸ਼ਟ ਜੀ ਨੇ ਕਿਹਾ-''ਤੂੰ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰ ਪਰਮੇਸ਼ਰ ਦੀ ਕਿਰਪਾ ਨਾਲ ਸਾਰਾ ਪ੍ਰਬੰਧ ਆਪੇ ਠੀਕ ਹੋ ਜਾਵੇਗਾ।''

ਇੰਜ ਕਹਿ ਕੇ ਵਸ਼ਿਸ਼ਟ ਜੀ ਨੇ ਦੇਵ ਲੋਕ 'ਚੋਂ ਕਾਮਧੇਨ ਗਊ ਮੰਗਵਾ ਲਈ । ਛੋਟੀ ਜੇਹੀ ਕੁਟੀਆ ਵਿਚ ਖੜੀ ਕਰਕੇ ਉਸ ਤੋਂ ਮਨ ਭਾਉਂਦੇ ਪਕਵਾਨ ਪ੍ਰਾਪਤ ਕਰਕੇ ਸਾਰੀ ਸੈਨਾ ਸਮੇਤ ਰਾਜੇ ਵਿਸ਼ਵਾਮਿੱਤ੍ਰ ਨੂੰ ਤ੍ਰਿਪਤ ਕਰ ਦਿੱਤਾ।

ਬਾਅਦ ਵਿਚ ਰਾਜੇ ਨੇ ਸੋਚਿਆ ਕਿ ਥੋੜ੍ਹੇ ਸਮੇਂ ਵਿਚ ਇਤਨਾ ਪਕਵਾਨ ਇਨ੍ਹਾਂ ਨੇ ਕਿਵੇਂ ਤਿਆਰ ਕਰਕੇ ਸਾਨੂੰ ਸੰਤੁਸ਼ਟ ਕੀਤਾ ਹੈ। ਇੰਞ ਸੋਚਦਾ ਹੋਇਆ ਵਸ਼ਿਸ਼ਟ ਜੀ ਪਾਸ ਆ ਕੇ ਪੁੱਛਦਾ ਹੈ-

'ਮਹਾਰਾਜ ਜੀ ! ਅਸੀਂ ਰਾਜੇ ਮਹਾਰਾਜੇ ਬੜੇ ਬੜੇ ਸ਼ਹਿਰਾਂ ਦੇ ਵਸਨੀਕ ਭੀ ਇਤਨਾ ਭੋਜਨ ਇਤਨੀ ਜਲਦੀ ਨਾਲ ਤਿਆਰ ਨਹੀਂ ਕਰ ਸਕਦੇ, ਜਿਤਨੀ ਜਲਦੀ ਆਪ ਜੀ ਨੇ ਤਿਆਰ ਕਰਕੇ ਛਕਾਇਆ ਹੈ, ਇਸ ਦਾ ਕੀ ਕਾਰਨ ਹੈ ? ਆਪ ਜੀ ਨੇ ਕਿਵੇਂ ਜਲਦੀ ਤਿਆਰ ਕਰ ਲਿਆ ਹੈ?''

ਵਸ਼ਿਸ਼ਟ ਜੀ ਨੇ ਕਿਹਾ-''ਹੇ ਰਾਜਨ ! ਅਸਾਡੇ ਪਾਸ ਕਾਮਧੇਨ ਗਊ ਹੈ ਉਸ ਦੇ ਪ੍ਰਤਾਪ ਕਰਕੇ ਇਤਨੀ ਜਲਦੀ ਮਨ-ਭਾਉਂਦੇ ਪਦਾਰਥ ਤਿਆਰ ਹੰਦੇ ਮਿਲ ਗਏ ਹਨ।''

ਇਹ ਗੱਲ ਸੁਣਕੇ ਰਾਜੇ ਵਿਸ਼ਵਾ ਮਿੱਤ੍ਰ ਨੇ ਕਿਹਾ-''ਇਹ ਕਾਮਧੇਨ ਗਉ ਮੈਨੂੰ ਮਿਲਣੀ ਚਾਹੀਦੀ ਹੈ, ਕਿਉਂਕਿ ਸਾਡੇ ਪਾਸ ਸੈਨਾ ਬੜੀ ਹੁੰਦੀ ਹੈ ਤੇ ਉਨ੍ਹਾਂ ਨੂੰ ਜਲਦੀ ਜਲਦੀ ਭੋਜਨ ਛਕਾ ਲਿਆ ਕਰਾਂਗੇ।''

ਵਸ਼ਿਸ਼ਟ ਜੀ ਨੇ ਕਿਹਾ-''ਹੇ ਰਾਜਨ ! ਇਹ ਬ੍ਰਹਮ ਰਿਖੀਆਂ ਦਾ ਧਨ ਹੈ, ਰਾਜਿਆਂ ਦਾ ਧਨ ਨਹੀਂ। ਜੇ ਤੈਨੂੰ ਇਸ ਦੀ ਲੋੜ ਹੈ ਤਾਂ ਪਹਿਲੇ ਤਪੱਸਿਆ ਕਰਕੇ ਤੂੰ ਬ੍ਰਹਮ ਰਿਖੀ ਬਣ।''

ਵਿਸ਼ਵਾ ਮਿੱਤਰ ਜੀ ਉਪਰਾਮਤਾ ਨਾਲ ਨਮਸ਼ਕਾਰ ਕਰਕੇ ਵਾਪਸ ਆਏ ਤੇ ਮਨ ਵਿਚ ਬ੍ਰਹਮ ਰਿਖੀ ਬਣਨ ਦਾ ਨਿਸਚੇ ਕਰਕੇ ਰਾਜ ਦਾ ਕੰਮ ਮੰਤਰੀਆਂ ਦੇ ਸਪੁੱਰਦ ਕਰਕੇ ਆਪ ਜੰਗਲ ਵਿਚ ਚਲੇ ਗਏ। ਜਾ ਕੇ ਬੜੀ

ਭਾਰੀ ਤਪੱਸਿਆ ਕੀਤੀ, ਤਦ ਬ੍ਰਹਮਾ ਜੀ ਸਨਮੁਖ ਆ ਕੇ ਕਹਿੰਦੇ ਹਨ-"ਹੇ ਰਾਜਨ ! ਮੈਂ ਤੇਰੀ ਤਪੱਸਿਆ ਤੇ ਬੜਾ ਪ੍ਰਸੰਨ ਹਾਂ ਤੂੰ ਵਰ ਮੰਗ ਕੀ ਚਾਹੁੰਦਾ ਹੈਂ ?"

ਵਿਸ਼ਵਾ ਮਿੱਤਰ ਨੇ ਕਿਹਾ-"ਮੈਨੂੰ ਬ੍ਰਹਮ ਰਿਖੀ ਹੋਣ ਦਾ ਵਰ ਦਿਓ।"

ਇਹ ਗੱਲ ਸੁਣ ਕੇ ਬ੍ਰਹਮਾ ਜੀ ਨੇ ਕਿਹਾ-"ਹੇ ਪ੍ਰਿਯ ਦਰਸੀ ! ਮੇਰੇ ਵੱਲੋਂ ਤਾਂ ਤੂੰ ਬ੍ਰਹਮ ਰਿਖੀ ਹੋ ਚੁਕਾ ਹੈਂ, ਪਰ ਮਾਤ ਲੋਕ ਦੀ ਮਰਯਾਦਾ ਬ੍ਰਹਮ ਰਿਖੀਆਂ ਦੇ ਸ਼੍ਰੋਮਣੀ ਵਸ਼ਿਸ਼ਟ ਮਹਾਰਾਜ ਜੀ ਪਾਸ ਹੈ ਜੇ ਉਹ ਤੈਨੂੰ ਬ੍ਰਹਮ ਰਿਖੀ ਕਹਿ ਦੇਣ ਤਾਂ ਤੂੰ ਬ੍ਰਹਮ ਰਿਖੀ ਹੋ ਜਾਏਂਗਾ।"

ਇਹ ਗੱਲ ਸੁਣਕੇ ਵਿਸ਼ਵਾ ਮਿੱਤਰ ਜੀ ਨੇ ਕਿਹਾ-"ਇਹ ਕੋਈ ਵੱਡੀ ਗੱਲ ਨਹੀਂ, ਉਹ ਤਾਂ ਮੇਰੇ ਪਰ ਮਿਹਰਬਾਨ ਹਨ। ਉਮੀਦ ਹੈ ਉਹ ਮੈਨੂੰ ਜ਼ਰੂਰ ਬ੍ਰਹਮ ਰਿਖੀ ਆਖ ਦੇਣਗੇ।"

ਇਹ ਗੱਲ ਸੁਣਕੇ ਬ੍ਰਹਮਾ ਜੀ ਅਲੋਪ ਹੋ ਗਏ ਤੇ ਵਿਸ਼ਵਾ ਮਿੱਤਰ ਆਪਣੇ ਰਾਜ-ਮੰਦਰਾਂ ਵਿਚ ਆ ਕੇ ਸੋਹਣੇ ਸੋਹਣੇ ਕਪੜੇ ਤੇ ਸ਼ਸਤ੍ਰ ਪਹਿਨ ਕੇ, ਅਰਥਾਤ ਰਾਜਸੀ ਬਿਲਾਸ ਦੇ ਸਹਿਤ ਹੋ ਕੇ ਵਸ਼ਿਸ਼ਟ ਮਹਾਰਾਜ ਜੀ ਪਾਸ ਪੁੱਜਾ।

ਵਸ਼ਿਸ਼ਟ ਜੀ ਨੇ ਆਉਂਦਿਆਂ ਵੇਖਕੇ ਕਿਹਾ-"ਆਓ ਰਾਜ ਰਿਖੀ ਜੀ !"

ਇਹ ਗੱਲ ਸੁਣਕੇ ਵਿਸ਼ਵਾ ਮਿੱਤਰ ਨੂੰ ਬੜਾ ਗੁੱਸਾ ਆਇਆ ਤੇ ਮਨ ਵਿਚ ਸੋਚਿਆ ਇਤਨੇ ਸਾਲਾਂ ਦੀ ਕਠਨ ਤਪੱਸਿਆ ਅਤੇ ਬ੍ਰਹਮਾ ਜੀ ਦਾ ਵਰ ਇਸ ਨੇ ਨਿਸਫਲ ਕਰ ਦਿੱਤਾ ਹੈ ਤੇ ਬੜੇ ਗੁੱਸੇ ਵਿਚ ਆ ਕੇ ਜਿਸ ਜਗ੍ਹਾ ਵਸ਼ਿਸ਼ਟ ਜੀ ਦੇ ਪੁੱਤਰ ਬੈਠੇ ਤਪੱਸਿਆ ਕਰ ਰਹੇ ਸਨ। ਉਹਨਾਂ ਵਿਚੋਂ ਇਕ ਦਾ ਸਿਰ ਕੱਟ ਕੇ ਵਾਪਸ ਆ ਗਿਆ ਤੇ ਘਰ ਆ ਕੇ ਗਾਇਤ੍ਰੀ ਮੰਤਰ ਦਾ ਪਾਠ ਵਿਧੀ ਪੂਰਬਕ ਕਰਕੇ ਬ੍ਰਹਮ ਹੱਤਿਆ ਦਾ ਦੋਸ਼ ਨਵਿਰਤ ਕਰ ਲੀਤਾ।

ਏਸੇ ਤਰ੍ਹਾਂ ਰਾਜਸੀ ਲਿਬਾਸ ਨਾਲ ਦੂਜੇ ਦਿਨ ਗਿਆ ਤਾਂ ਵਸ਼ਿਸ਼ਟ ਜੀ ਨੇ ਫਿਰ ਇਸ ਨੂੰ ਰਾਜ ਰਿਖੀ ਕਿਹਾ। ਇਸ ਨੇ ਫਿਰ ਕਰੋਧ ਵਿਚ ਆ ਕੇ ਓਸੇ ਤਰ੍ਹਾਂ ਦੂਜੇ ਪੁੱਤਰ ਦਾ ਸਿਰ ਕੱਟ ਕੇ ਤੇ ਗਾਇਤ੍ਰੀ ਮੰਤਰ ਦਾ ਪਾਠ ਕਰਕੇ ਬ੍ਰਹਮ ਹੱਤਿਆ ਦੂਰ ਕਰ ਲੀਤੀ। ਏਸੇ ਤਰ੍ਹਾਂ ਰੋਜ਼ਾਨਾ ਹੀ ਬਾਦਸ਼ਾਹੀ ਠਾਠ ਵਿਚ ਜਾਇਆ ਕਰੇ ਤੇ ਸਤਵਕਤਾ ਵਸ਼ਿਸ਼ਟ ਜੀ ਵੇਖਕੇ ਇਸ ਨੂੰ ਰਾਜ ਰਿਖੀ ਕਹਿ ਦਿੱਤਾ ਕਰਨ ਤੇ ਵਿਸ਼ਵਾ ਮਿੱਤ੍ਰ ਗੁੱਸੇ ਵਿਚ ਆ ਕੇ ਵਿਸ਼ਸ਼ਟ ਜੀ ਦੇ ਪੁੱਤਰ ਨੂੰ ਮਾਰ ਦਿਤਾ ਕਰੇ। ਇਉਂ ਇਸ ਨੇ ਸੌ ਦਾ ਸੌ ਹੀ ਪੁੱਤਰ ਮਾਰ ਦਿੱਤਾ ਅਤੇ ਰੋਜ਼ਾਨਾ ਗਾਇਤ੍ਰੀ ਮੰਤਰ ਦਾ ਪਾਠ ਕਰਕੇ ਬ੍ਰਹਮ ਹੱਤਿਆ ਉਤਾਰ ਲੀਤਾ ਕਰੇ।

ਇਕ ਦਿਨ ਵਿਸ਼ਵਾ ਮਿੱਤ੍ਰ ਜੀ ਦੇ ਮਨ ਵਿਚ ਵਿਚਾਰ ਆਈ ਕਿ ਮੈਂ ਵਸ਼ਿਸ਼ਟ ਜੀ ਦਾ ਸੌ ਪੁੱਤਰ ਅਕਾਰਨ ਹੀ ਮਾਰ ਦਿੱਤਾ ਹੈ, ਉਹਨਾਂ ਦਾ ਮਨ ਪੂਰਨ ਬ੍ਰਹਮ ਗਿਆਨੀਆਂ ਦੀ ਅਵਸਥਾ ਵਾਂਗ ਅਡੋਲ ਰਿਹਾ ਹੈ ਜਾਂ ਕਿਸੇ ਪ੍ਰਕਾਰ ਦੀ ਵਿਖੇਪਤਾ ਵਿਚ ਆਇਆ ਹੈ। ਇਸ ਗੱਲ ਦੇ ਜਾਨਣ ਵਾਸਤੇ ਪੂਰਨਮਾਸ਼ੀ ਦੀ ਰਾਤ ਨੂੰ ਸਾਦੇ ਲਿਬਾਸ ਵਿਚ ਜਾ ਕੇ ਉਸ ਦੀ ਕੁਟੀਆ ਦੇ ਪਿਛਲੇ ਪਾਸੇ ਜਾ ਬੈਠੇ, ਓਸੇ ਵੇਲੇ ਵਸ਼ਿਸ਼ਟ ਜੀ ਦੇ ਘਰ ਵਾਲੀ ਅਰੁੰਧਤੀ ਨੇ ਅਕਾਸ਼ ਵਿਚ ਚੰਦ੍ਰਮਾ ਨੂੰ ਪੂਰੇ ਜੋਬਨ ਵਿਚ ਤੱਕ ਕੇ ਆਪਣੇ ਪਤੀ ਵਸ਼ਿਸ਼ਟ ਦੇਵ ਜੀ ਦੇ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ-"ਸੁਆਮੀ ਜੀ ! ਜਿਵੇਂ ਚੰਦਰਮਾਂ ਦੀ ਸੀਤਲ ਚਾਂਦਨੀ ਪੂਰੇ ਜੋਬਨ ਵਿਚ ਡਲ੍ਹਕਾਂ ਮਾਰ ਰਹੀ ਹੈ, ਤਿਵੇਂ ਮਾਤ ਲੋਕ ਦੀ ਧਰਤੀ ਪਰ ਪੂਰਨ ਤੇਜਸ੍ਵੀ ਪ੍ਰਤਾਪੀ ਕੋਈ ਰਿਖੀ ਹੈ ਜਾਂ ਨਹੀਂ?"

ਇਹ ਗੱਲ ਸੁਣ ਕੇ ਵਸ਼ਿਸ਼ਟ ਜੀ ਨੇ ਕਿਹਾ-"ਮਾਤ ਲੋਕ ਦੀ ਧਰਤੀ ਪਰ ਪੂਰਨ ਤੇਜ ਪ੍ਰਤਾਪੀ ਇਸ ਵੇਲੇ ਵਿਸ਼ਵਾ ਮਿੱਤ੍ਰ ਜੀ ਹਨ, ਜੋ ਰੋਜ਼ਾਨਾ ਇਥੇ ਆਉਂਦੇ ਹਨ।

ਇਹ ਗੱਲ ਸੁਣਕੇ ਪਿੱਛੇ ਬੈਠੇ ਵਿਸ਼ਵਾ ਮਿੱਤ੍ਰ ਜੀ ਹੈਰਾਨ ਹੋਏ। ਚਿੱਤ ਵਿਚ ਵਿਚਾਰਦੇ ਹਨ ਕਿ ਮੈਂ ਇਨ੍ਹਾਂ

ਦਾ ਸੋ ਪੁੱਤਰ ਮਾਰ ਦਿੱਤਾ ਹੈ ਤੇ ਇਹ ਮੇਰਾ ਜਸ ਕਰ ਰਹੇ ਹਨ। ਇੰਞ ਚਿਤਵਦਾ ਹੋਇਆ ਜਦ ਵਸ਼ਿਸ਼ਟ ਜੀ ਦੇ ਸਾਹਮਣੇ ਆਇਆ ਤਾਂ ਇਸ ਨੂੰ ਸਾਦੇ ਲਿਬਾਸ ਵਿਚ ਵੇਖ ਕੇ ਵਸ਼ਿਸ਼ਟ ਜੀ ਨੇ ਕਿਹਾ-

"ਆਓ ਬ੍ਰਹਮ ਰਿਖੀ ਜੀ !" ਇੰਞ ਸੁਣਕੇ ਵਿਸ਼ਵਾ ਮਿੱਤ੍ਰ ਬੜਾ ਪ੍ਰਸੰਨ ਹੋਇਆ ਤੇ ਕਹਿਣ ਲੱਗਾ-

"ਮਹਾਰਾਜ ! ਸੋ ਪੁੱਤਰ ਮਰਵਾ ਕੇ ਬ੍ਰਹਮ ਰਿਖੀ ਕਿਹਾ ਹੈ, ਜੇ ਆਪ ਪਹਿਲੇ ਹੀ ਬ੍ਰਹਮ ਰਿਖੀ ਕਹਿ ਦੇਂਦੇ, ਆਪਣਾ ਸੋ ਪੁੱਤਰ ਤਾਂ ਨਾ ਮਰਵਾਉਂਦੇ?"

ਸਤਵਕਤਾ ਵੱਸ਼ਿਸ਼ਟ ਜੀ ਨੇ ਕਿਹਾ-"ਅਸੀਂ ਤੇਰੇ ਲਿਬਾਸ ਅਨੁਸਾਰ ਹੀ ਕਹਿੰਦੇ ਰਹੇ ਹਾਂ। ਤੂੰ ਰਾਜਿਆਂ ਵਾਲੇ ਕਪੜੇ ਪਹਿਨ ਕੇ ਆਉਂਦਾ ਰਿਹਾ ਹੈਂ, ਇਸ ਕਰਕੇ ਅਸੀਂ ਤੈਨੂੰ ਰਾਜ ਰਿਖੀ ਕਹਿੰਦੇ ਰਹੇ ਹਾਂ। ਅੱਜ ਤੂੰ ਸਾਦੇ ਲਿਬਾਸ ਵਿਚ ਆਇਆ ਹੈਂ ਇਸ ਤੇ ਤੈਨੂੰ ਬ੍ਰਹਮ ਰਿਖੀ ਕਿਹਾ ਹੈ, ਪਰ ਇਹ ਦਸ, ਤੂੰ

ਸੋ ਪੁੱਤਰ ਮਾਰ ਕੇ ਬ੍ਰਹਮ ਹੱਤਿਆ ਕਿਵੇਂ ਉਤਾਰੀ ਹੈ?"

ਵਿਸ਼ਵਾ ਮਿੱਤ੍ਰ ਨੇ ਕਿਹਾ-"ਗਾਇਤ੍ਰੀ ਮੰਤਰ ਦਾ ਪਾਠ ਕਰਕੇ ਮੈਂ ਬ੍ਰਹਮ ਹੱਤਿਆ ਦੂਰ ਕੀਤੀ ਹੈ।"

ਇਹ ਗੱਲ ਸੁਣਕੇ ਵਸ਼ਿਸ਼ਟ ਜੀ ਨੇ ਵਿਚਾਰਿਆ ਕਲਜੁਗੀ ਜੀਵ ਪਾਪ ਕਰਨ ਤੋਂ ਸੰਕੋਚ ਨਹੀਂ ਕੀਤਾ ਕਰਨਗੇ। ਬੜੇ ਬੜੇ ਬੱਜਰ ਪਾਪਾਂ ਨੂੰ ਕਰਕੇ ਗਾਇਤ੍ਰੀ ਮੰਤ੍ਰ ਦੁਆਰਾ ਦੂਰ ਕਰ ਲਿਆ ਕਰਨਗੇ ।

ਇਹ ਗੱਲ ਵਿਚਾਰਕੇ ਵਸ਼ਿਸ਼ਟ ਜੀ ਨੇ ਤਪ ਰੂਪ ਸੋਟਾ ਲੈ ਕੇ ਗਾਇਤ੍ਰੀ ਮੰਤ੍ਰ ਦੀ ਸ਼ਕਤੀ ਰੂਪ ਟੰਗ ਤੋੜ ਦਿੱਤੀ।

ਭਾਵ-ਅੱਜ ਤੋਂ ਲੈ ਕੇ ਇਹ ਗਾਇਤ੍ਰੀ ਮੰਤ੍ਰ ਬ੍ਰਹਮ ਹੱਤਿਆ ਦੇ ਦੋਸ਼ ਨੂੰ ਦੂਰ ਨਹੀਂ ਕਰੇਗਾ।

ਸਭਾ ਵਿਚ ਇਕ ਸ਼ਿਵ ਉਪਾਸ਼ਕ ਬੈਠਾ ਸੀ ਉਹ ਆਖਣ ਲੱਗਾ-"ਗਾਇਤ੍ਰੀ ਮੰਤ੍ਰ ਨਾਲੋਂ ਸ਼ਿਵਾਂ ਦੀ ਉਪਾਸ਼ਨਾ ਕਰਨੀ ਸ੍ਰੇਸ਼ਟ ਹੈ।" ਇਹ ਗੱਲ ਸੁਣ ਕੇ ਨਾਮਦੇਵ ਜੀ ਨੇ ਕਿਹਾ-

ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥ ੨ ॥

ਹੇ ਪਾਂਡੇ ! ਤੇਰਾ ਮਹਾਂ ਦੇਵ ਚਿੱਟੇ ਬੈਲ ਉੱਤੇ ਚੜ੍ਹਿਆ ਆਉਂਦਾ ਜਿਨ੍ਹਾਂ ਨੇ ਵੇਖਿਆ ਹੈ ਉਹਨਾਂ ਦੁਆਰੇ ਮੈਂ ਸੁਣਿਆਂ ਹੈ। ਮੋਦੀ=ਅਨੰਦ ਦਾਤੀ ਜੋ ਇਸਤ੍ਰੀ ਪਾਰਬਤੀ ਹੈ ਉਸ ਦੇ ਘਰ ਖਾਣਾ ਪੱਕਾ ਤੇ ਉਸ ਦੇ ਹੀ ਲੜਕੇ ਨੂੰ ਮਾਰ ਦਿੱਤਾ॥ ੨ ॥

ਸਾਖੀ-ਪਾਰਬਤੀ ਦੀ

ਇਕ ਸਮੇਂ ਸ਼ਿਵਜੀ ਮਹਾਰਾਜ ਜੀ ਪਾਰਬਤੀ ਨੂੰ ਰੋਟੀ ਤਿਆਰ ਕਰਨ ਵਾਸਤੇ ਆਖਕੇ ਚਲੇ ਗਏ ਕਿ ਅਸੀਂ ਹੁਣੇ ਆਉਂਦੇ ਹਾਂ ਤੂੰ ਰੋਟੀ ਤਿਆਰ ਕਰ ਛੱਡੀਂ। ਪਿੱਛੋਂ ਪਾਰਬਤੀ ਨੇ ਆਪਣੇ ਸਰੀਰ ਤੇ ਵੱਟਣਾ ਮਲਕੇ ਇਕ ਸੁੰਦਰ ਲੜਕਾ ਪੈਦਾ ਕਰਕੇ ਉਸ ਨੂੰ ਸਮਝਾ ਕੇ ਬਾਹਰ ਬੂਹੇ ਤੇ ਖੜਾ ਕਰ ਦਿੱਤਾ ਤੇ ਕਿਹਾ ਕਿ ਮੈਂ ਇਸ਼ਨਾਨ ਕਰਨ ਲੱਗੀ ਹਾਂ ਅੰਦਰ ਕੋਈ ਨਾ ਆਵੇ। ਉਹ ਲੜਕਾ ਬਾਹਰ ਬੂਹੇ ਤੇ ਖਲੋਤਾ ਹੀ ਸੀ ਜੋ ਕੁਝਕੁ ਸਮੇਂ ਨੂੰ ਸ਼ਿਵਜੀ ਮਹਾਰਾਜ ਜੀ ਆ ਗਏ। ਅੰਦਰ ਜਾਂਦਿਆਂ ਨੂੰ ਲੜਕੇ ਨੇ ਰੋਕ ਦਿੱਤਾ ਤੇ ਕਿਹਾ-"ਮੇਰੀ ਮਾਂ ਅੰਦਰ ਇਸ਼ਨਾਨ ਕਰ ਰਹੀ ਹੈ ਆਪ ਜ਼ਰਾ ਠਹਿਰ ਜਾਈਏ।" ਸ਼ਿਵਾਂ ਨੂੰ ਬੜਾ ਗੁੱਸਾ ਆਇਆ ਤੇ ਆਖਦੇ ਹਨ-"ਤੂੰ ਕਿਹੜੀ ਮਾਂ ਵਾਲਾ ਆ ਗਿਆ ਹੈਂ ?" ਤ੍ਰਿਸੂਲ ਕੱਢ ਕੇ ਉਸ ਦਾ ਸਿਰ ਵੱਢ ਦਿੱਤਾ ਤੇ ਅੰਦਰ ਚਲੇ ਗਏ।

ਪ੍ਰਾਰਬਤੀ ਨੇ ਕਿਹਾ -''ਤੁਹਾਨੂੰ ਕਿਸੇ ਨੇ ਰੋਕਿਆ ਨਹੀਂ।''

ਸ਼ਿਵਜੀ ਨੇ ਕਿਹਾ-''ਇਕ ਲੜਕੇ ਨੇ ਰੋਕਿਆ ਤਾਂ ਸੀ, ਪਰ ਮੈਂ ਉਸ ਦਾ ਸਿਰ ਵੱਢ ਦਿੱਤਾ ਹੈ ਤੇ ਅੰਦਰ ਆ ਗਿਆ ਹਾਂ।''

ਇਹ ਗੱਲ ਸੁਣਕੇ ਪਾਰਬਤੀ ਰੋਣ ਲੱਗ ਪਈ ਅਤੇ ਆਖਣ ਲੱਗੀ, ''ਪਹਿਲੇ ਮੇਰੇ ਲੜਕੇ ਨੂੰ ਜਿਵਾਉਗੇ ਜਾਂ ਹੋਰ ਕੁਝ ਕੰਮ ਕਰਾਂਗੀ।''

ਹੁਣ ਵੇਖੋ ! ਸ਼ਿਵਜੀ ਐਸਾ ਅਲਪਗ ਫੇਰ ਅਕਾਰਨ ਕ੍ਰੋਧੀ ਜਿਸ ਨੂੰ ਇਹ ਵੀ ਨਾ ਪਤਾ ਲੱਗਾ ਕਿ ਇਹ ਮੇਰਾ ਹੀ ਪੁੱਤਰ ਹੈ ਤੇ ਮੈਂ ਇਸ ਦਾ ਸਿਰ ਨਾ ਵੱਢਾਂ। ਨਾਮਦੇਵ ਜੀ ਆਖਦੇ ਹਨ-ਐਸੇ ਅਗਿਆਨੀ ਅਲਪਗ ਸ਼ਿਵਾਂ ਦੀ ਉਪਾਸ਼ਨਾ ਭਲਾ ਕੀ ਕਰਨੀ ਹੈ, ਦੂਜੀ ਸਾਖੀ ਹੋਰ ਵੀ ਲਾਉਂਦੇ ਹਨ-

ਮੋਦੀ ਨਾਮ ਕਰਕੇ ਇਕ ਜ਼ਿਮੀਂਦਾਰ ਸ਼ਿਵਜੀ ਦਾ ਸਿੱਖ ਸੀ, ਉਸ ਦੇ ਘਰ ਖਾਣਾ ਪੱਕਾ ਤਾਂ ਉਸ ਦਾ ਲੜਕਾ ਮਰਵਾ ਦਿੱਤਾ ਜਿਸ ਵੇਲੇ ਮੋਦੀ ਨੇ ਥਾਲ ਪਰੋਸਕੇ ਸ਼ਿਵਜੀ ਅੱਗੇ ਲਿਆ ਰੱਖਿਆ ਤਾਂ ਸ਼ਿਵਾਂ ਕਿਹਾ-''ਪਹਿਲੇ ਸਾਡੇ ਬਲਦ ਦਾ ਖਾਣਾ ਦੇਹ ਫੇਰ ਅਸੀਂ ਖਾਵਾਂਗੇ।'' ਉਸ ਵੇਲੇ ਮੋਦੀ ਨੇ ਪੱਠੇ ਮੰਗਵਾ ਦਿੱਤੇ, ਸ਼ਿਵਾਂ ਨੇ ਕਿਹਾ-''ਇਹ ਬੈਲ ਪੱਠੇ ਨਹੀਂ ਖਾਂਦਾ ਇਹ ਤਾਂ ਤੇਰੇ ਪੁੱਤਰ ਦਾ ਮਾਸ ਖਾਏਗਾ।''

ਇਹ ਗੱਲ ਸੁਣਕੇ ਸ਼ਰਧਾਲੂ ਮੋਦੀ ਨੇ ਆਪਣਾ ਪੁੱਤਰ ਮਾਰ ਕੇ ਉਸ ਬਲਦ ਅੱਗੇ ਪਾ ਦਿੱਤਾ। ਨਾਮਦੇਵ ਜੀ ਕਹਿੰਦੇ ਹਨ-ਐਸੇ ਕਰੋਧੀ ਨਿਰਦਈ ਸ਼ਿਵਾ ਦੀ ਭਲਾ ਕੀ ਉਪਾਸ਼ਨਾ ਕਰਨੀ ਹੈ।

ਯਥਾ- ''ਮਹਾਦੇਉ ਅਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥ ੨॥''

(ਵਡਹੰਸੁ ਮਹਲਾ ੩, ਪੰਨਾ ੫੫੯)

ਸਭਾ ਵਿਚ ਇਕ ਰਾਮਚੰਦ੍ਰ ਉਪਾਸ਼ਕ ਬੈਠਾ ਸੀ ਉਹ ਆਖਣ ਲੱਗਾ-''ਸਾਰਿਆਂ ਨਾਲੋਂ ਰਾਮਚੰਦਰ ਦੀ ਉਪਾਸ਼ਨਾ ਕਰਨੀ ਸ੍ਰੇਸ਼ਟ ਹੈ।'' ਇਹ ਗੱਲ ਸੁਣਕੇ ਨਾਮਦੇਵ ਜੀ ਉਸ ਨੂੰ ਉੱਤਰ ਦੇਂਦੇ ਹਨ-

[ਪੰਨਾ ੮੭੫]

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ੩॥

ਹੇ ਪਾਂਡੇ ! ਤੇਰਾ ਜਿਹੜਾ ਰਾਮਚੰਦਰ ਹੈ ਉਸ ਨੂੰ ਜਿਨ੍ਹਾਂ ਨੇ ਆਉਂਦਾ ਵੇਖਿਆ ਹੈ, ਉਹਨਾਂ ਦੁਆਰੇ ਮੈਂ ਵੀ ਸੁਣਿਆਂ ਹੈ, ਉਸਨੇ ਆਪਣੀ ਘਰ ਦੀ ਜੋਇ=ਇਸਤ੍ਰੀ ਹੀ ਗਵਾ ਲਈ ਸੀ।

ਯਥਾ- ''ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥''

(ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੨)

ਜਿਸ ਕਰਕੇ ਰਾਵਣ ਦੇ ਨਾਲ ਉਸ ਦੀ ਸਰਬਰ=ਬਰਾਬਰੀ ਹੋਈ, ਭਾਵ ਆਹਮੋਂ ਸਾਹਮਣੇ ਲੜਾਈ ਮਚ ਗਈ।

ਸਾਖੀ-ਸ੍ਰੀ ਰਾਮਚੰਦ੍ਰ ਜੀ ਦੀ

ਇਕ ਸਮੇਂ ਸ੍ਰੀ ਰਾਮਚੰਦਰ ਜੀ ਦੇ ਦਾਦਾ 'ਅਜ' ਆਪਣੇ ਸ਼ਾਹੀ ਮਹਿਲਾਂ ਵਿਖੇ ਸੁਨਹਿਰੀ ਪਲੰਘ ਪਰ ਬੈਠੇ ਸਨ। ਉਸ ਸਮੇਂ ਰਾਜ ਜੋਤਸ਼ੀ ਨੇ ਆ ਕੇ ਅਸ਼ੀਰਵਾਦ ਦਿੱਤੀ ਤੇ ਰਾਜਾ ਜੀ ਨੇ ਬੜੇ ਸਤਿਕਾਰ ਨਾਲ ਉਸ ਨੂੰ ਆਸਣ ਦੇ ਕੇ ਬਿਠਾਇਆ। ਉਸ ਵੇਲੇ ਜੋਤਸ਼ੀ ਨੇ ਕਿਹਾ-''ਹੇ ਰਾਜਨ! ਅੱਜ ਮੈਂ ਇਕ ਖੁਸ਼ੀ ਦੀ ਗੱਲ

ਸੁਣਾਉਂਦਾ ਹਾਂ ਜੋ ਅੱਜ ਅੰਮ੍ਰਿਤ ਵੇਲੇ ਮੇਰੇ ਦ੍ਰਿਸ਼ਟੀ ਗੋਚਰ ਆਈ ਹੈ।'' ਇਹ ਗੱਲ ਸੁਣਕੇ ਰਾਜੇ ਨੇ ਬੜੇ ਉਤਸ਼ਾਹ ਨਾਲ ਕਿਹਾ:- ਪੰਡਿਤ ਜੀ ! ਖੁਸ਼ੀ ਵਾਲੀ ਗੱਲ ਜ਼ਰੂਰ ਸੁਣਾਓ?''

ਜੋਤਸ਼ੀ ਨੇ ਕਿਹਾ- ''ਆਪ ਜੀ ਦਾ ਜੋ ਪੁੱਤਰ ਹੋਵੇਗਾ ਉਹ ਬੜੇ ਤੇਜ ਪ੍ਰਤਾਪ ਵਾਲਾ ਈਸ਼ਵਰ ਅਵਤਾਰ ਹੋਵੇਗਾ।''

ਇਹ ਗੱਲ ਸੁਣ ਕੇ 'ਅਜ' ਰਾਜਾ ਜੀ ਬੜੇ ਪ੍ਰਸੰਨ ਹੋ ਕੇ ਕਹਿਣ ਲੱਗੇ ਕਿ ਸ਼ੁਕਰ ਹੈ ਉਸ ਪਰਮਾਤਮਾ ਦਾ, ਜੋ ਸਾਡੀ ਕੁਲ ਵਿਚ ਅਵਤਾਰ ਧਾਰਕੇ ਅਸਾਂ ਦਾ ਉਧਾਰ ਕਰੇਗਾ।

ਰਾਜੇ ਦੀ ਬਹੁਤੀ ਖੁਸ਼ੀ ਵੇਖਕੇ ਜੋਤਸ਼ੀ ਨੇ ਕਿਹਾ-''ਹੇ ਰਾਜਨ ! ਇਕ ਗੱਲ ਹੋਰ ਭੀ ਹੈ ਕਿ ਉਹ ਆਪਣੀ ਇਸਤ੍ਰੀ ਨੂੰ ਗੁਆ ਬੈਠੇਗਾ ਤੇ ਉਸ ਦੇ ਵਿਯੋਗ ਵਿਚ ਜੰਗਲ ਵਿਚ ਝੁਰੇਗਾ।''

ਯਥਾ- ''ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥''

(ਰਾਮਕਲੀ ਵਾਰ, ਪੰਨਾ ੯੫੩)

ਤਥਾ- ''ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ।।'' *(ਵਾਰਾਂ ਤੇ ਵਧੀਕ, ਪੰਨਾ ੧੪੧੨)*

ਇਹ ਗੱਲ ਸੁਣਕੇ 'ਅਜ' ਰਾਜਾ ਉਦਾਸ ਹੋ ਕੇ ਰੋਣ ਲਗ ਪਿਆ ਤੇ ਆਖਣ ਲੱਗਾ ਕਿ ਅਸਾਡੀ ਕੁਲ ਵਿਚ ਅਜੇਹਾ ਨਾਲਾਇਕ ਪੁੱਤਰ ਪੈਦਾ ਹੋਵੇਗਾ ਜੋ ਆਪਣੀ ਇਸਤ੍ਰੀ ਨੂੰ ਗੁਆ ਕੇ ਕੁਲ ਨੂੰ ਦਾਗ ਲਗਾਏਗਾ। ਅਜੇਹੇ ਰਾਮਚੰਦ੍ਰ ਦੀ ਉਪਾਸ਼ਨਾ ਕੀ ਕਰਨੀ ਹੈ। *(ਇਹ ਪ੍ਰਸੰਗ ਬਿਰਧ ਰਾਮਾਇਣ ਵਿਚ ਦੇਖੋ)*

ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥

ਨਾ ਵਿਹਾਰਕ ਨਾ ਪਰਮਾਰਥ ਅੱਖ ਹੋਣ ਕਰਕੇ ਹਿੰਦੂ ਅੰਨ੍ਹਾ ਹੈ।

ਕਿਉਂਕਿ ਹਿੰਦੂ ਦਾ ਮਜ਼ਹਬ ਇਕ ਨਹੀਂ। ਘਰ ਦੇ ਪੰਜ ਜੀਅ ਹੋਣਗੇ ਤੇ ਪੰਜਾਂ ਦੇ ਵੱਖੋ ਵੱਖਰੇ ਹੀ ਖਿਆਲ ਹੋਣਗੇ। ਕੋਈ ਦੇਵੀ ਦੀ ਉਪਾਸ਼ਨਾ, ਕੋਈ ਸੂਰਜ ਦੀ ਉਪਾਸ਼ਨਾ, ਕੋਈ ਸ਼ਿਵਾਂ ਦੀ, ਕੋਈ ਗਣੇਸ਼ ਦੀ, ਕੋਈ ਸ੍ਰੀ ਰਾਮਚੰਦਰ ਜੀ ਦੀ ਉਪਾਸ਼ਨਾ ਕਰੇਗਾ।

ਮੁਸਲਮਾਨ ਕਾਣਾ ਹੈ, ਕਿਉਂਕਿ ਉਸ ਦੀ ਇਕ ਵਿਹਾਰਕ ਅੱਖ ਨਹੀਂ ਅਤੇ ਪਰਮਾਰਥ ਅੱਖ ਹੈ, ਭਾਵ ਉਹ ਇਕ ਆਪਣੇ ਦੀਨ ਤੇ ਪੱਕਾ ਰਹਿੰਦਾ ਹੈ। ਹਿੰਦੂਆਂ ਵਾਂਗ ਉਸ ਦੇ ਬਹੁਤੇ ਮਜ਼ਹਬ ਨਹੀਂ ਹਨ।

ਵਾ:-ਮੁਸਲਮਾਨ ਕਾ=ਕਿਆ ਅੰਨ੍ਹਾ ਨਾ=ਨਹੀਂ? ਭਾਵ ਉਹ ਵੀ ਅੰਨਾ ਹੈ ਭੇਦਵਾਦੀ ਹੋਣ ਕਰਕੇ ਪਰ ਇਹ ਅਰਥ ਗਉਣ ਹੈ। ਹਿੰਦੂ ਅਤੇ ਮੁਸਲਮਾਨ ਇਨ੍ਹਾਂ ਦੋਹਾਂ ਨਾਲੋਂ ਗਿਆਨੀ=ਗਿਆਨਵਾਨ ਪੁਰਸ਼ ਸਿਆਣਾ ਹੈ।

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ ੪॥ ੩॥ ੭॥

ਹਿੰਦੂ ਲੋਕ ਦੇਹੁਰਿਆਂ ਨੂੰ ਪੂਜਦੇ ਹਨ ਅਤੇ ਮੁਸਲਮਾਨ ਮਸੀਤਾਂ ਨੂੰ ਮੰਨਦੇ ਹਨ। ਮੈਂ ਨਾਮਦੇਵ ਨੇ ਉਸ ਵਾਹਿਗੁਰੂ ਨੂੰ ਸੇਵਨਾ ਕੀਤਾ ਹੈ ਜਿਥੇ ਨਾ ਦੇਹੁਰਾ, ਨਾ ਮਸੀਤ ਪਣਾ ਹੈ॥ ੪॥ ੩॥ ੭॥

ਬਾਣੀ ਰਵਿਦਾਸ ਜੀਉ ਕੀ ਘਰੁ ੨

ਰਾਗੁ ਗੋਂਡ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:-ਕਿਸ ਦਾ ਜਾਪ ਕਰਨ ਨਾਲ ਮੁਕਤੀ ਹੁੰਦੀ ਹੈ? *ਉੱਤਰ-*

ਮੁਕੰਦ ਮੁਕੰਦ ਜਪਹੁ ਸੰਸਾਰ॥ ਬਿਨੁ ਮੁਕੰਦ ਤਨੁ ਹੋਇ ਅਉਹਾਰ॥

ਸੰਸਾਰੀ ਜੀਵੋ ! ਮੁਕੰਦ ਹੀ ਮੁਕੰਦ ਨਾਮ ਨੂੰ ਜਾਪ੍ਣਾ ਕਰੋ।

ਵਾ:-ਮੁਕੰਦ=ਮੁਕਤੀ ਦਾਤੇ ਪਰਮੇਸ਼ਰ ਦਾ ਮੁਕੰਦ ਨਾਮ ਜਪਣਾ ਕਰੋ।

ਮੁਕੰਦ ਨਾਮ ਜਪੇ ਬਿਨਾਂ ਮਨੁੱਖਾ ਸਰੀਰ ਅਉ=ਬਹੁੜੋ ਹਾਰ ਜਾਂਦਾ ਹੈ।

ਵਾ:-ਅਉਹਾਰ=ਨਿਸਫਲ ਹੁੰਦਾ ਹੈ।

ਸੋਈ ਮੁਕੰਦੁ ਮੁਕਤਿ ਕਾ ਦਾਤਾ॥ ਸੋਈ ਮੁਕੰਦੁ ਹਮਰਾ ਪਿਤ ਮਾਤਾ॥ ੧॥

ਉਹ ਮਕੰਦ ਹੀ ਜੀਵਾਂ ਨੂੰ ਮੋਖ ਦੇਣ ਵਾਲਾ ਹੈ।

ਉਹ ਮੁਕੰਦ ਹੀ ਮਾਤਾ ਪਿਤਾ ਵਾਂਗ ਸਾਡਾ ਰੱਖਿਅਕ ਹੈ॥ ੧॥

ਜੀਵਤ ਮੁਕੰਦੇ ਮਰਦ ਮੁਕੰਦੇ॥
ਤਾ ਕੇ ਸੇਵਕ ਕਉ ਸਦਾ ਅਨੰਦੇ॥ ੧॥ ਰਹਾਉ॥

ਜੀਉਂਦਿਆਂ ਸਮੇਂ ਮੁਕੰਦ ਨੂੰ ਅਤੇ ਮਰਨ ਵੇਲੇ ਵੀ ਮੁਕੰਦ ਨੂੰ ਜਪਣਾ ਕਰੋ।

ਵਾ:-ਮੁਕੰਦੇ=ਮੁਕਤੀ ਦਾਤੇ ਦੇ ਮੁਕੰਦ ਨਾਮ ਨੂੰ ਜੀਵਤ ਭਾ ਤੋਂ ਮਰ ਕੇ ਜਪਣਾ ਕਰੋ।

ਤਿਸ ਮੁਕੰਦ=ਮੁਕਤੀ ਦਾਤੇ ਪਰਮੇਸ਼ਰ ਦੇ ਸੇਵਕ ਨੂੰ ਹਮੇਸ਼ਾਂ ਅਨੰਦ ਬਣਿਆ ਰਹਿੰਦਾ ਹੈ॥ ੧॥

ਮੁਕੰਦ ਮੁਕੰਦ ਹਮਾਰੇ ਪ੍ਰਾਨੰ॥ ਜਪਿ ਮੁਕੰਦ ਮਸਤਕਿ ਨੀਸਾਨੰ ॥

ਮੁਕੰਦ=ਮੁਕਤੀ ਦਾਤੇ ਪਰਮੇਸ਼ਰ ਦਾ ਮੁਕੰਦ ਨਾਮ ਸਾਡੇ ਪ੍ਰਾਣ ਰੂਪ ਹੈ, ਭਾਵ ਪ੍ਰਾਣਾਂ ਵਾਂਗ ਪਿਆਰਾ ਹੈ। ਮੱਥੇ ਦੇ ਨੀਸਾਨੰ=ਲੇਖਾਂ ਅਨੁਸਾਰ ਮੁਕੰਦ ਨੂੰ ਜਪਦੇ ਹਾਂ।

ਸੇਵ ਮੁਕੰਦ ਕਰੈ ਬੈਰਾਗੀ॥ ਸੋਈ ਮੁਕੰਦੁ ਦੁਰਬਲ ਧਨੁ ਲਾਧੀ॥ ੨॥

(ਅਤੇ-ਸੰਸਾਰ ਤੋਂ) ਵੈਰਾਗਵਾਨ ਹੋ ਕੇ,

ਵਾ:-ਬੈਰਾਗੀ=ਪ੍ਰੇਮੀ ਹੋ ਕੇ ਮੁਕੰਦ ਦੀ ਸੇਵਾ ਕਰਦੇ ਹਾਂ।

ਉਹ ਮੁਕੰਦ ਦਾ ਨਾਮ ਹੀ ਮੈਂ ਦੁਰਬਲ=ਨਿਮਾਣੇ ਗਰੀਬ ਨੂੰ ਧਨ ਦੀ ਖਾਨ ਲਾਧੀ=ਲੱਭੀ ਹੈ॥ ੨॥

ਏਕੁ ਮੁਕੰਦੁ ਕਰੈ ਉਪਕਾਰੁ॥ ਹਮਰਾ ਕਹਾ ਕਰੈ ਸੰਸਾਰੁ॥

ਮੁਕਤੀ ਦਾਤਾ ਇਕ ਪਰਮਾਤਮਾ ਜੇਕਰ ਸਾਡੇ ਪਰ ਉਪਕਾਰੁ=ਸਹਾਇਤਾ ਕਰਨ ਵਾਲਾ ਹੈ ਤਾਂ-
ਸੰਸਾਰ ਵਿਚ ਨਿੰਦਕ ਜੀਵ ਸਾਡਾ ਕਹਾ=ਕੀ ਵਿਗਾੜ ਕਰ ਸਕਦਾ ਹੈ?

ਮੇਟੀ ਜਾਤਿ ਹੂਏ ਦਰਬਾਰਿ॥

ਜਾਤੀ ਦੀ ਹੰਗਤਾ ਮੇਟੀ=ਦੂਰ ਕਰਕੇ ਦਰਬਾਰਿ=ਸਰੂਪ ਦੀ ਪ੍ਰਾਪਤੀ ਵਾਲੇ ਹੋ ਗਏ।

ਪ੍ਰਸ਼ਨ-ਸਰੂਪ ਸਹਿਤ ਕਦੋਂ ਹੋਏ ?

ਉੱਤਰ-ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਇਹ ਨਿਸਚੇ ਕਰਵਾਇਆ-

ਤੁਹੀ ਮੁਕੰਦ ਜੋਗ ਜੁਗ ਤਾਰਿ॥ ੩॥

ਹੇ ਮੁਕੰਦ ! ਤੂੰ ਹੀਂ ਸਭ ਜੁਗਾਂ ਵਿਚ ਭਗਤੀ ਗਿਆਨ ਜੋਗ ਦੁਆਰਾ ਜੀਵਾਂ ਨੂੰ ਤਾਰਨ ਵਾਲਾ ਹੈਂ।

ਅਥਵਾ-ਜਿਸ ਵੇਲੇ ਗੁਰਾਂ ਨੇ ਕਿਰਪਾ ਕਰਕੇ ਐਸੇ ਮਹਾਂਵਾਕ ਦਾ ਉਪਦੇਸ਼ ਦਿੱਤਾ ਕਿ ਸਾਰਿਆਂ ਜੁਗਾਂ ਵਿਚ ਜੋ ਜੋਗ=ਜੁੜਿਆ ਹੋਇਆ ਹੈ, ਤਾਰਿ=ਇਕ-ਰਸ ਉਹ ਮੁਕੰਦ ਰੂਪ ਤੂੰਹੀਂ ਹੈਂ।

ਯਥਾ- ''ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥'' *(ਆਸਾ ਮ:੧, ਪੰਨਾ ੩੫੪)*

ਉਪਜਿਓ ਗਿਆਨੁ ਹੂਆ ਪਰਗਾਸ॥

ਜਿਸ ਦਾ ਸਾਰੇ ਪ੍ਰਕਾਸ਼ ਹੋ ਰਿਹਾ ਹੈ, ਉਸ ਦਾ ਬ੍ਰਹਮ ਗਿਆਨ ਜਿਸ ਵੇਲੇ ਉਤਪੰਨ ਹੋਇਆ।

ਵਾ-ਗਿਆਨ ਦੇ ਉਤਪੰਨ ਹੋਣੇ ਕਰਕੇ ਜਿਸ ਵੇਲੇ ਪਰਮਾਤਮਾ ਦਾ ਸਾਖਿਆਤ ਪ੍ਰਕਾਸ਼ ਹੋਇਆ । ਤਾਂ-

ਕਰਿ ਕਿਰਪਾ ਲੀਨੇ ਕੀਟ ਦਾਸ॥

ਕਿਰਪਾ ਕਰਕੇ ਮੈਂ ਕੀਟ=ਨੀਚ ਨੂੰ ਆਪਣਾ ਅਨਿੰਨ ਦਾਸ ਕਰ ਲੀਤਾ।

ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥

ਰਵਿਦਾਸ ਭਗਤ ਜੀ ਕਥਨ ਕਰਦੇ ਹਨ-ਹੁਣ ਗੁਰਾਂ ਦੀ ਕਿਰਪਾ ਦੁਆਰੇ ਮਾਇਆ ਦੀ ਤ੍ਰਿਸ਼ਨਾ ਚੂਕੀ=ਦੂਰ ਹੋ ਗਈ ਹੈ।

ਜਪਿ ਮੁਕੰਦ ਸੇਵਾ ਤਾਹੂ ਕੀ॥ ੪॥ ੧॥

ਇਸ ਲਈ ਅਸੀਂ ਮਨ ਕਰਕੇ ਮੁਕੰਦ ਨੂੰ ਜਪਦੇ ਹਾਂ ਅਤੇ ਤਨ ਕਰਕੇ ਓਸੇ ਦੀ ਸੇਵਾ ਕਰਦੇ ਹਾਂ॥ ੪॥ ੧॥

ਗੋਂਡ॥

ਉਥਾਨਕਾ:-ਸੰਤਾਂ ਦੀ ਨਿੰਦਿਆ ਕਰਨ ਵਾਲਾ ਪੁਰਸ਼ ਚਾਹੇ ਕਿਤਨੇ ਸਾਧਨ ਕਰ ਲਵੇ ਉਸ ਦੀ ਕਦੇ ਮੁਕਤੀ ਨਹੀਂ ਹੁੰਦੀ। ਇਹ ਨਿਯਮ ਇਸ ਸ਼ਬਦ ਦੁਆਰਾ ਰਵਿਦਾਸ ਜੀ ਕਥਨ ਕਰਦੇ ਹਨ-

ਸਾਧ ਕਾ ਨਿੰਦਕੁ ਕੈਸੇ ਤਰੈ॥

ਸੰਤਾਂ ਦਾ ਨਿੰਦਕ ਭਲਾ ਕਿਸ ਤਰ੍ਹਾਂ ਤਰ ਸਕਦਾ ਹੈ ? ਭਾਵ ਨਹੀਂ ਤਰ ਸਕਦਾ।

ਯਥਾ- ''ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥'' *(ਸੋਰਠਿ ਮ: ੩, ਪੰਨਾ ੬੦੧)*

ਸਰਪਰ ਜਾਨਹੁ ਨਰਕ ਹੀ ਪਰੈ॥

ਜਾਨਣਾ ਕਰੋ ਉਹ ਨਿੰਦਕ ਪੁਰਸ਼ ਸਰਪਰ=ਜ਼ਰੂਰ ਹੀ ਨਰਕਾਂ ਵਿਚ ਪਏਗਾ।

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥

ਜੇਕਰ ਉਹ ਅਠ-ਸਠਿ=ਅਠਾਹਠ ਤੀਰਥਾਂ ਪਰ ਜਾ ਕੇ ਨ੍ਹਾਵੈ=ਇਸ਼ਨਾਨ ਕਰ ਲਵੇ।

ਜੇ ਓਹੁ ਦੁਆਦਸ ਸਿਲਾ ਪੂਜਾਵੈ॥

ਜੇ ਉਹ ਦੁਆਦਸ=ਬਾਰਾਂ, ਸਿਲਾ=ਜੋਤੀਆਂ ਨੂੰ ਪੂਜ ਲਵੇ।

ਵਾ-ਦਸ ਪਾਰਖਦ, ਇਕ ਵਿਸ਼ਨੂੰ ਤੇ ਇਕ ਲਛਮੀ ਦੀ ਮੂਰਤੀ, ਏਹ ਬਾਰਾਂ ਸਿਲਾਂ ਨੂੰ ਪੂਜਨਾ ਕਰੇ।

ਜੇ ਓਹੁ ਕੂਪ ਤਟਾ ਦੇਵਾਵੈ॥

ਜੇ ਉਹ ਜਲ ਦਾਨ ਕਰਨ ਵਾਸਤੇ ਚਾਹੇ ਕੂਪ=ਖੂਹ ਜਾਂ ਤਟਾ=ਤਲਾਬ ਦੇਵਾਵੈ=ਲਗਾ ਦੇਵੇ।

ਕਰੈ ਨਿੰਦ ਸਭ ਬਿਰਥਾ ਜਾਵੈ॥ ੧॥

ਜੇ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਇਹ ਸਾਰੇ ਸਾਧਨ ਅਤੇ ਦਾਨ ਕੀਤੇ ਹੋਏ ਨਿਸਫਲ ਚਲੇ ਜਾਂਦੇ ਹਨ॥ ੧॥

ਸਾਧ ਕਾ ਨਿੰਦਕੁ ਕੈਸੇ ਤਰੈ॥
ਸਰਪਰ ਜਾਨਹੁ ਨਰਕ ਹੀ ਪਰੈ॥ ੧॥ ਰਹਾਉ॥

(ਇਨ੍ਹਾਂ ਤੁਕਾਂ ਦਾ ਅਰਥ ਹੋ ਚੁਕਾ ਹੈ।)

ਮ: ੩॥

ਯਥਾ- "ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥
ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥
ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥
ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥ ੨॥" (ਸੋਰਠਿ ਵਾਰ, ਪੰਨਾ ੬੪੯)

ਜੇ ਓਹੁ ਗ੍ਰਹਨ ਕਰੈ ਕੁਲਖੇਤਿ॥

ਜੇ ਉਹ ਕੁਲਖੇਤਿ=ਕੁਰੁਛੇਤ੍ਰ ਜਾ ਕੇ ਸੂਰਜ ਗ੍ਰਹਿਣ ਵੇਲੇ ਇਸ਼ਨਾਨ ਆਦਿਕ ਕਰਕੇ-

ਅਰਪੈ ਨਾਰਿ ਸੀਗਾਰ ਸਮੇਤਿ॥

ਸੋਨੇ ਦੇ ਭੂਸ਼ਨਾਂ ਸਹਿਤ ਆਪਣੀ ਇਸਤ੍ਰੀ ਅਰਪੈ=ਦਾਨ ਕਰ ਦੇਵੇ ।

ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥

ਸਾਰੀਆਂ ਸਤਾਈ ਸਿੰਮ੍ਰਿਤੀਆਂ ਚਾਹੇ ਸ੍ਰਵਨੀ=ਕੰਨਾਂ ਨਾਲ ਸੁਨਣਾ ਕਰੇ।

ਕਰੈ ਨਿੰਦ ਕਵਨੈ ਨਹੀ ਗੁਨੈ ॥ ੨॥

ਜੇਕਰ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਦਾਨ ਕੀਤਾ, ਸਿੰਮ੍ਰਿਤੀਆਂ ਦਾ ਪਾਠ ਸੁਣਿਆਂ, ਕਵਨੈ ਨਹੀ ਗੁਨੈ=ਕਿਸੀ ਲੇਖੇ ਵਿਚ ਨਹੀਂ, ਭਾਵ ਨਿਸਫਲ ਹੈ॥ ੨॥

ਜੇ ਓਹੁ ਅਨਿਕ ਪ੍ਰਸਾਦ ਕਰਾਵੈ॥

ਜੇਕਰ ਉਹ ਬਹੁਤ ਤਰ੍ਹਾਂ ਦੇ ਪ੍ਰਸਾਦ=ਭੋਜਨ ਤਿਆਰ ਕਰਕੇ ਲੋਕਾਂ ਨੂੰ ਛਕਾਉਣਾ ਕਰੇ। ਅਤੇ-

ਭੂਮਿ ਦਾਨ ਸੋਭਾ ਮੰਡਪਿ ਪਾਵੈ॥

ਪ੍ਰਿਥਵੀ ਦਾਨ ਕਰਕੇ ਮੰਡਪਿ=ਸੰਸਾਰ ਵਿਚ ਚਾਹੇ ਸੋਭਾ ਪਾਉਣਾ ਕਰੇ। ਵਾ-ਆਪਣੀ ਸੋਭਾ ਵਾਸਤੇ ਬੜੇ ਬੜੇ ਸੁੰਦਰ ਮੰਡਪਿ=ਮੰਦਰ ਪੁਆ ਦੇਵੇ ਪ੍ਰਦੇਸੀਆਂ ਦੇ ਅਰਾਮ ਲਈ।

ਅਪਨਾ ਬਿਗਾਰਿ ਬਿਰਾਂਨਾ ਸਾਂਢੈ॥

ਆਪਣਾ ਕੰਮ ਵਿਗਾੜ ਕੇ ਚਾਹੇ ਬਿਰਾਂਨਾ=ਪਰਾਇਆ ਕੰਮ ਸਾਂਢੈ=ਸਵਾਰ ਦੇਵੇ।

ਕਰੈ ਨਿੰਦ ਬਹੁ ਜੋਨੀ ਹਾਂਢੈ॥ ੩॥

ਪਰ ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਬਹੁਤੀਆਂ ਜੂਨਾਂ ਵਿਚ ਹਾਂਢੈ=ਫਿਰਦਾ ਹੈ॥ ੩॥

ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥

ਹੇ ਸੰਸਾਰੀ ਜੀਵੋ ! ਤੁਸੀਂ ਸੰਤਾਂ ਦੀ ਨਿੰਦਿਆ ਕਹਾ=ਕਿਉਂ ਕਰਦੇ ਹੋ ?

ਸੰਸਾਰ ਪਾਹਾਰਾ=ਪਸਾਰੇ ਵਿਚ ਨਿੰਦਕ ਦਾ ਅਪਜਸ ਹੀ ਸਾਰੇ ਪ੍ਰਗਟ ਹੈ।

ਨਿੰਦਕੁ ਸੋਧਿ ਸਾਧਿ ਬੀਚਾਰਿਆ॥

ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ ੪॥ ੨॥ ੨੦॥

ਉੱਤਮ ਪੁਰਸ਼ਾਂ ਨੇ ਨਿੰਦਕ ਪੁਰਸ਼ ਦੇ ਕਰਮਾਂ ਦਾ ਫਲ ਚੰਗੀ ਤਰ੍ਹਾਂ ਸੋਧਿ ਸਾਧਿ=ਨਿਰਣੇ ਕਰਕੇ ਵਿਚਾਰਨਾ ਕੀਤਾ ਹੈ। ਆਖਰ ਇਹ ਦੱਸਿਆ ਹੈ ਕਿ ਚਾਹੇ ਕਿਤਨੇ ਭੀ ਸਾਧਨ ਕਰ ਲਵੇ, ਪਰ ਨਿੰਦਕ ਪੁਰਸ਼ ਦੀ ਕਲਿਆਣ ਨਹੀਂ ਹੁੰਦੀ ।

ਰਵਿਦਾਸ ਭਗਤ ਜੀ ਕਥਨ ਕਰਦੇ ਹਨ--ਨਿੰਦਿਆ ਕਰਨ ਵਾਲਾ ਪਾਪੀ ਪੁਰਸ ਨਰਕਾਂ ਵਿਚ ਹੀ ਸਿਧਾਰਿਆ=ਜਾਂਦਾ ਹੈ।

ਯਥਾ- ''ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ॥''

(ਮਾਰੂ ਮ: ੧, ਪੰਨਾ ੧੦੧੩)

ਨੋਟ-ਪੁਰਾਤਨ ਬੀੜਾਂ ਵਿਚ ਇਸ ਜਗ੍ਹਾ ਜੋੜ ਲਿਖਿਆ ਹੋਇਆ ਹੈ—

॥ ੪॥ ੨॥ ੧੧ ॥ ੭॥ ੨॥ ੪੯॥ ਜੋੜੁ

੪-ਉਪਰਲੇ ਸ਼ਬਦ ਦੇ ਚਾਰ ਪਾਦ ਹਨ।

੨-ਰਵਿਦਾਸ ਭਗਤ ਦੇ ਦੋ ਸ਼ਬਦ ਹਨ।

ਹੁਣ ਜੋੜ ਸਿਧਾਤ ਇੰਜ ਹੈ-

੧੧-ਸ਼ਬਦ ਭਗਤ ਕੁਬੀਰ ਜੀ ਦੇ ਹਨ।

੭-ਸ਼ਬਦ ਨਾਮਦੇਵ ਜੀ ਦੇ ਹਨ।

੨-ਸ਼ਬਦ ਰਵਿਦਾਸ ਜੀ ਦੇ ਹਨ।

੬-ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਹਨ।

੨੩-ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਹਨ।

ਇਸ ਤਰ੍ਹਾਂ ਸਾਰੇ ੪੯ ਸ਼ਬਦ ਗੌਂਡ ਰਾਗ ਵਿਚ ਆਏ ਹਨ।

"ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ॥
ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ॥ ੩॥"

(ਬਿਲਾਵਲੁ ਮਃ ੫, ਪੰਨਾ ੮੧੫)

★ਗੌਂਡ ਰਾਗੁ ਸਮਾਪੰਤ★

ੴ ਸਤਿਗੁਰ ਪ੍ਰਸਾਦਿ ॥

ਆਦਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸੈਂਚੀ ਸੱਤਵੀਂ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

www.sikhbookclub.com

ੴ ਸਤਿਗੁਰ ਪ੍ਰਸਾਦਿ ॥

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਸੱਤਵੀਂ

ਰਾਗੁ ਰਾਮਕਲੀ ਪੰਨਾ ੮੭੬ ਤੋਂ ੯੭੪ ਤੱਕ, ਰਾਗੁ ਨਟ ਨਰਾਇਨ ਪੰਨਾ ੯੭੫ ਤੋਂ ੯੮੩ ਤੱਕ
ਰਾਗੁ ਮਾਲੀ ਗਉੜਾ ਪੰਨਾ ੯੮੪ ਤੋਂ ੯੮੮ ਤੱਕ, ਰਾਗੁ ਮਾਰੂ ਪੰਨਾ ੯੮੯ ਤੋਂ ੧੦੭੧ ਤੱਕ

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ਸ੍ਰੀ ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ ਦੇ

ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :

ਭਾ: ਜਤਿੰਦਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

www.sikhbookclub.com

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)

ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ

ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਸ਼, ਸ਼੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-137-1
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
(1500) ਪਹਿਲੀ ਵਾਰ 1977
(500) ਦਸਵੀਂ ਵਾਰ ਜੂਨ 2010
(1000) ਗਿਆਰ੍ਹਵੀਂ ਵਾਰ ਮਾਰਚ 2012

ਭੇਟਾ : 340-00



ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਗਿਆਰ੍ਹਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

www.sikhbookclub.com

ੴ ਸਤਿਗੁਰ ਪ੍ਰਸਾਦਿ ॥

ਤਤਕਰਾ

ਤਤਕਰਾ	ਪੰਨਾ
ਰਾਮਕਲੀ ਮਹਲਾ ੧ ॥	
ਕੋਈ ਪੜਤਾ ਸਹਸਾਕਿਰਤਾ ਈ	੧੧
ਸਰਬ ਜੋਤਿ ਤੇਰੀ	੧੩
ਜਿਤੁ ਦਰਿ ਵਸਹਿ	੧੫
ਸੁਰਤਿ ਸਬਦੁ ਸਾਖੀ	੧੯
ਸੁਣਿ ਮਾਛਿੰਦ੍ਰਾ	੨੧
ਸਾਖੀ-ਗੋਰਖ ਨਾਥ ਤੇ ਮਛਿੰਦ੍ਰ ਨਾਥ	੨੧
ਹਮ ਡੋਲਤ ਬੇੜੀ ਪਾਪ ਭਰੀ	੨੩
ਸੁਰਤੀ ਸੁਰਤਿ ਰਲਾਈਐ	੨੪
ਤੁਧਨੋ ਨਿਵਣੁ, ਮੰਨਣੁ....	੨੬
ਸਾਗਰ ਮਹਿ ਬੂੰਦ	੨੮
ਜਾ ਹਰਿ ਪ੍ਰਭਿ ਕਿਰਪਾ ਧਾਰੀ	੩੩
ਛਾਦਨੁ ਭੋਜਨੁ	੩੪
ਮਹਲਾ ੩ ॥	
ਸਤਜੁਗਿ ਸਚੁ ਕਹੈ	੩੬
ਮਹਲਾ ੪ ॥	
ਜੇ ਵਡਭਾਗ ਹੋਵਹਿ	੩੭
ਰਾਮ ਜਨਾ ਮਿਲਿ	੩੮
ਹਰਿ ਕੇ ਸਖਾ ਸਾਧ ਜਨ ਨੀਕੇ	੪੦
ਜੇ ਵਡਭਾਗ ਹੋਵਹਿ ਵਡ ਮੇਰੇ	੪੧
ਸਤਗੁਰ ਦਇਆ ਕਰਹੁ	੪੩
ਸਤਗੁਰੁ ਦਾਤਾ ਵਡਾ ਵਡ ਪੁਰਖੁ	੪੪
ਮਹਲਾ ੫ ॥	
ਕਿਰਪਾ ਕਰਹੁ ਦੀਨ ਕੇ ਦਾਤੇ	੪੫
ਪਵਹੁ ਚਰਣਾ ਤਲਿ	੪੬
ਆਵਤ ਹਰਖ ਨ ਜਾਵਤ ਦੂਖਾ	੪੮
ਤੈ ਗੁਣ ਰਹਤ ਰਹੈ ਨਿਰਾਰੀ	੪੯
ਅੰਗੀਕਾਰੁ ਕੀਆ ਪ੍ਰਭਿ ਅਪਨੈ	੫੦

ਤਤਕਰਾ	ਪੰਨਾ
ਤੂ ਦਾਨਾ ਤੂ ਅਬਿਚਲੁ ਤੂਹੀ	੫੧
ਕਰ ਕਰਿ ਤਾਲ	੫੩
ਓਅੰਕਾਰਿ ਏਕ ਧੁਨਿ ਏਕੈ	੫੫
ਕੋਈ ਬੋਲੈ ਰਾਮ ਰਾਮ	੫੭
ਪਵਨੈ ਮਹਿ ਪਵਨ ਸਮਾਇਆ	੫੮
ਸਾਖੀ-ਮਹੇਸ਼ਾ ਜੋਗੀ	੬੦
ਜਪਿ ਗੋਬਿੰਦੁ ਗੋਪਾਲ ਲਾਲੁ	੬੦
ਚਾਰਿ ਪੁਕਾਰਹਿ ਨਾ ਤੂ ਮਾਨਹਿ	੬੨
ਤਾਗਾ ਕਰਿ ਕੈ ਲਾਈ ਥਿਗਲੀ	੬੪
ਕਰਨ ਕਰਾਵਨ ਸੋਈ	੬੬
ਸੇਵਕੁ ਲਾਇਓ ਅਪੁਨੀ ਸੇਵ	੬੭
ਤਨ ਤੇ ਛੁਟਕੀ ਅਪਨੀ ਧਾਰੀ	੬੮
ਮੁਖ ਤੇ ਪੜਤਾ ਟੀਕਾ ਸਹਿਤ	੭੦
ਕੋਟਿ ਬਿਘਨ ਨਹੀ	੭੧
ਦੋਸੁ ਨ ਦੀਜੈ	੭੨
ਪੰਚ ਸਬਦ ਤਹ ਪੂਰਨ ਨਾਦ	੭੩
ਭੇਟਤ ਸੰਗਿ ਪਾਰਬ੍ਰਹਮੁ ਚਿਤਿ	੭੫
ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ	੭੬
ਸਿੰਚਹਿ ਦਰਬੁ	੭੭
ਕਰਿ ਸੰਜੋਗੁ ਬਨਾਈ ਕਾਛਿ	੭੯
ਜੋ ਕਿਛੁ ਕਰੈ ਸੋਈ ਸੁਖੁ ਜਾਨਾ	੮੦
ਕੋਟਿ ਜਾਪ ਤਾਪ	੮੨
ਬੀਜ ਮੰਤ੍ਰੁ ਹਰਿ ਕੀਰਤਨੁ ਗਾਉ	੮੩
ਸੰਤ ਕੈ ਸੰਗਿ ਰਾਮ ਰੰਗ ਕੇਲ	੮੪
ਗਹੁ ਕਰਿ ਪਕਰੀ	੮੬
ਆਤਮ ਰਾਮੁ ਸਰਬ ਮਹਿ ਪੇਖੁ	੮੭
ਦੀਨੋ ਨਾਮੁ ਕੀਓ ਪਵਿਤੁ	੮੮
ਕਉਡੀ ਬਦਲੈ ਤਿਆਗੈ ਰਤਨੁ	੮੯
ਰੈਣਿ ਦਿਨਸੁ ਜਪਉ ਹਰਿ ਨਾਉ	੯੧

www.sikhbookclub.com

ਤਤਕਰਾ	ਪੰਨਾ
ਤੇਰੀ ਸਰਣਿ ਪੂਰੇ ਗੁਰਦੇਵ	੯੨
ਰਤਨ ਜਵੇਹਰ ਨਾਮ	੯੩
ਮਹਿਮਾ ਨ ਜਾਨਹਿ ਬੇਦ	੯੫
ਕਿਛਹੂ ਕਾਜੁ ਨ ਕੀਓ ਜਾਨਿ	੯੬
ਰਾਖਨਹਾਰ ਦਇਆਲ	੯੭
ਸਗਲ ਸਿਆਨਪ ਛਾਡਿ	੯੮
ਹੋਵੈ ਸੋਈ ਭਲ ਮਾਨੁ	੯੯
ਦੁਲਭ ਦੇਹ ਸਵਾਰਿ	੧੦੧
ਜਿਸ ਕੀ ਤਿਸ ਕੀ ਕਰਿ ਮਾਨੁ	੧੦੨
ਮਨ ਮਾਹਿ ਜਾਪਿ ਭਗਵੰਤ	੧੦੩
ਬਿਰਥਾ ਭਰਵਾਸਾ ਲੋਕ	੧੦੪
ਕਾਰਨ ਕਰਨ ਕਰੀਮ	੧੦੬
ਕੋਟਿ ਜਨਮ ਕੇ	੧੦੭
ਦਰਸਨ ਕਉ ਜਾਈਐ ਕੁਰਬਾਨੁ	੧੦੮
ਕਿਸੁ ਭਰਵਾਸੈ ਵਿਚਰਹਿ ਭਵਨ	੧੧੦
ਇਹ ਲੋਕੇ ਸੁਖੁ ਪਾਇਆ	੧੧੧
ਗਊ ਕਉ ਚਾਰੇ ਸਾਰਦੂਲੁ	੧੧੨
ਸਾਖੀ-ਗਊ ਤੇ ਸ਼ੇਰ	੧੧੩
ਸਾਖੀ-ਬੱਕਰੀ ਤੇ ਹਾਥੀ	੧੧੪
ਪੰਚ ਸਿੰਘ ਰਾਖੇ ਪ੍ਰਭਿ ਮਾਰਿ	੧੧੬
ਨਾ ਤਨੁ ਤੇਰਾ ਨਾ ਮਨੁ ਤੋਹਿ	੧੧੮
ਰਾਜਾ ਰਾਮ ਕੀ ਸਰਣਾਇ	੧੧੯
ਈਧਨ ਤੇ ਬੈਸੰਤਰੁ ਭਾਗੈ	੧੨੧
ਜੋ ਤਿਸੁ ਭਾਵੈ ਸੋਈ ਥਿਆ	੧੨੫
ਐਸਾ ਪੂਰਾ ਗੁਰਦੇਉ ਸਹਾਈ	੧੨੬
ਗਾਵਹੁ ਰਾਮ ਕੇ ਗੁਣ ਗੀਤ	੧੨੭
ਗੁਰੁ ਪੂਰਾ ਮੇਰਾ ਗੁਰੁ ਪੂਰਾ	੧੨੮
ਨਰ ਨਰਹ ਨਮਸਕਾਰੰ	੧੨੮
ਰੂਪ ਰੰਗ ਸੁਗੰਧ ਭੋਗ	੧੨੯
ਮਹਲਾ ੯ ॥	
ਰੇ ਮਨ ਓਟਿ ਲੇਹੁ	੧੩੦
ਸਾਧੋ ਕਉਨ ਜੁਗਤਿ	੧੩੧
ਪ੍ਰਾਨੀ ਨਾਰਾਇਨਿ ਸੁਧਿ ਲੇਹਿ	੧੩੧

ਤਤਕਰਾ	ਪੰਨਾ
ਮਹਲਾ ੧ ਅਸਟਪਦੀਆ	
ਸੋਈ ਚੰਦੁ ਚੜਹਿ	੧੩੩
ਜਗੁ ਪਰਬੋਧਹਿ ਮੜੀ ਬਧਾਵਹਿ	੧੩੬
ਖਟੁ ਮਟੁ ਦੇਹੀ	੧੩੮
ਸਾਹਾ ਗਣਹਿ ਨ ਕਰਹਿ	੧੪੧
ਹਠੁ ਨਿਗ੍ਰਹੁ ਕਰਿ	੧੪੪
ਅੰਤਰਿ ਉਤਭੁਜੁ ਅਵਰੁ	੧੪੭
ਜਿਉ ਆਇਆ ਤਿਉ ਜਾਵਹਿ	੧੪੯
ਜਤੁ ਸਤੁ ਸੰਜਮੁ	੧੫੩
ਅਉਹਠਿ ਹਸਤ ਮੜੀ ਘਰੁ	੧੫੫
ਮਹਲਾ ੩ ਅਸਟਪਦੀਆ	
ਸਰਮੈ ਦੀਆ ਮੁੰਦ੍ਰਾ	੧੫੯
ਭਗਤਿ ਖਜਾਨਾ ਗੁਰਮੁਖਿ ਜਾਤਾ	੧੬੨
ਹਰਿ ਕੀ ਪੂਜਾ ਦੁਲੰਭ ਹੈ ਸੰਤਹੁ	੧੬੫
ਹਮ ਕੁਚਲ ਕੁਚੀਲ	੧੬੭
ਨਾਮੁ ਖਜਾਨਾ ਗੁਰ ਤੇ ਪਾਇਆ	੧੭੧
ਮਹਲਾ ੫ ਅਸਟਪਦੀਆ	
ਕਿਨ ਹੀ ਕੀਆ ਪਰਵਿਰਤਿ ਪਸਾਰਾ	੧੭੩
ਇਸੁ ਪਾਨੀ ਤੇ ਜਿਨਿ ਤੂ ਘਰਿਆ	੧੭੬
ਕਾਹੂ ਬਿਹਾਵਹਿ ਰੰਗ ਰਸ ਰੂਪ	੧੭੮
ਦਾਵਾ ਅਗਨਿ ਰਹੇ ਹਰਿ ਬੂਟ	੧੮੦
ਜੀਅ ਜੰਤ ਸਭਿ ਪੇਖੀਅਹਿ	੧੮੨
ਦਰਸਨੁ ਭੇਟਤ ਪਾਪ ਸਭਿ ਨਾਸਹਿ	੧੮੩
ਸਿਖਹੁ ਸਬਦੁ ਪਿਆਰਿਹੋ	੧੮੬
ਮਨ ਬਚ ਕ੍ਰਮਿ	੧੮੮
ਮੰਗਲਾ ਚਰਨ	੧੯੦
ਪਹਿਲੀ ਉਥਾਨਕਾ ਗਣੇਸ਼ ਵਾਲੀ	੧੯੧
ਸਾਖੀ ਦੇਵਤਿਆਂ ਦੀ	੧੯੧
ਦੂਜੀ ਉਥਾਨਕਾ ਜੋਗੀ ਵਾਲੀ	੧੯੨
ਪਹਿਲੀ ਪਉੜੀ (ਅਨੰਦੁ ਭਇਆ)	੧੯੩
ਦੂਜੀ ਪਉੜੀ (ਏ ਮਨ ਮੇਰਿਆ)	੧੯੪
ਤੀਸਰੀ ਪਉੜੀ (ਸਾਚੇ ਸਾਹਿਬਾ)	੧੯੪

www.sikhbookclub.com

ਚਉਥੀ ਪਉੜੀ (ਸਾਚਾ ਨਾਮੁ ਮੇਰਾ) ੧੯੫
ਪੰਜਵੀਂ ਪਉੜੀ (ਵਾਜੇ ਪੰਚ ਸਬਦ) ੧੯੬
ਛੇਵੀਂ ਪਉੜੀ (ਸਾਚੀ ਲਿਵੈ ਬਿਨੁ) ੧੯੬
ਸੱਤਵੀਂ ਪਉੜੀ (ਆਨੰਦੁ ਆਨੰਦ) ੧੯੭
ਅੱਠਵੀਂ ਪਉੜੀ (ਬਾਬਾ ਜਿਸੁ ਤੂ) ੧੯੭
ਨੌਵੀਂ ਪਉੜੀ (ਆਵਹੁ ਸੰਤ) ੧੯੮
ਸੰਤਾਂ ਦੀ ਮਹਿਮਾ 'ਪਰ ਪ੍ਰਮਾਣ ੧੯੯
ਦਸਵੀਂ ਪਉੜੀ (ਏ ਮਨ ਚੰਚਲਾ) ੨੦੧
ਗਿਆਰਵੀਂ ਪਉੜੀ (ਏ ਮਨ ਪਿਆਰਿਆ) ੨੦੨
ਬਾਰ੍ਹਵੀਂ ਪਉੜੀ (ਅਗਮ ਅਗੋਚਰਾ) ੨੦੩
ਤੇਰਵੀਂ ਪਉੜੀ (ਸੁਰਿ ਨਰ ਮੁਨਿ ਜਨ) ੨੦੪
ਚੌਧਵੀਂ ਪਉੜੀ (ਭਗਤਾ ਕੀ ਚਾਲ) ੨੦੫
ਪੰਦਰਵੀਂ ਪਉੜੀ (ਜਿਉ ਤੂ ਚਲਾਇਹਿ) ੨੦੬
ਸੋਲ੍ਹਵੀਂ ਪਉੜੀ (ਏਹੁ ਸੋਹਿਲਾ) ੨੦੭
ਸਤਾਰ੍ਹਵੀਂ ਪਉੜੀ (ਪਵਿਤੁ ਹੋਏ) ੨੦੮
੧੦੧ ਕੁਲਾਂ ਦੀ ਗਿਣਤੀ ੨੦੮
ਅਠਾਰ੍ਹਵੀਂ ਪਉੜੀ (ਕਰਮੀ ਸਹਜੁ ਨ) ੨੦੯
ਉਨ੍ਹੀਵੀਂ ਪਉੜੀ (ਜੀਅਹੁ ਮੈਲੇ) ੨੦੯
ਵੀਹਵੀਂ ਪਉੜੀ (ਜੀਅਹੁ ਨਿਰਮਲ) ੨੧੦
ਇੱਕੀਵੀਂ ਪਉੜੀ (ਜੇ ਕੋ ਸਿਖੁ) ੨੧੦
ਗੁਰੂ ਉਪਮਾ ਤੇ ਪਰਮਾਣ ੨੧੧
ਬਾਈਵੀਂ ਪਉੜੀ (ਜੇ ਕੋ ਗੁਰ ਤੇ) ੨੧੪
ਤੇਈਵੀਂ (ਆਵਹੁ ਸਿਖ) ੨੧੬
ਗੁਰਬਾਣੀ ਦੀ ਮਹਿਮਾ ਦਾ ਕਬਿੱਤ ੨੧੬
ਚੌਵੀਵੀਂ ਪਉੜੀ (ਸਤਿਗੁਰੂ ਬਿਨਾ) ੨੧੮
ਪੰਝੀਵੀਂ ਪਉੜੀ (ਗੁਰ ਕਾ ਸਬਦੁ) ੨੧੯
ਛੱਬੀਵੀਂ ਪਉੜੀ (ਸਿਵ ਸਕਤਿ) ੨੨੦
ਦਸ ਅਵਤਾਰਾਂ ਦੇ ਨਾਂ ੨੨੦
ਸਤਾਈਵੀਂ ਪਉੜੀ (ਸਿਮ੍ਰਿਤਿ ਸਾਸਤ੍ਰ) ੨੨੧
ਅਠਾਈਵੀਂ ਪਉੜੀ (ਮਾਤਾ ਕੇ ਉਦਰ) ੨੨੨
ਉਨੱਤੀਵੀਂ ਪਉੜੀ (ਜੈਸੀ ਅਗਨਿ) ੨੨੩
ਮਾਇਆ ਦੀ ਪ੍ਰਬਲਤਾ 'ਪਰ ੨੨੪
ਤੀਹਵੀਂ ਪਉੜੀ (ਹਰਿ ਆਪਿ ਅਮੁਲਕੁ) ੨੨੪
ਇਕੱਤੀਵੀਂ ਪਉੜੀ (ਹਰਿ ਰਾਸਿ ਮੇਰੀ) ੨੨੪
ਬੱਤੀਵੀਂ ਪਉੜੀ (ਏ ਰਸਨਾ ਤੂ ਅਨ) ੨੨੫
ਤੇਤੀਵੀਂ ਪਉੜੀ (ਏ ਸਰੀਰਾ ਮੇਰਿਆ) ੨੨੬
ਚੌਤੀਵੀਂ ਪਉੜੀ (ਮਨ ਚਾਉ ਭਇਆ) ੨੨੭
ਪੈਂਤੀਵੀਂ ਪਉੜੀ (ਏ ਸਰੀਰਾ ਮੇਰਿਆ) ੨੨੭
ਛੱਤੀਵੀਂ ਪਉੜੀ (ਏ ਨੇਤ੍ਰਹੁ) ੨੨੮
ਸੈਂਤੀਵੀਂ ਪਉੜੀ (ਏ ਸ੍ਰਵਣਹੁ) ੨੨੯
ਅਠੱਤੀਵੀਂ ਪਉੜੀ (ਹਰਿ ਜੀਉ) ੨੩੦
੩੮ ਪਉੜੀਆਂ ਦਾ ਮਹਾਤਮ ੨੩੧
ਉਨਤਾਲੀਵੀਂ ਪਉੜੀ (ਏਹੁ ਸਾਚਾ ਸੋਹਿਲਾ) ੨੩੧
ਚਾਲ੍ਹੀਵੀਂ ਪਉੜੀ (ਅਨਦੁ ਸੁਣਹੁ) ੨੩੨
ਅਨੰਦ ਸਾਹਿਬ ਦਾ ਮਹਾਤਮ ੨੩੩

ਰਾਮਕਲੀ ਸਦੁ ਸਟੀਕ ਅਰੰਭ

ਉਥਾਨਕਾ (ਰਾਮਕਲੀ ਸਦੁ) ੪ ੨੩੫
ਦਸਮ ਪਾਤਸ਼ਾਹ ਜੀ ਨੇ ਸਦੁ ਉਚਾਰਿਆ ੨੩੬
ਰਾਮਕਲੀ ਸਦੁ ਅਰੰਭ ੨੩੭
ਸਾਖੀ— ਹਰੀ ਪੁਰ ਦੇ ਰਾਜਾ ਦੀ ੨੪੫
ਸਾਖੀ— ਬਾਬਾ ਮੋਹਨ ਜੀ ਦੀ ੨੪੮
ਬੇਦੀਆਂ ਤੇ ਸੋਢੀਆਂ ਦੀ ਕਥਾ ੨੪੯

ਰਾਮਕਲੀ ਮਹਲਾ ੫ ਛੰਤ

ਸਾਜਨੜਾ ਮੇਰਾ ਸਾਜਨੜਾ ੨੫੩
ਹਰਿ ਹਰਿ ਧਿਆਇ ਮਨਾ ੨੫੬
ਰੁਣਝੁਣੋ ਸਬਦ ਅਨਾਹਦੁ ੨੫੯
ਚਰਨ ਕਮਲ ਸਰਣਾਗਤੀ ੨੬੨
ਹਰਿ ਸਿਮਰਤ ਮਨੁ ਤਨੁ ਸੁਖੀ ੨੬੨
ਛੰਤ॥ ਭੈ ਸੰਕਟ ਕਾਟੇ ੨੬੩
ਸਲੋਕੁ॥ ਰਸਨਾ ਉਚਰੈ ੨੬੩
ਛੰਤ॥ ਸੋ ਸੁਆਮੀ ਪ੍ਰਭੁ ੨੬੪
ਸਲੋਕ॥ ਧਰਮ ਅਰਥ ੨੬੫
ਛੰਤ॥ ਸਗਲ ਇਛ ਮੇਰੀ ੨੬੫

ਰਾਗੁ ਰਾਮਕਲੀ ਮਹਲਾ ੫॥

ਰਣ ਭੁੰਝਨੜਾ ਗਾਉ ਸਖੀ ੨੬੬

www.sikhbookclub.com

ਤਤਕਰਾ	ਪੰਨਾ
ਸ਼ਬਦ ਭਾਈ ਬੰਨੋ ਜੀ ਦੀ ਬੀੜ ਵਾਲਾ	
ਰੁਣ ਝੁੰਝਨੜਾ ਗਾਉ ਸਖੀ	੨੬੭
ਰਾਮਕਲੀ ਮਹਲਾ ੫ ਰੁਤੀ ਸਲੋਕੁ	
ਕਰਿ ਬੰਦਨ ਪ੍ਰਭ	੨੬੮
ਛੰਤ ॥ ਜਸੁ ਗਾਵਹੁ ਵਡਭਾਗੀਹੋ	੨੬੮
ਸਲੋਕ ॥ ਉਦਮੁ ਅਗਮੁ ਅਗੋਚਰੋ	੨੬੯
ਰੁਤਿ ਸਰਸ ਬਸੰਤ	੨੬੯
ਸਾਧਸੰਗਤਿ ਬਿਨੁ ਭ੍ਰਮਿ ਮੁਈ	੨੭੦
ਗ੍ਰੀਖਮ ਰੁਤਿ ਅਤਿ ਗਾਖੜੀ	੨੭੦
ਸਰਧਾ ਲਾਗੀ ਸੰਗਿ ਪ੍ਰੀਤਮੈ	੨੭੧
ਰੁਤਿ ਬਰਸੁ ਸੁਹੇਲੀਆ	੨੭੧
ਆਸ ਪਿਆਸੀ ਮੈ	੨੭੨
ਰੁਤਿ ਸਰਦੁ ਅਡੰਬਰੋ	੨੭੩
ਜਲਣਿ ਬੁਝੀ ਸੀਤਲ ਭਏ	੨੭੩
ਰੁਤਿ ਸਿਸੀਅਰ ਸੀਤਲ	੨੭੪
ਹਰਿ ਧਨੁ ਪਾਇਆ	੨੭੪
ਹਿਮਕਰ ਰੁਤਿ ਮਨਿ ਭਾਵਤੀ	੨੭੫
ਸੰਤ ਸਹਾਈ ਜੀਅ ਕੇ	੨੭੫
ਚਰਣ ਬਿਰਾਜਿਤ ਸਭ ਊਪਰੇ	੨੭੬
ਦਖਣੀ ਓਅੰਕਾਰ	
ਰਾਮਕਲੀ ਮਹਲਾ ੧ ਦਖਣੀ ਓਅੰਕਾਰ	੨੭੭
ਸਿਧ ਗੋਸਟ	੩੧੮
ਰਾਮਕਲੀ ਕੀ ਵਾਰ ਮਹਲਾ ੩	
ਉਥਾਨਕਾ	੩੮੦
ਸਲੋਕੁ ਮਃ ੩ ॥	
ਸਤਿਗੁਰੁ ਸਹਜੈ ਦਾ ਖੇਤੁ ਹੈ	੩੮੧
ਵਾਹੁ ਵਾਹੁ ਸਚੇ ਪਾਤਸਾਹ (ਪਰ ਵਿਚਾਰ)	੩੮੩
ਕਬੀਰ ਮਹਿਦੀ ਕਰਿ ਕੈ	੩੮੪
ਭਰਮਿ ਭੁਲਾਈ ਸਭੁ ਜਗੁ	੩੮੬
ਕਬੀਰ ਕਸਉਟੀ ਰਾਮ ਦੀ	੩੮੭
ਮਨ ਕਾ ਝੂਠਾ ਝੂਠੁ ਕਮਾਵੈ	੩੮੮
ਉਥਾਨਕਾ-ਮਾਈ ਦਾਸ ਦੀ	੪੦੧
ਅਭਿਆਗਤ ਏਹਿ ਨ ਆਖੀਅਨਿ	੪੦੨
ਰੈਣਾਇਰ ਮਾਹਿ ਅਨੰਤੁ ਹੈ	੪੦੪
ਇਹੁ ਤਨੁ ਸਭੋ ਰਤੁ ਹੈ	੪੦੬
ਸਚਾ ਨਾਮੁ ਧਿਆਇ ਤੂੰ	੪੦੯
ਬਾਬਾਣੀਆ ਕਹਾਣੀਆ	੪੧੧
ਸਤੀ ਪਾਪੁ ਕਰਿ	੪੧੨
ਸਾਖੀ— ਤੇਲੀ ਤੇ ਕਾਜੀ ਦੇ ਬਲਦਾਂ ਦੀ	੪੧੩
ਨਾ ਸਤਿ ਦੁਖੀਆ ਨਾ ਸਤਿ ਸੁਖੀਆ	੪੧੬
ਮੂਰਖੁ ਹੋਵੈ ਸੋ ਸੁਣੈ ਮੂਰਖ	੪੨੨
ਚਾਰ ਫਰਿਸਤਿਆਂ ਦੇ ਨਾਂ	੪੨੩
ਸਲੋਕੁ ਮਃ ੧	
ਉਥਾਨਕਾ— ਸਾਖੀ ਸ਼ਾਹੂਕਾਰ ਦੀ	੪੨੪
ਸਹੰਸਰ ਦਾਨ ਦੇ	੪੨੫
ਸਾਖੀ-ਇੰਦ੍ਰ ਦੀ	੪੨੫
ਸਾਖੀ-ਪਰਸ ਰਾਮ ਦੀ	੪੨੬
ਸਾਖੀ-ਅਜ ਰਾਜੇ ਦੀ	੪੨੭
ਸਾਖੀ-ਸ੍ਰੀ ਰਾਮ ਚੰਦ੍ਰ ਜੀ ਦੀ	੪੨੭
ਸਾਖੀ-ਪੰਜੇ ਪਾਂਡਵਾਂ ਦੀ	੪੨੯
ਸਾਖੀ-ਰਾਜੇ ਜਨਮੇਜੇ ਦੀ	੪੨੯
ਸਾਖੀ-ਪੰਡਿਤ ਤੇ ਗਾਂਗੇ ਤੇਲੀ ਦੀ	੪੩੩
ਬਾਲੀ ਰੋਵੈ ਨਾਹਿ ਭਤਾਰੁ	੪੩੪
ਨਾਨਕ ਅੰਧਾ ਹੋਇ ਕੈ	੪੩੫
ਅੰਧੇ ਕੈ ਰਾਹਿ ਦਸਿਐ	੪੩੬
ਸਾਵਣੁ ਰਾਤਿ ਅਹਾੜੁ ਦਿਹੁ	੪੩੮
ਨਾਨਕ ਚਿੰਤਾ ਮਤਿ ਕਰਹੁ	੪੪੦
ਵੇਲਿ ਪਿੰਞਾਇਆ ਕਤਿ ਵੁਣਾਇਆ	੪੪੧
ਉਥਾਨਕਾ-ਸੇਖ ਬ੍ਰਹਮ ਦੀ	੪੪੩
ਆਸਾ ਅੰਦਰਿ ਸਭੁ ਕੋ	੪੪੪
ਸਰਵਰ ਹੰਸ ਧੁਰੇ ਹੀ ਮੇਲਾ	੪੪੫
ਰਾਮਕਲੀ ਕੀ ਦੂਜੀ ਵਾਰ	
ਜੈਸਾ ਸਤਿਗੁਰੁ ਸੁਣੀਦਾ	੪੪੮
ਸੁਣਿ ਸਜਣ ਪ੍ਰੀਤਮ ਮੇਰਿਆ	੪੪੯

www.sikhbookclub.com

ਤਤਕਰਾ	ਪੰਨਾ
ਭੀੜਹੁ ਮੋਕਲਾਈ ਕੀਤੀਅਨੁ	੪੫੧
ਧੰਨੁ ਸੁ ਰਾਗ ਸੁਰੰਗੜੇ	੪੫੨
ਹਰਿ ਇਕਸੈ ਨਾਲਿ ਮੈ ਦੋਸਤੀ	੪੫੫
ਹਰਣਾਖੀ ਕੂ ਸਚੁ ਵੈਣੁ ਸੁਣਾਈ	੪੫੭
ਅੰਦਰਹੁ ਅੰਨਾ ਬਾਹਰਹੁ ਅੰਨਾ	੪੬੦
ਕਰਿ ਕਿਰਪਾ ਕਿਰਪਾਲ	੪੬੪
ਨੌਂ ਨਿਧੀਆਂ ਦੇ ਨਾਮ	੪੬੬
ਹੋਹੁ ਕ੍ਰਿਪਾਲ ਸੁਆਮੀ ਮੇਰੇ	੪੬੬
ਦੂਜਾ ਤਿਸੁ ਨ ਬੁਝਾਇਹੁ	੪੬੮
ਆਪੇ ਵੈਦੁ ਆਪਿ ਨਾਰਾਇਣੁ	੪੬੯
ਅੰਮ੍ਰਿਤ ਬਾਣੀ ਅੰਮਿਉ ਰਸੁ	੪੭੧
ਮਿਤ੍ਰ ਪਿਆਰਾ ਨਾਨਕ ਜੀ	੪੭੩
ਉਸਤਤਿ ਨਿੰਦਾ ਨਾਨਕ ਜੀ	੪੭੪
ਤੈਡੀ ਬੰਦਸਿ ਮੈ ਕੋਇ ਨ ਡਿਠਾ	੪੭੫
ਹਭਿ ਗੁਣ ਤੈਡੇ ਨਾਨਕ ਜੀਉ	੪੭੬
ਸੋਇ ਸੁਣੰਦੜੀ ਮੇਰਾ ਤਨੁ ਮਨੁ	੪੭੮
ਜਾਂ ਪਿਰੁ ਅੰਦਰਿ	੪੭੯
ਛਤੜੇ ਬਾਜਾਰ ਸੋਹਨਿ ਵਿਚਿ	੪੮੦
ਕਬੀਰ ਧਰਤੀ ਸਾਧ ਕੀ	੪੮੨
ਸਾਖੀ-ਚੋਰ ਦੀ	੪੮੨
ਫਰੀਦਾ ਭੂਮਿ ਰੰਗਾਵਲੀ	੪੮੫
ਮੁਹਬਤਿ ਜਿਸੁ ਖੁਦਾਇ ਦੀ	੪੮੬
ਰਾਮਕਲੀ ਕੀ ਤੀਜੀ ਵਾਰ ਸੱਤੇ ਬਲਵੰਡ ਦੀ	
ਉਥਾਨਕਾ-ਪ੍ਰਸੰਗ ਸੱਤੇ ਬਲਵੰਡ ਦਾ	੪੮੮
ਨਾਉ ਕਰਤਾ ਕਾਦਰੁ ਕਰੇ	੪੯੯
ਸਾਖੀ-ਹੋਲਾਂ ਖੁਆਣ ਦੀ	੪੯੯
ਸਾਖੀ-ਕਿੱਕਰਾਂ ਤੋਂ ਮਠਿਆਈ ਲਾਹੁਣ ਦੀ	੫੦੧
ਚੌਦਾਂ ਰਤਨ ਪ੍ਰਤਖ ਤੇ ਅੰਤ੍ਰੀਵ	੫੦੯
ਸਾਖੀ-ਖਡੂਰ ਸਾਹਿਬ ਦੀ	੫੧੦
ਵਾਹਿਗੁਰੂ ਨਾਮ ਦਾ ਮਹਾਤਮ	੫੧੭
ਭਗਤ ਬਾਣੀ	
ਕਾਇਆ ਕਲਾਲਨਿ ਲਾਹਨਿ	੫੨੬
ਗੁਰੁ ਕਰਿ ਗਿਆਨੁ ਧਿਆਨੁ ਕਰਿ	੫੨੮
ਤੂੰ ਮੇਰੋ ਮੇਰੁ ਪਰਬਤੁ ਸੁਆਮੀ	੫੩੦
ਸੰਤਾ ਮਾਨਉ ਦੂਤਾ ਡਾਨਉ	੫੩੨
ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ	੫੩੪
ਤਰਵਰੁ ਏਕੁ ਅਨੰਤ ਡਾਰ ਸਾਖਾ	੫੩੬
ਮੁੰਦ੍ਰਾ ਮੋਨਿ ਦਇਆ ਕਰਿ	੫੩੯
ਕਵਨ ਕਾਜ ਸਿਰਜੇ ਜਗ ਭੀਤਰਿ	੫੪੦
ਜਿਹ ਸਿਮਰਨਿ ਹੋਇ	੫੪੨
ਬੰਧਚਿ ਬੰਧਨੁ ਪਾਇਆ	੫੪੬
ਚੰਦੁ ਸੂਰਜੁ ਦੁਇ ਜੋਤਿ ਸਰੂਪੁ	੫੪੮
ਦੁਨੀਆ ਹੁਸਿਆਰ ਬੇਦਾਰ	੫੪੯
ਆਨੀਲੇ ਕਾਗਦੁ ਕਾਟੀਲੇ ਗੂਡੀ	੫੫੧
ਬੇਦ ਪੁਰਾਨ ਸਾਸਤ੍ਰ ਆਨੰਤਾ	੫੫੩
ਮਾਇ ਨ ਹੋਤੀ ਬਾਪੁ ਨ ਹੋਤਾ	੫੫੪
ਬਾਨਾਰਸੀ ਤਪੁ ਕਰੇ	੫੫੬
ਨਾਮ ਦੀ ਵਿਸ਼ੇਸ਼ਤਾ ਪਰ ਸਾਖੀ	੫੫੭
ਪੜੀਐ ਗੁਨੀਐ	੫੬੧
ਇੜਾ ਪਿੰਗੁਲਾ ਅਉਰ ਸੁਖਮਨਾ	੫੬੩
ਸ਼ਬਦਾਂ ਦੀ ਗਿਣਤੀ	੫੭੧
ਰਾਗੁ ਨਟ ਨਾਰਾਇਨ ਦੇ ਸ਼ਬਦਾਂ ਦਾ ਤਤਕਰਾ	
ਮੇਰੇ ਮਨ ਜਪਿ ਅਹਿਨਿਸਿ	੫੭੩
ਰਾਮ ਜਪਿ ਜਨ ਰਾਮੈ ਨਾਮਿ ਰਲੇ	੫੭੪
ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ	੫੭੬
ਮੇਰੇ ਮਨ ਜਪਿ ਹਰਿ ਹਰਿ ਰਾਮ ਰੰਗੇ	੫੭੭
ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ	੫੭੮
ਮੇਰੇ ਮਨ ਕਲਿ ਕੀਰਤਿ	੫੭੯
ਨਟ ਪੜਤਾਲ ਮਹਲਾ ੪	
ਮੇਰੇ ਮਨ ਸੇਵ ਸਫਲ ਹਰਿ ਘਾਲ	੫੮੧
ਮਨ ਮਿਲੁ ਸੰਤਸੰਗਤਿ ਸੁਭਵੰਤੀ	੫੮੨
ਕੋਈ ਆਨਿ ਸੁਨਾਵੈ ਹਰਿ ਕੀ	੫੮੩
ਰਾਮ ਹਉ ਕਿਆ ਜਾਨਾ	੫੮੪
ਉਲਾਹਨੋ ਮੈ ਕਾਹੂ ਨ ਦੀਓ	੫੮੫

www.sikhbookclub.com

ਤਤਕਰਾ	ਪੰਨਾ
ਜਾ ਕਉ ਭਈ ਤੁਮਾਰੀ ਧੀਰ	੫੮੬
ਅਪਨਾ ਜਨੁ ਆਪਹਿ ਆਪਿ	੫੮੬
ਹਰਿ ਹਰਿ ਮਨ ਮਹਿ	੫੮੭
ਚਰਨ ਕਮਲ ਸੰਗਿ ਲਾਗੀ ਡੋਰੀ	੫੮੮
ਮੇਰੇ ਮਨ ਜਪੁ ਜਪਿ ਹਰਿ	੫੮੮
ਮੇਰੈ ਸਰਬਸੁ ਨਾਮੁ ਨਿਧਾਨੁ	੫੮੯
ਹਉ ਵਾਰਿ ਵਾਰਿ ਜਾਉ	੫੯੦
ਕੋਊ ਹੈ ਮੇਰੋ ਸਾਜਨੁ ਮੀਤੁ	੫੯੦
ਨਟ ਅਸਟਪਦੀਆ ਮਹਲਾ ੪	
ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ	੫੯੨
ਰਾਮ ਹਮ ਪਾਥਰ ਨਿਰਗੁਨੀਆਰੇ	੫੯੪
ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ	੫੯੬
ਰਾਮ ਗੁਰ ਸਰਨਿ ਪ੍ਰਭੂ ਰਖਵਾਰੇ	੫੯੯
ਸਾਖੀ-ਚੰਦ੍ਰਹਾਂਸ ਦੀ	੬੦੦
ਰਾਮ ਕਰਿ ਕਿਰਪਾ ਲੇਹੁ ਉਬਾਰੇ	੬੧੫
ਮੇਰੇ ਮਨ ਭਜੁ ਠਾਕੁਰ	੬੧੮
ਸ਼ਬਦਾਂ ਦੀ ਗਿਣਤੀ	੬੨੦
ਰਾਗੁ ਮਾਲੀ ਗਉੜਾ ਦੇ ਸਬਦਾਂ ਦਾ ਤਤਕਰਾ	
ਰਾਗੁ ਮਾਲੀ ਗਉੜਾ ੪	
ਅਨਿਕ ਜਤਨ ਕਰਿ ਰਹੇ	੬੨੧
ਜਪਿ ਮਨ ਰਾਮ ਨਾਮੁ	੬੨੨
ਸਭਿ ਸਿਧ ਸਾਧਿਕ ਮੁਨਿ ਜਨਾ	੬੨੩
ਮੇਰਾ ਮਨੁ ਰਾਮ ਨਾਮਿ ਰਸਿ ਲਾਗਾ	੬੨੪
ਮੇਰੇ ਮਨੁ ਭਜੁ ਹਰਿ ਹਰਿ	੬੨੬
ਮੇਰੇ ਮਨ ਹਰਿ ਭਜੁ	੬੨੭
ਰੇ ਮਨ ਟਹਲ ਹਰਿ ਸੁਖ ਸਾਰ	੬੨੮
ਰਾਮ ਨਾਮ ਕਉ ਨਮਸਕਾਰ	੬੨੯
ਐਸੋ ਸਹਾਈ ਹਰਿ ਕੋ ਨਾਮ	੬੩੦
ਇਹੀ ਹਮਾਰੈ ਸਫਲ ਕਾਜ	੬੩੨
ਸਭ ਕੈ ਸੰਗੀ ਨਾਹੀ ਦੂਰਿ	੬੩੩
ਹਰਿ ਸਮਰਥ ਕੀ ਸਰਨਾ	੬੩੪
ਪ੍ਰਭ ਸਮਰਥ ਦੇਵ ਅਪਾਰ	੬੩੫
ਮਨਿ ਤਨਿ ਬਸਿ ਰਹੇ ਗੋਪਾਲ	੬੩੫

ਤਤਕਰਾ	ਪੰਨਾ
ਭਗਤ ਬਾਣੀ	
ਧੰਨਿ ਧੰਨਿ ਓ ਰਾਮ ਬੇਨੁ ਬਾਜੈ	੬੩੭
ਬੰਸਰੀ ਦੀ ਉਪਮਾ	੬੩੮
ਮੇਰੋ ਬਾਪੁ ਮਾਧਉ	੬੩੯
ਸਾਖੀ-ਤੰਦੂਏ ਤੇ ਹਾਥੀ ਦੀ	੬੩੯
ਸਭੈ ਘਟ ਰਾਮੁ ਬੋਲੈ ਰਾਮਾ ਬੋਲੈ	੬੪੨
(ਮਾਲੀ ਗਉੜਾ ਰਾਗ ਸਮਾਪਤ)	
ਮਾਰੂ ਮਹਲਾ ੧	
ਸਾਜਨ ਤੇਰੇ ਚਰਨ ਕੀ	੬੪੪
ਮਿਲਿ ਮਾਤ ਪਿਤਾ	੬੪੬
ਕਰਣੀ ਕਾਗਦੁ ਮਨੁ ਮਸਵਾਣੀ	੬੪੯
ਬਿਮਲ ਮਝਾਰਿ ਬਸਸਿ ਨਿਰਮਲ ਜਲ	੬੫੨
ਪਤਿਤ ਪੁਨੀਤ ਅਸੰਖ ਹੋਹਿ	੬੫੫
ਮੁਲ ਖਰੀਦੀ ਲਾਲਾ ਗੋਲਾ	੬੫੭
ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ	੬੬੧
ਇਹੁ ਧਨੁ ਸਰਬ ਰਹਿਆ ਭਰਪੂਰਿ	੬੬੨
ਸੂਰ ਸਰੁ ਸੋਸਿ ਲੈ	੬੬੩
ਮਾਇਆ ਮੁਈ ਨ ਮਨੁ ਮੁਆ	੬੬੪
ਜੋਗੀ ਜੁਗਤਿ ਨਾਮੁ ਨਿਰਮਾਇਲੁ	੬੬੭
ਅਹਿਨਿਸਿ ਜਾਗੈ ਨੀਦ ਨ ਸੋਵੈ	੬੬੯
ਮਹਲਾ ੩	
ਜਹ ਬੈਸਾਲਹਿ ਤਹ ਬੈਸਾ ਸੁਆਮੀ	੬੭੧
ਆਵਣ ਜਾਣਾ ਨਾ ਥੀਐ	੬੭੩
ਪਿਛਲੇ ਗੁਨਹ ਬਖਸਾਇ ਜੀਉ	੬੭੪
ਸਚਿ ਰਤੇ ਸੇ ਟੋਲਿ ਲਹੁ	੬੭੫
ਮਾਰੂ ਤੇ ਸੀਤਲੁ ਕਰੇ	੬੭੬
ਮਹਲਾ ੪	
ਜਪਿਓ ਨਾਮੁ ਸੁਕ ਜਨਕ	੬੭੭
ਸਿਧ ਸਮਾਧਿ ਜਪਿਓ ਲਿਵ ਲਾਈ	੬੭੮
ਹਰਿ ਹਰਿ ਨਾਮੁ ਨਿਧਾਨੁ ਲੈ	੬੮੦
ਹਉ ਪੂੰਜੀ ਨਾਮੁ ਦਸਾਇਦਾ	੬੮੨
ਹਰਿ ਹਰਿ ਕਥਾ ਸੁਣਾਇ ਪ੍ਰਭ	੬੮੩

www.sikhbookclub.com

ਤਤਕਰਾ	ਪੰਨਾ
ਹਰਿ ਭਾਉ ਲਗਾ ਬੈਰਾਗੀਆ	੬੮੫
ਹਰਿ ਹਰਿ ਭਗਤਿ ਭਰੇ ਭੰਡਾਰਾ	੬੮੬
ਹਰਿ ਹਰਿ ਨਾਮੁ ਜਪਹੁ	੬੮੮
ਮਹਲਾ ੫	
ਡਰਪੈ ਧਰਤਿ ਅਕਾਸੁ ਨਖ੍ਹ੍ਰਤਾ	੬੯੦
ਪਾਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ	੬੯੧
ਵਿਤ ਨਵਿਤ ਭ੍ਰਮਿਓ ਬਹੁ ਭਾਤੀ	੬੯੨
ਕਵਨ ਥਾਨ ਧੀਰਿਓ ਹੈ ਨਾਮਾ	੬੯੩
ਮਾਨ ਮੋਹ ਅਰੁ ਲੋਭ ਵਿਕਾਰਾ	੬੯੫
ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ	੬੯੬
ਜੋ ਸਮਰਥੁ ਸਰਬ ਗੁਣ ਨਾਇਕੁ	੬੯੭
ਅੰਤਰਜਾਮੀ ਸਭ ਬਿਧਿ ਜਾਨੈ	੬੯੮
ਚਰਨ ਕਮਲ ਪ੍ਰਭ ਰਾਖੇ ਚੀਤਿ	੬੯੯
ਪ੍ਰਾਨ ਸੁਖ ਦਾਤਾ ਜੀਅ ਸੁਖ ਦਾਤਾ	੬੯੯
ਗੁਪਤੁ ਕਰਤਾ ਸੰਗਿ ਸੋ ਪ੍ਰਭੁ	੭੦੧
ਬਾਹਰਿ ਢੂਢਨ ਤੇ ਛੂਟਿ ਪਰੇ	੭੦੩
ਜਿਸਹਿ ਸਾਜਿ ਨਿਵਾਜਿਆ	੭੦੪
ਫੂਟੋ ਆਂਡਾ ਭਰਮ ਕਾ	੭੦੬
ਬੇਦੁ ਪੁਕਾਰੈ ਮੁਖ ਤੇ ਪੰਡਿਤ	੭੦੭
ਕੋਟਿ ਲਾਖ ਸਰਬ ਕੋ ਰਾਜਾ	੭੦੯
ਓਅੰਕਾਰਿ ਉਤਪਾਤੀ	੭੧੦
ਮੋਹਨੀ ਮੋਹਿ ਲੀਏ ਤ੍ਰੈ ਗੁਨੀਆ	੭੧੨
ਸਿਮਰਹੁ ਏਕੁ ਨਿਰੰਜਨ ਸੋਊ	੭੧੩
ਕਤ ਕਉ ਡਹਕਾਵਹੁ ਲੋਗਾ	੭੧੬
ਮੇਰਾ ਠਾਕੁਰੁ ਅਤਿ ਭਾਰਾ	੭੧੭
ਪਤਿਤ ਉਧਾਰਨ ਤਾਰਨ	੭੧੭
ਝ੍ਰਿਪਤਿ ਆਘਾਏ ਸੰਤਾ	੭੧੮
ਛੋਡਿ ਸਗਲ ਸਿਆਣਪਾ	੭੧੯
ਜਿਨੀ ਨਾਮੁ ਵਿਸਾਰਿਆ	੭੨੦
ਪੁਰਖੁ ਪੂਰਨ ਸੁਖਹ ਦਾਤਾ	੭੨੦
ਚਲਤ ਬੈਸਤ ਸੋਵਤ ਜਾਗਤ	੭੨੧
ਤਜਿ ਆਪੁ ਬਿਨਸੀ ਤਾਪੁ	੭੨੨
ਪ੍ਰਤਿਪਾਲਿ ਮਾਤਾ ਉਦਰਿ ਰਾਖੈ	੭੨੩

ਤਤਕਰਾ	ਪੰਨਾ
ਪਤਿਤ ਪਾਵਨ ਨਾਮੁ ਜਾ ਕੋ	੭੨੩
ਸੰਜੋਗੁ ਵਿਜੋਗੁ ਧੁਰਹੁ ਹੀ ਹੂਆ	੭੨੪
ਵੈਦੋ ਨ ਵਾਈ ਭੈਣੋ ਨ ਭਾਈ	੭੨੫
ਮਹਲਾ ੯	
ਹਰਿ ਕੋ ਨਾਮੁ ਸਦਾ ਸੁਖਦਾਈ	੭੨੯
ਅਬ ਮੈ ਕਹਾ ਕਰਉ ਰੀ ਮਾਈ	੭੨੭
ਮਾਈ ਮੈ ਮਨ ਕੋ	੭੨੮
ਮਹਲਾ ੧ ਅਸਟਪਦੀਆ	
ਬੇਦ ਪੁਰਾਣ ਕਥੇ ਸੁਣੇ	੭੨੯
ਬਿਖੁ ਬੋਹਿਥਾ ਲਾਦਿਆ	੭੩੨
ਸਬਦਿ ਮਰੈ ਤਾ ਮਾਰਿ ਮਰੁ	੭੩੫
ਸਾਚੀ ਕਾਰ ਕਮਾਵਣੀ	੭੩੮
ਲਾਲੈ ਗਾਰਬੁ ਛੋਡਿਆ	੭੪੧
ਹੁਕਮੁ ਭਇਆ ਰਹਿਣਾ ਨਹੀ	੭੪੩
ਮਨਮੁਖੁ ਲਹਰਿ ਘਰੁ ਤਜਿ ਵਿਗੂਚੈ	੭੪੬
ਮਾਤ ਪਿਤਾ ਸੰਜੋਗਿ ਉਪਾਇ	੭੫੦
ਮਹਲਾ ੧ ਕਾਫੀ	
ਆਵਉ ਵੰਞਹੁ ਡੁੰਮਣੀ	੭੫੩
ਨਾ ਭੈਣਾ ਭਰਜਾਈਆ	੭੫੬
ਨਾ ਜਾਣਾ ਮੂਰਖੁ ਹੈ ਕੋਈ	੭੫੮
ਮਹਲਾ ੩	
ਜਿਸੁ ਨੋ ਪ੍ਰੇਮੁ ਮੰਨਿ ਵਸਾਏ	੭੬੦
ਮਹਲਾ ੫	
ਲਖ ਚਉਰਾਸੀਹ ਭ੍ਰਮਤੇ ਭ੍ਰਮਤੇ	੭੬੩
ਕਰਿ ਅਨੁਗ੍ਰਹੁ ਰਾਖਿ ਲੀਨੋ	੭੬੪
ਸਸਤ੍ਰਿ ਤੀਖਣਿ ਕਾਟਿ ਡਾਰਿਓ	੭੬੬
ਚਾਦਨਾ ਚਾਦਨੁ ਆਗਨਿ	੭੬੯
ਆਉ ਜੀ ਤੂ ਆਉ ਹਮਾਰੈ	੭੭੦
ਜੀਵਨਾ ਸਫਲ ਜੀਵਨ	੭੭੧
ਮਹਲਾ ੫ ਅੰਜੁਲੀਆ	
ਜਿਸੁ ਗ੍ਰਿਹਿ ਬਹੁਤੁ	੭੭੩
ਬਿਰਖੈ ਹੇਠਿ ਸਭਿ ਜੰਤ ਇਕਠੇ	੭੭੫

www.sikhbookclub.com

ਤਤਕਰਾ	ਪੰਨਾ
ਮਹਲਾ ੧ ਸੋਲਹੇ	
ਸਾਚਾ ਸਚੁ ਸੋਈ	੭੭੭
ਆਪੇ ਧਰਤੀ ਧਉਲੁ ਅਕਾਸੰ	੭੮੧
ਦੂਜੀ ਦੁਰਮਤਿ ਅੰਨ੍ਹੀ ਬੋਲੀ	੭੮੫
ਆਦਿ ਜੁਗਾਦੀ ਅਪਰ ਅਪਾਰੇ	੭੮੯
ਸਾਚੈ ਮੇਲੇ ਸਬਦਿ ਮਿਲਾਏ	੭੯੩
ਆਪੇ ਕਰਤਾ ਪੁਰਖੁ ਬਿਧਾਤਾ	੭੯੭
ਕੇਤੇ ਜੁਗ ਵਰਤੇ ਗੁਬਾਰੋ	੮੦੧
ਹਰਿ ਸਾ ਮੀਤੁ ਨਾਹੀ ਮੈ ਕੋਈ	੮੦੫
ਅਸੁਰ ਸਘਾਰਣ ਰਾਮੁ ਹਮਾਰਾ	੮੦੮
ਘਰਿ ਰਹੁ ਰੇ	੮੧੩
ਸਰਣਿ ਪਰੇ ਗੁਰਦੇਵ ਤੁਮਾਰੀ	੮੧੭
ਸਾਚੇ ਸਾਹਿਬ ਸਿਰਜਣਹਾਰੇ	੮੨੧
ਕਾਇਆ ਨਗਰੁ ਨਗਰ ਗੜ ਅੰਦਰਿ	੮੨੫
ਦਰਸਨੁ ਪਾਵਾ ਜੇ ਤੁਧੁ ਭਾਵਾ	੮੩੦
ਅਰਬਦ ਨਰਬਦ ਧੁੰਧੂਕਾਰਾ	੮੩੩
ਆਪੇ ਆਪੁ ਉਪਾਇ ਨਿਰਾਲਾ	੮੩੭
ਸੁੰਨ ਕਲਾ ਅਪਰੰਪਰਿ ਧਾਰੀ	੮੪੧
ਜਹ ਦੇਖਾ ਤਹ ਦੀਨ ਦਇਆਲਾ	੮੪੫
ਹਰਿ ਧਨੁ ਸੰਚਹੁ	੮੪੯
ਸਚੁ ਕਹਹੁ ਸਚੈ ਘਰਿ ਰਹਿਣਾ	੮੫੩
ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ	੮੫੭
ਕੁਦਰਤਿ ਕਰਨੈਹਾਰ ਅਪਾਰਾ	੮੬੧
ਮਹਲਾ ੩ ਸੋਲਹੇ	
ਹੁਕਮੀ ਸਹਜੇ ਸ੍ਰਿਸਟਿ ਉਪਾਈ	੮੬੫
ਏਕੋ ਏਕੁ ਵਰਤੈ ਸਭੁ ਸੋਈ	੮੬੯
ਜਗਜੀਵਨੁ ਸਾਚਾ ਏਕੋ ਦਾਤਾ	੮੭੨
ਜੋ ਆਇਆ ਸੋ ਸਭੁ ਕੋ ਜਾਸੀ	੮੭੬
ਸਚੁ ਸਾਲਾਹੀ ਗਹਿਰ ਗੰਭੀਰੈ	੮੮੦
ਏਕੋ ਸੇਵੀ ਸਦਾ ਥਿਰੁ	੮੮੪
ਸਚੈ ਸਚਾ ਤਖਤੁ	੮੮੮
ਆਪੇ ਆਪੁ ਉਪਾਇ	੮੯੧
ਆਪੇ ਕਰਤਾ ਸਭੁ ਜਿਸੁ	੮੯੫
ਸੋ ਸਚੁ ਸੇਵਿਹੁ	੮੯੯
ਸਤਿਗੁਰੁ ਸੇਵਨਿ ਸੇ ਵਡਭਾਗੀ	੯੦੩
ਹਰਿ ਜੀਉ ਸੇਵਿਹੁ	੯੦੬
ਮੇਰੈ ਪ੍ਰਭਿ ਸਾਚੈ	੯੧੦
ਨਿਹਚਲੁ ਏਕੁ ਸਦਾ	੯੧੪
ਗੁਰਮੁਖਿ ਨਾਦ ਬੇਦ	੯੧੮
ਆਪੇ ਸ੍ਰਿਸਟਿ ਹੁਕਮਿ	੯੨੨
ਆਦਿ ਜੁਗਾਦਿ	੯੨੫
ਜੁਗ ਛਤੀਹ ਕੀਓ	੯੨੯
ਹਰਿ ਜੀਉ ਦਾਤਾ	੯੩੨
ਜੋ ਤੁਧੁ ਕਰਣਾ	੯੩੬
ਕਾਇਆ ਕੰਚਨੁ	੯੪੦
ਨਿਰੰਕਾਰਿ ਆਕਾਰੁ	੯੪੪
ਅਗਮ ਅਗੋਚਰ	੯੪੮
ਨਦਰੀ ਭਗਤਾ ਲੈਹੁ	੯੫੨
ਮਾਰੂ ਸੋਲਹੇ ਮਹਲਾ ੪	
ਸਚਾ ਆਪਿ ਸਵਾਰਣਹਾਰਾ	੯੫੫
ਹਰਿ ਅਗਮ ਅਗੋਚਰੁ	੯੬੦



ਰਾਗੁ ਰਾਮਕਲੀ

[ਪੰਨਾ ੮੭੬]

*ਰਾਮਕਲੀ ਮਹਲਾ ੧ ਘਰੁ ੧ ਚਉਪਦੇ

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸਾਂ ਦੇਸ਼ਾਂਤਰਾਂ ਵਿਚ ਰਟਨ ਕਰਦੇ ਹੋਏ ਸਿਰੀ ਨਗਰ (ਕਸ਼ਮੀਰ) ਵਿਚ ਪਹੁੰਚੇ ਤਾਂ ਪੰਡਿਤਾਂ ਨੇ ਸਤਿਕਾਰ ਕਰਦਿਆਂ ਹੋਇਆਂ ਪੁੱਛਿਆ "ਆਪ ਜੀ ਨੇ ਕਿਹੜੀ ਵਿਦਿਆ ਪੜ੍ਹੀ ਹੈ, ਜਿਸ ਕਰ ਕੇ ਆਪ ਸਾਰੇ ਦਿਗਬਿਜੈ ਕਰਦੇ ਜਾ ਰਹੇ ਹੋ?" *ਗੁਰ ਉੱਤਰ-*

ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥

ਕੋਈ ਪੁਰਸ਼ ਤਾਂ ਸਹਸਾਕਿਰਤਾ=ਵਿਆਕਰਣ ਪੜ੍ਹਦਾ ਹੈ ਅਤੇ ਕੋਈ ਪੁਰਸ਼ ਪੁਰਾਣਾਂ ਨੂੰ ਪੜ੍ਹਦਾ ਹੈ।

ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥

ਕੋਈ ਪੁਰਸ਼ ਜਪਮਾਲੀ=ਮਾਲਾ ਲੈ ਕੇ ਨਾਮ ਨੂੰ ਜਪਦਾ ਹੈ, ਜਿਸ-ਜਿਸ ਉਪਾਸ਼ਨਾ ਵਿਚ ਕਿਸੇ ਦਾ ਖਿਆਲ ਹੈ, ਉਸ ਦਾ ਓਸੇ ਪਾਸੇ ਹੀ ਧਿਆਨ ਲੱਗ ਰਿਹਾ ਹੈ।

ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥ ੧ ॥

ਅਬ ਹੀ=ਵਰਤਮਾਨ ਸਮੇਂ ਵਿਚ, ਕਬ ਹੀ=ਭੂਤ ਕਾਲ ਵਿਚ,

ਅਥਵਾ:- ਅਬ ਹੀ ਕਬ ਹੀ=ਸਦਾ ਸਦਾ ਮੈਂ ਪ੍ਰਭੂ ਤੋਂ ਬਿਨਾਂ ਹੋਰ ਕੁਝ ਭੀ ਨਹੀਂ ਜਾਣਿਆ, ਤੇਰਾ=ਤਿਸ ਪ੍ਰਭੂ ਦਾ ਇਕ ਨਾਮ- ਸਿਮਰਨ ਕਰਨਾ ਹੀ ਪਛਾਣਿਆ ਹੈ॥ ੧ ॥

ਇਤਨੀ ਗੱਲ ਸੁਣਦਿਆਂ ਹੀ ਇਕ ਪੰਡਿਤ ਨੂੰ ਸ਼ਰਧਾ ਆ ਗਈ ਤੇ ਉਸ ਨੇ ਕਿਹਾ-

ਨ ਜਾਣਾ ਹਰੇ ਮੇਰੀ ਕਵਨ ਗਤੇ ॥

ਹੇ ਹਰੀ ਸਰੂਪ ਸਤਿਗੁਰੋ ! ਮੈਂ ਜਾਣਦਾ ਨਹੀਂ ਹਾਂ, ਮੇਰੀ ਕੈਣਸੀ ਗਤੀ ਹੋਵੇਗੀ?

**ਇਹ ਭੈਰਵ ਠਾਟ ਦੀ ਔੜਵ ਸੰਪੂਰਣ ਰਾਗਣੀ ਹੈ, ਆਰੋਹੀ ਵਿਚ ਮੱਧਮ ਤੇ ਨਿਸ਼ਾਦ ਵਰਜਿਤ ਹਨ ਰਿਖਭ ਤੇ ਧੈਵਤ ਕੋਮਲ ਹਨ, ਬਾਕੀ ਸੁਰ ਸ਼ੁੱਧ ਹਨ, ਧੈਵਤ ਵਾਦੀ ਅਤੇ ਰਿਖਭ ਸੰਵਾਦੀ ਹੈ।*

ਗਾਉਣ ਦਾ ਵੇਲਾ ਸੂਰਜ ਨਿਕਲਣ ਤੋਂ ਲੈ ਕੇ ਪਹਰ ਦਿਨ ਚੜ੍ਹੇ ਤੱਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਅਠਾਰ੍ਹਵਾਂ ਨੰਬਰ ਹੈ।

ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ
ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ॥ ੧॥ ਰਹਾਉ॥

ਸ਼ਾਸਤ੍ਰ ਗਿਆਨ ਤੋਂ ਰਹਿਤ ਹੋਣ ਕਰ ਕੇ ਮੈਂ ਮੂਰਖ ਹਾਂ, ਸਰੂਪ ਗਿਆਨ ਤੋਂ ਰਹਿਤ ਹੋਣ ਕਰ ਕੇ ਮੈਂ ਅਗਿਆਨੀ ਹਾਂ, ਹੇ ਪ੍ਰਭੂ ਸਰੂਪ ਸਤਿਗੁਰੋ! ਮੈਂ ਤੇਰੀ ਸ਼ਰਨ ਪਿਆ ਹਾਂ? ਆਪ ਕਿਰਪਾ ਦ੍ਰਿਸ਼ਟੀ ਕਰ ਕੇ ਮੇਰੀ ਇਸ ਲੋਕ ਵਿਚ ਲੱਜਾ ਅਤੇ ਪ੍ਰਲੋਕ ਵਿਚ ਭੀ ਪਤੇ=ਆਬਰੂ (ਇੱਜ਼ਤ) ਰੱਖਣਾ ਕਰੋ।

(ਇਸ ਤਰ੍ਹਾਂ ਪੰਡਿਤ ਪਾਸੋਂ ਸੁਣ ਕੇ ਉਸ ਨੂੰ ਸਮਝਾਉਂਦੇ ਹਨ ਕਿ ਤੂੰ ਪ੍ਰਭੂ ਅੱਗੇ ਬੇਨਤੀ ਕਰ)- ***ਨਾ ਜਾਣਾ ਹਰੇ ਮੇਰੀ ਕਵਨ ਗਤੇ:-*** ਹੇ ਹਰੀ ! ਮੈਂ ਜਾਣਦਾ ਨਹੀਂ ਹਾਂ ਜੋ ਮੇਰੀ ਕੌਣਸੀ ਗਤੀ ਹੋਵੇਗੀ? ਮੈਂ ਮੂਰਖ ਅਗਿਆਨੀ, ਹੇ ਪ੍ਰਭੂ ! ਤੇਰੀ ਸ਼ਰਨ ਵਿਚ ਆਇਆ ਹਾਂ, ਹੇ ਪਤੇ=ਪਤੀ ਸਰੂਪ ਪਰਮਾਤਮਾ ਆਪ ਕਿਰਪਾ ਦ੍ਰਿਸ਼ਟੀ ਕਰ ਕੇ ਮੇਰੀ ਲੱਜਾ ਰੱਖਣਾ ਕਰੋ॥ ੧॥ ਰਹਾਉ॥

ਮਨ ਦੀ ਚੰਚਲਤਾ ਕਰ ਕੇ ਜੀਵ ਇਸਥਿਤ ਨਹੀਂ ਰਹਿੰਦਾ:-

ਕਬਹੂੰ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥

ਸ੍ਵਰਗ ਲੋਕ ਦੇ ਪਦਾਰਥਾਂ ਦੀ ਇੱਛਾ ਕਰਦਾ ਹੋਇਆ ਇਹ ਜੀਵ ਕਦੇ ਊਭਿ=ਉੱਚੇ ਅਕਾਸ਼ ਆਦਿਕਾਂ ਵਿਚ ਚੜ੍ਹਦਾ ਹੈ ਅਤੇ ਮਣੀਆਂ ਆਦਿਕ ਪਦਾਰਥਾਂ ਦੀ ਇੱਛਾ ਕਰਦਾ ਹੋਇਆ ਕਦੇ ਪਇਆਲੇ=ਪਤਾਲ ਆਦਿਕਾਂ ਵਿਚ ਜਾਂਦਾ ਹੈ ਭਾਵ ਸਮੁੰਦਰਾਂ ਵਿਚ ਚੁਭੀਆਂ ਮਰਵਾਉਂਦਾ ਹੈ।

ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥ ੨॥

ਇਹ ਲੋਭੀ ਪੁਰਸ਼ ਇਸਥਿਤ ਨਹੀਂ ਰਹਿੰਦਾ, ਚਾਰੋਂ ਦਿਸ਼ਾਂ ਵਿਚ ਪਦਾਰਥਾਂ ਲੱਭਦਾ ਹੈ। *ਅਥਵਾ:-*ਇਹ ਜੀਵ ਕਦੇ ਕਰਮਾਂ ਅਨੁਸਾਰ ਕਦੇ ਤਾਂ ਊਭਿ=ਉੱਚੇ ਸ੍ਵਰਗ ਆਦਿਕਾਂ ਵਿਚ ਚੜ੍ਹਦਾ ਭਾਵ ਜਾਂਦਾ ਹੈ ਤੇ ਕਦੇ ਕਰਮਾਂ ਅਨੁਸਾਰ ਪਇਆਲੇ=ਪਤਾਲ ਭਾਵ ਨਰਕਾਂ ਵਿਚ ਜਾਂਦਾ ਹੈ। ਇਹ ਲੋਭੀ ਪੁਰਸ਼ ਥਿਰੁ=ਇਸਥਿਤ ਨਹੀਂ ਰਹਿੰਦਾ, ਚਾਰੇ ਕੁੰਡਾ ਭਾਲੇ=ਚਾਰੇ ਖਾਣੀਆਂ ਵਿਚ ਫਿਰਦਾ ਹੈ॥ ੨॥

ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ॥

ਹੇ ਸਤਿਗੁਰੋ ! ਮਾਂ ਦੇ ਉਦਰ ਵਿਚ ਮਰਨਾ ਲਿਖਾ ਕੇ ਅਸੀਂ ਸੰਸਾਰ-ਮੰਡਲ ਵਿਚ ਆਏ ਹਾਂ, ਪਰ ਇਸ ਲੋਕ ਵਿਚ ਆ ਕੇ ਜੀਵਣ ਨੂੰ ਤੇ ਮਾਈ=ਮਾਇਆ ਨੂੰ ਸਾਜਦੇ ਹਾਂ। ਅਰਥਾਤ ਉਹ ਸਾਧਨ ਕਰਦੇ ਹਾਂ, ਜਿਸ ਕਰ ਕੇ ਜੀਉਂਦੇ ਰਹੀਏ ਅਤੇ ਉਹ ਜੁਗਤੀਆਂ ਕਰਦੇ ਹਾਂ, ਜਿਨ੍ਹਾਂ ਕਰ ਕੇ ਮਾਇਆ ਇਕੱਠੀ ਹੋਵੇ।

ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ॥ ੩॥

ਹੇ ਸੁਆਮੀ=ਸਤਿਗੁਰੋ! ਸਾਡੇ ਵੇਖਦਿਆਂ-ਵੇਖਦਿਆਂ ਇਕ ਤਾਂ ਚਲੇ ਗਏ ਹਨ ਅਤੇ ਸਾਡੇ ਉੱਤੇ ਭੀ ਕਾਲ ਰੂਪੀ ਅੱਗ ਬਲਦੀ ਆ ਰਹੀ ਹੈ, ਸਾਨੂੰ ਇਸ ਤੋਂ ਬਚਾਓ!

ਹੁਣ ਗੁਰੂ ਸਾਹਿਬ ਜੀ ਆਪ ਇਨ੍ਹਾਂ ਤੁਕਾਂ ਦੁਆਰੇ ਉਪਦੇਸ਼ ਦੇਂਦੇ ਹਨ—

ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ॥

ਹੇ ਪੰਡਿਤ ਜੀ ! ਮਾਂ ਦੇ ਉਦਰ ਵਿਚ ਸਾਰੇ ਜੀਵ ਮਰਨਾ ਲਿਖਾ ਕੇ ਸੰਸਾਰ-ਮੰਡਲ ਵਿਚ ਆਏ ਹਨ, ਪਰ

ਇਸ ਲੋਕ ਵਿਚ ਆ ਕੇ ਮਾਈ=ਮਾਇਆ-ਪਤੀ ਪਰਮੇਸ਼ਰ ਨੂੰ ਭੁਲਾ ਕੇ ਜੀਉਣ ਦੇ ਸਾਧਨਾਂ ਨੂੰ ਸਾਜਹਿ= ਕਰਦੇ ਹਨ।

ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ॥ ੩॥

ਹੇ ਸੁਆਮੀ=ਪਰਮਾਤਮਾ ! ਸਾਡੇ ਵੇਖਦਿਆਂ-ਵੇਖਦਿਆਂ ਇਕ ਤਾਂ ਚਲੇ ਗਏ ਹਨ ਅਤੇ ਹੋਰਨਾਂ ਉੱਤੇ ਭੀ ਕਾਲ ਰੂਪੀ ਅੱਗ ਬਲਦੀ ਆ ਰਹੀ ਹੈ।

ਅਥਵਾ:- ਹੇ ਸੁਆਮੀ=ਪਰਮਾਤਮਾ ! ਅਸਾਂ ਨੇ ਇਕ ਚਲੇ=ਚਲਿਤ੍ਰ ਵੇਖਿਆ ਹੈ ਕਿ ਸਾਰਿਆਂ ਦੇ ਹਿਰਦੇ ਵਿਚ ਤ੍ਰਿਸ਼ਨਾ ਰੂਪੀ ਅੱਗ ਬਲਦੀ ਆ ਰਹੀ ਹੈ।

ਪੰਡਿਤ ਨੇ ਬੇਨਤੀ ਕੀਤੀ—ਜੀਵ ਦਾ ਉਧਾਰ ਕਿਵੇਂ ਹੋਵੇ? *ਗੁਰ ਉੱਤਰ:-*

ਜਿਸ ਵੇਲੇ ਭਾਹਿ ਬਲੰਤੀ ਆਈ=ਬ੍ਰਹਮ ਦ੍ਰਿਸ਼ਟੀ ਰੂਪੀ ਅੱਗ ਆ ਕੇ ਬਲੀ ਤੇ ਹਮ ਦੇਖਹ ਸੁਆਮੀ=ਸਾਰਿਆਂ ਵਿਚ ਪਰਮਾਤਮਾ ਨੂੰ ਪਰੀਪੂਰਨ ਵੇਖਿਆ ਤੇ ਏਕਿ ਚਲੇ=ਸਾਰੇ ਸੰਸਾਰ ਨੂੰ ਇਕ ਚਲਿਤ੍ਰ ਰੂਪ, *ਵਾ:-* ਚਲੇ ਜਾਣ ਵਾਲਾ ਨਿਸ਼ਚੇ ਕੀਤਾ ਤਾਂ ਹੀ ਜੀਵ ਦਾ ਉਧਾਰ ਹੁੰਦਾ ਹੈ॥ ੩॥

ਅਗਲੀ ਤੁਕ ਵਿਚ ਵੈਰਾਗ ਜਨਕ ਉਪਦੇਸ਼ ਦੇਂਦੇ ਹਨ—

ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ॥

ਨਾ ਕਿਸੇ ਦਾ ਕੋਈ ਮਿੱਤਰ ਹੈ, ਨਾ ਕਿਸੇ ਦਾ ਕੋਈ ਭਰਾ ਰੱਖਕ ਹੈ, ਨਾ ਕਿਸੇ ਦਾ ਕੋਈ ਬਾਪ ਤੇ ਨਾ ਹੀ ਕੋਈ ਕਿਸੇ ਦੀ ਮਾਂ ਸਹਾਇਕ ਹੈ। ਇਸ ਲਈ ਹੇ ਭਾਈ ! ਸੰਬੰਧੀਆਂ ਦੇ ਮੋਹ ਨੂੰ ਛੱਡ ਕੇ ਤੂੰ ਇਕ ਪਰਮਾਤਮਾ ਅੱਗੇ ਪ੍ਰਾਰਥਨਾ ਕਰ—

ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥ ੪॥ ੧॥

ਗੁਰੂ ਜੀ ਪ੍ਰਣਵਤਿ=ਉਚਾਰਦੇ ਹਨ— ਹੇ ਪ੍ਰਭੂ ! ਜੇ ਤੂੰ ਕਿਰਪਾ ਕਰ ਕੇ ਆਪਣਾ ਨਾਮ ਦਾਨ ਦੇਵੇਂ ਤਾਂ ਅੰਤੇ=ਪ੍ਰਾਣਾਂ ਦੇ ਵਿਜੋਗ ਵੇਲੇ ਓਹੀ ਨਾਮ ਸਖਾਈ=ਸਹਾਇਤਾ ਕਰਨ ਵਾਲਾ ਹੋਵੇਗਾ॥ ੪॥ ੧॥

ਰਾਮਕਲੀ ਮਹਲਾ ੧॥

ਸਰਬ ਜੋਤਿ ਤੇਰੀ ਪਸਰਿ ਰਹੀ॥ ਜਹ ਜਹ ਦੇਖਾ ਤਹ ਨਰਹਰੀ॥ ੧॥

ਹੇ ਪਰਮੇਸ਼ਰ ! ਸਾਰਿਆਂ ਵਿਚ ਤੇਰੀ ਜੋਤਿ=ਸਤਾ ਪਸਰਿ=ਫੈਲ ਰਹੀ ਹੈ। ਜਿਥੇ-ਜਿਥੇ ਵੇਖਦਾ ਹਾਂ ਉਥੇ ਹੀ ਹੇ ਨਰਹਰੀ=ਨਰਸਿੰਘ ਰੂਪ ਦੇ ਧਾਰਨ ਵਾਲੇ, *ਵਾ:-* ਨਰਾਂ ਦੇ ਹਰੇ ਕਰਨ ਵਾਲੇ ਪ੍ਰਭੂ ! ਤੂੰ ਹੀ ਪੂਰਨ ਹੈਂ॥ ੧॥

ਜੀਵਨ ਤਲਬ ਨਿਵਾਰਿ ਸੁਆਮੀ॥

੧) ਹੇ ਸੁਆਮੀ=ਪਰਮਾਤਮਾ ! ਜੀਉਣੇ ਦੀ ਤਲਬ=ਇੱਛਾ ਦੂਰ ਕਰ ਦੇ।

੨) ਹੇ ਸੁਆਮੀ=ਪਰਮਾਤਮਾ ! ਜੀਵਾਂ ਦੇ ਹਿਰਦੇ ਵਿਚ ਜੋ ਪਦਾਰਥਾਂ ਦੀ ਤਲਬ=ਇੱਛਾ ਹੈ, ਇਹ ਦੂਰ ਕਰ ਦੇ।

੩) ਹੇ ਸੁਆਮੀ=ਪਰਮਾਤਮਾ ! ਜੀਵਾਂ ਨੂੰ ਜੋ ਤਲਬ=ਸੱਦਾ (ਬੁਲਾਵਟ) ਹੋ ਰਹੀ ਹੈ, ਇਹ ਨਵਿਰਤ ਕਰ ਦਿਓ।

ਯਥਾ:- ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ॥ (ਪੰਨਾ ੪੭੯)

ਤਥਾ:- ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥ (ਪੰਨਾ ੯੫੩)

ਤਥਾ:- ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ॥ (ਪੰਨਾ ੭੫੧)

ਅੰਧ ਕੂਪਿ ਮਾਇਆ ਮਨੁ ਗਾਡਿਆ
ਕਿਉ ਕਰਿ ਉਤਰਉ ਪਾਰਿ ਸੁਆਮੀ॥ ੧॥ ਰਹਾਉ ॥

ਹੇ ਸੁਆਮੀ=ਪਰਮਾਤਮਾ ! ਗ੍ਰਿਹਸਤ ਰੂਪ ਅੰਨ੍ਹੇ ਖੂਹ ਵਿਚ ਮੈਂ ਡਿੱਗਾ ਪਿਆ ਹਾਂ ਅਤੇ ਮਨ ਮਾਇਆ ਰੂਪ ਚਿੱਕੜ ਵਿਚ ਗਾਡਿਆ=ਫਸਿਆ ਪਿਆ ਹੈ, ਇਸ ਤੋਂ ਕਿਸ ਵਜ੍ਹਾ ਕਰ ਕੇ ਪਾਰ ਉਤਰਨਾ ਕਰਾਂ ? ॥ ੧ ॥ ਰਹਾਉ ॥

ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ॥

੧) ਜਿਸ ਪਰਮੇਸ਼ਰ ਵਿਚ ਸਾਰੇ ਘਟ=ਸਰੀਰ ਵਸ ਰਹੇ ਹਨ, ਉਹ ਪਰਮੇਸ਼ਰ ਜਦ ਘਟ=ਹਿਰਦੇ ਵਿਚ ਵਸਿਆ ਤਾਂ ਕਿਆ ਬਾਹਰ ਨਹੀਂ ਹੈ ਭਾਵ ਸਾਰੇ ਪਰੀਪੂਰਨ ਹੈ।

੨) ਜਿਸ ਪੁਰਸ਼ ਦੇ ਘਟ ਵਿਚ ਪਰਮੇਸ਼ਰ ਵਸਿਆ ਹੈ, ਉਹ ਬਾਹਰ ਭੀਤਰ ਕੀ ਪਰਮੇਸ਼ਰ ਨੂੰ ਵਸਿਆ ਹੋਇਆ ਨਿਸ਼ਚੇ ਨਹੀਂ ਕਰਦੇ, ਭਾਵ ਅੰਦਰ ਬਾਹਰ ਸਾਰੇ ਹੀ ਵਸਿਆ ਹੋਇਆ ਨਿਸਚੇ ਕਰਦੇ ਹਨ।

ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ॥ ੨ ॥

੧) ਜੋ ਮਨ ਵਿਚ ਸਦਾ ਹੀ ਪਰਮੇਸ਼ਰ ਦਾ ਚਿੰਤ=ਚਿੰਤਨ ਕਰਦੇ ਹਨ, ਉਹ ਸਾਹਿਬੁ=ਪਰਮਾਤਮਾ ਉਹਨਾਂ ਦੀ ਨਿਤਾਪ੍ਰਤੀ ਸਾਰ=ਸੰਭਾਲ ਕਰਦਾ ਹੈ।

੨) ਉਹ ਸਾਹਿਬੁ=ਪਰਮਾਤਮਾ ਉਹਨਾਂ ਦੀ ਨਿਤਾਪ੍ਰਤੀ ਸੰਭਾਲ ਕਰਦਾ ਹੈ, ਜਿਨ੍ਹਾਂ ਦੇ ਮਨ ਵਿਚ ਸਿਮਰਨ ਕਰਨ ਦੀ ਸਦਾ ਚਿੰਤਾ ਰਹਿੰਦੀ ਹੈ॥ ੨ ॥

ਆਪੇ ਨੇੜੈ ਆਪੇ ਦੂਰਿ॥ ਆਪੇ ਸਰਬ ਰਹਿਆ ਭਰਪੂਰਿ॥

੧) ਉਹ ਪਰਮੇਸ਼ਰ ਆਪ ਹੀ ਨੇੜੇ ਅਸਥਾਨਾਂ ਪਰ ਹੈ, ਆਪ ਹੀ ਦੂਰ ਅਸਥਾਨਾਂ ਪਰ ਹੈ, ਆਪ ਹੀ ਵਿਚਕਾਰਲੀਆਂ ਸਾਰੀਆਂ ਜਗ੍ਹਾ ਪਰ ਭਰਪੂਰ ਹੋ ਰਿਹਾ ਹੈ।

੨) ਉਹ ਪਰਮੇਸ਼ਰ ਆਪ ਹੀ ਗੁਰਮੁਖਾਂ ਦੇ ਨੇੜੇ ਹੈ, ਆਪ ਹੀ ਮਨਮੁਖਾਂ ਤੋਂ ਦੂਰ ਹੈ। ਆਪ ਹੀ ਬ੍ਰਹਮ ਗਿਆਨੀਆਂ ਦੀ ਦ੍ਰਿਸ਼ਟੀ ਵਿਚ ਸਾਰੇ ਭਰਪੂਰ ਹੋ ਰਿਹਾ ਹੈ।

੩) ਉਹ ਪਰਮੇਸ਼ਰ ਆਪ ਹੀ ਜੀਵ ਰੂਪ ਹੋ ਕੇ ਨੇੜੇ ਹੈ, ਆਪ ਹੀ ਈਸ਼ਰ ਰੂਪ ਹੋ ਕੇ ਦੂਰ ਹੈ। ਆਪ ਹੀ ਬ੍ਰਹਮ ਰੂਪ ਹੋ ਕੇ ਸਾਰੇ ਭਰਪੂਰ ਹੋ ਰਿਹਾ ਹੈ।

[ਪੰਨਾ ੮੭੭]

ਸਤਗੁਰੁ ਮਿਲੈ ਅੰਧੇਰਾ ਜਾਇ॥ ਜਹ ਦੇਖਾ ਤਹ ਰਹਿਆ ਸਮਾਇ॥ ੩ ॥

ਬ੍ਰਹਮ ਨੇਸ਼ਟੀ ਬ੍ਰਹਮ ਸ੍ਰੇਤਰੀ ਪੂਰੇ ਸਤਿਗੁਰੂ ਮਿਲਣ ਤਾਂ ਅਗਿਆਨ ਰੂਪ ਹਨੇਰਾ ਦੂਰ ਹੋ ਜਾਂਦਾ ਹੈ। ਜਿਥੇ ਵੀ ਵੇਖਦੇ ਹਾਂ ਓਥੇ ਹੀ ਉਹ ਪਰਮੇਸ਼ਰ ਸਮਾ ਰਿਹਾ ਹੈ॥ ੩ ॥

ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ॥

੧) ਹਿਰਦੇ ਅੰਦਰ ਮਾਇਆ ਦਾ ਸੰਸਾ ਲੱਗ ਰਿਹਾ ਹੈ ਕਿ ਕੋਈ ਲੈ ਨਾ ਜਾਵੇ ਤੇ ਬਾਹਰ ਭੀ ਹਰ ਵੇਲੇ ਮਾਇਆ ਦੀ ਪ੍ਰਾਪਤੀ ਦੀਆਂ ਗੱਲਾਂ ਕਰਦਾ ਹੈ, ਨੈਣੀ=ਅੱਖਾਂ ਵਿਚ ਭੀ ਰੂਪ ਕਰੂਪ ਦੀ ਬਾਣੀ=ਬਣਾਵਟ ਵੇਖਣ ਰੂਪ ਮਾਇਆ ਲੱਗ ਰਹੀ ਹੈ।

੨) ਹਿਰਦੇ ਅੰਦਰ ਮਾਇਆ ਸੰਸਾ ਰੂਪ ਹੋ ਕੇ ਲੱਗ ਰਹੀ ਹੈ ਤੇ ਬਾਹਰੋਂ ਮਾਇਆ ਅੱਖਾਂ ਵਿਚ ਰੂਪ ਕਰੂਪ ਦੀ ਬਾਣੀ=ਬਣਾਵਟ ਵੇਖਣ ਰੂਪ ਹੋ ਕੇ ਲੱਗ ਰਹੀ ਹੈ, *ਅਥਵਾ:-* ਬਾਣੀ ਦੁਆਰੇ ਨਿੰਦਿਆ ਉਸਤਤੀ ਕਰਨੇ ਰੂਪ ਮਾਇਆ ਲੱਗ ਰਹੀ ਹੈ।

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ॥ ੪ ॥ ੨ ॥

ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ— ਹੇ ਪ੍ਰਾਣੀ! ਤੂੰ ਪ੍ਰਭੂ ਦੇ ਦਾਸਾਂ ਦਾ ਦਾਸ ਹੋ ਤਾਂ ਪਰਤਾਪਹਿਗਾ=ਤਾਪਾਂ ਤੋਂ ਪਰੇ, *ਵਾ:-* ਤਪਸ਼ਤਾ ਤੋਂ ਪਰੇ ਹੋ ਜਾਏਂਗਾ। ਜੇ ਤੂੰ ਦਾਸਾਂ ਦਾ ਦਾਸ ਨਹੀਂ ਹੋਵੇਂਗਾ ਤਾਂ ਪਰ=ਭਲੀ ਪ੍ਰਕਾਰ ਤਪਦਾ ਰਹੇਂਗਾ, *ਵਾ:-* ਪਸ਼ਚਾਤਾਪ ਕਰਦਾ ਰਹੇਂਗਾ॥ ੪॥ ੨॥

ਰਾਮਕਲੀ ਮਹਲਾ ੧ ॥

ਜਗਿਆਸੂ ਨੇ ਆ ਕੇ ਗੁਰੂ ਜੀ ਪਾਸ ਪੰਜ ਪ੍ਰਸ਼ਨ ਕੀਤੇ—

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥

੧) **ਜਿਤੁ ਦਰਿ**=ਜਿਸ ਅਸਥਾਨ ਅੰਦਰ ਪਰਮੇਸ਼ਰ ਵਸਦਾ ਹੈ, ਉਹ ਕਿਹੜਾ ਦਰੁ=ਅਸਥਾਨ ਕਹੀਦਾ ਹੈ?

੨) **ਜਿਤੁ ਦਰਿ**=ਜਿਸ ਸਾਧਨ ਦੁਆਰੇ ਵਸੀਕਾਰ ਹੁੰਦਾ ਹੈ, ਉਹ ਕਿਹੜਾ ਦਰੁ=ਸਾਧਨ ਕਹੀਦਾ ਹੈ?

੩) **ਜਿਤੁ ਦਰਿ**=ਜਿਸ ਮਹਾਤਮਾ ਦੁਆਰੇ ਪਰਮੇਸ਼ਰ ਹਿਰਦੇ ਵਿਚ ਆ ਕੇ ਵਸਦਾ ਹੈ, ਉਹ ਕਿਹੜਾ ਦਰੁ=ਮਹਾਤਮਾ ਕਹੀਦਾ ਹੈ?

ਉੱਤਰ:- ਦਰਾ ਭੀਤਰਿ ਦਰੁ ਅਸਥਾਨਾਂ ਦੇ ਵਿਚ ਹੀ ਅਸਥਾਨ ਹੈ, ਸਾਧਨਾਂ ਦੇ ਵਿਚ ਹੀ ਸਾਧਨ ਹੈ, ਮਹਾਤਮਾਂ ਦੇ ਵਿਚ ਹੀ ਮਹਾਤਮਾ ਹੈ।

ਪ੍ਰਸ਼ਨ:- **ਕਵਨੁ ਲਹੈ॥** ਉਸ ਅਸਥਾਨ ਨੂੰ, ਉਸ ਸਾਧਨ ਨੂੰ, ਉਸ ਮਹਾਤਮਾ ਨੂੰ ਕਵਨੁ=ਕੌਣ ਲਹੈ=ਲਖ (ਜਾਣ) ਸਕਦਾ ਹੈ।

ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥ ੧ ॥

ਜਿਸੁ ਦਰ=ਅਸਥਾਨ, ਸਾਧਨ ਤੇ ਮਹਾਤਮਾ ਵਾਸਤੇ ਮੈਂ ਉਦਾਸੀਨ ਹੋਇਆ ਫਿਰਦਾ ਹਾਂ, ਐਸਾ ਕੋਈ ਹੈ ਜਿਹੜਾ ਉਸ ਦਰੁ=ਅਸਥਾਨ, ਸਾਧਨ ਤੇ ਮਹਾਤਮਾ ਨੂੰ ਆ ਕੇ ਕਹੇ॥ ੧॥—ਅਤੇ—

ਚੌਥਾ ਪ੍ਰਸ਼ਨ:-

ਕਿਨ ਬਿਧਿ ਸਾਗਰੁ ਤਰੀਐ॥

ਕਿਸ ਵਿਧੀ ਨਾਲ ਸੰਸਾਰ-ਸਮੁੰਦਰ ਤੋਂ ਤਰਨਾ ਕਰੀਏ?

ਪੰਜਵਾਂ ਪ੍ਰਸ਼ਨ-

ਜੀਵਤਿਆ ਨਹ ਮਰੀਐ ॥ ੧ ॥

ਜੀਵਤ ਭਾਵ ਤੋਂ ਮਰਦਾ ਨਹੀਂ ਹੈ ਕਿਸ ਵਿਧੀ ਨਾਲ ਮਰਨਾ ਕਰੇ? ॥ ੧ ॥

ਜਿਨ੍ਹਾਂ ਕਾਰਨਾਂ ਕਰ ਕੇ ਸ਼ੁਭ ਸਾਧਨ, ਮਹਾਤਮਾ ਤੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ, ਪਹਿਲੇ ਉਹ ਕਾਰਨ ਦੱਸਦੇ ਹਨ—

ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥

ਸੰਸਾਰਕ ਦੁੱਖ ਪ੍ਰਾਪਤ ਹੋਣਾ ਇਹ ਦਰਵਾਜ਼ਾ ਹੈ, ਰੋਹੁ=ਗੁੱਸਾ ਜਿਹੜਾ ਹੈ ਇਹ ਉਸ ਦਰਵਾਜ਼ੇ ਪਰ ਰਖਵਾਲਾ ਖਲੋਤਾ ਹੈ ਇਹ ਪਰੇ ਨਹੀਂ ਹਟਦਾ, ਜਿਸ ਵੇਲੇ ਗੁੱਸਾ ਆਉਂਦਾ ਹੈ ਉਸ ਵੇਲੇ ਇਸ ਨੂੰ ਕੁਝ ਨਹੀਂ ਸੁਝਦਾ, ਮਾਂ ਕੌਣ ਹੈ? ਪਿਉ ਕੌਣ ਹੈ? ਗੁਰੂ ਕੌਣ ਹੈ? ਉਸਤਾਦ ਕੌਣ ਹੈ? ਗੁਰੂ ਨੂੰ ਤਾਂ ਗੁੜ੍ਹ ਆਖਦਾ ਹੈ।

ਯਥਾ:- ਅੰਧ ਕਰੋਂ ਦ੍ਰਿਗਵੰਤਨ ਕੋ ਸ੍ਰੁਤਵੰਤਨ ਕੋ ਬਧਰੋ ਕਰ ਡਾਰੋਂ ।..੧੩੫ ॥

(ਪ੍ਰਬੋਧ ਚੰਦਰ ਨਾਟਕ ਅੰਕ ਦੂਜਾ)

ਪਦਾਰਥ ਪ੍ਰਾਪਤੀ ਦੀ ਆਸਾ ਅਤੇ ਨਾ ਪ੍ਰਾਪਤੀ ਵਿਚ ਜੋ ਅੰਦੇਸਾ=ਸੰਸਾ ਹੈ, ਇਹ ਦੋ ਪਟ=ਤਖਤੇ ਜੜੇ ਹੋਏ ਹਨ। ਨਾ ਤਖਤੇ ਖੁਲ੍ਹਦੇ ਹਨ ਨਾ ਹੀ ਅੱਗੇ ਪਰਮਾਤਮਾ ਵੱਲ ਜਾ ਸਕਦਾ ਹੈ।

ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥੨ ॥

ਮਾਇਆ ਰੂਪੀ ਖਾਈ ਹੈ ਪਦਾਰਥਾਂ ਰੂਪੀ *ਵਾ:-* ਵਿਸ਼ਿਆਂ ਰੂਪੀ ਜਲ ਨਾਲ ਭਰੀ ਹੋਈ ਹੈ ਪਾਣੀ ਹਾਂਡੇ। ਜਿਸ ਤਰ੍ਹਾਂ ਕਿਸੇ ਨੇ ਆਪਣੇ ਘਰ ਦੀ ਨੀਂਹ ਬੜੀ ਡੂੰਘੀ ਪਾਣੀ ਤਕ ਰੱਖੀ ਹੋਈ ਹੋਵੇ ਤਾਂ ਉਸ ਨੂੰ ਪਾਣੀ ਹਾਂਡੇ ਕਹਿੰਦੇ ਹਨ ਏਸੇ ਤਰ੍ਹਾਂ ਜੀਵ ਨੂੰ ਮਾਇਆ ਦੀ ਤ੍ਰਿਸ਼ਨਾ ਬਹੁਤ ਲੱਗ ਰਹੀ ਹੈ? ਏਸੇ ਵਿਚ ਜੀਵ ਨੇ ਆਪਣਾ ਸਰੀਰ-ਘਰ ਬਧਾ ਹੋਇਆ ਹੈ ਤੇ ਸਤ ਪੁਰਖੁ=ਪਰਮੇਸ਼ਰ ਵਿਚ ਆਸਣਿ=ਇਸਥਿਤੀ ਕੈ ਰਹੈ=ਕਿਵੇਂ ਕਰ ਰਹੇ? ਅਰਥਾਤ ਸੰਸਾਰਕ ਦੁੱਖਾਂ ਕਰ ਕੇ ਆਸਾ ਅੰਦੇਸਾ ਤੇ ਮਾਇਆ ਵਿਚ ਲੱਗਣ ਕਰ ਕੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ॥ ੨ ॥

ਜਗਿਆਸੂ ਨੇ ਕਿਹਾ—ਮੈਂ ਤਾਂ ਬੇਨਤੀ ਕੀਤੀ ਸੀ ਕਿ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ? ਤੇ ਕਿਸ ਅਸਥਾਨ ਤੇ ਵਸਦਾ ਹੈ? *ਗੁਰ ਉੱਤਰ:-*

ਦੁਖੁ ਦਰਵਾਜਾ— ਜਪ ਤਪ ਦਾ ਦੁੱਖ ਸਹਾਰਨਾ ਇਹ ਦਰਵਾਜ਼ਾ ਹੈ।

ਯਥਾ:- ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥ *(ਪੰਨਾ ੭੨੯)*

ਰੋਹੁ ਰਖਵਾਲਾ=ਚੰਗਾ ਗੁੱਸਾ ਕਰਨਾ ਕਿ ਅੱਜ ਮੈਂ ਸਵੇਰੇ ਕਿਉਂ ਨਹੀਂ ਉਠਿਆ ਪੰਜਾਂ ਬਾਣੀਆਂ ਦਾ ਪਾਠ ਕਿਉਂ ਨਹੀਂ ਕੀਤਾ? ਗੁਰਦੁਆਰੇ ਸਾਹਿਬ ਜਾ ਕੇ ਦਰਸ਼ਨ ਕਿਉਂ ਨਹੀਂ ਕੀਤਾ। ਜਿੰਨਾ ਚਿਰ ਪਾਠ ਨਹੀਂ ਕਰਾਂਗਾ ਓਨਾਂ ਚਿਰ ਰੋਟੀ ਨਹੀਂ ਖਾਵਾਂਗਾ, ਇਸ ਤਰ੍ਹਾਂ ਦਾ ਚੰਗਾ ਗੁੱਸਾ ਕਰਨਾ ਏਹ ਰਖਵਾਲਾ ਕਰ।

ਆਸਾ ਅੰਦੇਸਾ ਦੁਇ ਪਟ ਜੜੇ ॥ :-ਚੰਗੀ ਆਸਾ ਕਰਨੀ ਤੇ ਚੰਗਾ ਅੰਦੇਸਾ=ਫ਼ਿਰਕ ਰੱਖਣਾ ਏਹੋ ਦੋ ਪਟ=ਤਖਤੇ ਜੜਨਾ ਕਰ।

ਅਥਵਾ:- ਆਸਾ ਤੇ ਅੰਦੇਸਾ=ਸੰਸਾ ਜਿਹੜੇ ਦੋ ਅੰਦਰ ਜੜੇ ਹੋਏ ਹਨ, ਇਨ੍ਹਾਂ ਨੂੰ ਪੱਟ ਦੇਣਾ ਕਰ।

ਮਾਇਆ=ਭਗਤੀ ਰੂਪ ਮਾਇਆ ਨੂੰ ਗ੍ਰਹਿਣ ਕਰ।

ਯਥਾ:- ਆਥਿ ਹੋਇ ਤਾ ਮੁਗਧੁ ਸਿਆਨਾ॥ *(ਪੰਨਾ ੯੩੧)*

ਜਲ=ਨਾਮ ਰੂਪ ਜਲ ਨੂੰ ਪੀਣਾ ਕਰ, ਖਾਈ=ਨਿੰਮ੍ਰਤਾ ਗੁਣ ਨੂੰ ਧਾਰਨ ਕਰ, ਪਾਣੀ=ਪਦਾਰਥਾਂ ਰੂਪ ਪਾਣੀ ਨੂੰ ਤਿਆਗਣਾ ਕਰ, ਵੈਰਾਗ ਨੂੰ ਧਾਰਨ ਕਰ (ਵੈਰਾਗ, ਵਿਵੇਕ, ਖਟ ਸੰਪੱਤੀ ਆਦਿਕ) ਸਾਧਨਾਂ ਨੂੰ ਧਾਰਨ ਕਰ। ਇਤਆਦਿਕ ਸਾਰੇ ਸਾਧਨ ਜਿਸ ਨੇ ਧਾਰਨ ਕੀਤੇ ਹਨ ਉਹ ਪੁਰਖ਼, ਜਿਸ ਪਰਮੇਸ਼ਰ ਨੇ ਸੰਸਾਰ-ਘਰ ਨੂੰ ਮਰਯਾਦਾ ਵਿਚ ਬੱਧਾ ਹੋਇਆ ਹੈ, ਉਸ ਸਤ ਪੁਰਖੁ=ਪਰਮਾਤਮਾ ਵਿਚ ਆਸਣਿ=ਇਸਥਿਤੀ ਕੈ ਰਹੈ=ਕਰ ਰਹਿੰਦਾ ਹੈ।

ਪਹਿਲਾ ਪ੍ਰਸ਼ਨ ਸੀ—ਜਿਸ ਅਸਥਾਨ ਵਿਚ ਪਰਮੇਸ਼ਰ ਵਸਦਾ ਹੈ, ਉਹ ਕਿਹੜਾ ਅਸਥਾਨ ਹੈ?

ਉੱਤਰ:- ਸਤਸੰਗਤ ਹੀ ਅਸਲ ਅਸਥਾਨ ਹੈ, ਓਥੇ ਪਰਮੇਸ਼ਰ ਨਿਵਾਸ ਕਰਦਾ ਹੈ।

ਸਾਖੀ—ਨਾਰਦ ਜੀ ਦੀ

ਇਕ ਸਮੇਂ ਨਾਰਦ ਮੁਨੀ ਜੀ ਦੇ ਮਨ ਵਿਚ ਭਗਵਾਨ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋਈ ਤਾਂ ਉਸ ਇੱਛਾ ਅਨੁਸਾਰ ਖੀਰ ਸਮੁੰਦਰ ਵਿਚ ਗਿਆ ਪਰ ਓਥੇ ਦਰਸ਼ਨ ਨਾ ਹੋਏ, ਫੇਰ ਬੈਕੁੰਠ ਵਿਚ ਗਿਆ ਤਾਂ ਭੀ ਦਰਸ਼ਨ ਨਾ ਹੋਏ।

ਅਯੁਧਿਆ, ਮਥੁਰਾ, ਬਿੰਦ੍ਰਾਬਨ, ਦੁਆਰਕਾ ਆਦਿਕ ਤੀਰਥਾਂ ਪਰ ਗਿਆ ਫਿਰ ਵੀ ਦਰਸ਼ਨ ਨਾ ਹੋਇਆ। ਆਖਿਰ ਹਾਰ ਕੇ ਸਤਸੰਗ ਵਿਚ ਜਾ ਬੈਠਾ, ਓਥੇ ਬੈਠਿਆਂ ਜਦ ਸਮਾਧੀ ਵਿਚ ਲੀਣ ਹੋਇਆ ਤਦ ਭਗਵਾਨ ਜੀ ਨੇ ਆ ਦਰਸ਼ਨ ਦਿੱਤਾ। ਨਾਰਦ ਮੁਨੀ ਨੇ ਖਿਝ ਕੇ ਕਿਹਾ, ਭਗਵਾਨ ਜੀ! ਨਾ ਆਪ ਘਰ ਦੇ ਨਾ ਘਾਟ ਦੇ। ਮੈਂ ਬਹੁਤ ਲਭਿਆ ਹੈ ਪਰ ਆਪ ਜੀ ਦਾ ਦਰਸ਼ਨ ਕਿਧਰੋਂ ਭੀ ਨਾ ਹੋਇਆ ਹੁਣ ਆਪ ਝਟ ਆ ਗਏ ਹੋ ! ਭਗਵਾਨ ਨੇ ਕਿਹਾ—ਮੁਨੀ ਜੀ ! ਮੈਂ ਤੀਰਥਾਂ ਜਾਂ ਬੈਕੁੰਠ ਆਦਿਕਾਂ ਪਰ ਨਿਵਾਸ ਨਹੀਂ ਕਰਦਾ ਮੈਂ ਤਾਂ ਸਤਸੰਗ ਵਿਚ ਵਸਦਾ ਹਾਂ ਮੈਨੂੰ ਲਭਣਾ ਹੋਵੇ ਤਾਂ ਸਤਸੰਗ ਵਿੱਚੋਂ ਲਭਿਆ ਕਰੋ, ਮੇਰੇ ਰਹਿਣ ਦਾ ਅਸਲ ਅਸਥਾਨ ਸਤਸੰਗ ਹੀ ਹੈ—

ਨਾ ਹੰ ਬ੍ਹਾਸ੍ਹਾਮੀ ਬੈਕੁੰਠੈ ਯੋਗੀਨਾ ਹਿਰਦੈ ਨਚ।
ਮਧ ਭਗਤਾਂ ਯਤ੍ਰ ਗਾਯੰਤੀ ਤਤ੍ਰ ਤ੍ਰਿਸਟਾਮੀ ਨਾਰਦਹ।

ਦੂਜਾ ਪ੍ਰਸ਼ਨ ਸੀ—ਜਿਸ ਸਾਧਨ ਦੁਆਰੇ ਵਸੀਕਾਰ ਹੁੰਦਾ ਹੈ।

ਵਾ:- ਹਿਰਦੇ ਵਿਚ ਆ ਕੇ ਨਿਵਾਸ ਕਰਦਾ ਹੈ, ਉਹ ਕਿਹੜਾ ਸਾਧਨ ਹੈ?

ਗੁਰ ਉੱਤਰ- ਜਪ ਤਪ ਦਾ ਦੁੱਖ ਸਹਾਰਨਾ, ਚੰਗਾ ਗੁੱਸਾ ਕਰਨਾ, ਚੰਗੀ ਆਸਾ ਕਰਨੀ, ਚੰਗਾ ਫ਼ਿਕਰ ਰੱਖਣਾ, ਭਗਤੀ ਨਾਮ, ਨਿੰਮ੍ਰਤਾ, ਵੈਰਾਗ ਆਦਿਕ ਸਾਧਨਾਂ ਦਾ ਧਾਰਨਾ ਏਹੋ ਸਾਧਨ ਹਨ। ਇਨ੍ਹਾਂ ਸਾਧਨਾਂ ਦੁਆਰੇ ਉਹ ਪਰਮੇਸ਼ਰ ਵਸੀਕਾਰ ਹੁੰਦਾ ਹੈ? *ਵਾ:-* ਹਿਰਦੇ ਵਿਚ ਆ ਕੇ ਨਿਵਾਸ ਕਰਦਾ ਹੈ।

ਤੀਜਾ ਪ੍ਰਸ਼ਨ ਸੀ—ਉਹ ਮਹਾਤਮਾ ਕਿਹੜੇ ਹਨ ਜਿਨ੍ਹਾਂ ਦੁਆਰੇ ਪ੍ਰਭੂ ਹਿਰਦੇ ਵਿਚ ਆ ਕੇ ਵਸਦਾ ਭਾਵ ਸਾਖਿਆਤਕਾਰ ਹੁੰਦਾ ਹੈ?

ਗੁਰ ਉੱਤਰ:- ਜੋ ਸਾਧਨ ਉੱਪਰ ਦੱਸੇ ਹਨ ਉਹਨਾਂ ਸਾਧਨਾਂ ਦੇ ਕਰਨ ਵਾਲੇ ਜੋ ਪੂਰਨ ਮਹਾਤਮਾ ਹਨ ਓਹੀ ਅਸਲ ਮਹਾਤਮਾ ਹਨ, ਉਹਨਾਂ ਦੁਆਰੇ ਪਰਮੇਸ਼ਰ ਹਿਰਦੇ ਵਿਚ ਆ ਕੇ ਵਸਦਾ ਭਾਵ ਸਾਖਿਆਤਕਾਰ ਹੁੰਦਾ ਹੈ।

ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ॥

ਹੇ ਹਰੀ ! ਆਪ ਜੀ ਦੇ ਕਿਤਨੇ ਹੀ ਨਾਮ ਹਨ, (ਉਨ੍ਹਾਂ ਨਾਮਾਂ ਦਾ) ਜੋ ਅੰਤ ਨਹੀਂ ਜਾਣਿਆਂ ਜਾਂਦਾ,

ਯਥਾ:- ਸੇਸਨਾਗ ਸਿਰ ਸਹਸ ਬਨਾਈ॥ ਦੈ ਸਹੰਸ ਰਸਨਾਹ ਸੁਹਾਈ॥

ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ ਤਊ ਨ ਪਾਵਤ ਪਾਰਾ॥ ੬॥

(ਦਸਮ ਗ੍ਰੰਥ, ਪੰਨਾ ੪੭)

ਹੇ ਹਰੀ ! ਆਪ ਜੀ ਦੇ ਸਰਿ=ਸਦ੍ਰਸ ਹੋਰ ਕੋਈ ਨਹੀਂ ਹੈ।

ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ॥ ੩॥

(ਇਸ ਤੁਕ ਵਿਚ ਪੰਜਵੇਂ ਪ੍ਰਸ਼ਨ ਦਾ ਉੱਤਰ ਹੈ ਇਸ ਲਈ ਇਸ ਦਾ ਅਰਥ ਨਹੀਂ ਕੀਤਾ। ਅਖੀਰ 'ਤੇ ਕਰਨਾ ਹੈ।)

ਪਹਿਲੇ ਚੌਥੇ ਪ੍ਰਸ਼ਨ ਦਾ ਉੱਤਰ ਦੇਣਾ। ਚੌਥਾ ਪ੍ਰਸ਼ਨ ਸੀ—

ਕਿਨ ਬਿਧਿ ਸਾਗਰੁ ਤਰੀਐ॥

ਸੰਸਾਰ-ਸਮੁੰਦਰ ਤੋਂ ਕਿਵੇਂ ਤਰਨਾ ਕਰੀਏ? *ਉੱਤਰ-*

ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥

ਜਦ ਤਕ ਪਦਾਰਥਾਂ ਦੀ ਆਸਾ ਤੇ ਅੰਦੇਸਾ=ਸੰਸਾ ਹੈ ਤਦ ਤਕ ਇਕ ਪਰਮੇਸ਼ਰ ਦੇ ਨਾਮ ਨੂੰ ਕਿਵੇਂ ਕਹਿ ਸਕਦਾ ਹੈ? ਕਿਉਂਕਿ ਉਸ ਦੇ ਕਿਤਨੇ ਹੀ ਨਾਮ ਹਨ, ਉਨ੍ਹਾਂ ਦਾ ਅੰਤ ਜਾਣਿਆ ਨਹੀਂ ਜਾਂਦਾ।

ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥ ੪॥

ਗੁਰੂ ਜੀ ਕਥਨ ਕਰਦੇ ਹਨ—ਆਸਾ ਰੂਪ ਪ੍ਰਪੰਚ ਦੇ ਵਿਚ ਨਿਰਾਸ ਹੋ ਰਹਿਣਾ ਕਰੇ ਤਾਂ ਇਕ ਪਰਮੇਸ਼ਰ ਮਿਲਦਾ ਹੈ॥ ੪॥

ਇਨ ਬਿਧਿ ਸਾਗਰੁ ਤਰੀਐ॥

ਇਸ ਵਿਧੀ ਕਰ ਕੇ ਹੀ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ।

ਪੰਜਵਾਂ ਪ੍ਰਸ਼ਨ ਸੀ—ਕਿਸ ਵਿਧੀ ਨਾਲ ਜੀਵਤ ਭਾਵ ਤੋਂ ਮਰਨਾ ਕਰੇ? *ਉੱਤਰ:-*

ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ॥ ੩॥

ਕਿਸੇ ਨੂੰ ਉੱਚਾ ਬਚਨ ਨਹੀਂ ਕਹਿਣਾ, ਜੇ ਹੋਰ ਕੋਈ ਕਹੇ ਤਾਂ ਆਪਣੇ ਮਨ ਵਿਚ ਸਹਾਰਨਾ ਕਰੇ, ਫੇਰ ਇਸ ਤਰ੍ਹਾਂ ਨਿਸਚੇ ਕਰੇ ਕਿ- ਉਹ ਪਰਮੇਸ਼ਰ ਆਪ ਹੀ ਉਤਪਤੀ ਕਰਨੀ ਜਾਣਦਾ ਹੈ, ਆਪ ਹੀ ਖਾਣ ਪਾਣ ਦੇਣਾ ਕਰਦਾ ਹੈ।

ਅਥਵਾ:- ਆਪ ਹੀ ਜੀਵਾਂ ਦੇ ਕਰਮਾਂ ਨੂੰ ਜਾਣਦਾ ਹੈ, ਆਪ ਹੀ ਕਰਮਾਂ ਦਾ ਫਲ ਦੇਣਾ ਕਰਦਾ ਹੈ।

ਜੀਵਤਿਆ ਇਉ ਮਰੀਐ॥ ੧॥ ਰਹਾਉ ਦੂਜਾ॥ ੪॥ ੩॥

ਇਸ ਵਜ੍ਹਾ ਨਾਲ ਜੀਵਤ ਭਾਵ ਤੋਂ ਮਰਨਾ ਹੁੰਦਾ ਹੈ॥ ੧॥ ਰਹਾਉ ਦੂਜਾ॥ ੪॥ ੩॥

ਰਾਮਕਲੀ ਮਹਲਾ ੧ ॥

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਮੇਰ ਪਰਬਤ ਉਪਰ ਚੜ੍ਹਾਈ ਕਰਨ ਦਾ ਰੁਖ ਕੀਤਾ ਤਾਂ ਉਨ੍ਹਾਂ ਨੂੰ ਪਹਿਲਾਂ ਇਕ ਸਿਧ ਰਸਤੇ ਵਿਚ ਆ ਕੇ ਮਿਲਿਆ ਉਸ ਨੇ ਕਿਹਾ—ਆਪ ਜੋਗ ਭੇਖ ਧਾਰਨਾ ਕਰੋ! ਤਾਂ ਗੁਰੂ ਜੀ ਨੇ ਕਿਹਾ—ਅਸਾਂ ਨੇ ਤਾਂ ਪਹਿਲਾਂ ਹੀ ਜੋਗ ਭੇਖ ਧਾਰਨ ਕੀਤਾ ਹੋਇਆ ਹੈ. ਪੁਨਾ ਸਿਧ ਨੇ ਕਿਹਾ- ਜੋਗੀਆਂ ਵਾਲੇ ਚਿੰਨ੍ਹ ਆਪ ਜੀ ਦੇ ਸਰੀਰ 'ਤੇ ਕੋਈ ਦਿਖਾਈ ਨਹੀਂ ਦੇਂਦੇ, ਆਪ ਝੂਠ ਕਿਉਂ ਬੋਲਦੇ ਹੋ? ਤਾਂ ਗੁਰੂ ਜੀ ਨੇ ਕਿਹਾ-

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥

ਸਾਖੀ ਦੀ ਪ੍ਰਾਪਤੀ ਦਾ ਜੋ ਸਬਦੁ=ਉਪਦੇਸ਼ ਉਚਾਰਦੇ ਹਾਂ. ਵਾ:- ਸਾਖੀ=ਆਪਣੇ ਆਪ ਨੂੰ ਜਿਹੜਾ ਸਬਦੁ=ਬ੍ਰਹਮ ਰੂਪ ਨਿਸਚੇ ਕਰਦੇ ਹਾਂ ਏਹੀ ਮੇਰੀ ਸਿੰਙੀ ਵੱਜ ਰਹੀ ਹੈ।

ਪ੍ਰਸ਼ਨ- ਇਸ ਸਿੰਙੀ ਨੂੰ ਸੁਣਦਾ ਕੌਣ ਹੈ?

ਉੱਤਰ :- ਸੁਰਤਿ=ਸ੍ਰੇਸ਼ਟ ਪ੍ਰੀਤੀ ਵਾਲੇ, ਵਾ:- ਗਿਆਤ ਵਾਲੇ ਲੋਕ ਇਸ ਸਿੰਙੀ ਨੂੰ ਸੁਣਦੇ ਹਨ। ਪੁਨਾ ਸਿਧ ਨੇ ਕਿਹਾ- ਸਾਡੇ ਪਾਸ ਮੰਗਣ ਵਾਲੀ ਝੋਲੀ ਹੁੰਦੀ ਤੇ ਭਾਂਡਾ (ਚਿੱਪੀ) ਹੁੰਦਾ ਹੈ, ਤੁਹਾਡੇ ਕੋਲ ਝੋਲੀ ਤੇ ਭਾਂਡਾ ਕਿਹੜਾ ਹੈ?

ਗੁਰ ਉੱਤਰ:-

ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥ ੧ ॥

ਮੰਗਣ ਦੇ ਭਾਈ=ਵਾਸਤੇ ਸਾਡੇ ਪਾਸ ਸ਼ਰਧਾ ਰੂਪ ਝੋਲੀ ਹੈ, ਇਸ ਸ਼ਰਧਾ ਦੁਆਰੇ ਹੀ ਪਤੁ=ਪੜੀ-ਪਰਮਾਤਮਾ ਦੇ ਅਗਰ ਭਾਗ ਹੋ ਕੇ ਬੇਨਤੀ ਕਰਦੇ ਹਾਂ ਕਿ ਸਾਡੀ ਸ਼ਰਧਾ ਰੂਪ ਝੋਲੀ ਵਿਚ ਨਾਮ ਰੂਪੀ ਭਿਖਿਆ ਪੜੇ=ਪਵੇ। ਵਾ:- ਵਿਚਾਰ ਰੂਪੀ ਪਤੁ=ਪਾਤ੍ਰ (ਭਾਂਡਾ) ਹੈ ਤੇ ਖਿਮਾ ਰੂਪ ਝੋਲੀ ਹੈ ਮੰਗਣ ਵਾਸਤੇ, ਉਸ ਵਾਹਿਗੁਰੂ ਅੱਗੇ ਬੇਨਤੀ ਕਰਦੇ ਹਾਂ ਕਿ ਨਾਮ ਰੂਪੀ ਭਿਖਿਆ ਪਵੇ॥ ੧ ॥

ਪੁਨਾ ਸਿਧ ਨੇ ਕਿਹਾ—ਸਾਡੇ ਮੱਤ ਵਿਚ ਅਲੱਖ ਜਗਾਉਂਦੇ ਹਨ, ਤੁਸਾਂ ਨੇ ਕਿਹੜੀ ਅਲੱਖ ਜਗਾਈ ਹੈ?

ਗੁਰ ਉੱਤਰ:-

ਬਾਬਾ ਗੋਰਖੁ ਜਾਗੈ ॥

ਬਾਬਾ=ਹੇ ਭਾਈ! ਗੋਰਖੁ=ਵੇਦਾਂ ਦਾ ਰੱਖਕ, ਗਊਆਂ ਦਾ ਰੱਖਕ, ਇੰਦ੍ਰੀਆਂ ਦਾ ਰੱਖਕ, ਪ੍ਰਿਥਵੀ ਦਾ ਰੱਖਕ, ਜੋ ਪਰਮੇਸ਼ਰ ਹੈ, ਉਹ ਸਦਾ ਹੀ ਜਾਗਦਾ ਹੈ। ਏਹੋ ਅਸਾਂ ਨੇ ਇਕ ਅਲੱਖ ਜਗਾਈ ਹੈ।

ਪ੍ਰਸ਼ਨ:- ਉਹ ਗੋਰਖ ਕੈਸਾ ਹੈ? *ਉੱਤਰ:-*

ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥ ੧ ॥ ਰਹਾਉ ॥

ਗੋਰਖ ਓਹੀ ਪਰਮੇਸ਼ਰ ਹੈ ਜਿਸ ਨੇ ਇਹ ਸੰਸਾਰ ਰੂਪੀ ਗੋਇ=ਬਾਜੀ ਉਠਾਈ ਹੋਈ ਹੈ, ਭਾਵ ਇਸ ਸੰਸਾਰ ਦੇ ਉਤਪਤੀ ਔਰ ਖਾਣ ਪੀਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਉੱਤੇ ਲਈ ਹੋਈ ਹੈ। ਫਿਰ ਉਸ ਕਰਤੇ

ਨੂੰ ਉਤਪਤੀ ਪਾਲਣਾ ਕਰਦਿਆਂ ਕੁਝ ਬਾਰ=ਦੇਰ ਨਹੀਂ ਲਗਦੀ॥ ੧॥ ਰਹਾਉ॥

ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥ ੨॥

ਪਹਿਲਾ ਅਰਥ:- ਜਿਸ ਪਰਮੇਸ਼ਰ ਨੇ ਪਾਣੀ ਪਵਣ ਆਦਿਕ ਤੱਤਾਂ ਨਾਲ ਸੰਸਾਰ ਨੂੰ ਬੰਨ੍ਹ ਰੱਖਿਆ ਹੈ, ਐਸੇ ਪ੍ਰਾਣ=ਪਛਾਣੋ, ਪੁਨਾ ਚੰਦ੍ਰਮਾ ਤੇ ਸੂਰਜ ਇਹ ਦੋ ਮੁੱਖ ਦੀਵੇ ਕੀਤੇ ਹਨ। ਫਿਰ ਮਰਨ ਜੀਵਨ ਨੂੰ ਧਰਤੀ ਦਿੱਤੀ ਹੈ, ਇਤਨੇ ਗੁਣਾਂ ਵਾਲਾ ਪਰਮੇਸ਼ਰ ਇਸ ਨੂੰ ਵਿਸਰੇ=ਭੁੱਲ ਗਿਆ ਹੈ, ਇਹ ਸਮਸਟੀ ਅਰਥ ਕੀਤਾ ਹੈ॥ ੨॥

ਦੂਜਾ ਵਿਅੱਸਟੀ ਅਰਥ ਸੁਣੋ:-

ਜਿਸ ਪਰਮੇਸ਼ਰ ਨੇ ਪਾਣੀ ਪਵਣ ਆਦਿ ਤੱਤਾਂ ਨਾਲ ਸਰੀਰ ਨੂੰ ਰਚ ਕੇ ਤੇ ਇਸ ਵਿਚ ਪ੍ਰਾਣ ਬੰਨ੍ਹ ਰੱਖੇ ਹਨ, ਚੰਦ ਸੂਰਜ- ਖੱਬਾ ਸੱਜਾ ਨੇਤ੍ਰ ਇਹ ਦੋ ਮੁੱਖ ਦੀਵੇ ਕੀਤੇ ਹਨ। ਪੁਨਾ ਮਰਨ ਜੀਉਣ ਨੂੰ ਇਹ ਸਰੀਰ ਰੂਪ ਧਰਤੀ ਦਿੱਤੀ ਹੈ, ਇਤਨੇ ਗੁਣਾਂ ਵਾਲਾ ਪਰਮੇਸ਼ਰ ਇਸ ਨੂੰ ਭੁੱਲ ਗਿਆ ਹੈ॥ ੨॥

ਤੀਜਾ ਅਰਥ :- ਜਿਸ ਸਤਿਸੰਗ ਵਿਚ ਨਾਮ ਰੂਪੀ ਪਾਣੀ, ਪ੍ਰਾਣ=ਪ੍ਰਾਣਾਯਾਮ, ਵਾ :- ਸ੍ਵਾਸ-ਸ੍ਵਾਸ ਭਜਨ ਕਰਨਾ, ਪਵਣਿ=ਪੱਖਾ ਫੇਰਨਾ, ਵਾਸ਼ਨਾ ਦਾ ਤਿਆਗ ਕਰਨਾ, ਇਤਆਦੀ ਗੁਣ ਬੰਨ੍ਹ ਰੱਖੇ ਹਨ, ਚੰਦ ਸੂਰਜ=ਵੈਰਾਗ ਤੇ ਗਿਆਨ, ਇਹ ਦੋ ਮੁੱਖ ਦੀਵੇ ਕੀਤੇ ਹਨ। ਫਿਰ ਜੀਵਤ ਭਾਵ ਤੋਂ ਮਰਨੇ ਨੂੰ ਸਤਿਸੰਗ ਰੂਪ ਧਰਤੀ ਦਿੱਤੀ ਹੈ, ਇਤਨੇ ਗੁਣਾਂ ਵਾਲਾ ਪਰਮੇਸ਼ਰ ਇਸ ਨੂੰ ਵਿਸਰੇ=ਭੁੱਲ ਗਿਆ ਹੈ॥ ੨॥

ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥
ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥ ੩॥

(ਜੋਗ ਸਾਧਨਾਂ ਵਿਚ ਪੁੱਗੇ ਹੋਏ) ਸਿਧ, ਸਾਧਿਕ=ਜਗਿਆਸੂ ਅਤੇ ਜੋਗੀ ਤੇ ਜੰਗਮ, ਹੋਰ ਪੀਰ ਪੁਰਸ਼ ਬਹੁਤੇਰੇ=ਬੜੇ ਹਨ। ਇਨ੍ਹਾਂ ਸਭਨਾਂ ਵਿਚੋਂ ਜੇਕਰ ਉਹਨਾਂ ਮਹਾਤਮਾਂ ਦੇ ਨਾਲ ਮਿਲਾਪ ਹੋਵੇ ਤਾਂ ਵਾਹਿਗੁਰੂ ਦੀ ਕੀਰਤੀ ਆਖਣਾ ਕਰੇ ਅਤੇ ਤਾਂ ਹੀ ਮਨ ਕਰ ਕੇ ਸੇਵਾ ਕਰੇ॥ ੩॥

ਪ੍ਰਸ਼ਨ:- ਕੇਹੜੇ ਮਹਾਤਮਾਂ ਨਾਲ ਮਿਲਾਪ ਹੋਵੇ ਤੇ ਕੀਰਤੀ ਨੂੰ ਆਖੇ? *ਉੱਤਰ:-*

ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥

ਜਿਵੇਂ ਕਾਗਜ਼ ਤੇ ਲੂਣ ਘਿਓ ਦੇ ਸੰਗੇ=ਨਾਲ ਰਹਿਣ ਕਰ ਕੇ ਅਰਥਾਤ ਘਿਓ ਦੇ ਵਿਚ ਕਾਗਜ਼ ਤੇ ਲੂਣ ਨੂੰ ਰੱਖ ਦੇਈਏ ਤਾਂ ਉਹ ਗਲਦਾ ਨਹੀਂ। ਵਾ :- ਕਾਗਜ਼ ਨੂੰ ਤੇ ਲੂਣ ਨੂੰ ਘਿਓ ਦੇ ਨਾਲ ਚੋਪੜ ਕੇ ਪਾਣੀ ਵਿਚ ਰੱਖ ਦੇਈਏ ਤਾਂ ਉਹ ਪਾਣੀ ਵਿਚ ਗਲਦੇ ਨਹੀਂ ਪਾਣੀ ਤੋਂ ਅਸੰਗ ਹੀ ਰਹਿੰਦੇ ਹਨ, ਪੁਨਾ ਜਿਵੇਂ ਕਮਲ ਫੁੱਲ ਪਾਣੀ ਤੋਂ ਅਸੰਗ ਰਹਿੰਦਾ ਹੈ। ਐਸੇ ਉਹ ਮਹਾਤਮਾ ਸੰਸਾਰ ਤੋਂ ਅਸੰਗ ਰਹਿੰਦੇ ਹਨ।

ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ—ਜੇਕਰ ਐਸੇ ਨਿਰਲੇਪ ਭਗਤ ਜਨ ਮਹਾਤਮਾਂ ਮਿਲ ਜਾਣ ਤਾਂ ਉਹਨਾਂ

www.sikhbookclub.com

ਨੂੰ ਜਮ ਕੀ ਕਰ ਸਕਦਾ ਹੈ? ਅਰਥਾਤ ਕੁਝ ਨਹੀਂ ਕਹਿੰਦਾ॥ ੪॥ ੪॥

ਰਾਮਕਲੀ ਮਹਲਾ ੧॥

***ਉਥਾਨਕਾ-** ਗੋਰਖਨਾਥ ਦਾ ਗੁਰੂ ਜੋ ਮਛਿੰਦਰ ਨਾਥ ਹੈ ਉਸ ਨੇ ਆ ਕੇ ਬੇਨਤੀ ਕੀਤੀ ਹੇ ਪ੍ਰਭੂ! ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਜਾਂ ਸੰਸਾਰ ਤੋਂ ਤਰਨਾ ਕਿਵੇਂ ਹੁੰਦਾ ਹੈ? *ਗੁਰ ਉੱਤਰ:-*

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ ਵਸਗਤਿ ਪੰਚ ਕਰੇ ਨਹ ਡੋਲੈ॥

ਗੁਰੂ ਜੀ ਬੋਲਦੇ ਹਨ—ਹੇ ਮਛਿੰਦ੍ਰ ਨਾਥ! ਤੂੰ ਸੁਣਨਾ ਕਰ।

ਪੰਜ ਗਿਆਨ ਇੰਦ੍ਰੀਆਂ, *ਵਾ:-* ਪੰਜ ਕਾਮ ਆਦਿਕਾਂ ਨੂੰ ਵਸੀਕਾਰ ਕਰ, ਤਾਂ ਮਨ ਡੋਲਦਾ ਨਹੀਂ ਹੈ।

ਐਸੀ ਜੁਗਤਿ ਜੋਗ ਕਉ ਪਾਲੇ॥ ਆਪਿ ਤਰੈ ਸਗਲੇ ਕੁਲ ਤਾਰੇ॥ ੧॥

ਅਜੇਹੀ ਜੁਗਤੀ ਕਰ ਕੇ ਜੋਗ ਨੂੰ ਪਾ ਲੈਣਾ ਕਰ, *ਵਾ:-* ਜੋਗ ਨੂੰ ਪਾਲੇ=ਵਧਾਉਣਾ ਕਰ ਤਾਂ ਆਪ ਤਰ ਜਾਵੇਂਗਾ ਅਤੇ ਕੁਲ ਦੇ ਸਾਰੇ ਜੀਆਂ ਵੀ ਨੂੰ ਤਾਰ ਲਵੇਂਗਾ॥ ੧॥

ਸੋ ਅਉਧੂਤੁ ਐਸੀ ਮਤਿ ਪਾਵੈ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ॥ ੧॥

ਅਵਧੂਤ ਓਹੀ ਹੈ ਜੋ ਇਸ ਤਰ੍ਹਾਂ ਦੀ ਬੁੱਧੀ ਨੂੰ ਪਾਉਂਦਾ ਹੈ ਅਤੇ ਰਾਤ ਦਿਨੇ ਸੁੰਨ=ਨਿਰਵਿਕਲਪ ਸਮਾਧੀ ਵਿਚ ਸਮਾਉਂਦਾ ਹੈ॥ ੧॥

ਭਿਖਿਆ ਭਾਇ ਭਗਤਿ ਭੈ ਚਲੈ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ॥

ਭੈ ਨੂੰ ਧਾਰ ਕੇ ਭਾਇ ਭਗਤਿ=ਪ੍ਰੇਮਾ ਭਗਤੀ ਰੂਪ ਭਿਖਿਆ ਮੰਗਣ ਵਿਚ ਚਲੇ। ਸੰਤੋਖ ਰੂਪੀ ਅਮੁਲੈ=ਅਮਲ ਨੂੰ ਛਕ ਕੇ, *ਵਾ:-* ਅਮੁਲੈ=ਅਮੋਲਕ ਸੰਤੋਖ ਨੂੰ ਧਾਰ ਕੇ ਤ੍ਰਿਪਤ ਹੋਵੇ।

ਅਰਥਾਤ ਜਥਾ ਲਾਭਾ ਤਥਾ ਸੰਤੁਸ਼ਟ ਰਹੇ।

**ਇਕ ਸਮੇਂ ਬਾਲ ਗੁੰਦਾਈ ਨੇ ਗੋਰਖ ਨਾਥ ਦੇ ਪਾਸ ਆ ਕੇ ਤਰਕ ਮਾਰੀ ਕਿ ਤੇਰਾ ਜਤੀ ਕਹਾਉਣਾ ਕਿਸ ਕੰਮ ਹੈ? ਜੇਕਰ ਤੇਰਾ ਗੁਰੂ ਮਛਿੰਦ੍ਰ ਨਾਥ ਸੰਗਲਾਦੀਪ ਦੇ ਕਿਸੇ ਟਾਪੂ ਦੇ ਰਾਜੇ ਦਾ ਦੇਹਾਂਤ ਵੇਖ ਕੇ ਉਸ ਰਾਜੇ ਦੀ ਮੁਰਦਾ ਦੇਹ ਵਿਚ ਪ੍ਰਵੇਸ਼ ਕਰ ਕੇ ਰਾਣੀਆਂ ਨਾਲ ਮੇਲ-ਜੋਲ ਕਰ ਰਿਹਾ ਹੈ। ਏਸ ਤਰਕ ਨੂੰ ਸੁਣ ਕੇ ਗੋਰਖ ਬੜਾ ਪਰੇਸ਼ਾਨ ਹੋਇਆ। ਬਾਲ ਗੁੰਦਾਈ ਨੂੰ ਕੁਝ ਸ਼ਬਦ ਕਹਿ ਕੇ ਸਮਾਂ ਟਾਲ ਦਿੱਤਾ ਤੇ ਜਿਸ ਜਗ੍ਹਾ ਮਛਿੰਦ੍ਰ ਨਾਥ ਰਾਜ-ਮੰਦਰਾਂ ਵਿਚ ਬੈਠਾ ਹੋਇਆ ਰਾਣੀਆਂ ਨਾਲ ਪਿਆਰ ਕਰ ਰਿਹਾ ਸੀ ਆਪ ਉਸ ਜਗ੍ਹਾ ਆ ਪਹੁੰਚਾ, ਪਰ ਅੰਦਰ ਪ੍ਰਵੇਸ਼ ਕੋਈ ਨਾ ਕਰਨ ਦੇਵੇ, ਕਿਉਂਕਿ ਮਛਿੰਦ੍ਰ ਨਾਥ ਦਾ ਹੁਕਮ ਸੀ ਕਿ ਮੇਰੇ ਰਾਜ-ਮਹਿਲਾਂ ਵਿਚ ਕੋਈ ਕੰਨ ਪਾਟਾ ਜੋਗੀ ਨਾ ਆਵੇ। ਇਸ ਨੇ ਵਿਚਾਰਿਆ ਜਾਣਾ ਜ਼ਰੂਰ ਹੈ ਪਰ ਕਿਸ ਤਰੀਕੇ ਨਾਲ ਜਾਵਾਂ? ਪਤਾ ਕਰਦਿਆਂ-ਕਰਦਿਆਂ ਇਹ ਪਤਾ ਲੱਗਾ ਕਿ ਰਾਜ-ਮਹਿਲਾਂ ਵਿਚ ਵੇਸਵਾ ਦਾ ਮੁਜਰਾ ਹੁੰਦਾ ਰਹਿੰਦਾ ਹੈ ਤੇ ੩੬੦ ਤਾਇਫਾ ਵੱਜਦਾ ਹੈ। ਉਸ ਵੇਲੇ ਗੋਰਖ ਨੇ ਉਸਤਾਦ ਧਾਰ ਕੇ ਛੇ ਮਹੀਨੇ ਜੋੜੀ ਵਜਾਉਣੀ ਸਿੱਖੀ, ਜਿਸ ਵੇਲੇ ਜੋੜੀ ਚੰਗੀ ਵਜਾਉਣ ਲੱਗ ਪਿਆ ਤਾਂ ਇਕ ਦਿਨ ਉਸਤਾਦ ਨੇ ਆਪ ਹੀ ਕਿਹਾ ਕਿ ਅੱਜ ਤੂੰ ਜਾ ਕੇ ਜੋੜੀ ਵਜਾ! ਉਸ ਵੇਲੇ ਗੋਰਖ ਨੇ ਸਿਰ 'ਤੇ ਪਗ ਬੰਨ੍ਹ ਲਈ ਤੇ ਕੰਨ ਮੁੰਦਰਾਂ ਛੁਪਾ ਲਏ ਤੇ ਅੰਦਰ ਜਾ ਕੇ ਜੋੜੀ ਵਜਾਈ, ਜੋੜੀ ਵਜਾਉਂਦਿਆਂ ਇਹ ਅਖਰ ਕੱਢੇ—'ਜਾਗ ਮਛਿੰਦਰ! ਗੋਰਖ ਆਇਓ।' ਜਾਗ ਮਛਿੰਦਰ ! ਗੋਰਖ ਆਇਓ।*

ਇਹ ਅੱਖਰ ਸੁਣਦਿਆਂ ਸਾਰ ਹੀ ਮਛਿੰਦਰ ਨਾਥ ਨੇ ਉਸ ਰਾਜੇ ਦੀ ਦੇਹ ਨੂੰ ਤਿਆਗ ਦਿੱਤਾ ਤੇ ਆਪਣੀ ਦੇਹ ਵਿਚ ਪ੍ਰਵੇਸ਼ ਕਰ ਕੇ ਸੁਮੇਰ ਪਰਬਤ 'ਪਰ ਆ ਕੇ ਰਹਿਣ ਲੱਗ ਪਿਆ। ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਪਰ ਗਏ ਉਸ ਵੇਲੇ ਗੋਰਖ ਨੇ ਕਿਹਾ ਗਰੀਬ ਨਿਵਾਜ਼ ਜੀਓ! ਆਪ ਮੇਰੇ ਗੁਰੂ ਨੂੰ ਅਜੇਹਾ ਸਮਝਾਓ ਕਿ ਵਿਸ਼ਿਆਂ ਵੱਲ ਨਾ ਜਾਵੇ। ਗੋਰਖ ਨਾਥ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਇਹ ਸ਼ਬਦ ਮਛਿੰਦਰ ਨਾਥ ਦੇ ਪ੍ਰਤੀ ਉਚਾਰਿਆ।

ਕਿਉਂਕਿ:- ਬਿਨਾ ਸੰਤੋਖ ਨਹੀ ਕੋਊ ਰਾਜੈ॥ (ਪੰਨਾ ੨੭੯)

ਧਿਆਨ ਰੂਪਿ ਹੋਇ ਆਸਣੁ ਪਾਵੈ॥ ਸਚਿ ਨਾਮਿ ਤਾੜੀ ਚਿਤੁ ਲਾਵੈ॥ ੨॥

ਐਸਾ ਧਿਆਨ ਲਗਾਵੇ, ਜੋ ਧੇਅ ਰੂਪ ਹੋ ਜਾਵੇ, ਏਹੋ ਹੇਠਾਂ ਆਸਣ ਪਾਵੈ=ਬਿਛਾਵੇ। ਸੱਚ ਨਾਮ ਵਿਖੇ ਚਿਤ ਦੀ ਤਾੜੀ=ਬਿਰਤੀ ਨੂੰ ਲਗਾਵੇ। ਵਾ:- ਸੱਚ ਨਾਮ ਵਿਚ ਚਿਤ ਨੂੰ ਜਿਹੜਾ ਲਗਾਉਣਾ ਹੈ, ਏਹੀ ਤਾੜੀ=ਸਮਾਧੀ ਲਗਾਵੇ॥ ੨॥

ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ॥

ਗੁਰੂ ਜੀ ਕਥਨ ਕਰਦੇ ਹਨ—ਨਾਮ-ਅੰਮ੍ਰਿਤ ਬਾਣੀ, ਵਾ:- ਅੰਮ੍ਰਿਤ ਵਾਂਗੂ ਮਿੱਠੀ ਬਾਣੀ ਬੋਲਣਾ ਕਰੇ। ਹੇ ਮਛਿੰਦਰ ਨਾਥ ! ਸੁਣਨਾ ਕਰ, ਏਹੀ ਇਕ ਅਉਧੂ=ਸ਼ੁੱਧ ਹੋਣ ਦੀ ਨਿਸ਼ਾਨੀ ਹੈ।

ਆਸਾ ਮਾਹਿ ਨਿਰਾਸੁ ਵਲਾਏ॥ ਨਿਹਚਉ ਨਾਨਕ ਕਰਤੇ ਪਾਏ॥ ੩॥

ਆਸਾ ਰੂਪ ਪ੍ਰਪੰਚ ਦੇ ਵਿਚ ਨਿਰਾਸੁ=ਆਸਾਂ ਤੋਂ ਰਹਤਿ ਹੋ ਕੇ ਉਮਰਾਂ ਦੇ ਦਿਨਾਂ ਨੂੰ ਵਲਾਏ=ਬਤੀਤ ਕਰੇ। ਗੁਰੂ ਜੀ ਕਥਨ ਕਰਦੇ ਹਨ—ਤਾਂ ਨਿਸਚੇ ਕਰ ਕੇ ਕਰਤੇ=ਪਰਮਾਤਮਾ ਨੂੰ ਪਾ ਲੈਂਦਾ ਹੈ॥ ੩॥

ਪ੍ਰਣਵਤਿ ਨਾਨਕੁ ਅਗਮੁ ਸੁਣਾਏ॥ ਗੁਰ ਚੇਲੇ ਕੀ ਸੰਧਿ ਮਿਲਾਏ॥

ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ—ਹੇ ਮਛਿੰਦ੍ਰ ਨਾਥ! ਅਗਮੁ=ਪਰਮੇਸ਼ਰ ਪ੍ਰਾਪਤੀ ਦੇ ਬਚਨ ਅਸਾਂ ਨੇ ਤੈਨੂੰ ਸੁਣਾਏ ਹਨ। ਤਾਂ ਤੇ ਉਸ ਦੀ ਪ੍ਰਾਪਤੀ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਗੁਰੂ ਚੇਲੇ ਦੀ ਐਸੀ ਮਿਲਾਉਣੀ ਮਿਲਾਵੇ ਜਿਸ ਵਿਚ ਕੋਈ ਫਰਕ ਨਾ ਰਹੇ। ਦੋਹਾਂ ਦਾ ਇਕ ਹੀ ਤਾਤਪਰਜ ਹੋਵੇ।

ਯਥਾ:- ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ ੩॥ (ਪੰਨਾ ੭੮੮)

ਅਥਵਾ:- ਗੁਰ ਚੇਲੇ=ਜੀਵ ਈਸ਼ੁਰ ਦੀ ਮਿਲਾਉਣੀ ਨੂੰ ਮਿਲਾਵੇ ਜੀਵ ਦੀ ਅਲਪਤਾ, ਈਸ਼ੁਰ ਦੀ ਸਰਬੱਗਤਾ ਇਨ੍ਹਾਂ ਨੂੰ ਦੂਰ ਕੇ ਲਕਸ਼ ਲਕਸ਼ (ਲਕ੍ਸ਼) ਦੀ ਏਕਤਾ ਕਰੇ।

[ਪੰਨਾ ੮੭੮]

ਦੀਖਿਆ ਦਾਰੂ ਭੋਜਨੁ ਖਾਇ॥ ਛਿਅ ਦਰਸਨ ਕੀ ਸੋਝੀ ਪਾਇ॥ ੪॥ ੫॥

ਸਿਖਿਆ ਰੂਪੀ ਦਾਰੂ=ਸ਼ਰਾਬ ਪੀਵੇ ਤੇ ਬ੍ਰਹਮ ਗਿਆਨ ਰੂਪੀ ਭੋਜਨ ਨੂੰ ਖਾਵੇ। ਤਦ ਛਿਆ ਦਰਸ਼ਨ=ਛੇ ਭੇਖਾਂ ਦੇ ਤਾਤਪਰਜ ਦੀ ਸੋਝੀ ਨੂੰ ਪਾਉਂਦਾ ਹੈ। ਵਾ:- ਛਿਅ ਦਰਸਨ=ਛੇ ਸ਼ਾਸਤ੍ਰਾਂ ਦੇ ਸਿੱਧਾਂਤ ਦੀ ਗਿਆਤ ਪਾਉਂਦਾ ਹੈ॥ ੪॥ ੫॥

ਰਾਮਕਲੀ ਮਹਲਾ ੧॥

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਸਤਿ ਨਾਮ ਦਾ ਚੱਕਰ ਲਾਉਂਦੇ ਹੋਏ ਸੁਮੇਰ ਪਰਬਤ 'ਤੇ ਪਹੁੰਚੇ ਤਾਂ ਗੋਰਖ ਨਾਥ ਨੇ ਦੂਰੋਂ ਹੀ ਵੇਖ ਕੇ ਆਪਣੇ ਚੇਲਿਆਂ ਨੂੰ ਪਾਸ ਬੁਲਾ ਕੇ ਕਿਹਾ ਕਿ ਤੁਸੀਂ ਬੜੇ-ਬੜੇ ਮਹਾਤਮਾਂ ਸਿੱਧੀਆਂ ਸੰਪੰਨ ਹੋ ਤੇ ਔਹ ! ਇਕ ਤਪਾ ਨਾਨਕ ਨਾਮ ਕਰ ਕੇ ਸਾਡੇ ਕੋਲ ਆ ਰਿਹਾ ਹੈ ਜੇ ਉਹ ਇਥੇ ਆਉਣ ਦੀ ਇੱਛਾ ਰੱਖਦਾ ਹੈ ਤਾਂ ਉਸ ਨੂੰ ਤੁਸੀਂ ਆਪਣਾ ਚੇਲਾ ਬਣਾ ਕੇ ਲਿਆਓ, ਨਹੀਂ ਤਾ ਪਿੱਛੇ ਹੀ ਮੋੜ ਦਿਓ!

ਇਹ ਗੱਲ ਸੁਣ ਕੇ ਬੜੇ-ਬੜੇ ਸਿੱਧੀਆਂ ਸੰਪੰਨ ਸਿੱਧ ਹੇਠਾਂ ਉਤਰ ਆਏ। ਉਸ ਵੇਲੇ ਸਿੱਧਾਂ ਦੀ ਜਮਾਤ ਆਉਂਦੀ ਵੇਖ ਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :-

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ॥
ਸਨਮੁਖ ਸਿਧ ਭੇਟਣ ਕੌ ਆਏ ਨਿਹਚਉ ਦੇਹਿ ਵਡਿਆਈ॥ ੧ ॥

ਹੇ ਪਰਮੇਸ਼ਰ ! ਸਾਡੀ ਦੇਹ ਰੂਪ ਬੇੜੀ ਪਾਪਾਂ ਪੁੰਨਾਂ ਨਾਲ ਭਰੀ ਹੋਈ (ਭਾਵ ਪਾਪ ਪੁੰਨ ਰਹਤ ਦੇਹ) ਡੋਲ ਰਹੀ ਹੈ, ਇਸ ਨੂੰ ਸਿੱਧਾਂ ਦੀ ਸਿੱਧੀਆਂ ਰੂਪੀ ਪਵਣੁ=ਹਵਾ ਮਤੁ=ਮਤਾਂ ਲੱਗ ਜਾਵੇ ਭਾਵ ਸਿੱਧੀਆਂ ਰੂਪੀ ਹਵਾ ਦੇ ਲੱਗਣ ਨਾਲ ਮਤਾਂ ਉੱਡ ਨਾ ਜਾਵੇ। ਇਹ ਸਿੱਧ ਸਾਹਮਣੇ ਮਿਲਣ ਨੂੰ ਆਏ ਹਨ ਤੇ ਇਨ੍ਹਾਂ ਨੇ ਸਾਡੇ ਨਾਲ ਚਰਚਾ ਕਰਨੀ ਹੈ ਇਸ ਤੇ ਨਿਸ਼ਚੇ ਕਰ ਕੇ ਆਪ ਇਨ੍ਹਾਂ ਪਾਸੋਂ ਸਾਨੂੰ ਵਡਿਆਈ ਦੇਣੀ॥ ੧ ॥

ਵਾ:- ਜਗਿਆਸੂ ਬੇਨਤੀ ਕਰਦਾ ਹੈ ਕਿ ਸਾਡੀ ਦੇਹ ਰੂਪ ਨੌਕਾ ਪਾਪਾਂ ਨਾਲ ਭਰੀ ਹੋਈ ਡੋਲ ਰਹੀ ਹੈ, ਮਤਾਂ ਇਸ ਨੂੰ ਕਾਲ ਰੂਪੀ ਪੌਣ ਲੱਗ ਜਾਵੇ, ਅਰਥਾਤ ਕਾਲ ਰੂਪੀ ਪੌਣ ਦੇ ਲਗਣ ਨਾਲ ਨਿਸਫਲ ਨਾ ਚਲੀ ਜਾਵੇ। ਹੇ ਸਿੱਧ ਰੂਪ ਪਰਮਾਤਮਾ ! ਮੈਂ ਸਾਹਮਣੇ ਮਿਲਣ ਨੂੰ ਆਇਆ ਹਾਂ, ਮੈਨੂੰ ਨਿਸ਼ਚੇ ਰੂਪ ਵਡਿਆਈ ਦੇਣਾ ਕਰ॥ ੧ ॥

ਵਾ:- ਹੇ ਸਤਿਗੁਰੋ! ਸਾਡੀ ਬੁੱਧੀ ਰੂਪ ਨੌਕਾ ਪਾਪਾਂ ਪੁੰਨਾਂ ਨਾਲ ਭਰੀ ਹੋਈ ਡੋਲ ਰਹੀ ਹੈ, ਇਸ ਨੂੰ ਵਾਸ਼ਨਾਂ ਰੂਪੀ ਵਾਯੂ ਮਤਾਂ ਲੱਗ ਜਾਵੇ, ਅਰਥਾਤ ਵਾਸ਼ਨਾਂ ਰੂਪ ਵਾਯੂ ਦੇ ਲੱਗਣ ਨਾਲ ਮਤਾਂ ਸੰਸਾਰ ਦੀ ਤਰਫ ਚਲੀ ਜਾਵੇ। ਹੇ ਸਿੱਧ ਸਰੂਪ ਗੁਰੋ ! ਮੈਂ ਆਪ ਜੀ ਦੇ ਸਨਮੁਖ ਆਪ ਨੂੰ ਮਿਲਣ ਆਇਆ ਹਾਂ, ਆਪ ਨਿਸਚੇ ਰੂਪ ਵਡਿਆਈ ਦਿਓ॥ ੧ ॥

ਗੁਰ ਤਾਰਿ ਤਾਰਣਹਾਰਿਆ॥
ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ॥੧॥ ਰਹਾਉ॥

ਹੇ ਤਾਰਨਹਾਰ ਗੁਰੋ ! ਆਪ ਤਾਰਨਾ ਕਰੋ ਪੂਰਨ ਅਬਿਨਾਸ਼ੀ ਪਰਮਾਤਮਾ ਦੀ ਭਗਤੀ ਕਰਨੀ ਦਿਓ, ਮੈਂ ਆਪ ਜੀ ਤੋਂ ਕੁਰਬਾਨ ਜਾਂਦਾ ਹਾਂ॥ ੧ ॥

ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ॥

ਸਿੱਧ, ਸਾਧਿਕ (ਜਗਿਆਸੂ), ਜੋਗੀ ਅਤੇ ਜੰਗਮ, ਇਨ੍ਹਾਂ ਸਾਰਿਆਂ ਵਿਚੋਂ ਜਿਸ ਨੇ ਇਕ ਪਰਮੇਸ਼ਰ ਨੂੰ ਧਿਆਇਆ ਹੈ, ਉਸ ਨੂੰ ਆਤਮ-ਵਸਤੂ ਦੀ ਸਿੱਧੀ ਹੋਈ ਹੈ।

ਵਾ:- ਸਿਧ=ਪ੍ਰਸਿੱਧ ਰੂਪ ਪਰਮੇਸ਼ਰ ਨੂੰ ਜਿਸ ਨੇ ਵੀ ਉਸ ਨੂੰ ਧਿਆਇਆ ਹੈ, ਉਹ ਤਰ ਗਿਆ ਹੈ। ਵਾ:- ਉਹ ਸਿਧੁ=ਮੋਖਛ ਰੂਪ ਹੋਇਆ ਹੈ। ਫੇਰ ਬੇਨਤੀ ਕੀਤੀ-ਮੁਕਤੀ ਹੋਣ ਦਾ ਕੋਈ ਸੌਖਾ ਤਰੀਕਾ ਦੱਸੋ? ਉੱਤਰ:-

ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ॥

ਅਖਰੁ=ਖਿਰਨੇ (ਨਾਸ) ਤੋਂ ਰਹਿਤ ਜੋ ਸੁਆਮੀ ਪਰਮੇਸ਼ਰ ਹੈ ਉਹ ਜਿਸ ਨੂੰ ਪ੍ਰਾਪਤ ਹੋ ਆਇਆ ਹੈ, ਤਿਨ੍ਹਾਂ ਦੇ ਚਰਨ ਸਪ੍ਰਸ ਕਰਨ ਨਾਲ ਸਿਝਤ=ਕਲਿਆਣ ਹੁੰਦੀ ਹੈ॥ ੨ ॥ ਇਸ ਤਰ੍ਹਾਂ ਬੇਨਤੀ ਕਰੇ-

ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ॥

ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥ ੩ ॥ ੬ ॥

ਹੇ ਪ੍ਰਭੂ ! ਮੈਂ ਜਪ, ਤਪ, ਸੰਜਮ ਤੇ ਹੋਰ ਕੋਈ ਕਰਮ ਵਗੈਰਾ ਕਰਨਾ ਨਹੀਂ ਜਾਣਦਾ, ਇਕ ਤੇਰਾ ਨਾਮ ਹੀ ਜਪਦਾ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ—ਸੱਚੇ ਗੁਰਾਂ ਦੇ ਸ਼ਬਦ ਦੁਆਰਾ ਜਿਸ ਨੂੰ ਪਰਮਾਤਮਾ ਮਿਲਿਆ ਹੈ, ਉਸ ਦਾ ਜਨਮ ਮਰਨ ਵੱਲੋਂ ਨਿਬੇੜਾ ਹੋਇਆ ਹੈ॥ ੩ ॥ ੬ ॥

ਰਾਮਕਲੀ ਮਹਲਾ ੧ ॥

ਉਥਾਨਕਾ:-ਹਿੰਦੂ ਲੋਕ ਕੱਤਕ ਦੇ ਮਹੀਨੇ ਲੋਕ ਪੰਜ ਦਿਨ ਬ੍ਰਾਹਮਣਾ ਦੇ ਘਰ ਜਾ ਕੇ ਦੀਵੇ ਜਗਾਉਂਦੇ ਹਨ ਅਤੇ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਉਹ ਦੀਵੇ ਫਿਰ ਨਦੀ ਵਿਚ ਤਾਰ ਦੇਂਦੇ ਹਨ। ਜਦ ਕੱਤਕ ਦੀ ਪੂਰਨਮਾਸ਼ੀ ਆਈ ਤਾਂ ਲੋਕਾਂ ਨੇ ਪੁੱਛਿਆ- "ਹੇ ਗਰੀਬ ਨਿਵਾਜ਼ ! ਆਪ ਜੀ ਦਾ ਹੁਕਮ ਹੋਵੇ ਤਾਂ ਅਸੀਂ ਭੀ ਦੀਵੇ ਤਾਰ ਆਈਏ ਤਾਂ ਹਜ਼ੂਰ ਨੇ ਫੁਰਮਾਇਆ-

ਐਸਾ ਦੀਵਾ ਨੀਰਿ ਤਰਾਇ॥ ਜਿਤੁ ਦੀਵੈ ਸਭ ਸੋਝੀ ਪਾਇ॥ ੧॥ ਰਹਾਉ॥

ਹੇ ਭਾਈ ! ਐਸਾ=ਅਜਿਹਾ ਦੀਵਾ ਜਲ ਤੋਂ ਤਾਰਨਾ ਕਰ। ਜਿਸ ਦੀਵੇ ਕਰ ਕੇ ਸਭ ਤਰ੍ਹਾਂ ਦੀ ਗਿਆਤ ਪ੍ਰਾਪਤ ਹੋਵੇ। *ਪ੍ਰਸ਼ਨ :-* "ਉਹ ਦੀਵਾ ਕਿਹੜਾ ਹੈ?"

ਉੱਤਰ:- ਉਹ ਗਿਆਨ ਰੂਪ ਦੀਵਾ ਹੈ ਜੋ ਪਦਾਰਥਾਂ ਰੂਪ ਜਲ ਤੋਂ ਤਾਰਨ ਵਾਲਾ ਹੈ। ਜਿਸ ਗਿਆਨ ਰੂਪ ਦੀਵੇ ਕਰ ਕੇ ਸਭ ਤਰ੍ਹਾਂ ਦੀ ਗਿਆਤ ਪ੍ਰਾਪਤ ਹੁੰਦੀ ਹੈ॥ ੧ ॥ ਰਹਾਉ ॥

ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥

ਸੁਰਤੀ=ਵੇਦਾਂ ਕਰ ਕੇ ਪ੍ਰਤਿਪਾਦਯ ਜੋ ਪਰਮੇਸ਼ਰ ਹੈ, *ਵਾ :-* ਸੁਰਤੀ=ਗਿਆਤਰੋਯ ਜੋ ਗੁਰੂ ਜੀ ਹਨ, ਉਹਨਾਂ ਵਿਚ ਸੁਰਤਿ=ਬਿਰਤੀ ਰਲਾਉਣੀ ਕਰੋ, ਏਤੁ=ਇਸ ਮਨੁੱਖਾ ਦੇਹ ਕਰ ਕੇ, *ਵਾ:-* ਏਤੁ=ਇਸ ਤਰ੍ਹਾਂ,

ਵਾ:- ਮਾਇਆ ਦੀ ਇੱਛਾ ਦੀ ਏਤੁ=ਇਤੀ ਕਰ ਕੇ ਤਨ ਕਰਿ ਤੁਲਹਾ=ਇਸ ਸਰੀਰ ਨੂੰ ਤੁਲਹਾ ਕਰੇ, *ਪ੍ਰਸ਼ਨ-* ਤੁਲਹਾ ਹੌਲਾ ਹੁੰਦਾ ਹੈ? ਇਸੀ ਪ੍ਰਕਾਰ ਸਰੀਰ ਨੂੰ ਵਿਸ਼ੇ-ਵਿਕਾਰਾਂ ਦੀ ਤਰਫੋਂ ਹੌਲਾ ਕਰੇ, ਲੰਘਹਿ ਜੇਤੁ=ਜਿਸ ਕਰ ਕੇ ਸੰਸਾਰ ਤੋਂ ਪਾਰ ਲੰਘ ਜਾਵੇ।

ਅੰਤਰਿ ਭਾਹਿ ਤਿਸੈ ਤੂ ਰਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥ ੧ ॥

ਹਿਰਦੇ ਅੰਦਰ ਜੋ ਤ੍ਰਿਸ਼ਨਾ ਰੂਪ ਭਾਹਿ=ਅੱਗ ਹੈ, ਉਸ ਨੂੰ ਤੂੰ ਰੋਕ ਰੱਖ। *ਅਥਵਾ:-* ਆਪਣੇ ਦਲ ਅੰਦਰ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਨੂੰ ਬਾਲ ਰੱਖ ਤਾਂ ਰਾਤ ਦਿਨੇ ਅਥਕੁ=ਇਕ-ਰਸ ਗਿਆਨ ਰੂਪ ਦੀਵਾ ਬਲੈ=ਪ੍ਰਕਾਸ਼ੇਗਾ।

ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥ ੧ ॥

ਐਸਾ=ਅਜਿਹਾ ਗਿਆਨ ਰੂਪ ਦੀਵਾ ਪਦਾਰਥਾਂ ਰੂਪ ਜਲ ਤੋਂ ਤਾਰਨ ਵਾਲਾ ਹੈ। ਜਿਸ ਗਿਆਨ ਰੂਪ ਦੀਵੇ ਕਰ ਕੇ ਸਭ ਤਰ੍ਹਾਂ ਦੀ ਗਿਆਤ ਪ੍ਰਾਪਤ ਹੁੰਦੀ ਹੈ॥ ੧ ॥

ਪ੍ਰਸ਼ਨ:- ਪ੍ਰਤੱਖ ਦੀਵਾ ਤਾਂ ਮਿੱਟੀ ਦਾ ਬਣਿਆ ਹੁੰਦਾ ਹੈ, ਇਹ ਦੀਵਾ ਕਿਸ ਮਿੱਟੀ ਦਾ ਬਣਿਆ ਹੋਇਆ ਹੈ? *ਉੱਤਰ:-*

www.sikhbookclub.com

ਹਛੀ ਮਿਟੀ ਸੋਝੀ ਹੋਇ ॥ ਤਾ ਕਾ ਕੀਆ ਮਾਨੈ ਸੋਇ ॥

ਭਲੇ ਬੁਰੇ ਦੀ ਗਿਆਤ, ਵਾ:- ਸੱਤ ਅਸੱਤ ਦੇ ਨਿਰਣੇ ਰੂਪੀ ਹੱਛੀ ਸੋਝੀ ਹੋਇ=ਚੰਗੀ ਗਿਆਤ ਜੇਹੜੀ ਪ੍ਰਾਪਤ ਹੋਣੀ ਹੈ, ਏਹੀ ਮਿੱਟੀ ਹੈ। ਤਾ ਕਾ=ਤਿਸ ਹੱਛੀ ਸੋਝੀ ਰੂਪ ਮਿੱਟੀ ਦਾ ਤਿਆਰ ਕੀਤਾ ਹੋਇਆ ਜੋ ਗਿਆਨ ਰੂਪ ਦੀਵਾ ਹੈ, ਉਸ ਨੂੰ ਉਹ ਪਰਮੇਸ਼ਰ ਠੀਕ ਮੰਨਦਾ ਹੈ।

ਪ੍ਰਸ਼ਨ:- ਪ੍ਰਤੱਖ ਦੀਵਾ ਚੱਕ ਉੱਪਰ ਬਣਾਇਆ ਜਾਂਦਾ ਹੈ। ਇਹ ਦੀਵਾ ਕਿਸ ਚੱਕ ਉੱਤੇ ਬਣਾਇਆ ਜਾਂਦਾ ਹੈ? *ਉੱਤਰ:-*

ਕਰਣੀ ਤੇ ਕਰਿ ਚਕਹੁ ਢਾਲਿ ॥ ਐਥੈ ਓਥੈ ਨਿਬਹੀ ਨਾਲਿ ॥ ੨ ॥

ਨਿਸ਼ਕਾਮ ਕਰਮਾਂ ਦੀ ਕਰਣੀ ਅਤੇ ਉਪਾਸ਼ਨਾ ਕਰਣੀ ਇਸ ਚੱਕ ਉੱਤੇ ਗਿਆਨ ਰੂਪ ਦੀਵੇ ਨੂੰ ਢਾਲ=ਬਣਾਉਣਾ ਕਰ। ਇਹ ਦੀਵਾ ਐਥੈ ਓਥੈ=ਲੋਕ ਪਰਲੋਕ ਵਿਚ ਜੀਵ ਦੇ ਨਾਲ ਨਿਭਦਾ ਹੈ॥ ੨ ॥

ਪ੍ਰਸ਼ਨ :- ਇਸ ਦੀਵੇ ਨੂੰ ਜਗਾਉਂਦਾ ਕੌਣ ਹੈ ?

ਆਪ ਨਦਰਿ ਕਰੇ ਜਾ ਸੋਇ ॥ ਗੁਰਮੁਖਿ ਵਿਰਲਾ ਬੂਝੈ ਕੋਇ ॥

ਜਾਂ ਉਹ ਵਾਹਿਗੁਰੂ ਆਪ ਕਿਰਪਾ ਦ੍ਰਿਸ਼ਟੀ ਕਰੇ ਤਾਂ ਕੋਈ ਵਿਰਲਾ ਹੀ ਗੁਰਮੁਖ ਇਸ ਦੀਵੇ ਦਾ ਜਗਾਉਣਾ ਬੂਝੈ=ਸਮਝਦਾ ਹੈ।

ਤਿਤੁ ਘਟਿ ਦੀਵਾ ਨਿਹਚਲੁ ਹੋਇ ॥

ਉਸ ਪੁਰਸ਼ ਦੇ ਘਟਿ=ਅੰਤਹਕਰਨ ਵਿਚ ਗਿਆਨ ਰੂਪ ਦੀਵਾ ਨਿਸਚਲ ਹੁੰਦਾ ਹੈ।

ਪਾਣੀ ਮਰੈ ਨ ਬੁਝਾਇਆ ਜਾਇ ॥

(ਪ੍ਰਤੱਖ ਦੀਵਾ ਤਾਂ ਪਾਣੀ ਦਾ ਮਾਰਿਆ ਹੋਇਆ ਬੁੱਝ ਜਾਂਦਾ ਹੈ। ਪਰ ਇਹ-) ਗਿਆਨ ਰੂਪ ਦੀਵਾ ਪਦਾਰਥਾਂ ਰੂਪ ਪਾਣੀ ਦਾ ਮਾਰਿਆ ਹੋਇਆ ਬੁਝਾਇਆ ਨਹੀਂ ਜਾਂਦਾ।

ਰਾਜੇ ਜਨਕ ਜੀ ਵਾਂਗ, ਰਾਜ-ਭਾਗ ਦੇ ਪਦਾਰਥ ਰਾਜੇ ਜਨਕ ਜੀ ਦੇ ਗਿਆਨ ਵਿਚ ਕੋਈ ਵਿਘਨ ਨਹੀਂ ਪਾ ਸਕੇ।

ਐਸਾ ਦੀਵਾ ਨੀਰਿ ਤਰਾਇ ॥ ੩ ॥

ਐਸਾ=ਅਜਿਹਾ ਗਿਆਨ ਰੂਪ ਦੀਵਾ ਪਦਾਰਥਾਂ ਰੂਪ ਜਲ ਤੋਂ ਤਾਰਦਾ ਹੈ॥ ੩ ॥

ਪ੍ਰਸ਼ਨ:- ਜਿਵੇਂ ਪ੍ਰਤੱਖ ਦੀਵਾ ਹਵਾ ਦੇ ਬੁੱਲੇ ਕਰ ਕੇ ਵੱਡਾ ਹੋ ਜਾਂਦਾ ਹੈ। ਤਿਵੇਂ ਇਹ ਗਿਆਨ ਰੂਪ ਦੀਵਾ ਵੀ ਵੱਡਾ ਹੋ ਜਾਂਦਾ ਹੋਵੇਗਾ? *ਉੱਤਰ:-*

ਡੋਲੈ ਵਾਉ ਨ ਵਡਾ ਹੋਇ ॥ ਜਾਪੈ ਜਿਉ ਸਿੰਘਾਸਣਿ ਲੋਇ ॥

ਵਾਸ਼ਨਾਂ ਰੂਪੀ ਵਾਉ=ਹਵਾ ਦੇ ਡੋਲੈ=ਡੋਲਣ (ਚੱਲਣ) ਕਰ ਕੇ ਇਹ ਗਿਆਨ ਰੂਪ ਦੀਵਾ ਵੱਡਾ ਨਹੀਂ ਹੁੰਦਾ, ਭਾਵ ਬੁੱਝਦਾ ਨਹੀਂ। ਗਿਆਨ ਰੂਪੀ ਦੀਵੇ ਦੇ ਲੋਇ=ਪ੍ਰਕਾਸ਼ ਕਰ ਕੇ ! ਜਿਉਂ ਕਾ ਤਿਉਂ ਸਿੰਘਾਸਣ ਰੂਪ ਪਰਮਾਤਮਾ ਜਾਪੈ=ਜਾਣਿਆ ਜਾਂਦਾ ਹੈ।

ਪ੍ਰਸ਼ਨ :- ਇਸ ਬ੍ਰਹਮ ਗਿਆਨ ਰੂਪ ਦੀਵੇ ਦੇ ਬਾਲਣ ਦਾ ਅਧਿਕਾਰ (ਹੱਕ) ਕਿਸ ਨੂੰ ਹੈ—ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਨੂੰ ਹੈ? *ਉੱਤਰ:-*

ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥

ਚਾਹੇ ਖੱਤਰੀ ਹੋਵੇ, ਜਾਂ ਬ੍ਰਾਹਮਣ, ਚਾਹੇ ਸ਼ੂਦਰ ਹੋਵੇ, ਜਾਂ ਵੈਸ਼, ਗਿਆਨ ਰੂਪ ਦੀਵੇ ਦੇ ਬਾਲਣ ਦਾ ਸਾਰਿਆਂ ਨੂੰ ਅਧਿਕਾਰ ਹੈ।

ਨਿਰਤਿ ਨ ਪਾਈਆ ਗਣੀ ਸਹੰਸ ॥

ਨਿਰਤਿ=ਨਿਰਣਾ ਨਹੀਂ ਪੈਂਦਾ, ਗਿਣਨਾ ਕਰੀਏ ਤਾਂ ਸਹੰਸ=ਹਜ਼ਾਰਾਂ ਹੀ ਆਦਮੀ ਹਨ, ਜੋ ਗਿਆਨ ਰੂਪ ਦੀਵੇ ਨੂੰ ਬਾਲਦੇ ਹਨ।

ਐਸਾ ਦੀਵਾ ਬਾਲੇ ਕੋਇ ॥ ਨਾਨਕ ਸੋ ਪਾਰੰਗਤਿ ਹੋਇ ॥ ੪ ॥ ੭ ॥

ਜਿਹੜਾ ਕੋਈ ਪੁਰਸ਼ ਐਸਾ=ਅਜਿਹਾ ਗਿਆਨ ਰੂਪ ਦੀਵਾ ਬਾਲਦਾ ਹੈ। ਗੁਰੂ ਜੀ ਕਥਨ ਕਰਦੇ ਹਨ—ਉਹ ਪੁਰਸ਼ ਪਰਮ ਗਤੀ ਨੂੰ ਪਰਾਪਤ ਹੁੰਦਾ ਹੈ॥ ੪॥ ੭॥

ਰਾਮਕਲੀ ਮਹਲਾ ੧ ॥

ਤੁਧ ਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥

ਹੇ ਪਰਮਾਤਮਾ ! ਤੇਰੇਅੱਗੇ ਨਿਵਦੇ ਹਾਂ ਅਤੇ ਤੇਰੇ ਨਾਮ ਨੂੰ ਹੀ ਮੰਨਦੇ ਹਾਂ। *ਅਥਵਾ:-* ਤੇਰੇ ਨਾਮ ਨੂੰ ਜੋ ਮੰਨਣ ਕਰਦੇ ਹਾਂ, ਏਹੀ ਤੇਰੇ ਅੱਗੇ ਨਿਵਦੇ ਹਾਂ।

ਜਿਵੇਂ ਪ੍ਰਤੱਖ ਆਦਮੀ ਪਾਸ ਕੁਝ ਭੇਟਾ ਹੋਵੇ ਤਾਂ ਅੱਗੇ ਬੈਠਣ ਨੂੰ ਜਗ੍ਹਾ ਮਿਲਦੀ ਹੈ (ਸਾਖੀ ਸੁਥਰੇ ਵਾਲੀ)। ਤਿਵੇਂ ਸੱਚ ਬੋਲਣ ਰੂਪੀ *ਵਾ:-* ਸੱਚ ਨਾਮ ਰੂਪੀ ਭੇਟਾ ਹੋਵੇ ਤਾਂ ਜਗਿਆਸੂ ਨੂੰ ਪਰਮੇਸ਼ਰ ਦੀ ਦਰਗਾਹ ਵਿਚ ਬੈਠਣ ਲਈ ਜਗ੍ਹਾ ਮਿਲਦੀ ਹੈ।

ਜਿਵੇਂ :- ਪ੍ਰਤੱਖ ਅਰਦਾਸ ਕਰਨ ਲੱਗਿਆਂ ਦੋ ਪੈਸੇ ਦਿੱਤੇ ਜਾਂਦੇ ਹਨ। *ਤਿਵੇਂ :-*

ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥ ੧ ॥

੧) ਸਤ, ਸੰਤੋਖ ਰੂਪ ਟਕੇ ਦੇ ਸਹਿਤ ਹੋ ਕੇ, ਵਾਹਿਗੁਰੂ ਅੱਗੇ ਅਰਦਾਸ ਕਰੇ ਤਾਂ ਪਰਮੇਸ਼ਰ ਅਰਦਾਸ ਸੁਣਕੇ ਆਪਣੇ ਪਾਸ ਸੱਦ ਕੇ *ਵਾ:-* ਸਦਿ=ਸ਼ੀਘਰ ਹੀ ਆਪਣੇ ਪਾਸ ਬਿਠਾਉਂਦਾ ਹੈ।

੨) ਸਤ ਸੰਤੋਖ ਦੇ ਸਹਿਤ ਹੋ ਕੇ ਅਰਦਾਸ ਕਰੇ ਤਾਂ ਪਰਮੇਸ਼ਰ ਸੁਣ ਕੇ (ਸਦਿ) ਸ਼ੀਘਰ ਹੀ ਆਪਣੇ ਪਾਸ ਬਿਠਾਉਂਦਾ ਹੈ॥ ੧॥

ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ ॥ ੧ ॥ ਰਹਾਉ ॥

ਗੁਰੂ ਜੀ ਕਥਨ ਕਰਦੇ ਹਨ—ਉਸ ਨੂੰ ਬਿਰਥਾ=ਪੀੜਾ ਕੋਈ ਪੈਦਾ ਨਹੀਂ ਹੁੰਦੀ।

ਅਥਵਾ:- ਉਹ ਕੋਈ ਸ਼ੁਭ-ਗੁਣਾਂ ਤੋਂ ਬਿਰਥਾ=ਖਾਲੀ ਨਹੀਂ ਹੁੰਦਾ। ਐਸੀ ਰੀਤੀ ਕਰਨ ਵਾਲਾ ਪੁਰਸ਼ ਪ੍ਰਲੋਕ ਦਰਗਾਹ ਵਿਚ ਸੱਚਾ ਹੁੰਦਾ ਹੈ॥ ੧॥

ਪ੍ਰਾਪਤਿ ਪੋਤਾ ਕਰਮੁ ਪਸਾਉ॥ ਤੂ ਦੇਵਹਿ ਮੰਗਤ ਜਨ ਚਾਉ॥

ਹੇ ਪਰਮੇਸ਼ਰ ! ਤੇਰੀ ਕਿਰਪਾ ਰੂਪ ਪਸਾਉ=ਦਾਤ ਕਰ ਕੇ ਸ਼ੁਭ- ਗੁਣਾਂ ਰੂਪੀ ਪੋਤਾ=ਖਜ਼ਾਨਾ ਪ੍ਰਾਪਤ ਹੁੰਦਾ ਹੈ। *ਅਥਵਾ:-* ਹੇ ਪਰਮੇਸ਼ਰ ! ਤੇਰੀ ਕਰਮੁ=ਅਨਿਗ੍ਰਹੁ ਕਰ ਕੇ ਜਿਸ ਨੂੰ ਨਾਮ ਦੀ ਪਸਾਉ=ਦਾਤ ਮਿਲੀ ਹੈ, ਉਸ ਨੂੰ ਗਿਆਨ ਰੂਪੀ ਪੋਤਾ=ਜਹਾਜ਼ ਪ੍ਰਾਪਤ ਹੋਇਆ ਹੈ। ਹੇ ਵਾਹਿਗੁਰੂ ! ਤੂੰ ਮੰਗਤ ਜਨਾਂ ਨੂੰ ਉਤਸ਼ਾਹ ਪੂਰਬਕ ਦੇਂਦਾ ਹੈ। *ਵਾ:-* ਤੂੰ ਦਾਤ ਦੇਂਦਾ ਹੈਂ, ਇਸੇ ਕਰ ਕੇ ਮੈਂ ਜਨ ਨੂੰ ਬੜਾ ਉਤਸ਼ਾਹ ਹੈ।

ਭਾਡੈ ਭਾਉ ਪਵੈ ਤਿਤੁ ਆਇ॥ ਧੁਰਿ ਤੈ ਛੋਡੀ ਕੀਮਤਿ ਪਾਇ॥ ੨॥

ਜਿਸ ਦੇ ਅੰਤਹਕਰਨ ਰੂਪ ਭਾਂਡੇ ਵਿਚ ਭਾਉ=ਪ੍ਰੇਮ ਹੈ, ਉਸ ਅੰਤਹਕਰਨ ਵਿਚ ਉਹ ਦਾਤ ਆ ਕੇ ਪੈਂਦੀ ਹੈ। ਧੁਰ ਤੋਂ ਹੀ ਤੂੰ ਸੱਤਾ ਰੂਪੀ ਕੀਮਤ ਪਾ ਛੱਡੀ ਹੈ। *ਵਾ:-* ਜੀਵਾਂ ਦੇ ਖਾਣ-ਪੀਣ ਦੀ ਕੀਮਤ ਪਾ ਛੱਡੀ ਹੈ। *ਅਥਵਾ:-* ਮਹਾਤਮਾ ਰੂਪ ਹੋ ਕੇ ਤੈ=ਤੂੰ ਧੁਰ ਤੋਂ ਹੀ ਮਿਥਿਅਤ ਨਿਸਚੇ ਰੂਪ ਕੀਮਤ ਪਾ ਛੱਡੀ ਹੈ॥ ੨॥

ਜਿਨਿ ਕਿਛੁ ਕੀਆ ਸੋ ਕਿਛੁ ਕਰੈ॥ ਅਪਨੀ ਕੀਮਤਿ ਆਪੇ ਧਰੈ॥

੧) ਜਿਸ ਪਰਮੇਸ਼ਰ ਨੇ ਪਿੱਛੇ ਕੁਛ ਜਗਤ ਕੀਤਾ ਹੈ, ਓਹੀ ਪਰਮੇਸ਼ਰ ਹੁਣ ਵਰਤਮਾਨ ਵਿਚ ਸਭ ਕੁਝ ਕਰ ਰਿਹਾ ਹੈ।

੨) ਜਿਸ ਨੇ ਪਿੱਛੇ ਕੁਝ ਜਗਤ ਕੀਤਾ ਹੈ, ਓਹੀ ਕੁਛ ਪਾਲਣਾ ਕਰਦਾ ਹੈ। ਆਪਣੀ ਸੱਤਾ ਰੂਪੀ ਕੀਮਤ ਨੂੰ ਆਪ ਹੀ ਧਾਰਦਾ ਹੈ।

੩) ਜਿਸ ਮਹਾਤਮਾ ਨੇ ਪਿੱਛੇ ਕੁਝ ਜਪ ਤਪ ਕੀਤਾ ਹੈ, ਉਹ ਕੁਝ ਹੁਣ ਜਪ ਤਪ ਕਰਦਾ ਹੈ। ਉਹ ਆਪਣੇ ਸਰੂਪ ਦੇ ਜਾਣਨ ਦੀ ਕੀਮਤ ਨੂੰ ਆਪ ਧਾਰਦਾ ਹੈ।

ਗੁਰਮੁਖਿ ਪਰਗਟੁ ਹੋਆ ਹਰਿ ਰਾਇ॥ ਨਾ ਕੋ ਆਵੈ ਨਾ ਕੋ ਜਾਇ॥ ੩॥

ਜਿਸ ਗੁਰਮੁਖ ਨੂੰ ਗੁਰਾਂ ਦੁਆਰੇ ਹਰੀ ਰਾਜਾ ਪਰਗਟ ਹੋਇਆ ਹੈ। ਉਸ ਦੇ ਵਿਸ਼ਵਾਸ ਵਿਚ ਨਾ ਕੋਈ ਆਉਂਦਾ ਹੈ ਨਾ ਕੋਈ ਜਾਂਦਾ ਹੈ॥ ੩॥

ਯਥਾ:- ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥ *(ਪੰਨਾ ੨੮੧)*

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ॥

ਮੰਗਤ ਜਨਾਂ ਨੂੰ ਲੋਕ ਧ੍ਰਿਗਕਾਰ ਕਹਿੰਦੇ ਹਨ, ਕਿਉਂਕਿ ਮੰਗਣ ਕਰ ਕੇ ਕਿਸੇ ਨੇ ਭੀ ਮਾਨੁ=ਆਦਰ ਨਹੀਂ ਪਾਇਆ। *ਵਾ:-* ਪਰਮੇਸ਼ਰ ਦਾ ਮਾਨੁ=ਮੰਨਣ ਕਰਨਾ ਨਹੀਂ ਪਾਇਆ, ਜਾਂ ਪਰਮੇਸ਼ਰ ਦਾ ਮਾਨੁ=ਗਿਆਨ ਨਹੀਂ ਪਾਇਆ।

ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ॥ ੪॥ ੮॥

ਸਹ=ਪਤੀ-ਪਰਮੇਸ਼ਰ ਦੇ ਦਰ ਦੀਆਂ ਜੋ ਗੱਲਾਂ-ਬਾਤਾਂ ਹਨ, ਉਸ ਵੱਲੋਂ ਹੇ ਪੁਰਸ਼ਾ ! ਤੂੰ ਤਾਂ ਕਰਣੁ ਕਹਾਇਆ=ਉਲਾਂਭਾ ਹੀ ਖੱਟਿਆ ਹੈ। *ਅਥਵਾ:-* ਸਹ=ਪਤੀ-ਪਰਮੇਸ਼ਰ ਦੀਆਂ ਭਜਨ-ਸਿਮਰਨ ਰੂਪ ਬਾਤਾਂ ਨੂੰ ਗੱਲਾਂ ਵਾਂਗ ਜਾਣ ਕੇ ਆਪਣੇ ਆਪ ਨੂੰ ਕਹਿਣੇ ਮਾਤ੍ਰ ਮਹਾਤਮਾ ਕਹਾਇਆ ਹੈ॥ ੪॥ ੮॥

www.sikhbookclub.com

ਰਾਮਕਲੀ ਮਹਲਾ ੧ ॥

ਉਥਾਨਕਾ:- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਗੇ ਗੁਰੂ ਅੰਗਦ ਦੇਵ ਜੀ ਨੇ ਕਿਹਾ-

ਕੋਈ ਆਖਦਾ ਹੈ— ਪਰਮੇਸ਼ਰ ਸੱਚ-ਖੰਡ ਵਾਸੀ ਹੈ।

ਕੋਈ ਆਖਦਾ ਹੈ— ਖੀਰ-ਸਮੁੰਦਰ ਵਾਸੀ ਹੈ।

ਕੋਈ ਆਖਦਾ ਹੈ— ਅਜੁੱਧਿਆ ਵਾਸੀ ਹੈ। ਕੋਈ ਆਖਦਾਂ ਹੈ- ਬਿੰਦਰਾ ਬਨ ਵਾਸੀ ਹੈ।

ਕੋਈ ਆਖਦਾ ਹੈ— ਦੁਆਰਕਾ ਵਾਸੀ ਹੈ। ਆਪ ਦੱਸੋ, ਪਰਮੇਸ਼ਰ ਕਿਥੇ ਵੱਸਦਾ ਹੈ?''

ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ—ਉਹ ਪਰਮੇਸ਼ਰ ਸਾਰੇ ਪਰੀ-ਪੂਰਨ ਹੈ।

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥

ਸਾਗਰ=ਸਮੁੰਦਰ ਵਿਚ ਸਮੁੰਦਰ ਰੂਪ ਹੈ, ਬੂੰਦ ਵਿਚ ਬੂੰਦ ਰੂਪ ਹੈ, ਇਹ ਗੱਲ ਕਵਣੁ ਬਿਧਿ ਜਾਣੈ=ਕਿਸ ਤਰ੍ਹਾਂ ਜਾਣਨਾ ਕਰੇ? *ਉੱਤਰ:-* ਗੁਰਾਂ ਪਾਸੋਂ ਬੁਝੈ=ਪੁੱਛੇ ਤਾਂ ਇੰਜ ਨਿਸ਼ਚੇ ਕਰਦਾ ਹੈ।

ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ॥ ੧ ॥

ਉਤਭੁਜ ਆਦਿਕ ਚਾਰ ਖਾਣੀਆਂ ਰੂਪ ਚਲਤ=ਕੌਤਕ ਨੂੰ ਆਪ ਹੀ ਉਤਪੰਨ ਕਰਨਾ ਜਾਣਦਾ ਹੈ, ਆਪ ਹੀ ਤੱਤਾਂ ਦੀ ਮਿਲਾਵਟ ਕਰਨੀ ਪਛਾਣਦਾ ਹੈ। ਭਾਵ ਚਾਰ ਖਾਣੀਆਂ ਰੂਪ ਭੀ ਆਪ ਹੈ, ਉਤਪਤੀ ਕਰਨ ਵਾਲਾ ਭੀ ਆਪ ਹੈ, ਤੱਤਾਂ ਦੀ ਮਿਲਾਉਣੀ ਰੂਪ ਭੀ ਆਪ ਹੈ, ਤੱਤਾਂ ਦੀ ਮਿਲਾਉਣੀ ਕਰਨ ਵਾਲਾ ਭੀ ਆਪ ਹੈ॥ ੧ ॥

[ਪੰਨਾ ੮੭੯]

ਐਸਾ ਗਿਆਨੁ ਬੀਚਾਰੈ ਕੋਈ॥

ਤਿਸ ਤੇ ਮੁਕਤਿ ਪਰਮ ਗਤਿ ਹੋਈ॥ ੧ ॥ ਰਹਾਉ ॥

ਐਸੇ ਗਿਆਨੁ=ਵਿਚਾਰ ਨੂੰ ਕੋਈ ਵਿਰਲਾ ਹੀ ਵਿਚਾਰਦਾ ਹੈ। ਜੋ ਵਿਚਾਰਦਾ ਹੈ ਤਿਸ ਤੇ=ਤਿਸ ਵਿਚਾਰ ਕਰ ਕੇ ਪਰਮ ਮੁਕਤਿ=ਕੈਵਲ ਮੁਕਤੀ ਦੀ ਗਤਿ=ਪ੍ਰਾਪਤੀ ਹੁੰਦੀ ਹੈ॥ ੧ ॥ ਰਹਾਉ ॥

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥

ਉਹ ਪਰਮੇਸ਼ਰ ਦਿਨ ਵਿਚ ਦਿਨ ਰੂਪ ਹੋ ਰਿਹਾ ਹੈ, ਰੈਣਿ=ਰਾਤ ਵਿਚ ਰਾਤ ਰੂਪ ਹੋ ਰਿਹਾ ਹੈ। ਸੋਈ ਬਿਧਿ=ਓਸੇ ਵਿਧੀ ਵਾਂਗ ਉਸਨ=ਗਰਮੀ ਵਿਚ ਗਰਮੀ ਰੂਪ ਹੋ ਰਿਹਾ ਹੈ, ਸੀਤ=ਠੰਢ ਵਿਚ ਠੰਢ ਰੂਪ ਹੋ ਰਿਹਾ ਹੈ।

ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ॥ ੨ ॥

ਉਸ ਦੀ ਗਤਿ ਦੀ ਮਿਤਿ=ਮਰਯਾਦਾ ਨੂੰ ਹੋਰ ਕੋਈ ਨਹੀਂ ਜਾਣਦਾ, ਗੁਰਾਂ ਤੋਂ ਬਿਨਾਂ ਉਸ ਦੀ ਸਮਝ ਨਹੀਂ ਹੁੰਦੀ। ਗੁਰੂ ਰੂਪ ਭੀ ਆਪ ਹੈ, ਸਮਝ ਰੂਪ ਭੀ ਆਪ ਹੈ॥ ੨ ॥

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥

www.sikhbookclub.com

ਪੁਰਖ ਵਿਚ ਪੁਰਖ ਰੂਪ ਹੋ ਰਿਹਾ ਹੈਂ, ਨਾਰਿ=ਇਸਤ੍ਰੀ ਵਿਚ ਇਸਤ੍ਰੀ ਰੂਪ ਹੋ ਰਿਹਾ ਹੈ। ਹੇ ਬ੍ਰਹਮ ਗਿਆਨੀਓ ! ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣਾ ਕਰੋ। ਜੇ ਸਮਝੋਗੇ ਤਾਂ ਬ੍ਰਹਮ ਰੂਪ ਹੋ ਜਾਓਗੇ।

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥ ੩ ॥

ਧੁਨਿ=ਬਾਣੀ ਵਿਚ ਬਾਣੀ ਰੂਪ ਹੋ ਰਿਹਾ ਹੈ, ਧਿਆਨ ਦੇ ਕਰਨ ਵਾਲਿਆਂ ਵਿੱਚੋਂ ਧਿਆਨ ਦੇ ਕਰਨ ਵਾਲਾ ਹੋ ਰਿਹਾ ਹੈ, ਗੁਰਮੁਖਿ=ਗੁਰਾਂ ਦੁਆਰਾ ਹੀ ਅੱਕਥ ਪ੍ਰਭੂ ਦੀ ਕਹਾਣੀ ਪ੍ਰਾਪਤ ਹੁੰਦੀ ਹੈ। ਅਕੱਥ ਕਹਾਣੀ ਰੂਪ ਭੀ ਆਪ ਹੈ, ਜਾਣਨ ਵਾਲਾ ਭੀ ਆਪ ਹੈ॥ ੩ ॥

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ॥

ਮਨ ਵਿਚ ਮਨ ਰੂਪ ਹੋ ਰਿਹਾ ਹੈ, ਜੋਤੀਆਂ ਵਿਚ ਜੋਤੀ ਰੂਪ ਹੋ ਰਿਹਾ ਹੈ, ਪੰਚ=ਸ੍ਰੇਸ਼ਟ ਜੋ ਗੁਰ=ਚੇਤਨ ਹੈ ਸਭ ਨੂੰ ਭਾਈ=ਭਾਉਣ ਵਾਲਾ, ਉਹ ਇਸ ਤਰ੍ਹਾਂ ਸਾਰੇ ਮਿਲ ਰਿਹਾ ਹੈ।

ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ॥੪ ॥੯ ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਇਕ ਸਬਦਿ=ਬ੍ਰਹਮ ਵਿਚ ਲਿਵ ਲਗਾਈ ਹੈ, ਮੈਂ ਉਹਨਾਂ ਤੋਂ ਸਦਾ ਕੁਰਬਾਨ ਜਾਂਦਾ ਹਾਂ॥ ੪ ॥ ੯ ॥

ਦੂਜਾ ਅਰਥ:- ਅੰਨਵੇ ਅੱਖਰਾਂ ਵੱਲ ਧਿਆਨ ਰੱਖਣਾ-

ਸ੍ਰੀ ਗੁਰੂ ਅੰਗਦ ਦੇਵ ਜੀ ਬੁਝੈ=ਪ੍ਰਸ਼ਨ ਕਰਦੇ ਹਨ, ਕਿ ਆਪ ਜੀ ਨੇ ਬ੍ਰਹਮ ਨੂੰ ਸਾਰੇ ਪਰੀਪੂਰਨ ਕਿਹਾ ਹੈ ਤੇ ਨਯਾਇਕ ਮੱਤ ਵਾਲਿਆਂ ਨੇ ਅਕਾਸ਼ ਨੂੰ ਪੂਰਨ ਕਥਨ ਕੀਤਾ ਹੈ, ਇਸ ਵਿਚ ਅਤੀ ਬਿਆਪਤੀ ਦੋਸ਼ ਆਉਂਦਾ ਹੈ। ਗੁਰੂ ਜੀ ਨੇ ਕਿਹਾ:- ਬ੍ਰਹਮ ਸਮਰੱਥ ਹੈ? ਅਕਾਸ਼ ਸਮਰੱਥ ਨਹੀਂ, ਇਸ ਕਰ ਕੇ ਅਤੀ ਬਿਆਪਤੀ ਦੋਸ਼ ਨਹੀਂ ਬਣ ਸਕਦਾ।

ਫਿਰ ਗੁਰੂ ਅੰਗਦ ਦੇਵ ਜੀ ਨੇ ਕਿਹਾ- ***ਕਵਣੁ ਬਿਧਿ ਜਾਣੈ***=ਉਸ ਨਾਲ ਬਿਧਿ=ਮਿਲਾਪ ਕਰਨਾ ਕਿਸ ਤਰ੍ਹਾਂ ਜਾਣੇ?

ਫਿਰ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਆਪ ਜੀ ਨੇ ਬ੍ਰਹਮ ਨੂੰ ਸਮੱਰਥ ਕਥਨ ਕੀਤਾ ਹੈ? ਪਰ ਨਿਰਣੇ ਕਰ ਕੇ ਨਹੀਂ ਦੱਸਿਆ, ਹੁਣ ਆਪ ਨਿਰਣੇ ਕਰਕੇ ਦੱਸੋ, ਬ੍ਰਹਮ ਕਿਵੇਂ ਸਮਰੱਥ ਹੈ? ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ-

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥

ਜਿਵੇਂ ਸਾਗਰ=ਸਮੁੰਦਰ ਵਿਚ ਜਲ ਦੀ ਬੂੰਦ ਅਵੱਸ਼ ਸਮਾ ਜਾਂਦੀ ਹੈ? ਜੇਕਰ ਬੂੰਦ ਵਿਚ ਸਮੁੰਦਰ ਸਮਾ ਜਾਵੇ ਤਾਂ ਕੋਈ ਅਸਚਰਜ ਨਹੀਂ ਹੈ, ਏਹੋ ਉਸ ਦੀ ਸਮਰੱਥਾ ਹੈ।

ਬੂੰਦ ਵਾਂਗ ਅਗਸਤ ਰਿਖੀ ਹੈ ਉਸ ਵਿਚ ਸਾਰਾ ਸਮੁੰਦਰ ਸਮਾ ਗਿਆ ਸੀ ਕਿਉਂਕਿ ਪ੍ਰਭੂ ਦੀ ਕਿਰਪਾ ਨਾਲ ਉਸ ਨੇ ਢਾਈ ਚੁਲੀਆਂ ਨਾਲ ਸਮੁੰਦਰ ਦਾ ਸਾਰਾ ਜਲ ਪੀ ਲਿਆ ਸੀ।

ਇਸ ਤੁਕ ਦਾ ਅਰਥ ਸ਼ਬਦ ਦੀ ਸਮਾਪਤੀ ਵੇਲੇ ਭੀ ਲੱਗੇਗਾ।

ਕਵਣੁ ਬੁਝੈ ਬਿਧਿ ਜਾਣੈ=ਇਸ ਦਾ ਅਰਥ ਪਹਿਲੇ ਪ੍ਰਸ਼ਨਾਂ ਵਿਚ ਹੋ ਚੁੱਕਾ ਹੈ।

ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ॥ ੧॥

ਉਹ ਪਰਮੇਸ਼ਰ ਉਤ=ਉਤਕ੍ਰਿਸ਼ਟ (ਬਾਹਵਾਂ) ਵਾਲਾ ਹੈ, ਵਾ:- ਕਿਰਪਾ ਰੂਪੀ ਬਾਹਵਾਂ ਵਾਲਾ ਹੈ, ਵਾ:- ਗੋਡਿਆਂ ਤਕ ਲੰਮੀਆਂ ਬਾਹਵਾਂ ਵਾਲਾ ਹੈ। ਚਲਤ=ਕੌਤਕ ਰੂਪ ਸੰਸਾਰ ਨੂੰ ਆਪ ਹੀ ਉਤਪਤ ਕਰਨਾ ਚੀਨੈ=ਜਾਣਦਾ ਹੈ, ਆਪ ਹੀ ਸਾਰਿਆਂ ਨੂੰ ਤਤੁ=ਚੋਗ ਦੇਣੀ ਪਛਾਣਦਾ ਹੈ ਭਾਵ ਆਪ ਹੀ ਸਾਰਿਆਂ ਦੀ ਪ੍ਰਤਿਪਾਲਾ ਕਰਦਾ ਹੈ॥ ੧॥

ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥ ੧॥ ਰਹਾਉ॥

ਇਸ ਤਰ੍ਹਾਂ ਦਾ ਗਿਆਨੁ=ਵਿਚਾਰ ਨੂੰ ਜਿਹੜਾ ਕੋਈ ਵਿਚਾਰਦਾ ਹੈ। ਉਹ ਆਪ ਮੁਕਤ ਰੂਪ ਹੈ ਤੇ ਉਸ ਦੇ ਉਪਦੇਸ਼ ਨਾਲ ਹੋਰਨਾਂ ਦੀ ਪਰਮ ਗਤੀ ਹੁੰਦੀ ਹੈ॥ ੧॥ ਰਹਾਉ॥

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥

੧) ਉਹ ਪਰਮੇਸ਼ਰ ਐਸਾ ਸਮਰੱਥ ਹੈ ਜਿਸ ਨੇ ਦਿਨ ਵਿੱਚੋਂ ਰਾਤ ਕੀਤੀ ਹੈ ਤੇ ਰਾਤ ਵਿੱਚੋਂ ਦਿਨ ਕੀਤਾ ਹੈ। ਜੇਕਰ ਰਾਤ ਨਾ ਕਰਦਾ ਦਿਨ ਹੀ ਰਹਿਣ ਦੇਂਦਾ ਤਾਂ ਸਾਰੇ ਜੀਵ ਵਿਹਾਰਾਂ ਵਿਚ ਹੀ ਮਰ-ਖਪ ਜਾਂਦੇ, ਜੇਕਰ ਦਿਨ ਨਾ ਕਰਦਾ ਰਾਤ ਹੀ ਰਹਿਣ ਦੇਂਦਾ ਤਾਂ ਸਾਰੇ ਜੀਵ ਹਨੇਰੇ ਵਿਚ ਹੀ ਖਪ ਜਾਂਦੇ। ਇਹ ਸਮਰੱਥਾ ਓਸੇ ਵਿਚ ਹੈ-

ਯਥਾ:- ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥ ਖਸਮੁ ਵਿਸਾਰਹਿ ਤੇ ਕਮਜਾਤਿ॥ *(ਪੰਨਾ ੧੦)*

ਬਿਧਿ ਸੋਈ=ਓਸੇ ਵਿਧੀ ਵਾਂਗ ਉਸਨ=ਗਰਮੀ ਵਿੱਚੋਂ ਸੀਤ=ਠੰਡ ਕੀਤੀ ਹੈ ਅਤੇ ਠੰਡ ਵਿੱਚੋਂ ਗਰਮੀ ਕੀਤੀ ਹੈ। ਜੇਕਰ ਠੰਡ ਨਾ ਕਰਦਾ ਤਾਂ ਸਾਰੇ ਗਰਮੀ ਵਿਚ ਮਰ ਜਾਂਦੇ, ਜੇ ਗਰਮੀ ਨਾ ਕਰਦਾ ਤਾਂ ਸਾਰੇ ਠੰਡ ਵਿਚ ਮਰ ਜਾਂਦੇ।

੨) ਦਿਨ ਦਾ ਅਰਥ ਸੂਰਜ ਹੈ ਸੂਰਜ ਦਾ ਪੁੱਤਰ ਸ਼ਨੀ ਹੈ ਇਹ ਤਾਂ ਰੈਣਿ=ਰਾਤ ਵਾਂਗ ਦੁਖਦਾਈ ਕੀਤਾ ਹੈ। ਰੈਣਿ=ਰਾਤ ਵਾਂਗ ਦੁਖਦਾਈ ਹਰਨਾਖਸ਼ ਆਦਿਕ ਦੈਂਤ ਹਨ ਉਸ ਹਰਨਾਖਸ਼ ਦੈਂਤ ਦੀ ਕੁਲ ਵਿੱਚੋਂ ਦਿਨ ਦੀ ਨਿਆਈਂ ਸੁਖਦਾਇਕ ਪ੍ਰਹਿਲਾਦ ਭਗਤ ਪੈਦਾ ਕੀਤਾ ਹੈ। ਓਸੇ ਵਿਧੀ ਵਾਂਗ ਉਸਨ=ਗਰਮ ਰੁੱਤ ਦੇ ਸਮਾਨ ਗਰਮ ਸੁਭਾਵ ਵਾਲੇ ਕੌਰਵ ਕੀਤੇ ਹਨ ਅਤੇ ਸੀਤ=ਠੰਡੇ ਰੁੱਤ ਦੇ ਸਮਾਨ ਸੀਤਲ ਸੁਭਾਅ ਵਾਲੇ ਪਾਂਡਵ ਕੀਤੇ ਹਨ।

ਵਾ:- ਉਸਨ (ਗਰਮੀ) ਵਾਂਗੂ ਗਰਮ ਸੁਭਾਅ ਵਾਲੇ ਪਾਂਡਵ ਤੇ ਸੀਤ=ਸਰਦੀ ਵਾਂਗੂ ਠੰਡੇ ਸੁਭਾਅ ਵਾਲੇ ਯੁਧਿਸ਼ਠਰ ਜੀ ਕੀਤੇ, ਜਾਂ ਸੀਤ ਵਤ ਕੌਰਉਂ ਕੀਤੇ ਹਨ ਤੇ ਉਸਨ ਵਤ ਗਰਮ ਸੁਭਾਅ ਵਾਲਾ ਦੁਰਯੋਧਨ ਕੀਤਾ ਹੈ।

ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ॥ ੨॥

ਉਸ ਐਸੇ ਸਮਰੱਥ ਪ੍ਰਭੂ ਦੀ ਗਤਿ ਦੀ ਮਰਯਾਦਾ ਨੂੰ ਹੋਰ ਕੋਈ ਨਹੀਂ ਜਾਣ ਸਕਦਾ ਅਤੇ ਪੂਰਨ ਗੁਰਾਂ ਤੋਂ ਬਿਨਾਂ ਉਸ ਦੀ ਸਮਝ ਹੁੰਦੀ ਨਹੀਂ ਹੈ॥ ੨॥

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥

ਪੁਰਸ਼ ਵਿਚ ਨਾਰਿ=ਇਸਤ੍ਰੀ ਦਾ ਅਧਿਆਸ ਅਤੇ ਇਸਤ੍ਰੀ ਵਿਚ ਪੁਰਸ਼ ਦਾ ਅਧਿਆਸ (ਮੋਹ) ਹੋ ਰਿਹਾ

www.sikhbookclub.com

ਹੈ, ਅਥਵਾ:- ਪੁਰਸ਼ ਤੇ ਇਸਤ੍ਰੀ ਦੋਹਾਂ ਦਾ ਜਦ ਆਪਸ ਵਿਚ ਮਿਲਾਪ ਹੋਇਆ ਤਾਂ ਉਹਨਾਂ ਵਿੱਚੋਂ ਨਾਰਿ ਪੁਰਖਾ=ਲੜਕਾ ਪੈਦਾ ਹੋ ਗਏ।

ਯਥਾ:- ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ॥ (ਪੰਨਾ ੧੩੮੭)

ਅਥਵਾ:- ਪੁਰਖ=ਈਸ਼ੁਰ ਤੇ ਨਾਰਿ=ਮਾਇਆ ਦੋਹਾਂ ਦਾ ਆਪਸ ਵਿਚ ਮਿਲਾਪ ਹੋਇਆ ਤਾਂ ਉਸ ਵਿੱਚੋਂ ਬ੍ਰਹਮ ਨੇ ਨਾਰੀ ਪੁਰਖ ਰੂਪ ਸਾਰਾ ਸੰਸਾਰ ਰਚ ਦੇਣਾ ਕੀਤਾ, ਬ੍ਰਹਮ ਗਿਆਨੀਆਂ ਦੁਆਰੇ ਇਸ ਗੱਲ ਨੂੰ ਸਮਝਣਾ ਕਰੋ।

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥ ੩॥

ਬ੍ਰਹਮ ਦੇ ਧੁਨਿ=ਉਚਾਰਨ ਵਿਚ ਧਿਆਨ ਕੀਤਾ, ਫੇਰ ਧਿਆਨ ਵਿਚ ਇਸਥਿਤ ਹੋ ਕੇ ਗੁਰ=ਚੇਤਨ ਜੋ ਸਾਰਿਆਂ ਦਾ ਮੁਖਿ=ਅਧਿਸ਼ਠਾਨ ਰੂਪ ਪਰਮੇਸ਼ਰ ਹੈ, ਉਸ ਅਕੱਥ ਦੀ ਕਹਾਣੀ ਨੂੰ ਕਿਹਾ ਤਾਂ ਜਾਣਿਆ॥ ੩॥

ਪ੍ਰਸ਼ਨ:- ਆਪਣੇ ਆਪ ਜਾਣਿਆ, ਜਾਂ ਕਿਸੀ ਦੁਆਰੇ ਜਾਣਿਆ? ਉੱਤਰ:-

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ॥

ਜਿਨ ਏਕ ਸਬਦਿ ਲਿਵ ਲਾਈ॥

ਜਿਨ੍ਹਾਂ ਨੂੰ ਭਾਈ=ਭਾਵਨੇ ਜੋਗ ਪੰਚ=ਸ਼੍ਰੇਸ਼ਟ ਗੁਰੂ ਮਿਲੇ ਹਨ ਉਹਨਾਂ ਨੇ ਇਕ ਗੁਰ-ਉਪਦੇਸ਼ ਵਿਚ ਲਿਵ ਲਗਾਈ ਹੈ, ਜਿਨ੍ਹਾਂ ਨੇ ਗੁਰ-ਸ਼ਬਦ ਵਿਚ ਲਿਵ ਲਗਾਈ ਹੈ, ਉਹਨਾਂ ਨੇ ਮਨ ਵਿਚ ਜੋਤੀ ਨੂੰ ਤੇ ਜੋਤੀ ਵਿਚ ਮਨ ਨੂੰ ਇਸ ਤਰ੍ਹਾਂ ਅਭੇਦ ਰੂਪ ਨਿਸਚੇ ਕੀਤਾ ਹੈ।

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ॥

ਜਿਵੇਂ ਸਾਗਰ ਮਹਿ=ਜਲ ਵਿਚ ਬੂੰਦਾਂ ਤੇ ਬੂੰਦਾਂ ਵਿਚ ਸਾਗਰੁ=ਜਲ ਅਭੇਦ ਰੂਪ ਹੁੰਦਾ ਹੈ।

ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਬ੍ਰਹਮ ਨਾਲ ਆਪਣੇ ਆਪ ਨੂੰ ਅਭੇਦ ਰੂਪ ਨਿਸਚੇ ਕੀਤਾ ਹੈ, ਮੈਂ ਉਹਨਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ।

ਜਿਨ ਏਕ ਸਬਦਿ ਲਿਵ ਲਾਈ॥ ਇਸ ਦਾ ਅਰਥ ਪਿਛਲੀ ਤੁਕ ਨਾਲ ਲੱਗ ਗਿਆ ਹੈ॥ ੪ ॥ ੯ ॥

ਤੀਜਾ ਅਰਥ:- ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ-

ਸੰਗਤ ਨਾਲ ਮਿਲ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰਸ਼ਨ ਕੀਤਾ- ਪਰਮੇਸ਼ਰ ਵਿਚ ਜੋ ਅਭੇਦ ਹੋਏ ਹਨ ਉਹ ਥੋੜ੍ਹੇ ਹੋਏ ਹਨ ਜਾਂ ਬਹੁਤੇ।

ਗੁਰੂ ਜੀ ਨੇ ਕਿਹਾ—ਬਹੁਤ ਥੋੜ੍ਹੇ ਹੋਏ ਹਨ।

ਯਥਾ:- ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ (ਪੰਨਾ ੧੪੧੧)

ਅਤੇ ਇਹ ਗੱਲ ਨਿਸਚੇ ਕਰ ਲੈ—

ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥ ੧॥ ਰਹਾਉ॥

www.sikhbookclub.com

ਇਸ ਤਰ੍ਹਾਂ ਦੇ ਗਿਆਨ=ਸ਼ੁਭ ਵਿਚਾਰ ਨੂੰ ਕੋਈ ਵਿਰਲਾ ਹੀ ਵਿਚਾਰਦਾ ਹੈ। ਉਸ ਵਿਸ਼ੇਸ਼ ਵਿਚਾਰ ਦੇ ਕਰਨ ਨਾਲ ਕੈਵਲ ਮੁਕਤੀ ਦੀ ਗਤਿ=ਪ੍ਰਾਪਤੀ ਹੁੰਦੀ ਹੈ॥ ੧॥ ਰਹਾਉ॥

ਫਿਰ ਗੁਰੂ ਅੰਗਦ ਦੇਵ ਜੀ ਨੇ ਪੁੱਛਿਆ- ਜਿਹੜਾ ਕੋਈ ਵਿਰਲਾ ਸ਼ੁਭ ਵਿਚਾਰ ਨੂੰ ਵਿਚਾਰਦਾ ਹੈ, ਉਹ ਕਵਣੁ ਬਿਧਿ ਜਾਣੈ=ਕਿਸ ਪ੍ਰਕਾਰ ਪਰਮੇਸ਼ਰ ਨੂੰ ਜਾਣਦਾ ਹੈ? *ਗੁਰ ਉੱਤਰ —*

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥

ਉਹ ਮਹਾਤਮਾ ਸਾਗਰ=ਸਮੁੰਦਰ ਰੂਪ ਪਰਮੇਸ਼ਰ ਵਿਚ ਬੂੰਦ=ਦੇਹ ਆਦਿਕਾਂ ਨੂੰ ਕਲਪਤ ਜਾਣਦਾ ਹੈ ਅਤੇ ਬੂੰਦ ਮਹਿ ਸਾਗਰੁ=ਦੇਹ ਆਦਿਕਾਂ ਵਿਚ ਸਮੁੰਦਰ ਰੂਪ ਪਰਮੇਸ਼ਰ ਨੂੰ ਅਧਿਸ਼ਠਾਨ ਰੂਪ ਨਿਸਚੇ ਕਰਦਾ ਹੈ। *(**ਕਵਣੁ ਬੁਝੈ ਬਿਧਿ ਜਾਣੈ**)* ਇਸ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ॥ ੧॥

ਫਿਰ ਉਹ ਮਹਾਤਮਾ ਇਸ ਤਰ੍ਹਾਂ ਚੀਨੈ ਕਰਿ=ਜਾਣਨਾ ਕਰਦਾ ਹੈ ਕਿ ਉਤਭੁਜ ਰੂਪ ਚਾਰ ਖਾਣੀਆਂ ਉਸ ਵਿਚ ਚਲਤ=ਚਲਿਤ੍ਰ ਰੂਪ ਭਾਵ ਕਲਪਤ ਰੂਪ ਹਨ ਤੇ ਆਪ ਪਰਮੇਸ਼ਰ ਇਨ੍ਹਾਂ ਦਾ ਅਧਿਸ਼ਠਾਨ ਰੂਪ ਹੈ। ਏਸੇ ਤਰ੍ਹਾਂ ਪੰਜੇ ਤੱਤ ਉਸ ਵਿਚ ਕਲਪਤ ਰੂਪ ਹਨ ਤੇ ਆਪ ਪਰਮੇਸ਼ਰ ਤੱਤਾਂ ਦਾ ਅਧਿਸ਼ਠਾਨ ਰੂਪ ਹੈ; ਇਸ ਤਰ੍ਹਾਂ ਪਛਾਣਦਾ ਹੈ॥ ੧॥

ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥ ੧॥ ਰਹਾਉ॥

ਇਹਨਾਂ ਤੁਕਾਂ ਦਾ ਅਰਥ ਪਹਿਲੇ ਹੋ ਚੁੱਕਾ ਹੈ।

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥

ਦਿਨ ਮਹਿ=ਚੇਤਨ ਵਿਚ ਰੈਣਿ=ਰਾਤ ਅਵਿਦਿਆ ਕਲਪਤ ਹੈ, ਰੈਣਿ ਮਹਿ=ਅਵਿਦਿਆ ਵਿਚ ਦਿਨੀਅਰੁ=ਚੇਤਨ ਅਧਿਸ਼ਠਾਨ ਰੂਪ ਹੈ। ਓਸੇ ਵਿਧੀ ਵਾਂਗ ਉਸਨ=ਚੇਤਨ ਵਿਚ ਸੀਤ=ਜੜ੍ਹ ਪਦਾਰਥ ਕਲਪਤ ਹਨ ਤੇ ਜੜ੍ਹ ਪਦਾਰਥਾਂ ਵਿਚ ਉਹ ਚੇਤਨ ਅਧਿਸ਼ਠਾਨ ਰੂਪ ਹੈ।

ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ॥ ੨॥

ਤਿਸ ਪਰਮੇਸ਼ਰ ਦੇ ਗਤ ਦੀ ਮਿਤਿ=ਮਰਯਾਦਾਂ ਨੂੰ ਹੋਰ ਕੋਈ ਨਹੀਂ ਜਾਣਦਾ, ਪੂਰਨ ਗੁਰਾਂ ਤੋਂ ਬਿਨਾਂ ਉਸ ਦੀ ਸਮਝ ਨਹੀਂ ਹੁੰਦੀ॥ ੨॥

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥

ਪੁਰਖ ਮਹਿ=ਈਸ਼ੂਰ ਵਿਚ ਨਾਰਿ=ਮਾਇਆ ਕਲਪਤ ਹੈ ਤੇ ਨਾਰਿ ਮਹਿ=ਮਾਇਆ ਵਿਚ ਪੁਰਖ=ਈਸ਼ੂਰ ਅਧਿਸ਼ਠਾਨ ਰੂਪ ਹੈ, ਬ੍ਰਹਮ ਗਿਆਨੀਆਂ ਦੁਆਰੇ ਇਸ ਗੱਲ ਨੂੰ ਸਮਝਣਾ ਕਰੋ। ਵਾ:- ਬ੍ਰਹਮ=ਵੇਦਾਂ ਦੁਆਰੇ ਇਸ ਗਿਆਨੀ=ਜਾਣਨੇ ਨੂੰ ਸਮਝਣਾ ਕਰੋ।

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥ ੩॥

ਜਿਸ ਗੁਰੂ=ਚੇਤਨ ਮੁਖਿ=ਅਧਿਸ਼ਠਾਨ ਰੂਪ ਪਰਮੇਸ਼ਰ ਦੀ ਕਹਾਣੀ ਅਕੱਥ ਹੈ, ਉਹ ਪਰਮੇਸ਼ਰ ਧੁਨਿ ਮਹਿ=ਫੁਰਨੇ ਵਿਚ ਅਧਿਸ਼ਠਾਨ ਰੂਪ ਹੈ ਤੇ ਫੁਰਨਾ ਉਸ ਵਿਚ ਕਲਪਤ ਹੈ ਧਿਆਤਾ, ਧਿਆਨ, ਧੇਅ ਇਹ

www.sikhbookclub.com

ਤਿੰਨੇ ਉਸ ਵਿਚ ਕਲਪਤ ਹਨ ਤੇ ਉਹ ਪਰਮੇਸ਼ਰ ਧਿਆਤਾ ਧਿਆਨ ਧੇਅ ਵਿਚ ਅਧਿਸਠਾਨ ਰੂਪ ਹੈ॥ ੩॥

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ॥

ਮਨ ਵਿਚ ਜੋਤੀ ਪਰਮੇਸ਼ਰ ਅਧਿਸ਼ਠਾਨ ਰੂਪ ਹੈ ਤੇ ਜੋਤੀ ਪਰਮੇਸ਼ਰ ਵਿਚ ਮਨ ਕਲਪਤ ਰੂਪ ਹੈ, ਹੇ ਭਾਈ ! ਉਹ ਗੁਰ=ਚੇਤਨ (ਪਰਮਾਤਮਾ) ਪੰਜ ਪ੍ਰਾਣਾਂ ਵਿਚ ਮਿਲ ਰਿਹਾ ਹੈ, ਭਾਵ ਉਸ ਵਿਚ ਪੰਜ ਪ੍ਰਾਣ ਕਲਪਤ ਹਨ ਤੇ ਉਹ ਪੰਜ ਪ੍ਰਾਣਾਂ ਵਿਚ ਅਧਿਸ਼ਠਾਨ ਰੂਪ ਹੈ।

ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੇ ਸਬਦਿ=ਸੰਸਾਰ ਵਿਚ ਰਹਿ ਕੇ ਇਕ ਸਬਦਿ=ਸਮੁੰਦਰ ਰੂਪ ਪਰਮਾਤਮਾ ਵਿਚ ਲਿਵ ਲਗਾਈ ਹੈ, ਮੈਂ ਉਹਨਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੪॥ ੯॥

ਰਾਮਕਲੀ ਮਹਲਾ ੧॥

ਜਾ ਹਰਿ ਪ੍ਰਭਿ ਕਿਰਪਾ ਧਾਰੀ॥ ਤਾ ਹਉਮੈ ਵਿਚਹੁ ਮਾਰੀ॥

ਜਾਂ ਹਰੀ-ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰਨਾ ਕੀਤੀ ਤਾਂ ਹਿਰਦੇ ਵਿੱਚੋਂ ਹੰਗਤਾ ਮਾਰਨਾ ਕੀਤੀ।

ਸੋ ਸੇਵਕਿ ਰਾਮ ਪਿਆਰੀ॥ ਜੋ ਗੁਰ ਸਬਦੀ ਬੀਚਾਰੀ॥ ੧॥

ਉਹ ਰਾਮ ਦੀ ਪਿਆਰੀ ਸੇਵਕਿ=ਦਾਸੀ ਹੈ। ਜੋ ਗੁਰ-ਸ਼ਬਦ ਨੂੰ ਵਿਚਾਰਦੀ ਹੈ। *ਅਥਵਾ:-* ਉਸ ਸੇਵਕ ਦੀ ਸੇਵਾ ਰਾਮ ਨੂੰ ਪਿਆਰੀ ਲੱਗੀ ਹੈ, ਜੋ ਗੁਰ- ਉਪਦੇਸ਼ ਨੂੰ ਵਿਚਾਰਦਾ ਹੈ॥ ੧॥

ਸੋ ਹਰਿ ਜਨੁ ਹਰਿ ਪ੍ਰਭ ਭਾਵੈ॥

ਉਹ ਹਰੀ ਦਾ ਭਗਤ ਜਨ ਸ਼ਮਰੱਥ ਹਰੀ-ਪ੍ਰਭੂ ਨੂੰ ਭਾਉਂਦਾ ਹੈ।

ਅਹਿਨਿਸਿ ਭਗਤਿ ਕਰੇ ਦਿਨੁ ਰਾਤੀ
ਲਾਜ ਛੋਡਿ ਹਰਿ ਕੇ ਗੁਣ ਗਾਵੈ॥ ੧॥ ਰਹਾਉ॥

ਜੋ ਦਿਨ ਰਾਂਤ ਅਹਿਨਿਸਿ=ਇਕ-ਰਸ ਭਗਤੀ ਕਰਦਾ ਹੈ ਅਤੇ ਸੰਸਾਰਕ ਲੱਜਾ ਨੂੰ ਤਿਆਗ ਕੇ ਹਰੀ ਦੇ ਗੁਣ ਗਾਉਂਦਾ ਹੈ॥ ੧॥ ਰਹਾਉ॥

ਧੁਨਿ ਵਾਜੇ ਅਨਹਦ ਘੋਰਾ॥ ਮਨੁ ਮਾਨਿਆ ਹਰਿ ਰਸਿ ਮੋਰਾ॥

ਸਤਸੰਗ ਵਿਚ ਅਨਹਦ=ਇਕ-ਰਸ ਘੋਰਾ=ਗੰਭੀਰ ਧੁਨ ਦੇ ਵਾਜੇ ਵੱਜ ਰਹੇ ਹਨ। ਉਹਨਾਂ ਨੂੰ ਸੁਣ ਕੇ ਹਰੀ-ਰਸ ਵਿਚ ਮੇਰਾ ਮਨ ਮੰਨਿਆਂ ਗਿਆ ਹੈ।

ਗੁਰ ਪੂਰੈ ਸਚੁ ਸਮਾਇਆ॥ ਗੁਰੁ ਆਦਿ ਪੁਰਖੁ ਹਰਿ ਪਾਇਆ॥ ੨॥

ਪੂਰਿਆਂ ਗੁਰਾਂ ਦੁਆਰੇ ਸੱਚ ਨੂੰ ਸਾਰੇ ਸਮਾਇਆ ਹੋਇਆ ਨਿਸਚੇ ਕੀਤਾ ਹੈ। ਗੁਰਾਂ ਦੁਆਰੇ ਹੀ ਆਦਿ ਪੁਰਖ ਹਰੀ ਨੂੰ ਪਾਇਆ ਹੈ॥ ੨॥

ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ॥

ਸਾਰਿਆਂ ਵੇਦਾਂ ਦਾ ਨਾਦ=ਸਿਧਾਂਤ ਗੁਰਬਾਣੀ ਹੈ। ਜੋ ਗੁਰਬਾਣੀ ਨੂੰ ਬੇਦ=ਜਾਣਦਾ ਹੈ, ਉਹ ਸਾਰੇ

ਨਾਦ=ਬ੍ਰਹਮ ਨੂੰ ਨਿਸਚੇ ਕਰਦਾ ਹੈ ਜਾਂ ਸਾਰਿਆਂ ਵੇਦਾਂ ਦਾ ਨਾਦ=ਉਪਦੇਸ਼ ਗੁਰਬਾਣੀ ਵਿਚ ਹੈ, ਉਸ ਗੁਰਬਾਣੀ ਦੁਆਰੇ ਹੀ ਮੇਰਾ ਮਨ ਸਾਰਿਗਪਾਣੀ=ਪਰਮਾਤਮਾ ਵਿਚ ਰਾਤਾ=ਤਦਾਕਾਰ ਹੋਇਆ ਹੈ।

ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥ ੩ ॥

ਤਿਸ ਗੁਰਬਾਣੀ ਵਿਚ ਹੀ ਸਾਰੇ ਤੀਰਥ, ਵਰਤ ਅਤੇ ਤਪ ਆਦਿਕ ਪ੍ਰਾਪਤ ਹੁੰਦੇ ਹਨ। ਗੁਰਬਾਣੀ ਵਿਚ ਮਿਲਿਆ ਤਾਂ ਹਰੀ ਨੇ ਸੰਸਾਰ-ਸਮੁੰਦਰ ਤੋਂ ਤਾਰ ਦਿੱਤਾ ॥ ੩ ॥

ਜਹ ਆਪੁ ਗਇਆ ਭਉ ਭਾਗਾ ॥ ਗੁਰ ਚਰਣੀ ਸੇਵਕੁ ਲਾਗਾ ॥

ਜਿਸ ਅੰਤਹਕਰਨ ਵਿੱਚੋਂ ਆਪਾ ਭਾਵ (ਹੰਕਾਰ) ਗਿਆ ਹੈ ਉਸ ਅੰਤਹਕਰਨ ਵਿੱਚੋਂ ਜਮਾਂ ਦਾ ਭਉ ਭਾਗਾ=ਡਰ ਦੌੜ ਗਿਆ ਹੈ। ਸੇਵਕ ਹੀ ਪ੍ਰੇਮ ਭਾਵ ਨਾਲ ਗੁਰੂ ਦੇ ਚਰਨਾਂ ਨਾਲ ਲੱਗਾ ਹੈ।

ਗੁਰਿ ਸਤਗੁਰਿ ਭਰਮੁ ਚੁਕਾਇਆ ॥
ਕਹੁ ਨਾਨਕ ਸਬਦਿ ਮਿਲਾਇਆ ॥ ੪ ॥ ੧੦ ॥

ਗੁਰਿ=ਪੂਜਨੀਕ ਸਤਿਗੁਰਾਂ ਨੇ ਜਿਸ ਜਗਿਆਸੂ ਦਾ ਭਰਮ ਚੁਕਾਇਆ=ਦੂਰ ਕੀਤਾ ਹੈ। ਗੁਰੂ ਜੀ ਕਥਨ ਕਰਦੇ ਹਨ—ਉਸ ਜਗਿਆਸੂ ਨੂੰ ਸਬਦਿ=ਬ੍ਰਹਮ ਨਾਲ ਮਿਲਾਇਆ ਹੈ ॥ ੪ ॥ ੧੦ ॥

ਰਾਮਕਲੀ ਮਹਲਾ ੧ ॥

ਉਥਾਨਕਾ:- ਇਕ ਜੋਗੀ ਨੇ ਆ ਕੇ ਕਿਹਾ- ''ਮੰਗ ਕੇ' ਖਾਣ ਨਾਲ ਹੀ ਮੁਕਤੀ ਦੀ ਪ੍ਰਾਪਤੀ ਹੈ।''
ਇਹ ਗੱਲ ਸੁਣ ਕੇ ਜੋਗੀ ਨੂੰ ਉਪਦੇਸ਼ ਦੇਂਦੇ ਹਨ—

ਛਾਦਨੁ ਭੋਜਨੁ ਮਾਗਤੁ ਭਾਗੈ ॥ ਖੁਧਿਆ ਦੁਸਟ ਜਲੈ ਦੁਖੁ ਆਗੈ ॥

ਹੇ ਜੋਗੀ ! ਛਾਦਨੁ=ਕੱਪੜਾ ਤੇ ਭੋਜਨ ਦੇ ਮੰਗਣ ਵਾਸਤੇ ਤੂੰ ਭਾਗੈ=ਦੌੜਿਆ ਫਿਰਦਾ ਹੈਂ। ਹੇ ਦੁਸ਼ਟ ਜੋਗੀ ! ਇਸ ਲੋਕ ਵਿਚ ਤੂੰ ਖੁਧਿਆ=ਭੁੱਖ ਕਰ ਕੇ, *ਵਾ:-* ਤ੍ਰਿਸ਼ਨਾ ਕਰ ਕੇ ਜਲੈ=ਸੜ ਰਿਹਾ ਹੈਂ ਤੇ ਆਗੈ=ਪਰਲੋਕ ਵਿਚ ਜਾ ਕੇ ਭੀ ਦੁੱਖ ਨੂੰ ਪਾਵੇਂਗਾ।

ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥
ਗੁਰਮਤਿ ਭਗਤਿ ਪਾਵੈ ਜਨੁ ਕੋਈ ॥ ੧ ॥

ਗੁਰ-ਸਿਖਿਆ ਤਾਂ ਲਈ ਨਹੀਂ, ਦੁਰਮਤਿ=ਖੋਟੀ ਮਤ ਕਰ ਕੇ ਪਤਿ=ਆਬਰੂ ਖੋਹ ਲੀਤੀ ਹੈ। ਕੋਈ ਵਿਰਲਾ ਹੀ ਗੁਰਮੁਖ ਜਨ ਗੁਰ-ਸਿਖਿਆ ਦੁਆਰੇ ਭਗਤੀ ਨੂੰ ਪਾਉਂਦਾ ਹੈ ॥ ੧ ॥

ਜੋਗੀ ਜੁਗਤਿ ਸਹਜ ਘਰਿ ਵਾਸੈ ॥

ਹੇ ਜੋਗੀ ! ਸਤਸੰਗ ਅੰਤਰਮੁਖ ਬਿਰਤੀ, *ਵਾ:-* ਸਰੂਪ ਰੂਪੀ ਸਹਜ-ਘਰ ਵਿਚ ਵਸਣ ਦੀ ਜੁਗਤੀ ਸਿੱਖਣਾ ਕਰ। *ਅਥਵਾ:-* ਅਸਲ ਜੋਗੀ ਉਹ ਹੈ ਜੋ ਭਜਨ-ਸਿਮਰਨ ਵਿਚ ਜੁਗਤਿ=ਜੁੜਿਆ ਹੈ ਤੇ ਸਹਜ=ਸ਼ਾਂਤੀ- ਘਰ ਵਿਚ ਵਸਦਾ ਹੈ।

ਏਕ ਦ੍ਰਿਸਟਿ ਏਕੋ ਕਰਿ ਦੇਖਿਆ
ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥ ੧ ॥ ਰਹਾਉ ॥

ਜਿਹੜਾ ਪੁਰਸ਼ ਗੁਰ-ਸ਼ਬਦ ਦੁਆਰੇ ਭਾਇ=ਪ੍ਰੇਮ ਰੂਪ ਭਿਖਿਆ ਖਾ ਕੇ ਤ੍ਰਿਪਤ ਹੋਇਆ ਹੈ, ਉਸ ਨੇ ਇਕ ਅਦ੍ਵੈਤ ਦ੍ਰਿਸ਼ਟੀ ਕਰ ਕੇ ਇਕ ਬ੍ਰਹਮ ਨੂੰ ਹੀ ਵੇਖਣਾ ਕੀਤਾ ਹੈ॥ ੧॥ ਰਹਾਉ॥

ਪੰਚ ਬੈਲ ਗਡੀਆ ਦੇਹ ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥

ਪੰਜ (ਗਿਆਨ ਇੰਦ੍ਰੀਆਂ ਰੂਪ) ਬਲਦਾਂ ਨੇ (ਅਸਥੂਲ) ਦੇਹ ਰੂਪ ਗੱਡੀ ਧਾਰੀ=ਉਠਾਈ ਹੋਈ ਹੈ। ਪਰਮਾਤਮਾ ਦੀ ਕਲਾ=ਸੱਤਾ ਕਰ ਕੇ ਇਸ ਦੀ ਸਾਰੀ ਪਤਿ=ਆਬਰੂ ਨਿਭ ਰਹੀ ਹੈ।

ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥ ੨ ॥

ਜਿਸ ਵੇਲੇ ਪ੍ਰਾਣਾਂ ਰੂਪੀ ਧੁਰ ਟੁੱਟੀ ਗਈ ਤਾਂ ਦੇਹ ਰੂਪ ਗੱਡੀ ਸਿਰ ਭਾਰਿ=ਸਿਰਪਰਨੇ ਭਾਵ ਓਥੇ ਹੀ ਪਈ ਰਹੀ। ਚਿਖਾ ਰੂਪੀ ਭਾਰਿ=ਭੱਠ ਵਿਚ ਦੇਹ ਜਰੀ=ਸੜੀ ਤਾਂ ਲਕਰੀ=ਹੱਡੀਆਂ ਬਿਖਰਿ=ਖਿੰਡ ਜਾਂਦੀਆਂ ਹਨ॥ ੨ ॥

ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥

ਹੇ ਜੋਗੀ ! ਤੂੰ ਗੁਰਾਂ ਦਾ ਉਪਦੇਸ਼ ਵਿਚਾਰਨਾ ਕਰ। ਦੁੱਖ ਸੁਖ ਨੂੰ ਇਕ ਸਮਾਨ ਜਾਣ ਕੇ ਸਹਾਰਨਾ ਕਰ ਅਤੇ ਪਦਾਰਥਾਂ ਦੀ ਪ੍ਰਾਪਤੀ ਹੋਣ ਕਰ ਕੇ ਹਰਖ ਹੋਣਾ ਤੇ ਪਦਾਰਥਾਂ ਦੇ ਵਿਜੋਗ ਕਰ ਕੇ ਸੋਗ ਹੋਣਾ ਇਸ ਦੁੰਦ ਵਾਦ ਨੂੰ ਭੀ ਸਮ ਕਰ ਕੇ ਸਹਾਰਨਾ ਕਰ।

ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥ ੩ ॥

ਗੁਰ-ਸ਼ਬਦ ਦੁਆਰੇ ਨਾਮ ਦਾ ਵਿਚਾਰਨਾ ਇਸ ਭੁਗਤ ਨੂੰ ਛਕਣਾ ਕਰ ਅਤੇ ਨਿਰੰਕਾਰ ਪ੍ਰਭੂ ਨੂੰ ਜਪਣਾ ਕਰ ਤਾਂ ਕੰਧੁ=ਸਰੀਰ ਵੱਲੋਂ ਇਸਥਿਤ ਹੋ ਜਾਵੇਂਗਾ॥ ੩ ॥

ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥

ਸਹਜ=ਗਿਆਨ ਵਿਚ ਜਗੋਟਾ=ਜੁੜਨਾ ਏਹੀ ਜਗੋਟਾ=ਲੰਗੋਟਾ ਕੱਸਣਾ ਕਰ ਤਾਂ ਸੰਸਾਰਕ ਬੰਧਨਾਂ ਤੋਂ ਛੁੱਟ ਜਾਏਂਗਾ। ਜਿਵੇਂ ਗੁਰ-ਸ਼ਬਦੀਆਂ ਨੇ ਕਾਮ ਕ੍ਰੋਧ ਆਦਿਕਾਂ ਨੂੰ ਲੁੱਟਿਆ ਹੈ, ਤਿਵੇਂ ਤੂੰ ਭੀ ਗੁਰ-ਸ਼ਬਦ ਦੁਆਰੇ ਕਾਮ ਕ੍ਰੋਧ ਆਦਿਕਾਂ ਦਾ ਅਭਾਵ ਕਰ।

ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥
ਨਾਨਕ ਰਾਮ ਭਗਤਿ ਜਨ ਤਰਣਾ ॥ ੪ ॥ ੧੧ ॥

ਹਰੀ ਤੇ ਗੁਰਾਂ ਦੀ ਸ਼ਰਨ ਦਾ ਜੋ ਗ੍ਰਹਿਣ ਕਰਨਾ ਹੈ ਏਹੋ ਮਨ ਬੁੱਧੀ ਰੂਪ ਦੋ ਕੰਨਾਂ ਵਿਚ ਦੋ ਮੁੰਦ੍ਰਾਂ ਪਾਉਣਾ ਕਰ। ਗੁਰੂ ਜੀ ਕਥਨ ਕਰਦੇ ਹਨ—ਰਾਮ ਦੀ ਭਗਤੀ ਕਰ ਕੇ ਹੀ ਪੁਰਸ਼ਾਂ ਦਾ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੪॥ ੧੧॥

[ਪੰਨਾ ੮੮੦]

੧ਓ ਸਤਿਗੁਰ ਪ੍ਰਸਾਦਿ ॥ ਰਾਮਕਲੀ ਮਹਲਾ ੩ ਘਰੁ ੧ ॥

ਕਿਸੇ ਸਿੱਖ ਨੇ ਬੇਨਤੀ ਕੀਤੀ- ''ਚਾਰਿਆਂ ਜੁਗਾਂ ਦੇ ਧਰਮ ਕੇਹੜੇ ਕੇਹੜੇ ਹਨ?'' *ਗੁਰ ਉੱਤਰ-*

ਸਤਜੁਗਿ ਸਚੁ ਕਹੈ ਸਭੁ ਕੋਈ ॥ ਘਰਿ ਘਰਿ ਭਗਤਿ ਗੁਰਮੁਖਿ ਹੋਈ ॥

ਸਤਜੁਗ ਵਿਚ ਸਭ ਕੋਈ ਸੱਚ ਹੀ ਕਹਿੰਦਾ ਸੀ। ਗੁਰਮੁਖਾਂ ਦੇ ਘਰ-ਘਰ ਵਿਚ ਗੁਰਾਂ ਦੁਆਰੇ ਭਗਤੀ ਹੋ ਰਹੀ ਸੀ।

ਸਤਜੁਗਿ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥ ੧ ॥

ਸਤਜੁਗ ਵਿਚ ਧਰਮ ਦੇ ਚਾਰ ਪੈਰ ਹੈ ਸਨ (ਸਤ, ਜਗ, ਤਪ, ਦਾਨ)। ਪਰ ਇਸ ਵਿਚਾਰ ਨੂੰ ਗੁਰਾਂ ਦੁਆਰੇ ਕੋਈ ਵਿਰਲਾ ਗੁਰਮੁਖ ਹੀ ਸਮਝਦਾ ਹੈ॥ ੧॥

ਜੁਗ ਚਾਰੇ ਨਾਮਿ ਵਡਿਆਈ ਹੋਈ ॥

ਪ੍ਰਭੂ ਦੇ ਨਾਮ ਦੀ ਵਡਿਆਈ ਚਾਰਿਆਂ ਹੀ ਜੁਗਾਂ ਵਿਚ ਹੋ ਰਹੀ ਹੈ।

ਜਿ ਨਾਮਿ ਲਾਗੈ ਸੋ ਮੁਕਤਿ ਹੋਵੈ
ਗੁਰ ਬਿਨੁ ਨਾਮੁ ਨ ਪਾਵੈ ਕੋਈ ॥ ੧ ॥ ਰਹਾਉ ॥

ਜਿਹੜੇ ਨਾਮ-ਸਿਮਰਨ ਵਿਚ ਲੱਗਦੇ ਹਨ ਉਹ ਚਾਰਿਆਂ ਜੁਗਾਂ ਵਿਚ ਮੁਕਤ ਹੁੰਦੇ ਹਨ, ਪਰ ਪੂਰਿਆਂ ਗੁਰਾਂ ਤੋਂ ਬਿਨਾਂ ਨਾਮ-ਸਿਮਰਨ ਨੂੰ ਕੋਈ ਨਹੀਂ ਪਾਉਂਦਾ॥ ੧ ॥ ਰਹਾਉ ॥

ਤ੍ਰੈਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥

ਤਰੇਤੇ ਜੁਗ ਵਿਚ ਧਰਮ ਦੀ ਇਕ ਕਲ=ਸ਼ਕਤੀ ਦੂਰ ਕਰ ਦਿੱਤੀ, ਭਾਵ ਧਰਮ ਦਾ ਇਕ ਸੱਚ ਬੋਲਣ ਰੂਪ ਪੈਰ ਅਲੇਪ ਹੋ ਗਿਆ। ਪਖੰਡ ਦੇ ਵਰਤਣੇ ਕਰ ਕੇ ਹਰੀ ਨੂੰ ਦੂਰ ਜਾਣਨ ਲੱਗ ਪਏ।

ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥ ੨ ॥

ਤਰੇਤੇ ਜੁਗ ਵਿਚ ਜਿਹੜੇ ਗੁਰਮੁਖਿ=ਮੁਖੀ ਗੁਰਾਂ ਤੋਂ ਪੁੱਛਦੇ ਸਨ ਉਹਨਾਂ ਨੂੰ ਗਿਆਤ ਹੁੰਦੀ ਸੀ ਤੇ ਹਿਰਦੇ ਅੰਦਰ ਨਾਮ ਦੇ ਵਸਣ ਕਰ ਕੇ ਆਤਮਿਕ-ਸੁਖ ਦੀ ਪ੍ਰਾਪਤੀ ਹੁੰਦੀ ਸੀ॥ ੨ ॥

ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥

ਦੁਆਪੁਰ ਜੁਗ ਵਿਚ ਦੂਜੈ=ਦ੍ਵੈਤ ਭਾਵ ਕਰ ਕੇ ਦੁਬਿਧਾ=ਦੂਜੀ ਬਿਧ ਹੋ ਗਈ।

ਵਾ:-ਦੁਬਿਧਾ ਦੇ ਹੋਣ ਕਰ ਕੇ ਦੋ ਰਾਗ ਦ੍ਵੈਸ਼ ਹੋ ਗਏ। ਭਰਮ ਦੇ ਭੁਲਾਏ ਹੋਏ ਦੋਇ=ਦ੍ਵੈਤ ਨੂੰ ਹੀ ਜਾਣਦੇ ਹੋਏ।

ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥ ੩ ॥

ਦੁਆਪੁਰ ਜੁਗ ਵਿਚ ਪ੍ਰਭੂ ਨੇ ਧਰਮ ਦੇ ਦੋ ਪੈਰ ਤਪ ਤੇ ਦਾਨ ਇਹ ਜੀਵਾਂ ਪਾਸੋਂ ਰਖਾਏ ਹਨ। ਜਾਂ ਧਰਮ ਨੂੰ ਦੋ ਪੈਰਾਂ ਉੱਤੇ ਰਖਾਇਆ ਹੈ। ਜਿਹੜਾ ਕੋਈ ਗੁਰਮੁਖ ਹੁੰਦਾ ਹੈ, ਉਸ ਨੂੰ ਨਾਮ-ਸਿਮਰਨ ਦ੍ਰਿੜ੍ਹਾਉਂਦਾ

ਹੈ॥ ੩ ॥

ਕਲਜੁਗਿ ਧਰਮ ਕਲਾ ਇਕ ਰਹਾਏ ॥ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥

ਕਲਜੁਗ ਵਿਚ ਧਰਮ ਇਕ ਕਲਾ=ਸ਼ਕਤੀ ਪਰ ਰਹਿ ਗਿਆ ਇਕ ਦਾਨ ਰੂਪੀ ਪੈਰ ਉੱਤੇ ਚਲਦਾ ਹੋਇਆ, ਮਾਇਆ ਦਾ ਮੋਹ ਵਧ ਜਾਣ ਕਰ ਕੇ।

ਮਾਇਆ ਮੋਹੁ ਅਤਿ ਗੁਬਾਰੁ ॥ ਸਤਗੁਰੁ ਭੇਟੈ ਨਾਮਿ ਉਧਾਰੁ ॥ ੪ ॥

ਮਾਇਆ ਦੇ ਮੋਹ ਕਰ ਕੇ ਅਤਿਅੰਤ ਅਗਿਆਨ ਦਾ ਗਾੜ੍ਹਾ ਹਨੇਰਾ ਹੋ ਰਿਹਾ ਹੈ। ਸਤਿਗੁਰਾਂ ਨੂੰ ਮਿਲ ਕੇ ਨਾਮੀ ਦੇ ਨਾਮ ਨੂੰ ਜਪੇ ਤਾਂ ਇਸ ਦਾ ਤਰਨਾ ਹੁੰਦਾ ਹੈ॥ ੪॥

ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥

ਸਾਰਿਆਂ ਜੁਗਾਂ ਵਿਚ ਓਹੀ ਇਕ ਸੱਚਾ ਪ੍ਰਭੂ ਪੂਰਨ ਹੈ। ਉਹ ਸੱਚਾ ਸਾਰਿਆਂ ਵਿਚ ਸੱਤਾ ਸਫੁਰਤੀ ਦੇ ਰਿਹਾ ਹੈ, ਉਸ ਤੋਂ ਬਿਨਾਂ ਦੂਜਾ ਕੋਈ ਨਹੀਂ ਹੈ।

ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥ ੫ ॥

ਸੱਚੀ ਕੀਰਤੀ ਕਰਨ ਨਾਲ ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਗੁਰਾਂ ਦੁਆਰੇ ਕੋਈ ਵਿਰਲਾ ਹੀ ਗੁਰਮੁਖ ਨਾਮ ਨੂੰ ਕਥਨ ਕਰਦਾ ਹੈ॥ ੫॥

ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥

ਸਾਰਿਆਂ ਜੁਗਾਂ ਵਿਚ ਪ੍ਰਭੂ ਦਾ ਨਾਮ ਉੱਤਮ ਹੋ ਰਿਹਾ ਹੈ। ਉਸ ਨਾਮ ਨੂੰ ਕੋਈ ਵਿਰਲਾ ਹੀ ਗੁਰਮੁਖ ਸਮਝਦਾ ਹੈ।

ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥
ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥ ੬ ॥ ੧ ॥

ਜੋ ਹਰੀ ਨਾਮ ਨੂੰ ਧਿਆਉਂਦਾ ਹੈ, ਓਹੀ ਪੂਰਾ ਭਗਤ ਜਨ ਹੈ। ਗੁਰੂ ਜੀ ਕਥਨ ਕਰਦੇ ਹਨ- ਹਰੇਕ ਜੁਗ ਵਿਚ ਨਾਮੀ ਦੇ ਨਾਮ ਦੀ ਵਡਿਆਈ ਹੈ॥ ੬ ॥ ੧ ॥

ਰਾਮਕਲੀ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥
ਜੇ ਵਡ ਭਾਗ ਹੋਵਹਿ ਵਡਭਾਗੀ ਤਾ ਹਰਿ ਹਰਿ ਨਾਮੁ ਧਿਆਵੈ ॥

ਜੇ ਕਰ ਪੁਰਸ਼ ਦੇ ਵੱਡੇ ਭਾਗ ਹੋਣ ਤਾਂ ਵਡਭਾਗੀ ਗੁਰਾਂ ਨਾਲ ਮਿਲ ਕੇ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ।

ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿ ਨਾਮੇ ਨਾਮਿ ਸਮਾਵੈ ॥ ੧ ॥

ਸਤਿਨਾਮੁ ਜਪਦਾ ਰਹੇ ਤਾਂ ਨਾਮ ਦਾ ਸੁਖ ਪਾਉਂਦਾ ਹੈ ਅਤੇ ਨਾਮ ਜਪ ਕੇ ਹੀ ਹਰੀ ਨਾਮੀ ਵਿਚ ਸਮਾਵੈ=ਅਭੇਦ ਹੁੰਦਾ ਹੈ॥ ੧ ॥

ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ ॥

ਹੇ ਪ੍ਰਾਣੀ! ਗੁਰਾਂ ਦੁਆਰੇ ਤੁਸੀਂ ਸਦਾ ਭਗਤੀ ਕਰਦੇ ਰਹੋ।

ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ
ਗੁਰਮਤਿ ਹਰਿ ਹਰਿ ਨਾਮਿ ਸਮਾਣੀ ॥ ੧ ॥ ਰਹਾਉ ॥

ਗੁਰਮਤਿ=ਗੁਰ-ਸਿਖਿਆ ਦੁਆਰੇ ਹਰਿ ਹਰਿ ਨਾਮੀ ਦੇ ਨਾਮ ਜਪਣ ਵਿਚ ਬੁੱਧੀ ਸਮਾਈ ਤੇ ਲਿਵ ਲਾਗੈ=ਬਿਰਤੀ ਦੇ ਜੁੜ ਜਾਣ ਕਰ ਕੇ ਹਿਰਦੇ ਵਿਚ ਪ੍ਰਭੂ ਦਾ ਪ੍ਰਗਾਸੁ=ਗਿਆਨ ਹੁੰਦਾ ਹੈ ॥ ੧ ॥ ਰਹਾਉ ॥

ਹੀਰਾ ਰਤਨ ਜਵੇਹਰ ਮਾਣਕ ਬਹੁ ਸਾਗਰ ਭਰਪੂਰੁ ਕੀਆ ॥

ਹੀਰਾ=ਨਾਮ, ਰਤਨ=ਵੈਰਾਗ, ਜਵੇਹਰ=ਗਿਆਨ, ਮਾਣਕ=ਸ੍ਰਵਨ, ਮੰਨਣ, ਨਿਧਿਆਸਣ ਇਤਿਆਦਿਕ ਸ਼ੁਭ-ਗੁਣਾਂ ਨਾਲ ਗੁਰੂ ਰੂਪ ਸਮੁੰਦਰ ਨੂੰ ਪਰਮੇਸ਼ਰ ਨੇ ਬਹੁਤ ਹੀ ਭਰਪੂਰ ਕੀਤਾ ਹੋਇਆ ਹੈ।

ਜਿਸੁ ਵਡ ਭਾਗੁ ਹੋਵੈ ਵਡ ਮਸਤਕਿ
ਤਿਨਿ ਗੁਰਮਤਿ ਕਢਿ ਕਢਿ ਲੀਆ ॥ ੨ ॥

ਜਿਸ ਦੇ ਮੱਥੇ 'ਪਰ ਵੱਡਿਆਂ ਤੋਂ ਵੱਡੇ ਭਾਗ ਹੁੰਦੇ ਹਨ ਤਿਨਿ=ਉਸ ਨੇ ਗੁਰ-ਸਿਖਿਆ ਦੁਆਰੇ ਕੱਢਣ ਜੋਗ ਵਸਤੂ ਨੂੰ ਕੱਢ ਲੀਤਾ ਹੈ। ਵਾ:- ਗੁਰੂ ਰੂਪੀ ਕਢਿ=ਖਾਨ ਵਿੱਚੋਂ ਉਸ ਵਸਤੂ ਨੂੰ ਕੱਢ ਲੀਤਾ ਹੈ ॥ ੨ ॥

ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ ॥

ਰਤਨ, ਜਵੇਹਰ ਅਤੇ ਲਾਲ ਦੀ ਨਿਆਈਂ ਹਰੀ-ਨਾਮ ਅਮੋਲਕ ਹੈ, ਗੁਰਾਂ ਨੇ ਬੁੱਧੀ ਰੂਪ ਤਲੀ 'ਪਰ ਕੱਢ ਕੇ ਭਾਵ ਸਾਖਿਆਤਕਾਰ ਕਰ ਕੇ ਨਾਮ ਦਾ ਮਹਾਤਮ ਦਿਖਾਇਆ ਹੈ।

ਭਾਗ ਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ ॥ ੩ ॥

ਉਤਮ ਭਾਗਾਂ ਤੋਂ ਹੀਣ=ਰਹਿਤ ਮਨਮੁਖਾਂ ਨੇ ਅਮੋਲਕ ਪਦਾਰਥਾਂ ਨੂੰ ਨਹੀਂ ਲੀਤਾ, ਉਹਨਾਂ ਨੇ ਲੱਖਾਂ ਦੀ ਕੀਮਤ ਵਾਲੇ ਨਾਮ-ਪਦਾਰਥ ਨੂੰ ਵਿਸ਼ੇ-ਵਿਕਾਰਾਂ ਰੂਪੀ ਤ੍ਰਿਣ=ਕੱਖਾਂ ਦੇ ਓਲੈ=ਪਿੱਛੇ ਛਪਾਇਆ ਹੋਇਆ ਹੈ।

ਅਥਵਾ:- ਲਾਖੁ=ਲਖ ਸਰੂਪ ਪਰਮੇਸ਼ਰ ਨੂੰ ਪੰਜਾਂ ਕੋਸ਼ਾਂ ਰੂਪੀ ਤ੍ਰਿਣ ਦੇ ਓਲੈ=ਪਿੱਛੇ ਛਪਾਇਆ ਹੋਇਆ ਹੈ ॥ ੩ ॥

ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਗੁਰੁ ਸੇਵਾ ਲਾਏ ॥

ਜੇਕਰ ਮੱਥੇ 'ਪਰ ਧੁਰੋਂ ਚੰਗਾ ਭਾਗੁ=ਕਰਮ ਲਿਖਿਆ ਹੋਇਆ ਹੋਵੇ ਤਾਂ ਉਹ ਪ੍ਰਭੂ ਇਸ ਨੂੰ ਸਤਿਗੁਰੂ ਦੀ ਸੇਵਾ ਵਿਚ ਲਗਾਉਂਦਾ ਹੈ।

ਨਾਨਕ ਰਤਨ ਜਵੇਹਰ ਪਾਵੈ ਧਨੁ ਧਨੁ ਗੁਰਮਤਿ ਹਰਿ ਪਾਏ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਉਹ ਫਿਰ ਸੇਵਾ ਦੇ ਪ੍ਰਤਾਪ ਕਰ ਕੇ ਰਤਨ=ਵੈਰਾਗ ਤੇ ਜਵੇਹਰ=ਗਿਆਨ ਨੂੰ ਪਾਉਂਦਾ ਹੈ ਅਤੇ ਗੁਰ-ਸਿਖਿਆ ਦੁਆਰੇ ਹਰੀ ਨੂੰ ਪਾ ਕੇ ਧੰਨਤਾ ਦੇ ਜੋਗ ਹੁੰਦਾ ਹੈ ॥ ੪ ॥ ੧ ॥

ਰਾਮਕਲੀ ਮਹਲਾ ੪ ॥

ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥

www.sikhbookclub.com

ਜੋ ਰਾਮ ਦੇ ਸੰਤ ਜਨਾਂ ਨਾਲ ਮਿਲਿਆ ਹੈ ਉਸ ਨੂੰ ਅਨੰਦ=ਖੇੜਾ ਪ੍ਰਾਪਤ ਹੋਇਆ ਹੈ; ਕਿਉਂਕਿ ਸੰਤ ਜਨ ਹਰੀ ਦੀ ਨੀਕੀ=ਚੰਗੀ ਕਥਾ=ਸਿਫਤ-ਸਾਲਾਹ ਸੁਣਾਉਂਦੇ ਹਨ।

ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥ ੧ ॥

ਜਿਤਨੀ-ਕੁ ਦੁਰਮਤਿ=ਖੋਟੀ ਮਤ ਰੂਪੀ ਮੈਲ ਸੀ ਉਹ ਸਾਰੀ ਨਿਕਲ ਗਈ ਹੈ ਤੇ ਸਤਸੰਗਤ ਨਾਲ ਮਿਲਕੇ ਸ਼੍ਰੇਸ਼ਟ ਬੁੱਧੀ ਪਾਈ ਹੈ॥ ੧ ॥

[ਪੰਨਾ ੮੮੧]

ਰਾਮ ਜਨ ਗੁਰਮਤਿ ਰਾਮੁ ਬੋਲਾਇ ॥

ਰਾਮ ਦੇ ਸੰਤ ਜਨ ਗੁਰ-ਸਿਖਿਆ ਦੁਆਰੇ ਰਾਮ ਨਾਮ ਨੂੰ ਬੁਲਾਉਂਦੇ ਹਨ।

ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥ ੧ ॥ ਰਹਾਉ ॥

ਜੋ ਜੋ ਪੁਰਸ਼ ਸੰਤਾਂ ਤੋਂ ਬਚਨ ਸੁਣਦਾ ਹੈ ਤੇ ਨਾਮ ਨੂੰ ਕਹਿੰਦਾ ਹੈ ਉਹ ਮੁਕਤ ਰੂਪ ਹੁੰਦਾ ਹੈ, ਰਾਮ ਰਾਮ ਜਪਦਿਆਂ ਹੀ ਇਹ ਜੀਵ ਸੁਭਾਇਮਾਨ ਹੁੰਦਾ ਹੈ॥ ੧ ॥ ਰਹਾਉ ॥

ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥

ਜੇਕਰ ਮੱਥੇ 'ਪਰ ਸਭ ਤੋਂ ਵੱਡੇ ਮੁਖੀ ਭਾਗ ਹੋਣ ਤਾਂ ਹਰੀ ਰਾਮ ਦੇ ਸੰਤ ਜਨਾਂ ਨਾਲ ਭੇਟਾਇ=ਮਿਲਾਪ ਹੁੰਦਾ ਹੈ।

ਦਰਸਨੁ ਸੰਤ ਦੇਹੁ ਕਰਿ ਕਿਰਪਾ ਸਭੁ ਦਾਲਦੁ ਦੁਖੁ ਲਹਿ ਜਾਇ ॥ ੨ ॥

ਤਾਂ ਤੇ ਹੇ ਹਰੀ ! ਕਿਰਪਾ ਕਰ ਕੇ ਸੰਤਾਂ ਦਾ ਦਰਸ਼ਨ ਦੇਣਾ ਕਰੋ, ਜਿਸ ਦਰਸ਼ਨ ਨਾਲ ਸਾਰਾ ਦਲਿਦ੍ਰ ਅਤੇ ਦੁੱਖ ਲਹਿ ਜਾਵੇ॥ ੨ ॥

ਹਰਿ ਕੇ ਲੋਗ ਰਾਮ ਜਨ ਨੀਕੇ ਭਾਗ ਹੀਣ ਨ ਸੁਖਾਇ ॥

ਤਮਾਮ ਲੋਕਾਂ ਵਿੱਚੋਂ ਹਰੀ-ਰਾਮ ਦੇ ਸੰਤ ਜਨ ਨੀਕੇ=ਚੰਗੇ ਹਨ, ਪਰ ਭਾਗ ਹੀਣ ਪੁਰਸ਼ਾਂ ਨੂੰ ਸੁਖਾਇ ਨ=ਚੰਗੇ ਨਹੀਂ ਲੱਗਦੇ।

ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥ ੩ ॥

ਜਿਉ ਜਿਉ=ਜਿਵੇਂ ਜਿਵੇਂ ਸੰਤ ਜਨ ਉੱਚੀ ਸੁਰ ਨਾਲ ਰਾਮ ਨਾਮ ਨੂੰ ਕਹਿੰਦੇ ਹਨ, ਤਿਵੇਂ-ਤਿਵੇਂ ਨਿੰਦਕ ਪੁਰਸ਼ਾਂ ਨੂੰ ਸੱਪ ਦੇ ਡੰਗ ਵਾਂਗ ਲੱਗਦਾ ਹੈ ਭਾਵ ਰਾਮ ਨਾਮ ਸੁਣ ਕੇ ਬਹੁਤ ਦੁੱਖੀ ਹੁੰਦੇ ਹਨ॥ ੩ ॥

ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥

ਨਿੰਦਕ ਪੁਰਸ਼ਾਂ ਨੂੰ ਮਨ, ਬਾਣੀ, ਸਰੀਰ ਕਰ ਕੇ ਧਿਰਕਾਰ ਹੈ; ਜਿਨ੍ਹਾਂ ਨੂੰ ਸੰਤ ਜਨ ਚੰਗੇ ਨਹੀਂ ਲੱਗੇ, ਜੋ ਸੰਤ ਹਰੀ ਦੇ ਸਖਾ=ਮਿੱਤਰ ਹਨ ਤੇ ਦਾਸਾਂ ਦੀ ਸਖਾਇ=ਸਹਾਇਤਾ ਕਰਨ ਵਾਲੇ ਹਨ।

ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥ ੪ ॥

ਉਹ ਹਰੀ ਦੇ ਚੋਰ ਹਨ ਅਤੇ ਉਹਨਾਂ ਬੇ-ਮੁਖਾਂ ਦੇ ਮੂੰਹ ਕਾਲੇ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਗੁਰਾਂ ਦੀ

ਪੈਜ=ਪੈਜ=ਆਬਰੂ (ਪ੍ਰਭੁ ਗਿਆ) ਨਹੀਂ ਭਾਉਂਦੀ॥ ੪॥

ਦਇਆ ਦਇਆ ਕਰਿ ਰਾਖਹੁ ਹਰਿ ਜੀਉ ਹਮ ਦੀਨ ਤੇਰੀ ਸਰਣਾਇ॥

ਹੇ ਦਇਆ ਦੀ ਆਕਰਿ=ਖਾਨ ਹਰਿ ਜੀਉ! ਦਇਆ ਦ੍ਰਿਸ਼ਟੀ ਕਰ ਕੇ ਰੱਖ ਲਓ, ਅਸੀਂ ਦੀਨ ਮਨ ਹੋਕੇ ਆਪ ਜੀ ਦੀ ਸ਼ਰਨ ਵਿਚ ਆਏ ਹਾਂ।

ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ॥੫॥੨॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਆਪ ਮੇਰੇ ਪਿਤਾ ਰੂਪ ਹੋ, ਅਸੀਂ ਆਪ ਜੀ ਦੇ ਪੁੱਤਰ ਹਾਂ, ਮੈਂ ਸੇਵਕ ਜਨ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲਓ॥ ੫॥ ੨॥

ਰਾਮਕਲੀ ਮਹਲਾ ੪॥

ਹਰਿ ਕੇ ਸਖਾ ਸਾਧ ਜਨ ਨੀਕੇ ਤਿਨ ਊਪਰਿ ਹਾਥੁ ਬਤਾਵੈ॥

ਹਰੀ ਦੇ ਸਖਾ=ਮਿੱਤਰ ਜੋ ਨੀਕੇ=ਚੰਗੇ ਸੰਤ ਜਨ ਹਨ, ਉਹਨਾਂ ਦੇ ਉੱਪਰ ਪ੍ਰਭੂ ਕਿਰਪਾ ਦਾ ਹੱਥ ਬਤਾਵੈ=ਫੇਰਦਾ ਹੈ, ਭਾਵ ਉਹਨਾਂ ਦੀ ਚੰਗੀ ਤਰ੍ਹਾਂ ਰੱਖਿਆ ਕਰਦਾ ਹੈ।

ਗੁਰਮੁਖਿ ਸਾਧ ਸੇਈ ਪ੍ਰਭ ਭਾਏ ਕਰਿ ਕਿਰਪਾ ਆਪਿ ਮਿਲਾਵੈ॥੧॥

ਜੋ ਗੁਰਮੁਖ ਸੰਤ ਹਨ ਓਹੀ ਪ੍ਰਭੂ ਨੂੰ ਭਾਏ=ਚੰਗੇ ਲੱਗੇ ਹਨ, ਪ੍ਰਭੂ ਕਿਰਪਾ ਕਰ ਕੇ ਉਹਨਾਂ ਨੂੰ ਆਪਣੇ ਨਾਲ ਮਿਲਾਉਂਦਾ ਹੈ॥ ੧॥

ਰਾਮ ਮੋਕਉ ਹਰਿ ਜਨ ਮੇਲਿ ਮਨਿ ਭਾਵੈ॥

ਹੇ ਹਰੀ ਰਾਮ! ਮੈਨੂੰ ਸੰਤ ਜਨਾਂ ਨਾਲ ਮੇਲਣਾ ਕਰ, ਕਿਉਂਕਿ ਉਹਨਾਂ ਦਾ ਮੇਲ ਹੀ ਮੇਰੇ ਮਨ ਵਿਚ ਭਾਵੈ=ਭਾਉਂਦਾ ਹੈ।

ਅਮਿਉ ਅਮਿਉ ਹਰਿ ਰਸੁ ਹੈ ਮੀਠਾ
ਮਿਲਿ ਸੰਤ ਜਨਾ ਮੁਖਿ ਪਾਵੈ॥੧॥ ਰਹਾਉ॥

ਅੰਮ੍ਰਿਤਾਂ ਦੇ ਵਿੱਚੋਂ ਹਰੀ ਨਾਮ ਰੂਪੀ ਅੰਮ੍ਰਿਤ-ਰਸ ਮਿੱਠਾ ਹੈ, ਸੰਤ ਜਨਾਂ ਨਾਲ ਮਿਲ ਕੇ ਮੂੰਹ ਵਿਚ ਪਾਉਣਾ ਕਰੇ॥ ੧॥ ਰਹਾਉ॥

ਹਰਿ ਕੇ ਲੋਗ ਰਾਮ ਜਨ ਊਤਮ ਮਿਲਿ ਊਤਮ ਪਦਵੀ ਪਾਵੈ॥

ਹਰੀ-ਰਾਮ ਦੇ ਲੋਗ ਸੰਤ ਜਨ ਉੱਤਮ ਹਨ, ਜਾਂ ਲੋਕਾਂ ਵਿੱਚੋਂ ਹਰੀ-ਰਾਮ ਦੇ ਸੰਤ ਜਨ ਉੱਤਮ ਹਨ, ਉਹਨਾਂ ਨਾਲ ਜੋ ਮਿਲਿਆ ਹੈ ਉਹ ਉੱਤਮ ਆਤਮ-ਪਦਵੀ ਨੂੰ ਪਾਉਂਦਾ ਹੈ।

ਹਮ ਹੋਵਤ ਚੇਰੀ ਦਾਸ ਦਾਸਨ ਕੀ ਮੇਰਾ ਠਾਕੁਰੁ ਖੁਸੀ ਕਰਾਵੈ॥੨॥

ਜੋ ਦਾਸਾਂ ਦੇ ਦਾਸ ਹਨ ਮੈਂ ਉਹਨਾਂ ਦੀ ਚੇਰੀ=ਦਾਸੀ ਹੁੰਦੀ ਹਾਂ ਤਾਂ ਕਿ ਮੇਰਾ ਠਾਕੁਰੁ=ਸੁਆਮੀ ਪਰਮਾਤਮਾ ਮੇਰੇ 'ਪਰ ਖੁਸ਼ੀ ਕਰਾਵੈ=ਕਰੇ ਭਾਵ ਪ੍ਰਸੰਨ ਰਹੇ।

ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ॥

ਮਨ ਤਨ ਵਿਚ ਪ੍ਰੀਤੀ ਲਗਾ ਕੇ ਜੋ ਸੇਵਕ ਜਨ ਹਿਰਦੇ ਕਰ ਕੇ ਪ੍ਰਭੂ ਦੇ ਸੇਵਕ ਜਨ=ਸੰਤ ਜਨਾਂ ਨੂੰ ਸੇਂਵਦੇ ਹਨ ਉਹ ਵੱਡਿਆਂ ਭਾਗਾਂ ਵਾਲੇ ਹਨ।

ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ॥ ੩॥

ਜੋ ਪੁਰਸ਼ ਪ੍ਰੀਤੀ ਤੋਂ ਬਿਨਾਂ ਬਹੁਤੀਆਂ ਸੰਸਾਰਕ ਗੱਲਾਂ ਕਰਦੇ ਹਨ ਤੇ ਝੂਠ ਨੂੰ ਬੋਲਦੇ ਹਨ, ਉਹ ਕੂੜੋ=ਝੂਠੇ ਹੀ ਫਲ ਨੂੰ ਪਾਉਂਦੇ ਹਨ॥ ੩॥

ਮੋਕਉ ਧਾਰਿ ਕ੍ਰਿਪਾ ਜਗਜੀਵਨ ਦਾਤੇ ਹਰਿ ਸੰਤ ਪਗੀ ਲੇ ਪਾਵੈ॥

ਹੇ ਜਗਜੀਵਨ ਦਾਤੇ=ਹਰੀ ! ਮੇਰੇ 'ਪਰ ਕਿਰਪਾ ਦ੍ਰਿਸ਼ਟੀ ਧਾਰਿ-ਕਰਕੇ ਮੈਨੂੰ ਲੈ ਕੇ ਸੰਤਾਂ ਦੀ ਚਰਨੀਂ ਪਾਉਣਾ ਕਰ।

ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ
ਜਿਤੁ ਨਾਨਕ ਸੰਤੁ ਚੜਿ ਆਵੈ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ—ਹਉ=ਮੈਂ ਕੱਟਣ ਵਾਲਾ ਹੋ ਕੇ ਬਾਢਿ=ਤਲਵਾਰ ਨਾਲ ਸਿਰ ਕੱਟ ਕੇ ਉਸ ਬਿਖੜੇ ਅਸਥਾਨ 'ਪਰ ਰੱਖਦਾ ਹਾਂ, ਜਿਸ ਉੱਤੇ ਚੜ੍ਹ ਕੇ ਸੰਤ ਜਨ ਸੌਖੇ ਹੀ ਆ ਜਾਣ। ਭਾਵ- ਸੰਤਾਂ 'ਪਰ ਮੈਂ ਅਤਿਅੰਤ ਸ਼ਰਧਾ ਰੱਖਦਾ ਹਾਂ। *ਅਥਵਾ:-* ਮੈਂ ਕੱਟਣੇ ਵਾਲਾ ਹੋ ਕੇ ਨਾਮ ਜਾਂ ਗਿਆਨ ਰੂਪੀ ਬਾਢਿ=ਤਲਵਾਰ ਨਾਲ ਸਿਰੁ=ਹੰਕਾਰ ਨੂੰ ਕੱਟ ਰੱਖਦਾ ਹਾਂ, ਇਸ ਕਰ ਕੇ ਸੰਤੁ=ਸ਼ਾਂਤ ਆਤਮਾ ਹਰੀ ਚੜਿ ਆਵੈ=ਸਾਖਿਆਤਕਾਰ ਹੋ ਜਾਵੇ॥ ੪॥ ੩॥

ਰਾਮਕਲੀ ਮਹਲਾ ੪॥

ਇਕ ਸਿੱਖ ਨੇ ਬੇਨਤੀ ਕੀਤੀ- ''ਸੰਸਾਰ-ਸਾਗਰ ਤੋਂ ਕਿਵੇਂ ਤਰਨਾ ਹੁੰਦਾ ਹੈ?'' *ਗੁਰ ਉੱਤਰ:-*

ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ॥

ਹੇ ਮੇਰੇ ਪਿਆਰਿਓ ! ਜੇਕਰ ਵੱਡਿਆਂ ਤੋਂ ਵੱਡੇ ਭਾਗ ਹੋਣ ਤਾਂ ਸੰਤ ਜਨਾਂ ਨਾਲ ਮਿਲਦਿਆਂ ਢਿਲ=ਦੇਰੀ ਨਾ ਲਗਾਈਏ।

ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ॥ ੧॥

ਹਰੀ ਦੇ ਸੰਤ ਜਨ ਸੰਸਾਰ ਵਿਚ ਨੀਕੇ=ਭਲੀ ਪ੍ਰਕਾਰ ਨਾਮ-ਅੰਮ੍ਰਿਤ ਦੇ ਸਰ=ਤਲਾਅ ਹਨ, ਜਾਂ ਨਾਮ-ਅੰਮ੍ਰਿੰਤ ਕੁੰਟ ਦੇ ਸਰ=ਸਦਰਸ ਹਨ, ਵਡਭਾਗੀ ਪੁਰਸ਼ ਹੀ ਤਿਸ ਨਾਮ-ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਹਨ॥ ੧॥

ਇਸ ਤਰ੍ਹਾਂ ਬੇਨਤੀ ਕਰੋ-

ਰਾਮ ਮੋਕਉ ਹਰਿਜਨ ਕਾਰੈ ਲਾਈਐ॥

ਹੇ ਰਾਮ ! ਮੈਨੂੰ ਭੀ ਹਰੀ ਦੇ ਸੰਤ ਜਨਾਂ ਦੀ ਸੇਵਾ ਰੂਪੀ ਕਾਰ ਵਿਚ ਲਗਾਉਣਾ ਕਰ।

ਹਉ ਪਾਣੀ ਪਖਾ ਪੀਸਉ ਸੰਤ ਆਗੈ
ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥ ੧ ॥ ਰਹਾਉ ॥

ਹਉ=ਮੈਂ ਸੰਤਾਂ ਦੇ ਅੱਗੇ ਪਾਣੀ ਢੋਵਾਂਗਾ, ਪੱਖਾ ਫੇਰਾਂਗਾ, ਚੱਕੀ ਪੀਹਾਂਗਾ ਅਤੇ ਸੰਤਾਂ ਦੇ ਚਰਨਾਂ ਨੂੰ ਮਲ-ਮਲ ਕੇ ਚਰਨ-ਧੂੜੀ ਨੂੰ ਮੂੰਹ ਪਰ ਲਾਵਾਂਗਾ ॥ ੧ ॥ ਰਹਾਉ ॥

ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥

ਹਰੀ ਦੇ ਸੰਤ ਜਨ ਮਨ ਕਰ ਕੇ ਵੱਡੇ ਹਨ ਬਾਣੀ ਕਰ ਕੇ ਵੱਡੇ ਹਨ, ਸਰੀਰ ਕਰ ਕੇ ਭੀ ਵਡ=ਬੜੇ ਉੱਚੇ ਹਨ, *ਅਥਵਾ:-* ਮਨੁੱਖਾ ਤੋਂ ਵੱਡੇ ਬਾਦਸ਼ਾਹ ਹਨ, ਬਾਦਸ਼ਾਹਾਂ ਤੋਂ ਵੱਡੇ ਦੇਵਤੇ ਹਨ, ਦੇਵਤਿਆਂ ਤੋਂ ਵੱਡੇ ਬ੍ਰਹਮਾ ਆਦਿਕ ਹਨ ਹਰੀ ਦੇ ਸੰਤ ਜਨ ਉਹਨਾਂ ਤੋਂ ਭੀ ਉੱਚੇ ਹਨ।

ਯਥਾ:- ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ *(ਸੁਖਮਨੀ. ਪੰਨਾ ੨੭੩)*

ਜੋ ਸੰਤ ਪੂਰਿਆਂ ਸਤਿਗੁਰਾਂ ਦੇ ਮੇਲ ਨਾਲ ਮਿਲਾਉਂਦੇ ਹਨ।

ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥ ੨ ॥

ਸਤਿਗੁਰੂ ਜੇਵਡੁ=ਜੇਡਾ ਵੱਡਾ ਹੋਰ ਕੋਈ ਨਹੀਂ ਹੈ, ਇਸ ਲਈ ਸਤਿਗੁਰਾਂ ਨਾਲ ਮਿਲ ਕੇ ਅਕਾਲ ਪੁਰਖ ਨੂੰ ਧਿਆਉਣਾ ਕਰੀਏ ॥ ੨ ॥

ਸਤਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ ਰਖਾਈਐ ॥

ਜੋ ਸਤਿਗੁਰਾਂ ਦੀ ਸ਼ਰਨ ਵਿਚ ਪਏ ਹਨ ਉਹਨਾਂ ਨੇ ਸਰੂਪ ਦਾ ਗਿਆਨ ਪਾਇਆ ਹੈ, ਮੇਰੇ ਠਾਕੁਰ=ਸੁਆਮੀ ਪਰਮਾਤਮਾ ਨੇ ਉਹਨਾਂ ਦੀ ਲੱਜਾ ਆਪ ਰੱਖਣਾ ਕੀਤੀ ਹੈ। ਜਾਂ ਇੰਜ ਬੇਨਤੀ ਕਰੇ ਹੇ ਮੇਰੇ ਠਾਕੁਰ ! ਆਪ ਮੇਰੀ ਭੀ ਲੱਜਾ ਰੱਖਣਾ ਕਰੋ।

ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ
ਜਿਉ ਬਗੁਲ ਸਮਾਧਿ ਲਗਾਈਐ ॥ ੩ ॥

ਇਕ ਅਜੇਹੇ ਮਨੁੱਖ ਹਨ ਜੋ ਆਪਣੇ ਸੁਆਇ=ਪਰਯੋਜਨ (ਮਤਲਬ) ਵਾਸਤੇ ਗੁਰਾਂ ਦੇ ਅੱਗੇ ਆ ਕੇ ਬੈਠਦੇ ਹਨ ਤੇ ਬਗਲੇ ਵਾਂਗੂ ਸਮਾਧੀ ਲਗਾਈ ਰੱਖਦੇ ਹਨ ॥ ੩ ॥

ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੁ ਮੁਖਿ ਲਾਈਐ ॥

ਨੀਚ ਪੁਰਸ਼ਾਂ ਦੀ ਜਿਹੜੀ ਸੰਗਤ ਹੈ ਇਹ ਬਗਲੇ ਤੇ ਕਾਗ=ਕਾਂ ਵਰਗੀ ਹੈ, ਜਿਵੇਂ ਬਗਲਾ ਕਰੰਗ=ਮੱਛੀ ਨੂੰ ਜਾ ਕੇ ਫੜਦਾ ਹੈ, ਤਿਵੇਂ ਨੀਚ ਪੁਰਸ਼ ਪਰ-ਇਸਤ੍ਰੀਆਂ ਰੂਪ ਮੱਛੀਆਂ ਨੂੰ ਫੜਦਾ ਹੈ ਅਤੇ ਜਿਵੇਂ ਕਾਂ ਮੂੰਹ ਵਿਚ ਬਿਖੁ=ਗੰਦਗੀ ਨੂੰ ਖਾਂਦਾ ਹੈ, ਤਿਵੇਂ ਨੀਚ ਪੁਰਸ਼ ਵਿਸ਼ਿਆਂ ਰੂਪ ਗੰਦਗੀ ਵਿਚ ਲੱਗਦੇ ਹਨ।

ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ—(ਇਸ ਤਰ੍ਹਾਂ ਬੇਨਤੀ ਕਰੋ) ਹੇ ਪ੍ਰਭੂ ! ਸਾਨੂੰ ਸਤਸੰਗਤ ਦੇ ਮੇਲ ਵਿਚ

ਮੇਲਣਾ ਕਰੋ, ਸਤਸੰਗਤ ਵਿਚ ਮਿਲਾ ਕੇ ਹੰਸ ਵਾਂਗੂ ਕਰ ਦਿਓ ਅਰਥਾਤ ਤੱਤ ਮਿਥਿਆ ਦੇ ਵਿਵੇਚਨ ਕਰਨ ਵਾਲੇ ਹੋਂ ਜਾਈਏ॥ ੪॥ ੪॥

[ਪੰਨਾ ੮੮੨]

ਰਾਮਕਲੀ ਮਹਲਾ ੪॥

ਸਤਗੁਰ ਦਇਆ ਕਰਹੁ ਹਰਿ ਮੇਲਹੁ ਮੇਰੇ ਪ੍ਰੀਤਮ ਪ੍ਰਾਣ ਹਰਿ ਰਾਇਆ॥

ਹੇ ਸਤਿਗੁਰੋ! ਦਇਆ ਦ੍ਰਿਸ਼ਟੀ ਕਰ ਕੇ ਮੈਨੂੰ ਹਰੀ ਨਾਲ ਮੇਲਣਾ ਕਰੋ, ਕਿਉਂਕਿ ਹਰੀ ਰਾਜਾ ਮੇਰੇ ਪ੍ਰਾਣਾਂ ਦਾ ਪ੍ਰੀਤਮ=ਪਿਆਰਾ ਹੈ।

ਹਮ ਚੇਰੀ ਹੋਇ ਲਗਹ ਗੁਰ ਚਰਣੀ
ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਾਇਆ॥ ੧॥

ਮੈਂ ਚੇਰੀ=ਦਾਸੀ ਹੋ ਕੇ ਉਹਨਾਂ ਗੁਰਾਂ ਦੀ ਚਰਨੀਂ ਲਗਹ=ਲੱਗਦੀ ਹਾਂ, ਜਿਨ੍ਹਾਂ ਗੁਰਾਂ ਨੇ ਹਰੀ-ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ ਪੰਥੁ=ਖੁਲ੍ਹਾ ਰਸਤਾ ਵਿਖਾਇਆ ਹੈ। ਜਾਂ ਜਿਨ੍ਹਾਂ ਗੁਰਾਂ ਨੇ ਮਾਰਗਾਂ ਵਿੱਚੋਂ ਹਰੀ-ਪ੍ਰਭੂ ਦੀ ਪ੍ਰਾਪਤੀ ਦਾ ਗਿਆਨ-ਭਗਤੀ ਰੂਪੀ ਪੰਥੁ=ਰਸਤਾ ਵਿਖਾਇਆ ਹੈ, ਮੈਂ ਦਾਸੀ ਹੋ ਕੇ ਉਹਨਾਂ ਗੁਰਾਂ ਦੀ ਚਰਨੀਂ ਲੱਗਦੀ ਹਾਂ॥ ੧॥

ਰਾਮ ਮੈ ਹਰਿ ਹਰਿ ਨਾਮੁ ਮਨਿ ਭਾਇਆ॥

ਹੇ ਰਾਮ ਸਰੂਪ ਗੁਰੋ ! ਮੇਰੇ ਮਨ ਵਿਚ ਹਰਿ ਹਰਿ ਨਾਮ ਦਾ ਸਿਮਰਨ ਕਰਨਾ ਹੀ ਭਾਇਆ=ਚੰਗਾ ਲੱਗਾ ਹੈ।

ਮੈ ਹਰਿ ਬਿਨੁ ਅਵਰੁ ਨ ਕੋਈ ਬੇਲੀ ਮੇਰਾ ਪਿਤਾ ਮਾਤਾ ਹਰਿ ਸਖਾਇਆ॥

ਹਰੀ ਤੋਂ ਬਿਨਾਂ ਮੇਰਾ ਹੋਰ ਕੋਈ ਬੇਲੀ=ਮਿੱਤਰ ਨਹੀਂ ਹੈ, ਮੇਰਾ ਮਾਂ ਪਿਓ ਹਰੀ ਹੈ ਅਤੇ ਮੇਰੀ ਸਹਾਇਤਾ ਕਰਨ ਵਾਲਾ ਭੀ ਹਰੀ ਹੈ।

ਮੇਰੇ ਇਕੁ ਖਿਨੁ ਪ੍ਰਾਨ ਨ ਰਹਹਿ ਬਿਨੁ ਪ੍ਰੀਤਮ
ਬਿਨੁ ਦੇਖੇ ਮਰਹਿ ਮੇਰੀ ਮਾਇਆ॥

ਹੇ ਮੇਰੀ ਮਾਇਆ=ਮਾਤਾ ਰੂਪ ਗੁਰੋ! ਪ੍ਰੀਤਮ=ਪ੍ਰਭੂ ਤੋਂ ਬਿਨਾਂ ਮੇਰੇ ਪ੍ਰਾਣ ਇਕ ਛਿਨ ਮਾਤਰ ਭੀ ਨਹੀਂ ਰਹਿ ਸਕਦੇ, ਉਸ ਦੇ ਵੇਖੇ ਤੋਂ ਬਿਨਾਂ ਮੇਰਾ ਮਰਨਾ ਹੁੰਦਾ ਹੈ।

ਧਨੁ ਧਨੁ ਵਡ ਭਾਗ ਗੁਰ ਸਰਣੀ ਆਏ
ਹਰਿ ਗੁਰ ਮਿਲਿ ਦਰਸਨੁ ਪਾਇਆ॥ ੨॥

ਜੋ ਪੁਰਸ਼ ਭੀ ਗੁਰੂ ਦੀ ਸ਼ਰਨ ਵਿਚ ਆਏ ਹਨ ਉਹ ਧੰਨਤਾ ਜੋਗ ਵੱਡਿਆਂ ਭਾਗਾਂ ਵਾਲੇ ਹਨ, ਵਡਭਾਗੀਆਂ ਨੇ ਗੁਰਾਂ ਨਾਲ ਮਿਲ ਕੇ ਹਰੀ ਦਾ ਦਰਸ਼ਨ ਪਾਇਆ ਹੈ॥ ੨॥

ਮੈ ਅਵਰੁ ਨ ਕੋਈ ਸੂਝੈ ਬੂਝੈ ਮਨਿ ਹਰਿ ਜਪੁ ਜਪਉ ਜਪਾਇਆ॥

ਮੈਨੂੰ ਹੋਰ ਕੋਈ ਸੂਝੈ=ਨਿਗਾਹ ਨਹੀਂ ਆਉਂਦਾ ਜਿਸ ਪਾਸੋਂ ਮੈਂ ਬੂਝੈ=ਪੁੱਛਾਂ, ਮੈਂ ਤਾਂ ਮਨ ਵਿੱਚ ਗੁਰਾਂ ਦਾ ਜਪਾਇਆ ਹੋਇਆ ਹਰੀ-ਜਪ ਨੂੰ ਜਪਦਾ ਹਾਂ।

ਨਾਮ ਹੀਣ ਫਿਰਹਿ ਸੇ ਨਕਟੇ ਤਿਨ ਘਸਿ ਘਸਿ ਨਕ ਵਢਾਇਆ॥ ੩॥

ਜੋ ਨਾਮ-ਸਿਮਰਨ ਤੋਂ ਰਹਿਤ ਹਨ, ਉਹ ਇਸ ਲੋਕ ਵਿਚ ਨਕਟੇ=ਜਸ ਰੂਪ ਨੱਕ ਕੱਟੇ ਫਿਰਦੇ ਹਨ, ਪੁਨਾ ਪ੍ਰਲੋਕ ਵਿਚ ਭੀ ਧਰਮ ਰਾਜਾ ਨੇ ਆਪਣੇ ਜਮਦੂਤਾਂ ਪਾਸੋਂ ਉਨ੍ਹਾਂ ਦਾ ਨੱਕ ਘਸਿ ਘਸਿ=ਰਗੜ-ਰਗੜ ਕੇ ਕਟਾਇਆ ਹੈ ਭਾਵ ਸ਼ਰਮਿੰਦਾ ਕੀਤਾ ਹੈ॥ ੩॥

ਮੋਕਉ ਜਗਜੀਵਨ ਜੀਵਾਲਿ ਲੈ ਸੁਆਮੀ ਰਿਦ ਅੰਤਰਿ ਨਾਮੁ ਵਸਾਇਆ॥

ਹੇ ਜਗਜੀਵਨ ਸੁਆਮੀ ! ਮੈਨੂੰ ਜਿਵਾਲ ਲੈ, ਕਿਉਂਕਿ ਮੈਂ ਗੁਰਾਂ ਦੁਆਰੇ ਹਿਰਦੇ ਅੰਦਰ ਆਪ ਜੀ ਦਾ ਨਾਮ ਵਸਾਇਆ ਹੋਇਆ ਹੈ।

ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ- ਜੋ ਗੁ=ਅਗਿਆਨ ਦੇ ਹਨੇਰੇ ਵਿਚ ਰੂ=ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਪੂਰਾ ਗੁਰੂ ਹੈ, ਉਸ ਸਤਿਗੁਰੂ ਨਾਲ ਮਿਲ ਕੇ ਮੈਂ ਨਾਮ ਨੂੰ ਧਿਆਉਣਾ ਕੀਤਾ ਹੈ। *ਅਥਵਾ:-* ਜਿਸ ਨੇ ਸਤਿਗੁਰਾਂ ਨਾਲ ਮਿਲ ਕੇ ਨਾਮ ਧਿਆਉਣਾ ਕੀਤਾ ਹੈ, ਉਹ ਗੁਰੂ=ਵੱਡਿਆਂ ਤੋਂ ਵੱਡਾ ਗੁਰੂ ਹੈ ਤੇ ਸ਼ੁਭ-ਗੁਣਾਂ ਕਰ ਕੇ ਪੂਰਨ ਹੈ॥ ੪॥ ੫॥

ਰਾਮਕਲੀ ਮਹਲਾ ੪॥

ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ ਜਿਤੁ ਮਿਲਿਐ ਹਰਿ ਉਰ ਧਾਰੇ॥

ਸਤਿਗੁਰੂ ਸਭ ਪਦਾਰਥਾਂ ਦਾ ਦਾਤਾ ਹੈ ਤੇ ਵੱਡਿਆਂ ਤੋਂ ਵੱਡਾ ਪੁਰਖ ਹੈ, ਜਿਸ ਗੁਰੂ ਨਾਲ ਮਿਲ ਕੇ ਮੈਂ ਹਰੀ ਦੇ ਨਾਮ ਹਿਰਦੇ ਵਿਚ ਧਾਰੇ ਹਨ।

ਜੀਅ ਦਾਨੁ ਗੁਰਿ ਪੂਰੈ ਦੀਆ ਹਰਿ ਅੰਮ੍ਰਿਤ ਨਾਮੁ ਸਮਾਰੇ॥ ੧॥

ਪੂਰਿਆਂ ਗੁਰਾਂ ਨੇ ਮੈਨੂੰ ਜੀਵਨ ਦਾਨ ਦਿੱਤਾ ਹੈ, ਗੁਰਾਂ ਦੁਆਰੇ ਹੀ ਅੰਮ੍ਰਿਤ ਰੂਪ ਹਰੀ ਦੇ ਨਾਮ ਸੰਭਾਲੇ ਹਨ॥ ੧॥

ਰਾਮ ਗੁਰਿ ਹਰਿ ਹਰਿ ਨਾਮੁ ਕੰਠਿ ਧਾਰੇ॥

ਰਾਮ=ਹੇ ਭਾਈ ! ਗੁਰਾਂ ਦੁਆਰੇ ਹਰਿ ਹਰਿ ਨਾਮ ਮੈਂ ਕੰਠਿ=ਗਲ ਵਿਚ ਧਾਰੇ ਹਨ।

ਗੁਰਮੁਖਿ ਕਥਾ ਸੁਣੀ ਮਨਿ ਭਾਈ ਧਨੁ ਧਨੁ ਵਡ ਭਾਗ ਹਮਾਰੇ॥੧॥ਰਹਾਉ॥

ਗੁਰਾਂ ਦੁਆਰੇ ਨਾਮ ਦੀ ਕਥਾ ਸੁਣੀ ਤਾਂ ਮੇਰੇ ਮਨ ਵਿਚ ਭਾ ਗਈ, ਇਸ ਤੇ ਅਸਾਂ ਨੇ ਜਾਣਿਆ ਹੈ ਕਿ ਸਾਡੇ ਭਾਗ (ਮਨ, ਬਾਣੀ ਕਰ ਕੇ) ਬੜੇ ਧੰਨਤਾ ਜੋਗ ਹਨ॥ ੧॥ ਰਹਾਉ॥

ਕੋਟਿ ਕੋਟਿ ਤੇਤੀਸ ਧਿਆਵਹਿ ਤਾ ਕਾ ਅੰਤੁ ਨ ਪਾਵਹਿ ਪਾਰੇ॥

ਤੇਤੀ ਕਰੋੜ ਦੇਵਤੇ, ਕਰੋੜਾਂ ਵਰ੍ਹੇ, ਵਾ:- ਕਰੋੜਾਂ ਵਿਧੀਆਂ ਨਾਲ ਧਿਆਉਂਦੇ ਹਨ, ਪਰ ਉਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਪਾਉਂਦੇ।

ਹਿਰਦੈ ਕਾਮ ਕਾਮਨੀ ਮਾਗਹਿ ਰਿਧਿ ਮਾਗਹਿ ਹਾਥੁ ਪਸਾਰੇ॥ ੨ ॥

ਜਿਨ੍ਹਾਂ ਦੇ ਹਿਰਦੇ ਵਿਚ ਕਾਮ ਦੀ ਇੱਛਾ ਹੈ ਉਹ ਕਾਮਨੀ=ਇਸਤ੍ਰੀ ਆਦਿ ਪਦਾਰਥਾਂ ਨੂੰ ਮੰਗਦੇ ਹਨ ਅਤੇ ਹੱਥ ਨੂੰ ਪਸਾਰੇ ਫੈਲਾਅ ਕੇ ਰਿੱਧੀਆਂ ਸਿੱਧੀਆਂ ਮੰਗਦੇ ਹਨ॥ ੨ ॥

ਹਰਿ ਜਸੁ ਜਪਿ ਜਪੁ ਵਡਾ ਵਡੇਰਾ ਗੁਰਮੁਖਿ ਰਖਉ ਉਰਿ ਧਾਰੇ॥

ਹਰੀ ਦੇ ਜਸ ਕਰਨ ਰੂਪ ਜਪੁ=ਜੱਪ ਨੂੰ ਜਿਸ ਨੇ ਜਪਿ=ਜਪਿਆ ਹੈ, ਉਹ ਵੱਡਿਆਂ ਤੋਂ ਵੱਡਾ ਹੈ, ਇਸ ਲਈ ਤੁਸੀਂ ਭੀ ਗੁਰਾਂ ਦੁਆਰੇ ਆਪਣੇ ਉਰਿ=ਹਿਰਦੇ ਵਿਚ ਹਰੀ-ਜਸ ਨੂੰ ਧਾਰ ਰੱਖੋ।

ਜੇ ਵਡ ਭਾਗ ਹੋਵਹਿ ਤਾ ਜਪੀਐ ਹਰਿ ਭਉਜਲੁ ਪਾਰਿ ਉਤਾਰੇ॥ ੩ ॥

ਜੇਕਰ ਵੱਡੇ ਭਾਗ ਹੋਣ ਤਾਂ ਹਰੀ-ਜਸ ਜਪਿਆ ਜਾਂਦਾ ਹੈ, ਜੋ ਜਪਦਾ ਹੈ ਉਸ ਨੂੰ ਹਰੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ॥ ੩ ॥

ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ ਹਰਿ ਰਾਖੈ ਕੰਠਿ ਜਨ ਧਾਰੇ॥

ਹਰੀ ਸੰਤ ਜਨਾਂ ਦੇ ਨੇੜੇ ਹੈ ਤੇ ਸੰਤ-ਜਨ ਹਰੀ ਦੇ ਨੇੜੇ ਹਨ, ਹਰੀ ਆਪਣਿਆਂ ਸੰਤ-ਜਨਾਂ ਨੂੰ ਕੰਠ ਵਿਚ ਧਾਰ ਕੇ ਰੱਖਿਆ ਕਰਦਾ ਹੈ। ਅਥਵਾ:- ਹਰਿ ਜਨ ਨਿਕਟਿ=ਹਰੀ ਦੇ ਸੰਤਜਨਾਂ ਪਾਸ ਆ ਕੇ ਜਿਨ੍ਹਾਂ ਜਨਾਂ ਨੇ ਹਰੀ ਨੂੰ ਜਾਣਿਆ ਹੈ, ਉਹਨਾਂ ਸੰਤ-ਜਨਾਂ ਨੂੰ ਹਰੀ ਆਪਣੇ ਗਲ ਨਾਲ ਲਗਾ ਕੇ ਆਪਣੇ ਨਿਕਟਿ=ਨੇੜੇ ਰੱਖਦਾ ਹੈ ਭਾਵ ਉਹਨਾਂ ਨੂੰ ਦੁੱਖ ਨਹੀਂ ਹੋਣ ਦੇਂਦਾ।

ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ॥੪ ॥੬ ॥੧੮ ॥

ਗੁਰੂ ਜੀ ਕਥਨ ਕਰਦੇ ਹਨ—ਮੇਰਾ ਪਿਤਾ ਮਾਤਾ ਤੇ ਸੁਆਮੀ ਹਰੀ-ਪ੍ਰਭੂ ਆਪ ਹੀ ਹੈ, ਅਸੀਂ ਬਾਲਕੇ ਹਰੀ ਦੇ ਪ੍ਰਤਿਪਾਲੇ ਹੋਏ ਹਾਂ॥ ੪ ॥ ੬ ॥ ੧੮ ॥

ਰਾਗੁ ਰਾਮਕਲੀ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ॥

ਹੇ ਦੀਨ=ਗਰੀਬਾਂ ਦੇ ਦਾਤੇ ਸੁਆਮੀ ! ਆਪ ਮੇਰੇ ਪਰ ਕਿਰਪਾ ਕਰੋ, ਮੇਰਾ ਗੁਣ ਔਗੁਣ ਕੁਝ ਭੀ ਨਾ ਵਿਚਾਰਨਾ ਕਰੋ। ਵਾ:- ਗੁਣ ਮੇਰੇ ਵਿਚ ਕੋਈ ਨਹੀਂ ਹੈ, ਤੇ ਮੇਰਾ ਔਗੁਣ ਕੋਈ ਵਿਚਾਰੋ ਨਾ

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ॥ ੧ ॥

ਹੇ ਸੁਆਮੀ ! ਮਿੱਟੀ ਦਾ ਭਲਾ ਕੀ ਧੋਣਾ ਹੈ ਮਿੱਟੀ ਦੇ ਧੋਣ ਨਾਲ ਮਿੱਟੀ ਹੀ ਨਿਕਲਣੀ ਹੈ। ਏਸੇ ਤਰ੍ਹਾਂ ਮਨੁੱਖ ਦੀ ਗਤੀ ਭੀ ਏਹੋ ਹੈ ਜੇ ਇਸ ਵਿਚ ਔਗੁਣ ਵੇਖਣਾ ਕਰੀਏ ਤਾਂ ਸਰੀਰ ਔਗੁਣਾਂ ਕਰ ਕੇ ਭਰਪੂਰ ਹੈ॥ ੧ ॥

ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ॥

ਹੇ ਮੇਰੇ ਮਨ ! ਸਤਿਗੁਰਾਂ ਦੀ ਸੇਵਾ ਕੀਤਿਆਂ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥ ੧ ॥ ਰਹਾਉ ॥

ਜੋ ਇੱਛਾ ਕਰੋਗੇ ਓਹੀ ਫਲ ਪਾਵੋਗੇ, ਫਿਰ ਕੋਈ ਦੁੱਖ ਵੀ ਨਹੀਂ ਆ ਕੇ ਲੱਗੇਗਾ ॥ ੧ ॥ ਰਹਾਉ ॥

ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥

ਸਰੀਰਾਂ ਰੂਪੀ ਕੱਚੇ ਭਾਂਡੇ ਸਾਜਿ=ਬਣਾ ਕੇ ਤੇ ਅੰਦਰ ਆਪਣੀ ਜੋਤਿ=ਚੇਤਨ ਸੱਤਾ ਅਭੇਦ ਕਰ ਕੇ ਨਿਵਾਜੇ=ਵਡਿਆਏ ਹਨ।

ਜੈਸਾ ਲਿਖਤੁ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ ॥ ੨ ॥

ਕਰਤੇ ਪੁਰਖ ਨੇ ਧੁਰ ਤੋਂ ਜੈਸਾ ਲੇਖ ਲਿਖਿਆ ਹੈ, ਅਸਾਂ ਨੇ ਤੈਸੀ ਹੀ ਕਿਰਤ ਕਮਾਈ ਹੈ ॥ ੨ ॥

ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ ॥

ਮਨ ਤਨ ਆਦਿਕ ਸਾਰਿਆਂ ਪਦਾਰਥਾਂ ਨੂੰ ਇਸ ਜੀਵ ਨੇ ਜਿਹੜਾ ਆਪਣਾ ਥਾਪਿ=ਬਨਾਉਣਾ ਕੀਤਾ ਹੈ, ਏਹੋ ਆਵਣ ਜਾਣਾ=ਜਨਮ ਮਰਨ ਦਾ ਕਾਰਨ ਹੈ।

ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ ॥ ੩ ॥

ਜਿਸ ਪ੍ਰਭੂ ਨੇ ਸਭ ਕੁਝ ਦਿੱਤਾ ਹੈ ਉਹ ਚਿਤ ਵਿਚ ਚੇਤੇ ਆਉਂਦਾ ਨਹੀਂ ਹੈ, ਇਸੇ ਕਰਕੇ ਇਹ ਅੰਨ੍ਹਾਂ ਅਗਿਆਨੀ ਪੁਰਸ਼ ਮੋਹ ਵਿਚ ਲੰਪਟ ਹੋ ਰਿਹਾ ਹੈ ॥ ੩ ॥

[ਪੰਨਾ ੮੮੩]

ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ ਮਹਲੁ ਅਪਾਰਾ ॥

ਜਿਸ ਨੇ ਸੰਸਾਰ ਪੈਦਾ ਕੀਤਾ ਹੈ, ਇਸ ਨੂੰ ਉਹ ਪ੍ਰਭੂ ਹੀ ਜਾਣਦਾ ਹੈ, ਉਸ ਹਰੀ ਦਾ ਮਹਲੁ=ਸਰੂਪ ਅਪਾਰਾ=ਪਾਰਾਵਾਰ ਤੋਂ ਰਹਿਤ ਹੈ।

ਭਗਤਿ ਕਰੀ ਹਰਿ ਕੇ ਗੁਣ ਗਾਵਾ ਨਾਨਕ ਦਾਸੁ ਤੁਮਾਰਾ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਮੈਂ ਆਪ ਜੀ ਦਾ ਦਾਸ ਹਾਂ, ਮੇਰੇ ਉੱਤੇ ਇਹ ਕਿਰਪਾ ਕਰੋ, ਜੋ ਮੈਂ ਆਪ ਜੀ ਦੀ ਭਗਤੀ ਕਰਾਂ ਅਤੇ ਬਾਣੀ ਦੁਆਰੇ ਆਪ ਜੀ ਦੇ ਗੁਣ ਗਾਉਣਾ ਕਰਾਂ ॥ ੪ ॥ ੧ ॥

ਰਾਮਕਲੀ ਮਹਲਾ ੫ ॥

ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥

ਹੇ ਭਾਈ ! ਅਜੇਹੀ ਸੇਵਾ ਕਮਾਵੋ, ਜੋ ਸਭ ਦੇ ਚਰਨਾਂ ਦੇ ਤਲਿ=ਹੇਠਾਂ ਪਵੋ ਭਾਵ ਅਤਿਅੰਤ ਨਿੰਮ੍ਰਤਾ ਧਾਰਨ ਕਰੋ ਤਾਂ ਸਭ ਦੇ ਉੱਪਰ ਆਵੋਗੇ ਭਾਵ ਸਭ ਤੋਂ ਉੱਚਾ ਆਪ ਦਾ ਜਸ ਹੋਵੇਗਾ।

ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥ ੧ ॥

ਆਪਣੇ ਤੋਂ ਹੋਰ ਸਾਰਿਆਂ ਨੂੰ ਊਪਰਿ=ਉੱਚਾ ਕਰ ਕੇ ਜਾਣੋ ਤਾਂ ਪ੍ਰਭੂ ਦੀ ਦਰਗਾਹ ਵਿਚ ਸੁਖ ਪਾਓਗੇ।

ਯਥਾ:- ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥ ੭ ॥ *(ਪੰਨਾ ੧੩੬੪)*

www.sikhbookclub.com

ਸੰਤਹੁ ਐਸੀ ਕਥਹੁ ਕਹਾਣੀ॥

ਹੇ ਸੰਤੋ! ਇਸ ਤਰ੍ਹਾਂ ਦੀ ਕਹਾਣੀ=ਕਥਾ ਕਥਹੁ=ਆਖੋ। ਜਿਸ ਕਥਾ ਨੂੰ ਸੁਣ ਕੇ-

ਸੁਰ ਪਵਿਤ੍ਰ ਨਰਦੇਵ ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ॥੧॥ਰਹਾਉ॥

ਸੁਰ=ਦੇਵਤੇ ਪਵਿੱਤਰ ਹੁੰਦੇ ਹਨ, ਨਰਦੇਵ=ਸੰਭੂ ਮੁਨਿ, *ਅਥਵਾ:-* ਬ੍ਰਹਮਾ, *ਵਾ:-* ਰਾਜੇ ਲੋਕ ਪਵਿੱਤਰ ਹੁੰਦੇ ਹਨ, ਖਿਨ ਖਿਨ ਦੇ ਸਮੇਂ ਵਿਚ ਮੁਖੀ ਗੁਰਾਂ ਦੀ ਬਾਣੀ ਬੋਲਣਾ ਕਰੋ॥ ੧॥ ਰਹਾਉ॥

ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ॥

ਪਰਪੰਚੁ=ਵਲਛਲ ਕਰਨਾ ਛੋਡਿ=ਛੱਡ ਕੇ, ਸਹਜ=ਸ਼ਾਂਤੀ *ਵਾ:-* ਸਰੂਪ-ਘਰ ਵਿਚ ਬੈਠਣਾ ਕਰੋ, ਕੋਈ ਭੀ ਝੂਠਾ ਬਚਨ ਨਾ ਕਹੋ। ਜਾਂ ਅਸੀਂ ਕੋਈ ਝੂਠਾ ਬਚਨ ਨਹੀਂ ਕਹਿੰਦੇ।

ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ॥੨॥

ਸਤਿਗੁਰਾਂ ਨਾਲ ਮਿਲ ਕੇ ਪ੍ਰਤੱਖ ਨੌਂ ਨਿੱਧੀਆਂ ਨੂੰ ਪਾਵੋ, *ਵਾ:-* ਨੌਧਾ ਭਗਤੀ ਰੂਪ ਨਿਧੀ ਨੂੰ ਪਾਵੋ। *ਵਾ:-* ਨੌਂ ਨਿਧੀਆਂ ਦੇ ਮਾਲਕ ਪਰਮੇਸ਼ਰ ਨੂੰ ਪਾਉਣਾ ਕਰੋ। ਇਸ ਵਿਧੀ ਨਾਲ ਤਤੁ=ਸਿਧਾਂਤ ਰੂਪ ਪਰਮੇਸ਼ਰ ਨੂੰ ਬਿਲੋਈ=ਵਿਚਾਰਨਾ ਕਰੋ। *ਵਾ:-* ਇਸ ਵਿਧੀ ਨਾਲ ਤਤ ਮਿਥਿਆ ਦੇ ਵਿਚਾਰ ਵਾਲੇ ਹੋਵੋ।

ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ॥

ਹੇ ਭਾਈ ! ਗੁਰਾਂ ਦੁਆਰੇ ਲਿਵ ਲਗਾ ਕੇ ਭਰਮ ਨੂੰ ਦੂਰ ਕਰੋ ਅਤੇ ਆਤਮੁ ਚੀਨਹੁ=ਆਪਣੇ ਸਰੂਪ ਨੂੰ ਜਾਣਨਾ ਕਰੋ।

ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ॥੩॥

ਜੋ ਪ੍ਰਭੂ ਸਦਾ ਹਾਜ਼ਰ-ਨਾਜ਼ਰ ਹੈ ਉਸ ਨੂੰ ਆਪਣੇ ਨਿਕਟਿ=ਨੇੜੇ ਜਾਣਨਾ ਕਰੋ ਤੇ ਬੁਰਿਆਈ ਕਿਸ ਦੇ ਨਾਲ ਕਰਦੇ ਹੋ ਭਾਵ ਕਿਸੇ ਦੇ ਨਾਲ ਭੀ ਬੁਰਿਆਈ ਨਾ ਕਰੋ॥ ੩॥

ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ॥

ਜਿਸ ਨੂੰ ਸਤਗੁਰੂ ਮਿਲੇ ਹਨ ਉਸ ਨੂੰ ਗਿਆਨ ਭਗਤੀ ਰੂਪ ਮਾਰਗੁ ਮੁਕਤਾ=ਖੁਲ੍ਹਾ ਰਸਤਾ ਪ੍ਰਾਪਤ ਹੋਇਆ ਹੈ, *ਵਾ:-* ਪਰਮੇਸ਼ਰ ਦਾ ਰਸਤਾ ਮੁਕਤਾ=ਖੁਲ੍ਹ ਗਿਆ ਹੈ ਤੇ ਉਹ ਸੁਭਾਵਕ ਹੀ ਸੁਆਮੀ=ਪਰਮਾਤਮਾ ਨਾਲ ਮਿਲ ਗਿਆ ਹੈ।

ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ
ਜਨ ਨਾਨਕ ਸਦ ਕੁਰਬਾਨੀ॥੪॥੨॥

ਉਹ ਗੁਰਮੁਖ ਜਨ (ਮਨ, ਬਾਣੀ, ਸਰੀਰ ਕਰ ਕੇ) ਧੰਨਤਾ ਜੋਗ ਹਨ, ਜਿਨ੍ਹਾਂ ਨੇ ਕਲਜੁਗ ਵਿਚ ਹਰੀ ਨੂੰ ਪਾਇਆ ਹੈ, ਗੁਰੂ ਜੀ ਕਥਨ ਕਰਦੇ ਹਨ—ਮੈਂ ਉਸ ਗੁਰਮੁਖ ਜਨ ਤੋਂ ਸਦਾ ਕੁਰਬਾਨੀ=ਸਦਕੇ ਜਾਂਦਾ ਹਾਂ॥ ੪॥ ੨॥

ਰਾਮਕਲੀ ਮਹਲਾ ੫ ॥

ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ ॥

ਮਾਇਆ ਦੇ ਆਉਂਦਿਆਂ ਮਨ ਵਿਚ ਹਰਖ=ਖੁਸ਼ੀ ਨਹੀਂ ਹੈ, ਮਾਇਆ ਦੇ ਜਾਂਦਿਆਂ ਕੋਈ ਦੁੱਖ ਨਹੀਂ ਹੈ, ਕਿਸੇ ਪ੍ਰਕਾਰ ਦੀ ਭੀ ਮਨ ਵਿਚ ਕੋਈ ਰੋਗਨੀ=ਚਿੰਤਾ ਨਹੀਂ ਬਿਆਪੈ=ਲੱਗਦੀ। ਕਿਉਂਕਿ-

ਸਦਾ ਅਨੰਦੁ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ ॥ ੧ ॥

ਜਾਂ ਪੂਰਾ ਗੁਰੂ ਪਾਇਆ ਤਾਂ ਸਦਾ ਹੀ ਅਨੰਦੁ=ਖੇੜਾ (ਖੁਸ਼ੀ) ਹੋਇਆ ਅਤੇ ਸਾਰੀ ਬਿਓਗਨੀ=ਪੀੜਾ, ਵਾ:- ਬਿਜੋਗਤਾਈ ਉੱਤਰ ਗਈ॥ ੧ ॥

ਇਹ ਬਿਧਿ ਹੈ ਮਨੁ ਜੋਗਨੀ ॥

ਮਨ ਦੇ ਜੋਗਨੀ=ਜੁੜਨ ਦੀ ਇਹੋ ਵਿਧੀ ਹੈ।

ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ
ਤਹ ਹਰਿ ਹਰਿ ਹਰਿ ਰਸ ਭੋਗਨੀ ॥ ੧ ॥ ਰਹਾਉ ॥

ਹਰ ਇਕ ਜੀਵਾਂ ਨੂੰ ਹਰਿ=ਹਰਿਆਂ ਕਰਨ ਵਾਲਾ ਜੋ ਹਰੀ ਹੈ, ਉਸ ਦੇ ਨਾਮ-ਰਸ ਨੂੰ ਭੋਗਣਾ ਕਰਦੇ ਹਨ; ਇਸ ਕਰ ਕੇ ਤਹ ਲੋਗੁ=ਉਹਨਾਂ ਸੰਤ ਲੋਕਾਂ ਨੂੰ ਮੋਹ, ਸੋਗ ਅਤੇ ਰੋਗ ਆਦਿਕ ਕੋਈ ਵਿਕਾਰ ਨਹੀਂ ਬਿਆਪੈ=ਲੱਗਦਾ॥ ੧ ॥ ਰਹਾਉ ॥

ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ ਪਇਆਲ ਪਵਿਤ੍ਰ ਅਲੋਗਨੀ ॥

ਉਹ ਮਹਾਤਮਾ ਸੁਰਗ ਵਿਚ ਜਾਣ ਤਾਂ ਭੀ ਪਵਿੱਤਰ ਹਨ, ਮਿਰਤ=ਮਾਤ ਲੋਕ ਵਿਚ ਰਹਿਣ ਤੋਂ ਭੀ ਪਵਿੱਤਰ ਹਨ, ਪਇਆਲ=ਪਤਾਲ ਵਿਚ ਚਲੇ ਜਾਣ ਤੋਂ ਭੀ ਪਵਿੱਤਰ ਹਨ ਕਿਉਂਕਿ ਉਹ ਸਾਰਿਆਂ ਤੋਂ ਅਲੋਗਨੀ=ਅਸੰਗ ਰਹਿੰਦੇ ਹਨ। *ਅਥਵਾ:-* ਤਿੰਨਾਂ ਲੋਕਾਂ ਨੂੰ ਪਵਿੱਤਰ ਕਰਦੇ ਹੋਏ ਅਲੋਗਨੀ=ਦੇਖੀਦੇ ਹਨ।

ਆਗਿਆਕਰੀ ਸਦਾ ਸੁਖੁ ਭੁੰਚੈ ਜਤ ਕਤ ਪੇਖਉ ਹਰਿ ਗੁਨੀ ॥ ੨ ॥

ਉਹ ਪ੍ਰਭੂ ਦੇ ਆਗਿਆਕਾਰੀ ਹੋ ਕੇ ਭਾਵ ਹੁਕਮ ਮੰਨਣ ਵਾਲੇ ਹੋ ਕੇ ਸਦਾ=ਹਮੇਸ਼ਾ ਸੁਖ ਭੁੰਚੈ=ਭੋਗਦੇ ਹਨ ਅਤੇ ਜਿਥੇ ਕਿਤੇ ਦੇਖਦੇ ਹਨ, ਉਹ ਸ਼ੁਭ-ਗੁਣਾਂ ਵਾਲੇ ਹਰੀ ਨੂੰ ਹੀ ਪੇਖਉ=ਦੇਖਦੇ ਹਨ॥ ੨ ॥

ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ ॥

ਜਿਸ ਬ੍ਰਹਮ ਸਰੂਪ ਵਿਚ ਸ਼ਿਵ=ਈਸ਼ੂਰ, ਸ਼ਕਤੀ=ਮਾਇਆ, ਵਾ:- ਸ਼ਿਵ ਜੀ ਤੇ ਪਾਰਬਤੀ ਨਹੀਂ ਹਨ, ਜਲ ਅਤੇ ਪੌਣ ਭੀ ਨਹੀਂ ਹੈ, ਉਥੇ ਮੇਦਨੀ=ਸ੍ਰਿਸ਼ਟੀ ਦਾ ਅਕਾਰ ਭੀ ਨਹੀਂ ਹੈ।

ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ ॥ ੩ ॥

ਇਸ ਜਗ੍ਹਾ ਅਵਿਗਤ=ਕਠਿਨ ਪ੍ਰਾਪਤੀ ਵਾਲਾ, ਸਾਰਿਆਂ ਦਾ ਨਾਥੁ=ਸੁਆਮੀ ਅਗਮ ਧਨੀ ਹੈ, ਭਗਤੀ ਜੋਗ ਦਾ ਉਪਦੇਸ਼ ਕਰਨ ਵਾਲੇ ਸਤਿਗੁਰਾਂ ਦਾ ਓਥੇ ਨਿਵਾਸਾ=ਵਾਸਾ ਹੈ॥ ੩ ॥

ਤਨੁ ਮਨੁ ਹਰਿ ਕਾ ਧਨੁ ਸਭੁ ਹਰਿ ਕਾ ਹਰਿ ਕੇ ਗੁਣ ਹਉ ਕਿਆ ਗਨੀ॥

ਤਨ ਮਨ ਆਦਿਕ ਹਰੀ ਦਾ ਦਿੱਤਾ ਹੋਇਆ ਹੈ, ਸਾਰਾ ਧਨ ਭੀ ਹਰੀ ਦਾ ਦਿੱਤਾ ਹੋਇਆ ਹੈ, ਹਰੀ ਦੇ ਪਰ-ਉਪਕਾਰ ਆਦਿਕ ਗੁਣ ਮੈਂ ਕੀ ਗਨੀ=ਗਿਣਨਾ ਕਰਾਂ।

ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਦੀ ਹੰਗਤਾ ਮਮਤਾ ਗੁਰਾਂ ਨੇ ਖੋਈ=ਦੂਰ ਕੀਤੀ ਹੈ, ਉਹ ਪਰਮੇਸ਼ਰ ਵਿਚ ਇਸ ਤਰ੍ਹਾਂ ਅਭੇਦ ਹੋਇਆ ਹੈ, ਜਿਸ ਤਰ੍ਹਾਂ ਘੜੇ ਦਾ ਜਲ ਸਮੁੰਦਰ ਦੇ ਜਲ ਵਿਚ ਮਿਲੋਗਨੀ=ਮਿਲ ਜਾਂਦਾ ਹੈ॥ ੪ ॥ ੩ ॥

ਰਾਮਕਲੀ ਮਹਲਾ ੫ ॥

ਸਿੱਖ ਨੇ ਬੇਨਤੀ ਕੀਤੀ- "ਆਤਮ-ਵਸਤੂ ਵਾ:- ਭਗਤੀ ਕੈਸੀ ਹੈ?" *ਉੱਤਰ-*

ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ॥

(ਰਜੋ, ਸਤੋ, ਤਮੋ ਰੂਪ) ਤਿੰਨਾਂ ਗੁਣਾਂ ਦੀ ਰਹਿਣੀ ਤੋਂ ਨਿਰਾਰੀ=ਅਸੰਗ ਰਹਿੰਦੀ ਹੈ, ਇਸ ਨੂੰ ਸਾਧਿਕ=ਜਗਿਆਸੂ ਅਤੇ ਸਿੱਧ ਵਗੈਰਾ ਕੋਈ ਭੀ ਨਹੀਂ ਜਾਣਦੇ। *ਅਥਵਾ:-* ਸਾਧਿਕ=ਸਾਧਨਾਂ ਦੇ ਕਰਨ ਵਾਲੇ ਜੋ ਸਿਧ ਹਨ, ਉਹ ਭੀ ਨਹੀਂ ਜਾਣਦੇ।

ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ॥ ੧ ॥

ਇਹ ਆਤਮ-ਵਸਤੂ, ਵਾ:- ਭਗਤੀ ਰਤਨ=ਵੈਰਾਗ ਆਦਿਕ ਸ਼ੁਭ-ਗੁਣਾਂ ਦੀ ਕੋਠੀ ਹੈ, ਬ੍ਰਹਮਾਨੰਦ ਰੂਪੀ ਅੰਮ੍ਰਿਤ ਨਾਲ ਸੰ=ਭਲੀ ਪ੍ਰਕਾਰ ਪੂਰਨ ਹੈ।

ਪ੍ਰਸ਼ਨ :- ਇਹ ਭਗਤੀ ਕਿਥੋਂ ਮਿਲਦੀ ਹੈ? *ਉੱਤਰ :-*

ਸਤਿਗੁਰਾਂ ਦੇ (ਅੰਤਹਕਰਨ ਰੂਪ) ਖ਼ਜ਼ਾਨੇ ਵਿੱਚੋਂ ਮਿਲਦੀ ਹੈ॥ ੧ ॥

ਅਚਰਜੁ ਕਿਛੁ ਕਹਣੁ ਨ ਜਾਈ॥ ਬਸਤੁ ਅਗੋਚਰ ਭਾਈ॥ ੧ ॥ ਰਹਾਉ॥

ਇਸ ਦਾ ਕਹਿਣਾ ਅਸਚਰਜ ਹੈ ਇਸ ਕਰ ਕੇ ਕੁਝ ਕਿਹਾ ਨਹੀਂ ਜਾਂਦਾ। ਹੇ ਭਾਈ! ਇਹ ਆਤਮ-ਵਸਤੂ, ਵਾ:- ਭਗਤੀ ਰੂਪ ਵਸਤੂ=ਇੰਦ੍ਰੀਆਂ ਦੇ ਅਵਿਸ਼ੇ ਹੈ ॥ ੧ ॥ ਰਹਾਉ॥

ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ॥

ਇਸ ਵਸਤੂ ਦਾ ਮੁੱਲ ਭੀ ਕੁਝ ਕਰਣੈ ਜੋਗਾ=ਪਾਉਣ ਜੋਗਾ ਨਹੀਂ ਹੈ, ਕੋਈ ਪੁਰਸ਼ ਕੀ ਮੁੱਲ ਕਹਿ ਕੇ ਸੁਣਾਵੇ।

ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ॥ ੨ ॥

ਕਥਾ ਦੇ ਕਹਿਣ ਵਾਲਿਆਂ ਨੂੰ ਭੀ ਉਸ ਦੀ ਪੂਰੀ ਗਿਆਤ ਨਹੀਂ ਹੁੰਦੀ, ਕਿਉਂਕਿ ਬੁੱਧੀ ਬਿਸਮ ਜਾਂਦੀ ਹੈ, ਜੋ ਸ਼ਰਧਾ ਨਾਲ ਵੇਖਦਾ ਹੈ, ਓਸੇ ਨੂੰ ਉਸ ਦਾ ਅਨੰਦ ਬਣ ਆਉਂਦਾ ਹੈ॥ ੨ ॥

ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ ॥

ਉਹ ਕਰਣੈਹਾਰਾ=ਪ੍ਰਭੂ ਆਪ ਹੀ ਉਸ ਆਤਮ-ਵਸਤੂ ਨੂੰ ਜਾਣਦਾ ਹੈ, ਇਹ ਪੈਦਾ ਕੀਤਾ ਹੋਇਆ ਵਿਚਾਰਾ ਅਲਪੱਗ ਜੀਵ ਕੀ ਹੈ? ਜੋ ਜਾਣ ਸਕੇ।

ਆਪਣੀ ਗਤਿ ਮਿਤਿ ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ ॥ ੩ ॥

ਉਹ ਪ੍ਰਭੂ ਆਪਣੀ ਗਤੀ ਦੀ ਮਰਯਾਦਾ ਨੂੰ ਆਪ ਹੀ ਜਾਣਦਾ ਹੈ, ਹਰੀ ਆਪ ਹੀ ਪੂਰ=ਸੰਪੂਰਨ ਭੰਡਾਰਿਆਂ ਦਾ ਮਾਲਕ ਹੈ॥ ੩ ॥

ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ ਤ੍ਰਿਪਤਿ ਰਹੇ ਆਘਾਈ ॥

੧) ਅਜੇਹਾ ਨਾਮ ਅੰਮ੍ਰਿਤ-ਰਸ ਮਨ ਵਿਚ ਚੱਖਿਆ ਹੈ, ਜੋ ਤ੍ਰਿਪਤ ਹੋ ਕੇ ਆਘਾਈ=ਰੱਜ ਰਹੇ ਹਾਂ।

੨) ਐਸਾ ਨਾਮ ਅੰਮ੍ਰਿਤ-ਰਸ ਮਨ ਵਿਚ ਚੱਖਿਆ ਹੈ, ਜੋ ਇਸ ਲੋਕ ਦੇ ਪਦਾਰਥਾਂ ਵੱਲੋਂ ਤ੍ਰਿਪਤ ਅਤੇ ਪ੍ਰਲੋਕ ਦੇ ਸੁਖਾਂ ਵੱਲੋਂ ਭੀ ਆਘਾਈ=ਰੱਜ ਰਹੇ ਹਾਂ।

ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ— ਸਤਿਗੁਰਾਂ ਦੀ ਸ਼ਰਨ ਵਿਚ ਆਉਣ ਕਰ ਕੇ ਮੇਰੀ ਸਭ ਆਸਾ=ਮੁਰਾਦ ਪੂਰੀ ਹੋ ਗਈ ਹੈ॥ ੪ ॥ ੪ ॥

[ਪੰਨਾ ੮੮੪]

ਰਾਮਕਲੀ ਮਹਲਾ ੫ ॥

ਅੰਗੀਕਾਰੁ ਕੀਆ ਪ੍ਰਭਿ ਅਪਨੈ ਬੇਰੀ ਸਗਲੇ ਸਾਧੇ ॥

ਹੇ ਪ੍ਰਭੂ ! ਤੁਸਾਂ ਨੇ ਆਪਣੇ ਸੇਵਕ ਜਾਣ ਕੇ ਸਾਡਾ ਅੰਗੀਕਾਰੁ=ਪੱਖ ਕੀਤਾ ਹੈ ਅਤੇ ਸਾਰੇ ਵੈਰੀ ਸਾਧੇ=ਫਤੇ ਕਰ ਦਿੱਤੇ ਹਨ। ਭਾਵ ਸਾਰੇ ਵੈਰੀ ਸੂਤ ਕਰ ਦਿੱਤੇ ਹਨ।

ਜਿਨਿ ਬੈਰੀ ਹੈ ਇਹੁ ਜਗੁ ਲੂਟਿਆ ਤੇ ਬੈਰੀ ਲੈ ਬਾਧੇ ॥ ੧ ॥

ਜਿਨ੍ਹਾਂ ਕਾਮ ਕ੍ਰੋਧ ਆਦਿਕ ਵੈਰੀਆਂ ਨੇ ਇਹ ਸਾਰਾ ਸੰਸਾਰ ਲੁੱਟਿਆ ਹੈ, ਉਹ (ਕਾਮ, ਕ੍ਰੋਧ ਆਦਿਕ) ਵੈਰੀ ਲੈ ਕੇ ਬੰਨ੍ਹ ਦਿੱਤੇ ਹਨ॥ ੧ ॥

ਸਤਿਗੁਰੁ ਪਰਮੇਸਰੁ ਮੇਰਾ ॥

੧) ਹੇ ਪਰਮੇਸ਼ਰ ! ਮੇਰੇ ਸਤਿਗੁਰੂ ਆਪ ਜੀ ਨਾਲ ਮੇਰਾ=ਮਿਲੇ ਹੋਏ ਹਨ।

੨) ਹੇ ਪਰਮੇਸ਼ਰ ! ਤੂੰ ਹੀ ਆ ਕੇ ਮੇਰਾ ਸਤਿਗੁਰੂ ਹੋਇਆ ਹੈਂ।

੩) ਹੇ ਪਰਮੇਸ਼ਰ ! ਸਤਿਗੁਰੂ ਹੀ ਮੇਰਾ ਸੁਖਦਾਈ ਹੈ। ਜਿਸ ਦੀ ਕਿਰਪਾ ਨਾਲ-

ਅਨਿਕ ਰਾਜ ਭੋਗ ਰਸ ਮਾਣੀ ਨਾਉ ਜਪੀ ਭਰਵਾਸਾ ਤੇਰਾ ॥ ੧ ॥ ਰਹਾਉ ॥

ਤੇਰਾ ਭਰੋਸਾ ਧਾਰ ਕੇ ਤੇਰਾ ਨਾਮ ਜਪਦਾ ਹਾਂ ਅਤੇ ਰਾਜ ਆਦਿਕ ਅਨੇਕ ਭੋਗਾਂ ਦੇ ਰਸ ਨੂੰ ਮੈਂ ਮਾਣੀ=ਭੋਗਦਾ ਹਾਂ।

www.sikhbookclub.com

ਚੀਤਿ ਨ ਆਵਸਿ ਦੂਜੀ ਬਾਤਾ ਸਿਰ ਊਪਰਿ ਰਖਵਾਰਾ ॥

ਮੇਰੇ ਸਿਰ ਉੱਤੇ ਇਕ ਤੂੰ ਹੀ ਰੱਖਿਆ ਕਰਨ ਵਾਲਾ ਹੈਂ ਇਸ ਕਰ ਕੇ ਦੂਜੀ ਗੱਲ ਮੇਰੇ ਚਿਤ ਵਿਚ ਨਹੀਂ ਆਉਂਦੀ।

ਬੇਪਰਵਾਹੁ ਰਹਤ ਹੈ ਸੁਆਮੀ ਇਕ ਨਾਮ ਕੈ ਆਧਾਰਾ ॥ ੨ ॥

ਹੇ ਸੁਆਮੀ ! ਇਕ ਨਾਮ ਦੇ ਆਧਾਰਾ=ਆਸਰੇ ਹੋਣ ਕਰ ਕੇ ਮੈਂ ਸੰਸਾਰ ਵਿਚ ਬੇ-ਪਰਵਾਹ ਰਹਿੰਦਾ ਹਾਂ।

ਪੂਰਨ ਹੋਇ ਮਿਲਿਓ ਸੁਖਦਾਈ ਊਨ ਨ ਕਾਈ ਬਾਤਾ ॥

ਹੇ ਸੁਖਦਾਈ ਪ੍ਰਭੂ ! ਤੇਰੇ ਮਿਲਣ ਕਰ ਕੇ ਮੈਂ ਸ਼ੁਭ-ਗੁਣਾਂ ਨਾਲ ਪੂਰਨ ਹੋਇਆ ਹਾਂ, ਕਾਈ ਬਾਤਾ=ਕਿਸੇ ਗੱਲ ਕਰ ਕੇ ਭੀ ਊਨ=ਖਾਲੀ ਨਹੀਂ ਰਿਹਾ।

ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ ॥ ੩ ॥

(ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ) ਤਤੁ=ਸਿਧਾਂਤ ਰੂਪ ਜੋ ਸਾਰੁ=ਸ੍ਰੇਸ਼ਟ ਪਰਮ ਪਦ ਹੈ, ਉਸ ਨੂੰ ਮੈਂ ਪਾਇਆ ਹੈ, ਜਿਸ ਨੂੰ ਛੱਡ ਕੇ ਮੇਰਾ ਮਨ ਹੋਰ ਕਿਸੇ ਪਾਸੇ ਨਹੀਂ ਜਾਂਦਾ ॥ ੩ ॥

ਬਰਨਿ ਨ ਸਾਕਉ ਜੈਸਾ ਤੂ ਹੈ ਸਾਚੇ ਅਲਖ ਅਪਾਰਾ ॥

ਹੇ ਸੱਚੇ ਅਲੱਖ ਅਪਾਰ ਪ੍ਰਭੂ ! ਜੈਸਾ ਤੂੰ ਹੈਂ ਤੈਸਾ ਮੈਂ ਬਰਨਿ=ਕਥਨ ਨਹੀਂ ਕਰ ਸਕਦਾ।

ਅਤੁਲ ਅਥਾਹ ਅਡੋਲ ਸੁਆਮੀ ਨਾਨਕ ਖਸਮੁ ਹਮਾਰਾ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਸੁਆਮੀ ! ਤੂੰ ਅਤੁਲ=ਤੋਲਣ ਤੋਂ ਰਹਿਤ ਹੈਂ, ਅਥਾਹ=ਡੂੰਘਾ ਹੈਂ, ਅਡੋਲ=ਡੋਲਣ ਤੋਂ ਰਹਿਤ ਹੈਂ, ਫਿਰ ਤੂੰ ਸਾਡਾ ਖਸਮੁ=ਮਾਲਕ ਹੈਂ ॥ ੪ ॥ ੫ ॥

ਅਗਲੇ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ :-

ਰਾਮਕਲੀ ਮਹਲਾ ੫ ॥

ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ ॥

ਹੇ ਪ੍ਰਭੂ ! ਤੂੰ ਦਾਨਾ=ਦਨਾਈ ਵਾਲਾ ਹੈਂ, ਤੂੰ ਅਬਿਚਲੁ=ਚਲਾਏਮਾਨ ਤੋਂ ਰਹਿਤ ਹੈਂ, ਤੂੰ ਹੀ ਮੇਰੀ ਜ਼ਾਤੀ ਹੈਂ, ਤੂੰ ਹੀ ਮੇਰੀ ਪਾਤੀ=ਪੰਗਤੀ ਹੈਂ, ਵਾ:- ਪੱਤ ਦੇ ਦੇਣੇ ਵਾਲਾ ਹੈਂ।

ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ ॥ ੧ ॥

ਤੂੰ ਅਡੋਲ ਹੈਂ, ਇਸ ਲਈ ਕਿਸੇ ਵਿਸ਼ੇ ਕਰ ਕੇ ਡੋਲਦਾ ਨਹੀਂ ਹੈਂ। *ਅਥਵਾ:-* ਜਾਂ ਤੂੰ ਅਡੋਲ ਹੈਂ ਤਾਂ ਹੀ ਅਸੀਂ ਕਦੇ ਡੋਲਦੇ ਨਹੀਂ ਹਾਂ, ਇਸ ਕਰਕੇ ਫਿਰ ਸਾਨੂੰ ਕਿਸੇ ਦੀ ਕੈਸੀ ਤਾਤੀ=ਇੱਛਾ ਹੈ? ਭਾਵ ਕੋਈ ਇੱਛਾ ਨਹੀਂ ਹੈ ॥ ੧ ॥

ਏਕੈ ਏਕੈ ਏਕ ਤੂਹੀ ॥ ਏਕੈ ਏਕੈ ਤੂ ਰਾਇਆ ॥

੧) ਹੇ ਰਾਇਆ=ਪ੍ਰਕਾਸ਼ ਰੂਪ ਪ੍ਰਭੂ ! ਪਿੱਛੇ ਇਕੋ ਇਕ ਤੂੰ ਹੀ ਸੀ, ਹੁਣ ਭੀ ਇਕੋ ਇਕ ਤੂੰ ਹੈਂ, ਅੱਗੇ ਭੀ

ਇਕੋ ਇਕ ਤੂੰ ਹੋਵੇਂਗਾ।

੨) ਹੇ ਇਕੋ ਇਕ ਰਾਇਆ=ਪ੍ਰਕਾਸ਼ ਰੂਪ ਹਰੀ ! ਇਕ ਗੁਰਾਂ ਦੇ ਉਪਦੇਸ਼ ਦੁਆਰਾ ਇਕ ਤੇਰੇ ਨਾਮ ਨੂੰ ਜਪਿਆ ਤਾਂ ਇਕ ਤੇਰੀ ਪ੍ਰਾਪਤੀ ਦਾ ਸੁਖ ਆ ਕੇ ਪ੍ਰਾਪਤ ਹੋਇਆ।

ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥

ਤਉ=ਆਪ ਜੀ ਦੀ ਕਿਰਪਾ ਦੇ ਹੋਣ ਕਰਕੇ ਹੀ ਆਤਮ-ਸੁਖ ਪਾਇਆ ਹੈ॥ ੧॥ ਰਹਾਉ॥

ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ ॥

ਹੇ ਪ੍ਰਭੂ ! ਤੂੰ ਸਾਗਰੁ=ਸਮੁੰਦਰ ਰੂਪ ਹੈਂ, ਵਾ:- ਮਾਨ ਸਰੋਵਰ ਰੂਪ ਹੈਂ? ਅਸੀਂ ਆਪ ਦੇ ਪਾਸ ਰਹਿਣ ਵਾਲੇ ਹੰਸ ਰੂਪ ਹਾਂ? ਆਪ ਜੀ ਵਿਚ ਪ੍ਰਤੱਖ ਮਾਣਕ ਤੇ ਲਾਲ ਆਦਿਕ ਹਨ। ਵਾ:- ਆਪ ਜੀ ਵਿਚ ਮਾਣਕ=ਸਰਵਣ, ਮੰਨਣ, ਨਿਧਿਆਸਣ ਤੇ ਲਾਲਾ=ਪ੍ਰੇਮ ਆਦਿਕ ਗੁਣ ਹਨ।

ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ ॥੨॥

ਜਿਸ ਨੂੰ ਆਪ (ਮਾਣਕ ਆਦਿਕ ਪਦਾਰਥ) ਦੇਂਦੇ ਹੋ, (ਉਸ ਨੂੰ ਦੇਂਦਿਆਂ ਹੋਇਆਂ) ਤਿਲ ਮਾਤ੍ਰ ਵੀ ਸ਼ੰਕਾ ਨਹੀਂ ਮੰਨਦੇ ਭਾਵ ਨਿੱਡਰ ਹੋ ਕੇ ਖੁਲ੍ਹੇ ਗੱਫੇ ਦੇਂਦੇ ਹੋ ਤੇ ਅਸੀਂ ਭੁੰਚਹ=ਭੋਗਦੇ ਹੋਏ ਸਦਾ ਨਿਹਾਲਾ=ਦੁੱਖਾਂ ਤੋਂ ਰਹਿਤ ਹੁੰਦੇ ਹਾਂ॥ ੨॥

ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ ॥

ਅਸੀਂ ਆਪ ਜੀ ਦੇ ਬਾਲਕੇ ਹਾਂ, ਤੁਸੀਂ ਸਾਡੇ ਪਿਤਾ ਹੋ, ਤੁਸੀਂ ਸਾਡੇ ਮੂੰਹ ਵਿਚ ਖੀਰਾ=ਦੁੱਧ ਦੇਂਦੇ ਹੋ। ਵਾ:- ਤੁਸੀਂ ਹੀ ਸਾਡੇ ਮੂੰਹ ਵਿਚ ਨਾਮ-ਜਸ ਰੂਪੀ ਖੀਰਾ=ਦੁੱਧ ਦੇਂਦੇ ਹੋ।

ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥੩॥

ਆਪ ਸਾਰਿਆਂ ਲਾਡਾਂ ਵਿਚ ਲਡਾਂਉਂਦੇ ਹੋ ਇਸ ਤੇ ਅਸੀਂ ਖੇਡਦੇ ਹਾਂ, ਤੁਸੀਂ ਸਦਾ ਹੀ ਸ਼ੁਭ-ਗੁਣਾਂ ਦੇ ਗਹੀਰਾ=ਸਮੁੰਦਰ ਹੋ॥ ੩॥

ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥

ਹੇ ਪੂਰਨ=ਪਰਮਾਤਮਾ ! ਆਪ ਸੰਪੂਰਨ ਜਗਤ ਵਿਚ ਪਰੀਪੂਰਨ ਹੋ ਰਹੇ ਹੋ, ਅਸੀਂ ਭੀ ਆਪ ਜੀ ਦੀ ਸੰਗਿ=ਸੰਗਤ ਕਰ ਕੇ ਵਾ:- ਆਪ ਜੀ ਨਾਲ ਮਿਲ ਕੇ ਅਘਾਏ=ਤ੍ਰਿਪਤ ਹੋਏ ਹਾਂ।

ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ ॥੪॥੬॥

ਹੇ ਪ੍ਰਭੂ ! ਤੂੰ ਚਾਰੇ ਜੁਗਾਂ ਵਿਚ ਮਿਲ ਰਿਹਾ ਹੇਂ, ਵਾ:- ਚਤੁਸਟੇ ਅੰਤਹਕਰਨ ਵਿਚ ਮਿਲ ਰਿਹਾ ਹੈਂ। ਵਾ:- ਸਤਿਨਾਮ ਮੰਤ੍ਰ ਦੇ ਚਾਰੇ ਅੱਖਰਾਂ ਵਿਚ ਮਿਲ ਰਿਹਾ ਹੈਂ, ਆਪ ਜੀ ਦੀ ਸੰਪੂਰਨ ਮਹਿਮਾ ਕਹੀ ਨਹੀਂ ਜਾਂਦੀ। ਵਾ:- ਮਨ ਕਰ ਕੇ ਜੋ ਨਾਮ ਨਾਲ ਮਿਲਿਆ ਹੈ, ਬਾਣੀ ਕਰ ਕੇ ਜੋ ਨਾਮ ਨਾਲ ਮਿਲਿਆ ਹੈ, ਤਨ ਕਰ ਕੇ ਜੋ ਨਾਮ ਨਾਲ ਮਿਲਿਆ ਹੈ, ਉਹ ਪ੍ਰਭੂ ਨਾਲ ਮਿਲ ਰਿਹਾ ਹੈ। ਵਾ:-ਜੋ ਪਹਿਲੇ ਸ੍ਰਵਨ ਵਿਚ ਮਿਲਿਆ, ਫੇਰ ਮੰਨਣ ਵਿਚ ਮਿਲਿਆ ਤੇ ਨਿਧਿਆਸਣ ਵਿਚ ਮਿਲਿਆ ਹੈ, ਉਹ ਪ੍ਰਭੂ ਨਾਲ ਮਿਲ ਰਿਹਾ ਹੈ। ਵਾ:-ਜੋ ਪਹਿਲੇ ਨਿਸ਼ਕਾਮ ਕਰਮਾਂ ਨਾਲ ਮਿਲਿਆ ਹੈ, ਫੇਰ ਉਪਾਸ਼ਨਾ ਵਿਚ ਮਿਲਿਆ ਹੈ ਅਤੇ ਗਿਆਨ ਵਿਚ

www.sikhbookclub.com

ਮਿਲਿਆ ਹੈ ਉਹ ਪ੍ਰਭੂ ਨਾਲ ਮਿਲ ਰਿਹਾ ਹੈ। ਵਾ:- ਜੋ ਪਰਮੇਸ਼ਰ ਮਿਲਤ=ਪਦਾਰਥਾਂ ਵਿਚ ਮਿਲ ਰਿਹਾ ਹੈ, ਉਸ ਦੇ ਨਾਮ ਵਿਚ ਜੋ ਮਿਲਿਆ ਹੈ, ਉਹ ਪਰਮੇਸ਼ਰ ਨਾਮ ਮਿਲ ਰਿਹਾ ਹੈ। ਵਾ:- ਮਿਲਤ=ਜੋ ਗੁਰੂ ਪਰਮੇਸ਼ਰ ਨਾਲ ਮਿਲਾਉਣ ਵਾਲੇ ਹਨ, ਉਹਨਾਂ ਦੇ ਉਪਦੇਸ਼ ਨਾਲ ਜੋ ਮਿਲਿਆ ਹੈ, ਉਹ ਪਰਮੇਸ਼ਰ ਨਾਲ ਮਿਲ ਰਿਹਾ ਹੈ; ਗੁਰੂ ਜੀ ਕਥਨ ਕਰਦੇ ਹਨ—ਉਹ ਫਿਰ ਪ੍ਰਭੂ ਤੋਂ ਵੱਖਰਾ ਨਹੀਂ ਕਿਹਾ ਜਾਂਦਾ। *ਅਥਵਾ:-* ਉਸ ਦੇ ਮਿਲਾਪ ਦਾ ਜੋ ਅਨੰਦ ਹੈ, ਉਹ ਮੂੰਹੋਂ ਨਹੀਂ ਕਿਹਾ ਜਾਂਦਾ॥ ੪॥ ੬॥

ਯਥਾ:- ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥ *(ਪੰਨਾ ੩੩੪)*

ਰਾਮਕਲੀ ਮਹਲਾ ੫॥

ਉਥਾਨਕਾ:- ਸ੍ਰੀ ਅੰਮ੍ਰਿਤਸਰ ਵਿਚ ਰਾਸਧਾਰੀਆਂ ਨੇ ਆ ਕੇ ਖੂਬ ਵਾਜੇ ਵਜਾ ਕੇ ਰਾਸ ਪਾਈ। ਸਿੱਖ ਵੇਖ ਕੇ ਬੜੇ ਖੁਸ਼ ਹੋਏ। ਇਕ ਦਿਨ ਸਿੱਖਾਂ ਨੇ ਗੁਰੂ ਜੀ ਨੂੰ ਆ ਕੇ ਕਿਹਾ—"ਆਪ ਜੀ ਭੀ ਰਾਸ ਵੇਖਣ ਚੱਲੋ!" ਗੁਰੂ ਜੀ ਨੇ ਕਿਹਾ—"ਸਾਰਾ ਸੰਸਾਰ ਹੀ ਰਾਸ ਰੂਪ ਹੈ।" ਸਿੱਖਾਂ ਨੇ ਕਿਹਾ—"ਜੀ, ਰਾਸ ਵਿਚ ਤਾਂ ਤਾਲ (ਕੈਂਸੀਆਂ) ਜੋੜੀ (ਤਬਲਾ) ਤੇ ਰਬਾਬ ਆਦਿਕ ਸਾਜ ਵੱਜਦੇ ਹਨ, ਇਸ ਤਰਫ ਵਾਜੇ ਕਿਹੜੇ ਹਨ?

"*ਗੁਰ ਉੱਤਰ:-*

ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ॥

ਕਰ=ਹੱਥਾਂ ਕਰ ਕੇ ਜਿਹੜੀ ਕਿਰਿਆ ਕਰਨੀ ਹੈ, ਏਹੋ ਤਾਲ=ਕੈਂਸੀਆਂ ਵੱਜ ਰਹੀਆ ਹਨ, ਨੈਨਹੁ=ਨੇਤਰ ਇਹ ਪਖਾਵਜੀ (ਜੋੜੀ ਵਜਾਉਣ ਵਾਲਾ) ਹਨ ਤੇ ਰੂਪ ਪਖਾਵਜੁ=ਦੁੱਕੜ ਭਾਵ ਜੋੜੀ ਹੈ

ਵਾ:- ਨੇਤ੍ਰ ਪਖਾਵਜੁ=ਦੁੱਕੜ (ਜੋੜੀ) ਹੈ ਤੇ ਜੀਵ ਜੋੜੀ ਵਜਾਉਣ ਵਾਲਾ ਹੈ, ਮਾਥੈ=ਹੰਕਾਰ ਹੋਣਾ ਇਹ ਰਬਾਬ ਵੱਜ ਰਿਹਾ ਹੈ।

ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ॥

ਜਿਹਵਾ=ਜੀਭ ਨਾਲ ਜਿਹੜਾ ਬਾਣੀ ਦਾ ਧੁਨਿ=ਉਚਾਰਨਾ ਹੈ ਅਤੇ ਕਰਨਹੁ=ਕੰਨਾਂ ਦੁਆਰੇ ਸੁਣਨਾ ਹੈ, ਏਹੋ ਆਗਾਜਾ=ਪ੍ਰਗਟ ਮਧੁ=ਸ਼ਹਿਦ ਵਾਂਗ ਮਿੱਠੀ ਬੰਸਰੀ ਵੱਜ ਰਹੀ ਹੈ।

ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ॥ ੧॥

ਮਨ ਵਿਚ ਜਿਹੜਾ ਸੰਸਾਰਕ ਪਦਾਰਥਾਂ ਦਾ ਨਿਰਤਿ ਕਰੇ=ਨਿਰਣਾ ਕਰਨਾ ਹੈ ਏਹੋ ਨਚਣਾ ਹੈ, ਜਿਹੜੀਆਂ ਅਨੇਕ ਤਰ੍ਹਾਂ ਦੀਆਂ ਜੁਗਤੀਆਂ ਲਿਆਉਣਾ ਕੀਤੀਆਂ ਹਨ ਇਹ ਘੁੰਘਰੂਆਂ ਦਾ ਸਾਜਾ=ਸਮੁਦਾਅ ਲਿਆਉਣਾ ਕੀਤਾ ਹੈ॥ ੧॥

ਰਾਮ ਕੋ ਨਿਰਤਿਕਾਰੀ॥

ਰਾਮ ਦਾ ਰਚਿਆ ਹੋਇਆ ਜੋ ਸਾਰਾ ਸੰਸਾਰ ਹੈ, ਏਹ ਓਸੇ ਦੀ ਨਿਰਤਿਕਾਰੀ=ਰਾਸ ਹੈ।

ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ॥ ੧॥ ਰਹਾਉ॥

ਜਿਤਨਾ—ਕੁ ਸਾਜ ਸ਼ਿੰਗਾਰਿਆ ਹੋਇਆ ਹੈ, ਇਸ ਨੂੰ ਵੇਖਣ ਵਾਲਾ ਦਇਆਲਾ ਪਰਮਾਤਮਾ ਆਪ ਹੀ ਵੇਖ ਰਿਹਾ ਹੈ॥ ੧॥ ਰਹਾਉ॥

www.sikhbookclub.com

ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥

ਸਬਾਈ=ਸਾਰੀ ਜੋ ਧਰਤੀ ਹੈ ਏਹੋ ਅਖਾਰ ਮੰਡਲੀ=ਰਾਸ ਮੰਡਲ ਦੀ ਜਗ੍ਹਾ ਹੈ, ਜਿਵੇਂ ਪ੍ਰਤੱਖ ਰਾਸ ਵਾਲੀ ਧਰਤੀ ਉੱਤੇ ਚੰਦੋਆ ਤਾਣਿਆ ਹੁੰਦਾ ਹੈ ਤਿਵੇਂ ਇਸ ਤਰਫ਼ ਸਭ ਦੇ ਉੱਪਰ ਗਗਨੁ=ਅਕਾਸ਼ ਰੂਪੀ ਚੰਦੋਆ ਤਾਣਿਆ ਹੋਇਆ ਹੈ।

ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥

ਜਿਵੇਂ ਪ੍ਰਤੱਖ ਇਕ ਵਿਚੋਲਾ ਹੁੰਦਾ ਹੈ ਜੋ ਸਭ ਨੂੰ ਲਿਆ ਕੇ ਰਾਸ ਮੰਡਲ ਵਿਚ ਇਕੱਠਾ ਕਰਦਾ ਹੈ। ਤਿਵੇਂ ਪਵਨੁ=ਪ੍ਰਾਣਾਂ ਰੂਪੀ ਵਿਚੋਲਾ ਹੈ ਜੋ ਸਾਰਿਆਂ ਜੀਵਾਂ ਨੂੰ ਇਕੇਲਾ=ਇੱਕਠ ਕਰਦਾ ਹੈ ਕਿਉਂਕਿ ਪ੍ਰਾਣਾਂ ਕਰ ਕੇ ਹੀ ਸਭ ਦਾ ਮਿਲਾਪ ਹੁੰਦਾ ਹੈ।

ਪ੍ਰਸ਼ਨ- ਸਭ ਦੀ ਉਤਪੱਤੀ ਕਿਥੋਂ ਹੋਈ ਹੈ? *ਉੱਤਰ-* ਸਭ ਕੋਈ ਜਲ ਤੋਂ ਉਤਪਤ ਹੋਇਆ ਹੈ।

ਯਥਾ:- ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ *(ਪੰਨਾ ੪੭੨)*

ਤਥਾ:- ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥ ੨॥ *(ਪੰਨਾ ੧੨੪੦)*

ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ॥ ੨॥

ਪੁਨਾ ਪੰਜਾਂ ਤੱਤਾਂ ਨੂੰ ਇਕੱਠੇ ਕਰ ਕੇ ਸਰੀਰ ਰੂਪ ਪੁਤਲਾ ਰਚਨਾ ਕੀਤਾ ਹੈ, ਫੇਰ ਕਿਰਤ=ਕਰਮਾਂ ਕਰ ਕੇ ਇਸ ਸਰੀਰ ਦੇ ਨਾਲ ਜੀਵ ਦਾ ਮਿਲਾਪ ਹੁੰਦਾ ਹੈ॥ ੨॥

ਜਿਵੇਂ ਪ੍ਰਤੱਖ ਰਾਸ ਮੰਡਲ ਵਿਚ ਦੀਵੇ ਜਗਾਉਂਦੇ ਹਨ, ਤਿਵੇਂ ਇਸ ਸੰਸਾਰ ਰੂਪ ਰਾਸ ਮੰਡਲ ਵਿਚ-

ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ॥

ਸੂਰਜ ਚੰਦਰਮਾ ਰੂਪ ਦੇ ਚਰਾਗਾ=ਦੀਵੇ ਜਰੇ=ਪ੍ਰਕਾਸ਼ ਰਹੇ ਹਨ, ਫੇਰ ਇਹ ਦੀਵੇ ਚਹੁ ਕੁੰਟ=ਚਾਰੇ ਦਿਸ਼ਾਂ ਵਿਚ ਰੱਖਣਾ ਕੀਤੇ ਹਨ।

ਜਿਵੇਂ ਪ੍ਰਤੱਖ ਰਾਸ ਵਿਚ ਗੋਪੀਆਂ ਹੁੰਦੀਆਂ ਹਨ, ਤਿਵੇਂ ਸੰਸਾਰ ਰੂਪ ਰਾਸ ਵਿਚ-

ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ॥

ਦਸ ਇੰਦ੍ਰੀਆਂ ਪਾਤਉ=ਵੇਸ਼ਵਾ ਹਨ ਜਾਂ ਗੋਪੀਆਂ ਸਮਝ ਲਓ, ਪੰਜ (ਕਾਮ ਕ੍ਰੋਧ ਆਦਿਕ) ਸੰਗੀਤਾ=ਭੜੂਏ ਹਨ, ਇਹ ਪੂਰਬ ਕਿਹਾ ਹੋਇਆ ਸਾਰਾ ਸਾਥ ਇਕ ਮਨ, ਵਾ:- ਇਕ ਅਗਿਆਨ ਦੇ ਵਿਚ ਹੈ।

ਭਿੰਨ ਭਿੰਨ ਹੁਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ॥ ੩॥

ਇਹ ਇੰਦ੍ਰੀਏ ਜੁਦੇ-ਜੁਦੇ ਹੋ ਕੇ ਹਾਵ-ਭਾਵ ਦਿਖਾਉਂਦੇ ਹਨ ਅਰਥਾਤ ਆਪੇ ਆਪਦੇ ਵਿਸ਼ਿਆਂ ਦੀ ਤਰਫ਼ ਖਿੱਚਦੇ ਹਨ ਅਤੇ ਸਭ ਦੀ ਨਿਰਾਰੀ=ਜੁਦਾ ਜੁਦਾ ਭਾਖੇ=ਬੋਲੀ ਹੈ ॥ ੩॥

ਯਥਾ:- ਕਾਨ ਕੋ ਕਾਮ ਨ ਨਾਕ ਕਰੈ ਅਰੁ ਨਾਕ ਕੋ ਕਾਮ ਨ ਕਾਨ ਤੇ ਹੋਈ।
ਆਂਖ ਕੇ ਕਾਮ ਨ ਜੀਭ ਕਰੈ ਅਰ ਜੀਭ ਕੋ ਕਾਮ ਨ ਆਂਖਨ ਸੋਈ।

(ਸਵੈਯਾ ੧੦੭ ਅਧਿਆਤਮ ਪ੍ਰਕਾਸ਼)

www.sikhbookclub.com

ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥

ਘਰਿ ਘਰਿ=ਸਰੀਰ-ਸਰੀਰ ਵਿਚ ਰਾਤ ਦਿਨੇ ਨਿਰਤਕਾਰੀ ਹੋ ਰਹੀ ਹੈ ਅਤੇ ਹਰੇਕ ਘਟ ਵਿਚ ਝੂਠ ਰੂਪੀ, ਵਾ:- ਸੰਕਲਪਾਂ ਰੂਪੀ ਤੂਰਾ=ਵਾਜਾ ਵੱਜ ਰਿਹਾ ਹੈ।

ਯਥਾ:- ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ *(ਪੰਨਾ ੧੯)*

ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥

ਉਹ ਪਰਮੇਸ਼ਰ ਕਰਮਾਂ ਅਨੁਸਾਰ ਇਕਨਾ ਮਨਮੁਖਾਂ ਨੂੰ ਸੰਸਾਰ ਰੂਪ ਨਿਰਤਕਾਰੀ ਵਿਚ ਨਚਾਉਂਦਾ ਹੈ, ਵਾ:- ਚੁਰਾਸੀ ਲੱਖ ਜੂਨਾਂ ਵਿਚ ਨਚਾਉਂਦਾ ਹੈ ਅਤੇ ਇਕਨਾਂ ਗੁਰੂਮੁਖਾਂ ਨੂੰ ਸੰਸਾਰ ਵੱਲੋਂ ਭਵਾਵਹਿ=ਹਟਾ ਕੇ ਆਪਣੀ ਤਰਫ਼ ਲਿਆਉਂਦਾ ਹੈ, ਉਹਨਾਂ ਇਕਨਾਂ ਗੁਰਮੁਖਾਂ ਦਾ ਆਉਣ ਜਾਣਾ ਧੂੜ ਰੂਪ ਹੋ ਜਾਂਦਾ ਹੈ ਅਤੇ ਜੋ ਮਨਮੁਖ ਪੁਰਸ਼ ਹਨ ਉਹ ਇਕ ਆਉਣ ਜਾਣ ਵਿਚ ਭਾਵ ਜਨਮ ਮਰਨ ਵਿਚ ਪੈ ਕੇ ਧੂੜ ਰੂਪ ਹੋ ਜਾਂਦੇ ਹਨ।

ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਪੂਰੇ ਗੁਰੂ ਮਿਲੇ ਹਨ, ਉਹ ਮੁੜ ਕੇ ਇਸ ਸੰਸਾਰ ਰੂਪੀ ਰਾਸ ਵਿਚ ਨਹੀਂ ਨੱਚਦਾ ॥ ੪ ॥ ੭ ॥

[ਪੰਨਾ ੮੮੫]

ਰਾਮਕਲੀ ਮਹਲਾ ੫ ॥

ਗੁਰੂ ਸਾਹਿਬ ਜੀ ਇਸ ਸ਼ਬਦ ਵਿਚ ਗੁਰਮੁਖਾਂ ਵਾਲੀ ਰਾਸ ਦਾ ਵਰਣਨ ਕਰ ਕੇ ਸਿੱਖਾਂ ਨੂੰ ਸੁਣਾਉਂਦੇ ਹਨ ਤੇ ਆਖਦੇ ਹਨ—ਜੇਕਰ ਰਾਸ ਵੇਖਣੀ ਹੋਵੇ ਤਾਂ ਇਸ ਅੰਤ੍ਰੀਵ ਰਾਸ ਨੂੰ ਵੇਖੋ !

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥

੧) ਓਅੰਕਾਰਿ=ਮੰਗਲ ਸਰੂਪ ਜੋ ਇਕ ਅਦੁਤੀ ਪਰਮਾਤਮਾ ਹੈ ਉਸ ਇਕ ਦਾ ਧੁਨਿ=ਉਚਾਰਨਾ ਕਰੇ, ਇਕ ਵਿਚ ਜਿਹੜਾ ਰਾਗੁ=ਪ੍ਰੇਮ ਕਰਨਾ ਹੈ, ਇਹ ਰਾਗ ਦੀ ਅਲਾਪਚਾਰੀ ਕਰੇ।

੨) ਮੰਗਲ ਸਰੂਪ ਜੋ ਇਕ ਅਦੁਤੀ ਪਰਮਾਤਮਾ ਹੈ ਉਸ ਇਕ ਦਾ ਜਿਹੜਾ ਰਾਗੁ=ਪ੍ਰੇਮ ਸਹਿਤ ਉਚਾਰਨਾ ਹੈ, ਏਹੀ ਰਾਗ ਦੀ ਅਲਾਪਚਾਰੀ ਕਰੇ।

ਏਕਾਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥

ਜੋ ਇਕ ਪਰਮਾਤਮਾ ਸਾਰੇ ਵਿਆਪ ਰਿਹਾ ਹੈ ਉਸ ਇਕ ਦੇ ਦਿਖਾਉਣ ਵਾਲੇ ਜੋ ਗੁਰੂ ਹਨ, ਏਹੋ ਏਕਾਦੇਸੀ=ਟੋਡੀ ਰਾਗਣੀ ਹੈ।

ਸੰਗੀਤ ਸ਼ਾਸਤਰ ਵਿਚ ਏਕਾਦੇਸੀ ਦਾ ਅਰਥ ਟੋਡੀ ਰਾਗਣੀ ਕਰਦੇ ਹਨ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਵੇਲੇ ਆਸਾ ਰਾਗਣੀ ਵਿਭਾਸ ਤੇ ਭੈਰਉ ਗਾਏ ਜਾਂਦੇ ਹਨ।

ਆਸਾ ਦੀ ਵਾਰ ਪਿੱਛੋਂ ਸੱਤ ਅੱਠ ਵਜੇ ਬਿਲਾਵਲ ਦੀ ਚੌਕੀ ਗਾਈ ਜਾਂਦੀ ਹੈ, ਬਿਲਾਵਲ, ਟੋਡੀ, ਭੈਰਵੀ ਤੇ ਰਾਮਕਲੀ ਸਾਰੇ ਕੱਠੇ ਗਾਏ ਜਾਂਦੇ ਹਨ।

ਦੁਪਹਿਰ ਤੋਂ ਪਿੱਛੋਂ ਸਾਰੰਗ ਰਾਗ ਗਾਉਂਦੇ ਹਨ, ਸੰਧਿਆ ਤੋਂ ਪਿੱਛੋਂ ਕਲਿਆਣ ਤੇ ਕਾਨੜਾ ਗਾਉਂਦੇ ਹਨ,

ਰਾਤ ਦੇ ੧੨ ਵਜੇ ਕੇਦਾਰਾ ਰਾਗ ਗਾਉਂਦੇ ਹਨ।

ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥ ੧ ॥

ਇਕ ਪਰਮੇਸ਼ਰ ਵਿਚ, ਜਾਂ ਗੁਰਾਂ ਵਿਚ ਜਿਹੜੀ ਸੁਰਤਿ=ਸ਼ੇ੍ਸ਼ਟ ਪ੍ਰੀਤੀ ਕਰਨੀ ਹੈ, ਇਹ ਸ਼ੁ੍ਰਤੀਆਂ ਹਨ।

ਵਾ:- ਸੁਰਾਂ ਦਾ ਜੋੜਨਾ ਹੈ ਇਕ ਜਿਹੜੀ ਗੁਰਾਂ ਦੀ ਸੇਵਾ ਕਰਨੀ ਹੈ ਏਹੋ ਰਾਗੀ ਦੀ ਸੇਵਾ ਹੈ,

ਵਾ:- ਇਕ ਜਿਹੜੀ ਪਰਮੇਸ਼ਰ ਦੀ ਸੇਵਾ ਕਰਨੀ ਹੈ, ਏਹੋ ਤਾਰ ਦੀਆਂ ਮਾਤਰਾਂ ਹਨ।

ਗੁਰਾਂ ਦੁਆਰੇ ਜਿਹੜਾ ਇਕ ਪ੍ਰਭੂ ਦਾ ਜਾਪੈ=ਜਪਣਾ ਹੈ, ਵਾ:- ਜਾਣਨਾ ਹੈ ਇਹ ਮਸਤੀ (ਸਰੂਰ) ਹੈ॥ ੧ ॥

ਭਲੋ ਭਲੋ ਰੇ ਕੀਰਤਨੀਆ ॥

ਇਸ ਤਰ੍ਹਾਂ ਦਾ ਕੀਰਤਨ ਕਰਨਾ ਭਲਿਆਂ ਤੋਂ ਭਲਾ ਹੈ, *ਅਥਵਾ:-* ਭਲੋ=ਭਲੀ ਪ੍ਰਕਾਰ ਭਲਾ ਹੈ, ਭਾਵ ਚੰਗਾ ਹੈ।

ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ ੧ ॥ ਰਹਾਉ ॥

ਰਾਮਾ=ਹੇ ਭਾਈ ! ਰਾਮ ਜੋ ਸਾਰੇ ਰਮਿਆ (ਭਰਪੂਰ) ਹੋਇਆ ਹੈ ਉਦਾਰਨ ਕਰਨ ਜੋਗ ਜੋ ਪਰਮਾਤਮਾ ਹੈ, ਉਸ ਦੇ ਗੁਣ ਗਾਉਣਾ ਕਰੋ। ਮਾਇਆ=ਮਾਇਆਵੀ ਧੰਦਿਆਂ ਦੇ ਸੁਆਉ=ਪ੍ਰਯੋਜਨ ਨੂੰ ਛੱਡ ਦੇਣਾ ਕਰੋ॥ ੧ ॥ ਰਹਾਉ ॥

ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥

(ਸੱਤ, ਸੰਤੋਖ, ਧੀਰਜ, ਧਰਮ, ਵਿਚਾਰ ਇਹ—) ਪੰਜ ਬਜਿਤ੍ਰ=ਵਾਜੇ ਕਰ (ਕਰੁਣਾ, ਮੈਤ੍ਰੀ, ਮੁੱਦਤਾ, ਉਪੇਖਿਆ, ਸ਼ਾਂਤੀ ਸ਼ਰਧਾ ਤੇ ਖਿਮਾ ਇਨ੍ਹਾਂ) ਸੱਤਾਂ ਸੁਰਾਂ ਦੀ ਲੈ ਵਿਚ ਚੱਲਣਾ ਕਰ।

ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥

ਮਨ ਦਾ ਮਾਣ ਤਿਆਗਣਾ ਇਹ ਵਾਜਾ ਕਰ, ਤਨ ਦਾ ਤਾਣੁ=ਬਲ (ਤਾਕਤ) ਦਾ ਤਿਆਗਣਾ ਏਹੀ ਤਾਨਾਂ ਮਾਰਨਾ ਕਰ, ਮਨ ਰੂਪੀ ਪਾਉ=ਪੈਰ ਨੂੰ ਪਰਮੇਸ਼ਰ ਵਲੋਂ ਬੀਗਾ=ਟੇਢਾ ਨਾ ਪਾਉਣਾ ਕਰ।

ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥ ੨ ॥

ਚੁਰਾਸੀ ਲੱਖ ਜੂਨੀਆਂ ਵਿਚ ਕਦੇ ਫੇਰਾ ਨਾ ਹੋਣਾ ਏਹੀ ਫੇਰੀ ਲੈਣੀ ਕਰ, ਬੁੱਧੀ ਰੂਪ ਪੱਲੇ ਵਿਚ ਜਿਹੜਾ ਇਕ ਗੁਰਾਂ ਦਾ ਉਪਦੇਸ਼ ਬੰਨ੍ਹਣਾ ਹੈ ਏਹ ਧਨ ਯਾਨੀ ਵੇਲ ਬੰਨ੍ਹਣਾ ਕਰ।

ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥

ਨਰਹਰ=ਨਰਾਂ ਨੂੰ ਹਰਿਆਂ ਕਰਨ ਵਾਲਾ ਜੋ ਪਰਮੇਸ਼ਰ ਹੈ, ਉਸ ਨੂੰ ਹਾਜ਼ਰ-ਨਾਜ਼ਰ ਜਾਣਨਾ ਏਹੋ ਨਾਰਦੀ=ਪ੍ਰੇਮਾ ਭਗਤੀ ਕਰ ਅਤੇ ਜਿਹੜਾ ਵਿਸੂਰੇ=ਝੋਰਿਆਂ ਦਾ ਤਿਆਗਣਾ ਹੈ, ਏਹੀ ਘੁੰਘਰੂ ਖੜਕਾਉਣਾ ਕਰ।

ਸਹਜ ਅਨੰਦ ਦਿਖਾਵੈ ਭਾਵੈ॥
ਏਹੁ ਨਿਰਤਿਕਾਰੀ ਜਨਮਿ ਨ ਆਵੈ॥ ੩ ॥

ਜਿਹੜਾ ਸਹਜ ਅਨੰਦ=ਆਤਮਿਕ ਅਨੰਦ ਪ੍ਰਾਪਤ ਹੋਇਆ ਹੈ, ਏਹੀ ਹਾਵ ਭਾਵ ਦਾ ਦਿਖਾਉਣਾ ਕਰ। ਇਸ ਤਰ੍ਹਾਂ ਅੰਤ੍ਰੀਵ ਨਿਰਤਕਾਰੀ ਕਰਨ ਨਾਲ ਜਨਮ ਮਰਨ ਵਿਚ ਨਹੀਂ ਆਉਂਦਾ॥ ੩॥

ਜੇ ਕੋ ਅਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਨੁ ਗਾਵੈ॥

ਜਿਹੜਾ ਕੋਈ ਆਪਣੇ ਠਾਕੁਰ ਨੂੰ ਭਾਉਂਦਾ ਹੈ। ਉਹ ਕੋਈ ਕਰੋੜਾਂ ਦੇ ਵਿੱਚੋਂ ਇਸ ਤਰ੍ਹਾਂ ਦੇ ਕੀਰਤਨ ਨੂੰ ਗਾਉਂਦਾ ਹੈ।

ਪ੍ਰਸ਼ਨ- ਇਸ ਤਰ੍ਹਾਂ ਅੰਤ੍ਰੀਵ ਕੀਰਤਨ ਕਰਨਾ, ਕਿਸ ਨੂੰ ਪ੍ਰਾਪਤ ਹੈ? *ਗੁਰ ਉੱਤਰ-*

ਸਾਧਸੰਗਤਿ ਕੀ ਜਾਵਉ ਟੇਕ॥
ਕਹੁ ਨਾਨਕ ਤਿਸੁ ਕੀਰਤਨੁ ਏਕ॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ—ਸੰਤਸੰਗਤ ਦੀ ਓਟ ਵਿਚ ਜਾਣਾ ਕਰੋ। ਜਿਹੜਾ ਭੀ ਸਤਸੰਗਤ ਵਿਚ ਜਾਂਦਾ ਹੈ, ਉਸ ਨੂੰ ਇਕ ਦਾ ਕੀਰਤਨ ਕਰਨਾ ਪ੍ਰਾਪਤ ਹੁੰਦਾ ਹੈ॥ ੪॥ ੮॥

ਰਾਮਕਲੀ ਮਹਲਾ ੫॥

ਜਿਸ ਵੇਲੇ ਗੁਰੂ ਸਾਹਿਬ ਜੀ ਲਾਹੌਰ ਗਏ ਹਨ ਤਾਂ ਜਹਾਂਗੀਰ ਬਾਦਸ਼ਾਹ ਨੇ ਆਪਣੇ ਪਾਸ ਬੁਲਵਾ ਕੇ ਪੁੱਛਿਆ- "ਸੰਸਾਰ ਵਿਚ ਹਿੰਦੂ ਅਤੇ ਮੁਸਲਮਾਨ ਦੋ ਮਜ਼ਹਬ ਹਨ, ਇਨ੍ਹਾਂ ਦੋਹਾਂ ਵਿੱਚੋਂ ਵੱਡਾ ਕੌਣ ਹੈ ਅਤੇ ਸੰਸਾਰ ਤੋਂ ਤਰਦਾ ਕਿਹੜਾ ਹੈ?"

ਇਹ ਗੱਲ ਸੁਣ ਕੇ ਗੁਰੂ ਜੀ ਦੋਹਾਂ ਦੀ ਕਿਰਿਆ ਵੱਖੋ ਵੱਖਰੀ ਦੱਸਦੇ ਹੋਏ ਕਹਿੰਦੇ ਹਨ—ਦੋਹਾਂ ਵਿੱਚੋਂ ਜਿਸ ਨੇ ਪ੍ਰਭੂ ਦੇ ਹੁਕਮ ਨੂੰ ਪਛਾਣਿਆ ਹੈ, ਉਹ ਵੱਡਾ ਹੈ।

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥ ੧॥

ਕੋਈ (ਹਿੰਦੂ ਲੋਕ) ਤਾਂ ਰਾਮ ਰਾਮ ਸ਼ਬਦ ਬੋਲਦੇ ਹਨ ਤੇ ਕੋਈ (ਮੁਸਲਮਾਨ) ਖ਼ੁਦਾ ਖ਼ੁਦਾ ਸ਼ਬਦ ਆਖਦੇ ਹਨ। ਕੋਈ (ਹਿੰਦੂ ਲੋਕ) ਗੁਸਾਈਆ-ਪਰਮਾਤਮਾ ਨੂੰ ਸੇਂਵਦੇ ਹਨ, ਕੋਈ (ਮੁਸਲਮਾਨ) ਅੱਲਾ ਅੱਲਾ ਕਹਿੰਦੇ ਹਨ॥ ੧॥

ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ ੧॥ ਰਹਾਉ॥

(ਹਿੰਦੂ) ਕਰਨ ਕਾਰਨ ਕਹਿੰਦੇ ਹਨ, (ਮੁਸਲਮਾਨ) ਕਰੀਮ ਕਰੀਮ ਆਖਦੇ ਹਨ। (ਹਿੰਦੂ) ਕਿਰਪਾ ਧਾਰ ਕਹਿੰਦੇ ਹਨ, (ਮੁਸਲਮਾਨ) ਰਹੀਮ ਸ਼ਬਦ ਆਖਦੇ ਹਨ॥ ੧॥ ਰਹਾਉ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥ ੨॥

ਕੋਈ (ਹਿੰਦੂ) ਤੀਰਥਾਂ ਪਰ ਇਸ਼ਨਾਨ ਕਰਦਾ ਹੈ, ਕੋਈ (ਮੁਸਲਮਾਨ ਮੱਕੇ ਦੀ) ਹਜ (ਯਾਤਰਾ) ਕਰਨ ਜਾਂਦਾ ਹੈ। ਕੋਈ (ਹਿੰਦੂ ਠਾਕੁਰ) ਪੂਜਨ ਕਰਦਾ ਹੈ, ਕੋਈ (ਮੁਸਲਮਾਨ ਮਸੀਤ ਵਿਚ) ਸਿਰ ਨਿਵਾਉਂਦਾ, ਭਾਵ ਸਿਜਦਾ ਕਰਦਾ ਤੇ ਨਮਾਜ਼ ਪੜ੍ਹਦਾ ਹੈ॥ ੨॥

ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥ ੩॥

ਕੋਇ (ਹਿੰਦੂ) ਵੇਦਾਂ ਨੂੰ ਪੜ੍ਹਦਾ ਹੈ, ਕੋਈ (ਮੁਸਲਮਾਨ) ਕਤੇਬਾਂ ਨੂੰ ਪੜ੍ਹਦਾ ਹੈ। ਕੋਈ (ਮੁਸਲਮਾਨ) ਨੀਲੇ ਰੰਗ ਦੇ ਕਪੜੇ ਓਢੈ=ਪਾਉਂਦਾ ਹੈ, ਕੋਈ (ਹਿੰਦੂ) ਸੁਪੇਦ=ਚਿੱਟੇ ਰੰਗ ਦੇ ਕਪੜੇ ਪਹਿਨਦਾ ਹੈ ॥ ੩॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥੪॥

ਕੋਈ (ਮੁਸਲਮਾਨ) ਆਪਣੇ ਆਪ ਨੂੰ ਤੁਰਕ ਕਹਿੰਦਾ ਹੈ, ਕੋਈ ਆਪਣੇ ਆਪ ਨੂੰ ਹਿੰਦੂ ਕਹਿੰਦਾ ਹੈ। ਕੋਈ (ਮੁਸਲਮਾਨ) ਭਿਸਤੁ ਨੂੰ ਬਾਛੈ=ਚਾਹੁੰਦਾ ਹੈ, ਕੋਈ (ਹਿੰਦੂ) ਸੁਰਗਿੰਦੂ=ਸੁਰਗ ਨੂੰ ਚਾਹੁੰਦਾ ਹੈ। ਇੰਦਰ ਦੇ ਸੁਰਗ ਨੂੰ ਸੁਰਗਿੰਦ ਆਖਦੇ ਹਨ। ਜਹਾਂਗੀਰ ਨੇ ਕਿਹਾ- "ਮੈਂ ਤਾਂ ਪੁੱਛਿਆ ਸੀ ਤਰਦਾ ਕੌਣ ਹੈ?"

ਗੁਰ ਉੱਤਰ-

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ ੫॥ ੯॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਪ੍ਰਭੂ ਦਾ ਹੁਕਮ ਪਛਾਣਿਆ ਹੈ। ਉਹਨਾਂ ਨੇ ਪ੍ਰਭੂ ਤੇ ਸਾਹਿਬ ਦੇ ਅਭੇਦਤਾ ਦਾ ਭੇਦ ਜਾਣਿਆ ਹੈ, ਜਿਨ੍ਹਾਂ ਨੇ ਅਭੇਦ ਰੂਪ ਨਿਸਚੇ ਕੀਤਾ ਹੈ, ਓਹੀ ਤਰਦਾ ਹੈ॥ ੫॥ ੯॥

ਰਾਮਕਲੀ ਮਹਲਾ ੫॥

ਇਕ ਪ੍ਰੇਮੀ ਸਿੱਖ ਦਾ ਪਿਤਾ ਗੁਜ਼ਰ ਗਿਆ ਉਹ ਆਪਣੇ ਪਿਤਾ ਦਾ ਨਾਮ ਲੈ ਲੈ ਕੇ ਬਹੁਤ ਉੱਚੀ-ਉੱਚੀ ਰੋ ਰਿਹਾ ਸੀ, ਉਸ ਨੂੰ ਸਮਝਾਉਣ ਵਾਸਤੇ ਗੁਰੂ ਜੀ ਆਖਦੇ ਹਨ- *ਕਉਨੁ ਮੂਆ ਰੇ ਕਉਨੁ ਮੂਆ॥*

ਹੇ ਭਾਈ! ਕੌਣ ਮਰਿਆ ਹੈ? ਕੌਣ ਮਰਿਆ ਹੈ?

ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥ ੧॥ ਰਹਾਉ॥

ਬ੍ਰਹਮ ਗਿਆਨੀਆਂ ਨਾਲ ਮਿਲ ਕੇ ਵਿਚਾਰਨਾ ਕਰੋ, ਇਹ ਤਾਂ ਇਕ ਚਲਤੁ=ਚਲਿਤ੍ਰ (ਕੌਤਕ) ਹੀ ਹੋਇਆ ਹੈ। ਅੱਗੋਂ ਆਦ ਤੋਂ ਸ਼ੁਰੂ ਕਰਨਾ-

ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥

ਪਵਨੈ=ਹਵਾ ਤੱਤ ਵਿਚ ਪਵਨੁ=ਹਵਾ ਤੱਤ ਸਮਾ ਜਾਂਦਾ ਹੈ। ਜੋਤੀ=ਅੱਗ ਤੱਤ ਵਿਚ ਜੋਤਿ=ਅਗਨਿ ਤੱਤ ਰਲ ਜਾਂਦਾ ਹੈ, ਵਾ:- ਜੋਤੀ=ਚੇਤਨ ਰਲ ਜਾਂਦਾ ਹੈ।

ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥ ੧॥

ਮਿੱਟੀ ਨਾਲ ਮਿੱਟੀ ਰਲ ਕੇ ਇਕ-ਮਿਕ ਹੋ ਗਈ ਹੈ ਭਾਵ ਪ੍ਰਿਥਵੀ, ਪ੍ਰਿਥਵੀ ਨਾਲ ਰਲ ਕੇ ਇਕ ਰੂਪ ਹੋ ਗਈ ਹੈ। ਅਰਥਾਤ ਤੱਤਾਂ ਵਿਚ ਤੱਤ ਰਲ ਗਏ ਹਨ ਅਤੇ ਚੇਤਨ ਵਿਚ ਚੇਤਨ ਮਿਲ ਗਿਆ ਹੈ ਤੇ ਰੋਣ ਵਾਲਾ ਪੁਰਸ਼ ਕਵਨ ਕੀ ਟੇਕ=ਕਿਸ ਦੀ ਓਟ ਲੈ ਕੇ ਰੋਣਾ ਕਰਦਾ ਹੈ। ਜੇ ਕੋਈ ਵਸਤੂ ਮਰੇ ਤਾਂ ਇਸ ਦਾ

www.sikhbookclub.com

ਰੋਣਾ ਠੀਕ ਬਣਦਾ ਹੈ, ਜੇ ਕੋਈ ਮਰਦੀ ਹੀ ਨਹੀਂ ਤਾਂ ਰੋਣਾ ਕਿਸ ਵਾਸਤੇ ਹੈ॥ ੧॥

ਕਉਨੁ ਮੂਆ ਰੇ ਕਉਨੁ ਮੂਆ॥

ਰੇ=ਹੇ ਭਾਈ ! ਕੌਣ ਮਰਿਆ ਹੈ, ਕੌਣ ਮਰਿਆ ਹੈ, ਦੱਸ ਤਾਂ ਸਹੀ?

ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ
ਇਹੁ ਤਉ ਚਲਤੁ ਭਇਆ॥ ੧॥ ਰਹਾਉ॥

ਬ੍ਰਹਮ ਗਿਆਨੀਆਂ ਨਾਲ ਮਿਲ ਕੇ ਵਿਚਾਰਨਾ ਕਰੋ, ਇਹ ਤਾਂ ਇਕ ਕੌਤਕ ਹੀ ਹੋਇਆ ਹੈ॥ ੧॥ ਰਹਾਉ॥

ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥

ਅਗਲੀ ਤਾਂ ਕਿਛ ਖ਼ਬਰ ਹੀ ਨਹੀਂ ਪਾਈ ਕਿ ਉਹ ਕਿਸ ਜੂਨ ਵਿਚ ਗਿਆ ਹੈ? *ਅਥਵਾ:-* ਅੱਗੇ ਦੀ ਕੁਝ ਖ਼ਬਰ ਹੀ ਨਹੀਂ ਪਾਈ ਕਿ ਮੇਰਾ ਅੱਗੇ ਜਾ ਕੇ ਕੀ ਹਾਲ ਹੋਣਾ ਹੈ? ਜਿਵੇਂ ਪਹਿਲਾ ਮਨੁੱਖ ਚਲਾ ਗਿਆ ਹੈ, ਉਸ ਦੀ ਨਿਆਈਂ ਰੋਣ ਵਾਲਾ ਭੀ ਉੱਠ ਕੇ ਸਿਧਾਈ=ਚਲਿਆ ਜਾਵੇਗਾ।

ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥ ੨॥

ਇਹ ਜੀਵ ਭਰਮ ਕਰ ਕੇ ਮੋਹ ਦੇ ਬੰਧਨਾਂ ਵਿਚ ਬਧੇ ਹੋਏ ਹਨ। ਅਵਿਦਿਆ ਦੀ ਨੀਂਦ ਵਿਚ ਸੁੱਤਿਆਂ ਹੋਇਆਂ ਜਦ ਸੰਸਾਰਕ ਪਦਾਰਥਾਂ ਦਾ ਸੁਪਨਾ ਆਇਆ ਤਦ ਅੰਨ੍ਹੇ ਅਗਿਆਨੀ ਜੀਵ ਭਖਲਾਏ=ਭਟਕਦੇ ਹਨ ਜਾਂ ਬਰੜਾਉਂਦੇ ਹਨ॥ ੨॥

ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ॥

ਕਰਤਾਰ ਨੇ ਇਹ ਸਸੰਾਰ ਤਾਂ ਰਚਨੁ=ਤਮਾਸ਼ਾ ਮਾਤ੍ਰ ਹੀ ਰਚਿਆ ਹੈ। *ਅਥਵਾ:-* ਇਸ ਸੰਸਾਰ ਰਚਨਾ ਨੂੰ ਤਾਂ ਕਰਤਾਰ ਨੇ ਆਪ ਹੀ ਰਚਿਆ ਹੈ। ਅਪਾਰਿ=ਪ੍ਰਭੂ ਦੇ ਹੁਕਮ ਵਿਚ ਸਾਰੇ ਆਉਂਦੇ ਜਾਂਦੇ ਹਨ।

ਨਹ ਕੋ ਮੂਆ ਨ ਮਰਣੈ ਜੋਗੁ॥ ਨਹ ਬਿਨਸੈ ਅਬਿਨਾਸੀ ਹੋਗੁ॥ ੩॥

ਨਾ ਕੋਈ ਮੋਇਆ ਹੈ ਅਤੇ ਨਾ ਹੀ ਕੋਈ ਮਰਨੇ ਦੇ ਜੋਗੁ=ਲਾਇਕ ਹੈਂ। ਅਬਿਨਾਸ਼ੀ ਰੂਪ ਹੋਗੁ=ਹੋਣ ਕਰ ਕੇ ਨਾ ਹੀ ਕੋਈ ਬਿਨਸੈ=ਨਾਸ ਹੁੰਦਾ ਹੈ॥ ੩॥

ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥

ਇਹ ਜੋ ਜਾਣਦੇ ਹੋ ਕਿ ਜੀਵ ਜੰਮਦਾ ਮਰਦਾ ਹੈ ਇਹ ਗੱਲ ਠੀਕ ਨਹੀਂ ਹੈ। ਸ਼ਾਸਤ੍ਰ ਮੱਤ ਤੇ ਲੌਕਿਕ ਮੱਤ ਦੋਹਾਂ ਮੱਤਾਂ ਦੇ ਅਨੁਸਾਰ ਜੀਵ ਮਰਦਾ ਨਹੀਂ ਹੈ.

ਯਥਾ:- ਉਡਿਆ ਹੰਸੁ ਦਸਾਏ ਰਾਹ॥ ਆਇਆ ਗਇਆ ਮੁਇਆ ਨਾਉ॥
ਪਿਛੈ ਪਤਲਿ ਸਦਿਹੁ ਕਾਵ॥ *(ਪੰਨਾ ੧੩੭)*

ਪਰਮੇਸ਼ਰ ਦੇ ਜਾਣਨ ਵਾਲੇ ਜੋ ਸੰਤ ਹਨ, ਉਹਨਾਂ ਤੋਂ ਬਲਿਹਾਰ ਜਾਣਾ ਕਰੋ।

ਕਹੁ ਨਾਨਕ ਗੁਰਿ ਭਰਮੁ ਚੁਕਾਇਆ॥
ਨ ਕੋਈ ਮਰੈ ਨ ਆਵੈ ਜਾਇਆ॥ ੪॥ ੧੦॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਦੇ ਅੰਦਰੋਂ ਗੁਰਾਂ ਨੇ ਭਰਮ ਚੁਕਾਇਆ=ਦੂਰ ਕਰ ਦਿੱਤਾ ਹੈ, ਉਹਨਾਂ ਨੇ ਨਿਸਚੇ ਕਰ ਲਿਆ ਹੈ, ਕਿ ਨਾ ਕੋਈ ਜੰਮ ਕੇ ਆਉਂਦਾ ਹੈ ਨਾ ਹੀ ਕੋਈ ਮਰ ਕੇ ਜਾਂਦਾ ਹੈ॥ ੪॥ ੧੦॥

ਯਥਾ:- ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥ *(ਪੰਨਾ ੨੮੧)*

ਰਾਮਕਲੀ ਮਹਲਾ ੫॥ ਜਪਿ ਗੋਬਿੰਦੁ ਗੋਪਾਲ ਲਾਲੁ॥

ਹੇ ਭਾਈ ! ਲਾਲ=ਪਿਆਰੇ ਗੋਪਾਲ=ਪ੍ਰਿਥਵੀ ਪਾਲਕ ਗੋਬਿੰਦ ਦੇ ਨਾਮਾਂ ਨੂੰ ਜਪ।

ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ॥ ੧॥ ਰਹਾਉ॥

ਰਾਮ ਨਾਮ ਨੂੰ ਸਿਮਰਨਾ ਕਰ ਤਾਂ ਤੂੰ ਸਦੀਵ ਕਾਲ ਜੀਵੇਂਗਾ, ਫਿਰ ਤੈਨੂੰ ਮਹਾ ਕਾਲ ਨਹੀਂ ਖਾਵੇਗਾ॥ ੧॥ ਰਹਾਉ॥

[ਪੰਨਾ ੮੮੬]

ਕੋਟਿ ਜਨਮ ਭ੍ਰਮਿ ਭ੍ਰਮਿ ਭ੍ਰਮਿ ਆਇਓ॥ ਬਡੈ ਭਾਗਿ ਸਾਧਸੰਗੁ ਪਾਇਓ॥੧॥

ਭਰਮ ਦਾ ਭਰਮਾਇਆ ਹੋਇਆ ਕਰੋੜਾਂ ਜਨਮਾਂ ਵਿਚ ਭਰਮ (ਫਿਰਕੇ) ਕਰ ਕੇ ਹੁਣ ਤੂੰ ਮਨੁੱਖ ਜਨਮ ਵਿਚ ਆਇਆ ਹੈਂ ਅਤੇ ਵੱਡਿਆਂ ਭਾਗਾਂ ਕਰ ਕੇ ਤੂੰ ਸੰਤਾਂ ਦੇ ਸਤਸੰਗ ਨੂੰ ਪਾਇਆ ਹੈ॥ ੧॥

ਬਿਨੁ ਗੁਰ ਪੂਰੇ ਨਾਹੀ ਉਧਾਰੁ॥
ਬਾਬਾ ਨਾਨਕੁ ਆਖੈ ਏਹੁ ਬੀਚਾਰੁ॥ ੨॥ ੧੧॥

ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਇਹ ਉੱਤਮ ਵਿਚਾਰ ਆਖਿਆ ਹੈ ਜਾਂ ਸਾਡੇ ਗੁਰਦੇਵ ਬਾਬਾਂ (ਗੁਰੂ) ਨਾਨਕ ਦੇਵ ਜੀ ਨੇ ਇਹ ਉਤਰ ਵਿਚਾਰ ਹੈ ਕਿ ਪੂਰਿਆਂ ਗੁਰਾਂ ਤੋਂ ਬਿਨਾਂ ਜੀਵ ਦਾ ਕਦੇ ਉਧਾਰ ਨਹੀਂ ਹੁੰਦਾ॥ ੨॥ ੧੧॥

ਯਥਾ:- ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥ ੨॥ *(ਪੰਨਾ ੧੩੮)*

ਰਾਗੁ ਰਾਮਕਲੀ ਮਹਲਾ ੫ ਘਰੁ ੨ ੴ ਸਤਿਗੁਰੂ ਪ੍ਰਸਾਦਿ॥

ਉਥਾਨਕਾ:- ਇਕ ਮਹੇਸ਼ਾ ਨਾਮੇ ਜੋਗੀ ਸ਼ਿਵ ਜੀ ਦਾ ਉਪਾਸ਼ਕ ਸੀ ਜਦ ਤਪ ਕਰਨ ਤੋਂ ਬਾਅਦ ਜਦੋਂ ਸਮਾਧੀ ਤੋਂ ਉਠਿਆ ਤਾਂ ਮਨ ਵਿਚ ਸੰਕਲਪ ਆਇਆ, 'ਫਲਾਣੇ ਟਾਪੂ ਦੀ ਸੈਰ ਕਰ ਆਈਏ।' ਇਹ ਸੋਚ ਕੇ ਸਮੁੰਦਰ ਦੇ ਕਿਨਾਰੇ ਆ ਕੇ ਜਹਾਜ਼ ਵਿਚ ਬੈਠ ਗਿਆ। ਜਦ ਜਹਾਜ਼ ਚਲਦਾ-ਚਲਦਾ ਇਕ ਜਗ੍ਹਾ ਰੁਕ ਗਿਆ। ਤਾਂ ਜਹਾਜ਼ ਦੇ ਮਾਲਕ ਨੇ ਜੋਤਸ਼ੀਆਂ ਤੋਂ ਪੁੱਛਿਆ- "ਇਸ ਦਾ ਬਚਾਓ ਕਿਵੇਂ ਹੋ ਸਕਦਾ ਹੈ?

ਜੋਤਸ਼ੀਆਂ ਨੇ ਜੋਤਸ਼ ਲਗਾ ਕੇ ਕਿਹਾ- "ਜਿਸ ਦਾ ਕੋਈ ਨਾ ਹੋਵੇ ਉਸ ਦੀ ਬਲੀ ਦਿਓ ਤਾਂ ਜਹਾਜ਼ ਬਚ ਸਕਦਾ ਹੈ।

ਸਾਰਿਆਂ ਵੱਲ ਨਿਗਾਹ ਮਾਰ ਕੇ ਦੇਖਿਆ ਤਾਂ ਇਸ ਜੋਗੀ ਦਾ ਕੋਈ ਨਹੀਂ ਸੀ ਇਸੇ ਨੂੰ ਚੁਕ ਕੇ ਸਮੁੰਦਰ ਵਿਚ ਸੁੱਟ ਦਿੱਤਾ। ਜਿਸ ਮੱਛ ਨੇ ਜਹਾਜ਼ ਨੂੰ ਰੋਕਿਆ ਸੀ ਉਹ ਮੱਛ ਜੋਗੀ ਨੂੰ ਸਾਬਤ ਹੀ ਆਪਣੇ ਅੰਦਰ ਨਿਗਲ ਗਿਆ ਤੇ ਕੁਝ-ਕੁ ਫਾਸਲੇ 'ਤੇ ਜਾ ਕੇ ਮੱਛ ਨੇ ਉਸ ਜੋਗੀ ਨੂੰ ਕਿਨਾਰੇ ਪਰ ਜਾ ਕੇ ਉਗਲ ਦਿੱਤਾ ਇਸੇ ਮੱਛ

ਦੇ ਨਿਗਲਣ ਕਾਰਣ ਜੋਗੀ ਦਾ ਕੰਨ ਤੇ ਮੁੰਦਰਾ ਕੱਟੀ ਗਈ।

ਫਿਰ ਉਹ ਜੋਗੀ ਚਲਦਾ-ਚਲਦਾ ਦੁਆਬੇ 'ਚ ਗੜ੍ਹ ਸ਼ੰਕਰ ਨਾਮੇ ਪਿੰਡ ਵਿਚ ਆ ਕੇ ਰਹਿਣ ਲੱਗ ਪਿਆ ਬਾਹਰ-ਵਾਰ ਗੁਫਾ ਬਣਾ ਕੇ ਕਾਫੀ ਚਿਰ ਤਪ ਕਰਦਾ ਰਿਹਾ। ਇਕ ਦਿਨ ਤਪ ਕਰਨ ਤੋਂ ਬਾਅਦ ਬਾਹਰ ਨਿਕਲ ਕੇ ਬੈਠ ਗਿਆ ਤੇ ਜਿਹੜਾ ਭੀ ਆਵੇ ਉਸ ਨੂੰ ਕਹੇ- "ਜੋ ਭੀ ਮੇਰਾ ਆ ਕੇ ਦਰਸ਼ਨ ਕਰੇਗਾ, ਉਸ ਨੂੰ ਇਕ ਸਾਲ ਸੁਰਗ ਦੀ ਪ੍ਰਾਪਤੀ ਹੋਵੇਗੀ।"

ਇਹ ਗੱਲ ਸੁਣ ਕੇ ਉਸ ਪਿੰਡ ਦੇ ਅਤੇ ਆਸ-ਪਾਸ ਪਿੰਡਾਂ ਦੇ ਲੋਕਾਂ ਨੇ ਆ ਕੇ ਦਰਸ਼ਨ ਕੀਤਾ ਪਰ ਇਕ ਗੁਰੂ ਦਾ ਅਨਿਨ ਸਿੱਖ (ਭਾਈ ਤਿਲਕਾ ਨਾਮ ਕਰ ਕੇ ਜੋ ਗੜ੍ਹ ਸ਼ੰਕਰ ਦੇ ਵਿਚ ਹੀ ਰਹਿੰਦਾ ਸੀ ਉਹ) ਨਾ ਆਇਆ।

ਜੋਗੀ ਨੇ ਪੁੱਛਿਆ- "ਕੋਈ ਰਹਿ ਤਾਂ ਨਹੀਂ ਗਿਆ।" ਤਾਂ ਉਸ ਦੇ ਗੁਆਂਢੀ ਨੇ ਕਿਹਾ- "ਹੋਰ ਤਾਂ ਸਾਰੇ ਆ ਗਏ ਹਨ ਪਰ ਇਕ ਭਾਈ ਤਿਲਕਾ ਨਹੀਂ ਆਇਆ।" ਇਹ ਗੱਲ ਸੁਣ ਕੇ ਜੋਗੀ ਨੇ ਆਦਮੀ ਭੇਜ ਕੇ ਉਸ ਨੂੰ ਬੁਲਵਾ ਭੇਜਿਆ। ਉਹ ਤਾਂ ਭੀ ਨਾ ਆਇਆ।

ਫੇਰ ਜੋਗੀ ਨੇ ਕਹਿ ਭੇਜਿਆ- "ਜੇ ਤੂੰ ਆਏਂਗਾ ਤਾਂ ਤੈਨੂੰ ਦੋ ਸਾਲਾਂ ਦਾ ਸੁਰਗ ਸੁਖ ਦਿਆਂਗਾ।" ਸਿੱਖ ਫਿਰ ਭੀ ਨਾ ਆਇਆ। ਜੋਗੀ ਨੇ ਚਾਰ ਸਾਲ ਦਾ ਸੁਰਗ ਦੇਣਾ ਕਹਿ ਭੇਜਿਆ। ਉਹ ਸਿੱਖ ਤਾਂ ਭੀ ਨਾ ਆਇਆ। ਇਸ ਤਰ੍ਹਾਂ ਲਾਲਚ ਦੇਂਦਿਆਂ ਦੇਂਦਿਆਂ ਆਖਿਰ ਜੋਗੀ ਨੇ ਕਿਹਾ- "ਸਾਰੀ ਉਮਰ ਤੈਨੂੰ ਸੁਰਗ ਦਾ ਸੁਖ ਦਿਆਂਗਾ ਤੂੰ ਇਕ ਵਾਰ ਆ ਕੇ ਮਿਲ ਤਾਂ ਜਾਹ। ਜਿਸ ਵੇਲੇ ਗੁਰੂ ਦਾ ਪ੍ਰੇਮੀ ਸਿੱਖ ਫਿਰ ਭੀ ਨਾ ਆਇਆ ਤਾਂ ਜੋਗੀ ਆਪ ਚੱਲ ਕੇ ਗਿਆ ਉਸ ਦੇ ਬੂਹੇ ਪਰ ਖੜਾ ਹੋ ਕੇ ਆਖਦਾ ਹੈ- "ਦਰਸ਼ਨ ਕਰ ਕੇ ਸੁਰਗ ਸੁਖ ਲੈ ਲਾ ਖਾਲੀ ਨਾ ਰਹੁ ! ਸਿੱਖ ਨੇ ਕਿਹਾ—ਮੈਂ ਆਪਣੇ ਗੁਰੂ ਦੀ ਕਿਰਪਾ ਸਦਕਾ ਨਰਕਾਂ ਸੁਰਗਾਂ ਦੀ ਇੱਛਾ ਤੋਂ ਰਹਿਤ ਹੋ ਚੁੱਕਾ ਹਾਂ ਸਵਰਗ ਸੁਖ ਲੈਣ ਦੀ ਮੇਰੀ ਕੋਈ ਤਮੰਨਾ ਨਹੀਂ ਹੈ।*

ਇਹ ਗੱਲ ਸੁਣ ਕੇ ਜੋਗੀ ਨੇ ਵਿਚਾਰਿਆ 'ਇਹ ਕੋਈ ਪੂਰਾ ਸਿੱਖ ਹੈ, ਜਿਹੜਾ ਸੁਰਗ ਸੁਖ ਦੀ ਇੱਛਾ ਭੀ ਨਹੀਂ ਕਰਦਾ ਪੁੱਛਿਆ- "ਤੇਰਾ ਗੁਰੂ ਕਿਹੜਾ ਹੈ ਤੇ ਕਿਥੇ ਰਹਿੰਦਾ ਹੈ, ਜਿਸ ਦੀ ਕਿਰਪਾ ਨਾਲ ਤੂੰ ਸੁਰਗ ਸੁਖ ਤਿਆਗਿਆ ਹੈ।" ਸਿੱਖ ਨੇ ਕਿਹਾ—"ਮੇਰੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਹਨ ਤੇ ਉਹ ਸ੍ਰੀ ਅੰਮ੍ਰਿਤਸਰ ਵਿਚ ਰਹਿੰਦੇ ਹਨ।"

ਜੋਗੀ—"ਤੂੰ ਮੈਨੂੰ ਭੀ ਉਹਨਾਂ ਦਾ ਦਰਸ਼ਨ ਕਰਾ।" ਤਾਂ ਸਿੱਖ ਨੇ ਪਰਉਪਕਾਰ ਸਮਝਦਿਆਂ ਹੋਇਆਂ ਹੇਠਾਂ ਆ ਕੇ ਕਿਹਾ- "ਆਪ ਚਲੋ! ਆਪ ਜੀ ਨੂੰ ਦਰਸ਼ਨ ਕਰਵਾ ਲਿਆਂਦਾ ਹਾਂ।"

ਦੋਵੇਂ ਚਲਦੇ-ਚਲਦੇ ਜਿਸ ਵੇਲੇ ਸ੍ਰੀ ਅੰਮ੍ਰਿਤਸਰ ਵਿਚ ਆ ਪਹੁੰਚ। ਜੋਗੀ ਨੇ ਕਿਹਾ— "ਤੇਰੇ ਗੁਰੂ ਦੀ ਉਮਰ ਕਿੰਨੀ-ਕੁ ਹੈ।" ਸਿੱਖ ਨੇ ਕਿਹਾ—"ਚਾਲੀ-ਕੁ ਸਾਲ ਹੀ ਹੋਵੇਗੀ।" ਇਹ ਗੱਲ ਸੁਣ ਕੇ ਜੋਗੀ ਨੇ ਕਿਹਾ- "ਮੇਰੀ ਉਮਰ ਪੰਜ ਸੌਸਾਲ ਦੇ ਕਰੀਬ ਹੈ ਤੇ ਉਸ ਦੀ ਉਮਰ ਬਹੁਤ ਛੋਟੀ ਹੈ, ਮੈਂ ਉਸ ਤੋਂ ਕਿਵੇਂ ਉਪਦੇਸ਼ ਲੈ ਸਕਦਾ ਹਾਂ। ਮੈਂ ਇਥੇ ਬੈਠਦਾ ਹਾਂ ਤੂੰ ਦਰਸ਼ਨ ਕਰ ਆ ਫੇਰ ਕੱਠੇ ਚਲਾਂਗੇ।"

ਜੋਗੀ ਓਥੇ ਬੈਠ ਗਿਆ ਤੇ ਭਾਈ ਤਿਲਕਾ ਦਰਸ਼ਨ ਵਾਸਤੇ ਆ ਗਿਆ। ਜਿਸ ਵੇਲੇ ਭਾਈ ਤਿਲਕੇ ਨੇ ਅੱਗੇ ਵਧ ਕੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਕਿਹਾ—"ਜਿਸ ਨੂੰ ਤੂੰ ਨਾਲ ਲਿਆਇਆ ਹੈਂ, ਉਸ ਨੂੰ ਬਾਹਰ

*ਯਥਾ:- *ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥'* (ਪੰਨਾ ੧੩੭੦)

www.sikhbookclub.com

ਕਿਉਂ ਬਿਠਾ ਆਇਆ ਹੈਂ? ਸਿੱਖ ਨੇ ਕਿਹਾ- "ਉਸ ਨੂੰ ਆਪਣੀ ਵੱਡੀ ਉਮਰ ਦਾ ਮਾਣ ਹੈ, ਇਸ ਕਰ ਕੇ ਉਹ ਬਾਹਰ ਬੈਠ ਗਿਆ ਹੈ। ਹਜ਼ੂਰ ਨੇ ਕਿਹਾ- "ਤੂੰ ਉਸ ਨੂੰ ਜਾ ਕੇ ਕਹੋ ਵਿਚ ਕਨਾਤ ਤਾਣ ਦੇਂਦੇ ਹਾਂ, ਦਰਸ਼ਨ ਨਾ ਕਰ ਪਰ ਬਚਨ-ਬਿਲਾਸ ਤਾਂ ਕਰ ਲੈ! ਜਦ ਸਿੱਖ ਨੇ ਇਹ ਗੱਲ ਜੋਗੀ ਨੂੰ ਜਾ ਕੇ ਸਮਝਾਈ ਤਾਂ ਜੋਗੀ ਆ ਗਿਆ ਮਹਾਰਾਜ ਜੀ ਨੇ ਕਿਸੇ ਸਿੱਖ ਪਾਸੋਂ ਕਨਾਤ ਤਣਵਾ ਲਈ ਹੋਈ ਸੀ ਜਦ ਉਹ ਕਨਾਤ ਦੇ ਓਲ੍ਹੇ ਆ ਕੇ ਬੈਠ ਗਿਆ ਤਾਂ ਗੁਰੂ ਜੀ ਨੇ ਕਿਹਾ- "ਜੋਗੀ ਜੀ ! ਆਪ ਜੀ ਦਾ ਕੰਨ ਤੇ ਮੁੰਦ੍ਰਾ ਕਿਥੇ ਹਨ? " ਇਹ ਗੱਲ ਸੁਣ ਕੇ ਜੋਗੀ ਬੜਾ ਹੈਰਾਨ ਹੋਇਆ ਅਜੇ ਸੋਚ ਹੀ ਰਿਹਾ ਸੀ, ਇਸ ਤੋਂ ਪਹਿਲਾਂ ਇਨ੍ਹਾਂ ਦਾ ਮਿਲਾਪ ਨਹੀਂ ਹੋਇਆ ਇਨ੍ਹਾਂ ਨੂੰ ਕਿਵੇਂ ਪਤਾ ਲੱਗ ਗਿਆ? ਇਹ ਕੋਈ ਜ਼ਰੂਰ ਰਹਿਨੁਮਾ ਹਨ ਇੰਨੇ ਨੂੰ ਗੁਰੂ ਜੀ ਨੇ ਕੰਨ ਤੇ ਮੁੰਦ੍ਰਾ ਕਨਾਤ ਉੱਪਰੋਂ ਉਸ ਦੀ ਝੋਲੀ ਵਿਚ ਸੁੱਟ ਦਿੱਤੀਆਂ ਜਿਨ੍ਹਾਂ ਨੂੰ ਜੋਗੀ ਦੇਖ ਕੇ ਬੜਾ ਹੈਰਾਨ ਹੋਇਆ ਤੇ ਆਖਦਾ ਹੈ ਇਹ ਕੰਨ ਤੇ ਮੁੰਦ੍ਰਾ ਤਾਂ ਮੇਰੀ ਹੀ ਹੈ ਇਤਨੇ ਵਿਚ ਉਸ ਦੇ ਅੰਦਰ ਅਤਿਅੰਤ ਸ਼ਰਧਾ ਵਧ ਗਈ ਤੇ ਕਨਾਤ ਪਰੇ ਹਟਾ ਕੇ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ। ਉਸ ਵੇਲੇ ਗੁਰੂ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਸ ਜੋਗੀ ਪ੍ਰਤੀ ਦੋ ਸ਼ਬਦ ਉਚਾਰ ਕੇ ਉਪਦੇਸ਼ ਦਿੱਤਾ-

ਚਾਰਿ ਪੁਕਾਰਹਿ ਨਾ ਤੂ ਮਾਨਹਿ॥ ਖਟੁ ਭੀ ਏਕਾ ਬਾਤ ਵਖਾਨਹਿ॥

(ਹੇ ਜੋਗੀ!) ਚਾਰੇ ਵੇਦ ਜਿਸ ਪ੍ਰਭੂ ਦੇ ਨਾਮਾਂ ਨੂੰ ਪੁਕਾਰਦੇ ਹਨ ਤੂੰ ਉਸ ਨੂੰ ਮੰਨਦਾ ਨਹੀਂ ਹੈਂ। ਖਟੁ-ਛੇ ਸ਼ਾਸਤ੍ਰ ਭੀ ਇਕ ਪਰਮੇਸ਼ਰ ਦੀਆਂ ਗੱਲਾਂ ਕਥਨ ਕਰਦੇ ਹਨ ਪਰ ਤੂੰ ਉਨ੍ਹਾਂ ਨੂੰ ਭੀ ਮੰਨਦਾ ਨਹੀਂ ਹੈਂ।

ਦਸ ਅਸਟੀ ਮਿਲਿ ਏਕੋ ਕਹਿਆ॥ ਤਾ ਭੀ ਜੋਗੀ ਭੇਦੁ ਨ ਲਹਿਆ॥ ੧॥

ਦਸ ਅਸਟੀ=ਅਠਾਰਾਂ ਪੁਰਾਣਾਂ ਨੇ ਭੀ ਮਿਲ ਕੇ ਇਕ ਪਰਮੇਸ਼ਰ ਦੇ ਨਾਮਾਂ ਨੂੰ ਕਿਹਾ ਹੈ। ਹੇ ਜੋਗੀ ! ਤਾਂ ਭੀ ਤੂੰ ਉਸ ਦੀ ਪ੍ਰਾਪਤੀ ਦਾ ਭੇਦ ਲਖਿਆ (ਜਾਣਿਆ) ਨਹੀਂ ਹੈ॥ ੧॥

ਕਿੰਕੁਰੀ ਅਨੂਪ ਵਾਜੈ॥ ਜੋਗਿਆ ਮਤਵਾਰੋ ਰੇ॥ ੧॥ ਰਹਾਉ॥

ਹੇ ਜੋਗੀ! ਤੂੰ ਬਾਹਰੀ ਅਨੂਪੰ ਕਿੰਗਾਂ ਦੇ ਵਜਾਉਣ ਵਿਚ ਮਤਵਾਰੋ=ਮਸਤ ਹੋ ਰਿਹਾ ਹੈਂ ਪਰ ਹੇ ਜੋਗੀ ! ਜੇ ਤੂੰ ਰਾਮ ਨਾਮ ਰੂਪੀ ਅਨੂਪੰ ਕਿੰਗ ਨੂੰ ਵਜਾਉਣਾ ਕਰੇਂ ਤਾਂ ਤੂੰ ਪ੍ਰਭੂ ਵਿਚ ਮਤਵਾਰੋ=ਮਸਤ ਹੋ ਜਾਵੇਂਗਾ। *ਅਥਵਾ:-* ਹੇ ਜੋਗੀ! ਚੇਤਨ ਸੱਤਾ ਰੂਪੀ ਅਨੂਪੰ ਕਿੰਗ ਵੱਜ ਰਹੀ ਹੈ, ਉਸ ਵਿਚ ਮਸਤ ਹੋਣਾ ਕਰ ਤਾਂ ਤੂੰ ਤਰ ਜਾਏਂਗਾ॥ ੧॥ ਰਹਾਉ॥

ਫੇਰ ਜੋਗੀ ਨੇ ਕਿਹਾ- "ਆਪ ਚਾਰੇ ਜੁਗਾਂ ਦੇ ਧਰਮ ਕਹੋ?" *ਉੱਤਰ-*

ਪ੍ਰਥਮੇ ਵਸਿਆ ਸਤ ਕਾ ਖੇੜਾ॥ ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ॥

ਪ੍ਰਥਮੇ=ਪਹਿਲੇ ਸਤਜੁਗ ਰੂਪੀ ਖੇੜਾ=ਪਿੰਡ ਸੱਤ (ਯੱਗ, ਤਪ, ਦਾਨ ਆਦਿਕਾਂ) ਕਰ ਕੇ ਵਸ ਰਿਹਾ ਸੀ। *ਵਾ:-* ਸਰੀਰ ਰੂਪੀ ਖੇੜਾ ਪਹਿਲੇ ਸਤਜੁਗ ਵਿਚ ਸਤ (ਆਦਿਕਾਂ) ਕਰ ਕੇ ਵਸ ਰਿਹਾ ਸੀ। ਫਿਰ ਤ੍ਰਿਤੀਏ-ਤ੍ਰੇਤੇ ਜੁਗ ਵਿਚ ਕੁਛ ਦੁਤੇੜਾ=ਦ੍ਵੈਤ ਭਾਵ ਹੋ ਗਿਆ, ਭਾਵ ਸਤ ਦਾ ਨਾਸ ਹੋ ਗਿਆ।

ਦੁਤੀਆ ਅਰਧੋ ਅਰਧਿ ਸਮਾਇਆ॥
ਏਕੁ ਰਹਿਆ ਤਾ ਏਕੁ ਦਿਖਾਇਆ॥ ੨॥

ਦੁਤੀਆ=ਦੁਆਪੁਰ ਜੁਗ ਵਿਚ ਅਰਧੋ=ਅੱਧਾ ਭਾਗ ਸੱਤ ਤੇ ਯੱਗ ਇਹ ਦੋਵੇਂ ਅਲੋਪ ਹੋ ਗਏ ਅਤੇ

www.sikhbookclub.com

ਅਰਧਿ=ਅੱਧਾ ਭਾਗ ਤਪ ਤੇਂ ਦਾਨ ਇਹ ਸਰੀਰਾਂ ਵਿਚ ਆ ਕੇ ਸਮਾ ਗਏ। ਭਾਵ ਧਰਮ ਦੇ ਦੋ ਪੈਰ ਅਲੋਪ ਹੋ ਗਏ ਤੇ ਦੋ ਪੈਰਾਂ ਉੱਤੇ ਧਰਮ ਖੜਾ ਰਿਹਾ। ਜਿਸ ਵੇਲੇ ਬਾਕੀ ਇਕ ਕਲਜੁਗ ਰਿਹਾ ਤਾਂ ਧਰਮ ਇਕ ਪੈਰ ਉੱਤੇ ਖਲੋਤਾ ਦੇਖਣ ਵਿਚ ਆਇਆ॥ ੨॥

ਦੂਜਾ ਅਰਥ:- *ਪ੍ਰਥਮੇ ਵਸਿਆ ਸਤ ਕਾ ਖੇੜਾ॥*

ਜਿਸ ਵੇਲੇ ਪਹਿਲੇ ਅੰਤਹਕਰਨ ਰੂਪੀ ਖੇੜਾ=ਪਿੰਡ ਸਤ ਸੰਤੋਖ ਆਦਿਕ ਸ਼ੁਭ-ਗੁਣਾਂ ਕਰ ਕੇ ਵਸਿਆ। ਤਾਂ-

ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ॥

ਤ੍ਰਿਤੀਏ=ਤਿੰਨ ਗੁਣਾਂ ਵਿਚ, ਵਾ:- ਸੰਸਾਰ ਵਿਚ ਕੁਝ ਦ੍ਵੈਤ ਭਾਵ ਹੋ ਗਿਆ ਅਰਥਾਤ ਤਿੰਨਾਂ ਗੁਣਾਂ ਨੂੰ ਤਿਆਗ ਦਿੱਤਾ।

ਦੁਤੀਆ ਅਰਧੋ ਅਰਧਿ ਸਮਾਇਆ॥

ਇਕ ਅਰਧ ਭਾਗ ਚੇਤਨ ਹੈ, ਦੁਤੀਆ=ਦੂਜਾ ਅਰਧ ਭਾਗ ਮਾਇਆ ਹੈ, ਜਿਸ ਵੇਲੇ ਉਸ ਮਾਇਆ ਦਾ ਸੰਕਲਪ ਸਮਾ ਗਿਆ।

ਏਕੁ ਰਹਿਆ ਤਾ ਏਕੁ ਦਿਖਾਇਆ॥

ਇਕ ਚੇਤਨ ਭਾਗ ਰਹਿ ਗਿਆ ਤਾਂ ਉਹ ਇਕ ਚੇਤਨ ਹੀ ਦੇਖਣ ਵਿਚ ਆਇਆ।

ਅਥਵਾ:- ਦੁਤੀਆ=ਦੋ, ਜੀਵ ਤੇ ਈਸ਼ੂਰ ਹਨ ਇਨ੍ਹਾਂ ਦੋਹਾਂ ਦਾ ਅੱਧਾ-ਅੱਧਾ ਭਾਗ ਸਮਾ ਗਿਆ। ਜੀਵ ਦਾ ਅੱਧਾ ਭਾਗ ਅਵਿਦਿਆ, ਈਸ਼ੂਰ ਦਾ ਅੱਧਾ ਭਾਗ ਮਾਇਆ ਹੈ, ਇਹ ਜਿਸ ਵੇਲੇ ਦੋਵੇਂ ਸਮਾ ਗਏ ਤਾਂ ਬਾਕੀ ਇਕ ਚੇਤਨ ਭਾਗ ਰਹਿ ਗਿਆ ਇਸ ਕਰ ਕੇ ਇਕ ਚੇਤਨ ਭਾਗ ਦੇ ਰਹਿਣ ਕਰ ਕੇ ਇਕ ਚੇਤਨ ਹੀ ਵੇਖਣ ਵਿਚ ਆਇਆ।

ਏਕੈ ਸੂਤਿ ਪਰੋਏ ਮਣੀਏ॥ ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ॥

ਇਕ ਹੁਕਮ ਰੂਪੀ, ਵਾ:- ਚੇਤਨ ਸੱਤਾ ਰੂਪੀ, ਵਾ:- ਪ੍ਰਾਣਾਂ ਰੂਪੀ ਸੂਤਰ ਵਿਚ ਸਰੀਰ ਰੂਪ ਮਣਕੇ ਪਰੋਤੇ ਹੋਏ ਹਨ। ਚਾਰ ਖਾਣੀਆਂ ਰੂਪ ਗੰਢਾਂ ਭਿਨਿ ਭਿਨਿ=ਵੱਖੋ-ਵੱਖ ਤਣੀਆਂ ਹੋਈਆਂ ਹਨ।

ਫਿਰਤੀ ਮਾਲਾ ਬਹੁ ਬਿਧਿ ਭਾਇ॥ ਖਿੰਚਿਆ ਸੂਤੁ ਤ ਆਈ ਥਾਇ॥ ੩॥

ਬਹੁਤ ਪ੍ਰਕਾਰ ਦੀਆਂ ਜੀਵਾਂ ਰੂਪੀ ਮਾਲਾ ਕਰਮਾਂ ਅਨੁਸਾਰ ਬਹੁਤ ਤਰ੍ਹਾਂ ਕਰ ਕੇ ਫਿਰ ਰਹੀਆਂ ਹਨ। ਜਿਸ ਵੇਲੇ ਚੇਤਨ ਸੱਤਾ ਰੂਪੀ ਸੂਤਰ ਖਿੱਚਿਆ ਤਾਂ ਸਾਰੀ ਸ੍ਰਿਸ਼ਟੀ ਥਾਂ ਪਰ ਆ ਗਈ ਭਾਵ ਲਯ ਹੋ ਗਈ ॥ ੩॥

ਚਹੁ ਮਹਿ ਏਕੈ ਮਟੁ ਹੈ ਕੀਆ॥ ਤਹ ਬਿਖੜੇ ਥਾਨ ਅਨਿਕ ਖਿੜਕੀਆ॥

ਚਾਰ ਤੱਤਾਂ ਨੂੰ ਆਪਸ ਵਿਚ ਮਿਲਾ ਕੇ ਇਕ ਪਰਮੇਸ਼ਰ ਨੇ ਸਰੀਰ ਰੂਪ ਮਟਕਾ ਬਣਾਉਣਾ ਕੀਤਾ ਹੈ (ਚਾਰ ਵਾਕੀਏ ਪੁਰਸ਼, ਅਕਾਸ਼ ਤੱਤ ਨੂੰ ਨਹੀਂ ਮੰਨਦੇ)। ਤਿਸ ਸਰੀਰ ਵਿਚ ਬਿਖੜੇ ਥਾਨ=ਕਠਿਨ ਅਸਥਾਨ, ਪੰਜ ਕੋਸ਼,

ਵਾ:- ਕਾਮ ਕ੍ਰੋਧ ਆਦਿ ਵਿਕਾਰ ਹਨ ਅਤੇ ੭੨ ਕੋਠੜੀਆਂ ਰੂਪੀ, ਵਾ:- ਵਾਸ਼ਨਾਂ ਰੂਪੀ ਅਨੇਕਾਂ ਖਿੜਕੀਆਂ ਹਨ।

ਖੋਜਤ ਖੋਜਤ ਦੁਆਰੇ ਆਇਆ ॥
ਤਾ ਨਾਨਕ ਜੋਗੀ ਮਹਲੁ ਘਰੁ ਪਾਇਆ ॥ ੪ ॥

ਢੂੰਢਦਿਆਂ ਢੂੰਢਦਿਆਂ ਜਿਸ ਵੇਲੇ ਗੁਰਾਂ ਦੇ ਦੁਆਰੇ ਸਤਸੰਗ ਵਿਚ ਆਇਆ। ਤਾਂ ਜੋਗੀ=ਜੁੜਨ ਵਾਲੇ ਜੋਗੀ ਨੇ ਸਰੀਰ-ਘਰ ਵਿਚ ਮਹਲੁ=ਸਰੂਪ ਨੂੰ ਪਾਇਆ ॥ ੪ ॥

ਇਉ ਕਿੰਕੁਰੀ ਆਨੂਪ ਵਾਜੈ ॥
ਸੁਣਿ ਜੋਗੀ ਕੈ ਮਨਿ ਮੀਠੀ ਲਾਗੈ ॥ ੧ ॥ ਰਹਾਉ ਦੂਜਾ ॥ ੧ ॥ ੧੨ ॥

ਇਸ ਤਰ੍ਹਾਂ ਚੇਤਨ ਸੱਤਾ ਰੂਪੀ ਅਨੂਪ ਕਿੰਗ ਵੱਜ ਰਹੀ ਹੈ, *ਅਥਵਾ:-* ਰਾਮ ਨਾਮ ਰੂਪੀ ਅਨੂਪਮ ਕਿੰਗ ਵੱਜ ਰਹੀ ਹੈ।

ਹੇ ਜੋਗੀ ! ਇਸ ਕਿੰਗ ਨੂੰ ਸੁਣ, ਤਾਂ ਤੇਰੇ ਮਨ ਵਿਚ ਮਿੱਠੀ ਲੱਗੇਗੀ ॥ ੧ ॥ ਰਹਾਉ ਦੂਜਾ ॥ ੧ ॥ ੧੨ ॥

ਰਾਮਕਲੀ ਮਹਲਾ ੫ ॥
ਤਾਗਾ ਕਰਿ ਕੈ ਲਾਈ ਥਿਗਲੀ ॥ ਲਉ ਨਾੜੀ ਸੂਆ ਹੈ ਅਸਤੀ ॥

ਸੂਖਮ ਸਰੀਰ ਰੂਪੀ ਧਾਗੈ ਕਰ ਕੇ ਅਸਥੂਲ ਸਰੀਰ ਰੂਪੀ ਥਿਗਲੀ=ਟਾਕੀ ਲਗਾਈ ਹੈ। ਲਉ=ਸਮੂਹ, *ਵਾ:-* ਲਵੀਆਂ (ਕੋਮਲ) ਨਾੜੀਆਂ ਇਹ ਤ੍ਰੈਪਾ ਹੈ, ਅਸਤੀ=ਹੱਡੀਆਂ ਰੂਪ ਸੂਈਆਂ ਹਨ।

ਅਥਵਾ:- ਲਉ=ਸਮੂਹ, *ਵਾ:-* ਲਵੀਆਂ-ਲਵੀਆਂ ਨਾੜੀਆਂ ਰੂਪ ਧਾਗੇ ਕਰ ਕੇ ਸਰੀਰ ਦੇ ਪਿੰਜਰੇ ਰੂਪ ਗੋਦੜੀ ਨੂੰ ਚਮੜੀ ਰੂਪ ਥਿਗਲੀ=ਟਾਕੀ ਲਗਾਈ ਹੈ ਅਸਤੀ=ਹੱਡੀਆਂ ਰੂਪੀ ਸੂਈਆਂ ਦੇ ਨਾਲ।

ਅੰਭੈ ਕਾ ਕਰਿ ਡੰਡਾ ਧਰਿਆ ॥ ਕਿਆ ਤੂ ਜੋਗੀ ਗਰਬਹਿ ਪਰਿਆ ॥ ੧ ॥

ਅੰਭੈ=ਜਲ ਦਾ ਅਰਥਾਤ ਰਕਤ ਬਿੰਦ ਦਾ ਸਰੀਰ ਰੂਪ ਡੰਡਾ ਪਰਮੇਸ਼ਰ ਨੇ ਬਣਾ ਕੇ ਧਰਿਆ ਹੈ। ਹੇ ਜੋਗੀ ! ਇਸ ਸਰੀਰ ਦੇ ਹੰਕਾਰ ਵਿਚ ਤੂੰ ਕੀ ਪਿਆ ਹੋਇਆ ਹੈਂ? ॥ ੧ ॥

ਜਪਿ ਨਾਥੁ ਦਿਨੁ ਰੈਨਾਈ ॥ ਤੇਰੀ ਖਿੰਥਾ ਦੋ ਦਿਹਾਈ ॥ ੧ ॥ ਰਹਾਉ ॥

ਹੇ ਜੋਗੀ ! ਤੂੰ ਦਿਨ ਰਾਤ ਨਾਥੁ=ਸੁਆਮੀ (ਪਰਮੇਸ਼ਰ) ਦੇ ਨਾਮ ਨੂੰ ਜਪਿਆ ਕਰ। ਇਹ ਤੇਰੀ ਦੇਹ ਰੂਪ ਖਿੰਥਾ ਦੋ ਦਿਹਾਈ=ਦੋ ਦਿਨ ਹੀ ਹੈ, ਫੇਰ ਇਸ ਨੇ ਹਰੀਹਰ ਹੋ ਜਾਣਾ ਹੈ॥ ੧ ॥ ਰਹਾਉ ॥

ਗਹਰੀ ਬਿਭੂਤ ਲਾਇ ਬੈਠਾ ਤਾੜੀ ॥ ਮੇਰੀ ਤੇਰੀ ਮੁੰਦ੍ਰਾ ਧਾਰੀ ॥

ਸਰੀਰ ਉੱਤੇ ਗਹਰੀ=ਸੰਘਣੀ ਬਿਭੂਤੀ ਮਲ ਕੇ ਤਾੜੀ=ਸਮਾਧੀ ਲਗਾਈ ਬੈਠਾ ਹੈਂ ਅਤੇ ਮੇਰ ਤੇਰ ਰੂਪੀ ਮੁੰਦ੍ਰਾਂ ਧਾਰਨ ਕੀਤੀਆਂ ਹੋਈਆਂ ਹਨ ਯਾਂ ਮੁੰਦ੍ਰਾਂ ਨੂੰ ਧਾਰਨ ਕਰ ਕੇ ਮੇਰ ਤੇਰ ਕਰ ਰਿਹਾ ਹੈਂ।

ਮਾਗਹਿ ਟੂਕਾ ਤ੍ਰਿਪਤਿ ਨ ਪਾਵੈ ॥
ਨਾਥੁ ਛੋਡਿ ਜਾਚਹਿ ਲਾਜ ਨ ਆਵੈ ॥ ੨ ॥

ਟੂਕਾ=ਟੁਕੜਿਆਂ ਨੂੰ ਮੰਗ ਕੇ ਖਾਂਦਾ ਹੈਂ, ਪਰ ਤ੍ਰਿਪਤੀ ਨੂੰ ਨਹੀਂ ਪਾਉਂਦਾ, ਭਾਵ ਪੇਟ ਤਾਂ ਭਰ ਲੈਂਦਾ

ਹੈਂ ਪਰ ਸੰਤੋਖ ਨਹੀਂ ਆਉਂਦਾ। ਨਾਥੁ=ਸੁਆਮੀ (ਪਰਮਾਤਮਾ) ਨੂੰ ਛੱਡ ਕੇ ਤੂੰ ਮੰਗਦਾ ਹੈਂ, ਮੈਨੂੰ ਸ਼ਰਮ ਨਹੀਂ ਆਉਂਦੀ॥ ੨॥ ਭਾਈ ਗੁਰਦਾਸ ਜੀ ਨੇ ਕਿਹਾ ਹੈ-

ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ। *(ਵਾਰ ੧੫, ਪਉੜੀ ੪)*

ਸਚੁ ਦਾਤਾਰਿ ਵਿਸਾਰ ਕੈ ਮੰਗਤਿਆਂ ਨੋ ਮੰਗਣ ਜਾਹੀ। *(ਵਾਰ ੧੫, ਪਉੜੀ ੬)*

ਚਲ ਚਿਤ ਜੋਗੀ ਆਸਣੁ ਤੇਰਾ॥ ਸਿੰਙੀ ਵਾਜੈ ਨਿਤ ਉਦਾਸੇਰਾ॥

ਹੇ ਜੋਗੀ ! ਆਸਣ ਵਲੋਂ ਤੇਰਾ ਚਿਤ ਚਲਾਏਮਾਨ ਹੈ ਭਾਵ ਇਕ ਆਸਣ ਉੱਤੇ ਟਿਕ ਕੇ ਨਹੀਂ ਬੈਠਦਾ।

ਅਥਵਾ:- ਹੇ ਜੋਗੀ ! ਅੰਤਰਮੁਖ ਬਿਰਤੀ ਕਰਨ ਰੂਪ ਆਸਣ ਵਲੋਂ ਤੇਰਾ ਚਿਤ ਚਲਾਏਮਾਨ ਹੈ ਭਾਵ ਤੂੰ ਅੰਤਰ ਮੁਖ ਬਿਰਤੀ ਧਾਰਨ ਨਹੀਂ ਕਰਦਾ। ਬਾਹਰਲੀਆਂ ਸਿੰਙੀਆਂ ਨੂੰ ਵਜਾਉਂਦਾ ਹੈਂ ਤੇ ਪਰਮੇਸ਼ਰ ਵਲੋਂ ਨਿਤਾਪ੍ਰਤੀ ਉਦਾਸ ਰਹਿੰਦਾ ਹੈ।

ਅਥਵਾ:- ਪਰਮੇਸ਼ਰ ਦੇ ਜਸ ਕਰਨ ਰੂਪ, *ਵਾ:-* ਭਜਨ-ਸਿਮਰਨ ਕਰਨ ਰੂਪ ਸਿੰਙੀ ਦੇ ਵਜਾਉਣ ਵਲੋਂ ਤੂੰ ਨਿਤ ਹੀ ਉਦਾਸ ਰਹਿੰਦਾ ਹੈਂ।

ਗੁਰ ਗੋਰਖ ਕੀ ਤੈ ਬੂਝ ਨ ਪਾਈ॥
ਫਿਰਿ ਫਿਰਿ ਜੋਗੀ ਆਵੈ ਜਾਈ॥ ੩॥

੧) ਤੇਰਾ ਗੁਰੂ ਜੋ ਗੋਰਖ ਹੈ ਉਸ ਦੇ ਦੱਸੇ ਹੋਏ ਸਿਧਾਂਤ ਦੀ ਤੂੰ ਸਮਝ ਨਹੀਂ ਪਾਈ।

੨) ਗੁਰ=ਪੂਜਨੀਕ, ਗੋਰਖ=ਪ੍ਰਿਥਵੀ ਦੀ ਰੱਖਿਆ ਕਰਨ ਵਾਲਾ ਜੋ ਪ੍ਰਭੂ ਹੈ, ਉਸ ਦੀ ਸਮਝ ਤੂੰ ਨਹੀਂ ਪਾਈ। ਇਸ ਕਰ ਕੇ ਹੇ ਜੋਗੀ! ਤੂੰ ਬਾਰ-ਬਾਰ ਆਵੈ ਜਾਈ=ਜੰਮਦਾ ਮਰਦਾ ਰਹੇਂਗਾ॥ ੩॥

ਜਿਸ ਨੋ ਹੋਆ ਨਾਥੁ ਕ੍ਰਿਪਾਲਾ॥ ਰਹਰਾਸਿ ਹਮਾਰੀ ਗੁਰ ਗੋਪਾਲਾ॥

ਜਿਸ ਉੱਤੇ ਨਾਥੁ=ਸੁਆਮੀ (ਪਰਮਾਤਮਾ) ਕਿਰਪਾਲੂ ਹੋਇਆ ਹੈ। ਉਸ ਨੇ ਜਾਣਿਆ ਹੈ ਕਿ ਗੋਪਾਲ ਰੂਪ ਗੁਰਾਂ ਅੱਗੇ ਸਾਡੀ ਰਹਰਾਸਿ=ਬੇਨਤੀ ਹੈ।

ਨਾਮੈ ਖਿੰਥਾ ਨਾਮੈ ਬਸਤਰੁ॥ ਜਨ ਨਾਨਕ ਜੋਗੀ ਹੋਆ ਅਸਥਿਰੁ॥ ੪॥

੧) ਗੁਰੂ ਜੀ ਕਥਨ ਕਰਦੇ ਹਨ—ਜਿਸ ਜੋਗੀ ਨੇ ਨਾਮ ਰੂਪ ਖਿੰਥਾ ਪਹਿਰੀ ਹੈ ਤੇ ਨਾਮ ਰੂਪ ਹੀ ਹੋਰ ਬਸਤ੍ਰ ਪਹਿਰਿਆ ਹੈ। ਉਹ ਜੋਗੀ ਜਨ ਇਸਥਿਤ ਹੋਇਆ ਹੈ।

੨) ਚਾਰੇ ਤੁਕਾਂ ਦਾ ਅਰਥ ਅੰਨਵੇਂ ਰੀਤੀ ਨਾਲ ਕਰਨਾ—

ਜਿਸ ਨੋ ਹੋਆ ਨਾਥੁ ਕ੍ਰਿਪਾਲਾ॥ ਜਿਸ ਉੱਤੇ ਸੁਆਮੀ (ਪਰਮਾਤਮਾ) ਕ੍ਰਿਪਾਲੂ ਹੋਇਆ ਹੈ।

ਜਨ ਨਾਨਕ ਜੋਗੀ ਹੋਆ ਅਸਥਿਰੁ॥ ਉਹ ਜੋਗੀ-ਜਨ ਸੰਸਾਰ ਵਿਚ ਇਸਥਿਤ ਹੋਇਆ ਹੈ।

ਤੇ ਉਸ ਨੇ ਇੰਜ ਨਿਸਚੇ ਕੀਤਾ ਹੈ ਕਿ-

ਰਹਰਾਸਿ ਹਮਾਰੀ ਗੁਰ ਗੋਪਾਲਾ॥ ਗੁਰਾਂ ਦੁਆਰੇ ਗੋਪਾਲ ਦਾ ਨਾਮ ਜਪਣਾ ਹੀ ਸਾਡੀ ਰਹਰਾਸਿ=ਰਹੁ ਰੀਤੀ ਹੈ। *ਵਾ:-* ਸਾਡੀ ਰਾਸਿ=ਪੂੰਜੀ ਰਹਿ ਆਈ ਹੈ।

ਨਾਮੈ ਖਿੰਥਾ ਨਾਮੈ ਬਸਤਰੁ॥ ਨਾਮ ਹੀ ਖਿੰਥਾ=ਝੋਲੀ ਹੈ ਅਤੇ ਨਾਮ ਹੀ ਸਾਡਾ ਹੋਰ ਬਸਤਰੁ=ਕੱਪੜਾ ਹੈ॥ ੪॥

ਇਉ ਜਪਿਆ ਨਾਥੁ ਦਿਨੁ ਰੈਨਾਈ॥
ਹੁਣਿ ਪਾਇਆ ਗੁਰੁ ਗੋਸਾਈ॥ ੧॥ ਰਹਾਉ ਦੂਜਾ॥ ੨॥ ੧੩॥

ਜਦ ਇਸ ਤਰ੍ਹਾਂ ਨਾਲ ਸੁਆਮੀ (ਪਰਮਾਤਮਾ) ਨੂੰ ਦਿਨੁ ਰੈਨਾਈ=ਦਿਨ ਰਾਤ ਜਪਿਆ। ਤਾਂ ਹੁਣ ਗੁਰਾਂ ਦੁਆਰੇ ਗੁਰੂ=ਪੂਜਨੀਕ ਗੋਸਾਈ=ਪਰਮਾਤਮਾ ਨੂੰ ਪਾਉਣਾ ਕੀਤਾ॥ ੧॥ ਰਹਾਉ ਦੂਜਾ॥ ੨॥ ੧੩॥

ਰਾਮਕਲੀ ਮਹਲਾ ੫॥

ਕਿਸੇ ਸਿੱਖ ਨੇ ਬੇਨਤੀ ਕੀਤੀ- "ਉਹ ਠਾਕੁਰ ਕੈਸਾ ਹੈ?" *ਗੁਰ ਉੱਤਰ-*

ਕਰਨ ਕਰਾਵਨ ਸੋਈ॥ ਆਨ ਨ ਦੀਸੈ ਕੋਈ॥

ਉਹ ਠਾਕੁਰ ਸਭ ਕਾਰਜਾਂ ਦੇ ਕਰਨ ਕਰਾਉਣ ਵਾਲਾ ਹੈ। ਉਸ ਵਰਗਾ ਸ਼ਮਰੱਥ ਹੋਰ ਕੋਈ ਨਿਗਾਹ ਨਹੀਂ ਆਉਂਦਾ।

ਠਾਕੁਰੁ ਮੇਰਾ ਸੁਘੜੁ ਸੁਜਾਨਾ॥ ਗੁਰਮੁਖਿ ਮਿਲਿਆ ਰੰਗੁ ਮਾਨਾ॥ ੧॥

ਮੇਰਾ ਠਾਕੁਰੁ (ਸੁਆਮੀ) ਪਰਮਾਤਮਾ ਸੁਘੜੁ=ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਅਤੇ ਦਿਲਾਂ ਦੀਆਂ ਗੱਲਾਂ ਦੇ ਜਾਣਨ ਨੂੰ ਸੁਜਾਨਾ=ਚਤੁਰ ਹੈ। ਜਿਸ ਨੂੰ ਗੁਰਾਂ ਦੁਆਰੇ ਮਿਲਿਆ ਹੈ, ਓਸੇ ਨੇ ਉਸ ਦੇ ਰੰਗੁ ਮਾਨਾ=ਅਨੰਦ ਨੂੰ ਭੋਗਿਆ ਹੈ॥ ੧॥

ਐਸੋ ਰੇ ਹਰਿ ਰਸੁ ਮੀਠਾ॥ ਗੁਰਮੁਖਿ ਕਿਨੈ ਵਿਰਲੈ ਡੀਠਾ॥ ੧॥ ਰਹਾਉ॥

ਰੇ=ਹੇ ਭਾਈ ! ਐਸੋ=ਅਜਿਹਾ ਹਰੀ ਦਾ ਨਾਮ-ਰਸ ਮਿੱਠਾ ਹੈ। ਕਿਸੇ ਵਿਰਲੇ ਗੁਰਮੁਖ ਨੇ ਗੁਰਾਂ ਦੁਆਰੇ ਚਖ ਕੇ ਉਸ ਅਨੰਦ ਨੂੰ ਡੀਠਾ=ਵੇਖਿਆ ਹੈ॥ ੧॥ ਰਹਾਉ॥

[ਪੰਨਾ ੮੮੭]

ਨਿਰਮਲ ਜੋਤਿ ਅੰਮ੍ਰਿਤੁ ਹਰਿ ਨਾਮ॥ ਪੀਵਤ ਅਮਰ ਭਏ ਨਿਹਕਾਮ॥

ਜਿਸ ਹਰੀ ਦੀ ਜੋਤ ਨਿਰਮਲ ਹੈ, ਉਸ ਦਾ ਨਾਮ ਭੀ ਅੰਮ੍ਰਿਤ ਰੂਪ ਹੈ। ਜੋ ਨਿਸ਼ਕਾਮ ਹੋ ਕੇ ਪੀਂਦੇ ਹਨ, ਉਹ ਅਮਰ ਹੋ ਗਏ ਹਨ।

ਤਨੁ ਮਨੁ ਸੀਤਲੁ ਅਗਨਿ ਨਿਵਾਰੀ॥ ਅਨਦ ਰੂਪ ਪ੍ਰਗਟੇ ਸੰਸਾਰੀ॥ ੨॥

ਤ੍ਰਿਸ਼ਨਾ-ਅਗਨਿ ਨਵਿਰਤ ਕਰਨ ਕਰ ਕੇ ਉਹਨਾਂ ਦਾ ਤਨ ਮਨ ਸੀਤਲੁ=ਠੰਡਾ (ਸ਼ਾਂਤ) ਹੋਇਆ ਹੈ। ਸੰਸਾਰਕ ਕਿਰਿਆ ਕਰਦਿਆਂ ਹੋਇਆਂ ਵਿਚੇ ਹੀ ਉਹਨਾਂ ਨੂੰ ਅਨੰਦ ਰੂਪ ਪਰਮਾਤਮਾ ਪਰਗਟ ਹੋਇਆ ਹੈ॥ ੨॥

ਕਿਆ ਦੇਵਉ ਜਾ ਸਭੁ ਕਿਛੁ ਤੇਰਾ॥ ਸਦ ਬਲਿਹਾਰਿ ਜਾਉ ਲਖ ਬੇਰਾ॥

੧) ਹੇ ਪ੍ਰਭੂ ! ਜਾਂ ਸਭ ਕੁਝ ਪਹਿਲੇ ਹੀ ਮੈਂ ਆਪ ਜੀ ਦਾ ਮੰਨਿਆਂ ਹੋਇਆ ਹੈ ਤਾਂ ਆਪ ਜੀ ਨੂੰ ਕੀ

www.sikhbookclub.com

ਦੇਵਾਂ।

੨) ਜਾਂ ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈ ਤਾਂ ਮੈਂ ਆਪ ਜੀ ਨੂੰ ਕੀ ਦੇਵਾਂ। ਮੈਂ ਲੱਖਾਂ ਵਾਰੀ ਸਦਾ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।

ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥
ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥ ੩ ॥

ਮਨ ਅਤੇ ਤਨੁ=ਨਾਲੇ ਪਿੰਡੁ=ਸਰੀਰ ਨੂੰ ਸਾਜ ਕੇ ਵਿਚ ਜੀਵ ਨੂੰ ਦੇਣਾ ਕੀਤਾ ਹੈ। ਗੁਰਾਂ ਦੀ ਕਿਰਪਾ ਨਾਲ ਤੁਸਾਂ ਨੇ ਮੈਂ ਨੀਚ ਨੂੰ ਨਿਵਾਜਿਆ=ਵਡਿਆਇਆ ਹੈ॥ ੩ ॥

ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥

ਪੰਜਾਂ ਕੋਸ਼ਾਂ ਰੂਪੀ ਕਿਵਾਰਾ=ਤਖਤਾ ਖੋਲ੍ਹ ਕੇ, ਯਾਂ ਅਗਿਆਨ ਰੂਪੀ ਤਖਤਾ ਖੋਲ੍ਹ ਕੇ ਆਪਣੇ ਮਹਿਲ=ਸਰੂਪ ਵਿਚ ਬੁਲਾ ਲੀਤਾ ਹੈ। ਜੈਸਾ ਨਿਜ ਸਰੂਪ ਸੀ ਤੈਸਾ ਹੀ ਦਿਖਾਉਣਾ ਕੀਤਾ ਹੈ।

ਕਹੁ ਨਾਨਕ ਸਭੁ ਪੜਦਾ ਤੂਟਾ ॥
ਹਉ ਤੇਰਾ ਤੂ ਮੈ ਮਨਿ ਵੂਠਾ ॥ ੪ ॥ ੩ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ—ਪੰਜਾਂ ਕੋਸ਼ਾਂ ਰੂਪੀ ਯਾਂ ਅਵਰਨਤਾ ਦਾ ਸਾਰਾ ਪੜਦਾ ਟੁੱਟ ਗਿਆ ਹੈ। ਹਉ=ਮੈਂ ਤੇਰਾ ਦਾਸ ਹਾਂ ਤੂੰ ਮੇਰੇ ਮਨ ਵਿਚ ਵੂਠਾ=ਵਸਿਆ ਹੈਂ। *ਅਥਵਾ:-* ਤੂੰ ਮੇਰੇ ਮਨ ਵਿਚ ਵਸਿਆ ਹੈਂ ਇਸੇ ਕਰ ਕੇ ਮੈਂ ਤੇਰਾ ਸਰੂਪ ਹੀ ਹੋ ਗਿਆ ਹਾਂ॥ ੪ ॥ ੩ ॥ ੧੪ ॥

ਰਾਮਕਲੀ ਮਹਲਾ ੫ ॥

ਸੇਵਕੁ ਲਾਇਓ ਅਪੁਨੀ ਸੇਵ ॥ ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥

ਮੈਂ ਸੇਵਕ ਨੂੰ ਆਪਣੀ ਸੇਵਾ ਵਿਚ ਲਗਾਇਆ ਹੈ ਤੇ ਦੇਵ=ਪ੍ਰਕਾਸ਼ ਰੂਪ ਪ੍ਰਭੂ ਦਾ ਨਾਮ-ਅੰਮ੍ਰਿਤ ਦੇਵ=ਗੁਰਦੇਵਾਂ ਨੇ ਮੇਰੇ ਮੂੰਹ ਵਿਚ ਦਿੱਤਾ ਹੈ।

ਸਗਲੀ ਚਿੰਤਾ ਆਪਿ ਨਿਵਾਰੀ ॥
ਤਿਸੁ ਗੁਰ ਕਉ ਹਉ ਸਦ ਬਲਿਹਾਰੀ ॥ ੧ ॥

ਜਿਸ ਗੁਰੂ ਨੇ ਮੇਰੀ ਸਾਰੀ ਚਿੰਤਾ ਆਪ ਨਵਿਰਤ ਕੀਤੀ ਹੈ। ਉਸ ਗੁਰੂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ॥ ੧ ॥

ਕਾਜ ਹਮਾਰੇ ਪੂਰੇ ਸਤਗੁਰ ॥ ਬਾਜੇ ਅਨਹਦ ਤੂਰੇ ਸਤਗੁਰ ॥ ੧ ॥ ਰਹਾਉ ॥

ਸਤਿਗੁਰਾਂ ਨੇ ਸਾਡੇ ਸਾਰੇ ਕਾਰਜ ਪੂਰੇ ਕਰ ਦਿੱਤੇ ਹਨ। ਸਤਿਗੁਰਾਂ ਦੀ ਕਿਰਪਾ ਨਾਲ ਅਨਹਦ=ਇਕ-ਰਸ ਨਾਮਾ ਰੂਪੀ, ਵਾ- ਮਹਾਂ ਵਾਕਾਂ ਰੂਪੀ ਤੂਰੇ=ਵਾਜੇ ਵੱਜ ਆਏ ਹਨ।

ਮਹਿਮਾ ਜਾ ਕੀ ਗਹਿਰ ਗੰਭੀਰ ॥ ਹੋਇ ਨਿਹਾਲੁ ਦੇਇ ਜਿਸੁ ਧੀਰ ॥

ਜਿਨ੍ਹਾਂ ਗੁਰਾਂ ਦੀ ਮਹਿਮਾ ਗਹਿਰ=ਡੂੰਘੀ ਤੇ ਗੰਭੀਰ=ਨਿਰਹੱਲ ਹੈ। ਜਿਸ ਨੂੰ ਗੁਰੂ ਧੀਰਜ ਦੇਂਦੇ ਹਨ, ਉਹ ਨਿਹਾਲੁ=ਕ੍ਰਿਤ ਕ੍ਰਿਤ. ਵਾ:- ਦੁੱਖਾਂ ਤੋਂ ਰਹਿਤ ਹੁੰਦਾ ਹੈ।

ਜਾ ਕੇ ਬੰਧਨ ਕਾਟੇ ਰਾਇ ॥ ਸੋ ਨਰੁ ਬਹੁਰਿ ਨ ਜੋਨੀ ਪਾਇ ॥ ੨ ॥

ਰਾਇ=ਪ੍ਰਕਾਸ਼ ਰੂਪ ਪ੍ਰਭੂ ਨੇ ਜਾਂ ਗੁਰਾਂ ਨੇ ਜਿਸ ਨੇ ਬੰਧਨ ਕੱਟੇ ਹਨ। ਉਹ ਪੁਰਸ਼ ਫੇਰ ਚੁਰਾਸੀ ਲੱਖ ਜੂਨੀਆਂ ਵਿਚ ਨਹੀਂ ਪੈਂਦਾ ॥ ੨ ॥

ਜਾ ਕੈ ਅੰਤਰਿ ਪ੍ਰਗਟਿਓ ਆਪੁ ॥ ਤਾ ਕਉ ਨਾਹੀ ਦੂਖ ਸੰਤਾਪ ॥

ਜਿਸ ਪੁਰਸ਼ ਦੇ ਅੰਤਹਕਰਨ ਦੇ ਵਿਚ ਉਹ ਪ੍ਰਭੂ ਆਪ ਪ੍ਰਗਟਿਆ ਹੈ। ਉਸ ਪੁਰਸ਼ ਨੂੰ ਕੋਈ ਵੀ ਦੁੱਖ ਨਹੀਂ ਸੰਤਾਪ=ਸਤਾਉਂਦਾ ਹੈ। ਵਾ:- ਸੰ=ਭਲੀ ਪ੍ਰਕਾਰ (ਤਾਪ) ਤਪਾਉਂਦਾ ਨਹੀਂ ਹੈ।

ਲਾਲੁ ਰਤਨੁ ਤਿਸੁ ਪਾਲੈ ਪਰਿਆ ॥
ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥ ੩ ॥

(ਜਿਸ ਤਿਸ ਦਾ ਆਪਸ ਵਿਚ ਸਬੰਧ ਹੋਣ ਕਰ ਕੇ ਤਿਸੁ ਦੀ ਜਗ੍ਹਾ ਜਿਸੁ ਕਰਨਾ—) ਜਿਸ ਪੁਰਸ਼ ਦੇ ਅੰਤਹਕਰਨ ਵਿਚ ਲਾਲੁ=ਪ੍ਰੇਮ, ਰਤਨੁ=ਵੈਰਾਗ ਪਿਆ ਹੈ। ਉਹ ਪੁਰਸ਼ ਆਪਣੇ ਸਾਰੇ ਕੁਟੰਬ=ਪ੍ਰਵਾਰ ਨੂੰ ਲੈ ਕੇ ਸੰਸਾਰ-ਸਮੁੰਦਰ ਤੋਂ ਤਰ ਗਿਆ ॥ ੩ ॥

ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ ਏਕੋ ਏਕੁ ਨਿਰੰਜਨ ਪੂਜਾ ॥

ਜਿਸ ਨੇ ਇਕੋ ਇਕ ਨਿਰੰਜਨ ਨੂੰ ਪੂਜਿਆ ਹੈ। ਉਸ ਨੂੰ ਨਾ ਕੁਝ ਭਰਮ ਹੈ ਨਾ ਹੀ ਦੁਬਿਧਾ ਕਰ ਕੇ ਦੂਜਾ=ਦ੍ਵੈਤ ਭਾਵ ਹੈ, ਵਾ:- ਨਾ ਕੋਈ ਦੂਜਾ ਦਿਖਾਈ ਦੇਂਦਾ ਹੈ।

ਜਤ ਕਤ ਦੇਖਉ ਆਪਿ ਦਇਆਲ ॥
ਕਹੁ ਨਾਨਕ ਪ੍ਰਭ ਮਿਲੇ ਰਸਾਲ ॥ ੪ ॥ ੪ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ—ਜਿੱਥੇ ਕਿਤੇ ਵੀ ਵੇਖਦੇ ਹਾਂ ਉਥੇ ਆਪ ਹੀ ਦਇਆਲੁ=ਪਰਮਾਤਮਾ ਹੈ। ਅਜੇਹੀ ਦ੍ਰਿਸ਼ਟੀ ਹੋਣ ਕਰ ਕੇ ਉਹ ਰਸਾਲ=ਸੁੰਦਰ ਪ੍ਰਭੂ ਮਿਲੇ ਹਨ ॥ ੪ ॥ ੪ ॥ ੧੫ ॥

ਰਾਮਕਲੀ ਮਹਲਾ ੫ ॥

ਗੁਰਿ ਪੂਰੈ ਲੀਓ ਸਮਝਾਇ ॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਮੈਨੂੰ ਸਮਝਾ ਲਿਆ। ਉਸ ਵੇਲੇ-

ਤਨ ਤੇ ਛੁਟਕੀ ਅਪਨੀ ਧਾਰੀ ॥ ਪ੍ਰਭ ਕੀ ਆਗਿਆ ਲਗੀ ਪਿਆਰੀ ॥

ਤਨ ਵਿੱਚ ਜੋ ਅਪਣੱਤ ਧਾਰੀ ਹੋਈ ਸੀ ਉਹ ਗੁਰੂ ਦੀ ਕਿਰਪਾ ਨਾਲ ਛੁੱਟ ਗਈ ਤੇ ਪ੍ਰਭੂ ਦੀ ਆਗਿਆ ਮੰਨਣੀ ਮੈਨੂੰ ਪਿਆਰੀ=ਮਿੱਠੀ ਲੱਗੀ ਹੈ।

ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ ॥ ਤਾ ਇਹੁ ਅਚਰਜੁ ਨੈਨਹੁ ਡੀਠਾ ॥ ੧ ॥

www.sikhbookclub.com

ਜੋ ਕੁਝ ਭੀ ਪ੍ਰਭੂ ਕਰਦਾ ਹੈ ਚਾਹੇ ਦੁੱਖ ਚਾਹੇ ਸੁਖ ਦੇਂਦਾ ਹੈ ਕਰਮਾਂ ਅਨੁਸਾਰ ਉਹ ਜਿਸ ਵੇਲੇ ਮੇਰੇ ਮਨ ਵਿਚ ਮਿਠਾ=ਪਿਆਰਾ ਲੱਗਾ। ਤਾਂ ਇਸ ਅਸਚਰਜ ਰੂਪ ਪ੍ਰਭੂ ਨੂੰ ਅੱਖਾਂ ਨਾਲ ਡੀਠਾ=ਵੇਖ ਲਿਆ॥ ੧॥

ਅਬ ਮੋਹਿ ਜਾਨੀ ਰੇ ਮੇਰੀ ਗਈ ਬਲਾਇ॥

ਰੇ=ਹੇ ਭਾਈ! ਹੁਣ ਮੈਂ ਇਹ ਗੱਲ ਜਾਣ ਲਈ ਹੈ ਕਿ ਮੇਰੀ ਅਵਿਦਿਆ ਰੂਪ ਬਲਾ ਚਲੀ ਗਈ ਹੈ।

ਬੁਝਿ ਗਈ ਤ੍ਰਿਸਨ ਨਿਵਾਰੀ ਮਮਤਾ
ਗੁਰਿ ਪੂਰੈ ਲੀਓ ਸਮਝਾਇ॥ ੧॥ ਰਹਾਉ॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਮੇਰੇ ਮਨ ਨੂੰ ਸਮਝਾ ਲਿਆ, ਉਸੀ ਵੇਲੇ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਅਤੇ ਪਦਾਰਥਾਂ ਦੀ ਮਮਤਾ ਨਵਿਰਤ ਹੋ ਗਈ॥ ੧॥ ਰਹਾਉ॥

ਕਰਿ ਕਿਰਪਾ ਰਾਖਿਓ ਗੁਰਿ ਸਰਨਾ॥ ਗੁਰਿ ਪਕਰਾਏ ਹਰਿ ਕੇ ਚਰਨਾ॥

ਪਰਮੇਸ਼ਰ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਗੁਰਾਂ ਦੀ ਸ਼ਰਨ ਵਿਚ ਰੱਖਿਆ ਹੈ ਤੇ ਗੁਰਾਂ ਨੇ ਕਿਰਪਾ ਕਰ ਕੇ ਹਰੀ ਦੇ ਚਰਨ ਫੜਾਏ ਹਨ ਭਾਵ ਹਰੀ ਦਾ ਧਿਆਨ ਕਰਨਾ ਬਖਸ਼ਿਆ ਹੈ।

ਬੀਸੁ ਬਿਸੁਏ ਜਾ ਮਨ ਠਹਰਾਨੇ॥ ਗੁਰ ਪਾਰਬ੍ਰਹਮ ਏਕੈ ਹੀ ਜਾਨੇ॥ ੨॥

ਬੀਸੁ ਬਿਸੁਏ=ਨਿਸ਼ਚੇ ਕਰ ਕੇ ਜਾਂ ਮਨ ਆਦਿਕ ਇੰਦ੍ਰੀਏ ਠਹਿਰ ਗਏ। ਤਾਂ ਗੁਰੂ ਅਤੇ ਪਾਰਬ੍ਰਹਮ ਦੋਹਾਂ ਨੂੰ ਇਕ ਸਰੂਪ ਕਰ ਕੇ ਜਾਣਿਆ॥ ੨॥

ਜੋ ਜੋ ਕੀਨੋ ਹਮ ਤਿਸ ਕੇ ਦਾਸ॥ ਪ੍ਰਭ ਮੇਰੇ ਕੋ ਸਗਲ ਨਿਵਾਸ॥

ਜੋ ਜੋ ਭੀ ਪ੍ਰਭੂ ਨੇ ਪੈਦਾ ਕੀਤੇ ਹਨ, ਜਾਂ ਜੋ ਜੋ ਭੀ ਪ੍ਰਭੂ ਨੇ ਆਪਣੇ ਸੇਵਕ ਕੀਤੇ ਹਨ, ਅਸੀਂ ਅੱਗੋਂ ਉਹਨਾਂ ਦੇ ਦਾਸ ਹਾਂ। ਕਿਉਂਕਿ ਮੇਰੇ ਪ੍ਰਭੂ ਦਾ ਸਾਰਿਆਂ ਵਿਚ ਨਿਵਾਸ=ਵਾਸਾ ਹੈ।

ਨਾ ਕੋ ਦੂਤੁ ਨਹੀ ਬੈਰਾਈ॥ ਗਲਿ ਮਿਲਿ ਚਾਲੇ ਏਕੈ ਭਾਈ॥ ੩॥

ਹੁਣ ਨਾ ਕੋਈ ਦੂਤੁ=ਚੁਗ਼ਲੀ ਦੇ ਕਰਨ ਵਾਲਾ ਰਿਹਾ ਹੈ, ਨਾ ਹੀ ਕੋਈ ਵੈਰੀ ਰਿਹਾ ਹੈ।

ਅਥਵਾ:- ਨਾ ਕੋਈ ਜਮਦੂਤ ਤੇ ਨਾ ਹੀ ਕੋਈ ਕਾਮ ਆਦਿਕ ਵੈਰੀ ਰਿਹਾ ਹੈ।

ਭਾਈ=ਪ੍ਰੇਮ ਸਹਿਤ ਭਜਨ-ਸਿਮਰਨ ਰੂਪੀ ਗੱਲਾਂ ਵਿਚ ਮਿਲ ਕੇ ਇਕ ਪਰਮੇਸ਼ਰ ਦੀ ਤਰਫ ਚਲੇ ਹਾਂ।

ਅਥਵਾ:- ਹੇ ਭਾਈ ! ਗਲ ਨਾਲ ਮਿਲ ਕੇ ਭਾਵ ਅਭੇਦ ਹੋ ਕੇ ਏਕੈ=ਏਕਤਾ ਦੇ ਨਾਲ ਚਲੇ ਹਾਂ॥ ੩॥

ਜਾ ਕਉ ਗੁਰਿ ਹਰਿ ਦੀਏ ਸੂਖਾ॥ ਤਾ ਕਉ ਬਹੁਰਿ ਨ ਲਾਗਹਿ ਦੂਖਾ॥

ਜਾ ਕਉ=ਜਿਸ ਨੂੰ ਗੁਰਾਂ ਨੇ ਹਰੀ ਦੀ ਪ੍ਰਾਪਤੀ ਦਾ ਸੁਖ ਦਿੱਤਾ ਹੈ। ਉਸ ਨੂੰ ਫਿਰ ਕੋਈ ਦੁੱਖ ਨਹੀਂ ਲੱਗਦਾ ।

ਆਪੇ ਆਪਿ ਸਰਬ ਪ੍ਰਤਿਪਾਲ॥
ਨਾਨਕ ਰਾਤਉ ਰੰਗਿ ਗੋਪਾਲ॥ ੪॥ ੫॥ ੧੬॥

ਗੁਰੂ ਜੀ ਕਥਨ ਕਰਦੇ ਹਨ— ਜੋ ਪ੍ਰਭੂ ਆਪੇ ਆਪ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈ, ਉਸ ਗੋਪਾਲ ਦੇ ਰੰਗਿ=ਪ੍ਰੇਮ ਵਿਚ ਤਦਾਕਾਰ ਹੋਣਾ ਕਰੋ॥ ੪॥ ੫॥ ੧੬॥

ਰਾਮਕਲੀ ਮਹਲਾ ੫॥

ਉਥਾਨਕਾ:- ਇਕ ਪਖੰਡੀ ਬ੍ਰਾਹਮਣ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੀ ਬਾਹਰਲੀ ਪਰਕਰਮਾ ਵਿਚ ਬਾਬਾ ਬੁੱਢਾ ਜੀ ਦੀ ਬੇਰ ਪਾਸ ਠਾਕੁਰ (ਸਾਲਗਿਰਾਮ) ਦੀ ਮੂਰਤੀ ਅੱਗੇ ਰੱਖ ਕੇ ਟੀਕੇ ਸਹਿਤ ਗੀਤਾ ਦਾ ਪਾਠ ਪੜ੍ਹ ਰਿਹਾ ਸੀ। ਗੁਰੂ ਸਾਹਿਬ ਜੀ ਪਹਿਲੀ ਪਰਕਰਮਾ ਭਾਂ ਲੰਘ ਗਏ। ਜਿਸ ਵੇਲੇ ਦੂਜੀ ਪਰਕਰਮਾ ਕਰਦੇ ਹੋਏ ਉਸ ਦੇ ਪਾਸ ਪਹੁੰਚੇ ਤਾਂ ਬ੍ਰਾਹਮਣ ਨੇ ਬੜੇ ਗੁੱਸੇ 'ਚ ਆ ਕੇ ਕਿਹਾ- "ਤੁਸੀਂ ਛੱਤਰੀ ਹੋ ਕੇ ਸਾਡਾ ਨਿਰਾਦਰ ਕਰਦੇ ਹੋ, ਤੁਹਾਡੇ ਲਈ ਠੀਕ ਨਹੀਂ।" ਜਿਸ ਵੇਲੇ ਤੁਸੀ ਇਥੋਂ ਦੀ ਲੰਘੇ ਸੀ ਤਾਂ ਤੁਹਾਨੂੰ ਚਾਹੀਦਾ ਸੀ ਕਿ ਮੱਥਾ ਟੇਕ ਕੇ ਲੰਘਦੇ ਪਰ ਤੁਸੀਂ ਇੰਜ ਨਹੀਂ ਕੀਤਾ, ਅਸੀਂ ਜਗਤ-ਗੁਰੂ ਹਾਂ, ਲੋਕ ਸਾਡੀ ਇੱਜ਼ਤ-ਮਾਣ ਕਰਦੇ ਹਨ।*

ਇਹ ਗੱਲ ਸੁਣ ਕੇ ਗੁਰ ਜੀ ਨੇ ਕਿਹਾ-

ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥

ਮੂੰਹੋਂ ਤਾਂ ਟੀਕਾ=ਵਿਆਖਿਆ ਨਾਲ ਵੇਦਾਂ ਅਤੇ ਗੀਤਾ ਨੂੰ ਪੜ੍ਹਦਾ ਹੈਂ। ਪਰ ਹਿਰਦੇ ਵਿਚ ਰਾਮ ਦਾ ਨਾਮ ਨਹੀਂ ਹੈ ਅਤੇ ਨਾ ਹੀ ਪੂਰਨ ਰਹਿਣੀ ਹੈ।

ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥

ਤੂੰ ਉਪਦੇਸ਼ ਕਰ ਕਰ ਕੇ ਲੋਕਾਂ ਨੂੰ ਦਿੜ੍ਹ ਕਰਵਾਉਂਦਾ ਹੈ। ਪਰ ਆਪਣੇ ਕਹੇ ਹੋਏ ਉਪਦੇਸ਼ ਨੂੰ ਆਪ ਨਹੀਂ ਕਮਾਉਂਦਾ॥ ੧॥

ਪੰਡਿਤ ਬੇਦੁ ਬੀਚਾਰਿ ਪੰਡਿਤ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥੧॥ਰਹਾਉ॥

ਪੰਡਿਤਾਂ ਵਿੱਚੋਂ ਤੂੰ ਤਾਂ ਸ੍ਰੇਸ਼ਟ ਪੰਡਿਤ ਹੈਂ ਜੇਕਰ ਵੇਦਾਂ ਦੇ ਸਿਧਾਂਤ ਨੂੰ ਵਿਚਾਰਨਾ ਕਰੇਂ ਅਤੇ ਹੇ ਪੰਡਿਤ! ਮਨ ਦਾ ਗੁੱਸਾ ਦੂਰ ਕਰ ਦੇਹ(ਐਵੇਂ ਬਿ-ਅਰਥ ਗੁੱਸਾ ਕਰੀ ਬੈਠਾ ਹੈਂ)॥ ੧॥ ਰਹਾਉ॥

[ਪੰਨਾ ੮੮੮]

ਆਗੈ ਰਾਖਿਓ ਸਾਲਗਿਰਾਮੁ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ॥

ਤੂੰ ਆਪਣੇ ਅੱਗੇ ਸਾਲਗਿਰਾਮੁ=ਠਾਕੁਰ ਦੀ ਮੂਰਤੀ ਨੂੰ ਰੱਖਿਆ ਹੋਇਆ ਹੈ। ਪਰ ਮਨ ਨੂੰ ਦਸੋਂ ਦਿਸ਼ਾਂ ਵਿਚ ਬਿਸ੍ਰਾਮੁ=ਟਿਕਾਇਆ ਹੋਇਆ ਹੈ।

ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧੁ ਕਮਾਇ॥ ੨॥

ਠਾਕੁਰ ਦੇ ਮੱਥੇ 'ਪਰ ਤਿਲਕ ਚੜ੍ਹਾਉਂਦਾ ਹੈਂ ਤੇ ਠਾਕੁਰ ਦੇ ਪਾਈ=ਚਰਨੀਂ ਪੈਂਦਾ ਹੈਂ।

---

*ਪੁਨ ਦਿਜਬਰ ਜਨਮ ਹਮਾਰਾ। ਤਿਮ ਛਤ੍ਰੀ ਬੰਸ ਤੁਮਾਰਾ।
ਚਲਿ ਗਏ, ਸਮੀਪ ਅਗਾਰੇ। ਨਹਿ ਹਮ ਕੋ ਬੰਦਨ ਧਾਰੇ॥੩੫॥
ਲਹਿ ਸਾਲ ਗਰਾਮ ਸੁਮਾਨਾ। ਪਰਣਾਮ ਨ ਨਿਵ ਕਰਿ ਠਾਨਾ। (ਗੁਰ ਪ੍ਰਤਾਪ ਸੂਰਜ, ਰਾਸਿ ੩ ਅੰਸੁ ੨੮)

www.sikhbookclub.com

ਲੋਕੁ ਪਚਾਰਾ=ਲੋਕ ਦਿਖਲਾਵੇ ਵਾਸਤੇ ਅੰਨ੍ਹਿਆਂ ਕਰਮਾਂ ਨੂੰ ਕਮਾਉਂਦਾ ਹੈਂ॥ ੨॥

ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥

ਖਟੁ=ਛੇ ਪ੍ਰਕਾਰ ਦੇ ਕਰ੍ਮਾਂ ਨੂੰ ਕਰਦਾ ਹੈਂ ਅਤੇ ਆਸਣ ਵਿਛਾ ਕੇ ਬੈਠਦਾ ਹੈਂ, ਲੱਕ ਨਾਲ ਧੋਤੀ ਬੰਨ੍ਹਦਾ ਹੈਂ, ਮਾਇਆ ਵਾਸਤੇ ਭਾਗਠਿ=ਸ਼ਾਹੂਕਾਰਾਂ ਦੇ ਘਰ ਵਿਚ ਜਾ ਕੇ ਨਿਤ ਹੀ ਪੋਥੀਆਂ ਪੜ੍ਹਦਾ ਹੈਂ।

ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥ ੩॥

ਮਾਲਾ ਨੂੰ ਫੇਰਦਾ ਹੈਂ ਤੇ ਬਿਭੂਤ=ਮਾਇਆ ਮੰਗਦਾ ਹੈਂ। ਪਰ ਹੇ ਮਿੱਤਰਾ ! ਇਸ ਵਿਧੀ ਕਰ ਕੇ ਕੋਈ ਭੀ ਸੰਸਾਰ-ਸਮੁੰਦਰ ਤੋਂ ਨਹੀਂ ਤਰਿਆ॥ ੩॥

ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥

ਅਸਲ ਪੰਡਿਤ ਓਹੀ ਹੈ ਜੋ ਗੁਰ-ਉਪਦੇਸ਼ ਨੂੰ ਕਮਾਉਂਦਾ ਹੈ। ਉਸ ਪੰਡਿਤ ਦੇ ਹਿਰਦੇ ਵਿੱਚੋਂ ਤ੍ਰਿਗੁਣ-ਆਤਮਿਕ ਮਾਇਆ ਦੀ ਇੱਛਾ ਉਤਰ ਗਈ ਹੈ।

ਚਤੁਰ ਬੇਦ ਪੂਰਨ ਹਰਿ ਨਾਇ॥
ਨਾਨਕ ਤਿਸ ਕੀ ਸਰਣੀ ਪਾਇ॥ ੪॥ ੬॥ ੧੭॥

ਜਿਸ ਹਰੀ ਨਾਮ ਕਰ ਕੇ ਚਾਰੇ ਵੇਦ ਪੂਰਨ ਹਨ। ਗੁਰੂ ਜੀ ਕਥਨ ਕਰਦੇ ਹਨ—ਉਸ ਹਰੀ ਦੀ ਸ਼ਰਨ ਵਿਚ ਤੂੰ ਆਪਣੇ ਆਪ ਨੂੰ ਪਾਉਣਾ ਕਰ॥ ੪॥ ੬॥ ੧੭॥

ਰਾਮਕਲੀ ਮਹਲਾ ੫॥

ਜਾ ਕਉ ਮਇਆ ਭਈ ਕਰਤਾਰ॥ ੨॥

ਜਿਸ ਪੁਰਸ਼ ਉੱਪਰ ਕਰਤਾਰ ਦੀ ਮਇਆ=ਕਿਰਪਾ ਦ੍ਰਿਸ਼ਟੀ ਹੋਈ ਹੈ।

ਕੋਟਿ ਬਿਘਨ ਨਹੀ ਆਵਹਿ ਨੇਰਿ॥ ਅਨਿਕ ਮਾਇਆ ਹੈ ਤਾ ਕੀ ਚੇਰਿ॥

ਉਸ ਦੇ ਨੇਰਿ=ਨੇੜੇ ਕਰੋੜਾਂ ਵਿਘਨ ਨਹੀਂ ਆਉਂਦੇ ਅਤੇ ਮਾਇਆ ਅਨੇਕ ਤਰ੍ਹਾਂ ਨਾਲ ਉਸ ਦੀ ਚੇਰਿ=ਦਾਸੀ ਬਣ ਕੇ ਰਹਿੰਦੀ ਹੈ।

ਅਨਿਕ ਪਾਪ ਤਾ ਕੇ ਪਾਨੀਹਾਰ॥ ਜਾ ਕਉ ਮਇਆ ਭਈ ਕਰਤਾਰ॥ ੧॥

ਅਨੇਕਾਂ ਪਾਪ ਉਸ ਦੇ ਪਾਣੀ ਭਰਨ ਵਾਲੇ ਦਾਸ ਬਣ ਕੇ ਰਹਿੰਦੇ ਹਨ। ਜਿਸ ਪੁਰਸ਼ 'ਤੇ ਕਰਤਾਰ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ॥ ੧॥

ਜਿਸਹਿ ਸਹਾਈ ਹੋਇ ਭਗਵਾਨ॥
ਅਨਿਕ ਜਤਨ ਉਆ ਕੈ ਸਰੰਜਾਮ॥ ੧॥ ਰਹਾਉ॥

ਭਗਵਾਨ ਆਪ ਜਿਸ ਦੀ ਸਹਾਇਤਾ ਕਰਨ ਵਾਲਾ ਹੁੰਦਾ ਹੈ। ਉਆ ਕੈ=ਉਸ ਦੇ ਤਾਈਂ ਅਨੇਕਾਂ ਜਤਨ ਤੇ ਸਰੰਜਾਮ=ਉੱਦਮ ਪ੍ਰਾਪਤ ਹੁੰਦੇ ਹਨ।

ਕਰਤਾ ਰਾਖੈ ਕੀਤਾ ਕਉਨੁ ॥ ਕੀਰੀ ਜੀਤੋ ਸਗਲਾ ਭਵਨੁ ॥

ਕਰਤਾ ਪੁਰਖ ਆਪ ਜਿਸ ਹੱਥ ਦੇ ਕੇ ਰੱਖਦਾ ਹੈ, ਪੈਦਾ ਕੀਤਾ ਹੋਇਆ ਜੀਵ ਕੌਣ ਹੈ? ਜੋ ਉਸ ਨੂੰ ਮਾਰ ਸਕੇ। ਕੀਰੀ=ਕੀੜੀ ਭਾਵ ਨਿੰਮ੍ਰਤਾ ਵਾਲੇ ਨੇ ਤਾਂ ਸਾਰਾ ਭਵਨੁ=ਸੰਸਾਰ ਹੀ ਜ਼ਿੱਤ ਲਿਆ ਹੈ।

ਅਥਵਾ:- ਕੀਰੀ=ਬ੍ਰਹਮਾਕਾਰ ਬਿਰਤੀ ਵਾਲੇ ਨੇ ਸਾਰੇ ਸੰਸਾਰ ਨੂੰ ਮਿਥਿਆ ਰੂਪ ਨਿਸਚੇ ਕੀਤਾ ਹੈ।

ਬੇਅੰਤ ਮਹਿਮਾ ਤਾ ਕੀ ਕੇਤਕ ਬਰਨ ॥
ਬਲਿ ਬਲਿ ਜਾਈਐ ਤਾ ਕੇ ਚਰਨਾ ॥ ੨ ॥

ਤਿਸ ਪ੍ਰਭੂ ਦੀ ਮਹਿਮਾ ਬੇਅੰਤ ਹੈ, ਕਿਤਨੀ-ਕੁ ਬਰਨ=ਵਰਣਨ ਕਰੀਏ। ਤਿਸ ਦੇ ਚਰਨਾਂ ਤੋਂ ਬਲਿਹਾਰ ਕੁਰਬਾਣ ਜਾਣਾ ਕਰੀਏ॥ ੨ ॥

ਤਿਨ ਹੀ ਕੀਆ ਜਪੁ ਤਪੁ ਧਿਆਨੁ ॥ ਅਨਿਕ ਪ੍ਰਕਾਰ ਕੀਆ ਤਿਨਿ ਦਾਨੁ ॥

ਓਸੇ ਨੇ ਹੀ ਜਪ ਤਪ ਤੇ ਧਿਆਨ (ਆਦਿਕ ਸਭ ਸਾਧਨਾਂ) ਨੂੰ ਕਰ ਲਿਆ ਹੈ। ਓਸੇ ਨੇ ਹੀ ਅਨੇਕ ਤਰ੍ਹਾਂ ਦਾ ਦਾਨ ਭੀ ਕਰ ਲਿਆ ਹੈ।

ਭਗਤੁ ਸੋਈ ਕਲਿ ਮਹਿ ਪਰਵਾਨੁ ॥ ਜਾ ਕਉ ਠਾਕੁਰਿ ਦੀਆ ਮਾਨੁ ॥ ੩ ॥

ਓਹੀ ਭਗਤ ਕਲਜੁਗ ਵਿਚ ਪ੍ਰਮਾਨੀਕ ਹੈ। ਜਿਸ ਨੂੰ ਠਾਕੁਰ ਪ੍ਰਭੂ ਨੇ ਆਪ ਮਾਨੁ=ਆਦਰ ਦਿੱਤਾ ਹੈ, *ਅਥਵਾ:-* ਮਾਨੁ=ਮੰਨਣ ਕਰਨਾ ਦਿੱਤਾ ਹੈ।॥ ੩ ॥

ਸਾਧਸੰਗਿ ਮਿਲਿ ਭਏ ਪ੍ਰਗਾਸ ॥ ਸਹਜ ਸੂਖ ਆਸ ਨਿਵਾਸ ॥

ਜੋ ਸਾਧ ਸੰਗਤ ਵਿਚ ਮਿਲੇ ਹਨ ਉਹ ਪ੍ਰਗਾਸੁ=ਗਿਆਨਵਾਨ ਹੋਏ ਹਨ ਤੇ ਅੱਚੁਤ ਸੁਖ ਦੇ ਸਹਿਤ ਹੋਏ ਹਨ, ਆਸਾਂ ਪੂਰਨ ਕਰਨ ਦਾ ਨਿਵਾਸ=ਘਰ ਹੋਏ ਹਨ, *ਵਾ:-* ਆਸਾਂ ਤੋਂ ਨਿਵਾਸ=ਨਿਰਵਾਸ ਹੋਏ ਹਨ।

ਪੂਰੈ ਸਤਿਗੁਰਿ ਦੀਆ ਬਿਸਾਸ ॥
ਨਾਨਕ ਹੋਏ ਦਾਸਨਿ ਦਾਸ ॥ ੪ ॥ ੭ ॥ ੧੮ ॥

ਜਿਸ ਨੂੰ ਪੂਰਿਆਂ ਸਤਿਗੁਰਾਂ ਨੇ ਬਿਸਾਸ=ਭਰੋਸਾ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ—ਅਸੀਂ ਉਨ੍ਹਾਂ ਦੇ ਦਾਸ ਹੋਏ ਹਾਂ॥ ੪ ॥ ੭ ॥ ੧੮ ॥

ਰਾਮਕਲੀ ਮਹਲਾ ੫ ॥

ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥

ਦੋਸ਼ ਕਿਸੇ ਪੁਰਸ਼ ਨੂੰ ਨਹੀਂ ਦੇਣਾ ਚਾਹੀਦਾ। ਕਿਉਂਕਿ ਜੋ ਭੀ ਕੋਈ ਕਰਮ ਕਮਾਉਂਦਾ ਹੈ, ਉਸ ਦਾ ਫਲ ਆਪ ਹੀ ਭੋਗਣਾ ਕਰਦਾ ਹੈ।

ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥ ੧ ॥

ਇਹ ਜੀਵ ਆਪਣਿਆਂ ਕਰਮਾਂ ਕਰ ਕੇ ਆਪ ਹੀ ਬੰਧ=ਬੰਨ੍ਹਿਆ ਜਾਂਦਾ ਹੈ। ਮਾਇਆਵੀ ਧੰਦਿਆਂ ਕਰ ਕੇ ਜੀਵ ਦਾ ਆਉਣਾ ਜਾਣਾ ਹੋ ਰਿਹਾ ਹੈ॥ ੧ ॥

ਐਸੀ ਜਾਨੀ ਸੰਤ ਜਨੀ॥
ਪਰਗਾਸੁ ਭਇਆ ਪੂਰੇ ਗੁਰ ਬਚਨੀ॥ ੧॥ ਰਹਾਉ॥

ਅਜੇਹੀ ਗੱਲ (ਉਨ੍ਹਾਂ) ਸੰਤ ਜਨਾਂ ਨੇ ਜਾਣੀ ਹੈ। (ਜਿਨ੍ਹਾਂ ਨੂੰ) ਪੂਰਿਆਂ ਗੁਰਾਂ ਦੇ ਬਚਨਾਂ ਦੁਆਰੇ ਪਰਗਾਸੁ ਭਇਆ=ਗਿਆਨ ਹੋਇਆ ਹੈ॥ ੧॥ ਰਹਾਉ॥

ਤਨੁ ਧਨੁ ਕਲਤੁ ਮਿਥਿਆ ਬਿਸਥਾਰ॥ ਹੈਵਰ ਗੈਵਰ ਚਾਲਨਹਾਰ॥

ਤਨੁ=ਸਰੀਰ, ਧਨੁ=ਦੌਲਤ, ਕਲਤੁ=ਇਸਤ੍ਰੀ ਆਦਿਕ ਸਭ ਵਿਸਥਾਰ ਮਿਥਿਆ=ਝੂਠਾ ਹੈ। ਵਰ=ਸ੍ਰੇਸ਼ਟ ਹੈ=ਘੋੜੇ, ਵਰ=ਸ੍ਰੇਸ਼ਟ ਗੈ=ਹਾਥੀ ਭੀ ਚਲੇ ਜਾਣ ਵਾਲੇ ਹਨ।

ਰਾਜ ਰੰਗ ਰੂਪ ਸਭਿ ਕੂਰ॥ ਨਾਮ ਬਿਨਾ ਹੋਇ ਜਾਸੀ ਧੂਰ॥ ੨॥

ਰਾਜ ਦਾ ਰੰਗ=ਅਨੰਦ ਤੇ ਸੁੰਦਰ ਰੂਪ ਇਹ ਸਭ ਕੂਰ=ਝੂਠੇ ਹਨ। ਪ੍ਰਭੂ ਦੇ ਨਾਮ ਤੋਂ ਬਿਨਾਂ ਸਭ ਪਦਾਰਥਾਂ ਨੇ ਧੂਰ=ਧੂੜਿ ਰੂਪ ਹੋ ਜਾਣਾ ਹੈ॥ ੨॥

ਭਰਮਿ ਭੂਲੇ ਬਾਦਿ ਅਹੰਕਾਰੀ॥ ਸੰਗਿ ਨਾਹੀ ਰੇ ਸਗਲ ਪਸਾਰੀ॥

ਭਰਮ ਵਿਚ ਭੁੱਲੇ ਹੋਏ ਬਾਦਿ=ਵਿ-ਅਰਥ ਹੰਕਾਰੀ ਹੋ ਰਹੇ ਹਨ। ਰੇ=ਹੇ ਭਾਈ ! ਇਹ ਸਾਰੀ ਪਸਾਰੀ ਹੋਈ ਮਾਇਆ ਨਾਲ ਨਹੀਂ ਜਾਣੀ।

ਸੋਗ ਹਰਖ ਮਹਿ ਦੇਹ ਬਿਰਧਾਨੀ॥
ਸਾਕਤ ਇਵ ਹੀ ਕਰਤ ਬਿਹਾਨੀ॥ ੩॥

ਮਨਮੁਖਾਂ ਦੀ ਦੇਹ ਸੋਗ ਹਰਖ ਦੇ ਵਿਚ ਹੀ ਬਿਰਧਾਨੀ=ਬ੍ਰਿਧ ਹੋ ਗਈ ਹੈ। (ਇਹ ਚੀਜ਼ ਮੇਰੀ ਹੈ, ਇਹ ਤੇਰੀ ਹੈ) ਇਸ ਤਰ੍ਹਾਂ ਕਰਦਿਆਂ ਹੀ ਸਾਕਤ ਦੀ ਉਮਰ ਬਤੀਤ ਹੋ ਗਈ ਹੈ॥ ੩॥

ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ॥ ਏਹੁ ਨਿਧਾਨਾ ਸਾਧੂ ਪਾਹਿ॥

ਕਲਜੁਗ ਵਿਚ ਹਰੀ ਦਾ ਨਾਮ ਹੀ ਅੰਮ੍ਰਿਤ ਰੂਪ ਹੈ। ਪਰ ਇਹ ਨਾਮ ਰੂਪ ਨਿਧਾਨਾ=ਖ਼ਜ਼ਾਨਾ ਸਾਧੂਆਂ ਦੇ ਪਾਸ ਹੈ।

ਨਾਨਕ ਗੁਰੁ ਗੋਵਿਦੁ ਜਿਸੁ ਤੂਠਾ॥
ਘਟਿ ਘਟਿ ਰਮਈਆ ਤਿਨ ਹੀ ਡੀਠਾ॥ ੪॥ ੮॥ ੧੯॥

ਗੁਰੂ ਜੀ ਕਥਨ ਕਰਦੇ ਹਨ—ਗੋਬਿੰਦ ਰੂਪ ਗੁਰੂ ਜਿਸ ਉੱਤੇ ਤੂਠਾ=ਪ੍ਰਸੰਨ ਹੋਇਆ ਹੈ। ਓਸੇ ਨੇ ਹੀ ਹਰੇਕ ਘਰ (ਹਰ ਇਕ ਸਰੀਰ) ਵਿਚ ਰਮਈਆ=ਪਰਮਾਤਮਾ ਨੂੰ ਵੇਖਿਆ ਹੈ॥ ੪॥ ੮॥ ੧੯॥

ਰਾਮਕਲੀ ਮਹਲਾ ੫॥

ਪੰਚ ਸਬਦ ਤਹ ਪੂਰਨ ਨਾਦ॥ ਅਨਹਦ ਬਾਜੇ ਅਚਰਜ ਬਿਸਮਾਦ॥

੧) ਤਹ=ਤਿਸ ਸਤਸੰਗ ਵਿਚ ਪੰਚ=ਸ੍ਰੇਸ਼ਟ ਸ਼ਬਦ ਸਤਿਨਾਮ ਵਾਹਿਗੁਰੂ ਏਹੀ ਪੂਰਨ

www.sikhbookclub.com

ਨਾਦ=ਵਾਜਿਆਂ ਦੀ ਧੁਨ ਹੋ ਰਹੀ ਹੈ। ਐਸੇ ਨਾਮਾਂ ਰੂਪੀ ਵਾਜੇ ਇਕ ਰਸ ਵੱਜ ਰਹੇ ਹਨ ਪੁਨਾ ਇਹ ਅਸਚਰਜ ਤੋਂ ਅਸਚਰਜ ਹਨ।

੨) ਤਿਸ ਸਤਸੰਗ ਵਿਚ ਪੰਚ=ਸ੍ਰੇਸ਼ਟ ਮਹਾਤਮਾਂ ਪੂਰਨ ਨਾਦ=ਬ੍ਰਹਮ ਦਾ ਸਬਦ=ਉਪਦੇਸ਼ ਕਰ ਰਹੇ ਹਨ। ਅਸਚਰਜ ਤੋਂ ਅਸਚਰਜ ਇਕ-ਰਸ ਉਪਦੇਸ਼ ਰੂਪ ਵਾਜੇ ਵੱਜ ਰਹੇ ਹਨ।

ਕੇਲ ਕਰਹਿ ਸੰਤ ਹਰਿ ਲੋਗ॥ ਪਾਰਬ੍ਰਹਮ ਪੂਰਨ ਨਿਰਜੋਗ॥ ੧॥

ਹਰੀ ਦੇ ਸੰਤ ਲੋਗ ਕੇਲ=ਖੁਸ਼ੀਆਂ ਨੂੰ ਕਰਦੇ ਹਨ। ਸਾਰਿਆਂ ਵਿਚ ਪੂਰਨ ਤੇ ਨਿਰਜੋਗ=ਨਿਰਬੰਧ ਜੋ ਪਾਰਬ੍ਰਹਮ ਹੈ, ਉਸ ਦੇ ਨਾਲ ਸੰਤਾਂ ਦਾ ਨਿਰ=ਵਿਸ਼ੇਸ਼ ਕਰ ਕੇ ਜੋਗ=ਸਬੰਧ ਭਾਵ ਮਿਲਾਪ ਹੋ ਰਿਹਾ ਹੈ॥ ੧॥

ਸੂਖ ਸਹਜ ਆਨੰਦ ਭਵਨ॥

ਜੋ ਸਤਸੰਗ ਸਹਜ ਸੂਖ=ਅੱਚੁਤ ਸੁਖ ਦੇ ਅਨੰਦ ਦਾ ਭਵਨ=ਘਰ ਹੈ।

ਸਾਧਸੰਗਿ ਬੈਸਿ ਗੁਣ ਗਾਵਹਿ
ਤਹ ਰੋਗ ਸੋਗ ਨਹੀ ਜਨਮ ਮਰਨ॥ ੧॥ ਰਹਾਉ॥

ਐਸੀ ਸਤਸੰਗਤ ਵਿਚ ਬੈਠ ਕੇ ਜੋ ਪੁਰਸ਼ (ਪਰਮਾਤਮਾ ਦੇ) ਗੁਣ ਗਾਉਂਦੇ ਹਨ, ਉਹਨਾਂ ਪੁਰਸ਼ਾਂ ਨੂੰ ਤਨ ਕਰ ਕੇ ਰੋਗ, ਮਨ ਕਰ ਕੇ ਕਦੇ ਸੋਗ ਨਹੀਂ ਹੁੰਦਾ ਅਤੇ ਨਾ ਹੀ ਮੁੜ-ਮੁੜ ਜਨਮ ਮਰਨ ਹੁੰਦਾ ਹੈ॥ ੧॥ ਰਹਾਉ॥

ਊਹਾ ਸਿਮਰਹਿ ਕੇਵਲ ਨਾਮੁ॥ ਬਿਰਲੇ ਪਾਵਹਿ ਓਹੁ ਬਿਸ੍ਰਾਮੁ॥

ਉਸ ਸਤੰਸਗ ਵਿਚ ਕੇਵਲ=ਫਕਤ (ਸਿਰਫ਼) ਨਾਮ ਦਾ ਹੀ ਸਿਮਰਨ ਹੁੰਦਾ ਹੈ। ਉਸ ਸਤਸੰਗ ਵਿਚ ਕੋਈ ਵਿਰਲੇ ਪੁਰਸ਼ ਹੀ ਬਿਸ੍ਰਾਮੁ=ਇਸਥਿਤੀ (ਬੈਠਣਾ) ਪਾਉਂਦੇ ਹਨ।

ਭੋਜਨ ਭਾਉ ਕੀਰਤਨ ਆਧਾਰੁ॥ ਨਿਹਚਲ ਆਸਨੁ ਬੇਸੁਮਾਰੁ॥ ੨॥
[ਪੰਨਾ ੮੮੯]

ਸਤਸੰਗ ਵਿਚ ਸੰਤ ਭਾਉ=ਗਿਆਨ ਰੂਪ ਭੋਜਨ ਨੂੰ ਛਕਣਾ ਕਰਦੇ ਹਨ ਤੇ ਕੀਰਤਨ ਦੇ ਆਧਾਰੁ=ਆਸਰੇ ਰਹਿੰਦੇ ਹਨ ਅਤੇ ਬੇ-ਸੁਮਾਰੁ=ਅਨਗਿਣਤ ਪਰਮਾਤਮ ਰੂਪ ਆਸਣ 'ਪਰ ਨਿਹਚਲ ਹੋ ਕੇ ਟਿਕੇ ਰਹਿੰਦੇ ਹਨ॥ ੨॥

ਡਿਗਿ ਨ ਡੋਲੈ ਕਤਹੂ ਨ ਧਾਵੈ॥ ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ॥

ਆਪਣੇ ਨਿਸਚੇ ਤੋਂ ਡਿਗਦੇ ਨਹੀਂ ਹਨ, ਨਾ ਹੀ ਉਹਨਾਂ ਦਾ ਮਨ ਖੋਟਿਆਂ ਸੰਕਲਪਾਂ ਵੱਲ ਡੋਲਦਾ ਹੈ ਤੇ ਨਾ ਹੀ ਉਹ ਸਰੀਰ ਕਰਕੇ ਕਿਸੇ ਤਰਫ਼ ਧਾਵੈ=ਦੌੜਦੇ ਹਨ। ਕੋਈ ਵਿਰਲਾ ਹੀ ਗੁਰਾਂ ਦੀ ਕਿਰਪਾ ਨਾਲ ਇਸ ਮਹਲੁ=ਅਸਥਾਨ ਨੂੰ ਪਾਉਂਦਾ ਹੈਂ। ਜਾਂ ਮਹਲੁ=ਸਰੂਪ ਨੂੰ ਪਾਉਂਦਾ ਹੈ।

ਭ੍ਰਮ ਭੈ ਮੋਹ ਨ ਮਾਇਆ ਜਾਲ॥ ਸੁੰਨ ਸਮਾਧਿ ਪ੍ਰਭੂ ਕਿਰਪਾਲ॥ ੩॥

www.sikhbookclub.com

ਕ੍ਰਿਪਾਲੂ ਪ੍ਰਭੂ ਵਿਚ ਸੁੰਨ=ਅਫੁਰ ਸਮਾਧੀ ਲੱਗਣ ਕਰ ਕੇ ਉਹਨਾਂ ਨੂੰ ਭਰਮ, ਭੈ, ਮੋਹ ਆਦਿਕ ਕੋਈ ਵੀ ਵਿਕਾਰ ਨਹੀਂ ਹੈ ਅਤੇ ਮਾਇਆ ਦਾ ਜਾਲ=ਫਾਹ ਭੀ ਨਹੀਂ ਹੈ॥ ੩॥

ਤਾ ਕਾ ਅੰਤੁ ਨ ਪਾਰਾਵਾਰੁ॥ ਆਪੇ ਗੁਪਤੁ ਆਪੇ ਪਾਸਾਰੁ॥

ਉਸ ਪ੍ਰਭੂ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ। ਉਹ ਪ੍ਰਭੂ ਆਪ ਹੀ ਗੁਪਤੁ=ਨਿਰਗੁਣ ਬ੍ਰਹਮ ਹੈ, ਆਪੇ ਪਾਸਾਰੁ=ਸਰਗੁਣ ਸਰੂਪ ਹੈ।

ਜਾ ਕੈ ਅੰਤਰਿ ਹਰਿ ਹਰਿ ਸੁਆਦੁ॥
ਕਹਨੁ ਨ ਜਾਈ ਨਾਨਕ ਬਿਸਮਾਦੁ॥ ੪॥ ੯॥ ੨੦॥

ਜਿਸ ਦੇ ਹਿਰਦੇ ਅੰਦਰ ਹਰਿ ਹਰਿ ਨਾਮ ਦਾ ਸੁਆਦ ਆਇਆ ਹੈ। ਗੁਰੂ ਜੀ ਕਥਨ ਕਰਦੇ ਹਨ— ਉਹ ਬਿਸਮਾਦੁ=ਅਸਚਰਜ ਰੂਪ ਹੈ, ਉਸ ਦੀ ਮਹਿਮਾ ਕਹੀ ਨਹੀਂ ਜਾਂਦੀ॥ ੪॥ ੯॥ ੨੦॥

ਰਾਮਕਲੀ ਮਹਲਾ ੫॥ ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ॥

ਜਿਨ੍ਹਾਂ ਸੰਤਾਂ ਨਾਲ ਭੇਟਤ=ਮਿਲਣ ਕਰ ਕੇ ਪਾਰਬ੍ਰਹਮੁ=ਪਰਮਾਤਮਾ ਚਿਤ ਵਿਚ ਯਾਦ ਆਇਆ ਹੈ। ਅਤੇ

ਸੰਗਤਿ ਕਰਤ ਸੰਤੋਖੁ ਮਨਿ ਪਾਇਆ॥

ਜਿਨ੍ਹਾਂ ਸੰਤਾਂ ਦੀ ਸੰਗਤ ਕਰਦਿਆਂ ਨਾਲ ਹੀ ਮਨ ਵਿਚ ਸੰਤੋਖ ਨੂੰ ਪਾਇਆ ਹੈ।

ਸੰਤਹ ਚਰਨ ਮਾਥਾ ਮੇਰੋ ਪਉਤ॥ ਅਨਿਕ ਬਾਰ ਸੰਤਹ ਡੰਡਉਤ॥ ੧॥

ਉਹਨਾਂ ਸੰਤਾਂ ਦੇ ਚਰਨਾਂ 'ਪਰ ਮੇਰਾ ਮੱਥਾ ਪਉਤ=ਪਿਆ ਹੈ ਤੇ ਅਨੇਕਾਂ ਵਾਰੀ ਮੈਂ ਸੰਤਾਂ ਨੂੰ ਨਮਸਕਾਰ ਕਰਦਾ ਹਾਂ॥ ੧॥

ਇਹੁ ਮਨੁ ਸੰਤਨ ਕੈ ਬਲਿਹਾਰੀ॥

ਇਹ ਮੇਰਾ ਮਨ ਸੰਤਾਂ ਤੋਂ ਬਲਿਹਾਰ ਜਾਂਦਾ ਹੈ।

ਜਾ ਕੀ ਓਟ ਗਹੀ ਸੁਖੁ ਪਾਇਆ ਰਾਖੇ ਕਿਰਪਾ ਧਾਰੀ॥ ੧॥ ਰਹਾਉ॥

ਜਿਨ੍ਹਾਂ ਸੰਤਾਂ ਦੀ ਓਟ ਗ੍ਰਹਿਣ ਕਰਨ ਨਾਲ ਆਤਮ-ਸੁਖ ਪਾਇਆ ਹੈ ਅਤੇ ਸੰਤਾਂ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ (ਵਿਕਾਰਾਂ ਵੱਲੋਂ) ਰੱਖਣਾ ਕੀਤਾ ਹੈ॥ ੧॥ ਰਹਾਉ॥

ਸੰਤਹ ਚਰਣ ਧੋਇ ਧੋਇ ਪੀਵਾ॥ ਸੰਤਹ ਦਰਸੁ ਪੇਖਿ ਪੇਖਿ ਜੀਵਾ॥

ਮੈਂ ਸੰਤਾਂ ਦੇ ਦੋਹਾਂ ਚਰਨਾਂ ਨੂੰ ਧੋ-ਧੋ ਕੇ ਪੀਂਦਾ ਹਾਂ। ਅਤੇ ਸੰਤਾਂ ਦੇ ਦਰਸ਼ਨ ਨੂੰ ਵੇਖ-ਵੇਖ ਕੇ ਜੀਉਂਦਾ ਹਾਂ।

ਸੰਤਹ ਕੀ ਮੇਰੈ ਮਨਿ ਆਸ॥ ਸੰਤ ਹਮਾਰੀ ਨਿਰਮਲ ਰਾਸਿ॥ ੨॥

ਮੇਰੇ ਮਨ ਵਿਚ ਸੰਤਾਂ ਦੀ ਆਸਾ ਲੱਗ ਰਹੀ ਹੈ। ਸੰਤ ਹੀ ਸਾਡੀ ਨਿਰਮਲ ਰਾਸਿ=ਪੂੰਜੀ ਹਨ॥ ੨॥

ਸੰਤ ਹਮਾਰਾ ਰਾਖਿਆ ਪੜਦਾ॥ ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ॥

ਸੰਤਾਂ ਨੇ ਸਾਡਾ ਪੜਦਾ ਰੱਖ ਲਿਆ ਹੈ। ਭਾਵ ਸਾਡੀ ਇੱਜ਼ਤ ਰੱਖ ਲਈ ਹੈ। ਸੰਤਾਂ ਦੀ ਕਿਰਪਾ ਕਰ ਕੇ ਮੈਂ ਕਦੇ ਭੀ ਕੜਦਾ=ਝੁਰਦਾ ਨਹੀਂ ਹਾਂ।

ਸੰਤਹ ਸੰਗੁ ਦੀਆ ਕਿਰਪਾਲ ॥ ਸੰਤ ਸਹਾਈ ਭਏ ਦਇਆਲ ॥ ੩ ॥

ਕਿਰਪਾਲ=ਪਰਮਾਤਮਾ ਨੇ ਸੰਤਾਂ ਦਾ ਸੰਗ ਕਰਨਾ ਮੈਨੂੰ ਦਿੱਤਾ ਹੈ। ਪਰਮੇਸ਼ਰ ਦੀ ਦਿਆਲਤਾ ਕਰ ਕੇ ਦਿਆਲੂ ਸੰਤ ਮੇਰੀ ਸਹਾਇਤਾ ਕਰਨ ਵਾਲੇ ਹੋਏ ਹਨ ॥ ੩ ॥

ਸੁਰਤਿ ਮਤਿ ਬੁਧਿ ਪਰਗਾਸੁ ॥ ਗਹਿਰ ਗੰਭੀਰ ਅਪਾਰ ਗੁਣਤਾਸੁ ॥

੧) ਸੰਤਾਂ ਦੀ ਕਿਰਪਾ ਨਾਲ ਸੁਰਤਿ=ਗਿਆਤ, ਮਤਿ=ਸਿਖਿਆ ਤੇ ਪ੍ਰਕਾਸ਼ ਵਾਲੀ ਬੁੱਧੀ ਪ੍ਰਾਪਤ ਹੋਈ ਹੈ।

੨) ਸੁਰਤੀਆਂ ਦੇ ਮਤਿ=ਸਿਧਾਂਤ ਵਾਲੀ ਬੁੱਧੀ ਦਾ ਪ੍ਰਕਾਸ਼ ਹੋਇਆ ਹੈ। ਗਹਿਰ=ਡੂੰਘਾ, ਗੰਭੀਰ=ਨਿਰਹਲ ਜੋ ਅਪਾਰ ਗੁਣਾਂ ਦਾ ਸਮੁੰਦਰ ਪ੍ਰਭੂ ਹੈ, ਸੰਤ ਉਸ ਦੇ ਸਰੂਪ ਹਨ।

ਜੀਅ ਜੰਤ ਸਗਲੇ ਪ੍ਰਤਿਪਾਲ ॥
ਨਾਨਕ ਸੰਤਹ ਦੇਖਿ ਨਿਹਾਲ ॥ ੪ ॥ ੧੦ ॥ ੨੧ ॥

ਪੁਨਾ ਸੂਖਮ ਅਸਥੂਲ ਸਭ ਜੀਅ ਜੰਤਾਂ ਦੀ ਪ੍ਰਤਿਪਾਲਾ ਕਰਨ ਵਾਲੇ ਹਨ।

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਸੰਤਾਂ ਦੇ ਦਰਸ਼ਨ ਨੂੰ ਵੇਖ ਕੇ ਮੈਂ ਨਿਹਾਲ=ਕ੍ਰਿਤ ਕ੍ਰਿਤ ਵਾ:-ਦੁੱਖਾਂ ਤੋਂ ਰਹਿਤ ਹੋਇਆ ਹਾਂ ॥ ੪ ॥ ੧੦ ॥ ੨੧ ॥

ਰਾਮਕਲੀ ਮਹਲਾ ੫ ॥

ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ ॥ ਤੇਰੈ ਕਾਜਿ ਨ ਬਿਖੈ ਜੰਜਾਲੁ ॥

ਹੇ ਪੁਰਖ਼ਾ ! ਅੰਤ ਨੂੰ ਇਹ ਘਰ ਤੇ ਰਾਜ ਮਾਲ ਆਦਿਕ ਪਦਾਰਥ ਤੇਰੇ ਕੰਮ ਨਹੀਂ ਆਉਣੇ। ਇਹ ਜੰਜਾਲ ਰੂਪ ਵਿਸ਼ੇ ਭੀ ਤੇਰੇ ਕਿਸੇ ਕੰਮ ਨਹੀਂ ਆਉਣੇ ।

ਇਸਟ ਮੀਤ ਜਾਣੁ ਸਭ ਛਲੈ ॥ ਹਰਿ ਹਰਿ ਨਾਮੁ ਸੰਗਿ ਤੇਰੈ ਚਲੈ ॥ ੧ ॥

ਜਿਤਨੇ-ਕੁ ਇਸਟ=ਪਿਆਰੇ ਮਿੱਤਰ ਹਨ, ਇਨ੍ਹਾਂ ਸਾਰਿਆਂ ਨੂੰ ਛਲ ਰੂਪ ਜਾਣਨਾ ਕਰ। ਇਕ ਹਰਿ ਹਰਿ ਦਾ ਨਾਮ ਹੀ ਤੇਰੇ ਨਾਲ ਹੋ ਕੇ ਚੱਲਣ ਵਾਲਾ ਹੈ ॥ ੧ ॥

ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ ॥

ਹੇ ਮਿੱਤਰਾ ! ਰਾਮ ਨਾਮ ਦੇ ਗੁਣਾਂ ਨੂੰ ਗਾ ਲੈਣਾ ਕਰ, ਹਰੀ ਦੇ ਸਿਮਰਨ ਕਰਨ ਨਾਲ ਹੀ ਤੇਰੀ ਲਾਜ=ਪਤ ਆਬਰੋ ਰਹਿਣੀ ਹੈ।

ਹਰਿ ਸਿਮਰਤ ਜਮੁ ਕਛੁ ਨ ਕਹੈ ॥ ੧ ॥ ਰਹਾਉ ॥

ਹਰੀ ਦੇ ਸਿਮਰਨ ਕਰਨ ਨਾਲ ਜਮ ਕੁਝ ਭੀ ਨਹੀਂ ਕਹਿੰਦਾ ॥ ੧ ॥ ਰਹਾਉ ॥

ਬਿਨੁ ਹਰਿ ਸਗਲ ਨਿਰਾਰਥ ਕਾਮ ॥ ਸੁਇਨਾ ਰੁਪਾ ਮਾਟੀ ਦਾਮ ॥

www.sikhbookclub.com

ਹਰੀ-ਸਿਮਰਨ ਤੋਂ ਬਿੰਨਾਂ ਹੋਰ ਸਾਰੇ ਕੰਮ ਨਿਰਾਰਥ=ਵਿਅਰਥ ਹਨ। ਸੁਇਨਾ=ਸੋਨਾ, ਰੁਪਾ=ਚਾਂਦੀ ਤੇ ਦਮੜੇ ਆਦਿਕ ਸਭ ਮਿੱਟੀ ਰੂਪ ਹਨ।

ਗੁਰ ਕਾ ਸਬਦੁ ਜਾਪਿ ਮਨ ਸੁਖਾ ॥ ਈਹਾ ਊਹਾ ਤੇਰੋ ਊਜਲ ਮੁਖਾ ॥ ੨ ॥

ਗੁਰਾਂ ਦਾ ਉਪਦੇਸ਼ ਜਪ ਤਾਂ ਤੇਰੇ ਮਨ ਵਿਚ ਸੁਖ ਹੋਵੇਗਾ। ਅਤੇ ਈਹਾਂ ਊਹਾ=ਲੋਕ ਪਰਲੋਕ ਵਿਚ ਤੇਰਾ ਮੁੰਹ ਉੱਜਲਾ ਹੋਵੇਗਾ ॥ ੨ ॥

ਕਰਿ ਕਰਿ ਥਾਕੇ ਵਡੇ ਵਡੇਰੇ ॥ ਕਿਨਹੀ ਨ ਕੀਏ ਕਾਜ ਮਾਇਆ ਪੂਰੇ ॥

ਜੋ ਮਨੁੱਖ ਵਡਿਆਂ ਤੋਂ ਭੀ ਵੱਡੇ ਸਨ (ਰਾਵਣ ਵਰਗੇ), ਉਹ ਸਾਰੇ ਉਪਾਵ ਕਰ-ਕਰ ਕੇ ਥੱਕ ਗਏ ਹਨ। ਪਰ ਕਿਸੇ ਨੇ ਭੀ ਮਾਇਆ ਦੇ ਕੰਮ ਪੂਰੇ ਨਹੀਂ ਕੀਤੇ।

ਹਰਿ ਹਰਿ ਨਾਮੁ ਜਪੈ ਜਨੁ ਕੋਇ ॥ ਤਾ ਕੀ ਆਸਾ ਪੂਰਨ ਹੋਇ ॥ ੩ ॥

ਜੇਹੜਾ ਕੋਈ ਪੁਰਸ਼ ਹਰਿ ਹਰਿ ਨਾਮ ਨੂੰ ਜਪਦਾ ਹੈ। ਉਸ ਪੁਰਸ਼ ਦੀ ਸਭ ਆਸਾ ਪੂਰਨ ਹੋ ਜਾਂਦੀ ਹੈ ॥ ੩ ॥

ਹਰਿ ਭਗਤਨ ਕੋ ਨਾਮੁ ਅਧਾਰੁ ॥ ਸੰਤੀ ਜੀਤਾ ਜਨਮੁ ਅਪਾਰੁ ॥

ਹਰੀ ਦੇ ਭਗਤਾਂ ਨੂੰ ਇਕ ਨਾਮ ਦਾ ਹੀ ਆਸਰਾ ਹੈ। (ਸੰਤੀਂ)=ਸੰਤਾਂ ਨੇ ਅਪਾਰੁ=ਸ੍ਰੇਸ਼ਟ ਮਨੁੱਖਾ ਜਨਮ ਨੂੰ ਜੀਤਾ=ਜਿੱਤ ਲਿਆ ਭਾਵ ਸਫਲ ਕਰ ਲਿਆ ਹੈ।

ਹਰਿ ਸੰਤੁ ਕਰੇ ਸੋਈ ਪਰਵਾਣੁ ॥
ਨਾਨਕ ਦਾਸੁ ਤਾ ਕੈ ਕੁਰਬਾਣੁ ॥ ੪ ॥ ੧੧ ॥ ੨੨ ॥

ਹਰੀ ਦੇ ਸੰਤ ਜਨ ਜੋ ਭੀ ਕਰਮ ਕਰਦੇ ਹਨ, ਉਹ ਪ੍ਰਮਾਣੀਕ ਹਨ। ਗੁਰੂ ਜੀ ਕਥਨ ਕਰਦੇ ਹਨ- ਮੈਂ ਦਾਸ, ਉਹਨਾਂ ਸੰਤਾਂ ਤੋਂ ਕੁਰਬਾਨ ਜਾਂਦਾ ਹਾਂ ॥ ੪ ॥ ੧੧ ॥ ੨੨ ॥

ਰਾਮਕਲੀ ਮਹਲਾ ੫ ॥

ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥ ਮੇਰੈ ਕਾਜਿ ਨ ਅਵਰਾ ਜੋਗ ॥

ਹੇ ਪੁਰਸ਼ਾ! ਤੂੰ ਲੋਕਾਂ ਨੂੰ ਦੁੱਖ ਦੇ ਕੇ ਦਰਬੁ=ਧਨ ਨੂੰ ਸਿੰਚਹਿ=ਇਕੱਠਾ ਕਰਦਾ ਹੈਂ। ਪਰ ਇਹ ਧਨ ਤੇਰੇ ਕੰਮ ਨਹੀਂ ਆਉਣਾ, ਅੰਤ ਨੂੰ ਹੋਰਨਾਂ ਦੇ ਜੋਗ=ਲਾਇਕ ਹੋ ਜਾਣਾ ਹੈ ਭਾਵ ਹੋਰਨਾਂ ਨੇ ਖਾਂਭ ਲੈਣਾ ਹੈ।

ਕਰਿ ਅਹੰਕਾਰੁ ਹੋਇ ਵਰਤਹਿ ਅੰਧ ॥ ਜਮ ਕੀ ਜੇਵੜੀ ਤੂ ਆਗੈ ਬੰਧ ॥ ੧ ॥

ਹੰਕਾਰ ਕਰ ਕੇ ਤੂੰ ਅੰਨ੍ਹਾਂ ਹੋ ਕੇ ਵਰਤ ਰਿਹਾ ਹੈਂ। ਆਗੈ=ਪ੍ਰਲੋਕ ਵਿਚ ਤੂੰ ਜਮਾਂ ਦੀ ਜੇਵੜੀ=ਰੱਸੀ ਨਾਲ ਭਾਵ ਸੰਗਲਾਂ ਨਾਲ ਬੰਨ੍ਹਿਆਂ ਜਾਏਂਗਾ ॥ ੧ ॥

ਛਾਡਿ ਵਿਡਾਣੀ ਤਾਤਿ ਮੂੜੇ ॥ ਈਹਾ ਬਸਨਾ ਰਾਤਿ ਮੂੜੇ ॥

ਹੇ ਮੂੜੇ=ਮੂਰਖ ਪੁਰਸ਼ਾ ! ਵਿਡਾਣੀ=ਪਰਾਈ ਤਾਤਿ=ਇੱਛਾ ਛੱਡ ਦੇ ਕਿ ਫਲਾਣਾ ਆਦਮੀ ਮੈਨੂੰ ਦੇਂਦਾ ਹੈ ਤੇ ਮੈਂ ਖਾਂਦਾ ਹਾਂ। ਜਾਂ ਪਰਾਏ ਨੂੰ ਦੁੱਖ ਦੇਣ ਦੀ ਇੱਛਾ ਛੱਡ ਦੇ । ਹੇ ਮੂੜੇ=ਮੂਰਖ ਪੁਰਸ਼ਾ ! ਈਹਾ=ਇਥੇ

www.sikhbookclub.com

(ਇਸ ਲੋਕ ਵਿਚ ਇਕ ਅਵਸਥਾ ਰੂਪੀ) ਰਾਤ ਦਾ ਬਸਣਾ=ਰਹਿਣਾ ਹੈ। ਜਿਸ ਵੇਲੇ ਉਮਰ=ਰੂਪ ਰਾਤ ਬਤੀਤ ਹੋ ਗਈ ਤਾਂ ਤੂੰ ਮਰ ਜਾਣਾ ਹੈ।

ਮਾਇਆ ਕੇ ਮਾਤੇ ਤੈ ਉਠਿ ਚਲਨਾ॥
ਰਾਚਿ ਰਹਿਓ ਤੂ ਸੰਗਿ ਸੁਪਨਾ॥ ੧॥ ਰਹਾਉ॥

ਹੇ ਮਾਇਆ ਦੇ ਮਦ ਵਿਚ ਮਸਤ ਹੋਏ ਹੋਏ ਪੁਰਖ਼ਾ ! ਤੂੰ ਥੋੜ੍ਹੇ ਸਮੇਂ ਵਿਚ ਹੀ ਉੱਠ ਕੇ ਚਲਿਆ ਜਾਣਾ ਹੈ। ਸੁਪਨੇ ਦੀ ਨਿਆਈਂ ਥੋੜ੍ਹਾ ਚਿਰ ਰਹਿਣ ਵਾਲੇ ਪਦਾਰਥਾਂ ਨਾਲ ਤੂੰ ਰਾਚਿ ਰਹਿਓ=ਤਦਾਕਾਰ ਹੋ ਰਿਹਾ ਹੈਂ॥ ੧॥ ਰਹਾਉ॥

ਬਾਲ ਬਿਵਸਥਾ ਬਾਰਿਕੁ ਅੰਧ॥ ਭਰਿ ਜੋਬਨਿ ਲਾਗਾ ਦੁਰਗੰਧ॥

ਬਾਲਕ ਅਵਸਥਾ ਵਿਚ ਇਹ ਬਾਲਕਾ ਅੰਧ=ਅਗਿਆਤਤਾਈ (ਨਾ-ਸਮਝੀ) ਵਿਚ ਰਹਿੰਦਾ ਹੈ। ਜਿਸ ਵੇਲੇ ਜੁਆਨੀ ਆ ਕੇ ਭਰੀ ਤਾਂ ਵਿਸ਼ਿਆਂ ਰੂਪ ਦੁਰਗੰਧੀ ਵਿਚ ਲੱਗ ਗਿਆ।

[ਪੰਨਾ ੮੯੦]

ਤ੍ਰਿਤੀਅ ਬਿਵਸਥਾ ਸਿੰਚੇ ਮਾਇ॥
ਬਿਰਧਿ ਭਇਆ ਛੋਡਿ ਚਲਿਓ ਪਛੁਤਾਇ॥ ੨॥

ਤ੍ਰਿਤੀਅ=ਤੀਜੀ ਅਧਖੜ ਉਮਰ ਵਿਚ ਮਾਇ=ਮਾਇਆ ਸਿੰਚੇ ਇੱਕਠੀ ਕਰਦਾ ਹੈ। ਜਿਸ ਵੇਲੇ ਬੁੱਢਾ ਹੋ ਗਿਆ ਤਾਂ ਪਛਚਾਤਾਪ ਕਰਦਾ ਹੋਇਆ ਮਾਇਆ ਨੂੰ ਛੱਡ ਕੇ ਜਮਦੂਤਾਂ ਨਾਲ ਪ੍ਰਲੋਕ-ਰਸਤੇ ਵਿਚ ਚੱਲ ਪਿਆ॥ ੨॥

ਚਿਰੰਕਾਲ ਪਾਈ ਦੁਲਭ ਦੇਹ॥ ਨਾਮ ਬਿਹੂਣੀ ਹੋਈ ਖੇਹ॥

ਚਿਰੰਕਾਲ=ਬੜੇ ਚਿਰ ਪਿੱਛੋਂ ਇਹ ਦੁਰਲੱਭ ਮਨੁੱਖਾ ਦੇਹ ਪਾਈ ਸੀ। ਪਰ ਨਾਮ-ਸਿਮਰਨ ਤੋਂ ਬਿਨਾਂ ਖੇਹ ਵਾਂਗ ਨਿਸਫਲ ਹੋ ਗਈ ਹੈ।

ਪਸੂ ਪਰੇਤ ਮੁਗਧ ਤੇ ਬੁਰੀ॥ ਤਿਸਹਿ ਨ ਬੂਝੈ ਜਿਨਿ ਏਹ ਸਿਰੀ॥ ੩॥

ਹੇ ਮੁਗਧ=ਮੂਰਖ ਪੁਰਖ਼ਾ ! ਇਹ ਪਸ਼ੂਆਂ ਤੇ ਪਰੇਤਾਂ ਤੋਂ ਵੀ ਬੁਰੀ ਹੈ। ਪਸ਼ੂ ਦੀਆਂ ਸਭ ਚੀਜ਼ਾਂ ਕੰਮ ਆ ਜਾਂਦੀਆਂ ਹਨ, ਇਸ ਦੀ ਕੋਈ ਚੀਜ਼ ਕੰਮ ਨਹੀਂ ਆਉਂਦੀ।

ਯਥਾ:- ਨਰੁ ਮਰੈ ਨਰੁ ਕਾਮਿ ਨ ਆਵੈ॥ ਪਸੂ ਮਰੈ ਦਸ ਕਾਜ ਸਵਾਰੈ॥ *(ਪੰਨਾ ੮੭੦)*

ਜਿਸ ਪਰਮੇਸ਼ਰ ਨੇ ਇਹ ਦੇਹ ਸਿਰਜੀ ਹੈ, ਉਸ ਨੂੰ ਇਹ ਨਹੀਂ ਬੁੱਝਦਾ॥ ੩॥

ਇਸ ਤਰ੍ਹਾਂ ਬੇਨਤੀ ਕਰ-

ਸੁਣਿ ਕਰਤਾਰ ਗੋਵਿੰਦ ਗੋਪਾਲ॥ ਦੀਨ ਦਇਆਲ ਸਦਾ ਕਿਰਪਾਲ॥

ਹੇ ਕਰਤਾਰ ! ਗੋਵਿੰਦ=ਵੇਦਾਂ ਕਰ ਕੇ ਜਾਣਨੇ, ਜੋਗ, ਗੋਪਾਲ=ਪ੍ਰਿਥਵੀ ਦੇ ਪਾਲਕ ! ਦੀਨ ਦਿਆਲ ! ਸਦਾ ਕਿਰਪਾਲੂ ਸੁਭਾਅ ਵਾਲੇ ਮੈਂ ਦਾਸ ਦੀ ਬੇਨਤੀ ਸੁਣ।

www.sikhbookclub.com

ਤੁਮਹਿ ਛਡਾਵਹੁ ਛੁਟਕਹਿ ਬੰਧ॥
ਬਖਸਿ ਮਿਲਾਵਹੁ ਨਾਨਕ ਜਗ ਅੰਧ॥ ੪॥ ੧੨॥ ੨੩॥

ਜੇਕਰ ਆਪ ਛੁਡਾਵੋਗੇ ਤਾਂ ਮੇਰੇ ਬੰਧਨ ਛੁੱਟਣਗੇ। ਗੁਰੂ ਜੀ ਕਥਨ ਕਰਦੇ ਹਨ—ਇੰਜ ਕਹੋ, ਮੈਂ ਅੰਨ੍ਹਾਂ ਜਗ=ਜੀਵ ਹਾਂ, ਆਪ ਮੇਰੇ ਔਗੁਣਾਂ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲੈਣਾ ਕਰੋ॥ ੪॥ ੧੨॥ ੨੩॥

ਰਾਮਕਲੀ ਮਹਲਾ ੫॥
ਕਰਿ ਸੰਜੋਗੁ ਬਨਾਈ ਕਾਛਿ॥ ਤਿਸੁ ਸੰਗਿ ਰਹਿਓ ਇਆਨਾ ਰਾਚਿ॥

੧) ਮਾਂ ਪਿਉ ਦੇ ਸੰਜੋਗ ਕਰ ਕੇ, ਵਾ:- ਕਰਮਾਂ ਦੇ ਸੰਜੋਗ ਕਰ ਕੇ ਪ੍ਰਭੂ ਨੇ ਦੇਹ ਦੀ ਕਾਛਿ=ਬਣਾਵਟ ਬਣਾਈ ਹੈ।

੨) ਸਾਢੇ ਤਿੰਨ ਹੱਥ ਦੀ ਕਾਛਿ=ਮਿਣ ਕੇ ਬਣਾਈ ਹੈ। ਪਰ ਇਹ ਇਆਨਾ=ਅਗਿਆਤ ਜੀਵ ਉਸ ਕੱਚੀ ਦੇਹ ਦੇ ਨਾਲ ਤਦਾਕਾਰ ਹੋ ਰਿਹਾ ਹੈ।

ਪ੍ਰਤਿਪਾਰੈ ਨਿਤ ਸਾਰਿ ਸਮਾਰੈ॥ ਅੰਤ ਕੀ ਬਾਰ ਊਠਿ ਸਿਧਾਰੈ॥ ੧॥

ਏਸੇ ਨੂੰ ਪ੍ਰਤਿਪਾਰੈ=ਪਾਲਦਾ ਹੈ, ਏਸੇ ਦੇਹ ਦੀ ਨਿਤਾਪ੍ਰਤੀ ਸਾਰ-ਸੰਭਾਲ ਰੱਖਦਾ ਹੈ। ਜਿਸ ਵੇਲੇ ਅੰਤ ਦੀ ਵਾਰੀ ਆਉਂਦੀ ਹੈ ਤਾਂ ਇਕੱਲਾ ਹੀ ਉੱਠਕੇ ਸਿਧਾਰੈ=ਚੱਲ ਪੈਂਦਾ ਹੈ॥ ੧॥

ਨਾਮ ਬਿਨਾ ਸਭੁ ਝੂਠੁ ਪਰਾਨੀ॥

੧) ਨਾਮ-ਸਿਮਰਨ ਤੋਂ ਬਿਨਾਂ ਸਭ ਪ੍ਰਾਣੀ ਝੂਠੇ ਹਨ।

੨) ਹੇ ਪ੍ਰਾਣੀ ! ਨਾਮ ਤੋਂ ਬਿਨਾਂ ਸਭ ਪਦਾਰਥ ਝੂਠੇ ਹਨ।

ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ
ਤੇ ਸਭਿ ਮਾਇਆ ਮੂਠੁ ਪਰਾਨੀ॥ ੧॥ ਰਹਾਉ॥

ਗੋਬਿੰਦ ਦੇ ਭਜਨ-ਸਿਮਰਨ ਤੋਂ ਬਿਨਾਂ ਜੋ ਹੋਰਨਾਂ ਪਦਾਰਥਾਂ ਨਾਲ ਤਦਾਕਾਰ ਹੋ ਰਹੇ ਹਨ। ਉਹ ਸਾਰੇ ਪ੍ਰਾਣੀ ਮਾਇਆ ਦੇ ਮੂਠੁ=ਲੁੱਟੇ ਹੋਏ ਹਨ॥ ੧॥ ਰਹਾਉ॥

ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ॥

ਤੀਰਥਾਂ 'ਪਰ ਇਸ਼ਨਾਨ ਕਰਨ ਨਾਲ (ਰਾਗ ਦ੍ਵੈਸ਼ ਰੂਪੀ) ਮੈਲ ਨਹੀਂ ਉਤਰਦੀ। ਇਹ ਜੀਵ ਯੱਗ ਆਦਿਕ ਕਰਮਾਂ ਧਰਮਾਂ ਨੂੰ ਕਰ ਕੇ ਸਾਰੇ ਹਉਮੈ=ਹੰਕਾਰ ਦੀ ਮੈਲ ਨੂੰ ਫੈਲਾਅ ਰਿਹਾ ਹੈ।

ਲੋਕ ਪਚਾਰੈ ਗਤਿ ਨਹੀ ਹੋਇ॥ ਨਾਮ ਬਿਹੂਣੇ ਚਲਸਹਿ ਰੋਇ॥ ੨॥

ਲੋਕਾਂ ਦੇ ਪਚਾਰੈ=ਦਿਖਾਵੇ ਮਾਤ੍ਰ ਜੋ ਕਰਮ ਕਰਨੇ ਹਨ, ਉਨ੍ਹਾਂ ਕਰ ਕੇ ਮੁਕਤੀ ਨਹੀਂ ਹੁੰਦੀ। ਜੋ ਲੋਕ ਨਾਮ-ਸਿਮਰਨ ਤੋਂ ਬਿਨਾਂ ਹਨ, ਉਹ ਰੋਣੇ ਵਿਚ ਚਲਦੇ ਹੰਨ, ਵਾ:- ਰੋ ਕੇ ਭਾਵ ਦੁੱਖ ਪਾ ਕੇ ਪ੍ਰਲੋਕ ਵਿਚ ਚਲਦੇ ਹਨ॥ ੨॥

ਬਿਨੁ ਹਰਿ ਨਾਮ ਨ ਟੂਟਸਿ ਪਟਲ॥ ਸੋਧੇ ਸਾਸਤ੍ਰ ਸਿੰਮ੍ਰਿਤਿ ਸਗਲ॥

www.sikhbookclub.com

ਹਰੀ ਨਾਮ-ਸਿਮਰਨ ਤੋਂ ਬਿਨਾਂ ਪੰਜਾ ਕੋਸ਼ਾਂ ਰੂਪੀ ਪਟਲ=ਪੜਦਾ ਨਹੀਂ ਟੁੱਟਦਾ। (ਛੇ) ਸ਼ਾਸਤ੍ਰ, (ਸ਼ਤਾਈ) ਸਿੰਮ੍ਰਿਤੀਆਂ ਆਦਿਕ ਸਭ ਗ੍ਰੰਥ ਸੋਧੇ ਹਨ ਏਹੋ ਆਖਦੇ ਹਨ—ਨਾਮ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਸੋ ਨਾਮੁ ਜਪੈ ਜਿਸੁ ਆਪਿ ਜਪਾਏ ॥ ਸਗਲ ਫਲਾ ਸੇ ਸੂਖਿ ਸਮਾਏ ॥ ੩ ॥

ਜਿਸ ਪਾਸੋਂ ਪ੍ਰਭੂ ਆਪ ਜਪਵਾਉਂਦਾ ਹੈ, ਓਹੀ ਪੁਰਸ਼ ਨਾਮ ਨੂੰ ਜਪਦਾ ਹੈ। ਓਸੇ ਨੂੰ ਸਾਰੇ ਫਲ ਪ੍ਰਾਪਤ ਹੁੰਦੇ ਹਨ ਅਤੇ ਓਹੀ ਸੁਖਾਂ ਵਿਚ ਸਮਾਉਂਦਾ ਹੈ॥ ੩॥

ਉਸ ਪ੍ਰਭੂ ਅੱਗੇ ਬੇਨਤੀ ਕਰੇ-

ਰਾਖਨਹਾਰੇ ਰਾਖਹੁ ਆਪਿ ॥ ਸਗਲ ਸੁਖਾ ਪ੍ਰਭ ਤੁਮਰੈ ਹਾਥਿ ॥

ਹੇ ਰਖਿਆ ਕਰਨ ਵਾਲੇ ਪ੍ਰਭੂ ! ਆਪ ਹੱਥ ਦੇ ਕੇ ਸਾਨੂੰ ਰੱਖ ਲਓ। ਕਿਉਂਕਿ ਹੇ ਪ੍ਰਭੂ ! ਸਾਰੇ ਸੁਖ ਆਪ ਜੀ ਦੇ ਹੱਥ ਵਿਚ ਹਨ।

ਜਿਤੁ ਲਾਵਹਿ ਤਿਤੁ ਲਾਗਹ ਸੁਆਮੀ ॥
ਨਾਨਕ ਸਾਹਿਬੁ ਅੰਤਰਜਾਮੀ ॥ ੪ ॥ ੧੩ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ—ਹੇ ਸੁਆਮੀ! ਜਿਸ ਤਰਫ ਆਪ ਲਗਾਉਂਦੇ ਹੋ ਉਸੇ ਪਾਸੇ ਅਸੀਂ ਲੱਗ ਰਹੇ ਹਾਂ। ਹੇ ਸਾਹਿਬ ! ਆਪ ਹੀ ਅੰਤਰਜਾਮੀ ਹੋ ਕੇ ਹਰੇਕ ਦੇ ਦਿਲ ਦੀ ਜਾਣਨ ਵਾਲੇ ਹੋ।

ਰਾਮਕਲੀ ਮਹਲਾ ੫ ॥

ਮਹਾ ਪੁਰਖ ਕਾ ਸੰਗੁ ਭਇਆ ॥

ਜਿਨ੍ਹਾਂ ਨੂੰ ਮਹਾਂ ਪੁਰਸ਼ਾਂ ਦਾ ਸਤਸੰਗ ਆ ਕੇ ਪ੍ਰਾਪਤ ਹੋਇਆ ਹੈ ਤਾਂ ਉਹ ਗੁਰਮੁਖ ਜਨ-

ਜੋ ਕਿਛੁ ਕਰੈ ਸੋਈ ਸੁਖੁ ਜਾਨਾ ॥ ਮਨੁ ਅਸਮਝੁ ਸਾਧਸੰਗਿ ਪਤੀਆਨਾ ॥

ਜੋ ਕੁਝ ਭੀ ਪਰਮਾਤਮਾ ਕਰਦਾ ਹੈ ਚਾਹੇ ਦੁੱਖ ਭੀ ਦੇਂਦਾ ਹੈ ਉਸ ਨੂੰ ਸੁਖ ਕਰ ਕੇ ਜਾਣਿਆ ਹੈ। ਅਸਮਝੁ=ਬੇ-ਸਮਝ ਮਨ ਸਤਸੰਗ ਕਰ ਕੇ ਪ੍ਰਭੂ ਉੱਤੇ ਪਤੀਆਨਾ=ਭਰੋਸੇ ਵਾਲਾ ਹੋਇਆ ਹੈ।

ਡੋਲਨ ਤੇ ਚੂਕਾ ਠਹਰਾਇਆ ॥ ਸਤਿ ਮਾਹਿ ਲੇ ਸਤਿ ਸਮਾਇਆ ॥ ੧ ॥

ਭਟਕਣ ਵਲੋਂ ਹਟ ਗਿਆ ਹੈ ਤੇ ਪਰਮੇਸ਼ਰ ਦੇ ਭਾਣੇ ਵਿਚ ਠਹਿਰ ਗਿਆ ਹੈ।

੧) ਸਤਿ=ਸਤਿਗੁਰਾਂ ਨੇ ਇਸ ਨੂੰ ਲੈ ਕੇ ਸਤਿ=ਸਤਿਨਾਮ ਮੰਤ੍ਰ ਵਿਚ, ਵਾ:- ਸਤਿ=ਤ੍ਰੈਕਾਲ ਅਬਾਧ ਪ੍ਰਭੂ ਵਿਚ ਸਮਾਇਆ=ਮਿਲਾਇਆ ਹੈ॥ ੧ ॥

੨) ਸਤਿ ਮਾਹਿ=ਸਤੋ ਗੁਣ ਵਿਸ਼ਿਸ਼ਟ ਅੰਤਹਕਰਨ ਵਿਚ ਨਾਮ ਲੈ ਕੇ ਸਤ ਸਰੂਪ ਵਿਚ ਅਭੇਦ ਹੋਇਆ।

੩) ਸਤਿ ਲੇ=ਨਿਸਚੇ ਨੂੰ ਲੈ ਕੇ ਸਤਿ ਮਾਹਿ ਸਮਾਇਆ=ਸੱਚੇ ਪ੍ਰਭੂ ਵਿਚ ਅਭੇਦ ਹੋ ਗਿਆ।

ਦੂਖੁ ਗਇਆ ਸਭੁ ਰੋਗੁ ਗਇਆ ॥

www.sikhbookclub.com

ਜਨਮ ਮਰਨ ਦਾ ਦੱਖ ਚਲਾ ਗਿਆ ਹੈ ਅਤੇ ਅਗਿਆਨ ਰੂਪੀ ਰੋਗ ਭੀ ਸਾਰਾ ਦੂਰ ਹੋ ਗਿਆ ਹੈ। ਕਦੋਂ?

ਉੱਤਰ:- ਜਦੋਂ-

ਪ੍ਰਭ ਕੀ ਆਗਿਆ ਮਨ ਮਹਿ ਮਾਨੀ
ਮਹਾ ਪੁਰਖ ਕਾ ਸੰਗੁ ਭਇਆ ॥ ੧ ॥ ਰਹਾਉ ॥

ਪ੍ਰਭੂ ਦੀ ਆਗਿਆ ਮਨ ਵਿਚ ਮਿੱਠੀ ਕਰ ਕੇ ਮੰਨੀ ਹੈ ਅਤੇ ਮਹਾਂ ਪੁਰਸ਼ਾਂ ਦਾ ਭਾਵ ਪੂਰਿਆਂ ਗੁਰਾਂ ਦਾ ਸੰਮੁ=ਸਾਥ ਪ੍ਰਾਪਤ ਹੋਇਆ ਹੈ॥ ੧ ॥ ਰਹਾਉ ॥

ਸਗਲ ਪਵਿਤ੍ਰ ਸਰਬ ਨਿਰਮਲਾ ॥ ਜੋ ਵਰਤਾਏ ਸੋਈ ਭਲਾ ॥

ਸਾਰੀਆਂ ਪਵਿੱਤ੍ਰਤਾਈਆਂ ਤੇ ਸਾਰੀਆਂ ਨਿਰਮਲਤਾਈਆਂ ਉਸ ਨੂੰ ਪ੍ਰਾਪਤ ਹੋਈਆਂ ਹਨ। ਜਿਸ ਨੇ ਇਸ ਤਰਾਂ ਨਿਸਚੇ ਕੀਤਾ ਹੈ ਜੋ ਪਰਮੇਸ਼ਰ ਵਰਤਾਉਂਦਾ ਹੈ, ਸੋ ਭਲਾ ਹੀ ਵਰਤਾਉਂਦਾ ਹੈ।

ਅਥਵਾ:- ਜੋ ਪਰਮੇਸ਼ਰ ਵਰਤਾਉਂਦਾ ਹੈ ਉਹ ਭਲਾ ਹੀ ਹੈ ਐਸੇ ਨਿਸਚੇ ਕਰਨ ਵਾਲੇ ਪੁਰਸ਼ ਦੇ ਸਾਰੇ ਇੰਦ੍ਰੀਏ ਪਵਿਤਰ ਹਨ ਅਤੇ ਸਭ ਤਰ੍ਹਾਂ ਕਰ ਕੇ ਮਨ ਵੀ ਨਿਰਮਲ ਹੈ ਪਾਪਾਂ ਤੋਂ ਰਹਿਤ ਹੋਣ ਕਰ ਕੇ।

ਜਹ ਰਾਖੈ ਸੋਈ ਮੁਕਤਿ ਥਾਨੁ ॥ ਜੋ ਜਪਾਏ ਸੋਈ ਨਾਮੁ ॥ ੨ ॥

ਜਿਥੇ ਪਰਮੇਸ਼ਰ ਰੱਖਦਾ ਹੈ, ਓਹੀ ਮੁਕਤੀ ਦਾ ਅਸਥਾਨ (ਬੈਕੁੰਠ ਧਾਮ) ਹੈ॥ ੨ ॥

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥

ਜਿਥੇ ਭੀ ਸੰਤ ਆਪਣੇ ਚਰਨ ਰੱਖਣ ਤਿਥੇ ਅਠਾਠ ਤੀਰਥ ਸਮਝਣਾ ਕਰੋ।

ਤਹ ਬੈਕੁੰਠੁ ਜਹ ਨਾਮੁ ਉਚਰਹਿ ॥

ਤਹ=ਉਥੇ ਬੈਕੁੰਠ ਹੈ, ਜਿਥੇ ਬੈਠ ਕੇ ਸੱਚੇ ਨਾਮ ਨੂੰ ਉਚਾਰਦੇ ਹਨ।

ਸਰਬ ਅਨੰਦ ਜਬ ਦਰਸਨੁ ਪਾਈਐ ॥

ਜਦ ਸੰਤਾਂ ਦਾ ਦਰਸ਼ਨ ਪਾਈਏ ਤਾਂ ਸਾਰੇ ਅਨੰਦ ਪ੍ਰਾਪਤ ਹੁੰਦੇ ਹਨ।

ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥ ੩ ॥

ਸੰਤ ਨਿਤਾਪ੍ਰਤੀ ਹਰੀ ਰਾਮ ਦੇ ਗੁਣਾਂ ਨੂੰ ਹੀ ਗਾਉਂਦੇ ਰਹਿੰਦੇ ਹਨ॥ ੩ ॥

ਆਪੇ ਘਟਿ ਘਟਿ ਰਹਿਆ ਬਿਆਪਿ ॥

ਉਹ ਰਾਮ ਆਪ ਹੀ ਸਾਰਿਆਂ ਘਟਾਂ ਵਿਚ ਬਿਆਪਿ=ਮਿਲ ਰਿਹਾ ਹੈ।

ਦਇਆਲ ਪੁਰਖ ਪਰਗਟ ਪਰਤਾਪ ॥

ਉਸ ਦਿਆਲੂ ਪੁਰਖ ਦਾ ਪਰਤਾਪ ਸਾਰੇ ਪਰਗਟ ਹੈ।

ਕਪਟ ਖੁਲਾਨੇ ਭ੍ਰਮ ਨਾਠੇ ਦੂਰੇ ॥
ਨਾਨਕ ਕਉ ਗੁਰ ਭੇਟੇ ਪੂਰੇ ॥ ੪ ॥ ੧੪ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਮੈਂ ਸੇਵਕ ਨੂੰ ਪੂਰੇ ਮਿਲੇ ਤਾਂ ਪੰਜਾਂ ਕੋਸ਼ਾਂ ਰੂਪੀ ਕਪਟ=ਕਪਾਟ (ਤਖਤੇ) ਖੁਲ੍ਹ ਗਏ, *ਅਥਵਾ:-* ਕਪਟ ਰੂਪੀ ਤਖਤੇ ਖੁਲ੍ਹ ਗਏ ਅਤੇ ਭਰਮ ਦੂਰ ਹੀ ਨੱਸ ਗਏ।

ਅਥਵਾ:- ਪਰਮੇਸ਼ਰ ਤੋਂ ਦੂਰ ਕਰਨ ਵਾਲੇ ਭਰਮ ਨੱਸ ਗਏ॥ ੪॥ ੧੪॥ ੨੫॥

ਰਾਮਕਲੀ ਮਹਲਾ ੫॥

ਹਰਿ ਕੇ ਨਾਮ ਕੀ ਵਡਿਆਈ॥ ਕੀਮਤਿ ਕਹਣੁ ਨ ਜਾਈ ॥ ੧॥ ਰਹਾਉ॥

ਹਰੀ ਦੇ ਨਾਮ ਦੀ ਵਡਿਆਈ ਇਤਨੀ ਬੜੀ ਹੈ। ਜਿਸ ਦੀ ਕੀਮਤ ਕੁਝ ਆਖੀ ਨਹੀਂ ਜਾਂਦੀ।

ਗੁਰਮੁਖਿ ਨਾਮੁ ਨਿਮਖ ਰਿਦੈ ਵਸੈ॥ ੧॥

ਜਿਸ ਗੁਰਮੁਖ ਦੇ ਹਿਰਦੇ ਵਿਚ ਗੁਰਾਂ ਦੁਆਰੇ ਇਕ ਨਿਮਖ ਮਾਤ੍ਰ ਨਾਮ ਵਸਦਾ ਹੈ॥ ੧॥

ਕੋਟਿ ਜਾਪ ਤਾਪ ਬਿਸ੍ਰਾਮ॥ ਰਿਧਿ ਬੁਧਿ ਸਿਧਿ ਸੁਰ ਗਿਆਨ॥

ਤਾਂ ਕ੍ਰੋੜਾਂ ਜਪ ਤਪ ਆਦਿਕਾਂ ਦੇ ਕਰਨ ਦਾ ਫਲ ਹਿਰਦੇ ਵਿਚ ਬਿਸ੍ਰਾਮ=ਟਿਕ ਜਾਂਦਾ ਹੈ। ਅਤੇ ਰਿੱਧੀਆਂ ਸਿੱਧੀਆਂ, ਆਤਮ ਵਿਸ਼ੈਣੀ ਬੁੱਧੀ ਅਤੇ ਸੁਰ ਗਿਆਨ=ਦਿਬਜ ਗਿਆਨ ਪ੍ਰਾਪਤ ਹੁੰਦਾ ਹੈ।

ਅਨਿਕ ਰੂਪ ਰੰਗ ਭੋਗ ਰਸੈ॥ ਗੁਰਮੁਖਿ ਨਾਮੁ ਨਿਮਖ ਰਿਦੈ ਵਸੈ॥ ੧॥

ਗੁਰਮੁਖਿ=ਗੁਰਾਂ ਦੁਆਰੇ ਇਕ ਨਿਮਖ ਮਾਤ੍ਰ ਨਾਮ ਹਿਰਦੇ ਵਿਚ ਆ ਕੇ ਵਸ ਜਾਵੇ ਤਾਂ ਸੋਹਣਾ ਰੂਪ ਤੇ ਚੰਗਾ ਰੰਗ,

ਵਾ:- ਸਫ਼ਾਈ ਰੂਪੀ ਰੂਪ ਤੇ ਰੰਗ=ਪ੍ਰੇਮ ਅਤੇ ਅਨੇਕ ਹੀ ਭੋਗਾਂ ਦੇ ਰਸ ਆ ਕੇ ਪ੍ਰਾਪਤ ਹੁੰਦੇ ਹਨ॥ ੧॥

ਹਰਿ ਕੇ ਨਾਮ ਕੀ ਵਡਿਆਈ॥ ਕੀਮਤਿ ਕਹਣੁ ਨ ਜਾਈ॥੧॥ ਰਹਾਉ॥

ਹਰੀ ਦੇ ਨਾਮ ਦੀ ਜੋ ਵਡਿਆਈ ਹੈ। ਉਸ ਦੀ ਕੀਮਤ ਮੇਰੇ ਪਾਸੋਂ ਕੁਛ ਕਹੀ ਨਹੀਂ ਜਾਂਦੀ॥ ੧॥ ਰਹਾਉ॥

ਸੂਰਬੀਰ ਧੀਰਜ ਮਤਿ ਪੂਰਾ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ॥

ਸਦਾ ਮੁਕਤੁ ਤਾ ਕੇ ਪੂਰੇ ਕਾਮ॥ ਜਾ ਕੈ ਰਿਦੈ ਵਸੈ ਹਰਿ ਨਾਮ॥ ੨॥

ਅੰਨਵੇ ਤੁਕਾਂ ਲੱਗਣਗੀਆਂ-

ਜਿਸ ਪੁਰਸ਼ ਦੇ ਹਿਰਦੇ ਵਿਚ ਹਰੀ ਨਾਮ ਵਸਦਾ ਹੈ। ਉਹ ਸੂਰਬੀਰ ਹੈ, ਧੀਰਜਵਾਨ ਹੈ, ਪੂਰਨ ਮਤੀ ਵਾਲਾ ਹੈ। ਸਹਜ ਸਮਾਧਿ=ਨਿਰਵਿਕਲਪ ਸਮਾਧੀ ਵਾਲਾ ਹੈ ਅਤੇ ਉਸ ਦੀ ਧੁਨਿ=ਬਾਣੀ ਗਹਿਰ ਗੰਭੀਰ ਹੈ। *ਅਥਵਾ:-* ਉਸ ਦੀ ਬਾਣੀ ਗਹਿਰ ਗੰਭੀਰ ਪ੍ਰਭੂ ਦੀ ਪ੍ਰਾਪਤੀ ਕਰਾਉਣ ਵਾਲੀ ਹੈ। ਫਿਰ ਉਹ ਸਦਾ ਮੁਕਤ ਰੂਪ ਹੈ ਅਤੇ ਉਸ ਦੇ ਸਾਰੇ ਕੰਮ ਪੂਰੇ ਹਨ॥ ੨॥

ਸਗਲ ਸੂਖ ਆਨੰਦ ਅਰੋਗ॥ ਸਮਦਰਸੀ ਪੂਰਨ ਨਿਰਜੋਗ॥

ਜਿਸ ਪੁਰਸ਼ ਦੇ ਮਨ ਵਿਚ ਨਾਮ ਵਸਦਾ ਹੈ। ਉਸ ਨੂੰ ਸਾਰੇ ਸੁਖ ਪ੍ਰਾਪਤ ਹਨ ਤੇ ਅਰੋਗਤਾ ਦਾ ਅਨੰਦ

www.sikhbookclub.com

ਵੀ ਪ੍ਰਾਪਤ ਹੈ। ਵਾ:- ਅਰੋਗਤਾ ਦੇ ਸਹਿਤ ਸਾਰੇ ਸੁਖ ਅਨੰਦ ਪ੍ਰਾਪਤ ਹਨ। ਸਮਦਰਸੀ ਸੁਭਾਅ ਵਾਲਾ ਹੈ, ਪੂਰਨ ਪਰਮੇਸ਼ਰ ਵਿਚ ਨਿਰ=ਵਿਸ਼ੇਸ਼ ਕਰ ਕੇ ਜੋਗ=ਜੁੜਿਆ ਰਹਿੰਦਾ ਹੈ।

ਆਇ ਨ ਜਾਇ ਡੋਲੈ ਕਤ ਨਾਹੀ॥ ਜਾ ਕੈ ਨਾਮੁ ਬਸੈ ਮਨ ਮਾਹੀ॥ ੩॥

ਆਇ ਨ ਜਾਇ=ਜੰਮਦਾ ਮਰਦਾ ਨਹੀਂ ਹੈ ਅਤੇ ਕਦੇ ਡੋਲਦਾ ਭੀ ਨਹੀਂ ਹੈ। ਜਿਸ ਦੇ ਮਨ ਵਿਚ ਨਾਮ ਵਸਦਾ ਹੈ॥ ੩॥

ਦੀਨ ਦਇਆਲ ਗੋਪਾਲ ਗੋਵਿੰਦ॥ ਗੁਰਮੁਖਿ ਜਪੀਐ ਉਤਰੈ ਚਿੰਦ॥

ਦੀਨ ਦਿਆਲ ਗੋਬਿੰਦ ਗੋਪਾਲ ਦੇ ਨਾਮਾਂ ਨੂੰ ਗੁਰਮੁਖਿ=ਗੁਰਾਂ ਦੁਆਰੇ ਜਪਣਾ ਕਰੀਏ ਤਾਂ ਸਭ ਚਿੰਦ=ਚਿੰਤਾ ਉਤਰ ਜਾਂਦੀ ਹੈ।

ਨਾਨਕ ਕਉ ਗੁਰਿ ਦੀਆ ਨਾਮੁ॥
ਸੰਤਨ ਕੀ ਟਹਲ ਸੰਤ ਕਾ ਕਾਮੁ॥ ੪॥ ੧੫॥ ੨੬॥

ਗੁਰੂ ਜੀ ਕਥਨ ਕਰਦੇ ਹਨ- ਮੈਂ ਨਾਨਕ ਨੂੰ ਪੂਰਨ ਗੁਰਾਂ ਨੇ ਨਾਮ ਦਾਨ ਦੇਣਾ ਕੀਤਾ ਹੈ। ਮੈਂ ਸੰਤਾਂ ਦੀ ਸੇਵਾ-ਟਹਿਲ ਕਰਦਾ ਹਾਂ ਅਤੇ ਸੰਤਾਂ ਦਾ ਹੀ ਕੰਮ ਕਰਦਾ ਹਾਂ। *ਅਥਵਾ:-* ਸੰਤਾਂ ਦੀ ਸੇਵਾ-ਟਹਿਲ ਕਰਨੀ ਸੰਤਾਂ ਦਾ ਹੀ ਕੰਮ ਹੈ, ਹੋਰ ਕੋਈ ਨਹੀਂ ਕਰ ਸਕਦਾ॥ ੪॥ ੧੫॥ ੨੬॥

ਰਾਮਕਲੀ ਮਹਲਾ ੫॥

ਬੀਜ ਮੰਤ੍ਰ ਹਰਿ ਕੀਰਤਨੁ ਗਾਉ॥ ਆਗੈ ਮਿਲੀ ਨਿਥਾਵੇ ਥਾਉ॥

ਸਾਰਿਆਂ ਮੰਤ੍ਰਾਂ ਦਾ ਬੀਜ=ਕਾਰਨ ਰੂਪ ਮੰਤ੍ਰ ਜੋ ਹਰੀ ਨਾਮ ਹੈ, ਉਸ ਦੇ ਕੀਰਤਨ ਨੂੰ ਗਾਉਣਾ ਕਰ।

ਅਥਵਾ:- ਸਾਰਿਆਂ ਸੁਖਾਂ ਦਾ ਬੀਜ=ਕਾਰਨ ਰੂਪ ਜੋ ਮੰਤ੍ਰ=ਗੁਰ-ਉਪਦੇਸ਼ ਹੈ, ਉਸ ਨੂੰ ਲੈ ਕੇ ਹਰੀ ਦੇ ਕੀਰਤਨ ਨੂੰ ਗਾਉਣਾ ਕਰ। ਹੇ ਨਿਥਾਵੇਂ ਪੁਰਸ਼ਾ ! ਤਾਂ ਆਗੈ=ਪ੍ਰਲੋਕ ਵਿਚ ਤੈਨੂੰ ਚੰਗੀ ਥਾਂ ਮਿਲੇਗੀ ਭਾਵ ਤੇਰਾ ਆਦਰ ਹੋਵੇਗਾ।

ਗੁਰ ਪੂਰੇ ਕੀ ਚਰਣੀ ਲਾਗੁ॥ ਜਨਮ ਜਨਮ ਕਾ ਸੋਇਆ ਜਾਗੁ॥ ੧॥

ਤੂੰ ਪੂਰੇ ਗੁਰਾਂ ਦੀ ਚਰਨੀਂ ਲੱਗ ਜਾ ਤਾਂ ਅਨੇਕਾਂ ਜਨਮਾਂ ਦਾ ਅਵਿਦਿਆ ਦੀ ਨੀਂਦ ਵਿਚ ਸੁੱਤਾ ਹੋਇਆ ਗਿਆਨ-ਜਾਗ੍ਰਤ ਵਿਚ ਜਾਗ ਪਵੇਂਗਾ॥ ੧॥

ਹਰਿ ਹਰਿ ਜਾਪੁ ਜਪਲਾ॥

ਹਰਿ ਹਰਿ ਦੇ ਜਪ ਨੂੰ ਜਪਲਾ=ਜਪ ਲੈ।

ਗੁਰ ਕਿਰਪਾ ਤੇ ਹਿਰਦੈ ਵਾਸੈ ਭਉਜਲੁ ਪਾਰਿ ਪਰਲਾ॥ ੧॥ ਰਹਾਉ॥

ਜੇ ਗੁਰਾਂ ਦੀ ਕਿਰਪਾ ਨਾਲ ਹਿਰਦੇ ਵਿਚ ਵਸ ਗਿਆ ਤਾਂ ਸੰਸਾਰ-ਸਮੁੰਦਰ ਤੋਂ ਪਾਰ ਪਰਲਾ=ਪਵੇਂਗਾ॥ ੧॥ ਰਹਾਉ॥

ਨਾਮੁ ਨਿਧਾਨੁ ਧਿਆਇ ਮਨ ਅਟਲ॥ ਤਾ ਛੂਟਹਿ ਮਾਇਆ ਕੇ ਪਟਲ॥

ਅਟੱਲ ਹੋਣ ਵਾਸਤੇ, ਵਾ:- ਮਨ ਨੂੰ ਅਟੱਲ ਕਰ ਕੇ ਨਿੱਧੀਆਂ ਦੇ ਖਜ਼ਾਨੇ ਨਾਮ ਨੂੰ ਧਿਆਉਣਾ ਕਰ, ਤਾਂ ਮਾਇਆ ਦੇ ਸਾਰੇ ਪਟਲ=ਪੜਦੇ ਛੁੱਟ ਜਾਣਗੇ।

ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ ॥ ਤਾ ਤੇਰਾ ਹੁਇ ਨਿਰਮਲ ਜੀਉ ॥ ੨ ॥

ਗੁਰਾਂ ਦਾ ਉਪਦੇਸ਼ ਲੈ ਕੇ ਨਾਮ-ਅੰਮ੍ਰਿਤ-ਰਸ ਨੂੰ ਪੀਣਾ ਕਰ ਤਾਂ ਤੇਰਾ ਜੀਉ=ਅੰਤਹਕਰਨ ਨਿਰਮਲ =ਸ਼ੁੱਧ ਹੋ ਜਾਵੇਗਾ॥ ੨ ॥

ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਗਤਿ ਨਹੀ ਛੁਟਕਾਰਾ ॥

ਵੇਦਾਂ ਦੁਆਰੇ ਸੋਧਿਆ, ਸ਼ਾਸਤ੍ਰਾਂ ਦੁਆਰੇ ਸੋਧਿਆ, ਪੁਰਾਣਾਂ ਦੁਆਰੇ ਸੋਧਿਆ, ਆਪਣੇ ਅਨਭਵ ਦੁਆਰੇ ਭੀ ਵਿਚਾਰਿਆ ਹੈ। *ਅਥਵਾ:-* ਸੋਧਣ ਵਾਲਾ ਹੋ ਕੇ ਉਸ ਦੀ ਸੋਧ ਨੂੰ ਸੋਧ ਕੇ ਵਿਚਾਰਿਆ ਹੈ ਪਰ ਹਰੀ ਦੀ ਭਗਤੀ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ।

ਸੋ ਹਰਿ ਭਜਨੁ ਸਾਧ ਕੈ ਸੰਗਿ ॥ ਮਨੁ ਤਨੁ ਰਾਪੈ ਹਰਿ ਕੈ ਰੰਗਿ ॥ ੩ ॥

ਉਹ ਹਰੀ ਦਾ ਭਜਨ ਸੰਤਾਂ ਦੇ ਸੰਗ ਵਿਚੋਂ ਪ੍ਰਾਪਤ ਹੁੰਦਾ ਹੈ ਅਤੇ ਮਨ ਤਨ ਹਰੀ ਦੇ ਰੰਗਿ=ਪ੍ਰੇਮ ਵਿਚ ਰਾਪੈ=ਰੰਗਿਆ ਜਾਂਦਾ ਹੈ॥ ੩ ॥

ਛੋਡਿ ਸਿਆਣਪ ਬਹੁ ਚਤੁਰਾਈ ॥ ਮਨ ਬਿਨੁ ਹਰਿ ਨਾਵੈ ਜਾਇ ਨ ਕਾਈ ॥

ਸਿਆਣਪ ਬੁੱਧੀ ਦੀ ਤੇ ਚਤੁਰਾਈ ਵਾਕਾਂ ਦੀ ਜਿਹੜੀ ਬਹੁਤੀ ਕਰਨੀ ਹੈ ਇਹ ਛੱਡਦੇ। ਹੇ ਮਨ! ਹਰੀ ਨਾਮ ਤੋਂ ਬਿਨਾਂ ਸੁਖ ਦੀ ਜਗ੍ਹਾ ਹੋਰ ਕੋਈ ਨਹੀਂ ਹੈ।

ਦਇਆ ਧਾਰੀ ਗੋਵਿਦ ਗੁਸਾਈ ॥
ਹਰਿ ਹਰਿ ਨਾਨਕ ਟੇਕ ਟਿਕਾਈ ॥ ੪ ॥ ੧੬ ॥ ੨੭ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਗੋਵਿਦ ਗੁਸਾਈ=ਪਰਮਾਤਮਾ ਨੇ ਦਇਆ ਦ੍ਰਿਸ਼ਟੀ ਧਾਰੀ=ਕੀਤੀ ਤਾਂ ਹੀ ਮੈਂ ਜਾਂ ਗੁਰਮੁਖਾ ਨੇ ਹਰਿ ਹਰਿ ਦੀ ਟੇਕ ਟਿਕਾਈ=ਓਟ ਟਿਕਾਉਣਾ ਕੀਤੀ ਭਾਵ ਗ੍ਰਹਿਣ ਕੀਤੀ॥ ੪ ॥ ੧੬ ॥ ੨੭ ॥

ਰਾਮਕਲੀ ਮਹਲਾ ੫ ॥

ਕਿਸੇ ਕਰਮ-ਕਾਂਡੀ ਪੰਡਿਤ ਨੂੰ ਉਪਦੇਸ਼ ਦੇਂਦੇ ਹਨ-

ਸੰਤ ਕੈ ਸੰਗਿ ਰਾਮ ਰੰਗ ਕੇਲ ॥ ਆਗੈ ਜਮ ਸਿਉ ਹੋਇ ਨ ਮੇਲ ॥

ਸੰਤਾਂ ਦੇ ਸਤਸੰਗ ਵਿਚ ਬੈਠ ਕੇ ਰੰਗ=ਪ੍ਰੇਮ ਸਹਿਤ ਰਾਮ ਨਾਲ ਕੇਲ=ਖੁਸ਼ੀਆਂ ਕਰ ! ਤਾਂ ਆਗੈ=ਪ੍ਰਲੋਕ ਵਿਚ ਜਮਾਂ ਨਾਲ ਮੇਲ ਨਹੀਂ ਹੋਵੇਗਾ।

ਅਹੰਬੁਧਿ ਕਾ ਭਇਆ ਬਿਨਾਸ ॥ ਦੁਰਮਤਿ ਹੋਈ ਸਗਲੀ ਨਾਸ ॥ ੧ ॥

ਸਤਸੰਗਤ ਦੇ ਪ੍ਰਤਾਪ ਕਰ ਕੇ ਜਿਸ ਵੇਲੇ ਹੰਗਤਾ ਵਾਲੀ ਬੁੱਧੀ ਦਾ ਨਾਸ ਹੋ ਗਿਆ। ਤਾਂ ਦੁਰਮਤਿ=ਖੋਟੀ ਮਤਿ=ਅਕਲ ਭੀ ਸਾਰੀ ਨਾਸ ਹੋ ਗਈ॥ ੧ ॥

ਰਾਮ ਨਾਮ ਗੁਣ ਗਾਇ ਪੰਡਿਤ॥

ਹੇ ਪੰਡਿਤ ! ਰਾਮ ਨਾਮ ਨੂੰ ਜਪ ਕੇ ਉਸਤਤੀ ਰੂਪ ਗੁਣਾਂ ਨੂੰ ਗਾ ਕਰ ਕੇ।

ਕਰਮ ਕਾਂਡ ਅਹੰਕਾਰੁ ਨ ਕਾਜੈ
ਕੁਸਲ ਸੇਤੀ ਘਰਿ ਜਾਹਿ ਪੰਡਿਤ॥ ੧॥ ਰਹਾਉ॥

ਕੁਸਲ ਸੇਤੀ=ਸੁਖ ਅਨੰਦ ਦੇ ਸਹਿਤ ਸਰੂਪ-ਘਰ ਵਿਚ ਜਾਣਾ ਕਰ, ਹੇ ਪੰਡਿਤ! ਕਰਮ-ਕਾਂਡ ਅਤੇ ਹੰਕਾਰ ਕਰਨਾ ਇਹ ਸਭ ਤੇਰੇ ਕਿਸੇ ਕੰਮ ਨਹੀਂ ਆਉਣਾ॥ ੧॥ ਰਹਾਉ॥

ਹਰਿ ਕਾ ਜਸੁ ਨਿਧਿ ਲੀਆ ਲਾਭ॥ ਪੂਰਨ ਭਏ ਮਨੋਰਥ ਸਾਭ॥

ਜਿਸ ਨੇ ਨਿਧੀ ਰੂਪ ਹਰੀ ਜਸ ਦਾ ਲਾਭ ਲੀਤਾ ਹੈ। ਉਸ ਦਾ ਸਾਭ=ਸਾਰੇ ਮਨੋਰਥ=ਸੰਕਲਪ ਪੂਰਨ ਹੋ ਗਏ ਹਨ।

ਦੁਖੁ ਨਾਠਾ ਸੁਖੁ ਘਰ ਮਹਿ ਆਇਆ॥
ਸੰਤ ਪ੍ਰਸਾਦਿ ਕਮਲੁ ਬਿਗਸਾਇਆ॥ ੨॥

ਦੁੱਖ ਨੱਸ ਗਿਆ ਹੈ ਤੇ ਹਿਰਦੇ-ਘਰ ਵਿਚ ਸੁਖ ਆਇਆ ਹੈ। ਸੰਤਾਂ ਦੀ ਕਿਰਪਾ ਕਰ ਕੇ ਹਿਰਦਾ-ਕੰਵਲ ਖੇੜੇ ਵਿਚ ਆਇਆ ਹੈ॥ ੨॥

ਨਾਮ ਰਤਨੁ ਜਿਨਿ ਪਾਇਆ ਦਾਨੁ॥ ਤਿਸੁ ਜਨ ਹੋਏ ਸਗਲ ਨਿਧਾਨ॥

ਜਿਸ ਪੁਰਸ਼ ਨੇ ਗੁਰਾਂ ਪਾਸੋਂ ਰਤਨੁ=ਅਮੋਲਕ ਨਾਮ-ਦਾਨ ਪਾਇਆ ਹੈ। ਤਿਸੁ=ਉਸ ਪੁਰਸ਼ ਨੂੰ ਸਾਰੇ ਨਿਧਾਨ=ਖ਼ਜ਼ਾਨੇ ਪ੍ਰਾਪਤ ਹੋਏ ਹਨ।

ਸੰਤੋਖੁ ਆਇਆ ਮਨਿ ਪੂਰਾ ਪਾਇ॥
ਫਿਰਿ ਫਿਰਿ ਮਾਗਨ ਕਾਹੇ ਜਾਇ॥ ੩॥

ਪੂਰਾ ਨਾਮ-ਗਿਆਨ ਪਾਉਣ ਕਰ ਕੇ ਜਿਸ ਦੇ ਮਨ ਵਿਚ ਸੰਤੋਖ ਆ ਗਿਆ ਹੈ। ਉਹ ਬਾਰ-ਬਾਰ ਦੇਵੀ ਦੇਵਤਿਆਂ ਪਾਸੋਂ ਮੰਗਣ ਵਾਸਤੇ ਕਿਸ ਲਈ ਜਾਂਦਾ ਹੈ ਭਾਵ ਨਹੀਂ ਜਾਂਦਾ ॥ ੩॥

ਹਰਿ ਕੀ ਕਥਾ ਸੁਨਤ ਪਵਿਤ॥ ਜਿਹਵਾ ਬਕਤ ਪਾਈ ਗਤਿ ਮਤਿ॥

ਹਰੀ ਦੀ ਕਥਾ ਸੁਣਦਿਆਂ ਉਸ ਦਾ ਮਨ ਪਵਿੱਤਰ ਹੋਇਆ ਹੈ। ਜੀਭ ਨਾਲ ਨਾਮ ਉਚਾਰਦਿਆਂ ਨੇ ਮਤੀ ਵਿਚ ਗਤਿ=ਮੁਕਤੀ ਪਾਈ ਹੈ। *ਅਥਵਾ:-* ਮੁਕਤੀ ਵਾਲੀ ਸ਼ੁਭ ਮਤੀ ਪਾਈ ਹੈ।

ਸੋ ਪਰਵਾਣੁ ਜਿਸੁ ਰਿਦੈ ਵਸਾਈ॥
ਨਾਨਕ ਤੇ ਜਨ ਊਤਮ ਭਾਈ॥ ੪॥ ੧੭॥ ੨੮॥

ਜਿਸ ਨੇ ਹਿਰਦੇ ਵਿਚ ਨਾਮ ਦੀ ਪ੍ਰੀਤੀ ਵਸਾਈ ਹੈ, ਉਹ ਪੁਰਸ਼ ਪ੍ਰਮਾਨੀਕ ਹੈ।

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਸੰਸਾਰ ਵਿਚ ਓਹੀ ਪੁਰਸ਼ ਉੱਤਮ ਹੈ॥ ੪॥ ੧੭॥ ੨੮॥

www.sikhbookclub.com

ਰਾਮਕਲੀ ਮਹਲਾ ੫ ॥

ਮਾਇਆ ਦੀ ਚੰਚਲਤਾ ਦੱਸਦੇ ਹੋਏ ਸੰਤਾਂ ਨੂੰ ਉਪਦੇਸ਼ ਦਿੰਦੇ ਹਨ:-

ਗਹੁ ਕਰਿ ਪਕਰੀ ਨ ਆਈ ਹਾਥਿ ॥ ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥

ਗਹੁ=ਮੋਹ ਕਰ ਕੇ ਜਾਂ ਹਠ ਕਰ ਕੇ ਪਕਰੀ=ਫੜੀ ਹੋਈ ਮਾਇਆ ਕਿਸੇ ਦੇ ਹੱਥ ਵਿਚ ਨਹੀਂ ਆਈ! ਜਿਨ੍ਹਾਂ ਨੇ, ਮਨ ਤਨ ਕਰ ਕੇ ਪ੍ਰੀਤੀ ਕੀਤੀ ਹੈ, ਉਹਨਾਂ ਦੇ ਨਾਲ ਭੀ ਨਹੀਂ ਚਲੀ।

ਕਹੁ ਨਾਨਕ ਜਉ ਤਿਆਗਿ ਦਈ ॥ ਤਬ ਓਹ ਚਰਣੀ ਆਇ ਪਈ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਮਨ ਵਿੱਚੋਂ ਇਸ ਦੀ ਪ੍ਰੀਤੀ ਤਿਆਗ ਦਿੱਤੀ। ਓਸੇ ਵੇਲੇ ਉਹ ਮਾਇਆ ਚਰਨਾਂ ਵਿਚ ਆ ਕੇ ਪੈ ਗਈ॥ ੧ ॥

ਸੁਣਿ ਸੰਤਹੁ ਨਿਰਮਲ ਬੀਚਾਰ ॥

ਹੇ ਸੰਤੋਂ ! ਨਿਰਮਲ ਵਿਚਾਰ ਸੁਣੋ।

ਰਾਮ ਨਾਮ ਬਿਨੁ ਗਤਿ ਨਹੀ ਕਾਈ ਗੁਰੁ ਪੂਰਾ ਭੇਟਤ ਉਧਾਰ ॥ ੧ ॥ ਰਹਾਉ ॥

ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਕਿਸੇ ਦੀ ਮੁਕਤੀ ਨਹੀਂ ਹੁੰਦੀ, ਪੂਰੇ ਗੁਰੂ ਨਾਲ ਮਿਲਣ ਕਰ ਕੇ ਹੀ ਸੰਸਾਰ ਤੋਂ ਤਰਨਾ ਹੁੰਦਾ ਹੈ॥ ੧ ॥ ਰਹਾਉ ॥

[ਪੰਨਾ ੮੬੨]

ਜਬ ਉਸ ਕਉ ਕੋਈ ਦੇਵੈ ਮਾਨੁ ॥ ਤਬ ਆਪਸ ਊਪਰਿ ਰਖੈ ਗੁਮਾਨੁ ॥

ਜਦ ਕੋਈ ਪੁਰਸ਼ ਉਸ ਮਾਇਆ ਨੂੰ ਮਾਨੁ=ਆਦਰ ਦੇਂਦਾ ਹੈ ਭਾਵ ਮਾਇਆ ਦਾ ਪੂਜਨ ਕਰਦਾ ਹੈ। ਤਦ ਮਾਇਆ ਆਪਣੇ ਉੱਤੇ ਗੁਮਾਨੁ=ਹੰਕਾਰ ਰੱਖਦੀ ਹੈ ਕਿ ਮੈਂ ਹੀ ਵੱਡੀ ਹਾਂ ਜਿਸ ਤੇ ਸਾਰੇ ਲੋਕ ਮੇਰਾ ਪੂਜਨ ਕਰਦੇ ਹਨ।

ਜਬ ਉਸ ਕਉ ਕੋਈ ਮਨਿ ਪਰਹਰੈ ॥ ਤਬ ਓਹ ਸੇਵਕਿ ਸੇਵਾ ਕਰੈ ॥ ੨ ॥

ਜਦ ਕੋਈ ਪੂਰਨ ਮਹਾਤਮਾ ਉਸ ਮਾਇਆ ਦੇ ਖਿਆਲ ਨੂੰ ਵਿਚੋਂ ਪਰਹਰੈ=ਤਿਆਗ ਦੇਂਦਾ ਹੈ। ਤਦ ਉਹ ਮਾਇਆ ਸੇਵਕਿ=ਦਾਸੀ ਹੋ ਕੇ ਉਸ ਮਹਾਤਮਾ ਦੀ ਸੇਵਾ ਕਰਦੀ ਹੈ॥ ੨ ॥

ਮੁਖਿ ਬੇਰਾਵੈ ਅੰਤਿ ਠਗਾਵੈ ॥ ਇਕਤੁ ਠਉਰ ਓਹ ਕਹੀ ਨ ਸਮਾਵੈ ॥

ਮੁਖਿ=ਮੂੰਹ ਵਿਖਾ ਕੇ ਸਾਰਿਆਂ ਨੂੰ ਬੇਰਾਵੈ=ਪਰਚਾਉਂਦੀ ਹੈ, *ਅਥਵਾ:-* ਮੁਖਿ=ਮੁਖੀਆਂ ਨੂੰ ਭੀ ਪਰਚਾ ਲੈਂਦੀ ਹੈ? *ਵਾ:-* ਮੁਖਤਾ ਕਰ ਕੇ ਹਰ ਇਕ ਨੂੰ ਆਪਣੇ ਵਿਚ ਪਰਚਾ ਲੈਂਦੀ ਹੈ ਤੇ ਅੰਤ ਨੂੰ ਠੱਗ ਲੈਂਦੀ ਹੈ। ਇਕਤੁ ਠਉਰ=ਇਕ ਜਗ੍ਹਾ ਪਰ ਉਹ ਮਾਇਆ ਕਿਧਰੇ ਭੀ ਸਮਾਉਂਦੀ ਨਹੀਂ ਹੈ।

ਉਨਿ ਮੋਹੇ ਬਹੁਤੇ ਬ੍ਰਹਮੰਡ ॥ ਰਾਮ ਜਨੀ ਕੀਨੀ ਖੰਡ ਖੰਡ ॥ ੩ ॥

ਉਸ ਮਾਇਆ ਨੇ ਬਹੁਤਿਆਂ ਬ੍ਰਹਿਮੰਡਾਂ ਨੂੰ ਮੋਹ ਲੀਤਾ ਹੈ। ਰਾਮ ਦੇ ਸੰਤ ਜਨਾਂ ਨੇ ਉਸ ਮਾਇਆ ਨੂੰ

www.sikhbookclub.com

ਖੰਡ ਖੰਡ=ਟੁਕੜੇ-ਟੁਕੜੇ ਕਰ ਦਿੱਤਾ ਹੈ। ਅਥਵਾ:- ਗਿਆਨ ਰੂਪ ਖੰਡਾ ਫੜ ਕੇ ਮਾਇਆ ਨੂੰ ਖੰਡ ਦਿੱਤਾ ਭਾਵ ਮਿਥਿਆ ਰੂਪ ਨਿਸਚੇ ਕੀਤਾ ਹੈ॥ ੩॥

ਜੋ ਮਾਗੈ ਸੋ ਭੂਖਾ ਰਹੈ॥ ਇਸੁ ਸੰਗਿ ਰਾਚੈ ਸੁ ਕਛੂ ਨ ਲਹੈ॥

ਜੋ ਪੁਰਸ਼ ਮਾਇਆ ਨੂੰ ਮੰਗਦਾ ਹੈ ਉਹ ਭੁੱਖਾ ਹੀ ਰਹਿੰਦਾ ਹੈ। ਜੋ ਇਸ ਮਾਇਆ ਦੇ ਨਾਲ ਰਾਚੈ=ਰਚਦਾ (ਜੁੜਦਾ) ਹੈ ਉਹ ਕੁਝ ਵੀ (ਸ਼ੁਭ ਗੁਣਾਂ ਨੂੰ) ਨਹੀਂ ਲੈਂਦਾ।

ਪ੍ਰਸ਼ਨ:- ਇਸ ਜੀਵ ਦਾ ਤਰਨਾ ਫਿਰ ਕਿਵੇਂ ਹੋਵੇ? ਉੱਤਰ-

ਇਸਹਿ ਤਿਆਗਿ ਸਤਸੰਗਤਿ ਕਰੈ॥
ਵਡਭਾਗੀ ਨਾਨਕ ਓਹੁ ਤਰੈ॥ ੪॥ ੧੮॥ ੨੯॥

ਗੁਰੂ ਜੀ ਕਥਨ ਕਰਦੇ ਹਨ—ਜੋ ਇਸ ਮਾਇਆ ਦੀ ਇੱਛਾ ਨੂੰ ਤਿਆਗ ਕੇ ਸਤਸੰਗਤ ਕਰਦਾ ਹੈ, ਉਹ ਵਡਭਾਗੀ ਪੁਰਸ਼ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ॥ ੪॥ ੧੮॥ ੨੯॥

ਰਾਮਕਲੀ ਮਹਲਾ ੫॥

ਆਤਮ ਰਾਮੁ ਸਰਬ ਮਹਿ ਪੇਖੁ॥ ਪੂਰਨ ਪੂਰਿ ਰਹਿਆ ਪ੍ਰਭ ਏਕੁ॥

ਆਤਮ=ਆਪਣੇ ਆਪ ਨੂੰ ਰਾਮ ਰੂਪ ਸਮਝ ਕੇ ਸਾਰਿਆਂ ਵਿਚ ਵੇਖਣਾ ਕਰ। ਇਕ ਪ੍ਰਭ=ਪਰਮਾਤਮਾ ਪੂਰਨ=ਸੰਪੂਰਨ ਸੰਸਾਰ ਵਿਚ ਪੂਰਨ ਹੋ ਰਿਹਾ ਹੈ।

ਰਤਨੁ ਅਮੋਲੁ ਰਿਦੇ ਮਹਿ ਜਾਨੁ॥ ਅਪਨੀ ਵਸਤੁ ਤੂ ਆਪਿ ਪਛਾਨੁ॥ ੧॥

ਅਮੋਲੁ ਰਤਨੁ=ਪਰਮਾਤਮਾ ਨੂੰ ਹਿਰਦੇ ਵਿਚ ਜਾਣਨਾ ਕਰ। ਹੇ ਭਾਈ ! ਆਪਣੀ ਆਤਮ-ਵਸਤੂ ਨੂੰ ਤੂੰ ਆਪ ਹੀ ਪਛਾਣਨਾ ਕਰ॥ ੧॥

ਪੀ ਅੰਮ੍ਰਿਤੁ ਸੰਤਨ ਪਰਸਾਦਿ॥

ਸੰਤਾਂ ਦੀ ਪਰਸਾਦਿ=ਕਿਰਪਾ ਦੁਆਰੇ ਨਾਮ-ਅੰਮ੍ਰਿਤ ਨੂੰ, ਵਾ:- ਆਤਮਕ-ਅਨੰਦ ਰੂਪੀ ਅੰਮ੍ਰਿਤ ਨੂੰ ਪੀਣਾ ਕਰ।

ਵਡੇ ਭਾਗ ਹੋਵਹਿ ਤਉ ਪਾਈਐ
ਬਿਨੁ ਜਿਹਵਾ ਕਿਆ ਜਾਣੈ ਸੁਆਦੁ॥ ੧॥ ਰਹਾਉ॥

ਸਭ ਤੋਂ ਵੱਡੇ ਭਾਗ ਹੋਣ ਤਾਂ ਆਤਮਕ-ਅਨੰਦ ਰੂਪੀ ਅੰਮ੍ਰਿਤ ਪਾਈਦਾ ਹੈ, ਜਿਵੇਂ ਪ੍ਰਤੱਖ ਜੀਭ ਤੋਂ ਬਿਨਾਂ ਰਸਾਂ ਦੇ ਸੁਆਦ ਨੂੰ ਕਿਵੇਂ ਜਾਣ ਸਕਦਾ ਹੈ? ਤਿਵੇਂ ਪ੍ਰੀਤੀ ਰੂਪੀ, ਵਾ:- ਚਿਤ ਬਿਰਤੀ ਦੀ ਇਕਾਗਰਤਾ ਰੂਪੀ ਜੀਭ ਤੋਂ ਬਿਨਾਂ ਆਤਮਕ-ਅਨੰਦ ਦੇ ਸੁਆਦ ਨੂੰ ਕਿਵੇਂ ਜਾਣ ਸਕਦਾ ਹੈ॥ ੧॥ ਰਹਾਉ॥

ਅਠਦਸ ਬੇਦ ਸੁਨੇ ਕਹ ਡੋਰਾ॥ ਕੋਟਿ ਪ੍ਰਗਾਸ ਨ ਦਿਸੈ ਅੰਧੇਰਾ॥

ਡੋਰਾ=ਬੋਲ਼ਾ ਪੁਰਸ਼ ਅਠਦਸ=ਅਠਾਰਾਂ ਪੁਰਾਣਾਂ ਤੇ ਚਾਰੇ ਵੇਦਾਂ ਨੂੰ ਕਿਵੇਂ ਸੁਣ ਸਕਦਾ ਹੈ? ਏਸੇ ਤਰ੍ਹਾਂ ਨਿਸਚਾ ਵਿਚਾਰ ਰੂਪ ਕੰਨਾਂ ਤੋਂ ਰਹਿਤ ਜੋ ਬੋਲ਼ਾ ਪੁਰਸ਼ ਹੈ, ਉਸ ਨੂੰ ਅਠਾਰਾਂ ਪੁਰਾਣਾਂ ਤੇ ਚਾਰ ਵੇਦਾਂ ਦਾ ਸਿਧਾਂਤ

ਕਹਿ ਕੇ ਸੁਣਾਈਏ ਤਾਂ ਉਹ ਕਿਵੇਂ ਸੁਣ ਸਕਦਾ ਹੈ?

ਜਿਵੇਂ ਕਰੋੜਾਂ (ਦੀਵਿਆਂ ਦਾ) ਪ੍ਰਕਾਸ਼ ਭੀ ਹੋਵੇ ਤਾਂ ਭੀ ਅੰਨ੍ਹੇ ਨੂੰ ਕੁਝ ਦਿਸਦਾ ਨਹੀਂ ਹੈ, ਤਿਵੇਂ ਕਰੋੜਾਂ ਸ਼ਾਸਤ੍ਰਾਂ ਰੂਪ ਦੀਵਿਆਂ ਦਾ ਪ੍ਰਕਾਸ਼ ਭੀ ਹੋਵੇ ਭਾਵ ਬਹੁਤੇ ਗ੍ਰੰਥ ਪੜ੍ਹਿਆ ਹੋਇਆ ਭੀ ਹੋਵੇ ਤਾਂ ਭੀ ਗਿਆਨ ਵੈਰਾਗ ਰੂਪੀ ਅੱਖਾਂ ਤੋਂ ਰਹਿਤ ਅੰਨ੍ਹੇ ਪੁਰਸ਼ ਨੂੰ ਪਰਮੇਸ਼ਰ ਨਿਗਾਹ ਨਹੀਂ ਆਉਂਦਾ।

ਯਥਾ:- ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥
ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥ *(ਪੰਨਾ ੨੬੭)*

ਪਸੂ ਪਰੀਤਿ ਘਾਸ ਸੰਗਿ ਰਚੈ॥
ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੂਝੈ॥ ੨॥

ਜਿਵੇਂ ਪਸ਼ੂ ਦੀ ਪ੍ਰੀਤੀ ਘਾਹ ਦੇ ਨਾਲ ਤਦਾਕਾਰ ਹੋਣ ਦੀ ਹੈ।*

ਤਿਵੇਂ ਜੀਵ ਰੂਪ ਪਸ਼ੂ ਦੀ ਵਿਸ਼ਿਆਂ ਰੂਪ ਘਾਹ ਦੇ ਚਰਨ (ਖਾਣ) ਵਿਚ ਪ੍ਰੀਤੀ ਹੈ। ਜਿਸ ਨੂੰ ਪਰਮੇਸ਼ਰ ਸਮਝਾਉਂਦਾ ਨਹੀਂ ਹੈ, ਉਹ ਕਿਸ ਪ੍ਰਕਾਰ ਬੁਝੈ=ਸਮਝ ਸਕਦਾ ਹੈ? ॥ ੨॥

ਜਾਨਣਹਾਰੁ ਰਹਿਆ ਪ੍ਰਭੁ ਜਾਨਿ॥ ਓਤਿ ਪੋਤਿ ਭਗਤਨ ਸੰਗਾਨਿ॥

ਜਾਣਨ ਵਾਲਾ ਪ੍ਰਭੂ ਸਾਰੀਆਂ ਗੱਲਾਂ ਜਾਣ ਰਿਹਾ ਹੈ ਅਤੇ ਓਤਿ ਪੋਤਿ=ਤਾਣੇ ਪੇਟੇ ਵਾਂਗੂ ਭਗਤਾਂ ਦਾ ਸੰਗਾਨਿ=ਸੰਗੀ ਹੈ।

ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ॥

ਇਸੀ ਤੇ ਭਗਤ ਜਨ ਬਿਗਸਿ ਬਿਗਸਿ=ਬਹੁਤ ਹੀ ਪ੍ਰਸੰਨ ਹੋ ਕੇ ਆਪਣੇ ਪ੍ਰਭੂ ਦੇ ਜਸ ਨੂੰ ਗਾਉਂਦੇ ਹਨ।

ਨਾਨਕ ਤਿਨ ਜਮ ਨੇੜਿ ਨ ਆਵਹਿ॥ ੩॥ ੧੯॥ ੩੦॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ (ਭਗਤਾਂ) ਦੇ ਨੇੜੇ ਜਮ ਆਉਂਦਾ ਨਹੀਂ ਹੈ॥ ੩॥ ੧੯॥ ੩੦॥

ਰਾਮਕਲੀ ਮਹਲਾ ੫॥

ਦੀਨੋ ਨਾਮੁ ਕੀਓ ਪਵਿਤੁ॥ ਹਰਿ ਧਨੁ ਰਾਸਿ ਨਿਰਾਸ ਇਹ ਬਿਤੁ॥

ਧੰਨ ਗੁਰਦੇਵ ਹਨ ਜਿਨ੍ਹਾਂ ਨੇ ਨਾਮ-ਸਿਮਰਨ ਦੇ ਕੇ ਜਗਿਆਸੂ ਦੇ ਅੰਤਹਕਰਨ ਨੂੰ ਪਵਿਤਰ ਕੀਤਾ ਹੈ। ਪੁਨਾ ਹਰੀ ਨਾਮ-ਧਨ ਦੀ ਅਜੇਹੀ ਰਾਸਿ=ਪੂੰਜੀ ਦਿੱਤੀ ਹੈ, ਜਿਸ ਨਾਲ ਇਸ ਪ੍ਰਤੱਖ ਬਿਤੁ=ਧਨ ਤੋਂ ਚਿਤ ਨਿਰਾਸ ਹੋ ਗਿਆ ਹੈ। *ਅਥਵਾ:-* ਜੇਹੜਾ ਰਾਸਿ=ਸੱਚਾ ਹਰੀ ਨਾਮ-ਧਨ ਦਿੱਤਾ ਹੈ, ਨਿਰਾਸਿਆਂ ਦਾ ਏਹੀ ਅਸਲ ਬਿਤੁ=ਧਨ ਹੈ।

ਕਾਟੀ ਬੰਧਿ ਹਰਿ ਸੇਵਾ ਲਾਏ॥ ਹਰਿ ਹਰਿ ਭਗਤਿ ਰਾਮ ਗੁਣ ਗਾਏ॥ ੧॥

ਹਰੀ ਦੀ ਸੇਵਾ ਵਿਚ ਲਗਾ ਕੇ ਮਾਇਆ ਦੀ ਬੰਧਿ=ਫਾਹੀ ਕੱਟ ਦਿੱਤੀ ਹੈ। ਹਰਿ ਹਰਿ ਦੇ ਭਗਤ ਰਾਮ ਦੇ ਗੁਣ ਗਾਉਂਦੇ ਹਨ। *ਅਥਵਾ:-*ਮਨ ਕਰ ਕੇ ਹਰੀ-ਰਾਮ ਦੀ ਭਗਤੀ ਕਰਦੇ ਹਨ ਅਤੇ ਬਾਣੀ ਦੁਆਰਾ ਹਰੀ

**ਯਥਾ :- ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥* *(ਪੰਨਾ ੧੪੩)*

ਦੇ ਗੁਣ ਗਾਉਂਦੇ ਹਨ॥ ੧॥

ਬਾਜੇ ਅਨਹਦ ਬਾਜਾ॥

ਅਨਹਦ=ਇਕ-ਰਸ ਨਾਮਾ ਰੂਪੀ ਵਾਜੇ ਵੱਜ ਰਹੇ ਹਨ।

ਰਸਕਿ ਰਸਕਿ ਗੁਣ ਗਾਵਹਿ ਹਰਿ ਜਨ
ਅਪਨੈ ਗੁਰਦੇਵਿ ਨਿਵਾਜਾ॥ ੧॥ ਰਹਾਉ॥

ਹਰਿ ਦੇ ਸੰਤ ਜਨ ਰਸਕਿ ਰਸਕਿ=ਤਦਾਕਾਰ ਹੀ ਤਦਾਕਾਰ ਹੋ ਕੇ ਹਰ ਵੇਲੇ ਗੁਣਾਂ ਨੂੰ ਗਾਉਂਦੇ ਹਨ, ਉਹਨਾਂ ਨੂੰ ਆਪਣੇ ਗੁਰਦੇਵਾਂ ਨੇ ਨਿਵਾਜਾ=ਵਡਿਆਇਆ ਹੈ॥ ੧॥ ਰਹਾਉ॥

ਆਇ ਬਨਿਓ ਪੂਰਬਲਾ ਭਾਗੁ॥ ਜਨਮ ਜਨਮ ਕਾ ਸੋਇਆ ਜਾਗੁ॥

ਜਿਸ ਵੇਲੇ ਪੂਰਬਲੇ ਜਨਮ ਦਾ ਕੀਤਾ ਹੋਇਆ ਕੋਈ ਚੰਗਾ ਭਾਗੁ=ਪੁੰਨ ਫਲ ਦੇਣੇ ਨੂੰ ਆ ਕੇ ਤਿਆਰ ਬਣਿਆ ਤਾਂ ਅਨੇਕਾਂ ਜਨਮਾਂ ਦਾ ਸੁੱਤਾ ਹੋਇਆ ਮਨ ਗਿਆਨ-ਜਾਗ੍ਰਤ ਵਿਚ ਜਾਗ ਪਿਆ।

ਗਈ ਗਿਲਾਨਿ ਸਾਧ ਕੈ ਸੰਗਿ॥ ਮਨੁ ਤਨੁ ਰਾਤੋ ਹਰਿ ਕੈ ਰੰਗਿ॥ ੨॥

ਸੰਤਾਂ ਦੇ ਸਤਸੰਗ ਦੁਆਰਾ ਉਨ੍ਹਾਂ ਦੇ ਮਨ ਦੀ ਗਿਲਾਨੀ ਚਲੀ ਗਈ ਹੈ। ਉਹਨਾਂ ਦਾ ਮਨ ਤਨ ਹਰੀ ਦੇ ਰੰਗਿ=ਪ੍ਰੇਮ ਵਿਚ, ਵਾ:- ਅਨੰਦ ਵਿਚ ਰੰਗਿਆ ਗਿਆ ਹੈ॥ ੨॥

ਰਾਖੇ ਰਾਖਨਹਾਰ ਦਇਆਲ॥ ਨਾ ਕਿਛੁ ਸੇਵਾ ਨਾ ਕਿਛੁ ਘਾਲ॥

ਰੱਖਣ ਵਾਲੇ ਦਿਆਲੂ ਪਰਮਾਤਮਾ ਨੇ ਆਪ ਉਨ੍ਹਾਂ ਨੂੰ ਸੰਸਾਰ ਤੋਂ ਰੱਖ ਲਿਆ ਹੈ। ਪਰ- ਉਨ੍ਹਾਂ ਨੇ ਸਰੀਰ ਕਰ ਕੇ ਨਾ ਕੁਛ ਸੇਵਾ ਕੀਤੀ ਹੈ, ਨਾ ਹੀ ਮਨ ਕਰ ਕੇ ਕੁਝ ਜਪ ਤਪ ਦੀ ਘਾਲ=ਕਮਾਈ ਕੀਤੀ ਹੈ।

ਕਰਿ ਕਿਰਪਾ ਪ੍ਰਭਿ ਕੀਨੀ ਦਇਆ॥
ਬੂਡਤ ਦੁਖ ਮਹਿ ਕਾਢਿ ਲਇਆ॥ ੩॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਉਨ੍ਹਾਂ 'ਤੇ ਦਇਆ ਹੀ ਕੀਤੀ ਹੈ। ਜੋ ਦੁਖਦਾਈ ਸੰਸਾਰ-ਸਮੁੰਦਰ ਵਿੱਚੋਂ ਡੁਬਦੇ ਹੋਇਆਂ ਨੂੰ ਕੱਢ ਲੀਤਾ ਹੈ।

ਸੁਣਿ ਸੁਣਿ ਉਪਜਿਓ ਮਨ ਮਹਿ ਚਾਉ॥
ਆਠ ਪਹਰ ਹਰਿ ਕੇ ਗੁਣ ਗਾਉ॥

ਗੁਰਾਂ ਦੇ ਬਚਨ ਸੁਣਦਿਆਂ ਸੁਣਦਿਆਂ, ਵਾ:- ਸੁਣਿ=ਕੰਨਾਂ ਵਿਚ ਸੁਣਦਿਆਂ ਜਿਨ੍ਹਾਂ ਦੇ ਮਨ ਵਿਚ ਭਜਨ ਕਰਨ ਦਾ ਚਾਉ=ਉਤਸ਼ਾਹ ਉਪਜਿਓ=ਪੈਦਾ ਹੋਇਆ ਹੈ। ਉਹ ਅੱਠੇ ਪਹਰ ਹਰੀ ਦੇ ਗੁਣ ਗਾਉਂਦੇ ਹਨ।

ਗਾਵਤ ਗਾਵਤ ਪਰਮ ਗਤਿ ਪਾਈ॥
ਗੁਰ ਪ੍ਰਸਾਦਿ ਨਾਨਕ ਲਿਵ ਲਾਈ॥ ੪॥ ੨੦॥ ੩੧॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੀ ਕਿਰਪਾ ਦੁਆਰੇ ਜਿਨ੍ਹਾਂ ਨੇ ਲਿਵ ਲਗਾਈ ਹੈ। ਉਹਨਾਂ ਨੇ ਗੁਣ

www.sikhbookclub.com

ਗਾਂਵਦਿਆਂ ਗਾਂਵਦਿਆਂ ਪਰਮ ਗਤਿ=ਕੈਵਲ ਮੁਕਤੀ ਪਾਈ ਹੈ॥ ੪॥ ੨੦॥ ੩੧॥

ਰਾਮਕਲੀ ਮਹਲਾ ੫॥

ਅਭਾਗੇ ਤੈ ਲਾਜ ਨਾਹੀ॥ ਹੇ ਨਿਭਾਗੇ ਪੁਰਸ਼ਾ! ਤੈਨੂੰ ਸ਼ਰਮ ਨਹੀਂ ਆਉਂਦੀ? ਜੋ-

ਕਉਡੀ ਬਦਲੈ ਤਿਆਗੈ ਰਤਨੁ॥ ਛੋਡਿ ਜਾਇ ਤਾਹੂ ਕਾ ਜਤਨੁ॥

ਕਉਡੀ=ਵਿਸ਼ਿਆਂ ਦੇ ਬਦਲੇ ਰਤਨੁ=ਅਮੋਲਕ ਸ੍ਵਾਸਾਂ ਨੂੰ ਨਿਸਫਲ ਗੁਆ ਰਿਹਾ ਹੈਂ।

ਅਥਵਾ:- ਕਉਡੀ=ਮਾਇਆ ਦੇ ਬਦਲੇ ਰਤਨੁ=ਅਮੋਲਕ ਨਾਮ ਨੂੰ ਤਿਆਗ ਰਿਹਾ ਹੈਂ। ਜੋ ਪਦਾਰਥ *ਵਾ:-* ਸਬੰਧੀ ਛੱਡ ਜਾਣੇ ਹਨ, ਉਹਨਾਂ (ਦੀ ਪ੍ਰਾਪਤੀ) ਦਾ ਤੂੰ ਜਤਨ ਕਰਦਾ ਹੈਂ।

ਸੋ ਸੰਚੈ ਜੋ ਹੋਛੀ ਬਾਤ॥ ਮਾਇਆ ਮੋਹਿਆ ਟੇਢਉ ਜਾਤ॥ ੧॥

ਉਹ ਚੀਜ਼ਾਂ ਤੂੰ ਸੰਚੈ=ਇਕੱਤ੍ਰ ਕਰਦਾ ਹੈਂ ਜਿਨ੍ਹਾਂ ਦੀਆਂ ਬਾਤ=ਗੱਲਾਂ ਹੋਛੀ=ਤੁੱਛ ਹਨ। ਮਾਇਆ ਦਾ ਮੋਹਿਆ ਹੋਇਆ ਤੂੰ ਗੁਰੂ ਤੇ ਪੀਰ ਤੋਂ ਅਤੇ ਵੇਦਾਂ ਤੇ ਸ਼ਾਸਤ੍ਰਾਂ ਦੇ ਵਿਚਾਰ ਤੋਂ ਜਾਂ ਸਿਧਾਂਤ ਤੋਂ ਟੇਢਾ ਜਾਂਦਾ ਹੈਂ॥ ੧॥

ਅਭਾਗੇ ਤੈ ਲਾਜ ਨਾਹੀ॥

ਹੇ ਅਭਾਗੇ=ਖੋਟਿਆਂ ਭਾਗਾਂ ਵਾਲੇ ਪੁਰਸ਼ਾ ! ਤੈਨੂੰ ਸ਼ਰਮ ਨਹੀਂ ਆਉਂਦੀ।

ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ॥ ੧॥ ਰਹਾਉ॥

ਸੁਖਾਂ ਦਾ ਸਮੁੰਦਰ ਪਰਮੇਸ਼ਰ ਜੋ ਸਾਰੇ ਸੰਸਾਰ ਵਿਚ ਪੂਰਨ=ਭਰਪੂਰ ਹੈ ਉਸ ਹਰੀ ਨੂੰ ਤੂੰ ਮਨ ਵਿਚ ਚੇਤਿਓ=ਯਾਦ ਨਹੀਂ ਕੀਤਾ॥ ੧॥ ਰਹਾਉ॥

ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥

ਨਾਮ-ਅੰਮ੍ਰਿਤ ਤੈਨੂੰ ਕੌੜਾ ਲੱਗ ਰਿਹਾ ਹੈ ਤੇ ਵਿਸ਼ਿਆਂ ਦੀ ਪ੍ਰੀਤੀ ਮਿੱਠੀ ਲੱਗ ਰਹੀ ਹੈ। ਇਹ ਸਾਕਤਾਂ ਦੀ ਵਿਧੀ ਅਸਾਂ ਨੇ ਨੈਨਹੁ=ਅੱਖਾਂ ਨਾਲ ਵੇਖੀ ਹੈ।

ਕੂੜਿ ਕਪਟਿ ਅਹੰਕਾਰਿ ਰੀਝਾਨਾ॥

[ਪੰਨਾ ੮੯੩]

ਨਾਮੁ ਸੁਨਤ ਜਨੁ ਬਿਛੂਆ ਡਸਾਨਾ॥ ੨॥

ਕੂੜਿ=ਝੂਠ ਬੋਲਣ ਵਿਚ, ਕਪਟਿ=ਵਲ-ਛਲ ਕਰਨ ਵਿਚ ਅਤੇ ਜੁਆਨੀ ਦੇ ਹੰਕਾਰ ਕਰਨ ਵਿਚ ਤੂੰ ਰੀਝਾਨਾ=ਪ੍ਰਸੰਨ ਹੋ ਰਿਹਾ ਹੈਂ ਤੇ ਪ੍ਰਭੂ ਦਾ ਨਾਮ ਸੁਣਨ ਵੇਲੇ ਤੂੰ ਇਤਨਾ ਦੁਖੀ ਹੁੰਦਾ ਹੈਂ ਮਾਨੋਂ ਕਾਲਾ ਜ਼ਹਿਰੀ ਬਿਛੂ ਡਸਾਨਾ=ਡੰਗ ਮਾਰ ਜਾਂਦਾ ਹੈ॥ ੨॥

ਮਾਇਆ ਕਾਰਣਿ ਸਦ ਹੀ ਝੂਰੈ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ॥

ਮਾਇਆ ਦੀ ਪ੍ਰਾਪਤੀ ਵਾਸਤੇ ਤੂੰ ਸਦਾ ਹੀ ਝੁਰਦਾ ਹੈਂ। ਹੇ ਮਨਮੁਖ ! ਮਨ ਕਰ ਕੇ ਤੇ ਮੂੰਹ ਕਰ ਕੇ ਤੂੰ ਕਦੇ ਭੀ ਪ੍ਰਭੂ ਦੀ ਉਸਤਤੀ ਨਹੀਂ ਕਰਦਾ।

www.sikhbookclub.com

ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥ ੩ ॥

ਜੋ ਨਿਰੰਕਾਰ ਪ੍ਰਭੂ ਨਿਰਭਉ ਹੈ ਤੇ ਸਾਰਿਆਂ ਦਾ ਦਾਤਾ ਹੈ। ਹੇ ਗਵਾਰੁ=ਮੂਰਖ ਪੁਰਸ਼ਾ ! ਤੂੰ ਉਸ ਨਾਲ ਤਾਂ ਪ੍ਰੀਤੀ ਕਰਦਾ ਹੀ ਨਹੀਂ ਹੈਂ॥ ੩ ॥

ਸਭ ਸਾਹਾ ਸਿਰਿ ਸਾਚਾ ਸਾਹੁ ॥ ਵੇਮੁਹਤਾਜੁ ਪੂਰਾ ਪਾਤਿਸਾਹੁ ॥

ਸਾਰਿਆਂ ਸ਼ਾਹਾਂ ਦਾ ਉਹ ਸਿਰਿ=ਸ਼੍ਰੋਮਣੀ ਸੱਚਾ ਸ਼ਾਹ ਹੈ। ਫਿਰ ਬੇ-ਮੁਹਤਾਜ ਹੈ ਅਤੇ ਪੂਰਾ ਪਾਤਸ਼ਾਹ ਹੈ। (ਉਸ ਅੱਗੇ ਤੂੰ ਬੇਨਤੀ ਕਰ)।

ਮੋਹ ਮਗਨ ਲਪਟਿਓ ਭ੍ਰਮ ਗਿਰਹ ॥
ਨਾਨਕ ਤਰੀਐ ਤੇਰੀ ਮਿਹਰ ॥ ੪ ॥ ੨੧ ॥ ੩੨ ॥

ਮੋਹ ਵਿਚ ਮਸਤ ਹੋ ਕੇ ਮੈਂ ਭਰਮ ਰੂਪ ਗ੍ਰਿਹ ਵਿਚ ਲੰਪਟ ਹੋ ਰਿਹਾ ਹਾਂ।

ਵਾ:- ਭਰਮ ਦਾ ਗ੍ਰਸਿਆ ਹੋਇਆ ਮੋਹ ਦੀ ਮਗਨ=ਮਸਤੀ ਵਿਚ ਲੰਪਟ ਹਾਂ। ਵਾ:- ਮੋਹ ਦੀ ਮਸਤੀ ਵਿਚ ਲੰਪਟ ਹੋ ਕੇ ਗਿਰਹ=ਘਰਾਂ ਵਿਚ ਭਰਮ ਰਿਹਾ ਹਾਂ। ਵਾ:- ਨੌਂ ਗ੍ਰਿਹਾਂ ਦੇ ਪੂਜਣ ਵਿਚ ਭਰਮ ਰਿਹਾ ਹਾਂ ਪਰ ਤੇਰੀ ਮੇਹਰ ਦੇ ਹੋਣ ਕਰ ਕੇ ਤਰਨਾ ਹੁੰਦਾ ਹੈ॥ ੪ ॥ ੨੧ ॥ ੩੨ ॥

ਰਾਮਕਲੀ ਮਹਲਾ ੫ ॥

ਰੈਣਿ ਦਿਨਸੁ ਜਪਉ ਹਰਿ ਨਾਉ ॥ ਆਗੈ ਦਰਗਹ ਪਾਵਉ ਥਾਉ ॥

ਹੇ ਭਾਈ ! ਰਾਤ ਦਿਨ ਹਰੀ-ਨਾਮ ਨੂੰ ਜਪਣਾ ਕਰੋ। ਤਾਂ ਅੱਗੇ ਪ੍ਰਲੋਕ ਦਰਗਾਹ ਵਿਚ ਥਾਂ ਭਾਵ ਆਦਰ ਪਾਓਗੇ।

ਸਦਾ ਅਨੰਦੁ ਨ ਹੋਵੀ ਸੋਗੁ ॥ ਕਬਹੂ ਨ ਬਿਆਪੈ ਹਉਮੈ ਰੋਗੁ ॥ ੧ ॥

ਸਦਾ=ਨਿਤ ਅਨੰਦ ਹੋਵੇਗਾ, ਫਿਰ ਕਦੇ ਸੋਗੁ=ਚਿੰਤਾ ਨਹੀਂ ਹੋਵੇਗੀ ਅਤੇ ਨਾ ਹੀ ਕਦੇ ਹਉਮੈ ਰੂਪੀ ਰੋਗ ਵਿਆਪੇਗਾ॥ ੧ ॥

ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ ॥

ਹੇ ਸੰਤੋ ! ਬ੍ਰਹਮ ਗਿਆਨੀਆਂ ਦੁਆਰੇ ਹਰੀ ਨੂੰ ਖੋਜਣਾ ਕਰੋ।

ਬਿਸਮਨ ਬਿਸਮ ਭਏ ਬਿਸਮਾਦਾ
ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ ॥ ੧ ॥ ਰਹਾਉ ॥

ਮਨ ਵਿਸ਼ਿਆਂ ਵਲੋਂ ਬਿਸਮਿਆ ਭਾਵ ਰਹਿਤ ਹੋਇਆ ਤਾਂ ਬਿਸਮਾਦਾ=ਅਸਚਰਜ ਰੂਪ ਹੋਏ, ਹੇ ਪ੍ਰਾਣੀ! ਤੂੰ ਭੀ ਹਰੀ ਨੂੰ ਸਿਮਰ ਤਾਂ ਪਰਮ ਗਤਿ=ਕੈਵਲ ਮੁਕਤੀ ਨੂੰ ਪਾਵੇਂਗਾ॥ ੧ ॥ ਰਹਾਉ ॥

ਗਨਿ ਮਿਨਿ ਦੇਖਹੁ ਸਗਲ ਬੀਚਾਰਿ ॥ ਨਾਮ ਬਿਨਾ ਕੋ ਸਕੈ ਨ ਤਾਰਿ ॥

ਬੇਸ਼ੱਕ, ਸਾਰਿਆਂ ਵਿਚਾਰਾਂ ਨੂੰ ਗਨਿਮਿਨਿ=ਨਿਰਣੇ ਕਰ ਕੇ ਦੇਖੋ। ਨਾਮ ਤੋਂ ਬਿਨਾਂ ਕੋਈ ਸਾਧਨ ਭੀ ਤਾਰ

ਨਹੀਂ ਸਕਦਾ।

ਸਗਲ ਉਪਾਵ ਨ ਚਾਲਹਿ ਸੰਗਿ ॥ ਭਵਜਲੁ ਤਰੀਐ ਪ੍ਰਭ ਕੈ ਰੰਗਿ ॥ ੨ ॥

(ਯੱਗ, ਵਰਤ, ਤੀਰਥ ਸ਼ਨਾਨ ਆਦਿਕ) ਸਾਰੇ ਉਪਾਵ ਜੀਵ ਦੇ ਨਾਲ ਅੰਤ ਨੂੰ ਸਹਾਇਕ ਬਣ ਕੇ ਨਹੀਂ ਚਲਦੇ। ਪ੍ਰਭੂ ਵਿਚ ਪ੍ਰੇਮ ਕਰਨ ਕਰ ਕੇ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੨ ॥

ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥

(ਤੀਰਥਾਂ ਦੇ ਪਾਣੀ ਨਾਲ ਅਸਥੂਲ) ਦੇਹ ਧੋਣ ਕਰ ਕੇ ਹਿਰਦੇ ਦੀ (ਰਾਗ ਦ੍ਵੈਸ਼ ਰੂਪੀ) ਮੈਲ ਉਤਰਦੀ ਨਹੀਂ ਹੈ। ਹਉਮੈ ਦੇ ਸਹਿਤ ਕਰਮ ਕਰਨ ਨਾਲ ਦੁਬਿਧਾ ਰੂਪੀ ਫੈਲ=ਫਲ ਵਿਆਪਦਾ ਹੈ। ਵਾ:- ਹਉਮੈ ਦੇ ਵਿਆਪਣ ਕਰ ਕੇ ਦੁਬਿਧਾ ਨੂੰ ਫੈਲੁ=ਫੈਲਾਉਂਦਾ ਹੈ।

ਹਰਿ ਹਰਿ ਅਉਖਧੁ ਜੋ ਜਨੁ ਖਾਇ ॥
ਤਾ ਕਾ ਰੋਗੁ ਸਗਲ ਮਿਟਿ ਜਾਇ ॥ ੩ ॥

ਜਿਹੜਾ ਪੁਰਸ਼ ਹਰਿ ਹਰਿ ਨਾਮ ਰੂਪੀ ਔਸ਼ਧੀ ਨੂੰ ਖਾਂਦਾ ਹੈ। ਉਸ ਦਾ ਜਨਮ ਮਰਨ ਰੂਪੀ ਸਾਰਾ ਰੋਗ ਮਿਟ ਜਾਂਦਾ ਹੈ॥ ੩ ॥ ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀ ਕਰ-

ਕਰਿ ਕਿਰਪਾ ਪਾਰਬ੍ਰਹਮ ਦਇਆਲ ॥ ਮਨ ਤੇ ਕਬਹੁ ਨ ਬਿਸਰੁ ਗੋਪਾਲ ॥

ਹੇ ਪਾਰਬ੍ਰਹਮ ਦਿਆਲੂ ! ਮੇਰੇ ਉੱਤੇ ਕਿਰਪਾ ਦੀ ਨਜ਼ਰ ਰੱਖ। ਹੇ ਗੋਪਾਲ ! ਮੇਰੇ ਮਨ ਵਿੱਚੋਂ ਕਦੇ ਬਿਸਰੁ=ਭੁੱਲ ਨਾ। ਇਹ ਭੀ ਕਿਰਪਾ ਕਰ-

ਤੇਰੇ ਦਾਸ ਕੀ ਹੋਵਾ ਧੂਰਿ ॥
ਨਾਨਕ ਕੀ ਪ੍ਰਭ ਸਰਧਾ ਪੂਰਿ ॥ ੪ ॥ ੨੨ ॥ ੩੩ ॥

ਮੈਂ ਤੇਰੇ ਦਾਸਾਂ ਦੀ ਚਰਨ-ਧੂੜ ਹੋਵਾਂ। ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ! ਮੈਂ ਦਾਸ ਦੀ ਸ਼ਰਧਾ ਪੂਰਨ ਕਰ ॥ ੪ ॥ ੨੨ ॥ ੩੩ ॥

ਰਾਮਕਲੀ ਮਹਲਾ ੫ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

ਤੇਰੀ ਸਰਣਿ ਪੂਰੇ ਗੁਰਦੇਵ ॥ ਤੁਧੁ ਬਿਨੁ ਦੂਜਾ ਨਾਹੀਂ ਕੋਇ ॥

ਹੇ ਪੂਰਨ ਪਰਮਾਤਮਾ ! ਮੇਰੇ ਗੁਰਦੇਵ ਆਪ ਹੋ, ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਅਥਵਾ:- ਹੇ ਦੇਵ=ਪ੍ਰਕਾਸ਼ ਰੂਪ ਪੂਰਨ ਪ੍ਰਭੂ ਗੁਰ=ਪੂਜਨੀਕ, ਵਾ:- ਸਭ ਤੋਂ ਵੱਡੇ ਮੈਂ ਤੇਰੀ ਸ਼ਰਨ ਹਾਂ। ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਸਮਰੱਥ ਨਹੀਂ ਹੈ।

ਤੂ ਸਮਰਥੁ ਪੂਰਨ ਪਾਰਬ੍ਰਹਮੁ ॥ ਸੋ ਧਿਆਏ ਪੂਰਾ ਜਿਸੁ ਕਰਮੁ ॥ ੧ ॥

ਹੇ ਪੂਰਨ ਪਾਰਬ੍ਰਹਮ ! ਇਕ ਤੂੰ ਹੀ ਸਰਬ ਕਲਾਂ ਸਮਰੱਥ ਹੈਂ। ਜਿਸ ਦਾ ਕਰਮੁ=ਭਾਗ ਪੂਰਾ ਹੈ, ਓਹੀ

ਪੁਰਸ਼ ਆਪ ਜੀ ਦੇ ਨਾਮ ਨੂੰ ਧਿਆਉਂਦਾ ਹੈ॥ ੧॥

ਤਰਣ ਤਾਰਣ ਪ੍ਰਭ ਤੇਰੋ ਨਾਉ॥

ਹੇ ਪ੍ਰਭੂ ! ਤੇਰਾ ਨਾਮ ਹੀ ਸੰਸਾਰ-ਸਮੁੰਦਰ ਤੋਂ ਤਾਰਨ ਨੂੰ ਤਰਣ=ਜਹਾਜ਼ ਰੂਪ ਹੈ।

ਏਕਾ ਸਰਣਿ ਗਹੀ ਮਨ ਮੇਰੈ ਤੁਧੁ ਬਿਨੁ ਦੂਜਾ ਨਾਹੀ ਠਾਉ॥੧॥ਰਹਾਉ॥

ਮੇਰੇ ਮਨ ਨੇ ਇਕ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਦੂਜਾ ਥਾਂ ਨਹੀਂ ਹੈ॥ ੧॥ ਰਹਾਉ॥

ਜਪਿ ਜਪਿ ਜੀਵਾ ਤੇਰਾ ਨਾਉ॥ ਆਗੈ ਦਰਗਹ ਪਾਵਉ ਠਾਉ॥

ਮੈਂ ਆਪ ਜੀ ਦਾ ਨਾਮ ਜਪ-ਜਪ ਕੇ ਜੀਉਂਦਾ ਹਾਂ, ਇਸੀ ਤੇ ਮੈਂ ਅੱਗੇ ਦਰਗਾਹ ਵਿਚ ਥਾਂ ਨੂੰ ਪਾਵਾਂਗਾ।

ਦੂਖੁ ਅੰਧੇਰਾ ਮਨ ਤੇ ਜਾਇ॥ ਦੁਰਮਤਿ ਬਿਨਸੈ ਰਾਚੈ ਹਰਿ ਨਾਇ॥੨॥

ਦੁਖਦਾਈ ਅਗਿਆਨ ਰੂਪ ਹਨੇਰਾ ਮਨ ਵਿੱਚੋਂ ਚਲਿਆ ਜਾਏਗਾ। ਹਰੀ-ਨਾਮ ਵਿਚ ਤਦਾਕਾਰ ਹੋਣ ਕਰ ਕੇ ਖੋਟੀ ਮਤ ਬਿਨਸ ਜਾਂਦੀ ਹੈ।

ਚਰਨ ਕਮਲ ਸਿਉ ਲਾਗੀ ਪ੍ਰੀਤਿ॥ ਗੁਰ ਪੂਰੇ ਕੀ ਨਿਰਮਲ ਰੀਤਿ॥

ਪੂਰਿਆਂ ਗੁਰਾਂ ਦੀ ਨਿਰਮਲ ਰੀਤੀ ਧਾਰਨ ਕਰਨ ਨਾਲ । ਆਪ ਜੀ ਦੇ ਚਰਨ ਕਮਲਾਂ ਨਾਲ ਮੇਰੀ ਪ੍ਰੀਤੀ ਲੱਗੀ ਹੈ।

ਭਉ ਭਾਗਾ ਨਿਰਭਉ ਮਨਿ ਬਸੈ॥ ਅੰਮ੍ਰਿਤ ਨਾਮੁ ਰਸਨ ਨਿਤ ਜਪੈ॥੩॥

ਹੇ ਨਿਰਭਉ ਪ੍ਰਭੂ ! ਜਦੋਂ ਤੋਂ ਆਪ ਮੇਰੇ ਮਨ ਵਿਚ ਵਸੇ ਹੋ, ਤਦੋਂ ਦਾ ਜਮ ਆਦਿਕਾਂ ਦਾ ਡਰ ਦੌੜ ਗਿਆ ਹੈ। ਮੇਰੀ ਰਸਨਾ ਨਿਤਾਪ੍ਰਤੀ ਨਾਮ-ਅੰਮ੍ਰਿਤ ਨੂੰ ਜਪਦੀ ਹੈ॥ ੩॥

ਕੋਟਿ ਜਨਮ ਕੇ ਕਾਟੇ ਫਾਹੇ॥ ਪਾਇਆ ਲਾਭੁ ਸਚਾ ਧਨੁ ਲਾਹੇ॥

ਲਾਹੇ=ਲਾਭਾਂ ਵਿੱਚੋਂ ਸਚੇ ਨਾਮ-ਧਨ ਦਾ ਲਾਭ ਪਾਇਆ। ਵਾ:- ਸਚੇ ਨਾਮ-ਧਨ ਦੇ ਲਾਭ ਕਰ ਕੇ ਆਤਮ-ਲਾਭ ਪਾਇਆ ਤਾਂ ਕਰੋੜਾਂ ਜਨਮਾਂ ਦੇ ਫਾਹ ਕੱਟ ਦਿੱਤੇ।

ਤੋਟਿ ਨ ਆਵੈ ਅਖੁਟ ਭੰਡਾਰ॥

ਨਾਨਕ ਭਗਤ ਸੋਹਹਿ ਹਰਿ ਦੁਆਰ॥੪॥੨੩॥੩੪॥

ਗੁਰੂ ਜੀ ਕਥਨ ਕਰਦੇ ਹਨ—ਨਾਮ ਰੂਪ ਅਖੁਟ ਭੰਡਾਰੇ ਦੀ ਤੋਟ ਨਹੀਂ ਆਉਂਦੀ। ਨਾਮ-ਧਨ ਵਾਲੇ ਭਗਤ ਹੇ ਹਰੀ ! ਆਪ ਜੀ ਦੇ ਦੁਆਰੇ 'ਪਰ ਸ਼ੋਭਦੇ ਹਨ॥ ੪॥ ੨੩॥ ੩੪॥

ਰਾਮਕਲੀ ਮਹਲਾ ੫॥

ਰਤਨ ਜਵੇਹਰ ਨਾਮ॥ ਸਤੁ ਸੰਤੋਖੁ ਗਿਆਨ॥

ਰਤਨ=ਵੈਰਾਗ, ਜਵੇਹਰ=ਗਿਆਨ, ਸਤ ਸੰਤੋਖ (ਧੀਰਜ, ਧਰਮ, ਵਿਚਾਰ ਅਤੇ ਸ਼ਾਸਤ੍ਰ) ਗਿਆਨ।

ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥ ੧ ॥

ਸੂਖ ਸਹਜ=ਅਚੁੱਤ ਸੁਖ ਅਤੇ ਦਇਆ ਕਰਨੀ ਆਦਿਕ ਸਾਰਿਆਂ ਗੁਣਾਂ ਦਾ ਪੋਤਾ=ਖ਼ਜ਼ਾਨਾ ਹਰੀ ਨਾਮ ਹੈ। ਉਹ ਨਾਮ ਰੂਪ ਖ਼ਜ਼ਾਨਾ ਹਰੀ ਦੇ ਭਗਤਾਂ ਦੇ ਹਵਾਲੇ ਹੁੰਦਾ ਹੈ॥ ੧॥

ਮੇਰੇ ਰਾਮ ਕੋ ਭੰਡਾਰ ॥ ਖਾਤ ਖਰਚਿ ਕਛੁ ਤੋਟਿ ਨ ਆਵੈ
ਅੰਤੁ ਨਹੀ ਹਰਿ ਪਾਰਾਵਾਰੁ ॥ ੧ ॥ ਰਹਾਉ ॥

ਮੇਰੇ ਰਾਮ ਦਾ ਭੰਡਾਰਾ ਐਸਾ ਹੈ। ਆਪਣੇ ਖਾਂਦਿਆਂ ਤੇ ਸੰਬੰਧੀਆਂ ਨੂੰ ਖਰਚਦਿਆਂ ਕੁਝ ਤੋਟਿ=ਘਾਟਾ ਨਹੀਂ ਆਉਂਦਾ ਅਤੇ ਨਾ ਹੀ ਹਰੀ ਦੇ ਪਾਰ ਉਰਵਾਰ ਦਾ ਅੰਤ ਆਉਂਦਾ ਹੈ॥ ੧॥ ਰਹਾਉ॥

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥

ਪਰਮੇਸ਼ਰ ਦਾ ਕੀਰਤਨ ਕਰਨਾ, ਵਾ:- ਜਸ ਕਰਨਾ ਹੀਰੇ ਵਾਂਗੂ ਨਿਰਮੋਲਕ ਹੈ। ਅਨੰਦ ਸਰੂਪ ਪਰਮਾਤਮਾ ਸ਼ੁਭ-ਗੁਣਾਂ ਦਾ ਗਹੀਰਾ=ਸਮੁੰਦਰ ਹੈ।

ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੁੰਜੀ ॥ ੨ ॥

ਅਨਹਦ=ਹਦ ਤੋਂ ਰਹਿਤ ਕਰਨ ਵਾਲੀ, ਵਾ:- ਇਕ-ਰਸ ਨਾਮ ਬਾਣੀ ਰੂਪ ਜੋ ਪੂੰਜੀ ਹੈ, ਉਸ ਦੀ ਪ੍ਰਾਪਤੀ ਦੀ ਸ਼ਰਧਾ ਰੂਪ ਕੁੰਜੀ ਸੰਤਾਂ ਦੇ ਹੱਥ ਵਿਚ ਰੱਖੀ ਹੋਈ ਹੈ।

[ਪੰਨਾ ੮੯੪]

ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥

ਸੁੰਨ=ਅਫੁਰ ਸਮਾਧੀ ਰੂਪ ਜੋ ਗੁਫਾ ਹੈ ਉਸ ਵਿਚ ਸੰਤਾਂ ਦਾ ਆਸਣ ਹੈ। ਕੇਵਲ=ਸ਼ੁੱਧ ਬ੍ਰਹਮ ਜੋ ਸਾਰੇ ਪਰੀਪੂਰਨ ਹੈ, ਉਸ ਵਿਚ ਉਹ ਸੰਤ ਬਾਸਨੁ=ਨਿਵਾਸ ਕਰਦੇ ਹਨ।

ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥

ਭਗਤ ਪ੍ਰਭੂ ਦੇ ਨਾਲ ਗੋਸਟਿ=ਬਚਨ-ਬਿਲਾਸ ਕਰਦੇ ਹਨ ਤੇ ਪ੍ਰਭੂ ਭਗਤਾਂ ਨਾਲ ਗੋਸਟਿ=ਚਰਚਾ ਕਰਦਾ ਹੈ।

ਤਹ ਹਰਖ ਨ ਸੋਗ ਨ ਜਨਮ ਨ ਮਰਤ ॥ ੩ ॥

ਤਹ=ਉਹਨਾਂ ਸੰਤਾਂ ਵਿਚ ਨਾ ਖ਼ੁਸ਼ੀ ਹੈ ਨਾ ਗ਼ਮੀ, ਨਾ ਹੀ ਉਹ ਜੰਮਦੇ ਮਰਦੇ ਹਨ॥ ੩॥

ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥
ਸਾਧਸੰਗਿ ਤਿਨਿ ਹਰਿ ਧਨੁ ਪਾਇਆ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਜਿਸ ਨੂੰ ਆਪ ਦਿਵਾਇਆ ਹੈ, ਉਹਨਾਂ ਨੇ ਸੰਤਾਂ ਦੇ ਸਤਸੰਗ ਵਿੱਚੋਂ ਹਰੀ ਨਾਮ-ਧਨ ਪਾਇਆ ਹੈ।

ਦਇਆਲ ਪੁਰਖ ਨਾਨਕ ਅਰਦਾਸਿ ॥

ਗੁਰੂ ਜੀ ਕਥਨ ਕਰਦੇ ਹਨ—ਹੇ ਦਇਆਲ ਪੁਰਖ=ਪਰਮਾਤਮਾ ! ਮੇਰੀ ਆਪ ਜੀ ਦੇ ਅੱਗੇ ਹੀ ਅਰਦਾਸ ਹੈ।

www.sikhbookclub.com

ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ ॥ ੪ ॥ ੨੪ ॥ ੩੫ ॥

ਹੇ ਹਰੀ ! ਮੇਰੀ ਆਪ ਜੀ ਦੇ ਨਾਲ ਵਰਤਣ ਹੈ ਅਤੇ ਹੇ ਹਰੀ ! ਮੇਰੀ ਰਾਸਿ=ਪੂੰਜੀ ਭੀ ਤੂੰ ਹੀ ਹੈਂ ॥ ੪ ॥ ੨੪ ॥ ੩੫ ॥

ਅਗਲੇ ਸ਼ਬਦ ਵਿਚ ਪਰਮੇਸ਼ਰ ਦੀ ਬਿਅੰਤਤਾ ਕਥਨ ਕਰਦੇ ਹਨ—

ਰਾਮਕਲੀ ਮਹਲਾ ੫ ॥

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥

(ਚਾਰ) ਵੇਦ ਵੀ ਜਿਸ ਦੀ ਮਹਿਮਾ ਸੰਪੂਰਨ=ਵਡਿਆਈ ਨੂੰ ਨਹੀਂ ਜਾਣਦੇ ਹਨ। ਬ੍ਰਹਮੇ (ਆਦਿਕ ਦੇਵਤੇ ਭੀ) ਜਿਸ ਦੇ ਭੇਦ ਨੂੰ ਜਾਣਦੇ ਨਹੀਂ ਹਨ।

ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥

(ਰਾਮਚੰਦ੍ਰ, ਕ੍ਰਿਸ਼ਨ ਆਦਿਕ) ਅਵਤਾਰ ਭੀ ਉਸ ਦਾ ਅੰਤੁ=ਅਖੀਰ ਜਾਣਦੇ ਨਹੀਂ ਹਨ। ਉਹ ਪਰਮੇਸ਼ਰ ਪਰਾ ਰੂਪ ਬ੍ਰਹਮ=ਵਿਆਪਕ ਸਦਾ ਹੀ ਬਿਅੰਤ ਹੈ ॥ ੧ ॥

ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥

ਪਰਮੇਸ਼ਰ ਆਪਣੀ ਗਤੀ ਨੂੰ ਆਪ ਹੀ ਜਾਣਦਾ ਹੈ। ਅਵਰ=ਹੋਰ ਲੋਕ ਤਾਂ (ਵੇਦਾਂ ਸ਼ਾਸਤ੍ਰਾਂ ਤੋਂ) ਸੁਣ-ਸੁਣ ਕੇ ਕਥਨ ਕਰਦੇ ਹਨ ॥ ੧ ॥ ਰਹਾਉ ॥

ਸੰਕਰਾ ਨਹੀ ਜਾਨਹਿ ਭੇਵ ॥ ਖੋਜਤਹਾਰੇ ਦੇਵ ॥

ਸੰਕਰਾ=ਸ਼ਿਵ ਜੀ ਭੀ ਉਸ ਦੇ ਭੇਦ ਨੂੰ ਜਾਣਦੇ ਨਹੀਂ ਹਨ। ਸਾਰੇ ਦੇਵਤੇ ਵੀ ਉਸ ਨੂੰ ਖੋਜ-ਖੋਜ ਕੇ ਹਾਰ ਗਏ ਹਨ।

ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥

(ਛਿਆਨਵੇਂ ਕਰੋੜ) ਦੇਵੀਆਂ ਭੀ ਉਸ ਦੇ ਮਰਮ=ਭੇਦ ਨੂੰ ਜਾਣਦੀਆਂ ਨਹੀਂ ਹਨ। ਉਹ ਪਾਰਬ੍ਰਹਮ ਸਭ ਤੋਂ ਉੱਪਰ ਹੋਣ ਕਰ ਕੇ ਅਲੱਖ ਹੈ ॥ ੨ ॥

ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥

ਉਹ ਆਪਣੇ ਰੰਗਿ=ਅਨੰਦ ਵਿਚ ਆਪ ਹੀ ਕੇਲ=ਖ਼ੁਸ਼ੀਆਂ ਨੂੰ ਕਰਦਾ ਹੈ। ਉਹ ਆਪ ਹੀ ਮਨਮੁਖਾਂ ਨੂੰ ਵਿਛੋੜਦਾ ਹੈ, ਆਪ ਹੀ ਗੁਰਮੁਖਾਂ ਨੂੰ ਆਪਣੇ ਨਾਲ ਮੇਲ ਲੈਂਦਾ ਹੈ।

ਇਕਿ ਭਰਮੇ ਇਕਿ ਭਗਤੀ ਲਾਏ ॥ ਅਪਣਾ ਕੀਆ ਆਪਿ ਜਣਾਏ ॥ ੩ ॥

ਇਕ ਮਨਮੁਖ ਸੰਸਾਰ ਵਿਚ ਭਰਮ ਰਹੇ ਹਨ, ਇਕ ਗੁਰਮੁਖ ਭਗਤੀ ਕਰਨ ਵਿਚ ਲਗਾਏ ਹਨ। ਉਹ ਆਪਣੇ ਕੀਤੇ ਹੋਏ ਪ੍ਰਪੰਚ ਨੂੰ ਆਪ ਹੀ ਮਿਥਿਆ ਕਰ ਕੇ ਜਣਾਉਂਦਾ ਹੈ ॥ ੩ ॥

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥

ਹੇ ਭਾਈ ! ਸੰਤਾਂ ਦੀ ਸੱਚੀ ਸਿਖਿਆ ਸੁਣਨਾ ਕਰ। ਸੰਤ ਆਪਣੇ ਮੂੰਹੋਂ ਉਹੋ ਗੱਲ ਬੋਲਦੇ ਹਨ ਜੋ

ਆਖੀ=ਅੱਖਾਂ ਨਾਲ ਵੇਖਦੇ ਹਨ। ਅਥਵਾ:- ਜੋ=ਜਿਸ ਪਰਮੇਸ਼ਰ ਨੂੰ ਗਿਆਨ ਵੈਰਾਗ ਰੂਪੀ ਅੱਖਾਂ ਨਾਲ ਸਾਰੇ ਪਰੀਪੂਰਨ ਦੇਖਦੇ ਹਨ, ਸੋ ਬੋਲਹਿ=ਉਸ ਦੇ ਜਸ ਨੂੰ ਬੋਲਦੇ ਹਨ।

ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥
ਨਾਨਕ ਕਾ ਪ੍ਰਭੁ ਆਪੇ ਆਪਿ॥ ੪॥ ੨੫॥ ੩੬॥

ਉਨ੍ਹਾਂ ਸੰਤਾਂ ਨੂੰ ਪੁੰਨ ਪਾਪ ਦਾ ਕੋਈ ਲੇਪ ਨਹੀਂ ਹੈ। ਮੈਂ ਨਾਨਕ ਦਾ ਪ੍ਰਭੂ ਆਪੇ ਆਪ ਸਾਰੇ ਪਰੀਪੂਰਨ ਹੈ। ਅਥਵਾ:- ਮੈਂ ਨਾਨਕ ਦਾ ਪ੍ਰਭੂ=ਰੱਖਕ ਸੁਆਮੀ ਪਰਮਾਤਮਾ ਆਪੇ ਆਪਿ=ਸੁਤੰਤਰ ਹੈ। ਉਸ ਪ੍ਰਭੂ ਨੂੰ ਪੁੰਨ ਪਾਪ ਦਾ ਕੋਈ ਲੇਪ ਨਹੀਂ ਹੈ॥ ੪॥ ੨੫॥ ੩੬॥

ਰਾਮਕਲੀ ਮਹਲਾ ੫॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਕਿਛਹੂ ਕਾਜੁ ਨ ਕੀਓ ਜਾਨਿ॥ ਸੁਰਤਿ ਮਤਿ ਨਾਹੀ ਕਿਛੁ ਗਿਆਨਿ॥

ਹੇ ਹਰੀ ! ਆਪ ਜੀ ਦੇ ਜਾਣਨ ਵਾਸਤੇ ਮੈਂ ਕੁਝ ਵੀ ਸਾਧਨਾਂ ਰੂਪੀ ਕਾਰਜ ਨਹੀਂ ਕੀਤਾ। ਸੁਰਤਿ=ਸ੍ਰੇਸ਼ਟ ਪ੍ਰੀਤੀ, ਮਤਿ=ਆਤਮ ਵਿਛੋਣੀ ਬੁੱਧੀ ਸ਼ਾਸਤ੍ਰ ਗਿਆਨ ਇਤਆਦਿਕ ਕੁਝ ਵੀ ਮੇਰੇ ਵਿਚ ਨਹੀਂ ਹੈ। ਅਥਵਾ:- ਸੁਰਤੀਆਂ ਦੇ ਮਤਿ=ਸਿਧਾਂਤ ਗ੍ਰਹਿਣ ਕਰਨ ਦਾ ਕੁਝ ਭੀ ਮੇਰੇ ਵਿਚ ਗਿਆਨ ਨਹੀਂ ਹੈ।

ਜਾਪ ਤਾਪ ਸੀਲ ਨਹੀ ਧਰਮ॥ ਕਿਛੂ ਨ ਜਾਨਉ ਕੈਸਾ ਕਰਮ॥ ੧॥

ਜਪ, ਤਪ, ਸੀਲ ਸੁਭਾਅ, ਵਾ:- ਜਤ ਆਦਿਕ ਕੋਈ ਧਰਮ ਮੇਰੇ ਵਿਚ ਨਹੀਂ ਹੈ। ਮੈਂ ਕੁਝ ਭੀ ਜਾਣਦਾ ਨਹੀਂ ਹਾਂ ਕਿ ਕਿਹੜਾ ਕਰਮ ਸੁਖਦਾਈ ਹੈ, ਵਾ:- ਕਿਹੜੇ ਕਰਮ ਕਰ ਕੇ ਆਪ ਜੀ ਦੀ ਪ੍ਰਾਪਤੀ ਹੁੰਦੀ ਹੈ॥ ੧॥

ਠਾਕੁਰ ਪ੍ਰੀਤਮ ਪ੍ਰਭ ਮੇਰੇ॥

ਹੇ ਠਾਕੁਰ ਪ੍ਰਭੂ ! ਮੇਰੇ ਆਪ ਪ੍ਰੀਤਮ=ਪਿਆਰੇ ਹੋ।

ਤੁਝ ਬਿਨੁ ਦੂਜਾ ਅਵਰੁ ਨ ਕੋਈ ਭੂਲਹ ਚੂਕਹ ਪ੍ਰਭ ਤੇਰੇ॥ ੧॥ ਰਹਾਉ॥

ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਦੂਜਾ ਨਹੀਂ ਹੈ, ਹੇ ਪ੍ਰਭੂ ! ਅਸੀਂ ਤੇਰੇ ਦਾਸ ਭੁੱਲਣੇ ਚੁੱਕਣੇ ਵਾਲੇ ਹਾਂ। ਅਥਵਾ:- ਜੇ ਕਰ ਸੰਤ ਸੇਵਾ ਤੋਂ ਭੁੱਲ ਜਾਈਏ, ਯਾਂ ਅੰਮ੍ਰਿਤ ਵੇਲੇ ਭਜਨ-ਸਿਮਰਨ ਤੋਂ ਚੁੱਕ ਜਾਈਏ ਤਾਂ ਭੀ ਹੇ ਪ੍ਰਭੂ ! ਅਸੀਂ ਤੇਰੇ ਦਾਸ ਹਾਂ॥ ੧॥ ਰਹਾਉ॥

ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ॥ ਬਿਖੈ ਬਿਆਧਿ ਕੇ ਗਾਵ ਮਹਿ ਬਾਸੁ॥

ਮੇਰੇ ਵਿਚ ਨਾ ਰਿਧੀ ਦਾ ਬਲ ਹੈ, ਨਾ ਸਿਧੀ ਦਾ ਬਲ ਹੈ, ਨਾ ਹੀ ਆਤਮ ਵਿਸ਼ੈਣੀ ਬੁੱਧੀ ਦਾ ਪ੍ਰਕਾਸ਼ ਹੈ। ਬਿਆਧਿ=ਰੋਗ ਰੂਪ ਵਿਸ਼ਿਆਂ ਦੇ ਪਿੰਡ ਵਿਚ ਵਸ ਰਿਹਾ ਹਾਂ।

ਅਥਵਾ:- ਵਿਸ਼ਿਆਂ ਵਿਚ ਤੇ ਬਿਆਧਿ=ਰੋਗਾਂ ਦੇ, ਗਾਵ=ਪਿੰਡ-ਸਰੀਰ ਵਿਚ ਵਸ ਰਿਹਾ ਹਾਂ ਭਾਵ ਦੇਹ ਅਧਿਆਸੀ ਹੋ ਰਿਹਾ ਹਾਂ।

ਕਰਣਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ ਮਨ ਮਹਿ ਟੇਕ ॥ ੨ ॥

ਹੇ ਮੇਰੇ ਪ੍ਰਭੂ ! ਇਕ ਆਪ ਹੀ ਸਭ ਗੱਲਾਂ ਦੇ ਕਰਨ ਵਾਲੇ ਹੋ। ਮੈਂ ਆਪਣੇ ਮਨ ਵਿਚ ਤੇਰੇ ਨਾਮ ਦੀ ਟੇਕ=ਓਟ ਧਾਰੀ ਹੈ॥ ੨ ॥

ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ ॥

ਆਪ ਜੀ ਦੇ ਨਾਮ ਨੂੰ ਸੁਣ-ਸੁਣ ਕੇ ਜੀਉਂਦਾ ਹਾਂ ਅਤੇ ਇਹ ਮਨ ਬਿਸ੍ਰਾਮੁ=ਇਸਥਿਤੀ ਨੂੰ ਪ੍ਰਾਪਤ ਹੁੰਦਾ ਹੈ। ਹੇ ਪ੍ਰਭੂ! ਆਪ ਜੀ ਦਾ ਨਾਮ ਪਾਪਾਂ ਨੂੰ ਖੰਡਨ=ਨਾਸ ਕਰਨ ਵਾਲਾ ਹੈ।

ਤੂ ਅਗਨਤੁ ਜੀਅ ਕਾ ਦਾਤਾ ॥
ਜਿਸਹਿ ਜਣਾਵਹਿ ਤਿਨਿ ਤੂ ਜਾਤਾ ॥ ੩ ॥

ਹੇ ਪ੍ਰਭੂ ! ਤੂੰ ਅਗਨਤੁ=ਬਿਅੰਤ ਜੀਵਾਂ ਦਾ ਦਾਤਾ ਹੈਂ। ਜਿਸ ਨੂੰ ਜਣਾਉਂਦਾ ਹੈਂ ਉਸੇ ਨੇ ਤੂੰ ਜਾਤਾ=ਆਪ ਜੀ ਨੂੰ ਜਾਣਿਆ ਹੈ॥ ੩ ॥

ਜੋ ਉਪਾਇਓ ਤਿਸੁ ਤੇਰੀ ਆਸ ॥ ਸਗਲ ਅਰਾਧਹਿ ਪ੍ਰਭ ਗੁਣਤਾਸ ॥

ਜੋ ਭੀ ਸੰਸਾਰ ਵਿਚ ਉਤਪਤ ਕੀਤਾ ਹੈ, ਤਿਸ ਨੂੰ ਇਕ ਤੇਰੀ ਹੀ ਆਸ ਹੈ। ਹੇ ਪ੍ਰਭੂ ! ਸ਼ੁਭ ਗੁਣਾਂ ਦੇ ਸਮੁੰਦਰ, ਸਾਰੇ ਜੀਵ ਖਾਨ ਪਾਨ ਆਦਿਕ ਪਦਾਰਥਾਂ ਲਈ ਆਪ ਜੀ ਨੂੰ ਹੀ ਅਰਾਧਦੇ ਹਨ।

ਨਾਨਕ ਦਾਸ ਤੇਰੈ ਕੁਰਬਾਣੁ ॥
ਬੇਅੰਤ ਸਾਹਿਬੁ ਮੇਰਾ ਮਿਹਰਵਾਣੁ ॥ ੪ ॥ ੨੬ ॥ ੩੭ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਤੂੰ ਬੇਅੰਤ ਮੇਹਰਵਾਨ ਹੈਂ ਅਤੇ ਤੂੰ ਹੀ ਮੇਰਾ ਸਾਹਿਬ ਹੈਂ, ਮੈਂ ਆਪ ਜੀ ਤੋਂ ਕੁਰਬਾਣੁ=ਬਲਿਹਾਰ ਜਾਂਦਾ ਹਾਂ॥ ੪ ॥ ੨੬ ॥ ੩੭ ॥

ਰਾਮਕਲੀ ਮਹਲਾ ੫ ॥
ਰਾਖਨਹਾਰ ਦਇਆਲ ॥ ਕੋਟਿ ਭਵ ਖੰਡੇ ਨਿਮਖ ਖਿਆਲ ॥

ਦਇਆਲ=ਪਰਮਾਤਮਾ ਸਭ ਦੀ ਰਖਿਆ ਕਰਨ ਵਾਲਾ ਹੈ। ਇਕ ਨਿਮਖ ਮਾਤ੍ਰ ਆਪਣੇ ਖਿਆਲ ਨਾਲ ਭਾਵ ਥੋੜ੍ਹੇ ਧਿਆਨ ਵਿਚ ਕ੍ਰੋੜਾਂ 'ਭਵ ਖੰਡੇ'=ਜਨਮ ਖੰਡਨ ਕਰ ਦੇਂਦਾ ਹੈ।

ਸਗਲ ਅਰਾਧਹਿ ਜੰਤ ॥ ਮਿਲੀਐ ਪ੍ਰਭ ਗੁਰ ਮਿਲਿ ਮੰਤ ॥ ੧ ॥

ਸਾਰੇ ਜੀਵ ਉਸ ਨੂੰ ਅਰਾਧਦੇ ਤਾਂ ਹਨ। ਪਰ ਜੇਹੜਾ ਗੁਰ ਮੰਤ੍ਰ ਨਾਲ ਮਿਲਿਆ ਹੈ, ਓਹੀ ਪ੍ਰਭੂ ਨਾਲ ਮਿਲਦਾ ਹੈ॥ ੧ ॥

ਜੀਅਨ ਕੋ ਦਾਤਾ ਮੇਰਾ ਪ੍ਰਭੁ ॥

ਉਹ ਮੇਰਾ ਪ੍ਰਭੂ=ਪਰਮਾਤਮਾ ਸਾਰਿਆਂ ਜੀਵਾਂ ਦਾ ਦਾਤਾ ਹੈ।

ਪੂਰਨ ਪਰਮੇਸੁਰ ਸੁਆਮੀ ਘਟਿ ਘਟਿ ਰਾਤਾ ਮੇਰਾ ਪ੍ਰਭੁ ॥ ੧ ॥ ਰਹਾਉ ॥

ਮੇਰਾ ਸੁਆਮੀ ਪਰਮੇਸ਼ਰ ਸਾਰੇ ਸੰਸਾਰ ਵਿਚ ਪੂਰਨ ਹੈ, ਪੁਨਾ ਮੇਰਾ ਪ੍ਰਭੂ ਸਾਰਿਆਂ ਘਟਾਂ ਵਿਚ ਰਾਤਾ=ਮਿਲਿਆ ਹੋਇਆ ਹੈ॥ ੧॥ ਰਹਾਉ॥

ਤਾ ਕੀ ਗਹੀ ਮਨ ਓਟ॥ ਬੰਧਨ ਤੇ ਹੋਈ ਛੋਟ॥

ਜਦ ਮਨ ਕਰ ਕੇ ਉਸ ਪ੍ਰਭੂ ਦੀ ਓਟ ਗ੍ਰਹਿਣ ਕੀਤੀ। ਤਦ ਸੰਸਾਰਕ ਬੰਧਨਾਂ ਵਲੋਂ ਸਾਡੀ ਛੋਟ ਹੋ ਗਈ।

ਹਿਰਦੈ ਜਪਿ ਪਰਮਾਨੰਦ॥ ਮਨ ਮਾਹਿ ਭਏ ਅਨੰਦ॥ ੨॥

ਜਦ ਹਿਰਦੇ ਵਿਚ ਪਰਮ ਅਨੰਦ ਸਰੂਪ ਪਰਮੇਸ਼ਰ ਦੇ ਨਾਮ ਨੂੰ ਜਪਿਆ ਤਦ ਆਪਣੇ ਮਨ ਦੇ ਵਿਚ ਹੀ ਅਨੰਦ ਹੋ ਗਏ॥ ੧॥

ਤਾਰਣ ਤਰਣ ਹਰਿ ਸਰਣ॥ ਜੀਵਨ ਰੂਪ ਹਰਿ ਚਰਣ॥

ਹਰੀ ਦੀ ਸ਼ਰਨ ਜੀਵ ਦੇ ਤਾਰਨ ਨੂੰ ਤਰਣ=ਜਹਾਜ਼ ਰੂਪ ਹੈ। ਪੁਨਾ ਹਰੀ ਦੇ ਚਰਨ ਸੰਤਾਂ ਦੇ ਜੀਵਨ=ਪ੍ਰਾਣ ਰੂਪ ਹਨ। *ਅਥਵਾ:-* ਚਰਣ=ਪੂਜਨੀਕ ਹਰੀ ਆਪ ਜੀਵਨ ਰੂਪ ਹੈ। *ਅਥਵਾ:-* ਚਰਣ=ਵੇਦਾਂ ਕਰ ਕੇ ਪ੍ਰਤਿਪਾਦਜ ਹਰੀ ਜੀਵਨ ਰੂਪ ਹੈ।

[ਪੰਨਾ ੮੯੫]

ਸੰਤਨ ਕੇ ਪ੍ਰਾਣ ਅਧਾਰ॥ ਊਚੇ ਤੇ ਊਚ ਅਪਾਰ॥ ੩॥

ਫਿਰ ਉਹ ਪ੍ਰਭੂ ਸੰਤਾਂ ਦੇ ਪ੍ਰਾਣਾਂ ਦਾ ਅਧਾਰ=ਆਸਰਾ ਰੂਪ ਹੈ। ਅਪਾਰ=ਪ੍ਰਭੂ ਉੱਚਿਆਂ ਤੋਂ ਉੱਚਾ ਹੈ॥ ੩॥

ਸੁਮਤਿ ਸਾਰੁ ਜਿਤੁ ਹਰਿ ਸਿਮਰੀਜੈ॥ ਕਰਿ ਕਿਰਪਾ ਜਿਸੁ ਆਪੇ ਦੀਜੈ॥

ਹੇ ਪੁਰਖ਼ਾ ! ਸ੍ਰੇਸ਼ਟ ਮਤੀ ਨੂੰ ਸੰਭਾਲਣਾ ਕਰ ਜਿਸ ਕਰ ਕੇ ਹਰੀ ਦਾ ਸਿਮਰਨ ਕਰੀਦਾ ਹੈ। ਜਿਸ ਨੂੰ ਆਪ ਪਰਮੇਸ਼ਰ ਕ੍ਰਿਪਾ ਦ੍ਰਿਸ਼ਟੀ ਕਰ ਕੇ ਦੇਂਦਾ ਹੈ, ਓਸੇ ਨੂੰ ਸ਼ੁਭ ਮਤੀ ਪ੍ਰਾਪਤ ਹੁੰਦੀ ਹੈ।

ਸੂਖ ਸਹਜ ਆਨੰਦ ਹਰਿ ਨਾਉ॥
ਨਾਨਕ ਜਪਿਆ ਗੁਰ ਮਿਲਿ ਨਾਉ॥ ੪॥ ੨੭॥ ੩੮॥

ਹਰੀ-ਨਾਮ ਕਰ ਕੇ ਹੀ ਸਹਜ=ਅੱਚੁਤ ਸੁਖ ਦਾ ਅਨੰਦ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਅਸਾਂ ਨੇ ਗੁਰਾਂ ਨਾਲ ਮਿਲ ਕੇ ਨਾਮ ਨੂੰ ਜਪਿਆ ਹੈ॥ ੪॥ ੨੭॥ ੩੮॥

ਰਾਮਕਲੀ ਮਹਲਾ ੫॥

ਸਗਲ ਸਿਆਨਪ ਛਾਡਿ॥ ਕਰਿ ਸੇਵਾ ਸੇਵਕ ਸਾਜਿ॥

ਹੇ ਭਾਈ ! ਬੁੱਧੀ ਦੀਆਂ ਸਭ ਸਿਆਣਪਾਂ ਛੱਡ ਦੇ। ਆਪਣੇ ਆਪ ਨੂੰ ਸੇਵਕ ਸਾਜਿ=ਦਾਸ ਬਣਾ ਕੇ ਸਤਿਗੁਰਾਂ ਦੀ ਸੇਵਾ ਕਰ।

ਅਪਨਾ ਆਪੁ ਸਗਲ ਮਿਟਾਇ॥ ਮਨ ਚਿੰਦੇ ਸੇਈ ਫਲ ਪਾਇ॥ ੧॥

ਜੋ ਆਪਣਾ ਆਪੁ=ਹੰਕਾਰ ਸਾਰਾ ਮਿਟਾ ਦੇਂਦੇ ਹਨ। ਉਹ ਪੁਰਸ਼ ਮਨ ਇੱਛੇ ਫਲਾਂ ਨੂੰ ਪਾਉਂਦੇ ਹਨ॥ ੧॥

www.sikhbookclub.com

ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥

ਹੇ ਭਾਈ ! ਤੂੰ ਭੀ ਆਪਣੇ ਗੁਰਾਂ ਨਾਲ ਮਿਲ ਕੇ ਸਾਵਧਾਨ ਹੋਣਾ ਕਰ।

ਆਸਾ ਮਨਸਾ ਪੂਰਨ ਹੋਵੈ
ਪਾਵਹਿ ਸਗਲ ਨਿਧਾਨ ਗੁਰ ਸਿਉ ॥ ੧ ॥ ਰਹਾਉ ॥

ਤੇਰੀ ਮਨਸਾ=ਬੁੱਧੀ ਦੀ ਸਭ ਆਸਾ ਪੂਰਨ ਹੋਵੇਗੀ ਅਤੇ ਗੁਰਾਂ ਪਾਸੋਂ ਸਾਰੇ ਨਿਧਾਨ=ਖਜ਼ਾਨੇ ਪਾ ਲਵੇਂਗਾ॥ ੧ ॥ ਰਹਾਉ ॥

ਦੂਜਾ ਨਹੀ ਜਾਨੈ ਕੋਇ ॥ ਸਤਗੁਰੁ ਨਿਰੰਜਨੁ ਸੋਇ ॥

ਗੁਰਾਂ ਨੂੰ ਕੋਈ ਦੂਜਾ ਰੂਪ ਕਰ ਕੇ ਨਾ ਜਾਣਨਾ ਕਰ। ਸਤਿੰਗੁਰੂ ਉਸ ਨਿਰੰਜਨ ਪੁਰਖ ਦਾ ਰੂਪ ਹਨ।

ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥ ੨ ॥

ਸਤਿਗੁਰਾਂ ਨੂੰ ਮਨੁੱਖ ਦਾ ਰੂਪ ਕਰ ਕੇ ਨਾ ਜਾਣਨਾ ਕਰ, ਭਾਵ ਪਰਮੇਸ਼ਰ ਰੂਪ ਸਮਝਣਾ ਕਰ। ਤਾਂ ਹੀ ਨਿਮਾਣੇ ਜੀਵ ਨੂੰ ਮਾਨਤਾ ਮਿਲਦੀ ਹੈ॥ ੨ ॥

ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥

ਹਰੀ ਸਰੂਪ ਗੁਰਾਂ ਦੀ ਟੇਕ ਵਿਚ ਆਪਣੇ ਆਪ ਨੂੰ ਟਿਕਾਉਣਾ ਕਰ। ਅਵਰ=ਹੋਰ ਸਾਰੀਆਂ ਆਸਾਂ ਲਾਹਿ=ਦੂਰ ਕਰ ਦੇ।

ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨੁ ॥ ੩ ॥

ਨਿਧਾਨੁ=ਨਿਧੀਆਂ ਦਾ ਖ਼ਜ਼ਾਨਾ ਜੋ ਹਰੀ ਦਾ ਨਾਮ ਹੈ, ਉਸ ਨੂੰ ਮੰਗਣਾ ਕਰ। ਤਾਂ ਪ੍ਰਲੋਕ ਦਰਗਾਹ ਵਿਚ ਤੂੰ ਮਾਨੁ=ਆਦਰ ਪਾਵੇਂਗਾ॥ ੩ ॥

ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥

ਗੁਰਾਂ ਦਾ ਜੋ ਬਚਨ ਹੈ, ਉਸ ਨੂੰ ਮੰਤ੍ਰ ਰੂਪ ਨਿਸਚੇ ਕਰ ਕੇ ਜਪਣਾ ਕਰ। *ਅਥਵਾ:-* ਜੋ ਤੂੰ ਬਚਨੁ=ਬਚਣਾ ਚਾਹੁੰਦਾ ਹੈਂ ਤਾਂ ਗੁਰਾਂ ਦਾ ਮੰਤ੍ਰ ਜਪ! ਏਹੋ ਅਸਲ ਭਗਤੀ ਹੈ, ਸਾਰ ਤਤੁ=ਸ੍ਰੇਸ਼ਟ ਸਿਧਾਂਤ ਰੂਪ।

ਸਤਿਗੁਰ ਭਏ ਦਇਆਲ ॥ ਨਾਨਕ ਦਾਸ ਨਿਹਾਲ ॥ ੪ ॥ ੨੮ ॥ ੩੯ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ 'ਤੇ ਸਤਿਗੁਰੂ ਜੀ ਦਿਆਲੂ ਹੋਏ ਹਨ, ਉਹ ਦਾਸ ਨਿਹਾਲ=ਕ੍ਰਿਤ ਕ੍ਰਿਤ *ਵਾ:-* ਦੁੱਖਾਂ ਤੋਂ ਰਹਿਤ ਹੋਏ ਹਨ॥ ੪ ॥ ੨੮ ॥ ੩੯ ॥

ਰਾਮਕਲੀ ਮਹਲਾ ੫ ॥

ਹੋਵੈ ਸੋਈ ਭਲ ਮਾਨੁ ॥ ਆਪਨਾ ਤਜਿ ਅਭਿਮਾਨੁ ॥

ਹੇ ਪੁਰਸ਼ਾ! ਪ੍ਰਭੂ ਦੇ ਹੁਕਮ ਵਿਚ ਜੋ ਭੀ ਹੋਵੇ ਉਸ ਨੂੰ ਭਲਾ ਕਰ ਕੇ ਮੰਨ। ਆਪਣੇ ਆਪ ਦਾ ਅਭਿਮਾਨੁ=ਹੰਕਾਰ ਤਜਿ=ਤਿਆਗ ਦੇ।

ਦਿਨੁ ਰੈਨਿ ਸਦਾ ਗੁਨ ਗਾਉ ॥ ਪੂਰਨ ਏਹੀ ਸੁਆਉ ॥ ੧ ॥

ਦਿਨ ਰਾਤ ਸਦਾ ਹੀ ਪ੍ਰਭੂ ਦੇ ਗੁਣ ਗਾਂਵਦਾ ਰਹੁ। ਏਸੇ ਵਿਚ ਪੂਰਨ ਸੁਆਉ=ਲਾਭ ਦੀ ਪ੍ਰਾਪਤੀ ਹੈ।

ਅਥਵਾ:- ਏਹ ਕਰਤੱਬ ਸਭ ਸੁਆਉ=ਪਰਯੋਜਨਾ ਦੇ ਪੂਰਨ ਕਰਨ ਵਾਲਾ ਹੈ॥ ੧ ॥

ਆਨੰਦ ਕਰਿ ਸੰਤ ਹਰਿ ਜਪਿ ॥

ਸੰਤਾਂ ਦੁਆਰੇ ਹਰੀ ਜਪ ਨੂੰ ਜਪ ਕੇ ਅਨੰਦ ਲੈਣਾ ਕਰ।

ਛਾਡਿ ਸਿਆਨਪ ਬਹੁ ਚਤੁਰਾਈ
ਗੁਰ ਕਾ ਜਪਿ ਮੰਤੁ ਨਿਰਮਲ ॥ ੧ ॥ ਰਹਾਉ ॥

ਸਿਆਣਪ ਬੁੱਧੀ ਦੀ, ਚਤੁਰਾਈ ਵਾਕਾਂ ਦੀ ਬਹੁਤੀ ਛੱਡ ਦੇ, ਗੁਰਾਂ ਦੇ ਨਿਰਮਲ ਮੰਤ੍ਰ ਨੂੰ ਜਪਣਾ ਕਰ॥ ੧ ॥ ਰਹਾਉ ॥

ਏਕ ਕੀ ਕਰਿ ਆਸ ਭੀਤਰਿ ॥ ਨਿਰਮਲ ਜਪਿ ਨਾਮੁ ਹਰਿ ਹਰਿ ॥

ਮਨ ਦੇ ਭੀਤਰਿ=ਵਿਚ ਇਕ ਪ੍ਰਭੂ ਦੀ ਆਸਾ ਧਾਰਨਾ ਕਰ ਅਤੇ ਨਿਰਮਲ ਜੋ ਹਰਿ ਹਰਿ ਨਾਮ ਹੈ ਉਸ ਨੂੰ ਜਪਣਾ ਕਰ।

ਗੁਰ ਕੇ ਚਰਨ ਨਮਸਕਾਰਿ ॥ ਭਵਜਲੁ ਉਤਰਹਿ ਪਾਰਿ ॥ ੨ ॥

ਗੁਰਾਂ ਦੇ ਪਵਿਤ੍ਰ ਚਰਨਾਂ 'ਪਰ ਨਮਸਕਾਰ ਕਰ, ਤਾਂ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਏਂਗਾ॥ ੨ ॥

ਦੇਵਨਹਾਰ ਦਾਤਾਰ ॥ ਅੰਤੁ ਨ ਪਾਰਾਵਾਰ ॥

ਉਹ ਦਾਤਾਂ ਦੇ ਦੇਣ ਵਾਲਾ ਪ੍ਰਭੂ ਦਾਤਾਰ ਹੈ, ਉਸ ਦੇ ਵਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਜਾ ਕੈ ਘਰਿ ਸਰਬ ਨਿਧਾਨ ॥ ਰਾਖਨਹਾਰ ਨਿਦਾਨ ॥ ੩ ॥

ਜਿਸ ਪ੍ਰਭੂ ਦੇ ਘਰ ਵਿਚ ਸਾਰੇ ਨਿਧਾਨ=ਖ਼ਜ਼ਾਨੇ ਹਨ। ਉਹ ਪ੍ਰਭੂ ਹੀ ਨਿਦਾਨ=ਅੰਤ ਨੂੰ ਜੀਵ ਦੀ ਰਖਿਆ ਕਰਨ ਵਾਲਾ ਹੈ॥ ੩ ॥

ਨਾਨਕ ਪਾਇਆ ਏਹੁ ਨਿਧਾਨ ॥ ਹਰੇ ਹਰਿ ਨਿਰਮਲ ਨਾਮ ॥

ਗੁਰੂ ਜੀ ਕਥਨ ਕਰਦੇ ਹਨ—ਜੋ ਹਰਿ ਹਰਿ ਨਾਮ ਨਿਰਮਲ ਹੈ, ਅਸਾਂ ਨੇ ਏਹੋ ਨਾਮ ਰੂਪ ਨਿਧਾਨ=ਖ਼ਜ਼ਾਨਾ ਪਾਇਆ ਹੈ।

ਜੋ ਜਪੈ ਤਿਸ ਕੀ ਗਤਿ ਹੋਇ ॥
ਨਾਨਕ ਕਰਮਿ ਪਰਾਪਤਿ ਹੋਇ ॥ ੪ ॥ ੨੯ ॥ ੪੦ ॥

ਜੇਹੜਾ ਪੁਰਸ਼ ਇਸ ਨਾਮ ਜਾਪ ਨੂੰ ਜਪਦਾ ਹੈ, ਉਸ ਦੀ ਗਤਿ ਹੋਇ=ਮੁਕਤੀ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ—ਪਰ ਇਹ ਨਾਮ ਦਾ ਜਾਪ ਕਰਮਾਂ ਵਾਲਿਆਂ ਨੂੰ ਪਰਾਪਤ ਹੁੰਦਾ ਹੈ॥ ੪ ॥ ੨੯ ॥ ੪੦ ॥

ਰਾਮਕਲੀ ਮਹਲਾ ੫ ॥

ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥

ਹੇ ਪੁਰਖ਼ਾ ! ਨਾਮ ਨੂੰ ਜਪ ਕੇ ਦੁਰਲੱਭ ਜੋ ਮਨੁੱਖਾ ਦੇਹ ਪ੍ਰਾਪਤ ਹੋਈ ਹੈ, ਇਸ ਨੂੰ ਸਵਾਰ ਲੈ, ਭਾਵ ਸਫਲ ਕਰ ਲੈ ਤਾਂ ਫਿਰ ਹਾਰ ਕੇ ਪ੍ਰਲੋਕ ਦਰਗਾਹ ਵਿਚ ਨਹੀਂ ਜਾਏਂਗਾ।

ਹਲਤਿ ਪਲਤਿ ਤੁਧੁ ਹੋਇ ਵਡਿਆਈ ॥
ਅੰਤ ਕੀ ਬੇਲਾ ਲਏ ਛਡਾਈ ॥ ੧ ॥

ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਤੇਰੀ ਵਡਿਆਈ ਹੋਵੇਗੀ। ਅੰਤ ਕੀ ਬੇਲਾ=ਪ੍ਰਾਣਾਂ ਦੇ ਵਿਜੋਗ ਵੇਲੇ ਪ੍ਰਭੂ ਦਾ ਨਾਮ ਤੈਨੂੰ ਜਮਾਂ ਤੋਂ ਛੁਡਾ ਲਏਗਾ ॥ ੧ ॥

ਰਾਮ ਕੇ ਗੁਨ ਗਾਉ ॥

ਬਾਣੀ ਦੁਆਰਾ ਰਾਮ ਦੇ ਗੁਣ ਗਾਈ ਜਾਓ।

ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ ॥ ੧ ॥ ਰਹਾਉ ॥

ਅਤੇ ਮਨ ਕਰਕੇ ਅਸਚਰਜ ਪੁਰਖ ਪਰਮਾਤਮਾ ਨੂੰ ਧਿਆਉਣਾ ਕਰੋ, ਤਾਂ ਤੁਹਾਡੇ ਹਲਤੁ ਪਲਤੁ=ਲੋਕ ਪ੍ਰਲੋਕ ਦੋਵੇਂ ਸੁਹੇਲੇ=ਸੁਖਦਾਈ, ਵਾ:- ਸੋਭਨੀਕ ਹੋਣਗੇ ॥ ੧ ॥ ਰਹਾਉ ॥

ਊਠਤ ਬੈਠਤ ਹਰਿ ਜਾਪੁ ॥ ਬਿਨਸੈ ਸਗਲ ਸੰਤਾਪੁ ॥

ਉਠਦਿਆਂ ਬੈਠਦਿਆਂ ਹਰੀ ਨਾਮ ਨੂੰ ਜਪਦਾ ਰਹੁ, ਤਾਂ ਤੇਰੇ ਮਨ ਦੇ ਸਾਰੇ ਸੰਤਾਪ ਬਿਨਸ ਜਾਣਗੇ ।

ਬੈਰੀ ਸਭਿ ਹੋਵਹਿ ਮੀਤ ॥ ਨਿਰਮਲੁ ਤੇਰਾ ਹੋਵੈ ਚੀਤ ॥ ੨ ॥

ਫਿਰ ਸਾਰੇ ਵੈਰੀ ਤੇਰੇ ਮਿੱਤ੍ਰ ਹੋ ਜਾਣਗੇ ਅਤੇ ਤੇਰਾ ਚਿਤ ਭੀ ਨਿਰਮਲ ਹੋ ਜਾਵੇਗਾ ॥ ੨ ॥

ਸਭ ਤੇ ਊਤਮ ਇਹੁ ਕਰਮੁ ॥ ਸਗਲ ਧਰਮ ਮਹਿ ਸ੍ਰੇਸਟ ਧਰਮੁ ॥

ਸਾਰਿਆਂ ਕਰਮਾਂ ਵਿਚੋਂ ਇਹ ਨਾਮ ਜਪੱਣੇ ਰੂਪ ਕਰਮ ਉਤਮ ਹੈ। ਸਾਰਿਆਂ ਧਰਮਾਂ ਵਿਚੋਂ ਭੀ ਇਹੋ ਧਰਮ ਸਰੇਸ਼ਟ ਹੈ।

ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥
ਜਨਮ ਜਨਮ ਕਾ ਉਤਰੈ ਭਾਰੁ ॥ ੩ ॥

ਹਰੀ ਦੇ ਸਿਮਰਨ ਕਰਨ ਨਾਲ ਹੀ ਤੇਰਾ ਸੰਸਾਰ ਸਮੁੰਦਰ ਤੋਂ ਉਧਾਰ ਹੋਵੇਗਾ ਅਤੇ ਜਨਮਾਂ ਜਨਮਾਤਰਾਂ ਦਾ ਪਾਪਾਂ ਰੂਪੀ ਭਾਰ ਤੇਰੇ ਸਿਰ ਤੋਂ ਉਤਰ ਜਾਏਗਾ ॥ ੩ ॥

ਪੂਰਨ ਤੇਰੀ ਹੋਵੈ ਆਸ ॥ ਜੰਮ ਕੀ ਕਟੀਐ ਤੇਰੀ ਫਾਸ ॥

ਤੇਰੀ ਸਭ ਆਸਾ ਪੂਰਨ ਹੋਵੇਗੀ ਅਤੇ ਤੇਰੀ ਗਿਚੀ ਚੋਂ ਜਮਾਂ ਦੀ ਫਾਹ ਕਟੀ ਜਾਵੇਗੀ।

ਗੁਰ ਕਾ ਉਪਦੇਸੁ ਸੁਨੀਜੈ॥
ਨਾਨਕ ਸੁਖਿ ਸਹਜਿ ਸਮੀਜੈ॥ ੪॥ ੩੦॥ ੪੧॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਤੂੰ ਗੁਰਾਂ ਦਾ ਉਪਦੇਸ਼ ਸੁਨਣਾ ਕਰ। ਤਾਂ ਤੂੰ ਸਹਜਿ=ਅਚੁਤ ਸੁਖ ਵਿਚ ਸਮੀਜੈ=ਸਮਾ ਜਾਵੇਂਗਾ,

ਵਾ:- ਸਹਜੇ ਹੀ ਸੁਖਾਂ ਵਿਚ ਸਮੀਜੈ=ਸੋਣਾ ਕਰੇਂਗਾ॥ ੪॥ ੩੦॥ ੪੧॥

[ਪੰਨਾ ੮੯੬]

ਰਾਮਕਲੀ ਮਹਲਾ ੫॥
ਜਿਸ ਕੀ ਤਿਸ ਕੀ ਕਰਿ ਮਾਨੁ॥ ਆਪਨ ਲਾਹਿ ਗੁਮਾਨੁ॥

ਜਿਸ ਪ੍ਰਭੂ ਦੀ ਇਹ ਦੇਹ, ਵਾ:- ਸ੍ਰਿਸ਼ਟੀ, ਵਾ:- ਮਾਇਆ ਆਦਿਕ ਵਸਤੂਆਂ ਦਿੱਤੀਆਂ ਹੋਈਆਂ ਹਨ, ਓਸੇ ਦੀ ਕਰਕੇ ਮੰਨਣਾ ਕਰ। ਇਨ੍ਹਾਂ ਵਸਤੂਆਂ ਵਿਚ ਜੇਹੜਾ ਤੂੰ ਆਪਣਾ ਗੁਮਾਨੁ ਰਖਿਆ ਹੋਇਆ ਹੈ, ਇਸ ਨੂੰ ਤੂੰ ਲਾਹ ਦੇ।

ਜਿਸ ਕਾ ਤੂ ਤਿਸ ਕਾ ਸਭੁ ਕੋਇ॥
ਤਿਸਹਿ ਅਰਾਧਿ ਸਦਾ ਸੁਖੁ ਹੋਇ॥ ੧॥

ਜਿਸ ਪ੍ਰਭੂ ਦਾ ਤੂੰ ਪੈਦਾ ਕੀਤਾ ਹੋਇਆ ਹੈਂ, ਓਸੇ ਦਾ ਸਭ ਕੋਈ ਉਤਪਤ ਕੀਤਾ ਹੋਇਆ ਹੈ।

ਅਥਵਾ:- ਜਿਸ ਪ੍ਰਭੂ ਦਾ ਸਭ ਕੋਈ ਪੈਦਾ ਕੀਤਾ ਹੋਇਆ ਹੈ, ਤੂੰ ਉਸ ਦਾ ਦਾਸ ਹੋ। ਉਸ ਦੇ ਅਰਾਧਣੇ ਕਰਕੇ ਸਦਾ ਹੀ ਸੁਖ ਪ੍ਰਾਪਤ ਹੁੰਦਾ ਹੈ॥ ੧॥

ਕਾਹੇ ਭ੍ਰਮਿ ਭ੍ਰਮਹਿ ਬਿਗਾਨੇ॥

ਹੇ ਬਿਗਾਨੇ=ਬੇ-ਗਿਆਤ ਪੁਰਸ਼ਾ ! ਤੂੰ ਕਿਸ ਵਾਸਤੇ ਭਰਮ ਵਿਚ ਭ੍ਰਮਹਿ=ਫਿਰ ਰਿਹਾ ਹੈਂ।

ਨਾਮ ਬਿਨਾ ਕਿਛੁ ਕਾਮਿ ਨ ਆਵੈ
ਮੇਰਾ ਮੇਰਾ ਕਰਿ ਬਹੁਤੁ ਪਛੁਤਾਨੇ॥ ੧॥ ਰਹਾਉ॥

ਨਾਮ ਤੋਂ ਬਿਨਾਂ ਕੋਈ ਪਦਾਰਥ ਭੀ ਤੇਰੇ ਕੁਛ ਕੰਮ ਨਹੀਂ ਆਉਣਾ, ਇਹ ਜੀਵ ਮੇਰਾ ਘਰ ਹੈ, ਮੇਰਾ ਪਦਾਰਥ ਹੈ, ਇਹ ਮੇਰਾ ਕੁਟੰਬ ਹੈ, ਇਸੇ ਕਰਕੇ ਬਹੁਤ ਹੀ ਪਸ਼ਚਾਤਾਪ ਕਰਦੇ ਹਨ॥ ੧॥ ਰਹਾਉ॥

ਜੋ ਜੋ ਕਰੈ ਸੋਈ ਮਾਨਿ ਲੇਹੁ॥ ਬਿਨੁ ਮਾਨੇ ਰਲਿ ਹੋਵਹਿ ਖੇਹ॥

ਪਰਮਾਤਮਾ ਕਰਮਾਂ ਅਨੁਸਾਰ ਜੋ ਜੋ ਭੀ ਕਰਦਾ ਹੈ, ਉਸ ਨੂੰ ਭਲਾ ਕਰਕੇ ਮੰਨ ਲੈਣਾ ਕਰੋ। ਭਲਾ ਮੰਨੇ ਤੋਂ ਬਿਨਾਂ ਖੇਹ=ਮਿੱਟੀ ਵਿਚ ਹੀ ਰਲਨਾ ਹੁੰਦਾ ਹੈ।

ਤਿਸ ਕਾ ਭਾਣਾ ਲਾਗੈ ਮੀਠਾ॥ ਗੁਰ ਪ੍ਰਸਾਦਿ ਵਿਰਲੇ ਮਨਿ ਵੂਠਾ॥ ੨॥

ਜੇਕਰ ਤਿਸ ਪ੍ਰਭੂ ਦਾ ਭਾਣਾ ਮੰਨਣਾ ਮਿੱਠਾ ਲਗੇ ਤਾਂ ਹੀ ਸੁਖ ਹੁੰਦਾ ਹੈ। ਪਰ ਗੁਰਾਂ ਦੀ ਕਿਰਪਾ ਦੁਆਰੇ

www.sikhbookclub.com

ਭਾਣਾ ਮੰਨਣਾ ਕਿਸੇ ਵਿਰਲੇ ਦੇ ਮਨ ਵਸਿਆ ॥ ੨ ॥

ਵੇਪਰਵਾਹੁ ਅਗੋਚਰੁ ਆਪਿ ॥ ਆਠ ਪਹਰ ਮਨ ਤਾ ਕਉ ਜਾਪਿ ॥

ਜੋ ਬੇ-ਪਰਵਾਹ ਪ੍ਰਭੂ ਆਪ ਅਗੋਚਰ=ਇੰਦ੍ਰੀਆਂ ਦੇ ਅਵਿਸ਼ੇ ਹੈ। ਉਸ ਪ੍ਰਭੂ ਨੂੰ ਅੱਠੇ ਪਹਿਰ ਮਨ ਕਰ ਕੇ ਜਪਣਾ ਕਰ।

ਜਿਸੁ ਚਿਤਿ ਆਏ ਬਿਨਸਹਿ ਦੁਖਾ ॥
ਹਲਤਿ ਪਲਤਿ ਤੇਰਾ ਊਜਲ ਮੁਖਾ ॥ ੩ ॥

ਜਿਸ ਪ੍ਰਭੂ ਦੇ ਚੇਤੇ ਆਇਆਂ ਸਾਰੇ ਦੁੱਖ ਬਿਨਸ ਜਾਂਦੇ ਹਨ ਅਤੇ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਤੇਰਾ ਮੂੰਹ ਉਜਲਾ ਹੋਵੇਗਾ ॥ ੩ ॥

ਕਉਨ ਕਉਨ ਉਧਰੇ ਗੁਨ ਗਾਇ ॥ ਗਨਣੁ ਨ ਜਾਈ ਕੀਮ ਨ ਪਾਇ ॥

ਪ੍ਰਭੂ ਦੇ ਗੁਣ ਗਾ ਕੇ ਕੇਹੜੇ-ਕੇਹੜੇ ਤਰੇ ਹਨ। ਜੇ ਗਿਣਤੀ ਕਰੀਏ ਤਾਂ ਗਿਣੇ ਨਹੀਂ ਜਾਂਦੇ ਅਤੇ ਨਾ ਹੀ ਕੀਮਤ ਪੈਂਦੀ ਹੈ।

ਬੂਡਤ ਲੋਹ ਸਾਧਸੰਗਿ ਤਰੈ ॥
ਨਾਨਕ ਜਿਸਹਿ ਪਰਾਪਤਿ ਕਰੈ ॥ ੪ ॥ ੩੧ ॥ ੪੨ ॥

ਜੋ ਲੋਹੇ ਵਾਂਗੂ ਪਾਪਾਂ ਕਰਕੇ ਭਾਰੇ ਸੰਸਾਰ ਸਮੁੰਦਰ ਵਿਚ ਡੁਬ ਰਹੇ ਸਨ, ਉਹ ਸਤਸੰਗ ਰੂਪੀ ਬੇੜੇ 'ਪਰ ਚੜ੍ਹ ਕੇ ਤਰ ਗਏ ਹਨ। ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਪਰਮੇਸ਼ਰ ਪਰਾਪਤ ਕਰਦਾ ਹੈ, ਓਸੇ ਨੂੰ ਸਤਸੰਗ ਰੂਪ ਬੇੜਾ ਮਿਲਦਾ ਹੈ ॥ ੪ ॥ ੩੧ ॥ ੪੨ ॥

(ਅਗਲੇ ਸ਼ਬਦ ਵਿਚ ਗੁਰ-ਸੇਵਾ ਦੀ ਸਫਲਤਾ ਤੇ ਪ੍ਰਭੂ ਦੀ ਬਿਅੰਤਤਾ ਦਾ ਵਰਨਣ ਕਰਦੇ ਹਨ)

ਰਾਮਕਲੀ ਮਹਲਾ ੫ ॥

ਮਨ ਮਾਹਿ ਜਾਪਿ ਭਗਵੰਤੁ ॥ ਗੁਰਿ ਪੂਰੈ ਇਹੁ ਦੀਨੋ ਮੰਤੁ ॥

ਹੇ ਭਾਈ ! ਮਨ ਵਿਚ ਭਗਵੰਤ ਨੂੰ ਜਪਣਾ ਕਰ। ਸਾਨੂੰ ਪੂਰਿਆਂ ਗੁਰਾਂ ਨੇ ਏਹੋ ਉਪਦੇਸ਼ ਦਿੱਤਾ।

ਮਿਟੇ ਸਗਲ ਭੈ ਤ੍ਰਾਸ ॥ ਪੂਰਨ ਹੋਈ ਆਸ ॥ ੧ ॥

ਜਿਤਨੇ ਕੁ ਤ੍ਰਾਸ=ਡਰ ਭੈ=ਹੋ ਰਹੇ ਸਨ ਉਹ ਸਭ ਮਿਟ ਗਏ ਹਨ।

ਅਥਵਾ:- ਇਸ ਲੋਕ ਦੇ ਭੈ ਅਤੇ ਪ੍ਰਲੋਕ ਦੇ ਤ੍ਰਾਸ=ਡਰ ਸਾਰੇ ਮਿਟ ਗਏ ਹਨ ਅਤੇ ਸਭ ਆਸਾ ਪੂਰਨ ਹੋ.ਗਈ ਹੈ ॥ ੧ ॥

ਸਫਲ ਸੇਵਾ ਗੁਰਦੇਵਾ ॥

ਗੁਰਦੇਵਾਂ ਦੀ ਸੇਵਾ ਕੀਤੀ ਹੋਈ ਸਫਲ ਹੈ, ਕਿਉਂਕਿ ਮਨੋ ਕਾਮਨਾ ਪੂਰੀ ਕਰਦੀ ਹੈ।

ਕੀਮਤਿ ਕਿਛੁ ਕਹਣੁ ਨ ਜਾਈ ਸਾਚੇ ਸਚੁ ਅਲਖ ਅਭੇਵਾ ॥ ੧ ॥ ਰਹਾਉ ॥

ਉਸ ਪ੍ਰਭੂ ਦੀ ਕੀਮਤ ਕੁਝ ਕਹੀ ਨਹੀਂ ਜਾਂਦੀ, ਓਹ ਸੱਚਾ ਪ੍ਰਭੂ ਸਚੁ=ਨਿਸਚੇ ਕਰਕੇ ਅਲਖ=ਲਖਣੇ

ਤੋਂ ਰਹਿਤ ਹੈ ਅਤੇ ਅਭੇਵਾ=ਭੇਦਾਂ ਤੋਂ ਰਹਿਤ ਹੈ।

ਕਰਨ ਕਰਾਵਨ ਆਪਿ ॥ ਤਿਸ ਕਉ ਸਦਾ ਮਨ ਜਾਪਿ ॥

ਉਹ ਪ੍ਰਭੂ ਆਪ ਹੀ ਜੀਵਾਂ ਨੂੰ ਉਤਪਤ ਕਰਨ ਵਾਲਾ ਹੈ ਅਤੇ ਆਪ ਹੀ ਜੀਵਾਂ ਤੋਂ ਕਰਮ ਕਮਾਉਣੇ ਵਾਲਾ ਹੈ। ਹੇ ਭਾਈ ! ਉਸ ਪ੍ਰਭੂ ਨੂੰ ਸਦਾ ਹੀ ਮਨ ਵਿਚ ਜਪਣਾ ਕਰ।

ਤਿਸ ਕੀ ਸੇਵਾ ਕਰਿ ਨੀਤ ॥ ਸਚੁ ਸਹਜੁ ਸੁਖੁ ਪਾਵਹਿ ਮੀਤ ॥ ੨ ॥

ਨੀਤ=ਨਿਤਾਪ੍ਰਤੀ ਉਸ ਪ੍ਰਭੂ ਦੀ ਸੇਵਾ ਕਰ। ਹੇ ਮਿੱਤ੍ਰ ! ਤਾਂ ਤੂੰ ਸਹਜੁ=ਸੁਭਾਵਕ ਹੀ ਸੱਚਾ ਸੁਖ ਪਾਵੇਂਗਾ ॥ ੨ ॥

ਸਾਹਿਬੁ ਮੇਰਾ ਅਤਿ ਭਾਰਾ ॥ ਖਿਨ ਮਹਿ ਥਾਪਿ ਉਥਾਪਨਹਾਰਾ ॥

ਉਹ ਮੇਰਾ ਸਾਹਿਬ ਅਤਿ ਭਾਰਾ=ਬੜਾ ਭਾਰਾ ਹੈ, ਭਾਵ ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ। ਇਕ ਛਿਨ ਵਿਚ ਥਾਪਿ=ਉਤਪਤੀ ਪਾਲਣਾ ਤੇ ਉਥਾਪਨਹਾਰਾ=ਲਯਤਾ ਦੇ ਕਰਨ ਵਾਲਾ ਹੈ।

ਤਿਸੁ ਬਿਨੁ ਅਵਰੁ ਨ ਕੋਈ ॥ ਜਨ ਕਾ ਰਾਖਾ ਸੋਈ ॥ ੩ ॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਸਮਰੱਥ ਨਹੀਂ ਹੈ। ਆਪਣਿਆਂ ਦਾਸਾਂ ਦਾ ਓਹੀ ਰੱਖਕ ਹੈ॥ ੩ ॥

ਉਸ ਅੱਗੇ ਬੇਨਤੀ ਕਰੋ:-

ਕਰਿ ਕਿਰਪਾ ਅਰਦਾਸਿ ਸੁਣੀਜੈ ॥ ਅਪਣੇ ਸੇਵਕ ਕਉ ਦਰਸਨੁ ਦੀਜੈ ॥

ਹੇ ਪਰਮੇਸ਼ਰ ! ਕ੍ਰਿਪਾ ਦ੍ਰਿਸ਼ਟੀ ਕਰਕੇ ਮੇਰੀ ਅਰਦਾਸ ਸੁਨਣਾ ਕਰੋ। ਆਪਣੇ ਸੇਵਕ ਨੂੰ ਆਪਣਾ ਦਰਸ਼ਨ ਦੇਣਾ ਕਰੋ।

ਨਾਨਕ ਜਾਪੀ ਜਪੁ ਜਾਪੁ ॥
ਸਭ ਤੇ ਊਚ ਜਾ ਕਾ ਪਰਤਾਪੁ ॥ ੪ ॥ ੩੨ ॥ ੪੩ ॥

ਗੁਰੂ ਜੀ ਕਥਨ ਕਰਦੇ ਹਨ-ਜਾਪੀ ਹੋ ਕੇ ਉਸ ਪ੍ਰਭੂ ਦੇ ਜਪ ਨੂੰ ਜਪਣਾ ਕਰ।

ਜਿਸ ਪ੍ਰਭੂ ਦਾ ਪਰਤਾਪ ਸਾਰਿਆਂ ਤੋਂ ਉੱਚਾ ਹੈ॥ ੪ ॥ ੩੨ ॥ ੪੩ ॥

ਰਾਮਕਲੀ ਮਹਲਾ ੫ ॥

ਬਿਰਥਾ ਭਰਵਾਸਾ ਲੋਕ ॥ ਠਾਕੁਰ ਪ੍ਰਭ ਤੇਰੀ ਟੇਕ ॥

ਸੰਸਾਰਕ ਲੋਕਾਂ ਦਾ ਜੇਹੜਾ ਭਰੋਸਾ ਹੈ, ਇਹ ਵਿਅਰਥ ਹੈ। ਹੇ ਪ੍ਰਭੂ ਠਾਕੁਰ=ਸੁਆਮੀ ! ਸਾਨੂੰ ਤਾਂ ਇਕ ਤੇਰੀ ਟੇਕ=ਓਟ ਹੈ।

ਅਵਰ ਛੂਟੀ ਸਭ ਆਸ ॥ ਅਚਿੰਤ ਠਾਕੁਰ ਭੇਟੇ ਗੁਣਤਾਸ ॥ ੧ ॥

ਸ਼ੁਭ-ਗੁਣਾਂ ਦਾ ਤਾਸ=ਖਜ਼ਾਨਾ ਜੋ ਠਾਕੁਰ ਹੈ, ਅਚਿੰਤ=ਚਿੰਤਾ ਤੋਂ ਰਹਿਤ,

ਵਾ:- ਅਚਾਨਕ ਹੀ ਉਸ ਦੇ ਮਿਲਣ ਕਰਕੇ ਹੋਰ ਸਭ ਆਸਾਂ ਛੁਟ ਗਈਆਂ ਹਨ ॥ ੧ ॥

ਏਕੋ ਨਾਮੁ ਧਿਆਇ ਮਨ ਮੇਰੇ ॥

ਹੇ ਮੇਰੇ ਮਨ ! ਤੂੰ ਇਕ ਪ੍ਰਭੂ ਦੇ ਨਾਮ ਨੂੰ ਧਿਆਉਣਾ ਕਰ।

ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥੧ ॥ਰਹਾਉ ॥

ਤੇਰਾ ਸੰਸਾਰਕ ਕੰਮ ਅਤੇ ਮੋਖ ਰੂਪੀ ਕੰਮ ਭੀ ਪੂਰਾ ਹੋ ਜਾਵੇਗਾ, ਹੇ ਮੇਰੇ ਮਨ ! ਤੂੰ ਮਨ, ਬਾਣੀ, ਸਰੀਰ ਦੁਆਰਾ ਹਰਿ ਹਰਿ ਦੇ ਗੁਣ ਗਾਉਣਾ ਕਰ। ਵਾ:- ਹਰ ਇਕ ਜੀਵਾਂ ਦੇ ਹਰਿ=ਹਰਿਆਂ ਕਰਨ ਵਾਲਾ ਜੋ ਹਰੀ ਹੈ, ਉਸ ਦੇ ਗੁਣ ਗਾਉਂਣਾ ਕਰ॥ ੧ ॥ ਰਹਾਉ ॥ ਤੇ ਇਸ ਤਰ੍ਹਾਂ ਕਹੋ-

ਤੁਮ ਹੀ ਕਾਰਨ ਕਰਨ ॥ ਚਰਨ ਕਮਲ ਹਰਿ ਸਰਨ ॥

ਹੇ ਪ੍ਰਭੂ ! ਤੁਸੀਂ ਹੀ ਸਭ ਕਾਰਨਾਂ ਦੇ ਕਰਨ ਵਾਲੇ ਹੋ। ਹੇ ਹਰੀ ! ਆਪ ਜੀ ਦੇ ਚਰਨ ਕਵਲਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਮਨਿ ਤਨਿ ਹਰਿ ਓਹੀ ਧਿਆਇਆ ॥
ਆਨੰਦ ਹਰਿ ਰੂਪ ਦਿਖਾਇਆ ॥ ੨ ॥

ਜਿਸ ਨੇ ਆਪਣੇ ਮਨ, ਤਨ ਦੇ ਵਿਚ ਉਸ ਹਰੀ ਨੂੰ ਧਿਆਇਆ ਹੈ। ਉਸ ਨੂੰ ਅਨੰਦ ਰੂਪ ਹਰੀ ਨੇ ਆਪਣਾ ਸਰੂਪ ਦਿਖਾਉਂਣਾ ਕੀਤਾ ਹੈ॥ ੨ ॥

ਤਿਸ ਹੀ ਕੀ ਓਟ ਸਦੀਵ ॥ ਜਾ ਕੇ ਕੀਨੇ ਹੈ ਜੀਵ ॥

ਸਦੀਵ=ਸਰਬ ਦਾ ਕਾਲ ਓਸੇ ਪ੍ਰਭੂ ਦੀ ਹੀ ਓਟ ਗ੍ਰਹਿਣ ਕਰ। ਜਿਸ ਪ੍ਰਭੂ ਦੇ ਇਹ ਸਾਰੇ ਜੀਵ ਪੈਦਾ ਕੀਤੇ ਹੋਏ ਹਨ।

ਸਿਮਰਤ ਹਰਿ ਕਰਤ ਨਿਧਾਨ ॥ ਰਾਖਨਹਾਰ ਨਿਦਾਨ ॥ ੩ ॥

ਸਿਮਰਦਿਆਂ ਹੀ ਹਰੀ ਸੁਖਾਂ ਦਾ ਖ਼ਜ਼ਾਨਾ ਪ੍ਰਾਪਤ ਕਰ ਦੇਂਦਾ ਹੈ ਅਤੇ ਨਿਦਾਨ=ਅੰਤ ਨੂੰ ਭੀ ਰਖਿਆ ਕਰਨ ਵਾਲਾ ਹੁੰਦਾ ਹੈ॥ ੩ ॥

ਸਰਬ ਕੀ ਰੇਣ ਹੋਵੀਜੈ ॥ ਆਪੁ ਮਿਟਾਇ ਮਿਲੀਜੈ ॥

ਸਾਰਿਆਂ ਦੀ ਚਰਨ ਧੂੜ ਹੋਣਾ ਕਰੀਏ ਅਤੇ ਆਪਾ ਭਾ ਹੰਕਾਰ ਨੂੰ ਮਿਟਾ ਕੇ ਸਤਸੰਗ ਵਿਚ ਮਿਲ ਰਹੀਏ।

ਅਨਦਿਨੁ ਧਿਆਈਐ ਨਾਮੁ ॥
ਸਫਲ ਨਾਨਕ ਇਹੁ ਕਾਮੁ ॥ ੪ ॥ ੩੩ ॥ ੪੪ ॥

ਗੁਰੂ ਜੀ ਕਥਨ ਕਰਦੇ ਹਨ— ਰਾਤ-ਦਿਨ ਨਾਮ ਨੂੰ ਧਿਆਉਣਾ ਕਰੀਏ। ਏਹੋ ਨਾਮ ਜਪਣੇ ਰੂਪ ਕੰਮ ਸਫਲ ਹੈ॥ ੪ ॥ ੩੩ ॥ ੪੪ ॥

ਰਾਮਕਲੀ ਮਹਲਾ ੫ ॥

ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਗਏ ਹਨ ਤੇ ਜਹਾਂਗੀਰ ਬਾਦਸ਼ਾਹ ਦਾ ਮਿਲਾਪ ਹੋਇਆ, ਉਸ ਨੇ ਪੁਛਿਆ ਸੰਸਾਰ ਵਿਚ ਹਿੰਦੂ ਤੇ ਮੁਸਲਮਾਨ ਦੋ ਮਜ਼ਹਬ ਹਨ, ਇਨ੍ਹਾਂ ਵਿਚੋਂ ਵੱਡਾ ਕੌਣ ਹੈ? ਅਤੇ ਸੰਸਾਰ ਸਮੁੰਦਰ ਤੋਂ ਤਰਦਾ ਕੇਹੜਾ ਹੈ ? ਤੇ ਦੋਹਾਂ ਵਿਚੋਂ ਅਭੇਦ ਰੂਪ-ਦ੍ਰਿਸ਼ਟੀ ਕਿਸ ਦੀ ਹੈ ? ਇਹ ਗੱਲਾਂ ਸੁਣ ਕੇ

ਗੁਰੂ ਜੀ ਜਹਾਂਗੀਰ ਬਾਦਸ਼ਾਹ ਨੂੰ ਸੁਣਾਉਂਦੇ ਹਨ-

ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥

ਹਿੰਦੂ ਪਰਮੇਸ਼ਰ ਨੂੰ ਕਾਰਨ ਕਰਨ ਕਹਿੰਦੇ ਹਨ, ਮੁਸਲਮਾਨ ਕਰੀਮ ਕਰਕੇ ਆਖਦੇ ਹਨ। ਹਿੰਦੂ ਕਹਿੰਦੇ ਸਨ ਉਹ ਪਰਮੇਸ਼ਰ ਸਭ ਦੇ ਪਾਲਣਹਾਰਾ ਹੈ, ਮੁਸਲਮਾਨ ਰਹੀਮ ਕਰਕੇ ਆਖਦੇ ਹਨ।

ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥ ੧ ॥

ਮੁਸਲਮਾਨ ਉਸ ਨੂੰ ਅੱਲਾ ਕਰਕੇ ਆਖਦੇ ਹਨ, ਹਿੰਦੂ ਅਲਖ ਅਪਾਰ ਕਰਕੇ ਕਹਿੰਦੇ ਹਨ। ਮੁਸਲਮਾਨ ਉਸ ਨੂੰ ਖੁਦ ਖੁਦਾਇ ਆਖਦੇ ਹਨ, ਹਿੰਦੂ ਵਡ ਬੇ-ਸ਼ੁਮਾਰ=ਵੱਡਾ ਹੈ ਅਤੇ ਗਿਣਤੀ ਤੋਂ ਰਹਿਤ ਹੈ, ਐਸੇ ਕਹਿੰਦੇ ਹਨ॥ ੧ ॥

[ਪੰਨਾ ੮੬੭]

ਓਂ ਨਮੋ ਭਗਵੰਤ ਗੁਸਾਈ ॥

ਖਾਲਕੁ ਰਵਿ ਰਹਿਆ ਸਰਬ ਠਾਈ ॥ ੧ ॥ ਰਹਾਉ ॥

ਹਿੰਦੂ ਕਹਿੰਦੇ ਹਨ:- ਓਂ=ਮੰਗਲ ਸਰੂਪ ਭਗਵੰਤ ਗੁਸਾਈਂ ਨੂੰ ਨਮੋ=ਨਮਸਕਾਰ ਹੋਵੇ।

ਮੁਸਲਮਾਨ ਆਖਦੇ ਹਨ:- ਖਾਲਕੁ=ਖਲਕ ਕੁਨੰਦਾ ਖਾਲਕ ਸਾਰੀਆਂ ਜਗ੍ਹਾ 'ਪਰ ਰਵਿ ਰਿਹਾ ਹੈ।

ਜਗੰਨਾਥ ਜਗਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥

ਹਿੰਦੂ ਕਹਿੰਦੇ ਹਨ:- ਉਹ ਜਗਜੀਵਨ ਮਾਧੋ ਸਾਰੇ ਜਗਤ ਦਾ ਨਾਥ=ਸੁਆਮੀ ਹੈ।

ਪੁਨਾ, ਉਹ ਡਰ ਦੇ ਨਾਸ ਕਰਨ ਵਾਲਾ ਹੈ, ਉਸ ਨੂੰ ਹਿਰਦੇ ਵਿਚ ਅਰਾਧਣਾ ਕਰੋ।

ਰਿਖੀਕੇਸ ਗੋਪਾਲ ਗੋਵਿੰਦ ॥ ਪੂਰਨ ਸਰਬਤ੍ਰ ਮੁਕੰਦ ॥ ੨ ॥

ਉਹ ਰਿਖੀਆਂ ਦਾ ਈਸ਼ੁਰ ਹੈ, ਗੋਪਾਲ=ਪ੍ਰਿਥਵੀ ਦਾ ਪਾਲਕ ਹੈ, ਗੋਵਿੰਦ=ਵੇਦਾਂ ਕਰਕੇ ਜਾਨਣੇ ਹੈ। ਉਹ ਮੁਕੰਦ=ਮੁਕਤੀ ਦਾਤਾ ਪ੍ਰਭੂ ਸਾਰਿਆਂ ਵਿਚ ਪੂਰਨ ਹੈ॥ ੨ ॥

ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ ॥

ਮੁਸਲਮਾਨ ਆਖਦੇ:- ਹੇ ਖੁਦਾ ! ਇਕ ਤੂੰ ਹੀ ਮੇਹਰਬਾਨ ਤੇ ਮਉਲਾ ਰੂਪ ਹੈਂ। ਪੀਰ ਪੈਕਾਂਬਰ ਅਤੇ ਸੇਖ ਰੂਪ ਭੀ ਤੂੰ ਹੀ ਹੈਂ।

ਦਿਲਾ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥ ੩ ॥

ਸਾਰਿਆਂ ਦਿਲਾਂ ਦਾ ਮਾਲਕ ਹੈਂ ਅਤੇ ਸਭ ਨੂੰ ਹਾਕੁ=ਪ੍ਰੇਰਨਾ ਕਰਦਾ ਹੈਂ। ਵਾ:- ਸਭ ਨੂੰ ਹਾਕੁ=ਵੁਲਾਵਣਾ ਕਰਦਾ ਹੈਂ। ਕੁਰਾਨ ਸ਼ਰੀਫ ਤੇ ਸਭ ਕਤੇਬਾਂ ਤੋਂ ਤੂੰ ਪਾਕੁ=ਪਵਿਤਰ ਹੈਂ॥ ੩ ॥

ਨਾਰਾਇਣ ਨਰਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ ॥

ਹਿੰਦੂ ਕਹਿੰਦੇ ਹਨ:- ਨਰਾਇਣ ਰੂਪ ਤੇ ਨਰਹਰ ਰੂਪ ਤੇ ਦਿਆਲੂ ਸੁਭਾ ਵਾਲਾ ਤੂੰ ਹੀ ਹੈਂ।

ਹੇ ਰਾਮ ! ਤੂੰ ਸਾਰਿਆਂ ਵਿਚ ਰਮ ਰਿਹਾ ਹੈਂ ਅਤੇ ਸਾਰਿਆਂ ਘਟਾਂ-ਘਟਾਂ ਦਾ ਆਧਾਰ=ਆਸਰਾ ਰੂਪ ਹੈਂ।

ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥ ੪ ॥

ਹੇ ਵਾਸਦੇਵ ਪ੍ਰਭੂ ! ਤੂੰ ਹੀ ਸਾਰੀਆਂ ਜਗ੍ਹਾ 'ਪਰ ਵਸ ਰਿਹਾ ਹੈਂ। ਆਪ ਜੀ ਦੀ ਲੀਲ੍ਹਾ ਕੁਝ ਜਾਣੀ ਨਹੀਂ ਜਾਂਦੀ ॥ ੪ ॥

ਮਿਹਰ ਦਇਆ ਕਰਿ ਕਰਨੈਹਾਰ ਭਗਤਿ ਬੰਦਗੀ ਦੇਹਿ ਸਿਰਜਣਹਾਰ ॥

ਮੁਸਲਮਾਨ ਆਖਦੇ ਹਨ—ਹੇ ਖੁਦਾ ! ਤੂੰ ਮੇਹਰ ਕਰਨ ਵਾਲਾ ਹੈਂ।

ਹਿੰਦੂ ਕਹਿੰਦੇ ਹਨ—ਹੇ ਪ੍ਰਭੂ ! ਤੂੰ ਦਇਆ ਦ੍ਰਿਸ਼ਟੀ ਕਰਨ ਵਾਲਾ ਹੈਂ।

ਹਿੰਦੂ ਕਹਿੰਦੇ ਹਨ—ਹੇ ਸਿਰਜਣਹਾਰ! ਤੂੰ ਸਾਨੂੰ ਭਗਤੀ ਦੇਣਾ ਕਰ।

ਮੁਸਲਮਾਨ ਆਖਦੇ ਹਨ—ਹੇ ਖੁਦਾ ! ਤੂੰ ਸਾਨੂੰ ਬੰਦਗੀ ਦੇਣਾ ਕਰ।

ਜਹਾਂਗੀਰ ਨੇ ਕਿਹਾ, ਮੈਂ ਤਾਂ ਪੁਛਿਆ ਸੀ ਦੋਹਾਂ 'ਚੋਂ ਵੱਡਾ ਕੌਣ ਹੈ ਤੇ ਤਰਦਾ ਕੇਹੜਾ ਹੈ?

ਕਹੁ ਨਾਨਕ ਗੁਰਿ ਖੋਏ ਭਰਮ ॥
ਏਕੋ ਅਲਹੁ ਪਾਰਬ੍ਰਹਮ ॥ ੫ ॥ ੩੪ ॥ ੪੫ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਦੇ ਅੰਦਰੋਂ ਪੂਰਿਆਂ ਗੁਰਾਂ ਨੇ ਭਰਮ ਖੋਹ ਦਿੱਤੇ ਹਨ। ਉਨ੍ਹਾਂ ਨੇ ਅੱਲਾ ਤੇ ਪਾਰਬ੍ਰਹਮ ਨੂੰ ਇਕ ਸਰੂਪ ਨਿਸਚੇ ਕੀਤਾ ਹੈ। ਜਿਨ੍ਹਾਂ ਨੇ ਇਕ ਅਭੇਦ ਰੂਪ ਨਿਸਚੇ ਕੀਤਾ ਹੈ, ਓਹੀ ਸਭ ਤੋਂ ਵੱਡਾ ਹੈ ਅਤੇ ਓਹੀ ਸੰਸਾਰ ਸਮੁੰਦਰ ਤੋਂ ਤਰਦਾ ਹੈ॥ ੫॥ ੩੪॥ ੪੫ ॥

ਰਾਮਕਲੀ ਮਹਲਾ ੫ ॥

"ਗੋਪਾਲ ਕੋ ਜਸੁ ਗਾਉ ਪ੍ਰਾਣੀ॥"

ਹੇ ਪੁਰਸ਼ੋ ! ਗੋਪਾਲ ਦਾ ਜਸ ਗਾਉਣਾ ਕਰੋ।

ਕੋਟਿ ਜਨਮ ਕੇ ਬਿਨਸੇ ਪਾਪ ॥ ਹਰਿ ਹਰਿ ਜਪਤ ਨਾਹੀ ਸੰਤਾਪ ॥

ਉਸ ਦੇ ਜਸ ਗੈਣ ਕਰਨ ਨਾਲ ਕ੍ਰੋੜਾਂ ਜਨਮਾਂ ਦੇ ਪਾਪ ਬਿਨਸ ਜਾਂਦੇ ਹਨ ਅਤੇ ਹਰਿ ਹਰਿ ਨਾਮ ਦੇ ਜਪਣ ਕਰਕੇ ਕੋਈ ਸੰਤਾਪ=ਦੁੱਖ ਨਹੀਂ ਹੁੰਦਾ।

ਗੁਰ ਕੇ ਚਰਨ ਕਮਲ ਮਨਿ ਵਸੇ ॥
ਮਹਾ ਬਿਕਾਰ ਤਨ ਤੇ ਸਭਿ ਨਸੇ ॥ ੧ ॥

ਜਿਸ ਦੇ ਮਨ ਵਿਚ ਗੁਰਾਂ ਦੇ ਚਰਨ ਕਵਲ ਵਸੇ ਹਨ। ਉਸ ਦੇ ਤਨ ਵਿੱਚੋਂ ਜਿਤਨੇ ਕੁ ਮਹਾ=ਬੜੇ ਬੜੇ ਵਿਕਾਰ ਸਨ, ਉਹ ਸਾਰੇ ਨਸ ਗਏ ਹਨ॥ ੧ ॥

ਗੋਪਾਲ ਕੋ ਜਸੁ ਗਾਉ ਪ੍ਰਾਣੀ ॥

ਹੇ ਪ੍ਰਾਣੀ ! ਤੂੰ ਗੋਪਾਲ ਦੇ ਜਸ ਨੂੰ ਗਾਵਣਾ ਕਰ।

ਅਕਥ ਕਥਾ ਸਾਚੀ ਪ੍ਰਭ ਪੂਰਨ ਜੋਤੀ ਜੋਤਿ ਸਮਾਣੀ॥ ੧ ॥ ਰਹਾਉ ॥

ਜਿਸ ਪੂਰਨ ਪ੍ਰਭੂ ਦੀ ਕਥਾ ਅਕਥ ਹੈ ਤੇ ਸੱਚੀ ਹੈ, ਉਸ ਜੋਤੀ ਦੀ ਜੋਤ ਸਾਰਿਆਂ ਵਿਚ ਸਮਾ ਰਹੀ ਹੈ।

ਅਥਵਾ:- ਅਕਥ ਜੋ ਪੂਰਨ ਪ੍ਰਭੂ ਹੈ, ਉਸ ਦੀ ਸੱਚੀ ਕਥਾ ਜਿਸ ਨੇ ਸੁਣ ਕੇ ਮੰਨਣ ਕੀਤੀ ਹੈ, ਉਸ ਦੀ ਜੋਤ ਜੋਤੀ=ਪਰਮਾਤਮਾ ਵਿਚ ਅਭੇਦ ਹੋਈ ਹੈ॥ ੧ ॥ ਰਹਾਉ॥

ਤ੍ਰਿਸਨਾ ਭੂਖ ਸਭ ਨਾਸੀ॥ ਸੰਤ ਪ੍ਰਸਾਦਿ ਜਪਿਆ ਅਬਿਨਾਸੀ॥

ਉਸ ਦੀ ਤ੍ਰਿਸ਼ਨਾ ਰੂਪ ਭੁੱਖ ਸਾਰੀ ਨਸ ਗਈ ਹੈ। ਜਿਸ ਨੇ ਸੰਤਾਂ ਦੀ ਪ੍ਰਸਾਦਿ=ਕਿਰਪਾ ਦੁਆਰੇ ਅਬਿਨਾਸੀ ਪਰਮਾਤਮਾ ਨੂੰ ਜਪਿਆ ਹੈ।

ਰੈਨਿ ਦਿਨਸੁ ਪ੍ਰਭ ਸੇਵ ਕਮਾਨੀ॥ ਹਰਿ ਮਿਲਣੈ ਕੀ ਏਹ ਨੀਸਾਨੀ॥ ੨ ॥

ਜੇਹੜੀ ਰਾਤ ਦਿਨ ਪ੍ਰਭੂ ਦੀ ਸੇਵਾ ਕਮਾਉਣੀ ਹੈ। ਹਰੀ ਨਾਲ ਮਿਲਣ ਦੀ ਏਹੋ ਸੱਚੀ ਨਿਸ਼ਾਨੀ ਹੈ॥ ੨ ॥

ਮਿਟੇ ਜੰਜਾਲ ਹੋਏ ਪ੍ਰਭ ਦਇਆਲ॥ ਗੁਰ ਕਾ ਦਰਸਨੁ ਦੇਖਿ ਨਿਹਾਲ॥

ਜਿਸ ਉੱਤੇ ਪ੍ਰਭੂ ਦਿਆਲੂ ਹੋਏ ਹਨ, ਉਸ ਦੇ ਜੰਜਾਲ ਮਿਟ ਗਏ ਹਨ। ਉਹ ਗੁਰਮੁਖ ਗੁਰਾਂ ਦਾ ਦਰਸ਼ਨ ਵੇਖ ਕੇ ਨਿਹਾਲ ਹੋਏ ਹਨ।

ਪਰਾ ਪੂਰਬਲਾ ਕਰਮੁ ਬਣਿ ਆਇਆ॥
ਹਰਿ ਕੇ ਗੁਣ ਨਿਤ ਰਸਨਾ ਗਾਇਆ॥ ੩ ॥

ਪਰਾ=ਉਤ ਕ੍ਰਿਸਟ ਪੂਰਬਲੇ ਜਨਮ ਦੇ ਕੀਤੇ ਹੋਏ ਚੰਗੇ ਕਰਮ ਦਾ ਜਿਸ ਵੇਲੇ ਫਲ ਆ ਕੇ ਬਣਿਆ ਤਾਂ ਨਿਤਾਪ੍ਰਤੀ ਰਸਨਾ ਨਾਲ ਹਰੀ ਦੇ ਗੁਣਾਂ ਨੂੰ ਗਾਵਣਾ ਕੀਤਾ॥ ੩ ॥

ਹਰਿ ਕੇ ਸੰਤ ਸਦਾ ਪਰਵਾਣੁ॥ ਸੰਤ ਜਨਾ ਮਸਤਕਿ ਨੀਸਾਣੁ॥

ਹਰੀ ਦੇ ਨਾਮ ਜਪਣ ਵਾਲੇ ਸੰਤ, ਸਦੀਵ ਕਾਲ ਪ੍ਰਮਾਣੀਕ ਹਨ ਅਤੇ ਸੰਤ ਜਨਾਂ ਦੇ ਮੱਥੇ 'ਪਰ ਸ਼ੁਭ ਨੀਸਾਣੁ=ਲੇਖ ਹਨ। *ਅਥਵਾ:-* ਮੱਥੇ ਦੇ ਚੰਗਿਆਂ ਲੇਖਾਂ ਕਰਕੇ ਸੰਤ ਜਨਾਂ ਦਾ ਮਿਲਾਪ ਹੁੰਦਾ ਹੈ।

ਦਾਸ ਕੀ ਰੇਣੁ ਪਾਏ ਜੇ ਕੋਇ॥
ਨਾਨਕ ਤਿਸ ਕੀ ਪਰਮ ਗਤਿ ਹੋਇ॥ ੪ ॥ ੩੫ ॥ ੪੬ ॥

ਪ੍ਰਭੂ ਦੇ ਦਾਸਾਂ ਦੀ ਚਰਨ ਧੂੜ ਨੂੰ ਜੇਹੜਾ ਕੋਈ ਪਾਂਵਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਉਸ ਦੀ ਪਰਮਗਤੀ ਹੁੰਦੀ ਹੈ, ਭਾਵ ਉਸ ਨੂੰ ਕੈਵਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ॥ ੪ ॥ ੩੫ ॥ ੪੬ ॥

ਰਾਮਕਲੀ ਮਹਲਾ ੫ ॥

ਗੁਰਾਂ ਦੀ ਮਹਿਮਾ ਦਾ ਵਰਨਣ ਕਰਕੇ ਸਿੱਖ ਨੂੰ ਉਪਦੇਸ਼ ਦੇਂਦੇ ਹਨ—

ਦਰਸਨ ਕਉ ਜਾਈਐ ਕੁਰਬਾਨੁ॥ ਚਰਨ ਕਮਲ ਹਿਰਦੈ ਧਰਿ ਧਿਆਨੁ॥

ਹੇ ਭਾਈ ! ਗੁਰਾਂ ਦੇ ਦਰਸ਼ਨ ਤੋਂ ਬਲਿਹਾਰ ਕੁਰਬਾਨ ਜਾਣਾ ਕਰ ਅਤੇ ਹਿਰਦੇ ਵਿਚ ਗੁਰਾਂ ਦੇ ਚਰਨ ਕਵਲ ਦਾ ਧਿਆਨ ਧਾਰਨਾ ਕਰ।

ਧੂਰਿ ਸੰਤਨ ਕੀ ਮਸਤਕਿ ਲਾਇ ॥
ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥ ੧ ॥

ਸੰਤਾਂ ਦੇ ਚਰਨਾਂ ਦੀ ਧੂੜ ਨੂੰ ਮੱਥੇ 'ਪਰ ਲਗਾਉਣਾ ਕਰ ਤਾਂ ਜਨਮਾਂ ਜਨਮਾਂਤਰਾਂ ਦੀ ਖੋਟੀ ਮਤ ਰੂਪੀ ਮੈਲ ਚਲੀ ਜਾਏਗੀ॥ ੧ ॥

ਜਿਸੁ ਭੇਟਤ ਮਿਟੈ ਅਭਿਮਾਨੁ ॥

ਜਿਸ ਗੁਰੂ ਦੇ ਮਿਲਣ ਕਰਕੇ ਜਾਤੀ ਅਭਿਮਾਨ, ਵਿਦਿਆ ਦਾ ਹੰਕਾਰ ਦੂਰ ਹੋ ਜਾਂਦਾ ਹੈ।

ਪਾਰਬ੍ਰਹਮੁ ਸਭੁ ਨਦਰੀ ਆਵੈ ਕਰਿ ਕਿਰਪਾ ਪੂਰਨ ਭਗਵਾਨ ॥ ੧ ॥ ਰਹਾਉ ॥

ਤੇ ਪਾਰਬ੍ਰਹਮ ਪ੍ਰਭੂ ਸਾਰੇ ਪਰੀਪੂਰਣ ਨਿਗਾਹ ਆਉਂਦਾ ਹੈ ਅਤੇ ਪੂਰਨ ਭਗਵਾਨ ਆਪ ਹੀ ਸੇਵਕ ਉੱਤੇ ਕਿਰਪਾ ਕਰਦਾ ਹੈ॥ ੧ ॥ ਰਹਾਉ ॥

ਗੁਰ ਕੀ ਕੀਰਤਿ ਜਪੀਐ ਹਰਿ ਨਾਉ ॥ ਗੁਰ ਕੀ ਭਗਤਿ ਸਦਾ ਗੁਣ ਗਾਉ ॥

ਗੁਰਾਂ ਦੀ ਕੀਰਤੀ ਕਰਕੇ ਹਰੀ ਦਾ ਨਾਮ ਜਪੀ ਦਾ ਹੈ। ਗੁਰਾਂ ਦੀ ਭਗਤੀ ਕਰਦੇ ਸਦਾ ਹੀ ਹਰੀ ਦੇ ਗੁਣਾਂ ਦਾ ਗੈਣ ਕਰਨਾ ਹੁੰਦਾ ਹੈ।

ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ ॥ ਗੁਰ ਕਾ ਸਬਦੁ ਸਤਿ ਕਰਿ ਮਾਨੁ ॥ ੨ ॥

ਗੁਰਾਂ ਦੀ ਸੇਵਾ ਵਿਚ ਸੁਰਤ ਜੋੜ ਕੇ, ਵਾ:- ਸ੍ਰੇਸ਼ਟ ਰਤੀ=ਪ੍ਰੀਤੀ ਕਰਕੇ ਹਰੀ ਨੂੰ ਨੇੜੇ ਕਰਕੇ ਜਾਣ ਅਤੇ ਗੁਰਾਂ ਦਾ ਸਬਦੁ=ਉਪਦੇਸ਼ ਸੱਚਾ ਕਰਕੇ ਮਨਣਾ ਕਰ॥ ੨ ॥

ਗੁਰ ਬਚਨੀ ਸਮਸਰਿ ਸੁਖ ਦੂਖ ॥ ਕਦੇ ਨ ਬਿਆਪੈ ਤ੍ਰਿਸਨਾ ਭੂਖ ॥

ਗੁਰਬਚਨੀ=ਗੁਰ ਸਿੱਖਿਆ ਦੁਆਰੇ ਸੁਖ ਦੁੱਖ ਨੂੰ ਸਮਸਰਿ=ਬਰਾਬਰ ਕਰਕੇ ਜਾਣ ਤਾਂ ਤੈਨੂੰ ਕਦੇ ਭੀ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਨਹੀਂ ਵਿਆਪੇਗੀ।

ਮਨਿ ਸੰਤੋਖੁ ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥ ੩ ॥

ਗੁਰਾਂ ਦੇ ਸਬਦਿ=ਉਪਦੇਸ਼ ਨਾਲ ਜਿਨ੍ਹਾਂ ਦਾ ਮਨ ਪਦਾਰਥਾਂ ਵੱਲੋਂ ਰੱਜ ਗਿਆ ਹੈ, ਉਹਨਾਂ ਦੇ ਮਨ ਵਿਚ ਸੰਤੋਖ ਹੋਇਆ ਹੈ। ਗੋਬਿੰਦ ਨੂੰ ਜਪਦਿਆਂ ਹੋਇਆਂ ਸਾਰੇ ਪੜਦੇ ਕੱਜੇ ਜਾਂਦੇ ਹਨ॥ ੩ ॥

ਗੁਰੁ ਪਰਮੇਸਰੁ ਗੁਰੁ ਗੋਵਿੰਦੁ ॥ ਗੁਰੁ ਦਾਤਾ ਦਇਆਲ ਬਖਸਿੰਦੁ ॥

ਗੁਰੂ ਪਰਮੇਸ਼ਰ ਰੂਪ ਹਨ ਤੇ ਗੋਬਿੰਦ ਹੀ ਆ ਕੇ ਗੁਰੂ ਰੂਪ ਹੋਇਆ ਹੈ। ਗੁਰੂ ਸਭ ਪਦਾਰਥਾਂ ਦੇ ਦਾਤੇ ਹਨ, ਦਿਆਲੂ ਸੁਭਾ ਵਾਲੇ ਹਨ ਅਤੇ ਔਗੁਣਾਂ ਦੇ ਬਖਸ਼ਣੇ ਵਾਲੇ ਹਨ।

ਗੁਰ ਚਰਨੀ ਜਾ ਕਾ ਮਨੁ ਲਾਗਾ ॥
ਨਾਨਕ ਦਾਸ ਤਿਸੁ ਪੂਰਨ ਭਾਗਾ ॥ ੪ ॥ ੩੬ ॥ ੪੭ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਪੁਰਸ਼ ਦਾ ਮਨ ਗੁਰ ਚਰਨਾਂ ਨਾਲ ਲਗਾ ਹੈ। ਉਸ ਦਾਸ ਦੇ ਪੂਰਨ ਭਾਗ ਹਨ॥ ੪॥ ੩੬॥ ੪੭॥

[ਪੰਨਾ ੮੯੮]

ਰਾਮਕਲੀ ਮਹਲਾ ੫॥

ਕਿਸੁ ਭਰਵਾਸੈ ਬਿਚਰਹਿ ਭਵਨ॥ ਮੂੜ ਮੁਗਧ ਤੇਰਾ ਸੰਗੀ ਕਵਨ॥

ਹੇ ਪੁਰਖ਼ਾ ! ਕਿਸ ਦੇ ਭਰੋਸੇ ਕਰਕੇ ਭਵਨ=ਘਰਾਂ ਵਿਚ ਵਿਚਰ ਰਿਹਾ ਹੈਂ।

ਵਾ:- ਕਿਸ ਦੇ ਭਰਵਾਸੈ=ਆਸਰੇ ਤੂੰ, ਭਵਨ=ਸੰਸਾਰ ਵਿਚ ਫਿਰ ਰਿਹਾ ਹੈਂ।

ਹੇ ਮੂਰਖ ! ਮੁਗਧ=ਜੜ੍ਹ ਤੇਰਾ ਸੰਗੀ ਕੌਣ ਹੈ? ਭਾਵ ਕੋਈ ਭੀ ਨਹੀਂ ਹੈ।

ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ॥
ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ॥ ੧॥

ਤੇਰਾ ਸੰਗੀ ਇਕ ਰਾਮ ਹੀ ਹੈ, ਪਰ ਤੂੰ ਉਸ ਦੀ ਗਤਿ=ਪ੍ਰਾਪਤੀ ਜਾਣਦਾ ਨਹੀਂ ਹੈਂ। ਪੰਜ ਕਾਮ, ਕ੍ਰੋਧ ਆਦਿਕ ਜੋ ਬਟਵਾਰੇ=ਰਾਹ ਮਾਰ ਠੱਗ ਹਨ, ਉਨ੍ਹਾਂ ਨੂੰ ਮਿੱਤ੍ਰ ਕਰਕੇ ਮੰਨਦਾ ਹੈਂ॥ ੧॥

ਸੋ ਘਰੁ ਸੇਵਿ ਜਿਤੁ ਉਧਰਹਿ ਮੀਤ॥

ਹੇ ਮਿੱਤ੍ਰਾ ! ਤੂੰ ਉਸ ਸਤਸੰਗ ਘਰ ਨੂੰ ਸੇਵਨਾ ਕਰ ਜਿਸ ਕਰਕੇ ਤੂੰ ਉਧਰ ਜਾਵੇਂ।

ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ
ਸਾਧਸੰਗਿ ਕਰਿ ਮਨ ਕੀ ਪ੍ਰੀਤਿ॥ ੧॥ ਰਹਾਉ॥

ਦਿਨ ਰਾਤ ਗੋਬਿੰਦ ਦੇ ਗੁਣਾਂ ਨੂੰ ਰਵੀਅਹਿ=ਉਚਾਰਨਾ ਕਰ,

ਅਤੇ ਸਤਸੰਗਤ ਵਿਚ ਮਨ ਦੀ ਪ੍ਰੀਤੀ ਧਾਰਨਾ ਕਰ॥ ੧॥ ਰਹਾਉ॥

ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ॥ ਤ੍ਰਿਪਤਿ ਨ ਆਵੈ ਬਿਖਿਆ ਸਾਦਿ॥

ਹੰਕਾਰ ਅਤੇ ਵਾਦਿ=ਝਗੜਿਆਂ ਵਿਚ ਹੀ ਤੇਰਾ ਜਨਮ ਬਿਹਾਨੋ=ਬਤੀਤ ਹੋ ਗਿਆ ਹੈ। ਵਿਸ਼ਿਆਂ ਦੇ ਸੁਆਦ ਵਿਚ ਕਦੇ ਭੀ ਤ੍ਰਿਪਤੀ ਨਹੀਂ ਆਉਂਦੀ।

ਭਰਮਤ ਭਰਮਤ ਮਹਾ ਦੁਖੁ ਪਾਇਆ॥ ਤਰੀ ਨ ਜਾਈ ਦੁਤਰ ਮਾਇਆ॥੨॥

ਜੂਨੀਆਂ ਵਿਚ ਭਰਮਦਿਆਂ ਭਰਮਦਿਆਂ ਤੈਂਨੇ ਬੜਾ ਭਾਰੀ ਦੁੱਖ ਪਾਇਆ ਹੈ। ਦੁਤਰ=ਦੁਸਤਰ ਕਠਨ ਜੋ ਮਾਇਆ ਹੈ ਉਹ ਆਪਣੇ ਆਪ ਤਰੀ ਨਹੀਂ ਜਾਂਦੀ॥ ੨॥

ਕਾਮਿ ਨ ਆਵੈ ਸੁ ਕਾਰ ਕਮਾਵੈ॥ ਆਪਿ ਬੀਜਿ ਆਪੇ ਹੀ ਖਾਵੈ॥

ਜੋ ਕਿਸੇ ਕੰਮ ਭੀ ਨਾ ਆਵੇ ਓਹੀ ਕਾਰ ਤੂੰ ਕਮਾਂਵਦਾ ਹੈਂ। ਜੋ ਕਰਮਾਂ ਰੂਪੀ ਬੀਜ ਤੈਂਨੇ ਆਪ ਬੀਜਿਆ ਹੈ, ਉਸ ਦਾ ਫਲ ਤੂੰ ਆਪ ਹੀ ਖਾਵੇਂਗਾ।

www.sikhbookclub.com

ਯਥਾ:- ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ ੨੦॥ *(ਜਪੁਜੀ ਸਾਹਿਬ)*

ਰਾਖਨ ਕਉ ਦੂਸਰ ਨਹੀ ਕੋਇ॥ ਤਉ ਨਿਸਤਰੈ ਜਉ ਕਿਰਪਾ ਹੋਇ॥ ੩॥

ਰਖਿਆ ਕਰਨੇ ਨੂੰ ਪ੍ਰਭ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ ਜਾਂ ਪ੍ਰਭੂ ਦੀ ਕਿਰਪਾ ਹੋਵੇ ਤਾਂ ਹੀ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੩॥

ਇਸ ਲਈ ਤੂੰ ਪ੍ਰਭੂ ਅੱਗੇ ਬੇਨਤੀਆਂ ਕਰ-

ਪਤਿਤ ਪੁਨੀਤ ਪ੍ਰਭ ਤੇਰੋ ਨਾਮੁ॥ ਅਪਨੇ ਦਾਸ ਕਉ ਕੀਜੈ ਦਾਨੁ॥

ਹੇ ਪ੍ਰਭੂ ! ਇਕ ਆਪ ਜੀ ਦਾ ਨਾਮ ਹੀ ਪਤਿਤ ਪੁਨੀਤ=ਪਾਪੀਆਂ ਦੇ ਪਵਿੱਤਰ ਕਰਨ ਵਾਲਾ ਹੈ। ਇਸ ਲਈ ਆਪਣੇ ਦਾਸ ਨੂੰ ਇਕ ਨਾਮ ਦਾਨ ਹੀ ਦੇਣਾ ਕਰ।

ਕਰਿ ਕਿਰਪਾ ਪ੍ਰਭ ਗਤਿ ਕਰਿ ਮੇਰੀ॥
ਸਰਣਿ ਗਹੀ ਨਾਨਕ ਪ੍ਰਭ ਤੇਰੀ॥ ੪॥ ੩੭॥ ੪੮॥

ਹੇ ਪ੍ਰਭੂ ! ਕ੍ਰਿਪਾ ਦ੍ਰਿਸ਼ਟੀ ਕਰਕੇ ਮੇਰੀ ਮੁਕਤੀ ਕਰ। ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਮੈਂ ਤੇਰੀ ਹੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥ ੩੭॥ ੪੮॥

ਰਾਮਕਲੀ ਮਹਲਾ ੫॥

ਜਾਨੀ ਸੰਤ ਕੀ ਮਿਤ੍ਰਾਈ॥

ਅਸਾਂ ਨੇ ਸੰਤਾਂ ਦੀ ਮਿਤ੍ਰਾਈ ਜਾਣੀ ਹੈ, ਭਾਵ ਸੰਤਾਂ ਨਾਲ ਮਿੱਤ੍ਰ ਚਾਰਾ ਪਾਣ ਨਾਲ ਜੋ ਫਲ ਮਿਲਦਾ ਹੈ, ਉਹ ਅਸਾਂ ਨੇ ਸਮਝ ਲਿਆ ਹੈ।

ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ॥ ੧॥ ਰਹਾਉ॥

ਸੰਤਾਂ ਨੇ ਹੀ ਕਿਰਪਾ ਕਰਕੇ ਹਰੀ ਨਾਮ ਸਿਮਰਨ ਦਿੱਤਾ ਹੈ, ਪਰਾ ਪੂਰਬਲੇ ਕਰਮਾਂ ਦੇ ਸੰਜੋਗ ਹੀ ਸੰਤਾਂ ਨਾਲ ਮਿਲਾਂਵਦੇ ਹਨ।

ਇਹ ਲੋਕੇ ਸੁਖੁ ਪਾਇਆ॥ ਨਹੀ ਭੇਟਤ ਧਰਮਰਾਇਆ॥

ਸੰਤਾਂ ਦੇ ਮਿਲਾਪ ਨਾਲ ਇਸ ਲੋਕ ਵਿਚ ਸੁਖ ਪਾਇਆ ਹੈ ਅਤੇ ਪ੍ਰਲੋਕ ਵਿਚ ਭੀ ਧਰਮ ਰਾਜਾ ਨਹੀਂ ਮਿਲੇਗਾ।

ਹਰਿ ਦਰਗਹ ਸੋਭਾਵੰਤ॥ ਫੁਨਿ ਗਰਭਿ ਨਾਹੀ ਬਸੰਤ॥ ੧॥

ਹਰੀ ਦੀ ਦਰਗਾਹ ਵਿਚ ਸ਼ੋਭਾ ਵਾਲੇ ਹੋਏ ਹਾਂ। ਫਿਰ ਮਾਂ ਦੇ ਗਰਭ ਵਿਚ ਭੀ ਨਾਹੀ ਬਸੰਤ=ਨਿਵਾਸ ਹੋਵੇਗਾ॥ ੧॥

ਜਾਨੀ ਸੰਤ ਕੀ ਮਿਤ੍ਰਾਈ॥

ਸੰਤਾਂ ਦੀ ਮਿਤ੍ਰਤਾਈ ਦਾ ਇਹ ਫਲ ਅਸਾਂ ਨੇ ਜਾਣ ਲਿਆ ਹੈ।

ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ॥ ੧॥ ਰਹਾਉ॥

ਸੰਤਾਂ ਨੇ ਹੀ ਕਿਰਪਾ ਦ੍ਰਿਸ਼ਟੀ ਕਰਕੇ ਹਰੀ ਨਾਮਾਂ ਦਾ ਸਿਮਰਨ ਕਰਨਾ ਦਿੱਤਾ ਹੈ, ਪਰਾ ਪੂਰਬਲੇ ਕਰਮਾਂ

ਦੇ ਸੰਜੋਗ ਹੀ ਸੰਤਾਂ ਨਾਲ ਮਿਲਾਂਵਦੇ ਹਨ॥ ੧॥ ਰਹਾਉ॥

ਗੁਰ ਕੈ ਚਰਣਿ ਚਿਤੁ ਲਾਗਾ॥ ਧੰਨਿ ਧੰਨਿ ਸੰਜੋਗੁ ਸਭਾਗਾ॥

ਸੰਤਾਂ ਦੀ ਕਿਰਪਾ ਨਾਲ ਹੀ ਗੁਰਾਂ ਦੇ ਚਰਨਾਂ ਵਿਚ ਚਿਤ ਲਗਾ ਹੈ। ਸਭਾਗੇ ਸੰਤਾਂ ਦਾ ਸੰਜੋਗ ਧੰਨਿ ਧੰਨਿ=ਧੰਨਤਾ ਦੇ ਜੋਗ ਹੈ।

ਵਾ:- ਸੰਤਾਂ ਦੇ ਸੰਜੋਗ ਕਰਕੇ ਮੈਂ ਸਭਾਗਾ ਧੰਨਤਾ ਦੇ ਜੋਗ ਹੋਇਆ ਹਾਂ।

ਸੰਤ ਕੀ ਧੂਰਿ ਲਾਗੀ ਮੇਰੈ ਮਾਥੇ॥
ਕਿਲਵਿਖ ਦੁਖ ਸਗਲੇ ਮੇਰੇ ਲਾਥੇ॥ ੨॥

ਜਿਸ ਵੇਲੇ ਸੰਤਾਂ ਦੇ ਪਵਿੱਤ੍ਰ ਚਰਨਾਂ ਦੀ ਧੂੜ ਮੇਰੇ ਮੱਥੇ 'ਪਰ ਲੱਗ ਗਈ। ਤਿਸ ਵੇਲੇ ਮੇਰੇ ਕਿਲਵਿਖ=ਪਾਪ ਅਤੇ ਸਾਰੇ ਦੁੱਖ ਲਾਥੇ=ਲਹਿ ਗਏ ॥੨॥

ਸਾਧ ਕੀ ਸਚੁ ਟਹਲ ਕਮਾਨੀ॥ ਤਬ ਹੋਏ ਮਨ ਸੁਧ ਪਰਾਨੀ॥

ਹੇ ਪ੍ਰਾਣੀ ! ਜਿਸ ਵੇਲੇ ਸਚੁ=ਸੱਚੇ ਦਿਲੋਂ, ਵਾ:- ਸਚੁ=ਨਿਸਚੇ ਕਰਕੇ ਸੰਤਾਂ ਦੀ ਸੇਵਾ ਟਹਲ ਕਮਾਵਣਾ ਕੀਤੀ। ਤਿਸ ਵੇਲੇ ਮਨ ਆਦਿਕ ਚਤੁਸਟੇ ਅੰਤਹਕਰਣ ਤੇ ਇੰਦ੍ਰੀਏ ਸਾਰੇ ਸ਼ੁਧ ਹੋ ਗਏ।

ਜਨ ਕਾ ਸਫਲ ਦਰਸੁ ਡੀਠਾ॥ ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ॥ ੩॥

ਜਿਸ ਵੇਲੇ ਸੰਤ ਜਨਾਂ ਦਾ ਸਫਲ ਦਰਸਨ ਡੀਠਾ=ਦੇਖਿਆ ਤਾਂ ਘਟ ਹੀ ਘਟ ਵਿਚ ਪ੍ਰਭੂ ਦਾ ਨਾਮ ਵੂਠਾ=ਵਸ ਗਿਆ। ਵਾ:- ਘਟਾਂ-ਘਟਾਂ ਵਿਚ ਪੂਰਨ ਜੋ ਪ੍ਰਭੂ ਹੈ ਉਸ ਦਾ ਨਾਮ ਮੇਰੇ ਹਿਰਦੇ ਵਿਚ ਵਸ ਗਿਆ॥ ੩॥

ਮਿਟਾਨੇ ਸਭਿ ਕਲਿ ਕਲੇਸ॥ ਜਿਸ ਤੇ ਉਪਜੇ ਤਿਸੁ ਮਹਿ ਪਰਵੇਸ॥

ਕਲਿ=ਕਲਪਨਾ ਨੂੰ ਪੈਦਾ ਕਰਨ ਵਾਲੇ ਜੋ ਰਾਗ, ਦ੍ਵੈਸ਼, ਅਵਿਦਿਆ, ਅਸਮਤਾ, ਅਭੀਨਿਵੇਸ ਰੂਪ ਪੰਜ ਕਲੇਸ਼ ਸਨ, ਉਹ ਸਰੇ ਮਿਟਾ ਦਿੱਤੇ।

ਵਾ:- ਕਲਿ=ਕਲਜੁਗ ਦੇ ਸਾਰੇ ਕਲੇਸ਼ ਮਿਟਾ ਦਿੱਤੇ।

ਜਿਸ ਬ੍ਰਹਮ ਤੋਂ ਪੈਦਾ ਹੋਏ ਸੀ ਓਸੇ ਦੇ ਵਿਚ ਹੀ ਪਰਵੇਸ਼ ਕਰ ਗਏ, ਭਾਵ ਅਭੇਦ ਹੋ ਗਏ।

ਪ੍ਰਗਟੇ ਆਨੂਪ ਗੋਵਿੰਦ॥ ਪ੍ਰਭ ਪੂਰੇ ਨਾਨਕ ਬਖਸਿੰਦ॥ ੪॥ ੩੮॥ ੪੯॥

ਆਨੂਪ=ਉਪਮਾ ਤੋਂ ਰਹਿਤ ਜੋ ਗੋਬਿੰਦ ਹੈ, ਉਹ ਆ ਕੇ ਪਰਗਟ ਹੋਏ ਹਨ। ਗੁਰੂ ਜੀ ਕਥਨ ਕਰਦੇ ਹਨ-ਉਹ ਮੇਰੇ ਪੂਰਨ ਪ੍ਰਭੂ ਔਗੁਣਾਂ ਦੇ ਬਖਸ਼ਣ ਵਾਲੇ ਹਨ॥ ੪॥ ੩੮॥ ੪੯॥

ਰਾਮਕਲੀ ਮਹਲਾ ੫॥

ਅਪਨਾ ਪ੍ਰਭੂ ਨਦਰਿ ਨਿਹਾਲੇ॥ ੧॥

ਜਿਸ ਵੇਲੇ ਆਪਣੇ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲੇ=ਵੇਖਿਆ, ਤਿਸ ਵੇਲੇ-

ਗਊ ਕਉ ਚਾਰੇ ਸਾਰਦੂਲੁ॥

www.sikhbookclub.com

ਸਾਰਦੂਲੁ=ਸ਼ੇਰ, ਬਹੁਲਾ ਨਾਮੇ ਗਊ ਨੂੰ ਚਾਰੇ=ਚਰਾਂਵਦਾ ਹੋਇਆ।

ਸਾਖੀ—ਗਊ ਤੇ ਸ਼ੇਰ ਦੀ

ਇਕ ਗੁਆਲਾ ਰੋਜ਼ਾਨਾ ਗਊਆਂ ਨੂੰ ਲਿਜਾ ਕੇ ਬਾਹਰ ਜੰਗਲ ਵਿਚ ਘਾਹ ਚਰਨੇ ਛੱਡ ਦੇਂਦਾ ਹੁੰਦਾ ਸੀ ਤੇ ਸ਼ਾਮ ਨੂੰ ਸਭ ਗਊਆਂ ਘਰ ਲੈ ਆਉਂਦਾ ਸੀ, ਇਕ ਦਿਨ ਬਹੁਲਾ ਨਾਮੇ ਗਊ ਨੇ ਵੱਛਾ ਦਿੱਤਾ ਹੋਇਆ ਸੀ, ਉਹ ਘਾਹ ਚਰਨ ਵਾਸਤੇ ਬਾਹਰ ਗਊਆਂ ਨਾਲ ਰਲ ਕੇ ਚਲੀ ਤਾਂ ਗਈ, ਮੁੜ ਵਾਪਸ ਉਸ ਪਾਸੋਂ ਆਇਆ ਨਾ ਗਿਆ ਤੇ ਗੁਆਲੇ ਦੀ ਨਿਗਾਹ ਭੀ ਨਾ ਪਈ ਇਸ ਕਰਕੇ ਉਹ ਜੰਗਲ ਵਿਚ ਹੀ ਬੈਠੀ ਰਹੀ।

ਅੱਧੀ ਰਾਤ ਵੇਲੇ ਜਦ ਸ਼ੇਰ ਆਇਆ ਉਸ ਨੇ ਭੱਬਕ ਮਾਰੀ ਤਾਂ ਗਊ ਨੇ ਡਰ ਕੇ ਕਿਹਾ, "ਐ ਮਰਦ ਸ਼ੇਰ ਮੈਂ ਤੇਰਾ ਖਾਜ ਹਾਂ ਪਰ ਅੱਜ ਮੈਨੂੰ ਕੁਝ ਨਾ ਕਹੋ ਕਿਉਂਕਿ ਮੈਂ ਵੱਛਾ ਦਿੱਤਾ ਹੋਇਆ ਹੈ, ਜੇਕਰ ਮੈਂ ਉਸ ਦੇ ਪਾਸ ਨਾ ਗਈ ਤਾਂ ਉਹ ਵਿਰਲਾਪ ਕਰਕੇ ਮਰ ਜਾਏਗਾ, ਇਸ ਕਰਕੇ ਮੇਰਾ ਇਹ ਧਰਮ ਹੈ ਮੈਂ ਉਸ ਨੂੰ ਕਿਸੇ ਦੂਜੀ ਗਊ ਦੇ ਹਵਾਲੇ ਕਰ ਆਵਾਂ ਫੇਰ ਮੈਂ ਤੇਰੇ ਪਾਸ ਆ ਜਾਵਾਂਗੀ, ਜੋ ਤੈਂਨੇ ਮੇਰੇ ਨਾਲ ਕਰਨਾ ਹੋਵੇਗਾ ਉਹ ਤੂੰ ਕਰ ਲਵੀਂ।"

ਸ਼ੇਰ ਨੇ ਕਿਹਾ, ਇਹ ਗੱਲ ਕਿਵੇਂ ਬਣ ਸਕਦੀ ਹੈ, ਤੂੰ ਫਿਰ ਮੇਰੇ ਪਾਸ ਕਦ ਆਏਂਗੀ।

ਗਊ ਨੇ ਕਿਹਾ, ਇਹ ਮੇਰਾ ਧਰਮ ਹੋਇਆ ਮੈਂ ਜ਼ਰੂਰ ਆਵਾਂਗੀ।

ਇਹ ਗੱਲ ਸੁਣ ਕੇ ਸ਼ੇਰ ਨੇ ਉਸ ਗਊ ਨੂੰ ਛੱਡ ਦਿੱਤਾ ਤੇ ਉਸ ਨੇ ਆਪਣੇ ਘਰ ਆ ਕੇ ਆਪਣਾ ਵੱਛਾ ਕਿਸੇ ਦੂਜੀ ਗਊ ਦੇ ਹਵਾਲੇ ਕਰਦਿਆਂ ਕਿਹਾ, ਇਸ ਦੀ ਪਾਲਣਾ ਤੂੰ ਕਰਨੀ ਹੋਵੇਗੀ ਤੇ ਮੈਂ ਸ਼ੇਰ ਨਾਲ ਬਚਨ ਕਰ ਆਈ ਹਾਂ ਇਸ ਕਰਕੇ ਮੈਂ ਜੰਗਲ ਵਿਚ ਸ਼ੇਰ ਪਾਸ ਜਾ ਰਹੀ ਹਾਂ।

ਇਹ ਗੱਲ ਸੁਣ ਕੇ ਦੂਜੀ ਗਊ ਨੇ ਕਿਹਾ, ਏਹੋ ਜੇਹੇ ਅਨੇਕਾਂ ਧਰਮ ਹੁੰਦੇ ਹਨ ਤੂੰ ਨਾ ਜਾ ਐਵੇਂ ਜਾ ਕੇ ਕਿਉਂ ਮਰਦੀ ਹੈਂ। ਉਸ ਨੇ ਕਿਹਾ ਮਰਨਾ ਤਾਂ ਹੈ ਪਰ ਧਰਮ ਤੋਂ ਬੇਮੁਖ ਹੋ ਕੇ ਨਹੀਂ ਮਰਨਾ ਚਾਹੀਦਾ, ਹੁਣ ਮੈਂ ਧਰਮ ਕਰ ਆਈ ਹਾਂ ਇਸ ਨੂੰ ਪੂਰਾ ਜ਼ਰੂਰ ਕਰਨਾ ਹੈ, ਇਹ ਗੱਲ ਕਹਿ ਕੇ ਉਹ ਗਊ ਚਲਦੀ ਹੋਈ ਜੰਗਲ ਵਿਚ ਜਾ ਪਹੁੰਚੀ।

ਸ਼ੇਰ ਉਸ ਨੂੰ ਦੇਖ ਕੇ ਬੜਾ ਖੁਸ਼ ਹੋਇਆ ਅਤੇ ਉਸ ਨੂੰ ਆਪਣੇ ਵਾਇਦੇ 'ਪਰ ਆਈ ਸਮਝ ਕੇ ਉਸ ਦੀ ਚਰਨੀਂ ਪੈ ਗਿਆ ਤੇ ਆਖਿਆ ਜਿਵੇਂ ਅਗਲਾ ਤੇਰਾ ਪੁੱਤਰ ਹੈ ਮੈਂ ਭੀ ਤੇਰਾ ਪੁੱਤਰ ਹਾਂ, ਜਿਥੇ ਮਰਜ਼ੀ ਆਵੇ ਤੂੰ ਘਾਹ ਚਰ ਤੈਨੂੰ ਕੋਈ ਜਾਨਵਰ ਕੁਝ ਨਹੀਂ ਕਹੇਗਾ। ਇਸ ਤਰ੍ਹਾਂ ਨਾਲ ਹਰਾ-ਹਰਾ ਘਾਹ ਚਰਾ ਕੇ ਸ਼ੇਰ ਗਊ ਦੀ ਪਾਲਣਾ ਕਰਦਾ ਹੋਇਆ। ਏਸੇ ਵਾਸਤੇ ਗੁਰੂ ਜੀ ਨੇ ਕਿਹਾ ਹੈ- ***ਗਊ ਕਉ ਚਾਰੇ ਸਾਰਦੂਲੁ॥***

ਕਉਡੀ ਕਾ ਲਖ ਹੂਆ ਮੂਲੁ॥

ਜੇਹੜਾ ਮਨੁੱਖ ਕੌਡੀ ਦਾ ਸੀ, ਭਾਵ ਨਿਕੰਮਾ ਸੀ ਉਹ ਲੱਖ ਮੁੱਲ ਦਾ ਹੋ ਗਿਆ।

ਵਾ:- ਕੌਡ਼ੀ ਦਾ ਸੀ ਭਾਵ ਗਰੀਬ ਸੀ ਪਰ ਲੱਖ ਮੁੱਲ ਦਾ ਹੋ ਗਿਆ, ਭਾਵ ਧਨਾਢ ਹੋ ਗਿਆ।

ਬਕਰੀ ਕਉ ਹਸਤੀ ਪ੍ਰਤਿਪਾਲੇ॥ ਅਪਨਾ ਪ੍ਰਭੁ ਨਦਰਿ ਨਿਹਾਲੇ॥ ੧॥

ਜਿਸ ਵੇਲੇ ਆਪਣੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਨਾਲ ਵੇਖਿਆ, ਤਾਂ ਹਸਤੀ=ਹਾਥੀ ਆਪਣੇ ਉਪਰ ਚੜ੍ਹਾ ਕੇ ਬੱਕਰੀ ਨੂੰ ਹਰੀਆਂ ਟਾਹਣੀਆਂ ਖੁਆ ਕੇ ਪਾਲਦਾ ਹੋਇਆ॥ ੧॥

ਸਾਖੀ—ਬੱਕਰੀ ਤੇ ਹਾਥੀ ਦੀ

ਇਕ ਅਯਾਲੀ ਰੋਜ਼ ਹੀ ਬੱਕਰੀਆਂ ਨੂੰ ਲਿਆ ਕੇ ਬਾਹਰ ਚਰਾਂਵਦਾ ਹੁੰਦਾ ਸੀ ਤੇ ਸ਼ਾਮ ਵੇਲੇ ਘਰ ਲੈ ਆਉਂਦਾ ਸੀ, ਇਕ ਦਿਨ ਹੋਰ ਤਾਂ ਸਾਰੀਆਂ ਬੱਕਰੀਆਂ ਆ ਗਈਆ ਪਰ ਇਕ ਬ੍ਰਿਧ ਬੱਕਰੀ ਬਾਹਰ ਹੀ ਰਹਿ ਗਈ ਤੇ ਅਯਾਲੀ ਨੂੰ ਭੀ ਪਤਾ ਨਾ ਲਗਾ, ਜਿਸ ਵੇਲੇ ਰਾਤ ਪਈ ਪਹਿਲੇ ਬੜੀ ਹਨੇਰੀ ਚਲੀ ਫੇਰ ਬਹੁਤ ਮੀਂਹ ਪਿਆ ਸਰਦੀ ਹੋਣ ਕਰ ਕੇ ਬ੍ਰਿਧ ਬੱਕਰੀ ਸਹਾਰ ਨਾ ਸਕੀ, ਪਾਸ ਹੀ ਸ਼ੇਰ ਦਾ ਘੁਰਨਾ ਸੀ ਸ਼ੇਰ ਬਾਹਰ ਗਿਆ ਹੋਇਆ ਸੀ, ਬੱਕਰੀ ਉਠ ਕੇ ਉਸ ਘੁਰਨੇ ਵਿਚ ਪ੍ਰਵੇਸ਼ ਕਰ ਗਈ।

ਥੋੜੇ ਸਮੇਂ ਤੋਂ ਬਾਅਦ ਸ਼ੇਰ ਆ ਗਿਆ ਆਪਣੇ ਘੁਰਨੇ ਪਾਸ ਗਿਆ ਤਾਂ ਅੰਦਰੋਂ ਬੱਕਰੀ ਬੈਠੀ ਦੀ ਵਾਸ਼ਨਾ ਆ ਗਈ ਸ਼ੇਰ ਨੇ ਵਿਚਾਰਿਆ ਜੇ ਮੈਂ ਅੰਦਰ ਗਿਆ ਤਾਂ ਇਸ ਨੇ ਮੇਰੇ ਡਰ ਨਾਲ ਹੀ ਮਰ ਜਾਣਾ ਹੈ। ਨਾਲੇ ਜੇਹੜਾ ਘਰ ਆ ਜਾਵੇ ਉਹ ਪ੍ਰਾਹੁਣਾ ਹੁੰਦਾ ਹੈ ਤੇ ਪ੍ਰਾਹੁਣੇ ਦੀ ਰਖਿਆ ਕਰਨੀ ਹੀ ਜੋਗ ਹੈ. ਇਹ ਵਿਚਾਰ ਕੇ ਸ਼ੇਰ ਸਾਰੀ ਰਾਤ ਬਾਹਰ ਹੀ ਰਿਹਾ ਦਿਨ ਉਦੇ ਹੋਣ ਨਾਲ ਜਦ ਬੱਕਰੀ ਉਠਣੇ ਲਗੀ ਤਾਂ ਉਸ ਪਾਸੋਂ ਉਠਿਆ ਨਾ ਜਾਵੇ ਕਿਉਂਕਿ ਕੁਝ ਭੁੱਖ ਲਗੀ ਹੋਈ ਸੀ ਤੇ ਕੁਝ ਪਾਲਾ ਸੀ, ਸ਼ੇਰ ਨੇ ਵੇਖ ਕੇ ਕਿਹਾ, ਤੂੰ ਐਵੇਂ ਮਰੀ ਜਾਂਦੀ ਹੈਂ, ਮੈਂ ਤੇਰੇ 'ਪਰ ਪ੍ਰਸੰਨ ਹਾਂ ਤੂੰ ਮੈਨੂੰ ਕੋਈ ਸੇਵਾ ਦੱਸ ਤਾਂ ਬੱਕਰੀ ਨੇ ਕਿਹਾ, ਮੈਂ ਬ੍ਰਿਧ ਹਾਂ ਭੁੱਖ ਬਹੁਤ ਲਗੀ ਹੋਈ ਹੈ, ਪ੍ਰਿਥਵੀ ਉੱਤੇ ਜੋ ਘਾਸ ਹੈ ਇਹ ਕਰੜਾ ਹੈ ਮੇਰੇ ਪਾਸੋਂ ਖਾਧਾ ਨਹੀਂ ਜਾਂਦਾ ਤੇ ਮੇਰੇ ਪਾਸੋਂ ਬ੍ਰਿਛਾਂ ਉਪਰ ਚੜ੍ਹਿਆ ਭੀ ਨਹੀਂ ਜਾਂਦਾ, ਉਪਰਲੀਆਂ ਹਰੀਆਂ-ਹਰੀਆਂ ਕੂਮਲਾਂ ਮਿਲਣ ਤਾਂ ਠੀਕ ਹੈ ਤੇ ਗੰਦਲਾ ਪਾਣੀ ਪੀਤਾ ਨਹੀਂ ਜਾਂਦਾ ਕਿਧਰੋਂ ਸ਼ੁਛ ਪਾਣੀ ਮਿਲੇ ਤਾਂ ਪੀ ਕੇ ਸ਼ਾਂਤੀ ਆਵੇ।

ਬੱਕਰੀ ਦੀਆਂ ਇਹ ਗੱਲਾਂ ਸੁਣ ਕੇ ਜਿਥੇ ਹਾਥੀ ਆਉਂਦੇ ਸਨ, ਸ਼ੇਰ ਓਥੇ ਜਾ ਕੇ ਖੜ੍ਹਾ ਹੋ ਗਿਆ, ਹਾਥੀਆਂ ਨੇ ਸ਼ੇਰ ਨੂੰ ਖਲੋਤਾ ਵੇਖ ਕੇ ਕਿਹਾ, ਤੂੰ ਸਾਡਾ ਮਾਲਕ ਹੈਂ ਅਸੀਂ ਤਾਂ ਤੇਰੇ ਦਾਸ ਹਾਂ ਸਾਡੇ ਉੱਤੇ ਕ੍ਰੋਧ ਨਾ ਕਰ, ਸ਼ੇਰ ਨੇ ਕਿਹਾ, ਮੈਂ ਤੁਹਾਨੂੰ ਕੁਝ ਨਹੀਂ ਕਹਿੰਦਾ ਪਰ ਇਕ ਮੇਰਾ ਕੰਮ ਰੋਜ਼ ਕਰਨਾ ਹੋਵੇਗਾ ਇਹ ਬੱਕਰੀ ਮੇਰੀ ਸ਼ਰਨ ਆਈ ਹੈ ਤੇ ਬ੍ਰਿਧ ਹੈ, ਇਸ ਨੂੰ ਤੁਸੀਂ ਆਪਣੇ ਉੱਤੇ ਚੜ੍ਹਾ ਕੇ ਬ੍ਰਿਛਾਂ ਦੀਆਂ ਹਰੀਆਂ ਕੂਮਲਾਂ ਖੁਆ ਕੇ ਤੇ ਨਿਰਮਲ ਪਾਣੀ ਪਿਲਾ ਕੇ ਲਿਆਇਆ ਕਰੋ। ਹਾਥੀਆਂ ਨੇ ਕਿਹਾ, ਸਤਿਬਚਨ। ਉਸ ਦਿਨ ਤੋਂ ਹਾਥੀ ਉਸ ਬੱਕਰੀ ਦੀ ਪਾਲਣਾ ਕਰਨ ਲੱਗ ਪਏ। ਇਸੀ ਕਰਕੇ ਗੁਰੂ ਜੀ ਨੇ ਕਿਹਾ ਹੈ- ***ਬਕਰੀ ਕਉ ਹਸਤੀ ਪ੍ਰਤਿਪਾਲੇ॥***

ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ॥
ਬਰਨਿ ਨ ਸਾਕਉ ਬਹੁ ਗੁਨ ਤੇਰੇ॥ ੧॥ ਰਹਾਉ॥

ਹੇ ਮੇਰੇ ਪ੍ਰਭੂ ਪ੍ਰੀਤਮ ! ਆਪ ਕਿਰਪਾ ਦੇ ਨਿਧਾਨ=ਖ਼ਜ਼ਾਨੇ ਹੋ। ਤੇਰੇ ਵਿਚ ਬਹੁਤ ਸਾਰੇ ਗੁਣ ਹਨ ਮੈਂ ਇਕ ਗੁਣ ਭੀ ਬਰਨਿ=ਕਥਨ ਨਹੀਂ ਕਰ ਸਕਦਾ॥ ੧॥ ਰਹਾਉ॥

ਦੀਸਤ ਮਾਸੁ ਨ ਖਾਇ ਬਿਲਾਈ॥ ਮਹਾ ਕਸਾਬਿ ਛੁਰੀ ਸਟਿ ਪਾਈ॥

ਮਾਸੁ=ਚੂਹਾ ਦਿੱਸ ਰਿਹਾ ਪਰ ਉਸ ਨੂੰ ਬਿਲਾਈ=ਬਿੱਲੀ ਖਾਂਦੀ ਨਹੀਂ ਹੈ। ਜਦ ਆਪਣੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਨਾਲ ਵੇਖਿਆ ਤਾਂ ਮਹਾ ਕਸਾਬਿ=ਵੱਡੇ ਕਸਾਈ ਸਧਨੇ ਨੇ ਛੁਰੀ ਸੁਟ ਦਿੱਤੀ।

ਕਰਣਹਾਰ ਪ੍ਰਭੁ ਹਿਰਦੈ ਵੂਠਾ॥ ਫਾਥੀ ਮਛੁਲੀ ਕਾ ਜਾਲਾ ਤੂਟਾ॥ ੨॥

ਜਿਸ ਵੇਲੇ ਸਭ ਦੇ ਪੈਦਾ ਕਰਨ ਵਾਲਾ ਪ੍ਰਭੂ ਹਿਰਦੇ ਵਿਚ ਆ ਕੇ ਵੂਠਾ=ਵਸਿਆ ਤਾਂ ਫਸੀ ਹੋਈ ਮੱਛੀ

www.sikhbookclub.com

ਦਾ ਜਾਲਾ=ਫਾਹ ਟੁਟ ਗਿਆ॥ ੨॥

ਸੂਕੇ ਕਾਸਟ ਹਰੇ ਚਲੂਲ॥ ਊਚੈ ਥਲਿ ਫੂਲੇ ਕਮਲ ਅਨੂਪ॥

ਜੇਹੜੇ ਸੁੱਕੇ ਕਾਠ ਸਨ, ਉਹ ਹਰੇ ਭਰੇ ਹੋ ਗਏ, ਚਲੂਲ=ਗਾਹੜੇ ਰੰਗ ਦੇ ਸਹਿਤ।

ਜਿਵੇਂ, ਮਾਧਉ ਦਾਸ ਸੀ ਦੀ ਕਿਰਪਾ ਕਰਕੇ ਸੂਕੇ ਕਾਸ਼ਟ=ਸੁੱਕੀ ਸੂਲੀ ਹਰੀ ਹੋ ਗਈ ਸੀ।

ਯਥਾ:- ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥

ਗੁਰ ਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ॥ *(ਰਹਰਾਸਿ ਸਾਹਿਬ)*

ਇਹ ਪ੍ਰਸੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਦੀ ਪਹਿਲੀ ਸੈਂਚੀ ਅਮੀਰ ਭੰਡਾਰ ਵਿਚ ਹੈ।

ਪਰਮੇਸ਼ਰ ਦੀ ਕਿਰਪਾ ਹੋਣ ਨਾਲ ਉਚੇ ਥਲਾਂ ਵਿਚ ਜਿਥੇ ਜਲ ਨਹੀਂ ਪਹੁੰਚਦਾ ਉਥੇ ਭੀ ਅਨੂਪ ਕੌਲ ਫੁਲ ਪ੍ਰਫੁਲਤ ਹੋ ਜਾਂਦੇ ਹਨ। ਵਸ਼ਿਸ਼ਟ ਪੁਰਾਣ ਪੜ੍ਹ ਵੇਖੋ ਜਿਥੇ ਵਸ਼ਿਸ਼ਟ ਜੀ ਨੇ ਅਕਾਸ਼ ਵਿਚ ਕੁਟੀਆ ਬਣਾਈ ਸੀ, ਓਥੇ ਕੌਲ ਫੁਲਾਂ ਦੀ ਬਗੀਚੀ ਸੀ।

ਅਗਨਿ ਨਿਵਾਰੀ ਸਤਿਗੁਰ ਦੇਵ॥ ਸੇਵਕੁ ਅਪਨੀ ਲਾਇਓ ਸੇਵ॥ ੩॥

ਇਕ ਪਿੰਡ ਵਿਚ ਹਰ ਮਹੀਨੇ ਦੇ ਮਹੀਨੇ ਪ੍ਰੇਤ ਆ ਕੇ ਅੱਗ ਲਗਾ ਜਾਂਦਾ ਸੀ, ਪਰ ਸਤਿਗੁਰ ਨਾਨਕ ਦੇਵ ਜੀ ਨੇ ਉਸ ਨੂੰ ਸਮਝਾ ਕੇ ਉਹ ਅੱਗ ਨਵਿਰਤ ਕਰ ਦਿੱਤੀ ਤੇ ਉਸ ਸੇਵਕ ਨੂੰ ਆਪਣੀ ਸੇਵਾ ਵਿਚ ਲਗਾ ਦਿੱਤਾ, ਭਾਵ ਧਰਮਸ਼ਾਲਾ ਬਣਵਾ ਕੇ ਉਥੋਂ ਦੀ ਸਾਰੀ ਸੇਵਾ ਕਰਨੀ ਉਸ ਪ੍ਰੇਤ ਨੂੰ ਸੌਂਪ ਦਿੱਤੀ।

ਏਸੇ ਤਰ੍ਹਾਂ ਦੂਜਾ ਅਰਥ ਸੁਣੋ:- ਜਿਸ ਵੇਲੇ ਆਪਣੇ ਪ੍ਰਭੂ ਨੇ ਨਦਰ ਕਰਕੇ ਵੇਖਿਆ ਤਾਂ-

ਗਊ ਕਉ ਚਾਰੇ ਸਾਰਦੂਲੁ॥ ਸ਼ੁਧ ਹੰਕਾਰ ਰੂਪੀ ਸਾਰਦੂਲੁ=ਸ਼ੇਰ, ਗਊ=ਇੰਦ੍ਰੀਆਂ ਨੂੰ ਸ਼ੁਭ-ਗੁਣਾਂ ਰੂਪੀ ਘਾਹ ਚਰਾਂਦ ਹੋਇਆ।

ਕਉਡੀ ਕਾ ਲਖ ਹੂਆ ਮੂਲੁ॥ ਇਹ ਜੀਵ ਕੌਡੀ ਦਾ ਸੀ, ਭਾਵ ਕਰਤਾ ਭੋਗਤਾ ਜੰਮਨੇ ਮਰਨੇ ਵਾਲਾ ਸੀ, ਲੱਖ ਮੁੱਲ ਦਾ ਹੋ ਗਿਆ, ਭਾਵ ਬ੍ਰਹਮ ਸਰੂਪ ਹੋ ਗਿਆ।

ਵਾ:- ਮੂਲੁ=ਅਧਿਸ਼ਠਾਨ ਰੂਪ ਬ੍ਰਹਮ ਦੇ ਲਖਣੇ ਵਾਲਾ ਹੋ ਗਿਆ।

ਬਕਰੀ ਕਉ ਹਸਤੀ ਪ੍ਰਤਿਪਾਲੇ॥ ਜਿਸ ਵੇਲੇ ਆਪਣੇ ਪ੍ਰਭੂ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤਾਂ -

ਅਪਨਾ ਪ੍ਰਭੁ ਨਦਰਿ ਨਿਹਾਲੇ॥ ਬਕਰੀ=ਵਿਵੇਕ ਬਿਰਤੀ ਨੂੰ ਹਸਤੀ=ਸ਼ੁਧ ਮਨ ਪਾਲਦਾ ਹੋਇਆ।

ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ॥ ਹੇ ਮੇਰੇ ਪ੍ਰਭੂ ਪ੍ਰੀਤਮ ! ਆਪ ਕਿਰਪਾ ਦੇ ਨਿਧਾਨ=ਖ਼ਜ਼ਾਨੇ ਹੋ।

ਬਰਨਿ ਨ ਸਾਕਉ ਬਹੁ ਗੁਨ ਤੇਰੇ॥ ਤੇਰੇ ਵਿਚ ਬਹੁਤ ਸਾਰੇ ਗੁਣ ਹਨ, ਮੈਂ ਇਕ ਗੁਣ ਭੀ ਕਥਨ ਨਹੀਂ ਕਰ ਸਕਦਾ।

ਦੀਸਤ ਮਾਸੁ ਨ ਖਾਇ ਬਿਲਾਈ॥ ਮਾਸੁ=ਪਦਾਰਥ ਦਿੱਸ ਰਹੇ ਹਨ, ਪਰ ਬਿਲਾਈ=ਬਿੱਲੀ-ਬੁੱਧੀ ਭੋਗ ਬਿਰਤੀ ਕਰਕੇ ਉਹਨਾਂ ਨੂੰ ਖਾਂਦੀ ਨਹੀਂ, ਭਾਵ ਧਾਰਦੀ ਨਹੀਂ।

ਮਹਾ ਕਸਾਬਿ ਛੁਰੀ ਸਟਿ ਪਾਈ॥ ਵਡੇ ਕਸਾਈ ਕ੍ਰੋਧ ਨੇ ਹਿੰਸਿਆ ਰੂਪੀ ਛੁਰੀ ਸੁਟ ਪਾਈ ਹੈ।

ਕਰਣਹਾਰ ਪ੍ਰਭੁ ਹਿਰਦੈ ਵੂਠਾ॥ ਜਿਸ ਵੇਲੇ ਕਰਨਹਾਰ ਪ੍ਰਭੂ ਹਿਰਦੇ ਵਿਚ ਆ ਕੇ ਵਸਿਆ।

ਫਾਥੀ ਮਛੁਲੀ ਕਾ ਜਾਲਾ ਤੂਟਾ ॥ ੨ ॥ ਤਾਂ ਫਸੀ ਹੋਈ ਜੀਵ ਰੂਪ ਮੱਛੀ ਦਾ ਮੋਹ ਰੂਪੀ ਜਾਲ,

ਵਾ:- ਜਮਾਂ ਦਾ ਜਾਲ ਟੁੱਟ ਗਿਆ।

ਸੂਕੇ ਕਾਸਟ ਹਰੇ ਚਲੂਲ ॥ ਸੁੱਕੇ ਅੰਤਹਕਰਣ ਸ਼ੁਭ-ਗੁਣਾਂ ਨਾਲ ਹਰੇ ਹੋ ਕੇ ਚਲੂਲ=ਬ੍ਰਹਮ ਗਿਆਨ ਦੇ ਸਹਿਤ ਹੋ ਗਏ।

ਊਚੇ ਥਲਿ ਫੂਲੇ ਕਮਲ ਅਨੂਪ ॥ ਊਚੇ ਥਲਿ=ਖੁਸ਼ੀਕ ਅੰਤਹਕਰਣ ਵਿਚ, ਵਾ:- ਊਚੇ ਥਲਿ=ਹੰਕਾਰ ਵਿਸ਼ਿਸ਼ਟ ਅੰਤਹਕਰਣ ਵਿਚ ਅਨੂਪੰ ਸ਼ੁਭ-ਗੁਣਾਂ ਰੂਪੀ ਕੋਲ ਫੁਲ ਪ੍ਰਫੁਲਤ ਹੋ ਗਏ।

ਅਗਨਿ ਨਿਵਾਰੀ ਸਤਿਗੁਰ ਦੇਵ ॥ ਤ੍ਰਿਸਨਾ ਰੂਪ ਅੱਗ. ਵਾ:- ਈਰਖਾ ਰੂਪੀ ਅੱਗ ਸਤਿਗੁਰਾਂ ਨੇ ਨਵਿਰਤ ਕਰ ਦਿੱਤੀ ਹੈ। ਤੇ-

ਸੇਵਕੁ ਅਪਨੀ ਲਾਇਓ ਸੇਵ ॥ ੩ ॥ ਸੇਵਕ ਨੂੰ ਆਪਣੀ ਸੇਵਾ ਵਿਚ ਲਗਾਵਣਾ ਕੀਤਾ ਹੈ॥ ੩ ॥

ਅਕਿਰਤਘਣਾ ਕਾ ਕਰੇ ਉਧਾਰੁ ॥ ਪ੍ਰਭੁ ਮੇਰਾ ਹੈ ਸਦਾ ਦਇਆਰੁ ॥

ਮੇਰਾ ਪ੍ਰਭੂ ਸਦਾ ਦਿਆਲੂ ਹੈ, ਜੋ ਅਕਿਰਤਘਣਾਂ ਦਾ ਭੀ ਸੰਸਾਰ ਤੋਂ ਉਧਾਰ ਕਰਦਾ ਹੈ।

ਸੰਤ ਜਨਾ ਕਾ ਸਦਾ ਸਹਾਈ ॥

ਚਰਨ ਕਮਲ ਨਾਨਕ ਸਰਣਾਈ ॥ ੪ ॥ ੩੯ ॥ ੫੦ ॥

ਸੰਤ ਜਨਾਂ ਦੀ ਸਦਾ ਹੀ ਸਹਾਇਤਾ ਕਰਨ ਵਾਲਾ ਹੈ। ਗੁਰੂ ਜੀ ਕਥਨ ਕਰਦੇ ਹਨ—ਮੈਂ ਉਸ ਦੇ ਚਰਨ ਕਮਲਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪ ॥ ੩੯ ॥ ੫੦ ॥

[ਪੰਨਾ ੮੯੮]

ਰਾਮਕਲੀ ਮਹਲਾ ੫ ॥

ਇਸ ਸ਼ਬਦ ਦੀ ਤੀਜੀ ਪਉੜੀ ਵਿਚੋਂ ਇਕ ਤੁਕ ਦਾ ਅਰਥ ਪਹਿਲੇ ਕਰਨਾ-

ਕਰਣਹਾਰ ਕਉ ਕਿਛੁ ਅਚਰਜੁ ਨਾਹਿ ॥ ੩ ॥

ਕਰਨਹਾਰ ਪ੍ਰਭੂ ਜੋ ਚਾਹੇ ਕਰ ਸਕਦਾ ਹੈ, ਉਸ ਨੂੰ ਕੋਈ ਗੱਲ ਅਸਚਰਜ ਨਹੀਂ ਹੈ, ਇਕ ਸ਼ੇਰ ਮਾਰਨਾ ਔਖਾ ਹੁੰਦਾ ਹੈ, ਪਰ-

ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥

ਉਸ ਪ੍ਰਭੂ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਪੰਜ ਸਿੰਘ=ਸ਼ੇਰ ਕੱਠੇ ਹੀ ਮਾਰ ਰਖੇ ਹਨ। ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ, ਇਹ ਦਸ ਇੰਦ੍ਰੀਆਂ ਰੂਪ ਦਸ ਬਿਘਿਆੜੀਆਂ ਭੀ ਨਿਵਾਰ ਲਈਆਂ ਹਨ, ਭਾਵ ਦਮਨ ਕਰ ਦਿੱਤੀਆਂ ਹਨ।

ਤੀਨਿ ਆਵਰਤ ਕੀ ਚੂਕੀ ਘੇਰ ॥ ਸਾਧਸੰਗਿ ਚੂਕੇ ਭੈ ਫੇਰ ॥ ੧ ॥

ਤਿੰਨ ਗੁਣ ਆਵਰਤ=ਵਰਤਲਾਕਾਰ (ਗੋਲਾਕਾਰ) ਵਾ:- ਤਿੰਨ ਗੁਣ ਜੋ ਆ=ਸਰਬ ਓਰ ਤੋਂ ਆ

www.sikhbookclub.com

ਕੇ ਵਰਤ ਰਹੇ ਸਨ, ਉਨ੍ਹਾਂ ਦੀ ਘੁੰਮਣ ਘੇਰੀ ਚੁਕੀ ਗਈ ਹੈ। ਸਤਸੰਗਤ ਦੇ ਕਰਨ ਨਾਲ ਭੈਦਾਇਕ ਚੌਰਾਸੀ ਲੱਖ ਜੂਨੀਆਂ ਦੇ ਫੇਰੇ ਚੁਕ ਗਏ ਹਨ॥ ੧॥

ਸਿਮਰਿ ਸਿਮਰਿ ਜੀਵਾ ਗੋਵਿੰਦ॥

ਮੈਂ ਤਾਂ ਗੋਬਿੰਦ ਦੇ ਸਿਮਰਨ ਨੂੰ ਸਿਮਰ ਕੇ ਜੀਉਂਦਾ ਹਾਂ।

ਕਰਿ ਕਿਰਪਾ ਰਾਖਿਓ ਦਾਸੁ ਅਪਨਾ
ਸਦਾ ਸਦਾ ਸਾਚਾ ਬਖਸਿੰਦ॥ ੧॥ ਰਹਾਉ॥

ਗੋਵਿੰਦ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣਾ ਦਾਸ ਜਨਮ ਮਰਨ ਤੋਂ ਰੱਖ ਲਿਆ ਹੈ, ਉਹ ਸੱਚਾ ਪ੍ਰਭੂ ਸਦਾ ਸਦਾ ਔਗੁਣਾਂ ਦੇ ਬਖਸ਼ਣ ਵਾਲਾ ਹੈ॥ ੧॥ ਰਹਾਉ॥

ਦਾਝਿ ਗਏ ਤ੍ਰਿਣ ਪਾਪ ਸੁਮੇਰ॥ ਜਪਿ ਜਪਿ ਨਾਮੁ ਪੂਜੇ ਪ੍ਰਭ ਪੈਰ॥

ਸੁਮੇਰ ਪਰਬੱਤ ਵਾਂਙੂ ਬੜੇ-ਬੜੇ ਭਾਰੀ ਜੋ ਪਾਪ ਕਰਮ ਕੀਤੇ ਹੋਏ ਸਨ, ਉਹ ਤ੍ਰਿਣ=ਕੱਖਾਂ ਦੇ ਸਮਾਨਿ, ਦਾਝਿ=ਸੜ ਗਏ। *ਪ੍ਰਸ਼ਨ-* ਕਦੋਂ ਸੜ ਗਏ? *ਉੱਤਰ:-*

ਜਿਸ ਵੇਲੇ ਗੁਰ ਚਰਨਾਂ ਨੂੰ ਪੂਜ ਕੇ ਪ੍ਰਭੂ ਦੇ ਨਾਮ ਜਪ ਨੂੰ ਜਪਿਆ, ਉਸ ਵੇਲੇ ਸੜ ਗਏ।

ਅਨਦ ਰੂਪ ਪ੍ਰਗਟਿਓ ਸਭ ਥਾਨਿ॥ ਪ੍ਰੇਮ ਭਗਤਿ ਜੋਰੀ ਸੁਖ ਮਾਨਿ॥ ੨॥

ਅਨੰਦ ਰੂਪ ਪਰਮਾਤਮਾ ਨੂੰ ਸਾਰਿਆਂ ਅਸਥਾਨਾਂ ਵਿਚ ਪਰਗਟ ਹੋਇਆ, ਭਾਵ ਪਰੀ ਪੂਰਣ ਜਾਣਿਆ। ਪ੍ਰੇਮਾ ਭਗਤੀ ਵਿਚ ਬਿਰਤੀ ਜੋੜੀ ਤਾਂ ਸੁਖ ਮਾਣਿਆ॥ ੨॥

ਸਾਗਰੁ ਤਰਿਓ ਬਾਛਰ ਖੋਜ॥ ਖੇਦੁ ਨ ਪਾਇਓ ਨਰ ਫੁਨਿ ਰੋਜ॥

ਗਊ ਦੇ ਬਾਛਰ=ਵੱਛੇ ਨੇ ਜਿਥੇ ਆਪਣਾ ਖੋਜ=ਖੁਰ ਰਖਿਆ ਹੋਵੇ ਤੇ ਉਥੇ ਪਾਣੀ ਠਹਿਰ ਜਾਂਦਾ ਹੈ, ਉਸ ਨੂੰ ਜਿਵੇਂ ਮਨੁੱਖ ਸੁਖੈਣ ਲੰਘ ਜਾਂਦਾ ਹੈ, ਤਿਵੇਂ ਸੁਖੈਣ ਹੀ ਸੰਸਾਰ ਸਮੁੰਦਰ ਤੋਂ ਤਰਨਾ ਕੀਤਾ। ਸੰਸਾਰ ਤੋਂ ਪਾਰ ਹੋਦ ਵੇਲੇ ਕੋਈ ਖੇਦੁ=ਦੁੱਖ ਨਹੀਂ ਪਾਇਆ, ਨਾ ਹੀ ਪੁਨਾ ਇਹ ਜੀਵ ਰੋਜ=ਰੋਂਦਾ ਹੈ। (ਜਿਵੇਂ ਮਹਾਰਾਜਾ ਰਣਜੀਤ ਸਿੰਘ ਅਟਕ ਦਰਿਆ ਤੋਂ ਸੁਖੈਣ ਤਰ ਗਿਆ ਸੀ, ਤੇ ਹਨੂੰਮਾਨ ਪ੍ਰਤੱਖ ਸਮੁੰਦਰ ਤੋਂ ਸੁਖੈਣ ਪਾਰ ਹੋ ਗਿਆ ਸੀ।)

ਸਿੰਧੁ ਸਮਾਇਓ ਘਟੁਕੇ ਮਾਹਿ॥
ਕਰਣਹਾਰ ਕਉ ਕਿਛੁ ਅਚਰਜੁ ਨਾਹਿ॥ ੩॥

ਪ੍ਰਤੱਖ ਸਮੁੰਦਰ ਅਗਸਤ ਮੁਨੀ ਦੇ ਸਰੀਰ ਰੂਪ ਘਟ=ਘੜੇ ਵਿਚ ਸਮਾ ਗਿਆ।

ਅਥਵਾ- ਪ੍ਰਤੱਖ ਸਮੁੰਦਰ ਪ੍ਰਭੂ ਦੇ ਹੁਕਮ ਰੂਪ ਘਟ ਵਿਚ ਸਮਾ ਰਿਹਾ ਹੈ, ਨਹੀਂ ਤਾਂ ਨਦੀਆਂ ਵਾਂਗ ਉਛਲ ਕੇ ਸਾਰਿਆਂ ਨੂੰ ਰੋੜ੍ਹ ਦੇਂਦਾ।

ਅਥਵਾ:- ਸਮੁੰਦਰ ਰੂਪ ਪਰਮਾਤਮਾ ਸਾਰਿਆਂ ਘਟਾਂ ਵਿਚ ਸਮਾ ਗਿਆ ਹੈ। ਉਹ ਕਰਨਹਾਰ ਪਰਮੇਸ਼ਰ ਨੂੰ ਕੁਝ ਭੀ ਅਸਚਰਜ ਨਹੀਂ ਹੈ॥ ੩॥

www.sikhbookclub.com

ਜਉ ਛੂਟਉ ਤਉ ਜਾਇ ਪਇਆਲ॥
ਜਉ ਕਾਢਿਓ ਤਉ ਨਦਰਿ ਨਿਹਾਲ॥

ਜਦੀ ਇਹ ਜੀਵ ਨਾਮ ਸਿਮਰਨ ਤੋਂ ਛੁਟ ਜਾਵੇ ਤਾਂ ਪਇਆਲ=ਨਰਕਾਂ ਵਿਚ ਜਾਂਦਾ ਹੈ ਜਾਂ ਪ੍ਰਭੂ ਨੇ ਨਿਹਾਲ ਨਦਰ ਕਰਕੇ ਵੇਖਿਆ ਤਾਂ ਇਸ ਨੂੰ ਸੰਸਾਰ ਚੋਂ,

ਵਾ:- ਨਰਕਾਂ ਵਿਚੋਂ ਕੱਢ ਲੈਣਾ ਕੀਤਾ।

ਪਾਪ ਪੁੰਨ ਹਮਰੈ ਵਸਿ ਨਾਹਿ॥
ਰਸਕਿ ਰਸਕਿ ਨਾਨਕ ਗੁਣ ਗਾਹਿ॥ ੪॥ ੪੦॥ ੫੧॥

ਪਾਪ ਪੁੰਨ ਰੂਪ ਕਰਮਾਂ ਦਾ ਕਰਨਾ ਸਾਡੇ ਵਸ ਵਿਚ ਕੁਝ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ—ਅਸੀਂ ਤਾਂ ਰਸਕਿ=ਤਦਾਕਾਰ ਹੋ ਹੋ ਕੇ ਪ੍ਰਭੂ ਦੇ ਗੁਣ ਗਾਂਵਦੇ ਹਾਂ॥ ੪॥ ੪੦॥ ੫੧॥

ਰਾਮਕਲੀ ਮਹਲਾ ੫॥
ਨਾ ਤਨੁ ਤੇਰਾ ਨਾ ਮਨੁ ਤੋਹਿ॥ ਮਾਇਆ ਮੋਹਿ ਬਿਆਪਿਆ ਧੋਹਿ॥

ਹੇ ਪੁਰਸ਼ਾ ! ਨਾ ਤੇਰਾ ਸਥੂਲ ਸਰੀਰ ਹੈ, ਨਾ ਹੀ ਤੇਰਾ ਸੂਖਮ ਸਰੀਰ ਹੈ, ਸਭ ਕੁਛ ਪਰਮੇਸ਼ਰ ਦਾ ਹੈ। ਮਾਇਆ ਦੇ ਮੋਹ ਕਰਕੇ ਤੂੰ ਧੋਹਿ=ਛਲਾਂ ਵਿਚ ਵਿਆਪ ਰਿਹਾ ਹੈਂ।

ਵਾ:- ਜਿਸ ਮਾਇਆ ਦੇ ਮੋਹ ਵਿਚ ਵਿਆਪ ਰਿਹਾ ਹੈਂ, ਇਹ ਅੰਤ ਨੂੰ ਧੋਹਿ=ਛਲ ਜਾਣ ਵਾਲੀ ਹੈ।

ਕੁਦਮ ਕਰੈ ਗਾਡਰ ਜਿਉ ਛੇਲ॥ ਅਚਿੰਤੁ ਜਾਲੁ ਕਾਲੁ ਚਕੂ ਪੇਲ॥ ੧॥

ਕੁਦਮ=ਕੁਦਨਾ ਕਰਦਾ ਹੈ, ਵਾ:- ਖੋਟਾ ਉਦਮ ਕਰਦਾ ਹੈ, ਜਿਵੇਂ ਗਾਡਰ=ਭੇਡ ਨਾਲ ਛੇਲ=ਬੱਕਰਾ ਕਰਦਾ ਹੈ। ਅਥਵਾ:- ਜੈਸੇ ਗਾਡਰ=ਬੱਕਰਾ, ਛੇਲ=ਬੱਕਰੀ ਨਾਲ ਕਰਦਾ ਹੈ। ਕਾਲ ਜੋ ਚਕਰਾ-ਕਾਰ ਹੈ, ਉਹ ਅਚਿੰਤੁ=ਅਚਾਨਕ ਹੀ ਆ ਕੇ ਜਾਲ ਨੂੰ ਪੇਲ=ਪਾਂਵਦਾ ਹੈ।

ਵਾ:- ਜਾਲ ਪਾ ਕੇ ਪੇਲ=ਦਬਾਂਵਦਾ ਹੈ॥ ੧॥

ਹਰਿ ਚਰਨ ਕਮਲ ਸਰਨਾਇ ਮਨਾ॥

ਹੇ ਮਨ ! ਤੂੰ ਹਰੀ ਦੇ ਚਰਨ ਕਵਲਾਂ ਦੀ ਸ਼ਰਨ ਵਿਚ ਆਉਣਾ ਕਰ।

ਰਾਮ ਨਾਮੁ ਜਪਿ ਸੰਗਿ ਸਹਾਈ
ਗੁਰਮੁਖਿ ਪਾਵਹਿ ਸਾਚੁ ਧਨਾ॥ ੧॥ ਰਹਾਉ॥

ਅੰਗ-ਸੰਗ ਹੋ ਕੇ ਸਹਾਇਤਾ ਕਰਨ ਵਾਲਾ ਜੋ ਰਾਮ ਨਾਮ ਹੈ, ਉਸ ਨੂੰ ਜਪਣਾ ਕਰ, ਤਾਂ ਤੂੰ ਗੁਰਾਂ ਦੁਆਰੇ ਸੱਚੇ ਆਤਮ ਧਨ ਨੂੰ ਪਾਵੇਂਗਾ।

ਊਨੇ ਕਾਜ ਨ ਹੋਵਤ ਪੂਰੇ॥ ਕਾਮਿ ਕ੍ਰੋਧਿ ਮਦਿ ਸਦ ਹੀ ਝੂਰੇ॥

ਦੁਨੀਆਂ ਦੇ ਕਾਰਜ ਊਣੇ ਹੀ ਰਹਿੰਦੇ ਹਨ, ਇਹ ਕਿਸੀ ਦੇ ਭੀ ਪੂਰੇ ਨਹੀਂ ਹੁੰਦੇ। ਕਾਮੀ, ਕ੍ਰੋਧੀ ਤੇ

www.sikhbookclub.com

ਮਦਿ=ਹੰਕਾਰੀ ਪੁਰਸ਼, ਵਾ:- ਸ਼ਰਾਬੀ ਪੁਰਸ਼ ਸਦਾ ਹੀ ਝੁਰਦੇ ਰਹਿੰਦੇ ਹਨ।

ਕਰੈ ਬਿਕਾਰ ਜੀਅਰੇ ਕੈ ਤਾਈ॥ ਗਾਫਲ ਸੰਗਿ ਨ ਤਸੂਆ ਜਾਈ॥ ੨॥

ਆਪਣੇ ਜੀਅ ਦੀ ਰਖਿਆ ਕਰਨੇ ਦੇ ਵਾਸਤੇ ਕਈ ਤਰ੍ਹਾਂ ਦੇ ਵਿਕਾਰ ਕਰਦਾ ਹੈ, ਛਲ, ਛਿਦ੍ਰ ਆਦਿਕ, ਜਾਂ ਹੋਰਨਾਂ ਜੀਆਂ ਨੂੰ ਮਾਰ ਕੇ ਖਾਂਧਾ ਹੈ।

ਪਰ ਹੇ ਗਾਫਲ=ਭੁੱਲੇ ਹੋਏ ਪੁਰਸ਼ਾ ! ਅੰਤ ਨੂੰ ਤੇਰੇ ਨਾਂਲ ਤਸੂਆ=ਰੰਚਕ ਮਾਤ੍ਰ ਭੀ ਕੋਈ ਪਦਾਰਥ ਨਹੀਂ ਜਾਣਾ। (ਨੋਟ:- ਇਮਾਰਤੀ ਗਜ ਦੇ ਚੌਵੀਵੇ ਹਿੱਸੇ ਨੂੰ ਤਸੂ ਕਹਿੰਦੇ ਹਨ।)

ਯਥਾ:- ਸੰਗਿ ਨ ਚਾਲੈ ਤੇਰੇ ਤਸੂਆ॥

ਤਥਾ:- ਚੋਰੁ ਸਲਾਹੇ ਚੀਤੁ ਨ ਭੀਜੈ॥ ਜੇ ਬਦੀ ਕਰੇ ਤਾ ਤਸੂ ਨ ਛੀਜੈ॥ *(ਪੰਨਾ ੬੬੨)*

ਧਰਤ ਧੋਹ ਅਨਿਕ ਛਲ ਜਾਨੈ॥ ਕਉਡੀ ਕਉਡੀ ਕਉ ਖਾਕੁ ਸਿਰਿ ਛਾਨੈ॥

ਛਲ ਦੇ ਜਾਨਣ ਵਾਲਾ ਪੁਰਸ਼ ਅਨੇਕ ਤਰ੍ਹਾਂ ਦੇ ਧੋਹ=ਛਲ ਧਾਰਦਾ ਹੈ।

ਵਾ:- ਧੋਹ=ਧੋਖੇ ਬਾਜ਼ੀਆਂ ਨੂੰ ਧਾਰਦਾ ਹੈ ਅਤੇ ਅਨੇਕਾਂ ਛਲ ਕਰਨੇ ਜਾਣਦਾ ਹੈ। ਕੌਡੀ-ਕੌਡੀ ਦੇ ਵਾਸਤੇ ਸਿਰ ਉੱਤੇ ਖਾਕੁ=ਛਾਣਦਾ ਫਿਰਦਾ ਹੈ। ਭਾਵ ਝੂਠ ਬੋਲਦਾ ਹੈ ਤੇ ਖੋਟੇ ਕੰਮ ਕਰਦਾ ਹੈ।

ਵਾ:- ਸਿਰ ਉੱਤੇ ਲਾਹਨਤਾਂ ਰੂਪੀ ਖਾਕੁ=ਸੁਆਹ ਨੂੰ ਛਾਣਦਾ ਹੈ।

ਜਿਨਿ ਦੀਆ ਤਿਸੈ ਨ ਚੇਤੈ ਮੂਲਿ॥ ਮਿਥਿਆ ਲੋਭੁ ਨ ਉਤਰੈ ਸੂਲੁ॥ ੩॥

ਜਿਸ ਪ੍ਰਭੂ ਨੇ ਸਭ ਕੁਝ ਦਿੱਤਾ ਹੈ, ਉਸ ਨੂੰ ਮੂਲਿ=ਕਦਾਚਿਤ ਚੇਤਦਾ ਨਹੀਂ ਹੈ। ਮਿਥਿਆ=ਝੂਠੇ ਪਦਾਰਥਾਂ ਦੇ ਲੋਭ ਦਾ ਸੂਲੁ=ਦੁਖ ਇਸ ਦੇ ਮਨ ਵਿਚੋਂ ਉਤਰਦਾ ਨਹੀਂ ਹੈ।

ਪਾਰਬ੍ਰਹਮ ਜਬ ਭਏ ਦਇਆਲ॥ ਇਹੁ ਮਨੁ ਹੋਆ ਸਾਧ ਰਵਾਲ॥

ਜਿਸ ਵੇਲੇ ਪਾਰਬ੍ਰਹਮ ਆਪ ਦਿਆਲੂ ਹੋਏ। ਤਿਸ ਵੇਲੇ ਇਹ ਮਨ ਸੰਤਾਂ ਦੇ ਚਰਨਾਂ ਦੀ ਰਵਾਲ=ਧੂੜ ਗ੍ਰਹਿਣ ਕਰਨ ਵਾਲਾ ਹੋਇਆ । ਤੇ-

ਹਸਤ ਕਮਲ ਲੜਿ ਲੀਨੋ ਲਾਇ॥
ਨਾਨਕ ਸਾਚੈ ਸਾਚਿ ਸਮਾਇ॥ ੪॥ ੪੧॥ ੫੨॥

ਪ੍ਰਭੂ ਨੇ ਸਿਰ ਉੱਤੇ ਹਸਤ ਕਮਲ=ਹੱਥ ਕਮਲ ਰੱਖ ਕੇ ਆਪਣੇ ਨਾਮ ਰੂਪ ਪੱਲੇ ਨਾਲ ਲਗਾ ਲੀਤਾ। ਗੁਰੂ ਜੀ ਕਥਨ ਕਰਦੇ ਹਨ— ਤਾਂ ਸੱਚੇ ਨਾਮ ਦੇ ਪ੍ਰਤਾਪ ਕਰਕੇ ਸੱਚ ਸਰੂਪ ਦੇ ਵਿਚ ਹੀ ਸਮਾ ਗਿਆ॥ ੪॥ ੪੧॥ ੫੨॥

ਰਾਮਕਲੀ ਮਹਲਾ ੫॥
ਰਾਜਾ ਰਾਮ ਕੀ ਸਰਣਾਇ॥

ਜੋ ਗੁਰਮੁਖ ਰਾਜਾ ਰਾਮ ਦੀ ਸ਼ਰਨ ਵਿਚ ਆਏ ਹਨ।

ਨਿਰਭਉ ਭਏ ਗੋਬਿੰਦ ਗੁਨ ਗਾਵਤ ਸਾਧਸੰਗਿ ਦੁਖੁ ਜਾਇ॥ ੧॥ ਰਹਾਉ॥

ਉਹ ਗੋਬਿੰਦ ਦੇ ਗੁਣ ਗਾਂਵਦੇ ਹੋਏ ਜਮਾਂ ਤੋਂ ਨਿਰਭਉ ਹੋ ਗਏ ਹਨ ਅੰਤੇ ਸੰਤਾਂ ਦੇ ਸੰਗ ਕਰਕੇ ਸਮੱਗਰ ਦੁੱਖ, ਵਾ:- ਅਗਿਆਨ ਦਾ ਦੁੱਖ ਚਲਾ ਗਿਆ ਹੈ॥ ੧॥ ਰਹਾਉ॥

ਜਾ ਕੈ ਰਾਮੁ ਬਸੈ ਮਨ ਮਾਹੀ॥ ਸੋ ਜਨੁ ਦੁਤਰੁ ਪੇਖਤ ਨਾਹੀ॥

ਜਿਸ ਦੇ ਮਨ ਵਿਚ ਰਾਮ ਨਾਮ ਵਸਦਾ ਹੈ। ਉਹ ਪੁਰਸ਼ ਸੰਸਾਰ ਸਮੁੰਦਰ ਤੋਂ ਤਰਨਾ ਦੁਤਰੁ=ਕਠਨ ਨਹੀਂ ਵੇਖਦਾ।

ਸਗਲੇ ਕਾਜ ਸਵਾਰੇ ਅਪਨੇ॥ ਹਰਿ ਹਰਿ ਨਾਮੁ ਰਸਨ ਨਿਤ ਜਪਨੇ॥ ੧॥

ਉਸ ਨੇ ਆਪਣੇ ਸਾਰੇ ਕਾਰਜ ਸਵਾਰ ਲੀਤੇ ਹਨ। ਜੋ ਨਿਤਾਪ੍ਰਤੀ ਰਸਨਾ ਨਾਲ ਹਰਿ ਹਰਿ ਦੇ ਨਾਮਾਂ ਨੂੰ ਜਪਣਾ ਕਰਦਾ ਹੈ॥ ੧॥

ਜਿਸ ਕੈ ਮਸਤਕਿ ਹਾਥੁ ਗੁਰੁ ਧਰੈ॥ ਸੋ ਦਾਸੁ ਅਦੇਸਾ ਕਾਹੇ ਕਰੈ॥

ਜਿਸ ਦੇ ਮਸਤਕਿ=ਸਿਰ ਉੱਤੇ ਗੁਰੂ ਪ੍ਰਤੱਖ ਹੱਥ, ਵਾ:- ਕਿਰਪਾ ਦਾ ਹੱਥ ਧਰਦੇ ਹਨ। ਉਹ ਦਾਸ ਫਿਰ ਕਿਸ ਵਾਸਤੇ ਅਦੇਸਾ=ਸੰਸਾ ਜਾਂ ਫਿਕਰ ਹੈ, ਭਾਵ ਕੋਈ ਨਹੀਂ ਕਰਦਾ।

ਜਨਮ ਮਰਣ ਕੀ ਚੂਕੀ ਕਾਣਿ॥ ਪੂਰੇ ਗੁਰ ਊਪਰਿ ਕੁਰਬਾਣਿ॥ ੨॥

ਜਿਨ੍ਹਾਂ ਦੀ ਕਿਰਪਾ ਨਾਲ ਜਨਮ ਮਰਨ ਦੀ ਕਾਣ ਚੂਕੀ=ਦੂਰ ਹੋ ਗਈ ਹੈ। ਉਹਨਾਂ ਪੂਰਿਆਂ ਗੁਰਾਂ ਉਪਰੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨॥

ਗੁਰੁ ਪਰਮੇਸਰੁ ਭੇਟਿ ਨਿਹਾਲ॥
ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ॥

ਪਰਮੇਸ਼ਰ ਰੂਪ ਗੁਰਾਂ ਨੂੰ ਮਿਲ ਕੇ ਨਿਹਾਲ=ਕ੍ਰਿਤ ਕ੍ਰਿਤ ਹੋ ਗਏ ਹਾਂ। ਵਾ:- ਗੁਰਾਂ ਦੁਆਰੇ ਪਰਮੇਸ਼ਰ ਨੂੰ ਭੇਟਿ=ਮਿਲ ਕੇ, ਨਿਹਾਲ=ਅਗਿਆਨ ਦੁਖ ਤੋਂ ਰਹਿਤ ਹੋ ਗਏ ਹਾਂ।

ਜਿਸ ਉੱਤੇ ਪਰਮੇਸ਼ਰ ਦਿਆਲੂ ਹੁੰਦਾ ਹੈ, ਓਹੀ ਪੁਰਸ਼ ਗੁਰਾਂ ਦੇ ਦਰਸ਼ਨ ਨੂੰ ਪਾਂਦਾ ਹੈ।

ਪਾਰਬ੍ਰਹਮੁ ਜਿਸੁ ਕਿਰਪਾ ਕਰੈ॥ ਸਾਧਸੰਗਿ ਸੋ ਭਵਜਲੁ ਤਰੈ॥ ੩॥

ਜਿਸ ਉੱਤੇ ਪਾਰਬ੍ਰਹਮ ਕਿਰਪਾ ਕਰਦਾ ਹੈ। ਓਹੀ ਪੁਰਸ਼ ਸਤਸੰਗ ਦੁਆਰਾ ਭਵਜਲੁ=ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ॥ ੩॥

ਅੰਮ੍ਰਿਤੁ ਪੀਵਹੁ ਸਾਧ ਪਿਆਰੇ॥ ਮੁਖ ਊਜਲ ਸਾਚੈ ਦਰਬਾਰੇ॥

ਹੇ ਪਿਆਰੇ ਪ੍ਰਭੂ ਦੇ ਸੰਤੋ ! ਤੁਸੀਂ ਨਾਮ ਅੰਮ੍ਰਿਤ ਨੂੰ ਪੀਣਾ ਕਰੋ।

ਵਾ:- ਪਿਆਰੇ ਸੰਤਾਂ ਨਾਲ ਮਿਲ ਕੇ, ਹੇ ਭਾਈ ! ਤੁਸੀਂ ਨਾਮ ਅੰਮ੍ਰਿਤ ਨੂੰ ਪੀਣਾ ਕਰੋ ਤਾਂ ਸੱਚੇ ਦਰਬਾਰ ਵਿਚ ਤੁਹਾਡਾ ਮੁੰਹ ਉਜਲਾ ਹੋਵੇਗਾ।

ਅਨਦ ਕਰਹੁ ਤਜਿ ਸਗਲ ਬਿਕਾਰ॥

ਸਾਰਿਆਂ ਵਿਕਾਰਾਂ ਨੂੰ ਤਜਿ=ਤਿਆਗ ਕੇ ਅਨੰਦ ਲੈਣਾ ਕਰੋ।

www.sikhbookclub.com

ਨਾਨਕ ਹਰਿ ਜਪਿ ਉਤਰਹੁ ਪਾਰਿ॥ ੪ ॥ ੪੨ ॥ ੫੩ ॥

ਗੁਰੂ ਜੀ ਕਥਨ ਕਰਦੇ ਹਨ-ਹਰੀ ਨਾਮ ਨੂੰ ਜਪ ਕੇ ਸੰਸਾਰ ਸਮੁੰਦਰ ਤੋਂ ਪਾਰ ਉਤਰਨਾ ਕਰੋ॥ ੪॥ ੪੨ ॥ ੫੩ ॥

[ਪੰਨਾ ੯੦੦]

ਰਾਮਕਲੀ ਮਹਲਾ ੫ ॥

ਸਿੱਖ ਨੇ ਬੇਨਤੀ ਕੀਤੀ, ਉਹ ਹਰਿ ਜੀ ਕੈਸਾ ਹੈ? *ਗੁਰ ਉੱਤਰ-*

ਐਸਾ ਸੰਮ੍ਰਥੁ ਹਰਿ ਜੀਉ ਆਪਿ॥

ਉਹ ਹਰਿ ਜੀ ਆਪ ਅਜਿਹਾ ਸਮਰੱਥ ਹੈ, ਜਿਸ ਦੀ ਸ਼ਕਤੀ ਨਾਲ-

ਈਂਧਨ ਤੇ ਬੈਸੰਤਰੁ ਭਾਗੈ॥ ਮਾਟੀ ਕਉ ਜਲੁ ਦਹ ਦਿਸ ਤਿਆਗੈ॥

ਅੱਗ ਹੈ ਤਾਂ ਲੱਕੜਾਂ ਦੇ ਵਿਚ ਪਰ ਈਂਧਨ=ਲਕੜੀਆਂ ਤੋਂ ਬੈਸੰਤਰੁ=ਅੱਗ ਪਰੇ ਦੌੜ ਕੇ ਰਹਿੰਦੀ ਹੈ। ਆਪਣੇ ਆਪ ਅੱਗ ਲੱਕੜਾਂ ਨੂੰ ਸਾੜ ਨਹੀਂ ਸਕਦੀ ਅਤੇ ਮਾਟੀ=ਪ੍ਰਿਥਵੀ ਨੂੰ ਜਲ ਦਸੋਂ ਦਿਸ਼ਾਂ ਵਿਚ ਤਿਆਗ ਦੇਂਦਾ ਹੈ। ਭਾਵੇਂ, ਧਰਤੀ ਨਾਲੋਂ ਪਾਣੀ ਦਸ ਹਿੱਸੇ ਬਹੁਤ ਹੈ ਪਰ ਪ੍ਰਭੂ ਦੇ ਹੁਕਮ ਕਰਕੇ ਉਸ ਨੂੰ ਡੋਬ ਨਹੀਂ ਸਕਦਾ।

ਊਪਰਿ ਚਰਨ ਤਲੈ ਆਕਾਸੁ॥ ਘਟ ਮਹਿ ਸਿੰਧੁ ਕੀਓ ਪਰਗਾਸੁ॥ ੧ ॥

ਬ੍ਰਿਛ ਦੀਆਂ ਟਾਹਣੀਆਂ ਰੂਪ ਚਰਨ ਉਪਰ ਹਨ ਤੇ ਮੁੱਢ ਰੂਪ ਆਕਾਸੁ=ਸਿਰ, ਤਲੈ=ਹੇਠਾਂ ਹੈ। ਪੁਨਾ, ਜਿਸ ਪਰਮਾਤਮਾ ਨੇ ਪਰਗਾਸੁ=ਪਰਗਟ ਹੀ ਅਗਸਤ ਮੁਨੀ ਦੇ ਘਟ=ਸਰੀਰ ਵਿਚ ਸਾਰਾ ਸਮੁੰਦਰ ਸਮਾਵਨਾ ਕੀਤਾ ਹੈ। ਜੋ ਅਗਸਤ ਰਿਖੀ ਨੇ ਢਾਈ ਚੁਲੀਆਂ ਕਰਕੇ ਸਾਰੇ ਸਮੁੰਦ੍ ਦਾ ਖਾਣੀ ਪੀ ਲਿਆ ॥ ੧ ॥

ਐਸਾ ਸੰਮ੍ਰਥੁ ਹਰਿ ਜੀਉ ਆਪਿ॥

ਉਹ ਹਰਿ ਜੀਉ ਇਸ ਤਰ੍ਹਾਂ ਨਾਲ ਆਪ ਸਮਰੱਥ ਹੈ।

ਨਿਮਖ ਨ ਬਿਸਰੈ ਜੀਅ ਭਗਤਨ ਕੈ
ਆਠ ਪਹਰ ਮਨ ਤਾ ਕਉ ਜਾਪਿ॥ ੧ ॥ ਰਹਾਉ॥

ਆਪਣਿਆਂ ਭਗਤਾਂ ਦੇ ਦਿਲ ਵਿੱਚੋਂ ਇਕ ਨਿਮਖ ਮਾਤ੍ਰ ਭੁਲਦਾ ਨਹੀਂ ਹੈ।
ਹੇ ਮਨ ! ਤੂੰ ਅੱਠੇ ਪਹਿਰ ਉਸ ਪ੍ਰਭੂ ਦੇ ਨਾਮ ਨੂੰ ਜਪਣਾ ਕਰ॥ ੧ ॥ ਰਹਾਉ॥

ਦੂਜਾ ਅਰਥ:-

ਈਂਧਨ ਤੇ ਬੈਸੰਤਰੁ ਭਾਗੈ॥ ਮਾਟੀ ਕਉ ਜਲੁ ਦਹਦਿਸ ਤਿਆਗੈ॥

ਮਾਂ ਦੇ ਉਦਰ ਵਿਚ ਇਹ ਜੀਵ ਈਂਧਨ=ਲੱਕੜ ਵਾਂਗੂ ਸੀ ਤੇ ਬੈਸੰਤਰੁ=ਜਠਰ ਅਗਨੀ ਪਰੇ ਦੌੜ ਕੇ ਰਹਿੰਦੀ ਸੀ, ਮਾਂ ਦੇ ਖਾਧੇ ਹੋਏ ਅੰਨ ਨੂੰ ਤਾਂ ਹਜ਼ਮ ਕਰਦੀ ਸੀ ਪਰ ਬੱਚੇ ਨੂੰ ਨਹੀਂ ਸਾੜਦੀ ਸੀ। ਮਾਟੀ=ਜੀਵ ਨੂੰ ਪਾਣੀ ਦਸੋਂ ਦਿਸ਼ਾ ਮੇਂ ਤਿਆਗ ਦੇਂਦਾ ਹੈ। ਜਿਸ ਵੇਲੇ ਮਾਂ ਜੱਲ ਪੀਂਦੀ ਹੈ, ਉਸ ਵੇਲੇ ਬੱਚਾ ਸਮਝਦਾ ਹੈ

ਕਿ ਮੇਰੇ ਉੱਤੇ ਹੜ ਆ ਗਿਆ ਹੈ ਪਰ ਉਹ ਜਲ ਬੱਚੇ ਨੂੰ ਨਾ ਗਾਲਦਾ ਹੈ, ਨਾ ਡੋਬਦਾ ਹੈ, ਆਸੇ ਪਾਸੇ ਹਟ ਕੇ ਰਹਿੰਦਾ ਹੈ।

ਊਪਰਿ ਚਰਨ ਤਲੈ ਆਕਾਸੁ॥ ਘਟ ਮਹਿ ਸਿੰਧੁ ਕੀਓ ਪਰਗਾਸੁ॥ ੧॥

ਮਾਂ ਦੇ ਉਦਰ ਵਿਚ ਬੱਚੇ ਦੇ ਪੈਰ ਉੱਤੇ ਹੁੰਦੇ ਹਨ, ਆਕਾਸੁ=ਸਿਰ ਨੀਵੇਂ ਹੁੰਦਾ ਹੈ, ਭਾਵ ਪੁਠਾ ਟੰਗਿਆ ਹੁੰਦਾ ਹੈ।

ਯਥਾ:- ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥ *(ਪੰਨਾ ੭੦੬)*

ਜਿਸ ਵੇਲੇ ਸਿੰਧੁ=ਸਮੁੰਦਰ ਰੂਪ ਪਰਮੇਸ਼ਰ ਨੇ ਮਾਂ ਦੇ ਘਟ=ਉਦਰ ਵਿਚ ਇਸ ਬੱਚੇ ਨੂੰ ਪਰਗਾਸੁ=ਪੈਦਾ ਕੀਤਾ ਹੈ॥ ੧॥

ਅਥਵਾ:- ਸਮੁੰਦਰ ਰੂਪ ਪਰਮੇਸ਼ਰ ਨੇ ਬੱਚੇ ਦੇ ਘਟ ਵਿਚ ਪ੍ਰਕਾਸ਼ ਕੀਤਾ ਹੋਇਆ ਸੀ, ਭਾਵ ਸੋ ਜਨਮ ਦੀ ਖ਼ਬਰ ਦਿੱਤੀ ਹੋਈ ਸੀ।

ਐਸਾ ਸੰਮ੍ਰਥੁ ਹਰਿ ਜੀਉ ਆਪਿ॥

ਉਹ ਹਰਿ ਜੀਉ ਆਪ ਐਸਾ ਸਮਰੱਥ ਹੈ, ਜਿਸ ਦੀ ਸਮਰੱਥਤਾ ਦਾ ਵਰਨਣ ਨਹੀਂ ਹੁੰਦਾ।

ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ॥ ੧॥ ਰਹਾਉ॥

ਆਪਣਿਆਂ ਭਗਤਾਂ ਦੇ ਦਿਲ ਵਿੱਚੋਂ ਇਕ ਨਿਮਖ ਮਾਤਰ ਭੁਲਦਾ ਨਹੀਂ ਹੈ,
ਹੇ ਮਨ ! ਤੂੰ ਅੱਠੇ ਪਹਿਰ ਉਸ ਪ੍ਰਭੂ ਨੂੰ ਜਪਣਾ ਕਰ॥ ੧॥ ਰਹਾਉ॥

ਪ੍ਰਥਮੇ ਮਾਖਨੁ ਪਾਛੈ ਦੂਧੁ॥ ਮੈਲੂ ਕੀਨੋ ਸਾਬੁਨੁ ਸੂਧੁ॥

ਬੱਚੇ ਜੰਮਣ ਤੋਂ ਪਹਿਲੇ ਮਾਂ ਦੇ ਥਣਾਂ ਵਿਚ ਪਹਿਲੇ ਦੁੱਧ ਮੱਖਣ ਵਾਂਗੂ ਜੰਮਿਆ ਹੁੰਦਾ ਹੈ, ਬੱਚੇ ਜੰਮਣ ਤੋਂ ਪਿੱਛੋਂ ਮਾਂ ਦੇ ਥਣਾਂ ਵਿਚੋਂ ਓਹੀ ਪਤਲਾ ਹੋ ਕੇ ਅਸਲ ਦੁੱਧ ਰੂਪ ਹੋ ਕੇ ਨਿਕਲਦਾ ਹੈ। ਰਕਤ ਬਿੰਦ ਰੂਪ ਮੈਲ ਤੋਂ ਇਸ ਸਰੀਰ ਨੂੰ ਸਾਬਣ ਵਾਂਗੂ ਸ਼ੁਧ ਕਰ ਦਿੱਤਾ, ਭਾਵ ਇਸ ਸਰੀਰ ਦਾ ਗੋਰ ਰੰਗ ਰਚ ਦਿੱਤਾ।

ਭੈ ਤੇ ਨਿਰਭਉ ਡਰਤਾ ਫਿਰੈ॥ ਹੋਂਦੀ ਕਉ ਅਣਹੋਂਦੀ ਹਿਰੈ॥ ੨॥

ਪਹਿਲੇ ਮਾਂ ਦੇ ਉਦਰ ਵਿਚ ਇਹ ਪਰਮੇਸ਼ਰ ਤੋਂ ਡਰਦਾ ਫਿਰਦਾ ਸੀ, ਜਦ ਮਾਂ ਦੇ ਪੇਟ ਤੋਂ ਬਾਹਰ ਨਿਕਲਿਆ ਤਾਂ ਭੈ ਤੋਂ ਨਿਰਭਉ ਹੋ ਗਿਆ। ਜੋ ਹੋਂਦੀ=ਹੋ ਕੇ ਰਹਿਣੀ ਹੈ, ਮੌਤ ਉਸ ਮੌਤ ਨੂੰ ਅਣਹੋਂਦੀ ਵੇਖਦਾ ਹੈ ਕਿ ਮੈਂ ਨਹੀਂ ਮਰਨਾ॥ ੨॥

ਦੇਹੀ ਗੁਪਤ ਬਿਦੇਹੀ ਦੀਸੈ॥ ਸਗਲੇ ਸਾਜਿ ਕਰਤ ਜਗਦੀਸੈ॥

ਦੇਹ ਵਾਲਾ ਪ੍ਰਭੂ ਗੁਪਤ ਹੋ ਗਿਆ ਹੈ, ਬਿਦੇਹੀ=ਵਿਸ਼ੇਸ ਕਰਕੇ ਦੇਹੋਂ ਨਿਗਾਹ ਆ ਰਿਹਾ ਹੈ। ਸਾਰੇ ਸਾਜਿ=ਕਾਰਜ ਜਗਦੀਸਰ ਪਰਮਾਤਮਾ ਆਪ ਕਰ ਰਿਹਾ ਹੈ, ਇਹ ਪ੍ਰਮਾਦੀ ਜੀਵ ਆਖਦਾ ਹੈ ਕਿ ਮੈਂ ਸਾਰੇ ਕੰਮ ਕਰ ਰਿਹਾ ਹਾਂ।

ਠਗਣਹਾਰ ਅਣਠਗਦਾ ਠਾਗੈ॥
ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ॥ ੩॥

www.sikhbookclub.com

ਮਾਂ ਦੇ ਉਦਰ ਵਿਚ ਇਹ ਜੀਵ ਅਣਠੱਗ ਸੀ, ਭਾਵ ਠੱਗੀਆਂ ਕਰਨ ਤੋਂ ਰਹਿਤ ਸੀ, ਬਾਹਰ ਆ ਕੇ ਠੱਗਣੇ ਵਾਲਾ ਹੋ ਕੇ ਸਭ ਨੂੰ ਠੱਗਦਾ ਫਿਰਦਾ ਹੈ। ਨਾਮ ਰੂਪ ਵਖਰ ਤੋਂ ਬਿਨਾਂ ਹੋ ਕੇ ਇਨ੍ਹਾਂ ਪਦਾਰਥਾਂ ਵਿਚ ਪੁਨਾ-ਪੁਨਾ ਉਠ ਕੇ ਲਗਦਾ ਹੈ॥ ੩॥

ਅਥਵਾ:- ਵਖਰ ਤੋਂ ਬਿਨਾਂ, ਅਰਥਾਤ ਪ੍ਰਤਿਭਾਸ਼ਕ ਸੱਤਾ ਤੋਂ ਬਿਨਾਂ ਜੋ ਪਦਾਰਥ ਹਨ, ਉਹਨਾਂ ਵਿਚ ਪੁਨਾ-ਪੁਨਾ ਵਾਰੰਗਾਰ ਉਠ ਕੇ ਲੱਗਦਾ ਹੈ॥ ੩॥

ਅੰਨਵੇ:- **ਤੀਜਾ ਅਰਥ:-**

ਘਟਿ ਮਹਿ ਸਿੰਧੁ ਕੀਓ ਪਰਗਾਸੁ॥ ੧॥

ਜਿਸ ਵੇਲੇ ਹਿਰਦੇ ਵਿਚ ਸਿੰਧੁ=ਸਮੁੰਦਰ ਰੂਪ ਪਰਮੇਸ਼ਰ ਦੇ ਨਾਮ ਨੂੰ ਪਰਗਾਸੁ=ਉਚਾਰਨਾ ਕੀਤਾ॥ ੧॥ ਤਾਂ—

ਈਧਨ ਤੇ ਬੈਸੰਤਰੁ ਭਾਗੈ॥ ਮਾਟੀ ਕਉ ਜਲੁ ਦਹਦਿਸ ਤਿਆਗੈ॥

ਈਧਨ ਸ਼ਮਾਨ ਜੋ ਜੀਵ ਹੈ, ਉਸ ਤੋਂ ਤ੍ਰਿਸ਼ਨਾਂ ਰੂਪੀ ਬੈਸੰਤਰੁ=ਅੱਗ ਭਜ ਗਈ। ਮਾਟੀ=ਬੁੱਧੀ ਨੂੰ ਜਲ=ਪਦਾਰਥ ਦਸੋਂ ਦਿਸ਼ਾਂ ਵਿਚ ਤਿਆਗ ਗਏ ਜਾਂ ਪਦਾਰਥਾਂ ਰੂਪੀ ਜਲ ਨੂੰ ਮਾਟੀ=ਬੁੱਧੀ ਦਸੋਂ ਦਿਸ਼ਾਂ ਵਿਚ ਤਿਆਗ ਗਈ।

ਊਪਰਿ ਚਰਨ ਤਲੈ ਆਕਾਸੁ॥ ਘਟ ਮਹਿ ਸਿੰਧੁ ਕੀਓ ਪਰਗਾਸੁ॥ ੧॥

ਪਹਿਲੇ ਇਹ ਜੀਵ ਚਰਨਾਂ ਦੇ ਤਲੇ ਸੀ, ਭਾਵ ਕਰਤਾ ਭੋਗਤਾ ਜੰਮਣੇ ਮਰਨੇ ਵਾਲਾ ਸੀ, ਜਦ ਈਸ਼ੂਰ ਦੀ ਕਿਰਪਾ ਹੋਈ ਤਾਂ ਅਕਾਸ ਦੇ ਸਮਾਨ ਊਪਰਿ=ਉੱਚਾ ਭਾਵ ਪਰਮੇਸ਼ਰ ਰੂਪ ਹੋ ਗਿਆ। ਵਾ:- ਗੁਰਾਂ ਦੇ ਚਰਨਾਂ ਤਲੇ ਪਿਆ ਤਾਂ ਅਕਾਸ਼ ਵਾਂਗੂ ਇਸ ਦਾ ਜਸ ਸਭ ਤੋਂ ਉਪਰ ਹੋ ਗਿਆ। ਸਿੰਧੁ=ਸਮੁੰਦ੍ਰ ਰੂਪ ਪਰਮੇਸ਼ਰ ਘਟ ਵਿਚ ਪਰਗਾਸੁ=ਪ੍ਰਗਟ ਹੋ ਗਿਆ॥ ੧॥

ਐਸਾ ਸੰਮ੍ਰਥੁ ਹਰਿ ਜੀਉ ਆਪਿ॥

ਉਹ ਹਰਿ ਜੀਉ ਪਰਮਾਤਮਾ ਐਸਾ ਸਮਰੱਥ ਹੈ, ਜੋ ਕੁਝ ਕਿਹਾ ਨਹੀਂ ਜਾਂਦਾ।

ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ॥ ੧॥ ਰਹਾਉ॥

ਭਗਤਾਂ ਦੇ ਦਿਲ ਵਿਚੋਂ ਇਕ ਨਿਮਖ ਮਾਤ੍ਰ ਭੀ ਭੁਲਦਾ ਨਹੀਂ ਹੈ, ਹੇ ਮਨ ! ਤੂੰ ਅੱਠੇ ਪਹਿਰ ਉਸ ਨੂੰ ਜਪਣਾ ਕਰ॥ ੧॥ ਰਹਾਉ॥

ਪ੍ਰਥਮੇ ਮਾਖਨੁ ਪਾਛੈ ਦੂਧੁ॥ ਮੈਲੁ ਕੀਨੋ ਸਾਬੁਨੁ ਸੂਧੁ॥

ਮਾਖਨੁ=ਗਿਆਨ, ਪ੍ਰਥਮੇ=ਮੁਖ ਹੋ ਗਿਆ, ਸ਼ਕਾਮ ਕਰਮਾਂ ਰੂਪੀ ਦੁੱਧ ਪਿਛੇ ਪੈ ਗਿਆ। ਗਿਆਨ ਨੇ ਰਾਗ ਦ੍ਵੈਸ਼ ਰੂਪੀ ਮੈਲ ਤੋਂ ਸਾਬਨ ਵਾਂਗੂ ਅੰਤਹਕਰਣ ਸ਼ੁਧ ਕਰ ਦਿੱਤਾ।

ਭੈ ਤੇ ਨਿਰਭਉ ਡਰਤਾ ਫਿਰੈ॥ ਹੋਂਦੀ ਕਉ ਅਣਹੋਂਦੀ ਹਿਰੈ॥ ੨॥

ਪਹਿਲੇ ਜਮਾਂ ਤੋਂ ਡਰਦਾ ਫਿਰਦਾ ਸੀ, ਗਿਆਨ ਕਰਕੇ ਜਮਾਂ ਦੇ ਭੈ ਤੋਂ ਨਿਰਭਉ ਹੋ ਗਿਆ। ਹੋਂਦੀ ਕਉ=ਸ੍ਰਿਸ਼ਟੀ ਨੂੰ, ਵਾ:- ਮਾਇਆ ਨੂੰ ਅਣਹੋਂਦੀ=ਤਿੰਨ ਕਾਲ ਹੈ ਹੀ ਨਹੀਂ, ਭਾਵ ਮਿਥਿਆ ਰੂਪ ਕਰਕੇ

ਹਿਰੈ=ਵੇਖਦਾ ਹੈ॥ ੨॥

ਦੇਹੀ ਗੁਪਤ ਬਿਦੇਹੀ ਦੀਸੈ॥ਸਗਲੇ ਸਾਜਿ ਕਰਤ ਜਗਦੀਸੈ॥

ਦੇਹੀ=ਦੇਹ ਹੰ, ਮੈਂ ਦੇਹ ਰੂਪ ਹਾਂ ਐਸਾ ਸ਼ਬਦ ਗੁਪਤ ਹੋ ਗਿਆ, ਬਿਦੇਹੀ=ਦੇਹ ਤੋਂ ਰਹਿਤ ਜੋ ਪਰਮੇਸ਼ਰ ਹੈ, ਉਹ ਸਾਰੇ ਦੀਸੈ=ਦਿੱਸਣ ਲੱਗ ਪਿਆ ਅਤੇ ਇਸ ਤਰ੍ਹਾਂ ਨਿਸ਼ਚੇ ਕਰਨ ਲੱਗ ਪਿਆ ਕਿ ਸਾਰੇ ਕਾਰਜ ਜਗਤ ਦਾ ਮਾਲਕ ਪ੍ਰਭੂ ਆਪ ਹੀ ਕਰਦਾ ਹੈ।

ਠਗਣਹਾਰ ਅਣਠਗਦਾ ਠਾਗੈ॥ ਥਿਨੁ ਵਖਰ ਫਿਰਿ ਫਿਰਿ ਉਠਿ ਲਾਗੈ॥ ੩॥

ਬ੍ਰਹਮ ਗਿਆਨ ਤੋਂ ਬਿਨਾਂ ਇਹ ਜੀਵ ਠੱਗਣੇ ਵਾਲਾ ਹੋ ਰਿਹਾ ਸੀ, ਜਿਸ ਵੇਲੇ ਬ੍ਰਹਮ ਗਿਆਨ ਹੋਇਆ ਠੱਗਣੇ ਤੋਂ ਅਣਠੱਗ ਹੋ ਗਿਆ। ਵਾ:- ਗਿਆਨ ਤੋਂ ਬਿਨਾਂ ਠੱਗਣ ਵਾਲੇ ਕਾਮ ਆਦਿਕ ਇਸ ਜੀਵ ਨੂੰ ਠੱਗ ਰਹੇ ਸਨ, ਗਿਆਨ ਦੇ ਹੋਣ ਨਾਲ ਕਾਮ ਆਦਿਕ ਅਣਠਗਦਾ=ਠੱਗਣ ਤੋਂ ਰਹਿਤ ਹੋ ਗਏ।

ਬ੍ਰਹਮ ਗਿਆਨ ਤੋਂ ਬਿਨਾਂ ਜਿਨ੍ਹਾਂ ਪਦਾਰਥਾਂ ਵਿਚ ਪੁਨਾ-ਪੁਨਾ ਉਠ ਕੇ ਲੱਗ ਰਿਹਾ ਸੀ, ਬ੍ਰਹਮ ਗਿਆਨ ਦੇ ਹੋਣ ਨਾਲ ਉਹਨਾਂ ਪਦਾਰਥਾਂ ਨੂੰ ਬਿਨੁ ਵਖਰ=ਪਰਮਾਰਥ ਸੰਤਾ ਤੋਂ ਬਿਨਾਂ ਸਮਝਿਆ।

ਸਾਰੀਆਂ ਤਿੰਨ ਸਤਾ ਕਥਨ ਕੀਤੀਆਂ ਹਨ:-

੧. ਵਿਹਾਰਕ ਸੱਤਾ, ੨. ਪ੍ਰਤੀਭਾਸ਼ਕ ਸੱਤਾ, ੩. ਪਰਮਾਰਥ ਸੱਤਾ,

(੧) ਮੂਲਾ ਅਵਿੱਦਿਆ ਦੇ ਕਾਰਜ ਜੋ ਜਾਗ੍ਰਤ ਅਵਸਥਾ ਦੇ ਪਦਾਰਥ ਈਸ਼ੂਰ ਸ੍ਰਿਸ਼ਟੀ ਹੈ, ਉਹਨਾਂ ਵਿਚ ਵਿਹਾਰਕ ਸੱਤਾ ਹੈ। ਜਨਮ ਮਰਨ ਬੰਧ ਮੋਖ ਆਦਿਕ ਵਿਹਾਰ ਦੇ ਸਿਧ ਕਰਨ ਵਾਲੀ ਜੋ ਸੱਤਾ ਹੈ, ਭਾਵ ਹੋਂਦ ਹੈ ਓਸੇ ਨੂੰ ਵਿਹਾਰਕ ਸੱਤਾ ਆਖਦੇ ਹਨ। ਜਿਨ੍ਹਾਂ ਪਦਾਰਥਾਂ ਦਾ ਬ੍ਰਹਮ ਗਿਆਨ ਕਰਕੇ ਬਾਧ ਹੁੰਦਾ ਹੈ, ਉਹਨਾਂ ਪਦਾਰਥਾਂ ਵਿਚ ਵਿਹਾਰਕ ਸੱਤਾ ਹੁੰਦੀ ਹੈ।

(੨) ਬ੍ਰਹਮ ਗਿਆਨ ਤੋਂ ਬਿਨਾਂ ਹੀ ਜਿਨ੍ਹਾਂ ਦਾ ਬਾਧ (ਨਾਸ) ਹੁੰਦਾ ਹੈ, ਉਹਨਾਂ ਪਦਾਰਥਾਂ ਵਿਚ ਪ੍ਰਤੀਭਾਸ਼ਕ ਸੱਤਾ ਕਥਨ ਕੀਤੀ ਹੈ, ਜਿਵੇਂ:- ਬ੍ਰਹਮ ਗਿਆਨ ਤੋਂ ਬਿਨਾਂ ਹੀ ਸ਼ਕਤੀ ਵਿਚ ਰੁਪੇ (ਚਾਂਦੀ) ਦਾ ਜੇਵੜੀ, (ਰੱਸੀ) ਵਿਚ ਸੱਪ ਦਾ, ਮਾਰੂ ਸਥਲ ਮੇਂ ਜਲ ਦਾ ਬਾਧ ਹੋਵੇ ਹੈ, ਇਸ ਲਈ ਸਿਪੀ, ਰੱਸੀ, ਮਾਰੂ ਸਥਲ ਆਦਿਕਾਂ ਵਿਚ ਪ੍ਰਤਿਭਾਸ਼ਕ ਸੱਤਾ ਹੈ ਪ੍ਰਤਿਭਾਸ਼ਕ ਸੱਤਾ ਉਸ ਨੂੰ ਕਹਿੰਦੇ ਹਨ ਜੋ ਕੇਵਲ ਪ੍ਰਤੀਤੀ ਮਾਤਰ ਹੋਵੇ।

(੩) ਜਿਸ ਦਾ ਤਿੰਨ ਕਾਲ ਹੀ ਬਾਧ ਨਾ ਹੋਵੇ ਉਸ ਦੀ ਪਰਮਾਰਥ ਸੱਤਾ ਕਥਨ ਕੀਤੀ ਹੈ। ਚੇਤਨ ਦਾ ਬਾਧ ਕਦੇ ਨਹੀਂ ਹੁੰਦਾ, ਇਸ ਕਰਕੇ ਪਰਮਾਰਥ ਸੱਤਾ ਚੇਤਨ ਦੀ ਕਥਨ ਕੀਤੀ ਹੈ।

ਸੰਤ ਸਭਾ ਮਿਲਿ ਕਰਹੁ ਬਖਿਆਣ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ॥

ਸੰਤਾਂ ਦੀ ਸਭਾ ਵਿਚ ਮਿਲ ਕੇ ਨਾਮ ਦਾ ਕਥਨ ਕਰੋ। ਜਿਸ ਨਾਮ ਦੀ ਮਹਿਮਾ ਨੂੰ ਸਤਾਈ ਸਿੰਮ੍ਰਿਤੀਆਂ, ਛੇ ਸ਼ਾਸ਼ਤਰ, ਚਾਰ ਵੇਦ ਤੇ ਅਠਾਰਾਂ ਪੁਰਾਣ ਕਥਨ ਕਰਦੇ ਹਨ।

ਬ੍ਰਹਮ ਬੀਚਾਰੁ ਬੀਚਾਰੇ ਕੋਇ॥
ਨਾਨਕ ਤਾ ਕੀ ਪਰਮ ਗਤਿ ਹੋਇ॥ ੪॥ ੪੩॥ ੫੪॥

ਜੇਹੜਾ ਕੋਈ ਬ੍ਰਹਮ ਦੇ ਵਿਚਾਰ ਨੂੰ ਵਿਚਾਰਦਾ ਹੈ। ਗੁਰੂ ਜੀ ਕਥਨ ਕਰਦੇ ਹਨ—ਉਸ ਪੁਰਸ਼ ਦੀ

www.sikhbookclub.com

ਪਰਮਗਤਿ=ਕੈਵਲ ਮੁਕਤੀ ਹੁੰਦੀ ਹੈ॥ ੪॥ ੪੩॥ ੫੪॥

ਰਾਮਕਲੀ ਮਹਲਾ ੫॥ ਜੋ ਤਿਸੁ ਭਾਵੈ ਸੋ ਥੀਆ॥

ਜੋ ਉਸ ਪ੍ਰਭੂ ਨੂੰ ਭਾਂਵਦਾ ਹੈ, ਓਹੀ ਤਿੰਨਾਂ ਕਾਲਾਂ ਮੇਂ ਹੁੰਦਾ ਹੈ।

ਸਦਾ ਸਦਾ ਹਰਿ ਕੀ ਸਰਣਾਈ
ਪ੍ਰਭ ਬਿਨੁ ਨਾਹੀ ਆਨ ਬੀਆ॥ ੧॥ ਰਹਾਉ॥

ਗੁਰਮੁਖ ਜਨ ਸਦਾ-ਸਦਾ ਹਰੀ ਦੀ ਸ਼ਰਨ ਵਿਚ ਰਹਿੰਦੇ ਹਨ ਤੇ ਇਸ ਤਰ੍ਹਾਂ ਨਿਸਚੇ ਕਰਦੇ ਹਨ ਕਿ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਰੱਖਕ ਨਹੀਂ ਹੈ॥ ੧॥ ਰਹਾਉ॥

ਪੁਤੁ ਕਲਤ੍ਰ ਲਖਿਮੀ ਦੀਸੈ ਇਨ ਮਹਿ ਕਿਛੁ ਨ ਸੰਗਿ ਲੀਆ॥

ਪੁਤ੍ਰ ਦੀ ਕਲਤ੍ਰ=ਇਸਤ੍ਰੀ ਭਾਵ ਨੂੰਹ ਤੇ ਆਪਣੀ ਲਖਿਮੀ=ਇਸਤ੍ਰੀ,

ਅਥਵਾ:- ਪੁੱਤਰ, ਕਲਤ੍ਰ=ਇਸਤ੍ਰੀ ਅਤੇ ਲਖਿਮੀਂ=ਮਾਇਆ ਜੋ ਭੀ ਕੁਝ ਦਿੱਸ ਰਿਹਾ ਹੈ, ਇਨ੍ਹਾਂ ਵਿੱਚੋਂ ਕੁਛ ਭੀ ਜੀਵ ਨੇ ਪ੍ਰਲੋਕ ਜਾਂਦਿਆਂ ਆਪਣੇ ਨਾਲ ਨਹੀਂ ਲੀਤਾ।

ਬਿਖੈ ਠਗਉਰੀ ਖਾਇ ਭੁਲਾਨਾ
ਮਾਇਆ ਮੰਦਰੁ ਤਿਆਗਿ ਗਇਆ॥ ੧॥

ਇਸ ਮਨਮੁਖ ਨੇ ਵਿਸ਼ਿਆਂ ਰੂਪੀ ਠੱਗ ਬੂਟੀ ਖਾ ਕੇ ਪਰਮੇਸ਼ਰ ਨੂੰ ਭੁਲਾ ਦਿੱਤਾ ਹੈ, ਅੰਤ ਨੂੰ ਚਲਦਿਆਂ ਮਾਇਆ ਤੇ ਪੱਕੇ ਮੰਦਰਾਂ ਨੂੰ ਛੱਡ ਕੇ ਚਲਾ ਗਿਆ ਹੈ॥ ੧॥

ਨਿੰਦਾ ਕਰਿ ਕਰਿ ਬਹੁਤੁ ਵਿਗੂਤਾ ਗਰਭ ਜੋਨਿ ਮਹਿ ਕਿਰਤਿ ਪਇਆ॥

ਨਿੰਦਿਆ ਕਰ ਕਰਕੇ ਬਹੁਤ ਹੀ ਖਰਾਬ ਹੋ ਰਿਹਾ ਹੈ, ਪੁਨਾ ਕੀਤੇ ਕਰਮਾਂ ਅਨੁਸਾਰ ਗਰਭ ਜੋਨੀ ਵਿਚ ਜਾ ਪਿਆ।

ਪੁਰਬ ਕਮਾਣੇ ਛੋਡਹਿ ਨਾਹੀ ਜਮਦੂਤਿ ਗ੍ਰਾਸਿਓ ਮਹਾ ਭਇਆ॥ ੨॥

ਪੂਰਬ ਜਨਮ ਦੇ ਕਮਾਏ ਹੋਏ ਕਰਮ ਇਸ ਨੂੰ ਛੱਡਦੇ ਨਹੀਂ ਹਨ, ਮਹਾਂ ਭਿਆਨਕ ਜੋ ਜਮਦੂਤ ਹਨ, ਉਹਨਾਂ ਨੇ ਆ ਕੇ ਇਸ ਨੂੰ ਗ੍ਰਸ ਲੈਦਾ ਕੀਤਾ॥ ੨॥

ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ॥

ਝੂਠ ਬੋਲਦਾ ਹੈ ਤੇ ਅਵਰਾ=ਹੋਰ ਸੰਸਾਰਕ ਕਰਮਾਂ ਨੂੰ ਕਮਾਂਵਦਾ ਹੈ, ਪਦਾਰਥਾਂ ਦੀ ਤ੍ਰਿਸ਼ਨਾ ਬੁਝਦੀ ਨਹੀਂ ਹੈ, ਬਹੁਤ ਵਾਰੀ ਹਇਆ=ਹਤ ਹੁੰਦਾ ਹੈ, ਭਾਵ ਜੰਮਦਾ ਮਰਦਾ ਹੈ।

ਅਸਾਧ ਰੋਗੁ ਉਪਜਿਆ ਸੰਤ ਦੂਖਨਿ ਦੇਹ ਬਿਨਾਸੀ ਮਹਾ ਖਇਆ॥ ੩॥

ਸੰਤਾਂ ਵਿਚ ਦੂਸ਼ਣ ਅਰੋਪਣ ਕਰਕੇ ਅਸਾਧ=ਜੋ ਨਾ ਸਾਧਿਆ ਜਾਵੇ, ਐਸਾ ਅਗਿਆਨ ਰੂਪੀ ਰੋਗ ਉਪਜਿਆ ਹੈ, ਮਹਾਂ ਖਈ ਰੋਗ ਪੈਦਾ ਹੋਣ ਕਰਕੇ ਦੇਹ ਭੀ ਨਾਸ ਹੋ ਗਈ॥ ੩॥

ਜਿਨਹਿ ਨਿਵਾਜੇ ਤਿਨ ਹੀ ਸਾਜੇ ਆਪੇ ਕੀਨੇ ਸੰਤ ਜਇਆ ॥

ਜਿਸ ਪਰਮੇਸ਼ਰ ਨੇ ਸਾਜੇ=ਸਾਜਿਆ ਭਾਵ ਉਤਪਤ ਕੀਤਾ ਹੈ, ਓਸੇ ਨੇ ਸ਼ੁਭ-ਗੁਣਾਂ ਨਾਲ ਨਿਵਾਜੇ= ਵਡਿਆਇਆ ਹੈ, ਉਸ ਨੇ ਆਪ ਹੀ ਸੰਤਾਂ ਦੇ ਜਇਆ=ਜੈਕਾਰੇ ਕੀਤੇ ਹਨ।

ਨਾਨਕ ਦਾਸ ਕੰਠਿ ਲਾਇ ਰਾਖੇ

ਕਰਿ ਕਿਰਪਾ ਪਾਰਬ੍ਰਹਮ ਮਇਆ ॥ ੪ ॥ ੪੪ ॥ ੫੫ ॥

ਗੁਰੂ ਜੀ ਕਥਨ ਕਰਦੇ ਹਨ—ਮਇਆ=ਦਇਆ ਸਰੂਪ ਪਾਰਬ੍ਰਹਮ ਨੇ ਕਿਰਪਾ ਦ੍ਰਿਸ਼ਟੀ ਕਰਕੇ ਆਪਣਿਆਂ ਦਾਸਾਂ ਨੂੰ ਗਲ ਨਾਲ ਲਗਾ ਕੇ ਰਖਿਆ ਹੈ॥ ੪ ॥ ੪੪ ॥ ੫੫ ॥

ਰਾਮਕਲੀ ਮਹਲਾ ੫ ॥

ਗੁਰੂ ਅਤੇ ਪਰਮੇਸ਼ਰ ਨੂੰ ਇਕ ਰੂਪ ਜਾਣ ਕੇ ਉਸਤਤੀ ਕਥਨ ਕਰਦੇ ਹਨ:—

ਐਸਾ ਪੂਰਾ ਗੁਰਦੇਉ ਸਹਾਈ ॥ ਜਾ ਕਾ ਸਿਮਰਨੁ ਬਿਰਥਾ ਨ ਜਾਈ ॥੧ ॥ਰਹਾਉ ॥

ਦੇਉ=ਪ੍ਰਕਾਸ਼ ਰੂਪ ਪੂਰਾ ਗੁਰੂ ਐਸਾ ਹੈ ਜੋ ਸੇਵਕਾਂ ਦੀ ਸਹਾਇਤਾ ਕਰਨ ਵਾਲਾ ਹੈ, ਜਿਸ ਦਾ ਸਿਮਰਨ ਕੀਤਾ ਹੋਇਆ ਨਿਸਫਲ ਨਹੀਂ ਜਾਂਦਾ॥ ੧ ॥ ਰਹਾਉ ॥

ਦਰਸਨੁ ਪੇਖਤ ਹੋਇ ਨਿਹਾਲੁ ॥ ਜਾ ਕੀ ਧੂਰਿ ਕਾਟੈ ਜਮ ਜਾਲੁ ॥

ਜਿਨ੍ਹਾਂ ਦਾ ਦਰਸ਼ਨ ਦੇਖਣ ਕਰਕੇ ਮਨ ਨਿਹਾਲ ਹੁੰਦਾ ਹੈ। ਜਿਨ੍ਹਾਂ ਦੀ ਚਰਨ ਧੂੜ ਜਮਾਂ ਦੇ ਫਾਹ ਨੂੰ ਕਟ ਦੇਂਦੀ ਹੈ।

ਚਰਨ ਕਮਲ ਬਸੇ ਮੇਰੇ ਮਨ ਕੇ ॥ ਕਾਰਜ ਸਵਾਰੇ ਸਗਲੇ ਤਨ ਕੇ ॥ ੧ ॥

ਮੇਰੇ ਮਨ ਦੇ ਵਿਚ ਗੁਰਾਂ ਦੇ ਚਰਨ ਕਵਲ ਵਸੇ ਹਨ। ਇਸ ਲਈ ਗੁਰਾਂ ਨੇ ਮੇਰੇ ਤਨ ਕੇ=ਸਰੀਰ ਦੇ ਸਾਰੇ ਕਾਰਜ ਸਵਾਰ ਦਿੱਤੇ ਹਨ॥ ੧ ॥

ਜਾ ਕੈ ਮਸਤਕਿ ਰਾਖੈ ਹਾਥੁ ॥ ਪ੍ਰਭੁ ਮੇਰੋ ਅਨਾਥ ਕੋ ਨਾਥੁ ॥

ਉਹ ਮੇਰਾ ਪ੍ਰਭੂ ਅਨਾਥਾਂ ਦਾ ਨਾਥ ਹੈ। ਜਿਸ ਦੇ ਮੱਥੇ 'ਪਰ ਕਿਰਪਾ ਦਾ ਹੱਥ ਰੱਖਦਾ ਹੈ, ਉਹ ਤਰ ਜਾਂਦਾ ਹੈ।

ਪਤਿਤ ਉਧਾਰਣੁ ਕ੍ਰਿਪਾ ਨਿਧਾਨੁ ॥ ਸਦਾ ਸਦਾ ਜਾਈਐ ਕੁਰਬਾਨੁ ॥ ੨ ॥

ਉਹ ਪ੍ਰਭੂ ਪਤਿਤ=ਪਾਪੀਆਂ ਦੇ ਤਾਰਨ ਵਾਲਾ ਹੈ ਤੇ ਕਿਰਪਾ ਦਾ ਖਜ਼ਾਨਾ ਹੈ। ਉਸ ਦੇ ਉਤੋਂ ਸਦਾ ਸਦਾ ਬਲਿਹਾਰ ਕੁਰਬਾਨ ਜਾਣਾ ਕਰੀਏ॥ ੨ ॥

ਨਿਰਮਲ ਮੰਤ੍ਰੁ ਦੇਇ ਜਿਸੁ ਦਾਨੁ ॥ ਤਜਹਿ ਬਿਕਾਰ ਬਿਨਸੈ ਅਭਿਮਾਨੁ ॥

ਗੁਰੂ ਸਾਹਿਬ ਜੀ ਜਿਸ ਨੂੰ ਨਿਰਮਲ ਕਰਨ ਵਾਲੇ ਮੰਤ੍ਰ ਦਾ ਦਾਨ ਦੇਣਾ ਕਰਦੇ ਹਨ। ਉਹ ਪੁਰਸ਼ ਵਿਕਾਰਾਂ ਨੂੰ ਤਿਆਗਦਾ ਹੈ ਅਤੇ ਉਸ ਦੇ ਹਿਰਦੇ ਵਿੱਚੋਂ ਹੰਕਾਰ ਭੀ ਨਾਸ ਹੋ ਜਾਂਦਾ ਹੈ।

ਏਕੁ ਧਿਆਈਐ ਸਾਧ ਕੈ ਸੰਗਿ ॥ ਪਾਪ ਬਿਨਾਸੇ ਨਾਮ ਕੈ ਰੰਗਿ ॥ ੩ ॥

www.sikhbookclub.com

ਸੰਤਾਂ ਦੇ ਸਤਸੰਗ ਵਿਚ ਬੈਠ ਕੇ ਇਕ ਵਾਹਿਗੁਰੂ ਨੂੰ ਧਿਆਉਣਾ ਕਰੀਏ। ਨਾਮ ਦੇ ਵਿਚ ਪ੍ਰੇਮ ਕਰਨ ਨਾਲ ਸਾਰੇ ਪਾਪ ਨਾਸ ਹੋ ਜਾਂਦੇ ਹਨ॥ ੩॥

ਗੁਰ ਪਰਮੇਸੁਰ ਸਗਲ ਨਿਵਾਸ॥ ਘਟਿ ਘਟਿ ਰਵਿ ਰਹਿਆ ਗੁਣਤਾਸ॥

ਪਰਮੇਸ਼ਰ ਰੂਪ ਗੁਰਾਂ ਦਾ ਜਸ ਸਭ ਦੇ ਵਿਚ ਇਸਥਿਤ ਹੈ।

ਅਥਵਾ:- ਗੁਰ=ਪੂਜਨੀਕ ਪਰਮੇਸ਼ਰ ਸਾਰਿਆਂ ਵਿਚ ਨਿਵਾਸ ਕਰ ਰਿਹਾ ਹੈ। ਪੁਨਾ ਉਹ ਸ਼ੁਭ-ਗੁਣਾਂ ਦਾ ਸਮੁੰਦਰ ਪ੍ਰਭੂ ਘਟਾਂ-ਘਟਾਂ ਵਿਚ ਰਵ ਰਿਹਾ ਹੈ।

ਦਰਸੁ ਦੇਹਿ ਧਾਰਉ ਪ੍ਰਭ ਆਸ॥
ਨਿਤ ਨਾਨਕੁ ਚਿਤਵੈ ਸਚੁ ਅਰਦਾਸਿ॥ ੪॥ ੪੫॥ ੫੬॥

ਗੁਰੂ ਜੀ ਕਥਨ ਕਰਦੇ ਹਨ-ਮੈਂ ਨਿਤਾਪ੍ਰਤੀ ਆਪ ਜੀ ਦੇ ਦਰਸ਼ਨ ਨੂੰ ਚਿਤਾਵਦਾ ਹੋਇਆ ਸਚੀ ਅਰਦਾਸ ਕਰਦਾ ਹਾਂ। ਮੈਂ ਆਪਣੇ ਮਨ ਵਿਚ ਆਸ਼ਾ ਧਾਰਦਾ ਹਾਂ, ਹੇ ਪ੍ਰਭੂ ! ਆਪਣਾ ਦਰਸ਼ਨ ਦੇਣਾ ਕਰੋ॥ ੪॥ ੪੫॥ ੫੬॥

[ਪੰਨਾ ੯੦੧]

ਰਾਗੁ ਰਾਮਕਲੀ ਮਹਲਾ ੫ ਘਰੁ ੨ ਦੁਪਦੇ
ੴ ਸਤਿਗੁਰ ਪ੍ਰਸਾਦਿ॥ ਗਾਵਹੁ ਰਾਮ ਕੇ ਗੁਣ ਗੀਤ॥

ਗੀਤ=ਜਸ ਦਾਇਕ ਰਾਮ ਦੇ ਗੁਣ ਗਾਵਣਾ ਕਰੋ।

ਵਾ:- ਗੀਤਾਂ ਵਿਚ ਪਾ ਕੇ ਰਾਮ ਦੇ ਗੁਣ ਗਾਵਣਾ ਕਰੋ।

ਨਾਮੁ ਜਪਤ ਪਰਮ ਸੁਖੁ ਪਾਈਐ ਆਵਾ ਗਉਣੁ ਮਿਟੈ ਮੇਰੇ ਮੀਤ॥੧॥ਰਹਾਉ॥

ਨਾਮ ਨੂੰ ਜਪਦਿਆਂ ਪਰਮ ਸੁਖ=ਵੱਡਾ ਸੁਖ ਪਾਈਦਾ ਹੈ,

ਅਤੇ ਹੇ ਮੇਰੇ ਮਿੱਤਰਾ ! ਤੇਰਾ ਆਵਾਗਉਣੁ=ਜੰਮਣਾ ਮਰਨਾ ਦੂਰ ਹੋ ਜਾਵੇਗਾ॥ ੧॥ ਰਹਾਉ॥

ਗੁਣ ਗਾਵਤ ਹੋਵਤ ਪਰਗਾਸੁ॥ ਚਰਨ ਕਮਲ ਮਹਿ ਹੋਇ ਨਿਵਾਸੁ॥ ੧॥

ਗੁਣਾਂ ਦੇ ਗਾਵਣੇ ਕਰਕੇ ਪਰਗਾਸੁ=ਗਿਆਨ ਹੁੰਦਾ ਹੈ ਅਤੇ ਚਰਨ ਕਮਲ=ਪਰਮਾਤਮਾ ਵਿਚ ਨਿਵਾਸ ਹੁੰਦਾ ਹੈ। *ਅਥਵਾ:-* ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨ ਕਮਲਾਂ ਵਿਚ ਨਿਵਾਸ ਹੋਣ ਕਰਕੇ ਤੇ ਪ੍ਰਭੂ ਦੇ ਗੁਣ ਗਾਉਣ ਕਰਕੇ ਪਰਗਾਸੁ=ਗਿਆਨ ਹੁੰਦਾ ਹੈ॥ ੧॥

ਸੰਤਸੰਗਤਿ ਮਹਿ ਹੋਇ ਉਧਾਰੁ॥
ਨਾਨਕ ਭਵਜਲੁ ਉਤਰਸਿ ਪਾਰਿ॥ ੨॥ ੧॥ ੫੭॥

ਸੰਤਾਂ ਦੀ ਸੰਗਤ ਵਿਚ ਬੈਠਣ ਕਰਕੇ ਤਰਨਾ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ—ਭਵਜਲੁ=ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ॥ ੨॥ ੧॥ ੫੭॥

ਰਾਮਕਲੀ ਮਹਲਾ ੫ ॥ ਗੁਰੁ ਪੂਰਾ ਮੇਰਾ ਗੁਰੁ ਪੂਰਾ ॥

ਬੀਪਸਾ ਅਲੰਕਾਰ ਦੀ ਰੀਤੀ ਅਨੁਸਾਰ ਅਰਥ ਕਰਨਾ:- ਮੇਰਾ ਗੁਰੂ ਪੂਰਾ ਹੈ, ਮੇਰਾ ਗੁਰੂ ਪੂਰਾ ਹੈ,

ਵਾ:- ਪਿਛੇ ਮੇਰੇ ਗੁਰੂ ਪੂਰੇ ਸਨ, ਹੁਣ ਭੀ ਮੇਰੇ ਗੁਰੂ ਪੂਰੇ ਹਨ।

ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ ॥ ੧ ॥ ਰਹਾਉ ॥

ਪੂਰੇ ਗੁਰਾਂ ਦੁਆਰੇ ਰਾਮ ਨਾਮ ਨੂੰ ਜਪਿਆ ਤਾਂ ਸਦਾ ਸੁਹੇਲੇ=ਸੁਖੀ, ਵਾ:- ਸ਼ੋਭਨੀਕ ਹੋਏ।

ਕੂਰ=ਕਰੜਾ ਅਗਿਆਨ ਰੂਪੀ ਰੋਗ ਸਾਰਾ ਨਾਸ ਹੋ ਗਿਆ।

ਵਾ:- ਹੰਕਾਰ ਆਦਿਕ ਰੋਗ ਨਾਸ ਹੋ ਗਏ ਅਤੇ ਕਾਮ ਆਦਿਕਾਂ ਰੂਪੀ ਕੂੜਾ,

ਵਾ:- ਸੰਕਲਪਾਂ ਰੂਪੀ ਸਾਰਾ ਕੂੜਾ ਭੀ ਨਾਸ ਹੋ ਗਿਆ।

ਏਕੁ ਅਰਾਧਹੁ ਸਾਚਾ ਸੋਇ ॥ ਜਾ ਕੀ ਸਰਨਿ ਸਦਾ ਸੁਖੁ ਹੋਇ ॥ ੧ ॥

ਉਸ ਇਕ ਸੱਚੇ ਪ੍ਰਭੂ ਨੂੰ ਅਰਾਧਣਾ ਕਰੋ। ਜਿਸ ਦੀ ਸ਼ਰਨ ਗ੍ਰਹਿਣ ਕਰਨ ਨਾਲ ਸਦਾ=ਹਮੇਸ਼ਾ ਸੁਖ ਪ੍ਰਾਪਤ ਹੁੰਦਾ ਹੈ।। ੧।।

ਨੀਦ ਸੁਹੇਲੀ ਨਾਮ ਕੀ ਲਾਗੀ ਭੂਖ ॥ ਹਰਿ ਸਿਮਰਤ ਬਿਨਸੇ ਸਭ ਦੂਖ ॥ ੨ ॥

ਨਾਮ ਸਿਮਰਨ ਦੀ ਭੁੱਖ ਲਗਣ ਨਾਲ ਸੁਹੇਲੀ=ਸੁਖਦਾਇਕ ਸ਼ਾਂਤੀ ਰੂਪ ਨੀਂਦ ਆਈ ਹੈ। ਹਰੀ ਦੇ ਸਿਮਰਨ ਨਾਲ ਸਾਰੇ ਦੁੱਖ ਬਿਨਸ ਗਏ ਹਨ॥ ੨ ॥

ਸਹਜਿ ਅਨੰਦ ਕਰਹੁ ਮੇਰੇ ਭਾਈ ॥ ਗੁਰਿ ਪੂਰੈ ਸਭ ਚਿੰਤ ਮਿਟਾਈ ॥ ੩ ॥

ਹੇ ਮੇਰੇ ਭਾਈ ! ਹੁਣ ਅਸੀਂ ਸੁਭਾਵਕ ਹੀ ਅਨੰਦ ਧਾਰਨਾ ਕਰਦੇ ਹਾਂ। ਪੂਰਿਆਂ ਗੁਰਾਂ ਨੇ ਸਾਰੀ ਚਿੰਤਾ ਦੂਰ ਕਰ ਦਿੱਤੀ ਹੈ॥ ੩ ॥

ਆਠ ਪਹਰ ਪ੍ਰਭ ਕਾ ਜਪੁ ਜਾਪਿ ॥
ਨਾਨਕ ਰਾਖਾ ਹੋਆ ਆਪਿ ॥ ੪ ॥ ੨ ॥ ੫੮ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਤਾਂ ਅੱਠੇ ਪਹਿਰ ਪ੍ਰਭੂ ਦਾ ਜਪ ਜਪਦਾ ਹਾਂ। ਏਸੇ ਕਰਕੇ ਉਹ ਪ੍ਰਭੂ ਆਪ ਹੀ ਮੇਰਾ ਰਾਖਾ=ਰਖਵਾਲਾ ਹੋਇਆ ਹੈ॥ ੪ ॥ ੨ ॥ ੫੮ ॥

ਰਾਗੁ ਰਾਮਕਲੀ ਮਹਲਾ ੫ ਪੜਤਾਲ ਘਰੁ ੩

(ਪੜਤਾਲ ਛੰਦ ਦੀ ਚਾਲ ਹੈ, ਵਾ:- ਜਿਸ ਵਿਚ ਪਾਟਵੇਂ ਤਾਲ ਪੈਣ, ਉਸ ਨੂੰ ਪੜਤਾਲ ਕਹਿੰਦੇ ਹਨ।)

ੴ ਸਤਿਗੁਰ ਪ੍ਰਸਾਦਿ ॥ ਨਰਨਰਹ ਨਮਸਕਾਰੰ ॥

ਪੁਰਸ਼ਾਂ ਦਾ ਨਰਹ=ਨਯੰਤਾ (ਪ੍ਰੇਰਕ) ਜੋ ਪਰਮੇਸ਼ਰ ਹੈ, ਉਸ ਨੂੰ ਮੈਂ ਨਮਸਕਾਰ ਕਰਦਾ ਹਾਂ, ਤੁਸੀਂ ਭੀ ਉਸ ਨੂੰ ਨਮਸਕਾਰ ਕਰੋ।

ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ ॥ ੧ ॥ ਰਹਾਉ ॥

www.sikhbookclub.com

ਜਲਾਂ ਥਲਾਂ ਵਿਚ ਇਕ ਪ੍ਰਭੂ ਹੈ ਤੇ ਬਸੁਧ=ਪ੍ਰਿਥਵੀ ਅਤੇ ਗਗਨ=ਅਕਾਸ਼ ਆਦਿਕਾਂ ਵਿਚ ਏਕੰਕਾਰ ਪ੍ਰਭੂ ਹੈ॥ ੧॥ ਰਹਾਉ॥

ਹਰਨ ਧਰਨ ਪੁਨ ਪੁਨਹ ਕਰਨ॥ ਨਹ ਗਿਰਹ ਨਿਰੰਹਾਰੰ॥ ੧॥

ਧਰਨ=ਧਰਤੀ ਦੇ ਹਰਨ=ਨਾਸ ਕਰਨ ਵਾਲਾ, ਪੁਨਾ ਪੁਨਾ ਫੇਰ ਉਤਪਤੀ ਕਰਨ ਵਾਲਾ ਹੈ।

ਅਥਵਾ:- ਪੁਨ ਪੁਨਹ=ਵਾਰੰਵਾਰ ਸੰਸਾਰ ਨੂੰ ਉਤਪਤ ਕਰ ਕੇ, ਧਰਨ=ਪਾਲਣਾ ਕਰਦਾ ਹੈ, ਫੇਰ ਹਰਨ=ਨਾਸ ਭਾਵ ਲਯ ਕਰਦਾ ਹੈ, ਉਸ ਦਾ ਗਿਰਹ=ਘਰ ਕੋਈ ਨਹੀਂ ਹੈ, ਨਿਰੰਹਾਰੰ=ਅਹਾਰ ਯਾਂਨੇ ਭੋਜਨ ਖਾਣੇ ਤੋਂ ਰਹਿਤ ਹੈ।

ਵਾ:- ਹਾਰ ਤੋਂ ਰਹਿਤ ਹੈ, ਉਹ ਹਾਰਦਾ ਨਹੀਂ, ਉਸ ਦੀ ਹਮੇਸ਼ਾ ਜਿੱਤ ਰਹਿੰਦੀ ਹੈ।

ਗੰਭੀਰ ਧੀਰ ਨਾਮ ਹੀਰ ਊਚ ਮੂਚ ਅਪਾਰੰ॥

ਬੜੇ ਗੰਭੀਰ ਦਿਲ ਵਾਲਾ ਹੈ, ਧੀਰ=ਧੀਰਜਵਾਨ ਹੈ, ਜਿਸ ਦਾ ਨਾਮ ਹੀਰੇ ਵਾਂਙੂ ਅਮੋਲਕ ਹੈ, ਊਚ ਮੂਚ=ਉਚਿਆਂ ਤੋਂ ਉੱਚਾ ਹੈ, ਵਾ:- ਸਭ ਤੋਂ ਉਚਾ ਹੈ, ਮੂਚ=ਬੜੇ ਵਿਸਤਾਰ ਵਾਲਾ ਹੈ, ਅਪਾਰੰ=ਪਾਰਾਵਾਰ ਤੋਂ ਰਹਿਤ ਹੈ।

ਕਰਨ ਕੇਲ ਗੁਣ ਅਮੋਲ ਨਾਨਕ ਬਲਿਹਾਰੰ॥ ੨॥ ੧॥ ੫੯॥

ਕੇਲ=ਖੁਸ਼ੀਆਂ ਦੇ ਕਰਨ ਵਾਲਾ ਹੈ, ਜਿਸ ਦੇ ਵਿਚ ਅਮੋਲਕ ਗੁਣ ਹਨ, ਗੁਰੂ ਜੀ ਕਥਨ ਕਰਦੇ ਹਨ— ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ॥ ੨॥ ੧॥ ੫੯॥

ਰਾਮਕਲੀ ਮਹਲਾ ੫॥ ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ ਮਾਇਆ ਛਲੇ ਕਨਿਕ ਕਾਮਿਨੀ॥ ੧॥ ਰਹਾਉ॥

ਸੁੰਦਰ ਰੂਪ=ਅਕਾਰ, ਸੋਹਣੇ-ਸੋਹਣੇ ਰੰਗ, ਸੁਗੰਧੀਆਂ ਤੇ ਭੋਗ=ਪਦਾਰਥ, ਕਨਿਕ=ਸੋਨਾ, ਕਾਮਿਨੀ= ਇਸਤ੍ਰੀ, ਇਹ ਸਭ ਮਾਇਆ ਦੇ ਛਲ ਹਨ, ਇਨ੍ਹਾਂ ਸਾਰਿਆਂ ਨੂੰ ਤਿਆਗ ਕੇ ਜੀਵ ਚਲੇ ਜਾਂਦੇ ਹਨ॥ ੧॥ ਰਹਾਉ॥

ਭੰਡਾਰ ਦਰਬ ਅਰਬ ਖਰਬ ਪੇਖਿ ਲੀਲਾ ਮਨੁ ਸਧਾਰੈ॥ ਨਹ ਸੰਗਿ ਗਾਮਨੀ॥੧॥

ਅਰਬ ਤੇ ਖਰਬ ਇਹ ਗਿਣਤੀ ਹੈ, ਇਸ ਦਾ ਭਾਵ ਬਹੁਤ ਹੈ ਅਰਥਾਤ ਗਿਣਤੀ ਤੋਂ ਅਨਗਿਣਤ ਦਰਬ=ਧਨ ਦੇ ਭੰਡਾਰੇ ਭਰੇ ਹੋਏ ਹਨ, ਧਨ ਦੀ ਲੀਲਾ ਨੂੰ ਦੇਖ ਕੇ ਮਨ ਸਧਾਰੈ=ਸਹਿਤ ਆਸਰੇ ਦੇ ਹੁੰਦਾ ਹੈ, ਵਾ:- ਓਸੇ ਧਨ ਦੀ ਤਰਫ ਸਧਾਰੈ=ਚਲਦਾ ਹੈ, ਪਰ ਅੰਤਮ ਸਮੇਂ ਇਹ ਮਾਇਆ ਜੀਵ ਦੇ ਨਾਲ ਨਹ ਗਾਮਨੀ=ਨਹੀਂ ਚਲਦੀ॥ ੧॥

ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਓ ਭਰਮਿ ਮੋਹਿਓ ਇਹ ਬਿਰਖ ਛਾਮਨੀ॥

ਭਰਮ ਦਾ ਮੋਹਿਆ ਹੋਇਆ ਜੀਵ, ਸੁਤ=ਪੁਤ੍ਰ, ਕਲਤ੍ਰ=ਇਸਤ੍ਰੀ, ਭ੍ਰਾਤ=ਭਰਾ ਅਤੇ ਮਿੱਤਰ, ਇਨ੍ਹਾਂ ਸਾਰਿਆਂ ਵਿਚ ਉਰਝਿ ਪਰਿਓ=ਫਸਿਆ ਪਿਆ ਹੈ, ਪਰ ਇਹ ਸਾਰੇ ਸਬੰਧੀ ਬਿਰਖ ਛਾਮਨੀ=ਬ੍ਰਿਛ ਦੀ ਛਾਂ ਵਾਂਗੂ ਅਨਿਸਥਰ ਹਨ।

ਪ੍ਰਸ਼ਨ:- ਕੇਹੜਾ ਕਰਤੱਬ ਕਰੇ ਜਿਸ ਕਰਕੇ ਸੁਖ ਹੋਵੇ? ਉੱਤਰ-

ਚਰਨ ਕਮਲ ਸਰਨ ਨਾਨਕ ਸੁਖੁ ਸੰਤ ਭਾਵਨੀ॥ ੨॥ ੨॥ ੬੦॥

ਗੁਰੂ ਜੀ ਕਥਨ ਕਰਦੇ ਹਨ- ਸੰਤਾਂ ਵਿਚ ਭਾਵਨੀ=ਸ਼ਰਧਾ ਧਾਰ ਕੇ ਸੰਤਾਂ ਦੇ ਚਰਨ ਕਵਲਾਂ ਦੀ ਸ਼ਰਨ ਗ੍ਰਹਿਣ ਕਰੇ ਤਾਂ ਹੀ ਸੁਖ ਹੀ ਪ੍ਰਾਪਤੀ ਹੁੰਦੀ ਹੈ॥ ੨॥ ੨॥ ੬੦॥

ੴ ਸਤਿਗੁਰ ਪ੍ਰਸਾਦਿ॥

ਰਾਗੁ ਰਾਮਕਲੀ ਮਹਲਾ ੯ ਤਿਪਦੇ॥ ਰੇ ਮਨ ਓਟਿ ਲੇਹੁ ਹਰਿ ਨਾਮਾ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਥਨ ਕਰਦੇ ਹਨ-ਹੇ ਮਨ ! ਹਰੀ ਨਾਮ ਦੀ ਓਟ ਲੈਣਾ ਕਰੋ।

ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥ ੧॥ ਰਹਾਉ॥

ਜਿਸ ਦੇ ਸਿਮਰਨ ਕਰਨ ਨਾਲ ਦੁਰਮਤਿ=ਖੋਟੀ ਬੁੱਧੀ ਦੂਰ ਹੁੰਦੀ ਹੈ ਅਤੇ ਨਿਰਬਾਨਾ=ਨਿਰਬੰਧ ਪਦ ਅਰਥਾਤ, ਆਤਮ ਪਦ ਨੂੰ ਪਾਂਦਾ ਹੈ॥ ੧॥ ਰਹਾਉ॥

ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥

ਉਹ ਪੁਰਸ਼ ਨੂੰ ਵੱਡਿਆਂ ਭਾਗਾਂ ਵਾਲਾ ਜਾਨਣਾ ਕਰੋ, ਜੋ ਪਲ-ਪਲ ਕਾਲ ਵਿਚ ਹਰੀ ਦੇ ਗੁਣਾਂ ਨੂੰ ਗਾਂਵਦਾ ਹੈ।

[ਪੰਨਾ ੯੦੨]

ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ॥ ੧॥

ਉਹ ਪੁਰਸ਼ ਜਨਮਾਂ-ਜਨਮਾਂ ਦੇ ਪਾਪ ਕਰਮਾਂ ਨੂੰ ਖੋਇ ਕੈ=ਦੂਰ ਕਰਕੇ ਪੁਨਾ, ਬੈਕੁੰਠ ਧਾਮ ਵਿਚ ਚਲ ਕੇ ਜਾਂਦਾ ਹੈ, ਵਾ:- ਅਕੁਠਤ ਪਦ ਵਿਚ ਜਾ ਕੇ ਸਮਾਉਂਦਾ ਹੈ॥ ੧॥

ਅਜਾਮਲ ਕਉ ਅੰਤ ਕਾਲ ਮੈ ਨਾਰਾਇਨ ਸੁਧਿ ਆਈ॥

ਅੰਤ=ਪ੍ਰਾਣਾਂ ਦੇ ਵਿਜੋਗ ਸਮੇਂ ਵਿਚ ਜਦ ਅਜਾਮਲ ਪਾਪੀ ਨੂੰ ਨਰਾਇਣ ਦੇ ਚਿੰਤਨ ਕਰਨ ਦੀ ਸੁਧਿ=ਸੋਝੀ ਆਈ।

ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥ ੨॥

ਜਿਸ ਗਤਿ=ਮੁਕਤੀ ਨੂੰ ਬੜੇ-ਬੜੇ ਜੋਗੀਸੁਰ ਬਾਛਤ=ਚਾਹੁੰਦੇ ਹਨ, ਉਹ ਮੁਕਤੀ ਅਜਾਮਲ ਨੇ ਇਕ ਛਿਨ ਵਿਚ ਪਾ ਲਈ॥ ੨॥

ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ॥

ਨਾ ਸ਼ੁਭ ਗੁਣ ਸੀ: ਨਾ ਹੀ ਕੁਝ ਵਿਦਿਆ ਸੀ, ਗਜਿ=ਹਾਥੀ ਨੇ ਕੇਹੜਾ ਚੰਗਾ ਕਰਮ ਧਰਮ ਕੀਤਾ ਸੀ।

ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹਿ ਦੀਨਾ॥ ੩॥ ੧॥

ਗੁਰੂ ਜੀ ਕਥਨ ਕਰਦੇ ਹਨ—ਇਹ ਰਾਮ ਦਾ ਬਿਰਦੁ=ਧਰਮ ਦੇਖੋ, ਜੋ ਉਸ ਹਾਥੀ ਨੂੰ ਤੰਦੂਏ ਪਾਸੋਂ ਛੁਡਾ

ਕੇ ਅਭੈ=ਨਿਰਭੈ ਦਾਨ ਦਿੱਤਾ ਹੈ॥ ੩॥ ੧॥

ਰਾਮਕਲੀ ਮਹਲਾ ੯॥ ਸਾਧੋ ਕਉਨ ਜੁਗਤਿ ਅਬ ਕੀਜੈ॥

ਹੇ ਸੰਤੋਂ ! ਹੁਣ ਕੌਣ ਸੀ ਜੁਗਤੀ ਕਰਨੀ ਚਾਹੀਦੀ ਹੈ?

ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ॥ ੧॥ ਰਹਾਉ॥

ਜਿਸ ਜੁਗਤੀ ਕਰਕੇ ਸਾਰੀ ਖੋਟੀ ਮਤਿ ਨਾਸ ਹੋ ਜਾਵੇ ਅਤੇ ਰਾਮ ਦੀ ਭਗਤੀ ਵਿਚ ਮਨ ਭਿਜ ਜਾਵੇ॥ ੧॥ ਰਹਾਉ॥

ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ॥

ਇਹ ਚੰਚਲ ਮਨ ਮਾਇਆ ਵਿਚ ਅਜੇਹਾ ਉਰਝਿ=ਫਸ ਰਿਹਾ ਹੈ, ਕੁਝ ਭੀ ਸ਼ਾਸਤ੍ਰ ਗਿਆਨ ਨੂੰ, ਅਥਵਾ:- ਸਰੂਪ ਗਿਆਨ ਨੂੰ ਸਮਝਦਾ ਨਹੀਂ ਹੈ।

ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ॥ ੧॥

ਉਹ ਕੇਹੜਾ ਨਾਮ ਹੈ ਜਿਸ ਦੇ ਸਿਮਰਨੇ ਕਰਕੇ ਇਹ ਜਗ=ਜੀਵ ਨਿਰਬੰਧ ਪਦ ਨੂੰ ਪਾਉਣਾ ਕਰੇ? ਉੱਤਰ:- ਜਿਵੇਂ ਨਦੀ ਦੇ ਕੰਡੇ ਪਰ ਬਹੁਤ ਹੀ ਨੌਕਾਂ ਹਨ ਪਰ ਮਲਾਹ ਦੀ ਮਰਜ਼ੀ ਹੈ, ਜਿਸ ਨੂੰ ਜਿਸ ਨੌਕਾ 'ਪਰ ਚੜ੍ਹਾਉਂਦਾ ਹੈ, ਓਸੇ ਦੁਆਰਾ ਉਸ ਨੂੰ ਪਾਰ ਕਰ ਦੇਂਦਾ ਹੈ, ਏਸੇ ਤਰ੍ਹਾਂ ਗੁਰਾਂ ਦੀ ਮਰਜ਼ੀ ਹੈ, ਜਿਸ ਨਾਮ ਰੂਪੀ ਨੌਕਾਂ 'ਪਰ ਚੜ੍ਹਾਉਂਦੇ ਹਨ, ਉਸ ਦੁਆਰਾ ਸਿੱਖ ਨੂੰ ਪਾਰ ਕਰ ਦੇਂਦੇ ਹਨ, ਪਰ *'ਸਤਿ ਨਾਮੁ ਤੇਰਾ ਪਰਾ ਪੂਰਬਲਾ'* ਹੈ।

ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ॥

ਕ੍ਰਿਪਾਲੂ-ਸੰਤ ਜਨ ਜਿਸ ਵੇਲੇ ਦਿਆਲੂ ਹੋਏ, ਤਿਸ ਵੇਲੇ ਉਨ੍ਹਾਂ ਨੇ ਇਹ ਗੱਲ ਦੱਸੀ ਕਿ-

ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥ ੨॥

ਜਿਸ ਨੇ ਪ੍ਰਭੂ ਦੀ ਕੀਰਤੀ ਗਾਈ ਹੈ, ਮਾਨੋ=ਮੰਨਣਾ ਕਰੋ, ਉਸ ਨੇ ਸਾਰੇ ਧਰਮ ਕਰ ਲੀਤੇ ਹਨ॥ ੨॥

ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰ ਧਾਰੈ॥

ਜਿਹੜਾ ਪੁਰਸ਼ ਨਿਸਿ ਬਾਸੁਰ=ਰਾਤ ਦਿਨ ਇਕ-ਇਕ ਨਿਮਖ ਕਾਲ ਰਾਮ ਨਾਮ ਨੂੰ ਹਿਰਦੇ ਵਿਚ ਧਾਰਦਾ ਹੈ।

ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ॥ ੩॥ ੨॥

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਹਿਰਦੇ ਵਿਚੋਂ ਜਮਾਂ ਦਾ ਡਰ ਮਿਟ ਜਾਂਦਾ ਹੈ ਅਤੇ ਆਪਣੇ ਮਨੁੱਖਾ ਜਨਮ ਨੂੰ ਸਵਾਰ ਲੈਂਦਾ ਹੈ॥ ੩॥ ੨॥

ਰਾਮਕਲੀ ਮਹਲਾ ੯॥

ਪ੍ਰਾਨੀ ਨਾਰਾਇਨਿ ਸੁਧਿ ਲੇਹਿ॥

ਹੇ ਪ੍ਰਾਣੀ ! ਤੂੰ ਨਰਾਇਣ ਦੇ ਸਿਮਰਨ ਦੀ ਖ਼ਬਰ ਲੈਣਾ ਕਰ।

ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ ॥ ੧ ॥ ਰਹਾਉ ॥

ਨਿਸ ਬਾਸੁਰ=ਰਾਤ ਦਿਨ ਦੀ ਸੰਗਿਆ ਕਰਕੇ ਛਿਨ-ਛਿਨ ਕਾਲ ਵਿਚ ਉਮਰਾ ਘਟਦੀ ਜਾ ਰਹੀ ਹੈ ਅਤੇ ਮਨੁਖਾ ਦੇਹ ਬ੍ਰਿਥਾ=ਵਿਅੱਰਥ ਭਾਵ ਨਿਸਫਲ ਜਾ ਰਹੀ ਹੈ॥ ੧॥ ਰਹਾਉ॥

ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ ॥

ਬਾਲਕਪਨ ਤਾਂ ਅਗਿਆਤ ਤਾਹੀ ਵਿਚ ਚਲਾ ਹੀ ਗਿਆ ਸੀ, ਪਰ ਤੈਂਨੇ ਤਰਨਾਪੋ=ਜੋਬਨ ਅਵਸਥਾ ਨੂੰ ਭੀ ਵਿਸ਼ਿਆਂ ਨਾਲ ਖੋਹ ਦਿੱਤਾ ਹੈ।

ਬਿਰਧਿ ਭਇਓ ਅਜਹੂ ਨਹੀ ਸਮਝੈ ਕਉਨ ਕੁਮਤਿ ਉਰਝਾਨਾ ॥ ੧ ॥

ਬੁੱਢਾ ਹੋ ਗਿਆ ਹੈਂ ਅਜੇ ਭੀ ਤੂੰ ਸਮਝਦਾ ਨਹੀਂ ਹੈਂ,
ਕਿਸੇ ਖੋਟੀ ਬੁੱਧੀ ਵਿੱਚ ਤੂੰ ਉਰਝਾਨਾ=ਫਸ ਰਿਹਾ ਹੈਂ॥ ੧॥

ਮਾਨਸ ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ ॥

ਜਿਸ ਸੁਆਮੀ ਨੇ ਤੈਨੂੰ ਅਮੋਲਕ ਮਨੁੱਖਾ ਜਨਮ ਦਿੱਤਾ ਹੈ, ਉਸ ਨੂੰ ਤੈਂਨੇ ਕਿਉਂ ਭੁਲਾ ਦਿੱਤਾ ਹੈ।

ਮੁਕਤਿ ਹੋਤ ਨਰ ਜਾ ਕੈ ਸਿਮਰੈ ਨਿਮਖ ਨ ਤਾ ਕਉ ਗਾਇਓ ॥ ੨ ॥

ਜਿਸ ਦੇ ਸਿਮਰਨ ਕਰਨ ਨਾਲ ਪੁਰਸ਼ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ, ਤੈਂਨੇ ਉਸ ਨੂੰ ਇਕ ਨਿਮਖ ਮਾਤ੍ਰ ਸਮਾਂ ਭੀ ਗੈਣ ਨਹੀਂ ਕੀਤਾ॥ ੨॥

ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ ॥

ਮਾਇਆ ਦਾ ਮਦੁ=ਹੰਕਾਰ ਕਿਸ ਵਾਸਤੇ ਕਰਦਾ ਹੈਂ, ਇਹ ਮਾਇਆ ਤਾਂ ਕਿਸੇ ਦੇ ਨਾਲ ਜਾਂਦੀ ਨਹੀਂ ਹੈ।

ਨਾਨਕ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ ॥ ੩ ॥ ੩ ॥ ੮੧ ॥

ਗੁਰੂ ਜੀ ਕਥਨ ਕਰਦੇ ਹਨ-ਚਿੰਤਾਮਣੀ ਵਾਂਗੂ ਮਨ ਬਾਂਛਤ ਫਲ ਦੇਣ ਵਾਲੇ ਪ੍ਰਭੂ ਨੂੰ ਸਿਮਰਨਾ ਕਰ, ਜੋ ਅੰਤ ਵੇਲੇ ਤੇਰਾ ਸਹਾਈ ਹੋਵੇਗਾ॥ ੩॥ ੩॥ ੮੧॥

ਰਾਮਕਲੀ ਮਹਲਾ ੧ ਅਸਟਪਦੀਆ

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:- ਜਦ ਫਿਰਦੇ ਹੋਏ ਗੁਰੂ ਸਾਹਿਬ ਜੀ ਬਿੰਦ੍ਰਾਬਨ ਪਹੁੰਚੇ ਤਾਂ ਕੀ ਵੇਖਿਆ ਕਿ ਰਾਸ ਮੰਡਲ ਹੋ ਰਿਹਾ ਹੈ, ਜਿਸ ਵਿਚ ਕ੍ਰਿਸ਼ਨ, ਗੋਪੀਆਂ ਤੇ ਗੁਆਲਿਆਂ ਦੇ ਰੂਪ ਵਿਚ ਹੋ ਕੇ ਲੋਕ ਕਾਮ ਭਾਵਨਾ ਸੰਯੁਕਤ ਹੋ ਰਹੇ ਹਨ। ਵੇਖ ਕੇ ਅੰਤਰਜਾਮੀ ਗੁਰੂ ਜੀ ਰਹਿ ਨਾ ਸਕੇ ਤੇ ਆਪਣ ਲੱਗ ਪਏ ਅਬ ਕਲਜੁਗ ਦਾ ਸਮਾਂ ਆ ਗਿਆ ਹੈ, ਲੋਕਾਂ ਨੇ ਸੁਣ ਕੇ ਪੁਛਿਆ ਆਪ ਜੀ ਨੇ ਕਿਵੇਂ ਮਾਲੂਮ ਕੀਤਾ ਹੈ ਕਿ ਕਲਜੁਗ ਆ ਗਿਆ ਹੈ, ਕੀ ਚੰਦ੍ਰਮਾ, ਸੂਰਜ, ਤਾਰੇ ਬਦਲ ਗਏ ਹਨ? ਕਿ ਧਰਤੀ, ਹਵਾ ਬਦਲ ਗਈ ਹੈ?

ਗੁਰੂ ਜੀ ਆਖਦੇ ਹਨ-

www.sikhbookclub.com

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥

ਜੋ ਸਤਜੁਗ, ਤਰੇਤਾ, ਦੁਆਪੁਰ ਵਿਚ ਚੰਦਰਮਾ ਸੀ, ਹੁਣ ਭੀ ਓਹੀ ਚੰਦਰਮਾ ਚੜ੍ਹ ਰਿਹਾ ਹੈ, ਅਕਾਸ਼ ਵਿਚ ਤਾਰੇ ਭੀ ਓਹੀ ਹਨ ਅਤੇ ਦਿਨੀਅਰੁ=ਸੂਰਜ ਭੀ ਓਹੀ ਤਪ ਰਿਹਾ ਹੈ।

ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥ ੧॥

ਧਰਤੀ ਭੀ ਓਹੀ ਹੈ, ਪੌਣ ਦੇ ਬੁਲੇ ਭੀ ਓਹੀ ਹਨ, ਬੇਨਤੀ ਕੀਤੀ ਜੇਕਰ ਸਤਜੁਗ, ਤਰੇਤੇ, ਦੁਆਪੁਰ ਵਾਲਾ ਹੀ ਸਭ ਕੁਝ ਹੈ ਤਾਂ ਫਿਰ ਕਲਜੁਗ ਕਿਵੇਂ ਆਇਆ ਸਮਝੀਏ? *ਗੁਰ ਉੱਤਰ:-*

ਕਲਜੁਗ ਜੀਵਾਂ ਦੇ ਹਿਰਦੇ ਅੰਦਰ ਖੇਲ ਰਿਹਾ ਹੈ, ਉਸ ਦਾ ਖੇਲਨਾ ਏਹੋ ਹੈ ਜਿਹੜੀ ਉਸ ਨੇ ਲੋਕਾਂ ਦੀ ਉਲਟ ਬੁੱਧੀ ਕਰ ਦਿੱਤੀ ਹੈ, ਗੁਰੂ ਨੂੰ ਗੁੜ੍ਹ ਕਹਿਣ ਲੱਗ ਪਏ ਹਨ, ਨਕਲੀ ਗੁਰੂ ਬਣਕੇ ਜਾਂ ਨਕਲੀ ਅਵਤਾਰ ਬਣ ਕੇ ਆਪਣੀ ਪੂਜਾ ਕਰਾਉਣੀ ਤੇ ਕਾਮ ਭਾਵਨਾ ਦੇ ਸਹਤ ਹੋਣਾ, ਜਿਨ੍ਹਾਂ ਮੰਦਰਾਂ ਨੂੰ ਮੱਥਾ ਟੇਕਣਾ ਹੈ, ਉਹਨਾਂ ਹੀ ਮੰਦਰਾਂ ਦੀ ਬਿਅਦਬੀ ਕਰਨੀ ਏਸੇ ਦਾ ਨਾਮ ਕਲਜੁਗ ਹੈ, ਕਲਜੁਗ ਨੂੰ ਜੀਵਾਂ ਦੇ ਹਿਰਦੇ ਤੋਂ ਬਿਨਾਂ ਹੋਰ ਕਿਹੜਾ ਥਾਂ ਹੈ, ਭਾਵ ਕੋਈ ਨਹੀਂ।

ਅਥਵਾ:- ਕਲਜੁਗੀ ਜੀਵ ਹੋਰ ਹੀ ਖੇਡਾਂ ਨੂੰ ਖੇਡ ਰਹੇ ਹਨ, ਇਸ ਕਰਕੇ ਇਨਾਂ ਨੂੰ ਸਰੂਪ ਥਾਂ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ॥ ੧॥

ਗੁਰੂ ਜੀ ਪਰਮੇਸ਼ਰ ਅੱਗੇ ਬੇਨਤੀ ਕਰਦੇ ਹਨ—

ਜੀਵਨ ਤਲਬ ਨਿਵਾਰਿ॥

ਜੀਵਾਂ ਦੇ ਹਿਰਦੇ ਵਿਚੋਂ ਮੰਦ ਤਲਬ=ਇੱਛਾ ਨੂੰ ਦੂਰ ਕਰ ਦਿਓ।

ਵਾ:- ਜੀਵਨੇ ਦੀ ਤਲਬ=ਇੱਛਾ ਨੂੰ ਦੂਰ ਕਰ ਦਿਓ।

ਅਥਵਾ:- ਜੀਵਾਂ ਨੂੰ ਦੁੱਖ ਦੇਣ ਦੀ ਇੱਛਾ ਨੂੰ ਦੂਰ ਕਰ ਦਿਓ।

ਪ੍ਰਸ਼ਨ:- ਕਲਜੁਗ ਦੇ ਲੱਖਣ ਦੱਸੋ? *ਗੁਰ ਉੱਤਰ:-*

ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥ ੧॥ ਰਹਾਉ॥

ਜਿਹੜਾ ਧਿਙਾਣਾ=ਜਬਰਦਸਤੀ ਕਰਦਾ ਹੈ, ਅਰਥਾਤ ਆਪਣੀ ਛਾਤੀ ਦੇ ਜ਼ੋਰ ਨਾਲ ਹਕੂਮਤ ਕਰਦਾ ਹੈ, ਉਹ ਕਲਜੁਗ ਵਿਚ ਪਰਵਾਣਾ=ਮੁਖੀ ਹੁੰਦਾ ਹੈ, ਏਹੀ ਕਲਜੁਗ ਦੇ ਲੱਛਣ ਵਿਚਾਰਨਾ ਕਰੋ॥ ੧॥ ਰਹਾਉ॥

ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥

ਕਲਜੁਗ ਕਿਸੇ ਦੇਸ਼ ਤੋਂ ਆਇਆ ਭੀ ਨਹੀਂ ਸੁਣੀਦਾ ਅਤੇ ਨਾ ਹੀ ਕਿਸੇ ਤੀਰਥ ਦੇ ਪਾਸ ਬੈਠਾ ਹੈ।

ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥ ੨॥

ਦਾਤਾ ਹੋ ਕੇ ਨਾ ਹੀ ਕਿਤੇ ਦਾਨ ਕਰਦਾ ਹੈ, ਨਾ ਹੀ ਕਿਸੇ ਅਸਥਾਨ 'ਪਰ ਮਹਲ=ਮੰਦਰਾਂ ਨੂੰ ਉਸਾਰ ਕੇ ਬੈਠਾ ਹੈ॥ ੨॥

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥

ਜਿਹੜਾ ਕੋਈ ਸਤਵਾਦੀ ਸੱਤ ਬੋਲਣ ਦੀ ਪਰਤੱਗਿਆ ਕਰਦਾ ਹੈ, ਉਸ ਦਾ ਉਹ ਪ੍ਰਣ ਛੀਜੈ=ਨਾਸ ਹੋ ਜਾਂਦਾ ਹੈ, ਤਪੀਆਂ ਦੇ ਘਰ ਵਿਚ ਅਰਥਾਤ ਸਾਧੂਆਂ ਤੇ ਬ੍ਰਾਹਮਣਾਂ ਦੇ ਘਰ ਵਿਚ ਤਪ ਨਾ ਹੋਣਾ।

ਜੇ ਕੋ ਨਾਉ ਬਦਨਾਵੀ ਕਲਿ ਕੇ ਲਖਣ ਏਈ॥ ੩॥

ਜਿਹੜਾ ਕੋਈ ਪ੍ਰਭੂ ਦੇ ਨਾਮ ਨੂੰ ਲੈਂਦਾ ਹੈ, ਉਸ ਦਾ ਨਾਮ ਬਦਨਾਮ ਹੋ ਜਾਂਦਾ ਹੈ, ਲੋਕ ਆਖਣ ਲੱਗ ਜਾਂਦੇ ਹਨ ਕਿ ਇਹ ਨਵਾਂ ਭਗਤ ਉਠਿਆ ਹੈ, ਵੇਖਾਂਗੇ ਕਿੰਨਾ ਚਿਰ ਭਗਤੀ ਕਰੇਗਾ, ਏਹੋ ਕਲਜੁਗ ਦੇ ਲੱਖਣ ਹਨ॥ ੩॥

ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥

ਜਿਸ ਦੀ ਸਿਕਦਾਰੀ=ਠਾਣੇਦਾਰੀ ਹੈ ਜਾਂ ਨੰਬਰਦਾਰੀ ਹੈ ਉਸੇ ਦੀ ਖੁਆਰੀ=ਖਰਾਬੀ ਹੁੰਦੀ ਹੈ, ਜਿਹੜੇ ਗਰੀਬ ਹਨ, ਉਹਨਾਂ ਨੂੰ ਕਿਸੇ ਨੇ ਕੀ ਕਹਿਣਾ ਹੈ ਅਤੇ ਚਾਕਰ=ਦਾਸਾਂ ਨੇ ਭਲਾ ਕਿਸ ਵਾਸਤੇ ਡਰਨਾ ਹੈ, ਇਕ ਜਗ੍ਹਾ ਰਹਿਣਾ ਨਾ ਮਿਲਿਆ ਤਾਂ ਦੂਜੀ ਜਗ੍ਹਾ ਚਲੇ ਜਾਣਗੇ।

ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥ ੪॥

ਜਾਂ ਸਿਕਦਾਰੈ=ਨੰਬਰਦਾਰਾਂ ਦੇ ਹੱਥਾਂ ਵਿਚ ਜ਼ੰਜੀਰਾਂ ਪੈਣਗੀਆਂ ਤਾਂ ਉਹਨਾਂ ਦਾ ਚਾਕਰਾਂ ਦੇ ਹੱਥੋਂ ਹੀ ਮਰਨਾ ਹੋਵੇਗਾ॥ ੪॥

ਇਹ ਗੱਲਾਂ ਸੁਣ ਕੇ ਕਲਜੁਗ ਨੇ ਪ੍ਰਗਟ ਹੋ ਕੇ ਕਿਹਾ-ਇਸ ਵੇਲੇ ਸਿਕਦਾਰੀ ਤਾਂ ਮੇਰੀ ਹੈ ਤਾਂ ਗੁਰੂ ਜੀ ਨੇ ਕਿਹਾ, ਚੰਗਾ ਤੂੰ ਫਿਰ ਸਿਕਦਾਰ ਬਣਿਆ ਰਹੋ, ਜਿਸ ਵੇਲੇ ਭੀ ਤੇਰੇ ਹੱਥਾਂ ਵਿਚ ਜ਼ੰਜੀਰਾਂ ਪੈਣਗੀਆਂ ਤਾਂ ਅਸੀਂ ਰੱਬ ਦੇ ਚਾਕਰ ਹਾਂ ਸਾਡੇ ਹੱਥੋਂ ਹੀ ਤੇਰਾ ਮਰਨਾ ਹੋਵੇਗਾ॥ ੪॥

ਇਹ ਗੱਲ ਸੁਣ ਕੇ ਕਲਜੁਗ ਚਰਨਾਂ 'ਪਰ ਡਿਗ ਪਿਆ ਤੇ ਮਾਫੀ ਮੰਗ ਕੇ ਚਲਾ ਗਿਆ।

ਅਗੋਂ ਸਿੱਖਾਂ ਨੂੰ ਸੁਣਾਂਵਦੇ ਹਨ-

[ਪੰਨਾ ੯੦੩]

ਆਖੁ ਗੁਣਾ ਕਲਿ ਆਈਐ॥

ਕਲਜੁਗ ਦੇ ਆਉਣ ਦੇ ਗੁਣਾ=ਚਿੰਨ ਅਸਾਂ ਨੇ ਆਖੇ ਹਨ। *ਅਥਵਾ:-* ਕਲਜੁਗ ਆ ਗਿਆ ਹੈ, *ਵਾ:-* ਕਲਜੁਗ ਵਿਚ ਆ ਕੇ ਪਰਮੇਸ਼ਰ ਦੇ ਗੁਣਾਂ ਨੂੰ ਆਖਣਾ ਕਰੋ।

ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ॥੧॥ਰਹਾਉ॥

ਸਤਜੁਗ, ਤਰੇਤਾ, ਦੁਆਪੁਰ ਪਿਛਲੇ ਤਿੰਨਾਂ ਜੁਗਾਂ ਦਾ ਜੋ ਤਪਾਵਸੁ=ਨਿਆਂ ਸੀ, ਸੱਚ ਬੋਲਣਾ, ਯੱਗ ਕਰਨਾ, ਤਪ ਤੇ ਪੂਜਾ ਆਦਿਕ ਕਰਨੀ ਇਹ ਦੂਰ ਹੋ ਗਿਆ ਹੈ, ਹੁਣ ਕਲਜੁਗ ਵਿਚ ਜੇ ਪਰਮੇਸ਼ਰ ਦੇ ਸ਼ੁਭ-ਗੁਣਾਂ ਦਾ ਉਚਾਰਨ ਕਰਨਾ ਦੇਵੇ, ਤਾਂ ਹੀ ਮੁਕਤੀ ਨੂੰ ਪਾਈਦਾ ਹੈ॥ ੧॥ ਰਹਾਉ॥

ਕਲਿ ਕਲ ਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ॥

ਕਲਜੁਗ ਵਿਚ ਕਲ ਵਾਲੀ=ਕਲਾ ਵਾਲੀ ਭਾਵ ਲੜਾਈ ਝਗੜੇ ਵਾਲੀ ਸਰਾ=ਨਿਆਂ ਦਾ ਨਿਬੇੜਨਾ

www.sikhbookclub.com

ਕੀਤਾ ਹੈ ਕਿਉਂਕਿ ਨਿਆਂ ਕਰਨ ਵਾਲੇ ਕਾਜ਼ੀ=ਅਦਾਲਤੀਆਂ ਦਾ ਮਨ ਕ੍ਰਿਸਨਾ=ਕਾਲਾ ਹੋ ਗਿਆ ਹੈ। ਜਿਸ ਪਾਸੋਂ ਵੱਢੀ ਖਾਣੀ ਓਸੇ ਦੇ ਹੱਕ ਵਿਚ ਫੈਸਲਾ ਕਰ ਦੇਣਾ।

ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥ ੫ ॥

ਬ੍ਰਹਮਾ ਦੀ ਬਾਣੀ ਜੋ ਅਥਰਬਣ ਵੇਦ, ਬਾਣੀ ਦਾ ਜੋ ਬ੍ਰਹਮਾ ਗ੍ਰੰਥੀ ਹੈ, ਉਸ ਦੁਆਰਾ ਸੰਤਾਂ ਨੇ ਪਰਮੇਸ਼ਰ ਦੀ ਕੀਰਤੀ ਰੂਪ ਜੋ ਕਰਨੀ ਹੈ, ਉਸ ਨੂੰ ਲੈਣਾ ਕੀਤਾ ਹੈ॥ ੫॥

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥

ਠਾਕੁਰ ਪੂਜਾ ਕਰਦਾ ਹੈ, ਜੇਕਰ ਪਤ=ਆਬਰੋ ਨਹੀਂ ਹੈ ਤਾਂ ਉਹ ਨਿਸਫਲ ਹੈ, ਪਤ-ਆਬਰੋ ਤੋਂ ਬਿਨਾਂ ਠਾਕੁਰ ਪੂਜਾ ਕਰਨੀ ਕਿਆ ਹੈ, ਸੱਚ ਬੋਲੇ ਤੋਂ ਬਿਨਾਂ ਇੰਦ੍ਰੀਆਂ ਦਾ ਸੰਜਮ ਕਰਨਾ ਕਿਆ ਹੈ, ਜਤ=ਜਤਿੰਦਰੇ ਹੋਏ ਤੋਂ ਬਿਨਾਂ ਜਨੇਊ ਪਹਿਰਿਆ ਕਿਸ ਕੰਮ ਹੈ, ਭਾਵ ਵਿਅਰਥ ਹੈ।

ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥

ਨ੍ਹਾਂਦੇ ਧੋਂਦੇ ਹੋ,ਵਾ:- ਨੇਤੀ ਧੋਤੀ ਆਦਿਕ ਕਰਮ ਭੀ ਕਰਦੇ ਹੋ,*ਅਥਵਾ:-* ਨ੍ਹਾਂਦੇ ਹੋ ਅਤੇ ਕਪੜਿਆਂ ਨੂੰ ਧੋਂਦੇ ਹੋ, ਆਪਣੇ ਮੱਥੇ 'ਪਰ, ਵਾ:- ਠਾਕੁਰ ਜੀ ਦੇ ਮੱਥੇ 'ਪਰ ਤਿਲਕ ਚੜ੍ਹਾਂਵਦੇ ਹੋ, ਪਰ ਅੰਤ੍ਰੀਵ ਸੁਚ=ਪਵਿੱਤ੍ਰਤਾ ਧਾਰੇ ਤੋਂ ਬਿਨਾਂ ਬਾਹਰਲੀ ਪਵਿੱਤ੍ਰਤਾ ਮਨਜ਼ੂਰ ਨਹੀਂ ਹੁੰਦੀ॥ ੬॥

ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥

ਮੁਸਲਮਾਨੀ ਰਾਜ ਹੋਣ ਕਰਕੇ ਕਲਜੁਗ ਵਿਚ ਕਤੇਬਾਂ ਤੇ ਕੁਰਾਨ ਪ੍ਰਮਾਨੀਕ ਹੋ ਰਹੇ ਹਨ। ਅਰਥਾਤ ਦੁਨੀਆਂ ਦੇ ਸਾਰੇ ਲੋਕ ਫ਼ਾਰਸੀ ਇਲਮ ਪੜ੍ਹ ਰਹੇ ਹਨ।

ਪੋਥੀਆਂ, ਪੁਰਾਣ ਅਤੇ ਪੰਡਿਤ ਆਦਿ ਸਭ ਰਹਿ ਚੁੱਕੇ ਹਨ, ਅਰਥਾਤ ਇਨ੍ਹਾਂ ਨੂੰ ਕੋਈ ਮੰਨਦਾ ਨਹੀਂ ਹੈ।

ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥ ੭ ॥

ਗੁਰੂ ਜੀ ਕਥਨ ਕਰਦੇ ਹਨ-ਪਰਮੇਸ਼ਰ ਦਾ ਨਾਮ ਰਹਮਾਨ ਹੋ ਗਿਆ ਹੈ।

ਪ੍ਰਸ਼ਨ- ਅਸੀਂ ਕੀ ਕਰੀਏ? *ਗੁਰ ਉੱਤਰ-* ਤੂੰ ਇਕ ਕਰਤਾਰ ਕਰਤਾਰ ਕਰਨਾ ਜਾਣ।

ਅਥਵਾ:- ਜੋ ਹਿੰਦੂ ਮੁਸਲਮਾਨ ਦੋਹਾਂ ਦੇ ਕਰਨ ਵਾਲਾ ਹੈ, ਤੂੰ ਉਸ ਇਕ ਕਰਤੇ ਨੂੰ ਜਾਨਣਾ ਕਰ॥ ੭॥

ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥

ਗੁਰੂ ਜੀ ਕਥਨ ਕਰਦੇ ਹਨ-ਕਲਜੁਗ ਵਿਚ ਨਾਮ ਜਪਣ ਕਰਕੇ ਵਡਿਆਈ ਮਿਲਦੀ ਹੈ, ਏਦੂ=ਇਸ ਨਾਮ ਤੋਂ ਉਪਰ ਹੋਰ ਕੋਈ ਕਰਮ ਮੁਕਤੀ ਦਾਤਾ ਨਹੀਂ ਹੈ।

ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥ ੮ ॥ ੧ ॥

ਜੇ ਆਪਣੇ ਘਰ ਵਿਚ ਪਦਾਰਥ ਹੁੰਦਿਆਂ ਕਿਸੇ ਦੂਜੇ ਪਾਸੋਂ ਮੰਗਣ ਜਾਈਏ ਤਾਂ ਫਿਰ ਤਹੀ=ਤਿਸ ਮੰਗਣ ਵਾਲੇ ਨੂੰ ਭਾਰੀ ਉਲਾਂਭਾ ਮਿਲਦਾ ਹੈ, ਲੋਕ ਆਖ ਦੇਂਦੇ ਹਨ ਤੂੰ ਬੜਾ ਬੇ-ਸ਼ਰਮ ਹੈ ਤੇਰੇ ਘਰ ਵਿਚ ਤਾਂ ਸਭ ਕੁਝ ਹੈ ਤੂੰ ਕਿਉਂ ਮੰਗਣ ਆਇਆ ਹੈ। ਏਸੇ ਤਰ੍ਹਾਂ ਕਲਜੁਗ ਵਿਚ ਨਾਮ ਦੀ ਮੁਖਤਾ ਹੈ, ਇਸ ਨੂੰ ਛੱਡ ਕੇ ਜੋ ਯੱਗ ਆਦਿਕ ਕਰਮ ਕਰਦੇ ਹਨ, ਉਹਨਾਂ ਨੂੰ ਧਰਮਰਾਜ ਤਾੜ ਕੇ ਉਲਾਂਭਾ ਦੇਂਦਾ ਹੈ ਕਿ ਤੂੰ ਨਾਮ ਛੱਡ ਕੇ

www.sikhbookclub.com

ਜੋ ਹੋਰਨਾਂ ਕਰਮਾਂ ਵਿਚ ਲੱਗ ਕੇ ਆਪਣੇ ਮਨੁੱਖਾ ਜਨਮ ਨੂੰ ਨਿਸਫਲ ਕਿਉਂ ਗੁਆ ਕੇ ਆਇਆ ਹੈਂ॥ ੮॥ ੧॥

ਰਾਮਕਲੀ ਮਹਲਾ ੧॥

ਇਹ ਸ਼ਬਦ ਜੋਗੀ ਨੂੰ ਸੁਣਾ ਕੇ ਸਮਝਾਂਦੇ ਹਨ, ਹੇ ਜੋਗੀ !

ਜਗੁ ਪਰਬੋਧਹਿ ਮੜੀ ਬਧਾਵਹਿ॥
ਆਸਣੁ ਤਿਆਗਿ ਕਾਹੇ ਸਚੁ ਪਾਵਹਿ॥

ਜਗਤ ਵਿਚ ਜੀਵਾਂ ਨੂੰ ਤੁਸੀਂ ਪਰਬੋਧਹਿ=ਗਿਆਨ ਦੇਂਦੇ ਹੋ ਕਿ ਮੰਦਰਾਂ ਨੂੰ ਤੇ ਮਾਇਆ ਨੂੰ ਤਿਆਗ ਦਿਓ ਤੇ ਆਪ ਆਪਣੇ ਰਹਿਣ ਵਾਸਤੇ ਸੋਹਣੇ-ਸੋਹਣੇ ਮੜੀ=ਮਠ ਬਣਵਾਂਦੇ ਹੋ।

ਅਥਵਾ :- ਜਗਤ ਵਿਚ ਜੀਵਾਂ ਨੂੰ ਪਰਬੋਧਹਿ=ਉਪਦੇਸ਼ ਦੇਂਦੇ ਹੋ ਕਿ ਸਰੀਰ ਨੂੰ ਚੰਗੇ-ਚੰਗੇ ਪਦਾਰਥ ਖੁਆ ਕੇ ਨਾ ਪਾਲੋ ਤੇ ਆਪ ਦੇਹ ਰੂਪ ਮੜੀ ਨੂੰ ਮੱਖਣ ਮਲਾਈਆਂ ਨਾਲ ਵਧਾਂਵਦੇ ਹੋ।

ਆਪਣੇ ਪ੍ਰਤੱਖ ਆਸਣ ਨੂੰ ਤਿਆਗ ਕੇ ਹੜ-ਹੜ ਕਰਦੇ ਫਿਰਦੇ ਹੋ, ਇਸ ਲਈ ਸੱਚ ਨੂੰ ਕਿਸ ਤਰ੍ਹਾਂ ਪਾਓਗੇ।

ਅਥਵਾ:- ਅੰਤ੍ਰ ਮੁਖ ਬਿਰਤੀ ਕਰਨੇ ਰੂਪ ਆਸਣ ਨੂੰ ਤਿਆਗ ਕੇ ਸਚੁ=ਸੁਖ ਨੂੰ ਕਿਸ ਤਰ੍ਹਾਂ ਪਾਓਗੇ।

ਮਮਤਾ ਮੋਹੁ ਕਾਮਣਿ ਹਿਤਕਾਰੀ॥ ਨਾ ਅਉਧੂਤੀ ਨਾ ਸੰਸਾਰੀ॥ ੧॥

ਚੇਲਿਆਂ ਵਿਚ ਮਮਤਾ ਹੈ, ਸਰੀਰ ਵਿਚ ਮੋਹ ਹੈ ਤੇ ਇਸਤ੍ਰੀਆਂ ਵਿਚ ਪ੍ਰੇਮ ਕਰਨ ਵਾਲਾ ਹੋ ਰਿਹਾ ਹੈ।

ਅਥਵਾ:- ਪਦਾਰਥਾਂ ਵਿਚ ਮਮਤਾ ਹੈ ਤੇ ਮੋਹ ਕਰਕੇ ਇਸਤ੍ਰੀਆਂ ਵਿਚ ਪ੍ਰੇਮ ਕਰਨ ਵਾਲਾ ਹੋ ਰਿਹਾ ਹੈ। ਇਸ ਕਰਕੇ ਨਾ ਤੂੰ ਅਉਧੂਤੀ=ਸਾਧੂ ਬਣਿਆ ਨਾ ਹੀ ਤੂੰ ਸੰਸਾਰੀ=ਗ੍ਰਿਹਸਤੀ ਹੋਇਆ॥ ੧॥

ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥
ਘਰਿ ਘਰਿ ਮਾਗਤ ਲਾਜ ਨ ਲਾਗੈ॥ ੧॥ ਰਹਾਉ॥

ਹੇ ਜੋਗੀ ! ਇਕ ਆਸਣ 'ਪਰ ਬੈਠ ਰਹਿਣਾ ਕਰ, *ਵਾ:-* ਅੰਤ੍ਰ ਮੁਖ ਬਿਰਤੀ ਕਰਨੇ ਰੂਪ ਆਸਣ 'ਪਰ ਬੈਠ ਰਹਿਣਾ ਕਰ, *ਅਥਵਾ:-* ਬੈਸਿ ਰਹਹੁ=ਵਿਸ਼ੇ ਵਾਸ਼ਨਾ ਤੋਂ ਰਹਿਤ ਹੋ ਰਹਿਣਾ ਕਰ ਤਾਂ ਦੁਬਿਧਾ ਆਦਿਕ ਦੁੱਖ ਦੌੜ ਜਾਣਗੇ।

ਪ੍ਰਤੱਖ ਘਰ ਘਰ ਵਿਚ ਜਾ ਕੇ ਮੰਗਣ ਨਾਲ, *ਵਾ:-* ਦੇਵੀ ਦੇਵਤਿਆਂ ਪਾਸੋਂ ਮੰਗਣ ਨਾਲ ਤੈਨੂੰ ਸ਼ਰਮ ਨਹੀਂ ਲਗਦੀ॥ ੧॥ ਰਹਾਉ॥

ਗਾਵਹਿ ਗੀਤ ਨ ਚੀਨਹਿ ਆਪੁ॥ ਕਿਉ ਲਾਗੀ ਨਿਵਰੈ ਪਰਤਾਪੁ॥

ਸੰਸਾਰਕ ਗੀਤਾਂ ਨੂੰ ਗਾਂਵਦਾ ਹੈਂ ਤੇ ਆਪਣੇ ਆਪ ਨੂੰ ਜਾਣਦਾ ਨਹੀਂ ਹੈ ਕਿ ਮੇਰਾ ਕੀ ਸਰੂਪ ਹੈ। ਪਰ=ਭਲੀ ਪ੍ਰਕਾਰ ਤਪਾਉਣ ਵਾਲੀ ਈਰਖਾ, ਤ੍ਰਿਸ਼ਨਾ ਤੇ ਵਿਸ਼ਿਆਂ ਦੀ ਅੱਗ ਲਗੀ ਹੋਈ, ਕਿਸ ਤਰ੍ਹਾਂ ਦੂਰ ਹੋਵੇ।

www.sikhbookclub.com

ਗੁਰ ਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥ ੨ ॥

ਜੋ ਮਲ ਦੇ ਭਾਇ=ਪ੍ਰੇਮ ਕਰਕੇ ਗੁਰਾਂ ਦੇ ਉਪਦੇਸ਼ ਵਿਚ ਰਚੇ ਹਨ ਤੇ ਸਹਿਜੇ ਵਿਚਾਰ ਰੂਪ ਭਿਖਿਆ ਨੂੰ ਖਾਂਦੇ ਹਨ। ਵਾ:- ਵਿਚਾਰ ਕੇ ਸਹਜ=ਗਿਆਨ ਰੂਪ ਭਿਖਿਆ ਨੂੰ ਖਾਂਦੇ ਹਨ, ਉਹਨਾਂ ਦੀ ਤਪਸਤਾ ਦੂਰ ਹੁੰਦੀ ਹੈ॥ ੨ ॥

ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹੁ ਸਹਹਿ ਜਮ ਡੰਡੁ ॥

ਹੇ ਜੋਗੀ ! ਸਰੀਰ ਉੱਤੇ ਭਸਮ ਚੜ੍ਹਾ ਕੇ ਤੂੰ ਪਖੰਡ ਕਰਦਾ ਹੈਂ। ਮਾਇਆ ਦੇ ਮੋਹ ਕਰਕੇ ਤੂੰ ਅੰਤ ਨੂੰ ਜਮ ਡੰਡੇ ਨੂੰ ਸਹਾਰੇਂਗਾ।

ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥ ੩ ॥

ਹਿਰਦਾ ਰੂਪ ਖੱਪਰ ਫੁਟ ਗਿਆ ਹੈ, ਭਾਰ ਆਸ਼ਰਧਕ ਹੈ ਇਸੀ ਤੇ ਭਾਇ=ਪ੍ਰੇਮ ਰੂਪ ਭਿਖਿਆ ਨਹੀਂ ਪੈਂਦੀ, ਅਥਵਾ:- ਨਾਮ ਰੂਪੀ ਭਿੱਖਿਆ ਲੈਣੀ ਨਹੀਂ ਭਾਂਵਦੀ ਇਸ ਕਰਕੇ ਵਿਸ਼ਿਆਂ ਵਿਚ ਲੱਗ ਕੇ ਸਰੀਰ ਰੂਪ ਖੱਪਰ ਫੁਟ ਗਿਆ ਹੈ। ਸੰਸਾਰਕ ਬੰਧਨਾਂ ਵਿਚ ਬਧਾ ਹੋਇਆ ਤੂੰ ਆਉਂਦਾ ਜਾਂਦਾ ਹੈਂ।

ਅਥਵਾ:- ਇਹ ਜੀਵ ਮੋਹ ਦੇ ਬੰਧਨਾਂ ਵਿਚ ਬਧਾ ਹੋਇਆ ਆਵੈ ਜਾਇ=ਜੰਮਦਾ ਮਰਦਾ ਹੈ॥ ੩ ॥

ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥

ਹੇ ਜੋਗੀ ! ਤੂੰ ਆਪਣੇ ਆਪ ਨੂੰ ਜਤੀ ਕਹਾਂਵਦਾ ਹੈਂ ਪਰ ਬਿੰਦੁ=ਬੀਰਜ ਨੂੰ ਰੋਕ ਕੇ ਰੱਖਦਾ ਨਹੀਂ ਹੈਂ। ਮਾਈਆਂ ਪਾਸੋਂ ਆ ਕੇ ਭਿਖਿਆ ਮੰਗਦਾ ਹੈਂ ਤੇ ਤ੍ਰੈ=ਇਸਤ੍ਰੀ ਜਾਣ ਕੇ ਉਸ ਉੱਤੇ ਲੁਭਾਇਮਾਨ ਹੋ ਜਾਂਦਾ ਹੈਂ। ਅਥਵਾ:- ਮਨ, ਕੰਨ ਤੇ ਅੱਖਾਂ ਇਹ ਤ੍ਰੈ=ਤਿੰਨੇ ਲੋਭਾਇਮਾਨ ਹੋ ਜਾਂਦੇ ਹਨ, ਮਨ ਇਸਤ੍ਰੀ ਦੇ ਸਰੀਰ ਨਾਲ ਸਪਰਸ਼ ਕਰਨਾ ਚਾਹੁੰਦਾ ਹੈ, ਕੰਨ ਇਸਤ੍ਰੀ ਦੇ ਮਿੱਠੇ ਬਚਨ ਸੁਨਣਾ ਚਾਹੁੰਦਾ ਹੈ, ਅੱਖਾਂ ਇਸਤ੍ਰੀ ਦੇ ਸੁੰਦਰ ਰੂਪ ਨੂੰ ਵੇਖਣਾ ਚਾਹੁੰਦੀਆਂ ਹਨ।

ਅਥਵਾ :- ਪਹਿਲੇ ਤਾਂ ਜ਼ਰੂਰਤ ਅਨੁਸਾਰ ਮਾਈ=ਮਾਇਆ ਨੂੰ ਮੰਗਦਾ ਹੈ, ਜਦ ਆਉਣੀ ਸ਼ੁਰੂ ਹੁੰਦੀ ਹੈ ਤਾਂ ਤਿੰਨਾਂ ਲੋਕਾਂ ਦੀ ਮਾਇਆ ਉਤੇ ਲੁਭਾਇਮਾਨ ਹੋ ਜਾਂਦਾ ਹੈ ਤੇ ਆਖਦਾ ਹੈ ਸਾਰੀ ਮਾਇਆ ਮੇਰੇ ਪਾਸ ਹੀ ਆ ਜਾਵੇ।

ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥ ੪ ॥

ਨਾ ਤੂੰ ਆਪਣੇ ਉੱਤੇ ਦਇਆ ਕਰਦਾ ਹੈਂ, ਨਾ ਹੀ ਤੂੰ ਹੋਰਨਾਂ ਉੱਤੇ ਦਇਆ ਕਰਦਾ ਹੈ. ਇਸ ਕਰਕੇ ਹੇ ਨਿਰਦਈ ! ਤੇਰੇ ਅੰਦਰ ਜੋਤੀ ਪਰਮਾਤਮਾ ਦਾ ਉਜਾਲਾ=ਪ੍ਰਕਾਸ਼ ਨਹੀਂ ਹੁੰਦਾ। ਸਾਰੇ ਜੀਵ ਡੁਬਣੇ ਵਾਲੇ ਹੋ ਕੇ ਜੰਜ਼ਾਲਾਂ ਵਿਚ ਡੁਬ ਰਹੇ ਹਨ।

ਅਥਵਾ :- ਹੇ ਜੋਗੀ ! ਤੂੰ ਡੁਬਣੇ ਵਾਲਾ ਹੋ ਕੇ ਸਾਰਿਆਂ ਜੰਜ਼ਾਲਾਂ ਵਿਚ ਡੁਬ ਰਿਹਾ ਹੈਂ॥ ੪ ॥

ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥

ਖਿੰਥਾ ਦੇ ਬਹੁਤੇ ਬਨਾਵ ਬਣਾ ਕੇ ਭੇਖਾਂ ਨੂੰ ਕਰਦਾ ਹੈਂ।

ਪੇਟ ਭਰਨ ਵਾਸਤੇ ਨਟ ਵਾਂਗੂੰ ਤੂੰ ਬਹੁਤੇ ਝੂਠੇ ਖੇਲਾਂ ਨੂੰ ਖੇਲ ਰਿਹਾ ਹੈਂ।

www.sikhbookclub.com

ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥ ੫ ॥

ਮਾਇਆ ਦੀ ਚਿੰਤਾ ਰੂਪ ਅੱਗ ਤੇਰੇ ਅੰਤਰਿ=ਅੰਤਹਕਰਨ ਨੂੰ ਬਹੁਤ ਹੀ ਜਾਰੇ=ਸਾੜ ਰਹੀ ਹੈ, ਗੁਰਾਂ ਦੀ ਕਰਮਾ=ਕਿਰਪਾ ਤੋਂ ਬਿਨਾਂ, ਵਾ:- ਸ਼ੁਭ ਕਰਮਾਂ ਤੋਂ ਬਿਨਾਂ ਤੂੰ ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਉਤਰੇਂਗਾ ॥ ੫ ॥

ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥

ਕਾਨਿ=ਕੰਨਾਂ ਨੂੰ ਫਟਕ=ਫਾੜ ਕੇ, ਫਟਕ=ਬਲੌਰ ਦੀਆਂ ਮੁੰਦ੍ਰਾਂ ਬਣਾਈ=ਪਹਿਰੀਆਂ ਹੋਈਆਂ ਹਨ। ਪਰ ਬਿਗਿਆਨਿ=ਬ੍ਰਹਮ ਵਿਦਿਆ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਜਿਹਵਾ ਇੰਦ੍ਰੀ ਸਾਦਿ ਲੁਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥ ੬ ॥

ਜੀਭ ਇੰਦ੍ਰੀ ਪਦਾਰਥਾਂ ਦੇ ਸੁਆਦਾਂ ਵਿਚ ਲੁਭਾਇਮਾਨ ਹੋ ਰਹੀ ਹੈ।

ਅਥਵਾ:- ਜਿਹਵਾ ਆਦਿਕ ਇੰਦ੍ਰੀਆਂ ਆਪੋ ਆਪਣੇ ਸ੍ਵਾਦਾਂ ਵਿਚ ਲੁਭਾਇਮਾਨ ਹੋ ਰਹੀਆਂ ਹਨ। ਪਸ਼ੂਆਂ ਵਾਂਗੂ ਅਗਿਆਤ ਹੋ ਰਹੇ ਹੋ ਤੁਹਾਡਾ ਪੂਰਬਲਾ ਨੀਸਾਨਾ=ਲੇਖ ਭੋਗੇ ਤੋਂ ਬਿਨਾਂ ਮਿਟਦਾ ਨਹੀਂ ਹੈ ॥ ੬ ॥

ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥

ਰਾਜਸੀ, ਸ਼ਾਤਕੀ, ਤਾਮਸੀ ਰੂਪ ਤਿੰਨ ਪ੍ਰਕਾਰ ਦੇ ਲੋਕ ਰਾਜਸੀ, ਸ਼ਾਤਕੀ, ਤਾਮਸੀ ਰੂਪ ਤਿੰਨ ਹੀ ਪ੍ਰਕਾਰ ਦੇ ਕਰਮਾਂ ਦੇ ਕਰਨੇ ਜੋਗਾ=ਲਾਇਕ ਹੋ ਰਹੇ ਹਨ। ਜੋ ਗੁਰ ਉਪਦੇਸ਼ ਨੂੰ ਵਿਚਾਰਦਾ ਹੈ,

ਅਥਵਾ:- ਸਬਦੁ=ਬ੍ਰਹਮ ਨੂੰ ਵਿਚਾਰਦਾ ਹੈ, ਉਸ ਦੇ ਸੋਗ ਦੂਰ ਹੋ ਜਾਂਦੇ ਹਨ।

ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥ ੭ ॥

ਜੋ ਸੱਚੇ ਗੁਰਾਂ ਦੇ ਉਪਦੇਸ਼ ਨੂੰ ਧਾਰਦਾ ਹੈ, ਉਸ ਦਾ ਅੰਤਹਕਰਣ ਉਜਲ ਹੁੰਦਾ ਹੈ। ਓਹੀ ਜੋਗੀ ਬ੍ਰਹਮ ਵਿਚ ਜੁੜਨ ਦੀ ਜੁਗਤੀ ਨੂੰ ਵਿਚਾਰਦਾ ਹੈ ॥ ੭ ॥

ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥ ਥਾਪਿ ਉਥਾਪੇ ਕਰੇ ਸੁ ਹੋਗੁ ॥

ਹੇ ਪ੍ਰਭੂ ! ਆਪ ਜੀ ਦੇ ਪਾਸ ਨੌਂ ਨਿਧੀਆਂ, ਸਿਧੀਆਂ, ਰਿਧੀਆਂ ਹਨ, ਤੂੰ ਹੀ ਕਰਨੇ ਜੋਗ ਹੈਂ। ਤੂੰ ਹੀ ਸੰਸਾਰ ਦੀ ਉਤਪਤੀ, ਪਾਲਣਾ ਅਤੇ ਉਥਾਪੇ=ਲੈਤਾ ਕਰਦਾ ਹੈਂ, ਜੋ ਤੂੰ ਕਰਦਾ ਹੈਂ ਓਹੀ ਕੁਝ ਹੁੰਦਾ ਹੈ।

ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਤ, ਸਤ, ਸੰਜਮ ਦੇ ਸਹਿਤ ਜਿਸ ਦੇ ਚਿਤ ਵਿਚ ਸੱਚ ਨਾਮ ਦਾ ਚਿੰਤਨ ਹੈ, ਉਹ ਜੋਗੀ ਤਿੰਨਾਂ ਭਵਨਾਂ ਦੇ ਮਾਲਕ ਪ੍ਰਭੂ ਦਾ ਮਿੱਤ੍ਰ ਹੋਇਆ ਹੈ ॥ ੮ ॥ ੨ ॥

ਰਾਮਕਲੀ ਮਹਲਾ ੧ ॥

ਇਹ ਜੀਵ ਸੰਸਾਰ ਸਮੁੰਦਰ ਤੋਂ ਤਰਦਾ ਕਿਉਂ ਨਹੀਂ ਹੈ ਅਤੇ ਇਹ ਕਿਵੇਂ ਤਰ ਸਕਦਾ ਹੈ ?

ਗੁਰ ਉੱਤਰ-

ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥

www.sikhbookclub.com

ਮੂਲਾ ਧਾਰ ਸ੍ਵੈਧਿਸ਼ਠਾਨ, ਮਣੀਪੂਰਕ, ਆਗਿਆ, ਬਿਸੁਧ, ਅਨਾਹਦ ਇਨ੍ਹਾਂ ਖਟੁ=ਛੇ ਚੱਕ੍ਰਾਂ ਕਰਕੇ ਰਚਿਆ ਹੋਇਆ ਜੋ ਦੇਹ ਰੂਪ ਮਠ ਹੈ, ਇਸ ਵਿਚ ਜਿਸ ਦਾ ਮਨ ਬੈਰਾਗੀ=ਚੰਚਲ ਹੈ।

ਸਬਦ=ਸੰਸਾਰ ਦੀ ਸੁਰਤਿ=ਗਿਆਤ ਅੰਦਰ ਜਿਸ ਦੀ ਧੁਨਿ=ਬਿਰਤੀ ਜਾਗੀ ਹੈ। ਉਹ ਪੁਰਸ਼ ਇਸ ਵਜ੍ਹਾ ਕਰ ਕੇ ਸੰਸਾਰ ਸਮੁੰਦਰ ਤੋਂ ਤਰਦਾ ਨਹੀਂ ਹੈ।

ਅਥਵਾ- ਖਟੁ ਮਟੁ ਦੇਹੀ ਮਨੁ ਬੈਰਾਗੀ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥

ਪੰਜ ਤੱਤ ਤੇ ਇਕ ਮਨ, ਵਾ:- ਪੰਜ ਤੱਤ ਤੇ ਇਕ ਚੇਤਨ ਇਨ੍ਹਾਂ ਖਟੁ=ਛਿਆਂ ਕਰਕੇ ਰਚਿਆ ਹੋਇਆ ਜੋ ਦੇਹੀ=ਸਰੀਰ ਰੂਪੀ ਮਠ ਹੈ, ਇਸ ਵਿਚ ਜਿਸ ਦਾ ਮਨ ਵੈਰਾਗਵਾਨ ਹੋ ਕੇ ਤਿਆਗੀ ਹੋਇਆ ਹੈ, ਵਾ:- ਪ੍ਰੇਮੀ ਹੋਇਆ ਹੈ ਅਤੇ ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਸਬਦੁ=ਬ੍ਰਹਮ ਹੈ, ਉਸ ਦੇ ਅੰਦਰ ਜਿਸ ਦੀ ਧੁਨਿ=ਬਿਰਤੀ ਜਾਗੀ ਹੈ, ਉਹ ਸੰਸਾਰ ਸਮੁੰਦਰ ਤੋਂ ਤਰਦਾ ਹੈ।

ਵਾਜੈ ਅਨਹਦੁ ਮੇਰਾ ਮਨੁ ਲੀਣਾ॥
ਗੁਰ ਬਚਨੀ ਸਚਿ ਨਾਮਿ ਪਤੀਣਾ॥ ੧॥

ਸੁਧੋ ਹੰ, ਬੁਧੋ ਹੰ ਰੂਪ ਵਾਜਿਆਂ ਦੀ ਧੁਨਿ ਵਿਚ ਇਕ ਰਸ ਮੇਰਾ ਮਨ ਲੀਣ ਹੋਇਆ ਹੈ। ਗੁਰਾਂ ਦੇ ਉਪਦੇਸ਼ ਕਰਕੇ ਹੀ ਮੇਰਾ ਮਨ ਸੱਚ ਨਾਮ ਵਿਚ ਪਤੀਣਾ=ਭਰੋਸੇ ਵਾਲਾ ਹੋਇਆ ਹੈ॥ ੧॥

ਪ੍ਰਾਣੀ ਰਾਮ ਭਗਤਿ ਸੁਖੁ ਪਾਈਐ॥

ਹੇ ਪ੍ਰਾਣੀ! ਰਾਮ ਦੀ ਭਗਤੀ ਕਰਕੇ ਹੀ ਸੁਖ ਪ੍ਰਾਪਤ ਹੁੰਦਾ ਹੈ, ਵਾ:- ਸੁਖ ਸਰੂਪ ਪਰਮੇਸ਼ਰ ਪਾਈਦਾ ਹੈ।

[ਪੰਨਾ ੯੦੪]

ਗੁਰਮੁਖਿ ਹਰਿ ਹਰਿ ਮੀਠਾ ਲਾਗੈ
ਹਰਿ ਹਰਿ ਨਾਮਿ ਸਮਾਈਐ॥ ੧॥ ਰਹਾਉ॥

ਗੁਰਮੁਖਿ=ਗੁਰਾਂ ਦੁਆਰੇ ਹੀ ਹਰਿ ਹਰਿ ਦਾ ਨਾਮ ਮੀਠਾ ਲਗਦਾ ਹੈ ਅਤੇ ਹਰਿ ਹਰਿ ਨਾਮੀ ਵਿਚ ਸਮਾਈਐ=ਅਭੇਦ ਹੋਈਦਾ ਹੈ॥ ੧॥ ਰਹਾਉ॥

ਮਾਇਆ ਮੋਹੁ ਬਿਵਰਜਿ ਸਮਾਏ॥ ਸਤਿਗੁਰੁ ਭੇਟੈ ਮੇਲਿ ਮਿਲਾਏ॥

ਸਤਿਗੁਰਾਂ ਨੂੰ ਮਿਲ ਕੇ ਮਾਇਆ ਦਾ ਜੋ ਮੋਹ ਹੈ, ਉਸ ਦੇ ਤਿਆਗ ਵਿਚ ਸਮਾਉਣਾ ਕਰੇ ਤਾਂ ਸਤਿਗੁਰੂ ਇਸ ਨੂੰ ਪ੍ਰਭੂ ਦੇ ਮੇਲ ਵਿਚ ਮਿਲਾਂਵਦੇ ਹਨ।

ਨਾਮੁ ਰਤਨੁ ਨਿਰਮੋਲਕੁ ਹੀਰਾ॥ ਤਿਤੁ ਰਾਤਾ ਮੇਰਾ ਮਨੁ ਧੀਰਾ॥ ੨॥

ਨਾਮ ਰੂਪ ਰਤਨ ਹੀਰੇ ਵਾਂਗੂ ਅਮੋਲਕ ਹੈ। ਤਿਸ ਨਾਮ ਵਿਚ ਰੱਤਾ ਹੋਇਆ ਮੇਰਾ ਮਨ ਧੀਰਜਵਾਨ ਹੋਇਆ ਹੈ॥ ੨॥

ਹਉਮੈ ਮਮਤਾ ਰੋਗੁ ਨ ਲਾਗੈ॥ ਰਾਮ ਭਗਤਿ ਜਮ ਕਾ ਭਉ ਭਾਗੈ॥

ਨਾਮ ਦੀ ਪ੍ਰੀਤੀ ਕਰਕੇ ਹੰਗਤਾ ਮਮਤਾ ਰੂਪੀ ਕੋਈ ਰੋਗ ਨਹੀਂ ਲਗ਼ਦਾ।

ਪੁਨਾ, ਰਾਮ ਦੀ ਭਗਤੀ ਕਰਨ ਨਾਲ ਜਮਾਂ ਦਾ ਡਰ ਭਾਗੈ=ਦੌੜ ਜਾਂਦਾ ਹੈ।

ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥ ੩ ॥

ਨਿਰਮਲ ਹਰੀ ਦਾ ਨਾਮ ਹਿਰਦੇ ਵਿਚ ਸੋਹਿ=ਸ਼ੋਭਨੀਕ ਹੋ ਰਿਹਾ ਹੈ, ਇਸ ਕਰਕੇ ਨਿਸਚੇ ਹੋ ਗਿਆ ਹੈ ਕਿ ਮੈਨੂੰ ਜੰਦਾਰੁ=ਜਿੰਦ ਦਾ ਅਰੀ ਜੋ ਜਮ ਹੈ, ਉਸ ਦਾ ਜੰਦਾਰੁ=ਡੰਡਾ ਨਹੀਂ ਲੱਗੇਗਾ ॥ ੩ ॥

ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥

ਜਿਨ੍ਹਾਂ ਨੇ ਗੁਰ ਉਪਦੇਸ਼ ਨੂੰ ਵਿਚਾਰਿਆ ਹੈ, ਉਹ ਨਿਰੰਕਾਰ ਦਾ ਸਰੂਪ ਹੋਏ ਹਨ। ਜੋ ਗੁਰ ਸਿੱਖਿਆ ਵਿਚ ਜਾਗੇ ਹਨ ਉਹਨਾਂ ਨੇ ਦੁਰਮਤਿ=ਖੋਟੀ ਸਿੱਖਿਆ ਦੂਰ ਕੀਤੀ ਹੈ।

ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪ ॥

ਜੋ ਰਾਤ ਦਿਨ ਲਿਵ ਲਗਾ ਕੇ ਗਿਆਨ ਜਾਗ੍ਰਤ ਵਿਚ ਜਾਗ ਰਹੇ ਹਨ। ਉਹਨਾਂ ਨੇ ਅੰਤਰਿ=ਅੰਤਰ ਭੇਦ ਦੀ ਨਵਿਰਤੀ ਕਰਕੇ ਜੀਵਨ ਮੁਕਤੀ ਦੀ ਗਤਿ=ਪ੍ਰਾਪਤੀ ਅੰਦਰ ਹੀ ਪਾਈ ਹੈ ॥ ੪ ॥

ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥

ਉਹ ਸੰਸਾਰ ਤੋਂ ਨਿਰਾਰੇ=ਅਸੰਗ ਹੋ ਕੇ ਆਤਮ ਦੇਵ ਰੂਪੀ ਅਲਿਪਤ ਗੁਫਾ ਵਿਚ ਰਹਿੰਦੇ ਹਨ, ਜਿਨ੍ਹਾਂ ਨੇ ਗੁਰ ਉਪਦੇਸ਼ ਕਰਕੇ ਕਾਮ, ਕ੍ਰੋਧ ਆਦਿਕ ਪੰਜ ਚੋਰ ਸੰਘਾਰੇ=ਮਾਰੇ ਹਨ।

ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥ ੫ ॥

ਪ੍ਰਾਏ ਘਰਾਂ ਵਿਚ ਜਾ ਕੇ ਚੰਗੇ-ਚੰਗੇ ਪਦਾਰਥ ਵੇਖ ਕੇ ਆਪਣੇ ਮਨ ਨੂੰ ਡੁਲਾਵੇ ਨਾ,

ਅਥਵਾ:- ਪਰ ਘਰ ਜਾਇ=ਪਰਾਈ ਇਸਤਰੀਆਂ ਕੋਲ ਜਾ ਕੇ ਆਪਣੇ ਮਨ ਨੂੰ ਡੁਲਾਵੇ ਨਾ,

ਅਥਵਾ:- ਦੇਵੀ ਦੇਵਤਿਆਂ ਰੂਪੀ ਪ੍ਰਾਏ ਘਰਾਂ ਵਿਚ ਜਾ ਕੇ ਆਪਣੇ ਮਨ ਨੂੰ ਡੁਲਾਵੇ ਨਾ।

ਤਾਂ ਫਿਰ ਨਿਰੰਤਰਿ=ਇਕ ਰਸ ਸਹਜਪਦ ਵਿਚ ਸਮਾ ਰਹਿਣਾ ਕਰਦਾ ਹੈ ॥ ੫ ॥

ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥

ਗੁਰਮੁਖ ਜਨ ਅਉਧੂਤਾ=ਸ਼ੁਧਤਾ ਹੀ ਵਿਚ ਜਾਗ ਰਹੇ ਹਨ। ਜੋ ਸਦਾ ਪ੍ਰੇਮੀ ਹਨ ਉਨ੍ਹਾਂ ਨੇ ਤਤੁ=ਸਿਧਾਂਤ ਨੂੰ ਪਰੋਤਾ=ਧਾਰਿਆ ਹੈ। *ਅਥਵਾ:-* ਜੋ ਗੁਰਾਂ ਦੁਆਰੇ ਗਿਆਨ ਜਾਗ੍ਰਤ ਵਿਚ ਜਾਗ ਰਹੇ ਹਨ, ਉਹ ਅਸਲ ਅਉਧੂਤਾ=ਸਾਧੂ ਹਨ। ਜਿਨ੍ਹਾਂ ਨੇ ਤਤੁ ਪਰੋਤਾ=ਸਿਧਾਂਤ ਨੂੰ ਧਾਰਿਆ ਹੈ ਉਹ ਸਦਾ ਬੈਰਾਗੀ ਪੁਰਸ਼ ਹਨ।

ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥ ੬ ॥

ਇਹ ਜਗੁ=ਜੀਵ ਮੋਹ ਅਤੇ ਅਵਿਦਿਆ ਦੀ ਨੀਂਦ ਵਿਚ ਸੁੱਤਾ ਹੋਇਆ ਮਰ ਕੇ ਔਂਦਾ ਜਾਂਦਾ ਹੈ। ਗੁਰ ਉਪਦੇਸ਼ ਤੋਂ ਬਿਨਾਂ ਹੋਣ ਕਰਕੇ ਪ੍ਰਭੂ ਦੀ ਗਿਆਤ ਨੂੰ ਨਹੀਂ ਪਾਂਦਾ ॥ ੬ ॥

ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਅਵਿਗਤ=ਪਰਮੇਸ਼ਰ ਦੀ ਗਤਿ=ਪ੍ਰਾਪਤੀ ਜਾਣੀ ਹੈ।

ਉਸ ਨੂੰ ਦਿਨ ਰਾਤ ਅਨਹਦ=ਇਕ ਰਸ ਸਬਦੁ ਵਜੈ=ਬ੍ਰਹਮ ਪ੍ਰਗਟ ਹੁੰਦਾ ਹੈ।

ਅਥਵਾ:- ਦਿਨ ਰਾਤ ਇਕ ਰਸ ਸੁਧੋ ਹੰ ਬੁਧੋ ਹੰ, ਦੇ ਅਨਹਦ=ਇਕ ਰਸ, ਸਬਦ=ਵਾਜੇ ਵਜਦੇ ਹਨ।

ਤਉ ਜਾਨੀ ਜਾ ਸਬਦਿ ਪਛਾਨੀ॥ ਏਕੋ ਰਵਿ ਰਹਿਆ ਨਿਰਬਾਨੀ॥ ੭॥

ਜਾਂ ਗੁਰ ਉਪਦੇਸ਼ ਨੂੰ ਪਛਾਣਿਆ ਤਾਂ ਇਹ ਗੱਲ ਜਾਣੀ ਕਿ ਇਕ ਨਿਰਬੰਧ ਪ੍ਰਭੂ ਸਾਰੇ ਰਵਿ ਰਹਿਆ=ਪੂਰੀਪੂਰਨ ਹੋ ਰਿਹਾ ਹੈ॥ ੭॥

ਸੁੰਨ ਸਮਾਧਿ ਸਹਜਿ ਮਨੁ ਰਾਤਾ॥ ਤਜਿ ਹਉ ਲੋਭਾ ਏਕੋ ਜਾਤਾ॥

ਸਹਜੇ ਹੀ ਸੁੰਨ=ਅਫੁਰ ਸਮਾਧੀ ਵਿਚ ਮਨ ਤਦਾਕਾਰ ਹੋਇਆ।

ਤਾਂ ਹੰਗਤਾ ਅਤੇ ਲੋਭ ਨੂੰ ਤਿਆਗ ਕੇ ਮੈਂਨੇ ਇਕ ਪ੍ਰਭੂ ਨੂੰ ਜਾਨਣਾ ਕੀਤਾ।

ਗੁਰ ਚੇਲੇ ਅਪਨਾ ਮਨੁ ਮਾਨਿਆ॥ ਨਾਨਕ ਦੂਜਾ ਮੇਟਿ ਸਮਾਨਿਆ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਚੇਲੇ ਦਾ ਆਪਣੇ ਗੁਰੂ ਉਤੇ ਮਨ ਮੰਨਿਆ ਗਿਆ ਤਾਂ ਦ੍ਵੈਤ ਭਾਅ ਦੇ ਮੇਟਨੇ ਵਿਚ ਮਨ ਸਮਾਅ ਗਿਆ।

ਅਥਵਾ:- ਦ੍ਵੈਤ ਭਾਅ ਨੂੰ ਮੇਟ ਕੇ ਮਨ ਏਕਤਾ ਵਿਚ ਸਮਾਅ ਗਿਆ॥ ੮॥ ੩॥

ਰਾਮਕਲੀ ਮਹਲਾ ੧॥

ਕਿਸੇ ਲੜਕੇ ਦਾ ਵਿਆਹ ਕਰਨਾ ਸੀ, ਉਹ ਪੰਡਿਤ ਪਾਸ ਆ ਕੇ ਸਾਹਾ ਸੁਧਾ ਰਿਹਾ ਸੀ ਤੇ ਪੰਡਿਤ ਜੀ ਜੋਤਸ਼ ਅਨੁਸਾਰ ਸੋਧ ਕੇ ਸਾਹਾ ਦੱਸ ਰਹੇ ਸਨ, ਉਸ ਵੇਲੇ ਗੁਰੂ ਜੀ ਨੇ ਉਸ ਪੰਡਿਤ ਦੇ ਪ੍ਰਤੀ ਇਹ ਸ਼ਬਦ ਉਚਾਰ ਕੇ ਸਮਝਾਇਆ:-

ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ॥

ਹੇ ਪੰਡਿਤ ! ਲੜਕੇ ਲੜਕੀ ਦੇ ਸੰਜੋਗ ਲਈ ਤੂੰ ਸਾਹਾ=ਚੰਗਾ ਦਿਨ ਗਿਣ ਰਿਹਾ ਹੈਂ ਪਰ ਤੂੰ ਬ੍ਰਹਮ ਵਿਚਾਰ ਨੂੰ ਨਹੀਂ ਕਰਦਾ। ਉਹ ਇਕ ਓਅੰਕਾਰ ਸਾਰਿਆਂ ਸਾਹਾਂ ਦੇ ਉਪਰ ਹੈ। ਦੇਖ ਰਾਜੇ ਜਨਕ ਵਲੋਂ ਸਤਾਨੰਦ ਨੇ ਅਤੇ ਰਾਜੇ ਦਸਰਥ ਵਲੋਂ ਵਸ਼ਿਸ਼ਟ ਜੀ ਨੇ ਚੰਗੀ ਤਰ੍ਹਾਂ ਸਾਹਾ ਸੋਧ ਕੇ ਸੀਤਾ ਦਾ ਵਿਆਹ ਸ੍ਰੀ ਰਾਮਚੰਦਰ ਜੀ ਨਾਲ ਕੀਤਾ ਪਰ ਫਿਰ ਭੀ ਚੌਦਾਂ ਸਾਲ ਬਨਵਾਸ ਵਿਚ ਰਹਿ ਕੇ ਬਿਪਤਾ ਨਾਲ ਟਾਕਰਾ ਕਰਨਾ ਪਿਆ। ਏਸੇ ਕਰਕੇ ਕਿਹਾ ਹੈ।

ਜੋ ਬਨਨੀ ਸੋ ਬਣ ਰਹੀ, ਬਣੀ ਸੋ ਬਨੀ ਬਣੀ। ਅਨ ਬਨਣ ਕੇ ਬਨਣ ਮੇਂ ਪਚ ਪਚ ਮੁਈ ਘਣੀ।

ਅਥਵਾ:- ਸਾਹਾਂ ਤੋਂ ਉਪਰਾਮ ਹੋਣ ਕਰਕੇ ਏਕੰਕਾਰ ਦੀ ਪ੍ਰਾਪਤੀ ਹੁੰਦੀ ਹੈ।

ਜਿਸੁ ਗੁਰੁ ਮਿਲੈ ਸੋਈ ਬਿਧਿ ਜਾਵੈ॥
ਗੁਰਮਤਿ ਹੋਇ ਤ ਹੁਕਮੁ ਪਛਾਣੈ॥ ੧॥

ਜਿਸ ਨੂੰ ਗੁਰ ਮਿਲਦੇ ਹਨ, ਓਹੀ ਉਸ ਦੀ ਪ੍ਰਾਪਤੀ ਦੀ ਵਿਧੀ ਨੂੰ ਜਾਣਦਾ ਹੈ,

ਅਥਵਾ:- ਓਹੀ ਉਪਰਾਮਤਾ ਦੀ ਵਿਧੀ ਨੂੰ ਜਾਣਦਾ ਹੈ। ਗੁਰਾਂ ਦੀ ਸਿਖਿਆ ਪ੍ਰਾਪਤ ਹੋਵੇ ਤਾਂ ਹੀ ਉਸ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ॥ ੧॥

ਝੂਠੁ ਨ ਬੋਲਿ ਪਾਡੇ ਸਚੁ ਕਹੀਐ॥
ਹਉਮੈ ਜਾਇ ਸਬਦਿ ਘਰੁ ਲਹੀਐ॥ ੧॥ ਰਹਾਉ॥

ਹੇ ਪੰਡਿਤ ! ਝੂਠ ਨਾ ਬੋਲ, ਸੱਚਿਆਂ ਬਚਨਾਂ ਨੂੰ ਕਹੀਏ। ਹਿਰਦੇ ਘਰ ਵਿਚ ਗੁਰ ਸ਼ਬਦ ਨੂੰ ਲੈਣਾ ਕਰੀਏ ਤਾਂ ਹੰਗਤਾ ਚਲੀ ਜਾਂਦੀ ਹੈ। ਵਾ:- ਹੰਗਤਾ ਚਲੀ ਜਾਵੇ ਤਾਂ ਹਿਰਦੇ ਘਰ ਵਿਚ ਸਬਦਿ=ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ॥ ੧॥ ਰਹਾਉ॥

ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ॥

ਤੈਂ ਨੇ ਜੋਤਸ਼ ਨੂੰ ਗਿਣ-ਗਿਣ ਕੇ ਕਾਂਡੀ=ਪਤ੍ਰੀ ਬਨਾਉਣਾ ਕੀਤੀ ਹੈ। ਪੜ੍ਹਕੇ ਲੋਕਾਂ ਨੂੰ ਸੁਣਾਉਂਦਾ ਹੈਂ ਪਰ ਤਤੁ=ਸਿਧਾਂਤ ਨੂੰ ਨਹੀਂ ਚੀਨੀ=ਜਾਣਦਾ।

ਸਭਸੈ ਊਪਰਿ ਗੁਰ ਸਬਦੁ ਬੀਚਾਰੁ॥
ਹੋਰ ਕਥਨੀ ਬਦਉ ਨ ਸਗਲੀ ਛਾਰੁ॥ ੨॥

ਗੁਰ ਸ਼ਬਦ ਦਾ ਜਿਹੜਾ ਵਿਚਾਰ ਕਰਨਾ ਹੈ, ਇਹ ਸਭ ਸਾਧਨਾਂ ਤੋਂ ਉਪਰ ਹੈ। ਹੋਰ ਕਥਨੀਆਂ ਨੂੰ ਨਾ ਬਦਉ=ਉਚਾਰੋ, ਕਿਉਂਕਿ ਹੋਰ ਕਥਨੀਆਂ ਤੇ ਕਵੀਸ਼ਰੀਆਂ ਸਭ ਛਾਰ ਰੂਪ ਹਨ॥ ੨॥

ਨਾਵਹਿ ਧੋਵਹਿ ਪੂਜਹਿ ਸੈਲਾ॥ ਬਿਨੁ ਹਰਿ ਰਾਤੇ ਮੈਲੋ ਮੈਲਾ॥

ਤੂੰ ਪ੍ਰਤੱਖ ਨ੍ਹਾਉਂਦਾ ਧੋਂਦਾ ਹੈਂ? ਵਾ:- ਨ੍ਹਾਉਂਦਾ ਹੈਂ ਤੇ ਕਪੜਿਆਂ ਨੂੰ ਧੋਂਦਾ ਹੈਂ,

ਅਥਵਾ:-ਨੇਤੀ ਧੋਤੀ ਆਦਿਕ ਕਰਮ ਕਰਦਾ ਹੈਂ ਤੇ ਸੈਲਾ=ਪੱਥਰਾਂ ਨੂੰ ਪੂਜਦਾ ਹੈਂ,

ਹਰੀ ਨਾਮ ਸਿਮਰਨ ਵਿਚ ਰੱਤੇ ਤੋਂ ਬਿਨਾਂ ਤੇਰਾ ਸਭ ਅਚਾਰ ਮੈਲਾ ਹੀ ਮੈਲਾ ਹੈ।

ਅਥਵਾ:- ਰਾਗ ਦ੍ਵੈਸ਼ ਰੂਪੀ ਮੈਲਾਂ ਕਰਕੇ ਤੂੰ ਮੈਲਾ ਹੈਂ।

ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ॥
ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ॥ ੩॥

ਜਾਤੀ ਹੰਕਾਰ ਨੂੰ ਦੂਰ ਕਰ ਦੇ, ਜਿਸ ਪ੍ਰਭੂ ਨੇ ਕ੍ਰਿਸ਼ਨ ਰੂਪ ਹੋ ਕੇ ਅਰਜਨ ਦਾ ਸਾਰਥਿ=ਰਥਵਾਹੀਪਣਾ ਕੀਤਾ ਹੈ ਉਹ ਪ੍ਰਭੂ ਤੈਨੂੰ ਮਿਲੇਗਾ। ਅਥਵਾ:- ਉਹ ਪ੍ਰਭੂ ਤੈਨੂੰ ਸਾਰਥਿ=ਸਹਤ ਅਰਥਾਂ ਦੇ ਭਾਵ ਪਦਾਰਥਾਂ ਦੇ ਸਹਤ ਮਿਲੇਗਾ।

ਕਿਰਤਾਰਥਿ=ਕਲਿਆਣ ਸਰੂਪ ਹਰੀ ਨਾਮ ਨੂੰ ਜਪ, ਹੇ ਪ੍ਰਾਣੀ ! ਤਾਂ ਤੂੰ ਮੁਕਤ ਸਰੂਪ ਹੋਵੇਂਗਾ॥ ੩॥

ਵਾਚੈ ਵਾਦੁ ਨ ਬੇਦੁ ਬੀਚਾਰੈ॥ ਆਪਿ ਡੁਬੈ ਕਿਉ ਪਿਤਰਾ ਤਾਰੈ॥

ਵਾਦੁ=ਝਗੜਿਆਂ ਨੂੰ ਵਾਂਚਦਾ ਹੈਂ, ਬੇਦਾਂ ਦੇ ਸਿਧਾਂਤ ਨੂੰ ਨਹੀਂ ਵਿਚਾਰਦਾ।

ਅਥਵਾ:- ਝਗੜਿਆਂ ਵਾਸਤੇ ਤੂੰ ਬੇਦਾਂ ਨੂੰ ਵਾਚਦਾ ਹੈਂ ਤੇ ਪ੍ਰਭੂ ਦਾ ਵਿਚਾਰ ਨਹੀਂ ਕਰਦਾ, ਜਦ ਤੂੰ ਆਪ ਸੰਸਾਰ-ਸਮੁੰਦਰ ਵਿਚ ਡੁੱਬ ਰਿਹਾ ਹੈਂ, ਤਾਂ ਪਿਤਰਾਂ ਨੂੰ ਕਿਵੇਂ ਤਾਰੇਂਗਾ।

ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ॥ ਸਤਿਗੁਰੁ ਮਿਲੈ ਤ ਸੋਝੀ ਹੋਇ॥ ੪॥

www.sikhbookclub.com

ਕੋਈ ਵਿਰਲਾ ਗੁਰਮੁਖ ਜਨ ਹੀ ਘਟਾਂ-ਘਟਾਂ ਵਿਚ ਬ੍ਰਹਮ ਨੂੰ ਚੀਨੈ=ਜਾਣਦਾ ਹੈ। ਸਤਿਗੁਰ ਦੇਵ ਜੀ ਮਿਲਣ ਤਾਂ ਉਸ ਪ੍ਰਭੂ ਦੀ ਸੋਝੀ=ਗਿਆਤ ਹੁੰਦੀ ਹੈ॥ ੪॥

ਗਣਤ ਗਣੀਐ ਸਹਸਾ ਦੁਖੁ ਜੀਐ॥ ਗੁਰ ਕੀ ਸਰਣਿ ਪਵੈ ਸੁਖੁ ਥੀਐ॥

ਕਰਮਾਂ ਦੀ ਗਿਣਤੀ ਗਿਣਨ ਨਾਲ ਜੀਅ ਨੂੰ ਦੁਖਦਾਈ ਸੰਸਾ ਹੁੰਦਾ ਹੈ। ਪੂਰਿਆਂ ਗੁਰ ਦੀ ਸ਼ਰਣ ਵਿਚ ਪੈਣ ਕਰਕੇ ਹੀ ਸੁਖ ਪ੍ਰਾਪਤ ਹੁੰਦਾ ਹੈ। ਗੁਰੂ ਸ਼ਰਨ ਵਿਚ ਜਾ ਕੇ ਇਸ ਤਰ੍ਹਾਂ ਬੇਨਤੀਆਂ ਕਰੇ, ਹੇ ਗੁਰੋ !

ਕਰਿ ਅਪਰਾਧ ਸਰਣਿ ਹਮ ਆਇਆ॥ ਗੁਰ ਹਰਿ ਭੇਟੇ ਪੂਰਬਿ ਕਮਾਇਆ॥੫॥

ਕਈ ਤਰ੍ਹਾਂ ਦੇ ਅਪਰਾਧ=ਗੁਨਾਹਾਂ ਕਰਕੇ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਆਪ ਕਿਰਪਾ ਦ੍ਰਿਸ਼ਟੀ ਕਰਕੇ ਮੇਰੇ ਅਪਰਾਧ ਬਖ਼ਸ਼ ਦਿਓ।

ਯਥਾ:- ਸਤਿਗੁਰ ਆਇਓ ਸਰਨਿ ਤੁਹਾਰੀ॥

ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥

ਪਰ ਇਕ ਗੱਲ ਹੈ ਪੂਰਬਲੇ ਕਰਮਾਂ ਦੇ ਕਮਾਏ ਅਨੁਸਾਰ ਹਰੀ ਸਰੂਪ ਗੁਰੂ ਮਿਲਦੇ ਹਨ॥ ੫॥

ਗੁਰ ਸਰਣਿ ਨ ਆਇਐ ਬ੍ਰਹਮੁ ਨ ਪਾਈਐ॥

ਗੁਰਾਂ ਦੀ ਸ਼ਰਨ ਵਿਚ ਨਾ ਆਉਣ ਕਰਕੇ ਬ੍ਰਹਮ ਨਹੀਂ ਪ੍ਰਾਪਤ ਹੁੰਦਾ।

ਭਰਮਿ ਭੁਲਾਈਐ ਜਨਮਿ ਮਰਿ ਆਈਐ॥

ਭਰਮ ਵਿਚ ਭੁਲ ਜਾਣ ਕਰਕੇ ਜੰਮ ਕੇ ਔਂਦਾ ਹੈ, ਮਰ ਕੇ ਜਾਂਦਾ ਹੈ।

ਜਮ ਦਰਿ ਬਾਧਉ ਮਰੈ ਬਿਕਾਰੁ॥
ਨਾ ਰਿਦੈ ਨਾਮੁ ਨ ਸਬਦੁ ਅਚਾਰੁ॥ ੬॥

ਵਿਕਾਰੀ ਪੁਰਸ਼ ਵਿਕਾਰਾਂ ਕਰਕੇ ਜਮਾਂ ਦੇ ਦਰ ਵਿਚ ਬੱਧਾ ਹੋਇਆ ਮਰਦਾ ਹੈ।

ਨਾ ਹਿਰਦੇ ਵਿਚ ਨਾਮ-ਸਿਮਰਨ ਹੈ, ਨਾ ਹੀ ਗੁਰ ਸ਼ਬਦ ਦਾ ਆਚਾਰੁ=ਕਰਤੱਬ ਹੈ॥ ੬॥

ਇਕਿ ਪਾਧੇ ਪੰਡਿਤ ਮਿਸਰ ਕਹਾਵਹਿ॥
ਦੁਬਿਧਾ ਰਾਤੇ ਮਹਲੁ ਨ ਪਾਵਹਿ॥

ਇਕ ਆਪਣੇ ਆਪ ਨੂੰ ਬੱਚਿਆਂ ਦੇ ਪੜ੍ਹਾਣ ਵਾਲੇ ਪਾਂਧੇ ਕਹਾਂਵਦੇ ਹਨ,

ਇਕ ਆਪਣੇ ਆਪ ਨੂੰ ਭਾਗਵਤ ਆਦਿਕਾਂ ਦੀ ਕਥਾ ਕਰਨ ਵਾਲੇ ਪੰਡਿਤ ਕਹਾਂਵਦੇ ਹਨ,

ਇਕ ਆਪਣੇ ਆਪ ਨੂੰ ਬੁਤੀਆਂ ਦੇਣ ਵਾਲੇ ਮਿਸਰ ਕਹਾਂਵਦੇ ਹਨ।

ਪਰ ਦੁਬਿਧਾ ਵਿਚ ਰੱਤੇ ਹੋਏ ਮਹਲੁ=ਸਰੂਪ ਨੂੰ ਨਹੀਂ ਪਾਉਂਦੇ।

[ਪੰਨਾ ੯੦੫]

ਜਿਸੁ ਗੁਰ ਪਰਸਾਦੀ ਨਾਮੁ ਅਧਾਰੁ॥ ਕੋਟਿ ਮਧੇ ਕੋ ਜਨੁ ਆਪਾਰੁ॥ ੭॥

ਜਿਸ ਨੂੰ ਗੁਰਾਂ ਦੀ ਕਿਰਪਾ ਕਰਕੇ ਨਾਮ ਦਾ ਅਧਾਰੁ=ਆਸਰਾ ਹੈ। ਉਹ ਅਪਾਰ ਗੁਣਾਂ ਵਾਲਾ ਕਰੋੜਾਂ

www.sikhbookclub.com

ਵਿਚੋਂ ਕੋਈ ਵਿਰਲਾ ਹੀ ਗੁਰਮੁਖ ਜਨ ਹੈ॥ ੭॥

ਏਕੁ ਬੁਰਾ ਭਲਾ ਸਚੁ ਏਕੈ॥ ਬੂਝੁ ਗਿਆਨੀ ਸਤਗੁਰ ਕੀ ਟੇਕੈ॥

ਬੁਰਿਆਂ ਵਿਚ ਭੀ ਇਕ ਸੱਚਾ ਪ੍ਰਭੂ ਹੈ, ਭਲਿਆਂ ਵਿੱਚ ਭੀ ਇਕ ਸੱਚਾ ਪ੍ਰਭੂ ਹੈ। ਸਰੂਪ ਦੇ ਗਿਆਨੀ ਜੋ ਸਤਿਗੁਰੂ ਹਨ, ਉਹਨਾਂ ਦੀ ਟੇਕ ਲੈ ਕੇ ਤੂੰ ਉਸ ਪ੍ਰਭੂ ਨੂੰ ਬੁਝਣਾ ਕਰ।

ਗੁਰਮੁਖਿ ਵਿਰਲੀ ਏਕੋ ਜਾਣਿਆ॥
ਆਵਣੁ ਜਾਣਾ ਮੇਟਿ ਸਮਾਣਿਆ ॥ ੮॥

ਕਿਸੇ ਵਿਰਲੇ ਗੁਰਮੁਖ ਨੇ ਇਕ ਨੂੰ ਜਾਣਿਆ ਹੈ। ਉਹ ਔਣੇ ਜਾਣੇ ਨੂੰ ਦੂਰ ਕਰਕੇ ਪਰਮੇਸ਼ਰ ਵਿਚ ਸਮਾਅ ਗਿਆ ਹੈ॥ ੮॥

ਜਿਨ ਕੈ ਹਿਰਦੈ ਏਕੰਕਾਰੁ॥ ਸਰਬ ਗੁਣੀ ਸਾਚਾ ਬੀਚਾਰੁ॥

ਜਿਸ ਦੇ ਹਿਰਦੇ ਵਿਚ ਇਕ ਓਅੰਕਾਰ ਮੰਗਲ ਸਰੂਪ ਪਰਮਾਤਮਾ ਹੈ। ਉਹ ਸਰਬ ਗੁਣਾਂ ਕਰਕੇ ਗੁਣੀ ਜੋ ਸਚਾ ਵਾਹਿਗੁਰੂ ਹੈ ਉਸ ਦਾ ਵਿਚਾਰ ਕਰਦਾ ਹੈ।

ਅਥਵਾ:- ਉਹ ਸਾਰਿਆਂ ਗੁਣਾਂ ਨੂੰ ਪਾ ਕੇ ਗੁਣੀ ਹੋਇਆ ਹੈ ਤੇ ਸੱਚਾ ਆਤਮ ਵਿਚਾਰ ਕਰਦਾ ਹੈ।

ਗੁਰ ਕੈ ਭਾਣੈ ਕਰਮ ਕਮਾਵੈ॥ ਨਾਨਕ ਸਾਚੇ ਸਾਚਿ ਸਮਾਵੈ॥ ੯॥ ੪॥

ਗੁਰੂ ਜੀ ਕਥਨ ਕਰਦੇ ਹਨ—ਜੋ ਗੁਰਾਂ ਦੇ ਭਾਣੇ ਅਨੁਸਾਰ ਨਿਸ਼ਕਾਮ ਕਰਮਾਂ ਨੂੰ ਕਮਾਉਂਦਾ ਹੈ। ਉਹ ਸਾਚੇ=ਨਿਸਚੇ ਸਹਤ ਸੱਚ ਨਾਮ ਨੂੰ ਜਪਦਾ ਹੋਇਆ, ਸੱਚ ਸਰੂਪ ਵਿਚ ਸਮਾਵੈ=ਅਭੇਦ ਹੁੰਦਾ ਹੈ॥ ੯॥ ੪॥

ਰਾਮਕਲੀ ਮਹਲਾ ੧॥

ਨਾਮ ਤੋਂ ਬਿਨਾਂ ਸਭ ਸਾਧਨਾਂ ਦੀ ਨਿਸਫਲਤਾ ਵਰਨਣ ਕਰਦੇ ਹਨ—

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ॥

ਨਿ=ਵਿਸ਼ੇਸ਼ ਹਠ ਦੇ ਗ੍ਰਹਿਣ ਕਰਨ ਕਰਕੇ ਕਾਂਇਆ ਛੀਜੈ=ਨਿਸਫਲ, ਵਾ:- ਕ੍ਰਿਸ ਹੁੰਦੀ ਜਾ ਰਹੀ ਹੈ। ਵਰਤ ਰਖਿਆ ਤੇ ਤਪਾਂ ਦੇ ਕਰਨ ਕਰਕੇ ਪਰਮੇਸ਼ਰ ਉਤੇ ਜੀਵ ਦਾ ਮਨ ਨਹੀਂ ਭਿਜਦਾ।

ਵਾ:- ਪ੍ਰਭੂ ਦਾ ਮਨ ਇਸ ਜੀਵ ਉਤੇ ਭੀਜੈ ਨਹੀ=ਪ੍ਰਸੰਨ ਨਹੀਂ ਹੁੰਦਾ।

ਰਾਮ ਨਾਮ ਸਰਿ ਅਵਰੁ ਨ ਪੂਜੈ॥ ੧॥

ਰਾਮ ਨਾਮ ਦੇ ਸਰਿ=ਸਦਰਸ ਹੋਰ ਕੋਈ ਸਾਧਨ ਨਹੀਂ ਪੁਜਦਾ॥ ੧॥

ਗੁਰੁ ਸੇਵਿ ਮਨ ਹਰਿ ਜਨ ਸੰਗੁ ਕੀਜੈ॥

ਹੇ ਮਨ ! ਗੁਰਾਂ ਨੂੰ ਸੇਵਨਾ ਕਰ ਅਤੇ ਹਰੀ ਦੇ ਸੇਵਕ ਜਨਾਂ ਦਾ ਸੰਗ ਕਰ।

ਜਮੁ ਜੰਦਾਰੁ ਜੋਹਿ ਨਹੀ ਸਾਕੈ
ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ॥ ੧॥ ਰਹਾਉ॥

ਜਮ ਜੋ ਜੰਦਾਰੁ=ਜਿੰਦ ਦਾ ਅਰੀ ਹੈ, ਉਹ ਜੰਦਾਰੁ=ਡੰਡਾ ਲੈ ਕੇ ਤੈਨੂੰ ਜੋਹਿ=ਵੇਖ ਨਹੀਂ ਸਕੇਗਾ, ਹਰੀ

www.sikhbookclub.com

ਦਾ ਨਾਮ ਰਸ ਪੀਣਾ ਕਰ, ਤਾਂ ਮਾਇਆ ਰੂਪ ਸੱਪਣੀ। ਵਾ:- ਨਾਮ ਆਦਿਕ ਸੱਪ ਡਸਿ=ਡੰਗ ਨਹੀਂ ਮਾਰ ਸਕਣਗੇ॥ ੧॥ ਰਹਾਉ॥

ਵਾਦੁ ਪੜੈ ਰਾਗੀ ਜਗੁ ਭੀਜੈ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ॥

ਵਾਦੁ=ਝਗੜਿਆਂ ਨੂੰ ਪੜ੍ਹਦਾ ਹੈਂ ਤੇ ਰਾਗੀ ਹੋ ਕੇ ਰਾਗ ਗੈਣ ਕਰਦਾ ਹੈਂ ਕਿ ਸਾਰਾ ਜਗਤ ਮੇਰੇ 'ਪਰ ਭੀਜੈ=ਪ੍ਰਸੰਨ ਹੋਵੇ। ਅਥਵਾ:- ਜਦ ਤੱਕ ਰਾਗੀ=ਰਾਗ ਦ੍ਵੈਸ਼ ਦੇ ਸਹਤ ਹੋ ਕੇ ਜਗਤ ਵਿਚ ਭਿਜ ਰਿਹਾ ਹੈ ਤਦ ਤੱਕ ਇਸ ਦਾ ਪੜ੍ਹਣਾ ਵਾਦੁ=ਵਿਅਰਥ ਹੈ। ਤਰੈਗੁਣੀ ਜੀਵ ਵਿਸ਼ਿਆਂ ਵਿਚ ਲਗ ਕੇ ਜੰਮਦਾ ਮਰਦਾ ਹੈ। ਅਥਵਾ:- ਤ੍ਰਿਗੁਣ ਆਤਮਕ ਬਿਖਿਆ=ਮਾਇਆ ਵਿਚ ਲਗ ਕੇ ਜੰਮਦਾ ਮਰਦਾ ਹੈ।

ਰਾਮ ਨਾਮ ਬਿਨੁ ਦੂਖੁ ਸਹੀਜੈ॥ ੨॥

ਰਾਮ ਨਾਮ ਤੋਂ ਬਿਨਾਂ ਦੁੱਖਾਂ ਨੂੰ ਹੀ ਸਹੀਜੈ=ਸਹਾਰਦਾ ਹੈ॥ ੨॥

ਚਾੜਸਿ ਪਵਨੁ ਸਿੰਘਾਸਨੁ ਭੀਜੈ॥ ਨਿਉਲੀ ਕਰਮ ਖਟੁ ਕਰਮ ਕਰੀਜੈ॥

ਪ੍ਰਾਣਾਂ ਨੂੰ ਚਾੜ੍ਹ ਕੇ ਸਿੰਘਾਸਨੁ ਭੀਜੈ=ਦਸਮ ਦੁਆਰ ਵਿਚ ਭੇਜਦਾ ਹੈ।

ਵਾ:- ਪ੍ਰਾਣਾਂ ਦੇ ਚਾੜ੍ਹਨ ਕਰਕੇ ਸਿੰਘਾਸਨੁ=ਪਰਮੇਸ਼ਰ ਭਿਜਦਾ ਨਹੀਂ ਹੈ।

ਨਿਉਲੀ=ਨੇਤੀ, ਧੋਤੀ ਆਦਿਕ ਕਰਮ ਭੀ ਕਰਦਾ ਹੈ, ਚਾਹੋ ਜਪ, ਹੋਮ, ਸੰਧਿਆ, ਇਸ਼ਨਾਨ ਆਦਿਕ ਕਰਮ ਖਟੁ=ਛੇ ਪ੍ਰਕਾਰ ਦੇ ਕਰਮ ਭੀ ਕਰਦਾ ਹੈ।

ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ॥ ੩॥

ਰਾਮ ਨਾਮ ਤੋਂ ਬਿਨਾਂ ਜਿਤਨੇ ਭੀ ਸ੍ਵਾਸ ਲੈਂਦਾ ਹੈ, ਸਭ ਵਿਅਰਥ ਹੀ ਸ੍ਵਾਸ ਲੈਂਦਾ ਹੈ॥ ੩॥

ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ॥

ਅੱਗ ਵਾਂਗੂ ਸਾੜਨ ਵਾਲੇ ਪੰਜ ਕਾਮ, ਕ੍ਰੋਧ ਆਦਿਕ ਵਿਕਾਰ ਜੇਕਰ ਹਿਰਦੇ ਅੰਦਰ ਹਨ, ਤਾਂ ਕਿਵੇਂ ਧੀਰਜ ਨੂੰ ਧੀਜੈ=ਧਾਰ ਸਕਦਾ ਹੈ।

ਅੰਤਰਿ ਚੋਰੁ ਕਿਉ ਸਾਦੁ ਲਹੀਜੈ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ॥੪॥

ਜੇਕਰ ਅੰਦਰ ਮਨ ਰੂਪੀ ਚੋਰ ਹੈ, ਤਾਂ ਬ੍ਰਹਮਾਨੰਦ ਦੇ ਸ੍ਵਾਦ ਨੂੰ ਕਿਵੇਂ ਲੈ ਸਕਦਾ ਹੈ। ਜੇਕਰ ਗੁਰਮੁਖ ਹੋ ਕੇ ਮੁਖੀ ਗੁਰਾਂ ਦੇ ਸਨਮੁਖ ਖੜਾ ਹੋਵੇ ਤਾਂ ਕਾਂਇਆ ਰੂਪ ਗੜ੍ਹ ਨੂੰ ਜਿੱਤ ਲੈਂਦਾ ਹੈ॥ ੪॥

ਅੰਤਰਿ ਮੈਲੁ ਤੀਰਥ ਭਰਮੀਜੈ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥

ਜੇ ਹਿਰਦੇ ਅੰਦਰ ਰਾਗ ਦ੍ਵੈਸ਼ ਰੂਪੀ ਮੈਲ ਹੈ ਤਾਂ ਤੀਰਥਾਂ ਉਤੇ ਭਰਮਣੇ ਦਾ ਕੋਈ ਫਲ ਨਹੀਂ ਹੈ। ਜੇਕਰ ਅੰਦਰੋਂ ਮਨ ਸੂਚਾ=ਪਵਿੱਤ੍ਰ ਨਹੀਂ ਹੈ, ਤਾਂ ਬਾਹਰਲੀਆਂ ਪਵਿਤ੍ਰਤਾਈਆਂ ਕਿਸ ਲਈ ਕਰਨੀਆਂ ਹਨ।

ਕਿਰਤੁ ਪਇਆ ਦੋਸੁ ਕਾ ਕਉ ਦੀਜੈ॥ ੫॥

ਜੇ ਕਿਰਤੁ=ਕਰਮ ਹੀ ਅਜੇਹਾ ਪਿਆ ਹੋਇਆ ਹੈ, ਤਾਂ ਦੋਸ਼ ਕਿਸ ਨੂੰ ਦੇਣਾ ਹੈ॥ ੫॥

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥

ਲੋਕ ਦਿਖਾਵੇ ਲਈ ਅੰਨ ਨਹੀਂ ਖਾਂਦਾ, ਸਰੀਰ ਨੂੰ ਦੁੱਖ ਦੇਣਾ ਕਰਦਾ ਹੈ। ਪਰ ਗੁਰਾਂ ਦੁਆਰੇ ਗਿਆਨ ਪ੍ਰਾਪਤ ਹੋਏ ਤੋਂ ਬਿਨਾਂ ਮਨ ਤ੍ਰਿਪਤ ਨਹੀਂ ਹੁੰਦਾ।

ਮਨਮੁਖਿ ਜਨਮੈ ਜਨਮਿ ਮਰੀਜੈ॥ ੬॥

ਮਨਮੁਖਤਾ ਵਿਚ ਜਨਮੇ ਹਨ, ਨਾਮ ਨਹੀਂ ਜਪਿਆ ਇਸ ਕਰਕੇ ਵਾਰੰਵਾਰ ਜੰਮਦੇ ਮਰਦੇ ਹਨ॥ ੬॥

ਸਤਿਗੁਰ ਪੂਛਿ ਸੰਗਤਿ ਜਨ ਕੀਜੈ॥ ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ॥

ਹੇ ਭਾਈ ! ਸਤਿਗੁਰਾਂ ਪਾਸੋਂ ਪੁਛ ਕੇ ਸੰਤ ਜਨਾਂ ਦੀ ਸੰਗਤ ਕਰ। ਸੰਗਤ ਦੇ ਪਰਤਾਪ ਕਰਕੇ ਮਨ ਹਰੀ ਨਾਮ ਵਿਚ ਰਾਚੈ=ਤਦਾਕਾਰ ਹੁੰਦਾ ਹੈ, ਨਾਮ ਦੇ ਜਪਣ ਕਰਕੇ ਪੁਨਾ ਜੰਮਦਾ ਮਰਦਾ ਨਹੀਂ ਹੈ।

ਰਾਮ ਨਾਮ ਬਿਨੁ ਕਿਆ ਕਰਮੁ ਕੀਜੈ॥ ੭॥

ਰਾਮ ਨਾਮ ਸਿਮਰਨ ਤੋਂ ਬਿਨਾਂ ਹੋਰ ਕਰਮ ਕਿਸ ਲਈ ਕਰਣੇ ਹਨ॥ ੭॥

ਊਂਦਰ ਦੁੰਦਰ ਪਾਸਿ ਧਰੀਜੈ॥ ਧੁਰ ਕੀ ਸੇਵਾ ਰਾਮੁ ਰਵੀਜੈ॥

ਊਂਦਰ=ਉਦਰ ਵਿਚ ਜੋ ਦੁੰਦਰ=ਦੁੰਦ ਰਾਗ ਦ੍ਵੈਸ਼ ਹਨ, ਇਨ੍ਹਾਂ ਨੂੰ ਪਾਸਿ ਧਰੀਜੈ=ਲਾਂਬੇ ਧਰ ਦੇ, *ਅਥਵਾ:-* ਦੁੰਦਰ=ਰੌਲਾ ਪਾਣ ਵਾਲਾ ਜੋ ਹੰਕਾਰ ਰੂਪੀ ਊਂਦਰ=ਚੂਹਾ ਹੈ ਇਸ ਨੂੰ ਪਾਸੇ ਧਰ ਦੇ, ਭਾਵ ਬਾਹਰ ਕਢ ਦੇ।

ਰਾਮ ਨਾਮ ਨੂੰ ਜਿਹੜਾ ਰਵੀਜੈ=ਉਚਾਰਣਾ ਹੈ ਏਹੋ ਧੁਰ ਰੂਪ ਪਰਮਾਤਮਾ ਦੀ ਸੇਵਾ ਹੈ।

ਅਥਵਾ:- ਧੁਰ ਰੂਪ ਗੁਰਾਂ ਦੀ ਸੇਵਾ ਕਰ ਅਤੇ ਰਾਮ ਨਾਮ ਨੂੰ ਰਵੀਜੈ=ਉਚਾਰਣਾ ਕਰ।

ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ॥ ੮॥ ੫॥

ਗੁਰੂ ਜੀ ਕਥਨ ਕਰਦੇ ਹਨ—ਪ੍ਰਭੂ ਕਿਰਪਾ ਕਰੇ ਤਾਂ ਹੀ ਰਾਮ ਨਾਮ ਜਪਣਾ ਮਿਲਦਾ ਹੈ॥ ੮॥ ੫॥

ਰਾਮਕਲੀ ਮਹਲਾ ੧॥

ਪ੍ਰਸ਼ਨ:- ਜਿਸ ਠਾਕੁਰ ਦਾ ਆਪ ਸਿਮਰਨ ਕਰਦੇ ਹੋ, ਉਹ ਠਾਕੁਰ ਕੈਸਾ ਹੈ?

ਅਤੇ ਉਸ ਦੇ ਸਿਮਰਨ ਦਾ ਫਲ ਕੀ ਹੈ? ਤੇ ਰਹਿੰਦਾ ਕਿਥੇ ਹੈ? *ਗੁਰ ਉੱਤਰ-*

ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ॥

ਮੇਰਾ ਠਾਕੁਰ ਸੁਆਮੀ ਐਸਾ ਹੈ, ਗਹਿਰ=ਡੂੰਗਾ ਤੇ ਗੰਭੀਰੁ=ਨਿਰਹਲ ਹੈ।

ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ਹਰਿ ਕੈ ਨਾਮਿ ਨ ਲਗੈ ਜਮ ਤੀਰੁ॥ ੧॥ ਰਹਾਉ॥

ਜਿਸ ਨੇ ਉਸ ਦੇ ਨਾਮਾਂ ਨੂੰ ਜਪਿਆ ਹੈ, ਓਸੇ ਨੇ ਸੁਖ ਪਾਇਆ ਹੈ, ਹਰੀ ਦੇ ਨਾਮ ਜਪਣ ਵਾਲਿਆਂ ਦੇ ਪਾਸ ਜਮ ਆ ਕੇ ਲਗਦਾ ਨਹੀਂ ਹੈ.

ਵਾ:- ਜਮਾਂ ਦਾ ਤੀਰ ਕਮਾਣ ਆ ਕੇ ਨਹੀਂ ਲਗਦਾ॥ ੧॥ ਰਹਾਉ॥

ਯਥਾ:- ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥
ਤਾ ਹਉ ਨਾ ਤੂੰ ਨਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥ (ਪੰਨਾ ੨੫੬)

www.sikhbookclub.com

ਰਹਿੰਦਾ ਕਿਥੇ ਹੈ, ਇਸ ਦਾ ਉੱਤਰ ਅਗਲੀ ਤੁਕ ਵਿਚ ਦੱਸਦੇ ਹਨ-

ਅੰਤਰਿ ਉਤਭੁਜੁ ਅਵਰੁ ਨ ਕੋਈ॥ ਜੋ ਕਹੀਐ ਸੋ ਪ੍ਰਭ ਤੇ ਹੋਈ॥

ਉਹ ਪਰਮੇਸ਼ਰ ਉਤਭੁਜ ਆਦਿਕ ਚਾਰ ਖਾਣੀਆਂ ਦੇ ਅੰਦਰ ਹੈ, *ਅਥਵਾ:-* ਉਤ=ਉਤਕ੍ਰਿਸਟ (ਭਾਰੀ) ਭੁਜ=(ਭੁਜਾਂ) ਬਾਹਵਾਂ ਵਾਲਾ ਪਰਮੇਸ਼ਰ ਸਭ ਦੇ ਅੰਦਰ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਜੋ ਕੁਝ ਭੀ ਕਹੀਂਦਾ ਹੈ ਉਹ ਸਭ ਕੁਝ ਪ੍ਰਭੂ ਤੋਂ ਹੋ ਰਿਹਾ ਹੈ।

ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ॥
ਉਤਪਤਿ ਪਰਲਉ ਅਵਰੁ ਨ ਕੋਈ॥ ੧॥

ਉਹ ਸੱਚਾ ਸਾਹਿਬ ਹੀ ਜੁਗਾਂ-ਜੁਗਾਂ ਦੇ ਅੰਦਰ ਵਿਆਪਕ ਹੈ। ਸਾਰੇ ਸੰਸਾਰ ਦੀ ਉਤਪਤੀ=ਪਾਲਣਾ ਅਤੇ ਪਰਲਉ=ਲਯਤਾ ਕਰਨ ਵਾਲਾ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੧॥

ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ॥

ਮੇਰਾ ਠਾਕੁਰੁ=ਸੁਆਮੀ ਪਰਮਾਤਮਾ ਐਸਾ ਹੈ ਕਿ ਗਹਿਰ=ਡੂੰਘਾ ਅਤੇ ਗੰਭੀਰੁ=ਨਿਰਹਲ ਹੈ। ਕਈ ਲੋਕ ਗਾਲ੍ਹਾਂ ਕਢਦੇ ਹਨ ਪਰ ਉਹ ਸ਼ਾਂਤ ਹਿਰਦੇ ਕਰਕੇ ਗੰਭੀਰ ਹੀ ਰਹਿੰਦਾ ਹੈ।

ਜਿਨਿ ਜਪਿਆ ਤਿਨ ਹੀ ਸੁਖੁ ਪਾਇਆ
ਹਰਿ ਕੈ ਨਾਮਿ ਨ ਲਗੈ ਜਮ ਤੀਰੁ॥ ੧॥ ਰਹਾਉ॥

ਜਿਨ੍ਹਾਂ ਨੇ ਉਸ ਦੇ ਨਾਮਾਂ ਨੂੰ ਜਪਿਆ ਹੈ, ਉਨ੍ਹਾਂ ਨੇ ਸੁਖ ਪਾਇਆ ਹੈ,
ਹਰੀ ਦੇ ਨਾਮ ਜਪਣ ਵਾਲਿਆਂ ਦੇ ਪਾਸ ਜਮ ਆ ਕੇ ਨਹੀਂ ਲਗਦਾ।
ਅਥਵਾ:- ਜਮਾਂ ਦਾ ਤੀਰ ਕਮਾਣ ਨਹੀਂ ਲਗਾਦਾ॥ ੧॥ ਰਹਾਉ॥

ਨਾਮੁ ਰਤਨੁ ਹੀਰਾ ਨਿਰਮੋਲੁ॥ ਸਾਚਾ ਸਾਹਿਬੁ ਅਮਰੁ ਅਤੋਲੁ॥

ਨਾਮ ਰੂਪ ਰਤਨ ਹੀਰੇ ਵਾਂਙੂ ਅਮੋਲਕ ਹੈ।
ਉਹ ਸਾਹਿਬ ਸੱਚਾ ਹੈ ਅਮਰੁ=ਮਰਨ ਤੋਂ ਰਹਿਤ ਹੈ, ਅਤੋਲੁ=ਮਾਪੇ ਤੋਂ ਰਹਿਤ ਹੈ।

ਜਿਹਵਾ ਸੂਚੀ ਸਾਚਾ ਬੋਲੁ॥ ਘਰਿ ਦਰਿ ਸਾਚਾ ਨਾਹੀ ਰੋਲੁ॥ ੨॥

ਜਿਸ ਦਾ ਬੋਲ ਸੱਚਾ ਹੈ, ਉਸ ਦੀ ਜਿਹਵਾ ਸੂਚੀ=ਪਵਿੱਤਰ ਹੈ,
ਅਥਵਾ:- ਸੱਚ ਨਾਮ ਬੋਲਣ ਕਰਕੇ ਜੀਭ ਪਵਿੱਤਰ ਹੁੰਦੀ ਹੈ। ਉਸ ਨੂੰ ਸਰੀਰ ਘਰ ਅੰਦਰ ਸੱਚਾ ਪ੍ਰਾਪਤ ਹੋਇਆ ਹੈ, ਇਸ ਵਿਚ ਕੋਈ ਰੋਲਾ ਨਹੀਂ ਹੈ॥ ੨॥

ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ॥
ਨਾਮੁ ਬਿਸਾਰਿ ਪਚਹਿ ਅਭਿਮਾਨੁ॥

ਘਰਾਂ ਨੂੰ ਛੱਡ ਕੇ ਇਕ ਪੁਰਸ਼ ਬਨ ਵਿਚ ਬੈਠਦੇ ਹਨ ਅਤੇ ਇਕ ਡੂਗਰਿ=ਪਰਬਤਾਂ ਦੇ ਅਸਥਾਨ 'ਪਰ ਨਿਵਾਸ ਕਰਦੇ ਹਨ। ਜਿਨ੍ਹਾਂ ਨੇ ਨਾਮ ਨੂੰ ਭੁਲਾ ਦਿੱਤਾ ਹੈ, ਉਹ ਅਭਿਮਾਨ=ਹੰਕਾਰ ਵਿਚ ਪਚਹਿ=ਖਰਾਬ ਹੁੰਦੇ ਹਨ।

ਨਾਮ ਬਿਨਾ ਕਿਆ ਗਿਆਨ ਧਿਆਨੁ॥
ਗੁਰਮੁਖਿ ਪਾਵਹਿ ਦਰਗਹਿ ਮਾਨੁ॥ ੩॥

ਨਾਮ ਸਿਮਰਨ ਤੋਂ ਬਿਨਾਂ ਗਿਆਨ ਦੀਆਂ ਗੱਲਾਂ ਕਰਨ ਨਾਲ ਕੀ ਪ੍ਰਾਪਤ ਹੋਣਾ ਹੈ ਤੇ ਧਿਆਨ ਲਗਾਉਣ ਨਾਲ ਕੀ ਹੋਣਾ ਹੈ, ਅਰਥਾਤ ਕੁਝ ਪ੍ਰਾਪਤ ਨਹੀਂ ਹੋਣਾ। ਗੁਰਮੁਖ ਜਨ ਗੁਰਾਂ ਦੁਆਰੇ ਨਾਮ ਨੂੰ ਜਪ ਕੇ ਦਰਗਾਹ ਵਿਚ ਮਾਨੁ=ਆਦਰ ਪਾਉਂਦੇ ਹਨ॥ ੩॥

ਹਠੁ ਅਹੰਕਾਰੁ ਕਰੈ ਨਹੀ ਪਾਵੈ॥ ਪਾਠ ਪੜੈ ਲੇ ਲੋਕ ਸੁਣਾਵੈ॥

ਹਠ ਅਤੇ ਹੰਕਾਰ ਦੇ ਕਰਨ ਨਾਲ ਪਰਮੇਸ਼ਰ ਨੂੰ ਨਹੀਂ ਪਾਉਂਦਾ। ਭਾਗਵਤ ਤੇ ਗੀਤਾ ਆਦਿਕਾਂ ਦੇ ਪਾਠ ਪੜ੍ਹ ਕੇ ਲੋਕਾਂ ਨੂੰ ਸੁਣਾਉਂਦਾ ਹੈ ਤੇ ਉਨ੍ਹਾਂ ਪਾਸੋਂ ਧਨ ਤੇ ਵਡਿਆਈ ਆਦਿਕਾਂ ਨੂੰ ਲੈਂਦਾ ਹੈ।

[ਪੰਨਾ ੯੦੬]

ਤੀਰਥ ਭਰਮਸਿ ਬਿਆਧਿ ਨ ਜਾਵੈ॥ ਨਾਮ ਬਿਨਾ ਕੈਸੇ ਸੁਖੁ ਪਾਵੈ॥ ੪॥

ਤੀਰਥਾਂ 'ਪਰ ਭਰਮਨੇ ਕਰਕੇ ਬਿਆਧਿ=ਤਿੰਨ ਤਾਪ ਨਹੀਂ ਜਾਂਦੇ, ਵਾ:- ਜਨਮ ਮਰਨ ਰੂਪ ਪੀੜਾ ਨਹੀਂ ਜਾਂਦੀ। ਨਾਮ ਸਿਮਰਨ ਤੋਂ ਬਿਨਾਂ ਸੁਖ ਸਰੂਪ ਪਰਮੇਸ਼ਰ ਨੂੰ ਕਿਵੇਂ ਪਾ ਸਕਦਾ ਹੈ। *ਅਥਵਾ:-* ਸੁਖ ਨੂੰ ਕਿਵੇਂ ਪਾ ਸਕਦਾ ਹੈ, ਭਾਵ ਨਹੀਂ ਪਾਂਦਾ ॥ ੪॥

ਜਤਨ ਕਰੈ ਬਿੰਦੁ ਕਿਵੈ ਨ ਰਹਾਈ॥ ਮਨੂਆ ਡੋਲੈ ਨਰਕੇ ਪਾਈ॥

ਇਹ ਜੀਵ ਜਤਨ ਤਾਂ ਬਹੁਤ ਕਰਦਾ ਹੈ ਪਰ ਬਿੰਦੁ=ਬੀਰਜ ਕਿਸੇ ਤਰ੍ਹਾਂ ਭੀ ਨਹੀਂ ਰਹਿ ਸਕਦਾ।

ਅਥਵਾ:- ਮਨ ਦੇ ਰੋਕਣ ਦੇ ਉਪਾਵ ਤਾਂ ਬਹੁਤ ਕਰਦਾ ਹੈ ਪਰ ਬਿੰਦੁ=ਰੰਚਕ ਮਾਤ੍ਰ ਭੀ ਮਨ ਕਿਸੇ ਤਰ੍ਹਾਂ ਠਹਿਰਦਾ ਨਹੀਂ ਹੈ। ਮਨ ਦੇ ਡੋਲਨ ਕਰਕੇ ਹੀ ਇਹ ਜੀਵ ਨਰਕਾਂ ਵਿਚ ਪੈਂਦਾ ਹੈ।

ਜਮ ਪੁਰਿ ਬਾਧੋ ਲਹੈ ਸਜਾਈ॥
ਬਿਨੁ ਨਾਵੈ ਜੀਉ ਜਲਿ ਬਲਿ ਜਾਈ॥ ੫॥

ਜਮਪੁਰੀ ਵਿਚ ਬੱਧਾ ਹੋਇਆ ਵਾਰੰਵਾਰ ਸਜਾ ਲੈਂਦਾ ਹੈ। ਨਾਮ ਸਿਮਰਨ ਤੋਂ ਬਿਨਾਂ ਇਹ ਜੀਵ ਜਲਿ ਬਲਿ=ਸੜ ਬਲ, ਵਾ:- ਨਿਸਫਲ ਜਾਂਦਾ ਹੈ॥ ੫॥

ਸਿਧ ਸਾਧਿਕ ਕੇਤੇ ਮੁਨਿ ਦੇਵਾ॥ ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ॥

ਰਿਧੀਆਂ, ਸਿਧੀਆਂ ਸਪੰਨ ਸਿਧ ਲੋਕ, ਸਾਧਨਾਂ ਦੇ ਕ਼ਰਨ ਵਾਲੇ ਸਾਧਿਕ, ਅਤੇ ਕਿਤਨੇ ਹੀ ਮੁਨਿ ਦੇਵਾ=ਬੜੇ-ਬੜੇ ਮੁਨੀਧਰ। ਨਿ=ਵਿਸ਼ੇਸ਼ ਹਠ ਦੇ ਗ੍ਰਹਿਣ ਕਰਨ ਨਾਲ ਤ੍ਰਿਪਤਿ ਨਹੀਂ ਹੁੰਦੇ ਭੇਦ, ਭਾਵ ਵਿਚ ਹੀ ਪਏ ਰਹਿੰਦੇ ਹਨ। *ਅਥਵਾ:-* ਹਠ ਦੇ ਗ੍ਰਹਿਣ ਕਰਨ ਕਰਕੇ ਭੇਵਾ=ਅਭੇਵ ਪਰਮਾਤਮਾ ਉਨ੍ਹਾਂ ਉਤੇ ਨ ਤ੍ਰਿਪਤਾਵਹਿ=ਪ੍ਰਸੰਨ ਨਹੀਂ ਹੁੰਦਾ।

ਸਬਦੁ ਵੀਚਾਰਿ ਗਹਹਿ ਗੁਰ ਸੇਵਾ॥
ਮਨਿ ਤਨਿ ਨਿਰਮਲ ਅਭਿਮਾਨ ਅਭੇਵਾ॥ ੬॥

ਜੋ ਪੁਰਸ਼ ਗੁਰ ਸੇਵਾ ਨੂੰ ਗ੍ਰਹਿਣ ਕਰਕੇ ਗੁਰਾਂ ਦੇ ਉਪਦੇਸ਼ ਨੂੰ ਵਿਚਾਰਦਾ ਹੈ।

ਉਨ੍ਹਾਂ ਦਾ ਮਨ, ਤਨ ਨਿਰਮਲ ਹੈ ਅਤੇ ਅਭਿਮਾਨ ਵਲੋਂ ਅਭੇਵਾ=ਅਭਿੱਜ ਰਹਿੰਦਾ ਹੈ, ਭਾਵ ਹੰਕਾਰ ਆਦਿਕਾਂ ਵਿਚ ਅਭੇਵਾ=ਪਰਮਾਤਮਾ ਨੂੰ ਮਾਨ=ਮੰਨਨ ਕਰਦਾ ਹੈ॥ ੬॥

ਕਰਮਿ ਮਿਲੈ ਪਾਵੈ ਸਚੁ ਨਾਉ॥ ਤੁਮ ਸਰਣਾਗਤਿ ਰਹਉ ਸੁਭਾਉ॥

ਪੂਰਬਲਾ ਚੰਗਾ ਕਰਮ ਫਲ ਦੇਣ ਨੂੰ ਮਿਲੇ, ਵਾ:- ਪ੍ਰਭੂ ਦਾ ਕਰਮਿ=ਅਨਿਗ੍ਰਹੁ ਮਿਲੇ ਤਾਂ ਇਹ ਜੀਵ ਸੱਚ ਨਾਮ ਨੂੰ ਪਾਂਦਾ ਹੈ। ਤਾਂ ਤੇ ਹੇ ਜੀਵ ! ਤੂੰ ਸੁਭਾਵਕ ਹੀ ਚਰਨਾਂ ਦੀ ਸ਼ਰਨ ਵਿਚ ਪ੍ਰਾਪਤ ਹੋ ਰਹਿਣਾ ਕਰ, ਕਿਉਂਕਿ ਸਮੇਂ ਅਨੁਸਾਰ ਫਿਰ-

ਤੁਮ ਤੇ ਉਪਜਿਓ ਭਗਤੀ ਭਾਉ॥ ਜਪੁ ਜਾਪਉ ਗੁਰਮੁਖਿ ਹਰਿ ਨਾਉ॥ ੭॥

ਤੇਰੇ ਮਨ ਦੇ ਵਿਚੋਂ ਹੀ ਭਗਤੀ ਕਰਨੇ ਦਾ ਭਾਉ=ਪ੍ਰੇਮ ਉਤਪੰਨ ਹੋਵੇਗਾ।

ਤੂੰ ਗੁਰਮੁਖ ਬਣ ਕੇ ਗੁਰਾਂ ਦੁਆਰੇ ਹਰੀ ਨਾਮ ਨੂੰ ਜਪਣਾ ਕਰ॥ ੭॥

ਹਉਮੈ ਗਰਬੁ ਜਾਇ ਮਨ ਭੀਨੈ॥ ਝੂਠਿ ਨ ਪਾਵਸਿ ਪਾਖੰਡਿ ਕੀਨੈ॥

ਦੇਹ ਆਦਿਕਾਂ ਦੀ ਹੰਗਤਾ ਤੇ ਪਦਾਰਥਾਂ ਦਾ ਗਰਬ ਜਾਣ ਕਰਕੇ ਮਨ ਪਰਮੇਸ਼ਰ ਵਿਚ ਭਿਜਦਾ ਹੈ। ਝੂਠ ਬੋਲਣ ਕਰਕੇ ਅਤੇ ਪਖੰਡ ਕਰਨ ਨਾਲ ਪਰਮੇਸ਼ਰ ਨੂੰ ਨਹੀਂ ਪਾਂਦਾ।

ਬਿਨੁ ਗੁਰ ਸਬਦ ਨਹੀ ਘਰੁ ਬਾਰੁ॥
ਨਾਨਕ ਗੁਰਮੁਖਿ ਤਤੁ ਬੀਚਾਰੁ॥ ੮॥ ੬॥

ਗੁਰ ਸ਼ਬਦ ਤੋਂ ਬਿਨਾਂ ਸਰੂਪ ਘਰ ਦੀ ਪ੍ਰਾਪਤੀ ਦਾ ਗਿਆਨ ਰੂਪੀ ਬਾਰੁ=ਦਰਵਾਜ਼ਾ ਪ੍ਰਾਪਤ ਨਹੀਂ ਹੁੰਦਾ। *ਅਥਵਾ:-* ਗੁਰ ਉਪਦੇਸ਼ ਤੋਂ ਬਿਨਾਂ ਸਰੂਪ ਘਰ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਇਹ ਬਾਰੁ=ਉਜਾੜਾਂ ਵਿਚ, ਵਾ:- ਤੀਰਥਾਂ 'ਪਰ ਫਿਰਦਾ ਰਹਿੰਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਗੁਰਮੁਖਾਂ ਦੁਆਰੇ ਤੂੰ ਤਤੁ=ਸਿਧਾਂਤ ਨੂੰ ਵਿਚਾਰਨਾ ਕਰ ॥ ੮॥ ੬॥

ਅਗਲੇ ਸ਼ਬਦ ਵਿਚ ਜੀਵ ਤੂੰ ਤਾੜ ਕੇ ਉਪਦੇਸ਼ ਦੇਂਦੇ ਹਨ-

ਰਾਮਕਲੀ ਮਹਲਾ ੧॥

ਜਿਉ ਆਇਆ ਤਿਉ ਜਾਵਹਿ ਬਉਰੇ ਜਿਉ ਜਨਮੇ ਤਿਉ ਮਰਣੁ ਭਇਆ॥

ਹੇ ਝਲੇ ਪੁਰਸ਼ਾ ! ਜਿਵੇਂ ਤੂੰ ਖਾਲੀ ਆਇਆ ਹੈਂ, ਤਿਵੇਂ ਤੂੰ ਖਾਲੀ ਚਲਿਆ ਜਾਏਂਗਾ, ਜਿਵੇਂ ਤੂੰ ਜੰਮਿਆਂ ਹੈਂ, ਤਿਵੇਂ ਤੇਰਾ ਮਰਨਾ ਹੋਵੇਗਾ। ਜਨਮ ਕਾਲ ਮੇਂ ਹਜ਼ਾਰ ਬਿੱਛੂ ਦੇ ਲੜਨ ਜਿਤਨਾ ਦੁੱਖ ਹੁੰਦਾ ਹੈ ਤੇ ਮਰਨ ਕਾਲ ਮੇਂ ਭੀ ਹਜ਼ਾਰ ਬਿੱਛੂ ਦੇ ਲੜਨ ਜਿਤਨਾ ਦੁੱਖ ਹੁੰਦਾ ਹੈ। ਪਰ ਭਾਗਵਤ ਦੇ ਪਹਿਲੇ ਸਰਕੰਧ ਦਸਵੇਂ ਧਿਆ ਵਿਚ ਲਿਖਿਆ ਹੈ ੬੦ ਹਜ਼ਾਰ ਬਿਛੂ ਲੜਨੇ ਜਿੰਨਾ ਦੁੱਖ ਹੁੰਦਾ ਹੈ। ਸ੍ਰੀ ਮਾਨ ਸੰਤ ਦੇਵਾ ਸਿੰਘ ਜੀ ਨੇ ਆਪਣੇ ਟੀਕੇ ਵਿਚ ਲਿਖਿਆ ਹੈ ੧੦ ਹਜ਼ਾਰ ਬਿਛੂ ਲੜਨ ਜਿੰਨਾ ਦੁੱਖ ਹੁੰਦਾ ਹੈ।

ਜਿਉ ਰਸ ਭੋਗ ਕੀਏ ਤੇਤਾ ਦੁਖੁ ਲਾਗੈ
ਨਾਮੁ ਵਿਸਾਰਿ ਭਵਜਲਿ ਪਇਆ॥ ੧॥

ਜੀਵ ਨੇ ਜਿਤਨੇ ਰਸ ਭੋਗਣਾ ਕੀਤੇ, ਤਿਤਨੇ ਹੀ ਆ ਕੇ ਦੁੱਖ ਲਗਦੇ ਹਨ, ਪ੍ਰਭੂ ਦੇ ਰਾਮ ਨਾਮ ਨੂੰ ਭੁਲਾ ਕੇ ਸੰਸਾਰ-ਸਮੁੰਦਰ ਦੇ ਵਿਚ ਹੀ ਪੈ ਗਿਆ, ਭਾਵ ਡੁਬ ਗਿਆ॥ ੧॥

ਤਨੁ ਧਨੁ ਦੇਖਤ ਗਰਬਿ ਗਇਆ॥

ਆਪਣੇ ਸੁੰਦਰ ਸਰੀਰ ਨੂੰ ਤੇ ਕੋਲ ਬਹੁਤ ਸਾਰੇ ਧਨ ਨੂੰ ਵੇਖ ਕੇ ਹੰਕਾਰ ਦੇ ਸਹਿਤ ਹੀ ਹੋ ਗਿਆ।

ਕਨਿਕ ਕਾਮਨੀ ਸਿਉ ਹੇਤੁ ਵਧਾਇਹਿ
ਕੀ ਨਾਮੁ ਵਿਸਾਰਹਿ ਭਰਮਿ ਗਇਆ॥ ੧॥ ਰਹਾਉ॥

ਕਨਿਕ=ਸੋਨੇ ਤੇ ਕਾਮਨੀ=ਇਸਤ੍ਰੀ ਨਾਲ ਹੇਤੁ=ਪ੍ਰੇਮ ਵਧਾ ਰਿਹਾ ਹੈਂ, ਕੀ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਭਰਮਾਂ ਵਿਚ ਪੈ ਗਿਆ ਹੈਂ॥ ੧॥ ਰਹਾਉ॥

ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ॥

ਏਕਾ ਨਾਰੀ ਸਦਾ ਜਤੀ ਰੂਪ ਜਤੁ, ਸਤੁ=ਸੱਚ ਬੋਲਣਾ, ਸੰਜਮੁ=ਇੰਦ੍ਰੀਆਂ ਕਾ ਦਮਨ ਕਰਨਾ, ਸੀਲ ਸੁਭਾ ਹੋਣਾ ਇਤਆਦਿਕ ਕੋਈ ਭੀ ਸ਼ੁਭ ਗੁਣਾਂ ਨੂੰ ਨਹੀਂ ਰਖਿਆ, ਹੇ ਪ੍ਰੇਤ ! ਤੂੰ ਇਸ ਸਰੀਰ ਰੂਪ ਪਿੰਜਰੇ ਵਿਚ ਕਾਸਟੁ ਭਇਆ=ਹਲਕਾਰਾ ਹੋ ਗਿਆ, ਭਾਵ ਔਂਣੇ ਜਾਣਾ ਵਾਲਾ ਹੋ ਗਿਆ।

ਅਥਵਾ:- ਕਾਮ, ਕ੍ਰੋਧ ਆਦਿਕ ਪ੍ਰੇਤਾਂ ਕਰਕੇ ਤੂੰ ਸਰੀਰ ਪਿੰਜਰੇ ਵਿਚ ਕਾਸਟੁ=ਦੁੱਖੀ ਹੋ ਗਿਆ।

ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧਸੰਗਤਿ ਬਿਨੁ ਬਾਦਿ ਜਇਆ॥ ੨॥

ਸੰਕ੍ਰਾਂਤੀ, ਪੂਰਨਮਾਸ਼ੀ, ਸੂਰਜ ਗ੍ਰਹਿਣ ਆਦਿਕ ਸਮਿਆਂ ਵਿਚ ਪੁੰਨ ਨਹੀਂ ਕੀਤਾ, ਹਮੇਸ਼ਾ ਦਾਨ ਭੀ ਨਹੀਂ ਕੀਤਾ, ਤੀਰਥਾਂ 'ਪਰ ਇਸਨਾਨ ਭੀ ਨਹੀਂ ਕੀਤਾ, ਥੋੜਾ ਖਾਣਾ, ਥੋੜਾ ਬੋਲਣਾ ਆਦਿਕ ਸੰਜਮ ਭੀ ਨਹੀਂ ਕੀਤਾ, ਸਤਸੰਗਤ ਕੀਤੇ ਤੋ ਬਿਨਾਂ ਬਾਦਿ ਜਇਆ=ਵਿਅਰਥ ਜਾਂਦਾ ਹੈ॥ ੨॥

ਲਾਲਚਿ ਲਾਗੈ ਨਾਮੁ ਬਿਸਾਰਿਓ ਆਵਤ ਜਾਵਤ ਜਨਮੁ ਗਇਆ॥

ਮਾਇਆ ਦੇ ਲਾਲਚ ਵਿਚ ਲਗ ਕੇ ਨਾਮ ਨੂੰ ਭੁਲਾ ਦਿੱਤਾ ਹੈ, ਆਉਂਦਾ ਜਾਂਦਾ ਹੈ ਤੇ ਜੰਮਦਾ ਮਰਦਾ ਹੈ।

ਜਾ ਜਮੁ ਧਾਇ ਕੇਸ ਗਹਿ ਮਾਰੈ ਸੁਰਤਿ ਨਹੀ ਮੁਖਿ ਕਾਲ ਗਇਆ॥ ੩॥

ਜਿਸ ਵੇਲੇ ਜਮ ਦੌੜ ਕੇ ਕੇਸਾਂ ਤੋਂ ਫੜ ਕੇ ਮਾਰੇਗਾ, ਤਿਸ ਵੇਲੇ ਕਾਲ ਦੇ ਮੂੰਹ ਵਿਚ ਗਿਆਂ ਹੋਇਆਂ ਤੈਨੂੰ ਸੁਰਤ ਨਹੀਂ ਰਹੇਗੀ॥ ੩॥

ਅਹਿਨਿਸਿ ਨਿੰਦਾ ਤਾਤਿ ਪਰਾਈ ਹਿਰਦੈ ਨਾਮੁ ਨ ਸਰਬ ਦਇਆ॥

ਅਹਿਨਿਸਿ=ਦਿਨ ਰਾਤ ਪ੍ਰਾਈ ਨਿੰਦਿਆ ਕਰਦਾ ਹੈਂ ਤੇ ਪ੍ਰਾਏ ਨੂੰ ਦੁੱਖ ਦੇਣ ਦੀ ਤਾਤਿ=ਇਛਾ ਕਰਦਾ ਹੈਂ, ਸਭ ਉਤੇ ਦਇਆ ਕਰਨ ਵਾਲੇ ਪ੍ਰਭੂ ਦਾ ਨਾਮ ਤੇਰੇ ਹਿਰਦੇ ਵਿਚ ਨਹੀਂ ਹੈ।

ਅਥਵਾ:- ਨਾ ਹਿਰਦੇ ਵਿਚ ਨਾਮ ਹੈ, ਨਾ ਹੀ ਤੂੰ ਸਾਰਿਆਂ ਉਤੇ ਦਇਆ ਕਰਦਾ ਹੈਂ।

ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ ਰਾਮਨਾਮ ਬਿਨੁ ਨਰਕਿ ਗਇਆ॥੪॥

www.sikhbookclub.com

ਗੁਰ ਉਪਦੇਸ਼ ਤੋਂ ਬਿਨਾਂ ਪਤਿ=ਪਤੀ ਪਰਮਾਤਮਾ ਦੀ,

ਵਾ:- ਪਤਿ=ਪਤਿਸ਼ਟਾ ਦੀ ਗਤਿ=ਪ੍ਰਾਪਤੀ ਨੂੰ ਨਹੀਂ ਪਾਏਂਗਾ, ਰਾਮ ਨਾਮ ਤੋਂ ਬਿਨਾਂ ਆਪਣੇ ਆਪ ਨੂੰ ਨਰਕਾਂ ਵਿਚ ਗਿਆ ਹੀ ਸਮਝ॥ ੪॥

ਖਿਨ ਮਹਿ ਵੇਸ ਕਰਹਿ ਨਟੂਆ ਜਿਉ ਮੋਹ ਪਾਪ ਮਹਿ ਗਲਤੁ ਗਇਆ॥

ਨਟ ਵਾਂਗੂ ਇਕ ਖਿਨ ਵਿਚ ਕਈ ਤਰ੍ਹਾਂ ਦੇ ਨਵੇਂ-ਨਵੇਂ ਲਿਬਾਸ ਧਾਰਨ ਕਰਦਾ ਹੈਂ, ਪਰਵਾਰ ਦੇ ਮੋਹ ਕਰਕੇ ਤੂੰ ਪਾਪ ਕਰਮਾਂ ਦੇ ਵਿਚ ਹੀ ਗਲਤੁ=ਗਲਤਾਨ ਹੋ ਗਿਆ ਹੈਂ?

ਅਥਵਾ:- ਪਾਪ ਕਰਮਾਂ ਦੇ ਵਿਚ ਹੀ ਗਲ ਗਿਆ ਹੈਂ।

ਇਤ ਉਤ ਮਾਇਆ ਦੇਖਿ ਪਸਾਰੀ ਮੋਹ ਮਾਇਆ ਕੈ ਮਗਨੁ ਭਇਆ॥ ੫॥

ਇਧਰ ਉਧਰ ਮਾਇਆ ਪਸਰੀ ਹੋਈ ਵੇਖ ਕੇ ਤੂੰ ਮਾਇਆ ਦੇ ਮੋਹ ਵਿਚ ਹੀ ਮਗਨੁ=ਮਸਤ ਹੋ ਗਿਆ ਹੈਂ।

ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ॥

ਘਨੇਰੇ=ਬਹੁਤੇ ਵਿਸਤਾਰਾਂ ਨਾਲ਼ ਵਿਕਾਰਾਂ ਨੂੰ ਕਰਦਾ ਹੈਂ, ਗੁਰ ਸ਼ਬਦ ਵਿਚ ਸੁਰਤਿ=ਸਰੇਸ਼ਟ ਪ੍ਰੀਤੀ ਕੀਤੇ ਬਿਨਾਂ, ਅਥਵਾ:- ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਸਬਦ=ਬ੍ਰਹਮ ਹੈ, ਉਸ ਦੇ ਨਾਮ ਸਿਮਰਨ ਤੋਂ ਬਿਨਾਂ ਤੂੰ ਭਰਮਾਂ ਵਿਚ ਪੈ ਰਿਹਾ ਹੈਂ।

ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ॥ ੬॥

ਮਹਾ=ਬੜਾ ਦੁਖਦਾਈ ਹਉਮੈ ਰੂਪੀ ਰੋਗ ਤੈਨੂੰ ਲੱਗ ਰਿਹਾ ਹੈ, ਗੁਰ ਸਿਖਿਆ ਨੂੰ ਲੈਣਾ ਕਰ ਅਤੇ ਹਉਮੈ ਰੂਪੀ ਰੋਗ ਨੂੰ ਗਿਆ ਹੀ ਸਮਝ॥ ੬॥

ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ॥

ਸਾਕਤ ਪੁਰਸ਼ ਜਿਸ ਵੇਲੇ ਸੁਖਦਾਈ ਸੰਪਦਾ ਨੂੰ ਆਉਂਦਾ ਵੇਖਦਾ ਹੈ ਤਾਂ ਬੜਾ ਸੁਖੀ ਹੁੰਦਾ ਹੈ ਅਤੇ ਮਨ ਵਿਚ ਹੰਕਾਰ ਹੋ ਜਾਂਦਾ ਹੈ।

ਜਿਸ ਕਾ ਇਹੁ ਤਨੁ ਧਨੁ
ਸੋ ਫਿਰਿ ਲੇਵੈ ਅੰਤਰਿ ਸਹਸਾ ਦੂਖੁ ਪਇਆ॥ ੭॥

ਜਿਸ ਪ੍ਰਭੂ ਦਾ ਇਹ ਤਨ, ਧਨ ਦਿੱਤਾ ਹੋਇਆ ਹੈ, ਜੇ ਫਿਰ ਉਹ ਖੋਹ ਲਵੇ ਤਾਂ ਇਸ ਦੇ ਹਿਰਦੇ ਅੰਦਰ ਦੁਖਦਾਈ ਸੰਸਾ ਪਿਆ ਰਹਿੰਦਾ ਹੈ॥ ੭॥

ਅੰਤਿ ਕਾਲਿ ਕਿਛੁ ਸਾਥਿ ਨ ਚਾਲੈ ਜੋ ਦੀਸੈ ਸਭੁ ਤਿਸਹਿ ਮਇਆ॥

ਪ੍ਰਾਣਾਂ ਦੇ ਵਿਜੋਗ ਸਮੇਂ ਕੁਝ ਭੀ ਜੀਵ ਦੇ ਨਾਲ ਚਲਦਾ ਨਹੀਂ ਹੈ, ਜੋ ਕੁਝ ਭੀ ਦਿੱਸ ਰਿਹਾ ਹੈ ਇਹ ਸਭ ਉਸ ਪ੍ਰਭੂ ਦੀ ਮਇਆ=ਕਿਰਪਾ ਦ੍ਰਿਸ਼ਟੀ ਹੈ।

ਅਥਵਾ:- ਇਹ ਸਭ ਉਸ ਦਾ ਮਇਆ=ਮਾਇਆ ਰਚਤ ਪਦਾਰਥ ਹਨ।

ਆਦਿ. ਪੁਰਖੁ ਅਪਰੰਪਰੁ ਸੋ ਪ੍ਰਭੁ ਹਰਿ ਨਾਮੁ ਰਿਦੈ ਲੈ ਪਾਰਿ ਪਇਆ ॥ ੮ ॥

ਉਹ ਪ੍ਰਭੂ ਸਭ ਪੁਰਖਾਂ ਦੀ ਆਦ ਹੈ ਤੇ ਅਪਰੰਪਰੁ=ਸੰਸਾਰ ਤੋਂ ਪਰਾ ਰੂਪ ਹੈ ਗੁਰਮੁਖ ਜਨ ਹਿਰਦੇ ਵਿਚ ਉਸ ਹਰੀ ਦੇ ਨਾਮ ਨੂੰ ਲੈ ਕੇ ਸੰਸਾਰ ਸਮੁੰਦਰ ਤੋਂ ਪਾਰ ਪਿਆ ਹੈ॥ ੮ ॥

ਮੂਏ ਕਉ ਰੋਵਹਿ ਕਿਸਹਿ ਸੁਣਾਵਹਿ
ਭੈ ਸਾਗਰ ਅਸਰਾਲਿ ਪਇਆ ॥

ਮੋਏ ਹੋਏ ਪ੍ਰਾਣੀ ਨੂੰ ਜੋ ਰੋਂਦੇ ਹਨ, ਉਹ ਕਿਸ ਨੂੰ ਸੁਣਾਂਵਦੇ ਹਨ, ਭਾਵ ਜਿਉਂਦਿਆਂ ਨੂੰ ਸੁਣਾਉਂਦੇ ਹਨ, ਮਰਨ ਵਾਲੇ ਦਾ ਪਤਾ ਹੀ ਨਹੀਂ ਜੋ ਕਰਮਾਂ ਅਨੁਸਾਰ ਕਿਥੇ ਗਿਆ ਹੈ। ਉਹ ਤਾਂ ਭੈ ਦਾਇਕ ਅਸਰਾਲਿ=ਭਿਆਨਕ ਸੰਸਾਰ ਸਮੁੰਦਰ ਵਿਚ ਪੈ ਗਿਆ ਹੈ।

ਅਥਵਾ:- ਭੈ ਦਾਇਕ ਸਾਗਰ ਵਿਚ ਅਸਰਾਲਿ=ਅਜਗਰ ਸੱਪ ਜੂਨੀ ਵਿਚ ਪੈ ਗਿਆ ਹੈ।

[ਪੰਨਾ ੯੦੭]

ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥ ੯ ॥

ਹੇ ਸਾਕਤ ! ਕੁਟੰਬ ਨੂੰ, ਮਾਇਆ ਨੂੰ, ਘਰ ਅਤੇ ਮੰਦਰ ਆਦਿਕ ਪਦਾਰਥਾਂ ਨੂੰ ਵੇਖ ਕੇ ਤੂੰ ਪਰਾਲਿ=ਖਾਲੀ ਜੰਜਾਲਾਂ ਵਿਚ ਫਸਿਆ ਪਿਆ ਹੈਂ॥ ੯ ॥

ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ ॥

ਜਾ ਤਿਨਹਿ ਪਠਾਏ=ਜਾਂ ਉਸ ਪਰਮੇਸ਼ਰ ਨੇ ਭੇਜਿਆ ਤਾਂ ਜੀਵ ਸੰਸਾਰ ਵਿਚ ਆਏ, ਜਿਸ ਵੇਲੇ ਉਸ ਪਰਮੇਸ਼ਰ ਨੇ ਬੁਲਾ ਲਿਆ ਤਾਂ ਸੰਸਾਰ ਤੋਂ ਚਲ ਪਏ।

ਜੋ ਕਿਛੁ ਕਰਣਾ ਸੋ ਕਰਿ ਰਹਿਆ ਬਖਸਣਹਾਰੈ ਬਖਸਿ ਲਇਆ ॥ ੧੦ ॥

ਜੋ ਕੁਝ ਉਸ ਪ੍ਰਭੂ ਨੇ ਕਰਨਾ ਹੈ, ਉਹ ਤਾਂ ਆਪਣੇ ਆਪ ਕਰ ਹੀ ਰਿਹਾ ਹੈ, ਬਖਸ਼ਣਹਾਰ ਪ੍ਰਭੂ ਨੇ ਆਪਣਿਆਂ ਸੇਵਕਾਂ ਨੂੰ ਬਖਸ਼ ਲੈਣਾ ਕੀਤਾ ਹੈ॥ ੧੦ ॥

ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥

ਰਾਮ ਜੋ ਰਸਾਂ ਦਾ ਘਰ ਹੈ, ਉਸ ਰਾਮ ਨਾਮ ਰੂਪੀ ਰਸ ਨੂੰ ਜਿਨ੍ਹਾਂ ਨੇ ਚਖਿਆ ਹੈ, ਉਹਨਾਂ ਸੰਤਾਂ ਦੀ ਸੰਗਤ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਦਾ ਖੋਜੁ=ਰਸਤਾ ਪ੍ਰਾਪਤ ਹੋਇਆ ਹੈ।

ਅਥਵਾ:- ਮੈਂ ਪਰਮੇਸ਼ਰ ਦੀ ਖੋਜ ਵਿਚ ਪਿਆ ਹਾਂ।

ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ
ਮੁਕਤਿ ਪਦਾਰਥੁ ਸਰਣਿ ਪਇਆ ॥ ੧੧ ॥

ਜਦ ਗੁਰਾਂ ਪਾਸੋਂ ਗਿਆਨ ਪਾਇਆ ਤਾਂ ਰਿਧੀ, ਸਿਧੀ, ਆਤਮ ਵਿਛੋਹੀ ਬੁੱਧੀ ਅਤੇ ਮੁਕਤੀ ਆਦਿਕ ਪਦਾਰਥ ਸਭ ਸ਼ਰਨ ਵਿਚ ਆ ਕੇ ਪੈ ਗਏ।

ਅਥਵਾ:- ਜਿਸ ਵੇਲੇ ਗੁਰਾਂ ਦੀ ਸ਼ਰਨ ਵਿਚ ਪਿਆ ਤਾਂ ਰਿਧੀ, ਸਿਧੀ, ਬੁੱਧੀ, ਸਹਿਤ ਗਿਆਨ ਪਦਾਰਥ

ਨੂੰ ਅਤੇ ਮੁਕਤੀ ਨੂੰ ਪਾ ਲੈਣਾ ਕੀਤਾ ॥ ੧੧ ॥

ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ ॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਦੁੱਖ, ਸੁਖ ਨੂੰ ਸਮ ਕਰਕੇ ਜਾਣਿਆ ਹੈ, ਉਹ ਹਰਖ, ਸੋਗ ਤੋਂ ਬਿਰਕਤੁ=ਰਹਿਤ ਹੋਇਆ ਹੈ।

ਆਪੁ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ ॥੧੨ ॥੭ ॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਆਪਾ ਭਾ ਹੰਕਾਰ ਨੂੰ ਮਾਰ ਕੇ ਹਰੀ ਨਾਮ ਨੂੰ ਪਾਇਆ ਹੈ, ਗੁਰੂ ਜੀ ਕਥਨ ਕਰਦੇ ਹਨ— ਉਸ ਨੂੰ ਸੁਭਾਵਕ ਹੀ ਹਰੀ ਨੇ ਆਪਣੇ ਵਿਚ ਸਮਾਇ ਲਇਆ=ਅਭੇਦ ਕਰ ਲੀਤਾ ਹੈ॥ ੧੨ ॥ ੭ ॥

ਰਾਮਕਲੀ ਦਖਣੀ ਮਹਲਾ ੧ ॥

ਕਿਸੀ ਜੋਗੀ ਨੇ ਆ ਕੇ ਕਿਹਾ, ਆਪ ਜੀ ਦੇ ਗੁਰੂ ਕੈਸੇ ਹਨ? *ਗੁਰ ਉੱਤਰ-*

ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥

ਮੇਰਾ ਗੁਰੂ ਦਿਆਲੂ ਸੁਭਾਅ ਵਾਲਾ ਹੈ ਅਤੇ ਸਦਾ ਹੀ ਆਨੰਦ ਵਿਚ ਲੀਣ ਰਹਿੰਦਾ ਹੈ।

ਅਹਿਨਿਸਿ ਰਹੈ ਏਕ ਲਿਵਲਾਗੀ ਸਾਚੇ ਦੇਖਿ ਪਤੀਣਾ ॥ ੧ ॥ ਰਹਾਉ ॥

ਮੇਰੇ ਗੁਰੂ ਦੀ ਦਿਨ ਰਾਤ ਇਕ ਅਕਾਲ ਪੁਰਖ ਵਿਚ ਬਿਰਤੀ ਲਗੀ ਰਹਿੰਦੀ ਹੈ, ਪਤੀਣਾ=ਭਰੋਸੇ ਦੇ ਸਹਿਤ ਸੱਚੇ ਬ੍ਰਹਮ ਨੂੰ ਦੇਖਣਾ ਕੀਤਾ ਹੈ॥ ੧ ॥ ਰਹਾਉ ॥

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ ॥ ੧ ॥

ਮੇਰੇ ਗੁਰਾਂ ਨੇ ਮੈਨੂੰ ਜਤੁ, ਸਤ, ਸੰਜਮ ਆਦਿਕ ਸਾਧਨ ਕਰਨੇ ਅਤੇ ਸੱਚ ਬੋਲਣਾ ਦ੍ਰਿੜ੍ਹ ਕਰਵਾਇਆ ਹੈ ਤੇ ਮੇਰੇ ਗੁਰੂ ਆਪ ਸੱਚੇ ਸਬਦਿ=ਬ੍ਰਹਮ ਰਸ ਵਿਚ ਲੀਣ ਰਹਿੰਦੇ ਹਨ॥ ੧ ॥

ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥

ਦਿਆਲੂ ਸੁਭਾਅ ਵਾਲਾ ਮੇਰਾ ਗੁਰੂ ਸਦਾ ਹੀ ਆਤਮਿਕ ਅਨੰਦ ਵਿਚ ਲੀਣ ਰਹਿੰਦਾ ਹੈ।

ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ ॥ ੧ ॥ ਰਹਾਉ ॥

ਮੇਰੇ ਗੁਰੂ ਦੀ ਦਿਨ ਰਾਤ ਇਕ ਅਦੁੱਤੀ ਬ੍ਰਹਮ ਵਿਚ ਬਿਰਤੀ ਲਗੀ ਰਹਿੰਦੀ ਹੈ ਤੇ ਪਤੀਣਾ=ਭਰੋਸੇ ਕਰਕੇ ਸੱਚੇ ਬ੍ਰਹਮ ਨੂੰ ਦੇਖ ਲਿਆ ਹੈ॥ ੧ ॥ ਰਹਾਉ ॥

ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ ॥ ੨ ॥

ਅਨਹਤ=ਇਕ ਰਸ ਗੁਰ ਉਪਦੇਸ਼ ਵਿਚ ਰੰਗੇ ਜਾਣ ਕਰਕੇ ਸਮਦ੍ਰਿਸ਼ਟੀ ਸਹਿਤ ਹੋ ਕੇ ਪੂਰਨ ਚੇਤਨ ਵਿਚ ਰਹਿੰਦੇ ਹਾਂ। *ਅਥਵਾ:-* ਮੇਰੇ ਗੁਰੂ ਪੂਰਨ ਚੇਤਨ ਵਿਚ ਰਹਿੰਦੇ ਹਨ ਤੇ ਜਿਨ੍ਹਾਂ ਦੀ ਦ੍ਰਿਸ਼ਟੀ ਸਮਸਰਿ=ਇਕ ਸਮਾਨ ਹੈ ਤੇ ਇਕ ਰਸ ਸਬਦਿ=ਬ੍ਰਹਮ ਵਿਚ ਰੰਗੀ ਹੋਈ॥ ੨ ॥

ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ ॥ ੩ ॥

ਸੱਚ ਬੋਲਣ ਰੂਪ, ਕੁਪੀਨ=ਲੰਗੋਟੀ ਬੱਧੀ ਹੋਈ ਹੈ, ਸਾਰੇ ਭਰਪੂਰ ਜੋ ਪ੍ਰਭੂ ਹੈ ਉਸ ਵਿਚ ਜਿਨ੍ਹਾਂ ਦੀ ਬਿਰਤੀ ਲੀਣ ਹੈ, *ਅਥਵਾ:-* ਜੋ ਸੱਚਾ ਸਾਰੇ ਭਰਪੂਰ ਹੈ ਉਸ ਵਿਚ ਲੀਣ ਹੋਣ ਰੂਪ ਜਿਨ੍ਹਾਂ ਨੇ ਕੁਪੀਨ=ਲੰਗੋਟੀ ਬੱਧੀ ਹੋਈ ਹੈ ਤੇ ਜਿਹਵਾ ਭੀ ਨਾਮ ਰੰਗ ਵਿਚ ਰਸੀਣਾ=ਰਸੀ ਹੋਈ ਹੈ॥ ੩॥

ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ॥ ੪॥

ਸਾਨੂੰ ਅਜੇਹੇ ਸੱਚੇ ਗੁਰੂ ਮਿਲੇ ਹਨ, ਜਿਨ੍ਹਾਂ ਨੇ ਪੰਜਾਂ ਤੱਤਾਂ ਨੂੰ ਰਚ ਕੇ ਸਾਰੀ ਸ੍ਰਿਸ਼ਟੀ ਨੂੰ ਰਚਿਆ ਹੈ, ਆਪ ਜੀ ਨੂੰ ਕਿਵੇਂ ਪ੍ਰਤੀਤ ਹੋਇਆ ਹੈ ਕਿ ਪਰਮੇਸ਼ਰ ਹੀ ਮੇਰੇ ਗੁਰੂ ਹਨ?

ਉੱਤਰ:- ਉਸ ਦੇ ਸਮਰਥਤਾ ਰੂਪ ਕਿਰਤ ਨੂੰ ਵਿਚਾਰ ਕੇ ਮੇਰਾ ਮਨ ਭਰੋਸੇ ਵਾਲਾ ਹੋਇਆ ਹੈ।

*ਕਿ- **ਹਰਨ ਭਰਨ ਜਾ ਕਾ ਨੇਤ੍ਰ ਫੋਰ॥***

ਤਥਾ:- ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ (ਪੰਨਾ ੧੪੪)

ਅਥਵਾ:- ਗੁਰਾਂ ਦੁਆਰੇ ਉਹ ਸੱਚਾ ਪ੍ਰਭੂ ਮਿਲਿਆ ਹੈ ਜਿਸ ਨੇ ਪੰਜਾਂ ਤੱਤਾਂ ਨੂੰ ਰਚਕੇ ਸੰਸਾਰ ਨੂੰ ਰਚਿਆ ਹੈ ਤੇ ਦੁੱਖ, ਸੁਖ ਨੂੰ ਆਪਣੇ ਕਿਰਤੁ=ਕਰਮਾਂ ਅਨੁਸਾਰ ਵਿਚਾਰ ਕੇ ਪਤੀਣਾ=ਭਰੋਸੇ ਵਾਲੇ ਹੋਏ ਹਾਂ॥ ੪॥

ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ॥ ੫॥

ਇਕ ਪਰਮੇਸ਼ਰ ਵਿਚ ਸਾਰਾ ਪ੍ਰਪੰਚ ਹੈ ਤੇ ਸਾਰੇ ਪਰਪੰਚ ਵਿਚ ਇਕ ਪ੍ਰਭੂ ਵਿਆਪਕ ਹੈ, ਏਹ ਦੇਖਿ=ਦ੍ਰਿਸ਼ਟੀ ਆਪ ਸਤਿਗੁਰਾਂ ਨੇ ਵਿਖਾਈ ਹੈ॥ ੫॥

ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ॥ ੬॥

ਜਿਸ ਪ੍ਰਭੂ ਨੇ ਨੌ ਖੰਡ, ਮੰਡਲ, ਚਾਰ ਸੌ ਕੋਹਾਂ ਦਾ ਅਤੇ ਸਾਰਾ ਬ੍ਰਹਮੰਡ ਕੀਤਾ ਹੈ, ਉਹ ਪ੍ਰਭੂ ਗੁਰਾਂ ਤੋਂ ਬਿਨਾਂ ਆਪਣੇ ਆਪ ਲਖਨੁ ਨ ਜਾਈ=ਜਾਣਿਆ ਨਹੀਂ ਜਾਂਦਾ॥ ੬॥

ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ॥ ੭॥

ਇਕ ਦੀਪਕ ਤੋਂ ਦੂਜਾ ਦੀਪਕ ਪ੍ਰਕਾਸ਼ਿਆ, ਭਾਵ ਗੁਰਾਂ ਦੀ ਸੇਵਾ ਕਰਕੇ ਸਿੱਖ ਵੀ ਗਿਆਨੀ ਹੋ ਗਿਆ, *ਅਥਵਾ:-* ਗੁਰਾਂ ਦੇ ਉਪਦੇਸ਼ ਰੂਪ ਦੀਪਕ ਤੋਂ ਗਿਆਨ ਰੂਪ ਦੀਪਕ ਪ੍ਰਕਾਸ਼ਿਆ, ਤਾਂ ਉਸ ਗਿਆਨ ਨੇ ਤਿੰਨਾਂ ਭਵਨਾਂ ਵਿਚ ਬ੍ਰਹਮ ਦੀ ਜੋਤਿ=ਸੱਤਾ ਵਿਖਾਣਾ ਕੀਤੀ॥ ੭॥

ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ॥ ੮॥

ਜਦ ਸਚ=ਨਿਸਚੇ ਕਰਕੇ ਮਹਲੀ=ਜਗਿਆਸੂ ਸਤਸੰਗ ਰੂਪ ਸੱਚੇ ਤਖਤ 'ਪਰ ਬੈਠੇ ਤਾਂ ਨਿਰਭਉ ਪ੍ਰਭੂ ਦੇ ਨਾਮ ਜਪਣ ਵਿਚ ਤਾੜੀ=ਬਿਰਤੀ ਲਗਾਈ। ਫੇਰ ਮਹਲੀ=ਜਗਿਆਸੂ, ਸਚ=ਨਿਸਚੇ ਕਰਕੇ ਅੰਤ੍ਰ ਮੁਖ ਬਿਰਤੀ ਕਰਨੇ ਰੂਪ ਸੱਚੇ ਤਖਤ 'ਪਰ ਬੈਠੇ ਤਾਂ ਨਿਰਭਉ ਪ੍ਰਭੂ ਦੇ ਧਿਆਨ ਵਿਚ ਤਾੜੀ=ਸਮਾਧੀ ਲਗਾਈ। ਉਹ ਜਗਿਆਸੂ ਫਿਰ ਸਚ=ਨਿਸਚੇ ਕਰਕੇ ਸਰੂਪ ਰੂਪੀ ਸੱਚੇ ਤਖਤ 'ਪਰ ਬੈਠੇ ਸਰੂਪ ਵਿਚ ਬੈਠ ਕੇ ਇਹ ਨਿਸਚੇ ਕੀਤਾ ਕਿ ਨਿਰਭਉ ਪ੍ਰਭੂ ਵਿਚ ਸਭਨਾਂ ਨੇ ਤਾੜੀ=ਬਿਰਤੀ ਲਗਾਈ ਹੋਈ ਹੈ ਤੇ ਉਹ ਸੱਚਾ ਮਹਲੀ ਪਰਮਾਤਮਾ ਸੰਸਾਰ ਰੂਪ ਸੱਚੇ ਤਖਤ 'ਪਰ ਬੈਠਾ ਹੋਇਆ ਹੈ॥ ੮॥

www.sikhbookclub.com

ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ॥ ੯ ॥

ਸਾਰਿਆਂ ਘਟਾਂ-ਘਟਾਂ ਵਿਚ ਚੇਤਨ ਸੱਤਾ ਨਿਸਚੇ ਕਰਨੇ ਰੂਪ ਜਿਸ ਨੇ ਕਿੰਗ ਵਜਾਈ ਹੈ, ਉਸ ਵੈਰਾਗੀ ਜੋਗੀ ਦੇ ਹਿਰਦੇ ਵਿਚੋਂ ਪਦਾਰਥਾਂ ਦਾ ਮੋਹ ਚਲਾ ਗਿਆ ਹੈ। *ਅਥਵਾ:-* ਜਿਸ ਬੈਰਾਗੀ ਜੋਗੀ ਦੇ ਘਟ ਵਿਚੋਂ ਮੋਹ ਚਲਾ ਗਿਆ ਹੈ, ਉਸ ਨੇ ਬਾਹਜ਼ ਕਿੰਗ ਘੱਟ ਹੀ ਵਜਾਉਂਣਾ ਕੀਤੀ ਹੈ॥ ੯ ॥

ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ॥ ੧੦ ॥ ੮ ॥

ਗੁਰੂ ਜੀ ਕਥਨ ਕਰਦੇ ਹਨ—ਜੋ ਪ੍ਰਭੂ ਦੀ ਸ਼ਰਣ ਵਿਚ ਆਏ ਹਨ, ਉਹ ਛੁਟ ਗਏ ਹਨ, ਸੱਚੇ ਸਤਿਗੁਰੂ ਹੀ ਜੀਵ ਦੀ ਸਹਾਇਤਾ ਕਰਨ ਵਾਲੇ ਹਨ॥ ੧੦॥ ੮ ॥

ਰਾਮਕਲੀ ਮਹਲਾ ੧ ॥

ਪਰਮੇਸ਼ਰ ਨੇ ਆਪਣਾ ਘਰ ਕਿਥੇ ਬਣਾਇਆ ਹੋਇਆ ਹੈ? *ਗੁਰ ਉੱਤਰ:-*

ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ॥ ੧ ॥

ਜਿਸ ਪਰਮਾਤਮਾ ਨੇ ਧਰਤੀ ਤੇ ਅਕਾਸ਼ ਵਿਚ ਆਪਣੀ ਕਲ=ਸ਼ਕਤੀ ਧਾਰੀ ਹੋਈ ਹੈ,

ਅਥਵਾ:- ਆਪਣੀ ਸ਼ਕਤੀ ਨਾਲ ਜਿਸ ਨੇ ਧਰਤੀ ਨੂੰ ਕਲੀਚਾ ਬਣਾਇਆ ਤੇ ਅਕਾਸ਼ ਨੂੰ ਚੰਦੋਆ ਧਾਰਿਆ ਹੈ, ਉਸ ਪਰਮੇਸ਼ਰ ਨੇ ਅਉ=ਬਹੁੜੋ, ਹਠਿ=ਹਿਰਦੇ ਰੂਪ ਮੜੀ ਵਿਚ ਆਪਣਾ ਘਰ ਛਾਇਆ= ਬਣਾਇਆ ਹੋਇਆ ਹਸਤ=ਹੈ।

ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ॥ ੧ ॥ ਰਹਾਉ ॥

ਹੇ ਸੰਤੋ ! ਮੁਖੀ ਗੁਰਾਂ ਨੇ ਉਸ ਪ੍ਰਭੂ ਦੀ ਪ੍ਰਾਪਤੀ ਦਾ ਸ਼ਬਦ ਦੇ ਕੇ ਕਿਤਨੀ ਹੀ ਦੁਨੀਆਂ ਤਾਰੀ ਹੈ॥ ੧ ॥ ਰਹਾਉ ॥

ਮਮਤਾ ਮਾਰਿ ਹਉਮੈ ਸੋਖੈ ਤ੍ਰਿਭਵਣਿ ਜੋਤਿ ਤੁਮਾਰੀ॥ ੨ ॥

ਜਿਸ ਨੇ ਮਮਤਾ ਨੂੰ ਮਾਰਿਆ ਹੈ ਤੇ ਹਉਮੈ ਨੂੰ ਸੋਖੇ=ਸੁਕਾਅ ਦਿੱਤਾ, ਭਾਵ ਨਾਸ ਕਰ ਦਿੱਤਾ ਹੈ, ਉਸ ਨੇ ਤਿੰਨਾ ਭਵਨਾਂ ਵਿਚ ਤਿਸ ਜੋਤੀ ਦੀ ਜੋਤ ਨੂੰ ਨਿਸਚੇ ਕੀਤਾ ਹੈ॥ ੨ ॥

ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ॥ ੩ ॥

ਜਿਸ ਨੇ ਸਤਿਗੁਰਾਂ ਦੇ ਸ਼ਬਦ ਨੂੰ ਵਿਚਾਰਿਆ ਹੈ ਉਸ ਨੇ ਮਨਸਾ=ਵਾਸ਼ਨਾ ਨੂੰ ਮਨ ਵਿਚ ਮਾਰ ਰਖਿਆ ਹੈ। *ਅਥਵਾ:-* ਉਸ ਨੇ ਵਾਸ਼ਨਾ ਨੂੰ ਮਾਰਿਆ ਹੈ ਅਤੇ ਮਨ ਨੂੰ ਸਰੀਰ ਅੰਦਰ ਕਾਬੂ ਕਰਕੇ ਰਖਿਆ ਹੈ॥ ੩ ॥

ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ॥ ੪ ॥

ਸੁਰਤ ਪੂਰਬਕ ਘਟਾਂ-ਘਟਾਂ ਵਿਚ ਜੋ ਤਿਸ ਜੋਤੀ ਦੀ ਜੋਤ ਨੂੰ ਨਿਸਚੇ ਕੀਤਾ ਹੈ ਏਹੋ ਅਨਾਹਦਿ=ਇਕ ਰਸ ਸਿੰਙੀ ਵਜ ਰਹੀ ਹੈ।

ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ॥ ੫ ॥

ਸਾਰਾ ਪਰਪੰਚ=ਸੰਸਾਰ ਜਿਸ ਦੀ ਬੇਣੁ=ਬਨਾਵਟ ਹੈ, ਉਸ ਵਿਚ ਮਨ ਨੂੰ ਰੱਖਣਾ ਕੀਤਾ. *ਅਥਵਾ:-*ਬੇਣ

ਆਦਕ ਪੰਜ ਵਾਜਿਆਂ ਤੋਂ ਪਰੇ ਜੋ ਪਰਮੇਸ਼ਰ ਹੈ, ਉਸ ਵਿਚ ਮਨ ਨੂੰ ਰੱਖਣਾ ਕੀਤਾ, *ਅਥਵਾ:-* ਪਰ=ਭਲੀ ਪ੍ਰਕਾਰ ਪੰਚ=ਸਰੇਸ਼ਟ ਮਹਾਤਮਾ ਦਾ ਜੋ ਉਪਦੇਸ਼ ਰੂਪ ਵਾਜਾ ਹੈ, ਉਸ ਵਿਚ ਮਨ ਨੂੰ ਰੱਖਣਾ ਕੀਤਾ ਤਾਂ ਪਰ=ਭਲੀ ਪ੍ਰਕਾਰ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਜਾਰੀ=ਪ੍ਰਜੁਲਤ ਕੀਤੀ॥ ੫॥

ਪੰਚ ਤਤੁ ਮਿਲਿ ਅਹਿਨਿਸਿ ਦੀਪਕੁ ਨਿਰਮਲ ਜੋਤਿ ਅਪਾਰੀ॥ ੬॥

ਤੱਤ ਮਿਥਿਆ ਦੇ ਵਵੇਚਨ ਕਰਨ ਵਾਲੇ ਪੰਚ=ਸਰੇਸ਼ਟ ਮਹਾਤਮਾ ਨਾਲ ਮਿਲਿਆ ਤਾਂ ਦਿਨ ਰਾਤ ਗਿਆਨ ਰੂਪ ਦੀਵਾ ਪ੍ਰਕਾਸ਼ਿਆ, *ਅਥਵਾ:-* ਤਤੁ=ਸੋ ਪੰਜ ਸਤ, ਸੰਤੋਖ ਆਦਿਕ ਸ਼ੁਭ ਗੁਣਾਂ ਨਾਲ ਮਿਲਿਆ, *ਵਾ:-* ਪੰਜਾਂ ਤੱਤਾਂ ਦੀ ਰਹਿਣੀ ਨਾਲ ਮਿਲਿਆ ਤਾਂ ਦਿਨ ਰਾਤ ਗਿਆਨ ਰੂਪ ਦੀਵਾ ਪ੍ਰਕਾਸ਼ਿਆ, ਗਿਆਨ ਦੇ ਪ੍ਰਕਾਸ਼ ਕਰਕੇ ਅਪਾਰ ਨਿਰਮਲ ਜੋਤੀ ਨੂੰ ਸਾਰੇ ਨਿਸਚੇ ਕੀਤਾ॥ ੬॥

ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ॥ ੭॥

ਸਮਸਟੀ ਅਰਥ ਮੇਂ:- ਸੂਰਜ, ਚੰਦ੍ਰਮਾਂ ਇਹ ਦੋ ਲਉਕੇ=ਤੁੰਬੇ ਹਨ, ਇਹ ਤਨੁ=ਇਹ ਸਾਰਾ ਵੈਰਾਟ ਹੀ ਕਿੰਗ ਹੈ, ਜੀਵਾਂ ਦਾ ਜੋ ਨਿਰਾਰੀ=ਵਖੋ ਵਖਰਾ ਸ਼ਬਦ ਹੋ ਰਿਹਾ ਹੈ, ਏਹ ਉਸ ਦੀ ਧੁਨ ਦਾ ਵਜਣਾ ਹੈ।

ਵਿਅਸਟੀ ਅਰਥ ਮੇਂ:- ਰਵਿ, ਸਸਿ=ਸੱਜਾ, ਖੱਬਾ ਨੇਤ੍ਰ ਇਹ ਦੋ ਤੁੰਬੇ ਹਨ, ਇਹ ਸਥੂਲ ਸਰੀਰ ਕਿੰਗ ਹੈ, ਜੋ ਜੀਵਾਂ ਦਾ ਨਿਰਾਲਾ ਸ਼ਬਦ ਹੋ ਰਿਹਾ ਹੈ, ਕਿਉਂਕਿ ਦਸਤਾਰ, ਗੁਫਤਾਰ ਸਭ ਦੀ ਭਿੰਨ-ਭਿੰਨ ਹੈ, ਇਹੋ ਉਸ ਕਿੰਗ ਦਾ ਵਜਣਾ ਹੈ।

ਅਥਵਾ:- ਰਵਿ ਸਸਿ=ਇੜਾ, ਪਿੰਗਲਾ ਇਹ ਦੋ ਤੁੰਬੇ ਹਨ ਇਸ ਤਨ ਨੂੰ ਕ੍ਰਿਸ ਕਰਨਾ ਏਹ ਕਿੰਗ ਹੈ, ਦਸਮ ਦੁਆਰ ਦਾ ਜੋ ਨਿਰਾਲਾ ਸ਼ਬਦ ਹੈ, ਏਹੋ ਉਸ ਕਿੰਗ ਦਾ ਵਜਣਾ ਹੈ।

ਅਥਵਾ:- ਰਵਿ ਸਸਿ=ਗਿਆਨ, ਵੈਰਾਗ ਰੂਪੀ ਦੋ ਲਉਕੇ=ਤੁੰਬੇ ਹਨ, ਇਸ ਤਨ ਨੂੰ ਸੇਵਾ ਵਿਚ ਸਿਮਰਨ ਵਿਚ ਸਾਵਧਾਨ ਕਰਨਾ, *ਵਾ:-* ਦੇਹ ਅਧਿਆਸ ਤੋਂ ਰਹਿਤ ਕਰਨਾ ਇਹ ਕਿੰਗ ਹੈ, 'ਅਹੰ ਬ੍ਰਹਮਸਮੀ' ਰੂਪ ਜੋ ਨਿਰਾਲਾ ਸ਼ਬਦ ਹੈ ਤੇ ਏਹੋ ਉਸ ਕਿੰਗ ਦੀ ਧੁਨ ਵਜ ਰਹੀ ਹੈ॥ ੭॥

ਸਿਵ ਨਗਰੀ ਮਹਿ ਆਸਣੁ ਅਉਧੂ ਅਲਖੁ ਅਗੰਮੁ ਅਪਾਰੀ॥ ੮॥

ਹੇ ਅਉਧੂ=ਸ਼ੁਧ ਜੋਗੀ ! ਸਤਸੰਗ, ਦਸਮ ਦੁਆਰ, *ਵਾ:-* ਸਰੂਪ ਰੂਪੀ ਸ਼ਿਵ ਨਗਰੀ ਵਿਚ ਤੂੰ ਆਸਣ ਲਗਾਉਣਾ ਹੈ, *ਪ੍ਰਸ਼ਨ-* ਇਹ ਸ਼ਿਵ ਨਗਰੀ ਕਿਸ ਦੀ ਹੈ? *ਗੁਰ ਉੱਤਰ:-* ਜੋ ਅਪਾਰ ਪ੍ਰਭੂ ਆਪਣੇ ਆਪ ਕਰਕੇ ਅਲਖ ਹੈ ਤੇ ਅਗੰਮ ਹੈ, ਉਸ ਦੀ ਇਹ ਆਪਣੀ ਨਗਰੀ॥ ੮॥

ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ॥ ੯॥

ਕਾਂਇਆ ਰੂਪ ਨਗਰੀ ਵਿਚ ਉਸ ਪੁਰਸ਼ ਦਾ ਇਹ ਮਨ ਰਾਜਾ=ਪੂਜਨੀਕ *ਵਾ:-* ਪ੍ਰਕਾਸ਼ ਵਾਲਾ ਹੋਇਆ ਹੈ, ਜਿਸ ਦੇ ਹਿਰਦੇ ਅੰਦਰ ਪੰਜ ਸਤ, ਸੰਤੋਖ, ਧੀਰਜ, ਧਰਮ, ਵਿਚਾਰ ਵਸ ਗਏ ਹਨ।

ਅਥਵਾ:- ਪੰਜ ਗਿਆਨ ਇੰਦ੍ਰੀਏ ਤੇ ਪੰਜ ਕਾਮ, ਕ੍ਰੋਧ ਆਦਿਕ ਵਿਚਾਰ ਵਿਚ ਵਸ ਗਏ ਹਨ॥ ੯॥

ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ॥ ੧੦॥

ਅਦਲੁ ਕਰੇ=ਨਿਆਂ ਦੇ ਕਰਨ ਵਾਲਾ ਤੇ ਸ਼ੁਭ ਗੁਣਾਂ ਦੇ ਕਰਨ ਵਾਲਾ ਜੋ ਰਾਜਾ ਪਰਮੇਸ਼ਰ ਹੈ, ਉਸ ਦੇ ਸਤਸੰਗ ਘਰ ਵਿਚ ਆਸਣ ਲਗਾਕੇ ਗੁਰ ਉਪਦੇਸ਼ ਨੂੰ ਰਵੈ=ਉਚਾਰੇ ਤਾਂ ਰਾਜੇ ਦੇ ਅੰਤ੍ਰ ਮਖੜਾ ਰੂਪੀ ਘਰ ਵਿਚ

www.sikhbookclub.com

ਇਸਥਿਤ ਹੋ ਕੇ ਸਬਦਿ ਰਵੈ=ਬ੍ਰਹਮ ਨੂੰ ਉਚਾਰਦਾ ਹੈ, ਜਾਂ ਸਬਦਿ ਰਵੈ=ਬ੍ਰਹਮ ਨੂੰ ਉਚਰਿਆ ਤਾਂ ਰਾਜੇ ਦੇ ਸਰੂਪ ਘਰ ਵਿਚ ਆਸਣਿ=ਇਸਥਿਤ ਹੁੰਦਾ ਹੈ, ਸਰੂਪ ਘਰ ਵਿਚ ਇਸਥਿਤ ਹੋ ਕੇ ਇੰਞ ਨਿਸਚੇ ਕਰਦਾ ਹੈ ਕਿ- ਅਦਲੁ ਕਰੇ=ਨਿਆਂ ਦੇ ਕਰਨ ਵਾਲਾ ਤੇ ਗੁਣ ਜਿਸ ਦੇ ਕਾਰੀ=ਔਸ਼ਧੀ ਰੂਪ ਹਨ ਉਹ ਸਬਦਿ=ਬ੍ਰਹਮ ਸਾਰੇ ਸੰਸਾਰ ਘਰ ਵਿਚ ਰਵਿਆ ਹੋਇਆ ਹੈ॥ ੧੦॥

ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ॥ ੧੧॥

ਜਿਸ ਨੇ ਮਨ ਦੀ ਵਾਸ਼ਨਾ ਮਾਰੀ ਹੈ ਤੇ ਜੀਵਤ ਭਾਅ ਤੋਂ ਮਰਿਆ ਹੈ, ਉਸ ਨੂੰ ਬਪੁਰੇ=ਵਿਚਾਰੇ ਕਾਲੁ ਬਿਕਾਲੁ=ਮਰਨਾ ਜੰਮਨਾ ਕੀ ਕਹਿ ਸਕਦੇ ਹਨ॥ ੧੧॥

[ਪੰਨਾ ੯੦੮]

ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ॥ ੧੨॥

ਬ੍ਰਹਮਾ, ਵਿਸ਼ਨੂੰ, ਸ਼ਿਵ ਇਹ ਇਕ ਸਰੂਪ ਹਨ, ਕਰਤਾ ਪੁਰਖ ਆਪ ਹੀ ਸਭ ਕਾਰਜਾਂ ਦੇ ਕਰਨ ਵਾਲਾ ਹੈ, *ਅਥਵਾ:-* ਬ੍ਰਹਮਾ, ਵਿਸ਼ਨੂੰ, ਸ਼ਿਵ ਇਨ੍ਹਾਂ ਮੂਰਤੀਆਂ ਨੂੰ ਇਕ ਕਰਤਾ ਪੁਰਖ ਆਪ ਹੀ ਕਰਨ ਵਾਲਾ ਹੈ॥ ੧੨॥

ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ॥ ੧੩॥

ਜਿਸ ਨੇ ਕਾਂਇਆ ਨੂੰ ਸੋਧਿਆ ਹੈ ਕਿ ਇਹ ਕਾਂਇਆਂ ਅਸੱਤ, ਜੜ੍ਹ, ਦੁੱਖ ਰੂਪ ਹੈ,

ਵਾ:- 'ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥' ਹੋਈ ਹੈ ਤੇ ਸਭ ਵੇਦਾਂ ਸ਼ਾਸਤ੍ਰਾਂ ਦੇ ਤਤੁ=ਸਿਧਾਂਤ ਰੂਪ ਆਤਮਾ ਦਾ ਵਿਚਾਰ ਕੀਤਾ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ॥ ੧੩॥

ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ॥ ੧੪॥

ਜਿਸ ਨੇ ਗੁਰ ਸੇਵਾ ਨੂੰ ਕਰਕੇ ਆਪਣੇ ਹਿਰਦੇ ਅੰਦਰ ਜਿਸ ਦੇ ਗੁਣਕਾਰੀ=ਔਸ਼ਧੀ ਰੂਪ ਹਨ, ਉਸ ਸਬਦੁ=ਬ੍ਰਹਮ ਨੂੰ ਉਚਾਰਿਆ ਹੈ ਤੇ ਸਦਾ ਸੁਖੁ ਪਾਇਆ=ਤਿਸਨੇ ਨਿਤ ਸੁਖ ਨੂੰ ਪਾਇਆ ਹੈ॥ ੧੪॥

ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ॥ ੧੫॥

ਗੁਣ ਦਾਤਾ ਪਰਮੇਸ਼ਰ ਉਹਨਾਂ ਨੂੰ ਆਪਣੇ ਨਾਲ ਮੇਲ ਲੈਂਦਾ ਹੈ, ਜਿਨ੍ਹਾਂ ਨੇ ਹਉਮੈ ਨੂੰ ਅਤੇ ਮਾਇਆ ਦੀ ਤ੍ਰਿਸ਼ਨਾ ਨੂੰ ਮਾਰਿਆ ਹੈ॥ ੧੫॥

ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ॥ ੧੬॥

ਰਜੋ, ਸਤੋ, ਤਮੋ ਰੂਪ ਤਿੰਨਾਂ ਗੁਣਾਂ ਨੂੰ ਮੇਟ ਕੇ ਜੋ ਚਉਥੈ=ਤੁਰੀਆ ਪਦ ਵਿਚ ਵਰਤੇ ਹਨ, ਏਹੋ ਉਨ੍ਹਾਂ ਗੁਰਮੁਖਾਂ ਦੀ ਨਿਰਾਲੀ ਭਗਤੀ ਹੈ॥ ੧੬॥

ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ॥ ੧੭॥

ਮੁਖੀ ਗੁਰਾਂ ਦੇ ਸ਼ਬਦ ਦੁਆਰਾ ਹਿਰਦੇ ਵਿਚ ਆਤਮਾ ਨੂੰ ਇਕ ਮੁਰਾਰੀ ਰੂਪ ਜਾਨਣਾ ਤੇ ਇਕ ਮੁਰਾਰੀ ਨੂੰ ਆਤਮਾ ਰੂਪ ਚੀਨੈ=ਜਾਨਣਾ, ਗੁਰਮੁਖਾਂ ਦਾ ਅਸਲ ਹਠ ਜੋਗ ਏਹੋ ਹੈ॥ ੧੭॥

ਅਥਵਾ:- ਗੁਰਮੁਖਾਂ ਨੇ ਮੁਖੀ ਗੁਰਾਂ ਦੇ ਸ਼ਬਦ ਵਿਚ ਜੋਗ=ਜੁੜ ਕੇ ਹਿਰਦੇ ਵਿਚ ਆਤਮਾ ਨੂੰ ਇਕ ਮੁਰਾਰੀ ਰੂਪ ਜਾਣਿਆ॥ ੧੭॥

ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ॥ ੧੮॥

ਗੁਰ ਸ਼ਬਦ ਵਿਚ ਰਾਤਾ=ਤਦਾਕਾਰ ਹੋਣ ਕਰਕੇ ਜਿਹੜਾ ਮਨ ਮਨੋਂਤ ਵਲੋਂ ਇਸਥਿਤ ਹੋਇਆ ਹੈ, ਗੁਰਮੁਖਾਂ ਦੀ ਏਹੋ ਕਰਣੀ ਸਾਰੀ=ਸਰੇਸ਼ਟ ਹੈ॥ ੧੮॥

ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ॥ ੧੯॥

ਹੇ ਅਉਧੂ=ਜੋਗੀ ! ਬੇਦਾਂ ਨੂੰ ਪੜ੍ਹ ਕੇ ਬਾਦੁ=ਝਗੜਾ ਤੇ ਪਖੰਡ ਨਾ ਕਰ, ਮੁਖੀ ਗੁਰਾਂ ਦੇ ਸ਼ਬਦ ਨੂੰ ਵਿਚਾਰਨਾ ਕਰ॥ ੧੯॥

ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ॥ ੨੦॥

ਹੇ ਅਉਧੂ=ਜੋਗੀ ! ਮੁਖੀ ਗੁਰਾਂ ਦੁਆਰੇ ਜੋਗ ਨੂੰ ਕਮਾਉਂਣਾ ਕਰ ਅਤੇ ਜਤ, ਸਤ ਦੇ ਸਹਿਤ ਹੋ ਕੇ ਸ਼ਬਦ ਦੀ ਵਿਚਾਰ ਕਰ, ਵਾ:- ਸਬਦਿ=ਬ੍ਰਹਮ ਦੀ ਵਿਚਾਰ ਕਰ॥ ੨੦॥

ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ॥ ੨੧॥

ਹੇ ਅਉਧੂ=ਜੋਗੀ ! ਜੋ ਗੁਰਾਂ ਦੇ ਸ਼ਬਦ ਦੁਆਰਾ ਆਪ ਜੀਵਤ ਭਾਅ ਤੋਂ ਮਰਦਾ ਹੈ ਅਤੇ ਹੋਰਨਾਂ ਦੇ ਮਨ ਨੂੰ ਭੀ ਸੰਸਾਰ ਵਲੋਂ ਮਾਰਦਾ ਹੈ, ਉਹ ਜੋਗ ਦੀ ਜੁਗਤੀ ਨੂੰ ਵਿਚਾਰਦਾ ਹੈ॥ ੨੧॥

ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ॥ ੨੨॥

ਹੇ ਅਵਧੂ=ਜੋਗੀ ! ਮਾਇਆ ਦਾ ਮੋਹ ਹੀ ਸੰਸਾਰ-ਸਮੁੰਦਰ ਹੈ। ਅਥਵਾ:- ਮਾਇਆ ਦੇ ਮੋਹ ਕਰਕੇ ਜੀਵ ਸੰਸਾਰ-ਸਮੁੰਦਰ ਵਿਚ ਡੁਬ ਰਿਹਾ ਹੈ, ਜੋ ਸ਼ਬਦ ਦੀ ਵਿਚਾਰ ਕਰਦਾ ਹੈ, ਉਹ ਤਰਦਾ ਹੈ ਅਤੇ ਆਪਣੀਆਂ ਕੁਲਾਂ ਨੂੰ ਤਰਦਾ ਹੈ॥ ੨੨॥

ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ॥ ੨੩॥

ਹੇ ਅਉਧੂ=ਜੋਗੀ ! ਚਾਰਿਆਂ ਜੁਗਾਂ ਵਿਚ ਸ਼ਬਦ ਦਾਤੇ ਗੁਰੂ ਸਾਹਿਬ ਜੀ ਸੂਰ=ਸੂਰਜ ਵਾਂਗੂ ਹਨ, ਉਹਨਾਂ ਦੀ ਜੋ ਬਾਣੀ ਭਗਤੀ ਕਰਾਉਣ ਵਾਲੀ ਹੈ, ਏਹੋ ਕਿਰਨਾਂ ਵਿਥਾਰੀਆਂ ਹਨ॥ ੨੩॥

ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ॥ ੨੪॥

ਹੇ ਅਉਧੂ=ਜੋਗੀ ! ਇਹ ਮਨ ਮਾਇਆ ਵਿਚ ਮੋਹਿਆ ਹੋਇਆ ਹੈ, ਗੁਰਾਂ ਦੀ ਸ਼ਬਦ ਨੂੰ ਵਿਚਾਰੇ ਤਾਂ ਮਾਇਆ ਵਿਚੋਂ ਨਿਕਲਦਾ ਹੈ॥ ੨੪॥

ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ॥ ੨੫॥ ੯॥

ਗੁਰੂ ਜੀ ਕਥਨ ਕਰਦੇ ਹਨ—ਮੈਂਨੇ ਤਾਂ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਜਿਸ ਨੂੰ ਆਪ ਸਤਸੰਗ, ਵਾ:- ਗੁਰਾਂ ਦੇ ਮੇਲ ਵਿਚ ਮਿਲਾਂਵਦੇ ਹੋ, ਉਸ ਦੇ ਔਗੁਣਾਂ ਨੂੰ ਆਪ ਹੀ ਬਖਸ਼ ਲੈਂਦੇ ਹੋ॥ ੨੫॥ ੯॥

www.sikhbookclub.com

ਰਾਮਕਲੀ ਮਹਲਾ ੩ ਅਸਟਪਦੀਆ
੧ੴ ਸਤਿਗੁਰ ਪ੍ਰਸਾਦਿ ॥

ਇਕ ਜੋਗੀ ਨੇ ਬਾਹਰਲੇ ਜੋਗੀਆਂ ਵਾਲੇ ਚਿੰਨ ਧਾਰੇ ਹੋਏ ਸਨ, ਅੰਤ੍ਰੀਵ ਗੁਣ ਕੋਈ ਨਹੀਂ ਸੀ ਉਸ ਦੇ ਪ੍ਰਤੀ ਸ੍ਰੀ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ-

ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ ॥

ਹੇ ਜੋਗੀ ! ਖੋਟਿਆਂ ਕੰਮਾ ਵਲੋਂ ਸ਼ਰਮ ਕਰਨੀ ਏਹੋ ਮੁੰਦਰਾਂ ਕੰਨਾਂ ਵਿਚ ਪਾਉਣਾ ਕਰ,

ਅਥਵਾ:- ਸਰਮੈ=ਵੈਰਾਗ ਦੀਆਂ ਮੁੰਦਰਾਂ ਕੰਨਾਂ ਵਿਚ ਪਾਉਣਾ ਕਰ, ਗਰੀਬਾਂ ਉਪਰ ਜੋ ਦਇਆ ਕਰਨੀ ਹੈ, ਏਹੀ ਤੂੰ ਖਿੰਥਾ ਪਹਿਰਣੀ ਕਰ।

ਆਵਣੁ ਜਾਣੁ ਬਿਭੂਤਿ ਲਾਇ ਜੋਗੀ
ਤਾ ਤੀਨਿ ਭਵਣ ਜਿਣਿ ਲਇਆ ॥ ੧ ॥

ਹੇ ਜੋਗੀ ! ਸੰਸਾਰ ਨੂੰ ਆਉਣੇ ਜਾਣਾ ਵਾਲਾ ਸਮਝਣਾ ਏਹੋ ਬਿਭੂਤੀ ਲਗਾਉਣਾ ਕਰ,

ਅਥਵਾ:- ਪਰਮੇਸ਼ਰ ਨੂੰ ਆਉਣੇ ਜਾਣੇ ਵਲੋਂ ਇਸਥਿਤ ਰੂਪ ਸਮਝਣਾ ਏਹੋ ਬਿਭੂਤੀ ਲਗਾਉਣਾ ਕਰ ਤਾਂ ਤੂੰ ਤਿੰਨਾਂ ਭਵਨਾਂ ਨੂੰ ਜਿਣਿ=ਜਿੱਤ ਲਵੇਗਾ ॥ ੧ ॥

ਐਸੀ ਕਿੰਗੁਰੀ ਵਜਾਇ ਜੋਗੀ ॥

ਹੇ ਜੋਗੀ ! ਬ੍ਰਹਮ ਚਿੰਤਨ ਕਰਨੇ ਰੂਪ ਅਜੇਹੀ ਕਿੰਗ ਵਜਾਉਣਾ ਕਰ।

ਜਿਤੁ ਕਿੰਗੁਰੀ ਅਨਹਦੁ ਵਾਜੈ ਹਰਿ ਸਿਉ ਰਹੈ ਲਿਵ ਲਾਇ ॥ ੧ ॥ ਰਹਾਉ ॥

ਜਿਸ ਕਿੰਗ ਦੇ ਵਜਣੇ ਕਰਕੇ ਅਨਹਦੁ=ਇਕ ਰਸ ਹਰੀ, ਵਾਜੈ=ਪ੍ਰਗਟ ਹੋਵੇ ਅਤੇ ਹਰੀ ਦੇ ਨਾਲ ਤੇਰੀ ਲਿਵ ਲੋਰੀ ਰਹੇ, ਭਾਵ ਬਿਰਤੀ ਜੁੜੀ ਰਹੇ ॥ ੧ ॥ ਰਹਾਉ ॥

ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ ॥

ਹੇ ਜੋਗੀ! ਸੱਚ ਬੋਲਣੇ ਰੂਪੀ ਪਤੁ=ਪਾਤ੍ਰ ਭਾਵ ਚਿਪੀ ਕਰ, ਸੰਤੋਖ ਰੂਪੀ ਝੋਲੀ ਰਖਣੀ ਕਰ ਅਤੇ ਨਾਮ ਅੰਮ੍ਰਿਤ ਰੂਪ ਭੁਗਤ ਨੂੰ ਪਾਣਾ ਕਰ, ਭਾਵ ਨਾਮ ਰੂਪੀ ਭੋਜਨ ਖਾਣਾ ਕਰ।

ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ ॥ ੨ ॥

ਹੇ ਜੋਗੀ ! ਪ੍ਰਭੂ ਦਾ ਧਿਆਨ ਕਰਨਾ ਏਹੀ ਡੰਡਾ ਫੜਣਾ ਕਰ, ਪਰਮੇਸ਼ਰ ਵਿਚ ਸੁਰਤ ਜੋੜਣੀ-

ਵਾ:- ਪਰਮੇਸ਼ਰ ਵਿਚ ਸਰੇਸ਼ਟ ਪ੍ਰੀਤੀ ਕਰਨੀ ਏਹ ਸਿੰਙੀ ਵਜਾਣਾ ਕਰ ॥ ੨ ॥

ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ ॥

ਹੇ ਜੋਗੀ ! ਮਨ ਨੂੰ ਦ੍ਰਿੜ੍ਹ ਕਰਨਾ ਇਸ ਆਸਣ ਉੱਤੇ ਬੈਠਣਾ ਕਰ ਤਾਂ ਤੇਰੀ ਸਭ ਕਲਪਨਾ ਚਲੀ ਜਾਏਗੀ।

ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ॥ ੩ ॥

ਹੇ ਜੋਗੀ ! ਜੇਕਰ ਤੂੰ ਇਸ ਕਾਂਇਆ ਰੂਪ ਨਗਰੀ ਵਿਚ ਮੰਗਣ ਵਾਸਤੇ ਚੜ੍ਹੇਂ ਤਾਂ ਨਾਮ ਰੂਪ ਭਿਖਿਆ ਨੂੰ ਬੁੱਧੀ ਰੂਪ ਪੱਲੇ ਵਿਚ ਪਾ ਲਵੇਂਗਾ॥ ੩ ॥

ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ ਨਾ ਸਚੁ ਪਲੈ ਪਾਇ॥

ਹੇ ਜੋਗੀ ! ਇਹ ਜਿਹੜੀ ਲੋਕ ਦਿਖਾਵੇ ਲਈ ਕਿੰਗ ਵਜਾਉਂਦਾ ਹੈਂ, ਇਸ ਕਿੰਗ ਕਰਕੇ ਪਰਮੇਸ਼ਰ ਵਿਚ ਧਿਆਨ ਲਗਦਾ ਨਹੀਂ ਹੈ, ਨਾ ਹੀ ਬੁੱਧੀ ਰੂਪ ਪੱਲੇ ਵਿਚ ਸੱਚ ਨਾਮ, ਵਾ:- ਸਚੁ=ਸੁਖ ਪੈਂਦਾ ਹੈ।

ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ ਅਭਿਮਾਨੁ ਨ ਵਿਚਹੁ ਜਾਇ॥ ੪ ॥

ਹੇ ਜੋਗੀ ! ਇਸ ਬਾਹਰਲੀ ਕਿੰਗ ਦੇ ਵਜਾਉਣ ਕਰਕੇ ਸ਼ਾਂਤੀ ਨਹੀਂ ਆਉਂਦੀ ਨਾ ਹੀ ਹਿਰਦੇ ਵਿਚੋਂ ਅਭਿਮਾਨੁ=ਹੰਕਾਰ ਜਾਂਦਾ ਹੈ॥ ੪ ॥

ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ॥

ਹੇ ਜੋਗੀ ! ਭਉ=ਡਰ ਤੇ ਭਾਉ=ਪ੍ਰੇਮ ਇਹ ਦੋ ਪਤ ਲਾਇ=ਤੂੰਬੇ ਲਗਾਉਣਾ ਕਰ, ਇਸ ਸਰੀਰ ਨੂੰ ਸਾਵਧਾਨ ਕਰਨਾ ਏਹੀ ਡੰਡੀ ਕਰ।

ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ॥ ੫ ॥

ਜੇ ਤੂੰ ਗੁਰਮੁਖ ਹੋਵੇਂਗਾ ਤਾਂ ਤੇਰੀ ਬਿਰਤੀ ਰੂਪੀ ਤਾਰ ਵਜੇਗੀ, ਭਾਵ ਤੇਰੀ ਬਿਰਤੀ ਵਿਚੋਂ ਅਹੰਬ੍ਰਹਮਸਮੀ ਰੂਪ ਧੁਨ ਨਿਕਲੇਗੀ ਅਤੇ ਇਸ ਬਿਧੀ ਨਾਲ ਤੇਰੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਖੰਡੀ=ਨਾਸ ਹੋ ਜਾਵੇਗੀ॥ ੫ ॥

ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ॥

ਜੋ ਹੁਕਮ ਨੂੰ ਬੁਝਦਾ ਹੈ ਤੇ ਇਕ ਪ੍ਰਭੂ ਨਾਲ ਚਿੱਤ ਬਿਰਤੀ ਨੂੰ ਲਗਾਂਵਦਾ ਹੈ, ਸੋ ਜੋਗੀ ਕਹੀਐ=ਓਹੀ ਅਸਲ ਜੋਗੀ ਕਿਹਾ ਜਾਂਦਾ ਹੈ।

ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ॥ ੬ ॥

ਸੰਸੇ ਦੇ ਟੁੱਟ ਜਾਣ ਕਰਕੇ ਮਨ ਸ਼ੁਧ ਹੁੰਦਾ ਹੈ, ਇਸ ਤਰ੍ਹਾਂ ਕਰਕੇ ਜੋਗ ਦੀ ਜੁਗਤੀ ਨੂੰ ਪਾਂਵਦਾ ਹੈ॥ ੬ ॥

ਨਦਰੀ ਆਵਦਾ ਸਭੁ ਕਿਛੁ ਬਿਨਸੈ ਹਰਿ ਸੇਤੀ ਚਿਤੁ ਲਾਇ॥

ਜੋ ਨਜ਼ਰ ਵਿਚ ਆਉਂਦਾ ਹੈ, ਉਹ ਸਭ ਕੁਝ ਨਾਸ ਹੋ ਜਾਂਦਾ ਹੈ, ਇਹ ਨਿਸਚੇ ਕਰਕੇ ਤੂੰ ਹਰੀ ਦੇ ਨਾਲ ਚਿਤ ਬਿਰਤੀ ਨੂੰ ਲਗਾਵਣਾ ਕਰ।

ਸਤਿਗੁਰ ਨਾਲਿ ਤੇਰੀ ਭਾਵਨੀ ਲਾਗੈ ਤਾ ਇਹ ਸੋਝੀ ਪਾਇ॥ ੭ ॥

ਜਾਂ ਸਤਿਗੁਰਾਂ ਨਾਲ ਤੇਰੀ ਸ਼ਰਧਾ ਲੱਗ ਜਾਵੇ ਤਾਂ ਤੂੰ ਇਸ ਤਰ੍ਹਾਂ ਦੀ ਗਿਆਤ ਪਾਵੇਂਗਾ॥ ੭ ॥

[ਪੰਨਾ ੯੦੯]

ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ॥

ਹੇ ਜੋਗੀ ! ਇਸ ਤਰ੍ਹਾਂ ਦਾ ਜੋਗ ਨਹੀਂ ਹੁੰਦਾ, ਜਿਹੜਾ ਆਪਣੇ ਕੁਟੰਬ ਨੂੰ ਛੱਡ ਕੇ ਪਰ ਭਵਣੁ ਕਰਹਿ=ਭਲੀ ਪ੍ਰਕਾਰ ਫਿਰਨਾ ਹੀ ਕਰਦਾ ਹੈ।

ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ
ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ॥ ੮॥

ਇਸ ਸਰੀਰ ਰੂਪੀ ਘਰ ਵਿਚ ਗੁਰ ਕਿਰਪਾ ਦੁਆਰੇ ਹਰਿ ਹਰਿ ਨਾਮ ਨੂੰ ਜਪਣਾ ਕਰ ਤਾਂ ਤੂੰ ਆਪਣੇ ਹਰੀ ਪ੍ਰਭੂ ਨੂੰ ਲਖ ਲਵੇਂਗਾ॥ ੮॥

ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ॥

ਹੇ ਜੋਗੀ ! ਇਹ ਸੰਸਾਰ ਤਾਂ ਮਿੱਟੀ ਆਦਿਕ ਪੰਜਾਂ ਤੱਤਾਂ ਦਾ ਪੁਤਲਾ ਹੈ, ਇਸ ਦੇ ਵਿਚ ਮਾਇਆ ਦੀ ਤ੍ਰਿਸ਼ਨਾ ਰੂਪੀ ਇਕ ਵੱਡਾ ਰੋਗ ਲਗਾ ਹੋਇਆ ਹੈ।

ਅਨੇਕ ਜਤਨ ਭੇਖ ਕਰੈ ਜੋਗੀ ਰੋਗੁ ਨ ਜਾਇ ਗਵਾਇਆ॥ ੯॥

ਹੇ ਜੋਗੀ ! ਅਨੇਕ ਤਰ੍ਹਾਂ ਦੇ ਜਤਨਾਂ ਨਾਲ ਤੂੰ ਭੇਖਾਂ ਨੂੰ ਕਰ ਲਵੇਂ ਤਾਂ ਭੀ ਇਹ ਤ੍ਰਿਸ਼ਨਾ ਰੂਪੀ ਰੋਗ ਗੁਆਇਆ ਨਹੀਂ ਜਾਂਦਾ॥ ੯॥

ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ॥

ਹੇ ਜੋਗੀ ! ਹਰੀ ਦਾ ਨਾਮ ਹੀ ਇਕ ਦਾਰੂ ਹੈ, ਜਿਸ ਦੇ ਮਨ ਵਿਚ ਪ੍ਰਭੂ ਵਸਾਂਦਾ ਹੈ, ਉਸ ਦਾ ਰੋਗ ਦੂਰ ਹੋ ਜਾਂਦਾ ਹੈ।

ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥ ੧੦॥

ਜਿਹੜਾ ਭਾਂ ਗੁਰਮੁਖ ਹੁੰਦਾ ਹੈ, ਓਹੀ ਬੁਝਦਾ ਹੈ ਅਤੇ ਓਹੀ ਜੋਗ ਵਿਚ ਜੁਗਤਿ=ਜੁੜਨਾ ਪਾਉਂਦਾ ਹੈ॥ ੧੦॥

ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ॥

ਹੇ ਜੋਗੀ ! ਜੋਗ ਦਾ ਮਾਰਗੁ=ਰਸਤਾ ਬੜਾ ਬਿਖਮੁ=ਕਠਨ ਹੈ, ਜਿਸ ਉੱਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਓਹੀ ਜੋਗੀ ਜੋਗ ਦੇ ਰਸਤੇ ਨੂੰ ਪਾਂਦਾ ਹੈ।

ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ॥ ੧੧॥

ਹਿਰਦੇ ਵਿਚੋਂ ਭਰਮ ਨੂੰ ਚੁਕਾਏ=ਦੂਰ ਕਰਕੇ ਸਰੀਰ ਦੇ ਅੰਦਰ ਬਾਹਰ ਇਕ ਪ੍ਰਭੂ ਨੂੰ ਵੇਖਣਾ ਕਰ॥ ੧੧॥

ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ॥

ਹੇ ਜੋਗੀ ! ਵਜਾਏ ਤੋਂ ਬਿਨਾਂ ਹੀ 'ਮਰਦਾਨੇ ਦੇ ਰਬਾਬ ਵਾਂਗੂ' ਕਿੰਗ ਆਪੇ ਵਜਣਾ ਕਰੇ, ਉਹ ਕਿੰਗ ਤੂੰ ਵਜਾਉਂਣਾ ਕਰ। ਐਸੇ ਹੇ ਜੋਗੀ ! ਬਿਰਤੀ ਲਗਾਏ ਤੋਂ ਬਿਨਾਂ ਹੀ ਬਿਰਤੀ ਬ੍ਰਹਮਾਕਾਰ ਹੋ ਜਾਵੇ, ਅਜੇਹੀ

www.sikhbookclub.com

ਬਿਰਤੀ ਰੂਪ ਕਿੰਗ ਵਜਾਉਣਾ ਕਰ।

ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ ॥੧੨ ॥੧ ॥੧੦ ॥

ਗੁਰੂ ਜੀ ਕਥਨ ਕਰਦੇ ਹਨ—ਹੇ ਜੋਗੀ ! ਫਿਰ ਤੂੰ ਮੁਕਤ ਰੂਪ ਹੋ ਜਾਵੇਂਗਾ ਅਤੇ ਅੰਤ ਨੂੰ ਸੱਚੇ ਵਿਚ ਅਭੇਦ ਹੋ ਰਹੇਂਗਾ॥ ੧੨ ॥ ੧ ॥ ੧੦ ॥

ਰਾਮਕਲੀ ਮਹਲਾ ੩ ॥

ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ ॥ ੧ ॥

ਸਤਿਗੁਰਾਂ ਨੇ ਇਹ ਬੂਝਿ ਬੁਝਾਈ=ਸਿਖਿਆ ਸਮਝਾਈ ਹੈ ਕਿ ਭਗਤੀ ਰੂਪ ਖ਼ਜ਼ਾਨੇ ਨੂੰ ਗੁਰਮੁਖਾਂ ਨੇ ਹੀ ਜਾਤਾ=ਜਾਣਿਆ ਹੈ॥ ੧ ॥

ਸੰਤਹੁ ਗੁਰਮੁਖਿ ਦੇਇ ਵਡਿਆਈ ॥ ੧ ॥ ਰਹਾਉ ॥

ਹੇ ਸੰਤੋ ! ਉਹ ਪ੍ਰਭੂ ਗੁਰਮੁਖਾਂ ਨੂੰ ਹੀ ਵਡਿਆਈ ਦੇਂਦਾ ਹੈ॥ ੧ ॥ ਰਹਾਉ ॥

ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ ॥ ੨ ॥

ਸੱਚ ਨਾਮ ਵਿਚ ਰਹਿਣਾ ਕਰੋ ਤਾਂ ਸਹਜੇ ਹੀ ਸਦਾ ਸੁਖੁ=ਨਿਤ ਸੁਖ ਉਪਜੇਗਾ ਅਤੇ ਹਿਰਦੇ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਆਦਿਕ ਦੂਰ ਹੋ ਜਾਣਗੇ॥ ੨ ॥

ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ ॥ ੩ ॥

ਆਪਾ ਭਾਅ ਹੰਕਾਰ ਨੂੰ ਛੱਡਿਆ ਤਾਂ ਨਾਮ ਸਿਮਰਨ ਵਿਚ ਬਿਰਤੀ ਲੱਗ ਗਈ ਅਤੇ ਗੁਰ ਸ਼ਬਦ ਦੁਆਰਾ ਮਮਤਾ ਨੂੰ ਜਲਾਈ=ਸਾੜ ਦਿੱਤਾ॥ ੩ ॥

ਜਿਸ ਤੇ ਉਪਜੈ ਤਿਸ ਤੇ ਬਿਨਸੈ ਅੰਤੇ ਨਾਮੁ ਸਖਾਈ ॥ ੪ ॥

ਜਿਸ ਪਰਮੇਸ਼ਰ ਦੇ ਸੰਕਲਪ ਤੋਂ ਜੀਵ ਉਪਜੇ ਹਨ, ਓਸੇ ਦੇ ਸੰਕਲਪ ਨਾਲ ਬਿਨਸਦੇ ਹਨ,

ਅਥਵਾ:- ਜਿਸ ਤੇ ਉਪਜੇ ਸ਼ੁਭ ਗੁਣ ਤਿਸੀ ਤੇ ਬਿਨਸੇ ਅਸ਼ੁਭ ਗੁਣ, ਅੰਤ ਨੂੰ ਪ੍ਰਲੋਕ ਰਸਤੇ ਵਿਚ ਪਰਮੇਸ਼ਰ ਦਾ ਨਾਮ ਹੀ ਸਖਾਈ=ਸਹਾਇਤਾ ਕਰਨ ਵਾਲਾ ਹੈ॥ ੪ ॥

ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ ॥ ੫ ॥

ਜਿਸ ਪ੍ਰਭੂ ਨੇ ਸੰਸਾਰ ਦੀ ਰਚੇਨਾ ਰਚੀ ਹੈ, ਉਹ ਸਦਾ ਹਾਜ਼ਰਾ ਹਜ਼ੂਰ ਹੈ, ਉਸ ਨੂੰ ਦੂਰ ਨਾ ਦੇਖਣਾ ਕਰੋ॥ ੫ ॥

ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ ॥ ੬ ॥

ਜਿਸ ਨੇ ਸੱਚੇ ਪ੍ਰਭੂ ਨਾਲ ਲਿਵ ਲਗਾਈ ਹੈ, ਉਸ ਸੱਚੇ ਸਬਦੁ=ਬ੍ਰਹਮ ਨੂੰ ਘਟ ਦੇ ਅੰਦਰ ਰਵਿਆ ਨਿਸਚੇ ਕਰਦਾ ਹੈ॥ ੬ ॥

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥ ੭ ॥

ਸਤਸੰਗਤ ਵਿਚ ਪ੍ਰਭੂ ਦਾ ਨਾਮ ਅਮੋਲਕ ਹੈ, ਪਰ ਵੱਡਿਆਂ ਭਾਗਾਂ ਨਾਲ ਪਾਇਆ ਜਾਂਦਾ ਹੈ॥ ੭ ॥

www.sikhbookclub.com

ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ॥ ੮ ॥

ਭਰਮਾਂ ਵਿਚ ਨਾ ਭੁਲੋ, ਪੂਰਨ ਸਤਿਗੁਰਾਂ ਨੂੰ ਸੇਵਣਾ ਕਰੋ ਅਤੇ ਆਪਣੇ ਮਨ ਨੂੰ ਇਕਾਗਰ ਕਰਕੇ ਇਕ ਸਰੂਪ ਜਗ੍ਹਾਂ 'ਪਰ ਰੱਖਣਾ ਕਰੋ॥ ੮ ॥

ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ॥ ੯ ॥

ਨਾਮ ਤੋਂ ਬਿਨਾਂ ਸਭ ਸ੍ਰਿਸ਼ਟੀ ਭਰਮ ਵਿਚ ਭੁਲੀ ਫਿਰਦੀ ਹੈ ਅਤੇ ਆਪਣੇ ਮਨੁੱਖ ਜਨਮ ਨੂੰ ਵਿਅਰਥ ਗੁਆ ਰਹੀ ਹੈ॥ ੯ ॥

ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗ ਨ ਪਾਈ॥ ੧੦ ॥

ਜੋਗੀ ਜਨ ਜੋਗ ਦੀ ਜੁਗਤੀ ਨੂੰ ਗੁਆਈ ਹੰਢੈ=ਫਿਰਦਾ ਹੈ ਕਿਉਂਕਿ ਪਖੰਡ ਕਰਨ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ।

ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ॥ ੧੧ ॥

ਸਿਵ ਨਗਰੀ=ਦਸਮ ਦੁਆਰ, ਵਾ:- ਸਤਸੰਗ ਵਿਚ ਬੈਠਣਾ ਏਸੇ ਆਸਣ 'ਪਰ ਬੈਠਣਾ ਕਰੇ ਅਤੇ ਗੁਰ ਉਪਦੇਸ਼ ਨੂੰ ਗ੍ਰਹਿਣ ਕਰੇ ਤਾਂ ਜੋਗ ਦੀ ਜੁਗਤੀ ਨੂੰ ਪਾਂਦਾ ਹੈ॥ ੧੧ ॥

ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ॥ ੧੨ ॥

ਧਾ ਜਾਣ ਵਾਲੀ ਜੋ ਸੰਸਾਰ ਬਾਜੀ ਹੈ, ਇਸ ਨੂੰ ਗੁਰ ਸ਼ਬਦ ਦੁਆਰਾ ਨਵਿਰਤ ਕਰੇ ਤਾਂ ਹੀ ਮਨ ਵਿਚ ਨਾਮ ਆ ਕੇ ਵਸਦਾ ਹੈ॥ ੧੨ ॥

ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ॥ ੧੩ ॥

ਹੇ ਸੰਤੋ ! ਇਹ ਮਨੁੱਖ ਸਰੀਰ ਭਾਂ ਸਰੋਵਰ ਹੈ, ਨਾਮ ਰੂਪ ਜਲ ਹੈ, ਲਿਵ ਦਾ ਲਗਾਣਾ ਏਹੋ ਇਸ਼ਨਾਨ ਕਰੇ ਨਾਮ ਜਲ ਵਿਚ ॥ ੧੩ ॥

ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥ ੧੪ ॥

ਨਾਮ ਰੂਪ ਜਲ ਵਿਚ ਜੋ ਲਿਵ ਲਗਾਣੇ ਰੂਪ ਇਸ਼ਨਾਨ ਕਰਦੇ ਹਨ, ਉਹ ਪੁਰਸ਼ ਨਿਰਮਲ ਹਨ, ਉਨ੍ਹਾਂ ਨੇ ਗੁਰ ਸ਼ਬਦ ਦੁਆਰਾ ਪਾਪਾਂ ਰੂਪੀ ਮੈਲ ਗੁਆਈ ਹੈ॥ ੧੪ ॥

ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ॥ ੧੫ ॥

ਤਿੰਨਾਂ ਗੁਣਾਂ ਵਿਚ ਲੱਗ ਕੇ ਜੀਵ ਅਚੇਤ=ਅਗਿਆਤ ਹੋ ਰਹੇ ਹਨ, ਸਤਿਨਾਮੁ ਨੂੰ ਚੇਤਦੇ ਨਹੀਂ ਹਨ, ਨਾਮ ਸਿਮਰਨ ਤੋਂ ਬਿਨਾਂ ਬਿਨਸਿ ਜਾਈ=ਜੰਮਦੇ ਮਰਦੇ ਹਨ॥ ੧੫ ॥

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥ ੧੬ ॥

ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਇਹ ਤਿੰਨੇ ਮੂਰਤੀਆਂ ਤਿੰਨਾਂ ਗੁਣਾਂ ਕਰਕੇ ਭਰਮ ਵਿਚ ਭੁਲੀਆ ਫਿਰਦੀਆਂ ਹਨ। *ਅਥਵਾ:-* ਬ੍ਰਹਮ, ਵਿਸ਼ਨੂੰ ਤੇ ਸ਼ਿਵ ਜੀ ਏਹ ਤਿੰਨੇ ਮੂਰਤੀਆਂ ਆਖਦੀਆਂ ਹਨ ਕਿ ਤ੍ਰੈਗੁਣੀ ਜੀਵ ਸਭ ਭਰਮ ਵਿਚ ਭੁਲੇ ਫਿਰਦੇ ਹਨ॥ ੧੬ ॥

ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥ ੧੭॥

- ਗੁਰਾਂ ਦੀ ਕ੍ਰਿਪਾ ਕਰਕੇ ਰਜੋ, ਸਤੋ, ਤਮੋ, ਵਾ:- ਧਿਆਤਾ ਧਿਆਨ ਧੇਅ-ਰੂਪ ਤ੍ਰਿਕੁਟੀ ਜਿਨ੍ਹਾਂ ਦੀ ਟੁੱਟ ਗਈ ਹੈ ਉਨ੍ਹਾਂ ਨੇ ਚਉਥੈ ਪਦਿ=ਤੁਰੀਆ ਪਦ ਵਿਚ ਬਿਰਤੀ ਲਗਾਈ ਹੈ॥ ੧੭॥

ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ॥ ੧੮॥

ਪੰਡਿਤ ਲੋਕ ਸ਼ਾਸਤ੍ਰਾਂ ਨੂੰ ਪੜ੍ਹਦੇ ਹਨ, ਪੜ੍ਹਕੇ ਵਾਦੁ=ਝਗੜਿਆਂ ਨੂੰ ਹੀ ਕਥਨ ਕਰਦੇ ਹਨ, ਇਸ ਲਈ ਉਨ੍ਹਾਂ ਨੇ ਪਰਮੇਸ਼ਰ ਪ੍ਰਾਪਤੀ ਦੀ ਬੂਝ=ਗਿਆਤ ਨਹੀਂ ਪਾਈ॥ ੧੮॥

ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ॥ ੧੯॥

ਬਿਖਿਆ=ਮਾਇਆ ਵਿਚ ਮਸਤ ਹੋ ਕੇ ਭਰਮ ਵਿਚ ਭੁਲਾਏ ਗਏ ਹਨ, ਹੇ ਭਾਈ ! ਉਹ ਫਿਰ ਉਪਦੇਸ਼ ਕਿਸ ਨੂੰ ਕਹਿ ਸਕਦੇ ਹਨ, ਧਾਰਣਾ ਤੋਂ ਬਿਨਾਂ ਹੋਣ ਕਰਕੇ॥ ੧੯॥

ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥ ੨੦॥

ਧਾਰਨਾ ਵਾਲੇ ਜੋ ਭਗਤ ਹਨ, ਉਹਨਾਂ ਭਗਤ ਜਨਾਂ ਦੀ ਬਾਣੀ ਸਭ ਤੋਂ ਉੱਤਮ ਹੈ, ਜੋ ਜੁਗਾਂ-ਜੁਗਾਂ ਵਿਚ ਉਤਮ ਜਗਿਆਸੂਆਂ ਦੇ ਹਿਰਦੇ ਵਿਚ ਸਮਾਅ ਰਹੀ ਹੈ। *ਅਥਵਾ:-* ਉਹਨਾਂ ਨੇ ਇਹ ਨਿਸਚੇ ਕੀਤਾ ਹੈ ਕਿ ਪ੍ਰਭੂ ਦੀ ਚੇਤਨ ਸ਼ਤਾ ਜੁਗਾਂ-ਜੁਗਾਂ ਵਿਚ ਸਮਾਅ ਰਹੀ ਹੈ॥ ੨੦॥

[ਪੰਨਾ ੯੧੦]

ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥ ੨੧॥

ਭਗਤ ਜਨਾਂ ਦੀ ਬਾਣੀ ਵਿਚ ਜੋ ਲਗਦਾ ਹੈ, ਉਹ ਮੁਕਤੀ ਪਾਂਦਾ ਹੈ ਕਿਉਂਕ ਉਹਨਾਂ ਦੇ ਉਪਦੇਸ਼ ਕਰਕੇ ਸੱਚ ਸਰੂਪ ਵਿਚ ਸਮਾਈ ਹੁੰਦੀ ਹੈ। *ਅਥਵਾ:-* ਸੱਚੇ ਬ੍ਰਹਮ ਵਿਚ ਸਮਾਈ ਹੁੰਦੀ ਹੈ॥ ੨੧॥

ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥ ੨੨॥

ਜੋ ਗੁਰ ਉਪਦੇਸ਼ ਦੁਆਰਾ ਕਾਇਆ ਰੂਪ ਨਗਰੀ ਵਿੱਚੋਂ ਖੋਜਦੇ ਹਨ, ਉਹਨਾਂ ਨੇ ਨਾਮ ਰੂਪ ਨੌਂ ਨਿਧੀ ਪਾਈ ਹੈ॥ ੨੨॥

ਮਨਸਾ ਮਾਰਿ ਮਨੁ ਸਹਜਿ ਸਮਾਣਾ
ਬਿਨੁ ਰਸਨਾ ਉਸਤਤਿ ਕਰਾਈ॥ ੨੩॥

ਜਿਸ ਨੇ ਮਨਸਾ=ਵਾਸ਼ਨਾ ਨੂੰ ਮਾਰਿਆ ਹੈ, ਉਸ ਦਾ ਮਨ ਸਹਜ ਪਦ ਵਿਚ ਸਮਾਇਆ ਹੈ, ਰਸਨਾ ਆਦਿਕ ਇੰਦ੍ਰੀਆਂ ਤੋਂ ਬਿਨਾਂ ਜੋ ਪ੍ਰਭੂ ਹੈ, ਉਸ ਦੀ ਉਸਤਤੀ ਉਹਨਾਂ ਨੇ ਆਪ ਕੀਤੀ ਹੈ ਤੇ ਹੋਰਨਾਂ ਤੋਂ ਕਰਾਈ ਹੈ। *ਅਥਵਾ:-* ਉਹਨਾਂ ਨੇ ਰਸਨਾਂ ਤੋਂ ਬਿਨਾਂ ਮਧਮਾ ਬਾਣੀ ਦੁਆਰਾ ਪ੍ਰਭੂ ਦੀ ਉਸਤਤੀ ਆਪ ਕੀਤੀ ਹੈ ਤੇ ਹੋਰਨਾਂ ਪਾਸੋਂ ਕਰਾਈ ਹੈ॥ ੨੩॥

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ॥ ੨੪॥

ਉਹਨਾਂ ਦੇ ਲੋਇਣ=ਨੇਤ੍ਰ ਅਸਚਰਜ ਰੂਪ ਪਰਮਾਤਮਾ ਨੂੰ ਵੇਖ ਰਹੇ ਹਨ,

www.sikhbookclub.com

ਅਥਵਾ:- ਗਿਆਨ ਵੈਰਾਗ ਰੂਪ ਅੱਖਾਂ ਵਾਲੇ ਅਸਚਰਜ ਰੂਪ ਪਰਮੇਸ਼ਰ ਨੂੰ ਵੇਖ ਰਹੇ ਹਨ ਅਤੇ ਚਿਤ ਬਿਰਤੀ ਨੂੰ ਉਹਨਾਂ ਨੇ ਅਦਿਸਟਿ=ਪਰਮਾਤਮਾ ਵਿਚ ਲਗਾਇਆ ਹੈ॥ ੨੪॥

ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ॥ ੨੫॥

ਉਹ ਅਦਿਸਟੁ=ਪਰਮਾਤਮਾ ਸਦਾ ਹੀ ਨਿਰਾਲਮੁ=ਅਸੰਗ ਰਹਿੰਦਾ ਹੈ ਅਤੇ ਉਸ ਜੋਤੀ ਨੇ ਆਪਣੀ ਜੋਤ ਸਾਰੇ ਮਿਲਾਈ ਹੋਈ ਹੈ॥ ੨੫॥

ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ॥ ੨੬॥

ਹਉ=ਮੈਂ ਆਪਣੇ ਗੁਰੂ ਨੂੰ ਸਦਾ ਸਲਾਹੁੰਦਾ ਹਾਂ, ਜਿਨ੍ਹਾਂ ਨੇ ਮੈਨੂੰ ਸੱਚੀ ਬੂਝ=ਸਿਖਿਆ ਸਮਝਾਈ ਹੈ॥ ੨੬॥

ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ॥ ੨੭॥ ੨॥ ੧੧॥

ਗੁਰੂ ਜੀ ਕਥਨ ਕਰਦੇ ਹਨ—ਮੈਂ ਇਕ ਏਹੋ ਬੇਨਤੀ ਕਹਿੰਦਾ ਹਾਂ ਕਿ ਮੈਨੂੰ ਨਾਮ ਦਾਨ ਮਿਲੇ ਕਿਉਂਕਿ ਨਾਮ ਕਰਕੇ ਹੀ ਪਤੀ ਪਰਮਾਤਮਾ ਦੀ ਗਤਿ=ਪ੍ਰਾਪਤੀ ਪਾਈਦੀ ਹੈ॥ ੨੭॥ ੨॥ ੧੧॥

ਰਾਮਕਲੀ ਮਹਲਾ ੩॥

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ॥ ੧॥

ਹੇ ਸੰਤੋ ! ਹਰੀ ਦੀ ਪੂਜੀ ਕਰਨੀ ਬੜੀ ਦੁਰਲੱਭ ਹੈ, ਉਸ ਦਾ ਅੰਦਾਜ਼ਾ ਕੁਝ ਕਿਹਾ ਨਹੀਂ ਜਾਂਦਾ ॥ ੧॥

ਸੰਤਹੁ ਗੁਰਮੁਖਿ ਪੂਰਾ ਪਾਈ॥ ਨਾਮੋ ਪੂਜ ਕਰਾਈ॥ ੧॥ ਰਹਾਉ॥

ਹੇ ਸੰਤੋ ! ਗੁਰਮੁਖਿ=ਗੁਰਾਂ ਦੁਆਰੇ ਪੂਰਾ ਪਰਮੇਸ਼ਰ, ਵਾ:- ਪੂਰਾ ਨਾਮ ਪਾਈਦਾ ਹੈ। ਪਰਮੇਸ਼ਰ ਦਾ ਨਾਮ ਹੀ ਜੀਵ ਦੀ ਪੂਜਾ ਕਰਾਉਂਦਾ ਹੈ।

ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ॥ ੨॥

ਹੇ ਸੰਤੋ ! ਹਰੀ ਨਾਮ ਤੋਂ ਬਿਨਾਂ ਸਭ ਕੁਝ ਮੈਲਾ ਹੈ, ਇਸ ਲਈ ਹਉ=ਮੈਂ ਕਿਹੜੀ ਪੂਜਾ ਚੜ੍ਹਾਵਾਂ॥ ੨॥

ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ॥ ੩॥

ਜੋ ਹਰੀ ਸੱਚੇ ਨੂੰ ਭਾਅ ਜਾਵੇ, ਉਹ ਪੂਜਾ ਕੀਤੀ ਹੋਈ ਸਫਲ ਹੁੰਦੀ ਹੈ, ਇਸ ਲਈ ਹਰੀ ਦਾ ਭਾਣਾ ਮੰਨਣਾ ਮਨ ਵਿਚ ਵਸਾਉਂਣਾ ਕਰੇ॥ ੩॥

ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ॥ ੪॥

ਹੇ ਸੰਤੋ ! ਸਾਰੇ ਲੋਕ ਪੂਜਾ ਤਾਂ ਕਰਦੇ ਹੀ ਹਨ, ਪਰ ਮਨਮੁਖਾਂ ਦੀ ਪੂਜਾ ਕੀਤੀ ਹੋਈ ਥਾਂ ਨਹੀਂ ਪੈਂਦੀ, ਭਾਵ ਮਨਜ਼ੂਰ ਨਹੀਂ ਹੁੰਦੀ॥ ੪॥

ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥ ੫॥

ਹੇ ਸੰਤੋ ! ਗੁਰਾਂ ਦੇ ਉਪਦੇਸ਼ ਕਰਕੇ ਜੀਵਤ ਭਾਅ ਤੋਂ ਮਰੇ ਤਾਂ ਮਨ ਸ਼ੁਧ ਹੁੰਦਾ ਹੈ, ਇਸ ਤਰ੍ਹਾਂ ਦੀ ਪੂਜਾ, ਵਾ:- ਇਸ ਤਰ੍ਹਾਂ ਦੇ ਲੋਕਾਂ ਦੀ ਪੂਜਾ ਕੀਤੀ ਹੋਈ ਪ੍ਰਭੂ ਥਾਇ ਪਾਈ=ਸਫਲ ਕਰਦਾ ਹੈ॥ ੫॥

ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ॥ ੬॥

www.sikhbookclub.com

ਉਹ ਸੱਚੇ ਜਨ ਪਵਿਤ੍ਰ ਤੋਂ ਪਵਿਤ੍ਰ ਹਨ, ਅਥਵਾ:- ਉਹ ,ਜਨ ਸੱਚੇ ਨੂੰ ਪਾਵਨ=ਪਾ ਕੇ ਪਵਿਤ੍ਰ ਹੋਏ ਹਨ ਅਤੇ ਇਕ ਸਬਦਿ=ਬ੍ਰਹਮ ਵਿਚ ਬਿਰਤੀ ਲਗਾਈ ਹੈ॥ ੬॥

ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ॥ ੭॥

ਨਾਮ ਜਪੇ ਤੋਂ ਬਿਨਾਂ ਹੋਰ ਪੂਜਾ ਕੀਤੀ ਹੋਈ ਪ੍ਰਵਾਨ ਨਹੀਂ ਹੁੰਦੀ, ਸਾਰੀ ਸ੍ਰਿਸ਼ਟੀ ਭਰਮ ਵਿਚ ਭੁਲੀ ਹੋਈ ਹੈ॥ ੭॥

ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ॥ ੮॥

ਹੇ ਸੰਤੋ ! ਗੁਰਮੁਖ ਜਨ ਗੁਰ ਦੁਆਰੇ ਰਾਮ ਨਾਮ ਵਿਚ ਬਿਰਤੀ ਲਗਾ ਕੇ ਆਪਣੇ ਸਰੂਪ ਨੂੰ ਪਛਾਣਦੇ ਹਨ॥ ੮॥

ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ॥ ੯॥

ਨਿਰਮਲੁ=ਪਰਮਾਤਮਾ ਆਪ ਹੀ ਪੂਜਾ ਕਰਵਾਉਂਦਾ ਹੈ ਅਤੇ ਆਪ ਹੀ ਗੁਰ ਸ਼ਬਦੀਆਂ ਦੀ ਪੂਜਾ ਕੀਤੀ ਹੋਈ ਥਾਂ ਪਾਂਦਾ ਹੈ, ਭਾਵ ਮਨਜ਼ੂਰ ਕਰਦਾ ਹੈ॥ ੯॥

ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ॥ ੧੦॥

ਲੋਕ ਪੂਜਾ ਤਾਂ ਕਰਦੇ ਹਨ, ਪਰ ਪੂਜਾ ਕਰਨ ਦੀ ਵਿਧੀ ਨਹੀਂ ਜਾਣਦੇ, ਦ੍ਵੈਤ ਭਾਅ ਕਰਕੇ ਅੰਤਹਕਰਨ ਨੂੰ ਰਾਗ ਦ੍ਵੈਸ਼, ਵਾ:- ਅਭਿਮਾਨਤਾ ਰੂਪੀ ਮੈਲ ਲਗਾਉਂਣਾ ਕੀਤੀ ਹੈ॥ ੧੦॥

ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ॥ ੧੧॥

ਜੋ ਗੁਰਮੁਖ ਹੁੰਦੇ ਹਨ ਉਹ ਪੂਜਾ ਕਰਨੀ ਜਾਣਦੇ ਹਨ ਅਤੇ ਪ੍ਰਭੂ ਦਾ ਭਾਣਾ ਮੰਨਣਾ ਮਨ ਵਿਚ ਵਸਾਂਦੇ ਹਨ॥ ੧੧॥

ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ॥ ੧੨॥

ਹੇ ਸੰਤੋ ! ਭਾਣੇ ਮੰਨਣ 'ਤੇ ਸਾਰੇ ਇਸ ਲੋਕ ਵਿਚ ਸੁਖ ਪਾਉਂਦੇ ਹਨ ਅਤੇ ਅੰਤ ਨੂੰ ਪ੍ਰਭੂ ਦਾ ਨਾਮ ਪ੍ਰਲੋਕ ਵਿਚ ਸਹਾਇਤਾ ਕਰਦਾ ਹੈ॥ ੧੨॥

ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ॥ ੧੩॥

ਹੇ ਸੰਤੋ ! ਜੋ ਆਪਣੇ ਆਪ ਨੂੰ ਨਹੀਂ ਪਛਾਣਦੇ, ਉਹ ਝੂਠੀਆਂ ਹੀ ਵਡਿਆਈਆਂ ਕਰਦੇ ਹਨ॥ ੧੩॥

ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ॥ ੧੪॥

ਪਖੰਡ ਦੇ ਕਰਨ ਨਾਲ ਜਮ ਨਹੀਂ ਛੱਡਦਾ, ਇੱਜ਼ਤ ਨੂੰ ਗੁਆ ਕੇ ਪ੍ਰਲੋਕ ਵਿਚ ਲੈ ਜਾਂਦਾ ਹੈ॥ ੧੪॥

ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ॥ ੧੫॥

ਜਿਨ੍ਹਾਂ ਦੇ ਹਿਰਦੇ ਅੰਦਰ ਗੁਰ ਉਪਦੇਸ਼ ਹੈ, ਉਹ ਆਪਣੇ ਸਰੂਪ ਨੂੰ ਪਛਾਣਦੇ ਹਨ ਅਤੇ ਉਹਨਾਂ ਨੇ ਹੀ ਗਤਿ=ਮੁਕਤੀ ਦੀ ਮਿਤਿ=ਮਰਯਾਦਾ ਪਾਈ ਹੈ॥ ੧੫॥

www.sikhbookclub.com

ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ॥ ੧੬॥

ਇਸ ਆਪਣੇ ਮਨ ਨੂੰ ਸੁੰਨ=ਅਫੁਰ ਸਮਾਧੀ ਵਿਚ ਲਗਾਵੇ, ਤਾਂ ਜੋਤੀ ਪਰਮਾਤਮਾ ਨਾਲ ਜੋਤ ਮਿਲ ਜਾਂਦੀ ਹੈ॥ ੧੬॥

ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਸੰਗਤਿ ਮੇਲਾਈ॥ ੧੭॥

ਜੋ ਗੁਰਮੁਖ ਮੁਖੀ ਗੁਰਾਂ ਤੋਂ ਉਪਦੇਸ਼ ਸੁਣ-ਸੁਣ ਕੇ ਨਾਮ ਨੂੰ ਕਥਨ ਕਰਦੇ ਹਨ ਤੇ ਸਤਸੰਗਤ ਵਿਚ ਆਪਣੇ ਆਪ ਨੂੰ ਮਿਲਾਈ ਰਖਦੇ ਹਨ॥ ੧੭॥

ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ॥ ੧੮॥

ਉਹ ਗੁਰਮੁਖ ਆਪਾ ਭਾਅ ਹੰਕਾਰ ਨੂੰ ਗੁਆ ਕੇ ਪ੍ਰਭੂ ਦੇ ਗੁਣ ਗਾਉਂਦੇ ਹਨ, ਏਸੇ ਕਰਕੇ ਉਹ ਸੱਚੇ ਦਰਬਾਰ ਵਿਚ ਸ਼ੋਭਾ ਪਾਂਦੇ ਹਨ॥ ੧੮॥

ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ॥ ੧੯॥

ਉਹਨਾਂ ਦੀ ਬਾਣੀ ਸੱਚੀ ਹੈ, ਉਹ ਸੱਚ ਨੂੰ ਹੀ ਵਖਾਣੈ=ਕਥਨ ਕਰਦੇ ਹਨ ਅਤੇ ਸੱਚ ਨਾਮ ਸਿਮਰਨ ਵਿਚ ਲਿਵ=ਬਿਰਤੀ ਲਗਾਈ ਰਖਦੇ ਹਨ॥ ੧੯॥

ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ॥ ੨੦॥

ਉਹ ਮੇਰਾ ਪ੍ਰਭੂ ਡਰ ਦੇ ਭੰਨਣ ਵਾਲਾ ਹੈ ਤੇ ਅਤਿ=ਭਾਰੀ ਪਾਪਾਂ ਦੇ ਨਿਖੰਜਨੁ=ਨਾਸ ਕਰਨ ਵਾਲਾ ਹੈ, ਪੁਨਾ ਅੰਤ ਨੂੰ ਜੀਵਾਂ ਦੀ ਸਹਾਇਤਾ ਕ਼ਰਨ ਵਾਲਾ ਹੈ॥ ੨੦॥

ਸਭੁ ਕਿਛੁ ਆਪੇ ਆਪਿ ਵਰਤੈ ਨਾਨਕ ਨਾਮਿ ਵਡਿਆਈ॥੨੧॥੩॥੧੨॥

ਗੁਰੂ ਜੀ ਕਥਨ ਕਰਦੇ ਹਨ—ਸਭ ਕੁਝ ਰੂਪ ਹੋਯਾ ਹੋਯਾ ਆਪ ਹੀ ਸਾਰੇ ਵਰਤ ਰਿਹਾ ਹੈ, ਉਸ ਨਾਮੀ ਦੇ ਨਾਮ ਜਪਣ ਕਰਕੇ ਵਡਿਆਈ ਹੁੰਦੀ ਹੈ॥ ੨੧॥ ੩॥ ੧੨॥

ਰਾਮਕਲੀ ਮਹਲਾ ੩॥

ਹਮ ਕੁਚਲ ਕੁਚੀਲ ਅਤਿ ਅਭਿਮਾਨੀ ਮਿਲਿ ਸਬਦੇ ਮੈਲੁ ਉਤਾਰੀ॥ ੧॥

ਅਸੀਂ ਸਰੀਰ ਕਰਕੇ ਕੁਚਲ=ਖੋਟੇ ਕਰਤੱਬ ਕਰਨ ਵਾਲੇ ਸੀ, *ਅਥਵਾ:-* ਦੂਜੇ ਦੀ ਗੱਲ ਨੂੰ ਕੁਚਲਨੇ ਵਾਲੇ ਸੀ, *ਵਾ:-* ਦੂਜੇ ਦੇ ਦੋਸ਼ ਕਹਿਣ ਵਾਲੇ ਨਿੰਦਕ ਸੀ ਤੇ ਕੁਚੀਲ=ਮੈਲੇ ਕਪੜਿਆਂ, ਭਾਵ ਗੰਦੇ ਲਿਬਾਸ ਵਾਲੇ ਸੀ, *ਅਥਵਾ:-* ਇੰਦੀਆਂ ਰੂਪੀ ਚੀਲ=ਕਪੜੇ, ਕੁ=ਖੋਟੇ ਸਨ, *ਵਾ:-* ਕੁਚਲ ਕੁਚੀਲ=ਅਪਵਿਤ੍ਰ ਤੋਂ ਅਪਵਿਤ੍ਰ ਸੀ, ਹੁਣ ਗੁਰ ਉਪਦੇਸ਼ ਨਾਲ ਮਿਲ ਕੇ ਰਾਗ ਦ੍ਵੈਸ਼ ਰੂਪੀ ਮੈਲ ਉਤਾਰ ਦਿੱਤੀ ਹੈ॥ ੧॥

ਸੰਤਹੁ ਗੁਰਮੁਖਿ ਨਾਮਿ ਨਿਸਤਾਰੀ॥

ਹੇ ਸੰਤੋ ! ਗੁਰਾਂ ਦੁਆਰੇ ਨਾਮੀ ਦਾ ਨਾਮ ਜਪਿਆ ਹੋਇਆ ਹੀ ਜੀਵ ਨੂੰ ਸੰਸਾਰ-ਸਮੁੰਦਰ ਤੋਂ ਤਾਰਦਾ ਹੈ।

ਸਚਾ ਨਾਮੁ ਵਸਿਆ ਘਟ ਅੰਤਰਿ ਕਰਤੈ ਆਪਿ ਸਵਾਰੀ॥ ੧॥ ਰਹਾਉ॥

ਜਿਨ੍ਹਾਂ ਦੇ ਘਟ ਅੰਦਰ ਗੁਰਾਂ ਦੁਆਰੇ ਸੱਚਾ ਨਾਮ ਵਸਿਆ ਹੈ, ਕਰਤੇ ਪੁਰਖ ਨੇ ਆਪ ਉਹਨਾਂ ਦੀ ਬੁੱਧੀ

www.sikhbookclub.com

ਸਵਾਰੀ ਹੈ॥ ੧॥ ਰਹਾਉ॥

[ਪੰਨਾ ੯੧੧]

ਪਾਰਸ ਪਰਸੇ ਫਿਰਿ ਪਾਰਸੁ ਹੋਏ ਹਰਿ ਜੀਉ ਅਪਣੀ ਕਿਰਪਾ ਧਾਰੀ॥ ੨॥

ਪਾਰਸ ਰੂਪ ਗੁਰਾਂ ਨਾਲ ਜੋ ਪਰਸੇ ਹਨ ਉਹ ਫਿਰ ਪਾਰਸ ਰੂਪ, ਭਾਵ ਗੁਰੂ ਰੂਪ ਹੀ ਹੋ ਗਏ ਹਨ. ਉਨ੍ਹਾਂ ਉੱਤੇ ਹਰਿ ਜੀਉ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਧਾਰੀ ਹੈ॥ ੨॥

ਇਕਿ ਭੇਖ ਕਰਹਿ ਫਿਰਹਿ ਅਭਿਮਾਨੀ ਤਿਨ ਜੂਐ ਬਾਜੀ ਹਾਰੀ॥ ੩॥

ਇਕ ਜੋ ਹੰਕਾਰੀ ਹਨ, ਉਹ ਭੇਖਾਂ ਨੂੰ ਹੀ ਧਾਰਨ ਕਰਦੇ ਫਿਰਦੇ ਹਨ, ਉਨ੍ਹਾਂ ਨੇ ਆਪਣੀ ਅਮੋਲਕ ਮਨੁੱਖਾ ਦੇਹ ਰੂਪ ਬਾਜੀ ਸੰਸਾਰ ਜੂਏ ਵਿਚ ਹਾਰ ਦਿੱਤੀ ਹੈ॥ ੩॥

ਇਕਿ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਉਰਿਧਾਰੀ॥ ੪॥

ਇਕ ਗੁਰਮੁਖ ਦਿਨ ਰਾਤ ਅਨਦਿਨੁ=ਇਕ ਰਸ ਪ੍ਰਭੂ ਦੀ ਭਗਤੀ ਕਰਦੇ ਹਨ ਅਤੇ ਰਾਮ ਨਾਮ ਦੀ ਪ੍ਰੀਤੀ ਹਿਰਦੇ ਵਿਚ ਧਾਰੀ ਹੋਈ ਹੈ॥ ੪॥

ਅਨਦਿਨੁ ਰਾਤੇ ਸਹਜੇ ਮਾਤੇ ਸਹਜੇ ਹਉਮੈ ਮਾਰੀ॥ ੫॥

ਜੋ ਰਾਤ ਦਿਨ ਨਾਮ ਸਿਮਰਨ ਵਿਚ ਰੱਤੇ ਹਨ, ਉਹ ਸਹਜੇ=ਸ਼ਾਂਤੀ ਆਦਿਕ ਗੁਣਾਂ ਵਿਚ ਮਸਤ ਹੋਏ ਹਨ ਅਤੇ ਉਨ੍ਹਾਂ ਨੇ ਸਹਜੇ ਹੀ ਹੰਗਤਾ ਮਮਤਾ ਮਾਰ ਦਿੱਤੀ ਹੈ॥ ੫॥

ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ॥ ੬॥

ਪ੍ਰਭੂ ਦਾ ਭੈ ਧਾਰੇ ਬਿਨਾਂ ਕਦੇ ਭਗਤੀ ਨਹੀਂ ਹੁੰਦੀ, ਜਿਸ ਵੇਲੇ ਭੈ ਭਾਇ=ਹੋਇਆ ਤਾਂ ਭਾਇ ਭਗਤ=ਪ੍ਰੇਮਾ ਭਗਤੀ ਨੇ ਬੁੱਧੀ ਸਵਾਰ ਦਿੱਤੀ॥ ੬॥

ਮਾਇਆ ਮੋਹੁ ਸਬਦਿ ਜਲਾਇਆ ਗਿਆਨਿ ਤਤਿ ਬੀਚਾਰੀ॥ ੭॥

ਜਿਸ ਨੇ ਗੁਰ ਉਪਦੇਸ਼ ਨਾਲ ਮਾਇਆ ਦਾ ਮੋਹ ਸਾੜਿਆ ਹੈ ਅਤੇ ਸਭ ਵੇਦਾਂ ਸ਼ਾਸਤ੍ਰਾਂ ਦੇ ਤਤਿ=ਸਿਧਾਂਤ ਰੂਪ ਗਿਆਨ ਨੂੰ ਵਿਚਾਰਿਆ ਹੈ॥ ੭॥ ਉਸ ਨੇ ਇੰਞ ਨਿਸਚੇ ਕੀਤਾ ਹੈ-

ਆਪੇ ਆਪਿ ਕਰਾਏ ਕਰਤਾ ਆਪੇ ਬਖਸਿ ਭੰਡਾਰੀ॥ ੮॥

ਉਹ ਕਰਤਾ ਪੁਰਖ ਆਪੇ ਆਪ ਸ਼ੁਭ ਕਰਮਾਂ ਨੂੰ ਕਰਾਉਂਦਾ ਹੈ ਅਤੇ ਆਪ ਹੀ ਪ੍ਰਤੱਖ, ਵਾ:- ਭਗਤੀ ਦੇ ਭੰਡਾਰੇ ਬਖ਼ਸ਼ਦਾ ਹੈ॥ ੮॥

ਤਿਸ ਕਿਆ ਗੁਣਾ ਕਾ ਅੰਤੁ ਨ ਪਾਇਆ ਹਉ ਗਾਵਾ ਸਬਦਿ ਵੀਚਾਰੀ॥ ੯॥

ਉਸ ਪ੍ਰਭੂ ਦੇ ਗੁਣਾਂ ਦਾ ਅੰਤ ਕਿਸੀ ਨੇ ਨਹੀਂ ਪਾਇਆ, ਅਸੀਂ ਤਾਂ ਗੁਰ ਉਪਦੇਸ਼ ਨੂੰ ਵਿਚਾਰ ਕੇ ਉਸ ਦੇ ਗੁਣਾ ਨੂੰ ਗਾਉਂਦੇ ਹਾ॥ ੯॥

ਹਰਿ ਜੀਉ ਜਪੀ ਹਰਿ ਜੀਉ ਸਾਲਾਹੀ ਵਿਚਹੁ ਆਪੁ ਨਿਵਾਰੀ॥ ੧੦॥

ਅਸੀਂ ਤਾਂ ਹਿਰਦੇ ਵਿਚੋਂ ਆਪਾ ਭਾਅ ਹੰਕਾਰ ਨੂੰ ਦੂਰ ਕਰਕੇ, ਮਨ ਕਰਕੇ ਹਰਿ ਜੀਉ ਨੂੰ ਜਪਦੇ ਹਾਂ,

www.sikhbookclub.com

ਬਾਣੀ ਦੁਆਰਾ ਹਰਿ ਜੀਉ ਨੂੰ ਸਲਾਉਂਦੇ ਹਾਂ॥ ੧੦॥

ਨਾਮੁ ਪਦਾਰਥੁ ਗੁਰ ਤੇ ਪਾਇਆ ਅਖੁਟ ਸਚੇ ਭੰਡਾਰੀ॥ ੧੧॥

ਅਸਾਂ ਨੇ ਉਸ ਦਾ ਨਾਮ ਪਦਾਰਥ ਗੁਰਾਂ ਤੋਂ ਪਾਯਾ ਹੈ, ਜਿਸ ਸੱਚੇ ਦੇ ਅਖੁਟ ਭੰਡਾਰੇ ਹਨ।

ਅਪਣਿਆ ਭਗਤਾ ਨੋ ਆਪੇ ਤੁਠਾ ਆਪਣੀ ਕਿਰਪਾ ਕਰਿ ਕਲ ਧਾਰੀ॥੧੨॥

ਉਹ ਪ੍ਰਭੂ ਆਪਣਿਆਂ ਭਗਤਾਂ ਉੱਤੇ ਆਪ ਹੀ ਤੁਠਾ=ਪ੍ਰਸੰਨ ਹੈ, ਉਸ ਨੇ ਆਪਣੀ ਕ੍ਰਿਪਾ ਕਰਕੇ ਸਾਰਿਆਂ ਵਿਚ ਆਪਣੀ ਕਲ=ਕਲਾ (ਸ਼ਕਤੀ) ਧਾਰੀ ਹੋਈ ਹੈ॥ ੧੨॥

ਤਿਨ ਸਾਚੇ ਨਾਮ ਕੀ ਸਦਾ ਭੁਖ ਲਾਗੀ ਗਾਵਨਿ ਸਬਦਿ ਵੀਚਾਰੀ॥੧੩॥

ਉਨ੍ਹਾਂ ਨੂੰ ਸੱਚੇ ਨਾਮ ਦੀ ਭੁੱਖ ਸਦਾ ਲਗੀ ਰਹਿੰਦੀ ਹੈ, ਜੋ ਗੁਰ ਉਪਦੇਸ਼ ਨੂੰ ਵਿਚਾਰਕੇ ਗਾਂਵਦੇ ਹਨ॥ ੧੩॥

ਜੀਉ ਪਿੰਡੁ ਸਭੁ ਕਿਛੁ ਹੈ ਤਿਸ ਕਾ ਆਖਣੁ ਬਿਖਮੁ ਬੀਚਾਰੀ॥੧੪॥

ਇਹ ਜੀਅ ਪਿੰਡ=ਸਰੀਰ ਆਦਿਕ ਸਭ ਕੁਝ ਉਸ ਪ੍ਰਭੂ ਦਾ ਦਿੱਤਾ ਹੋਇਆ ਹੈ, ਉਸ ਦੇ ਵਿਚਾਰ ਦਾ ਆਖਣਾ ਬੜਾ ਔਖਾ ਹੈ॥ ੧੪॥

ਸਬਦਿ ਲਾਗੇ ਸੇਈ ਜਨ ਨਿਸਤਰੇ ਭਉਜਲੁ ਪਾਰਿ ਉਤਾਰੀ॥੧੫॥

ਜੋ ਗੁਰ ਉਪਦੇਸ਼ ਵਿਚ ਲਗੇ ਹਨ, ਉਹ ਪੁਰਸ਼ ਸੰਸਾਰ ਤੋਂ ਤਰੇ ਹਨ ਅਤੇ ਉਨ੍ਹਾਂ ਨੇ ਆਪਣੀ ਸੰਗਤ ਭੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰੀ ਹੈ॥ ੧੫॥

ਬਿਨੁ ਹਰਿ ਸਾਚੇ ਕੋ ਪਾਰਿ ਨ ਪਾਵੈ ਬੂਝੈ ਕੋ ਵੀਚਾਰੀ॥੧੬॥

ਸੱਚੇ ਹਰੀ ਨਾਮ ਤੋਂ ਬਿਨਾਂ ਕੋਈ ਭੀ ਸੰਸਾਰ ਤੋਂ ਪਾਰ ਹੋਣਾ ਨਹੀਂ ਪਾਂਦਾ, ਇਸ ਗੱਲ ਨੂੰ ਕੋਈ ਵਿਚਾਰਵਾਨ ਬੁਝਦਾ ਹੈ॥ ੧੬॥

ਜੋ ਧੁਰਿ ਲਿਖਿਆ ਸੋਈ ਪਾਇਆ ਮਿਲਿ ਹਰਿ ਸਬਦਿ ਸਵਾਰੀ॥੧੭॥

ਜੋ ਧੁਰ ਤੋਂ ਲੇਖ ਲਿਖਿਆ ਗਿਆ ਹੈ, ਓਸੇ ਅਨੁਸਾਰ ਹੁਣ ਫਲ ਪਾਇਆ ਹੈ, ਹਰੀ ਦੀ ਪ੍ਰਾਪਤੀ ਕਰਨ ਵਾਲੇ ਸ਼ਬਦ ਨਾਲ ਮਿਲ ਕੇ ਬੁੱਧੀ ਸਵਾਰੀ ਹੈ॥ ੧੭॥

ਕਾਇਆ ਕੰਚਨੁ ਸਬਦੇ ਰਾਤੀ ਸਾਚੈ ਨਾਇ ਪਿਆਰੀ॥੧੮॥

ਉਹ ਕਾਇਆ=ਬੁੱਧੀ ਸੋਨੇ ਵਾਂਗੂ ਸ਼ੁਧ ਹੋਈ ਹੈ ਜੋ ਗੁਰ ਉਪਦੇਸ਼ ਵਿਚ ਤਦਾਕਾਰ ਹੋ ਕੇ ਸੱਚੇ ਨਾਮ ਵਿਚ ਪਿਆਰ ਕਰਦੀ ਹੈ॥ ੧੮॥

ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ॥੧੯॥

ਉਹ ਕਾਂਇਆਂ ਨਾਮ, ਵਾ- ਆਤਮਾ ਰੂਪ ਅੰਮ੍ਰਿਤ ਨਾਲ ਭਰਪੂਰ ਹੋ ਰਹੀ ਹੈ, ਪਰ ਨਾਮ ਤੇ ਆਤਮਾ ਰੂਪ ਅੰਮ੍ਰਿਤ ਗੁਰ ਸ਼ਬਦ ਦੀ ਵਿਚਾਰ ਦੁਆਰਾ ਪਾਈਂਦਾ ਹੈ॥ ੧੯॥

ਜੋ ਪ੍ਰਭੁ ਖੋਜਹਿ ਸੇਈ ਪਾਵਹਿ ਹੋਰਿ ਫੂਟਿ ਮੂਏ ਅਹੰਕਾਰੀ॥ ੨੦॥

www.sikhbookclub.com

ਜੋ ਪ੍ਰਭੂ ਨੂੰ ਖੋਜਦੇ ਹਨ ਉਹ ਪਾ ਲੈਂਦੇ ਹਨ, ਹੋਰ ਜਿਹੜੇ ਹੰਕਾਰੀ ਪੁਰਸ਼ ਹਨ, ਉਹ ਫੂਟਿ=ਦੁੱਖੀ ਹੋ ਕੇ ਮਰਦੇ ਹਨ॥ ੨੦॥

ਯਥਾ:- ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ॥ *(ਪੰਨਾ ੩੩੫)*

ਬਾਦੀ ਬਿਨਸਹਿ ਸੇਵਕ ਸੇਵਹਿ ਗੁਰ ਕੈ ਹੇਤਿ ਪਿਆਰੀ॥ ੨੧॥

ਜੋ ਗੁਰਾਂ ਨਾਲ ਬਾਦੀ=ਝਗੜਾ ਕਰਦੇ ਹਨ, ਉਹ ਬਿਨਸ ਜਾਂਦੇ ਹਨ ਅਤੇ ਜੋ ਸੇਵਕ ਹੋ ਕੇ ਗੁਰਾਂ ਦੀ ਸੇਵਾ ਕਰਦੇ ਹਨ, ਉਹ ਪਿਆਰਿਆਂ ਗੁਰਾਂ ਵਿਚ ਹੇਤਿ=ਪ੍ਰੇਮ ਕਰਕੇ ਤਰ ਗਏ ਹਨ।

ਅਥਵਾ:- ਉਨ੍ਹਾਂ ਵਿਚ ਗੁਰਾਂ ਦਾ ਹੇਤਿ=ਪ੍ਰੇਮ ਹੁੰਦਾ ਹੈ ਅਤੇ ਉਨ੍ਹਾਂ ਦੀ ਕਿਰਿਆ ਭੀ ਗੁਰਾਂ ਨੂੰ ਪਿਆਰੀ ਲਗਦੀ ਹੈ॥ ੨੧॥

ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ॥ ੨੨॥

ਅਸਲ ਜੋਗੀ ਉਹ ਹੈ ਜੋ ਤੱਤ ਗਿਆਨ ਨੂੰ ਵਿਚਾਰਦਾ ਹੈ ਅਤੇ ਜਿਸ ਨੇ ਹਉਮੈ ਤੇ ਤ੍ਰਿਸ਼ਨਾ ਨੂੰ ਮਾਰਿਆ ਹੈ॥ ੨੨॥

ਸਤਿਗੁਰੁ ਦਾਤਾ ਤਿਨੈ ਪਛਾਤਾ ਜਿਸ ਨੋ ਕ੍ਰਿਪਾ ਤੁਮਾਰੀ॥ ੨੩॥

ਸਭ ਪਦਾਰਥਾਂ ਦਾ ਦਾਤਾ ਜੋ ਸਤਿਗੁਰੂ ਹੈ, ਉਨ੍ਹਾਂ ਨੂੰ ਉਸ ਨੇ ਪਛਾਣਿਆ ਹੈ, ਜਿਸ ਉੱਤੇ ਆਪ ਜੀ ਦੀ ਕਿਰਪਾ ਹੈ॥ ੨੩॥

ਸਤਿਗੁਰੁ ਨ ਸੇਵਹਿ ਮਾਇਆ ਲਾਗੇ ਡੂਬਿ ਮੂਏ ਅਹੰਕਾਰੀ॥ ੨੪॥

ਜੋ ਸਤਿਗੁਰਾਂ ਨੂੰ ਨਹੀਂ ਸੇਂਵਦੇ ਤੇ ਮਾਇਆ ਦੇ ਵਿਚ ਲਗੇ ਹਨ, ਉਹ ਹੰਕਾਰੀ ਸੰਸਾਰ-ਸਮੁੰਦਰ ਵਿਚ ਡੂਬ ਮੁਏ ਹਨ॥ ੨੪॥

ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ ਜਾਇ ਮਿਲੀਐ ਰਾਮ ਮੁਰਾਰੀ॥ ੨੫॥

ਜਿੰਨਾ ਚਿਰ ਸਰੀਰ ਅੰਦਰ ਸ੍ਵਾਸ ਹਨ, ਉਨ੍ਹਾਂ ਚਿਰ ਸੇਵਾ ਕਰਦੇ ਰਹੀਏ ਤਾਂ ਫਿਰ ਮੁਰ ਦੈਂਤ ਦੇ ਅਰੀ ਰਾਮ ਮੁਰਾਰੀ ਨੂੰ ਜਾ ਮਿਲੀਂਦਾ ਹੈ॥ ੨੫॥

ਅਨਦਿਨੁ ਜਾਗਤ ਰਹੈ ਦਿਨੁ ਰਾਤੀ ਅਪਨੇ ਪ੍ਰਿਅ ਪ੍ਰੀਤਿ ਪਿਆਰੀ॥ ੨੬॥

ਉਹ ਅਨਦਿਨੁ=ਇਕ ਰਸ ਦਿਨ ਰਾਤ ਜਾਗਦੇ ਰਹਿੰਦੇ ਹਨ, ਜਿਨ੍ਹਾਂ ਦੀ ਆਪਣੇ ਪਿਰੀ ਪਰਮਾਤਮਾ ਨਾਲ ਪਿਆਰੀ ਪ੍ਰੀਤੀ ਹੈ॥ ੨੬॥

ਤਨੁ ਮਨੁ ਵਾਰੀ ਵਾਰਿ ਘੁਮਾਈ ਅਪਨੇ ਗੁਰ ਵਿਟਹੁ ਬਲਿਹਾਰੀ॥ ੨੭॥

ਆਪਣੇ ਗੁਰੂ ਦੇ ਉਪਰੋਂ ਤਨ ਨੂੰ ਵਾਰਨੇ ਕਰੇ, ਮਨ ਨੂੰ ਭੀ ਘੁਮਾ ਕੇ ਵਾਰਨੇ ਕਰੇ ਅਤੇ ਗੁਰੂ ਉਤੋਂ ਬਲਿਹਾਰ ਜਾਣਾ ਕਰੇ॥ ੨੭॥

ਮਾਇਆ ਮੋਹੁ ਬਿਨਸਿ ਜਾਇਗਾ ਉਬਰੇ ਸਬਦਿ ਵੀਚਾਰੀ॥ ੨੮॥

ਮਾਇਆ ਦਾ ਜੋ ਮੋਹ ਹੈ, ਇਸ ਕਰਕੇ ਜੀਵ ਬਿਨਸ ਜਾਏਗਾ, ਜੋ ਗੁਰ ਸ਼ਬਦ ਨੂੰ ਵਿਚਾਰਦੇ ਹਨ ਉਹ ਮਾਇਆ ਤੋਂ ਉਬਰੇ=ਬਚ ਜਾਂਦੇ ਹਨ। *ਅਥਵਾ:-* ਗੁਰ ਸ਼ਬਦ ਦੇ ਵਿਚਾਰਨ ਨਾਲ ਜਦ ਮਾਇਆ ਦਾ

www.sikhbookclub.com

ਮੋਹ ਬਿਨਸ ਜਾਏਗਾ, ਤਦ ਤੂੰ ਸੰਸਾਰ ਤੋਂ ਉਬਰੇ=ਤਰ ਜਾਏਂਗਾ॥ ੨੮॥

ਆਪਿ ਜਗਾਏ ਸੇਈ ਜਾਗੇ ਗੁਰ ਕੈ ਸਬਦਿ ਵੀਚਾਰੀ॥ ੨੯॥

ਜੋ ਪ੍ਰਭੂ ਨੇ ਆਪ ਮੋਹ ਨੀਂਦ ਵਲੋਂ ਜਗਾਏ ਹਨ, ਓਹੀ ਪੁਰਸ਼ ਗੁਰਾਂ ਦੇ ਸ਼ਬਦ ਦੀ ਵਿਚਾਰ ਦੁਆਰਾ ਗਿਆਨ ਜਾਗ੍ਰਤ ਵਿਚ ਜਾਗੇ ਹਨ॥ ੨੯॥

ਨਾਨਕ ਸੇਈ ਮੂਏ ਜਿ ਨਾਮੁ ਨ ਚੇਤਹਿ ਭਗਤ ਜੀਵੇ ਵੀਚਾਰੀ॥੩੦॥੪॥੧੩॥

ਗੁਰੂ ਜੀ ਕਥਨ ਕਰਦੇ ਹਨ—ਉਹ ਪੁਰਸ਼ ਮੁਰਦਿਆਂ ਦੇ ਤੁਲ ਹਨ ਜਿਹੜੇ ਨਾਮ ਨੂੰ ਨਹੀਂ ਚੇਤਦੇ, ਵਿਚਾਰਵਾਨ ਭਗਤ ਨਾਮ ਨੂੰ ਵਿਚਾਰਦੇ ਹੋਏ ਸੰਸਾਰ ਵਿਚ ਜੀਉਂਦੇ ਹਨ॥ ੩੦॥ ੪॥ ੧੩॥

ਰਾਮਕਲੀ ਮਹਲਾ ੩॥

ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ॥ ੧॥

ਜਿਨ੍ਹਾਂ ਨੇ ਗੁਰਾਂ ਪਾਸੋਂ ਨਾਮ ਰੂਪ ਖ਼ਜ਼ਾਨਾ ਪਾਇਆ ਹੈ, ਉਹ ਦੁਨੀਆਂ ਦੇ ਪਦਾਰਥਾਂ ਵਲੋਂ ਤ੍ਰਿਪਤ ਹੋ ਕੇ ਆਘਾਈ=ਰਜ ਗਏ ਹਨ॥ ੧॥

ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ॥

ਹੇ ਸੰਤੋਂ ! ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮ ਜਪ ਕੇ ਮੁਕਤੀ ਦੀ ਗਤਿ=ਪ੍ਰਾਪਤੀ ਪਾਈ ਹੈ।

[ਪੰਨਾ ੯੧੨]

ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ॥ ੧॥ ਰਹਾਉ॥

ਘਟ ਅੰਦਰ ਜਿਹੜਾ ਇਕ ਵਾਹਿਗੁਰੂ ਨਾਮ ਵਸਿਆ ਹੈ, ਇਹ ਪੂਰਿਆਂ ਸਤਿਗੁਰਾਂ ਦੀ ਵਡਿਆਈ ਹੈ॥ ੧॥ ਰਹਾਉ॥

ਆਪੇ ਕਰਤਾ ਆਪੇ ਭੁਗਤਾ ਦੇਦਾ ਰਿਜਕੁ ਸਬਾਈ॥ ੨॥

ਹਰੀ ਆਪ ਹੀ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਆਪ ਹੀ ਭੁਗਤਾ ਹੈ ਅਤੇ ਆਪ ਹੀ ਸਾਰਿਆਂ ਜੀਆਂ ਨੂੰ ਰਿਜਕ ਸਬਾਈ=ਪਹੁੰਚਾ ਦਿੰਦਾ ਹੈ॥ ੨॥

ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ॥ ੩॥

ਜੋ ਕੁਝ ਉਸ ਪਰਮੇਸ਼ਰ ਨੇ ਕਰਨਾ ਹੈ, ਓਹੀ ਕੁਝ ਕਰ ਰਿਹਾ ਹੈ, ਉਸ ਦੇ ਹੁਕਮ ਤੋਂ ਬਾਹਰ ਹੋਰ ਕੁਝ ਨਹੀਂ ਕੀਤਾ ਜਾਂਦਾ॥ ੩॥

ਆਪੇ ਸਾਜੇ ਸ੍ਰਿਸਟਿ ਉਪਾਏ ਸਿਰਿ ਸਿਰਿ ਧੰਧੈ ਲਾਈ॥ ੪॥

ਹਰੀ ਆਪ ਹੀ ਪੰਜਾਂ ਤੱਤਾਂ ਨੂੰ ਸਾਜ ਕੇ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਫਿਰ ਆਪ ਹੀ ਸਿਰ-ਬ-ਸਿਰ, ਵਾ:- ਸਿਰਜ-ਸਿਰਜ ਕੇ ਜੀਵਾਂ ਨੂੰ ਧੰਧਿਆਂ ਵਿਚ ਲਗਾਂਦਾ ਹੈ॥ ੪॥

ਤਿਸਹਿ ਸਰੇਵਹੁ ਤਾ ਸੁਖੁ ਪਾਵਹੁ ਸਤਿਗੁਰਿ ਮੇਲਿ ਮਿਲਾਈ॥ ੫॥

ਸਤਿਗੁਰਾਂ ਦੇ ਮੇਲ ਵਿਚ ਆਪਣੇ ਆਪ ਨੂੰ ਮਿਲਾ ਕੇ ਉਸ ਪ੍ਰਭੂ ਨੂੰ ਸੇਵੋ, ਤਾਂ ਹੀ ਸੁਖਾਂ ਨੂੰ ਪਾਵੋਗੇ॥ ੫॥

www.sikhbookclub.com

ਆਪਣਾ ਆਪੁ ਆਪਿ ਉਪਾਏ ਅਲਖੁ ਨ ਲਖਣਾ ਜਾਈ॥ ੬॥

ਆਪਣਾ ਆਪ ਰੂਪ ਜੋ ਪ੍ਰਪੰਚ ਹੈ, ਇਸ ਨੂੰ ਆਪ ਹੀ ਉਤਪਤ ਕਰਦਾ ਹੈ, ਉਹ ਅਲਖ ਪ੍ਰਭੂ ਲਖਿਆ ਨਹੀਂ ਜਾਂਦਾ॥ ੬॥

ਆਪੇ ਮਾਰਿ ਜੀਵਾਲੇ ਆਪੇ ਤਿਸ ਨੋ ਤਿਲੁ ਨ ਤਮਾਈ॥ ੭॥

ਆਪ ਹੀ ਮਾਰਦਾ ਹੈ, ਪੁਨਾ ਜੀਵਾਉਂਦਾ ਭੀ ਆਪ ਹੈ, ਉਸ ਪ੍ਰਭੂ ਨੂੰ ਤਿਲ ਮਾਤ੍ਰ ਭੀ ਤਮਾਈ=ਖ੍ਵਾਹਸ਼ ਨਹੀਂ, ਵਾ:- ਤਮੇ ਗੁਣ ਨਹੀਂ, ਵਾ:- ਅਗਿਆਨ ਰੂਪ ਹਨੇਰਾ ਨਹੀਂ ਹੈ॥ ੭॥

ਇਕਿ ਦਾਤੇ ਇਕਿ ਮੰਗਤੇ ਕੀਤੇ ਆਪੇ ਭਗਤਿ ਕਰਾਈ॥ ੮॥

ਉਸ ਪ੍ਰਭੂ ਨੇ ਕਰਮਾਂ ਅਨੁਸਾਰ ਇਕ ਦਾਤੇ ਕੀਤੇ ਹਨ, ਇਕ ਮੰਗਤੇ ਕੀਤੇ ਹਨ ਅਤੇ ਇਕਨਾਂ ਪਾਸੋਂ ਆਪ ਹੀ ਭਗਤੀ ਕਰਵਾਂਦਾ ਹੈ॥ ੮॥

ਸੇ ਵਡਭਾਗੀ ਜਿਨੀ ਏਕੋ ਜਾਤਾ ਸਚੇ ਰਹੇ ਸਮਾਈ॥ ੯॥

ਉਹ ਵਡਿਆਂ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਇਕ ਪ੍ਰਭੂ ਨੂੰ ਜਾਣਿਆ ਹੈ, ਉਹ ਫਿਰ ਸੱਚੇ ਪ੍ਰਭੂ ਵਿਚ ਸਮਾਅ ਰਹਿੰਦੇ ਹਨ॥ ੯॥

ਆਪਿ ਸਰੂਪੁ ਸਿਆਣਾ ਆਪੇ ਕੀਮਤਿ ਕਹਣੁ ਨ ਜਾਈ॥ ੧੦॥

ਆਪ ਹੀ ਸੁੰਦਰ ਸਰੂਪ ਹੈ, ਪੁਨਾ ਸਿਆਣਾ ਭੀ ਆਪ ਹੈ, ਉਸ ਦੀ ਕੀਮਤ ਕੁਝ ਕਹੀ ਨਹੀਂ ਜਾਂਦੀ॥ ੧੦॥

ਆਪੇ ਦੁਖੁ ਸੁਖੁ ਪਾਏ ਅੰਤਰਿ ਆਪੇ ਭਰਮਿ ਭੁਲਾਈ॥ ੧੧॥

ਆਪ ਹੀ ਕਰਮਾਂ ਅਨੁਸਾਰ ਜੀਵਾਂ ਦੇ ਅੰਦਰ ਦੁੱਖ ਸੁਖ ਨੂੰ ਪਾਂਦਾ ਹੈ, ਆਪ ਹੀ ਸਾਰੀ ਸ੍ਰਿਸ਼ਟੀ ਭਰਮ ਵਿਚ ਭੁਲਾਵਣਾ ਕੀਤੀ ਹੈ॥ ੧੧॥

ਵਡਾ ਦਾਤਾ ਗੁਰਮੁਖਿ ਜਾਤਾ ਨਿਗੁਰੀ ਅੰਧ ਫਿਰੈ ਲੋਕਾਈ॥ ੧੨॥

ਵੱਡਾ ਦਾਤਾ ਜੋ ਪ੍ਰਭੂ ਹੈ, ਉਸ ਨੂੰ ਗੁਰਮੁਖਾਂ ਨੇ ਗੁਰਾਂ ਦੁਆਰੇ ਜਾਣਿਆ ਹੈ, ਜੋ ਲੁਕਾਈ=ਸ੍ਰਿਸ਼ਟੀ ਨਿਗੁਰੀ ਹੈ, ਉਹ ਅਗਿਆਨ ਕਰਕੇ ਅੰਨ੍ਹੀ ਹੋਈ ਫਿਰਦੀ ਹੈ॥ ੧੨॥

ਜਿਨੀ ਚਾਖਿਆ ਤਿਨਾ ਸਾਦੁ ਆਇਆ ਸਤਿਗੁਰਿ ਬੂਝ ਬੁਝਾਈ॥ ੧੩॥

ਜਿਨ੍ਹਾਂ ਪੁਰਸ਼ਾਂ ਨੇ ਹਰੀ ਨਾਮ ਰਸ ਚੱਖਿਆ ਹੈ, ਉਹਨਾਂ ਨੂੰ ਸਾਦੁ=ਅਨੰਦ ਆਇਆ ਹੈ ਪਰ ਨਾਮ ਜਪਣ ਦੀ ਬੂਝ ਸਤਿਗੁਰਾਂ ਨੇ ਸਮਝਾਈ ਹੈ॥ ੧੩॥

ਇਕਨਾ ਨਾਵਹੁ ਆਪਿ ਭੁਲਾਏ ਇਕਨਾ ਗੁਰਮੁਖਿ ਦੇਇ ਬੁਝਾਈ॥ ੧੪॥

ਇਕਨਾ ਮਨਮੁਖਾਂ ਨੂੰ ਨਾਮ ਸਿਮਰਨ ਵਲੋਂ ਆਪ ਭੁਲਾਂਵਦਾ ਹੈ, ਇਕਨਾ ਗੁਰਮੁਖਾਂ ਨੂੰ ਆਪ ਹੀ ਨਾਮ ਜਪਣ ਦੀ ਸਿਖਿਆ ਸਮਝਾ ਦੇਂਦਾ ਹੈ॥ ੧੪॥

ਸਦਾ ਸਦਾ ਸਾਲਾਹਿਹੁ ਸੰਤਹੁ ਤਿਸ ਦੀ ਵਡੀ ਵਡਿਆਈ॥ ੧੫॥

ਹੇ ਸੰਤੋ ! ਸਦਾ ਰੂਪ ਪਰਮਾਤਮਾ ਨੂੰ ਸਦਾ ਹੀ ਸਲਾਹਣਾ ਕਰੋ. ਉਸ ਪ੍ਰਭੂ ਦੀ ਵਡਿਆਈ ਸਭ ਤੋਂ ਵੱਡੀ ਹੈ॥ ੧੫॥

ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ॥ ੧੬॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਰਾਜਾ ਨਹੀਂ ਹੈ, ਵਾ:- ਰਾਜਾ=ਪੂਜਨੀਕ ਨਹੀਂ ਹੈ, ਵਾ:- ਰਾਜਾ=ਪ੍ਰਕਾਸ਼ ਰੂਪ ਨਹੀਂ ਹੈ, ਸੰਸਾਰ ਦੀ ਬਨਾਵਟ ਬਣਾ ਕੇ ਆਪ ਹੀ ਜੀਵਾਂ ਦਾ ਤਪਾਵਸੁ=ਨਿਆਂ ਕਰਦਾ ਹੈ॥ ੧੬॥

ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ॥ ੧੭॥

ਉਸ ਪ੍ਰਭੂ ਦਾ ਨਿਆਂ ਸਦਾ ਸੱਚਾ ਹੈ ਪਰ ਆਪਣਾ ਹੁਕਮ ਕਿਸੇ ਵਿਰਲੇ ਪਾਸੋਂ ਮਨਾਉਂਦਾ ਹੈ॥ ੧੭॥

ਤਿਸ ਨੋ ਪ੍ਰਾਣੀ ਸਦਾ ਧਿਆਵਹੁ ਜਿਨਿ ਗੁਰਮੁਖਿ ਬਣਤ ਬਣਾਈ॥ ੧੮॥

ਹੇ ਪ੍ਰਾਣੀਓ ! ਉਸ ਪ੍ਰਭੂ ਨੂੰ ਸਦਾ ਧਿਆਉਣਾ ਕਰੋ, ਜਿਸ ਨੇ ਗੁਰਮੁਖਾਂ ਦੀ ਚੰਗੀ ਬਨਾਵਟ ਬਣਾਈ ਹੈ॥ ੧੮॥

ਸਤਿਗੁਰ ਭੇਟੈ ਸੋ ਜਨੁ ਸੀਝੈ ਜਿਸੁ ਹਿਰਦੈ ਨਾਮੁ ਵਸਾਈ ॥ ੧੯॥

ਜਿਸ ਨੇ ਸਤਿਗੁਰਾਂ ਨਾਲ ਮਿਲ ਕੇ ਹਿਰਦੇ ਵਿਚ ਨਾਮ ਦੀ ਪ੍ਰੀਤੀ ਵਸਾਈ ਹੈ, ਸੋ ਜਨੁ ਸੀਝੈ=ਉਹ ਪੁਰਸ਼ ਕਲਿਆਣ ਹੁੰਦਾ ਹੈ॥ ੧੯॥

ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ ਸੁਣਾਈ॥ ੨੦॥

ਉਹ ਆਪ ਸੱਚਾ ਪ੍ਰਭੂ ਤਿੰਨਾਂ ਕਾਲਾਂ ਮੇ ਸੱਚਾ ਹੈ, ਇਹ ਬਾਣੀ ਗੁਰਾਂ ਨੇ ਸ਼ਬਦ ਦੁਆਰਾ ਸੁਣਾਈ ਹੈ। *ਅਥਵਾ:-* ਸਬਦਿ=ਬੋਚ੍ਹ ਨੇ ਇਹ ਬਾਣੀ ਸੁਣਾਈ ਹੈ॥ ੨੦॥

ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ
ਮੇਰਾ ਪ੍ਰਭੁ ਰਵਿਆ ਸ੍ਰਬ ਥਾਈ॥ ੨੧॥ ੫॥ ੧੪॥

ਗੁਰੂ ਜੀ ਕਥਨ ਕਰਦੇ ਹਨ-ਉਹ ਵਿਸਮਾਦੁ=ਅਸਚਰਜ ਰੂਪ ਪ੍ਰਭੂ ਆਪ ਹੀ ਸੁਣ ਰਿਹਾ ਹੈ ਤੇ ਆਪ ਹੀ ਜੀਵਾਂ ਦੇ ਕਰਤੱਬਾਂ ਨੂੰ ਵੇਖ ਰਿਹਾ ਹੈ, ਕਿਉਂਕਿ ਉਹ ਮੇਰਾ ਪ੍ਰਭੂ ਸਭ ਥਾਵਾਂ 'ਪਰ ਰਵ ਰਿਹਾ ਹੈ॥ ੨੧॥ ੫॥ ੧੪॥

ਰਾਮਕਲੀ ਮਹਲਾ ੫ ਅਸਟਪਦੀਆ

ੴ ਸਤਿਗੁਰ ਪ੍ਰਸਾਦਿ॥

ਗੁਰੂ ਜੀ ਇਸ ਵਿਚ ਲੋਕਾਂ ਦੀ ਕਰਤੱਬਤਾ ਦੱਸਦੇ ਹੋਏ ਆਪਣੀ ਬਿਵਸਥਾ ਕਹਿੰਦੇ ਹਨ—

ਕਿਨਹੀ ਕੀਆ ਪਰਵਿਰਤਿ ਪਸਾਰਾ॥ ਕਿਨਹੀ ਕੀਆ ਪੂਜਾ ਬਿਸਥਾਰਾ॥

ਕਿਸੀ ਨੇ ਸੰਸਾਰ ਵਿਚ ਪਰਵਿਰਤੀ ਦਾ ਪਸਾਰਾ ਪਸਾਰਨਾ ਕੀਤਾ ਹੈ ਤੇ ਕਿਸੀ ਨੇ ਬਹੁਤ ਸਾਰਾ ਪੂਜਾ ਦਾ ਵਿਸਤਾਰ ਫੈਲਾਵਨਾ ਕੀਤਾ ਹੈ।

ਕਿਨਹੀ ਨਿਵਲ ਭੁਇਅੰਗਮ ਸਾਧੇ॥ ਮੋਹਿ ਦੀਨ ਹਰਿ ਹਰਿ ਆਰਾਧੇ॥ ੧॥

ਕਿਸੀ ਨੇ ਨਿਵਲ=ਨੇਤੀ ਧੋਤੀ ਆਦਿਕ ਕਰਮ ਕੀਤੇ ਹਨ, ਕਿਸੀ ਨੇ ਭੁਇਅੰਗਮ ਨਾੜੀ ਦੁਆਰਾ ਦਸਮ ਦੁਆਰ ਵਿਚ ਪ੍ਰਾਣ ਸਾਧੇ=ਇਸਥਿਤ ਕੀਤੇ ਹਨ।

www.sikhbookclub.com

ਪਰ ਮੈਂ ਦੀਨ ਨੇ ਹਰਿ ਹਰਿ ਆਦਿਕ ਨਾਮ ਅਰਾਧਣਾ ਕੀਤੇ ਹਨ॥ ੧॥

ਤੇਰਾ ਭਰੋਸਾ ਪਿਆਰੇ ॥ ਆਨ ਨ ਜਾਨਾ ਵੇਸਾ ॥ ੧ ॥ ਰਹਾਉ ॥

ਹੇ ਪਿਆਰੇ ਪ੍ਰਭੂ ! ਮੈਨੂੰ ਇਕ ਆਪ ਜੀ ਦਾ ਹੀ ਭਰੋਸਾ ਹੈ। ਮੈਂ ਹੋਰ ਕੋਈ ਭੇਖ ਧਾਰਨੇ ਜਾਣਦਾ ਨਹੀਂ ਹਾਂ॥ ੧॥ ਰਹਾਉ॥

ਕਿਨਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ ॥

ਕਿਸੀ ਨੇ ਘਰ ਨੂੰ ਤਜਿ=ਤਿਆਗ ਕੇ ਜੰਗਲਾਂ ਦੇ ਅਸਥਾਨ 'ਪਰ ਰਹਿਣਾ ਪਾਇਆ ਹੈ।

ਕਿਨਹੀ ਮੋਨਿ ਅਉਧੂਤੁ ਸਦਾਇਆ ॥

ਕਿਸੀ ਨੇ ਮੋਨੀ ਹੋ ਕੇ ਆਪਣੇ ਆਪ ਨੂੰ ਅਵਧੂਤ, ਭਾਵ ਤਿਆਗੀ ਸਦਾਇਆ ਹੈ।

ਕੋਈ ਕਹਤਉ ਅਨੰਨਿ ਭਗਉਤੀ ॥ ਮੋਹਿ ਦੀਨ ਹਰਿ ਹਰਿ ਓਟ ਲੀਤੀ ॥੨ ॥

ਕੋਈ ਕਹਿੰਦਾ ਹੈ ਮੈਂ ਅਨੰਨਿ=ਇਕ ਰਸ ਭਗਤੀ ਕਰਨ ਵਾਲਾ ਹਾਂ। ਪਰ ਮੈਂ ਦੀਨ ਨੇ ਹਰਿ ਹਰਿ ਦੀ ਓਟ ਲੈਣਾ ਕੀਤੀ ਹੈ॥ ੨॥

ਕਿਨਹੀ ਕਹਿਆ ਹਉ ਤੀਰਥ ਵਾਸੀ ॥ ਕੋਈ ਅੰਨੁ ਤਜਿ ਭਇਆ ਉਦਾਸੀ ॥

ਕਿਸੀ ਨੇ ਕਿਹਾ ਹੈ, ਮੈਂ ਤੀਰਥਾਂ 'ਪਰ ਵਸਨੇ ਵਾਲਾ ਹਾਂ।

ਅਤੇ ਕੋਈ ਪੁਰਸ਼ ਅੰਨ ਨੂੰ ਤਿਆਗ ਕੇ ਉਦਾਸੀ ਹੋ ਗਿਆ ਹੈ।

ਕਿਨਹੀ ਭਵਨੁ ਸਭ ਧਰਤੀ ਕਰਿਆ ॥ ਮੋਹਿ ਦੀਨ ਹਰਿ ਹਰਿ ਦਰਿ ਪਰਿਆ ॥੩ ॥

ਕਿਸੀ ਨੇ ਸਾਰੀ ਧਰਤੀ ਪਰ ਭਵਨੁ=ਫਿਰਨਾ ਕੀਤਾ ਹੈ। ਪਰ ਮੈਂ ਦੀਨ=ਨਿੰਮ੍ਰਤਾ ਦੇ ਸਹਿਤ ਹਰਿ ਹਰਿ ਦੇ ਦਰਵਾਜ਼ੇ ਵਿਚ ਪਿਆ ਹਾਂ॥ ੩॥

[ਪੰਨਾ ੯੧੩]

ਕਿਨਹੀ ਕਹਿਆ ਮੈ ਕੁਲਹਿ ਵਡਿਆਈ ॥ ਕਿਨਹੀ ਕਹਿਆ ਬਾਹ ਬਹੁ ਭਾਈ ॥

ਕਿਸੀ ਨੇ ਕਿਹਾ ਹੈ, ਮੇਰੀ ਕੁਲ ਦੀ ਵੱਡੀ ਵਡਿਆਈ ਹੈ। ਕਿਸੀ ਨੇ ਕਿਹਾ ਹੈ, ਮੇਰੀਆਂ ਭਰਾਵਾਂ ਰੂਪੀ ਬਹੁਤੀਆਂ ਬਾਂਹਵਾਂ ਹਨ।

ਕੋਈ ਕਹੈ ਮੈ ਧਨਹਿ ਪਸਾਰਾ ॥ ਮੋਹਿ ਦੀਨ ਹਰਿ ਹਰਿ ਆਧਾਰਾ ॥ ੪ ॥

ਕੋਈ ਕਹਿੰਦਾ ਹੈ ਮੇਰੇ ਪਾਸ ਧਨ ਦਾ ਪਸਾਰਾ ਬਹੁਤ ਸਾਰਾ ਹੈ। ਪਰ ਮੈਂ ਦੀਨ=ਗਰੀਬ ਨੂੰ ਹਰਿ ਹਰਿ ਦਾ ਆਧਾਰਾ=ਆਸਰਾ ਹੈ॥ ੪॥

ਕਿਨਹੀ ਘੂਘਰ ਨਿਰਤਿ ਕਰਾਈ ॥ ਕਿਨਹੂ ਵਰਤ ਨੇਮ ਮਾਲਾ ਪਾਈ ॥

ਕਿਸੀ ਨੇ ਘੁੰਘਰੂ ਬੰਨ੍ਹ ਕੇ ਆਪ ਨਿਰਤਕਾਰੀ ਕੀਤੀ ਹੈ ਤੇ ਹੋਰਨਾਂ ਤੋਂ ਕਰਾਈ ਹੈ।

ਕਿਸੀ ਨੇ ਨੇਮ=ਨਿਯਮ ਨਾਲ ਵਰਤ ਰਖੇ ਹਨ, ਵਾ:- ਕਿਸੀ ਨੇ ਵਰਤ ਰਖੇ ਹਨ, ਕਿਸੀ ਨੇ ਆਪਣੇ ਨੇਮ ਨਿਭਾਏ ਹਨ, ਕਿਸੀ ਨੇ ਗਲ ਵਿਚ ਮਾਲਾ ਪਾਈ ਹੈ।

www.sikhbookclub.com

ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥
ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥ ੫ ॥

ਕਿਸੀ ਨੇ* ਗੋਪੀ ਚੰਦਨ ਦਾ ਤਿਲਕ ਲਗਾਇਆ ਹੈ।

ਮੈਂ ਦੀਨ=ਗਰੀਬ ਨੇ ਮਨ, ਬਾਣੀ, ਸਰੀਰ ਕਰਕੇ ਹਰੀ ਦੇ ਹਰਿ ਹਰਿ ਨਾਮ ਨੂੰ ਧਿਆਇਆ ਹੈ॥ ੫॥

ਕਿਨਹੀ ਸਿਧ ਬਹੁ ਚੇਟਕ ਲਾਏ ॥ ਕਿਨਹੀ ਭੇਖ ਬਹੁ ਥਾਟ ਬਨਾਏ ॥

ਕਿਸੀ ਨੇ ਸਿਧੀਆਂ ਸਪੁੰਨ ਹੋ ਕੇ ਬਹੁਤ ਹੀ ਚੇਟਕ=ਜਾਦੂ ਲਗਾਏ ਹਨ।

ਕਿਸੀ ਨੇ ਭੇਖਾਂ ਦੇ ਬਹੁਤ ਸਾਰੇ ਬਨਾਉ ਬਨਾਵਣਾ ਕੀਤੇ ਹਨ।

ਕਿਨਹੀ ਤੰਤ ਮੰਤ ਬਹੁ ਖੇਵਾ ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥ ੬ ॥

ਕਿਸੀ ਨੇ ਬਹੁਤ ਸਾਰੇ ਤੰਤਰਾਂ ਮੰਤਰਾਂ ਨੂੰ ਖੇਵਾ=ਚਲਾਉਣਾ ਕੀਤਾ ਹੈ,

ਵਾ:- ਸਹਾਰੇ ਹਨ। ਪਰ ਮੈਂ ਦੀਨ=ਗਰੀਬ ਨੇ ਮਨ ਕਰਕੇ ਹਰੀ ਨੂੰ, ਬਾਣੀ ਕਰਕੇ ਹਰੀ ਨੂੰ ਅਤੇ ਤਨ ਕਰਕੇ ਹਰੀ ਨੂੰ ਸੇਵਿਆ ਹੈ॥ ੬॥

ਕੋਈ ਚਤੁਰੁ ਕਹਾਵੈ ਪੰਡਿਤ ॥ ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥

ਕੋਈ ਆਪਣੇ ਨੂੰ ਚਤਰ ਕਹਾਉਂਦਾ ਹੈ, ਕੋਈ ਆਪਣੇ ਆਪ ਨੂੰ ਪੰਡਿਤ ਕਹਾਉਂਦਾ ਹੈ।

ਕੋਈ ਸੰਧਿਆ, ਸ਼ਨਾਨ, ਜਪ, ਹਮਨ, ਦੇਵ ਅਰਚਾ, ਅਥਿਤ ਪੂਜਾ ਇਨ੍ਹਾਂ ਛੇ ਕਰਮਾਂ ਦੇ ਸਹਿਤ ਹੈ, ਅਥਵਾ:- ਵੇਦ ਪੜ੍ਹਣਾ, ਪੜ੍ਹਾਉਣਾ, ਯਗਜ ਕਰਨਾ, ਕਰਾਉਂਣਾ, ਦਾਨ ਦੇਣਾ, ਦਾਨ ਲੈਣਾ ਮਨੂ ਸਿੰਮ੍ਰਤੀ ਅਨੁਸਾਰ ਇਨ੍ਹਾਂ ਛੇ ਕਰਮਾਂ ਦੇ ਸਹਿਤ ਹੈ। ਕੋਈ ਸਿਉ=ਸ਼ਿਵਾ ਦੀ ਉਪਾਸ਼ਨਾ ਨੂੰ ਮੰਡਿਤ=ਕਰਦਾ ਹੈ।

ਕੋਈ ਕਰੈ ਆਚਾਰ ਸੁਕਰਣੀ ॥ ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥ ੭ ॥

ਕੋਈ ਸਰੇਸ਼ਟ ਕਰਤੱਬਾਂ ਦੀ ਕਰਨੀ ਨੂੰ ਕਰਦਾ ਹੈ। ਪਰ ਮੈਂ ਦੀਨ=ਗਰੀਬ ਨੇ ਮਨ, ਬਾਣੀ, ਸਰੀਰ ਕਰਕੇ ਹਰਿ ਹਰਿ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੭॥

ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥

ਇਸ ਕਲਜੁਗ ਵਿਚ ਸਾਰੇ ਕਰਮ ਧਰਮ ਸੋਧਨਾ ਕੀਤੇ ਹਨ। ਪਰ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਇਸ ਮਨ ਨੂੰ ਪ੍ਰਬੋਧੇ=ਗਿਆਨ ਪ੍ਰਾਪਤ ਨਹੀਂ ਹੁੰਦਾ।

ਕਹੁ ਨਾਨਕ ਜਉ ਸਾਧਸੰਗੁ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ ੮ ॥ ੧ ॥

ਗੁਰੂ ਜੀ ਕਕਨ ਕਰਦੇ ਹਨ—ਜਿਸ ਵੇਲੇ ਸਤਸੰਗਤ ਨੂੰ ਪਾਣਾ ਕੀਤਾ ਤਾਂ ਪਦਾਰਥਾਂ ਦੀ ਤ੍ਰਿਸ਼ਨਾ ਬੁਝਣੇ

---

*ਦ੍ਵਾਰਕਾ ਪਾਸ ਇਕ ਗੋਪੀ ਤਾਲ ਹੈ, ਜਿਥੇ ਕ੍ਰਿਸ਼ਨ ਜੀ ਦੇ ਦੇਹਾਂਤ ਹੋਣ 'ਪਰ ਵਿਜੋਗ ਦੁੱਖ ਨਾਲ ਗੋਪੀਆਂ ਨੇ ਪ੍ਰਾਣ ਤਿਆਗੇ ਸਨ, ਉਸ ਥਾਂ ਦੀ ਮਿੱਟੀ ਗੋਪੀ ਚੰਦਨ ਕਹਾਉਂਦੀ ਹੈ, ਵੈਸ਼ਨਵ ਲੋਕ ਇਸ ਦਾ ਤਿਲਕ ਲਗਾਉਂਦੇ ਹਨ। ਪਦਮ ਪੁਰਾਣ ਦੇ ਉੱਤਰ ਖੰਡ ਦੇ ਅਧਯਾਯ ੩੦ ਅਤੇ ੬੮ ਵਿਚ ਗੋਪੀ ਚੰਦਨ ਦਾ ਵੱਡਾ ਮਹਾਤਮ ਲਿਖਿਆ ਹੈ।

www.sikhbookclub.com

ਕਰਕੇ ਮਨ ਬਹੁਤ ਹੀ ਸੀਤਲ ਤਾਈ ਨੂੰ ਪ੍ਰਾਪਤ ਹੋ ਗਿਆ॥ ੮॥ ੧॥

ਰਾਮਕਲੀ ਮਹਲਾ ੫॥

ਪਰਮੇਸ਼ਰ ਨੇ ਜੀਵ ਨੂੰ ਜੋ ਜੋ ਪਦਾਰਥ ਦਿੱਤੇ ਹਨ, ਉਹਨਾਂ ਦਾ ਚੇਤਾ ਕਰਵਾ ਕੇ ਸਿਮਰਨ ਦਾ ਉਪਦੇਸ਼ ਦੇਂਦੇ ਹਨ-

ਇਸੁ ਪਾਨੀ ਤੇ ਜਿਨਿ ਤੂ ਘਰਿਆ॥ ਮਾਟੀ ਕਾ ਲੇ ਦੇਹੁਰਾ ਕਰਿਆ॥

ਇਸ ਬੀਰਜ ਰੂਪ ਗੰਦੇ ਪਾਣੀ ਤੋਂ ਜਿਸ ਪਰਮੇਸ਼ਰ ਨੇ ਤੈਨੂੰ ਘੜਿਆ ਹੈ ਅਤੇ ਪੰਜਾਂ ਤੱਤਾਂ ਰੂਪੀ ਮਿੱਟੀ ਦਾ ਪੇੜਾ ਲੈ ਕੇ ਤੇਰਾ ਦੇਹੁਰਾ=ਸਰੀਰ ਰਚਨਾ ਕੀਤਾ ਹੈ।

ਅਥਵਾ:- ਜਿਸ ਪਰਮੇਸ਼ਰ ਨੇ ਇਸ ਗੰਦੇ ਪਾਣੀ=ਪਿਤਾ ਦੇ ਬੀਰਜ ਦੇ ਮਾਟੀ=ਮਾਂ ਦੀ ਰਕਤ ਦੋਹਾਂ ਨੂੰ ਮਿਲਾ ਕੇ ਤੇਰੇ ਸਰੀਰ ਰੂਪ ਦੇਹੁਰੇ ਨੂੰ ਘੜਨਾ ਕੀਤਾ ਹੈ।

ਉਕਤਿ ਜੋਤਿ ਲੈ ਸੁਰਤਿ ਪਰੀਖਿਆ॥
ਮਾਤ ਗਰਭ ਮਹਿ ਜਿਨਿ ਤੂ ਰਾਖਿਆ॥ ੧॥

ਵੇਦਾਂ ਦੀਆਂ ਸੁਰਤੀਆਂ ਜਿਸ ਜੋਤੀ ਨੂੰ ਉਕਤਿ=ਕਥਨ ਕਰਦੀਆਂ ਹਨ, ਤੂੰ ਉਸ ਦੀ ਪਰੀਖਿਆ ਲੈ। *ਅਥਵਾ:-* ਉਕਤਿ=ਬਾਣੀ, ਜੋਤਿ=ਕ੍ਰਾਂਤੀ, ਸੁਰਤਿ=ਗਿਆਤ ਸਮਾਨ ਤੇ ਵਿਸ਼ੇਸ਼ ਪਰੀਖਿਆ ਇਹ ਸਭ ਚੀਜ਼ਾਂ ਤੇਰੇ ਸਰੀਰ ਵਿਚ ਲੈ ਕੀਤੀਆਂ ਹਨ।

ਫਿਰ ਜਿਸ ਪ੍ਰਭੂ ਨੇ ਮਾਂ ਦੇ ਗਰਭ ਵਿਚ ਤੈਨੂੰ ਹੱਥ ਦੇ ਕੇ ਰਖਿਆ ਹੈ॥ ੧॥

ਰਾਖਨਹਾਰੁ ਸਮ੍ਹਾਰਿ ਜਨਾ॥ ਸਗਲੇ ਛੋਡਿ ਬੀਚਾਰ ਮਨਾ॥ ੧॥ ਰਹਾਉ॥

ਹੇ ਪੁਰਸ਼ਾ ! ਉਸ ਰਖਿਆ ਕਰਨ ਵਾਲੇ ਪ੍ਰਭੂ ਨੂੰ ਤੂੰ ਸਮਾਲਨਾ ਕਰ। ਹੇ ਮਨਾ ! ਹੋਰ ਸਾਰਿਆਂ ਵਿਚਾਰਾਂ ਨੂੰ ਛੱਡ ਦੇਣਾ ਕਰ॥ ੧॥ ਰਹਾਉ॥

ਜਿਨਿ ਦੀਏ ਤੁਧੁ ਬਾਪ ਮਹਤਾਰੀ॥ ਜਿਨਿ ਦੀਏ ਭ੍ਰਾਤ ਪੁਤ ਹਾਰੀ॥

ਜਿਸ ਪਰਮਾਤਮਾ ਨੇ ਤੈਨੂੰ ਪਿਤਾ ਤੇ ਮਹਤਾਰੀ=ਮਾਂ ਪਾਲਣ ਵਾਸਤੇ ਦਿੱਤੀ ਹੈ। ਜਿਸ ਪਰਮਾਤਮਾ ਨੇ ਭਰਾ, ਪੁੱਤਰ ਅਤੇ ਪੁੱਤਰ ਦੇ ਘਰ ਵਾਲੀ ਨੂੰਹ, *ਵਾ:-* ਹਾਰੀ=ਹਾਲੀ ਭਾਵ ਕਾਮੇ (ਨੌਕਰ) ਦਿੱਤੇ ਹਨ।

ਜਿਨਿ ਦੀਏ ਤੁਧੁ ਬਨਿਤਾ ਅਰੁ ਮੀਤਾ॥

ਜਿਸ ਪਰਮਾਤਮਾ ਨੇ ਤੈਨੂੰ ਬਨਿਤਾ=ਇਸਤਰੀ ਅਤੇ ਮਿੱਤਰ ਦਿੱਤੇ ਹਨ!

ਤਿਸੁ ਠਾਕੁਰ ਕਉ ਰਖਿ ਲੇਹੁ ਚੀਤਾ॥ ੨॥

ਉਸ ਸੁਆਮੀ ਨੂੰ ਤੂੰ ਚਿਤ ਵਿਚ ਯਾਦ ਰੱਖ ਲੈ॥ ੨॥

ਜਿਨਿ ਦੀਆ ਤੁਧੁ ਪਵਨੁ ਅਮੋਲਾ॥ ਜਿਨਿ ਦੀਆ ਤੁਧੁ ਨੀਰੁ ਨਿਰਮੋਲਾ॥

ਜਿਸ ਪਰਮਾਤਮਾ ਨੇ ਤੈਨੂੰ ਅਮੋਲਕ ਪੌਣ ਦਾ ਬੁਲਾ ਦਿੱਤਾ ਹੈ। ਜਿਸ ਪਰਮਾਤਮਾ ਨੇ ਤੈਨੂੰ ਅਮੋਲਕ ਨੀਰ=ਜਲ ਦਿੱਤਾ ਹੈ।

www.sikhbookclub.com

ਜਿਨਿ ਦੀਆ ਤੁਧੁ ਪਾਵਕੁ ਬਲਨਾ ॥ ਤਿਸੁ ਠਾਕੁਰ ਕੀ ਰਹੁ ਮਨ ਸਰਨਾ ॥੩ ॥

ਜਿਸ ਪਰਮਾਤਮਾ ਨੇ ਤੈਨੂੰ ਪਾਵਕੁ=ਅੱਗ ਤੇ ਬਲਨਾ=ਬਾਲਨ ਦਿੱਤਾ ਹੈ, *ਅਥਵਾ:-* ਬਾਲਨ ਵਾਸਤੇ ਅੱਗ ਦਿੱਤੀ ਹੈ। ਮਨ ਕਰਕੇ ਉਸ ਸੁਆਮੀ ਦੀ ਸ਼ਰਨ ਵਿਚ ਰਹਿਣਾ ਕਰ॥ ੩ ॥

ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥ ਅੰਤਰਿ ਥਾਨ ਠਹਰਾਵਨ ਕਉ ਕੀਏ ॥

ਜਿਸ ਪਰਮਾਤਮਾ ਨੇ ਤੈਨੂੰ ਛੱਤੀ ਪ੍ਰਕਾਰ ਦੇ ਅੰਮ੍ਰਿਤ ਭੋਜਨ ਦਿੱਤੇ ਹਨ।

ਯਥਾ:- ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ *(ਪੰਨਾ ੨੬੯)*

ਫੇਰ ਜਿਸ ਨੇ ਸਰੀਰ ਦੇ ਅੰਦਰ ਭੋਜਨ ਠਹਿਰਣ ਵਾਸਤੇ ਥਾਂ ਬਣਾ ਦੇਣਾ ਕੀਤੇ ਹਨ।

ਅਥਵਾ:- ਜਲ, ਲਹੂ, ਬੀਰਜ ਆਦਿਕ ਹਰ ਚੀਜ਼ਾਂ ਦੇ ਠਹਿਰਣ ਵਾਸਤੇ ਵਖੋ-ਵਖਰੇ ਥਾਂ ਬਣਾ ਦੇਣਾ ਕੀਤੇ ਹਨ।

ਬਸੁਧਾ ਦੀਓ ਬਰਤਨਿ ਬਲਨਾ ॥ ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ ॥ ੪ ॥

ਜਿਸ ਨੇ ਰਹਿਣ ਵਾਸਤੇ ਬਸੁਧਾ=ਪ੍ਰਿਥਵੀ ਦਿੱਤੀ ਹੈ ਅਤੇ ਵਰਤਣ ਵਾਸਤੇ ਵਲੇਵਾ ਦਿੱਤਾ ਹੈ। ਉਸ ਸੁਆਮੀ ਦੇ ਚਰਨਾਂ ਨੂੰ ਤੂੰ ਚਿਤ ਵਿਚ ਯਾਦ ਰੱਖ॥ ੪ ॥

ਪੇਖਨ ਕਉ ਨੇਤ੍ਰ ਸੁਨਨ ਕਉ ਕਰਨਾ ॥

ਜਿਸ ਨੇ ਵੇਖਣੇ ਨੂੰ ਅੱਖਾਂ ਅਤੇ ਸੁਨਣੇ ਨੂੰ ਕਰਨਾ=ਕੰਨ ਦਿੱਤੇ ਹਨ।

ਹਸਤ ਕਮਾਵਨ ਬਾਸਨ ਰਸਨਾ ॥

ਜਿਸ ਨੇ ਕਮਾਉਣ ਵਾਸਤੇ ਹਸਤ=ਹੱਥ ਦਿੱਤੇ ਹਨ, ਸੁਗੰਧੀ ਲੈਣ ਵਾਸਤੇ ਨੱਕ ਤੇ ਸੁਆਦ ਲੈਣ ਵਾਸਤੇ ਰਸਨਾ ਦਿੱਤੀ ਹੈ।

ਚਰਨ ਚਲਨ ਕਉ ਸਿਰੁ ਕੀਨੋ ਮੇਰਾ ॥

ਤੁਰਨੇ ਨੂੰ ਪੈਰ ਬਣਾਏ ਹਨ ਅਤੇ ਸਾਰਿਆਂ ਤੋਂ ਮੇਰਾ=ਸ਼ਰੋਮਣੀ ਸਿਰ ਕੀਤਾ ਹੈ।

ਮਨ ਤਿਸੁ ਠਾਕੁਰ ਕੇ ਪੂਜਕੁ ਪੈਰਾ ॥ ੫ ॥

ਹੇ ਪਿਆਰੇ ! ਤੂੰ ਮਨ ਕਰਕੇ ਉਸ ਸੁਆਮੀ ਦੇ ਪੈਰਾਂ ਨੂੰ ਪੂਜਣਾ ਕਰ॥ ੫ ॥

ਅਪਵਿਤ੍ਰ ਪਵਿਤ੍ਰ ਜਿਨਿ ਤੂ ਕਰਿਆ ॥

ਜਿਸ ਪਰਮਾਤਮਾ ਨੇ ਰਕਤ ਬਿੰਦ ਰੂਪ ਅਪਵਿਤ੍ਰ ਚੀਜ਼ਾਂ ਤੋਂ ਤੈਨੂੰ ਪਵਿਤ੍ਰ ਪੈਦਾ ਕੀਤਾ ਹੈ।

ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥

ਫੇਰ ਸਾਰੀਆਂ ਜੂਨੀਆਂ ਵਿੱਚੋਂ ਤੈਨੂੰ ਸਿਰਿ=ਸ਼ਰੋਮਣੀ ਧਰਿਆ ਹੈ।

ਯਥਾ:- ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ *(ਪੰਨਾ ੩੭੪)*

ਅਬ ਤੂ ਸੀਝੁ ਭਾਵੈ ਨਹੀ ਸੀਝੈ ॥ ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥ ੬ ॥

ਅਸਾਂ ਨੇ ਤੈਨੂੰ ਸਮਝਾ ਦਿੱਤਾ ਹੈ, ਹੁਣ ਤੇਰੀ ਮਰਜ਼ੀ ਹੈ ਮੁਕਤੀ ਨੂੰ ਪ੍ਰਾਪਤ ਹੋ, ਭਾਵੇਂ ਨਾ ਹੋ। ਤੇਰਾ ਮੁਕਤੀ

ਰੂਪ ਕਾਰਜ ਤਾ ਹੀ ਸਵਰੇਗਾ ਜੇਕਰ ਤੂੰ ਮਨ ਕਰਕੇ ਪ੍ਰਭੂ ਨੂੰ ਧਿਆਉਣਾ ਕਰੇਂ॥ ੬॥

ਈਹਾ ਊਹਾ ਏਕੈ ਓਹੀ॥ ਜਤ ਕਤ ਦੇਖੀਐ ਤਤ ਤਤ ਤੋਹੀ॥

ਈਹਾ ਊਹਾ=ਲੋਕ ਪ੍ਰਲੋਕ ਵਿਚ ਇਕ ਉਹ ਪ੍ਰਭੂ ਹੀ ਹੈ। ਜਿਥੇ ਕਿਥੇ ਵੇਖੀਏ ਤਿਥੇ ਤਿਥੇ ਓਹੀ ਪਰਮਾਤਮਾ ਹੈ।

ਤਿਸੁ ਸੇਵਤ ਮਨਿ ਆਲਸੁ ਕਰੈ॥ ਜਿਸੁ ਵਿਸਰਿਐ ਇਕ ਨਿਮਖ ਨ ਸਰੈ॥੭॥

ਉਸ ਪ੍ਰਭੂ ਦੇ ਸੇਵਨ ਵਿਚ ਤੂੰ ਮਨ ਕਰਕੇ ਆਲਸ ਕਰਦਾ ਹੈਂ। ਜਿਸ ਦੇ ਭੁਲਣ ਕਰਕੇ ਇਕ ਨਿਮਖ ਮਾਤ੍ਰ ਸਮਾ ਸਕਦਾ ਨਹੀਂ॥ ੭॥

ਉਸ ਅੱਗੇ ਇਸ ਤਰ੍ਹਾਂ ਬੇਨਤੀਆਂ ਕਰ-

ਹਮ ਅਪਰਾਧੀ ਨਿਰਗੁਨੀਆਰੇ॥ ਨਾ ਕਿਛੁ ਸੇਵਾ ਨਾ ਕਰਮਾਰੇ॥

ਹੇ ਹਰੀ ! ਅਸੀਂ ਬੜੇ ਅਪਰਾਧੀ ਹਾਂ ਤੇ ਨਿਰਗੁਨ ਤਾਈਂ ਦੇ ਘਰ ਹਾਂ।

ਨਾ ਅਸਾਂ ਨੇ ਕੁਝ ਸੇਵਾ ਕੀਤੀ ਹੈ ਨਾ ਹੀ ਚੰਗੇ ਕਰਮ ਕੀਤੇ ਹਨ।

ਗੁਰੁ ਬੋਹਿਥੁ ਵਡਭਾਗੀ ਮਿਲਿਆ॥
ਨਾਨਕ ਦਾਸ ਸੰਗਿ ਪਾਥਰ ਤਰਿਆ॥ ੮॥ ੨॥

ਵਡਿਆਂ ਭਾਗਾਂ ਕਰਕੇ ਗੁਰੂ ਰੂਪ ਜਹਾਜ਼ ਮਿਲਿਆ ਹੈ। ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਦੀ ਸੰਗਤ ਕਰਕੇ ਮੈਂ ਦਾਸ ਪੱਥਰ ਵਾਂਗੂ ਕਠੋਰ ਹਿਰਦੇ ਵਾਲਾ ਤਰ ਗਿਆ ਹਾਂ॥ ੮॥ ੨॥

ਰਾਮਕਲੀ ਮਹਲਾ ੫॥ ਕਾਹੂ ਬਿਹਾਵੈ ਰੰਗ ਰਸ ਰੂਪ॥

ਕਿਸੇ ਦੀ ਉਮਰਾ ਰੰਗਾਂ ਵਿਚ, ਕਿਸੇ ਦੀ ਰਸਾਂ ਵਿਚ, ਕਿਸੇ ਦੀ ਰੂਪਾਂ ਵਿਚ ਉਮਰਾ ਬਿਹਾਵੈ=ਬਤੀਤ ਹੋ ਰਹੀ ਹੈ।

[ਪੰਨਾ ੯੧੪]

ਕਾਹੂ ਬਿਹਾਵੈ ਮਾਇ ਬਾਪ ਪੂਤ॥

ਕਿਸੇ ਦੀ ਉਮਰਾ ਮਾਂ, ਪਿਓ ਤੇ ਪੁੱਤਰਾਂ ਦੇ ਪਿਆਰ ਵਿਚ ਬਤੀਤ ਹੋ ਰਹੀ ਹੈ।

ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ॥ ਸੰਤ ਬਿਹਾਵੈ ਹਰਿ ਨਾਮ ਅਧਾਰਾ॥੧॥

ਕਿਸੇ ਦੀ ਉਮਰਾ ਰਾਜ ਭਾਗ, ਮਿਲਖ=ਜਗੀਰਾਂ ਅਤੇ ਵਪਾਰ ਵਿਚ ਬਤੀਤ ਹੋ ਰਹੀ ਹੈ ਤੇ ਸੰਤਾਂ ਦੀ ਉਮਰਾ ਹਰੀ ਨਾਮ ਦੇ ਅਧਾਰਾ=ਆਸਰੇ ਵਿਚ ਬਤੀਤ ਹੋ ਰਹੀ ਹੈ॥ ੧॥

ਰਚਨਾ ਸਾਚੁ ਬਨੀ॥ ਸਭ ਕਾ ਏਕੁ ਧਨੀ॥ ੧॥ ਰਹਾਉ॥

ਇਹ ਸੰਸਾਰ ਰਚਨਾ ਸਭ ਸੱਚੀ ਬਣੀ ਹੋਈ ਹੈ ਕਿਉਂਕਿ ਲਾਲ ਦੀਆਂ ਦਮਕਾਂ ਲਾਲ ਰੂਪ ਹੁੰਦੀਆਂ ਹਨ ਅਤੇ ਕਲਪਤ ਪਦਾਰਥ ਆਪਣੇ ਅਧਿਸ਼ਠਾਨ ਤੋਂ ਭਿੰਨ ਨਹੀਂ ਰਹਿ ਸਕਦੇ, ਇਸ ਕਰਕੇ ਇਹ ਰਚਨਾ ਸੱਚੀ ਹੈ।

ਯਥਾ:- ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ *(ਪੰਨਾ ੯੨੨)*

www.sikhbookclub.com

ਅਥਵਾ:- ਇਹ ਸੰਸਾਰ ਰਚਨਾ ਸੱਚੇ ਪ੍ਰਭੂ ਦੀ ਬਣੀ ਹੋਈ ਹੈ ਇਸ ਕਰਕੇ ਸਾਰਿਆਂ ਦਾ ਮਾਲਕ ਇਕ ਪ੍ਰਭੂ ਆਪ ਹੀ ਹੈ॥ ੧॥ ਰਹਾਉ॥

ਕਾਹੂ ਬਿਹਾਵੈ ਬੇਦ ਅਰੁ ਬਾਦਿ॥ ਕਾਹੂ ਬਿਹਾਵੈ ਰਸਨਾ ਸਾਦਿ॥

ਕਿਸੇ ਦੀ ਉਮਰਾ ਬੇਦਾਂ ਦੇ ਪੜ੍ਹਣ ਵਿਚ ਅਤੇ ਕਿਸੇ ਦੀ ਉਮਰਾ ਬਾਦਿ=ਝਗੜਿਆਂ ਵਿਚ ਬੀਤਦੀ ਹੈ। ਕਿਸੇ ਦੀ ਉਮਰਾ ਰਸਨਾ ਨਾਲ ਸੁਆਦਾਂ ਦੇ ਲੈਣ ਵਿਚ ਬੀਤਦੀ ਹੈ।

ਕਾਹੂ ਬਿਹਾਵੈ ਲਪਟਿ ਸੰਗਿ ਨਾਰੀ॥ ਸੰਤ ਰਚੇ ਕੇਵਲ ਨਾਮ ਮੁਰਾਰੀ॥ ੨॥

ਕਿਸੇ ਦੀ ਉਮਰਾ ਇਸਤ੍ਰੀ ਨਾਲ ਲੰਪਟ ਹੋਇਆ ਬਤੀਤ ਹੁੰਦੀ ਹੈ। ਸੰਤ ਸਾਰੀ ਉਮਰਾ ਕੇਵਲ ਮੁਰਾਰੀ ਦੇ ਨਾਮ ਸਿਮਰਨ ਵਿਚ ਰਚੇ ਰਹਿੰਦੇ ਹਨ॥ ੨॥

ਕਾਹੂ ਬਿਹਾਵੈ ਖੇਲਤ ਜੂਆ॥ ਕਾਹੂ ਬਿਹਾਵੈ ਅਮਲੀ ਹੂਆ॥

ਕਿਸੇ ਦੀ ਉਮਰਾ ਜੂਆ ਖੇਡਦਿਆਂ-ਖੇਡਦਿਆਂ ਬਤੀਤ ਹੋ ਜਾਂਦੀ ਹੈ। ਕਿਸ ਦੀ ਉਮਰ ਅਮਲੀ ਹੋਣ ਵਿਚ ਹੀ ਬਤੀਤ ਹੋ ਜਾਂਦੀ ਹੈ।

ਕਾਹੂ ਬਿਹਾਵੈ ਪਰ ਦਰਬ ਚੋਰਾਏ॥ ਹਰਿ ਜਨ ਬਿਹਾਵੈ ਨਾਮ ਧਿਆਏ॥ ੩॥

ਕਿਸੇ ਦੀ ਉਮਰਾ ਪਰਾਏ ਧਨ ਦੇ ਚੁਰਾਣੇ ਵਿਚ ਬਤੀਤ ਹੁੰਦੀ ਹੈ। ਹਰੀ ਦੇ ਸੇਵਕ ਜਨਾਂ ਦੀ ਉਮਰਾ ਹਰੀ ਨਾਮ ਦੇ ਧਿਆਉਣ ਵਿਚ ਬਤੀਤ ਹੁੰਦੀ ਹੈ॥ ੩॥

ਕਾਹੂ ਬਿਹਾਵੈ ਜੋਗ ਤਪ ਪੂਜਾ॥ ਕਾਹੂ ਰੋਗ ਸੋਗ ਭਰਮੀਜਾ॥

ਕਿਸੇ ਦੀ ਉਮਰਾ ਹਠ ਜੋਗ, ਤਪ ਅਤੇ ਠਾਕੁਰ ਪੂਜਾ ਕਰਦਿਆਂ ਬਤੀਤ ਹੁੰਦੀ ਹੈ। ਕਿਸੇ ਦੀ ਉਮਰਾ ਰੋਗਾਂ ਵਿਚ, ਕਿਸੇ ਦੀ ਉਮਰਾ ਸੋਗ=ਚਿੰਤਾ ਵਿਚ ਅਤੇ ਕਿਸੇ ਦੀ ਉਮਰਾ ਭਰਮਣੇ ਵਿਚ ਹੀ ਬਤੀਤ ਹੁੰਦੀ ਹੈ।

ਕਾਹੂ ਪਵਨ ਧਾਰ ਜਾਤ ਬਿਹਾਏ॥ ਸੰਤ ਬਿਹਾਵੈ ਕੀਰਤਨੁ ਗਾਏ॥ ੪॥

ਕਿਸੇ ਦੀ ਉਮਰਾ ਪਵਨ ਧਾਰ=ਹਵਾ ਦੇ ਭਖਨੇ ਵਿਚ, ਵਾ:- ਦਸਮ ਦੁਆਰ ਵਿਚ ਪ੍ਰਾਣਾਂ ਦੇ ਚਾੜ੍ਹਣ ਵਿਚ, ਅਥਵਾ:- ਪੱਖੇ ਦੇ ਝੱਲਣ ਵਿਚ, ਵਾ:- ਵਾਸ਼ਨਾ ਦੇ ਧਾਰਨੇ ਵਿਚ, ਧਾਰ=ਜਲਧਾਰਾ ਦੇ ਸਹਾਰਨ ਵਿਚ, ਵਾ:- ਪਰਬਤਾਂ ਦੀਆਂ ਧਾਰਾਂ ਵਿਚ ਰਹਿੰਦਿਆਂ ਹੋਇਆਂ ਬਤੀਤ ਹੁੰਦੀ ਹੈ ਤੇ ਕਿਸੇ ਦੀ ਜਾਤੀ ਅਭਿਮਾਨ ਵਿਚ ਉਮਰਾ ਬਤੀਤ ਹੁੰਦੀ ਹੈ ਤੇ ਸੰਤਾਂ ਦੀ ਉਮਰਾ ਪ੍ਰਭੂ ਦੇ ਕੀਰਤਨ ਗਾਉਣ ਵਿਚ ਬਤੀਤ ਹੁੰਦੀ ਹੈ॥ ੪॥

ਕਾਹੂ ਬਿਹਾਵੈ ਦਿਨੁ ਰੈਨਿ ਚਾਲਤ॥ ਕਾਹੂ ਬਿਹਾਵੈ ਸੋ ਪਿੜੁ ਮਾਲਤ॥

ਕਿਸੇ ਦੀ ਉਮਰਾ ਦਿਨ ਰਾਤ ਚਲਦਿਆਂ ਹੀ ਬਤੀਤ ਹੁੰਦੀ ਹੈ। ਕਿਸੇ ਦੀ ਉਮਰਾ ਸੋ ਪਿੜੁ ਮਾਲਤ=ਉਸ ਜੰਗ ਭੂਮਿਕਾ ਦੇ ਮਲਦਿਆਂ ਹੀ ਭਾਵ ਜੰਗ ਵਿਚ ਜਿੱਤ ਪਾਵਦਿਆਂ ਹੀ ਬਤੀਤ ਹੁੰਦੀ ਹੈ। ਅਥਵਾ:- ਕਿਸੇ ਦੀ ਉਮਰਾ ਪਿੜੁ=ਮਲ ਅਖਾੜੇ ਦੇ ਮੱਲਣ ਵਿਚ ਬਤੀਤ ਹੁੰਦੀ ਹੈ।

ਕਾਹੂ ਬਿਹਾਵੈ ਬਾਲ ਪੜਾਵਤ॥ ਸੰਤ ਬਿਹਾਵੈ ਹਰਿ ਜਸੁ ਗਾਵਤ॥ ੫॥

ਕਿਸੇ ਦੀ ਉਮਰਾ ਬਾਲਾਂ ਨੂੰ ਪੜ੍ਹਾਂਵਦਿਆਂ ਬਤੀਤ ਹੋ ਜਾਂਦੀ ਹੈ। ਸੰਤਾਂ ਦੀ ਉਮਰਾ ਹਰੀ ਜਸ ਨੂੰ

www.sikhbookclub.com

ਗਾਂਵਦਿਆਂ ਬਤੀਤ ਹੁੰਦੀ ਹੈ॥ ੫॥

ਕਾਹੂ ਬਿਹਾਵੈ ਨਟ ਨਾਟਿਕ ਨਿਰਤੇ॥ ਕਾਹੂ ਬਿਹਾਵੈ ਜੀਆ ਇਹ ਹਿਰਤੇ॥

ਕਿਸੇ ਦੀ ਉਮਰਾ ਨਟਾਂ ਦੇ ਨਾਟਿਕ=ਤਮਾਸ਼ੇ ਤੇ ਨਿਰਤੇ=ਨਿਰਤਕਾਰੀ ਵੇਖਣ ਵਿਚ ਬਤੀਤ ਹੁੰਦੀ ਹੈ। *ਅਥਵਾ:-* ਕਿਸੇ ਦੀ ਉਮਰਾ ਨਟਾਂ ਵਿਚ ਤੇ ਕਿਸੇ ਦੀ ਉਮਰਾ ਨਾਟਿਕ=ਹੱਥ ਦੀਆਂ ਨਾੜੀਆਂ ਵੇਖਣ ਵਿਚ ਤੇ ਕਿਸੇ ਦੀ ਉਮਰਾ ਨਿਰਤੇ=ਨਿਰਣਾ ਕਰਨ ਵਿਚ ਬਤੀਤ ਹੁੰਦੀ ਹੈ। ਕਿਸੇ ਦੀ ਉਮਰਾ ਇਨ੍ਹਾਂ ਜੀਆ ਇਹ=ਜੀਵਾਂ ਦੇ ਔਗੁਣ ਵੇਖਣ ਵਿਚ.

ਅਥਵਾ:- ਜੀਵਾਂ ਦੇ ਹਿਰਤੇ=ਮਾਰਨ ਵਿਚ ਬਤੀਤ ਹੋ ਰਹੀ ਹੈ।

ਕਾਹੂ ਬਿਹਾਵੈ ਰਾਜ ਮਹਿ ਡਰਤੇ॥ ਸੰਤ ਬਿਹਾਵੈ ਹਰਿ ਜਸੁ ਕਰਤੇ॥ ੬॥

ਕਿਸੇ ਦੀ ਉਮਰਾ ਰਾਜ ਭਾਗ ਵਿਚ ਰਹਿ ਕੇ ਫੇਰ ਦੁਸ਼ਮਨਾਂ ਤੋਂ ਡਰਦਿਆਂ ਬਤੀਤ ਹੁੰਦੀ ਹੈ। ਸੰਤਾਂ ਦੀ ਉਮਰਾ ਹਰੀ ਜਸ ਨੂੰ ਕਰਦਿਆਂ ਬਤੀਤ ਹੁੰਦੀ ਹੈ॥ ੬॥

ਕਾਹੂ ਬਿਹਾਵੈ ਮਤਾ ਮਸੂਰਤਿ॥ ਕਾਹੂ ਬਿਹਾਵੈ ਸੇਵਾ ਜਰੂਰਤਿ॥

ਕਿਸੇ ਦੀ ਉਮਰਾ ਮਤਾ ਕਰਦਿਆਂ ਬਤੀਤ ਹੁੰਦੀ ਹੈ,

ਯਥਾ:- ਚਾਰ ਯਾਰ ਮਿਲ ਮਤਾ ਪਕਾਇਆ॥ *(ਦਸਮ ਗ੍ਰੰਥ, ਪੰਨਾ ੮੭੫)*

ਕਿਸੇ ਦੀ ਉਮਰਾ ਮਸੂਰਤਿ=ਬਹੁਤਿਆਂ ਨਾਲ ਸਲਾਹ ਕਰਦਿਆਂ ਬਤੀਤ ਹੁੰਦੀ ਹੈ। ਕਿਸੇ ਦੀ ਉਮਰਾ ਜਰੂਰਤਿ=ਜ਼ਰੂਰ ਹੀ ਸੇਵਾ ਕਰਨੀ ਹੈ, ਏਸੇ ਨਿਯਮ ਵਿਚ ਬਤੀਤ ਹੁੰਦੀ ਹੈ।

ਕਾਹੂ ਬਿਹਾਵੈ ਸੋਧਤ ਜੀਵਤ॥ ਸੰਤ ਬਿਹਾਵੈ ਹਰਿ ਰਸੁ ਪੀਵਤ॥ ੭॥

ਕਿਸੇ ਦੀ ਉਮਰਾ ਜਦ ਤੱਕ ਜੀਊਂਦਾ ਹੈ, ਤਦ ਤੱਕ ਗ੍ਰੰਥਾਂ ਦੇ ਸੋਧਨੇ ਵਿਚ ਬਤੀਤ ਹੁੰਦੀ ਹੈ,

ਵਾ:- ਜੀਵਤ ਭਾਅ ਦੇ ਸੋਧਨੇ ਵਿਚ ਬਤੀਤ ਹੁੰਦੀ ਹੈ।

ਸੰਤਾਂ ਦੀ ਉਮਰਾ ਹਰੀ ਰਸ ਦੇ ਪੀਣ ਵਿਚ ਬਤੀਤ ਹੁੰਦੀ ਹੈ॥ ੭॥

ਜਿਤੁ ਕੋ ਲਾਇਆ ਤਿਤ ਹੀ ਲਗਾਨਾ॥ ਨਾ ਕੋ ਮੂੜ ਨਹੀ ਕੋ ਸਿਆਨਾ॥

ਪਰਮੇਸ਼ਰ ਨੇ ਕਰਮਾਂ ਅਨੁਸਾਰ ਜਿਧਰ ਕੋਈ ਲਗਾਇਆ ਹੈ, ਉਧਰ ਹੀ ਲੱਗ ਰਿਹਾ ਹੈ ਆਪਣੇ ਆਪ ਨਾ ਕੋਈ ਮੂਰਖ ਹੈ, ਨਾ ਕੋਈ ਸਿਆਨਾ=ਚਤੁਰ ਹੈ।

ਕਰਿ ਕਿਰਪਾ ਜਿਸੁ ਦੇਵੈ ਨਾਉ॥ ਨਾਨਕ ਤਾ ਕੈ ਬਲਿ ਬਲਿ ਜਾਉ॥ ੮॥ ੩॥

ਪ੍ਰਭੂ ਕਿਰਪਾ ਕਰਕੇ ਜਿਸ ਨੂੰ ਨਾਮ ਦਾਨ ਦੇਂਦਾ ਹੈ। ਗੁਰੂ ਜੀ ਕਥਨ ਕਰਦੇ ਹਨ-ਮੈਂ ਉਹਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੮॥ ੩॥

ਰਾਮਕਲੀ ਮਹਲਾ ੫॥

ਦਾਵਾ ਅਗਨਿ ਰਹੇ ਹਰਿ ਬੂਟ॥ ਮਾਤ ਗਰਭ ਸੰਕਟ ਤੇ ਛੂਟ॥

ਜਿਵੇਂ ਦਾਵਾ ਅਗਨੀ ਦੇ ਲਗਣੇ ਕਰਕੇ ਕੋਈ ਬੂਟਾ ਹਰਿਆ ਰਹਿੰਦਾ ਹੈ।

www.sikhbookclub.com

ਜਿਵੇਂ ਮਾਂ ਦੇ ਗਰਭ ਦੇ ਸੰਕਟ=ਦੁੱਖਾਂ ਤੋਂ ਛੁਟ ਜਾਂਦਾ ਹੈ।

ਜਾ ਕਾ ਨਾਮੁ ਸਿਮਰਤ ਭਉ ਜਾਇ ॥ ਤੈਸੇ ਸੰਤ ਜਨਾ ਰਾਖੈ ਹਰਿ ਰਾਇ ॥ ੧ ॥

ਜਿਸ ਪ੍ਰਭੂ ਦਾ ਨਾਮ ਸਿਮਰਨੇ ਕਰਕੇ ਪੁਰਸ਼ ਦਾ ਡਰ ਦੂਰ ਹੋ ਜਾਂਦਾ ਹੈ। ਤਿਵੇਂ ਉਹ ਹਰੀ ਰਾਜਾ ਸੰਤ ਜਨਾਂ ਨੂੰ ਰੱਖਦਾ ਹੈ॥ ੧ ॥

ਐਸੇ ਰਾਖਨਹਾਰ ਦਇਆਲ ॥ ਜਤ ਕਤ ਦੇਖਉ ਤੁਮ ਪ੍ਰਤਿਪਾਲ ॥੧ ॥ਰਹਾਉ ॥

ਉਹ ਦਿਆਲੂ ਇਸ ਤਰ੍ਹਾਂ ਰਖਣੇ ਵਾਲਾ ਹੈ। ਜਿਧਰ ਕਿਧਰ ਤੁਮ ਨਿਗਾਹ ਕਰਕੇ ਦੇਖੋ ਓਹੀ ਸਭ ਦੀ ਪ੍ਰਤਿਪਾਲਾ ਕਰਨ ਵਾਲਾ ਹੈ॥ ੧ ॥ ਰਹਾਉ ॥

ਜਲੁ ਪੀਵਤ ਜਿਉ ਤਿਖਾ ਮਿਟੰਤ ॥ ਧਨ ਬਿਗਸੈ ਗ੍ਰਿਹਿ ਆਵਤ ਕੰਤ ॥

ਜਿਵੇਂ ਪਾਣੀ ਪੀਣ ਨਾਲ ਤਰੇਹ ਦੂਰ ਹੋ ਜਾਂਦੀ ਹੈ।

ਜਿਵੇਂ ਘਰ ਵਿਚ ਪਤੀ ਦੇ ਆਉਣ ਕਰਕੇ ਧਨ=ਇਸਤ੍ਰੀ ਪ੍ਰਸੰਨ ਹੁੰਦੀ ਹੈ।

ਲੋਭੀ ਦਾ ਧਨੁ ਪ੍ਰਾਣ ਅਧਾਰੁ ॥ ਤਿਉ ਹਰਿ ਜਨ ਹਰਿ ਹਰਿ ਨਾਮ ਪਿਆਰੁ ॥ ੨ ॥

ਜਿਵੇਂ ਧਨ ਲੋਭੀ ਪੁਰਸ਼ ਦੇ ਪ੍ਰਾਣਾਂ ਦਾ ਆਸਰਾ ਹੈ

ਤਿਵੇਂ ਹਰੀ ਜਨਾਂ ਦਾ ਹਰਿ ਹਰਿ ਨਾਮ ਨਾਲ ਪਿਆਰ ਹੈ॥ ੨ ॥

ਕਿਰਸਾਨੀ ਜਿਉ ਰਾਖੈ ਰਖਵਾਲਾ ॥ ਮਾਤ ਪਿਤਾ ਦਇਆ ਜਿਉ ਬਾਲਾ ॥

ਜਿਵੇਂ ਰਖਵਾਲਾ ਕਿਰਸਾਨੀ=ਖੇਤੀ ਦੀ ਰਖਿਆ ਕਰਦਾ ਹੈ।

ਜਿਵੇਂ ਮਾਂ, ਪਿਉ ਬਾਲਕੇ ਉਪਰ ਦਇਆ ਦ੍ਰਿਸ਼ਟੀ ਕਰਦੇ ਹਨ।

ਪ੍ਰੀਤਮੁ ਦੇਖਿ ਪ੍ਰੀਤਮੁ ਮਿਲਿ ਜਾਇ ॥ ਤਿਉ ਹਰਿ ਜਨ ਰਾਖੈ ਕੰਠਿ ਲਾਇ ॥੩ ॥

ਜਿਵੇਂ ਪ੍ਰੀਤਮ ਨੂੰ ਵੇਖ ਕੇ ਪ੍ਰੀਤਮ ਮਿਲ ਜਾਂਦਾ ਹੈ। ਤਿਵੇਂ ਹਰੀ ਆਪਣੇ ਸੇਵਕ ਜਨਾਂ ਨੂੰ ਆਪਣੇ ਗਲ ਨਾਲ ਲਗਾ ਕੇ ਰਖਦਾ ਹੈ॥ ੩ ॥

ਜਿਉ ਅੰਧੁਲੇ ਪੇਖਤ ਹੋਇ ਅਨੰਦ ॥ ਗੂੰਗਾ ਬਕਤ ਗਾਵੈ ਬਹੁ ਛੰਦ ॥

ਜਿਵੇਂ ਅੰਨ੍ਹੇ ਨੂੰ ਅੱਖਾਂ ਨਾਲ ਵੇਖਣ ਕਰਕੇ ਅਨੰਦ ਹੁੰਦਾ ਹੈ।

ਜਿਵੇਂ ਗੂੰਗਾ ਪੁਰਸ਼ ਬਕਤ=ਉਚਾਰਨ ਵਾਲਾ ਹੋ ਕੇ ਬਹੁਤੇ ਛੰਦਾਂ ਨੂੰ ਗਾਵੇ ਤਾਂ ਉਹ ਅਨੰਦ ਹੁੰਦਾ ਹੈ।

ਪਿੰਗੁਲ ਪਰਬਤ ਪਰਤੇ ਪਾਰਿ ॥ ਹਰਿ ਕੈ ਨਾਮਿ ਸਗਲ ਉਧਾਰਿ ॥ ੪ ॥

ਜਿਵੇਂ ਪਿੰਗਲਾ ਪਰਬਤ ਤੋਂ ਪਾਰ ਪਰਤੇ=ਉਤਰ ਜਾਵੇ ਤਾਂ ਉਹ ਆਨੰਦ ਹੁੰਦਾ ਹੈ।

ਤਿਵੇਂ ਹਰੀ ਨਾਮ ਦੇ ਜਪਣੇ ਕਰਕੇ ਸਾਰਿਆਂ ਦਾ ਉਧਾਰ ਤੇ ਅਨੰਦ ਹੁੰਦਾ ਹੈ॥ ੪ ॥

ਜਿਉ ਪਾਵਕ ਸੰਗਿ ਸੀਤ ਕੋ ਨਾਸ ॥ ਐਸੇ ਪ੍ਰਾਛਤ ਸੰਤਸੰਗਿ ਬਿਨਾਸ ॥

ਜਿਵੇਂ ਪਾਵਕ=ਅੱਗ ਨਾਲ ਸੀਤ ਠੰਢ ਦਾ ਨਾਸ ਹੋ ਜਾਂਦਾ ਹੈ।

ਤਿਵੇਂ ਸੰਤਾਂ ਦੇ ਸੰਗ ਕਰਕੇ ਸਾਰਿਆਂ ਪ੍ਰਾਛਤ=ਪਾਪਾਂ ਦਾ ਨਾਸ ਹੋ ਜਾਂਦਾ ਹੈ।

ਜਿਉ ਸਾਬੁਨਿ ਕਾਪਰ ਊਜਲ ਹੋਤ ॥ ਨਾਮ ਜਪਤ ਸਭੁ ਭ੍ਰਮੁ ਭਉ ਖੋਤ ॥ ੫ ॥

ਜਿਵੇਂ ਸਾਬਣ ਕਰਕੇ ਕਪੜੇ ਉਜਲ ਹੋ ਜਾਂਦੇ ਹਨ।

ਤਿਵੇਂ ਨਾਮ ਜਪਣ ਕਰਕੇ ਸਾਰੇ ਭਰਮ ਤੇ ਡਰ ਖੋਏ ਜਾਂਦੇ ਹਨ॥ ੫ ॥

ਜਿਉ ਚਕਵੀ ਸੂਰਜ ਕੀ ਆਸ ॥ ਜਿਉ ਚਾਤ੍ਰਿਕ ਬੂੰਦ ਕੀ ਪਿਆਸ ॥

ਜਿਵੇਂ ਚਕਵੀ ਨੂੰ ਸੂਰਜ ਦੀ ਆਸਾ ਲਗੀ ਰਹਿੰਦੀ ਹੈ ਕਿਉਂਕਿ ਸੂਰਜ ਚੜ੍ਹਣ ਕਰਕੇ ਉਸ ਦਾ ਆਪਣੇ ਪਤੀ ਚਕਵੇ ਨਾਲ ਮਿਲਾਪ ਹੁੰਦਾ ਹੈ। ਜਿਵੇਂ ਚਾਤ੍ਰਿਕ=ਪਪੀਹੇ ਨੂੰ ਸ੍ਵਾਂਤੀ ਬੂੰਦ ਦੀ ਪਿਆਸ ਰਹਿੰਦੀ ਹੈ।

ਜਿਉ ਕੁਰੰਕ ਨਾਦ ਕਰਨ ਸਮਾਨੇ ॥

ਜਿਵੇਂ ਕੁਰੰਕ=ਹਰਨ ਦੇ ਕਰਨ=ਕੰਨਾਂ ਵਿਚ ਘੰਡੇ ਹੇੜੇ ਦਾ ਨਾਦ=ਸ਼ਬਦ ਸਮਾਉਣ ਕਰਕੇ ਅਨੰਦ ਹੁੰਦਾ ਹੈ।

[ਪੰਨਾ ੯੧੫]

ਤਿਉ ਹਰਿ ਨਾਮ ਹਰਿ ਜਨ ਮਨਹਿ ਸੁਖਾਨੇ ॥ ੬ ॥

ਤਿਵੇਂ ਹਰੀ ਦਾ ਨਾਮ ਹਰੀ ਜਨਾਂ ਦੇ ਮਨ ਵਿਚ ਸੁਖਾਨੇ=ਚੰਗਾ ਲਗਦਾ ਹੈ॥ ੬ ॥

ਤੁਮਰੀ ਕ੍ਰਿਪਾ ਤੇ ਲਾਗੀ ਪ੍ਰੀਤਿ ॥ ਦਇਆਲ ਭਏ ਤਾ ਆਏ ਚੀਤਿ ॥

ਹੇ ਭਗਵਨ ! ਆਪ ਜੀ ਦੀ ਕਿਰਪਾ ਕਰਕੇ ਆਪ ਜੀ ਵਿਚ ਮੇਰੀ ਪ੍ਰੀਤੀ ਲਗੀ ਹੈ। ਜਾਂ ਆਪ ਦਿਆਲੂ ਹੋਏ ਤਾਂ ਹੀ ਆਪ ਚੀਤਿ=ਯਾਦ ਆਏ ਹੋ।

ਦਇਆ ਧਾਰੀ ਤਿਨਿ ਧਾਰਣਹਾਰ ॥ ਬੰਧਨ ਤੇ ਹੋਈ ਛੁਟਕਾਰ ॥ ੭ ॥

ਹੇ ਸਰਬ ਜੀਆਂ ਦੇ ਧਾਰਣਹਾਰ ਪ੍ਰਭੂ ! ਤਿਸ ਆਪ ਨੇ ਜਦ ਕ੍ਰਿਪਾ ਦ੍ਰਿਸ਼ਟੀ ਧਾਰੀ ਤਾਂ ਮੇਰੀ ਬੰਧਨਾਂ ਤੋਂ ਛੁਟਕਾਰ=ਖਲਾਸੀ ਹੋਈ॥ ੭ ॥

ਸਭਿ ਥਾਨ ਦੇਖੇ ਨੈਣ ਅਲੋਇ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥

ਅੱਖਾਂ ਨਾਲ ਸਾਰੇ ਅਸਥਾਨ ਅਲੋਇ=ਨਿਰਣੇ ਕਰਕੇ ਦੇਖੇ ਹਨ। ਉਸ ਪ੍ਰਭੂ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ। ਇਹ ਉਹ ਅਲੋਇ=ਅਲੌਕਿਕ ਪ੍ਰਭੂ ਹੀ ਹੈ।

ਭ੍ਰਮ ਭੈ ਛੁਟੇ ਗੁਰ ਪਰਸਾਦ ॥ ਨਾਨਕ ਪੇਖਿਓ ਸਭੁ ਬਿਸਮਾਦ ॥ ੮ ॥ ੪ ॥

ਗੁਰਾਂ ਦੀ ਕਿਰਪਾ ਨਾਲ ਭੈ ਭਰਮ ਸਭ ਛੁਟ ਗਏ ਹਨ। ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਬਿਸਮਾਦ=ਅਸਚਰਜ ਰੂਪ ਪਰਮਾਤਮਾ ਨੂੰ ਸਾਰੇ ਵੇਖਿਆ ਹੈ॥ ੮ ॥ ੪ ॥

ਰਾਮਕਲੀ ਮਹਲਾ ੫ ॥

ਜੀਅ ਜੰਤ ਸਭਿ ਪੇਖੀਅਹਿ ਪ੍ਰਭ ਸਗਲ ਤੁਮਾਰੀ ਧਾਰਨਾ ॥ ੧ ॥

ਜਿਤਨੇ ਕੁ ਸਾਰੇ ਸੂਖਮ ਸਥੂਲ ਜੀਆਂ ਜੰਤ ਵੇਖੀਦੇ ਹਨ, ਹੇ ਪ੍ਰਭੂ ! ਉਹ ਸਾਰੀ ਆਪ ਜੀ ਦੀ ਧਾਰਨਾ=ਬਨਾਵਟ ਹੈ। *ਅਥਵਾ:-* ਸਭ ਨੂੰ ਤੁਸਾਂ ਨੇ ਧਾਰਨਾ=ਮਰਯਾਦਾ ਵਿਚ ਧਾਰੇ ਹੋਏ ਹਨ॥ ੧ ॥

ਇਹੁ ਮਨੁ ਹਰਿ ਕੈ ਨਾਮਿ ਉਧਾਰਨਾ ॥ ੧ ॥ ਰਹਾਉ ॥

ਹੇ ਹਰੀ ! ਆਪ ਜੀ ਦੇ ਨਾਮ ਨੇ ਹੀ ਇਸ ਮਨੁ=ਜੀਵ ਨੂੰ ਤਾਰਨਾ ਹੈ ॥ ੧ ॥ ਰਹਾਉ ॥

ਖਿਨ ਮਹਿ ਥਾਪਿ ਉਥਾਪੇ ਕੁਦਰਤਿ ਸਭਿ ਕਰਤੇ ਕੇ ਕਾਰਨਾ ॥ ੨ ॥

ਹੇ ਕਰਤੇ ਪੁਰਖ ! ਆਪਣੀ ਕੁਦਰਤ ਦੁਆਰਾ ਇਕ ਖਿਨ ਵਿਚ ਆਪ ਜੀਵਾਂ ਨੂੰ ਥਾਪਿ=ਉਤਪਤ ਕਰਦੇ ਹੋ ਤੇ ਖਿਨ ਵਿਚ ਹੀ ਉਥਾਪੇ=ਲਯ ਕਰਦੇ ਹੋ, ਹੇ ਕਰਤੇ ਇਹ ਕਾਰਨ ਕਾਰਜ ਸਭ ਆਖਦੇ ਹਨ॥ ੨ ॥

ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਦਾਰਨਾ ॥ ੩ ॥

ਕਾਮ, ਕ੍ਰੋਧ, ਲੋਭ, ਝੂਠ ਅਤੇ ਨਿੰਦਿਆ ਆਦਿਕ ਸਭ ਵਿਕਾਰਾਂ ਨੂੰ ਸੰਤਾਂ ਦੀ ਸਤਸੰਗਤ ਦੁਆਰਾ ਬਿਦਾਰਨਾ=ਨਾਸ ਕੀਤਾ ਹੈ॥ ੩ ॥

ਨਾਮੁ ਜਪਤ ਮਨੁ ਨਿਰਮਲ ਹੋਵੈ ਸੂਖੇ ਸੂਖਿ ਗੁਦਾਰਨਾ ॥ ੪ ॥

ਆਪ ਜੀ ਦੇ ਨਾਮ ਜਪਣ ਕਰਕੇ ਮਨ ਸ਼ੁਧ ਹੁੰਦਾ ਹੈ ਅਤੇ ਸੁਖ ਹੀ ਸੁਖ ਵਿਚ ਸਾਰੀ ਜ਼ਿੰਦਰੀ ਦਾ ਸਮਾ ਗੁਦਾਰਨਾ=ਬਤੀਤ ਹੁੰਦਾ ਹੈ॥ ੪ ॥

ਭਗਤਿ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਨਾ ॥ ੫ ॥

ਜੋ ਪ੍ਰਾਣੀ ਭਗਤਾਂ ਦੀ ਸ਼ਰਨ ਆਉਂਦਾ ਹੈ, ਤਿਸ ਨੇ ਈਹਾ ਊਹਾ=ਲੋਕ ਪ੍ਰਲੋਕ ਵਿਚ ਹਾਰਨਾ ਨਹੀਂ ਕੀਤਾ॥ ੫ ॥

ਸੂਖ ਦੂਖ ਇਸੁ ਮਨ ਕੀ ਬਿਰਥਾ ਤੁਮ ਹੀ ਆਗੈ ਸਾਰਨਾ ॥ ੬ ॥

ਸੁਖ ਦੁਖ ਆਦਿਕ ਜੋ ਭੀ ਇਸ ਮਨ ਦੀ ਬਿਰਥਾ ਹੈ, ਉਹ ਆਪ ਜੀ ਦੇ ਅੱਗੇ ਹੀ ਸਾਰਨਾ=ਕਹਿੰਦੇ ਹਾਂ॥ ੬ ॥

ਤੂ ਦਾਤਾ ਸਭਨਾ ਜੀਆ ਕਾ ਆਪਨ ਕੀਆ ਪਾਲਨਾ ॥ ੭ ॥

ਹੇ ਪ੍ਰਭ ! ਤੂੰ ਸਾਰਿਆਂ ਜੀਵਾਂ ਦਾ ਦਾਤਾਂ ਹੈਂ, ਆਪਣਾ ਕੀਤਾ ਹੋਇਆ ਜੋ ਪ੍ਰਪੰਚ ਹੈ, ਉਸ ਨੂੰ ਤੁਸੀਂ ਆਪ ਹੀ ਪਾਲਣਾ ਕਰਦੇ ਹੋ॥ ੭ ॥

ਅਨਿਕ ਬਾਰ ਕੋਟਿ ਜਨ ਊਪਰਿ ਨਾਨਕੁ ਵੰਞੈ ਵਾਰਨਾ ॥ ੮ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਕ੍ਰੋੜਾਂ ਸੰਤ ਜਨਾਂ ਉਪਰੋਂ ਮੈਂ ਅਨੇਕਾਂ ਵਾਰੀ ਵੰਞੈ ਵਾਰਨਾ=ਬਲਿਹਾਰ ਜਾਂਦਾ ਹਾਂ॥ ੮ ॥ ੫ ॥

ਰਾਮਕਲੀ ਮਹਲਾ ੫ ਅਸਟਪਦੀ
੧ਓ ਸਤਿਗੁਰ ਪ੍ਰਸਾਦਿ ॥

ਸਿੱਖ ਨੇ ਪੁਛਿਆ ਆਪ ਜੀ ਦੇ ਗੁਰਦੇਵ ਕੈਸੇ ਹਨ ? *ਗੁਰ ਉੱਤਰ:-*

ਦਰਸਨੁ ਭੇਟਤ ਪਾਪ ਸਭਿ ਨਾਸਹਿ ਹਰਿ ਸਿਉ ਦੇਇ ਮਿਲਾਈ ॥ ੧ ॥

ਗੁਰਾਂ ਦਾ ਦਰਸ਼ਨ ਕਰਨ ਨਾਲ ਸਾਰੇ ਪਾਪ ਨਸ ਜਾਂਦੇ ਹਨ, ਪੁਨਾ ਗੁਰਦੇਵ ਜੀ ਸਿੱਖ ਨੂੰ ਹਰੀ ਨਾਲ

www.sikhbookclub.com

ਮਿਲਾ ਦੇਂਦੇ ਹਨ॥ ੧॥

ਮੇਰਾ ਗੁਰੁ ਪਰਮੇਸਰੁ ਸੁਖਦਾਈ॥

ਮੇਰੇ ਗੁਰੂ ਪਰਮੇਸ਼ਰ ਰੂਪ ਹੋਣ ਕਰਕੇ ਸੁਖ ਦੇਣ ਵਾਲੇ ਹਨ।

ਪਾਰਬ੍ਰਹਮ ਕਾ ਨਾਮੁ ਦ੍ਰਿੜਾਏ ਅੰਤੇ ਹੋਇ ਸਖਾਈ॥ ੧॥ ਰਹਾਉ॥

ਮੇਰੇ ਗੁਰੂ ਪਾਰਬ੍ਰਹਮ ਦਾ ਨਾਮ ਦ੍ਰਿੜ ਕਰਵਾਂਦੇ ਹਨ, ਜੋ ਨਾਮ ਅੰਤਮ ਸਮੇਂ ਜੀਵ ਦਾ ਸਖਾਈ=ਸਹਾਈ ਹੁੰਦਾ ਹੈ॥ ੧॥ ਰਹਾਉ॥

ਸਗਲ ਦੂਖ ਕਾ ਡੇਰਾ ਭੰਨਾ ਸੰਤ ਧੂਰਿ ਮੁਖਿ ਲਾਈ॥ ੨॥

ਸੰਤਾਂ ਦੀ ਧੂੜ, *ਅਥਵਾ:-* ਸ਼ਾਂਤ ਆਤਮਾ ਗੁਰਾਂ ਦੇ ਚਰਨਾਂ ਦੀ ਧੂੜ ਮੂੰਹ 'ਪਰ ਲਗਾ ਕੇ ਸਾਰਿਆਂ ਦੁੱਖਾਂ ਦਾ ਡੇਰਾ ਅਗਿਆਨ ਭੰਨ ਦਿੱਤਾ ਹੈ॥ ੨॥

ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ॥ ੩॥

ਗੁਰਾਂ ਨੇ ਅਗਿਆਨ ਰੂਪ ਹਨੇਰਾ ਵੰਞਾਈ=ਦੂਰ ਕਰਕੇ ਇਕ ਖਿਨ ਵਿਚ ਪਾਪੀਆਂ ਤੋਂ ਪਵਿਤ੍ਰ ਕਰ ਦਿੱਤਾ ਹੈ॥ ੩॥

ਕਰਣ ਕਾਰਣ ਸਮਰਥੁ ਸੁਆਮੀ ਨਾਨਕ ਤਿਸੁ ਸਰਣਾਈ॥ ੪॥

ਗੁਰੂ ਜੀ ਕਥਨ ਕਰਦੇ ਹਨ—ਜੋ ਸੁਆਮੀ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਮੈਂ ਉਸ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥

ਬੰਧਨ ਤੋੜਿ ਚਰਨ ਕਮਲ ਦ੍ਰਿੜਾਏ ਏਕ ਸਬਦਿ ਲਿਵ ਲਾਈ॥ ੫॥

ਚਰਨ ਕਵਲਾਂ ਦਾ ਧਿਆਨ ਦ੍ਰਿੜ੍ਹ ਕਰਵਾ ਕੇ ਸਭ ਬੰਧਨ ਤੋੜ ਦਿੱਤੇ ਹਨ ਅਤੇ ਇਕ ਸਬਦਿ=ਬ੍ਰਹਮ ਵਿਚ ਬਿਰਤੀ ਲਗਾਈ ਹੈ॥ ੫॥

ਅੰਧ ਕੂਪ ਬਿਖਿਆ ਤੇ ਕਾਢਿਓ ਸਾਚ ਸਬਦਿ ਬਣਿ ਆਈ॥ ੬॥

ਗੁਰਾਂ ਨੇ ਵਿਸ਼ਿਆਂ ਰੂਪ ਅੰਨ੍ਹੇ ਖੂਹ ਵਿਚੋਂ ਕੱਢ ਦਿੱਤਾ ਹੈ ਅਤੇ ਸੱਚੇ ਸਬਦਿ=ਬ੍ਰਹਮ ਨਾਲ ਪ੍ਰੀਤੀ ਬਣਿ ਆਈ ਹੈ॥ ੬॥

ਜਨਮ ਮਰਣ ਕਾ ਸਹਸਾ ਚੂਕਾ ਬਾਹੁੜਿ ਕਤਹੁ ਨ ਧਾਈ॥ ੭॥

ਜਨਮ ਮਰਨ ਦਾ ਸੰਸਾ ਦੂਰ ਹੋ ਗਿਆ ਹੈ, ਫਿਰ ਮਨ ਕਿਸੇ ਤਰਫ਼ ਨਹੀਂ ਦੌੜਦਾ॥ ੭॥

ਨਾਮ ਰਸਾਇਣਿ ਇਹੁ ਮਨੁ ਰਾਤਾ ਅੰਮ੍ਰਿਤੁ ਪੀ ਤ੍ਰਿਪਤਾਈ॥ ੮॥

ਰਸਾਂ ਦਾ ਘਰ ਜੋ ਨਾਮ ਹੈ, ਤਿਸ ਵਿਚ ਇਹ ਮਨ ਤਦਾਕਾਰ ਹੋਇਆ ਹੈ ਅਤੇ ਨਾਮ ਅੰਮ੍ਰਿਤ ਨੂੰ ਪੀ ਕੇ ਮਨ ਤ੍ਰਿਪਤ ਹੋ ਗਿਆ ਹੈ॥ ੮॥

ਸੰਤਸੰਗਿ ਮਿਲਿ ਕੀਰਤਨੁ ਗਾਇਆ ਨਿਹਚਲ ਵਸਿਆ ਜਾਈ॥ ੯॥

www.sikhbookclub.com

ਸੰਤਾਂ ਦੀ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਕੀਰਤਨ ਨੂੰ ਗਾਇਆ ਹੈ, ਕੀਰਤਨ ਦੇ ਫਲ ਕਰਕੇ ਹੁਣ ਮੈਂ ਨਿਸਚਲ ਸਰੂਪ ਜਗ੍ਹਾਂ ਵਿਚ ਵਸਿਆ ਹਾਂ। ਅਥਵਾ:- ਨਿਸਚਲ ਪਰਮਾਤਮਾ ਹਿਰਦੇ ਰੂਪ ਜਗ੍ਹਾਂ ਵਿਚ ਆ ਵਸਿਆ ਹੈ॥ ੯॥

ਪੂਰੈ ਗੁਰਿ ਪੂਰੀ ਮਤਿ ਦੀਨੀ ਹਰਿ ਬਿਨੁ ਆਨ ਨ ਭਾਈ॥ ੧੦॥

ਪੂਰਿਆਂ ਗੁਰਾਂ ਨੇ ਮੈਨੂੰ ਇਹ ਪੂਰੀ ਸਿਖਿਆ ਦਿੱਤੀ ਹੈ ਕਿ ਹੇ ਭਾਈ ! ਹਰੀ ਤੋਂ ਬਿਨਾਂ ਆਨ=ਹੋਰ ਕੋਈ ਨਹੀਂ ਹੈ॥ ੧੦॥

ਨਾਮੁ ਨਿਧਾਨੁ ਪਾਇਆ ਵਡਭਾਗੀ ਨਾਨਕ ਨਰਕਿ ਨ ਜਾਈ॥ ੧੧॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਵਡਭਾਗੀਆਂ ਨੇ ਨਾਮ ਰੂਪ ਖ਼ਜ਼ਾਨਾ ਪਾਇਆ ਹੈ, ਉਹ ਗੁਰਮੁਖ ਫਿਰ ਨਰਕਾਂ ਵਿਚ ਨਹੀਂ ਜਾਂਦੇ॥ ੧੧॥

ਘਾਲ ਸਿਆਣਪ ਉਕਤਿ ਨ ਮੇਰੀ ਪੂਰੈ ਗੁਰੂ ਕਮਾਈ॥ ੧੨॥

ਨਾ ਕੋਈ ਘਾਲ=ਕਮਾਈ ਕੀਤੀ ਹੈ, ਨਾ ਮੇਰੀ ਬੁੱਧੀ ਦੀ ਸਿਆਨਪ ਹੈ, ਨਾ ਹੀ ਮੇਰੇ ਵਿਚ ਉਕਤਿ=ਬਾਣੀ ਦੇ ਉਚਾਰਣ ਦੀ ਕੋਈ ਜੁਗਤੀ ਹੈ, ਮੇਰੇ ਪਾਸ ਤਾਂ ਪੂਰਿਆਂ ਗੁਰਾਂ ਦੇ ਉਪਦੇਸ਼ ਦੀ ਕਮਾਈ ਹੈ।

ਜਪ ਤਪ ਸੰਜਮ ਸੁਚਿ ਹੈ ਸੋਈ ਆਪੇ ਕਰੇ ਕਰਾਈ॥ ੧੩॥

ਜਿਸ ਦੇ ਪਾਸੋਂ ਪ੍ਰਭੂ ਆਪ ਕਰਵਾਉਂਦਾ ਹੈ, ਓਹੀ ਪੁਰਸ਼ ਜਪ, ਤਪ, ਸੰਜਮ ਵਿਚ ਸੁਚਿ=ਪਵਿਤ੍ਰਤਾ ਆਦਿਕ ਸਾਧਨਾਂ ਨੂੰ ਕਰਦਾ ਹੈ॥ ੧੩॥

[ਪੰਨਾ ੯੧੬]

ਪੁਤ੍ਰ ਕਲਤ੍ਰ ਮਹਾ ਬਿਖਿਆ ਮਹਿ ਗੁਰਿ ਸਾਚੈ ਲਾਇ ਤਰਾਈ॥ ੧੪॥

ਪੁਤ੍ਰ, ਕਲਤ੍ਰ=ਇਸਤ੍ਰੀ ਅਤੇ ਬਹੁਤ ਸਾਰੇ ਵਿਸ਼ਿਆਂ ਵਿਚ ਰਹਿੰਦਿਆਂ ਹੀ ਗੁਰਾਂ ਨੇ ਸੱਚੇ ਨਾਮ ਸਿਮਰਨ ਵਿਚ ਲਗਾ ਕੇ ਸੰਸਾਰ-ਸਮੁੰਦਰ ਤੋਂ ਤਾਰ ਦਿੱਤਾ ਹੈ॥ ੧੪॥

ਅਪਣੇ ਜੀਅ ਤੈ ਆਪਿ ਸਮ੍ਹਾਲੇ ਆਪਿ ਲੀਏ ਲੜਿ ਲਾਈ॥ ੧੫॥

ਆਪਣੇ ਜੀਅ ਤਿਸ ਪ੍ਰਭੂ ਨੇ ਆਪ ਹੀ ਸੰਭਾਲੇ ਹਨ, ਭਾਵ ਸਭ ਦੀ ਪਾਲਣਾ ਆਪ ਕੀਤੀ ਹੈ, ਪੁਨਾ ਆਪ ਹੀ ਆਪਣੇ ਨਾਮ ਰੂਪ ਲੜਿ=ਪੱਲੇ ਨਾਲ ਲਗਾ ਲੀਤੇ ਹਨ॥ ੧੫॥

ਸਾਚ ਧਰਮ ਕਾ ਬੇੜਾ ਬਾਧਿਆ ਭਵਜਲੁ ਪਾਰਿ ਪਵਾਈ॥ ੧੬॥

ਜਿਸ ਵੇਲੇ ਸੱਚੇ ਧਰਮ ਦਾ ਬੇੜਾ ਨਾਮ, ਵਾ:- ਸਤਸੰਗ ਬੰਨ੍ਹਿਆ ਤਾਂ ਉਸ ਉੱਤੇ ਚਾੜ੍ਹ ਕੇ ਸੰਸਾਰ ਸਮੁੰਦਰ ਤੋਂ ਪਾਰ ਪੁਆ ਦਿੱਤਾ॥ ੧੬॥

ਬੇਸੁਮਾਰ ਬੇਅੰਤ ਸੁਆਮੀ ਨਾਨਕ ਬਲਿ ਬਲਿ ਜਾਈ॥ ੧੭॥

ਗੁਰੂ ਜੀ ਕਥਨ ਕਰਦੇ ਹਨ—ਬੇ-ਸ਼ੁਮਾਰ=ਅਨਗਿਣਤ ਗੁਣਾਂ ਵਾਲਾ ਜੋ ਸੁਆਮੀ ਹੈ, ਉਸ ਬੇਅੰਤ ਸੁਆਮੀ ਤੋਂ ਮੈਂ ਬਿਅੰਤ ਵਾਰੀ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧੭॥

ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ॥ ੧੮॥

ਉਹ ਅਕਾਲ ਸਰੂਪ, ਜੂਨੀਆਂ ਤੋਂ ਰਹਿਤ, ਸੰਭਉ=ਸੁਤੇ ਪ੍ਰਕਾਸ਼ ਰੂਪ ਪਰਮਾਤਮਾ ਕਲਜੁਗ ਰੂਪ ਹਨੇਰੇ ਵਿਚ ਦੀਪਾਈ=ਪ੍ਰਕਾਸ਼ ਰਿਹਾ ਹੈ ਗੁਰੂ ਰੂਪ ਹੋ ਕੇ। *ਅਥਵਾ:-* ਕਲਜੁਗ ਅੰਦਰ ਅਗਿਆਨ ਰੂਪ ਹਨੇਰੇ ਦੇ ਦੂਰ ਕਰਨੇ ਨੂੰ ਨਾਮ ਦਾ ਦੀਪਕ ਪ੍ਰਕਾਸ਼ਿਆ ਹੈ॥ ੧੮॥

ਅੰਤਰਜਾਮੀ ਜੀਅਨ ਕਾ ਦਾਤਾ ਦੇਖਤ ਤ੍ਰਿਪਤਿ ਅਘਾਈ॥ ੧੯॥

ਉਹ ਅੰਤਰਜਾਮੀ ਪ੍ਰਭੂ ਸਭ ਜੀਆਂ ਦਾ ਦਾਤਾ ਹੈ, ਉਸ ਨੂੰ ਵੇਖਦਿਆਂ ਹੀ ਇਸ ਲੋਕ ਦੇ ਪਦਾਰਥਾਂ ਵਲੋਂ ਮਨ ਤ੍ਰਿਪਤ ਹੋ ਗਿਆ ਹੈ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਭੀ ਅਘਾਈ=ਰਜ ਗਿਆ ਹੈ॥ ੧੯॥

ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ॥ ੨੦॥

ਉਹ ਏਕੰਕਾਰ ਪ੍ਰਭੂ ਨਿਰੰਜਨੁ=ਮਾਇਆ ਮਲ ਅਵਿਦਿਆ ਤੋਂ ਰਹਿਤ ਹੈ ਤੇ ਨਿਰਭਉ ਹੈ ਅਤੇ ਸਾਰਿਆਂ ਜਲਾਂ ਥਲਾਂ ਵਿਚ ਸਮਾਅ ਰਿਹਾ ਹੈ॥ ੨੦॥

ਭਗਤਿ ਦਾਨੁ ਭਗਤਾ ਕਉ ਦੀਨਾ ਹਰਿ ਨਾਨਕ ਜਾਚੈ ਮਾਈ॥੨੧॥੧॥੬॥

ਗੁਰੂ ਜੀ ਕਥਨ ਕਰਦੇ ਹਨ—ਉਸ ਨੇ ਆਪਣਿਆਂ ਭਗਤਾਂ ਨੂੰ ਭਗਤੀ ਦਾਨ ਦਿੱਤਾ ਹੈ, ਅਸੀਂ ਭੀ ਉਸ ਮਾਈ=ਮਾਇਆ ਪਤੀ ਪਰਮਾਤਮਾ ਤੋਂ ਹਰੀ ਨਾਮ ਜਾਚੈ=ਮੰਗਦੇ ਹਾਂ॥ ੨੧॥ ੧॥ ੬॥

ਰਾਮਕਲੀ ਮਹਲਾ ੫ ਸਲੋਕੁ॥

ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥

ਹੇ ਪਿਆਰਿਓ ! ਗੁਰ ਸ਼ਬਦ ਦਾ ਗੈਣ ਕਰਨਾ ਸਿਖੋ, ਜਨਮ ਮਰਨ ਵਿਚ ਕੀ ਟਿਕ ਰਹੇ ਹੋ।

ਅਥਵਾ:- ਹੇ ਪਿਆਰਿਓ ! ਗੁਰ ਉਪਦੇਸ਼ ਦਾ ਧਾਰਨਾ ਸਿਖੋ, ਜੋ ਉਪਦੇਸ਼ ਜਨਮ ਮਰਨ ਦੀ ਨਵਿਰਤੀ ਦਾ ਟੇਕ=ਆਸਰਾ ਰੂਪ ਹੈ।

ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ॥ ੧॥

ਗੁਰੂ ਜੀ ਕਥਨ ਕਰਦੇ ਹਨ—ਇਕ ਨਾਮ ਦੇ ਸਿਮਰਨ ਕਰਨ ਨਾਲ, ਇਕ ਤਾਂ ਮੂੰਹ ਉਜਲਾ ਹੋਵੇਗਾ, ਦੂਜਾ ਸਦਾ ਸੁਖੀ ਰਹੋਗੇ॥ ੧॥

ਮਨੁ ਤਨੁ ਰਾਤਾ ਰਾਮ ਪਿਆਰੇ
ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ॥ ੧॥

ਹੇ ਸੰਤੋ ! ਸਾਡਾ ਮਨ, ਤਨ ਪਿਆਰੇ ਰਾਮ ਵਿਚ ਰੱਤਾ ਗਿਆ ਹੈ, ਇਸੇ ਕਰਕੇ ਸਾਨੂੰ ਹਰੀ ਦੀ ਪ੍ਰੇਮਾ ਭਗਤੀ ਕਰਨੀ ਬਣ ਆਈ ਹੈ।

ਸਤਿਗੁਰਿ ਖੇਪ ਨਿਬਾਹੀ ਸੰਤਹੁ॥

ਹੇ ਸੰਤੋ ! ਸਤਿਗੁਰਾਂ ਨੇ ਸਾਡੀ ਜਪ, ਤਪ ਰੂਪੀ, *ਵਾ:-* ਭਗਤੀ ਰੂਪੀ ਖੇਪ ਨਿਬਾਹੀ=ਪੂਰੀ ਕਰ ਦਿੱਤੀ ਹੈ।

www.sikhbookclub.com

ਹਰਿ ਨਾਮੁ ਲਾਹਾ ਦਾਸ ਕਉ ਦੀਆ
ਸਗਲੀ ਤ੍ਰਿਸਨ ਉਲਾਹੀ ਸੰਤਹੁ ॥ ੧ ॥ ਰਹਾਉ ॥

ਹੇ ਸੰਤੋ ! ਹਰੀ ਨੇ ਮੈਂ ਦਾਸ ਨੂੰ ਨਾਮ ਦਾ ਲਾਭ ਦਿੱਤਾ ਹੈ ਅਤੇ ਪਦਾਰਥਾਂ ਦੀ ਸਾਰੀ ਤ੍ਰਿਸ਼ਨਾ ਉਲਾਹੀ=ਲਾਹ ਦਿੱਤੀ ॥ ੧ ॥ ਰਹਾਉ ॥

ਖੋਜਤ ਖੋਜਤ ਲਾਲੁ ਇਕੁ ਪਾਇਆ
ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥ ੨ ॥

ਹੇ ਸੰਤੋ ! ਖੋਜਦਿਆਂ-ਖੋਜਦਿਆਂ ਮੈਂਨੇ ਇਕ ਲਾਲੁ=ਪਿਆਰੇ ਹਰੀ ਨੂੰ ਪਾਇਆ ਹੈ, ਪਰ ਉਸ ਹਰੀ ਦੀ ਕੀਮਤ ਕੁਝ ਕਥਨ ਨਹੀਂ ਕੀਤੀ ਜਾਂਦੀ ॥ ੨ ॥

ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥ ੩ ॥

ਹੇ ਸੰਤੋ ! ਉਸ ਹਰੀ ਦੇ ਚਰਨ ਕਮਲਾਂ ਨਾਲ ਧਿਆਨ ਲੱਗ ਗਿਆ ਹੈ, ਇਸੇ ਕਰਕੇ ਸੱਚੇ ਦਰਸਿ=ਸਰੂਪ ਵਿਚ ਸਮਾਈ ਹੋਈ ਹੈ ॥ ੩ ॥

ਗੁਣ ਗਾਵਤ ਗਾਵਤ ਭਏ ਨਿਹਾਲਾ
ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥ ੪ ॥

ਹੇ ਸੰਤੋ ! ਪ੍ਰਭੂ ਦੇ ਗੁਣਾਂ ਨੂੰ ਗਾਂਵਦਿਆਂ-ਗਾਂਵਦਿਆ ਅਸੀਂ ਨਿਹਾਲ ਹੋ ਗਏ ਹਾਂ ਅਤੇ ਹਰੀ ਨੂੰ ਸਿਮਰ ਕੇ ਤ੍ਰਿਪਤ ਹੋ ਕੇ ਅਘਾਈ=ਰਜ ਗਏ ਹਾਂ ॥ ੪ ॥

ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥ ੫ ॥

ਹੇ ਸੰਤੋ ! ਜਾਂ ਆਤਮ ਰਾਮ ਸਭ ਦੇ ਅੰਦਰ ਰਵਿਆ ਹੋਇਆ ਹੈ ਤਾਂ ਕਿਸ ਵਾਸਤੇ ਕੋਈ ਆਉਂਦਾ ਤੇ ਕਿਸ ਵਾਸਤੇ ਕੋਈ ਜਾਂਦਾ ਹੈ, ਭਾਵ ਨਾ ਕੋਈ ਆਉਂਦਾ ਹੈ, ਨਾ ਕੋਈ ਜਾਂਦਾ ਹੈ।

ਯਥਾ:- ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥

(ਗਉੜੀ ਸੁਖਮਨੀ ਪੰਨਾ ੨੮੧)

ਆਦਿ ਜੁਗਾਦੀ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ ॥ ੬ ॥

ਹੇ ਸੰਤੋ ! ਆਦਿ ਜੁਗਾਦੀ=ਸਦਾ ਸਦਾ ਸਦਾ ਉਹ ਪ੍ਰਭੂ ਪਿਛੇ ਸੀ, ਹੁਣ ਹੈ, ਅਗੇ ਹੋਵੇਗਾ, ਪੁਨਾ ਓਹ ਸਾਰਿਆਂ ਜੀਵਾਂ ਦਾ ਸੁਖਦਾਈ ਹੈ ॥ ੬ ॥

ਆਪਿ ਬੇਅੰਤੁ ਅੰਤੁ ਨਹੀ ਪਾਈਐ ਪੂਰਿ ਰਹਿਆ ਸਭ ਠਾਈ ਸੰਤਹੁ ॥ ੭ ॥

ਹੇ ਸੰਤੋ ! ਉਹ ਪ੍ਰਭੂ ਆਪ ਬੇਅੰਤ ਹੈ, ਉਸ ਦਾ ਅੰਤ ਨਹੀਂ ਪਾਇਆ ਜਾਂਦਾ, ਉਹ ਸਭ ਠਾਈ=ਸਾਰੀਆਂ ਜਗ੍ਹਾ ਪਰ ਪੂਰਨ ਹੋ ਰਿਹਾ ਹੈ ॥ ੭ ॥

ਮੀਤ ਸਾਜਨ ਮਾਲੁ ਜੋਬਨੁ ਸੁਤ

www.sikhbookclub.com

ਹਰਿ ਨਾਨਕ ਬਾਪੁ ਮੇਰੀ ਮਾਈ ਸੰਤਹੁ ॥ ੮ ॥ ੨ ॥ ੭ ॥

ਗੁਰੂ ਜੀ ਕਥਨ ਕਰਦੇ ਹਨ—ਹੇ ਸੰਤੋ ! ਮਿੱਤਰ, ਸੱਜਣ, ਮਾਲ, ਜੋਬਨ ਅਤੇ ਸੁਤ=ਪੁੱਤਰ ਮੇਰਾ ਸਭ ਕੁਝ ਹਰੀ ਹੈ, ਬਲਕਿ ਮੇਰੀ ਮਾਂ ਤੇ ਮੇਰਾ ਪਿਓ ਭੀ ਹਰੀ ਹੈ।

ਰਾਮਕਲੀ ਮਹਲਾ ੫ ॥ ਮਨ ਬਚ ਕ੍ਰਮਿ ਰਾਮ ਨਾਮੁ ਚਿਤਾਰੀ ॥

ਮਨ, ਬਾਣੀ ਅਤੇ ਕ੍ਰਮਿ=ਸਰੀਰ ਕਰਕੇ ਰਾਮ ਨਾਮ ਨੂੰ ਚਿਤਾਰਨਾ ਕੀਤਾ ਹੈ।

ਘੂਮਨ ਘੇਰਿ ਮਹਾ ਅਤਿ ਬਿਖੜੀ
ਗੁਰਮੁਖਿ ਨਾਨਕ ਪਾਰਿ ਉਤਾਰੀ ॥ ੧ ॥ ਰਹਾਉ ॥

ਗੁਰੂ ਜੀ ਕਥਨ ਕਰਦੇ ਹਨ—ਤਿੰਨਾਂ ਗੁਣਾਂ ਰੂਪੀ ਘੂਮਣ ਘੇਰੀ ਜੋ ਅਤਸੇ ਕਰਕੇ ਨਵਿਰਤ ਹੋਣੀ ਮਹਾ ਬਿਖੜੀ=ਬੜੀ ਕਠਨ ਹੈ, ਮੁਖੀ ਗੁਰਾਂ ਨੇ ਕਿਰਪਾ ਕਰਕੇ ਉਸ ਤੋਂ ਪਾਰ ਉਤਾਰ ਦਿੱਤਾ ਹੈ॥ ੧ ॥ ਰਹਾਉ॥

ਅੰਤਰਿ ਸੂਖਾ ਬਾਹਰਿ ਸੂਖਾ ਹਰਿ ਜਪਿ ਮਲਨ ਭਏ ਦੁਸਟਾਰੀ ॥ ੧ ॥

ਜਦ ਹਰੀ ਨਾਮ ਜਪਣ ਕਰਕੇ ਦੁਸਟਾਰੀ=ਦੁਸ਼ਟ ਕਾਮ ਆਦਿਕ ਮਾਰੀ ਮਲਨ ਭਏ=ਨਾਸ ਹੋ ਗਏ ਤਾਂ ਅੰਦਰ ਵੀ ਆਤਮ ਸੁਖ ਅਤੇ ਬਾਹਰ ਸੰਸਾਰਕ ਸੁਖ ਪ੍ਰਾਪਤ ਹੋਇਆ। *ਅਥਵਾ:-* ਅੰਤ੍ਰ ਮੁਖ ਬਿਰਤੀ ਵਿਚ ਸੁਖ ਤੇ ਬਾਹਰ ਵਿਹਾਰਾਂ ਕਾਲ ਬਿਰਤੀ ਵਿਚ ਵੀ ਸੁਖ ਪ੍ਰਾਪਤ ਹੋਇਆ॥ ੧ ॥

ਜਿਸ ਤੇ ਲਾਗੇ ਤਿਨਹਿ ਨਿਵਾਰੇ ਪ੍ਰਭ ਜੀਉ ਅਪਣੀ ਕਿਰਪਾ ਧਾਰੀ ॥ ੨ ॥

ਜਿਸ ਪ੍ਰਭੂ ਦੇ ਹੁਕਮ ਨਾਲ ਵਿਕਾਰ ਲਗੇ ਸਨ, ਓਸੇ ਨੇ ਨਵਿਰਤ ਕੀਤੇ ਹਨ,

ਅਥਵਾ:- ਜਿਸ ਪ੍ਰਭੂ ਦੇ ਭੁਲਣ ਕਰਕੇ ਇਹ ਵਿਕਾਰ ਲਗੇ ਸਨ, ਓਸੇ ਨੇ ਨਵਿਰਤ ਕੀਤੇ ਹਨ, ਪ੍ਰਭੂ ਜੀ ਨੇ ਆਪਣਿਆਂ ਸੇਵਕਾਂ 'ਪਰ ਆਪਣੀ ਕਿਰਪਾ ਦ੍ਰਿਸ਼ਟੀ ਧਾਰੀ ਹੋਈ ਹੈ॥ ੨ ॥

ਉਧਰੇ ਸੰਤ ਪਰੇ ਹਰਿ ਸਰਨੀ ਪਚਿ ਬਿਨਸੇ ਮਹਾ ਅਹੰਕਾਰੀ ॥ ੩ ॥

ਸੰਤ ਤਾਂ ਹਰੀ ਦੀ ਸ਼ਰਨ ਵਿਚ ਪੈ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ ਅਤੇ ਜੋ ਮਹਾ=ਬੜੇ ਹੰਕਾਰੀ ਹਨ, ਉਹ ਸੰਸਾਰ ਵਿਚ ਹੀ ਪਚ ਕੇ ਬਿਨਸ ਗਏ ਹਨ॥ ੩ ॥

ਸਾਧੂ ਸੰਗਤਿ ਇਹੁ ਫਲੁ ਪਾਇਆ ਇਕੁ ਕੇਵਲ ਨਾਮੁ ਅਧਾਰੀ ॥ ੪ ॥

ਸਾਧੂਆਂ ਦੀ ਸੰਗਤ ਵਿਚੋਂ ਇਹ ਫਲ ਪਾਇਆ ਹੈ, ਜਿਹੜਾ ਕੇਵਲ=ਫਕਤ ਇਕ ਸ਼ੁਧ ਨਾਮ ਦਾ ਅਧਾਰੀ=ਆਸਰਾ ਗ੍ਰਹਿਣ ਕੀਤਾ ਹੈ॥ ੪ ॥

ਨ ਕੋਈ ਸੂਰੁ ਨ ਕੋਈ ਹੀਣਾ ਸਭ ਪ੍ਰਗਟੀ ਜੋਤਿ ਤੁਮ੍ਹਾਰੀ ॥ ੫ ॥

ਆਪਣੇ ਆਪ ਨਾਕੋਈ ਸੂਰਬੀਰ ਹੈ, ਨਾ ਹੀ ਕੋਈ ਹੀਣਾ=ਕਾਇਰ ਹੈ, ਸਾਰਿਆਂ ਵਿਚ, ਹੇ ਪ੍ਰਭੂ ! ਇਕ ਆਪ ਜੀ ਦੀ ਜੋਤਿ=ਸਤਾ ਪ੍ਰਗਟ ਹੋ ਰਹੀ ਹੈ॥ ੫ ॥

ਤੁਮ੍ ਸਮਰਥ ਅਕਥ ਅਗੋਚਰ ਰਵਿਆ ਏਕੁ ਮੁਰਾਰੀ ॥ ੬ ॥

ਹੇ ਮੁਰਾਰੀ ! ਆਪ ਸਰਬ ਕਲਾ ਸਮਰੱਥ ਹੋ, ਅਕਥ=ਕਥਨ ਕਰਨੇ ਤੋਂ ਰਹਿਤ ਹੋ, ਅਗੋਚਰ=ਇੰਦ੍ਰੀਆਂ

www.sikhbookclub.com

ਕਰਕੇ ਅਵਿਸ਼ੇ ਹੋ ਅਤੇ ਸਾਰਿਆਂ ਵਿਚ ਇਕ ਆਪ ਹੀ ਰਵਿ ਰਹੇ ਹੋ॥ ੬॥

ਕੀਮਤਿ ਕਉਣੁ ਕਰੇ ਤੇਰੀ ਕਰਤੇ ਪ੍ਰਭ ਅੰਤੁ ਨ ਪਾਰਾਵਾਰੀ॥ ੭॥

ਹੇ ਕਰਤੇ ਪੁਰਖ ! ਤੇਰੀ ਕੀਮਤ ਨੂੰ ਕੌਣ ਪਾਣਾ ਕਰੇ, ਹੇ ਪ੍ਰਭੂ ! ਆਪ ਜੀ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ॥ ੭॥

ਨਾਮ ਦਾਨੁ ਨਾਨਕ ਵਡਿਆਈ
ਤੇਰਿਆ ਸੰਤ ਜਨਾ ਰੇਣਾਰੀ॥ ੮॥ ੩॥ ੮॥ ੨੨॥

ਗੁਰੂ ਜੀ ਕਥਨ ਕਰਦੇ ਹਨ—ਆਪ ਜੀ ਦੇ ਨਾਮ ਦਾਨ ਕਰਕੇ ਵਡਿਆਈ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਵਾਸਤੇ ਮੈਂ ਤੇਰਿਆਂ ਸੰਤ ਜਨਾਂ ਦੀ ਰੇਣਾਰੀ=ਧੂੜ ਚਾਹੁੰਦਾ ਹਾਂ।

ਅਥਵਾ- ਮੈਂ ਆਪ ਜੀ ਦੇ ਨਾਮ ਦਾਨ ਤੇ ਤੇਰਿਆਂ ਸੰਤ ਜਨਾਂ ਦੀ ਧੂੜ ਵਡਿਆਈ ਨੂੰ ਚਾਹੁੰਦਾ ਹਾਂ ਆਪ ਕਿਰਪਾ ਕਰਕੇ ਦੇਣਾ ਕਰੋ॥ ੮॥ ੩॥ ੮॥ ੨੨॥

ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੋ ਗਾਵੈ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥ *(ਪੰਨਾ ੧੩੯੬)*

ਦਸ ਗੁਰੂ ਸਾਹਿਬਾਨ ਦਾ ਮੰਗਲ

ਸ੍ਰੀ ਗੁਰੂ ਦੇਵ ਚਿਦਾ ਨੰਦੰ, ਸ੍ਵੰ ਪ੍ਰਕਾਸ਼ ਅਘ ਖੰਡਨਹ।
ਯਸਯ ਪਾਦੰ ਯੋਗੀ ਧਿਆਨੰ, ਤਸਯ ਪਾਦ ਨਮਾਮ ਮਮ।
ਦੁਤਿਯ ਗੁਰੰ ਪਾਦ ਬੰਦਨ ਚ ਗੁਰੰ ਤ੍ਰਿਤਿਯ ਪਾਦ ਨਮਸ ਕ੍ਰਿਤਿਯੰ।
ਗੁਰੰ ਰਾਮਦਾਸ ਸੁ ਆਸ ਪੂਰਨ, ਤਸਯ ਪਾਦ ਨਮਾਮ ਸਦ।
ਗੁਰੰ ਪੰਚਮ ਨਮਸ ਕ੍ਰਿਤਿਯੰ, ਗੁਰੰ ਖਸਟਮ ਸੁ ਬੰਦਨੰ।
ਗੁਰੰ ਸਪਤਮ ਨਮਸ ਚਈਵ, ਗੁਰੰ ਅਸਟਮ ਨਮੋ ਨਮਃ।
ਸ੍ਰੀ ਗੁਰੂ ਤੇਗ ਬਹਾਦ੍ਰਸ਼ ਚ, ਗੁਰੂ ਗੋਬਿੰਦ ਮ੍ਰਿਗੰਦ ਨਮਃ।
ਤਸ ਪਾਦ ਨਮਸ ਕ੍ਰਿਤਿਯੰ, ਸਰਬ ਪਾਪ ਵਿਨਸ਼ਤੀ।

ਵਿਦਜਾ ਦਾਤੇ ਦੀ ਕ੍ਰਿਪਾਲਤਾ

ਅਨਦ ਦਾਇ 'ਅਨੰਦ' ਜੀ ਅਰੁ ਰਾਮਕਲੀ ਸੱਦ॥
ਟੀਕਾ ਕੀਓ ਸੰਪੂਰਨੰ ਯਥਾ ਬੋਧ ਵਿਚ ਗੱਦ॥ ੧॥
ਸੋਲਹੇ: 'ਅਚੁਤ ਪਾਰਬ੍ਰਹਮ' 'ਅਲਹ ਅਗਮ ਅਪਾਰ'॥
ਮਾਰੂ ਰਾਗ ਸੁਹਾਵਣੇ ਬਾਵਨ ਅਖਰੀ ਸੁਖਕਾਰ॥ ੨॥
ਪਾਂਚੋਂ ਇਹ ਕਲਜਾਨ-ਦਾ ਗੁਰ ਬਚ ਪਰਮ ਪਵਿਤ੍॥
ਕੀਰਤਿ ਸ੍ਰੀ ਨਿਰੰਕਾਰ ਦੀ ਉੱਚ ਆਨੂਪ ਵਚਿਤ੍॥ ੩॥
ਪਰਮ ਪੂਜ ਅਰ ਗਯਾਨ ਘਨ ਸ੍ਰੀ ਅਮੀਰ ਮ੍ਰਿਗੇਸ਼॥
ਵਿਦਜਾ ਦਾਤੇ ਕ੍ਰਿਪਾ ਕਰ ਭਏ ਕ੍ਰਿਪਾਲ ਵਿਸ਼ੇਸ਼॥ ੪॥
ਭਾਦ੍ਰੋਂ ਕੀ ਸਕ੍ਰਾਂਤਿ ਸ਼ੁਭ ਦਿਨ ਪੰਚਮੀ ਸੁਭੰਤ॥
ਵੀਹ ਸੌ ਬਾਈ ਬਿਕ੍ਰਮੀ ਪੂਰਨ ਅੰਤ ਪ੍ਰਯੰਤ॥ ੫॥

ਅਨੰਦੁ ਸਾਹਿਬ ਸਟੀਕ

[ਪੰਨਾ ੯੧੭]

ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ॥

ਪਹਿਲੀ ਉਥਾਨਕਾ

ਇੱਕ ਸਮੇਂ ਗਣੇਸ਼ ਜੀ ਦੇ ਮਨ ਵਿਚ ਵਿਚਾਰ ਆਇਆ ਕਿ ਦੁਨੀਆਂ ਦੇ ਸਾਰੇ ਲੋਕ ਸ਼ਿਵਾਂ ਦੀ ਕਿਰਪਾ ਸੇ* ਸਭ ਕੰਮਾਂ ਦੇ ਆਰੰਭ ਵੇਲੇ ਮੇਰਾ ਪੂਜਨ ਕਰਦੇ ਹਨ। ਪਰ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਮੇਰਾ ਪੂਜਨ ਨਹੀਂ ਹੈ, ਸੋ ਹੋਣਾ ਚਾਹੀਦਾ ਹੈ। ਇਸ ਸੰਕਲਪ ਨੂੰ ਲੈ ਕੇ ਗਣੇਸ਼ ਸ੍ਰੀ ਗੋਇੰਦਵਾਲ ਵਿਚ ਆ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਖੇ ਨਮਸਕਾਰ ਕਰਕੇ ਸਨਮੁਖ ਬੈਠ ਗਿਆ, ਹਜ਼ੂਰ ਨੇ ਕਿਹਾ, 'ਆਓ! ਆਪ ਦਾ ਆਉਣਾ ਕਿਸ ਤਰ੍ਹਾਂ ਹੋਇਆ ਹੈ।' ਗਣੇਸ਼ ਨੇ ਕਿਹਾ, 'ਦੁਨੀਆਂ ਦੇ ਸਾਰੇ ਲੋਕ ਮੇਰਾ ਪੂਜਨ ਕਰਦੇ ਹਨ,

*ਇਕ ਸਮੇਂ ਦੇਵਤਿਆਂ ਦਾ ਆਪਸ ਵਿਚ ਵਿਵਾਦ ਹੋ ਗਿਆ, ਇੱਕ ਕਹੇ ਮੈਂ ਸਭ ਤੋਂ ਵੱਡਾ ਹਾਂ, ਦੂਜਾ ਕਹੇ ਮੈਂ ਵੱਡਾ ਹਾਂ ਤੀਜਾ ਕਹੇ ਮੈਂ ਵੱਡਾ ਹਾਂ। ਇੱਕ ਨੇ ਕਿਹਾ ਜੋ ਸ਼ਿਵ ਜੀ ਕਹਿਣ ਉਸ ਅਨੁਸਾਰ ਚਲੋ। ਸਰਬ ਸੰਮਤੀ ਅਨੁਸਾਰ ਜਦ ਸ਼ਿਵਾਂ ਪਾਸ ਆ ਕੇ ਪ੍ਰਾਰਥਨਾ ਕੀਤੀ ਤਾਂ ਸ਼ਿਵ ਜੀ ਨੇ ਕਿਹਾ, ਜੋ ਤ੍ਰਿਲੋਕੀ ਦੀ ਪ੍ਰਕਰਮਾਂ ਪਹਿਲੇ ਕਰ ਆਵੇ ਓਹੀ ਦੇਵਤਾ ਜਗਤ ਦਾ ਪੂਜਨੀਕ ਹੋਵੇਗਾ। ਇਹ ਗੱਲ ਸੁਣ ਕੇ ਸਭ ਦੇਵਤੇ ਆਪੋ ਅਪਣੇ ਵਾਹਨਾਂ ਉੱਪਰ ਅਸਵਾਰ ਹੋ ਕੇ ਟੁਰ ਪਏ ਤੇ ਰਾਹ ਵਿਚ ਆਪੋ ਅਪਣੀਆਂ ਨਿਸ਼ਾਨੀਆਂ ਸੁਟਦੇ ਜਾਣ ਕੋਈ ਸਰੋਂ ਕੋਈ ਤਿਲ। ਗਣੇਸ਼ ਵੀ ਗਿਆ ਪਰ ਇਹ ਅਪਣੀ ਅਸਮ੍ਰਥਾ ਦੇਖ ਕੇ ਅੱਧ ਵਿਚਕਾਰੋਂ ਮੁੜ ਆਇਆ। ਸ਼ਿਵ ਜੀ ਤਾਂ ਸਮਾਧੀ ਮੇਂ ਸਥਿਤ ਸਨ ਤੇ ਮਾਤਾ ਪਾਰਬਤੀ ਪਾਸ ਬੈਠੀ ਸੀ ਉਸ ਦੇ ਚਰਨਾਂ ਵਿਚ ਆ ਪਿਆ ਤੇ ਬੇਨਤੀ ਕੀਤੀ, ਹੇ ਮਾਤਾ ! ਮੇਰੀ ਲੱਜਿਆ ਤੈਨੂੰ ਹੈ ਮੇਰਾ ਖਿਆਲ ਤੁਸਾਂ ਨੇ ਕਰਨਾ ਹੈ ਹੋਰ ਸਾਰੇ ਅੱਗੇ ਅੱਗੇ ਦੌੜ ਗਏ ਹਨ ਮੈਂ ਪਿੱਛੇ ਰਹਿ ਗਿਆ ਸੀ ਅੱਧ ਵਿਚਕਾਰੋਂ ਮੁੜ ਆਇਆ ਹਾਂ। ਉਸ ਵੇਲੇ ਮਾਤਾ ਨੇ ਸ਼ਰਨ ਵਿਚ ਆਇਆ ਸਮਝ ਕੇ ਰਾਮ ਨਾਮ ਲਿਖ ਦਿੱਤਾ ਤੇ ਕਿਹਾ, ਹੇ ਪੁਤ੍ਰ ! ਤੂੰ ਅਪਨੇ ਵਾਹਨ 'ਤੇ ਬੈਠ ਕੇ ਏਸੇ ਨਾਮ ਨੂੰ ਜਪੀ ਜਾ ਤੇ ਏਸੇ ਦੀ ਪ੍ਰਕਰਮਾ ਕੀਤੀ ਜਾ, ਨਾਲ ਚਾਵਲ ਸੁਟਦਾ ਜਾ, ਗਣੇਸ਼ ਨੇ ਓਸੇ ਤਰ੍ਹਾਂ ਕੀਤਾ। ਇਸ ਦਾ ਕੀ ਅਸਰ ਹੋਇਆ ਕਿ ਜਿਹੜੇ ਦੇਵਤੇ ਪ੍ਰਕਰਮਾ ਨੂੰ ਤੁਰੇ ਹੋਏ ਸਨ। ਉਨ੍ਹਾਂ ਨੇ ਕੀ ਤੱਕਿਆ ਕਿ ਗਣੇਸ਼ ਦਾ ਵਾਹਨ ਜੋ ਚੂਹਾ ਹੈ, ਉਸ ਦੇ ਪੈਰ ਅੱਗੇ ਲਗੇ ਹੋਏ ਹਨ ਤੇ ਚਾਵਲਾਂ ਦੀ ਨਿਸ਼ਾਨੀ ਭੀ ਹੈ, ਵਿਚਾਰਿਆ ਕਿ ਗਣੇਸ਼ ਜੀ ਸਭ ਤੋਂ ਅੱਗੇ ਜਾ ਰਹੇ ਹਨ। ਜਦ ਸਾਰੇ ਦੇਵਤੇ ਪ੍ਰਕਰਮਾਂ ਕਰਕੇ ਆਏ ਤਾਂ ਗਣੇਸ਼ ਜੀ ਸਭ ਤੋਂ ਪਹਿਲੇ ਆਇ ਬੈਠੇ ਸਨ। ਸ਼ਿਵਾਂ ਨੇ ਸਮਾਧੀ ਤੋਂ ਉੱਠ ਕੇ ਕੀ ਦੇਖਿਆ ਕਿ ਗਣੇਸ਼ ਜੀ ਸਭ ਤੋਂ ਪਹਿਲਾਂ ਪ੍ਰਕਰਮਾ ਕਰ ਆਏ ਹਨ, ਉਸ ਵੇਲੇ ਸਭ ਦਾ ਪੂਜਕ ਗਣੇਸ਼ ਬਣਾ ਦਿੱਤਾ। ਇਹ ਸਾਖੀ ਸ਼ਿਵ ਸੰਹਿਤਾ ਗ੍ਰੰਥ ਵਿਚ ਲਿਖੀ ਹੋਈ ਹੈ। ਅੱਧੀ ਪ੍ਰਕਰਮਾ ਗਣੇਸ਼ ਦੀ ਕਹੀ ਹੈ, ਇਕ ਪ੍ਰਕਰਮਾ ਭਾਵ ਸਾਬਤ ਪ੍ਰਕਰਮਾ ਸ਼ਿਵਾਂ ਦੀ ਲਿਖੀ ਹੈ। ੨ ਪ੍ਰਕਰਮਾ ਬ੍ਰਹਮਾਂ ਦੀਆਂ ਹਨ। ੩ ਪ੍ਰਕਰਮਾ ਵਿਸ਼ਨੂੰ ਦੀਆਂ ਹਨ ਤੇ ਗੁਰੂ ਜੀ ਨੇ ਇਕ ਪ੍ਰਕਰਮਾ ਪ੍ਰਮੇਸ਼ਰ ਦੀ ਨਾਲ ਰਲਾ ਕੇ ਚਾਰ ਪ੍ਰਕਰਮਾ ਕਰ ਦਿੱਤੀਆਂ ਹਨ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਹਰਿਮੰਦਰ ਦਾ ਦਰਸ਼ਨ ਕਰਨ ਜਾਂਦੇ ਸਨ ਤਾਂ ਪਹਿਲੇ ਅੰਦਰਲੀਆਂ ਛੋਟੀਆਂ ਪ੍ਰਕਰਮਾਂ ਚਾਰ ਕਰਦੇ ਸਨ। ਫੇਰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਪ੍ਰਕਾਸ਼ ਅਸਥਾਨ ਉੱਪਰ ਨਮਸ਼ਕਾਰ ਕਰਦੇ ਸਨ।

ਫੇਰ ਜਿਸ ਵੇਲੇ ਸੰਮਤ ੧੭੬੫ ਕੱਤਕ ਸੁਦੀ ਦੂਜ ਨੂੰ ਸ੍ਰੀ ਦਸਮੇਸ਼ ਪਿਤਾ ਕਲਗੀਧਰ ਜੀ ਨੇ ਸ੍ਰੀ ਹਜ਼ੂਰ ਸਾਹਿਬ ਤਖਤ ਸਾਹਿਬ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾ ਕੇ ਪੰਜ ਪੈਸੇ ਨਰੀਏਲ ਤੇ ਕ੍ਰਿਪਾਨ ਰੱਖ ਕੇ ਗੁਰਿਆਈ-ਗੱਦੀ ਦਿੱਤੀ ਹੈ। ਉਸ ਵੇਲੇ ਹਜ਼ੂਰ ਨੇ ਆਪ ਪੰਜ ਪ੍ਰਕਰਮਾ ਕੀਤੀਆਂ ਸਨ, ਉਸ ਦਿਨ ਤੋਂ ਖਾਲਸੇ ਵਿਚ ਪੰਜ ਪ੍ਰਕਰਮਾ ਕਰਨੀਆਂ ਪ੍ਰਚਲੱਤ ਹੋਈਆਂ ਹਨ।

www.sikhbookclub.com

ਪਰੰਤੂ ਆਪ ਜੀ ਦੇ ਸੇਵਕਾਂ ਵਿਚ ਨਹੀਂ ਹੈ, ਇਹ ਸੰਕਲਪ ਮੇਰਾ ਆਪ ਪੂਰਾ ਕਰ ਦਿਓ।' ਹਜ਼ੂਰ ਨੇ ਕਿਹਾ, 'ਹੇ ਗਣੇਸ਼ ! ਅਸਾਡੇ ਘਰ ਵਿਚ ਇਕ ਅਕਾਲ ਪੁਰਖ ਦਾ ਪੂਜਨ ਹੈ, ਇੱਕ ਦਾ ਹੀ ਸਿਮਰਨ ਹੈ, ਹੋਰ ਕਿਸੇ ਦੇਵੀ ਦੇਵਤੇ ਦਾ ਨਹੀਂ ਹੈ।

ਗਣੇਸ਼ ਵਾਚ:- ਮੈਂ ਤਾਂ ਆਸਾ ਧਾਰ ਕੇ ਆਇਆ ਹਾਂ, ਆਪ ਕਿਰਪਾ ਕਰਕੇ ਮੇਰੀ ਆਸਾ ਪੂਰਨ ਕਰੋ ਤਾਂ ਫਿਰ ਹਜ਼ੂਰ ਨੇ ਕਿਹਾ, 'ਏਸ ਜਾਮੇ ਵਿਚ ਤੇਰਾ ਪੂਜਨ ਅਸਾਡੇ ਸਿੱਖ ਨਹੀਂ ਕਰ ਸਕਦੇ ਅਤੇ ਨਾ ਹੀ ਕਰਨਗੇ। ਜੇ ਤੇਰੇ ਮਨ ਵਿੱਚ ਇੱਛਾ ਹੈ ਤਾਂ ਅਸਾਡੇ ਘਰ ਵਿਚ ਆ ਕੇ ਜਨਮ ਲੈ ਫਿਰ ਤੇਰਾ ਪੂਜਨ ਕਰਨਗੇ।' ਉਸ ਨੇ ਕਿਹਾ, 'ਸਤਿਬਚਨ।' ਫਿਰ ਗਣੇਸ਼ ਸਮੇਂ ਅਨੁਸਾਰ ਪਹਿਲੇ ਚੋਲੇ ਨੂੰ ਤਿਆਗ ਕੇ ਗੁਰੂ ਅਮਰਦਾਸ ਜੀ ਦੇ ਘਰ ਵਿਚ ਗੁਰੂ ਜੀ ਦਾ ਪੋਤਰਾ ਆ ਕੇ ਜੰਮਿਆ ਬਾਬਾ ਮੋਹਰੀ ਜੀ ਦਾ ਪੁੱਤਰ ਹੋਇਆ। ਉਸ ਵੇਲੇ ਗੁਰੂ ਜੀ ਨੇ ਉਸ ਨੂੰ ਆਪਣੀ ਝੋਲੀ ਵਿਚ ਬਿਠਾ ਕੇ ਇਹ 'ਅਨੰਦ' ਨਾਮੇ ਬਾਣੀ ਉਚਾਰ ਕੇ ਉਸ ਦਾ ਨਾਮ ਅਨੰਦ ਰੱਖ ਦਿੱਤਾ ਤੇ ਸਭ ਸੰਗਤ ਨੂੰ ਹੁਕਮ ਦੇ ਦਿੱਤਾ ਕਿ ਸਾਰਿਆਂ ਕਾਰਜਾਂ ਤੋਂ ਪਹਿਲਾਂ 'ਅਨੰਦੁ' ਬਾਣੀ ਦਾ ਪਾਠ ਕਰ ਲੈਣਾ ਤਾਂ ਤੁਹਾਡੇ ਸਾਰੇ ਕੰਮ ਸਫਲਤਾ ਸਹਿਤ ਪੂਰਨ ਹੋਣਗੇ। ਇਸ ਤਰ੍ਹਾਂ ਗਣੇਸ਼ ਦੇ ਮਨ ਦੀ ਕਾਮਨਾ ਪੂਰੀ ਕੀਤਾ।

ਦੂਸਰੀ ਉਥਾਨਕਾ

ਇੱਕ ਜੋਗੀ ਸੀ ਉਸ ਨੇ ਬਚਪਨ ਤੋਂ ਲੈ ਕੇ ਲਗਾਤਾਰ ਕਈ ਸਾਲ ਘੋਰ ਤਪੱਸਿਆ ਕੀਤੀ, ਉਸ ਦਾ ਉਸ ਨੂੰ ਇਹ ਫਲ ਮਿਲਿਆ ਕਿ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਗਈਆਂ। ਉਸ ਰਿੱਧੀਆ ਸਿੱਧੀਆਂ ਦੁਆਰੇ ਲੋਕਾਂ ਤੋਂ ਬੜੀ ਮਾਨਤਾ ਕਰਵਾਈ ਪਰੰਤੂ ਮਨ ਵਿਖੇ ਨਾ ਸ਼ਾਂਤੀ ਆਈ, ਨਾ ਹੀ ਬ੍ਰਹਮ ਗਿਆਨ ਪ੍ਰਾਪਤ ਹੋਇਆ। ਇੱਕ ਦਿਨ ਉਸ ਨੇ ਮਨ ਵਿੱਚ ਵਿਚਾਰਿਆ ਕਿ ਇਹ ਰਿੱਧੀਆ ਸਿੱਧੀਆਂ ਤਾਂ ਲੌਕਿਕ ਵਿਉਹਾਰ ਹੈ, ਇਸ ਕਰਕੇ ਜਨਮ ਮਰਨ ਬਣਿਆ ਰਹਿੰਦਾ ਹੈ। ਹੁਣ ਜਨਮ ਮਰਨ ਦੀ ਨਿਵਿਰਤੀ ਦਾ ਕੋਈ ਉਪਾਅ ਸੋਚਣਾ ਚਾਹੀਦਾ ਹੈ। ਆਪਣੇ ਮਨ ਦੀ ਵਿਚਾਰ ਦੁਆਰਾ ਹੀ ਫਿਰ ਉਹ ਸਾਧਨ ਕਰਨ ਲੱਗ ਪਿਆ ਅਤੇ ਕਈਆਂ ਦੇ ਪਾਸ ਭੀ ਗਿਆ ਪਰ ਉਸ ਦੀ ਨਿਸ਼ਾ ਨਾ ਹੋਈ। ਜਦ ਉਸ ਨੇ ਗੁਰੂ ਜੀ ਕੀ ਮਹਿਮਾਂ ਸੁਣੀ ਤਾਂ ਸ੍ਰੀ ਗੋਇੰਦਵਾਲ ਵਿਚ ਆ ਕੇ ਹਜ਼ੂਰ ਦੇ ਚਰਨ ਫੜ ਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ! ਜੰਗਲਾਂ ਵਿਚ ਰਹਿ ਕੇ ਕਠਨ ਤੋਂ ਕਠਨ ਸਾਧਨ ਭੀ ਕੀਤੇ ਹਨ ਪਰ ਅੱਜ ਦਿਨ ਤੱਕ ਨਾ ਹੀ ਅਨੰਦ ਅਤੇ ਨਾ ਹੀ ਬ੍ਰਹਮ ਗਿਆਨ ਪਰਾਪਤ ਹੋਇਆ ਹੈ, ਆਪ ਐਸੀ ਕਿਰਪਾ ਕਰੋ ਜੋ ਬ੍ਰਹਮ ਗਿਆਨ ਪਰਾਪਤ ਹੋ ਜਾਏ ਅਤੇ ਮੇਰਾ ਜਨਮ ਮਰਨ ਮਿਟ ਜਾਏ।

ਹਜ਼ੂਰ ਨੇ ਫੁਰਮਾਇਆ- ਹੇ ਜੋਗੀ ! ਤੇਰਾ ਕੋਈ ਪ੍ਰਾਲਬਧ ਕਰਮ ਐਸਾ ਹੈ, ਜਿਸ ਨੇ ਤੈਨੂੰ ਇੱਕ ਹੋਰ ਜਨਮ ਦੇਣਾ ਹੈ, ਉਹ ਜਿਸ ਵੇਲੇ ਹੋ ਜਾਏਗਾ ਫਿਰ ਤੈਨੂੰ ਬ੍ਰਹਮ ਗਿਆਨ ਦੀ ਪਰਾਪਤੀ ਹੋਵੇਗੀ ਇਸ ਜਨਮ ਵਿਖੇ ਤੈਨੂੰ ਬ੍ਰਹਮ ਗਿਆਨ ਨਹੀਂ ਹੋਵੇਗੀ ਕਿਉਂਕਿ ਜੇ ਪਹਿਲੇ ਹੀ ਬ੍ਰਹਮ ਗਿਆਨ ਹੋ ਜਾਵੇ ਤਾਂ ਫਿਰ ਜਨਮ ਨਹੀਂ ਪਾ ਸਕਦਾ* ਇਹ ਵੇਦ ਦਾ ਨਿਯਮ ਹੈ। ਇਸ ਕਰਕੇ ਜੋ ਈਸ਼ਵਰ ਇੱਛਾ ਹੋ ਚੁੱਕੀ ਹੈ, ਉਹ ਪਹਿਲੇ ਪੂਰੀ ਹੋ

---

*ਸੂਤ੍ਰਕਾਰ ਨੇ ਇਹ ਗੱਲ ਲਿਖੀ ਹੈ:-

ਗਿਆਨੀ ਦੇ ਜੋ ਸੰਚਿਤ ਕਰਮ ਹਨ-ਉਹ ਗਿਆਨ ਸੇ ਨਾਸ ਹੋ ਜਾਂਦੇ ਹਨ ਤੇ ਕਿਰੇਮਾਨ ਕਰਮਾਂ ਕਾ ਫਲ ਹੁੰਦਾ ਨਹੀਂ ਅਤੇ ਪ੍ਰਾਲਬਧ ਕਰਮਾਂ ਦਾ ਫਲ ਭੁਗਤ ਜਾਣ ਸੇ ਨਾਸ ਹੋ ਜਾਂਦੇ ਹਨ।

ਜਿਵੇਂ ਵਾਸਦੇਵ ਨੇ ਭੀ ਸ੍ਰਵਨ ਆਦਿਕ ਅਨੇਕ ਸਾਧਨ ਜਿਸ ਸਰੀਰ ਵਿਖੇ ਕੀਤੇ ਸਨ, ਉਸ ਸਰੀਰ ਵਿਖੇ ਉਸ ਨੂੰ ਬ੍ਰਹਮ ਗਿਆਨ ਨਹੀਂ ਹੋਇਆ ਕਿਉਂਕਿ ਪ੍ਰਾਲਬਧ ਕੇ ਅਨੁਸਾਰ ਉਸ ਦਾ ਭੀ ਇਕ ਸਰੀਰ ਹੋਰ ਰਹਿੰਦਾ ਸੀ ਜਦ ਉਸ ਦਾ ਦੂਜਾ ਸਰੀਰ ਹੋਇਆ ਤਾਂ ਪੂਰਬ ਕੀਤੇ ਹੋਇ ਸ੍ਰਵਨ ਆਦਿਕ ਸਾਧਨਾ ਕੇ ਬਲ ਸੇ ਉਸ ਨੂੰ ਸ਼ੀਘਰ ਬ੍ਰਹਮ ਗਿਆਨ ਕੀ ਪਰਾਪਤੀ ਹੋ ਗਈ। ਇਹ ਸਾਰਾ ਪ੍ਰਸੰਗ ਵਿਚਾਰ ਸਾਗਰ ਦੇ ਸਤਵੇਂ ਤਰੰਗ ਪੰਦਰ੍ਹਵੇਂ ਦੋਹਰੇ ਦੇ ਸਮਾਪਤੀ ਉੱਪਰ ਟੀਕੇ ਵਿਚ ਖੋਲ੍ਹ ਕੇ ਲਿਖਿਆ ਹੈ।

www.sikhbookclub.com

ਲੇਵੇ ਤਾਂ ਤੈਨੂੰ ਬ੍ਰਹਮ ਗਿਆਨ ਹੋਵੇਗਾ।

ਫੇਰ ਜੋਗੀ ਨੇ ਕਿਹਾ, 'ਦੂਜੇ ਜਨਮ ਵਿਖੇ ਆਪ ਜੀ ਦਾ ਮਿਲਾਪ ਕੈਸੇ ਹੋਵੇਗਾ?'

ਹਜੂਰ ਨੇ ਕਿਹਾ, 'ਤੂੰ ਫਿਕਰ ਨਾ ਕਰ ਦੂਜਾ ਜਨਮ ਤੇਰਾ ਅਸਾਡੇ ਗ੍ਰਿਹ ਵਿੱਚ ਹੀ ਹੋਵੇਗਾ।'

ਜੋਗੀ ਆਗਿਆ ਲੈ ਕੇ ਚਲਾ ਗਿਆ ਪਰ ਮਨ ਉਸ ਦਾ ਗੁਰੂ ਜੀ ਦੇ ਚਰਨਾਂ ਵਿਚ ਹੀ ਰਿਹਾ। ਉਹ ਜੋਗੀ ਸਮੇਂ ਅਨੁਸਾਰ ਉਮਰ ਭੋਗ ਕੇ ਚੜ੍ਹਾਈ ਕਰ ਗਿਆ।

ਫਿਰ ਜਿਸ ਵੇਲੇ ਸ਼ੁਭ ਵਾਸ਼ਨਾ ਅਨੁਸਾਰ ਗੁਰੂ ਜੀ ਦੇ ਘਰ ਬਾਬਾ ਮੋਹਰੀ ਜੀ ਦੇ ਗ੍ਰਿਹ ਵਿਖੇ ਆ ਕੇ ਜਨਮਿਆ ਤੇ ਗੁਰੂ ਜੀ ਨੇ ਆਪਣੀ ਕੰਨੀ ਸੁਣਿਆ ਤਾਂ:-

ਬਲੂ ਸੋ ਫੁਰਮਾਵਨ ਕਿਯੋ। ਪੁਤ੍ਰ ਮੋਹਰੀ ਕੋ ਜੋ ਭਯੋ।
ਤਿਸ ਕੋ ਆਨਹੁ ਨਿਕਟ ਹਮਾਰੇ। ਜਨਮਯੋ ਜੋ ਅਨੰਦ ਇਛ ਧਾਰੇ।
ਸੁਨਤ ਦਾਸ ਗਮਨਯੋ ਤਿਸ ਥਾਨਾ। ਗੁਰ ਫੁਰਮਾਵਨ ਤਿਨਹੁ ਬਖਾਨਾ॥ ੯॥
ਆਇਸ ਮੇਟ ਸਕਹਿ ਨਹਿ ਕੋਈ। ਤੁਰਤ ਪ੍ਰਸੂਤ ਮ੍ਰਿਦੁਲ ਸਿਸ ਹੋਈ।
ਤੁਲਸੁ ਵਸਤ੍ਰ ਅਛਾਦਨ ਕਰਯੋ। ਲੇ ਬਲੂ ਨਿਜ ਹਾਥਨ ਧਰਯੋ॥ ੧੦॥
ਸਨੈ ਸਨੈ ਸਤਿਗੁਰ ਢਿਗ ਆਨਯੋ। ਇਹ ਬਡਪਾਗ ਸਭਨ ਮਨ ਜਾਨਯੋ।
ਪ੍ਰਭੁ ਨੇ ਪੋਤ੍ਰ ਲਿਯੋ ਨਿਜ ਗੋਦ। ਸਭਿ ਪ੍ਰਵਾਰ ਮੈਂ ਭਯੋ ਪ੍ਰਮੋਦ॥ ੧੧॥
ਬਲੂ ਸੋਂ ਬੋਲੇ ਭਗਵੰਤ। ਇਹ ਅਵਤਰਯੋ ਬਡੋ ਸ਼ੁਭ ਸੰਤ।
ਰਿਦੇ ਅਨੰਦ ਕੀ ਇਛਾ ਜਾਂਹੂ। ਲੀਨ ਜਨਮ ਹਮਰੇ ਕੁਲ ਮਾਂਹੂ॥ ੧੨॥
ਇਸ ਕੋ ਨਾਮ ਆਨੰਦ ਧਰੀਜੈ। ਮਹਾਂ ਪੁਰਖ ਹੋਇ ਗੁਨ ਸ਼ੁਭ ਲੀਜੈ।
ਹਮ ਭੀ ਇਸ ਕੋ ਦੇਹਿੰ ਉਪਾਇਨ। ਬਾਨੀ ਸੁੰਦਰ ਕਰਹਿੰ ਗੁਨਾਇਨ॥ ੧੩॥
ਨਾਮ ਅਨੰਦ ਤਾਂਹਿ ਕੋ ਰਾਖਹਿ। ਮਨ ਕਾਮਨ ਦਾਨੀ ਜੋ ਭਾਖਹਿ।
ਇਸ ਸਤਿਗੁਰ ਕਹਿ ਬਲੂ ਸੰਗ। ਲਗੇ ਬਨਾਵਨ ਗਿਰਾ ਉਮੰਗ॥ ੧੪॥
ਪੋਤ੍ਰ ਗੋਦ ਚਿਤ ਮੋਦ ਧਰੰਤੇ। ਬਾਨੀ ਕੋ ਰਸਨਾ ਉਚਰੰਤੇ।

ਉਸੀ ਵੇਲੇ ਲੋਕਾਂ ਨੇ ਭੀ ਆ ਕੇ ਵਧਾਈਆਂ ਦਿੱਤੀਆਂ ਤੇ ਕਿਹਾ, ਮਹਾਰਾਜ! ਇਸ ਵੇਲੇ ਆਪ ਜੀ ਨੂੰ ਤਾਂ ਬਹੁਤ ਅਨੰਦ ਹੈ ਪੋਤਰੇ ਦੀ ਖੁਸ਼ੀ ਵਿਚ* ਤਾਂ ਹਜ਼ੂਰ ਨੇ ਫੁਰਮਾਇਆ:-

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥

ਹੇ ਮੇਰੇ ਭਾਈ ! ਮੈਨੂੰ ਆਨੰਦ ਤਾਂ ਓਸੇ ਦਿਨ ਤੋਂ ਪ੍ਰਾਪਤ ਹੋਇਆ ਹੈ, ਜਿਸ ਦਿਨ ਦਾ ਮੈਂ ਨੇ ਸਤਿਗੁਰੂ ਅੰਗਦ ਦੇਵ ਜੀ ਪਾਸੋਂ ਉਪਦੇਸ਼ ਪਾਇਆ ਹੈ, ਵਾ:- ਸਤਿਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਪਾਇਆ ਹੈ।

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥

ਜਦ ਸਹਜ ਸੇਤੀ=ਗਿਆਨ ਸੰਯੁਕਤ ਸਤਿਗੁਰਾਂ ਨੂੰ ਪਾਇਆ, ਤਾਂ ਮੇਰੇ ਮਨ ਵਿਖੇ ਆਨੰਦ ਦੀਆਂ

*ਪਾਠਕਾਂ ਪਾਸ ਸਨਿਮ੍ਰ ਬੇਨਤੀ ਕੀਤੀ ਜਾਂਦੀ ਹੈ ਕਿ ਦੋਹਾਂ ਉਥਾਨਕਾਂ ਚੋਂ ਕੋਈ ਲਗਾ ਲਿਓ ਅਸਾਨੂੰ ਦੋਵੇਂ ਹੀ ਇਸ਼ਟ ਹਨ।

ਵਧਾਈਆਂ ਵਜੀਆਂ। ਵਾ:- ਸਤਿਗੁਰਾਂ ਦਾ ਉਪਦੇਸ਼ ਪਾਇਆ ਤਾਂ ਸਹਜ ਸੇਤੀ=ਗਿਆਨ ਦੇ ਸੰਯੁਕਤ ਹੋਇ ਅਤੇ ਮਨ ਵਿਚ ਅਨੰਦ ਦੀਆਂ ਵਧਾਈਆਂ ਵੱਜੀਆਂ।

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥

ਰਤਨ ਰੂਪ ਜੋ ਰਾਗ ਹਨ, ਪਰਵਾਰ ਜੋ ਰਾਗਾਂ ਦੇ ਪੁੱਤ੍ਰ ਹਨ, ਪਰੀਆ=ਰਾਗਾਂ ਦੀਆਂ ਇਸਤ੍ਰੀਆਂ ਇਹ ਸਭ ਸ਼ਬਦ ਗਾਵਣੇ ਆਈਆਂ ਹਨ, ਗੁਰਾਂ ਦੇ ਦਰਬਾਰ ਵਿਚ, ਵਾ:- ਰਾਗ=ਪ੍ਰੇਮ, ਰਤਨ=ਵੈਰਾਗ, ਪਰਵਾਰ= ਸਤ, ਸੰਤੋਖ, ਧੀਰਜ, ਧਰਮ, ਵਿਚਾਰ ਪਰੀਆ=ਕਰੁਣਾ, ਮੈਤ੍ਰੀ, ਮੁੱਦਤਾ ਇਹ ਸਭ ਪ੍ਰਾਪਤ ਹੋ ਆਈਆਂ ਹਨ -ਇੱਕ ਗੁਰਾਂ ਦਾ ਸ਼ਬਦ ਗਾਵਣੇ ਕਰਕੇ।

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥

ਜਿਨ੍ਹਾਂ ਗੁਰਮੁਖਾਂ ਨੇ ਅਪੁਣੇ ਮਨ ਵਿਚ ਵਸਾਇਆ ਹੈ, ਉਨ੍ਹਾਂ ਦੁਆਰੇ ਤੁਸੀਂ ਭੀ ਹਰੀ ਦੀ ਪ੍ਰਾਪਤੀ ਦਾ ਸ਼ਬਦ ਗਾਵਣਾ ਕਰੋ।

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥ ੧ ॥

ਗੁਰੂ ਜੀ ਆਖਦੇ ਹਨ—ਮੈਨੂੰ ਉਸ ਦਿਨ ਦਾ ਅਨੰਦੁ ਪ੍ਰਾਪਤ ਹੋਇਆ ਹੈ। ਜਿਸ ਦਿਨ ਦਾ ਮੈਂਨੇ ਸਤਿਗੁਰੂ ਅੰਗਦ ਦੇਵ ਜੀ ਨੂੰ ਪਾਵਣਾ ਕੀਤਾ ਹੈ, ਵਾ:- ਜਿਸ ਦਿਨ ਦਾ ਮੈਂਨੇ ਸਤਿਗੁਰਾਂ ਪਾਸੋਂ ਉਪਦੇਸ਼ ਪਾਇਆ ਹੈ॥ ੧ ॥ ਅਗਲੀ ਪੰਗਤੀ ਵਿਚ ਆਪਣੇ ਮਨ ਨੂੰ ਸਮਝਾਂਦੇ ਹਨ:-

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥

ਹੇ ਮੇਰੇ ਮਨ ! ਤੂੰ ਸਦੀਵ ਕਾਲ ਹਰੀ ਦੇ ਨਾਲ ਰਹਿਣਾ ਕਰ।

ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥

ਹੇ ਮੇਰੇ ਮਨ ! ਤੂੰ ਹਰੀ ਦੇ ਨਾਲ ਰਹਿਣਾ ਕਰ ਜੋ ਹਰੀ ਸਭ ਦੁੱਖਾਂ ਦੇ ਵਿਸਾਰਨ ਵਾਲਾ ਹੈ। *ਪ੍ਰਸ਼ਨ-* ਉਸ ਨਾਲ ਰਹਿਣ ਦਾ ਕੀ ਫਲ ਹੈ? *ਉੱਤਰ-*

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥

ਉਹ ਹਰੀ ਇੱਕ ਤਾਂ ਤੇਰਾ ਅੰਗੀਕਾਰੁ=ਪੱਖ ਕਰੇਗਾ, ਪੁਨਾ ਤੇਰੇ ਸਾਰੇ ਕੰਮਾਂ ਨੂੰ ਸੁਆਰਨਾ ਕਰੇਗਾ।

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥

ਜੋ ਸੁਆਮੀ ਸਾਰੀਆਂ ਗੱਲਾਂ ਕਰਨ ਨੂੰ ਸਮਰੱਥ ਹੈ ਉਸ ਨੂੰ ਮਨ 'ਚੋਂ ਕਿਸ ਵਾਸਤੇ ਵਿਸਾਰਨਾ ਹੈ।

ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥ ੨ ॥

ਗੁਰੂ ਜੀ ਆਖਦੇ ਹਨ- ਹੇ ਮੇਰੇ ਮਨ ! ਤੂੰ ਸਦੀਵ ਕਾਲ ਹਰੀ ਨਾਲ ਰਹਿਣਾ ਕਰ॥ ੨ ॥

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥

ਐਸੇ ਪ੍ਰਾਰਥਨਾ ਕਰ, ਹੇ ਸੱਚੇ ਸਾਹਿਬ ਪਰਮਾਤਮਾ ! ਆਪ ਜੀ ਦੇ ਘਰ ਵਿਚ ਕੇਹੜੀ ਚੀਜ਼ ਨਹੀਂ ਹੈ, ਭਾਵ ਸਭ ਕੁਝ ਹੈ।

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥

ਹੇ ਵਾਹਿਗੁਰੂ ! ਆਪ ਜੀ ਦੇ ਘਰ ਵਿਚ ਤਾਂ ਸਭ ਕੁਛ ਪਦਾਰਥ ਹਨ, ਪਰੰਤੂ ਜਿਸ ਨੂੰ ਆਪ ਦੇਂਦੇ ਹੋ ਓਹੀ ਪੁਰਸ਼ ਪਾਂਵਦਾ ਹੈ।

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥

ਤੇਰੀ ਸਿਫ਼ਤ ਦੀ ਸ਼ਲਾਘਾ ਸਦਾ ਅਸੀਂ ਕਰਦੇ ਹਾਂ ਅਤੇ ਮਨ ਵਿਖੇ ਨਾਮ ਨੂੰ ਵਸਾਂਦੇ ਹਾਂ, ਵਾ:- ਮੁਸਲਮਾਨ ਲੋਕ ਤੇਰੀ ਸਦਾ ਸਿਫਤ ਕਰਦੇ ਹਨ, ਹਿੰਦੂ ਲੋਕ ਤੇਰੀ ਸਦਾ ਸ਼ਲਾਘਾ ਕਰਦੇ ਹਨ ਤੇ ਅਸੀਂ ਮਨ ਵਿਖੇ ਤੇਰੇ ਨਾਮ ਨੂੰ ਵਸਾਂਦੇ ਹਾਂ।

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥

ਜਿਨ੍ਹਾਂ ਦੇ ਮਨ ਵਿਖੇ ਤੇਰਾ ਨਾਮ ਵਸਿਆ ਹੈ, ਉਨ੍ਹਾਂ ਦੇ ਜਸ ਰੂਪ ਬਹੁਤੇ ਸਬਦ=ਵਾਜੇ ਵੱਜੇ ਹਨ, ਵਾ:- ਜਿਨ੍ਹਾਂ ਦੇ ਮਨ ਵਿਚ ਨਾਮ ਵਸਿਆ ਹੈ, ਉਨ੍ਹਾਂ ਨੂੰ ਘਣੇ ਸ਼ਬਦ-ਸੁਧੋਹੰ, ਬੁਧੋਹੰ ਆਦਿਕ ਵੱਜ ਆਏ ਹਨ।

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥ ੩॥

ਗੁਰੂ ਜੀ ਆਖਦੇ ਹਨ-ਹੇ ਸੱਚੇ ਸਾਹਿਬ ਪ੍ਰਮਾਤਮਾ ! ਤੇਰੇ ਘਰ ਵਿਖੇ ਕੀ ਕੀ ਚੀਜ਼ ਨਹੀਂ, ਭਾਵ ਸਭ ਕੁਝ ਹੈ॥ ੩॥

ਸਾਚਾ ਨਾਮੁ ਮੇਰਾ ਆਧਾਰੋ॥

ਹੇ ਗੁਰਮੁਖੋ ! ਸੱਚਾ ਨਾਮ ਹੀ ਮੇਰਾ ਆਸਰਾ ਰੂਪ ਹੈ।

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥

ਸੱਚਾ ਨਾਮ ਹੀ ਮੇਰਾ ਆਸਰਾ ਰੂਪ ਹੈ, ਜਿਸ ਨਾਮ ਨੇ ਮੇਰੀਆਂ ਸਾਰੀਆਂ ਭੁੱਖਾਂ ਗੁਆ ਦਿੱਤੀਆਂ ਹਨ।

ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥

ਜਿਸ ਨਾਮ ਕਰਿ=ਕਰਕੇ ਮਨ ਵਿਖੇ ਸ਼ਾਂਤੀ ਸੁਖ ਆ ਕੇ ਵਸਿਆ ਹੈ ਅਤੇ ਜਿਸ ਨਾਮ ਨੇ ਮਨ ਦੀਆਂ ਸਭ ਇੱਛਾਂ ਪੂਰਨ ਕੀਤੀਆਂ ਹਨ।

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥

ਮੈਂਨੇ ਆਪਣਾ ਆਪ ਸਦੀਵਕਾਲ ਗੁਰਾਂ ਦੇ ਉੱਪਰੋਂ ਬਲਿਹਾਰ ਕੁਰਬਾਣ ਕੀਤਾ ਹੈ, ਜਿਸ ਗੁਰੂ ਦੀਆਂ ਇਹ ਵਡਿਆਈਆਂ ਹਨ।

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥
ਸਾਚਾ ਨਾਮੁ ਮੇਰਾ ਅਧਾਰੋ॥ ੪॥

ਗੁਰੂ ਜੀ ਆਖਦੇ ਹਨ—ਹੇ ਸੰਤੋ ! ਅਸਾਡਾ ਬਚਨ ਸੁਨਣਾ ਕਰੋ ਅਤੇ ਗੁਰ.ਸ਼ਬਦ ਵਿਖੇ ਪਿਆਰ ਧਾਰਨਾ ਕਰੋ। ਸਾਚਾ ਨਾਮ ਹੀ ਮੇਰਾ ਅਧਾਰੋ=ਆਸਰਾ ਰੂਪ ਹੈ॥ ੪॥

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥

ਤਿਸ ਸਤਸੰਗਤ ਰੂਪ ਸਭਾਗੇ ਘਰ ਵਿਚ ਪੰਚ ਸਬਦ=ਸਰੇਸ਼ਟ ਵਾਜੇ ਵੱਜ ਰਹੇ ਹਨ।

ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥

ਤਿਸ ਸਤਸੰਗਤ ਰੂਪ ਸਭਾਗੇ ਘਰ ਵਿਖੇ ਸ਼ਬਦ=ਵਾਜੇ ਵੱਜ ਰਹੇ ਹਨ, ਭਾਵ ਕੀਰਤਨ ਦੀ ਧੁਨ ਹੋ ਰਹੀ ਹੈ। *ਅਥਵਾ:-* ਆਦ ਸੇ=ਤਿਸ ਸਤਸੰਗਤ ਵਾ ਸਰੀਰ ਰੂਪ ਸਭਾਗੇ ਘਰ ਵਿਚ ਸੁਧੋਹੰ, ਬੁਧੋਹੰ ਆਦਿਕ ਪੰਜ ਸ਼ਬਦ ਵਾਜੇ=ਉਚਾਰਨ ਹੋ ਰਹੇ ਹਨ। ਸਤਸੰਗਤ ਰੂਪ ਸਭਾਗੇ ਘਰ ਵਿਖੇ ਸੁਧੋਹੰ, ਬੁਧੋਹੰ ਆਦਿਕ ਸ਼ਬਦ ਵੱਜ ਰਹੇ ਹਨ। ਜਿਸ ਸਤਸੰਗ ਘਰ ਵਿਖੇ ਪਰਮਾਤਮਾ ਨੇ ਆਪਣੀ ਸ਼ਕਤੀ ਧਾਰੀ ਹੋਈ ਹੈ।

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥

ਤੁਧੁ=ਤਿਸ ਪਰਮਾਤਮਾ ਦੇ ਭਰੋਸੇ ਸੰਤਾਂ ਨੇ ਪੰਜ ਕਾਮ ਆਦਿਕ ਦੂਤ ਵਸੀਕਾਰ ਕੀਤੇ ਹਨ ਅਤੇ ਕੰਟਕੁ=ਦੁਖਦਾਈ ਕਾਲ ਨੂੰ ਮਾਰਨਾ ਕੀਤਾ ਹੈ।

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥

ਤੁਧੁ=ਤਿਸ ਪਰਮਾਤਮਾ ਨੇ ਧੁਰੋਂ ਹੀ ਜਿਨ੍ਹਾਂ ਦੇ ਮੱਥੇ ਉੱਪਰ ਚੰਗੇ ਕਰਮਾਂ ਦਾ ਲੇਖ ਲਿਖ ਪਾਇਆ ਹੈ, ਸਿ=ਉਹ ਪੁਰਸ਼ ਹਰੀ ਦੇ ਨਾਮ ਵਿਖੇ ਲਗੇ ਹਨ।

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥ ੫॥

ਗੁਰੂ ਜੀ ਆਖਦੇ ਹਨ—ਤਿਨ੍ਹਾਂ ਨੂੰ ਸੁਖ ਪ੍ਰਾਪਤ ਹੋਇਆ ਹੈ ਅਤੇ ਤਿਨ੍ਹਾਂ ਦੇ ਸਰੀਰ ਘਰ ਵਿਚ ਹੀ ਅਨਹਦ=ਇੱਕ ਰਸ ਨਾਮਾਂ ਰੂਪ ਵਾਜੇ ਵੱਜ ਆਇ ਹਨ॥ ੫॥

ਸਾਚੀ ਲਿਵੈ ਬਿਨੁ ਦੇਹ ਨਿਮਾਣੀ॥

ਪਰਮੇਸ਼ਰ ਵਿਖੇ ਸੱਚੀ ਲਿਵ ਲਗਾਏ ਤੋਂ ਬਿਨਾਂ ਇਹ ਦੇਹ ਮਾਣ ਤੋਂ ਰਹਿਤ ਹੈ, ਇਸ ਨੂੰ ਕੋਈ ਮਾਣ ਨਹੀਂ ਦੇਂਦਾ।

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥

ਪਰਮਾਤਮਾ ਵਿਚ ਲਿਵ ਲਗਾਏ ਬਿਨਾਂ ਇਹ ਦੇਹ ਮਾਣ ਤੋਂ ਰਹਿਤ ਹੈ, ਇਹ ਵਿਚਾਰੀ ਦੇਹ ਆਪਣੇ ਆਪ ਕੀ ਕਰ ਸਕਦੀ ਹੈ।

ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ॥

ਹੇ ਪਰਮਾਤਮਾ ! ਇਸ ਦੇਹ ਨੂੰ ਸਫਲ ਕਰਨ ਲਈ ਤੇਰੇ ਬਿਨਾਂ ਹੋਰ ਕੋਈ ਸਮਰੱਥ ਨਹੀਂ, ਤਾਂ ਤੇ ਹੇ ਸੰਸਾਰ ਬਨ ਦੇ ਮਾਲਕ ਪਰਮਾਤਮਾ ! ਤੂੰ ਕਿਰਪਾ ਕਰ ਜਿਸ ਕਰਕੇ ਦੇਹ ਸਫਲ ਹੋ ਜਾਵੇ।

ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ॥

ਇਸ ਦੇਹ ਦੇ ਸਫਲ ਹੋਣ ਨੂੰ ਤੇਰੇ ਬਿਨਾਂ ਹੋਰ ਕੋਈ ਜਗ੍ਹਾ ਨਹੀਂ, ਗੁਰਮੁਖਾਂ ਨੇ ਗੁਰ ਸ਼ਬਦ ਵਿਖੇ ਲਗਾ ਕੇ ਆਪਣੀ ਦੇਹ ਸਵਾਰ ਲੀਤੀ ਹੈ।

ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥ ੬ ॥

ਗੁਰੂ ਜੀ ਆਖਦੇ ਹਨ—ਪਰਮੇਸ਼ਰ ਵਿਖੇ ਲਿਵ ਲਗਾਏ ਤੋਂ ਬਿਨਾਂ, ਇਹ ਦੇਹ ਵਿਚਾਰੀ ਜੜ ਆਪਣੇ ਆਪ ਕੀ ਕਰ ਸਕਦੀ ਹੈ॥ ੬ ॥

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥

ਸਭ ਕੋਈ ਐਸੇ ਕਹਿੰਦਾ ਹੈ ਕਿ ਮੈਨੂੰ ਅਨੰਦ ਦੀ ਪਰਾਪਤੀ ਹੈ, ਅਨੰਦ ਦੀ ਪਰਾਪਤੀ ਹੈ, ਪਰ ਅਸਲੀ ਸੱਚਾ ਅਨੰਦ ਕਿਸੇ ਨੂੰ ਪਰਾਪਤ ਨਹੀਂ।

ਮੋ ਕਉ ਕੁਸਲੁ ਬਤਾਵਹੁ ਕੋਈ ॥
ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥ *(ਗਉੜੀ ਕਬੀਰ ਪੰਨਾ ੩੩੨)*

ਅਸਲੀ ਸੱਚਾ ਬ੍ਰਹਮ ਦਾ ਅਨੰਦ ਅਸਾਂ ਨੇ ਆਪਣੇ ਗੁਰੂ ਪਾਸੋਂ ਜਾਣਿਆਂ ਹੈ।

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥

ਸਦਾ=ਨਿੱਤ ਰਹਿਣ ਵਾਲਾ ਬ੍ਰਹਮ ਕਾ ਅਨੰਦ ਅਸਾਂ ਨੇ ਗੁਰਾਂ ਪਾਸੋਂ ਜਾਣਿਆ ਹੈ।

ਪ੍ਰਸ਼ਨ - ਗੁਰੂ ਕਿਵੇਂ ਮਿਲਦੇ ਹਨ?

ਉੱਤਰ:- ਹੇ ਪਿਆਰੇ ! ਪਰਮੇਸ਼ਰ ਕਿਰਪਾ ਕਰੇ ਤਾਂ ਗੁਰੂ ਮਿਲਦੇ ਹਨ।

ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥

ਗੁਰਾਂ ਨੇ ਕਿਰਪਾ ਕਰਕੇ ਸਭ ਪਾਪ ਕੱਟ ਦਿੱਤੇ ਹਨ ਅਤੇ ਬੁੱਧੀ ਰੂਪ ਅੱਖਾਂ ਵਿਚ ਗਿਆਨ ਰੂਪ ਅੰਜਨੁ=ਸੁਰਮਾ, ਸਾਰਿਆ=ਪਾਇਆ ਹੈ।

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥

ਜਿਨ੍ਹਾਂ ਦਾ ਅਪਣੇ ਹਿਰਦੇ ਅੰਦਰੋਂ ਮੋਹ ਟੁੱਟ ਗਿਆ ਹੈ, ਉਨ੍ਹਾਂ ਦਾ ਸਬਦੁ=ਵਾਕ ਸੱਚੇ ਪਰਮਾਤਮਾ ਨੇ ਸਵਾਰਿਆ, ਭਾਵ ਸਫਲਾ ਕੀਤਾ ਹੈ।

ਅਰਥਾਤ- ਆਪਣੇ ਵਾਕ ਨਾਲ ਚਾਹੇ ਵਰ ਦੇਣ, ਚਾਹੇ ਸਰਾਪ ਦੇਣ ਸਭ ਸਫਲ ਹੁੰਦੇ ਜਾਂਦੇ ਹਨ।

[ਪੰਨਾ ੯੧੮]

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥ ੭ ॥

ਗੁਰੂ ਜੀ ਆਖਦੇ ਹਨ- ਇਹ ਜੋ ਸਰੂਪ ਕਾ ਆਨੰਦ ਹੈ, ਉਹ ਆਨੰਦ ਗੁਰੂ ਦੀ ਕਿਰਪਾ ਨਾਲ ਜਾਣਿਆ ਹੈ॥ ੭ ॥

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥

ਬਾਬਾ=ਹੇ ਪਰਮਾਤਮਾ ! ਜਿਸ ਨੂੰ ਤੂੰ ਦੇਂਦਾ ਹੈਂ, ਉਹੀ ਪੁਰਸ਼ ਨਾਮ ਗਿਆਨ ਨੂੰ ਪਾਂਵਦਾ ਹੈ।

ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥

ਉਹ ਪੁਰਸ਼ ਤਾਂ ਜ਼ਰੂਰ ਪਾਂਵਦੇ ਹਨ, ਜਿਸ ਨੂੰ ਤੂੰ ਦੇਂਦਾ ਹੈ, ਜਿਨ੍ਹਾਂ ਨੂੰ ਤੂੰ ਨਹੀਂ ਦੇਂਦਾ ਉਹ ਵਿਚਾਰੇ

www.sikhbookclub.com

ਹੋਰ ਕੀ ਕਰ ਸਕਦੇ ਹਨ।

ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥

ਇੱਕ ਮਨਮੁਖ ਪੁਰਸ਼ ਭਰਮ ਵਿਚ ਭੁੱਲੇ ਹੋਏ ਦਸੋ ਦਿਸ਼ਾ ਵਿਚ ਭਟਕਦੇ ਫਿਰਦੇ ਹਨ, ਇੱਕ ਗੁਰਮੁਖਾਂ ਨੇ ਨਾਮ ਵਿਖੇ ਲੱਗ ਕੇ ਅਪੁਣਾ ਜਨਮ ਸਵਾਰਿਆ ਹੈ।

ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥

ਗੁਰਾਂ ਦੀ ਕਿਰਪਾ ਕਰਕੇ ਜਿਨ੍ਹਾਂ ਨੂੰ ਪਰਮੇਸ਼ਰ ਦਾ ਭਾਣਾ ਮੰਨਣਾ ਭਾਂਵਦਾ ਹੈ, ਉਨ੍ਹਾਂ ਦਾ ਮਨ ਨਿਰਮਲ ਹੋਇਆ ਹੈ।

ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥ ੮ ॥

ਗੁਰੂ ਜੀ ਆਖਦੇ ਹਨ- ਹੇ ਪਿਆਰੇ ਸਿੱਖਾ ! ਜਿਸ ਨੂੰ ਪਰਮੇਸ਼ਰ ਪਦਾਰਥ ਦੇਂਦਾ ਹੈ, ਓਹੀ ਪੁਰਸ਼ ਪਾਂਵਦਾ ਹੈ ॥ ੮ ॥

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥

ਹੇ ਪਿਆਰ ਭਾਵ ਵਾਲੇ ਸੰਤੋ ਤੁਸੀਂ ਆਓ ! ਜੋ ਆਪਸ ਵਿਚ ਰਲ ਮਿਲ ਕੇ ਅਕਥ ਪਰਮਾਤਮਾ ਦੀ ਕਹਾਣੀ ਕਥਨ ਕਰੀਏ।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ੇਖ ਬ੍ਰਹਮ ਨੂੰ ਕਿਹਾ ਸੀ:-

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥

(ਸਿਰੀ ਰਾਗ ਮਹਲਾ ੧ ਪੰਨਾ ੧੭)

ਤਥਾ:- ਸਾਜਨ ਸੰਤ ਕਰਹੁ ਇਹ ਕਾਮ ॥ ਆਨ ਤਿਆਗ ਜਪਹੁ ਹਰਿ ਨਾਮ ॥

ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥

ਅਕਥ=ਪਰਮਾਤਮਾ ਦੀ ਕਹਾਣੀ ਕਥਨ ਕਰੀਏ, *ਪ੍ਰਸ਼ਨ:-* ਕਿਸ ਸਾਧਨ ਦੁਆਰੇ ਉਹ ਪਰਮੇਸ਼ਰ ਪਾਈਦਾ ਹੈ। *ਉੱਤਰ:-*

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

ਅਪੁਣਾ ਤਨ, ਮਨ, ਧਨ ਸਾਰਾ ਗੁਰਾਂ ਨੂੰ ਸੌਂਪ ਦੇ ਅਤੇ ਹੁਕਮ ਨੂੰ ਮੰਨਣਾ ਕਰ ਤਾਂ ਪਰਮੇਸ਼ਰ ਪਾਈਦਾ ਹੈ।

ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥

ਗੁਰਾਂ ਦਾ ਹੁਕਮ ਮੰਨਣਾ ਕਰੋ ਅਤੇ ਸੱਚੀ ਬਾਣੀ ਨੂੰ ਗਾਓ।

ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥ ੯ ॥

ਗੁਰੂ ਜੀ ਆਖਦੇ ਹਨ-ਹੇ ਸੰਤੋ ! ਨਾਮ ਸੁਨਣਾ ਕਰੋ ਅਤੇ ਅਕਥ ਪਰਮੇਸ਼ਰ ਦੀ ਕਹਾਣੀ ਨੂੰ ਕਥਨ ਕਰੋ ॥ ੯ ॥

www.sikhbookclub.com

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਤਾਂ ਨੂੰ ਬੁਲਾ ਕੇ ਪਰਮੇਸ੍ਵਰ ਦੀ ਕਥਾ ਕਰਨ ਦਾ ਵਿਚਾਰ ਕੀਤਾ ਹੈ, ਤਿਵੇਂ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਸੰਤਾਂ ਨੂੰ ਬੁਲਾ ਕੇ ਕਿਹਾ ਹੈ:-

ਯਥਾ:- *ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ॥ ੧॥ ਰਹਾਉ॥*
ਤੁਧੁ ਆਵੰਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ ॥ ੧॥
ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ॥ ੨॥
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ॥ ੩॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ॥ ੪॥
ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ॥ ੫॥
ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ॥ ੬॥ *(ਪੰਨਾ ੧੦੧੮)*

ਗਰੀਬ ਨਿਵਾਜ਼ ਸਤਿਗੁਰ ਦੇਵ ਜੀ ! ਸੰਤਾਂ, ਸਾਧਾਂ ਨਾਲ ਬਹੁਤ ਪਿਆਰ ਰੱਖਿਆ ਕਰਦੇ ਸਨ। ਇਸ ਵਾਸਤੇ ਸੰਤਾਂ ਨੂੰ ਆਪਣੇ ਪਾਸ ਬੁਲਾਂਦੇ ਹਨ।

ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ॥ ਹਰਿ ਬਿਨੁ ਮੁਕਤਿ ਨ ਕਾਹੂ ਜੀਉ॥

(ਧਨਾਸਰੀ ਮ: ੫ ਪੰਨਾ ੬੭੮)

ਸੰਤਾਂ ਦੀ ਸੰਗਤ ਕਰਨ ਨਾਲ ਇਕ ਤਾਂ ਸੁਖ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਦੂਜਾ, ਸਿਮਰਨ ਅਤੇ ਭਗਤੀ ਵਿਚ ਮਨ ਜੁੜਦਾ ਹੈ।

ਤੀਜਾ, ਚਿੰਤਾ, ਸੋਗ ਫਿਕਰ ਸਭ ਦੂਰ ਹੁੰਦੇ ਹਨ।

ਯਥਾ:- ਅਨਦੁ ਸੰਤਨ ਕੈ ਭਗਤਿ ਗੋਵਿੰਦ॥ ਸੂਖੁ ਸੰਤਨ ਕੈ ਬਿਨਸੀ ਚਿੰਦ॥ ੨॥
ਜਹ ਸਾਧ ਸੰਤਨ ਹੋਵਹਿ ਇਕਤ੍ਰ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ॥
ਸਾਧ ਸਭਾ ਮਹਿ ਅਨਦ ਬਿਸ੍ਰਾਮ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ॥ ੩॥

(ਧਨਾਸਰੀ ਮ: ੫ ਪੰਨਾ ੬੭੬)

ਮਾਤਾ ਭਾਨੀ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਅਸੀਸ ਦਿੱਤੀ ਹੈ ਕਿ ਸੰਤਾਂ ਨਾਲ ਤੇਰੀ ਪ੍ਰੀਤੀ ਬਣੀ ਰਹੇ।

ਯਥਾ:- ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਉ ਜਗਦੀਸ॥
ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥

(ਗੂਜਰੀ ਮ: ੫ ਪੰਨਾ ੪੯੬)

ਹੇਠ ਲਿਖੇ ਸ਼ਬਦ ਦੁਆਰਾ ਗਰੀਬ ਨਿਵਾਜ਼ ਨੇ ਦੱਸਿਆ ਹੈ ਕਿ ਅਸਾਡਾ ਜੋ ਭੀ ਵਿਹਾਰ ਹੈ, ਉਹ ਸਭ ਸੰਤਾਂ ਨਾਲ ਹੀ ਹੈ।

ਯਥਾ:- ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ॥ ੧॥
ਹਮ ਸੰਤਨ ਸਿਉ ਬਣਿ ਆਈ॥ ਪੂਰਬਿ ਲਿਖਿਆ ਪਾਈ॥
ਇਹੁ ਮਨੁ ਮੇਰਾ ਭਾਈ॥ ਰਹਾਉ॥ ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ॥ ੨॥

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥ ੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ॥ ੪॥ ੮॥ ੧੯॥

(ਸੋਰਠਿ ਮਹਲਾ ੫ ਪੰਨਾ ੬੧੪)

ਤਥਾ:- ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ॥ ਸੰਗਤਿ ਕਰਤ ਸੰਤੋਖੁ ਮਨਿ ਪਾਇਆ॥
ਸੰਤਹ ਚਰਨ ਮਾਥਾ ਮੇਰੋ ਪਉਤ॥ ਅਨਿਕ ਬਾਰ ਸੰਤਹ ਡੰਡਉਤ ॥ ੧॥
ਇਹੁ ਮਨੁ ਸੰਤਨ ਕੈ ਬਲਿਹਾਰੀ॥
ਜਾ ਕੀ ਓਟ ਗਹੀ ਸੁਖੁ ਪਾਇਆ ਰਾਖੇ ਕਿਰਪਾ ਧਾਰੀ॥ ੧॥ ਰਹਾਉ॥
ਸੰਤਹ ਚਰਣ ਧੋਇ ਧੋਇ ਪੀਵਾ॥ ਸੰਤਹ ਦਰਸੁ ਪੇਖਿ ਪੇਖਿ ਜੀਵਾ॥
ਸੰਤਹ ਕੀ ਮੇਰੈ ਮਨਿ ਆਸ॥ ਸੰਤ ਹਮਾਰੀ ਨਿਰਮਲ ਰਾਸਿ॥ ੨॥
ਸੰਤ ਹਮਾਰਾ ਰਾਖਿਆ ਪੜਦਾ॥ ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ॥
ਸੰਤਹ ਸੰਗੁ ਦੀਆ ਕਿਰਪਾਲ॥ ਸੰਤ ਸਹਾਈ ਭਏ ਦਇਆਲ॥ ੩॥

(ਰਾਮਕਲੀ ਮਹਲਾ ੫, ਪੰਨਾ ੮੮੯)

ਜਗਿਆਸੂ ਨੇ ਬੇਨਤੀ ਕੀਤੀ, ਉਹ ਕੇਹੜੇ ਸੰਤ ਹਨ, ਜਿਨ੍ਹਾਂ ਦੀ ਮਹਿਮਾ ਆਪ ਨੇ ਉਚਾਰੀ ਹੈ?

ਗੁਰ ਉੱਤਰ:-

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥

(ਗਉੜੀ ਵਾਰ ਸਲੋਕ ੮, ਪੰਨਾ ੩੧੯)

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥

(ਗਉੜੀ ਵਾਰ ਸਲੋਕ ੬, ਪੰਨਾ ੩੧੯)

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ॥ ਹਰਿ ਗੁਣ ਗਾਵਹਿ ਰਸਨ ਰਸੇਰੇ॥

(ਮਾਰੂ ਸੋਲਹੇ ਮ: ੧, ਪਨਾ ੧੦੨੫)

ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ॥
ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ॥

(ਜੈਤਸਰੀ ਵਾਰ ਸਲੋਕ ੧੭, ਪੰਨਾ ੭੦੯)

ਸਲੋਕ॥ ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥
ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥
ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ॥ ੧॥
ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥
ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ॥ ੨॥

ਪਉੜੀ॥ ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥

(ਜੈਤਸਰੀ ਵਾਰ ਸਲੋਕ ੧੨ ਪੰਨਾ ੭੦੮)

ਆਠ ਪਹਰ ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ ਮੀਠਾ ਮਾਨੈ॥
ਏਕੁ ਨਾਮੁ ਸੰਤਨ ਆਧਾਰੁ॥ ਹੋਇ ਰਹੇ ਸਭ ਕੀ ਪਗ ਛਾਰੁ॥ ੧॥
ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥ ੧॥ ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮ॥
ਮਿਤ੍ਰ ਸਤ੍ਰੂ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥ ੨॥
ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥
ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥ ੩॥
ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ॥
ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥ ੪॥ ੩੭॥ ੬੬॥

(ਆਸਾ ਮਹਲਾ ੫, ਪੰਨਾ ੩੯੨)

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ॥
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ॥ ੧॥ *(ਰਾਮਕਲੀ ਮ: ੫ ਰੁਤੀ ਪੰਨਾ ੯੨੯)*
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥

(ਬਾਰਹ ਮਾਹ ਅਸੂ ਦਾ ਮਹੀਨਾ ਪੰਨਾ ੧੩੫)

ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ॥
ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ॥ *(ਵਡਹੰਸ ਮਹਲਾ ੫, ਪੰਨਾ ੫੭੮)*
ਅਨਹਦ ਬਾਣੀ ਪ੍ਰੂੰਜੀ॥ ਸੰਤਨ ਹਥਿ ਰਾਖੀ ਕੂੰਜੀ॥ *(ਰਾਮਕਲੀ ਮ: ੫, ਪੰਨਾ ੮੯੩)*

ਏਹੋ ਜਿਹੇ ਲਖਸ਼ਣਾਂ ਵਾਲੇ ਸੰਤਾਂ ਦੀ ਚਰਨ ਧੂੜ ਦਿਓ-

ਯਥਾ:- ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ॥

(ਕੀਰਤਨ ਸੋਹਿਲਾ, ਪੰਨਾ ੧੩)

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥

ਹੇ ਚੰਚਲ ਮਨ ! ਚਤੁਰਾਈਆਂ ਦੇ ਕਰਨ ਨਾਲ ਪਰਮੇਸ਼ਰ ਨੂੰ ਕਿਸੀ ਨੇ ਪਾਇਆ ਨਹੀਂ।

ਯਥਾ:- ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥ (ਆਸਾ ਮ:੫, ਪੰਨਾ ੩੯੬)

ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥

ਹੇ ਮੇਰੇ ਮਨ ! ਤੂੰ ਸੁਣ ਚਤੁਰਾਈ ਕਰਕੇ ਪਰਮੇਸ਼ਰ ਨੂੰ ਕਿਸੀ ਨੇ ਪਾਇਆ ਨਹੀਂ । ਏਸੇ ਵਾਸਤੇ ਕਿਹਾ ਹੈ:-

ਸਸਾ ਸਿਆਨਪ ਛਾਡੁ ਇਆਨਾ॥ ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ॥
ਸਹਸ ਭਾਂਤਿ ਕਰਹਿ ਚਤੁਰਾਈ॥ ਸੰਗਿ ਤੁਹਾਰੈ ਏਕ ਨ ਜਾਈ॥

(ਬਾਵਨ ਅਖਰੀ, ਪੰਨਾ ੨੬੦)

ਤਥਾ:- ਛੋਡਿ ਸਿਆਣਪ ਬਹੁ ਚਤਰਾਈ॥ ਮਨ ਬਿਨੁ ਹਰਿ ਨਾਵੈ ਜਾਇ ਨ ਕਾਈ॥

(ਰਾਮਕਲੀ ਮ: ੫, ਪੰਨਾ ੮੪੧)

ਤਥਾ:- ਛਾਡਿ ਸਿਆਨਪ ਬਹੁ ਚਤਰਾਈ ਗੁਰ ਕਾ ਜਪਿ ਮੰਤੁ ਨਿਰਮਲ॥

(ਰਾਮਕਲੀ ਮ: ੫, ਪੰਨਾ ੮੬੫)

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥

ਇਹ ਜੋ ਮੋਹਣੀ ਮਾਇਆ ਹੈ, ਜਿਸ ਮਾਇਆ ਨੇ ਏਤੁ=ਇਸ ਸੰਸਾਰ ਦੇ ਭਰਮ ਵਿਖੇ ਜੀਵ ਨੂੰ ਭੁਲਾਇਆ ਹੋਇਆ ਹੈ।

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥

ਇਹ ਮੋਹਣੇ ਵਾਲੀ ਮਾਇਆ ਤਿਸ ਪ੍ਰਭੂ ਨੇ ਲਗਾਣਾ ਕੀਤੀ ਹੈ। ਜਿਸ ਨੇ ਮੋਹ ਰੂਪੀ ਠਗਉਲੀ=ਠੱਗ ਬੂਟੀ ਸਭ ਜੀਵਾਂ ਦੇ ਅੰਦਰ ਪਾਈ ਹੈ।

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥

ਤਿਸ ਪ੍ਰਭੂ ਦੇ ਵਿਟਹੁ=ਉਪਰੋਂ ਮੈ ਅਪੁਣੇ ਆਪ ਨੂੰ ਕੁਰਬਾਣ ਕੀਤਾ ਹੈ, ਜਿਸ ਪ੍ਰਭੂ ਨੇ ਸਭ ਜੀਵਾਂ ਦੇ ਅੰਦਰ ਮੋਹ ਮਿੱਠਾ ਕਰਕੇ ਲਗਾਇਆ ਹੈ।

ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥ ੧੦॥

ਗੁਰੂ ਜੀ ਆਖਦੇ ਹਨ- ਹੇ ਚੰਚਲ ਮਨ ! ਤੂੰ ਸੁਣਨਾ ਕਰਕੇ ਚਤੁਰਾਈਆਂ ਨਾਲ ਪਰਮੇਸ਼ਰ ਨੂੰ ਕਿਸੀ ਨੇ ਪਾਇਆ ਨਹੀਂ॥ ੧੦॥

ਯਥਾ:- ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥

(ਗਉੜੀ ਕਬੀਰ, ਪੰਨਾ ੩੨੪)

ਤਥਾ:- ਛਾਡਿ ਸਿਆਨਪ ਬਹੁ ਚਤੁਰਾਈ॥ ਸੰਤਨ ਕੀ ਮਨ ਟੇਕ ਟਿਕਾਈ॥

(ਬਾਵਨ ਅਖਰੀ, ਪੰਨਾ ੨੫੫)

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥

ਹੇ ਪਿਆਰੇ ਮਨ ! ਤੂੰ ਸਦਾ ਹੀ ਸੱਚੇ ਵਾਹਿਗੁਰੂ ਨੂੰ ਸੰਭਾਲਨਾ ਕਰ, ਕਿਉਂਕਿ ਉਸ ਵਾਹਿਗੁਰੂ ਤੋਂ ਬਿਨਾਂ-

www.sikhbookclub.com

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥

ਇਹ ਜਿਹੜਾ ਕੁਟੰਬ ਤੂੰ ਵੇਖਦਾ ਹੈਂ, ਇਹ ਅੰਤ ਨੂੰ ਤੇਰੇ ਨਾਲ ਚਲੇਗਾ ਨਹੀਂ।

ਯਥਾ:- ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥

(ਬਸੰਤੁ ਮਹਲਾ ੯, ਪੰਨਾ ੧੧੮੭)

ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥

ਜਦ ਇਹ ਕੁਟੰਬ ਤੇਰੇ ਨਾਲ ਚਲਣਾ ਹੀ ਨਹੀਂ ਹੈ, ਤਾਂ ਤੂੰ ਤਿਸ ਕੁਟੰਬ ਨਾਲ ਕਿਸ ਲਈ ਚਿੱਤ ਲਗਾਂਵਦਾ ਹੈਂ।

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

ਹੇ ਪੁਰਸ਼ਾ ! ਅਜੇਹਾ ਕੰਮ ਮੂਲੇ=ਕਦਾਚਿਤ ਨਾ ਕਰ, ਜਿਸ ਕੰਮ ਕਰਕੇ ਅੰਤ ਸਮੇਂ ਪਛਤਾਪ ਕਰਨਾ ਪਵੇ।

ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥

ਹੇ ਭਾਈ ! ਤੂੰ ਸਤਿਗੁਰਾਂ ਦੇ ਉਪਦੇਸ਼ ਨੂੰ ਸੁਨਣਾ ਕਰ, ਜੋ ਤੇਰੇ ਨਾਲ ਸਹਾਇਕ ਹੋਵੇਗਾ।

ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥ ੧੧॥

ਗੁਰੂ ਜੀ ਆਖਦੇ ਹਨ—ਹੇ ਪਿਆਰੇ ਮਨ ! ਤੂੰ ਇਸ ਤਰ੍ਹਾਂ ਸਦਾ ਹੀ ਸੱਚੇ ਵਾਹਿਗੁਰੂ ਨੂੰ ਸੰਭਾਲਣਾ ਕਰ॥ ੧੧॥

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥

ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਪਰਮਾਤਮਾ ! ਆਪ ਜੀ ਦਾ ਅੰਤ ਕਿਸੀ ਨੇ ਪਾਇਆ ਨਹੀਂ।

ਯਥਾ:- ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥ *(ਪੰਨਾ ੧੪੦੯)*

ਤਥਾ:- ਅਗਮ ਅਗੋਚਰੁ ਕੀਮਤਿ ਨਹੀ ਪਾਈ॥ ਜੀਵ ਜੰਤ ਤੇਰੀ ਸਰਣਾਈ॥
ਅਗਮ ਅਗੋਚਰੁ ਅਲਖ ਅਪਾਰਾ॥ ਕੋਇ ਨ ਜਾਣੈ ਤੇਰਾ ਪਰਵਾਰਾ॥

(ਮਾਰੂ ਮਹਲਾ ੩, ਪੰਨਾ ੧੦੬੦)

ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ॥

ਆਪ ਜੀ ਦਾ ਅੰਤ ਕਿਸੀ ਨੇ ਪਾਇਆ ਨਹੀਂ. ਤੂੰ ਆਪ ਹੀ ਆਪਣੇ ਆਪ ਨੂੰ ਜਾਣਦਾ ਹੈਂ।

ਯਥਾ:- ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥ ੧॥
ਅਪਨੀ ਗਤਿ ਆਪਿ ਜਾਨੈ॥ *(ਰਾਮਕਲੀ ਮ: ੫, ਪੰਨਾ ੯੮੪)*

ਤਥਾ:- ਈਸਰੁ ਬ੍ਰਹਮਾ ਦੇਵੀ ਦੇਵਾ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ॥
ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ॥

(ਮਾਰੂ ਸੋਲਹੇ ਮ: ੧ ਪੰਨਾ ੧੦੩੪)

www.sikhbookclub.com

ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ॥

ਜਿਤਨੇ ਕੁ ਸੂਖਮ ਅਸਥੂਲ ਜੀਆ ਜੰਤ ਹਨ, ਇਹ ਸਾਰਾ ਤੇਰਾ ਹੀ ਖੇਲ੍ਹ ਰਚਿਆ ਹੋਇਆ ਹੈ, ਕੀ ਕੋਈ ਤੇਰੇ ਪ੍ਰਸੰਗਾਂ ਨੂੰ ਆਖਿ=ਮੂੰਹ ਨਾਲ ਕਥਨ ਕਰ ਸਕਦਾ ਹੈ।

ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ॥

ਸਾਰਿਆਂ ਨੂੰ ਆਖਣ ਵਾਲਾ ਅਤੇ ਸਾਰਿਆਂ ਨੂੰ ਦੇਖਣ ਵਾਲਾ ਤੂੰਹੀ ਤੂੰਹੀ ਹੈਂ, ਜਿਸ ਆਪ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ।

ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ॥ ੧੨॥

ਗੁਰੂ ਜੀ ਆਖਦੇ ਹਨ—ਹੇ ਵਾਹਿਗੁਰੂ ! ਤੂੰ ਨਿਤਾਪ੍ਰਤੀ ਗਮ=ਖੌਫ ਸੇ ਅ=ਰਹਿਤ ਹੈਂ, ਆਪ ਦਾ ਅੰਤ ਕਿਸੀ ਨੇ ਅੱਜ ਤੱਕ ਪਾਇਆ ਨਹੀਂ॥ ੧੨॥

ਯਥਾ:- ਅਗਮ ਅਗੋਚਰੁ ਕੀਮਤਿ ਨਹੀ ਪਾਈ॥ ਗੁਰ ਪਰਸਾਦੀ ਮੰਨਿ ਵਸਾਈ॥
ਸਦਾ ਸਬਦਿ ਸਾਲਾਹੀ ਗੁਣਦਾਤਾ ਲੇਖਾ ਕੋਇ ਨ ਮੰਗੈ ਤਾਹਾ ਹੇ॥ ੯॥
ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ॥ ਅੰਤੁ ਨ ਪਾਵਹਿ ਅਲਖ ਅਭੇਵਾ॥

(ਮਾਰੂ ਸੋਲਹੇ ਮ: ੩, ਪੰਨਾ ੧੦੫੩)

ਤਥਾ:- ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ॥
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥

(ਬਿਲਾਵਲ ਮ: ੫, ਪੰਨਾ ੮੨੧)

ਤਥਾ- ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ॥
ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ॥

(ਪੰਨਾ ੫੭੮)

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥

ਦੇਵਤਾ, ਮਨੁੱਖ ਅਤੇ ਮੁਨੀਜਨ ਜਿਸ ਅੰਮ੍ਰਿਤ ਨੂੰ ਖੋਜਦੇ ਹਨ, ਉਹ ਨਾਮ, ਵਾ:- ਆਤਮਕ ਅਨੰਦ ਰੂਪੀ ਅੰਮ੍ਰਿਤ ਮੈਂਨੇ ਗੁਰਾਂ ਪਾਸੋਂ ਪਾਇਆ ਹੈ।

ਯਥਾ- ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥
ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥ ੧॥

(ਸਾਰੰਗ ਵਾਰ ਪੰਨਾ ੧੨੩੮)

ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥

ਜਦ ਗੁਰਾਂ ਨੇ ਕਿਰਪਾ ਕੀਤੀ ਤਾਂ ਸੱਚਾ ਨਾਮ ਮਨ ਵਿਖੇ ਵਸਾਇਆ ਤਾਂ ਹੀ ਆਤਮਕ ਅਨੰਦ ਰੂਪੀ

www.sikhbookclub.com

ਅੰਮ੍ਰਿਤ ਪਾਇਆ, ਵਾ:- ਜਦ ਗੁਰਾਂ ਨੇ ਕਿਰਪਾ ਕੀਤੀ ਤਾਂ ਆਤਮਕ ਅਨੰਦ ਰੂਪੀ ਅੰਮ੍ਰਿਤ ਪਾਇਆ, ਜਾਂ ਅੰਮ੍ਰਿਤ ਪਾਇਆ ਤਾਂ ਮਨ ਵਿਖੇ ਸੱਚਾ ਸੁਖ ਵਸਾਇਆ।

ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥

ਸੂਖਸ਼ਮ ਅਸਥੂਲ ਜੀਅ ਜੰਤ ਸਾਰੇ ਤੈਂਨੇ ਹੀ ਉਤਪੰਨ ਕੀਤੇ ਹਨ। ਇਨ੍ਹਾਂ ਵਿੱਚੋਂ ਇੱਕ ਗੁਰਮੁਖ ਤੇਰੇ ਸਰੂਪ ਨੂੰ ਦੇਖਦੇ ਹਨ ਅਤੇ ਇੱਕ ਜਗਿਆਸੂ ਸਤਿਸੰਗ ਨੂੰ ਪ੍ਰਸਣੇ ਆਏ ਹਨ।

ਲਬੁ ਲੋਭੁ ਅਹੰਕਾਰੁ ਚੁਕਾ ਸਤਿਗੁਰੂ ਭਲਾ ਭਾਇਆ ॥

ਤਿਸ ਦਾ ਲੱਬ ਪਦਾਰਥਾਂ ਦੇ ਖਾਣ ਦਾ, ਲੋਭ ਪਦਾਰਥਾਂ ਦੇ ਇਕੱਤ੍ਰ ਕਰਨ ਦਾ ਅਤੇ ਹੰਕਾਰ ਦੂਰ ਹੋ ਗਿਆ ਹੈ, ਜਿਸ ਨੂੰ ਸਤਿਗੁਰਾਂ ਦਾ ਉਪਦੇਸ਼ ਭਲਾ ਭਾਇਆ=ਚੰਗਾ ਲਗਾ ਹੈ।

ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩ ॥

ਗੁਰੂ ਜੀ ਆਖਦੇ ਹਨ—ਜਿਸ ਉੱਤੇ ਪਰਮੇਸ਼ਰ ਆਪ ਹੀ ਤੁਠਾ=ਪ੍ਰਸੰਨ ਹੋਇਆ ਹੈ, ਉਸ ਨੇ ਗੁਰਾਂ ਪਾਸੋਂ ਆਤਮਾਨੰਦ ਵਾ ਨਾਮ ਰੂਪੀ ਅੰਮ੍ਰਿਤ ਪਾਇਆ ਹੈ। ਸਚੁਮੁਚ ਅੰਮ੍ਰਿਤ ਇੱਕ ਨਾਮ ਹੀ ਹੈ॥ ੧੩॥

ਯਥਾ- ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ॥
ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ॥

(ਸਿਰੀਰਾਗ ਮ:੩, ਪੰਨਾ ੩੩)

ਤਥਾ- ਸਤਿਗੁਰੁ ਸੇਵੈ ਸੋ ਜਨੁ ਸੋਹੈ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥

(ਸਿਰੀ ਰਾਗ ਮਹਲਾ ੩, ਪੰਨਾ ੧੧੯)

ਭਗਤਾ ਕੀ ਚਾਲ ਨਿਰਾਲੀ॥

ਪਰਮੇਸ਼ਰ ਦੇ ਜੋ ਭਗਤ ਹਨ, ਉਨ੍ਹਾਂ ਦੀ ਚਾਲ ਸੰਸਾਰੀ ਜੀਵਾਂ ਤੋਂ ਨਿਰਾਲੀ=ਅਸੰਗ ਹੁੰਦੀ ਹੈ, ਭਾਵ ਵੱਖਰੀ ਹੁੰਦੀ ਹੈ।

ਯਥਾ- ਸੰਤਾ ਕੀ ਇਹ ਰੀਤਿ ਨਿਰਾਲੀ॥ ਪਾਰਬ੍ਰਹਮ ਕਰਿ ਦੇਖਹਿ ਨਾਲੀ॥

(ਮਾਰੂ ਮ: ੫, ਪੰਨਾ ੧੦੬੫)

ਤਥਾ- ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ *(ਪੰਨਾ ੧੪੫)*

ਭਗਤਾਂ ਦੀ ਨਿਰਾਲੀ ਚਾਲ ਏਹੋ ਹੈ ਜੋ ਬਾਲਕੇ ਦੀ ਨਯਾਈ ਹਰਖ, ਸ਼ੋਕ ਤੋਂ ਰਹਿਤ ਅਤੇ ਤਿੰਨਾਂ ਗੁਣਾਂ ਸੇ ਅਤੀਤ ਤੇ ਸੰਸਾਰ ਤੋਂ ਉਦਾਸ ਰਹਿੰਦੇ ਹਨ।

ਯਥਾ- ਹਰਿ ਕੇ ਭਗਤ ਸਦਾ ਸੁਖਵਾਸੀ॥ ਬਾਲ ਸੁਭਾਇ ਅਤੀਤ ਉਦਾਸੀ॥

(ਪੰਨਾ ੧੦੭੬)

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥

ਸੰਸਾਰੀ ਪੁਰਸ਼ਾਂ ਨਾਲੋਂ ਭਗਤਾਂ ਦੀ ਚਾਲ ਵੱਖਰੀ ਹੈ, ਕਿਉਂਕਿ ਭਗਤ ਬਿਖਮ=ਕਠਨ ਮਾਰਗਿ=ਰਾਹ ਉੱਤੇ ਚਲਣਾ ਕਰਦੇ ਹਨ।

ਯਥਾ- ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥ (ਪੰਨਾ ੭੮੪)

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥

ਸੰਸਾਰੀ ਪੁਰਸ਼ ਤਾਂ ਲੱਬ, ਲੋਭ, ਹੰਕਾਰ ਕਰਦੇ ਹਨ, ਪਰੰਤੂ ਭਗਤਾਂ ਨੇ ਲੱਬ ਪਦਾਰਥਾਂ ਦੇ ਖਾਣ ਦਾ, ਲੋਭ ਪਦਾਰਥਾਂ ਦੇ ਇਕੱਤ੍ਰ ਕਰਨ ਦਾ, ਹੰਕਾਰ ਜਾਤੀ ਦਾ, ਵਾ ਵਿੱਦਿਆ ਦਾ ਅਤੇ ਪਰਾਪਤ ਹੋਈ ੨ ਵਸਤੂ ਦੀ ਹੋਰ ਇੱਛਾ ਰੂਪ ਤ੍ਰਿਸ਼ਨਾ ਨੂੰ ਤਿਆਗਣਾ ਕੀਤਾ ਹੈ।

ਸੰਸਾਰੀ ਪੁਰਸ਼ ਤਾਂ ਹਰ ਵਕਤ ਬੋਲਦੇ ਰਹਿੰਦੇ ਹਨ, ਪਰੰਤੂ ਪ੍ਰਭੂ ਦੇ ਭਗਤ ਬਹੁਤ ਬੋਲਣਾ ਨਹੀਂ ਕਰਦੇ।

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥

ਜਿਸ ਦੀ ਧਾਰਾ ਖੰਡੇ ਨਾਲੋਂ ਤ੍ਰਿਖੀ ਅਤੇ ਵਾਲ ਤੋਂ ਬਰੀਕ ਹੈ, ਏਤੁ ਮਾਰਗਿ=ਇਸ ਰਸਤੇ ਵਿੱਖੇ ਭਗਤਾਂ ਨੂੰ ਜਾਣਾ ਪੈਂਦਾ ਹੈ।

[ਪੰਨਾ ੯੧੯]

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥

ਗੁਰਾਂ ਦੀ ਕਿਰਪਾ ਸੇ ਜਿਨ੍ਹਾਂ ਨੇ ਆਪਾ ਭਾ ਹੰਕਾਰ ਤਿਆਗਿਆ ਹੈ ਅਤੇ ਹਰਿ=ਤਮਾਮ ਵਾਸ਼ਨਾਂ ਨਾਸ਼ ਕੀਤੀਆਂ ਹਨ। ਅਥਵਾ- ਹਰੀ ਦੀ ਭਗਤੀ ਰੂਪ ਵਾਸ਼ਨਾ ਹਿਰਦੇ ਵਿਚ ਆ ਕੇ ਸਮਾਈ ਹੈ।

ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥ ੧੪॥

ਗੁਰੂ ਜੀ ਆਖਦੇ ਹਨ—ਉਨ੍ਹਾਂ ਭਗਤਾਂ ਦੀ ਚਾਲ ਜੁਗਾਂ-ਜੁਗਾਂ ਵਿਚ ਨਿਰਾਲੀ=ਅਸੰਗ, ਭਾਵ ਸੰਸਾਰੀ ਜੀਵਾਂ ਤੋਂ ਅੱਡਰੀ ਹੈ॥ ੧੪॥

ਕਿਉਂਕਿ ਸੰਸਾਰੀ ਪੁਰਸ਼ ਪਰਮੇਸ਼ਰ ਦਾ ਹੁਕਮ ਨਹੀਂ ਮੰਨਦੇ ਅਤੇ ਭਗਤ ਪਰਮੇਸ਼ਰ ਦਾ ਹੁਕਮ ਮੰਨਦੇ ਹਨ।

ਯਥਾ- ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ॥ (ਪੰਨਾ ੧੦੭੭)

ਹੁਣ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ:—

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥

ਹੇ ਸੁਆਮੀ ! ਜਿਵੇਂ ਆਪ ਚਲਾਂਦੇ ਹੋ ਤਿਵੇਂ ਅਸੀਂ ਚਲਦੇ ਹਾਂ, ਅਸੀਂ ਅਪੁਣੇ ਆਪ ਹੋਰ ਕੀ ਜਾਣੀਏ ਜੋ ਤੇਰੇ ਵਿਚ ਕਿਤਨੇ ਗੁਣ ਹੈਂ।

ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ॥

ਜਿਵੇਂ ਤੂੰ ਚਲਾਇਹਿ=ਟੋਰਦਾ ਹੈਂ, ਤਿਵੇਂ ਟੁਰ ਪੈਂਦੇ ਹਾਂ, ਜਿਨ੍ਹਾਂ ਨੂੰ ਚੰਗੇ ਰਸਤੇ ਪਾਂਦਾ ਹੈਂ ਓਹੀ ਪੈਂਦੇ ਹਨ।

ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ॥

ਕਿਰਪਾ ਕਰਕੇ ਜਿਨ੍ਹਾਂ ਨੂੰ ਤੂੰ ਅਪੁਣੇ ਨਾਮ ਵਿਖੇ ਲਗਾ ਲੈਂਦਾ ਹੈਂ, ਓਹ ਸਦੀਵ ਕਾਲ ਤੈਨੂੰ ਹਰਿ ਹਰਿ ਕਰਕੇ ਧਿਆਉਂਦੇ ਹਨ।

www.sikhbookclub.com

ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ॥

ਗੁਰਾਂ ਦੁਆਰੇ ਜਿਸ ਨੂੰ ਤੂੰ ਅਪੁਣੀ ਕਥਾ ਸੁਨਾਂਦਾ ਹੈ, ਸਿ=ਓਹੀ ਪੁਰਸ਼ ਦੋਹਾਂ ਲੋਕਾਂ ਦਾ ਸੁਖ ਪਾਂਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੁਖਮਨੀ ਸਾਹਿਬ ਵਿਚ ਕਿਹਾ ਹੈ—

ਯਥਾ- ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥

(ਸੁਖਮਨੀ, ਪੰਨਾ ੨੬੫)

ਤਥਾ:- ਨਿਰਗੁਣ ਕਥਾ ਕਥਾ ਹੈ ਹਰਿ ਕੀ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ॥ *(ਪੰਨਾ ੧੬੪)*

ਕਥਾ ਦੇ ਸੁਨਣ ਨਾਲ ਸਾਰੇ ਪਾਪ ਨਿਵਿਰਤ ਹੋ ਜਾਂਦੇ ਹਨ।

ਯਥਾ- ਝਰਹਿ ਕਸੰਮਲ ਪਾਪ ਤੇਰੇ ਮਨੂਆ॥ ਅੰਮ੍ਰਿਤ ਕਥਾ ਸੰਤਸੰਗਿ ਸੁਨੂਆ॥ *(ਪੰਨਾ ੨੫੫)*

ਤਥਾ- ਸੁਣਿ ਹਰਿ ਕਥਾ ਉਤਾਰੀ ਮੈਲੁ॥ ਮਹਾ ਪੁਨੀਤ ਭਏ ਸੁਖ ਸੈਲੁ॥ *(ਪੰਨਾ ੧੭੮)*

ਜੀਵ ਨੂੰ ਉਤਮ ਕਰਨ ਵਾਲੀ ਇੱਕ ਕਥਾ ਹੀ ਹੈ, ਕਥਾ ਤੋਂ ਬਿਨਾਂ ਹੋਰ ਸਾਰੇ ਰਸ ਫਿੱਕੇ ਹਨ. ਗੁਰੂ ਅਰਜਨ ਪਾਤਸ਼ਾਹ ਜੀ ਫੁਰਮਾਦੇ ਹਨ-

*ਯਥਾ:-*ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ॥ ੧॥ ਰਹਾਉ॥
ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ॥ ੧॥
ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ॥ ੨॥ ੪॥

(ਆਸਾ ਮਹਲਾ ੫, ਪੰਨਾ ੪੦੪)

ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ॥ ੧੫॥

ਗੁਰੂ ਜੀ ਆਖਦੇ ਹਨ—ਹੇ ਸੱਚੇ ਸਾਹਿਬ ! ਜਿਵੇਂ ਆਪ ਨੂੰ ਭਾਉਂਦਾ ਹੈ, ਤਿਵੇਂ ਤੂੰ ਜੀਵਾਂ ਨੂੰ ਚਲਾਉਂਦਾ ਹੈਂ॥ ੧੫॥

ਯਥਾ-ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥ ੭੪॥ *(ਪੰਨਾ ੧੩੬੮)*

*ਤਥਾ-*ਜਿਉ ਤੁਧੁ ਭਾਵੈ ਤਿਵੈ ਚਲਾਵਹਿ ਤੂ ਆਪੇ ਮਾਰਗਿ ਪਾਇਦਾ॥ *(ਪੰਨਾ ੧੦੬੦)*

ਏਹੁ ਸੋਹਿਲਾ ਸਬਦੁ ਸੁਹਾਵਾ॥

ਇਹ ਗੁਰ ਉਪਦੇਸ਼ ਰੂਪ ਸੋਹਿਲਾ=ਮੰਗਲ ਦਾਇਕ ਗੀਤ, ਵਾ:- ਜਸ ਬਹੁਤ ਸ਼ੋਭਨੀਕ ਹੈ।

ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥

ਗੁਰ ਉਪਦੇਸ਼ ਰੂਪ ਸੋਹਿਲਾ=ਗੀਤ, ਵਾ:- ਜਸ ਸਦਾ ਸ਼ੋਭਨੀਕ ਹੈ, ਸਤਿਗੁਰਾਂ ਨੇ ਸਿੱਖਾਂ ਤਾਈਂ ਸੁਣਾਵਣਾ ਕੀਤਾ ਹੈ।

ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ॥

ਇਹ ਸ਼ਬਦ ਰੂਪ ਸੋਹਿਲਾ ਉਨ੍ਹਾਂ ਦੇ ਮਨ ਵਿਚ ਵਸਿਆ ਹੈ, ਜਿਨ੍ਹਾਂ ਦੇ ਮੱਥੇ ਉੱਪਰ ਧੁਰੋਂ ਚੰਗਾ ਲੇਖ ਲਿਖਿਆ ਆਇਆ ਹੈ।

ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥

ਇੱਕ ਐਸੇ ਮਨਮੁਖ ਪੁਰਸ਼ ਹਨ ਜੋ ਗੱਲਾਂ ਕਰਦੇ ਹੋਏ ਘਨਾ ਫਿਰਦੇ ਹਨ, ਪਰੰਤੂ ਗੱਲਾਂ ਕਰਨ ਨਾਲ ਕਿਸੇ ਨੇ ਪਰਮੇਸ਼ਰ ਨੂੰ ਨਹੀਂ ਪਾਇਆ।

ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੁ ਸੁਣਾਇਆ॥ ੧੬॥

ਗੁਰੂ ਜੀ ਆਖਦੇ ਹਨ-ਇਹ ਸ਼ਬਦ ਰੂਪ ਸੋਹਿਲਾ=ਜਸ ਸਤਿਗੁਰਾਂ ਨੇ ਸਿੱਖਾਂ ਦੇ ਤਾਂਈ ਸੁਣਾਇਆ ਹੈ॥ ੧੬॥

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥

ਜਿਨ੍ਹਾਂ ਪੁਰਸ਼ਾਂ ਨੇ ਪਰਮੇਸ਼ਰ ਨੂੰ ਧਿਆਇਆ ਹੈ, ਉਹ ਜਨ ਪਵਿੱਤ੍ਰ ਹੋਏ ਹਨ।

ਯਥਾ- ਨਾਮੇ ਰਾਤਾ ਪਵਿਤੁ ਸਰੀਰਾ॥ ਬਿਨੁ ਨਾਵੈ ਡੂਬਿ ਮੁਏ ਬਿਨੁ ਨੀਰਾ॥ *(ਪੰਨਾ ੧੦੫੨)*

ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ॥

ਜਿਨ੍ਹਾਂ ਨੇ ਹਰੀ ਨੂੰ ਧਿਆਇਆ ਹੈ ਉਹ ਪਵਿੱਤਰ ਹੋਏ ਹਨ, ਪਰੰਤੂ ਗੁਰਮੁਖ ਹੋ ਕੇ, *ਵਾ:-* ਗੁਰਾਂ ਦੁਆਰੇ ਜਿਨਾਂ ਨੇ ਛਿਆਇਆ ਹੈ ਉਨ੍ਹਾਂ ਦਾ ਧਿਆਉਣਾ ਸਫਲ ਹੈ।

ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥

ਉਹ ਮਾਤਾ, ਪਿਤਾ ਦੇ ਸਹਿਤ ਵੀ ਪਵਿੱਤ੍ਰ ਹਨ ਅਤੇ ਕੁਟੰਬ ਦੇ ਸਿਉ=ਸੰਯੁਕਤ ਵੀ ਪਵਿੱਤ੍ਰ ਹਨ, ਉਸ ਦੀ ਸਾਰੀ ਸੰਗਤ ਭੀ ਪਵਿੱਤ੍ਰ ਹੋਈ ਹੈ।

ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ॥

ਜੋ ਨਾਮ ਨੂੰ ਕਹਿੰਦੇ, ਭਾਵ ਜਪਦੇ ਹਨ ਉਹ ਪਵਿੱਤ੍ਰ ਹਨ, ਜੋ ਸ਼ਰਧਾ ਨਾਲ ਸੁਣਦੇ ਹਨ ਉਹ ਭੀ ਪਵਿੱਤਰ ਹਨ, ਜਿਨ੍ਹਾਂ ਨੇ ਮਨ ਵਿਚ ਨਾਮ ਵਸਾਇਆ ਹੈ ਉਹ ਵੀ ਪਵਿੱਤਰ ਹਨ।

ਯਥਾ:- ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ॥ *(ਪੰਨਾ ੮੧)*

ਨਾਮ ਜਪ ਕੇ ਬ੍ਰਹਮ ਨੂੰ ਜਾਨਣ ਵਾਲਾ ਪੁਰਸ਼ ਮਾਤਾ, ਪਿਤਾ ਆਦਿਕ ਸਾਰੇ ਪਰਵਾਰ ਨੂੰ ਪਵਿੱਤਰ ਕਰਕੇ ਸਾਰੀਆਂ ਕੁਲਾਂ ਤਾਰ ਦੇਂਦਾ ਹੈ।

ਪੈਂਗਲ ਉਪਨਿਸ਼ਦ ਧਿਆ ਚੌਥਾ ਸੁਰਤੀ ੧ ਵਿਚ ਲਿਖਿਆ ਹੈ:-

ਬ੍ਰਹਮ ਵਿਤ ਮਾਤ੍ਰੇਣ ਏਕੋਤ੍ਰ ਸ਼ਤੰ ਕੁਲੰ ਤਾਰਯਤੀ।

ਨਾਮ ਜਪ ਕੇ ਬ੍ਰਹਮ ਗਿਆਨੀ ਪੁਰਸ਼ ਬ੍ਰਹਮ ਦੇ ਜਾਨਣ ਮਾਤ੍ਰ ਸੇ ਹੀ ਆਪਣੀਆਂ ੧੦੧ ਕੁਲਾਂ* ਤਾਰ

---

੧੦੧ ਕੁਲਾਂ ਦਾ ਵੇਰਵਾ ਇਹ ਹੈ:-ਪਿਤਾ ਸਾਚ ਚੌਬੀਸ, ਬੀਸ ਮਾਤਾ ਕੇ ਜਾਣੋ। ਬੋੜਸ ਤੁਲਾ ਮਹਾਨ, ਦੁਆਦਸ ਸੁਤਾ ਪਛਾਨੋ। ਇਕਾਦਸ ਕੁਲ ਭੈਣ, ਦਸ ਭੂਆ ਕੇ ਲੇਖੇ। ਮਾਤਾ ਭੈਣ ਕੁਲ ਆਠ ਸੁਰਤੀ ਸਿਮ੍ਰਤੀ ਪੇਖੇ।

ਅਰਥ- *ਪਿਤਾ ਦੀਆਂ ੨੪ ਕੁਲਾਂ, ਮਾਤਾ ਦੀਆ ੨੦ ਕੁਲਾਂ, ਤੁਲਾ=ਲੜਕੀ ਦੀਆਂ ੧੬ ਕੁਲਾਂ, ਸੁਤਾ=ਪੁੱਤਰ ਦੀਆਂ ੧੨ ਕੁਲਾਂ, ਭੈਣ ਦੀਆਂ ੧੧ ਕੁਲਾਂ, ਭੂਆ ਦੀਆਂ ੧੦ ਕੁਲਾਂ, ਮਾਤਾ ਭੈਣ=ਮਾਸੀ ਦੀਆਂ ੮ ਕੁਲਾਂ। (ਜੋੜ ੧੦੧ ਕੁਲਾਂ)*

www.sikhbookclub.com

ਲੈਂਦਾ ਹੈ।

ਤਥਾ— ਕੁਲੰ ਪਵਿਤ੍ਰਮ ਜਨਨੀ ਕ੍ਰਿਤਾਰਥਾਂ ਬਸੁੰਧਰਾ ਪੁਣਯਵਤੀ ਚਤੇਨ। *(ਹਰੀ ਨਰਾਇਣ ਉਪਦੇਸ਼, ਪੰਨਾ ੩੩)*

ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥ ੧੭ ॥

ਗੁਰੂ ਜੀ ਆਖਦੇ ਹਨ ! ਉਹ ਪੁਰਸ਼ ਪਵਿੱਤ੍ਰ ਹਨ, ਜਿਨ੍ਹਾਂ ਨੇ ਗੁਰਾਂ ਦੁਆਰੇ, ਵਾ:- ਗੁਰਮੁਖ ਹੋ ਕੇ ਹਰਿ ਹਰਿ ਨੂੰ ਧਿਆਇਆ=ਸਿਮਰਿਆ ਹੈ॥ ੧੭॥

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥

ਕਰਮਾਂ ਦੇ ਕਰਨ ਵਾਲੇ ਜੋ ਕਰਮ-ਕਾਂਡੀ ਹਨ, ਉਨ੍ਹਾਂ ਨੂੰ ਕਰਮਾਂ ਕਰਕੇ ਸਹਜੁ=ਗਿਆਨ ਨਹੀਂ ਪੈਦਾ ਹੁੰਦਾ ਤੇ ਸਹਜੇ=ਗਿਆਨ ਤੋਂ ਬਿਨਾਂ ਮਨ ਚੋਂ ਸੰਸਾ ਨਹੀਂ ਜਾਂਦਾ।

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥

ਗਿਆਨ ਤੋਂ ਬਿਨਾਂ ਹੋਰ ਕਿਸੇ ਸੰਜਮਿ=ਸਾਧਨ, ਭਾਵ ਜਤਨ ਨਾਲ ਸੰਸਾ ਦੂਰ ਨਹੀਂ ਹੁੰਦਾ, ਸੰਸਾਰੀ ਪੁਰਸ਼ ਬਹੁਤੇਰੇ ਕਰਮ ਕਮਾ ਰਹੇ ਹਨ।

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥

ਪ੍ਰਸ਼ਨ- ਸੰਸਿਆਂ ਕਰਕੇ ਮੈਲਾ ਜੋ ਜੀਵ ਹੈ, ਇਹ ਕਿਸ ਸਾਧਨ ਭਾਵ ਜਤਨ ਕਰਕੇ ਧੋਤਾ ਜਾਵੇ? *ਉੱਤਰ:-*

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥

ਹੇ ਪਿਆਰਿਓ ! ਗੁਰ ਸ਼ਬਦ ਵਿਚ ਲਗ ਕੇ ਪਰਮੇਸ਼ਰ ਨਾਲ ਚਿੱਤ ਨੂੰ ਲਗਾਈ ਰੱਖੋ, ਇਸ ਵਜ੍ਹਾ ਸੇ ਮਨ ਨੂੰ ਧੋਣਾ ਕਰੋ।

ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹੁ ਸਹਸਾ ਇਵ ਜਾਇ ॥ ੧੮ ॥

ਗੁਰੂ ਜੀ ਆਖਦੇ ਹਨ-ਗੁਰਾਂ ਦੀ ਕਿਰਪਾ ਹੋਵੇ ਤਾਂ ਸਹਜੁ=ਗਿਆਨ ਪੈਦਾ ਹੁੰਦਾ ਹੈ, ਇਹ ਸੰਸਾ ਇਵ=ਇਸ ਪਰਕਾਰ ਸੇ ਦੂਰ ਹੋ ਜਾਂਦਾ ਹੈ॥ ੧੮॥

ਜੀਅਹੁ ਮੈਲੇ ਬਾਹਰਹੁ ਨਿਰਮਲ ॥

ਕਰਮ-ਕਾਂਡੀ ਪੁਰਸ਼ ਬਾਹਰੋਂ ਤਾਂ ਸੁਚ ਪਵਿੱਤ੍ਰਾ ਕਰਨ ਕਰਕੇ ਨਿਰਮਲ ਰਹਿੰਦੇ ਹਨ, ਪਰ ਕਰਮਾਂ ਦੇ ਹੰਕਾਰ ਕਰਨ ਨਾਲ ਜੀਅ ਕਰਕੇ ਮੈਲੇ ਹਨ।

ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥

ਜੇਹੜੇ ਕਰਮ-ਕਾਂਡੀ ਪੁਰਸ਼ ਬਾਹਰੋਂ ਨਿਰਮਲ ਰਹਿੰਦੇ, ਭਾਵ ਦੁੱਧ ਵਰਗੇ ਚਿੱਟੇ ਕੱਪੜੇ ਪਹਿਨਦੇ ਹਨ ਅਤੇ ਜੀਅ ਕਰਕੇ ਮੈਲੇ, ਭਾਵ ਦਿਲ ਦੇ ਕਪਟੀ ਹਨ,

ਜੈਸਾ ਕਿ- ਮੁੰਹ ਮੇਂ ਰਾਮ ਰਾਮ ਬਗੁਲ ਮੇਂ ਛੁਰੀ।

ਤਿਨ੍ਹਾਂ ਨੇ ਸੰਸਾਰ ਜੂਏ ਵਿਖੇ ਅਪੁਣੇ ਮਨੁੱਖ ਜਨਮ ਨੂੰ ਹਾਰ ਦਿੱਤਾ ਹੈ।

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥

ਮਾਇਆ ਦੀ ਜੇਹੜੀ ਤ੍ਰਿਸ਼ਨਾ ਹੈ, ਏਹੀ ਵੱਡਾ ਭਾਰੀ ਰੋਗ ਉਨ੍ਹਾਂ ਨੂੰ ਲੱਗਾ ਹੋਇਆ ਹੈ, ਏਸੇ ਕਰਕੇ ਉਨ੍ਹਾਂ

www.sikhbookclub.com

ਨੇ ਮਨ ਚੋਂ ਮਰਨਾ ਵਿਸਾਰ ਦਿੱਤਾ ਹੈ।

ਵੇਦਾ ਮਹਿ ਨਾਮੁ ਉਤਮੁ ਸੋ ਸੁਣਲਿ ਨਾਹੀ ਫਿਰਹਿ ਜਿਉ ਬੇਤਾਲਿਆ॥

ਵੇਦਾਂ ਵਿਖੇ ਜੋ ਉੱਤਮ ਨਾਮ ਹੈ ਉਸ ਨੂੰ ਸੁਣਦਾ ਹੀ ਨਹੀਂ, ਏਹ ਮਨੁੱਖ ਬੇਤਾਲਿਆ=ਭੂਤਨਿਆਂ ਦੀ ਨਿਆਂਈ ਐਵੇਂ ਫਿਰਦਾ ਹੈ।

ਕਹੈ ਨਾਨਕੁ ਜਿਨ ਸਚੁ ਤਜਿਆ
ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥ ੧੯॥

ਗੁਰੂ ਜੀ ਆਖਦੇ ਹਨ—ਜਿਨ੍ਹਾਂ ਨੇ ਸੱਚ ਨੂੰ ਤਿਆਗਿਆ ਹੈ ਤੇ ਝੂਠ ਵਿਚ ਲਗੇ ਹਨ, ਤਿਨ੍ਹਾਂ ਨੇ ਸੰਸਾਰ ਜੂਏ ਵਿਖੇ ਆਪਣੇ ਮਨੁੱਖ ਜਨਮ ਨੂੰ ਹਾਰ ਦਿੱਤਾ ਹੈ॥ ੧੯॥

ਜੀਅਹੁ ਨਿਰਮਲ ਬਾਹਰਹੁ ਨਿਰਮਲ ॥

ਜੇਹੜੇ ਪੁਰਸ਼ ਜੀਅ ਕਰਕੇ ਨਿਰਮਲ ਹਨ ਅਤੇ ਬਾਹਰੋਂ ਤਨ ਕਰਕੇ ਵੀ ਨਿਰਮਲ ਹਨ, ਭਾਵ ਸਵੇਰੇ ਉੱਠ, ਕੇ ਇਸ਼ਨਾਨ ਕਰਦੇ ਹਨ, ਨਾਮ ਜਪਦੇ ਹਨ, ਸੱਚ ਬੋਲਦੇ ਹਨ।

ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥

ਬਾਹਰੋਂ ਤਨ ਕਰਕੇ ਨਿਰਮਲ ਹਨ ਅਤੇ ਜੀਅਹੁ=ਮਨ ਕਰਕੇ ਵੀ ਨਿਰਮਲ ਹਨ। ਸਤਿਗੁਰਾਂ ਪਾਸੋਂ ਨਾਮ ਦੀ ਕਰਣੀ ਸਿੱਖ ਕੇ ਉਸ ਦੀ ਕਮਾਈ ਕੀਤੀ ਹੈ, ਵਾ:-ਸਤਿਗੁਰਾਂ ਪਾਸੋਂ ਉਪਦੇਸ਼ ਲੈ ਕੇ ਸ਼ੁਭ ਕਰਮਾਂ ਦੀ ਕਰਨੀ ਕਮਾਉਣਾ ਕੀਤੀ ਹੈ।

ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥

ਜਿਨ੍ਹਾਂ ਪਾਸ ਝੂਠ ਦੀ ਸੋਇ=ਕਨਸੋ ਰਤੀ ਭਰ ਵੀ ਨਹੀਂ ਪਹੁੰਚਦੀ ਅਤੇ ਮਨਸਾ=ਬੁੱਧੀ ਵੀ ਸੱਚ ਵਿਖੇ ਸਮਾਈ ਹੋਈ ਹੈ।

ਜਨਮੁ ਰਤਨੁ ਜਿਨਿ ਖਟਿਆ ਭਲੇ ਸੇ ਵਣਜਾਰੇ॥

ਜਿਨ੍ਹਾਂ ਨੇ ਅਪੁਣੇ ਰਤਨ ਵਾਙ ਅਮੋਲਕ ਮਨੁੱਖ ਜਨਮ ਨੂੰ ਖਟਿਆ=ਸਫਲ ਕੀਤਾ ਹੈ, ਉਹ ਵਣਜਾਰੇ ਜੀਵ ਭਲੇ ਹਨ।

ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥ ੨੦॥

ਗੁਰੂ ਜੀ ਆਖਦੇ ਹਨ—ਹੇ ਭਾਈ ! ਜਿਨ੍ਹਾਂ ਦਾ ਮਨ ਨਿਰਮਲ ਹੋਇਆ ਹੈ, ਓਹ ਸਦੀਵ ਕਾਲ ਸਾਰਿਆਂ ਸੇ ਗੁਰ=ਵੱਡਾ ਜੋ ਪਰਮੇਸ਼ਰ ਹੈ ਉਸ ਦੇ ਨਾਲ ਰਹਿੰਦੇ ਹਨ, ਵਾ:- ਉਹ ਸਦਾ ਗੁਰ ਉਪਦੇਸ਼ ਦੇ ਨਾਲ ਰਹਿੰਦੇ ਹਨ॥ ੨੦॥

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥

ਹੇ ਭਾਈ ! ਜੇਹੜਾ ਸਿੱਖ ਗੁਰੂ ਨਾਲ ਮਿਲ ਕੇ ਗੁਰਾਂ ਦੇ ਸਨਮੁਖ ਹੋਇਆ ਚਾਹੁੰਦਾ ਹੈ, ਵਾ:- ਜੇਹੜਾ ਕੋਈ ਸਿੱਖ ਸ਼ਰਧਾ ਨਾਲ ਗੁਰਾਂ ਦੇ ਸਨਮੁਖ ਹੋਇਆ ਚਾਹੁੰਦਾ ਹੈ।

ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥

ਜੇਹੜਾ ਕੋਈ ਸਿੱਖ ਗੁਰਾਂ ਦੇ ਸਨਮੁਖ ਹੋਣਾ ਚਾਹੁੰਦਾ ਹੈ ਤਾਂ ਫਿਰ ਇਹ ਸਾਧਨ ਕਰੇ ਕਿ ਜੀਅਹੁ=ਮਨ ਕਰਕੇ ਗੁਰਾਂ ਦੇ ਨਾਲ ਰਹਿਣਾ ਕਰੇ।

ਯਥਾ- ਗੁਰ ਸਭਾ ਏਵ ਨ ਪਾਈਐ ਨ ਨੇੜੈ ਨ ਦੂਰਿ॥
ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ॥

(ਸਿਰੀਰਾਗ ਵਾਰ ਮ: ੩, ਪੰਨਾ ੮੪)

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥

ਗੁਰਾਂ ਦੇ ਚਰਨ ਹਿਰਦੇ ਵਿਚ ਧਿਆਉਣਾ ਕਰੇ ਅਤੇ ਹਿਰਦੇ ਅੰਦਰ ਆਤਮੈ ਸਮਾਲੇ=ਸ੍ਵੈ ਸਰੂਪ ਦਾ ਚਿੰਤਨ ਕਰਦਾ ਰਹੇ।

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥

ਆਪਾ ਭਾਅ ਹੰਕਾਰ ਛੱਡ ਕੇ ਸਦਾ ਗੁਰੂ ਦੇ ਪਰਣੈ=ਆਸਰੇ ਰਹਿਣਾ ਕਰੇ, ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਆਪਣਾ ਆਸਰਾ ਜਾਣਨਾ ਨਾ ਕਰੇ।

ਯਥਾ- ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥
ਸਤਿਗੁਰੁ ਸੇਵੀ ਅਵਰੁ ਨ ਦੂਜਾ॥ *(ਪੰਨਾ ੧੦੬੯)*

ਕਿਉਂਕਿ ਤਮਾਮ ਔਕੜਾਂ ਤੋਂ ਬਚਾ ਕੇ ਪਾਪਾਂ ਦੀ ਨਿਵਿਰਤੀ ਕਰਕੇ ਹਰ ਜਗ੍ਹਾਂ ਸਿੱਖ ਦੀ ਸਹਾਇਤਾ ਕਰਨ ਵਾਲਾ ਇੱਕੋ ਇੱਕ ਗੁਰੂ ਹੈ। ਇਸ ਵਾਸਤੇ ਸਿੱਖ ਦਾ ਫ਼ਰਜ਼ ਹੈ ਗੁਰਾਂ ਦੇ ਆਸ੍ਰਿਤ ਹੋ ਕੇ ਰਹਿਣਾ ਕਰੇ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਅਪੁਣੇ ਮੁਖਾਰਬਿੰਦ ਤੋਂ ਫ਼ੁਰਮਾਂਦੇ ਹਨ:-

ੴ ਸਤਿਗੁਰ ਪ੍ਰਸਾਦਿ॥

(੧) ਗੁਰੁ ਗੋਪਾਲੁ ਗੁਰੁ ਗੋਵਿੰਦਾ॥
(੨) ਗੁਰੁ ਦਇਆਲੁ ਸਦਾ ਬਖਸਿੰਦਾ॥
(੩) ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰ ਅਸਥਾਨਾ ਹੇ॥ ੧॥
(੪) ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ॥
(੫) ਗੁਰੁ ਸਿਮਰਤ ਜਮ ਸੰਗਿ ਨ ਫਾਸਹਿ॥
(੬) ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ॥ ੨॥
(੭) ਗੁਰ ਕਾ ਸੇਵਕੁ ਨਰਕਿ ਨ ਜਾਏ॥
(੮) ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ॥
(੯) ਗੁਰ ਕਾ ਸੇਵਕੁ ਸਾਧਸੰਗੁ ਪਾਏ ਗੁਰੁ ਕਰਦਾ ਨਿਤ ਜੀਅ ਦਾਨਾ ਹੇ॥ ੩॥
(੧੦) ਗੁਰ ਦੁਆਰੈ ਹਰਿ ਕੀਰਤਨੁ ਸੁਣੀਐ॥
(੧੧) ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥

(੧੨) ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾ ਹੇ॥ ੪॥

(੧੩) ਅਗਮੁ ਅਗੋਚਰੁ ਗੁਰੁ ਦਿਖਾਇਆ॥

(੧੪) ਭੂਲਾ ਮਾਰਗਿ ਸਤਿਗੁਰਿ ਪਾਇਆ॥

(੧੫) ਗੁਰ ਸੇਵਕ ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜ੍ਹਾਇਆ ਗਿਆਨਾ ਹੇ॥ ੫॥

(੧੬) ਗੁਰਿ ਦ੍ਰਿਸਟਾਇਆ ਸਭਨੀ ਠਾਂਈ॥

(੧੭) ਜਲਿ ਥਲਿ ਪੂਰਿ ਰਹਿਆ ਗੋਸਾਈ॥

(੧੮) ਊਚ ਊਨ ਸਭ ਏਕ ਸਮਾਨਾਂ ਮਨਿ ਲਾਗਾ ਸਹਜਿ ਧਿਆਨਾ ਹੇ॥ ੬॥

(੧੯) ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ॥

(੨੦) ਗੁਰਿ ਮਿਲਿਐ ਨਹ ਜੋਹੈ ਮਾਈ॥

(੨੧) ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ॥ ੭॥

(੨੨) ਗੁਰ ਕੀ ਬਾਣੀ ਸਭ ਮਾਹਿ ਸਮਾਣੀ॥

(੨੩) ਆਪਿ ਸੁਣੀ ਤੈ ਆਪਿ ਵਖਾਣੀ॥

(੨੪) ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ॥ ੮॥

(੨੫) ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ॥

(੨੬) ਜੋ ਕਿਛੁ ਕਰੇ ਸੁ ਆਪਣ ਭਾਣੈ॥

(੨੭) ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾਂ ਹੇ॥ ੯॥ ੧॥ ੪॥

(ਮਾਰੂ ਮਹਲਾ ੫ ਸੋਹਲੇ, ਪੰਨਾ ੧੦੭੪)

ਅਰਥ-

(੧) ਹਮਾਰੇ ਗੁਰੂ ਸਾਹਿਬ ਜੀ ਗੋਪਾਲ ਰੂਪ ਅਤੇ ਗੋਬਿੰਦ ਸਰੂਪ ਹੈਂ।

ਅਥਵਾ:- ਗੁਰੂ ਗੋਪਾਲ ਰੂਪ ਹੈ ਅਤੇ ਗੋਬਿੰਦ ਹੀ ਗੁਰੂ ਰੂਪ ਹੈ।

ਅਥਵਾ:- ਗੁਰੂ ਅਪੁਣੇ ਸਿੱਖ ਦੀ ਗੋਪਾਲੁ=ਬੁੱਧੀ ਰੂਪ ਪ੍ਰਿਥਵੀ ਦੇ ਪਾਲਣਹਾਰ ਹਨ।

ਯਥਾ:- ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥ *(ਪੰਨਾ ੨੮੬)*

ਪੁਨਾ, ਗੁਰੂ ਸਾਹਿਬ ਜੀ ਗੋਵਿੰਦਾ=ਵੇਦਾਂ ਦਾ ਸਿਧਾਂਤ ਜਾਨਣਹਾਰੇ ਹਨ।

(੨) ਗੁਰੂ ਸਾਹਿਬ ਜੀ ਦਿਆਲੂ ਕਿਰਪਾਲੂ ਹਨ, ਪੁਨਾ ਸਿੱਖ ਦੇ ਔਗੁਣਾਂ ਨੂੰ ਸਦਾ ਬਖਸ਼ਣ ਵਾਲੇ ਹਨ।

(੩) ਹਮਾਰੇ ਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਛੇ ਸ਼ਾਸਤ੍ਰ, ੨੭ ਸਿਮ੍ਰਤੀਆਂ ਦੇ ਸਿਧਾਂਤ ਜਾਨਣ ਵਾਲੇ ਹਨ। ਪੰਡਿਤਾਂ ਦੀ ਸ਼ਿਕਾਇਤ ਹੋਣ ਉੱਪਰ ਜਦ ਗੁਰੂ ਸਾਹਿਬ ਜੀ ਦੀ ਆਗਿਆ ਅਨੁਸਾਰ ਗੁਰੂ ਰਾਮਦਾਸ ਸਾਹਿਬ ਜੀ ਲਾਹੌਰ ਗਏ ਸਨ ਤਦ ਸੱਜੀ ਬਾਂਹ ਵੱਲ ਤੱਕ ਕੇ ਸਭ ਕੁਝ ਜ਼ਬਾਨੀ ਸੁਣਾਈ ਗਏ। ਫਿਰ ਗੁਰੂ ਸਾਹਿਬ ਜੀ ਸੰਧਿਆ ਆਦਿਕ ਖਟ ਕਰਮਾਂ ਨੂੰ ਭੀ ਜਾਣਦੇ ਹਨ ਅਤੇ ਗੁਰਾਂ ਦਾ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸਾਰਿਆਂ ਤੋਂ ਉੱਚਾ ਹੈ।

ਯਥਾ- ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥

ਅਥਵਾ:- ਗੁਰੂ ਅਰਜਨ ਸਾਹਿਬ ਜੀ ਅਪਣਾ ਨਿਸਚਾ ਵਿਖਾਂਦੇ ਹਨ ਕਿ ਅਸਾਡਾ ਸਭ ਕੁਝ ਗੁਰੂ ਹੀ ਗੁਰੂ ਹੈ। ਹਮਾਰਾ ਸ਼ਾਸਤ੍ਰ ਵੀ ਗੁਰੂ ਹੀ ਹੈ, ਸਿਮ੍ਰਿਤੀਆਂ ਵੀ ਗੁਰੂ ਹੀ ਹੈ, ਖਟ ਕਰਮ ਵੀ ਗੁਰੂ ਹੀ ਹੈ, ਪਵਿੱਤ੍ਰਤਾਈ ਦਾ ਅਸਥਾਨ ਵੀ ਅਸਾਡਾ ਗੁਰੂ ਹੀ ਹੈ।

ਅਥਵਾ:- ਗੁਰਾਂ ਦੀ ਕਿਰਪਾ ਸੇ ਹਮ ਨੇ ਛੇ ਸ਼ਾਸਤ੍ਰ ਅਤੇ ਸਤਾਈ ਸਿਮ੍ਰਿਤੀਆਂ ਦਾ ਸਿਧਾਂਤ ਜਾਣਿਆ ਹੈ ਤੇ ਛੇ ਕਰਮਾਂ ਦਾ ਫਲ ਅਫਲ ਜਾਣਿਆ ਹੈ, ਗੁਰਾਂ ਦੀ ਕਿਰਪਾ ਸੇ ਹੀ ਅੰਤਹਕਰਨ ਰੂਪ ਅਸਥਾਨ ਪਵਿੱਤ੍ਰ ਹੋਇਆ ਹੈ।

(੪) ਗੁਰਾਂ ਦੁਆਰੇ ਸਿਮਰਨ ਕਰਨ ਨਾਲ ਸਾਰੇ ਕਿਲਵਿਖ=ਪਾਪ ਨੱਸ ਜਾਂਦੇ ਹਨ।

(੫) ਗੁਰਾਂ ਦੁਆਰੇ ਸਿਮਰਨ ਕਰਨ ਨਾਲ, ਵਾ:-ਗੁਰਾਂ ਦੇ ਸਿਮਰਨ ਕਰਨ ਨਾਲ ਜਮਾਂ ਦੀ ਫਾਹੀ ਵਿਚ ਨਹੀਂ ਫਸਦਾ।

(੬) ਗੁਰਾਂ ਦੁਆਰੇ ਸਿਮਰਨ ਕਰਨ ਨਾਲ, ਵਾ:-ਗੁਰਾਂ ਦੇ ਸਿਮਰਨ ਨਾਲ ਮਨ ਨਿਰਮਲ ਹੁੰਦਾ ਹੈ ਅਤੇ ਗੁਰੂ ਸਾਹਿਬ ਜੀ ਇਸ ਦੇ ਅਪਮਾਨਾ=ਨਿਰਾਦਰ ਨੂੰ ਕੱਟ ਕੇ ਉਸਤਤੀ ਕਰਾਂਦੇ ਹਨ,

ਵਾ:-ਨਿਰਾਦਰ ਕਰਨ ਵਾਲੇ ਜੋ ਜਮਦੂਤ ਹਨ, ਉਨ੍ਹਾਂ ਨੂੰ ਕੱਟ ਦੇਂਦੇ ਹਨ।

ਵਾ:-ਅਪ=ਨਿਰਾਦਰ ਅਤੇ ਮਾਨਾ=ਆਦਰ ਦੋਹਾਂ ਨੂੰ ਕੱਟ ਦੇਂਦੇ ਹਨ।

(੭) ਗੁਰਾਂ ਦੀ ਸੇਵਾ ਕਰਨ ਵਾਲਾ ਸੇਵਕ ਨਰਕ ਵਿਖੇ ਨਹੀਂ ਜਾਂਦਾ।

(੮) ਗੁਰਾਂ ਦੀ ਸੇਵਾ ਕਰਨ ਵਾਲਾ ਸੇਵਕ ਪਰਮੇਸ਼ਰ ਨੂੰ ਧਿਆਉਂਦਾ ਹੈ।

(੯) ਗੁਰਾਂ ਦੀ ਸੇਵਾ ਕਰਨ ਵਾਲਾ ਸੇਵਕ ਸਤਿਸੰਗ ਨੂੰ ਜ਼ਰੂਰ ਪਾਂਵਦਾ ਹੈ, ਕਿਉਂਕਿ ਸਾਰੀਆਂ ਮੌਜਾਂ ਸਤਿਸੰਗ ਕਰਨ ਨਾਲ ਹੁੰਦੀਆਂ ਹਨ।

ਯਥਾ:- ਖੋਦ ਖੋਦ ਕੇ ਮੂਸਾ ਮਰ ਗਿਆ, ਮੌਜ ਕੀਤੀ ਭੁਯੰਗੇ ਨੇ।
ਛਿਨਕ ਛਿਨਕ ਕੇ ਮਾਲੀ ਮਰ ਗਿਆ, ਮੌਜ ਕੀਤੀ ਭਵਰੰਗੇ ਨੇ।
ਸੰਚ ਸੰਚ ਕੇ ਕਿਰਪਨ ਮਰ ਗਿਆ, ਮੌਜ ਕੀਤੀ ਵਰਤੰਗੇ ਨੇ।
ਪਲਚ ਪਲਚ ਕੇ ਸਾਰੇ ਮਰ ਗਏ, ਮੌਜ ਕੀਤੀ ਸਤਸੰਗੇ ਨੇ।

ਤਥਾ- ਜਿਨਿ ਜਿਨਿ ਸਾਧਸੰਗ ਪਾਇਆ॥ ਸੋ ਪ੍ਰਭਿ ਆਪਿ ਤਰਾਇਆ॥

(ਪੰਨਾ ੬੨੨)

ਤਥਾ- ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਦੇ ਸਾਧਸੰਗਤਿ ਮੋਹਿ ਪਾਈ॥

(ਪੰਨਾ ੧੨੮੯)

ਗੁਰੂ ਸਾਹਿਬ ਜੀ ਨਿਤਾਪ੍ਰਤੀ ਜਗਿਆਸੂ ਨੂੰ ਜੀਵਣ ਦਾਨ ਦੇਂਦੇ ਹਨ,

ਵਾ:-ਜੀਵ ਨੂੰ ਨਾਮ ਦਾਨ ਦੇਂਦੇ ਹਨ।

(੧੦) ਗੁਰਾਂ ਦੁਆਰੇ ਹਰੀ ਦਾ ਕੀਰਤਨ ਸੁਨਣਾ ਕਰੀਏ।

(੧੧) ਗੁਰਾਂ ਨਾਲ ਮਿਲ ਕੇ ਮੂੰਹ ਸੇ ਹਰੀ ਦਾ ਜਸ ਕਥਨ ਕਰੀਏ।

(੧੨) ਸਤਿਗੁਰ ਦੇਵ ਜੀ ਕਲਪਨਾ ਅਤੇ ਕਲੇਸ਼ ਮਿਟਾ ਕੇ ਹਰੀ ਦੀ ਦਰਗਾਹ ਦਾ ਆਦਰ

ਦੇਂਦੇ ਹਨ॥ ੪॥

(੧੩) ਗੁਰਾਂ ਨੇ ਅਪੁਣੇ ਸੇਵਕ ਨੂੰ ਅਗਮ ਅਗੋਚਰ ਪਰਮਾਤਮਾ ਦਿਖਾਇਆ ਹੈ।

(੧੪) ਗੁਰਾਂ ਨੇ ਭੁੱਲੇ ਹੋਇ ਸਿੱਖ ਨੂੰ ਪਰਮੇਸ਼ਰ ਦੇ ਰਾਹੇ ਪਾਇਆ ਹੈ।

(੧੫) ਗੁਰਾਂ ਸਾਹਿਬ ਜੀ ! ਅਪੁਣੇ ਸੇਵਕ ਨੂੰ ਭਗਤੀ ਕਰਨ ਵਿਚ ਵਿਘਨ ਨਹੀਂ ਹੋਣ ਦੇਂਦੇ। ਗੁਰਾਂ ਨੇ ਪੂਰਨ ਹਰੀ ਦਾ ਬ੍ਰਹਮ ਗਿਆਨ ਦ੍ਰਿੜ੍ਹ ਕਰਵਾਇਆ ਹੈ॥ ੫॥

(੧੬) ਗੁਰਾਂ ਨੇ ਸੇਵਕ ਨੂੰ ਸਾਰੀਆਂ ਜਗ੍ਹਾ ਪਰਮੇਸ਼ਰ ਦਿਖਾਇਆ ਹੈ।

(੧੭) ਕਿ ਉਹ ਗੋਸਾਂਈ ਜਲਾਂ ਥਲਾਂ ਵਿਚ ਪੂਰਨ ਹੋ ਰਿਹਾ ਹੈ।

(੧੮) ਉੱਚਿਆਂ ਅਤੇ ਊਨ=ਨੀਵਿਆਂ ਵਿਚ ਇੱਕ ਪਰਮੇਸ਼ਰ ਸਮਾਅ ਰਿਹਾ ਹੈ, ਮੇਰੇ ਮਨ ਵਿਖੇ ਸਹਿਜੇ ਉਸ ਦਾ ਧਿਆਨ ਲੱਗਾ ਹੈ॥ ੬॥

(੧੯) ਗੁਰਾਂ ਨਾਲ ਮਿਲ ਕੇ ਮੈਂਨੇ ਸਭ ਪਦਾਰਥਾਂ ਦੀ ਤ੍ਰਿਸ਼ਨਾ ਬੁਝਾ ਦਿੱਤੀ ਹੈ।

(੨੦) ਗੁਰਾਂ ਨਾਲ ਮਿਲਣ ਕਰਕੇ— ਮਾਇਆ ਟੇਢੀ ਨਿਗਾਹ ਨਾਲ ਦੇਖਦੀ ਨਹੀਂ।

(੨੧) ਪੂਰਿਆਂ ਗੁਰਾਂ ਨੇ ਮੇਰੇ ਅੰਦਰ ਸੱਤ, ਸੰਤੋਖ ਪ੍ਰਾਪਤ ਕਰ ਦਿੱਤਾ ਹੈ, ਪੂਰਿਆਂ ਗੁਰਾਂ ਦੀ ਕਿਰਪਾ ਸੇ ਮੈਂਨੇ ਪੀ-ਪੀਆ ਪਤੀ ਦੇ ਨਾਮ ਅੰਮ੍ਰਿਤ ਨੂੰ ਪੀਣਾ ਕੀਤਾ ਹੈ, ਵਾ:-ਆਪ ਪੀ=ਪੀਤਾ ਹੈ ਅਤੇ ਹੋਰਨਾਂ ਨੂੰ ਪਾਨਾ=ਪਿਲਾਇਆ ਹੈ॥ ੭॥

(੨੨) ਗੁਰਾਂ ਦੀ ਉਪਦੇਸ਼ ਬਾਣੀ ਸਭ ਅਧਿਕਾਰੀਆਂ ਵਿਖੇ ਸਮਾਅ ਰਹੀ ਹੈ, ਵਾ:-ਗੁਰਾਂ ਦੀ ਬਾਣੀ ਸੇ ਇਹ ਨਿਸਚੇ ਕੀਤਾ ਹੈ ਕਿ ਪ੍ਰਭੂ ਦੀ ਚੇਤਨ ਸੱਤਾ ਸਾਰਿਆਂ ਵਿਚ ਸਮਾਅ ਰਹੀ ਹੈ।

(੨੩) ਪ੍ਰਭੂ ਨੇ ਆਪ ਹੀ ਗੁਰੂ ਰੂਪ ਹੋ ਕੇ ਕਥਨ ਕੀਤੀ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ ਬਾਣੀ ਸੁਣੀ ਹੈ।

(੨੪) ਜਿਨ੍ਹਾਂ-ਜਿਨ੍ਹਾਂ ਪੁਰਸ਼ਾਂ ਨੇ ਕੰਨਾਂ ਦੁਆਰੇ ਸੁਣੀ ਹੈ ਅਤੇ ਜੀਭਾ ਦੁਆਰੇ ਜਪੀ=ਉਚਾਰੀ ਹੈ ਓਹ ਸਾਰੇ ਤਰ ਗਏ ਹਨ, ਤਿਨ੍ਹਾਂ ਨੇ ਨਿਸਚਲ ਅਸਥਾਨ=ਸਰੂਪ ਨੂੰ ਪਾਇਆ ਹੈ॥ ੮॥

(੨੫) ਸਤਿਗੁਰਾਂ ਦੀ ਮਹਿਮਾਂ ਨੂੰ ਸਤਿਗੁਰ ਦੇਵ ਜੀ ਹੀ ਜਾਣੇ ਹਨ।

(੨੬) ਗੁਰੂ ਜੋ ਕੁਛ ਭੀ ਕਰਦੇ ਹਨ, ਸੋ ਅਪੁਣੇ ਭਾਣੇ ਅਨੁਸਾਰ ਕਰਦੇ ਹਨ।

(੨੭) ਗੁਰੂ ਜੀ ਆਖਦੇ ਹਨ-ਹੇ ਪ੍ਰਭੂ ! ਮੈਂ ਤੇਰੇ ਸੰਤਾਂ ਦੀ ਚਰਨ ਧੂੜੀ ਚਾਹੁੰਦਾ ਹਾਂ ਅਤੇ ਸਦੀਵ ਕਾਲ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ॥ ੯॥ ੧॥ ੪॥

[ਪੰਨਾ ੯੨੦]

ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥ ੨੧॥

ਗੁਰੂ ਜੀ ਆਖਦੇ ਹਨ-ਹੇ ਸੰਤੋ ! ਸੁਣੋ, ਫਿਰ ਉਹ ਸਿੱਖ ਗੁਰਾਂ ਦੇ ਸਨਮੁਖ ਹੁੰਦਾ ਹੈ, ਵਾ:-ਉਹ ਸਿੱਖ ਸਨਮੁਖੁ=ਗੁਰਮੁਖ ਹੁੰਦਾ ਹੈ॥ ੨੧॥

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥

ਹੇ ਭਾਈ ! ਜੇਹੜਾ ਕੋਈ ਗੁਰੂ ਤੋਂ ਬੇਮੁਖ ਹੁੰਦਾ ਹੈ, ਨਿਯਮ ਸਮਝ ਲਿਓ ਉਹ ਪੁਰਸ਼ ਸਤਿਗੁਰਾਂ ਤੋਂ ਬਿਨਾਂ

ਹੋਰਥੇ ਮੁਕਤੀ ਨਹੀਂ ਪਾਂਦਾ।

ਯਥਾ:- ਸਤਿਗੁਰ ਬਾਝਹੁ ਸੰਗਤਿ ਨ ਹੋਈ॥ ਬਿਨੁ ਸਬਦੇ ਪਾਰੁ ਨ ਪਾਏ ਕੋਈ॥ (ਪੰਨਾ ੧੦੬੮)

ਅਰਥ:- ਪੂਰਨ ਗੁਰਾਂ ਤੋਂ ਬਿਨਾਂ ਸੰ=ਭਲੀ ਪ੍ਰਕਾਰ ਗਤਿ=ਮੁਕਤੀ ਨਹੀਂ ਹੁੰਦੀ।

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥

ਜੇਹੜਾ ਕੋਈ ਗੁਰਾਂ ਤੋਂ ਬੇਮੁਖ ਹੈ, ਉਹ ਹੋਰ ਥਾਂ ਤੋਂ ਮੁਕਤੀ ਨਹੀਂ ਪਾਏਗਾ, ਬੇਸ਼ੱਕ ਬਿਬੇਕੀਆ= ਗਿਆਨਵਾਨਾਂ ਪਾਸੋਂ ਜਾ ਕੇ ਪੁਛ ਲਿਓ, ਉਹ ਏਹੀ ਕਹਿਣਗੇ ਕਿ--

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥

ਬੇਮੁਖ ਪੁਰਸ਼ ਚਾਹੇ ਅਨੇਕ ਜੂਨੀਆਂ ਵਿਚ ਭਰਮ ਆਵੇ, ਤੋਂ ਭੀ ਸਤਿਗੁਰਾਂ ਬਿਨਾਂ ਮੁਕਤੀ ਨਹੀਂ ਪਾਉਂਦਾ।

ਯਥਾ:- ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ॥ ਗਿਆਨੀ ਧਿਆਨੀ ਪੂਛਹੁ ਕੋਈ॥

(ਪੰਨਾ ੧੦੬੩)

ਤਥਾ:- ਬਿਨੁ ਸਤਿਗੁਰ ਜੋ ਦੂਜੈ ਲਾਗੇ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ॥

(ਪੰਨਾ ੧੦੬੯)

ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥

ਜੇ ਫਿਰ ਗੁਰੂ ਦੀ ਚਰਨੀਂ ਆ ਲਗੇ ਤੇ ਸਤਿਗੁਰੂ ਦੇਵ ਜੀ ਪ੍ਰਸੰਨ ਹੋ ਕੇ ਇਸ ਨੂੰ ਉਪਦੇਸ਼ ਸੁਨਾਣ ਤਾਂ ਇਹ ਮੁਕਤੀ ਪਾਂਵਦਾ ਹੈ।

ਯਥਾ:-ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥
ਪਿਛਲੇ ਗੁਨਹ ਸਤਿਗੁਰਿ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥ (ਪੰਨਾ ੮੫੫)

ਤਥਾ:- ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ॥

(ਪੰਨਾ ੧੦੬੯)

ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥ ੨੨॥

ਗੁਰੂ ਜੀ ਆਖਦੇ ਹਨ—ਹੇ ਭਾਈ ! ਵਿਚਾਰ ਕੇ ਦੇਖ ਲਿਓ, ਕਿ ਸਤਿਗੁਰਾਂ ਤੋਂ ਬਿਨਾਂ ਕੋਈ ਭੀ ਮੋਖਸ਼ ਨਹੀਂ ਪਾਂਦਾ॥ ੨੨॥

ਯਥਾ:- ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ॥ ਬਿਨੁ ਸਬਦੈ ਕੋਇ ਨ ਪਾਵੈ ਪਾਰਾ॥

(ਪੰਨਾ ੧੦੫੪)

ਤਥਾ:-ਲਖ ਪੀਰ ਪੈਕੰਬਰ ਔਲੀਏ ਲਖ ਬ੍ਰਹਮਾ ਬਿਸਨ ਮਹੇਸੁ॥
ਕਿਸੇ ਜ਼ਾਤ ਨ ਆਈਆ ਬਿਨੁ ਸਤਿਗੁਰ ਕੇ ਉਪਦੇਸੁ॥
ਤਥਾ:-ਬਿਨੁ ਗੁਰ ਦਾਤੇ ਕੋਇ ਨ ਪਾਏ॥ ਲਖ ਕੋਟੀ ਜੇ ਕਰਮ ਕਮਾਏ॥

(ਪੰਨਾ ੧੦੫੭)

ਤਥਾ:-ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥
ਬਿਨੁ ਗੁਰ ਮੁਕਤਿ ਨ ਕੈਹੂ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥

ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਘਰ ਸਾਰੀ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ॥

(ਗੂਜਰੀ ਮਹਲਾ ੫, ਪੰਨਾ ੪੯੫)

ਗੁਰੂ ਦੇ ਸਬੰਧ ਵਿਚ ਜੋ ਪ੍ਰਮਾਣ ਹੈ ਉਹ ਆਸਾ ਦੀ ਵਾਰ ਸਟੀਕ ਦਾ ੧੨ ਪੰਨੇ ਤੋਂ ੨੨ ਤੱਕ ਪੜ੍ਹੋ। ਹੁਣ ਗੁਰਬਾਣੀ ਕਾ ਮਹਾਤਮ ਦੱਸਦੇ ਹਨ:-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥

ਹੇ ਸਤਿਗੁਰਾਂ ਦੇ ਪਿਆਰਿਓ ਸਿੱਖੋ ! ਆਓ ਆਪਸ ਵਿਚ ਰਲਕੇ ਸੱਚੀ ਬਾਣੀ ਗਾਓ।*

ਯਥਾ:-ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ॥

(ਸਿਰੀਰਾਗ ਮ: ੩, ਪੰਨਾ ੬੭)

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥

ਬਾਣੀ ਤਾਂ ਗੁਰਾਂ ਦੀ ਹੀ ਗਾਵਣਾ ਕਰੋ, ਜੋ ਬਾਣੀਆਂ ਦੀ ਸਿਰਿ=ਸ਼੍ਰੋਮਣੀ ਬਾਣੀ ਹੈ।

ਯਥਾ:- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ ੯੮੨)

ਤਥਾ:- ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ॥

ਤਥਾ:- ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥ (ਗਉੜੀ ਵਾਰ, ਪੰਨਾ ੩੦੮)

ਤਥਾ:- ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥

(ਗਉੜੀ ਵਾਰ, ਪੰਨਾ ੩੦੪)

---

*(੧) ਸੁਧਾ ਕੀ ਤਰੰਗਨੀ ਸੀ: ਰੋਗ ਭ੍ਰਮ ਭੰਗਨੀ ਹੈ, ਮਹਾ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ।
ਕਿਧੋ ਯਹ ਹੰਸਨੀ ਸੀ ਮਾਨਸ ਵਤੰਸਨੀ ਹੈ, ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।
ਕਿਧੋ ਚੰਦ ਚਾਂਦਨੀ ਸੀ, ਮੋਹਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।
ਪ੍ਰੇਮ ਪਟਰਾਨੀ ਸਯਾਨੀ ਗਿਆਨ ਕੀ ਜਨਨ ਜਾਨੀ, ਗੁਣੀ ਭਨੀ ਬਾਣੀ ਤਾ ਕੀ ਗੁਰੂ ਗੁਰਬਾਣੀ ਹੈ।

(ਨਾਨਕ ਪ੍ਰਕਾਸ਼ ਅਧਿ:੨੪)

(੨) ਤੀਨੋ ਲੋਕ ਦਸੋ ਦਿਸਾਂ ਚੌਦਾਂ ਹੀ ਭਵਨ ਵਿਚ, ਕੌਨ ਹੈ ਸਹਾਈ ਰਾਖਾ ਸਚਾ ਇਸ ਪ੍ਰਾਨੀ ਦਾ।
ਤਾਰਨਾ ਉਬਾਰਨਾ ਉਧਾਰਨਾ ਹੈ ਵਸ ਕਿਦੇ, ਲੋਕ ਪ੍ਰਲੋਕ ਵਿਚ ਜਿੰਦੜੀ ਨਿਮਾਣੀ ਦਾ।
ਇਕੋ ਸਮਰੱਥ ਗੁਰੂ ਗ੍ਰੰਥ ਸੰਸਾਰ ਵਿਚ, ਬਾਣੀ ਹੈਗੀ ਅੰਮ੍ਰਿਤ ਸ੍ਰੀ ਗੁਰੂ ਜੀ ਵਖਾਣੀ ਦਾ।
ਬਾਣੀ ਤਰਾਨੀ ਤੇ ਲੰਘਾਨੀ ਭਵ ਸਿੰਧ ਤਾਂਹੀ, ਫੜੋ ਜਗ ਆਓ ਸਹਾਰਾ ਗੁਰਬਾਣੀ ਦਾ।
(੩) ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨ੍ਹਾਇ, ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ।
ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ, ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।
ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ, ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥ ੬੭੩॥

(ਕਬਿੱਤ ਭਾ: ਗੁਰਦਾਸ ਜੀ)

ਤਥਾ:- ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥

(ਸਿਰੀਰਾਗ ਮ:੩ ਪੰਨਾ ੬੭)

ਤਥਾ:- ਸਤਿਗੁਰ ਕੀ ਬਾਣੀ ਸਤਿ ਸਤਿ ਕਰ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥

(ਮਾਰੂ ਸੋਲਹੇ ਮ: ੧, ਪੰਨਾ ੧੦੨੮)

ਤਥਾ:-ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ॥
ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ॥

(ਸੋਰਠਿ ਮ: ੫, ਪੰਨਾ ੬੧੬)

ਤਥਾ:- ਜੀਉ ਪਿੰਡੁ ਸਭੁ ਹੈ ਤਿਸੁ ਕੇਰਾ॥ ਸਚਾ ਸਾਹਿਬੁ ਠਾਕੁਰੁ ਮੇਰਾ॥
ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ॥

(ਪੰਨਾ ੧੦੫੮)

ਤਥਾ:- ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥

(ਪੰਨਾ ੧੦੬੬)

ਤਥਾ:-ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ॥

(ਪੰਨਾ ੧੦੬੫)

ਤਥਾ:- ਪੂਰੇ ਗੁਰ ਕੀ ਪੂਰੀ ਬਾਣੀ॥ ਪੂਰੇ ਲਾਗਾ ਪੂਰੇ ਮਾਹਿ ਸਮਾਣੀ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ॥ ੧੫॥ (ਪੰਨਾ ੧੦੭੪)

ਤਥਾ:- ਊਤਮ ਬਾਣੀ ਗਾਉ ਗੋਪਾਲਾ॥ ਸਾਧਸੰਗਤਿ ਕੀ ਮੰਗਹੁ ਰਵਾਲਾ॥

(ਪੰਨਾ ੧੦੮੫

ਤਥਾ:- ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ॥
ਨਾਨਕ ਨਾਮ ਤਿਨ੍ਹਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ॥

(ਆਸਾ ਮ: ੩, ਪੰਨਾ ੪੨੯)

ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥

ਜਿਨ੍ਹਾਂ ਉੱਤੇ ਨਦਰਿ=ਨਦਰੀ ਪਰਮਾਤਮਾ ਦੀ ਬਖਸ਼ਿਸ਼ ਤੇ ਮੇਹਰ ਦੀ ਦ੍ਰਿਸ਼ਟੀ ਹੁੰਦੀ ਹੈ, ਇਹ ਗੁਰਬਾਣੀ ਉਨ੍ਹਾਂ ਦੇ ਹਿਰਦੇ ਵਿਚ ਸਮਾਉਂਦੀ ਹੈ ਅਤੇ ਉਹ ਤਦ ਰੂਪ ਹੋ ਕੇ ਗੁਰਬਾਣੀ ਦਾ ਹੀ ਰਸ ਮਾਣਦੇ ਰਹਿੰਦੇ ਹਨ।

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥

ਗੁਰਬਾਣੀ ਦੇ ਆਸ਼੍ਰਿਤ ਹੋ ਕੇ ਨਾਮ ਅੰਮ੍ਰਿਤ ਨੂੰ ਪੀਵੋ ਤੇ ਸਦਾ ਹਰੀ ਦੇ ਰੰਗਿ=ਆਨੰਦ ਵਿਚ ਰਵੋ, ਹਮੇਸ਼ਾਂ ਸਾਰਿਗਪਾਣੀ=ਪਰਮੇਸ਼ਰ ਨੂੰ ਜਪਦੇ ਰਹੋ।

ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥ ੨੩॥

ਗੁਰੂ ਜੀ ਆਖਦੇ ਹਨ— ਹੇ ਭਾਈ ! ਇਸ ਸੱਚੀ ਗੁਰਬਾਣੀ ਨੂੰ ਸਦਾ ਗਾਂਵਦੇ ਰਹੋ॥ ੨੩॥

ਇਹ ਸ਼ਬਦ ਬਾਣੀ ਦੇ ਸੁਨਣ ਕਰਕੇ ਕਾਲ ਤੋਂ ਬਚ ਜਾਂਦਾ ਹੈ।

www.sikhbookclub.com

ਯਥਾ-ਅਫਰਿਓ ਜਮੁ ਮਾਰਿਆ ਨ ਜਾਈ॥ ਗੁਰ ਕੇ ਸਬਦੈ ਨੇੜਿ ਨ ਆਈ॥
ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ॥

(ਪੰਨਾ ੧੦੫੪

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

ਸਤਿਗੁਰਾਂ ਦੀ ਬਾਣੀ ਤੋਂ ਬਿਨਾਂ ਹੋਰ ਸਭ ਬਾਣੀ ਕੱਚੀ ਹੈ, ਕਿਉਂਕਿ ਇਹ ਬਾਣੀ ਈਸ਼ਵਰ ਰਚਤ ਹੈ ਬਾਕੀ ਬਾਣੀ ਮਨੁੱਖ ਰਚਤ ਹੈ।

ਯਥਾ:- ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥

(ਸੂਹੀ ਮ: ੫, ਪੰਨਾ ੭੬੩)

ਤਥਾ- ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

(ਤਿਲੰਗ ਮ: ੧, ਪੰਨਾ ੭੨੨)

ਵਾ:- ਸਤਿ=ਤ੍ਰੈ ਕਾਲ ਅਬਾਧ ਗੁਰੂ=ਪੂਜਨੀਕ ਚੇਤਨ ਜੋ ਪਰਮੇਸ਼ਰ ਹੈ ਉਸ ਦੇ ਨਾਮ ਤੋਂ ਬਿਨਾਂ ਹੋਰ ਸਭ ਬਾਣੀ ਕੱਚੀ ਹੈ। ਜਿਸ ਬਾਣੀ ਵਿਖੇ ਗੁਰੂ ਅਤੇ ਪਰਮੇਸ਼ਰ ਦੀ ਮਹਿਮਾ ਨਹੀਂ ਹੈ। ਉਹ ਅਧੋਗਤੀ ਨੂੰ ਪਹੁੰਚਾਣ ਵਾਲੀ ਹੈ, ਇਸੀ 'ਤੇ ਉਹ ਬਾਣੀ ਕੱਚੀ ਕਹੀ ਹੈ।

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥

ਸਤਿਗੁਰੂ ਤੋਂ ਬਿਨਾਂ ਹੋਰ ਤਾਂ ਸਭ ਬਾਣੀ ਕੱਚੀ ਹੈ, ਸਚਮੁਚ ਹੋਰ ਸਭ ਬਾਣੀ ਕੱਚੀ ਹੈ, ਕਿਉਂਕਿ ਕਮਾਈ ਵਾਲਿਆਂ ਨੇ ਨਹੀਂ ਕਥਨ ਕੀਤੀ ਹੋਈ ਤੇ ਗੁਰਾਂ ਨੇ ਪਹਿਲੇ ਆਪ ਕਮਾਈ ਕਰਕੇ ਆਪਣੇ ਆਪ ਨੂੰ ਸਾਧਨਾਂ ਨਾਲ ਘੜ ਕੇ, ਜਪ ਤਪ ਕਰਕੇ, ਸੇਵਾ ਦੀ ਕਮਾਈ ਘਾਲ ਕੇ, ਅੰਮ੍ਰਿਤ ਵੇਲੇ ਨਾਮ ਜਪ ਕੇ, ਸਤ ਸੰਤੋਖ ਵਿਚ ਰਹਿ ਕੇ ਪਰਮੇਸ਼ਰ ਦੇ ਭਾਣੇ ਉੱਪਰ ਅਟੱਲ ਨਿਸਚਾ ਰਖਦਿਆਂ ਹੋਇਆਂ ਆਪਣੇ ਆਪ ਨੂੰ ਕੰਚਨ ਵਰਗਾ ਸ਼ੁੱਧ ਕਰਕੇ ਇਹ ਬਾਣੀ ਉਚਾਰੀ ਹੈ।

ਇਸ ਕਰਕੇ ਗੁਰਾਂ ਦੀ ਬਾਣੀ ਸੱਚੀ ਹੈ।

ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥

ਹੋਰ ਬਾਣੀ ਦੇ ਕਹਿਣ ਵਾਲੇ, ਭਾਵ ਪੜ੍ਹਨ ਵਾਲੇ ਪੁਰਸ਼ ਕੱਚੇ ਹਨ, ਸੁਨਣ ਵਾਲੇ ਭੀ ਕੱਚੇ ਹਨ, ਕਿਉਂਕਿ ਉਹ ਬਾਣੀ ਕਚੀ=ਕਚਿਆਂ ਨੇ ਭਾਵ ਧਾਰਨਾ ਤੋਂ ਬਿਨਾਂ ਜਿਨ੍ਹਾਂ ਨੇ ਕਮਾਈ ਨਹੀਂ ਕੀਤੀ ਹੋਈ ਉਨ੍ਹਾਂ ਨੇ ਆਖ ਕੇ ਵਰਨਣ ਕੀਤੀ ਹੈ।

ਯਥਾ-ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥

(ਨਟ ਮਹਲਾ ੪, ਪੰਨਾ ੯੯੧)

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥

ਉਹ ਨਾਮ ਅਭਿਆਸੀ ਨਹੀਂ ਹਨ, ਪਰੰਤੂ ਲੋਕਾਂ ਨੂੰ ਦਿਖਾਣ ਵਾਸਤੇ ਐਵੇਂ ਕਥਨੀ ਮਾਤ੍ਰ ਜੀਭ ਸੇ ਨਿਤਾ ਪ੍ਰਤੀ ਹਰਿ ਹਰਿ ਉਚਾਰਣਾ ਕਰਦੇ ਹਨ, ਉਨ੍ਹਾਂ ਨੇ ਬਾਣੀ ਵਿੱਚ ਜੋ ਕੁਝ ਕਿਹਾ ਹੈ, ਉਸ ਨੂੰ ਆਪ ਤਾਂ ਕੁਝ ਜਾਣਦੇ ਭਾਵ ਸਮਝਦੇ ਨਹੀਂ ਹਨ ਤੇ ਬਰੋਬਰੀ ਵੱਡਿਆਂ ਦੀ ਕਰਦੇ ਹਨ, ਪਰੰਤੂ ਉਹ ਬਰੋਬਰੀ ਕਰਨ ਵਾਲੇ

www.sikhbookclub.com

ਪੁਰਸ਼ ਕੱਚੇ ਪਿੱਲੇ ਹਨ।

ਯਥਾ- ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥

(ਗਉੜੀ ਵਾਰ ਪਉੜੀ ੯ ਪੰਨਾ ੩੦੪)

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥

ਜਿਨ੍ਹਾਂ ਦਾ ਦਿਲ ਮਾਇਆ ਨੇ ਹਿਰਿ ਲਇਆ=ਚੁਰਾ ਲਿਆ, ਭਾਵ ਖੋਹ ਲਿਆ ਹੈ, ਉਹ ਰਵਾਣੀ=ਪੌਣ ਦੇ ਬੁੱਲਿਆਂ ਵਾਂਗੂ ਵਿਅਰਥ ਬਚਨਾਂ ਦੇ ਬੋਲਣੇ ਵਿਖੇ ਪਏ ਹੋਇ ਹੈਂ।

ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਹੈ ਬਾਣੀ॥ ੨੪॥

ਗੁਰੂ ਜੀ ਕਹਿੰਦੇ ਹਨ— ਹੇ ਭਾਈ ! ਸਤਿਗੁਰਾਂ ਦੀ ਬਾਣੀ ਤੋਂ ਬਿਨਾਂ ਹੋਰ ਸਭ ਬਾਣੀ ਕੱਚੀ ਹੈ॥ ੨੪॥

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥

ਗੁਰਾਂ ਦਾ ਉਪਦੇਸ਼ ਗਹਿਣਾ ਹੈ, ਜਿਸ ਗੁਰ ਉਪਦੇਸ਼ ਰੂਪ ਗਹਿਣੇ ਵਿੱਚ ਹੀਰੇ=ਨਾਮ ਅਤੇ ਰਤੰਨੁ=ਵੈਰਾਗ ਆਦਿਕ ਸ਼ੁਭ ਗੁਣ ਜੜਤਕਾਰੀ ਹਨ।

ਵਾ:- ਗੁਰਾਂ ਦਾ ਸ਼ਬਦ ਰਤਨ ਰੂਪ ਹੈ, ਜਿਸ ਵਿੱਚ ਨਾਮਾ ਰੂਪ ਹੀਰੇ ਜੜਤਕਾਰੀ ਹਨ।

ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥

ਜਿਸ ਵੇਲੇ ਰਤਨ ਰੂਪ ਗੁਰ ਉਪਦੇਸ਼ ਵਿਖੇ ਮਨ ਲੱਗਾ, ਤਿਸ ਵੇਲੇ ਏਹੁ=ਇਸ ਜੀਵ ਦਾ ਬ੍ਰਹਮ ਵਿਖੇ ਸਮਾਉਣਾ ਹੋਇਆ।

ਵਾ:- ਏਹੁ=ਇਸ ਜੀਵ ਨੂੰ ਬੜਾ ਭਾਰੀ ਸਮਾਉ=ਸਮ੍ਹਾੜਾ ਭਾਵ ਅਨੰਦ ਪ੍ਰਾਪਤ ਹੋਇਆ।

ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ॥

ਜਿਸ ਦਾ ਗੁਰਾਂ ਦੇ ਉਪਦੇਸ਼ ਨਾਲ ਮਨ ਮਿਲਿਆ ਹੈ ਉਸ ਨੇ ਸੱਚੇ ਪਰਮਾਤਮਾ ਵਿਖੇ ਭਾਉ=ਪ੍ਰੇਮ ਲਗਾਇਆ ਹੈ।

ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ॥

ਜਿਸ ਨੂੰ ਪਰਮਾਤਮਾ ਆਪ ਸਮਝਾ ਦੇਂਦਾ ਹੈ, ਉਹ ਐਸੇ ਨਿਸਚੇ ਕਰਦਾ ਹੈ ਕਿ ਉਹ ਆਪ ਹੀ ਹੀਰਾ ਰੂਪ ਹੈ ਆਪ ਹੀ ਰਤਨ ਰੂਪ ਹੈ।

ਵਾ:- ਆਪ ਹੀ ਹੀਰਾ=ਨਾਮ ਅਤੇ ਆਪ ਹੀ ਰਤਨ=ਵੈਰਾਗ ਰੂਪ ਹੈ।

ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ॥ ੨੫॥

ਗੁਰੂ ਜੀ ਆਖਦੇ ਹਨ— ਹੇ ਪਿਆਰਿਓ ! ਗੁਰਾਂ ਦਾ ਸ਼ਬਦ ਰਤਨ ਰੂਪ ਹੈ, ਜਿਸ ਵਿਚ ਨਾਮਾ ਰੂਪ ਹੀਰੇ ਜੜਤਕਾਰੀ ਹਨ॥ ੨੫॥

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥

ਹੇ ਭਾਈ ! ਉਹ ਸਿਵ=ਕਲਿਆਣ ਰੂਪ ਪਰਮਾਤਮਾ ਸਕਤੀ=ਮਾਯਾ ਦੁਆਰੇ ਆਪ ਜਗਤ ਨੂੰ ਉਤਪੰਨ ਕਰਕੇ, ਫੇਰ ਕਰਤਾ ਪੁਰਖ ਵਾਹਿਗੁਰੂ ਉਨ੍ਹਾਂ ਉੱਤੇ ਆਪ ਹੁਕਮ ਵਰਤਾਉਂਦਾ ਹੈ।

ਸਾਰੀ ਦੁਨੀਆਂ ਉਸ ਦੇ ਹੁਕਮ ਵਿਚ ਹੈ।

ਯਥਾ:- ਹੁਕਮੇ ਆਇਆ ਹੁਕਮਿ ਸਮਾਇਆ॥ ਹੁਕਮੇ ਦੀਸੈ ਜਗਤੁ ਉਪਾਇਆ॥
ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥ ੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ॥ ਹੁਕਮੇ ਪਉਣ ਪਾਣੀ ਗੈਣਾਰੰ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖਿਲਾਇਦਾ॥ ੧੧॥
ਹੁਕਮੇ ਆਡਾਣੇ ਆਗਾਸੀ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥ ੧੨॥
ਹੁਕਮਿ ਉਪਾਏ ਦਸ ਅਉਤਾਰਾ॥ ਦੇਵ ਦਾਨਵ ਅਗਣਤ ਅਪਾਰਾ॥

(ਮਾਰੂ ਸੋਲਹੇ, ਪੰਨਾ ੧੦੩੭)

ਉਸ ਪ੍ਰਭੂ ਨੇ ਦਸ ਅਵਤਾਰ ਭੀ ਅਪੁਣੇ ਹੁਕਮ ਵਿਚ ਪੈਦਾ ਕੀਤੇ ਹਨ।

ਪ੍ਰਸ਼ਨ- ਦਸ ਅਵਤਾਰਾਂ ਦੇ ਨਾਮ ਕੀ ਹਨ?

ਉੱਤਰ- ਦੋ ਬਨ ਚਰ, ਦੋ ਬਾਰ ਚਰ, ਚਾਰ ਬਿਪਰ, ਦੁਇ ਭੂਪ॥
ਇਨ ਦਸਹਨ ਕੋ ਬੰਦ ਕੇ, ਤੁਲਸੀ ਤਰ ਭਵ ਸਿੰਧ॥

ਅਰਥ- ਬਨ ਵਿਖੇ ਵਿਚਰਨ ਵਾਲੇ ਦੋ ਅਵਤਾਰ ਬਰਾਹ ਤੇ ਨਰ ਸਿੰਘ। ਬਾਰ=ਜਲ ਵਿਚ ਵਿਚਰਨ ਵਾਲੇ ਦੋ ਅਵਤਾਰ ਮੱਛ, ਕੱਛ। ਚਾਰ ਅਵਤਾਰ ਬ੍ਰਾਹਮਣ ਜਾਤੀ ਚੋਂ ਹੋਇ:- ਬੋਧਾ ੧, ਬਾਵਨ ੨, ਪਰਸ ਰਾਮ ੩, ਨਿਹਕਲੰਕ ੪। ਦੋ ਅਵਤਾਰ ਭੂਪ=ਰਾਜਾ ਰੂਪ ਹੋਇ ਹਨ:- ਸ੍ਰੀ ਰਾਮ ਚੰਦ੍ ਅਤੇ ਕ੍ਰਿਸ਼ਨ ਜੀ ਇਹ ਦਸ ਅਵਤਾਰ ਹੋਇ ਹਨ।

ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਇ॥

ਆਪ ਹੁਕਮ ਵਰਤਾਉਂਦਾ ਹੈ, ਆਪ ਹੀ ਜੀਵਾਂ ਦੇ ਕਰਮ ਦੇਖਦਾ ਹੈ, ਆਪ ਹੀ ਕਿਸੇ ਵਿਰਲੇ ਗੁਰਮੁਖ ਨੂੰ ਆਪਣਾ ਹੁਕਮ ਸਮਝਾਉਂਦਾ ਹੈ।

ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥

ਜੋ ਗੁਰਮੁਖ ਗੁਰ ਸ਼ਬਦ ਨੂੰ ਮਨ ਵਿਖੇ ਵਸਾਂਦਾ ਹੈ, ਉਹ ਸੰਸਾਰਕ ਹਉਮੈ ਦੇ ਅਤੇ ਜਨਮ ਮਰਨ ਦੇ ਬੰਧਨ ਤੋੜ ਕੇ ਮੁਕਤ ਰੂਪ ਹੁੰਦਾ ਹੈ।

ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥

ਉਹ ਪੁਰਸ਼ ਗੁਰਮੁਖ ਹੁੰਦਾ ਹੈ, ਜਿਸ ਨੂੰ ਪਰਮਾਤਮਾ ਆਪ ਕਰਦਾ ਹੈ। ਉਹ ਫਿਰ ਇੱਕ ਪਰਮੇਸ਼ਰ ਵਿਖੇ

www.sikhbookclub.com

ਲਿਵ ਲਗਾਂਦਾ ਹੈ।

ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥ ੨੬॥

ਗੁਰੂ ਜੀ ਆਪਣੇ ਹਨ— ਉਹ ਆਪ ਹੀ ਸਾਰਿਆਂ ਦਾ ਕਰਤਾ ਹੈ ਅਤੇ ਆਪ ਹੀ ਅਪੁਣਾ ਹੁਕਮ ਸਮਝਾਂਦਾ ਹੈ, ਭਾਵ ਹੁਕਮ ਮੰਨਣ ਦੀ ਸੋਝੀ ਬਖ਼ਸ਼ਦਾ ਹੈ॥ ੨੬॥

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥

ਸੰਸਾਰੀ ਜੀਵ ਸਤਾਈ ਸਿੰਮ੍ਰਤੀਆਂ, ਖਟ ਸ਼ਾਸਤ੍ਰਾਂ ਨੂੰ ਪੜ੍ਹ ਕੇ, ਪੁੰਨਾਂ ਪਾਪਾਂ ਦਾ ਹੀ ਵੀਚਾਰ ਕਰਦੇ ਹਨ, ਤੱਤ ਸਰੂਪ ਦੀ ਸੰਭਾਲ ਨਹੀਂ ਜਾਣਦੇ।

ਯਥਾ- ਸਿਮ੍ਰਿਤਿ ਸਾਸਤ ਅੰਤੁ ਨ ਜਾਣੈ॥ ਮੂਰਖੁ ਅੰਧਾ ਤਤੁ ਨ ਪਛਾਣੈ॥

(ਪੰਨਾ ੧੦੬੧)

*ਤਥਾ-*ਬੇਦ ਪੜਹਿ ਹਰਿ ਨਾਮੁ ਨ ਬੂਝਹਿ॥ ਮਾਇਆ ਕਾਰਣਿ ਪੜਿ ਪੜਿ ਲੂਝਹਿ॥
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ॥ ੧੪॥
ਬੇਦ ਬਾਦ ਸਭਿ ਆਖਿ ਵਖਾਣਹਿ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ॥

(ਮਾਰੂ ਸੋਲਹੇ ਮ: ੩, ਪੰਨਾ ੧੦੫੦)

ਤਥਾ- ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ॥ ਵਾਦੁ ਵਖਾਣਹਿ ਤਤੁ ਨ ਜਾਣਾ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ॥ ੪॥

(ਮਾਰੂ ਸੋਹਲੇ ਮ: ੧, ਪੰਨਾ ੧੦੩੨)

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥

ਪੂਰਨ ਗੁਰਾਂ ਤੋਂ ਬਿਨਾਂ ਤੱਤ ਸਰੂਪ ਪਰਮਾਤਮਾ ਦੀ ਸਾਰ ਨਹੀਂ ਜਾਣੀ ਜਾਂਦੀ।
ਸੱਚਮੁਚ ਤੱਤ ਸਰੂਪ ਦੀ ਸਾਰ ਨਹੀਂ ਜਾਣੀ ਜਾਂਦੀ।

ਯਥਾ:- ਵਾਚਹਿ ਪੁਸਤਕ ਵੇਦ ਪੁਰਾਨਾਂ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ॥

(ਮਾਰੂ ਸੋਲਹੇ ਮ: ੧, ਪੰਨਾ ੧੦੪੩)

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

ਸਾਰਾ ਸੰਸਾਰ ਤਿੰਨਾਂ ਗੁਣਾਂ ਕਰਕੇ ਭਰਮ ਵਿਚ ਸੁੱਤਾ ਪਿਆ ਹੈ, ਸੁੱਤਿਆਂ ਹੋਇਆਂ ਹੀ ਸਾਰੀ ਅਵਸਥਾ ਰੂਪ ਰਾਤ ਵਿਹਾਣੀ=ਬੀਤ ਗਈ।

ਗੁਰ ਕਿਰਪਾ ਤੇ ਸੇ ਜਨ ਜਾਗੇ
ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥

ਗੁਰੂ ਦੀ ਕਿਰਪਾ ਨਾਲ ਉਹ ਪੁਰਸ਼ ਜਾਗੇ ਹਨ, ਜਿਨ੍ਹਾਂ ਦੇ ਮਨ ਵਿਚ ਹਰੀ ਵਸ ਗਿਆ ਹੈ ਅਤੇ ਮੂੰਹੋਂ ਭੀ ਨਾਮ ਰੂਪ ਅੰਮ੍ਰਿਤ ਬਾਣੀ ਨੂੰ ਬੋਲਦੇ ਹਨ।

ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ
ਜਾਗਤ ਰੈਣਿ ਵਿਹਾਣੀ॥ ੨੭॥

ਗੁਰੂ ਜੀ ਆਖਦੇ ਹਨ-ਉਹ ਆਦਮੀ ਤੱਤ ਸਰੂਪ ਪਰਮਾਤਮਾ ਨੂੰ ਪਾਂਦਾ ਹੈ, ਜਿਸ ਨੂੰ ਹਰੀ ਰਾਤ ਦਿਨ ਲਿਵ ਲਾਗੈ=ਬਿਰਤੀ ਜੋੜਨ ਵਿਚ ਲਗਾਂਦਾ ਹੈ ਅਤੇ ਜਿਸ ਦੀ ਭਜਨ ਵਿਚ ਜਾਗਦਿਆਂ ਹੋਇਆਂ ਸਾਰੀ ਪ੍ਰਤੱਖ, ਵਾ:-ਅਵਸਥਾ ਰੂਪੀ ਰਾਤ ਵਿਹਾਣੀ=ਬੀਤਦੀ ਹੈ॥ ੨੭॥

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥

ਹੇ ਭਾਈ ! ਜੋ ਪਰਮਾਤਮਾ ਮਾਤਾ ਦੇ ਪੇਟ ਵਿਚ ਪ੍ਰਤਿਪਾਲਾ ਕਰਦਾ ਹੈ, ਉਸ ਨੂੰ ਮਨ ਚੋਂ ਕਿਉਂ ਵਿਸਾਰਨਾ=ਭੁਲਾਵਨਾ ਹੈ।

ਯਥਾ:- ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੈ॥ ੨॥ *(ਪੰਨਾ ੧੦੫੫)*

ਤਥਾ:- ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥

(ਸੋਰਠਿ ਮ: ੫ ਪੰਨਾ ੬੧੩)

ਮਨਹੁ ਕਿਉ ਵਿਸਾਰੀਐ ਏਵਡੁ ਦਾਤਾ
ਜਿ ਅਗਨਿ ਮਹਿ ਆਹਾਰੁ ਪਹੁਚਾਵਏ॥

ਏਡੇ ਵੱਡੇ ਦਾਤੇ ਪਰਮਾਤਮਾ ਨੂੰ ਮਨ ਵਿਚੋਂ ਕਿਉਂ ਭੁਲਾਵਨਾ ਹੈ, ਜੇਹੜਾ ਜਠਰ ਅਗਨੀ ਵਿਚ ਹੁੰਦਿਆਂ ਭੀ ਆਹਾਰੁ=ਭੋਜਨ ਪਹੁੰਚਾਂਦਾ ਹੈ।

ਯਥਾ- ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ॥ ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ॥
ਸਦਾ ਸਦਾ ਜਪੀਐ ਸੋ ਪ੍ਰੀਤਮੁ ਵਡੀ ਜਿਸੁ ਵਡਿਆਈ ਹੇ॥ ੩॥

(ਪੰਨਾ ੧੦੭੧)

ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ॥

ਉਸ ਪੁਰਸ਼ ਨੂੰ ਕੋਈ ਪੋਹ ਨਹੀਂ ਸਕਦਾ, ਅਰਥਾਤ :- ਕੋਈ ਦੁਸ਼ਮਨ ਵਾਰ ਨਹੀਂ ਕਰ ਸਕਦਾ, ਜਿਸ ਨੂੰ ਪ੍ਰਮੇਸ਼ੁਰ ਆਪਣੀ ਲਿਵ ਵਿਚ ਲਗਾ ਲੈਂਦਾ ਹੈ।

[ਪੰਨਾ ੯੨੧]

ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ।

ਆਪਣੀ ਲਿਵ ਵਿਖੇ ਉਹ ਪਰਮਾਤਮਾ ਆਪ ਹੀ ਲਗਾਂਵਦਾ ਹੈ, ਤਾਂ ਤੇ ਚਾਹੀਦਾ ਹੈ ਗੁਰਮੁਖਿ ਹੋ ਕੇ ਗੁਰਾਂ ਦੁਆਰੇ ਉਸ ਨੂੰ ਸਦਾ ਯਾਦ ਕਰੀਏ।

ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ॥ ੨੮॥

ਗੁਰੂ ਸਾਹਿਬ ਜੀ ਕਹਿੰਦੇ ਹਨ-ਹੇ ਪਿਆਰਿਓ ! ਏਡਾ ਵੱਡਾ ਜੋ ਪ੍ਰਮੇਸ਼ਰ ਹੈ, ਉਸ ਨੂੰ ਮਨ ਵਿਚੋਂ ਕਿਉਂ ਭੁਲਾਵਣਾ ਹੈ ਉਸ ਨੂੰ ਸਦਾ ਚੇਤੇ ਰੱਖੋ।

www.sikhbookclub.com

ਯਥਾ:-ਤੇਰੀ ਦਾਤਿ ਤੁਝੈ ਤੇ ਹੋਵੈ॥ ਦੇਹਿ ਦਾਨੁ ਸਭਸੈ ਜੰਤ ਲੋਐ॥
ਤੋਟਿ ਨ ਆਵੈ ਪੂਰ ਭੰਡਾਰੈ ਤ੍ਰਿਪਤਿ ਰਹੇ ਆਘੀਜਾ ਹੇ॥ ੮॥
ਜਾਚਹਿ ਸਿਧ ਸਾਧਿਕ ਬਨਵਾਸੀ॥ ਜਾਚਹਿ ਜਤੀ ਸਤੀ ਸੁਖਵਾਸੀ॥
ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ॥ ੯॥

(ਮਾਰੂ ਸੋਲਹੇ ਮ: ੫, ਪੰਨਾ ੧੦੭੪)

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥

ਹੇ ਭਾਈ ! ਜੇਹੋ ਜੇਹੀ ਜਠਰ ਅਗਨੀ ਮਾਤਾ ਦੇ ਪੇਟ ਵਿਚ ਹੈ, ਤੇਹੋ ਜੇਹੀ ਬਾਹਰ ਮਾਇਆ ਰੂਪ ਅਗਨੀ ਪਰਜ੍ਵਲਤ ਹੈ।

ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥

ਪ੍ਰਤੱਖ ਮਾਇਆ ਅਤੇ ਅਗਨੀ ਸਭ ਪ੍ਰਕਾਰ ਸੇ ਇੱਕੋ ਜੇਹੀ ਹੈ ਸਾੜਨੇ ਨੂੰ, ਕਰਤੇ ਪੁਰਖ ਨੇ ਇਹ ਖੇਲ ਹੀ ਐਸਾ ਰਚਾਇਆ ਹੈ। ਜਿਵੇਂ ਜਠਰ ਅਗਨੀ ਖਾਧੇ ਹੋਇ ਅੰਨ ਨੂੰ ਭਸਮ ਕਰਦੀ ਹੈ, ਤਿਵੇਂ ਪ੍ਰਤੱਖ ਮਾਇਆ ਜੀਵ ਨੂੰ ਤ੍ਰਿਸ਼ਨਾ ਵਿਚ ਪਾ ਕੇ ਅੰਤਹਕਰਨ ਨੂੰ ਸਾੜਦੀ ਹੈ।

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥

ਜਾਂ ਉਸ ਪ੍ਰਮੇਸ਼ਰ ਦਾ ਭਾਣਾ=ਹੁਕਮ ਹੁੰਦਾ ਹੈ, ਤਾਂ ਜੀਵ ਜੰਮਦਾ ਹੈ ਅਤੇ ਪਰਵਾਰ ਵਿਖੇ ਸਾਰਿਆਂ ਨੂੰ ਭਲਾ ਭਾਇਆ=ਚੰਗਾ ਲਗਦਾ ਹੈ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥

ਮਾਤਾ ਦੇ ਪੇਟ ਤੋਂ ਬਾਹਰ ਨਿਕਲਣ ਕਰਕੇ ਜਦ ਪਰਮਾਤਮਾ ਵੱਲੋਂ ਲਿਵ ਛੁੜਕ ਗਈ ਤੇ ਮਾਇਆ ਨੇ ਅਪਣਾ ਅਮਰੁ=ਹੁਕਮ ਵਰਤਾਇਆ ਤਾਂ ਤ੍ਰਿਸ਼ਨਾ ਲੱਗ ਪਈ।

ਪ੍ਰਸ਼ਨ- ਮਾਇਆ ਕੀ ਹੈ, ਮਾਇਆ ਕਿਸ ਨੂੰ ਕਹਿੰਦੇ ਹਨ? ਉੱਤਰ-

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥

ਏਹੀ ਮਾਇਆ ਹੈ ਜਿਸ ਕਰਕੇ ਹਰੀ ਨਾਮ ਵਿਸਰ ਜਾਂਦਾ ਹੈ ਤੇ ਸੰਬੰਧੀਆਂ ਦਾ ਮੋਹ ਉਪਜਦਾ ਹੈ, ਵਾ:- ਪ੍ਰਤੱਖ ਮਾਯਾ ਦਾ ਮੋਹ ਉਪਜਦਾ ਹੈ, ਜਿਸ ਮੋਹ ਨੇ, ਵਾ:- ਮਾਇਆ ਨੇ ਇਸ ਨੂੰ ਦ੍ਵੈਤ ਭਾਅ ਵਿਖੇ ਲਗਾਇਆ ਹੈ।

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ॥ ੨੯॥

ਗੁਰੂ ਜੀ ਆਖਦੇ ਹਨ— ਗੁਰੂ ਦੀ ਕਿਰਪਾ ਕਰਕੇ ਜਿਨ੍ਹਾਂ ਦੀ ਪਰਮੇਸ਼ਰ ਵਿਖੇ ਲਿਵ ਲੱਗ ਗਈ ਹੈ, ਤਿਨ੍ਹਾਂ ਨੇ ਮਾਇਆ ਦੇ ਵਿਚ ਹੀ ਰਹਿ ਕੇ ਪ੍ਰਭੂ ਨੂੰ ਪਾਇਆ ਹੈ॥ ੨੯॥

ਯਥਾ- ਬਿਆਪਤ ਹਰਖ ਸੋਗ ਬਿਸਥਾਰ॥ ਬਿਆਪਤ ਸੁਰਗ ਨਰਕ ਅਵਤਾਰ॥
ਬਿਆਪਤ ਧਨ ਨਿਰਧਨ ਪੇਖਿ ਸੋਭਾ॥ ਮੂਲੁ ਬਿਆਧੀ ਬਿਆਪਸਿ ਲੋਭਾ॥ ੧॥

www.sikhbookclub.com

ਮਾਇਆ ਬਿਆਪਤ ਬਹੁ ਪਰਕਾਰੀ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ॥ ੧॥ ਰਹਾਉ॥
ਬਿਆਪਤ ਅਹੰਬੁਧਿ ਕਾ ਮਾਤਾ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥
ਬਿਆਪਤ ਹਸਤਿ ਘੋੜੇ ਅਰੁ ਬਸਤਾ॥ ਬਿਆਪਤ ਰੂਪ ਜੋਬਨ ਮਦ ਮਸਤਾ॥ ੨॥
ਬਿਆਪਤ ਭੂਮਿ ਰੰਕ ਅਰੁ ਰੰਗਾ॥ ਬਿਆਪਤ ਗੀਤ ਨਾਦ ਸੁਣਿ ਸੰਗਾ॥
ਬਿਆਪਤ ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ ਅੰਧਿਆਰ॥ ੩॥
ਬਿਆਪਤ ਕਰਮ ਕਰੈ ਹਉ ਫਾਸਾ॥ ਬਿਆਪਤਿ ਗਿਰਸਤ ਬਿਆਪਤ ਉਦਾਸਾ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ॥ ੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ॥ ਤਾ ਕਉ ਕਹਾ ਬਿਆਪੈ ਮਾਇ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥ ਤਾ ਕੈ ਨਿਕਟਿ ਨ ਆਵੈ ਮਾਈ॥ ੫॥

(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੧)

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥

ਹਰਿ ਆਪ ਅਮੋਲਕ ਹੈ, ਉਹ ਕਿਸੇ ਮੁੱਲ ਕਰਕੇ ਭਾਵ, ਧਨ ਪਦਾਰਥ ਨਾਲ ਨਹੀਂ ਪਾਇਆ ਜਾਂਦਾ।

ਯਥਾ- ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥ ੧॥

(ਪੰਨਾ ੩੨੭)

ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ॥

ਉਹ ਪਰਮਾਤਮਾ ਕਿਸੇ ਮੁੱਲ ਨਾਲ ਭੀ ਕਿਸੇ ਵਿਟਹੁ=ਪਾਸੋਂ ਨਹੀਂ ਪਾਇਆ ਜਾਂਦਾ, ਬਹੁਤ ਸਾਰੇ ਲੋਕ ਵਿਲਲਾਇ=ਬਿਰਲਾਪ ਕਰ ਰਹੇ ਹਨ।

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ॥

ਜੈਸਾਂ ਹਰੀ ਅਮੋਲਕ ਹੈ, ਏਹੋ ਜੇਹੇ ਸਤਿਗੁਰੂ ਅਮੋਲਕ ਹਨ, ਜੇ ਉਹ ਮਿਲ ਜਾਣ ਤਾਂ ਤਿਸ ਗੁਰੂ ਨੂੰ ਅਪੁਣਾ ਸਿਰ ਅਰਪਣ ਕਰ ਦੇਈਏ ਜਿਸ 'ਤੇ ਹਿਰਦੇ ਚੋਂ ਆਪਾ ਭਾਅ ਹੰਕਾਰ ਚਲਿਆ ਜਾਵੇ।

ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ॥

ਜੀਵ ਦੇ ਮਨ ਵਿਚ ਹਰੀ ਨਾਮ ਆ ਕੇ ਵਸ ਜਾਵੇ ਤਾਂ ਜਿਸ ਦਾ ਇਹ ਜੀਵ ਹੈ, ਤਿਸ ਪ੍ਰਭੂ ਨਾਲ ਮਿਲ ਪੈਂਦਾ ਹੈ।

ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ
ਜਿਨ ਹਰਿ ਪਲੈ ਪਾਇ॥ ੩੦॥

ਗੁਰੂ ਜੀ ਕਥਨ ਕਰਦੇ ਹਨ— ਓਹ ਹਰੀ ਆਪ ਅਮੋਲਕ ਹੈ, ਤਿਨ੍ਹਾਂ ਪੁਰਸ਼ਾਂ ਦੇ ਭਾਗ ਸਭ ਤੋਂ ਚੰਗੇ ਹਨ, ਜਿਨ੍ਹਾਂ ਦੇ ਬੁੱਧੀ ਰੂਪ ਪੱਲੇ ਵਿਖੇ ਹਰੀ ਆ ਕੇ ਪ੍ਰਾਪਤ ਹੋਇਆ ਹੈ॥ ੩੦॥

ਹਰਿ ਰਾਸਿ ਮੇਰੀ ਮਨੁ ਵਣਜਾਰਾ॥

ਹੇ ਭਾਈ ! ਹਰੀ ਮੇਰੀ ਰਾਸ ਹੈ ਤੇ ਮੇਰਾ ਮਨ ਉਸ ਦਾ ਵਣਜਾਰਾ ਹੈ,

www.sikhbookclub.com

ਵਾ:- ਹਰੀ ਦੀ ਪ੍ਰਾਪਤੀ ਦੀ ਮੇਰੀ ਸ਼ਰਧਾ ਰੂਪ ਪੂੰਜੀ ਮੇਰੇ ਪਾਸ ਹੈ ਅਤੇ ਮੇਰਾ ਮਨ ਵਣਜਾਰਾ ਹੈ।

ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ॥

ਹਰੀ ਮੇਰੀ ਰਾਸ ਹੈ, ਮੇਰਾ ਮਨ ਵਣਜਾਰਾ ਹੈ, ਪਰ ਇਹ ਗੱਲ ਕਿ ਹਰੀ ਮੇਰੀ ਰਾਸ ਹੈ, ਮੈਂ ਸਤਿਗੁਰਾਂ ਤੋਂ ਜਾਣੀ ਹੈ, ਵਾ:- ਸ਼ਰਧਾ ਰੂਪੀ ਰਾਸ ਸਤਿਗੁਰਾਂ ਤੋਂ ਜਾਣੀ ਹੈ।

ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥

ਹੇ ਜੀਵੋ ! ਨਿਤਾਪ੍ਰਤੀ ਹਰਿ ਹਰਿ ਨਾਮ ਨੂੰ ਜਪਣਾ ਕਰੋ, ਮਨੁੱਖਾ ਦੇਹ ਰੂਪ ਦਿਹਾੜੀ ਦਾ ਇਹ ਲਾਭ ਖੱਟਣਾ ਕਰੋ।

*ਯਥਾ-*ਮੇਰੇ ਮਨ ਜਪੁ ਜਪਿ ਹਰਿ ਨਾਰਾਇਣ॥
ਕਬਹੂ ਨ ਬਿਸਰਹੁ ਮਨ ਮੇਰੇ ਤੇ ਆਠ ਪਹਰ ਗੁਨ ਗਾਇਣ॥ ੧॥ *(ਨਟ ਮ: ੫, ਪੰਨਾ ੯੭੯)*

ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥

ਇਹ ਹਰੀ ਨਾਮ ਰੂਪੀ ਧਨ ਜੋ ਕਿਸੇ ਜਤਨ ਨਾਲ ਨਹੀਂ ਮਿਲਦਾ, ਇਹ ਤਾਂ ਉਹਨਾਂ ਨੂੰ ਮਿਲਦਾ ਹੈ, ਜਿਨਾਂ ਨੂੰ ਹਰੀ ਆਪ ਦੇਣਾ ਭਾਣਾ=ਚਾਹੁੰਦਾ ਹੈ।

ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ॥ ੩੧॥

ਗੁਰੂ ਜੀ ਆਖਦੇ ਹਨ— ਹੇ ਭਾਈ ! ਹਰੀ ਮੇਰੀ ਰਾਸ ਹੈ, ਵਾ:- ਹਰੀ ਦੀ ਪ੍ਰਾਪਤੀ ਦੀ ਸ਼ਰਧਾ ਰੂਪ ਪੂੰਜੀ ਮੇਰੇ ਪਾਸ ਤੇ ਮੇਰਾ ਮਨ ਵਣਜਾਰਾ ਹੋ ਰਿਹਾ ਹੈ॥ ੩੧॥

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨਾ ਜਾਇ॥

ਹੇ ਰਸਨਾ ! ਹਰੀ ਸਿਮਰਨ ਦਾ ਰਸ ਛੱਡ ਕੇ ਤੂੰ ਅਨ=ਹੋਰ ਦੁਨੀਆਂ ਦੇ ਰਸਾਂ ਵਿਖੇ ਰਚ ਰਹੀ ਹੈਂ, ਇਸ ਕਰਕੇ ਤੇਰੀ ਤ੍ਰੇਹ ਨਹੀਂ ਜਾਂਦੀ।

ਯਥਾ- ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ॥ *(ਪੰਨਾ ੧੦੫੮)*

ਏਸੇ ਵਾਸਤੇ ਕਿਹਾ ਹੈ- ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ *(ਪੰਨਾ ੧੨੯੮)*

ਤਥਾ- ਆਠ ਪਹਰ ਜਿਹਵੇ ਆਰਾਧਿ॥ ਪਾਰਬ੍ਰਹਮ ਠਾਕੁਰ ਆਗਾਧਿ॥ *(ਗਉੜੀ ਮ: ੫, ਪੰਨਾ ੧੮੦)*

ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥

ਹੋਰ ਕਿਸੇ ਰਸ ਕਰਕੇ ਤੇਰੀ ਪਿਆਸ=ਤ੍ਰੇਹ ਨਹੀਂ ਜਾਵੇਗੀ, ਜਿੰਨਾਂ ਚਿਰ ਤੂੰ ਬੁੱਧੀ ਰੂਪੀ ਪੱਲੇ ਵਿਚ ਹਰੀ ਰਸ ਨੂੰ ਨਹੀਂ ਪਾਵੇਂਗੀ।

ਯਥਾ- ਆਨ ਰਸਾ ਜੇਤੇ ਤੈ ਚਾਖੇ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ॥
ਹਰਿ ਰਸ ਕਾ ਤੂੰ ਚਾਖਹਿ ਸਾਦੁ॥ ਚਾਖਤ ਹੋਇ ਰਹਹਿ ਬਿਸਮਾਦੁ॥ ੧॥
ਅੰਮ੍ਰਿਤੁ ਰਸਨਾ ਪੀਉ ਪਿਆਰੀ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ॥ ੧॥ ਰਹਾਉ॥

ਹੇ ਜਿਹਵੇ ਤੂੰ ਰਾਮ ਗੁਣ ਗਾਉ॥ ਨਿਮਖ ਨਿਮਖ ਹਰਿ ਹਰਿ ਹਰਿ ਧਿਆਉ॥

(ਗਉੜੀ ਮ: ੫, ਪੰਨਾ ੧੮੦)

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥

ਜੇ ਤੂੰ ਬੁੱਧੀ ਰੂਪ ਪੱਲੇ ਵਿਖੇ ਹਰੀ ਨਾਮ ਰਸ ਨੂੰ ਪਾਣਾ ਕਰੇਂ ਅਤੇ ਹਰੀ ਨਾਮ ਰਸ ਨੂੰ ਹੀ ਪੀਣਾ ਕਰੇਂ ਤਾਂ ਫਿਰ ਤੈਨੂੰ ਮਾਇਆ ਦੀ ਤ੍ਰਿਸ਼ਨਾ ਆ ਕੇ ਨਹੀਂ ਲਗੇਗੀ।

ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥

ਇਸ ਹਰੀ ਨਾਮ ਰਸ ਨੂੰ ਉਹ ਕਰਮੀ=ਭਾਗਾਂ ਵਾਲਾ ਜੀਵ ਪਾਂਦਾ ਹੈ, ਜਿਸ ਨੂੰ ਪੂਰਨ ਸਤਿਗੁਰ ਦੇਵ ਜੀ ਆ ਮਿਲਦੇ ਹਨ।

ਵਾ:- ਪਰਮੇਸ਼ਰ ਦੀ ਕਰਮੀ=ਕਿਰਪਾ ਕਰਕੇ ਜਿਸ ਨੂੰ ਸਤਿਗੁਰ ਦੇਵ ਜੀ ਆ ਕੇ ਮਿਲਦੇ ਹਨ, ਉਹ ਪੁਰਸ਼ ਇਸ ਹਰੀ ਨਾਮ ਰਸ ਨੂੰ ਪਾਂਵਦਾ ਹੈ।

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ
ਜਾ ਹਰਿ ਵਸੈ ਮਨਿ ਆਇ॥ ੩੨॥

ਗੁਰੂ ਜੀ ਆਖਦੇ ਹਨ— ਹੇ ਭਾਈ ! ਜਾਂ ਮਨ ਵਿਖੇ ਹਰੀ ਨਾਮ ਰਸ ਆ ਕੇ ਵਸ ਜਾਵੇ ਤਾਂ ਅਨ ਰਸ=ਦ੍ਵੈਤ ਦੇ ਹੋਰ ਸਾਰੇ ਰਸ, *ਵਾ:-* ਹੋਰ ਅਨ ਰਸ=ਕੁ-ਰਸ ਸਾਰੇ ਵਿਸਰ ਜਾਂਦੇ ਹਨ॥ ੩੨॥

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ॥

ਹੇ ਮੇਰੇ ਸਰੀਰ ! ਜਦ ਹਰੀ ਨੇ ਤੇਰੇ ਵਿਚ ਆਪਣੀ ਜੋਤ ਰੱਖੀ ਹੈ, ਤਾਂਹੀ ਤੂੰ ਇਸ ਜਗਤ ਵਿਖੇ ਆਇਆ ਹੈਂ।

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥

ਪਰਮੇਸ਼ਰ ਨੇ ਤੇਰੇ ਵਿਚ ਆਪਣੀ ਜੋਤਿ=ਸਤਾ ਰੱਖੀ ਹੈ, ਤਾਂਹੀ ਤੂੰ ਇਸ ਜਗਤ ਵਿਖੇ ਆਇਆ ਹੈਂ।

ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥

ਸਰੀਰ ਦੀ ਉਤਪਤੀ ਜਿਵੇਂ ਪਰਤੱਖ ਮਾਤਾ ਪਿਤਾ ਤੋਂ ਹੁੰਦੀ ਹੈ। ਤਿਵੇਂ ਹਰੀ ਆਪ ਹੀ ਮਾਤਾ ਰੂਪ ਹੈ ਆਪ ਹੀ ਪਿਤਾ ਰੂਪ। ਹੇ ਜੀਵ! ਜਿਸ ਨੇ ਤੈਨੂੰ ਪੈਦਾ ਕਰਕੇ ਇਹ ਸਾਰਾ ਸੰਸਾਰ ਦਿਖਾਇਆ ਹੈ।

ਯਥਾ:- ਪਉੜੀ॥ ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥

(ਮਾਰੂ ਵਾਰ ਡਖਣੇ ਸਲੋਕ ੨੧, ਪੰਨਾ ੧੧੦੧)

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥

ਇਹ ਜੋ ਚਲਤੁ ਹੋਆ=ਕੌਤਕ ਰੂਪ ਸੰਸਾਰ ਉਤਪੰਨ ਹੋਇਆ ਸ ਸੱਤ ਰੂਪ ਪ੍ਰਤੀਤ ਹੋ ਰਿਹਾ ਸੀ ਜਾਂ ਗੁਰਾਂ ਦੀ ਕਿਰਪਾ ਨਾਲ ਵਾਹਿਗੁਰੂ ਨੂੰ ਬੁਝਿਆ=ਜਾਣਿਆਂ, ਤਾਂ ਇਹ ਚਲਤੁ ਨਦਰੀ ਆਇਆ=ਕੌਤਕ ਰੂਪ ਹੀ,

www.sikhbookclub.com

ਭਾਵ ਬਾਜੀਗਰ ਦੀ ਬਾਜੀ ਵਾਂਙ ਮਿਥਿਆ ਰੂਪ ਨਿਗਾਹ ਆਇਆ।

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ
ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥ ੩੩ ॥

ਗੁਰੂ ਜੀ ਆਖਦੇ ਹਨ— ਹੇ ਭਾਈ ! ਸਾਰੀ ਸ੍ਰਿਸ਼ਟੀ ਦਾ ਮੂਲੁ=ਕਾਰਨ ਜੋ ਅਗਿਆਨ ਹੈ, ਉਸ ਕਰਕੇ ਜਗਤ ਨੂੰ ਰਚਿਆ ਹੈ। ਪੁਨਾ, ਤੇਰੇ ਸਰੀਰ ਵਿਚ ਜਦ ਉਸ ਨੇ ਆਪਣੀ ਜੋਤਿੰ=ਸਤਾ ਰੱਖੀ ਤਾਂਹੀ ਤੂੰ ਜਗਤ ਵਿਖੇ ਆਇਆ ਹੈਂ॥ ੩੩॥

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥

ਜਿਸ ਵੇਲੇ ਅਸਾਂ ਨੇ ਪ੍ਰਭੂ ਦਾ ਆਉਣਾ ਸੁਣ ਲਿਆ ਤਾਂ ਮਨ ਵਿਖੇ ਬੜਾ ਚਾਉ=ਉਤਸ਼ਾਹ ਹੋਇਆ।

ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥

ਹੇ ਸਖੀਓ=ਸੰਤੋ ! ਤੁਸੀਂ ਭੀ ਹਰੀ ਦੇ ਮੰਗਲਾਂ ਨੂੰ ਗਾਓ, ਕਿਉਂਕਿ ਹਰੀ ਦੇ ਮੰਗਲ ਦਾਇਕ ਗੀਤ ਗੈਣ ਕਰਨੇ ਨਾਲ ਹੀ ਪਰਤੱਖ ਘਰ ਤੇ ਮੰਦਰ, ਵਾ:- ਸਰੀਰ ਘਰ ਅਤੇ ਹਿਰਦਾ ਰੂਪ ਮੰਦਰ ਸ਼ੋਭਨੀਕ ਬਣਿਆ ਹੈ।

ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥

ਹੇ ਸਖੀਏ=ਸੰਤੋ ! ਨਿਤਾਪ੍ਰਤੀ ਹਰੀ ਦੇ ਮੰਗਲ ਗੈਣ ਕਰੋ, ਤਾਂ ਤੁਹਾਨੂੰ ਕੋਈ ਸੋਗੁ=ਫਿਕਰ ਅਤੇ ਦੁੱਖ ਨਹੀਂ ਵਿਆਪੇਗਾ।

ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥

ਸਭਾਗੇ ਦਿਨਾਂ ਦੇ ਅਨੁਸਾਰ, ਅਰਥਾਤ ਭਾਗਾਂ ਵਾਲੇ ਦਿਨ ਆਏ ਤੇ ਆਪਣੇ ਗੁਰਾਂ ਦੇ ਚਰਨੀਂ ਲਗੇ ਤਾਂ ਆਪਣੇ ਪਰਮੇਸਰੁ ਨੂੰ ਜਾਪਏ=ਜਾਣ ਲਿਆ।

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥

ਅਨਹਤ=ਇੱਕ ਰਸ ਗੁਰਾਂ ਦੀ ਉਪਦੇਸ਼ ਬਾਣੀ ਜਾਣੀ ਤਾਂ ਹੀ ਹਰਿ ਹਰਿ ਦੇ ਨਾਮ ਰਸ ਨੂੰ ਭੋਗਣਾ ਕੀਤਾ।

ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥ ੩੪ ॥

ਗੁਰੂ ਜੀ ਆਖਦੇ ਹਨ— ਹੇ ਭਾਈ ! ਉਹ ਪ੍ਰਭੂ ਆਪ ਆ ਕੇ ਅਸਾਨੂੰ ਮਿਲ ਪਿਆ ਹੈ, ਜੋ ਸਭ ਕਾਰਨ ਕਾਰਜ ਦੇ ਕਰਨੇ ਜੋਗੋ=ਲਾਇਕ ਹੈ।

ਵਾ:- ਜੋ ਕਾਰਨ ਰੂਪ ਬ੍ਰਹਮਾ ਆਦਿਕਾਂ ਦੇ ਕਰਨੇ ਜੋਗ ਹੈ॥ ੩੪॥

[ਪੰਨਾਂ ੯੨੨]

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ
ਕਿਆ ਤੁਧੁ ਕਰਮ ਕਮਾਇਆ ॥

ਹੇ ਮੇਰੇ ਸਰੀਰਾ ! ਇਸ ਸੰਸਾਰ ਵਿੱਚ ਆ ਕੇ- ਤੈਂਨੇ ਕੇਹੜਾ ਸ਼ੁਭ ਕਰਮ ਕਮਾਇਆ ਹੈ।

ਯਥਾ:- ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ॥

(ਪੰਨਾ ੮੮੨)

ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥

ਹੇ ਸਰੀਰਾ ! ਜਾਂ ਤੂੰ ਸੰਸਾਰ ਵਿੱਚ ਆਇਆ ਹੈਂ ਤਾਂ ਤੈਂਨੇ ਕੇਹੜਾ ਸ਼ੁਭ ਕਰਮ ਕਮਾਇਆ ਹੈ।

ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥

ਜਿਸ ਪਰਮੇਸ਼ਰ ਨੇ ਤੇਰੀ ਬਣਾਵਟ ਨੂੰ ਬਣਾਇਆ ਹੈ, ਉਸ ਪਰਮੇਸ਼ਰ ਨੂੰ ਭੀ ਤੈਂਨੇ ਮਨ ਵਿੱਚ ਨਹੀਂ ਵਸਾਇਆ।

ਯਥਾ:- ਜਿਸਹਿ ਸਾਜਿ ਨਿਵਾਜਿਆ ਤਿਸਹਿ ਸਿਉ ਰੁਚ ਨਾਹਿ॥
ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ॥

(ਮਾਰੂ ਮ: ੫, ਪੰਨਾ ੧੦੦੨)

ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥

ਗੁਰਾਂ ਦੀ ਕਿਰਪਾ ਕਰਕੇ ਜਿਨ੍ਹਾਂ ਦੇ ਮਨ ਵਿੱਚ ਹਰੀ ਵਸਿਆ ਹੈ, ਸੋ ਉਨ੍ਹਾਂ ਨੇ ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਹੀ ਪਾਇਆ ਹੈ।

ਯਥਾ- ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ॥

(ਮਾਰੂ ਵਾਰ ਸਲੋਕ ੨੧, ਪੰਨਾ ੧੦੯੩)

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ॥ ੩੫॥

ਗੁਰੂ ਜੀ ਆਖਦੇ ਹਨ— ਹੇ ਭਾਈ ! ਉਨ੍ਹਾਂ ਪੁਰਸ਼ਾਂ ਦਾ ਇਹ ਮਨੁੱਖਾ ਸਰੀਰ ਪ੍ਰਮਾਣੀਕ, ਭਾਵ ਸਫਲਾ ਹੋਇਆ ਹੈ, ਜਿਨ੍ਹਾਂ ਨੇ ਸਤਿਗੁਰਾਂ ਨਾਲ ਚਿੱਤ ਨੂੰ ਲਾਇਆ ਹੈ॥ ੩੫॥

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥

ਹੇ ਮੇਰੇ ਨੇਤ੍ਰੋ ! ਤੁਹਾਡੇ ਵਿੱਚ ਪਰਮੇਸ਼ਰ ਨੇ ਪ੍ਰਕਾਸ਼ ਰੂਪ ਜੋਤਿ ਰੱਖੀ ਹੈ ਇਸ ਕਰਕੇ ਇਨ੍ਹਾਂ ਨਾਲ ਉਸ ਹਰੀ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਦੇਖੋ।

ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥

ਹਰੀ ਤੋਂ ਬਿਨਾਂ ਕਿਸੇ ਹੋਰ ਨੂੰ ਨਾ ਦੇਖੋ। ਨਦਰੀ=ਕਿਰਪਾ ਦ੍ਰਿਸ਼ਟੀ ਦੇ ਕਰਨ ਵਾਲਾ ਜੋ ਹਰੀ ਹੈ, ਉਸ ਨੂੰ ਹੀ ਨਿਹਾਲਿਆ=ਦੇਖਣਾ ਚਾਹੀਦਾ ਹੈ।

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥

www.sikhbookclub.com

ਇਹ ਜੋ ਵਿਸੁ=ਜ਼ਹਿਰ ਯਾਨੇ ਦੁੱਖ ਰੂਪ ਸੰਸਾਰ ਦੇਖਦੇ ਹੋ, ਇਹ ਹਰੀ ਦਾ ਰੂਪ ਹੈ, ਸੱਚ-ਮੁੱਚ ਗਿਆਨਵਾਨਾਂ ਨੂੰ ਸੰਸਾਰ ਹਰੀ ਰੂਪ ਹੀ ਨਦਰੀ=ਨਿਗਾਹ ਆਇਆ ਹੈ।

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ॥

ਗੁਰਾਂ ਦੀ ਕਿਰਪਾ ਨਾਲ ਅਸਾਂ ਨੇ ਭੀ ਬੁਝਿਆ=ਜਾਣ ਲਿਆ ਹੈ ਜਾਂ ਦੇਖਿਆ ਤਾਂ ਇੱਕ ਹਰੀ ਹੀ ਹੈ, ਉਸ ਹਰੀ ਤੋਂ ਬਿਨਾਂ ਹੋਰ ਕੋਈ ਨਹੀਂ।

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ ੩੬॥

ਗੁਰੂ ਜੀ ਆਖਦੇ ਹਨ— ਹੇ ਭਾਈ ! ਹਰੀ ਦੇ ਦਰਸ਼ਨਾਂ ਵੱਲੋਂ ਇਹ ਨੇਤ੍ਰ ਅੰਨ੍ਹੇ ਸਨ, ਵਾ:- ਅੰਨ੍ਹਿਆਂ ਸ੍ਰੀਖੇ ਸਨ ਪਰ ਸਤਿਗੁਰਾਂ ਨਾਲ ਮਿਲਣ ਕਰਕੇ ਦਿਬ ਦ੍ਰਿਸ਼ਟੀ=ਗਿਆਨ ਦ੍ਰਿਸ਼ਟੀ, ਅਰਥਾਤ ਪਰਮਾਤਮਾ ਨੂੰ ਅਨਭਵ ਕਰਨ ਵਾਲੀ ਅੰਦਰੰਲੀ ਸ਼ਕਤੀ ਪ੍ਰਾਪਤ ਹੋਈ ਹੈ॥ ੩੬॥

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥

ਹੇ ਮੇਰੇ ਕੰਨੋ ! ਸੱਚੇ ਪਰਮੇਸ਼ਰ ਨੇ ਨਾਮ ਸੁਨਣ ਵਾਸਤੇ ਹੀ ਸੰਸਾਰ ਵਿੱਚ ਤੁਹਾਨੂੰ ਪਠਾਏ=ਭੇਜਿਆ ਹੈ।

ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥

ਸੱਚੇ ਪਰਮੇਸ਼ਰ ਨੇ ਨਾਮ ਸੁਣਨ ਲਈ ਭੇਜਿਆ ਹੈ ਅਤੇ ਤੁਹਾਨੂੰ ਸਰੀਰ ਦੇ ਨਾਲ ਲਗਾਇਆ ਹੈ ਇਸ ਲਈ ਤੁਸੀਂ ਸੱਚੀ ਬਾਣੀ ਨੂੰ ਸੁਣੋ।

ਯਥਾ:- ਮੇਰੇ ਮਨ ਕਰਨ ਸੁਣਿ ਹਰਿ ਨਾਮੁ॥
ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨੁ ਬਪੁਰੋ ਜਾਮੁ॥ *(ਮਾਰੂ ਮ: ੫, ਪੰਨਾ ੧੦੦੬)*

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥

ਜਿਸ ਸੱਚੀ ਬਾਣੀ ਦੇ ਸੁਨਣ ਨਾਲ ਮਨ ਤਨ ਸ਼ੁਭ ਗੁਣਾਂ ਨਾਲ ਹਰਿਆ ਹੁੰਦਾ ਹੈ ਅਤੇ ਜਿਸ ਦੇ ਜਪਣ ਨਾਲ ਰਸਨਾ ਆਤਮ ਰਸ ਵਿਚ ਸਮਾਣੀ=ਮਗਨ ਹੁੰਦੀ ਹੈ।

ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥

ਉਹ ਵਿਡਾਣੀ=ਅਸਚਰਜ ਸਰੂਪ ਸੱਚਾ ਪਰਮਾਤਮਾ ਮਨ ਬੁੱਧੀ ਆਦਿਕਾਂ ਕਰਕੇ ਅਲੱਖ ਹੈ, ਜਾਣਿਆਂ ਨਹੀਂ ਜਾਂਦਾ, ਨਾ ਹੀ ਉਸ ਦੀ ਗਤੀ ਕਥਨ ਕੀਤੀ ਜਾ ਸਕਦੀ ਹੈ।

ਯਥਾ:- ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ॥
(ਬਿਲਾਵਲ ਮ: ੫, ਪੰਨਾ ੮੨੨)

ਤਥਾ:- ਹਰਿ ਕੀ ਗਤਿ ਨਹਿ ਕੋਊ ਜਾਨੈ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥ ੧॥
(ਬਿਹਾਗੜਾ ਮ: ੯, ਪੰਨਾ ੫੩੨)

www.sikhbookclub.com

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ॥ ੩੭॥

ਗੁਰੂ ਜੀ ਕਥਨ ਕਰਦੇ ਹਨ— ਹੇ ਮੇਰੇ ਕੰਨੋ ! ਤੁਸੀਂ ਨਾਮ ਅੰਮ੍ਰਿਤ ਨੂੰ ਸੁਣੋ, ਸੁਣ ਕੇ ਪਵਿੱਤ੍ਰ ਹੋ ਜਾਓ ਕਿਉਂਕਿ ਸੱਚੇ ਪਰਮੇਸ਼ਰ ਨੇ ਤੁਹਾਨੂੰ ਨਾਮ ਸੁਣਨੇ ਵਾਸਤੇ ਹੀ ਸੰਸਾਰ ਵਿੱਚ ਪਠਾਏ=ਭੇਜਿਆ ਹੈ॥ ੩੭॥

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥

ਹੇ ਪਿਆਰੇ ! ਹਰਿ ਜੀ ਪਰਮਾਤਮਾ ਨੇ ਜੀਵ ਨੂੰ ਮਾਤਾ ਦੇ ਉਦਰ ਰੂਪ ਗੁਫਾ ਅੰਦਰ ਰੱਖ ਕੇ, ਪ੍ਰਸੂਤ ਪੌਣ ਰੂਪ ਵਾਜੇ ਨੂੰ ਵਜਾਇਆ ਹੈ।

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ
ਦਸਵਾ ਗੁਪਤੁ ਰਖਾਇਆ॥

ਪ੍ਰਸੂਤ ਪੌਣ ਰੂਪ ਵਾਜੇ ਨੂੰ ਵਜਾ ਕੇ- ਨਉ ਗੋਲਕਾਂ ਵਾਲੇ ਸਰੀਰ ਨੂੰ ਬਾਹ਼ਰ ਪ੍ਰਗਟ ਕੀਤਾ ਅਤੇ ਦਸਵਾਂ ਦੁਆਰ ਗੁਪਤ ਰੱਖਿਆ ਹੈ।

ਅਥਵਾ:- ਹਰਿ ਜੀ ਪਰਮਾਤਮਾ ਨੇ ਜੀਵ ਨੂੰ ਸਰੀਰ ਗੁਫਾ ਦੇ ਅੰਦਰ ਰੱਖ ਕੇ ਤੇ ਪਉਣ=ਸ੍ਵਾਸਾਂ ਰੂਪੀ ਵਾਜੇ ਨੂੰ ਵਜਾਇਆ ਹੈ।

ਅਰਥਾਤ, ਸ੍ਵਾਸਾਂ ਦੁਆਰੇ ਸਰੀਰ ਦੀ ਸਾਰੀ ਚੇਸਟਾ ਕਰਾ ਰਿਹਾ ਹੈ। ਪਉਣ=ਸ੍ਵਾਸਾਂ ਰੂਪੀ ਵਾਜੇ ਨੂੰ ਵਜਾਇਆ ਹੈ, ਇਸ ਸਰੀਰ ਵਿਖੇ ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਸਿਸਨ ਅਤੇ ਗੁਦਾ ਇਹ ਨੌਂ ਦਰਵਾਜ਼ੇ ਪ੍ਰਗਟ ਰੱਖੇ ਹਨ, ਪਰ ਦਸਵਾਂ ਦਰਵਾਜ਼ਾ ਗੁਪਤ ਰੱਖਿਆ ਹੈ, ਇਸ ਦਸਮ ਦੁਆਰ ਦਾ ਬਾਹਰੋਂ ਕੋਈ ਰਸਤਾ ਨਿਗਾਹ ਨਹੀਂ ਆਂਦਾ।

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥

ਜਿਨ੍ਹਾਂ ਨੇ ਗੁਰਾਂ ਦੁਆਰੇ ਭਾਵਨੀ=ਸ਼ਰਧਾ ਲਾਈ ਹੈ, ਉਨ੍ਹਾਂ ਇਕਨਾਂ ਨੂੰ ਦਸਮਾ ਦੁਆਰ ਪਰਤੱਖ ਦਿਖਾ ਦਿੱਤਾ ਹੈ, *ਵਾ:-* ਦਸਾਂ ਦੁਆਰਿਆਂ ਵਿੱਚ ਪੂਰਨ ਜੋ ਪਰਮੇਸ਼ਰ ਹੈ ਉਹ ਪਰਤੱਖ ਦਿਖਾਇਆ ਹੈ।

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥

ਤਿਸ ਦਸਮ ਦੁਆਰ ਵਿੱਚ ਅਨੇਕ ਤਰ੍ਹਾਂ ਦਾ ਨਾਉ ਰੂਪ=ਨਾਮ ਰੂਪ ਪ੍ਰਪੰਚ ਹੈ ਅਤੇ ਨੌ ਨਿਧੀਆਂ ਦਾ ਕਰਤਾ ਹੈ, ਤਿਸ ਕਰਤੇ ਦਾ ਅੰਤ ਨਹੀਂ ਪਾਇਆ ਜਾਂਦਾ, *ਵਾ:-* ਤਿਸ ਦਸਮ ਦੁਆਰ ਵਿੱਚ ਅਨੇਕਾਂ ਰੂਪ, ਨਾਮ ਅਤੇ ਨੌ ਨਿਧੀਆਂ ਹਨ, ਜਿਸ ਦਾ ਅੰਤ ਨਹੀਂ ਪਾਇਆ ਜਾਂਦਾ।

ਕਹੈ ਨਾਨਕੁ ਹਰਿ ਪਿਆਰੈ ਜੀਉ
ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥ ੩੮॥

ਗੁਰੂ ਜੀ ਆਖਦੇ ਹਨ— ਪਿਆਰੇ ਹਰਿ ਜੀ ਨੇ ਜੀਵ ਨੂੰ ਸਰੀਰ ਗੁਫ਼ਾ ਦੇ ਅੰਦਰ ਰੱਖ ਕੇ ਪਵਣੁ=ਸ੍ਵਾਸਾਂ ਰੂਪ ਵਾਜੇ ਨੂੰ ਵਜਾਇਆ ਹੈ॥ ੩੮॥

ਇਥੋਂ ਤੱਕ ਸ੍ਰੀ ਗੁਰੂ ਅਮਰਦਾਸ ਜੀ ੩੮ ਪਉੜੀਆਂ ਜੋਗੀ ਪਰਥਾਇ ਉਚਾਰ ਕੇ ਅਨੰਦ ਕਰ ਦਿੱਤਾ, ਫਿਰ ਬੱਲੂ ਦੇ ਹੱਥ ਹੀ ਘਰ ਭੇਜ ਦਿੱਤਾ, ਜਿਸ ਵੇਲੇ ਬਾਲਕੇ ਨੂੰ ਘਰ ਦੇ ਕੇ ਬੱਲੂ ਵਾਪਸ ਆਇਆ ਤਾਂ ਹਜ਼ੂਰ ਨੇ ਇਸ ਬਾਣੀ ਦਾ ਮਹਾਤਮ ਸੁਣਾਇਆ।

ਯਥਾ:- ਪੌੜੀ ਕਰੀ ਦੋਇ ਕਮ ਚਾਲੀ। ਨਿਜ ਪੋੜ੍ਹੇ ਪਰਿਥਾਇ ਬਿਸਾਲੀ॥ ੧੫॥

ਪੌੜ੍ਹ ਸੁ ਬਾਨੀ ਕੋ ਆਨੰਦ। ਨਾਮ ਧਰਯੋ ਗੁਰ ਭਯੋ ਅਨੰਦ।
ਪੁਨ ਬੱਲੂ ਕੋ ਦੀਨਿਸ ਬਾਲਕ। ਲੇ ਘਰ ਕੋ ਗਮਨਯੋ ਤਤਕਾਲਕ॥ ੧੬॥
ਤਿਸ ਮਾਤਾ ਕੀ ਦਿਯੋ ਸੁ ਗੋਦ। ਦੇਖਿ ਪੁਤ੍ਰ ਕੋ ਮਹਾਂ ਪ੍ਰਮੋਦ।
ਜਬਿ ਬੱਲੂ ਗੁਰ ਕੇ ਫਿਗ ਆਯੋ। ਮੰਗਲ ਮੂਲ ਸੁ ਬਾਕ ਸੁਨਾਯੋ॥ ੧੭॥
ਲਿਹੁ ਢੋਲਕ ਅਬਿ ਅਪਨੇ ਹਾਥ। ਚਢਿ ਕੋਠੈ ਪਰ ਬਡ ਸੁਰ ਸਾਥ।
ਗਾਵਹੁ ਅਨੰਦ ਬਜਾਵਹੁ ਜਾਵਹੁ। ਹਰਖਾਵਹੁ ਬਹੁ ਨਰਿਨ ਸੁਨਾਵਹੁ॥ ੧੮॥
ਇਹੁ ਬਾਨੀ ਸੁੰਦਰ ਗੁਨ ਭਰੀ। ਸੁਨਹਿਂ ਜੁ ਪਾਇ ਕਾਮਨਾ ਧਰੀ।
ਨਿਤਿ ਇਸ ਪਠਨ ਨੇਮ ਨਿਰਬਾਹੇ। ਅਲਭ ਨ ਵਸਤੁ ਹੋਤਿ ਜਿਹ ਚਾਹੇ॥ ੧੯॥
ਭੁਕਤਿ ਮੁਕ਼ਤਿ ਕੀ ਇਹ ਫਲਦਾਇਕ। ਪਾਯ ਪਦਾਰਥ ਸਹਿਜ ਸੁਭਾਇਕ।
ਰਚੀ ਹੇਤੁ ਸਿੱਖਯਨ ਕਲਯਾਨ। ਪਠਹਿਂ ਸੁਨਹਿਂ ਸੂਖ ਲਹਹਿਂ ਮਹਾਨ॥ ੨੦॥
ਸਭਿ ਕਾਰਜ ਕੀ ਸਿਧੀ ਦੇਤਿ। ਜੋ ਇਸਿ ਧਾਰਹਿ ਪ੍ਰੇਮ ਸਮੇਤ।
ਸਭਿ ਮੰਗਲ ਕੇ ਆਦਿ ਪਢੀਜੈ। ਪੂਰਨ ਹ੍ਵੈ ਨਿਰ ਵਿਘਨ ਲਹੀਜੈ॥ ੨੧॥
ਗੁਰ ਆਇਸੁ ਤੇਸ ਬੱਲੂ ਦਾਸ। ਲੇਕਰਿ ਢੋਲਕ ਅਪਨੇ ਪਾਸ।
ਕੋਠੇ ਪਰ ਚਢਿ ਕੈ ਤਤਕਾਲਾ। ਕੀਨ ਬਜਾਵਨਿ ਧੁਨਿ ਬਿਸਾਲਾ॥ ੨੨॥
ਆਠਤੀਸ ਪੌੜੀ ਸਭਿ ਗਾਈ। ਧੁਨਿ ਊਚੀ ਸੋਂ ਨਰਨ ਸੁਨਾਈ।
ਜਿਨ ਜਿਨ ਸੁਨਯੋ ਕਾਨ ਮਹਿ ਤਬੈ। ਭਾਉ ਭਗਤਿ ਪ੍ਰਗਟੀ ਉਰ ਸਬੈ॥ ੨੩॥

(ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੫੯)

ਹੁਣ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਅਨੰਦੁ ਸਾਹਿਬ ਜੀ ਦੇ ਮਹਾਤਮ ਦੀ ੩੯ਵੀਂ ਪਉੜੀ ਉਚਾਰਦੇ ਹਨ:-

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥

ਹੇ ਭਾਈ ! ਇਹ ਜੋ ਸੱਚਾ ਸੋਹਿਲਾ=ਅਨੰਦ ਸਾਹਿਬ ਹੈ, ਸੋਹਿਲਾ=ਜਸ ਰੂਪ, ਇਸ ਨੂੰ ਸੱਚੇ ਸਤਿਸੰਗ ਰੂਪ ਘਰ ਵਿੱਚ ਬੈਠ ਕੇ ਗਾਵਣਾ ਕਰੋ।

ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ॥

ਸੱਚੇ ਘਰ ਸਤਿਸੰਗ ਵਿਖੇ ਬੈਠ ਕੇ- ਇਸ ਸੋਹਿਲਾ=ਅਨੰਦ ਸਾਹਿਬ ਨੂੰ ਗਾਵੋ, ਜਿਥੈ=ਜਿਸ ਸਤਿਸੰਗ ਘਰ ਵਿਖੇ ਗੁਰਮੁਖ ਜਨ ਸਦੀਵ ਕਾਲ ਸੱਚੇ ਪ੍ਰਮੇਸ਼ਰ ਨੂੰ ਧਿਆਉਂਦੇ ਹਨ।

ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ॥

ਹੇ ਪਰਮਾਤਮਾ ! ਜਾਂ ਤੈਨੂੰ ਭਾਅ ਜਾਣ, ਤਾਂ ਤੇਰੇ ਸੱਚ ਸਰੂਪ ਨੂੰ ਧਿਆਉਂਦੇ ਹਨ, ਅਸਲੀ ਗੁਰਮੁਖ ਓਹੀ ਹਨ, ਜਿਨ੍ਹਾਂ ਨੂੰ ਤੂੰ ਸਮਝਾ ਦੇਂਦਾ ਹੈਂ। ਵਾ:- ਗੁਰਾਂ ਦੁਆਰੇ ਜਿਨ੍ਹਾਂ ਨੂੰ ਤੂੰ ਸਮਝਾ ਦੇਂਦਾ ਹੈਂ, ਓਹੀ ਸਮਝਦੇ ਹਨ।

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥

ਇਹ ਸਚੁ=ਪਰਮਾਤਮਾ ਸਾਰਿਆਂ ਦਾ ਮਾਲਕ ਹੈ, ਜਿਸ ਨੂੰ ਅਨੰਦ ਸਾਹਿਬ ਜੀ ਦੇ ਪੜ੍ਹਣ ਦਾ ਉੱਦਮ ਬਖਸ਼ਦਾ ਹੈ, ਉਹੀ ਪਾਂਵਦਾ ਹੈ।

ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ॥ ੩੯॥

ਗੁਰੂ ਜੀ ਆਖਦੇ ਹਨ—ਇਹ ਜੋ ਸੱਚਾ ਸੋਹਿਲਾ=ਅਨੰਦ ਸਾਹਿਬ ਹੈ, ਇਸ ਨੂੰ ਸਤਿਸੰਗ ਘਰ ਵਿੱਚ ਬੈਠ ਕੇ ਗਾਵੇ॥ ੩੯॥

ਹੁਣ ਅੱਗੋਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਅਨੰਦ ਸਾਹਿਬ ਜੀ ਦੇ ਮਹਾਤਮ ਦੀ ਚਾਲੀਵੀਂ ਪਉੜੀ ਉਚਾਰ ਕੇ ਅਨੰਦ ਸਾਹਿਬ ਦੀ ਸਮਾਪਤੀ ਕਰਦੇ ਹਨ:-

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥

ਹੇ ਵਡਭਾਗੀਹੋ=ਵੱਡੇ ਭਾਗਾਂ ਵਾਲਿਓ! ਤੁਸੀਂ ਅਨੰਦ ਨਾਮੇ ਬਾਣੀ ਨੂੰ ਸੁਣੋ, ਤਾਂ ਤੁਹਾਡੇ ਸਾਰੇ ਮਨੋਰਥ=ਸੰਕਲਪ ਪੂਰੇ ਹੋ ਜਾਣਗੇ।

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥

ਜਿਨ੍ਹਾਂ ਨੇ ਇਸ ਬਾਣੀ ਨੂੰ ਸੁਣਿਆ ਹੈ, ਉਨ੍ਹਾਂ ਨੇ ਪ੍ਰਭੂ=ਰਖਯੱਕ ਪਾਰਬ੍ਰਹਮ ਨੂੰ ਪਾਇਆ ਹੈ ਅਤੇ ਉਨ੍ਹਾਂ ਦੇ ਸਾਰੇ ਵਿਸੂਰੇ=ਝੋਰੇ ਉਤਰ ਗਏ ਹਨ।

ਅਥਵਾ- ਪ੍ਰਭੂ ਪਾਰਬ੍ਰਹਮ ਨੂੰ ਅਸੀਂ ਪਾ ਲਿਆ ਹੈ, ਜਿਸ 'ਤੇ ਸਾਰੇ ਵਿਸੂਰੇ=ਝੋਰੇ, ਉਤਰੇ=ਦੂਰ ਹੋ ਗਏ ਹਨ।

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥

ਜਿਨ੍ਹਾਂ ਨੇ ਇਹ ਸੱਚੀ ਅਨੰਦ ਸਾਹਿਬ ਦੀ ਬਾਣੀ ਸੁਣੀ ਹੈ, ਉਨ੍ਹਾਂ ਦੇ ਦੁੱਖ ਜਨਮ ਮਰਨ ਦੇ ਰੋਗ ਸਰੀਰਕ, ਅਤੇ ਸੰਤਾਪ ਮਨ ਦੇ ਸਭ ਉਤਰ ਗਏ ਹਨ।

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥

ਪੂਰਿਆਂ ਗੁਰਾਂ ਤੋਂ ਜਦ ਅਸਾਂ ਨੇ ਇਸ ਬਾਣੀ ਦੀ ਮਹਿਮਾ ਜਾਣੀ ਤਦ ਸ਼ੁਭ ਗੁਣਾਂ ਰੂਪੀ ਸੰਤ ਸੱਜਣ ਸਰਸੇ ਭਏ=ਅਧਿਕ ਹੋਏ।

ਅਥਵਾ:- ਪੂਰਿਆਂ ਗੁਰਾਂ ਤੋਂ ਜਦ ਇਸ ਬਾਣੀ ਦੀ ਮਹਿਮਾ ਜਾਣੀ ਤਾਂ ਸੱਜਣ ਜੋ ਸੰਤ ਹਨ, ਉਹ ਸਰਸੇ=ਸਹਿਤ ਰਸ ਦੇ ਹੋਇ, ਵਾ:- ਸਰਸੇ=ਅਨੰਦ ਹੋਇ।

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥

ਇਸ ਬਾਣੀ ਦੇ ਸੁਣਨ ਵਾਲੇ ਪਵਿੱਤ੍ਰ ਹਨ ਅਤੇ ਕਹਿਣ ਵਾਲੇ ਭੀ ਪਵਿੱਤ੍ਰ ਹਨ।

ਯਥਾ:- ਕਹਤੇ ਪਵਿਤ੍ਰ ਸੁਨਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ॥

(ਸਿਰੀਰਾਗ ਛੰਤ ਮਹਲਾ ੫, ਪੰਨਾ ੯੧)

ਤਥਾ:- ਕਹਤ ਪਵਿਤ੍ਰ ਸੁਣਤ ਪੁਨੀਤ॥ ਗੁਣ ਗੋਵਿੰਦ ਗਾਵਹਿ ਨਿਤ ਨੀਤ॥

(ਗਉੜੀ ਮ: ੫, ਪੰਨਾ ੧੯੩)

ਤਥਾ:- ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ॥

(ਰਾਮਕਲੀ ਮ: ੩ ਅਨੰਦ, ਪੰਨਾ ੯੧੯)

ਕਿਉਂਕਿ ਇਸ ਬਾਣੀ ਵਿਖੇ ਸਤਿਗੁਰਾਂ ਦਾ ਜਸ ਭਰਪੂਰ ਹੋ ਰਿਹਾ ਹੈ।

ਅਥਵਾ- ਇਸ ਬਾਣੀ ਵਿਖੇ ਸਤਿ=ਤ੍ਰੈ ਕਾਲ ਅਬਾਧ, ਗੁਰੁ=ਚੇਤਨ ਪਰਮਾਤਮਾ ਦਾ ਜਸ ਵਾ ਨਾਮ ਭਰਪੂਰ ਹੋ ਰਿਹਾ ਹੈ।

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥ ੪੦॥ ੧॥

ਗੁਰੂ ਜੀ ਆਖਦੇ ਹਨ— ਜਦ ਦੇ ਅਸੀਂ ਗੁਰਾਂ ਦੇ ਚਰਨਾਂ ਨਾਲ ਲਗੇ ਹਾਂ, ਤਦ ਦੇ ਅਨਹਦ=ਇੱਕ ਰਸ ਜਸ ਰੂਪ ਤੂਰੇ=ਵਾਜੇ ਆਏ ਹਨ।

ਤੁਸੀਂ ਭੀ ਗੁਰਾਂ ਦੇ ਚਰਨਾਂ ਨਾਲ ਲੱਗ ਕੇ ਇਸ ਬਾਣੀ ਨੂੰ ਸੁਣ ਕੇ ਨਾਮ ਜਪੋ ਤਾਂ ਤੁਹਾਡੇ ਭੀ ਜਸ ਰੂਪ ਵਾਜੇ ਵੱਜਣਗੇ॥ ੪੦॥ ੧॥

ਵਾਕਿਆ ਹੀ ਇਹ ਬਾਣੀ ਅਨੰਦ ਸਰੂਪ ਹੈ, ਇਸ ਦਾ ਨਾਮ ਅਨੰਦ ਹੈ ਤੇ ਪਾਠਕਾਂ ਨੂੰ ਆਨੰਦ ਹੀ ਦੇਣ ਵਾਲੀ ਹੈ, ਮੰਨਨ ਕਰਨ ਵਾਲਿਆਂ ਨੂੰ ਭਗਤੀ ਤੇ ਵੈਰਾਗ ਦੇਣ ਵਾਲੀ ਹੈ, ਨਿਧਿਆਸਣ ਕਰਨ ਵਾਲਿਆਂ ਨੂੰ ਮੁਕਤੀ ਤੇ ਗੋਬਿੰਦ ਦੀ ਪ੍ਰਾਪਤੀ ਕਰਨ ਵਾਲੀ ਹੈ।

ਯਥਾ:- ਅਨੰਦ ਮੂਲ ਬਾਣੀ ਸੁਭ ਕਰੀ। ਭਗਤਿ ਵਿਰਾਗ ਗਜਾਨ ਸੋਂ ਭਰੀ।
ਚਤੁਰਥ ਪਾਤਸਾਹ ਜਬਿ ਭਏ। ਇਕ ਪੌੜੀ ਤਿਨਹੂੰ ਰਚਿ ਕਏ॥ ੨੪॥
ਇਕ ਸ੍ਰੀ ਅਰਜਨ ਤਿਹ ਸੰਗ ਜੋੜੀ। ਅਨੰਦ ਮਹਾਤਮ ਚਾਲਿਸ ਪੌੜੀ।
ਅੰਮ੍ਰਿਤੁ ਸਮੈਂ ਜੁ ਪਠਹਿ ਅਨੰਦ। ਮਿਲਹਿ ਗੁਬਿੰਦ ਮੁਕੰਦ ਅਨੰਦ॥ ੨੫॥

(ਸੂਰਜ ਪ੍ਰਤਾਪ ਰਾਸਿ ੧, ਅੰਸੂ ੫੯)

ਯਥਾ:- ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ॥
ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥
ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ॥
ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ॥
ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥
ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥ ੫॥ ੧੪॥

www.sikhbookclub.com

ਭਾਵ ਅਰਥ:- ਜਿਸ ਉੱਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਸੰਨਤਾ ਹੁੰਦੀ ਹੈ, ਉਸ ਨੂੰ ਦੁੱਖ, ਭੁੱਖ, ਚਿੰਤਾ ਵਗੈਰਾ ਦਾ ਕੋਈ ਲੇਪ ਨਹੀਂ ਹੁੰਦਾ ਅਤੇ ਉਸ ਅੱਗੇ ਹਜ਼ਾਰਾਂ ਪਦਾਰਥ ਆਪੇ ਤੁਰੇ ਆਉਂਦੇ ਹਨ।

ਯਥਾ- ਤਿ ਨਰ ਦੁਖ ਨਹ ਭੁਖ ਤਿ ਨਰ ਨਿਧਨ ਨਹੁ ਕਹੀਅਹਿ॥
ਤਿ ਨਰ ਸੋਕੁ ਨਹੁ ਹੂਐ, ਤਿ ਨਰ ਸੇ ਅੰਤੁ ਨ ਲਹੀਅਹਿ॥
ਤਿ ਨਰ ਸੇਵ ਨਹੁ ਕਰਹਿ, ਤਿ ਨਰ ਸਯ ਸਹਸ ਸਮਪਹਿ॥
ਤਿ ਨਰ ਦੁਲੀਚੈ ਬਹਹਿ, ਤਿ ਨਰ ਉਥਪਿ ਬਿਥਪਹਿ॥
ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ॥
ਸਕਯਥ ਤਿ ਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ॥ ੨॥ ੧੧॥

(ਸਵਯੇ ਮਃ ੩, ਪੰਨਾ ੧੩੯੪)

(ਅਨੰਦੁ ਸਾਹਿਬ ਸਮਾਪਤੰ)

[ਪੰਨਾ ੯੨੩]

ਰਾਮਕਲੀ ਸਦੁ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ– ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਪੋਥੀਆਂ ਲੈਣ ਵਾਸਤੇ ਗੋਇੰਦਵਾਲ ਗਏ ਹਨ ਤੇ ਬਾਬੇ ਮੋਹਨ ਜੀ ਪਾਸੋਂ ਪੋਥੀਆਂ ਲੈ ਕੇ ਵਾਪਸ ਤੁਰਨ ਲਗੇ ਹਨ। ਉਸ ਵੇਲੇ ਬਾਬਾ ਮੋਹਰੀ ਜੀ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ, 'ਹੇ ਸਤਿਗੁਰੂ ਜੀ! ਆਪ ਕਿਰਪਾ ਕਰਕੇ ਦਾਸ ਦੇ ਘਰ ਚਲੋ।'

ਯਥਾ:- ਸ੍ਰੀ ਅਰਜਨ ਗੁਰ ਗਜਾਨ ਉਦਾਰੇ ਕ੍ਰਿਪਾ ਕਰਹੁ ਘਰ ਚਲਹੁ ਹਮਾਰੇ॥ ੬॥
ਜਥਾ ਬਿਦਰ ਕੇ ਗਏ ਨਿਕੇਤ। ਦਈ ਬਡਾਈ ਪ੍ਰੀਤਿ ਸਮੇਤ।
ਪ੍ਰੇਮ ਰਿਦੇ ਕੋ ਦੇਖਨਿ ਕਰੋ। ਯਾਂਤੇ ਦੀਨ ਧਾਮ ਪਗ ਧਰੋ॥ ੭॥

ਤਿਸ ਵੇਲੇ ਮੋਹਰੀ ਜੀ ਦੇ ਪ੍ਰੇਮ ਨੂੰ ਦੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਦੇ ਘਰ ਚਲੇ ਗਏ। ਘਰ ਗਿਆਂ ਹੋਇਆਂ ਮੋਹਰੀ ਜੀ ਨੇ ਸਤਿਕਾਰ ਕੀਤਾ ਅਤੇ ਬੜੇ ਪਦਾਰਥ ਗੁਰੂ ਜੀ ਤੋਂ ਨਿਛਾਵਰ ਕਰਕੇ ਗਰੀਬਾਂ ਨੂੰ ਦਿੱਤੇ। ਬਾਅਦ ਵਿੱਚ ਮੋਹਰੀ ਜੀ ਦੀ ਸੁਪਤਨੀ ਨੇ ਕੀਰਨੇ ਰਸ ਵਿੱਚ ਹੋ ਕੇ ਕਿਹਾ, 'ਕਿ ਜਦ ਦੇ ਸ੍ਰੀ ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਜੀ ਸੱਚਖੰਡ ਗਏ ਹਨ। ਤਦ ਤੋਂ ਤੁਸਾਂ ਨੇ ਅਸਾਨੂੰ ਭੁਲਾ ਦਿੱਤਾ ਹੈ, ਕਦੇ ਸੁਨੇਹਾ ਭੀ ਨਹੀਂ ਭੇਜਿਆਂ ਅਤੇ ਪ੍ਰੇਮ ਨਾਲ ਕਦੇ ਆ ਕੇ ਮਿਲੇ ਭੀ ਨਹੀਂ', ਇਸ ਤਰ੍ਹਾਂ ਦੇ ਬਚਨ ਕਹਿ ਕੇ ਬੜਾ ਰੁਦਨ ਕੀਤਾ। ਉਸ ਵੇਲੇ ਗੁਰੂ ਜੀ ਨੇ ਅਪੁਣੇ ਮਨੋਹਰ ਬਚਨਾਂ ਦੁਆਰੇ ਧੀਰਜ ਦੇ ਕੇ ਮਾਮੀ ਜੀ ਨੂੰ ਚੁੱਪ ਕਰਾਇਆ। ਇਤਨੇ ਨੂੰ ਬਾਬੇ ਮੋਹਰੀ ਜੀ ਦਾ ਪੁਤ੍ਰ ਅਨੰਦ ਜੀ ਤੇ ਪੋਤਰਾ ਸੁੰਦਰ ਜੀ ਦੋਨੋਂ ਆ ਮਿਲੇ, ਗੁਰੂ ਜੀ ਨੇ ਉਨ੍ਹਾਂ ਨੂੰ ਪਿਆਰ ਦੇ ਕੇ ਸਤਿਕਾਰਿਆ। ਇਤਨੇ ਨੂੰ ਭੋਜਨ ਤਿਆਰ ਹੋ ਗਿਆ ਪਹਿਲੇ ਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਭੋਜਨ ਛਕਾਇਆ, ਫਿਰ ਸਾਰੇ ਪਰਵਾਰ ਨੇ ਛਕਿਆ। ਸੁੰਦਰ ਪਲੰਘ ਵਿਛਾ ਕੇ ਮੋਹਰੀ ਜੀ ਨੇ ਗੁਰੂ ਜੀ ਅੱਗੇ ਬੇਨਤੀ ਕਰਕੇ ਸੁਵਾਇਆ। ਅੰਮ੍ਰਿਤ ਵੇਲੇ ਉੱਠ ਕੇ ਗੁਰੂ ਜੀ ਨੇ ਪਹਿਲੇ ਸ੍ਰੀ ਬਾਵਲੀ ਸਾਹਿਬ ਇਸ਼ਨਾਨ ਕੀਤਾ। ਫੇਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਿਆਨ ਵਿੱਚ ਮਸਤ ਹੋ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ। ਉਸ ਵੇਲੇ ਉੱਠ ਕੇ ਬਾਬੇ ਮੋਹਰੀ ਜੀ ਨੂੰ ਨਾਲ ਲੈ ਕੇ ਬਿਆਸਾ ਨਦੀ ਉੱਪਰ ਚਲੇ ਗਏ, ਜਾ ਕੇ ਅਪੁਣੇ ਪਿਤਾ ਜੀ ਦੇ ਅਤੇ ਅਪੁਣੀ ਮਾਤਾ ਜੀ ਦੇ ਪਿਤਾ ਦੇ ਦੇਹੁਰਿਆਂ ਦੇ ਦਰਸ਼ਨ ਕੀਤੇ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸਿਮਰਦਿਆਂ ਹੋਇਆਂ ਅੱਖਾਂ 'ਚੋਂ ਜਲ ਚਲ ਪਿਆ।

ਪਹਿਲੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਦੇਹੁਰੇ ਉੱਪਰ ਪੁਨਾ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦੇਹੁਰੇ ਉੱਪਰ ਨਮਸਕਾਰ ਕਰਕੇ ਪਰਕਰਮਾ ਕੀਤੀ ਤੇ ਮੱਥੇ ਉੱਪਰ ਚਰਨ ਧੂੜ ਲਾਈ। ਫਿਰ ਉਥੇ ਬੈਠ ਕੇ ਕੜਾਹ ਪ੍ਰਸ਼ਾਦ ਦੀ ਦੇਗ ਮੰਗਵਾਈ ਅਰਦਾਸਾ ਕਰਕੇ ਸਾਰਿਆਂ ਨੂੰ ਵਰਤਾਇਆ।

ਪੁਨਾ, ਭਾਈ ਸੁੰਦਰ ਜੀ ਨੂੰ ਅਪਣੇ ਪਾਸ ਬੈਠਾ ਦੇਖ ਕੇ ਕਿਹਾ, 'ਹੇ ਸ਼ੁਭਮਤੀ ! ਸ੍ਰੀ ਗੁਰੂ ਅਮਰਦਾਸ ਜੀ ਨੇ ਜਿਸ ਪ੍ਰਕਾਰ ਹਮਾਰੇ ਪਿਤਾ ਜੀ ਨੂੰ ਗੁਰਤਾ ਦਾ ਤਿਲਕ ਦਿੱਤਾ ਹੈ, ਔਰ ਅੰਤਮ ਸਮੇਂ ਜੋ ਜੋ ਬਚਨ ਕਹੇ ਹਨ, ਵੁਹ ਅਸਾਂ ਨੂੰ ਸਾਰੇ ਸੁਨਾਉਣਾ ਕਰੋ* ਉਸ ਵੇਲੇ ਭਾਈ ਸੁੰਦਰ ਜੀ ਨੇ ਕਿਹਾ-

ਯਥਾ-ਨਿਕਟਿ ਦੇਖਿ ਸੁੰਦਰ ਕੋ ਕਹਯੋ। ਹੋ ਸ਼ੁਭਮਤਿ ਤੁਮ ਸਭਿ ਕਿਛੁ ਲਹਯੋ॥ ੪੬॥

ਸ੍ਰੀ ਗੁਰੁ ਅਮਰਦਾਸ ਜਿਸ ਭਾਂਤੀ। ਗੁਰਤਾ ਤਿਲਕ ਦੀਨਿ ਸੁਖ ਸ਼ਾਤੀ॥
ਗੁਰੂ ਭਏ ਜਿਮ ਪਿਤਾ ਹਮਾਰੇ। ਸੋ ਬਨਾਇ ਅਬਿ ਕਰਹੁ ਉਚਾਰੇ॥ ੪੭॥
ਸੁਨਿ ਸੁੰਦਰ ਨੇ ਮੱਦ ਬਨਾਵਾ। ਸ੍ਰੀ ਅਰਜਨ ਕੋ ਸਕਲ ਸੁਨਾਂਵਾ॥

(ਸੂਰਜ ਪ੍ਰਤਾਪ ਰਾਸਿ ੩, ਅੰਸੂ ੩੬)

ਹੇ ਗੁਰੂ ਜੀ ! ਜਿਵੇਂ ਮੈਂਨੇ ਵੱਡਿਆਂ ਤੋਂ ਸੁਣਿਆਂ ਹੈ, ਤਿਵੇਂ ਆਪ ਜੀ ਦੇ ਹੁਕਮ ਅਨੁਸਾਰ ਮੈਂ ਸੁਣਾਂਦਾ ਹਾਂ।

ਸਦੁ- ਇਸ ਬਾਣੀ ਦਾ ਸਿਰਲੇਖ ਹੈ, ਜਿਸ ਵਿਖੇ ਅਕਾਲ ਪੁਰਖ ਦਾ ਸੱਦਾ ਯਾਨੇ ਹੁਕਮਨਾਮਾ ਹੋਵੇ ਅੰਤ ਸਮੇਂ ਦਾ, ਸੋ ਕਹੀਏ ਸਦੁ, ਵਾ ਸਦੁ=ਛੰਦ ਦੀ ਚਾਲ ਹੈ, ਇਸ ਵਿਖੇ ਛੰਦਾਂ ਦੇ ਅਨੇਕ ਰੂਪ ਹੋਇਆ ਕਰਦੇ ਹਨ।

ਇਹ 'ਸਦ' ਹੁਲਾਸ ਛੰਦ ਦੇ ਅਨੁਸਾਰ ਮਿਲਦਾ ਜੁਲਦਾ ਹੈ। ਇਕ ਸਦ, ਦਸਮੇਸ਼ ਪਿਤਾ ਜੀ ਨੇ ਭੀ ਦਸਮ ਸ੍ਰੀ ਗ੍ਰੰਥ ਸਾਹਿਬ ਜੀ ਵਿਖੇ ਲਿਖਿਆ ਹੈ। ਜਿਸ ਵੇਲੇ ਮੁਕਤਸਰ ਜੰਗ ਕਰਕੇ ਤੇ ਚਾਲੀ ਮੁਕਤੇ ਸ਼ਹੀਦ ਕਰਾ ਕੇ ਚਲੇ ਆਉਂਦੇ ਸਨ ਤਾਂ ਪੋਠੋਹਾਰ ਦੀ ਸੰਗਤ ਨੇ ਸੁਣਿਆ ਕਿ ਗੁਰੂ ਸਾਹਿਬ ਜੀ ਇਕੱਲੇ ਚਲੇ ਜਾ ਰਹੇ ਹਨ ਨਾਲ ਕੋਈ ਨਹੀਂ ਉਸੀ ਵੇਲੇ ਸੰਗਤ ਨੇ ਆਪਸ ਵਿੱਚ ਵਿਚਾਰ ਕੀਤਾ ਤੇ ਇੱਕ ਲੱਖ ੧੦੦੦੦੦ ਖਾਲਸਾ ਆ ਮਿਲਿਆ ਜਿੱਥੇ ਹੁਣ ਲੱਖੀ ਜੰਗਲ ਹੈ ਆਉਂਦਿਆਂ ਸਾਰ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ਬੁਲਾ ਕੇ ਨਮਸ਼ਕਾਰ ਕੀਤੀ। ਇੱਕ ਲੱਖ ਸਿੰਘਾਂ ਦੇ ਆਣ 'ਤੇ ਇਸ ਦਾ ਨਾਮ ਗੁਰੂ ਜੀ ਨੇ ਲੱਖੀ ਜੰਗਲ ਰੱਖ ਦਿੱਤਾ। ਦੂਜਾ ਕਾਰਨ ਇਹ ਭੀ ਹੈ ਕਿ ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਵਾ ਲੱਖ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕੀਤਾ ਹੈ। ਫੇਰ ਸਿੰਘਾਂ ਦੇ ਪ੍ਰੇਮ ਨੂੰ ਵੇਖ ਕੇ ਗੁਰੂ ਜੀ ਨੇ ਇਹ ਸਦ ਉਚਾਰਿਆ:-

---

** ਜੇ ਕੋਈ ਸ਼ੰਕਾ ਕਰੇ ਕਿ ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ ਸਨ, ਉਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਹੀ ਸਨ, ਇਨ੍ਹਾਂ ਨੇ ਹੁਣ ਸੁੰਦਰ ਜੀ ਪਾਸੋਂ ਕਿਉਂ ਪੁੱਛਿਆ ਹੈ?*

ਇਸ ਦਾ ਉੱਤਰ ਇਹ ਹੈ ਕਿ ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ੧੬੩੧ ਭਾਦਰੋਂ ਸੁਦੀ ਪੂਰਨਮਾਸ਼ੀ ਨੂੰ ਜੋਤੀ ਜੋਤ ਸਮਾਏ ਹਨ। ਉਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਉਮਰ ੧੧ ਸਾਲ ਦੀ ਸੀ ਕਿਉਂਕਿ ਇਨ੍ਹਾਂ ਦਾ ਅਵਤਾਰ ੧੬੨੦ ਵਿਖੇ ਹੋਇਆ ਸੀ। ਉਸ ਵੇਲੇ ਦਾ ਸਮਾਂ ਨਾ ਯਾਦ ਰਹਿਣ ਕਰਕੇ ਗੁਰੂ ਜੀ ਨੇ ਹੁਣ ਸੁੰਦਰ ਜੀ ਤੋਂ ਪੁੱਛਿਆ ਹੈ। ਦੂਜਾ ਇਹ ਭੀ ਕਾਰਨ ਹੈ ਕਿ ਭੱਲਿਆਂ ਪਾਸੋਂ ਸੁਨਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਦੇ ਘਰੋਂ ਜੋ ਗੱਦੀ ਸੋਢੀ ਬੰਸ ਵਿਖੇ ਆਈ ਹੈ।

ਨੋਟ:- ਸਭ ਤੋਂ ਵੱਡੇ ਪ੍ਰਿਥੀਚੰਦ ਜੀ ਸਨ, ਇਨ੍ਹਾਂ ਦਾ ਜਨਮ ੧੬੧੫ ਵਿਖੇ ਹੋਇਆ ਹੈ।
ਇਨ੍ਹਾਂ ਤੋਂ ਛੋਟੇ ਮਹਾਂਦੇਵ ਜੀ ਸਨ, ਇਨ੍ਹਾਂ ਦਾ ਜਨਮ ੧੬੧੮ ਵਿਖੇ ਹੋਇਆ ਹੈ।
ਬਾਬਾ ਸੁੰਦਰ ਜੀ ਦਾ ਜਨਮ ੧੬੧੪ ਵਿਖੇ ਹੋਇਆ ਸੀ। ਜਿਸ ਵੇਲੇ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ ਹਨ, ਉਸ ਵੇਲੇ ਬਾਬਾ ਸੁੰਦਰ ਜੀ ਆਪ ੧੭ ਸਾਲ ਦੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਜਦ ਗੋਇੰਦਵਾਲ ੧੬੫੯ ਵਿੱਚ ਪੋਥੀਆਂ ਲੈਣ ਗਏ ਸਨ, ਓਸ ਮੌਕੇ ਹਜ਼ੂਰ ਨੇ ਭਾਈ ਸੁੰਦਰ ਪਾਸੋਂ ਸੁਣ ਕੇ ਤੇ ਸਦੁ ਦੀ ਰਚਨਾ ਆਪਣੇ ਮੁਖ ਤੋਂ ਉਚਾਰੀ ਹੈ ਸੁਣਾਇਆ ਭਾਈ ਸੁੰਦਰ ਨੇ ਹੈ ਤੇ ਅੱਖਰਾਂ ਦੀ ਯੋਜਨਾ ਹਜ਼ੂਰ ਨੇ ਜੋੜੀ ਹੈ। ਉਸ ਵੇਲੇ ਗੁਰੂ ਜੀ ਆਪ ੩੯ ਸਾਲ ਦੇ ਸਨ ਅਤੇ ਭਾਈ ਸੁੰਦਰ ਜੀ ੪੫ ਸਾਲ ਦੇ ਸਨ। ਜਿਸ ਵੇਲੇ ਗੁਰਿਆਈ ਗੱਦੀ ਮਿਲੀ ਹੈ ਉਸ ਵੇਲੇ ਆਪ ੧੮ ਸਾਲ ਦੇ ਸਨ ਤੇ ਸੰਮਤ ੧੬੩੮ ਸੀ।

www.sikhbookclub.com

ਯਥਾ:-ਲਖੀ ਜੰਗਲ ਖਾਲਸਾ ਆਦਿ ਦੀਦਾਰ ਦਿਤੋ ਨੇ।
ਸੁਨ ਕੇ ਸਦ ਮਾਹੀ ਦਾ ਮੇਹੀ ਖਾਣੀ ਘਾਹ ਮੁਤੇ ਨੇ।
ਕਿਸਹੀ ਨਾਲ ਨ ਰਲੀਆਂ ਕਾਈ, ਕੋਈ ਜੋ ਸੋਂਕ ਪਿਯੋ ਨੇ।
ਗਯਾ ਫਿਰਾਕ ਮਿਲਾ ਮਿਤ ਮਾਹੀ, ਤਾਹੀ ਸ਼ੁਕਰ ਕਿਤੋ ਨੇ।

ਅਰਥ:- ਲੱਖੀ ਜੰਗਲ ਵਿਖੇ ਲੱਖ ਖਾਲਸੇ ਨੇ ਆ ਕੇ ਦਰਸ਼ਨ ਦਿੱਤੇ ਮੇਹੀ=ਮਹੀਆਂ ਵਾਂਗੂੰ ਜੋ ਸੰਗਤ ਹੈ, ਉਸ ਨੇ ਪਿਆਰੇ ਦਾ ਸ਼ਬਦ ਸੁਣ ਕੇ ਪਾਣੀ ਤੇ ਘਾਹ ਮੁਤੇ ਨੇ=ਛੱਡ ਦਿੱਤਾ। ਭਾਵ, ਪਦਾਰਥਾਂ ਦੇ ਖਾਣ ਦਾ ਕੋਈ ਧਿਆਨ ਨਹੀਂ, ਜਿਵੇਂ ਰਾਂਝੇ ਦੀ ਬਾਂਸਰੀ ਸੁਣ ਕੇ ਮਝੀਆਂ ਘਾਹ ਚੁਗਣਾ ਅਤੇ ਪਾਣੀ ਪੀਣਾ ਛੱਡ ਕੇ ਰਾਂਝੇ ਪਿੱਛੇ ਤੁਰ ਪੈਂਦੀਆਂ ਸਨ। ਤਿਵੇਂ ਪੋਠੋਹਾਰ ਦੀਆਂ ਸਾਰੀਆ ਸੰਗਤਾ ਕਲਗੀਆਂ ਵਾਲੇ ਪਾਤਸ਼ਾਹ ਪਿੱਛੇ ਤੁਰੀਆਂ ਹਨੀਆਂ।

ਐਸਾ ਜੋ ਕੋਈ ਸ਼ੌਕ ਹਰ ਇੱਕ ਦੇ ਅੰਦਰ ਪਿਆ ਹੈ, ਇਸ ਵਾਸਤੇ ਕਿਸੇ ਨਾਲ ਕੋਈ ਰਲਦਾ ਨਹੀਂ। ਮਾਹੀ=ਮੱਝੀਆਂ ਵਾਲਾ ਪਿਆਰਾ ਮਿੱਤ੍ਰ ਜਿਸ ਨੂੰ ਮਿਲਿਆ ਹੈ, ਉਸ ਦਾ ਫਿਰਾਕ=ਵਿਛੋੜਾ ਚਲਾ ਗਿਆ ਤਾਂ ਹੀ ਸਾਰਿਆਂ ਨੇ ਸ਼ੁਕਰਾਨਾ ਕੀਤਾ।

ਹੁਣ ਭਾਈ ਸੁੰਦਰ ਜੀ ਸੁਣਾਂਦੇ ਹਨ:-

ਆਇਆ ਹਕਾਰਾ

ਜਿਸ ਵੇਲੇ ਗੁਰੂ ਜੀ ਨੂੰ ਹਕਾਰਾ=ਸੱਦਾ ਆਇਆ, ਕਿਸ ਦਾ ਸੱਦਾ ਆਇਆ? *ਉੱਤਰ:-*

ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ॥

ਜੋ ਤਿੰਨ ਲੋਕ ਰੂਪ ਸਾਰੇ ਜਗਤ ਦੇ ਜੀਆਂ ਦਾ ਦਾਤਾ ਹੈ, ਭਾਵ ਸਾਰਿਆਂ ਨੂੰ ਖਾਣ ਪਾਣ ਪਹਿਰਾਣ ਦੇਣ ਵਾਲਾ ਹੈ ਅਤੇ ਭਗਤਾਂ ਦਾ ਵਛਲੁ=ਪਿਆਰਾ ਹੈ, ਸੋਇ=ਉਸ ਪਰਮਾਤਮਾ ਦਾ ਹਕਾਰਾ ਆਇਆ।

ਪ੍ਰਸ਼ਨ:- ਉਸ ਪਰਮਾਤਮਾ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਉੱਤਰ:-*

ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥

ਗੁਰ ਸ਼ਬਦ ਵਿਖੇ ਸਮਾਣ ਕਰਕੇ ਉਸ ਦੀ ਪ੍ਰਾਪਤੀ ਹੁੰਦੀ ਹੈ, ਗੁਰ ਸ਼ਬਦ ਤੋਂ ਬਿਨਾਂ ਉਸ ਨੂੰ ਹੋਰ ਕੋਈ ਜਾਣ ਨਹੀਂ ਸਕਦਾ।

ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ॥

ਸੱਚਮੁਚ ਉਸ ਨੂੰ ਹੋਰ ਕੋਈ ਜਾਣ ਨਹੀਂ ਸਕਦਾ, ਗੁਰਾਂ ਦੇ ਉਪਦੇਸ਼ ਦੁਆਰਾ—ਇੱਕ ਨਾਮ ਨੂੰ ਧਿਆਉਂਣਾ ਕਰੇ।

ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥

ਉਹ ਪਰਮੇਸ਼ਰ ਹੀ ਗੁਰੂ ਨਾਨਕ ਰੂਪ ਹੋਇਆ ਹੈ।

*ਯਥਾ-*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥

(ਸਵਯੇ ਮ: ੩ ਕੇ, ਪੰਨਾ ੧੩੯੫)

ਉਸ ਗੁਰੂ ਨਾਨਕ ਦੀ ਪਰਸਾਦਿ=ਕਿਰਪਾ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪਰਮ ਪਦਵੀ ਨੂੰ ਪਾਣਾ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪਰਸਾਦਿ=ਕਿਰਪਾ ਨਾਲ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਪਰਮ ਪਦਵੀ ਨੂੰ ਪਾਣਾ ਕੀਤਾ ਹੈ।

ਆਇਆ ਹਕਾਰਾ

ਉਸ ਪਰਮਾਤਮਾ ਦਾ ਹਕਾਰਾ=ਸੱਦਾ, ਭਾਵ ਹੁਕਮਨਾਮਾ ਆਇਆ, ਸੱਦਾ ਵੀ ਐਸਾ ਆਇਆ ਕਿ:-

ਚਲਣਵਾਰਾ

ਸੰਸਾਰ ਤੋਂ ਚਲੇ ਜਾਣ ਵਾਲਾ।

ਹਰਿ ਰਾਮ ਨਾਮਿ ਸਮਾਇਆ ॥

ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਹਰੀ ਰਾਮ ਦੇ ਨਾਮ ਵਿਖੇ ਸਮਾਇਆ ਹੋਇਆ ਹੈ।

ਅਥਵਾ:- ਜੋ ਹਰੀ ਸਾਰੇ ਸਮਾਇਆ ਹੋਇਆ ਹੈ, ਰਾਮ ਹੈ ਨਾਮ ਜਿਸ ਦਾ। ਉਸ ਦਾ ਹਕਾਰਾ=ਹੁਕਮਨਾਮਾ ਆਇਆ, ਫੇਰ ਹੁਕਮਨਾਮਾ ਐਸਾ ਨਹੀਂ ਆਇਆ ਜੋ ਮੋੜ ਦੇਈਏ ਇਹ ਚਲੇ ਜਾਣ ਵਾਲਾ ਆਇਆ ਹੈ।

ਪ੍ਰਸ਼ਨ- ਉਹ ਪਰਮਾਤਮਾ ਕੈਸਾ ਹੈ? *ਉੱਤਰ:-*

ਜਗਿ ਅਮਰੁ ਅਟਲੁ ਅਤੋਲੁ ਠਾਕੁਰੁ

ਉਹ ਠਾਕੁਰ ਸਾਰਿਆਂ ਦਾ ਸ੍ਵਾਮੀ ਪਰਮਾਤਮਾ ਜਗਤ ਵਿੱਚ ਅਮਰੁ=ਮਰਨੇ ਤੋਂ ਰਹਿਤ ਹੈ, ਅਟੱਲ ਹੈ, ਫੇਰ ਤੋਲ ਤੋਂ ਰਹਿਤ ਹੈ।

ਭਗਤਿ ਤੇ ਹਰਿ ਪਾਇਆ ॥ ੧ ॥

ਭਗਤੀ ਕਰਕੇ ਗੁਰਮੁਖਾਂ ਨੇ ਉਸ ਹਰੀ ਨੂੰ ਪਾਇਆ ਹੈ॥ ੧ ॥

ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥

ਭਾਈ ਸੁੰਦਰ ਜੀ ਸੁਣਾਂਦੇ ਹਨ—ਹੇ ਸ੍ਰੀ ਗੁਰੂ ਅਰਜਨ ਦੇਵ ਜੀ ! ਜਿਸ ਵੇਲੇ ਹਰੀ ਦਾ ਭਾਣਾ ਮੰਨਣਾ ਗੁਰਾਂ ਨੂੰ ਚੰਗਾ ਲੱਗਾ ਤਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਹਰੀ ਪ੍ਰਭੂ ਪਾਸ ਜਾਣ ਲਈ ਤਿਆਰ ਹੋ ਗਏ।

ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ ॥

ਉਸ ਵੇਲੇ ਸਤਿਗੁਰੂ ਅਮਰਦਾਸ ਸਾਹਿਬ ਜੀ ਹਰੀ ਪਾਸ ਬੇਨਤੀ ਕਰਦੇ ਹੋਇ, ਕਿ ਹੇ ਹਰੀ ! ਅਸਾਡੀ ਏਹ ਅਰਦਾਸ ਹੈ ਕਿ ਮੇਰੀ ਪੱਤ ਅਬਰੋ ਰੱਖਣੀ। ਇਹ ਗੁਰੂ ਸਾਹਿਬ ਜੀ ਨੇ ਗਰੀਬੀ ਵਿੱਚ ਇਸਥਿਤ ਹੋ ਕੇ ਅੰਤਮ ਅਰਦਾਸ ਕੀਤੀ ਹੈ। ਇਸ ਤੋਂ ਇਹ ਸਿੱਖਿਆ ਹੈ ਕਿ ਜਦ ਵੀ ਅਪਣਾ ਅੰਤਮ ਸਮਾਂ ਆਵੇ ਤਾਂ ਪਰਮੇਸ਼ਰ ਅੱਗੇ ਅਰਦਾਸ ਕਰੋ।

ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ ॥

ਹੇ ਹਰੀ ! ਅਸਾਂ ਜਨਾਂ ਦੀ ਪੈਜ ਆਪ ਜੀ ਨੇ ਰੱਖਣੀ ਹੈ, ਹੇ ਹਰੀ ! ਮਾਇਆ ਮਲ ਤੋਂ ਰਹਿਤ ਕਰਨ ਵਾਲਾ ਜੋ ਆਪ ਜੀ ਦਾ ਨਾਮ ਹੈ, ਉਹ ਆਪਣਾ ਨਾਮ ਦੇਣਾ ਕਰੋ।

www.sikhbookclub.com

ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ॥

ਅੰਤਿ=ਪ੍ਰਾਣਾਂ ਦੇ ਵਿਜੋਗ ਕਾਲ- ਪ੍ਰਲੋਕ ਰਸਤੇ ਵਿੱਚ ਚਲਦਿਆਂ ਹੋਇਆਂ ਜੋ ਨਾਮ ਸਹਾਇਕ ਹੁੰਦਾ ਹੈ, ਅਤੇ ਜੋ ਨਾਮ ਜਮਕਾਲ ਦੇ ਦੂਤਾਂ ਨੂੰ ਨਿਖੰਜਨੋ=ਨਾਸ ਕਰਨ ਵਾਲਾ ਹੈ।

ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥

ਸਤਿਗੁਰਾਂ ਦੀ ਬੇਨਤੀ=ਅਰਦਾਸ, ਪਾਈ=ਕੀਤੀ, ਹੋਈ- ਹਰੀ ਪ੍ਰਭੂ ਨੇ ਅਰਦਾਸ ਸੁਣ ਲੀਤੀ।

ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ
ਧਨੁ ਧਨੁ ਕਹੈ ਸਾਬਾਸਿ ਜੀਉ॥ ੨॥

ਤਿਸ ਵੇਲੇ ਹਰੀ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ ਸਤਿਗੁਰਾਂ ਨੂੰ ਅਪਣੇ ਨਾਲ ਮਿਲਾ ਲੀਤਾ ਤਾਂ ਸਾਬਾਸਿ=ਧੰਨਤਾ ਦੇ ਜੋਗ ਜੋ ਸਤਿਗੁਰੂ ਹਨ, ਉਨ੍ਹਾਂ ਨੂੰ ਸਭ ਲੋਕ ਧੰਨ-ਧੰਨ ਕਹਿਣ ਲਗੇ॥ ੨॥

ਦੂਜਾ ਅਰਥ

ਹੁਣ ਸਾਰੀ ਸੰਗਤ ਵੱਲੋਂ ਬਾਬਾ ਬੁੱਢਾ ਜੀ ਤੇ ਮੋਹਰੀ ਜੀ ਆਗੂ ਹੋ ਕੇ ਗੁਰਾਂ ਅੱਗੇ ਬੇਨਤੀ ਕਰਦੇ ਹਨ:-

ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥

ਜਿਸ ਵੇਲੇ ਹਰੀ ਦਾ ਭਾਣਾ ਮੰਨਣਾ ਗੁਰਾਂ ਨੂੰ ਚੰਗਾ ਲੱਗਾ ਤਾਂ ਬਾਬਾ ਬੁੱਢਾ ਜੀ ਤੇ ਮੋਹਰੀ ਜੀ ਹਰੀ, ਪ੍ਰਭੂ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਪਾਸ ਜਾਂਦੇ ਹੋਇ।

ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥

ਹਰੀ ਸਰੂਪ ਸਤਿਗੁਰੂ ਅਮਰਦਾਸ ਸਾਹਿਬ ਜੀ ਪਾਸ ਬੇਨਤੀ ਕਰਦੇ ਹੋਇ ਅਸਾਡੀ ਅਰਦਾਸ ਹੈ ਕਿ ਅਸਾਂ ਦੀ ਪਤ ਅਬਰੋ ਰੱਖਣਾ ਕਰੋ।

ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ॥

ਹੇ ਹਰੀ ਸਰੂਪ ਸਤਿਗੁਰੋ ! ਅਸਾਂ ਜਨਾਂ ਦੀ ਪਤ ਅਬਰੋ ਰੱਖਣਾ ਕਰੋ, ਹਰੀ ਨਿਰੰਜਨ ਦਾ ਨਾਮ ਦੇ ਕਰਕੇ।

ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ॥

ਅੰਤਿ=ਪ੍ਰਾਣਾਂ ਦੇ ਵਿਜੋਗ, ਕਾਲ=ਪਰਲੋਕ ਰਸਤੇ ਵਿਚ ਚਲਦਿਆਂ ਹੋਇਆਂ ਜੋ ਨਾਮ ਜੀਵ ਦਾ ਮਿੱਤਰ ਹੁੰਦਾ ਹੈ ਅਤੇ ਜਮਕਾਲ ਦੇ ਦੂਤਾਂ ਨੂੰ ਜੋ ਨਿਖੰਜਨੋ=ਅਸਮਰਥ ਕਰ ਦੇਂਦਾ ਹੈ।

ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥

ਜਿਸ ਵੇਲੇ ਸਤਿਗੁਰੂ ਅਮਰਦਾਸ ਸਾਹਿਬ ਜੀ ਅੱਗੇ ਬਾਬਾ ਮੋਹਰੀ ਜੀ ਨੇ ਸੰਗਤ ਦੀ ਬੇਨਤੀ ਪਾਈ=ਕੀਤੀ ਤਾਂ ਹਰੀ ਪ੍ਰਭੂ ਸਰੂਪ ਸਤਿਗੁਰਾਂ ਨੇ ਅਰਦਾਸ ਸੁਣ ਲੀਤੀ।

ਹਰਿ ਧਾਰਿ ਕਿਰਪਾ ਸਤਿਗੁਰੂ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ॥ ੨॥

ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ ਹਰੀ ਨਾਮ ਨਾਲ ਮਿਲਾ ਦਿੱਤਾ, ਉਸ ਵੇਲੇ ਸਾਰੀ ਸੰਗਤ ਮਨ ਬਾਣੀ ਸਰੀਰ ਕਰ ਕੇ ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ, ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਕਹਿੰਦੀ

ਹੋਈ॥ ੨॥

ਪੁਨਾ ਸੰਗਤ ਨੇ ਬੇਨਤੀ ਕੀਤੀ, ਹੇ ਗੁਰੂ ਜੀ ! ਇਤਨੀ ਕਾਹਲੀ ਨਾ ਕਰੋ ਕੁਝ ਦਿਨ ਠਹਿਰਕੇ ਸੰਗਤਾਂ ਨੂੰ ਨਿਹਾਲ ਕਰੋ ਤਾਂ ਗੁਰੂ ਜੀ ਨੇ ਕਿਹਾ-

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥

ਹੇ ਸਿੱਖਿਆ ਦੇ ਲੈਣ ਵਾਲੇ ਸਿੱਖੋ ! ਹੇ ਮੇਰੇ ਪੁੱਤਰੋ ਮੋਹਨ ਤੇ ਮੋਹਰੀ ਜੀ ! ਹੇ ਮੇਰੇ ਭਰਾਵੋ* ਤੁਸੀਂ ਸੁਣੋ ਹਰੀ ਦਾ ਇਹ ਭਾਣਾ=ਹੁਕਮ ਹੈ ਕਿ ਹੁਣ ਮੇਰੇ ਪਾਸ ਆ ਜਾਓ।

ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥

ਗੁਰੂ ਜੀ ਕਥਨ ਕਰਦੇ ਹਨ—ਹੁਣੇ ਤਾਂ ਹਰੀ ਦਾ ਭਾਣਾ=ਹੁਕਮ ਮੰਨਣਾ ਹੀ ਅਸਾਂ ਨੂੰ ਭਾਇਆ=ਚੰਗਾ ਲਗਦਾ ਹੈ, ਕਿਉਂਕਿ ਇਸ ਵੇਲੇ ਹਰੀ ਪ੍ਰਭੂ ਮੈਨੂੰ ਧੰਨਤਾ ਦੇ ਜੋਗ ਕਰਨੇ ਲੱਗਾ ਹੈ, ਭਾਵ ਅਪੁਣੇ ਵਿਖੇ ਅਭੇਦ ਕਰਨੇ ਲੱਗਾ ਹੈ।

ਪੁਨਾ, ਸੰਗਤ ਨੇ ਕਿਹਾ- ਹੇ ਸਤਿਗੁਰੂ ਜੀ ! ਅਸਾਡੀ ਬੇਨਤੀ ਮੰਨ ਕੇ ਕੁਝ-ਕੁ ਸਮਾਂ ਤਾਂ ਠਹਿਰੋ? *ਉੱਤਰ-*

ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ॥

ਪੂਰਾ ਸਤਿਗੁਰੂ ਭੀ ਓਹੀ ਹੈ, ਅਸਲ ਭਗਤ ਭੀ ਓਹੀ ਹੈ, ਪੂਰਨ ਪੁਰਖ ਭੀ ਓਹੀ ਹੈ, ਜਿਸ ਨੂੰ ਹਰੀ ਪ੍ਰਭੂ ਦਾ ਭਾਣਾ ਮੰਨਣਾ ਭਾਂਵਦਾ ਹੈ। ਜੇ ਭਾਣਾ ਨਹੀਂ ਮੰਨਣਾ ਤਾਂ ਉਹ ਗੁਰੂ ਭੀ ਨਹੀਂ, ਭਗਤ ਭੀ ਨਹੀਂ, ਪੂਰਨ ਪੁਰਖ ਭੀ ਨਹੀਂ ਹੈ, ਵਾ:-ਜਿਸ ਨੂੰ ਹਰੀ ਪ੍ਰਭੂ ਦਾ ਭਾਣਾ ਮੰਨਣਾ ਭਾਂਵਦਾ ਹੈ, ਓਹੀ ਪੁਰਸ਼ ਸਤਿਗੁਰਾਂ ਦਾ ਸ੍ਰੇਸਟ ਭਗਤ ਹੈ।

ਹੁਣ ਭਾਣੇ ਮੰਨਣ ਦਾ ਮਹਾਤਮ ਦੱਸਦੇ ਹਨ:-

ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ॥

ਭਾਣੇ ਮੰਨਣ ਕਰਕੇ ਅਨਹਦ=ਇੱਕ ਰਸ ਆਨੰਦ ਦਾਇਕ ਜਸ ਰੂਪ ਵਾਜੇ ਵੱਜਦੇ ਹਨ, ਪੁਨਾ ਹਰੀ ਆਪਣੇ ਗਲ ਨਾਲ ਮਿਲਾ ਲੈਂਦਾ ਹੈ।

ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ॥

ਤੁਸੀਂ ਮੇਰੇ ਪੁੱਤਰ, ਭਰਾ ਅਤੇ ਪਰਵਾਰ ਹੋ, ਪਰੰਤੂ ਮਨ ਵਿਖੇ ਨਿਰਜਾਸਿ=ਨਿਰਣਾ ਕਰਕੇ ਵੇਖੋ, ਕਿ-

ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ
ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥ ੩॥

ਜੋ ਧੁਰ ਦਰਗਾਹ ਦਾ ਪਰਵਾਣਾ=ਹੁਕਮ ਲਿਖਿਆ ਆ ਗਿਆ ਹੈ, ਉਹ ਅਸਾਂ ਫਿਰੈ ਨਾਹੀ=ਫੇਰਨਾ ਨਹੀਂ, ਹੁਣ ਤਾਂ ਗੁਰਾਂ ਨੇ ਹਰੀ ਪ੍ਰਭੂ ਦੇ ਪਾਸ ਜ਼ਰੂਰ ਜਾਣਾ ਹੈ॥ ੩॥

---

*ਗੁਰੂ ਜੀ ਚਾਰ ਭਰਾ ਸਨ--ਸਭ ਤੋਂ ਵੱਡੇ ਈਸ਼ਰ ਦਾਸ ਜੀ, ਜਿਸ ਦੇ ਪੁੱਤਰ ਭਾਈ ਗੁਰਦਾਸ ਜੀ ਸਨ।
ਉਸ ਤੋਂ ਛੋਟੇ-ਖੇਮ ਰਾਇ ਜੀ, ਜਿਸ ਦੇ ਪੁੱਤਰ ਭਾਈ ਸਾਵਣ ਮੱਲ ਜੀ ਸਨ।
ਭਾਈ ਖੇਮ ਰਾਇ ਜੀ ਤੋਂ ਛੋਟੇ-ਮਾਨਕ ਚੰਦ ਜੀ ਸਨ ਅਤੇ ਉਨ੍ਹਾਂ ਤੋਂ ਛੋਟੇ-ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਆਪ ਸਨ।

www.sikhbookclub.com

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥

ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਬੈਠ ਕੇ ਅਪਣੇ ਹੁਕਮ ਸੇ ਸਾਰੇ ਪਰਵਾਰ ਨੂੰ ਸਦਾਇਆ=ਸੱਦਾ ਲਿਆ ਅਤੇ ਸਾਰਿਆਂ ਨੂੰ ਇਹ ਹੁਕਮ ਦਿੱਤਾ, ਕਿ:-

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥

ਅਸਾਡੇ ਪਿੱਛੇ ਮਤਾਂ ਕੋਈ ਰੋਣਾ ਕਰੇ, ਜੇ ਕੋਈ ਰੋਵੇਗਾ ਉਹ ਮੈਨੂੰ ਕਦੇ ਵੀ ਚੰਗਾ ਨਹੀਂ ਲੱਗੇਗਾ।

ਯਥਾ- ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥

ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥ ੧੬ ॥ *(ਪੰਨਾ ੧੩੬੫)*

ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥

ਮਿੱਤਰ ਨੂੰ ਜਿਸ ਮਿੱਤਰ ਦੀ ਪੈਜ ਭਾਂਵਦੀ ਹੈ, ਉਹ ਮਿੱਤਰ ਜਿਸ ਵੇਲੇ ਕੋਈ ਪਾਤਸ਼ਾਹੀ ਖਿਲਤ ਪਹਿਰਦਾ ਹੈ ਤਾਂ ਉਹ ਮਿੱਤਰ ਬਿਗਸੈ=ਅਨੰਦ ਹੁੰਦਾ ਹੈ, ਐਸੇ ਤੁਸੀਂ ਭੀ ਅਨੰਦ ਹੋਵੋ। ਤਾਂ ਕਿਸੀ ਨੇ ਕਿਹਾ, ਮਹਾਰਾਜ ! ਆਪ ਤਾਂ ਜੋਤੀ ਜੋਤ ਸਮਾਣ ਲਗੇ ਹੋ, ਆਪ ਕੋਈ ਪੁਸ਼ਾਕ ਤਾਂ ਨਹੀਂ ਪਹਿਰਣ ਲਗੇ, ਤਾਂ ਗੁਰੂ ਜੀ ਨੇ ਕਿਹਾ-

ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥

ਹੇ ਪੁੱਤਰੋ ! ਹੇ ਭਾਈਓ ! ਤੁਸੀਂ ਵਿਚਾਰ ਕੇ ਦੇਖਣਾ ਕਰੋ, ਹੁਣ ਹਰੀ ਸਤਿਗੁਰਾਂ ਨੂੰ ਭਾਵ ਅਸਾਨੂੰ ਜਸ ਰੂਪੀ ਪੁਸ਼ਾਕ ਪਹਿਣਾ ਰਿਹਾ ਹੈ, ਭਾਵ ਨਿਰ-ਉਪਾਧਕ ਆਨੰਦ ਦੇ ਰਿਹਾ ਹੈ, ਇਸ ਵਾਸਤੇ ਤੁਸੀਂ ਪ੍ਰਸੰਨ ਹੋਵੋ।

ਪੁਨਾ, ਸੰਗਤ ਨੇ ਬੇਨਤੀ ਕੀਤੀ, ਗਰੀਬ ਨਿਵਾਜ ਜੀਓ ! ਆਪਣੀ ਥਾਂ ਉਪਰ ਕਿਸ ਨੂੰ ਛੱਡ ਚਲੇ ਹੋ?

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥

ਉਸ ਵੇਲੇ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਆਪਣੇ ਪਰਤੱਖ ਹੁੰਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਗੱਦੀ ਰੂਪ ਰਾਜ ਸਿੰਘਾਸਣ ਉੱਪਰ ਬਿਠਾ ਕੇ ਆਪ ਟਿਕਾਅ ਦਿੱਤਾ। ਅਤੇ-

ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥ ੪ ॥

ਸਾਰਿਆਂ ਸਿੱਖਾਂ, ਸੰਬੰਧੀਆਂ, ਪੁੱਤਰਾਂ, ਭਾਈਆਂ ਨੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਚਰਨੀਂ ਪਾ ਦਿੱਤਾ ॥ ੪ ॥

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ

ਪਹਿਲਾ ਅਰਥ—

ਅੰਤੇ=ਜੋਤੀ ਜੋਤ ਸਮਾਣ ਲਗਿਆਂ, ਸਤਿਗੁਰਾਂ ਨੇ ਇਹ ਬਚਨ ਬੋਲਿਆ ਕਿ ਮੇਰੇ ਪਿਛੋਂ ਨਿਰਬਾਣੁ=ਇੱਕ ਰਸ ਕੀਰਤਨ ਕਰਨਾ।

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥

ਕੇਸੋ ਗੋਪਾਲ ਨਾਮੇ ਜੋ ਪੰਡਿਤ ਹੈ, ਉਸ ਨੂੰ ਸੱਦ ਲੈਣਾ, ਉਹ ਪੁਰਾਨ ਵਿੱਚੋਂ ਹਰਿ ਹਰਿ ਸਬੰਧੀ ਕਥਾ ਨੂੰ ਪੜ੍ਹਣਾ ਕਰੇ, (ਇਹ ਪੰਡਿਤ ਗੁਰੂ ਜੀ ਦਾ ਸਿੱਖ ਸੀ) ਵਾ:-ਹਰ ਪੁਰਾਨ ਕਹੀਏ ਗਰੁੜ ਪੁਰਾਨ ਚੋਂ ਹਰੀ ਸਬੰਧੀ

ਕਥਾ ਨੂੰ ਪੜ੍ਹੇ।

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥

ਹਰੀ ਸਬੰਧੀ ਕਥਾ ਪੜ੍ਹਸੀ, ਹਰੀ ਨਾਮ ਨੂੰ ਸੁਨਣਾ, ਹਰੇ ਰੰਗ ਵਾਲਾ *ਬਿਬਾਣ ਗੁਰਾਂ ਨੂੰ ਭਾਂਵਦਾ ਹੈ। ਭਾਵ ਅਸਾਡੇ ਉੱਤੇ ਹਰੇ ਰੰਗ ਦਾ ਕੱਪੜਾ ਪਾਣਾ।

ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥

ਪਿੰਡ ਭਰਾਨੇ, ਪਤਲਾਂ ਦੇਣੀਆਂ, ਕਿਰਿਆ ਕਰਮ ਕਰਨਾ, ਦੀਵਾ ਜਗਾਨਾ ਅਤੇ ਫੁੱਲ ਹਰਿ ਸਰਿ=ਦੇਵ ਨਦੀ* ਭਾਵ ਗੰਗਾ ਵਿਖੇ ਪਾਣੇ।

ਦੂਜਾ ਅਰਥ—

ਹੁਣ ਗੁਰਮਤਿ ਅਨੁਸਾਰ ਗੁਰਬਾਣੀ ਦੇ ਪ੍ਰਮਾਣਾਂ ਅਨੁਸਾਰ ਅਰਥ ਚਲੇਗਾ।

ਜੋ ਰਸਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਿਤਾ ਕਾਲੂ ਜੀ ਦੇ ਵੇਲੇ ਸਿੱਖਾਂ ਨੂੰ ਸੁਣਾਈ ਸੀ।

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਅੰਤੇ=ਜੋਤੀ ਜੋਤ ਸਮਾਣ ਲਗਿਆਂ ਸਤਿਗੁਰਾਂ ਨੇ ਇਹ ਬਚਨ ਬੋਲਿਆ, ਅਸਾਡੇ ਪਿੱਛੋਂ ਨਿਰ+ ਬਾਣੁ=ਬਾਣੀ ਸੇ ਕਥਨ ਕਰਨੇ ਤੋਂ ਰਹਿਤ ਜੋ ਪਰਮੇਸ਼ਰ ਹੈ ਉਸ ਦਾ ਕੀਰਤਨ ਕਰਨਾ।

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥

ਕੇਸੋ ਨਾਮ ਪਰਮਾਤਮਾ ਦਾ ਹੈ!

ਯਥਾ- ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥ ੨੨੩॥ *(ਪੰਨਾ ੧੩੭੬)*

ਤਥਾ- ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥ ੯੬॥ *(ਪੰਨਾ ੧੩੬੯)*

ਗੋਪਾਲ ਨਾਮ ਪਰਮਾਤਮਾ ਦਾ ਹੈ!

ਯਥਾ- ਗੋਪਾਲ ਤੇਰਾ ਆਰਤਾ॥ *(ਪੰਨਾ ੬੯੫)*

*ਤਥਾ-*ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ੧॥ *(ਪੰਨਾ ੧੨੭੩)*

*ਤਥਾ-*ਗੋਪਾਲ ਕੋ ਜਸੁ ਗਾਉ ਪ੍ਰਾਣੀ॥ ਅਕਥ ਕਥਾ ਸਾਚੀ ਪ੍ਰਭ ਪੂਰਨ ਜੋਤੀ ਜੋਤਿ ਸਮਾਣੀ॥ ੧॥
(ਰਾਮਕਲੀ ਮ: ੫, ਪੰਨਾ ੮੯੭)

**ਭਲਿਆਂ ਵਿਚ ਹੁਣ ਤੱਕ ਇਹ ਰਿਵਾਜ ਚਲੀ ਆਉਂਦੀ ਹੈ ਕਿ ਜਦ ਕੋਈ ਪਰਾਣੀ ਗੁਜ਼ਰਦਾ ਹੈ ਤਾਂ ਬਿਬਾਣ ਉੱਤੇ ਹਰੇ ਰੰਗ ਦਾ ਕੱਪੜਾ ਪਾਉਂਦੇ ਹਨ।

**ਕਈ ਸੱਜਣ ਹਰਿ ਸਰਿ ਦਾ ਅਰਥ ਗੰਗਾ ਨਹੀਂ ਕਰਦੇ। ਉਨ੍ਹਾਂ ਦੀ ਗਿਆਤ ਲਈ ਬੇਨਤੀ ਹੈ ਕਿ ਉਹ ਮਹਾਨ ਕੋਸ਼ ਦੇ ੭੮੯ ਪੰਨੇ ਉੱਪਰ ਪੜ੍ਹਕੇ ਦੇਖਣ ਯਾਂ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਦੇ ਗ੍ਰਿਹਾਰਥ ਕੋਸ਼ ਦੇ ੩੫੫ ਪੰਨਾ ਉੱਪਰ ਦੇਖਣ। ਇਹਨਾਂ ਦੋਹਾਂ ਨੇ ਹਰਿ ਸਰਿ ਦਾ ਅਰਥ ਗੰਗਾ ਕੀਤਾ ਹੈ। ਇਹ ਅਰਥ ਪੁਰਾਣਕ ਮੱਤ ਅਨੁਸਾਰ ਪਿਛਲੀ ਰਸਮ ਅਨੁਸਾਰ ਹੈ।

ਤਥਾ- ਟੂਟੀ ਗਾਢਨਹਾਰ ਗੋਪਾਲ॥ ਸਰਬ ਜੀਆ ਆਪੇ ਪ੍ਰਤਿਪਾਲ॥

(ਗਉੜੀ ਸੁਖਮਨੀ ਮ: ੫, ਪੰਨਾ ੨੮੨)

ਤਥਾ- ਰਸਨਾ ਰਾਮ ਰਾਮ ਬਖਾਨੁ॥ ਗੁਨ ਗੋਪਾਲ ਉਚਾਰੁ ਦਿਨੁ ਰੈਨਿ ਭਏ ਕ੍ਰਲਮਲ ਹਾਨ॥ ਰਹਾਉ॥

(ਕੇਦਾਰਾ ਮਹਲਾ ੫, ਪੰਨਾ ੧੧੨੧)

ਪੰਡਿਤ ਨਾਮ ਪਰਮਾਤਮਾ ਦਾ ਹੈ!

ਯਥਾ- ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥ ੯॥

(ਆਸਾ ਮਹਲਾ ੧ ਪਟੀ, ਪੰਨਾ ੪੩੨)

ਅਰਥ-ਅਸਲੀ ਪੰਡਿਤ ਜੋ ਕੇਸੋ ਗੋਪਾਲ ਪਰਮੇਸ਼ਰ ਹੈ, ਜਿਸ ਨੇ ਚਾਰ ਬੇਦਾਂ ਨੂੰ ਰਚਨਾ ਕੀਤਾ ਹੈ ਉਸ ਨੂੰ ਸੱਦਣਾ, ਭਾਵ ਉਸ ਦੇ ਨਾਮ ਨੂੰ ਉਚਾਰਣਾ।

ਪੁਰਾਣੁ=ਪੁਰਾਤਨ ਅਨਾਦੀ ਜੋ ਹਰਿ ਹਰਿ ਹੈ ਉਸ ਦੀ ਕਥਾ ਨੂੰ ਪੜ੍ਹਣਾ।

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਦੇ॥

ਹਰੀ ਦੀ ਕਥਾ ਨੂੰ ਪੜ੍ਹਣਾ, ਹਰੀ ਨਾਮ ਨੂੰ ਸੁਨਣਾ, ਹਰੀ ਵਿਖੇ ਜੇਹੜਾ ਰੰਗੁ=ਪ੍ਰੇਮ ਕਰਨਾ ਹੈ ਏਹੀ ਬਿਬਾਣ ਗੁਰਾਂ ਨੂੰ ਭਾਂਵਦਾ ਹੈ।

ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਦੇ॥

ਪਰਮਾਤਮਾ ਦੀ ਬਖ਼ਸ਼ਿਸ਼ ਰੂਪ ਪਿੰਡ ਹੈ।

ਯਥਾ:-ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ॥

(ਆਸਾ ਮ: ੧, ਪੰਨਾ ੩੫੮)

ਫਿਰ ਦੇਖੋ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿੱਚ ਕਥਨ ਕੀਤਾ ਹੈ, ਓਸੇ ਆਸ਼ੇ ਅਨੁਸਾਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਸਿੱਖਾਂ ਨੂੰ ਹੁਕਮ ਦਿੰਦੇ ਹਨ, ਉਂਞ ਵੀ ਤੀਜੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਮਰਯਾਦਾ ਤੋਂ ਉਲਟ ਕਿਵੇਂ ਕਹਿ ਸਕਦੇ ਸਨ।

ਯਥਾ:- ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥ (ਪੰਨਾ ੩੫੮)

ਕੇਸੋ ਕੇਸੋ ਨਾਮ ਜਪਣਾ ਇਹ ਪਿੰਡ ਭਰਾਣੇ। ਸੱਚ ਨਾਮ ਜਪਣਾ ਇਹ ਪਤਲਾਂ ਦੇਣੀਆਂ।

ਕਰਤਾਰ ਕਰਤਾਰ ਉਚਾਰਨਾ ਇਹ ਕਿਰਿਆ ਕਰਨੀ।

ਯਥਾ:- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:-

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥ ਦੀਵਾ=ਨਾਮ ਰੂਪ ਦੀਵਾ ਜਗਾਣਾ।

ਯਥਾ:-ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥

ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥ ੧॥ (ਪੰਨਾ ੩੫੮)

ਫੁੱਲਾਂ ਨੂੰ ਹਰਿ ਸਰਿ=ਦੇਵ ਨਦੀ ਭਾਵ ਸਾਧ ਸੰਗਤ ਰੂਪ ਗੰਗਾ ਵਿੱਚ ਪਾਣਾ। ਅਰਥਾਤ, ਸਾਧ ਸੰਗਤ ਦੇ ਚਰਨਾਂ ਦੀ ਧੂੜ ਵਿੱਚ ਰਲਾ ਦੇਣਾ।

ਜਿਵੇਂ ਪਹਿਲੇ ਪੁਜਾਰੀਆਂ ਵੇਲੇ ਜਦ ਵੱਡੀ ਚੌਂਕੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵੱਡੀ

ਪਰਕਰਮਾ ਵਿਖੇ ਜਾਂਦੀ ਸੀ ਤਿਸ ਵੇਲੇ ਸ਼ਰਧਾਲੂ ਪੁਰਸ਼ ਫੁੱਲਾਂ ਨੂੰ ਪੀਹ ਕੇ ਉਹਨਾਂ ਦੇ ਅਗੇ ਧੂੜੀ ਜਾਂਦੇ ਸਨ। ਨਹੀਂ ਤਾਂ ਪਰਮਾਤਮਾ ਦੀ ਸਿਫ਼ਤ ਰੂਪ ਗੰਗਾ ਬਣਾ ਲੈਣੀ।

ਯਥਾ:- ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥ *(ਪੰਨਾ ੭੫੮)*

ਤੀਜਾ ਅਰਥ—

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਅੰਤੇ=ਜੋਤੀ ਜੋਤ ਸਮਾਣ ਲਗਿਆਂ ਸਤਿਗੁਰਾਂ ਨੇ ਇਹ ਬਚਨ ਬੋਲਿਆ ਕਿ ਅਸਾਡੇ ਪਿੱਛੋਂ ਬਾਣੀ ਦੁਆਰਾ ਕਥਨ ਕਰਨ ਤੋਂ ਰਹਿਤ ਜੋ ਪਰਮਾਤਮਾ ਹੈ ਉਸ ਦਾ ਕੀਰਤਨ ਕਰਨਾ।*

ਕੇਸੋ= ਕੇਸੋ ਕੇਸੋ ਨਾਮ ਜਪਣਾ, ਇਹ **ਪਿੰਡੁ=** ਪਿੰਡ ਭਰਾਣਾ, **ਗੋਪਾਲ=** ਗੋਪਾਲ ਗੋਪਾਲ ਨਾਮ ਜਪਣਾ- ਇਹ **ਪਤਲਿ=** ਪੱਤਲਾਂ ਦੇਣੀਆਂ, **ਪੰਡਿਤ ਸਦਿਅਹੁ=** ਤਤਵੇਤਾ ਮਹਾਤਮਾ ਨੂੰ ਸੱਦਣਾ ਇਹ **ਕਿਰਿਆ=**ਕਿਰਿਆ ਕਰਮ ਕਰਨਾ।

ਹਰਿ ਨਾਮੁ=ਹਰੀ ਦਾ ਜੋ ਨਾਮ ਜਪਣਾ ਹੈ- ਇਹ **ਦੀਵਾ=**ਦੀਵਾ ਜਗਾਣਾ।

ਫੁਲ ਹਰਿ ਸਰਿ ਪਾਵਏ॥

ਫੁਲ=ਪ੍ਰਫੁੱਲਤ ਹੋ ਕੇ ਹਰੀ ਦੇ ਸਰੋਵਰ- ਸਾਧ ਸੰਗਤ ਦੀ ਪਾਵਏ=ਪ੍ਰਾਪਤੀ ਕਰਨੀ।

(ਬਾਕੀ ਦੇ ਜੋ ਅੱਖਰ ਰਹਿ ਗਏ ਹਨ ਉਹ ਹੁਣ ਲਗਾਓ।)

ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥

ਪੁਰਾਣਾਂ ਦੀ ਜਗ੍ਹਾ ਤੁਸੀਂ ਹਰਿ ਹਰਿ ਦੀ ਕਥਾ ਪੜ੍ਹਣੀ।

ਹਰਿ ਕਥਾ ਪੜੀਐ ਸੁਣੀਐ॥

ਹਰਿ ਦੀ ਕਥਾ ਨੂੰ ਹੀ ਤੁਸੀਂ ਪੜ੍ਹਨਾ ਸੁਨਣਾ।

ਬੇਬਾਣੁ ਹਰਿ ਰੰਗੁ ਗੁਰ ਭਾਵਏ॥

ਜੋ ਪੁਰਸ਼ ਬੇ ਬਾਣੁ=ਦ੍ਵੈਤ ਦੀ ਬਾਣੀ ਤੋਂ ਰਹਿਤ ਹੈ ਅਤੇ ਹਰੀ ਵਿਖੇ ਰੰਗੁ=ਪ੍ਰੇਮ ਕਰਦਾ ਹੈ, ਉਹ ਗੁਰਾਂ ਨੂੰ ਭਾਂਵਦਾ ਹੈ. ਵਾ:- ਹਰੀ ਵਿਖੇ ਜੋ ਪ੍ਰੇਮ ਕਰਨਾ ਹੈ ਏਹੀ ਬਿਬਾਣ ਗੁਰਾਂ ਨੂੰ ਭਾਂਵਦਾ ਹੈ।

ਚੌਥਾ ਅਰਥ—

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਅੰਤੇ=ਜੋਤੀ ਜੋਤ ਸਮਾਣ ਵੇਲੇ ਸਤਿਗੁਰੂ ਅਮਰਦਾਸ ਜੀ ਨੇ ਇਹ ਬਚਨ ਬੋਲਿਆ ਕਿ ਅਸਾਡੇ ਪਿਛੋਂ ਬੰਧਨਾਂ ਤੋਂ ਰਹਿਤ ਜੋ ਪਰਮਾਤਮਾ ਹੈ ਉਸ ਦਾ ਕੀਰਤਨ ਕਰਨਾ।

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥

**ਇਕ ਖੰਡਕ ਅੰਨਵੇ ਹੁੰਦਾ ਹੈ। ਦੂਜਾ ਦੰਡਕ ਅੰਨਵੇਂ ਹੁੰਦਾ ਹੈ। ਭਾਵ:-ਟੁਕੜੇ ਟੁਕੜੇ ਕਰਕੇ ਜੇਹੜਾ ਅੱਖਰਾਂ ਨੂੰ ਲਗਾਵੇਣਾ ਹੈ, ਉਸ ਨੂੰ ਖੰਡਕ ਅੰਨਵੇਂ ਕਹਿੰਦੇ ਹਨ। ਜੇਹੜਾ ਲਾਇਨਾਂ ਨੂੰ ਹੇਠ ਉੱਪਰ ਕਰਕੇ ਲਗਾਣਾ ਹੈ ਉਸ ਨੂੰ ਦੰਡਕ ਅੰਨਵੇ ਕਹਿੰਦੇ ਹਨ। ਹੁਣ ਇਸ ਅਰਥ ਵਿੱਚ ਖੰਡਕ ਅੰਨਵੇਂ ਨਾਲ ਅੱਖਰਾ ਦੀ ਲਵੇਂਤਾ ਲਗਾਣੀ ਹੈ।*

ਕੇਸੋ ਗੋਪਾਲ ਜੋ ਪਰਮਾਤਮਾ ਹੈ ਉਸ ਦੇ ਜਾਨਣ ਵਾਲੇ ਜੋ ਪੰਡਿਤ=ਤਤਵੇਤਾ ਮਹਾਤਮਾ ਹਨ. ਉਹਨਾਂ ਨੂੰ ਆਪਣੇ ਪਾਸ ਸੱਦ ਲੈਣਾ ਤੇ ਰਲ ਕੇ ਕੀਰਤਨ ਕਰਨਾ ਅਤੇ ਹਰਿ ਹਰਿ ਨਾਮ ਦਾ ਜੋ ਉਚਾਰਣਾ ਹੈ ਏਹੀ ਪੁਰਾਣਾ ਦੀ ਕਥਾ ਨੂੰ ਪੜ੍ਹਣਾ।

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਦੇ॥

ਹਰਿ ਕਥਾ ਨੂੰ ਪੜ੍ਹਣਾ, ਹਰੀ ਨਾਮ ਨੂੰ ਸੁਨਣਾ, ਸਿੱਖਾਂ ਨੇ ਕਿਹਾ, ਤੁਸਾਂ ਪੁਰਾਤਨ ਮਰਯਾਦਾ ਛੱਡ ਕੇ ਕੇਵਲ ਨਾਮ ਦਾ ਹੀ ਉਪਦੇਸ਼ ਦੇ ਦਿੱਤਾ ਹੈ, ਇਸ ਦਾ ਕੀ ਕਾਰਨ ਹੈ?

ਉੱਤਰ- ਹੁਣ ਕਲਜੁਗ ਦਾ ਸਮਾਂ ਬੜਾ ਭਿਆਨਕ ਹੈ।

ਯਥਾ- ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ॥ ੪॥ ੧੦॥ ੩੦॥

(ਗਉੜੀ ਮ: ੩, ਪੰਨਾ ੧੬੧)

ਇਸ ਲਈ ਨਾਮ ਦਾ ਉਪਦੇਸ਼ ਦਿੱਤਾ ਹੈ। ਹਰੀ ਨਾਮ ਵਿਖੇ ਜਿਹੜਾ ਪ੍ਰੇਮ ਕਰਨਾ ਹੈ ਏਹੀ ਗੁਰਾਂ ਨੂੰ ਬਿਬਾਣ ਭਾਂਵਦਾ ਹੈ, ਹੋਰ ਰੰਗਦਾਰ ਕੱਪੜਾ ਪ੍ਰਤੱਖ ਕੋਈ ਨਹੀਂ ਭਾਂਵਦਾ।

ਕਿਉਂਕਿ ਮਹਾਰਾਜ ਰੰਗਦਾਰ ਕੱਪੜਾ ਕੋਈ ਪਸੰਦ ਹੀ ਨਹੀਂ ਕਰਦੇ ਸਨ।

ਸਾਖੀ-ਹਰੀ ਪੁਰ ਦੇ ਰਾਜਾ ਦੀ

ਜਿਸ ਵੇਲੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਦਰਸ਼ਨਾਂ ਨੂੰ ਹਰੀ ਪੁਰ ਦਾ ਰਾਜਾ ਆਇਆ ਤਾਂ ਸਾਵਣ ਮੱਲ ਨੇ ਹੱਥ ਜੋੜ ਕੇ ਬੇਨਤੀ ਕੀਤੀ- ਹੇ ਗੁਰੂ ਜੀ ! ਆਪ ਜੀ ਦੇ ਦਰਸ਼ਨਾਂ ਨੂੰ ਰਾਜਾ ਪਰਵਾਰ ਦੇ ਸਹਿਤ ਅਤੇ ਰਾਣੀਆਂ ਤੇ ਮੰਤ੍ਰੀਆਂ ਦੇ ਸਹਿਤ ਆਇਆ ਹੈ, ਹੁਕਮ ਹੋਵੇ ਤਾਂ ਆ ਕੇ ਦਰਸ਼ਨ ਕਰ ਜਾਵੇ। ਹਜੂਰ ਨੇ ਫੁਰਮਾਇਆ, ਪੁਰਸ਼ ਮਾਤ੍ਰ ਸਾਰੇ ਲੰਗਰ ਵਿੱਚੋਂ ਪ੍ਰਸ਼ਾਦਿ ਛਕ ਕੇ ਆ ਕੇ ਦਰਸ਼ਨ ਕਰ ਲੈਣ ਪਰ ਇਸਤ੍ਰੀਆਂ ਨਾ ਆਵਣ।

ਇਹ ਗੱਲ ਸੁਣ ਕੇ 'ਸਾਵਣ ਮੱਲ' ਨੇ ਬੇਨਤੀ ਕੀਤੀ, ਗਰੀਬ ਨਿਵਾਜ ਜੀਓ ! ਉਹ ਤਾਂ ਬਹੁਤ ਆਸਾ ਧਾਰ ਕੇ ਪ੍ਰੇਮ ਸਹਿਤ ਆਈਆਂ ਹਨ, ਆਪ ਉਹਨਾਂ ਦੀ ਆਸਾ ਪੂਰਨ ਕਰੋ ਨਹੀਂ ਤਾਂ ਝੂਰਦੀਆਂ ਹੋਈਆਂ ਦੁੱਖ ਨੂੰ ਪਾਣਗੀਆਂ।

ਯਥਾ- ਦਯਾ ਕਰਨ ਕੋ ਬਿਰਦ ਸੰਭਾਰਹੁ, ਆਇਸੁ ਦੇਹੁ ਸਕਲ ਦਰਸਾਹਿਂ॥
ਧਰੈਂ ਭਾਵਨੀ ਸਕਲ *ਭਾਮਨੀ, ਗੁਰ ਜੀ ਪਠਵਹੁ ਤਿਨੈ ਬੁਲਾਇ॥ ੫॥
ਤਬਿ ਸਤਿਗੁਰ ਆਇਸੁ ਇਮਿ ਕੀਨਸਿ, ਜਿਤਕ ਭਾਰਜਾ ਨ੍ਰਿਪ ਕੀ ਹੋਇ॥
ਦਾਸੀ ਆਦਿ ਅਪਰ ਜੇ ਦਾਰਾ, ਰੰਗਦਾਰ ਬਸਤ੍ਰ ਲੇ ਜੋਇ॥
ਸਭਿ ਸੋਂ ਕਹਹੁ ਸ੍ਵੇਤ ਕਰ ਪੋਸ਼ਿਸ਼, ਮੁਖ ਕੋ ਨਹੀਂ ਛੁਪਾਵਹਿ ਕੋਇ॥
ਦਰਸ਼ਨਿ ਕਰਿ ਕਰਿ ਸਗਰੀ ਗਮਨਹਿ, ਇਸ ਪ੍ਰਕਾਰ ਕੀ ਬਨਿ ਕੈ ਸੋਇ॥ ੬॥

ਇਸ ਤਰ੍ਹਾਂ ਗੁਰੂ ਜੀ ਦਾ ਹੁਕਮ ਸੀ ਕਿ ਰੰਗਦਾਰ ਕੱਪੜੇ ਪਾ ਕੇ ਅਸਾਡੇ ਦਰਸ਼ਨਾਂ ਨੂੰ ਕੋਈ ਨਾ ਆਵੇ, ਸਫੈਦ ਕੱਪੜੇ ਪਾ ਕੇ ਦਰਸ਼ਨਾਂ ਨੂੰ ਆਵੇ। ਉਸ ਵੇਲੇ ਸਭ ਰਾਣੀਆਂ ਅਤੇ ਦਾਸੀਆਂ ਚਿੱਟੇ ਕੱਪੜੇ ਪਾ ਕੇ ਦਰਸ਼ਨਾਂ

*ਇਸਤ੍ਰੀਆਂ।

ਨੂੰ ਆਈਆਂ।

(ਇਹ ਪ੍ਰਸੰਗ ਸੂਰਜ ਪ੍ਰਤਾਪ ਰਾਸ ੧ ਅੰਸੂ ੩੩ ਵਿਖੇ ਹੈ।)

ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥

ਪਿੰਡ ਭਰਾਣੇ,ਪਤਲਾਂ ਦੇਣੀਆਂ, ਕ੍ਰਿਆ ਕਰਮ ਕਰਨਾ, ਦੀਵਾ ਜਗਾਣਾ, ਫੁੱਲ ਚੁਣਨੇ ਇਹ ਸਾਰੇ ਕਰਮ ਹਰੀ ਨਾਮ ਦੇ ਸਰਿ=ਸਦਰਸ਼ ਪਾ ਦਿਓਗੇ, ਕਿੰਤੂ ਨਹੀਂ।

ਕਿਉਂਕਿ- ਨਾਮ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ੮॥ ੨॥

(ਗਉੜੀ ਸੁਖਮਨੀ, ਪੰਨਾ ੨੬੫)

ਨਾਮ ਦੇ ਸਦਰਸ਼ ਕੋਈ ਕਰਮ ਅਤੇ ਕੋਈ ਸਾਧਨ ਨਹੀਂ ਹੈ।

ਯਥਾ- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ ੫॥

(ਸਿਰੀਰਾਗੁ ਮ: ੫, ਪੰਨਾ ੬੨)

ਤਥਾ- ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥ ਪ੍ਰਾਗ ਇਸਨਾਨੇ॥ ੧॥

ਤਉ ਨ ਪੁਜਹਿ ਹਰਿ ਕੀਰਤਿ ਨਾਮਾ॥

(ਰਾਗੁ ਗੌਂਡ ਨਾਮਦੇਵ, ਪੰਨਾ ੮੭੩)

ਇਸ ਕਰਕੇ ਹੋਰ ਸਾਰੇ ਕਰਮ ਛੱਡ ਕੇ ਤੁਸੀਂ ਕੇਵਲ ਨਾਮ ਜਪਣਾ।

ਪੰਜਵਾਂ ਅਰਥ—

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਅੰਤੇ=ਜੋਤੀ ਜੋਤ ਸਮਾਣ ਲੱਗਿਆਂ ਸਤਿਗੁਰੂ ਅਮਰਦਾਸ ਜੀ ਨੇ ਇਹ ਬਚਨ ਬੋਲਿਆ ਕਿ ਅਸਾਡੇ ਪਿੱਛੋਂ ਬਾਣੁ=ਦੁੱਖਾਂ ਤੋਂ ਨਿਰ=ਰਹਿਤ ਜੋ ਪਰਮਾਤਮਾ ਹੈ ਉਸ ਦਾ ਕੀਰਤਨ ਕਰਨਾ।

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥

ਕੇ+ਸੋ=ਜਲ ਵਿੱਚ ਸੈਨ ਕਰਨ ਵਾਲਾ, ਗੋਪਾਲ=ਪ੍ਰਿਥਵੀ ਪਾਲਕ, ਪੰਡਿਤ=ਪੰਡਾ ਬੁੱਧੀ ਨੂੰ ਕੁਸ਼ਲਤਾ ਭਾਵ ਚਤੁਰ ਕਰਨ ਵਾਲਾ ਜੋ ਪਰਮਾਤਮਾ ਹੈ ਉਸ ਨੂੰ ਸੱਦਣਾ ਭਾਵ ਅਵਾਹਨ ਕਰਨਾ ਅਰਥਾਤ ਬੁਲਾਣਾ ਕਿ ਅਸਾਨੂੰ ਪ੍ਰਾਪਤ ਹੋ। (ਨੋਟ- ਸੰਸਕ੍ਰਿਤ ਵਿਖੇ ਪੰਡਾ ਨਾਮ ਬੁੱਧੀ ਦਾ ਹੈ।)

ਯਥਾ- ਪੜੀਆ ਕਵਨ ਕੁਮਤਿ ਤੁਮ ਲਾਗੇ॥

ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥ ੧॥ ਰਹਾਉ॥

(ਰਾਗੁ ਮਾਰੂ ਕਬੀਰ ਜੀ, ਪੰਨਾ ੧੧੦੩)

ਹੇ ਬੁੱਧੀਵਾਨ ! ਆਪ ਕਿਸ ਖੋਟੀ ਸਿੱਖਿਆ ਵਿਖੇ ਲੱਗ ਰਹੇ ਹੋ।

ਪੁਰਾਣੁ=ਪੂਰਨ ਹਰਿ ਹਰਿ ਦੀ ਕਥਾ ਨੂੰ ਪੜ੍ਹਣਾ।

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥

ਹਰੀ ਕਥਾ ਨੂੰ ਪੜ੍ਹਣਾ, ਹਰੀ ਨਾਮ ਨੂੰ ਸੁਣਨਾ, ਖੋਟੀ ਬਾਣ=ਆਦਤ ਤੋਂ ਬੇ=ਰਹਿਤ ਹੋ ਕੇ ਹਰੀ ਦਾ

www.sikhbookclub.com

ਰੰਗੁ=ਆਨੰਦ ਲੈਣਾ ਤਾਂ ਤੁਸੀਂ ਗੁਰਾਂ ਨੂੰ ਭਾਅ ਜਾਓਗੇ।

ਪਿੰਡੁ ਪਤ ਲਿ=ਪਤੀ ਪਰਮਾਤਮਾ ਨੂੰ ਲਿ=ਲੈਣ ਵਾਸਤੇ ਆਪਣੇ ਪਿੰਡੁ=ਸਰੀਰ ਨੂੰ ਪਤਲਿ=ਪਤਲਾ ਯਾਨੇ ਸੂਖਮ ਅਰਥਾਤ ਅਭਿਮਾਨ ਤੋਂ ਰਹਿਤ ਕਰਨਾ।

ਕਿਰਿਆ ਦੀਵਾ=ਗਿਆਨ ਰੂਪ ਦੀਵੇ ਦੀ ਪਰਾਪਤੀ ਵਾਸਤੇ ਸਾਧਨਾਂ ਦੀ ਕਿਰਿਆ ਕਰਨੀ।

ਪ੍ਰਸ਼ਨ- ਕੇਹੜੀ ਕਿਰਿਆ ਕਰੀਏ?

ਉੱਤਰ- ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥ ਸਚੁ ਬੂਝਣੁ ਆਣਿ ਜਲਾਈਐ॥ ੨॥
ਇਹੁ ਤੇਲੁ ਦੀਵਾ ਇਉ ਜਲੈ॥ ਕਰਿ ਚਾਨਣੁ ਸਾਹਿਬ ਤਉ ਮਿਲੈ॥ ੧॥ ਰਹਾਉ॥

(ਸਿਰੀ ਰਾਗੁ ਮ: ੧, ਪੰਨਾ ੨੫)

ਫੁਲ ਹਰਿ ਸਰਿ ਪਾਵਏ॥

ਤਾਂ ਫਿਰ ਗਿਆਨ ਦੀ ਬਹੁਲਤਾ ਕਰਕੇ ਫੁਲ=ਪ੍ਰਫੁੱਲਤ ਹੋ ਕੇ ਹਰੀ ਨੂੰ ਪਾ ਕੇ ਹਰੀ ਦੇ ਸਰਿ=ਸਦਰਸ਼ ਹੁੰਦਾ ਹੈ।

ਯਥਾ- ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥ *(ਦਸਮ ਗ੍ਰੰਥ)*

ਪੁਨਾ- ਸਿੱਖਾਂ ਨੇ ਬੇਨਤੀ ਕੀਤੀ, ਆਪ ਜੀ ਨੇ ਪੁਰਾਤਨ ਮਰਯਾਦਾ ਛੱਡ ਕੇ ਹੋਰ ਹੀ ਬਚਨ ਕਹੇ ਹਨ। ਉੱਤਰ:-

ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੋ ਹਰੀ ਨੂੰ ਭਾਇਆ ਹੈ ਅਸਾਂ ਨੇ ਓਹੀ ਬਚਣ ਬੋਲਿਆ ਹੈ, ਜਿਨ੍ਹਾਂ ਨੇ ਇਸ ਬਚਨ ਨੂੰ ਮੰਨਿਆਂ ਹੈ ਉਹ ਸੁਜਾਣੁ=ਚਤੁਰ ਹਰੀ ਪੁਰਖ ਨਾਲ ਮਿਲ ਗਿਆ ਹੈ।

ਅਥਵਾ- ਜੋ ਹਰੀ ਸੁਜਾਣੁ ਪੁਰਖ ਸਾਰੇ ਮਿਲਿਆ ਹੋਇਆ ਹੈ, ਉਸ ਹਰੀ ਨੂੰ ਜੋ ਭਾਇਆ ਹੈ, ਸੁੰਦਰ ਜੀ ਕਹਿੰਦੇ ਹਨ ਓਹੀ ਬਚਨ ਸਤਿਗੁਰਾਂ ਨੇ ਬੋਲਿਆ ਹੈ।

ਜਿਨ੍ਹਾਂ ਸਿੱਖਾਂ ਨੂੰ ਨਹੀਂ ਪਤਾ ਸੀ ਉਨ੍ਹਾਂ ਨੇ ਫਿਰ ਪੁੱਛਿਆ ਤਿਲਕ ਕਿਸ ਨੂੰ ਦਿੱਤਾ ਹੈ? *ਉੱਤਰ-*

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥ ੫॥

ਸੋਢੀ ਜਾਤ(ਗੋਤ) ਦੇ ਜੋ ਸ੍ਰੀ ਗੁਰੂ ਰਾਮਦਾਸ ਜੀ ਸਨ ਉਹਨਾਂ ਨੂੰ ਤਿਲਕ ਦਿੱਤਾ ਹੈ। ਸੱਚ ਦੀ ਪ੍ਰਾਪਤੀ ਦਾ ਜੋ ਸਬਦੁ=ਉਪਦੇਸ਼ ਸ੍ਰੀ ਗੁਰੂ ਅੰਗਦ ਦੇਵ ਜੀ ਪਾਸੋਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਮਿਲਿਆ ਸੀ ਓਹੀ ਸਬਦੁ=ਉਪਦੇਸ਼ ਸ੍ਰੀ ਗੁਰੂ ਰਾਮਦਾਸ ਜੀ ਦੇ ਹਿਰਦੇ ਵਿੱਚ ਨੀਸਾਣੁ=ਪਰਗਟ ਕਰ ਦਿੱਤਾ।

ਅਥਵਾ:- ਸ੍ਰੀ ਗੁਰੂ ਅਮਰਦਾਸ ਜੀ ਦੇ ਸ਼ਬਦ ਕਰਕੇ ਸੱਚਾ ਬ੍ਰਹਮ ਸ੍ਰੀ ਗੁਰੂ ਰਾਮਦਾਸ ਜੀ ਨੂੰ ਨੀਸਾਣੁ=ਪ੍ਰਗਟ ਹੋਇਆ, *ਵਾ:-* ਗੁਰਾਂ ਨੇ ਸੱਚਾ ਸ਼ਬਦ ਰੂਪ ਨੀਸਾਣੁ=ਪ੍ਰਵਾਨਾ ਅਰਥਾਤ ਟੋਬੁੰ (ਰਾਹਦਾਰੀ) ਦਿੱਤਾ ਹੈ।

ਯਥਾ- ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ॥

(ਸਲੋਕ ਮ:੩, ਪੰਨਾ ੧੨੪੯)

ਭਾਈ ਸੁੰਦਰ ਜੀ ਸੁਣਾਉਂਦੇ ਹਨ ਹੇ ਸਤਿਗੁਰੂ ਜੀ !

[ਪੰਨਾ ੯੨੪]

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥

ਜਿ=ਜਿਸ ਵੇਲੇ ਸਤਿਗੁਰੁ ਪੁਰਖੁ=ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਬੋਲਿਆ ਕਿ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨੀਂ ਪੈ ਜਾਓ, ਤਿਸ ਵੇਲੇ ਸਭ ਗੁਰਸਿੱਖਾਂ ਨੇ ਰਜਾਇ=ਆਗਿਆ ਮੰਨ ਲੀਤੀ।

ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥

ਸਭ ਤੋਂ ਪਹਿਲਾਂ ਮੋਹਰੀ ਪੁੱਤਰ ਸਾਮ੍ਹਣੇ ਖੜ੍ਹਾ ਹੋਇਆ ਤਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਪੁੱਛਿਆ ਕਿਸ ਇੱਛਾ ਨੂੰ ਲੈ ਕੇ ਖੜ੍ਹਾ ਹੋਇਆ ਹੈਂ, ਕੋਈ ਵਸਤੂ ਚਾਹੀਦੀ ਹੈ? ਤਾਂ ਮੋਹਰੀ ਜੀ ਨੇ ਕਿਹਾ, ਸਿੱਖੀ ਦਾਨ ਚਾਹੀਦਾ ਹੈ। ਇਹ ਗੱਲ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਬਾਂਹ ਤੋਂ ਫੜ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨੀਂ ਪਾ ਦਿੱਤਾ ਤੇ ਕਿਹਾ ਇਹਨਾਂ ਦੇ ਚਰਨੀਂ ਲਗਾ ਰਹੀਂ।

ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ ॥

ਪਿੱਛੋਂ ਸਾਰੀ ਸੰਗਤ ਸਤਿਗੁਰੂ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨੀਂ ਪੈਂਦੀ ਹੋਈ ਜਿਥੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਆਪ ਰੱਖਿਆ ਹੈ ਭਾਵ, ਸਭ ਕੁਝ ਆਪਣਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸੌਂਪ ਦਿੱਤਾ ਹੈ।

ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥

ਭਾਈ ਸੁੰਦਰ ਜੀ ਸੁਣਾਂਦੇ ਹਨ-, ਹੇ ਪੰਚਮ ਗੁਰੋ ! ਜੇ ਕੋਈ ਉਸ ਵੇਲੇ ਬਖੀਲੀ=ਈਰਖਾ ਕਰਕੇ ਨਹੀਂ ਨਿੰਵਿਆ; ਤਾਂ ਉਸ ਨੂੰ ਕੁਝ ਸਮੇਂ ਪਿੱਛੋਂ ਫਿਰ ਸਤਿਗੁਰੂ ਅਮਰਦਾਸ ਜੀ ਨੇ ਆਪ ਜੀ ਦੇ ਚਰਨੀਂ ਨਿਵਾਵਣਾ ਕੀਤਾ।

ਇਹ ਇਸ਼ਾਰਾ ਬਾਬਾ ਮੋਹਨ ਜੀ ਵੱਲ ਹੈ। ਉਸ ਵੇਲੇ ਬਾਬਾ ਮੋਹਨ ਜੀ ਈਰਖਾ ਕਰਕੇ ਨਹੀਂ ਨਿਵੇਂ ਸਨ। ਆਖਦੇ ਸਨ ਅਸੀਂ ਗੁਰਾਂ ਦੇ ਸਪੁੱਤ੍ਰ ਹਾਂ ਇਹ ਅਸਾਡਾ ਦਾਸ ਹੈ, ਇਸ ਦੇ ਪੈਰੀਂ ਅਸ਼ੀਂ ਕਿਵੇਂ ਪਈਏ। ਹੰਕਾਰ ਵਿੱਚ ਮਸਤ ਹੋ ਕੇ ਘਰ ਆ ਗਏ ਪਰ ਉਸ ਦਿਨ ਤੋਂ ਕਲਪਦੇ ਹੀ ਰਹੇ ਮਨ ਵਿਖੇ ਸ਼ਾਂਤੀ ਨਾ ਆਈ। ਜਦ ਸ੍ਰੀ ਗੁਰੂ ਅਮਰਦਾਸ ਜੀ ਨੇ ਬਿਲਕੁਲ ਜਾਣ ਦੀ ਤਿਆਰੀ ਕਰ ਲਈ ਤਾਂ ਫਿਰ ਬਾਬਾ ਮੋਹਨ ਜੀ ਨੇ ਆ ਕੇ ਕਿਹਾ, ਮਹਾਰਾਜ ਜੀ ! ਜਿਸ ਦਿਨ ਦਾ ਆਪ ਜੀ ਦਾ ਬਚਨ ਨਹੀਂ ਮੰਨਿਆ ਓਸੇ ਦਿਨ ਦਾ ਮਨ ਕਲ਼ਪਦਾ ਪਿਆ ਹੈ ਸਮਾਧੀ ਭੀ ਲਗਾਈ ਹੈ ਪਰ ਸ਼ਾਂਤੀ ਨਹੀਂ ਆਉਂਦੀ। ਹੁਣ ਜੋ ਆਪ ਹੁਕਮ ਕਰੋ ਮੰਨਣ ਨੂੰ ਤਿਆਰ ਹਾਂ, ਆਪ ਜੀ ਦੀ ਆਗਿਆ ਹੋਵੇ ਤਾਂ ਹੁਣ ਚਰਨੀਂ ਪੈ ਜਾਂਦਾ ਹਾਂ। ਤਿਸ ਵੇਲੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਕਿਹਾ ਹੇ ਮੋਹਨ ਜੀ ! ਸੰਸਾਰਕ, ਨਿਗਾਹ ਨੂੰ ਲੈ ਕੇ ਤੁਸੀਂ ਭਾਵੇਂ ਅਸਾਡੇ ਪੁੱਤਰ ਹੋ, ਪ੍ਰੰਤੂ ਇਹ ਗੁਰੂ ਨਾਨਕ ਦੀ ਗੱਦੀ ਨਿੰਮ੍ਰਤਾ ਦੀ ਹੈ।

ਯਥਾ:- ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ,
ਹਰਿ ਸੇਵਕ ਭਾਇ ਨਿਸਤਾਰਾ ॥ ੪ ॥ ੨ ॥ ੯ ॥ *(ਸੂਹੀ ਮਹਲਾ ੪, ਪੰਨਾ ੭੩੩)*

ਹੁਣ ਇਨ੍ਹਾਂ ਦੇ ਸਪੁੱਤ੍ਰ ਜੋ ਗੁਰੂ ਅਰਜਨ ਦੇਵ ਜੀ ਹਨ ਜਦ ਓਹ ਗੁਰਿਆਈ ਗੱਦੀ 'ਤੇ ਬੈਠਣਗੇ ਤੇ ਤੁਸੀਂ ਉਨ੍ਹਾਂ ਦੇ ਚਰਨੀਂ ਪਵੋਗੇ ਤਾਂ ਤੁਹਾਡੇ ਮਨ ਨੂੰ ਸ਼ਾਂਤੀ ਆਵੇਗੀ। ਫਿਰ ਬਾਬਾ ਮੋਹਨ ਜੀ ਨੇ ਪੁੱਛਿਆ, ਮੈਂ ਤਾਂ ਹਰ ਵੇਲੇ ਸਮਾਧੀ ਵਿੱਚ ਇਸਥਿਤ ਰਹਿੰਦਾ ਹਾਂ, ਮੈਨੂੰ ਉਨ੍ਹਾਂ ਦਾ ਮਿਲਾਪ ਕਿਵੇਂ ਹੋਵੇਗਾ? ਹਜ਼ੂਰ ਨੇ ਕਿਹਾ, ਤੁਸੀਂ ਆਪਣੇ ਪੁੱਤਰ ਸੰਸਰਾਮ ਪਾਸੋਂ ਚਾਰੇ ਪਾਤਸ਼ਾਹਾਂ ਜੀ ਦੀ ਬਾਣੀ ਇਕੱਤ੍ਰ ਕਰਵਾ ਰੱਖਣੀ ਉਸ ਬਾਣੀ ਨੂੰ ਜਦ ਲੈਣ ਵਾਸਤੇ ਆਵਣਗੇ ਤਦ ਤੁਸੀਂ ਪਹਿਲਾਂ ਚਰਨੀਂ ਪੈ ਕੇ ਫਿਰ ਬਾਣੀ ਦੇਣੀ।

ਹਰਿ ਗੁਰਹਿ ਭਾਣਾ ਦੀਈ ਵਡਿਆਈ
ਧੁਰਿ ਲਿਖਿਆ ਲੇਖੁ ਰਜਾਇ ਜੀਉ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਹਰੀ ਦੇ ਭਾਣੇ ਅਨੁਸਾਰ ਗੁਰੂ ਰਾਮਦਾਸ ਜੀ ਨੂੰ ਵਡਿਆਈ ਦਿੱਤੀ ਹੈ। ਰਜਾਇ=ਆਗਿਆ ਕਰਨ ਵਾਲੇ ਪਰਮਾਤਮਾ ਨੇ ਧੁਰੋਂ ਲੇਖ ਹੀ ਐਸਾ ਲਿਖਿਆ ਹੋਇਆ ਸੀ ਕਿ ਗੁਰਿਆਈ ਗੱਦੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੇਣੀ।

ਭਾਈ ਗੁਰਦਾਸ ਜੀ ਨੇ ਵਾਰ ਪਹਿਲੀ ਪੌੜੀ ੪੭ ਵਿੱਚ ਲਿਖਿਆ ਹੈ-

ਯਥਾ:- ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।
ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।
ਦਿਤਾ ਲਈਐ ਆਪਣਾ ਅਣਿਦਿਤਾ ਕਛੁ ਹਥਿ ਨਾ ਆਵੈ।
ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।
ਜਾਣਿ ਨ ਦੇਸਾਂ ਸੋਢੀਓ ਹੋਰਸਿ ਅਜਰੁ ਨ ਜਰਿਆ ਜਾਵੈ
ਘਰ ਹੀ ਕੀ ਵਥੁ ਘਰੇ ਰਹਾਵੈ॥ ੪੭॥

'ਦਿਚੈ ਪੂਰਬਿ ਦੇਵਣਾ' ਦੇ ਵਿਚਾਰ ਅਨੁਸਾਰ ਇਹ ਪ੍ਰਸੰਗ ਦਸਮ ਗ੍ਰੰਥ ਵਿੱਚ ਇਸ ਤਰ੍ਹਾਂ ਹੈ—ਜਿਸ ਵੇਲੇ ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲਾਂ ਓਅੰਕਾਰ ਸ਼ਬਦ ਉਚਾਰਿਆ ਤਾਂ ਤਿੰਨੇ ਵਿਸ਼ਨੂੰ, ਬ੍ਰਹਮਾ, ਸ਼ਿਵ ਪੈਦਾ ਹੋਏ।

ਫੇਰ- ਏਕ ਸ੍ਰਵਣ ਤੇ ਮੈਲ ਨਿਕਾਰਾ॥ ਤਾ ਤੇ ਮਧੁ ਕੀਟਭ ਤਨ ਧਾਰਾ॥
ਦੁਤੀਅ ਕਾਨ ਤੇ ਮੈਲੁ ਨਿਕਾਰੀ॥ ਤਾ ਤੇ ਭਈ ਸ੍ਰਿਸਟਿ ਇਹ ਸਾਰੀ॥ ੧੩॥

(ਦਸਮ ਗ੍ਰੰਥ, ਪੰਨਾ ੪੭)

ਪੁਨਾ, ਭਗਵਾਨ ਨੇ ਮਧੁ ਕੀਟਭ ਦੇ ਨਾਲ ਬੜਾ ਭਾਰੀ ਜੰਗ ਕੀਤਾ। ਤਿਸ ਦੀ ਮਿੱਝ ਨਿਕਲ ਕੇ ਸਮੁੰਦਰ 'ਤੇ ਤਰਨ ਲੱਗ ਪਈ। ਜਿਸ ਤੋਂ ਇਸ ਪ੍ਰਿਥਵੀ ਦਾ ਨਾਮ ਮੇਧਾ ਹੋਇਆ, ਤਿਸ ਤੋਂ ਬਹੁਤ ਸਾਰੇ ਰਾਜੇ ਹੁੰਦੇ ਆਏ। ਜਿਨ੍ਹਾਂ 'ਚੋਂ 'ਦੱਛ ਪਰਜਾਪਤਿ' ਰਾਜਾ ਹੋਇਆ।

ਯਥਾ:- ਤਿਨ ਤੇ ਹੋਤ ਬਹੁਤ ਨ੍ਰਿਪ ਆਏ॥ ਦੱਛ ਪਰਜਾਪਤਿ ਜਿਨ ਉਪਜਾਏ॥ ੧੬॥
ਦਸ ਸਹੰਸ੍ਰ ਤਿਹਿ ਗ੍ਰਿਹ ਭਈ ਕੰਨਿਆ॥ ਜਿਹ ਸਮਾਨ ਕਹ ਲਗੈ ਨ ਅੰਨਿਆ॥
ਕਾਲ ਕ੍ਰਿਆ ਐਸੀ ਤਹ ਭਈ॥ ਤੇ ਸਭ ਬਿਆਹ ਨਰੇਸਨ ਦਈ॥ ੧੭॥

ਸਮੇਂ ਦੇ ਅਨੁਸਾਰ ਰਾਜਾ ਨੇ ਓਹ ਸਭ ਕੰਨਿਆਂ ਵਿਵਾਹ ਦਿੱਤੀਆ ਤੇ ਚਾਰ ਕੰਨਿਆਂ ਕੱਛਪ ਰਿਖੀ ਨੇ ਵਿਆਹ ਲੀਤੀਆਂ। ੧ ਬਨਤਾ, ੨ ਕਦਰੂ, ੩ ਅਦਿੱਤੀ ਤੇ ੪ ਦਿਤੀ।

ਬਨਤਾ 'ਚੋਂ ਗਰੁੜ ਹੋਇਆ, ਕਦਰੂ 'ਚੋਂ ਸੱਪ ਹੋਏ, ਅਦਿੱਤੀ ਵਿਚੋਂ ਦੇਵਤੇ, ਦਿਤੀ 'ਚੋਂ ਦੈਂਤ ਹੋਏ। ਦੇਵਤਿਆਂ ਵਿੱਚੋਂ ਜਦ ਸੂਰਜ ਦੇਵਤਾ ਉਤਪੰਨ ਹੋਯਾ ਤਾਂ ਉਸ ਦੇ ਪ੍ਰਤਾਪ ਨਾਲ ਸੂਰਜ ਬੰਸ ਜਗਤ ਵਿੱਚ ਪ੍ਰਚੱਲਤ ਹੋ ਗਈ। ਪੁਨਾ- ਉਸੇ ਸੂਰਜ ਬੰਸ ਵਿੱਚੋਂ 'ਅਜ' ਰਾਜਾ ਹੋਇਆ। ਅਜ ਰਾਜੇ ਦਾ ਪੁਤ੍ਰ 'ਰਾਜਾ ਦਸਰਥ' ਹੋਇਆ। ਤਿਸ ਨੇ ਤਿੰਨ ਲੜਕੀਆਂ ਵਿਆਹੀਆਂ,

੧) ਕੁਸ਼ਲਿਆ,

੨) ਸੁਮਿੱਤ੍ਰਾ,

੩) ਕੇਕਈ।

ਕੁਸ਼ਲਿਆਂ ਵਿੱਚੋਂ ਸ੍ਰੀ ਰਾਮ ਚੰਦ੍ਰ ਜੀ ਹੋਏ, ਸੁਮਿੱਤ੍ਰਾ ਵਿੱਚੋਂ ਲਛਮਣ ਤੇ ਸ਼ਤ੍ਰੂਘਨ, ਕਕੇਈ ਵਿੱਚੋਂ ਭਰਥ ਹੋਇਆ। ਸਮੇਂ ਅਨੁਸਾਰ ਇਹਨਾਂ ਨੇ ਕਾਫੀ ਰਾਜ ਭਾਗ ਕਮਾਇਆ। ਪੁਨਾ, ਸਮਾਂ ਪਾ ਕੇ ਸਾਰੇ ਸੁਰਗਪੁਰੀ ਚਲੇ ਗਏ। ਬਾਅਦ ਵਿਚ ਸੀਤਾ ਦੇ ਪੁੱਤਰ ਲਉ ਤੇ ਕੁਸ਼ ਬੜੇ ਧਨੁਖ ਧਾਰੀ ਯੋਧਾ ਹੋਏ, ਰਾਜ ਸਿੰਘਾਸਣ ਦਾ ਕੰਮ ਇਹਨਾਂ ਦੇ ਸਿਰ 'ਤੇ ਆ ਗਿਆ। ਲਉ ਨੇ ਲਾਹੌਰ ਬਣਾਇਆ, ਕੁਸ਼ ਨੇ ਕਸੂਰ ਬਣਾਇਆ। ਦੋਹਾਂ ਨੇ ਦੋਨੋਂ ਪੁਰੀਆਂ ਐਸੀਆਂ ਬਣਾਈਆਂ ਜਿਨ੍ਹਾਂ ਨੂੰ ਦੇਖ ਕੇ ਸਵਰਗ ਪੁਰੀ ਵੀ ਸ਼ਰਮਸਾਰ ਹੋ ਗਈ।

ਯਥਾ-ਤਹੀ ਤਿਨੈ ਬਾਂਧੇ ਦੁਇ ਪੁਰਵਾ॥ ਏਕ ਕਸੂਰ ਦੁਤੀਯ ਲਹੁਰਵਾ॥
ਅਧਿਕ ਪੁਰੀ ਤੇ ਦੋਊ ਬਿਰਾਜੀ॥ ਨਿਰਖ ਲੰਕ 'ਅਮਰਾਵਤਿ' ਲਾਜੀ॥ ੨੪॥

(ਦਸਮ ਗ੍ਰੰਥ, ਪੰਨਾ ੪੮)

ਸਮੇਂ ਅਨੁਸਾਰ ਓਹ ਵੀ ਕਾਲਾਂਤਰ ਹੋ ਗਏ। ਪੁਨਾ, ਉਨ੍ਹਾਂ ਦੇ ਪੁੱਤਰ, ਪੋਤਰੇ, ਪੜਪੋਤਰੇ ਰਾਜ ਭਾਗ ਕਰਦੇ ਹੋਏ, ਪੁਨਾ ਕੁਸ਼ ਦੀ ਕੁਲ ਵਿੱਚੋਂ 'ਕਾਲ ਕੇਤ' ਹੋਇਆ ਅਤੇ ਲਉ ਦੀ ਕੁਲ ਵਿੱਚੋਂ 'ਕਾਲ ਰਾਇ' ਪੈਦਾ ਹੋਯਾ। ਸਮੇਂ ਅਨੁਸਾਰ-

ਕਾਲਕੇਤ ਭਯੋ ਬਲੀ ਅਪਾਰਾ॥ ਕਾਲਰਾਇ ਜਿਨਿ ਨਗਰ ਨਿਕਾਰਾ॥

ਉਹ ਫਿਰ- ਭਾਜ ਸਨੈਂਢ ਦੇਸ ਤੇ ਗਏ॥ ਤਹੀ ਭੂਪ ਜਾ ਬਿਆਹਤ ਭਏ॥ ੨੮॥
ਤਿਹ ਤੇ ਪੁਤ੍ਰ ਭਯੋ ਜੋ ਧਾਮਾ॥ ਸੋਢੀਰਾਇ ਧਰਾ ਤਿਹਿ ਨਾਮਾ॥
ਬੰਸ ਸਨੈਂਢ ਤ ਦਿਨ ਤੇ ਥੀਆ॥ ਪਰਮ ਪਵਿੱਤ੍ਰ ਪੁਰਖ ਜੂ ਕੀਆ॥ ੨੯॥

ਜਦ ਸਮੇਂ ਅਨੁਸਾਰ ਇਨ੍ਹਾਂ ਸੋਢੀਆਂ ਦੀ ਕੁਲ ਬਹੁਤ ਸਾਰੀ ਵਧ ਗਈ, ਨਾਲ ਹੀ ਧਨ ਦੌਲਤ ਭੀ ਕਾਫੀ ਵਧ ਗਿਆ। ਫਿਰ ਇਹਨਾਂ ਨੇ ਰਾਜ ਭਾਗ ਕਰਦਿਆਂ ਹੋਇਆਂ ਰਾਜਸੂ ਵਗੈਰਾ ਕਈ ਯੱਗ ਕੀਤੇ। ਪਰੰਤੂ ਕਾਲ ਦੇ ਚੱਕਰ ਅਨੁਸਾਰ—

ਬਹੁਰ ਬੰਸ ਮੈ ਬਢੋ ਬਿਖਾਧਾ॥ ਮੇਟ ਨ ਸਕਾ ਕੋਊ ਤਿੱਹ ਸਾਧਾ॥

ਇਨ੍ਹਾਂ ਦਾ ਆਪਸ ਵਿਚ ਇਤਨਾ ਵੈਰ ਭਾਵ ਵਧ ਗਿਆ ਜਿਸ ਨੂੰ ਕੋਈ ਹਟਾ ਨਾ ਸਕਿਆ। ਕਾਫੀ ਆਪਸ ਵਿਚ ਜੰਗ ਹੋਇਆ ਆਖਿਰਕਾਰ 'ਲਉ' ਦੀ ਕੁਲ ਵਾਲੇ ਸੋਢੀ ਸਾਰੇ ਜਿੱਤ ਗਏ, 'ਕੁਸ਼ ਦੀ ਕੁਲ ਵਾਲੇ ਸਾਰੇ ਹਾਰ ਗਏ। ਬਹੁਤ ਸਾਰੇ ਤਾਂ ਮਰ ਗਏ ਬਾਕੀ ਜੇਹੜੇ ਬਚੇ ਸਨ ਉਹ ਪ੍ਰਾਣਾਂ ਨੂੰ ਲੈ ਕੇ ਕਾਂਸ਼ੀ ਜਾ ਵਸੇ ਓਥੇ ਬਹੁਤ

www.sikhbookclub.com

ਸਮਾਂ ਰਹਿ ਕੇ ਬੇਦ ਪੜ੍ਹਣਾ ਕੀਤੇ।

ਯਥਾ:- (ਬਚਿੱਤ੍ਰ ਨਾਨਕ ਧਿਆ: ੨ ਪੰਨਾ ੪੯)

ਚਉਪਈ:- ਇਹ ਬਿਧ ਮਚਾ ਘੋਰ ਸੰਗ੍ਰਾਮਾ॥ ਸਿਧਏ ਸੂਰਿ ਸੂਰਿ ਕੇ ਧਾਮਾ॥
ਕਹਾ ਲਗੈ ਵਹ ਕਥੋਂ ਲਰਾਈ॥
ਆਪਨ ਪ੍ਰਭਾ ਨ ਬਰਨੀ ਜਾਈ॥
ਭੁਜੰਗ ਪ੍ਰਯਾਤ ਛੰਦ॥ ਲਵੀ ਸਰਬ ਜੀਤੇ ਕੁਸ਼ੀ ਸਰਬ ਹਾਰੇ॥
ਬਚੇ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ॥
ਚਤੁਰ ਬੇਦ ਪਠਿਯੰ ਕੀਯੋ ਕਾਸ਼ਿ ਬਾਸੰ॥
ਘਨੈ ਬਰਖ ਕੀਨੇ ਤਹਾਂ ਹੀ ਨਿਵਾਸੰ॥ ੫੨॥

(ਬਚਿੱਤ੍ਰ ਨਾਟਕ ਧਿਆ: ੩)

ਭੁਯੰਗ ਪ੍ਰਯਾਤ ਛੰਦ॥ ਜਿਨੈ ਬੇਦ ਪਠਿਓ ਸੁ ਬੇਦੀ ਕਹਾਏ॥ ਤਿਨੈ ਧਰਮ ਕੇ ਕਰਮ ਨੀਕੇ ਚਲਾਏ॥

ਪੁਨਾ- ਸੋਢੀਆਂ ਨੇ ਵੈਰ ਭਾਵ ਵਿਸਾਰ ਕੇ ਬੇਦੀਆਂ ਵੱਲ ਚਿੱਠੀ ਪਾਈ ਕਿ ਤੁਸੀਂ ਹੁਣ ਆ ਜਾਓ, ਅਸੀਂ ਭਾਈ ਭਾਈ ਰਲ ਕੇ ਰਹੀਏ।

ਏਸ ਤਰ੍ਹਾਂ ਦੀ ਚਿੱਠੀ ਪੜ੍ਹ ਕੇ ਬੇਦੀਆਂ ਨੇ ਭੀ ਵੈਰ ਭਾਵ ਵਿਸਾਰ ਦਿੱਤਾ ਤੇ ਬਿਸਤਰੇ ਗੋਲ ਕਰਕੇ ਸੋਢੀਆਂ ਪਾਸ ਆ ਪਹੁੰਚੇ, ਆਪਸ ਵਿਚ ਭਰਾ ਭਰਾ ਮਿਲ ਕੇ ਬਹੁਤ ਆਨੰਦ ਪ੍ਰਸੰਨ ਹੋਏ। ਪੁਨਾ, ਸੋਢੀਆਂ ਦੇ ਰਾਜਾ ਨੇ ਕਹਿ ਕੇ ਬੇਦੀਆਂ ਪਾਸੋਂ ਬੇਦਾਂ ਦੀ ਧੁਨ ਕਰਵਾਈ, ਪਹਿਲੇ ਸ਼ਾਮ ਬੇਦ, ਫੇਰ ਰਿਗ ਬੇਦ, ਪੁਨਾ ਯਜੁਰ ਬੇਦ ਸੁਣਾਇਆ ਤਦ ਸੋਢੀ ਰਾਜਾ ਬਹੁਤ ਪਰਸੰਨ ਹੋਇਆ ਜਦ ਬੇਦੀਆਂ ਨੇ ਚੌਥਾ ਅਥਰਬਣ ਬੇਦ ਸੁਣਾਇਆ ਤਦ ਸੋਢੀ ਰਾਜਾ ਆਪਣਾ ਰਾਜ ਭਾਗ ਸਾਰਾ ਬੇਦੀਆਂ ਨੂੰ ਸਮਰਪਣ ਕਰਕੇ, ਆਪ ਬਨ ਵਿਖੇ ਜਾਣ ਨੂੰ ਤਿਆਰ ਹੋ ਗਿਆ। ਉਸ ਵੇਲੇ ਬੇਦੀਆਂ ਨੇ ਬਹੁਤ ਪ੍ਰਸੰਨ ਹੋ ਕੇ ਅਸੀਸ ਦਿੱਤੀ।

ਯਥਾ- ਅੜਿਲ॥ ਬੇਦੀ ਭਯੋ ਪ੍ਰਸੰਨ ਰਾਜ ਕਹ ਪਾਇ ਕੈ॥
ਦੇਤ ਭਯੋ ਬਰ ਦਾਨ ਹੀਐ ਹੁਲਸਾਇ ਕੈ॥
ਜਬ ਨਾਨਕ ਕਲ ਮੈ ਹਮ ਆਨ ਕਹਾਇ ਹੈ॥
ਹੈ ਜਗਤ ਪੂਜ ਕਰਿ ਤੋਹਿ ਪਰਮਪਦ ਪਾਇ ਹੈ॥ ੭॥

ਕਿ. ਜਿਸ ਵੇਲੇ ਓਹ ਪ੍ਰਮੇਸ਼ਰ ਅਸਾਡੀ ਕੁਲ ਅਰਥਾਤ ਬੇਦੀ ਬੰਸ ਵਿਚ ਆ ਕੇ ਸ੍ਰੀ ਗੁਰੂ ਨਾਨਕ ਰੂਪ ਕਹਾਏਗਾ, ਤਿਸੀ ਵੇਲੇ ਤੁਹਾਡੀ ਕੁਲ ਵਾਲਿਆਂ ਭਾਵ ਸੋਢੀਆਂ ਨੂੰ ਜਗਤ ਦਾ ਪੂਜਨੀਕ ਕਰੇਗਾ ਅਤੇ ਤੁਹਾਡੀ ਕੁਲ ਵਾਲੇ ਸਾਰੇ ਪੁਰਸ਼ ਪਰਮ ਪਦਵੀ ਨੂੰ ਪਾਵਣਗੇ

ਚਉਪਈ॥ ਤ੍ਰਿਤਿਯ ਬੇਦ ਸੁਨਬੇ ਤੁਮ ਕੀਆ॥
ਚਤੁਰ ਬੇਦ ਸੁਨਿ ਭੂਅ ਕੋ ਦੀਆ॥
ਤੀਨ ਜਨਮ ਹਮਹੂੰ ਜਬ ਧਰਿ ਹੈ॥
ਚੌਥੇ ਜਨਮ ਗੁਰੂ ਤੁਹਿ ਕਰ॥ ੯॥ *(ਦਸਮ ਗ੍ਰੰਥ ਬਚਿੱਤ੍ਰ ਨਾਟਕ ਧਿਆ: ੪ ਪੰਨਾ ੫੩)*

ਜਿਸ ਵੇਲੇ ਪ੍ਰਮੇਸ਼ਰ ਤੀਨ ਜਨਮ=ਤਿੰਨ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਸਾਡੀ ਕੁਲ ਭਾਵ ਬੇਦੀ ਬੰਸ ਵਿਚ ਧਾਰੇਗਾ ਤਾਂ ਚੌਥੇ ਜਨਮ=ਚੌਥਾ ਅਵਤਾਰ ਤੁਹਾਡੀ ਸੋਢੀ ਕੁਲ ਵਿਚ ਹੋਵੇਗਾ, ਤੁਹਾਡੀ ਕੁਲ ਵਾਲਿਆਂ ਨੂੰ, ਭਾਵ ਸੋਢੀ ਕੁਲ ਵਾਲਿਆਂ ਨੂੰ ਗੁਰੂ ਕਰੇਗਾ।

ਧੁਰਿ ਲਿਖਿਆ ਲੇਖੁ ਰਜਾਇ ਜੀਉ=ਇਸ ਵਜ੍ਹਾ ਕਰਕੇ ਗੁਰਿਆਈ ਗੱਦੀ ਦੀ ਪ੍ਰਾਪਤੀ ਦਾ ਲੇਖ ਰਜਾਇ=ਪਰਮਾਤਮਾ ਨੇ ਧੁਰੋਂ ਹੀ ਲਿਖਿਆ ਹੋਇਆ ਸੀ।

ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥ ੬ ॥ ੧ ॥

ਭਾਈ ਸੁੰਦਰ ਜੀ ਕਥਨ ਕਰਦੇ ਹਨ-ਹੇ ਸੰਤਹੁ=ਸ਼ਾਂਤ ਆਤਮਾ ਸਤਿਗੁਰੂ ਅਰਜਨ ਦੇਵ ਸਹਿਬ ਜੀ ! ਆਪ ਸੁਨਣਾ ਕਰੋ ਇਸ ਵਜ੍ਹਾ ਕਰਕੇ ਸਾਰੇ ਸੰਸਾਰ ਨੂੰ ਸ੍ਰੀ ਰਾਮਦਾਸ ਸਾਹਿਬ ਜੀ ਦੇ ਪੈਰੀ ਪਾਇ=ਚਰਨੀਂ ਪਾ ਦਿੱਤਾ॥ ੬ ॥ ੧ ॥

॥ ਰਾਮਕਲੀ ਸਦੁ ਸਮਾਪਤੰ ॥

ਰਾਮਕਲੀ ਛੰਤ

ਰਾਮਕਲੀ ਮਹਲਾ ੫ ਛੰਤ ੧ੴ ਸਤਿਗੁਰ ਪ੍ਰਸਾਦਿ ॥

ਹੁਣ ਗੁਰੂ ਸਾਹਿਬ ਜੀ ਅਪੁਣੇ ਪਵਿੱਤ੍ਰ ਮੁਖਾਰਬਿੰਦ ਤੋਂ ਛੰਤਾਂ ਦੇ ਰੂਪ ਵਿਚ ਬਾਣੀ ਉਚਾਰ ਕੇ ਸਿੱਖਾਂ ਨੂੰ ਉਪਦੇਸ਼ ਦੇਂਦੇ ਹਨ। (ਸਾਜਨੜਾ ਮੇਰਾ ਸਾਜਨੜਾ) ਅਤੇ (ਜਾਨੀਅੜਾ ਹਰਿ ਜਾਨੀਅੜਾ) ਇਤਿਆਦਿਕ ਜੇਹੜੇ ਦੋ ਵਾਰ ਜਾਂ ਤਿੰਨ ਵਾਰ ਸ਼ਬਦ ਆਉਣੇ ਹਨ। ਇਹ ਇੱਕ ਛੰਤਾਂ ਦੀ ਚਾਲ ਹੈ, ਇਸ ਵਿਚ ਪੁਨਰੁਕਤੀ ਦੋਸ਼ ਨਾ ਸਮਝਣਾ।

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥

ਮੇਰਾ ਸਾਜਨੜਾ=ਮਿੱਤਰ ਪਰਮਾਤਮਾ ਪਿਛੇ ਸਾਰਿਆਂ ਦੇ ਨਿਕਟਿ=ਪਾਸ ਖੜ੍ਹਾ ਸੀ, ਹੁਣ ਭੀ ਮੇਰਾ ਸਾਜਨੜਾ=ਮਿੱਤਰ ਪਰਮਾਤਮਾ ਸਾਰਿਆ ਦੇ ਪਾਸ ਖੜ੍ਹਾ ਹੈ, ਅੱਗੇ ਭੀ ਮੇਰਾ ਸਾਜਨੜਾ=ਮਿੱਤਰ ਪਰਮਾਤਮਾ ਸਾਰਿਆਂ ਦੇ ਪਾਸ ਖੜ੍ਹਾ ਹੋਵੇਗਾ। ਅਰਥਾਤ ਭੂਤ, ਵਰਤਮਾਨ, ਭਵਿੱਖਤ ਵਿਖੇ ਪਰੀ ਪੂਰਨ ਹੈ।

ਅਥਵਾ:-ਮੇਰਾ ਸੱਜਣ ਪਰਮਾਤਮਾ ਮਨ ਦੇ ਨਿਕਟਿ=ਪਾਸ ਖੜ੍ਹਾ ਹੈ,

ਮੇਰਾ ਸੱਜਣ ਪਰਮਾਤਮਾ ਬਾਣੀ ਦੇ ਪਾਸ ਖੜ੍ਹਾ ਹੈ,

ਮੇਰਾ ਸੱਜਣ ਪਾਰਮਾਤਮਾ ਤਨ (ਸਰੀਰ) ਦੇ ਪਾਸ ਭੀ ਖੜ੍ਹਾ ਹੈ।

ਅਰਥਾਤ-ਮਨ, ਬਾਣੀ, ਸਰੀਰ ਵਿਚ ਵਿਆਪਕ ਹੈ।

ਅਥਵਾ:- ਤਮਾਮ ਸੱਜਣਾਂ ਵਿੱਚੋਂ ਜੋ ਮੇਰਾ ਅਸਲੀ ਸੱਜਣ ਪਰਮਾਤਮਾ ਹੈ, ਉਹ ਮੇਰਾ ਸੱਜਣ ਸਾਰਿਆਂ ਦੇ ਨਿਕਟਿ=ਪਾਸ ਖੜ੍ਹਾ ਹੈ॥

ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥

ਜਾਨੀਅੜਾ=ਪਿਆਰੇ ਹਰੀ ਨੂੰ ਨੈਣ=ਅੱਖਾਂ ਨਾਲ ਅਲੋਇਅੜਾ=ਵੇਖਦੇ ਹਾਂ,

ਜਾਨੀਅੜਾ=ਪਿਆਰੇ ਹਰੀ ਨੂੰ ਅੱਖਾਂ ਨਾਲ ਵੇਖਦੇ ਹਾਂ,

ਜਾਨੀਅੜਾ=ਪਿਆਰੇ ਹਰੀ ਨੂੰ ਅੱਖਾਂ ਨਾਲ ਵੇਖਦੇ ਹਾਂ, ਨਿਸਚੇ ਕਰਕੇ।

ਅਥਵਾ:- ਜਾਨੀਅੜਾ=ਪਿਆਰਿਆਂ ਵਿਚੋਂ ਅਸਲੀ ਜਾਨੀਅੜਾ=ਪਿਆਰਾ ਜੋ ਹਰੀ ਹੈ, ਤਿਸ ਜਾਨੀਅੜਾ=ਪਿਆਰੇ ਹਰੀ ਨੂੰ ਅਸੀਂ ਅੱਖਾਂ ਨਾਲ ਵੇਖਦੇ ਹਾਂ।

ਅਥਵਾ:- ਜੋ ਜਾਨੀਅੜਾ=ਜਾਨ ਵਿਖੇ ਅੜਿਆ ਹੋਇਆ ਹੈ,

ਪ੍ਰਸ਼ਨ:- ਕਿਸ ਦੀ ਜਾਨ ਵਿਖੇ ਅੜਿਆ ਹੋਇਆ ਹੈ?

ਉੱਤਰ:- ਜੋ ਹਰਿ ਜਾਨੀਅੜਾ=ਹਰ ਇੱਕ ਦੀ ਜਾਨ-ਜ਼ਿੰਦਗੀ ਵਿਚ ਅੜਿਆ ਹੋਇਆ ਹੈ, ਉਸ ਹਰੀ

ਜਾਨੀਅਤੈ ਨੂੰ ਅਸਾਂ ਨੇ ਅੱਖਾਂ ਨਾਲ ਵੇਖਿਆ ਹੈ।

ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥

ਉਸ ਨੂੰ ਨੈਣ+ਅਲੋਇਆ=ਅੱਖਾਂ ਨਾਲ ਵੇਖਿਆ ਹੈ ਜੋ ਘਟਾਂ ਘਟਾਂ ਵਿਚ ਸੋਇਆ=ਸ਼ੋਭ ਰਿਹਾ ਹੈ, ਜੋ ਪ੍ਰਿਅ=ਪਤੀ ਪਰਮਾਤਮਾ ਅੰਮ੍ਰਿਤ ਰੂਪ ਹੈ ਤੇ ਅਤਿ ਗੂੜਾ=ਬੜਾ ਗੁੱਝ ਹੈ।

ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥

ਉਹ ਪ੍ਰਭੂ ਅਪੁਣੇ ਨਾਲ ਹੀ ਹੁੰਦਾ ਹੈ ਪਰ ਅਗਿਆਨੀ ਪੁਰਸ਼ ਉਸ ਨੂੰ ਲਹਿ+ਨ ਸਕੰਦਾ=ਲਖ (ਜਾਣ) ਨਹੀਂ ਸਕਦਾ, ਕਿਉਂਕਿ ਮੂੜਾ=ਮੂਰਖ ਉਸ ਦੇ ਨਾਮ ਸੁਆਦ ਨੂੰ ਨਹੀਂ ਜਾਣਦਾ॥

ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥

ਮਾਇਆ ਦੇ ਮਦ ਵਿਚ ਮਸਤਿਆ ਹੋਇਆ ਹੋਛੀ ਬਾਤਾ=ਤੁਛ ਗੱਲਾਂ ਕਰਦਾ ਹੈ, ਭਰਮ ਰੂਪ ਜੋ ਕਰਮ ਹਨ ਉਨ੍ਹਾਂ ਕਰਮਾਂ ਦੇ ਧੜਾ=ਪੱਖ ਵਿਚ ਖਲੋਣ ਕਰਕੇ ਪ੍ਰਭੂ ਨਾਲ ਮਿਲਿਆ ਨਹੀਂ ਜਾਂਦਾ।

ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੋ ਹਰੀ ਸੱਜਣ ਸਾਰਿਆਂ ਦੇ ਨਿਕਟਿ=ਪਾਸ ਖੜ੍ਹਾ ਹੋ ਰਿਹਾ ਹੈ, ਉਹ ਪੂਰਨ ਗੁਰਾਂ ਤੋਂ ਬਿਨਾਂ ਨਹੀਂ ਨਿਗਾਹ ਆਉਂਦਾ॥ ੧॥

ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥

ਮੇਰਾ ਗੋਬਿੰਦ ਪਿੱਛੇ ਪਰਾਣਾਂ ਦਾ ਅਧਾਰ=ਆਸਰਾ ਸੀ, ਮੇਰਾ ਗੋਬਿੰਦ ਹੁਣ ਭੀ ਪਰਾਣਾਂ ਦਾ ਆਸਰਾ ਹੈ, ਮੇਰਾ ਗੋਬਿੰਦ ਅੱਗੇ ਭੀ ਪਰਾਣਾਂ ਦਾ ਆਸਰਾ ਹੋਵੇਗਾ।

ਅਥਵਾ:- ਮਨ, ਬਾਣੀ, ਸਰੀਰ ਕਰਕੇ ਉਹ ਗੋਬਿੰਦ ਮੇਰੇ ਪਰਾਣਾਂ ਦਾ ਆਸਰਾ ਹੈ।

ਕਿਰਪਾਲਾ ਮੇਰੇ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥

ਉਹ ਦਾਨ ਦੇ ਦੇਣ ਵਾਲਾ ਦਾਤਾਰ ਪ੍ਰਭੂ ਮਨ ਕਰਕੇ ਮੇਰੇ 'ਤੇ ਕ੍ਰਿਪਾਲੂ ਹੈ, ਬਾਣੀ ਕਰਕੇ ਮੇਰੇ 'ਤੇ ਕ੍ਰਿਪਾਲੂ ਹੈ, ਸਰੀਰ ਕਰਕੇ ਮੇਰੇ 'ਤੇ ਕ੍ਰਿਪਾਲੂ ਹੈ।

ਅਥਵਾ:- ਮੇਰੇ ਸੁਆਮੀ ਪਿੱਛੇ ਕਿਰਪਾਲੂ ਸਨ, ਮੇਰੇ ਸੁਆਮੀ ਹੁਣ ਭੀ ਕਿਰਪਾਲੂ ਹਨ, ਸਭ ਜੀਵਾਂ ਨੂੰ ਦਾਨ ਦੇਣ ਵਾਲੇ ਮੇਰੇ ਸੁਆਮੀ, ਅੱਗੇ ਭੀ ਕਿਰਪਾਲੂ ਹੋਣਗੇ।

ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ ॥

ਉਹ ਸਭਨਾਂ ਨੂੰ ਦਾਨ ਦੇਣ ਵਾਲਾ ਦਾਤਾ ਹੈ, ਅਪਰ=ਬ੍ਰਹਮਾ ਆਦਿਕ ਦੇਵਤਿਆਂ ਤੋਂ ਭੀ ਅਪਾਰ ਹੈ, ਫਿਰ ਸਾਰਿਆਂ ਘਟਾਂ ਘਟਾਂ ਵਿੱਚ ਸ਼ੋਭਨੀਕ ਹੋ ਰਿਹਾ ਹੈ।

ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥

ਉਸ ਪਰਮਾਤਮਾ ਨੇ ਸੰਸਾਰ ਪਸਾਰੇ ਵਿੱਚ ਇੱਕ ਦਾਸੀ=ਮਾਇਆ, ਸ+ਬਲ=ਸਹਿਤ ਬਲ ਦੇ ਧਾਰ ਰੱਖੀ ਹੈ, ਜਿਸ ਦਾਸੀ ਨੇ ਸੂਖਮ ਸਥੂਲ ਸਾਰਿਆਂ ਜੀਆਂ ਜੰਤਾਂ ਨੂੰ ਮੋਹ ਲੀਤਾ ਹੈ।

ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ॥

ਜਿਸ ਗੁਰਮੁਖ ਜਗਿਆਸੂ ਨੂੰ ਮਾਇਆ ਤੋਂ ਬਚਾਅ ਰੱਖਦਾ ਹੈ, ਉਹ ਸੱਚ ਨਾਮ ਨੂੰ ਭਾਖੈ=ਕਥਨ ਕਰਦਾ ਹੈ, ਅਤੇ ਓਹੀ ਗੁਰਾਂ ਦਾ ਉਪਦੇਸ਼ ਵਿਚਾਰਦਾ ਹੈ।

ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ॥ ੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜੋ ਪ੍ਰਭੂ ਨੂੰ ਭਾਅ ਗਿਆ ਹੈ,

ਅਥਵਾ:- ਜੋ ਪ੍ਰਭੂ ਦਾ ਭਾਣਾ ਮੰਨਦਾ ਹੈ, ਓਸੇ ਨੂੰ ਪ੍ਰਭੂ ਪਿਆਰਾ ਲਗਾ ਹੈ॥ ੨॥

ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ॥

ਮਨ ਕਰਕੇ ਮੇਰੇ ਪ੍ਰਭੂ ਦਾ ਆਨੰਦ ਮਾਣੋ, ਬਾਣੀ ਕਰਕੇ ਮੇਰੇ ਪ੍ਰਭੂ ਦਾ ਆਨੰਦ ਮਾਣੋ, ਸਰੀਰ ਕਰਕੇ ਮੇਰੇ ਪ੍ਰਭੂ ਦਾ ਅਨੰਦ ਮਾਣੋ=ਭੋਗੋ।

ਅਥਵਾ:- ਪਿੱਛੇ ਮੈਨੂੰ ਪ੍ਰਭੂ ਦਾ ਮਾਣ ਸੀ, ਹੁਣ ਭੀ ਮੈਨੂੰ ਪ੍ਰਭੂ ਦਾ ਮਾਣ ਹੈ, ਅੱਗੇ ਭੀ ਮੈਨੂੰ ਪ੍ਰਭੂ ਦਾ ਮਾਨ ਹੋਵੇਗਾ।

ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ॥

ਉਸ ਪ੍ਰਭੂ ਨੂੰ ਜਾਨਣਾ ਕਰੋ, ਉਸ ਪ੍ਰਭੂ ਨੂੰ ਜਾਨਣਾ ਕਰੋ ਜੋ ਸੁਆਮੀ ਸੁਘੜੁ ਸੁਜਾਣੋ=ਚਤੁਰਾਂ ਤੋਂ ਭੀ ਚਤੁਰ ਹੈ।

ਅਥਵਾ:- ਜਾਨਣੇ ਜੋਗ ਪ੍ਰਭੂ ਨੂੰ ਜਾਨਣਾ ਕਰੋ, ਜੋ ਸੁਆਮੀ ਸੁਘੜੁ=ਸ੍ਰੇਸ਼ਟ ਘਾੜਤ ਦੇ ਘੜਨ ਵਾਲਾ ਤੇ ਸੁਜਾਣੋ=ਚਤੁਰ ਹੈ।

ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ॥

ਉਹ ਸੁਘੜ ਸੁਜਾਣ ਸਦਾ ਹੀ ਪਰਧਾਨ=ਮੁਖੀ ਹੈ, ਉਸ ਹਰੀ ਦਾ ਨਾਮ ਅੰਮ੍ਰਿਤ ਰੂਪ ਹੈ, *ਅਥਵਾ:-* ਮਿਰਤੂ ਤੋਂ ਰਹਿਤ ਕਰਨ ਵਾਲਾ ਹੈ।

ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ॥

ਜਿਸ ਦੇ ਮੱਥੇ ਦੇ ਭਾਗ ਚੰਗੇ ਹਨ, ਉਹ ਗੁਰਮੁਖ ਜਗਿਆਸੂ ਸਾਰਿਗਪਾਣੇ=ਪਰਮਾਤਮਾ ਦੇ ਨਾਮ ਰਸ ਨੂੰ ਚੱਖ ਕੇ ਅਘਾਣੇ=ਰੱਜ ਗਏ ਹਨ।

ਤਿਨ ਹੀ ਪਾਇਆ ਤਿਨਹਿ ਧਿਆਇਆ ਸਗਲ ਤਿਸੈ ਕਾ ਮਾਣੋ॥

ਜਿਸ ਦੇ ਭਾਗ ਚੰਗੇ ਹਨ ਓਸੇ ਨੇ ਪ੍ਰਭੂ ਨੂੰ ਪਾਇਆ ਹੈ, ਓਸੇ ਨੇ ਨਾਮ ਨੂੰ ਧਿਆਉਂਣਾ ਕੀਤਾ ਹੈ, ਓਸੇ ਨੂੰ ਸਭ ਤਰ੍ਹਾਂ ਕਰਕੇ ਤਿਸ ਪਰਮਾਤਮਾ ਦਾ ਮਾਣ ਹੈ।

ਅਥਵਾ:- ਦੁਨੀਆਂ ਦੇ ਸਾਰੇ ਜੀਵ ਤਿਸ ਦਾ ਮਾਣੋ=ਆਦਰ ਕਰਦੇ ਹਨ।

ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ॥ ੩॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਥਿਰੁ=ਅਚੱਲ ਸਤਿਸੰਗ ਰੂਪ ਤਖਤ ਦਾ ਨਿਵਾਸੀ ਜੋ ਪਰਮੇਸ਼ਰ ਹੈ,

ਤਿਸ ਦਾ ਦੀਬਾਣੇ=ਆਸਰਾ ਸੱਚਾ ਹੈ॥ ੩॥

ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ॥

ਮਨ, ਬਾਣੀ, ਸਰੀਰ ਕਰਕੇ ਮੇਰੇ ਹਰੀ ਪ੍ਰਭੂ ਦੇ ਮੰਗਲਾਂ ਨੂੰ ਸੁਨਣਾ ਕਰੋ।

ਅਥਵਾ:- ਭੂਤ, ਭਵਿੱਖਤ, ਵਰਤਮਾਨ ਰੂਪ ਤਿੰਨਾਂ ਕਾਲਾਂ ਵਿਚ ਮੇਰੇ ਹਰੀ ਪ੍ਰਭੂ ਦੇ ਮੰਗਲਾਂ ਨੂੰ ਸੁਨਣਾ ਕਰੋ। *ਅਥਵਾ:-* ਮੰਗਲਾਂ ਚੋਂ ਜੋ ਮੰਗਲ ਰੂਪ ਹਰੀ ਹੈ ਤਿਸ ਮੇਰੇ ਹਰੀ ਪ੍ਰਭੂ ਦੇ ਮੰਗਲਾਂ ਨੂੰ ਸੁਨਣਾ ਕਰੋ।

ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ॥

ਮਨ ਕਰਕੇ ਪ੍ਰਭੂ ਦੇ ਸੋਹਿਲੜਾ=ਜਸ ਨੂੰ, ਬਾਣੀ ਦੁਆਰਾ ਪ੍ਰਭੂ ਦੇ ਸੋਹਿਲੜਾ=ਜਸ ਨੂੰ, ਤਨ ਕਰਕੇ ਪ੍ਰਭੂ ਦੇ ਸੋਹਿਲੜਾ=ਜਸ ਨੂੰ, ਅਣਹਦ ਧੁਨੀਐ=ਇੱਕ ਰਸ ਉਚਾਰਣਾ ਕਰੀਏ।

ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ॥

ਗੁਰਾਂ ਦੇ ਸਬਦ=ਉਪਦੇਸ਼ ਕਰਕੇ ਅਗਾਜੇ=ਪਰਗਟ ਅਨਹਦ ਵਾਜੇ=ਇੱਕ ਰਸ ਨਾਮਾਂ ਰੂਪ ਵਾਜੇ ਵੱਜਦੇ ਹਨ, ਜਿਸ ਦੇ ਸਤਿਸੰਗ ਘਰ ਵਿਚ ਨਿਤਾਪ੍ਰਤੀ ਵਧਾਈ ਰਹਿੰਦੀ ਹੈ।

ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ॥

ਜੇਕਰ ਉਸ ਪ੍ਰਭੂ ਨੂੰ ਧਿਆਉਂਣਾ ਕਰੀਏ ਤਾਂ ਸਭ ਕੁਝ ਪਾ ਲਈਦਾ ਹੈ, ਉਹ ਪ੍ਰਭੂ ਨਾ ਮਰਦਾ ਹੈ ਨਾ ਹੀ ਕਿਧਰੇ ਆਉਂਦਾ ਜਾਂਦਾ ਹੈ।

ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ॥

ਜੇਹੜਾ ਗੁਰਮੁਖਿ ਗੁਰਾਂ ਦੁਆਰੇ ਨਿਰਗੁਣ ਬ੍ਰਹਮ ਨਾਲ ਮਿਲਿਆ ਹੈ, ਉਸ ਦੀ ਆਸਾ ਪੂਰਨ ਹੋਈ ਹੈ ਅਤੇ ਹੋਰ ਦੁਨਿਆਵੀ ਪਿਆਸ ਚੂਕੀ=ਦੂਰ ਹੋ ਗਈ ਹੈ।

ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ॥ ੪॥ ੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ---ਮੇਰੇ ਪ੍ਰਭੂ ਦੇ ਸਤਿਸੰਗ ਘਰ ਵਿਚ ਨਿਤਾਪ੍ਰਤੀ ਅਨੰਦ ਦਾਇਕ ਮੰਗਲ ਸੁਣੀਂਦੇ ਹਨ॥ ੪॥ ੧॥

[ਪੰਨਾ ੯੨੫]

ਰਾਮਕਲੀ ਮਹਲਾ ੫॥

ਹਰਿ ਹਰਿ ਧਿਆਇ ਮਨਾ ਖਿਨੁ ਨ ਵਿਸਾਰੀਐ॥

ਹੇ ਮਨ ! ਤੂੰ ਹਰਿ ਹਰਿ ਨਾਮ ਨੂੰ ਧਿਆਉਂਣਾ ਕਰ, ਇੱਕ ਖਿਨ ਮਾਤ੍ਰ ਭੀ ਨਾਮ ਨੂੰ ਭੁਲਣਾ ਨਾ ਕਰ।

ਰਾਮ ਰਾਮਾ ਰਾਮ ਰਮਾ ਕੰਠਿ ਉਰ ਧਾਰੀਐ॥

ਰਾਮਾ=ਹੇ ਭਾਈ ! ਰਾਮ ਜੋ ਰਮਨ ਕਰਨੇ ਜੋਗ ਹੈ, ਰਮਾ=ਸੁੰਦਰ ਉਸ ਨੂੰ ਕੰਠਿ+ਉਰ=ਗਲ ਵਿਚ ਧਾਰਨਾ ਕਰ।

ਉਰ ਧਾਰਿ ਹਰਿ ਹਰਿ ਪੁਰਖੁ ਪੂਰਨੁ ਪਾਰਬ੍ਰਹਮੁ ਨਿਰੰਜਨੋ॥

www.sikhbookclub.com

ਹਿਰਦੇ ਵਿਚ ਉਸ ਹਰਿ ਹਰਿ ਨੂੰ ਧਾਰਨਾ ਕਰ, ਜੋ ਪੂਰਨ ਪੁਰਖ ਹੈ ਅਤੇ ਜੋ ਪਾਰਬ੍ਰਹਮ ਨਿਰੰਜਨੋ=ਮਾਇਆ ਮਲ ਅਵਿੱਦਿਆਂ ਤੋਂ ਰਹਿਤ ਹੈ।

ਅਥਵਾ:- ਜੋ ਨਿਰੰਜਨ ਪਾਰਬ੍ਰਹਮ ਪੂਰਨ ਪੁਰਖ ਹੈ, ਉਸ ਹਰਿ ਹਰਿ ਨੂੰ ਹਿਰਦੇ ਵਿੱਚ ਧਾਰਨਾ ਕਰ।

ਭੈ ਦੂਰਿ ਕਰਤਾ ਪਾਪ ਹਰਤਾ ਦੁਸਹ ਦੁਖ ਭ੍ਰਵ ਖੰਡਨੋ ॥

ਉਹ ਪ੍ਰਭੂ ਭੈ ਦੇ ਦੂਰ ਕਰਨ ਵਾਲਾ ਹੈ, ਸਾਰਿਆਂ ਪਾਪਾਂ ਦੇ ਹਰਤਾ=ਨਾਸ ਕਰਨ ਵਾਲਾ ਹੈ ਅਤੇ ਭਵ=ਸੰਸਾਰ ਦੇ ਦੁਸਹ ਦੁਖ=ਕਠਨ ਦੁੱਖਾਂ ਨੂੰ ਖੰਡਨੋ=ਅਭਾਵ ਕਰਨ ਵਾਲਾ ਹੈ।

ਜਗਦੀਸ ਈਸ ਗੁਪਾਲ ਮਾਧੋ ਗੁਣ ਗੋਵਿੰਦ ਵੀਚਾਰੀਐ ॥

ਜਗਤ ਦਾ ਈਸ਼ਰ ਜੋ ਬ੍ਰਹਮਾ ਹੈ, ਤਿਸ ਦਾ ਉਹ ਈਸ=ਸੁਆਮੀ ਹੈ, ਗੁ+ਪਾਲ=ਪ੍ਰਿਥਵੀ ਦੇ ਪਾਲਣ ਵਾਲਾ ਹੈ, ਮਾ+ਧੋ=ਮਾਇਆ ਦਾ ਪਤੀ ਹੈ, ਅਜੇਹੇ ਗੋਬਿੰਦ ਦੇ ਗੁਣਾਂ ਨੂੰ ਵਿਚਾਰਨਾ ਕਰੋ।

ਬਿਨਵੰਤਿ ਨਾਨਕ ਮਿਲਿ ਸੰਗਿ ਸਾਧੂ ਦਿਨਸੁ ਰੈਣਿ ਚਿਤਾਰੀਐ ॥ ੧ ॥

ਗੁਰੂ ਸਾਹਿਬ ਜੀ ਬਿਨਵੰਤਿ=ਕਥਨ ਕਰਦੇ ਹਨ—ਸਾਧੂਆਂ ਦੇ ਨਾਲ ਮਿਲ ਕੇ ਦਿਨ ਰਾਤ ਪਰਮੇਸ਼ਰ ਦੇ ਗੁਣਾਂ ਨੂੰ ਚਿਤਾਰੀਐ=ਯਾਦ ਕਰੀਏ ॥ ੧ ॥

ਅਗਲੀ ਪੌੜੀ ਵਿਚ ਇਹ ਦੱਸਦੇ ਹਨ ਕਿ ਸੰਤਾਂ ਦਾ ਸਭ ਕੁਝ ਪਰਮੇਸ਼ਰ ਹੀ ਹੈ।

ਚਰਨ ਕਮਲ ਆਧਾਰੁ ਜਨ ਕਾ ਆਸਰਾ ॥

ਪ੍ਰਭੂ ਦੇ ਪਵਿੱਤ੍ਰ ਚਰਨ ਕਵਲਾਂ ਦਾ ਜੋ ਆਧਾਰੁ=ਆਸਰਾ ਗ੍ਰਹਿਣ ਕੀਤਾ ਹੈ, ਸੰਤ ਜਨਾਂ ਦਾ ਅਸਲੀ ਆਸਰਾ ਏਹੋ ਹੈ।

ਅਥਵਾ:- ਸੰਤ ਜਨਾਂ ਦੇ ਸਰੀਰ ਦਾ ਆਸਰਾ ਅਤੇ ਮਨ ਦਾ ਅਧਾਰ ਪ੍ਰਭੂ ਦੇ ਚਰਨ ਕਮਲ ਹੀ ਹਨ।

ਮਾਲੁ ਮਿਲਖ ਭੰਡਾਰ ਨਾਮੁ ਅਨੰਤ ਧਰਾ ॥

ਅਨੰਤ=ਬਿਅੰਤ ਰੂਪ ਪਰਮਾਤਮਾ ਦੇ ਨਾਮ ਨੂੰ ਜੋ ਹਿਰਦੇ ਵਿੱਚ ਧਾਰਿਆ ਹੈ, ਏਹੋ ਸੰਤਾਂ ਦਾ ਹਾਥੀ, ਘੋੜੇ ਆਦਿਕ ਮਾਲ ਹੈ, ਏਹੋ ਮਿਲਖ=ਜਗੀਰਾਂ ਹਨ, ਏਹੋ ਭੰਡਾਰੇ ਹਨ।

ਨਾਮੁ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ ॥

ਨਰਹਰ=ਪਰਮਾਤਮਾ ਦਾ ਨਾਮ ਹੀ ਜਿਨ੍ਹਾਂ ਸੰਤਾਂ ਦੇ ਨਿਧਾਨੁ=ਖ਼ਜ਼ਾਨੇ ਹਨ ਅਤੇ ਸੰਤਾਂ ਨੇ ਇੱਕ ਨਰਾਇਣ ਦੇ ਰਸ=ਪ੍ਰੇਮ ਨੂੰ ਭੋਗਿਆ ਹੈ।

ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ ॥

ਅਨੰਤ ਬੀਠਲ=ਬਿਅੰਤ ਰੂਪ ਪਰਮਾਤਮਾ ਦੇ ਨਾਮਾਂ ਨੂੰ ਜੋ ਸ੍ਵਾਸ-ਸ੍ਵਾਸ ਧਿਆਉਣਾ ਕੀਤਾ ਹੈ, ਸੰਤਾਂ ਨੇ ਏਹੋ ਸਾਰੇ ਰਸ ਰੂਪ ਰੰਗ ਨਿਸਚੇ ਕੀਤੇ ਹਨ।

ਫਿਰ ਸੰਤਾਂ ਨੇ ਇਹ ਨਿਸਚੇ ਕੀਤਾ ਹੈ ਕਿ:-

ਕਿਲਵਿਖ ਹਰਣਾ ਨਾਮ ਪੁਨਹ ਚਰਣਾ ਨਾਮੁ ਜਮ ਕੀ ਤ੍ਰਾਸ ਹਰਾ ॥

ਸਾਰਿਆਂ ਕਿਲਵਿਖ=ਪਾਪਾਂ ਦੇ ਹਰਣਾ=ਦੂਰ ਕਰਨੇ ਨੂੰ ਪ੍ਰਭੂ ਦਾ ਨਾਮ ਹੀ ਪੁਨਹ ਚਰਣਾ=ਪ੍ਰਾਸਚਿਤ

ਹੈ ਅਤੇ ਪ੍ਰਭੂ ਦਾ ਨਾਮ ਹੀ ਜਮਾਂ ਦੀ ਤ੍ਰਾਸ=ਘਬਰਾਹਟ ਨੂੰ ਹਰਾ=ਦੂਰ ਕਰਨ ਵਾਲਾ ਹੈ।

ਬਿਨਵੰਤਿ ਨਾਨਕ ਰਾਸਿ ਜਨ ਕੀ ਚਰਨ ਕਮਲਹ ਆਸਰਾ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਸੰਤ ਜਨਾਂ ਦੀ ਪੂੰਜੀ ਭੀ ਏਹੋ ਹੈ,
ਜੋ ਉਨ੍ਹਾਂ ਨੇ ਪ੍ਰਭੂ ਦੇ ਚਰਨ ਕਵਲਾਂ ਦਾ ਆਸਰਾ ਗ੍ਰਹਿਣ ਕੀਤਾ ਹੈ॥ ੨ ॥
ਅਗਲੀ ਪਉੜੀ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ।

ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ ॥

ਹੇ ਸੁਆਮੀ=ਪਰਮਾਤਮਾ ! ਤੇਰੇ ਵਿੱਚ ਬਿਅੰਤ ਗੁਣ ਹਨ, ਇਸ ਕਰਕੇ ਕੋਈ ਜਾਣ ਨਹੀਂ ਸਕਦਾ।

ਦੇਖਿ ਚਲਤ ਦਇਆਲ ਸੁਣਿ ਭਗਤ ਵਖਾਨਈ ॥

ਹੇ ਦਿਆਲੂ ਪਰਮਾਤਮਾ ! ਤੇਰੇ ਚਲਿਤ੍ਰਾਂ ਨੂੰ ਦੇਖ ਅਤੇ ਸੁਣ ਕੇ ਭਗਤ ਲੋਕ ਵਖਾਨਈ=ਕਥਨ ਕਰਦੇ ਹਨ।

ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖ ਪਤਿ ਪਰਮੇਸਰਾ ॥

ਹੇ ਸਾਰਿਆਂ ਪੁਰਖਾਂ ਦੇ ਪਤੀ ਪ੍ਰਮਾਤਮ ਦੇਵ ! ਸੂਖਮ ਸਥੂਲ ਸਾਰੇ ਜੀਵ ਤੈਨੂੰ ਧਿਆਉਂਦੇ ਹਨ।

ਸਰਬ ਜਾਚਿਕ ਏਕੁ ਦਾਤਾ ਕਰੁਣਾਮੈ ਜਗਦੀਸਰਾ ॥

ਹੇ ਕਰੁਣਾ+ਮੈ=ਕਿਰਪਾ ਸਰੂਪ ਸਾਰੇ ਜਗਤ ਦੇ ਮਾਲਕ ਪ੍ਰਭੂ ! ਇੱਕ ਤੂੰਹੀ ਦਾਤਾ ਹੈਂ, ਹੋਰ ਸਾਰੇ ਜਾਚਿਕ=ਮੰਗਤੇ ਹਨ।

ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ ॥

ਸਾਧੂ=ਸਰੇਸ਼ਟ ਸੰਤ ਓਹੀ ਹੈ ਅਤੇ ਸੁਜਾਣੁ=ਚਤੁਰ ਭੀ ਓਹੀ ਹੈ, ਹੇ ਪ੍ਰਭੂ ਜੀ ! ਜਿਸ ਦੀ ਭਗਤੀ ਕੀਤੀ ਹੋਈ ਨੂੰ ਆਪ ਮੰਨਦੇ ਹੋ।

ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ ॥ ੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਜਿਸ ਉੱਤੇ ਆਪ ਕਿਰਪਾ ਕਰਦੇ ਹੋ, ਉਹ ਆਪ ਜੀ ਨੂੰ ਪਛਾਣਦਾ ਹੈ॥ ੩ ॥

ਮੋਹਿ ਨਿਰਗੁਣ ਅਨਾਥੁ ਸਰਣੀ ਆਇਆ ॥

ਹੇ ਪ੍ਰਭੂ ! ਮੈਂ ਨਿਰਗੁਣ ਅਨਾਥੁ=ਗਰੀਬ ਤੇਰੀ ਸ਼ਰਨ ਵਿਚ ਆਇਆ ਹਾਂ।

ਬਲਿ ਬਲਿ ਬਲਿ ਗੁਰਦੇਵ ਜਿਨਿ ਨਾਮੁ ਦ੍ਰਿੜਾਇਆ ॥

ਬਲਿ ਬਲਿ=ਪ੍ਰਕਾਸ਼ ਰੂਪ ਜੋ ਗੁਰਦੇਵ ਜੀ ਹਨ, ਜਿਨ੍ਹਾਂ ਨੇ ਮੈਨੂੰ ਨਾਮ ਦ੍ਰਿੜ੍ਹ ਕਰਵਾਇਆ ਹੈ, ਉਨ੍ਹਾਂ ਤੋਂ ਮੈਂ ਮਨ ਕਰਕੇ ਬਲਿਹਾਰ, ਬਾਣੀ ਦੁਆਰਾ ਬਲਿਹਾਰ, ਤਨ ਕਰਕੇ ਬਲਿਹਾਰ ਜਾਂਦਾ ਹਾਂ।

ਗੁਰਿ ਨਾਮੁ ਦੀਆ ਕੁਸਲੁ ਥੀਆ ਸਰਬ ਇਛਾ ਪੁੰਨੀਆ ॥

ਜਿਸ ਵੇਲੇ ਗੁਰਾਂ ਨੇ ਨਾਮ ਦਾਨ ਦਿੱਤਾ ਤਾਂ ਸਭ ਤਰ੍ਹਾਂ ਨਾਲ ਕੁਸਲੁ ਥੀਆ=ਸੁਖ ਹੋਇਆ ਅਤੇ ਮਨ

ਦੀਆਂ ਸਾਰੀਆਂ ਇੱਛਾਂ ਪੂਰਨ ਹੋ ਗਈਆਂ।

ਜਲਨੇ ਬੁਝਾਈ ਸਾਂਤਿ ਆਈ ਮਿਲੇ ਚਿਰੀ ਵਿਛੁੰਨਿਆ ॥

ਜਿਸ ਤੇ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਜਲਨੇ=ਅਗਨੀ ਬੁਝ ਗਈ, ਤਿਸ 'ਤੇ ਸ਼ਾਂਤੀ ਆ ਗਈ ਚਿਰੰਕਾਲ ਦੇ ਵਿੱਛੁੜੇ ਹੋਏ ਆਪ ਜੀ ਨਾਲ ਮਿਲ ਗਏ।

ਆਨੰਦ ਹਰਖ ਸਹਜ ਸਾਚੇ ਮਹਾ ਮੰਗਲ ਗੁਣ ਗਾਇਆ ॥

ਸੱਤ, ਚਿੱਤ, ਅਨੰਦ ਰੂਪ ਸੱਚੇ ਪ੍ਰਭੂ ਦੇ ਮਹਾਂ ਮੰਗਲ ਦਾਇਕ ਗੁਣਾਂ ਨੂੰ ਗਾਇਆ ਤਾਂ ਸਹਜੇ ਹਰਖ=ਪ੍ਰਸੰਨਤਾ ਹੋਈ।

ਬਿਨਵੰਤਿ ਨਾਨਕ ਨਾਮੁ ਪ੍ਰਭ ਕਾ ਗੁਰ ਪੂਰੇ ਤੇ ਪਾਇਆ ॥ ੪ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਪ੍ਰਭੂ ਦਾ ਨਾਮ ਮੈਂਨੇ ਪੂਰਿਆਂ ਗੁਰਾਂ ਤੋਂ ਪਾਇਆ ਹੈ॥ ੪ ॥ ੨ ॥

ਰਾਮਕਲੀ ਮਹਲਾ ੫ ॥

ਰੁਣਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥

ਨਿਤਾਪ੍ਰਤੀ ਅੰਮ੍ਰਿਤ ਵੇਲੇ ਉੱਠ ਕੇ ਸੰਤਾਂ ਨਾਲ ਮਿਲ ਕੇ ਰੁਣਝੁਣੋ=ਅਨੰਦ ਦਾਇਕ ਸ਼ਬਦਾਂ ਨੂੰ ਅਨਾਹਦੁ=ਇੱਕ ਰਸ ਗਾਵਣਾ ਕਰੋ।

ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥

ਚਾਰੇ ਕਿਲਵਿਖਾਂ ਨੂੰ ਤੇ ਸਾਰਿਆਂ ਦੋਸ਼ਾਂ ਨੂੰ ਨਾਸ ਕਰਨ ਵਾਲਾ ਜੋ ਹਰੀ ਨਾਮ ਹੈ, ਉਸ ਨੂੰ ਗੁਰਮੰਤ੍ਰ ਦੁਆਰਾ ਜਪਣਾ ਕਰੋ।

ਹਰਿ ਨਾਮੁ ਲੀਜੈ ਅਮਿਉ ਪੀਜੈ ਰੈਣਿ ਦਿਨਸੁ ਅਰਾਧੀਐ ॥

ਅਪੁਣੇ ਮੂੰਹ ਨਾਲ ਜੋ ਹਰੀ ਦਾ ਨਾਮ ਲੈਣਾ ਹੈ, ਏਹੋ ਅੰਮ੍ਰਿਤ ਪੀਣਾ ਕਰੋ, ਬਲਕਿ ਰਾਤ ਦਿਨੇ ਨਾਮਾਂ ਨੂੰ ਅਰਾਧਣਾ ਕਰੋ।

ਜੋਗ ਦਾਨ ਅਨੇਕ ਕਿਰਿਆ ਲਗਿ ਚਰਣ ਕਮਲਹ ਸਾਧੀਐ ॥

ਗੁਰੂ ਸਾਹਿਬਾਂ ਦੇ ਚਰਨ ਕਵਲਾਂ ਨਾਲ ਲਗ ਕੇ ਹਠ ਜੋਗ, ਭਗਤੀ ਜੋਗ, ਸ਼ੁਭ ਦਾਨ ਆਦਿਕ ਅਨੇਕ ਪ੍ਰਕਾਰ ਦੀ ਕਿਰਿਆ ਦਾ ਫਲ ਸਾਧੀਐ=ਪਰਾਪਤ ਕਰੋ।

ਭਾਉ ਭਗਤਿ ਦਇਆਲ ਮੋਹਨ ਦੂਖ ਸਗਲੇ ਪਰਹਰੈ ॥

ਦਿਆਲੂ ਮੋਹਨ ਦੀ ਜੋ ਪ੍ਰੇਮਾ ਭਗਤੀ ਹੈ, ਏਹ ਸਾਰਿਆਂ ਦੁੱਖਾਂ ਨੂੰ ਪਰਹਰੈ=ਨਿਵਿਰਤ ਕਰ ਦੇਂਦੀ ਹੈ॥

ਬਿਨਵੰਤਿ ਨਾਨਕ ਤਰੈ ਸਾਗਰੁ ਧਿਆਇ ਸੁਆਮੀ ਨਰਹਰੈ ॥ ੧ ॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ—ਉਹ ਸੰਸਾਰ ਸਮੁੰਦ੍ਰ ਤੋਂ ਤਰ ਜਾਂਦਾ ਹੈ, ਜਿਸ ਨੇ ਨਰਹਰਿ ਸੁਆਮੀ ਦੇ ਨਾਮ ਨੂੰ ਧਿਆਉਣਾ ਕੀਤਾ ਹੈ॥ ੧ ॥

ਸੁਖ ਸਾਗਰ ਗੋਬਿੰਦ ਸਿਮਰਣੁ ਭਗਤ ਗਾਵਹਿ ਗੁਣ ਤੇਰੇ ਰਾਮ ॥

ਹੇ ਗੋਬਿੰਦ ! ਆਪ ਜੀ ਦਾ ਸਿਮਰਨ ਸੁਖਾਂ ਦਾ ਸਮੁੰਦਰ ਹੈ, ਹੇ ਰਾਮ ! ਭਗਤ ਜਨ ਆਪ ਜੀ ਦੇ ਹੀ ਗੁਣਾਂ ਨੂੰ ਗਾਂਵਦੇ ਹਨ।

ਅਨਦ ਮੰਗਲ ਗੁਰ ਚਰਣੀ ਲਾਗੇ ਪਾਏ ਸੁਖ ਘਨੇਰੇ ਰਾਮ ॥

ਹੇ ਰਾਮ ! ਅਨੰਦ ਦਾਇਕ ਮੰਗਲਾਂ ਦੇ ਕਰਨ ਵਾਲੇ ਜੋ ਗੁਰੂ ਹਨ, ਉਨ੍ਹਾਂ ਦੇ ਚਰਨੀਂ ਲੱਗ ਕੇ ਭਗਤਾਂ ਨੇ ਘਣੇ ਸੁਖ ਪਾਏ ਹਨ।

ਸੁਖੁ ਨਿਧਾਨੁ ਮਿਲਿਆ ਦੂਖ ਹਰਿਆ ਕ੍ਰਿਪਾ ਕਰਿ ਪ੍ਰਭਿ ਰਾਖਿਆ ॥

ਹੇ ਪ੍ਰਭੂ ! ਆਪ ਜੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਜਿਨ੍ਹਾਂ ਨੂੰ ਰੱਖਿਆ ਹੈ, ਉਨ੍ਹਾਂ ਨੂੰ ਸੁਖ ਰੂਪ ਨਿਧਾਨੁ=ਖ਼ਜ਼ਾਨਾ ਮਿਲਿਆ ਹੈ ਅਤੇ ਉਸ ਨੇ ਸਾਰਿਆਂ ਦੁੱਖਾਂ ਨੂੰ ਹਰਿਆ=ਦੂਰ ਕੀਤਾ ਹੈ।

ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ ਹਰਿ ਨਾਮੁ ਰਸਨਾ ਭਾਖਿਆ ॥

ਹੇ ਹਰੀ ! ਆਪ ਜੀ ਦੇ ਪਵਿੱਤ੍ਰ ਚਰਨਾਂ ਨਾਲ਼ ਲਗ ਕੇ ਜਿਸ ਵੇਲੇ ਰਸਨਾ=ਜੀਭ ਨਾਲ ਹਰੀ ਨਾਮ ਨੂੰ ਭਾਖਿਆ=ਉਚਾਰਿਆਂ ਤਾਂ *ਪੰਜ ਪ੍ਰਕਾਰ ਦਾ ਭਰਮ ਅਤੇ ਜਮਾਂ ਦਾ ਡਰ ਭੱਜ ਗਿਆ।

ਹਰਿ ਏਕੁ ਚਿਤਵੈ ਪ੍ਰਭੁ ਏਕੁ ਗਾਵੈ ਹਰਿ ਏਕੁ ਦ੍ਰਿਸਟੀ ਆਇਆ ॥

ਹੇ ਹਰੀ ! ਅਸੀਂ ਇੱਕ ਆਪ ਜੀ ਨੂੰ ਚਿਤਵਦੇ ਹਾਂ, ਹੇ ਪ੍ਰਭੂ! ਇੱਕ ਆਪ ਜੀ ਦੇ ਜਸ ਨੂੰ ਗਾਂਵਦੇ ਹਾਂ, ਹੇ ਹਰੀ ! ਇੱਕ ਤੂੰਹੀ ਸਾਰੇ ਨਿਗਾਹ ਆਇਆ ਹੈਂ।

ਬਿਨਵੰਤਿ ਨਾਨਕ ਪ੍ਰਭਿ ਕਰੀ ਕਿਰਪਾ ਪੂਰਾ ਸਤਿਗੁਰੁ ਪਾਇਆ ॥ ੨ ॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਹੇ ਪ੍ਰਭੂ ! ਜਿਨ੍ਹਾਂ ਉੱਤੇ ਆਪ ਜੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਨ੍ਹਾਂ ਨੇ ਬ੍ਰਹਮ ਨੇਸ਼ਟੀ ਬ੍ਰਹਮ ਸਰੋਤ੍ਰੀ ਪੂਰਿਆਂ ਗੁਰਾਂ ਨੂੰ ਪਾਉਣਾ ਕੀਤਾ ਹੈ॥ ੨ ॥

[ਪੰਨਾ ੯੨੬]

ਮਿਲਿ ਰਹੀਐ ਪ੍ਰਭ ਸਾਧ ਜਨਾ ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥

ਪ੍ਰਭੂ ਦੇ ਸੰਤ ਜਨਾਂ ਨਾਲ ਮਿਲ ਕੇ ਰਹਿਣਾ ਕਰੋ, ਮਿਲ ਕੇ ਹਰੀ ਰਾਮ ਦੇ ਕੀਰਤਨ ਨੂੰ ਸੁਨਣਾ ਕਰੋ।

ਦਇਆਲ ਪ੍ਰਭੂ ਦਾਮੋਦਰ ਮਾਧੋ ਅੰਤੁ ਨ ਪਾਈਐ ਗੁਨੀਐ ਰਾਮ ॥

ਜੋ ਰਾਮ ਦਿਆਲੂ ਸੁਭਾਅ ਵਾਲਾ ਹੈ, ਸਾਰਿਆਂ ਦਾ ਪ੍ਰਭੂ=ਸੁਆਮੀ ਹੈ, ਦਾਮੋਦਰ=ਜਿਸ ਦੇ ਉਦਰ ਵਿਚ ਮਾਇਆ ਰੂਪ ਦਾਮ=ਰੱਸੀ ਹੈ ਅਤੇ ਮਾ+ਧੋ=ਮਾਇਆ ਪਤੀ ਹੈ, ਉਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾਂਦਾ।

---

*ਪੰਜ ਪ੍ਰਕਾਰ ਦਾ ਭਰਮ:- ਭੇਦ ਭੇਰਮ, ਕਰਤਤ ਭਰਮ, ਪੁਨ ਸੰਗ ਭਰਮ ਵਿਕਾਰ।
ਬ੍ਰਹਮ ਇਤਰ ਜਗ ਸਤ ਹੈ ਪਾਚੋਂ ਭਰਮ ਸੰਸਾਰ॥

ਭਰਮ ਨਿਵਿਰਤੀ ਦੇ ਸਾਧਨ ਇਹ ਹਨ:- ਬਿੰਬ ਪ੍ਰਤਿਬਿੰਬ, ਲੌਹ ਸਫੱਟਕ ਘਟਾ ਕਾਸ ਗੁਨਮਾਰ।
ਕਨਕ ਕੁੰਡਲ ਦ੍ਰਿਸਟਾਂਤ ਦੇ ਪਾਚੋਂ ਭਰਮ ਨਿਵਾਰ॥

ਦਇਆਲ ਦੁਖ ਹਰ ਸਰਣਿ ਦਾਤਾ ਸਗਲ ਦੋਖ ਨਿਵਾਰਣੋ ॥

ਫਿਰ ਉਹ ਦਿਆਲੂ ਦੁੱਖਾਂ ਦੇ ਹਰ=ਨਾਸ ਕਰਨ ਵਾਲਾ ਹੈ, ਸ਼ਰਨ ਆਇਆਂ ਨੂੰ ਸੁਖਾਂ ਦਾ ਦਾਤਾ ਹੈ, ਅਤੇ ਸਾਰਿਆਂ ਦੋਸ਼ਾਂ ਦੇ ਨਿਵਿਰਤ ਕਰਨ ਵਾਲਾ ਹੈ।

ਮੋਹ ਸੋਗ ਵਿਕਾਰ ਬਿਖੜੇ ਜਪਤ ਨਾਮ ਉਧਾਰਣੋ ॥

ਸੰਸਾਰ ਸਮੁੰਦ੍ਰ ਤੋਂ ਉਧਾਰਣੋ=ਤਾਰਨ ਵਾਲਾ ਜੋ ਨਾਮ ਹੈ, ਉਸ ਦੇ ਜਪਣ ਕਰਕੇ ਮੋਹ, ਸੋਗ ਤੇ ਵਿਸ਼ੇ ਵਿਕਾਰ ਜੋ ਨਿਵਿਰਤ ਹੋਣੇ ਬੜੇ ਬਿਖੜੇ=ਕਠਨ ਹਨ, ਉਹ ਸਾਰੇ ਜਪਤ=ਲੋਪ ਹੋ ਜਾਂਦੇ ਹਨ।

ਸਭਿ ਜੀਅ ਤੇਰੇ ਪ੍ਰਭੂ ਮੇਰੇ ਕਰਿ ਕਿਰਪਾ ਸਭ ਰੇਣ ਥੀਵਾ ॥

ਹੇ ਮੇਰੇ ਪ੍ਰਭੂ ! ਇਹ ਸਾਰੇ ਜੀਵ ਤੇਰੇ ਕੀਤੇ ਹੋਏ ਹਨ, ਤੁਸੀਂ ਮੇਰੇ ਉੱਤੇ ਇਹ ਕਿਰਪਾ ਕਰੋ, ਜੋ ਮੈਂ ਸਾਰਿਆਂ ਦੀ ਚਰਨ ਧੂੜੀ ਥੀਵਾ=ਹੋ ਜਾਵਾਂ।

ਬਿਨਵੰਤਿ ਨਾਨਕ ਪ੍ਰਭ ਮਇਆ ਕੀਜੈ ਨਾਮੁ ਤੇਰਾ ਜਪਿ ਜੀਵਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੇਰੇ ਉੱਪਰ ਕਿਰਪਾ ਕਰ, ਜੋ ਅੱਠੇ ਪਹਿਰ ਆਪ ਜੀ ਦੇ ਨਾਮ ਨੂੰ ਜਪ ਕੇ ਜਿਉਂਦਾ ਰਹਾਂ ॥ ੩ ॥

ਰਾਖਿ ਲੀਏ ਪ੍ਰਭਿ ਭਗਤ ਜਨਾ ਅਪਣੀ ਚਰਣੀ ਲਾਏ ਰਾਮ ॥

ਰਾਮ ਪ੍ਰਭੂ ਨੇ ਭਗਤ ਜਨਾਂ ਨੂੰ ਅਪੁਣੀ ਚਰਨੀਂ ਲਗਾ ਕੇ ਸੰਸਾਰ ਵੱਲੋਂ ਰੱਖ ਲੀਤਾ ਹੈ।

ਆਠ ਪਹਰ ਅਪਨਾ ਪ੍ਰਭੁ ਸਿਮਰਹ ਏਕੋ ਨਾਮੁ ਧਿਆਏ ਰਾਮ ॥

ਭਗਤ ਜਨ ਅੱਠੇ ਪਹਿਰ ਅਪੁਣੇ ਪ੍ਰਭੂ ਨੂੰ ਸਿਮਰਦੇ ਰਹਿੰਦੇ ਹਨ ਅਤੇ ਇੱਕ ਰਾਮ ਦੇ ਨਾਮ ਨੂੰ ਧਿਆਉਂਦੇ ਹਨ।

ਧਿਆਇ ਸੋ ਪ੍ਰਭੁ ਤਰੇ ਭਵਜਲ ਰਹੇ ਆਵਣ ਜਾਣਾ ॥

ਉਸ ਪ੍ਰਭੂ ਨੂੰ ਧਿਆ ਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ, ਇਸੀ ਕਰਕੇ ਜਨਮ ਮਰਨ ਵੱਲੋਂ ਰਹਿ ਗਏ ਹਨ।

ਸਦਾ ਸੁਖੁ ਕਲਿਆਣ ਕੀਰਤਨੁ ਪ੍ਰਭ ਲਗਾ ਮੀਠਾ ਭਾਣਾ ॥

ਸਦਾ ਸੁਖੁ=ਨਿੱਤ ਸੁਖ ਸਰੂਪ ਪਰਮੇਸ਼ਰ ਦੇ ਕਲਿਆਣ ਰੂਪ ਕੀਰਤਨ ਨੂੰ ਕਰਦੇ ਹਨ, ਉਨ੍ਹਾਂ ਨੂੰ ਪ੍ਰਭੂ ਦਾ ਭਾਣਾ ਹਮੇਸ਼ਾ ਮਿੱਠਾ ਲਗਦਾ ਹੈ।

ਸਭ ਇਛ ਪੁੰਨੀ ਆਸ ਪੂਰੀ ਮਿਲੇ ਸਤਿਗੁਰ ਪੂਰਿਆ ॥

ਬ੍ਰਹਮ ਨੇਸ਼ਟੀ ਸਰੋਤ੍ਰੀ ਪੂਰਿਆਂ ਸਤਿਗੁਰਾਂ ਨਾਲ ਮਿਲਣ ਕਰਕੇ ਇਸ ਲੋਕ ਵਿਚ ਜੋ ਧਨ, ਪੁਤ੍ਰ ਆਦਿਕਾਂ ਦੀ ਇੱਛਾ ਸੀ, ਉਹ ਸਾਰੀ ਪੂਰੀ ਹੋ ਗਈ ਅਤੇ ਪ੍ਰਲੋਕ ਸੁਖ ਦੀ ਜੋ ਆਸਾ ਸੀ ਉਹ ਭੀ ਪੂਰੀ ਹੋ ਗਈ।

ਅਥਵਾ:- ਪੂਰਿਆਂ ਸਤਿਗੁਰਾਂ ਨਾਲ ਮਿਲਣ ਕਰਕੇ ਇਛਪੁੰਨੀ=ਪਰਮਾਤਮਾ ਨੇ ਸਾਰੀ ਆਸਾ ਪੂਰੀ ਕਰ ਦਿੱਤੀ।

ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੇ ਫਿਰਿ ਨਾਹੀ ਦੂਖ ਵਿਸੂਰਿਆ ॥੪ ॥੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜਿਸ ਨੂੰ ਪ੍ਰਭੂ ਨੇ ਅਪੁਣੇ ਨਾਲ ਮੇਲਿਆ ਹੈ, ਉਹ ਫਿਰ ਦੁੱਖਾਂ

ਵਿਚ ਝੂਰਦਾ ਨਹੀਂ ਹੈ।

ਅਥਵਾ:-.ਉਸ ਨੂੰ ਫਿਰ ਵਿਸੂਰਿਆ=ਝੋਰਿਆਂ ਦਾ ਕੋਈ ਦੁੱਖ ਨਹੀਂ ਹੁੰਦਾ॥ ੪॥ ੩॥

ਰਾਮਕਲੀ ਮਹਲਾ ੫ ਛੰਤ॥

ਸਲੋਕੁ॥ ਚਰਨ ਕਮਲ ਸਰਣਾਗਤੀ ਅਨਦ ਮੰਗਲ ਗੁਣ ਗਾਮ॥

ਚਰਨ ਕਵਲਾਂ ਦੀ ਸ਼ਰਨ ਵਿਚ ਆਗਤੀ=ਆ ਕੇ ਅਨੰਦ ਰੂਪ ਪਰਮੇਸ਼ਰ ਦੇ ਮੰਗਲ ਦਾਇਕ ਗੁਣਾਂ ਨੂੰ ਗਾਮ=ਗਾਵਣਾ ਕਰੋ।

ਨਾਨਕ ਪ੍ਰਭੁ ਆਰਾਧੀਐ ਬਿਪਤਿ ਨਿਵਾਰਣ ਰਾਮ॥ ੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਉਸ ਪ੍ਰਭੂ ਨੂੰ ਆਰਾਧਣਾ ਕਰੋ, ਜੋ ਰਾਮ ਬਿਪਤਾ ਦੇ ਨਿਵਿਰਤ ਕਰਨ ਵਾਲਾ ਹੈ॥ ੧॥

ਛੰਤੁ॥ ਪ੍ਰਭੁ ਬਿਪਤਿ ਨਿਵਾਰਣੋ ਤਿਸੁ ਬਿਨੁ ਅਵਰੁ ਨ ਕੋਇ ਜੀਉ॥

ਬਿਪਤਾ ਦੇ ਨਿਵਿਰਤ ਕਰਨ ਨੂੰ ਤਿਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਸਮਰੱਥ ਨਹੀਂ ਹੈ।

ਸਦਾ ਸਦਾ ਹਰਿ ਸਿਮਰੀਐ ਜਲਿ ਥਲਿ ਮਹੀਅਲਿ ਸੋਇ ਜੀਉ॥

ਸਦਾ=ਨਿੱਤ ਰੂਪ ਹਰੀ ਨੂੰ ਸਦੀਵ.ਕਾਲ ਸਿਮਰਨਾ ਕਰੋ, ਉਹ ਹਰੀ ਜਲਾਂ, ਥਲਾਂ ਮਹੀ=ਪ੍ਰਿਥਵੀ, ਅਲਿ=ਅਕਾਸ਼ ਵਿਚ ਪੂਰਨ ਹੈ।

ਜਲਿ ਥਲਿ ਮਹੀਅਲਿ ਪੂਰਿ ਰਹਿਆ ਇਕ ਨਿਮਖ ਮਨਹੁ ਨ ਵੀਸਰੈ॥

ਜਲਾਂ, ਥਲਾਂ, ਪ੍ਰਿਥਵੀ, ਅਕਾਸ਼ ਵਿਚ ਪੂਰਨ ਹੋ ਰਿਹਾ ਹੈ, ਅਜੇਹਾ ਪ੍ਰੇਮ ਰੱਖੋ ਜੋ ਇੱਕ ਨਿਮਖ ਮਾਤ੍ਰ ਮਨ ਵਿਚੋਂ ਨਾ ਭੁੱਲੇ।

ਗੁਰ ਚਰਨ ਲਾਗੇ ਦਿਨ ਸਭਾਗੇ ਸਰਬ ਗੁਣ ਜਗਦੀਸਰੈ॥

ਜਿਸ ਦਿਨ ਤੋਂ ਅਸੀਂ ਗੁਰ ਚਰਨਾਂ ਨਾਲ ਲਗੇ ਹਾਂ, ਉਸ ਦਿਨ ਤੋਂ ਲੈ ਕੇ ਅਸੀਂ ਭਾਗਾਂ ਦੇ ਸਹਿਤ ਹੋਏ ਹਾਂ, ਹੁਣ ਸਾਰੇ ਮਾਨ ਪ੍ਰਤਿਸ਼ਟਾ (ਇੱਜ਼ਤ) ਹੋ ਰਹੀ ਹੈ, ਪਰ ਇਹ ਸਾਰੇ ਗੁਣ ਜਗਦੀਸਰੈ=ਜਗਤ ਦੇ ਮਾਲਕ ਵਾਹਿਗੁਰੂ ਵਿਚ ਹਨ।

ਕਰਿ ਸੇਵ ਸੇਵਕ ਦਿਨਸੁ ਰੈਣੀ ਤਿਸੁ ਭਾਵੈ ਸੋ ਹੋਇ ਜੀਉ॥

ਹੇ ਭਾਈ ! ਤੂੰ ਭੀ ਸੇਵਕ ਹੋ ਕੇ ਰਾਤ ਦਿਨ ਗੁਰਾਂ ਦੀ ਸੇਵਾ ਕਰ, ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਓਹੀ ਕੁਝ ਹੁੰਦਾ ਹੈ, ਭਾਵ:-ਤੇਰਾ ਵਿਹਾਰ ਪਰਾਲਬਧ ਅਨੁਸਾਰ ਆਪੇ ਚਲਦਾ ਰਵੇਗਾ।

ਬਲਿ ਜਾਇ ਨਾਨਕੁ ਸੁਖਹ ਦਾਤੇ ਪਰਗਾਸੁ ਮਨਿ ਤਨਿ ਹੋਇ ਜੀਉ॥ ੧॥

ਗੁਰੂ ਜੀ ਕਥਨ ਕਰਦੇ ਹਨ—ਸੁਖਾਂ ਦੇ ਦਾਤੇ ਪਰਮਾਤਮਾ ਤੋਂ ਬਲਿਹਾਰ ਜਾਣਾ ਕਰ, ਜਿਸ ਦੀ ਕਿਰਪਾ ਨਾਲ ਮਨ, ਤਨ ਵਿਖੇ ਪ੍ਰਕਾਸ਼ ਹੁੰਦਾ ਹੈ॥ ੧॥

ਸਲੋਕੁ॥ ਹਰਿ ਸਿਮਰਤ ਮਨੁ ਤਨੁ ਸੁਖੀ ਬਿਨਸੀ ਦੁਤੀਆ ਸੋਚ॥

www.sikhbookclub.com

ਹਰੀ ਦਾ ਸਿਮਰਨ ਕਰਨ ਵਾਲੇ ਦਾ ਮਨ, ਤਨ ਸੁਖੀ ਹੋਇਆ ਹੈ, ਦੁਤੀਆ ਸੋਚ=ਦੂਜੀ, ਚਿੰਤਾ ਬਿਨਸ ਗਈ ਹੈ।

ਨਾਨਕ ਟੇਕ ਗੋਪਾਲ ਕੀ ਗੋਵਿੰਦ ਸੰਕਟ ਮੋਚ॥ ੧॥

ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਗੋਪਾਲ ਦੀ ਟੇਕ=ਓਟ ਫੜੀ ਹੈ, ਉਹ ਗੋਬਿੰਦ ਸੰਕਟ ਮੋਚ=ਦੁੱਖਾਂ ਦੇ ਨਾਸ ਕਰਨਾ ਵਾਲਾ ਹੈ॥ ੧॥

ਛੰਤੁ॥ ਭੈ ਸੰਕਟ ਕਾਟੇ ਨਾਰਾਇਣ ਦਇਆਲ ਜੀਉ॥

ਦਿਆਲੂ ਨਰਾਇਣ ਜੀ ਨੇ ਭੈ ਦਾਇਕ ਜਨਮ ਮਰਨ ਦੇ ਸੰਕਟ=ਦੁੱਖ ਕੱਟ ਦਿੱਤੇ ਹਨ।

ਹਰਿ ਗੁਣ ਆਨੰਦ ਗਾਏ ਪ੍ਰਭ ਦੀਨਾ ਨਾਥ ਪ੍ਰਤਿਪਾਲ ਜੀਉ॥

ਜੋ ਪ੍ਰਭੂ ਦੀਨਾ ਨਾਥ=ਗਰੀਬਾਂ ਦਾ ਸੁਆਮੀ ਹੈ ਅਤੇ ਸਾਰਿਆਂ ਜੀਵਾਂ ਦੀ ਪ੍ਰਤਿਪਾਲ ਕਰਨ ਵਾਲਾ ਹੈ, ਉਸ ਹਰੀ ਦੇ ਅਨੰਦ ਦਾਇਕ ਗੁਣ ਅਸਾਂ ਨੇ ਗਾਏ ਹਨ।

ਪ੍ਰਤਿਪਾਲ ਅਚੁਤ ਪੁਰਖੁ ਏਕੋ ਤਿਸਹਿ ਸਿਉ ਰੰਗੁ ਲਾਗਾ॥

ਸਾਰਿਆਂ ਦੀ ਪਾਲਣਾ ਕਰਨ ਵਾਲਾ ਜੋ ਇੱਕ ਅਚੁਤ=ਅਗਿੜ ਪੁਰਖ ਹੈ, ਉਸ ਨਾਲ ਅਸਾਡਾ ਰੰਗੁ=ਪ੍ਰੇਮ ਲੱਗਾ ਹੈ।

ਕਰ ਚਰਨ ਮਸਤਕੁ ਮੇਲਿ ਲੀਨੇ ਸਦਾ ਅਨਦਿਨੁ ਜਾਗਾ॥

ਜਿਸ ਵੇਲੇ ਚਰਨਾਂ ਨਾਲ ਕਰ=ਹੱਥ ਛੁਹਾ ਕੇ ਮੱਥੇ ਨਾਲ ਮੇਲ ਲੀਤਾ,

ਅਥਵਾ:- ਕਰ=ਹੱਥ ਤੇ ਮੱਥਾ ਦੋਹਾਂ ਨੂੰ ਚਰਨਾਂ ਨਾਲ ਲਗਾ ਦਿੱਤਾ,

ਅਥਵਾ:- ਜਿਸ ਵੇਲੇ ਅਪੁਣਾ ਮਸਤਕ ਚਰਨਾਂ ਉੱਪਰ ਰੱਖਣਾ ਕੀਤਾ, ਤਾਂ ਪ੍ਰਭੂ ਨੇ ਮੇਲ ਲੀਤਾ ਫਿਰ ਮੈਂ ਸਦਾ ਹੀ ਰਾਤ ਦਿਨੇ ਗਿਆਨ ਜਾਗ੍ਰਤ ਵਿਚ ਜਾਗ ਪਿਆ।

ਅਤੇ ਇੰਞ ਅਪੁਣੇ ਮਨ ਵਿਚ ਨਿਸਚੇ ਕੀਤਾ ਕਿ:-

ਜੀਉ ਪਿੰਡੁ ਗ੍ਰਿਹੁ ਥਾਨੁ ਤਿਸ ਕਾ ਤਨੁ ਜੋਬਨੁ ਧਨੁ ਮਾਲੁ ਜੀਉ॥

ਜੀਵ ਨੂੰ ਪਿੰਡੁ=ਸਰੀਰ, ਗ੍ਰਿਹੁ=ਘਰ; ਥਾਨੁ=ਅਸਥਾਨ, ਤਨੁ=ਸੂਖਮ ਸਰੀਰ, ਜੁਆਨੀ, ਪ੍ਰਤੱਖ ਧਨ ਅਤੇ ਹਾਥੀ, ਘੋੜੇ ਆਦਿਕ ਮਾਲ ਸਭ ਕੁਝ ਤਿਸ ਦਾ ਦਿੱਤਾ ਹੋਇਆ ਹੈ।

ਸਦ ਸਦਾ ਬਲਿ ਜਾਇ ਨਾਨਕੁ ਸਰਬ ਜੀਆ ਪ੍ਰਤਿਪਾਲ ਜੀਉ॥ ੨॥

ਗੁਰੂ ਜੀ ਕਥਨ ਕਰਦੇ ਹਨ—ਜੋ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈ, ਉਸ ਹਰੀ ਤੋਂ ਮੈਂ ਸਦਾ ਸਦਾ ਬਲਿਹਾਰ ਜਾਂਦਾ ਹਾਂ॥ ੨॥

ਸਲੋਕੁ॥ ਰਸਨਾ ਉਚਰੈ ਹਰਿ ਹਰੇ ਗੁਣ ਗੋਵਿੰਦ ਵਖਿਆਨ॥

ਗੁਰਮੁਖ ਜਨ ਰਸਨਾ ਦੁਆਰੇ ਹਰਿ ਹਰਿ ਨਾਮਾਂ ਨੂੰ ਉਚਾਰਦੇ ਹਨ ਅਤੇ ਗੋਬਿੰਦ ਦੇ ਗੁਣਾਂ ਦਾ ਵਖਿਆਣ ਕਰਦੇ ਹਨ।

ਨਾਨਕ ਪਕੜੀ ਟੇਕ ਏਕ ਪਰਮੇਸਰੁ ਰਖੈ ਨਿਦਾਨ॥ ੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖਾਂ ਨੇ ਉਸ ਇੱਕ ਦੀ ਟੇਕ=ਓਟ ਫੜੀ ਹੈ, ਜੋ ਪਰਮੇਸ਼ਰ ਨਿਦਾਨ=ਅੰਤ ਨੂੰ ਹੱਥ ਦੇ ਕੇ ਰੱਖਦਾ ਹੈ॥ ੧॥

ਛੰਤੁ॥ ਸੋ ਸੁਆਮੀ ਪ੍ਰਭੁ ਰਖਕੋ ਅੰਚਲਿ ਤਾ ਕੈ ਲਾਗੁ ਜੀਉ॥

ਉਹ ਪ੍ਰਭੂ ਸੁਆਮੀ ਸਾਰਿਆਂ ਦਾ ਰੱਖਕ ਹੈ, ਹੇ ਜੀਵ! ਉਸ ਦੇ ਨਾਮ ਰੂਪ ਅੰਚਲਿ=ਪੱਲੇ ਨਾਲ ਤੂੰ ਲਗਣਾ ਕਰ।

ਭਜੁ ਸਾਧੂ ਸੰਗਿ ਦਇਆਲ ਦੇਵ ਮਨ ਕੀ ਮਤਿ ਤਿਆਗੁ ਜੀਉ॥

ਹੇ ਜੀਵ! ਅਪੁਣੀ ਮਨ ਮੱਤ ਨੂੰ ਤਿਆਗ ਕੇ ਸਾਧੂਆਂ ਦੀ ਸੰਗਤ ਵਿਚ ਮਿਲ ਕੇ ਦੇਵ=ਪ੍ਰਕਾਸ਼ ਰੂਪ ਦਿਆਲੂ ਨੂੰ ਭਜਨਾ ਕਰ।

ਅਤੇ-

[ਪੰਨਾ ੯੨੭]

ਇਕ ਓਟ ਕੀਜੈ ਜੀਉ ਦੀਜੈ ਆਸ ਇਕ ਧਰਣੀ ਧਰੈ॥

ਇੱਕ ਪ੍ਰਭੂ ਦੀ ਓਟ ਲੈਣਾ ਕਰ, ਇੱਕ ਨੂੰ ਹੀ ਅਪੁਣਾ ਜੀਅ ਅਰਪ ਦੇ, ਇੱਕ ਧਰਣੀ ਧਰ ਪ੍ਰਭੂ ਦੀ ਚਿੱਤ ਵਿਚ ਆਸ ਰੱਖਣਾ ਕਰ।

ਸਾਧਸੰਗੇ ਹਰਿ ਨਾਮ ਰੰਗੇ ਸੰਸਾਰੁ ਸਾਗਰੁ ਸਭੁ ਤਰੈ॥

ਜੋ ਸਤਸੰਗ ਦੁਆਰਾ ਹਰੀ ਨਾਮ ਵਿਚ ਰੰਗੇ=ਪ੍ਰੇਮ ਕਰਦਾ ਹੈ, ਉਹ ਸਰਬ ਪ੍ਰਕਾਰ ਕਰਕੇ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

ਜਨਮ ਮਰਣ ਬਿਕਾਰ ਛੂਟੇ ਫਿਰਿ ਨ ਲਾਗੈ ਦਾਗੁ ਜੀਉ॥

ਜਨਮ ਮਰਨ ਆਦਿਕ ਜੋ ਸਰੀਰ ਦੇ *ਛੇ ਵਿਕਾਰ ਹਨ, ਇਹ ਉਨ੍ਹਾਂ ਦੇ ਨਿਵਿਰਤ ਹੋ ਜਾਂਦੇ ਹਨ, ਉਸ ਜੀਵ ਨੂੰ ਫਿਰ ਕੋਈ ਦਾਗੁ=ਕਲੰਕ ਨਹੀਂ ਲਗਦਾ।

ਬਲਿ ਜਾਇ ਨਾਨਕੁ ਪੁਰਖ ਪੂਰਨ ਥਿਰੁ ਜਾ ਕਾ ਸੋਹਾਗੁ ਜੀਉ॥ ੩॥

ਗੁਰੂ ਜੀ ਕਥਨ ਕਰਦੇ ਹਨ-ਪੂਰਨ ਪੁਰਖ ਪਰਮਾਤਮਾ ਤੋਂ ਬਲਿਹਾਰ ਜਾਣਾ ਕਰ, ਜਿਸ ਦਾ ਸੋਹਾਗੁ=ਆਨੰਦ ਇਸਥਿਤ ਰੂਪ ਹੈ॥ ੩॥

---

*ਜਨਮ ਅਸਤ ਅਰੁ ਬ੍ਰਿਧ ਪੁਨ, ਬ੍ਰਿਪਨ ਖਜ ਤਨ ਨਾਸ॥
ਖਟ ਵਿਕਾਰ ਹੈਂ ਦੇਹਿ ਕੇ ਆਤਮ ਸ੍ਰਯੰ ਪ੍ਰਕਾਸ਼॥ (ਅਧਿਆਤਮ ਪ੍ਰਕਾਸ਼)

ਸਲੋਕੁ ॥ ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ ॥

ਆਮ ਗਰੰਥਾਂ ਵਿਚ ਚਾਰ ਪਦਾਰਥ ਲਿਖੇ ਹਨ:- ਧਰਮ, ਅਰਥ, ਕਾਮ, ਮੋਖ।

ਧਰਮ:- ਧਰਮ ਉਹ ਚੀਜ਼ ਹੈ ਜਿਸ ਦੇ ਆਸਰੇ ਸਾਰੀ ਦੁਨੀਆਂ ਖੜ੍ਹੀ ਹੈ,

ਯਥਾ:- ਧੌਲੁ ਧਰਮੁ ਦਇਆ ਕਾ ਪੂਤੁ ॥ *(ਜਪੁਜੀ ਸਾਹਿਬ. ਪੰਨਾ ੩)*

ਤਥਾ:- ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ 'ਧਰਮ' ॥

(ਸੁਖੇ ਸ੍ਰੀ ਮੁਖਵਾਕ ਮ: ੫, ਪੰਨਾ ੧੩੮੭)

ਤਥਾ:- ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

(ਸੋਰਠਿ ਮ: ੫, ਪੰਨਾ ੬੨੨)

ਅਰਥ:- ਸ਼ਬਦ ਦੇ ਭਾਵ ਨੂੰ ਅਰਥ ਕਹਿੰਦੇ ਹਨ ਅਤੇ ਪਰਯੋਜਨ ਯਾਨੇ ਮਤਲਬ ਨੂੰ ਭੀ ਅਰਥ ਕਹਿੰਦੇ ਹਨ।

ਯਥਾ:- ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥

(ਸਿਰੀਰਾਗੁ ਕੀ ਵਾਰ, ਪੰਨਾ ੯੧)

ਅਰਥ- ਪਦਾਰਥ ਨੂੰ ਭੀ ਆਖਦੇ ਹਨ,

ਯਥਾ:- ਤਨੁ ਧਨੁ ਆਪਨ ਥਾਪਿਓ ਹਰਿ ਜਪ ਨ ਨਿਮਖ ਜਾਪਿਓ ॥
'ਅਰਥੁ' ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ ॥ ੧ ॥ *(ਧਨਾਸਰੀ ਮ: ੫, ਪੰਨਾ ੬੭੮)*

ਕਾਮ:- ਕਾਮਨਾ, ਸੰਕਲਪ ਅਤੇ ਕਾਮ ਚੇਸ਼ਟਾ ਅਰਥਾਤ ਵਿਸ਼ੇ ਸੁਖ।

ਮੋਖ:- ਬੰਧਨਾਂ ਤੋਂ ਰਹਿਤ ਹੋਣਾ।

ਯਥਾ:- ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥ ੩ ॥ *(ਸੁਖਮਨੀ ਪੰਨਾ ੨੮੦)*

ਉਹ ਪ੍ਰਭੂ ਇਸ ਤਰ੍ਹਾਂ ਦੇ ਧਰਮ, ਅਰਥ, ਕਾਮ, ਮੋਖ ਆਦਿਕ ਚਾਰ ਪਦਾਰਥਾਂ ਦੇ ਦੇਣ ਵਾਲਾ ਹੈ ਅਤੇ ਅਸਲ ਜੋ ਕੈਵਲ ਮੁਕਤੀ ਹੈ, ਉਸ ਦਾ ਭੀ ਉਹ ਨਾਥ=ਸੁਆਮੀ ਹੈ, ਅਰਥਾਤ ਕੈਵਲ ਮੁਕਤੀ ਭੀ ਦੇਂਦਾ ਹੈ।

ਯਥਾ:- ਅਰਥ ਧਰਮ ਕਾਮ ਮੋਖ ਕਾ ਦਾਤਾ ॥ ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥ ੩ ॥

(ਬਿਲਾਵਲੁ ਮ: ੫, ਪੰਨਾ ੮੦੫)

ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥ ੧ ॥

ਜਿਸ ਵੇਲੇ ਮੱਥੇ ਦਾ ਲੇਖ ਲਿਖਿਆ ਹੋਇਆ ਫਲ ਦੇਣ ਨੂੰ ਪਰਗਟ ਹੋਇਆ ਤਾਂ ਪ੍ਰਭੂ ਨੇ ਸਾਰਿਆਂ ਮਨੋਰਥ=ਸੰਕਲਪਾਂ ਨੂੰ ਪੂਰਾਂ ਕਰ ਦਿੱਤਾ ॥ ੧ ॥

ਛੰਤੁ ॥ ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ ॥

ਹੇ ਭਾਈ ! ਨਿਰੰਜਨ ਰਾਇ ਦੇ ਮਿਲਣ ਕਰਕੇ ਮੇਰੀਆਂ ਸਭ ਇੱਛਾਂ ਪੁੰਨੀਆਂ=ਪੂਰੀਆਂ ਹੋਈਆਂ ਹਨ।

ਅਨਦੁ ਭਇਆ ਵਡਭਾਗੀਹੋ ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ ॥

ਹੇ ਵਡਭਾਗੀਓ ! ਬੜਾ ਹੀ ਆਨੰਦ ਹੋਇਆ ਹੈ, ਜੋ ਅੰਤਹਕਰਨ ਰੂਪੀ ਘਰ ਵਿਚ ਪ੍ਰਭੂ ਆ ਕੇ ਪਰਗਟ ਹੋਏ ਹਨ।

ਗ੍ਰਿਹਿ ਲਾਲ ਆਏ ਪੁਰਬਿ ਕਮਾਏ ਤਾ ਕੀ ਉਪਮਾ ਕਿਆ ਗਣਾ ॥

ਪੂਰਬਲੇ ਸ਼ੁਭ ਕਰਮਾਂ ਦੇ ਕਮਾਏ ਅਨੁਸਾਰ ਅੰਤਹਕਰਨ ਰੂਪ ਘਰ ਵਿਚ ਲਾਲ=ਪਿਆਰੇ ਪ੍ਰਭੂ ਆਏ ਹਨ, ਮੈਂ ਉਸ ਦੀ ਕੀ ਉਪਮਾ ਗਿਣਾ।

ਬੇਅੰਤ ਪੂਰਨ ਸੁਖ ਸਹਜ ਦਾਤਾ ਕਵਨ ਰਸਨਾ ਗੁਣ ਭਣਾ ॥

ਉਹ ਬਿਅੰਤ ਗੁਣਾਂ ਕਰਕੇ ਪੂਰਨ ਹੈ, ਸੁਖ ਸਹਜ ਦਾਤਾ=ਅਚੁਤ ਸੁਖ ਦਾ, ਵਾ:-ਗਿਆਨ ਸੁਖ ਦਾ ਦਾਤਾ ਹੈ, ਕਿਸ ਰਸਨਾ ਨਾਲ ਮੈਂ ਉਸ ਦੇ ਗੁਣਾਂ ਨੂੰ ਭਣਾ=ਕਥਨ ਕਰਾਂ।

ਅਥਵਾ:- ਰਸਨਾ ਨਾਲ ਉਸ ਦੇ ਕਵਨ=ਕੇਹੜੇ ਗੁਣ ਉਚਾਰਾਂ।

ਆਪੇ ਮਿਲਾਏ ਗਹਿ ਕੰਠਿ ਲਾਏ ਤਿਸੁ ਬਿਨਾ ਨਹੀ ਜਾਇ ਜੀਉ ॥

ਪ੍ਰਭੂ ਨੇ ਗਹਿ=ਫੜ ਕੇ ਗਲ ਨਾਲ ਲਗਾ ਕੇ ਆਪਣੇ ਨਾਲ ਮਿਲਾ ਲੀਤਾ ਹੈ, ਤਿਸ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਸੁਖ ਦੀ ਜਗ੍ਹਾ ਨਹੀਂ ਹੈ।

ਬਲਿ ਜਾਇ ਨਾਨਕੁ ਸਦਾ ਕਰਤੇ
ਸਭ ਮਹਿ ਰਹਿਆ ਸਮਾਇ ਜੀਉ ॥ ੪ ॥ ੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੋ ਪ੍ਰਭੂ ਸਾਰਿਆਂ ਵਿਚ ਸਮਾਅ ਰਿਹਾ ਹੈ, ਉਸ ਕਰਤੇ ਪੁਰਖ ਤੋਂ ਅਸੀਂ ਸਦਾ ਬਲਿਹਾਰ ਜਾਂਦੇ ਹਾਂ ॥ ੪ ॥ ੪ ॥

ਰਾਗੁ ਰਾਮਕਲੀ ਮਹਲਾ ੫ ॥
***ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ ॥**

ਹੇ ਸਖੀਓ ! ਸੰਤੋ ਤੁਸੀਂ ਹਰੀ ਦੇ ਰਣਝੁੰਝਨੜਾ=ਜਸ ਨੂੰ ਗਾਵਣਾ ਕਰੋ ਅਤੇ ਇੱਕ ਹਰੀ ਨੂੰ ਧਿਆਉਂਣਾ ਕਰੋ।

ਅਥਵਾ:- ਹੇ ਸਖੀਓ ! ਰਣਝੁੰਝਨੜਾ=ਇੱਕ ਰਸ ਅਨੰਦ ਗਾਵਣੇ ਜੋਗ ਜੋ ਹਰੀ ਹੈ, ਉਸ ਇੱਕ ਨੂੰ ਧਿਆਉਂਣਾ ਕਰੋ।

ਅਥਵਾ:- ਕਾਮ ਆਦਿਕ ਦੁਸ਼ਮਨਾਂ ਨਾਲ ਰਣ ਪਾ ਕੇ ਝੁੰਝਨੜਾ=ਜੁੱਧ ਕਰੋ ਤੇ ਗਾਵਣੇ ਜੋਗ ਇੱਕ ਹਰੀ ਨੂੰ ਧਿਆਉਣਾ ਕਰੋ।

**ਖੁਸ਼ੀ ਦੇ ਮੌਕੇ ਜੋ ਢੋਲਕ, ਟੱਲੀਆਂ, ਛੈਣੇ ਆਦਿਕ ਸਾਜ਼ ਲੈ ਕੇ ਕੁਲਾਹਲ ਦੇ ਗੀਤ ਗਾਏ ਜਾਂਦੇ ਹਨ, ਉਸ ਨੂੰ 'ਰਣ ਝੁੰਝਨੜਾ' ਆਖਦੇ ਹਨ।*

ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ॥

ਹੇ ਸਖੀਓ! ਤੁਸੀਂ ਸਤਿਗੁਰਾਂ ਨੂੰ ਸੇਵਨਾ ਕਰੋ, ਸੇਵਾ ਕਰ ਕੇ ਮਨ ਇੱਛਤ ਫਲ ਪਾਉਣਾਂ ਕਰੋ*।

---

*ਏਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਦੋ ਪੰਗਤੀਆਂ ਹੀ ਸਿਧਾਂਤ ਰੂਪ ਕਥਨ ਕੀਤੀਆਂ ਹਨ ਤੇ ਭਾਈ ਬੰਨੋ ਜੀ ਨੇ ਆਪਣੀ ਬੀੜ ਵਿਚ ਇਸ ਤਰ੍ਹਾਂ ਆਪਣੇ ਵੱਲੋਂ ਲਿਖ ਕੇ ਛੰਤ ਪੂਰਾ ਕੀਤਾ ਹੋਇਆ ਹੈ:-

ਰਾਮਕਲੀ ਮਹਲਾ ੫

ਰੁਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ॥
ਸਤਿਗੁਰ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ॥
ਸਤਿਗੁਰੁ ਧਿਆਇਆ ਕਰਮਿ ਪਾਇਆ ਅਨੂਪ ਬਾਲਕ ਜੰਮਿਆ॥
ਸਤਿਗੁਰ ਸਾਚੈ ਭੇਜਿ ਦੀਆ ਚਿਰਜੀਵਨ ਵਡ ਪੁੰਨਿਆ॥
ਮਹਾ ਅਨੰਦੁ ਹੋਆ ਸਦਾ ਮੰਗਲੁ ਹਰਿ ਗੁਣ ਗਾਵਹੋ॥
ਜਨੁ ਕਹੈ ਨਾਨਕੁ ਸਫਲ ਜਾਤ੍ਰਾ ਸਤਿਗੁਰੁ ਪੁਰਖੁ ਧਿਆਵਹੋ॥ ੧॥
ਅੰਮ੍ਰਿਤੁ ਭੋਜਨੁ ਇਕਤ੍ਰ ਕਰੇ ਪਰਵਾਰੁ ਬੁਲਾਇਆ॥
ਸਤਿਗੁਰ ਬਹਿਕੈ ਵੰਡਿ ਕੀਨੀ ਸਗਲ ਭਾਉ ਦਿਵਾਇਆ॥
ਕਰਮਾ ਉਪਰਿ ਵੰਡ ਹੋਈ ਖਾਲੀ ਕੋਇ ਨ ਜਾਇਆ॥
ਸਭਿ ਸਿਖ ਸੰਗਤਿ ਭਈ ਇਕਤ੍ਰਾ ਮਹਾ ਅਨੰਦ ਸਮਾਇਆ॥
ਬਿਨਵੰਤਿ ਨਾਨਕ ਸਾਮੁ ਹਰਿ ਕੀ ਸਰਬ ਸੁਖ ਮੈ ਪਾਇਆ॥ ੨॥
ਰੀਤੀ ਸਗਲ ਕਰਾਈਆ ਹਰਿ ਸਿਉ ਲਿਵਲਾਈ॥
ਭਦਣ ਉਣੇਤ੍ਰ ਕਰਾਇਆ ਗੁਰ ਗਿਆਨ ਜਪਾਈ॥
ਗੁਰ ਗਿਆਨੁ ਜਪਿਆ ਸੁਖਹਦਾਤਾ ਚਟਸਾਲ ਬਾਲਕੁ ਪਾਇਆ॥
ਸਗਲ ਵਿਦਿਆ ਸੰਪੂਰਨ ਪੜਿਆ ਗੋਵਿੰਦੁ ਰਿਦੈ ਮਨਾਇਆ॥
ਜੇਵਣਵਾਰ ਨਾਮੁ ਕਰਣਾ ਬਿਰਥਾ ਕੋਇ ਨ ਜਾਈ॥
ਬਿਨਵੰਤਿ ਨਾਨਕ ਦਾਸੁ ਹਰਿ ਕਾ ਮੇਰਾ ਪ੍ਰਭੁ ਅੰਤਿ ਸਖਾਈ॥ ੩॥
ਸਾਧ ਸੰਤ ਇਕਤ੍ਰ ਕਰੇ ਬਾਲਕ ਕਰਹੁ ਮੰਗੇਵਾ॥
ਲਧੇ ਸੁਜਨ ਜਨ ਕੁੜਮ ਭਲੇ ਵੰਡਿਅਹੁ ਅੰਮ੍ਰਿਤ ਮੇਵਾ॥
ਅੰਮ੍ਰਿਤ ਪਾਇਆ ਗੁਰ ਗਿਆਨ ਦ੍ਰਿੜਾਇਆ ਸਗਲ ਦੂਖ ਮਿਟਾਇਆ॥
ਸਗਣੁ ਲਿਖਾਇਆ ਪੂਰਹੁ ਆਇਆ ਵੀਆਹੁ ਕੁੜਮਿ ਦਿਵਾਇਆ॥
ਅਚਰਜ ਜੰਵ ਬਣਾਈ ਠਾਕੁਰਿ ਮੁਨਿਜਨ ਢੁਕੇ ਸਭ ਦੇਵ ਸੁਰਾ॥
ਜਨ ਕਹੈ ਨਾਨਕੁ ਕਾਜੁ ਹੋਆ ਵਜੇ ਅਨਹਦ ਤੂਰਾ॥ ੪॥ ੫॥

ਰਾਮਕਲੀ ਰੁਤੀ ਸਲੋਕੁ

ਰਾਮਕਲੀ ਮਹਲਾ ੫ ਰੁਤੀ ਸਲੋਕੁ

੧ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਅਰਜਨ ਸਾਹਿਬ ਜੀ ਦੇ ਚਰਨਾਂ ਵਿਚ ਸਿੱਖਾਂ ਨੇ ਬੇਨਤੀ ਕੀਤੀ ਛੇ ਰੁੱਤਾਂ ਵਿਚ ਜੀਵ ਨੂੰ ਕੀ ਕਰਤੱਬ ਕਰਨਾ ਚਾਹੀਦਾ ਹੈ? *ਗੁਰ ਉੱਤਰ:-*

ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ ॥

ਹੇ ਭਾਈ ! ਪਾਰਬ੍ਰਹਮ ਪ੍ਰਭੂ ਨੂੰ ਬੰਦਨ=ਨਮਸ਼ਕਾਰ ਕਰ ਅਤੇ ਸੰਤਾਂ ਦੇ ਚਰਨਾਂ ਦੀ ਧੂੜੀ ਬਾਛਉ= ਚਾਹੁਣਾ ਕਰ।

ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਆਪਾ ਭਾਅ ਹੰਕਾਰ ਨੂੰ ਦੂਰ ਕਰਕੇ ਜੋ ਪ੍ਰਭੂ ਸਾਰੇ ਭਰਪੂਰ ਹੈ, ਉਸਦੇ ਹਰਿ ਹਰਿ ਨਾਮਾਂ ਨੂੰ ਭਜਨਾ ਕਰੋ॥ ੧ ॥

ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ ॥

ਉਹ ਹਰੀ ਰਾਜਾ ਕਿਲ ਵਿਖ=ਪਾਪਾਂ ਦੇ ਕੱਟਣੇ ਵਾਲਾ ਹੈ, ਜਮਾਂ ਦਾ ਭੈ ਹਰਨੇ ਵਾਲਾ ਹੈ ਅਤੇ ਸੁਖਾਂ ਦਾ ਸਾਗਰ=ਸਮੁੰਦਰ ਹੈ।

ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ ॥ ੨ ॥

ਗਰੀਬਾਂ ਉੱਪਰ ਦਿਆਲੂ ਹੈ, ਦੁੱਖਾਂ ਦੇ ਅਭਾਵ ਕਰਨ ਵਾਲਾ ਹੈ, ਗੁਰੂ ਜੀ ਕਥਨ ਕਰਦੇ ਹਨ-ਉਸ ਪ੍ਰਭੂ ਨੂੰ ਨਿਤਾਪ੍ਰਤੀ ਅਰਥਾਤ ਹਮੇਸ਼ਾ ਧਿਆਉਣਾ ਕਰ॥ ੨ ॥

ਛੰਤੁ ॥ ਜਸੁ ਗਾਵਹੁ ਵਡਭਾਗੀਹੋ ਕਰਿ ਕਿਰਪਾ ਭਗਵੰਤ ਜੀਉ ॥

ਹੇ ਵਡਭਾਗੀ ਪੁਰਸ਼ੋ ! ਭਗਵੰਤ ਦਾ ਜਸ ਗਾਵਣਾ ਕਰੋ,

ਪ੍ਰਸ਼ਨ:- ਉਸ ਦੇ ਜਸ ਗਾਵਣ ਦਾ ਕੀ ਫਲ ਹੈ? *ਗੁਰ ਉੱਤਰ-*

ਉਹ ਭਗਵੰਤ ਤੁਹਾਡੇ 'ਤੇ ਕਿਰਪਾ ਕਰੇਗਾ।

ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ ॥

ਛੇ ਰੁੱਤਾਂ ਵਿਚ, ਬਾਰ੍ਹਾਂ ਮਹੀਨਿਆਂ ਵਿਚ, ਮੂਰਤ=ਦੋ ਘੜੀਆਂ ਅਤੇ ਇੱਕ ਘੜੀ ਵਿਚ ਪ੍ਰਭੂ ਦੇ ਗੁਣ ਉਚਾਰਣ ਤੇ ਇਹ ਜੀਵ ਸ਼ੋਭਾ ਵਾਲਾ ਹੁੰਦਾ ਹੈ।

www.sikhbookclub.com

ਗੁਣ ਰੰਗਿ ਰਾਤੇ ਧੰਨਿ ਤੇ ਜਨ ਜਿਨੀ ਇਕ ਮਨਿ ਧਿਆਇਆ ॥

ਜੋ ਪ੍ਰਭੂ ਦੇ ਗੁਣ ਗਾਇਣ ਕਰਨ ਦੇ ਪ੍ਰੇਮ ਵਿਚ ਰੱਤੇ ਹਨ ਅਤੇ ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਵਾਹਿਗੁਰੂ ਨੂੰ ਧਿਆਇਆ ਹੈ, ਉਹ ਪੁਰਸ਼ ਧੰਨਤਾ ਦੇ ਜੋਗ ਹਨ।

ਸਫਲ ਜਨਮੁ ਭਇਆ ਤਿਨ ਕਾ ਜਿਨੀ ਸੋ ਪ੍ਰਭੁ ਪਾਇਆ ॥

ਜਿਨ੍ਹਾਂ ਨੇ ਉਸ ਪ੍ਰਭੂ ਨੂੰ ਪਾਇਆ ਹੈ, ਉਨ੍ਹਾਂ ਦਾ ਮਨੁੱਖਾ ਜਨਮ ਸਫਲ ਹੋਇਆ ਹੈ।

ਪੁੰਨ ਦਾਨ ਨ ਤੁਲਿ ਕਿਰਿਆ ਹਰਿ ਸਰਬ ਪਾਪਾ ਹੰਤ ਜੀਉ ॥

ਚਾਹੇ ਕਿਤਨੇ ਪੁੰਨ ਦਾਨ ਕਰ ਲੇਵੇ ਅਤੇ ਕਰਮਾਂ ਦੀ ਕਿਰਿਆ ਕਰ ਲੇਵੇ, ਪਰ ਨਾਮ ਦੇ ਤੁੱਲ ਕੋਈ ਸਾਧਨ ਨਹੀਂ, ਹਰੀ ਦਾ ਨਾਮ ਸਾਰਿਆਂ ਪਾਪਾਂ ਦੇ ਹੰਤ=ਨਾਸ ਕਰਨ ਵਾਲਾ ਹੈ।

ਬਿਨਵੰਤਿ ਨਾਨਕ ਸਿਮਰਿ ਜੀਵਾ ਜਨਮ ਮਰਣ ਰਹੰਤ ਜੀਉ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੋ ਪ੍ਰਭੂ ਜਨਮ ਮਰਨ ਤੋਂ ਰਹਿਤ ਹੈ, ਉਸ ਨੂੰ ਸਿਮਰ ਕੇ ਮੈਂ ਜਿਉਂਦਾ ਹਾਂ॥ ੧ ॥

ਸਲੋਕ ॥ ਉਦਮੁ ਅਗਮੁ ਅਗੋਚਰੋ ਚਰਨ ਕਮਲ ਨਮਸਕਾਰ ॥

ਹੇ ਭਾਈ ! ਗੁਰਾਂ ਦੇ ਚਰਨ ਕਵਲਾਂ ਉੱਪਰ ਮੱਥਾ ਟੇਕ ਕੇ, ਅਗਮ-ਅਗੋਚਰ ਦੇ ਸਿਮਰਨ ਦਾ, *ਅਥਵਾ:-* ਉਸ ਦੀ ਪਰਾਪਤੀ ਦਾ ਉੱਦਮ ਕਰ।

ਕਥਨੀ ਸਾ ਤੁਧੁ ਭਾਵਸੀ ਨਾਨਕ ਨਾਮ ਅਧਾਰ ॥ ੧ ॥

ਉਹ ਕਥਨੀ ਸਫਲ ਹੈ ਜੇਹੜੀ ਤਿਸ ਪ੍ਰਭੂ ਨੂੰ ਭਾਂਵਦੀ ਹੈ, ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਨਾਮ ਦਾ ਆਸਰਾ ਗ੍ਰਹਿਣ ਕਰ॥ ੧ ॥

ਸੰਤ ਸਰਣਿ ਸਾਜਨ ਪਰਹੁ ਸੁਆਮੀ ਸਿਮਰਿ ਅਨੰਤ ॥

ਸੱਜਣ ਸੰਤਾਂ ਦੀ ਸ਼ਰਣ ਵਿਚ ਪੈਣਾ ਕਰੋ ਅਤੇ ਬਿਅੰਤ ਸੁਆਮੀ ਨੂੰ ਸਿਮਰਨਾ ਕਰੋ।

ਸੂਕੇ ਤੇ ਹਰਿਆ ਥੀਆ ਨਾਨਕ ਜਪਿ ਭਗਵੰਤ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਪਰਮੇਸ਼ਰ ਨੂੰ ਜਪ ਕੇ ਅਸਾਡਾ ਮਨ ਸੁੱਕੇ ਤੋਂ ਹਰਿਆ ਹੋ ਗਿਆ ਹੈ, ਅਰਥਾਤ ਸ਼ੁਭ ਗੁਣਾਂ ਤੋਂ ਰਹਿਤ ਸੀ, ਹੁਣ ਸ਼ੁਭ ਗੁਣਾਂ ਕਰਕੇ ਹਰਿਆ ਹੋ ਗਿਆ ਹੈ॥ ੨ ॥

ਛੰਤੁ ॥ ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥

ਬਸੰਤ ਰੁੱਤ ਸਭ ਤੋਂ ਸਰਸ=ਸ੍ਰੇਸ਼ਟ ਹੈ, ਇਸ ਰੁੱਤ ਵਿਚ ਚੇਤ੍ਰ ਦਾ ਮਾਹ=ਮਹੀਨਾ ਅਤੇ ਵੈਸਾਖ ਦਾ ਮਾਸੁ=ਮਹੀਨਾ ਜੀਵ ਨੂੰ ਸੁਖਦਾਇਕ ਹੈ।

ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ॥

ਇਸ ਰੁੱਤ ਵਿਚ ਹਰਿ ਜੀਉ ਪਤੀ ਦੇ ਮਿਲਣ ਕਰਕੇ ਜੀਵ ਦੇ ਸ੍ਵਾਂਸ ਅਤੇ ਮਨ, ਤਨ ਆਦਿਕ ਸਭ ਕੁਝ ਮਉਲਿਆ=ਹਰਿਆ, ਭਾਵ ਸਫਲ ਹੋਇਆ ਹੈ।

ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ ॥

ਹੇ ਸਖੀਏ ! ਅੰਤਹਕਰਨ ਰੂਪ ਘਰ ਵਿਚ ਨਿਹਚਲੁ ਨਾਹੁ=ਅਚੱਲ ਪਤੀ ਦੇ ਸਖਿਆਤ ਹੋਣ ਕਰਕੇ ਅਨੰਦ ਹੋਇਆ ਹੈ ਅਤੇ ਚਰਨ ਕਵਲਾਂ ਦਾ ਧਿਆਨ ਕਰਨ ਨਾਲ ਹਿਰਦਾ ਕੌਲ ਪ੍ਰਫੁੱਲਤ ਹੋਇਆ ਹੈ।

[ਪੰਨਾ ੯੨੮]

ਸੁੰਦਰੁ ਸੁਘੜੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ ॥

ਜੋ ਸੁੰਦਰ ਸਰੂਪ ਸੁਘੜੁ=ਸ੍ਰੇਸਟ ਘਾੜਤ ਦੇ ਘੜਨ ਵਾਲਾ, ਸੁਜਾਣੁ ਬੇਤਾ=ਚਤੁਰ ਵਕਤਾ ਹੈ, ਉਸ ਗੋਬਿੰਦ ਦੇ ਗੁਣ ਅਮੋਲਕ ਹਨ।

ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ ॥

ਉਸ ਗੋਬਿੰਦ ਨੂੰ ਵੱਡਿਆਂ ਭਾਗਾਂ ਕਰਕੇ ਹੀ ਪਾਇਆ ਹੈ, ਜਨਮ ਮਰਨ ਰੂਪ ਦੁੱਖ ਨੂੰ ਗਵਾ ਦਿੱਤਾ ਹੈ ਅਤੇ ਮਨ ਦੀ ਸਭ ਆਸ ਪੂਰਨ ਹੋ ਗਈ ਹੈ।

ਬਿਨਵੰਤਿ ਨਾਨਕ ਸਰਣਿ ਤੇਰੀ ਮਿਟੀ ਜਮ ਕੀ ਤ੍ਰਾਸ ਜੀਉ ॥ ੨ ॥

ਗੁਰੂ ਸਾਹਿਬ ਜੀ ਬਿਨਵੰਤਿ=ਕਥਨ ਕਰਦੇ ਹਨ—ਤੇਰੀ=ਤਿਸ ਗੋਬਿੰਦ ਦੀ ਸ਼ਰਣ ਗ੍ਰਹਿਣ ਕਰਨ ਨਾਲ ਜਮ ਦੀ ਤ੍ਰਾਸ=ਖੈਫ਼ਤਾਈ ਮਿਟ ਗਈ ਹੈ॥ ੨ ॥

ਸਲੋਕ ॥ ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ॥

ਸਤ ਸੰਗਤ ਤੋਂ ਬਿਨਾਂ ਜੀਵ ਰੂਪ ਇਸਤ੍ਰੀ ਅਨੇਕ ਪਰਕਾਰ ਦੇ ਕਰਮ ਕਰਦੀ ਹੋਈ ਭਰਮਾਂ ਵਿਚ ਹੀ ਮਰ ਗਈ ਹੈ।

ਕੋਮਲ ਬੰਧਨ ਬਾਧੀਆ ਨਾਨਕ ਕਰਮਹਿ ਲੇਖ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਕਰਮਹਿ ਲੇਖ=ਕਰਮਾਂ ਦੇ ਲਿਖੇ ਅਨੁਸਾਰ, *ਅਥਵਾ:-* ਕਰ ਮਹਿ ਲੇਖ=ਹੱਥ ਵਿਚ ਜੋ ਰੇਖਾਂ ਲਿਖੀਆਂ ਹੋਈਆਂ ਹਨ, ਉਸ ਅਨੁਸਾਰ ਇਸਤ੍ਰੀ, ਪੁਤ੍ਰ ਆਦਿਕਾਂ ਦੇ ਮੋਹ ਰੂਪ ਕੋਮਲ ਬੰਧਨਾਂ ਵਿਚ ਬੱਧੀ ਗਈ ॥ ੧ ॥

ਜੋ ਭਾਣੇ ਸੇ ਮੇਲਿਆ ਵਿਛੋੜੇ ਭੀ ਆਪਿ ॥

ਜੋ ਪ੍ਰਭੂ ਨੂੰ ਭਾਅ ਗਏ ਹਨ, ਉਨ੍ਹਾਂ ਨੂੰ ਅਪਣੇ ਨਾਲ ਮੇਲ ਲੀਤਾ ਹੈ,
ਜੋ ਨਹੀਂ ਭਾਏ ਉਨ੍ਹਾਂ ਨੂੰ ਵਿਛੋੜ ਭੀ ਆਪ ਦਿੱਤਾ ਹੈ।

ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਅਸੀਂ ਉਸ ਪ੍ਰਭੂ ਦੀ ਸ਼ਰਨ ਨੂੰ ਪਰਾਪਤ ਹੋਏ ਹਾਂ, ਜਿਸ ਪ੍ਰਭੂ ਦਾ ਪਰਤਾਪ ਸਾਰਿਆਂ ਤੋਂ ਬੜਾ ਹੈ॥ ੨ ॥

ਛੰਤੁ ॥ ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥

ਗ੍ਰੀਖਮ ਰੁੱਤ ਬੜੀ ਕਠਨ ਹੈ ਕਿਉਂਕਿ ਜੇਠ ਤੇ ਅਖਾੜੈ=ਹਾੜ ਵਿਚ ਬੜੀ ਘਾਮ=ਧੁੱਪ ਹੁੰਦੀ ਹੈ।

www.sikhbookclub.com

ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ ॥

ਜਿਨ੍ਹਾਂ ਦੁਹਾਗਣੀ=ਛੁੱਟੜ ਔਰਤਾਂ ਨੂੰ ਪ੍ਰੇਮ ਦਾ ਵਿਛੋੜਾ ਹੈ, ਉਨ੍ਹਾਂ ਉੱਤੇ ਰਾਮ ਕਿਰਪਾ ਦ੍ਰਿਸ਼ਟੀ ਨਹੀਂ ਕਰਦਾ।

ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ ॥

ਉਨ੍ਹਾਂ ਉੱਪਰ ਰਾਮ ਦੀ ਕਿਰਪਾ ਦ੍ਰਿਸ਼ਟੀ ਨਹੀਂ ਆਉਂਦੀ, ਇਸ ਹਾਵੈ=ਹੌਕੇ (ਝੋਰੇ) ਕਰਕੇ ਮਰਦੀ ਹੈ ਅਤੇ ਬੜੇ ਹੰਕਾਰ ਵਿਚ ਮੁਠੀਆ=ਲੁੱਟੀ ਗਈ ਹੈ।

ਪੁਨਾ, ਉਹ ਇਸ ਤਰ੍ਹਾਂ ਦੁੱਖੀ ਰਹਿੰਦੀ ਹੈ-

ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ ॥

ਜਿਵੇਂ ਜਲ ਤੋਂ ਬਿਨਾਂ ਮੱਛੀ ਤੜਫਦੀ ਹੈ, ਪੁਨਾ ਉਹ ਮਾਇਆ ਰੂਪ ਅੱਗ ਨਾਲ ਰੁਠੀਆ=ਲੁਠੀਆ (ਸੜ) ਗਈ ਹੈ।

ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ ॥

ਪਾਪ ਕਰਮਾਂ ਨੂੰ ਕਰਕੇ ਜੂਨੀਆਂ ਵਿਚ ਭੈ ਭੀਤ=ਭੈ ਸੰਯੁਕਤ ਹੋਈ ਹੈ, ਜਮ ਇਸ ਨੂੰ ਸਾਸਨ=ਤਾੜਨਾ ਦੇਂਦੇ ਹਨ।

ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਰਨ ਕਾਮ ਜੀਉ ॥ ੩ ॥

ਗੁਰੂ ਸਾਹਿਬ ਜੀ ਬਿਨਵੰਤਿ=ਕਥਨ ਕਰਦੇ ਹਨ—ਹੇ ਪ੍ਰਭੂ ! ਅਸਾਂ ਨੇ ਆਪ ਜੀ ਦੀ ਓਟ ਗ੍ਰਹਿਣ ਕੀਤੀ ਹੈ, ਹੇ ਸਾਰਿਆਂ ਕੰਮਾਂ ਦੇ ਪੂਰਨ ਕਰਨ ਵਾਲੇ ਵਾਹਿਗੁਰੂ ! ਆਪ ਅਸਾਨੂੰ ਰੱਖ ਲੇਵੋ ॥ ੩ ॥

ਸਲੋਕ ॥ ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ ॥

ਪ੍ਰੀਤਮੈ=ਪਰਮਾਤਮਾ ਦੇ ਨਾਲ ਅਸਾਡੀ ਸ਼ਰਧਾ ਲਗੀ ਹੈ, ਉਸ ਪ੍ਰੀਤਮ ਤੋਂ ਬਿਨਾਂ ਇੱਕ ਤਿਲ ਮਾਤ੍ਰ, ਅਰਥਾਤ ਥੋੜਾ ਚਿਰ ਭੀ ਵਿੱਛੁੜ ਕੇ ਅਸਾਡੇ ਪਾਸੋਂ ਰਿਹਾ ਨਹੀਂ ਜਾਂਦਾ।

ਮਨ ਤਨ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ ॥ ੧ ॥

ਉਹ ਪ੍ਰੀਤਮੁ ਪ੍ਰਭੂ ਮਨ, ਤਨ ਅੰਦਰ ਪਰੀਪੂਰਨ ਹੋ ਰਹੇ ਹਨ, ਇਸ ਤਰ੍ਹਾਂ ਜਾਨਣ ਕਰਕੇ ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਅਸੀਂ ਸਹਜਿ ਸੁਭਾਇ=ਸ਼ਾਂਤੀ ਸੁਭਾਅ ਵਾਲੇ ਹੋ ਗਏ ਹਾਂ ॥ ੧ ॥

ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ॥

ਸੱਜਣ ਪਰਮਾਤਮਾ ਨੇ ਮੈਨੂੰ ਕਰੁ=ਹੱਥ ਨਾਲ ਫੜ ਲੀਤਾ ਹੈ, ਜੋ ਜਨਮਾਂ ਜਨਮਾਂਤਰਾਂ ਦਾ ਮਿੱਤਰ ਹੈ।

ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਪ੍ਰਭੂ ਨੇ ਚਿੱਤ ਦੇ ਹਿਤ=ਪ੍ਰੇਮ ਕਰਕੇ ਆਪਣੇ ਚਰਨਾਂ ਦੀ ਦਾਸੀ ਕਰ ਲਈ ਹੈ ॥ ੨ ॥

ਛੰਤੁ ॥ ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥

ਬਰਸੁ=ਵਰਖਾ ਰੁਤ, ਸੁਹੇਲੀਆ=ਸ਼ੋਭਨੀਕ, ਵਾ:- ਸੁਖਦਾਇਕ ਹੈ ਕਿਉਂਕਿ ਇਸ ਰੁੱਤ ਵਿਚ ਸਾਵਣ ਤੇ

www.sikhbookclub.com

ਭਾਦਰੋਂ ਦਾ ਮਹੀਨਾ ਅਨੰਦ ਦਾਇਕ ਹੈ।

ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ ॥

ਵਰਖਾ ਰੁੱਤ ਵਿਚ ਘਣ=ਬੱਦਲ, ਉਨਵਿ=ਝੁਕ ਕੇ ਵਰਸਦੇ ਹਨ, ਜਿਸ ਕਰਕੇ ਜਲਾਂ ਥਲਾਂ ਵਿਚ ਮਕਰੰਦ=ਪਾਣੀ ਪੂਰਨ ਹੋ ਰਹਿੰਦਾ ਹੈ।

ਏਸੇ ਤਰ੍ਹਾਂ ਜਦ ਗੁਰੂ ਰੂਪ ਬੱਦਲ ਝੁਕ ਕੇ ਭਾਵ ਅਤੀ ਕਿਰਪਾਲੂ ਹੋ ਕੇ ਉਪਦੇਸ਼ ਜਲ ਨੂੰ ਵਰਸ਼ਦੇ ਹੋਏ ਤਾਂ ਜਲਾਂ ਥਲਾਂ ਵਿਚ ਪਰਮੇਸ਼ਰ ਰੂਪ ਮਕਰੰਦ=ਜਲ ਨੂੰ ਪੂਰਨ ਹੋਇਆ ਨਿਸ਼ਚੇ ਕੀਤਾ।

ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥

ਪ੍ਰਭੂ ਨੂੰ ਸਾਰਿਆਂ ਅਸਥਾਨਾਂ 'ਤੇ ਪੂਰਨ ਹੋ ਰਿਹਾ ਵੇਖਿਆ, ਨੌ ਨਿਧੀਆਂ ਦਾ ਦਾਤਾ ਜੋ ਹਰੀ ਨਾਮ ਹੈ, ਤਿਸ ਕਰਕੇ ਅੰਤਹਕਰਨ ਰੂਪੀ ਘਰ ਭਰ ਗਏ।

ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ ॥

ਜਿਸ ਨੇ ਅੰਤਰਜਾਮੀ ਸੁਆਮੀ ਨੂੰ ਸਿਮਰਿਆ ਹੈ, ਉਸ ਦੀਆਂ ਸਮੂਹ ਕੁਲਾਂ ਦੇ ਸਾਰੇ ਜੀਵ ਤਰ ਗਏ ਹਨ।

ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ ਕ੍ਰਿਪਾਲੁ ਸਦ ਬਖਸਿੰਦੁ ਜੀਉ ॥

ਜੋ ਪਤੀ ਪਰਮੇਸ਼ਰ ਦੇ ਰੰਗਿ=ਪ੍ਰੇਮ ਵਿਚ ਜਾਗੇ ਹਨ, ਉਨ੍ਹਾ ਨੂੰ ਕੋਈ ਦੋਸ਼ ਨਹੀਂ ਲਗਦਾ, ਉਹ ਕਿਰਪਾਲੂ ਪਰਮਾਤਮਾ ਸਦਾ ਔਗੁਣਾਂ ਦੇ ਬਖਸ਼ਣ ਵਾਲਾ ਹੈ।

ਬਿਨਵੰਤਿ ਨਾਨਕ ਹਰਿ ਕੰਤੁ ਪਾਇਆ ਸਦਾ ਮਨਿ ਭਾਵੰਦੁ ਜੀਉ ॥ ੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਅਸਾਂ ਨੇ ਹਰੀ ਪਤੀ ਨੂੰ ਪਾਇਆ ਹੈ, ਜੋ ਸਦਾ ਹੀ ਮਨ ਵਿਚ ਭਾਂਵਦਾ ਹੈ॥ ੪॥

ਸਲੋਕ ॥ ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ ॥

ਆਸਾ ਦੀ ਪਿਆਸੀ=ਚਾਹਵਾਨ ਹੋਈ ਮੈਂ ਫਿਰ ਰਹੀ ਹਾਂ, ਮੈਂ ਗੋਪਾਲ ਨੂੰ ਕਦੋਂ ਵੇਖਾਂਗੀ।

ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਅਜੇਹਾ ਕੋਈ ਸੰਤ ਜਨ ਸੱਜਣ ਹੈ ਜੋ ਪ੍ਰਭੂ ਨਾਲ ਮੇਲਣ ਵਾਲਾ ਹੋਵੇ? ॥ ੧ ॥

ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ ॥

ਉਸ ਨਾਲ ਮਿਲੇ ਬਿਨਾਂ ਸ਼ਾਂਤੀ ਨਹੀਂ ਉਪਜਦੀ ਅਤੇ ਪਲ ਦਾ ਤਿਲ ਜਿੰਨਾ ਸਮਾਂ ਭੀ ਮਿਲੇ ਬਗੈਰ ਰਿਹਾ ਨਹੀਂ ਜਾਂਦਾ? *ਉੱਤਰ:-*

ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹਰੀ ਦੇ ਸੰਤਾਂ ਦੀ ਚਰਨ ਸ਼ਰਣ ਵਿਚ ਪਰਾਪਤ ਹੋ, ਉਹ ਤੇਰੀਆਂ

www.sikhbookclub.com

ਆਸਾ ਨੂੰ ਪੁਜਾਹਿ=ਪੂਰਨ ਕਰਨਗੇ॥ ੨ ॥

ਛੰਤੁ ॥ ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥

ਹੁਣ ਸਰਦ ਰੁੱਤ ਦਾ ਸੋਹਣਾ ਅਡੰਬਰੋ=ਬਣਾਉ ਬਣਿਆ ਹੈ, ਅਸੂ ਤੇ ਕੱਤਕ ਦੇ ਮਹੀਨੇ ਵਿਚ ਹਰੀ ਦੇ ਦਰਸ਼ਨਾਂ ਦੀ ਪਿਆਸ ਲੱਗ ਰਹੀ ਹੈ। ਗੁਰਮੁਖ ਇਸਤ੍ਰੀ ਆਖਦੀ ਹੈ:-

ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ ॥

ਮੈਂ ਉਸ ਦੇ ਦਰਸ਼ਨ ਨੂੰ ਖੋਜਦੀ ਫਿਰਦੀ ਹਾਂ, ਸ਼ੁਭ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਮੈਂ ਕਦ ਮਿਲਣਾ ਕਰਾਂ।

ਬਿਨ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ ॥

ਪਿਆਰੇ ਪਤੀ ਤੋਂ ਬਿਨਾਂ ਕੋਈ ਸਾਰੇ ਸੁਖ ਨਹੀਂ ਦੇਂਦਾ, ਪਤੀ ਤੋਂ ਬਿਨਾਂ ਹਾਰ ਤੇ ਕੰਙਣ ਆਦਿਕ ਬਣੇ ਹੋਏ ਗਹਿਣਿਆਂ ਨੂੰ ਧ੍ਰਿਕਾਰ ਹੈ।

ਅਥਵਾ:- ਹਰਿ ਹਰਿ ਕਰਨੇ ਰੂਪ ਹਾਰ, ਕਰ ਕਰ ਕਰਤਾ ਕੰਙਣ ਪਹਿਰੇ, ਇਤਆਦਿਕ ਬਣੇ ਸਾਧਨਾਂ ਨੂੰ ਧ੍ਰਿਕਾਰ ਹੈ।

ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥

ਚਾਹੇ ਮੈਂ ਸਰੀਰ ਕਰਕੇ ਸੁੰਦਰ ਹਾਂ, ਬੁੱਧੀ ਕਰਕੇ ਸੁਜਾਣ ਹਾਂ, ਵਾਕਾਂ ਨਾਲ ਚਤੁਰ ਹਾਂ, ਬੇਤੀ=ਸ਼ਾਸਤ੍ਰ ਗਿਆਤ ਭੀ ਹੈ, ਪਰ ਪਤੀ ਤੋਂ ਬਿਨਾਂ ਸਭ ਕੁਝ ਨਿਸਫਲ ਹੈ, ਜਿਵੇਂ ਸ੍ਵਾਸਾਂ ਤੋਂ ਬਿਨਾਂ ਸਰੀਰ ਨਿਸਫਲ ਹੈ।

ਦੀਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥

ਮਨ ਵਿੱਚ ਪ੍ਰਭੂ ਨਾਲ ਮਿਲਣ ਦੀ ਪਿਆਸ ਹੋਣ ਕਰਕੇ ਇੱਧਰ ਉੱਧਰ ਦਸੋ-ਦਿਸਾਂ ਵੱਲ ਅਲੋਕਨ=ਵੇਖਣਾ ਕਰਦੀ ਹਾਂ।

ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥ ੫ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਉਹ ਗੁਰਮੁਖ ਇਸਤ੍ਰੀ ਇਸ ਤਰ੍ਹਾਂ ਕਹਿੰਦੀ ਹੈ, ਹੇ ਸ਼ੁਭ ਗੁਣਾਂ ਦੇ ਖ਼ਜ਼ਾਨੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਆਪਣੇ ਨਾਲ ਮੇਲ ਲਿਓ॥ ੫॥

ਸਲੋਕ ॥ ਜਲਣਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ॥
ਨਾਨਕ ਪ੍ਰਭ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਸੀਤਲ ਰੂਪ ਨਾਮ ਦੇ ਪਰਾਪਤ ਹੋਣ ਨਾਲ ਜਾਂ ਮਾਇਆ ਦੀ ਤ੍ਰਿਸ਼ਨਾ ਰੂਪ ਜਲਣਿ=ਅਗਨ ਬੁਝ ਗਈ ਅਤੇ ਦੁਤੀਆ=ਦਵੈਤ ਭਾਅ ਦੇ ਸਹਿਤ ਭਰਾਂਤੀ ਬਿਨਸ ਗਈ ਤਾਂ ਪੂਰਨ ਪ੍ਰਭੂ ਮਿਲ ਪਏ, ਪ੍ਰਭੂ ਦੇ ਮਿਲਣ ਨਾਲ ਮਨ ਤਨ ਵਿਖੇ ਸ਼ਾਂਤੀ ਉਤਪੰਨ ਹੋਈ॥ ੧॥

[ਪੰਨਾ ੯੨੯]

ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥

ਆਪ ਹਰੀ ਨੇ ਇਸ ਤਰ੍ਹਾਂ ਕਹਿ ਕੇ ਸੰਤ ਪਠਾਏ=ਭੇਜੇ ਹਨ, ਕਿ ਮੈਂ ਤੁਹਾਡੇ ਪਾਸੋਂ ਦੂਰ ਨਹੀਂ ਹਾਂ।

ਨਾਨਕ ਭ੍ਰਮ ਭੈ ਮਿਟਿ ਗਏ ਰਮਣੰ ਰਾਮ ਭਰਪੂਰਿ ॥ ੨ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਭਰਪੂਰ ਰਾਮ ਦੇ ਰਮਣ=ਉਚਾਰਣ 'ਤੇ ਭਰਮ ਭੈ ਆਦਿਕ ਸਾਰੇ ਵਿਕਾਰ ਮਿਟ ਗਏ ਹਨ॥ ੨ ॥

ਛੰਤੁ ॥ ਰੁਤਿ *ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥

ਮੱਘਰ ਤੇ ਪੋਹ ਦੇ ਮਹੀਨੇ ਨੂੰ ਹਿਮਕਰ ਰੁੱਤ ਆਖਦੇ ਹਨ, ਇਹ ਹਿਮਕਰ ਰੁੱਤ ਬਹੁਤ ਹੀ ਸੀਤਲ ਹੈ, ਇਸ ਰੁੱਤ ਵਿੱਚ ਗੁਰਮੁਖਾਂ ਨੂੰ ਹਰੀ ਪਰਗਟ ਹੋਇਆ ਹੈ।

ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ ਜੀਉ ॥

ਮਾਇਆ ਦੀ ਤ੍ਰਿਸ਼ਨਾ ਰੂਪ ਜਲਨਿ=ਅਗਨੀ ਬੁਝ ਜਾਣ 'ਤੇ ਪ੍ਰਭੂ ਦਾ ਦਰਸ਼ਨ ਪਾਇਆ ਤਾਂ ਮਾਇਆ ਦੇ ਧ੍ਰੋਹ=ਛਲ ਆਦਿਕ ਵਿਕਾਰ ਸਾਰੇ ਬਿਨਸ ਗਏ।

ਸਭਿ ਕਾਮ ਪੂਰੇ ਮਿਲਿ ਹਜੂਰੇ ਹਰਿ ਚਰਣ ਸੇਵਕਿ ਸੇਵਿਆ ॥

ਹਰੀ ਦੇ ਚਰਨਾਂ ਦੇ ਜੋ ਸੇਵਕ ਮਹਾਤਮਾਂ ਹਨ ਜਾਂ ਉਨ੍ਹਾਂ ਨੂੰ ਸੇਵਿਆ ਤਾਂ ਹਰੀ ਦੇ ਕੋਲ ਮਿਲ ਗਏ, ਉਸ ਨਾਲ ਮਿਲਣ ਕਰਕੇ ਸਾਰੇ ਕੰਮ ਪੂਰੇ ਹੋ ਗਏ।

ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ ॥

ਹਰਿ ਹਰਿ ਕਰਨੇ ਰੂਪ ਹਾਰ, ਡੋਰ=ਬਿਰਤੀ ਲਗਾਣੀ, ਜਪ ਤਪ ਰੂਪੀ ਸ਼ਿੰਗਾਰ, ਰਸਿ=ਪ੍ਰੇਮ ਦੀਆਂ ਗੱਲਾਂ ਇਤਿਆਦਿਕ ਸਾਰੇ ਸਾਧਨ ਅਲਖ ਅਭੇਵ ਪ੍ਰਭੂ ਦੇ ਗੁਣ ਗਾਇਣ ਕਰਨ ਨਾਲ ਸਫਲ ਹੁੰਦੇ ਹਨ।

ਨੋਟ:- ਡੋਰ=ਪਰਾਂਦੇ ਨੂੰ ਕਹਿੰਦੇ ਹਨ।

ਭਾਉ ਭਗਤਿ ਗੋਵਿੰਦ ਬਾਂਛਤ ਜਮੁ ਨ ਸਾਕੈ ਜੋਹਿ ਜੀਉ ॥

ਗੋਬਿੰਦ ਦੀ ਭਾਉ ਭਗਤ=ਪ੍ਰੇਮਾ ਭਗਤੀ, ਬਾਛਤ=ਚਾਹੁਣ ਕਰਕੇ ਜਮ ਇਸ ਨੂੰ ਜੋਹਿ=ਦੇਖ ਨਹੀਂ ਸਕਦਾ।

ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹ ਨ ਪ੍ਰੇਮ ਬਿਛੋਹ ਜੀਉ ॥ ੬ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੇਹੜੀ ਇਸਤ੍ਰੀ ਪ੍ਰਭੂ ਨੇ ਆਪਣੇ ਨਾਲ ਮੇਲੀ ਹੈ, ਉਸ ਨੂੰ ਫਿਰ ਪ੍ਰੇਮ ਦਾ ਬਿਛੋਹ=ਵਿਛੋੜਾ ਨਹੀਂ ਹੁੰਦਾ॥ ੬ ॥

ਸਲੋਕ ॥ ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥

ਜਿਸ ਸੁਹਾਗਣ ਇਸਤ੍ਰੀ ਨੇ ਹਰੀ ਰੂਪ ਧਨ ਪਾਇਆ ਹੈ, ਉਸ ਦਾ ਚਿੱਤ ਕਦੇ ਡੋਲਦਾ ਨਹੀਂ ਹੈ।

ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਜੋ ਸੰਤਾਂ ਦਾ ਸੰਜੋਗੀ ਹੋਇਆ ਹੈ, ਉਸ ਦੇ ਅੰਤਹ੍ਕਰਨ ਰੂਪ ਘਰ ਵਿਚ ਪ੍ਰਭੂ ਮਿੱਤਰ ਪ੍ਰਗਟੇ ਹਨ॥ ੧ ॥

** ਜ਼ਰੂਰੀ ਨੋਟ-ਅਰਥ ਕਰਨ ਵੇਲੇ ਸਿਸੀਅਰ ਦੀ ਜਗ੍ਹਾ ਹਿਮਕਰ ਪੜ੍ਹ ਕੇ ਅਰਥ ਕਰਨਾ ਅਤੇ ਹਿਮਕਰ ਦੀ ਜਗ੍ਹਾ ਅਰਥ ਵੇਲੇ ਸਿਸੀਅਰ ਪੜ੍ਹ ਕੇ ਅਰਥ ਕਰਨਾ ਹੈ।*

ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥ ੨॥

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)- ਪ੍ਰਿਅ ਪ੍ਰੀਤਮ ਸੰਗਿ ਬਨੇ=ਪਿਰੀ ਪਰਮਾਤਮਾ ਦੇ ਪ੍ਰੀਤਮ ਜੋ ਸੰਤ ਹਨ, ਉਨ੍ਹਾਂ ਦੀ ਸੰਗਤ ਵਿਚ ਅਧਿਕਾਰੀ ਬਣ ਕੇ ਜਦ, ਹਰਿ ਨਾਨਕ ਨਾਮ ਭਨੇ=ਹਰੀ ਦੇ ਨਾਮ ਕਥਨ ਕੀਤੇ ਤਦ ਮਨ ਇੱਛਤ ਫਲ ਪਾਵਣਾ ਕੀਤਾ ਅਤੇ ਨਾਦ=ਸ੍ਰਵਨਾ ਨੰਦ, ਬਿਨੋਦ=ਦਰਸ਼ਨਾ ਨੰਦ, ਕੋਡ=ਭੋਗਾ ਨੰਦ ਇਨ੍ਹਾਂ ਸਾਰਿਆਂ ਅਨੰਦਾਂ ਨੂੰ ਲੈਣਾ ਕੀਤਾ॥ ੨॥

ਛੰਤੁ॥ ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥

(ਅਰਥ ਕਰਨ ਲਗਿਆਂ ਹਿਮਕਰ ਦੀ ਜਗ੍ਹਾ ਸਿਸੀਅਰ ਪੜ੍ਹ ਕੇ ਅਰਥ ਕਰਨਾ।)

ਮਾਘ ਤੇ ਫੱਗਣ ਦੇ ਮਹੀਨੇ ਨੂੰ ਸਿਸੀਅਰ ਰੁੱਤ ਆਖਦੇ ਹਨ,

ਇਹ ਸਿਸੀਅਰ ਰੁੱਤ ਉਸ ਦੇ ਮਨ ਨੂੰ ਭਾਂਵਦੀ ਹੈ, ਜੋ ਜੀਵ ਸ਼ੁਭ ਗੁਣਾਂ ਵਾਲਾ ਹੈ।

ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ॥

ਹੇ ਸਹੇਲੀ=ਪਿਆਰੀਆਂ ਸਖੀਓ ! ਤੁਸੀਂ ਮੰਗਲਾਂ ਨੂੰ ਗਾਵਣਾ ਕਰੋ, ਕਿਉਂਕਿ ਮੇਰੇ ਅੰਤਹਕਰਨ ਰੂਪ ਘਰ ਵਿਚ ਹਰੀ ਆ ਕੇ ਸਖਿਆਤਕਾਰ ਹੋਏ ਹਨ।

ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ॥

ਜਿਸ ਨੂੰ ਮਨ ਵਿਚ ਧਿਆਉਂਦਾ ਸਾਂ, ਉਹ ਪਿਆਰੇ ਪਤੀ ਸਰੀਰ ਰੂਪ ਘਰ ਵਿਚ ਆਏ ਹਨ, ਇਸੇ ਕਰਕੇ ਮੇਰੀ ਅੰਤਹ ਕਰਨ ਰੂਪ ਸੇਹਜਾ ਸੁੰਦਰ ਸ਼ੋਭਨੀਕ ਹੋਈ ਹੈ।

ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ॥

ਜਿਸ ਦੀ ਸਤਾ ਨੂੰ ਪਾ ਕੇ ਪ੍ਰਤੱਖ ਵਣ ਤ੍ਰਿਣ ਤੇ ਤਿੰਨੇ ਭਵਨ ਹਰੇ ਹੋ ਰਹੇ ਹਨ,

ਅਥਵਾ:- ਜਿਸ ਦੀ ਸਤਾ ਨੂੰ ਪਾ ਕੇ ਵਣੁ=ਅੰਤਹ ਕਰਨ, ਤ੍ਰਿਣੁ=ਇੰਦ੍ਰੇ, ਤ੍ਰਿਭਵਣ=ਤਿੰਨੇ ਸਰੀਰ, ਸਥੂਲ, ਸੂਖਮ ਕਾਰਨ ਭਏ ਹਰਿਆ=ਅਨੰਦ ਹੋ ਰਹੇ ਹਨ। ਉਸ ਪ੍ਰਭੂ ਦੇ ਦਰਸ਼ਨ ਨੂੰ ਵੇਖ ਕੇ ਮੈਂ ਮੋਹਤ ਹੋਈ ਹਾਂ।

ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ॥

ਜਿਸ ਵੇਲੇ ਮਨ ਵਿਚ ਗੁਰਾਂ ਦੇ ਨਿਰਮਲ ਮੰਤ੍ਰ ਨੂੰ ਜਪਿਆ ਤੇ ਸੁਆਮੀ ਪਰਮਾਤਮਾ ਮਿਲੇ ਤਾਂ ਮਨ ਦੀਆਂ ਸਭ ਇੱਛਾ ਪੂਰਨ ਹੋ ਗਈਆਂ।

ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ॥੭॥

ਗੁਰੂ ਸਾਹਿਬ ਜੀ ਬਿਨਵੰਤਿ=ਕਥਨ ਕਰਦੇ ਹਨ-ਮੈਂ ਨਿਤਾਪ੍ਰਤੀ ਖੁਸ਼ੀਆਂ ਕਰਦੀ ਹਾਂ, ਕਿਉਂਕਿ ਸ੍ਰੀ+ਧਰ=ਸੋਭਾ ਦੇ ਧਾਰਨ ਵਾਲੇ,

ਅਥਵਾ:- ਲਛਿਮੀ ਦੇ ਧਾਰਨ ਵਾਲੇ ਹਰੀ ਪਤੀ ਮੈਨੂੰ ਮਿਲੇ ਹਨ॥ ੭॥

ਸਲੋਕੁ॥ ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ

ਸੰਤ ਹੀ ਇਸ ਜੀਵ ਦੇ ਸਹਾਇਕ ਹਨ ਅਤੇ ਜੀਵ ਨੂੰ ਸੰਸਾਰ-ਸਮੁੰਦਰ ਤੋਂ ਤਾਰਣ ਵਾਲੇ ਹਨ।

ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਵਾਹਿਗੁਰੂ ਨਾਮ ਨਾਲ ਪਿਆਰ ਹੋਣ ਕਰਕੇ ਸੰਤ ਸਾਰਿਆਂ ਤੋਂ ਉਚੇ ਜਾਣੇ ਜਾਂਦੇ ਹਨ॥ ੧ ॥

ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ ॥

ਜਿਨ੍ਹਾਂ ਨੇ ਵਾਹਿਗੁਰੂ ਨੂੰ ਜਾਣਿਆ ਹੈ, ਉਹ ਸੰਸਾਰ ਸਮੁੰਦ੍ਰ ਤੋਂ ਤਰੇ ਹਨ ਅਤੇ ਸੇਈ ਸੇਈ ਸੂਰਬੀਰ ਹਨ, *ਅਥਵਾ:-* ਉਹ ਇਸ ਲੋਕ ਵਿਚ ਸੂਰਬੀਰ ਹਨ ਅਤੇ ਪਰਲੋਕ ਵਿਚ ਭੀ ਸੂਰਬੀਰ ਹਨ।

ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਅਸੀਂ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਾਂ, ਜੇਹੜੇ ਹਰੀ ਨਾਮ ਨੂੰ ਜਪ ਕੇ ਸੰਸਾਰ ਦੇ ਪਾਰਲੇ ਕਿਨਾਰੇ ਜਾ ਉਤਰੇ ਹਨ॥ ੨ ॥

ਛੰਤੁ ॥ ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ॥

ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਬਿਰਾਜਦੇ ਹਨ, ਉਹ ਸਾਰਿਆਂ ਤੋਂ ਉੱਪਰ ਹਨ, ਉਨ੍ਹਾਂ ਦੇ ਜੀਅ ਦਾ ਸੰਪੂਰਨ ਕਲੇਸ਼ ਮਿਟ ਗਿਆ ਹੈ।

ਆਵਣ ਜਾਵਣ ਦੁਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ ॥

ਆਵਣ ਜਾਵਣ=ਜਨਮ ਮਰਨ ਦੇ ਦੁੱਖ ਹਰੇ ਗਏ ਹਨ ਅਤੇ ਉਨ੍ਹਾਂ ਦੇ ਹਿਰਦੇ ਵਿੱਚ ਹਰੀ ਦੀ ਭਗਤੀ ਨੇ ਪਰਵੇਸ਼ ਕੀਤਾ ਹੈ।

ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ ॥

ਉਹ ਹਰੀ ਦੇ ਰੰਗਿ=ਪ੍ਰੇਮ ਵਿੱਚ ਰੱਤੇ ਹੋਏ ਸਹਜਿ=ਗਿਆਨ ਵਿੱਚ ਮਸਤ ਹਨ, ਉਨ੍ਹਾਂ ਦੇ ਮਨ ਚੋਂ ਇੱਕ ਤਿਲ ਮਾਤ੍ਰ ਭੀ ਪ੍ਰਭੂ ਭੁੱਲਦਾ ਨਹੀ ਹੈ।

ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ ॥

ਆਪਾ ਭਾਅ ਹੰਕਾਰ ਨੂੰ ਤਜਿ=ਤਿਆਗ ਕੇ, ਉਸ ਪ੍ਰਭੂ ਦੇ ਚਰਨਾਂ ਦੀ ਸ਼ਰਣ ਵਿੱਚ ਪਏ ਰਹਿੰਦੇ ਹਨ, ਜਿਸ ਜਗਦੀਸਰੈ=ਜਗਤ ਦੇ ਮਾਲਕ ਪ੍ਰਭੂ ਵਿੱਚ ਸਾਰੇ ਗੁਣ ਹਨ। ਉਸ ਪ੍ਰਭੂ ਨੂੰ ਇਸ ਤਰ੍ਹਾਂ ਕਵ੍ਹੋ:-

ਗੋਵਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ ॥

ਹੇ ਗੋਵਿੰਦ=ਵੇਦਾਂ ਕਰਕੇ ਜਾਨਣੇ ਜੋਗ, ਗੁਣ ਨਿਧਿ=ਸ਼ੁਭ ਗੁਣਾਂ ਦੇ ਖ਼ਜ਼ਾਨੇ, ਸ੍ਰੀ ਰੰਗ ਸੁਆਮੀ=ਸੁਆਮੀ ਬਣ ਕੇ ਲਛਿਮੀ ਨੂੰ ਆਨੰਦ ਦੇਣ ਵਾਲੇ, ਹੇ ਸਾਰਿਆਂ ਦੀ ਆਦਿ ਰੂਪ ਪ੍ਰਭੂ ! ਆਪ ਜੀ ਨੂੰ ਅਸਾਡੀ ਆਦੇਸੁ=ਨਮਸ਼ਕਾਰ ਹੋਵੇ।

ਬਿਨਵੰਤਿ ਨਾਨਕ ਮਇਆ ਧਾਰਹੁ ਜੁਗੁ ਜੁਗੋ ਇਕ ਵੇਸੁ ਜੀਉ ॥੮ ॥੧ ॥੬ ॥੮ ॥

ਗੁਰੂ ਸਾਹਿਬ ਜੀ ਬਿਨਵੰਤਿ=ਕਥਨ ਕਰਦੇ ਹਨ-ਅਸਾਡੇ ਉੱਪਰ ਅਜੇਹੀ ਕਿਰਪਾ ਦ੍ਰਿਸ਼ਟੀ ਧਾਰੋ ਜੋ ਜੁਗਾਂ ਜੁਗਾਂ ਵਿੱਚ ਆਪ ਜੀ ਦੇ ਇੱਕ ਅਦੁੱਤੀ ਸਰੂਪ ਨੂੰ ਹੀ ਜਾਨਣਾ ਕਰਾਂ॥ ੮ ॥ ੧ ॥ ੬ ॥ ੮ ॥

ਰਾਮਕਲੀ ਛੰਤ ਤੇ ਰੁਤੀ ਸਲੋਕਾਂ ਦੀ ਸਮਾਪਤੀ

ਦਖਣੀ ਓਅੰਕਾਰੁ

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:– 'ਦਖਣੀ ਓਅੰਕਾਰ', ਇਸ ਬਾਣੀ ਦਾ ਨਾਮ ਹੈ।

ਸੰਪ੍ਰਦਾ ਅਨੁਸਾਰ ਇਸ ਦੀ **ਉਥਾਨਕਾ** ਐਸੇ ਹੈ, ਕਿ ਦੱਖਣ ਦੇਸ਼ ਵਿਚ 'ਨਰਬਦਾ' ਨਦੀ ਦੇ ਕਿਨਾਰੇ 'ਓਅੰਕਾਰ' ਨਾਮੇ ਇੱਕ ਮਹਾਂਦੇਵ ਜੀ ਦਾ ਮੰਦਰ ਹੈ। ਸ਼ਿਵਾਂ ਦੇ ਅਰਾਧਨ ਕਰਕੇ ਜਦ ਗੁਰੂ ਸਾਹਿਬ ਜੀ ਓਥੇ ਜਾ ਪਹੁੰਚੇ, ਅਗੇ ਇਕ ਪਾਂਧਾ ਲੜਕਿਆਂ ਨੂੰ ਅੱਖਰ ਪੜ੍ਹਾ ਰਿਹਾ ਸੀ, ਗੁਰੂ ਜੀ ਨੇ ਪੁੱਛਿਆ, ਹੇ ਭਾਈ ! ਨਿਰੇ ਅੱਖਰ ਪੜ੍ਹਾਉਣੇ ਜਾਣਦਾ ਹੈਂ ਕਿ ਇਨ੍ਹਾਂ ਦਾ ਅਰਥ ਵੀ ਜਾਣਦਾ ਹੈਂ? ਪਾਂਧੇ ਨੇ ਕਿਹਾ, ਇਨ੍ਹਾਂ ਦਾ ਅਰਥ ਆਪ ਕਿਰਪਾ ਕਰਕੇ ਸੁਣਾਓ ਮੈਂ ਨਹੀਂ ਜਾਣਦਾ। ਤਿਸ ਵੇਲੇ ਗੁਰੂ ਜੀ ਨੇ ਪੱਟੀ ਦੇ ਉੱਪਰ "ਓਅੰ ਨਮਹ ਸੀਧੰ" ਇਹ ਅੱਖਰ ਲਿਖੇ ਹੋਏ ਪੜ੍ਹ ਕੇ ਪਹਿਲੇ ਇਨ੍ਹਾਂ ਦਾ ਹੀ ਸਿਧਾਂਤ ਦੱਸਦੇ ਹਨ, ਕਿਉਂਕਿ ਪਹਿਲੇ ਸਮੇਂ ਵਿਚ ਇਹ ਮੰਗਲ ਰੂਪ ਵਾਕ ਪੱਟੀ ਦੇ ਆਦ ਵਿਚ ਲਿਖਦੇ ਹੁੰਦੇ ਸਨ।

ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥

ਓਅੰਕਾਰਿ=ਮੰਗਲ ਸਰੂਪ ਪਰਮਾਤਮਾ ਤੋਂ ਪਹਿਲੇ ਬ੍ਰਹਮਾ ਦੀ ਉਤਪਤੀ ਹੋਈ*। ਤਿਸ ਵੇਲੇ ਬ੍ਰਹਮਾ ਨੂੰ ਹੰਕਾਰ ਹੋ ਗਿਆ, ਕਿ ਮੇਰਾ ਕਰਤਾ ਕੋਈ ਨਹੀਂ ਹੈ, ਮੈਂ ਖੁਦ- ਬਖੁਦ ਹਾਂ, ਤਦ ਅਕਾਸ਼ ਬਾਣੀ ਹੋਈ ਤੇਰਾ ਕਰਤਾ ਏਹ ਕੌਲ ਫੁੱਲ ਹੈ, ਵੇਖ ਕੇ ਹੈਰਾਨ ਹੋ ਗਿਆ ਤੇ ਆਖਦਾ ਹੈ ਏਸ ਨਿਕੇ ਜੇਹੇ ਕੌਲ ਤੋਂ ਮੇਰੀ ਉਤਪਤੀ ਕਿਵੇਂ ਹੋ ਸਕਦੀ ਹੈ, ਜਦ ਗੁੱਸੇ ਵਿਚ ਆ ਕੇ ਲੱਤ ਮਾਰੀ ਤਾਂ ਬ੍ਰਹਮਾ ਕੌਲ ਦੇ ਵਿਚ ਹੀ ਪ੍ਰਵੇਸ਼ ਕਰ ਗਿਆ। ਬਸ਼ ਫ਼ਿਰ ਤਾਂ ਅਠਾਸੀ ਹਜ਼ਾਰ ਜੁਗ ਚੌਕੜੀ ਵਿਚੇ ਹੀ ਭਰਮਦਾ ਰਿਹਾ ਪਰ ਕੌਲ ਦਾ ਅੰਤ ਨਾ ਪਾਇਆ। ਤਿਸ ਵੇਲੇ ਪੁਨਾ ਅਕਾਸ਼ ਬਾਣੀ ਹੋਈ ਕਿ ਤਪ ਕਰ, ਤਪ ਕਰ, ਤਪ ਕਰ। ਉਸ ਵੇਲੇ ਭੈ ਭੀਤ ਹੋ ਕੇ ਜਿਸ ਬ੍ਰਹਮਾ ਨੇ ਓਅੰਕਾਰੁ=ਮੰਗਲ ਸਰੂਪ ਪਰਮਾਤਮਾ ਨੂੰ ਚਿਤਿ ਕੀਆ=ਚੇਤੇ ਕੀਤਾ, ਵਾ:- ਓਅੰਕਾਰੁ=ਮੰਗਲ ਸਰੂਪ ਪਰਮਾਤਮਾ ਨੇ ਚਿਤਿ=ਚੇਤਨਤਾ ਨੂੰ ਰਚਨਾ ਕੀਤਾ।

---

*ਯਥਾ ਦਸਮੇਸ਼ ਪਿਤਾ ਜੀ ਨੇ ਲਿਖਿਆ ਹੈ- ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸ਼ਟਿ ਉਪਾਰਾ॥ ਕਾਲਸੈਣ[੧] ਪ੍ਰਥਮੈ ਭਇਓ ਭੂਪਾ॥ ਅਧਿਕ ਅਤੁਲ ਬਲ ਰੂਪ ਅਨੂਪਾ॥ ਕਾਲਕੇਤ[੨] ਦੂਸਰ ਭੂਅ ਭਇਓ॥ ਕ੍ਰੂਰ[੩] ਬਰਸ ਤੀਸਰ ਜਗ ਠਯੋ॥ (ਦਸਮ ਗ੍ਰੰਥ ਪੰਨਾ ੪੩)

੧. ਵਿਸ਼ਨੂੰ। ੨. ਬ੍ਰਹਮਾ। ੩. ਸ਼ਿਵ।

ਓਅੰਕਾਰਿ ਸੈਲ ਜੁਗ ਭਏ ॥

੧. ਮੰਗਲ ਸਰੂਪ ਪਰਮਾਤਮਾ ਤੋਂ ਜੁਗ ਸੈਲ=ਚਾਰ ਪ੍ਰਬਤ ਹੋਇ—ਉਦਿਆਚਲ, ਅਸਥਾਚਲ, ਬਿੰਧਿਆਚਲ, ਮੰਦ੍ਰਾਚਲ ਤੇ ਸੁਮੇਰ ਪ੍ਰਬਤ ਮੱਧ ਵਿਚਕਾਰ ਇਸਥਿਤ ਹੈ।

੨. ਵਾ:-ਮੰਗਲ ਸਰੂਪ ਪਰਮਾਤਮਾ ਤੋਂ ਸੈਲ=ਪ੍ਰਬਤ ਤੇ ਚਾਰੇ ਜੁਗ ਉਤਪਤ ਹੋਏ—ਸਤਜੁਗ, ਤ੍ਰੇਤਾ, ਦੁਆਪਰ, ਕਲਜੁਗ।

੩. ਵਾ:-ਮੰਗਲ ਸਰੂਪ ਪਰਮਾਤਮਾ ਤੋਂ ਸੈਲ=ਜੜ੍ਹ ਤੇ ਜੁਗ=ਜੰਗਮ, ਭਾਵ ਚੇਤਨ ਪੈਦਾ ਹੋਇ।

[ਪੰਨਾ ੯੩੦]

ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ॥

ਮੰਗਲ ਸਰੂਪ ਪਰਮਾਤਮਾ ਤੋਂ ਚਾਰੇ ਬੇਦ ਨਿਰਮਏ=ਉਤਪੰਨ ਹੋਇ। ਓਅੰਕਾਰ ਸ਼ਬਦ ਦੁਆਰਾ ਕਈ ਜੀਵ ਉਧਰ ਗਏ. ਵਾ:-ਦੈਤਾਂ ਦੇ ਹਰੇ ਹੋਇ ਸਬਦਿ=ਬੇਦ ਮੰਗਲ ਰੂਪ ਪਰਮਾਤਮਾ ਨੇ ਉਧਾਰਨਾ ਕੀਤੇ, ਲਿਆਉਣਾ ਕੀਤੇ।

ਯਥਾ- ਸੰਖਾਸੁਰ ਮਾਰੇ ਬੇਦ ਉਧਾਰੇ ॥

ਕਈ ਗੁਰਮੁਖ ਜਨ ਗੁਰਾਂ ਦੁਆਰੇ ਓਅੰਕਾਰ ਨੂੰ ਜਪ ਕੇ ਸੰਸਾਰ ਸਮੁੰਦਰ ਤੋਂ ਤਰ ਗਏ। ਇੱਥੋਂ ਤੱਕ 'ਓਅੰ, ਸ਼ਬਦ ਦਾ ਸਿਧਾਂਤ ਕਿਹਾ ਹੈ। ਅੱਗੇ ਨਮਹ ਦਾ ਕਹਿੰਦੇ ਹਨ:-

ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥ ੧ ॥

(ਓ+ਨਮ ਅੱਖਰ) ਓ=ਮੰਗਲ ਸਰੂਪ, ਨਮ=ਨਮਸ਼ਕਾਰ ਕਰਨੇ ਜੋਗ, ਅਖਰ=ਖਿਰਨੇ ਤੋਂ ਰਹਿਤ ਜੋ ਪਰਮਾਤਮਾ ਹੈ, ਹੁਣ ਉਸ ਦਾ ਵਿਚਾਰ ਸੁਣੋ:- ਓਨਮ ਅੱਖਰ ਤਿੰਨਾਂ ਭਵਨਾਂ ਦਾ ਸਾਰੁ=ਸਿਧਾਂਤ ਰੂਪ ਹੈ।

ਅਥਵਾ:- ਓ=ਮੰਗਲ ਸਰੂਪ ਤੇ ਨਮਸ਼ਕਾਰ ਕਰਨੇ ਜੋਗ, ਅਖਰ=ਖਿਰਨੇ ਤੇ ਰਹਿਤ ਪਰਮਾਤਮਾ ਤਿੰਨਾਂ ਭਵਨਾਂ ਵਿਚ ਸਾਰੁ=ਸ੍ਰੇਸ਼ਟ ਹੈ॥ ੧ ॥

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ ੧ ॥ ਰਹਾਉ ॥

ਹੇ ਪਾਂਡੇ ! ਸੁਣ, ਤੂੰ ਕੀ ਜੰਜਾਲ ਲਿਖ ਰਿਹਾ ਹੈਂ. ਭਾਵ ਬੱਚਿਆਂ ਨੂੰ ਫਸਾਵਨ ਵਾਲੀ ਵਿੱਦਿਆ ਕੀ ਪੜ੍ਹਾ ਰਿਹਾ ਹੈਂ. ਵਾ:-ਕਰਮ ਕਾਂਡ ਰੂਪੀ ਜੰਜਾਲ ਕੀ ਲਿਖ ਰਿਹਾ ਹੈਂ। ਗੁਰਾਂ ਦੁਆਰੇ ਗੋਪਾਲ ਦਾ ਰਾਮ ਨਾਮ ਲਿਖਣਾ ਕਰ॥ ੧ ॥ ਰਹਾਉ ॥

ਸੀਧੰ=ਇਨ੍ਹਾਂ ਦੋ ਅੱਖਰਾਂ ਵਿਚੋਂ ਪਹਿਲੇ ਸੱਸੇ ਅੱਖਰ ਦਾ ਸਿਧਾਂਤ ਦੱਸਦੇ ਹਨ।

ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥

ਸੱਸੇ ਅੱਖਰ ਦੁਆਰਾ ਕਥਨ ਕਰਦੇ ਹਨ-ਇੱਕ ਜੋਤੀ ਸਰੂਪ ਪਰਮਾਤਮਾ ਨੇ ਤਿੰਨ ਭਵਨ ਰੂਪ ਸਾਰੇ ਜਗਤ

www.sikhbookclub.com

ਨੂੰ ਸਹਜੇ, ਅਰਥਾਤ ਨਿਰਯਤਨ ਪੈਦਾ ਕੀਤਾ ਹੈ। ਇਸ ਦੇ ਉਤਪੰਨ ਕਰਨ ਵਿਚ ਕੋਈ ਜਤਨ ਨਹੀਂ ਕੀਤਾ।

ਯਥਾ- ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ॥ *(ਦਸਮ ਗ੍ਰੰਥ)*

ਤਥਾ- ਤਦੀਖਿਅਤ ਬਹੁ ਸ਼ਜਾਮ ਪਰਜਾ ਯੇਯ॥ *(ਸੁਰਤੀ)*

ਪ੍ਰਸ਼ਨ:- ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਗੁਰ ਉੱਤਰ:-*

ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ॥

ਹੇ ਭਾਈ ! ਗੁਰਾਂ ਦੁਆਰੇ ਮਾਣਕ=ਸ੍ਰਵਨ, ਮਨਨ, ਨਿਧਿਆਸਣ, ਮੋਤੀ=ਸੁੱਧਤਾ, ਰਤਨ=ਵੈਰਾਗ, ਲਾਲ=ਪ੍ਰੇਮ, ਜਵਾਹਰ=ਗਿਆਨ, ਇਤਿਆਦੀ ਸ਼ੁਭ ਗੁਣਾਂ ਨੂੰ ਚੁਣ ਲੈਣਾ ਕਰ ਤਾਂ ਪਰਮੇਸ਼ਰ ਦੀ ਪ੍ਰਾਪਤੀ ਰੂਪ ਆਤਮ ਵਸਤੂ ਪ੍ਰਾਪਤ ਹੁੰਦੀ ਹੈ।

ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ॥

ਗਰੰਥਾਂ ਨੂੰ ਪੜ੍ਹ ਪੜ੍ਹਾ ਕੇ ਗੁਰਾਂ ਤੋਂ ਬੂਝੇ, ਫਿਰ ਉਨ੍ਹਾਂ ਦੇ ਉਪਦੇਸ਼ ਨੂੰ ਸਮਝੇ ਤਾਂ ਸਾਰਿਆਂ ਦੇ ਅੰਤਿ= ਅੰਦਰ, ਨਿਰੰਤਰਿ=ਇੱਕ ਰਸ ਸੱਚਾ ਪਰਮੇਸ਼ਰ ਸੁੱਝ ਔਂਦਾ ਹੈ।

ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ॥ ੨॥

ਗੁਰਮੁਖਿ=ਗੁਰਾਂ ਦੁਆਰੇ ਸੱਚ ਨਾਮ ਨੂੰ ਸੰਮਾਲੇ, ਤਾਂ ਅਪੁਣਾ ਆਪ ਰੂਪ ਪਰਮੇਸ਼ਰ ਨੂੰ ਦੇਖ ਲੈਂਦਾ ਹੈ, ਵਾ:-ਗੁਰਾਂ ਦੁਆਰੇ ਸੱਚ ਨਾਮ ਨੂੰ ਸੰਮਾਲੇ, ਤਾਂ ਪ੍ਰਤੱਖ ਦੇਖਦਾ ਹੈ ਕਿ ਸੱਚੇ ਤੋਂ ਬਿਨਾਂ ਸਾਰਾ ਜਗਤ ਕੱਚਾ ਹੈ॥ ੨॥ ਹੁਣ ਧੱਧੇ ਅੱਖਰ ਦਾ ਸਿਧਾਂਤ ਦੱਸਦੇ ਹਨ:-

ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ॥

ਧੱਧੇ ਦੁਆਰਾ ਕਥਨ ਕਰਦੇ ਹਨ-ਧਰਮਾਂ ਕਰਕੇ ਪੂਰਨ ਤੇ ਗੁਣਾਂ ਦੇ ਕਾਰੀ=ਕਰਨ ਵਾਲਾ, ਵਾ:-ਗੁਣ ਜਿਸ ਦੇ ਕਾਰੀ=ਔਸ਼ਧੀ ਰੂਪ ਹਨ ਤੇ ਜੋ ਮਨ ਦਾ ਧੀਰਜ ਵਾਨ ਹੈ, ਉਸ ਪਰਮੇਸ਼ਰ ਪ੍ਰਾਪਤੀ ਦੇ ਧਰਮ ਨੂੰ ਧਾਰੇ ਤਾਂ ਇਹ ਜੀਵ ਵੀ ਧਰਮਾਂ ਕਰਕੇ ਪੂਰਨ ਤੇ ਸ਼ੁਭ ਗੁਣਾਂ ਦੇ ਧਾਰਨ ਕਰਨ ਵਾਲਾ ਅਤੇ ਮਨ ਦਾ ਧੀਰਜਵਾਨ ਹੋ ਜਾਂਦਾ ਹੈ।

ਪ੍ਰਸ਼ਨ:- ਤਰਨ ਦਾ ਕੋਈ ਸੁਖੈਨ ਉਪਾਅ ਦੱਸੋ? *ਉੱਤਰ:-*

ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ॥

ਧੱਧੇ ਦੁਆਰਾ ਕਥਨ ਕਰਦੇ ਹਨ-ਮੁਖੀ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੱਥੇ ਉੱਪਰ ਪਵੇ, ਵਾ:-ਮੂੰਹ ਉੱਪਰ ਤੇ ਮੱਥੇ ਉੱਪਰ ਚਰਨ ਧੂੜੀ ਪਵੇ, ਤਾਂ ਮਨੂਰਾ=ਲੋਹਿ ਦੀ ਮੈਲਵੱਤ ਜੋ ਨਿਕੰਮੇ ਪੁਰਸ਼ ਸਨ, ਉਹ ਕੰਚਨ=ਸੋਨੇ ਵਾਂਙੂ ਸ਼ੁੱਧ ਤੇ ਕੀਮਤੀ ਹੋ ਜਾਂਦੇ ਹਨ।

ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ॥

ਧਰਨੀ ਧਰ ਜੋ ਪਰਮਾਤਮਾ ਹੈ, ਅਜੋਨੀ=ਜੂਨੀਆਂ ਤੋਂ ਰਹਿਤ ਉਹ ਧੰਨਤਾ ਜੋਗ ਹੈ, ਉਸ ਦਾ ਤੋਲ ਵੀ ਪੂਰਾ ਤੇ ਬੋਲ ਵੀ ਸੱਚਾ ਹੈ, ਵਾ:-ਉਸ ਦਾ ਤੋਲ=ਵਿਚਾਰ ਵੀ ਸੱਚਾ ਹੈ ਤੇ ਅਵਤਾਰ ਧਾਰ ਕੇ ਜੋ ਬਚਨ ਬੋਲਦਾ ਹੈ ਉਹ ਪੂਰਾ ਹੈ।

ਅਥਵਾ:- ਧਰਨੀ ਧਰ ਜੋ ਆਪ ਅਜੋਨੀ ਪਰਮਾਤਮਾ ਹੈ, ਉਹ ਪਰਮੇਸ਼ਰ ਰੂਪੀ ਧਨ ਜਿਸ ਨੂੰ ਪ੍ਰਾਪਤ ਹੋਇਆ ਹੈ, ਉਸ ਦਾ ਤੋਲਿ=ਵਿਚਾਰ ਵੀ ਪੂਰਾ ਹੈ ਤੇ ਬੋਲ ਵੀ ਸੱਚਾ ਹੈ।

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥ ੩ ॥

ਕਰਤੇ=ਪਰਮੇਸ਼ਰ ਦੀ ਮਰਯਾਦਾ ਨੂੰ ਕਰਤਾ ਆਪ ਹੀ ਜਾਣਦਾ ਹੈ, ਕੈ=*ਅਥਵਾ* (ਜਾਂ) ਉਸ ਦਾ ਸਰੂਪ ਜੋ ਗੁਰੂ ਜੀ ਹਨ, ਉਹ ਉਸ ਮਰਯਾਦਾ ਨੂੰ ਜਾਣਦੇ ਹਨ॥ ੩॥

ਗਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ ॥

ਪਹਿਲਾ ਅਰਥ:- ਜਿਸ ਨੇ ਗਿਆਨ ਨੂੰ ਗੁਆ ਲਿਆ ਹੈ, ਉਸ ਨੂੰ ਦੂਜਾ ਭਾਅ ਭਾਇਆ ਹੈ, ਜਿਸ ਨੂੰ ਦ੍ਵੈਤ ਭਾਅ ਭਾਇਆ ਹੈ, ਉਹ ਗਰਬਿ=ਹੰਕਾਰ ਵਿਚ ਗਲਿਆ ਹੈ, ਜੋ ਹੰਕਾਰ ਵਿਚ ਗਲਿਆ ਹੈ, ਉਸ ਨੇ ਬਿਖ ਖਾਇਆ=ਵਿਸ਼ਿਆ ਨੂੰ ਧਾਰਿਆ ਹੈ।

ਦੂਜਾ ਅਰਥ:- ਜਿਸ ਨੂੰ ਦ੍ਵੈਤ ਭਾਅ ਭਾਇਆ ਹੈ, ਉਸ ਨੇ ਗਿਆਨ ਨੂੰ ਗੁਆ ਲਿਆ ਹੈ। ਜਿਸ ਨੇ ਵਿਸ਼ਿਆਂ ਨੂੰ ਖਾਧਾ ਹੈ, ਉਹ ਗਰਬਿ=ਹੰਕਾਰ ਵਿਚ ਗਲਿਆ ਹੈ।

ਤੀਜਾ ਅਰਥ:- ਜਾਂ ਵਿਸ਼ਿਆਂ ਰੂਪ ਜ਼ਹਿਰ ਨੂੰ ਖਾਇਆ ਤੇ ਦੂਜਾ ਭਾਅ ਭਾਇਆ ਤੇ ਗਿਆਨ ਗਵਾਇਆ ਤਾਂ ਮਾਤਾ ਦੇ ਗਰਬ ਵਿਚ ਗਲ ਗਏ।

ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ ॥

ਜਿਨ੍ਹਾਂ ਨੂੰ ਰਸੁ=ਪ੍ਰੇਮ ਪੂਰਬਕ ਗੁਰਾਂ ਦਾ ਗੀਤ=ਉਪਦੇਸ਼, ਬਾਦ=ਕਥਨ ਕੀਤਾ ਹੋਇਆ ਸੁਣਿਆ ਨਹੀਂ ਭਾਉਂਦਾ, *ਅਥਵਾ:-* ਜਿਨ੍ਹਾਂ ਨੂੰ ਰਸੁ=ਪ੍ਰੇਮ ਪੂਰਬਕ ਗੁਰਾਂ ਦਾ ਗੀਤ=ਜਸ ਸੁਣਿਆ ਨਹੀਂ ਭਾਉਂਦਾ ਤੇ ਬਾਦ=ਝਗੜੇ ਕਰਨੇ ਭਾਂਵਦੇ ਹਨ, ਉਹਨਾਂ ਨੇ ਗਹਿਰ ਗੰਭੀਰ ਪਰਮਾਤਮਾ ਨੂੰ ਗੁਆ ਲਿਆ ਹੈ।

ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ ॥

ਗੁਰਾਂ ਨੇ ਸੱਚਾ ਉਪਦੇਸ਼ ਕਿਹਾ, ਤਾਂ ਮਨ, ਤਨ ਵਿਚ ਸੱਚ ਨਾਮ ਸੁਖਾਇਆ, ਜਾਂ ਮਨ ਤਨ ਵਿਚ ਸੱਚ ਨਾਮ ਸੁਖਾ ਗਿਆ ਤਾਂ ਬ੍ਰਹਮਾ ਨੰਦ ਰੂਪੀ ਅੰਮ੍ਰਿਤ ਲੈ ਲਿਆ। ਉਨ੍ਹਾਂ ਨੂੰ ਫਿਰ ਇਹ ਪ੍ਰਤੀਤ ਹੁੰਦਾ ਹੈ।

ਆਪੇ ਗੁਰਮੁਖਿ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ ॥ ੪ ॥

ਕਿ ਉਹ ਪਰਮੇਸ਼ਰ ਆਪ ਹੀ ਮੁਖੀ ਗੁਰੂ ਰੂਪ ਹੋ ਕੇ ਆਪ ਹੀ ਨਾਮ ਅੰਮ੍ਰਿਤ ਦੇਂਦਾ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ ਉਸ ਨਾਮ ਅੰਮ੍ਰਿਤ ਦੇ ਪੀਣੇ ਵਿਖੇ ਆਉਂਦਾ ਹੈ॥ ੪॥

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥

ਕਹਿਣ ਨੂੰ ਤਾਂ ਸਭ ਕੋਈ ਇੱਕੋ ਇੱਕ ਵਾਹਿਗੁਰੂ ਨੂੰ ਕਹਿੰਦਾ ਹੈ? ਪਰ ਤਰਦਾ ਇਸ ਕਰਕੇ ਨਹੀਂ, ਜੋ ਹਉਮੈ ਅਤੇ ਗਰਬੁ=ਹੰਕਾਰ ਵਿਖੇ ਵਿਆਪ ਰਹੇ ਹਨ।

ਪ੍ਰਸ਼ਨ- ਸਰੂਪ ਨੂੰ ਕਿਵੇਂ ਪਛਾਣੇ? *ਉੱਤਰ-*

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥

ਜੇ ਕੋਈ ਸੱਚੀ ਮੁਚੀ ਸਰੀਰ ਦੇ ਅੰਦਰ ਬਾਹਰ, ਤਥਾ ਬ੍ਰਹਿਮਾਂਡ ਦੇ ਅੰਦਰ ਬਾਹਰ ਉਸ ਇੱਕ ਨੂੰ ਪਛਾਣ

ਲੇਵੇ, ਤਾਂ ਇਸ ਵਜ੍ਹਾ ਸੇ ਅੰਤਹ ਕਰਨ ਰੂਪੀ ਘਰ ਵਿਚ ਮਹਲੁ=ਸਰੂਪ ਨੂੰ ਸਿਆਣ ਲੈਂਦਾ ਹੈ।

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥

ਉਹ ਪ੍ਰਭੂ ਨੇੜੇ ਹੈ, ਉਸ ਹਰੀ ਪ੍ਰਭੂ ਨੂੰ ਦੂਰ ਨ ਜਾਣੋ, ਸਾਰੀ ਸ੍ਰਿਸ਼ਟੀ ਵਿਚ ਇੱਕ ਓਹੋ ਹਰੀ ਹੈ।

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥ ੫॥

ਉਸ ਇੱਕ ਓਅੰਕਾਰ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ, ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਸਾਰਿਆਂ ਵਿਚ ਇੱਕ ਉਹੋ ਸਮਾਅ ਰਿਹਾ ਹੈ।

ਅਥਵਾ:- ਜੋ ਮਨੁੱਖ ਨਾਮ ਜਪਦਾ ਹੈ, ਉਹ ਇੱਕ ਵਿਚ ਸਮਾਅ ਜਾਂਦਾ ਹੈ॥ ੫॥

ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ॥

ਪਰ ਤੁਸੀਂ ਇਸ ਕਰਤੇ ਪਰਮਾਤਮਾ ਨੂੰ ਕਿਸ ਪ੍ਰਕਾਰ ਫੜ ਕੇ ਰੱਖੋਗੇ, ਕਿਉਂਕਿ ਦੋ ਬੜੀਆਂ ਭਾਰੀਆਂ ਮੁਸ਼ਕਲਾਂ ਹਨ। ਇੱਕ ਤਾਂ ਇਹ ਹੈ ਓਹ ਪਰਮਾਤਮਾ ਅਫਰਿਓ=ਅਫੜ ਹੈ, ਫੜਿਆ ਨਹੀਂ ਜਾ ਸਕਦਾ, ਕਿਉਂਕਿ ਕਿਸੇ ਇੰਦਰੇ ਦਾ ਵਿਸ਼ਾ ਨਹੀਂ। ਪੁਨਾ, ਓਹ ਤੋਲਿਆ ਨਹੀਂ ਜਾਂਦਾ, *ਅਥਵਾ:-* ਵਿਚਾਰਿਆਂ ਜਾਂਦਾ।

*ਅਥਵਾ:-*ਇਸ ਕਰਤੇ ਭੋਗਤੇ ਮਨ ਨੂੰ ਕਿਸ ਵਜ੍ਹਾ ਸੇ ਫੜ ਰੱਖੋਗੇ, ਕਿਉਂਕਿ ਇਹ ਮਨ ਅਫਰਿਉ=ਆਫਰਿਆ ਹੋਇਆ ਭਾਵ ਹੰਕਾਰੀ ਹੈ ਅਤੇ ਤੋਲਿਆ ਨਹੀਂ ਜਾਂਦਾ, ਕਿਉਂਕਿ ਖਿਨ ਤੋਲਾ ਖਿਨ ਮਾਸਾ ਹੋ ਜਾਂਦਾ ਹੈ।

ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ॥

ਏਹ ਪ੍ਰਾਣੀ ਮਾਇਆ ਦੇ ਮਗਰ ਲੱਗ ਕੇ ਦੇਵਾਨੇ=ਝੱਲੇ ਹੋ ਰਹੇ ਹਨ, ਇਨ੍ਹਾਂ ਉੱਤੇ ਮਾਇਆ ਨੇ ਝੂਠੀ ਹੀ ਮੋਹ ਰੂਪ ਠੱਗਬੂਟੀ ਪਾਈ ਹੋਈ ਹੈ।

ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ॥

ਲਬਿ=ਪਦਾਰਥਾਂ ਦੇ ਖਾਣ ਵਿਖੇ, ਲੋਭ=ਪਦਾਰਥਾਂ ਦੇ ਇਕੱਤ੍ਰ ਕਰਨ ਵਿਖੇ, ਪੁਨਾ ਪਰਾਏ ਦੀ ਮੁਹਤਾਜਿ=ਮੁਥਾਜੀ (ਅਧੀਨਗੀ) ਵਿਚ ਵਿਗੂਤੇ=ਖਰਾਬ ਹੋ ਰਹੇ ਹਨ, ਇਬ=ਇਸ ਲੋਕ ਵਿਚ, ਤਬ=ਅੰਤ ਨੂੰ ਪ੍ਰਲੋਕ ਵਿਖੇ ਫਿਰ ਪਛਤਾਪ ਕਰਦੇ ਹਨ।

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥ ੬॥

ਇੱਕ ਪਰਮੇਸ਼ਰ ਨੂੰ ਸੇਵੇ ਤਾਂ ਉਸ ਦੀ ਗਤਿ ਮਿਤਿ=ਪ੍ਰਾਪਤੀ ਦੀ ਮਰਯਾਦਾ ਨੂੰ ਪਾਂਵਦਾ ਹੈ ਅਤੇ ਉਸ ਦਾ ਆਉਣਾ ਜਾਣਾ ਭਾਵ ਜੰਮਨਾਂ ਮਰਨਾ ਰਹਿ ਜਾਂਦਾ ਹੈ॥ ੬॥

ਹੁਣ ਪਰਮਾਤਮਾ ਨੂੰ ਸਰਬ ਰੂਪ ਵਰਨਣ ਕਰਦੇ ਹਨ।

ਏਕੁ ਅਚਾਰੁ ਰੰਗੁ ਇਕੁ ਰੂਪੁ॥ ਪਉਣ ਪਾਣੀ ਅਗਨੀ ਅਸ ਰੂਪੁ॥

ਇੱਕ ਪਰਮਾਤਮਾ ਹੀ ਅਚਾਰੁ=ਸਰੇਸ਼ਟ ਕਰਤੱਬ ਤੇ ਸਰਬ ਰੰਗ ਰੂਪ ਹੋ ਰਿਹਾ ਹੈ। ਇੱਕ ਪਰਮਾਤਮਾ ਹੀ ਪਉਣ, ਪਾਣੀ, ਅਗਨੀ ਐਸੇ ਰੂਪ ਹੋ ਰਿਹਾ ਹੈ, ਵਾ:-ਇੱਕ ਪਰਮੇਸ਼ਰ ਦੀ ਪ੍ਰਾਪਤੀ ਦੇ ਸਰੇਸ਼ਟ ਕਰਤਬਜ ਨੂੰ ਕਰੇ, ਇੱਕ ਵਿਚ ਰੰਗੁ=ਪ੍ਰੇਮ ਕਰੇ ਅਤੇ ਇੱਕ ਦੇ ਹੀ ਸਫਾਈ ਰੂਪੀ ਰੂਪ ਨੂੰ ਗ੍ਰਹਿਣ ਕਰੇ। ਪੁਨਾ, ਇੱਕ ਦੀ ਪ੍ਰਾਪਤੀ

www.sikhbookclub.com

ਵਾਸਤੇ ਪਉਣ=ਪ੍ਰਾਣਾਯਾਮ ਨੂੰ ਕਰੇ, ਤਥਾ ਵਾਸ਼ਨਾ ਦਾ ਤਿਆਗ ਕਰੇ, ਪੁਨਾ ਪੱਖਾ ਫੇਰਨਾ ਕਰੇ। ਪਾਣੀ=ਪਦਾਰਥਾਂ ਦਾ ਤਿਆਗ ਕਰੇ, ਵਾ ਜਲਧਾਰਾ ਸਹਾਰਨਾ ਕਰੇ, ਵਾ ਜਲ ਪਿਲਾਣਾ ਕਰੋ, ਤਥਾ ਨਾਮ ਜਲ ਕੋ ਗ੍ਰਹਿਣ ਕਰੇ। ਅਗਨੀ=ਤ੍ਰਿਸ਼ਨਾ ਅਗਨੀ ਦਾ ਤਿਆਗ ਕਰੇ, ਤਥਾ ਬ੍ਰਹਮ ਦ੍ਰਿਸ਼ਟੀ ਰੂਪ ਅਗਨੀ ਨੂੰ ਗ੍ਰਹਿਣ ਕਰੇ, ਵਾ ਅੱਗ ਬਾਲ ਕੇ ਸੰਤਾਂ ਨੂੰ ਸੇਕਾਵੇ। ਵਾ ਅਗਨੀ ਬਾਲ ਕੇ ਪੰਜ ਧੂਣੀਆਂ ਤਪਨਾ ਕਰੇ।

ਅਥਵਾ:- ਪਉਣ ਪਾਣੀ ਅਗਨੀ=ਰਜੋਗੁਣ, ਸਤੋਗੁਣ, ਤਮੋਗੁਣ ਇਨ੍ਹਾਂ ਦਾ ਅਭਾਵ ਕਰੇ, ਤਾਂ ਇਹ ਜੀਵ ਬ੍ਰਹਮ ਰੂਪ ਹੋ ਜਾਂਦਾ ਅਸ=ਹੈ।

ਏਕੋ ਭਵਰੁ ਭਵੈ ਤਿਹੁ ਲੋਇ॥ ਏਕੋ ਬੂਝੈ ਸੂਝੈ ਪਤਿ ਹੋਇ॥

ਇੱਕ ਪਰਮਾਤਮਾ ਹੀ ਜੀਵ ਰੂਪ ਭੌਰਾ ਹੋ ਕੇ ਤਿੰਨਾਂ ਲੋਕਾਂ ਵਿਚ ਭਵੇ=ਫਿਰ ਰਿਹਾ ਹੈ, *ਵਾ:-*ਇੱਕ ਚੇਤਨ ਦੇਵ ਰੂਪ ਭੌਰਾ ਤਿੰਨਾਂ ਲੋਕਾਂ ਵਿਚ ਫਿਰ ਰਿਹਾ ਹੈ।

ਗੁਰਾਂ ਪਾਸੋਂ ਇੱਕ ਨੂੰ ਬੁੱਝੇ ਤਾਂ ਪਰਮਾਤਮਾ ਸੁੱਝਦਾ ਹੈ, ਤਾਂ ਹੀ ਇਸ ਦੀ ਪਤ ਅਬਰੋ ਹੁੰਦੀ ਹੈ।

ਗਿਆਨੁ ਧਿਆਨੁ ਲੇ ਸਮਸਰਿ ਰਹੈ॥ ਗੁਰਮੁਖਿ ਏਕੁ ਵਿਰਲਾ ਕੋ ਲਹੈ॥

ਕੋਈ ਇੱਕ ਵਿਰਲਾ ਹੀ ਗੁਰਮੁਖ ਮੁਖੀ ਗੁਰਾਂ ਦੇ ਧਿਆਨ ਨੂੰ ਲੈ ਕੇ ਤੇ ਸਰੂਪ ਗਿਆਨ ਨੂੰ ਲੈ ਕੇ ਸਮਦ੍ਰਿਸ਼ਟੀ ਹੋ ਰਹਿੰਦਾ ਹੈ।

ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ॥ ਗੁਰੂ ਦੁਆਰੈ ਆਖਿ ਸੁਣਾਏ॥ ੭॥

ਪ੍ਰੰਤੂ ਜਿਸ ਨੂੰ ਪਰਮੇਸ਼ਰ ਇਹ ਦਾਤ ਦੇਂਦਾ ਹੈ, ਉਹ ਪੁਰਸ਼ ਉਸ ਦੀ ਕਿਰਪਾ 'ਤੇ ਸੁਖ ਪਾਂਵਦਾ ਹੈ। ਪਰ ਇਹ ਉਪਦੇਸ਼ ਉਸ ਨੂੰ ਪਰਮੇਸ਼ਰ ਗੁਰਾਂ ਦੁਆਰੇ ਆਖ ਕੇ ਸੁਣਾਉਂਦਾ ਹੈ॥ ੭॥

ਊਰਮ ਧੂਰਮ ਜੋਤਿ ਉਜਾਲਾ॥ ਤੀਨਿ ਭਵਣ ਮਹਿ ਗੁਰ ਗੋਪਾਲਾ॥

ਊਰਮ=ਪ੍ਰਿਥਵੀ, ਧੂਰਮ=ਅਕਾਸ਼, ਵਾ ਧੂਰਮ=ਪ੍ਰਿਥਵੀ ਤੇ ਊਰਮ=ਅਕਾਸ਼ ਮੇ ਜੋਤੀ ਪਰਮਾਤਮਾ ਦਾ ਉਜਾਲਾ=ਪ੍ਰਕਾਸ਼ ਹੋ ਰਿਹਾ ਹੈ। ਤੀਜਾ ਭਵਨ ਜੋ ਪਤਾਲ ਹੈ, ਉਸ ਵਿਚ ਗੁਰ=ਚੇਤਨ ਗੋਪਾਲ ਦਾ ਪ੍ਰਕਾਸ਼ ਹੈ।

ਪ੍ਰਸ਼ਨ:- ਤਿੰਨਾਂ ਭਵਨਾਂ ਵਿਖੇ ਜਿਸ ਜੋਤੀ ਦਾ ਪ੍ਰਕਾਸ਼ ਹੈ, ਪ੍ਰੰਤੂ ਤੁਹਾਡੇ ਅਸਾਡੇ ਹਿਰਦੇ ਵਿਚ ਤਾਂ ਨਹੀਂ ਹੋਵੇਗਾ?

ਉੱਤਰ:- ਤਿੰਨਾਂ ਭਵਨਾਂ ਵਿਖੇ ਜਿਸ ਜੋਤੀ ਦਾ ਪ੍ਰਕਾਸ਼ ਹੋ ਰਿਹਾ ਹੈ, ਯਦੀ ਗੁਰਾਂ ਦੁਆਰੇ ਉਸ ਗੋਪਾਲ ਦਾ ਨਾਮ ਜਪਿਆ ਤਾਂ ਪਰਮਾਤਮਾ ਨੂੰ ਊਰਮ=ਊਰ ਮਧੁ ਰਮ=ਹਿਰਦੇ ਦੇ ਵਿਚ ਰਮਿਆ ਹੋਇਆ ਨਿਸਚੇ ਕੀਤਾ। ਭਾਵ, ਸਮਸਟੀ ਵਿਅੱਸਟੀ ਰੂਪ ਓਹੀ ਹੋ ਰਿਹਾ ਹੈ।

ਊਗਵਿਆ ਅਸ ਰੂਪੁ ਦਿਖਾਵੈ॥ ਕਰਿ ਕਿਰਪਾ ਅਪੁਨੈ ਘਰਿ ਆਵੈ॥

ਜਦ ਬੱਦਲ ਕਿਰਪਾ ਕਰਕੇ ਅਪਣੇ ਘਰ ਅਕਾਸ਼ ਵਿਚ ਆਉਂਦਾ ਹੈ, ਤਾਂ ਉਗਵਿਆ=ਪਰਗਟ ਹੋ ਕੇ ਅਪਣਾ ਜੋ ਰੂਪ ਅਸ=ਹੈ ਉਸ ਨੂੰ ਵਿਖਾਂਦਾ ਹੈ।

ਊਨਵਿ ਬਰਸੈ ਨੀਝਰ ਧਾਰਾ॥ ਊਤਮ ਸਬਦਿ ਸਵਾਰਣਹਾਰਾ॥

ਤੇ ਊਨਵਿ=ਝੁਕ ਕਰਕੇ ਨੀਝਰ=ਇੱਕ ਰਸ ਜਲ ਦੀ ਧਾਰਾ ਵਰਸਦਾ ਹੈ। ਉਹ ਊੱਤਮ ਸਬਦਿ=ਜਲ

www.sikhbookclub.com

ਖੇਤੀਆਂ ਦੇ ਸਵਾਰਨ ਵਾਲਾ ਹੁੰਦਾ ਹੈ। ਏਸੇ ਤਰ੍ਹਾਂ ਜਿਸ ਵੇਲੇ ਗੁਰੂ ਰੂਪ ਬੱਦਲ ਕਿਰਪਾ ਕਰਕੇ ਅਪਣੇ ਸਤਿਸੰਗ ਘਰ ਵਿਚ ਆਉਂਦੇ ਹਨ। ਤਦ ਉਗਵਿਆ=ਪਰਗਟ ਹੋ ਕੇ ਅਪਣਾ ਜੋ ਸੁੰਦਰ ਸਰੂਪ ਹੈ, ਉਸ ਨੂੰ ਗੱਦੀ ਉੱਪਰ ਬੈਠ ਕੇ ਵਿਖਾਉਂਦੇ ਹਨ। ਫਿਰ ਊਨਵਿ=ਝੁਕ ਕੇ ਭਾਵ ਅਤਿਅੰਤ ਕਿਰਪਾਲੂ ਹੋ ਕੇ ਨੀਝਰ=ਇੱਕ ਰਸ ਉਪਦੇਸ਼ ਜਲ ਦੀ ਧਾਰਾ ਨੂੰ ਵਰਸਦੇ ਹਨ। ਉਹ ਉੱਤਮ ਸਬਦਿ=ਉਪਦੇਸ਼ ਰੂਪੀ ਜਲ ਜਗਿਆਸੂ ਦੇ ਅੰਤਹ ਕਰਨ ਨੂੰ ਸਵਾਰਨ ਵਾਲਾ ਹੈ।

ਇਸੁ ਏਕੇ ਕਾ ਜਾਣੇ ਭੇਉ ॥ ਆਪੇ ਗਰਤਾ ਆਪੇ ਦੇਉ ॥ ੮ ॥

ਇਸ ਆਤਮਾ ਅਭਿੰਨ ਇੱਕ ਪਰਮਾਤਮਾ ਦਾ ਜੋ ਪੁਰਸ਼ ਭੇਦ ਜਾਨਣਾ ਹੈ। ਉਹ ਆਪੇ ਆਪ ਕਰਤੇ ਦੇਉ ਦਾ ਸਰੂਪ ਹੋਇਆ ਹੈ। *ਅਥਵਾ:-* ਉਹ ਐਸੇ ਨਿਸਚੇ ਕਰਦਾ ਹੈ ਕਿ ਉਹ ਪਰਮਾਤਮਾ ਆਪ ਹੀ ਸਭ ਦੀ ਉਤਪਤੀ ਕਰਨ ਵਾਲਾ ਹੈ ਅਤੇ ਆਪ ਹੀ ਖਾਣ ਪੀਣ ਦੇਣ ਵਾਲਾ ਹੈ। *ਵਾ:-*ਉਹ ਆਪ ਹੀ ਕਰਤਾ=ਸਰਗੁਣ ਰੂਪ ਹੋ ਰਿਹਾ ਹੈ, ਆਪ ਹੀ ਦੇਉ=ਨਿ੍ਰਗੁਣ ਰੂਪ ਹੋ ਰਿਹਾ ਹੈ॥ ੮ ॥

ਉਗਵੈ ਸੂਰੁ ਅਸੁਰ ਸੰਘਾਰੈ ॥ ਊਚਉ ਦੇਖਿ ਸਬਦਿ ਬੀਚਾਰੈ ॥

ਦੈਂਤ ਸੂਰਜ ਨੂੰ ਉਦੇ ਨਹੀਂ ਹੋਣ ਦੇਂਦੇ ਕਿਉਂਕਿ ਉਨ੍ਹਾਂ ਦਾ ਤਾਤ ਪਰਜ ਇਹ ਹੈ ਕਿ ਨਾ ਸੂਰਜ ਉਦੇ ਹੋਵੇ, ਤੇ ਨਾ ਹੀ ਜਗਤ ਦੀ ਮਰਯਾਦਾ ਚਲੇ, ਨਾ ਹੀ ਕੋਈ ਅਹੂਤੀਆਂ ਦੇਵੇ, ਦੇਵਤੇ ਭੁੱਖੇ ਮਰ ਜਾਵਣ।

ਪਰੰਤੂ ਜਗਤ ਦੀ ਮਰਯਾਦਾ ਕਾਇਮ ਰੱਖਣ ਵਾਸਤੇ ਜਦ ਵੀ ਸੂਰਜ ਉਦੇ ਹੁੰਦਾ ਹੈ ਤਾਂ ਰੋਜ਼ ਹੀ ਚੌਦਾਂ ਹਜ਼ਾਰ ਦੈਂਤਾਂ ਨੂੰ ਸੰਘਾਰੈ=ਮਾਰ ਕੇ ਚੜ੍ਹਦਾ ਹੈ ਤਾਂ ਫਿਰ ਉਚੇ ਅਕਾਸ਼ ਵਿਚ ਦਿਖਾਈ ਦੇਂਦਾ ਹੈ।

ਪ੍ਰਸ਼ਨ:- ਇਸ ਗੱਲ ਨੂੰ ਕੌਣ ਕਹਿੰਦਾ ਹੈ?

ਉੱਤਰ:- ਇਸ ਵਿਚਾਰ ਨੂੰ ਸਬਦਿ=ਬੇਦ ਕਥਨ ਕਰਦਾ ਹੈ, ਇਸੀ ਪ੍ਰਕਾਰ ਗੁਰ ਉਪਦੇਸ਼ ਦੇ ਵੀਚਾਰ ਦੁਆਰਾ ਅਸੁਰ ਸੰਘਾਰੇ=ਚੌਦਾਂ ਦੈਂਤਾਂ ਦਾ ਦਸ ਇੰਦ੍ਰੀਏ ਮਨ, ਬੁਧ, ਚਿਤ, ਹੰਕਾਰ ਦਾ ਅਭਾਵ ਕਰੇ, ਤਾਂ ਬ੍ਰਹਮ ਗਿਆਨ ਰੂਪੀ ਸੂਰਜ ਉਦੇ ਹੁੰਦਾ ਹੈ ਜਾਂ ਗਿਆਨ ਰੂਪੀ ਸੂਰਜ ਉਦੇ ਹੋਵੇ ਤਾਂ ਸਾਰਿਆਂ ਸੇ ਉਚਾ ਜੋ ਪਰਮਾਤਮਾ ਹੈ, ਉਸ ਨੂੰ ਦੇਖ ਲੈਂਦਾ ਹੈ।

ਇਨ੍ਹਾਂ ਅੱਖਰਾਂ ਦੀ ਦੂਜੀ ਲਵੰਤਾ ਐਸੇ ਭੀ ਕਰਦੇ ਹਨ ਕਿ, ਦਸ ਇੰਦ੍ਰੀਏ, ਮਨ, ਬੁਧ, ਚਿਤ, ਹੰਕਾਰ ਇਨ੍ਹਾਂ ਚੌਦਾਂ ਦੈਤਾਂ ਨੂੰ ਮਾਰੇ ਤਾਂ ਗਿਆਨ ਰੂਪੀ ਸੂਰਜ ਉਦੇ ਹੁੰਦਾ ਹੈ। ਵਿਚਾਰਨਾ ਕਰੋ ਤਦ ਸਾਰਿਆਂ ਸੇ ਉਚਾ ਜੋ ਸਬਦਿ=ਬ੍ਰਹਮ ਹੈ ਉਸ ਨੂੰ ਦੇਖਦਾ ਹੈ।

ਊਪਰਿ ਆਦਿ ਅੰਤਿ ਤਿਹੁ ਲੋਇ ॥ ਆਪੇ ਕਰੈ ਕਥੈ ਸੁਣੈ ਸੋਇ ॥

ਆਦਿ ਅੰਤਿ=ਸਦਾ ਸਦਾ ਉਹ ਪਰਮੇਸ਼ਰ (ਤਿਹੁ ਲੋਇ) ਤਿੰਨਾਂ ਲੋਕਾਂ ਸੇ ਉਪਰ ਹੈ। ਉਹ ਪਰਮੇਸ਼ਰ ਆਪ ਹੀ ਗੁਰੂ ਰੂਪ ਹੋ ਕੇ ਕਥਨ ਕਰਦਾ ਹੈ, ਆਪ ਹੀ ਜਗਿਆਸੂ ਰੂਪ ਹੋ ਕੇ ਸੁਣਦਾ ਹੈ।

[ਪੰਨਾ ੯੩੧]

ਓਹੁ ਬਿਧਾਤਾ ਮਨੁ ਤਨੁ ਦੇਇ ॥ ਓਹੁ ਬਿਧਾਤਾ ਮਨਿ ਮੁਖਿ ਸੋਇ ॥

ਉਹ ਬਿਧਾਤਾ=ਫਲਬਰ ਦਾਤਾ ਪਰਮਾਤਮਾ ਮਨ ਅਤੇ ਤਨ ਦਾ ਦਾਤਾ ਹੈ। ਉਹ ਬਿਧਾਤਾ=ਪਰਮਾਤਮਾ ਮਨ ਵਿਚ ਤੇ ਮੁਖ ਵਿਚ ਵਿਆਪਕ ਹੈ। *ਪ੍ਰਸ਼ਨ-* ਜੀਵ ਨੂੰ ਕੀ ਕਰਤੱਬ ਕਰਨਾ ਚੋਗ ਹੈ? *ਉੱਤਰ:-* ਉਸ

www.sikhbookclub.com

ਬਿਧਾਤੇ ਨੂੰ ਅਪੁਣਾ ਮਨ, ਤਨ ਅਰਪ ਦੇਣਾ ਕਰੇ। ਉਸ ਵਿਧਾਤੇ ਨੂੰ ਮਨ ਅਤੇ ਮੂੰਹ ਵਿਚ ਵਸਾਣਾ ਕਰੇ।

ਪ੍ਰਭੁ ਜਗਜੀਵਨੁ ਅਵਰੁ ਨ ਕੋਇ॥ ਨਾਨਕ ਨਾਮਿ ਰਤੇ ਪਤਿ ਹੋਇ॥ ੯॥

ਉਹ ਪ੍ਰਭੂ ਜਗਤ ਦਾ ਜੀਵਨ ਰੂਪ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ। ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਉਸ ਦੇ ਨਾਮ ਵਿਚ ਤਦਾਕਾਰ ਹੋਣ ਨਾਲ ਪਤੀ ਦੀ ਪ੍ਰਾਪਤੀ, ਵਾ ਪਤ ਅਬਰੋ ਹੁੰਦੀ ਹੈ॥ ੯॥

ਰਾਜਨ ਰਾਮ ਰਵੈ ਹਿਤਕਾਰਿ॥ ਰਣ ਮਹਿ ਲੂਝੈ ਮਨੂਆ ਮਾਰਿ॥

ਰਾਜਨ=ਪ੍ਰਕਾਸ਼ ਰੂਪ ਰਾਮ ਨੂੰ ਹਿਤ+ਕਾਰਿ=ਪ੍ਰੇਮ ਕਰਕੇ, ਰਵੈ=ਉਚਾਰਨਾ ਕਰੇ।

ਕਾਮ ਆਦਿਕਾਂ ਦੇ ਰਣ ਵਿਚ ਲੂਝੈ=ਲੜ ਕੇ, ਮਨ ਰੂਪ ਸ਼ੱਤਰੂ ਨੂੰ ਮਾਰਨਾ ਕਰੇ।

ਰਾਤਿ ਦਿਨੰਤਿ ਰਹੈ ਰੰਗਿ ਰਾਤਾ॥ ਤੀਨਿ ਭਵਨ ਜੁਗ ਚਾਰੇ ਜਾਤਾ॥

ਫਿਰ ਰਾਤ ਦਿਨੇ ਵਾਹਿਗੁਰੂ ਦੇ ਪ੍ਰੇਮ ਵਿਚ ਰੱਤਾ ਰਹੇ। ਤਿੰਨਾਂ ਭਵਨਾਂ ਤੇ ਚਾਰੇ ਜੁਗਾਂ ਵਿਚ ਪਰਮੇਸ਼ਰ ਨੂੰ ਪੂਰਨ ਜਾਨਣਾ ਕਰੇ।

ਜਿਨਿ ਜਾਤਾ ਸੋ ਤਿਸ ਹੀ ਜੇਹਾ॥ ਅਤਿ ਨਿਰਮਾਇਲੁ ਸੀਝਸਿ ਦੇਹਾ॥

ਜਿਸ ਨੇ ਪਰਮੇਸਰ ਨੂੰ ਜਾਣ ਲਿਆ ਹੈ, ਉਹ ਉਸੇ ਵਰਗਾ ਹੀ ਹੈ। ਉਸ ਦਾ ਅੰਤਹਕਰਨ ਅਤੀਅੰਤ ਸ਼ੁੱਧ ਹੋ ਗਿਆ ਹੈ ਅਤੇ ਦੇਹ ਵਾਲਾ ਪਰਮੇਸ਼ਰ ਸੀਝਸਿ=ਪ੍ਰਗਟ ਹੋ ਆਇਆ ਹੈ, ਵਾ:-ਦੇਹ ਦੇ ਵਿਚ ਹੀ ਸੀਝਸਿ=ਕਲਿਆਣ ਹੋ ਗਿਆ ਹੈ।

ਰਹਸੀ ਰਾਮੁ ਰਿਦੈ ਇਕ ਭਾਇ॥ ਅੰਤਰਿ ਸਬਦੁ ਸਾਚਿ ਲਿਵ ਲਾਇ॥੧੦॥

ਅੰਨਵੇਂ ! ਸੱਚੇ ਗੁਰਾਂ ਦੇ ਸ਼ਬਦ ਅੰਦਰ ਲਿਵ ਲਗਾ ਕੇ ਹਿਰਦੇ ਦੇ ਭਾਇ=ਪ੍ਰੇਮ ਕਰਕੇ ਇੱਕ ਰਾਮ ਨਾਮ ਨੂੰ ਜਪੇ ਤਾਂ ਰਹਸੀ=ਆਨੰਦ ਹੁੰਦਾ ਹੈ॥ ੧੦॥

ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ॥

ਹੇ ਭਾਈ ! ਗੁੱਸਾ ਨਾ ਕਰ, ਨਾਮ ਅੰਮ੍ਰਿਤ ਨੂੰ ਪੀਣਾ ਕਰ, ਕਿਉਂਕਿ ਸੰਸਾਰ ਵਿਚ ਸਦਾ ਕਿਸੀ ਨੇ ਨਹੀਂ ਰਹਿਣਾ।

ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ॥

ਹੋਰ ਕੀ ਕਹਿਣਾ ਹੈ ਰਾਜੇ, ਰਾਇ=ਟਿੱਕੇ, ਰੰਕ=ਕੰਗਾਲੇ ਗਰੀਬ ਕਿਸੇ ਨੇ ਭੀ ਨਹੀਂ ਰਹਿਣਾ, ਏਸੇ ਤਰ੍ਹਾਂ ਚਾਰੇ ਹੀ ਜੁਗਾਂ ਵਿਚ ਜੀਵ ਆਉਂਦੇ ਜਾਂਦੇ ਰਹਿੰਦੇ ਹਨ, ਵਾ:-ਚਾਰੇ ਜੁਗ ਵੀ ਔਣ ਜਾਣ ਵਾਲੇ ਹਨ।

ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ॥

ਅਸਾਂ ਨੇ ਸੰਸਾਰ ਵਿਚ ਰਹਿਣਾ ਹੈ, ਐਸੇ ਕਹਿਣ ਨਾਲ ਰਹਿੰਦਾ ਕੋਈ ਨਹੀਂ। ਭਾਵ ਕਹਿੰਦੇ ਤਾਂ ਸਾਰੇ ਹਨ ਕਿ ਅਸਾਂ ਨੇ ਸੰਸਾਰ ਵਿਚ ਰਹਿਣਾ ਹੈ, ਪਰ ਰਹਿੰਦਾ ਕੋਈ ਨਹੀਂ, ਸਭ ਮਰ ਜਾਂਦੇ ਹਨ, ਇਸ 'ਤੇ ਮੈਂ ਕਿਸ ਦੇ ਪਾਸ ਬੇਨਤੀ ਕਰਾਂ। *ਅਥਵਾ:-* ਆਪਣੀ ਕਹਿਣੀ ਦੀ ਰਹਿਣੀ 'ਤੇ ਕੋਈ ਰਹਿੰਦਾ ਨਹੀਂ, ਇਸ ਲਈ ਮੈਂ ਕਿਸ ਦੇ ਪਾਸ ਬੇਨਤੀ ਕਰਾਂ।

ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ॥ ੧੧॥

ਇੱਕ ਰਾਮ ਨਾਮ ਰੂਪੀ ਸ਼ਬਦ ਨਿਰ+ਉਧਰ=ਨਿਰਾ ਉਧਾਰ ਕਰਨ ਵਲਾ ਹੈ, ਵਾ:-ਨਿ=ਵਿਸ਼ੇਸ਼ ਕਰਕੇ ਉਧਾਰ ਕਰਨ ਵਾਲਾ ਹੈ, ਵਾ:-ਇੱਕ ਉਪਦੇਸ਼ ਦੁਆਰਾ ਨਿਰੋਧਰੁ=ਇੰਦ੍ਰੀਆਂ ਦੇ ਦਮਨ ਸਹਤ ਰਾਮ ਨਾਮ ਦਾ ਮੰਤ੍ਰ ਜੇ ਗੁਰੂ ਸਾਹਿਬ ਜੀ ਮੱਤੀ ਵਿਚ ਦੇ ਦੇਵਣ ਤਾਂ ਪਤ ਅਬਰੋ ਹੁੰਦੀ ਹੈ॥ ੧੧॥

ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ॥

ਸੰਸਾਰਕ ਲੱਜਾ ਜੋ ਮਾਰਨੇ ਵਾਲੀ ਸੀ, ਉਹ ਜਿਸ ਵੇਲੇ ਮਰ ਗਈ ਤਾਂ ਲੋਕ ਮੁਹਲਾਜੇ ਰੂਪੀ ਘੁੰਡ ਨੂੰ ਖੋਹਲ ਕੇ ਪਿਆਰੇ ਵੱਲ ਟੁਰ ਪਈ।

ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ॥

ਅਵਿੱਦਿਆ ਰੂਪੀ ਸੱਸ ਜੋ ਝੱਲਿਆਂ ਕਰਨ ਵਾਲੀ ਸੀ, ਉਹ ਆਪ ਹੀ ਦਿਵਾਨੀ=ਬਾਵਰੀ ਹੋ ਗਈ ਅਤੇ ਸਿਰ ਤੋਂ ਜਨਮ ਮਰਨ ਰੂਪ, ਵਾ:- ਆਸੁਰੀ ਸੰਪਦਾ ਰੂਪ ਸ਼ੰਕਾ ਟਲ ਗਈ।

ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ॥

ਜਿਸ ਵੇਲੇ ਪ੍ਰੇਮ ਵਿਚ ਬੁਲਾਈ ਗਈ, ਤਾਂ ਮਨ ਵਿਚ ਅਨੰਦ ਦਾਇਕ ਗੁਰਾਂ ਦਾ ਸਬਦੁ=ਉਪਦੇਸ਼ ਮਿਲਿਆ ਜਾਂ ਉਪਦੇਸ਼ ਮਿਲਿਆ ਤਾਂ ਰਲੀ ਸਿਉ=ਖੁਸ਼ੀਆਂ ਦੇ ਸਹਿਤ ਹੋ ਗਈ।

ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ॥ ੧੨॥

ਲਾਲਿ ਰਤਿ=ਪ੍ਰੇਮ ਵਿਚ ਰੱਤੀ ਹੋਈ, ਜਦ ਲਾਲੀ ਭਈ=ਦਾਸੀ ਹੋਈ, ਵਾ:-ਗਾਹੜੇ ਰੰਗ ਵਾਲੀ ਹੋਈ ਤਦ ਗੁਰਾਂ ਦੁਆਰੇ ਨਿਚਿੰਦੁ=ਨਿਸਚਿੰਤ ਹੋ ਗਈ॥ ੧੨॥

ਲਾਹਾ ਨਾਮੁ ਰਤਨੁ ਜਪਿ ਸਾਰੁ॥ ਲਬੁ ਲੋਭੁ ਬੁਰਾ ਅਹੰਕਾਰੁ॥

ਰਤਨ ਰੂਪ ਨਾਮ ਦੇ ਜਪਣ ਕਰਕੇ ਸਰੁ=ਸ੍ਰੇਸ਼ਟ.ਲਾਭ ਹੁੰਦਾ ਹੈ। ਲਬੁ, ਪਦਾਰਥਾਂ ਦੇ ਖਾਣ ਦਾ, ਲੋਭ, ਪਦਾਰਥਾਂ ਦੇ ਇਕੱਤ੍ਰ ਕਰਨ ਦਾ ਅਤੇ ਹੰਕਾਰ ਇਤ ਆਦੀ ਸਭ ਵਿਕਾਰ ਬੁਰੇ ਹਨ, ਵਾ:-ਇਨ੍ਹਾਂ ਵਿਕਾਰਾਂ ਕਰ ਕੇ ਜੀਵ ਬੁਰਾ ਹੋ ਰਿਹਾ ਹੈ।

ਲਾੜੀ ਚਾੜੀ ਲਾਇਤਬਾਰੁ॥ ਮਨਮੁਖੁ ਅੰਧਾ ਮੁਗਧੁ ਗਵਾਰੁ॥

ਲਾੜੀ=ਇਸਤ੍ਰੀ ਵਿਚ ਲਗ ਕੇ ਇਹ ਮਨਮੁਖ ਅੰਧਾ ਹੋ ਰਿਹਾ ਹੈ, ਚਾੜੀ ਦੇ ਖੇਡ ਵਿਚ ਲੱਗ ਕੇ ਮੁਗਧ ਹੋ ਰਿਹਾ ਹੈ, ਲਾਇਤਬਾਰੁ=ਚੁਗਲੀਆਂ ਦੇ ਲਗਾਣ ਵਿਚ ਇਹ ਮਨਮੁਖ ਗਵਾਰ ਹੋ ਰਿਹਾ ਹੈ ! ਅਥਵਾ:- ਲਾੜੀ ਚਾੜੀ=ਨਿੰਦਿਆ, ਉਸਤਤੀ ਅਤੇ ਤਬਾਰੁ=ਚੁਗਲੀ ਦੇ ਲਗਾਣ ਵਿਚ ਇਹ ਜੀਵ ਤਤਪਰ ਹੋ ਰਿਹਾ ਹੈ। ਇਸੀ ਦੇ ਅੰਧਾ ਮਨਮੁਖ ਮੂਰਖ ਤੇ ਗਵਾਰ=ਚੰਡਾਲ ਹੋ ਰਿਹਾ ਹੈ, ਵਾ:-ਵਿਹਾਰਕ ਮੱਤਿ ਤੋਂ ਰਹਿਤ ਹੋਣ ਕਰਕੇ ਮਨਮੁਖ ਹੈ, ਗਿਆਨ ਵੈਰਾਗ ਰੂਪੀ ਨੇਤਰਾਂ ਤੋਂ ਰਹਿਤ ਹੋਣ ਕਰਕੇ ਅੰਧਾ ਹੈ, ਸ਼ਾਸਤ੍ਰ ਮਤਿ ਤੋਂ ਹੀਨ ਹੋਣ ਕਰਕੇ ਮੁਗਧ ਹੋ ਰਿਹਾ ਹੈ, ਪਰਮਾਰਥ ਮਤਿ ਤੋਂ ਹੀਣ ਹੋਣ ਕਰਕੇ ਗਵਾਰ ਹੋ ਰਿਹਾ ਹੈ।

ਲਾਹੇ ਕਾਰਣਿ ਆਇਆ ਜਗਿ॥ ਹੋਇ ਮਜੂਰੁ ਗਇਆ ਠਗਾਇ ਠਗਿ॥

ਜਗਤ ਵਿਚ ਆਇਆ ਤਾਂ ਸੀ ਲਾਭ ਲੈਣ ਵਾਸਤੇ। ਪ੍ਰੰਤੂ ਇਸਤ੍ਰੀ ਪੁੱਤ੍ਰ ਆਦਿਕਾਂ ਦਾ ਮਜ਼ਦੂਰ ਹੋ ਕੇ

www.sikhbookclub.com

ਕਾਮ ਆਦਿਕ ਠੱਗਾਂ ਪਾਸੋਂ ਹੀ ਠੱਗਾ ਗਿਆ।

ਯਥਾ:-ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ॥
ਰਾਤੀ ਉਘੈ ਦਬਿਆ ਨਵੇ ਸੋਤ ਸਭਿ ਢਿਲਾ॥
ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ॥
ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ॥

(ਗਉੜੀ ਵਾਰ, ਪੰਨਾ ੩੦੪)

ਲਾਹਾ ਨਾਮੁ ਪੂੰਜੀ ਵੇਸਾਹੁ॥
ਨਾਨਕ ਸਚੀ ਪਤਿ ਸਚਾ ਪਾਤਿਸਾਹੁ॥ ੧੩॥

ਸ਼ਰਧਾ ਰੂਪ ਪੂੰਜੀ ਕਰਕੇ ਨਾਮ ਨੂੰ ਵੇਸਾਹੁ=ਖਰੀਦਣਾ ਕਰ ਤਾਂ ਆਤਮ ਲਾਭ ਹੋਵੇਗਾ। ਜਿਸ ਨੂੰ ਆਤਮ ਲਾਭ ਹੋਇਆ ਹੈ, ਓਹੀ ਸੱਚਾ ਪਾਤਸ਼ਾਹ ਹੈ ਓਸੇ ਦੀ ਸੱਚੀ ਪਤ ਅਬਰੋ ਹੁੰਦੀ ਹੈ॥ ੧੩॥

ਆਇ ਵਿਗੂਤਾ ਜਗੁ ਜਮ ਪੰਥੁ॥ ਆਈ ਨ ਮੇਟਣ ਕੋ ਸਮਰਥੁ॥

ਇਹ ਜਗੁ=ਜੀਵ ਜਗਤ ਵਿਚ ਆ ਕੇ, ਨਾਮ ਜਾਪ ਤੋਂ ਬਿਨਾਂ ਵਿਗੂਤਾ=ਖਰਾਬ ਹੋਇਆ ਜਮ ਰਸਤੇ ਵਿਚ ਜਾਂਦਾ ਹੈ। ਜਿਸ ਵੇਲੇ ਮੌਤ ਆਈ, ਤਥਾ:-ਭਾਵੀ ਆਈ *ਵਾ ਮੋਹਨੇ ਵਾਲੀ ਮਾਇਆ ਆਈ, ਤਾਂ ਉਸ ਦੇ ਮੇਟਣੇ ਨੂੰ ਕੋਈ ਸਮਰੱਥ ਨਹੀਂ।

ਆਥਿ ਸੈਲ ਨੀਚ ਘਰਿ ਹੋਇ॥ ਆਥਿ ਦੇਖਿ ਨਿਵੈ ਜਿਸੁ ਦੋਇ॥

ਆਥਿ=ਮਾਇਆ ਦਾ ਸੈਲ=ਸੁਖ ਨੀਚ ਪੁਰਸ਼ ਦੇ ਘਰ ਵਿਚ ਭੀ ਹੋ ਜਾਵੇ, ਤਾਂ ਜਿਸ ਆਥਿ=ਮਾਇਆ ਨੂੰ ਦੇਖ ਕੇ ਦੋ ਹਿੰਦੂ ਮੁਸਲਮਾਣ, ਗੁਰਮੁਖ ਮਨਮੁਖ, ਸਾਧੂ ਗ੍ਰਹਿਸਤੀ, ਪਾਪੀ ਪੁੰਨੀ ਆਦਿ ਸਭ ਨਿਵਦੇ ਹਨ।

ਆਥਿ ਹੋਇ ਤਾ ਮੁਗਧੁ ਸਿਆਨਾ॥ ਭਗਤਿ ਬਿਹੂਨਾ ਜਗੁ ਬਉਰਾਨਾ॥

ਆਥਿ=ਮਾਇਆ ਜੇਕਰ ਮੂਰਖ ਦੇ ਘਰ ਹੋਵੇ ਤਾਂ ਉਹ ਮੂਰਖ ਭੀ ਸਿਆਣਾ ਗਿਣੀਂਦਾ ਹੈ। ਪ੍ਰੰਤੂ ਭਗਤੀ ਤੋਂ ਬਿਨਾਂ ਹੋਣ ਕਰਕੇ, ਝੂਠੀ ਮਾਇਆ ਦੇ ਮਗਰ ਲਗ ਕੇ ਸਾਰਾ ਜਗਤ ਬਾਵਰਾ ਹੋ ਰਿਹਾ ਹੈ। (ਚਾਰ ਤੁਕਾਂ ਦਾ ਅਰਥ ਫੇਰ ਕਰਨਾ, ਆਥਿ ਸੈਲ ਨੀਚ ਘਰਿ ਹੋਇ।)

ਭਗਤੀ ਰੂਪ ਮਾਇਆ ਦਾ ਸੁਖ ਨੀਚ ਜਾਤੀ ਵਾਲੇ ਪੁਰਸ਼ ਦੇ ਘਰ ਵਿਚ ਹੋਵੇ, ਤੋਂ ਭੀ ਉਹ ਪੂਜਨੀਕ ਹੋ ਜਾਂਦਾ ਹੈ।

ਯਥਾ- ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥

(ਭਗਤ ਰਵਿਦਾਸ ਜੀ ਪੰਨਾ ੧੨੯੩)

ਭਗਤੀ ਰੂਪ ਮਾਇਆ ਵੇਖ ਕੇ ਜਿਸ ਨੂੰ ਦੋਨੋਂ ਪੁਰਸ਼ ਨਿਵਦੇ ਹਨ। ਹਿੰਦੂ ਮੁਸਲਮਾਣ ਸਾਧੂ ਗ੍ਰਿਹਸਤੀ ਵਗੈਰਾ। ਭਗਤੀ ਰੂਪ ਮਾਇਆ ਹੋਵੇ, ਤਾਂ ਮੂਰਖ ਪੁਰਸ਼ ਨੂੰ ਭੀ ਸਿਆਣਾ ਕਹਿੰਦੇ ਹਨ, (ਦੇਖੋ ਧੰਨਾ ਜੱਟ ਐਡਾ

*ਭਾਵੀ 'ਪਰ ਸਾਖੀ ਆਫਲਾਤੂ ਦੀ ਅਤੇ ਰਾਜੇ ਜਨਮੇਜੇ ਦੀ।

www.sikhbookclub.com

ਮੂਰਖ ਜੋ ਗੋਹਿ ਦਾ ਧੂਪ ਧੁਖਾਵੇ, ਨਾਮਦੇਵ ਮੰਦਰ ਵਿਚ ਜਾ ਕੇ ਜੁੱਤੀਆਂ ਪਿਆ ਖੜ੍ਹਕਾਵੇ।) ਪ੍ਰੰਤੂ ਭਗਤੀ ਦੇ ਪ੍ਰਭਾਵ ਕਰਕੇ ਇਹ ਭਗਤ ਪੂਜਨੀਕ ਗਿਣੇ ਗਏ। ਭਗਤੀ ਤੋਂ ਬਿਨਾਂ ਸਾਰਾ ਜਗਤ ਬਾਵਰਾ ਹੋ ਰਿਹਾ ਹੈ।

ਯਥਾ:- ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥ *(ਪੰਨਾ ੨੧੦)*

ਸਭ ਮਹਿ ਵਰਤੈ ਏਕੋ ਸੋਇ॥
ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ॥ ੧੪॥

ਸਾਰਿਆਂ ਵਿਚ ਇੱਕ ਉਹੋ ਪਰਮੇਸ਼ਰ ਵਰਤ ਰਿਹਾ ਹੈ। ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਤਿਸ ਨੂੰ ਪਰਗਟ ਹੁੰਦਾ ਹੈ। ਜਿਸ ਨੂੰ ਪ੍ਰਗਟ ਹੁੰਦਾ ਹੈ ਉਹੋ ਪੁਰਸ਼ ਆਈ ਭਾਵੀ, ਮਾਇਆ ਤੋਂ ਛਤੇ ਪਾਂਦਾ ਹੈ॥ ੧੪॥

ਜੁਗਿ ਜੁਗਿ ਥਾਪਿ ਸਦਾ ਨਿਰਵੈਰੁ॥ ਜਨਮਿ ਮਰਣਿ ਨਹੀ ਧੰਧਾ ਧੈਰੁ॥

ਹਰ ਏਕ ਜੁਗ ਜੁਗ ਵਿਚ ਜੀਵਾਂ ਦੇ ਥਾਪਨੇ ਵਾਲਾ ਪਰਮੇਸ਼ਰ ਸਦਾ ਨਿਰਵੈਰ ਹੈ, ਵਾ:-ਸਤਿਜੁਗ ਆਦੀ ਚਾਰ ਜੁਗਾਂ ਵਿਚ ਜੁਗਿ=ਚਾਰ ਵੇਦਾਂ ਦੇ ਥਾਪਨੇ ਵਾਲਾ ਪਰਮੇਸ਼ਰ ਸਦਾ ਨਿਰਵੈਰ ਹੈ। ਉਸ ਵਿਚ ਜਨਮ ਮਰਨ ਨਹੀਂ ਹੈ।

ਯਥਾ:- ਜਨਮ ਮਰਣ ਤੇ ਰਹਤ ਨਾਰਾਇਣ॥ *(ਭੈਰਉ ਮਹਲਾ ੫, ਪੰਨਾ ੧੧੩੬)*

ਅਤੇ ਨਾ ਹੀ ਉਹ ਧੰਧਿਆਂ ਵਿਚ ਧੈਰੁ=ਦੌੜਦਾ ਹੈ, ਵਾ:-ਜਨਮ ਮਰਨ ਦਾ ਧੰਧਾ ਉਸ ਵਿਚ ਨਹੀਂ ਹੈ, ਕੇਵਲ ਉਹ ਧੈਰੁ=ਧੀਰਜਵਾਨ ਹੈ।

ਜੋ ਦੀਸੈ ਸੋ ਆਪੇ ਆਪਿ॥ ਆਪਿ ਉਪਾਇ ਆਪੇ ਘਟ ਥਾਪਿ॥

ਜੋ ਕੁਝ ਦਿੱਸ ਰਿਹਾ ਹੈ, ਸੋ ਆਪੇ ਆਪ ਹੀ ਪਰਮੇਸ਼ਰ ਹੈ। ਉਹ ਪਰਮੇਸ਼ਰ ਆਪ ਹੀ ਸਭ ਘਟਾਂ ਨੂੰ ਉਤਪਤ ਕਰਦਾ ਹੈ, ਆਪ ਹੀ ਥਾਪਿ=ਪਾਲਦਾ ਹੈ, ਪੁਨਾ ਆਪ ਹੀ ਲੈਤਾ ਕਰਦਾ ਹੈ।

ਆਪਿ ਅਗੋਚਰੁ ਧੰਧੈ ਲੋਈ॥ ਜੋਗ ਜੁਗਤਿ ਜਗਜੀਵਨੁ ਸੋਈ॥

ਉਹ ਪਰਮੇਸ਼ਰ ਆਪ ਅਗੋਚਰੁ=ਇੰਦ੍ਰੀਆਂ ਦੇ ਅਵਿਸ਼ੇ ਹੈ ਤੇ ਹੋਰ ਸਾਰੀ ਲੁਕਾਈ ਧੰਧਿਆਂ ਵਿਚ ਲਾ ਰੱਖੀ ਹੈ।

ਪੁਨਾ- ਉਹ ਜਗਜੀਵਨ ਪਰਮਾਤਮਾ ਆਪ ਜੀ ਜੋਗ ਵਿਚ ਜੁਗਤਿ=ਜੁੜ ਰਿਹਾ ਹੈ।

ਅਥਵਾ:- ਉਹ ਜਗਜੀਵਨ ਪਰਮਾਤਮਾ ਜਿਸ ਉੱਤੇ ਕਿਰਪਾ ਕਰਦਾ ਹੈ, ਓਹੀ ਭਗਤੀ ਜੋਗ ਵਿਚ ਜੁੜਦਾ ਹੈ।

ਕਰਿ ਆਚਾਰੁ ਸਚੁ ਸੁਖੁ ਹੋਈ॥ ਨਾਮ ਵਿਹੂਣਾ ਮੁਕਤਿ ਕਿਵ ਹੋਈ॥ ੧੫॥

ਸੱਚ ਨਾਮ ਰੂਪ ਸ੍ਰੇਸ਼ਟ ਕਰਤੱਬ ਦੇ ਕਰਨ ਨਾਲ ਸੱਚਾ ਸੁਖ ਹੁੰਦਾ ਹੈ। ਪਰਮੇਸ਼ਰ ਨਾਮ ਤੋਂ ਬਿਨਾਂ ਭਲਾ ਮੁਕਤੀ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ॥ ੧੫॥

ਵਿਣੁ ਨਾਵੈ ਵੇਰੋਧੁ ਸਰੀਰ॥ ਕਿਉ ਨ ਮਿਲਹਿ ਕਾਟਹਿ ਮਨ ਪੀਰ॥

ਨਾਮ ਜਪੇ ਤੋਂ ਬਿਨਾਂ, ਸਰੀਰ ਨੂੰ ਵੇਰੋਧੁ=ਦੁੱਖ ਹੀ ਰਹਿੰਦਾ ਹੈ। ਹੇ ਭਾਈ ! ਮਨ ਦੀ ਪੀੜਾ ਦੇ ਕੱਟਣ ਵਾਲਾ ਜੋ ਪਰਮੇਸ਼ਰ ਹੈ ਉਸ ਨਾਲ ਤੂੰ ਕਿਉਂ ਨਹੀਂ ਮਿਲਦਾ।

ਵਾਟ ਵਟਾਊ ਆਵੈ ਜਾਇ॥ ਕਿਆ ਲੇ ਆਇਆ ਕਿਆ ਪਲੈ ਪਾਇ॥

ਰਸਤੇ ਦੇ ਵਟਾਊ=ਰਾਹੀ (ਮੁਸਾਫ਼ਰ) ਵਾਂਙੂ ਆਉਂਦਾ ਤੇ ਚਲਾ ਜਾਂਦਾ ਹੈ। ਦੱਸੋ ਖਾਂ ਜੀਵ ਲੈ ਕੇ ਕੀ ਆਇਆ ਤੇ ਪੱਲੇ ਵਿਚ ਕੀ ਪਾ ਕੇ ਲੈ ਜਾਂਦਾ ਹੈ। ਭਾਵ, ਖਾਲੀ ਆਉਂਦਾ ਹੈ ਤੇ ਖਾਲੀ ਚਲਾ ਜਾਂਦਾ ਹੈ। *ਅਥਵਾ:-* ਇਹ ਜੀਵ ਲੈ ਕੇ 'ਕੀ' ਆਇਆ?

ਉੱਤਰ- ਸ੍ਵਾਸ ਤਥਾ ਪੁੰਨ ਲੈ ਕੇ ਆਇਆ ਹੈ ਅਤੇ ਪੱਲੇ ਕੀ ਪਾ ਲੈ ਜਾਂਦਾ ਹੈ?

ਉੱਤਰ- ਪਾਪ ਤੇ ਦੁੱਖ ਲੈ ਕੇ ਜਾਂਦਾ ਹੈ।

ਵਿਣੁ ਨਾਵੈ ਤੋਟਾ ਸਭ ਥਾਇ॥ ਲਾਹਾ ਮਿਲੈ ਜਾ ਦੇਇ ਬੁਝਾਇ॥

ਹਰੀ ਨਾਮ ਤੋਂ ਬਿਨਾਂ ਸਭ ਥਾਈਂ ਤੋਟਾ ਹੀ ਪੱਲੇ ਪੈਂਦਾ ਹੈ ਜਾਂ ਸਤਿਗੁਰ ਦੇਵ ਜੀ ਕਿਰਪਾ ਨਾਲ ਬੁਝਾ ਦੇਵਣ ਤਾਂ ਨਾਮ ਦਾ ਲਾਭ ਮਿਲਦਾ ਹੈ।

ਵਣਜੁ ਵਾਪਾਰੁ ਵਣਜੈ ਵਾਪਾਰੀ॥ ਵਿਣੁ ਨਾਵੈ ਕੈਸੀ ਪਤਿ ਸਾਰੀ॥ ੧੬॥

ਵਣਜਣੇ ਵਾਲਾ ਹੋ ਕੇ ਇਹ ਵਾਪਾਰੀ ਬਾਹਜ਼ ਵਾਪਾਰ ਨੂੰ ਵਣਜਦਾ ਹੈ।

ਅਥਵਾ:- ਜੋ ਵਾਪਾਰੀ ਵਣਜਣੇ ਵਾਲਾ ਹੋ ਕੇ ਸ਼ੁਭ ਗੁਣਾਂ ਰੂਪੀ ਵਾਪਾਰ ਨੂੰ ਵਣਜਦਾ ਹੈ, ਓਹੀ ਤਰਦਾ ਹੈ। ਹੇ ਭਾਈ ! ਇਸ ਗੱਲ ਨੂੰ ਸੋਚ, ਹਰੀ ਨਾਮ ਤੋਂ ਬਿਨਾਂ ਵਾਪਾਰੀ ਜਗਿਆਸੂ ਦੀ ਸਾਰੀ ਪਤਿ=ਅਰਥਾਤ ਪੂਰੀ ਇੱਜ਼ਤ ਕਿਸ ਤਰ੍ਹਾਂ ਬਣੇਗੀ, *ਵਾ:-* ਸਾਰੀ=ਸ੍ਰੇਸ਼ਟ ਪਤ ਅਥਰੋ ਕਿਵੇਂ ਹੋਵਗੀ, *ਵਾ:-*ਸਾਰੀ ਸ੍ਰਿਸ਼ਟੀ ਵਿਚ ਪਤ ਅਥਰੋ ਕਿਵੇਂ ਹੋਵੇਗੀ॥ ੧੬॥

ਗੁਣ ਵੀਚਾਰੇ ਗਿਆਨੀ ਸੋਇ॥ ਗੁਣ ਮਹਿ ਗਿਆਨੁ ਪਰਾਪਤਿ ਹੋਇ॥

ਜੋ ਸੱਤ, ਸੰਤੋਖ ਆਦੀ ਗੁਣਾਂ ਨੂੰ ਵਿਚਾਰਦਾ ਹੈ, ਓਹੀ ਪੁਰਸ਼ ਗਿਆਨੀ ਹੈ। ਸੱਤ, ਸੰਤੋਖ ਆਦੀ ਗੁਣਾਂ ਦੇ ਧਾਰਨ ਵਿਚ ਸਰੂਪ ਗਿਆਨ ਦੀ ਪ੍ਰਾਪਤੀ ਹੁੰਦੀ ਹੈ, *ਵਾ:-*ਹਿਰਦੇ ਵਿਚ ਗੁਣ ਹੋਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਗੁਣਦਾਤਾ ਵਿਰਲਾ ਸੰਸਾਰਿ॥ ਸਾਚੀ ਕਰਣੀ ਗੁਰ ਵੀਚਾਰਿ॥

ਸੰਸਾਰ ਵਿਚ ਸ਼ੁਭ ਗੁਣਾਂ ਕਾ ਦਾਤਾ ਕੋਈ ਵਿਰਲਾ ਪੁਰਸ਼ ਹੀ ਹੈ। ਗੁਰਾਂ ਦੇ ਉਪਦੇਸ਼ ਦਾ ਜੇਹੜਾ ਵੀਚਾਰ ਕਰਨਾ ਹੈ ਏਹੀ ਇੱਕ ਸੱਚੀ ਕਰਨੀ ਹੈ।

[ਪੰਨਾ ੯੩੨]

ਅਗਮ ਅਗੋਚਰੁ ਕੀਮਤਿ ਨਹੀ ਪਾਇ॥ ਤਾ ਮਿਲੀਐ ਜਾ ਲਏ ਮਿਲਾਇ॥

ਉਹ ਪਰਮੇਸ਼ਰ ਮਨ ਕਰਕੇ ਅਗਮ ਅਤੇ ਇੰਦ੍ਰੀਆਂ ਦਾ ਵਿਸ਼ਾ ਨਹੀਂ, ਇਸ ਕਰਕੇ ਉਸ ਦੀ ਮਹਿਮਾ, ਗੁਣ ਵਡਿਆਈ ਦੀ ਕੀਮਤ ਨਹੀਂ ਪੈਂਦੀ। ਉਸ ਨਾਲ ਮੇਲਾਪ ਤਦ ਹੁੰਦਾ ਹੈ, ਜਦ ਆਪ ਮਿਲਾ ਲੇਵੇ।

ਗੁਣਵੰਤੀ ਗੁਣ ਸਾਰੇ ਨੀਤ॥ ਨਾਨਕ ਗੁਰਮਤਿ ਮਿਲੀਐ ਮੀਤ॥ ੧੭॥

ਗੁਣਾਂ ਵਾਲੀਆਂ ਮਹਾਤਮਾ ਰੂਪ ਸਖੀਆਂ ਨਿਤਾਪ੍ਰਤੀ ਪਰਮੇਸ਼ਰ ਪਤੀ ਦੇ ਗੁਣਾਂ ਨੂੰ ਸਾਂਰੇ=ਸੰਭਾਲਦੀਆਂ

www.sikhbookclub.com

ਹਨ। ਤਾਂ ਤੇ ਤੂੰ ਭੀ ਗੁਰਾਂ ਦੀ ਸਿੱਖਿਆ ਦੁਆਰੇ ਮੀਤ=ਮਿੱਤਰ ਪਰਮਾਤਮਾ ਨਾਲ ਮਿਲਣਾ ਕਰ, ਵਾ:- ਹੇ ਮਿੱਤਰ ! ਤੂੰ ਭੀ ਗੁਰਾਂ ਦੀ ਸਿੱਖਿਆਂ ਵਿਚ ਮਿਲਣਾ ਕਰ॥ ੧੭॥

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥

ਕਾਮ, ਕ੍ਰੋਧ ਆਦਿ ਵਿਕਾਰ ਕਾਂਇਆਂ ਨੂੰ ਐਉਂ ਗਾਲਦੇ ਹਨ, ਜਿਵੇਂ ਸੋਹਾਗਾ ਸੋਨੇ ਨੂੰ ਢਾਲ ਦੇਂਦਾ ਹੈ।

ਪ੍ਰਸ਼ਨ- ਜੀਵ ਨੂੰ ਫਿਰ ਕੀ ਕਰਤਬ ਕਹਨਾ ਚਾਹੀਦਾ ਹੈ? *ਗੁਰ ਉੱਤਰ:-*

ਕਾਮ, ਕ੍ਰੋਧ ਆਦਿ ਵਿਸ਼ਿਆਂ ਨੂੰ ਅਤੇ ਕਾਇਆ=ਦੇਹ ਅਧਿਆਸ ਨੂੰ ਐਉਂ ਗਾਲਣਾ ਕਰੇ,

ਵਾ:- ਕਾਇਆ=ਬੁੱਧੀ ਵਿੱਚੋਂ ਕਾਮ, ਕ੍ਰੋਧ ਆਦਿਕਾਂ ਨੂੰ ਇੰਞ ਗਾਲਣਾ ਕਰੇ, ਜਿਵੇਂ ਸੋਹਾਗਾ ਸੋਨੇ ਨੂੰ ਢਾਲ ਦੇਂਦਾ ਹੈ।

ਕਸਿ ਕਸਵਟੀ ਸਹੈ ਸੁਤਾਉ॥ ਨਦਰਿ ਸਰਾਫ ਵੰਨੀਸ ਚੜਾਉ॥

ਕਸਿ=ਕਸੀਸ (ਤਾੜਨਾ) ਰੂਪ ਕਸਵੱਟੀ ਦੇ ਤਾਉ ਨੂੰ ਸਹਾਰਨਾ ਕਰੇ।

ਭਾਈ ਮਾਂਹ ਸਿੰਘ ਵਾਂਗੂੰ ਬਿਦਾਵੇ ਲਿਖ ਕੇ ਨਾ ਦੇ ਦੇਵੇ। ਗੁਰੂ ਰੂਪ ਸਰਾਫ਼ ਦੀ ਜੇਕਰ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਾਂ ਫਿਰ ਚਤੁਰਥ ਭੂਮਿਕਾ ਰੂਪੀ ਵੰਨੀ ਦਾ ਚੜ੍ਹਾਉ ਚੜ੍ਹਦਾ ਹੈ ਅਤੇ ਇਸ ਨੂੰ ਸਰੂਪ ਰੂਪੀ ਖਜ਼ਾਨੇ ਵਿਚ ਪਾ ਲੈਂਦੇ ਹਨ।

ਜਗਤੁ ਪਸੂ ਅੰਹਕਾਲੁ ਕਸਾਈ॥ ਕਰਿ ਕਰਤੈ ਕਰਣੀ ਕਰਿ ਪਾਈ॥

ਜਗਤ ਪਸ਼ੂ ਸਮਾਨ ਹੈ, ਹੰਗਤਾ ਵਾਲਾ ਕਾਲ ਕਸਾਈ ਹੈ, ਜੋ ਜੀਵਾਂ ਨੂੰ ਵੇਖ ਕੇ ਆਖਦਾ ਹੈ, ਏਹ ਮੇਰਾ ਭੱਖ ਹੈ।

ਅਥਵਾ:- ਹੰਗਤਾ ਵਾਲਾ ਜਗਤੁ=ਜੀਵ ਪਸ਼ੂ ਸਮਾਨ ਅਗਿਆਨੀ ਹੈ ਤੇ ਕਾਲ ਇਸ ਦਾ ਕਸਾਈ ਹੈ। ਕਰਤੈ=ਪ੍ਰਮੇਸ਼ਰ ਨੇ ਜੈਸੀ ਕਰਨੀ ਇਸ ਜੀਵ ਦੇ ਕਰਿ=ਹੱਥ ਵਿਚ ਲਿਖ ਪਾਈ ਹੈ, ਇਹ ਜੀਵ ਤੈਸੇ ਹੀ ਕਰਮ ਕਰਦਾ ਹੈ।

ਜਿਨਿ ਕੀਤੀ ਤਿਨਿ ਕੀਮਤਿ ਪਾਈ॥
ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ॥ ੧੮॥

ਜਿਸ ਨੇ ਸ੍ਰਿਸ਼ਟੀ ਰਚਨਾ ਕੀਤੀ ਹੈ, ਤਿਸੀ ਨੇ ਜੀਵਾਂ ਦੇ ਕਰਮਾਂ ਕੀ ਕੀਮਤ ਪਾਈ ਹੈ,

ਵਾ:- ਜੀਵਾਂ ਨੂੰ ਖਾਣ ਪਾਣ ਦੇਣ ਦੀ ਕੀਮਤ ਪਾਈ ਹੈ, ਵਾ:- ਸਤਾ ਰੂਪੀ ਕੀਮਤ ਪਾਈ ਹੈ। ਹੋਰ ਕੀ ਕਹੀਏ, ਕੁਛ ਕਿਹਾ ਨਹੀਂ ਜਾ ਸਕਦਾ॥ ੧੮॥

ਖੋਜਤ ਖੋਜਤ ਅੰਮ੍ਰਿਤੁ ਪੀਆ॥ ਖਿਮਾ ਗਹੀ ਮਨੁ ਸਤਿਗੁਰਿ ਦੀਆ॥

ਖੋਜਦਿਆਂ ਖੋਜਦਿਆਂ ਜਦ ਸਤਿਗੁਰੂ ਮਿਲ ਪਏ ਤੇ ਉਨ੍ਹਾਂ ਨੂੰ ਮਨ ਅਰਪਣ ਕਰ ਦਿੱਤਾ, ਤਾਂ ਉਨ੍ਹਾਂ ਦੀ ਕਿਰਪਾ ਕਰਕੇ ਨਾਮ ਅੰਮ੍ਰਿਤ ਪੀਤਾ ਤਾਂ ਖਿਮਾ ਗ੍ਰਹਿਣ ਕੀਤੀ।

ਅਥਵਾ:- ਖੋਜਦਿਆਂ ਖੋਜਦਿਆਂ ਜਦ ਸਤਿਗੁਰ ਮਿਲੇ ਤੇ ਉਨ੍ਹਾਂ ਨੇ ਅਪਣਾ ਮਨੁ ਦੀਆ=ਮੰਝ ਦਿੱਤਾ ਤਾਂ ਖਿਮਾ ਗਹੀ ਜਾਂ ਖਿਮਾ ਗ੍ਰਹਿਣ ਕੀਤੀ ਤਾਂ ਬ੍ਰਹਮਾਨੰਦ ਰੂਪ ਅੰਮ੍ਰਿਤ ਪੀਤਾ।

ਖਰਾ ਖਰਾ ਆਖੈ ਸਭੁ ਕੋਇ॥ ਖਰਾ ਰਤਨੁ ਜੁਗ ਚਾਰੇ ਹੋਇ॥

ਉਸ ਨੂੰ ਫਿਰ ਸਭ ਕੋਈ ਖਰਾ, ਖਰਾ=ਚੰਗਾ ਚੰਗਾ ਕਰਕੇ ਆਖਦਾ ਹੈ, ਵਾ:- ਤਿਸ ਚੰਗੇ ਨੂੰ ਸਭ ਕੋਈ ਚੰਗਾ ਕਰਕੇ ਆਖਦਾ ਹੈ। ਪ੍ਰਸ਼ਨ:- ਕਿਸ ਤਰ੍ਹਾਂ ਚੰਗਾ ਕਰਕੇ ਆਖਦਾ ਹੈ?

ਉੱਤਰ:- ਜਿਵੇਂ ਚਾਰੇ ਜੁਗਾਂ ਵਿਚ ਰਤਨ ਖਰਾ ਹੁੰਦਾ ਹੈ।

ਖਾਤ ਪੀਅੰਤ ਮੂਏ ਨਹੀ ਜਾਨਿਆ॥
ਖਿਨ ਮਹਿ ਮੂਏ ਜਾ ਸਬਦੁ ਪਛਾਨਿਆ॥

ਪਹਿਲਾ ਅਰਥ—ਜੋ ਖਾਣੇ ਪੀਣੇ ਵਿਚ ਲੱਗ ਕੇ ਮਰੇ ਹਨ, ਉਨ੍ਹਾਂ ਨੇ ਪਰਮੇਸ਼ਰ ਨੂੰ ਨਹੀਂ ਜਾਣਿਆ ਜਾਂ ਸਬਦੁ=ਸੰਸਾਰ ਨੂੰ ਤਥਾ ਪਦਾਰਥਾਂ ਨੂੰ ਸੱਤ ਰੂਪ ਕਰਕੇ ਪਛਾਣਿਆ ਤਾਂ ਇੱਕ ਪਲ ਵਿਚ ਹੀ ਮਰ ਗਏ।

ਦੂਜਾ ਅਰਥ- ਜੋ ਖਾਣ ਪੀਣ ਦੇ ਪਦਾਰਥਾਂ ਵਿਚ ਲਗ ਕੇ ਨਹੀਂ ਮਰਦੇ, ਉਨ੍ਹਾਂ ਨੇ ਪਰਮੇਸ਼ਰ ਨੂੰ ਜਾਣਿਆ ਹੈ ਜਾਂ ਗੁਰਾਂ ਦੇ ਉਪਦੇਸ਼ ਨੂੰ ਪਛਾਣਿਆ ਤਾਂ ਇੱਕ ਪਲ ਦੇ ਵਿਚ ਹੀ ਜੀਵਤ ਭਾਅ ਤੋਂ ਮਰ ਗਏ।

ਅਸਥਿਰੁ ਚੀਤੁ ਮਰਨਿ ਮਨੁ ਮਾਨਿਆ॥
ਗੁਰ ਕਿਰਪਾ ਤੇ ਨਾਮੁ ਪਛਾਨਿਆ॥ ੧੯॥

ਜਿਨ੍ਹਾਂ ਦਾ ਮਨ ਜੀਵਤ ਭਾਅ ਦੇ ਮਰਨ ਉੱਪਰ ਮੰਨਿਆ ਗਿਆ ਹੈ, ਉਨ੍ਹਾਂ ਦਾ ਚਿੱਤ ਇਸਥਿਤ ਹੋ ਗਿਆ। ਗੁਰਾਂ ਦੀ ਕਿਰਪਾ ਨਾਲ ਗੁਰਮੁਖਾਂ ਨੇ ਵਾਹਿਗੁਰੂ ਨਾਮ ਨੂੰ ਪਛਾਣ ਲਿਆ ਹੈ॥ ੧੯॥

ਪ੍ਰਸ਼ਨ- ਉਹ ਪਰਮਾਤਮਾ ਕਿੱਥੇ ਵਸ ਰਿਹਾ ਹੈ? *ਉੱਤਰ:-*

ਗਗਨ ਗੰਭੀਰੁ ਗਗਨੰਤਰਿ ਵਾਸੁ॥ ਗੁਣ ਗਾਵੈ ਸੁਖ ਸਹਜਿ ਨਿਵਾਸੁ॥

ਉਹ ਗੰਭੀਰੁ ਗਗਨ=ਨਿਰਹੱਲ, ਚੇਤਨ ਗਗਨੰਤਰਿ=ਹਿਰਦੇ ਅਕਾਸ਼ ਅੰਦਰ ਵਸ ਰਿਹਾ ਹੈ, ਵਾ:- ਅਕਾਸ਼ ਆਦਿਕ ਤੱਤਾਂ ਦੇ ਅੰਦਰ ਵਸ ਰਿਹਾ ਹੈ। ਜੋ ਪੁਰਸ਼ ਉਸ ਦੇ ਗੁਣਾਂ ਨੂੰ ਗਾਂਵਦਾ ਹੈ, ਉਸ ਦਾ ਸਹਜਿ=ਅਚੁੱਤ ਸੁਖ ਵਿਚ ਨਿਵਾਸ ਹੁੰਦਾ ਹੈ।

ਗਇਆ ਨ ਆਵੈ ਆਇ ਨ ਜਾਇ॥ ਗੁਰ ਪਰਸਾਦਿ ਰਹੈ ਲਿਵ ਲਾਇ॥

ਇੱਕ ਵੇਰ ਅਗਿਆਨ ਚਲਿਆ ਜਾਵੇ, ਤਾਂ ਫਿਰ ਗਇਆ ਹੋਇਆ ਅਗਿਆਨ ਮੁੜ ਕੇ ਆਉਂਦਾ ਨਹੀਂ, ਤੇ ਆਇਆ ਹੋਇਆ ਗਿਆਨ ਜਾਇ ਨ=ਜਾਂਦਾ ਨਹੀਂ।

ਅਥਵਾ:- ਪਰਮੇਸ਼ੁਰ ਦੀ ਤਰਫ ਗਿਆ ਹੋਇਆ ਜੀਵ ਮੁੜ ਕੇ ਨਹੀਂ ਆਉਂਦਾ, ਕਿਉਂਕਿ ਮੁੜ ਕੇ ਆਇਆ ਜੋ ਨਹੀਂ ਜਾਂਦਾ। ਜਿਵੇਂ ਕੋਈ 'ਕਾਕਾ ਦਿਵਾਲਾ' ਦੀ ਤਰਫ ਜਾਏ ਤਾਂ ਮੁੜ ਕੇ ਕੋਈ ਨਹੀਂ ਔਂਦਾ। ਫਿਰ ਗੁਰੂ ਦੀ ਮਿਹਰ ਨਾਲ ਲਿਵ ਲਗਾਈ ਰਹਿੰਦਾ ਹੈ।

ਗਗਨੁ ਅਗੰਮੁ ਅਨਾਥੁ ਅਜੋਨੀ॥ ਅਸਥਿਰੁ ਚੀਤੁ ਸਮਾਧਿ ਸਗੋਨੀ॥

ਉਹ ਗਗਨੁ=ਚੇਤਨ ਦੇਵ, ਅ+ਗੰਮੁ=ਖੋਫ਼ ਤੋਂ ਰਹਿਤ ਹੈ, ਅਨਾਥੁ=ਨਾਥ ਤੋਂ ਰਹਿਤ ਹੈ, ਉਸ ਦਾ ਸੁਆਮੀ ਕੋਈ ਨਹੀਂ, ਪੁਨਾ ਅ+ਜੋਨੀ=ਜੂਨੀਆਂ ਤੋਂ ਰਹਿਤ ਹੈ। ਉਸ ਪਰਮਾਤਮਾ ਵਿਚ ਉਸ ਜੀਵ ਦੀ ਸੌ ਗੁਣਾਂ ਵਧ ਕੇ ਸਮਾਧੀ ਲਗਦੀ ਹੈ, ਜਿਸ ਦਾ ਚਿੱਤ ਇਸਥਿਤ ਹੋਇਆ ਹੈ, ਵਾ:-ਚਿੱਤ ਇਸਥਿਤ ਹੋਵੇ, ਤਾਂ

www.sikhbookclub.com

ਸਗੋਨੀ=ਸ੍ਰਗੁਣ ਪ੍ਰਮਾਤਮਾ ਵਿਚ ਸਮਾਧੀ ਲਗਦੀ ਹੈ। ਤਥਾ:- ਸਮਾਧੀ ਵਿਚ ਚਿੱਤ ਇਸਥਿਤ ਹੋਵੇ ਤਾਂ ਇਹ ਮਨੁੱਖ ਸ+ਗੋਨੀ=ਸਹਿਤ ਗੁਣਾਂ ਦੇ ਹੁੰਦਾ ਹੈ।

ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ॥
ਗੁਰਮਤਿ ਸਾਰੁ ਹੋਰ ਨਾਮ ਬਿਹੂਨੀ॥ ੨੦॥

ਹੇ ਪੰਡਿਤ ! ਹਰੀ ਨਾਮ ਨੂੰ ਚੇਤਨਾ ਕਰ, ਤਾਂ ਫਿਰ ਜੂਨੀਆਂ ਵਿਖੇ ਨਹੀਂ ਪਵੇਂਗਾ। ਗੁਰਾਂ ਦੁਆਰੇ ਨਾਮ ਜਪਣ ਵਾਲੀ ਮਤੀ ਸ੍ਰੇਸ਼ਟ ਹੈ, ਨਾਮ ਸਿਮਰਨ ਤੋਂ ਬਿਨਾਂ ਹੋਰ ਸਭ ਮਤੀਆਂ ਅਸਾਰ=ਨਿਸਫਲ ਹਨ॥ ੨੦॥

ਘਰ ਦਰ ਫਿਰਿ ਥਾਕੀ ਬਹੁਤੇਰੇ॥ ਜਾਤਿ ਅਸੰਖ ਅੰਤ ਨਹੀ ਮੇਰੇ॥

ਮੈਂ ਇਸਤ੍ਰੀ ਰੂਪ ਹੋ ਕੇ ਪਤੀ ਪ੍ਰਮੇਸ਼ਰ ਦੀ ਢੂੰਡ ਵਿਚ ਬਥੇਰੇ ਪ੍ਰਤੱਖ ਘਰਾਂ ਦਰਾਂ ਵਿਚ, ਵਾ:- ਜੂਨੀਆਂ ਰੂਪੀ ਘਰਾਂ ਦੇ ਅੰਦਰ ਫਿਰ ਕੇ ਥੱਕ ਗਈ ਹਾਂ। ਅਸੰਖ=ਬਿਅੰਤ ਹੀ ਜਾਤਿ=ਜਨਮ ਹੋਇ, ਜੋ ਮੇਰੇ ਜਨਮਾਂ ਦਾ ਕੁਝ ਅੰਤ ਨਹੀਂ ਔਂਦਾ।

ਕੇਤੇ ਮਾਤ ਪਿਤਾ ਸੁਤ ਧੀਆ॥ ਕੇਤੇ ਗੁਰ ਚੇਲੇ ਫੁਨਿ ਹੂਆ॥

ਕਿਤਨੇ ਵਾਰੀ ਮਾਤਾ ਪਿਤਾ ਰੂਪ ਹੋਇ, ਕਿਤਨੇ ਵੇਰ ਧੀਆਂ ਪੁੱਤਰ ਹੋਇ। ਕਿਤਨੇ ਵੇਰੀ ਗੁਰੂ ਰੂਪ ਹੋਇ, ਪੁਨਾ, ਕਿਤਨੇ ਵੇਰੀ ਚੇਲੇ ਰੂਪ ਹੋਇ।

ਕਾਚੇ ਗੁਰ ਤੇ ਮੁਕਤਿ ਨ ਹੂਆ॥ ਕੇਤੀ ਨਾਰਿ ਵਰੁ ਏਕੁ ਸਮਾਲਿ॥

ਪਰ ਕੱਚੇ ਗੁਰਾਂ ਤੋਂ ਕੋਈ ਭੀ ਮੁਕਤ ਨਹੀਂ ਹੋਇਆ। ਕਿਤਨੀਆਂ ਹੀ ਉਹ ਜਗਿਆਸੂ ਰੂਪ ਨਾਰੀਆਂ ਹਨ, ਜੋ ਇੱਕ ਪਤੀ ਨੂੰ ਸੰਭਾਲਦੀਆਂ ਹਨ, ਵਾ:-ਕਿਤਨੀਆਂ ਅਜੇਹੀਆਂ ਨਾਰੀਆਂ ਹਨ, ਜਿਨ੍ਹਾਂ ਦੀ ਸਾਰ ਸੰਭਾਲ ਇੱਕ ਪਤੀ ਪਰਮਾਤਮਾ ਆਪ ਕਰਦਾ ਹੈ।

ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ॥ ਦਹ ਦਿਸ ਢੂਢਿ ਘਰੈ ਮਹਿ ਪਾਇਆ॥
ਮੇਲੁ ਭਇਆ ਸਤਿਗੁਰੂ ਮਿਲਾਇਆ॥ ੨੧॥

ਗੁਰਮੁਖਾਂ ਦਾ ਮਰਨਾ ਜਿਉਂਣਾ ਪ੍ਰਭੂ ਦੇ ਨਾਲ ਹੈ,

ਯਥਾ:- ਆਖਾ ਜੀਵਾ ਵਿਸਰੈ ਮਰਿ ਜਾਉ॥

ਵਾ:-ਜੋ ਪੁਰਸ਼ ਗੁਰਾਂ ਦੁਆਰੇ ਜੀਵਤ ਭਾਅ ਸੇ ਮਰਨਾ ਕਰਦਾ ਹੈ, ਉਹ ਪ੍ਰਭੂ ਨੂੰ ਨਾਲ ਹੀ ਨਿਸਚੇ ਕਰਦਾ ਹੈ। ਆਪਣੇ ਆਪ ਦਸੋ ਦਿਸ਼ਾ ਵਿਚ ਢੂੰਢਿਆ ਪਰ ਨਾ ਪ੍ਰਾਪਤ ਹੋਇਆ, ਜਦੀ ਸਤਿਗੁਰਾਂ ਨਾਲ ਮੇਲ ਹੋਇਆ ਤਾਂ ਉਨ੍ਹਾਂ ਨੇ ਪਰਮੇਸ਼ਰ ਨਾਲ ਮਿਲਾਇਆ, ਤਾਂ ਅੰਤਹ ਕਰਨ ਰੂਪੀ ਘਰ ਦੇ ਵਿਚ ਹੀ ਪਾਵਣਾ ਕੀਤਾ॥ ੨੧॥

ਪ੍ਰਸ਼ਨ- ਗੁਰਮੁਖ ਜਨ ਅਪਣੀ ਉਮਰਾ ਨੂੰ ਕਿਵੇਂ ਬਿਤੀਤ ਕਰਦੇ ਹਨ? ਉੱਤਰ:-

ਗੁਰਮੁਖਿ ਗਾਵੈ ਗੁਰਮੁਖਿ ਬੋਲੈ॥ ਗੁਰਮੁਖਿ ਤੋਲਿ ਤੁਲਾਵੈ ਤੋਲੈ॥

ਕਦੇ ਤਾਂ ਗੁਰਮੁਖ ਰਾਗ ਵਿਚ ਪਾ ਕੇ ਹਰੀ ਜਸ ਗਾਉਂਦਾ ਹੈ, ਕਦੇ ਗੁਰਮੁਖ ਬ੍ਰਹਮ ਗਿਆਨ ਦੀਆਂ ਗੱਲਾਂ ਬੋਲਦਾ ਹੈ।

ਯਥਾ:- ਜਾ ਬੋਲੇ ਤਾ ਬ੍ਰਹਮ ਗਿਆਨ॥

ਗੁਰਮੁਖ ਜਨ ਆਪ ਸੱਤ ਅਸੱਤ ਦਾ ਤੋਲਿ=ਵਿਚਾਰ ਕਰਦਾ ਹੈ ਅਤੇ ਹੋਰਨਾਂ ਪਾਸੋਂ ਵਿਚਾਰ ਵਿਚਰਾਂਦਾ ਹੈ।

ਗੁਰਮੁਖਿ ਆਵੈ ਜਾਇ ਨਿਸੰਗੁ॥ ਪਰਹਰਿ ਮੈਲੁ ਜਲਾਇ ਕਲੰਕੁ॥

ਗੁਰਮੁਖ ਜਨ ਹਰ ਥਾਂ 'ਤੇ ਨਿਸੰਕ ਹੋ ਕੇ ਔਂਦਾ ਦਾ ਹੈ, ਵਾ:-ਗੁਰਮੁਖ ਜਨ ਆਵਣ ਜਾਣ ਭਾਵ ਜਨਮ ਮਰਨ ਵੱਲੋਂ ਨਿਸੰਗੁ=ਰਹਿਤ ਹੈ। ਰਾਗ ਦ੍ਵੈਖ ਰੂਪ ਮੈਲ ਨੂੰ ਪਹਰਹਿ=ਤਿਆਗ ਕੇ ਅਵਿੱਦਿਆ ਤਥਾ ਅਗਿਆਨ ਰੂਪ ਕਲੰਕ ਨੂੰ ਜਲਾ ਦਿੱਤਾ ਹੈ।

ਗੁਰਮੁਖਿ ਨਾਦ ਬੇਦ ਬੀਚਾਰੁ॥ ਗੁਰਮੁਖਿ ਮਜਨੁ ਚਜੁ ਅਚਾਰੁ॥

ਗੁਰਮੁਖ ਦਾ ਨਾਦ=ਉਪਦੇਸ਼ ਹੀ ਵੇਦਾਂ ਦਾ ਵਿਚਾਰ ਰੂਪ ਹੈ, ਵਾ:-ਗੁਰਮੁਖਿ ਕਦੀ ਨਾਦ ਨੂੰ ਵਜਾਂਦਾ ਹੈ, ਕਦੇ ਵੇਦਾਂ ਦਾ ਵਿਚਾਰ ਕਰਦਾ ਹੈ, ਵਾ:-ਗੁਰਮੁਖ ਜਨ ਵੇਦਾਂ ਦੁਆਰੇ ਨਾਦ=ਬ੍ਰਹਮ ਦਾ ਵਿਚਾਰ ਕਰਦਾ ਹੈ। ਗੁਰਮੁਖ ਜਨ ਚਜੁ ਅਚਾਰੁ=ਸ੍ਰੇਸ਼ਟ ਕਰਤੱਬ ਕਰਨੇ ਰੂਪ ਮਜਨੁ=ਇਸ਼ਨਾਨ ਨੂੰ ਕਰਦਾ ਹੈ।

ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ॥ ਨਾਨਕ ਗੁਰਮੁਖਿ ਪਾਵੈ ਪਾਰੁ॥ ੨੨॥

ਮੁਖੀ ਗੁਰਾਂ ਦਾ ਸਬਦੁ=ਉਪਦੇਸ਼ ਅੰਮ੍ਰਿਤ ਵਾਂਙੂ ਸਾਰੁ=ਸ੍ਰੇਸ਼ਟ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਗੁਰਮੁਖ ਹੀ ਸੰਸਾਰ ਸਮੁੰਦ੍ਰ ਤੋਂ ਪਾਰ ਹੋਣਾ ਪਾਂਵਦਾ ਹੈ॥ ੨੨॥

ਚੰਚਲੁ ਚੀਤੁ ਨ ਰਹਈ ਠਾਇ॥ ਚੋਰੀ ਮਿਰਗੁ ਅੰਗੂਰੀ ਖਾਇ॥

ਚਿੱਤ ਬਹੁਤ ਹੀ ਚੰਚਲ ਹੈ, ਟਿਕਾਣੇ ਸਿਰ ਟਿਕ ਕੇ ਨਹੀਂ ਰਹਿੰਦਾ, ਵਾ:- ਅੰਤ੍ਰ ਮੁਖ ਬਿਰਤੀ ਕਰਨੇ ਰੂਪ, ਵਾ:- ਸਰੂਪ ਰੂਪ ਠਾਂ ਵਿਚ ਨਹੀਂ ਰਹਿੰਦਾ।

ਕਾਂਮ ਆਦਿਕਾਂ ਰੂਪੀ ਹਰਨ ਵਿਸ਼ਿਆਂ ਰੂਪੀ ਅੰਗੂਰੀ ਨੂੰ ਚੋਰੀ ਖਾਈ ਜਾਂਦੇ ਹਨ।

ਅਥਵਾ:- ਮਨ ਰੂਪੀ ਹਰਨ, ਸੁਭ ਗੁਣਾਂ ਰੂਪੀ ਅੰਗੂਰੀ ਚੋਰੀ ਖਾ ਰਿਹਾ ਹੈ।

ਚਰਨ ਕਮਲ ਉਰ ਧਾਰੇ ਚੀਤ॥ ਚਿਰੁ ਜੀਵਨੁ ਚੇਤਨੁ ਨਿਤ ਨੀਤ॥

ਚਿੱਤ ਦੇ ਉਰ=ਵਿਚ ਗੁਰਾਂ ਦੇ ਚਰਨ ਕਵਲਾਂ ਨੂੰ ਧਾਰਨਾ ਕਰੇ, ਵਾ:-ਚੀਤ=ਚੇਤਨ ਸਰੂਪ ਗੁਰਾਂ ਦੇ ਚਰਨ ਕਵਲ ਹਿਰਦੇ ਵਿਚ ਧਾਰਨਾ ਕਰੇ। ਉਹ ਚੇਤਨ ਨਿਤਾਪ੍ਰਤੀ ਚਿਰੰਜੀਵੀ ਹੈ,

ਵਾ:-ਨਿੱਤ ਚੇਤਨ ਨਿਤਾਪ੍ਰਤੀ ਚਿਰੰਜੀਵੀ ਹੈ।

ਚਿੰਤਤ ਹੀ ਦੀਸੈ ਸਭੁ ਕੋਇ॥ ਚੇਤਹਿ ਏਕੁ ਤਹੀ ਸੁਖੁ ਹੋਇ॥

ਸਭ ਕੋਈ ਚਿੰਤਤ=ਚਿੰਤਾਵਾਨ ਹੀ ਦਿੱਸਦਾ ਹੈ। ਅਥਵਾ:- ਸਭ ਕੋਈ ਦੇਵੀ ਦੇਵਤਿਆਂ ਦੇ ਚਿੰਤਨ ਕਰਨ ਵਿਚ ਨਿਗ੍ਹਾ ਆਉਂਦਾ ਹੈ, ਇਸ ਕਰਕੇ ਤਰਦਾ ਕੋਈ ਨਹੀਂ। ਜੇ ਕੋਈ ਇੱਕ ਵਾਹਿਗੁਰੂ ਨੂੰ ਚੇਤਹਿ=ਸਿਮਰਨਾ ਕਰੇ ਤਾਂ ਉਸ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਚਿਤਿ ਵਸੈ ਰਾਚੈ ਹਰਿ ਨਾਇ॥
ਮੁਕਤਿ ਭਇਆ ਪਤਿ ਸਿਉ ਘਰਿ ਜਾਇ॥ ੨੩॥

www.sikhbookclub.com

ਚਿੱਤ ਵਿਚ ਗੁਰਾਂ ਦਾ ਉਪਦੇਸ਼ ਵਸੇ, ਤਾਂ ਹਰੀ ਨਾਮ ਵਿਚ ਰਚਦਾ ਹੈ,

ਤਥਾ- ਹਰੀ ਨਾਮ ਵਿਚ ਰਚੇ ਤਾਂ ਚਿੱਤ ਵਸੀਕਾਰ ਹੁੰਦਾ ਹੈ। ਤਾਂ ਹੀ ਮੁਕਤ ਰੂਪ ਹੋਇਆਂ ਪਤਿ ਅਬਰੋ ਦੇ ਨਾਲ ਸਰੂਪ ਘਰ ਵਿਚ ਜਾਂਦਾ ਹੈ॥ ੨੩॥

ਛੀਜੈ ਦੇਹ ਖੁਲੈ ਇਕ ਗੰਢਿ॥ ਛੇਆ ਨਿਤ ਦੇਖਹੁ ਜਗਿ ਹੰਢਿ॥

ਇੱਕ ਪ੍ਰਾਣ ਅਪਾਣ ਦੀ ਗੰਢ ਖੁਲ੍ਹ ਜਾਣ ਨਾਲ ਦੇਹ ਛੀਜੈ=ਨਾਸ ਹੋ ਜਾਂਦੀ ਹੈ। *ਅਥਵਾ:-* ਇੱਕ ਚਿਦ ਜੜ੍ਹ ਦੀ ਗੰਢ ਖੁਲ੍ਹ ਜਾਣ ਨਾਲ ਦੇਹ ਅਧਿਆਸ ਛੀਜੈ=ਨਾਸ ਹੋ ਜਾਂਦਾ ਹੈ। ਹੰਢਿ=ਫਿਰਕੇ ਸਾਰੇ ਜਗਤ ਵਿਚ ਦੇਖ ਲੇਵੋ, ਜੋ ਕਿ ਨਿੱਤ ਛੇਆ=ਬਿਨਾਸ ਹੀ ਹੋ ਰਿਹਾ ਹੈ।

ਧੂਪ ਛਾਵ ਜੇ ਸਮ ਕਰਿ ਜਾਣੈ॥ ਬੰਧਨ ਕਾਟਿ ਮੁਕਤਿ ਘਰਿ ਆਣੈ॥

ਜੇਕਰ ਜੀਵ ਧੂਪ ਛਾਪ=ਦੁੱਖ ਸੁਖ ਨੂੰ ਸਮ ਕਰਕੇ ਜਾਨਣਾ ਕ਼ਰੇ। ਤਾਂ ਮਨ ਨੂੰ ਸੰਸਾਰਕ ਬੰਧਨਾਂ ਵੱਲੋਂ ਕੱਟ ਕੇ ਮੁਕਤੀ ਘਰ ਵਿਚ ਲਿਆਂਵਦਾ ਹੈ।

ਛਾਇਆ ਛੂਛੀ ਜਗਤੁ ਭੁਲਾਨਾ॥ ਲਿਖਿਆ ਕਿਰਤੁ ਧੁਰੇ ਪਰਵਾਨਾ॥

ਛੂਛੀ ਛਾਇਆ=ਤੁੱਛ ਅਵਿੱਦਿਆ ਵਿਚ ਸਾਰਾ ਜਗਤ ਭੁੱਲਿਆ ਫਿਰਦਾ ਹੈ। ਕਿਰਤੁ=ਕਰਮਾਂ ਦਾ ਪਰਵਾਨਾ ਤਾਂ ਧੁਰ ਤੋਂ ਹੀ ਲਿਖਿਆ ਗਿਆ ਹੈ, ਓਸੇ ਅਨੁਸਾਰ ਹੀ ਭੱਜਾ ਫਿਰਦਾ ਹੈ।

ਛੀਜੈ ਜੋਬਨੁ ਜਰੂਆ ਸਿਰਿ ਕਾਲੁ॥

ਜੋਬਨ ਅਵਸਥਾ ਦੇ ਛਿਜਣੇ ਕਰਕੇ ਜਦ ਜਰੂਆ=ਬੁਢੇਪਾ ਆਉਂਦਾ ਹੈ, ਤਾਂ ਨਿਸਚੇ ਕਰੇ ਕਿ ਹੁਣ ਮੇਰੇ ਸਿਰ 'ਤੇ ਕਾਲ ਆ ਗਿਆ ਹੈ।

[ਪੰਨਾ ੯੩੩]

ਕਾਇਆ ਛੀਜੈ ਭਈ ਸਿਬਾਲੁ॥ ੨੪॥

ਬੁਢੇਪੇ ਨਾਲ ਕਾਇਆ ਛੀਜੈ=ਸਿਥਲੁ ਹੋ ਕੇ ਸਿਬਾਲੁ=ਜਾਲੇ ਵਾਂਙੂ ਖਾਲੀ ਹੋ ਜਾਂਦੀ ਹੈ॥ ੨੪॥

ਜਾਪੈ ਆਪਿ ਪ੍ਰਭੂ ਤਿਹੁ ਲੋਇ॥ ਜੁਗਿ ਜੁਗਿ ਦਾਤਾ ਅਵਰੁ ਨ ਕੋਇ॥

ਉਹ ਪ੍ਰਭੂ ਤਿੰਨਾਂ ਲੋਕਾਂ ਨੂੰ ਆਪ ਹੀ ਖਾਣ ਪਾਣ ਦੇਣਾ ਜਾਪੈ=ਜਾਣਦਾ ਹੈ। ਜੁਗਾਂ ਜੁਗਾਂ ਵਿਚ ਇੱਕ ਓਹੀ ਦਾਤਾ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ।

ਜਿਉ ਭਾਵੈ ਤਿਉ ਰਾਖਹਿ ਰਾਖੁ॥ ਜਸੁ ਜਾਚਉ ਦੇਵੈ ਪਤਿ ਸਾਖੁ॥

ਜਿਵੇਂ ਉਸ ਨੂੰ ਭਾਵੇ, ਤਿਵੇਂ ਉਹ ਰੱਖਿਆ ਕਰਨ ਵਾਲਾ ਵਾਹਿਗੁਰੂ ਰੱਖਦਾ ਹੈ। ਜੋ ਇਸ ਲੋਕ ਵਿਚ ਪਤ ਅਬਰੋ ਤੇ ਪ੍ਰਲੋਕ ਵਿਚ ਸਾਖੁ=ਉਗਾਹੀ ਦੇਂਦਾ ਹੈ, ਉਸ ਦੇ ਜਸ ਨੂੰ ਮੈਂ ਜਾਚਉ=ਮੰਗਦਾ ਹਾਂ।

ਜਾਗਤੁ ਜਾਗਿ ਰਹਾ ਤੁਧੁ ਭਾਵਾ॥ ਜਾ ਤੂ ਮੇਲਹਿ ਤਾ ਤੁਝੈ ਸਮਾਵਾ॥

ਹੇ ਪ੍ਰਭੂ ! ਆਪ ਨੂੰ ਭਾਵਾਂ ਤਾਂ ਗਿਆਨ ਜਾਗ੍ਰਤ ਵਿਚ ਜਾਗ ਰਹਿਣਾ ਕਰਾਂ। ਜਾਂ ਤੂੰ ਅਪੁਣੇ ਨਾਲ ਮੇਲੇ, ਤਾਂ ਹੀ ਆਪ ਦੇ ਵਿਚ ਸਮਾਣਾ ਹੁੰਦਾ ਹੈ।

ਜੈ ਜੈ ਕਾਰੁ ਜਪਉ ਜਗਦੀਸ ॥ ਗੁਰਮਤਿ ਮਿਲੀਐ ਬੀਸ ਇਕੀਸ ॥ ੨੫ ॥

ਹੇ ਜਗਦੀਸ਼ ! ਤੇਰਾ ਹੀ ਜੈ ਜੈ ਕਾਰ ਕਰਾਂ ਅਤੇ ਤੇਰਾ ਹੀ ਜਾਪ ਜਪਾਂ। ਗੁਰਾ ਦੀ ਸਿੱਖਿਆ ਦੁਆਰੇ ਹੀ ਬੀਸ ਬਿਸਵੇ, ਭਾਵ ਨਿਸਚੇ ਕਰਕੇ ਇੱਕ ਈਸ਼ੁਰ ਨਾਲ ਮਿਲ ਪਈਂਦਾ ਹੈ॥ ੨੫ ॥

ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥ ਝੂਰਿ ਮਰੈ ਦੇਖੈ ਪਰਮਾਦੁ ॥

ਝਖਾਂ ਬੋਲਣ ਅਤੇ ਜਗਤ ਨਾਲ ਝਗੜੇ ਕਰਨ ਦਾ ਕੀ ਲਾਭ ਹੈ। ਜੋ ਪਰਮਾਦੀ ਦੇਖਣ ਵਿਚ ਔਂਦਾ ਹੈ, ਉਹ ਝੂਰ ਕਰਕੇ ਮਰਦਾ ਹੈ।*

ਜਨਮਿ ਮੂਏ ਨਹੀ ਜੀਵਣ ਆਸਾ ॥ ਆਇ ਚਲੇ ਭਏ ਆਸ ਨਿਰਾਸਾ ॥

ਉਨ੍ਹਾਂ ਨੂੰ ਜੀਵਨ ਰੂਪ ਪਰਮਾਤਮਾ ਦੀ ਆਸਾ ਨਹੀਂ ਹੈ, ਇਸ ਕਰਕੇ ਉਹ ਜੰਮਦੇ ਮਰਦੇ ਹਨ। ਉਹ ਆਏ ਸਨ ਆਸਾ ਧਾਰ ਕੇ, ਪਰ ਨਿਰਾਸ ਹੋ ਕੇ ਚਲੇ ਜਾਂਦੇ ਹਨ, ਵਾ:-ਆ ਕੇ ਚਲੇ ਜਾਣ ਵਾਲੇ ਜੋ ਪਦਾਰਥ ਹੈਂ ਤਿਨਾਂ ਦੀ ਆਸਾ ਤੋਂ ਉਹ ਨਿਰਾਸ ਹੋਇ ਹਨ, ਭਾਵ ਉਨ੍ਹਾਂ ਦੀ ਆਸਾ ਪੂਰੀ ਨਹੀਂ ਹੁੰਦੀ।

ਝੂਰਿ ਝੂਰਿ ਝਖਿ ਮਾਟੀ ਰਲਿ ਜਾਇ ॥ ਕਾਲੁ ਨ ਚਾਂਪੈ ਹਰਿ ਗੁਨ ਗਾਇ ॥

ਝੂਰ ਝੂਰ ਕੇ ਖਪ ਖਪ ਕੇ ਅੰਤ ਨੂੰ ਮਿੱਟੀ ਵਿਚ ਰਲ਼ ਜਾਂਦਾ ਹੈ। ਹਰੀ ਗੁਣਾਂ ਦੇ ਨਾ ਗੈਣ ਕਰਨੇ ਕਰਕੇ ਕਾਲ ਉਸ ਨੂੰ ਦਬਾਉਂਦਾ ਹੈ।

ਇਸ ਪਉੜੀ ਦਾ ਦੂਜਾ ਅਰਥ ਕਰਨਾ:-

ਝਖਿ ਬੋਲਣੁ ਕਿਆ ਜਗ ਸਿਉ ਵਾਦੁ=ਨਾਮ ਜਪਣ ਵਾਲੇ ਪੁਰਸ਼, ਕਿਆ ਝਖਾਂ ਨੂੰ ਬੋਲਦੇ ਹਨ, ਕਿਆ ਜਗਤ ਨਾਲ ਝਗੜੇ ਕਰਦੇ ਹਨ ਕਿਤੂੰ ਨਹੀਂ ਕਰਦੇ। **ਝੂਰਿ ਮਰੈ**=ਉਸ ਦਾ ਝੁਰਨਾ ਮਰ ਗਿਆ ਹੈ, ਉਹ ਪਰਮ ਆਦਿ ਰੂਪ ਪਰਮਾਤਮਾ ਨੂੰ ਦੇਖਦਾ ਹੈ। **ਜਨਮਿ ਮੂਏ ਨਹੀ**=ਉਹ ਜੰਮਦੇ ਮਰਦੇ ਨਹੀਂ, ਕਿਉਂਕਿ ਉਨ੍ਹਾਂ ਨੂੰ **ਜੀਵਣ ਆਸਾ**=ਜੀਵਣ ਰੂਪ ਪਰਮਾਤਮਾਂ ਦੀ ਆਸਾ ਲੱਗ ਰਹੀ ਹੈ। **ਆਇ ਚਲੇ ਭਏ ਆਸ ਨਿਰਾਸਾ**=ਆ ਕੇ ਚਲੇ ਜਾਣ ਵਾਲੇ ਜੋ ਪਦਾਰਥ ਹਨ, ਉਨ੍ਹਾਂ ਦੀ ਆਸਾ ਤੋਂ ਨਿਰਾਸ਼ ਹੋਇ ਹਨ। **ਝੂਰਿ ਝੂਰਿ ਝਖਿ ਮਾਟੀ ਰਲਿ ਜਾਇ**=ਜਿਨ੍ਹਾਂ ਝੋਰਿਆਂ ਕਰਕੇ ਝੁਰਦੇ ਸਨ, ਉਹ ਝੋਰਾ ਉਨ੍ਹਾਂ ਦਾ ਖਿਝ ਕੇ ਮਿੱਟੀ ਵਿਚ ਰਲ ਗਿਆ ਹੈ।

ਅਥਵਾ:- ਮਾਟੀ ਕਹੀਏ ਪ੍ਰਿਥਵੀਂ, ਪ੍ਰਿਥਵੀਂ ਨਾਂ ਭੂਮਾਂ ਦਾ ਭੂਮਾਂ ਨਾਂ ਬ੍ਰਹਮ ਦਾ, ਉਸ ਬ੍ਰਹਮ ਵਿਚ ਉਹ ਰਲ ਜਾਂਦਾ ਹੈ। **ਕਾਲੁ ਨ ਚਾਂਪੈ ਹਰਿ ਗੁਨ ਗਾਇ**=ਹਰੀ ਗੁਣਾਂ ਦੇ ਗੈਣ ਕਰਨੇ ਕਰਕੇ ਕਾਲ ਉਸ ਨੂੰ ਦਬਾਉਂਦਾ ਨਹੀਂ, *ਵਾ:-* ਉਸ ਨੇ ਕਾਲ ਨੂੰ ਦਬਾ ਲੀਤਾ ਹੈ।

ਪਾਈ ਨਵ ਨਿਧਿ ਹਰਿ ਕੈ ਨਾਇ ॥ ਆਪੇ ਦੇਵੈ ਸਹਜਿ ਸੁਭਾਇ ॥ ੨੬ ॥

ਹਰੀ ਨਾਮ ਨੂੰ ਜਪ ਕੇ ਨੌ ਨਿਧੀ ਪਾਵਣਾ ਕੀਤੀ। ਹਰੀ ਆਪ ਹੀ ਸਹਜਿ ਸੁਭਾਇ=ਸ਼ਾਂਤੀ ਸੁਭਾਅ ਦੇਂਦਾ ਹੈ॥ ੨੬ ॥

ਵਿਆਨੋ ਬੋਲੈ ਆਪੇ ਬੂਝੈ ॥ ਆਪੇ ਸਮਝੈ ਆਪੇ ਸੂਝੈ ॥

**ਜਿਸ ਕਰਮ ਦੇ ਕਰਨ ਦੀ ਇੱਛਾ ਹੋਵੇ ਉਸ ਨੂੰ ਨਾ ਕਰੇ ਉਸ ਨੂੰ ਪ੍ਰਮਾਦੀ ਕਹਿੰਦੇ ਹਨ।
ਯਥਾ:- ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥ (ਪੰਨਾ ੭੨੭)

www.sikhbookclub.com

ਆਪ ਹੀ ਗੁਰੂ ਰੂਪ ਹੋ ਕੇ ਗਿਆਨ ਨੂੰ ਬੋਲਦਾ ਹੈ, ਆਪ ਹੀ ਜਗਿਆਸੂ ਰੂਪ ਹੋ ਕੇ ਬੁੱਝਦਾ ਹੈ। ਆਪ ਹੀ ਸਮਝਦਾ ਹੈ ਤੁਯੰਪਦ ਨੂੰ, ਆਪ ਹੀ ਸੁੱਝਦਾ ਹੈ ਤਤਪਦ ਨੂੰ, ਵਾ:- ਆਪ ਹੀ ਸਮਝਦਾ ਹੈ ਧਰਮ ਅਧਰਮ ਨੂੰ, ਆਪ ਹੀ ਸੁੱਝਦਾ ਹੈ ਉਨ੍ਹਾਂ ਦੇ ਫਲ ਨੂੰ।

ਗੁਰ ਕਾ ਕਹਿਆ ਅੰਕਿ ਸਮਾਵੈ ॥ ਨਿਰਮਲ ਸੂਚੇ ਸਾਚੋ ਭਾਵੈ ॥

ਗੁਰਾਂ ਦਾ ਕਿਹਾ ਹੋਇਆ ਉਪਦੇਸ਼ ਅੰਕਿ=ਹਿਰਦੇ ਵਿਚ ਸਮਾਵੇ ਤਾਂ ਮਨ ਬੁੱਧ ਆਦਿਕ ਚਤੁਸਟੇ ਅੰਤਹ ਕਰਨ ਨਿਰਮਲ ਤੇ ਸੂਚੇ=ਪਵਿੱਤ੍ਰ ਹੁੰਦੇ ਹਨ, ਜਿਵੇਂ ਕਾਲੀ ਲੋਈ ਪਵਿੱਤ੍ਰ ਤਾਂ ਹੈ ਪਰ ਨਿਰਮਲ ਨਹੀਂ। ਪਰ ਉਹ ਅੰਤਹ ਕਰਨ ਨਿਰਮਲ ਵੀ ਹੁੰਦਾ ਹੈ ਅਤੇ ਪਵਿੱਤ੍ਰ ਵੀ ਹੁੰਦਾ ਹੈ, ਇਸੀ ਤੇ ਉਹ ਸੱਚੇ ਨੂੰ ਭਾਂਵਦਾ ਹੈ।

ਗੁਰੁ ਸਾਗਰੁ ਰਤਨੀ ਨਹੀ ਤੋਟ ॥ ਲਾਲ ਪਦਾਰਥ ਸਾਚੁ ਅਖੋਟ ॥

ਗੁਰੂ ਸਮੁੰਦਰ ਵਾਂਙੂ ਹਨ, ਉਨ੍ਹਾਂ ਵਿਚ ਸ਼ੁਭ ਗੁਣਾਂ ਰੂਪੀ ਰਤਨਾਂ ਦਾ ਘਾਟਾ ਨਹੀਂ ਹੁੰਦਾ। ਗੁਰਾਂ ਦੀ ਕਿਰਪਾ ਨਾਲ ਹੀ ਸੱਚੇ ਨਾਲ=ਪ੍ਰੇਮ ਰੂਪੀ ਅਖੁਟ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ।

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥

ਜੋ ਗੁਰਾਂ ਨੇ ਕਿਹਾ ਹੈ, ਉਸ ਕੰਮ ਨੂੰ ਕਮਾਣਾ ਕਰੋ, ਗੁਰਾਂ ਦੀ ਕਰਣੀ ਵੱਲ ਕਿਸ ਵਾਸਤੇ ਦੌੜਦੇ ਹੋ।*

ਨਾਨਕ ਗੁਰਮਤਿ ਸਾਚਿ ਸਮਾਵਹੁ ॥ ੨੭ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਭਾਈ ! ਗੁਰ ਸਿੱਖਿਆ ਦੁਆਰੇ ਸੱਚ ਵਿਚ ਸਮਾਣਾ ਕਰੋ ॥ ੨੭ ॥

ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ ਬਾਹ ਦੁਹੂ ਦਿਸ ਗਹੀ ॥

ਜੋ ਸਹੀ=ਸਖੀ, ਸਹੀ=ਨਿਸਚੇ ਕਰਕੇ, ਪਤੀ ਦੇ ਸਹੀ=ਸਾਹਮਣੇ ਬੋਲਦੀ ਹੈ, ਉਸ ਦਾ ਨੇਹੁ=ਪ੍ਰੇਮ ਟੁੱਟ ਜਾਂਦਾ ਹੈ। ਐਸੇ ਹੀ ਜੋ ਜਗਿਆਸੂ ਰੂਪ ਇਸਤ੍ਰੀ ਪਰਮੇਸ਼ਰ ਦੇ ਸਾਹਮਣੇ ਬੋਲਦੀ ਹੈ, ਭਾਵ ਉਸ ਵਿਚ ਦੂਸ਼ਣ ਅਰੋਪਦੀ ਹੈ, ਉਸ ਦਾ ਪ੍ਰੇਮ ਟੁੱਟ ਜਾਦਾ ਹੈ।

ਜਿਵੇਂ ਦੋਂਹ ਪਾਸਿਆਂ ਤੋਂ ਬਾਂਹ ਫੜੀ ਤੇ ਖਿੱਚੀ ਹੋਈ ਟੁੱਟ ਜਾਂਦੀ ਹੈ।

ਟੂਟਿ ਪਰੀਤਿ ਗਈ ਬੁਰ ਬੋਲਿ ॥ ਦੁਰਮਤਿ ਪਰਹਰਿ ਛਾਡੀ ਢੋਲਿ ॥

ਜੈਸੇ ਬੁਰੇ ਵਾਕਾਂ ਦੇ ਬੋਲਣ ਨਾਲ ਪ੍ਰੀਤੀ ਟੁੱਟ ਜਾਂਦੀ ਹੈ। ਐਸੇ ਢੋਲਿ=ਪਿਆਰੇ ਪਰਮੇਸ਼ਰ ਨੇ ਦੁਰਮਤਿ=ਖੋਟੀ ਬੁੱਧੀ ਵਾਲੀ ਜੀਵ ਰੂਪ ਇਸਤ੍ਰੀ ਪਰਹਰਿ ਛਾਡੀ=ਤਿਆਗ ਛੱਡੀ ਹੈ।

ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥

ਜਿਵੇਂ ਸ਼ੁਭ ਵਿਚਾਰ ਦੇ ਕਰਨ ਨਾਲ ਟੁਟਿਆਂ ਦੀ ਗੰਠਿ ਪੜੈ=ਮਿਲੌਣੀ ਪੈ ਜਾਂਦੀ ਹੈ। ਤਿਵੇਂ ਗੁਰ ਉਪਦੇਸ਼ ਵਾਲਾ ਅਪਣੇ ਸਰੂਪ ਰੂਪੀ ਘਰ ਦੀ ਪ੍ਰਾਪਤੀ ਦੇ ਕਾਰਜ ਨੂੰ ਸਵਾਰਦਾ ਹੈ।

---

*ਸਾਖੀ 'ਭਾਈ ਮਰਦਾਨੇ' ਦੀ-ਜਦ ਗੁਰੂ ਜੀ ਨੇ ਕਿਹਾ, ਮਰਦਾਨਿਆ ਸਤਿਨਾਮੁ ਵਾਹਿਗੁਰੂ ਕਹਿੰਦਾ ਸਮੁੰਦ੍ ਉੱਪਰ ਤੁਰੀ ਆ, ਪਰ ਜਿਸ ਵੇਲੇ ਮਰਦਾਨੇ ਨੇ ਗੁਰੂ ਸਾਹਿਬਾ ਤੋਂ ਓਅੰ ਸੋਹੰ ਸੁਣ ਕੇ ਕਹਿਣਾ ਸ਼ੁਰੂ ਕਰ ਦਿੱਤਾ ਤਾਂ ਗੋਤੇ ਖਾਣ ਲਗ ਪਿਆ।

ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥ ੨੮ ॥

ਸੱਚ ਨਾਮ ਜਪਣ ਨਾਲ ਆਤਮ ਲਾਭ ਹੁੰਦਾ ਹੈ, ਅਜੇਹੇ ਲਾਭ ਕਰਕੇ ਫਿਰ ਘਾਟਾ ਨਹੀ ਆਉਂਦਾ। ਤਿੰਨਾਂ ਭਵਨਾਂ ਦਾ ਸੁਆਮੀ ਜੋ ਪਰਮੇਸ਼ਰ ਹੈ, ਉਹ ਮੋਟਾ ਪ੍ਰੀਤਮੁ=ਵੱਡਾ ਪ੍ਰੀਤਮ ਹੈ॥ ੨੮ ॥

ਠਾਕਹੁ ਮਨੂਆ ਰਾਖਹੁ ਠਾਇ ॥ ਠਹਕਿ ਮੁਈ ਅਵਗੁਣਿ ਪਛੁਤਾਇ ॥

ਮਨ ਨੂੰ ਠਾਕਹੁ=ਰੋਕ ਕੇ ਅੰਤਰ ਮੁਖਤਾ, ਵਾ:-ਸਰੂਪ ਰੂਪੀ ਥਾਂ ਵਿਚ ਰੱਖਣਾ ਕਰੋ। ਜੋ ਔਗੁਣਾਂ ਵਿਚ ਠਹਕਿ=ਲਗ ਕੇ ਮੂਈ ਹੈ, ਉਹ ਪਿੱਛੋਂ ਪਛੁਤਾਪ ਕਰਦੀ ਹੈ।

ਠਾਕੁਰੁ ਏਕੁ ਸਬਾਈ ਨਾਰਿ ॥ ਬਹੁਤੇ ਵੇਸ ਕਰੇ ਕੂੜਿਆਰਿ ॥

ਸਬਾਈ=ਸਭ ਇਸਤ੍ਰੀਆਂ ਦਾ ਸੁਆਮੀ ਇੱਕ ਪ੍ਰਮਾਤਮਾ ਹੈ। ਜੋ ਜਗਿਆਸੂ ਰੂਪ ਇਸਤ੍ਰੀ ਬਹੁਤੇ ਵੇਸ ਧਾਰਨ ਕਰਦੀ ਹੈ ਉਹ ਕੂੜਿਆਰ=ਝੂਠੀ ਹੈ।

ਪਰ ਘਰਿ ਜਾਤੀ ਠਾਕਿ ਰਹਾਈ ॥ ਮਹਲਿ ਬੁਲਾਈ ਠਾਕ ਨ ਪਾਈ ॥

ਦੇਵੀ ਦੇਵਤੇ, ਜਾਂ ਭੂਤ ਪ੍ਰੇਤ ਇਨ੍ਹਾਂ ਦੀ ਉਪਾਸ਼ਨਾ ਕਰਨੇ ਰੂਪ ਪ੍ਰਾਏ ਘਰ ਵਿਚ ਬਿਰਤੀ ਜਾਂਦੀ ਹੋਈ ਜਿਸ ਨੇ ਰੋਕ ਰੱਖੀ ਹੈ। ਉਹ ਮਹਲਿ=ਸਰੂਪ ਵਿਚ ਬੁਲਾਈ ਹੈ, ਜੋ ਸਰੂਪ ਵਿਚ ਬੁਲਾਈ ਹੈ, ਉਸ ਨੂੰ ਫਿਰ ਠਾਕ ਨ ਪਾਈ=ਰੋਕ ਨਹੀਂ ਪੈਂਦੀ।

ਸਬਦਿ ਸਵਾਰੀ ਸਾਚਿ ਪਿਆਰੀ ॥
ਸਾਈ ਸੋਹਾਗਣਿ ਠਾਕੁਰਿ ਧਾਰੀ ॥ ੨੯ ॥

ਜੋ ਗੁਰਾਂ ਦੇ ਉਪਦੇਸ਼ ਕਰਕੇ ਸਵਾਰੀ ਹੈ, ਓਹੀ ਸੱਚੇ ਨੂੰ ਪਿਆਰੀ ਲਗੀ ਹੈ। ਜੋ ਠਾਕੁਰ ਪਰਮਾਤਮਾ ਨੇ ਆਪ ਧਾਰੀ ਹੈ, ਭਾਵ ਅਪਣੇ ਨਾਲ ਮੇਲੀ ਹੈ, ਓਹੀ ਜੀਵ ਰੂਪ ਇਸਤ੍ਰੀ ਸੋਹਾਗਣ ਹੈ॥ ੨੯ ॥

ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ ॥

ਜੋ ਕੂੜਿਆਰ ਇਸਤ੍ਰੀ ਬਹੁਤੇ ਵੇਸਾਂ ਦੇ ਕਰਨ ਵਾਲੀ ਹੈ, ਉਸ ਨੂੰ ਕਹਿੰਦੇ ਹਨ:-

ਹੇ ਸਖੀ ! ਇੱਕ ਠਾਕੁਰ ਨੂੰ ਛੱਡ ਕੇ ਜੋ ਤੂੰ ਦੁਆਰੇ ਦੁਆਰੇ ਡੋਲਦੀ ਫਿਰਦੀ ਹੈਂ, ਇਸ ਕਰਕੇ ਤੇਰੇ ਚੀਰ=ਕੱਪੜੇ ਸਰੀਰ ਤੇ ਸੀਗਾਰ=ਇੰਦ੍ਰੇ ਫਟ ਗਏ ਹਨ।

ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ ॥

ਡਾਹਪਣਿ=ਭਟਕਣੇ ਕਰਕੇ, ਵਾ:- ਪਖੰਡ ਦੇ ਕਰਨ ਨਾਲ ਤਨ ਵਿਚ ਸੁਖ ਨਹੀਂ ਹੁੰਦਾ, ਵਾਹਿਗੁਰੂ ਦੇ ਡਰ ਧਾਰੇ ਬਿਨਾਂ ਡਾਰਾਂ ਦੀਆਂ ਡਾਰਾਂ ਬਿਣਠੀਂ=ਨਾਸ ਹੋ ਗਈਆਂ ਹਨ।

ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ ॥

ਅਪਣੇ ਹਿਰਦੇ ਘਰ ਵਿਚ ਪਰਮੇਸ਼ਰ ਦੇ ਡਰ ਨੂੰ ਧਾਰ ਕੇ ਜੋ ਜੀਵਤ ਭਾਅ ਤੋਂ ਮੋਈ ਹੈ, ਉਸ ਨੂੰ ਸੁਜਾਣ ਕੰਤ ਨੇ ਵੇਖਿਆ ਹੈ।

ਡਰੁ ਰਾਖਿਆ ਗੁਰਿ ਆਪਣੈ ਨਿਰਭਉ ਨਾਮੁ ਵਖਾਣਿ॥

ਜਿਸ ਨੇ ਅਪਣੇ ਗੁਰਾਂ ਦੇ ਡਰ ਨੂੰ ਹਿਰਦੇ ਵਿਚ ਰੱਖਿਆ ਹੈ, ਉਸ ਨੇ ਨਿਰਭਉ ਪਰਮਾਤਮਾ ਦੇ ਨਾਮ ਨੂੰ ਵਖਾਣਿ=ਕਥਨ ਕੀਤਾ ਹੈ।

ਡੂਗਰਿ ਵਾਸੁ ਤਿਖਾ ਘਣੀ ਜਬ ਦੇਖਾ ਨਹੀ ਦੂਰਿ॥
ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ॥

ਪਰਮੇਸ਼ਰ ਹੈ ਤਾਂ ਹਿਰਦੇ ਵਿਚ ਪਰ ਗੁਰਾਂ ਤੋਂ ਬਿਨਾਂ ਉਸ ਦੀ ਪ੍ਰਾਪਤੀ ਨਹੀਂ ਹੁੰਦੀ, ਇਸ ਉੱਪਰ ਦ੍ਰਿਸ਼ਟਾਂਤ ਦੇਂਦੇ ਹਨ। ਜਿਵੇਂ ਕਿਸੀ ਪੁਰਸ਼ ਦਾ ਡੂਗਰਿ=ਪਰਬਤਾਂ ਵਿਚ ਵਾਸਾ ਹੋ ਗਿਆ ਤੇ ਟੁਰਦਿਆਂ ੨ ਉਸ ਨੂੰ ਬੜੀ ਤ੍ਰੇਹ ਲੱਗ ਗਈ ਪਰ ਉਸ ਨੂੰ ਪਤਾ ਨਹੀਂ ਜਲ ਕਿੱਥੇ ਹੈ, ਜਦ ਕਿਸੇ ਜਾਣੂ ਆਦਮੀ ਨੇ ਆ ਕੇ ਦੱਸਿਆ ਕਿ ਫਲਾਣੀ ਜਗ੍ਹਾਂ 'ਤੇ ਜਲ ਹੈ, ਤਾਂ ਉਸ ਦੇ ਸਬਦੁ ਮੰਨਿ=ਕਹੇ ਨੂੰ ਮੰਨ ਕੇ ਤੁਰ ਪਿਆ, ਜਬ ਦੇਖਾ ਨਹੀ ਦੂਰਿ=ਜਦ ਉਸ ਜਗ੍ਹਾਂ 'ਤੇ ਜਾ ਕੇ ਵੇਖਿਆ ਤਾਂ ਜਲ ਦੂਰ ਨਹੀਂ ਸੀ, ਅੰਮ੍ਰਿਤੁ ਪੀਆ ਭਰਪੂਰਿ, ਤਿਖਾ ਨਿਵਾਰੀ=ਤਿਸ ਵੇਲੇ ਲਬਾ ਲਬ ਜਲ ਪੀ ਕੇ ਤ੍ਰੇਹ ਦੂਰ ਕਰ ਦਿੱਤੀ।

ਏਸੇ ਤਰ੍ਹਾਂ ਜੀਵ ਦਾ ਕਾਮ, ਕ੍ਰੋਧ ਆਦਿਕ ਡੂਗਰਾਂ ਵਿਚ ਵਾਸਾ ਹੋ ਰਿਹਾ ਹੈ ਤੇ ਪਰਮੇਸ਼ਰ ਪ੍ਰਾਪਤੀ ਦੀ ਘਣੀ ਤ੍ਰੇਹ ਲੱਗ ਰਹੀ ਹੈ, ਪਰੰਤੂ ਆਪਣੇ ਆਪ ਪ੍ਰਾਪਤ ਨਹੀਂ ਹੁੰਦਾ। ਜਦ ਪੂਰਨ ਮਹਾਤਮਾਂ ਮਿਲੇ ਤੇ ਉਨ੍ਹਾਂ ਨੇ ਕਿਹਾ, ਤੂੰ ਕਿਉਂ ਭਟਕਦਾ ਹੈਂ ਉਹ ਤਾਂ ਤੇਰੇ ਅੰਦਰ ਹੈ, ਇਹ ਸੁਣ ਕੇ ਤੇ ਉਨ੍ਹਾਂ ਦੇ ਸਬਦੁ ਮੰਨਿ=ਉਪਦੇਸ਼ ਨੂੰ ਮੰਨ ਕੇ, ਜਬ ਦੇਖਾ ਨਹੀ ਦੂਰਿ=ਜਦ ਸੰਸਾਰ ਵੱਲੋਂ ਹਟ ਕੇ ਅੰਤਰ ਮੁਖ ਬਿਰਤੀ ਕਰਕੇ ਦੇਖਿਆ ਤਦ ਇਹ ਨਿਸਚੇ ਕੀਤਾ ਕਿ ਉਹ ਦੂਰ ਨਹੀਂ ਹੈ। ਅੰਮ੍ਰਿਤੁ ਪੀਆ ਭਰਪੂਰਿ=ਉਸੀ ਵੇਲੇ ਸਾਰੇ ਭਰਪੂਰ ਜੋ ਪਰਮਾਤਮਾ ਹੈ ਉਸ ਦੇ ਨਾਮ ਰੂਪ ਅੰਮ੍ਰਿਤ ਨੂੰ ਪੀਤਾ, ਤਾਂ ਉਸ ਦੀ ਪ੍ਰਾਪਤੀ ਰੂਪ ਜੋ ਤੇਹ ਲੱਗ ਰਹੀ ਸੀ ਉਹ ਨਿਵਿਰਤ ਕਰ ਦਿੱਤੀ।

ਇਹ ਨਿਯਮ ਹੈ-

ਜਦ ਤੱਕ ਮਨ ਸੰਸਾਰ ਵੱਲੋਂ ਪਲਟਾ ਨਾ ਖਾਵੇ ਤਦ ਤੱਕ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਵਿਚਾਰ ਕੇ ਦੇਖੋ-

ਮੱਛੀ ਕਿੱਥੇ ਰਹਿੰਦੀ ਹੈ?	ਜਲ ਵਿਚ
ਮੱਛੀ ਦੇ ਹੇਠਾਂ ਕੀ ਹੈ?	ਜਲ
ਮੱਛੀ ਦੇ ਉੱਪਰ ਕੀ ਹੈ?	ਜਲ
ਮੱਛੀ ਦੇ ਦਾਹਿਨੇ ਕੀ ਹੈ?	ਜਲ
ਮੱਛੀ ਦੇ ਬਾਏ ਕੀ ਹੈ?	ਜਲ

ਮੱਛੀ ਦੇ ਦਸੋ ਦਿਸ਼ਾ ਜਲ ਹੀ ਜਲ ਹੈ, ਪਰ ਰਹਿੰਦੀ ਪਿਆਸੀ ਹੈ*।

ਪਰ ਜਦ ਤੱਕ ਉਹ ਪਲਟਾ ਨਹੀਂ ਖਾਂਦੀ ਤਦ ਤੱਕ ਉਸ ਦੀ ਤ੍ਰੇਹ ਨਿਵਿਰਤ ਨਹੀਂ ਹੁੰਦੀ। ਜਦ ਉਹ ਪਲਟਾ ਖਾਂਦੀ ਹੈ ਤਦ ਪਾਣੀ ਪੀ ਕੇ ਤ੍ਰੇਹ ਦੂਰ ਕਰ ਲੈਂਦੀ ਹੈ।

---

*ਯਥਾ:-ਮੁਹਿ ਸੁਨ ਸੁਨ ਆਵੈ ਹਾਸੀ। ਪਾਨੀ ਦੇ ਵਿਚ ਮੀਨ ਪਿਆਸੀ।

ਏਸੇ ਤਰ੍ਹਾਂ ਪਰਮਾਤਮਾ ਸਾਰੇ ਭਰਪੂਰ ਹੈ, ਇਸ ਦੇ ਅੰਗ ਸੰਗ ਚਾਰੋਂ ਤਰਫ ਪਰਮਾਤਮਾ ਹੀ ਹੈ, ਪਰ ਜਦ ਤੱਕ ਇਸ ਦੀ ਬਿਰਤੀ ਸੰਸਾਰ ਵੱਲੋਂ ਪਲਟਾ ਨਹੀਂ ਖਾਂਦੀ ਤਦ ਤੱਕ ਉਸ ਦੀ ਪ੍ਰਾਪਤੀ ਨਹੀਂ ਹੁੰਦੀ। ਜਦ ਸੰਸਾਰ ਵੱਲੋਂ ਬਿਰਤੀ ਉਲਟ ਕੇ ਅੰਤਰ ਮੁਖ ਹੁੰਦੀ ਹੈ, ਤਦ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ।

ਦੇਹਿ ਦੇਹਿ ਆਖੇ ਸਭੁ ਕੋਈ ਜੈ ਭਾਵੈ ਤੈ ਦੇਇ॥
ਗੁਰੁ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ॥ ੩੦॥

ਸਭ ਕੋਈ ਆਖਦਾ ਹੈ ਕਿ ਅਸਾਨੂੰ ਨਾਮ ਦੀ ਦਾਤ ਦਿਓ, ਅਸਾਨੂੰ ਨਾਮ ਦੀ ਦਾਤ ਦਿਓ ਪਰ ਜਿਸ ਨੂੰ ਭਾਉਂਦਾ ਹੈ ਉਸ ਨੂੰ ਦੇਂਦਾ ਹੈ। ਜਿਸ ਨੂੰ ਗੁਰੂ ਦੁਆਰੇ ਦੇਂਦਾ ਹੈ, ਉਸ ਦੀ ਤ੍ਰਿਖਾ=ਤ੍ਰੇਹ ਨਿਵਿਰਤ (ਦੂਰ) ਕਰ ਦੇਂਦਾ ਹੈ॥ ੩੦॥

ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ॥
ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ॥

ਢੂੰਡਨੇ ਵਾਲੀ ਹੋ ਕੇ ਮੈਂ ਢੂੰਡਦੀ ਫਿਰਦੀ ਹਾਂ, ਪਰ ਮੈਂ ਵੇਖਿਆ ਕੀ ? ਕਿ ਜੋ ਬੜੇ ਬੜੇ ਪੁਰਸ਼ ਕਰਾਰਿ=ਕਿਨਾਰਿਆਂ ਵਾਂਙੂ ਆਸਰਾ ਰੂਪ ਹਨ, ਉਹ ਢਹਿ ਢਹਿ ਕੇ ਡਿੱਗ ਪਏ ਹਨ। ਜੋ ਤਾਂ ਪਾਪਾਂ ਕਰਕੇ ਭਾਰੇ ਸਨ, ਉਹ ਢਹਿਣੇ ਵਾਲੇ ਹੋ ਕੇ ਢਹਿ ਪਏ=ਮਿਰਤੂ ਹੋ ਗਏ ਅਤੇ ਜੋ ਹਉਲੇ=ਪਾਪਾਂ ਸੇ ਰਹਿਤ ਹਨ, ਉਹ ਸੰਸਾਰ ਸਮੁੰਦ੍ਰ ਤੋਂ ਪਾਰ ਨਿਕਲ ਗਏ ਹਨ।

ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ॥
ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ॥

ਜੋ ਪੁਰਸ਼ ਅਜਾਚੀ ਹਨ, ਅਰਥਾਤ ਨਿਸ਼ਕਾਮ ਭਗਤੀ ਕਰਕੇ ਉਸ ਦਾ ਫਲ ਪ੍ਰਮੇਸ਼ਰ ਪਾਸੋਂ ਨਹੀਂ ਮੰਗਦੇ, ਉਨ੍ਹਾਂ ਨੂੰ ਅਮਰ=ਨਾ ਮਰਨ ਵਾਲਾ ਹਰੀ ਮਿਲਿਆ ਹੈ, ਤਿਨ੍ਹਾਂ ਤੋਂ ਮੈਂ ਬਲਿਹਾਰ ਕੁਰਬਾਣ ਜਾਂਦਾ ਹਾਂ।

ਤਿਨ੍ਹਾਂ ਨਿਸ਼ਕਾਮ ਸੰਤਾਂ ਦੀ ਚਰਨ ਧੂੜ ਗ੍ਰਹਿਣ ਕਰਨ ਨਾਲ ਅਘੁਲੀਐ=ਛੁਟੀਂਦਾ ਹੈ, ਤਾਂ ਤੇ ਹੇ ਹਰੀ ! ਉਨ੍ਹਾਂ ਦੀ ਸੰਗਤ ਦੇ ਮੇਲ ਵਿਚ ਅਸਾਨੂੰ ਮਿਲਾ ਦਿਓ।

ਮਨੁ ਦੀਆ ਗੁਰਿ ਆਪਣੇ ਪਾਇਆ ਨਿਰਮਲ ਨਾਉ॥

ਜਦ ਆਪਣੇ ਗੁਰਾਂ ਨੂੰ ਮਨ ਅਰਪਣ ਕਰ ਦਿੱਤਾ ਤਾਂ ਉਨ੍ਹਾਂ ਗੁਰਾਂ ਤੋਂ ਨਿਰਮਲ ਨਾਮ ਪਾਇਆ।

[ਪੰਨਾ ੯੩੪]

ਜਿਨਿ ਨਾਮੁ ਦੀਆ ਤਿਸੁ ਸੇਵਸਾ ਤਿਸੁ ਬਲਿਹਾਰੈ ਜਾਉ॥

ਜਿਸ ਗੁਰੂ ਨੇ ਨਾਮ ਦਿੱਤਾ ਹੈ, ਉਸ ਨੂੰ ਸੇਂਵਦਾ ਹਾਂ, ਪੁਨਾ ਉਸ ਤੋਂ ਬਲਿਹਾਰ ਜਾਂਦਾ ਹਾਂ।

ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ॥
ਗੁਰ ਪਰਸਾਦੀ ਤਿਸੁ ਸੰਮ੍ਲਾ ਤਾ ਤਨਿ ਦੂਖੁ ਨ ਹੋਇ॥ ੩੧॥

ਜੋ ਪ੍ਰਮੇਸ਼ਰ ਜਗਤ ਨੂੰ ਉਸਾਰਦਾ (ਉਤਪਤ) ਕਰਦਾ ਹੈ, ਓਹੀ ਢਾਹੁੰਦਾ (ਲਯ) ਕਰਦਾ ਹੈ, ਤਿਸ ਤੋਂ

www.sikhbookclub.com

ਬਿਨਾਂ ਹੋਰ ਕੋਈ ਉਤਪਤੀ, ਲੈਤਾ ਕਰਨ ਵਾਲਾ ਨਹੀਂ। ਗੁਰਾਂ ਦੀ ਕਿਰਪਾ ਨਾਲ ਤਿਸ ਨੂੰ ਸੰਮਾਲਦਾ ਰਵੇ ਤਾਂ ਤਨ ਨੂੰ ਕੋਈ ਦੁੱਖ ਨਹੀਂ ਹੁੰਦਾ॥ ੩੧॥

ਪ੍ਰਸ਼ਨ:- ਗਿਆਨ ਦੀ ਪ੍ਰਾਪਤੀ ਕਿਵੇਂ ਹੋਵੇ?

ਉੱਤਰ:- (ਛੇਵੀਂ ਤੁਕ ਵਿੱਚ ਹੈ।) **ਗੁਰ ਬਿਨੁ ਗਿਆਨੁ ਨ ਹੋਇ=** ਗੁਰਾਂ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੁੰਦਾ। ਇਸੀ ਤੇ-

ਨਾ ਕੋ ਮੇਰਾ ਕਿਸੁ ਗਹੀ ਨਾ ਕੋ ਹੋਆ ਨ ਹੋਗੁ॥
ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੇ ਰੋਗੁ॥

ਗੁਰਾਂ ਤੋਂ ਬਿਨਾਂ ਸੰਸਾਰ ਵਿਚ ਮੇਰਾ ਕੋਈ ਨਹੀਂ, ਮੈਂ ਕਿਸ ਨੂੰ ਫੜਨਾ ਕਰਾਂ, ਨਾ ਕੋਈ ਪਿੱਛੇ ਹੋਇਆ ਹੈ, ਨਾ ਕੋਈ ਅੱਗੇ ਹੋਣਾ ਹੈ। ਦੁਬਿਧਾ ਰੂਪੀ ਰੋਗ ਦੇ ਵਿਆਪਨ ਕਰਕੇ ਆਵਣਿ ਜਾਣਿ=ਜੰਮਨ ਮਰਨ ਵਿਚ ਵਿਗੁਚੀਐ=ਖਰਾਬ ਹੋਈਦਾ ਹੈ।

ਨਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ॥
ਵਿਣੁ ਨਾਵੈ ਕਿਉ ਛੁਟੀਐ ਜਾਇ ਰਸਾਤਲਿ ਅੰਤਿ॥

ਜੋ ਆਦਮੀ ਪਰਮੇਸ਼ਰ ਨਾਮ ਤੋਂ ਬਿਨਾਂ ਹਨ, ਉਹ ਐਸੇ ਡਿਗਦੇ ਜਾਂਦੇ ਹਨ, ਜਿਵੇਂ ਕੰਧ ਨੂੰ ਕੱਲਰ ਲੱਗ ਜਾਵੇ ਤੇ ਉਹ ਡਿੱਗ ਜਾਂਦੀ ਹੈ। ਫਿਰ ਪਰਲੋਕ ਵਿਚ ਜਾ ਕੇ ਨਾਮ ਤੋਂ ਬਿਨਾਂ ਕਿਵੇਂ ਛੁਟਕਾਰਾ ਹੋ ਸਕਦਾ ਹੈ, ਅੰਤ ਨੂੰ ਰਸਾਤਲਿ=ਨਰਕ ਵਿਚ ਜਾਂਦਾ ਹੈ।

ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ॥
ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ॥

ਇਹ ਜੀਵ ਅੱਖਰਾਂ ਦੀ ਗਿਣਤੀ ਨੂੰ ਗਣਾਉਂਦੇ ਹਨ ਕਿ ਮੈਂ ਇਤਨਾਂ ਪੜ੍ਹਿਆ ਹੋਇਆ ਹਾਂ, ਪਰੰਤੂ ਉਹ ਸੱਚਾ ਪਰਮੇਸ਼ਰ ਗਿਣਤੀ ਤੋਂ ਰਹਿਤ ਹੈ।

ਅਗਿਆਨੀ ਜੀਵ ਸ਼ੁਭ ਮਤੀ ਤੋਂ ਰਹਿਤ ਹੈ, ਕਿਉਂਕਿ ਉਹ ਨਹੀਂ ਸਮਝਦਾ ਕਿ ਗੁਰਾਂ ਤੋਂ ਬਿਨਾਂ ਸਰੂਪ ਗਿਆਨ ਪ੍ਰਾਪਤ ਨਹੀਂ ਹੋ ਸਕਦਾ।

ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥
ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ॥ ੩੨॥

ਪਹਿਲਾ ਅਰਥ:- ਜਦ ਰਬਾਰ ਦੀ ਤਾਰ ਟੁੱਟ ਜਾਵੇ, ਤਾਂ ਉਸ ਤਾਰ ਦੇ ਵਿਜੋਗ ਹੋ ਜਾਣ ਕਰਕੇ ਰਬਾਬ ਵੱਜਦਾ ਨਹੀਂ। ਪ੍ਰਭੂ ਜੋ ਰਬਾਬ ਦਾ ਮਾਲਕ ਹੈ ਓਹੀ ਸੰਜੋਗ ਕਰਕੇ ਵਿਛੁੜੀ ਹੋਈ ਤਾਰ ਨੂੰ ਮੇਲਦਾ ਹੈ।

ਦੂਜਾ ਅਰਥ:- ਏਸੇ ਤਰ੍ਹਾਂ ਸਰੀਰ ਰੂਪੀ ਰਬਾਬ ਦੀ ਜਦ ਪ੍ਰਾਣਾਂ ਰੂਪੀ ਤਾਰ ਟੁੱਟ ਜਾਵੇ, ਤਾਂ ਫਿਰ ਪ੍ਰਾਣਾਂ ਦੇ ਵਿਛੋੜੇ ਕਰਕੇ ਸਰੀਰ ਰੂਪੀ ਰਬਾਬ ਵੱਜਦਾ ਨਹੀਂ, ਅਰਥਾਤ ਕਾਰ ਵਿਹਾਰ ਨਹੀਂ ਕਰਦਾ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਇੱਕ ਪ੍ਰਭੂ ਪ੍ਰਮਾਤਮਾ ਹੀ ਸਮਰੱਥ ਹੈ ਜੋ ਸੰਜੋਗ ਕਰਕੇ ਵਿਛੁੜੇ ਹੋਇ ਪ੍ਰਾਨਾਂ ਨੂੰ ਮੇਲ ਦੇਵੇ।

ਤੀਜਾ ਅਰਥ:- ਅੰਤਹ ਕਰਨ ਰੂਪੀ ਰਬਾਬ ਦੀ ਬਿਰਤੀ ਰੂਪੀ ਤਾਰ ਟੁੱਟ ਜਾਵੇ, ਤਾਂ ਉਸ ਬਿਰਤੀ ਦੇ ਵਿਜੋਗ ਕਰਕੇ ਅੰਤਹ ਕਰਨ ਰੂਪੀ ਰਬਾਬ ਵੱਜਦਾ ਨਹੀਂ, ਭਾਵ ਨਾਮ ਨਹੀਂ ਉਚਾਰਦਾ, ਪ੍ਰਭੂ ਜੋ ਗੁਰੂ ਸਾਹਿਬ ਜੀ ਹਨ, ਇੱਕ ਓਹੀ ਸਮਰੱਥ ਹਨ ਜੋ ਕਰਮਾਂ ਦੇ ਸੰਜੋਗ ਕਰਕੇ ਵਿਛੁੜੀ ਹੋਈ ਬਿਰਤੀ ਨੂੰ ਮੇਲਦੇ ਹਨ, ਤਾਂ ਫਿਰ ਅੰਤਹ ਕਰਨ ਰੂਪੀ ਰਬਾਬ ਵੱਜਦਾ ਹੈ ਕਿ **ਅਹੰ ਬ੍ਰਹਮਸਮੀ ਕਰਤਬਾਭਾਵ॥ ੩੨॥**

ਪੰਡਿਤ ਨੇ ਬੇਨਤੀ ਕੀਤੀ-ਜੀਵ ਰੂਪ ਪੰਛੀ ਦੇ ਖੰਭ ਕੇਹੜੇ ਹਨ? ਅਤੇ ਕੇਹੜਾ ਜੀਵ ਰੂਪ ਪੰਛੀ ਜਮਾਂ ਦੀ ਫਾਹੀ ਤੋਂ ਬਚਦਾ ਹੈ ਤੇ ਕਿਸ ਨੂੰ ਜਮਾਂ ਦੀ ਫਾਹੀ ਪੈਂਦੀ ਹੈ? *ਉੱਤਰ:-*

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥

ਤਰਵਰਾਂ ਵਿਚੋਂ ਕਾਂਇਆ ਰੂਪੀ ਇੱਕ ਤਰਵਰਿ=ਬ੍ਰਿਛ ਹੈ, ਤੇ ਮਨ=ਜੀਵ ਰੂਪੀ ਪੰਛੀ ਹੈ, ਪ੍ਰਾਨ, ਅਪਾਨ ਸਮਾਨ, ਵਿਆਨ, ਉਦਾਨ ਇਹ ਪੰਜ ਪ੍ਰਾਨ ਉਸ ਪੰਛੀ ਦੇ ਖੰਭ ਹਨ। ਜੋ ਜੀਵ ਰੂਪ ਪੰਛੀ ਸੰਤਾਂ ਨਾਲ ਮਿਲ ਕੇ ਤਤੁ ਚੁਗਹਿ=ਸਿਧਾਂਤ ਰੂਪ ਚੋਗੇ ਨੂੰ ਚੁਗਦਾ ਹੈ, ਉਹ ਪਰਮੇਸ਼ਰ ਨਾਲ ਮਿਲ ਕੇ ਏਕਸੇ=ਇੱਕ ਰੂਪ ਹੋ ਜਾਂਦਾ ਹੈ, ਤਿਸ ਨੂੰ ਰੰਚਕ ਮਾਤ੍ਰ ਵੀ ਫਾਹੀ ਨਹੀਂ ਪੈਂਦੀ।

ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥

ਤੇ ਜੋ ਮਨਮੁਖ ਜੀਵ ਰੂਪ ਪੰਛੀ ਬੇ+ਗਲ=ਦ੍ਵੈਤ ਦੀਆਂ ਗੱਲਾਂ ਕਰਨ ਵਾਲਾ ਹੈ ਤੇ ਵਿਸ਼ਿਆਂ ਰੂਪੀ ਘਣੀ ਚੋਗ ਨੂੰ ਤਕੱਦਾ ਹੈ, ਉਹ ਬੇਗੁਲੇ=ਸ਼ੀਘ੍ਰ ਹੀ ਉੱਡ ਕੇ ਨਰਕਾਂ ਵਿਚ ਜਾਂਦਾ ਹੈ। ਜਦ ਪ੍ਰਾਣਾਂ ਰੂਪੀ ਖੰਭ ਟੁੱਟ ਗਏ ਤਾਂ ਜਮਾਂ ਦੀ ਫਾਹੀ ਪੈ ਗਈ, ਔਗੁਣ ਵਾਲਿਆਂ ਨੂੰ ਭੀੜਾ ਬਣ ਗਈ।

(ਦੂਜੇ ਅਰਥ ਵਿਚ ਸਰੀਰ ਬ੍ਰਿਛ ਉੱਪਰ ਦੋ ਪੰਛੀਆਂ ਦਾ ਨਿਵਾਸ ਦੱਸਦੇ ਹਨ, ਇੱਕ ਜੀਵ ਤੇ ਦੂਜਾ ਕੂਟਸੱਥ ਏਸੇ ਕਰਕੇ ਦੋ ਤਰਵਰ ਪਦ ਤੇ ਦੋ ਪੰਖ ਪਦ ਲਿਖੇ ਹਨ।)

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥

ਕਾਂਇਆ ਰੂਪੀ ਇੱਕ ਬ੍ਰਿਛ ਹੈ ਤੇ ਮਨ=ਜੀਵ ਰੂਪ ਪੰਛੀ ਹੈ, ਉਸੀ ਕਾਂਇਆਂ ਰੂਪੀ ਤਰੋਵਰ ਉੱਤੇ ਪੰਖੀ ਪੰਚ=ਸ੍ਰੇਸ਼ਟ ਪੰਛੀ ਕੂਟੱਸਥ ਹੈ।

ਤਤੁ=ਸੋ ਜੀਵ ਰੂਪੀ ਪੰਛੀ ਏਕ+ਸੇ=ਇੱਕ ਪਰਮੇਸ਼ਰ ਦੀ ਸਤਾ ਨਾਲ ਮਿਲ ਕੇ ਵਿਸ਼ਿਆਂ, ਵਾ:-ਪਦਾਰਥਾਂ ਰੂਪੀ ਚੋਗ ਨੂੰ ਚੁਗਦੇ ਹਨ, ਪਰੰਤੂ ਤਿਸ ਕੂਟੱਸਥ ਰੂਪ ਪੰਛੀ ਨੂੰ ਰੰਚਕ ਮਾਤ੍ਰ ਵੀ ਫਾਹੀ ਨਹੀਂ ਹੈ।

ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥

ਸੁਰਗ ਦੇ ਸੁਖ ਰੂਪੀ ਘਣੀ ਚੋਗ ਨੂੰ ਤੱਕ ਕੇ ਜੀਵਾਂ ਰੂਪੀ ਪੰਛੀ ਪੁੰਨ ਕਰਮਾਂ ਨੂੰ ਕਥਕੇ ਸ਼ੀਘ੍ਰ ਸੁਰਗ ਆਦਿਕਾਂ ਵਿਚ ਉੱਡਦੇ ਹਨ। ਜਦ ਪੁੰਨਾਂ ਰੂਪੀ ਖੰਭ ਟੁੱਟ ਗਏ, ਤਾਂ ਫਿਰ ਸੁਰਗ ਤੋਂ ਗਿਰਾਏਮਾਨ ਹੋਣੇ ਰੂਪੀ ਫਾਹੀ ਪੜ ਗਈ, ਔਗੁਣਾਂ ਕਰਕੇ ਬਹੁਤ ਭੀੜਾ ਆ ਕੇ ਬਣ ਗਈ।

www.sikhbookclub.com

ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ॥
ਆਪਿ ਛਡਾਏ ਛੂਟੀਐ ਵਡਾ ਆਪਿ ਧਣੀ॥

ਸੱਚ ਨਾਮ ਜਪੇ ਬਿਨਾਂ ਕਿਵੇਂ ਛੁਟ ਸਕੀਦਾ ਹੈ, ਕਰਮਾਂ ਦੀ ਮਣੀ=ਰਤੀ ਕਰਕੇ ਹਰੀ ਗੁਣ ਪ੍ਰਾਪਤ ਹੁੰਦੇ ਹਨ। ਉਹ ਪਰਮੇਸ਼ਰ ਆਪ ਵੱਡਾ ਧਣੀ=ਮਾਲਕ ਹੈ, ਜਦੀਂ ਉਹ ਆਪ ਛੁਡਾਏ ਤਾਂ ਛੁੱਟੀਦਾ ਹੈ।

ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ॥
ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥ ੩੩॥

ਗੁਰਾਂ ਦੀ ਮੇਹਰ ਨਾਲ ਛੁਟਕਾਰਾ ਹੁੰਦਾ ਹੈ, ਜਦ ਉਹ ਪਰਮੇਸ਼ਰ ਆਪ ਕਿਰਪਾ ਦ੍ਰਿਸ਼ਟੀ ਕਰੇ। ਸਭ ਵਡਿਆਈਆਂ ਉਸ ਦੇ ਅਪੁਣੇ ਹੱਥ ਵਿਚ ਹਨ, ਜਿਸ ਨੂੰ ਭਾਵੇ ਉਸ ਨੂੰ ਦੇਂਦਾ ਹੈ॥ ੩੩॥

ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ॥
ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ॥

ਇਹ ਅਗਿਆਨੀ ਜੀਵ ਪ੍ਰਲੋਕ ਦੇ ਦੁੱਖਾਂ ਨੂੰ ਸੁਣ ਕੇ ਥਰ-ਥਰ ਕੰਬਦਾ ਹੈ, ਅਤੇ ਸਰੂਪ ਥਾਂ ਤੋਂ ਬਿਨਾਂ ਹੋ ਰਿਹਾ ਹੈ। ਥਾਨਿ ਮਾਨਿ=ਥਾਂਉ ਵਾਲਾ ਇੱਕ ਸੱਚਾ ਪਰਮੇਸ਼ਰ ਹੈ, ਵਾ:- ਇੱਕ ਸੱਚੇ ਦਾ ਥਾਂ ਮਾਨਿ=ਮਨਨ ਕਰਨੇ ਯੋਗ ਹੈ, ਉਸ ਦੇ ਜਪਣ ਕਰਕੇ ਇਸ ਜੀਵ ਦਾ ਕੋਈ ਭੀ ਕਾਰਜ ਫੀਟੈ=ਵਿਗੜਦਾ ਨਹੀਂ।

ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ॥
ਸੁਰਿ ਨਰ ਨਾਥਹ ਨਾਥੁ ਤੂ ਨਿਧਾਰਾ ਆਧਾਰੁ॥

ਉਹ ਨਾਰਾਇਣੁ=ਪਰਮਾਤਮਾ ਇਸਥਿਤ ਹੈ, ਗੁਰੂ ਵੀ ਇਸਥਿਤ ਹੈ, ਇਨ੍ਹਾਂ ਦੇ ਵਿਚਾਰ ਕਰਨ ਵਾਲਾ ਵੀ ਇਸਥਿਤ ਰੂਪ ਹੈ।

ਯਥਾ:- ਭਗਤੀ ਭਗਤ ਭਗਵੰਤ ਗੁਰ ਚਤੁਰ ਨਾਮ ਬਪ ਏਕ॥
ਇਨ ਕੇ ਪਦ ਬੰਦਨ ਕੀਏ ਨਾਸਤ ਬਿਘਨ ਅਨੇਕ॥

ਅਥਵਾ:- ਥਿਰ ਰੂਪ ਜੋ ਗੁਰੂ ਹੈ, ਉਨ੍ਹਾਂ ਦੁਆਰੇ ਸੱਚੇ ਵਿਚਾਰ ਵਿਚ ਇਸਥਿਤ ਹੋਵੇ, ਤਾਂ ਨਰਾਇਣ ਵਿਚ ਇਸਥਿਤ ਹੁੰਦਾ ਹੈ। ਦੇਵਤਿਆਂ, ਮਨੁੱਖਾਂ ਤੇ ਨੌ ਨਾਥਾਂ ਦਾ ਤੂੰ ਸੁਆਮੀ ਹੈਂ ਅਤੇ ਨਿਆਸਰਿਆਂ ਦਾ ਤੂੰ ਆਸਰਾ ਰੂਪ ਹੈਂ।

ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ॥
ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ॥

ਸਾਰੇ ਥਾਵਾਂ 'ਤੇ ਥਨੰਤਰੀ=ਜੀਵਾਂ ਵਿਚ ਤੂੰਹੀ ਹੈਂ, ਤੂੰ ਦਾਤਾਰਾਂ ਦਾ ਭੀ ਦਾਤਾ ਹੈਂ। ਮੈਂ ਜਿੱਥੇ ਵੇਖਦਾ ਹਾਂ ਓਥੇ ਇੱਕ ਤੂੰਹੀ ਦਿੱਸ ਆਂਵਦਾ ਹੈਂ, ਤੇਰੇ ਪਾਰ ਉਰਵਾਰ ਦਾ ਅੰਤ ਨਹੀਂ ਔਂਦਾ।

ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ॥
ਅਣ ਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ॥ ੩੪॥

www.sikhbookclub.com

ਥਾਨਾਂ ਅੰਦਰ ਥਾਨਾਂ ਵਿਚ ਉਹ ਰਵ ਰਿਹਾ ਹੈ, ਗੁਰ ਸ਼ਬਦੀਆਂ ਨੇ ਇਸ ਗੱਲ ਨੂੰ ਵਿਚਾਰਿਆ ਹੈ। ਅਣ ਮੰਗਿਆ=ਬਿਨਾਂ ਮੰਗੇ ਤੋਂ ਦਾਨ ਦੇਂਦਾ ਹੈ।

ਵਾ:- ਜਿਨ੍ਹਾਂ ਨੂੰ ਦਾਨ ਦੇਂਦਾ ਹੈ, ਉਨ੍ਹਾਂ ਨੂੰ ਅਨ ਮੰਗ ਕਰ ਦੇਂਦਾ ਹੈ, ਵਾ:- ਅਨ ਮੰਗ ਜੋ ਮਹਾਤਮਾ ਹਨ ਉਨ੍ਹਾਂ ਨੂੰ ਭੀ ਦਾਨ ਦੇਂਦਾ ਹੈ ਵਾ:- ਜੋ ਦਾਨ ਮੰਗਿਆ ਹੋਇਆ ਕੋਈ ਨਾ ਦੇਵੇ, ਧਾਮ ਬਾਮ ਸਰੂਪ ਉਹ ਦਾਨ ਭੀ ਦੇਂਦਾ ਹੈ, ਵਾ:- ਦੁੱਖ ਨੂੰ ਕੋਈ ਨਹੀਂ ਮੰਗਦਾ ਉਸ ਦਾਨ ਨੂੰ ਭੀ ਦੇਂਦਾ ਹੈ ਅਤੇ ਸਭ ਤੋਂ ਵੱਡਾ ਹੈ, ਅਗਮ=ਪੈਂਡੇ ਤੋਂ ਰਹਿਤ ਹੈ, ਅਪਾਰੁ=ਬਿਅੰਤ ਗੁਣਾਂ ਵਾਲਾ ਹੈ॥ ੩੪॥

ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ॥
ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰਿ॥

ਹੇ ਦਿਆਲੂ! ਤੂੰ ਦਇਆ ਕਰਕੇ ਸਾਰਿਆਂ ਨੂੰ ਦਾਨ ਦੇਂਦਾ ਹੈਂ, ਕਰਿ=ਉਤਪਤੀ ਕਰਕੇ ਸਭ ਦੀ ਦੇਖਣਹਾਰੁ=ਪ੍ਰਤਿਪਾਲਾ ਕਰਨ ਵਾਲਾ ਹੈਂ। ਹੇ ਪ੍ਰਭੂ! ਜਿਨ੍ਹਾਂ ਉੱਤੇ ਦਇਆ ਕਰਦਾ ਹੈਂ ਉਨ੍ਹਾਂ ਨੂੰ ਅਪੁਣੇ ਨਾਲ ਮੇਲ ਲੈਂਦਾ ਹੈਂ, ਇੱਕ ਖਿਨ ਵਿਖੇ ਤੂੰ ਢਾਹੁੰਦਾ ਤੇ ਉਸਾਰਦਾ ਹੈਂ।

ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ॥
ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ॥ ੩੫॥

ਦਾਨਾ=ਦਾਨਾਇ ਤੂੰਹੀ ਹੈਂ, ਬੀਨਾ=ਦ੍ਰਿਸ਼ਟਾ ਵੀ ਤੂੰਹੀ ਹੈਂ, ਦਾਤਿਆਂ ਵਿੱਚੋਂ ਸਿਰਿ ਦਾਨੁ=ਸ਼ਰੋਮਣੀ ਦਾਤਾ ਭੀ ਤੂੰਹੀ ਹੈ। ਦਰਿਦ੍ਰੀਆਂ ਦੇ ਦਰਿਦ੍ ਭੰਨਣੇ ਵਾਲਾ ਹੈਂ, ਦੁਖੀਆਂ ਦੇ ਦੁੱਖ ਦਲਨੇ ਵਾਲਾ ਹੈਂ, ਗੁਰਾਂ ਦੁਆਰੇ ਤੇਰੇ ਗਿਆਨ ਧਿਆਨ ਦੀ ਪ੍ਰਾਪਤੀ ਹੁੰਦੀ ਹੈ॥ ੩੫॥

ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ॥
ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ॥

ਜਿਸ ਗਵਾਰ ਦਾ ਚਿੱਤ ਧਨ ਵਿਚ ਲੱਗ ਰਿਹਾ ਹੈ, ਉਸ ਦੇ ਪਾਸੋਂ ਜਿਸ ਵੇਲੇ ਧਨ ਚਲਿਆ ਜਾਂਦਾ ਹੈ ਤਾਂ ਬੈਠ ਕੇ ਝੁਰਦਾ ਹੈ, ਜੋ ਸੱਚਾ ਧਨ ਇਸਥਿਤ ਹੈ, ਉਸ ਨਾਮ ਵਾ, ਸਾਰੇ ਧਨ ਨੂੰ ਕਿਸੀ ਵਿਰਲੇ ਨੇ ਸੰਚਿਆ=ਇਕੱਤ੍ਰ ਕੀਤਾ ਹੈ, ਨਿਰਮਲ ਨਾਮ ਵਿਚ ਪਿਆਰ ਧਾਰ ਕੇ।

ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ॥
ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ॥

ਹੇ ਭਾਈ ! ਜੇ ਤੂੰ ਇੱਕ ਪਰਮੇਸੁਰ ਦੇ ਰੰਗ ਵਿਚ ਰਚ ਜਾਵੇਂ, ਤਾਂ ਝੂਠਾ ਧਨ ਜੇ ਤੇਰੇ ਪਾਸੋਂ ਜਾਂਦਾ ਹੈ ਤਾਂ ਤੂੰ ਜਾਣ ਦੇ। ਧਨ ਕੀ ਚੀਜ ਹੈ ! ਜੇਕਰ ਮਨ ਦੇਣਾ ਪਵੇ ਤਾਂ ਮਨ ਨੂੰ ਭੀ ਦੇਣਾ ਕਰ ਅਤੇ ਸਿਰ ਨੂੰ ਵੀ ਸੌਂਪ ਦੇਣਾ ਕਰ, ਭੀ ਕਰਤੇ ਕੀ ਟੇਕ=ਫਿਰ ਟੇਕ ਓਸੇ ਵਾਹਿਗੁਰੂ ਦੀ ਰੱਖਣਾ ਕਰ।

ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ॥
ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ॥

ਜਿਸ ਵੇਲੇ ਮਨ ਵਿਚ ਗੁਰ ਸ਼ਬਦ ਦਾ ਆਨੰਦ ਪ੍ਰਾਪਤ ਹੋਇਆ, ਤਾਂ ਸਭ ਧੰਧੇ ਰਹਿ ਗਏ, ਜਿਨ੍ਹਾਂ ਵਿਚ

www.sikhbookclub.com

ਮਨ ਦੌੜਦਾ ਫਿਰਦਾ ਸੀ।

ਅਥਵਾ:- ਝੂਠੇ ਧਨ ਵਾਸਤੇ ਜੋ ਧੰਧਿਆਂ ਵਿਚ ਧਾਵਤ=ਦੌੜਨਾ ਪੈਂਦਾ ਸੀ, ਉਹ ਸਭ ਰਹਿ ਗਿਆ ਹੈ, ਜੰਦੋਂ ਕਿ ਮਨ ਵਿਚ ਗੁਰ ਉਪਦੇਸ਼ ਦਾ ਅਨੰਦ ਪ੍ਰਾਪਤ ਹੋਇਆ। ਪ੍ਰਤੱਖ ਦੁਰਜਨ=ਖੋਟਿਆਂ ਪੁਰਸ਼ਾਂ ਤੋਂ ਸਾਜਨ ਖਰੇ ਪੁਰਸ਼ ਹੋ ਗਏ, *ਵਾ:-* ਦੁਰਜਨ=ਕਾਮ ਆਦਿਕਾਂ ਤੋਂ ਸੱਜਣ ਸ਼ੁਭ ਗੁਣ ਪ੍ਰਾਪਤ ਹੋਇ, ਜਦੋਂ ਕਿ ਗੋਵਿੰਦ ਰੂਪ ਗੁਰੂ ਸਾਹਿਬ ਜੀ ਮਿਲੇ, *ਵਾ:-* ਗੁਰਾਂ ਦੁਆਰੇ ਗੋਵਿੰਦ=ਪਰਮਾਤਮਾ ਮਿਲਿਆ।

ਬਨੁ ਬਨੁ ਫਿਰਤੀ ਢੂੰਢਤੀ ਬਸਤੁ ਰਹੀ ਘਰਿ ਬਾਰਿ॥
ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ॥ ੩੬॥

ਅਪੁਣੇ ਆਪ ! ਬਨ ਬਨ ਵਿਚ, ਵਾ ਭੇਖ ਬਣਾ ਬਣਾ ਕੇ, ਵਾ ਤੀਰਥ ਤੀਰਥ ਉੱਪਰ ਢੂੰਡਦੀ ਫਿਰਦੀ ਰਹੀ, ਪਰ ਆਤਮ ਵਸਤ ਨਾ ਲੱਭੀ, ਕਿਉਂਕਿ ਆਤਮ ਵਸਤੂ ਤਾਂ ਹਿਰਦੇ ਘਰ ਵਿਚ ਹੀ ਰਹੀ ਤੇ ਮੈਂ ਬਾਹਰ ਮੁਖੀ ਹੋ ਕੇ ਫਿਰਦੀ ਰਹੀ। *ਵਾ, ਬਾਰਿ=ਜਲ ਆਦਿਕਾਂ ਵਿਚ ਸ਼ਨਾਨ ਕਰਦੀ ਰਹੀ ਵਾ, ਇੰਦ੍ਰੀਆਂ ਪ੍ਰਾਇਣ ਹੋਈ ਰਹੀ। ਜਿਸ ਵੇਲੇ ਸਤਿਗੁਰਾਂ ਦੀ ਪ੍ਰਾਪਤੀ ਹੋਈ ਤਾਂ ਉਨ੍ਹਾਂ ਦੀ ਮੇਲੀ ਹੋਈ ਪਰਮਾਤਮਾ ਨਾਲ ਮਿਲ ਰਹੀ ਜਨਮ ਮਰਨ ਦੇ ਦੁੱਖ ਨੂੰ ਨਿਵਿਰਤ ਕਰ ਦਿੱਤਾ। *ਅਥਵਾ:-* ਉਹ ਵਸਤੂ ਸਤਿਗੁਰਾਂ ਨੇ ਘਰ ਵਿੱਚੋਂ ਹੀ ਮੇਲ ਦਿੱਤੀ ਹੈ, ਹੁਣ ਮੈਂ ਉਸ ਨਾਲ ਮਿਲ ਰਹੀ ਹਾਂ ਤੇ ਜਨਮ ਮਰਣ ਦਾ ਦੁੱਖ ਨਿਵਿਰਤ ਕਰ ਲਿਆ ਹੈ॥ ੩੬॥

ਨਾਨਾ ਕਰਤ ਨ ਛੁਟੀਐ ਵਿਣੁ ਗੁਣ ਜਮ ਪੁਰਿ ਜਾਹਿ॥

ਨਾਮ ਤੋਂ ਬਿਨਾਂ ਹੋਰ ਨਾਨਾ ਪ੍ਰਕਾਰ ਦੇ ਕਰਮ ਕਰਨ ਨਾਲ, *ਵਾ:-* ਨਾ ਮਾਰੋ, ਨਾ ਮਾਰੋ, ਇਸ ਤਰ੍ਹਾਂ ਪੁਕਾਰ ਕਰਨ ਨਾਲ, *ਅਥਵਾ:-* ਨਾਨਾ, ਦਾਦਾ ਕਰਨੇ ਸੇ ਛੁਟਕਾਰਾ ਨਹੀਂ ਹੁੰਦਾ , ਸ਼ੁਭ ਗੁਣਾਂ ਤੋਂ ਬਿਨਾਂ ਜਮ ਪੁਰੀ ਵਿਚ ਜਾਂਦਾ ਹੈ।

[ਪੰਨਾ ੯੩੫]

ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ॥
ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ॥

**ਜਿਵੇਂ ਇੱਕ ਔਰਤ ਸੂਈ ਧਾਗਾ ਲੈ ਕੇ ਵੇਹੜੇ ਵਿਚ ਬੈਠੀ ਕਸੀਦੇ ਨੂੰ ਕੱਢ ਰਹੀ ਹੈ। ਕੱਢਦਿਆਂ ੨ ਸੰਧਿਆ ਹੋ ਗਈ, ਉੱਠਣ ਲਗਿਆਂ ਸੂਈ ਹੱਥੋਂ ਜਾ ਪਈ ਕੁਝ ਪਤਾ ਨਾ ਲੱਗਾ ਬੜਾ ਲੱਭਿਆ ਪਰ ਨਾ ਲੱਭੀ। ਇਤਨੇ ਨੂੰ ਬਾਹਰ ਬਜ਼ਾਰ ਵਿਚ ਸੜਕ ਉੱਪਰ ਲਾਈਟਾਂ ਜਗ ਪਈਆਂ ਤੇ ਦਿਲ ਵਿਚ ਸੋਚਦੀ ਹੈ। ਸਿਆਣੇ ਆਖਦੇ ਹਨ ਕਿ ਚਾਣਣੇ ਚੀਜ਼ ਛੇਤੀ ਲੱਭ ਪੈਂਦੀ ਹੈ, ਇਹ ਸੋਚ ਕੇ ਬਾਹਰ ਸੜਕ ਉੱਪਰ ਲਾਈਟ ਦੇ ਚਾਨਣੇ ਸੂਈ ਲੱਭਣ ਲੱਗ ਪਈ। ਇਤਨੇ ਨੂੰ ਇਕ ਪੜੋਸੀ ਆਦਮੀ ਓਥੋਂ ਦੀ ਆ ਲੰਘਿਆ ਉਸ ਨੇ ਪੁੱਛਿਆ ਭੈਣੇ! ਕੀ ਲੱਭਦੀ ਪਈ ਹੈਂ? ਉਸ ਆਖਿਆ ਸੂਈ ਗੁਆਚੀ ਹੈ, ਉਹ ਵੀ ਨਾਲ ਹੋ ਕੇ ਲੱਭਣ ਲਗ ਪਿਆ ਜਦ ਕਿਤਨਾ ਸਮਾਂ ਲੱਭਦਿਆਂ ਬੀਤ ਗਿਆ ਸੂਈ ਨਾ ਲੱਭੀ । ਤਾਂ ਉਸ ਨੇ ਪੁਛਿਆ ਭੈਣੇ ਡਿਗੀ ਕਿੱਥੇ ਹੈ? ਉਸ ਨੇ ਕਿਹਾ, ਅੰਦਰ ਵੇਹੜੇ ਵਿਚ। ਆਦਮੀ ਨੇ ਕਿਹਾ, ਜੇ ਵੇਹੜੇ ਵਿਚ ਡਿਗੀ ਹੈ ਤਾਂ ਬਾਹਰ ਕਿਉਂ ਲੱਭਦੀ ਹੈਂ ਅੰਦਰ ਹੀ ਲੱਭ? ਉਸ ਨੇ ਦੀਪਕ ਜਗਾ ਕੇ ਅੰਦਰੋਂ ਸੂਈ ਲੱਭ ਦਿੱਤੀ। ਇਹ ਦ੍ਰਿਸ਼ਟਾਂਤ ਹੈ-ਇਸੀ ਪ੍ਰਕਾਰ ਆਤਮ ਵਸਤੂ ਹੈ ਅੰਤਹ ਕਰਨ ਰੂਪੀ ਵੇਹੜੇ ਅੰਦਰ ਤੇ ਇਹ ਬਾਹਰ ਬਨਾਂ ਵਿਚ ਢੂੰਡਦੀ ਫਿਰਦੀ ਹੈ, ਭਲਾ ਬਾਹਰੋਂ ਕਿਵੇਂ ਪ੍ਰਾਪਤ ਹੋ ਸਕਦੀ ਹੈ?*

ਯਥਾ:-ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥
(ਧਨਾਸਰੀ ਮ: ੯ ਪੰਨਾ ੬੮੪)

www.sikhbookclub.com

ਨਾ ਤਿਸ ਨੂੰ ਇਸ ਲੋਕ ਦਾ ਸੁਖ ਨਾ ਹੀ ਓਹੁ=ਪ੍ਰਲੋਕ ਦਾ ਸੁਖ ਹੁੰਦਾ ਹੈ, ਵਾ:- ਨਾ ਤਿਸ ਨੂੰ ਏਹੁ=ਆਤਮਕ ਆਨੰਦ ਤੇ ਨਾ ਓਹੁ=ਬ੍ਰਹਮਾਨੰਦ ਪ੍ਰਾਪਤ ਹੁੰਦਾ ਹੈ ਅਵਗੁਣਾਂ ਕਰਕੇ।

ਫੇਰ ਪ੍ਰਲੋਕ ਵਿਚ ਪਛੁਤਾਪ ਕਰਦਾ ਹੈ, ਨਾ ਤਿਸ ਨੂੰ ਗਿਆਨ ਦੀ ਪ੍ਰਾਪਤੀ, ਨਾ ਹੀ ਧਿਆਨ ਦੀ ਪ੍ਰਾਪਤੀ ਹੁੰਦੀ ਹੈ, ਨਾ ਹੀ ਤਿਸ ਨੂੰ ਧਰਮ ਦੀ ਪ੍ਰਾਪਤੀ ਹੋਈ, ਧਿਆਨ=ਦੇਖਣ ਵਿਚ ਆਉਂਦੀ ਹੈ। *ਅਥਵਾ:-* ਨਾ ਹੀ ਤਿਸ ਦਾ ਧਰਮ ਦੀ ਤਰਫ ਧਿਆਨੁ=ਖਿਆਲ ਹੁੰਦਾ ਹੈ।

ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ॥
ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ॥

ਹਰੀ ਨਾਮ ਤੋਂ ਬਿਨਾਂ ਨਿਰਭੈ ਕਿਵੇਂ ਹੋ ਸਕਦਾ ਹੈ, ਕੀਹ ਜਾਣੀਏ ਜੋ ਅਭਿਮਾਨ ਦੇ ਕਰਨੇ ਸੇ ਕੀ ਹਾਲ ਹੋਵੇਗਾ, ਵਾ:- ਇਹ ਅਭਮਾਨੀ ਹੰਕਾਰੀ ਜੀਵ ਕੀਹ ਜਾਣ ਸਕਦਾ ਹੈ। ਕਰਮਾਂ ਨੂੰ ਕਰਦੀ ਹੋਈ ਮੈਂ ਥੱਕ ਰਹੀ ਹਾਂ, ਪਾਰਬ੍ਰਹਮ ਦੇ ਪਾਸ ਮੈਂ ਕਿਵੇਂ ਅਪੜਾ=ਪਹੁੰਚਾਂ। ਨਾ ਉਰਵਾਰਲੇ ਕਿਨਾਰੇ ਦਾ ਅੰਤ, ਨਾ ਹੀ ਪਾਰਲੇ ਕਿਨਾਰੇ ਦਾ ਅੰਤ ਆਉਂਦਾ ਹੈ, ਵਾ:- ਨਾ ਹਾਥ=ਵੈਰਾਗ, ਨਾ ਪਾਰੁ=ਪਾਰਲਾ ਕਿਨਾਰਾ ਗਿਆਨ, ਵਾ:- ਨਾ ਹਾਥ=ਨਿਸ਼ਕਾਮ ਕਰਮ, ਨਾ ਪਾਰ=ਮੁਕਤੀ ਦੀ ਪ੍ਰਾਪਤੀ।

ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ॥
ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ॥
ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ॥ ੩੭॥

ਰੰਗੁਲੇ=ਆਨੰਦ ਵਾਲੇ (ਪਿਆਰ ਵਾਲੇ) ਜੋ ਸਾਜਨ=ਮਹਾਤਮਾਂ ਰੂਪ ਮਲਾਹ ਹਨ, ਓਹ ਮੈਨੂੰ ਨਹੀਂ ਮਿਲੇ, ਜੋ ਪਾਰ ਕਰਨ ਦੀ ਜੁਗਤੀ ਦੱਸ ਦੇਣ, ਹੁਣ ਮੈਂ ਕਿਸ ਦੇ ਪਾਸ ਪੁਕਾਰ ਕਰਾਂ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਜੇ ਸ਼ਰਧਾ ਭਾਵ ਨਾਲ ਪਿਰੀ ਪਿਰੀ ਉਚਾਰਨਾਂ ਕਰੇ, ਤਾਂ ਮੇਲਣਹਾਰ ਵਾਹਿਗੁਰੂ ਆਪ ਹੀ ਮੇਲ ਲੈਂਦਾ ਹੈ। ਜਿਸ ਪਰਮੇਸੁਰ ਨੇ ਵਿਛੋੜਿਆ ਹੈ, ਓਹੀ ਅਪਣੇ ਨਾਲ ਮੇਲਦਾ ਹੈ, ਗੁਰਾਂ ਦੇ ਵਿਚ ਅਪਾਰ ਪ੍ਰੇਮ ਦੁਆਰਾ॥ ੩੭॥

ਪਾਪੁ ਬੁਰਾ ਪਾਪੀ ਕਉ ਪਿਆਰਾ॥ ਪਾਪਿ ਲਦੇ ਪਾਪੇ ਪਾਸਾਰਾ॥

ਪਾਪ ਕਰਮ ਹੈ ਤਾਂ ਬੁਰਾ, ਪ੍ਰੰਤੂ ਪਾਪੀ ਪੁਰਸ਼ ਨੂੰ ਪ੍ਰੇਮ ਲੱਗ ਰਿਹਾ ਹੈ, ਪਾਪੀ ਪੁਰਸ਼ ਪਾਪਾਂ ਨੂੰ ਲੱਦ ਰਿਹਾ ਹੈ ਤੇ ਪਾਪਾਂ ਦਾ ਹੀ ਸ਼ਾਰਾ ਪਸਾਰਾ ਖਿਲਾਰਦਾ ਹੈ।

ਪਰਹਰਿ ਪਾਪੁ ਪਛਾਣੈ ਆਪੁ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ॥

ਜਦੀ ਪਾਪ ਕਰਮ ਨੂੰ ਤਿਆਗ ਕੇ, ਅਪਣੇ ਸਰੂਪ ਨੂੰ ਪਛਾਣ ਲੇਵੇ, ਤਦ ਤਿਸ ਨੂੰ ਪਦਾਰਥਾਂ ਦਾ ਵਿਜੋਗ ਜਨ ਸੋਗ ਅਤੇ ਕੋਈ ਭੀ ਸੰਤਾਪੁ=ਦੁੱਖ ਨਹੀਂ ਹੁੰਦਾ। *ਪ੍ਰਸ਼ਨ-*

ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ॥
ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ॥

ਨਰਕਾਂ ਵਿਚ ਪੈਣ ਤੋਂ ਕਿਵੇਂ ਰਵ੍ਹੇ? ਅਤੇ ਜਮਕਾਲ ਨੂੰ ਕੈਸੇ ਬੰਚੈ=ਠੱਗਣਾ ਕਰੇ? ਵਾ:- ਜਮਕਾਲ

www.sikhbookclub.com

ਤੋਂ ਕਿਵੇਂ ਬੰਚੇ=ਬਚੇ? *ਅਥਵਾ:-* ਜਮ+ਕਾਲੁ=ਜਨਮ ਮਰਨ ਤੋਂ ਕਿਵੇਂ ਬਚੇ? ਤੇ ਆਵਾ ਗਵਣ ਦਾ ਸੰਸਕਾਰ ਕਿਸ ਤਰ੍ਹਾਂ ਭੁੱਲੇ? ਉੱਤਰ:- ਝੂਠ ਨੂੰ ਤਿਆਗੇ, ਕਿਉਂਕਿ ਝੂਠ ਬੁਰਾ ਹੈ, ਜੋ ਖੈ+ਕਾਲੁ=ਨਾਸ ਦੇ ਕਰਨ ਵਾਲਾ ਹੈ। *ਅਥਵਾ:-* ਝੂਠ ਕਰਕੇ ਹੀ ਇਹ ਜੀਵ ਬੁਰਾ ਹੋ ਰਿਹਾ ਹੈ, ਇਸੀ ਤੇ ਕਾਲ ਇਸ ਨੂੰ ਖੈ=ਨਾਸ ਕਰਦਾ ਹੈ।

ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ॥
ਵਿਣੁ ਨਾਵੈ ਕਿਉ ਛੁਟੀਐ ਪਾਪੇ ਪਚਹਿ ਪਚਾਹਿ॥ ੩੮॥

ਮਨ ਜੰਜਾਲਾਂ ਨਾਲ ਵੇਸਟਤ ਹੈ, ਭੀ=ਪੁਨਾ ਜੰਜਾਲਾਂ ਦੇ ਵਿਚ ਪੈਂਦਾ ਹੈ। ਨਾਮ ਤੋਂ ਬਿਨਾਂ ਕਿਵੇਂ ਛੁਟਕਾਰਾ ਹੋਵੇ, ਪਾਪਾਂ ਵਿਚ ਆਪ ਖਰਾਬ ਹੁੰਦਾ ਹੈ ਤੇ ਮਗਰ ਲਗਣ ਵਾਲਿਆਂ ਨੂੰ ਪਚਾਹਿ=ਖਰਾਬ ਕਰਦਾ ਹੈ॥ ੩੮॥

ਫਿਰਿ ਫਿਰਿ ਫਾਹੀ ਫਾਸੈ ਕਉਆ॥ ਫਿਰਿ ਪਛੁਤਾਨਾ ਅਬ ਕਿਆ ਹੂਆ॥

ਜੀਵ ਰੂਪੀ ਕਾਂ ਮੁੜ ਮੁੜ ਕੇ ਮੋਹ ਵਾ, ਜਮਾਂ ਦੀ ਫਾਹੀ ਵਿਚ ਫਸਦਾ ਹੈ। ਜਦ ਜਮਾਂ ਵੱਲੋਂ ਸਜ਼ਾ ਮਿਲਦੀ ਹੈ ਤਾਂ ਮੁੜ ਪਛੁਤਾਪ ਕਰਦਾ ਹੈ, ਪ੍ਰੰਤੂ ਹੁਣ ਕੀ ਹੋ ਸਕਦਾ ਹੈ।

ਫਾਥਾ ਚੋਗ ਚੁਗੈ ਨਹੀ ਬੂਝੈ॥ ਸਤਿਗੁਰੁ ਮਿਲੈ ਤ ਆਖੀ ਸੂਝੈ॥

ਮੋਹ ਵਿਚ ਫਸਿਆ ਹੋਇਆ ਵਿਸ਼ਿਆਂ ਰੂਪ ਚੋਗ ਨੂੰ ਚੁਗਦਾ ਹੈ ਤੇ ਪਰਮੇਸ਼ੁਰ ਨੂੰ ਨਹੀਂ ਬੁੱਝਦਾ। ਸਤਿਗੁਰ ਦੇਵ ਜੀ ਮਿਲਣ ਤਾਂ ਉਨ੍ਹਾਂ ਦੀ ਆਖੀ ਹੋਈ ਸਿੱਖਿਆ ਦੁਆਰੇ ਭਲਾ ਬੁਰਾ ਸੁੱਝ ਆਉਂਦਾ ਹੈ।

ਅਥਵਾ:- ਗਿਆਨ ਵੈਰਾਗ ਰੂਪੀ ਆਖੀ=ਅੱਖਾਂ ਸੁੱਝ ਆਉਂਦੀਆਂ ਹਨ।

ਜਿਉ ਮਛੁਲੀ ਫਾਥੀ ਜਮ ਜਾਲਿ॥ ਵਿਣੁ ਗੁਰ ਦਾਤੇ ਮੁਕਤਿ ਨ ਭਾਲਿ॥

ਜਿਵੇਂ ਮੱਛੀ ਜਾਲ ਵਿਚ ਫਸ ਜਾਂਦੀ ਹੈ, ਤਿਵੇਂ ਜੀਵ ਰੂਪ ਇਸਤ੍ਰੀ ਜਮਾਂ ਦੇ ਜਾਲ ਵਿਚ ਫ਼ਸੀ ਹੋਈ ਹੈ। ਨਾਮ ਉਪਦੇਸ਼ ਦੇ ਦਾਤੇ ਜੋ ਗੁਰੂ ਹਨ ਉਨ੍ਹਾਂ ਤੋਂ ਬਿਨਾਂ ਹੋਰ ਪਾਸ ਮੁਕਤੀ ਨਾ ਲੱਭ, ਜੇ ਹੋਰ ਪਾਸ ਮੁਕਤੀ ਲੱਭੇਗਾ ਤਾਂ।

ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ॥
ਇਕ ਰੰਗਿ ਰਚੈ ਰਹੈ ਲਿਵ ਲਾਇ॥

ਵਾਰੰਵਾਰ ਆਵੇਂਗਾ ਤੇ ਵਾਰੰਗਾਰ ਜਾਵੇਂਗਾ। ਜੇ ਲਿਵ ਲਗਾ ਕੇ ਇੱਕ ਪ੍ਰਮੇਸ਼ੁਰ ਦੇ ਰੰਗ ਵਿਚ ਰਚ ਰਹਿਣਾ ਕਰੇਂ।

ਇਵ ਛੁਟੈ ਫਿਰਿ ਫਾਸ ਨ ਪਾਇ॥ ੩੯॥

ਤਾਂ ਇਸ ਪ੍ਰਕਾਰ ਛੁਟਣੇ ਕਰਕੇ ਫਿਰ ਜਮਾਂ ਦੀ ਫਾਹੀ ਨੂੰ ਨਹੀਂ ਪਾਵੇਂਗਾ॥ ੩੯॥

ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥
ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ॥

ਜਿਸ ਵੇਲੇ ਪਦਾਰਥ ਜਾਣ ਲਗਦੇ ਹਨ, ਤਿਸ ਵੇਲੇ ਬੁੱਧੀ ਐਸੇ ਕਰਿ ਰਹੀ=ਕਰ ਰਹਿੰਦੀ ਹੈ- ਕਿ ਹੇ ਵੀਰੋ, ਹੇ ਵੀਰੋ ! ਤੁਸੀਂ ਮੇਰੇ ਪਾਸ ਹੀ ਠਹਿਰੋ, ਪਰ ਤਿਸ ਵੇਲੇ ਬੀਰ=ਪਦਾਰਥ ਵੈਰੀ ਹੋ ਜਾਂਦੇ ਹਨ, ਕੋਈ ਗੱਲ ਨਹੀਂ ਸੁਣਦੇ। ਬੀਰ=ਪਦਾਰਥ ਅਪਣੇ ਘਰ ਭਾਵ ਪੁੰਨੀ ਪੁਰਸ਼ਾਂ ਦੇ ਘਰ ਵਿਚ ਚਲੇ ਜਾਂਦੇ ਹਨ ਤੇ ਬਹਿਣ=ਭੈਣ

(ਬੁੱਧੀ) ਪਦਾਰਥਾਂ ਦੇ ਬਿਰਹਿ=ਵਿਛੋੜੇ ਕਰਕੇ ਸੜ ਜਾਂਦੀ ਹੈ।

ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ॥

ਬਾਬੁਲ=ਅਗਿਆਨ ਵਾ ਪਰਮੇਸੁਰ ਤਿਸ ਦਾ ਘਰ ਸੰਸਾਰ, ਉਸ ਵਿਚ ਜੋ ਜੀਵ ਰੂਪੀ ਬੇਟੜੀ=ਇਸਤ੍ਰੀ ਹੈ, ਉਸ ਜੀਵ ਰੂਪੀ ਬਾਲੀ=ਇਸਤ੍ਰੀ ਦਾ ਬਾਲੈ=ਸਾੜੰਨ ਵਾਲੇ ਪਦਾਰਥਾਂ ਵਿਚ ਨੇਹਿ=ਪ੍ਰੇਮ ਲੱਗ ਰਿਹਾ ਹੈ। ਹੈ ਕਾਮਣੀ ! ਜੇਕਰ ਤੂੰ ਪਰਮੇਸੁਰ ਰੂਪ ਵਰੁ=ਪਤੀ ਨੂੰ ਲੋੜਹਿ=ਚਾਹੁੰਦੀ ਹੈਂ, ਤਾਂ ਤੂੰ ਤੇਹਿ=ਤਿੰਨਾਂ ਸਤਿਗੁਰਾਂ ਨੂੰ ਸੇਵਣਾ ਕਰ ਜੋ ਬ੍ਰਹਮਨੇਸ਼ਟੀ ਬ੍ਰਹਮ ਸ੍ਰੋਤ੍ਰੀ ਹੈਂ, ਵਾ:- ਤੇਹਿ=ਹਿਤ ਕਰਕੇ ਸਤਿਗੁਰਾਂ ਨੂੰ ਸੇਵਣਾ ਕਰ।

ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ॥
ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥

ਕੋਈ ਵਿਰਲਾ ਹੀ ਗਿਆਨੀ ਅਸਲੀਅਤ ਨੂੰ ਬੁੱਝਦਾ ਹੈ ਕਿਉਂਕਿ ਧਾਰਨਾ ਵਾਲੇ ਥੋੜੇ ਹੁੰਦੇ ਹਨ, ਸੱਚੇ ਸਤਿਗੁਰਾਂ ਨੂੰ ਮਿਲ ਕੇ ਕੋਈ ਵਿਰਲਾ ਹੀ ਗਿਆਨੀ ਅਸਲੀਅਤਾਂ ਨੂੰ ਬੁੱਝਦਾ ਹੈ, ਕਿਉਂਕਿ ਧਾਰਨਾ ਵਾਲੇ ਥੋੜੇ ਹੁੰਦੇ ਹਨ, ਸਾਰੀਆਂ ਵਡਿਆਈਆਂ ਠਾਕੁਰ ਪਰਮੇਸੁਰ ਦੇ ਹੱਥ ਹੈਨ, ਜਿਸ ਨੂੰ ਚਾਹੁੰਦਾ ਹੈ ਉਸ ਨੂੰ ਦੇਂਦਾ ਹੈ।

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜਿ ਘਰਿ ਵਾਸਾ ਹੋਇ॥ ੪੦॥

ਗੁਰ ਉਪਦੇਸ਼ ਰੂਪ ਬਾਣੀ ਨੂੰ, ਵਾ ਇਸ ਦੱਖਣੀ ਓਅੰਕਾਰ ਬਾਣੀ ਨੂੰ ਕੋਈ ਵਿਰਲਾ ਹੀ ਵਿਚਾਰੇਗਾ, ਜੇਹੜਾ ਕੋਈ ਗੁਰਮੁਖ ਹੋਇਆ ਹੋਵੇਗਾ। ਇਹ ਦੱਖਣੀ ਓਅੰਕਾਰ ਬਾਣੀ ਮਹਾ ਪੁਰਖ ਕੀ=ਪਰਮ ਪੁਰਖ ਪਰਮਾਤਮਾ ਦੀ ਹੈ।

ਅਥਵਾ:- ਮਹਾ ਪੁਰਖ=ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਹੈ, ਇਸ ਬਾਣੀ ਕਰਕੇ ਹੀ ਸਰੂਪ ਰੂਪੀ ਨਿਜ ਘਰ ਵਿਖੇ ਵਾਸਾ ਹੋਵੇਗਾ॥ ੪੦॥

ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ॥

ਉਹ ਵੇਪ੍ਰਵਾਹ ਐਸਾ ਸਮੱਰਥ ਹੈ ਪਿੱਛੇ ਵੀ ਭੰਨਦਾ ਘੜਦਾ ਸੀ, ਹੁਣ ਵੀ ਭੰਨਦਾ ਘੜਦਾ ਹੈ, ਅੱਗੇ ਵੀ ਭੰਨਦਾ ਘੜੇਗਾ, ਢੱਠਿਆਂ ਨੂੰ ਉਸਰਦਾ ਹੈ, ਉਸਰਿਆਂ ਨੂੰ ਢਾਹੁੰਦਾ ਹੈ, ਵਾ:- ਢਾਹੁੰਨੇ ਉਸਰਨੇ ਵਾਲਾ ਜੋ ਪਰਮੇਸੁਰ ਹੈ, ਉਹ ਤਿੰਨਾਂ ਕਾਲਾਂ ਵਿਚ ਭੰਨਦਾ ਘੜਦਾ, ਭੰਨਦਾ ਘੜਦਾ ਹੈ, ਕਿਉਂਕਿ ਢਾਹੁੰਨੇ ਉਸਾਰੁਨੇ ਦੀ ਖੇਏ ਜੋ ਪੈ ਰਹੀ ਹੈ।

ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ॥

ਭਰੇ ਹੋਇ ਸ੍ਰੋਵਰਾਂ ਨੂੰ ਸੁਕਾਉਂਦਾ ਹੈ ਤੇ ਸੁੱਕਿਆਂ ਹੋਇਆਂ ਨੂੰ ਭੀ=ਪੁਨਾ ਭਰ ਕੇ ਪੁਸ਼ਟੀ (ਲਬਾਲਬ) ਕਰ ਦੇਂਦਾ ਹੈ, ਉਹ ਵੇ ਪ੍ਰਵਾਹ ਪਰਮੇਸੁਰ ਐਸਾ ਸਮਰੱਥ ਹੈ।

ਅਥਵਾ:- ਉਸ ਵੇ ਪ੍ਰਵਾਹ ਪ੍ਰਮਾਤਮਾ ਦੇ ਸੰਤ ਐਸੇ ਸਮ੍ਰੱਥ ਹਨ, ਜੋ ਕਿ ਭੰਨੇ ਹੋਇ ਸ਼ੁਭ ਕਰਮਾਂ ਨੂੰ ਘੜਦੇ ਹਨ ਤੇ ਘੜੇ ਹੋਇ ਅਸ਼ੁਭ ਕਰਮਾਂ ਨੂੰ ਭੰਨਦੇ ਹਨ ਅਤੇ ਘੜੇ ਹੋਇ ਜੋ ਕਾਮ ਆਦਿਕ ਹਨ, ਉਨ੍ਹਾਂ ਨੂੰ ਭੰਨਦੇ

www.sikhbookclub.com

ਹਨ। ਢੱਠਾ ਹੋਇਆ ਜੋ ਗਿਆਨ ਹੈ, ਉਸ ਨੂੰ ਉਸਾਰਦੇ ਹਨ, ਉਸਰਿਆ ਹੋਇਆ ਜੋ ਅਗਿਆਨ ਹੈ ਉਸ ਨੂੰ ਢਾਹੁੰਦੇ ਹਨ। ਜੋ ਅੰਤਹ ਕਰਨ ਰੂਪੀ ਸ੍ਵੋਵਰ ਪਦਾਰਥਾਂ ਰੂਪੀ ਜਲ ਨਾਲ ਭਰਿਆ ਹੋਇਆ ਹੈ, ਉਸ ਨੂੰ ਸੁਕਾਉਂਦੇ ਹਨ ਤੇ ਜੋ ਅੰਤਹ ਕਰਨ ਰੂਪੀ ਸਰੋਵਰ ਸੁੱਕਾ ਹੋਇਆ ਹੈ, ਭਾਵ ਸਤ ਸੰਤੋਖ ਆਦਿ ਗੁਣਾਂ ਤੋਂ ਰਹਿਤ ਹੈ, ਭੀ=ਬਹੁੜੋ ਉਸ ਨੂੰ ਨਾਮ ਜਲ ਨਾਲ ਪੋਖੈ=ਪੁਸ਼ਟੀ ਭਾਵ ਲਬਾਲਬ ਭਰ ਦੇਂਦੇ ਹਨ। ਇਸ ਭੇਤ ਨੂੰ ਨਾ ਸਮਝਣ ਵਾਲੇ ਮਨੁੱਖ।

ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥

ਭਰਮ ਵਿਚ ਭੁਲੇ ਹੋਇ ਦਿਵਾਨੇ=ਕਮਲੇ ਹੋ ਗਏ ਹਨ, ਪਰ ਭਾਗਾਂ ਤੋਂ ਬਿਨਾਂ ਇਹ ਭਲਾ ਕੀ ਪਾ ਸਕਦੇ ਹਨ? ਗੁਰਮੁਖਾਂ ਨੇ ਗਿਆਨੁ=ਜਾਣਿਆ ਹੈ ਕਿ ਸਾਰਿਆਂ ਦੇ ਖਾਣ ਪਾਣ ਦੀ ਪ੍ਰਾਲਬਧ ਰੂਪੀ ਡੋਰੀ ਪ੍ਰਭੂ ਨੇ ਫੜੀ ਹੋਈ ਹੈ, ਵਾ:- ਗੁਰਮੁਖਾਂ ਦੀ ਗਿਆਨੁ=ਬੁੱਧੀ ਰੂਪੀ ਡੋਰੀ ਪ੍ਰਭੂ ਨੇ ਫੜੀ ਹੋਈ ਹੈ।

ਜਿਸ ਤਰਫ ਪ੍ਰਭੂ ਖਿੱਚਦਾ ਹੈ ਤਿਸੀ ਤਰਫ ਜਾਂਦੇ ਹਨ।

ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ॥

ਜੋ ਹਰੀ ਗੁਣਾਂ ਨੂੰ ਗਾ ਕੇ ਸਦਾ ਪ੍ਰੇਮ ਵਿਚ ਰੱਤੇ ਰਹਿੰਦੇ ਹਨ, ਉਹ ਫਿਰ ਪਛੁਤਾਪ ਨਹੀਂ ਕਰਦੇ। ਭੱਭੇ ਦੁਆਰਾ ਕਥਨ ਕਰਦੇ ਹਨ— ਗੁਰਾਂ ਨੂੰ ਭਾਲ ਕੇ ਫਿਰ ਗੁਰਾਂ ਦੁਆਰੇ ਨਾਮ ਨੂੰ ਬੁੱਝੇ ਤਾਂ ਸਰੂਪ ਰੂਪੀ ਨਿਜ ਘਰ ਵਿਚ ਵਾਸਾ ਪਾਈਦਾ ਹੈ।

ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ॥
ਗੁਰ ਪਰਸਾਦੀ ਆਪੋ ਚੀਨ੍ਹੈ ਜੀਵਤਿਆ ਇਵ ਮਰੀਐ॥ ੪੧॥

ਭੱਭੇ ਦੁਆਰਾ ਕਥਨ ਕਰਦੇ ਹਨ— ਭਉਜਲੁ=ਸੰਸਾਰ ਸਮੁੰਦਰ ਦਾ ਰਸਤਾ ਬੜਾ ਵਿਖੜਾ=ਕਠਨ ਹੈ, ਇਸ ਦੀ ਆਸਾ ਤੋਂ ਨਿਰਾਸ ਹੋਵੇ ਤਾਂ ਤਰਨਾ ਹੁੰਦਾ ਹੈ। ਗੁਰੂ ਦੀ ਕਿਰਪਾ ਨਾਲ ਜੀਵਤ ਭਾਅ ਤੋਂ ਮਰੇ ਤਾਂ ਇਸ ਪ੍ਰਕਾਰ ਆਪੋ ਚੀਨ੍ਹੈ=ਅਪਣਾ ਸ੍ਵੈ ਸਰੂਪ ਜਾਣ ਲੈਂਦਾ ਹੈ॥ ੪੧॥

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥

ਹਾਏ ਮਾਇਆ, ਹਾਏ ਮਾਇਆ, ਐਸੇ ਕਰਦੇ ਸਭ ਮਰ ਜਾਂਦੇ ਹਨ, ਵਾ:- ਮਾਇਆ=ਛਲ ਰੂਪ ਮਾਇਆ ਦੇ ਪਿੱਛੇ ਲੱਗ ਕੇ ਸਾਰੇ ਮਰ ਜਾਂਦੇ ਹਨ, ਪਰੰਤੂ ਮਾਇਆ ਕਿਸੇ ਦੇ ਨਾਲ ਨਹੀਂ ਜਾਂਦੀ। ਜਿਸ ਵੇਲੇ ਹੰਸੁ=ਜੀਵ ਡੁਮਣੋ=ਦੁੱਖੀ, ਦੁੱਚਿਤਾ, ਵਾ ਨਿਮੋਝਣਾ ਹੋਇਆ ਉੱਠ ਚਲਦਾ ਹੈ, ਤਦ ਮਾਇਆ ਏਥੇ ਹੀ ਭੁੱਲ ਜਾਂਦੀ ਹੈ, ਵਾ:- ਮਾਇਆ ਵਿਚ ਲੱਗ ਕੇ ਬੁੱਧੀ ਭੁੱਲ ਗਈ ਆਥਿ=ਹੈ, ਵਾ ਆਥਿ=ਭਗਤੀ ਰੂਪੀ ਮਾਇਆ ਇਸ ਨੂੰ ਭੁੱਲ ਹੀ ਗਈ ਹੈ।

ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ॥
ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ॥

ਝੂਠ ਬੋਲਣ ਵਾਲੇ ਮਨੁ=ਜੀਵ ਨੂੰ ਜਮਾਂ ਨੇ ਜੋਹਿਆ=ਵੇਖਿਆ ਹੈ ਤੇ ਔਗੁਣ ਇਸ ਦੇ ਨਾਲ ਹੀ ਟੁਰ ਪੈਂਦੇ ਹਨ। ਜੇਕਰ ਸ਼ੁਭ ਗੁਣ ਜੀਵ ਦੇ ਨਾਲ ਹੋਵਣ ਤਾਂ ਮਨ ਦੇ ਵਿਚ ਹੀ ਮਨ ਉਲਟ ਕੇ ਜੀਵਤ ਭਾਅ ਤੋਂ ਮਰ ਜਾਂਦਾ ਹੈ।

[ਪੰਨਾ ੯੩੯]

ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ॥
ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ॥

ਮੇਰੀ ਮਾਇਆ ਹੈ, ਮੇਰੀ ਜ਼ਮੀਨ ਹੈ, ਮੇਰੀ ਜਾਇਦਾਦ ਹੈ ਐਸੇ ਕਰਦੇ ਹੋਇ ਸਭ ਮਰਦੇ ਜਾਂਦੇ ਹਨ ਅਤੇ ਪਰਮੇਸੁਰ ਨਾਮ ਤੋਂ ਬਿਨਾਂ ਦੁੱਖ ਨੂੰ ਭਾਲਦੇ ਹਨ। ਜਿਨ੍ਹਾਂ ਉੱਤੇ ਮਮਤਾ ਰੱਖਦਾ ਸੀ ਉਹ ਗੜ=ਕਿੱਲ੍ਹੇ, ਮੰਦਰ ਅਤੇ ਮਹਲਾ=ਇਸਤ੍ਰੀਆਂ ਕਿੱਥੇ ਹਨ, ਇਹ ਐਸੇ ਮਿੱਥਿਆ ਹਨ ਜਿਵੇਂ ਬਾਜੀਗਰ ਦੀ ਦੀਬਾਣੁ=ਸਭਾ ਜੁੜੀ ਹੋਈ ਖਿਨ ਵਿਚ ਖਿੰਡ ਜਾਂਦੀ ਹੈ, ਵਾ:- ਜਿਵੇਂ ਬਾਜੀਗਰ ਦੀ ਬਾਣੁ=ਬਨਾਵਟ ਮਿੱਥਿਆ ਹੁੰਦੀ ਹੈ। (ਪਾਠ ਦੋਨੋਂ ਹਨ- ਜਿਉਂ ਬਾਜੀ ਦੀ+ਬਾਣ, ਵਾ:- ਜਿਉਂ ਬਾਜੀ 'ਦੀਬਾਣ'।)

ਨਾਨਕ ਸਚੇ ਨਾਮੁ ਵਿਣੁ ਝੂਠਾ ਆਵਣ ਜਾਣੁ॥
ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ॥ ੪੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਸੱਚੇ ਨਾਮ ਤੋਂ ਬਿਨਾਂ ਝੂਠਾ ਪੁਰਸ਼ ਜੰਮਦਾ ਮਰਦਾ ਹੈ। ਉਹ ਪਰਮੇਸੁਰ ਆਪ ਹੀ ਚਤੁਰ ਸਰੂਪ ਹੈ ਅਤੇ ਆਪ ਹੀ ਘਟ ਘਟ ਦੀ ਗੱਲ ਜਾਣਨ ਨੂੰ ਸੁਜਾਣੁ=ਚਤੁਰ ਹੈ॥ ੪੨ ॥

ਜੋ ਆਵਹਿ ਸੇ ਜਾਹਿ ਫੁਨਿ ਆਇ ਗਏ ਪਛੁਤਾਹਿ॥
ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ॥

ਜੋ ਮਨੁੱਖ ਸੰਸਾਰ ਵਿਚ ਔਂਦੇ ਭਾਵ ਜੰਮਦੇ ਹਨ, ਉਹ ਫਿਰ ਚਲੇ ਜਾਂਦੇ ਹਨ, ਇਸਥਿਤ ਕੋਈ ਨਹੀਂ ਰਹਿੰਦਾ, ਆਵਣ ਜਾਣ ਵਿਚ ਹੀ ਪਛੁਤਾਪ ਕਰਦੇ ਹਨ। ਚੌਰਾਸੀ ਲੱਖ ਜੋ ਮੇਦਨੀ=ਸ੍ਰਿਸ਼ਟੀ ਹੈ, ਨਾ ਹੇਠ ਨੂੰ ਘਟਦੀ ਹੈ, ਨਾ ਹੀ ਉਤਾਹਿ=ਉੱਪਰ ਨੂੰ ਵਧਦੀ ਹੈ।

ਅਥਵਾ- ਘਟ ਦੀ ਨਹੀਂ, ਉੱਤੇ ਵਧ ਜਾਂਦੀ ਹੈ, ਕਿਉਂਕਿ ਇਕ-ਇਕ ਜੂਨ ਕਈ ਵੇਰ ਧਾਰਨੀ ਪੈਂਦੀ ਹੈ, ਇਸ 'ਤੇ ਚੌਰਾਸੀ ਲੱਖ ਤੋਂ ਵਧ ਜਾਂਦੀ ਹੈ।

ਸੇ ਜਨ ਉਬਰੇ ਜਿਨ ਹਰਿ ਭਾਇਆ॥ ਧੰਧਾ ਮੂਆ ਵਿਗੂਤੀ ਮਾਇਆ॥

ਚੌਰਾਸੀ ਲੱਖ ਜੂਨ ਤੋਂ ਉਹ ਮਨੁੱਖ ਬਚੇ ਹਨ, ਜਿਨ੍ਹਾਂ ਨੂੰ ਹਰੀ ਭਾਇਆ=ਪਿਆਰਾ ਲੱਗਾ ਹੈ। ਉਨ੍ਹਾਂ ਦਾ ਧੰਧਾ ਮਰ ਗਿਆ ਹੈ ਤੇ ਮਾਇਆ ਵੀ ਵਿਗੂਤੀ=ਖਰਾਬ ਹੋਈ ਹੈ, ਭਾਵ ਬਹੁਤੇਰੇ ਜਤਨ ਕਰ ਚੁੱਕੀ ਹੈ, ਪਰੰਤੂ ਉਹ ਭਜਨ ਵਾਲੇ ਮਨੁੱਖ ਮਾਇਆ ਦੇ ਦਬਾ ਹੇਠ ਨਹੀਂ ਆਉਂਦੇ, ਵਾ:- ਮਨਮੁਖ ਪੁਰਸ਼ ਧੰਧਿਆਂ ਵਿਚ ਮਰਦਾ ਹੈ ਤੇ ਮਾਇਆ ਪਿੱਛੇ ਲੱਗ ਕੇ ਖਰਾਬ ਹੁੰਦਾ ਹੈ।

ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ॥
ਜੀਉ ਸਮਪਉ ਆਪਣਾ ਤਨੁ ਮਨ ਆਗੈ ਦੇਉ॥

www.sikhbookclub.com

ਜੋ ਭੀ ਦ੍ਰਿਸ਼ਟੀ ਆਉਂਦੀ ਹੈ, ਸੋ ਸਭ ਚਲਾਇਮਾਨ ਹੈ, ਇਸ ਵਿਚੋਂ ਕਿਸ ਨੂੰ ਮੈਂ ਮਿੱਤਰ ਕਰਾਂ? *ਉੱਤਰ:-* ਸਤਿਗੁਰਾਂ ਨੂੰ ਮਿੱਤਰ ਕਰ, ਗੁਰਾਂ ਅਗੇ ਹੀ ਆਪਣੇ ਜੀਅ ਨੂੰ ਸਮਰਪਣ ਕਰ ਅਤੇ ਤਨ, ਮਨ ਨੂੰ ਵੀ ਅੱਗੇ ਰੱਖ ਦੇ।

ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ॥
ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ॥ ੪੩ ॥

ਹੇ ਸ੍ਰਿਸ਼ਟੀ ਦੇ ਕਰਤੇ ਧਣੀ=ਮਾਲਕ ! ਇੱਕ ਤੂੰਹੀ ਸਥਿਰ ਹੈਂ, ਤਿਸ ਆਪ ਜੀ ਦੀ ਹੀ ਮੈਨੂੰ ਓਟ ਹੈ। ਜਦ ਗੁਰ ਉਪਦੇਸ਼ ਦੀ ਰੱਤੀ ਭਰ ਵੀ ਚੋਟ ਮਨ ਵਿਚ ਲਗੀ ਤਾਂ ਇਸ ਗੁਣ ਦੀ ਮਾਰੀ ਹੋਈ ਹੰਗਤਾ ਮਰ ਗਈ॥ ੪੩ ॥

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥

ਇਸ ਸੰਸਾਰ ਵਿਚ ਰਾਣਾ ਤੇ ਰਾਉ=ਰਾਜਾ ਵਾ ਰਾਜਪੂਤ ਕੋਈ ਨਹੀਂ ਰਹਿੰਦਾ, ਨਾ ਰੰਗੁ=ਗਰੀਬ ਨਾ ਤੁੰਗੁ=ਧਨਾਢ (ਅਮੀਰ) ਤੇ ਨਾ ਹੀ ਫਕੀਰ। ਆਪੋ ਅਪੁਣੀ ਵਾਰੀ ਸਿਰ ਸਭ ਚਲੇ ਜਾਂਦੇ ਹਨ। ਕਾਲ ਅੱਗੇ ਕੋਈ ਧੀਰਜ ਨਹੀਂ ਬੰਨ੍ਹਦਾ।

ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ॥
ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ॥

ਅੱਗੇ ਰਸਤਾ ਬੁਰਾ ਅਤੇ ਬੜਾ ਭੀਹਾਵਲਾ=ਭਿਆਨਕ (ਡਰਾਉਣਾ) ਹੈ, ਸਰ=ਵੈਤਰਨੀ ਨਦੀ ਹੈ, ਜਿਸ ਵਿਚ ਅਸਗਾਹ=ਅਥਾਹ ਜਲ ਹੈ ਤੇ ਬੜੇ ਬੜੇ ਡੂਗਰ=ਪਰਬਤ ਆਉਂਦੇ ਹਨ, ਤੇ ਅਸਪੜ੍ਹ ਬਨ ਚੋਂ ਲੰਘਣਾ ਪੈਂਦਾ ਹੈ।

ਅਥਵਾ:- ਸੰਸਾਰ ਰਸਤਾ ਬੁਰਾ ਹੈ ਅਤੇ ਪਰਮੇਸ਼ੁਰ ਦੀ ਪ੍ਰਾਪਤੀ ਦਾ ਗਿਆਨ ਰੂਪ ਰਸਤਾ ਬੜਾ ਕਠਨ ਭਿਆਨਕ ਹੈ, ਉਸ ਨੂੰ ਛੱਡ ਕੇ ਇਹ ਜੀਵ ਬੁਰਾ ਹੋ ਰਿਹਾ ਹੈ, ਆਸਾ ਤ੍ਰਿਸ਼ਨਾ ਰੂਪ ਅਸਗਾਹ ਸਰ=ਨਦੀਆਂ ਹਨ, ਪੰਜ ਕੋਸ਼ ਵਾ ਪੰਜ ਕਾਮ, ਕ੍ਰੋਧ ਆਦਿਕ ਇਹ ਬੜੇ-ਬੜੇ ਉੱਚੇ ਪਹਾੜ ਹਨ।

ਇਹ ਗੱਲ ਸੁਣ ਕੇ ਪੰਡਿਤ ਆਖਦਾ ਹੈ, ਮੇਰੇ ਤਨ ਵਿਚ ਔਗੁਣ ਬਹੁਤ ਹਨ, ਇਸ ਲਈ ਮੈਂ ਝੁਰ ਝੁਰ ਕੇ ਮਰਦਾ ਹਾਂ, ਦੈਵੀ ਸੰਪਦਾ ਰੂਪ ਗੁਣਾਂ ਤੋਂ ਬਿਨਾਂ ਪ੍ਰਲੋਕ ਘਰ ਵਿਚ ਸੁਖ ਪੂਰਬਕ ਕਿਵੇਂ ਜਾਵਾਂ।

ਅਥਵਾ:- ਸਰੂਪ ਰੂਪੀ ਘਰ ਵਿਚ ਕਿਵੇਂ ਜਾਵਾਂ।

ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ॥
ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ॥

ਜੋ ਗੁਣੀਆ=ਗੁਣਵਾਨ ਗੁਰਮੁਖ, ਗੁਣਾਂ ਦਾ ਆਸਰਾ ਲੈ ਕੇ ਪ੍ਰਭੂ ਨੂੰ ਮਿਲ ਪਏ ਹਨ, ਉਨ੍ਹਾ ਗੁਣੀ ਪੁਰਖਾਂ ਨਾਲ ਪਿਆਰ ਨਾਲ ਮੈਂ ਕਿਵੇਂ ਮਿਲਣਾ ਕਰਾਂ?

ਉੱਤਰ:- ਹਿਰਦੇ ਵਿਚ ਮੁਰਾਰੀ ਨੂੰ ਜਪ ਜਪ ਕੇ, ਤਿਨ੍ਹਾਂ ਸੰਤਾਂ ਜੈਸੀ=ਵਰਗੀ ਥੀ ਰਹਾਂ=ਰਹਿਣਾ ਕਰ।

ਅਥਵਾ:- ਜੋ ਗੁਣਵਾਨ ਗੁਣਾਂ ਦਾ ਆਸਰਾ ਲੈ ਕੇ ਪ੍ਰਭੂ ਨੂੰ ਮਿਲੇ ਹਨ, ਤਿਨ੍ਹਾਂ ਨੂੰ ਮੈਂ ਕਿਵੇਂ ਮਿਲਾਂ?

www.sikhbookclub.com

ਉੱਤਰ:- ਪਿਆਰ ਨਾਲ ਮਿਲਣਾ ਕਰ ਅਤੇ ਹਿਰਦੇ ਵਿਚ ਮੁਰਾਰੀ ਦੇ ਜਪ ਨੂੰ ਜਪ ਕੇ ਤਿਨ੍ਹਾਂ ਮਹਾਤਮਾ ਵਰਗੀ ਹੋ ਰਹਿਣਾ ਕਰ।

ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ॥
ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥ ੪੪॥

ਇਹ ਸਰੀਰ ਔਗੁਣਾਂ ਨਾਲ ਭਰਪੂਰ ਹੈ, ਵਿਚਾਰ ਦ੍ਰਿਸ਼ਟੀ ਨਾਲ ਵੇਖੀਏ, ਤਾਂ ਸ਼ੁਭ ਗੁਣ ਵੀ ਇਸ ਦੇ ਨਾਲ ਹੀ ਵਸਦੇ ਹਨ। ਪਰ ਸਤਿਗੁਰੂ ਤੋਂ ਬਿਨਾਂ ਸ਼ੁਭ ਗੁਣ ਜਾਣੇ ਨਹੀਂ ਜਾਂਦੇ, ਜਿੰਨਾਂ ਚਿਰ ਗੁਰ ਉਪਦੇਸ਼ ਦਾ ਵਿਚਾਰ ਨਾ ਕਰੇ॥ ੪੪॥

ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਿਰਿ ਧਣੀ ਲਾਹਾ ਪਲੈ ਪਾਇ॥

ਜਿਵੇਂ ਲਸਕਰੀਆ=ਗੋਇਲੀ ਪੁਰਸ਼ ਵਰਖਾ ਹੋਣ 'ਤੇ ਅਪਣੇ ਘਰ ਨੂੰ ਸੰਭਾਲਦਾ ਹੈ, ਕਿਉਂਕਿ ਉਹ ਬਾਹਰ ਜਾ ਕੇ ਕੋਈ ਪੱਕੇ ਮੰਦਰ ਬਣਾ ਕੇ ਨਹੀਂ ਬੈਠਦਾ, ਤਿਵੇਂ ਸਾਰੇ ਜੀਵ ਵਜਹੁ=ਦੁਮਾਹਾਂ ਲਿਖਾ ਕੇ ਆਏ ਹਨ, ਆਪੋ ਅਪੁਣੀ ਉਮਰਾ ਭੋਗ ਕੇ ਸਭ ਉੱਠ ਕੇ ਤੁਰ ਪੈਂਦੇ ਹਨ।

ਜੋ ਧਣੀ=ਪਰਮਾਤਮਾ ਦੇ ਹੁਕਮ ਰੂਪੀ ਕਾਰ ਨੂੰ ਕਮਾਉਂਦਾ ਹੈ, ਉਹ ਬੁੱਧੀ ਰੂਪ ਪੱਲੇ ਵਿਚ ਲਾਹਾ=ਲਾਭ (ਨਫ਼ਾ) ਪਾਂਦਾ ਹੈ।

ਲਬੁ ਲੋਭੁ ਬੁਰਿਆਈਆ ਛੋੜੇ ਮਨਹੁ ਵਿਸਾਰਿ॥
ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ॥

ਲਬੁ=ਪਦਾਰਥਾਂ ਦੇ ਖਾਣ ਦਾ, ਲੋਭੁ=ਪਦਾਰਥਾਂ ਦੇ ਇਕੱਤ੍ਰ ਕਰਨ ਦਾ ਅਤੇ ਬੁਰੇ ਕਰਮ ਇਹ ਸਭ ਮਨ ਵਿਚੋਂ ਭੁਲਾ ਦਿੱਤੇ ਹਨ। ਜਿਵੇਂ ਸੰਸਾਰ ਗੜ੍ਹੇ ਵਿਚ ਪ੍ਰਤੱਖ ਬਾਦਸ਼ਾਹ ਦੀ ਦੋਹੀ=ਦੁਹਾਈ ਫੇਰਨੇ 'ਤੇ ਮਨੁੱਖ ਨੂੰ ਕਦੇ ਹਾਰ ਨਹੀਂ ਆਉਂਦੀ ਤਿਵੇਂ ਸਰੀਰ ਰੂਪ ਗੜ੍ਹੇ ਵਿਚ ਪਾਤਿਸਾਹ=ਪ੍ਰਮੇਸਰ ਦੀ ਦੋਹੀ=ਦੁਹਾਈ ਫੇਰਨੇ 'ਤੇ ਅਰਥਾਤ, ਉਸ ਦੀ ਆਗਿਆ ਅਤੇ ਨਾਮ ਜਪਣ ਕਰਕੇ ਕਦੇ ਹਾਰ ਨਹੀਂ ਆਉਂਦੀ।

ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥
ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ॥

ਜਿਵੇਂ, ਅਪਣੇ ਮਾਲਕ ਦਾ ਚਾਕਰ ਕਹਾਂਦਾ ਹੋਵੇ ਤੇ ਮਾਲਕ ਨੂੰ ਸਉਹੇ=ਸਾਹਮਣੇ ਉੱਤਰ ਦੇਵੇ, ਤਾਂ ਉਹ ਅਪਣੇ ਵਜਹੁ=ਦੁਮਾਹਾ ਨੂੰ ਗੁਆ ਲੈਂਦਾ ਹੈ। ਇਸੇ ਤਰ੍ਹਾਂ ਅਪੁਣੇ ਆਪ ਨੂੰ ਖਸਮ=ਪਰਮਾਤਮਾ ਦਾ ਚਾਕਰ=ਭਗਤ ਕਹਾਂਦਾ ਹੋਵੇ, ਭਗਤ ਕਹਾ ਕੇ ਵੀ ਜੇਕਰ ਸਾਹਮਣੇ ਉੱਤਰ ਦੇਵੇ, ਅਰਥਾਤ ਪਰਮੇਸ਼ਰ ਵਿਚ ਦੂਸ਼ਨ ਅਰੋਪੇ, ਤਾਂ ਉਹ ਸੁਖ ਦੀ ਪ੍ਰਾਪਤੀ ਰੂਪ ਅਪਣੇ ਦੁਮਾਹਾਂ ਨੂੰ ਗੁਆ ਲੈਂਦਾ ਹੈ,ਤੇ ਉਹ ਸਰੂਪ ਰੂਪੀ ਤਖਤ ਉੱਪਰ ਨਹੀਂ ਬੈਠਦਾ।

ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ॥
ਆਪਿ ਕਰੇ ਕਿਸੁ ਆਖੀਐ ਅਵਰੁ ਨ ਕੋਇ ਕਰੇਇ॥ ੪੫॥

www.sikhbookclub.com

ਪ੍ਰੀਤਮ=ਪਿਆਰੇ ਪਰਮਾਤਮਾ ਦੇ ਹੱਥ ਵਿਚ ਸਭ ਵਡਿਆਈਆਂ ਹਨ, ਜਿਸ ਨੂੰ ਚਾਹੁੰਦਾ ਹੈ ਉਸ ਨੂੰ ਵਡਿਆਈਆਂ ਦੇਂਦਾ ਹੈ ਜਾਂ ਉਹ ਆਪ ਹੀ ਸਭ ਕਿਛ ਕਰਦਾ ਹੈ ਤਾਂ ਫਿਰ ਹੋਰ ਕਿਸ ਨੂੰ ਕਹੀਏ ਕਿ ਓਹ ਸਿਫਾਰਿਸ਼ ਕਰੇ, ਉਸ ਤੋਂ ਬਿਨਾਂ ਹੋਰ ਕੁਝ ਨਹੀਂ ਕਰਦਾ॥ ੪੫॥

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥
ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ॥

ਅਸਾਨੂੰ ਬੀਜਉ=ਦੂਜਾ ਹੋਰ ਕੋਈ ਸੁਝਦਾ=ਦਿੱਸਦਾ ਨਹੀਂ, ਜੇਹੜਾ ਉਸ ਦੇ ਸਾਹਮਣੇ ਗਲੀਚਾ ਵਿਛਾ ਕੇ ਬੈਠਣਾ ਕਰੇ। ਜਿਸ ਸੱਚੇ ਪਰਮੇਸੁਰ ਦਾ ਨਾਮ ਸੱਚਾ ਹੈ ਉਹ ਨਰਕਾਂ ਦੇ ਨਿਵਿਰਤ ਕਰਨ ਵਾਲਾ ਹੈ ਅਤੇ ਸਭ ਪੁਰਸ਼ਾਂ ਦਾ ਨਰਹ=ਨਿਯੰਤਾ ਹੈ,

ਵਾ:- ਨਰਾਂ ਵਿਚੋਂ ਨਰ ਰੂਪ ਹੈ।

ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ॥
ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰੁ॥

ਐਸੇ ਸਮਰੱਥ ਪ੍ਰਭੂ ਨੂੰ ਮੈਂ ਬਨ ਬਨ ਤੇ ਕੱਖ ਕੱਖ ਵਿਖੇ ਢੂੰਡਦੀ ਫਿਰਦੀ ਰਹੀ ਪਰ ਨਾ ਲੱਭਾ, ਹੁਣ ਮੈਂ ਅਪੁਣੇ ਮਨ ਵਿਚਾਰ ਕੀਤਾ ਹੈ ਕਿ ਲਾਲ=ਪ੍ਰੇਮ, ਰਤਨ=ਵੈਰਾਗ, ਮਾਣਕੀ=ਸਰਵਣ, ਮਨਣ, ਨਿਧਿਆਸਣ, ਇਤਿਆਦੀ ਬਹੁਤੇ ਸ਼ੁਭ ਗੁਣਾਂ ਦਾ ਭੰਡਾਰਾ ਤਾਂ ਸਤਿਗੁਰਾਂ ਦੇ ਹੱਥ ਵਿਚ ਹੈ।

ਊਤਮੁ ਹੋਵਾ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ॥
ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ॥

ਜੇ ਕਿਸੇ ਤਰ੍ਹਾਂ ਇਹ ਭੰਡਾਰਾ ਪ੍ਰਾਪਤ ਕਰਕੇ ਮੈਂ ਇਕ ਮਨਿ=ਇਕਾਗਰ ਮਨ ਹੋ ਕੇ ਇੱਕ ਵਿਚ ਭਾਇ=ਪ੍ਰੇਮ ਕਰਕੇ ਉੱਤਮ ਹੋ ਜਾਵਾਂ ਤਾਂ ਪ੍ਰਭੂ ਮਿਲਦਾ ਹੈ। ਸਤਿਗੁਰ ਜੀ ਕਥਨ ਕਰਦੇ ਹਨ—ਰਸ=ਪ੍ਰੇਮ ਦੇ ਕਰਨੇ ਸੇ ਪ੍ਰੀਤਮ=ਪਿਆਰਾ ਪਰਮਾਤਮਾ ਮਿਲਦਾ ਹੈ, ਹੇ ਭਾਈ! ਇਸ ਪਰਥਾਇ=ਸਬੱਬ ਕਰਕੇ ਤੂੰ ਲਾਭ ਲੈਣਾ ਕਰ।

ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ॥
ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ॥ ੪੬॥

ਜਿਸ ਨੇ ਪੰਜ ਸ਼ੂਖਮ ਤੱਤਾਂ ਦੀ ਰਚਨਾ ਰਚ ਕੇ ਅਸਥੂਲ ਤੱਤ ਰਚੇ ਹਨ, ਫਿਰ ਜਿਸ ਨੇ ਸਰੀਰਾਂ ਦੇ ਅਕਾਰ ਨੂੰ ਸਿਰਜਿਆ ਹੈ। ਗੁਰਾਂ ਦੁਆਰੇ ਉਸ ਬਿਅੰਤ ਰੂਪ ਪਰਮਾਤਮਾ ਨੂੰ ਧਿਆਵਣਾ ਕਰ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ॥ ੪੬॥

ਝਾੜੈ ਰੂੜਾ ਹਰਿ ਜੀਉ ਸੋਈ॥ ਤਿਸੁ ਬਿਨੁ ਰਾਜਾ ਅਵਰੁ ਨ ਕੋਈ॥

ਝਾੜੈ ਦੁਆਰਾ ਕਥਨ ਕਰਦੇ ਹਨ, ਉਹ ਹਰਿ ਜੀਉ ਸਭ ਤੋਂ ਰੂੜਾ=ਸੁੰਦਰ ਹੈ। ਉਸ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਰਾਜਾ ਨਹੀਂ।

ਝਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ॥
ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ॥

www.sikhbookclub.com

ਝਾੜੈ ਦੁਆਰਾ ਕਥਨ ਕਰਦੇ ਹਨ, ਕਾਮ ਆਦਿਕਾਂ ਰੂਪੀ ਸੱਪਾਂ ਦੀ ਵਿਹੁ ਦੂਰ ਕਰਨ ਵਾਸਤੇ ਤੁਮ ਸਤਿਨਾਮੁ ਰੂਪੀ ਗਾਰੁੜ ਮੰਤ੍ਰ ਸੁਨਣਾ ਕਰੋ, ਤਾਂ ਮਨ ਦੇ ਵਿਚ ਹਰੀ ਵਸੇਗਾ। ਗੁਰਾਂ ਦੀ ਕਿਰਪਾ ਦੁਆਰੇ ਹਰੀ ਪਾਈਦਾ ਹੈ, ਮਤਾ ਕੋਈ ਭਰਮ ਵਿਚ ਭੁੱਲਣਾ ਕਰੇ।

ਸੋ ਸਾਹੁ ਸਾਚਾ ਜਿਸੁ ਹਰਿ ਧਨੁ ਰਾਸਿ ॥ ਗੁਰਮੁਖਿ ਪੂਰਾ ਤਿਸੁ ਸਾਬਾਸਿ ॥

ਉਹ ਸੱਚਾ ਸ਼ਾਹ ਹੈ, ਜਿਸ ਦੇ ਪਾਸ ਰਾਸਿ=ਸੱਚਾ ਹਰੀ ਨਾਮ ਧਨ ਹੈ। ਗੁਰਾਂ ਦੁਆਰੇ ਜਿਸ ਗੁਰਮੁਖਿ ਨੂੰ ਪੂਰਾ ਨਾਮ ਧਨ ਮਿਲਿਆ ਹੈ, ਤਿਸ ਨੂੰ ਸਾਬਾਸਿ=ਧੰਨਤਾ ਜੋਗ ਪ੍ਰਾਪਤ ਹੁੰਦੀ ਹੈ।

ਅਥਵਾ:- ਉਹ ਪੂਰਾ ਗੁਰਮੁਖ ਹੈ ਅਤੇ ਤਿਸ ਨੂੰ ਸਾਬਾਸਿ=ਧੰਨਤਾ ਜੋਗ ਦੀ ਪ੍ਰਾਪਤੀ ਹੁੰਦੀ ਹੈ।

[ਪੰਨਾ ੯੩੭]

ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ ॥
ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥ ੪੭ ॥

ਰੂੜੀ=ਸੁੰਦਰ ਬਾਣੀ ਦੁਆਰੇ ਹਰੀ ਪਾਈਦਾ ਹੈ,

ਪ੍ਰਸ਼ਨ:- ਰੂੜੀ ਬਾਣੀ ਕੇਹੜੀ ਹੈ?

ਉੱਤਰ:- ਗੁਰ ਸ਼ਬਦ ਦੀ ਜੇਹੜੀ ਵਿਚਾਰ ਕਰਨੀ ਹੈ, ਏਹੋ ਸੁੰਦਰ ਬਾਣੀ ਹੈ। ਜਿਸ ਦਾ ਆਪਾ ਭਾਅ ਹੰਕਾਰ ਚਲਾ ਗਿਆ ਹੈ, ਉਸ ਦਾ ਅਗਿਆਨ ਦੁੱਖ ਕੱਟਿਆ ਗਿਆ ਹੈ, ਓਸੇ ਜਗਿਆਸੂ ਰੂਪ ਨਾਰੀ ਨੇ ਹਰੀ ਰੂਪ ਪਤੀ ਨੂੰ ਪਾਇਆ ਹੈ॥ ੪੭ ॥

ਪ੍ਰਸ਼ਨ:- ਮਨਮੁਖ ਦਾ ਕੀ ਕਰਤੱਬ ਹੈ ਤੇ ਗੁਰਮੁਖ ਦਾ ਕੀ ਕਰਤੱਬ ਹੈ।

ਸੁਇਨਾ ਰੂਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥

ਮਨਮੁਖ ਜੀਵ ਸੋਨਾ ਤੇ ਰੁਪਾ=ਚਾਂਦੀ ਆਦਿਕ ਨੂੰ ਸੰਚੀਐ ਇੱਕਠਾ ਕਰਦਾ ਹੈ, ਪਰ ਇਹ ਕੱਚਾ ਧਨ ਹੈ ਤੇ ਛਾਰੁ=ਸੁਆਹ ਵੱਤ ਤੁੱਛ ਹੈ, ਅਤੇ ਵਿਹੁ ਵੱਤ ਦੁਖਦਾਈ ਹੈ। ਐਸੇ ਧਨ ਨੂੰ ਸੰਚ ਕੇ ਜੋ ਸ਼ਾਹ ਸਦਾਉਂਦਾ ਹੈ, ਓਹ ਦੁਬਿਧਾ ਵਿਚ ਲੱਗ ਕੇ ਖੁਆਰੁ=ਖਰਾਬ ਹੁੰਦਾ ਹੈ।

ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥

ਸਚਿਆਰ ਗੁਰਮੁਖਾਂ ਨੇ ਸੱਚਾ ਨਾਮ ਧਨ ਇਕੱਠਾ ਕੀਤਾ ਹੈ, ਉਹ ਸੱਚਾ ਨਾਮ ਕੈਸਾ ਹੈ?

ਕਿ ਸਭ ਤੋਂ ਅਮੋਲਕ ਹੈ। ਹਰੀ ਨਿਰਮਲ ਹੈ ਤੇ ਉੱਜਲ ਭੀ ਹੈ, ਉਸ ਦੀ ਪਤ ਅਬਰੋ ਵੀ ਸੱਚੀ ਹੈ ਤੇ ਉਸ ਦਾ ਬੋਲ ਵੀ ਸੱਚਾ ਹੈ।

ਸਾਜਨੁ ਮੀਤੁ ਸੁਜਾਣੁ ਤੂ ਤੂ ਸਰਵਰੁ ਤੂ ਹੰਸੁ ॥
ਸਾਚਉ ਠਾਕੁਰੁ ਮਨਿ ਵਸੈ ਹਉ ਬਲਿਹਾਰੀ ਤਿਸੁ ॥

ਹੇ ਸੁਜਾਣੁ=ਚਤੁਰ ਸਰੂਪ ਪਰਮਾਤਮਾ! ਮੇਰਾ ਇਸ ਲੋਕ ਦਾ ਸੱਜਣ ਵੀ ਤੂੰਹੀ ਹੈਂ ਅਤੇ ਪ੍ਰਲੋਕ ਦਾ ਮਿੱਤਰ

ਵੀ ਤੂੰਹੀ ਹੈਂ, ਸਤਿਸੰਗ ਸਰੋਵਰ ਭੀ ਤੂੰਹੀ ਹੈਂ, ਹੰਸ=ਤਤਵੇਤਾ ਮਹਾਤਮਾ ਵੀ ਤੂੰਹੀ ਹੈਂ। ਜਿਸ ਦੇ ਮਨ ਵਿਚ ਸੱਚਾ ਠਾਕੁਰ ਵਸਦਾ ਹੈ, ਤਿਸ ਤੋਂ ਮੈਂ ਬਲਿਹਾਰ ਜਾਂਦੀ ਹਾਂ।

ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ॥
ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ॥ ੪੮॥

ਹੇ ਪੰਡਿਤ ! ਮੋਹਣੀ ਜੋ ਮਾਇਆ ਹੈ ਤਿਸ ਦੀ ਮਮਤਾ ਵਿਚ ਨਾ ਲਿਪਾਇਮਾਨ ਹੋ, ਜਿਸ ਪਰਮੇਸੁਰ ਨੇ ਇਹ ਮਾਇਆ ਲਗਾਣਾ ਕੀਤੀ ਹੈ, ਉਸ ਨੂੰ ਜਾਨਣਾ ਕਰ। ਸੁਜਾਣੁ=ਚਤੁਰ ਪੁਰਸ਼ ਬਿਖਿਆ ਅੰਮ੍ਰਿਤੁ=ਦੁੱਖ, ਸੁੱਖ ਨੂੰ ਇੱਕ ਰੂਪ ਕਰਕੇ ਬੁੱਝ ਲੈਂਦਾ ਹੈ।

ਅਥਵਾ:- ਜਿਨ੍ਹਾਂ ਨੇ ਬਿਖਿਆ ਅੰਮ੍ਰਿਤੁ=ਦੁੱਖ, ਸੁਖ ਨੂੰ ਇੱਕ ਕਰਕੇ ਜਾਨਿਆ ਹੈ, ਉਹ ਸੁਜਾਣੁ ਪੁਰਖੁ=ਪਰਮਾਤਮਾ ਨੂੰ ਬੁੱਝ ਲੈਂਦਾ ਹੈ॥ ੪੮॥

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥

ਅਸੰਖ=ਅਨਗਿਣਤ ਲੱਖਾਂ ਖੂਹਣੀਆਂ, ਆਦਮੀ ਖਿਮਾਂ ਤੋਂ ਬਿਨਾਂ ਮਰ ਖਪ ਗਏ ਹਨ*। ਉਨ੍ਹਾਂ ਦੀ ਗਿਣਤੀ ਨਹੀਂ ਆਉਂਦੀ, ਕਿਸ ਤਰ੍ਹਾਂ ਗਿਣਤੀ ਕਰੀਏ ਬਿਅੰਤ ਹੀ ਖਪ ਖਪਾ ਕੇ ਮਰ ਗਏ ਹਨ।

ਖਸਮੁ ਪਛਾਣੈ ਆਪਣਾ ਖੁਲੈ ਬੰਧੁਨ ਪਾਇ॥
ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥

ਜੋ ਪੁਰਸ਼ ਅਪੁਣੇ ਖਸਮੁ=ਮਾਲਕ ਪਰਮੇਸੁਰ ਨੂੰ ਪਛਾਣਦਾ ਹੈ, ਉਸ ਦੇ ਬੰਧਨ ਪਏ ਹੋਇ ਖੁਲ੍ਹ ਜਾਂਦੇ ਹਨ। ਹੇ ਮਹਲੀ=ਜਗਿਆਸੂ! ਤੂੰ ਗੁਰ ਉਪਦੇਸ਼ ਨੂੰ ਗ੍ਰਹਿਣ ਕਰਕੇ ਖਰਾ=ਚੰਗਾ ਹੋ, ਖਿਮਾ ਅਤੇ ਭਾਇ=ਪ੍ਰੇਮ ਦੇ ਧਾਰਨ ਨਾਲ ਸੱਚਾ ਆਤਮ ਸੁਖ ਹੁੰਦਾ ਹੈ,

ਵਾ:- ਹੇ ਮਹਲੀ=ਜਗਿਆਸੂ! ਤੂੰ ਗੁਰ ਸ਼ਬਦ ਦੁਆਰੇ ਖਿਮਾ ਦੇ ਸਹਿਤ ਸਭ ਤੋਂ ਖਰਾ ਜੋ ਸੱਚਾ ਨਾਮ ਹੈ ਉਸ ਨੂੰ ਜਪ ਤਾਂ ਤੈਨੂੰ ਸੁਖ ਹੋਵੇਗਾ।

ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ॥
ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥

ਧਿਆਨ ਕਰਨੇ ਰੂਪੀ ਖਰੇ ਧਨ ਨੂੰ ਤੂੰ ਖਰਚਣਾ ਕਰ, ਤਾਂ ਉਹ ਪਰਮੇਸੁਰ ਆਪ ਹੀ ਤੇਰੇ ਸਰੀਰ=ਅੰਤਹ

**ਇਕ ਖੂਹਣੀ ਸੈਨਾ ਦੀ ਗਿਣਤੀ ਇੰਵ ਲਿਖੀ ਹੈ-*

ਏਤੁੰਚ ਨਾਗਾ, ਤ੍ਰਿਗੁਣੀ ਰਥਾ ਨਾਮ ਲਖ ਇਕ ਜੋਧਾ ਦਸ ਲਖ ਬਾਜੀ ਨਾਮ।
ਪਦਾਤ ਸੰਖਿਆ ਖਟ ਤ੍ਰਿੰਸ਼ ਕੌਟਹਾ ਅਖੂਣੀ ਤਾਮ੍ਰ ਮੁਨੀਯੋ ਵਦੰਤੀ।

ਏਤੁੰਚ=ਦਸ ਹਜ਼ਾਰ, ਨਾਗਾ=ਹਾਥੀ ਹੋਵੇ, ਉਸ ਨਾਲੋਂ ਤ੍ਰਿਗੁਣੀ=ਤਿੰਨ ਹਿਸੇ ਵਧੀਕ ਭਾਵ ੩੦ ਹਜ਼ਾਰ ਰਥ ਹੋਵੇ, ਇੱਕ ਲੱਖ ਜੋਧਾ=ਸੂਰਮਾ ਹੋਵੇ, ਦਸ ਲੱਖ ਬਾਜੀ=ਘੋੜਾ ਹੋਵੇ, ਖਟ=ਛੇ, ਤ੍ਰਿੰਸ਼=ਤਿੰਨ, ਭਾਵ ਨੌ ਕੌਟਹਾ=ਕ੍ਰੋੜ, ਸੰਖਿਆ=ਗਿਣਤੀ ਵਿਚ ਪਦਾਤ=ਪੈਦਲ ਸੂਰਮਾ ਹੋਵੇ। ਤਾਮ੍ਰ=ਤਿਸ ਸੰਖਿਆ ਨੂੰ ਮੁਨੀਜਨ, ਇੱਕ ਅਖੂਣੀ=ਖੂਣੀ ਸੈਨਾ ਵਦੰਤੀ=ਕਥਨ ਕਰਦੇ ਹਨ।

www.sikhbookclub.com

ਕਰਨ ਵਿਚ ਆ ਵਸੇਗਾ, ਭਾਵ ਸਖਿਆਤਕਾਰ ਹੋਵੇਗਾ। ਮਨੋ, ਤਨੋ ਹੋ ਕੇ ਮੂੰਹ ਸੇ ਸਦਾ ਜਪਣਾ ਕਰ ਤਾਂ ਹਿਰਦੇ ਅੰਦਰ ਸ਼ੁਭ ਗੁਣ ਅਤੇ ਮਨ ਵਿਚ ਧੀਰਜ ਪ੍ਰਾਪਤ ਹੋਵੇਗਾ।

ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ॥
ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ॥ ੪੯॥

ਇਹ ਜੀਵ ਹਉਮੈ ਵਿਚ ਆਪ ਖਪਦਾ ਹੈ ਤੇ ਹੋਰਨਾਂ ਨੂੰ ਖਪਾਂਦਾ ਹੈ, ਨਾਮ ਤੋਂ ਬਿਨਾਂ ਦੂਜੀ ਵਸਤੂ ਵਿਕਾਰਾਂ ਦੀ ਉਤਪਤੀ ਕਰਨ ਵਾਲੀ ਹੈ। ਜੀਵਾਂ ਨੂੰ ਉਤਪਤ ਕਰਕੇ ਵਿਚ ਹੰਗਤਾ ਨੂੰ ਪਾਇਆ ਹੈ, ਉਹ ਕਰਤਾ ਪੁਰਖ ਆਪ ਅਲਗੁ=ਨਿਰਲੇਪ ਤੇ ਅਪਾਰੁ=ਬਿਅੰਤ ਗੁਣਾਂ ਵਾਲਾ ਹੈ॥ ੪੯॥

ਸ੍ਰਿਸਟੇ ਭੇਉ ਨ ਜਾਣੈ ਕੋਇ॥ ਸ੍ਰਿਸਟਾ ਕਰੈ ਸੁ ਨਿਹਚਉ ਹੋਇ॥

ਸ੍ਰਿਸ਼ਟੀ ਵਾਲੇ ਪਰਮੇਸੁਰ ਦਾ ਭੇਦ ਕੋਈ ਜਾਣਦਾ ਨਹੀਂ, ਸ੍ਰਿਸ਼ਟੀ ਵਾਲਾ ਪਰਮੇਸੁਰ ਜੋ ਕੁਝ ਕਰਦਾ ਹੈ, ਓਹੀ ਨਿਸਚੇ ਕਰਕੇ ਹੁੰਦਾ ਹੈ।

ਸੰਪੈ ਕਉ ਈਸਰੁ ਧਿਆਈਐ॥ ਸੰਪੈ ਪੁਰਬਿ ਲਿਖੇ ਕੀ ਪਾਈਐ॥

ਸੰਪਦਾ ਵਾਸਤੇ ਚਾਹੇ ਮਹਾਂ ਦੇਵ ਜੀ ਨੂੰ ਧਿਆਉਂਣਾ ਕਰੀਏ, ਤੋ ਭੀ ਸੰਪਦਾ ਪੂਰਬਲੇ ਕਰਮਾਂ ਦੀ ਲਿਖਤ ਅਨੁਸਾਰ ਪਾਈਦੀ ਹੈ।

ਇੱਕ ਇਸਤ੍ਰੀ ਸੀ, ਇੱਕ ਉਸ ਦਾ ਪਤੀ ਤੇ ਇੱਕ ਉਸ ਦਾ ਪੁਤ੍ਰ ਸੀ, ਤਿੰਨਾਂ ਜਣਿਆਂ ਨੇ ਰਲ ਕੇ ਜੰਗਲ ਵਿਚ ਸ਼ਿਵਾਂ ਦੀ ਉਪਾਸ਼ਨਾ ਦੁਆਰੇ ਸ਼ਿਵਾਂ ਨੂੰ ਪ੍ਰਗਟ ਕਰਕੇ ਵਰ ਭੀ ਲੈ ਲਏ ਆਖਿਰ ਕਰਮਾਂ ਅਨੁਸਾਰ ਕੰਗਾਲ ਹੀ ਰਹੇ।

ਸੰਪੈ ਕਾਰਣਿ ਚਾਕਰ ਚੋਰ॥ ਸੰਪੈ ਸਾਥਿ ਨ ਚਾਲੈ ਹੋਰ॥

ਸੰਪਦਾ ਦੀ ਪ੍ਰਾਪਤੀ ਵਾਸਤੇ ਲੋਕ ਚਾਕਰ ਤੇ ਚੋਰ ਬਣਦੇ ਹਨ ਤੇ ਦੁੱਖ ਪਾਉਂਦੇ ਹਨ। ਪਰ ਏਹ ਨਹੀਂ ਸੋਚਦੇ ਕਿ ਨਾਮ ਤੋਂ ਬਿਨਾਂ ਹੋਰ ਕੋਈ ਸੰਪਦਾ ਅੱਗੇ ਨਾਲ ਨਹੀਂ ਚਲਣ ਵਾਲੀ।

ਬਿਨੁ ਸਾਚੇ ਨਹੀ ਦਰਗਹ ਮਾਨੁ॥
ਹਰਿ ਰਸੁ ਪੀਵੈ ਛੁਟੈ ਨਿਦਾਨਿ॥ ੫੦॥

ਸੱਚੇ ਨਾਮ ਤੋਂ ਬਿਨਾਂ ਦਰਗਾਹ ਵਿਚ ਮਾਣ ਨਹੀਂ ਪ੍ਰਾਪਤ ਹੁੰਦਾ। ਜੋ ਹਰੀ ਨਾਮ ਰਸ ਨੂੰ ਪੀਂਦਾ ਹੈ ਉਹ ਨਿਦਾਨਿ=ਅੰਤ ਨੂੰ ਛੁਟ ਜਾਂਦਾ ਹੈ॥ ੫੦॥

ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥
ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥

ਹੇ ਸਖੀ! ਮਤ ਮਤਾਂਤ੍ਰਾਂ ਨੂੰ ਹੇਰਤ ਹੇਰਤ=ਦੇਖਦਿਆਂ ਦੇਖਦਿਆ ਮੈਂ ਹੈਰਾਨੁ=ਅਸਚਰਜ ਹੋ ਰਹੀ ਹਾਂ। ਪਰੰਤੂ ਪੱਲੇ ਕੁਝ ਨਹੀਂ ਪਿਆ। ਗੁਰ ਉਪਦੇਸ਼ ਦੇ ਰਾਵਨ ਕਰਕੇ ਜਦ ਮਨ ਵਿਚ ਗਿਆਨ ਹੋਇਆ ਤਾਂ ਜਿਸ ਹਉਂ ਹਉਂ ਨੂੰ ਕਰਦੀ ਸੀ ਉਸ ਦੇ ਸਹਤ ਮੈ=ਮਮਤਾ ਮਰ ਗਈ।

www.sikhbookclub.com

ਹਾਰ ਡੋਰ ਕੰਕਨ ਘਣੇ ਕਰਿ ਥਾਕੀ ਸੀਗਾਰੁ॥
ਮਿਲਿ ਪ੍ਰੀਤਮ ਸੁਖੁ ਪਾਇਆ ਸਗਲ ਗੁਣਾ ਗਲਿ ਹਾਰੁ॥

ਬ੍ਰਹਮ ਗਿਆਨ ਤੋਂ ਬਿਨਾਂ ਹਰਿ ਹਰਿ ਕਰਨੇ ਰੂਪੀ ਹਾਰ, ਡੋਰ=ਬਿਰਤੀ, ਕੰਕਨ=ਕੰਗਣ ਕਰ ਕਰਿ ਕਰਤਾ ਕੰਗਣ ਪਹਿਰੇ ਅਤੇ ਜਪ ਤਪ ਰੂਪੀ ਘਣੇ ਸੀਗਾਰਾਂ ਨੂੰ ਕਰਕੇ ਥੱਕ ਗਈ। ਜਦ ਗੁਰਾਂ ਨਾਲ ਮਿਲਕੇ ਸਾਰੇ ਸੁਭ ਗੁਣਾਂ ਰੂਪੀ ਹਾਰ ਗਲ ਵਿਚ ਪਹਿਰਿਆ ਤਾਂ ਪ੍ਰੀਤਮ ਪਰਮਾਤਮਾ ਨਾਲ ਮਿਲਕੇ ਸੁਖ ਪਾਵਣਾ ਕੀਤਾ।

ਨਾਨਕ ਗੁਰਮੁਖਿ ਪਾਈਐ ਹਰਿ ਸਿਉ ਪ੍ਰੀਤਿ ਪਿਆਰੁ॥
ਹਰਿ ਬਿਨੁ ਕਿਨਿ ਸੁਖੁ ਪਾਇਆ ਦੇਖਹੁ ਮਨਿ ਬੀਚਾਰਿ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹਰੀ ਪਿਆਰੇ ਦੇ ਨਾਲ ਪ੍ਰੀਤੀ ਕਰਨੀ ਗੁਰਾਂ ਦੁਆਰੇ ਪਾਈਏ। ਹਰੀ ਤੋਂ ਬਿਨਾਂ ਭਲਾ ਕਿਸ ਨੇ ਸੁਖ ਪਾਇਆ ਹੈ, ਭਾਵ ਕਿਸੀ ਨੇ ਨਹੀਂ ਪਾਇਆ। ਇਸ ਗੱਲ ਨੂੰ ਮਨ ਵਿਚ ਵਿਚਾਰ ਕੇ ਦੇਖੋ।

ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ॥
ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮ ਅਧਾਰੁ॥ ੫੧॥

ਹੇ ਭਾਈ ! ਹਰੀ ਦਾ ਪੜ੍ਹਣਾ ਕਰ, ਹਰੀ ਦਾ ਹੀ ਬੁੱਝਣਾ ਕਰ ਹਰੀ ਦੇ ਨਾਲ ਹੀ ਪਿਆਰ ਰੱਖਣਾ ਕਰ। ਹਰੀ ਨਾਮ ਨੂੰ ਜਪਣਾ ਕਰ, ਹਰੀ ਨਾਮ ਨੂੰ ਧਿਆਉਂਣਾ ਕਰ ਅਤੇ ਹਰੀ ਨਾਮ ਦਾ ਆਸਰਾ ਫੜਣਾ ਕਰ॥ ੫੧॥

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥*

ਹੇ ਸਖੀ ! ਕਰਤਾਰ ਨੇ ਜੋ ਮੱਥੇ ਉੱਪਰ ਲੇਖ ਲਿਖਿਆ ਹੈ, ਓਹ ਕਦੇ ਮਿਟ ਨਹੀਂ ਸਕਦਾ।

**ਜਿਸ ਵੇਲੇ ਸਕੇਤ ਮੰਡੀ ਦਾ ਰਾਜਾ ਹਰੀਸੈਨ ਦਰਸ਼ਨਾਂ ਨੂੰ ਆਇਆ ਤਾਂ ਅੱਗੇ ਦੱਖਣੀ ਓਅੰਕਾਰ ਦਾ ਪਾਠ ਹੋ ਰਿਹਾ ਸੀ, ਰਾਜਾ ਪਾਸ ਬੈਠ ਕੇ ਪਾਠ ਸੁਣਦਾ ਰਿਹਾ।*

ਜਦ ਇਹ ਤੁਕ ਸੁਣੀ 'ਲੇਖੁ ਨ ਮਿਟਹੀ ਹੇ ਸਖੀ ਜੋ ਲਿਖਿਆ ਕਰਤਾਰਿ' ਤਾਂ ਉਸ ਦੇ ਮਨ ਵਿਚ ਸੰਸਾ ਹੋ ਗਿਆ ਕਿ ਜੇਕਰ ਲੇਖ ਨਹੀਂ ਮਿਟ ਸਕਦਾ, ਤਾਂ ਗੁਰ ਸ਼ਰਨ ਵਿਚ ਔਣ ਦਾ ਕੀ ਲਾਭ ਹੈ ? ਤਾਂ ਹਜੂਰ ਨੇ ਕਿਹਾ:-ਹੇ ਰਾਜਨ! ਪਰਮੇਸਰ ਦਾ ਲਿਖਿਆ ਹੋਇਆ ਲੇਖ ਮਿਟ ਤਾਂ ਨਹੀਂ ਸਕਦਾ, ਪਰ ਸੂਲੀ ਦਾ ਕੰਡਾ ਹੋ ਜਾਂਦਾ ਹੈ। ਜੇਕਰ ਤੈਨੇ ਇਸ ਗੱਲ ਦਾ ਨਿਸਚਾ ਕਰਨਾ ਹੈ ਤਾਂ ਤਿੰਨ ਦਿਨ ਇਥੇ ਰਹੁ। 'ਰਾਜੇ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਤਿੰਨ ਦਿਨ ਰਹਿਣਾ ਕੀਤਾ। ਨਾਲ ਲਿਆਂਦੀ ਹੋਈ ਭੇਟਾ ਗੁਰੂ ਜੀ ਅੱਗੇ ਰੱਖ ਕੇ ਨਮਸ਼ਕਾਰ ਕਰਕੇ ਲੰਗਰ ਵਿਚੋਂ ਪ੍ਰਸ਼ਾਦ ਛਕ ਕੇ ਅਪਣੇ ਡੇਰੇ ਆ ਗਿਆ। ਜਦ ਰਾਤ ਨੂੰ ਸੁੱਤਿਆਂ ਦੋ ਪਹਿਰ ਬੀਤ ਗਏ ਤਾਂ ਇਕ ਅਸਚਰਜ ਸੁਪਨਾ ਆਇਆ। ਸੁਪਨੇ ਵਿਚ ਹੀ ਆਪਣੇ ਰਾਜ ਭਾਗ ਭੋਗਦਾ ਬੁੱਢਾ ਹੋ ਕੇ ਮਿਰਤੂ ਹੋ ਗਿਆ ਤੇ ਚੰਡਾਲਾਂ ਦੇ ਘਰ ਜਾ ਕੇ ਜਨਮ ਲੀਤਾ।

ਯਥਾ:-ਘਰ ਚੰਡਾਲ ਜਨਮ ਲਯੋ। ਸਮੇਂ ਅਨੁਸਾਰ ਜਦ ਦਸ ਵਰ੍ਹਿਆਂ ਦਾ ਹੋ ਗਿਆ ਤਾਂ ਬੜੇ ਉਤਸ਼ਾਹ ਨਾਲ ਉਸ ਦਾ ਵਿਆਹ ਹੋਇਆ। ਸਾਰੇ ਚੰਡਾਲ ਸਬੰਧੀ ਇਕੱਠੇ ਹੋਇ ਬੜੇ ਵਾਜੇ ਆਦਿਕ ਵੱਜੇ। ਜਦ ਇਸ ਤਰ੍ਹਾਂ ਬਹੁਤ ਸਮਾਂ ਬੀਤ ਗਿਆ ਤਾਂ ਘਰ ਵਿਚ ਪੁੱਤਰ ਤੇ ਕੰਨਿਆ ਬਹੁਤ ਉਤਪੰਨ ਹੋ ਗਈਆਂ। ਸਮੇਂ ਦੇ ਚੱਕਰ ਅਨੁਸਾਰ ਚੰਡਾਲ ਜਨਮ ਦਾ ਦੁੱਖ, ਸੁਖ ਭੋਗ ਕੇ ਮਿਰਤੂ ਹੋ ਗਿਆ। ਔਰਤ ਨੇ ਅਤੇ ਸਾਰੇ ਪ੍ਰਵਾਰ ਨੇ ਰੋਂਦਿਆਂ ਪਿੱਟਦਿਆਂ ਉਸ ਨੂੰ ਧਰਤੀ ਵਿਚ ਦੱਬ ਦਿੱਤਾ। ਇਤਨਾ ਸੁਪਨਾ ਵੇਖ ਕੇ ਜਦ ਰਾਜਾ ਜਾਗਿਆ ਤਾਂ ਬਹੁਤ ਹੀ ਅਸਚਰਜ ਹੋਇਆ ਅਤੇ ਸੋਚਾਂ ਸੋਚਦਾ ਹੀ ਪਿਆ ਸੀ ਜੋ ਇਤਨੇ ਨੂੰ ਗੁਰੂ ਜੀ ਨੇ ਹੁਕਮ ਦੇ ਭੇਜਿਆ, ਹੇ ਰਾਜਨ! ਚਲੋ ਸ਼ਿਕਾਰ ਖੇਡਣ ਵਾਸਤੇ ਅਸੀਂ ਭੀ ਤੇਰੇ ਨਾਲ ਚਲਾਂਗੇ ਤੇਰੀ ਬਹਾਦਰੀ ਵੇਖਣ ਵਾਸਤੇ। ਇਤਨੇ ਨੂੰ ਰਾਜਾ ਤਿਆਰ ਹੋ ਕੇ ਸੂਰਮਿਆਂ ਨੂੰ ਨਾਲ ਲੈ ਕੇ ਤੁਰ ਪਿਆ ਰਾਹ ਵਿੱਚੋਂ ਗੁਰੂ ਜੀ ਨੂੰ ਨਾਲ ਲੀਤਾ ਤੇ ਸ਼ਿਕਾਰ ਖੇਡਣ ਤੁਰ ਪਿਆ। ਜਦ ਰਾਜੇ ਅੱਗੋਂ ਹਰਨ ਨਿਕਲਿਆ ਤਾਂ ਬਾਦਸ਼ਾਹ ਆਪ ਹੀ ਸਭ ਸੂਰਮਿਆਂ ਨੂੰ ਹਟਾ ਕੇ ਮਗਰ ਦੌੜਿਆ ਸ਼ਹਿਰ ਤੋਂ ਦਸ ਕੁ ਕੋਹ

ਬਾਕੀ ਅਗਲੇ ਪੇਜ 'ਤੇ ਦੇਖੋ

www.sikhbookclub.com

ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥

ਜਿਸ ਵਾਹਿਗੁਰੂ ਨੇ ਆਪ ਹੀ ਪ੍ਰਪੰਚ ਰਚਨਾ ਕੀਤਾ ਹੈ, ਉਹ ਜਦੀ ਕਿਰਪਾ ਕਰੇ ਤਾਂ ਗੁਰਾਂ ਦੇ ਚਰਨ ਕਮਲਾਂ ਨੂੰ ਧਾਰਦਾ ਹੈ।

ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ॥
ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ॥

ਸਭ ਵਡਿਆਈਆਂ ਕਰਤੇ ਵਾਹਿਗੁਰੂ ਦੇ ਹੱਥ ਵਿਚ ਹਨ, ਗੁਰਾਂ ਦੇ ਵਿਚਾਰ ਦੁਆਰਾ ਬੁੱਝਨਾ ਕਰ। ਲਿਖਿਆ ਹੋਇਆ ਲੇਖ ਫੇਰਿ ਨ ਸਕੀਐ=ਹਟਾ ਨਹੀਂ ਸਕੀਦਾ, ਜਿਵੇਂ ਉਸ ਪਰਮੇਸ਼ਰ ਨੂੰ ਭਾਂਵਦਾ ਹੈ, ਤਿਵੇਂ ਹੀ ਸਾਰਿ=ਕਰਦਾ ਹੈ।

ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ॥
ਮਨਮੁਖਿ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ॥

ਤਿਸ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਸੁਖ ਨੂੰ ਪਾਇਆ ਹੈ, ਗੁਰ ਉਪਦੇਸ਼ ਨੂੰ ਵਿਚਾਰ ਕੇ। ਮਨਮੁਖ ਇਸ ਗੱਲੋਂ ਭੁੱਲ ਗਏ, ਇਸ ਕਰਕੇ ਪਚੀ ਹੋ ਕੇ ਮਰ ਗਏ, ਗੁਰ ਉਪਦੇਸ਼ ਦੀ ਵਿਚਾਰ ਕਰਨ ਵਾਲੇ ਗੁਰਮੁਖ ਜਨ ਬਚ ਗਏ ਹਨ।

ਪਿੱਛਲੇ ਪੰਨੇ ਦਾ ਬਾਕੀ

ਦੂਰ ਚਲਾ ਗਿਆ ਤੇ ਆਖਿਰਕਾਰ ਹਰਨ ਨੂੰ ਮਾਰ ਲੀਤਾ, ਪਰ ਮੂੰਹ ਸੁੱਕਨੇ ਕਰਕੇ ਵਿਆਕੁਲ ਹੋ ਗਿਆ, ਫੇਰ ਓਥੇ ਇੱਕ ਥ੍ਰਿਛ ਨਾਲ ਘੋੜਾ ਬੰਨ੍ਹ ਕੇ ਜਲ ਨਾਲ ਹੱਥ ਪੈਰ ਧੋ ਕੇ ਪਾਣੀ ਪੀ ਕੇ ਤ੍ਰੇਹ ਦੂਰ ਕੀਤੀ ਤੇ ਓਥੇ ਹੀ ਲੰਮਾ ਪੈ ਗਿਆ। ਪਰੰਤੂ ਉਥੇ ਇੱਕ ਚੰਡਾਲ ਦੇ ਪੁਤ੍ਰ ਨੇ ਜਦ ਰਾਜੇ ਨੂੰ ਦੇਖਿਆ ਤਾਂ ਵਿਚਾਰਦਾ ਹੈ ਕਿ ਇਹ ਤਾਂ ਅਸਾਡਾ ਹੀ ਪਿਤਾ ਹੈ, ਉਸ ਨੇ ਘਰ ਜਾ ਕੇ ਮਾਂ ਨੂੰ ਕਿਹਾ, ਤੁਸੀਂ ਕਿਉਂ ਰੋਂਦੇ ਹੋ ਅਸਾਡਾ ਪਿਤਾ ਤਾਂ ਬਾਹਰ ਆ ਕੇ ਬੈਠਾ ਹੋਇਆ ਹੈ। ਔਰਤ ਸੁਣ ਕੇ ਬਾਹਰ ਭੱਜੀ ਆਈ ਤੇ ਬੜੀ ਉੱਚੀ ਪੁਕਾਰ ਕੇ ਕਿਹਾ, ਇਹ ਕੀਹ ਕੀਤਾ ਹੈ? ਜੋ ਕੁਟੰਬ ਨੂੰ ਛੱਡ ਕੇ ਤੈਨੇ ਵੱਡਾ ਭਾਰੀ ਦੁੱਖ ਦਿਤਾ ਹੈ। ਉਸ ਵੱਲ ਸਭ ਬੱਚੇ ਬੱਚੀਆਂ ਆ ਕੇ ਚੰਮੜ ਗਈਆਂ ਰਾਜਾ ਪਰੇ ਹਟਾਂਵਦਾ ਹੈ ਪਰ ਉਹ ਹਟਦੇ ਨਹੀਂ ਇਤਨੇ ਨੂੰ ਸੈਨਾ ਸਮੇਤ ਗੁਰੂ ਜੀ ਓਥੇ ਆ ਪਹੁੰਚੇ, ਕਹਿ ਕੇ ਸਾਰੇ ਚੰਡਾਲ ਦੂਰ ਹਟਾਏ। ਪੁੱਛਿਆ ਕੀਹ ਆਖਦੇ ਹੋ ਤਾਂ ਚੰਡਾਲਾਂ ਨੇ ਕਿਹਾ ਇਹ ਅਸਾਡਾ ਸਨਬੰਧੀ ਹੈ ਮੋਤ ਦਾ ਬਹਾਨਾ ਬਣਾ ਕੇ ਹੁਣ ਸਸ਼ਤ੍ਰ ਬਸਤ੍ਰ ਸਜਾ ਕੇ ਘੋੜੇ ਉੱਪਰ ਅਸ਼ਵਾਰ ਹੋ ਗਿਆ, ਇਸ ਨੂੰ ਅਸੀਂ ਜਾਣ ਨਹੀਂ ਦੇਣਾ। ਤਾਂ ਗੁਰੂ ਜੀ ਨੇ ਕਿਹਾ, ਤੁਹਾਡਾ ਜੋ ਸਨਬੰਧੀ ਮਰ ਗਿਆ ਹੈ ਜਿਸ ਕਬਰ ਵਿਚ ਤੁਸੀਂ ਗੱਡਿਆ ਹੈ ਉਹ ਕਬਰ ਜਾ ਕੇ ਦੇਖੋ ਜੇ ਓਥੇ ਨਾ ਹੋਇਆ ਤਾਂ ਠੀਕ ਇਹ ਤੁੰਹਾਡਾ ਸਬੰਧੀ ਹੈ ਜੇਕਰ ਓਥੇ ਹੋਇਆ ਤਾਂ ਇਹ ਤੁਹਾਡਾ ਸਨਬੰਧੀ ਨਹੀਂ।

ਇਹ ਗੱਲ ਸਭਨਾਂ ਨੇ ਕਬੂਲ ਕਰਕੇ ਜਦ ਕਬਰ ਖੋਦੀ ਤਾਂ ਉਹ ਚੰਡਾਲ ਵਿਚੋਂ ਹੀ ਪਿਆ ਸੀ। ਮੁੜ ਆ ਕੇ ਉਨ੍ਹਾਂ ਨੇ ਕੁਝ ਨਾ ਕਿਹਾ। ਏਧਰ ਗੁਰੂ ਜੀ ਰਾਜੇ ਨੂੰ ਨਾਲ ਲੈ ਕੇ ਘੋੜੇ ਉੱਪਰ ਅਸਵਾਰ ਹੋ ਕੇ ਚਲ ਪਏ। ਅਪਣੇ ਅਸਥਾਨ ਉੱਪਰ ਆ ਕੇ ਬੈਠ ਗਏ ਤਾਂ ਗੁਰੂ ਜੀ ਨੇ ਕਿਹਾ, ਹੇ ਰਾਜਨ! ਚਿੰਤਾ ਕਰਕੇ ਤੇਰਾ ਮਨ ਭੰਗ ਕਿਉਂ ਹੈ, ਉਸ ਵੇਲੇ ਰਾਜਾ ਨੇ ਅਪਣਾ ਸਾਰਾ ਹੱਡ ਬੀਤਿਆ ਹਾਲ ਸੁਣਾਇਆ ਰਾਤ ਸੁਪਨੇ ਵਾਲਾ ਤੇ ਜਿਵੇਂ ਪ੍ਰਤੱਖ ਚੰਡਾਲਾਂ ਨੇ ਘੇਰਿਆ ਤੇ ਗੁਰੂ ਜੀ ਨੇ ਆਪ ਛੁਡਾ ਕੇ ਲਿਆਂਦਾ, ਰਾਜਾ ਅਸਚਰਜ ਹੋ ਕੇ ਆਖਦਾ ਹੈ:- 'ਪ੍ਰਭੁ ਤੇਰੀ ਗਤ ਮਿਤ ਤੂਹੈ ਜਾਣੈ॥'

ਤਾਂ ਗੁਰੂ ਜੀ ਨੇ ਕਿਹਾ, ਹੇ ਰਾਜਨ! ਤੇਰੇ ਕਰਮਾਂ ਵਿਚ ਚੰਡਾਲ ਦਾ ਜਨਮ ਧਾਰਨਾ ਲਿਖਿਆ ਹੋਇਆ ਸੀ। 'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥' ਵਾਲੀ ਤੁਕ ਸੁਣ ਕੇ ਤੈਨੂੰ ਸੰਸਾ ਹੋ ਗਿਆ ਸੀ।

ਪਰ ਗੁਰੂ ਨਾਨਕ ਦੇ ਦਰਬਾਰ ਵਿੱਚ ਔਣ ਕਰਕੇ ਦੇਖ ਲੈ ਉਹ ਚੰਡਾਲ ਵਾਲਾ ਜਨਮ ਤੇਰਾ ਗੁਰੂ ਜੀ ਨੇ ਰਾਤ ਦੇ ਇੱਕ ਪਹਿਰ ਵਿਚ ਹੀ ਭੁਗਤਾ ਦਿੱਤਾ ਹੈ। *(ਗੁਰ ਪ੍ਰਤਾਪ ਸੂਰਜ ਗ੍ਰੰਥ ੨ ਅੰਸ ੩੩)*

www.sikhbookclub.com

ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ॥
ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ॥ ੫੨॥

ਜਿਹੜਾ ਕਰਤਾ ਪੁਰਖ ਪ੍ਰਮਾਤਮਾ ਨਿਗਾਹ ਨਹੀਂ ਆਉਂਦਾ, ਤਿਸ ਦਾ ਰੂਪ ਰੰਗ ਕਿਸ ਤਰ੍ਹਾਂ ਕਥਨ ਕੀਤਾ ਜਾਵੇ। ਅਸੀਂ ਅਪੁਣੇ ਗੁਰਾਂ ਤੋਂ ਸਦ ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਹਿਰਦੇ ਵਿਚ ਓਹ ਕਰਤਾ ਪੁਰਖ ਦਿਖਾ ਦਿੱਤਾ ਹੈ॥ ੫੨॥

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥

ਸਚਮੁਚ ਉਹ ਪਾਂਧਾ ਪੜ੍ਹਿਆ ਹੋਇਆ ਆਖਣਾ ਕਰੀਏ, ਜੋ ਸਹਜਿ ਸੁਭਾਇ=ਸ਼ਾਂਤੀ ਸੁਭਾਅ ਨਾਲ ਵਿੱਦਿਆ ਨੂੰ ਵਿਚਾਰਦਾ ਹੈ।

[ਪੰਨਾ ੯੩੮]

ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥

ਵਿੱਦਿਆ ਨੂੰ ਸੋਧੈ=ਵਿਚਾਰ ਕੇ, ਤਤੁ=ਸਿਧਾਂਤ ਨੂੰ ਲੈਣਾ ਕਰਦਾ ਹੈ ਅਤੇ ਰਾਮ ਨਾਮ ਵਿਚ ਲਿਵ ਨੂੰ ਲਗਾਉਂਦਾ ਹੈ।

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥

ਮਨਮੁਖ ਪੁਰਸ਼ ਵਿਦਯਾ ਨੂੰ ਬਿਕ੍ਰਦਾ=ਵੇਚਦਾ ਹੈ, ਵਿਸ਼ਿਆ ਨੂੰ ਖੱਟਦਾ ਹੈ ਤੇ ਵਿਸ਼ਿਆਂ ਨੂੰ ਖਾਂਦਾ ਹੈ। ਏਸੇ ਵਾਸਤੇ ਕਬੀਰ ਨੇ ਕਿਹਾ ਹੈ,

ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥ ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥ ੫੩॥

ਮੂਰਖ ਪੁਰਸ਼ ਗੁਰਾਂ ਦੇ ਉਪਦੇਸ਼ ਨੂੰ ਜਾਣਦਾ ਨਹੀਂ, ਇਸ ਤੇ ਭਲੇ ਬੁਰੇ ਦੀ ਕੋਈ ਸੂਝ ਬੂਝ ਨਹੀਂ॥ ੫੩॥

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥

ਉਹ ਪਾਂਧਾ ਗੁਰਮੁਖ ਆਖੀਦਾ ਹੈ, ਜੋ ਚੇਲਿਆਂ ਨੂੰ ਇਸ ਪ੍ਰਕਾਰ ਦੀ ਮਤੀ ਦੇਂਦਾ ਹੈ। ਕਿ-

ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥

ਨਾਮ ਨੂੰ ਸੰਭਾਲੋ, ਨਾਮ ਨੂੰ ਹੀ ਇਕੱਤ੍ਰ ਕਰੋ ਅਤੇ ਜਗਤ ਵਿਚ ਨਾਮ ਦੇ ਲਾਭ ਨੂੰ ਹੀ ਲੈਣਾ ਕਰੋ।

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥

ਸੱਚ ਨੂੰ ਮਨਣ ਕਰ ਕੇ ਸ਼ਰਧਾ ਵਿਸ਼ਿਸ਼ਟ ਬੁੱਧੀ ਰੂਪ ਸੱਚੀ ਪੱਟੀ ਕਰ ਅਤੇ ਸ੍ਰੇਸ਼ਟ ਸ਼ਬਦ ਨੂੰ ਪੜ੍ਹਣਾ ਕਰ।

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥ ੫੪॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਪੜ੍ਹਿਆ ਹੋਇਆ ਵੀ ਓਹੀ ਹੈ, ਪੰਡਿਤ ਵੀ ਓਹੀ ਹੈ, ਬੀਨਾ=ਦ੍ਰਿਸ਼ਟਾ (ਨੈਣਾਂ ਵਾਲਾ) ਅਤੇ ਚਤੁਰ ਭੀ ਓਹੀ ਹੈ, ਜਿਸ ਨੇ ਗਲ ਵਿਚ ਰਾਮਨਾਮ ਰੂਪੀ ਹਾਰ ਪਹਿਰਿਆ ਹੈ॥ ੫੪॥ ੧॥

ਦਖਣੀ ਓਅੰਕਾਰੁ ਸਮਾਪਤੰ

www.sikhbookclub.com

ੴ ਸਤਿਗੁਰ ਪ੍ਰਸਾਦਿ॥

ਸਿਧ ਗੋਸਟਿ ਪ੍ਰਾਰੰਭ [ਪੰਨਾ ੯੩੮]

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋੜੀਏ ਖੱਤ੍ਰੀ ਦੀ ਬੇਨਤੀ ਪ੍ਰਵਾਨ ਕਰਕੇ ਰਾਵੀ ਦੇ ਕਿਨਾਰੇ 'ਕਰਤਾਰਪੁਰ' ਵਸਾ ਕੇ ਅੰਨ ਦਾ ਅਤੇ ਨਾਮ ਬਾਣੀ ਦਾ ਲੰਗਰ ਚਲਾਇਆ ਹੈ ਤਾਂ ਹਜੂਰ ਦੀ ਮਹਿਮਾ ਸੁਣ ਸੁਣ ਕੇ ਬੜੀਆਂ ਸੰਗਤਾਂ ਦੂਰ ਦੁਰਾਡੇ ਦੀਆਂ ਆਉਣ ਲੱਗ ਪਈਆਂ।

ਭਾਈ ਲਹਿਣਾ ਜੀ ਪਹਿਲੇ ਦੇਵੀ ਦੇ ਉਪਾਸ਼ਕ ਸਨ, ਸੰਗਤਾਂ ਨੂੰ ਨਾਲ ਲਿਜਾ ਕੇ ਛੇਵੇਂ ਦੇ ਛੇਵੇਂ ਮਹੀਨੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ। ਜਿਸ ਵੇਲੇ ਇਨ੍ਹਾਂ ਨੇ ਅੱਪੁਣੇ ਕੰਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਸੁਣੀ ਤਾਂ ਮਨ ਵਿੱਚ ਪ੍ਰੱਣ ਕਰ ਲਿਆ ਕਿ ਐਤਕਾਂ ਜਦ ਦੇਵੀ ਦੇ ਦਰਸ਼ਨ ਕਰਨ ਜਾਵਾਂਗੇ ਤਾਂ ਪਹਿਲੇ ਰਾਹ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜ਼ਰੂਰ ਦਰਸ਼ਨ ਕਰਾਂਗੇ।

ਜਦ ਅਪੁਣੇ ਨਿਯਮ ਅਨੁਸਾਰ ਸੰਗਤਾਂ ਨੂੰ ਨਾਲ ਲੈ ਕੇ ਤੁਰੇ ਤਾਂ ਰਾਹ ਵਿੱਚ ਕਰਤਾਰਪੁਰੇ ਸੰਗਤਾਂ ਨੂੰ ਬਾਹਰ ਖੜ੍ਹਾ ਕਰਕੇ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਆ ਰਹੇ ਸਨ ਤਾਂ ਹਜੂਰ ਆਪ ਅੱਗੋਂ ਆ ਮਿਲੇ। ਭਾਈ ਲਹਿਣਾ ਜੀ ਉਨ੍ਹਾਂ ਤੋਂ ਪੁੱਛਦੇ ਹਨ ਕਿ ਅਸਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰਨਾ ਹੈ ਉਹ ਕੇਹੜਾ ਰਸਤਾ ਹੈ?

ਹਜੂਰ ਨੇ ਕਿਹਾ, ਮੇਰੇ ਨਾਲ ਨਾਲ ਚਲੇ ਆਓ। ਜਿਸ ਵੇਲੇ ਗੁਰਦੁਆਰੇ ਦੇ ਪਾਸ ਪਹੁੰਚੇ ਤਾਂ ਹਜੂਰ ਨੇ ਕਿਹਾ, ਉਸ ਬ੍ਰਿਛ ਨਾਲ ਘੋੜਾ ਬੰਨ ਕੇ ਇਸ ਰਸਤਿਓਂ ਅੰਦਰ ਚਲੇ ਜਾਣਾ ਤਾਂ ਆਪ ਜੀ ਨੂੰ ਦਰਸ਼ਨ ਹੋ ਜਾਏਗਾ। ਇਹ ਗੱਲ ਆਖ ਕੇ ਆਪ ਦੂਜੇ ਰਸਤਿਓਂ ਅੰਦਰ ਜਾ ਕੇ ਬੈਠ ਗਏ।

ਜਿਸ ਵੇਲੇ ਭਾਈ ਲਹਿਣਾ ਜੀ ਬ੍ਰਿਛ ਨਾਲ ਘੋੜਾ ਬੰਨ੍ਹ ਕੇ ਅੰਦਰ ਜਾ ਕੇ ਦਰਸ਼ਨ ਕਰਦੇ ਹਨ ਤਾਂ ਕੀ ਵੇਖਦੇ ਹਨ ਕਿ ਇਹ ਤਾਂ ਓਹੀ ਸੁੰਦਰ ਮੂਰਤੀ ਹੈ ਜੋ ਮੈਨੂੰ ਨਾਲ ਲੈ ਕੇ ਆਈ ਹੈ। ਇਹ ਵਿਚਾਰਦੇ ਹੋਏ ਜਦ ਬੜੀਆਂ ਡੂੰਘੀਆਂ ਦਲੀਲਾਂ ਵਿੱਚ ਪੈ ਗਏ ਤਾਂ ਹਜੂਰ ਨੇ ਕਿਹਾ, ਪੁਰਖਾ ਕੀ ਗੱਲ ਹੈ? ਇੰਨੀ ਚਿੰਤਾ ਕਿਉਂ ਕਰ ਰਿਹਾ ਹੈਂ, ਭਾਈ ਲਹਿਣਾ ਜੀ ਨੇ ਕਿਹਾ, ਮਹਾਰਾਜ! ਮੈਂ ਤਾਂ ਬੜਾ ਅਭਾਗਾ ਹਾਂ ਮੈਨੂੰ ਇਹ ਪਤਾ ਨਹੀਂ ਸੀ ਕਿ ਆਪ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਹੋ ਮੇਰੇ ਪਾਸੋਂ ਬੜੀ ਭਾਰੀ ਬਿਅਦਬੀ ਹੋਈ ਹੈ ਜੋ ਮੈਂ ਘੋੜੇ ਉੱਪਰ ਚੜ੍ਹਿਆ ਆਇਆ ਹਾਂ ਤੇ ਆਪ ਪੈਦਲ ਆਏ ਹੋ। ਹਜੂਰ ਨੇ ਕਿਹਾ, ਪੁਰਖਾ! ਤੂੰ ਕੋਈ ਚਿੰਤਾ ਨਾ ਕਰ ਤੂੰ ਆਪਣਾ ਨਾਂ ਦੱਸ ਤੇਰਾ ਨਾਂ ਕੀ ਹੈ?

ਭਾਈ ਜੀ ਨੇ ਕਿਹਾ, ਮੇਰਾ ਨਾਂ ਲਹਿਣਾ ਲਹਿਣਾ ਕਰਕੇ ਆਖਦੇ ਹਨ। ਤਾਂ ਹਜੂਰ ਨੇ ਕਿਹਾ ਜੇਕਰ ਤੇਰਾ ਨਾ ਲਹਿਣਾ ਹੈ ਤਾਂ ਲਹਿਣੇਦਾਰ ਹਮੇਸ਼ਾ ਘੋੜੀ ਉੱਪਰ ਚੜ੍ਹ ਕੇ ਆਉਂਦੇ ਹਨ ਤੂੰ ਫਿਰ ਕਿਉਂ ਚਿੰਤਾ ਕਰਦਾ ਹੈਂ ਤੂੰ ਸਾਥੋਂ ਲਹਿਣਾ ਹੈ ਅਸੀਂ ਤੇਰਾ (ਕਰਜ਼ਾ) ਦੇਣਾ ਹੈ।

ਇਸ ਤਰ੍ਹਾਂ ਦੇ ਮਿੱਠੇ ਤੇ ਪਿਆਰ ਭਰੇ ਬਚਨ ਸੁਣ ਕੇ ਭਾਈ ਲਹਿਣਾ ਜੀ ਨੂੰ ਸਭ ਕੁਝ ਵਿਸਰ ਗਿਆ, ਦੇਵੀ ਦੇ ਦਰਸ਼ਨ ਕਰਨੇ ਵੀ ਰਹਿ ਗਏ ਸੰਗਤਾਂ ਨੂੰ ਤੋਰ ਕੇ ਆਪ ਹਜੂਰ ਦੀ ਸੇਵਾ ਵਿੱਚ ਜੁੜ ਗਏ ਸੇਵਾ ਵਿੱਚ ਰਾਤ ਦਿਨ ਇੱਕ ਕਰ ਦਿੱਤਾ। ਇਨ੍ਹਾਂ ਦੀ ਸੇਵਾ ਵੇਖ ਕੇ ਹਜੂਰ ਬੜੇ ਪ੍ਰਸੰਨ ਰਹਿੰਦੇ ਸਨ। ਜੋ ਭੀ ਗੱਲ ਪੁੱਛਦੇ

www.sikhbookclub.com

ਸਨ ਝੱਟ ਦੱਸ ਦੇਂਦੇ ਸਨ।

ਇੱਕ ਦਿਨ ਭਾਈ ਲਹਿਣਾ ਜੀ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ, ਗਰੀਬ ਨਿਵਾਜ ਜੀਉ! ਆਪ ਜੀ ਨੇ **'ਸਿਧ ਗੋਸਟਿ ਬਾਣੀ'** ਕਿਸ ਜਗ੍ਹਾ ਉਚਾਰਨ ਕੀਤੀ ਹੈ?

ਹਜੂਰ ਨੇ ਕਿਹਾ- ਦੇਸਾਂ ਦਿਸ਼ਾਤਰਾਂ ਵਿੱਚ ਰਟਨ ਕਰਦਿਆਂ ੨ ਜਿਸ ਵੇਲੇ ਅਸੀਂ ਸੁਮੇਰ ਪਰਬਤ ਉੱਪਰ ਪਹੁੰਚੇ ਤਾਂ ਉਸ ਜਗ੍ਹਾ ਸਿੱਧ ਬੈਠੇ ਹੋਇ ਸਨ, ਉਨ੍ਹਾਂ ਨੇ ਅਸਾਂ ਨੂੰ ਵੇਖ ਕੇ ਅਸਾਡੇ ਨਾਲ ਬਚਨ ਬਿਲਾਸ ਕਰਨੇ ਸ਼ੁਰੂ ਕਰ ਦਿੱਤੇ, ਜੋ ਬਚਨ ਪ੍ਰਸ਼ਨ ਰੂਪਤਾ ਵਿਚ ਉਨ੍ਹਾਂ ਨੇ ਕਹੇ ਹਨ ਅਤੇ ਜੋ ਅਸਾਂ ਨੇ ਉੱਤਰ ਦਿੱਤੇ ਹਨ ਉਹ ਸਾਰੇ ਇਸ ਬਾਣੀ ਵਿੱਚ ਲਿਖੇ ਹਨ।

ਇਹ ਗੱਲ ਸੁਣ ਕੇ ਭਾਈ ਲਹਿਣਾ ਜੀ ਨੇ ਕਿਹਾ ਉਹ ਪ੍ਰਸ਼ਨ ਉੱਤਰ ਜੋ ਸਿੱਧਾਂ ਨਾਲ ਆਪ ਜੀ ਨੇ ਕੀਤੇ ਹਨ ਦਾਸ ਨੂੰ ਭੀ ਸ੍ਰਵਣ ਕਰਾਓ।

ਭਾਈ ਲਹਿਣਾ ਜੀ ਦੀ ਬੇਨਤੀ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੁਣ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ **ਸਿੱਧ ਗੋਸਟਿ** ਨਾਮੇ ਬਾਣੀ ਸ੍ਰਵਣ ਕਰਾਂਦੇ ਹਨ।

ਰਾਮਕਲੀ ਮਹਲਾ ੧ ਸਿਧ ਗੋਸਟਿ
੧ੴ ਸਤਿਗੁਰ ਪ੍ਰਸਾਦਿ॥

"ਸਿਧ ਗੋਸਟਿ" ਇਸ ਬਾਣੀ ਦਾ ਨਾਂ ਹੈ।

ਸਿੱਧਾਂ ਨਾਲ ਗੋਸਟਿ=ਚਰਚਾ ਯਾਨੇ ਬਚਨ ਬਿਲਾਸ ਹੋਣ ਕਰਕੇ ਇਸ ਬਾਣੀ ਦਾ ਨਾਂ **ਸਿਧ ਗੋਸਟਿ** ਰੱਖਿਆ ਹੈ। ਜਿਸ ਵੇਲੇ ਅਸੀਂ ਸੁਮੇਰ ਪ੍ਰਬਤ ਉੱਪਰ ਗਏ ਤਾਂ ਕੀ ਵੇਖਿਆ-

ਸਿਧ ਸਭਾ ਕਰਿ ਆਸਣਿ ਬੈਠੇ

ਸਾਰੇ ਸਿੱਧ ਸਭਾ ਵਿੱਚ ਆਪੋ ਆਪਣੇ ਆਸਣਾਂ ਨੂੰ ਲਗਾ ਕੇ ਬੈਠੇ ਹੋਇ ਸਨ।

ਅਥਵਾ:- ਸਿਧ ਸਭਾ=ਸਾਰੀ ਸਿੱਧਾਂ ਦੀ ਸਭਾ ਆਪੋ ਆਪਣੇ ਆਸਣਾਂ ਨੂੰ ਕਰਕੇ ਬੈਠੀ ਸੀ* ਅਸਾਂ ਨੇ ਜਾ ਕੇ ਕਿਹਾ-

---

**ਸਾਰੀਆਂ ਪੰਜ ਸਭਾ ਕਥਨ ਕੀਤੀਆਂ ਹਨ:-*

੧ ਗੁਰ ਸਭਾ— ਯਥਾ:- 'ਗੁਰ ਸਭਾ' ਏਵ ਨ ਪਾਈਐ ਨਾ ਨੇੜੈ ਨਾ ਦੂਰਿ॥ (ਸਿਰੀ ਰਾਗੁ ਵਾਰ, ਪੰਨਾ ੮੪)

੨ ਸੰਤ ਸਭਾ— ਯਥਾ:- 'ਸੰਤ ਸਭਾ' ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ॥ (ਸਲੋਕ ਵਾਰਾਂ ਤੇ ਵਧੀਕ ਪੰਨਾ ੧੪੧੧)

ਤਥਾ:- 'ਸੰਤ ਸਭਾ' ਕਉ ਸਦਾ ਜੈਕਾਰੁ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ॥ (ਗਉੜੀ ਮ: ੫ ਪੰਨਾ ੧੮੩)

ਤਥਾ:- ਜਿਸ ਕਉ ਚਾਹਹਿ ਸੁਰਿ ਨਰ ਦੇਵ॥ 'ਸੰਤ ਸਭਾ' ਕੀ ਲਗਹੁ ਸੇਵ॥ (ਬਸੰਤ ਮਹਲਾ ੫, ਪੰਨਾ ੧੧੮੨)

ਤਥਾ:- 'ਸੰਤ ਸਭਾ' ਮਹਿ ਬੈਸਿ ਕਿ ਕੀਰਤਿ ਮੈ ਕਹਾਂ॥ ਅਰਪੀ ਸਭੁ ਸੀਗਾਰੁ ਦੇਹੁ ਜੀਉ ਸਭੁ ਦਿਵਾ॥ (ਛੰਨਹੇ ਮਹਲਾ ੫, ਪੰਨਾ ੧੩੬੧)

ਤਥਾ:- 'ਸੰਤ ਸਭਾ' ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ॥ ੧॥ (ਸਾਰਗ ਮ: ੫, ਪੰਨਾ ੧੨੦੨)

ਤਥਾ:- 'ਸੰਤ ਸਭਾ' ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ॥
ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੁਖੁ ਨ ਲਾਗੈ ਆਏ ॥ ੪॥ ੧॥ (ਮਲਾਰ ਮ:੫, ਪੰਨਾ ੧੨੬੬)

ਤਥਾ:- ਕਰਣੀ ਕੀਰਤਿ ਗੁਰਮਤਿ ਸਾਰੁ॥ 'ਸੰਤ ਸਭਾ' ਗੁਣ ਗਿਆਨੁ ਬੀਚਾਰੁ॥ (ਪ੍ਰਭਾਤੀ ਮਹਲਾ ੧, ਪੰਨਾ ੧੩੪੩)

(ਬਾਕੀ ਫੁਟ ਨੋਟ ਅਗਲੇ ਪੰਜ ਤੇ)

www.sikhbookclub.com

ਸੰਤ ਸਭਾ ਜੈਕਾਰੋ॥

ਸੰਤਾਂ ਦੀ ਸਭਾ ਨੂੰ ਜੈਕਾਰ ਹੋਵੇ।

ਉਸ ਵੇਲੇ ਇੱਕ ਸਿੱਧ ਨੇ ਕਿਹਾ- ਆਪ ਜੀ ਨੇ ਇਹ ਯਥਾਰਥ ਬਚਨ ਨਹੀਂ ਕਿਹਾ, ਕਿਉਂਕਿ 'ਜੈਕਾਰ' ਸ਼ਬਦ ਅਸ਼ੀਰਵਾਦ ਦਾ ਵਾਚਕ ਹੈ, ਆਪ ਜੀ ਦੀ ਛੋਟੀ ਉਮਰਾ ਹੈ ਬਾਲਕ ਅਵਸਥਾ ਵਾਲਾ ਮਨੁੱਖ ਆਪ ਤੋਂ ਵੱਡੇ ਬਜ਼ੁਰਗ ਨੂੰ ਅਸ਼ੀਰਵਾਦ, ਨਹੀਂ ਦੇ ਸਕਦਾ, ਤੁਹਾਨੂੰ ਨਮਸ਼ਕਾਰ ਕਰਨੀ ਚਾਹੀਦੀ ਸੀ। ਸਿੱਧ ਦੀ ਇਹ ਗੱਲ ਸੁਣ ਕੇ ਅਸਾਂ ਨੇ ਕਿਹਾ, ਕਿ ਇਸ ਜਗ੍ਹਾ ਹਮ ਨੇ ਜੈਕਾਰ ਪਦ ਦਾ ਅਰਥ ਨਮਸ਼ਕਾਰ ਰੱਖਿਆ ਹੈ, ਕਿ ਸੰਤਾਂ ਦੀ ਸਭਾ ਨੂੰ ਜੈਕਾਰੋ=ਨਮਸ਼ਕਾਰ ਹੋਵੇ।

ਗੁਰਬਾਣੀ ਵਿੱਚ ਬਹੁਤ ਜਗ੍ਹਾ ਜੈਕਾਰ ਦਾ ਅਰਥ ਨਮਸ਼ਕਾਰ ਆਉਂਦਾ ਹੈ।

ਯਥਾ:- ਬਿਨੁ ਨਾਵੈ ਬੋਲੈ ਸਭੁ ਵੇਕਾਰੁ॥ ਨਾਨਕ ਨਾਮਿ ਰਤੇ ਤਿਨ ਕਉ 'ਜੈਕਾਰੁ' ॥ ੩੩ ॥

(ਸਿਧ ਗੋਸਟ ਪਉੜੀ ੩੩, ਪੰਨਾ ੯੪੧)

ਤਥਾ:- ਆਪੇ ਦਾਤਿ ਕਰੇ ਦਾਤਾਰੁ॥ ਦੇਵਣਹਾਰੇ ਕਉ 'ਜੈਕਾਰੁ' ॥ *(ਭੈਰਉ ਮਹਲਾ ੩, ਪੰਨਾ ੧੧੨੯)*

ਤਥਾ:- ਨਾਨਕ ਨਾਮੁ ਰਖਹੁ ਉਰ ਧਾਰਿ॥ ਦੇਵਣਹਾਰੇ ਕਉ 'ਜੈਕਾਰੁ' ॥

(ਬਿਲਾਵਲ ਮ: ੩, ਵਾਰ ਸਤ, ਪੰਨਾ ੮੪੧)

ਤਥਾ:- ਕੋਟਿ ਜਗ ਜਾ ਕੈ ਦਰਬਾਰ॥ ਗੰਧ੍ਰਬ ਕੋਟਿ ਕਰਹਿ 'ਜੈਕਾਰੁ' ॥ *(ਪੈਰਉ ਕਬੀਰ ਜੀ, ਪੰਨਾ ੧੧੯੩)*

ਤਥਾ:- ਉਸਤਤਿ ਨਿੰਦਾ ਸਬਦੁ ਵੀਚਾਰੁ॥ ਜੋ ਦੇਵੈ ਤਿਸ ਕਉ 'ਜੈਕਾਰੁ' ॥

(ਪ੍ਰਭਾਤੀ ਮਹਲਾ ੧, ਪੰਨਾ ੧੩੩੧)

ਤਥਾ:- ਦੇਵ ਕੁਲੀ ਲਖਿਮੀ ਕਉ ਕਰਹਿ 'ਜੈਕਾਰੁ' ॥
ਮਾਤਾ ਨਰਸਿੰਘ ਕਾ ਰੂਪੁ ਨਿਵਾਰੁ॥ *(ਭੈਰਉ ਮ:੩ ਪੰਨਾ ੧੧੫੪)*

ਤਥਾ:- ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ 'ਜੈਕਾਰੁ' ॥ *(ਗਉੜੀ ਦੀ ਵਾਰ, ਪੰਨਾ ੩੦੨)*

ਫਿਰ ਸਿੱਧ ਨੇ ਕਿਹਾ- ਜੇਕਰ ਆਪ ਨੇ 'ਜੈਕਾਰ' ਸ਼ਬਦ ਦਾ ਅਰਥ ਨਮਸ਼ਕਾਰ ਕੀਤਾ ਤਾਂ ਭੀ ਆਪ ਨੇ ਫਾਹਾ ਸੋਟਾ ਹੀ ਮਾਰਿਆ ਹੈ, ਗਲੋਂ ਗਲਾਵਾਂ ਲਾਹਉਂਣ ਵਾਲੀ ਗੱਲ ਕੀਤੀ ਹੈ ਜੋ ਆਪ ਨੇ ਸਾਰਿਆਂ ਨੂੰ ਇੱਕਠੀ ਹੀ ਨਮਸ਼ਕਾਰ ਕਰ ਦਿੱਤੀ ਹੈ।

ਤੁਹਾਨੂੰ ਚਾਹੀਦਾ ਸੀ ਯਥਾ ਕ੍ਰਮ ਪੂਰਬਕ ਸਾਰਿਆਂ ਨੂੰ ਜੁਦਾ ਜੁਦਾ ਨਮਸ਼ਕਾਰ ਕਰਨੀ, ਪਹਿਲੇ ਅਸਾਡੇ

(ਪਿਛਲੇ ਪੇਜ ਦਾ ਬਾਕੀ ਫੁਟ ਨੋਟ)

ਤਥਾ:- 'ਸੰਤ ਸਭਾ' ਮਹਿ ਇਹ ਗੁਣ ਟੋਲਹੁ॥ *(ਮਾਰੂ ਸੋਲਹੇ ਮ: ੧, ਪੰਨਾ ੧੦੩੦)*

੩ ਸਿਖ ਸਭਾ— *ਯਥਾ:-* 'ਸਿਖ ਸਭਾ' ਦੀਖਿਆ ਕਾ ਭਾਉ॥ ਗੁਰਮੁਖਿ ਸੁਣਣਾ ਸਾਚਾ ਨਾਉ॥ *(ਆਸਾ ਮਹਲਾ ੧, ਪੰਨਾ ੩੫੦)*

੪ ਸਿਧ ਸਭਾ— *ਯਥਾ:-* ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ॥ *(ਸਿਧ ਗੋਸਟਿ, ਪੰਨਾ ੯੩੮)*

੫ ਦੁਸਟ ਸਭਾ— *ਯਥਾ:-* ਸਭ ਨਗਰੀ ਮਹਿ ਭਗਤਿ ਦ੍ਰਿੜਾਈ॥ 'ਦੁਸਟ ਸਭਾ' ਕਾ ਕਿਛੂ ਨ ਵਸਾਈ ॥ ੪ ॥ *(ਭੈਰਉ ਮਹਲਾ ੩, ਪੰਨਾ ੧੧੫੪)*

ਤਥਾ:- 'ਦੁਸਟ ਸਭਾ' ਮਹਿ ਮੰਤ੍ਰੁ ਪਕਾਇਆ॥
ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ॥ ੩ ॥ *(ਭੈਰਉ ਮਹਲਾ ੩, ਪੰਨਾ ੧੧੩੩)*

ਤਥਾ:- 'ਦੁਸਟ ਸਭਾ' ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ॥ *(ਭੈਰਉ ਨਾਮਦੇਵ, ਪੰਨਾ ੧੧੯੫)*

ਤਥਾ:- 'ਦੁਸਟੀ ਸਭਾ' ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ॥ ੩ ॥ *(ਪ੍ਰਭਾਤੀ ਮਹਲਾ ੧, ਪੰਨਾ ੧੩੪੩)*

www.sikhbookclub.com

ਗੁਰੂ ਗੋਰਖ ਨੂੰ ਨਮਸ਼ਕਾਰ ਕਰਨੀ ਚਾਹੀਦੀ ਸੀ, ਪੁਨਾ ਛੇ ਜਾਤੀਆਂ ਨੂੰ ਫਿਰ ਨੌਂ ਨਾਥਾਂ ਨੂੰ ਬਾਅਦ ਵਿਚ ਚੌਰਾਸੀ ਸਿੱਧਾਂ ਨੂੰ ਨਮਸ਼ਕਾਰ ਕਰਦੇ।

ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ- ਇਸ ਤਰ੍ਹਾਂ ਜੁਦਾ ਜੁਦਾ ਸਾਰਿਆਂ ਨੂੰ ਨਮਸ਼ਕਾਰ ਕਰਨ ਨਾਲ ਸਮਾਂ ਬਹੁਤ ਲਗਦਾ ਹੈ ਕਿਉਂਕਿ ਜਿਸ ਪਾਸ ਭੀ ਜਾ ਕੇ ਬੈਠਾਂਗੇ ਨਮਸ਼ਕਾਰ ਕਰਾਂਗੇ, ਉਸ ਨਾਲ ਬਚਨ ਬਿਲਾਸ ਕਰਦਿਆਂ ਕਿਤਨਾ ਸਮਾਂ ਗੁਜ਼ਰੇਗਾ ਤੇ ਸ੍ਵਾਸਾਂ ਦਾ ਕੋਈ ਭਰੋਸਾ ਨਹੀਂ ਜੋ ਕਿਸ ਵੇਲੇ ਨਿਕਲ ਜਾਣ।

ਯਥਾ:- ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥ *(ਧਨਾਸਰੀ ਮਃ ੧, ਪੰਨਾ ੬੬੦)*

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਭੀ ਕਥਨ ਕੀਤਾ ਹੈ-

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥ *(ਬਿਹਾਗੜਾ ਮਃ ੪, ਪੰਨਾ ੫੪੦)*

ਕਬੀਰ ਜੀ ਨੇ ਭੀ ਕਥਨ ਕੀਤਾ ਹੈ—

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ ੧੩੮॥ *(ਪੰਨਾ ੧੩੭੧)*

ਏਸ ਕਾਰਨ ਕਰਕੇ ਅਸਾਂ ਨੇ ਸਾਰਿਆਂ ਨੂੰ ਇੱਕਠੀ ਨਮਸ਼ਕਾਰ ਕੀਤੀ ਹੈ। ਦੂਜਾ ਕਾਰਨ ਇਹ ਭੀ ਹੈ ਕਿ ਅਸਾਡਾ ਇੱਕ ਅਦ੍ਵੈਤ ਸਿਧਾਂਤ ਵਾਲਾ ਮੱਤ ਹੈ। ਅਸਾਡੇ ਹਿਰਦੇ ਵਿੱਚ ਭੇਦ ਭਾਵ ਨਹੀਂ ਹੈ, ਅਸਾਂ ਨੇ ਸਾਰਿਆਂ ਨੂੰ ਇੱਕ ਰੂਪ ਨਿਸਚੇ ਕਰਕੇ ਇਕੱਠੀ ਨਮਸ਼ਕਾਰ ਕੀਤੀ ਹੈ।

ਕਬੀਰ ਜੀ ਨੇ ਭੀ ਏਹੋ ਕਿਹਾ ਹੈ-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੌ ਮੰਦੇ॥ ੧॥
ਲੋਗਾ ਭਰਮਿ ਨ ਭੂਲਹੁ ਭਾਈ॥ *(ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)*

ਫਿਰ ਸਿੱਧ ਨੇ ਕਿਹਾ- ਤੁਸਾਂ ਨੇ ਅਪੁਣੀ ਮਰਜ਼ੀ ਅਨੁਸਾਰ ਭਾਵੇਂ ਠੀਕ ਕੀਤਾ ਹੈ ਪਰ ਅਸਾਡੀ ਮਰਜ਼ੀ ਮੁਤਾਬਕ ਠੀਕ ਨਹੀਂ ਹੋਇਆ।

ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ- ਜੋ ਤੁਸੀਂ ਅਸਾਡੀ ਕੀਤੀ ਹੋਈ ਨਮਸ਼ਕਾਰ ਨੂੰ ਪ੍ਰਵਾਨ ਨਹੀਂ ਕਰਦੇ ਤਾਂ ਅਸੀਂ ਤੁਹਾਨੂੰ ਨਮਸ਼ਕਾਰ ਕਰਦੇ ਹੀ ਨਹੀਂ, ਅਸੀਂ ਪਰਮਾਤਮਾ ਨੂੰ ਨਮਸਕਾਰ ਕਰਦੇ ਹਾਂ-

ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ॥

ਤਿਸ ਪਰਮਾਤਮਾ ਅਗੇ ਅਸਾਡੀ ਰਹਰਾਸਿ=ਨਮਸ਼ਕਾਰ ਹੈ ਜੋ ਪਰਮਾਤਮਾ ਸਾਚਾ=ਸੱਚਾ ਤ੍ਰੈਕਾਲ ਅਬਾਧ ਹੈ ਤੇ ਅਪਰ=ਬ੍ਰਹਮਾ ਆਦਿਕਾਂ ਕਰਕੇ ਅਪਾਰੋ=ਬਿਅੰਤ ਹੈ। *ਅਥਵਾ:-* ਅਪਰ ਅਪਾਰੋ=ਬਿਅੰਤ ਤੋਂ ਬਿਅੰਤ ਹੈ।

ਫਿਰ ਸਿੱਧ ਨੇ ਕਿਹਾ:- ਜਿਸ ਪਰਮਾਤਮਾ ਨੂੰ ਆਪ ਨਮਸ਼ਕਾਰ ਕਰਦੇ ਹੋ, ਉਸ ਵਿੱਚ ਤੁਹਾਡੀ ਕਿੰਨੀ-ਕੁ ਸ਼ਰਧਾ ਹੈ? *ਗੁਰ ਉੱਤਰ:-*

ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥

ਉਸ ਪਰਮਾਤਮਾ ਅੱਗੇ ਮੱਥੇ ਨੂੰ ਕੱਟ ਕੇ ਰੱਖਦੇ ਹਾਂ ਅਤੇ ਅਪੁਣਾ ਤਨ, ਮਨ ਵੀ ਉਸ ਦੇ ਅਗੇ ਸਮਰਪਣ

www.sikhbookclub.com

ਕਰਦੇ ਹਾਂ।

ਫਿਰ ਸਿੱਧ ਨੇ ਕਿਹਾ- ਜਿਸ ਪਰਮਾਤਮਾ ਵਿੱਚ ਆਪ ਦੀ ਇਤਨੀ ਸ਼ਰਧਾ ਹੈ ਅਤੇ ਜੋ ਬਿਅੰਤ ਤੋਂ ਬਿਅੰਤ ਹੈ, ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਗੁਰ ਉੱਤਰ:-*

ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਨਾਮ ਰਸੀਏ ਪੂਰਨ ਮਹਾਤਮਾ ਰਹਿਣੀ, ਕਹਿਣੀ ਵਾਲੇ ਮਿਲ ਜਾਣ ਤਾਂ ਸੱਚ ਦੀ ਪ੍ਰਾਪਤੀ ਹੁੰਦੀ ਹੈ ਜਾਂ ਸੱਚ ਦੀ ਪ੍ਰਾਪਤੀ ਹੋਵੇ ਤਾਂ ਹੀ ਇਹ ਜੀਵ ਸਹਜ ਭਾਇ=ਸੁਤੇ ਸਿੱਧ ਜਸ ਨੂੰ ਲੈਂਦਾ ਹੈ॥ ੧ ॥

ਪੁਨਾ, ਸਿੱਧ ਨੇ ਕਿਹਾ- ਜਿਨ੍ਹਾਂ ਪੂਰਨ ਸੰਤਾਂ ਦੁਆਰੇ ਪ੍ਰਮੇਸ਼ਰ ਮਿਲਦਾ ਹੈ, ਓਹ ਸੰਤ ਕਿਵੇਂ ਮਿਲਦੇ ਹਨ?

ਗੁਰ ਉੱਤਰ:- **ਸੰਤੁ ਮਿਲੈ ਸਚੁ ਪਾਈਐ॥**

ਸੱਚੇ ਪ੍ਰਭੂ ਦੀ ਕਿਰਪਾ ਪਾਈਐ ਤਾਂ ਸੰਤ ਮਿਲਦੇ ਹਨ ਕਿਉਂਕਿ ਇਹ ਨਿਯਮ ਹੈ ਪ੍ਰਭੂ ਦੀ ਕਿਰਪਾ ਨਾਲ ਤੇ ਅਪੁਣੇ ਮੱਥੇ ਦੇ ਭਾਗਾਂ ਅਨੁਸਾਰ ਹੀ ਸੰਤ ਮਿਲਦੇ ਹਨ।

ਯਥਾ:- ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ॥ ੩ ॥

(ਗਉੜੀ ਕਬੀਰ ਜੀ. ਪੰਨਾ ੩੩੫)

ਫਿਰ ਸਿੱਧ ਨੇ ਕਿਹਾ- ਪੂਰਨ ਸੰਤ ਪ੍ਰਸੰਨ ਕਿਵੇਂ ਹੁੰਦੇ ਹਨ?

ਗੁਰ ਉੱਤਰ:- **ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥**

ਅਪੁਣਾ ਮੱਥਾ ਯਾਨੇ ਸਿਰ ਕੱਟ ਕੇ ਤਿਨ੍ਹਾਂ ਸੰਤਾਂ ਅੱਗੇ ਰੱਖਨਾ ਕਰੇ ਅਤੇ ਅਪੁਣਾ ਤਨ, ਮਨ ਵੀ ਉਨ੍ਹਾਂ ਅੱਗੇ ਅਰਪਣ ਕਰ ਦੇਵੇ। ਭਾਵ ਨਿਰਹੰਕਾਰ ਹੋ ਕੇ ਉਨ੍ਹਾਂ ਦੀ ਸੇਵਾ ਤਨੋਂ ਮਨੋਂ ਹੋ ਕੇ ਕਰੇ।

ਯਥਾ:- ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥

(ਸੂਹੀ ਅਸਟਪਦੀਆਂ ਮ: ੪, ਪੰਨਾ ੭੫੭)

ਤਥਾ:- ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ॥ *(ਪੰਨਾ ੭੫੮)*

ਤਥਾ:- ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ॥ ੧੧ ॥

(ਸੂਹੀ ਅਸਟਪਦੀਆ ਮ: ੪, ਪੰਨਾ ੭੫੯)

ਤਥਾ:- ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ॥
ਸੰਤਾ ਦਾਸੀ ਸੇਵਾ ਚਰਣੀ ਜੀਉ॥ ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ॥
ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ॥ ੨ ॥ *(ਗਉੜੀ ਮਾਝ ਮ: ੫, ਪੰਨਾ ੨੧੬)*

ਨਾਨਕ ਸੰਤੁ ਮਿਲੈ=ਗੁਰੂ ਜੀ ਕਥਨ ਕਰਦੇ ਹਨ— ਤਾਂ ਸੰਤਾਂ ਦਾ ਉਪਦੇਸ਼ ਮਿਲਦਾ ਹੈ ਜਾਂ ਉਪਦੇਸ਼ ਮਿਲਿਆ ਤਾਂ,

ਸਚੁ ਪਾਈਐ=ਸੱਚ ਨਾਮੁ ਪ੍ਰਾਪਤ ਹੁੰਦਾ ਹੈ ਜਾਂ ਨਾਮ ਪ੍ਰਾਪਤ ਹੋਇਆ ਤਾਂ,

ਸਹਜ=ਗਿਆਨ ਹੁੰਦਾ ਹੈ ਜਾਂ ਗਿਆਨ ਹੋਇਆ ਤਾਂ,

ਭਾਇ=ਪ੍ਰਕਾਸ਼ ਰੂਪ ਪ੍ਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ ਜਾਂ ਪ੍ਰਾਪਤੀ ਹੋਈ ਭਾਂ.

ਜਸੁ ਲੇਉ॥੧॥ ਸਾਰੇ ਸੰਸਾਰ ਵਿੱਚ ਜਸ ਨੂੰ ਲੈਂਦਾ ਹੈ॥ ੧॥

ਫਿਰ ਸਿੱਧ ਨੇ ਕਿਹਾ- ਜੇਕਰ ਨਮਸ਼ਕਾਰ ਕਰਦਿਆਂ ਆਪ ਜੀ ਨੂੰ ਦੇਰ ਲਗਦੀ ਸੀ ਤਾਂ ਆਪ ਸਾਰਿਆਂ ਦੀ ਪਰਕਰਮਾਂ ਹੀ ਕਰ ਲੈਂਦੇ, ਪਰਕਰਮਾਂ ਕਰਦਿਆਂ ਤਾਂ ਕੋਈ ਦੇਰ ਨਹੀਂ ਸੀ ਲਗਦੀ? *ਗੁਰ ਉੱਤਰ-*

ਕਿਆ ਭਵੀਐ

ਭਵੀਐ=ਪਰਕਰਮਾਂ ਕਰਨੇ ਸੇ ਕਿਆ ਹੈ, ਤੁਹਾਡੀ ਪਰਕਰਮਾਂ ਕਰਨ ਦਾ ਕੋਈ ਫਲ ਨਹੀਂ।

ਫਿਰ ਸਿੱਧ ਨੇ ਕਿਹਾ- ਤੀਰਥ ਯਾਤਰਾ ਕਰਨ ਦਾ ਫਲ ਤਾਂ ਬਹੁਤ ਸਾਰਾ ਹੈ, ਤੀਰਥ ਯਾਤਰਾ ਕਰ ਲੇਵੋਂ? *ਗੁਰ ਉੱਤਰ:-*

ਕਿਆ ਭਵੀਐ=ਤੀਰਥ ਯਾਤਰਾ ਕਰਨੇ ਸੇ ਕਿਆ ਹੈ, ਕੁਝ ਫਲ ਨਹੀਂ।

ਯਥਾ:- ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥ *(ਸਿਰੀ ਰਾਗੁ ਮ: ੧, ਪੰਨਾ ੬੧)*

ਤਥਾ:- ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ॥ ੧॥
(ਬਿਲਾਵਲ ਮ: ੯, ਪੰਨਾ ੮੩੧)

ਤਥਾ:- ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥ ੨॥
(ਗਉੜੀ ਮ: ੫, ਪੰਨਾ ੨੧੬)

ਫਿਰ ਸਿੱਧ ਨੇ ਕਿਹਾ- ਮਨ ਕਿਵੇਂ ਪਵਿੱਤ੍ਰ ਹੁੰਦਾ ਹੈ? *ਗੁਰ ਉੱਤਰ:-*

ਸਚਿ ਸੂਚਾ ਹੋਇ॥

ਸੱਚ ਨਾਮ ਜਪਣ ਕਰਕੇ ਮਨ ਸੂਚਾ ਹੋਇ=ਪਵਿੱਤ੍ਰ ਹੁੰਦਾ ਹੈ।

ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ ਰਹਾਉ॥

ਸੱਚੇ ਗੁਰਾਂ ਦੇ ਸਬਦ=ਉਪਦੇਸ਼ ਪ੍ਰਾਪਤ ਹੋਇ ਬਿਨਾਂ ਮਨੁੱਖ ਮੁਕਤੀ ਨੂੰ ਪ੍ਰਾਪਤੀ ਨਹੀਂ ਹੁੰਦਾ।

ਯਥਾ- ਸਾਚ ਸਬਦ ਬਿਨੁ ਪਤਿ ਨਹੀ ਪਾਵੈ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ॥ ੩੦॥
(ਸਿਧ ਗੋਸਟ ਪਉੜੀ ੩੦, ਪੰਨਾ ੯੪੧)

ਤਥਾ- ਅੰਤਰ ਕੀ ਗਤਿ ਗੁਰਮੁਖਿ ਜਾਣੈ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ॥ ੩॥
(ਆਸਾ ਮਹਲਾ ੧, ਪੰਨਾ ੪੧੪)

ਭਾਵ - ਗੁਰ ਸ਼ਬਦ ਕਰਕੇ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਯਥਾ- ਸਾਚੈ ਸਬਦਿ ਮੁਕਤਿ ਗਤਿ ਪਾਏ॥ ਨਾਨਕ ਵਿਚਹੁ ਆਪੁ ਗਵਾਏ॥ ੪॥
(ਆਸਾ ਮਹਲਾ ੧, ਪੰਨਾ ੩੫੨)

ਅਵਾਂਤ੍ਰ ਪ੍ਰਸ਼ਨ, ਉੱਤਰਾਂ ਦੀ ਤਰਤੀਬ ਨਾਲ ਇਨ੍ਹਾਂ ਦੋ ਤੁਕਾਂ ਦਾ ਫਿਰ ਅਰਥ ਸੁਣੋ:-

ਸਿੱਧ ਨੇ ਕਿਹਾ- **ਕਿਆ ਭਵੀਐ**=ਸੰਸਾਰ ਦੀ ਤਰਫੋ ਕਿਵੇਂ ਮੁੜੀਏ?

ਗੁਰ ਉੱਤਰ:- ਸਚਿ=ਸੱਚ ਨਾਮ ਜਪਣ ਕਰਕੇ ਸੰਸਾਰ ਵੱਲੋਂ ਹਟੀਦਾ ਹੈ।

ਫਿਰ ਸਿੱਧ ਨੇ ਕਿਹਾ=ਪਵਿੱਤ੍ਰ ਕਿਵੇਂ ਹੁੰਚਾ ਹੈ? *ਗੁਰ ਉੱਤਰ:-*

ਸਚਿ ਸੂਚਾ ਹੋਇ=ਸੱਚ ਬੋਲਣ ਕਰਕੇ ਮਨ ਪਵਿੱਤ੍ਰ ਹੁੰਦਾ ਹੈ।

ਫਿਰ ਸਿੱਧ ਨੇ ਕਿਹਾ- ਮੁਕਤੀ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

ਗੁਰ ਉੱਤਰ:- ਸੱਚੇ ਗੁਰ ਸ਼ਬਦ ਕਰਕੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਸਾਚ ਸਬਦ ਬਿਨੁ ਮੁਕਤਿ ਨ ਕੋਇ॥ ੧॥ ਰਹਾਉ॥

ਸੱਚੇ ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਕੋਈ ਭੀ ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ ॥ ੧॥ ਰਹਾਉ॥

ਫਿਰ ਕਿਸੇ ਹੋਰ ਸਿੱਧ ਨੇ ਕਿਹਾ-

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥

ਪਹਿਲਾ ਪ੍ਰਸ਼ਨ- **ਕਵਨ ਤੁਮੇ** ਆਪ ਜੀ ਦਾ ਸਰੂਪ ਕੀ ਹੈ?

ਦੂਜਾ ਪ੍ਰਸ਼ਨ- **ਕਿਆ ਨਾਉ ਤੁਮਾਰਾ** ਆਪ ਜੀ ਦਾ ਨਾਂ ਕੀ ਹੈ?

ਤੀਜਾ ਪ੍ਰਸ਼ਨ- **ਕਉਨੁ ਮਾਰਗੁ** ਆਪ ਜੀ ਦਾ ਰਸਤਾ ਕੇਹੜਾ ਹੈ?

ਚੌਥਾ ਪ੍ਰਸ਼ਨ- **ਕਉਨੁ ਸੁਆਓ** ਆਪ ਜੀ ਦਾ ਪ੍ਰਯੋਜਨ ਕੀਹ ਹੈ?

ਹੁਣ ਗੁਰੂ ਜੀ ਇਨ੍ਹਾਂ ਚਾਰੇ ਪ੍ਰਸ਼ਨਾਂ ਦਾ ਸਮੁੱਚਾ ਉੱਤਰ ਦੇਂਦੇ ਹਨ:-

ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥

ਮੈਂ ਸੱਚ ਕਹਿੰਦਾ ਹਾਂ ਅਰਦਾਸਿ=ਬੇਨਤੀ ਪੂਰਬਕ ਕਿ ਮੈਂ ਸੰਤ ਜਨਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ।

ਪੁਨਾ ਸਿੱਧ ਨੇ ਕਿਹਾ- ਆਪ ਜੀ ਨੇ ਅਸਾਡੇ ਪ੍ਰਸ਼ਨਾਂ ਦਾ ਉੱਤਰ ਨਹੀਂ ਦਿੱਤਾ, ਅਪੁਣੀ ਗੱਲ ਹੀ ਆਖ ਗਏ ਹੋ, ਜੋ ਮੈਂਨੇ ਪ੍ਰਸ਼ਨ ਕੀਤੇ ਹਨ ਉਨ੍ਹਾਂ ਦਾ ਉੱਤਰ ਦਿਓ, ਤਾਂ ਗੁਰੂ ਜੀ ਨੇ ਕਿਹਾ-

[1]ਜੋ ਸੰਤਾਂ ਦਾ ਸਰੂਪ ਹੈ ਓਹੀ ਅਸਾਡਾ ਸਰੂਪ ਹੈ। [2]ਜੋ ਸੰਤਾਂ ਦਾ ਨਾਂ ਹੈ ਓਹੀ ਅਸਾਡਾ ਨਾਂ ਹੈ। [3]ਜੋ ਸੰਤਾਂ ਦਾ ਮਾਰਗ ਹੈ ਓਹੀ ਅਸਾਡਾ ਮਾਰਗ ਹੈ। [4]ਜੋ ਸੰਤਾਂ ਦਾ ਪ੍ਰਯੋਜਨ ਹੈ ਉਹੀ ਅਸਾਡਾ ਪ੍ਰਯੋਜਨ ਹੈ।

ਫਿਰ ਸਿੱਧ ਨੇ ਕਿਹਾ, ਕਿ ਆਪ ਜੀ ਨੇ ਤਾਂ ਫਾਹਾ ਸੋਟਾ ਹੀ ਮਾਰ ਦਿੱਤਾ ਹੈ, ਯਥਾ ਪੂਰਬਕ ਮੇਰੇ ਪ੍ਰਸ਼ਨਾਂ ਦਾ ਉੱਤਰ ਨਹੀਂ ਦਿੱਤਾ। ਜੇਕਰ ਪ੍ਰਸ਼ਨਾਂ ਦਾ ਉੱਤਰ ਦੇਣਾ ਨਹੀਂ ਆਉਂਦਾ ਤਾਂ ਅਸਾਡੇ ਚੇਲੇ ਬਣ ਜਾਓ ਅਸੀਂ ਉੱਤਰ ਦੱਸਦੇ ਹਾਂ।

ਹੁਣ ਗੁਰੂ ਜੀ ਉਸ ਦੀ ਤਸੱਲੀ ਮੁਤਾਬਕ ਪ੍ਰਸ਼ਨਾਂ ਦਾ ਉੱਤਰ ਦੇਂਦੇ ਹਨ।

ਪਹਿਲਾ ਪ੍ਰਸ਼ਨ ਸੀ **ਕਵਲ ਤੁਮੇ**=ਆਖ ਜੀ ਦਾ ਸਰੂਪ ਕੀ ਹੈ? *ਗੁਰ ਉੱਤਰ-*

ਸਾਚੁ ਕਹਉ=ਸੱਤ, ਚਿੱਤ, ਅਨੰਦ ਏਹੀ ਅਸਾਡਾ ਸਰੂਪ ਹੈ।

ਦੂਜਾ ਪ੍ਰਸ਼ਨ ਸੀ- **ਕਿਆ ਨਾਉ ਤੁਮਾਰਾ**=ਤੁਹਾਡਾ ਨਾਂ ਕੀ ਹੈ?

ਗੁਰ ਉੱਤਰ- **ਅਰਦਾਸਿ ਹਮਾਰੀ**=ਅਰਦਾਸੀਆ ਅਸਾਡਾ ਨਾਂ ਹੈ, ਹਰ ਵੇਲੇ ਅਸੀਂ ਪਰਮਾਤਮਾ ਅੱਗੇ ਬੇਨਤੀਆਂ ਕਰਦੇ ਰਹਿੰਦੇ ਹਾਂ।

ਤੀਜਾ ਪ੍ਰਸ਼ਨ ਸੀ- **ਕਉਨੁ ਮਾਰਗੁ**=ਆਪ ਜੀ ਦਾ ਰਸਤਾ ਕੇਹੜਾ ਹੈ?

ਗੁਰ ਉੱਤਰ- ਜੋ ਸੰਤਾਂ ਦਾ ਮਾਰਗ ਹੈ ਭਜਨ ਸਿਮਰਨ ਰੂਪੀ ਓਹੀ ਮੇਰਾ ਰਸਤਾ ਹੈ।

ਚੌਥਾ ਪ੍ਰਸ਼ਨ ਸੀ- **ਕਉਨੁ ਸੁਆਓ**=ਆਪ ਜੀ ਦਾ ਪ੍ਰਯੋਜਨ ਕੀਹ ਹੈ?

ਗੁਰ ਉੱਤਰ- **ਹਉ ਸੰਤ ਜਨਾ ਬਲਿ ਜਾਓ**=ਜੇਹੜਾ ਮੈਂ ਸੰਤ ਜਨਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ, ਏਹੀ ਮੇਰਾ ਅਸਲ ਪ੍ਰਯੋਜਨ ਹੈ।

ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥
ਨਾਨਕ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥ ੨ ॥

ਇਨ੍ਹਾਂ ਦੋ ਤੁਕਾਂ ਵਿਚ ਪੰਜ ਪ੍ਰਸ਼ਨ ਕੀਤੇ ਹਨ।

ਪਹਿਲਾ ਪ੍ਰਸ਼ਨ— **ਕਹ ਬੈਸਹੁ**=ਕਿਸ ਜਗ੍ਹਾ ਉੱਪਰ ਆਪ ਬਹਿੰਦੇ ਹੋ?

ਦੂਜਾ ਪ੍ਰਸ਼ਨ— **ਕਹ ਰਹੀਐ ਬਾਲੇ**=ਹੇ ਬਾਲੇ ਕਿੱਥੇ ਆਪ ਰਹਿੰਦੇ ਹੋ?

ਤੀਜਾ ਪ੍ਰਸ਼ਨ— **ਕਹ ਆਵਹੁ**=ਕਿਸ ਪ੍ਰਕਾਰ ਆਂਵਦੇ ਹੋ?

ਚੌਥਾ ਪ੍ਰਸ਼ਨ— **ਕਹ ਜਾਹੋ**=ਕਿਸ ਪ੍ਰਕਾਰ ਜਾਂਦੇ ਹੋ?

ਪੰਜਵਾਂ ਪ੍ਰਸ਼ਨ— **ਨਾਨਕ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥ ੨ ॥**

ਗੁਰੂ ਜੀ ਕਥਨ ਕਰਦੇ ਹਨ— ਹੇ ਪੁਰਖਾ ! ਓਹ ਸਿੱਧ ਅਸਾਨੂੰ ਆਖਦਾ ਹੈ ਕਿ ਹੇ ਬੈਰਾਗੀ ਸੁਣ ! ਇਹ ਦੱਸ ਤੇਰਾ ਰਾਹੋ=ਰਸਤਾ ਕੇਹੜਾ ਹੈ?

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥
ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ॥ ੩ ॥

ਹੁਣ ਗੁਰੂ ਜੀ ਇਸ ਪੌੜੀ ਵਿਚ ਪਿਛਲੇ ਪੰਜਾਂ ਪ੍ਰਸ਼ਨਾਂ ਦਾ ਉੱਤਰ ਦੇਂਦੇ ਹਨ।

ਪਹਿਲੇ ਪ੍ਰਸ਼ਨ ਦਾ ਉੱਤਰ:- **ਆਸਣਿ ਬੈਸਣਿ ਥਿਰੁ ਨਾਰਾਇਣੁ**= ਥਿਰੁ ਰੂਪ ਨਾਰਾਇਣ ਵਿਚ ਆਸਣੁ ਲਗਾ ਕੇ ਭਾਵ ਬਿਰਤੀ ਜੋੜ ਕੇ ਬੈਠੇ ਹਾਂ।

ਦੂਜੇ ਪ੍ਰਸ਼ਨ ਦਾ ਉੱਤਰ:- **ਘਟਿ ਘਟਿ ਬੈਸਿ ਨਿਰੰਤਰਿ ਰਹੀਐ**=ਜੋ ਘਟਾਂ ਘਟਾਂ ਵਿਚ ਬੈਠ ਰਿਹਾ ਹੈ, ਉਸ ਦੇ ਨਾਮ ਵਿਚ ਇੱਕ ਰਸ ਰਹਿੰਦੇ ਹਾਂ।

ਤੀਜੇ ਪ੍ਰਸ਼ਨ ਦਾ ਉੱਤਰ:- **ਸਹਜੇ ਆਏ**=ਸੁਭਾਵਕ ਹੀ ਉਸ ਦੇ ਹੁਕਮ ਅਨੁਸਾਰ ਸੰਸਾਰ ਵਿਚ

ਆਇ ਹਾਂ।

ਚੌਥੇ ਪ੍ਰਸ਼ਨ ਦਾ ਉੱਤਰ:- **ਹੁਕਮਿ ਸਿਧਾਏ**=ਉਸ ਦੇ ਹੁਕਮ ਵਿਚ ਹੀ ਚਲਦੇ ਹਾਂ ਭਾਵ ਜਾਂਦੇ ਹਾਂ। ਪੁਨਾ, ਸਿੱਧ ਨੇ ਕਿਹਾ, ਮੱਧਕਾਲ ਵਿਚ ਕਿੱਥੇ ਰਹਿੰਦੇ ਹੋ?

ਗੁਰ ਉੱਤਰ:- ਮਧਕਾਲ ਵਿਚ ਭੀ **ਨਾਨਕ ਸਦਾ ਰਜਾਏ**=ਸਦੀਵ ਕਾਲ ਉਸ ਦੀ ਆਗਿਆ ਵਿਚ ਰਹਿੰਦੇ ਹਾਂ।

ਪੰਜਵੇਂ ਪ੍ਰਸ਼ਨ ਦਾ ਉੱਤਰ:- **ਚਾਲਹਿ ਸਤਿਗੁਰ ਭਾਏ ॥** ਜੇਹੜਾ ਸਤਿਗੁਰ ਦੀ ਭਾਏ=ਆਗਿਆ ਅਨੁਸਾਰ ਚਲਣਾ ਕਰਦੇ ਹਾਂ ਏਹੀ ਅਸਾਡਾ ਰਾਹੋ=ਰਸਤਾ ਹੈ।

ਪੁਨਾ, ਸਿੱਧ ਨੇ ਕਿਹਾ, ਇਹ ਸਾਰੀ ਮਰਯਾਦਾ ਕਿਵੇਂ ਪਾਪਤ ਹੁੰਦੀ ਹੈ?

ਗੁਰ ਉੱਤਰ:- **ਐਸੀ ਗੁਰਮਤਿ ਪਾਏ ॥** ਗੁਰਾਂ ਦੀ ਸਿੱਖਿਆ ਗ੍ਰਹਿਣ ਕਰਨੇ ਸੇ ਇਸ ਤਰ੍ਹਾਂ ਦੀ ਮਰਯਾਦਾ ਪ੍ਰਾਪਤ ਹੁੰਦੀ ਹੈ।

ਅਗਲੀ ਪੰਕਤੀ ਸਿਧਾਂਤ ਦੀ ਹੈ, **ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥ ੩ ॥**

ਗੁਰਾਂ ਦੁਆਰੇ ਬੁੱਝ ਕੇ ਅਪਣੇ ਸਰੂਪ ਨੂੰ ਪਛਾਣੇ ਤਾਂ ਸਚ=ਨਿਸਚੇ ਕਰਕੇ ਸੱਚੇ ਪਰਮਾਤਮਾ ਵਿਚ ਸਮਾਏ=ਅਭੇਦ ਹੁੰਦਾ ਹੈ।

ਏਸ ਪੰਕਤੀ ਨੂੰ ਅਵਾਂਤ੍ਰ ਪ੍ਰਸ਼ਨ, ਉੱਤਰ ਦੇ ਢੰਗ ਨਾਲ ਭੀ ਲਗਾਂਦੇ ਹਨ:-

ਆਪੁ ਪਛਾਣੈ=ਅਪਣੇ ਸਰੂਪ ਨੂੰ ਕਿਵੇਂ ਪਛਾਣੇ? ਗੁਰ ਉੱਤਰ-

ਗੁਰਮੁਖਿ ਬੂਝੈ ਸਚੇ ਸਚਿ ਸਮਾਏ=ਮੁਖੀ ਗੁਰਾਂ ਤੋਂ ਬੁੱਝ ਕੇ ਸਚਿ=ਨਿਸਚੇ ਕਰਕੇ ਸੱਚ ਨਾਮ ਜਪਣ ਵਿਚ ਸਮਾਵੇ ਤਾਂ ਅਪਣੇ ਸਰੂਪ ਨੂੰ ਪਛਾਣਦਾ ਹੈ॥ ੩ ॥

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥

ਚਰਪਟ ਨਾਥ ਬੋਲਕੇ ਕਹਿੰਦਾ ਹੈ— ਹੇ ਅਉਧੂ=ਸ਼ੁੱਧ ਗੁਰ ਨਾਨਕ ਅਪਣਾ ਸੱਚਾ ਵਿਚਾਰ ਦੱਸ ਕੇ ਮੈਨੂੰ ਬੀਚਾਰੋ=ਉੱਤਰ ਦਿਓ। ਇਹ ਜੋ ਦੁਨੀਆਂ ਰੂਪ ਸਮੁੰਦਰ ਬੜਾ ਦੁਤਰੁ=ਕਠਨ ਕਿਹਾ ਜਾਂਦਾ ਹੈ, ਇਸ ਤੋਂ ਪਾਰ ਹੋਣਾ ਕਿਸ ਤਰ੍ਹਾਂ ਪਾਈਏ?

ਇਸ ਚਰਪਟ ਨਾਥ ਦੇ ਪਿਆਰ ਅਤੇ ਕਰਨੀ ਨੂੰ ਵੇਖ ਕੇ ਗੁਰੂ ਸਾਹਿਬ ਜੀ ਉਸ ਦੀ ਵਡਿਆਈ ਕਰਦੇ ਹਨ।

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥

ਜੋ ਆਪ ਹੀ ਪ੍ਰਸ਼ਨ ਆਖੇ ਅਤੇ ਆਪ ਹੀ ਉਸ ਦੇ ਉੱਤਰ ਨੂੰ ਸਮਝਦਾ ਹੋਵੇ, ਤਿਸ ਤੇਰੇ ਕੋ ਕੀ ਉੱਤਰ ਦੇਣਾ ਹੈ।

ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥ ੪ ॥

ਹੇ ਚਰਪਟ ਨਾਥ ! ਮੈਂ ਸੱਚ ਕਹਿੰਦਾ ਹਾਂ ਤੁਸੀਂ ਆਪ ਸੰਸਾਰ ਗਰਾਮ ਤੋਂ ਪਾਰ ਹੋ, ਵਾ:- ਪਾਰਲਾ ਗਰਾਮ ਜੋ ਸਰੂਪ ਹੈ ਉਸ ਵਿਚ ਆਪ ਪ੍ਰਾਪਤ ਹੋ। ਇਸ ਵਾਸਤੇ ਤੁਹਾਨੂੰ ਕਿਆ ਬੈਸਣੁ ਦੀਜੈ=ਕੀ ਉੱਤਰ ਦੇਣਾ ਹੈ।

www.sikhbookclub.com

ਤਾਂ ਚਰਪਟ ਨਾਥ ਨੇ ਕਿਹਾ, ਆਪ ਜੀ ਦਾ ਕਹਿਣਾ ਭਾਵੇਂ ਯਥਾਰਥ ਹੈ, ਪਰ ਮੈਂ ਆਪ ਜੀ ਦੇ ਮੁਖਾਰਬਿੰਦ ਤੋਂ ਸੁਨਣਾ ਚਾਹੁੰਦਾ ਹਾਂ।

ਗੁਰੂ ਜੀ ਫਿਰ ਵੀ ਓਸੇ ਦੀ ਵਡਿਆਈ ਕਰਦੇ ਹਨ-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥

ਜਿਵੇਂ ਜਲ ਵਿਚ ਕੌਲ ਫੁੱਲ ਅਸੰਗ, ਭਾਵ ਨਿਰਲੇਪ ਰਹਿੰਦਾ ਹੈ, ਤਿਵੇਂ ਆਪ ਪਦਾਰਥਾਂ ਰੂਪ ਜਲ ਤੋਂ ਅਸੰਗ ਰਹਿੰਦੇ ਹੋ। ਦੂਜਾ ਦ੍ਰਿਸ਼ਟਾਂਤ ਹੋਰ ਸੁਣੋ—

ਜਿਵੇਂ ਮੁਰਗਾਈ ਦੀ ਨਿਸ਼ਾਣੀ ਹੈ, ਭਾਵ ਮੁਰਗਾਈ ਦੇ ਨੈਸਾਣੇ=ਖੰਭ ਤਰਦਿਆਂ ਹੋਇਆਂ ਪਾਣੀ ਵਿਚ ਨਹੀਂ ਭਿੱਜਦੇ, ਤਿਵੇਂ ਆਪ ਜੀ ਦੇ ਅੰਤਹ ਕਰਨ ਰੂਪ ਖੰਭ ਪਦਾਰਥਾਂ ਰੂਪ ਪਾਣੀ ਵਿਚ ਨਹੀਂ ਭਿੱਜਦੇ।

ਯਥਾ:- ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ॥

ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ॥ ੨॥

(ਕਲਿਆਨ ਮਹਲਾ ੪, ਪੰਨਾ ੧੩੨੪)

ਵਾ:- ਗਿਆਨ ਵੈਰਾਗ ਰੂਪੀ ਖੰਭ ਪਦਾਰਥਾਂ ਰੂਪ ਪਾਣੀ ਵਿਚ ਨਹੀਂ ਭਿੱਜਦੇ, ਅਰਥਾਤ ਪਦਾਰਥਾਂ ਦੇ ਜ਼ੋਰ ਕਰਕੇ ਗਿਆਨ ਵੈਰਾਗ ਦਾ ਅਭਾਵ ਨਹੀਂ ਹੁੰਦਾ।

ਅਥਵਾ:- ਜਿਵੇਂ ਮੁਰਗਾਈ ਨੈ+ਸਾਣੇ=ਨਦੀ ਦੇ ਸਾਹਮਣੇ ਜਾਂਦੀ ਹੈ, ਤਿਵੇਂ ਆਪ ਪ੍ਰਮੇਸ਼ਰ ਦੇ ਸਨਮੁਖ ਚਲਦੇ ਹੋ।

ਪੁਨਾ, ਚਰਪਟ ਨਾਥ ਨੇ ਕਿਹਾ, ਕਿ ਮਹਾਰਾਜ ਮੇਰੇ ਪ੍ਰਸ਼ਨ ਦਾ ਉੱਤਰ ਜ਼ਰੂਰ ਦਿਓ, ਇਹ ਜੋ ਦੁਨੀਆਂ ਰੂਪ ਸਾਗਰ ਤਰਨਾ ਕਠਨ ਕਿਹਾ ਹੈ, ਉਸ ਤੋਂ ਪਾਰ ਹੋਣਾ ਕਿਵੇਂ ਪਾਵੇ?

ਗੁਰ ਉੱਤਰ:-

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

ਗੁਰੂ ਜੀ ਕਥਨ ਕਰਦੇ ਹਨ— ਹੇ ਚਰਪਟ ਨਾਥ ਜੀ! ਗੁਰਾਂ ਦੇ ਉਪਦੇਸ਼ ਵਿਚ "ਸੁ+ਰਤਿ"=ਸ੍ਰੇਸ਼ਟ ਪ੍ਰੀਤੀ ਕਰਕੇ, *ਵਾ:-* ਸੁਰਤ ਨੂੰ ਜੋੜ ਕੇ ਇੱਕ ਪ੍ਰਭੂ ਦੇ ਨਾਮ ਨੂੰ ਕਥਨ ਕਰੇ ਅਤੇ ਪਦਾਰਥਾਂ ਰੂਪ ਜਲ ਵਿਚ ਕਵਲ ਫੁੱਲ ਵਾਂਗੂ ਨਿਰਲੇਪ ਰਵ੍ਹੇ ਤੇ ਮੁਰਗਾਈ ਵਾਂਗੂ ਪਰਮੇਸ਼ਰ ਦੇ ਸਨਮੁਖ ਚਲੇ ਤਾਂ ਭਵ ਸਾਗਰੁ ਤਰੀਐ= ਸੰਸਾਰ ਸਮੁੰਦਰ ਤੋਂ ਤਰ ਕੇ ਪਾਰ ਹੋਣਾ ਪਾਂਵਦਾ ਹੈ।

ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥ ੫॥

ਇਹ ਦੋ ਪੰਕਤੀਆਂ ਸਿਧਾਂਤ ਦੀਆਂ ਹਨ- ਜੋ ਇਕਾਂਤ ਰਹਿੰਦਾ ਹੈ, ਮਨ ਵਿਚ ਇੱਕ ਨਾਮ ਵਸਿਆ ਰਹਿੰਦਾ ਹੈ ਤੇ ਆਸਾ ਰੂਪ ਪ੍ਰਪੰਚ ਵਿੱਚੋਂ ਨਿਰਾਸ ਰਹਿੰਦਾ ਹੈ ਅਤੇ ਜੋ ਅਗਮ ਅਗੋਚਰ ਪਰਮਾਤਮਾ ਨੂੰ ਆਪ ਦੇਖ ਕੇ ਹੋਰਨਾਂ ਨੂੰ ਵਿਖਾਉਂਦਾ ਹੈ, ਗੁਰੂ ਜੀ ਕਥਨ ਕਰਦੇ ਹਨ— ਮੈਂ ਉਸ ਦਾ ਦਾਸ ਹਾਂ। ਇਨ੍ਹਾਂ ਦੋ ਤੁਕਾਂ ਨੂੰ ਅਵਾਤ੍ਰ ਪ੍ਰਸ਼ਨ ਉੱਤਰ ਦੇ ਢੰਗ ਨਾਲ ਭੀ ਲਗਾਂਦੇ ਹਨ।

ਅਗਮ ਅਗੋਚਰੁ ਦੇਖਿ ਦਿਖਾਏ ਨਾਨਕ ਤਾ ਕਾ ਦਾਸੋ॥ ੫॥

ਅਗਮ ਅਗੋਚਰ ਪਰਮਾਤਮਾ ਨੂੰ ਜੋ ਆਪ ਦੇਖਦਾ ਹੈ ਅਤੇ ਹੋਰਨਾਂ ਨੂੰ ਵਿਖਾਉਂਦਾ ਹੈ ਤਾ+ਕਾ=ਉਸ ਦੇ ਚਿੰਨ ਦਾਸੋ=ਦੱਸਣਾ ਕਰੋ?

*ਗੁਰ ਉੱਤਰ:- **ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥***

ਉਹ ਸਭ ਤੋਂ ਇਕਾਂਤ ਰਹਿੰਦਾ ਹੈ, ਉਸ ਦੇ ਮਨ ਵਿਚ ਇੱਕ ਨਾਮ ਵਸਿਆ ਰਹਿੰਦਾ ਹੈ ਅਤੇ ਆਸਾ ਰੂਪ ਪ੍ਰਪੰਚ 'ਚੋਂ ਨਿਰਾਸ ਹੀ ਰਹਿੰਦਾ ਹੈ॥ ੫॥

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥

ਇੱਕ ਹੋਰ ਸਿੱਧ ਨੇ ਕਿਹਾ- ਹੇ ਸੁਆਮੀ ਜੀ ! ਮੇਰੀ ਇੱਕ ਬੇਨਤੀ ਸੁਣੋ, ਮੈਂ ਆਪ ਜੀ ਪਾਸੋਂ ਇੱਕ ਸੱਚਾ ਵਿਚਾਰ ਪੁੱਛਦਾ ਹਾਂ—

ਰੋਸੁ ਨ ਕੀਜੈ ਉਤਰੁ ਦੀਜੈ

ਗੁੱਸਾ ਨਾ ਕਰਨਾ, ਮੈਨੂੰ ਉੱਤਰ ਦੇ ਦੇਣਾ। ਗੁਰੂ ਜੀ ਨੇ ਕਿਹਾ, ਤੇਰਾ ਕੀ ਪ੍ਰਸ਼ਨ ਹੈ?

ਉਸ ਸਿੱਧ ਨੇ ਕਿਹਾ- **ਕਉ ਪਾਈਐ** ਪਰਮੇਸ਼ਰ ਨੂੰ ਕਿਵੇਂ ਪਾਈਦਾ ਹੈ?

ਗੁਰ ਉੱਤਰ- **ਗੁਰ ਦੁਆਰੈ॥** ਗੁਰਾਂ ਦੁਆਰੇ ਉਹ ਪਰਮੇਸ਼ਰ ਪਾਈਦਾ ਹੈ।

ਪੁਨਾ, ਉਸ ਨੇ ਦੂਜਾ ਪ੍ਰਸ਼ਨ ਕੀਤਾ- **ਇਹੁ ਮਨ ਚਲਤਉ ਸਚ ਘਰਿ ਬੈਸੈ**

ਇਹ ਚੰਚਲ ਮਨ ਸੱਚੇ ਸਰੂਪ ਘਰ ਵਿਚ ਕਿਵੇ ਬੈਠੇ?

ਗੁਰ ਉੱਤਰ- **ਨਾਨਕ ਨਾਮੁ ਅਧਾਰੈ॥**

ਗੁਰੂ ਜੀ ਕਥਨ ਕਰਦੇ ਹਨ— ਪਰਮੇਸ਼ਰ ਦੇ ਨਾਮ ਦਾ ਆਸਰਾ ਗ੍ਰਹਿਣ ਕਰੇ ਤਾਂ ਇਹ ਚੰਚਲ ਮਨ ਸਰੂਪ ਘਰ ਵਿਚ ਬੈਠੇਗਾ।

ਤੀਜਾ ਪ੍ਰਸ਼ਨ- **ਆਪੇ ਮੇਲਿ ਮਿਲਾਏ ਕਰਤਾ**

ਕਰਤਾ ਪਰਮੇਸ਼ਰ ਅਪੁਣੇ ਮੇਲ ਵਿਚ ਕਿਵੇਂ ਮਿਲਾਂਵਦਾ ਹੈ?

ਗੁਰ ਉੱਤਰ- **ਲਾਗੈ ਸਾਚਿ ਪਿਆਰੈ॥ ੬॥**

ਜਾਂ ਸੱਚ ਬੋਲਨ ਵਿਚ, ਵਾ ਸੱਚ ਨਾਮ ਵਿਚ ਪ੍ਰੇਮ ਲੱਗ ਜਾਵੇ ਤਾਂ ਕਰਤਾ ਪਰਮੇਸ਼ਰ ਅਪੁਣੇ ਮੇਲ ਵਿਚ ਮਿਲਾ ਲੈਂਦਾ ਹੈ॥ ੬॥

ਅੱਗੋਂ ਲੋਹਾਰੀਪਾ ਸਿੱਧ ਨੇ ਕਿਹਾ-

ਹਾਟੀ ਬਾਟੀ ਰਹਹਿ ਨਿਰਾਲੇ

ਹਾਟੀ=ਹੱਟੀਆਂ ਤੇ ਬਾਟੀ=ਰਸਤਿਆਂ ਵੱਲੋਂ ਕਿਵੇਂ ਅਸੰਗ ਹੋ ਰਵ੍ਹੇ?

ਅਥਵਾ- ਹਾਟੀ=ਸ੍ਵਰਨ ਤੇ ਬਾਟੀ=ਚਾਂਦੀ ਆਦਿਕਾਂ ਵੱਲੋਂ ਕਿਵੇਂ ਨਿਰਾਲਾ ਹੋ ਰਵ੍ਹੇ?

ਗੁਰ ਉੱਤਰ-

ਰੂਖਿ ਬਿਰਖਿ ਉਦਿਆਨੇ॥

ਉਜਾੜ ਦੇ ਬਿਰਖਾਂ ਨਾਲ ਰੂਖਿ=ਪ੍ਰੀਤੀ ਕਰੇ, ਤਾਂ ਹੀ ਹੱਟੀਆਂ ਤੇ ਰਸਤਿਆਂ ਵਲੋਂ ਅਤੇ ਸ੍ਵਰਨ ਤੇ ਚਾਂਦੀ ਆਦਿਕਾਂ ਵੱਲੋਂ ਅਸੰਗ ਰਹਿੰਦਾ ਹੈ।

[ਪੰਨਾ ੯੩੯]

ਕੰਦ ਮੂਲੁ ਅਹਾਰੋ ਖਾਈਐ

ਜਿਮੀਕੰਦ ਤੇ ਮੂਲੀ ਆਦਿਕਾਂ ਦੇ *ਅਥਵਾ*, ਫਲਾਂ ਫੁੱਲਾਂ ਦੇ ਅਹਾਰੋ=ਭੋਜਨ ਖਾਣ ਦੀ ਕੀ ਲੋੜ ਹੈ?

ਗੁਰ ਉੱਤਰ-

ਅਉਧੂ ਬੋਲੈ ਗਿਆਨੇ॥

ਸ਼ੁੱਧ ਗਿਆਨ ਦੇ ਬੋਲਣ ਵਾਸਤੇ ਫਲਾਂ ਫੁੱਲਾਂ ਦੇ ਅਹਾਰ ਖਾਣ ਦੀ ਲੋੜ ਹੈ?

ਤੀਰਥਿ ਨਾਈਐ

ਪ੍ਰਸ਼ਨ:- ਤੀਰਥਾਂ ਉੱਪਰ ਇਸ਼ਨਾਨ ਕਰਨ ਦੀ ਕੀ ਲੋੜ ਹੈ? *ਗੁਰ ਉੱਤਰ:-*

ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥

ਤੀਰਥਾਂ ਉੱਤਰ ਵਿਧੀ ਸਹਿਤ ਇਸ਼ਨਾਨ ਕਰਨ ਨਾਲ ਅੰਤਹ ਕਰਨ ਨੂੰ ਕੋਈ ਪਾਪਾਂ ਰੂਪੀ ਮੈਲ ਨਹੀਂ ਲਗਦੀ, ਜਿਸ 'ਤੇ ਮੈਲ ਨਹੀਂ ਲਗਦੀ ਇਸੀ ਤੇ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ।

ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥ ੭॥

ਗੋਰਖ ਨਾਥ ਜੀ ਦਾ ਪੂਤ=ਚੇਲਾ ਜੋ ਲੋਹਾਰੀਪਾ ਸਿੱਧ ਹੈ, ਉਹ ਬੋਲ ਕੇ ਕਹਿੰਦਾ ਹੋਇਆ ਕਿ ਬਿਧਿ ਸਾਈ=ਸਾਂਈ ਪਰਮਾਤਮਾ ਨਾਲ ਮਿਲਾਪ ਕਿਵੇਂ ਹੁੰਦਾ ਹੈ?

ਅਸਾਂ ਨੇ ਕਿਹਾ:- ਜੋਗ ਜੁਗਤਿ=ਭਗਤੀ ਜੋਗ ਵਿਚ ਜੁੜਨ ਕਰਕੇ ਪਰਮਾਤਮਾ ਨਾਲ ਬਿਧਿ=ਮਿਲਾਪ ਹੁੰਦਾ ਹੈ।

ਇਸ ਪੌੜੀ ਦਾ ਦੁਬਾਰਾ ਅਰਥ ਫਿਰ ਕਰਨਾ ਕਿਉਂਕਿ ਇਸ ਪੌੜੀ ਵਿਚ ਲੋਹਾਰੀਪਾ ਸਿੱਧ ਨੇ ਕੇਵਲ ਅਪੁਣੇ ਭੇਖ ਦੀ ਹੀ ਪ੍ਰਕਿਰਿਆ ਦੱਸੀ ਹੈ।

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥

ਹਾਟੀ=ਹੱਟੀਆਂ ਤੇ ਬਾਟੀ=ਰਸਤਿਆਂ ਵੱਲੋਂ,

ਅਥਵਾ:- ਹਾਟੀ=ਸ੍ਵਰਨ ਤੇ ਬਾਟੀ=ਚਾਂਦੀ ਆਦਿਕਾਂ ਵੱਲੋਂ ਨਿਰਾਲਾ ਹੋ ਰਹਿਣਾ ਕਰੇ ਅਤੇ ਉਜਾੜ ਦੇ ਬ੍ਰਿਛਾਂ ਵੱਲ ਰੁਖ ਕਰੇ, ਭਾਵ ਜੰਗਲ ਦੇ ਬ੍ਰਿਛਾਂ ਨਾਲ ਪ੍ਰੀਤੀ ਕਰੇ।

ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥

ਕੰਦ ਮੂਲ ਦਾ ਭੋਜਨ ਚੁਨ ਕੇ ਖਾਣਾ ਕਰੇ ਅਤੇ ਹਮਾਰੇ ਭੇਖ ਦਾ ਸ਼ੁੱਧ ਗਿਆਨ ਬੋਲੇ।

(ਨੋਟ:- ਜੋ ਬ੍ਰਿਛਾਂ ਨਾਲ ਲਗੇ ਉਸ ਨੂੰ ਕੰਦ ਆਖਦੇ ਹਨ, ਜੋ ਧਰਤੀ ਦੇ ਵਿਚ ਪੈਦਾ ਹੋਵੇ, ਉਸ ਨੂੰ ਮੂਲ ਆਖਦੇ ਹਨ।)

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥

ਸੁਖ ਫਲ ਦੇ ਪਾਵਣ ਵਾਸਤੇ ਤੀਰਥਾਂ ਉੱਪਰ ਇਸ਼ਨਾਨ ਕਰੀਏ ਜਿਸ 'ਤੇ ਕੋਈ ਪਾਪਾਂ ਰੂਪੀ ਮੈਲ ਨਾ ਲਗੇ।

ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥ ੭॥

ਗੋਰਖ ਨਾਥ ਜੀ ਦਾ ਪੂਤ=ਚੇਲਾ ਲੋਹਾਰੀਪਾ ਸਿੱਧ ਬੋਲ ਕੇ ਕਹਿੰਦਾ ਹੈ ਕਿ ਸਾਈ ਬਿਧਿ=ਏਹੀ ਵਿਧੀ ਹੈ ਹਠ ਜੋਗ ਵਿਚ ਜੁੜਨ ਦੀ, ਇਸ ਵਿਧੀ ਨੂੰ ਧਾਰ ਕੇ ਤੁਸੀਂ ਭੀ ਜੋਗੀ ਬਣੋ॥ ੭॥

ਇਸ ਪ੍ਰਕਿਰਿਆ ਨੂੰ ਸੁਣ ਕੇ ਅਗਲੀ ਪਉੜੀ ਵਿਚ ਗੁਰੂ ਜੀ ਉੱਤਰ ਦੇਂਦੇ ਹਨ—

ਹਾਟੀ ਬਾਟੀ ਨੀਦ ਨ ਆਵੈ

ਬੇਸ਼ੱਕ ਹਾਟੀ=ਹੱਟੀਆਂ ਕਰੇ ਅਤੇ ਬਾਟੀ=ਰਸਤਿਆਂ ਵਿਚ ਚਲਣਾ ਕਰੇ, ਕਿਉਂਕਿ ਹੱਟੀਆਂ ਕਰਨ ਨਾਲ ਹੀ ਦਸਾਂ ਨਵਾਂ ਦੀ ਕਿਰਤ ਕਮਾਈ ਹੁੰਦੀ ਹੈ, ਦਸਾਂ ਨਵਾਂ ਦੀ ਕਿਰਤ ਕਮਾਈ ਕਰਕੇ ਖਾਣਾ ਸਭ ਤੋਂ ਉੱਤਮ ਲਿਖਿਆ ਹੈ।

ਯਥਾ:- ਸਲੋਕ ਮ: ੧ ॥ ਗਿਆਨ ਵਿਹੂਣਾ ਗਾਵੈ ਗੀਤਿ॥ ਭੂਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੋਇ॥ ੧॥

(ਸਾਰੰਗ ਵਾਰ ਸਲੋਕ ੨੨, ਪੰਨਾ ੧੨੪੫)

ਅਥਵਾ- ਬੇਸ਼ੱਕ ਹਾਟੀ=ਸ਼ਰਨ ਤੇ ਬਾਟੀ=ਚਾਂਦੀ ਆਦਿਕ ਪਦਾਰਥਾਂ ਨੂੰ ਭੀ ਗ੍ਰਹਿਣ ਕਰੇ ਕਿਉਂਕਿ ਪਦਾਰਥ ਪਾਸ ਹੋਣਗੇ ਤਾਂ ਹੀ ਦਾਨ ਪੁੰਨ ਕਰੇਗਾ। ਹਾਂ ਇਹ ਗੱਲ ਜ਼ਰੂਰੀ ਹੈ ਕਿ ਮੋਹ ਰੂਪ ਨੀਂਦ ਵਾ, ਅਵਿੱਦਿਆ ਰੂਪ ਨੀਂਦ ਨਾ ਆਵੇ।

ਅਥਵਾ:- ਅੰਮ੍ਰਿਤ ਵੇਲੇ ਪ੍ਰਭੁੱਖ ਨੀਂਦ ਨਾ ਆਵੇ ਉਸ ਵੇਲੇ ਜਾਗ ਕੇ ਸਿਮਰਨ ਕਰੇ।

ਯਥਾ:- ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾੜਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ ੧॥

(ਗਉੜੀ ਬਾਵਨ ਅਖਰੀ ਸਲੋਕ ੨੫, ਪੰਨਾ ੨੫੫)

ਪਰ ਘਰਿ ਚਿਤੁ ਨ ਡੋਲਾਈ॥

ਪ੍ਰਭੁੱਖ ਪਰਾਏ ਘਰਾਂ ਵੱਲ ਯਾਂ ਪਰਾਏ ਧਨ ਦੇ ਚੁਰਾਨ ਵੱਲ ਅਪੁਣੇ ਚਿਤ ਨੂੰ ਨਾ ਡੁਲਾਵੇ, ਵਾ:- ਪਰ ਘਰਿ=ਪਰਾਈ ਇਸਤ੍ਰੀ ਵੱਲ ਅਪਣੇ ਚਿੱਤ ਨੂੰ ਨਾ ਭਰਮਾਵੇ।

ਅਥਵਾ:- ਪਰ ਘਰਿ= ਦੇਵੀ ਦੇਵਤਿਆਂ ਦੀ ਉਪਾਸ਼ਨਾ ਵੱਲ ਚਿੱਤ ਨੂੰ ਨਾ ਡੁਲਾਵੇ।

ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥

ਪ੍ਰਭੂ ਦੇ ਨਾਮ ਤੋਂ ਬਿਨਾਂ ਇਹ ਮਨ ਕਿਸੇ ਹੋਰ ਦੀ ਟੇਕ=ਓਟ ਕਰਕੇ ਨਹੀਂ ਟਿਕਦਾ ਅਤੇ ਮਨ ਦੇ ਟਿਕੇ ਤੋਂ ਬਿਨਾਂ, ਗੁਰੂ ਜੀ ਕਥਨ ਕਰਦੇ ਹਨ— ਪਦਾਰਥਾਂ ਦੀ ਭੁੱਖ ਨਹੀਂ ਜਾਂਦੀ, ਭਾਵ ਤ੍ਰਿਸ਼ਨਾ ਦੂਰ ਨਹੀਂ ਹੁੰਦੀ।

ਅਥਵਾ- ਪ੍ਰਭੂ ਦੇ ਨਾਮ ਤੋਂ ਬਿਨਾਂ ਮਨ ਵਿਚ ਕਿਸੇ ਹੋਰ ਦੀ ਟੇਕ ਨੂੰ ਨ ਟਿਕਈ=ਨ ਗ੍ਰਹਿਣ ਕਰੇ ਅਤੇ ਗੁਰੂ ਜੀ ਕਥਨ ਕਰਦੇ ਹਨ--ਮਨ 'ਚੋਂ ਨਾਮ ਦੀ ਭੁੱਖ ਨਾ ਜਾਵੇ, ਨਾਮ ਦੀ ਭੁੱਖ ਲੱਗੀ ਹੀ ਰਹੇ-

ਯਥਾ:- ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੇ ਖਾਇ ਚਲੀਅਹਿ ਦੂਖ॥ ੧॥ *(ਆਸਾ ਅਹਲਾ ੧, ਪੰਨਾ ੯)*

ਹਾਟੁ ਪਟਣੁ ਘਰੁ ਗੁਰੂ ਦਿਖਾਇਆ॥

ਅਸਾਨੂੰ ਤਾਂ ਗੁਰਾਂ ਨੇ ਪਟਣੁ=ਸ਼ਹਿਰ ਤੇ ਹਾਟੁ=ਹੱਟੀ ਅੰਦਰ ਹੀ ਘਰੁ=ਸਰੂਪ ਦਿਖਾਇਆ ਹੈ।

ਅਥਵਾ-ਅਸਾਨੂੰ ਤਾਂ ਗੁਰਾਂ ਨੇ ਹੱਟੀਆਂ ਪਟਣੁ=ਸ਼ਹਿਰਾਂ ਤੇ ਘਰਾਂ ਦੇ ਅੰਦਰ ਹੀ ਪ੍ਰਮਾਤਮਾ ਦਿਖਾਇਆ ਹੈ।

ਅਥਵਾ-ਹਟ=ਇੰਦ੍ਰੇ, ਪਟਣੁ=ਸਰੀਰ, ਘਰੁ=ਅੰਤਹ ਕਰਨ ਇਨ੍ਹਾਂ ਸਾਰਿਆਂ ਅੰਦਰ ਪ੍ਰਮਾਤਮਾ ਦਿਖਾਇਆ ਹੈ।

ਸਹਜੇ ਸਚੁ ਵਾਪਾਰੋ॥

ਇਸ ਕਰਕੇ ਅਸੀਂ ਸਹਜੇ ਹੀ ਸੱਚ ਨਾਮ ਦਾ ਵਾਪਾਰ ਕਰਦੇ ਹਾਂ।

ਖੰਡਿਤ ਨਿੰਦ੍ਰਾ ਅਲਪ ਅਹਾਰੰ

ਪ੍ਰਤੱਖ ਨੀਂਦ ਨੂੰ ਖੰਡ ਦਿੱਤਾ ਹੈ ਤੇ ਪ੍ਰਤੱਖ ਭੋਜਨ ਵੀ ਅਲਪ=ਥੋੜ੍ਹਾ ਜੇਹਾ ਕੀਤਾ ਹੈ।

ਅਥਵਾ-ਆਵੇਂਦਿਆ ਰੂਪ ਨੀਂਦ ਨੂੰ ਖੰਡ ਦਿੱਤਾ ਹੈ ਤੇ ਸੰਕਲਪਾਂ, ਵਿਕਲਪਾਂ ਰੂਪ ਭੋਜਨ ਵੀ ਅਲਪ=ਥੋੜ੍ਹਾ ਕਰ ਦਿੱਤਾ ਹੈ।

ਅਥਵਾ-ਨਿੰਦ੍ਰਾ=ਨਿੰਦਿਆ ਨੂੰ ਖੰਡਿਤ=ਨਾਸ ਕਰ ਦਿੱਤਾ ਹੈ ਤੇ ਮਾਨ ਰੂਪ ਭੋਜਨ ਨੂੰ ਭੀ ਅਲਪ=ਤੁੱਛ ਜਾਨ ਕੇ ਅਭਾਵ ਕਰ ਦਿੱਤਾ ਹੈ।

ਯਥਾ- ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ ੧੫੬॥ *(ਸਲੋਕ ਕਬੀਰ ਜੀ, ਪੰਨਾ ੧੩੭੨)*

ਨਾਨਕ ਤਤੁ ਬੀਚਾਰੋ॥ ੮॥

ਗੁਰੂ ਜੀ ਕਥਨ ਕਰਦੇ ਹਨ—ਹੇ ਲੋਹਾਰੀਪਾ ਸਿੱਧ! ਇਸ ਵਜ੍ਹਾ ਸੇ ਅਸੀਂ ਤਤੁ=ਸਿਧਾਂਤ ਦਾ ਵਿਚਾਰ ਕਰਦੇ ਹਾਂ॥ ੮॥

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥
ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥

ਇਨ੍ਹਾਂ ਦੋ ਪੰਗਤੀਆਂ ਵਿਚ ਉਨ੍ਹਾਂ ਨੇ ਛੇ ਪ੍ਰਸ਼ਨ ਕੀਤੇ ਹਨ।

ਪਹਿਲਾ ਪ੍ਰਸ਼ਨ-**ਦਰਸਨ ਭੇਖ ਕਰਹੁ**=ਅਸਾਡੇ ਦਰਸ਼ਨੀ ਭੇਖ ਨੂੰ ਸਰੀਰ ਉੱਪਰ ਧਾਰਨਾ ਕਰੋ?

ਦੂਜਾ ਪ੍ਰਸ਼ਨ-**ਜੋਗਿੰਦ੍ਰਾ**=ਆਪ ਜੋਗੀਆਂ ਦੇ ਇੰਦ੍ਰ ਭਾਵ ਗੁਰੂ ਹੋਵੋ?

ਤੀਜਾ ਪ੍ਰਸ਼ਨ-**ਮੁੰਦ੍ਰਾ**=ਅਪਣੇ ਕੰਨਾਂ ਵਿਚ ਮੁੰਦ੍ਰਾ ਪਾਵਣਾ ਕਰੋ?

ਚੌਥਾ ਪ੍ਰਸ਼ਨ-**ਝੋਲੀ**=ਹੱਥ ਵਿਚ ਝੋਲੀ ਫੜੋ?

ਪੰਜਵਾਂ ਪ੍ਰਸ਼ਨ-**ਖਿੰਥਾ**=ਅਤੇ ਸਰੀਰ ਉੱਪਰ ਖਫਨੀ ਪਹਿਰਣਾ ਕਰੇ?

ਛੇਵਾਂ ਪ੍ਰਸ਼ਨ-**ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥**

ਖਟੁ=ਛਿਅ ਦਰਸ਼ਨਾਂ ਚੋਂ ਇੱਕ ਅਸਾਡਾ ਦਰਸ਼ਨ ਹੈ, ਉਸ ਦੇ ਅੱਗੋਂ ਬਾਰ੍ਹਾਂ ਪੰਥ ਹਨ- ਬਾਰਾਂ ਪੰਥਾਂ ਚੋਂ ਇੱਕ ਆਈ ਪੰਥ ਹੈ, ਤਿਸ ਇੱਕ ਆਈ ਪੰਥ ਨੂੰ ਸੇਵਣਾ ਕਰੋ।

ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ॥

ਸਿੱਧ ਨੇ ਕਿਹਾ- ਹੇ ਪੁਰਖਾ! ਇਸ ਤਰ੍ਹਾਂ ਦਾ ਭੇਖ ਧਾਰ ਕੇ ਅਪਣੇ ਮਨ ਨੂੰ ਸਮਝਾਈਏ ਤਾਂ ਫਿਰ ਜਮਾਂ ਦੀ ਚੋਟ ਨਹੀਂ ਖਾਈਦੀ।

ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ॥ ੯॥

ਗੁਰੂ ਜੀ ਕਥਨ ਕਰਦੇ ਹਨ—ਪੁਨਾ ਉਸ ਸਿੱਧ ਨੇ ਐਸੇ ਕਿਹਾ, ਕਿ ਗੁਰੂ ਗੋਰਖ ਦੁਆਰੇ ਬੁੱਝੇ ਤਾਂ ਇਸ ਤਰ੍ਹਾਂ ਸੇ ਹਠ ਜੋਗ ਵਿਚ ਜੁਗਤਿ=ਜੁੜਨਾ ਪਾਈਂਦਾ ਹੈ॥ ੯॥

ਅਗਲੀ ਪੌੜੀ ਵਿਚ ਗੁਰੂ ਜੀ ਉੱਤਰ ਦੇਂਦੇ ਹਨ:-

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥
ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ॥
ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥੧੦॥

ਪਹਿਲੇ ਪ੍ਰਸ਼ਨ ਦਾ ਉੱਤਰ:- **ਅੰਤਰਿ ਸਬਦੁ ਨਿਰੰਤਰਿ**

ਅਸਾਂ ਨੇ ਹਿਰਦੇ ਅੰਦਰ ਜੋ ਨਿਰੰਤਰਿ=ਇੱਕ ਰਸ ਗੁਰ ਉਪਦੇਸ਼ ਧਾਰਨਾ ਕੀਤਾ ਹੈ, ਏਹੀ ਅਸਾਂ ਨੇ ਦਰਸ਼ਨੀ ਭੇਖ ਧਾਰਿਆ ਹੈ।

ਦੂਜੇ ਪ੍ਰਸ਼ਨ ਦਾ ਉੱਤਰ:- **ਕਾਮ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥**

ਗੁਰਾਂ ਦੇ ਉਪਦੇਸ਼ ਦੁਆਰਾ ਕਾਮ, ਕ੍ਰੋਧ, ਹੰਕਾਰ ਆਦਿਕਾਂ ਦੇ ਨਿਵਿਰਤ ਕਰਨ ਦੀ ਜੋ ਸ੍ਰੇਸ਼ਟ ਚਿੱਤ ਵਿਚ ਸਮਝ ਪਈ ਹੈ, ਇਸ ਕਰਕੇ ਅਸੀਂ ਜੋਗੀਆਂ ਦੇ ਇੰਦ੍ਰ ਭਾਵ ਗੁਰੂ ਹੋਇ ਹਾਂ।

ਤੀਜੇ ਪ੍ਰਸ਼ਨ ਦਾ ਉੱਤਰ:- **ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥**

ਹਉਮੈ ਨੂੰ ਦੂਰ ਕਰਕੇ ਨਿੰਮ੍ਰਤਾ, ਮਮਤਾ ਨੂੰ ਦੂਰ ਕਰਕੇ ਸਮਤਾ ਨੂੰ ਜੋ ਗ੍ਰਹਿਣ ਕੀਤਾ ਹੈ, ਇਹ ਅਸਾਂ ਨੇ ਮੁੰਦ੍ਰਾ ਪਾਈਆਂ ਹਨ।

ਚੌਥੇ ਪ੍ਰਸ਼ਨ ਦਾ ਉੱਤਰ:- **ਝੋਲੀ ਨਾਨਕ ਤਾਰੈ ਏਕੁ ਹਰੀ॥**

ਗੁਰੂ ਜੀ ਕਥਨ ਕਰਦੇ ਹਨ—ਇੱਕ ਹਰੀ ਹੀ ਸੰਸਾਰ ਤੋਂ ਤਾਰਨ ਵਾਲਾ ਹੈ ਐਸਾ ਜੋ ਨਿਸਚਾ ਧਾਰਿਆ ਹੈ ਏਹੀ ਅਸਾਂ ਨੇ ਝੋਲੀ ਫੜੀ ਹੈ।

ਪੰਜਵੇਂ ਪ੍ਰਸ਼ਨ ਦਾ ਉੱਤਰ:- **ਖਿੰਥਾ ਭਰਿਪੁਰਿ ਰਹਿਆ**

ਜੋਹੜਾ ਪਰਮਾਤਮਾ ਨੂੰ ਸਾਰੇ ਭਰਪੂਰ ਹੋ ਰਿਹਾ ਵੇਖਿਆ ਹੈ, ਏਹੀ ਅਸਾਂ ਨੇ ਖਿੰਥਾ ਨੂੰ ਪਹਿਰਿਆ ਹੈ।

www.sikhbookclub.com

ਛੇਵੇਂ ਪ੍ਰਸ਼ਨ ਦਾ ਉੱਤਰ:- **ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥ ੧੦॥**

ਜੋ ਸਾਹਿਬ ਪਰਮਾਤਮਾ ਸੱਚਾ ਹੈ ਜਿਸ ਦੀ ਨਾਈ=ਵਡਿਆਈ ਭੀ ਸੱਚੀ ਹੈ, ਗੁਰਾਂ ਦੀ ਖਰੀ ਵਾਰਤਾ ਕਰਕੇ ਜੋ ਤਿਸ ਦਾ ਪ੍ਰਖਣਾ ਕੀਤਾ ਹੈ, ਏਹੀ ਇੱਕ ਆਈ ਪੰਥ ਦਾ ਅਸਾਂ ਨੇ ਸੇਵਣਾ ਕੀਤਾ ਹੈ॥ ੧੦॥

ਇਨ੍ਹਾਂ ਦੋ ਪਉੜੀਆਂ ਨੂੰ ਇਸ ਢੰਗ ਨਾਲ ਭੀ ਲਗਾਂਦੇ ਹਨ।

(ਇਸ ਤੋਂ ਅੱਗੋਂ ਪਾਠਕਾਂ ਵਾਸਤੇ ਇੱਕ ਗੱਲ ਜ਼ਰੂਰੀ ਚੇਤੇ ਰੱਖਣ ਵਾਲੀ ਹੈ, ਪ੍ਰਸ਼ਨ ਦੇ ਨਾਲ ਜੋ (੧) ਅੰਕ ਲੱਗਾ ਹੋਇਆ ਹੋਵੇਗਾ ਓਹ ਪ੍ਰਸ਼ਨ ਪਹਿਲਾ, ਪ੍ਰਸ਼ਨ ਦੂਜਾ ਤੇ ਪ੍ਰਸ਼ਨ ਤੀਜਾ ਆਦਿ ਸਮਝਣਾ ਚਾਹੀਦਾ ਹੈ- ਇਸੇ ਤਰ੍ਹਾਂ ਉੱਤਰ ਦੀ ਪਉੜੀ ਵਿਚ ਜੋ ਅੰਕ ੧ ਯਾਂ ੨ ਲੱਗਾ ਹੋਵੇਗਾ ਉਥੇ ਪਹਿਲੇ ਪ੍ਰਸ਼ਨ ਦਾ ਉੱਤਰ ਯਾਂ ਦੂਜੇ ਪ੍ਰਸ਼ਨ ਦਾ ਉੱਤਰ ਆਦਿ ਸਮਝਣਾ ਚਾਹੀਦਾ ਹੈ।)

ਪ੍ਰਸ਼ਨ (੧) **ਦਰਸਨੁ ਭੇਖ ਕਰਹੁ ਜੋਗਿੰਦ੍ਰਾ**=ਦਰਸ਼ਨੀ ਭੇਖ ਨੂੰ ਧਾਰ ਕੇ ਆਪ ਜੋਗੀਆਂ ਦੇ ਇੰਦ੍ਰ ਹੋਵੋ।

ਪ੍ਰਸ਼ਨ- (੨) **ਮੁੰਦ੍ਰਾ**=ਅਪੁਣੇ ਕੰਨਾਂ ਵਿਚ ਮੁੰਦਰਾ ਪਾਵਣਾ ਕਰੋ।

ਪ੍ਰਸ਼ਨ- (੩) **ਝੋਲੀ**=ਹੱਥ ਵਿਚ ਝੋਲੀ ਫੜਨਾ ਕਰੋ।

ਪ੍ਰਸ਼ਨ- (੪) **ਖਿੰਥਾ**=ਸਰੀਰ ਉੱਪਰ ਖਿੰਥਾ=ਖੱਫਣੀ ਪਹਿਰਣਾ ਕਰੋ।

ਪ੍ਰਸ਼ਨ- (੫) **ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥**

ਛਿਅ ਦਰਸ਼ਨਾਂ ਚੋਂ ਇੱਕ ਅਸਾਡਾ ਦਰਸ਼ਨ ਹੈ, ਉਸ ਦੇ ਅੱਗੇ ਬਾਰ੍ਹਾਂ ਪੰਥ ਹਨ, ਬਾਰਾਂ ਪੰਥਾਂ ਚੋਂ ਇੱਕ ਆਈ ਪੰਥ ਹੈ। ਤਿਸ ਇੱਕ ਆਈ ਪੰਥ ਨੂੰ ਸੇਵਣਾ ਕਰੋ।

ਅਗਲੀਆਂ ਦੋ ਤੁਕਾਂ ਦਾ ਅਰਥ ਪੂਰਬੋਕਤ ਅਨੁਸਰ ਹੈ—

ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ॥

ਹੇ ਪੁਰਖਾ! ਇਸ ਤਰ੍ਹਾਂ ਦਾ ਭੇਖ ਧਾਰ ਕੇ ਆਪਣੇ ਮਨ ਨੂੰ ਸਮਝਾਈਏ ਤਾਂ ਬਾਹੁੜਿ=ਫਿਰਿ ਜਮਾਂ ਦੀ ਚੋਟ ਨਹੀਂ ਖਾਈਦੀ।

ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ॥ ੯॥

ਗੁਰੂ ਜੀ ਕਥਨ ਕਰਦੇ ਹਨ—ਪੁਨਾ ਉਸ ਸਿੱਧ ਨੇ ਐਸੇ ਕਿਹਾ, ਕਿ ਗੁਰੂ ਗੋਰਖ ਦੁਆਰੇ ਬੁੱਝੇ ਤਾਂ ਇਸ ਤਰ੍ਹਾਂ ਸੇ ਹਠ ਜੋਗ ਵਿਚ ਜੁੜਨਾ ਪਾਈਦਾ ਹੈ।

ਅਗਲੀ ਪੌੜੀ ਵਿਚ ਗੁਰੂ ਜੀ ਉੱਤਰ ਦੇਂਦੇ ਹਨ-

ਉੱਤਰ- **(੧)ਅੰਤਰਿ ਸਬਦੁ ਨਿਰੰਤਰਿ**

ਅਸਾਂ ਨੇ ਹਿਰਦੇ ਅੰਦਰ ਜੋ ਨਿਰੰਤਰਿ=ਇੱਕ ਰਸ ਗੁਰ ਉਪਦੇਸ਼ ਧਾਰਨਾ ਕੀਤਾ ਹੈ ਏਹੀ ਇੱਕ ਦਰਸ਼ਨੀ ਭੇਖ ਧਾਰ ਕੇ ਹਮ ਜੋਗੀਆਂ ਦੇ ਇੰਦ੍ਰ ਹੋਇ ਹਾਂ।

ਉੱਤਰ- **(੨) ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥**

ਹਉਮੈ ਨੂੰ ਦੂਰ ਕਰਕੇ ਨਿੰਮ੍ਰਤਾ, ਮਮਤਾ ਨੂੰ ਦੂਰ ਕਰਕੇ ਸਮਤਾ ਨੂੰ ਜੋ ਗ੍ਰਹਿਣ ਕੀਤਾ ਹੈ, ਇਹ ਅਸਾਂ ਨੇ ਮੁੰਦਰਾਂ ਪਾਈਆਂ ਹਨ।

ਉੱਤਰ- **(੩) ਝੋਲੀ ਨਾਨਕ ਤਾਰੈ ਏਕੁ ਹਰੀ॥**

ਗੁਰੂ ਜੀ ਕਥਨ ਕਰਦੇ ਹਨ—ਇੱਕ ਹਰੀ ਹੀ ਸੰਸਾਰ ਤੋਂ ਤਾਰਨ ਵਾਲਾ ਹੈ, ਅਜੇਹਾ ਜੋ ਨਿਸਚਾ ਧਾਰਿਆ ਹੈ, ਏਹੀ ਅਸਾਂ ਨੇ ਝੋਲੀ ਫੜੀ ਹੈ।

ਉੱਤਰ- **(੪) ਖਿੰਥਾ ਭਰਿਪੁਰਿ ਰਹਿਆ=**

ਜੇਹੜਾ ਪਰਮਾਤਮਾ ਨੂੰ ਸਾਰੇ ਭਰਪੂਰ ਹੋ ਰਿਹਾ ਵੇਖਿਆ ਹੈ, ਏਹੀ ਅਸਾਂ ਨੇ ਖਿੰਥਾ ਨੂੰ ਪਹਿਰਿਆ ਹੈ।

ਉੱਤਰ- **(੫) ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥**

ਗੁਰਾਂ ਦੇ ਉਪਦੇਸ਼ ਦੁਆਰਾ ਕਾਮ, ਕ੍ਰੋਧ, ਹੰਕਾਰ ਆਦਿਕਾਂ ਦੇ ਨਿਵਿਰਤ ਕਰਨ ਦੀ ਜੋ ਸੁ=ਸ੍ਰੇਸ਼ਟ ਚਿੱਤ ਸਮਝ ਪਈ ਹੈ, ਏਹੀ ਅਸਾਂ ਨੇ ਇੱਕ ਆਈ ਪੰਥ ਕਾ ਸੇਵਨ ਕੀਤਾ ਹੈ।

ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥ ੧੦॥

ਇਹ ਪੰਗਤੀ ਸਿਧਾਂਤ ਵਿਚ ਰਹੇਗੀ।

ਉਹ ਸਾਹਿਬ ਪਰਮਾਤਮਾ ਸੱਚਾ ਹੈ, ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ, ਗੁਰਾਂ ਦੀ ਖਰੀ ਵਾਰਤਾ ਕਰਕੇ ਤਿਸ ਨੂੰ ਪ੍ਰਖਣਾ ਕਰੇ।

ਏਸੇ ਪੰਗਤੀ ਨੂੰ ਅਵਾਂਤ੍ਰ ਪ੍ਰਸ਼ਨ, ਉੱਤਰ ਦੇ ਢੰਗ ਨਾਲ ਭੀ ਲਗਾਂਦੇ ਹਨ।

ਪ੍ਰਸ਼ਨ- ਜੋ ਸਾਹਿਬ ਸੱਚਾ ਹੈ ਅਤੇ ਜਿਸ ਦੀ ਵਡਿਆਈ ਭੀ ਸੱਚੀ ਹੈ, ਉਸ ਨੂੰ ਕਿਵੇਂ ਪ੍ਰਖਣਾ ਕਰੇ?

ਗੁਰ ਉੱਤਰ- ਗੁਰਾਂ ਦੀ ਖਰੀ ਵਾਰਤਾ ਕਰਕੇ ਉਸ ਨੂੰ ਪ੍ਰਖਣਾ ਕਰੇ॥ ੧੦॥

ਇੱਕ ਹੋਰ ਸਿੱਧ ਨੇ ਆ ਕੇ ਉੱਪਰੋਂ ਹੀ ਸੱਤ ਪ੍ਰਸ਼ਨ ਇਕੱਠੇ ਕਰ ਦਿੱਤੇ—

ਪ੍ਰਸ਼ਨ- ੧ ਆਪ ਨੇ ਖੱਪਰ ਕੇਹੜਾ ਰੱਖਿਆ ਹੈ?

ਪ੍ਰਸ਼ਨ- ੨ ਆਪ ਨੇ ਟੋਪੀ ਕੇਹੜੀ ਪਹਿਨੀ ਹੈ?

ਪ੍ਰਸ਼ਨ- ੩ ਆਪ ਨੇ ਕੜਾਸਣ ਕੇਹੜਾ ਬੱਧਾ ਹੈ?

ਪ੍ਰਸ਼ਨ- ੪ ਆਪ ਨੇ ਲੰਗੋਟਾ ਕੇਹੜਾ ਚਾੜ੍ਹਿਆ ਹੈ?

ਪ੍ਰਸ਼ਨ- ੫ ਆਪ ਦੇ ਨਾਲ ਚੇਲੇ ਕੇਹੜੇ ਹਨ?

ਪ੍ਰਸ਼ਨ- ੬ ਆਪ ਭਿੱਖਿਆ ਕੇਹੜੀ ਮੰਗ ਕੇ ਖਾਂਦੇ ਹੋ?

ਪ੍ਰਸ਼ਨ- ੭ ਆਪ ਨੇ ਜੋਗ ਦੀ ਜੁਗਤੀ ਕੇਹੜੀ ਧਾਰੀ ਹੈ?

ਹੁਣ ਗੁਰੂ ਜੀ ਸੱਤਾਂ ਹੀ ਪ੍ਰਸ਼ਨਾਂ ਦਾ ਉੱਤਰ ਦੇਂਦੇ ਹਨ—

ਉੱਤਰ- (੧) **ਊਂਧਉ ਖਪਰੁ**

ਮੂਧੇ ਹਿਰਦੇ ਨੂੰ ਸੰਸਾਰ ਵਲੋਂ ਊਂਧਉ=ਉਲਟਾ ਕੇ ਜੋ ਪਰਮੇਸ਼ਰ ਵੱਲ ਸਿੱਧਾ ਕੀਤਾ ਹੈ, ਏਹੀ ਅਸਾਂ ਨੇ ਖੱਪਰ ਰੱਖਿਆ ਹੈ।

ਉੱਤਰ- (੨) **ਪੰਚ ਭੂ ਟੋਪੀ॥**

ਪੰਜਾਂ ਭੂਤਾਂ ਅਰਥਾਤ ਪੰਜਾਂ ਤੱਤਾਂ ਦੀ ਜੋ ਰਹਿਣੀ ਅਸੰਗਤਾ, ਸਮਤਾ, ਪ੍ਰਕਾਸ਼ਤਾ, ਸੀਤਲਤਾ, ਧੀਰਜਤਾ ਧਾਰਨਾ ਕੀਤੀ ਹੈ, ਏਹੀ ਪੰਜ ਕਲੀ ਟੋਪੀ ਪਹਿਨੀ ਹੈ।

ਉੱਤਰ- (੩) **ਕਾਇਆ ਕੜਾਸਣੁ**

ਕਾਇਆ=ਸਰੀਰ ਨੂੰ ਜੋ ਵਸੀਕਾਰ ਕੀਤਾ ਹੈ, ਏਹੀ ਇੰਦ੍ਰੇ ਉੱਪਰ ਕੜਾਸਣ ਬੱਧਾ ਹੈ।

ਉੱਤਰ- (੪) **ਮਨੁ ਜਾਗੋਟੀ॥**

ਮਨ ਨੂੰ ਜੇਹੜਾ ਵਾਹਿਗੁਰੂ ਦੇ ਭਜਨ ਸਿਮਰਨ ਵੱਲ ਲਗਾਇਆ ਹੈ, ਏਹੀ ਅਸਾਂ ਨੇ ਜਾਗੋਟੀ=ਲੰਗੋਟਾ ਚਾੜ੍ਹਿਆ ਹੈ।

ਉੱਤਰ- (੫) **ਸਤੁ ਸੰਤੋਖੁ ਸੰਜਮੁ ਹੈ ਨਾਲਿ॥**

ਸੱਤ, ਸੰਤੋਖ, ਧੀਰਜ, ਧਰਮ, ਵਿਚਾਰ, ਸੰਜਮੁ=ਇੰਦ੍ਰੀਆਂ ਦਾ ਦਮਨ ਕਰਨਾ ਇਤਿ ਆਦਿਕ ਸ਼ੁਭ ਗੁਣ ਇਹ ਅਸਾਡੇ ਨਾਲ ਚੇਲੇ ਹਨ।

ਉੱਤਰ- (੬) **ਨਾਨਕ ਗੁਰਮੁਖਿ ਨਾਮੁ ਸਮਾਲਿ॥ ੧੧॥**

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖਿ=ਗੁਰਾਂ ਦੁਆਰੇ ਜੋ ਪ੍ਰਭੂ ਦਾ ਨਾਮ ਸੰਭਾਲਦੇ ਹਾਂ, ਇਹੀ ਅਸੀਂ ਭਿੱਖਿਆ ਮੰਗ ਕੇ ਖਾਂਦੇ ਹਾਂ।

ਉੱਤਰ- (੭) ਗੁਰਾਂ ਦੁਆਰੇ ਜੋ ਪ੍ਰਭੂ ਦਾ ਨਾਮ ਸੰਭਾਲਦੇ ਹਾਂ ਏਹੀ ਇੱਕ ਜੋਗ ਜੁਗਤੀ ਧਾਰਨਾ ਕੀਤੀ ਹੈ॥ ੧੧॥

ਅੱਗੋਂ ਇੱਕ ਹੋਰ ਸਿੱਧ ਨੇ ਪੰਜ ਪ੍ਰਸ਼ਨ ਕਰ ਦਿੱਤੇ-

ਪ੍ਰਸ਼ਨ- ੧ **ਕਵਨੁ ਸੁ ਗੁਪਤਾ**

ਗੁਪਤ ਕੌਣ ਹੈ, ਅਥਵਾ- ਉਹ ਪਰਮਾਤਮਾ ਕਿਸ ਨੂੰ ਗੁਪਤ ਹੈ?

ਪ੍ਰਸ਼ਨ- ੨ **ਕਵਨੁ ਸੁ ਮੁਕਤਾ॥**

ਸੰਸਾਰ ਵਿਚ ਮੁਕਤ ਰੂਪ ਕੌਣ ਹੈ?

ਪ੍ਰਸ਼ਨ- ੩ **ਕਵਨੁ ਸੁ ਅੰਤਰਿ ਬਾਹਰਿ ਜੁਗਤਾ॥**

ਸੰਸਾਰ ਦੇ ਅੰਦਰ ਬਾਹਰ ਕੌਣ ਜੁਗਤਾ=ਜੁੜ ਰਿਹਾ ਹੈ?

ਪ੍ਰਸ਼ਨ- ੪ **ਕਵਨੁ ਸੁ ਆਵੈ ਕਵਨੁ ਸੁ ਜਾਇ॥**

ਇਹ ਸੰਸਾਰ ਵਿਚ ਆਉਂਦਾ ਜਾਂਦਾ ਕੌਣ ਹੈ?

ਪ੍ਰਸ਼ਨ- ੫ **ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ॥ ੧੨॥**

ਤਿੰਨਾਂ ਭਵਣਾਂ ਵਿਚ ਕੌਣ ਸਮਾਅ ਰਿਹਾ ਹੈ?

ਅਥਵਾ- ਤਿੰਨਾਂ ਭਵਨਾਂ ਵਿਚੋਂ ਪ੍ਰਮੇਸ਼ਰ ਵਿਚ ਕੌਣ ਸਮਾਅ ਰਿਹਾ ਹੈ?॥ ੧੨॥

ਅਗਲੀ ਪੌੜੀ ਵਿਚ ਗੁਰੂ ਜੀ ਉੱਤਰ ਦੇਂਦੇ ਹਨ-

ਉੱਤਰ- (੧) **ਘਟਿ ਘਟਿ ਗੁਪਤਾ**

ਜੋ ਪਰਮਾਤਮਾ ਘਟਾਂ ਘਟਾਂ ਵਿਚ ਵਸ ਰਿਹਾ ਹੈ, ਓਹੀ ਗੁਪਤ ਹੈ।

ਦੂਜਾ ਅਕਾਰ ਪ੍ਰਸ਼ਨ ਦਾ ਇਹ ਸੀ ਕਿ ਪ੍ਰਮੇਸ਼ਰ ਕਿਸ ਨੂੰ ਗੁਪਤ ਹੈ।

ਉਸ ਦਾ ਉੱਤਰ ਇਹ ਹੈ ਕਿ ਘਟਾਂ ਘਟਾਂ ਵਿਚ ਪੂਰਨ ਜੋ ਪ੍ਰਮੇਸ਼ਰ ਹੈ ਉਹ ਮਨਮੁਖਾਂ ਨੂੰ ਗੁਪਤ ਹੈ।

ਉੱਤਰ- (੨) **ਗੁਰਮੁਖਿ ਮੁਕਤਾ ॥**

ਸੰਸਾਰ ਵਿਚ ਗੁਰਮੁਖ ਹੀ ਮੁਕਤ ਰੂਪ ਹੈ।

ਉੱਤਰ- (੩) **ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥**

ਸੰਸਾਰ ਦੇ ਅੰਦਰ ਬਾਹਰ ਉਹ ਸਬਦਿ=ਬ੍ਰਹਮ ਹੀ ਜੁੜ ਰਿਹਾ ਹੈ।

ਉੱਤਰ- (੪) **ਮਨਮੁਖਿ ਬਿਨਸੈ ਆਵੈ ਜਾਇ ॥**

ਮਨਮੁਖ ਪੁਰਸ਼ ਹੀ ਬਿਨਸੈ=ਸੰਸਾਰ ਵਿੱਚ ਜੰਮ ਕੇ ਆਉਂਦਾ ਤੇ ਬਿਨਸੈ=ਮਰ ਕੇ ਜਾਂਦਾ ਹੈ।

ਉੱਤਰ- (੫) **ਨਾਨਕ ਗੁਰਮੁਖਿ ਸਾਚਿ ਸਮਾਇ ॥ ੧੩ ॥**

ਗੁਰੂ ਜੀ ਕਥਨ ਕਰਦੇ ਹਨ— ਤਿੰਨਾਂ ਭਵਨਾਂ ਵਿੱਚ ਗੁਰ+ਮੁਖਿ=ਚੇਤਨ ਅਧਿਸ਼ਠਾਨ ਰੂਪ ਸ਼ੱਚਾ ਪਰਮੇਸ਼ਰ ਹੀ ਸਮਾਅ ਰਿਹਾ ਹੈ।

ਦੂਜਾ ਅਕਾਰ ਪ੍ਰਸ਼ਨ ਦਾ ਇਹ ਸੀ ਕਿ ਤਿੰਨਾਂ ਭੁਵਨਾਂ ਵਿੱਚੋਂ ਪਰਮੇਸ਼ਰ ਵਿੱਚ ਕੌਣ ਸਮਾਅ ਰਿਹਾ ਹੈ।

ਉੱਤਰ- ਤਿੰਨਾਂ ਭਵਨਾਂ ਵਿੱਚੋਂ ਗੁਰਮੁਖ ਪੁਰਸ਼ ਹੀ ਸੱਚੇ ਵਿੱਚ ਸਮਾਅ ਰਿਹਾ ਹੈ॥ ੧੩ ॥

ਫਿਰ ਇੱਕ ਹੋਰ ਸਿੱਧ ਨੇ ਆ ਕੇ ੬ ਪ੍ਰਸ਼ਨ ਕੀਤੇ-

ਪ੍ਰਸ਼ਨ- ੧. **ਕਿਉ ਕਰਿ ਬਾਧਾ**

ਇਹ ਜੀਵ ਕਿਸ ਵਜ੍ਹਾ ਕਰਕੇ ਬੱਧਾ ਜਾਂਦਾ ਹੈ?

ਪ੍ਰਸ਼ਨ- ੨ **ਸਰਪਨਿ ਖਾਧਾ ॥**

ਮਾਇਆ ਰੂਪ ਸਰਪਨੀ ਨੇ ਇਹ ਜੀਵ ਨੂੰ ਕਿਉਂ ਖਾਣਾ ਕੀਤਾ ਹੈ?

ਪ੍ਰਸ਼ਨ- ੩ **ਕਿਉ ਕਰਿ ਖੋਇਆ**

ਇਸ ਜੀਵ ਨੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਕਿਉਂ ਖੋਣਾ ਕੀਤਾ ਹੈ? *ਅਥਵਾ-* ਇਸ ਜੀਵ ਨੇ ਪਰਮਾਤਮਾ ਨੂੰ ਕਿਉਂ ਭੁਲਾਇਆ ਹੈ?

ਪ੍ਰਸ਼ਨ- ੪ **ਕਿਉ ਕਰਿ ਲਾਧਾ ॥**

ਇਸ ਜੀਵ ਨੇ ਆਪਣੇ ਮਨੁੱਖਾ ਜਨਮ ਨੂੰ ਕਿਵੇਂ ਸਫਲ ਕੀਤਾ ਹੈ?

ਅਥਵਾ- ਇਸ ਜੀਵ ਨੇ ਪਰਮਾਤਮਾ ਨੂੰ ਕਿਵੇਂ ਲੱਭਿਆ ਹੈ?

ਪ੍ਰਸ਼ਨ- ੫ **ਕਿਉ ਕਰਿ ਨਿਰਮਲੁ**

ਇਸ ਜੀਵ ਦਾ ਅੰਤਹ ਕਰਨ ਕਿਵੇਂ ਨਿਰਮਲ ਹੁੰਦਾ ਹੈ?

www.sikhbookclub.com

ਪ੍ਰਸ਼ਨ- ੬ **ਕਿਉ ਕਰਿ ਅੰਧਿਆਰਾ ॥**

ਅਗਿਆਨ ਰੂਪ ਅਨ੍ਹੇਰਾ ਕਿਵੇਂ ਦੂਰ ਹੁੰਦਾ ਹੈ?

ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥ ੧੪ ॥

ਤੱਤ ਨੂੰ ਵਿਚਾਰ ਕੇ ਜੋ ਇਨ੍ਹਾਂ ਛੇ ਪ੍ਰਸ਼ਨਾਂ ਦਾ ਉੱਤਰ ਦੇਵੇਗਾ ਉਹ ਅਸਾਂਡਾ ਗੁਰੂ ਹੋਵੇਗਾ। ਹੁਣ ਗੁਰੂ ਸਾਹਿਬ ਜੀ ਅਗਲੀ ਪੌੜੀ ਵਿਚ ਉੱਤਰ ਦੇਂਦੇ ਹਨ-

ਉੱਤਰ- (੧) **ਦੁਰਮਤਿ ਬਾਧਾ**

ਦੁਰ=ਖੋਟੀ ਮੱਤ ਕਰਕੇ ਇਹ ਜੀਵ ਸੰਸਾਰ ਦੇ ਮੋਹ, ਹੰਗਤਾ ਆਦਿ ਬੰਧਨਾਂ ਵਿਚ ਬੱਧਾ ਜਾਂਦਾ ਹੈ।

ਉੱਤਰ- (੨) **ਸਰਪਨਿ ਖਾਧਾ ॥**

ਜਿਸ 'ਤੇ ਮੋਹ ਆਦਿ ਬੰਧਨਾਂ ਵਿਚ ਬੱਧਾ ਜਾਂਦਾ ਹੈ, ਇਸੀ 'ਤੇ ਮਾਇਆ ਰੂਪ ਸਰਪਨੀ ਨੇ ਇਸ ਨੂੰ ਖਾਧਾ=ਖਾਣਾ ਕੀਤਾ ਹੈ।

ਉੱਤਰ- (੩) **ਮਨਮੁਖਿ ਖੋਇਆ**

ਮਨਮੁਖ ਪੁਰਸ਼ਾਂ ਨੇ ਮਨਮੁਖਤਾ ਕਰਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਖੋਣਾ ਕੀਤਾ ਹੈ।
ਅਥਵਾ- ਮਨਮੁਖ ਪੁਰਸ਼ਾਂ ਨੇ ਮਨਮੁਖਤਾ ਕਰਕੇ ਪਰਮਾਤਮਾ ਨੂੰ ਭੁਲਾਇਆ ਹੈ।

ਉੱਤਰ- (੪) **ਗੁਰਮੁਖਿ ਲਾਧਾ ॥**

ਗੁਰਮੁਖਾਂ ਨੇ ਗੁਰਮੁਖਤਾ ਕਰਕੇ ਮਨੁੱਖਾ ਜਨਮ ਲਾਧਾ=ਸਫਲ ਕੀਤਾ ਹੈ।
ਅਥਵਾ- ਗੁਰਮੁਖਾਂ ਨੇ ਗੁਰਮੁਖਤਾ ਕਰਕੇ ਪਰਮੇਸ਼ਰ ਲੱਭ ਲਿਆ ਹੈ।

ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥ ੧੫ ॥

ਇਹ ਪੰਗਤੀਆਂ ਅੰਨਵੇਂ ਕਰਕੇ ਲਗਾਣੀਆ!

ਉੱਤਰ- (੫) **ਨਾਨਕ ਹਉਮੈ ਮੇਟਿ ਸਮਾਇ ॥**

ਗੁਰੂ ਜੀ ਕਥਨ ਕਰਦੇ ਹਨ— ਹਉਮੈ ਦੇ ਮੇਟਣ ਵਿਚ ਸਮਾਵੇ ਤਾਂ ਇਸ ਦਾ ਅੰਤਹ ਕਰਣ ਨਿਰਮਲ ਹੁੰਦਾ ਹੈ।

ਉੱਤਰ- (੬) **ਸਤਿਗੁਰੁ ਮਿਲੈ ਅੰਧੇਰਾ ਜਾਇ ॥**

ਪੂਰਨ ਸਤਿਗੁਰੂ ਬ੍ਰਹਮਨੇਸਟੀ ਬ੍ਰਹਮ ਸੋਝੀ ਮਿਲਣ ਤੋਂ ਹੀ ਅਗਿਆਨ ਰੂਪ ਅੰਨ੍ਹੇਰਾ ਦੂਰ ਹੋ ਜਾਂਦਾ ਹੈ।
ਅਗਲੀ ਪੌੜੀ ਸਿਧਾਂਤ ਦੀ ਹੈ ਗੁਰੂ ਸਾਹਿਬ ਜੀ ਅਪਣੇ ਵੱਲੋਂ ਆਖਦੇ ਹਨ-

ਸੁੰਨ ਨਿਰੰਤਰਿ ਦੀਜੈ ਬੰਧੁ ॥

ਨਿਰੰਤਰਿ=ਇੱਕ ਰਸ, ਸੁੰਨ=ਅਫੁਰ ਬ੍ਰਹਮ ਵਿਚ ਅਪਣੀ ਬਿਰਤੀ ਬੰਨ੍ਹ ਦੇਵੇ।

ਉਡੈ ਨ ਹੰਸਾ ਪੜੈ ਨ ਕੰਧੁ ॥

ਤਾਂ ਫਿਰ ਹੰਸਾ=ਜੀਵ ਉੱਡਦਾ ਨਹੀਂ ਅਤੇ ਨਾ ਹੀ ਕੰਧੁ=ਸਰੀਰਾਂ ਵਿਚ ਪੈਂਦਾ ਹੈ।

ਸਹਸ ਗੁਫਾ ਘਰੁ ਜਾਣੈ ਸਾਚਾ ॥

ਸਹਜ=ਸ਼ਾਂਤੀ ਰੂਪ ਗੁਫਾ ਵਿਚ ਪ੍ਰਵੇਸ਼ ਕਰਕੇ ਸੱਚੇ ਘਰੁ=ਸਰੂਪ ਨੂੰ ਜਾਣੇ।

ਨਾਨਕ ਸਾਚੇ ਭਾਵੈ ਸਾਚਾ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ—ਤਦ ਸੱਚ ਨਾਮ ਜਪਣ ਵਾਲਾ ਸੱਚਾ ਪੁਰਸ਼ ਸੱਚੇ ਪਰਮਾਤਮਾ ਨੂੰ ਭਾਅ ਜਾਂਦਾ ਹੈ॥ ੧੬॥

ਇੱਕ ਹੋਰ ਸਿੱਧ ਨੇ ਆ ਕੇ ਚਾਰ ਪ੍ਰਸ਼ਨ ਕੀਤੇ-

ਪ੍ਰਸ਼ਨ- ੧ **ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥**

ਕਿਸ ਵਾਸਤੇ ਘਰ ਨੂੰ ਤਿਆਗ ਕੇ ਆਪ ਉਦਾਸੀਨ ਹੋਇ ਹੋ?

ਪ੍ਰਸ਼ਨ- ੨ **ਕਿਸੁ ਕਾਰਣਿ ਇਹੁ ਭੇਖ ਨਿਵਾਸੀ ॥**

ਕਿਸ ਵਾਸਤੇ ਇਸ ਭੇਖ ਵਿਚ ਆਪ ਨੇ ਵਾਸਾ ਕੀਤਾ ਹੈ?

ਪ੍ਰਸ਼ਨ- ੩ **ਕਿਸੁ ਵਖਰ ਕੇ ਤੁਮ ਵਣਜਾਰੇ ॥**

ਕਿਸ ਸੌਦੇ ਦੇ ਤੁਸੀਂ ਵਣਜਾਰੇ=ਖਰੀਦਣੇ ਵਾਲੇ ਹੋ?

ਪ੍ਰਸ਼ਨ- ੪ **ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥ ੧੭ ॥**

ਕਿਸ ਦੇ ਸਾਥ ਹੋ ਕੇ ਤੁਸੀਂ ਅਪਣੇ ਆਪ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਵੋਗੇ?

ਅਥਵਾ:- ਆਪਣੇ ਸਿੱਖੀ ਸੇਵਕੀ ਰੂਪੀ ਸਾਥ ਨੂੰ ਕਿਸ ਤਰ੍ਹਾਂ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਗੇ।

ਹੁਣ ਗੁਰੂ ਸਾਹਿਬ ਜੀ ਅਗਲੀ ਪੌੜੀ ਵਿਚ ਉੱਤਰ ਦੇਂਦੇ ਹਨ-

ਉੱਤਰ- (੧) **ਗੁਰਮੁਖਿ ਖੋਜਤ ਭਏ ਉਦਾਸੀ ॥**

ਗੁਰ=ਚੇਤਨ, ਮੁਖਿ=ਅਧਿਸ਼ਠਾਨ ਰੂਪ ਪ੍ਰਮਾਤਮਾ ਦੇ ਖੋਜਨੇ ਲਈ ਘਰ ਨੂੰ ਤਿਆਗ ਕੇ ਉਦਾਸੀਨ ਹੋਏ ਹਾਂ।

ਉੱਤਰ- (੨) **ਦਰਸਨ ਕੈ ਤਾਈ ਭੇਖ ਨਿਵਾਸੀ ॥**

ਹੇ ਸਿੱਧੋ ! ਤੁਹਾਡੇ ਦਰਸ਼ਨਾਂ ਦੇਂ ਕਰਨ ਵਾਸਤੇ ਇਸ ਭੇਖ ਵਿਚ ਵਾਸਾ ਕੀਤਾ ਹੈ।

ਉੱਤਰ- (੩) **ਸਾਚ ਵਖਰ\ਕੇ ਹਮ ਵਣਜਾਰੇ ॥**

ਅਸੀਂ ਸੱਚ ਨਾਮ ਰੂਪੀ ਸੌਦੇ ਦੇ ਵਣਜਾਰੇ=ਖਰੀਦਣੇ ਵਾਲੇ ਹਾਂ।

ਉੱਤਰ- (੪) **ਨਾਨਕ ਗੁਰਮਖਿ ਉਤਰਸਿ ਪਾਰੇ ॥ ੧੮ ॥**

ਗੁਰੂ ਜੀ ਕਥਨ ਕਰਦੇ ਹਨ— ਗੁਰਾਂ ਦੁਆਰੇ ਅਸੀਂ ਸੰਸਾਰ ਸਮੁੰਦਰ ਤੋਂ ਪਾਰ ਉਤਰਾਂਗੇ।

ਅਥਵਾ:- ਆਪਣੇ ਸਿੱਖੀ ਸੇਵਕੀ ਰੂਪੀ ਸਾਥ ਨੂੰ ਭੀ ਗੁਰਾਂ ਦੁਆਰੇ ਸੰਸਾਰ ਸਮੁੰਦਰ ਤੋਂ ਪਾਰ ਉਤਰਾਂਗੇ॥ ੧੮ ॥

www.sikhbookclub.com

ਇੱਕ ਹੋਰ ਸਿੱਧ ਨੇ ਆ ਕੇ ਛੇ ਪ੍ਰਸ਼ਨ ਕੀਤੇ-

ਪ੍ਰਸ਼ਨ-. ੧ **ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥**

ਹੇ ਪੁਰਖਾ ! ਤੈਂਨੇ ਇਸ ਜਨਮ ਨੂੰ ਕਿਸ ਪ੍ਰਕਾਰ ਸੇ ਵਟਾਇਆ=ਬਦਲਾਇਆ ਹੈ?

ਅਥਵਾ- ਹੇ ਪੁਰਖਾ! ਤੈਂਨੇ ਜੰਮਨਾ ਮਰਨਾ ਕਿਸ ਤ੍ਰ੍ਹਾਂ ਵਟਾਇਆ=ਦੂਰ ਕੀਤਾ ਹੈ?

[ਪੰਨਾ ੯੪੦]

ਪ੍ਰਸ਼ਨ- ੨ **ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥**

ਤੁਸਾਂ ਨੇ ਇਸ ਆਪਣੇ ਮਨ ਨੂੰ ਕਿਸ ਵਸਤੂ ਵਿਚ ਲਗਾਇਆ ਹੋਇਆ ਹੈ?

ਪ੍ਰਸ਼ਨ- ੩ **ਕਿਤੁ ਬਿਧਿ ਆਸਾ ਮਨਸਾ ਖਾਈ ॥**

ਮਨਸਾ=ਬੁੱਧੀ ਦੀ ਆਸਾ ਆਪ ਨੇ ਕਿਸ ਪਰਕਾਰ ਸੇ ਖਾਈ=ਨਾਸ ਕੀਤੀ ਹੈ?

ਪ੍ਰਸ਼ਨ- ੪ **ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥**

ਨਿਰੰਤਰਿ=ਇੱਕ ਰਸ ਪਰਮਾਤਮਾ ਦੀ ਜੋਤਿ=ਗਿਆਤ ਆਪ ਨੇ ਕਿਸ ਪ੍ਰਕਾਰ ਸੇ ਪਾਈ ਹੈ?

ਪ੍ਰਸ਼ਨ- ੫ **ਬਿਨੁ ਦੰਤਾ ਕਿਉ ਖਾਈਐ ਸਾਰੁ ॥**

ਕਠਨ ਸਾਧਨਾ ਰੂਪੀ ਦੰਤਾ=ਦੰਦਾਂ ਤੋਂ ਬਿਨਾਂ ਜਗਤ ਰੂਪੀ ਸਾਰੁ=ਲੋਹਾ ਕਿਸ ਤ੍ਰ੍ਹਾਂ ਖਾਈਦਾ ਹੈ?

ਪ੍ਰਸ਼ਨ- ੬ **ਨਾਨਕ ਸਾਚਾ ਕਰਹੁ ਬੀਚਾਰੁ ॥ ੧੯ ॥**

ਹੇ ਗੁਰੂ ਨਾਨਕ ! ਅਸਾਨੂੰ ਸੱਚਾ ਵਿਚਾਰ ਦੱਸਣਾ ਕਰੋ, ਜਿਸ 'ਤੇ ਸੰਸਾਰ ਤੋਂ ਤਰ ਜਾਈਏ?

ਹੁਣ ਗੁਰੂ ਸਾਹਿਬ ਜੀ ਅਗਲੀ ਪੌੜੀ ਵਿਚ ਉੱਤਰ ਦੇਂਦੇ ਹਨ-

ਉੱਤਰ- (੧) **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥**

ਜਿਸ ਵੇਲੇ ਸਤਗੁਰਾਂ ਦੇ ਪਾਸ ਗਵਨੁ=ਚਲ ਕੇ ਗਏ ਉਸੀ ਵੇਲੇ ਅਸਾਂ ਨੇ ਆਪਣਾ ਜਨਮ ਮਿਟਾਇਆ=ਬਦਲਾ ਲਿਆ।

ਅਥਵਾ- ਸਤਿਗੁਰਾਂ ਦੇ ਉਪਦੇਸ਼ ਕਰਕੇ ਅਸਾਂ ਨੇ ਜੰਮਨਾ ਤੇ ਗਵਨੁ= ਮਰਨਾ ਮਿਟਾ ਦਿੱਤਾ ਹੈ।

ਉੱਤਰ- (੨) **ਅਨਹਤਿ ਰਾਤੇ ਇਹੁ ਮਨੁ ਲਾਇਆ ॥**

ਜੋ ਪਰਮਾਤਮਾ ਅਨਹਤਿ=ਇੱਕ ਰਸ, ਸਾਰੇ ਰਾਤੇ=ਮਿਲ ਰਿਹਾ ਹੈ, ਤਿਸ ਵਿੱਚ ਅਸਾਂ ਨੇ ਇਹ ਮਨ ਨੂੰ ਲਾਇਆ ਹੈ।

ਉੱਤਰ- (੩) **ਮਨਸਾ ਆਸਾ ਸਬਦਿ ਜਲਾਈ ॥**

ਗੁਰਾਂ ਦੇ ਉਪਦੇਸ਼ ਕਰਕੇ ਮਨਸਾ=ਬੁੱਧੀ ਦੀ ਆਸਾ ਜਲਾਈ=ਸਾੜੀ ਹੈ।

ਉੱਤਰ- (੪) **ਗੁਰਮੁਖਿ ਜੋਤਿ ਨਿਰੰਤਰਿ ਪਾਈ ॥**

ਨਿਰੰਤਰਿ=ਇੱਕ ਰਸ ਪਰਮਾਤਮਾ ਦੀ ਜੋਤਿ=ਗਿਆਤ ਅਸਾਂ ਨੇ ਗੁਰਮੁਖ=ਗੁਰਾਂ ਦ੍ਵਾਰੇ ਪਾਈ ਹੈ।

www.sikhbookclub.com

ਉੱਤਰ- (੫) **ਤ੍ਰੈ ਗੁਣ ਮੇਟੇ ਖਾਈਐ ਸਾਰੁ॥**

ਤਿੰਨ ਗੁਣ ਰਚਤ ਜੋ ਸੀਰਰ ਹੈ, ਇਸ ਦੇ ਅਧਿਆਸ ਨੂੰ ਮੇਟੇ=ਦੂਰ ਕਰ ਤਾਂ ਜਗਤ ਰੂਪੀ ਸਾਰੁ=ਲੋਹਾ ਖਾਈਦਾ ਹੈ।

ਉੱਤਰ- (੬) **ਨਾਨਕ ਤਾਰੇ ਤਾਰਣਹਾਰ॥ ੨੦॥**

ਗੁਰੂ ਜੀ ਕਥਨ ਕਰਦੇ ਹਨ— ਹੇ ਤਾਰਨਹਾਰ ਪ੍ਰਭੂ! ਅਸਾਨੂੰ ਸੰਸਾਰ ਤੋਂ ਤਾਰਨਾ ਕਰ। ਇਸ ਤਰ੍ਹਾਂ ਦੀ ਬੇਨਤੀ ਨੂੰ ਸੱਚਾ ਵਿਚਾਰ ਕਿਹਾ ਹੈ॥ ੨੦॥

ਇੱਕ ਹੋਰ ਸਿੱਧ ਨੇ ਆ ਕੇ ੮ ਪ੍ਰਸ਼ਨ ਕੀਤੇ-

ਪ੍ਰਸ਼ਨ- ੧ **ਆਦਿ ਕਉ ਕਵਨੁ ਬੀਚਾਰੁ ਕਥੀਅਲੇ**

ਸ੍ਰਿਸ਼ਟੀ ਦੀ ਉਤਪਤੀ ਦੇ ਆਦਿ ਵਿਚ ਅਰਥਾਤ ਮਹਾਂ ਪਰਲੋ ਦੇ ਸਮੇਂ ਕਿਸ ਦਾ ਵਿਚਾਰ ਕਥਨ ਕੀਤਾ ਜਾਂਦਾ ਸੀ?

ਪ੍ਰਸ਼ਨ- ੨ **ਸੁੰਨ ਮਹਾ ਘਰ ਵਾਸੋ॥**

ਸੁੰਨ=ਅਫੁਰ ਪਰਮਾਤਮਾ ਕਿਸ ਘਰ ਵਿਚ ਵਸਦਾ ਸੀ?

ਪ੍ਰਸ਼ਨ- ੩ **ਗਿਆਨ ਕੀ ਮੁਦ੍ਰਾ ਕਵਨ ਕਥੀਅਲੇ**

ਗਿਆਨ ਦੇ ਮੁੰਦ੍ਰਾ=ਚਿੰਨ ਕੇਹੜੇ ਕਥਨ ਕੀਤੇ ਜਾਂਦੇ ਹਨ?

ਥੋੜੀ ਸੀ ਬਦਲ:- ਗਿਆਨ ਦੀ ਮੁੰਦ੍ਰਾ=ਨਿਸ਼ਾਨੀ ਕੇਹੜੀ ਕਥਨ ਕੀਤੀ ਹੈ?

ਪ੍ਰਸ਼ਨ- ੪ **ਘਟਿ ਘਟਿ ਕਵਨ ਨਿਵਾਸੋ॥**

ਘਟਾਂ ਘਟਾਂ ਵਿੱਚ ਕਿਸ ਦਾ ਵਾਸਾ ਹੈ?

ਪ੍ਰਸ਼ਨ- ੫ **ਕਾਲ ਕਾ ਠੀਗਾ ਕਿਉ ਜਲਾਈਅਲੇ**

ਕਾਲ ਦਾ ਠੀਗਾ=ਸੋਟਾ ਅਰਥਾਤ ਡੰਡਾ ਕਿਸ ਤਰ੍ਹਾਂ ਸਾੜੀਦਾ ਹੈ?

ਪ੍ਰਸ਼ਨ- ੬ **ਕਿਉ ਨਿਰਭਉ ਘਰਿ ਜਾਈਐ॥**

ਨਿਰਭਉ ਘਰ ਵਿਚ ਕਿਸ ਤਰ੍ਹਾਂ ਜਾਈਦਾ ਹੈ?

ਪ੍ਰਸ਼ਨ- ੭ **ਸਹਜ ਸੰਤੋਖ ਕਾ ਆਸਣੁ ਜਾਣੈ**

ਸਹਜ=ਸ਼ਾਂਤੀ ਅਤੇ ਸੰਤੋਖ ਆਦਿਕ ਸ਼ੁਭ ਗੁਣਾਂ ਦਾ ਆਸਣ ਵਿਛਾਣਾ ਕਿਵੇਂ ਜਾਣੇ?

ਅਥਵਾ- ਸਹਜ ਗਿਆਨ, ਸ਼ਾਂਤੀ ਅਤੇ ਸੰਤੋਖ ਆਦਿਕ ਗੁਣਾਂ ਦਾ ਆਸਣੁ=ਅਸਥਾਨ, ਵਾ ਇਨ੍ਹਾਂ ਵਿਚ ਆਸਣੁ=ਇਸਥਿਤ ਹੋਣਾ ਕਿਵੇਂ ਜਾਣੇ?

ਪ੍ਰਸ਼ਨ- ੮ **ਕਿਉ ਛੇਦੇ ਬੈਰਾਈਐ॥**

ਵੈਰੀ ਕਾਮ ਆਦਿਕਾਂ ਨੂੰ ਕਿਵੇਂ ਛੇਦੇ=ਕੱਟਣਾ ਕਰੇ?

ਅਗਲੀਆਂ ਦੋ ਤੁਕਾਂ ਵਿਚ ਸਮੁੱਚੇ ਉੱਤਰ ਦੇਂਦੇ ਹਨ, ਵਾ:- ਦੋ ਤੁਕਾਂ ਸਿਧਾਂਤ ਦੀਆਂ ਸਮਝੀਆਂ—

www.sikhbookclub.com

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ॥

ਗੁਰਾਂ ਦੇ ਉਪਦੇਸ਼ ਦੁਆਰਾ ਹਉਮੈ ਰੂਪ ਜ਼ਹਿਰ ਨੂੰ, ਵਾ:- ਹਉਮੈ ਅਤੇ ਵਿਸ਼ਿਆਂ ਨੂੰ ਮਾਰਨਾ ਕਰੇ, ਤਾਂ ਅਪੁਣੇ ਸਰੂਪ ਵਿਚ ਨਿਵਾਸ ਹੁੰਦਾ ਹੈ।

ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ॥ ੨੧॥

ਜਿਸ ਪ੍ਰਭੂ ਨੇ ਪੰਜਾਂ ਤੱਤਾਂ ਨੂੰ ਰਚ ਕੇ ਸਾਰੇ ਜਗਤ ਨੂੰ ਰਚਿਆ ਹੈ, ਤਿਸ ਬ੍ਰਹਮ ਨੂੰ ਜੋ ਪਛਾਣਦਾ ਹੈ, ਗੁਰੂ ਜੀ ਕਥਨ ਕਰਦੇ ਹਨ— ਤਾ ਕਾ ਦਾਸੋ=ਤਿਸ ਦਾ ਸੇਵਕ ਬਣੋ। ਇਨ੍ਹਾਂ ਦੋ ਤੁਕਾਂ ਨੂੰ ਅਵਾਂਤ੍ਰ ਪ੍ਰਸ਼ਨ ਉੱਤਰ ਦੇ ਢੰਗ ਨਾਲ ਭੀ ਲਗਾਂਦੇ ਹਨ।

ਪ੍ਰਸ਼ਨ- ਸਰੂਪ ਰੂਪੀ ਨਿਜ ਘਰ ਵਿਚ ਵਾਸਾ ਕਿਵੇਂ ਹੁੰਦਾ ਹੈ?

ਗੁਰ ਉੱਤਰ:- ਗੁਰਾਂ ਦੇ ਉਪਦੇਸ਼ ਦੁਆਰਾ ਹਉਮੈ ਤੇ ਵਿਸ਼ਿਆਂ ਨੂੰ ਮਾਰਨਾ ਕਰੇ ਤਾਂ ਇਸ ਦਾ ਅਪੁਣੇ ਸਰੂਪ ਰੂਪੀ ਨਿਜ ਘਰ ਵਿਚ ਵਾਸਾ ਹੁੰਦਾ ਹੈ।

ਪ੍ਰਸ਼ਨ- ਜਿਸ ਪ੍ਰਭੂ ਨੇ ਪੰਜਾਂ ਤੱਤਾਂ ਨੂੰ ਰਚ ਕੇ ਸਾਰੇ ਜਗਤ ਨੂੰ ਰਚਿਆ ਹੈ, ਤਾ ਕਾ ਦਾਸੋ=ਤਿਸ ਦੀ ਪ੍ਰਾਪਤੀ ਦਾ ਸਾਧਨ ਦੱਸੋ?

ਗੁਰ ਉੱਤਰ:- **ਤਿਸੁ ਸਬਦਿ ਪਛਾਣੈ=**

ਤਿਸ ਪਰਮਾਤਮਾ ਨੂੰ ਗੁਰ ਸ਼ਬਦ ਦੁਆਰੇ ਪਛਾਨਣਾ ਕਰੇ॥ ੨੧॥

ਪਿਛਲੇ ਅੱਠ ਪ੍ਰਸ਼ਨਾਂ ਦਾ ਉੱਤਰ ਅਜੇ ਨਹੀਂ ਦਿੱਤਾ।

ਇੱਕ ਹੋਰ ਨਵੇਂ ਸਿੱਧ ਨੇ ਆ ਕੇ ਕਿਹਾ, ਪਹਿਲੇ ਮੈਨੂੰ ਤਿੰਨ ਪ੍ਰਸ਼ਨਾਂ ਦਾ ਉੱਤਰ ਦਿਓ।

ਗੁਰੂ ਜੀ ਨੇ ਕਿਹਾ, ਤੂੰ ਪਹਿਲੇ ਦੱਸ ਤੇਰੇ ਤਿੰਨ ਪ੍ਰਸ਼ਨ ਕੇਹੜੇ ਹਨ। ਉਸ ਸਿੱਧ ਨੇ ਕਿਹਾ-

ਪ੍ਰਸ਼ਨ- ੧ **ਕਹਾ ਤੇ ਆਵੈ**

ਇਹ ਜੀਵ ਕਿਸ ਵਜ੍ਹਾ ਸੇ ਆਉਂਦਾ ਹੈ?

ਪ੍ਰਸ਼ਨ- ੨ **ਕਹਾ ਇਹੁ ਜਾਵੈ**

ਇਹ ਜੀਵ ਕਿਸ ਵਜ੍ਹਾ ਸੇ ਜਾਂਦਾ ਹੈ?

ਪ੍ਰਸ਼ਨ- ੩ **ਕਹਾ ਇਹੁ ਰਹੈ ਸਮਾਈ॥**

ਇਹ ਜੀਵ ਮੱਧਕਾਲ ਵਿਚ ਕਿੱਥੇ ਸਮਾਇ=ਰਹਿੰਦਾ ਹੈ?

ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ॥

ਇਸ ਸ਼ਬਦ ਦਾ ਅਰਥ ਕਰਨਾ ਜਿਸ ਨੂੰ ਆਵੇਗਾ ਤਿਸ ਨੂੰ ਮੈਂ ਆਪਣਾ ਗੁਰੂ ਸਮਝਾਂਗਾ ਅਤੇ ਇਹ ਭੀ ਕਹਾਂਗਾ ਕਿ ਤਿਸ ਨੂੰ ਤਿਲ ਜਿੰਨਾਂ ਭੀ ਤਮਾਈ=ਤਮੋ ਗੁਣ ਨਹੀਂ ਹੈ।

ਇਸ ਨੂੰ ਗੁਰੂ ਸਾਹਿਬ ਜੀ ਉੱਤਰ ਦੇਣ ਹੀ ਲਗੇ ਸਨ।

ਜੋ ਇੱਕ ਹੋਰ ਨਵੇਂ ਸਿੱਧ ਨੇ ਆ ਕੇ ਕਿਹਾ, ਮੈਂ ਜਾ ਰਿਹਾ ਹਾਂ ਪਹਿਲੇ ਮੇਰੇ ਪ੍ਰਸ਼ਨ ਦਾ ਉੱਤਰ ਦਿਓ।

ਪ੍ਰਸ਼ਨ- ੧ **ਕਿਉ ਤਤੈ ਅਵਿਗਤੈ ਪਾਵੈ**

ਸ੍ਰਭ ਵੇਦਾਂ ਸ਼ਾਸਤ੍ਰਾਂ ਦਾ ਤਤੈ=ਸਿਧਾਂਤ ਰੂਪ ਜੋ ਅਵਿਗਤੈ=ਪਰਮਾਤਮਾ ਹੈ, ਉਸ ਨੂੰ ਕਿਉ ਪਾਵੈ=ਕਿਸ

www.sikhbookclub.com

ਤਰ੍ਹਾਂ ਪਾਵੇ? ਉੱਤਰ ਨਾਲ ਹੀ ਦੇਂਦੇ ਹਨ—

ਉੱਤਰ- (੧) **ਗੁਰਮੁਖਿ ਲਗੈ ਪਿਆਰੋ॥**

ਮੁਖੀ ਗੁਰਾਂ ਵਿਚ ਪ੍ਰੇਮ ਲਗੇ ਤਾਂ ਪਰਮੇਸ਼ਰ ਪ੍ਰਾਪਤ ਹੁੰਦਾ ਹੈ। ਅਗਲੀ ਪੰਗਤੀ ਸਿਧਾਂਤ ਦੀ ਹੈ।

ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ॥

ਜੋ ਪਰਮਾਤਮਾ ਆਪ ਹੀ ਸੁਰਤਾ=ਗਿਆਨ ਗੋਅ ਹੈ ਅਤੇ ਜੋ ਆਪ ਹੀ ਸਾਰਿਆਂ ਦਾ ਕਰਨ ਵਾਲਾ ਹੈ. ਗੁਰੂ ਜੀ ਕਥਨ ਕਰਦੇ ਹਨ— ਹੇ ਸਿੱਧੋ ! ਤੁਸੀਂ ਉਸ ਦਾ ਵਿਚਾਰ ਕਰੋ।

ਪਿਛਲੇ ਤਿੰਨ ਪ੍ਰਸ਼ਨ ਇਹ ਸਨ:-

੧ ਕਹਾ ਤੇ ਆਵੈ, ੨ ਕਹਾ ਇਹੁ ਜਾਵੈ, ੩ ਕਹਾ ਇਹੁ ਰਹੈ ਸਮਾਈ॥

ਹੁਣ ਇਨ੍ਹਾਂ ਤਿੰਨਾਂ ਪ੍ਰਸ਼ਨਾਂ ਦਾ ਉੱਤਰ ਗੁਰੂ ਜੀ ਦੇਂਦੇ ਹਨ:-

ਉੱਤਰ-(੧) **ਹੁਕਮੇ ਆਵੈ**

ਪਰਮੇਸ਼ਰ ਦੇ ਹੁਕਮ ਵਿਚ ਇਹ ਜੀਵ ਆਉਂਦਾ ਹੈ।

ਉੱਤਰ- (੨) **ਹੁਕਮੇ ਜਾਵੈ**

ਪਰਮੇਸ਼ਰ ਦੇ ਹੁਕਮ ਵਿਚ ਹੀ ਇਹ ਜੀਵ ਜਾਂਦਾ ਹੈ।

ਉੱਤਰ- (੩) **ਹੁਕਮੇ ਰਹੈ ਸਮਾਈ॥**

ਪਰਮੇਸ਼ਰ ਦੇ ਹੁਕਮ ਵਿਚ ਹੀ ਇਹ ਜੀਵ ਮਧਕਾਲ ਵਿਚ ਸਮਾਇ ਰਹਿੰਦਾ ਹੈ।

ਅਗਲੀ ਪੰਗਤੀ ਸਿਧਾਂਤ ਦੀ ਹੈ।

ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥ ੨੨॥

ਪੂਰਿਆਂ ਗੁਰਾਂ ਤੋਂ ਉਪਦੇਸ਼ ਲੈ ਕੇ ਸੱਚ ਨਾਮ ਨੂੰ ਕਮਾਵੇ ਤਾਂ ਇਸ ਤਰ੍ਹਾਂ ਦੀ ਮਿਤਿ=ਮਰਯਾਦਾ ਕਰਕੇ ਸਬਦੇ=ਬ੍ਰਹਮ ਦੀ ਗਤਿ=ਪ੍ਰਾਪਤੀ ਪਾਈਦੀ ਹੈ॥ ੨੨॥

ਪਿਛਲੀ ਇਕੀਵੀਂ ਪੌੜੀ ਵਿਚ ਜੋ ਅੱਠ ਪ੍ਰਸ਼ਨ ਕੀਤੇ ਸਨ। ਹੁਣ ਅੱਠਾਂ ਪ੍ਰਸ਼ਨਾਂ ਦਾ ਉੱਤਰ ਗੁਰੂ ਜੀ ਦੇਂਦੇ ਹਨ:-

ਉੱਤਰ- (੧) **ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ**

ਸ੍ਰਿਸ਼ਟੀ ਦੇ ਆਦ ਵਿਚ ਅਰਥਾਤ ਮਹਾਂ ਪਰਲੋ ਕਾਲ ਵਿਖੇ ਬਿਸਮਾਦੁ=ਅਸਚਰਜ ਰੂਪ ਪਰਮਾਤਮਾ ਦਾ ਹੀ ਵਿਚਾਰ ਕਥਨ ਕੀਤਾ ਜਾਂਦਾ ਸੀ।

ਉੱਤਰ- (੨) **ਸੁੰਨ ਨਿਰੰਤਰਿ ਵਾਸੁ ਲੀਆ॥**

ਸੁੰਨ=ਅਫੁਰ ਪਰਮਾਤਮਾ ਨੇ ਨਿਰੰਤਰਿ=ਇੱਕ ਰਸ ਸਭਨਾਂ ਵਿਚ ਵਾਸਾ ਲਿਆ ਹੋਇਆ ਸੀ।

ਉੱਤਰ- (੩) **ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ**

ਗੁਰਾਂ ਦੁਆਰੇ ਕਲਪਨਾਂ ਤੋਂ ਰਹਿਤ ਹੋਣਾ, ਏਹੀ ਗਿਆਨ ਦੇ ਮੁੰਦ੍ਰਾ=ਚਿੰਨ ਵਿਚਾਰਨਾ ਕਰੋ।

ਉੱਤਰ- (੪) **ਘਟਿ ਘਟਿ ਸਾਚਾ ਸਰਬ ਜੀਆ ॥**

ਸਾਰਿਆਂ ਜੀਵਾਂ ਦੇ ਘਟਾਂ ਘਟਾਂ ਵਿਚ ਸੱਚਾ ਪ੍ਰਭੂ ਵਸਦਾ ਹੈ

ਉੱਤਰ- (੫) **ਗੁਰ ਬਚਨੀ ਅਵਿਗਤਿ ਸਮਾਈਐ**

ਗੁਰਾਂ ਦੇ ਬਚਨਾਂ ਦੁਆਰੇ ਅਵਿਗਤਿ=ਪਰਮਾਤਮਾ ਵਿਖੇ ਸਮਾਈਏ ਤਾਂ ਕਾਲ ਦਾ ਡੰਡਾ ਸਾੜੀਦਾ ਹੈ।

ਉੱਤਰ- (੬) **ਤਤੁ ਨਿਰੰਜਨੁ ਸਹਜਿ ਲਹੈ ॥**

ਸਭ ਵੇਦਾਂ ਸ਼ਾਸਤ੍ਰਾਂ ਦੇ ਤਤੁ=ਸਿਧਾਂਤ ਰੂਪ ਨਿਰੰਜਨ ਦੇ ਸਹਜਿ ਲਹੈ=ਗਿਆਨ ਨੂੰ ਲਖੇ ਤਾਂ ਨਿਰਭਉ ਘਰ ਵਿਚ ਜਾਈਦਾ ਹੈ।

ਉੱਤਰ- (੭) **ਨਾਨਕ ਦੂਜੀ ਕਾਰ ਨ ਕਰਣੀ**

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਕਰਣੀ=ਨਿਸ਼ਕਾਮ ਕਰਮਾਂ ਤੋਂ ਬਿਨਾਂ ਦੂਜੀ ਹੋਰ ਕੋਈ ਕਾਰ ਨਾ ਕਰੇ।

ਅਥਵਾ:- ਦੂਜੀ=ਦ੍ਵੈਤ ਦੀ ਕਾਰ ਨੂੰ ਨਾ ਕਰੇ ਤਾਂ ਸ਼ਾਂਤੀ, ਸੰਤੋਖ ਆਦਿਕਾਂ ਵਿਚ ਇਸਥਿਤ ਹੋਣਾ ਜਾਣਦਾ ਹੈ।

ਉੱਤਰ- (੮) **ਸੇਵੈ ਸਿਖੁ ਸੁ ਖੋਜਿ ਲਹੈ ॥**

ਜੋ ਸਿੱਖ ਅਧਿਕਾਰੀ ਹੋ ਕੇ ਗੁਰਾਂ ਦੀ ਸੇਵਾ ਕਰਦਾ ਹੈ ਉਹ ਕਾਮ ਆਦਿਕ ਵੈਰੀਆਂ ਦੇ ਕੱਟਣ ਦੇ ਰਸਤੇ ਨੂੰ ਖੋਜ ਲੈਂਦਾ ਹੈ।

ਅਗਲੀਆਂ ਦੋ ਤੁਕਾਂ ਸਿਧਾਂਤ ਦੀਆਂ ਹਨ,

ਵਾ:- ਅਵਾਂਤ੍ਰ ਪ੍ਰਸ਼ਨ, ਉੱਤਰ ਦੇ ਢੰਗ ਭੀ ਲਗਾਂਦੇ ਹਨ।

ਪ੍ਰਸ਼ਨ- ਕਿਸ ਨੂੰ ਪਛਾਣੇ? *ਉੱਤਰ-*

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥

ਜਿਸ ਦਾ ਹੁਕਮ ਅਸਚਰਜ ਹੈ ਅਤੇ ਜੋ ਸੱਚਾ ਪ੍ਰਭੂ ਜੀਆਂ ਨੂੰ ਖਾਣ ਪੀਣ ਦੇ ਪਦਾਰਥ ਦੇਣ ਦੀ ਜੁਗਤੀ ਨੂੰ ਜਾਣਦਾ ਹੈ, ਸੋਈ ਹੁਕਮਿ ਪਛਾਣੈ=ਉਸ ਹੁਕਮ ਦੇ ਕਰਨ ਵਾਲੇ ਹੁਕਮੀ ਪਰਮਾਤਮਾ ਨੂੰ ਪਛਾਣੇ।

ਪ੍ਰਸ਼ਨ- ਜੋਗੀ ਕਿਸ ਨੂੰ ਕਹਿੰਦੇ ਹਨ? *ਉੱਤਰ-*

ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥ ੨੩ ॥

ਜੋ ਆਪਾ ਭਾਅ ਹੰਕਾਰ ਨੂੰ ਮੇਟ ਕੇ ਹਿਰਦੇ ਅੰਦਰ ਸੱਚ ਨਾਮ ਨੂੰ ਧਾਰ ਕੇ ਨਿਰਾਲਮੁ=ਅਸੰਗ ਹੋਇਆ ਹੈ, ਓਹੀ ਅਸਲ ਜੋਗੀ ਕਹੀਦਾ ਹੈ॥ ੨੩ ॥

ਚੰਗੇ ਸਿਆਣੇ ਸਿਆਣੇ ਸਿੱਧ ਆਪ ਭੰਗਾਂ ਪੀਣ ਚਲੇ ਗਏ ਪਿੱਛੇ ਗੁਰੂ ਸਾਹਿਬ ਜੀ ਪਾਸ ਹੋਰਨਾਂ ਸਿੱਧਾਂ ਨੂੰ ਬਿਠਾ ਗਏ ਤਾਂ ਕਿ ਕੁਝ ਨ ਕੁਝ ਬਚਨ ਬਿਲਾਸ ਹੁੰਦੇ ਰਹਿਣ, ਉਨ੍ਹਾਂ ਸਿੱਧਾਂ ਚੋਂ ਇਕ ਸਿੱਧ ਨੇ ਤਿੰਨ ਪ੍ਰਸ਼ਨ ਕੀਤੇ—

ਪ੍ਰਸ਼ਨ- ੧ ਨਿਰਗੁਣ ਬ੍ਰਹਮ ਸ੍ਰਗੁਣ ਸਰੂਪ ਕਿਉਂ ਹੋਇਆ ਹੈ?

ਪ੍ਰਸ਼ਨ- ੨ ਨਿਰਗੁਣ ਜੀਵ ਗੁਣਾਂ ਦੇ ਸੰਯੁਕਤ ਕਿਵੇਂ ਹੁੰਦਾ ਹੈ?

ਪ੍ਰਸ਼ਨ- ੩ ਨਿਰਗੁਣ ਜੀਵ ਪਰਮੇਸ਼ਰ ਸਰੂਪ ਕਿਵੇ ਹੁੰਦਾ ਹੈ? *ਗੁਰ ਉੱਤਰ-*

ਉੱਤਰ- (੧) ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥

ਉੱਤਰ- (੧) ਅਵਿ+ਗਤੋ=ਕਨਨ ਪ੍ਰਾਪਤੀ ਵਾਲਾ ਜੋ ਨਿਰਮਾਇਲੁ=ਸ਼ੁੱਧ ਨਿਰਗੁਣ ਬ੍ਰਹਮ ਹੈ, ਉਹ ਭਗਤਾਂ ਦੀ ਰਖਿਆ ਕਰਨ ਵਾਸਤੇ ਹੀ ਸਰਗੁਣ ਸਰੂਪ ਉਤਪੰਨ ਥੀਆ=ਹੋਇਆ ਹੈ।

ਉੱਤਰ- (੨) ਅਵਿਗਤੋ=ਪਰਮਾਤਮਾ ਦਾ ਨਿਰਮਾਇਲੁ=ਸ਼ੁੱਧ ਨਾਮ ਜਦੀ ਅੰਤਹ ਕਰਨ ਵਿਖੇ ਉਤਪੰਨ ਹੋਵੇ ਤਾਂ ਇਹ ਨਿਰਗੁਣ ਜੀਵ ਸਰ+ਗੁਣੁ ਥੀਆ=ਸਹਤ ਗੁਣਾਂ ਦੇ ਹੁੰਦਾ ਹੈ।

ਉੱਤਰ- (੩) ਨਿਰਮਾਇਲੁ=ਸ਼ੁਧ ਨਾਮ ਦੇ ਚਿੰਤਨ ਕਰਨ ਨਾਲ ਜਿਸ ਵੇਲੇ ਸੱਚੇ ਦਾ ਗਿਆਨ ਉਪਜਿਆ ਤਾਂ ਇਹ ਨਿਰਗੁਣ ਜੀਵ ਸਰਗੁਣੁ ਥੀਆ=ਪਰਮੇਸ਼ਰ ਸਰੂਪ ਹੁੰਦਾ ਹੈ।

ਸਤਿਗੁਰ ਪਰਚੈ ਪਰਮ ਪਦੁ ਪਾਈਐ

ਸਤਿਗੁਰਾਂ ਦੇ ਪਰਚੈ=ਉਪਦੇਸ਼, ਵਾ ਪ੍ਰੇਮ ਕਰਕੇ ਪਰਮ ਪਦੁ=ਆਤਮ ਪਦ ਪਾਈਦਾ ਹੈ।

ਸਾਚੈ ਸਬਦਿ ਸਮਾਇ ਲੀਆ ॥

ਸੱਚ ਨਾਮ ਜਪਣ ਵਾਲੇ ਨੂੰ ਸਬਦਿ=ਬ੍ਰਹਮ ਨੇ ਅਪੁਣੇ ਵਿਚ ਸਮਾਇ ਲੀਆ=ਅਭੇਦ ਕਰ ਲਿਆ ਹੈ।

ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥

ਜਿਸ ਨੇ ਹਿਰਦੇ ਵਿਚੋਂ ਹਉਮੈ ਤੇ ਦ੍ਵੈਤ ਭਾਵ੍ ਨੂੰ ਦੂਰ ਕੀਤਾ ਹੈ, ਉਹ ਮਨੁੱਖ ਇੱਕ ਸੱਚੇ ਨੂੰ ਸਚੁ=ਨਿਸਚੇ ਕਰਕੇ ਇੱਕ ਕਰਕੇ ਜਾਣਦਾ ਹੈ।

ਪ੍ਰਸ਼ਨ- ਅਸਲ ਜੋਗੀ ਕਿਸ ਨੂੰ ਕਹਿੰਦੇ ਹਨ? *ਗੁਰ ਉੱਤਰ-*

ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥

ਜੋ ਗੁਰਾਂ ਦੇ ਉਪਦੇਸ਼ ਨੂੰ ਪਛਾਣਦਾ ਹੈ ਤੇ ਅੰਦਰੋਂ ਹਿਰਦਾ ਕਮਲ ਪ੍ਰਕਾਸ਼ ਵਾਲਾ, ਅਰਥਾਤ ਗਿਆਨ ਸੰਯੁਕਤ ਹੋਇਆ ਹੈ, ਉਹ ਅਸਲ ਜੋਗੀ ਹੈ।

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥

ਹਿਰਦੇ ਅੰਦਰ ਸਾਰਿਆਂ ਜੀਆਂ ਉੱਤੇ ਦਇਆ ਕਰਨੀ ਜਾਣੇ ਅਤੇ ਜੀਵਤ ਭਾਵ ਤੋਂ ਮਰੇ ਤਾਂ ਸਭ ਕੁਝ ਵਸਤੂਆਂ ਦਾ ਮਾਲਕ ਜੋ ਪ੍ਰਭੂ ਹੈ, ਉਹ ਇਸ ਨੂੰ ਸੁੱਝਦਾ ਹੈ, *ਵਾ:-* ਦੁਨੀਆਂ ਦੇ ਸਭ ਕੁਝ ਪਦਾਰਥ ਮਿਥਿਆ ਰੂਪ ਕਰਕੇ ਸੁੱਝਦੇ ਹਨ।

ਅਥਵਾ:- ਸਭ ਕੁਝ ਬ੍ਰਹਮ ਰੂਪਤਾ ਕਰਕੇ ਸੁੱਝਦੇ ਹਨ।

ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥ ੨੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੋ ਸਾਰਿਆਂ ਜੀਵਾਂ ਨੂੰ ਆਪਣੇ ਵਰਗਾ ਪਛਾਣਦਾ ਹੈ।

ਅਥਵਾ:- ਜੋ ਸਾਰਿਆਂ ਜੀਵਾਂ ਵਿਚ ਅਪੁਣੇ ਆਪ ਨੂੰ ਪਛਾਣਦਾ ਹੈ, ਤਿਸ ਨੂੰ ਵਡਿਆਈ ਮਿਲਦੀ ਹੈ ॥ ੨੪ ॥

www.sikhbookclub.com

ਪਹਿਲਾ ਅਰਥ-

ਪ੍ਰਸ਼ਨ- ਸੰਸਾਰ ਕਿੱਥੋਂ ਉਤਪੰਨ ਹੋਇਆ?

ਗੁਰ ਉੱਤਰ- **ਸਾਚੌ ਉਪਜੈ**

ਸੱਚੇ ਤੋਂ ਹੀ ਜਗਤ ਪੈਦਾ ਹੋਇਆ ਹੈ।

ਪ੍ਰਸ਼ਨ-ਸਮਾਂਵਦਾ ਕਿਸ ਵਿਚ ਹੈ?

ਗੁਰ ਉੱਤਰ- **ਸਾਚਿ ਸਮਾਵੈ**

ਅੰਤ ਨੂੰ ਸੱਚੇ ਪ੍ਰਭੂ ਵਿਚ ਹੀ ਸਮਾਅ ਜਾਂਦਾ ਹੈ।

ਪ੍ਰਸ਼ਨ- ਇੱਕ ਦਾ ਸਰੂਪ ਕੌਣ ਹੋਇ ਹਨ?

ਗੁਰ ਉੱਤਰ- **ਸਾਚੇ ਸੂਚੇ ਏਕ ਮਇਆ ॥**

ਜੋ ਸੱਚ ਨਾਮ ਨੂੰ ਜਪ ਕੇ ਸੂਚੇ=ਪਵਿੱਤ੍ਰ ਹੋਇ ਹਨ, ਉਹ ਇੱਕ ਦਾ ਮਇਆ=ਸਰੂਪ ਹੋਇ ਹਨ।

ਦੂਜਾ ਅਰਥ-

ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥

ਜਿਨ੍ਹਾਂ ਉੱਤੇ ਇੱਕ ਪ੍ਰਭੂ ਦੀ ਮਇਆ=ਕਿਰਪਾ ਦ੍ਰਿਸ਼ਟੀ ਹੋਈ ਹੈ, ਉਹ ਇੰਝ ਨਿਸਚੇ ਕਰਦੇ ਹਨ ਕਿ ਸੱਚ ਨਾਮ ਕਰਕੇ ਸ਼ੁਭ ਗੁਣ ਉਪਜਦੇ ਹਨ, ਸੱਚ ਨਾਮ ਕਰਕੇ ਹੀ ਕਾਮ ਆਦਿਕ ਸਮਾਵੈ=ਲੈ ਹੁੰਦੇ ਹਨ, ਸੱਚ ਨਾਮ ਕਰਕੇ ਹੀ ਅੰਤਹ ਕਰਨ ਸੂਚੇ=ਪਵਿੱਤ੍ਰ ਹੁੰਦਾ ਹੈ।

ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥

ਝੂਠੇ ਪੁਰਸ਼ ਝੂਠ ਕਰਕੇ ਹੀ ਆਉਂਦੇ ਜਾਂਦੇ ਹਨ, ਇੱਕ ਜਗ੍ਹਾ 'ਤੇ ਠਹਿਰਨਾ ਨਹੀਂ ਪਾਂਦੇ, ਦੂਜੈ=ਦ੍ਵੈ ਭਾਵ ਕਰਕੇ ਹੀ ਉਨ੍ਹਾਂ ਦਾ ਆਵਾ ਗਉਣੁ=ਆਉਣਾ ਜਾਣਾ ਹੋਇਆ ਹੈ।

ਪ੍ਰਸ਼ਨ- ਆਉਣਾ ਜਾਣਾ ਕਿਸ ਦਾ ਦੂਰ ਹੁੰਦਾ ਹੈ? ਗੁਰ ਉੱਤਰ-

ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥

ਗੁਰ ਉਪਦੇਸ਼ ਲੈਣ ਵਾਲਿਆਂ ਦਾ ਜੰਮਣਾ ਮਰਨਾ ਮਿਟਦਾ ਹੈ ਕਿਉਂਕਿ ਉਨ੍ਹਾਂ ਗੁਰ ਸ਼ਬਦੀਆਂ ਨੂੰ ਪ੍ਰਭ ਨੇ ਆਪ ਹੀ ਪਰਖ ਕੇ ਬਖਸ਼ ਲਿਆ।

ਪ੍ਰਸ਼ਨ- ਅਪਣੇ ਆਪ ਨੂੰ ਕੌਣ ਪਰਖਦਾ ਹੈ?

ਗੁਰ ਉੱਤਰ- ਜਿਨ੍ਹਾਂ ਨੂੰ ਪ੍ਰਭੂ ਨੇ ਬਖਸ਼ ਲਿਆ ਹੈ, ਉਹ ਅਪੁਣੇ ਆਪ ਨੂੰ ਪਰਖਦਾ ਹੈ।

ਪ੍ਰਸ਼ਨ- ਇੱਕ ਦ੍ਵੈਤ ਭਾਵ ਰੂਪੀ ਪੀੜਾ ਕਿਸ ਨੂੰ ਵਿਆਪ ਰਹੀ ਹੈ? ਗੁਰ ਉੱਤਰ-

[ਪੰਨਾ ੯੪੧]

ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥

www.sikhbookclub.com

ਦ੍ਵੈਤ ਭਾਵ ਦੀ ਇੱਕ ਬੇਦਨ=ਪੀੜਾ ਉਨ੍ਹਾਂ ਮਨਮੁਖਾਂ ਨੂੰ ਵਿਆਪ ਰਹੀ ਹੈ, ਜਿਨ੍ਹਾਂ ਨੂੰ ਰਸਾਂ ਦਾ ਘਰ ਪ੍ਰਭੂ ਦਾ ਨਾਮ ਅੰਮ੍ਰਿਤ ਵਿਸਰ ਗਿਆ ਹੈ।

ਪ੍ਰਸ਼ਨ- ਗੁਰ ਉਪਦੇਸ਼ ਨੂੰ ਅਤੇ ਭਲੇ, ਬੁਰੇ ਕਰਮਾਂ ਨੂੰ ਕੌਣ ਬੁੱਝਦਾ ਹੈ? *ਗੁਰ ਉੱਤਰ:-*

ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥

ਜਿਸ ਨੂੰ ਪ੍ਰਭੂ ਆਪ ਸਮਝਾਂਦਾ ਹੈ ਗੁਰੂ ਰੂਪ ਹੋ ਕੇ, ਓਹੀ ਮਨੁੱਖ ਗੁਰ ਉਪਦੇਸ਼ ਅਤੇ ਭਲੇ ਬੁਰੇ ਕਰਮਾਂ ਨੂੰ ਸਮਝਦਾ ਹੈ ਅਤੇ ਓਹੀ ਪੁਰਸ਼ ਗੁਰਾਂ ਦੇ ਉਪਦੇਸ਼ ਕਰਕੇ ਮੁਕਤ ਰੂਪ ਹੋਇਆ ਹੈ?

ਪ੍ਰਸ਼ਨ- ਪ੍ਰਭੂ ਕਿਸ ਨੂੰ ਤਾਰਦਾ ਹੈ? *ਗੁਰ ਉੱਤਰ-*

ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥ ੨੫ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਜਿਸ ਨੇ ਹਉਮੈ ਅਤੇ ਦਵੈਤ ਭਾਵ ਨੂੰ ਪਰ ਹਰਿਆ=ਤਿਆਗਿਆ ਹੈ, ਉਸ ਨੂੰ ਤਾਰਣ ਵਾਲਾ ਪ੍ਰਭੂ ਆਪ ਤਾਰਦਾ ਹੈ॥ ੨੫॥

ਪ੍ਰਸ਼ਨ- ਜਮਾਂ ਦੀ ਕਾਨ ਕਨੌਡ ਨੂੰ ਕੌਣ ਸਹਾਰਦੇ ਹਨ? *ਗੁਰ ਉੱਤਰ-*

ਮਨਮੁਖਿ ਭੁਲੈ ਜਮ ਕੀ ਕਾਣਿ ॥

ਪਰਮੇਸ਼ਰ ਤੋਂ ਭੁੱਲੇ ਹੋਏ ਮਨਮੁਖ ਪੁਰਸ਼ ਜਮਾਂ ਦੀ ਕਾਨ ਕਨੌਡ ਨੂੰ ਸਹਾਰਦੇ ਹਨ।

ਪਰ ਘਰੁ ਜੋਹੈ ਹਾਣੇ ਹਾਣਿ ॥

ਜੋ ਪਰਾਏ ਘਰਾਂ ਵੱਲ ਦੇਖਦਾ ਹੈ, ਭਾਵ ਦੂਜੇ ਦੇ ਧਨ ਚੁਰਾਨ ਦੀ ਇੱਛਾ ਕਰਦਾ ਹੈ, ਉਸ ਨੂੰ ਹਾਣੇ ਹਾਣਿ=ਘਾਟਾ ਹੀ ਘਾਟਾ ਹੈ।

ਅਥਵਾ:- ਪਰ ਘਰੁ=ਪਰਾਈ ਇਸਤ੍ਰੀਆਂ ਵੱਲ ਜੋ ਖੋਟੀ ਦ੍ਰਿਸ਼ਟੀ ਨਾਲ ਦੇਖਦਾ ਹੈ, ਹਾਣੀ ਕਰਨ ਵਾਲੇ ਕਾਮ ਆਦਿਕ ਉਸ ਦੀ ਹਾਣੀ ਕਰਦੇ ਹਨ।

ਅਥਵਾ:- ਆਪਣਾ ਘਰ ਜੋ ਪਰਮਾਤਮਾ ਹੈ, ਉਸ ਨੂੰ ਛੱਡ ਕੇ ਜੋ ਪੁਰਸ਼ ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪ ਪਰਾਏ ਘਰਾ ਵੱਲ ਵੇਖਦੇ ਹਨ, ਹਾਣੀ ਕਰਨ ਵਾਲੇ ਜਮਦੂਤ ਉਨ੍ਹਾਂ ਦੀ ਹਾਣੀ=ਬੇਇੱਜ਼ਤ ਕਰਦੇ ਹਨ।

ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥

ਮਨਮੁਖ ਪੁਰਸ਼ ਭਰਮ ਕਰਕੇ ਸੰਸਰ ਰੂਪ ਬੇਬਾਣਿ=ਉਜਾੜ ਵਿਚ ਭੌਂਦੇ ਹਨ। ਮਸਾਣਾਂ ਵਿਚ ਬੈਠ ਕੇ ਮੰਤਰ ਸਾਧਨ ਰੂਪ ਵੇਮਾਰਗਿ=ਖੋਟੇ ਰਸਤਿਆਂ ਵਿਚ ਲਗ ਕੇ ਉਹ ਮੂਸੈ=ਠੱਗੇ ਗਏ ਹਨ।

ਸਬਦੁ ਨ ਚੀਨੈ ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥ ੨੬ ॥

ਸਬਦੁ=ਬ੍ਰਹਮ ਨੂੰ, ਵਾ ਗੁਰ ਉਪਦੇਸ਼ ਨੂੰ ਨਹੀਂ ਜਾਨਦੇ ਤੇ ਕੁਬਾਣਿ=ਖੋਟੀ ਬਾਣੀ ਨੂੰ ਲਵੈ=ਉਚਾਰਦੇ ਯਾਨੇ ਬੋਲਦੇ ਹਨ। ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਜੋ ਸੱਚ ਨਾਮ ਵਿਚ ਰੱਤੇ ਹਨ, ਉਹ ਪੁਰਸ਼ ਆਤਮ ਸੁਖ ਨੂੰ ਜਾਣਦੇ ਹਨ॥ ੨੬॥

ਗੁਰਮੁਖਿ ਸਾਚੇ ਕਾ ਭਉ ਪਾਵੈ ॥

ਗੁਰਮੁਖ ਜਨ ਆਪਣੇ ਅੰਦਰ ਸੱਚੇ ਪ੍ਰਭੂ ਦਾ ਡਰ ਪਾਉਂਦੇ ਹਨ ਵਾ:- ਸਿੱਖਾਂ ਦੇ ਅੰਦਰ ਸੱਚੇ ਪ੍ਰਭੂ ਦਾ

www.sikhbookclub.com

ਡਰ ਪਾਉਂਦੇ ਹਨ।

ਗੁਰਮੁਖਿ ਬਾਣੀ ਅਘੜੁ ਘੜਾਵੈ॥

ਗੁਰਮੁਖ ਜਨ ਅਘੜੁ ਬਾਣੀ=ਖੋਟੀ ਬਾਣੀ ਨੂੰ ਘੜਦੇ ਹਨ, ਭਾਵ ਮਿੱਠੀ ਬਾਣੀ ਬੋਲਦੇ ਹਨ, ਅਥਵਾ:- ਗੁਰਮੁਖ ਜਨ ਮੁਖੀ ਗੁਰਾਂ ਦੀ ਬਾਣੀ ਦੁਆਰੇ ਅਘੜ ਜੋ ਮਨ ਹੈ ਉਸ ਨੂੰ ਘੜਾਉਂਦੇ ਹਨ।

ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥ ਗੁਰਮੁਖਿ ਪਵਿਤ੍ਰ ਪਰਮਪਦੁ ਪਾਵੈ॥

ਗੁਰਮੁਖ ਜਨ ਨਿਰਮਲ ਹਰੀ ਦੇ ਗੁਣ ਗਾਉਂਦੇ ਹਨ। ਇਸ ਲਈ ਗੁਰਮੁਖ ਪਵਿੱਤ੍ਰ ਪਰਮ ਪਦ=ਆਤਮ ਪਦ ਨੂੰ ਪਾਉਂਦੇ ਹਨ।

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥
ਨਾਨਕ ਗੁਰਮੁਖਿ ਸਾਚਿ ਸਮਾਵੈ॥ ੨੭॥

ਗੁਰਮੁਖ ਜਨ ਰੋਮ ਰੋਮ ਵਿਚ ਵਿਆਪਕ ਜਾਣ ਕੇ, ਵਾ:- ਰੋਮ ਰੋਮ ਕਰਕੇ ਹਰੀ ਨੂੰ ਧਿਆਉਂਦੇ ਹਨ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਏਸੇ ਕਰਕੇ ਗੁਰਮੁਖ ਜਨ ਸੱਚ ਸਰੂਪ ਵਿਚ ਸਮਾਉਂਦੇ ਹਨ॥ ੨੭॥

ਗੁਰਮੁਖਿ ਪਰਚੈ ਬੇਦ ਬੀਚਾਰੀ॥ ਗੁਰਮੁਖਿ ਪਰਚੈ ਤਰੀਐ ਤਾਰੀ॥

ਗੁਰਮੁਖ ਜਨ ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ ਵੇਦਾਂ ਦਾ ਵਿਚਾਰ ਕਰਦੇ ਹਨ, ਵਾ:- ਗੁਰਮੁਖ ਵੇਦਾਂ ਦੇ ਵਿਚਾਰਨ ਵਿਚ ਪਰਚੇ ਰਹਿੰਦੇ ਹਨ। ਗੁਰਮੁਖ ਜਨ ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ ਆਪ ਤਰਦੇ ਹਨ ਹੋਰਨਾਂ ਨੂੰ ਤਾਰਦੇ ਹਨ।

ਅਥਵਾ-ਗੁਰਮੁਖ ਜਨ ਪਰਚੈ=ਪ੍ਰੇਮ ਰੂਪੀ ਤਾਰੀ=ਨੌਕਾ ਲੈ ਕੇ ਤਰਦੇ ਹਨ।

ਗੁਰਮੁਖਿ ਪਰਚੈ ਸੁ ਸਬਦਿ ਗਿਆਨੀ॥

ਗੁਰਮੁਖ ਜਨ ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ 'ਸੁਸਬਦਿ' ਉਸ ਬ੍ਰਹਮ ਦੇ ਗਿਆਨੀ ਹੋਇ ਹਨ।

ਅਥਵਾ:- ਗੁਰਮੁਖ ਜਨ ਉਸ ਬ੍ਰਹਮ ਦੇ ਗਿਆਨੀ=ਜਾਨਣ ਵਿਚ ਪਰਚੇ ਰਹਿੰਦੇ ਹਨ।

ਗੁਰਮੁਖਿ ਪਰਚੈ ਅੰਤਰਿ ਬਿਧਿ ਜਾਨੀ॥

ਗੁਰਮੁਖ ਜਨਾਂ ਨੇ ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ ਅੰਤਰਿ=ਅੰਤਹ ਕਰਣ ਵਿਚ ਜੋ ਪ੍ਰਭੂ ਸਾਖੀ ਚੇਤਨ ਹੈ, ਉਸ ਦੀ ਪ੍ਰਾਪਤੀ ਦੀ ਵਿਧੀ ਜਾਣੀ ਹੈ।

ਅਥਵਾ:- ਗੁਰਮੁਖਾਂ ਨੇ ਮੁਖੀ ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ ਅੰਤਰਿ=ਅੰਤਰੇ ਭੇਦ ਦੇ ਨਿਵਿਰਤੀ ਦੀ ਵਿਧੀ ਜਾਣੀ ਹੈ।

ਗੁਰਮੁਖਿ ਪਾਈਐ ਅਲਖ ਅਪਾਰੁ॥

ਗੁਰਮੁਖ ਜਨ ਗੁਰਾਂ ਦੁਆਰੇ ਅਲਖ ਅਪਾਰ ਪ੍ਰਭੂ ਨੂੰ ਪਾਂਵਦੇ ਹਨ।

ਨਾਨਕ ਗੁਰਮੁਖਿ ਮੁਕਤਿ ਦੁਆਰੁ॥ ੨੮॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖਾਂ ਨੂੰ ਮੁਕਤੀ ਦਾ ਦਰਵਾਜ਼ਾ ਗਿਆਨ ਪ੍ਰਾਪਤ ਹੋਇਆ

www.sikhbookclub.com

ਹੈ॥ ੨੮॥

ਗੁਰਮੁਖਿ ਅਕਥੁ ਕਥੈ ਬੀਚਾਰਿ॥ ਗੁਰਮੁਖਿ ਨਿਬਹੈ ਸ ਪਰਵਾਰਿ॥

ਗੁਰਮੁਖ ਜਨ ! ਅਕਥ ਪ੍ਰਭੂ ਦੇ ਵਿਚਾਰ ਨੂੰ ਕਥਨ ਕਰਦੇ ਹਨ। ਗੁਰਮੁਖ ਜਨ ! ਪ੍ਰਤੱਖ ਪਰਵਾਰ ਦੇ ਸੰਯੁਕਤ ਤੇ ਇੰਦ੍ਰੀਆਂ ਰੂਪ ਪਰਵਾਰ ਦੇ ਸ=ਸਹਿਤ ਅਪਣਾ ਸਾਰਾ ਸਮਾਂ ਪਰਮੇਸ਼ਰ ਦੀ ਤਰਫ ਨਿਭਾਉਂਦੇ ਹਨ।

ਗੁਰਮੁਖਿ ਜਪੀਐ ਅੰਤਰਿ ਪਿਆਰਿ॥ ਗੁਰਮੁਖਿ ਪਾਈਐ ਸਬਦ ਅਚਾਰਿ॥

ਗੁਰਮੁਖ ਜਨ ! ਅੰਤਰਿ ਪਿਆਰਿ=ਅੰਦਰੂਨੀ ਪਿਆਰ ਨਾਲ ਪ੍ਰਭੂ ਨੂੰ ਜਪਦੇ ਹਨ।

ਅਥਵਾ- ਗੁਰਮੁਖ ਜਨ ਪਿਆਰ ਨਾਲ ਹਿਰਦੇ ਅੰਦਰ ਪਰਮਾਤਮਾ ਨੂੰ ਜਪਦੇ ਹਨ।

ਗੁਰਮੁਖ ਜਨ ! ਸਬਦ=ਬ੍ਰਹਮ ਦੀ ਪ੍ਰਾਪਤੀ ਦੇ ਅਚਾਰਿ=ਕਰਤੱਬ ਨੂੰ ਪਾਉਂਦੇ ਹਨ।

ਸਬਦਿ ਭੇਦਿ ਜਾਣੈ ਜਾਣਾਈ॥ ਨਾਨਕ ਹਉਮੈ ਜਾਲਿ ਸਮਾਈ॥ ੨੯॥

ਗੁਰਮੁਖ ਜਨ ! ਸਬਦਿ=ਬ੍ਰਹਮ ਦੇ ਭੇਦ ਨੂੰ ਆਪ ਜਾਣਦੇ ਹਨ ਅਤੇ ਹੋਰਨਾਂ ਨੂੰ ਜਣਾਉਂਦੇ ਹਨ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹਉਮੈ ਦੇ ਜਾਲਨ ਵਿਚ ਗੁਰਮੁਖਾਂ ਦੀ ਬੁੱਧੀ ਸਮਾਈ ਹੋਈ ਹੈ। *ਅਥਵਾ-* ਜਿਸ ਵੇਲੇ ਹਿਰਦੇ ਅੰਦਰ 'ਸਮਆਈ'=ਸਮਤਾ ਆਈ, ਤਿਸ ਵੇਲੇ ਹਉਮੈ ਨੂੰ ਜਾਲਿ=ਸਾੜ ਦਿੱਤਾ॥ ੨੯॥

ਗੁਰਮੁਖਿ ਧਰਤੀ ਸਾਚੈ ਸਾਜੀ॥ ਤਿਸ ਮਹਿ ਓਪਤਿ ਖਪਤਿ ਸੁ ਬਾਜੀ॥

ਪਹਿਲਾ ਅਰਥ- ਗੁਰਮੁਖਾਂ ਨੇ ਇਹ ਨਿਸਚੇ ਕੀਤਾ ਹੈ ਕਿ ਇਹ ਸਾਰੀ ਧਰਤੀ 'ਗੁਰਮੁਖਿ' ਚੇਤਨ ਅਧਿਸ਼ਠਾਨ ਰੂਪ ਸੱਚੇ ਪ੍ਰਭੂ ਨੇ ਆਪ ਹੀ ਸਾਜੀ ਹੈ।

ਤਿਸ ਧਰਤੀ ਵਿਚ ਹੀ ਸੰਸਾਰ ਬਾਜੀ ਦੀ ਉਤਪਤੀ ਅਤੇ ਖਪਤਿ=ਲੈਤਾ ਹੋ ਰਹੀ ਹੈ।

ਦੂਜਾ ਅਰਥ- **ਗੁਰਮੁਖਿ ਧਰਤੀ ਸਾਚੈ ਸਾਜੀ॥**

ਗੁਰਮੁਖਾਂ ਦੀ ਬੁੱਧੀ ਰੂਪ ਧਰਤੀ ਸੱਚੇ ਪ੍ਰਭੂ ਨੇ ਆਪ ਹੀ ਬਣਾਈ ਹੈ।

ਤਿਸ ਮਹਿ ਓਪਤਿ ਖਪਤਿ ਸੁ ਬਾਜੀ॥ ਤਿਸ ਬੁੱਧੀ ਰੂਪ ਧਰਤੀ ਵਿਚ ਸ਼ੁਭ ਗੁਣਾਂ ਦੀ ਉਤਪਤੀ ਹੋ ਰਹੀ ਹੈ ਅਤੇ ਅਸ਼ੁਭ ਗੁਣਾਂ ਦੀ ਭਾਵ ਕਾਮ ਆਦਿਕਾਂ ਦੀ ਖਪਤਿ=ਪਰਲੋ ਹੋ ਰਹੀ ਹੈ ਤੇ ਸੰਸਾਰ ਨੂੰ ਬਾਜੀਗਰ ਦੀ ਬਾਜੀ ਵਾਂਙੂ ਮਿੱਥਿਆ ਨਿਸਚੇ ਕੀਤਾ ਹੈ।

ਗੁਰ ਕੈ ਸਬਦਿ ਰਪੈ ਰੰਗੁ ਲਾਇ॥

ਗੁਰਮੁਖ ਜਨ ! ਰੰਗੁ ਲਾਇ=ਪ੍ਰੇਮ ਲਗਾ ਕੇ ਗੁਰਾਂ ਦੇ ਉਪਦੇਸ਼ ਵਿਚ ਰਪਦਾ ਹੈ।

ਅਥਵਾ- ਗੁਰਾਂ ਦੇ ਉਪਦੇਸ਼ ਵਿਚ ਰਪ ਜਾਣ ਦਾ ਪ੍ਰੇਮ ਹੋਰਨਾਂ ਨੂੰ ਲਾਉਂਦੇ ਹਨ।

ਸਾਚਿ ਰਤਉ ਪਤਿ ਸਿਉ ਘਰਿ ਜਾਇ॥

ਜੋ ਸੱਚ ਨਾਮ ਵਿਚ ਰੱਤਾ ਹੈ, ਉਹ ਪਤ ਆਬਰੋ ਨਾਲ ਸਰੂਪ ਘਰ ਵਿਚ ਜਾਂਦਾ ਹੈ।

ਸਾਚ ਸਬਦ ਬਿਨੁ ਪਤਿ ਨਹੀ ਪਾਵੈ॥

ਗੁਰਾਂ ਦੇ ਸੱਚੇ ਉਪਦੇਸ਼ ਲਏ ਤੋਂ ਬਿਨਾਂ, ਇਹ ਜੀਵਾ ਪਤੀ ਦੀ ਪਰਾਪਤੀ ਨੂੰ ਨਹੀਂ ਪਾਂਦਾ। *ਅਥਵਾ-*

www.sikhbookclub.com

ਪਤ ਆਬਰੋ ਨੂੰ ਨਹੀਂ ਪਾਂਦਾ।

ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ॥ ੩੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਨਾਮ ਸਿਮਰਨ ਤੋਂ ਬਿਨਾਂ ਇਹ ਜੀਵ ਸੱਚ ਸਰੂਪ ਵਿਚ ਕਿਸ ਤਰ੍ਹਾਂ ਸਮਾਵੇਗਾ, ਭਾਵ ਨਹੀਂ ਸਮਾਵੇਗਾ॥ ੩੦॥

ਗੁਰਮੁਖਿ ਅਸਟ ਸਿਧੀ ਸਭਿ ਬੁਧੀ॥

ਗੁਰਮੁਖਾਂ ਪਾਸ ਅਣਿਮਾ ਮਹਿਮਾ ਆਦਿਕ ਕੱਠ ਸਿੱਧੀਆਂ ਅਤੇ ਸਾਰੀਆਂ ਬੁੱਧੀਆਂ ਹਨ।

ਗੁਰਮੁਖਿ ਭਵਜਲੁ ਤਰੀਐ ਸਚ ਸੁਧੀ॥

ਸੱਚ ਸਰੂਪ ਦੀ ਸੁਧੀ=ਸੋਝੀ ਹੋਣ ਕਰਕੇ ਗੁਰਮੁਖ ਸੰਸਾਰ ਸਮੁੰਦ੍ਰ ਤੋਂ ਤਰੇ ਹਨ।

ਗੁਰਮੁਖਿ ਸਰ ਅਪਸਰ ਬਿਧਿ ਜਾਣੈ॥

ਗੁਰਮੁਖ ਜਨ 'ਸਰ ਅਪਸਰ'=ਭਲੇ ਬੁਰੇ ਕਰਮਾਂ ਦੀ ਸਭ ਵਿਧੀ ਜਾਣਦੇ ਹਨ।

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥

ਗੁਰਮੁਖ ਜਨ ਪ੍ਰਵਿਰਤੀ ਅਤੇ ਨਿਵ੍ਰਿਰਤੀ ਦੇ ਭੇਦ ਨੂੰ ਪਛਾਣਦੇ ਹਨ।

ਗੁਰਮੁਖਿ ਤਾਰੇ ਪਾਰਿ ਉਤਾਰੇ॥
ਨਾਨਕ ਗੁਰਮੁਖਿ ਸਬਦਿ ਨਿਸਤਾਰੇ॥ ੩੧॥

ਗੁਰਮੁਖ ਜਨ ਆਪ ਤਰੇ ਹਨ, ਹੋਰਨਾਂ ਨੂੰ ਭੀ ਪਾਰ ਉਤਾਰਦੇ ਹਨ, *ਅਥਵਾ:-* ਗੁਰਮੁਖ ਜਨ ਤਾਰੇ=ਮਲਾਹ ਰੂਪ ਹੋ ਕੇ ਤਾਰੇ=ਜਹਾਜ਼ ਵਾਂਙੂ ਸੰਸਾਰ ਸਮੁੰਦਰ ਤੋਂ ਪਾਰ ਉਤਾਰਦੇ ਹਨ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖ ਅਪੁਣਾ ਸਬਦਿ=ਉਪਦੇਸ਼ ਦੇ ਕੇ ਜੀਵਾਂ ਨੂੰ ਸੰਸਾਰ ਸਾਗਰ ਤੋਂ ਤਾਰਦੇ ਹਨ।

ਅਥਵਾ:- ਗੁਰਮੁਖ ਉਪਦੇਸ਼ ਦੇ ਕੇ ਅਵਿੱਦਿਆ ਰੂਪ ਨਿਸ=ਰਾਤ ਤੋਂ ਤਾਰੇ=ਬਚਾਅ ਲੈਂਦੇ ਹਨ॥ ੩੧॥

ਹੁਣ ਗੁਰੂ ਸਾਹਿਬ ਜੀ ਨਾਮ ਦੀ ਮਹੱਤਤਾ ਸੁਣਾਂਦੇ ਹਨ-

ਨਾਮੇ ਰਤੇ ਹਉਮੈ ਜਾਇ॥ ਨਾਮਿ ਰਤੇ ਸਚਿ ਰਹੇ ਸਮਾਇ॥

ਜੋ ਨਾਮ ਵਿਚ ਰੱਤੇ ਹਨ, ਉਨ੍ਹਾਂ ਦੀ ਹਉਮੈ ਨਿਵਿਰਤ ਹੋ ਜਾਂਦੀ ਹੈ। ਜੋ ਨਾਮ ਵਿਚ ਰੱਤੇ ਹਨ, ਉਹ ਸੱਚ ਸਰੂਪ ਵਿਚ ਸਮਾਅ ਰਹਿੰਦੇ ਹਨ।

ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥

ਜੋ ਨਾਮ ਵਿਚ ਰੱਤੇ ਹਨ, ਉਹ ਪ੍ਰਭੂ ਨਾਲ,ਜੋਗ=ਜੁੜਨ ਦੀ ਜੁਗਤੀ ਨੂੰ ਵਿਚਾਰਦੇ ਹਨ, *ਅਥਵਾ:-* ਉਹ ਹਠ ਜੋਗ ਅਤੇ ਭਗਤੀ ਜੋਗ ਦੀ ਜੁਗਤੀ ਨੂੰ ਵਿਚਾਰਦੇ ਹਨ।

ਜੋ ਨਾਮ ਵਿਚ ਰੱਤੇ ਹਨ, ਉਹ ਮੁਕਤੀ ਦੇ ਦਰਵਾਜ਼ੇ ਬ੍ਰਹਮ ਗਿਆਨ ਨੂੰ ਪਾਉਂਦੇ ਹਨ, *ਅਥਵਾ:-* ਅਪਣੇ ਦਰਵਾਜ਼ੇ ਉੱਪਰ ਹੀ ਮੁਕਤੀ ਨੂੰ ਪਾ ਲੈਂਦੇ ਹਨ।

www.sikhbookclub.com

ਨਾਮਿ ਰਤੇ ਤ੍ਰਿਭਵਣ ਸੋਝੀ ਹੋਇ॥
ਨਾਨਕ ਨਾਮਿ ਰਤੇ ਸਦਾ ਸੁਖੁ ਹੋਇ॥ ੩੨॥

ਜੋ ਨਾਮ ਵਿਚ ਰੱਤੇ ਹਨ, ਉਨ੍ਹਾਂ ਨੂੰ ਤਿੰਨਾਂ ਲੋਕਾਂ ਦੀ ਮਿੱਥਿਆ ਰੂਪ ਕਰਕੇ ਸੋਝੀ ਹੁੰਦੀ ਹੈ. ਵਾ:- ਬ੍ਰਹਮ ਰੂਪਤਾ ਕਰਕੇ ਸੋਝੀ ਹੁੰਦੀ ਹੈ।

ਅਥਵਾ:- ਤਿੰਨਾਂ ਲੋਕਾਂ ਦੀ ਸੋਝੀ=ਅੰਤਰਜਾਮਤਾ ਹੁੰਦੀ ਹੈ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੋ ਨਾਮ ਵਿਚ ਰੱਤੇ ਹਨ. ਉਨ੍ਹਾਂ ਨੂੰ ਸਦਾ ਹੀ ਸੁਖ ਹੁੰਦਾ ਹੈ॥ ੩੨॥

ਨਾਮਿ ਰਤੇ ਸਿਧ ਗੋਸਟਿ ਹੋਇ॥

ਜੋ ਨਾਮ ਵਿਚ ਰੱਤੇ ਹਨ, ਉਨ੍ਹਾਂ ਦੀ. ਹੇ ਸਿੱਧੋ! ਤੁਹਾਡੇ ਨਾਲ ਗੋਸਟਿ=ਚਰਚਾ ਹੁੰਦੀ ਹੈ,

ਅਥਵਾ:- ਉਨ੍ਹਾਂ ਦੀ ਸਿਧ=ਪ੍ਰਸਿੱਧ ਜੋ ਹਰੀ ਹੈ, ਉਸ ਨਾਲ ਗੋਸਟਿ=ਸ਼ੁਭ ਵਿਚਾਰ ਹੁੰਦੀ ਹੈ।

ਅਥਵਾ:- ਜੋ ਨਾਮ ਵਿਚ ਰੱਤੇ ਹਨ. ਉਨ੍ਹਾਂ ਦੀ ਗੋਸਟਿ=ਬਾਣੀ ਸਾਰੇ ਸੰਸਾਰ· ਵਿਚ ਸਿਧ=ਪ੍ਰਸਿੱਧ ਹੁੰਦੀ ਹੈ।

ਨਾਮਿ ਰਤੇ ਸਦਾ ਤਪੁ ਹੋਇ॥

ਜੋ ਨਾਮ ਵਿਚ ਰੱਤੇ ਹਨ. ਉਨਾਂ ਦਾ ਸਦਾ ਹੀ ਤਪ ਹੁੰਦਾ ਹੈ।

ਨਾਮਿ ਰਤੇ ਸਚੁ ਕਰਣੀ ਸਾਰੁ॥

ਜੋ ਨਾਮ ਵਿਚ ਰੱਤੇ ਹਨ, ਉਨ੍ਹਾਂ ਦੀ ਕਰਣੀ=ਕਰਤੱਬਤਾ ਸੱਚੀ ਤੇ ਸਾਰ=ਸ੍ਰੇਸ਼ਟ ਹੈ।

ਅਥਵਾ:- ਜੋ ਨਾਮ ਵਿਚ ਰੱਤੇ ਹਨ, ਉਨ੍ਹਾਂ ਦੀ ਸਾਰ=ਸਿਧਾਂਤ ਰੂਪ ਪ੍ਰਭੂ ਦੀ ਪ੍ਰਾਪਤੀ ਕਰਨ ਵਾਲੀ ਸੱਚੀ ਕਰਣੀ ਹੈ।

ਨਾਮਿ ਰਤੇ ਗੁਣ ਗਿਆਨ ਬੀਚਾਰੁ॥

ਜੋ ਨਾਮ ਵਿਚ ਰੱਤੇ ਹਨ, ਉਨ੍ਹਾ ਨੂੰ ਸਤ, ਸੰਤੋਖ ਆਦਿਕ ਸ਼ੁਭ ਗੁਣ ਸ਼ਾਸਤ੍ਰ ਗਿਆਨ ਅਤੇ ਸੱਤ ਅਸੱਤ ਵਸਤੂ ਦਾ ਸ਼ੁਭ ਵਿਚਾਰ ਪ੍ਰਾਪਤ ਹੁੰਦਾ ਹੈ।

ਅਥਵਾ:- ਜੋ ਨਾਮ ਵਿਚ ਰੱਤੇ ਹਨ, ਉਹ ਗਿਆਨ ਗੁਣ ਨੂੰ ਵਿਚਾਰਦੇ ਹਨ, ਨਿਆਇਕਾ ਦੇ ਮੱਤ ਵਿਚ ਗਿਆਨ ਨੂੰ ਗੁਣ ਮੰਨਿਆ ਹੈ।

ਅਥਵਾ:- ਨਾਮ ਵਿਚ ਰਤੇ=ਤਦਾਕਾਰ ਹੋ ਕੇ ਜੋ ਸ਼ੁਭ ਗੁਣਾਂ ਨੂੰ ਵਿਚਾਰਦਾ ਹੈ, ਉਸ ਨੂੰ ਸਰੂਪ ਗਿਆਨ ਪ੍ਰਾਪਤ ਹੁੰਦਾ ਹੈ।

ਬਿਨੁ ਨਾਵੈ ਬੋਲੈ ਸਭੁ ਵੇਕਾਰੁ॥

ਨਾਮ ਤੋਂ ਬਿਨਾਂ ਜੋ ਬੋਲਣਾ ਹੈ, ਉਹ ਸਭ ਵੇਕਾਰੁ=ਵਿਅਰਥ ਭਾਵ ਨਿਕੰਮਾ ਹੈ. ਵਾ:- ਵਿਸ਼ੇ ਵਿਕਾਰਾਂ ਦੀ ਉਤਪਤੀ ਕਰਨ ਵਾਲਾ ਹੈ।

www.sikhbookclub.com

ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥ ੩੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੋ ਨਾਮੀ ਦੇ ਨਾਮ ਵਿਚ ਰੱਤੇ ਹੋਇ ਹਨ, ਉਨ੍ਹਾਂ ਨੂੰ ਸਭ ਕੋਈ ਜੈਕਾਰੁ=ਨਮਸ਼ਕਾਰ ਕਰਦਾ ਹੈ॥ ੩੩ ॥

ਇੱਕ ਸਿੱਧ ਨੇ ਕਿਹਾ, ਅਜੇਹਾ ਨਾਮ ਪ੍ਰਾਪਤ ਕਿੱਥੋਂ ਹੁੰਦਾ ਹੈ? *ਉੱਤਰ-*

ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਜੋਗ ਜੁਗਤਿ ਸਚਿ ਰਹੈ ਸਮਾਇ ॥

ਇਹ ਪ੍ਰਭੂ ਦਾ ਨਾਮ ਪੂਰਿਆਂ ਗੁਰਾਂ ਪਾਸੋਂ ਪਾਇਆ ਜਾਂਦਾ ਹੈ। ਜਿਸ ਨੇ ਗੁਰਾਂ ਪਾਸੋਂ ਨਾਮ ਪਾਇਆ ਹੈ, ਉਹ ਮਨੁੱਖ ਸੱਚ ਸਰੂਪ ਨਾਲ ਜੋਗ=ਜੁੜਨ ਦੀ ਜੁਗਤੀ ਵਿਚ ਸਮਾਇ ਰਹਿੰਦਾ ਹੈ।

ਅਥਵਾ:- ਭਗਤੀ ਜੋਗ ਦੀ ਜੁਗਤ ਕਰਕੇ ਸੱਚ ਵਿਚ ਸਮਾਇਆ ਰਹਿੰਦਾ ਹੈ।

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥

ਬਾਰ੍ਹਾਂ ਭੇਖਾਂ ਵਿਚ ਜੋਗੀ ਅਤੇ ਛਿਅ ਚਾਰਿ=ਦਸਾਂ ਨਾਮਾਂ ਵਿਚ ਸੰਨਿਆਸੀ ਭਰਮਾਏ, ਅਰਥਾਤ ਭੁਲਾਏ ਹਨ।

ਯਥਾ:- ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥ *(ਗਉੜੀ ਕਬੀਰ ਜੀ. ਪੰਨਾ ੩੩੪)*

ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਕੋਹੁ ਬਿਗਾਨਾ ॥ *(ਮਾਰੂ ਮਹਲਾ ੫. ਪੰਨਾ ੧੦੦੩)*

ਜੋਗੀਆਂ ਦੇ ਬਾਰ੍ਹਾਂ ਭੇਖ ਹਨ:-

੧ ਹੇਤੂ, ੨ ਪਾਵਾ, ੩ ਆਈ, ੪ ਗਮਯ, ੫ ਪਾਗਲ, ੬ ਗੋਪਾਲ, ੭ ਦਾਸ, ੮ ਕੰਥੜੀ, ੯ ਬਨ, ੧੦ ਧਵਜ, ੧੧ ਚੋਲੀ, ੧੨ ਰਾਵਲ।

ਸੰਨਿਆਸੀਆਂ ਦੇ ਦਸ ਨਾਂ ਇਹ ਹਨ-

੧ ਤੀਰਥੀ, ੨ ਆਸ਼੍ਰਮੀ, ੩ ਬਨੀ, ੪ ਅਰੰਨੀ, ੫ ਗਿਰੀ, ੬ ਪਰਬਤੀ, ੭ ਸਾਗਰ, ੮ ਸੁਰਸ੍ਵਤੀ, ੯ ਪੁਰੀ, ੧੦ ਭਾਰਤੀ।

[ਪੰਨਾ ੯੪੨]

ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥

ਜੋ ਪੁਰਸ਼ ਗੁਰਾਂ ਦੇ ਉਪਦੇਸ਼ ਕਰਕੇ ਜੀਵਤ ਭਾਵ ਤੋਂ ਮਰਿਆ ਹੈ, ਉਹ ਮੁਕਤੀ ਦੇ ਦਰਵਾਜ਼ੇ ਗਿਆਨ ਨੂੰ ਪਾਵਦਾ ਹੈ।

ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥

ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਸਾਰੇ ਦ੍ਵੈਤ ਭਾਵ ਵਿਚ ਲਗੇ ਹੋਏ ਹਨ, ਤੁਸੀਂ ਅਪੁਣੇ ਹਿਰਦੇ ਵਿਚ ਵਿਚਾਰ ਕੇ ਵੇਖ ਲਿਓ।

ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥ ੩੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਉਹ ਵੱਡਿਆਂ ਤੋਂ ਵੱਡੇ ਭਾਗਾਂ ਵਾਲੇ ਹਨ।

www.sikhbookclub.com

ਅਥਵਾ:- ਉਹ ਵਡਭਾਗੀ ਸਭ ਤੋਂ ਵੱਡੇ ਹਨ, ਜਿਨ੍ਹਾਂ ਨੇ ਸੱਚ ਨਾਮ ਨੂੰ ਹਿਰਦੇ ਵਿਚ ਧਾਰ ਰੱਖਿਆ ਹੈ॥ ੩੪॥

ਗੁਰਮੁਖਿ ਰਤਨੁ ਲਹੈ ਲਿਵ ਲਾਇ॥ ਗੁਰਮੁਖਿ ਪਰਖੈ ਰਤਨੁ ਸੁਭਾਇ॥

ਗੁਰਮੁਖ ਜਨ ਰਤਨੁ=ਵੈਰਾਗ ਨੂੰ ਲੈ ਕੇ ਰਤਨ ਰੂਪ ਪਰਮਾਤਮਾ ਵਿਖੇ ਲਿਵ ਲਗਾ ਰਹਿੰਦੇ ਹਨ। ਗੁਰਮੁਖ ਜਨ ਸੁ+ਭਾਇ=ਸ੍ਰੇਸ਼ਟ ਪ੍ਰੇਮ ਨਾਮ ਸ਼ੁਭ ਗੁਣਾਂ ਰੂਪ ਰਤਨਾਂ ਨੂੰ ਪਰਖਦੇ ਹਨ,

ਅਥਵਾ:- ਸੁਭਾਵਕ ਹੀ ਰਤਨ ਰੂਪ ਪਰਮਾਤਮਾ ਨੂੰ ਪਰਖਦੇ ਹਨ।

ਗੁਰਮੁਖਿ ਸਾਖੀ ਕਾਰ ਕਮਾਇ॥ ਗੁਰਮੁਖ ਸਾਚੈ ਮਨੁ ਪਤੀਆਇ॥

ਗੁਰਮੁਖ ਜਨ ਭਗਤੀ ਰੂਪ ਸੱਚੀ ਕਾਰ ਨੂੰ ਕਮਾਉਂਦੇ ਹਨ। ਗੁਰਮੁਖ ਜਨ ਮਨ ਕਰਕੇ ਸੱਚੇ ਪ੍ਰਭੂ 'ਪਰ ਪਤੀਆਇ=ਭਰੋਸਾ ਕਰਦੇ ਹਨ।

ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ॥

ਗੁਰਮੁਖ ਜਨ ਅਲਖ ਸਰੂਪ ਪਰਮਾਤਮਾ ਨੂੰ ਆਪ ਲਖਦੇ ਹਨ ਅਤੇ ਹੋਰਨਾਂ ਨੂੰ ਲਖਾਏ=ਜਣਾਉਂਦੇ ਹਨ, ਇਸ ਕਰਕੇ ਤਿਸ ਪ੍ਰਭੂ ਨੂੰ ਭਾਉਂਦੇ ਹਨ।

ਨਾਨਕ ਗੁਰਮੁਖਿ ਚੋਟ ਨ ਖਾਵੈ॥ ੩੫॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖ ਜਨ ਮੋਹ ਦੀਆਂ ਚੋਟਾਂ,

ਅਥਵਾ:- ਜਮਾਂ ਦੀਆਂ ਚੋਟਾਂ ਨੂੰ ਨਹੀਂ ਖਾਂਦੇ॥ ੩੫॥

ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਗੁਰਮੁਖਿ ਲਾਗੈ ਸਹਜਿ ਧਿਆਨੁ॥

ਇਹ ਗੁਰਮੁਖਾਂ ਦੇ ਅਸਲ ਲਖਸ਼ਨ ਹਨ, ਜੋ ਅੰਮ੍ਰਿਤ ਵੇਲੇ ਉੱਠ ਕੇ ਸ਼ਨਾਨ ਕਰਦੇ ਹਨ ਅਤੇ ਯਥਾ ਸ਼ਕਤਿ ਦਾਨ ਦੇਂਦੇ ਹਨ। ਗੁਰਮੁਖਾਂ ਦਾ ਸਹਜੇ ਹੀ ਸਹਜਿ=ਸ਼ਾਂਤੀ ਸਰੂਪ ਪਰਮਾਤਮਾ ਵਿਚ ਧਿਆਨ ਲੱਗਦਾ ਹੈ।

ਗੁਰਮੁਖਿ ਪਾਵੈ ਦਰਗਹ ਮਾਨੁ॥ ਗੁਰਮੁਖਿ ਭਉ ਭੰਜਨੁ ਪਰਧਾਨੁ॥

ਗੁਰਮੁਖ ਹੀ ਸੰਸਾਰ ਦਰਗਾਹ, ਵਾ ਪ੍ਰਲੋਕ ਦਰਗਾਹ ਵਿਚ ਮਾਨ ਪਤਿਸ਼ਟਾ ਨੂੰ ਪਾਉਂਦੇ ਹਨ। ਗੁਰਮੁਖ ਹੀ ਜਮਾਂ ਦੇ ਡਰ ਨਾਸ ਕਰਨ ਨੂੰ ਪ੍ਰਧਾਨ ਹਨ।

ਅਥਵਾ:- ਗੁਰਮੁਖ ਭਉ ਭੰਜਨ=ਪਰਮਾਤਮਾ ਦੀ ਪ੍ਰਾਪਤੀ ਕਰਨ ਵਿਚ ਮੁਖੀ ਹਨ।

ਗੁਰਮੁਖਿ ਕਰਣੀ ਕਾਰ ਕਰਾਏ॥
ਨਾਨਕ ਗੁਰਮੁਖਿ ਮੇਲਿ ਮਿਲਾਏ॥ ੩੬॥

ਗੁਰਮੁਖ ਹੀ ਸ੍ਰੇਸ਼ਟ ਕਰਨੀ ਦੀ ਕਾਰ ਨੂੰ ਆਪ ਕਰਦੇ ਹਨ, ਹੋਰਨਾਂ ਪਾਸੋਂ ਕਰਾਉਂਦੇ ਹਨ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖ ਅਪੁਣਿਆਂ ਸਿੱਖਾਂ ਨੂੰ ਪ੍ਰਭੂ ਦੇ ਮੇਲ ਵਿਚ ਮਿਲਾਉਂਦੇ ਹਨ।

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ॥

www.sikhbookclub.com

ਗੁਰਮੁਖ ਛੇ ਸ਼ਾਸਤ੍ਰ, ਸਤਾਈ ਸਿਮ੍ਰਤੀਆਂ ਤੇ ਚਾਰ ਵੇਦਾਂ ਦੇ ਸਿਧਾਂਤ ਨੂੰ ਜਾਣਦੇ ਹਨ, ਵਾ:- ਜੋ ਸੱਤ ਰੂਪ ਪਰਮਾਤਮਾ ਹੈ ਸਿਮ੍ਰਿਤਿ=ਸਿਮਰਨੇ ਜੋਗ ਗੁਰਮੁਖ ਉਸ ਨੂੰ ਬੇਦ=ਜਾਣਦੇ ਹਨ।

ਗੁਰਮੁਖਿ ਪਾਵੈ ਘਟ ਘਟਿ ਭੇਦ ॥

ਗੁਰਮੁਖ ਅਪੁਣੀ ਸਰਬੱਗਤਾ ਨਾਲ ਘਟ ਘਟਿ=ਸਰੀਰ ਸਰੀਰ ਦੇ ਭੇਦ ਨੂੰ ਪਾਂਦੇ ਹਨ।

ਅਥਵਾ:- ਘਟ=ਸਰੀਰ ਵਿਚ ਜੋ ਘਟ=ਅੰਤਹ ਕਰਨ ਹੈ, ਉਸ ਦੇ ਭੇਦ ਨੂੰ ਭਾਵ ਦਿਲ ਦੀਆਂ ਗੁਪਤ ਗੱਲਾਂ ਨੂੰ ਗੁਰਮੁਖ ਜਾਣਦੇ ਹਨ।

ਅਥਵਾ:- ਘਟ ਵਿਖੇ ਅਘਟ=ਇੱਕ ਰਸ ਜੋ ਪਰਮਾਤਮਾ ਹੈ, ਉਸ ਦੀ ਪ੍ਰਾਪਤੀ ਦੇ ਭੇਦ ਨੂੰ ਗੁਰਮੁਖ ਹੀ ਪਾਂਵਦੇ ਹਨ।

ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥

ਗੁਰਮੁਖ ਵੈਰ ਵਿਰੋਧ ਨੂੰ ਗਵਾਉਂਦੇ ਹਨ, ਵੈਰ ਅਨਾਦੀ ਕਾਲ ਦਾ ਹੁੰਦਾ ਹੈ, ਜਿਵੇਂ ਬਿੱਲੀ ਚੂਹੇ ਦਾ ਆਪਸ ਵਿਚ ਵੈਰ ਹੈ। ਵਿਰੋਧ ਉਹ ਹੁੰਦਾ ਹੈ ਜੋ ਬੈਠਿਆਂ ਬੈਠਿਆਂ ਉਪਰੋਂ ਪੈ ਜਾਣਾ। ਗੁਰਮੁਖ ਜਨ ਸਾਰੀਆਂ ਗਿਣਤੀਆਂ ਭਾਵ ਚਿੰਤਾਂ ਨੂੰ ਮਿਟਾਂਦੇ ਹਨ।

ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥
ਨਾਨਕ ਗੁਰਮੁਖਿ ਖਸਮੁ ਪਛਾਤਾ ॥ ੩੭ ॥

ਗੁਰਮੁਖ ਜਨ ਰਾਮ ਨਾਮ ਦੇ ਰੰਗ=ਪ੍ਰੇਮ ਵਿਚ ਰੱਤੇ ਹੋਏ ਹਨ। ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਗੁਰਮੁਖਾਂ ਨੇ ਅਪੁਣੇ ਮਾਲਕ ਪ੍ਰਭੂ ਨੂੰ ਪਛਾਣਿਆ ਹੈ।

ਬਿਨੁ ਗੁਰ ਭਰਮੈ ਆਵੈ ਜਾਇ ॥

ਗੁਰੂ ਨੂੰ ਮਿਲੇ ਤੋਂ ਬਿਨਾਂ ਇਹ ਜੀਵ ਭਰਮ,ਕਰਕੇ ਆਉਂਦਾ ਜਾਂਦਾ, ਭਾਵ ਜੰਮਦਾ ਤੇ ਮਰਦਾ ਹੈ।

ਬਿਨੁ ਗੁਰ ਘਾਲ ਨ ਪਵਈ ਥਾਇ ॥

ਗੁਰੂ ਨੂੰ ਮਿਲੇ ਤੋਂ ਬਿਨਾਂ ਇਸ ਜੀਵ ਦੀ ਘਾਲ ਕਮਾਈ ਕੀਤੀ ਹੋਈ ਥਾਂ, ਭਾਵ ਕਬੂਲ ਨਹੀਂ ਪੈਂਦੀ।

ਬਿਨੁ ਗੁਰ ਮਨੂਆ ਅਤਿ ਡੋਲਾਇ ॥

ਗੁਰੂ ਨੂੰ ਮਿਲੇ ਤੋਂ ਬਿਨਾਂ ਮਨੂਆ=ਮਨ, ਅਤਿ=ਬਹੁਤ ਡੋਲਦਾ ਹੈ।

ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥

ਗੁਰੂ ਨੂੰ ਮਿਲੇ ਤੋਂ ਬਿਨਾਂ ਜੀਵ ਵਿਸ਼ਿਆਂ ਨੂੰ ਖਾਂਦਿਆਂ ਖਾਂਦਿਆਂ ਤ੍ਰਿਪਤਿ ਨਹੀ=ਰੱਜਦਾ ਨਹੀਂ ਹੈ।

ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥

ਗੁਰੂ ਨੂੰ ਮਿਲੇ ਤੋਂ ਬਿਨਾਂ ਕਾਲ ਰੂਪ ਬਿਸੀਅਰੁ=ਸੱਪ ਲੜਦਾ ਹੈ ਤੇ ਮਰਿ=ਮੌਤ ਦੇ ਰਸਤੇ ਪੈਂਦਾ ਹੈ, ਭਾਵ ਚੁਰਾਸੀ ਦੇ ਗੇੜ ਵਿਚ ਪੈ ਕੇ ਦੁੱਖਾਂ ਨੂੰ ਭੋਗਦਾ ਹੈ, ਵਾ:-ਮਰ ਕੇ ਜਮਾਂ ਦੇ ਵਾਟ=ਰਸਤੇ ਜਾਂਦਾ ਹੈ।

ਯਥਾ:- ਜਿਥੈ ਅਵਘਟ ਗਲੀਆ ਭੀੜੀਆ.... ॥ *(ਮਾਰੂ ਮ: ੪, ਪੰਨਾ ੯੯੬)*

www.sikhbookclub.com

ਅਥਵਾ:- ਗੁਰੂ ਨੂੰ ਮਿਲੇ ਤੋਂ ਬਿਨਾਂ ਹੰਕਾਰ ਰੂਪੀ ਸੱਪ ਡੰਗਦਾ ਹੈ ਤੇ ਮਰ ਕੇ ਸੰਸਾਰ ਰਸਤੇ ਵਿਚ ਪੈਂਦਾ ਹੈ।

ਅਥਵਾ:- ਗੁਰਾਂ ਦੇ ਹੁਕਮ ਮੰਨੇ ਤੋਂ ਬਿਨਾਂ ਪ੍ਰਤੱਖ ਸੱਪ ਡੰਗਦਾ ਹੈ ਤੇ ਜਾਂਦਿਆਂ ਜਾਂਦਿਆਂ ਵਾਟ=ਰਾਹ ਵਿਚ ਹੀ ਮਰ ਜਾਂਦਾ ਹੈ।

(ਸਾਖੀ:- ਦੁਨੀ ਚੰਦ ਦੀ ਲਗਾ ਲੈਣੀ-)

ਨਾਨਕ ਗੁਰ ਬਿਨੁ ਘਾਟੇ ਘਾਟ॥ ੩੮॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰੂ ਤੋਂ ਬਿਨਾਂ ਜੀਵ ਨੂੰ ਘਾਟਾ ਹੀ ਘਾਟਾ ਹੈ,

ਅਥਵਾ:- ਘਾਟ=ਅੰਤਹ ਕਰਨ ਵਿਚ ਸ਼ੁਭ ਗੁਣਾਂ ਦਾ ਘਾਟਾ ਹੈ॥ ੩੮॥

ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ॥ ਅਵਗਣ ਮੇਟੈ ਗੁਣਿ ਨਿਸਤਾਰੈ॥

ਜਿਸ ਨੂੰ ਗੁਰੂ ਮਿਲਦੇ ਹਨ, ਤਿਸ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਦੇ ਹਨ।

ਪ੍ਰਸ਼ਨ:- ਗੁਰੂ ਜੀ ਕਿਵੇਂ ਪਾਰ ਉਤਾਰਦੇ ਹਨ? *ਉੱਤਰ-*

ਸ਼ੁਭ ਗੁਣਾਂ ਦੀ ਪ੍ਰਾਪਤੀ ਕਰਕੇ ਔਗੁਣਾਂ ਨੂੰ ਮੇਟ ਕੇ ਤਾਰਦੇ ਹਨ।

ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ॥
ਗੁਰਮੁਖਿ ਕਦੇ ਨ ਆਵੈ ਹਾਰਿ॥

ਗੁਰ ਉਪਦੇਸ਼ ਦੇ ਵਿਚਾਰਨ ਕਰਕੇ ਮੁਕਤੀ ਦਾ ਵੱਡਾ\ਸੁਖ ਪ੍ਰਾਪਤ ਹੁੰਦਾ ਹੈ।

ਅਥਵਾ:- ਮਹਾ ਮੁਕਤਿ=ਵੱਡੀ ਮੁਕਤੀ ਯਾਨੇ ਕੈਵਲ ਮੁਕਤੀ ਦਾ ਸੁਖ ਹੁੰਦਾ ਹੈ।

ਗੁਰਮੁਖਾਂ ਨੂੰ ਪ੍ਰਤੱਖ, *ਵਾ:-* ਕਾਮ ਆਦਿਕਾਂ ਵੱਲੋਂ ਕਦੇ ਹਾਰ ਨਹੀਂ ਆਉਂਦੀ।

ਤਨੁ ਹਟੜੀ ਇਹੁ ਮਨੁ ਵਣਜਾਰਾ॥ ਨਾਨਕ ਸਹਜੇ ਸਚੁ ਵਾਪਾਰਾ॥ ੩੯॥

ਮਨੁੱਖਾ ਸਰੀਰ ਨੂੰ ਹੱਟੀ ਅਤੇ ਇਸ ਮਨ ਨੂੰ ਵਣਜਾਰਾ ਕਰਕੇ ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖ ਜਨ ਸਹਜੇ ਸੱਚ ਨਾਮ ਦਾ ਵਾਪਾਰ ਕਰਦੇ ਹਨ॥ ੩੯॥

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥

ਪਹਿਲਾ ਅਰਥ:- ਵਸ਼ਿਸ਼ਟ ਗੁਰਾਂ ਦੁਆਰੇ ਬਿਧਾਤੈ=ਫਲਬਰ ਦਾਤੇ ਸ੍ਰੀ ਰਾਮ ਚੰਦ੍ਰ ਜੀ ਨੇ ਪ੍ਰਤੱਖ ਸਮੁੰਦਰ ਉੱਪਰ ਸੇਤੁ=ਪੁਲ ਬੰਨ੍ਹਿਆ ਹੈ। ਜਿਸ ਲੰਕਾ ਵਿਖੇ ਰਾਵਣ ਦੀ ਪਾਤਸ਼ਾਹੀ ਸੀ, ਉਸ ਲੰਕਾ ਨੂੰ ਲੁੱਟਨਾ ਕੀਤਾ ਅਤੇ ਦੈਂਤਾਂ ਨੂੰ ਸੰਤਾਪਨਾ, ਯਾਨੇ ਦੁੱਖ ਦੇਣਾ ਕੀਤਾ।

ਰਾਮਚੰਦਿ ਮਾਰਿਓ ਅਹਿ ਰਾਵਣੁ॥

ਅਹਿ=ਹੈਸੀ ਜੋ ਰਾਵਣ ਉਸ ਨੂੰ ਸ੍ਰੀ ਰਾਮ ਚੰਦ ਜੀ ਨੇ ਮਾਰਨਾ ਕੀਤਾ ਹੈ। 'ਅਹਿਰਾਵਣ' ਭੀ ਹੋਇਆ ਹੈ ਜੋ ਕਿ ਰਾਵਣ ਦੀ ਮਾਸੀ ਦਾ ਪੁੱਤਰ ਸੀ।

ਇਕ ਦਿਨ ਸ੍ਰੀ ਰਾਮ ਚੰਦ੍ਰ ਤੇ ਲਛਮਣ ਦੋਹਾਂ ਨੂੰ ਚੁੱਕ ਕੇ ਅਹਿਰਾਵਣ ਪਤਾਲ ਵਿਚ ਲੈ ਗਿਆ ਸੀ

ਬਲੀਦਾਨ ਦੇਣ ਵਾਸਤੇ, ਉਸ ਸਮੇਂ ਹਨੂੰਮਾਨ ਨੇ ਪਤਾਲ ਵਿਚ ਜਾ ਕੇ ਅਹਿਰਾਵਣ ਨੂੰ ਮਾਰਨਾ ਕੀਤਾ ਹੈ। ਪਰੰਤੂ ਇਥੇ ਅਹਿਰਾਵਣ ਦਾ ਪ੍ਰਸੰਗ ਨਹੀਂ ਹੈ।

ਸ੍ਰੀ ਰਾਮ ਚੰਦ੍ਰ ਜੀ ਨੇ ਰਾਵਣ ਦਾ ੧੦੧ ਵਾਰ ਸਿਰ ਵੱਢਿਆ ਪਰ ਰਾਵਣ ਤੋਂ ਭੀ ਨਾ ਮਰਿਆ ਬੜੇ ਹੈਰਾਨ ਹੋਇ ਤਾਂ ਭਭੀਸ਼ਣ ਨੇ ਦੱਸਿਆ ਕਿ ਮਹਾਰਾਜ ਆਪ ਭਾਵੇਂ ਕਿਤਨੀ ਵਾਰ ਇਸ ਦੇ ਸਿਰ ਵੱਢ ਦਿਓ ਇਸ ਨੇ ਨਹੀਂ ਮਰਨਾ ਕਿਉਂਕਿ ਇਸ ਦੀ ਨਾਭੀ ਵਿਚ ਅੰਮ੍ਰਿਤ ਦਾ ਕੁੰਡ ਹੈ, ਨਾਭੀ ਤੋਂ ਮਾਰੋਗੇ ਤਾਂ ਇਹ ਰਾਵਣ ਮਰੇਗਾ।

ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥

ਗੁਰਮੁਖ ਜੋ ਭਭੀਸ਼ਨ ਹੈ ਉਸ ਦੇ ਭੇਦ ਦੇ ਪਰਚੇ ਦੁਆਰਾ ਸ੍ਰੀ ਰਾਮ ਚੰਦ੍ਰ ਜੀ ਨੇ ਨਾਭੀ ਵਿਚ ਅਗਨ ਬਾਣ ਮਾਰ ਕੇ ਰਾਵਣ ਨੂੰ ਮਾਰਨਾ ਕੀਤਾ ਹੈ।

ਗੁਰਮੁਖਿ ਸਾਇਰਿ ਪਾਹਣ ਤਾਰੇ

ਵਸ਼ਿਸ਼ਟ ਗੁਰਾਂ ਦੁਆਰੇ ਰਾਮ ਚੰਦ੍ਰ ਜੀ ਨੇ ਸਾਇਰਿ=ਸਮੁੰਦਰ ਤੋਂ ਪਾਹਣ=ਪੱਥਰ ਤਾਰਨਾ ਕੀਤੇ ਹਨ।

ਇਹ ਭੇਦ ਵਸ਼ਿਸ਼ਟ ਜੀ ਨੇ ਦੱਸਿਆ ਸੀ ਕਿ ਇਕ ਪੱਥਰ ਉੱਤੇ 'ਰਕਾਰ' ਦੂਜੇ ਉੱਪਰ 'ਮਕਾਰ' ਲਿਖ ਕੇ ਨਲ ਨੀਲ ਦੇ ਹੱਥੋਂ ਪਵਾਉ ਤਾਂ ਪੱਥਰ ਤਰਨਗੇ ਕਿਉਂਕਿ ਨਲ ਨੀਲ ਨੂੰ ਰਿਖੀਆਂ ਦਾ ਸਰਾਪ ਮਿਲਿਆ ਹੋਇਆ ਸੀ ਕਿ ਤੁਹਾਡੇ ਹੱਥੋਂ ਪੱਥਰ ਡੁੱਬਣਗੇ ਹੀ ਨਹੀਂ।

ਗੁਰਮੁਖਿ ਕੋਟਿ ਤੇਤੀਸ ਉਧਾਰੇ ॥ ੪੦ ॥

ਵਸ਼ਿਸ਼ਟ ਗੁਰਾਂ ਦੁਆਰੇ ਸ੍ਰੀ ਰਾਮ ਚੰਦ੍ਰ ਜੀ ਨੇ ਤੇਤੀ ਕ੍ਰੋੜ ਦੇਵਤੇ ਰਾਵਣ ਦੇ ਬੰਦੀਖਾਨੇ ਤੋਂ ਉਧਾਰਨਾਂ ਕੀਤੇ ॥ ੪੦ ॥

ਦੂਜਾ ਅਰਥ:-

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥

ਗੁਰਮੁਖਾਂ ਨੇ ਸੰਸਾਰ ਸਾਗਰ ਤੋਂ ਪਾਰ ਉਤਾਰਨ ਲਈ ਬਿਧਾਤੈ=ਫਲਬਰ ਦਾਤੇ ਪ੍ਰਭੂ ਦੇ ਨਾਮਾਂ ਰੂਪੀ ਸੇਤੁ=ਪੁਲ ਬੰਨ੍ਹਿਆ ਹੈ।

ਲੰਕਾ ਲੂਟੀ ਦੈਤ ਸੰਤਾਪੈ ॥

ਦੇਹ ਅਧਿਆਸ ਰੂਪ ਲੰਕਾ ਨੂੰ ਲੂਟੀ=ਸਾੜਿਆ ਹੈ ਅਤੇ ਦੈਤ=ਕਾਮ ਆਦਿਕਾਂ ਨੂੰ ਸੰਤਾਪਨਾ ਕੀਤਾ ਹੈ।

ਰਾਮਚੰਦਿ ਮਾਰਿਓ ਅਹਿਰਾਵਣੁ ॥

ਚੰਦ੍ਰਮਾਂ ਵਾਂਙ ਸੀਤਲ ਜੋ ਰਾਮ ਨਾਮ ਹੈ, ਉਹ ਜਪਾ ਕੇ ਅਹਿ=ਹੰਕਾਰ ਰੂਪ ਰਾਵਣ ਨੂੰ ਮਾਰਨਾ ਕੀਤਾ ਹੈ।

ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥

ਗੁਰਮੁਖਾਂ ਰੂਪੀ ਬਭੀਸ਼ਣ ਦੇ ਭੇਦ ਦੇ ਪਰਚੇ ਦੁਆਰਾ, ਭਾਵ ਜਿਸ ਵੇਲੇ ਗੁਰਮੁਖਾਂ ਨੇ ਨਾਮ ਜਪਣ ਦਾ ਭੇਦ ਦੱਸਿਆ ਤਾਂ ਨਾਮ ਨੇ ਹੰਕਾਰ ਰੂਪ ਰਾਵਣ ਨੂੰ ਮਾਰ ਦਿੱਤਾ।

ਗੁਰਮੁਖਿ ਸਾਇਰਿ ਪਾਹਣ ਤਾਰੇ ॥

ਪਾਹਣ=ਪੱਥਰਾਂ ਵਾਂਙ ਕਠੋਰ ਹਿਰਦੇ ਵਾਲਿਆਂ ਨੂੰ ਗੁਰਮੁਖਾਂ ਨੇ ਸੰਸਾਰ ਸਮੁੰਦਰ ਤੋਂ ਤਾਰਨਾ ਕੀਤਾ ਹੈ।

ਗੁਰਮੁਖਿ ਕੋਟਿ ਤੇਤੀਸ ਉਧਾਰੇ॥ ੪੦॥

ਗੁਰਮੁਖਾਂ ਨੇ ਕਈ ਤੇਤੀ ਕਰੋੜ, ਭਾਵ ਅਨੇਕਾਂ ਜੀਵ ਮੋਹ ਰੂਪੀ ਬੰਦੀ ਖਾਨੇ ਤੋਂ ਉਧਾਰੇ ਹਨ॥ ੪੦॥

ਪ੍ਰਸ਼ਨ- ਆਉਣਾ ਜਾਣਾ ਕਿਸ ਦਾ ਦੂਰ ਹੋਇਆ ਹੈ? *ਉੱਤਰ-*

ਗੁਰਮੁਖਿ ਚੂਕੈ ਆਵਣ ਜਾਣੁ॥

ਗੁਰਮੁਖਾਂ ਦਾ ਆਉਣਾ ਜਾਣਾ ਚੂਕੈ=ਦੂਰ ਹੋਇਆ ਹੈ।

ਪ੍ਰਸ਼ਨ- ਦਰਗਾਹ ਵਿੱਚ ਆਦਰ ਕੌਣ ਪਾਂਵਦਾ ਹੈ? *ਉੱਤਰ-*

ਗੁਰਮੁਖਿ ਦਰਗਹ ਪਾਵੈ ਮਾਣੁ॥

ਗੁਰਮੁਖ ਹੀ ਦਰਗਾਹ ਵਿੱਚ ਮਾਣੁ=ਆਦਰ ਪਾਉਂਦਾ ਹੈ।

ਪ੍ਰਸ਼ਨ- ਖੋਟੇ ਖਰਿਆਂ ਦੀ ਪਛਾਣ ਕੌਣ ਕਰਦਾ ਹੈ? *ਉੱਤਰ-*

ਗੁਰਮੁਖਿ ਖੋਟੇ ਖਰੇ ਪਛਾਣੁ॥

ਗੁਰਮੁਖ ਹੀ ਖੋਟਿਆਂ ਖਰਿਆਂ ਦੀ ਪਛਾਣ ਕਰਦਾ ਹੈ?

ਪ੍ਰਸ਼ਨ- ਸਹਜ ਪਦ ਵਿੱਚ ਧਿਆਨ ਕਿਸ ਦਾ ਲਗਦਾ ਹੈ? *ਉੱਤਰ-*

ਗੁਰਮੁਖਿ ਲਾਗੈ ਸਹਜਿ ਧਿਆਨੁ॥

ਗੁਰਮੁਖ ਦਾ ਹੀ ਸਹਜ ਪਦ ਵਿਖੇ, ਭਾਵ ਬ੍ਰਹਮ ਵਿਚ ਧਿਆਨ ਲਗਦਾ ਹੈ।

*ਪ੍ਰਸ਼ਨ-*ਪਰਲੋਕ ਦਰਗਾਹ ਵਿੱਚ ਕਿਸ ਦੀ ਸਿਫ਼ਤ ਸਮਾਈ ਹੈ? *ਉੱਤਰ-*

ਗੁਰਮੁਖਿ ਦਰਗਹ ਸਿਫਤਿ ਸਮਾਇ॥

ਪਰਲੋਕ ਦਰਗਾਹ ਵਿੱਚ ਗੁਰਮੁਖ ਦੀ ਸਿਫ਼ਤ ਸਮਾਅ ਰਹੀ ਹੈ।

ਅਥਵਾ:- ਗੁਰਮੁਖ ਸਤਸੰਗ ਦਰਗਾਹ ਵਿਚ ਪਰਮੇਸ਼ਰ ਦੀ ਸਿਫ਼ਤ ਵਿਚ ਸਮਾਅ ਰਹੇ ਹਨ।

ਨਾਨਕ ਗੁਰਮੁਖਿ ਬੰਧੁ ਨ ਪਾਇ॥ ੪੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖਾਂ ਨੂੰ ਸੰਸਾਰਕ ਬੰਧਨ, *ਅਥਵਾ:-* ਜਮਾਂ ਦਾ ਕੋਈ ਬੰਧਨ ਨਹੀਂ ਪੈਂਦਾ॥ ੪੧॥

ਗੁਰਮੁਖਿ ਨਾਮੁ ਨਿਰੰਜਨ ਪਾਏ॥ ਗੁਰਮੁਖਿ ਹਉਮੈ ਸਬਦਿ ਜਲਾਏ॥

ਗੁਰਮੁਖ ਨਿਰੰਜਨ ਪ੍ਰਭੂ ਦੇ ਨਾਮ ਨੂੰ ਪਾਂਦੇ ਹਨ। ਗੁਰਮੁਖ ਮੁਖੀ ਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਹਉਮੈ ਨੂੰ ਜਲਾਏ=ਸਾੜਦੇ ਹਨ।

ਗੁਰਮੁਖਿ ਸਾਚੇ ਕੇ ਗੁਣ ਗਾਏ॥ ਗੁਰਮੁਖਿ ਸਾਚੈ ਰਹੈ ਸਮਾਏ॥

ਗੁਰਮੁਖ ਸੱਚੇ ਪ੍ਰਭੂ ਦੇ ਗੁਣਾਂ ਨੂੰ ਗਾਉਂਦੇ ਹਨ। ਗੁਰਮੁਖ ਸੱਚੇ ਪ੍ਰਭੂ ਵਿੱਚ ਸਮਾਅ ਰਹਿੰਦੇ ਹਨ।

ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ॥ ੪੨॥

ਸੱਚੇ ਪ੍ਰਭੂ ਦਾ ਨਾਮ ਜਪਣ ਕਰਕੇ ਗੁਰਮੁਖਾਂ ਦੀ ਉੱਤਮ ਪਤ ਆਬਰੋ ਹੁੰਦੀ ਹੈ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਗੁਰਮੁਖਾਂ ਨੂੰ ਸਾਰਿਆਂ ਭਵਣ=ਲੋਕਾਂ ਦੀ ਸੋਝੀ=ਗਿਆਤ ਹੁੰਦੀ ਹੈ॥ ੪੨॥

ਜੇਹੜੇ ਸਿੱਧ ਭੰਗਾਂ ਪੀਣ ਗਏ ਸਨ, ਉਹ ਹੁਣ ਆ ਗਏ ਹਨ, ਉਨ੍ਹਾਂ ਵਿਚੋਂ ਇੱਕ ਸਿੱਧ ਨੇ ਪੰਜ ਪ੍ਰਸ਼ਨ ਕੀਤੇ-

ਪ੍ਰਸ਼ਨ- ੧

ਕਵਣ ਮੂਲੁ

ਸ੍ਰਿਸਟ ਮਤੀ ਦੀ ਉਤਪਤੀ ਦਾ ਮੂਲੁ=ਕਾਰਣ ਕੇਹੜਾ ਹੈ?

ਅਥਵਾ- ਜਗਤ ਦੀ ਉਤਪਤੀ ਦਾ ਮੂਲੁ=ਕਾਰਨ ਕੇਹੜਾ ਹੈ?

ਪ੍ਰਸ਼ਨ- ੨

ਕਵਣ ਮਤਿ ਵੇਲਾ॥

ਸ਼ੁਭ ਮਤੀ ਦੀ ਪ੍ਰਾਪਤੀ ਦਾ ਵੇਲਾ ਕੇਹੜਾ ਹੈ?

ਪ੍ਰਸ਼ਨ- ੩

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

ਜਿਸ ਦਾ ਤੂੰ ਚੇਲਾ ਹੈਂ, ਉਹ ਤੇਰਾ ਗੁਰੂ ਕੇਹੜਾ ਹੈ?

ਪ੍ਰਸ਼ਨ- ੪

ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥

ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਸਾਹਿਬ ਜੀ ਨੂੰ ਸੁਣਾਂਦੇ ਹਨ ਕਿ ਹੇ ਪੁਰਖਾ! ਉਹ ਸਿੱਧ ਬੋਲ ਕੇ ਕਹਿੰਦਾ ਹੈ ਕਿ, ਹੇ ਬਾਲੇ ! ਤੂੰ ਸੁਨਣਾ ਕਰ। ਉਹ ਕੇਹੜੀ ਕਥਾ ਹੈ ਜਿਸ ਨੂੰ ਲੈ ਕੇ ਆਪ ਸੰਸਾਰ ਤੋਂ ਨਿਰਾਲੇ ਰਹਿੰਦੇ ਹੋ?

ਪ੍ਰਸ਼ਨ- ੫

ਏਸੁ ਕਥਾ ਕਾ ਦੇਇ ਬੀਚਾਰੁ॥
ਭਵਜਲੁ ਸਬਦਿ ਲੰਘਾਵਣਹਾਰੁ॥ ੪੩॥

ਅਤੇ ਇਸ ਕਥਾ ਦਾ ਵਿਚਾਰ ਅਸਾਨੂੰ ਦੇਣਾ ਕਰ। ਉਹ ਕੇਹੜਾ ਸ਼ਬਦ ਹੈ ਜੋ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਹੈ॥ ੪੩॥

ਹੁਣ ਗੁਰੂ ਸਾਹਿਬ ਜੀ ਉੱਤਰ ਦੇਂਦੇ ਹਨ-

ਉੱਤਰ- (੧)

[ਪੰਨਾ ੯੪੩]

ਪਵਨ ਅਰੰਭੁ

ਦਸਮ ਦੁਆਰ ਵਿਚ ਜਿਹੜਾ ਪਵਨ=ਪ੍ਰਾਣਾਂ ਦਾ ਅਰੰਭ ਕਰਨਾ ਹੈ, ਭਾਵ ਚਾੜਨਾ ਹੈ।

ਅਥਵਾ- ਜੇਹੜਾ ਪਵਨ ਅਰੰਭੁ=ਸ੍ਵਾਸ ਸ੍ਵਾਸ ਭਜਨ ਕਰਨਾ ਹੈ।

ਅਥਵਾ- ਜੇਹੜਾ ਪਵਨ=ਸ਼ੁਭ ਵਾਸ਼ਨਾਂ ਦਾ ਆਰੰਭ ਕਰਨਾ ਹੈ।

ਅਥਵਾ- ਜੇਹੜਾ ਪਵਨ=ਅਸ਼ੁਭ ਵਾਸ਼ਨਾ ਦੇ ਤਿਆਗਣ ਦਾ ਆਰੰਭ ਕਰਨਾ ਹੈ। ਏਹੀ ਸ੍ਰੇਸ਼ਟਮਤੀ ਦੀ ਉਤਪਤੀ ਦਾ ਮੂਲ ਕਾਰਨ ਹੈ।

ਪ੍ਰਸ਼ਨ ਦਾ ਜੋ ਦੂਜਾ ਅਕਾਰ ਸੀ ਕਿ ਜਗਤ ਦੀ ਉਤਪਤੀ ਦਾ ਕਾਰਨ ਕੇਹੜਾ ਹੈ?

ਹੁਣ ਉਸ ਦਾ ਉੱਤਰ ਸੁਣੋ- ਪਵਨ ਅਰੰਭੁ=ਪੌਣ ਆਦਿਕ ਤੱਤਾਂ ਦੇ ਅਰੰਭਣੇ ਵਾਲਾ ਜੋ ਪ੍ਰਮੇਸ਼ਰ ਹੈ ਓਹੀ ਜਗਤ ਦੀ ਉਤਪਤੀ ਦਾ ਕਾਰਨ ਹੈ।

ਅਥਵਾ- ਏਕੋ ਹੰ ਬਹੁ ਸ਼ਾਮ ਪ੍ਰਜਾਯੇਯ॥

ਇਸ ਪਵਣ=ਬਾਣੀ ਦੇ ਅਰੰਭਣੇ ਵਾਲਾ ਜੋ ਪਰਮੇਸ਼ਰ ਹੈ ਓਹੀ ਜਗਤ ਦੀ ਉਤਪਤੀ ਦਾ ਕਾਰਨ ਹੈ।

ਉੱਤਰ- (੨)

ਸਤਿਗੁਰ ਮਤਿ ਵੇਲਾ॥

ਸਤਗੁਰਾਂ ਦਾ ਮਿਲਾਪ ਹੀ ਸ਼ੁਭ ਮੱਤ ਦੀ ਪ੍ਰਾਪਤੀ ਦਾ ਵੇਲਾ ਹੈ।

ਉੱਤਰ- (੩)

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

ਸਬਦੁ=ਬ੍ਰਹਮ ਹੀ ਮੇਰਾ ਗੁਰੂ ਹੈ ਸੁ+ਰਤਿ ਸ਼ਰੇਸ਼ਟ ਪ੍ਰੀਤੀ ਪੂਰਬਕ ਮੈਂ ਚੇਲਾ ਉਸ ਦੇ ਜਸ ਨੂੰ ਧੁਨਿ=ਉਚਾਰਦਾ ਹਾਂ, ਸ੍ਰੀ ਗੁਰੂ ਨਾਨਕ ਦੇਵ ਜੀ ਅਪੁਣੇ ਗੁਰਾਂ ਦਾ ਜ਼ਿਕਰ ਪਿਛੇ ੯੦੭ ਪੰਨੇ ਉੱਪਰ ਵੀ ਕਰ ਆਏ ਹਨ।

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ॥ ੧॥
ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ॥ ੧॥ ਰਹਾਉ॥

ਤਥਾ- ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥

(ਮਾਰੂ ਮਹਲਾ ੧, ਪੰਨਾ ੯੯੨)

ਤਥਾ:- ਸਰਣਿ ਪਰੇ ਗੁਰਦੇਵ ਤੁਮਾਰੀ॥ ਤੂ ਸਮਰਥੁ ਦਇਆਲੁ ਮੁਰਾਰੀ॥
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ॥ ੧॥
ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ॥ ਘਟਿ ਘਟਿ ਰੂਪੁ ਅਨੂਪੁ ਦਇਆਲਾ॥

www.sikhbookclub.com

ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੈ॥ ੨॥

(ਮਾਰੂ ਸੋਲਹੇ ਮ: ੧, ਪੰਨਾ ੧੦੩੧)

ਅਥਵਾ- ਸਬਦੁ=ਬਾਣੀ ਹੀ ਮੇਰਾ ਗੁਰੂ ਹੈ।

ਯਥਾ- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (ਨਟ ਮਹਲਾ ੪, ਪੰਨਾ ੯੮੨)

ਸੁਰਤਿ=ਗਿਆਤ ਪੂਰਬਕ, ਵਾ ਪ੍ਰੀਤੀ ਪੂਰਬਕ ਜੋ ਬਾਣੀ ਦਾ ਧੁਨਿ=ਉਚਾਰਨਾਂ ਹੈ, ਏਹੀ ਚੇਲਾਪਨਾ ਹੈ।

ਉੱਤਰ- (੪)

ਅਕਥ ਕਥਾ ਲੇ ਰਹਉ ਨਿਰਾਲਾ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ॥

ਸਤਿਜੁਗ, ਤਰੇਤਾ, ਦੁਆਪਰ, ਕਲਜੁਗ, ਇਨ੍ਹਾਂ ਚਾਰੇ ਜੁਗਾਂ ਵਿਚ ਜੁੜਿਆ ਹੋਇਆ ਜੋ ਗੁਰ=ਚੇਤਨ ਗੋਪਾਲ ਹੈ।

ਉਸ ਅਕਥ ਪ੍ਰਭੂ ਦੀ ਕਥਾ ਲੈ ਕੇ ਅਸੀਂ ਸੰਸਾਰ ਤੋਂ ਨਿਰਾਲਾ=ਅਸੰਗ ਰਹਿੰਦੇ ਹਾਂ।

ਉੱਤਰ- (੫)

ਏਕੁ ਸਬਦੁ ਜਿਤੁ ਕਥਾ ਵੀਚਾਰੀ॥
ਗੁਰਮੁਖਿ ਹਉਮੈ ਅਗਨਿ ਨਿਵਾਰੀ॥ ੪੪॥

ਇਕ ਉਪਦੇਸ਼ ਹੀ ਸੰਸਾਰ ਸਾਗਰ ਤੋਂ ਪਾਰ ਲੰਘਾਣ ਵਾਲਾ ਹੈ, ਜਿਤੁ=ਜਿਸ ਸਬਦੁ=ਉਪਦੇਸ਼ ਦੀ ਕਥਾ ਵਿਚਾਰ ਕੇ ਗੁਰਮੁਖਾਂ ਨੇ ਹਉਮੈ=ਹੰਗਤਾ ਮਮਤਾ ਰੂਪ ਅਗਨੀ ਨਿਵਿਰਤ ਕੀਤੀ ਹੈ॥ ੪੪॥

ਇਕ ਹੋਰ ਸਿੱਧ ਆਇਆ ਉਸ ਨੇ ਸੱਤ ਪ੍ਰਸ਼ਨ ਕੀਤੇ—

ਪ੍ਰਸ਼ਨ- ੧

ਮੈਣ ਕੇ ਦੰਤ ਕਿਉ ਖਾਈਐ ਸਾਰੁ॥

ਮੈਣ=ਮੋਮ ਦੇ ਦੰਦਾਂ ਨਾਲ ਜਗਤ ਰੂਪ ਸਾਰੁ=ਲੋਹਾ ਕਿਵੇਂ ਖਾਈਦਾ ਹੈ?

ਪ੍ਰਸ਼ਨ- ੨

ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ॥

ਜਿਸ ਕਰੇ ਹੰਕਾਰ ਚਲਿਆ ਜਾਵੇ ਉਹ ਭੋਜਨ ਕੇਹੜਾ ਹੈ?

ਪ੍ਰਸ਼ਨ- ੩

ਹਿਵੈ ਕਾ ਘਰੁ ਮੰਦਰੁ

ਹਿਵੈ ਨਾਂ ਬਰਫ਼ ਦਾ ਹੈ, ਬਰਫ਼ ਵਿਚੋਂ ਠੰਢ ਲੈਣੀ, ਠੰਢ ਵਿਚੋਂ ਸ਼ਾਂਤੀ ਦਾ ਗ੍ਰਹਿਣ ਕਰਨਾ, ਸ਼ਾਂਤੀ ਦੇ ਘਰ ਅੰਦਰ ਇਸਥਿਤ ਕਿਵੇਂ ਹੋਵੇ?

ਪ੍ਰਸ਼ਨ- ੪

ਅਗਨਿ ਪਿਰਾਹਨੁ॥

ਕਾਮ ਕ੍ਰੋਧ ਆਦਿਕ ਅਗਨੀ ਦਾ ਪਿਰਾਹਨੁ=ਚੋਲਾ ਕਿਵੇਂ ਦੂਰ ਹੋਵੇ?

ਪ੍ਰਸ਼ਨ- ੫

ਕਵਨ ਗੁਫਾ ਜਿਤੁ ਰਹੈ ਅਵਾਹਨੁ ॥

ਉਹ ਕੇਹੜੀ ਗੁਫਾ ਹੈ, ਜਿਸ ਵਿਚ ਇਹ ਜੀਵ ਅਵਾਹਨੁ=ਇਸਥਿਤ ਹੋ ਰਵ੍ਹੇ?

ਪ੍ਰਸ਼ਨ- ੬

ਇਤ ਉਤ ਕਿਸ ਕਉ ਜਾਣਿ ਸਮਾਵੈ ॥

ਇਤ ਉਤ=ਬਾਹਰ ਅੰਦਰ, ਵਾ ਲੋਕ ਪ੍ਰਲੋਕ ਵਿਚ ਕਿਸ ਨੂੰ ਸਮਾਇਆ ਜਾਣੇ?

ਪ੍ਰਸ਼ਨ- ੭

ਕਵਨ ਧਿਆਨੁ ਮਨੁ ਮਨਹਿ ਸਮਾਵੈ ॥ ੪੫ ॥

ਉਹ ਕੇਹੜਾ ਧਿਆਨ ਹੈ, ਜਿਸ ਦੇ ਧਾਰਨ ਕਰਕੇ ਮਨ ਮਨੋਂਤ ਵਲੋਂ ਹਟ ਕੇ ਸ਼ੁੱਧ ਸਰੂਪ ਪਰਮਾਤਮਾ ਵਿਚ ਸਮਾਵੇ ॥ ੪੫ ॥

ਅਗਲੀਆਂ ਦੋ ਪਉੜੀਆਂ ਵਿਚ ਗੁਰੂ ਸਾਹਿਬ ਜੀ ਉੱਤਰ ਦੇਂਦੇ ਹਨ-

ਉੱਤਰ- (੫)

ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥

ਇਨ੍ਹਾਂ ਦੋ ਤੁਕਾਂ ਵਿਚ ਪੰਜਵੇਂ ਪ੍ਰਸ਼ਨ ਦਾ ਉੱਤਰ ਹੈ।

ਹਉ=ਬ੍ਰਾਹਮਣੋ ਹੰ, ਹਉ=ਛਤ੍ਰੀਓ ਹੰ, ਮੈ=ਸ਼ੂਦ੍ਰੋ ਹੰ, ਮੈ=ਵੈਸ਼ੋ ਹੰ। ਇਨ੍ਹਾਂ ਵਰਨਾਂ ਦੀ ਹੰਗਃ ਨੂੰ ਆਪਣੇ ਹਿਰਦੇ ਵਿਚੋਂ ਖੋ ਦੇਵੇ।

ਅਥਵਾ:- ਹਉ=ਗ੍ਰਸਤੀਓ ਹੰ, ਹਉ=ਬਾਨ ਪ੍ਰਸਤੀਓ ਹੰ, ਮੈ=ਸੰਨਿਆਸੀਓ ਹੰ, ਮੈ=ਬ੍ਰਹਮ ਚਾਰੀਓ ਹੰ। ਇਨ੍ਹਾਂ ਆਸ਼ਰਮਾਂ ਦੀ ਹੰਗਤਾ ਨੂੰ ਆਪਣੇ ਹਿਰਦੇ ਵਿਚੋਂ ਖੋ ਦੇਵੇ।

ਅਥਵਾ:- ਹਉ=ਮੈਂ ਅਨਮਯ ਕੋਸ਼ ਹਾਂ, ਹਉ=ਮੈਂ ਪ੍ਰਾਣਮਯ ਕੋਸ਼ ਹਾਂ, ਮੈ=ਮੈਂ ਮਨੋਮਯ ਕੋਸ਼ ਹਾਂ, ਮੈਂ ਬਿਗਿਆਨਮਯ ਕੋਸ਼ ਹਾਂ, ਮੈ=ਮੈਂ ਅਨੰਦਮਯ ਕੋਸ਼ ਹਾਂ। ਇਨ੍ਹਾਂ ਸਾਰਿਆਂ ਕੋਸ਼ਾਂ (ਪੜਦਿਆਂ) ਨੂੰ ਅਪਣੇ ਹਿਰਦੇ ਵਿਚੋਂ ਖੋ ਦੇਵੇ ਅਤੇ ਦ੍ਵੈਤ ਭਾਅ ਨੂੰ ਮੇਟੇ ਤਾਂ ਏਕਤਾ ਰੂਪ ਗੁਫਾ ਵਿਚ ਜੀਵ ਇਸਥਿਤ ਹੁੰਦਾ ਹੈ।

ਪੰਜਾਂ ਕੋਸ਼ਾਂ ਦਾ ਨਿਰਣਾ-

ਅਨਮਯ ਕੋਸ਼=ਅਸਥੂਲ ਦੇਵ ਨੂੰ 'ਅਨਮਯ' ਕੋਸ਼ ਕਹਿੰਦੇ ਹਨ, ਜਿਸ ਦੀ ਅੰਨ ਤੋਂ ਉਤਪਤੀ ਹੋਈ ਹੈ।

ਮਨੋਮਯ ਕੋਸ਼=ਇਕ ਮਨ ਤੇ ਪੰਜ ਗਿਆਨ ਇੰਦ੍ਰੀਆਂ ਨੂੰ 'ਮਨੋਮਯ' ਕੋਸ਼ ਕਹਿੰਦੇ ਹਨ।

ਪ੍ਰਾਣਮਯ ਕੋਸ਼=ਪੰਜ ਪ੍ਰਾਣ ਤੇ ਪੰਜ ਕਰਮ ਇੰਦ੍ਰੀਆਂ ਨੂੰ 'ਪ੍ਰਾਣਮਯ' ਕੋਸ਼ ਕਹਿੰਦੇ ਹਨ।

ਬਿਗਿਆਨਮਯ ਕੋਸ਼=ਇਕ ਬੁੱਧੀ ਤੇ ਪੰਜ ਗਿਆਨ ਇੰਦ੍ਰੀਆਂ ਨੂੰ ਬਿਗਿਆਨਮਯ' ਕੋਸ਼ ਕਹਿੰਦੇ ਹਨ।

ਅਨੰਦਮਯ ਕੋਸ਼=ਸਖੋਪਤ ਅਵਸਥਾ ਵਿਚ ਅਵਿੱਦਿਆ ਵਿਚ ਲੀਣ ਹੋਇ ੨ ਅੰਤਹਕਰਨ ਵਿਚ ਜੋ ਸਾਖੀ ਦਾ ਪ੍ਰਤਿਬਿੰਬ ਪੈਂਦਾ ਹੈ, ਉਸ ਨੂੰ 'ਅਨੰਦ ਮਯ' ਕੋਸ਼ ਕਹਿੰਦੇ ਹਨ।

ਉੱਤਰ- (੧)

ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥

ਇਨ੍ਹਾਂ ਦੋ ਤੁਕਾਂ ਵਿਚ ਪਹਿਲੇ ਪ੍ਰਸ਼ਨ ਦਾ ਉੱਤਰ ਹੈ- ਪਹਿਲੇ ਅਨੁਵਾਦ ਕਰਦੇ ਹਨ ਕਿ ਜਗਤ ਸਾਰੁ=ਲੋਹੇ ਦੀ ਨਿਆਈ ਕਰੜਾ ਹੈ, ਇਹ ਮਨਮੁਖ ਜੀਵ ਉਸ ਵਿਚ ਲੱਗ ਕੇ ਗਵਾਰ ਹੋ ਰਿਹਾ ਹੈ। ਗੁਰ ਸ਼ਬਦ ਦਾ ਜੇਹੜਾ ਕਮਾਵਨਾ ਹੈ, ਏਹੀ ਮੋਮ ਦੇ ਦੰਦ ਹਨ। ਇਨ੍ਹਾਂ ਨਾਲ ਜਗਤ ਰੂਪ ਸਾਰੁ=ਲੋਹਾ ਖਾਧਾ ਜਾਂਦਾ ਹੈ। ਭਾਵ ਗੁਰ ਉਪਦੇਸ਼ ਨਾਲ ਜਗਤ ਮਿਥਿਆ ਰੂਪ ਨਿਸਚੇ ਕੀਤਾ ਜਾਂਦਾ ਹੈ।

ਉੱਤਰ- (੬)

ਅੰਤਰਿ ਬਾਹਰਿ ਏਕੋ ਜਾਣੈ ॥

ਇਹ ਛੇਵੇਂ ਪ੍ਰਸ਼ਨ ਦਾ ਉੱਤਰ ਹੈ—ਸਰੀਰ ਦੇ ਅੰਦਰ ਬਾਹਰ, ਬ੍ਰਹਿਮਾਂਡ ਦੇ ਅੰਦਰ ਬਾਹਰ, *ਅਥਵਾ:-* ਲੋਕ ਪ੍ਰਲੋਕ ਵਿਚ ਇਕ ਪਰਮੇਸ਼ਰ ਨੂੰ ਸਮਾਇਆ ਹੋਇਆ ਜਾਣੇ।

ਉੱਤਰ- (੭)

ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥ ੪੬ ॥

(ਇਹ ਸੱਤਵੇਂ ਪ੍ਰਸ਼ਨ ਦਾ ਉੱਤਰ ਹੈ)

ਗੁਰੂ ਜੀ ਕਥਨ ਕਰਦੇ ਹਨ- ਹੇ ਪਿਆਰੇ ! ਸਤਿਗੁਰਾਂ ਦੇ ਭਾਣੇ ਮੰਨਣ ਰੂਪ ਧਿਆਨ ਨੂੰ ਧਾਰੇ ਤਾਂ ਤ੍ਰਿਸ਼ਨਾ ਰੂਪ ਅਗਨੀ ਮਰ ਜਾਂਦੀ ਹੈ, ਤ੍ਰਿਸ਼ਨਾ ਦੇ ਮਰਨੇ ਤੇ ਮਨ ਮਨੌਤ ਵਲੋਂ ਹਟ ਕੇ ਪਰਮੇਸ਼ਰ ਵਿਚ ਸਮਾਂਵਦਾ ਹੈ॥ ੪੬ ॥

ਉੱਤਰ- (੨)

ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥

(ਇਨ੍ਹਾਂ ਦੋ ਤੁਕਾਂ ਵਿਚ ਦੂਜੇ ਪ੍ਰਸ਼ਨ ਦਾ ਉੱਤਰ ਹੈ)

ਗੁਰ ਸ਼ਬਦ ਦੀ ਵਿਚਾਰ ਦੁਆਰਾ ਸੱਚੇ ਪ੍ਰਭੂ ਦੇ ਭੈ ਵਿਚ ਰਾਤਾ=ਤਦਾਕਾਰ ਹੋ ਕੇ ਜੇਹੜਾ ਇਕ ਪਰਮਾਤਮਾ ਨੂੰ ਜਾਨਣਾਂ ਹੈ ਏਹੋ ਭਜਨ ਹੈ- ਗਰਬੁ ਨਿਵਾਰੈ=ਹੰਕਾਰ ਦੇ ਨਿਵਿਰਤ ਕਰਨੇ ਨੂੰ।

ਉੱਤਰ- (੩)

ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥

(ਇਨ੍ਹਾਂ ਦੋ ਤੁਕਾਂ ਵਿਚ ਤੀਜੇ ਪ੍ਰਸ਼ਨ ਦਾ ਉੱਤਰ ਹੈ)

ਹੀਆ=ਹਿਰਦੇ ਅੰਦਰ ਸੱਚੇ ਗੁਰਾਂ ਦਾ ਉਪਦੇਸ਼ ਵਸਣੇ ਤੇ,

ਅਥਵਾ:- ਗੁਰ ਸ਼ਬਦ ਦੁਆਰਾ ਹਿਰਦੇ ਅੰਦਰ ਸੱਚ ਨਾਮ ਵਸਣੇ 'ਤੇ ਰੰਗਿ ਰੰਗੀਆ=ਆਤਮ ਰੰਗ ਵਿਖੇ ਰੰਗਿਆ ਗਿਆ ਤਾਂ ਇਸ ਦਾ ਤਨ, ਮਨ ਸੀਤਲ ਹੋਇਆ ਤਾਂ ਹੀ ਸ਼ਾਂਤੀ ਘਰ ਵਿਚ ਇਸਥਿਤ ਹੁੰਦਾ ਹੈ।

ਉੱਤਰ- (੪)

ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥

www.sikhbookclub.com

ਨਾਨਕ ਨਦਰੀ ਨਦਰਿ ਪਿਆਰੇ॥ ੪੭॥

ਗੁਰੂ ਜੀ ਕਥਨ ਕਰਦੇ ਹਨ- ਹੇ ਪਿਆਰੇ ! ਨਦਰੀ=ਪਰਮੇਸ਼ਰ ਦੀ ਨਦਰਿ=ਕਿਰਪਾ ਦ੍ਰਿਸ਼ਟੀ ਹੋਵੇ ਤਾਂ ਕਾਮ ਕ੍ਰੋਧ ਆਦਿਕ ਵਿਸ਼ਿਆਂ ਦੀ ਅਗਨੀ ਦਾ ਚੋਲਾ ਨਿਵਿਰਤ ਹੁੰਦਾ ਹੈ। (ਇਹ ਚੌਥੇ ਪ੍ਰਸ਼ਨ ਦਾ ਉੱਤਰ ਹੈ)॥ ੪੭॥ ਅਗੋਂ ਇਕ ਹੋਰ ਸਿੱਧ ਨੇ ਪੰਜ ਪ੍ਰਸ਼ਨ ਕੀਤੇ:-

ਪ੍ਰਸ਼ਨ- ੧

ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ॥

ਹਿਵੈ=ਬ੍ਰਫ਼ ਅਰਥਾਤ ਸ਼ਾਂਤੀ ਦਾ ਘਰ ਸਤੋਗੁਣ ਰੂਪ ਚੰਦ੍ਰਮਾਂ ਕਵਨ ਮੁਖਿ=ਕਿਸ ਦੁਆਰਾ ਹਿਰਦੇ ਘਰ ਵਿਚ ਛਾਇਆ=ਇਸਥਿਤ ਹੁੰਦਾ ਹੈ।

ਅਥਵਾ:- ਸ਼ਾਂਤੀ ਦਾ ਘਰ ਵੈਰਾਗ ਰੂਪ ਚੰਦ੍ਰਮਾਂ ਕਿਸ ਦੁਆਰਾ ਹਿਰਦੇ ਘਰ ਵਿਚ ਇਸਥਿਤ ਹੁੰਦਾ ਹੈ।

ਅਥਵਾ:- ਸ਼ਾਂਤੀ ਦਾ ਘਰ ਉਪਦੇਸ਼ ਰੂਪ ਚੰਦ੍ਰਮਾਂ ਕਿਸ ਦੁਆਰਾ ਹਿਰਦੇ ਘਰ ਵਿਚ ਇਸਥਿਤ ਹੁੰਦਾ ਹੈ?

ਪ੍ਰਸ਼ਨ- ੨

ਕਵਨ ਮੁਖਿ ਸੂਰਜੁ ਤਪੈ ਤਪਾਇਆ॥

ਕਿਸ ਦੁਆਰਾ ਗਿਆਨ ਰੂਪ ਸੂਰਜ ਤਪਾਇਆ ਤਪਦਾ, ਅਰਥਾਤ ਚੜ੍ਹਾਇਆ ਚੜ੍ਹਦਾ ਹੈ ਤੇ ਅਗਿਆਨ ਰੂਪ ਅੰਧੇਰਾ ਮਿਟਦਾ ਹੈ?

ਪ੍ਰਸ਼ਨ- ੩

ਕਵਨ ਮੁਖਿ ਕਾਲੁ ਜੋਹਤ ਨਿਤ ਰਹੈ॥

ਜੋ ਕਾਲ ਨਿਤਾਪ੍ਰਤੀ ਜੀਵ ਨੂੰ ਜੋਹਤ=ਦੇਖ ਰਿਹਾ ਹੈ, ਕਵਨ ਮੁਖਿ=ਕਿਸ ਦੁਆਰਾ ਉਸ ਕਾਲ ਤੋਂ ਰਹੈ=ਰਹਿਤ ਹੋਵੇ?

ਪ੍ਰਸ਼ਨ- ੪

ਕਵਨ ਬੁਧਿ ਗੁਰਮੁਖਿ ਪਤਿ ਰਹੈ॥

ਉਹ ਕੇਹੜੀ ਬੁੱਧੀ ਹੈ, ਜਿਸ ਬੁੱਧੀ ਕਰਕੇ ਗੁਰਮੁਖਾਂ ਦੀ ਪੱਤ ਆਬਰੋ ਰਹਿੰਦੀ ਹੈ?

ਪ੍ਰਸ਼ਨ- ੫

ਕਵਨੁ ਜੋਧੁ ਜੋ ਕਾਲੁ ਸੰਘਾਰੈ॥

ਉਹ ਕੇਹੜਾ ਜੋਧੁ=ਸੂਰਮਾ ਹੈ, ਜੋ ਕਾਲ ਨੂੰ ਸੰਘਾਰੈ=ਮਾਰਦਾ ਹੈ?

ਬੋਲੈ ਬਾਣੀ ਨਾਨਕੁ ਬੀਚਾਰੈ॥ ੪੮॥

ਗੁਰੂ ਜੀ ਕਥਨ ਕਰਦੇ ਹਨ—ਹੇ ਲਹਿਣਾ ਜੀ ! ਸਿੱਧ ਇਸ ਤਰ੍ਹਾਂ ਵਿਚਾਰ ਕੇ ਬਾਣੀ ਬੋਲਦੇ ਭਏ॥ ੪੮॥ ਹੁਣ ਗੁਰਦੇਵ ਜੀ ਪਹਿਲੇ ਪ੍ਰਸ਼ਨ ਦਾ ਉੱਤਰ ਦੇਂਦੇ ਹਨ-

ਉੱਤਰ- (੧)

ਸਬਦੁ ਭਾਖਤ ਸਸਿ ਜੋਤਿ ਅਪਾਰਾ॥

ਅਪਾਰ ਜੋਤ ਵਾਲਾ ਜੋ ਸਤੋਂ ਗੁਣ ਰੂਪ ਸਸਿ=ਚੰਦ੍ਰਮਾ ਹੈ, ਉਹ ਗੁਰ ਸ਼ਬਦ ਦੇ ਭਾਖਤ=ਉਚਾਰਨ 'ਤੇ ਹਿਰਦੇ ਘਰ ਵਿਚ ਇਸਥਿਤ ਹੁੰਦਾ ਹੈ।

ਅਥਵਾ:- ਅਪਾਰ ਜੋਤ ਵਾਲਾ ਜੋ ਵੈਰਾਗ ਰੂਪ ਚੰਦ੍ਰਮਾਂ ਹੈ, ਉਹ ਗੁਰ ਸ਼ਬਦ ਦੇ ਭਾਖਤ=ਉਚਾਰਨ 'ਤੇ ਹਿਰਦੇ ਘਰ ਵਿਚ ਇਸਥਿਤ ਹੁੰਦਾ ਹੈ।

ਅਥਵਾ:- ਅਪਾਰ ਜੋਤ ਵਾਲਾ ਜੋ ਉਪਦੇਸ਼ ਰੂਪ ਚੰਦ੍ਰਮਾਂ ਹੈ, ਉਹ ਗੁਰਾਂ ਦੁਆਰੇ ਹਿਰਦੇ ਘਰ ਵਿਚ ਇਸਥਿਤ ਹੁੰਦਾ ਹੈ। ਉਪਦੇਸ਼ ਰੂਪ ਚੰਦ੍ਰਮਾਂ ਨੂੰ ਗੁਰਾਂ ਦੀ ਦੁਆਰਤਾ ਆਈ ਹੈ ਅਤੇ ਸਤੋਂ ਗੁਣ ਤੇ ਵੈਰਾਗ ਨੂੰ ਗੁਰ ਉਪਦੇਸ਼ ਦੀ ਦੁਆਰਤਾ ਆਈ ਹੈ।

ਉੱਤਰ- (੨)

ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ॥

ਸਸਿ=ਸਤੋ ਗੁਣ ਵਸ਼ਿਸ਼ਟ ਹਿਰਦੇ ਰੂਪ ਘਰ ਵਿਚ।

ਅਥਵਾ:- ਵੈਰਾਗ ਵਸ਼ਿਸ਼ਟ ਹਿਰਦੇ ਰੂਪ ਘਰ ਵਿਚ।

ਅਥਵਾ:- ਉਪਦੇਸ਼ ਵਸ਼ਿਸ਼ਟ ਹਿਰਦੇ ਰੂਪ ਘਰ ਵਿਚ ਗਿਆਨ ਰੂਪ ਸੂਰਜ ਵਸਦਾ ਹੈ।

ਤੇ ਅਗਿਆਨ ਰੂਪ ਅੰਧੇਰਾ ਮਿਟ ਜਾਂਦਾ ਹੈ। ਅਰਥਾਤ ਸਤੋਂ ਗੁਣ ਵੈਰਾਗ ਤੇ ਉਪਦੇਸ਼ ਦੁਆਰਾ ਗਿਆਨ ਰੂਪ ਸੂਰਜ ਤਪਾਇਆ ਤਪਤਾ ਹੈ।

ਉੱਤਰ- (੩)

ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ॥

ਨਾਮ ਦਾ ਅਧਾਰਾ=ਆਸਰਾ ਗ੍ਰਹਿਣ ਕਰਕੇ ਸੁਖ ਦੁੱਖ ਨੂੰ ਸਮ ਕਰਕੇ ਜਾਣੇ ਤਾਂ ਕਾਲ ਤੋਂ ਰਹਿਤ ਹੁੰਦਾ ਹੈ।

ਉੱਤਰ- (੪)

ਆਪੇ ਪਾਰਿ ਉਤਾਰਣਹਾਰਾ॥

ਪ੍ਰਭੂ ਆਪ ਹੀ ਸੰਸਾਰ ਸਾਗਰ ਤੋਂ ਪਾਰ ਉਤਾਰਨ ਵਾਲਾ ਹੈ, ਅਜੇਹੀ ਨਿਸਚੇ ਵਾਲੀ ਬੁੱਧੀ ਕਰਕੇ ਗੁਰਮੁਖਾਂ ਦੀ ਪਤਆਬਰੋ ਰਹਿੰਦੀ ਹੈ।

ਉੱਤਰ- (੫)

ਗੁਰ ਪਰਚੈ ਮਨੁ ਸਾਚਿ ਸਮਾਇ॥
ਪ੍ਰਣਵਤਿ ਨਾਨਕੁ ਕਾਲੁ ਨ ਖਾਇ॥ ੪੯॥

ਗੁਰਾਂ ਦੇ ਪਰਚੈ=ਉਪਦੇਸ਼, ਵਾ ਪ੍ਰੇਮ ਦੁਆਰਾ ਜਿਸ ਦਾ ਮਨ ਸੱਚੇ ਪ੍ਰਭੂ ਵਿਖੇ ਸਮਾਇਆ ਹੈ, ਓਹੀ ਅਸਲ ਜੋਧਾ ਹੈ। ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ—ਨ=ਨਿਸਚੇ ਕਰਕੇ ਉਸ ਨੇ ਕਾਲ ਨੂੰ ਖਾ ਲਿਆ ਹੈ।

ਅਥਵਾ:- ਉਸ ਨੂੰ ਕਾਲ ਖਾਂਦਾ ਨਹੀਂ ਹੈ॥ ੪੯॥

www.sikhbookclub.com

ਪੰਜਾਂ ਪ੍ਰਸ਼ਨਾਂ ਦੇ ਪੰਜੇ ਉੱਤਰ ਆ ਚੁੱਕੇ ਹਨ। ਅਗਲੀ ਪੌੜੀ ਸਿਧਾਂਤ ਦੀ ਹੈ-

ਨਾਮ ਤਤੁ ਸਭ ਹੀ ਸਿਰਿ ਜਾਪੈ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ॥

ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਨਾਮ ਸਾਰਿਆਂ ਸਾਧਨਾਂ 'ਚੋਂ ਸਿਰਿ ਜਾਪੈ=ਸ਼੍ਰੋਮਣੀ ਜਾਣਿਆ ਜਾਂਦਾ ਹੈ। ਨਾਮ ਜਪੇ ਤੋਂ ਬਿਨਾਂ ਦੁਖਦਾਈ ਕਾਲ ਜੀਵ ਨੂੰ ਸੰਤਾਪੈ=ਦੁੱਖ ਦੇਂਦਾ ਹੈ।

ਤਤੋ ਤਤੁ ਮਿਲੈ ਮਨੁ ਮਾਨੈ॥ ਦੂਜਾ ਜਾਇ ਇਕਤੁ ਘਰਿ ਆਨੈ॥

ਸਿੱਖ ਦਾ ਮਨ ਗੁਰਾਂ ਉੱਪਰ ਮੰਨਿਆ ਜਾਵੇ ਅਤੇ ਗੁਰਾਂ ਦਾ ਮਨ ਸਿੱਖ ਦੀ ਸੇਵਾ ਉੱਪਰ ਮੰਨਿਆ ਜਾਵੇ। ਫਿਰ ਗੁਰਾਂ ਦੇ ਮਨੁ=ਮੰਤ੍ਰ ਨੂੰ ਹਿਰਦੇ ਵਿਚ ਮਾਨੈ=ਮਨਨ ਕਰੇ ਤਾਂ ਜੀਵ ਤਤੋ=ਸਿਧਾਂਤ ਰੂਪ ਹੋ ਕੇ ਤਤੁ=ਸਿਧਾਂਤ ਰੂਪ ਪ੍ਰਭੂ ਨਾਲ ਮਿਲ ਜਾਂਦਾ ਹੈ।

ਦੂਜਾ=ਦ੍ਵੈਤ ਭਾਅ ਚਲਿਆ ਜਾਵੇ ਤਾਂ ਮਨ ਏਕਤਾ ਰੂਪ ਘਰ ਵਿਚ ਆਨੈ=ਆਉਂਦਾ ਹੈ।

ਬੋਲੈ ਪਵਨਾ ਗਗਨੁ ਗਰਜੈ॥ ਨਾਨਕ ਨਿਹਚਲੁ ਮਿਲਣੁ ਸਹਜੈ॥ ੫੦॥

ਜਿਸ ਪ੍ਰਭੂ ਦੀ ਸੱਤਾ ਕਰਕੇ ਪੌਣ ਬੋਲਦੀ ਤੇ ਗਗਨੁ=ਅਕਾਸ਼ ਗੱਜਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਉਸ ਨਿਸਚਲ ਪ੍ਰਭੂ ਨਾਲ ਸਹਜੇ ਮਿਲਣਾ ਕਰੇ।

ਅਥਵਾ- ਪੌਣ ਤੇ ਅਕਾਸ਼ ਆਦਿਕ ਤੱਤਾਂ ਕਰਕੇ ਰਚਤ ਜੋ ਸਰੀਰ ਪਰਮੇਸ਼ਰ ਦਾ ਬੁਲਾਇਆ ਹੋਇਆ ਗਰਜੈ=ਬੋਲ ਰਿਹਾ ਹੈ, ਉਸ ਨਿਸਚਲ ਪ੍ਰਮੇਸ਼ਰ ਨਾਲ ਸਹਜੈ=ਗਿਆਨ ਦੁਆਰਾ ਮਿਲਣਾ ਕਰੇ।

ਪ੍ਰਸ਼ਨ- ਗਿਆਨ ਦੀ ਪਰਾਪਤੀ ਕਿਵੇਂ ਹੁੰਦੀ ਹੈ?

ਉੱਤਰ- ਜੋ ਗਗਨੁ=ਚੇਤਨ ਦੇਵ ਸਾਰੇ ਗਰਜੈ=ਪਰਗਟ ਹੋ ਰਿਹਾ ਹੈ, ਪਵਨਾ=ਸ੍ਵਾਸ ਸ੍ਵਾਸ ਉਸ ਦਾ ਜਸ ਬੋਲੇ ਤਾਂ ਸਹਜੈ=ਗਿਆਨ ਨਾਲ ਮਿਲਣਾ ਹੁੰਦਾ ਹੈ॥ ੫੦॥

ਇਕ ਸਿੱਧ ਨੇ ਕਿਹਾ:-

ਜੋ ਚੀਜ਼ ਕਿਸੀ ਇੰਦ੍ਰੇ ਦੇ ਵਿਸ਼ੇ ਨਹੀਂ ਹੁੰਦੀ, ਉਹ ਸੁੰਨ=ਖਾਲੀ ਹੁੰਦੀ ਹੈ ਤੇ ਪ੍ਰਮੇਸ਼ਰ ਵੀ ਕਿਸੇ ਇੰਦ੍ਰੇ ਦਾ ਵਿਸ਼ੇ ਨਹੀਂ ਹੈ, ਓਹੀ ਭੀ ਸ਼ੂਨ ਹੋਵੇਗਾ? *ਗੁਰ ਉੱਤਰ-*

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥

ਹੇ ਸਿੱਧੋ ! ਉਹ ਪ੍ਰਭੂ ਮਸੁੰਨੰ=ਅਸੁੰਨ ਹੈ, ਅਰਥਾਤ ਖਾਲੀ ਪਨੇ ਤੋਂ ਰਹਿਤ ਹੈ। ਇਤਨੀ ਗੱਲ ਕਹਿ ਕੇ 'ਸੂਨ ਵਾਦ' ਦੀ ਨਿਵਿਰਤੀ ਕਰ ਦਿੱਤੀ।

ਅੰਤਰਿ ਸੁੰਨੰ=ਸੁਪਨ ਅਵਸਥਾ ਦੇ ਅੰਦਰ ਉਹ ਅਫੁਰ ਪਰਮਾਤਮਾ ਹੈ।

ਬਾਹਰਿ ਸੁੰਨੰ=ਜਾਗ੍ਰਤ ਅਵਸਥਾ ਵਿਚ ਵੀ ਉਹ ਅਫੁਰ ਪ੍ਰਮਾਤਮਾ ਹੈ।

ਤ੍ਰਿਭਵਣ ਸੁੰਨ=ਤੀਜਾ ਭਵਨ ਜੋ ਸਖੋਪਤ ਅਵਸਥਾ ਹੈ, ਉਸ ਵਿਚ ਵੀ ਅਫੁਰ ਪਰਮਾਤਮਾ ਹੈ।

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥

ਤਿੰਨਾਂ ਅਵਸਥਾ ਤੋਂ ਟੱਪ ਕੇ ਚਉਥੇ=ਤਰੀਆ ਪਦ ਵਿਚ ਇਸਥਿਤ ਹੋ ਕੇ ਜੋ ਮਨੁੱਖ ਸੁੰਨੈ=ਅਫੁਰ ਪਰਮਾਤਮਾ ਨੂੰ ਜਾਣਦਾ ਹੈ, ਤਾ ਕਉ=ਤਿਸ ਨੂੰ ਪਾਪ ਪੁੰਨ ਦਾ ਕੋਈ ਲੇਪ ਨਹੀਂ ਲਗ਼ਦਾ। ਕਿਉਕਿ ਉਨ੍ਹਾਂ ਦੇ ਪਾਪ ਕਰਮਾਂ ਦਾ ਫਲ ਪੁਰਸ਼ ਲੈ ਜਾਂਦੇ ਹਨ ਅਤੇ ਪੁੰਨ ਕਰਮਾਂ ਦਾ ਫਲ ਉਨ੍ਹਾਂ ਦੇ ਸੇਵਕ ਲੈ ਜਾਂਦੇ ਹਨ।

www.sikhbookclub.com

ਆਪ ਅਸੰਗ ਰਹਿੰਦੇ ਹਨ।

ਯਥਾ- ਦੋਤ ਉਚਾਪਤ ਲੇਖ ਨ ਲਿਖੀਐ ਪ੍ਰਗਟੀ ਜੋਤ ਮੁਰਾਰੀ॥

ਦਸਮੇਸ਼ ਪਿਤਾ ਜੀ ਨੇ ਭੀ ਲਿਖਿਆ ਹੈ- ਗਿਆਨਵਾਨਾਂ ਨੂੰ ਕੋਈ ਪਾਪਾਂ ਪੁੰਨ ਦਾ ਫਲ ਨਹੀਂ ਮਿਲਦਾ।

ਯਥਾ:- ਹਨੇ ਕੋਟ ਬਿਪਰੰ ਨਹੀ ਪਾਪ ਤਾ ਕਉ। ਕਰੇ ਯਗ ਕੋਟੰ ਨਹੀਂ ਪੁੰਨ ਤਾ ਕਉ।

ਘਟਿ ਘਟਿ ਸੁੰਨ ਕਾ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥

ਜੋ ਪੁਰਸ਼ ਘਟਾਂ ਘਟਾਂ ਵਿਚ ਸੁੰਨ=ਅਫੁਰ ਬ੍ਰਹਮ ਦਾ ਭੇਦ ਜਾਣਦਾ ਹੈ, ਉਹ ਸਭ ਪੁਰਖਾਂ ਦੀ ਆਦ ਜੋ ਨਿਰੰਜਨ=ਮਾਇਆ ਤੋਂ ਰਹਿਤ ਦੇਉ=ਪ੍ਰਕਾਸ਼ ਰੂਪ ਪ੍ਰਮਾਤਮਾ ਹੈ, ਉਸ ਦਾ ਸਰੂਪ ਹੋਇਆ ਹੈ।

ਜੋ ਜਨੁ ਨਾਮ ਨਿਰੰਜਨ ਰਾਤਾ॥ ਨਾਨਕ ਸੋਈ ਪੁਰਖੁ ਬਿਧਾਤਾ ॥ ੫੧॥

ਜੋ ਪੁਰਸ਼ ਨਿਰੰਜਨ ਦੇ ਨਾਮ ਵਿਚ ਰੱਤਾ ਹੋਇਆ ਹੈ, ਗੁਰੂ ਜੀ ਕਥਨ ਕਰਦੇ ਹਨ—ਉਹ ਪੁਰਸ਼ ਬਿਧਾਤਾ=ਫਲ ਬਰ ਦਾਤੇ ਅਕਾਲ ਪੁਰਖ ਦਾ ਰੂਪ ਹੈ॥ ੫੧॥

ਫੇਰ ਇੱਕ ਸਿੱਧ ਨੇ ਕਿਹਾ-

ਸੁੰਨੋ ਸੁੰਨੁ ਕਹੈ ਸਭ ਕੋਈ॥ ਅਨਹਤ ਸੁੰਨੁ ਕਹਾ ਤੇ ਹੋਈ॥

ਅਫੁਰ ਹੀ ਅਫੁਰ ਸਭ ਕੋਈ ਕਹਿੰਦਾ ਹੈ। ਪਰ ਅਨਹਤ=ਹੱਦ ਤੋਂ ਰਹਿਤ ਜੋ ਅਫੁਰ ਹੈ, ਉਸ ਦੀ ਪ੍ਰਾਪਤੀ ਕਿੱਥੋਂ ਹੁੰਦੀ ਹੈ?

ਅਜੇ ਇਹ ਪ੍ਰਸ਼ਨ ਦਾ ਉੱਤਰ ਨਹੀਂ ਦਿੱਤਾ, ਇਕ ਹੋਰ ਸਿੱਧ ਨੇ ਆ ਕੇ ਕਿਹਾ-

ਪਹਿਲੇ ਮੇਰੇ ਪ੍ਰਸ਼ਨ ਦਾ ਉੱਤਰ ਦਿਓ ਕਿ-

ਅਨਹਤ ਸੁੰਨਿ ਰਤੇ ਸੇ ਕੈਸੇ॥

ਜੋ ਹੱਦ ਤੋਂ ਰਹਿਤ ਸੁੰਨਿ=ਅਫੁਰ ਬ੍ਰਹਮ ਹੈ, ਉਸ ਵਿਚ ਜੋ ਰੱਤੇ ਹਨ ਉਹ ਕੈਸੇ ਹਨ? ਗੁਰੂ ਜੀ ਨਾਲ ਹੀ ਉੱਤਰ ਦੇਂਦੇ ਹਨ-

ਜਿਸ ਤੇ ਉਪਜੇ ਤਿਸ ਹੀ ਜੈਸੇ॥

ਜਿਸ ਪਰਮਾਤਮਾ ਤੋਂ ਉਹ ਗੁਰਮੁਖ ਪੈਦਾ ਹੋਏ ਹਨ, ਉਹ ਓਸੇ ਵਰਗੇ ਹਨ, ਭਾਵ ਉਸ ਦਾ ਰੂਪ ਹੀ ਹੋ ਗਏ ਹਨ।

ਓਇ ਜਨਮਿ ਨ ਮਰਹਿ ਨ ਆਵਹਿ ਜਾਹਿ॥
ਨਾਨਕ ਗੁਰਮੁਖਿ ਮਨੁ ਸਮਝਾਇ॥ ੫੨॥

ਗੁਰੂ ਜੀ ਕਥਨ ਕਰਦੇ ਹਨ—ਹੇ ਸਿੱਧੋ ! ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਆਪਣੇ ਮਨ ਨੂੰ ਸਮਝਾਇਆ ਹੈ। ਉਹ ਗੁਰਮੁਖ ਨ "ਜੰਮ ਕੇ ਆਉਂਦੇ ਹਨ ਤੇ ਨਾ ਹੀ ਮਰ ਕੇ ਪਰਲੋਕ ਰਸਤੇ ਵਿਚ ਜਾਂਦੇ ਹਨ॥ ੫੨॥

ਸੁੰਨੋ ਸੁੰਨੁ ਕਹੈ ਸਭ ਕੋਈ॥ ਅਨਹਤ ਸੁੰਨੁ ਕਹਾ ਤੇ ਹੋਈ॥

ਹੁਣ ਇਸ ਪ੍ਰਸ਼ਨ ਦਾ ਉੱਤਰ ਗੁਰੂ ਜੀ ਦੇਂਦੇ ਹਨ-

ਨਉ ਸਰ ਸੁਭਰ ਦਸਵੈ ਪੂਰੇ॥ ਤਹ ਅਨਹਤ ਸੁੰਨ ਵਜਾਵਹਿ ਤੂਰੇ॥

ਨਉ ਸਰ=ਨੌ ਗੋਲਕਾਂ ਨੂੰ ਸੁਭਰ=ਰੋਕ ਕੇ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਪੂਰਨ ਕਰੇ, ਤਾਂ ਸੁੰਨ=ਅਫੁਰ ਜੋ ਦਸਮ ਦੁਆਰ ਹੈ, ਤਿੱਥੋਂ ਦੇ ਅਨਹਤ=ਇੱਕ ਰਸ, ਤੂਰੇ=ਵਾਜੇ ਤਤ, ਤੰਤੀ ਆਦਕ ਵੱਜ ਆਉਂਦੇ ਹਨ।

ਅਥਵਾ:- ਨੌ ਗੋਲਕਾਂ ਵਿਚ ਦਸ ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਸੁਭਰ=ਰੋਕੇ, *ਵਾ:-* ਦਸਵੈ=ਦਸ ਇੰਦ੍ਰੀਆਂ ਵਿਖੇ, *ਵਾ:-* ਦਸਵੈ=ਦਸਮ ਦੁਆਰ ਵਿਚ ਸੁਭਰ=ਲਬਾਲਬ ਜੋ ਪਰਮੇਸ਼ਰ ਪੂਰਨ ਹੈ ਤਹ ਸੁੰਨ=ਤਿਸ ਅਫੁਰ ਪਰਮਾਤਮਾ ਵਿਚ ਅਨਹਤ=ਇੱਕ ਰਸ ਬਿਰਤੀ ਲਗਾਵੇ ਤਾਂ ਉਹ ਤੂਰੇ=ਸ਼ੀਘਰ ਹੀ ਵਜਾਵਹਿ=ਪਰਗਟ ਹੁੰਦਾ ਹੈ।

ਸਾਚੈ ਰਾਚੇ ਦੇਖਿ ਹਜੂਰੇ॥ ਘਟਿ ਘਟਿ ਸਾਚੁ ਰਹਿਆ ਭਰਪੂਰੇ॥

ਜੋ ਪੁਰਸ਼ ! ਸੱਚੇ ਪਰਮਾਤਮਾ ਨੂੰ ਹਾਜ਼ਰਾ ਹਜੂਰ ਵੇਖਣ ਵਿਚ ਰਾਚੇ=ਲਗੇ ਹੋਇ ਹਨ, ਉਨ੍ਹਾਂ ਨੇ ਜਾਣਿਆਂ ਹੈ ਕਿ ਸੱਚਾ ਪ੍ਰਭੂ ਘਟਾਂ ਘਟਾਂ ਵਿਚ ਭਰਪੂਰ ਹੋ ਰਿਹਾ ਹੈ।

[ਪੰਨਾ ੯੪੪]

ਗੁਪਤੀ ਬਾਣੀ ਪਰਗਟੁ ਹੋਇ॥

ਗੁਰਾਂ ਦੀ ਗੁਪਤੀ ਬਾਣੀ=ਉਪਦੇਸ਼ ਬਾਣੀ ਦੁਆਰਾ ਪਰਮੇਸ਼ਰ ਪਰਗਟ ਹੁੰਦਾ ਹੈ।

ਅਥਵਾ:- ਬਾਣੀ ਦੁਆਰਾ ਗੁਪਤ='ਆਤਮ ਵਸਤੂ' ਪਰਗਟ ਹੁੰਦੀ ਹੈ।

ਅਥਵਾ:- ਗੁਰਾਂ ਦੇ ਹਿਰਦੇ ਵਿਚ ' ਅਹੰਬ੍ਰਹਮਾਸਮੀ' ਰੂਪ ਜੋ ਗੁਪਤ ਬਾਣੀ ਹੈ, ਉਹ ਜਦ ਹਿਰਦੇ ਵਿਚ ਆ ਪਰਗਟ ਹੋਵੇ। ਤਾਂ-

ਨਾਨਕ ਪਰਖਿ ਲਏ ਸਚੁ ਸੋਇ॥ ੫੩॥

ਗੁਰੂ ਜੀ ਕਥਨ ਕਰਦੇ ਹਨ- ਉਹ ਪੁਰਸ਼ ਸੱਚ ਸਰੂਪ ਨੂੰ ਪਰਖ ਲੈਂਦਾ ਹੈ॥ ੫੩॥

ਅਗਲੀ ਪਉੜੀ ਸਿਧਾਂਤ ਦੀ ਹੈ-

ਸਹਜ ਭਾਇ ਮਿਲੀਐ ਸੁਖੁ ਹੋਵੈ॥

ਸਹਜ ਭਾਇ=ਸੁਤੇ ਸਿੱਧ ਗੁਰਾਂ ਨਾਲ ਮਿਲਣ ਕਰਕੇ ਸੁਖ ਹੁੰਦਾ ਹੈ।

ਅਥਵਾ:- ਭਾਇ=ਪ੍ਰੇਮ ਤੇ ਸਹਜ=ਗਿਆਨ ਦੇ ਮਿਲਾਪ ਨਾਲ ਆਤਮ ਸੁਖ ਹੁੰਦਾ ਹੈ।

ਅਥਵਾ- ਸਹਜ ਗਿਆਨ ਸੇ ਭਾਇ=ਪ੍ਰਕਾਸ਼ ਰੂਪ ਪ੍ਰਮੇਸ਼ਰ ਮਿਲਦਾ ਹੈ, ਪਰਮੇਸ਼ਰ ਦੇ ਮਿਲਣ ਨਾਲ ਹੀ ਆਤਮ ਸੁਖ ਹੁੰਦਾ ਹੈ।

ਗੁਰਮੁਖਿ ਜਾਗੈ ਨੀਦ ਨ ਸੋਵੈ॥

ਜੋ ਗੁਰਮੁਖ ਜਨ ! ਗੁਰਾਂ ਦੁਆਰੇ ਗਿਆਨ ਜਾਗ੍ਰਤ ਵਿਚ ਜਾਗਦੇ ਹਨ, ਉਹ ਮੋਹ ਅਤੇ ਅਵਿੱਦਿਆ ਰੂਪ ਨੀਂਦ ਵਿਚ ਨਹੀਂ ਸੌਂਦੇ।

ਸੁੰਨ ਸਬਦੁ ਅਪਰੰਪਰਿ ਧਾਰੈ॥ ਕਹਤੇ ਮੁਕਤੁ ਸਬਦਿ ਨਿਸਤਾਰੈ॥

www.sikhbookclub.com

ਜੋ ਅਫੁਰ ਬ੍ਰਹਮ ਅਪਰੰਪਰਿ=ਸੰਸਾਰ ਸੇ ਪਰਾ ਰੂਪ ਹੈ, ਉਸ ਨੂੰ ਗੁਰ ਸ਼ਬਦ ਦੁਆਰਾ ਹਿਰਦੇ ਵਿਚ ਧਾਰਨਾ ਕਰੇ। ਸ਼ਬਦ ਦੇ ਕਹਿਣ ਵਾਲੇ ਆਪ ਮੁਕਤ ਰੂਪ ਹਨ ਅਤੇ ਜਗਿਆਸੂਆਂ ਨੂੰ ਉਪਦੇਸ਼ ਦੇ ਕੇ ਸਬਦਿ=ਸੰਸਾਰ ਤੋਂ ਤਾਰਦੇ ਹਨ।

ਗੁਰ ਕੀ ਦੀਖਿਆ ਸੇ ਸਚਿ ਰਾਤੇ॥

ਜਿਨ੍ਹਾਂ ਨੂੰ ਗੁਰਾਂ ਦੀ ਸਿੱਖਿਆ ਪ੍ਰਾਪਤ ਹੋਈ ਹੈ, ਉਹ ਸੱਚ ਵਿਚ ਰੱਤੇ ਹਨ।

ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ॥ ੫੪॥

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਨੇ ਆਪਾ ਭਾਅ ਹੰਕਾਰ ਗਵਾਇਆ ਹੈ, ਜਿਨ੍ਹਾਂ ਨੇ ਆਪਾ ਭਾਅ ਹੰਕਾਰ ਗਵਾਇਆ ਹੈ ਉਹ ਪ੍ਰਭੂ ਨਾਲ ਮਿਲ ਗਏ ਹਨ, ਇਸ ਵਿਚ ਕੋਈ ਭ੍ਰਾਤੇ=ਸੰਸਾ ਨਹੀਂ ਹੈ॥ ੫੪॥

ਇਸ ਪਉੜੀ ਵਿਚ ਅਵਾਂਤ੍ਰ ਪ੍ਰਸ਼ਨ ਉੱਤਰ ਭੀ ਲੱਗ ਜਾਂਦੇ ਹਨ-

ਪ੍ਰਸ਼ਨ- ਸੁਖ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਉੱਤਰ- **ਸਹਜ ਭਾਇ ਮਿਲੀਐ ਸੁਖੁ ਹੋਵੈ॥***

ਸਹਜ=ਸ਼ਾਂਤੀ ਤੇ ਭਾਇ=ਪ੍ਰੇਮ ਆਦਿਕ ਸ਼ੁਭ ਗੁਣਾਂ ਦੇ ਮਿਲਣ ਕਰਕੇ ਸੁਖ ਹੁੰਦਾ ਹੈ।

ਪ੍ਰਸ਼ਨ- ਭਜਨ ਸਿਮਰਨ ਵਿਖੇ ਕੌਣ ਜਾਗਦਾ ਹੈ? *ਉੱਤਰ- **ਗੁਰਮੁਖਿ ਜਾਗੈ ਨੀਦ ਨ ਸੋਵੈ॥***

ਗੁਰਮੁਖ ਹੀ ਭਜਨ ਸਿਮਰਨ ਵਿਚ ਜਾਗਦੇ ਹਨ, ਪ੍ਰਤੱਖ ਵਾ, ਮੋਹ ਨੀਂਦ ਵਿਚ ਨਹੀਂ ਸੌਂਦੇ।

ਪ੍ਰਸ਼ਨ- ਅਫੁਰ ਬ੍ਰਹਮ ਨੂੰ ਹਿਰਦੇ ਵਿਚ ਕਿਵੇਂ ਧਾਰੇ? *ਉੱਤਰ- **ਸੁੰਨ ਸਬਦੁ ਅਪਰੰਪਰਿ ਧਾਰੈ॥***

ਅਪਰੰਪਰਿ=ਸੰਸਾਰ੍ ਸੇਂ ਪਰੇ ਜੋ ਅਫੁਰ ਬ੍ਰਹਮ ਹੈ, ਉਸ ਨੂੰ ਗੁਰ ਸ਼ਬਦ ਦੁਆਰਾ ਧਾਰੇ।

ਪ੍ਰਸ਼ਨ- ਆਪ ਮੁਕਤ ਰੂਪ ਕੌਣ ਹੈ ਅਤੇ ਹੋਰਨਾਂ ਨੂੰ ਕੌਣ ਤਾਰਦਾ ਹੈ? *ਉੱਤਰ-*

ਕਹਤੇ ਮੁਕਤੁ ਸਬਦਿ ਨਿਸਤਾਰੈ॥

ਜੋ ਗੁਰ ਉਪਦੇਸ਼ ਦੁਆਰਾ ਨਾਮ ਨੂੰ ਕਹਿੰਦਾ ਹੈ, ਉਹ ਆਪ ਮੁਕਤ ਰੂਪ ਹੈ ਅਤੇ ਗੁਰ ਉਪਦੇਸ਼ ਦੀ ਸਹਾਇਤਾ ਨਾਲ ਹੋਰਨਾਂ ਨੂੰ ਨਿਸਤਾਰੈ=ਤਾਰਦਾ ਹੈ।

ਪ੍ਰਸ਼ਨ- ਸੱਚ ਵਿਚ ਕੌਣ ਰੱਤੇ ਹਨ? *ਉੱਤਰ- **ਗੁਰ ਕੀ ਦੀਖਿਆ ਸੇ ਸਚਿ ਰਾਤੇ॥***

ਜਿਨ੍ਹਾਂ ਨੂੰ ਗੁਰਾਂ ਦੀ ਸਿੱਖਿਆ ਪਰਾਪਤ ਹੋਈ ਹੈ, ਓਹੀ ਸੱਚ ਵਿਚ ਰੱਤੇ ਹਨ।

*ਪ੍ਰਸ਼ਨ-*ਪ੍ਰਭੂ ਨਾਲ ਕੌਣ ਮਿਲਦਾ ਹੈ? *ਉੱਤਰ-*

ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ॥ ੫੪॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਆਪਾ ਭਾਅ ਹੰਕਾਰ ਗਵਾਇਆ ਹੈ, ਉਹ ਪ੍ਰਭੂ ਨਾਲ ਮਿਲਦਾ ਹੈ, ਇਸ ਵਿਚ ਕੋਈ ਭ੍ਰਾਤੇ=ਸੰਸਾ ਨਹੀਂ ਹੈ॥ ੫੪॥

ਇੱਕ ਹੋਰ ਸਿੱਧ ਨੇ ਆ ਕੇ ਛੇ ਪ੍ਰਸ਼ਨ ਕੀਤੇ -

ਪ੍ਰਸ਼ਨ- ੧

ਕੁਬੁਧਿ ਚਵਾਵੈ ਸੋ ਕਿਤੁ ਠਾਇ॥

ਜਿੱਥੇ ਜਾ ਕੇ ਕੁ ਬੁਧਿ=ਖੋਟੀ ਬੁੱਧੀ ਚਵਾਵੈ=ਦੂਰ ਹੋਵੇ, ਉਹ ਕੇਹੜੀ ਠਾਇ=ਜਗ੍ਹਾ ਹੈ?

www.sikhbookclub.com

ਪ੍ਰਸ਼ਨ- ੨

ਕਿਉ ਤਤੁ ਨ ਬੂਝੈ ਚੋਟਾ ਖਾਇ॥

ਤਤੁ=ਸਿਧਾਂਤ ਨੂੰ ਨਹੀਂ ਸਮਝਦਾ, ਇਸ ਕਰਕੇ ਚੋਟਾ=ਸੱਟਾਂ ਖਾਂਦਾ ਹੈ, ਸਿਧਾਂਤ ਨੂੰ ਕਿਵੇਂ ਸਮਝੇ ਜਿਸ ਕਰਕੇ ਚੋਟਾਂ ਨੂੰ ਨਾ ਖਾਵੇ?

ਪ੍ਰਸ਼ਨ- ੩

ਜਮ ਦਰਿ ਬਾਧੇ ਕੋਇ ਨ ਰਾਖੈ॥

ਜਮਾਂ ਦੇ ਦਰਵਾਜ਼ੇ ਬੱਧੇ ਹੋਇ ਜੀਵ ਨੂੰ ਕੋਈ ਰੱਖ ਨਹੀਂ ਸਕਦਾ, ਕਿਵੇਂ ਰੱਖਿਆ ਹੋਵੇ?

ਪ੍ਰਸ਼ਨ- ੪

ਬਿਨੁ ਸਬਦੈ ਨਾਹੀ ਪਤਿ ਸਾਖੈ॥

ਗੁਰ ਉਪਦੇਸ਼ ਤੋਂ ਬਿਨਾਂ ਜੀਵ ਦੀ ਨਾ ਇਸ ਲੋਕ ਵਿਚ ਪਤ ਆਬਰੋ ਹੁੰਦੀ ਹੈ, ਨਾ ਹੀ ਪ੍ਰਲੋਕ ਵਿਚ ਕੋਈ ਸਾਖੈ=ਉਗਾਹੀ ਦੇਂਦਾ ਹੈ। ਇਸ ਲੋਕ ਵਿਚ ਪਤ ਆਬਰੋ ਤੇ ਪਰਲੋਕ ਵਿਚ ਉਗਾਹੀ ਕਿਵੇਂ ਹੋਵੇ?

ਪ੍ਰਸ਼ਨ- ੫

ਕਿਉ ਕਰਿ ਬੂਝੈ ਪਾਵੈ ਪਾਰੁ॥

ਕਿਸ ਤਰ੍ਹਾਂ ਪਰਮਾਤਮਾ ਨੂੰ ਬੁੱਝ ਕੇ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਪਾਵੇ?

ਪ੍ਰਸ਼ਨ- ੬

ਨਾਨਕ ਮਨਮੁਖਿ ਨ ਬੂਝੈ ਗਵਾਰੁ॥ ੫੫॥

ਗੁਰੂ ਜੀ ਕਥਨ ਕ਼ਰਦੇ ਹਨ—ਮਨਮੁਖ ਗਵਾਰ ਪ੍ਰਮੇਸ਼ਰ ਨੂੰ ਬੁੱਝਦਾ ਨਹੀਂ ਕਿਵੇਂ ਬੁੱਝੇ?

ਅਗਲੀ ਪਉੜੀ ਵਿਚ ਗੁਰੂ ਜੀ ਉੱਤਰ ਦੇਂਦੇ ਹਨ-

ਉੱਤਰ- (੧)

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥

ਗੁਰ ਸ਼ਬਦ ਦੇ ਵਿਚਾਰਨ ਸੇ ਕੁਬੁਧਿ=ਖੋਟੀ ਬੁੱਧੀ ਨਾਸ ਹੁੰਦੀ ਹੈ।

ਉੱਤਰ- (੨)

ਸਤਿਗੁਰੁ ਭੇਟੈ ਮੋਖ ਦੁਆਰ॥

ਪੂਰੇ ਸਤਿਗੁਰੂ ਮਿਲਣ ਤਾਂ ਮੁਕਤੀ ਦਾ ਦਰਵਾਜ਼ਾ ਗਿਆਨ ਪਾਂਵਦਾ ਹੈ। ਗਿਆਨ ਸੇ ਹੀ ਤੱਤ ਨੂੰ ਬੁੱਝਦਾ ਹੈ, ਜਿਸ ਕਰਕੇ ਜਮਾਂ ਦੀਆਂ ਚੋਟਾ ਨਹੀਂ ਖਾਂਦਾ।

(ਦੂਜੇ ਦਾ ਚੌਥੇ ਨਾਲ ਸਬੰਧ ਹੈ, ਇਸ ਤੇ ਦੂਜਾ ਚੌਥੇ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ)

ਚੌਥਾ ਪ੍ਰਸ਼ਨ ਸੀ- *ਬਿਨੁ ਸਬਦੈ ਨਾਹੀ ਪਤਿ ਸਾਖੈ॥*

ਗੁਰ ਉਪਦੇਸ਼ ਤੋਂ ਬਿਨਾਂ ਨਾ ਪਤ ਇਸ ਲੋਕ ਵਿਚ, ਨ ਉਗਾਹੀ ਪ੍ਰਲੋਕ ਵਿਚ ਹੁੰਦੀ ਹੈ, ਕਿਵੇਂ ਹੋਵੇ?

www.sikhbookclub.com

ਉੱਤਰ- ਸਤਿਗੁਰਾਂ ਪਾਸੋਂ ਉਪਦੇਸ਼ ਮਿਲਦਾ ਹੈ, ਉਪਦੇਸ਼ ਨਾਲ ਮੁਕਤੀ ਦਾ ਦਰਵਾਜ਼ਾ ਗਿਆਨ ਮਿਲਦਾ ਹੈ।

ਗਿਆਨ ਨਾਲ ਪਤ ਆਬਰੋ ਇਸ ਲੋਕ ਵਿਚ ਅਤੇ ਉਗਾਹੀ ਪ੍ਰਲੋਕ ਵਿਚ ਹੁੰਦੀ ਹੈ।

ਉੱਤਰ- (੩)

ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥

ਪਹਿਲੇ ਅਨੁਵਾਦ ਕਰਦੇ ਹਨ—

ਤੱਤ ਸਰੂਪ ਨੂੰ ਨਹੀਂ ਜਾਣਦਾ ਇਸ ਤੇ ਮਨਮੁਖ ਪੁਰਸ਼ ਮਨਮੁਖਤਾ ਵਿਚ ਸੜ ਬਲ ਜਾਂਦਾ ਹੈ, ਇਸ ਕਰਕੇ ਜਮਾਂ ਦੇ ਦਰ ਵਿਚ ਬੱਧੇ ਹੋਏ ਜੀਵ ਨੂੰ ਕੋਈ ਰੱਖ ਨਹੀਂ ਸਕਦਾ। ਹੁਣ ਉੱਤਰ ਦੇਂਦੇ ਹਨ:- ਨ=ਨਿਸਚੇ ਸਹਿਤ ਤੱਤ ਸਰੂਪ ਨੂੰ ਚੀਨੈ=ਜਾਣੈ, ਤਾਂ ਮਨਮੁਖਤਾ ਸੜ ਜਾਂਦੀ ਹੈ, ਮਨਮੁਖਤਾ ਦੇ ਅਭਾਵ ਹੋਣ ਤੇ ਜਮਾਂ ਦੇ ਦਰ ਵਿਚ ਬੱਧੇ ਹੋਏ ਜੀਵ ਦੀ ਰੱਖਿਆ ਹੁੰਦੀ ਹੈ। (ਤੀਜੇ ਦਾ ਛੇਵੇਂ ਨਾਲ ਸਬੰਧ ਹੈ ਇਸ ਕਰ ਕੇ ਤੀਜਾ ਛੇਵੇਂ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ)

*ਛੇਵਾਂ ਪ੍ਰਸ਼ਨ ਸੀ- **ਨਾਨਕ ਮਨਮੁਖਿ ਨ ਬੂਝੈ ਗਵਾਰੁ ॥***

ਮਨਮੁਖ ਗਵਾਰ ਪ੍ਰਮੇਸ਼ਰ ਨੂੰ ਬੁੱਝਦਾ ਨਹੀਂ ਕਿਵੇਂ ਬੁੱਝੇ? ਉੱਤਰ-

ਨ=ਨਿਸਚੇ ਸਹਿਤ ਤੱਤ ਸਰੂਪ ਨੂੰ ਬੁੱਝੇ ਤਾਂ ਇਸ ਦੀ ਮਨਮੁਖਤਾ ਸੜ ਜਾਂਦੀ ਹੈ, ਮਨਮੁਖਤਾ ਦੇ ਅਭਾਵ ਹੋਣ 'ਤੇ ਇਹ ਗਵਾਰ ਪਰਮੇਸ਼ਰ ਨੂੰ ਬੁੱਝ ਲੈਂਦਾ ਹੈ।

ਉੱਤਰ- (੪)

ਦੁਰਮਤਿ ਵਿਛੁੜਿ ਚੋਟਾ ਖਾਇ ॥

ਪਹਿਲੇ ਅਨੁਵਾਦ ਕਰਦੇ ਹਨ-

ਦੁਰਮਤਿ=ਖੋਟੀ ਮੱਤ ਵਾਲਾ ਦੁਰਮਤੀਆ ਪੁਰਸ਼ ਗੁਰਾਂ ਤੋਂ ਵਿੱਛੜ ਕੇ ਚੋਟਾਂ ਖਾਂਦਾ ਹੈ, ਇਸ ਕਰਕੇ ਨਾ ਇਸ ਲੋਕ ਵਿਚ ਪਤ ਆਬਰੋ, ਨਾ ਹੀ ਪ੍ਰਲੋਕ ਵਿਚ ਉਗਾਹੀ ਹੁੰਦੀ ਹੈ। ਹੁਣ ਉੱਤਰ ਦੇਂਦੇ ਹਨ:- ਜੇਕਰ ਗੁਰ ਸ਼ਬਦ ਦੁਆਰਾ ਦੁਰਮਤਿ ਤੋਂ ਵਿੱਛੜ ਜਾਵੇ ਤੇ ਚੋਟਾਂ ਨੂੰ ਨਾ ਖਾਵੇ ਤਾਂ ਪਤ ਆਬਰੋ ਇਸ ਲੋਕ ਤੇ ਸਾਖ-ਉਗਾਹੀ ਪਰਲੋਕ ਵਿਚ ਹੁੰਦੀ ਹੈ।

(ਚੌਥੇ ਦਾ ਦੂਜੇ ਨਾਲ ਸਬੰਧ ਹੈ, ਇਸ ਕਰਕੇ ਚੌਥਾ ਦੂਜੇ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ)

ਦੂਜਾ ਪ੍ਰਸ਼ਨ ਸੀ- ***ਕਿਉ ਤਤੁ ਨ ਬੂਝੈ ਚੋਟਾ ਖਾਇ ॥***

ਸਿਧਾਂਤ ਨੂੰ ਕਿਵੇਂ ਬੁਝੇ ਜਿਸ ਤੇ ਚੋਟਾਂ ਨੂੰ ਨਾ ਖਾਵੇ?

*ਉੱਤਰ-**ਦੁਰਮਤਿ ਵਿਛੁੜਿ ਚੋਟਾ ਖਾਇ ॥*** ਦੁਰਮਤਤਾ ਤੋਂ ਵਿੱਛੁੜ ਜਾਵੇ ਤਾ ਸਿਧਾਂਤ ਨੂੰ ਬੁੱਝਦਾ ਹੈ, ਸਿਧਾਂਤ ਦੇ ਬੁੱਝਣੇ ਸੇ ਜਮਾਂ ਦੀਆਂ ਚੋਟਾਂ ਨਹੀਂ ਖਾਂਦਾ।

ਉੱਤਰ- (੫)

ਮਾਨੈ ਹੁਕਮੁ ਸਭੇ ਗੁਣ ਗਿਆਨ ॥

ਗੁਰਾਂ ਦੇ ਅਤੇ ਪ੍ਰਭੂ ਦੇ ਹੁਕਮ ਨੂੰ ਮੰਨਣਾ ਕਰੇ ਤਾਂ ਸਤ, ਸੰਤੋਖ ਆਦਿਕ ਸਾਰੇ ਸ਼ੁਭ ਗੁਣ ਤੇ ਗਿਆਨ

ਪਰਾਪਤ ਹੁੰਦਾ ਹੈ। ਇਸ ਵਜ੍ਹਾ ਨਾਲ ਪਰਮਾਤਮਾ ਨੂੰ ਬੁੱਝ ਕੇ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਪਾਉਂਦਾ ਹੈ।

ਉੱਤਰ- (੬)

ਨਾਨਕ ਦਰਗਹ ਪਾਵੈ ਮਾਨੁ॥ ੫੬॥

ਗੁਰੂ ਜੀ ਕਥਨ ਕਰਦੇ ਹਨ—ਸਤਸੰਗ ਦਰਗਾਹ ਵਿਚ ਬੈਠ ਕੇ ਪ੍ਰਭੂ ਦਾ ਮਨਨ ਕਰਨਾ ਪਾਵੇ ਤਾਂ ਮਨਮੁਖ ਗਵਾਰ ਪਰਮੇਸ਼ਰ ਨੂੰ ਬੁੱਝਦਾ ਹੈ।

(ਛੇਵੇ ਦਾ ਤੀਜੇ ਨਾਲ ਸਬੰਧ ਹੈ, ਇਸ ਕਰਕੇ ਛੇਵਾਂ ਤੀਜੇ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ) ਤੀਜਾ ਪ੍ਰਸ਼ਨ ਸੀ- ***ਜਮ ਦਰਿ ਬਾਧੇ ਕੋਇ ਨ ਰਾਖੈ॥***

ਜਮਾਂ ਦੇ ਦਰਵਾਜ਼ੇ ਬੱਧੇ ਹੋਏ ਜੀਵ ਨੂੰ ਕੋਈ ਰੱਖ ਨਹੀਂ ਸਕਦਾ, ਕਿਵੇਂ ਰੱਖਿਆ ਹੋਵੇ?

*ਉੱਤਰ- **ਨਾਨਕ ਦਰਗਹ ਪਾਵੈ ਮਾਨੁ॥***

ਸਤਸੰਗ ਰੂਪ ਦਰਗਾਹ ਅੰਦਰ,

ਅਥਵਾ:- ਅੰਤਹ ਕਰਨ ਰੂਪ ਜਗ੍ਹਾ ਅੰਦਰ ਪ੍ਰਭੂ ਦਾ ਮਨਨ ਕਰਨਾ ਪਾਵੇ ਤਾਂ ਜੀਵ ਦੀ ਰੱਖਿਆ ਹੁੰਦੀ ਹੈ॥ ੫੬॥

ਅਗਲੀ ਪਉੜੀ ਸਿਧਾਂਤ ਦੀ ਹੈ।

ਸਾਚੁ ਵਖਰੁ ਧਨੁ ਪਲੈ ਹੋਇ॥ ਆਪਿ ਤਰੈ ਤਾਰੇ ਭੀ ਸੋਇ॥

ਜਿਸ ਦੇ ਬੁੱਧੀ ਰੂਪ ਪੱਲੇ ਵਿਚ ਧੰਨਤਾ ਜੋਗ ਸੱਚ ਨਾਮ ਰੂਪ ਵਖਰ=ਸੌਦਾ ਹੁੰਦਾ ਹੈ। ਉਹ ਆਪ ਤਰ ਕੇ ਹੋਰਨਾਂ ਨੂੰ ਭੀ ਤਾਰਦਾ ਹੈ।

ਸਹਜਿ ਰਤਾ ਬੂਝੈ ਪਤਿ ਹੋਇ॥

ਗੁਰਾਂ ਤੋਂ ਪੁਛ ਕੇ ਜੋ ਸਹਜਿ=ਗਿਆਨ ਵਿਚ ਰੱਤਾ ਹੈ, ਉਸ ਦੀ ਪਤ ਆਬਰੋ ਹੁੰਦੀ ਹੈ।

ਅਥਵਾ:- ਸਹਜਿ=ਸਤੋ ਗੁਣ, ਵੈਰਾਗ, ਗਿਆਨ ਆਦਿਕਾਂ ਵਿਚ ਤਦਾਕਾਰ ਹੋ ਕੇ ਜੋ ਪਰਮੇਸ਼ਰ ਨੂੰ ਬੁੱਝਦਾ ਹੈ, ਉਸ ਦੀ ਪਤ ਆਬਰੋ ਹੁੰਦੀ ਹੈ।

ਤਾ ਕੀ ਕੀਮਤਿ ਕਰੈ ਨ ਕੋਇ॥

ਤਿਸ ਦੀ ਕੀਮਤਿ=ਉਪਮਾ ਨੂੰ ਕੋਈ ਭੀ ਨਹੀਂ ਕਰ ਸਕਦਾ।

ਜਹ ਦੇਖਾ ਤਹ ਰਹਿਆ ਸਮਾਇ॥ ਨਾਨਕ ਪਾਰਿ ਪਰੈ ਸਚ ਭਾਇ॥ ੫੭॥

ਜਿੱਥੇ ਵੇਖਦੇ ਹਾਂ ਤਿੱਥੇ ਹੀ ਪਰਮਾਤਮਾ ਸਮਾਇ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ—ਸਚ ਭਾਇ=ਸੱਚੇ ਪ੍ਰੇਮ ਕਰਕੇ, ਵਾ:- ਸੱਚੇ ਪ੍ਰਭੂ ਵਿਚ ਪ੍ਰੇਮ ਕਰਨੇ ਸੇ ਸੰਸਾਰ ਸਮੁੰਦ੍ਰ ਤੋਂ ਪਾਰ ਪੈਦਾ ਹੈ॥ ੫੭॥

ਇਨ੍ਹਾਂ ੫੫, ੫੬, ੫੭, ਤਿੰਨਾਂ ਪਉੜੀਆਂ ਦੇ ਅਰਥ ਹੇਠ ਲਿਖੇ ਢੰਗ ਨਾਲ ਭੀ ਲਗਾਂਦੇ ਹਨ।

*ਪਹਿਲਾ ਪ੍ਰਸ਼ਨ- **ਕੁਬੁਧਿ ਚਵਾਵੈ ਸੋ ਕਿਤੁ ਠਾਇ॥***

ਜਿਸ ਕਰਕੇ ਖੋਟੀ ਬੁੱਧੀ ਦੂਰ ਹੋਵੇ, ਉਹ ਕੇਹੜਾ ਅਸਥਾਨ ਹੈ।

*ਦੂਜਾ ਪ੍ਰਸ਼ਨ- **ਕਿਉ ਤਤੁ ਨ ਬੂਝੈ ਚੋਟਾ ਖਾਇ॥***

ਤੱਤ ਸਰੂਪ ਨੂੰ ਕਿਵੇਂ ਬੂਝੈ ਜਿਸ 'ਤੇ ਚੋਟਾਂ ਨਾ ਖਾਵੇ।

ਤੀਜਾ ਪ੍ਰਸ਼ਨ- ***ਜਮ ਦਰਿ ਬਾਧੇ ਕੋਇ ਨ ਰਾਖੈ॥***

ਜਮਾਂ ਦੇ ਦਰਵਾਜ਼ੇ ਬੱਧੇ ਹੋਇ ਜੀਵ ਨੂੰ ਕੋਈ ਰੱਖ ਨਹੀਂ ਸਕਦਾ, ਕਿਵੇਂ ਰੱਖਿਆ ਹੋਵੇ?

ਚੌਥਾ ਪ੍ਰਸ਼ਨ- ***ਬਿਨੁ ਸਬਦੈ ਨਾਹੀ ਪਤਿ ਸਾਖੈ॥***

ਗੁਰ ਉਪਦੇਸ਼ ਤੋਂ ਬਿਨਾਂ ਨਾ ਇਸ ਲੋਕ ਵਿਚ ਪਤਆਬਰੋ, ਨਾ ਹੀ ਪ੍ਰਲੋਕ ਵਿੱਚ ਉਗਾਹੀ ਹੁੰਦੀ ਹੈ, ਇਸ ਲੋਕ ਵਿੱਚ ਪਤਆਬਰੋ ਤੇ ਪ੍ਰਲੋਕ ਵਿੱਚ ਉਗਾਹੀ ਕਿਵੇਂ ਹੋਵੇ?

ਪੰਜਵਾਂ ਪ੍ਰਸ਼ਨ- ***ਨਾਨਕ ਮਨਮੁਖਿ ਨ ਬੂਝੈ ਗਵਾਰੁ॥ ੫੫॥ ਕਿਉ ਕਰਿ ਬੂਝੈ***

ਗੁਰੂ ਜੀ ਕਥਨ ਕਰਦੇ ਹਨ—ਇਹ ਮਨਮੁਖ ਗਵਾਰ ਬੁੱਝਦਾ ਨਹੀਂ, ਕਿਸ ਪ੍ਰਕਾਰ ਬੁੱਝਣਾ ਕਰੇ?

ਛੇਵਾਂ ਪ੍ਰਸ਼ਨ- ***ਕਿਉ ਪਾਵੈ ਪਾਰੁ॥***

ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਹੋਣਾ ਪਾਵੇ?

ਅੱਗੋਂ ਛਿਆਂ ਪ੍ਰਸ਼ਨਾਂ ਦੇ ਉੱਤਰ ਆਉਣਗੇ-

ਪਹਿਲਾ ਉੱਤਰ- ***ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥***

ਗੁਰ ਸ਼ਬਦ ਦੇ ਵਿਚਾਰਨ ਸੇ ਖੋਟੀ ਬੁੱਧੀ ਮਿਟਦੀ ਹੈ।

ਦੂਜਾ ਉੱਤਰ- ***ਸਤਿਗੁਰੁ ਭੇਟੈ ਮੋਖ ਦੁਆਰ॥***

ਸਤਿਗੁਰਾਂ ਦੇ ਮਿਲਣ ਤੇ ਮੋਖ ਦਾ ਦੁਆਰਾ ਗਿਆਨ ਪ੍ਰਾਪਤ ਹੁੰਦਾ ਹੈ, ਗਿਆਨ ਸੇ ਹੀ ਤਤ ਸਰੂਪ ਨੂੰ ਬੁੱਝਦਾ ਹੈ, ਜਿਸ ਕਰਕੇ ਜਮਾਂ ਦੀਆਂ ਚੋਟਾਂ ਨਹੀਂ ਖਾਂਦਾ।

(ਤੀਜੇ ਪ੍ਰਸ਼ਨ ਦੇ ਉੱਤਰ ਤੋਂ ਪਹਿਲਾਂ ਦੋ ਪੰਗਤੀਆਂ ਵਿੱਚ ਪ੍ਰਸ਼ਨ ਦਾ ਅਨੁਵਾਦ ਹੈ)

ਤਤੁ ਨ ਚੀਨੈ ਮਨਮੁਖੁ ਜਲਿ ਜਾਇ॥ ਦੁਰਮਤਿ ਵਿਛੁੜਿ ਚੋਟਾ ਖਾਇ॥

ਤੱਤ ਸਰੂਪ ਨੂੰ ਨਹੀਂ ਜਾਣਦਾ, ਇਸ ਤੇ ਮਨਮੁਖ ਸੜ ਬਲ ਜਾਂਦਾ ਹੈ।

ਇਹ ਦੁਰਮਤੀਆ ਗੁਰਾਂ ਤੋਂ ਵਿੱਛੁੜ ਕੇ ਜਮਾਂ ਦੀਆਂ ਚੋਟਾਂ ਖਾਂਦਾ ਹੈ।

ਤੀਜਾ ਉੱਤਰ- ***ਮਾਨੈ ਹੁਕਮੁ ਸਭੇ ਗੁਣ ਗਿਆਨ॥ ਨਾਨਕ ਦਰਗਹ ਪਾਵੈ ਮਾਨੁ॥ ੫੬॥***

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੇ ਹੁਕਮ ਨੂੰ ਮੰਨੇ ਤਾਂ ਗਿਆਨ ਆਦਿਕ ਸਾਰੇ ਸ਼ੁਭ ਗੁਣ ਪਰਾਪਤ ਹੁੰਦੇ ਹਨ ਤਾਂ ਹੀ ਪ੍ਰਭੂ ਦੀ ਦਰਗਾਹ ਵਿੱਚ ਮਾਨ=ਆਦਰ ਪਾਉਂਦਾ ਹੈ। ਇਸ ਵਜ੍ਹਾ ਸੇ ਜਮਾਂ ਦੇ ਦਰਵਾਜ਼ੇ ਬੱਧੇ ਹੋਏ ਜੀਵ ਦੀ ਰੱਖਿਆ ਹੁੰਦੀ ਹੈ।

*ਚੌਥਾ ਉੱਤਰ-****ਸਾਚੁ ਵਖਰੁ ਧਨੁ ਪਲੈ ਹੋਇ॥ ਆਪਿ ਤਰੈ ਤਾਰੇ ਭੀ ਸੋਇ॥***

ਜਿਸ ਦੇ ਬੁੱਧੀ ਰੂਪ ਪੱਲੇ ਵਿਖੇ ਧੰਨਤਾ ਜੋਗ ਸੱਚ ਨਾਮ ਰੂਪ ਸੌਦਾ ਹੁੰਦਾ ਹੈ, ਉਹ ਆਪ ਤਰਦਾ ਹੈ ਅਤੇ ਹੋਰਨਾਂ ਨੂੰ ਭੀ ਤਾਰਦਾ ਹੈ। ਇਸ ਵਜ੍ਹਾ ਨਾਲ ਇਸ ਲੋਕ ਵਿਚ ਪਤ ਆਬਰੋ ਤੇ ਪਰਲੋਕ ਵਿਚ ਉਗਾਹੀ ਹੁੰਦੀ ਹੈ।

ਪੰਜਵਾਂ ਉੱਤਰ- ***ਸਹਜਿ ਰਤਾ ਬੂਝੈ ਪਤਿ ਹੋਇ॥ ਤਾ ਕੀ ਕੀਮਤਿ ਕਰੈ ਨ ਕੋਇ॥***

ਗੁਰਾਂ ਤੋਂ ਬੂਝੈ=ਪੁੱਛ ਕੇ ਜੋ ਸਹਜਿ=ਸ਼ਾਂਤੀ ਗਿਆਨ ਆਦਿਕ ਗੁਣਾਂ ਵਿਚ ਰੱਤਾ ਹੈ, ਉਸ ਨੂੰ ਪਤੀ ਪਰਮਾਤਮਾ ਦੀ ਪਰਾਪਤੀ ਹੁੰਦੀ ਹੈ। ਪਰਮਾਤਮਾ ਦੀ ਪਰਾਪਤੀ ਹੋਣ ਕਰਕੇ ਉਸ ਦੀ ਕੀਮਤਿ=ਉਪਮਾ ਨੂੰ

www.sikhbookclub.com

ਕੋਈ ਕਰ ਨਹੀਂ ਸਕਦਾ। ਇਸ ਵਜ੍ਹਾ ਨਾਲ ਮਨਮੁਖ ਗਵਾਰ ਪਰਮਾਤਮਾ ਨੂੰ ਬੁੱਝਣਾ ਕਰਦਾ ਹੈ।

ਛੇਵਾਂ ਉੱਤਰ- ***ਜਹ ਦੇਖਾ ਤਹ ਰਹਿਆ ਸਮਾਇ॥ ਨਾਨਕ ਪਾਰਿ ਪਰੈ ਸਚ ਭਾਇ॥ ੫੭॥***

ਜਿੱਥੇ ਦੇਖਦੇ ਹਾਂ ਤਿੱਥੇ ਸੱਚਾ ਪ੍ਰਭੂ ਸਮਾਇ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ—ਉਸ ਸੱਚੇ ਪ੍ਰਭੂ ਵਿਚ ਭਾਇ=ਪ੍ਰੇਮ ਕਰੇ ਤਾਂ ਸੰਸਾਰ ਸਮੁੰਦਰ ਤੋਂ ਪਾਰ ਪੈਂਦਾ ਹੈ॥ ੫੭॥

(ਅੱਗੋਂ ਇੱਕ ਹੋਰ ਸਿੱਧ ਨੇ ਆ ਕੇ ਛੇ ਪ੍ਰਸ਼ਨ ਕੀਤੇ)

ਪ੍ਰਸ਼ਨ- ੧

ਸੁ ਸਬਦ ਕਾ ਕਹਾ ਵਾਸੁ ਕਥੀਅਲੇ

ਉਸ ਬ੍ਰਹਮ ਦਾ ਨਿਵਾਸ ਕਿਸ ਜਗ੍ਹਾ ਕਥਨ ਕੀਤਾ ਜਾਂਦਾ ਹੈ?

ਪ੍ਰਸ਼ਨ- ੨

ਜਿਤੁ ਤਰੀਐ ਭਵਜਲੁ ਸੰਸਾਰੋ॥

ਭਵਜਲੁ=ਜਨਮ ਮਰਨ ਰੂਪ ਜਲ ਕਰਕੇ ਪੂਰਤ ਜੋ ਸੰਸਾਰ ਸਮੁੰਦਰ ਹੈ, ਜਿਸ ਕਰਕੇ ਇਸ ਤੋਂ ਤਰੀਏ ਉਹ ਕੌਣ ਸਾ ਸਾਧਨ ਹੈ?

ਪ੍ਰਸ਼ਨ- ੩

ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ॥

ਸਤ ਤੇ ਤ੍ਰਿੰਨ=ਦਸ ਅੰਗੁਲੀ ਜੋ ਵਾਯੂ ਕਥਨ ਕੀਤੀ ਹੈ, ਨਾਭੀ ਤੋਂ ਉੱਠ ਕੇ ਮੂੰਹ ਤੱਕ ਆਉਂਦੀ ਹੈ, ਕਵ੍ਹੇ ਥਾਂ ਉਸ ਵਾਯੂ ਦਾ ਅਧਾਰੋ=ਆਸਰਾ ਕੌਣ ਹੈ?

ਪ੍ਰਸ਼ਨ- ੪

ਬੋਲੈ ਖੇਲੈ ਅਸਥਿਰੁ ਹੋਵੈ

ਬੋਲਣ ਖੇਲਣ ਵੱਲੋਂ ਕਿਵੇਂ ਇਸਥਿਤ ਹੋਵੇ?

ਪ੍ਰਸ਼ਨ- ੫

ਕਿਉ ਕਰਿ ਅਲਖੁ ਲਖਾਏ॥

ਅਲਖ ਪਰਮਾਤਮਾ ਨੂੰ ਕਿਸ ਵਜ੍ਹਾ ਨਾਲ ਜਾਨਣਾ ਕਰੇ?

ਪ੍ਰਸ਼ਨ- ੬

ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ॥

ਹੇ ਨਾਨਕ ਸੁਆਮੀ! ਤੂੰ ਸੁਣ ਮੈਂ ਸੱਚੀ ਗੱਲ ਪ੍ਰਣਵੈ=ਕਹਿੰਦਾ ਹਾਂ।

ਅਥਵਾ- ਗੁਰੂ ਸਾਹਿਬ ਜੀ ਪ੍ਰਣਵੈ=ਉਚਾਰਦੇ ਹਨ—ਹੇ ਪੁਰਖਾ! ਪੁਨਾ ਸਿੱਧ ਨੇ ਕਿਹਾ, ਹੇ ਸੁਆਮੀ! ਮੈਂ ਸੱਚੀ ਗੱਲ ਕਹਿੰਦਾ ਹਾਂ, ਆਪਣੇ ਮਨ ਨੂੰ ਕਿਵੇਂ ਸਮਝਾਵੇ?

ਅਗਲੀਆਂ ਦੋ ਪੰਗਤੀਆਂ ਵਿਚ ਸਮੁੱਚੇ ਉੱਤਰ ਹਨ।

www.sikhbookclub.com

ਅਥਵਾ- ਦੋ ਪੰਗਤੀਆਂ ਸਿਧਾਂਤ ਦੀਆਂ ਹਨ।

ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ॥

ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਵਿਚ ਲਿਵ ਲਗਾਵੇ ਤਾਂ ਨਦਰੀ=ਪਰਮਾਤਮਾ ਆਪਣੇ ਮੇਲ ਵਿਚ ਮਿਲਾਂਵਦਾ ਹੈ।

ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ॥ ੫੮॥

ਜੋ ਆਪ ਹੀ ਦਾਨਾ ਤੇ ਆਪ ਹੀ ਬੀਨਾ=ਚਤੁਰ ਹੈ, ਉਸ ਵਿਚ ਜੀਵ ਪੂਰੇ ਭਾਗਾਂ ਕਰਕੇ ਸਮਾਉਂਦਾ ਹੈ॥ ੫੮॥

ਅਗਲੀ ਪਉੜੀ ਵਿਚ ਛਿਆਂ ਪ੍ਰਸ਼ਨਾਂ ਦਾ ਗੁਰੂ ਜੀ ਉੱਤਰ ਦੇਂਦੇ ਹਨ-

ਉੱਤਰ- (੧)

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥

ਉਸ ਅਲਖ ਬ੍ਰਹਮ ਦਾ ਨਿਰੰਤਰਿ=ਇੱਕ ਰਸ ਸਾਰੇ ਨਿਵਾਸ ਹੈ, ਜਿੱਥੇ ਵੇਖਦੇ ਹਾਂ ਤਿੱਥੇ ਹੀ ਉਹ ਪਰੀਪੂਰਨ ਹੈ।

ਉੱਤਰ- (੩)

ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ॥

ਸੁੰਨ=ਅਫੁਰ ਪਰਮਾਤਮਾ ਰੂਪ ਜੋ ਨਿਵਾਸਾ=ਮੰਦਰ ਹੈ, ਉਸ ਵਿਚ ਪੌਣ ਦਾ ਵਾਸਾ ਹੈ, ਅਰਥਾਤ ਦਸ ਉਂਗਲ ਵਾਯੂ ਦਾ ਆਸਰਾ ਪਰਮਾਤਮਾ ਹੈ, ਉਹ ਪਰਮਾਤਮਾ ਕਲਪਣਾ ਤੋਂ ਰਹਿਤ ਹੈ ਅਤੇ ਸਾਰਿਆਂ ਦਾ ਧਰ=ਆਸਰਾ ਰੂਪ ਹੈ।

ਉੱਤਰ- (੪)

ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ॥

ਗੁਰੂ ਸਾਹਿਬ ਜੀ ਕਿਰਪਾ ਦ੍ਰਿਸ਼ਟੀ ਕਰਨ ਤਾਂ ਉਨ੍ਹਾਂ ਦਾ ਉਪਦੇਸ਼ ਜਗਿਆਸੂ ਦੇ ਘਟ=ਹਿਰਦੇ ਵਿਚ ਵਸਦਾ ਹੈ, ਉਪਦੇਸ਼ ਦੀ ਸ਼ਕਤੀ ਨਾਲ ਹਿਰਦੇ ਵਿਚੋਂ ਭਰਮ ਨੂੰ ਗਵਾਏ ਤਾਂ ਬੋਲਣੇ ਖੇਲਣੇ ਵੱਲੋਂ ਇਸਥਿਤ ਹੁੰਦਾ ਹੈ।

ਉੱਤਰ- (੫)

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੁ ਮੰਨਿ ਵਸਾਏ॥

ਮਨ ਵਿਚ ਪ੍ਰਭੂ ਦੇ ਨਾਮ ਨੂੰ ਵਸਾਵੇ ਤਾਂ ਤਨ,ਮਨ ਨਿਰਮਲ ਹੁੰਦਾ ਹੈ ਅਤੇ ਬਾਣੀ ਵੀ ਨਿਰਮਲ=ਸ਼ੁੱਧ ਹੁੰਦੀ ਹੈ, ਇਸ ਵਜ੍ਹਾ ਨਾਲ ਅਲਖ ਪ੍ਰਭੂ ਨੂੰ ਜਾਣਦਾ ਹੈ।

ਉੱਤਰ- (੨)

ਸਬਦਿ ਗੁਰੂ ਭਵ ਸਾਗਰੁ ਤਰੀਐ

ਗੁਰਾਂ ਦੇ ਉਪਦੇਸ਼ ਦੁਆਰਾ ਸੰਸਾਰ ਸਮੁੰਦਰ ਤੋਂ ਤਰੀਦਾ ਹੈ, ਗੁਰ ਸ਼ਬਦ ਹੀ ਤਰਨ ਦਾ ਅਸਲੀ

ਸਾਧਨ ਹੈ।

ਉੱਤਰ- (੬)

ਇਤ ਉਤ ਏਕੋ ਜਾਣੈ॥

ਇੱਧਰ ਉੱਧਰ ਲੋਕ ਪਰਲੋਕ ਵਿੱਚ ਇੱਕ ਨੂੰ ਸਮਾਇਆ ਜਾਣੇ, ਇਸ ਵਜ੍ਹਾ ਨਾਲ ਆਪਣੇ ਮਨ ਨੂੰ ਸਮਝਾਵੇ। ਅਗਲੀ ਪੰਗਤੀ ਸਿਧਾਂਤ ਦੀ ਹੈ-

ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ॥ ੫੯॥

ਜਿਸ ਦਾ ਨਾ ਕੋਈ ਚਿੰਨ ਹੈ, ਨਾ ਹੀ ਚਾਰੇ ਵਰਨਾਂ ਚੋਂ ਕੋਈ ਵਰਨ ਹੈ, ਨਾ ਛਾਇਆ=ਅਵਿੱਦਿਆ ਹੈ, ਨਾ ਹੀ ਮਾਇਆ ਹੈ, ਗੁਰੂ ਜੀ ਕਥਨ ਕਰਦੇ ਹਨ—ਉਸ ਬ੍ਰਹਮ ਨੂੰ ਗੁਰਾਂ ਦੇ ਉਪਦੇਸ਼ ਦੁਆਰਾ ਪਛਾਣੇ।

੫੮ ਤੇ ੫੯ ਇਨ੍ਹਾਂ ਦੋ ਪੌੜੀਆਂ ਦੇ ਅਰਥ ਹੇਠ ਲਿਖੇ ਢੰਗ ਨਾਲ ਭੀ ਲਗਾਂਦੇ ਹਨ—

ਪਹਿਲਾ ਪ੍ਰਸ਼ਨ- ***ਸੁ ਸਬਦ ਕਾ ਕਹਾ ਵਾਸੁ ਕਥੀਅਲੇ***

ਉਸ ਸਬਦ=ਬ੍ਰਹਮ ਦਾ ਨਿਵਾਸ ਕਿੱਥੇ ਕਹੀਦਾ ਹੈ?

ਦੂਜਾ ਪ੍ਰਸ਼ਨ- ***ਜਿਤੁ ਤਰੀਐ ਭਵਜਲੁ ਸੰਸਾਰੋ॥***

ਜਿਸ ਸ਼ਬਦ ਕਰਕੇ ਸੰਸਾਰ ਸਮੁੰਦਰ ਤੋਂ ਤਰੀਂਦਾ ਹੈ, ਉਹ ਸ਼ਬਦ ਕੇਹੜਾ ਹੈ?

ਤੀਜਾ ਪ੍ਰਸ਼ਨ- ***ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਣੁ ਅਧਾਰੋ॥***

ਤ੍ਰੈ ਸਤ=ਦਸ ਉਂਗਲ ਵਾਯੂ ਜੋ ਕਥਨ ਕੀਤੀ ਹੈ, ਕਵ੍ਹੇ ਉਸ ਦਾ ਆਸਰਾ ਕੌਣ ਹੈ?

ਚੌਥਾ ਪ੍ਰਸ਼ਨ- ***ਬੋਲੈ ਖੇਲੈ ਅਸਥਿਰੁ ਹੋਵੈ***

ਬੋਲਣ ਖੇਲਣ ਵੱਲੋਂ ਕਿਵੇਂ ਇਸਥਿਤ ਹੋਵੈ?

ਪੰਜਵਾਂ ਪ੍ਰਸ਼ਨ- ***ਕਿਉ ਕਰਿ ਅਲਖੁ ਲਖਾਏ॥***

ਅਲਖ ਪਰਮਾਤਮਾ ਨੂੰ ਕਿਸ ਤਰ੍ਹਾਂ ਜਾਨਣਾ ਕਰੇ?

ਛੇਵਾਂ ਪ੍ਰਸ਼ਨ- ***ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ॥***

ਗੁਰੂ ਜੀ ਕਥਨ ਕਰਦੇ ਹਨ—ਉਹ ਸਿੱਧ ਐਸੇ ਕਹਿੰਦਾ ਹੈ ਕਿ ਹੇ ਸੁਆਮੀ ਜੀ! ਸੁਣੋ ਆਪਣੇ ਮਨ ਨੂੰ ਕਿਵੇਂ ਸਮਝਾਵੇ?

ਸਤਵਾਂ ਪ੍ਰਸ਼ਨ- ***ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ॥***

ਗੁਰਾਂ ਦੁਆਰੇ ਸੱਚੇ ਬ੍ਰਹਮ ਵਿੱਚ ਕਿਵੇਂ ਲਗੇ, ਜੋ ਨਦਰੀ=ਪਰਮਾਤਮਾ ਆਪਣੇ ਮੇਲ ਵਿੱਚ ਮਿਲਾ ਲਵੇ?

ਪਹਿਲੇ ਪ੍ਰਕਰਣ ਅਨੁਸਾਰ ਛੇ ਪ੍ਰਸ਼ਨ ਬਣੇ ਸਨ।

ਇਸ ਦੂਜੇ ਢੰਗ ਅਨੁਸਾਰ ਸੱਤ ਪ੍ਰਸ਼ਨ ਬਣੇ ਹਨ।

ਇਸ ਤੋਂ ਅਗਲੀ ਇੱਕ ਪੰਗਤੀ ਸਿਧਾਂਤ ਦੀ ਹੈ-

ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ॥ ੫੮॥

ਜੋ ਆਪ ਹੀ ਦਾਨਾ ਤੇ ਆਪ ਹੀ ਬੀਨਾ=ਚਤੁਰ ਹੈ, ਉਸ ਵਿੱਚ ਜੀਵ ਪੂਰੇ ਭਾਗਾਂ ਕਰਕੇ ਸਮਾਉਂਦਾ ਹੈ॥ ੫੮॥

ਪਹਿਲਾ ਉੱਤਰ - **ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥**

ਉਸ ਅਲਖ ਬ੍ਰਹਮ ਦਾ ਇੱਕ ਰਸ ਸਾਰੇ ਨਿਵਾਸ ਹੈ, ਜਿੱਥੇ ਵੇਖਦੇ ਹਾਂ ਤਿੱਥੇ ਉਹ ਪੂਰਨ ਹੈ।

ਤੀਜਾ ਉੱਤਰ- **ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ॥**

ਸੁੰਨ=ਅਫੁਰ ਪਰਮਾਤਮਾ ਰੂਪ ਜੋ ਨਿਵਾਸਾ=ਮੰਦਰ ਹੈ, ਉਸ ਵਿੱਚ ਪੌਣ ਦਾ ਵਾਸਾ ਹੈ।

ਅਰਥਾਤ ਦਸ ਉਂਗਲ ਵਾਯੂ ਦਾ ਆਸਰਾ ਪਰਮਾਤਮਾ ਹੀ ਹੈ, ਪੁਨਾ ਉਹ ਪਰਮਾਤਮਾ

ਕਲ=ਕਲਪਣਾ ਤੋਂ ਰਹਿਤ ਹੈ ਤੇ ਸਾਰਿਆਂ ਦਾ ਧਰ=ਆਸਰਾ ਰੂਪ ਹੈ।

ਚੌਥਾ ਉੱਤਰ- **ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ॥**

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋ ਮੰਨਿ ਵਸਾਏ॥

ਗੁਰੂ ਸਾਹਿਬ ਜੀ ਕਿਰਪਾ ਦ੍ਰਿਸ਼ਟੀ ਕਰਨ ਤਾਂ ਉਨ੍ਹਾਂ ਦਾ ਉਪਦੇਸ਼ ਘਟ ਵਿੱਚ ਵਸਦਾ ਹੈ, ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਨੂੰ ਮੰਨ ਵਿੱਚ ਵਸਾਵੇ, ਤਾਂ ਤਨ ਮਨ ਨਿਰਮਲ ਹੁੰਦਾ ਹੈ ਅਤੇ ਬਾਣੀ ਵੀ ਨਿਰਮਲ ਹੁੰਦੀ ਹੈ, ਇਸ ਵਜ੍ਹਾ ਨਾਲ ਹਿਰਦੇ ਚੋਂ ਭਰਮ ਗਵਾਵੇ ਤਾਂ ਬੋਲਣ ਖੇਲਣ ਵੱਲੋਂ ਇਸਥਿਤ ਹੁੰਦਾ ਹੈ।

ਦੂਜਾ ਉੱਤਰ- **ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ॥**

ਗੁਰਾਂ ਦੇ ਉਪਦੇਸ਼ ਦੁਆਰਾ ਇਤ ਉਤ=ਲੋਕ ਪ੍ਰਲੋਕ ਵਿੱਚ ਇੱਕ ਪਰਮਾਤਮਾ ਨੂੰ ਜਾਣੇ ਤਾਂ ਹੀ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ।

ਅਗਲੀ ਤੁਕ ਸਿਧਾਂਤ ਦੀ ਹੈ-

ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ॥ ੫੯॥

ਜਿਸ ਦਾ ਨਾ ਕੋਈ ਚਿਹਨ ਹੈ, ਨਾ ਹੀ ਚਾਰੇ ਵਰਨਾਂ ਚੋਂ ਕੋਈ ਵਰਨ ਹੈ, ਨਾ ਛਾਇਆ=ਅਵਿੱਦਿਆ ਹੈ, ਨਾ ਹੀ ਮਾਇਆ ਹੈ, ਗੁਰੂ ਜੀ ਕਥਨ ਕਰਦੇ ਹਨ—ਉਸ ਸਬਦੁ=ਬ੍ਰਹਮ ਨੂੰ ਗੁਰਾਂ ਦੇ ਉਪਦੇਸ਼ ਦੁਆਰਾ ਪਛਾਣੇ॥ ੫੯॥

ਬਾਕੀ ਪੰਜਵੇਂ, ਛੇਵੇਂ,ਸੱਤਵੇਂ ਤਿੰਨ ਪ੍ਰਸ਼ਨਾਂ ਦੇ ਉੱਤਰ ਰਹਿੰਦੇ ਹਨ। ਜਿਸ ਵੇਲੇ ਗੁਰੂ ਜੀ ਪੰਜਵੇਂ ਪ੍ਰਸ਼ਨ ਦਾ ਉੱਤਰ ਦੇਣ ਲਗੇ, ਤਾਂ ਉੱਪਰੋਂ ਕਿਸੇ ਹੋਰ ਸਿੱਧ ਨੇ ਆਪ ਕੇ ਆਪਣਾ ਪ੍ਰਸ਼ਨ ਕਰ ਦਿੱਤਾ-

ਤ੍ਰੈ ਸਤ ਅੰਗੁਲ ਵਾਈ ਅਉਧੂ

ਹੇ ਅਉਧੂ=ਸ਼ੁੱਧ ਗੁਰ ਨਾਨਕ ! ਨਾਭੀ ਤੋਂ ਉੱਠ ਕੇ ਮੂੰਹ ਤੱਕ ਜੋ ਤ੍ਰੈ+ਸਤ=ਦਸ ਉਂਗਲ ਵਾਯੂ ਆਉਂਦੀ ਹੈ, ਉਸ ਦਾ ਆਸਰਾ ਕੌਣ ਹੈ? ਉੱਤਰ ਨਾਲ ਹੀ—

ਸੁੰਨ ਸਚੁ ਆਹਾਰੋ॥

ਗੁਰੂ ਜੀ ਆਖਦੇ ਹਨ—ਹੇ ਭਲੇ ਲੋਕ ਸਿੱਧ ! ਸੱਚਾ ਜੋ ਸੁੰਨ=ਅਫੁਰ ਬ੍ਰਹਮ ਹੈ, ਉਹੀ ਉਸ ਪੌਣ ਦਾ ਆਹਾਰੋ=ਆਸਰਾ ਰੂਪ ਹੈ।

ਪੰਜਵਾਂ ਉੱਤਰ-

ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ॥

ਗੁਰਾਂ ਦੁਆਰੇ ਪ੍ਰਭੂ ਦਾ ਨਾਮ ਬੋਲੈ=ਉਚਾਰੇ ਅਤੇ ਤਤੁ ਵਿਰੋਲੈ=ਸਿਧਾਂਤ ਰੂਪ ਵਸਤੂ ਦਾ ਵਿਚਾਰ ਕਰੇ, ਇਸ ਵਜ੍ਹਾ ਸੇ ਅਲਖ ਅਪਾਰ ਪ੍ਰਭੂ ਨੂੰ ਚੀਨੈ=ਜਾਨਣਾ ਕਰੇ।

ਛੇਵਾਂ ਉੱਤਰ-

ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ॥

ਆਪਣੇ ਅੰਦਰ ਗੁਰ ਸ਼ਬਦ ਨੂੰ ਵਸਾ ਕੇ ਰਜੋ, ਸਤੋ, ਤਮੋ ਰੂਪ ਤਿੰਨ ਗੁਣਾਂ ਨੂੰ ਮੇਟੇ ਤਾਂ ਮਨ ਵਿਚੋਂ ਹੰਕਾਰ ਦੂਰ ਹੁੰਦਾ ਹੈ, ਇਸ ਵਜ੍ਹਾ ਨਾਲ ਆਪਣੇ ਮਨ ਨੂੰ ਸਮਝਾਵੇ।

ਸਤਵਾਂ ਉੱਤਰ-

ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ॥

ਗੁਰ ਉਪਦੇਸ਼ ਦੁਆਰਾ ਜਾਂ ਹਰੀ ਨਾਮ ਸਿਮਰਨ ਵਿਚ ਪਿਆਰ ਲਗ ਜਾਵੇ ਤਾਂ ਸਰੀਰ ਦੇ ਅੰਦਰ ਬਾਹਰ ਤੇ ਬ੍ਰਹਿਮੰਡ ਦੇ ਅੰਦਰ ਬਾਹਰ ਇੱਕ ਨੂੰ ਜਾਣਦਾ ਹੈ। ਇਸ ਵਜ੍ਹਾ ਨਾਲ ਸੱਚੇ ਬ੍ਰਹਮ ਵਿਚ ਲਿਵ ਲਗਦੀ ਹੈ ਤੇ ਨਦਰੀ=ਪਰਮਾਤਮਾ ਆਪਣੇ ਮੇਲ ਨਾਲ ਮਿਲਾ ਲੈਂਦਾ ਹੈ। ਅਗਲੀਆਂ ਦੋਂ ਤੁਕਾਂ ਸਿਧਾਂਤ ਦੀਆਂ ਹਨ—

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ॥

ਸੁਖਮਨਾ ਦੁਆਰਾ ਪ੍ਰਾਣਾਂ ਦਾ ਠਹਿਰਾਣਾ, ਇੜਾ ਦੁਆਰੇ ਪ੍ਰਾਣਾਂ ਦਾ ਚਾੜ੍ਹਣਾ, ਪਿੰਗਲਾ ਦੁਆਰੇ ਪ੍ਰਾਣਾਂ ਦਾ ਉਤਾਰਨਾਂ ਜਾਂ ਇਸ ਪ੍ਰਕਿਰਿਆ ਨੂੰ ਬੁੱਝੇ ਤਾਂ ਆਪ ਹੀ ਅਲਖ ਪ੍ਰਭੂ ਦੇ ਲਖਣੇ ਵਿਚ ਆਉਂਦਾ ਹੈ।

ਅਥਵਾ:- ਸੁਖਮਨਾ ਚੋਂ ਸਰੁਸਤੀ, ਇੜਾ ਚੋਂ ਗੰਗਾ, ਪਿੰਗੁਲਾ ਚੋਂ ਜਮਨਾ ਜਾਂ ਵਿਧੀ ਸਹਤ ਇਨ੍ਹਾਂ ਨਦੀਆਂ ਵਿਚ ਇਸ਼ਨਾਨ ਕਰਨਾ ਬੁੱਝੇ ਤਾਂ ਆਪ ਹੀ ਅਲਖ ਪ੍ਰਭੂ ਦੇ ਲਖਣੇ ਵਿਚ ਆਉਂਦਾ ਹੈ।

ਅਥਵਾ:- ਸੁਖਮਨਾ ਚੋਂ ਸਰੁਸਤੀ, ਸਰੁਸਤੀ ਚੋਂ ਬ੍ਰਹਮ ਵਿੱਦਿਆ। ਇੜਾ ਚੋਂ ਗੰਗਾ, ਗੰਗਾ ਚੋਂ ਭਗਤੀ। ਪਿੰਗੁਲਾ ਚੋਂ ਜਮਨਾ. ਜਮਨਾ ਚੋਂ ਕਰਮ ਕਥਾ- ਜਾਂ ਇਨ੍ਹਾਂ ਤਿੰਨਾ ਨੂੰ ਬੁੱਝੇ ਤਾਂ ਆਪ ਹੀ ਅਲਖ ਪ੍ਰਭੂ ਦੇ ਲਖਣ ਵਿਚ ਆਉਂਦਾ ਹੈ।

ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ॥ ੬੦॥

ਗੁਰੂ ਜੀ ਕਥਨ ਕਰਦੇ ਹਨ—ਉਹ ਸੱਚਾ ਪ੍ਰਭੂ ਇੜਾ, ਪਿੰਗਲਾ, ਸੁਖਮਨਾ ਰੂਪ ਤਿੰਨਾਂ ਨਦੀਆਂ ਤੋਂ ਉੱਪਰ ਹੈ, ਸਤਿਗੁਰਾਂ ਦੇ ਉਪਦੇਸ਼ ਦੁਆਰਾ ਤਿਸ ਵਿਚ ਸਮਾਵਨਾ ਕਰੇ, ਵਾ ਅਵਾਂਤ੍ਰ ਪ੍ਰਸ਼ਨ ਉੱਤਰ-

ਪ੍ਰਸ਼ਨ- ਤਿੰਨਾਂ ਤੋਂ ਉੱਪਰ ਜੋ ਸੱਚਾ ਹੈ, ਉਸ ਵਿਚ ਕਿਵੇਂ ਸਮਾਵੇ?

ਉੱਤਰ- ਸਤਿਗੁਰਾਂ ਦੇ ਸਬਦ ਦੁਆਰਾ ਉਸ ਵਿਚ ਸਮਾਣਾ ਕਰੇ॥ ੬੦॥

ਇੱਕ ਹੋਰ ਸਿੱਧ ਨੇ ਆ ਕੇ ਕਿਹਾ-

ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ॥

ਮਨ ਦਾ ਜੀਉ=ਆਸਰਾ ਜੋ ਪੌਣ ਕਥਨ ਕੀਤੀ ਹੈ, ਉਹ ਪੌਣ ਕਿਸ ਰਸ ਨੂੰ ਖਾਂਦੀ ਹੈ, ਭਾਵ ਕਿਸ ਦੇ ਆਸਰੇ ਹੈ?

ਗੁਰੂ ਜੀ ਨੇ ਕਿਹਾ- ਹੇ ਸਿੱਧੋ ! ਤੁਹਾਨੂੰ ਕੀ ਹੋ ਗਿਆ ਹੈ ਵਾਰੰਵਾਰ ਓਹੀ ਪ੍ਰਸ਼ਨ ਕਰੀ ਜਾਂਦੇ ਹੋ ਇਸ

www.sikhbookclub.com

ਦਾ ਉੱਤਰ ਪਿਛਲੀ ਪੌੜੀ ਵਿਚ ਦੇ ਆਏ ਹਾਂ। *ਸੁੰਨ ਸਚੁ ਆਹਾਰੋ॥* ਸੱਚਾ ਜੋ ਅਫ਼ੁਰ ਬ੍ਰਹਮ ਹੈ, ਓਹੀ ਇਸ ਪੌਣ ਦਾ ਆਹਾਰੋ=ਆਸਰਾ ਰੂਪ ਹੈ। ਪੁਨਾ ਸਿੱਧ ਨੇ ਕਿਹਾ-

ਗਿਆਨ ਕੀ ਮੁਦ੍ਰਾ ਕਵਨ ਅਉਧੂ

ਹੇ ਅਉਧੂ=ਸ਼ੁੱਧ ਗੁਰ ਨਾਨਕ! ਗਿਆਨ ਦੀ ਮੰਦ੍ਰਾ=ਨਿਸ਼ਾਨੀ ਕੇਹੜੀ ਹੈ?

ਗੁਰੂ ਜੀ ਨੇ ਕਿਹਾ, ਇਸ ਦਾ ਉੱਤਰ ਵੀ ਪਿੱਛੇ ਤੇਈਂਵੀ ਪੌੜੀ ਵਿਚ ਦੇ ਆਏ ਹਾਂ,

ਅਕਲਪ ਮੁੰਦ੍ਰਾ ਗੁਰ ਗਿਆਨੁ ਬੀਚਾਰੀਅਲੇ॥

ਸੰਸਾਰਕ ਕਲਪਣਾ ਤੋਂ ਰਹਿਤ ਹੋਣਾ, ਏਹੋ ਗਿਆਨ ਦੀ ਨਿਸ਼ਾਨੀ ਵਿਚਾਰਨਾ ਕਰੋ। ਫਿਰ ਸਿੱਧ ਨੇ ਕਿਹਾ-

ਸਿਧ ਕੀ ਕਵਨ ਕਮਾਈ॥

ਸਿਧ=ਸੰਤਾਂ ਦੀ ਅਸਲ ਕਮਾਈ ਕੇਹੜੀ ਹੈ?

ਵਾ:- ਸਿਧ=ਮੁਕਤੀ ਦੀ ਅਸਲ ਕਮਾਈ ਕੇਹੜੀ ਹੈ?

ਇਸ ਦਾ ਉੱਤਰ ਗੁਰੂ ਜੀ ਦੋ ਤੁਕਾਂ ਵਿਚ ਦੇਂਦੇ ਹਨ-

[ਪੰਨਾ ੯੪੫]

ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ॥

ਹੇ ਅਉਧੂ=ਜੋਗੀ! ਗੁਰ ਸ਼ਬਦ ਤੋਂ ਬਿਨਾਂ ਆਤਮ ਰਸ ਨਹੀਂ ਆਉਂਦਾ, ਅਤੇ ਹੰਗਤਾ, ਮਮਤਾ ਰੂਪ ਪਦਾਰਥਾਂ ਦੀ ਪਿਆਸ ਨਹੀਂ ਜਾਂਦੀ। ਇਕ ਤੁੱਕ ਵਿਚ ਇਤਨਾ ਅਨੁਵਾਦ ਕਰਕੇ ਹੁਣ ਸਿੱਧ ਦੀ ਕਵਨ ਕਮਾਈ ਦਾ ਉੱਤਰ ਦੇਂਦੇ ਹਨ-

ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ॥

ਜੋ ਗੁਰ ਸ਼ਬਦ ਵਿਚ ਰਤੇ=ਤਦਾਕਾਰ ਹੋਏ ਹਨ, ਉਨ੍ਹਾਂ ਨੇ ਨਾਮ ਅੰਮ੍ਰਿਤ ਰਸ ਪਾਇਆ ਹੈ ਅਤੇ ਉਹ ਸੱਚੇ ਆਤਮ ਰਸ ਨੂੰ ਪਾ ਕੇ ਅਘਾਈ=ਰੱਜ ਰਹੇ ਹਨ। ਏਹੋ ਸੰਤਾਂ ਦੀ ਅਸਲ ਕਮਾਈ ਹੈ ਤੇ ਮੋਖ ਦੀ ਕਮਾਈ ਭੀ ਏਹੋ ਹੈ। ਇੱਕ ਹੋਰ ਸਿੱਧ ਨੇ ਆ ਕੇ ਦੋ ਪ੍ਰਸ਼ਨ ਕੀਤੇ-

ਪ੍ਰਸ਼ਨ- ੧

ਕਵਨ ਬੁਧਿ ਜਿਤੁ ਅਸਥਿਰੁ ਰਹੀਐ

ਉਹ ਕੇਹੜੀ ਬੁੱਧੀ ਹੈ, ਜਿਸ ਕਰਕੇ ਅਚੱਲ ਹੋ ਰਹੀਏ?

ਪ੍ਰਸ਼ਨ- ੨

ਕਿਤੁ ਭੋਜਨਿ ਤ੍ਰਿਪਤਾਸੈ॥

ਅਤੇ ਕਿਸ ਭੋਜਨ ਨੂੰ ਖਾ ਕੇ ਤ੍ਰਿਪਤ ਹੋਈਦਾ ਹੈ?

ਉੱਤਰ- (੧)

ਨਾਨਕ ਦੁਖੁ ਸੁਖੁ ਸਮ ਕਰਿ ਜਾਪੈ

ਗੁਰੂ ਜੀ ਕਥਨ ਕਰਦੇ ਹਨ—ਦੁਖ, ਸੁਖ ਨੂੰ ਸਮ ਕਰਿ+ਜਾਪੈ=ਇੱਕੋ ਜੇਹਾ ਕਰਕੇ ਜਾਣੀਏ, ਇਸ ਬੁੱਧੀ ਕਰਕੇ ਅਚਲ ਹੋ ਰਹੀਏ।

ਉੱਤਰ- (੨)

ਸਤਿਗੁਰ ਤੇ ਕਾਲੁ ਨ ਗ੍ਰਾਸੈ ॥ ੬੧ ॥

ਸਤਿਗੁਰਾਂ ਦੇ ਉਪਦੇਸ਼ ਰੂਪ ਭੋਜਨ ਕਰਕੇ ਵਾ ਸਤਿਗੁਰਾਂ ਦੇ ਉਪਦੇਸ਼ ਸੇ ਗਿਆਨ ਰੂਪ ਭੋਜਨ ਕਰਕੇ ਤ੍ਰਿਪਤ ਹੋਈਦਾ ਹੈ। ਗਿਆਨ ਰੂਪ ਭੋਜਨ ਖਾਣ ਨਾਲ ਇਸ ਨੂੰ ਕਾਲ ਨਹੀਂ ਖਾਂਦਾ॥ ੬੧ ॥

ਇੱਕ ਹੋਰ ਸਿੱਧ ਨੇ ਆ ਕੇ ਪੰਜ ਪ੍ਰਸ਼ਨ ਕੀਤੇ-

ਪ੍ਰਸ਼ਨ- ੧

ਰੰਗਿ ਨ ਰਾਤਾ ਰਸਿ ਨਹੀ ਮਾਤਾ ॥

ਰੰਗਿ=ਪ੍ਰੇਮ ਵਿੱਚ ਤਦਾਕਾਰ ਨਹੀਂ ਹੁੰਦਾ, ਇਸ ਕਰਕੇ ਆਤਮ ਰਸ ਵਿੱਚ ਮਸਤ ਨਹੀਂ ਹੁੰਦਾ, ਪ੍ਰੇਮ ਵਿੱਚ ਕੈਸੇ ਰੱਤੇ ਜਿਸ 'ਤੇ ਆਤਮ ਰਸ ਵਿੱਚ ਮਸਤ ਹੋਵੇ?

ਪ੍ਰਸ਼ਨ- ੨

ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥

ਗੁਰ ਸ਼ਬਦ ਤੋਂ ਬਿਨਾਂ ਸੜ ਬਲ ਕੇ ਤਾਤਾ=ਦੁੱਖੀ ਹੋ ਰਿਹਾ ਹੈ, ਠੰਢਾ ਕਿਵੇਂ ਹੋਵੇ?

ਪ੍ਰਸ਼ਨ- ੩

ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥

ਬਿੰਦੁ=ਬੀਰਜ ਨੂੰ ਨਹੀਂ ਰੋਕ ਰੱਖਦਾ, ਇਸ 'ਤੇ ਬ੍ਰਹਮ ਨੂੰ ਨਹੀਂ ਉਚਾਰਦਾ, ਬਿੰਦ ਨੂੰ ਕਿਵੇਂ ਰੱਖੇ, ਜਿਸ 'ਤੇ ਸਬਦੁ=ਬ੍ਰਹਮ ਨੂੰ ਭਾਖਿਆ=ਉਚਾਰੇ?

ਪ੍ਰਸ਼ਨ- ੪

ਪਵਨੁ ਨ ਸਾਧਿਆ

ਪ੍ਰਾਣਾਂ ਨੂੰ ਨਹੀਂ ਸਾਧਦਾ, ਕਿਵੇਂ ਸਾਧੇ?

ਪ੍ਰਸ਼ਨ- ੫

ਸਚੁ ਨ ਅਰਾਧਿਆ ॥

ਸੱਚ ਨੂੰ ਨਹੀਂ ਅਰਾਧਦਾ, ਕਿਵੇਂ ਅਰਾਧੇ? ਅਗਲੀਆਂ ਦੋ ਤੁਕਾਂ ਵਿੱਚ ਸਮੁੱਚੇ ਉੱਤਰ ਹਨ, ਵਾ ਦੋਵੇਂ ਤੁਕਾਂ ਸਿਧਾਂਤ ਦੀਆਂ ਹਨ—

ਅਕਥ ਕਥਾ ਲੇ ਸਮ ਕਰਿ ਰਹੈ ॥

ਅਕਥ ਪ੍ਰਭੂ ਦੀ ਕਥਾ ਲੈ ਕੇ ਸਮਦ੍ਰਿਸ਼ਟੀ ਸੁਭਾਅ ਵਿਚ ਰਹਿਣਾ ਕਰੇ।

ਤਉ ਨਾਨਕ ਆਤਮ ਰਾਮ ਕਉ ਲਹੈ ॥ ੬੨ ॥

ਗੁਰੂ ਜੀ ਕਥਨ ਕਰਦੇ ਹਨ—ਤਾਂ ਫਿਰ ਆਤਮ=ਆਪਣੇ ਆਪ ਨੂੰ ਰਾਮ ਸਰੂਪ ਕਰਕੇ ਲਹੈ=ਲਖਦਾ

www.sikhbookclub.com

ਹੈ॥ ੬੨ ॥ ਅਗਲੀ ਪਉੜੀ ਵਿਚ ਗੁਰੂ ਜੀ ਪੰਜਾਂ ਪ੍ਰਸ਼ਨਾਂ ਦੇ ਉੱਤਰ ਦੇਂਦੇ ਹਨ:-

ਉੱਤਰ- (੧)

ਗੁਰ ਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥

ਗੁਰਾਂ ਦੀ ਕਿਰਪਾ ਹੋਵੇ ਤਾਂ ਰੰਗੇ ਰਾਤਾ=ਪ੍ਰੇਮ ਵਿਚ ਤਦਾਕਾਰ ਹੁੰਦਾ ਹੈ। ਪ੍ਰੇਮ ਦੁਆਰਾ ਨਾਮ ਅੰਮ੍ਰਿਤ ਪੀਤਾ ਤਾਂ ਸੱਚੇ ਆਤਮ ਰਸ ਵਿਚ ਮਸਤ ਹੁੰਦਾ ਹੈ।

ਉੱਤਰ- (੨)

ਗੁਰ ਵੀਚਾਰੀ ਅਗਨਿ ਨਿਵਾਰੀ ॥

ਵਿਚਾਰਵਾਨ ਗੁਰਾਂ ਦੁਆਰੇ ਸੱਤ, ਅਸੱਤ ਵਸਤੂ ਨੂੰ ਵਿਚਾਰ ਕੇ ਜਦ ਤ੍ਰਿਸ਼ਨਾ ਅਗਨ ਨਿਵਿਰਤ ਕੀਤੀ ਤਾਂ ਮਨ ਠੰਢਾ ਹੁੰਦਾ ਹੈ।

ਉੱਤਰ- (੩)

ਅਪਿਉ ਪੀਓ ਆਤਮ ਸੁਖੁ ਧਾਰੀ ॥

ਜਦ ਨਾਮ ਅੰਮ੍ਰਿਤ ਨੂੰ ਪੀ ਕੇ ਬਿੰਦ ਕੋ ਰੱਖਿਆ ਤਾਂ ਆਤਮ ਸੁਖ ਧਾਰਿਆ ਤਾਂ ਹੀ ਬ੍ਰਹਮ ਨੂੰ ਭਾਖਿਆ=ਉਚਾਰਿਆ।

ਉੱਤਰ- (੪)

ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥

ਤਰੁ=ਅਤਸੇ ਕਰਕੇ ਗੁਰ+ਮੁਖਿ=ਗੁਰਾਂ ਦੀ ਤਾਰੀ=ਸਿੱਖਿਆ ਲੈ ਕੇ ਜਦ ਸੱਚ ਨੂੰ ਅਰਾਧਿਆ ਤਾਂਹੀ ਪਵਨ=ਪ੍ਰਾਣਾਂ ਨੂੰ ਸਾਧਨਾ ਕੀਤਾ।

ਉੱਤਰ- (੫)

ਨਾਨਕ ਬੂਝੈ ਕੋ ਵੀਚਾਰੀ ॥ ੬੩ ॥

ਗੁਰੂ ਜੀ ਕਥਨ ਕਰਦੇ ਹਨ—ਜੇਹੜਾ ਕੋਈ ਵੀਚਾਰੀ ਗੁਰਾਂ ਤੋਂ ਪੁੱਛਦਾ ਹੈ, ਓਹੀ ਸੱਚ ਨੂੰ ਅਰਾਧਦਾ ਹੈ॥ ੬੩ ॥

ਪੰਜਾਂ ਪ੍ਰਸ਼ਨਾਂ ਦੇ ਪੰਜੇ ਉੱਤਰ ਆ ਚੁੱਕੇ ਹਨ।

ਇਨ੍ਹਾਂ ਦੋ ਪਉੜੀਆਂ ਦੇ ਅਰਥ ਹੇਠ ਲਿਖੇ ਢੰਗ ਨਾਲ ਭੀ ਲਗਾਂਦੇ ਹਨ। ਇਸ ਢੰਗ ਅਨੁਸਾਰ ਸੱਤ ਪ੍ਰਸ਼ਨ ਬਨਣਗੇ-

ਪਹਿਲਾ ਪ੍ਰਸ਼ਨ- ***ਰੰਗਿ ਨ ਰਾਤਾ***

ਪ੍ਰੇਮ ਵਿਚ ਤਦਾਕਾਰ ਨਹੀਂ ਹੁੰਦਾ, ਕਿਵੇਂ ਹੋਵੇ?

ਦੂਜਾ ਪ੍ਰਸ਼ਨ- ***ਰਸਿ ਨਹੀ ਮਾਤਾ ॥***

ਆਤਮ ਰਸ ਵਿਚ ਮਸਤ ਨਹੀਂ ਹੁੰਦਾ, ਕਿਵੇਂ ਹੋਵੇ?

ਤੀਜਾ ਪ੍ਰਸ਼ਨ- ***ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥***

ਗੁਰ ਸ਼ਬਦ ਤੋਂ ਬਿਨਾਂ ਸੜ ਬਲ ਕੇ ਦੁੱਖੀ ਹੋ ਰਿਹਾ ਹੈ, ਸੜਨੇ ਬਲਣੇ ਤੋਂ ਰਹਿਤ, ਕਿਵੇਂ ਹੋਵੇ?

ਚੌਥਾ ਪ੍ਰਸ਼ਨ- **ਬਿੰਦੁ ਨ ਰਾਖਿਆ**

ਬੀਰਜ ਨੂੰ ਨਹੀਂ ਰੱਖਦਾ, ਕਿਵੇਂ ਸੰਭਾਲ ਕੇ ਰੱਖੇ?

ਪੰਜਵਾਂ ਪ੍ਰਸ਼ਨ- **ਸਬਦੁ ਨ ਭਾਖਿਆ॥**

ਸਬਦੁ=ਬ੍ਰਹਮ ਨੂੰ ਕਥਨ ਨਹੀਂ ਕਰਦਾ, ਕਿਵੇਂ ਕਥਨ ਕਰੇ?

ਛੇਵਾਂ ਪ੍ਰਸ਼ਨ- **ਪਵਨੁ ਨ ਸਾਧਿਆ**

ਪ੍ਰਾਣਾਂ ਨੂੰ ਨਹੀਂ ਸਾਧਦਾ, ਕਿਵੇਂ ਸਾਧੇ?

ਸੱਤਵਾਂ ਪ੍ਰਸ਼ਨ- **ਸਚੁ ਨ ਅਰਾਧਿਆ॥**

ਸੱਚ ਨੂੰ ਨਹੀਂ ਅਰਾਧਦਾ ਕਿਵੇਂ ਅਰਾਧੇ?

ਅਗਲੀਆਂ ਦੋ ਤੁਕਾਂ ਸਿਧਾਂਤ ਦੀਆਂ ਹਨ—

ਅਕਥ ਕਥਾ ਲੇ ਸਮ ਕਰਿ ਰਹੈ॥

ਅਕਥ ਪ੍ਰਭੂ ਦੀ ਕਥਾ ਲੈ ਕੇ ਸਮ ਦ੍ਰਿਸ਼ਟੀ ਸੁਭਾਅ ਵਿੱਚ ਰਹਿਣਾ ਕਰੇ।

ਤਉ ਨਾਨਕ ਆਤਮ ਰਾਮ ਕਉ ਲਹੈ॥ ੬੨ ॥

ਗੁਰੂ ਜੀ ਕਥਨ ਕਰਦੇ ਹਨ—ਤਾਂ ਫਿਰ ਆਤਮ ਰਾਮ=ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ॥ ੬੨ ॥

ਅਗਲੀ ਪਉੜੀ ਵਿੱਚ ਗੁਰੂ ਸਾਹਿਬ ਜੀ ਉੱਤਰ ਦੇਂਦੇ ਹਨ-

ਪਹਿਲਾ ਉੱਤਰ- **ਗੁਰ ਪਰਸਾਦੀ ਰੰਗੇ ਰਾਤਾ॥**

ਗੁਰਾਂ ਦੀ ਕਿਰਪਾ ਹੋਵੇ ਤਾਂ ਹੀ ਰੰਗੇ ਰਾਤਾ=ਪ੍ਰੇਮ ਵਿੱਚ ਤਦਾਕਾਰ ਹੁੰਦਾ ਹੈ।

ਦੂਜਾ ਉੱਤਰ- **ਅੰਮ੍ਰਿਤੁ ਪੀਆ ਸਾਚੇ ਮਾਤਾ॥**

ਨਾਮ ਅੰਮ੍ਰਿਤ ਨੂੰ ਪੀਵੇ ਤਾਂ ਸੱਚੇ ਆਤਮ ਰਸ ਵਿੱਚ ਮਾਤਾ=ਮਸਤ ਹੁੰਦਾ ਹੈ।

ਤੀਜਾ ਉੱਤਰ- **ਗੁਰ ਵੀਚਾਰੀ ਅਗਨਿ ਨਿਵਾਰੀ॥**

ਵਿਚਾਰਵਾਨ ਗੁਰਾਂ ਦੀ ਸਿੱਖਿਆ ਵਿਚਾਰ ਕੇ ਜਦ ਤ੍ਰਿਸ਼ਨਾ ਅਗਨ ਨਿਵਿਰਤ ਕੀਤੀ ਤਾਂ ਇਸ ਪ੍ਰਕਾਰ ਦੇ ਸਾਧਨ ਕਰਨ ਨਾਲ ਸੜਣੇ ਬਲਣੇ ਤੋਂ ਰਹਿਤ ਹੁੰਦਾ ਹੈ।

ਚੌਥਾ ਉੱਤਰ- **ਅਪਿਉ ਪੀਓ ਆਤਮ ਸੁਖੁ ਧਾਰੀ॥**

ਨਾਮ ਅੰਮ੍ਰਿਤ ਨੂੰ ਪੀ ਕੇ ਆਤਮ ਸੁਖ ਧਾਰਿਆ, ਤਾਂ ਹੀ ਜਤਿੰਦ੍ਰੇ ਹੋ ਕੇ ਬਿੰਦ=ਬੀਰਜ ਨੂੰ ਸੰਭਾਲ ਰੱਖਿਆ।

ਪੰਜਵਾਂ ਉੱਤਰ- **ਸਚੁ ਅਰਾਧਿਆ**

ਸੱਚ ਨਾਮ ਨੂੰ ਅਰਾਧਿਆ ਤਾਂ ਹੀ ਬ੍ਰਹਮ ਨੂੰ ਭਾਖਿਆ=ਉਚਾਰਿਆ।

ਛੇਵਾਂ ਉੱਤਰ- **ਗੁਰਮੁਖਿ ਤਰੁ ਤਾਰੀ॥**

ਮੁਖੀ ਗੁਰਾਂ ਦੀ ਤਾਰੀ=ਸਿੱਖਿਆ ਲੈ ਕੇ ਤਰੁ=ਅਤਸੇ ਕਰਕੇ ਪ੍ਰਾਣਾਂ ਨੂੰ ਸਾਧੇ।

ਸੱਤਵਾਂ ਉੱਤਰ- **ਨਾਨਕ ਬੂਝੈ ਕੋ ਵੀਚਾਰੀ॥ ੬੩ ॥**

www.sikhbookclub.com

ਗੁਰੂ ਜੀ ਕਥਨ ਕਰਦੇ ਹਨ—ਜੇਹੜਾ ਕੋਈ ਵੀਚਾਰੀ ਗੁਰਾਂ ਤੋਂ ਪੁੱਛਦਾ ਹੈ, ਓਹੀ ਸੱਚ ਨੂੰ ਅਰਾਧਦਾ ਹੈ॥ ੬੩॥

ਇਥੋਂ ਤੱਕ ਸੱਤਾਂ ਪ੍ਰਸ਼ਨਾਂ ਦੇ ਸੱਤ ਉੱਤਰ ਆ ਚੁੱਕੇ ਹਨ।

ਅਗੋਂ ਇੱਕ ਹੋਰ ਨਵੇਂ ਸਿੱਧ ਨੇ ਆ ਕੇ ਸੱਤ ਪ੍ਰਸ਼ਨ ਕੀਤੇ-

ਪ੍ਰਸ਼ਨ- ੧

ਇਹੁ ਮਨੁ ਮੈਗਲੁ ਕਹਾ ਬਸੀਅਲੇ

ਇਹ ਮਨ ਰੂਪ ਮੈਗਲੁ=ਹਾਥੀ ਕਿੱਥੇ ਵਸਦਾ ਹੈ?

ਪ੍ਰਸ਼ਨ- ੨

ਕਹਾ ਬਸੈ ਇਹੁ ਪਵਨਾ॥

ਇਹ ਪੌਣ ਕਿੱਥੇ ਵਸਦੀ ਹੈ?

ਪ੍ਰਸ਼ਨ- ੩

ਕਹਾ ਬਸੈ ਸੁ ਸਬਦੁ ਅਉਧੂ

ਹੇ ਅਉਧੂ=ਸ਼ੁੱਧ ਗੁਰ ਨਾਨਕ ! ਉਹ ਸਬਦੁ=ਬ੍ਰਹਮ ਕਿੱਥੇ ਵਸਦਾ ਹੈ?

ਪ੍ਰਸ਼ਨ- ੪

ਤਾ ਕਉ ਚੂਕੈ ਮਨ ਕਾ ਭਵਨਾ॥

ਜਿਸ 'ਤੇ ਮਨ ਦਾ ਭਵਨਾ= ਫਿਰਨਾ ਦੂਰ ਹੋ ਜਾਵੇ, ਤਿਸ ਦਾ ਉੱਤਰ ਦਿਓ?

ਚੌਥੇ ਪ੍ਰਸ਼ਨ ਦਾ ਉੱਤਰ ਗੁਰੂ ਸਾਹਿਬ ਜੀ ਨਾਲ ਹੀ ਦੇਂਦੇ ਹਨ-

ਉੱਤਰ- (੪)

ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ॥

ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰੇ ਤਾਂ ਸਤਿਗੁਰਾਂ ਨਾਲ ਮੇਲਦਾ ਹੈ, ਗੁਰ ਸੇਵਾ ਦੁਆਰੇ ਆਪਾ ਭਾਅ ਹੰਕਾਰ ਨੂੰ ਆਪ ਖਾ ਕੇ ਧਾਵਤੁ=ਦੌੜਦੇ ਮਨ ਨੂੰ ਵਰਜਿ ਰਹਾਏ=ਰੋਕ ਰੱਖੇ ਤਾਂ ਨਿਰਮਲ ਹੁੰਦਾ ਹੈ ਜਾਂ ਨਿਰਮਲ ਹੋਇਆਂ ਤਾਂਹੀ ਇਹ ਮਨ ਅਪੁਣੇ ਸਰੂਪ ਘਰ ਵਿੱਚ ਵਾਸਾ ਪਾਂਵਦਾ ਹੈ, ਇਸ ਤਰੀਕੇ ਨਾਲ ਇਸ ਦਾ ਭੌਣਾ ਮਿਟ ਜਾਂਦਾ ਹੈ।

ਪ੍ਰਸ਼ਨ- ੫

ਕਿਉ ਮੂਲੁ ਪਛਾਣੈ

ਅਪੁਣੇ ਮੂਲ ਰੂਪ ਪ੍ਰਮਾਤਮਾ ਨੂੰ, ਕਿਵੇਂ ਪਛਾਣੇ?

ਪ੍ਰਸ਼ਨ- ੬

ਆਤਮੁ ਜਾਣੈ

ਆਪਣੇ ਆਤਮਾ ਨੂੰ, ਕਿਵੇਂ ਜਾਣੇ?

ਪ੍ਰਸ਼ਨ- ੭

ਕਿਉ ਸਸਿ ਘਰਿ ਸੂਰੁ ਸਮਾਵੈ॥

ਸਤੋ ਗੁਣ ਵਸ਼ਿਸ਼ਟ ਅੰਤਹ ਕਰਨ ਰੂਪੀ ਘਰ ਵਿਚ ਗਿਆਨ ਰੂਪ ਸੂਰਜ, ਕਿਵੇਂ ਸਮਾਵੇ?

ਸੱਤਵੇਂ ਪ੍ਰਸ਼ਨ ਦਾ ਉੱਤਰ ਗੁਰੂ ਸਾਹਿਬ ਜੀ ਨਾਲ ਹੀ ਦੇਂਦੇ ਹਨ—

ਉੱਤਰ- (੭)

ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ॥ ੬੪॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖਿ- ਗੁਰਾਂ ਦੁਆਰੇ ਹਿਰਦੇ ਵਿਚੋਂ ਹੰਗਤਾ, ਮਮਤਾ ਨੂੰ ਨਾਸ ਕਰੇ ਤਾਂ ਸਤੋ ਗੁਣ ਵਸ਼ਿਸ਼ਟ ਅੰਤਹ ਕਰਨ ਰੂਪੀ ਘਰ ਵਿਚ ਸਹਜਿ=ਗਿਆਨ ਸਮਾਂਵਦਾ ਹੈ॥ ੬੪॥

ਅਗਲੀ ਪਉੜੀ ਵਿਚ ਗੁਰੂ ਜੀ ਉੱਤਰ ਦੇਦੇ ਹਨ।

ਉੱਤਰ- (੧)

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ

ਇਹ ਮਨ ਨਿਹਚਲੁ=ਨਿਸਚੇ ਕਰਕੇ ਹਿਰਦੇ ਵਿਚ ਵਸ ਰਿਹਾ ਹੈ।

ਉੱਤਰ- (੫)

ਗੁਰਮੁਖਿ ਮੂਲੁ ਪਛਾਣਿ ਰਹੈ॥

ਗੁਰ+ਮੁਖਿ=ਗੁਰਾਂ ਦੁਆਰੇ ਅਪੁਣੇ ਮੂਲੁ ਰੂਪ ਪ੍ਰਮਾਤਮਾ ਨੂੰ ਪਛਾਣ ਰਵ੍ਹੇ।

ਉੱਤਰ- (੨)

ਨਾਭਿ ਪਵਨੁ ਘਰਿ ਆਸਣਿ ਬੈਸੈ

ਨਾਭੀ ਘਰ ਵਿਚ ਪੌਣ ਆਸਣ ਲਗਾ ਕੇ ਬੈਠੀ ਹੋਈ ਹੈ।

ਉੱਤਰ- (੬)

ਗੁਰਮੁਖਿ ਖੋਜਤ ਤਤੁ ਲਹੈ॥

ਗੁਰ+ਮੁਖਿ=ਗੁਰਾਂ ਦੁਆਰੇ ਖੋਜੇ ਕਿ ਨਾ ਮੈਂ ਅਨਮਯ ਕੋਸ਼ ਹਾਂ, ਨਾ ਮੈਂ ਪ੍ਰਾਣ ਮਯ ਕੋਸ਼ ਹਾਂ, ਨਾ ਮੈ ਮਨੋਮਯ ਕੋਸ਼ ਹਾਂ, ਨਾ ਮੈਂ ਬਿਗਯਾਨ ਮਯ ਕੋਸ਼ ਹਾਂ, ਨਾ ਮੈਂ ਅਨੰਦ ਮਯ ਕੋਸ਼ ਹਾਂ, ਤਾਂ ਹੀ ਤਤੁ=ਸਿਧਾਂਤ ਰੂਪ ਪਰਮਾਤਮਾ ਨੂੰ ਲਖ ਕੇ ਆਤਮਾ ਨੂੰ ਜਾਣਦਾ ਹੈ।

ਉੱਤਰ- (੩)

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥

ਉਹ ਸਬਦੁ=ਬ੍ਰਹਮ ਨਿਰੰਤਰਿ=ਇੱਕ ਰਸ ਸੰਸਾਰ ਰੂਪ ਨਿਜ ਘਰ ਵਿਚ ਆਛੈ=ਹੈ ਅਤੇ ਤਿੰਨੇ ਭਵਣ ਉਸ ਜੋਤੀ ਬ੍ਰਹਮ ਵਿਚ ਲਖੇ ਜਾਂਦੇ ਹਨ।

ਇੱਥੋਂ ਤੱਕ ਸੱਤਾਂ ਪ੍ਰਸ਼ਨਾਂ ਦੇ ਸੱਤੇ ਉੱਤਰ ਆ ਚੁੱਕੇ ਹਨ- ਅਗਲੀਆਂ ਤਿੰਨ ਤੁਕਾਂ ਸਿਧਾਂਤ ਦੀਆਂ ਹਨ—

www.sikhbookclub.com

ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ॥

ਸੱਚੇ ਨਾਮ ਦੀ ਦੁੱਖ ਭੁੱਖ ਨੂੰ ਖਾਵੈ=ਧਾਰਨਾ ਕਰੇ,

ਵਾ:- ਸੱਚ ਦੀ ਭੁੱਖ ਰੱਖ ਕੇ ਦੁੱਖਾਂ ਨੂੰ ਖਾਵੈ=ਅਭਾਵ ਕਰੇ ਅਤੇ ਸੱਚੇ ਨਾਮ ਕਰਕੇ ਹੀ ਤ੍ਰਿਪਤ ਹੋ ਰਹਿਣਾ ਕਰੇ।

ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੇ ਕੋ ਅਰਥਾਵੈ॥

ਅਨਹਦ=ਇੱਕ ਰਸ ਨਾਮ ਬਾਣੀ ਚਿੰਤਨ ਕਰਨੀ ਗੁਰਮੁਖਾਂ ਨੇ ਜਾਣੀ ਹੈ, ਕੋਈ ਵਿਰਲਾ ਗੁਰਮੁਖ ਹੀ ਇਸ ਅਰਥ=ਸਿਧਾਂਤ ਨੂੰ ਲਿਆਂਵਦਾ ਹੈ।

ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ॥ ੬੫॥

ਗੁਰੂ ਜੀ ਕਥਨ ਕਰਦੇ ਹਨ—ਜੋ ਗੁਰਮੁਖ ਸੱਚ ਨਾਮ ਨੂੰ ਸੁਭਾਖੈ=ਕਥਨ ਕਰਦਾ ਹੋਇਆ, ਸਚਿ ਰਪੈ=ਸੱਚੇ ਪ੍ਰੇਮ ਵਿਚ ਰੰਗਿਆ ਗਿਆ ਹੈ,

ਉਸ ਨੂੰ ਜੋ ਰੰਗੁ=ਅਨੰਦ ਪ੍ਰਾਪਤ ਹੋਇਆ ਹੈ, ਉਹ ਕਦੇ ਨਿਵਿਰਤ ਨਹੀਂ ਹੁੰਦਾ॥ ੬੫॥

ਅੱਗੋਂ ਇੱਕ ਹੋਰ ਸਿੱਧ ਨੇ ਆ ਕੇ ਛੇ ਪ੍ਰਸ਼ਨ ਕੀਤੇ-

ਪ੍ਰਸ਼ਨ- ੧

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੇ ਰਹਤਾ॥

ਜਦ ਇਹ ਹਿਰਦਾ ਤੇ ਦੇਹ ਨਹੀਂ ਹੁੰਦੀ ਸੀ, ਤਦ ਇਹ ਮਨ ਕਿੱਥੇ ਰਹਿੰਦਾ ਸੀ?

ਪ੍ਰਸ਼ਨ- ੨

ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ॥

ਜਦ ਪੌਣ ਦਾ ਅਸਥੰਭੁ=ਆਸਰਾ ਨਾਭੀ ਨਹੀਂ ਸੀ, ਤਦ ਪੌਣ ਕਿਸ ਘਰ ਦੇ ਸਹਿਤ ਸੀ, ਅਰਥਾਤ ਪੌਣ ਨੂੰ ਕਿਸ ਦਾ ਆਸਰਾ ਸੀ।

ਪ੍ਰਸ਼ਨ- ੩

ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ॥

ਜਦ ਰੂਪ ਨਹੀਂ ਹੁੰਦਾ ਸੀ ਤੇ ਰੇਖ ਭੀ ਕੋਈ ਨਹੀਂ ਸੀ,

ਤਦ ਬ੍ਰਹਮ ਨੇ ਕਿੱਥੇ ਲਿਵ ਲਗਾਈ ਹੋਈ ਸੀ?

ਪ੍ਰਸ਼ਨ- ੪

ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ॥

ਜਦ ਰਕਤ ਬਿੰਦ ਦੀ ਬਣੀ ਹੋਈ ਮੜੀ=ਦੇਹ ਨਹੀਂ ਹੁੰਦੀ, ਤਦ ਉਸ ਸਮੇਂ ਮਰਯਾਦਾ ਦੀ ਕੀਮਤ ਨਹੀਂ ਪਾਈ ਜਾਂਦੀ ਸੀ, ਇਹ ਦੱਸੋ ਮਰਯਾਦਾ ਨੂੰ ਕੌਣ ਪਾਂਵਦਾ ਸੀ?

ਪ੍ਰਸ਼ਨ- ੫

ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ॥

www.sikhbookclub.com

ਚਾਰ ਵਰਨ ਤੇ ਭੇਖ ਅਤੇ ਰੂਪ ਆਦਿਕ ਜੋ ਕੁਝ ਭੀ ਅਸ=ਹੈ, ਇਹ ਜਿਸ ਵੇਲੇ ਨਹੀਂ ਜਾਪਦੇ ਸਨ, ਤਿਸ ਵੇਲੇ ਸੱਚਾ ਕਿਸ ਤਰ੍ਹਾਂ ਜਾਪਸਿ=ਜਾਣਿਆ ਜਾਂਦਾ ਸੀ।

ਪ੍ਰਸ਼ਨ- ੬

ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥ ੬੬ ॥

ਹੇ ਬੈਰਾਗੀ ਨਾਨਕ ! ਇਬ=ਇਸ ਲੋਕ ਵਿਚ ਜੋ ਸੱਚਾ ਪ੍ਰਭੂ ਹੈ, ਤਬ=ਪ੍ਰਲੋਕ ਵਿਚ ਜੋ ਸੱਚਾ ਪ੍ਰਭੂ ਹੈ ਵੈਰਾਗੀ ਹੋ ਕੇ ਉਸ ਨਾਮੀ ਦੇ ਨਾਮ ਵਿਖੇ ਜੋ ਰੱਤੇ ਹੈਂ ਉਨ੍ਹਾਂ ਨੂੰ ਕੀ ਫਲ ਮਿਲਦਾ ਹੈ?

ਇੱਥੋਂ ਤੱਕ ਛੇ ਪ੍ਰਸ਼ਨ ਆ ਚੁੱਕੇ ਹਨ। ਅੱਗੋਂ ਗੁਰੂ ਜੀ ਉੱਤਰ ਦੇਂਦੇ ਹਨ-

ਉੱਤਰ- (੧)

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥

ਹੇ ਅਉਧੂ=ਜੋਗੀ ! ਜਦ ਹਿਰਦਾ ਤੇ ਦੇਹ ਨਹੀਂ ਹੁੰਦੀ ਸੀ, ਤਦ ਵੈਰਾਗੀ ਮਨ ਪ੍ਰੇਮੀ ਹੋਇਆ ੨ ਸੁੰਨਿ=ਅਫੁਰ ਬ੍ਰਹਮ ਵਿਚ ਰਹਿੰਦਾ ਸੀ।

ਉੱਤਰ- (੨)

ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥

ਪੌਣ ਦਾ ਅਸਥੰਭੁ=ਆਸਰਾ ਜੋ ਨਾਭੀ ਕਵਲ ਹੈ, ਉਹ ਜਿਸ ਵਲੇ ਨਹੀਂ ਹੋਸੀ, ਤਾਂ ਪੌਣ ਅਨਰਾਗੀ=ਪ੍ਰੇਮਣ ਹੋਈ ਹੋਈ ਅਧਿਸ਼ਠਾਨ ਰੂਪ ਅਪੁਣੇ ਘਰ ਵਿਚ ਵਸਦੀ ਸੀ।

ਉੱਤਰ- (੩)

ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥

ਜਿਸ ਵੇਲੇ ਕੋਈ ਰੂਪ ਰੇਖ ਨਹੀ ਸੀ ਅਤੇ ਜਾਤੀ ਭੀ ਨਹੀਂ ਹੁੰਦੀ ਸੀ, ਤਿਸ ਵੇਲੇ ਅਕੁਲੀਣਿ=ਕੁਲਾਂ ਤੋਂ ਰਹਿਤ ਜੋ ਸਾਰੁ ਸਬਦੁ=ਸ੍ਰੇਸ਼ਟ ਬ੍ਰਹਮ ਹੈ, ਉਹ ਅਪੁਣੀ ਮਹਿਮਾ ਵਿਚ ਆਪ ਇਸਥਿਤ ਰਹਿੰਦਾ ਸੀ।

ਉੱਤਰ- (੪)

ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥

ਰਕਤ ਬਿੰਦ ਦੀ ਮੜੀ ਦੇਹ ਤਾਂ ਕਿਧਰੇ ਰਹੀ, ਜਦ ਗਉਨੁ=ਪ੍ਰਿਥਵੀ ਤੇ ਗਗਨੁ=ਅਕਾਸ਼ ਨਹੀਂ ਸਨ, ਤ੍ਰਿਭਵਣ=ਤੀਜਾ ਭਵਣ ਪਤਾਲ ਭੀ ਨਹੀਂ ਸੀ, ਤਬਹਿ=ਤਿਸ ਵੇਲੇ ਉਸ ਨਿਰੰਕਾਰ ਜੋਤੀ ਆਪ ਹੀ ਸੀ, ਉਸ ਵੇਲੇ ਦੀ ਮਰਯਾਦਾ ਨੂੰ ਆਪ ਹੀ ਜਾਣਦਾ ਸੀ।

[ਪੰਨਾ ੯੪੬]

ਉੱਤਰ- (੫)

ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥

ਚਾਰ ਵਰਨ ਤੇ ਭੇਖ ਅਤੇ ਰੂਪ ਆਦਿਕ ਜੋ ਕੁਝ ਭੀ ਅਸ=ਹੈ, ਇਹ ਜਿਸ ਵੇਲੇ ਨਹੀਂ ਜਾਪਦੇ ਸਨ, ਤਿਸ

www.sikhbookclub.com

ਵੇਲੇ ਇੱਕੋ ਇੱਕ ਸਬਦੁ=ਬ੍ਰਹਮ, ਵਿਡਾਣੀ=ਅਸਚਰਜ ਰੂਪ ਸੀ, ਓਸੇ ਅਸਚਰਜਤਾ ਦੁਆਰੇ ਉਹ ਸੱਚਾ ਜਾਣਿਆਂ ਜਾਂਦਾ ਸੀ।

ਉੱਤਰ - (੬)

ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ॥ ੬੭॥

ਗੁਰੂ ਜੀ ਕਥਨ ਕਰਦੇ ਹਨ—ਹੇ ਸਿੱਧੋ! ਜੋ ਪ੍ਰਭੂ ਲੋਕ ਪ੍ਰਲੋਕ ਵਿਚ ਸੱਚਾ ਹੈ, ਉਸ ਦੀ ਕਹਾਣੀ ਅਕਥ ਹੈ, ਉਸ ਦੇ ਸੱਚ ਨਾਮੇ ਜਪੇ ਤੋਂ ਬਿਨਾਂ ਕੋਈ ਸੂਚਾ=ਪਵਿੱਤ੍ਰ ਨਹੀਂ ਹੁੰਦਾ।

ਅਰਥਾਤ, ਉਸ ਦੇ ਨਾਮ ਵਿਚ ਤਦਾਕਾਰ ਹੋਣ ਦਾ ਏਹੋ ਫਲ ਹੈ, ਜੋ ਅੰਤਹ ਕਰਨ ਪਵਿੱਤ੍ਰ ਹੋ ਜਾਂਦਾ ਹੈ।

ਇੱਥੋਂ ਤੱਕ ਛੇ ਪ੍ਰਸ਼ਨਾਂ ਦੇ ਛੇ ਉੱਤਰ ਆ ਚੁੱਕੇ ਹਨ।

ਅੱਗੋਂ ਇੱਕ ਹੋਰ ਸਿੱਧ ਨੇ ਆ ਕੇ ਦੋ ਪ੍ਰਸ਼ਨ ਕੀਤੇ-

ਪ੍ਰਸ਼ਨ- ੧

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ

ਹੇ ਪੁਰਖਾ ! ਕਿਸ ਕਿਸ ਬਿਧੀ ਕਰਕੇ ਜਗਤ ਉਪਜਦਾ=ਪੈਦਾ ਹੁੰਦਾ ਹੈ? ਅਤੇ

ਪ੍ਰਸ਼ਨ- ੨

ਕਿਤੁ ਕਿਤੁ ਦੁਖਿ ਬਿਨਸਿ ਜਾਈ॥

ਕਿਸ ਕਿਸ ਦੁੱਖ ਕਰਕੇ ਨਾਸ ਹੋ ਜਾਂਦਾ ਹੈ?

ਅੱਗੋਂ ਗੁਰੂ ਜੀ ਉੱਤਰ ਦੇਂਦੇ ਹਨ-

ਉੱਤਰ- (੧)

ਹਉਮੈ ਵਿਚਿ ਜਗੁ ਉਪਜੈ ਪੁਰਖਾ

ਹੇ ਪੁਰਖਾ ! ਹੰਗਤਾ ਵਿਚ ਹੀ ਸਾਰਾ ਜਗਤ ਉਪਜਦਾ ਹੈ।

ਯਥਾ:- ਹਉ ਵਿਚਿ ਆਇਆ ਹਉ ਵਿਚਿ ਗਇਆ
ਹਉ ਵਿਚਿ ਜੰਮਿਆ ਹਉ ਵਿਚਿ ਮੁਆ॥

ਉੱਤਰ- (੨)

ਨਾਮਿ ਵਿਸਰਿਐ ਦੁਖੁ ਪਾਈ॥

ਨਾਮੀ ਦੇ ਨਾਮ ਦੇ ਵਿਸਰ ਜਾਣ ਕਰਕੇ ਦੁੱਖ ਪਾਉਂਦਾ ਹੈ।

ਇਸ ਤੋਂ ਅੱਗੇ ਸਿੱਧਾਂ ਨੇ ਕੋਈ ਪ੍ਰਸ਼ਨ ਨਹੀਂ ਕੀਤਾ-

ਹੁਣ ਗੁਰੂ ਸਾਹਿਬ ਜੀ ਅਪੁਣੀ ਤਰਫੋਂ ਸਿੱਧਾਂ ਨੂੰ ਸਿਧਾਂਤ ਰੂਪ ਬਚਨਾਂ ਦਾ ਉਪਦੇਸ਼ ਦੇਂਦੇ ਹਨ—

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ

ਜੋ ਗੁਰਮੁਖ ! ਮੁਖੀ ਗੁਰਾਂ ਦੇ ਸਨਮੁਖ ਖੜ੍ਹਾ ਹੁੰਦਾ ਹੈ, ਉਹ ਤੱਤ ਗਿਆਨ ਦਾ ਵਿਚਾਰ ਕਰਦਾ ਹੈ। ਅਤੇ-

ਹਉਮੈ ਸਬਦਿ ਜਲਾਏ ॥

ਗੁਰਾਂ ਦੇ ਉਪਦੇਸ਼ ਦੁਆਰਾ ਹੰਗਤਾ, ਮਮਤਾ ਨੂੰ ਜਲਾਏ=ਸਾੜਦਾ ਹੈ।

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥

ਨਿਰਮਲ ਗੁਰਾਂ ਦੀ ਉਪਦੇਸ਼ ਬਾਣੀ ਦੁਆਰਾ ਜਿਨ੍ਹਾਂ ਦਾ ਤਨ, ਮਨ ਨਿਰਮਲ ਹੋਇਆ ਹੈ, ਉਹ ਸੱਚੇ ਪ੍ਰਭੂ ਵਿਚ ਸਮਾਏ ਰਹਿੰਦੇ ਹਨ।

ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥

ਜੋ ਬੈਰਾਗੀ=ਪ੍ਰੇਮੀ ਹੋ ਕੇ ਨਾਮ ਦੇ ਨਾਮ ਵਿਚ ਟਿਕੇ ਰਹਿੰਦੇ ਹਨ, ਉਨ੍ਹਾਂ ਨੇ ਸੱਚ ਨੂੰ ਆਪਣੇ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥ ੬੮ ॥

ਗੁਰੂ ਜੀ ਕਥਨ ਕਰਦੇ ਹਨ—ਹੇ ਸਿੱਧੋ! ਆਪਣੇ ਹਿਰਦੇ ਵਿਚ ਵਿਚਾਰ ਕੇ ਦੇਖ ਲਿਓ, ਨਾਮ ਸਿਮਰਨ ਤੋਂ ਬਿਨਾਂ ਪਰਮਾਤਮਾ ਨਾਲ ਜੋਗੁ=ਜੁੜਨਾ ਕਦੇ ਨਹੀਂ ਹੁੰਦਾ॥ ੬੮ ॥

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥
ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥

ਗੁਰਾਂ ਦੁਆਰੇ ਕੋਈ ਵਿਰਲਾ ਗੁਰਮੁਖ ਸੱਚੇ ਸ਼ਬਦ ਨੂੰ ਵਿਚਾਰਦਾ ਹੈ।

ਗੁਰਾਂ ਦੁਆਰੇ ਗੁਰਮੁਖਾਂ ਨੂੰ ਸੱਚੀ ਨਾਮ ਬਾਣੀ ਪਰਗਟ ਹੁੰਦੀ ਹੈ।

ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥

ਗੁਰਾਂ ਦੁਆਰੇ ਗੁਰਮੁਖਾਂ ਦਾ ਮਨ ਪ੍ਰੇਮ ਵਿਚ ਭਿੱਜਾ ਰਹਿੰਦਾ ਹੈ, ਇਸ ਭੇਦ ਨੂੰ ਕੋਈ ਵਿਰਲਾ ਸਮਝਦਾ ਹੈ।

ਗੁਰਮੁਖਿ ਨਿਜ ਘਰਿ ਵਾਸਾ ਹੋਇ ॥

ਗੁਰਾਂ ਦੁਆਰੇ ਗੁਰਮੁਖਾਂ ਦਾ ਸਰੂਪ ਰੂਪੀ ਨਿਜ ਘਰ ਵਿਚ ਨਿਵਾਸ ਹੋਇਆ ਹੈ।

ਗੁਰਮੁਖਿ ਜੋਗੀ ਜੁਗਤਿ ਪਛਾਣੈ ॥

ਗੁਰਮੁਖ ਅਸਲ ਜੋਗੀ ਹੈ, ਜੋ ਪੂਰਬੋਕਤ ਜੁਗਤੀ ਨੂੰ, ਵਾ ਪਰਮੇਸ਼ਰ ਵਿਚ ਜੁੜਨਾ ਪਛਾਣਦਾ ਹੈ।

ਗੁਰਮੁਖਿ ਨਾਨਕ ਏਕੋ ਜਾਣੈ ॥ ੬੯ ॥

ਗੁਰੂ ਜੀ ਕਥਨ ਕਰਦੇ ਹਨ—ਹੇ ਸਿੱਧੋ ! ਗੁਰਾਂ ਦੁਆਰੇ ਗੁਰਮੁਖ ਇੱਕ ਪਰਮਾਤਮਾ ਨੂੰ ਜਾਣਦੇ ਹਨ॥ ੬੯ ॥

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥

www.sikhbookclub.com

ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਅਸਲ ਜੋਗ, ਵਾ ਪਰਮੇਸ਼ਰ ਵਿਚ ਜੁੜਨਾ ਨਹੀਂ ਹੁੰਦਾ।

ਸਤਿਗੁਰਾਂ ਨੂੰ ਭੇਟੇ=ਮਿਲੇ ਤੋਂ ਬਿਨਾਂ ਕੋਈ ਮੁਕਤ ਨਹੀਂ ਹੁੰਦਾ।

ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ॥

ਸਤਿਗੁਰਾਂ ਨੂੰ ਭੇਟੇ=ਮਿਲੇ ਤੋਂ ਬਿਨਾਂ ਪ੍ਰਭੂ ਦਾ ਨਾਮ ਨਹੀਂ ਪਾਇਆ ਜਾਂਦਾ।

ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ॥

ਸਤਿਗੁਰਾਂ ਨੂੰ ਭੇਟੇ=ਮਿਲੇ ਤੋਂ ਬਿਨਾਂ ਮਹਾ=ਬੜਾ ਦੁੱਖ ਪਾਉਂਦਾ ਹੈ।

ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ॥

ਸਤਿਗੁਰਾਂ ਨੂੰ ਭੇਟੇ=ਮਿਲੇ ਤੋਂ ਬਿਨਾਂ ਜੀਵ ਬੜੇ ਗਰਬਿ=ਹੰਕਾਰ ਤੇ ਗੁਬਾਰਿ=ਅਗਿਆਨ ਰੂਪ ਅੰਨ੍ਹੇਰੇ ਵਿੱਚ ਰਹਿੰਦਾ ਹੈ।

ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ॥ ੭੦॥

ਗੁਰੂ ਜੀ ਕਥਨ ਕਰਦੇ ਹਨ— ਗੁਰਾਂ ਤੋਂ ਬਿਨਾਂ ਜੀਵ ਆਪਣੇ ਮਨੁੱਖਾ ਜਨਮ ਨੂੰ ਹਾਰ ਕੇ ਨਿਸਫਲ ਮਰ ਜਾਂਦਾ ਹੈ॥ ੭੦॥

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ॥

ਗੁਰਮੁਖਾਂ ਨੇ ਗੁਰਾਂ ਦੁਆਰੇ ਹੰਉਮੈ ਨੂੰ ਮਾਰ ਕੇ ਮਨ ਨੂੰ ਜਿੱਤ ਲਿਆ ਹੈ। ਗੁਰਮੁਖਾਂ ਨੇ ਗੁਰਾਂ ਦੁਆਰੇ ਸੱਚ ਨਾਮ ਨੂੰ ਹਿਰਦੇ ਵਿੱਚ ਧਾਰਨ ਕਰ ਰੱਖਿਆ ਹੈ।

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥

ਗੁਰਮੁਖਾਂ ਨੇ ਗੁਰਾਂ ਦੁਆਰੇ ਜਗਤ ਨੂੰ ਜਿੱਤ ਲਿਆ ਹੈ ਅਤੇ ਬਿਦਾਰਿ=ਹੁਸ਼ਿਆਰ ਹੋ ਕੇ ਜਮਕਾਲ ਨੂੰ ਮਾਰ ਦਿੱਤਾ ਹੈ।

ਗੁਰਮੁਖਿ ਦਰਗਹ ਨ ਆਵੈ ਹਾਰਿ॥

ਗੁਰਮੁਖਾਂ ਨੂੰ ਦਰਗਾਹ ਵਿੱਚ ਹਾਰ ਨਹੀਂ ਆਉਂਦੀ।

ਗੁਰਮੁਖਿ ਮੇਲਿ ਮਿਲਾਏ ਸੁ ਜਾਣੈ॥
ਨਾਨਕ ਗੁਰਮੁਖਿ ਸਬਦਿ ਪਛਾਣੈ॥ ੭੧॥

ਗੁਰਮੁਖ ਮੁਖੀ ਗੁਰਾਂ ਦੇ ਮੇਲ ਨਾਲ ਆਪਣੇ ਆਪ ਨੂੰ ਮਿਲਾ ਕੇ ਉਸ ਪ੍ਰਮੇਸ਼ਰ ਨੂੰ ਜਾਣਦੇ ਹਨ। ਗੁਰੂ ਜੀ ਕਥਨ ਕਰਦੇ ਹਨ—ਗੁਰਮੁਖ ਜਨ ਗੁਰਾਂ ਦੁਆਰੇ ਸਬਦਿ=ਬ੍ਰਹਮ ਨੂੰ ਪਛਾਣਦੇ ਹਨ॥ ੭੧॥

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥

ਹੇ ਅਉਧੂ=ਜੋਗੀ! ਜੋ ਸ਼ਬਦ ਤੁਸਾਂ ਨੇ ਕਹੇ ਹਨ ਅਤੇ ਜੋ ਸ਼ਬਦ ਅਸਾਂ ਨੇਂ ਕਹੇ ਹਨ, ਉਨ੍ਹਾਂ ਸਾਰਿਆਂ ਸਬਦੈ=ਪ੍ਰਸ਼ਨਾਂ, ਉੱਤਰਾਂ ਦਾ ਨਿਬੇੜਾ ਸਿਧਾਂਤ ਤੂੰ ਸੁਣਨਾ ਕਰ। ਨਾਮ ਸਿਮਰਨ ਤੋਂ ਬਿਨਾਂ ਪਰਮੇਸ਼ਰ ਵਿੱਚ

ਜੋਗੁ=ਜੁੜਨਾ ਨਹੀਂ ਹੁੰਦਾ।

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥

ਜੋ ਨਾਮ ਸਿਮਰਨ ਵਿੱਚ ਰੱਤੇ ਹਨ, ਉਹ ਰਾਤ ਦਿਨ ਮਾਤੇ=ਮਸਤ ਰਹਿੰਦੇ ਹਨ, ਨਾਮ ਜਪਣ ਕਰਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥

ਨਾਮ ਜਪਣ ਕਰਕੇ ਹੀ ਸਾਰੇ ਸ਼ੁਭ ਗੁਣ ਪ੍ਰਗਟ ਹੁੰਦੇ ਹਨ, ਨਾਮ ਜਪਣ ਕਰਕੇ ਹੀ ਬ੍ਰਹਮ ਰੂਪਤਾ ਦੀ ਸਾਰੀ ਗਿਆਤ ਪਾਈਦੀ ਹੈ।

ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ॥

ਜੋ ਪੁਰਸ਼ ! ਨਾਮ ਜਪਣ ਤੋਂ ਬਿਨਾਂ ਬਹੁਤੇ ਭੇਖ ਧਾਰਨ ਕਰਦੇ ਹਨ, ਉਨ੍ਹਾਂ ਨੇ ਸੱਚੇ ਵੱਲੋਂ ਅਪੁਣੀ ਬੁੱਧੀ ਖੁਆਈ=ਭੁਲਾਈ ਹੈ, ਵਾ:- ਉਨ੍ਹਾਂ ਦੀ ਬੁੱਧੀ ਸੱਚੇ ਨੇ ਅਪੁਣੇ ਵੱਲੋਂ ਭੁਲਾ ਦਿੱਤੀ ਹੈ।

ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ॥

ਹੇ ਅਉਧੂ=ਜੋਗੀ ! ਸਤਿਗੁਰਾਂ ਪਾਸੋਂ ਪ੍ਰਭੂ ਦਾ ਨਾਮ ਪਾਈਏ ਤਾਂਹੀ ਜੋਗ ਹੀ ਜੁਗਤੀ ਪ੍ਰਾਪਤ ਹੁੰਦੀ ਹੈ।

ਅਥਵਾ:- ਤਾਂ ਹੀ ਅਸਲ ਭਗਤੀ ਜੋਗ ਵਿੱਚ ਜੁੜਨਾ ਹੁੰਦਾ ਹੈ।

ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ॥ ੭੨॥

ਗੁਰੂ ਜੀ ਕਥਨ ਕਰਦੇ ਹਨ—ਹੇ ਸਿੱਧੋ! ਮਨ ਵਿੱਚ ਵਿਚਾਰ ਕਰਕੇ ਦੇਖੋ, ਨਾਮ ਤੋਂ ਬਿਨਾਂ ਮੁਕਤ ਨਹੀਂ ਹੋਈਦਾ॥ ੭੨॥ ਇਹ ਗੱਲ ਸੁਣ ਕੇ ਸਿੱਧਾਂ ਨੇ ਕਿਹਾ- ਹੇ ਗੁਰੂ ਨਾਨਕ ਦੇਵ ਜੀ !

ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ॥

ਤੇਰੀ ਗਤਿ ਦੀ ਮਿਤਿ=ਜੋ ਮਰਯਾਦਾ ਹੈ, ਉਸ ਨੂੰ ਤੂੰ ਆਪ ਹੀ ਜਾਣਦਾ ਹੈਂ, ਅਸਾਡੇ ਵਿੱਚੋਂ ਕੋਈ ਕੀਹ ਆਖ ਕੇ ਕਥਨ ਕਰੇ।

ਗੁਰੂ ਸਾਹਿਬ ਜੀ ਆਖਦੇ ਹਨ— ਹੇ ਸਿੱਧੋ ! ਤੁਸੀਂ ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀਆਂ ਕਰੋ- ਕਿ

ਹੇ ਪ੍ਰਭੂ ! ਤੇਰੀ ਗਤਿ ਦੀ ਮਿਤਿ ਜੋ=ਮਰਯਾਦਾ ਤੂੰ ਹੈਂ ਉਸ ਨੂੰ ਆਪ ਹੀ ਜਾਣਦਾ ਹੈਂ, ਤੈਥੋਂ ਬਿਨਾਂ ਕੋਈ ਕੀਹ ਆਖ ਕੇ ਕਥਨ ਕਰ ਸਕਦਾ ਹੈ।

ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ॥

ਤੂੰ ਆਪ ਹੀ ਗੁਪਤਾ=ਨਿਰਗੁਣ ਬ੍ਰਹਮ ਹੈਂ, ਤੂੰ ਆਪ ਹੀ ਪਰਗਟੁ=ਸ੍ਰਗੁਣ ਸਰੂਪ ਹੈਂ, ਤੂੰ ਆਪ ਹੀ ਸਾਰਿਆਂ ਰੰਗ=ਅਨੰਦਾਂ ਨੂੰ ਮਾਣੈ=ਭੋਗਦਾ ਹੈਂ।

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ॥

ਸਾਧਿਕ=ਸਾਧਨਾਂ ਕਰਨ ਵਾਲੇ ਜਗਿਆਸੂ, ਰਿੱਧੀਆਂ ਸਿੱਧੀਆਂ ਵਾਲੇ ਸਿੱਧ, ਗੁਰੂ ਅਤੇ ਚੇਲੇ ਇਤਿਆਦਿਕ ਬਹੁਤ ਸਾਰੇ ਆਪ ਜੀ ਦੇ ਫੁਰਮਾਣੈ=ਹੁਕਮ ਨੂੰ ਢੂੰਡਦੇ ਫਿਰਦੇ ਹਨ।

ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ॥

ਮੈਂ ਆਪ ਜੀ ਪਾਸੋਂ ਨਾਮ ਦਾਨ ਮੰਗਦਾ ਹਾਂ, ਮੇਰੀ ਝੋਲੀ ਵਿੱਚ ਇਹ ਨਾਮ ਰੂਪ ਭਿੱਖਿਆ ਪਾਵਣਾ ਕਰੋ, ਮੈਂ ਆਪ ਜੀ ਦੇ ਦਰਸ਼ਨ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ।

ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ॥

ਹੇ ਅਬਿਨਾਸੀ ਪ੍ਰਭੂ ! ਸਾਰੀ ਦੁਨੀਆਂ ਦਾ ਖੇਲ ਤੂੰ ਆਪ ਹੀ ਬਣਾਇਆ ਹੈ, ਇਸ ਗੱਲ ਦੀ ਸੋਝੀ=ਗਿਆਤ ਗੁਰਮੁਖਾਂ ਨੂੰ ਹੋਈ ਹੈ।

ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ॥ ੭੩ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ! ਸਾਰਿਆਂ ਜੁਗਾਂ ਵਿੱਚ ਤੂੰ ਆਪ ਹੀ ਵਰਤ ਰਿਹਾ ਹੈਂ, ਤੇਰੇ ਜੇਹਾ ਦੂਜਾ ਹੋਰ ਕੋਈ ਭੀ ਨਹੀਂ ਹੈ॥ ੭੩ ॥ ੧ ॥

ਸਿਧ ਗੋਸਟਿ ਸਟੀਕ ਬਾਣੀ ਸਮਾਪਤੰ

ਰਾਮਕਲੀ ਕੀ ਵਾਰ

[ਪੰਨਾ ੯੪੭]

੧ਓ ਸਤਿਗੁਰ ਪ੍ਰਸਾਦਿ॥

ਰਾਮਕਲੀ ਕੀ ਵਾਰ ਮਹਲਾ ੩॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ॥

ਸਤਿਗੁਰ ਦੇਵ ਜੀ ਰਾਮਕਲੀ ਰਾਗੁ ਵਿਚ ਤੀਜੇ ਪਾਤਸ਼ਾਹ ਜੀ ਦੀ ਵਾਰ ਕਥਨ ਕਰਦੇ ਹਨ। ਇਸ ਵਾਰ਼ ਵਿਚ ਸਲੋਕ ਮਹੱਲੇ ਸਾਂਝੇ ਆਉਣਗੇ ਅਤੇ ਵਾਰ=ਪੌੜੀਆਂ ਤੀਜੇ ਪਾਤਸ਼ਾਹ ਜੀ ਦੀਆਂ ਆਉਣਗੀਆਂ। ਜੋਧਾ ਤੇ ਵੀਰਾ ਇਹ ਦੋਵੇਂ ਸਕੇ ਭਰਾ ਸਨ, ਜਾਤੀ ਦੇ ਰਜਪੂਤ ਤੇ ਪੂਰਬਾਣੀਏ ਦੇ ਪੁੱਤਰ ਸਨ। ਲੱਖੀ ਜੰਗਲ ਦੇ ਮਸ਼ਹੂਰ ਧਾੜਵੀ ਸਨ। ਇਹ ਬੜੇ ਜੋਧੇ ਸੂਰਬੀਰ ਹੋਣ ਕਰਕੇ ਕਿਸੇ ਦੀ ਈਨ ਨਹੀਂ ਸਨ ਮੰਨਦੇ। ਜਿਸ ਵੇਲੇ ਭੀ ਬੜੇ ਬੜੇ ਅਮੀਰ, ਸਰਦਾਰ ਡਾਲੀਆਂ ਲੈ ਕੇ ਅਕਬਰ ਬਾਦਸ਼ਾਹ ਪਾਸ ਦਿੱਲੀ ਜਾਂਦੇ ਸਨ ਤਾਂ ਇਹ ਦੋਨੋਂ ਭਰਾ ਰਾਹ ਚੋਂ ਖੋਹ ਲੈਂਦੇ ਸਨ।

ਲੋਕ ਬੜੇ ਦੁਖੀ ਹੋਇਆ ਕਰਦੇ ਸਨ, ਇੱਕ ਸਮੇਂ ਕਾਬਲ ਦੇ ਆਦਮੀ ਜਦ ਮਾਮਲਾ ਦੇਣ ਆ ਰਹੇ ਸਨ ਤਾਂ ਉਨ੍ਹਾਂ ਪਾਸੋਂ ਭੀ ਇਨ੍ਹਾਂ ਨੇ ਮਾਇਆ ਖੋਹ ਲਈ, ਫਿਰ ਉਨ੍ਹਾਂ ਨੇ ਖਾਲੀ ਹੱਥੀ ਦਿਲੀ ਪਹੁੰਚ ਕੇ ਅਕਬਰ ਬਾਦਸ਼ਾਹ ਅੱਗੇ ਫਰਿਆਦ ਕੀਤੀ, ਕਿ ਰਾਹ ਵਿਚ ਦੋ ਧਾੜਵੀ ਅਜੇਹੇ ਹਨ, ਜਿਨ੍ਹਾਂ ਨੇ ਅਸਾਡੇ ਪਾਸੋਂ ਸਭ ਕੁਝ ਖੋਹ ਲਿਆ ਹੈ, ਅਸਾਂ ਨੇ ਆਪ ਜੀ ਵਾਸਤੇ ਅਣਮੁੱਲੇ ਪਦਾਰਥ ਲਿਆਂਦੇ ਸਨ। ਇਹ ਗੱਲ ਸੁਣ ਕੇ ਬੰਦੋਬਸਤ ਕਰਨ ਲਈ ਉਸੀ ਵੇਲੇ ਚੰਗੀ ਸੈਨਾਂ ਇੱਕਠੀ ਕਰਕੇ ਅਕਬਰ ਬਾਦਸ਼ਾਹ ਨੇ ਭੇਜ ਦਿੱਤੀ, ਜਿਸ 'ਤੇ ਬਾਦਸ਼ਾਹੀ ਫੌਜ ਨਾਲ ਇਨ੍ਹਾਂ ਦੋਹਾਂ ਧਾੜਵੀਆਂ ਨੇ ਚੰਗੀ ਤਰ੍ਹਾਂ ਡਟ ਕੇ ਮੁਕਾਬਲਾ ਕੀਤਾ ਤੇ ਚੰਗੇ ਆਹੂ ਲਾਹੇ, ਸਾਰੀ ਫੌਜ ਮਾਰ ਕੇ ਆਖਿਰ ਆਪ ਭੀ ਮਰ ਗਏ। ਇਨ੍ਹਾਂ ਦੀ ਬਹਾਦਰੀ ਵੇਖ ਕੇ ਢਾਢੀਆਂ ਨੇ ਵਾਰ ਬਣਾਈ। ਸ਼ਮੇਂ ਅਨੁਸਾਰ ਉਸ ਵਾਰ ਦੀ ਪੌੜੀ ਫਿਰ ਢਾਢੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਥੱਲੇ ਖਲ੍ਹੋ ਕੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਜੀ ਨੂੰ ਸੁਣਾਈ—

ਜੋਧ ਵੀਰ ਪੂਰਬਾਣੀਏ ਦੋ ਗਲਾਂ ਕਰੀ ਕਰਾਰੀਆਂ।
ਫੌਜ ਚੜਾਈ ਬਾਦਸ਼ਾਹ ਅਕਬਰ ਨੇ ਭਾਰੀਆਂ।
ਸਨਮੁਖ ਹੋਇ ਰਾਜਪੂਤ ਸੁਤਰੀ ਰਣਕਾਰੀਆਂ।
ਧੂਹ ਮਿਆਨੋ ਕਢੀਆਂ ਬਿਜੁਲ ਜਿਉਂ ਚਮਕਾਰੀਆਂ।
ਇੰਦਰ ਸਣੇ ਅਪੱਛਰਾਂ ਮਿਲ ਕਰਨ ਜੁਹਾਰੀਆਂ।
ਏਹੀ ਕੀਤੀ ਜੋਧ ਵੀਰ ਪਾਤਸ਼ਾਹੀ ਗਲਾਂ ਸਾਰੀਆਂ।

ਇਹ ਪੌੜੀ ਸੁਣਦਿਆਂ ਨਾਲ ਗੁਰੂ ਸਾਹਿਬ ਜੀ ਦਾ ਮਨ ਪ੍ਰਸੰਨ ਹੋ ਗਿਆ, ਉਸੀ ਵੇਲੇ ਭਾਈ ਗੁਰਦਾਸ ਜੀ ਪਾਸੋਂ ਇਹ ਧੁਨ ਰਾਮਕਲੀ ਦੀ ਵਾਰ ਦੇ ਅਰੰਭ ਵਿਚ ਲਿਖਵਾ ਦਿੱਤੀ ਤੇ ਰਾਗੀਆਂ ਨੂੰ ਹੁਕਮ ਦਿੱਤਾ, ਜਿਵੇਂ ਜੋਧੇ ਤੇ ਵੀਰੇ ਦੀ ਪੌੜੀ ਗਾਈ ਗਈ ਹੈ। ਓਸੇ ਧੁਨ ਅਨੁਸਾਰ ਰਾਮਕਲੀ ਵਾਰ ਦੀਆਂ ਪਉੜੀਆਂ ਗਾਇ ਕਰਨੀਆਂ।

www.sikhbookclub.com

ਸਲੋਕੁ ਮਃ ੩ ॥

ਸਿੱਖਾਂ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅੱਗੇ ਬੇਨਤੀ ਕੀਤੀ-

ਆਪ ਜੀ ਦੇ ਸਤਿਗੁਰ ਦੇਵ ਜੀ ਕੈਸੇ ਹਨ? ਗੁਰ ਉੱਤਰ-

ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥

ਅਸਾਡੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਦੀ ਸਹਜੈ=ਸ਼ਾਂਤੀ ਆਦਿਕ ਸ਼ੁਭ ਗੁਣਾਂ ਦਾ ਖੇਤੁ=ਅਸਥਾਨ ਹਨ, ਪਰਮਾਤਮਾ ਕਿਰਪਾ ਕਰਕੇ ਜਿਸ ਪੁਰਸ਼ ਦੇ ਹਿਰਦੇ ਵਿਚ ਭਾਉ=ਪ੍ਰੇਮ ਲਗਾਂਵਦਾ ਹੈ, ਉਹ ਪੁਰਸ਼ ਗੁਰਾਂ ਪਾਸੋਂ ਸ਼ੁਭ ਗੁਣ ਪਰਾਪਤ ਕਰਦਾ ਹੈ।

ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥

ਨਾਮ ਦੀ ਪਰਾਪਤੀ ਵਾਸਤੇ ਸ਼ਰਧਾ ਰੂਪ ਬੀਜ ਨੂੰ ਬੀਜੇ ਤਾਂ ਨਾਮ ਉਗਵੈ=ਪਰਗਟ ਹੁੰਦਾ ਹੈ, ਉਹ ਫਿਰ ਨਾਮ ਵਿਚ ਹੀ ਰਹੈ ਸਮਾਇ=ਲੱਗਾ ਰਹਿੰਦਾ ਹੈ।

ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥

ਹੰਗਤਾ, ਮਮਤਾ ਅਤੇ ਸੰਸਾ ਇਹ ਜੋ ਜਨਮ ਮਰਨ ਦੀ ਪ੍ਰਾਪਤੀ ਦਾ ਬੀਜ ਹੈ ਇਹ ਉਸ ਦੇ ਹਿਰਦੇ ਚੋਂ ਸਾਰਾ ਗਇਆ ਵਿਲਾਇ=ਦੂਰ ਹੋ ਗਿਆ ਹੈ॥

ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥

ਗੁਰਮੁਖ ਜਨ ਹੰਗਤਾ, ਮਮਤਾ ਦੇ ਸਹਿਤ ਹੋ ਕੇ ਨਾ ਕੁਝ ਕਰਮਾਂ ਰੂਪੀ ਬੀਜ ਬੀਜਦਾ ਹੈ, ਨਾ ਹੀ ਉਸ ਦਾ ਫਲ ਦੁੱਖ ਪਰਗਟ ਹੁੰਦਾ ਹੈ, ਜੋ ਵਾਹਿਗੁਰੂ ਆਤਮਕ ਆਨੰਦ ਬਖਸ਼ਦਾ ਹੈ, ਓਹੀ ਖਾਇ=ਭੋਗਦਾ ਹੈ।

ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥

ਉਹ ਗੁਰਮੁਖ ਪਰਮਾਤਮਾ ਨਾਲ ਇਸ ਤਰ੍ਹਾਂ ਮਿਲਿਆ ਹੈ, ਜਿਵੇਂ ਅੰਭੈ=ਜਲ ਨਾਲ ਜਲ ਰਲਿਆ= ਮਿਲ ਜਾਂਦਾ ਹੈ, ਉਹ ਜਲ ਫਿਰ ਵੱਖਰਾ ਨਹੀਂ ਕੱਢਿਆ ਜਾਂਦਾ।

ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥

ਗੁਰੂ ਸਾਹਿਬ ਜੀ ਆਖਦੇ ਹਨ—ਸਾਧਨਾਂ ਰੂਪੀ, ਵਾ ਨਾਮ ਜਪਣੇ ਰੂਪੀ ਗੁਰਮੁਖਾਂ ਦੇ ਜੋ ਚਰਿਤ੍ਰ ਹਨ, ਉਨ੍ਹਾਂ ਚਰਿਤ੍ਰਾਂ ਨੂੰ, ਹੇ ਦੁਨੀਆਂ ਦੇ ਲੋਕੋ ! ਤੁਸੀਂ ਸਤਿਸੰਗ ਵਿਚ ਆ ਕੇ ਵੇਖਣਾ ਕਰੋ।

ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥

ਦੁਨੀਆਂ ਦੇ ਮਾਇਆਧਾਰੀ ਅੰਧੇ ਲੋਕ ਵਿਚਾਰੇ ਗੁਰਮੁਖਾਂ ਦੇ ਚਰਿੱਤ੍ਰਾਂ ਨੂੰ ਕਿ ਵੇਖੈ=ਕੀ ਵੇਖ ਸਕਦੇ ਹਨ, ਜਿਨ੍ਹਾਂ ਨੂੰ ਵੇਖਣ ਦੀ ਕੁਝ ਖ਼ਬਰ (ਸਮਝ) ਹੀ ਨਹੀਂ।

ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥ ੧ ॥

ਜਿਸ ਨੂੰ ਗੁਰੂ ਦਿਖਾਂਦੇ ਹਨ, ਓਹੀ ਪੁਰਸ਼ ਵੇਖਦਾ ਹੈ, ਪ੍ਰਸ਼ਨ ਗੁਰੂ ਕਿਸ ਨੂੰ ਵਿਖਾਂਦੇ ਹਨ?

ਉੱਤਰ- ਜਿਸ ਪੁਰਸ਼ ਦੇ ਮਨ ਵਿਚ ਉਪਦੇਸ਼ ਵਸਿਆ ਹੈ, ਉਸ ਨੂੰ ਗੁਰੂ ਵਿਖਾਂਦੇ ਹਨ॥ ੧ ॥

ਮਃ ੩ ॥ ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥

ਮਨਮੁਖ ਪੁਰਸ਼ ਦੁੱਖਾਂ ਦਾ ਖੇਤੁ=ਅਸਥਾਨ ਹੈ, ਦੁੱਖ ਦੇਣ ਵਾਲੇ ਮੰਦ ਕਰਮਾਂ ਰੂਪੀ ਬੀਜ ਨੂੰ ਬੀਜਦਾ ਹੈ, ਇਸੀ 'ਤੇ ਦੁੱਖਾਂ ਨੂੰ ਹੀ ਖਾਇ=ਭੋਗਦਾ ਹੈ।

ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥

ਉਹ ਦੁੱਖਾਂ ਵਿਚ ਜੰਮਦਾ ਹੈ, ਦੁੱਖਾਂ ਵਿਚ ਮਰਦਾ ਹੈ, ਹੰਗਤਾ ਮਮਤਾ ਕਰਦਿਆਂ ਹੋਇਆਂ ਮਨਮੁਖ ਦੀ ਸਾਰੀ ਉਮਰਾ ਵਿਹਾਇ=ਬੀਤ ਜਾਂਦੀ ਹੈ।

ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ ॥

ਅੰਧਾ ਅਗਿਆਨੀ ਪੁਰਸ਼ ! ਅੰਧੁ=ਅੰਨ੍ਹੇ, ਅਰਥਾਤ ਮੰਦ ਕਰਮਾਂ ਨੂੰ ਕਮਾਉਂਦਾ ਹੈ।

ਇਸ ਕਰਕੇ ਇਸ ਨੂੰ ਆਵਣੁ ਜਾਣੁ=ਜੰਮਨਾ ਮਰਨਾ ਸੁੱਝਦਾ ਨਹੀਂ।

ਜੋ ਦੇਵੈ ਤਿਸੈ ਨ ਜਾਣਈ ਦਿਤੇ ਕਉ ਲਪਟਾਇ ॥

ਪਦਾਰਥ ਦੇਣ ਵਾਲਾ ਜੋ ਪ੍ਰਭੂ ਹੈ, ਉਸ ਨੂੰ ਜਾਣਦਾ ਨਹੀਂ ਅਤੇ ਦਿੱਤੇ ਹੋਇ ਪਦਾਰਥ ਨੂੰ ਲਪਟਾਇ=ਚਿੰਮੜ ਰਿਹਾ ਹੈ॥

ਯਥਾ- ਮਃ ੨ ॥ ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ *(ਮਾਝ ਵਾਰ, ਪੰਨਾ ੧੩੮)*

ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥ ੨ ॥

ਗੁਰੂ ਸਾਹਿਬ ਜੀ ਆਖਦੇ ਹਨ— ਜੋ ਪੂਰਬਲਾ ਲੇਖ ਲਿਖਿਆ ਗਿਆ ਹੈ, ਉਸ ਅਨੁਸਾਰ ਕਰਮਾਂ ਨੂੰ ਕਮਾਉਂਦਾ ਹੈ, ਉਸ ਤੋਂ ਬਿਨਾਂ ਹੋਰ ਚੰਗਾ ਕਰਮ ਇਸ ਮਨਮੁਖ ਪਾਸੋਂ ਨਹੀਂ ਕੀਤਾ ਜਾਂਦਾ ॥ ੨ ॥

ਮਃ ੩ ॥ ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥

ਸਤਿਗੁਰਾਂ ਨਾਲ ਮਿਲਣ ਕਰਕੇ ਸਦਾ ਰਹਿਣ ਵਾਲਾ ਆਤਮ ਸੁਖ ਹੁੰਦਾ ਹੈ, ਪਰ ਜਿਸ ਨੂੰ ਆਪ ਪਰਮੇਸ਼ਰ ਮੇਲਦਾ ਹੈ, ਓਹੀ ਗੁਰਾਂ ਨਾਲ ਮਿਲਦਾ ਹੈ।

ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥

ਇਸ ਆਤਮ ਸੁਖ ਦੀ ਪਰਾਪਤੀ ਦਾ ਅਸਲੀ ਵਿਚਾਰ ਏਹੋ ਹੈ ਕਿ ਅੰਤਰੁ=ਅੰਤਹ ਕਰਨ, ਨਿਰਮਲੁ=ਸ਼ੁੱਧ ਹੋ ਜਾਂਦਾ ਹੈ।

ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥

ਬ੍ਰਹਮ ਗਿਆਨ ਦੇ ਪ੍ਰਾਪਤ ਹੋਣ ਨਾਲ ਅਗਿਆਨ ਦਾ ਭਰਮ ਕੱਟਿਆ ਜਾਂਦਾ ਹੈ।

ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥ ੩ ॥

ਗੁਰੂ ਸਾਹਿਬ ਜੀ ਆਖਦੇ ਹਨ—ਬ੍ਰਹਮ ਗਿਆਨ ਹੋਣ ਨਾਲ ਇੱਕ ਪਰਮਾਤਮਾ ਹੀ ਨਿਗਾਹ ਆਇਆ ਹੈ, ਜਿੱਧਰ ਵੇਖਦੇ ਹਾਂ ਤਿੱਧਰ ਉਹ ਪਰਮਾਤਮਾ ਹੀ ਹੈ॥ ੩ ॥

ਪਉੜੀ॥ ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥

ਸੱਚੇ ਪਰਮਾਤਮਾ ਨੇ ! ਸੰਸਾਰ ਤਖਤ ਨੂੰ ਬਣਾਇਆ ਹੈ, ਪੁਨਾ ਬੈਠਣ ਨੂੰ ਤਿੰਨ ਲੋਕਾਂ ਰੂਪ ਜਾਂਈ=ਜਗ੍ਹਾ ਰਚੀਆਂ ਹਨ।

ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ॥

ਗੁਰਾਂ ਨੇ ਸ਼ਬਦ ਦੁਆਰਾ ਇਹ ਗੱਲ ਸੁਣਾਈ ਹੈ ਕਿ ਉਹ ਪ੍ਰਭੂ ਸਭ ਕਿਛ ਆਪੇ ਆਪ ਹੋ ਰਿਹਾ ਹੈ।

ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ॥

ਆਪ ਹੀ ਪ੍ਰਭੂ ਨੇ ਅਪੁਣੀ ਕੁਦਰਤ ਦੁਆਰਾ ਮਹਲ=ਬੈਕੁੰਠ ਲੋਕ ਤੇ ਸਰਾਈ=ਪ੍ਰਿਥਵੀ ਲੋਕ, *ਅਥਵਾ-* ਮਹਲ=ਮੰਦਰ ਤੇ ਸਰਾਵਾਂ ਨੂੰ ਸਾਜਨਾ ਕੀਤਾ ਹੈ।

ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ॥

ਚਾਨਣ ਕਰਨ ਵਾਸਤੇ ਦੋ ਸੂਰਜ ਚੰਦ੍ਰਮਾਂ ਰੂਪ ਦੀਵਿਆਂ ਦੀ ਪੂਰੀ ਬਨਾਵਟ ਬਣਾਈ ਹੈ।

ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ॥੧॥

ਜੋ ਗੁਰ ਉਪਦੇਸ਼ ਦੁਆਰਾ ਨਾਮ ਦੇ ਧਿਆਈ ਹੋਇ ਹਨ, ਉਹ ਐਸੇ ਨਿਸਚੇ ਕਰਦੇ ਹਨ ਕਿ ਉਹ ਪਰਮਾਤਮਾ ਆਪ ਹੀ ਵੇਖਦਾ ਹੈ, ਆਪ ਹੀ ਸੁਣਦਾ ਹੈ॥ ੧॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ ਰਹਾਉ॥

ਹੇ ਸੱਚੇ ਪਾਤਸ਼ਾਹ ਤੂੰ ਧੰਨ ਹੈਂ ਧੰਨ ! ਆਪ ਦੀ ਨਾਈ=ਵਡਿਆਈ ਭੀ ਸੱਚੀ ਹੈ॥ ੧॥ ਰਹਾਉ॥

ਕਲਗੀਆਂ ਵਾਲੇ ਸੱਚੇ ਪਿਤਾ ਜੀ ਦੀ ਚਲਾਈ ਹੋਈ ਜੋ ਸੰਪ੍ਰਦਾਈ ਟਕਸਾਲ ਹੈ, ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਅਨੁਸਾਰ ਸੀਨਾ-ਬਸੀਨਾ ਇਸ ਤੁਕ ਨੂੰ ਹਰ ਪੌੜੀ ਦੇ ਅਖੀਰ 'ਤੇ ਪੜ੍ਹਣ ਦੀ ਮਰਯਾਦਾ ਚਲੀ ਆ ਰਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁਲ ਬਾਈ ਵਾਰਾਂ ਹਨ। ਹੋਰ ਕਿਸੀ ਵਾਰ ਦੇ ਵਿੱਚ ''ਰਹਾਉ'' ਸ਼ਬਦ ਨਹੀਂ ਆਉਂਦਾ, ਕੇਵਲ ਏਸੇ ਵਾਰ ਵਿੱਚ ''ਰਹਾਉ'' ਸ਼ਬਦ ਹੈ, ਇਸ ''ਰਹਾਉ'' ਦਾ ਅਰਥ ਇਹ ਹੈ ਕਿ '***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***' ਵਾਲੀ ਤੁਕ ਨੂੰ ਹਰ ਇੱਕ ਪਉੜੀ ਨਾਲ ਬੀਜੀ ਜਾਣਾ ਅਰਥਾਤ ਪੜ੍ਹੀ ਜਾਣਾ।

ਬਹੁਤ ਸਾਰੇ ਗ੍ਰੰਥ ਭੀ ਵੇਖੇ ਹਨ, ਜਿਨ੍ਹਾਂ ਵਿੱਚ ਏਹੀ ਲਿਖਿਆ ਹੋਇਆ ਹੈ ਕਿ '***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***' ਵਾਲੀ ਤੁਕ ਹਰ ਇੱਕ ਪਉੜੀ ਨਾਲ ਪੜ੍ਹਣੀ ਚਾਹੀਦੀ ਹੈ।

ਸ੍ਰੀ ਮਾਨ ਭਾਈ ਕਾਨ੍ਹ ਸਿੰਘ ਜੀ 'ਨਾਭਾ' ਹੋਰਾਂ ਨੇ ਲਿਖਿਆ ਹੋਇਆ ਹੈ, ਉਨ੍ਹਾਂ ਦੇ ਰਚਿਤ ਗੁਰ ਸ਼ਬਦ ਰਤਨਾਕਰ ਦਾ ੨੦੦੫ ਅਤੇ ੩੦੩੭ ਸਫਾ ਪੜ੍ਹ ਕੇ ਵੇਖੋ।

ਸ੍ਰੀ ਮਾਨ ਪੰਡਿਤ ਸੁਤੇ ਪ੍ਰਕਾਸ਼ ਜੀ ਦੇ ਪ੍ਰਿਆਵਾਂ ਦਾ ੧੧੦੫ ਸਫਾ ਪੜ੍ਹ ਕੇ ਵੇਖੋ।

ਫਰੀਦ ਕੋਟ ਵਾਲਾ ਜੋ ਵੱਡਾ ਟੀਕਾ ਹੈ, ਉਸ ਦੀ ਤੀਜੀ ਜਿਲਦ ਦਾ ੯੨੦ ਸਫਾ ਪੜ੍ਹ ਕੇ ਵੇਖੋ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕਲਮ ਦੇ ਲਿਖੇ ਹੋਏ ਬਾਣੀ ਬਿਉਰੇ ਦਾ ੮੭ ਸਫਾ ਪੜ੍ਹ ਕੇ ਵੇਖੋ।

ਅਤੇ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਨੇ ਵੀ ਗੁਰਬਾਣੀ ਪਾਠ ਦਰਸ਼ਨ ਦੇ ੨੧੯ ਸਫੇ 'ਤੇ ਲਿਖਿਆ ਹੈ ਕਿ ਦਸਵੇਂ ਗੁਰੂ ਸਾਹਿਬਾਂ ਦੀ ਆਗਿਆ ਹੈ ***'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥'*** ਵਾਲੀ ਤੁਕ ਜ਼ਰੂਰ ਹਰ ਪਉੜੀ ਦੇ ਨਾਲ ਪੜ੍ਹਣੀ ਚਾਹੀਦੀ ਹੈ।

ਫਿਰ ਗਿਆਨੀ ਨਰੈਣ ਸਿੰਘ ਜੀ ਨੇ ਬਾਈ ਵਾਰਾਂ ਦੇ ਟੀਕੇ ਵਿੱਚ ਲਿਖਿਆ ਹੈ ਕਿ ਇਹ ਤੁਕ ਜ਼ਰੂਰ ਪੜ੍ਹਣੀ ਚਾਹੀਦੀ ਹੈ ਸਫਾ ਪ੩੫ ਵੇਖੋ।

ਜੇਹੜੇ ਸੱਜਣ ਇਸ ਤੁਕ ਦਾ ਪਾਠ ਹਰ ਇੱਕ ਪਉੜੀ ਦੇ ਅਖੀਰ 'ਤੇ ਨਹੀਂ ਪੜ੍ਹਦੇ। ਉਹ ਗੁਰੂ ਜੀ ਦੀ ਆਗਿਆ ਨਾ ਮੰਨਣ ਕਰਕੇ ਗੁਰੂ ਤੋਂ ਬੇਮੁਖ ਹਨ।

ਕਿਉਂਕਿ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਜਿਵੇਂ ਜੋਧੇ ਵੀਰੇ ਦੀ ਛੇ ਤੁਕੀ ਪਉੜੀ ਗਾਇਣ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਇਸ ਰਾਮਕਲੀ ਵਾਰ ਦੀ ਪਉੜੀ ਦੀਆਂ ਛੇ ਤੁਕਾਂ ਗਾਇਣ ਕਰਨੀਆਂ ਚਾਹੀਦੀਆਂ ਹਨ।

ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਜਿਨ੍ਹਾਂ ਨੇ ਅਪੁਣੀ ਸਾਰੀ ਉਮਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪ੍ਰਦਾਈ ਅਰਥਾਂ ਦੇ ਪੜ੍ਹਾਉਣ ਉੱਪਰ ਬਿਤੀਤ ਕੀਤੀ ਹੈ, ਉਨ੍ਹਾਂ ਨੇ ਅਪੁਣੀ ਉਮਰਾ ਵਿੱਚ ਅਰਥਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੬੦ ਭੋਗ ਪਾਏ ਹਨ। ਹਰ ਸਾਲ ਏਹੀ ਪੁਕਾਰ ਪੁਕਾਰ ਕੇ ਆਖਦੇ ਸਨ, ਹਰ ਮਾਈ ਭਾਈ ਸੱਜਣ ਅਗੇ ਬੇਨਤੀ ਹੈ ਕਿ ਗੁਰੂ ਸਾਹਿਬ ਜੀ ਦੀ ਇਹ ਆਗਿਆ ਸੀਨਾ-ਬਸੀਨਾ ਧੁਰ ਤੋਂ ਚਲੀ ਆ ਰਹੀ ਹੈ, ਕਿ-

'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥' ਵਾਲੀ ਤੁਕ ਇਸ ਵਾਰ ਵਿੱਚ ਸਭ ਪਉੜੀਆਂ ਨਾਲ ਪੜ੍ਹਣੀ ਤਾਂ ਹੀ ਇਹ ਪਉੜੀ ਪੂਰੀ ਹੋਵੇਗੀ।

ਇਸ ਬੇਨਤੀ ਨੂੰ ਪ੍ਰਵਾਨ ਕਰਦਾ ਹੋਇਆ ਜੇਹੜਾ ਸੱਜਣ ਇੱਕ ਤੁਕ ਨੂੰ ਹਰ ਪੌੜੀ ਨਾਲ ਪੜ੍ਹੇਗਾ ਉਹ ਗੁਰੂ ਸਾਹਿਬ ਜੀ ਦੀਆਂ ਖੁਸ਼ੀਆ ਪਰਾਪਤ ਕਰੇਗਾ।

ਸੰਤ ਗੋਬਿੰਦ ਦਾਸ ਜੀ ਨੇ ਭੀ ਆਪਣੇ ਪ੍ਰਿਆਵਾਂ ਦੇ ਚੌਥੀ ਜਿਲਦ ਸਫਾ ੩੭੬ ਵਿੱਚ ਲਿਖਿਆ ਹੈ ਕਿ ਇਹ ਤੁਕ ਜ਼ਰੂਰੀ ਪੜ੍ਹਣੀ ਚਾਹੀਦੀ ਹੈ।

ਇਸ ਜਗ੍ਹਾ ਕਬੀਰ ਜੀ ਦੇ ਸਲੋਕ ਰੱਖਣ ਦਾ ਭਾਵ ਇਹ ਹੈ ਕਿ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਦੇ ਨਾਲ ਭਗਤਾਂ ਦੀ ਬਾਣੀ ਅਭੇਦ ਰੂਪ ਵਿਖਾਈ ਹੈ:-

ਸਲੋਕੁ ॥ ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥

ਕਬੀਰ ਭਗਤ ਜੀ ਆਖਦੇ ਹਨ—ਮੈਂ ਆਪਣੇ ਆਪ ਨੂੰ ਜਾਂ ਜਗਿਆਸੂ ਨੇ ਆਪਣੇ ਆਪ ਨੂੰ ਮਹਿਦੀ ਵਾਂਙੂ ਬਰੀਕ ਕਰ ਪਾਇਆ ਹੈ, ਅਰਥਾਤ ਸਰੀਰ ਨੂੰ ਸੂਖਮ (ਕਮਜ਼ੋਰ) ਕਰ ਲਿਆ ਹੈ, ਸਾਧਨਾਂ ਰੂਪ ਚੱਕੀ ਵਿੱਚ ਪੀਸ ਪੀਸ ਕੇ।

ਅਰਥਾਤ, ਪੰਜ ਧੂਣੀਆਂ ਤਪਣੀਆਂ, ਜਲਧਾਰਾਂ ਸਹਾਰਣੀ ਤੇ ਯੱਗ ਆਦਿਕ ਅਸਥੂਲ ਸਾਧਨ ਕਰਕੇ ਅਤੇ ਵੈਰਾਗ, ਵਿਵੇਕ ਆਦਿਕ ਸੂਖਮ ਸਾਧਨ ਕਰਕੇ ਆਪਣੇ ਆਪ ਨੂੰ ਕ੍ਰਿਸ ਭੀ ਕਰ ਲਿਆ ਹੈ। ਪਰ-

ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ॥ ੧॥

www.sikhbookclub.com

ਉਸ ਪਤੀ ਪਰਮਾਤਮਾ ਨੇ ਸਰਗੁਣ ਮੂਰਤੀ ਧਾਰ ਕੇ ਮੇਰੇ ਪਾਸੋਂ ਕੋਈ ਗੱਲ ਨਹੀਂ ਪੁੱਛੀ ਅਤੇ ਨਿਰਗੁਣ ਬ੍ਰਹਮ ਹੋ ਕੇ ਭੀ ਅਪਣੇ ਵਿੱਚ ਨਹੀਂ ਪਾ ਲਿਆ, ਅਰਥਾਤ ਅਪਣੇ ਵਿੱਚ ਅਭੇਦ ਨਹੀਂ ਕੀਤਾ॥ ੧॥

ਕਬੀਰ ਜੀ ਦੇ ਇਸ ਸਲੋਕ ਨੂੰ ਸੁਣ ਕੇ ਸਤਿਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਚਰਨਾਂ ਵਿੱਚ ਸਿੱਖਾਂ ਨੇ ਬੇਨਤੀ ਕੀਤੀ ਕਿ ਇਸ ਕਥਨ ਵਿੱਚ ਤਾਂ ਸਾਧਨਾਂ ਦੀ ਨਿਸਫਲਤਾ ਪਰਤੀਤ ਹੁੰਦੀ ਹੈ, ਕੀ ਸਾਧਨ ਨਹੀਂ ਕਰਨੇ ਚਾਹੀਦੇ?

ਇਹ ਗੱਲ ਸੁਣ ਕੇ ਪੰਚਮ ਪਿਤਾ ਜੀ ਨੇ ਕਿਹਾ ਕਿ ਅਸਾਡੇ ਵੱਡੇ ਸਤਿਗੁਰਾਂ ਨੇ ਇਸ ਤਰ੍ਹਾਂ ਕਿਹਾ ਹੈ—

ਮਃ ੩ ॥ ਨਾਨਕ ਮਹਿਦੀ ਕਰਿ ਕੈ ਰਖਿਆ ਸੋ ਸਹੁ ਨਦਰਿ ਕਰੇਇ॥

ਸ੍ਰੀ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਸਾਧਨ ਕਰਕੇ ਆਪਣੇ ਆਪ ਨੂੰ ਮਹਿੰਦੀ ਵਾਂਙੂ ਬਰੀਕ ਕਰ ਰੱਖਿਆ ਹੈ। ਅਰਥਾਤ, ਸਾਧਨ ਕਰਕੇ ਸਰੀਰ ਨੂੰ ਸੂਖਮ ਕੀਤਾ ਹੈ, ਉਨ੍ਹਾਂ ਉੱਤੇ ਉਹ ਮਾਲਕ ਪਰਮਾਤਮਾ ਜ਼ਰੂਰ ਕਿਰਪਾ ਦ੍ਰਿਸ਼ਟੀ ਕਰਦਾ ਹੈ।

ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ॥

ਜਪ, ਤਪ ਤੇ ਗੁਰ ਸੇਵਾ ਆਦਿਕ ਅਸਥੂਲ ਸਾਧਨ ਕਰਕੇ ਆਪਣੇ ਆਪ ਨੂੰ ਪੀਸੇ, ਅਰਥਾਤ ਆਪਣੇ ਅੰਦਰੋਂ ਹੰਕਾਰ ਨੂੰ ਦੂਰ ਕਰੇ ਅਤੇ ਵੈਰਾਗ, ਵਿਵੇਕ ਖਟ ਸੰਪਤੀ ਆਦਿਕ ਸੂਖਮ ਸਾਧਨਾਂ ਨੂੰ ਕਰਕੇ ਆਪਣੇ ਨੂੰ ਘਸਾਵੇ ਅਰਥਾਤ ਇੰਦ੍ਰੀਆਂ ਦਾ ਦਮਨ ਕਰੇ ਤਾਂ ਉਹ ਮਾਲਕ ਪਰਮਾਤਮਾ ਇਸ ਨੂੰ ਆਪਣੇ ਨਾਲ ਲਗਾ ਲੈਂਦਾ ਹੈ, ਅਰਥਾਤ ਆਪਣੇ ਵਿੱਚ ਅਭੇਦ ਕਰ ਲੈਂਦਾ ਹੈ।

ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ ੨॥

ਸਾਰਿਆਂ ਸਾਧਨਾਂ ਦੀ ਸਫਲਤਾ ਪ੍ਰੇਮ ਕਰਕੇ ਹੁੰਦੀ ਹੈ, ਪਰ ਇਹ ਪ੍ਰੇਮ ਰੂਪ ਪਿਆਲਾ ਖਸਮ=ਪਰਮਾਤਮਾ ਦਾ ਹੈ, ਉਹ ਜਿਸ ਨੂੰ ਦੇਣਾ ਚਾਹੁੰਦਾ ਹੈ, ਤੈ ਦੇਇ=ਓਸੇ ਨੂੰ ਦੇਂਦਾ ਹੈ।

ਇਸ ਤੋਂ ਭਾਵ ਇਹ ਹੈ ਕਿ ਸਾਧਨਾਂ ਵਿੱਚ ਨਿਸਫਲਤਾ ਨਹੀਂ ਹੋ ਸਕਦੀ, ਪਰ ਗੁਰੂ ਤੋਂ ਬਗੈਰ ਪਖੰਡ ਪੂਰਬਕ ਜਾਂ ਹੰਕਾਰ ਸਹਿਤ ਜੋ ਸਾਧਨ ਕੀਤੇ ਜਾਂਦੇ ਹਨ, ਉਨ੍ਹਾਂ ਵਿਚ ਨਿਸਫਲਤਾ ਹੈ॥ ੨॥

ਪਉੜੀ॥

ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ॥

ਹੇ ਪਰਮਾਤਮਾ! ਤੈਨੋਂ ਆਪ ਹੀ ਵੇਕੀ=ਭਿੰਨ ਭਿੰਨ (ਵੱਖੋ ਵੱਖਰੀ) ਦੁਨੀਆਂ ਪੈਦਾ ਕੀਤੀ ਹੈ, ਤੇਰੇ ਹੁਕਮ ਵਿੱਚ ਹੀ ਆਵੈ ਜਾਇ=ਜੰਮਦੀ ਮਰਦੀ ਹੈ ਅਤੇ ਮਹਾਂ ਪਰਲੋ ਕਾਲ ਵਿੱਚ ਤੇਰੇ ਵਿੱਚ ਹੀ ਅਭੇਦ ਹੁੰਦੀ ਹੈ।

ਆਪੇ ਵੇਖਿ ਵਿਗਸਦਾ ਦੂਜਾ ਕੋ ਨਾਹੀ॥

ਤੂੰ ਆਪ ਹੀ ਇਸ ਦੁਨੀਆਂ ਨੂੰ ਵੇਖ ਕੇ ਵਿਗਸਦਾ=ਖੁਸ਼ ਹੁੰਦਾ ਹੈਂ, ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ।

ਜਿਉ ਭਾਵੈ ਤਿਉ ਰਖੁ ਤੂ ਗੁਰ ਸਬਦਿ ਬੁਝਾਹੀ॥

ਜਿਵੇਂ, ਆਪ ਜੀ ਨੂੰ ਭਾਂਵਦਾ ਹੈ, ਤਿਵੇਂ ਤੂੰ ਗੁਰ ਉਪਦੇਸ਼ ਦੀ ਸੁਰਤ ਬੁਝਾ ਕੇ ਰੱਖਦਾ ਹੈਂ।

www.sikhbookclub.com

ਅਥਵਾ- ਜਿਵੇਂ ਆਪ ਜੀ ਨੂੰ ਭਾਂਦਾ ਹੈ, ਤਿਵੇਂ ਤੂੰ ਰੱਖਦਾ ਹੈਂ, ਗੁਰਾਂ ਨੇ ਉਪਦੇਸ਼ ਦੇ ਕੇ ਇਹ ਸਮਝਾਇਆ ਹੈ।

ਸਭਨਾ ਤੇਰਾ ਜੋਰੁ ਹੈ ਜਿਉ ਭਾਵੈ ਤਿਵੈ ਚਲਾਈ॥

ਹੇ ਪ੍ਰਭੂ! ਸਾਰਿਆਂ ਨੂੰ ਤੇਰਾ ਹੀ ਜੋਰੁ=ਬਲ ਦਿੱਤਾ ਹੋਇਆ ਹੈ, ਜਿਵੇਂ ਤੈਨੂੰ ਭਾਂਵਦਾ ਹੈ, ਤਿਵੇਂ ਤੂੰ ਜੀਵਾਂ ਨੂੰ ਚਲਾਂਦਾ ਹੈਂ।

ਤੁਧੁ ਜੇਵਡ ਮੈ ਨਾਹਿ ਕੋ ਕਿਸੁ ਆਖਿ ਸੁਣਾਈ॥ ੨॥

ਮੈਨੂੰ ਤੇਰੇ ਜੇਡਾ ਵੱਡਾ ਕੋਈ ਪਰਤੀਤ ਨਹੀਂ ਹੁੰਦਾ, ਇਸ ਲਈ ਮੈਂ ਆਪਣਾ ਦੁੱਖ ਹੋਰ ਕਿਸ ਨੂੰ ਆਖ ਕੇ ਸੁਣਾਵਾਂ॥ ੨॥ *ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥*

ਹੇ ਸੱਚੇ ਪਾਤਿਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ।

ਸਲੋਕੁ ਮਃ ੩॥ ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ॥

ਭਰਮ ਦੀ ਭੁਲਾਈ ਹੋਈ ਮੇਰੀ ਬੁੱਧੀ ਸਾਰੇ ਸੰਸਾਰ ਵਿੱਚ ਫਿਰੀ ਹੈ ਅਤੇ ਭਾਲਦੀ ਹੋਈ ਫਾਵੀ=ਛਿਥੀ, ਅਰਥਾਤ ਦੁੱਖੀ ਹੋ ਕੇ ਥੱਕ ਗਈ ਹੈ।

[ਪੰਨਾ ੯੪੮]

ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈ ਤਿਸੁ ਨਾਲਿ॥

ਪਰ ਕੀ ਕਰੀਏ ਉਹ ਸਹੁ=ਪਤੀ ਪਰਮਾਤਮਾ ਸ਼ਾਂਤੀ ਨਹੀਂ ਦੇਂਦਾ, ਤਾਂ ਤੇ ਉਸ ਨਾਲ ਕੀ ਜ਼ੋਰ ਚਲ ਸਕਦਾ ਹੈ।

ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ॥

ਇਸ ਕਰਕੇ ਗੁਰਾਂ ਦੀ ਕਿਰਪਾ ਨਾਲ ਹਰੀ ਨੂੰ ਧਿਆਉਣਾ ਕਰ ਅਤੇ ਹਿਰਦੇ ਅੰਦਰ ਉਸ ਨੂੰ ਧਾਰ ਰੱਖ। *ਅਥਵਾ-* ਹਰੀ ਦੇ ਧਿਆਉਣ ਵਾਲੇ ਜੋ ਪਰਸਾਦੀ=ਕਿਰਪਾਲੂ ਗੁਰੂ ਹਨ, ਉਨ੍ਹਾਂ ਦੁਆਰੇ ਹਿਰਦੇ ਅੰਦਰ ਪਰਮਾਤਮਾ ਨੂੰ ਧਾਰ ਰੱਖ।

ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ॥ ੧॥

ਗੁਰੂ ਜੀ ਕਥਨ ਕਰਦੇ ਹਨ— ਜਾਂ ਕਰਤਾਰ ਰੂਪ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਸਤਸੰਗ ਰੂਪ ਘਰ ਵਿੱਚ ਬੈਠਿਆਂ ਹੀ ਸਹੁ=ਪਤੀ ਪਰਮਾਤਮਾ ਨੂੰ ਪਾ ਲਿਆ ॥ ੧॥

ਮਃ ੩॥ ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ॥

ਧੰਧਿਆਂ ਵਿੱਚ ਧਾਵਤ=ਦੌੜਦਿਆਂ ਦਿਨ ਬੀਤ ਗਿਆ ਹੈ ਤੇ ਰਾਤ ਸੁੱਤਿਆਂ ਗਵਾ ਦਿੱਤੀ ਹੈ।

ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ॥

ਝੂਠ ਬੋਲ ਬੋਲ ਕੇ ਮਾਇਆ, ਵਾ:- ਵਿਹੁ ਨੂੰ ਖਾਂਦਾ ਹੈ, ਇਸ ਲਈ ਅੰਤ ਨੂੰ ਮਨਮੁਖ ਜੀਵ ਰੋਂਦਾ ਪਰਲੋਕ ਵਿੱਚ ਚਲਾ ਗਿਆ। ਕਿਉਂਕਿ-

ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ॥

ਸਿਰ ਉੱਤੇ ਜਮ ਦਾ ਡੰਡਾ ਵੱਜਦਾ ਹੈ, ਦ੍ਵੈਤ ਭਾਅ ਕਰਕੇ ਇਸ ਨੇ ਅਪੁਣੀ ਪਤ ਆਬਰੋ ਖੋ ਲਈ ਹੈ।

ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ॥

ਪਰਮੇਸ਼ਰ ਦਾ ਨਾਮ ਕਦੇ ਭੀ ਯਾਦ ਨਹੀਂ ਕੀਤਾ ਇਸ ਲਈ ਉਸ ਦਾ ਮੁੜ ਮੁੜ ਕੇ ਜੰਨਮ ਮਰਨ ਹੁੰਦਾ ਹੈ।

ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ॥

ਜੇ ਗੁਰਾਂ ਦੀ ਕਿਰਪਾ ਨਾਲ ਹਰੀ ਦਾ ਨਾਮ ਮਨ ਵਿਚ ਵਸ ਜਾਵੇ ਤਾਂ ਕੋਈ ਭੀ ਦੁੱਖ ਅਤੇ ਜਮ ਦਾ ਡੰਡਾ, ਵਾ:- ਰਿਖੀ ਦੰਡ ਆਦਿਕ ਕੋਈ ਭੀ ਨਹੀਂ ਲਗਦਾ।

ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਗੁਰਾਂ ਦੀ ਕਰਮਿ=ਕਿਰਪਾ ਨਾਲ ਨਿਸ਼ਕਾਮ ਕਰਮ ਕਰਨੇ ਜਾਂ ਨਾਮ ਜਪਣੇ ਰੂਪ ਕਰਮ ਪਰਾਪਤ ਹੁੰਦਾ ਹੈ, ਉਹ ਸਹਜੇ=ਸੁਭਾਵਕ ਹੀ ਪਰਮੇਸ਼ਰ ਨਾਲ ਮਿਲ ਰਹਿੰਦਾ ਹੈ।

ਅਥਵਾ:- ਜੋ ਸਹਜੇ=ਗਿਆਨ ਵਿਚ ਮਿਲ ਰਹੇ ਹਨ, ਉਨ੍ਹਾਂ ਨੂੰ ਕਰਮਿ=ਕਿਰਪਾਲੂ ਪਰਮੇਸ਼ਰ ਦੀ ਪਰਾਪਤੀ ਹੁੰਦੀ ਹੈ॥ ੨॥

ਪਉੜੀ॥ ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ॥

ਇਕਨਾਂ ਨੂੰ ਸਤਿਗੁਰਾਂ ਦੀ ਮਤਿ=ਸਿੱਖਿਆ ਦੇ ਕੇ ਅਪੁਣੀ ਸਿਫਤ ਕਰਨ ਵਿਚ ਲਗਾਇਆ ਹੈ।

ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ॥

ਇਸਥਿਤ ਰੂਪ ਹਰੀ ਸੱਤਵਾਦੀ ਨੇ ਇਕ੍ਨਾਂ ਨੂੰ ਅਪੁਣਾ ਨਾਮ ਬਖਸ਼ਿਆ ਹੈ।

ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ॥

ਪੌਣ, ਪਾਣੀ ਤੇ ਬੈਸੰਤਰੋ=ਅੱਗ ਆਦਿਕ ਪੰਜੇ ਤੱਤ ਉਸ ਦੇ ਹੁਕਮ ਵਿਚ ਭਗਤੀ ਕਰਦੇ ਹਨ।

ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ॥

ਇਨ੍ਹਾਂ ਸਾਰਿਆਂ ਨੂੰ ਅਗਲਾ ਭਉ=ਬਹੁਤਾ ਡਰ ਹੈ, ਪਰਮਾਤਮਾ ਨੇ ਸੰਸਾਰ ਦੀ ਪੂਰੀ ਬਨਾਵਟ ਬਣਾਈ ਹੋਈ ਹੈ।

ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ॥ ੩॥

ਸਾਰਿਆਂ ਦੇ ਸਿਰ ਉੱਤੇ ਇੱਕ ਪ੍ਰਭੂ ਦਾ ਹੁਕਮ ਵਰਤ ਰਿਹਾ ਹੈ, ਉਸ ਹੁਕਮ ਦੇ ਮੰਨਿਆਂ ਹੀ ਸੁਖ ਪਰਾਪਤ ਹੁੰਦਾ ਹੈ॥ ੩॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ;

ਸਲੋਕੁ॥ ਕਬੀਰ ਕਸਉਟੀ ਰਾਮ ਦੀ ਝੂਠਾ ਟਿਕੈ ਨ ਕੋਇ॥

ਕਬੀਰ ਭਗਤ ਜੀ ਕਥਨ ਕਰਦੇ ਹਨ— ਰਾਮ ਦੀ ਭਗਤੀ, ਵਾ- ਤ੍ਰਿਤਿਖਿਆ ਰੂਪ ਕਸੌਟੀ ਉੱਤੇ ਕੋਈ ਝੂਠਾ ਪੁਰਸ਼ ਨਹੀਂ ਟਿਕ ਸਕਦਾ।

ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ ੧ ॥

ਰਾਮ ਦੀ ਭਗਤੀ ਰੂਪ ਕਸੌਟੀ ਨੂੰ ਉਹ ਸਹਾਰਦਾ ਹੈ, ਜੋ ਪੁਰਸ਼ ਮਰਜੀਵੜਾ ਹੁੰਦਾ ਹੈ, ਅਰਥਾਤ ਜੋ ਜੀਵਤ ਭਾਅ ਤੋਂ ਮਰਦਾ ਹੈ॥ ੧ ॥

ਮਃ ੩ ॥ ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥

ਅੰਨਵੇਂ ਅੱਖਰਾਂ ਵੱਲ ਖਿਆਲ ਰੱਖਣਾ। **ਪਹਿਲਾ ਅਰਥ-**

ਇਹ ਜੀਵ ਅਪੁਣੇ ਮਨ ਨੂੰ ਕਿਸ ਵਜ੍ਹਾ ਕਰਕੇ ਮਾਰ ਸਕਦਾ ਹੈ? ਅਰਥਾਤ ਨਹੀਂ ਮਾਰ ਸਕਦਾ। ਕਿਉਂਕਿ ***"ਕਹਿਆ ਸਬਦੁ ਨ ਮਾਨਈ"*** ਗੁਰਾਂ ਦਾ ਕਿਹਾ ਹੋਇਆ ਉਪਦੇਸ਼ ਜੋ ਨਹੀਂ ਮੰਨਦਾ। ***ਕਿਉ ਕਰਿ ਮਿਰਤਕੁ ਹੋਇ ॥*** ਮਨ ਦੇ ਮਰ ਜਾਣ ਤੋਂ ਬਾਅਦ ਜੋ ਅਨੰਦ ਪਰਾਪਤ ਹੁੰਦਾ ਹੈ, ਉਹ ਇਸ ਨੂੰ ਕਿਉ ਕਰਿ=ਕਿਸ ਵਜ੍ਹਾ ਨਾਲ ਪਰਾਪਤ ਹੁੰਦਾ ਹੈ?

ਅਰਥਾਤ ਨਹੀਂ ਹੁੰਦਾ ਕਿਉਂਕਿ-

ਹਉਮੈ ਛਡੈ ਨ ਕੋਇ ॥ ਹੰਗਤਾ ਮਮਤਾ ਨੂੰ ਕੋਈ ਛੱਡਦਾ ਨਹੀਂ ਹੈ।

ਦੂਜਾ ਅਰਥ- ਪ੍ਰਸ਼ਨ- ਮਨ ਨੂੰ ਕਿਸ ਵਜ੍ਹਾ ਨਾਲ ਮਾਰਨਾ ਕਰੀਏ?ਅਤੇ ਮਨ ਦੇ ਮਿਰਤਕ ਹੋਣ ਦਾ ਜੋ ਜੀਵਨ ਮੁਕਤ ਰੂਪ ਅਨੰਦ ਹੈ, ਉਹ ਕਿਸ ਵਜ੍ਹਾ ਨਾਲ ਪਰਾਪਤ ਹੁੰਦਾ ਹੈ?

ਪਹਿਲੇ ਅਨੁਵਾਦ ਕਰਦੇ ਹਨ ! ਇਹ ਜੀਵ ਗੁਰਾਂ ਦੇ ਕਹੇ ਹੋਏ ਉਪਦੇਸ਼ ਨੂੰ ਮੰਨਦਾ ਨਹੀਂ ਅਤੇ ਨਾ ਹੀ ਕੋਈ ਹੰਗਤਾ ਮਮਤਾ ਨੂੰ ਛੱਡਦਾ ਹੈ। ਇਸ 'ਤੇ ਨਾ ਮਨ ਮਰਦਾ ਹੈ, ਨਾ ਹੀ ਜੀਵਨ ਮੁਕਤ ਦਾ ਅਨੰਦ ਪਰਾਪਤ ਹੁੰਦਾ ਹੈ।

ਪ੍ਰਸ਼ਨ- ਜੀਵਨ ਮੁਕਤ ਦਾ ਅਨੰਦ ਕਿਵੇਂ ਪਰਾਪਤ ਹੋਵੇ? *ਗੁਰ ਉੱਤਰ-*

ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥

ਗੁਰਾਂ ਦੀ ਕਿਰਪਾ ਨਾਲ ਹੰਗਤਾ ਮਮਤਾ ਛੁਟ ਜਾਵੇ ਤਾਂ ਉਹ ਜੀਵਨ ਰੂਪ ਹੁੰਦਾ ਹੈ।

ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੂੰ ਵਾਹਿਗੁਰੂ ਬਖਸ਼ਦਾ ਹੈ, ਤਿਸ ਨੂੰ ਗੁਰ ਕਿਰਪਾ ਮਿਲਦੀ ਹੈ, ਉਸ ਨੂੰ ਫਿਰ ਕੋਈ ਵਿਘਨ ਨਹੀਂ ਲਗਦਾ॥ ੨ ॥

ਮਃ ੩ ॥ ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ॥

ਜੀਵਤ ਭਾਅ ਤੋਂ ਮਰਨਾ ਤਾਂ ਸਭ ਕੋਈ ਕਹਿੰਦਾ ਹੈ, ਪਰ ਜੀਵਨ ਦੀ ਹੰਗਤਾ ਤੋਂ ਕਿਵੇਂ ਮੁਕਤ ਹੋ ਸਕਦਾ ਹੈ? *ਗੁਰ ਉੱਤਰ-*

ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥

www.sikhbookclub.com

ਜੇਕਰ ਪ੍ਰਭੂ ਦਾ ਡਰ ਰੂਪ ਸੰਜਮੁ=ਪੱਥ ਰੱਖਣਾ ਕਰੇ ਅਤੇ ਭਾਉ=ਪ੍ਰੇਮ, ਵਾ- ਗਿਆਨ ਰੂਪ ਦਾਰੂ ਲਾਵੇ ਤਾਂ ਜੀਵਨ ਮੁਕਤ ਹੋ ਸਕਦਾ ਹੈ।

ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ॥

ਰਾਤ ਦਿਨ ਪ੍ਰਭੂ ਦੇ ਗੁਣ ਗਾਵੇ ਤਾਂ ਸਹਜੇ ਸੁਖ ਹੁੰਦਾ ਹੈ ਅਤੇ ਨਾਮੀ ਦੇ ਨਾਮ ਨੂੰ ਜਪ ਕੇ ਬਿਖ ਰੂਪ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ॥ ੩॥

ਗੁਰੂ ਜੀ ਕਥਨ ਕਰਦੇ ਹਨ—ਜਿਸ ਉੱਤੇ ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਗੁਰਮੁਖ ਗੁਰਾਂ ਦੁਆਰੇ ਨਾਮ ਚਿੰਤਨ ਕਰਨਾ ਪਾਂਵਦਾ ਹੈ॥ ੩॥

ਪਉੜੀ ॥ ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ॥

ਦ੍ਵੈਤ ਭਾਅ ਰੂਪ ਜੋ ਸੰਸਾਰ ਪੈਦਾ ਕੀਤਾ ਹੋਇਆ ਹੈ, ਉਸ ਦਾ ਤਿੰਨਾਂ ਗੁਣਾਂ ਵਿਚ ਵਰਤਾਰਾ ਹੈ।

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥

ਤਿੰਨਾਂ ਗੁਣਾਂ ਤੋਂ ਜੋ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਰੂਪ ਤਿੰਨੇ ਦੇਵਤੇ ਪੈਦਾ ਕੀਤੇ ਹਨ, ਉਹ ਆਪ ਜੀ ਦੇ ਹੁਕਮ ਵਿਚ ਹੀ ਕਾਰ ਕਮਾਂਵਦੇ ਹਨ।

ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ॥

ਪੰਡਿਤ ਸ਼ਾਸਤ੍ਰਾਂ ਨੂੰ ਪੜ੍ਹਦੇ ਹੰਨ, ਜੋਤਕੀ=ਜੋਤਸ਼ੀ=ਜੋਤਸ਼ ਨੂੰ ਲਗਾਂਦੇ ਹਨ, ਪਰ ਹੇ ਪ੍ਰਭੂ! ਤੇਰੀ ਪਰਾਪਤੀ ਦੇ ਵਿਚਾਰ ਨੂੰ ਨਹੀਂ ਸਮਝਦੇ।

ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ॥

ਹੇ ਸੱਚੇ ਸਿਰਜਣਹਾਰ ਵਾਹਿਗੁਰੂ! ਸਭ ਕੁਝ ਤੇਰਾ ਹੀ ਖੇਲ ਬਣਿਆ ਹੋਇਆ ਹੈ।

ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ॥ ੪॥

ਜਿਸ ਨੂੰ ਤੂੰ ਚਾਹੁੰਦਾ ਹੈਂ, ਉਸ ਨੂੰ ਬਖਸ਼ ਲੈਂਦਾ ਹੈਂ, ਪਰ ਗੁਰਾਂ ਦੇ ਸੱਚੇ ਸਬਦਿ=ਉਪਦੇਸ਼ ਕਰਕੇ ਆਪ ਜੀ ਵਿਚ ਸਮਾਈ ਹੁੰਦੀ ਹੈ॥ ੪॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ।

ਕਿਸੇ ਤੱਪੇ ਦੇ ਪਖੰਡ ਨੂੰ ਵੇਖ ਕੇ ਗੁਰੂ ਜੀ ਕਥਨ ਕਰਦੇ ਹਨ-

ਸਲੋਕੁ ਮਃ ੩॥ ਮਨ ਕਾ ਝੂਠਾ ਝੂਠੁ ਕਮਾਵੈ॥
ਮਾਇਆ ਨੋ ਫਿਰੈ ਤਪਾ ਸਦਾਵੈ॥

ਜੋ ਮਨ ਦਾ ਝੂਠਾ ਹੈ ਅਤੇ ਤਨ ਕਰਕੇ ਭੀ ਝੂਠ ਕਮਾਂਵਦਾ ਹੈ, ਵਾ- ਤਨ ਕਰਕੇ ਝੂਠੇ ਕਰਮ ਕਰਦਾ ਹੈ ਮਾਇਆ ਨੂੰ ਲੈਣ ਵਾਸਤੇ ਫਿਰਦਾ ਹੈ ਤੇ ਅਪੁਣੇ ਆਪ ਨੂੰ ਤਪਾ ਸਦਵਾਂਦਾ ਹੈ।

ਭਰਮੇ ਭੂਲਾ ਸਭਿ ਤੀਰਥ ਗਹੈ॥ ਓਹੁ ਤਪਾ ਕੈਸੇ ਪਰਮ ਗਤਿ ਲਹੈ॥

ਭਰਮ ਵਿਚ ਭੁੱਲਾ ਹੋਇਆ ਸਾਰੇ ਤੀਰਥਾਂ ਦੀ ਯਾਤਰਾ ਨੂੰ ਗ੍ਰਹਿਣ ਕਰਦਾ ਹੈ, ਉਹ ਤਪਾ ਕਿਸ ਤਰ੍ਹਾਂ ਪਰਮਗਤਿ=ਕੈਵਲ ਮੁਕਤੀ ਨੂੰ ਲੈ ਸਕਦਾ ਹੈ।

ਗੁਰ ਪਰਸਾਦੀ ਕੋ ਸਚੁ ਕਮਾਵੈ॥ ਨਾਨਕ ਸੋ ਤਪਾ ਮੋਖੰਤਰੁ ਪਾਵੈ॥ ੧॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੀ ਕਿਰਪਾ ਨਾਲ ਜੇਹੜਾ ਕੋਈ ਸੱਚ ਨਾਮ ਨੂੰ ਕਮਾਉਂਦਾ ਹੈ, ਉਹ ਤਪਾ ਅੰਤਰੇ ਭੇਦ ਵੱਲੋਂ ਮੋਖ=ਛੁਟਣਾ ਪਾਂਦਾ ਹੈ, ਵਾ- ਕੈਵਲ ਮੁਕਤੀ ਨੂੰ ਪਾਂਦਾ ਹੈ॥ ੧॥

ਮਃ ੩॥ ਸੋ ਤਪਾ ਜਿ ਇਹੁ ਤਪੁ ਘਾਲੇ॥
ਸਤਿਗੁਰ ਨੋ ਮਿਲੈ ਸਬਦੁ ਸਮਾਲੇ॥

ਉਹ ਅਸਲ ਤਪਾ ਹੈ, ਜੇਹੜਾ ਇਸ ਤਰ੍ਹਾਂ ਦਾ ਤਪ ਘਾਲੈ=ਕਰਦਾ ਹੈ।

ਪੂਰਨ ਸਤਿਗੁਰਾਂ ਨਾਲ ਮਿਲ ਕੇ ਸਬਦੁ=ਬ੍ਰਹਮ ਨੂੰ ਯਾਦ ਕਰਦਾ ਹੈ।

ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥
ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥ ੨॥

ਜੇਹੜੀ ਪੂਰਨ ਸਤਿਗੁਰਾਂ ਦੀ ਸੇਵਾ ਕਰਨੀ ਹੈ, ਇਹ ਤਪ ਪਰਮੇਸ਼ਰ ਦੀ ਦਰਗਾਹ ਵਿਚ ਪਰਮਾਣੀਕ ਹੈ। ਗੁਰੂ ਜੀ ਕਥਨ ਕਰਦੇ ਹਨ—ਜੋ ਗੁਰਾਂ ਦੀ ਸੇਵਾ ਕਰਦਾ ਹੈ, ਉਹ ਤਪਾ ਪਰਮੇਸ਼ਰ ਦੀ ਦਰਗਾਹ ਵਿਚ ਮਾਣੁ=ਆਦਰ ਪਾਂਦਾ ਹੈ॥ ੨॥

ਪਉੜੀ॥ ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ॥

ਸੰਸਾਰ ਦੀ ਵਰਤੋਂ ਵਾਸਤੇ ਹੇ ਪ੍ਰਭੂ! ਤੈਂ ਨੇ ਆਪ ਹੀ ਰਾਤ ਦਿਨ ਪੈਦਾ ਕੀਤੇ ਹਨ।

[ਪੰਨਾ ੯੪੯]

ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ॥

ਅਗਿਆਨ ਰੂਪ ਅੰਨ੍ਹੇਰੇ ਦੇ ਨਾਸ ਕਰਨ ਵਾਲਾ ਗੁਰਮਤੀਆਂ ਦੇ ਹਿਰਦੇ ਵਿਚ ਗਿਆਨ ਦਾ ਚਾਨਣ ਹੋ ਰਿਹਾ ਹੈ।

ਹੁਕਮੇ ਹੀ ਸਭ ਸਾਜੀਅਨੁ ਰਵਿਆ ਸਭ ਵਣਿ ਤ੍ਰਿਣਿ॥

ਹੇ ਪ੍ਰਭੂ! ਤੈਂ ਨੇ ਅਪੁਣੇ ਹੁਕਮ ਵਿਚ ਹੀ ਸਾਰਿਆਂ ਨੂੰ ਸਾਜਣਾ ਕੀਤਾ ਹੈ ਅਤੇ ਸਾਰਿਆਂ ਵਣਾਂ, ਤ੍ਰਿਣਾਂ ਵਿਚ, ਵਾ- ਵਣਿ=ਅੰਤਹ ਕਰਨ, ਤ੍ਰਿਣਿ=ਇੰਦ੍ਰੀਆਂ ਵਿਚ ਤੂੰ ਰਵ ਰਿਹਾ ਹੈਂ।

ਸਭੁ ਕਿਛੁ ਆਪੇ ਆਪਿ ਹੈ ਗੁਰਮੁਖਿ ਸਦਾ ਹਰਿ ਭਣਿ॥

ਹੇ ਹਰੀ ! ਤੂੰ ਆਪੇ ਆਪ ਸਭ ਕੁਝ ਹੋ ਰਿਹਾ ਹੈਂ, ਗੁਰਮੁਖ ਜਨ ਸਦਾ ਆਪ ਜੀ ਦੇ ਨਾਮਾਂ ਨੂੰ ਭਣਿ=ਉਚਾਰਦੇ ਹਨ।

ਸਬਦੇ ਹੀ ਸੋਝੀ ਪਈ ਸਚੈ ਆਪਿ ਬੁਝਾਈ॥ ੫॥

ਹੇ ਸੱਚੇ ਵਾਹਿਗੁਰੂ ! ਜਦ ਆਪ ਜੀ ਨੇ ਸਮਝਾਇਆ ਤਦ ਗੁਰਾਂ ਦੁਆਰੇ ਸੋਝੀ=ਗਿਆਤ ਪਈ॥ ੫॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਿਸਾਹ ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ॥ ੫॥

ਸਲੋਕ ਮਃ ੩॥

ਉਥਾਨਕਾ:- ਇਹ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਨੇ 'ਮਾਈ ਦਾਸ' ਵੈਰਾਗੀ ਪ੍ਰਤੀ ਉਚਾਰਿਆ ਹੈ। ਮਾਈ ਦਾਸ ਕ੍ਰਿਸ਼ਨ ਜੀ ਦਾ ਉਪਾਸ਼ਕ ਸੀ, ਇਹ ਬੜੇ ਸੰਜਮ ਨਾਲ ਅਪਣੇ ਹੱਥੀਂ ਰੋਟੀ ਤਿਆਰ ਕਰਕੇ ਖਾਂਦਾ ਹੁੰਦਾ ਸੀ। ਇਸ ਦਾ ਇੱਕ ਦਿਨ ਕਿਸੇ ਗੁਰੂ ਦੇ ਸਿੱਖ ਨਾਲ ਮਿਲਾਪ ਹੋ ਗਿਆ। ਜਦ ਗੁਰੂ ਜੀ ਦੇ ਸਿੱਖ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣਾਈ ਤਾਂ ਇਸ ਦੇ ਮਨ ਵਿੱਚ ਦਰਸ਼ਨ ਕਰਨ ਦਾ ਉਤਸ਼ਾਹ ਹੋ ਗਿਆ।

ਇੱਕ ਦਿਨ ਚਲਦਾ ਚਲਦਾ ਗੋਇੰਦਵਾਲ ਪਹੁੰਚ ਗਿਆ ਤੇ ਇੱਕ ਸਿੱਖ ਨੂੰ ਕਿਹਾ, ਮੈਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨੇ ਹਨ, ਗੁਰੂ ਸਾਹਿਬ ਜੀ ਕਿੱਥੇ ਹਨ। ਉਸ ਸਿੱਖ ਨੇ ਕਿਹਾ, ਇੱਥੋਂ ਦਾ ਨਿਯਮ ਹੈ ਪਹਿਲੇ ਲੰਗਰ ਵਿੱਚੋਂ ਪ੍ਰਸ਼ਾਦ ਛਕੋ ਤਾਂ ਗੁਰੂ ਜੀ ਦੇ ਦਰਸ਼ਨ ਹੋਣਗੇ। 'ਮਾਈ ਦਾਸ' ਨੇ ਕਿਹਾ, ਮੇਰਾ ਨਿਯਮ ਹੈ ਚੌਂਕਾ ਪਾ ਕੇ ਅਪਣੇ ਹੱਥੀਂ ਭੋਜਨ ਤਿਆਰ ਕਰਕੇ ਛਕਣਾ। ਸਿੱਖ ਨੇ ਉਸੀ ਵੇਲੇ ਲੰਗਰ ਚੋਂ ਸਾਰੀ ਰਸਦ ਲਿਆ ਕੇ ਉਸ ਨੂੰ ਦੇ ਦਿੱਤੀ। ਜਦ 'ਮਾਈ ਦਾਸ' ਨੇ ਚੁਲ੍ਹਾ ਬਨਾਉਣ ਵਾਸਤੇ ਪ੍ਰਿਥਵੀ ਖੋਦੀ (ਪੁੱਟੀ) ਤਾਂ ਵਿੱਚੋਂ ਹੱਡੀਆਂ ਨਿਕਲ ਆਈਆਂ ਉਸ ਵੇਲੇ ਅਪਣੇ ਆਪ ਨੂੰ ਅਪਵਿੱਤ੍ਰ ਜਾਣ ਕੇ ਇਸ਼ਨਾਨ ਕਰਨ ਚਲਾ ਗਿਆ। ਆ ਕੇ ਹੋਰ ਜਗ੍ਹਾ ਪੁੱਟੀ ਤਾਂ ਭੀ ਹੱਡੀਆਂ ਨਿਕਲੀਆਂ। ਫੇਰ ਇਸ਼ਨਾਨ ਕਰਕੇ ਤੀਜੀ ਜਗ੍ਹਾ ਪੁਟੀ ਫਿਰ ਵੀ ਹੱਡੀਆਂ ਨਿਕਲੀਆਂ। ਜਦ ਕਈ ਵਾਰ ਪੁੱਟਣ 'ਤੇ ਹੱਡੀਆਂ ਨਿਕਲੀਆਂ ਤਾਂ ਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਛੱਡ ਕੇ ਦੁਆਰਕਾ ਨੂੰ ਚਲ ਪਿਆ। ਚਲਦਿਆਂ ਚਲਦਿਆਂ ਜਦ ਦੁਆਰਕਾ ਦੇ ਪਾਸ ਇੱਕ ਜੰਗਲ ਵਿੱਚ ਪੁੱਜਾ ਤਾਂ ਉਸ ਦਿਨ ਇਕਾਦਸ਼ੀ ਥਿਤ ਜਾਣ ਕੇ ਵਰਤ ਰੱਖ ਲਿਆ। ਪਰ ਦੂਜੇ ਦਿਨ ਇਕਾਦਸ਼ੀ ਵਰਤ ਖੋਲ੍ਹਣ ਵਾਸਤੇ ਉਸ ਜੰਗਲ ਚੋਂ ਪਾਣੀ ਤੱਕ ਭੀ ਕੋਈ ਚੀਜ਼ ਨਾ ਮਿਲੀ, ਭੁੱਖ ਨੇ ਬੜਾ ਸਤਾਇਆ ਹੋਇਆ ਸੀ, ਪਰ ਉਸ ਦੀ ਜਾਨ ਬਚਾਣ ਵਾਸਤੇ ਕ੍ਰਿਸ਼ਨ ਜੀ ਗੁਪਤ ਰੂਪ ਵਿੱਚ ਇੱਕ ਥਾਲੀ ਵਿੱਚ ਦਾਲ ਚਾਵਲ ਪਾ ਕੇ ਉਸ ਦੇ ਅੱਗੇ ਰੱਖ ਗਏ।

ਕੱਚਾ ਭੋਜਨ ਵੇਖ ਕੇ 'ਮਾਈ ਦਾਸ' ਵਿਚਾਰਦਾ ਹੈ ਜੇਕਰ ਚੌਂਕੇ ਬਗੈਰ ਮੈਂ ਇਸ ਭੋਜਨ ਨੂੰ ਖਾਂਦਾ ਹਾਂ ਤਾਂ ਮੇਰਾ ਨਿਯਮ ਟੁੱਟਦਾ ਹੈ। ਅਜੇ ਇਸ ਤਰ੍ਹਾਂ ਸੋਚ ਹੀ ਰਿਹਾ ਸੀ ਤਦ ਕ੍ਰਿਸ਼ਨ ਜੀ ਨੇ ਪੂੜੀ, ਕੜਾਹ, ਕਚੌੜੀ, ਲੱਡੂ ਆਦਿਕ ਪੱਕਾ ਭੋਜਨ ਥਾਲੀ ਵਿੱਚ ਪਰੋਸ ਕੇ ਅੱਗੇ ਲਿਆ ਰੱਖਿਆ। ਇਸ ਅਸਚਰਜ ਕੌਤਕ ਨੂੰ ਵੇਖ ਕੇ 'ਮਾਈ ਦਾਸ' ਨੇ ਦਿਲ ਵਿੱਚ ਵਿਚਾਰਿਆ, ਇਤਨੇ ਘੋਰ ਜੰਗਲ ਵਿੱਚ ਜਿੱਥੇ ਦੂਰ ਦੁਰਾਡੇ ਕੋਈ ਮਨੁੱਖ ਨਿਗਾਹ ਨਹੀ ਆਉਂਦਾ। ਓਥੇ ਪਹਿਲੇ ਕੱਚਾ ਭੋਜਨ ਤੇ ਫਿਰ ਮੇਰੇ ਸੰਕਲਪ ਅਨੁਸਾਰ ਪੱਕਾ ਭੋਜਨ ਆ ਗਿਆ ਹੈ। ਇਹ ਕਿਸੇ ਮਨੁੱਖ ਦਾ ਕੰਮ ਨਹੀਂ ਹੈ, ਇਹ ਕ੍ਰਿਸ਼ਨ ਭਗਵਾਨ ਜੀ ਆਪ ਹੀ ਹਨ।

ਉਸ ਵੇਲੇ ਬੜੀ ਨਿੰਮ੍ਰਤਾ ਸਹਿਤ ਦੋਵੇਂ ਹੱਥ ਜੋੜ ਕੇ ਬੇਨਤੀਆਂ ਕਰਨ ਲੱਗਾ ਕਿ ਇੱਕ ਵਾਰ ਸਖਿਆਤ, ਭਾਵ ਪ੍ਰਤੱਖ ਮੈਨੂੰ ਦਰਸ਼ਨ ਦਿਓ। ਇਹ ਗੱਲ ਸੁਣ ਕੇ ਕ੍ਰਿਸ਼ਨ ਜੀ ਨੇ ਅਕਾਸ਼ ਬਾਣੀ ਦੁਆਰੇ ਕਿਹਾ ਮੇਰਾ ਦਰਸ਼ਨ ਤੈਨੂੰ ਗੋਇੰਦਵਾਲ ਹੀ ਹੋਵੇਗਾ ਇੱਥੇ ਨਹੀਂ ਹੋਣਾ ਕਿਉਂਕਿ ਜਿੱਥੇ ਪ੍ਰੇਮ ਹੁੰਦਾ ਹੈ ਓਥੇ ਨਿਯਮ ਨਹੀਂ

www.sikhbookclub.com

ਰਹਿ ਸਕਦਾ, ਜਿੱਥੇ ਨਿਯਮ ਹੈ ਓਥੇ ਪ੍ਰੇਮ ਨਹੀਂ ਰਹਿੰਦਾ। ਹੁਣ ਤੂੰ ਪ੍ਰਾਣਾਂ ਦੀ ਰੱਖਿਆ ਵਾਸਤੇ ਭੋਜਨ ਖਾ ਲੈ ਤੇ ਵਾਪਸ ਗੋਇੰਦਵਾਲ ਚਲਿਆ ਜਾ ਇਤਨੇ ਬਚਨ ਅਕਾਸ਼ ਬਾਣੀ ਦੁਆਰੇ ਕਹਿ ਕੇ ਕ੍ਰਿਸ਼ਨ ਜੀ ਚਲੇ ਗਏ ਤੇ ਮਾਈ ਦਾਸ ਚਲਦਾ ਹੋਇਆ ਗੋਇੰਦਵਾਲ ਪੁੱਜਾ, ਜਿਸ ਵੇਲੇ ਸਾਰਿਆਂ ਸੰਸਿਆਂ ਤੇ ਸੰਜਮਾਂ ਨੂੰ ਛੱਡ ਕੇ ਲੰਗਰ ਚੋਂ ਪ੍ਰਸ਼ਾਦ ਛਕ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਦਰਬਾਰ ਵਿੱਚ ਪਹੁੰਚਿਆ ਤਾਂ ਕ੍ਰਿਸ਼ਨ ਜੀ ਦੇ ਰੂਪ ਵਿੱਚ ਦਰਸ਼ਨ ਕਰਕੇ ਗਦ ਗਦ ਹੋ ਗਿਆ ਤੇ ਸਮਾਧੀ ਵਿੱਚ ਲੀਣ ਹੋ ਗਿਆ. ਸਮਾਧੀ ਖੁਲ੍ਹਣ 'ਤੇ ਫਿਰ ਸ੍ਰੀ ਗੁਰੂ ਅਮਰਦਾਸ ਜੀ ਦੇ ਸਖਿਆਤ ਦਰਸ਼ਨ ਹੋਏ ਤਾਂ ਰਹਿੰਦੇ ਖੁੰਹਦੇ ਸਾਰੇ ਸੰਸੇ ਨਿਵਿਰਤ ਹੋ ਗਏ। ਉਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਸਲੋਕ ਦੁਆਰਾ ਮਾਈ ਦਾਸ ਨੂੰ ਉਪਦੇਸ਼ ਦਿੱਤਾ-

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥

ਜਿਨ੍ਹਾਂ ਦੇ ਚਿੱਤ ਵਿੱਚ ਭਰਮ ਹੈ, ਏਹਿ=ਉਹ ਪੁਰਸ਼ ਅਭਿਆਗਤ ਨਹੀਂ ਕਹੇ ਜਾਦੇ।

ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਉਸ ਨੂੰ ਦਿੱਤੇ ਹੋਇ ਦਾਨ ਦਾ ਓਹੋ ਜੇਹਾ ਹੀ ਧਰਮ ਹੁੰਦਾ ਹੈ। ਅਰਥਾਤ:- ਭਰਮ ਵਾਲੇ ਨੂੰ ਦਾਨ ਦੇਣ ਨਾਲ ਉਸ ਦਾ ਫਲ ਭਰਮ ਹੀ ਪ੍ਰਾਪਤ ਹੁੰਦਾ ਹੈ।

ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥

ਜੋ ਅਭੈ=ਡਰ ਤੋਂ ਰਹਿਤ, ਨਿਰੰਜਨੁ=ਮਾਇਆ ਮਲ ਅਵਿੱਦਿਆ ਤੋਂ ਰਹਿਤ ਪਰਮ ਪਦੁ=ਆਤਮ ਪਦ ਹੈ, ਤਾ ਕਾ ਭੂਖਾ=ਤਿਸ ਦੀ ਚਾਹ ਵਾਲਾ ਜੋ ਗੁਰਮੁਖ ਹੁੰਦਾ ਹੈ।

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਤਿਸ ਗੁਰਮੁਖ ਦਾ (ਨੂੰ) ਭੋਜਨ ਛਕਾਉਣਾ ਕੋਈ ਵਿਰਲਾ ਹੀ ਪੁਰਸ਼ ਪਾਂਵਦਾ ਹੈ, ਜਣਾ ਖਣਾ ਉਸ ਨੂੰ ਭੋਜਨ ਨਹੀਂ ਛਕਾ ਸਕਦਾ।

ਅਥਵਾ- ਜੋ ਡਰ ਤੋਂ ਰਹਿਤ ਨਿਰੰਜਨ ਪਰਮ ਪਦ ਰੂਪ ਹੈ, ਤਿਸ ਦੀ ਪਰਾਪਤੀ ਦਾ ਚਾਹ ਵਾਲਾ ਹੋਵੇ।

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥ ੧ ॥

ਤਿਸ ਪ੍ਰਭੂ ਦਾ ਜੋ ਗਿਆਨ ਰੂਪ ਭੋਜਨ ਹੈ, ਉਸ ਗਿਆਨ ਨੂੰ ਕੋਈ ਵਿਰਲਾ ਹੀ ਪਾਂਵਦਾ ਹੈ।

ਮ: ੩ ॥ ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥

ਇਸ ਤਰ੍ਹਾਂ ਦੇ ਪੁਰਸ਼ ਅਭਿਆਗਤ ਨਹੀਂ ਕਹੇ ਜਾਂਦੇ, ਜੇਹੜੇ ਪਰਾਏ ਘਰਾਂ ਵਿੱਚ ਜਾ ਕੇ ਭੋਜਨ ਖਾਣਾ ਕਰਦੇ ਹਨ। ਕਿਉਂਕਿ-

ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥

ਉਹ ਤਾਂ ਆਪਣੇ ਉਦਰੈ=ਢਿੱਡ ਭਰਨ ਵਾਸਤੇ ਬਹਲੇ=ਬਹੁਤੇ ਭੇਖ ਕਰਦੇ ਹਨ।

ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥

ਗੁਰੂ ਜੀ ਕਥਨ ਕਰਦੇ ਹਨ—ਉਹ ਅਸਲੀ ਅਭਿਆਗਤ ਹਨ, ਜੇਹੜੇ ਆਤਮ ਸਰੂਪ ਵਿੱਚ ਗਉਣੁ=ਚਲਣਾ ਕਰਦੇ ਹਨ।

ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ॥ ੨ ॥

ਉਹ ਆਪਣੇ ਸਹੁ=ਪਤੀ ਪਰਮਾਤਮਾ ਨੂੰ ਭਾਲਿ ਲਹਨਿ=ਲੱਭ ਲੈਂਦੇ ਹਨ ਅਤੇ ਆਪਣੇ ਸਰੂਪ ਰੂਪੀ ਘਰ ਵਿੱਚ ਰਹਿਣਾ ਕਰਦੇ ਹਨ॥ ੨ ॥

ਪਉੜੀ ॥ ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ ॥

ਅੰਬਰੁ=ਅਕਾਸ਼ ਤੇ ਧਰਤਿ=ਧਰਤੀ ਨੂੰ ਵਿਛੋੜ ਕੇ ਭਿੰਨ-ਭਿੰਨ ਕੀਤਾ ਹੈ, ਧਰਤੀ ਨੂੰ ਗਲੀਚਾ ਤੇ ਆਕਾਸ਼ ਨੂੰ ਚੰਦੋਆ ਬਣਾਇਆ ਹੈ, ਇਨ੍ਹਾਂ ਦੇ ਵਿੱਚ ਸੱਚਾ ਪ੍ਰਭੂ ਆਪ ਹੀ ਅਸਰਾਉ=ਆਸਰਾ ਰੂਪ ਹੈ।

ਘਰੁ ਦਰੁ ਸਭੋ ਸਚੁ ਹੈ ਜਿਸੁ ਵਿਚਿ ਸਚਾ ਨਾਉ ॥

ਉਸ ਦਾ ਘਰ ਤੇ ਦਰਵਾਜ਼ਾ ਸਭ ਕੁਝ ਸਚੁ=ਸਫਲਾ ਹੈ, ਜਿਸ ਘਰ ਦਰ ਦੇ ਵਿੱਚ ਸੱਚ ਨਾਮ ਦਾ ਸਿਮਰਨ ਹੋ ਰਿਹਾ ਹੈ।

ਯਥਾ- ਸੁੰਦਰ ਮੰਦਰ ਸੈਣਹ ਜੇਣ ਮਧੁ ਹਰਿ ਕੀਰਤਨਹ ॥ *(ਮ:੫ ਗਾਥਾ, ਪੰਨਾ ੧੩੬੦)*

ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ ॥

ਸਾਰਿਆਂ ਦੇ ਸਿਰ 'ਤੇ ਸੱਚੇ ਦਾ ਸੱਚਾ ਹੁਕਮ ਵਰਤ ਰਿਹਾ ਹੈ, ਗੁਰਮੁਖ ਸੱਚ ਵਿੱਚ ਹੀ ਸਮਾਉਂਦੇ ਹਨ।

ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥

ਉਹ ਪਰਮੇਸ਼ਰ ਆਪ ਸੱਚਾ ਹੈ, ਉਸ ਦਾ ਸੰਸਾਰ ਤਖਤ ਭੀ ਸੱਚਾ ਹੈ, ਸੰਸਾਰ ਤਖਤ 'ਤੇ ਬੈਠ ਕੇ ਸੱਚਾ ਹੀ ਨਿਆਂ ਕਰਦਾ ਹੈ।

ਅਥਵਾ- ਉਹ ਪਰਮੇਸ਼ਰ ਆਪ ਸੱਚਾ ਹੈ, ਉਸਦਾ ਸਤਿਸੰਗ ਤਖਤ ਭੀ ਸੱਚਾ ਹੈ ਸਤਿਸੰਗ ਤਖਤ ਤੇ ਬੈਠਕੇ ਗੁਰੂ ਰੂਪ ਹੋ ਕੇ ਜਗਿਆਸੂਆਂ ਦਾ ਸੱਚਾ ਨਿਆਂ ਕਰਦਾ ਹੈ।

ਅਥਵਾ- ਉਹ ਪਰਮੇਸ਼ਰ ਆਪ ਸੱਚਾ ਹੈ, ਉਸ ਦਾ ਬੈਕੁੰਠ ਰੂਪ ਤਖਤ ਭੀ ਸੱਚਾ ਹੈ, ਬੈਕੁੰਠ ਤਖਤ 'ਤੇ ਬੈਠ ਕੇ ਵਿਸ਼ਨੂੰ ਰੂਪ ਹੋ ਕੇ ਜੀਵਾਂ ਦਾ ਸੱਚਾ ਨਿਆਂ ਕਰਦਾ ਹੈ।

ਅਥਵਾ- ਉਹ ਪਰਮੇਸ਼ਰ ਆਪ ਸੱਚਾ ਹੈ, ਉਸ ਦਾ ਪਰਲੋਕ ਤਖਤ ਭੀ ਸੱਚਾ ਹੈ, ਪਰਲੋਕ ਤਖਤ 'ਤੇ ਬੈਠ ਕੇ ਧਰਮ ਰਾਜਾ ਰੂਪ ਹੋ ਕੇ ਜੀਵਾਂ ਦੇ ਕਰਮਾਂ ਦਾ ਸੱਚਾ ਨਿਆਂ ਕਰਦਾ ਹੈ।

ਸਭੁ ਸਚੋ ਸਚੁ ਵਰਤਦਾ ਗੁਰਮੁਖਿ ਅਲਖੁ ਲਖਾਈ ॥ ੬ ॥

ਸਚੁ=ਨਿਸਚੇ ਕਰਕੇ ਸੱਚਾ ਪ੍ਰਭੂ ਸਾਰੇ ਵਰਤ ਰਿਹਾ ਹੈ, ਉਹ ਅਲਖ ਪ੍ਰਭੂ ਗੁਰਮੁਖਾਂ ਨੂੰ ਆਪਣਾ ਆਪ ਲਖਾਈ=ਜਣਾਂਦਾ ਹੈ।

ਅਥਵਾ- ਗੁਰਮੁਖ ਜਨ ਗੁਰਾਂ ਦੁਆਰੇ ਅਲਖ ਪ੍ਰਭੂ ਨੂੰ ਆਪ ਜਾਣਦੇ ਹਨ ਤੇ ਹੋਰਨਾਂ ਨੂੰ ਲਖਾਉਂਦੇ ਹਨ॥ ੬ ॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥

ਹੇ ਸੱਚੇ ਪਾਤਿਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ॥

ਸਲੋਕੁ ਮਃ ੩ ॥ ਰੈਣਾਇਰ ਮਾਹਿ ਅਨੰਤੁ ਹੈ ਕੂੜੀ ਆਵੈ ਜਾਇ ॥

ਸੰਸਾਰ ਰੈਣਾਇਰ=ਸਮੁੰਦਰ ਵਿੱਚ, ਅਨੰਤੁ=ਬਿਅੰਤ ਰੂਪ ਪਰਮੇਸ਼ਰ ਵਸਦਾ ਹੈ, ਪਰ ਉਸ ਤੋਂ ਭੁੱਲ ਕੇ ਝੂਠੀ ਦੁਨੀਆਂ ਆਵੈ ਜਾਇ=ਜੰਮਦੀ ਮਰਦੀ ਹੈ।

ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ ॥

ਜੋ ਪੁਰਸ਼ ਆਪਣੇ ਭਾਣੇ ਅਨੁਸਾਰ ਚਲਦੇ ਹਨ, ਉਹ ਪਰਲੋਕ ਵਿੱਚ ਬਹੁਤੀ ਸਜਾ ਲੈਂਦੇ ਹਨ।

ਰੈਣਾਇਰ ਮਹਿ ਸਭੁ ਕਿਛੁ ਹੈ ਕਰਮੀ ਪਲੈ ਪਾਇ ॥

ਸੰਸਾਰ ਰੈਣਾਇਰ=ਸਮੁੰਦ੍ਰ ਵਿੱਚ ਸਭ ਕੁਝ ਹੈ, ਪਰਤੱਖ ਪਦਾਰਥ ਭੀ ਹਨ ਅੰਤ੍ਰੀਵ ਵੈਰਾਗ, ਵਿਵੇਕ ਆਦਿਕ ਪਦਾਰਥ ਭੀ ਹਨ, ਪਰ ਕਰਮਾਂ ਕਰਕੇ ਬੁੱਧੀ ਰੂਪ ਪੱਲੇ ਵਿੱਚ ਪੈਂਦੇ ਹਨ।

ਨਾਨਕ ਨਉ ਨਿਧਿ ਪਾਈਐ ਜੇ ਚਲੈ ਤਿਸੈ ਰਜਾਇ ॥ ੧ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਜੇਕਰ ਇਹ ਜੀਵ ਤਿਸ ਪ੍ਰਭੂ ਦੀ ਰਜਾਇ=ਆਗਿਆ ਵਿੱਚ ਚਲੇ ਤਾਂ ਨੌ ਨਿਧੀਆਂ ਆਦਿਕ ਸਾਰੇ ਪਦਾਰਥ ਪਾ ਲੈਂਦਾ ਹੈ॥ ੧ ॥

ਮਃ ੩ ॥ ਸਹਜੇ ਸਤਿਗੁਰੁ ਨ ਸੇਵਿਓ ਵਿਚਿ ਹਉਮੈ ਜਨਮਿ ਬਿਨਾਸੁ ॥

ਜਿਸ ਨੇ ਸਹਜੇ=ਸ਼ਾਂਤੀ ਸਰੂਪ ਸਤਿਗੁਰਾਂ ਨੂੰ ਨਹੀਂ ਸੇਵਿਆ, ਉਹ ਹੰਗਤਾ ਮਮਤਾ ਦੇ ਵਿਚ ਹੀ ਜੰਮਦਾ ਮਰਦਾ ਹੈ।

ਰਸਨਾ ਹਰਿ ਰਸੁ ਨ ਚਖਿਓ ਕਮਲੁ ਨ ਹੋਇਓ ਪਰਗਾਸੁ ॥

ਜਿਸ ਨੇ ਰਸਨਾ ਦੁਆਰੇ ਹਰੀ ਨਾਮ ਰਸ ਨੂੰ ਨਹੀਂ ਚੱਖਿਆ, ਉਸ ਦੇ ਹਿਰਦੇ ਕਮਲ ਵਿਚ ਗਿਆਨ ਦਾ ਪ੍ਰਕਾਸ਼ ਨਹੀਂ ਹੋਇਆ।

ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥

ਮਨਮੁਖ ਨੇ ਵਿਸ਼ਿਆ ਰੂਪੀ ਜ਼ਹਿਰ ਖਾਧੀ ਹੈ, ਇਸ ਕਰਕੇ ਜੰਮਦਾ ਮਰਦਾ ਹੈ ਤੇ ਮਾਇਆ ਦੇ ਮੋਹ ਕਰਕੇ ਨਾਸ ਹੁੰਦਾ ਹੈ।

ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥

ਇਕ ਹਰੀ ਨਾਮ ਤੋਂ ਬਿਨਾਂ ਮਨਮੁਖ ਦੇ ਜੀਵਨ ਨੂੰ ਧ੍ਰਿਗਾਕਾਰ ਹੈ ਅਤੇ ਉਸ ਦੇ ਵਸਨ ਵਾਲੇ ਵਾਸੁ=ਅਸਥਾਨ ਭਾਵ, ਘਰ ਨੂੰ ਵੀ ਧ੍ਰਿਕਾਰ ਹੈ।

ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ਤਾ ਹੋਵੈ ਦਾਸਨਿ ਦਾਸੁ ॥

ਜਾਂ ਸੱਚਾ ਪ੍ਰਭੂ ਅਪੁਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਇਹ ਜੀਵ ਦਾਸਾਂ ਦਾ ਦਾਸ ਹੁੰਦਾ ਹੈ।

ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ ॥

ਜਾਂ ਦਾਸ ਹੋਵੇ ਤਾਂ ਹੀ ਸਤਿਗੁਰਾਂ ਦੀ ਰਾਤ ਦਿਨ ਸੇਵਾ ਕਰਦਾ ਹੈ ਅਤੇ ਸਤਿਗੁਰਾਂ ਦੇ ਪਾਸੇ ਨੂੰ ਕਦੇ ਛੱਡਦਾ ਨਹੀਂ ਹੈ।

www.sikhbookclub.com

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ॥

ਜਿਵੇਂ ਪਾਣੀ ਵਿਚ ਰਹਿ ਕੇ ਕਵਲ ਫੁਲ ਨਿਰਲੇਪ ਵਰਤਦਾ ਹੈ, ਤਿਵੇਂ ਉਹ ਪੁਰਸ਼ ਘਰ ਦੇ ਵਿਚ ਰਹਿ ਕੇ ਸਾਰਿਆਂ ਵਿਹਾਰਾਂ ਤੋ ਅਸੰਗ ਰਹਿੰਦਾ ਹੈ।

ਜਨ ਨਾਨਕ ਕਰੇ ਕਰਾਇਆ ਸਭੁ ਕੋ
ਜਿਉ ਭਾਵੈ ਤਿਵ ਹਰਿ ਗੁਣਤਾਸੁ॥ ੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਸ਼ੁਭ ਗੁਣਾਂ ਦੇ ਖਜ਼ਾਨੇ ਹਰੀ ਨੂੰ, ਜਿਵੇਂ ਜੀਵ ਕੋਲੋਂ ਕਰਾਇਆ ਭਾਂਵਦਾ ਹੈ, ਤਿਵੇਂ ਸਭ ਕੋਈ ਕਰਦਾ ਹੈ॥ ੨॥

ਪਉੜੀ॥ ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ॥

ਪ੍ਰਭੂ ਨੇ ਆਪ ਹੀ ਛੱਤੀ ਜੁਗ ਗੁਬਾਰੁ=ਮਹਾਂ ਪਰਲੋ ਕੀਤੀ ਹੈ, ਪੁਨਾ ਆਪ ਹੀ ਉਸ ਦੀ ਗਿਣਤੀ ਕੀਤੀ ਹੈ। *ਅਥਵਾ-* ਆਪ ਹੀ ਇੱਕ ਤੋਂ ਅਨੇਕ ਰੂਪ ਹੋਣ ਦੀ ਗਿਣਤੀ ਕੀਤੀ ਹੈ।

ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ॥

ਪ੍ਰਭੂ ਨੇ ਆਪ ਹੀ ਸਾਰੀ ਦੁਨੀਆਂ ਬਣਾਈ ਹੈ ਅਤੇ ਆਪ ਜੀ ਜੀਵਾਂ ਨੂੰ ਵਿਹਾਰ ਕਰਨ ਦੀ ਮਤਿ=ਬੁੱਧੀ ਦਿੱਤੀ ਹੈ।

ਸਿਮ੍ਰਿਤਿ ਸਾਸਤ ਸਾਜੀਅਨੁ ਪਾਪ ਪੁੰਨ ਗਣਤ ਗਣੀਨੀ॥

ਤੈਂਨੇ ਆਪ ਹੀ ਮਰਯਾਦਾ ਰੱਖਣ ਵਾਸਤੇ ਸਤਾਈ ਸਿੰਮ੍ਰਤੀਆਂ ਤੇ ਛੇ ਸ਼ਾਸਤ੍ਰਾਂ ਨੂੰ ਸਾਜਿਆ ਹੈ, ਜਿਨ੍ਹਾਂ ਦੁਆਰੇ ਪਾਪਾਂ ਪੁੰਨਾਂ ਦੀ ਗਿਣਤੀ ਗਿਣੀ ਦੀ ਹੈ।

ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ॥

ਜਿਸ ਨੂੰ ਆਪ ਸਮਝਾਂਦੇ ਹੋ ਓਹੀ ਸਮਝਦਾ ਹੈ, ਉਸ ਦੀ ਬੁੱਧੀ ਗੁਰਾਂ ਦੇ ਸੱਚੇ ਉਪਦੇਸ਼ ਵਿਚ ਪਤੀਜ ਗਈ ਹੈ।

ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਾਈ॥ ੭॥

ਸਾਰਿਆਂ ਵਿਚ ਤੂੰ ਆਪੇ ਆਪ ਵਰਤ ਰਿਹਾ ਹੈਂ, ਆਪ ਹੀ ਪਾਪਾਂ ਨੂੰ ਬਖਸ਼ ਕੇ ਅਪੁਣੇ ਵਿਚ ਮਿਲਾ ਲੈਂਦਾ ਹੈਂ॥ ੭॥

ਵਾਹੁ ਵਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਿਸ਼ਾਹ ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਵੀ ਸੱਚੀ ਹੈ।

ਸ਼ੇਖ ਫਰੀਦ ਨੇ ਕਿਹਾ ਹੈ—

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥ ੫੧॥ *(ਪੰਨਾ ੧੩੮੦)*

ਇਸ ਸਲੋਕ ਨੂੰ ਸੁਣ ਕੇ ਜਦ ਸਿੱਖਾਂ ਦੇ ਮਨ ਵਿਚ ਸੰਸਾ ਹੋਇਆ ਕਿ ਲਹੂ ਤੋਂ ਬਿਨਾਂ ਸਰੀਰ ਕਿਵੇਂ ਹੋ

ਸਕਦਾ ਹੈ? ਤਾਂ ਪੰਚਮ ਪਿਤਾ ਜੀ ਨੇ ਕਿਹਾ, ਅਸਾਡੇ ਵੱਡੇ ਸਤਿਗੁਰਾਂ ਨੇ ਇਸ ਸਲੋਕ ਦਾ ਉੱਤਰ ਇਸ ਤਰ੍ਹਾਂ ਦਿੱਤਾ ਹੈ।

ਸਲੋਕੁ ਮਃ ੩ ॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥

ਇਹ ਸਾਰਾ ਸਰੀਰ ਹੀ ਰਤੁ=ਲਹੂ ਦਾ ਹੈ, ਕਿਉਂਕਿ ਰਕਤ ਬਿੰਦ ਤੋਂ ਬਿਨਾਂ ਇਹ ਸਰੀਰ ਉਤਪਨ ਨਹੀਂ ਹੋ ਸਕਦਾ।

*ਯਥਾ:-*ਰਕਤੁ ਬਿੰਦੁ ਕਾ ਇਹੁ ਤਨੁ ਅਗਨੀ ਪਾਸਿ ਪਿਰਾਣੁ ॥ *(ਸਿਰੀ ਰਾਗੁ ਮ: ੧, ਪੰਨਾ ੬੩)*

ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ ॥

ਪਰ ਜੋ ਮਨੁੱਖ ਅਪੁਣੇ ਸਹਿ=ਪਤੀ ਪਰਮਾਤਮਾ ਦੇ ਰੰਗ ਵਿਚ ਰੱਤੇ ਰਹਿੰਦੇ ਹਨ, ਉਨ੍ਹਾਂ ਦੇ ਤਨਿ=ਸੂਖਮ ਸਰੀਰ ਵਿਚ ਲੋਭ ਰੂਪੀ ਰੱਤ ਨਹੀਂ ਹੁੰਦੀ। ਕਿਉਂਕਿ-

ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥

ਸਰੀਰ ਵਿਚ ਪ੍ਰਭੂ ਦਾ ਡਰ ਪੈਣ ਕਰਕੇ ਸਰੀਰ ਖੀਣੁ=ਲਿਸਾ ਹੋ ਜਾਂਦਾ ਹੈ ਅਤੇ ਮਨ ਵਿਚੋਂ ਲੋਭ ਰੂਪੀ ਰੱਤ ਨਿਕਲ ਜਾਦੀ ਹੈ।

[ਪੰਨਾ ੯੫੦]

ਜਿਉ ਬੈਸੰਤਰਿ ਧਾਤੁ ਸੁਧੁ ਹੋਇ
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥

ਜਿਵੇਂ ਬੈਸੰਤਰਿ=ਅੱਗ ਵਿਚ ਪੈ ਕੇ ਸੋਨਾ ਆਦਿਕ ਧਾਤੂ ਸ਼ੁੱਧ ਹੁੰਦੀ ਹੈ, ਤਿਵੇਂ ਹਰੀ ਦਾ ਡਰ ਖੋਟੀ ਬੁੱਧੀ ਰੂਪੀ ਮੈਲ ਨੂੰ ਗਵਾ ਕੇ ਹਿਰਦੇ ਨੂੰ ਸ਼ੁੱਧ ਕਰ ਦੇਂਦਾ ਹੈ।

ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਰੰਗੁ=ਪ੍ਰੇਮ ਲਗਾ ਕੇ ਜੋ ਹਰੀ ਨਾਲ ਰਤੇ=ਮਿਲੇ ਹਨ, ਉਹ ਜਨ ਸ਼ੁਭ ਗੁਣਾਂ ਕਰਕੇ ਸ਼ੋਭਨੀਕ ਹਨ ॥ ੧ ॥

ਕਿਸੇ ਗਵੱਈਏ ਨੇ ਆ ਕੇ ਰਾਮਕਲੀ ਰਾਗਣੀ ਗਾਈ, ਲੇਕਿਨ ਪ੍ਰਭੂ ਦੇ ਜਸ ਤੋਂ ਬਿਨਾਂ ਹੋਣ ਕਰਕੇ ਗੁਰੂ ਜੀ ਨੂੰ ਪਸੰਦ ਨਾ ਆਈ ਤਾਂ ਗੁਰੂ ਜੀ ਨੇ ਕਿਹਾ-

ਮਃ ੩ ॥ ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥

ਜਾਂ ਮਨ ਵਿਚ ਰਾਮ ਨਾਮ ਵਸਿਆ ਹੋਵੇ ਤਾਂ ਰਾਮਕਲੀ ਰਾਗਣੀ ਗਾਇਣ ਕੀਤੀ ਸਫਲ ਹੈ।

ਅਥਵਾ- ਜਾਂ ਮਨ ਵਿਚ ਰਾਮ ਨਾਮ ਵਸਿਆ ਹੋਵੇ ਤਾਂ ਹੀ ਰਾਮਕਲੀ=ਬੁੱਧੀ ਸ਼ੋਭਨੀਕ ਹੈ ਅਤੇ ਤਾਂਹੀ ਜਪ ਤਪ ਰੂਪੀ ਸ਼ਿੰਗਾਰ ਬਣਿਆ ਸਫਲ ਹੈ।

ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥

ਜਾਂ ਗੁਰਾਂ ਦੇ ਉਪਦੇਸ਼ ਨੂੰ ਸੁਣ ਕੇ ਹਿਰਦਾ ਕਮਲ ਖਿੜਿਆ, ਤਾਂਹੀ ਗੁਰਾਂ ਨੇ ਭਗਤੀ ਰੂਪ ਭੰਡਾਰਾ

ਸੌਂਪ ਦਿੱਤਾ।

ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ॥

ਜਾਂ ਭਰਮ ਨਿਵਿਰਤ ਹੋ ਗਿਆ ਤਾਂ ਇਹ ਮਨ ਗਿਆਨ ਜਾਗ੍ਰਤ ਵਿਚ ਜਾਗਿਆ ਅਤੇ ਅਗਿਆਨ ਰੂਪ ਅਨ੍ਹੇਰਾ ਚੂਕਾ=ਦੂਰ ਹੋ ਗਿਆ।

ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ॥

ਜਿਸ ਦਾ ਹਰੀ ਨਾਮ ਨਾਲ ਪਿਆਰ ਹੋਇਆ ਹੈ, ਤਿਸ ਨੂੰ ਸਫਾਈ, ਵਾ:- ਸ਼ੋਭਾ ਰੂਪੀ ਰੂਪ ਅਤਿ ਅਗਲਾ =ਬਹੁਤ ਤੋਂ ਬਹੁਤ ਚੜ੍ਹਿਆ ਹੈ, ਭਾਵ ਉਸ ਦੀ ਚਾਰ ਚੁਫੇਰੇ ਸ਼ੋਭਾ ਹੋਈ ਹੈ।

ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ॥

ਉਹ ਸਦੀਵ ਕਾਲ ਆਪਣੇ ਪਤੀ ਦੇ ਅਨੰਦ ਨੂੰ ਰਾਂਵਦੀ (ਭੋਗਦੀ) ਹੈ, ਇਸ ਲਈ ਉਹ ਇਸਤ੍ਰੀ ਸ਼ੋਭਾ ਵਾਲੀ ਹੋਈ ਹੈ।

ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥

ਮਨਮੁਖ ਇਸਤ੍ਰੀਆਂ ਸ਼ੁਭ ਗੁਣਾਂ ਰੂਪੀ ਸ਼ਿੰਗਾਰ ਕਰਨਾ ਨਹੀਂ ਜਾਣਦੀਆਂ, ਇਸ ਲਈ ਉਹ ਸਾਰੇ ਜਨਮ ਨੂੰ ਹਾਰ ਕੇ ਨਰਕਾਂ ਨੂੰ ਜਾਂਦੀਆਂ ਹਨ।

ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ॥

ਜੋ ਮਨਮੁਖ ਇਸਤ੍ਰੀ ਹਰੀ ਦੀ ਸੱਚੀ ਭਗਤੀ ਤੋਂ ਬਿਨਾਂ ਪਖੰਡ ਸਹਿਤ ਸਾਧਨਾਂ ਦਾ ਸ਼ਿੰਗਾਰ ਕਰਦੀ ਹੈ, ਉਹ ਨਿਤਾਪ੍ਰਤੀ ਜਨਮ ਮਰਨ ਵਿਚ ਖੁਆਰੁ=ਖਰਾਬ ਹੁੰਦੀ ਹੈ।

ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ॥

ਉਹ ਸੰਸਾਰ ਵਿਚ ਸੋਭਾ ਨਹੀਂ ਪਾਂਵਦੀਆਂ, ਅਗੈ=ਪਰਲੋਕ ਵਿਚ ਗਈਆਂ ਨੂੰ ਜੋ ਸਜਾ ਧਰਮਰਾਜਾ ਉਨ੍ਹਾਂ ਨੂੰ ਦੇਣਾ ਕਰਦਾ ਹੈ, ਉਸ ਨੂੰ ਕਰਤਾਰ ਹੀ ਜਾਣਦਾ ਹੈ।

ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ॥

ਗੁਰੂ ਜੀ ਕਥਨ ਕਰਦੇ ਹਨ—ਸੱਚਾ ਤਾਂ ਇੱਕ ਵਾਹਿਗੁਰੂ ਹੀ ਹੈ, ਬਾਕੀ ਸਾਰਾ ਸੰਸਾਰ ਦੁਹੁ=ਦ੍ਵੈਤ ਵਿਚ ਹੈ। *ਅਥਵਾ-* ਹਰਖ ਸ਼ੋਕ, ਰਾਗ ਦ੍ਵੈਸ਼ ਇਨ੍ਹਾਂ ਦੋਂਹ ਵਿਚ ਹੈ।

ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ॥ ੨॥

ਪਰਮੇਸ਼ਰ ਨੇ ਆਪ ਹੀ ਇਨ੍ਹਾਂ ਜੀਵਾਂ ਨੂੰ ਚੰਗੇ ਮੰਦੇ ਕਰਮਾਂ ਵਿਚ ਲਾਇਆ ਹੋਇਆ ਹੈ, ਇਸ ਲਈ ਇਹ ਜੀਵ ਉਹ ਕੰਮ ਕਰਦੇ ਹਨ, ਜੇਹੜੇ ਕੰਮ ਕਰਤਾਰ ਆਪ ਕਰਾਉਂਦਾ ਹੈ॥ ੨॥

ਮ: ੩॥ ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਜੀਵ ਨੂੰ ਸ਼ਾਂਤੀ ਨਹੀਂ ਆਉਂਦੀ, ਕਿਉਂਕਿ ਸ਼ਾਂਤੀ ਵਾਲੀ ਹੋਰ ਕੋਈ ਦੂਜੀ ਜਗ੍ਹਾ ਨਹੀਂ ਹੈ, ਜਿੱਥੋਂ ਜਾ ਕੇ ਇਹ ਸ਼ਾਂਤੀ ਲੈ ਸਕੇ।

ਜੇ ਬਹੁਤੇਰਾ ਲੋਚੀਐ ਵਿਣ ਕਰਮਾ ਪਾਇਆ ਨ ਜਾਇ॥

ਜੇਕਰ ਗੁਰਾਂ ਨੂੰ ਮਿਲਣ ਵਾਸਤੇ ਬਹੁਤ ਹੀ ਲੋਚੀਐ=ਚਾਹੀਏ, ਤੋਂ ਭੀ ਸ੍ਰੇਸ਼ਟ ਕਰਮਾਂ ਤੋਂ ਬਿਨਾਂ ਸਤਿਗੁਰੂ ਪਾਏ ਨਹੀਂ ਜਾਂਦੇ।

ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ॥

ਜਿਨ੍ਹਾਂ ਦੇ ਅੰਦਰ ਲੋਭ ਰੂਪੀ ਵਿਕਾਰ ਹੈ, ਉਹ ਦ੍ਵੈਤ ਭਾਅ ਵਿਚ ਖਰਾਬ ਹੁੰਦੇ ਹਨ।

ਤਿਨ ਜੰਮਣੁ ਮਰਣ ਨ ਚੁਕਈ ਹਉਮੈ ਵਿਚਿ ਦੁਖੁ ਪਾਇ॥

ਉਨ੍ਹਾਂ ਦਾ ਜੰਮਣਾ ਮਰਨਾ ਦੂਰ ਨਹੀਂ ਹੁੰਦਾ ਅਤੇ ਹਉਮੈ ਵਿਚ ਹੋਣ ਕਰਕੇ ਦੁੱਖ ਪਾਂਵਦੇ ਹਨ।

ਜਿਨੀ ਸਤਿਗੁਰ ਸਿਉ ਚਿਤੁ ਲਾਇਆ ਸੋ ਖਾਲੀ ਕੋਈ ਨਾਹਿ॥

ਜਿਨ੍ਹਾਂ ਨੇ ਸਤਿਗੁਰਾਂ ਨਾਲ ਚਿੱਤ ਬਿਰਤੀ ਨੂੰ ਲਾਇਆ ਹੈ, ਉਨ੍ਹਾਂ ਵਿਚੋਂ ਕੋਈ ਭੀ ਮੁਕਤੀ ਵੱਲੋਂ ਖਾਲੀ ਨਹੀਂ ਰਹਿੰਦਾ।

ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ॥

ਉਨ੍ਹਾਂ ਨੂੰ ਜਮਾਂ ਦੀ ਤਲਬੀ ਭਾਵ, ਜਮਾਂ ਦਾ ਸੱਦਾ ਨਹੀਂ ਹੁੰਦਾ ਅਤੇ ਨਾ ਹੀ ਉਹ ਦੁੱਖ ਸਹਾਰਦੇ ਹਨ।

ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ॥ ੩॥

ਗੁਰੂ ਜੀ ਕਥਨ ਕਰਦੇ ਹਨ—ਜੋ ਗੁਰਮੁਖ ਸੱਚੇ ਗੁਰਾਂ ਦੇ ਉਪਦੇਸ਼ ਵਿਚ ਸਮਾ ਕੇ ਸੱਚੇ ਸਬਦਿ=ਬ੍ਰਹਮ ਵਿਚ ਸਮਾਏ ਹਨ, ਉਹ ਜਨਮ ਮਰਨ ਦੇ ਗੇੜ ਤੋਂ ਉਬਰੇ=ਬਚ ਗਏ ਹਨ॥ ੩॥

ਪਉੜੀ॥ ਆਪਿ ਅਲਿਪਤੁ ਸਦਾ ਰਹੈ ਹੋਰਿ ਧੰਧੈ ਸਭਿ ਧਾਵਹਿ॥

ਪਰਮੇਸ਼ਰ ਆਪ ਸਦਾ ਅਸੰਗ ਰਹਿੰਦਾ ਹੈ ਅਤੇ ਹੋਰ ਸਾਰੇ ਜੀਵ ਧੰਧਿਆਂ ਵਿਚ ਦੌੜਦੇ ਹਨ।

ਆਪਿ ਨਿਹਚਲੁ ਅਚਲੁ ਹੈ ਹੋਰਿ ਆਵਹਿ ਜਾਵਹਿ॥

ਪਰਮੇਸ਼ਰ ਆਪਿ ਅਚਲੁ=ਪਹਾੜ ਵਾਂਗੂੰ ਨਿਸਚਲ ਹੈ, ਹੋਰ ਸਾਰੇ ਜੀਵ ਆਉਂਦੇ ਜਾਂਦੇ ਹਨ।

ਸਦਾ ਸਦਾ ਹਰਿ ਧਿਆਈਐ ਗੁਰਮੁਖਿ ਸੁਖੁ ਪਾਵਹਿ॥

ਜੋ ਗੁਰਮੁਖ ਗੁਰਾਂ ਦੁਆਰੇ ਸਦਾ ਰੂਪ ਹਰੀ ਨੂੰ ਸਦਾ=ਹਮੇਸ਼ਾ ਧਿਆਉਂਦੇ ਹਨ, ਉਹ ਆਤਮ ਸੁਖ ਪਾਂਵਦੇ ਹਨ।

ਨਿਜ ਘਰਿ ਵਾਸਾ ਪਾਈਐ ਸਚਿ ਸਿਫਤਿ ਸਮਾਵਹਿ॥

ਅਤੇ ਸਰੂਪ ਰੂਪੀ ਨਿਜ ਘਰ ਵਿਚ ਵਾਸਾ ਪਾਂਵਦੇ ਹਨ ਤੇ ਅੰਤ ਨੂੰ ਸੱਚੇ ਸਿਫਤੀ=ਪਰਮਾਤਮਾ ਵਿਚ ਅਭੇਦ ਹੁੰਦੇ ਹਨ।

ਸਚਾ ਗਹਿਰ ਗੰਭੀਰੁ ਹੈ ਗੁਰ ਸਬਦਿ ਬੁਝਾਈ॥ ੮॥

ਗੁਰਾਂ ਦੇ ਉਪਦੇਸ਼ ਦੁਆਰਾ ਇਹ ਬੁਝਾਈ=ਸਮਝ ਆਈ ਹੈ ਕਿ ਉਹ ਵਾਹਿਗੁਰੂ ਗਹਿਰ=ਡੂੰਘਾ ਤੇ

ਗੰਭੀਰੁ=ਨਿਰਹੱਲ ਹੈ॥ ੮॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ।

ਸਲੋਕ ਮਃ ੩ ॥ ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ॥

ਹੇ ਭਾਈ! ਤੂੰ ਸੱਚੇ ਨਾਮ ਨੂੰ ਧਿਆਉਣਾ ਕਰ ਅਤੇ ਇਹ ਨਿਸਚੇ ਕਰ ਕੇ ਸਾਰਿਆਂ ਵਿਚ ਸੱਚਾ ਵਾਹਿਗੁਰੂ ਵਰਤ ਰਿਹਾ ਹੈ।

ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥

ਗੁਰੂ ਜੀ ਕਥਨ ਕਰਦੇ ਹਨ—ਜੋ ਉਸ ਦੇ ਹੁਕਮ ਨੂੰ ਬੁੱਝਦਾ ਹੈ, ਉਹ ਸੱਚ ਦੀ ਪਰਾਪਤੀ ਰੂਪ ਫਲ ਨੂੰ ਪਾ ਲੈਂਦਾ ਹੈ।

ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ॥

ਜੋ ਕਥਾ ਤੇ ਬਦਨੀ=ਕਵੀਸ਼ਰੀਆਂ ਕਰਦਾ ਫਿਰਦਾ ਹੈ ਤੇ ਸੱਚੇ ਪ੍ਰਭੂ ਦੇ ਹੁਕਮ ਨੂੰ ਨਹੀਂ ਬੁੱਝਦਾ, ਉਹ ਭਗਤ ਨਹੀਂ ਹੈ।

ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ॥੧॥

ਗੁਰੂ ਜੀ ਕਥਨ ਕਰਦੇ ਹਨ—ਜੋ ਹਰੀ ਦਾ ਭਾਣਾ ਮੰਨਦਾ ਹੈ, ਉਹ ਭਗਤ ਹੁੰਦਾ ਹੈ, ਜੋ ਭਾਣਾ ਮੰਨੇ ਤੋਂ ਬਿਨਾਂ ਹੈ, ਉਹ ਨਿ=ਵਿਸ਼ੇਸ਼ ਕਰਕੇ ਕੱਚਿਆਂ ਤੋਂ ਕੱਚਾ ਹੈ॥ ੧॥

ਮਃ ੩ ॥ ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥

ਮਨਮੁਖ ਪੁਰਸ਼ ਪਰਮੇਸ਼ਰ ਦਾ ਜਸ ਬੋਲਣਾ ਨਹੀਂ ਜਾਣਦੇ, ਕਿਉਂਕਿ ਉਨ੍ਹਾਂ ਦੇ ਅੰਦਰ ਕਾਮ, ਕ੍ਰੋਧ, ਹੰਕਾਰ ਆਦਿਕ ਵਿਕਾਰ ਹਨ।

ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ॥

ਉਹ ਮਨਮੁਖ ਥਾਂ ਕੁ-ਥਾਂ ਅਰਥਾਤ ਭਲਾ ਬੁਰਾ, ਪੁੰਨ ਪਾਪ, ਸਤਿਸੰਗ ਕੁਸੰਗ ਨੂੰ ਨਹੀਂ ਜਾਣਦੇ ਕਿਉਂਕਿ ਉਨ੍ਹਾਂ ਦੇ ਅੰਦਰ ਲੋਭ ਰੂਪੀ ਵਿਕਾਰ ਹੈ।

ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ॥

ਉਹ ਮਨਮੁਖ ਅਪੁਣੇ ਸੁਆਇ=ਮਤਲਬ ਵਾਸਤੇ ਸਤਿਸੰਗ ਵਿਚ ਆ ਬੈਠਦੇ ਹਨ ਤੇ ਗੱਲਾਂ ਕਰਦੇ ਹਨ, ਪਰ ਅੰਤ ਸਮੇਂ ਉਨ੍ਹਾਂ ਨੂੰ ਜਮ ਜੰਦਾਰੁ=ਡੰਡਾ ਮਾਰਦਾ ਹੈ।

ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ॥

ਅੱਗੇ ਪਰਲੋਕ ਦਰਗਾਹ ਵਿਚ ਉਨ੍ਹਾਂ ਤੋਂ ਹਿਸਾਬ ਮੰਗਿਆ ਜਾਂਦਾ ਹੈ, ਝੂਠਿਆਂ ਨੂੰ ਮਾਰ ਕੇ ਖੁਆਰੁ=ਖਰਾਬ ਕਰਦੇ ਹਨ।

ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ॥

ਪ੍ਰਸ਼ਨ-ਝੂਠੇ ਪੁਰਸ਼ ਦੀ ਇਹ ਪਾਪਾਂ ਰੂਪੀ ਮੈਲ ਕਿਵੇਂ ਉਤਰੇਗੀ? ਇਸ ਵਿਚਾਰ ਨੂੰ ਕੋਈ ਕਢਹੁ=ਪ੍ਰਗਟ ਕਰੋ?

ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ॥

ਉੱਤਰ- ਸਾਰਿਆਂ ਕਿਲਵਿਖ=ਪਾਪਾਂ ਦੇ ਕੱਟਣ ਵਾਲੇ ਜੋ ਸਤਿਗੁਰੂ ਹਨ, ਉਹ ਸਤਿਗੁਰੂ ਮਿਲ ਕੇ ਜੇ ਇਸ ਨੂੰ ਵਾਹਿਗੁਰੂ ਨਾਮ ਦ੍ਰਿੜ੍ਹ ਕਰਵਾ ਦੇਣ ਤਾਂ ਪਾਪਾਂ ਰੂਪੀ ਮੈਲ ਉਤਰ ਜਾਵੇਗੀ।

ਨਾਮ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ॥

ਜੋ ਮੂੰਹ ਨਾਲ ਨਾਮ ਜਪਦਾ ਹੈ ਤੇ ਮਨ ਕਰਕੇ ਨਾਮ ਨੂੰ ਅਰਾਧਦਾ ਹੈ, ਤਿਸ ਗੁਰਮੁਖ ਜਨ ਨੂੰ ਸਾਰੇ ਨਮਸ਼ਕਾਰ ਕਰੋ।

[ਪੰਨਾ ੯੫੧]

ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ॥

ਵਿਸ਼ੇ ਵਾਸ਼ਨਾ ਰੂਪੀ ਕੂੜੀ ਮੈਲ ਨੂੰ ਪ੍ਰਭੂ ਦਾ ਨਾਮ ਦੀ ਉਤਾਰਦਾ ਹੈ, ਜਿਸ ਨੇ ਨਾਮ ਜਪਿਆ ਹੈ, ਉਹ ਸਚਿਆਰ ਹੋਇਆ ਹੈ।

ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ॥ ੨॥

ਗੁਰੂ ਜੀ ਕਥਨ ਕਰਦੇ ਹਨ— ਜਿਸ ਪ੍ਰਭੂ ਦੇ ਇਹ ਚਰਿੱਤ੍ਰ ਰਚੇ ਹੋਏ ਹਨ, ਉਹ ਜੀਵਾਂ ਨੂੰ ਖਾਣ ਪਹਿਰਾਣ ਦੇਣ ਵਾਲਾ ਪਰਮੇਸ਼ਰ ਸਦਾ ਜਿਉਂਦਾ ਹੈ॥ ੨॥

ਪਉੜੀ॥ ਤੁਧੁ ਜੇਵਡੁ ਦਾਤਾ ਨਾਹਿ ਕਿਸੁ ਆਖਿ ਸੁਣਾਈਐ॥

ਹੇ ਪ੍ਰਭੂ! ਤੁਹਾਡੇ ਜੇਡਾ ਵੱਡਾ ਦਾਤਾ ਹੋਰ ਕੋਈ ਨਹੀਂ ਹੈ, ਮੈਂ ਅਪੁਣਾ ਹਾਲ ਕਿਸ ਨੂੰ ਆਖ ਕੇ ਸੁਣਾਵਾਂ।

ਗੁਰ ਪਰਸਾਦੀ ਪਾਇ ਜਿਥਹੁ ਹਉਮੈ ਜਾਈਐ॥

ਗੁਰਾਂ ਦੀ ਕਿਰਪਾ ਨਾਲ ਇਹ ਸਮਝ ਪਾਈ ਹੈ, ਪਰ ਗੁਰਾਂ ਦੀ ਕਿਰਪਾ ਉਸ ਉੱਤੇ ਹੁੰਦੀ ਹੈ, ਜਿਸ ਦੇ ਹਿਰਦੇ ਚੋਂ ਹਉਮੈ ਜਾਂਦੀ ਹੈ।

ਅਥਵਾ- ਜਿੱਥੇ ਗੁਰਾਂ ਦੀ ਕਿਰਪਾ ਪੈਂਦੀ ਹੈ, ਤਿੱਥੋਂ ਹਉਮੈ ਚਲੀ ਜਾਂਦੀ ਹੈ।

ਰਸ ਕਸ ਸਾਦਾ ਬਾਹਰਾ ਸਚੀ ਵਡਿਆਈਐ॥

ਤੂੰ ਰਸਾਂ ਕਸਾਂ ਦੇ ਸੁਆਦਾਂ ਤੋਂ ਬਾਹਰ ਹੈਂ, ਇਸ ਕਰਕੇ ਤੇਰੀ ਸੱਚੀ ਵਡਿਆਈ ਹੈ।

ਜਿਸ ਨੋ ਬਖਸੇ ਤਿਸੁ ਦੇਇ ਆਪਿ ਲਏ ਮਿਲਾਈਐ॥

ਜਿਸ ਦੇ ਪਾਪਾਂ ਨੂੰ ਤੂੰ ਬਖਸ਼ਦਾ ਹੈਂ, ਤਿਸ ਨੂੰ ਆਪ ਗੁਰੂ ਰੂਪ ਹੋ ਕੇ ਉਪਦੇਸ਼ ਦੇਂਦਾ ਹੈਂ, ਫਿਰ ਉਸ ਨੂੰ ਅਪੁਣੇ ਨਾਲ ਮਿਲਾ ਲੈਂਦਾ ਹੈਂ।

ਘਟ ਅੰਤਰਿ ਅੰਮ੍ਰਿਤੁ ਰਖਿਓਨੁ ਗੁਰਮੁਖਿ ਕਿਸੈ ਪਿਆਈ॥ ੯॥

ਤੁਸਾਂ ਨੇ ਸਾਰਿਆਂ ਘਟ=ਸਰੀਰਾਂ ਅੰਦਰ ਨਾਮ ਅੰਮ੍ਰਿਤ ਰੱਖਿਆ ਹੋਇਆ ਹੈ, ਪਰ ਕਿਸੇ ਗੁਰਮੁਖ ਨੂੰ

www.sikhbookclub.com

ਪਿਲਾਂਵਦਾ ਹੈਂ॥ ੯॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਂਈ=ਵਡਿਆਈ ਭੀ ਸੱਚੀ ਹੈ।

ਸਲੋਕ ਮਃ ੩॥ ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥

ਬਾਬਾਣੀਆ=ਬਾਬੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਦੀਆਂ ਕਹਾਣੀਆ=ਕਥਾ ਨੂੰ ਸਪੁਤ੍ਰ ਪੁੱਤਰ, ਅਰਥਾਤ ਉੱਤਮ ਅਧਿਕਾਰੀ ਕਰਦੇ ਹਨ।

ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ॥

ਜੇਹੜਾ ਬਚਨ ਸਤਿਗੁਰਾਂ ਨੂੰ ਭਾਂਵਦਾ ਹੈ, ਉਹ ਬਚਨ ਮੰਨ ਲੈਂਦੇ ਹਨ ਅਤੇ ਜੋ ਗੁਰੂ ਸਾਹਿਬ ਜੀ ਕਹਿੰਦੇ ਹਨ, ਓਹੀ ਕਰਮ ਕਰਦੇ ਹਨ।

ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ
ਬਚਨ ਸਭ ਸ੍ਰਿਸਟਿ ਕਰੇਨਿ॥

ਸਿੰਮ੍ਰਤੀਆਂ, ਸ਼ਾਸਤ੍ਰਾਂ ਨੂੰ ਪੜ੍ਹ ਵੇਖੋ ਤੇ ਬਿਆਸ ਜੀ, ਸੁਕਦੇਵ ਜੀ, ਨਾਰਦ ਮੁਨੀ ਜੀ ਆਦਿਕਾਂ ਪਾਸੋਂ ਜਾ ਕੇ ਪੁੱਛ ਵੇਖੋ ਸਾਰੇ ਏਹੋ ਸ੍ਰੇਸ਼ਟ ਬਚਨ ਉਚਾਰਣਾ ਕਰਦੇ ਹਨ।

ਅਥਵਾ- ਸਭ ਸ੍ਰਿਸਟਿ=ਸਾਰੀ ਸ੍ਰਿਸ਼ਟੀ ਵਿਚ ਜੋ ਸਿੰਮ੍ਰਤੀਆਂ ਸ਼ਾਸਤ੍ਰਾਂ ਨੂੰ ਤੇ ਬਿਆਸ, ਨਾਰਦ, ਸੁਕਦੇਵ ਜੀ ਦੇ ਬਚਨਾਂ ਨੂੰ ਉਚਰਣ ਕਰਦੇ ਹਨ, ਉਨ੍ਹਾਂ ਪੰਡਿਤਾਂ ਪਾਸੋਂ ਜਾ ਕੇ ਪੁੱਛੋ।

ਸਾਰੇ ਏਹੋ ਕਹਿੰਦੇ ਹਨ-

ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ॥

ਸੱਚੇ ਪ੍ਰਭੂ ਨੇ ਕਿਰਪਾ ਕਰਕੇ ਜਿਨ੍ਹਾਂ ਨੂੰ ਨਾਮ ਵਿਚ ਲਗਾਇਆ ਹੈ, ਓਹੀ ਸੱਚ ਨਾਮ ਜਪਣ ਵਿਚ ਲਗੇ ਹਨ ਅਤੇ ਉਹ ਸਦਾ ਹੀ ਸੱਚ ਨਾਮ ਨੂੰ ਸੰਭਾਲਦੇ ਹਨ।

ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ॥ ੧॥

ਗੁਰੂ ਜੀ ਕਥਨ ਕਰਦੇ ਹਨ—ਦੁਨੀਆਂ ਵਿਚ ਆਏ ਹੋਏ ਉਹ ਪ੍ਰਮਾਣੀਕ ਹੋਏ ਹਨ, ਜੇਹੜੇ ਭਗਤੀ ਕਰਕੇ ਅਪੁਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦੇ ਹਨ॥ ੧॥

ਮਃ ੩॥ ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥

ਜਿਨ੍ਹਾਂ ਦਾ ਗੁਰੂ ਅੰਧੁਲਾ=ਅਗਿਆਨੀ ਹੈ, ਉਸ ਦੇ ਸਿੱਖ ਭੀ ਅੰਧੇ=ਮੰਦੇ ਕਰਮ ਕਰਦੇ ਹਨ।

ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥

ਉਹ ਅਪੁਣੇ ਭਾਣੇ ਅਰਥਾਤ ਅਪੁਣੇ ਮਨ ਦੇ ਸੰਕਲਪ ਅਨੁਸਾਰ ਚਲਦੇ ਹਨ ਤੇ ਝੂਠੇ ਪਦਾਰਥਾਂ ਲਈ ਨਿਤਾ ਪ੍ਰਤੀ ਝੂਠ ਬੋਲਦੇ ਹਨ।

ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥

ਉਹ ਝੂਠ ਨੂੰ ਤੇ ਕੁਸਤੁ=ਖੋਟੇ ਹਠ ਨੂੰ ਕਮਾਂਵਦੇ ਹਨ ਅਤੇ ਹਮੇਸ਼ਾ ਪਰਾਈ ਨਿੰਦਿਆ ਕਰਦੇ ਰਹਿੰਦੇ ਹਨ।

ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥

ਉਹ ਆਪ ਤਾਂ ਪਰਾਈ ਨਿੰਦਿਆ ਕਰਨ ਕਰਕੇ ਨਰਕਾਂ ਵਿਚ ਡੁੱਬੇ ਹਨ ਅਤੇ ਕੁਲ ਦੇ ਸਾਰੇ ਮਨੁੱਖਾਂ ਨੂੰ ਭੀ ਡੋਬਦੇ ਹਨ।

ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਨੂੰ ਕਰਮਾਂ ਨੇ, ਵਾ:- ਕਰਮਾਂ ਅਨੁਸਾਰ ਪ੍ਰਭੂ ਨੇ ਜਿਸ ਤਰਫ਼ ਲਗਾਇਆ ਹੈ, ਤਿਸ ਪਾਸੇ ਲੱਗ ਰਹੇ ਹਨ, ਉਹ ਬਪੁੜੇ=ਵਿਚਾਰੇ ਅਪੁਣੇ ਆਪ ਕੀ ਕਰ ਸਕਦੇ ਹਨ, ਕਿਉਂਕਿ ਉਨ੍ਹਾਂ ਦੇ ਵਸ ਕੁਝ ਨਹੀਂ॥ ੨॥

ਪਉੜੀ॥ ਸਭ ਨਦਰੀ ਅੰਦਰਿ ਰਖਦਾ ਜੇਤੀ ਸਿਸਟਿ ਸਭ ਕੀਤੀ॥

ਜਿੰਨੀ ਕੁ ਸਾਰੀ ਦੁਨੀਆਂ ਪੈਦਾ ਕੀਤਾ ਹੈ, ਉਹ ਸਾਰੀ ਆਪਣੀ ਨਜ਼ਰ ਅੰਦਰ ਰੱਖਦਾ ਹੈ।

ਇਕਿ ਕੂੜਿ ਕੁਸਤਿ ਲਾਇਅਨੁ ਮਨਮੁਖ ਵਿਗੂਤੀ॥

ਮਨਮੁਖਤਾ ਕਰਕੇ ਜਿਨ੍ਹਾਂ ਦੀ ਬੁੱਧੀ ਵਿਗੂਤੀ=ਖਰਾਬ ਹੋਈ, ਉਨ੍ਹਾਂ ਇਕਨਾਂ ਨੂੰ ਝੂਠ ਤੇ ਕੁਸਤਿ=ਖੋਟੇ ਹਠ ਵਿੱਚ ਲਾਇਆ ਹੋਇਆ ਹੈ।

ਗੁਰਮੁਖਿ ਸਦਾ ਧਿਆਈਐ ਅੰਦਰਿ ਹਰਿ ਪ੍ਰੀਤੀ॥

ਗੁਰਮੁਖ ਜਨ ਹਿਰਦੇ ਅੰਦਰ ਪ੍ਰੀਤੀ ਧਾਰ ਕੇ ਸਦਾ ਹੀ ਹਰੀ ਨੂੰ ਧਿਆਉਂਦੇ ਹਨ।

ਜਿਨ ਕਉ ਪੋਤੈ ਪੁੰਨੁ ਹੈ ਤਿਨ੍ ਵਾਤਿ ਸਿਪੀਤੀ॥

ਜਿਨ੍ਹਾਂ ਦੇ ਅੰਤਹ ਕਰਨ ਰੂਪ ਪੋਤੈ=ਖਜ਼ਾਨੇ ਵਿੱਚ ਪੂਰਬਲੇ ਜਨਮ ਦਾ ਕੋਈ ਪੁੰਨ ਕਰਮ ਹੈ, ਉਨ੍ਹਾਂ ਦੇ ਵਾਤਿ=ਮੂੰਹ ਵਿੱਚ ਵਾਹਿਗੁਰੂ ਦੀ ਸਿਪੀਤੀ=ਸਿਫ਼ਤ ਵਸਦੀ ਹੈ।

ਨਾਨਕ ਨਾਮੁ ਧਿਆਈਐ ਸਚੁ ਸਿਫਤਿ ਸਨਾਈ॥ ੧੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਨਾਮ ਦੇ ਧਿਆਵਣ ਕਰਕੇ ਸੱਚੇ ਸਿਫਤਿ=ਪਰਮੇਸ਼ਰ ਦੀ ਸਨਾਈ=ਪਛਾਣ ਹੁੰਦੀ ਹੈ॥੧੦॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਿਸਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ।

ਉਥਾਨਕਾ- ਸਿੱਧਾਂ ਨੇ ਆ ਕੇ ਕਿਹਾ, ਕਲਜੁਗੀ ਜੀਵਾਂ ਦੇ ਲੱਛਣ ਦੱਸੋ?

ਹੁਣ ਗੁਰੂ ਜੀ ਕਲਜੁਗੀ ਜੀਵਾਂ ਦਾ ਪਖੰਡ ਦੱਸਦੇ ਹਨ:-

ਸਲੋਕੁ ਮ: ੧॥ ਸਤੀ ਪਾਪੁ ਕਰਿ ਸਤੁ ਕਮਾਹਿ॥

ਕਲਜੁਗ ਵਿੱਚ ਜੋ ਮਨੁੱਖ ਸਤੀ=ਸਤਵਾਦੀ (ਧਰਮਾਤਮਾ) ਕਹਾਂਵਦੇ ਹਨ, ਉਹ ਸੱਤ ਧਰਮ ਕਰਦੇ ਹੋਏ

www.sikhbookclub.com

ਨਾਲ ਪਾਪ ਕਰਮਾਂ ਨੂੰ ਕਮਾਂਵਦੇ ਹਨ। ਇਸ ਲਈ ਉਨ੍ਹਾਂ ਦਾ ਸੱਤ ਧਰਮ ਪਖੰਡ ਸਹਿਤ ਹੈ।

ਗੁਰ ਦੀਖਿਆ ਘਰਿ ਦੇਵਣ ਜਾਹਿ॥

ਕਲਜੁਗ ਵਿੱਚ ਜੋ ਆਪ ਨੂੰ ਗੁਰੂ ਕਹਾਂਦੇ ਹਨ, ਉਹ ਚੇਲਿਆਂ ਦੇ ਘਰ ਵਿੱਚ ਜਾ ਕੇ ਦੀਖਿਆ=ਸਿੱਖਿਆ ਦੇਂਦੇ ਹਨ।

ਇਸਤਰੀ ਪੁਰਖੈ ਖਟਿਐ ਭਾਉ॥ ਭਾਵੈ ਆਵਉ ਭਾਵੈ ਜਾਉ॥

ਇਸਤ੍ਰੀ ਦਾ ਆਪਣੇ ਪੁਰਖੈ=ਪਤੀ ਨਾਲ ਤਾਂ ਭਾਉ=ਪ੍ਰੇਮ ਹੁੰਦਾ ਹੈ, ਜੇਕਰ ਧਨ ਖੱਟ ਕੇ ਲਿਆਵੇ। ਜੇ ਧਨ ਨਾ ਲਿਆਵੇ ਤਾਂ ਇਸਤ੍ਰੀ ਆਖਦੀ ਹੈ, ਭਾਵੇਂ ਘਰ ਜਾਵੇ, ਤੇ ਭਾਵੇਂ ਪਰਦੇਸ ਚਲਾ ਜਾਵੇ ਉਹ ਉਸ ਨਾਲ ਪ੍ਰੇਮ ਨਹੀਂ ਕਰਦੀ ਸਗੋਂ ਕਹਿੰਦੀ ਹੈ:-

ਮੈਂਨੇ ਇਸ ਮੱਖਟੂ ਦਾ ਕੀ ਵੇਖਿਆ ਹੈ।

ਸਾਸਤੁ ਬੇਦੁ ਨ ਮਾਨੈ ਕੋਇ॥ ਆਪੋ ਆਪੈ ਪੂਜਾ ਹੋਇ॥

ਸ਼ਾਸਤ੍ਰ ਅਤੇ ਵੇਦਾਂ ਨੂੰ ਕੋਈ ਨਹੀ ਮੰਨਦਾਂ, ਆਪਣੀ ਪੂਜਾ ਕਰਾਣ ਵਾਸਤੇ ਆਪ ਹੀ ਅੱਗੇ ਹੋ ਬੈਠਦੇ ਹਨ। ਅਰਥਾਤ, ਵੇਦਾਂ ਸ਼ਾਸਤ੍ਰਾਂ ਦੀ ਮਰਯਾਦਾ ਛੱਡ ਕੇ ਆਪਣੀ ਮਰਜ਼ੀ ਦੇ ਕੰਮ ਕਰਦੇ ਹਨ।

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥

ਕਾਜੀ ਨਿਆਉਂ ਕਰਨ ਵਾਲਾ ਹੋ ਕੇ ਬੈਠਦਾ ਹੈ। ਹੱਥਾਂ ਨਾਲ ਤਸਬੀ=ਮਾਲਾ ਫੇਰਦਾ ਹੈ ਤੇ ਮੂੰਹ ਨਾਲ ਖੁਦਾ ਖੁਦਾ ਕਰਦਾ ਹੈ।

ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥

ਲੋਕਾਂ ਤੋਂ ਵੱਢੀ ਦੇ ਰੁਪੈ ਲੈ ਕੇ ਹਕੁ=ਸੱਚ ਨੂੰ ਗਵਾ ਦੇਂਦਾ ਹੈ। ਜੇ ਕੋਈ ਪੁਛੇ ਕਿ ਤੁਸੀਂ ਝੂਠੇ ਨੂੰ ਕਿਵੇਂ ਸੱਚਾ ਕੀਤਾ ਹੈ ਤਾਂ ਕਾਨੂੰਨ ਦੇ ਮਸਲੇ ਪੜ੍ਹ ਕੇ ਕੁਰਾਨ ਸਰੀਫ਼ ਦੇ ਸੁਪਾਰੇ ਵਿਖਾ ਕੇ ਮਨ ਘੜਤ ਅਰਥ ਸੁਣਾਂਵਦਾ ਹੈ।

ਜਿਵੇਂ ਇੱਕ ਵਾਰ ਤੇਲੀ ਦੇ ਬਲਦ ਨੇ ਕਾਜ਼ੀ ਦੇ ਬਲਦ ਨੂੰ ਮਾਰ ਦਿੱਤਾ ਸੀ। ਜਦ ਤੇਲੀ ਨੂੰ ਪਤਾ ਲੱਗਾ ਤਾਂ ਉਸ ਨੇ ਕਾਜੀ ਨੂੰ ਆ ਕੇ ਪੁੱਛਿਆਂ, ਜੇਕਰ ਬਲਦ ਆਪਸ ਵਿੱਚ ਲੜ ਪੈਣ ਤੇ ਇੱਕ ਮਰ ਜਾਵੇ ਤਾਂ ਕੀ ਕਾਰਵਾਈ ਹੁੰਦੀ ਹੈ। ਇਹ ਗੱਲ ਸੁਣ ਕੇ ਕਾਜ਼ੀ ਨੇ ਕਿਹਾ, ਉਹ ਦੋਨੋਂ ਪਸ਼ੂ ਹਨ ਇਸ 'ਤੇ ਕੋਈ ਕਾਰਵਾਈ ਨਹੀਂ ਕੀਤਾ ਜਾ ਸਕਦੀ, ਤਾਂ ਤੇਲੀ ਨੇ ਕਿਹਾ, ਮੇਰੇ ਬਲਦ ਨੇ ਆਪ ਜੀ ਦੇ ਬਲਦ ਨੂੰ ਮਾਰ ਦਿੱਤਾ ਹੈ। ਇਹ ਗੱਲ ਸੁਣ ਕੇ ਕਾਜ਼ੀ ਨੂੰ ਬੜਾ ਅਫਸੋਸ ਲੱਗਾ ਤੇ ਆਖਦਾ ਹੈ, ਓਇ ਮੁੰਡਿਆ ਔਹ ਲਾਲ ਕਤੇਬ ਫੜਾਵੀਂ ਪੜ੍ਹ ਕੇ ਵੇਖੀਏ ਤਾਂ ਸਹੀ ਕਾਨੂੰਨ ਕੀ ਕਹਿੰਦਾ ਹੈ। ਉਸ ਵਿੱਚ ਕਾਨੂੰਨ ਲਿਖਿਆ ਤਾਂ ਕੋਈ ਨਹੀਂ ਸੀ ਪਰ ਐਂਵੇ ਮਨ ਦੇ ਫੁਰਨੇ ਅਨੁਸਾਰ ਉਸ ਨੂੰ ਸੁਣਾ ਦਿੱਤਾ ਕਿ-

ਲਾਲ ਕਤੇਬ ਬਖਾਣੈ ਇਉਂ। ਤੇਲੀ ਬਲਦ ਮਰਾਇਆ ਕਿਉਂ।
ਖਲ ਖੁਆਇ ਕੀਆ ਮੁਸ਼ਟੰਡ। ਬਲਦ ਕਾ ਬਲਦ ਤੀਹ ਰੁਪੈ ਦੰਡ।

ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥ ਲੋਕ ਮੁਹਾਵਹਿ ਚਾੜੀ ਖਾਹਿ॥

ਜਿਸ ਵੇਲੇ ਹਿੰਦੂ ਫ਼ਾਰਸੀ ਪੜ੍ਹਣ ਲਗਦਾ ਹੈ ਤਾਂ ਮੁਸਲਮਾਨ ਪਹਿਲੇ ਆਪਣਾ ਮੰਤ੍ਰ=ਕਾਲਮਾ ਉਸ ਦੇ

ਕੰਨਾਂ ਵਿੱਚ ਸੁਣਾਂਦਾ ਹੈ, ਕੰਨਾਂ ਦੁਆਰੇ ਸੁਣਿਆ ਹੋਇਆ ਫਿਰ ਉਹ ਕਲਮਾ ਹਿੰਦੂ ਦੇ ਹਿਰਦੇ ਵਿੱਚ ਸਮਾਅ ਜਾਂਦਾ ਹੈ।

ਨੋਟ– ਜੇਹੜੇ ਹਿੰਦੂ ਮੁਸਲਮਾਨਾਂ ਦੀਆਂ ਨੌਕਰੀਆਂ ਕਰਦੇ ਹਨ, ਉਨ੍ਹਾਂ ਦਾ ਇਹ ਹਾਲ ਦੱਸਿਆ ਹੈ। ਫਿਰ ਰਾਜੇ ਪਾਸ ਚਾੜੀ ਖਾਹਿ=ਚੁਗਲੀ ਲਗਾ ਕੇ ਲੋਕਾਂ ਨੂੰ ਮੁਹਾਵਹਿ=ਠਗਾਂਵਦੇ ਹਨ।

ਚਉਕਾ ਦੇ ਕੈ ਸੁਚਾ ਹੋਇ॥ ਐਸਾ ਹਿੰਦੂ ਵੇਖਹੁ ਕੋਇ॥

ਗੋਬਰ ਦਾ ਚੌਂਕਾ ਦੇ ਕੇ ਹੀ ਸੁਚਾ=ਪਵਿੱਤ੍ਰ ਹੋ ਬੈਠਦਾ ਹੈ, ਸਭ ਕੋਈ ਇਸ ਤਰ੍ਹਾਂ ਦਾ ਹਿੰਦੂ ਵੇਖਣਾ ਕਰੋ। ਅਰਥਾਤ ਹਿੰਦੂਆਂ ਵਿਖੇ ਕੇਵਲ ਬਾਹਰਲੀ ਪਵਿੱਤ੍ਰਤਾ ਹੈ, ਮਨ ਦੀ ਪਵਿੱਤ੍ਰਤਾ ਕੋਈ ਨਹੀਂ ਹੈ।

ਅਥਵਾ– ਭਾਵੇਂ ਕੋਈ ਵੇਖ ਲੇਵੋ, ਹਿੰਦੂ ਏਸੇ ਤਰ੍ਹਾਂ ਦਾ ਹੀ ਹੈ, ਜੋ ਚੌਂਕਾ ਦੇ ਕੇ ਸੁੱਚਾ ਹੋ ਬੈਠਦਾ ਹੈ।

ਜੋਗੀ ਗਿਰਹੀ ਜਟਾ ਬਿਭੂਤ॥ ਆਗੈ ਪਾਛੈ ਰੋਵਹਿ ਪੂਤ॥

ਕਲਜੁਗ ਦੇ ਜੋਗੀਆਂ ਦੇ ਸਿਰ 'ਤੇ ਜੜਾਵਾਂ ਦਾ ਜੂੜਾ ਹੈ ਤੇ ਬਿਭੂਤੀ ਲਗੀ ਹੋਈ ਹੈ, ਭੇਖ ਭਾਂ ਵਿਰੱਕਤੋਂ ਵਾਲਾ ਹੈ ਪਰ ਅਮਲਾਂ ਵਿੱਚ ਗਿਰਹੀ=ਗਰਸਤੀ ਹਨ ਕਿਉਂਕਿ ਉਨ੍ਹਾਂ ਦੇ ਅੱਗੇ ਪਿੱਛੇ ਪੁੱਤਰ ਰੋਂਦੇ ਫਿਰਦੇ ਹਨ।

ਜੋਗੁ ਨ ਪਾਇਆ ਜੁਗਤਿ ਗਵਾਈ॥ ਕਿਤੁ ਕਾਰਣਿ ਸਿਰਿ ਛਾਈ ਪਾਈ॥

ਪਰਵਿਚਤੀ ਵਿੱਚ ਫਸਣ ਕਰਕੇ ਪਰਮੇਸ਼ਰ ਵਿਚ ਜੋਗੁ=ਜੁੜਨਾ ਨਾ ਪਾਇਆ, ਗੁਰਾਂ ਨੇ ਜੋ ਜੋਗ ਦੀ ਜੁਗਤੀ ਸਿਖਾਈ ਸੀ, ਉਹ ਭੀ ਗਵਾ ਲਈ ਅਰਥਾਤ ਗੁਰਾਂ ਨੇ ਜੋ ਮੰਤ੍ਰ ਵਗੈਰਾ ਸਾਧਨ ਦੱਸੇ ਸਨ ਉਹ ਸਾਰੇ ਭੁੱਲ ਗਏ। ਜੇ ਏਹੋ ਕੁਝ ਕਰਨਾ ਸੀ ਤਾਂ ਕਿਸ ਵਾਸਤੇ ਜੋਗੀ ਬਣ ਕੇ ਸਿਰ ਵਿੱਚ ਛਾਈ=ਸੁਆਹ ਪਾਈ ਸੀ।

ਨਾਨਕ ਕਲਿ ਕਾ ਏਹੁ ਪਰਵਾਣੁ॥ ਆਪੇ ਆਖਣੁ ਆਪੇ ਜਾਣੁ॥ ੧॥

ਗੁਰੂ ਜੀ ਕਥਨ ਕਰਦੇ ਹਨ— ਕਲਜੁਗ ਦਾ ਇਹ ਲੱਖਣ ਭੀ ਪਰਵਾਣ ਹੈ।

ਉਹ ਗੱਲ ਆਪ ਆਖਦੇ ਹਨ ਜੇਹੜੀ ਗੱਲ ਆਪ ਜਾਣਦੇ ਹੋਣ। ਅਰਥਾਤ ਦੂਜੇ ਦਾ ਮਾਨ ਦੂਰ ਕਰਨ ਵਾਸਤੇ ਉਹ ਪ੍ਰਸ਼ਨ ਕਰਦੇ ਹਨ, ਜਿਸ ਦਾ ਉੱਤਰ ਆਪ ਜਾਣਦੇ ਹੋਣ।

ਅਥਵਾ– ਪਹਿਲੇ ਆਪ ਪ੍ਰਸ਼ਨ ਆਖਣੁ=ਆਖਦੇ ਹਨ ਜਦ ਅਗਲਾ ਆਦਮੀ ਉਸ ਪ੍ਰਸ਼ਨ ਦਾ ਉੱਤਰ ਦੇਂਦਾ ਹੈ ਤਾਂ ਕਹਿੰਦਾ ਹੈ ਇਹ ਤਾਂ ਮੈਂ ਆਪ ਹੀ ਜਾਣਦਾ ਸਾਂ॥ ੧॥

ਮ: ੧॥ ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤੁ ਜਨੇਊ ਪੜਿ ਗਲਿ ਪਾਵੈ॥

ਹਿੰਦੂ ਜੋ ਖੱਤ੍ਰੀ ਹੈ, ਉਸ ਦੇ ਘਰ ਵਿੱਚ ਹਿੰਦੂ=ਬ੍ਰਾਹਮਣ ਆਉਂਦਾ ਹੈ। ਮੰਤ੍ਰ ਪੜ੍ਹ ਕੇ ਸੂਤ ਦਾ ਜਨੇਊ ਖੱਤ੍ਰੀ ਦੇ ਗਲ ਵਿੱਚ ਪਾਂਵਦਾ ਹੈ।

ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥

ਖੱਤ੍ਰੀ ਆਪਣੇ ਗਲ ਵਿਚ ਸੂਤ੍ਰ ਦਾ ਜਨੇਊ ਪਾ ਕੇ ਬੁਰਿਆਈ=ਬੁਰੇ ਕ੍ਰਮ ਕਰਦਾ ਹੈ।

ਇਸ ਕਰਕੇ ਹਿੰਦੂਆਂ ਦਾ ਨਾਤਾ ਧੋਤਾ=ਨਾਉਣਾ ਧੋਣਾ ਥਾਂ ਨਹੀਂ ਪੈਂਦਾ।

ਅਰਥਾਤ ਪਰਮੇਸ਼ਰ ਦੀ ਦਰਗਾਹ ਵਿੱਚ ਮਨਜ਼ੂਰ ਨਹੀਂ ਹੁੰਦਾ।

www.sikhbookclub.com

ਮੁਸਲਮਾਨੁ ਕਰੇ ਵਡਿਆਈ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ॥

ਮੁਸਲਮਾਨ ਆਪਣੇ ਦੀਨ (ਮਜ਼ਹਬ) ਦੀ ਵਡਿਆਈ ਕਰਦਾ ਹੈ ਕਿ ਮੁਸਲਮਾਨ ਸਭ ਤੋਂ ਚੰਗੇ ਹਨ। ਪਰ ਗੁਰੂ ਪੀਰ ਤੋਂ ਬਿਨਾਂ ਕੋਈ ਕਰਮ ਕੀਤਾ ਹੋਇਆ ਥਾਂ ਨਹੀਂ ਪੈਂਦਾ।

ਅਥਵਾ- ਚਾਹੇ ਕੋਈ ਹਿੰਦੂ ਹੈ, ਚਾਹੇ ਕੋਈ ਮੁਸਲਮਾਨ ਹੈ, ਆਪੋ ਆਪਣੇ ਗੁਰੂ ਪੀਰ ਤੋਂ ਬਿਨਾਂ ਕੋਈ ਭੀ ਸਰੂਪ ਥਾਂ ਨੂੰ ਨਹੀਂ ਪਾਂਵਦਾ।

[ਪੰਨਾ ੯੫੨]

ਰਾਹੁ ਦਸਾਇ ਓਥੈ ਕੋ ਜਾਇ॥

ਪਰਮੇਸ਼ਰ ਪਰਾਪਤੀ ਦੇ ਰਾਹੁ ਦਸਾਇ=ਰਸਤੇ ਨੂੰ ਪੁੱਛਦੇ ਤਾਂ ਹਨ, ਪਰ ਓਥੇ ਜਾਂਦਾ ਕੋਈ ਕੋਈ ਹੈ।

ਕਰਣੀ ਬਾਝਹੁ ਭਿਸਤਿ ਨ ਪਾਇ॥

ਸ੍ਰੇਸ਼ਟ ਭਗਤੀ ਰੂਪ ਕਰਨੀ ਤੋ ਬਿਨਾਂ ਸੁਰਗ ਵਿੱਚ ਨਿਵਾਸ ਨਹੀਂ ਪਾਂਵਦਾ।

ਜੋਗੀ ਕੈ ਘਰਿ ਜੁਗਤਿ ਦਸਾਈ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ॥

ਜਦ ਕਿਸੇ ਚੰਗੇ ਜੋਗੀ ਦੇ ਘਰ ਵਿੱਚ ਮਾਇਆ ਦੀ ਜੁਗਤੀ ਦਿੱਸ ਆਈ, ਤਾਂ ਉਸ ਦੇ ਲੈਣ ਵਾਸਤੇ ਉਸ ਦਾ ਚੇਲਾ ਬਣ ਕੇ ਕੰਨ ਵਿੱਚ ਮੁੰਦ੍ਰਾ ਪਾ ਲੀਤੀ, *ਵਾ:-* ਜੋਗੀ ਦੇ ਘਰ ਵਿੱਚ ਜਾ ਕੇ ਹਠ ਜੋਗ ਦੀ ਜੁਗਤੀ ਪੁੱਛਣਾ ਕੀਤੀ, ਤਿਸ ਜੋਗ ਦੀ ਪ੍ਰਾਪਤੀ ਵਾਸਤੇ ਕੰਨ ਵਿਖੇ ਮੁੰਦ੍ਰਾ ਪਾਵਣਾ ਕੀਤੀ।

ਯਥਾ- ਕਾਨ ਫਿਰਾਇ ਹਿਰਾਏ ਟੂਕਾ॥ ਘਰ ਘਰ ਮਾਗੈ ਤ੍ਰਿਪਤਾਵਨ ਤੇ ਚੂਕਾ॥

(ਪ੍ਰਭਾਤੀ ਮ: ੫, ਪੰਨਾ ੧੩੪੯)

ਮੁੰਦ੍ਰਾ ਪਾਇ ਫਿਰੈ ਸੰਸਾਰਿ॥ ਜਿਥੈ ਕਿਥੈ ਸਿਰਜਣਹਾਰੁ॥

ਕੰਨ ਵਿੱਚ ਮੁੰਦ੍ਰਾਂ ਪਾ ਕੇ ਮਗਰੋਂ ਸੰਸਾਰ ਵਿੱਚ ਫਿਰਨ ਲੱਗ ਪੈਂਦੇ ਹਨ ਅਤੇ ਜਿਥੈ ਕਿਥੈ=ਜਹਾਂ ਕਹਾਂ ਆਪਣੇ ਆਪ ਨੂੰ ਹੀ ਸਿਰਜਣਹਾਰੁ=ਪਰਮਾਤਮਾ ਮੰਨ ਬਹਿੰਦੇ ਹਨ, *ਵਾ:-* ਜਿੱਥੇ ਕਿੱਥੇ ਗੱਲਾਂ ਦੇ ਸਿਰਜਣੇ (ਪੈਦਾ ਕਰਨੇ) ਵਾਲੇ ਹੁੰਦੇ ਹਨ।

ਜੇਤੇ ਜੀਅ ਤੇਤੇ ਵਾਟਾਊ॥ ਚੀਰੀ ਆਈ ਢਿਲ ਨ ਕਾਊ॥

ਜਿਤਨੇ ਕੁ ਸੰਸਾਰ ਵਿੱਚ ਆਏ ਹੋਇ ਜੀਵ ਹਨ, ਤਿਤਨੇ ਸਭ ਵਾਟਾਊ=ਰਾਹੀ ਹਨ। ਜਿਸ ਵੇਲੇ ਪਰਮੇਸ਼ਰ ਦੇ ਹੁਕਮ ਰੂਪੀ ਚੀਰੀ=ਚਿੱਠੀ ਆਈ ਤਾਂ ਜਾਣ ਲਗਿਆਂ ਕੋਈ ਢਿਲ=ਦੇਰੀ ਨਹੀਂ ਲਗਦੀ।

ਏਥੈ ਜਾਣੈ ਸੁ ਜਾਇ ਸਿਵਾਣੈ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥

ਜੋ ਪੁਰਸ਼ ਇਸ ਲੋਕ ਵਿਚ ਸਤਿਸੰਗਤ ਕਰਨੀ ਜਾਣਦਾ ਹੈ, *ਵਾ-* ਨਾਮ ਜਪਣਾ ਜਾਣਦਾ ਹੈ, *ਵਾ-* ਪੁੰਨ ਕਰਮ ਕਰਨਾ ਜਾਣਦਾ ਹੈ, *ਵਾ-* ਸੰਤ ਮਹਾਤਮਾ ਦੀ ਸੇਵਾ ਕਰਨੀ ਜਾਣਦਾ ਹੈ, *ਵਾ:-* ਗਿਆਨ ਨੂੰ ਜਾਣਦਾ ਹੈ, ਸੁ=ਉਹ ਸਰੂਪ ਰੂਪੀ ਜਾਇ ਸਿਵਾਣੈ=ਜਗ੍ਹਾ ਨੂੰ ਪਛਾਣਦਾ ਹੈ। ਇਸ ਕਰਨੀ ਤੋਂ ਬਿਨਾਂ ਹੋਰ ਚਾਹੇ ਕੋਈ ਹਿੰਦੂ ਹੈ, ਚਾਹੇ ਕੋਈ ਮੁਸਲਮਾਨ ਹੈ, ਉਹ ਫਕੜੁ=ਖਰਾਬੜ ਹੈ।

ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥

ਸਾਰਿਆਂ ਦਾ ਲੇਖਾ=ਹਿਸਾਬ ਪਰਮੇਸ਼ਰ ਦੀ ਦਰਗਾਹ ਵਿਚ ਹੁੰਦਾ ਹੈ। ਸ੍ਰੇਸ਼ਟ ਕਰਨੀ ਤੋਂ ਬਿਨਾਂ ਕੋਈ ਨਹੀਂ ਤਰਦਾ।

ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਜੇਹੜਾ ਕੋਈ ਸੱਚ ਹੀ ਸੱਚ ਨੂੰ ਕਥਨ ਕਰਦਾ ਹੈ, ਉਸ ਨੂੰ ਅੱਗੇ ਜਾ ਕੇ ਹਿਸਾਬ ਦੀ ਪੁੱਛ ਨਹੀਂ ਹੁੰਦੀ ॥ ੨ ॥

ਪਉੜੀ ॥ ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥

ਇਹ ਕਾਂਇਆ ਰੂਪੀ ਕੋਟ ਜੋ ਗੜ=ਘੜਿਆ ਹੋਇਆ ਹੈ, ਏਹੀ ਹਰੀ ਦਾ ਮੰਦਰ ਆਖੀਦਾ ਹੈ।

ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥

ਹੇ ਭਾਈ ! ਗੁਰਾਂ ਦੁਆਰੇ ਤੂੰ ਹਰੀ ਨਾਮ ਨੂੰ ਪੜ੍ਹਣਾ ਕਰ, ਤਾਂ ਹਿਰਦੇ ਦੇ ਅੰਦਰ ਹੀ ਲਾਲ=ਪ੍ਰੇਮ ਤੇ ਜਵੇਹਰੀ=ਗਿਆਨ ਦੀ ਪਰਾਪਤੀ ਹੁੰਦੀ ਹੈ।

ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥

ਹਰੀ ਦਾ ਮੰਦਰ ਇਹ ਮਨੁੱਖਾ ਸਰੀਰ ਅਤਿ=ਅਤਿਅੰਤ ਸੋਭਨੀਕ ਹੈ, ਤਾਂ ਤੇ ਤੂੰ ਹਰਿ ਹਰਿ ਨਾਮ ਨੂੰ ਦ੍ਰਿੜ ਕਰ।

ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥

ਪਰਮੇਸ਼ਰ ਨੇ ਆਪ ਕਰਮਾਂ ਅਨੁਸਾਰ ਮਨਮੁਖਾਂ ਨੂੰ ਖੁਆਇਅਨੁ=ਭੁਲਾਣਾ ਕੀਤਾ ਹੈ, ਜੋ ਮਨਮੁਖ ਪੁਰਸ਼ ਨਿਤਾਪ੍ਰਤੀ ਮਾਇਆ ਦੇ ਮੋਹ ਵਿਚ ਕੜੁ=ਝੁਰਦੇ ਹਨ।

ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥ ੧੧ ॥

ਸਾਰਿਆਂ ਜੀਵਾਂ ਦਾ ਮਾਲਕ ਇਕ ਪਰਮੇਸ਼ਰ ਹੈ, ਪ੍ਰੰਤੂ ਪੂਰਿਆਂ ਭਾਗਾਂ ਕਰਕੇ ਪਾਇਆ ਜਾਂਦਾ ਹੈ ॥ ੧੧ ॥

ਵਾਹੁ ਵਾਹੁ ਸਚੇ ਪਾਤਿਸਾਹ ਤੂੰ ਸਚੀ ਨਾਈ ॥

ਹੇ ਸੱਚੇ ਪਾਤਸ਼ਾਹ ! ਤੂੰ ਆਪ ਧੰਨ ਤੇ ਧੰਨ ਹੈਂ ਅਤੇ ਆਪ ਜੀ ਦੀ ਨਾਈ=ਵਡਿਆਈ ਵੀ ਸੱਚੀ ਹੈ।

ਸਲੋਕ ਮ : ੧ ॥

ਉਥਾਨਕਾ- ਸਿੱਧਾਂ ਨੇ ਬੇਨਤੀ ਕੀਤੀ ਕਿ ਸੱਤ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ ਦੁੱਖੀ ਰਹਿਣ ਕਰਕੇ ਹੁੰਦੀ ਹੈ, ਜਾਂ ਸੁਖੀ ਰਹਿਣ ਕਰਕੇ ਹੁੰਦੀ ਹੈ? *ਉੱਤਰ-*

ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥

ਨਾ ਸਤਿ ਦੀ ਪ੍ਰਾਪਤੀ ਹੁੰਦੀ ਹੈ ਦੁੱਖੀ ਰਹਿਣੇ ਕਰਕੇ, ਨਾ ਸਤਿ ਰੂਪ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਸੁਖੀ ਰਹਿਣ ਨਾਲ, ਜਿਵੇਂ ਪਾਣੀ ਦੇ ਜੰਤ ਪਾਣੀ ਵਿਚ ਫਿਰਦੇ ਹਨ, ਉਸ ਵਾਂਗੂੰ ਜਲਧਾਰਾ ਭੀ ਸਹਾਰਨਾ ਕਰੇ ਤੋ ਭੀ ਸਤਿ ਰੂਪ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ।

www.sikhbookclub.com

ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ॥

ਨਾ ਹੀ ਸਤਿ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ ਮੂੰਡ ਮੁਡਾਈ=ਸਿਰ ਮੂੰਹ ਮੁਨਾਣੇ ਕਰਕੇ ਅਤੇ ਨਾ ਹੀ ਸਤਿ ਸਰੂਪ ਦੀ ਪ੍ਰਾਪਤੀ ਹੁੰਦੀ ਹੈ ਕੇਸਾਂ ਦੇ ਧਾਰਨੇ ਕਰਕੇ, ਨਾ ਹੀ ਸਤਿ ਸਰੂਪ ਦੀ ਪ੍ਰਾਪਤੀ ਹੁੰਦੀ ਹੈ ਪੜ੍ਹਣੇ ਕਰਕੇ, ਨਾ ਹੀ ਦੇਸ਼ਾਂ ਵਿਖੇ ਫਿਰਨ ਨਾਲ ਉਸ ਦੀ ਪ੍ਰਾਪਤੀ ਹੁੰਦੀ।

ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ॥

ਜੋ ਬਨ ਵਿਚ ਹੁੰਦੇ ਹਨ ਉਨ੍ਹਾਂ ਦਾ ਨਾਂ ਰੁੱਖ ਹੈ, ਜੋ ਬਾਗਾਂ ਵਿਚ ਹੁੰਦੇ ਹਨ ਉਨ੍ਹਾਂ ਦਾ ਨਾਂ ਬ੍ਰਿਛ ਹੈ। ਰੁੱਖਾਂ, ਬ੍ਰਿਛਾਂ ਦੇ ਹੇਠ ਬੈਠਣ ਕਰਕੇ, ਵਾ- ਰੁੱਖ, ਬ੍ਰਿਛਾਂ ਦੇ ਫਲ ਖਾਣ ਕਰਕੇ ਵੀ ਸਤਿ ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ, ਪੱਥਰ ਵਾਂਗੂ ਆਪਣੇ ਆਪ ਨੂੰ ਤਛੋਣ ਕਰਕੇ ਅਤੇ ਦੁੱਖਾਂ ਦੇ ਸਹਾਰਨ ਕਰਕੇ ਵੀ ਸਤਿ ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ।

ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ॥

ਹਸਤੀ=ਹਾਥੀ ਵਾਂਗੂ ਸੰਗਲਾਂ ਨਾਲ ਬੰਧਨੇ ਕਰਕੇ ਵੀ ਸਤਿ ਦੀ ਪ੍ਰਾਪਤੀ ਨਹੀਂ ਹੁੰਦੀ, ਗਊਆਂ ਢਾਂਗੂ ਘਾਹ ਦੇ ਚਰਨੇ ਕਰਕੇ ਭਾਵ, ਫਲ ਫੁੱਲ ਖਾਣੇ ਕਰਨੇ ਵੀ ਸਤਿ ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ। ਦੂਜਾ ਅਰਥ ਕਰਨਾ ਇਹ ਸਾਰੇ ਨਾਸ ਰੂਪ ਹਨ-

ਦੁੱਖੀ ਵੀ ਨਾਸ ਰੂਪ ਹੈ, ਸੁਖੀ ਵੀ ਨਾਸ ਰੂਪ ਹੈ, ਪਾਣੀ ਵਿਚ ਜੋ ਪੁਰਸ਼ ਫਿਰਦੇ ਹਨ ਓਹ ਵੀ ਨਾਸ ਰੂਪ ਹਨ। ਸਿਰ ਮੂੰਹ ਦੇ ਮੁਨਾਣ ਵਾਲੇ ਅਤੇ ਕੇਸਾਂ ਦੇ ਰੱਖਣ ਵਾਲੇ ਸਭ ਨਾਸ ਰੂਪ ਹਨ, ਪੜ੍ਹਣੇ ਵਾਲੇ ਅਤੇ ਦੇਸ਼ਾਂ ਵਿਚ ਫਿਰਨ ਵਾਲੇ, ਵਾ- ਦੇਸ=ਸਾਧਨਾ ਵਿਚ ਫਿਰਨ ਵਾਲੇ, ਸਭ ਨਾਸ ਰੂਪ ਹੈ। ਰੁੱਖ, ਬ੍ਰਿੱਛ, ਪੱਥਰ ਸਭ ਨਾਸ ਰੂਪ ਹੈਂ, ਵਾ- ਰੁੱਖ, ਬ੍ਰਿੱਛਾਂ ਹੇਠ ਬੈਠਣ ਵਾਲੇ ਤੇ ਪੱਥਰ ਵਾਂਗੂ ਆਪਣੇ ਆਪ ਨੂੰ ਤਛੋਣ ਵਾਲੇ ਸਭ ਨਾਸ ਰੂਪ ਹੈਂ, ਦੁੱਖਾਂ ਦੇ ਸਹਾਰਨ ਵਾਲੇ ਵੀ ਨਾਸ ਰੂਪ ਹੈਂ। ਜਿਨ੍ਹਾਂ ਰਾਜਿਆਂ ਦੇ ਦੁਆਰੇ ਉੱਪਰ ਹਾਥੀ ਸੰਗਲਾਂ ਨਾਲ ਬੱਧੇ ਹੋਇ ਸੋਭਦੇ ਹਨ, ਓਹ ਵੀ ਨਾਸ ਰੂਪ ਹੈਂ, ਘਾਹ ਦੇ ਚਰਨ ਵਾਲ਼ੀਆਂ ਗਊਆਂ, ਵਾ- ਗਊਆਂ ਵਾਂਙੂ ਘਾਹ ਦੇ ਚਰਨ ਵਾਲੇ ਵੀ ਸਭ ਨਾਸ ਰੂਪ ਹੈਂ।

ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ॥

ਜਿਸ ਪਰਮੇਸ਼ਰ, ਵਾ- ਗੁਰੂ ਦੇ ਹੱਥ ਵਿਚ ਸਿਧਿ=ਮੁਕਤੀ ਹੈ, ਜੇਕਰ ਉਹ ਦੇਵੇ ਤਾਂ ਮਿਲਦੀ ਹੈ, ਜਿਸ ਨੂੰ ਦੇਂਦਾ ਹੈ ਤਿਸ ਨੂੰ ਆ ਕੇ ਮਿਲਦੀ ਹੈ।

ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਤਿਸ ਪੁਰਸ਼ ਨੂੰ ਵਡਿਆਈ ਮਿਲਦੀ ਹੈ, ਜਿਸ ਦੇ ਘਟ=ਹਿਰਦੇ ਵਿਚ ਗੁਰ ਉਪਦੇਸ਼ ਦੇ ਰਵੈ=ਉਚਾਰਨ ਦਾ ਪ੍ਰੇਮ ਹੈ।

ਪੁਨਾ, ਅਕਾਸ਼ ਬਾਣੀ ਦੁਆਰੇ ਪਰਮੇਸ਼ਰ ਨੇ ਕਿਹਾ-

ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ॥

ਸਾਰੇ ਸਰੀਰ ਮੇਰੇ ਬਣਾਇ ਹੋਇ ਹਨ ਅਤੇ ਹਉ=ਮੈਂ ਸਭ ਘਟਾਂ ਦੇ ਅੰਦਰ ਹਾਂ, ਜਿਸ ਨੂੰ ਮੈਂ

ਖੁਆਈ=ਭੁਲਾਵਾ ਤਿਸ ਨੂੰ ਭਲਾ ਕੌਣ ਆ ਕੇ ਕਹਿ ਸਕਦਾ ਹੈ।

ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥

ਜਿਸ ਨੂੰ ਮੈਂ ਸ੍ਰੇਸ਼ਟ ਰਸਤਾ ਵਿਖਾਂਦਾ ਹਾਂ, ਤਿਸ ਨੂੰ ਭਲਾ ਕੌਣ ਭੁਲਾ ਸਕਦਾ ਹੈ।

ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥ ੧ ॥

ਜਿਸ ਪੁਰਸ਼ ਨੂੰ ਸਿਰੋਂ ਹੀ ਭਾਵ ਆਦੋਂ ਹੀ ਰਸਤਾ ਭੁਲਾਂਦਾ ਹਾਂ, ਤਿਸ ਨੂੰ ਭਲਾ ਕੌਣ ਵਿਖਾ ਸਕਦਾ ਹੈ, ਭਾਵ ਕੋਈ ਨਹੀਂ ਦਿਖਾਂਦਾ ॥ ੧ ॥

ਈਸ਼ਰ ਨਾਮੇ ਸਿੱਧ ਨੇ ਗ੍ਰਹਿਸਤੀ ਦੇ ਲਖਸ਼ਣ ਪੁੱਛੇ ਕਿ ਗ੍ਰਹਿਸਤੀ ਕੌਣ ਹੈ? *ਉੱਤਰ-*

ਮਃ ੧ ॥ ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥

ਗ੍ਰਹਿਸਤੀ ਉਹ ਹੈ, ਜੋ ਇੰਦ੍ਰੀਆਂ ਦਾ ਨਿਗ੍ਰਹ=ਦਮਨ ਕਰਦਾ ਹੈ,

ਯਥਾ- ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਵਖਾਣੈ ॥ *(ਭਾਈ ਗੁਰਦਾਸ ਜੀ)*

ਅਥਵਾ- ਜੋ ਮਹਾਤਮਾ ਇੰਦ੍ਰੀਆਂ ਦਾ ਦਮਨ ਕਰਦਾ ਹੈ ਅਤੇ ਸੰਜਮ ਦੇ ਨਾਲ ਜਪ ਤਪ ਨੂੰ ਕਰਦਾ ਹੈ, ਐਸੇ ਸੰਤਾਂ ਨੂੰ ਜੋ ਭਿੱਖਿਆ ਛਕੌਣੀ ਕਰਦਾ ਹੈ, ਉਹ ਅਸਲੀ ਗ੍ਰਹਿਸਤੀ ਹੈ।

ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥

ਜੋ ਸਰੀਰ ਨੂੰ ਭੀ ਪੁੰਨ ਦਾਨ ਦਾ ਕਰ ਦੇਂਦਾ ਹੈ।

ਅਥਵਾ- ਜਦ ਤੱਕ ਸਰੀਰ ਵਿਚ ਸੁਆਸ ਹਨ, ਤਬ ਤੱਕ ਪਦਾਰਥਾਂ ਦਾ ਇਕੱਠ ਕਰਕੇ ਪੁੰਨ ਦਾਨ ਕਰਦਾ ਰਹਿੰਦਾ ਹੈ। ਉਹ ਗ੍ਰਹਿਸਤੀ ਗੰਗਾ ਦੇ ਜਲ ਵਾਂਗੂ ਸ਼ੁੱਧ ਹੈ।

ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੨ ॥

ਸਤਿਗੁਰ ਦੇਵ ਜੀ ਬੋਲਦੇਂ ਹਨ—ਹੇ ਈਸ਼ਰ ਨਾਥ, ਸਤਿ ਸਰੂਪ ਜੋ ਪਰਮੇਸ਼ਰ ਹੈ ਜਿਸ ਪਰਮਤੰਤ ਵਿਚ ਕੋਈ ਰੂਪ ਰੇਖ ਨਹੀਂ ਹੈ, ਉਸ ਦਾ ਉਹ ਸਰੂਪ ਹੈ ॥ ੨ ॥

ਪੁਨਾ—ਗੋਰਖ ਨਾਥ ਨੇ ਪੁੱਛਿਆ, ਅਉਧੂਤ ਦੇ ਕੀ ਲਖਸ਼ਣ ਹਨ? *ਗੁਰ ਉੱਤਰ-*

ਮਃ ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥

ਅਵਧੂਤ ਉਹ ਹੈ ਜੋ ਆਪਾ ਭਾਅ ਹੰਕਾਰ ਨੂੰ ਧੂਪੈ=ਸਾੜਦਾ ਹੈ ਤੇ ਭਿੱਖਿਆ ਮੰਗ ਕੇ ਭੋਜਨ ਛਕਦਾ ਹੈ, ਇੱਕ ਘਰ ਦਾ ਅੰਨ ਨਹੀਂ ਖਾਂਦਾ, ਅਤੇ ਸੰਤਾਪੁ=ਭਲੀ ਪ੍ਰਕਾਰ ਤਪ ਕਰਦਾ ਹੈ।

ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥

ਅਉ=ਪੁਨਾ, ਪਟਣ=ਸਰੀਰ ਵਿਚ ਜੋ ਹਠ=ਹਿਰਦਾ ਹੈ, ਉਸ ਵਿਚ ਆਤਮਦੇਵ ਦੇ ਜਾਨਦੇ ਰੂਪੀ ਭਿੱਖਿਆ ਨੂੰ ਮੰਗਣਾ ਕਰਦਾ ਹੈ। ਉਹ ਅਵਧੂਤ ਸਿਵ ਪੁਰਿ=ਦਸਮ ਦੁਆਰ ਵਿਚ, ਵਾ- ਕਲਿਆਣ ਰੂਪੀ ਪੁਰੀ ਉੱਤੇ ਚੜ੍ਹਦਾ ਹੈ।

ਬੋਲੈ ਗੋਰਖੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪ ॥ ੩ ॥

ਸਤਿਗੁਰ ਦੇਵ ਜੀ ਬੋਲਦੇ ਹਨ—ਹੇ ਗੋਰਖ ਨਾਥ! ਸਤਿ ਸਰੂਪ ਜੋ ਪ੍ਰਮੇਸ਼ਰ ਹੈ, ਜਿਸ ਪਰਮ ਤੰਤ ਵਿਖੇ ਕੋਈ ਰੂਪ ਰੇਖ ਨਹੀਂ ਹੈ, ਉਸ ਦਾ ਉਹ ਸਰੂਪ ਹੈ॥ ੩॥

(ਪੁਨਾ- ਗੋਪੀ ਚੰਦ ਨੇ ਪੁੱਛਿਆ ਕਿ ਉਦਾਸੀ ਦੇ ਕੀ ਲਖਸ਼ਣ ਹਨ? *ਗੁਰ ਉੱਤਰ-*

ਮਃ ੧॥ ਸੋ ਉਦਾਸੀ ਜਿ ਪਾਲੇ ਉਦਾਸੁ॥
ਅਰਧ ਉਰਧ ਕਰੇ ਨਿਰੰਜਨ ਵਾਸੁ॥

ਉਦਾਸੀ ਓਹੀ ਹੈ, ਜੋ ਉਦਾਸ ਨੂੰ ਪਾਲਦਾ, ਭਾਵ ਵਧਾਂਦਾ ਹੈ, *ਵਾ-* ਪਾ ਲੈਂਦਾ ਹੈ ਅਤੇ ਅਰਧ ਉਰਧ=ਜੀਵ ਈਸ਼ੂਰ ਵਿਚ ਨਿਰੰਜਨ=ਮਾਇਆ ਮਲ ਅਵਿੱਦਿਆ ਤੋਂ ਰਹਿਤ ਬ੍ਰਹਮ ਨੂੰ ਵਸਿਆ ਜਾਨਣਾ ਕਰਦਾ ਹੈ। *ਵਾ-* ਅਰਧ=ਜੀਵ ਦਾ, ਉਰਧ=ਉਤਕ੍ਰਿਸ਼ਟ ਨਿਰੰਜਨ ਵਿਚ ਵਾਸਾ ਕਰਨਾ ਜਾਣਦਾ ਹੈ।

ਚੰਦ ਸੂਰਜ ਕੀ ਪਾਏ ਗੰਢਿ॥ ਤਿਸੁ ਉਦਾਸੀ ਕਾ ਪੜੈ ਨ ਕੰਧੁ॥

ਜੋ ਚੰਦ, ਸੂਰਜ=ਵੈਰਾਗ, ਵਿਵੇਕ ਦੀ ਮਿਲੌਣੀ ਪਾਂਵਦਾ ਹੈ।

ਅਥਵਾ- ਚੰਦ=ਸਤੋ ਗੁਣ ਤੇ ਸੂਰਜ=ਗਿਆਨ ਦੀ ਮਿਲੌਣੀ ਹਿਰਦੇ ਵਿਚ ਪਾਂਵਦਾ ਹੈ, *ਵਾ-*ਚੰਦ, ਸੂਰਜ=ਇੜਾ ਪਿੰਗਲਾ ਦੋਨੋ ਸੁਰਾਂ ਦੁਆਰੇ ਪ੍ਰਾਣਾਂ ਦੀ ਗੰਢਿ ਦਸਮ ਦੁਆਰ ਵਿਚ ਪਾਂਵਦਾ ਹੈ। ਤਿਸ ਉਦਾਸੀ ਦਾ ਕੰਧੁ=ਸਰੀਰ ਨਿਸਫਲ ਨਹੀਂ ਪੈਂਦਾ, *ਵਾ-* ਤਿਸ ਉਦਾਸੀ ਦਾ ਜੀਵ ਕੰਧੁ=ਸਰੀਰਾਂ ਵਿਖੇ ਨਹੀਂ ਪੈਂਦਾ।

ਬੋਲੈ ਗੋਪੀ ਚੰਦੁ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥ ੪॥

ਸਤਿਗੁਰ ਦੇਵ ਜੀ ਬੋਲਦੇ ਹਨ—ਹੇ ਗੋਪੀ ਚੰਦ! ਸਤਿ ਸਰੂਪ ਜੋ ਪਰਮੇਸ਼ਰ ਹੈ। ਜਿਸ ਪਰਮ ਤੰਤ ਵਿਖੇ ਕੋਈ ਰੇਖ ਰੂਪ ਨਹੀਂ ਹੈ ਉਸ ਦਾ ਉਹ ਸਰੂਪ ਹੈ॥ ੪॥

ਪੁਨਾ—ਚਰਪਟ ਨਾਥ ਨੇ ਪੁੱਛਿਆ, ਕਿ ਪਖੰਡੀ ਦੇ ਕੀ ਲਖਸ਼ਣ ਹਨ? *ਗੁਰ ਉੱਤਰ-*

ਮ: ੧॥ ਸੋ ਪਾਖੰਡੀ ਜਿ ਕਾਇਆ ਪਖਾਲੇ॥
ਕਾਇਆ ਕੀ ਅਗਨਿ ਬ੍ਰਹਮੁ ਪਰ ਜਾਲੇ॥

ਪਖੰਡੀ ਉਹ ਹੈ ਜੋ ਕਾਇਆ=ਬੁੱਧੀ ਨੂੰ ਨਾਮ ਨਾਲ ਧੋਣਾਂ ਕਰਦਾ ਹੈ।

ਯਥਾ- ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ *(ਜਪੁਜੀ ਸਾਹਿਬ, ਪੰਨਾ ੪)*

ਵਾ- ਕਾਇਆ=ਦੇਹ ਨੂੰ ਤੀਰਥਾਂ ਦੇ ਜਲ ਨਾਲ ਧੋਣਾ, ਭਾਵ ਪਵਿੱਤ੍ਰ ਕਰਦਾ ਹੈ। ਬ੍ਰਹਮ ਦ੍ਰਿਸ਼ਟੀ ਦੀ ਅਗਨੀ ਨਾਲ ਕਾਇਆ=ਦੇਹ ਅਧਿਆਸ ਨੂੰ ਪਰ ਜਾਲੈ=ਭਲੀ ਪ੍ਰਕਾਰ ਸਾੜਦਾ ਹੈ।

ਸੁਪਨੈ ਬਿੰਦੁ ਨ ਦੇਈ ਝਰਣਾ॥ ਤਿਸੁ ਪਾਖੰਡੀ ਜਰਾ ਨ ਮਰਣਾ॥

ਜੋ ਸੁਪਨੇ ਵਿਚ ਭੀ ਬੀਰਜ ਨੂੰ ਵਗਣੇ ਨਹੀਂ ਦੇਂਦਾ, *ਵਾ-* ਸੰਸਾਰ ਸੁਪਨੇ ਵਿਖੇ ਬਿੰਦੁ=ਬਿਰਤੀ ਨੂੰ ਲਗਣੇ ਨਹੀਂ ਦੇਂਦਾ, *ਵਾ-* ਸੁਪਨੈ=ਕਦਾਚਿਤ ਪਦਾਰਥਾਂ ਵਿਚ ਬਿਰਤੀ ਨਹੀਂ ਲਗਣ ਦਿੰਦਾ। ਤਿਸ ਪਖੰਡੀ ਨੂੰ ਜਰਾ=ਬੁਢੇਪਾ ਤੇ ਮਰਨਾ ਨਹੀਂ ਹੁੰਦਾ।

ਵਾ- ਤਿਸ ਪਖੰਡੀ ਨੂੰ ਮਰਨ ਦਾ ਜ਼ਰਾ ਮਾਤ੍ਰ ਵੀ ਦੁੱਖ ਨਹੀਂ ਹੁੰਦਾ।

[ਪੰਨਾ ੯੫੩]

ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥ ੫ ॥

ਸਤਿਗੁਰ ਦੇਵ ਜੀ ਬੋਲਦੇ ਹਨ—ਹੇ ਚਰਪਟ ਨਾਥ! ਸਤਿ ਸਰੂਪ ਜੋ ਪ੍ਰਮੇਸ਼ਰ ਹੈ। ਜਿਸ ਪਰਮ ਤੰਤ=ਪਰਮਾਤਮਾ ਵਿਖੇ ਕੋਈ ਰੂਪ ਰੇਖ ਨਹੀਂ ਹੈ ਉਸ ਦਾ ਉਹ ਸਰੂਪ ਹੋ ਜਾਂਦਾ ਹੈ।॥ ੫॥

ਪੁਨਾ—ਭਰਥਰੀ ਨੇ ਪੁੱਛਿਆ, ਬੈਰਾਗੀ ਦੇ ਕੀ ਲਖਸ਼ਣ ਹਨ? *ਗੁਰ ਉੱਤਰ*

ਮ: ੧ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥

ਬੈਰਾਗੀ ਉਹ ਹੈ, ਜੇਹੜਾ ਅਪਣੇ ਮਨ ਨੂੰ ਬ੍ਰਹਮ ਦੀ ਤਰਫ਼ ਉਲਟਾਂਦਾ ਹੈ ਅਤੇ ਗਗਨ ਮੰਡਲ=ਦਸਮ ਦੁਆਰ ਵਿਚ ਥੰਮੁ=ਪ੍ਰਾਣਾਂ ਨੂੰ ਰੋਪੈ=ਚਾੜ੍ਹਦਾ ਹੈ।

ਅਥਵਾ:- ਗਗਨ ਮੰਡਲ=ਹਿਰਦੇ ਵਿਚ ਥੰਮੁ=ਮਨ ਨੂੰ ਰੋਕਦਾ ਹੈ।

ਵਾ- ਗਗਨ ਮੰਡਲ=ਚੇਤਨ ਦੇਵ ਵਿਚ ਥੰਮ=ਜੀਵ ਨੂੰ ਰੋਪੈ=ਅਭੇਦ ਕਰਦਾ ਹੈ।

ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥

ਜੋ ਰਾਤ ਦਿਨੇ ਪਰਮੇਸ਼ਰ ਦੇ ਧਿਆਨ ਅੰਦਰ ਰਹਿੰਦਾ ਹੈ। ਉਹ ਬੈਰਾਗੀ ਸੱਚੇ ਪਰਮੇਸ਼ਰ ਸਮਾਨ ਹੈ, ਭਾਵ ਦੋਨੋਂ ਇੱਕ ਰੂਪ ਹੈਂ।

ਯਥਾ- ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥ *(ਦਸਮ ਗ੍ਰੰਥ)*

ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪ ॥ ੬ ॥

ਸਤਿਗੁਰ ਦੇਵ ਜੀ ਬੋਲਦੇ ਹਨ—ਹੇ ਭਰਥਰੀ ਨਾਥ! ਸਤਿ ਸਰੂਪ ਜੋ ਪਰਮੇਸ਼ਰ ਹੈ। ਜਿਸ ਪਰਮ ਤੰਤ=ਪਰਮਾਤਮਾ ਵਿਚ ਕੋਈ ਰੂਪ ਰੇਖ ਨਹੀਂ ਉਸ ਦਾ ਉਹ ਸਰੂਪ ਹੈ॥ ੬॥

ਮ: ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥
ਕੰਨ ਪੜਾਇ ਕਿਆ ਖਾਜੈ ਭੁਗਤਿ ॥

ਪਹਿਲਾ ਪ੍ਰਸ਼ਨ- ਮੰਦਾ ਸੁਭਾਵ ਕਿਵੇਂ ਮਰੇ? *ਦੂਜਾ ਪ੍ਰਸ਼ਨ-* ਜੀਵਣੇ ਦੀ ਜੁਗਤੀ ਕਿਵੇਂ ਪਰਾਪਤ ਹੋਵੇ? *ਤੀਜਾ ਪ੍ਰਸ਼ਨ-* ਕੰਨਾਂ ਨੂੰ ਛਿਦਾ ਕੇ ਕੇਹੜੀ ਭੁਗਤੀ ਖਾਣਾ ਕਰੇ? *ਉੱਤਰ-*

ਆਸਤਿ ਨਾਸਤਿ ਏਕੋ ਨਾਉ ॥

ਆ=ਸਰਬ ਓਰ ਸੇ ਸਤਿ ਸਰੂਪ ਜੋ ਪਰਮਾਤਮਾ ਹੈ, ਉਸ ਇੱਕ ਵਿਚ ਜੇਹੜੀ ਆਸਤਿ=ਆਸਤਕ ਭਾਵਨਾ ਧਾਰਨੀ ਹੈ, ਏਹੀ ਸਫਲ ਜੀਵਣੇ ਦੀ ਜੁਗਤੀ ਹੈ ਅਤੇ ਨਾਉ=ਨਾਮ ਰੂਪ ਪ੍ਰਪੰਚ ਨੂੰ ਜੇਹੜਾ ਨਾਸਤਿ=ਨਾਸ ਰੂਪ ਨਿਸਚੇ ਕਰਨਾ ਹੈ, ਇਸ ਕਰਦੇ ਮੰਦਾ ਸੁਭਾਅ ਮਰਦਾ ਹੈ।

ਤੀਜੇ ਪ੍ਰਸ਼ਨ ਦਾ ਉੱਤਰ ਅੱਗੇ ਜਾ ਕੇ ਦੇਣਗੇ। ਇੱਕ ਸਿੱਧ ਨੇ ਹੋਰ ਪ੍ਰਸ਼ਨ ਕਰ ਦਿੱਤਾ ਕਿ-

ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥

ਉਹ ਕੇਹੜਾ ਅੱਖਰ ਹੈ, ਜਿਸ ਕਰਕੇ ਹਿਆਉ=ਹਿਰਦਾ ਇਸਥਿਤ ਹੋ ਰਹੇ? *ਵਾ:-* ਪਰਮਾਤਮਾ ਦੇ

www.sikhbookclub.com

ਹਿਆਉ=ਸਨਮੁਖ ਹੋ ਰਵ੍ਹੇ? ਵਾ:- ਹਿਆਉ=ਸ਼ਰਮ ਵਿਚ ਰਹਿਣਾ ਕਰੇ? ਉੱਤਰ ਨਾਲ ਹੀ ਦੇਂਦੇ ਹਨ-

ਧੂਪ ਛਾਵ ਜੇ ਸਮ ਕਰਿ ਸਹੈ॥ ਤਾ ਨਾਨਕੁ ਆਖੈ ਗੁਰੁ ਕੋ ਕਹੈ॥

ਨਾਨਕੁ ਆਖੈ=ਗੁਰੂ ਸਾਹਿਬ ਜੀ ਆਖਦੇ ਹਨ—ਗੁਰਾਂ ਦੇ ਕਹੇ ਹੋਇ ਉਪਦੇਸ਼ ਨੂੰ ਉਚਾਰਨਾ ਕਰੇ,

ਵਾ:- ਗੁਰਾਂ ਦੇ ਜਸ ਨੂੰ ਕਵ੍ਹੇ ਅਤੇ ਧੂਪ ਛਾਵ=ਦੁੱਖ ਸੁਖ ਨੂੰ ਜੇਕਰ ਸਮ ਕਰਕੇ ਸਹਾਰੇ, ਤਾਂਹੀ ਹਿਰਦਾ ਇਸਥਿਤ ਰਹਿੰਦਾ ਹੈ, ਤਾਂਹੀ ਪਰਮਾਤਮਾਂ ਦੇ ਸਨਮੁਖ ਰਹਿੰਦਾ ਹੈ, ਤਾਂਹੀ ਸ਼ਰਮ ਵਿਚ ਅਰਥਾਤ ਪਤ ਆਬਰੋ ਵਿਖੇ ਰਹਿੰਦਾ ਹੈ।

ਹੁਣ ਤੀਜੇ ਪ੍ਰਸ਼ਨ ਦਾ ਉੱਤਰ ਦੇਂਦੇ ਹਨ। ਤੀਜਾ ਪ੍ਰਸ਼ਨ ਸੀ ਕੰਨਾਂ ਨੂੰ ਛਿਦਾ ਕੇ ਕੇਹੜੀ ਭੁਗਤ ਖਾਵੇ? *ਗੁਰ ਉੱਤਰ-*

ਛਿਅ ਵਰਤਾਰੇ ਵਰਤਹਿ ਪੂਤ॥ ਨਾ ਸੰਸਾਰੀ ਨਾ ਅਉਧੂਤ॥

ਛਿਆ ਵਰਤਾਰੇ=ਛੇ ਸ਼ਾਸਤ੍ਰ, ਵਾ- ਛੇ ਭੇਖ, *ਅਥਵਾ-* ਪੰਜ ਗਿਆਨ ਇੰਦ੍ਰੇ ਤੇ ਇੱਕ ਮਨ, ਇਨ੍ਹਾਂ ਦੀ ਕਿਰਿਆ ਵਿਚ ਪੂਤ=ਪਵਿੱਤ੍ਰ ਹੋ ਕੇ ਵਰਤੇ। ਨਾ ਸੰਸਾਰੀ=ਗ੍ਰਿਹਸਤੀ ਕਿਰਿਆ ਦਾ ਅਤੇ ਨਾ ਹੀ ਅਉਧੂਤ=ਸਾਧੂਪਨੇ ਦੀ ਕਿਰਿਆ ਦਾ ਅਭਿਮਾਨੀ ਹੋਵੇ, ਭਾਵ ਸਮ ਦ੍ਰਿਸ਼ਟੀ ਰਹਿਣਾ ਕਰੇ, ਅਰਥਾਤ ਸਮਤਾ ਰੂਪੀ ਭਿੱਖਿਆ ਖਾਣੀ ਕਰੇ।

ਨਿਰੰਕਾਰਿ ਜੋ ਰਹੈ ਸਮਾਇ॥ ਕਾਹੇ ਭੀਖਿਆ ਮੰਗਣਿ ਜਾਇ॥ ੭॥

ਜੋ ਪੁਰਸ਼ ਨਿਰੰਕਾਰ ਵਿਚ ਸਮਾਅ ਰਹਿੰਦਾ ਹੈ, ਉਹ ਫਿਰ ਬਾਹਰ ਭਿੱਖਿਆ ਮੰਗਣ ਨੂੰ ਕਿਸ ਵਾਸਤੇ ਜਾਂਦਾ ਹੈ। ਭਾਵ ਨਹੀਂ ਜਾਂਦਾ॥ ੭॥

ਪਉੜੀ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ॥

ਉਹ ਹਰੀ ਦਾ ਮੰਦਰ ਆਖੀਦਾ ਹੈ, ਜਿੱਥੋਂ ਹਰੀ ਜਾਣਿਆ ਜਾਂਦਾ ਹੈ, ਭਾਵ ਮਨੁੱਖਾ ਦੇਹ ਹੀ ਹਰੀ ਦਾ ਮੰਦਰ ਹੈ। ਗੁਰਾਂ ਦੇ ਬਚਨਾਂ ਦੁਆਰੇ ਜਾਂ ਸਾਰਿਆਂ ਵਿੱਚ ਆਤਮ ਰਾਮ ਨੂੰ ਪਰੀਪੂਰਨ ਪਛਾਣਿਆਂ, ਤਾਂ ਮਨੁੱਖਾ ਦੇਹ ਪਾਇਆ ਹੋਇਆ ਸਫਲ ਹੁੰਦਾ ਹੈ।

ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ॥

ਸਰੀਰ ਤੋਂ ਬਾਹਰ ਮੂਲਿ=ਕਦਾਚਿੱਤ ਨ ਖੋਜੀਏ, ਉਹ ਬਿਧਾਤਾ=ਫਲਬਰ ਦਾਤਾ ਪਰਮੇਸ਼ਰ ਹਿਰਦੇ ਰੂਪੀ ਘਰ ਦੇ ਵਿੱਚ ਹੈ। ਜੇਹੜੇ ਮਨਮੁਖ ਹਰੀ ਮੰਦਰ, ਭਾਵ ਮਨੁੱਖਾ ਦੇਹ ਦੀ ਸਾਰ ਨਹੀਂ ਜਾਣਦੇ, ਉਨ੍ਹਾਂ ਨੇ ਮਨੁੱਖਾ ਜਨਮ ਨੂੰ ਵਿਅਰਥ ਗੁਆਇਆ ਹੈ।

ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ॥ ੧੨॥

ਜੋ ਸਾਰੇ ਜਗਤ ਵਿੱਚ ਇੱਕ ਪਰਮੇਸ਼ਰ ਵਰਤਦਾ ਹੈ, ਉਹ ਗੁਰਾਂ ਦੇ ਉਪਦੇਸ਼ ਦੁਆਰੇ ਪਾਇਆ ਜਾਂਦਾ

ਹੈ॥ ੧੨॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ।

ਹੇ ਸੱਚੇ ਪਾਤਸ਼ਾਹ! ਤੂੰ ਧੰਨ ਹੈਂ ਧੰਨ, ਤੇਰੀ ਨਾਈ=ਵਡਿਆਈ ਵੀ ਸੱਚੀ ਹੈ।

ਪ੍ਰਸ਼ਨ- ਮੂਰਖ ਦੇ ਕਹਿਣੇ ਨੂੰ ਕੌਣ ਸੁਣਦਾ ਹੈ? *ਉੱਤਰ-*

ਸਲੋਕ ਮ:੩ ॥ ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ॥
ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ॥

ਜੋ ਪੁਰਸ਼ ਆਪ ਮੂਰਖ ਹੁੰਦਾ ਹੈ, ਓਹੀ ਮੂਰਖ ਦੇ ਕਹਿਣੇ ਨੂੰ ਸੁਣਦਾ ਹੈ।

ਪਹਿਲਾ ਪ੍ਰਸ਼ਨ- ਮੂਰਖ ਪੁਰਸ਼ ਦੇ ਚਿੰਨ ਕੀ ਹਨ? ਅਤੇ *ਦੂਜਾ ਪ੍ਰਸ਼ਨ-* ਮੂਰਖ ਦਾ ਕਰਣਾ=ਕਰਤੱਬ ਕੀ ਹੈ? *ਉੱਤਰ-*

ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ॥
ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ॥

ਮੂਰਖ ਓਹੀ ਪੁਰਸ਼ ਹੈ ਜੇਹੜਾ ਮੁਗਧੁ=ਜੜ੍ਹ ਹੈ, ਨਾ ਜਿਸ ਨੂੰ ਵਿਹਾਰ ਦੀ ਗਿਆਤ ਹੈ, ਨਾ ਹੀ ਪਰਮਾਰਥ ਦੀ ਗ੍ਯਾਤ (ਸਮਝ) ਹੈ ਅਤੇ ਜੋ ਹੰਕਾਰ ਵਿਚ ਹੀ ਮਰਦਾ ਹੈ। ਏਤੁ ਕਮਾਣੈ=ਇਸ ਹੰਕਾਰ ਦੇ ਸਹਿਤ ਕਰਮਾਂ ਦੇ ਕਮਾਉਣ ਕਰਕੇ ਸਦਾ ਦੁੱਖ ਹੀ ਪਰਾਪਤ ਹੁੰਦਾ ਹੈ ਅਤੇ ਜੀਵਨ ਪ੍ਰਯੰਤ ਸਦਾ ਦੁੱਖ ਵਿਚ ਹੀ ਰਹਿਣਾ ਕਰਦਾ ਹੈ। ਜੇ ਕੋਈ ਕਵੇ ਕਿ ਆਪਣਾ ਸਬੰਧੀ ਮੂੜ੍ਹ ਹੋਵੇ ਤਾਂ ਉਸ ਲਈ ਕੀ ਕਰਨਾ ਚਾਹੀਦਾ ਹੈ?

ਗੁਰ ਉੱਤਰ-

ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ॥

ਜੇ ਅਤੀਅੰਤ ਪਿਆਰਾ ਮਿੱਤ੍ਰ ਖੂਹ ਵਿਚ ਪੈ ਜਾਵੇ, ਭਾਵ ਮੰਦ ਕਰਮਾਂ ਵਿਚ ਪਰਵਿਰਤ ਹੋ ਜਾਵੇ, ਜਾਂ ਸੰਸਾਰ ਖੂਹ ਵਿਚ ਪੈ ਜਾਵੇ ਤਾਂ ਉਸ ਵਾਸਤੇ ਕੁਝ ਸੰਜਮ ਕਰਨਾ ਯੋਗ ਹੈ।

ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਿਣਾ॥

ਜੇ ਤਾਂ ਉਹ ਗੁਰਮੁਖ ਹੋਵੇਗਾ ਤਾਂ ਸ੍ਰੇਸ਼ਟ ਵਿਚਾਰ ਕਰਕੇ ਵਿਕਾਰਾਂ ਵੱਲੋਂ ਹਟ ਜਾਏਗਾ ਤੇ ਜੇ ਮਨਮੁਖ ਹੋਵੇ, ਉਪਦੇਸ਼ ਨੂੰ ਨਾ ਗ੍ਰਹਿਣ ਕਰੇ ਤਾਂ ਉਸ ਤੋਂ ਅਲਿਪਤੋ=ਅਸੰਗ ਰਹਿਣਾ ਹੀ ਚੰਗਾ (ਚੰਗਾ) ਹੈ।

ਹਰਿ ਨਾਮੁ ਜਪੈ ਆਪਿ ਉਧਰੈ ਓਸੁ ਪਿਛੈ ਡੁਬਦੇ ਭੀ ਤਰਣਾ॥

ਜੋ ਹਰੀ ਨਾਮ ਨੂੰ ਜਪਦਾ ਹੈ, ਉਹ ਆਪ ਤਰਦਾ ਹੈ, ਉਸ ਦੇ ਪਿੱਛੇ ਲੱਗ ਕੇ ਡੁੱਬਦੇ ਨੇ ਭੀ ਤਰਨਾ ਹੈ।

ਨਾਨਕ ਜੋ ਤਿਸੁ ਭਾਵੈ ਸੋ ਕਰੇ ਜੋ ਦੇਇ ਸੁ ਸਹਣਾ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਜੋ ਤਿਸ ਪਰਮੇਸ਼ਰ ਨੂੰ ਭਾਉਂਦਾ ਹੈ ਓਹੀ ਕਰਦਾ ਹੈ, ਉਹ ਪਰਮੇਸ਼ਰ ਅਪਣੀ ਮਰਜ਼ੀ ਅਨੁਸਾਰ ਜੋ ਭੀ ਦੇਵੇ, ਚਾਹੇ ਦੁੱਖ, ਚਾਹੇ ਸੁਖ ਦੇਵੇ ਉਸ ਨੂੰ ਪ੍ਰਸੰਨ ਹੋ ਕੇ ਸਹਾਰਨਾ

ਚਾਹੀਏ ॥ ੧ ॥

ਮ : ੧ ॥ ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥

ਸਤਿਗੁਰ ਦੇਵ ਜੀ ਆਖਦੇ ਹਨ—ਹੇ ਮਨ ! ਤੂੰ ਸਹੀ=ਸੱਚੀ ਸਿੱਖਿਆ ਸੁਨਣਾ ਕਰ। ਜਦ ਵਹੀ ਕੱਢ ਕੇ ਬੈਠਾ, ਤਾਂ ਰੱਬ ਲੇਖਾ ਮੰਗੇਗਾ।

ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥

ਜਿਨ੍ਹਾਂ ਦੀ ਤਰਫ ਪਾਪਾਂ ਦੀ ਬਾਕੀ ਰਹੀ ਹੋਈ ਹੈ, ਉਨ੍ਹਾਂ ਆਕੜਿਆਂ ਹੋਇਆਂ ਨੂੰ ਤਲਬਾ ਪਉਸਨਿ=ਸੱਦੇ ਪੈਣਗੇ ਅਤੇ *'ਅਜਰਾਈਲ' ਨਾਂ ਕਰਕੇ ਜੋ ਫਰੇਸਤਾ=ਦੇਵਤਾ ਹੈ, ਉਹ ਉਨ੍ਹਾਂ ਦੇ ਸਿਰ ਉੱਤੇ ਤਈਨਾਤ ਆ ਕੇ ਹੋਵੇਗਾ, ਭਾਵ ਤਕੀਕਾਤ ਕਰਨ ਨੂੰ ਖੜ੍ਹਾ ਹੋਵੇਗਾ।

ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥

ਜਮ ਮਾਰਗ ਰੂਪੀ ਭੀੜੀ ਗਲੀ ਵਿਚ ਫਸੀ ਹੋਈ ਜਿੰਦ ਨੂੰ ਆਉਣਾ ਜਾਣਾ ਨਹੀਂ ਸੁੱਝਦਾ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਕੂੜ ਨਿਖੁਟੇ=ਝੂਠ ਨੇ ਹਰੀ ਹਰ ਹੋ ਜਾਣਾ ਹੈ ਤੇ ਓੜਕਿ=ਅੰਤ ਨੂੰ ਸੱਚ ਨੇ ਹੀ ਰਹਿਣਾ ਹੈ ॥ ੨ ॥

ਪਉੜੀ ॥ ਹਰਿ ਕਾ ਸਭੁ ਸਰੀਰੁ ਹੈ ਹਰਿ ਰਵਿ ਰਹਿਆ ਸਭੁ ਆਪੈ ॥
ਹਰਿ ਕੀ ਕੀਮਤਿ ਨਾ ਪਵੈ ਕਿਛੁ ਕਹਣੁ ਨ ਜਾਪੈ ॥

ਸਰੀਰ ਆਦਿਕ ਸਭ ਕੁਝ ਹਰੀ ਦਾ ਹੈ ਅਤੇ ਸਾਰਿਆਂ ਵਿਚ ਹਰੀ ਆਪ ਰਵ ਰਿਹਾ ਹੈ। ਉਸ ਹਰੀ ਦੀ ਕੀਮਤ ਨਹੀਂ ਪੈਂਦੀ ਅਤੇ ਕੁਛ ਕਹਿਣਾ ਵੀ ਨਹੀਂ ਜਾਪੈ=ਜਾਣਿਆਂ ਜਾਂਦਾ।

ਗੁਰ ਪਰਸਾਦੀ ਸਾਲਾਹੀਐ ਹਰਿ ਭਗਤੀ ਰਾਪੈ ॥
ਸਭੁ ਮਨੁ ਤਨੁ ਹਰਿਆ ਹੋਇਆ ਅਹੰਕਾਰੁ ਗਵਾਪੈ ॥

ਗੁਰਾਂ ਦੀ ਕਿਰਪਾ ਦੁਆਰੇ ਨਾਮ ਨੂੰ ਸਲਾਹੀਏ, ਤਾਂ ਹਰੀ ਦੀ ਭਗਤੀ ਵਿਚ ਰਾਪੈ=ਤਦਾਕਾਰ ਹੁੰਦਾ ਹੈ। ਗੁਰਮੁਖਾਂ ਦਾ ਸਭ ਤਰ੍ਹਾਂ ਨਾਲ ਮਨ, ਤਨ ਸ਼ੁਭ ਗੁਣਾਂ ਨਾਲ ਹਰਿਆ ਹੋਇਆ ਹੈ, ਕਿਉਂਕਿ ਗੁਰਮੁਖਾਂ ਨੇ ਹੰਕਾਰ ਨੂੰ ਗੁਆਂ ਦਿੱਤਾ ਹੈ।

---

*ਚਾਰ ਫਰਿਸਤੇ ਇਹ ਹਨ—ਅਜਰਾਈਲ ਫਰਿਸਤਾ=ਇਹ ਮੌਤ ਦਾ ਦੇਵਤਾ ਹੈ। ਇਸਰਾਫੀਲ=ਇਹ ਪਰਲੋ ਵੇਲੇ ਤੁਰੀ ਵਜੌਂਦਾ ਹੈ, ਇਸ ਦੇ ਨਰਸਿੰਗੇ ਦੀ ਧੁਨ ਨਾਲ ਦੁਨੀਆਂ ਵਿਚ ਪਰਲੋ ਆਵੇਗੀ ਤੇ ਕਬਰਾਂ ਚੋਂ ਮੁਰਦੇ ਉੱਠਣਗੇ। ਮੀਕਾਈਲ=ਜੀਵਾਂ ਨੂੰ ਰਿਜ਼ਕ ਪਹੁੰਚਾਂਦਾ ਹੈ। ਜ਼ਬਰਾਈਲ=ਖੁਦਾ ਦਾ ਪੈਗਾਮ, ਪੈਗ਼ੰਬਰਾਂ ਪਾਸ ਲਿਜਾਂਦਾ ਹੈ।

(ਮਹਾਨ ਕੋਸ਼ ਦਾ ੨੪੨੭ ਸਫਾ ਵੇਖੋ)

ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ॥ ੧੩ ॥

ਕਿਸੇ ਵਿਰਲੇ ਗੁਰਮੁਖ ਨੂੰ ਇਹ ਸਮਝ ਆਈ ਹੈ ਕਿ ਜੋ ਕੁਝ ਨਿਗਾਹ ਆ ਰਿਹਾ ਹੈ, ਇਹ ਸਭ ਕੁਝ ਹਰੀ ਦਾ ਖੇਲ ਹੈ॥ ੧੩ ॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ! ਤੂੰ ਧੰਨ ਹੈਂ ਧੰਨ, ਤੇਰੀ ਨਾਈ=ਵਡਿਆਈ ਭੀ ਸੱਚੀ ਹੈ।

ਸਲੋਕੁ ਮ: ੧ ॥

ਉਥਾਨਕਾ– ਜਿਸ ਵੇਲੇ ਸਤਿਗੁਰੂ ਨਾਨਕ ਦੇਵ ਜੀ ਦੇਸਾਂ ਦੇਸਾਤਰਾਂ ਵਿਚ ਰਟਨ ਕਰਦੇ ਹੋਇ, ਲਾਹੌਰੋਂ ਹੋ ਕੇ "ਸਤ ਘਰੇ" ਆਏ ਤਾਂ ਬਜ਼ਾਰ ਵਿਖੇ ਲੰਘਦੇ ਹੋਇ ਇੱਕ ਦੁਕਾਨ ਉੱਪਰ ਬੈਠ ਗਏ, ਉਸ ਦੇ ਸਾਹਮਣੇ ਹੀ ਇੱਕ ਬੜੇ ਭਾਰੀ ਸ਼ਾਹੂਕਾਰ ਦੀ ਦੁਕਾਨ ਸੀ। ਜਿਸ ਦੇ ਹੇਠਾਂ ਮਖਮਲੀ ਗਦੇਲੇ ਤੇ ਪਿੱਠ ਪਿੱਛੇ ਤਕੀਏ ਲਗੇ ਹੋਇ ਸਨ ਤੇ ਨੌਕਰ ਅੱਗੇ ਪਿੱਛੇ ਕੰਮ ਕਾਰ ਕਰ ਰਹੇ ਸਨ। ਉਸ ਨੂੰ ਵੇਖ ਕੇ ਭਾਈ ਮਰਦਾਨੇ ਨੇ ਆਖਿਆ, ਸੱਚੇ ਪਾਤਸ਼ਾਹ ! ਇਹ ਸ਼ਾਹੂਕਾਰ ਤਾਂ ਬੜਾ ਸੁਖੀ ਹੈ ਤਾਂ ਹਜ਼ੂਰ ਨੇ ਫੁਰਮਾਇਆ- ਭਾਈ ਮਰਦਾਨਿਆ ! ਸੰਸਾਰ ਵਿਚ ਸੁਖੀ ਹੈ ਤਾਂ ਕੇਵਲ ਗਿਆਨਵਾਨ ਹੀ ਹੈ, ਹੋਰ ਕੋਈ ਸੁਖੀ ਨਹੀਂ। ਜਿਵੇਂ ਸੂਰਜ ਤੋਂ ਬਿਨਾਂ ਕਦੇ ਦਿਨ ਨਹੀਂ ਹੁੰਦਾ, ਤਿਵੇਂ ਗਿਆਨ ਤੋਂ ਬਿਨਾਂ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੇਕਰ ਤੇਰੇ ਹਿਰਦੇ ਵਿਚ ਸੰਸਾ ਹੈ ਤੇ ਸ਼ਾਹੂਕਾਰ ਤੋਂ ਜਾ ਕੇ ਪੁੱਛ ਲੈ। ਉਸ ਵੇਲੇ ਭਾਈ ਮਰਦਾਨੇ ਨੇ ਸ਼ਾਹੂਕਾਰ ਨੂੰ ਜਾ ਕੇ ਕਿਹਾ, ਮੈਂਨੇ ਆਪ ਨੂੰ ਬੜਾ ਸੁਖੀ ਵੇਖਿਆਂ ਹੈ, ਆਪ ਨੇ ਕੇਹੜਾ ਪੁੰਨ ਕੀਤਾ ਹੈ? ਉਸ ਵੇਲੇ ਸ਼ਾਹੂਕਾਰ ਨੇ ਮਰਦਾਨੇ ਨੂੰ ਫਕੀਰ ਸਮਝ ਕੇ ਕਿਹਾ:-

ਲਖਿ ਦਰਵੇਸ ਬੇਸ ਮਨ ਮਾਂਹੀ॥ ਬੋਲਜੋ ਸ਼ਾਹ ਅਧਿਕ ਦੁਖ ਜਾਂਹੀ॥
ਸਰਬ ਜਗਤ ਮਹਿਂ ਮੋਹਿ ਸਮਾਨਾਂ॥ ਔਰ ਨ ਕੋਊ ਦੁਖੀ ਮਹਾਨਾਂ॥੧੧॥
ਗੁਰਜ ਬਹੁਤ, ਸੋ ਕਹਾ ਨ ਜਾਈ॥ ਕੈਸੇ ਤੁਮ ਢਿਗ ਦੇਉਂ ਬਤਾਈ॥
ਕਹਿ ਮਰਦਾਨਾ 'ਸੰਤ ਮਹਾਨੇ॥ ਇਨ ਆਗੈ ਕਹੁ ਹੈ ਦੁਖ ਹਾਨੈ॥੧੨॥

ਉਸ ਵੇਲੇ ਸ਼ਾਹੂਕਾਰ ਨੇ ਭਾਈ ਮਰਦਾਨੇ ਨਾਲ ਆ ਕੇ ਹਜ਼ੂਰ ਜੀ ਦੇ ਪਾਸ ਆਪਣੀ ਸਾਰੀ ਕਹਾਣੀ ਸੁਣਾਈ ਕਿ ਮੇਰੇ ਘਰ ਵਿਚ ਜੋ ਇਸਤ੍ਰੀ ਸੀ ਉਸ ਨਾਲ ਮੇਰਾ ਬੜਾ ਪ੍ਰੇਮ ਸੀ। ਇੱਕ ਸਮੇਂ ਉਹ ਐਸੀ ਬੀਮਾਰ ਹੋ ਗਈ, ਜੋ ਮੌਤ ਹੋਣ ਦਾ ਸੰਸਾ ਹੋ ਗਿਆ। ਉਸ ਵੇਲੇ ਮੈਂ ਬਥੇਰਾ ਦਾਨ ਦਿੱਤਾ। ਪਰ ਮੇਰਾ ਮਨ ਕਾਬੂ ਵਿਚ ਨਾ ਰਿਹਾ ਤੇ ਉਸ ਦੇ ਪਾਸ ਬੈਠ ਕੇ ਮੈਂ ਰੋਣ ਲੱਗ ਪਿਆ। ਤਦ ਮੇਰੀ ਇਸਤ੍ਰੀ ਨੇ ਮੈਨੂੰ ਕਿਹਾ-

ਹਿਤ ਮੇਰੇ ਕਿਉਂ ਰੋਦਨ ਠਾਨੋ॥ ਨਿਜ ਕੋ ਬਡ ਧਨਵੰਤ ਪਛਾਨੋ॥
ਮੈਂ ਮਰਿਹੋਂ ਕਰਿ ਬਜਾਹ ਬਹੋਰੀ॥ ਭੋਗਹੁ ਆਨਿ ਅੰਗਨਾ ਔਰੀ॥ ੧੬॥

ਜਦ ਤੂੰ ਉਸ ਦੇ ਆਨੰਦ ਵਿਚ ਮਸਤ ਹੋ ਗਿਆ, ਫਿਰ ਤਾਂ ਤੂੰ ਮੈਨੂੰ ਯਾਦ ਵੀ ਨਹੀਂ ਕਰਨਾ ਤਾਂ ਮੈਂ ਕਿਹਾ, ਹੇ ਪ੍ਰਾਣ ਪਿਆਰੀ ! ਸੁਣ, ਤੇਰੇ ਵਰਗੀ ਹੋਰ ਕੋਈ ਨਹੀਂ, ਤੂੰ ਜੀਵੇਂਗੀ ਤਾਂ ਮੈਂ ਬਿਲਾਸ ਕਰਾਂਗਾ, ਨਹੀਂ ਤਾਂ ਮੈਂ ਭੀ ਮਰ ਜਾਵਾਂਗਾ।

ਯਥਾ- ਬਿਲਾਸਿ ਬਿਲਾਸਨ ਹੈ ਅਹਿਲਾਦੂ। ਮੁਝਹਿ ਬਿਸਾਰਹਿਂ ਕਰਹਿ ਨ ਯਾਦੂ।
ਮੈਂ ਭਾਖਜੋ ਸੁਨੀਐ ਪ੍ਰਿਯ ਮੋਰੀ। ਤੁਝ ਬਿਨ ਮੋਹਿ ਨ ਭਾਵੈ ਔਰੀ॥ ੧੭॥
ਤੂੰ ਜੀਵਹਿਂ ਤੇ ਕਰੋਂ ਬਿਲਾਸਾ। ਨਤੁ ਮੈਂ ਤਜੋਂ ਜੀਯਨ ਕੀ ਆਸਾ।

www.sikhbookclub.com

ਪ੍ਰਾਨ ਸਮਾਨ ਮੋਹਿ ਕੌ ਪਜਾਰੀ। ਤੁਝ ਬਿਨ ਕਸ ਬਿਲਸੌਂ ਬਿਬ ਨਾਰੀ॥ ੧੮॥

ਇਹ ਗੱਲ ਸੁਣ ਕੇ ਮੇਰੀ ਔਰਤ ਨੇ ਤਰਕ ਮਾਰੀ ਕਿ ਇਹ ਗੱਲਾਂ ਮੇਰੇ ਜੀਵਦਿਆਂ ਤੱਕ ਹਨ, ਮੇਰੇ ਮਰਨ ਤੋਂ ਬਾਅਦ ਸਭ ਕੱਚੀਆਂ ਹਨ। ਉਸ ਵੇਲੇ ਮੈਂ ਉਸ ਦੀ ਬੋਲੀ ਨਾ ਸਹਾਰਦਾ ਹੋਇਆ, ਇੱਕ ਤਿਖੀ ਛੁਰੀ ਲੈ ਕੇ ਮੈਂ ਅਪਣੀ ਇੰਦ੍ਰੀ ਕੱਟ ਕੇ ਸੁਟ ਦਿੱਤੀ, ਜਦ ਕੁਝ ਸਮਾਂ ਪਾ ਕੇ ਉਹ ਇਸਤ੍ਰੀ ਰਾਜ਼ੀ ਹੋ ਗਈ ਤੇ ਸਰੀਰ ਵਿਚ ਬਲ ਪੂਰਾ ਹੋ ਗਿਆ, ਤਾਂ ਉਸ ਦੇ ਤਨ ਵਿਚ ਕਾਮਦੇਵ ਜਾਗ ਪਿਆ। ਹੁਣ ਉਹ ਬਾਹਰ ਜਾ ਕੇ ਪਰ-ਪੁਰਸ਼ਾਂ ਨਾਲ ਰਮਨ (ਮਾੜਾ ਕਰਮ) ਕਰਦੀ ਹੈ ਤੇ ਮੈਨੂੰ ਬੜਾ ਭਾਰੀ ਦੁੱਖ ਹੋ ਰਿਹਾ ਹੈ।

ਯਥਾ- ਚਿੰਤਾਤੁਰ ਦੁਖ ਮਹਿਂ ਦਿਨ ਰੈਨਾਂ॥ ਮੋ ਸੋ ਦੁਖੀ ਅਵਰ ਕੋ ਹੈ ਨਾਂ॥ ੨੫॥

ਤਿਸ ਵੇਲੇ ਗੁਰੂ ਜੀ ਨੇ ਕਿਹਾ, ਹੇ ਭਾਈ ! ਪੁੰਨਾਂ ਦੇ ਪ੍ਰਭਾਵ ਕਰਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ ਤੇ ਪੁੰਨਾਂ ਤੋਂ ਬਗੈਰ ਸੁਖ ਨਹੀਂ।

ਉਸ ਵੇਲੇ ਗੁਰੂ ਸਾਹਿਬ ਜੀ ਨੇ ਇਸ ਸਲੋਕ ਰਾਹੀਂ ਉਸ ਸ਼ਾਹੂਕਾਰ ਨੂੰ ਉਪਦੇਸ਼ ਦਿੱਤਾ-

ਸਹੰਸਰ ਦਾਨ ਦੇ ਇੰਦ੍ਰ ਰੋਆਇਆ॥

ਇੱਕ ਸਮੇਂ ਜਦ ਇੰਦ੍ਰ ਨੇ ਗੌਤਮ ਰਿਖੀ ਦੀ ਇਸਤ੍ਰੀ ਅਹੱਲਿਆ ਦੇ ਸੋਹਣੇ ਰੂਪ ਨੂੰ ਵੇਖਿਆ ਤਾਂ ਤਨ ਦੀ ਸਾਰੀ ਸੁੱਧ ਬੁੱਧ ਭੁੱਲ ਗਈ ਤੇ ਗੌਤਮ ਰਿਖੀ ਤੋਂ ਚੋਰੀ ਉਸ ਨਾਲ ਮਿਲਣਾ ਚਾਹਿਆ ਪਰ ਇਸ ਨੂੰ ਕੋਈ ਸਮਾਂ ਨਾ ਮਿਲਿਆ। ਫਿਰ ਇਸ ਨੇ ਸੂਰਜ ਨੂੰ ਕਿਹਾ, ਤੂੰ ਮੇਰੇ ਨਾਲ ਮਦਦ ਕਰ ਪਰ ਉਹ ਨਾ ਮੰਨਿਆ। ਫਿਰ ਚੰਦ੍ਰਮਾਂ ਨੂੰ ਕਿਹਾ, ਤਦ ਚੰਦ੍ਰਮਾਂ ਨੇ ਕੁੱਕੜ ਦਾ ਰੂਪ ਧਾਰ ਕੇ ਅੱਧੀ ਰਾਤ ਨੂੰ ਸ਼ਬਦ ਕੀਤਾ, ਤਾਂ ਗੌਤਮ ਰਿਖੀ ਨੇ ਸਮਝਿਆ ਪ੍ਰਾਤਾ ਕਾਲ (ਅੰਮ੍ਰਿਤ ਵੇਲਾ) ਹੋ ਗਿਆ ਹੈ, ਉਸੀ ਵੇਲੇ ਅੱਧੀ ਰਾਤ ਨੂੰ ਉੱਠ ਕੇ ਗੰਗਾ ਨਦੀ ਵਿਚ ਇਸ਼ਨਾਨ ਕਰਨ ਚਲਾ ਗਿਆ। ਪਿੱਛੋਂ ਇੰਦ੍ਰ ਨੇ ਸਮਾਂ ਵਿਚਾਰ ਕੇ ਅਹਿੱਲਿਆ ਨਾਲ ਆ ਕੇ ਕਾਮ ਚੇਸ਼ਟਾ ਕੀਤੀ।

ਯਥਾ:-ਅਘਵਾ[1] ਬਧਜੋ ਨੇਹ ਤਿਹ ਡੋਰੀ। ਕਿਯੋ ਚਹਿਤ ਰਤਿ[2] ਗੌਤਮ ਚੋਰੀ॥
ਰਹਜੋ ਦੇਖਿ ਅਵਸਰ[3] ਨਹਿਂ ਪਾਵੈ। ਚਿਤਹਿ ਉਪਾਇ ਮਿਲਜਾ ਕਿਉ[4] ਜਾਵੈ॥ ੪੫॥
ਮਿਲਿ ਮਯੰਕ ਸੰਗ[5] ਘਾਤ ਬਿਚਾਰੀ। ਗਮਨੇ ਅਰਧ ਰਾਤ੍ਰਿ ਛਲ ਧਾਰੀ॥
ਅਰੁਨਚੂੜ[6] ਕੋ ਤਨੁ ਸਸਿ[7] ਭਯੋ। ਜਾਇ ਸਮੀਪ ਸ਼ਬਦ ਨਿਜ ਕਯੋ॥ ੪੬॥
ਗੌਤਮ ਲਖੀ ਭਈ ·ਅਬ ਪ੍ਰਾਤਾ। ਮੱਜਨ ਕਰਨ ਚਲਾ ਅਧਿਰਾਤਾ॥
ਸੁਨਾਸੀਰ[8] ਲਖਿ ਸੂਨ ਨਿਸ਼ੰਕਾ। ਮਿਲਜੋ ਅਹਿੱਲਜਾ ਕੌ ਭਰਿ ਅੰਕਾ[9]॥ ੪੭॥

ਓਧਰ ਜਦ ਗੌਤਮ ਰਿਖੀ ਨੇ ਗੰਗਾ ਵਿਚ ਜਾ ਕੇ ਪ੍ਰਵੇਸ਼ ਕੀਤਾ, ਤਾਂ ਮਾਤਾ ਗੰਗਾ ਨੇ ਕਿਹਾ, ਰਿਖੀ ਜੀ! ਅਜੇ ਤਾਂ ਅੱਧੀ ਰਾਤ ਦਾ ਵੇਲਾ ਹੈ, ਤੂੰ ਹੁਣੇ ਆ ਗਿਆ ਹੈਂ। ਤੇਰੇ ਘਰ ਵਿਚ ਤਾਂ ਚੋਰ ਆਏ ਹੋਇ ਹਨ ਤੂੰ ਜਲਦੀ ਵਾਪਸ ਚਲਾ ਜਾ। ਗੌਤਮ ਰਿਖੀ ਤਾਂ ਓਸੇ ਵੇਲੇ ਨਦੀ ਤੋਂ ਬਾਹਰ ਨਿਕਲ ਕੇ ਗਿੱਲਾ ਪਰਨਾ ਹੱਥ ਵਿਚ ਨਿਚੋੜਦਾ ਦੌੜਿਆ ਆਇਆ। ਅੱਗੋਂ ਲੜਕੀ ਮਿਲੀ ਤਾਂ ਉਸ ਤੋਂ ਪੁੱਛਿਆ ਅੰਦਰ ਕੌਣ ਹੈ? ਪਹਿਲੇ ਤਾਂ ਘਬਰਾ ਗਈ ਤੇ ਸੋਚਦੀ ਹੈ ਜੇ ਮੈਂ ਸੱਚੀ ਗੱਲ ਕਹਿੰਦੀ ਹਾਂ ਤਾਂ ਮਾਂ ਦੀ ਚੁਗਲੀ ਕਰਨੀ ਠੀਕ ਨਹੀਂ ਤੇ ਪਿਤਾ ਜੀ ਦੇ ਸਾਹਮਣੇ ਮੈਂ ਕਿਵੇਂ ਝੂਠ ਬੋਲਾਂ। ਉਸ ਵੇਲੇ ਉਸ ਨੇ ਸਿਆਣਪ ਤੋਂ ਕੰਮ ਲੀਤਾ ਤੇ ਇਸ ਤਰ੍ਹਾਂ ਕਿਹਾ, ਕਿ ਅੰਦਰ 'ਮਾਜਾਰ' ਹੈ। ਤਦ ਰਿਖੀ ਨੇ ਆਪ ਵੇਖਿਆ ਕਿ ਇੰਦ੍ਰ ਆਇਆ ਹੋਇਆ ਹੈ, ਉਸੀ ਵੇਲੇ ਕ੍ਰੋਧਵਾਨ

[1]ਇੰਦ੍ਰ। [2]ਕਾਮ ਚੇਸ਼ਟਾ। [3]ਸਮਾਂ। [4]ਕਿਸ ਤਰ੍ਹਾਂ। [5]ਚੰਦ੍ਰਮਾ ਨਾਲ। [6]ਕੁਕੜ ਦਾ ਸਰੂਪ। [7]ਚੰਦ੍ਰਮਾ। [8]ਇੰਦ੍ਰ। [9]ਜੱਫੀ।

www.sikhbookclub.com

ਹੋ ਕੇ ਸਰਾਪ ਦੇ ਦਿੱਤਾ।

ਯਥਾ- ਇਕ ਭਗ ਕਾਰਨ ਇਹ ਠਾਂ ਆਯੋ॥ ਨਹੀਂ ਰਿਖਨ ਤੇ ਨੈਕੁ ਡਰਾਯੋ॥ ੪੯॥
ਭਗ ਸਹੰਸ੍ਰ ਹੋਵਹਿਂ ਤਨ ਤੇਰੇ॥ ਭਯੋ ਸਰਾਪ ਨਹਿ ਜਾਵਹਿ ਡੇਰੇ॥
ਅਤਿ ਕੁਰੂਪ ਤਿਹ ਬਨਾ ਸਰੀਰਾ॥ ਜਸ ਅਘ ਤਸ ਫਲ ਪਾਇ ਅਧੀਰਾ॥ ੫੦॥

ਓਹੀ ਗੱਲ ਹੁਣ ਗੁਰੂ ਸਾਹਿਬ ਜੀ ਨੇ ਸੁਣਾਈ ਹੈ ਕਿ ਜਦ ਇੰਦ੍ਰ ਗੋਤਮ ਰਿਖੀ ਦੀ ਇਸਤ੍ਰੀ ਅਹਿੱਲਿਆ ਨਾਲ ਭੋਗ ਕਰਨ ਆਇਆ, ਤਦ ਗੋਤਮ ਰਿਖੀ ਨੇ ਸਹੰਸਰ ਦਾਨ ਦੇ=ਹਜ਼ਾਰ ਭਗ ਦਾ ਦਾਨ=ਦੰਡ ਦੇ ਦਿੱਤਾ, ਤਦ ਇੰਦ੍ਰ ਰੋ+ਆਇਆ=ਰੋਣ ਵਿਖੇ ਆਇਆ।

(ਨਾਨਕ ਪ੍ਰਕਾਸ਼ ਉਤਰਾਰ੍ਧ ਧਿਆ ੨੩)

ਯਥਾ- ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧॥

(ਪ੍ਰਭਾਤੀ ਮ: ੧, ਪੰਨਾ ੧੩੪੩)

ਪਰਸ ਰਾਮੁ ਰੋਵੈ ਘਰਿ ਆਇਆ॥

ਘਰ ਵਿਚ ਆ ਕੇ ਪਰਸਰਾਮ ਭੀ ਰੋਂਦਾ ਹੋਇਆ। ਇਸ ਦਾ ਪ੍ਰਸੰਗ ਇਸ ਤਰ੍ਹਾਂ ਹੈ:-

''ਸਹੰਸ੍ਰ ਬਾਹੂ'' ਨਾਮ ਕਰਕੇ ਇੱਕ ਰਾਜਾ ਹੋਇਆ ਹੈ, ਜਿਸ ਨੇ ਸਾਰੀ ਪ੍ਰਿਥਵੀ ਉੱਪਰ ਦਿਗ ਬਿਜੈ ਕੀਤੀ ਹੈ। ਜਦ ਉਸ ਰਾਜਾ ਨੇ ''ਜਮ ਦਗਨ'' ਰਿਖੀ ਦੇ ਆਸ਼ਰਮ ਉੱਪਰ ਆ ਕੇ ਡੇਰਾ ਲਗਾਇਆ। ਤਦ ਰਿਖੀ ਨੇ ਸੁਰਗ ਵਿਚੋਂ ਕਾਮਧੇਨ ਗਊ ਮੰਗਵਾ ਕੇ ਰਾਜੇ ''ਸਹੰਸ੍ਰ ਬਾਹੂ'' ਦੀ ਬੜੀ ਪ੍ਰਾਹੁਣਚਾਰੀ ਕੀਤੀ। ਰਾਜੇ ਨੇ ਉਸ ਗਊ ਦਾ ਪਰਭਾਵ ਵੇਖ ਕੇ ਰਿਖੀ ਨੂੰ ਕਿਹਾ, ਇਹ ਗਊ ਤੂੰ ਮੈਨੂੰ ਦੇ ਦੇਹ। ਜਮਦਗਨ ਨੇ ਕਿਹਾ, ਇਹ ਰਿਖੀਆਂ ਦਾ ਧਨ ਹੈ, ਰਾਜਿਆਂ ਦਾ ਧਨ ਨਹੀਂ। ਇਹ ਕਹਿ ਕੇ ਕਾਮਧੇਨ ਗਊ ਸੁਰਗ ਵਿਚ ਭੇਜ ਦਿੱਤੀ। ਤਿਸ ਵੇਲੇ ਸਹੰਸ੍ਰ ਬਾਹੂ ਨੇ ਗੁੱਸੇ ਵਿਚ ਆ ਕੇ ਜਮਦਗਨ ਦੇ ਪ੍ਰਾਣ ਹਤ ਕਰ ਦਿੱਤੇ। ਤਿਸ ਵੇਲੇ,

ਪਤਿ ਕੌ ਦੇਖਿ ਰੇਣਕਾ ਨਾਰੀ॥ ਬਹੁਤ ਬ੍ਰਿਲਾਪਤਿ ਊਚ ਪੁਕਾਰੀ॥ ੫੬॥
ਸਪਤ ਤਿਹੱਥੜ ਹਨਿ ਕਰਿ ਦੇਹੀ॥ ਸੁਤ ਕੌ ਸਿਮਰਿ ਬੁਲਾਯੋ ਤੇਹੀ॥
ਤਪ ਹਿਤ ਅਪਰ ਜੁ ਥਾਨ ਸਿਧਾਵਾ॥ ਤਤ ਛਿਨ ਮਾਤ ਨਿਕਟ ਚਲਿ ਆਵਾ॥ ੫੭॥

ਪਤੀ ਦੇ ਮਰਨੇ ਨੂੰ ਦੇਖ ਕੇ ਜਮਦਗਨ ਦੀ ਘਰ ਵਾਲੀ ਰੇਣਕਾ ਨੇ ਸਤ ਵਾਰੀ ਤਿਹੱਥੜ ਮਾਰੇ (ਗੱਲ੍ਹਾਂ ਉੱਪਰ, ਛਾਤੀ ਉੱਪਰ ਤੇ ਪੱਟਾਂ ਉੱਪਰ ਹੱਥ ਮਾਰ ਕੇ ਇੱਕ ਵਾਰੀ ਗਿਣਿਆਂ ਇਸੀ ਤਰ੍ਹਾਂ ਸਤ ਵਾਰੀ ਹੱਥ ਮਾਰੇ) ਤੇ ਬੜਾ ਉੱਚੀ ਪੁਕਾਰੀ ਉਸੇ ਵੇਲੇ ਇਸ ਦੀ ਪੁਕਾਰ ਨੂੰ ਇਸ ਦੇ ਪੁੱਤਰ ਪਰਸਰਾਮ ਨੇ ਸੁਣਿਆਂ ਤੇ ਝਟ ਪਟ ਤਪ ਕਰਨਾ ਛੱਡ ਕੇ ਘਰ ਆ ਕੇ ਮਾਤਾ ਨੂੰ ਮਿਲਿਆ ਤੇ ਪੁੱਛਿਆ, ਹੇ ਮਾਤਾ ! ਤੈਂਨੇ ਇਤਨਾ ਰੁਦਨ ਕਿਉਂ ਕੀਤਾ ਹੈ? ਤਾਂ ਉਸ ਨੇ ਸਾਰੀ ਗੱਲ ਸੁਣਾਈ, ਤਦ ਪਿਤਾ ਦੇ ਮਰਨੇ ਨੂੰ ਸੁਣ ਕੇ ਪਰਸਰਾਮ ਰੋਂਦਾ ਹੋਇਆ ਤੇ ਗੁੱਸੇ ਵਿਚ ਆ ਕੇ ਇਹ ਪ੍ਰਣ ਕੀਤਾ ਕਿ ਹੁਣ ਮੈਂ ਇੱਕੀ ਵਾਰ ਪ੍ਰਿਥਵੀ ਨਿਛੱਤ੍ਰੀਨ ਕਰਾਂਗਾ।

ਯਥਾ- ਸੱਤਿ ਪਛਾਨ ਅੰਬਹਿ ਪ੍ਰਨ ਮੋਰਾ॥ ਛੱਤ੍ਰੀ ਛੋਡੌਂ ਨਹਿ ਕਿਤ ਠੌਰਾ॥
ਇਕੀਸ ਬਾਰਿ ਨਿਛੱਤ੍ਰੀ ਧਰਨੀ॥ ਅਤਿ ਸੰਗ੍ਰਾਮ ਕਰੌਂ ਬਲ ਕਰਨੀ॥ ੫੯॥

ਇਸ ਤਰ੍ਹਾਂ ਕਹਿ ਕੇ ਹੱਥ ਵਿਚ ਕੁਹਾੜਾ ਸੰਭਾਲ ਕੇ ਤੇ ਬਿਅੰਤ ਸ਼ਸਤ੍ਰ ਅਸਤ੍ਰ ਲੈ ਕੇ ਯੁੱਧ ਮਚਾਇਆ ਤੇ ਸਹੰਸ੍ਰ ਬਾਹੂ ਰਾਜੇ ਦੀਆਂ ਹਜ਼ਾਰ ਭੁਜਾਂ ਕੱਟ ਦਿੱਤੀਆਂ ਦੇ ਚੁਣ ਚੁਣ ਕੇ ਸਾਰੇ ਛੱਤ੍ਰੀ ਮਾਰੇ ਤੇ ਸਾਰੀ ਪ੍ਰਿਥਵੀ

www.sikhbookclub.com

ਦਾ ਰਾਜ ਬ੍ਰਾਹਮਣਾਂ ਨੂੰ ਦਿੱਤਾ। ਜਦ ਛੱਤ੍ਰੀ ਫੇਰ ਵਧ ਗਏ ਤੇ ਉਨ੍ਹਾਂ ਨੇ ਬ੍ਰਾਮਣਾਂ ਪਾਸੋਂ ਪ੍ਰਿਥਵੀ ਦਾ ਰਾਜ ਖੋਹ ਲੀਤਾ। ਤਦ ਪਰਸਰਾਮ ਨੇ ਛੱਤ੍ਰੀਆਂ ਨੂੰ ਮਾਰ ਕੇ ਫੇਰ ਬ੍ਰਾਹਮਣਾਂ ਨੂੰ ਰਾਜ ਲੈ ਕੇ ਦਿੱਤਾ। ਏਸੇ ਤਰ੍ਹਾਂ ਅਪਣੇ ਪ੍ਰਣ ਅਨੁਸਾਰ ਇੱਕੀ ਵਾਰ ਛੱਤ੍ਰੀ ਮਾਰ ਕੇ ਇੱਕੀ ਵਾਰ ਬ੍ਰਾਹਮਣਾਂ ਨੂੰ ਰਾਜ ਦਿੱਤਾ।

ਯਥਾ- ਸਹਸ ਬਾਹੁ ਜਮਦਗਨਿ ਘਰਿ ਹੋਇ ਪ੍ਰਾਹੁਨਚਾਰੀ ਆਇਆ॥
ਕਾਮਧੇਨੁ ਲੋਭਾਇ ਕੈ ਜਮਦਗਨੈ ਦਾ ਸਿਰੁ ਵਢਵਾਇਆ॥
ਪਿਟਦੀ ਸੁਣਿ ਕੈ ਰੇਣੁਕਾ ਪਰਸਰਾਮ ਧਾਈ ਕਰਿ ਅਇਆ॥
ਇਕੀਹ ਵਾਰ ਕ੍ਰੋਧ ਕਰਿ ਖਤ੍ਰੀ ਮਾਰਿ ਨਿ-ਖਤ੍ਰ ਗਵਾਇਆ॥ ੭॥

(ਭਾਈ ਗੁਰਦਾਸ ਜੀ ਵਾਰ ੨੩)

ਪਰ ਫਿਰ ਵੀ ਬ੍ਰਾਹਮਣਾਂ ਨੂੰ ਮੰਗਦਿਆਂ ਹੋਇਆ ਵੇਖਕੇ ਪਰਸਰਾਮ ਰੋਂਦਾ ਹੋਇਆ।

ਯਥਾ- ਜਾਚਤਿ ਦਿਜ ਦੇਖਤਿ ਜਗ ਮਾਂਹੀ॥ ਰੋਇ ਬਿਸੂਰਤਿ ਸੁਖ ਤਿਹ ਨਾਂਹੀ॥ ੬੭॥

(ਨਾਨਕ ਪ੍ਰਕਾਸ਼ ਉਤਰਾਰਧ ਧਿਆ ੨੩)

ਅਜੈ ਸੁ ਰੋਵੈ ਭੀਖਿਆ ਖਾਇ॥

ਭਿੱਖਿਆ ਦਾ ਅੰਨ ਖਾਂਦਾ ਹੋਇਆ "ਅਜ" ਰਾਜਾ ਰੋਂਦਾ ਹੋਇਆ। ਇਸ ਦਾ ਪ੍ਰਸੰਗ ਇਸ ਤਰ੍ਹਾਂ ਹੈ:- ਇੱਕ ਦਿਨ "ਅਜ ਰਾਜਾ" ਸ਼ਿਕਾਰ ਖੇਡਣ ਵਾਸਤੇ ਬਾਹਰ ਗਿਆ, ਤਾਂ ਇਸ ਦੇ ਦਿਲ ਵਿਚ ਇਹ ਵਿਚਾਰ ਹੋਈ ਕਿ ਮੇਰੀ ਰਾਣੀ ਬੜੀ ਪਤੀ ਬ੍ਰਤ ਧਰਮ ਵਾਲੀ ਹੈ, ਪ੍ਰੰਤੂ ਇਸ ਦੀ ਅਜ ਪ੍ਰੀਖਿਆ ਲਈਏ। ਉਸ ਵੇਲੇ ਰਾਜੇ ਨੇ ਸ਼ਿਕਾਰ ਖੇਡ ਕੇ ਉਸ ਦੇ ਲਹੂ ਨਾਲ ਆਪਣੇ ਗਲ ਦਾ ਚੋਲਾ ਭਿਉਂ ਕੇ ਕਿਸੀ ਦੇ ਹੱਥ ਫੜਾ ਕੇ "ਅਜ" ਰਾਜਾ ਨੇ ਕਿਹਾ, ਇਹ ਚੋਲਾ ਮੇਰਾ ਰਾਣੀ ਨੂੰ ਦੇ ਕੇ ਕਹਿਣਾ ਕਿ ਤੇਰੇ ਪਤੀ ਨੂੰ ਸ਼ੇਰ ਨੇ ਖਾ ਲਿਆ ਹੈ। ਉਸ ਨੇ ਉਸੇ ਤਰ੍ਹਾਂ ਆ ਕੇ ਕਿਹਾ, ਰਾਣੀ ਨੇ ਚੋਲਾ ਫੜ ਕੇ ਚੰਗੀ ਤਰ੍ਹਾਂ ਪਛਾਣਿਆਂ ਕਿ ਇਹ ਚੋਲਾ ਠੀਕ ਮੇਰੇ ਪਤੀ ਦਾ ਹੈ, ਉਸੀ ਵੇਲੇ "ਇੰਦ ਮਤੀ" ਨਾਮੇ ਰਾਣੀ ਨੇ ਅਪੁਣੇ ਪਤੀ ਦੇ ਵਿਛੋੜੇ ਵਿਚ ਪ੍ਰਾਣ ਦੇ ਦਿੱਤੇ।

ਕਿਉਂਕਿ ਪਤੀਬ੍ਰਤ ਧਰਮ ਵਿਚ ਪੂਰੀ ਸੀ, ਜਿਸ ਵੇਲੇ ਦੂਜੇ ਦਿਨ ਰਾਜਾ ਘਰ ਵਿਚ ਆਇਆ ਤਾਂ ਰਾਣੀ ਦਾ ਮਰਨਾ ਵੇਖ ਕੇ ਬੜਾ ਘਬਰਾ ਗਿਆ ਤੇ ਏਸੇ ਅਫਸੋਸ ਵਿਚ ਰਾਜ ਭਾਗ ਨੂੰ ਤਿਆਗ ਦੇ ਫਕੀਰ ਬਣ ਗਿਆ ਤੇ ਭਿੱਖਿਆ ਮੰਗ ਕੇ ਭੋਜਨ ਖਾਂਦਾ ਹੋਇਆ। ਇੱਕ ਦਿਨ ਭਿੱਖਿਆ ਮੰਗਣ ਗਿਆ ਤਾਂ ਇੱਕ ਔਰਤ ਨੇ ਬੋਲੀ ਮਾਰੀ ਕਿ ਕੇਡਾ ਮੁਸ਼ਟੰਡਾ ਹੋ ਕੇ ਰੋਟੀਆਂ ਮੰਗ ਕੇ ਖਾਂਦਾ ਹੈ, ਉਸ ਵੇਲੇ ਅਜ ਰਾਜਾ ਰੋਂਦਾ ਹੋਇਆ।

ਯਥਾ- ਅਜ ਨ੍ਰਿਪ ਇੰਦ ਮਤੀ ਬ੍ਰਿਹੁ ਭਾਰੀ॥ ਰੋਵਤਿ ਭਿੱਖਜਾ ਖਾਇ ਅਹਾਰੀ॥

(ਨਾਨਕ ਪ੍ਰਕਾਸ਼ ਉਤਰਾਰੁਧ ਧਿਆ ੨੩)

ਐਸੀ ਦਰਗਹ ਮਿਲੈ ਸਜਾਇ॥

ਹੇ ਭਾਈ ! ਪਰਮੇਸ਼ਰ ਦੀ ਦਰਗਾਹ ਵਿਚ ਕਰਮਾਂ ਅਨੁਸਾਰ ਐਹੋ ਜੇਹੀ ਸਜਾ ਮਿਲਦੀ ਹੈ, ਜਿਸ 'ਤੇ ਜੀਵ ਨੂੰ ਰੋਣਾ ਪੈਂਦਾ ਹੈ।

ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥

ਜਿਸ ਵੇਲੇ ਅਯੁੱਧਿਆ ਪੁਰੀ ਚੋਂ ਨਿਕਾਲਾ ਹੋਇਆ ਤਾਂ "ਸ੍ਰੀ ਰਾਮ ਚੰਦਰ" ਜੀ ਰੁਦਨ ਕਰਦੇ ਹੋਇ।

ਕਿਉਂਕਿ ਜਿਸ ਵੇਲੇ ਅਯੁੱਧਿਆ ਪੁਰੀ ਤੋਂ ਅਜੇ ਬਾਹਰ ਹੀ ਨਿਕਲੇ ਸਨ ਤਾਂ ਸੀਤਾ ਰਾਣੀ ਨੇ ਕਿਹਾ, ਹੇ

ਸੁਆਮੀ ਜੀ ! ਜਿਸ ਪੱਤ੍ਰਾਂ ਦੀ ਕੁਟੀਆ ਵਿਚ ਜਾਣਾ ਹੈ ਉਹ ਪੱਤਰਾਂ ਦੀ ਕੁਟੀਆ ਕਿੱਥੇ ਹੈ? ਇਤਨੀ ਗੱਲ ਸੁਣ ਕੇ ਰਾਮ ਚੰਦ੍ਰ ਜੀ ਰੋਣ ਲੱਗ ਪਏ ਤੇ ਆਖਦੇ ਹਨ ਕਿ ਅਜੇ ਤਾਂ ਅਯੁੱਧਿਆ ਪੁਰੀ ਦੀ ਹੱਦ ਤੋਂ ਭੀ ਬਾਹਰ ਨਹੀਂ ਨਿਕਲੇ ਤੇ ਹੁਣੇ ਪੁੱਛਣ ਲੱਗ ਪਈ ਹੈਂ ਕਿ ਪੱਤਰਾਂ ਦੀ ਕੁਟੀਆ ਕਿੱਥੇ ਹੈ ਤੇ ਇਸ ਨੇ ਅੱਗੇ ਜਾ ਕੇ ਕੀ ਪੂਰੀ ਪਾਉਂਣੀ ਹੈ।

ਯਥਾ- ਏ ਬਨਬਾਸ ਚਲੇ ਦੋਊ ਸੁੰਦਰੀ[1] ਕੌਤਕ ਕੌ ਸੀਅ ਸੰਗ ਜੁਟੀ[2] ਹੈ॥
ਪਾਇਨ ਪਾਇ ਨ ਕੋਸ ਚਲੀ[3] ਅਜਹੂੰ ਲਹਿ ਗਾਉਂ ਕੀ ਸੀਵ[4] ਛੁਟੀ ਹੈ॥
ਹਾਥ ਧਰੇ ਕਟਿ[5] ਬੂਝਤ ਰਾਮਹਿ, ਨਾਥ ਕਹੌ ਕਹਾਂ ਕੁੰਜ ਕੁਟੀ ਹੈ॥
ਰੋਵਤ ਰਾਘਵ ਜੋਵਤ[6] ਸੀਆ ਮੁਖ, ਮਾਨਹੁ ਮੋਤਿਨ ਮਾਲ[7] ਟੂਟੀ ਹੈ॥ ੭੮॥

(ਹਨੂੰਮਾਨ ਨਾਟਕ ਦੂਤੀਆ ਅੰਕ)

ਅਥਵਾ- ਜਿਸ ਵੇਲੇ ਅਯੁੱਧਿਆ ਪੁਰੀ ਵਿੱਚੋਂ ਨਿਕਾਲਾ ਹੋਇਆ ਤੇ ਸੀਤਾ ਅਤੇ ਲਛਮਣ ਵਿੱਛੜ ਗਿਆ। ਅਰਥਾਤ ਸੀਂਤਾ ਨੂੰ ਤਾਂ ਰਾਵਣ ਚੁੱਕ ਕੇ ਲੈ ਗਿਆ ਅਤੇ ਲਛਮਣ ਨੂੰ ਬਰਛੀ ਵੱਜ ਗਈ, ਉਸ ਵੇਲੇ ਭੀ ਰਾਮ ਚੰਦ੍ਰ ਜੀ ਰੁਦਨ ਕਰਦੇ ਹੋਇ।

ਅਥਵਾ- ਜਿਸ ਵੇਲੇ ਅਯੁੱਧਿਆ ਤੋਂ ਨਿਕਲ ਕੇ ਅਗਸਤ ਰਿਖੀ ਦੇ ਪਾਸ ਪਹੁੰਚੇ ਤਾਂ ਅਗਸਤ ਰਿਖੀ ਨੇ ਕਿਹਾ, ਹੇ ਪੁੱਤਰ ! ਇਹ ਭੇਖ ਆਪ ਜੀ ਨੇ ਕਿਉਂ ਧਾਰਿਆ ਹੈ, ਪਿਤਾ ਜੀ ਜੀਉਂਦੇ ਹਨ ਕਿ ਸੁਰਗਵਾਸ ਹੋ ਗਏ ਹਨ?

ਤਿਸ ਵੇਲੇ ਰਾਮ ਜੀ ਨੇ ਸਾਰੀ ਗੱਲ ਸਮਝਾ ਕੇ ਕਹੀ ਤਾਂ ਅਗਸਤ ਰਿਖੀ ਜੀ ਨੇ ਕਿਹਾ, ਆਪ ਫਿਰ ਇਥੇ ਹੀ ਨਿਵਾਸ ਕਰੋ, ਉਸ ਵੇਲੇ ਰਾਮ ਜੀ ਬੜਾ ਰੋਇ।

ਯਥਾ- ਰਾਮ ਮਿਲੇ ਮੁਨਿ ਸੋਂ ਪਰ ਪਾਇਨ, ਲਾਇ ਰਹੇ ਛਤੀਆ ਦੁਖ ਖੋਯੋ।
ਹੇ ਸੁਤ ! ਕਯੋਂ ਯਹਿ ਭੇਖ ਧਰਿਓ, ਨ੍ਰਿਪ ਜੀਵਤ ਹੈ ਕਿ ਬਡੋ ਮਗ ਸੋਯੋ।
ਬਾਤ ਕਹੀ ਸਮਝਾਇ ਸਬੈ, ਰਘੁਬੀਰ ਮਨੋ ਤਨ ਤੀਰ ਗਡੋਯੋ।
ਪੂਤ ! ਰਹੋ ਇਹ ਠੌਰ ਸਬੈ ਮਿਲ, ਸ੍ਵਾਸ ਭਰੇ ਮਨ ਤੇ ਅਤਿ ਰੋਯੋ॥ ੫੫॥

(ਹਨੂੰਮਾਨ ਨਾਟਕ ਤੀਜਾ ਅੰਕ)

[ਪੰਨਾ ੯੫੪]

ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥

ਦਹਸਿਰੁ=ਦਸ ਸਿਰਾਂ ਵਾਲਾ ਰਾਵਣ ਭੀ ਲੰਕਾ ਨੂੰ ਗੁਆ ਕੇ ਰੋਂਦਾ ਹੋਇਆ।

ਜਿਸ ਰਾਵਣ ਨੇ ਜੋਗੀ ਦਾ ਭੇਖ ਧਾਰ ਕੇ ਡਉਰੂ ਵਾਇ=ਡੁਗ ਡੁਗੀ ਵਜਾ ਕੇ ਸੀਤਾ ਛਲ ਕੇ ਲਿਆਂਦੀ ਸੀ।

---

੧. ਸ੍ਰੀ ਰਾਮ ਚੰਦ੍ਰ ਤੇ ਲਛਮਣ। ੨. ਜੁੜੀ ਹੋਈ। ੩. ਪਾਇਨ= ਪੈਰਾਂ ਨਾਲ ਇੱਕ ਕੋਹ ਦਾ ਪਾਇ=ਪਾ ਭਰ ਵੀ, ਭਾਵ ਚੌਥਾ ਹਿੱਸਾ ਵੀ ਨਹੀਂ ਚਲੀ।੪. ਹੱਦ। ੫. ਲੱਕ। ੬. ਵੇਖਕੇ। ੭. ਜੇਹੜੇ ਆਂਸੂ ਡਿਗਦੇ ਹਨ, ਇਹ ਮਾਨੋ ਮੋਤੀਆਂ ਦੀ ਮਾਲਾ ਟੁੱਟ ਕੇ ਡਿਗ ਰਹੀ।

www.sikhbookclub.com

ਅਥਵਾ- ਜਿਸ ਰਾਵਣ ਨੇ ਸੀਤਾ ਲਿਆ ਕੇ ਅਪਣੇ ਮੰਦਰਾਂ ਵਿਚ ਡਉਰੂ ਵਾਇ=ਧੌਂਸੇ ਵਜਾਏ ਸਨ ਤੇ ਆਖਿਆ ਸੀ ਅੱਜ ਮੈਂਨੇ ਅਪੁਣੀ ਭੈਣ ਸੂਪਨਖਾ ਦਾ ਬਦਲਾ ਲੀਤਾ ਹੈ।

ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥

ਪੰਜੇ ਪਾਂਡਵ ਵੈਰਾਟ ਰਾਜਾ ਦੇ ਪਾਸ ਮਜੂਰ ਹੋ ਕੇ ਰੁਦਨ ਕਰਦੇ ਹੋਇ। ਜਿਸ ਵੇਲੇ 'ਕ੍ਰੀਚਕ' ਨੇ ਸਭਾ ਵਿਚ ਦ੍ਰੌਪਤਾਂ ਨੂੰ ਲੱਤ ਮਾਰੀ ਸੀ, ਉਸ ਵੇਲੇ ਪ੍ਰਗਟ ਹੋਣ ਦੇ ਡਰ ਕਰਕੇ ਅਪਣਾ ਬਲ ਵਰਤ ਨਾ ਸਕੇ ਤੇ ਰੁਦਨ ਕਰਦੇ ਹੋਇ। ਜਿਨ੍ਹਾਂ ਪਾਂਡਵਾਂ ਦੇ ਪਾਸ ਸੁਆਮੀ ਕ੍ਰਿਸ਼ਨ ਜੀ ਰਹਿੰਦੇ ਸਨ ਕਿਉਂਕਿ ਅਰਜਨ ਦੇ ਰਥਵਾਹੀ ਸਨ।

ਰਾਜਾ ਯੁਧਿਸਟਰ ਜੀ ! ਰਾਜੇ ਵੈਰਾਟ ਨੂੰ ਚੌਪੜ ਖਿਡਾਵਣ ਦਾ ਕੰਮ ਕਰਦੇ ਰਹੇ ''ਕੰਕ'' ਨਾਂ ਰਖਾ ਕੇ।

ਭੀਮ ਸੈਨ- ਰਸੋਈ ਦਾ ਕੰਮ ਕਰਦੇ ਰਹੇ,''ਬਲਭ'' ਨਾਂ ਰਖਾ ਕੇ।

ਅਰਜਨ- ਰਾਜ ਪੁੱਤਰੀ ਨੂੰ ਨਿਰਤਕਾਰੀ ਸਿਖਾਉਣ ਦਾ ਕੰਮ ਕਰਦੇ ਰਹੇ,''ਬਿਹੰਡੜਾ'' ਨਾਂ ਰਖਾ ਕੇ।

ਨਕੁਲ- ਘੋੜਿਆਂ ਦੀ ਸੇਵਾ ਕਰਦੇ ਰਹੇ, ''ਗ੍ਰੰਥੀਪਾਲ'' ਨਾਂ ਰਖਾ ਕੇ।

ਸਹਿਦੇਵ- ਗਊਆਂ ਦੀ ਸੇਵਾ ਕਰਦੇ ਰਹੇ, ''ਤੰਤੀ ਪਾਲ'' ਨਾਂ ਰਖਾ ਕੇ।

ਦਰੋਪਤੀ- ਰਾਣੀ ਦੀ ਸੇਵਾ ਉੱਪਰ ਰਹੀ, ''ਸਯੰਦਰੀ'' ਨਾਂ ਰਖਾ ਕੇ।

(ਇਹ ਪ੍ਰਸੰਗ ਨਾਨਕ ਪ੍ਰਕਾਸ਼ ਉਤ੍ਰਾਰਧ ਧਿਆ ੨੪ ਵਿਚ ਵੇਖੋ)

ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥

ਰਾਜਾ ਜਨਮੇਜਾ ਜਿਸ ਵੇਲੇ ਖੁਇ ਗਇਆ=ਭੁੱਲ ਗਿਆ ਤਾਂ ਰੁਦਨ ਕਰਦਾ ਹੋਇਆ। ਬਿਆਸ ਜੀ ਦੇ ਇੱਕ ਬਚਨ ਦੇ ਨਾ ਮੰਨਣ ਦੇ ਕਾਰਨ ਪਾਪੀ ਹੋਇਆ।

ਇਸ ਦਾ ਪ੍ਰਸੰਗ ਇਸ ਪ੍ਰਕਾਰ ਹੈ-

ਇੱਕ ਦਿਨ ਬਿਆਸ ਭਗਵਾਨ ਜੀ, ਰਾਜੇ ਜਨਮੇਜੇ ਪਾਸ ਬੈਠੇ ਹੋਇ ਸਨ ਤਾਂ ਜਨਮੇਜੇ ਨੇ ਅਪਣੇ ਪਿਤਰਾਂ ਦੇ ਦੁੱਖ ਦੀ ਕਥਾ ਪੁੱਛਣੀ ਸ਼ੁਰੂ ਕਰ ਦਿੱਤੀ, ਕਿ ਧਰਮ ਪੁੱਤਰ ਰਾਜਾ ਯੁਧਿਸਟਰ ਜੀ ਨੇ ਜੂਆ ਕਿਉਂ ਖੇਡਿਆ ਹੈ, ਉਨ੍ਹਾਂ ਨੂੰ ਹਟਾਇਆ ਕਿਸੇ ਨੇ ਨਹੀਂ, ਉਹ ਭਾਂ ਬੜੇ ਸਤਵਾਦੀ ਸਨ ਉਹ ਇਸ ਕੁਕਰਮ ਵਿਚ ਕਿਉਂ ਪਰਵਿਰਤ ਹੋਇ। ਭਾਂ ਬਿਆਸ ਜੀ ਨੇ ਕਿਹਾ, ਹੇ ਰਾਜਨ! ਜੋ ਦੇਵਨੇਤ (ਭਾਵੀ) ਹੈ, ਉਹ ਅਵੱਸ਼ ਹੋ ਕੇ ਰਹਿੰਦੀ ਹੈ, ਚਾਹੇ ਕੋਈ ਕਿਤਨਾਂ ਭੀ ਸਿਆਣਾ ਹੋਵੇ ਉਹ ਐਵੇਂ ਟਲਦੀ ਨਹੀਂ।

ਯਥਾ- ਦੋਹਰਾ॥ ਕੋਟ ਉਪਾਵਨ ਕੋ ਕਰੈ, ਕੈਸੋ ਸਜਾਨਾ ਹੋਇ॥
ਟਾਰੀ ਟਰਤਿ ਨ ਕਿਸੂ ਤੇ ਹੋਨਹਾਰ ਸੋ ਹੋਇ॥ ੬॥

ਤਾਂ ਰਾਜੇ ਜਨਮੇਜੇ ਨੇ ਕਿਹਾ, ਜੇ ਕੋਈ ਪਹਿਲੇ ਦੱਸ ਦੇਵੇ ਤਾਂ ਫਿਰ ਕਿਸ ਤਰ੍ਹਾਂ ਭਾਵੀ ਦਾ ਜ਼ੋਰ ਪੈ ਸਕਦਾ ਹੈ।

ਇਹ ਗੱਲ ਸੁਣ ਕੇ ਬਿਆਸ ਜੀ ਨੇ ਕਿਹਾ ਅਸੀਂ ਤੈਨੂੰ ਦੱਸਦੇ ਹਾਂ ਤੇਰੇ ਉੱਪਰ ਵੀ ਭਾਵੀ ਆਉਣ ਵਾਲੀ ਹੈ ਤੂੰ ਬਚ ਕੇ ਰਵੀਂ। ਇੱਕ ਘੋੜੀ ਤੇਰੇ ਪਾਸ ਆਵੇਗੀ, ਉਸ ਨੂੰ ਤੂੰ ਮੁੱਲ ਲੈ ਕੇ ਅਪਣੇ ਪਾਸ ਰਖੇਂਗਾ। ਫਿਰ ਤੂੰ ਉਸ ਉੱਤੇ ਅਸਵਾਰ ਹੋ , ਕੇ ਸ਼ਿਕਾਰ ਖੇਡਣ ਜਾਏਂਗਾ, ਦੱਖਣ ਦਿਸ਼ਾ ਦੀ ਤਰਫ਼ ਫੇਰਾ ਲਾਏਂਗਾ ਤੇ ਬੜਾ ਥੱਕ ਜਾਵੇਂਗਾ, ਰਾਹ ਵਿਚ ਇੱਕ ਸਰੋਵਰ ਆਏਗਾ ਉਸ ਉੱਪਰ ਤੂੰ ਬਿਸਰਾਮ ਕਰੇਂਗਾ, ਤੇ ਇਕੱਲਾ ਹੀ ਓਥੇ

ਸੋਂ ਜਾਏਂਗਾ। ਉਸ ਸਰੋਵਰ ਵਿੱਚੋਂ ਘੋੜਾ ਨਿਕਲ ਕੇ ਤੇਰੀ ਘੋੜੀ ਨਾਲ ਸਬੰਧ ਕਰੇਗਾ, ਜਿਸ ਤੋਂ ਘੋੜੀ ਨੂੰ ਗਰਭ ਠਹਿਰ ਜਾਏਗਾ ਤੇ ਉਹ ਬੜਾ ਸੁੰਦਰ ਵਛੇਰਾ ਦੇਵੇਗੀ। ਕਾਲੇ ਕੰਨ ਤੇ ਚੰਦ੍ਰਮਾਂ ਵਰਗੀ ਦੁਤਿ ਵਾਲਾ ਵੇਖ ਕੇ ਫਿਰ ਤੂੰ 'ਅਸਮੇਧ' ਜੱਗ ਰਚੇਂਗਾ। ਜਿਸ ਵਿਚ ਅਠਾਰਾਂ ਜਾਤੀਆਂ ਦੇ ਬ੍ਰਾਹਮਣ ਤੈਨੇ ਸੱਦਣੇ ਹਨ। ਉਨ੍ਹਾਂ ਸਭਨਾਂ ਨੂੰ ਪ੍ਰਸ਼ਾਦ ਛਕਾ ਕੇ ਜਦ ਰਾਣੀ ਨੂੰ ਨਾਲ ਲੈ ਕੇ ਤੂੰ ਦੱਛਣਾ ਦੇਣ ਜਾਏਂਗਾ, ਤਿਸ ਵੇਲੇ ਰਾਣੀ ਦੇ ਸਿਰ ਤੋਂ ਪੱਲਾ ਉਤਰਨੇ ਕਰਕੇ ਬ੍ਰਾਹਮਣਾਂ ਦਾ ਹਾਸਾ ਨਿਕਲ ਜਾਣਾ ਹੈ ਤੇ ਤੈਨੇ ਗੁੱਸੇ ਵਿੱਚ ਆ ਕੇ ਸਾਰਿਆਂ ਬ੍ਰਾਹਮਣਾਂ ਨੂੰ ਓਥੇ ਹੀ ਖਤਮ ਕਰ ਦੇਣਾ ਹੈ, ਕਈਆਂ ਨੂੰ ਅੱਗ ਵਿੱਚ ਸੁਟ ਦੇਣਾ ਹੈ, ਕਈਆਂ ਨੂੰ ਭਾਜੀਆਂ ਦੇ ਕੜਾਹੇ ਵਿੱਚ ਖੜ੍ਹਾ ਕਰ ਦੇਣਾ ਹੈ ਤੇ ਕਈਆਂ ਦੇ ਸਿਰ ਉੱਪਰ ਖਿਨੂੰ ਰੱਖ ਕੇ ਉੱਪਰੋਂ ਗਰਮ ਗਰਮ ਤਸਈ (ਖੀਰ) ਪੁਆਣੀ ਹੈ। ਇਸ ਭਿਆਨਕ ਉਪੱਦ੍ਰਵ ਦੇ ਕਰਨ ਨਾਲ ਤੇਰੇ ਸਰੀਰ ਉੱਪਰ ਅਠਾਰਾਂ ਹੀ ਪ੍ਰਕਾਰ ਦਾ ਕੋੜ੍ਹ ਹੋ ਜਾਣਾ ਹੈ, ਉਸ ਦੀ ਨਵਿਰਤੀ ਵਾਸਤੇ ਫਿਰ ਤੈਂਨੇ ਅਠਾਰਾਂ ਪਰਬ ਮਹਾਂ ਭਾਰਥ ਦੇ ਸੁਣਨੇ ਹਨ, ਕਿਸੀ ਜਗ੍ਹਾ ਤੋਂ ਤੂੰ ਬਚਨ ਨਹੀਂ ਮੰਨੇਗਾ, ਉਸ ਦੇ ਕਾਰਨ ਕੁਛ-ਕੁ ਦੁੱਖ ਰਹਿ ਜਾਏਗਾ, ਜਿਸ 'ਤੇ ਤੇਰੇ ਪ੍ਰਾਣ ਹਤ ਹੋ ਜਾਣਗੇ। ਹੇ ਰਾਜਨ ! ਹੁਣ ਮੈਂ ਸਾਰੀ ਗੱਲ ਤੈਨੂੰ ਪ੍ਰਗਟ ਕਹਿ ਦਿੱਤੀ ਹੈ। ਤੂੰ ਘੋੜੀ ਕੋਈ ਨਾ ਖਰੀਦੀਂ ਤੇ ਤਕੜਾਈ ਵਿੱਚ ਰਵ੍ਹੀਂ।

ਚੌਪਈ॥ ਕਹਿ ਜਨਮੇਜਾ ਸੁਨਿ ਮੁਨਿ ਰਾਈ ! ॥ ਆਗੈ ਸੁਧਿ ਕੋ ਦੇਹਿ ਬਤਾਈ॥
ਹੋਨਹਾਰ ਹੋਵਹਿ ਤਥ ਕੈਸੇ। ਅਨ ਜਾਨਤ ਹੈ ਜੈਸੇ ਤੈਸੇ॥ ੭॥
ਬਯਾਸ ਕਹੈ ਤੁਮਰੀ ਸੁਧਿ ਜੋਊ॥ ਪੂਰਬ ਕਹੋਂ ਲੇਹੁ ਸੁਨਿ ਸੋਊ॥
ਏਕ ਤੁਰੰਗਨਿ ਤੁਮ ਢਿਗ ਆਵੈ॥ ਲੇਹਿਂ ਮੋਲਿ ਨਿਜ ਧਾਮ ਰਖਾਵੈਂ॥ ੮॥
ਹੈ ਅਰੂਢ ਬਨ ਜਾਹਿਂ ਅਖੇਰਾ॥ ਦੱਖਨ ਦਿਸ਼ਾ ਕਰੈਂ ਨਿਜ ਫੇਰਾ॥
ਅਧਿਕ ਸ਼੍ਰੰਮ ਪਾਵਹਿਂ ਤਿਸ ਬੇਰਾ॥ ਤਟਿ ਸਰਵਰ ਤੂੰ ਕਰਿਹੈ ਡੇਰਾ॥ ੯॥
ਦੋਹਰਾ॥ ਇਕਲੋ ਬਨ ਮਹਿ ਸੋਵਈ, ਸਰਵਰ ਨਿਕਸਿ ਤੁਰੰਗ॥
ਤੁਮ ਢਿਗ ਜੋ ਹੈ ਬਾਜਨੀ ਕੇਲ ਕਰੈ ਤਿਹ ਸੰਗਿ॥ ੧੦॥
ਚੌਪਈ॥ ਗਰਭ ਰਹੈ ਤਿਹ, ਦੇਇ ਬਛੇਰਾ, ਸ਼ਜਾਮ ਕਰਨ ਚੰਦਰ ਦੁਤਿ ਹੇਰਾ॥
ਤਿਹ ਸੋਂ ਤਬਹੀ ਜੱਗ ਰਚਾਵਹਿ। ਬਹੁਤ ਬਿੱਪ੍ਰ ਤੁਮਰੇ ਢਿਗ ਆਵਹਿ॥ ੧੧॥
ਤਹਾਂ ਬਿਘਨ ਕੋ ਹੋਵਹਿ ਐਸਾ। ਮਹਾਂ ਪਾਪ ਲਾਗਹਿ ਤੁਝ ਜੈਸਾ॥
ਹੋਇ ਬਡੋ ਦੁਖ, ਭਾਰਥ ਸੁਨਈ। ਕਿਸੁ ਥਾਵ ਤੂੰ ਬਚਨ ਨ ਮਨਈ॥ ੧੨॥
ਦੁਖ ਕੁਛ ਰਹੈ ਪ੍ਰਾਨ ਹਤਿ ਹੋਈ। ਅਬ ਮੈਂ ਪ੍ਰਗਟ ਕਹੀ ਸਭਿ ਸੋਈ॥
ਪੂਰਬ ਸੁਧ ਤੁਝ ਦੀਨ ਜੁਨਾਈ। ਨਹਿ ਕਰਿਯੇ ਰਾਖਹੁ ਚੁਕਸਾਈ॥ ੧੩॥

ਰਾਜੇ ਨੇ ਕਿਹਾ, ਫਿਕਰ ਨ ਕਰੋ ਮੈਂ ਤਕੜਾ ਹੋ ਕੇ ਰਵ੍ਹਾਂਗਾ। ਉਸ ਦਿਨ ਤੋਂ ਲੈ ਕੇ ਰਾਜੇ ਜਨਮੇਜੇ ਨੇ ਘੋੜਿਆਂ ਦਾ ਵਣਜ ਕਰਨਾ ਤਿਆਗ ਦਿੱਤਾ ਅਤੇ ਹੁਕਮ ਦੇ ਦਿੱਤਾ ਕਿ ਅੱਜ ਤੋਂ ਲੈ ਕੇ ਕੋਈ ਘੋੜਾ-ਘੋੜੀ ਨਹੀਂ ਖਰੀਦਣੀ। ਅਜੇਹਾ ਹਠ ਰਾਜਾ ਨੇ ਕਿਤਨਾ ਚਿਰ ਤੱਕ ਰੱਖਣਾ ਕੀਤਾ। ਜਦ ਸੈਨਾ ਵਿੱਚੋਂ ਘੋੜੇ ਮਰਦੇ ਜਾਣ, ਤਦ ਮੰਤ੍ਰੀ ਨੇ ਹੱਥ ਜੋੜ ਕੇ ਕਿਹਾ, ਹੇ ਰਾਜਨ ! ਇਸ ਤਰ੍ਹਾਂ ਕੰਮ ਨਹੀਂ ਚਲੇਗਾ ਜਿਵੇਂ ਆਪ ਜੀ ਨੇ ਪ੍ਰਣ ਧਾਰਿਆ ਹੈ, ਘੋੜਿਆਂ ਤੋਂ ਬਿਨਾਂ ਸੈਨਾ ਕਿਵੇਂ ਕੰਮ ਕਰੇਗੀ। ਆਪ ਸੈਨਾ ਵਾਸਤੇ ਜ਼ਰੂਰ ਘੋੜੇ ਖਰੀਦਣਾ ਕਰੋ, ਤੁਸੀਂ ਆਪਣਾ ਪ੍ਰਣ ਪੂਰਾ ਰੱਖੋ ਘੋੜੀ ਉੱਤੇ ਨਾ ਚੜ੍ਹਣਾ। ਨਾਲ ਦੇਸਾਂ ਦਿਸਾਤ੍ਰਾਂ ਦੇ ਸੌਦਾਗਰ ਆਪ ਜੀ ਦਾ ਨਾਂ ਤੇ ਸ੍ਰੇਸ਼ਟ ਜਸ ਸੁਣ ਕੇ ਆਪ ਜੀ ਪਾਸ ਆਉਂਦੇ ਹਨ, ਜਿਸ ਵੇਲੇ ਉਹ ਨਿਰਾਸ ਹੋ ਕੇ ਜਾਂਦੇ ਹਨ ਤਾਂ ਆਪ ਜੀ ਦੀ ਨਿੰਦਿਆ ਕਰਦੇ ਹਨ। ਜੇ ਆਪ ਜੈਸੇ ਰਾਜੇ ਇਨ੍ਹਾਂ ਘੋੜਿਆਂ ਨੂੰ ਨਾ ਲੈਣ ਤਾਂ ਹੋਰ ਕੌਣ

www.sikhbookclub.com

ਲੇਵੇਗਾ। ਫਿਰ ਰਾਜੇ ਨੇ ਵਿਚਾਰਿਆ ਕਿ ਬਿਆਸ ਜੀ ਨੇ ਤਾਂ ਕਿਹਾ ਹੈ ਘੋੜੀ ਨਹੀਂ ਖਰੀਦਣੀ ਅਤੇ ਉਸ ਉੱਪਰ ਚੜ੍ਹ ਕੇ ਕਿਧਰੇ ਜਾਣਾ ਨਹੀਂ। ਇਹ ਗੱਲ ਯਾਦ ਕਰਕੇ ਵਜੀਰਾਂ ਨੂੰ ਕਿਹਾ, ਤੁਸੀਂ ਘੋੜੀ ਨਾ ਖਰੀਦਣੀ, ਘੋੜੇ ਬੇਸ਼ੱਕ ਖਰੀਦ ਲਿਓ। ਉਸੀ ਵੇਲੇ ਬਾਦਸ਼ਾਹ ਦੇ ਹੁਕਮ ਅਨੁਸਾਰ ਘੋੜੇ ਖਰੀਦਣੇ ਸ਼ੁਰੂ ਕਰ ਦਿੱਤੇ। ਇੱਕ ਸਮੇਂ ਇੱਕ ਸੁਦਾਗਰ ਨੇ ਬੜੀ ਸੋਹਣੀ ਤੇ ਚਪਲ ਘੋੜੀ ਲਿਆ ਕੇ ਵਿਖਾਈ ਤਾਂ ਵਜ਼ੀਰ ਨੂੰ ਬੜੀ ਪਸੰਦ ਆਈ, ਹੋਰ ਲੋਕ ਵੀ ਗੁਣਾਂ ਵਾਲੀ ਘੋੜੀ ਵੇਖ ਕੇ ਬੜੇ ਪ੍ਰਸੰਨ ਹੋਏ। ਉਸ ਘੋੜੀ ਨੂੰ ਛੱਡਣ ਵਾਸਤੇ ਵਜ਼ੀਰ ਦਾ ਦਿਲ ਨਾ ਕਰੇ। ਰਾਜੇ ਜਨਮੇਜੇ ਪਾਸ ਆ ਕੇ ਕਿਹਾ, ਹੇ ਰਾਜਨ ! ਇੱਕ ਸੁਦਾਗਰ ਘੋੜੀ ਲਿਆਇਆ ਹੈ, ਉਹ ਆਪ ਜੀ ਦੇ ਹੀ ਦਰਵਾਜ਼ੇ ਉੱਪਰ ਬੱਧੀ ਹੋਈ ਸ਼ੋਭਦੀ ਹੈ, ਜੇ ਹੁਕਮ ਕਰੋ ਤਾਂ ਖਰੀਦ ਲੇਵਾ ਉਹ ਘੋੜੀ ਹੋਰ ਕਿਸੇ ਦੇ ਲਾਇਕ ਦੀ ਨਹੀਂ। ਵਜ਼ੀਰ ਦੇ ਬਹੁਤ ਕਹਿਣ 'ਤੇ ਰਾਜਾ ਨੇ ਕਿਹਾ, ਖਰੀਦ ਲਿਓ। ਕਈ ਮਹੀਨੇ ਤਾਂ ਉਹ ਘੋੜੀ ਤਬੇਲੇ ਵਿੱਚ ਬੱਧੀ ਰਹੀ। ਫੇਰ ਅਸ੍ਵਪਾਲ ਉਸ ਘੋੜੀ ਦੇ ਚੜ੍ਹ ਕੇ ਉਸ ਦੀ ਚਾਲ ਦੇਖਦੇ ਰਹੇ। ਫਿਰ ਇਕ ਦਿਨ ਰਾਜਾ ਜਨਮੇਜੇ ਨੂੰ ਆਖਦੇ ਹਨ, ਹੇ ਰਾਜਨ ! ਜੈਸਾ ਬੇਗ ਇਸ ਘੋੜੀ ਦਾ ਹੈ, ਐਸਾ ਅੱਗੇ ਆਪ ਨੇ ਕਦੇ ਨਹੀਂ ਵੇਖਿਆ ਜਿਸ ਦੇ ਵਿੱਚ ਚੰਚਲਤਾ ਬੜੀ ਹੈ, ਏਹ ਆਪ ਜੀ ਦੇ ਚੜ੍ਹਣ ਦੇ ਲਾਇਕ ਹੈ। ਉਸ ਦੇ ਗੁਣ ਸੁਣ ਕੇ ਰਾਜੇ ਦਾ ਦਿਲ ਲਲਚਾ ਆਇਆ ਤੇ ਘੋੜੀ ਉੱਤੇ ਅਸ੍ਵਾਰ ਹੋ ਕੇ ਦੱਖਣ ਦਿਸ਼ਾ ਵੱਲ ਸ਼ਿਕਾਰ ਖੇਡਣ ਚਲਾ ਗਿਆ, ਦੇਵਨੇਤ੍ਰ ਨਾਲ ਰਾਜੇ ਦੇ ਅੱਗੋਂ ਇੱਕ ਹਰਨ ਦੌੜ ਕੇ ਲੰਘਿਆ, ਤਾਂ ਰਾਜੇ ਨੇ ਘੋੜੀ ਉਸ ਦੇ ਪਿੱਛੇ ਦੁੜਾਈ। ਰਾਜਾ ਦੌੜਦਾ-ਦੌੜਦਾ ਇਤ੍ਨੀ ਦੂਰ ਚਲਾ ਗਿਆ ਜੋ ਪਿਛੋਂ ਕੋਈ ਸੂਰਮਾ ਨਾ ਮਿਲ ਸਕਿਆ ਤੇ ਸੰਘਣੇ ਬਨ ਵਿੱਚ ਪਹੁੰਚ ਗਿਆ, ਹਰਨ ਨੂੰ ਮਾਰ ਤਾਂ ਲੀਤਾ ਪਰ ਥਕੇਵਾਂ ਬਹੁਤ ਹੋ ਗਿਆ, ਓਥੇ ਇੱਕ ਸ਼ਰੋਵਰ ਸੀ ਪਾਣੀ ਪੀ ਕੇ ਉਸ ਦੇ ਕਿਨਾਰੇ ਉੱਪਰ ਸੌਂ ਗਿਆ।

ਬਿਆਸ ਜੀ ਦੀ ਕਹੀ ਹੋਈ ਸਾਰੀ ਗੱਲ ਭੁੱਲ ਗਈ, ਇਤਨੇ ਨੂੰ ਉਸ ਸਰੋਵਰ ਵਿੱਚੋਂ ਇੱਕ ਦਰਿਆਈ ਘੋੜਾ ਨਿਕਲਿਆ ਉਸ ਨੇ ਘੋੜੀ ਨਾਲ ਸਬੰਧ ਕੀਤਾ, ਪਰ ਰਾਜੇ ਨੂੰ ਇਹਨਾਂ ਗੱਲਾਂ ਦਾ ਕੋਈ ਪਤਾ ਨਾ ਲੱਗਾ-

ਯਥਾ- ਸੁਨਿ ਗੁਨ ਭੂਪ ਚਢਯੋ ਇਕ ਬੇਰਾ। ਦੱਖਨ ਦਿਸ਼ ਕੋ ਗਯੋ[1] ਅਖੇਰਾ॥ ੨੭॥
ਨਿਕਸਿ ਚਲਜੋ ਇਕ ਮਿਰਗ ਅਗਾਰੀ॥ ਦੇਖਿ ਤੁਰੰਗਨਿ ਪੀਛੇ ਡਾਰੀ॥
ਭਟ ਇਕ ਸੰਗ ਪਹੁਚਯੋ ਨਾਂਹੀ। ਗਮਨਜੋ ਬਿਪਨ [2]ਗਹਨ ਕੇ ਮਾਂਹੀ॥ ੨੮॥
ਮਾਰਿ ਮਿਰਗ ਕੌ ਸ਼੍ਰਮ ਭਾ ਭਾਰੀ। [3]ਬਯਾਸ ਬਖਾਨੀ ਦੀਨ ਬਿਸਾਰੀ॥
ਸਰ ਤਟ ਸੋਯੋ ਪੀ ਕਰਿ ਪਾਨੀ। ਨਿਕਟਿ ਤੁਰੰਗਨਿ ਬ੍ਰਿੱਖ ਬੰਧਾਨੀ॥ ੨੯॥
ਸਰਵਰ ਤੇ ਤਬ ਨਿਕਸਿ ਤੁਰੰਗਾ। ਮੈਥੁਨ ਕੀਨ ਬਾਜਨੀ ਸੰਗਾ॥
ਬਹੁਰ ਪ੍ਰਵੇਸ਼ਜੋ ਜਲ ਕੇ ਮਾਂਹੀ। ਭੂਪਤਿ ਸੁਧਿ ਪਾਈ ਕੋ ਨਾਂਹੀ॥ ੩੦॥

ਜਿਸ ਵੇਲੇ ਰਾਜੇ ਦੀ ਨੀਂਦ ਖੁਲ੍ਹੀ ਤਾਂ ਓਸੇ ਘੋੜੀ ਉੱਪਰ ਅਸਵਾਰ ਹੋ ਕੇ ਰਾਜ ਮੰਦਰਾਂ ਵਿਚ ਆ ਪਹੁੰਚਾ। ਪਿੱਛੋਂ ਸਮੇਂ ਅਨੁਸਾਰ ਉਸ ਘੋੜੀ ਨੇ ਗਰਭ ਧਾਰ ਕੇ ਵਛੇਰਾ ਦਿੱਤਾ। ਉਸ ਦੇ ਕਾਲੇ ਕੰਨ ਤੇ ਸਰੀਰ ਦਾ ਸੋਹਣਾ ਰੰਗ ਵੇਖ ਕੇ ਰਾਜੇ ਨੇ ਅਸਮੇਧ ਯੱਗ ਕਰਨਾ ਚਾਹਿਆ। ਹੋਰਨਾਂ ਸਾਥੀਆਂ ਨੇ ਭੀ ਸਲਾਹ ਦੇ ਦਿੱਤੀ ਕਿ ਯੱਗ ਜ਼ਰੂਰ ਚਾਹੀਦਾ ਹੈ, ਇਸ ਵਿੱਚ ਆਪ ਜੀ ਦਾ ਬੜਾ ਜਸ ਹੈ ਅਤੇ ਬਿਅੰਤ ਪੁੰਨਾਂ ਦੀ ਪ੍ਰਾਪਤੀ ਹੈ।

ਤਿਸ ਵੇਲੇ ਯੱਗ ਦਾ ਆਰੰਭ ਕਰ ਦਿੱਤਾ ਤੇ ਅਠਾਰਾਂ ਜਾਤੀਆਂ ਦੇ ਬ੍ਰਾਹਮਣ ਬੁਲਾਏ, ਯੱਗ ਕਰਕੇ

---

[1]*ਸ਼ਿਕਾਰ ਖੇਡਣ।* [2]*ਸੰਘਣੇ ਜੰਗਲ ਵਿੱਚ।* [3]*ਬਿਆਸ ਜੀ ਦੀ ਕਹੀ ਹੋਈ।*

www.sikhbookclub.com

ਸਾਰਿਆਂ ਨੂੰ ਭੋਜਨ ਛਕਾਇਆ। ਜਿਸ ਵੇਲੇ ਰਾਣੀ ਨੂੰ ਨਾਲ ਲੈ ਕੇ ਦੱਛਨਾ ਦੇਣ ਚਲਿਆ, ਤਾਂ ਪੌਣ ਦੇ ਵੇਗ ਨਾਲ ਕੱਪੜਾ ਉੱਚਾ ਹੋਣ ਕਰਕੇ ਰਾਣੀ ਦੇ ਅੰਗ ਨੰਗੇ ਹੋ ਗਏ ਤੇ ਬ੍ਰਾਹਮਣ ਵੇਖਕੇ ਹੱਸ ਪਏ।

ਯਥਾ- ਬਿੱਪ੍ਰ ਬ੍ਰਿੰਦ ਕੇ ਬੀਚ ਪਹੂਚਾ॥ ਭਯੋ ਪੌਨ ਤੇ ਤਿਯ ਪਟ ਊਚਾ॥
ਤਿਸ ਛਿਨ ਬਿਧੈ ਬਿਲੋਕੇ ਅੰਗਾ॥ ਸਰਬ ਦਿਜਨ ਕਿਯ ਹਾਸ ਉਤੰਗਾ॥ ੩੫॥

ਉਸ ਵੇਲੇ ਰਾਜੇ ਨੂੰ ਬੜਾ ਗੁੱਸਾ ਆਇਆ ਕੁਛ ਯੋਗ ਅਯੋਗ ਨ ਵਿਚਾਰਿਆ, ਸਾਰੇ ਬ੍ਰਾਹਮਣ ਫੜ ਕੇ ਮਾਰ ਦਿੱਤੇ। ਅਠਾਰਾਂ ਜਾਤੀਆਂ ਦੇ ਬ੍ਰਾਹਮਣ ਮਾਰਨੇ ਕਰਕੇ ਅਠਾਰਾਂ ਹੀ ਪਰਕਾਰ ਦਾ ਕੋੜ੍ਹ ਹੋ ਗਿਆ। ਉਸ ਵੇਲੇ ਬਹੁਤ ਦੁੱਖੀ ਹੋਇਆ ਤੇ ਬਿਆਸ ਜੀ ਨੂੰ ਬੁਲਾਇਆ। ਉਨ੍ਹਾਂ ਦੇ ਚਰਨ ਫੜ ਕੇ ਬੇਨਤੀ ਕੀਤੀ, ਮੈਂ ਭੁੱਲ ਗਿਆ ਹਾਂ, ਆਪ ਮੇਰੇ 'ਤੇ ਕਿਰਪਾ ਕਰੋ। ਉਸ ਵੇਲੇ ਬਿਆਸ ਜੀ ਨੇ ਕਿਹਾ, ਜੋ ਮੈਂ ਕਹਾਂ, ਸਤਿ ਸਤਿ ਕਰਕੇ ਮੰਨੀ ਜਾਵੀਂ ਕੋਈ ਬਚਨ ਮੋੜੀ ਨਾ, ਤਾਂ ਜਨਮੇਜੇ ਨੇ ਕਿਹਾ, ਸੱਤ ਬਚਨ ਜੀ। ਉਸ ਵੇਲੇ ਬਿਆਸ ਜੀ ਨੇ ਅਠਾਰਾਂ ਪਰਬ ਮਹਾਂ ਭਾਰਥ ਦੇ ਸੁਣਾਨੇ ਸ਼ੁਰੂ ਕਰ ਦਿੱਤੇ। ਜਿਉਂ ਜਿਉਂ ਸੱਤ ਸੱਤ ਕਰਕੇ ਸੁਣਦਾ ਗਿਆ, ਤਿਉਂ ਤਿਉਂ ਰੋਗ ਨਿਵਿਰਤ ਹੁੰਦਾ ਗਿਆ। ਜਿਸ ਵੇਲੇ ਭੀਮਸੈਨ ਦਾ ਪ੍ਰਸੰਗ ਸੁਣਾਇਆ ਕਿ ਜਦ ਪਾਂਡਵ ਗਲਨ ਵਾਸਤੇ ਹਿਮਾਲੇ ਪਰਬਤ ਨੂੰ ਗਏ ਹਨ, ਤਦ ਰਾਹ ਵਿੱਚ ਦੁਰਜੋਧਨ ਦਾ ਮਿੱਤਰ- ਰਾਜਾ ''ਭੂਰ ਪਾਲ'' ਮਿਲਿਆ ਉਸ ਨੇ ਜਦ ਭੀਮ ਸੈਨ ਨੂੰ ਵੇਖਿਆ ਤਾਂ ਮਿੱਤਰ ਦਾ ਵੈਰ ਯਾਦ ਆ ਗਿਆ ਕਿ ਇਸ ਨੇ ਮੇਰੇ ਮਿੱਤਰ ਦੁਰਜੋਧਨ ਨੂੰ ਮਾਰਿਆ ਹੈ, ਹੁਣ ਮੈਂ ਇਸ ਪਾਸੋਂ ਬਦਲਾ ਲੇਵਾ। ਉਸ ਵੇਲੇ ਭੀਮ ਸੈਨ ਤੇ ਭੂਰਪਾਲ ਦਾ ਬੜਾ ਭਾਰੀ ਯੁੱਧ ਹੋਇਆ। ਭੀਮ ਸੈਨ ਨੇ ਰਾਜੇ ਭੂਰਪਾਲ ਦੇ ਹਾਥੀ ਚੁੱਕ ਚੁੱਕ ਕੇ ਅਕਾਸ਼ ਨੂੰ ਚਲਾਏ ਹਨ, ਉਹ ਹਾਥੀ ਹੁਣ ਤੱਕ ਅਕਾਸ਼ ਵਿੱਚ ਫਿਰ ਰਹੇ ਹਨ, ਜਦ ਇਹ ਪ੍ਰਸੰਗ ਸੁਣਾਇਆ ਤਾਂ ਰਾਜੇ ਜਨਮੇਜੇ ਨੇ ਨੱਕ ਵਿੰਗਾ ਕਰਕੇ ਇਹ ਬਚਨ ਨਾ ਮੰਨਿਆ, ਜਿਸ 'ਤੇ ਨੱਕ ਉੱਤੇ ਹੀ ਕੋੜ ਰਹਿ ਗਿਆ ਤੇ ਦੁੱਖੀ ਹੋ ਕੇ ਮੋਇਆ।

ਓਹੀ ਪ੍ਰਸੰਗ ਗੁਰੂ ਸਾਹਿਬ ਜੀ ਨੇ ਕਿਹਾ ਹੈ, ਕਿ ਰਾਜਾ ਜਨਮੇਜਾ ਬਿਆਸ ਜੀ ਦੇ ਕਹੇ ਹੋਇ ਬਚਨ ਨੂੰ ਭੁੱਲ ਗਿਆ ਤੇ ਇੱਕ ਬਚਨ ਦੇ ਨਾ ਮੰਨਣ ਕਰਕੇ ਪਾਪੀ=ਕੋੜ੍ਹੀ ਹੋ ਗਿਆ।

ਯਥਾ- ਕਹਯੋ ਭੀਮ ਕੋ ਜਬ ਇਤਿਹਾਸਾ॥ ਕਰੀ ਬਗਾਏ ਬੀਚ ਅਕਾਸ਼ਾ॥
ਸੋ ਅਬ ਲੌ ਊਪਰ ਭਰਮਾਈ॥ ਬਹੁਰ ਨ ਪਰੇ ਧਰਾ ਪਰ ਆਈ॥ ੩੮॥
ਸੁਨਿ ਕੈ ਭੂਪ ਨ ਮਾਨੀ ਬਾਣੀ॥ ਨਾਕ ਐਂਠਿ ਬੈਠਯੋ ਬਿਨ ਜਾਨੀ॥
ਮੰਤ੍ਰ ਸ਼ਕਤਿ ਤੇ ਬਜਾਸ ਉਤਾਰੇ॥ ਸਭਾ ਮਝਾਰੀ ਸਭਿਨਿ ਦਿਖਾਰੇ॥ ੩੯॥
ਕੁਸ਼ਟ ਨਾਕ ਮਹਿ ਰਹਯੋ ਤਦਾਈ॥ ਰੋਯੋ ਜਨਮੇਜਾ ਦੁਖੁ ਪਾਈ॥

(ਨਾਨਕ ਪ੍ਰਕਾਸ਼ ਉਤ੍ਰਾਰ੍ਧ ਧਿਆ ੨੫)

ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥

ਸ਼ੇਖ, ਮਸਾਇਕ ਅਤੇ ਪੀਰ ਭੀ ਰੋਦੇ ਹਨ ਤੇ ਆਖਦੇ ਹਨ- ਕਿ ਅੰਤ ਦੇ ਸਮੇਂ ਮਤਾਂ ਅਸਾਨੂੰ ਜਮਾਂ ਦੀ ਭੀੜ ਲਗੇ।

ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥

ਭਰਥਰੀ ਅਤੇ ਗੋਪੀ ਚੰਦ ਆਦਿਕ ਰਾਜੇ ਕੰਨਾਂ ਨੂੰ ਪੜਵਾ ਕੇ ਰੋਂਦੇ ਹਨ ਅਤੇ ਘਰ ਘਰ ਵਿੱਚ ਜਾ ਕੇ ਭਿੱਖਿਆ ਮੰਗਦੇ ਹਨ।

www.sikhbookclub.com

ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥

ਕਿਰਪਨ=ਸ਼ੂਮ ਦਾ ਧਨ ਇਕੱਠਾ ਕੀਤਾ ਹੋਇਆ ਚਲਿਆ ਜਾਵੇ ਤਾਂ ਓਹ ਵੀ ਰੋਂਦਾ ਹੈ ਅਤੇ ਪੰਡਿਤ ਗਿਆਨ ਨੂੰ ਗੁਆ ਕੇ ਰੋਂਦੇ ਹਨ। ਇਸ ਦਾ ਪ੍ਰਸੰਗ ਐਸੇ ਹੈ—ਕਿ ਰਾਜੇ ਭੋਜ ਦੀ ਨਗਰੀ ਵਿੱਚ ਇੱਕ ਪੰਡਿਤ ਸਾਰੇ ਦਿਗ ਬਿਜੈ ਕਰਦਾ ਹੋਇਆ ਆਇਆ ਆ ਕੇ ਸਾਰੇ ਸ਼ਹਿਰ ਵਿੱਚ ਢੰਡੋਰਾ ਫਿਰਾ ਦਿੱਤਾ, ਕਿ ਮੇਰੇ ਨਾਲ ਸਾਰੇ ਪੰਡਿਤ ਆ ਕੇ ਚਰਚਾ ਕਰਨ, ਨਹੀਂ ਤਾਂ ਮੈਨੂੰ ਸਾਰੇ ਅਪਣੇ ਗ੍ਰੰਥ ਦੇ ਦੇਵਣ। ਇਹ ਗੱਲ ਸੁਣ ਕੇ ਸਾਰਿਆਂ ਪੰਡਿਤਾਂ ਨੇ ਇਕੱਤ੍ਰ ਹੋ ਕੇ ਸੋਚਿਆ ਹੁਣ ਕੀ ਕਰਨਾ ਚਾਹੀਦਾ ਹੈ, ਵਿਚਾਰ ਕੇ ਇੱਕ ਜੋਤਸ਼ੀ ਪਾਸੋਂ ਪੁੱਛਿਆ ਕਿ ਇੱਕ ਪੰਡਿਤ ਚਰਚਾ ਕਰਨ ਵਾਸਤੇ ਬਾਹਰੋਂ ਆਇਆ ਹੈ, ਉਸ ਦੇ ਸਾਹਮਣੇ ਅਸਾਡੀ ਕਿਵੇਂ ਜਿੱਤ ਹੋਵੇ?

ਤਾਂ ਜੋਤਸ਼ੀ ਨੇ ਜੋਤਸ਼ ਲਗਾ ਕੇ ਕਿਹਾ, ਜੇਕਰ ਗਾਂਗਾ ਤੇਲੀ ਉਸ ਦੇ ਸਾਹਮਣੇ ਜਾ ਕੇ ਚਰਚਾ ਕਰੇ ਤਾਂ ਉਹ ਪੰਡਿਤ ਹਾਰ ਜਾਏਗਾ। ਉਸ ਵੇਲੇ ਪੰਡਿਤਾਂ ਨੇ 'ਗਾਂਗੇ ਤੇਲੀ' ਪਾਸ ਜਾ ਕੇ ਬੇਨਤੀ ਕੀਤੀ ਕਿ ਇੱਕ ਪੰਡਿਤ ਬਾਹਰੋਂ ਆਇਆ ਹੈ, ਉਸ ਨਾਲ ਆਪ ਜੀ ਨੇ ਚਰਚਾ ਕਰਨੀ ਹੈ ਤਾਂ ਗਾਂਗੇ ਤੇਲੀ ਨੇ ਕਿਹਾ, ਫਿਕਰ ਨ ਕਰੋ ਚਲਦੇ ਹਾਂ। ਉਸ ਵੇਲੇ ਗਾਂਗੇ ਤੇਲੀ ਨੂੰ ਖੂਬ ਜਲ ਨਾਲ ਪਹਿਲੇ ਇਸ਼ਨਾਨ ਕਰਵਾਇਆ, ਫੇਰ ਨਵੇਂ ਕਪੜੇ ਪੁਆਇ, ਤੇੜ ਮਰੋੜੀਦਾਰ ਧੋਤੀ ਬੰਨ੍ਹਵਾਈ । ਹੱਥ ਵਿੱਚ ਇੱਕ ਸੁੱਚਾ ਰੁਮਾਲ ਫੜਾਇਆ, ਪੈਰਾਂ ਵਿੱਚ ਨਵੀਂ ਜੁੱਤੀ ਪੁਆਈ। ਇਸ ਤਰ੍ਹਾਂ ਸਰੀਰ ਸਜਾ ਕੇ ਨਾਲ ਲੈ ਚਲੇ। ਜਦ ਨਜ਼ਦੀਕ ਜਾ ਕੇ ਪਹੁੰਚੇ ਤਾਂ ਗਾਂਗੇ ਤੇਲੀ ਨੇ ਉਹ ਨਵੀਂ ਜੁੱਤੀ ਉਤਾਰ ਕੇ ਸੱਚੇ ਰੁਮਾਲ ਵਿੱਚ ਲਪੇਟ ਕੇ ਬਗਲ ਵਿੱਚ ਰੱਖ ਲਈ। ਜਦ ਪੰਡਿਤ ਦੇ ਪਾਸ ਪਹੁੰਚਾ ਤਾਂ ਕਰਮਚਾਰੀ ਪੰਡਿਤ ਨੇ ਕਿਹਾ- ਹੇ ਪੰਡਿਤ ਜੀ! ਤੁਹਾਡੀ ਕਿੰ ਬਗਲੰ) ਬਗਲ ਵਿੱਚ ਕੀ ਹੈ ਤਾਂ ਗਾਂਗੇ ਤੇਲੀ ਨੇ ਕਿਹਾ- (ਕੰਟਕ ਚੂਰ ਪੁਰਾਨੰ) ਪੰਡਿਤ ਨੇ ਵਿਚਾਰਿਆ ਕਿ ਅਠਾਰਾਂ ਪੁਰਾਣਾਂ ਵਿੱਚੋਂ ਤਾਂ ਇਹ ਪੁਰਾਣ ਨਹੀਂ ਹੈ। ਖਿਆਲ ਹੈ ਇਹ ਕੋਈ ਭਾਰੀ ਵਿੱਦਵਾਨ ਹੈ, ਜਿਸ ਨੇ ਅਪਣੇ ਤਜ਼ਰਬੇ ਨਾਲ ਨਵਾਂ ਪੁਰਾਣ ਰਚਿਆ ਹੈ। ਪੁਨਾ ਕਰਮਚਾਰੀ ਪੰਡਿਤ ਨੇ ਕਿਹਾ, ਆਪ ਪ੍ਰਤੱਖ ਚਰਚਾ ਕਰਨੀ ਚਾਹੁੰਦੇ ਹੋ ਜਾਂ ਇਸ਼ਾਰੇ ਨਾਲ ਤਾਂ ਗਾਂਗੇ ਤੇਲੀ ਨੇ ਕਿਹਾ, ਜਿਵੇਂ ਆਪ ਦੀ ਮਰਜ਼ੀ ਹੋਵੇ, ਓਸੇ ਤਰ੍ਹਾਂ ਕਰੋ ਤਾਂ ਪੰਡਿਤ ਨੇ ਵਿਚਾਰਿਆ ਜੇਕਰ ਇਸ਼ਾਰੇ ਨਾਲ ਚਰਚਾ ਹੋਵੇ ਤਾਂ ਬਹੁਤ ਚੰਗਾ ਹੈ। ਉਸ ਵੇਲੇ ਪੰਡਿਤ ਨੇ ਇੱਕ ਉਂਗਲ ਖੜ੍ਹੀ ਕੀਤੀ, ਤਾਂ ਗਾਂਗੇ ਤੇਲੀ ਨੇ ਦੋ ਉਗਲਾਂ ਖੜ੍ਹੀਆਂ ਕਰ ਦਿੱਤੀਆਂ। ਪੰਡਿਤ ਨੇ ਪੰਜਾ ਉਲਾਰਿਆ ਤਾਂ ਗਾਂਗੇ ਤੇਲੀ ਨੇ ਸਾਰਾ ਹੱਥ ਸੰਕੋਚ ਲੀਤਾ, ਭਾਵ ਮੁਠ ਬੰਦ ਕਰ ਲੀਤੀ। ਬਸ, ਇਤਨੇ ਵਿੱਚ ਹੀ ਗਾਂਗੇ ਤੇਲੀ ਦੀ ਜੈ ਹੋ ਗਈ ਤੇ ਉਹ ਕਰਮਚਾਰੀ ਪੰਡਿਤ ਹਾਰ ਗਿਆ।

ਲੇਕਿਨ ਬਾਅਦ ਵਿੱਚ ਲੋਕਾਂ ਨੇ ਪੰਡਿਤ ਪਾਸੋਂ ਪੁੱਛਿਆ, ਆਪ ਨੇ ਕੀ ਚਰਚਾ ਕੀਤੀ ਹੈ, ਅਸਾਂ ਨੂੰ ਤਾਂ ਕੁਝ ਪਤਾ ਨਹੀਂ ਲੱਗਾ, ਤਾਂ ਪੰਡਿਤ ਨੇ ਸੁਣਾਇਆ ਮੈਂ ਇੱਕ ਉਂਗਲ ਖੜ੍ਹੀ ਕੀਤੀ- ਕਿ ਇਕ ਪਰਮਾਤਮਾ ਹੀ ਹੈ। ਤਾਂ ਉਸ ਨੇ ਦੋ ਉਂਗਲਾਂ ਖੜ੍ਹੀਆਂ ਕੀਤੀਆਂ ਕਿ ਦੂਜੀ ਮਾਇਆ ਭੀ ਹੈ, ਕਿਉਂਕਿ ਬ੍ਰਹਮ ਤੋਂ ਬਿਨਾਂ ਮਾਇਆ ਨੂੰ ਹੋਰ ਕਿਸੇ ਦਾ ਆਸਰਾ ਨਹੀਂ। ਫਿਰ ਮੈਂ ਪੰਜ ਉਂਗਲਾਂ ਖੜ੍ਹੀਆਂ ਕੀਤੀਆਂ, ਕਿ ਮਾਇਆ ਦੁਆਰੇ ਪੰਜ ਤੱਤ ਕੀਤੇ ਹਨ ਤੇ ਪੰਜਾਂ ਤੱਤਾਂ ਨਾਲ ਸਰੀਰ ਰਚਿਆ ਹੈ, ਤਾਂ ਉਸ ਨੇ ਮੁੱਕ ਵੱਟ ਕੇ ਦਿਖਾਈ ਕਿ ਮੈਂ ਪੰਜਾਂ ਤੱਤਾਂ ਰਚਤ ਸਰੀਰ ਨੂੰ ਵਸੀਕਾਰ ਕਰ ਰੱਖਿਆ ਹੈ, ਤਾਂ ਮੈਂ ਵਿਚਾਰਿਆ ਇਹ ਤਾਂ ਪੂਰਨ ਮਹਾਤਮਾ ਹਨ, ਜਿਨ੍ਹਾਂ ਨੇ ਅਪਣੇ ਸਰੀਰ ਨੂੰ ਵਸ ਵਿੱਚ ਕੀਤਾ ਹੋਇਆ ਹੈ, ਐਸੇ ਮਹਾਤਮਾਂ ਨਾਲ ਕੀ ਚਰਚਾ ਕਰਨੀ ਹੈ।

ਪੁਨਾ, ਗਾਂਗੇ ਤੇਲੀ ਪਾਸੋਂ ਜਾ ਕੇ ਲੋਕਾਂ ਪੁੱਛਿਆ, ਕਿ ਆਪ ਜੀ ਨੇ ਕੀ ਚਰਚਾ ਕੀਤੀ ਹੈ, ਅਸਾਂ ਨੂੰ ਤਾਂ

ਕੁਝ ਪਤਾ ਨਹੀਂ ਲੱਗਾ, ਤਾਂ ਗਾਂਗੇ ਤੇਲੀ ਨੇ ਸੁਣਾਇਆ ਕਿ ਪੰਡਿਤ ਬੜਾ ਖਰਾਬ ਨਿਕਲਿਆ ਹੈ, ਉਸ ਨੇ ਇੱਕ ਉਂਗਲ ਕਰਕੇ ਮੈਨੂੰ ਕਿਹਾ, ਕਿ ਤੂੰ ਕਾਣਾ ਹੈਂ, ਮੈਂ ਦੋ ਉਂਗਲਾਂ ਖੜ੍ਹੀਆਂ ਕਰ ਦਿੱਤੀਆਂ, ਕਿ ਮੈਂ ਤੇਰੀਆਂ ਦੋਵੇਂ ਅੱਖਾਂ ਕੱਢ ਦਿਆਂਗਾ। ਫੇਰ ਉਸ ਨੇ ਧੱਫਾ ਉਲਾਰਿਆ ਕਿ ਮੈਂ ਤੈਨੂੰ ਚਪੇੜ ਮਾਰਾਂਗਾ ਤੇ ਮੈਂ ਅੱਗੋਂ ਘਸੁੰਨ ਵੱਟ ਕੇ ਵਿਖਾ ਦਿੱਤਾ, ਕਿ ਜੇ ਤੂੰ ਚਪੇੜ ਮਾਰੇਂਗਾ ਤਾਂ ਮੈਂ ਤੈਨੂੰ ਘਸੁੰਨ ਮਾਰਾਂਗਾ, ਬੱਸ ਏਹੀ ਗੱਲਾਂ ਹੋਈਆਂ ਹਨ। ਇਸ ਵਜ੍ਹਾ ਨਾਲ ਪੰਡਿਤ ਗਿਆਨ ਨੂੰ ਗੁਆ ਕੇ ਰੋਂਦਾ ਹੋਇਆ।

ਭਾਈ ਗੁਰਦਾਸ ਜੀ ਨੇ ਸੂਤਰ ਰੂਪ ਦੇ ਵਿੱਚ ਏਸ ਸਾਖੀ ਦੀ ਪਉੜੀ ਲਿਖੀ ਹੈ:-

ਯਥਾ:- ਗੋਸ਼ਟ ਗਾਂਗੇ ਤੇਲੀਏ ਪੰਡਿਤ ਨਾਲ ਹੋਵੈ ਜਗ ਦੇਖੈ।
ਖੜੀ ਕਰੈ ਇਕ ਅੰਗੁਲੀ ਗਾਂਗਾ ਦੋਇ ਵਖਾਲੈ ਰੇਖੈ।
ਫੇਰ ਉਚਾਇ ਪੰਜੁੰਗਲਾਂ ਗਾਂਗਾ ਮੁਠ ਹਿਲਾਏ ਅਲੇਖੈ।
ਪੈਰੀ ਪੈ ਉਠ ਚਲਿਆ ਪੰਡਿਤ ਹਾਰ ਭੁਲਾਵੈ ਭੇਖੈ।
ਨਿਰਗੁਣ ਸਰਗੁਣ ਅੰਗ ਦੁਇ ਪਰਮੇਸਰ ਪੰਜ ਮਿਲਨ ਸਰੇਖੈ।
ਅਖੀਂ ਦੋਵੇਂ ਭਨਸਾ ਮੁਕੀ ਲਾਇ ਹਲਾਇ ਨਿਮੇਖੈ।
ਮੂਰਖ ਪੰਡਿਤ ਸੁਰਤ ਵਿਸੇਖੈ॥ ੧੮॥

ਬਾਲੀ ਰੋਵੈ ਨਾਹਿ ਭਤਾਰੁ॥

ਭਤਾਰੁ=ਪਤੀ ਦੇ ਨਾ ਰਹਿਣ ਕਰਕੇ ਬਾਲ=ਲੜਕੀ ਰੋਂਦੀ ਹੋਈ।

ਇੱਕ 'ਦਿਵੋ ਦਾਸ' ਨਾਮੇ ਰਾਜਾ ਸੀ, ਉਸ ਦੀ 'ਦਿਵਜਾ ਦੇਵੀ' ਨਾਮ ਕਰਕੇ ਇੱਕ ਲੜਕੀ ਸੀ। ਉਸ ਦਾ ਜਿਸ ਨਾਲ ਵੀ ਵਿਵਹ ਹੁੰਦਾ ਸੀ, ਉਹ ਲੜਕਾ ਮਰ ਜਾਂਦਾ ਸੀ। ਉਹ ਲੜਕੀ ਸਾਰੀ ਉਮਰਾ ਹੀ ਪਤੀ ਤੋਂ ਬਿਨਾਂ ਰੋਂਦੀ ਰਹੀ। (ਇਸ ਦੀ ਕਥਾ ਪਦਮ ਪੁਰਾਣ ਵਿਚ ਲਿਖੀ ਹੈ)

ਅਥਵਾ- ਜਿਸ ਵੇਲੇ ਸੁਗਰੀਵ ਦੇ ਭਾਈ ਬਾਲੀ ਨੂੰ ਸ੍ਰੀ ਰਾਮ ਚੰਦ੍ਰ ਜੀ ਨੇ ਬਾਣ ਨਾਲ ਮਾਰਿਆ, ਉਸ ਵੇਲੇ ਬਾਲੀ ਪਤੀ ਦੇ ਨਾ ਹੋਣ 'ਤੇ ਉਸ ਦੀ ਇਸਤ੍ਰੀ 'ਤਾਰਾ' ਰੁਦਨ ਕਰਦੀ ਹੋਈ।

ਅਥਵਾ- ਦੁਲੋ ਦੇਵੀ ਨਾਮੇ ਜੋ ਬਾਲੀ=ਇਸਤ੍ਰੀ ਹੈ, ਉਹ ਪਤੀ ਵਿਸ਼ਨੂੰ ਭਗਵਾਨ ਦੀ ਪ੍ਰਾਪਤੀ ਤੋਂ ਬਿਨਾਂ ਰਦਨ ਕਰਦੀ ਹੋਈ।,ਜਦ ਇਸ ਨੇ ਪ੍ਰਣ ਕਰ ਲਿਆ ਕਿ ਮੈਂ ਵਿਸ਼ਨੂੰ ਨਾਲ ਹੀ ਵਿਆਹ ਕਰਨਾ ਹੈ ਤਾਂ ਵਿਸ਼ਨੂੰ ਭਗਵਾਨ ਨੇ ਕਿਹਾ, ਜਿਸ ਵੇਲੇ ਤੂੰ 'ਸ੍ਵਾਸ ਬੀਰਜ' ਦੈਂਤ ਨੂੰ ਮਾਰੇਂਗੀ ਤਾਂ ਤੂੰ ਮੈਨੂੰ ਵਰੇਂਗੀ। ਉਸੀ ਵੇਲੇ ਦੁਲੋ ਦੇਵੀ ਸ਼ਸ੍ਤ੍ਰਾਂ ਨੂੰ ਸਜਾ ਕੇ ਰਣ ਕਰਨ ਨੂੰ ਚਲ ਪਈ। ਜੁੱਧ ਜੰਗ ਤਾਂ ਬਥੇਰਾ ਕੀਤਾ, ਪਰੰਤੂ 'ਸ੍ਵਾਸ ਬੀਰਜ' ਦੈਂਤ ਨੂੰ ਮਾਰ ਨਾ ਸਕੀ, ਇਸ 'ਤੇ ਵਿਸ਼ਨੂੰ ਭਗਵਾਨ ਜੀ ਨਾ ਮਿਲੇ ਤੇ ਰੁਦਨ ਹੀ ਕਰਦੀ ਰਹੀ।

ਨਾਨਕ ਦੁਖੀਆ ਸਭੁ ਸੰਸਾਰੁ॥
ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਇਸ ਵਜ੍ਹਾ ਕਰਕੇ ਸਾਰਾ ਸੰਸਾਰ ਹੀ ਦੁੱਖੀ ਹੈ। ਜੋ ਵਾਹਿਗੁਰੂ ਨਾਮ ਨੂੰ ਮੰਨਦਾ ਹੈ, ਉਹ ਜਿੱਤ ਜਾਂਦਾ ਹੈ, ਨਾਮ ਤੋਂ ਬਿਨਾਂ ਹੋਰ ਕੋਈ ਕਰਮ ਲੇਖੇ ਨਹੀਂ ਲਗਦਾ॥ ੧॥

ਮਃ ੨ ॥ ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾਂ ਸਭਿ ਬਾਦਿ ॥

ਵਾਹਿਗੁਰੂ ਨਾਮ ਦੇ ਮੰਨਨ ਕਰਨ ਨਾਲ ਜਪ, ਤਪ ਆਦਿਕ ਸਭ ਕੁਝ ਸਫਲ ਹੁੰਦੇ ਹਨ, ਨਾਮ ਤੋਂ ਬਿਨਾਂ ਹੋਰ ਸਭ ਕਾਰਾਂ ਬਾਦਿ=ਵਿਅਰਥ ਹਨ।

ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਗੁਰਾਂ ਦੀ ਕਿਰਪਾ ਦੁਆਰੇ ਵਾਹਿਗੁਰੂ ਨਾਮ ਦਾ ਮੰਨੀਐ=ਮੰਨਨ ਕਰਨਾ ਸਮਝੀਏ ਭਾਂ ਇਹ ਜੀਵ ਮੰਨਿਆ ਜਾਂਦਾ, ਭਾਵ ਆਦਰ ਸੰਯੁਕਤ ਹੁੰਦਾ ਹੈ॥ ੨ ॥

ਪਉੜੀ ॥ ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ ॥

ਕਾਇਆ=ਦੇਹ ਅਤੇ ਹੰਸੁ=ਜੀਵ ਦਾ ਆਪਸ ਵਿਚ ਮੇਲ ਧੁਰ ਤੋਂ ਹੀ ਕਰਤੇ ਪੁਰਖ ਨੇ ਲਿਖ ਪਾਇਆ ਹੈ।

ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥

ਉਹ ਕਰਤਾ ਪੁਰਖ ਸਾਰਿਆਂ ਵਿਚ ਗੁਪਤ ਹੋ ਕੇ ਵਰਤਦਾ ਹੈ, ਪਰ ਗੁਰਮੁਖਾਂ ਨੂੰ ਗੁਰਾਂ ਦੁਆਰੇ ਪਰਗਟ ਹੋ ਆਇਆ ਹੈ।

ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥

ਗੁਰਮੁਖ ਰਾਗ ਦੁਆਰੇ ਵੀ ਪਰਮੇਸ਼ਰ ਦੇ ਗੁਣਾਂ ਨੂੰ ਗਾਂਵਦੇ ਹਨ, ਬਾਣੀ ਦੁਆਰਾ ਵੀ ਗੁਣਾਂ ਨੂੰ ਉਚਾਰਦੇ ਹਨ ਅਤੇ ਉਨ੍ਹਾਂ ਦਾ ਮਨ ਵੀ ਗੁਣਾਂ ਦੇ ਵਿਚ ਸਮਾਇਆ ਹੋਇਆ ਹੈ।

ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ ॥

ਸਚੁ=ਨਿਸਚੇ ਕਰਕੇ ਉਨ੍ਹਾਂ ਦੀ ਬਾਣੀ ਸੱਚੀ ਹੈ, ਉਨ੍ਹਾਂ ਗੁਰਮੁਖਾਂ ਨੂੰ ਸੱਚੇ ਵਾਹਿਗੁਰੂ ਨੇ ਅਪਣੇ ਮੇਲ ਨਾਲ ਮਿਲਾਇਆ ਹੈ।

ਸਭੁ ਕਿਛੁ ਆਪੇ ਆਪਿ ਹੈ ਆਪੇ ਦੇਇ ਵਡਿਆਈ ॥ ੧੪ ॥

ਉਹ ਗੁਰਮੁਖ ਐਸੇ ਨਿਸਚੇ ਕਰਦੇ ਹਨ- ਕਿ ਪ੍ਰਭੂ ਸਭ ਕਿਛ ਆਪੇ ਆਪ ਹੀ ਹੈ, ਆਪਣੇ ਪਿਆਰਿਆਂ ਨੂੰ ਆਪ ਹੀ ਵਡਿਆਈ ਦੇਂਦਾ ਹੈ॥ ੧੪ ॥

ਵਾਹੁ ਵਹੁ ਸਚੇ ਪਾਤਿਸਾਹ ਤੂ ਸਚੀ ਨਾਈ ॥

ਹੇ ਸੱਚੇ ਪਾਤਸ਼ਾਹ ! ਤੂੰ ਧੰਨ ਹੈ ਧੰਨ, ਆਪ ਜੀ ਦੀ ਨਾਈ=ਵਡਿਆਈ ਵੀ ਸੱਚੀ ਹੈ।

ਸਲੋਕ ਮ: ੨ ॥ ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਇਹ ਜੀਵ ਅੰਧਾ ਅਗਿਆਨੀ ਹੋ ਕੇ ਸੰਤਾਂ ਦੇ ਸ਼ੁਭ ਗੁਣਾਂ ਰੂਪ ਰਤਨਾਂ ਨੂੰ ਪਰਖਣ ਜਾਂਦਾ ਹੈ। ਪਰੰਤੂ ਰਤਨ ਰੂਪ ਮਹਾਤਮਾ ਦੇ ਸ਼ੁਭ ਗੁਣਾਂ ਰੂਪ ਰਤਨਾਂ ਦੀ ਸੰਭਾਲ ਨਹੀਂ ਜਾਣਦਾ, ਸਗੋਂ ਆਪਣਾ ਆਪ ਜਣਾ ਕੇ ਆਉਂਦਾ ਹੈ॥ ੧ ॥

www.sikhbookclub.com

ਮਃ ੨ ॥ ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥
ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥

ਸ਼ੁਭ ਗੁਣਾਂ ਰੂਪ ਰਤਨਾਂ ਦੀ ਗੁੱਥੀ ਜੋ ਭਗਤੀ ਹੈ, ਉਹ ਰਤਨੀ=ਰਤਨਾਂ ਵਾਲਿਆਂ ਮਹਾਤਮਾ ਨੇ ਸਤਿਸੰਗ ਵਿੱਚ ਆ ਕੇ ਖੋਲ੍ਹੀ ਹੈ। ਵਖਰ=ਸੌਦਾ ਦੇਣ ਵਾਲੇ ਸੰਤਾਂ ਅਤੇ ਸੌਦਾ ਲੈਣ ਵਾਲਿਆਂ ਜਗਿਆਸੂ ਰੂਪ ਵਣਜਾਰਿਆਂ, ਇਨ੍ਹਾਂ ਦੋਹਾਂ ਵਿੱਚ ਉਹ ਭਗਤੀ ਰੂਪ ਗੁੱਥੀ ਸਮਾਅ ਰਹੀ ਹੈ।

ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਿਨ੍ਹਾ ਦੇ ਬੁੱਧੀ ਰੂਪ ਪੱਲੇ ਵਿੱਚ ਸ਼ੁਰਧਾ ਆਦਿ ਗੁਣ ਹਨ, ਉਹ ਸ੍ਰਵਨ, ਮਨਨ, ਨਿਧਿਆਸਣ ਰੂਪ ਮਾਣਕ ਨੂੰ ਖਰੀਦਦੇ ਹਨ। ਜੋ ਪੁਰਸ਼ ਵੈਰਾਗ ਆਦਿਕ ਸ਼ੁਭ ਗੁਣਾਂ ਰੂਪ ਰਤਨਾਂ ਦੀ ਸੰਭਾਲ ਨਹੀਂ ਜਾਣਦੇ, ਉਹ ਲੋਇ=ਲੋਕ, ਲੋਇ=ਗਿਆਨ ਦੀ ਤਰਫੋਂ ਅੰਨ੍ਹੇ ਵਤਹਿ=ਫਿਰਦੇ ਹੈਂ ॥ ੨ ॥

ਪਉੜੀ ॥ ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥

ਅਸਥੂਲ ਸਰੀਰ ਰੂਪ ਇੱਕ ਕੋਟੁ=ਕਿਲ੍ਹਾ ਹੈ, ਇਸ ਦੇ ਨੌ ਦਰਵਾਜ਼ੇ ਪ੍ਰਗਟ ਹਨ ਅਤੇ ਦਸਵਾਂ ਦੁਆਰ ਗੁਪਤ ਰੱਖਿਆ ਹੈ। ਬੱਜਰ ਦੀ ਤਰ੍ਹਾਂ ਸਖਤ ਖਟ ਚੱਕਰਾਂ ਰੂਪੀ,

ਅਥਵਾ:- ਪੰਜ ਕੋਸਾਂ ਰੂਪੀ ਕਪਾਟ=ਤਖ਼ਤੇ ਜੜੇ ਹੋਇ ਹਨ, ਜੋ ਅਪਣੇ ਆਪ ਖੁਲ੍ਹਦੇ ਨਹੀਂ, ਗੁਰਾਂ ਦੇ ਉਪਦੇਸ਼ ਦੁਆਰਾ ਹੀ ਖੁਲ੍ਹਦੇ ਹਨ।

ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥

ਉਸ ਦਸਮ ਦੁਆਰ ਵਿੱਚ ਅਨਹਦ=ਇੱਕ ਰਸ ਧੁਨ ਦੇ ਵਾਜੇ ਵੱਜਦੇ ਹਨ, ਪਰ ਗੁਰਾਂ ਦੇ ਸਬਦਿ= ਉਪਦੇਸ਼ ਕਰਕੇ ਸੁਣੀਂਦੇ ਹਨ। ਜਿਸ ਨੇ ਉਹ ਵਾਜੇ ਸੁਣੇ ਹਨ, ਤਿਸ ਦੇ ਘਟ ਅੰਤਰਿ=ਸਰੀਰ ਅੰਦਰ ਚਾਨਣ ਹੋਇਆ ਹੈ ਅਤੇ ਉਹ ਭਗਤੀ ਕਰਕੇ ਹਰੀ ਨਾਲ ਮਿਲਿਆ ਹੈ।

ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥ ੧੫ ॥

ਸਾਰਿਆਂ ਵਿੱਚ ਉਹ ਇੱਕ ਵਾਹਿਗੁਰੂ ਵਰਤਦਾ ਹੈ, ਜਿਸ ਨੇ ਆਪ ਹੀ ਸੰਸਾਰ ਰਚਨਾ ਬਣਾਈ ਹੈ ॥ ੧੫ ॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥

ਹੇ ਸੱਚੇ ਪਾਤਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਵੀ ਸੱਚੀ ਹੈ।

ਸਲੋਕ ਮ: ੨ ॥ ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥

ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥

ਅੰਧੇ ਅਗਿਆਨੀ ਦੇ ਦੱਸੇ ਹੋਇ ਰਸਤੇ ਉੱਤੇ, ਜੋ ਪੁਰਸ਼ ਅੰਧਾ ਅਗਿਆਨੀ ਹੁੰਦਾ ਹੈ, ਉਹੀ ਚਲ ਕੇ ਜਾਂਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੋ ਪੁਰਸ਼ ਗਿਆਨ, ਵੈਰਾਗ ਰੂਪੀ ਅੱਖਾਂ ਕਰਕੇ ਸੁਜਾਖਾ ਹੁੰਦਾ ਹੈ, ਉਹ ਭਲਾ ਸੰਸਾਰ ਉਜਾੜ ਵਿਚ ਕਿਵੇਂ ਪੈ ਸਕਦਾ ਹੈ, ਅਰਥਾਤ ਨਹੀਂ ਪੈਂਦਾ।

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥ ੧॥

ਇਹ ਪੁਰਸ਼ ਅੰਨ੍ਹੇ ਨਹੀਂ ਆਖੀਦੇ, ਜਿਨ੍ਹਾਂ ਦੇ ਮੂੰਹ ਉੱਤੇ ਅੱਖਾਂ ਨਹੀਂ ਹਨ। ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਉਹੀ ਪੁਰਸ਼ ਅੰਨ੍ਹੇ ਹਨ, ਜੇਹੜੇ ਅਪਣੇ ਮਾਲਕ ਪਰਮੇਸ਼ਰ ਵੱਲੋਂ ਘੁਥੇ ਜਾਹਿ=ਭੁੱਲ ਜਾਂਦੇ ਹਨ॥ ੧॥

ਮ: ੨॥ ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ॥
ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ॥

ਸਾਹਿਬ ਪਰਮਾਤਮਾ ਨੇ ਜੇਹੜਾ ਪੁਰਸ਼ ਕਰਮਾਂ ਦੇ ਅਨੁਸਾਰ ਅੰਨ੍ਹਾ ਕੀਤਾ ਹੈ। ਜੇਕਰ ਓਹੀ ਪਰਮੇਸ਼ਰ ਸੁਜਾਖਾ ਕਰੇ ਤਾਂ ਇਹ ਅੱਖਾਂ ਵਾਲਾ ਹੁੰਦਾ ਹੈ। ਹੁਣ ਅੰਨ੍ਹੇ ਦਾ ਸੁਭਾਅ ਦੱਸਦੇ ਹਨ- ਜੇਹੋ ਜੇਹਾ ਮਨ ਵਿਚ ਜਾਣਦਾ ਹੈ, ਤਿਸੀ ਤਰ੍ਹਾਂ ਵਰਤਦਾ ਹੈ, ਚਾਹੇ ਜੇਕਰ ਕੋਈ ਸਉ=ਸੈਂਕੜੇ ਵਾਰੀ ਵੀ ਪਿਆ ਆਖੇ, ਪਰੰਤੂ ਉਸ ਦਾ ਕਹਿਣਾ ਉਹ ਅੰਨ੍ਹਾ ਮੰਨਦਾ ਨਹੀਂ।

ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ॥
ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਂਣਿ॥ ੨॥

ਜਿਸ ਹਿਰਦੇ ਵਿਚ ਸ੍ਰੇਸ਼ਟ ਆਤਮ ਵਸਤੂ ਨਹੀਂ ਜਾਣੀ ਜਾਂਦੀ, ਓਥੇ ਆਪਾ ਭਾਅ ਵਰਤਿਆ ਜਾਨਣਾ ਕਰੋ।

ਅਥਵਾ:- ਜਿਥੇ ਆਤਮ ਵਸਤੂ ਹੈ, ਉਸ ਸਤਿਸੰਗ ਨੂੰ ਜਾਣਦਾ ਨਹੀਂ ਅਤੇ ਅਪਣੇ ਆਪ ਨੂੰ ਸਾਰੇ ਵਰਤਿਆ ਹੋਇਆ ਬ੍ਰਹਮ ਰੂਪ ਜਾਣਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਉਹ ਗਾਹਕੁ= ਜਗਿਯਾਸੂ ਵਾਹਿਗੁਰੂ ਪਰਮੇਸ਼ਰ ਨੂੰ ਕਿਵੇਂ ਲੈ ਸਕੇਗਾ, ਜੇਹੜਾ ਆਤਮ ਵਸਤੂ ਨੂੰ ਨਹੀਂ ਪਛਾਣ ਸਕਿਆ॥ ੨॥

***ਮ: ੨॥ ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥**
ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥ ੩॥

ਜੇਹੜਾ ਪੁਰਸ਼ ਉਸ ਵਾਹਿਗੁਰੂ ਦੇ ਹੁਕਮ ਵਿਚ ਅੰਨ੍ਹਾ ਹੋਇਆ ਹੈ, ਉਸ ਨੂੰ ਕਿਵੇਂ ਅੰਨ੍ਹਾ ਆਖੀਏ, ਭਾਵ ਉਹ ਅੰਨ੍ਹਾ ਨਹੀਂ ਹੈ।

**ਨੋਟ- ਕਰਤਾਰ ਪੁਰ ਸਾਹਿਬ ਵਾਲੀ ਬੀੜ ਵਿਚ ਪਾਠ '੨' ਅੰਕ ਹੀ ਹੈ ਅਤੇ ਦਮਦਮਾ ਸਾਹਿਬ ਵਾਲੀ ਬੀੜ ਵਿਚ ਪਾਠ ਮ: ੨ ਹੈ।*

www.sikhbookclub.com

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੇਹੜਾ ਪੁਰਸ਼ ਪਰਮੇਸ਼ਰ ਦੇ ਹੁਕਮ ਨੂੰ ਬੁੱਝਦਾ ਨਹੀਂ, ਉਹ ਮਨੁੱਖ ਅੰਨ੍ਹਾ ਕਹੀਦਾ ਹੈ।

ਅਥਵਾ- ਸੰਪ੍ਰਦਾਈ ਰੀਤੀ ਅਨੁਸਾਰ 'ਨ', ਅੱਖਰ ਉੱਪਰ ਸੇ ਲੈ ਕੇ ਐਸੇ ਅਰਥ ਕਰਨਾ, ਉਸ ਪੁਰਸ਼ ਨੂੰ ਕਿਵੇਂ ਅੰਨ੍ਹਾ ਆਖੀਏ, ਜੇਹੜਾ ਹੁਕਮ ਨੂੰ ਮੰਨ ਕੇ, ਨਹੀਂ ਅੱਧਾ ਹੋਇਆ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੋ ਵਾਹਿਗੁਰੂ ਦੇ ਹੁਕਮ ਨੂੰ ਨਹੀਂ ਬੁੱਝਦਾ, ਉਹ ਪੁਰਖ ਅੰਨ੍ਹਾ ਕਹੀਂਦਾ ਹੈ॥ ੩॥

[ਪੰਨਾ ੯੫੫]

ਪਉੜੀ॥ ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ॥

ਅਸਥੂਲ ਸਰੀਰ ਰੂਪੀ ਜੋ ਕੋਟੁ=ਕਿਲ੍ਹਾ, ਗੜੁ=ਘੜਿਆ ਹੋਇਆ ਹੈ, ਇਸ ਦੇ ਅੰਦਰ ਸਭ ਦੇਸ=ਇੰਦ੍ਰੇ ਅਤੇ ਦਿਸੰਤਰ=ਮਨ ਦੀਆਂ ਕੋਠੀਆਂ ਹਨ।

ਅਥਵਾ- ਕਾਂਇਆਂ ਰੂਪੀ ਕੋਟ ਜੋ ਘੜਿਆ ਹੋਇਆ ਹੈ, ਇਸ ਦੇ ਅੰਦਰ ਵੀ ਆਪ ਹੈ ਅਤੇ ਸਾਰਿਆਂ ਦੇਸਾਂ ਦਿਸਾਂਤਰਾਂ ਵਿਚ ਭੀ ਪੂਰਨ ਹੈ।

ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ॥
ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ॥

ਆਪ ਹੀ ਉਸ ਨੇ ਤਾੜੀ=ਸਮਾਧੀ ਲਗਾਈ ਹੈ ਅਤੇ ਆਪ ਹੀ ਸਾਰਿਆਂ ਵਿਚ ਪ੍ਰਵੇਸ਼ ਕਰ ਰਿਹਾ ਹੈ। ਆਪ ਹੀ ਉਸ ਨੇ ਸਾਰੀ ਸ੍ਰਿਸ਼ਟੀ ਬਣਾਈ ਹੈ ਅਤੇ ਅਪਣੇ ਆਪ ਨੂੰ ਗੁਪਤ ਰੱਖਿਆ ਹੋਇਆ ਹੈ।

ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ॥
ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ॥ ੧੬॥

ਗੁਰਮੁਖਾਂ ਨੇ ਗੁਰਾਂ ਦੀ ਸੇਵਾ ਤੋਂ ਸੱਚੇ ਏਸਾ=ਈਸ਼੍ਵਰ ਨੂੰ ਪਰਗਟ ਜਾਣਿਆ ਹੈ। ਗੁਰਾਂ ਨੇ ਇਹ ਗਿਆਤ ਪਾਈ ਹੈ ਕਿ ਸਚੁ=ਨਿਸਚੇ ਕਰਕੇ ਸਭ ਕੁਛ ਸੱਚ ਸਰੂਪ ਹੈ॥ ੧੬॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਵੀ ਸੱਚੀ ਹੈ।

ਸਲੋਕ ਮਃ ੧॥ ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ॥
ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹ ਕੁਹੇਤ॥

ਜਿਸ ਤਰ੍ਹਾਂ ਪ੍ਰਤੱਖ ਹਾੜੀ ਤੇ ਸਾਵਣੀ ਦੇ ਦੋ ਖੇਤ ਹੁੰਦੇ ਹਨ, ਏਸੇ ਪਰਕਾਰ ਰਾਤ ਸੌਣੀ ਹੈ ਤੇ ਦਿਨ ਹਾੜੀ ਵਾਂਗੂੰ ਹੈ ਅਤੇ ਕਾਮ, ਕ੍ਰੋਧ ਰੂਪ ਦੋ ਖੇਤ ਹਨ, ਅਰਥਾਤ ਰਾਤ ਰੂਪ ਸੌਣੀ ਦਾ ਕਾਮ ਰੂਪ ਖੇਤ ਹੈ, ਅਤੇ ਦਿਨ ਰੂਪ ਹਾੜੀ ਦਾ ਕ੍ਰੋਧ ਰੂਪੀ ਖੇਤ ਹੈ। ਪਦਾਰਥਾਂ ਦਾ ਲੱਬ ਇਹ ਵਤ੍ਰ ਹੈ, ਦਰੋਗੁ=ਝੂਠ ਬੋਲਣਾ ਇਹ ਬੀਜ ਹੈ, ਕੁ+ਹੇਤ=ਖੋਟਾ ਪ੍ਰੇਮ, ਇਹ ਰਾਹ=ਬੀਜਣੇ ਵਾਲਾ ਹਾਲੀ ਹੈ।

ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ॥
ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ॥ ੧॥

ਖੋਟਾ ਵਿਚਾਰ ਕਰਨਾ ਇਹ ਹਲ ਹੈ, ਵਿਸ਼ੇ ਵਿਕਾਰਾਂ ਰੂਪੀ ਮਣ=ਬੋਹਲ ਹੈ, ਹੁਕਮੀ ਦੇ ਹੁਕਮ ਵਿਚ ਹੀ ਅਸ਼ੁਭ ਗੁਣਾਂ ਨੂੰ ਖੱਟਦਾ ਤੇ ਖਾਂਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਦ ਪ੍ਰਲੋਕ ਵਿਚ ਲੇਖਾ ਮੰਗਿਆ ਜਾਂਦਾ ਹੈ, ਉਸ ਵੇਲੇ ਇਸ ਦੇ ਜਨਣੇ ਵਾਲੇ ਮਾਤਾ ਪਿਤਾ ਵੀ ਔਂਤਰੇ ਜਾਂਦੇ ਹਨ॥ ੧॥

ਹੁਣ ਸ੍ਰੇਸ਼ਟ ਖੇਤੀ ਦਾ ਪ੍ਰਕਾਰ, ਅਰਥਾਤ ਢੰਗ ਕਥਨ ਕਰਦੇ ਹਨ :-

ਮ: ੧॥ ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ॥
ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ॥

ਪਰਮੇਸ਼ਰ ਦਾ ਭਉ=ਡਰ ਹੋਣਾ, ਇਹ ਭੁਇ=ਪ੍ਰਿਥਵੀ ਹੈ, ਪਵਿੱਤ੍ਰਤਾ ਹੋਣੀ ਇਹ ਪਾਣੀ ਹੈ, ਸਤ, ਸੰਤੋਖ ਇਹ ਦੋ ਬਲਦ ਹਨ। ਹਲੇਮੀ= ਗਰੀਬੀ ਧਾਰਣੀ ਇਹ ਹਲ ਹੈ, ਸ਼ੁੱਧ ਚਿੱਤ ਹਾਲੀ ਹੈ, ਵਾਹਿਗੁਰੂ ਨੂੰ ਚੇਤੇ ਕਰਨਾ ਇਹ ਵੱਤ੍ਰ ਹੈ, ਗੁਰਾਂ ਨਾਲ ਜੇਹੜਾ ਸੰਜੋਗ ਹੋਣਾ ਹੈ, ਏਹੀ ਖੇਤੀ ਬੀਜਣ ਦਾ ਵਖਤ=ਸਮਾਂ ਹੈ।

ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ॥
ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ॥ ੨॥

ਨਾਮ ਜਪਣਾ ਬੀਜ ਹੈ, ਗੁਰਾਂ ਦੀ ਬਖਸ਼ਿਸ਼ ਹੋਣੀ, ਵਾ:- ਸਰੂਪ ਦੀ ਬਖਸ਼ਿਸ਼ ਹੋਣੀ ਇਹ ਬੋਹਲ ਹੈ, ਸਾਰੀ ਦੁਨੀਆਂ ਨੂੰ ਦਰੋਗ=ਝੂਠਾ ਸਮਝਣਾ ਇਹ ਉਸ ਬੋਹਲ ਉੱਤੇ ਕੱਪੜਾ ਪਾਇਆ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਨਦਰੀ=ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਹੋਵੇ, ਤਾਂ ਇਸ ਪ੍ਰਕਾਰ ਦੀ ਖੇਤੀ ਕਰਨੀ ਪ੍ਰਾਪਤ ਹੁੰਦੀ ਹੈ, ਜਾਂ ਇਹ ਖੇਤੀ ਪ੍ਰਾਪਤ ਹੋਵੇ ਤਾਂ ਸਾਰੇ ਵਿਜੋਗ=ਵਿਛੋੜੇ, ਭਾਵ ਦੁੱਖ ਚਲੇ ਜਾਂਦੇ ਹਨ॥ ੨॥

ਪਉੜੀ॥ ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ॥
ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ॥

ਮਨਮੁਖਾਂ ਦੇ ਹਿਰਦੇ ਵਿਚ ਮੋਹੁ ਗੁਬਾਰੁ=ਅਗਿਆਨ ਰੂਪ ਅਨ੍ਹੇਰਾ ਹੈ, ਏਸੇ ਕਰਕੇ ਦ੍ਵੈਤ ਭਾਅ ਵਿਚ ਬੋਲਦੇ ਹਨ। ਦ੍ਵੈਤ ਭਾਅ ਕਰਕੇ ਸਦਾ ਦੁੱਖ ਹੀ ਹੁੰਦਾ ਹੈ ਕਿਉਂਕਿ ਦ੍ਵੈਤ ਭਾਅ ਵਾਲਾ ਪੁਰਸ਼ ਨਿਤਾਪ੍ਰਤੀ ਸ਼ਕਾਮ ਕਰਮਾਂ ਰੂਪ ਜਲ ਨੂੰ ਹੀ ਵਿਰੋਲੈ=ਰਿੜਕਦਾ ਹੈ।

ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ॥
ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ॥

ਜੋ ਗੁਰਮੁਖ ਗੁਰਾਂ ਦੁਆਰੇ ਨਾਮ ਨੂੰ ਧਿਆਉਂਦਾ ਹੈ, ਉਹ ਮਥਿ=ਵਿਚਾਰ ਕੇ ਸਿਧਾਂਤ ਰੂਪ ਮੱਖਣ ਨੂੰ ਕੱਢ ਲੈਂਦਾ ਹੈ। ਜਿਸ ਦਾ ਅੰਦਰ ਪ੍ਰਕਾਸ਼ ਹੋ ਰਿਹਾ ਹੈ, ਉਸ ਪ੍ਰਮੇਸ਼ਰ ਦਾ ਜਦ ਘਟਿ=ਸਰੀਰ ਵਿਚ, ਚਾਨਣਾ=ਗਿਆਨ ਹੋਇਆ ਤਾਂ ਹਰੀ ਨੂੰ ਢੂੰਡ ਕੇ ਲੱਭ ਲਿਆ, ਵਾ:- ਘਟ ਦੇ ਅੰਦਰ ਜਦ ਚਾਨਣਾ=ਗਿਆਨ ਦਾ ਪ੍ਰਕਾਸ਼ ਹੋਇਆ ਤਾਂ ਹਰੀ ਨੂੰ ਢੂੰਡ ਕੇ ਲੱਭ ਲਿਆ।

ਆਪੇ ਭਰਮਿ ਭੁਲਾਇਦਾ ਕਿਛੁ ਕਹਣੁ ਨ ਜਾਈ॥ ੧੭॥

ਪਰਮੇਸ਼ਰ ਆਪ ਹੀ ਕਰਮਾਂ ਅਨੁਸਾਰ ਜੀਵ ਨੂੰ ਭਰਮ ਵਿਚ ਭੁਲਾਂਦਾ ਹੈ, ਪਰ ਉਸ ਨੂੰ ਕੁਝ ਕਿਹਾ ਨਹੀਂ ਜਾਂਦਾ॥ ੧੭॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ ! ਤੂੰ ਧੰਨ ਹੈਂ ਧੰਨ, ਤੇਰੀ ਨਾਈ=ਵਡਿਆਈ ਭੀ ਸੱਚੀ ਹੈ।

ਸਲੋਕ ਮਃ ੨॥ ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਭਾਈ ! ਖਾਣ, ਪੀਣ ਦੀ ਚਿੰਤਾ ਨਾ ਕਰੋ, ਕਿਉਂਕਿ ਤੁਹਾਡੇ ਖਾਣ, ਪਾਣ ਦੀ ਚਿੰਤਾ ਉਸ ਪਰਮੇਸ਼ਰ ਨੂੰ ਹੈ। ਜੋ ਜਲ ਵਿਚ ਜੀਵਾਂ ਨੂੰ ਉਤਪਤ ਕਰਕੇ ਉਨ੍ਹਾਂ ਨੂੰ ਭੀ ਰੋਜ਼ੀ ਦੇਂਦਾ ਹੈ।

ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥

ਓਥੇ ਪਾਣੀ ਵਿਚ ਨਾ ਤਾਂ ਹੱਟੀ ਚਲਦੀ ਹੈ ਅਤੇ ਨਾ ਹੀ ਕੋਈ ਕਿਰਸ ਕਰੇਇ=ਖੇਤੀ ਕਰਦਾ ਹੈ। ਮੂਲਿ=ਕਦਾਚਿਤ ਸੌਦਾ ਭੀ ਨਹੀਂ ਹੁੰਦਾ, ਨਾ ਕੋਈ ਲੈਂਦਾ ਹੈ ਨਾ ਕੋਈ ਦੇਂਦਾ ਹੈ।

ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥

ਜੀਵਾਂ ਦਾ ਭੋਜਨ ਜੀਅ ਕੀਤੇ ਹਨ, ਇਸ ਪ੍ਰਕਾਰ ਦਾ ਖਾਣਾ ਉਹ ਕਰਦੇ ਹਨ, ਸਾਇਰਾ=ਸਮੁੰਦ੍ਰਾਂ ਵਿਚ ਭੀ ਅਨੇਕਾਂ ਜੀਵ ਪੈਦਾ ਕੀਤੇ ਹਨ, ਉਨ੍ਹਾਂ ਦੀ ਸਾਰ ਸੰਭਾਲ ਭੀ ਓਹੀ ਪਰਮੇਸ਼ਰ ਕਰਦਾ ਹੈ।

ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਭਾਈ ! ਚਿੰਤਾ ਨਾ ਕਰੋ, ਤੁਹਾਡੇ ਖਾਣ, ਪਾਣ ਦੀ ਚਿੰਤਾ ਉਸ ਵਾਹਿਗੁਰੂ ਨੂੰ ਹੈ, ਜਿਸ ਨੇ ਤੁਹਾਨੂੰ ਪੈਦਾ ਕੀਤਾ ਹੈ॥ ੧॥

ਮਃ ੧॥ ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ॥
ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਇਹ ਤ੍ਰਿਸ਼ਨਾਲੂ ਜੀਵ ਮੱਛੀ ਵਾਂਗੂ ਹੈ ਤੇ ਇਸ ਦੇ ਮਾਰਨੇ ਨੂੰ ਕਾਲ ਰੂਪ ਝੀਵਰ ਹੈ। *ਅਥਵਾ:-* ਤ੍ਰਿਸ਼ਨਾਲੂ ਕਾਲ ਝੀਵਰ ਹੈ ਤੇ ਜੀਵ ਮੱਛੀ ਰੂਪ ਹੈ। ਇਹ ਅੰਧਾ ਅਗਿਆਨੀ ਮਨ ਵਾਹਿਗੁਰੂ ਨੂੰ ਚੇਤਦਾ ਨਹੀਂ, *ਵਾ:-* ਮੌਤ ਨੂੰ ਚੇਤੇ ਨਹੀਂ ਰੱਖਦਾ, ਇਸ ਕਰਕੇ ਅਚਿੰਤਾ=ਅਚਾਨਕ ਹੀ ਜਮਾਂ ਦਾ ਜਾਲ ਆ ਕੇ ਪੈਂਦਾ ਹੈ।

ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ॥
ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੀਵ ਦਾ ਚਿਤੁ ਅਚੇਤੁ=ਅਗਿਆਤ ਹੈ, ਏਸੇ ਕਰਕੇ ਪਦਾਰਥਾਂ ਦੀ ਚਿੰਤਾ ਵਿਚ ਬੱਧਾ ਜਾਂਦਾ ਹੈ। ਵਾਹਿਗੁਰੂ ਜੇਕਰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਆਪਣੇ ਨਾਲ ਮਿਲਾ ਲੈਂਦਾ ਹੈ॥ ੨॥

ਪਉੜੀ॥ ਸੇ ਜਨ ਸਾਚੇ ਸਦਾ ਸਦਾ ਜਿਨੀ ਹਰਿ ਰਸੁ ਪੀਤਾ॥
ਗੁਰਮੁਖਿ ਸਚਾ ਮਨਿ ਵਸੈ ਸਚੁ ਸਉਦਾ ਕੀਤਾ॥

ਉਹ ਪੁਰਸ਼ ਸਦਾ ਸਦਾ ਸੱਚੇ ਹਨ, ਜਿਨ੍ਹਾਂ ਨੇ ਸਦਾ ਹਰੀ ਨਾਮ ਰਸ ਨੂੰ ਪੀਤਾ ਹੈ। ਗੁਰਮੁਖਾਂ ਦੇ ਮਨ ਵਿਚ ਸੱਚਾ ਵਸਦਾ ਹੈ ਕਿਉਂਕਿ ਉਨ੍ਹਾਂ ਨੇ ਸੱਚ ਨਾਮ ਦਾ ਸੌਦਾ ਕੀਤਾ ਹੈ।

ਸਭੁ ਕਿਛੁ ਘਰ ਹੀ ਮਾਹਿ ਹੈ ਵਡਭਾਗੀ ਲੀਤਾ॥
ਅੰਤਰਿ ਤ੍ਰਿਸਨਾ ਮਰਿ ਗਈ ਹਰਿ ਗੁਣ ਗਾਵੀਤਾ॥

ਉਨ੍ਹਾਂ ਗੁਰਮੁਖਾਂ ਦੇ ਘਰ ਵਿਚ ਸਭ ਕੁਝ ਹੈ, ਗੁਰਮੁਖਾਂ ਨੇ ਵਡਿਆਂ ਭਾਗਾਂ ਕਰਕੇ ਨਾਮ ਰੂਪ ਸੌਦਾ ਲੀਤਾ ਹੈ। ਗੁਰਮੁਖ ਦੇ ਹਿਰਦੇ ਅੰਦਰੋਂ ਤ੍ਰਿਸ਼ਨਾ ਮਰ ਗਈ ਹੈ ਅਤੇ ਉਨ੍ਹਾਂ ਨੇ ਹਰੀ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ।

ਆਪੇ ਮੇਲਿ ਮਿਲਾਇਅਨੁ ਆਪੇ ਦੇਇ ਬੁਝਾਈ॥ ੧੮॥

ਜਿਨ੍ਹਾਂ ਨੂੰ ਆਪ ਪਰਮੇਸ਼ਰ ਸਮਝਾ ਦੇਂਦਾ ਹੈ, ਉਨ੍ਹਾਂ ਨੂੰ ਅਪਣੇ ਮੇਲ ਨਾਲ ਮਿਲਾ ਲੈਂਦਾ ਹੈ॥ ੧੮॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਿਸ਼ਾਹ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ॥

ਸਲੋਕ ਮਃ ੧॥

ਉਥਾਨਕਾ:- ਕਿਸੇ ਸਿੱਖ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ, ਹੇ ਸਤਿਗੁਰੂ ਦੇਵ ਜੀਓ! ਵਿਛੁੜੀ ਹੋਈ ਜੀਵ ਰੂਪ ਇਸਤ੍ਰੀ ਦਾ ਪਤੀ ਪਰਮਾਤਮਾ ਨਾਲ ਕਿਵੇਂ ਮਿਲਾਪ ਹੋਵੇ? ਤਾਂ ਗੁਰੂ ਜੀ ਪਹਿਲੇ ਕੱਪੜੇ ਦਾ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ:-

ਵੇਲਿ ਪਿੰਵਾਇਆ ਕਤਿ ਵੁਣਾਇਆ॥
ਕਟਿ ਕੁਟਿ ਕਰਿ ਖੁੰਬਿ ਚੜਾਇਆ॥

ਜਿਵੇਂ ਰੂੰਈ ਨੂੰ ਪਹਿਲੇ ਵੇਲਣੇ ਵਿਚ ਵੇਲਿਆ ਜਾਂਦਾ ਹੈ, ਫਿਰ ਪੇਂਜਿਆ ਜਾਂਦਾ ਹੈ, ਪੁਨਾ, ਕੱਤਿਆ ਜਾਂਦਾ ਹੈ ਅਤੇ ਉਣਾਇਆ ਜਾਂਦਾ ਹੈ। ਫਿਰ ਕੱਟ ਕੁੱਟ ਕੇ ਖੁੰਬ ਉੱਤੇ ਚੜ੍ਹਾਇਆ ਜਾਂਦਾ ਹੈ। ਜਦ ਸਾਫ ਹੋ ਕੇ ਔਂਦਾ ਹੈ ਤਾਂ :-

ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ॥

ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ॥

ਲੋਹੇ ਦੀ ਕੈਂਚੀ ਨਾਲ ਵੱਢਿਆ ਜਾਂਦਾ ਹੈ, ਤੇ ਦਰਜੀ ਪਾੜਦਾ ਹੈ, ਪੁਨਾ ਸੂਈ ਧਾਗੇ ਨਾਲ ਸਿਉਂਦਾ ਹੈ ਇਹ ਹੈ ਦ੍ਰਿਸ਼ਟਾਂਤ। ਇਸੀ ਪਰਕਾਰ:-

ਵੇਲਿ=ਵੈਰਾਗ ਨੂੰ ਧਾਰੇ, **ਪਿੰਞਾਇਆ**=ਵਿਵੇਕ ਨੂੰ ਧਾਰੇ। **ਕਤਿ**=ਖਟ ਸੰਪਤੀ, **ਵੁਣਾਇਆ**=ਮੋਖ ਇੱਛਾ।

ਕਟਿ=ਸ੍ਰਵਨ ਕਰਕੇ ਪ੍ਰਮਾਣ ਗਤ ਸੰਸੇ ਨੂੰ ਦੂਰ ਕਰੇ, ਪ੍ਰਮਾਣ ਗਤ ਸੰਸਾ ਇਹ ਹੈ ਕਿ ਵੇਦਾਂਤ ਸ਼ਾਸਤ੍ਰ ਬ੍ਰਹਮ ਦਾ ਪ੍ਰਤਿਪਾਦਨ ਹੈ ਕਿ ਅਨ ਵਸਤੂ ਦਾ ਪ੍ਰਤਿਪਾਦਕ ਹੈ। ਇਸ ਸੰਸੇ ਨੂੰ ਸ੍ਰਵਨ ਕਰਕੇ ਦੂਰ ਕਰੇ।

ਕੁਟਿ=ਮਨਨ ਕਰਕੇ ਪ੍ਰਮੇਯ ਗਤ ਸੰਸੇ ਨੂੰ ਦੂਰ ਕਰੇ, ਪ੍ਰਮੇਯ ਗਤ ਸੰਸਾ ਇਹ ਹੈ ਕਿ ਮੈਂ ਬ੍ਰਹਮ ਹਾਂ ਕਿ ਅਨ (ਹੋਰ) ਹਾਂ ਇਸ ਸੰਸੇ ਨੂੰ ਮੰਨਨ ਕਰਕੇ ਦੂਰ ਕਰੇ।

ਖੁੰਬਿ ਚੜਾਇਆ=ਨਿਧਿਆਸਣ ਨੂੰ ਕਰਕੇ ਵਿਪਰਜੇ ਭਾਵਨਾ ਨੂੰ ਦੂਰ ਕਰੇ, ਵਿਪਰਜੇ ਭਾਵਨਾ ਇਹ ਹੈ ਕਿ ਮੈਂ ਬ੍ਰਹਮ ਰੂਪ ਨਹੀਂ ਹਾਂ ਕਿੰਤੂ ਦੇਹ ਰੂਪ ਹਾਂ, ਇਸ ਵਿਪਰਜੇ ਭਾਵਨਾ ਨੂੰ ਨਿਧਿਆਸਣ ਰਾਹੀਂ ਦੂਰ ਕਰੇ।

ਲੋਹਾ ਵਢੇ=ਲੋਭ ਨੂੰ ਵੱਢ ਦੇਵੇ, *ਅਥਵਾ:-* ਲੋਹਾ=ਰਜੋ ਗੁਣ ਨੂੰ ਵੱਢੇ।

ਦਰ+ਜੀ ਪਾੜੇ=ਦਰ ਅੰਦਰ ਜੋ ਜੀਵਤ ਭਾਅ ਹੈ ਉਸ ਨੂੰ ਪਾੜੇ।

ਸੂਈ ਧਾਗਾ ਸੀਵੈ=ਬ੍ਰਹਮਾਕਾਰ ਬਿਰਤੀ ਰੂਪ ਸੂਈ ਕਰਕੇ ਅਤੇ ਵਿਚਾਰ ਰੂਪ ਧਾਗੇ ਕਰਕੇ ਆਪਣੇ ਆਪ ਨੂੰ ਸੀਵੇ, ਕਿਆ ਅਭੇਦ ਕਰੇ।

ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ॥

ਪਤੀ ਨਾਲੋਂ ਪਾਟੀ=ਵਿੱਛੁੜੀ ਹੋਈ ਜੀਵ ਰੂਪ ਇਸਤ੍ਰੀ ਇਸ ਵਜ੍ਹਾ ਕਰਕੇ ਸਿਫਤੀ ਸੀਪੈ=ਪਰਮਾਤਮਾ ਨਾਲ ਅਭੇਦ ਹੁੰਦੀ ਹੈ, ਤਾਂ ਫਿਰ ਜੀਂਵਦੀ ਹੀ ਜੀਂਵਦੀ ਹੈ।

ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ॥

ਜਦ ਕੱਪੜਾ ਪੁਰਾਣਾ ਹੁੰਦਾ ਹੈ ਤਾਂ ਫਟ ਜਾਂਦਾ ਹੈ, ਫਿਰ ਉਸ ਨੂੰ ਸੂਈ ਧਾਗੇ ਨਾਲ ਗੰਢਦੇ ਹਨ।

ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ॥

ਮਾਹੁ=ਮਹੀਨਾ, ਪਖੁ=ਪੰਦਰਾਂ ਦਿਨ ਕੁਛ ਚਲਦਾ ਨਹੀਂ ਕੇਵਲ ਇੱਕ ਘੜੀ ਜਾਂ ਮੁਹਤੁ=ਅੱਧੀ ਘੜੀ ਤੱਕ ਕੁਛ ਹੰਢਦਾ ਹੈ।

[ਪੰਨਾ ੯੫੬]

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥

ਅਤੇ ਸੱਚ ਨਾਮ ਜਪਣ ਵਾਲਾ ਕਦੇ ਪੁਰਾਣਾ ਨਹੀਂ ਹੁੰਦਾ, ਕਿਉਂਕਿ ਜੋ ਇੱਕ ਵਾਰੀ ਪਰਮੇਸ਼ਰ ਨਾਲ ਸੀਤਾ ਗਿਆ ਹੈ, ਉਹ ਫਿਰ ਕਦੇ ਪਾਟਦਾ ਨਹੀਂ।

ਯਥਾ:- ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥

(ਗਉੜੀ ਮ:੫, ਪੰਨਾ-੨੪੯)

www.sikhbookclub.com

ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਉਹ ਸਾਹਿਬ ਪ੍ਰਮਾਤਮਾਂ ਸਚ=ਨਿਸਚੇ ਕਰਕੇ ਸੱਚਾ ਹੈ, ਜਦ ਤੱਕ ਪ੍ਰਾਣ ਹਨ- ਤਿਚਰੁ=ਉਦੋਂ ਤੱਕ ਜਪਣੇ ਵਾਲਾ ਹੋ ਕੇ ਉਸ ਪ੍ਰਮਾਤਮਾ ਨੂੰ ਜਪਣਾ ਕਰੇ॥ ੧॥

ਮਃ ੧॥

ਉਥਾਨਕਾ:- ਜਿਸ ਵੇਲੇ ਸਤਿਗੁਰੂ ਨਾਨਕ ਦੇਵ ਮਹਾਰਾਜ ਜੀ ਸੇਖ ਬ੍ਰਹਮ ਦੇ ਪਾਸ ਗਏ, ਤਾਂ ਉਸ ਨੇ ਗੁਰੂ ਜੀ ਦਾ ਸ੍ਵਾਗਤ ਕਰਨ ਵਾਸਤੇ ਬੱਕਰੇ ਨੂੰ ਕੋਹਿਆ। ਬੱਕਰੇ ਨੂੰ ਕੋਹਦਾ ਵੇਖ ਕੇ ਗੁਰੂ ਸਾਹਿਬ ਜੀ ਨੇ ਇਸ ਸਲੋਕ ਦੁਆਰੇ ਉਪਦੇਸ਼ ਦਿੱਤਾ ਕਿ ਪ੍ਰਤੱਖ ਬੱਕਰਾ ਨਹੀਂ ਕੋਹਣਾ ਚਾਹੀਦਾ। ਅੰਤਰੀਵ ਮਨ ਰੂਪੀ ਬੱਕਰੇ ਨੂੰ ਸੱਚ ਦੀ ਛੁਰੀ ਨਾਲ ਕੋਹਣਾ ਚਾਹੀਦਾ ਹੈ।

ਸਚ ਕੀ ਕਾਤੀ ਸਚੁ ਸਭੁ ਸਾਰੁ॥ ਘਾੜਤ ਤਿਸ ਕੀ ਅਪਰ ਅਪਾਰ॥

ਸਚ=ਨਿਸਚੇ ਕਰਕੇ ਸਾਰਿਆਂ ਵਿੱਚ ਜੋ ਸੱਚ ਦੀ ਸੰਭਾਲ ਕਰਨੀ ਹੈ, ਏਹੀ ਸਾਰੁ ਕਾਤੀ=ਫੁਲਾਦੀ ਲੋਹੇ ਦੀ ਛੁਰੀ ਹੈ। ਉਸ ਦੀ ਸਫਾਈ ਰੂਪੀ ਘਾੜਤ ਅਪਰ ਅਪਾਰ=ਬਿਅੰਤ ਤੋਂ ਬਿਅੰਤ ਹੈ।

ਸਬਦੇ ਸਾਣ ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ ਸਮਾਇ॥

ਗੁਰਾਂ ਦੇ ਉਪਦੇਸ਼ ਰੂਪੀ ਸਾਣ ਉੱਤੇ ਲਗਾ ਕੇ ਰੱਖੀ ਹੋਈ ਹੈ ਅਤੇ ਸ਼ੁਭ ਗੁਣਾਂ ਦੀ ਥੇਕੈ=ਮਿਆਨ ਵਿਚ ਸਮਾਅ ਰਹੀ ਹੈ।

ਤਿਸ ਦਾ ਕੁਠਾ ਹੋਵੈ ਸੇਖੁ॥ ਲੋਹੂ ਲਬੁ ਨਿਕਥਾ ਵੇਖੁ॥

ਹੇ ਸ਼ੇਖ ਬ੍ਰਹਮ ! ਜੇਕਰ ਉਸ ਛੁਰੀ ਦਾ ਕੋਹਿਆ ਹੋਇਆ ਮਨ ਰੂਪੀ ਬੱਕਰਾ ਹੋਵੇ ਤਾਂ ਉਸ ਵਿਚੋਂ ਤੂੰ ਲੱਬ ਰੂਪੀ ਲਹੂ ਨੂੰ ਨਿਕਥਾ=ਨਿਕਲਿਆ ਹੀ ਵੇਖ।

ਹੋਇ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ॥ ੨॥

ਜੇਹੜਾ ਇਸ ਤਰ੍ਹਾਂ ਦੇ ਹਲਾਲ ਖਾਣ ਵਾਲਾ ਹੁੰਦਾ ਹੈ, ਉਹ ਹਕਿ=ਸਚਿ ਸਰੂਪ ਵਿਚ ਜਾ ਕੇ ਲਗਦਾ ਹੈ। *ਅਥਵਾ-* ਹਲਾਲ ਦਾ ਖਾਣਾ ਕੇਹੜਾ ਹੈ?

ਉੱਤਰ:- ਜੇਹੜਾ ਹਕਿ=ਸੱਚ ਸਰੂਪ ਵਿਚ ਜਾ ਕੇ ਲਗਣਾ ਹੈ, ਏਹੀ ਹਲਾਲ ਦਾ ਖਾਣਾ ਹੈ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਸੇਖ ਬ੍ਰਹਮ ! ਇਸ ਰੀਤੀ ਕਰਕੇ ਇਹ ਜੀਵ ਦੀਦਾਰਿ ਦਰਿ=ਸਰੂਪ ਦੇ ਅੰਦਰ ਸਮਾਉਂਦਾ ਹੈ॥ ੨॥

ਮਃ ੧॥

ਉਥਾਨਕਾ:- ਇੱਕ ਹੰਕਾਰੀ ਪੁਰਸ਼ ਘੋੜੇ ਉੱਤੇ ਚੜ੍ਹਿਆ ਹੋਇਆ ਮਦ (ਸ਼ਰਾਬ) ਦੀ ਮਸਤੀ ਨਾਲ ਘੋੜੇ ਨੂੰ ਦੁੜਾਈ ਆਉਂਦਾ ਸੀ। ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲਾ ਤੇ ਮਰਦਾਨਾ ਚਲੇ ਜਾ ਰਹੇ ਸਨ। ਘੋੜੇ ਦਾ ਦੁਲੱਤਾ ਵੱਜਣ ਕਰਕੇ ਭਾਈ ਮਰਦਾਨਾ ਡਿਗ ਪਿਆ। ਉਸ ਵੇਲੇ ਡਿਗਣ ਦੀ ਅਵਾਜ਼ ਸੁਣ ਕੇ ਗੁਰੂ ਸਾਹਿਬ ਜੀ ਉਸ ਹੰਕਾਰੀ ਪੁਰਸ਼ ਨੂੰ ਆਖਦੇ ਹਨ:-

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥ ੩॥

ਹੇ ਭਾਈ ! ਤੇਰੇ ਲੱਕ ਵਿਚ ਬੰਕੁੜਾ=ਸੁੰਦਰ ਕਟਾਰ ਸ਼ਸਤ੍ਰ ਹੈ ਅਤੇ ਬੰਕੇ=ਸੁੰਦਰ ਘੋੜੇ ਦਾ ਤੂੰ ਅਸਵਾਰ ਹੈਂ। ਪਰ ਤੂੰ ਹੰਕਾਰ ਨਾ ਕਰ, ਜੇ ਹੰਕਾਰ ਕਰੇਂਗਾ, ਤਾਂ ਮਤਾਂ ਸਿਰਿ ਭਾਰੁ=ਸਿਰ ਪਰਨੇ ਪ੍ਰਿਥਵੀ ਉੱਪਰ ਆਵੇਂਗਾ।

ਇਤਨੀ ਗੱਲ ਆਖਣ 'ਤੇ ਜਿਉਂ ਘੋੜੇ ਦਾ ਪੈਰ ਉਟਕਿਆ ਤੇ ਉਹ ਘੋੜੇ ਤੋਂ ਉਲਟਦੇ ਜ਼ਮੀਨ ਉੱਪਰ ਆ ਡਿਗਾ। - **ਦੂਜਾ ਅਰਥ-**

ਅਥਵਾ:- ਬੰਕੇ ਕਾ ਅਸਵਾਰੁ=ਸੁੰਦਰ ਸਰੀਰ ਦਾ ਅਸਵਾਰ ਹੈ, ਭਾਵ ਮਨੁੱਖਾ ਦੇਹ ਦੀ ਪ੍ਰਾਪਤੀ ਹੈ ਅਤੇ ਕਮਰ ਵਿਖੇ ਸੁੰਦਰ ਕਟਾਰ ਸ਼ਸਤ੍ਰ ਹੈ, ਭਾਵ- ਭਾਵੇਂ ਬੁੱਧੀ ਵਿਚ ਸ਼ਾਸਤ੍ਰ ਗਿਆਨ ਵੀ ਹੈ। ਪਰ ਫੇਰ ਵੀ ਹੇ ਪੁਰਸ਼ਾ! ਵਿੱਦਿਆ ਦਾ ਹੰਕਾਰ ਨਾ ਕਰ, ਜੇ ਕਰੇਂਗਾ ਤਾਂ ਮਤਾਂ ਸਿਰ ਪਰਨੇ ਆਵੇਂਗਾ, ਭਾਵ ਮਾਤਾ ਦੇ ਉਦਰ ਵਿਚ ਉਪੱਠਾ ਟੰਗਿਆ ਜਾਏਂਗਾ॥ ੩॥

ਪਉੜੀ॥ ਸੋ ਸਤਸੰਗਤਿ ਸਬਦਿ ਮਿਲੈ ਜੋ ਗੁਰਮੁਖਿ ਚਲੈ॥
ਸਚੁ ਧਿਆਇਨਿ ਸੇ ਸਚੇ ਜਿਨ ਹਰਿ ਖਰਚੁ ਧਨੁ ਪਲੈ॥

ਜੋ ਗੁਰਮੁਖ ਪੁਰਸ਼ ਸਤਸੰਗਤ ਵੱਲ ਚਲਦੇ ਹਨ, ਉਹੀ ਸਬਦਿ ਮਿਲੈ=ਬ੍ਰਹਮ ਨਾਲ ਮਿਲੇ ਹਨ। ਜੋ ਸੱਚ ਨਾਮ ਨੂੰ ਧਿਆਉਂਦੇ ਹਨ ਓਹੀ ਸੱਚੇ ਹਨ, ਜਿਨ੍ਹਾਂ ਦੇ ਬੁੱਧੀ ਰੂਪ ਪੱਲੇ ਵਿਚ ਖਰਚਣੇ ਨੂੰ ਹਰੀ ਨਾਮ ਰੂਪ ਧਨ ਹੈ।

ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ॥
ਰਤਨ ਵੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ॥

ਗੁਰਾਂ ਦੀ ਅਚੱਲ ਸਿੱਖਿਆ ਦੁਆਰੇ ਭਗਤ ਜਨ ਵਾਹਿਗੁਰੂ ਦੇ ਗੁਣ ਗਾਂਵਦੇ ਹੋਇ ਸੋਭਦੇ ਹਨ। ਗੁਰਾਂ ਦੇ ਭਲੈ=ਚੰਗੇ ਉਪਦੇਸ਼ ਦੁਆਰਾ ਭਗਤਾਂ ਦੇ ਮਨ ਵਿਚ ਰਤਨ ਵੀਚਾਰੁ=ਵੈਰਾਗ ਤੇ ਸ੍ਰੇਸ਼ਟ ਵਿਚਾਰ ਵਸਿਆ ਹੈ।

ਆਪੇ ਮੇਲਿ ਮਿਲਾਇਦਾ ਆਪੇ ਦੇਇ ਵਡਿਆਈ॥ ੧੯॥

ਉਹ ਵਾਹਿਗੁਰੂ ਭਗਤਾਂ ਨੂੰ ਆਪਣੇ ਮੇਲ ਨਾਲ ਆਪ ਹੀ ਮਿਲਾਉਂਦਾ ਹੈ ਅਤੇ ਆਪ ਹੀ ਵਡਿਆਈ ਦੇਂਦਾ ਹੈ॥ ੧੯॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ।

ਸਲੋਕ ਮ: ੩॥
ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ॥
ਨਾਨਕ ਜੋ ਮਰਿ ਜੀਵਿਆ ਸਹਿਲਾ ਆਇਆ ਸੋਇ॥ ੧॥

ਸਭ ਕੋਈ ਪਦਾਰਥਾਂ ਦੀ ਆਸਾ ਦੇ ਅੰਦਰ ਹੈ, ਕੋਈ ਵਿਰਲਾ ਗੁਰਮੁਖ ਹੀ ਆਸਾ ਤੋਂ ਨਿਰਾਸ ਹੁੰਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੋ ਪੁਰਸ਼ ਜੀਵਤ ਭਾਅ ਤੋਂ ਮਰਿਆ ਹੈ, ਉਸ ਦਾ ਆਇਆ ਸਹਿਤ

www.sikhbookclub.com

ਲਾਭ ਦੇ ਹੈ, *ਅਥਵਾ:-* ਸਹਿਲਾ=ਸਫਲਾ ਹੈ॥ ੧॥

ਮ: ੩॥ ਨਾ ਕਿਛੁ ਆਸਾ ਹਥਿ ਹੈ ਕੇਉ ਨਿਰਾਸਾ ਹੋਇ॥
ਕਿਆ ਕਰੇ ਏਹ ਬਪੁੜੀ ਜਾਂ ਭੁਲਾਏ ਸੋਇ॥ ੨॥

ਆਸਾ ਦੇ ਹੱਥ ਵਿਚ ਕੁਝ ਭੀ ਨਹੀਂ ਹੈ ਅਤੇ ਜੀਵ ਭੀ ਇਸ ਤੋਂ ਕਿਸ ਪ੍ਰਕਾਰ ਨਿਰਾਸ ਹੋਵੇ, ਭਾਵ ਨਿਰਾਸਾ ਨਹੀਂ ਹੋ ਸਕਦਾ।ਇਹ ਵਿਚਾਰੀ ਆਸਾ ਕੀ ਕਰ ਸਕਦੀ ਹੈ, ਭਾਵ ਕੁਝ ਨਹੀਂ ਕਰ ਸਕਦੀ ਜਾਂ ਉਹ ਪਰਮੇਸ਼ਰ ਆਪ ਹੀ ਭੁਲਾਵਣਾ ਕਰੇ।

ਅਥਵਾ:- ਜਾਂ ਉਹ ਪਰਮੇਸ਼ਰ ਆਪ ਜੀ ਭੁਲਾ ਦੇਵੇ ਤਾਂ ਇਹ ਬੁੱਧੀ, *ਵਾ:-* ਸ੍ਰਿਸ਼ਟੀ ਕੀ ਵਿਚਾਰ ਕਰ ਸਕਦੀ ਹੈ॥ ੨॥

ਪਉੜੀ॥ ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮ ਬਿਨੁ॥
ਪ੍ਰਭੁ ਦਾਤਾ ਦਾਤਾਰ ਨਿਹਚਲੁ ਏਹੁ ਧਨੁ॥

ਜੋ ਜੀਵਨ ਸੱਚ ਨਾਮ ਜਪੇ ਤੋਂ ਬਿਨਾਂ ਹੈ, ਸੰਸਾਰ ਵਿਚ ਉਸ ਜੀਵਨ ਨੂੰ ਧ੍ਰਿਗਕਾਰ ਹੈ। ਉਹ ਪ੍ਰਭੂ ਦਾਤਾਰਾਂ ਦਾ ਭੀ ਦਾਤਾ ਹੈ, ਉਸ ਦਾ ਇਹ ਨਾਮ ਰੂਪੀ ਧਨ ਨਿਸਚਲ ਹੈ।

ਸਾਸਿ ਸਾਸਿ ਆਰਾਧੇ ਨਿਰਮਲੁ ਸੋਇ ਜਨੁ॥
ਅੰਤਰਜਾਮੀ ਅਗਮੁ ਰਸਨਾ ਏਕੁ ਭਨੁ॥

ਜੋ ਪੁਰਸ਼ ਸੁਆਸ ਸੁਆਸ ਉਸ ਦੇ ਨਾਮ ਨੂੰ ਅਰਾਧਦਾ ਹੈ, ਉਹ ਜਨ ਨਿਰਮਲ ਹੈ। ਜੋ ਅਗਮ ਰੂਪ ਪਰਮਾਤਮਾ ਅੰਤਰਜਾਮੀ ਹੈ, ਉਸ ਇੱਕ ਨੂੰ ਰਸਨਾ ਨਾਲ ਭਨੁ=ਕਥਨ ਕਰ।

ਰਵਿ ਰਹਿਆ ਸਰਬਤਿ ਨਾਨਕੁ ਬਲਿ ਜਾਈ॥ ੨੦॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਜੋ ਪਰਮਾਤਮਾ ਸਾਰੇ ਰਵਿ ਰਹਿਆ=ਪਰੀਪੂਰਨ ਹੋ ਰਿਹਾ ਹੈ, ਮੈਂ ਉਸ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ॥ ੨੦॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਸ਼ਾਹ ! ਤੂੰ ਧੰਨ ਹੈਂ ਧੰਨ, ਆਪ ਜੀ ਦੀ ਨਾਈ=ਵਡਿਆਈ ਭੀ ਸੱਚੀ ਹੈ।

ਸਲੋਕੁ ਮ: ੧॥
ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥

ਜਿਵੇਂ, ਮਾਨ ਸਰੋਵਰ ਉੱਤੇ ਹੰਸਾਂ ਦਾ ਧੁਰ ਤੋਂ ਹੀ ਮੇਲਾ ਹੈ, ਖਸਮੈ=ਪਰਮਾਤਮਾ ਨੂੰ ਵੀ ਏਸੇ ਤਰ੍ਹਾ ਭਾਂਵਦਾ ਹੈ। ਮਾਨ ਸਰੋਵਰ ਦੇ ਅੰਦਰ ਹੀਰੇ ਮੋਤੀ ਹਨ, ਓਹੀ ਹੰਸਾਂ ਦਾ ਖਾਣਾ, ਅਰਥਾਤ ਖੁਰਾਕ ਹੈ।

ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥

ਓਨਾ ਰਿਜਕੁ ਨ ਪਾਇਓ ਓਥੈ ਓਨ੍ਹਾ ਹੋਰੋ ਖਾਣਾ॥

ਬਗੁਲਾ ਅਤੇ ਕਾਂ, ਮਾਨ ਸਰੋਵਰ ਉੱਤੇ ਨਹੀਂ ਰਹਿੰਦਾ, ਜੇਕਰ ਉਹ ਬੜਾ ਸਿਆਣਾ ਭੀ ਹੋਵੇ ਉਨ੍ਹਾਂ ਦਾ ਰਿਜ਼ਕ ਓਥੇ ਮਾਨ ਸਰੋਵਰ ਉੱਤੇ ਨਹੀਂ ਪਾਇਆ ਜਾਂਦਾ, ਕਿਉਂਕਿ ਉਨ੍ਹਾਂ ਦਾ ਖਾਣਾ ਹੀ ਹੋਰ ਹੈ। ਬਗਲੇ ਦਾ ਖਾਣਾ=ਭੋਜਨ ਮੱਛੀ ਹੈ, ਕਾਂ ਦਾ ਖਾਣਾ=ਭੋਜਨ ਵਿਸ਼ਟਾ ਹੈ। ਇਹ ਦ੍ਰਿਸ਼ਟਾਂਤ ਹੈ। ਏਸੇ ਪਰਕਾਰ—

ਗੁਰੂ ਰੂਪ ਸਰੋਵਰ ਉੱਪਰ ਹੰਸ=ਮਹਾਤਮਾ ਦਾ ਧੁਰ ਤੋਂ ਹੀ ਮਿਲਾਪ ਹੈ।

ਖਸਮੈ=ਪਰਮਾਤਮਾ ਨੂੰ ਇਸ ਪ੍ਰਕਾਰ ਹੀ ਭਾਂਵਦਾ ਹੈ।

ਗੁਰੂ ਰੂਪ ਮਾਨ ਸਰੋਵਰ ਉੱਪਰ ਬਗੁਲਾ=ਪਖੰਡੀ, ਕਾਂ=ਪਾਪੀ ਨਹੀਂ ਰਹਿੰਦਾ।

ਜੇਕਰ ਉਹ ਵੱਡਾ ਸਿਆਣਾ ਭੀ ਹੋਵੇ। ਉਨ੍ਹਾਂ ਪਖੰਡੀ ਤੇ ਪਾਪੀ ਦਾ ਰਿਜ਼ਕ ਓਥੇ ਨਹੀਂ ਪਾਇਆ ਜਾਂਦਾ, ਕਿਉਕਿ ਉਨ੍ਹਾਂ ਦਾ ਖਾਣਾ ਹੀ ਹੋਰ ਹੈ।

ਪਖੰਡੀ ਭਾਂ ਪਰ ਇਸਤ੍ਰੀਆਂ ਵੱਲ ਖੋਟੀ ਦ੍ਰਿਸ਼ਟੀ ਨਾਲ ਵੇਖਦਾ ਹੈ ਤੇ ਪਾਪੀ ਵਿਸ਼ਿਆਂ ਰੂਪੀ ਗੰਦਗੀ ਨੂੰ ਖਾਂਦਾ ਹੈ।

ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ॥ ੧॥

ਸੱਚ ਨਾਮ ਦੇ ਕਮਾਉਣ ਕਰਕੇ ਸੱਚਾ ਪਰਮੇਸ਼ਰ ਪਾਈਂਦਾ ਹੈ, ਝੂਠਿਆਂ ਦਾ ਝੂਠਾ ਹੀ ਮਾਣ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਪੂਰਨ ਸਤਿਗੁਰੂ ਉਨ੍ਹਾਂ ਨੂੰ ਮਿਲਿਆ ਹੈ, ਜਿਨ੍ਹਾਂ ਦੇ ਮਸਤਕ ਉੱਪਰ ਧੁਰੋਂ ਹੀ ਸ੍ਰੇਸ਼ਟ ਪਰਵਾਣਾ=ਲੇਖ ਪਿਆ ਹੈ॥ ੧॥

ਸਾਹਿਬੁ ਮੇਰਾ ਉਜਲਾ ਜੇ ਕੋ ਚਿਤਿ ਕਰੇਇ॥
ਨਾਨਕ ਸੋਈ ਸੇਵੀਐ ਸਦਾ ਸਦਾ ਜੋ ਦੇਇ॥

ਮੇਰਾ ਸਾਹਿਬ ਪਰਮਾਤਮਾ ਉੱਜਲ ਹੈ, ਜੇਹੜਾ ਕੋਈ ਉਸ ਨੂੰ ਯਾਦ ਕਰਦਾ ਹੈ, ਉਹ ਵੀ ਉੱਜਲ ਹੋ ਜਾਂਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਉਸ ਪਰਮੇਸ਼ਰ ਨੂੰ ਸਦਾ ਸੇਵਨਾ ਕਰੀਏ, ਜੋ ਸਦਾ ਹੀ ਜੀਵਾਂ ਨੂੰ ਖਾਣ-ਪਾਣ ਦੇਂਦਾ ਹੈ।

ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ॥
ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਉਸ ਨੂੰ ਸੇਵਨਾ ਕਰੀਏ, ਜਿਸ ਪਰਮੇਸ਼ਰ ਦੇ ਸੇਵਨ ਕਰਕੇ ਜਨਮ ਮਰਨ ਦਾ ਦੁੱਖ ਚਲਿਆ ਜਾਂਦਾ ਹੈ। ਪਰਮੇਸ਼ਰ ਪਰਾਪਤੀ ਦੇ ਗੁਣਾਂ ਨੂੰ ਰਵਹਿ=ਉਚਾਰੇ ਭਾਂ ਔਗੁਣ ਵੰਞਨਿ= ਚਲੇ ਜਾਂਦੇ ਹਨ ਅਤੇ ਮਨ ਵਿਚ ਸੁਖ ਆ ਕੇ ਵਸਦਾ ਹੈ॥ ੨॥

ਪਉੜੀ॥ ਆਪੇ ਆਪਿ ਵਰਤਦਾ ਆਪਿ ਤਾੜੀ ਲਾਈਅਨੁ॥
ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ॥

ਉਹ ਪਰਮਾਤਮਾ ਆਪੇ ਆਪ ਸਾਰੇ ਸੰਸਾਰ ਵਿਚ ਵਰਤਦਾ ਹੈ ਅਤੇ ਆਪ ਹੀ ਤਾੜੀ=ਸਮਾਧੀ ਨੂੰ

www.sikhbookclub.com

ਲਗਾਂਦਾ ਹੈ। ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਦੇਂਦਾ ਹੈ, ਆਪ ਹੀ ਗੁਰਮੁਖ ਜਗਿਆਸੂ ਰੂਪ ਹੋ ਕੇ ਪਤੀਆਈਅਨੁ=ਭਰੋਸਾ ਕਰਦਾ ਹੈ।

ਇਕਿ ਆਪੇ ਉਝੜਿ ਪਾਇਅਨੁ ਇਕਿ ਭਗਤੀ ਲਾਇਅਨੁ॥
ਜਿਸੁ ਆਪਿ ਬੁਝਾਏ ਸੋ ਬੁਝਸੀ ਆਪੇ ਨਾਇ ਲਾਈਅਨੁ॥

ਇਕਨਾਂ ਨੂੰ ਆਪ ਹੀ ਸੰਸਾਰ ਉਜਾੜ ਵਿਚ ਪਾਂਵਦਾ ਹੈ, ਇਕਨਾਂ ਨੂੰ ਭਗਤੀ ਵਿਚ ਲਗਾਂਦਾ ਹੈ। ਜਿਸ ਨੂੰ ਆਪ ਸਮਝਾਂਦਾ ਹੈ, ਓਹੀ ਸਮਾਝਦਾ ਹੈ ਅਤੇ ਆਪ ਹੀ ਗੁਰਮੁਖਾਂ ਨੂੰ ਨਾਮ ਦੀ ਤਰਫ਼ ਲਗਾਉਂਦਾ ਹੈ।

ਨਾਨਕ ਨਾਮੁ ਧਿਆਈਐ ਸਚੀ ਵਡਿਆਈ॥ ੨੧ ॥ ੧ ॥ ਸੁਧੁ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੇਕਰ ਨਾਮ ਧਿਆਈਏ, ਤਾਂ ਸੱਚੀ ਵਡਿਆਈ ਹੁੰਦੀ ਹੈ॥ ੨੧॥ ੧॥ ਸੁਧੁ॥

ਵਾਹੁ ਵਾਹ ਸਚੇ ਪਾਤਿਸਾਹ ਤੂ ਸਚੀ ਨਾਈ॥

ਹੇ ਸੱਚੇ ਪਾਤਿਸ਼ਾਹ ! ਤੂੰ ਧੰਨ ਹੈਂ ਧੰਨ, ਆਪ ਜੀ ਦੇ ਨਾਈ=ਵਡਿਆਈ ਭੀ ਸੱਚੀ ਹੈ।

ਸੁਧੁ=ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ- ਇਹ ਬਿਲਕੁਲ ਸ਼ੁੱਧ ਹੈ, ਇਸ ਵਿਚ ਕੋਈ ਅਦਲਾ ਬਦਲੀ ਨਹੀਂ ਕ਼ਰਨੀ।

(ਰਾਮਕਲੀ ਕੀ ਪਹਿਲੀ ਵਾਰ ਸਮਾਪਤੰ)



ਰਾਮਕਲੀ ਕੀ ਦੂਜੀ ਵਾਰ [ਪੰਨਾ ੯੫੭]

ਰਾਮਕਲੀ ਕੀ ਵਾਰ ਮਹਲਾ ੫

੧ਓ ਸਤਿਗੁਰ ਪ੍ਰਸਾਦਿ॥

ਰਾਮਕਲੀ ਦੀ ਦੂਜੀ ਵਾਰ ਵਿਚ ਪਉੜੀਆਂ ਪੰਚਮ ਪਾਤਸ਼ਾਹ ਜੀ ਦੀਆਂ ਆਉਣਗੀਆਂ ਅਤੇ ਸਲੋਕ ਵੀ ਪੰਚਮ ਪਾਤਸ਼ਾਹ ਜੀ ਦੇ ਆਉਣਗੇ।

ਸਲੋਕ ਮਃ ੫॥ ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥

ਵੇਦਾਂ, ਸ਼ਾਸਤ੍ਰਾਂ ਦੁਆਰੇ ਜਿਸ ਤਰ੍ਹਾਂ ਦਾ ਸਤਿਗੁਰੂ ਸੁਣੀਂਦਾ ਸੀ, ਓਸੇ ਤਰ੍ਹਾਂ ਦਾ ਮੈਂ ਵੇਖਿਆ ਹੈ। ਜੋ ਵਿੱਛੁੜਿਆਂ ਹੋਇਆਂ ਜੀਵਾਂ ਨੂੰ ਪ੍ਰਭੂ ਨਾਲ ਮੇਲਦਾ ਹੈ ਅਤੇ ਹਰੀ ਦੀ ਦਰਗਾਹ ਦਾ ਸਤਿਗੁਰੂ ਬਸੀਠੁ=ਵਕੀਲ ਹੈ।

ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥ ੧॥

ਜੋ ਗੁਰੂ ਹਰੀ ਨਾਮ ਮੰਤ੍ਰ ਨੂੰ ਦ੍ਰਿੜ੍ਹ ਕਰਾਉਂਦਾ ਹੈ ਅਤੇ ਹਉਮੈ ਰੂਪੀ ਰੋਗ ਨੂੰ ਕੱਟਦਾ ਹੈ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਸਤਿਗੁਰਾਂ ਨੇ ਉਨ੍ਹਾਂ ਗੁਰਮੁਖਾਂ ਨੂੰ ਪਰਮੇਸ਼ਰ ਨਾਲ ਮਿਲਾਇਆ ਹੈ, ਜਿਨ੍ਹਾਂ ਦੇ ਮੱਥੇ ਉੱਪਰ ਧੁਰੋਂ ਹੀ ਸ੍ਰੇਸ਼ਟ ਕਰਮਾਂ ਦਾ ਸੰਜੋਗ ਪਿਆ ਹੋਇਆ ਹੈ॥ ੧॥

ਮਃ ੫॥ ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ॥
ਗੁਰਿ ਪੂਰੈ ਵੇਖਾਲਿਆ ਵਿਣੁ ਨਾਵੈ ਸਭ ਬਾਦਿ॥

ਇੱਕ ਪਰਮੇਸ਼ਰ ਦੇ ਸੱਜਣ ਹੋਣ ਕਰਕੇ ਸਾਰੇ ਹੀ ਸੱਜਣ ਹਨ ਅਤੇ ਇੱਕ ਵਾਹਿਗੁਰੂ ਦੇ ਵੈਰੀ ਹੋਇਆਂ ਸਾਰੇ ਹੀ ਵਾਦਿ=ਝਗੜੇ ਕਰਦੇ ਹਨ। ਪੂਰਨ ਗੁਰਾਂ ਨੇ ਵਿਖਾਇਆ ਹੈ ਕਿ ਨਾਮ ਜਪੇ ਤੋਂ ਬਿਨਾਂ ਸਭ ਕੁਝ ਬਾਦਿ=ਵਿਅਰਥ ਹੈ।

ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੈ ਸਾਦਿ॥
ਜਨ ਨਾਨਕਿ ਹਰਿ ਪ੍ਰਭੂ ਬੁਝਿਆ ਗੁਰ ਸਤਿਗੁਰ ਕੈ ਪਰਸਾਦਿ॥ ੨॥

ਜੋ ਸਾਕਤ ਦ੍ਵੈਤ ਭਾਅ ਵਿਚ ਲਗੇ ਹਨ, ਉਨ੍ਹਾਂ ਖੋਟਿਆਂ ਪੁਰਸ਼ਾਂ ਦਾ ਮਨ ਵਿਸ਼ਿਆਂ ਦੇ ਸੁਆਦ ਵਿਚ ਭਰਮ ਰਿਹਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਗੁਰ=ਪੂਜਨੀਕ ਸਤਿਗੁਰਾਂ ਦੇ ਅਨੁਗ੍ਰਹੁ (ਕ੍ਰਿਪਾ) ਕਰਕੇ ਜਨਾਂ ਨੇ ਹਰੀ ਪ੍ਰਭੂ ਨੂੰ ਬੁਝਿਆ=ਬੁੱਝਣਾ ਕੀਤਾ ਹੈ॥ ੨॥

ਪਉੜੀ॥ ਥਟਣਹਾਰੈ ਥਾਟੁ ਆਪੇ ਹੀ ਥਟਿਆ॥
ਆਪੇ ਪੂਰਾ ਸਾਹੁ ਆਪੇ ਹੀ ਖਟਿਆ॥

ਥਟਣਹਾਰੈ=ਬਨਾਉਣ ਵਾਲੇ ਵਾਹਿਗੁਰੂ ਨੇ ਆਪ ਹੀ ਸੰਸਾਰ ਦੇ ਥਾਟੁ=ਬਨਾਉ ਨੂੰ ਥਟਿਆ=ਬਣਾਇਆ ਹੈ। ਆਪ ਹੀ ਗੁਰੂ ਰੂਪ ਪੂਰਾ ਸ਼ਾਹੂਕਾਰ ਹੈ, ਆਪ ਹੀ ਜਗਿਆਸੂ ਰੂਪ ਹੋ ਕੇ ਨਾਮ ਧਨ ਖੱਟਦਾ ਹੈ।

ਆਪੇ ਕਰਿ ਪਾਸਾਰੁ ਆਪੇ ਰੰਗ ਰਟਿਆ॥
ਕੁਦਰਤਿ ਕੀਮ ਨ ਪਾਇ ਅਲਖ ਬ੍ਰਹਮਟਿਆ॥

ਆਪ ਹੀ ਸੰਸਾਰ ਪਸਾਰੇ ਨੂੰ ਉਤਪੰਨ ਕਰਕੇ, ਪੁਨਾ ਆਪ ਹੀ ਇਸ ਦੇ ਰੰਗ=ਅਨੰਦ ਵਿਚ, ਰਟਿਆ= ਰੰਗਿਆ ਹੋਇਆ ਹੈ, ਉਸ ਦੀ ਸ਼ਕਤੀ ਦੀ ਕੀਮਤ ਨਹੀਂ ਪੈਂਦੀ, ਉਹ ਅਲਖ ਬ੍ਰਹਮ ਸਾਰੇ ਅਟਿਆ= ਪੂਰਤ ਹੈ।

ਅਗਮ ਅਥਾਹ ਬੇਅੰਤ ਪਰੈ ਪਰਟਿਆ॥
ਆਪੇ ਵਡ ਪਾਤਿਸਾਹੁ ਆਪਿ ਵਜੀਰਟਿਆ॥

ਉਹ ਬਿਅੰਤ ਰੂਪ ਪਰਮਾਤਮਾ ਮਨ ਕਰਕੇ ਅਗਮ, ਸਰੀਰ ਕਰਕੇ ਅਥਾਹ, ਪੁਨਾ ਪਰੈ ਪਰਟਿਆ=ਪਰੇ ਤੋਂ ਪਰੇ ਹੈ। ਆਪ ਹੀ ਵੱਡਾ ਪਾਤਸ਼ਾਹ ਹੈ, ਆਪ ਹੀ ਵਜ਼ੀਰ ਰੂਪ ਹੈ, ਵਾ:- ਆਪ ਹੀ ਗੁਰੂ ਰੂਪ ਪਾਤਸ਼ਾਹ ਹੈ, ਤੇ ਆਪ ਹੀ ਮਹਾਤਮਾ ਰੂਪ ਵਜ਼ੀਰ ਹੈ, ਵਾ:- ਆਪ ਹੀ ਉਹ ਪਰਮੇਸ਼ਰ ਪਾਤਸ਼ਾਹ ਹੈ, ਆਪ ਹੀ ਗੁਰੂ ਰੂਪ ਵਜ਼ੀਰ ਹੈ।

ਕੋਇ ਨ ਜਾਣੈ ਕੀਮ ਕੇਵਡੁ ਮਟਿਆ॥
ਸਚਾ ਸਾਹਿਬੁ ਆਪਿ ਗੁਰਮੁਖਿ ਪਰਗਟਿਆ॥੧॥

ਕੋਈ ਭੀ ਉਸ ਦੀ ਕੀਮਤ ਨੂੰ ਨਹੀਂ ਜਾਣਦਾ ਕਿ ਉਸ ਦਾ ਸੰਸਾਰ ਮਟ ਕੇਡਾ-ਕੁ ਹੈ। ਉਹ ਸੱਚਾ ਸਾਹਿਬ ਪਰਮਾਤਮਾ ਆਪ ਹੀ ਗੁਰਮੁਖਾਂ ਦੇ ਹਿਰਦੇ ਵਿਚ ਪਰਗਟ ਹੋਇਆ ਹੈ॥ ੧॥

ਸਲੋਕੁ ਮ: ੫॥

ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤਗੁਰੁ ਦੇਹੁ ਦਿਖਾਲਿ॥
ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ॥

ਹੇ ਮੇਰੇ ਸੱਜਣ ਪ੍ਰੀਤਮ ਪਰਮਾਤਮਾ ! ਸੁਣ, ਮੈਨੂੰ ਸਤਿਗੁਰਾਂ ਦਾ ਦਰਸ਼ਨ ਦਿਖਾ ਦੇਓ। ਅੱਗੋਂ ਅਕਾਲ ਪੁਰਖ ਨੇ ਅਕਾਸ਼ ਬਾਣੀ ਦੁਆਰੇ ਕਿਹਾ, ਕਿ ਤੂੰ ਦੇਵੇਂਗਾ ਕੀ? ਸਿੱਖ ਨੇ ਕਿਹਾ, ਮੈਂ ਉਨ੍ਹਾਂ ਸਤਿਗੁਰਾਂ ਨੂੰ ਆਪਣਾ ਮਨ ਦੇਵਾਂਗਾ ਅਤੇ ਉਨ੍ਹਾਂ ਦੇ ਉਪਦੇਸ਼ ਨੂੰ ਸਦਾ ਹੀ ਹਿਰਦੇ ਵਿਚ ਯਾਦ ਰੱਖਾਂਗਾ।

ਇਕਸੁ ਸਤਿਗੁਰ ਬਾਹਰਾ ਧ੍ਰਿਗੁ ਜੀਵਣੁ ਸੰਸਾਰਿ॥
ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ ਜਿਨ ਸਦ ਹੀ ਵਰਤੈ ਨਾਲਿ॥੧॥

ਇੱਕ ਸ਼ਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ ਸੰਸਾਰ ਵਿਚ ਜੀਉਂਣਾ ਧ੍ਰਿਗਕਾਰ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਪਰਮੇਸ਼ਰ ਨੇ ਜਿਨ੍ਹਾਂ ਜਨਾਂ ਨੂੰ ਸਤਿਗੁਰਾਂ ਨਾਲ ਮਿਲਾਇਆ ਹੈ, ਤਿਨ੍ਹਾਂ ਦੇ ਨਾਲ ਉਹ ਪਰਮੇਸ਼ਰ ਸਦਾ ਹੀ ਵਰਤਦਾ ਹੈ।

ਅਥਵਾ:- ਜਿਨ੍ਹਾਂ ਸਤਿਗੁਰਾਂ ਨਾਲ ਉਹ ਪਰਮੇਸ਼ਰ ਸਦ੍ਹਾ ਵਰਤਦਾ ਹੈ, ਤਿਨ੍ਹਾਂ ਸਤਿਗੁਰਾਂ ਨੇ ਜਨਾਂ ਨੂੰ ਪਰਮੇਸ਼ਰ ਨਾਲ ਮਿਲਾਇਆ ਹੈ॥ ੧॥

ਮ: ੫॥ ਮੇਰੈ ਅੰਤਰਿ ਲੋਚਾ ਮਿਲਣ ਕੀ ਕਿਉ ਪਾਵਾ ਪ੍ਰਭ ਤੋਹਿ॥
ਕੋਈ ਐਸਾ ਸਜਣੁ ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ॥

ਮੇਰੇ ਹਿਰਦੇ ਅੰਦਰ ਮਿਲਣ ਦੀ ਬੜੀ ਲੋਚਾ=ਚਾਹ ਲੱਗ ਰਹੀ ਹੈ, ਹੇ ਪ੍ਰਭੂ! ਮੈਂ ਤੈਨੂੰ ਕਿਵੇਂ ਪਾਵਾਂ? ਅਕਾਸ਼ ਬਾਣੀ ਹੋਈ ਕਿ ਅਜੇਹਾ ਕੋਈ ਸੱਜਣ ਲੱਭ ਲੈ, ਜੋ ਮੈਂ ਪ੍ਰੀਤਮ ਨਾਲ ਤੈਨੂੰ ਮਿਲਾ ਦੇਵੇ।

ਗੁਰਿ ਪੂਰੈ ਮੇਲਾਇਆ ਜਤ ਦੇਖਾ ਤਤ ਸੋਇ॥
ਜਨ ਨਾਨਕ ਸੋ ਪ੍ਰਭੁ ਸੇਵਿਆ ਤਿਸੁ ਜੇਵਡੁ ਅਵਰੁ ਨ ਕੋਇ॥ ੨॥

ਧੰਨ ਪੂਰਨ ਗੁਰੂ ਹਨ, ਉਨ੍ਹਾਂ ਨੇ ਪਰਮੇਸ਼ਰ ਨਾਲ ਮਿਲਾਇਆ ਹੈ, ਹੁਣ ਮੈਂ ਜਿੱਧਰ ਵੇਖਦਾ ਹਾਂ, ਉੱਧਰ ਹੀ ਉਹ ਪਰਮੇਸ਼ਰ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਉਸ ਪ੍ਰਭੂ ਨੂੰ ਮੈਂ ਸੇਵਿਆ ਹੈ, ਕਿਉਂਕਿ ਉਸ ਜਿੱਡਾ ਹੋਰ ਕੋਈ ਨਹੀਂ ਹੈ॥ ੨॥

ਪਉੜੀ॥ ਦੇਵਣਹਾਰੁ ਦਾਤਾਰੁ ਕਿਤੁ ਮੁਖਿ ਸਾਲਾਹੀਐ॥
ਜਿਸੁ ਰਧੈ ਕਿਰਪਾ ਧਾਰਿ ਰਿਜਕੁ ਸਮਾਹੀਐ॥

ਸਭ ਪਦਾਰਥਾਂ ਦੇ ਦੇਵਣ ਵਾਲੇ ਦਾਤੇ ਨੂੰ ਕਿਸ ਮੁਖ ਦੁਆਰੇ ਸਲਾਹਣਾ ਕਰੀਏ, ਕਿਉਂਕਿ ਉਹ ਸਲਾਹਿਆ ਨਹੀਂ ਜਾਂਦਾ। ਜਿ=ਜੇਹੜਾ ਕਿਰਪਾ ਦ੍ਰਿਸ਼ਟੀ ਧਾਰ ਕੇ ਰੱਖਦਾ ਹੈ, ਸੁ=ਓਹੀ ਸਾਰਿਆਂ ਨੂੰ ਰਿਜਕੁ ਸਮਾਹੀਐ=ਖਾਣ ਪਾਣ ਪਹੁੰਚਾਂਦਾ ਹੈ।

ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ॥
ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ॥

ਕੋਈ ਭੀ ਕਿਸੇ ਦੇ ਵਸ ਵਿਚ ਨਹੀਂ, ਸਾਰਿਆਂ ਦਾ ਇੱਕ ਪਰਮੇਸ਼ਰ ਹੀ ਧਰ=ਆਸਰਾ ਰੂਪ ਹੈ। ਆਪਣਾ ਕਰ=ਹੱਥ ਦੇ ਕੇ ਪੁੱਤਰਾਂ ਵਾਂਙੂ ਪਾਲਦਾ ਹੈ।

ਕਰਦਾ ਅਨਦ ਬਿਨੋਦ ਕਿਛੂ ਨ ਜਾਣੀਐ॥
ਸਰਬ ਧਾਰ ਸਮਰਥ ਹਉ ਤਿਸੁ ਕੁਰਬਾਣੀਐ॥

ਜੋ ਆਨੰਦ ਰੂਪ ਪਰਮੇਸ਼ਰ ਅਨੰਦ ਦਾਇਕ ਕੌਤਕਾਂ ਨੂੰ ਕਰਦਾ ਹੈ ਅਤੇ ਜਿਸ ਦੇ ਕੌਤਕਾਂ ਦਾ ਕੁਛ ਅੰਤ ਨਹੀਂ ਜਾਣਿਆ ਜਾਂਦਾ। ਜੋ ਸਮਰਥ=ਸਰਬ ਸ਼ਕਤੀਮਾਨ ਪਰਮਾਤਮਾ ਸਾਰਿਆਂ ਨੂੰ ਧਾਰਦਾ ਹੈ।

ਅਥਵਾ:- ਜੋ ਸਰਬ ਸਮਰੱਥਾ ਨੂੰ ਧਾਰਨ ਵਾਲਾ ਹੈ, ਤਿਸ ਦੇ ਉੱਤੋਂ ਮੈਂ ਬਲਿਹਾਰ ਜਾਂਦਾ ਹਾਂ।

www.sikhbookclub.com

ਗਾਈਐ ਰਾਤਿ ਦਿਨੰਤੁ ਗਾਵਣ ਜੋਗਿਆ ॥
ਜੋ ਗੁਰ ਕੀ ਪੈਰੀ ਪਾਹਿ ਤਿਨੀ ਹਰਿ ਰਸੁ ਭੋਗਿਆ ॥ ੨ ॥

ਉਸ ਗਾਵਣੇ ਜੋਗ ਪਰਮਾਤਮਾ ਨੂੰ ਰਾਤ ਦਿਨ ਗਾਵਣਾ ਕਰੀਏ। ਜੋ ਗੁਰਾਂ ਦੀ ਚਰਨੀਂ ਪਿਆ ਹੈ, ਉਸ ਨੇ ਹਰੀ ਨਾਮ ਰਸ ਨੂੰ ਭੋਗਿਆ ਹੈ॥ ੨ ॥

ਸਲੋਕ ਮਃ ੫ ॥

ਉਥਾਨਕਾ:- ਜਿਸ ਵੇਲੇ ਸੁਲਹੀ ਤੇ ਸੁਲਬੀ ਅੰਮ੍ਰਿਤਸਰੋਂ ਹੋ ਕੇ ਵਾਪਸ ਚਲੇ ਗਏ ਤਾਂ ਮਗਰੋਂ ਗੁਰੂ ਸਾਹਿਬ ਜੀ ਨੇ ਵਡਾਲੀ ਤੋਂ ਆ ਕੇ ਇਹ ਸਲੋਕ ਉਚਾਰਿਆ-

ਭੀੜਹੁ ਮੋਕਲਾਈ ਕੀਤੀਅਨੁ ਸਭ ਰਖੇ ਕੁਟੰਬੈ ਨਾਲਿ ॥

ਧੰਨ ਉਹ ਪਰਮੇਸ਼ਰ ਹੈ ਜਿਸ ਨੇ ਸੁਲਹੀ, ਸੁਲਬੀ ਦੀ ਭੀੜਾ ਤੋਂ ਮੋਕਲਾਈ=ਛੁਡਾਣਾ ਕੀਤਾ ਹੈ ਅਤੇ ਅਸਾਨੂੰ, ਵਾ:- ਸਿੱਖਾਂ ਨੂੰ ਸਾਰੇ ਕੁਟੰਬ ਦੇ ਨਾਲ ਰੱਖਣਾ ਕੀਤਾ ਹੈ।

ਅਥਵਾ:- ਜਿਗਿਆਸੂਆਂ ਨੂੰ ਕਾਮ ਆਦਿਕਾਂ ਦੀ ਭੀੜਾ ਤੋਂ ਮੋਕਲਾਈ=ਛੁਡਾਣਾ ਕੀਤਾ ਹੈ ਅਤੇ ਸ਼ੁਭ ਗੁਣਾਂ ਰੂਪੀ ਸਾਰੇ ਕੁਟੰਬ ਦੇ ਨਾਲ ਰੱਖਣਾ ਕੀਤਾ ਹੈ।

ਕਾਰਜ ਆਪਿ ਸਵਾਰਿਅਨੁ ਸੋ ਪ੍ਰਭ ਸਦਾ ਸਭਾਲਿ ॥

ਸਾਰੇ ਕਾਰਜਾਂ ਨੂੰ ਪ੍ਰਭੂ ਨੇ ਆਪ ਹੀ ਸਵਾਰਨਾ ਕੀਤਾ ਹੈ, ਇਸ ਵਾਸਤੇ, ਹੇ ਭਾਈ ! ਤੂੰ ਉਸ ਪ੍ਰਭੂ ਨੂੰ ਸਦਾ ਯਾਦ ਕਰ।

ਪ੍ਰਭੁ ਮਾਤ ਪਿਤਾ ਕੰਠਿ ਲਾਇਦਾ ਲਹੁੜੇ ਬਾਲਕ ਪਾਲਿ ॥

ਉਹ ਪ੍ਰਭੂ ਪਰਮਾਤਮਾ ਮਾਂ, ਪਿਉ ਵਾਂਗੂੰ ਸੇਵਕਾਂ ਨੂੰ ਗਲ ਨਾਲ ਲਗਾਂਦਾ ਹੈ ਅਤੇ ਲਹੁੜੇ ਬਾਲਕ=ਛੋਟੇ ਪੁੱਤ੍ਰ ਵਾਂਗੂੰ ਪਾਲਦਾ ਹੈ।

ਦਇਆਲ ਹੋਏ ਸਭ ਜੀਅ ਜੰਤ੍ਰ ਹਰਿ ਨਾਨਕ ਨਦਰਿ ਨਿਹਾਲ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਜਿਸ ਵੇਲੇ ਹਰੀ ਨੇ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ=ਵੇਖਿਆ ਤਿਸ ਵੇਲੇ ਮੇਰੇ ਉੱਤੇ ਸਾਰੇ ਹੀ ਛੋਟੇ ਵੱਡੇ ਜੀਅ ਜੰਤ ਦਿਆਲੂ ਹੋ ਗਏ॥ ੧ ॥

[ਪੰਨਾ ੯੫੮]

ਮਃ ੫ ॥ ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥

ਹੇ ਪਰਮੇਸ਼ਰ ! ਤੇਰੇ ਨਾਮ ਤੋਂ ਬਿਨਾਂ ਜੇਹੜਾ ਹੋਰ ਪਦਾਰਥਾਂ ਦਾ ਮੰਗਣਾ ਹੈ, ਏਹੀ ਦੁੱਖਾਂ ਦੇ ਸਿਰਿ ਦੁਖੁ=ਸ਼ਰੋਮਣੀ ਦੁੱਖ ਹੈ। ਇਸ ਕਰਕੇ ਹੇ ਸੰਤੋਖੀਆ=ਵਾਹਿਗੁਰੂ! ਤੂੰ ਮੈਨੂੰ ਆਪਣਾ ਨਾਮ ਦੇ ਜਿਸ ਕਰਕੇ ਮੇਰੇ ਮਨ ਦੀ ਭੁੱਖ ਭਾਵ=ਪਦਾਰਥਾਂ ਦੀ ਤ੍ਰਿਸ਼ਨਾ ਦੂਰ ਹੋ ਜਾਵੇ।

ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁਖ ॥ ੨ ॥

ਧੰਨ ਗੁਰੂ ਹਨ, ਜਿਨ੍ਹਾਂ ਨੇ ਵਣੁ=ਬ੍ਰਿਛ ਅਤੇ ਤਿਣੁ=ਕੱਖਾਂ ਨੂੰ ਹਰਿਆ ਕਰ ਦਿੱਤਾ ਹੈ, ਤੇ ਇਹ ਮਨੁੱਖ ਭਲਾ ਕੀ ਹੈ ਜੋ ਹਰਿਆ ਨਹੀਂ ਹੋਵੇਗਾ, ਭਾਵ ਮਨੁੱਖ ਤਾਂ ਚੇਤਨ ਹੈ, ਜੋ ਹਰ ਇਕ ਗੱਲ ਸਮਝਦਾ ਹੈ, ਇਸ ਕਰ ਕੇ ਜ਼ਰੂਰ ਹਰਿਆ ਹੋਵੇਗਾ ॥ ੨ ॥

ਪਉੜੀ ॥ ਸੋ ਐਸਾ ਦਾਤਾਰੁ ਮਨਹੁ ਨ ਵੀਸਰੈ ॥
ਘੜੀ ਨ ਮੁਹਤੁ ਚਸਾ ਤਿਸੁ ਬਿਨੁ ਨਾ ਸਰੈ ॥

ਉਹ ਐਸਾ ਦਾਤਾ ਪਰਮੇਸ਼ਰ ਮਨ ਵਿਚੋਂ ਨਾ ਭੁੱਲੇ, ਕਿਉਂਕਿ ਇਕ ਘੜੀ, ਮੁਹਤੁ=ਅੱਧੀ ਘੜੀ ਅਤੇ ਚਸਾ ਭਰ ਵੀ ਉਸ ਪਰਮੇਸ਼ਰ ਤੋਂ ਬਿਨਾਂ ਨਾ ਸਰੈ=ਨਿਰਬਾਹ ਨਹੀਂ ਹੁੰਦੀ।

ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ ॥
ਜਿਸੁ ਪਤਿ ਰਖੈ ਆਪਿ ਸੋ ਭਵਜਲੁ ਤਰੈ ॥

ਉਹ ਸਾਰੇ ਬ੍ਰਹਿਮਾਂਡ ਦੇ ਅੰਦਰ ਬਾਹਰ ਅੰਗ ਸੰਗ ਹੈ, ਉਸ ਦੇ ਪਾਸੋਂ ਕਿਆ ਕੋਈ ਲੁਕਾ ਕਰ ਸਕਦਾ ਹੈ। ਜਿਸ ਪੁਰਸ਼ ਦੀ ਪਤ ਆਬਰੋ ਆਪ ਰਖਦਾ ਹੈ, ਓਹੀ ਸੰਸਾਰ ਸਮੁੰਦਰ ਤੋਂ ਤਰਦਾ ਹੈ।

ਭਗਤੁ ਗਿਆਨੀ ਤਪਾ ਜਿਸੁ ਕਿਰਪਾ ਕਰੈ ॥
ਸੋ ਪੂਰਾ ਪਰਧਾਨੁ ਜਿਸ ਨੋ ਬਲੁ ਧਰੈ ॥

ਜਿਸ ਉੱਤੇ ਉਹ ਪਰਮੇਸ਼ਰ ਕਿਰਪਾ ਕਰਦਾ ਹੈ, ਓਹੀ ਗਿਆਨੀ ਹੈ, ਓਹੀ ਤਪਾ ਹੈ।

ਓਹੀ ਪੂਰਨ ਪਰਧਾਨੁ=ਮੁਖੀ ਹੈ, ਜਿਸ ਵਿਚ ਆਪਣਾ ਬਲ ਧਾਰਦਾ ਹੈ।

ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥
ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ ॥ ੩ ॥

ਜਿਸ ਪਾਸੋਂ ਆਪ ਸਹਾਰਾ ਕਰਵਾਂਦਾ ਹੈ, ਓਹੀ ਅਜਰ ਵਸਤੂ ਨੂੰ ਜਰੈ=ਸਹਾਰਦਾ ਹੈ। ਜੋ ਮਨ ਵਿਚ ਗੁਰਾਂ ਦੇ ਮੰਤ੍ਰ ਨੂੰ ਧਾਰਦਾ ਹੈ, ਓਸੇ ਨੂੰ ਸੱਚਾ ਪਰਮੇਸ਼ਰ ਮਿਲਿਆ ਹੈ ॥ ੩ ॥

ਸਲੋਕ ਮਃ ੫ ॥

ਉਥਾਨਕਾ:- ਕਿਸੇ ਗੱਵਈਏ ਨੇ ਸ੍ਰੀ ਅੰਮ੍ਰਿਤਸਰ ਵਿਚ ਆ ਕੇ ਖੂਬ ਰਾਗਾਂ ਦੀ ਅਲਾਪਚਾਰੀ ਕਰਕੇ ਕਈ ਤਰ੍ਹਾਂ ਦੇ ਰਾਗ ਗਾਏ। ਸਿੱਖਾਂ ਨੇ ਸਤਿਗੁਰੂ ਅਰਜਨ ਦੇਵ ਜੀ ਪਾਸ ਆ ਕੇ ਗਵੱਈਏ ਦੀ ਬੜੀ ਉਸਤਤਿ ਕੀਤੀ। ਏਹ ਗੱਲ ਸੁਣਕੇ ਗੁਰਦੇਵਾਂ ਨੇ ਸਿੱਖਾਂ ਨੂੰ ਆਖਿਆ ਕਿ ਹੇ ਪਿਆਰਿਓ !

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥
ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥

ਉਹ ਰਾਗ ਅਤੇ ਸੁਰੰਗੜੇ=ਰਾਗਾਂ ਦੇ ਪੁੱਤਰ ਧੰਨਤਾ ਯੋਗ ਹਨ, ਜਿੰਨ੍ਹਾਂ ਦੇ ਅਲਾਪਿਆਂ ਸਾਰੀ ਤਿਖ=ਤ੍ਰੇਹ

ਚਲੀ ਜਾਂਦੀ ਹੈ।

ਅਥਵਾ:- ਉਹ ਰਾਗ ਸੁਰੰਗੜੇ=ਆਨੰਦ ਦੇਣ ਵਾਲੇ ਧੰਨਤਾ ਜੋਗ ਹਨ।

ਅਥਵਾ:- ਉਹ ਰਾਗ=ਪ੍ਰੇਮ ਅਤੇ ਸੁਰੰਗੜੇ=ਸਤ, ਸੰਤੋਖ ਆਦਿਕ ਗੁਣ ਧੰਨਤਾ ਜੋਗ ਹਨ।

ਜਿਨ੍ਹਾਂ ਗੁਣਾਂ ਦੇ ਧਾਰਨ ਕਰਨੇ ਤੇ ਸਭ ਪਦਾਰਥਾਂ ਦੀ ਤ੍ਰਿਸ਼ਨਾ ਚਲੀ ਜਾਂਦੀ ਹੈ।

ਉਹ ਜੰਤ=ਮਨੁੱਖ ਸ਼ੋਭਨੀਕ ਤੇ ਧੰਨਤਾ ਜੋਗ ਹਨ, ਜੋ ਗੁਰਾਂ ਦੁਆਰੇ ਹਰੀ ਨਾਮ ਨੂੰ ਜਪਦੇ ਹਨ।

ਜਿਨਿ ਇਕ ਮਨਿ ਇਕੁ ਅਰਾਧਿਆ ਤਿਨ ਸਦ ਬਲਿਹਾਰੈ ਜਾਉ॥
ਤਿਨ ਕੀ ਧੂੜਿ ਹਮ ਬਾਛਦੇ ਕਰਮੀ ਪਲੈ ਪਾਇ॥

ਜਿਨ੍ਹਾਂ ਪੁਰਸ਼ਾਂ ਨੇ ਇਕਾਗਰ ਮਨ ਹੋ ਕੇ ਇਕ ਵਾਹਿਗੁਰੂ ਨੂੰ ਅਰਾਧਿਆ=ਸਿਮਰਿਆ ਹੈ, ਉਨ੍ਹਾਂ ਤੋਂ ਅਸੀਂ ਸਦਾ ਹੀ ਬਲਿਹਾਰ ਜਾਂਦੇ ਹਾਂ। ਉਨ੍ਹਾਂ ਦੇ ਚਰਨਾਂ ਦੀ ਧੂੜੀ ਅਸੀਂ ਚਾਹੁੰਦੇ ਹਾਂ, ਪਰ ਉਹ ਧੂੜ ਕਰਮਾਂ ਵਾਲਿਆਂ ਦੇ ਪੱਲੇ ਪੈਂਦੀ ਹੈ।

ਜੋ ਰਤੇ ਰੰਗਿ ਗੋਵਿੰਦ ਕੈ ਹਉ ਤਿਨ ਬਲਿਹਾਰੈ ਜਾਉ॥
ਆਖਾ ਬਿਰਥਾ ਜੀਅ ਕੀ ਹਰਿ ਸਜਣੁ ਮੇਲਹੁ ਰਾਇ॥

ਜੋ ਪੁਰਸ਼ ਗੋਬਿੰਦ ਪਰਮਾਤਮਾ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਇ ਹਨ, ਮੈਂ ਉਨ੍ਹਾਂ ਤੋਂ ਸੰਦਾ ਹੀ ਬਲਿਹਾਰ ਜਾਂਦਾ ਹਾਂ ਅਤੇ ਉਨ੍ਹਾਂ ਅੱਗੇ ਮੈਂ ਆਪਣੇ ਜੀਅ=ਦਿਲ ਦੀ ਗੱਲ ਬਾਤ ਆਖਦਾ ਹਾਂ, ਕਿ ਮੈਨੂੰ ਹਰੀ ਸੱਜਣ ਰਾਜੇ ਨਾਲ ਮਿਲਾ ਦਿਓ।

ਗੁਰਿ ਪੂਰੈ ਮੇਲਾਇਆ ਜਨਮ ਮਰਣ ਦੁਖੁ ਜਾਇ॥
ਜਨ ਨਾਨਕ ਪਾਇਆ ਅਗਮ ਰੂਪੁ ਅਨਤ ਨ ਕਾਹੂ ਜਾਇ॥੧॥

ਜਿਨ੍ਹਾਂ ਨੂੰ ਪੂਰਿਆਂ ਗੁਰਾਂ ਨੇ ਹਰੀ ਸੱਜਣ ਨਾਲ ਮਿਲਾਇਆ ਹੈ, ਉਨ੍ਹਾਂ ਦਾ ਜਨਮ ਮਰਨ ਰੂਪ ਦੁੱਖ ਚਲਾ ਜਾਂਦਾ ਹੈ। ਜਿਸ ਜਨ ਨੇ ਅਗਮ ਰੂਪ ਪਰਮਾਤਮਾ ਨੂੰ ਪਾਇਆ ਹੈ, ਉਸ ਦਾ ਮਨ ਅਨਤ=ਹੋਰ ਕਿਸੇ ਪਾਸੇ ਨਹੀਂ ਜਾਂਦਾ॥ ੧॥

ਮ: ੫॥

ਧੰਨੁ ਸੁ ਵੇਲਾ ਘੜੀ ਧੰਨੁ ਧੰਨੁ ਮੂਰਤੁ ਪਲੁ ਸਾਰੁ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ॥

ਉਹ ਵੇਲਾ ਧੰਨ ਹੈ, (ਚਾਰ ਘੜੀਆਂ ਦੇ ਸਮੇਂ ਨੂੰ ਵੇਲਾ ਕਹਿੰਦੇ ਹਨ) ਉਹ ਘੜੀ ਵੀ ਧੰਨ ਹੈਂ, ਉਹ ਪਲੁ ਸਾਰੁ=ਪਲ ਮਾਤ੍ਰ ਸਮਾਂ ਭੀ ਧੰਨਤਾ ਜੋਗ ਹੈ, ਉਹ ਦਿਨ ਦਾ ਸੰਜੋਗ ਵੀ ਧੰਨਤਾ ਜੋਗ ਹੈ, ਜਿਸ ਦਿਨ ਵਿਚ ਮੈਂ ਗੁਰਾਂ ਦੇ ਦਰਸਾਰੁ=ਦਰਸ਼ਨ ਨੂੰ ਵੇਖਿਆ ਹੈ।

ਮਨ ਕੀਆ ਇਛਾ ਪੂਰੀਆ ਹਰਿ ਪਾਇਆ ਅਗਮ ਅਪਾਰੁ॥
ਹਉਮੈ ਤੁਟਾ ਮੋਹੜਾ ਇਕੁ ਸਚੁ ਨਾਮੁ ਆਧਾਰੁ॥

www.sikhbookclub.com

ਉਸ ਵੇਲੇ ਮਨ ਦੀਆਂ ਸਭ ਇੱਛਾ ਪੂਰਨ ਹੋ ਗਈਆਂ, ਜਿਸ ਵੇਲੇ ਅਗਮ ਅਪਾਰ ਹਰੀ ਨੂੰ ਪਾਇਆ। ਇੱਕ ਸੱਚ ਨਾਮ ਦਾ ਆਸਰਾ ਗ੍ਰਹਿਨ ਕਰਨ ਨਾਲ, ਹਉਮੈ ਰੂਪੀ ਮੋਹੜਾ ਟੁੱਟ ਗਿਆ ਹੈ।

(ਮੋਹੜਾ ਉਸ ਨੂੰ ਕਹਿੰਦੇ ਹਨ—ਜੋ ਸਾਰੇ ਪਿੰਡ ਨੂੰ ਕੰਧ ਦੀ ਵਾੜ ਦਿੱਤੀ ਹੋਈ ਹੁੰਦੀ ਹੈ, ਉਸ ਕੰਧ ਦੇ ਵਿਚ ਜੋ ਦਰਵਾਜ਼ਾ ਲੱਗਾ ਹੋਇਆ ਹੁੰਦਾ ਹੈ, ਉਸ ਨੂੰ 'ਮੋਹੜਾ' ਆਖਦੇ ਹਨ, ਉਸ ਨੂੰ ਖੋਲੇ ਤਾਂ ਪਿੰਡ ਵਿਚ ਪ੍ਰਵੇਸ਼ ਕਰ ਸਕਦਾ ਹੈ।)।

ਏਸੇ ਤਰ੍ਹਾਂ ਹੀ ਜਦ ਮੋਹ ਦਾ ਅਭਾਵ ਹੋਵੇ ਤਾਂ ਸਰੂਪ ਦੀ ਪ੍ਰਾਪਤੀ ਹੁੰਦੀ ਹੈ।

ਜਨੁ ਨਾਨਕੁ ਲਗਾ ਸੇਵ ਹਰਿ ਉਧਰਿਆ ਸਗਲ ਸੰਸਾਰੁ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੋ ਜਨ ਹਰੀ ਦੀ ਸੇਵਾ ਵਿਚ ਲੱਗਾ ਹੈ, ਉਹ ਸਾਰੇ ਸੰਸਾਰ ਤੋਂ ਤਰ ਗਿਆ ਹੈ॥ ੨ ॥

ਪਉੜੀ ॥ ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ ॥
ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ ॥

ਧੰਨ ਉਹ ਵਾਹਿਗੁਰੂ ਹੈ ! ਜਿਸ ਨੇ ਆਪਣੀ ਸਿਫਤ ਦੇ ਸਲਾਹੁਣ ਰੂਪ ਭਗਤੀ ਕਿਸੇ ਵਿਰਲੇ ਪੁਰਸ਼ ਨੂੰ ਦਿੱਤੀ ਹੈ। ਜਿਸ ਨੂੰ ਭਗਤੀ ਦੇ ਭੰਡਾਰੇ ਸਉਂਪੇ ਹਨ, ਉਸ ਪਾਸੋਂ ਫਿਰ ਪੁੱਛ ਕੇ ਨਹੀਂ ਲਏ, ਉਸ ਨੂੰ ਬਖਸ਼ਸ਼ ਹੀ ਕਰ ਦਿੱਤੇ ਹਨ।

ਜਿਸ ਨੋ ਲਗਾ ਰੰਗੁ ਸੇ ਰੰਗਿ ਰਤਿਆ ॥
ਓਨਾ ਇਕੋ ਨਾਮੁ ਅਧਾਰੁ ਇਕਾ ਉਨ ਭਤਿਆ ॥

ਜਿਸ ਨੂੰ ਪਰਮੇਸ਼ਰ ਦਾ ਰੰਗੁ=ਪ੍ਰੇਮ ਲੱਗਾ ਹੈ, ਉਹ ਪੁਰਸ਼ ਉਸ ਦੇ ਰੰਗਿ=ਅਨੰਦ ਵਿਚ ਰਤਿਆ=ਰੰਗਿਆ ਗਿਆ ਹੈ। ਉਨ੍ਹਾਂ ਨੂੰ ਇਕ ਨਾਮ ਦਾ ਹੀ ਆਸਰਾ ਹੈ ਅਤੇ ਉਨ੍ਹਾਂ ਦੀ ਭਤਿਆ=ਮਰਯਾਦਾ ਵੀ ਇਕੋ ਤਰ੍ਹਾਂ ਦੀ ਹੈ।

ਓਨਾ ਪਿਛੈ ਜਗੁ ਭੁੰਚੈ ਭੋਗਈ ॥ ਓਨਾ ਪਿਆਰਾ ਰਬੁ ਓਨਾਹਾ ਜੋਗਈ ॥

ਉਨ੍ਹਾਂ ਨਾਮ ਰਸੀਆਂ ਦੇ ਪਿੱਛੇ ਲੱਗ ਕੇ ਸਾਰਾ ਜਗਤ ਭੁੰਚੈ ਭੋਗਈ=ਖਾਂਦਾ ਖਰਚਦਾ ਹੈ, ਵਾ:- ਭੋਗਈ=ਪਦਾਰਥਾਂ ਨੂੰ ਭੁੰਚੈ=ਛਕਦਾ ਹੈ। ਉਨ੍ਹਾਂ ਨੂੰ ਰੱਬ ਹਰਦਮ ਪਿਆਰਾ ਲਗਦਾ ਹੈ ਅਤੇ ਰੱਬ ਨੇ ਉਨ੍ਹਾਂ ਨੂੰ ਸਭ ਤਰ੍ਹਾਂ ਕਰਕੇ ਜੋਗਈ=ਲਾਇਕ ਕੀਤਾ ਹੈ।

ਜਿਸੁ ਮਿਲਿਆ ਗੁਰੁ ਆਇ ਤਿਨਿ ਪ੍ਰਭੁ ਜਾਣਿਆ ॥
ਹਉ ਬਲਿਹਾਰੀ ਤਿਨ ਜਿ ਖਸਮੈ ਭਾਣਿਆ ॥ ੪ ॥

ਜਿਸ ਨੂੰ ਪੂਰਨ ਗੁਰੂ ਆ ਕੇ ਮਿਲਿਆ ਹੈ, ਉਸ ਨੇ ਪ੍ਰਭੂ ਪਰਮਾਤਮਾ ਨੂੰ ਜਾਣਿਆ ਹੈ। ਜੇਹੜੇ ਪੁਰਸ਼ ਖਸਮ ਪਰਮਾਤਮਾ ਨੂੰ ਭਾਏ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ॥ ੪ ॥

ਸਲੋਕ ਮਃ ੫ ॥

ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥

ਇਕ ਹਰੀ ਦੇ ਨਾਲ ਹੀ ਮੇਰੀ ਦੋਸਤੀ ਹੈ ਅਤੇ ਇਕ ਹਰੀ ਦੇ ਨਾਲ ਹੀ ਮੇਰਾ ਰੰਗੁ=ਪ੍ਰੇਮ ਹੈ। ਇਕੋ ਹਰੀ ਮੇਰਾ ਸੱਜਣ ਹੈ ਅਤੇ ਇਕ ਹਰੀ ਦੇ ਨਾਲ ਹੀ ਮੇਰਾ ਸੰਗੁ=ਸਬੰਧ ਹੈ, ਵਾ:- ਸਾਥ ਹੈ।

ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥

ਇਕ ਹਰੀ ਦੇ ਨਾਲ ਹੀ ਮੈਂ ਗੋਸਟੇ=ਚਰਚਾ ਕਰਦਾ ਹਾਂ, ਜੋ ਭੰਗੁ=ਭਵਾਕੇ ਭਾਵ ਫੇਰ ਕੇ ਮੂੰਹ ਮੈਲਾ ਨਹੀਂ ਕਰਦਾ, ਵਾ:- ਮੂੰਹ ਮੈਲਾ ਕਰਕੇ ਭੰਗੁ=ਮੋੜਦਾ ਨਹੀਂ। ਜੋ ਦਿਲ ਦੀ ਪੀੜਾਂ ਨੂੰ ਜਾਣਦਾ ਹੈ ਅਤੇ ਰੰਗੁ=ਪ੍ਰੇਮ ਨੂੰ,

ਅਥਵਾ- ਆਪ ਦੇ ਰੰਗੁ=ਸੁਭਾਵ ਨੂੰ ਕਦੇ ਨਹੀ ਮੋੜਦਾ।

ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥

ਜੋ ਭੰਨਣ ਘੜਨ ਨੂੰ ਸਮਰੱਥ ਹੈ, ਓਹ ਇੱਕੋ ਹਰੀ ਮੇਰਾ ਮਸਲਤੀ=ਸਲਾਹਕਾਰ ਹੈ। ਇੱਕੋ ਹਰੀ ਮੇਰਾ ਦਾਤਾ ਹੈ, ਜਗਤ ਦੇ ਦਾਤਿਆਂ ਦੇ ਸਿਰ ਉੱਤੇ ਜਿਸ ਦਾ ਹੱਥ ਹੈ।

ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥

ਇੱਕ ਹਰੀ ਦੀ ਮੈਨੂੰ ਟੇਕ ਹੈ, ਜੋ ਸਾਰਿਆਂ ਦੇ ਸਿਰ ਉੱਤੇ ਸਮਰੱਥ ਹੈ। ਸੰਤੁ=ਸ਼ਾਂਤ ਆਤਮਾ ਸਤਿਗੁਰਾਂ ਨੇ ਆਪਣਾ ਕ੍ਰਿਪਾ ਰੂਪੀ ਹੱਥ ਮੇਰੇ ਮੱਥੇ ਉੱਪਰ ਰੱਖ ਕੇ ਉਸ ਵਾਹਿਗੁਰੂ ਨਾਲ ਮਿਲਾਇਆ ਹੈ।

[ਪੰਨਾ ੯੫੯]

ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥

ਗੁਰਾਂ ਨੇ ਵਡੇ ਸਾਹਿਬੁ=ਪਰਮਾਤਮਾ ਨਾਲ ਮਿਲਾਇਆ, ਜਿਸ ਗੁਰੂ ਨੇ ਸਾਰੇ ਜਗਤ ਨੂੰ ਤਾਰਿਆ ਹੈ।

ਅਥਵਾ- ਸਾਰੇ ਜਗਤ ਵਿਚ ਸਾਰੇ ਅਧਿਕਾਰੀਆਂ ਨੂੰ ਤਾਰਿਆ ਹੈ।

ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥
ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥ ੧ ॥

ਜਿਸ ਵੇਲੇ ਧੁਰੋਂ ਸ੍ਰੇਸ਼ਟ ਕਰਮਾਂ ਦਾ ਸੰਜੋਗ ਪਾਇਆ, ਵਾ- ਧੁਰ ਰੂਪ ਪਰਮਾਤਮਾ ਨਾਲ ਸੰਜੋਗ ਪਾਇਆ, ਤਾਂ ਮਨ ਦੀਆਂ ਸਭ ਇੱਛਾ ਪੂਰਨ ਹੋ ਗਈਆਂ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਜਿਸ ਨੇ ਸੱਚ ਨਾਮ

ਜਪਣਾ ਪਾਇਆ ਹੈ, ਉਹ ਜੀਵ ਈਸ਼ੂਰ ਦੀ ਏਕਤਾ ਦੇ ਭੋਗ=ਅਨੰਦ ਨੂੰ ਸਦਾ ਭੋਗਦਾ ਹੈ॥ ੧॥

ਮਃ ੫॥ ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥

ਮਨਮੁਖ ਪੁਰਸ਼ਾਂ ਦੀ ਜੇਹੜੀ ਦੋਸਤੀ ਹੈ, ਇਹ ਮਾਇਆ ਦੇ ਸਨਬੰਧ ਕਰਕੇ ਹੈ। ਮਾਇਆ ਦੀ ਨਾ ਪ੍ਰਾਪਤੀ ਹੋਣ ਕਰਕੇ ਵੇਖਦਿਆਂ ਹੀ ਦੌੜ ਜਾਂਦੇ ਹਨ, ਬੰਧੁ=ਸੰਤੋਖ, ਵਾ- ਧੀਰਜ ਨੂੰ ਕਦੇ ਨਹੀਂ ਪਾਂਦੇ।

ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥

ਜਿਚਰੁ=ਜਿੰਨਾਂ ਚਿਰ ਕ਼ੱਪੜਿਆਂ ਦਾ ਪਹਿਰਨਾ ਅਤੇ ਪਦਾਰਥਾਂ ਦਾ ਖਾਣਾ ਕਰਦੇ ਹਨ, ਉਨ੍ਹਾਂ ਚਿਰ ਗੰਢੁ=ਮੇਲ, *ਅਥਵਾ-* ਪ੍ਰੇਮ ਰੱਖਦੇ ਹਨ। ਜਿਸ ਦਿਨ ਉਨ੍ਹਾਂ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ, ਉਸ ਦਿਨ ਗੰਧੁ=ਗੰਦ ਹੀ ਬੋਲਦੇ, ਭਾਵ ਭੈੜੇ ਬਚਨ ਆਖਦੇ ਹਨ।

ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ॥
ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ॥

ਅੰਨ੍ਹੇ ਅਗਿਆਨੀ ਜੋ ਮਨਮੁਖ ਹਨ, ਉਹ ਮਿੱਤਰ ਦੇ ਜੀਅ ਦੀ ਸਾਰ=ਸੰਭਾਲ ਨਹੀਂ ਜਾਣਦੇ। ਕੂੜਾ ਗੰਢੁ=ਮੇਲ ਮਿਲਾਪ ਬਹੁਤ ਦਿਨ ਤੱਕ ਨਹੀਂ ਚਲਦਾ, ਜਿਵੇਂ ਨਦੀ ਦੇ ਵਿਚ ਚਿੱਕੜ ਨਾਲ ਪੱਥਰਾਂ ਦਾ ਬੰਧੁ=ਬੰਧੇਜ ਠਹਿਰਦਾ ਨਹੀਂ, ਕਿਉਂਕਿ ਜਦ ਪਾਣੀ ਦੀ ਛੱਲ ਆਉਂਦੀ ਹੈ ਤਾਂ ਢਹਿ ਜਾਂਦਾ ਹੈ। ਏਸੇ ਤਰ੍ਹਾਂ ਜਦ ਕੋਈ ਵਿਉਹਾਰ ਰੂਪੀ ਜਲ ਦਾ ਪ੍ਰਵਾਹ ਆ ਗਿਆ, ਤਾਂ ਪ੍ਰੀਤੀ ਰੂਪੀ ਚਿੱਕੜ ਦੂਰ ਹੋ ਜਾਂਦਾ ਹੈ।

ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ॥
ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ॥

ਅੰਧੇ ਅਗਿਆਨੀ ਸ੍ਵੈ ਸਰੂਪ ਨੂੰ ਜਾਣਦੇ ਨਹੀਂ, ਫਕੜੁ=ਖਰਾਬੜ ਧੰਧਿਆਂ ਨੂੰ ਪਿੱਟਦੇ ਹਨ। ਝੂਠੇ ਪਦਾਰਥਾਂ ਦੇ ਮੋਹ ਵਿਚ ਲੰਪਟ ਹਨ, ਹਉ ਹਉ=ਹੰਗਤਾ ਹੀ ਹੰਗਤਾ ਕਰਦਿਆਂ ਸਾਰੀ ਉਮਰਾ ਬਿਹੰਧੁ=ਬੀਤਦੀ ਹੈ।

ਕ੍ਰਿਪਾ ਕਰੇ ਜਿਸੁ ਆਪਣੀ ਧੁਰਿ ਪੂਰਾ ਕਰਮੁ ਕਰੇਇ॥
ਜਨ ਨਾਨਕ ਸੇ ਜਨ ਉਬਰੇ ਜੋ ਸਤਿਗੁਰ ਸਰਣਿ ਪਰੇ॥ ੨॥

ਜਿਸ ਉੱਤੇ ਉਹ ਪਰਮੇਸ਼ਰ ਆਪਣੀ ਕ੍ਰਿਪਾ ਦਿਸ਼ਟੀ ਕਰਦਾ ਹੈ, ਉਹ ਧੁਰ ਰੂਪ ਦੀ ਪ੍ਰਾਪਤੀ ਦਾ ਪੂਰਨ ਕਰਮ ਕਰਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਓਹ ਪੁਰਸ਼ ਸੰਸਾਰ ਸਮੁੰਦ੍ਰ ਤੋਂ ਤਰੇ ਹਨ, ਜੋ ਸਤਿਗੁਰਾਂ ਦੀ ਸ਼ਰਨ ਵਿਚ ਪਏ ਹਨ॥ ੨॥

ਪਉੜੀ॥ ਜੋ ਰਤੇ ਦੀਦਾਰ ਸੇਈ ਸਚੁ ਹਾਕੁ॥
ਜਿਨੀ ਜਾਤਾ ਖਸਮੁ ਕਿਉ ਲਭੈ ਤਿਨਾ ਖਾਕੁ॥

ਜੋ ਪੁਰਸ਼ ਦੀਦਾਰ=ਸਰੂਪ ਵਿਚ ਰੱਤੇ ਹਨ, ਉਹ ਸੱਚ ਸਰੂਪ ਹਾਕੁ=ਆਖੀਂਦੇ ਹਨ, ਵਾ- ਉਹ ਸੱਚੁ ਨੂੰ

www.sikhbookclub.com

ਹਾਕੁ=ਉਚਾਰਦੇ ਹਨ, ਵਾ- ਸੱਚਾ ਪਰਮੇਸ਼ਰ ਉਨ੍ਹਾਂ ਨੂੰ ਆਪਣੀ ਤਰਫ ਹਾਕੁ=ਬੁਲਾ ਲੈਂਦਾ ਹੈ। ਜਿਨ੍ਹਾਂ ਨੇ ਖਸਮ ਪਰਮਾਤਮਾਂ ਨੂੰ ਜਾਣਿਆ ਹੈ, ਉਨ੍ਹਾਂ ਸੰਤਾਂ ਦੇ ਚਰਨਾਂ ਦੀ ਖਾਕੁ=ਧੂੜੀ ਕਿਵੇਂ ਲੱਭੇ? ਉੱਤਰ ਅਖੀਰਲੀ ਤੁਕ ਵਿਚ ਆਵੇਗਾ।

ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ॥
ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ॥

ਵਿਸ਼ੇ ਵਿਕਾਰਾਂ ਕਰਕੇ ਮੈਲਾ ਜੋ ਮਨ ਹੈ, ਓਹ ਸੰਤਾਂ ਦੇ ਸੰਗ ਕਰਕੇ ਪਾਕੁ=ਪਵਿੱਤ੍ਰ ਹੁੰਦਾ ਹੈ। ਭਰਮ ਰੂਪੀ ਤਾਕੁ=ਤਖਤਾ ਖੁੱਲ੍ਹ ਜਾਵੇ ਤਾਂ ਸੱਚਾ ਮਹਲੀ ਪਰਮਾਤਮਾ ਦਿੱਸਦਾ ਹੈ।

ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ॥
ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰਿ ਝਾਕੁ॥

ਜਿਸ ਪੁਰਸ਼ ਨੂੰ ਉਹ ਪਰਮੇਸ਼ਰ ਮਹਲੁ=ਸਰੂਪ ਵਿਖਾਂਦਾ ਹੈ, ਉਸ ਨੂੰ ਚੋਰਾਸੀ ਲੱਖ ਜੂਨ ਵਿਚ ਧੱਕਾ ਨਹੀਂ ਮਿਲਦਾ। ਜੇਕਰ ਉਹ ਪਰਮੇਸ਼ਰ ਬਿੰਦਕ=ਰੰਚਕ ਮਾਤ੍ਰ ਵੀ ਕਿਰਪਾ ਦ੍ਰਿਸ਼ਟੀ ਕਰਕੇ ਝਾਕੁ=ਵੇਖੇ, ਤਾਂ ਮਨ ਤਨ ਨਿਹਾਲ ਹੋ ਜਾਂਦਾ ਹੈ।

ਨਉ ਨਿਧਿ ਨਾਮੁ ਨਿਧਾਨੁ ਗੁਰ ਕੈ ਸਬਦਿ ਲਾਗੁ॥
ਤਿਸੈ ਮਿਲੈ ਸੰਤ ਖਾਕੁ ਮਸਤਕਿ ਜਿਸੈ ਭਾਗੁ॥ ੫॥

ਗੁਰਾਂ ਦੇ ਉਪਦੇਸ਼ ਵਿਚ ਲਗਣੇ ਕਰਕੇ ਨੌਂ ਨਿਧੀਆਂ ਦਾ ਖਜ਼ਾਨਾ ਨਾਮ ਮਿਲਦਾ ਹੈ। ਸੰਤਾਂ ਦੇ ਚਰਨਾਂ ਦੀ ਖਾਕੁ=ਧੂੜੀ ਉਸ ਨੂੰ ਮਿਲਦੀ ਹੈ, ਜਿਸ ਦੇ ਮੱਥੇ ਦੇ ਸ੍ਰੇਸ਼ਟ ਭਾਗ ਹੁੰਦੇ ਹਨ॥ ੫॥

ਸਲੋਕ ਮਃ ੫॥

ਉਥਾਨਕਾ:- ਉੱਤਮ, ਮੱਧਮ ਸਖੀਆਂ ਦੇ ਸੰਬਾਦ ਦੁਆਰਾ ਗੁਰੂ ਸਾਹਿਬ ਜੀ ਉਪਦੇਸ਼ ਕਰਦੇ ਹਨ। ਉੱਤਮ ਸਖੀ ਮੱਧਮ ਨੂੰ ਸਮਝਾਂਦੀ ਹੈ- ਕਿ

ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ॥
ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣੁ॥

ਹੇ ਹਰਨ ਵਾਂਗੂੰ ਸੁੰਦਰ ਨੇਤ੍ਰਾਂ ਵਾਲੀ ! ਭਾਵ ਸੁਰਤੀ ਸਿੰਮ੍ਰਿਤੀ ਰੂਪ ਅੱਖਾਂ ਵਾਲੀ, ਮੈਂ ਤੈਨੂੰ ਸੱਚਾ ਬਚਨ ਸੁਣਾਂਦੀ ਹਾਂ, ਜੋ ਤੇਰਾ ਉਧਾਰ ਕਰੇ। ਹੇ ਛਬੀਲੀ ! ਤੂੰ ਸੁੰਦਰ ਬਚਨ ਸੁਣਨਾ ਕਰ, ਤਦ ਪਿਰੀ ਤੇਰੇ ਮਨ ਨੂੰ ਸੁਧਾਰੇਗਾ।

ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ॥
ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ॥

ਤੂੰ ਜੋ ਦੁਰਜਨ=ਖੋਟੇ ਪੁਰਸ਼ਾਂ ਕਾਮ ਆਦਿਕਾਂ ਨਾਲ ਪ੍ਰੇਮ ਰਚਾਇਆ ਹੈ, ਇਸ ਵਾਸਤੇ ਮੈਨੂੰ ਦੱਸ ਇਸ ਦਾ ਕੀ ਕਾਰਨ ਹੈ, ਮੈਂ ਵੇਖਾ ਤਾਂ ਸਹੀ, ਵਾ- ਤੂੰ ਇਸ ਦਾ ਲਾਭ ਵੇਖ। ਭਾਵ ਇਨ੍ਹਾਂ ਵਿਚ ਲਗਣ ਕਰਕੇ ਅੰਤ

www.sikhbookclub.com

ਨੂੰ ਬੁਰਾ ਫਲ ਭਾਵ ਦੁੱਖ ਮਿਲਦਾ ਹੈ। ਕਿਸੇ ਪਦਾਰਥ ਕਰਕੇ ਤੂੰ ਊਣੀ=ਖਾਲੀ ਨਹੀਂ ਹੈਂ, ਗੁਣਾਂ ਕਰਕੇ ਵੀ ਤੂੰ ਝੂਣੀ ਨਹੀਂ ਹੈਂ, ਵਾ- ਤੈਨੂੰ ਝੂਣੀ=ਝੋਰਾ ਭੀ ਨਹੀਂ ਹੈ ਅਤੇ ਕਿਸੇ ਅੰਗ ਤੋਂ ਵੀ ਵਿਹੂਣੀ=ਬਿਨਾਂ ਨਹੀਂ ਹੈਂ। ਭਾਵ ਤੇਰੇ ਸਰੀਰ ਦੇ ਸਾਰੇ ਅੰਗ ਸੋਹਣੇ ਹਨ। *ਅਥਵਾ-* ਕਿਸੇ ਸਾਸ਼ਤ੍ਰ ਤੋਂ ਭੀ ਬਿਨਾਂ ਨਹੀਂ ਹੈ।

ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ॥
ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾ ਹੀ ਦੋਸਾ॥

ਛੈਲੁ ਛਬੀਲਾ=ਸੁੰਦਰ ਛਬ (ਸੋਭਾ) ਵਾਲੇ ਪਤੀ ਨੂੰ ਤੂੰ ਛੱਡ ਗੁਆਇਆ ਹੈ, ਇਸ ਕਰਕੇ ਹੇ ਦੁਰਮਤਿ= ਖੋਟੀ ਬੁੱਧੀ ਵਾਲੀਏ ! ਤੂੰ ਸ੍ਰੇਸ਼ਟ ਕਰਮਾਂ ਤੋਂ ਬਿਨਾਂ ਹੈਂ।

ਹੁਣ ਜਿਗਿਆਸੂ ਰੂਪ ਮੱਧਮ ਸਖੀ ਕਹਿੰਦੀ ਹੈ-

ਮੇਰੇ ਭੀ ਕੀ ਅਖ਼ਤਿਆਰ ਹੈ ! ਨਾ ਮੈਂ ਭੁੱਲੀ ਹਾਂ ਮਨ ਕਰਕੇ, ਨਾ ਮੈਂ ਚੁੱਕੀ ਹਾਂ ਬਾਣੀ ਕਰਕੇ, ਨਾ ਹੀ ਮੇਰੇ ਤਨ ਵਿਚ ਕੋਈ ਦੋਸ਼ ਹੈ।

ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ॥

ਜਿਸ ਤਰਫ਼ ਪਰਮੇਸ਼ਰ ਨੇ ਮੈਨੂੰ ਲਾਇਆ ਹੈ, ਓਸੇ ਪਾਸੇ ਮੈਂ ਲਗੀ ਹੋਈ ਹਾਂ, ਤੂੰ ਮੇਰਾ ਸੱਚਾ ਸੁਨੇਹਾ ਸੁਣ। ਉੱਤਮ ਸਖੀ ਆਖਦੀ ਹੈ-

ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ॥
ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥

ਓਹੀ ਸੁਹਾਗਵੰਤੀ ਹੈ,.ਓਹੀ ਸ੍ਰੇਸ਼ਟ ਭਾਗਾਂ ਵਾਲੀ ਹੈ, ਜਿਸ ਉੱਤੇ ਪਿਰੀ ਪਰਮਾਤਮਾ ਨੇ ਕ੍ਰਿਪਾ ਦ੍ਰਿਸ਼ਟੀ ਧਾਰੀ ਹੈ। ਪਤੀ ਨੇ ਉਸ ਦੇ ਸਾਰੇ ਔਗੁਣ ਦੂਰ ਕੀਤੇ ਹਨ ਅਤੇ ਉਸ ਨੂੰ ਆਪਣੇ ਗਲ ਨਾਲ ਲਗਾ ਕੇ ਸਵਾਰਿਆ ਹੈ।

ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ॥
ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥ ੧॥

ਹੁਣ ਜਿਗਿਆਸੂ ਰੂਪ ਮੱਧਮ ਸਖੀ ਕਹਿੰਦੀ ਹੈ, ਮੈਂ ਸ੍ਰੇਸ਼ਟ ਕਰਮਾਂ ਤੋਂ ਰਹਿਤ ਇਸਤ੍ਰੀ ਬੇਨਤੀ ਕਰਦੀ ਹਾਂ, ਹੇ ਪ੍ਰਭੂ ! ਤੇਰੇ ਨਾਲ ਮਿਲਣ ਦੀ ਮੇਰੀ ਵਾਰੀ ਕਦੋਂ ਆਵੇਗੀ। ਜੋ ਭੀ ਸੁਹਾਗਣਾਂ ਹਨ, ਉਹ ਸਾਰੀਆਂ ਹੀ ਖੁਸ਼ੀਆਂ ਨੂੰ ਮਾਣਹਿ=ਭੋਗਦੀਆਂ ਹਨ, ਹੇ ਮੁਰਾਰੀ ! ਇੱਕ ਅਵਸਥਾ ਰੂਪੀ ਰਾਤ ਮੈਨੂੰ ਭੀ ਦੇਵੋ, ਅਰਥਾਤ ਮੇਰੀ ਵੀ ਅਵਸਥਾ ਸਫਲੀ ਕਰੋ॥ ੧॥

ਮਃ ੫॥ ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ॥
ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ॥

ਹੇ ਮਨ ! ਤੂੰ ਕਿਸ ਵਾਸਤੇ ਭਟਕਦਾ ਫਿਰਦਾ ਹੈਂ, ਉਹ ਹਰੀ ਸਭ ਮਨਸਾ=ਵਾਸ਼ਨਾ (ਇੱਛਾ) ਦੇ ਪੂਰਨ ਕਰਨ ਵਾਲਾ ਹੈ। ਸਤਿਗੁਰਾਂ ਦੁਆਰੇ ਤੂੰ ਅਕਾਲ ਪੁਰਖ ਨੂੰ ਧਿਆਉਣਾ ਕਰ, ਉਹ ਹਰੀ ਸਭ ਦੁੱਖਾਂ ਦੇ ਨਿਵਿਰਤ

www.sikhbookclub.com

ਕਰਨ ਵਾਲਾ ਹੈ।

ਹਰਿ ਨਾਮਾ ਆਰਾਧਿ ਮਨ ਸਭਿ ਕਿਲਵਿਖ ਜਾਹਿ ਵਿਕਾਰ॥
ਜਿਨ ਕਉ ਪੂਰਬਿ ਲਿਖਿਆ ਤਿਨ ਰੰਗੁ ਲਗਾ ਨਿਰੰਕਾਰ॥

`ਹੇ ਮਨ ! ਤੂੰ ਹਰੀ ਨਾਮ ਨੂੰ ਅਰਾਧਣਾ ਕਰ, ਤਾਂ ਸਾਰੇ ਪਾਪਾਂ ਰੂਪੀ ਵਿਕਾਰ ਚਲੇ ਜਾਣਗੇ। ਜਿਨ੍ਹਾਂ ਨੂੰ ਪੂਰਬਲਾ ਸ੍ਰੇਸ਼ਟ ਲੇਖ ਲਿਖਿਆ ਹੋਇਆ ਫਲ ਦੇਣ ਨੂੰ ਪ੍ਰਾਪਤ ਹੋਇਆ ਹੈ, ਉਨ੍ਹਾਂ ਦਾ ਨਿਰੰਕਾਰ ਨਾਲ ਰੰਗੁ=ਪ੍ਰੇਮ ਲੱਗਾ ਹੈ।

ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ॥
ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ॥

ਉਨ੍ਹਾਂ ਨੇ ਮਾਇਆ ਦਾ ਸੁਆਵੜਾ=ਸੁਆਦ, ਵਾ:- ਲਾਭ ਛੱਡ ਦਿੱਤਾ ਹੈ ਅਤੇ ਬਿਅੰਤ ਨਾਮ ਰੂਪ ਧਨ ਸੰਚਿਆ=ਇੱਕਠਾ ਕੀਤਾ ਹੈ। ਅੱਠੇ ਪਹਿਰ ਇੱਕ ਦੇ ਵਿਚ ਲਿਵ ਲਗਾ ਕੇ ਉਹ ਅਪਾਰੁ=ਬਿਅੰਤ ਰੂਪ ਪਰਮੇਸ਼ਰ ਦੇ ਹੁਕਮ ਨੂੰ ਮੰਨਦੇ ਹਨ।

ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ॥ ੨॥

ਸਤਿਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ—ਮੈਂ ਜਨ ਇੱਕ ਦਾਨ ਮੰਗਦਾ ਹਾਂ, ਮੇਰੇ ਮਨ ਵਿਚ ਬੜਾ ਪਿਆਰ ਹੈ, ਆਪ ਆਪਣਾ ਦਰਸ਼ਨ ਦੇਹੁ=ਦੇਣਾ ਕਰੋ॥ ੨॥

[ਪੰਨਾ ੯੬੦]

ਪਉੜੀ॥ ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥

ਹੇ ਪਰਮੇਸ਼ਰ ! ਜਿਸ ਨੂੰ ਯਾਦ ਆਉਂਦਾ ਹੈਂ, ਉਸ ਨੂੰ ਸਦਾ ਸੁਖ ਹੁੰਦਾ ਹੈ, ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਨੂੰ ਜਮਾਂ ਦਾ ਦੁੱਖ ਨਹੀਂ ਹੁੰਦਾ।

ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥
ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥

ਜਿਸ ਨੂੰ ਤੂੰ ਚੇਤੇ ਆਉਂਦਾ ਹੈਂ ਉਸ ਨੂੰ ਕਿ ਕਾੜਿਆ=ਕੀ ਝੋਰਾ ਹੈ, ਭਾਵ- ਕੋਈ ਝੋਰਾ ਨਹੀਂ। ਹੇ ਕਰਤਾ ਪੁਰਖ ! ਜਿਸ ਦਾ ਤੂੰ ਮਿੱਤ੍ਰ ਹੈਂ, ਉਸ ਦੇ ਸਾਰਿਆਂ ਕੰਮਾਂ ਨੂੰ ਤੂੰ ਸਵਾਰਿਆ ਹੈ।

ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥
ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥

ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਓਹੀ ਜਨ ਪ੍ਰਮਾਣੀਕ ਹੈ। ਜਿਸ ਨੂੰ ਤੂੰ ਯਾਦ ਆਉਂਦਾ ਹੈਂ, ਉਸ ਦੇ ਪਰਤੱਖ ਘਰ ਵਿਚ ਬਹੁਤਾ ਧਨ ਹੁੰਦਾ ਹੈ, ਵਾ- ਅੰਤਹਕ਼ਰਨ ਰੂਪੀ ਘਰ ਵਿਚ ਨਾਮ ਧਨ ਬਹੁਤ ਹੁੰਦਾ ਹੈ।

ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ ॥
ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ ॥ ੬ ॥

ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਹ ਵੱਡੇ ਪਰਵਾਰ ਵਾਲਾ ਹੈ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਨੇ ਆਪਣੀਆਂ ਸਭ ਕੁਲਾਂ ਨੂੰ ਤਾਰ ਲਿਆ ਹੈ॥ ੬॥

ਸਲੋਕ ਮਃ ੫ ॥

ਉਥਾਨਕਾਃ- ਇੱਕ ਵੈਸ਼ਨਵ ਪੰਡਿਤ ਲੋਭ ਦੇ ਵਸ ਵਿਚ ਪੈ ਕੇ ਧਾਰਨਾ ਤੋਂ ਬਿਨਾਂ ਪਖੰਡ ਸਹਿਤ ਕਥਾ ਕਰਦਾ ਹੁੰਦਾ ਸੀ। ਸਿੱਖਾਂ ਦੇ ਸਾਹਮਣੇ ਤੇ ਗੁਰੂ ਸਾਹਿਬ ਜੀ ਦੇ ਸਾਹਮਣੇ ਗੁਰੂ ਘਰ ਦੀ ਵਡਿਆਈ ਕਰਦਾ ਸੀ ਤੇ ਪਿੱਛੋਂ ਨਿੰਦਿਆ ਕਰਦਾ ਸੀ। ਜਿਸ ਵੇਲੇ ਉਸ ਦਾ ਪਖੰਡ ਖੁਲ੍ਹ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਰਬਾਰ ਚੋਂ ਨਿਕਲ ਗਿਆ। ਇਸ ਤਰ੍ਹਾਂ ਦੇ ਭੈੜੇ ਮਨੁੱਖਾਂ ਤੋਂ ਬਚਣ ਵਾਸਤੇ ਗੁਰੂ ਸਾਹਿਬ ਜੀ ਸਿੱਖਾਂ ਨੂੰ ਉਪਦੇਸ਼ ਦੇਂਦੇ ਹਨ।

ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ॥

ਗਿਆਨ ਵੈਰਾਗ ਰੂਪੀ ਅੱਖਾਂ, *ਵਾਃ-* ਪਰਮਾਰਥ ਗਿਆਤ ਤੋਂ ਰਹਿਤ ਹੋਣ ਕਰਕੇ ਅੰਦਰੋਂ ਅੰਨ੍ਹਾ ਹੈ ਤੇ ਸ਼ਸਤ੍ਰ ਗਿਆਨ ਰੂਪ ਨੇਤ੍ਰਾਂ ਤੋਂ ਹੀਨ ਹੋਣ ਕਰਕੇ, *ਵਾਃ-* ਵਿਹਾਰਕ ਗਿਆਤ ਤੋਂ ਰਹਿਤ ਹੋਣ ਕਰਕੇ ਬਾਹਰੋਂ ਅੰਨ੍ਹਾਂ ਹੈ ਅਤੇ ਕੂੜੀ ਕੂੜੀ=ਝੂਠੀਆਂ ਝੂਠੀਆਂ ਗੱਲਾ ਗਾਂਵਦਾ ਹੈਂ, *ਅਥਵਾਃ-* ਕੁੜੀਆਂ ਮੁੰਡਿਆਂ ਵਾਸਤੇ ਝੂਠੀਆਂ ਗੱਲਾਂ ਗਾਂਵਦਾ ਹੈ।

ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ ॥

ਦੇਹ ਨੂੰ ਚੰਗੀ ਤਰ੍ਹਾਂ ਧੋ ਕੇ ਮੱਥੇ ਉੱਤੇ ਚਕ੍ਰ=ਤਿਲਕ ਬਣਾਉਂਦਾ ਹੈ, *ਵਾਃ-* ਗਣੇਸ਼ ਚੱਕਰ ਪੂਰਦਾ ਹੈ, ਪਰ ਮਨ ਕਰਕੇ ਮਾਇਆ ਦੇ ਇਕੱਤ੍ਰ ਕਰਨੇ ਨੂੰ ਬਹੁਤਾ ਦੌੜਦਾ ਹੈ।

ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ॥

ਉਸ ਦੇ ਅੰਦਰੋਂ ਹਉਮੈ ਦੀ ਮੈਲ ਲਗੀ ਹੋਈ ਉਤਰਦੀ ਨਹੀਂ, ਏਸੇ ਕਰਕੇ ਵਾਰੰਵਾਰ ਚੌਰਾਸੀ ਲੱਖ ਜੂਨ ਵਿਚ ਆਉਂਦਾ ਜਾਂਦਾ ਹੈ।

ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥

ਮੋਹ ਤੇ ਅਵਿੱਦਿਆ ਰੂਪ ਨੀਂਦ ਵਿਚ ਵਿਆਪਿਆ ਹੋਇਆ ਹੈ ਅਤੇ ਕਾਮਿ=ਕਾਮਨਾ ਕਰਕੇ, *ਵਾਃ-* ਕਾਮਿ=ਕਾਮਦੇਵ ਕਰਕੇ ਸੰਤਾਪਿਆ=ਦੁੱਖੀ ਹੈ ਤੇ ਮੁਖ ਤੋਂ ਹਰਿ ਹਰਿ ਨਾਮ ਕਹਿਣੇ ਵਿਚ ਆਉਂਦਾ ਹੈ। ਪਰ ਇਸ਼ਾਰੇ ਉਲਟ ਬਣਾਏ ਹੋਇ ਹਨ- ਕਿ ਧਨ ਹਰ ਲਿਓ, ਧਨ ਹਰ ਲਿਓ,

ਯਥਾਃ- ਨਾਰਾਇਣ ਨਰ ਆਇਓ, ਦਾਮੋਦਰ ਦਾਮੰਗ।
ਬਿੰਦ੍ਰਾਬਨ ਲੈ ਜਾਈਓ ਮਾਰੋ ਜਾਇ ਨਿਸੰਗ।

ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥

ਨਾਂ ਆਪਣਾ ਵੈਸ਼ਨਵ ਧਰਾਇਆ ਹੋਇਆ ਹੈ ਤੇ ਹੰਗਤਾ ਵਾਲੇ ਕਰਮਾਂ ਵਿਚ ਜੁੜਿਆ ਹੋਇਆ ਹੈ, ਹੋਰਾਂ

www.sikhbookclub.com

ਨੂੰ ਕੁੱਟ ਕੇ ਕੀ ਫਲ ਪਾਏਗਾ।

ਏਸੇ ਤਰ੍ਹਾਂ ਸ਼ਕਾਮ ਕਰਮਾਂ ਦੇ ਕਰਨ ਨਾਲ ਭਲਾ ਕੀ ਫਲ ਪਾਏਗਾ।

ਅਥਵਾ:- ਹੰਗਤਾ ਦੇ ਸਹਿਤ ਕਰਮ ਕਰਨ ਨਾਲ ਕੀ ਗਿਆਨ ਫਲ ਨੂੰ ਪਾਏਗਾ, ਭਾਵ ਨਹੀਂ ਪਾਏਗਾ।

ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ॥

ਜਿਵੇਂ ਹੰਸਾਂ ਵਿਚ ਬੈਠਾ ਹੋਇਆ ਬਗਲਾ ਹੰਸ ਨਹੀਂ ਬਣਦਾ, ਕਿਉਂਕਿ ਉਹ ਬਗਲਾ ਬੈਠਾ ਹੋਇਆ ਨਿਤਾਪ੍ਰਤੀ ਮੱਛੀ ਦੇ ਫੜਨੇ ਨੂੰ ਤਾਰ ਲਾਵੈ=ਬਿਰਤੀ ਲਗਾਈ ਰੱਖਦਾ ਹੈ। ਤਿਵੇਂ ਤਤਵੇਤਾ ਮਹਾਤਮਾ ਦੀ ਸਭਾ ਵਿਚ ਬੈਠਾ ਹੋਇਆ ਬਗੁ=ਪਖੰਡੀ ਪੁਰਸ਼, ਹੰਸ=ਮਹਾਤਮਾ ਨਹੀਂ ਬਣ ਸਕਦਾ, ਕਿਉਕਿ ਪਖੰਡੀ ਪੁਰਸ਼ ਬੈਠਾ ਹੋਇਆ ਸਦਾ ਹੀ ਪਰ ਇਸਤ੍ਰੀ ਰੂਪ ਮੱਛੀ ਵਿਚ ਬਿਰਤੀ ਲਾਂਵਦਾ ਹੈ।

ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ
ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥

ਜਾਂ ਤਤਵੇਤਾ ਮਹਾਤਮਾ ਰੂਪ ਹੰਸਾਂ ਦੀ ਸਭਾ ਵਿਚਾਰ ਕੇ ਦੇਖਣ ਤਾਂ ਪਖੰਡੀਆਂ ਬਗਲਿਆਂ ਨਾਲ ਜੋੜ ਕਦੇ ਨਹੀਂ ਆਉਂਦਾ।

ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥

ਕਿਉਂਕਿ ਹੰਸਾ=ਤਤਵੇਤਾ ਮਹਾਤਮਾ ਨੇ ਤਾਂ ਹੀਰਾ=ਨਾਮ, ਮੋਤੀ=ਸ਼ੁੱਧਤਾ ਆਦਿਕ ਸ਼ੁਭ ਗੁਣਾਂ ਦੀ ਚੋਗ ਨੂੰ ਹੀ ਚੁਗਣਾ ਹੈ ਅਤੇ ਬਗੁ=ਬਗਲਾ ਪਖੰਡੀ ਪਰ ਇਸਤ੍ਰੀ ਰੂਪ ਡੱਡਾਂ ਨੂੰ ਹੀ ਲੱਭਣ ਜਾਂਦਾ ਹੈ।

ਉਡਰਿਆ ਵੇਚਾਰਾ ਬਗੁਲਾ ਮਤੁ ਹੋਵੈ ਮੰਝੁ ਲਖਾਵੈ॥

ਅੰਤ ਨੂੰ ਉਹ ਵਿਚਾਰਾ ਬਗੁਲਾ=ਪਖੰਡੀ ਉਡ ਪਿਆ, ਕਿ ਮਤਾਂ ਮੰਝੁ=ਮੇਰਾ ਇੱਥੇ ਲਖਾਵੈ=ਜਨਾਉ ਹੋ ਜਾਵੇ।

ਜਿਤੁ ਕੋ ਲਾਇਆ ਤਿਤ ਹੀ ਲਾਗਾ ਕਿਸੁ ਦੋਸੁ ਦਿਚੈ ਜਾ ਹਰਿ ਏਵੈ ਭਾਵੈ॥

ਪਰਮੇਸ਼ਰ ਨੇ, ਵਾ:- ਕਰਮਾਂ ਨੇ ਜਿੱਧਰ ਕੋਈ ਲਗਾਇਆ ਹੈ, ਉਸੇ ਤਰਫ਼ ਕੋਈ ਲੱਗ ਰਿਹਾ ਹੈ, ਤਾਂ ਦੋਸ਼ ਕਿਸ ਨੂੰ ਦੇਣਾ ਹੈ, ਜਾਂ ਹਰੀ ਨੂੰ ਏਸੇ ਤਰ੍ਹਾਂ ਭਾਂਵਦਾ ਹੈ।

ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ॥

ਗੁਰੂ ਰੂਪੀ ਮਾਨ ਸਰੋਵਰ ਸ਼ੁਭ ਗੁਣਾਂ ਰੂਪੀ ਰਤਨਾਂ ਕਰਕੇ ਭਰਪੂਰ ਹੈ, ਜਿਸ ਨੂੰ ਸਤਿਗੁਰ ਦੇਵ ਜੀ ਪਰਾਪਤ ਹੁੰਦੇ ਹਨ, ਉਹੀ ਦੈਵੀ ਗੁਣਾਂ ਨੂੰ ਪਾਉਂਦਾ ਹੈ।

ਸਿਖ ਹੰਸ ਸਰਵਰਿ ਇਕਠੇ ਹੋਏ ਸਤਿਗੁਰ ਕੈ ਹੁਕਮਾਵੈ॥

ਸਿੱਖਾਂ ਰੂਪੀ ਹੰਸ ਸਤਿਗੁਰਾਂ ਰੂਪੀ ਮਾਨ ਸਰੋਵਰ ਉੱਪਰ ਇੱਕਠੇ ਹੋਇ ਹਨ ਤੇ ਸਤਿਗੁਰਾਂ ਦੇ ਹੁਕਮ ਵਿਚ ਆਉਂਦੇ ਹਨ, ਵਾ:-ਸਤਿਗੁਰ ਦੇਵ ਜੀ ਜੋ ਭੀ ਕੈਹੁ=ਕਹਿੰਦੇ ਹਨ, ਉਸ ਨੂੰ ਉਹ ਸਿੱਖ ਕਮਾਂਵਦੇ ਹਨ। (ਪਾਠ ਪਹਿਲਾ ਠੀਕ ਹੈ:- ਸਤਿਗੁਰ ਕੈ ਹੁਕਮਾਵੈ॥)

ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ ਖਾਇ ਖਰਚਿ ਰਹੇ ਤੋਟਿ ਨ ਆਵੈ॥
ਸਰਵਰ ਹੰਸੁ ਦੂਰਿ ਨ ਹੋਈ ਕਰਤੇ ਏਵੈ ਭਾਵੈ॥

ਗੁਰੂ ਰੂਪੀ ਮਾਨ ਸਰੋਵਰ ਰਤਨ=ਵੈਰਾਗ, ਮਾਣਕ=ਸ੍ਰਵਨ, ਮਨਨ, ਨਿਧਿਆਸਣ, ਲਾਲ=ਪ੍ਰੇਮ, ਮਣੀ= ਭਗਤੀ, ਜਵਾਹਰ=ਗਿਆਨ ਇਤਆਦਿਕ ਪਦਾਰਥਾਂ ਕਰਕੇ ਭਰਪੂਰ ਹਨ। ਸਿੱਖਾਂ ਰੂਪੀ ਹੰਸ ਉਨ੍ਹਾਂ ਰਤਨਾਂ, ਮਾਣਕਾਂ ਨੂੰ ਆਪ ਖਾਂਦੇ ਅਤੇ ਹੋਰਨਾਂ ਲਈ ਖਰਚਦੇ ਰਹਿੰਦੇ ਹਨ, ਪ੍ਰੰਤੂ ਘਾਟਾ ਨਹੀਂ ਆਉਂਦਾ। ਸਿੱਖ ਰੂਪੀ ਹੰਸ ਗੁਰੂ ਰੂਪੀ ਮਾਨ ਸਰੋਵਰ ਤੋਂ ਦੂਰ ਨਹੀਂ ਹੁੰਦਾ, ਕਿਉਂਕਿ ਕਰਤੇ ਪੁਰਖ ਨੂੰ ਏਸੇ ਤਰ੍ਹਾਂ ਹੀ ਭਾਂਵਦਾ ਹੈ।

ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ
ਸੋ ਸਿਖੁ ਗੁਰੂ ਪਹਿ ਆਵੈ॥
ਆਪਿ ਤਰਿਆ ਕੁਟੰਬ ਸਭਿ ਤਾਰੇ ਸਭਾ ਸ੍ਰਿਸਟਿ ਛਡਾਵੈ॥੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਿਸ ਪੁਰਸ਼ ਦੇ ਮੱਥੇ ਉੱਪਰ ਧੁਰੋਂ ਸ੍ਰੇਸ਼ਟ ਭਾਗਾਂ ਦਾ ਲੇਖ ਲਿਖਿਆ ਹੈ, ਓਹੀ ਸਿੱਖ ਗੁਰਾਂ ਦੇ ਪਾਸ ਆਉਂਦਾ ਹੈ, ਜੋ ਸਿੱਖ ਗੁਰਾਂ ਪਾਸ ਆਇਆ ਹੈ, ਉਹ ਆਪ ਤਰਿਆ ਹੈ ਅਤੇ ਕੁਟੰਬ ਦੇ ਸਾਰੇ ਜੀਵ ਤਾਰੇ ਹਨ ਅਤੇ ਸ੍ਰਿਸ਼ਟੀ ਵਿਚੋਂ ਸਭ ਅਧਿਕਾਰੀਆਂ ਨੂੰ ਚੌਰਾਸੀ ਲੱਖ ਜੂਨ ਤੋਂ, ਵਾ:- ਜਮਾਂ ਤੋਂ ਛੁਡਾਂਦਾ ਹੈ॥ ੧॥

ਮਃ ੫॥

ਇੱਕ ਪੰਡਿਤ ਜੀਵਾਂ ਨੂੰ ਬਹੁਤ ਰਸਤਿਆਂ ਵਿੱਚ ਪਾਂਵਦਾ ਸੀ, ਉਸ ਦੇ ਤਾਈਂ ਗੁਰੂ ਜੀ ਉਪਦੇਸ਼ ਦੇਂਦੇ ਹਨ-

ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ॥

ਹੇ ਭਾਈ ! ਤੂੰ ਆਪਣੇ ਆਪ ਨੂੰ ਪੰਡਿਤ ਕਹਾਉਂਦਾ ਹੈਂ ਤੇ ਬਹੁਤਿਆਂ ਰਸਤਿਆਂ ਵਿੱਚ ਆਪ ਚਲਦਾ ਹੈਂ ਅਤੇ ਹੋਰਨਾਂ ਨੂੰ ਚਲਾਂਦਾ ਹੈਂ, ਭਾਵ ਭੇਦ ਵਾਦ ਦਾ ਉਪਦੇਸ਼ ਕਰਦਾ ਹੈਂ ਅਤੇ ਦਿਲ ਦਾ ਤੂੰ ਐਸਾ ਕਠੋਰ ਹੈਂ, ਜਿਨੇਹਾ=ਜਿਸ ਤਰ੍ਹਾਂ ਸਾਬਤ ਦਾਲ ਵਿੱਚ ਕੋਰੜ ਮੋਠ ਹੁੰਦਾ ਹੈ, ਚਾਹੇ ਕਿੰਨੀ ਅੱਗ ਬਾਲੋਂ ਉਹ ਕੋਰੜ ਮੋਠ ਕਦੇ ਗਲਦਾ ਨਹੀਂ। ਪੁਨਾ, ਹੇ ਪੰਡਿਤ! ਤੇਰੇ ਹਿਰਦੇ ਅੰਦਰ ਮੋਹ ਹੈ ਅਤੇ ਸਦਾ ਹੀ ਭਰਮ ਵਿੱਚ ਵਿਆਪਿਆ ਰਹਿੰਦਾ ਹੈਂ, ਦੇਹ ਕਰਕੇ ਭੀ ਤੂੰ ਤਿਸਟਸਿ=ਇਸਥਿਤ ਨਹੀਂ ਰਹਿੰਦਾ।

ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ॥
ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥

ਤੂੰ ਝੂਠੀਆਂ ਗੱਲਾਂ ਕਰਦਾ ਹੋਇਆ ਸਤਿਸੰਗ ਵਿੱਚ ਆਉਂਦਾ ਹੈਂ ਅਤੇ ਝੂਠੀਆਂ ਹੀ ਗੱਲਾਂ ਕਰਦਾ ਚਲਿਆ ਜਾਂਦਾ ਹੈਂ, ਵਾ- ਉਸ ਦਾ ਆਉਣਾ ਵੀ ਕੂੜਾ ਹੈ ਤੇ ਜਾਣਾ ਵੀ ਕੂੜਾ ਹੈ, ਉਸ ਨੂੰ ਸਦਾ ਹੀ ਮਾਇਆ

www.sikhbookclub.com

ਦੀ ਜੋਹਾ=ਝਾਕ ਰਹਿੰਦੀ ਹੈ। ਜੇ ਕੋਈ ਸੱਚ ਆਖਦਾ ਹੈ ਤਾਂ ਛੋਹੋ=ਕ੍ਰੋਧ (ਗੁੱਸਾ) ਆਉਂਦਾ ਹੈ, ਕਿਉਂਕਿ ਉਸ ਦੇ ਅੰਦਰ ਰੋਹਾ=ਗੁੱਸਾ ਹੀ ਭਰਿਆ ਹੋਇਆ ਹੈ।

ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥

ਕੁ+ਬੁਧਿ=ਖੋਟੀ ਬੁੱਧੀ ਵਾਲਾ ਪੁਰਸ਼ ਦੁਰ+ਮਤਿ=ਖੋਟੀ ਸਿੱਖਿਆ ਵਿੱਚ ਵਿਆਪਿਆ ਹੋਇਆ ਹੈ ਅਤੇ ਉਸ ਕੁਮੂੜਾ=ਭੈੜੇ ਮੂਰਖ ਦੇ ਮਨ ਨੂੰ ਮੋਹ ਲਗ ਰਿਹਾ ਹੈ। ਠੱਗ ਜੋ ਪੰਡਿਤ ਹੈ, ਉਸ ਦੇ ਨਾਲ ਠਗੁ=ਉਸ ਦਾ ਵਿਦਿਆਰਥੀ ਰਲ ਆਇਆ, ਭਿ=ਬਹੁੜੇ ਸਾਥ ਦੋਹਾਂ ਠੱਗਾਂ ਦਾ ਇੱਕੋ ਜੇਹਾ ਹੈ*।

ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ
ਉਘੜਿਆ ਪੜਦਾ ਅਗੈ ਆਇ ਖਲੋਹਾ ॥

ਜਿਸ ਵੇਲੇ ਸਤਿਗੁਰਾਂ ਰੂਪੀ ਸਰਾਫ਼ ਨੇ ਆਪਣੀ ਨਿਗਾਹ ਦੇ ਵਿਚੋਂ ਕੱਢਿਆਂ ਤਾਂ ਲੋਹਾ ਹੀ ਪ੍ਰਗਟ ਹੋ ਆਇਆ, ਭਾਵ ਪਾਪੀ ਹੀ ਦਿੱਸਿਆ। ਬਹੁਤ ਹੀ ਥਾਵਾਂ ਵਿਖੇ ਰਲਾ ਰਲਾ ਦਿੱਤਾ ਸੀ- ਭਾਵ ਹੋ ਆਇਆ, ਭਾਵ ਪਾਪੀ ਹੀ ਦਿੱਸਿਆ, ਬਹੁਤ ਹੀ ਥਾਵਾਂ ਵਿਖੇ ਰਲਾ ਰਲਾ ਦਿੱਤਾ ਸੀ- ਭਾਵ ਬ੍ਰਾਹਮਣ, ਛਤ੍ਰੀ ਆਦਿਕ ਜਾਤਾਂ ਵਿਖੇ ਰਲਾ ਦਿੱਤਾ ਸੀ, ਪਰੰਤੂ ਅੰਤ ਨੂੰ ਉਸ ਦਾ ਪੜਦਾ ਉਘੜ ਹੀ ਆਇਆ, ਕਿਉਂਕਿ ਉਸ ਦੇ ਕੀਤੇ ਕਰਮ ਦਾ ਫਲ ਅੱਗੇ ਆ ਖਲੋਤਾ।

ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥

ਜੇਕਰ ਉਹ ਸਤਿਗੁਰਾਂ ਦੀ ਸ਼ਰਨ ਵਿਚ ਆ ਜਾਵੇ, ਤਾਂ ਫਿਰ ਮਨੂਰਹੁ=ਲੋਹੇ ਦੀ ਮੈਲ ਤੋਂ ਸੋਨੇ ਵਾਂਙੂ ਸ਼ੁੱਧ ਹੋ ਜਾਂਦਾ ਹੈ। ਸਤਿਗੁਰ ਦੇਵ ਜੀ ਨਿਰਵੈਰ ਹਨ, ਜਿਨ੍ਹਾਂ ਨੂੰ ਪੁੱਤਰ ਤੇ ਦੁਸ਼ਮਨ ਇੱਕ ਬਰੋਬਰ ਹਨ, ਇਸੀ 'ਤੇ ਔਗੁਣਾਂ ਨੂੰ ਕੱਟ ਕੇ ਦੇਹ ਨੂੰ ਸ਼ੁੱਧ ਕਰ ਦੇਂਦੇ ਹਨ।

ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਿਸ ਦੇ ਮੱਥੇ ਉੱਪਰ ਧੁਰੋਂ ਸ੍ਰੇਸ਼ਟ ਲੇਖ ਲਿਖਿਆ ਹੁੰਦਾ ਹੈ, ਉਸ ਦਾ ਸਤਿਗੁਰਾਂ ਦੇ ਨਾਲ ਸਨੇਹਾ=ਸ੍ਰੇਸ਼ਟ ਪ੍ਰੇਮ ਹੁੰਦਾ ਹੈ।

[ਪੰਨਾ ੯੬੧]

ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥ ੨ ॥

---

*ਵਾ- ਇਸ ਸੰਸਾਰ ਵਿੱਚ ਇਹ ਜੀਵ ਠੱਗ ਆਇਆ ਹੈ ਤੇ ਕਾਮ ਆਦਿਕ, ਵਾ:- ਪਦਾਰਥਾਂ ਰੂਪ ਠੱਗਾਂ ਨਾਲ ਰਲ ਗਿਆ ਹੈ, ਦੋਹਾਂ ਦਾ ਸਾਥ ਇੱਕੋ ਜੇਹਾ ਹੈ, ਜੀਵ ਠੱਗ ਹੈ ਤੇ ਕਾਮ ਆਦਿਕ ਭੀ ਠੱਗ ਹੈ।

www.sikhbookclub.com

ਪੂਰਿਆਂ ਸਤਿਗੁਰਾਂ ਦੀ ਉਪਦੇਸ਼ ਬਾਣੀ ਅੰਮ੍ਰਿਤ ਰੂਪ ਹੈ, ਜਿਸ ਉੱਤੇ ਵਾਹਿਗੁਰੂ ਕਿਰਪਾਲੂ ਹੁੰਦਾ ਹੈ, ਉਸ ਦੇ ਹਿਰਦੇ ਵਿਚ ਗੁਰਾਂ ਦੀ ਉਪਦੇਸ਼ ਬਾਣੀ ਵਸਦੀ ਹੈ। ਉਸ ਪੁਰਸ਼ ਦਾ ਆਉਣਾ ਜਾਣਾ ਕੱਟਿਆ ਜਾਂਦਾ ਹੈ ਅਤੇ ਉਸ ਨੂੰ ਸਦਾ ਹੀ ਨਿੱਤ ਸੁਖ ਹੁੰਦਾ ਹੈ॥ ੨॥

ਪਉੜੀ ॥ ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ॥
ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ॥

ਹੇ ਪਰਮੇਸ਼ਰ ! ਜੇਹੜਾ ਪੁਰਸ਼ ਤੈਨੂੰ ਭਾਂਵਦਾ ਹੈ, ਓਹੀ ਤੈਨੂੰ ਬੁਝਈ=ਜਾਣਦਾ ਹੈ। ਜੇਹੜਾ ਪੁਰਸ਼ ਤੈਨੂੰ ਭਾਂਵਦਾ ਹੈ, ਓਹੀ ਪ੍ਰਲੋਕ ਦਰਗਾਹ ਵਿਚ ਸਿਝਈ=ਕਲਿਆਣ (ਮੁਕਤ) ਹੁੰਦਾ ਹੈ।

ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ॥
ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ॥

ਜਿਸ ਉੱਤੇ ਤੇਰੀ ਕਿਰਪਾ ਦ੍ਰਿਸ਼ਟੀ ਹੋਈ ਹੈ, ਤਿਸੁ=ਉਸ ਦੀ ਹਉਮੈ ਚਲੀ ਗਈ ਹੈ। ਜਿਸ ਉੱਤੇ ਤੂੰ ਸੰਤੁਸਟੁ=ਪ੍ਰਸੰਨ ਹੋਇਆ ਹੈਂ, ਉਸ ਦੇ ਕਲਮਲ=ਪਾਪ, ਖਈ=ਨਾਸ ਹੋ ਗਏ ਹਨ।

ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ॥
ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ॥

ਹੇ ਸੁਆਮੀ ! ਜਿਸ ਦੀ ਤਰਫ਼ ਤੂੰ ਹੋਇਆ ਹੈਂ, ਉਹ ਨਿਰਖੌਫ਼ ਹੋਇਆ ਹੈ। ਜਿਸ ਉੱਤੇ ਤੂੰ ਕਿਰਪਾਲੂ ਹੋਇਆ ਹੈਂ, ਉਹ ਸੱਚਾ ਥਿਅਈ=ਹੋਇਆ ਹੈ।

ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ॥
ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ॥ ੭॥

ਜਿਸ ਉੱਤੇ ਤੇਰੀ ਕਿਰਪਾ ਦ੍ਰਿਸ਼ਟੀ ਹੈ, ਉਸ ਨੂੰ ਤ੍ਰਿਸ਼ਨਾ ਅਗਨੀ, ਵਾ:- ਜਠਰ ਅਗਨੀ ਨਹੀਂ ਪੋਂਹਦੀ। ਜਿਸ ਨੇ ਗੁਰਾਂ ਪਾਸੋਂ ਸਿੱਖਿਆ ਲਈ ਹੈ, ਉਸ ਉੱਤੇ ਤੂੰ ਸਦਾ ਦਿਆਲੂ ਹੈਂ॥ ੭॥

ਸਲੋਕ ਮ: ੫॥
ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ॥
ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ॥

ਹੇ ਕਿਰਪਾਲੂ ! ਅਸਾਡੇ 'ਤੇ ਕਿਰਪਾ ਕਰ, ਅਸਾਡੇ ਔਗੁਣਾਂ ਨੂੰ ਤੂੰ ਆਪ ਬਖਸ਼ ਲੈਣਾ ਕਰ।

ਮੇਰੇ 'ਤੇ ਵੀ ਕ੍ਰਿਪਾ ਕਰ ਜਿਸ ਕਰਕੇ ਮੈਂ ਭੀ ਸਤਿਗੁਰਾਂ ਦੇ ਚਰਨੀ ਪੈ ਕੇ ਸਦਾ ਸਦਾ ਤੇਰਾ ਨਾਮ ਜਪਣਾ ਕਰਾਂ।

ਮਨ ਤਨ ਅੰਤਰਿ ਵਸੁ ਦੂਖਾ ਨਾਸੁ ਹੋਇ॥
ਹਥ ਦੇਇ ਆਪਿ ਰਖੁ ਵਿਆਪੈ ਭਉ ਨ ਕੋਇ॥

www.sikhbookclub.com

ਮੇਰੇ ਮਨ ਅਤੇ ਸਰੀਰ ਅੰਦਰ ਵਸ ਜਾ, ਜਿਸ ਕਰਕੇ ਦੁੱਖਾਂ ਦਾ ਨਾਸ ਹੋ ਜਾਵੇ। ਆਪਣਾ ਕਿਰਪਾ ਰੂਪੀ ਹੱਥ ਦੇ ਕੇ ਰੱਖਣਾ ਕਰ, ਜਿਸ 'ਤੇ ਕੋਈ ਡਰ ਨਾ ਵਿਆਪੇ।

ਗੁਣ ਗਾਵਾ ਦਿਨੁ ਰੈਣਿ ਏਤੈ ਕੰਮਿ ਲਾਇ॥
ਸੰਤ ਜਨਾ ਕੈ ਸੰਗਿ ਹਉਮੈ ਰੋਗੁ ਜਾਇ॥

ਦਿਨ ਰਾਤ ਮੈਂ ਗੁਣ ਗਾਵਣਾ ਕਰਾਂ, ਏਤੈ=ਇਸ ਕੰਮ ਵਿਚ ਮੈਨੂੰ ਲਾਵਣਾ ਕਰ। ਵਾਹਿਗੁਰੂ ਦੇ ਜੋ ਸੰਤ ਹਨ, ਉਨ੍ਹਾਂ ਦੀ ਸੰਗਤ ਵਿੱਚ ਨਿਵਾਸ ਦੇਣਾ ਕਰ, ਜਿਸ ਕਰਕੇ ਹਉਮੈ ਰੂਪੀ ਰੋਗ ਚਲਿਆ ਜਾਵੇ।

ਸਰਬ ਨਿਰੰਤਰਿ ਖਸਮੁ ਏਕੋ ਰਵਿ ਰਹਿਆ॥
ਗੁਰ ਪਰਸਾਦੀ ਸਚੁ ਸਚੋ ਸਚੁ ਲਹਿਆ॥

ਹੇ ਖਸਮ ਪਰਮਾਤਮਾ ! ਸਾਰਿਆਂ ਦੇ ਅੰਦਰ ਤੂੰ ਇਕ ਰਸ ਰਵਿ ਰਹਿਆ=ਮਿਲ ਰਿਹਾ ਹੈਂ। ਗੁਰਾਂ ਦੀ ਕਿਰਪਾ ਨਾਲ ਸਚੁ=ਨਿਸਚੇ ਕਰਕੇ ਅਸਾਂ ਨੇ ਸੱਚ ਹੀ ਸੱਚ ਨੂੰ ਲਹਿਆ=ਜਾਣਿਆ ਹੈ।

ਦਇਆ ਕਰਹੁ ਦਇਆਲ ਅਪਣੀ ਸਿਫਤਿ ਦੇਹੁ॥
ਦਰਸਨੁ ਦੇਖਿ ਨਿਹਾਲ ਨਾਨਕ ਪ੍ਰੀਤਿ ਏਹ॥੧॥

ਹੇ ਦਿਆਲੂ ! ਦਇਆ ਕਰਕੇ ਆਪਣੀ ਸਿਫਤ ਕਰਨੀ ਦਿਓ। ਮੇਰੀ ਏਹੀ ਪ੍ਰਤੀ ਹੈ ਕਿ ਮੈਂ ਆਪ ਜੀ ਦਾ ਦਰਸ਼ਨ ਵੇਖ ਕੇ ਨਿਹਾਲ ਹੋਵਾਂ॥ ੧॥

ਮਃ ੫॥

ਏਕੋ ਜਪੀਐ ਮਨੈ ਮਾਹਿ ਇਕਸ ਕੀ ਸਰਣਾਇ॥
ਇਕਸੁ ਸਿਉ ਕਰਿ ਪਿਰਹੜੀ ਦੂਜੀ ਨਾਹੀ ਜਾਇ॥

ਹੇ ਭਾਈ ! ਇੱਕ ਪਰਮੇਸ਼ਰ ਨੂੰ ਮਨ ਵਿਚ ਜਪਣਾ ਕਰ ਅਤੇ ਇੱਕ ਵਾਹਿਗੁਰੂ ਪ੍ਰਮੇਸ਼ਰ ਦੀ ਸ਼ਰਨ ਵਿਚ ਆਉਣਾ ਕਰ। ਇੱਕ ਦੇ ਨਾਲ ਹੀ ਪ੍ਰੀਤੀ ਕਰ, ਉਸ ਤੋਂ ਬਿਨਾਂ ਦੂਜੀ ਹੋਰ ਕੋਈ ਜਗ੍ਹਾ ਨਹੀਂ।

ਇਕੋ ਦਾਤਾ ਮੰਗੀਐ ਸਭੁ ਕਿਛੁ ਪਲੈ ਪਾਇ॥
ਮਨਿ ਤਨਿ ਸਾਸਿ ਗਿਰਾਸਿ ਪ੍ਰਭੁ ਇਕੋ ਇਕੁ ਧਿਆਇ॥

ਇੱਕ ਦਾਤੇ ਪਰਮਾਤਮਾ ਪਾਸੋਂ ਮੰਗਣਾ ਕਰ, ਤਾਂ ਸਭ ਕੁਝ ਪੱਲੇ ਪੈਂਦਾ ਹੈ। ਮਨੋ ਤਨੋ ਹੋ ਕੇ ਸ੍ਵਾਸ ਆਉਂਦਿਆਂ ਤੇ ਗਿਰਾਸਿ=ਭੋਜਨ ਖਾਦਿਆਂ, ਇੱਕੋ ਇੱਕ ਪ੍ਰਭੂ ਨੂੰ ਧਿਆਉਣਾ ਕਰ।

ਅੰਮ੍ਰਿਤੁ ਨਾਮੁ ਨਿਧਾਨੁ ਸਚੁ ਗੁਰਮੁਖਿ ਪਾਇਆ ਜਾਇ॥
ਵਡਭਾਗੀ ਤੇ ਸੰਤ ਜਨ ਜਿਨ ਮਨਿ ਵੁਠਾ ਆਇ॥

ਨਿਧੀਆਂ ਦਾ ਖਜ਼ਾਨਾ ਜੋ ਸੱਚਾ ਨਾਮ ਅੰਮ੍ਰਿਤ ਹੈ, ਉਹ ਗੁਰਾਂ ਦੁਆਰੇ ਪਾਇਆ ਜਾਂਦਾ ਹੈ, ਤੇ=ਉਹ ਸੰਤ ਜਨ ਵਡਭਾਗੀ ਹਨ, ਜਿਨ੍ਹਾਂ ਦੇ ਮਨ ਵਿਚ ਪਰਮੇਸ਼ਰ ਆ ਕੇ ਵਸਿਆ ਹੈ।

ਜਲਿ ਥਲਿ ਮਹੀਅਲਿ ਰਵਿ ਰਹਿਆ ਦੂਜਾ ਕੋਈ ਨਾਹਿ॥
ਨਾਮੁ ਧਿਆਈ ਨਾਮੁ ਉਚਰਾ ਨਾਨਕ ਖਸਮ ਰਜਾਇ॥ ੨॥

ਉਹ ਪਰਮਾਤਮਾ ਜਲਾਂ ਥਲਾਂ ਮਹੀ=ਪ੍ਰਿਥਵੀ, ਅਲਿ=ਅਕਾਸ਼ ਆਦਿਕਾਂ ਵਿਚ ਰਵਿ ਰਹਿਆ= ਪਰੀਪੂਰਨ ਹੋ ਰਿਹਾ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਓਸੇ ਦੇ ਨਾਮ ਨੂੰ ਮੈਂ ਮਨ ਕਰਕੇ ਧਿਆਉਂਦਾ ਹਾਂ, ਓਸੇ ਦੇ ਨਾਮ ਨੂੰ ਬਾਣੀ ਕਰਕੇ ਉਚਾਰਦਾ ਹਾਂ ਅਤੇ ਓਸੇ ਖਸਮ=ਪਰਮਾਤਮਾ ਦੀ ਰਜਾਇ=ਆਗਿਆ ਨੂੰ ਤਨ ਕਰਕੇ ਮੰਨਦਾ ਹਾਂ॥ ੨॥

ਪਉੜੀ॥ ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ॥
ਜਿਸ ਨੋ ਤੂ ਰਖਵਾਲਾ ਜਿਤਾ ਤਿਨੈ ਭੈਣੁ॥

ਹੇ ਵਾਹਿਗੁਰੂ ! ਜਿਸ ਨੂੰ ਤੂੰ ਰੱਖਣ ਵਾਲਾ ਹੈਂ, ਉਸ ਨੂੰ ਭਲਾ ਕੌਣ ਮਾਰ ਸਕਦਾ ਹੈ। ਜਿਸ ਨੂੰ ਤੂੰ ਰੱਖਣ ਵਾਲਾ ਹੈਂ, ਤਿਸ ਨੇ ਸਰੀਰ ਰੂਪੀ ਭੈਣੁ=ਪਿੰਡ ਜਿੱਤਿਆ ਹੈ, ਵਾ:- ਹੇ ਭੈਣੇ ! ਉਸ ਨੇ ਮਨ ਨੂੰ ਜਿੱਤਿਆ ਹੈ। *ਅਥਵਾ:-* ਉਸ ਨੇ ਤਿੰਨਾਂ ਭਵਣਾਂ ਨੂੰ ਜਿੱਤ ਲਿਆ ਹੈ।

ਜਿਸ ਨੋ ਤੇਰਾ ਅੰਗੁ ਤਿਸੁ ਮੁਖੁ ਉਜਲਾ॥
ਜਿਸ ਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ॥

ਜਿਸ ਨੂੰ ਤੇਰਾ ਅੰਗੁ=ਪੱਖ ਹੈ, ਉਸ ਪੁਰਸ਼ ਦਾ ਮੂੰਹ ਉੱਜਲਾ ਹੈ। ਜਿਸ ਨੂੰ ਤੇਰਾ ਅੰਗੁ=ਪੱਖ ਹੈ, ਉਹ ਨਿਰਮਲ ਤੋਂ ਨਿਰਮਲ ਹੈ।

ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ॥
ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ॥

ਜਿਸ ਨੂੰ ਤੇਰੀ ਕਿਰਪਾ ਦ੍ਰਿਸ਼ਟੀ ਪਰਾਪਤ ਹੋਈ ਹੈ, ਉਸ ਪਾਸੋਂ ਫਿਰ ਕਰਮਾਂ ਦਾ ਹਿਸਾਬ ਨਹੀਂ ਪੁੱਛਿਆ ਜਾਂਦਾ। ਜਿਸ ਨੂੰ ਤੇਰੀ ਖੁਸ਼ੀ ਪਰਾਪਤ ਹੋਈ ਹੈ, ਓਸੇ ਨੇ *ਨੌਂ ਨਿਧੀਆਂ ਭੁੰਚੀਐ=ਭੋਗੀਆਂ ਹਨ।

ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ॥
ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ॥ ੮॥

ਹੇ ਪ੍ਰਭੂ ! ਜਿਸ ਦੀ ਵੱਲ ਤੂੰ ਹੋਇਆ ਹੈਂ, ਉਸ ਨੂੰ ਕਿਸੇ ਦੀ ਕੀ ਮੁਹਛੰਦਗੀ=ਅਧੀਨਤਾ ਹੈ। ਜਿਸ ਨੂੰ ਤੇਰੀ ਮਿਹਰ ਹੋਈ ਹੈ ਉਹ ਤੇਰੀ ਬੰਦਗੀ (ਭਗਤੀ) ਨੂੰ ਕਰਦਾ ਹੈ॥ ੮॥

ਸਲੋਕ ਮਹਲਾ ੫॥
ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥

**ਨੌਂ ਨਿਧੀਆਂ:-* ੧. ਪਦਮ, ੨. ਮਹਾਂ ਪਦਮ, ੩. ਸੰਖ, ੪. ਨੀਲ, ੫. ਕੁੰਦ, ੬. ਕੱਛਪ, ੭. ਖਰਭ (ਵਰਚ) ੮. ਮਕਰ, ੯. ਮੁਕੰਦ।

www.sikhbookclub.com

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥ ੧॥

ਹੇ ਮੇਰੇ ਸੁਆਮੀ ਪਰਮਾਤਮਾ ! ਆਪ ਕਿਰਪਾਲੂ ਹੋ ਕੇ ਮੈਨੂੰ ਇਹ ਵਰ ਬਖਸ਼ੋ ਕਿ ਸੰਤਾਂ ਦਾ ਸੰਗ ਕਰਦਿਆਂ ਹੀ ਮੇਰੀ ਉਮਰਾ ਵਿਹਾਵੇ=ਬਤੀਤ ਹੋਵੇ। ਜੋ ਪੁਰਸ਼ ਤੇਰੇ ਵੱਲੋਂ ਭੁੱਲੇ ਹਨ, ਉਹ ਵਾਰੰਵਾਰ ਜੰਮ ਜੰਮ ਕੇ ਮਰਦੇ ਹਨ, ਉਨ੍ਹਾਂ ਦੇ ਹਾਵੇ=ਹੌਕੇ (ਝੋਰੇ) ਕਦੇ ਭੀ ਨਹੀਂ ਚੁੱਕਦੇ॥ ੧॥

ਮਃ ੫॥ ਸਤਿਗੁਰੁ ਸਿਮਰਹੁ ਆਪਣਾ ਘਟਿ ਅਵਘਟਿ ਘਟ ਘਾਟ॥

ਅਵਘਟਿ ਘਾਟ=ਕਠਨ ਰਸਤਿਆਂ ਵਿਚ ਤੇ ਸੁਘਟਿ ਘਾਟ=ਸੁਖੈਣ ਰਸਤਿਆਂ ਵਿਚ ਆਪਣੇ ਸਤਿਗੁਰਾਂ ਨੂੰ ਸਿਮਰਨਾ ਕਰੋ।

ਅਥਵਾ:- ਅਵ=ਵਿਸ਼ੇਸ਼ ਕਰਕੇ ਚਾਰ ਖਾਣੀਆਂ ਦੇ ਘਟਾਂ ਘਟਾਂ ਵਿਚ ਪੂਰਨ ਜਾਣ ਕੇ ਸਤਿਗੁਰਾਂ ਦੁਆਰੇ ਆਪਣੇ ਹਰੀ ਨੂੰ ਸਿਮਰਨ ਕਰੋ।

ਅਥਵਾ:- ਘਟਿ=ਹਿਰਦੇ ਵਿਚ ਅਵਘਟਿ=ਕਠਨ ਜੋ ਕਾਮ ਅਦਿਕ ਹਨ, ਸ਼ੁਭ ਗੁਣਾਂ ਦੇ ਘਟਾਣ ਵਾਲੇ, ਉਨ੍ਹਾਂ ਨੂੰ ਘਟਾ ਕੇ ਭਾਵ ਦੂਰ ਕਰਕੇ ਸਤਿਗੁਰਾਂ ਦੁਆਰੇ ਪ੍ਰਭੂ ਨੂੰ ਸਿਮਰਨਾ ਕਰੋ।

ਹਰਿ ਹਰਿ ਨਾਮੁ ਜਪੰਤਿਆ ਕੋਇ ਨ ਬੰਧੈ ਵਾਟ॥ ੨॥

ਹਰਿ ਹਰਿ ਨਾਮ ਦੇ ਜਪਣ ਕਰਕੇ ਕੋਈ ਭੀ ਰਸਤੇ ਨੂੰ ਨਹੀਂ ਬੰਧੈ=ਰੋਕਦਾ ॥ ੨॥

[ਪੰਨਾ ੯੬੨]

ਪਉੜੀ॥ ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥
ਓਥੈ ਮੇਰੀ ਰਖ ਅਗਨੀ ਉਦਰ ਮਾਹਿ॥

ਹੇ ਸਮਰੱਥ ਪਰਮਾਤਮਾ ! ਓਥੇ ਤੂੰ ਰਾਖਾ ਹੈਂ, ਜਿਥੇ ਹੋਰ ਕੋਈ ਨਹੀਂ। ਮਾਂ ਦੇ ਪੇਟ ਵਿਚ ਜੋ ਜਠਰ ਅਗਨੀ ਹੈ, ਓਥੇ ਭੀ ਤੇਰੀ ਰੱਖਿਆ ਹੈ।

ਯਥਾ:- ਮਾਤ ਗਰਭ ਮਹਿ ਆਪਨ ਸਿਮਰਨ ਦੇ ਤਹ ਤੁਮ ਰਾਖਨਹਾਰੇ॥

(ਸੋਰਠਿ ਮਹਲਾ ੫, ਪੰਨਾ ੬੧੧)

ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ॥
ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ॥

ਤੇਰੇ ਨਾਮ ਨੂੰ ਸੁਣ ਕੇ ਜਮ ਦੇ ਦੂਤ ਵੀ ਛੱਡ ਜਾਂਦੇ ਹਨ। ਬਿਖਮੁ=ਕਠਨ ਨਾ ਤਰੇ ਜਾਣ ਵਾਲਾ, ਜੋ ਅਸਗਾਹ ਸੰਸਾਰ ਸਮੁੰਦਰ ਹੈ, ਇਸ ਤੋਂ ਗੁਰਾਂ ਦੇ ਉਪਦੇਸ਼ ਦੁਆਰਾ ਪਾਰ ਪਈਦਾ ਹੈ।

ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ॥
ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥

ਜਿਨ੍ਹਾਂ ਨੂੰ ਸ਼ਰਧਾ ਰੂਪੀ ਤ੍ਰੇਹ ਲਗੀ ਹੈ, ਉਹੀ ਤੇਰੇ ਨਾਮ ਰੂਪ ਅੰਮ੍ਰਿਤ ਨੂੰ ਖਾਂਦੇ ਹਨ, ਭਾਵ ਓਹੀ ਪੁਰਸ਼ ਆਪ ਜੀ ਦੇ ਨਾਮ ਨੂੰ ਜਪਦੇ ਹਨ। ਕਲਜੁਗ ਦੇ ਵਿਚ ਇਹ ਇੱਕ ਬੜਾ ਭਾਰੀ ਪੁੰਨ ਹੈ, ਜੇਹੜਾ ਹੇ ਗੋਵਿੰਦ!

ਤੇਰੇ ਗੁਣਾਂ ਦਾ ਗਾਇਣ ਕਰਨਾ ਹੈ।

ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ॥
ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ॥ ੯॥

ਹੇ ਕਿਰਪਾਲੂ! ਤੂੰ ਸਾਰਿਆਂ ਨੂੰ ਸ੍ਵਾਸ ਸ੍ਵਾਸ ਸੰਭਾਲਦਾ ਹੈਂ। ਜੇਹੜਾ ਪੁਰਸ਼ ਆਹਿ=ਚਾਹ (ਇੱਛਾ) ਕਰਕੇ ਆਪ ਜੀ ਦੀ ਸ਼ਰਨ ਵਿਚ ਆਉਂਦਾ ਹੈ, ਉਹ ਕੋਈ ਬਿਰਥਾ=ਖਾਲੀ ਨਹੀਂ ਜਾਂਦਾ॥ ੯॥

ਸਲੋਕ ਮਃ ੫॥

ਦੂਜਾ ਤਿਸੁ ਨ ਬੁਝਾਇਹੁ ਪਾਰਬ੍ਰਹਮ ਨਾਮੁ ਦੇਹੁ ਆਧਾਰੁ॥
ਅਗਮੁ ਅਗੋਚਰੁ ਸਾਹਿਬੋ ਸਮਰਥੁ ਸਚੁ ਦਾਤਾਰੁ॥

ਹੇ ਪਾਰਬ੍ਰਹਮ=ਪਰਾ ਰੂਪ ਬ੍ਰਹਮ=ਵਿਆਪਕ ਵਾਹਿਗੁਰੂ ! ਜਿਸ ਨੂੰ ਆਪ ਦਾ ਆਸਰਾ ਦੇਂਦੇ ਹੋ, ਉਸ ਨੂੰ ਹੋਰ ਕੋਈ ਦੂਜਾ ਨਹੀਂ ਸਮਝਾਂਦੇ ਹੋ। ਹੇ ਸਾਹਿਬ ! ਆਪ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹੋ, ਹੇ ਸੱਚੇ ਵਾਹਿਗੁਰੂ! ਆਪ ਸਮਰੱਥ ਦਾਤੇ ਹੋ।

ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ॥
ਕੀਮਤਿ ਕਹਣੁ ਨ ਜਾਈਐ ਅੰਤੁ ਨ ਪਾਰਾਵਾਰੁ॥

ਹੇ ਸੱਚੇ ਵਾਹਿਗੁਰੂ ! ਤੂੰ ਨਿਸਚਲ ਅਤੇ ਵੈਰ ਭਾਵ ਤੋਂ ਰਹਿਤ ਹੈਂ, ਆਪ ਜੀ ਦਾ ਸਤਿਸੰਗ, *ਅਥਵਾ:-* ਸਰੂਪ ਦਰਬਾਰ ਸੱਚਾ ਹੈ। ਆਪ ਜੀ ਦੀ ਕੀਮਤ ਕਹੀ ਨਹੀਂ ਜਾਂਦੀ ਅਤੇ ਆਪ ਜੀ ਦੇ ਪਾਰੇ ਉਰਵਾਰ ਦਾ ਅੰਤ ਨਹੀਂ ਆਉਂਦਾ।

ਪ੍ਰਭ ਛੋਡਿ ਹੋਰੁ ਜਿ ਮੰਗਨਾ ਸਭੁ ਬਿਖਿਆ ਰਸ ਛਾਰੁ॥
ਸੇ ਸੁਖੀਏ ਸਚੁ ਸਾਹ ਸੇ ਜਿਨ ਸਚਾ ਬਿਉਹਾਰੁ॥

ਹੇ ਪ੍ਰਭੂ ! ਆਪ ਜੀ ਨੂੰ ਛੱਡ ਕੇ ਜੇਹੜਾ ਰਸਾਂ ਦਾ ਮੰਗਣਾ ਹੈ, ਉਹ ਸਾਰੇ ਵਿਸ਼ਿਆਂ ਦੇ ਰਸ ਛਾਰੁ=ਸੁਆਹ ਰੂਪ ਹਨ। ਓਹੀ ਸੁਖੀ ਹਨ, ਓਹੀ ਸੱਚੇ ਸ਼ਾਹੂਕਾਰ ਹਨ, ਜਿਨ੍ਹਾਂ ਦਾ ਵਿਹਾਰ ਸੱਚਾ ਹੈ।

ਜਿਨਾ ਲਗੀ ਪ੍ਰੀਤਿ ਪ੍ਰਭ ਨਾਮ ਸਹਜ ਸੁਖ ਸਾਰੁ॥
ਨਾਨਕ ਇਕੁ ਆਰਾਧੇ ਸੰਤਨ ਰੇਣਾਰੁ॥ ੧॥

ਹੇ ਪ੍ਰਭੂ! ਤੇਰੇ ਨਾਮ ਨਾਲ ਜਿਨ੍ਹਾਂ ਦੀ ਪ੍ਰੀਤੀ ਲਗੀ ਹੈ, ਉਨ੍ਹਾਂ ਨੂੰ ਸਹਜੇ ਸਾਰੁ=ਸਰੇਸ਼ਟ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਜੋ ਸੰਤ ਇੱਕ ਤੈਨੂੰ ਅਰਾਧਦੇ ਹਨ, ਉਨ੍ਹਾਂ ਸੰਤਾਂ ਦੇ ਚਰਨਾਂ ਦੀ ਰੇਣਾਰੁ=ਧੂੜ ਦੇਣਾ ਕਰੋ॥ ੧॥

ਮਃ ੫॥ ਅਨਦ ਸੂਖ ਬਿਸ੍ਰਾਮ ਨਿਤ ਹਰਿ ਕਾ ਕੀਰਤਨੁ ਗਾਇ॥
ਅਵਰ ਸਿਆਣਪ ਛਾਡਿ ਦੇਹਿ ਨਾਨਕ ਉਧਰਸਿ ਨਾਇ॥ ੨॥

ਹੇ ਪੁਰਸ਼ਾ ! ਜੇਕਰ ਤੂੰ ਸਦਾ ਹੀ ਆਨੰਦ ਤੇ ਸੁਖ ਵਿਚ ਇਸਥਿਤੀ ਚਾਹੁੰਦਾ ਹੈਂ, ਤਾਂ ਨਿਤਾਪ੍ਰਤੀ ਹਰੀ

www.sikhbookclub.com

ਦੇ ਕੀਰਤਨ ਨੂੰ ਗਾਵਣਾ ਕਰ। ਹੋਰ ਸਿਆਣਪਾਂ ਛੱਡ ਦੇ ਕਿਉਂਕਿ ਨਾਮ ਜਪਣ ਕਰਕੇ ਹੀ ਤਰਨਾ ਹੁੰਦਾ ਹੈ॥ ੨॥

ਪਉੜੀ॥ ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥
ਨਾ ਤੂ ਆਵਹਿ ਵਸਿ ਬੇਦ ਪੜਾਵਣੇ॥

ਬਹੁਤਾ ਘਿਆਣੇ ਕਰਕੇ ਅਰਥਾਤ ਦੀਨਤਾ ਵਾਲੇ ਬਚਨ ਉਚਾਰਨ ਨਾਲ ਵੀ ਤੂੰ ਵਸ ਵਿਚ ਨਹੀਂ ਆਉਂਦਾ। ਵੇਦਾਂ ਦੇ ਪੜ੍ਹਣੇ ਪੜ੍ਹਾਉਣੇ ਕਰਕੇ ਵੀ ਤੂੰ ਵਸ ਵਿਚ ਨਹੀਂ ਆਉਂਦਾ।

ਨਾ ਤੂ ਆਵਹਿ ਵਸਿ ਤੀਰਥਿ ਨਾਈਐ॥
ਨਾ ਤੂ ਆਵਹਿ ਵਸਿ ਧਰਤੀ ਧਾਈਐ॥

ਤੀਰਥਾਂ ਉੱਪਰ ਇਸ਼ਨਾਨ ਕਰਨ ਨਾਲ ਭੀ ਤੂੰ ਵਸ ਨਹੀਂ ਆਉਂਦਾ। ਧਰਤੀ ਉੱਪਰ ਦੌੜਨ ਕਰਕੇ ਵੀ ਤੂੰ ਵਸ ਨਹੀਂ ਆਉਂਦਾ।

ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥
ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥
ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ ੧੦॥

ਹੇ ਪ੍ਰਭੂ ! ਕਿਸੇ ਸਿਆਣਪ ਕਰਕੇ ਵੀ ਤੂੰ ਵਸ ਨਹੀਂ ਆਉਂਦਾ। ਬਹੁਤਾ ਦਾਨ ਦੇਣ ਕਰਕੇ ਭੀ ਤੂੰ ਵਸ ਨਹੀਂ ਆਉਂਦਾ। ਹੇ ਅਗਮ ਅਗੋਚਰ ਪਰਮਾਤਮਾ ! ਸਭ ਕੋਈ ਤੇਰੇ ਵਸ ਵਿਚ ਹੈ। ਤੂੰ ਭਗਤਾਂ ਦੇ ਵਸ ਹੈਂ ਅਤੇ ਭਗਤਾਂ ਨੂੰ ਤੇਰਾ ਹੀ ਤਾਣੁ=ਬਲ ਹੈ॥ ੧੦॥

ਸਲੋਕ ਮਃ ੫॥

ਆਪੇ ਵੈਦੁ ਆਪਿ ਨਾਰਾਇਣੁ॥ ਏਹਿ ਵੈਦ ਜੀਅ ਕਾ ਦੁਖੁ ਲਾਇਣ॥

ਹਉਮੈ ਰੂਪੀ ਰੋਗ ਦੇ ਕੱਟਣੇ ਨੂੰ, ਉਹ ਨਾਰਾਇਣ ਪਰਮਾਤਮਾ ਆਪੇ ਆਪ ਵੈਦ ਰੂਪ ਹੈ। ਇਹ ਸੰਸਾਰਕ ਵੈਦ ਜੇਹੜੇ ਹਨ, ਸਗੋਂ ਜੀਵਾਂ ਨੂੰ ਹਉਮੈ ਦਾ ਦੁੱਖ ਲਗਾ ਦੇਂਦੇ ਹਨ।

ਗੁਰ ਕਾ ਸਬਦੁ ਅੰਮ੍ਰਿਤ ਰਸੁ ਖਾਇਣ॥
ਨਾਨਕ ਜਿਸੁ ਮਨਿ ਵਸੈ ਤਿਸ ਕੇ ਸਭਿ ਦੂਖ ਮਿਟਾਇਣ॥ ੧॥

ਗੁਰਾਂ ਦਾ ਉਪਦੇਸ਼ ਲੈ ਕੇ ਨਾਮ ਅੰਮ੍ਰਿਤ ਰਸ ਨੂੰ ਖਾਣਾ ਕਰ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਜਿਸ ਦੇ ਮਨ ਵਿਚ ਨਾਮ ਉਪਦੇਸ਼ ਰੂਪ ਦਵਾਈ ਵਸਦੀ ਹੈ, ਉਸ ਦੇ ਸਾਰੇ ਦੁੱਖ ਮਿਟ ਜਾਂਦੇ ਹਨ॥ ੧॥

ਮਃ ੫॥ ਹੁਕਮਿ ਉਛਲੈ ਹੁਕਮੇ ਰਹੈ॥ ਹੁਕਮੇ ਦੁਖੁ ਸੁਖੁ ਸਮ ਕਰਿ ਸਹੈ॥

ਪਰਮੇਸ਼ਰ ਦੇ ਹੁਕਮ ਵਿਚ ਹੀ ਜੀਵ ਉਛਲਦਾ, ਭਾਵ ਹੰਕਾਰ ਕਰਦਾ ਹੈ ਤੇ ਹੁਕਮ ਵਿਚ ਹੀ ਗ਼ਰੀਬੀ

www.sikhbookclub.com

ਵਿਚ ਰਹਿੰਦਾ ਹੈ। ਹੁਕਮ ਵਿਚ ਹੀ ਸੁਖ ਦੁੱਖ ਨੂੰ ਸਮ ਕਰਕੇ ਸਹਾਰਦਾ ਹੈ।

ਹੁਕਮੇ ਨਾਮੁ ਜਪੈ ਦਿਨੁ ਰਾਤਿ॥ ਨਾਨਕ ਜਿਸ ਨੋ ਹੋਵੈ ਦਾਤਿ॥

ਹੁਕਮ ਵਿਚ ਹੀ ਦਿਨ ਰਾਤੀਂ ਨਾਮ ਨੂੰ ਜਪਦਾ ਹੈ। ਪਰੰਤੂ ਨਾਮ ਉਹ ਜਪਦਾ ਹੈ, ਜਿਸ ਨੂੰ ਕਿਰਪਾ ਦੀ ਦਾਤ ਪ੍ਰਾਪਤ ਹੁੰਦੀ ਹੈ।

ਹੁਕਮਿ ਮਰੈ ਹੁਕਮੇ ਹੀ ਜੀਵੈ॥ ਹੁਕਮੇ ਨਾਨ੍ਹਾ ਵਡਾ ਥੀਵੈ॥

ਰਮੇਸ਼ਰ ਦੇ ਹੁਕਮ ਵਿਚ ਹੀ ਮਰਦਾ ਹੈ, ਹੁਕਮ ਵਿਚ ਹੀ ਜਿਉਂਦਾ ਹੈ। ਹੁਕਮ ਵਿਚ ਹੀ ਨਾਨ੍ਹਾ=ਨਿੱਕਾ ਤੇ ਵੱਡਾ ਥੀਵੈ=ਹੁੰਦਾ ਹੈ।

ਹੁਕਮੇ ਸੋਗ ਹਰਖ ਆਨੰਦ॥ ਹੁਕਮੇ ਜਪੈ ਨਿਰੋਧਰ ਗੁਰਮੰਤ॥

ਹੁਕਮ ਵਿਚ ਹੀ ਹਰਖ, ਸੋਕ ਅਤੇ ਆਨੰਦ ਹੁੰਦਾ ਹੈ, ਹੁਕਮ ਵਿਚ ਹੀ ਗੁਰ ਮੰਤ੍ਰ ਦੁਆਰਾ ਨਿਰੋਧਰ= ਇੰਦ੍ਰੀਆਂ ਦਾ ਦਮਨ ਕਰਕੇ ਨਾਮ ਨੂੰ ਜਪਦਾ ਹੈ, ਵਾ:- ਨਿਰੋ+ਧਰ=ਨਿਰਾ ਉਧਾਰ ਕਰਨ ਵਾਲਾ ਸਮਝ ਕੇ ਗੁਰਾਂ ਦਾ ਮੰਤ੍ਰ ਜਪਦਾ ਹੈ।

ਹੁਕਮੇ ਆਵਣੁ ਜਾਣੁ ਰਹਾਏ॥ ਨਾਨਕ ਜਾ ਕਉ ਭਗਤੀ ਲਾਏ॥ ੨॥

ਹੁਕਮ ਵਿਚ ਹੀ ਆਉਣ ਜਾਣ ਦੀ ਤਰਫੋਂ ਰਹਿ ਜਾਂਦਾ ਹੈ। ਪਰੰਤੂ ਆਉਣ ਜਾਣ ਦੀ ਤਰਫੋਂ ਉਹ ਰਹਿੰਦਾ ਹੈ, ਜਿਸ ਨੂੰ ਉਹ ਪ੍ਰਮੇਸ਼ਰ ਆਪਣੀ ਭਗਤੀ ਵਿਚ ਲਗਾਉਂਦਾ ਹੈ॥ ੨॥

ਪਉੜੀ॥ ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ॥
ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ॥

ਹੇ ਪਰਮੇਸ਼ਰ ! ਆਪ ਜੀ ਦਾ ਜਸ ਕਰਨ ਵਾਲਾ ਜੋ ਢਾਢੀ ਹੈ, ਮੈਂ ਤਿਸ ਢਾਢੀ ਤੋਂ ਬਲਿਹਾਰ ਜਾਂਦਾ ਹਾਂ, ਜੇਹੜਾ ਤੇਰਾ ਸੇਵਾਦਾਰ ਹੈ। ਮੈਂ ਤਿਸ ਢਾਢੀ ਤੋਂ ਬਲਿਹਾਰ ਜਾਂਦਾ ਹਾਂ ਜੇਹੜਾ ਤੇਰੇ ਅਪਾਰ ਗੁਣਾਂ ਨੂੰ ਗਾਉਂਦਾ ਹੈ।

ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ॥
ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ॥

ਉਹ ਢਾਡੀ ਧੰਨ ਧੰਨ ਹੈ, ਜਿਸ ਨੂੰ ਨਿਰੰਕਾਰ ਪਰਮਾਤਮਾ ਆਪ ਚਾਹੁੰਦਾ ਹੈ। ਉਹ ਢਾਢੀ ਭਾਗਠੁ= ਧਨਾਢ, *ਅਥਵਾ:-* ਭਾਗਾਂ ਵਾਲਾ ਹੈ ਜੋ ਸ਼ੱਚੇ ਦੁਆਰ ਬਾਰੁ=ਵਾਲਾ ਹੋਇਆ ਹੈ, ਅਰਥਾਤ ਜਿਸ ਨੂੰ ਸੱਚਾ ਦੁਆਰਾ (ਗਿਆਨ) ਪ੍ਰਾਪਤ ਹੋਇਆ ਹੈ।

ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ॥
ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ॥

ਉਹ ਢਾਡੀ ਤੈਨੂੰ ਧਿਆਉਂਦਾ ਹੈ ਅਤੇ ਦਿਨੁ ਰੈਣਾਰ=ਦਿਨੇ ਰਾਤੀਂ ਤੇਰਾ ਕਲਾਣੇ=ਜਸ ਕਰਦਾ ਹੈ। ਜੋ ਅੰਮ੍ਰਿਤ ਨੂੰ ਮੰਗਦਾ ਹੈ, ਉਸ ਨੂੰ ਕਦੇ ਹਾਰ ਨਹੀਂ ਆਉਂਦੀ।

www.sikhbookclub.com

ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ॥
ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰ॥ ੧੧॥

ਜੋ ਸੱਚ ਨਾਮ ਵਿਚ ਲਿਵ ਨੂੰ ਤੇਲ ਧਾਰਾ ਵਾਂਗੂੰ ਧਾਰ ਰਹਿੰਦਾ ਹੈ। ਉਸ ਦਾ ਸੱਚ ਨਾਮ ਹੀ ਕੱਪੜਾ ਅਤੇ ਭੋਜਨ ਹੈ। ਉਹ ਢਾਢੀ ਗੁਣਾਂ ਵਾਲਾ ਹੈ ਜਿਸ ਨਾਲ ਪ੍ਰਭੂ ਪਰਮਾਤਮਾ ਪਿਆਰ ਕਰਦਾ ਹੈ॥ ੧੧॥

[ਪੰਨਾ ੯੬੩]

ਸਲੋਕ ਮਃ ੫॥

ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ॥
ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਰ ਗੁਣ ਗਾਉ॥

ਅੰਮ੍ਰਿਤ ਬਾਣੀ ਜੋ ਵੇਦ ਹੈ, ਰਸੁ=ਪ੍ਰੇਮ ਅਤੇ ਹਰੀ ਦਾ ਨਾਮ ਅਮਿਉ=ਅੰਮ੍ਰਿਤ ਇਹ ਤਿੰਨੇ ਇਸ ਜੀਵ ਨੂੰ ਅੰਮ੍ਰਿਤੁ=ਮੌਤ ਤੋਂ ਰਹਿਤ ਕਰਨ ਵਾਲੇ ਹਨ।

ਅਥਵਾ:- ਗੁਰਾਂ ਦੇ ਉਪਦੇਸ਼ ਰੂਪ ਅੰਮ੍ਰਿਤ ਬਾਣੀ ਕਰਕੇ ਜਿਸ ਨੇ ਹਰੀ ਦਾ ਨਾਮ ਅੰਮ੍ਰਿਤ ਪੀਣਾ ਕੀਤਾ ਹੈ, ਉਸ ਨੂੰ ਬ੍ਰਹਮਾ ਨੰਦ ਰੂਪੀ ਅੰਮ੍ਰਿਤ ਰਸ ਪ੍ਰਾਪਤ ਹੋਇਆ ਹੈ। ਇਸ ਕਰਕੇ ਹੇ ਭਾਈ ! ਤੁਸੀਂ ਵੀ ਮਨ, ਤਨ ਕਰਕੇ ਹਿਰਦੇ ਵਿਚ ਹਰੀ ਨੂੰ ਸਿਮਰੋ ਤੇ ਅੱਠੇ ਪਹਿਰ ਉਸ ਦੇ ਗੁਣ ਗਾਵਣਾ ਕਰੋ।

ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ॥
ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ॥

ਹੇ ਗੁਰਸਿਖੋ ! ਤੁਸੀਂ ਗੁਰ ਉਪਦੇਸ਼ ਨੂੰ ਸੁਣਨਾ ਕਰੋ, ਏਹੀ ਸੱਚਾ ਸੁਆਦ, *ਵਾ:-* ਲਾਭ ਤਥਾ ਆਨੰਦ ਹੈ। ਜੇਕਰ ਤੁਸੀਂ ਮਨ ਵਿਚ ਗੁਰ ਉਪਦੇਸ਼ ਨਾਲ ਪ੍ਰੇਮ ਲਗਾਓਗੇ, ਤਾਂ ਹੀ ਮਨੁੱਖ ਜਨਮ ਸਫਲਾ ਹੋਵੇਗਾ।

ਸੂਖ ਸਹਜ ਆਨਦੁ ਘਣਾ ਪ੍ਰਭ ਜਪਤਿਆ ਦੁਖੁ ਜਾਇ॥
ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ॥ ੧॥

ਪ੍ਰਭੂ ਦੇ ਨਾਮ ਜਪਦਿਆਂ ਹੋਇਆਂ ਅਚੁੱਤ ਸੁਖ ਦਾ ਘਣਾ=ਬਹੁਤਾ ਅਨੰਦ ਹੋਵੇਗਾ ਅਤੇ ਜਨਮ ਮਰਨ ਦਾ ਦੁੱਖ ਚਲਿਆ ਜਾਏਗਾ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਹਰੀ ਨਾਮ ਦੇ ਜਪਣ ਕਰਕੇ ਸੁਖ ਉਤਪੰਨ ਹੁੰਦਾ ਹੈ ਅਤੇ ਦਰਗਾਹ ਵਿਚ ਸੁਖ ਦਾ ਥਾਂ ਪਾਉਂਦਾ ਹੈ॥ ੧॥

ਮਃ ੫॥ ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ॥
ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜੇਕਰ ਪੂਰਾ ਗੁਰੂ ਸਿੱਖਿਆ ਦੇਵੇ ਤਾਂ ਉਸ ਦੁਆਰੇ ਹਰੀ ਨਾਮ ਨੂੰ ਧਿਆਈਏ । ਉਸ ਵਾਹਿਗੁਰੂ ਦੇ ਭਾਣੇ ਵਿਚ ਹੀ ਜਪ ਤਪ ਸੰਜਮ ਆਦੀ ਸਾਧਨ ਕਰੀਂਦੇ ਹਨ, ਉਹ ਆਪਣੇ ਭਾਣੇ ਵਿਚ ਹੀ ਸੰਸਾਰ ਚੋਂ ਕੱਢ ਲੈਂਦਾ ਹੈ।

ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ ॥
ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ ॥

ਆਪਣੇ ਭਾਣੇ ਵਿਚ ਹੀ ਜੂਨੀਆਂ ਵਿਚ ਫੇਰਦਾ ਹੈ, ਭਾਣੇ ਵਿਚ ਹੀ ਬਖਸ਼ਸ਼ ਕਰਦਾ ਹੈ। ਭਾਣੇ ਵਿਚ ਹੀ ਦੁੱਖ ਸੁਖ ਭੋਗੀਂਦਾ ਹੈ, ਭਾਣੇ ਵਿਚ ਹੀ ਸ਼ੁਭ ਅਸ਼ੁਭ ਕਰਮਾਂ ਨੂੰ ਕਰਦਾ ਹੈ।

ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ ॥
ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ ॥

ਆਪਣੇ ਭਾਣੇ ਵਿਚ ਹੀ ਮਿੱਟੀ ਆਦਿਕ ਪੰਜਾਂ ਤੱਤਾਂ ਨਾਲ ਸਰੀਰਾਂ ਨੂੰ ਸਾਜ ਕੇ ਆਪਣੇ ਭਾਣੇ ਵਿਚ ਹੀ ਉਨ੍ਹਾਂ ਸਰੀਰਾਂ ਅੰਦਰ ਜੋਤਿ=ਸੱਤਾ ਧਾਰਦਾ ਹੈ। ਆਪਣੇ ਭਾਣੇ ਵਿਚ ਹੀ ਜੀਵਾਂ ਨੂੰ ਭੋਗ=ਪਦਾਰਥਾਂ ਨੂੰ ਭੁਗਾਂਦਾ (ਛਕਾਉਂਦਾ ਹੈ) ਅਤੇ ਭਾਣੇ ਵਿਚ ਹੀ ਪਦਾਰਥਾਂ ਵੱਲੋਂ ਮਨ੍ਹਾ ਕਰਦਾ ਹੈ, ਅਰਥਾਤ ਹਟਾਉਂਦਾ ਹੈ।

ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ ॥
ਭਾਣੈ ਹੀ ਜਿਸੁ ਭਗਤੀ ਲਾਏ ਨਾਨਕ ਵਿਰਲੇ ਹੇ ॥ ੨ ॥

ਆਪਣੇ ਭਾਣੇ ਵਿਚ ਹੀ ਜੀਵਾਂ ਨੂੰ ਨਰਕ ਸੁਰਗ ਵਿਚ ਉਤਾਰਦਾ ਹੈ ਤੇ ਭਾਣੇ ਵਿਚ ਹੀ ਇਹ ਜੀਵ ਧਰਤੀ ਉੱਤੇ ਡਿੱਗ ਪੈਂਦਾ ਹੈ। ਆਪਣੇ ਭਾਣੇ ਵਿਚ ਹੀ ਜਿਨ੍ਹਾਂ ਨੂੰ ਭਗਤੀ ਵਿਚ ਲਗਾਂਦਾ ਹੈ, ਉਹ ਕੋਈ ਵਿਰਲੇ ਹੀ ਪੁਰਸ਼ ਹਨ ॥ ੨ ॥

ਪਉੜੀ ॥ ਵਡਿਆਈ ਸਚੇ ਨਾਮ ਕੀ ਹਉ ਜੀਵਾ ਸੁਣਿ ਸੁਣੇ ॥
ਪਸੂ ਪਰੇਤ ਅਗਿਆਨ ਉਧਾਰੇ ਇਕ ਖਣੇ ॥

ਸੱਚੇ ਵਾਹਿਗੁਰੂ ਦੇ ਨਾਮ ਦੀ ਵਡਿਆਈ ਸੁਣ ਸੁਣ ਕੇ, ਵਾ:- ਸੁਣਿ=ਕੰਨਾਂ ਦੁਆਰੇ ਸੁਣ ਕੇ ਹਉ=ਮੈਂ ਜੀਊਂਦਾ ਹਾਂ। ਜਿਸ ਨਾਮ ਨੇ ਇੱਕ ਖਿਨ ਵਿਚ ਪਸੂ ਤੇ ਪ੍ਰੇਤਾਂ ਵਰਗੇ ਅਗਿਆਨੀਆਂ ਨੂੰ ਤਾਰਨਾ ਕੀਤਾ ਹੈ।

ਯਥਾ:- ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰ ਉਤਾਰੇ ॥

ਦਿਨਸੁ ਰੈਣਿ ਤੇਰਾ ਨਾਉ ਸਦਾ ਸਦ ਜਾਪੀਐ ॥
ਤ੍ਰਿਸਨਾ ਭੁਖ ਵਿਕਰਾਲ ਨਾਇ ਤੇਰੇ ਧ੍ਰਾਪੀਐ ॥

ਹੇ ਵਾਹਿਗੁਰੂ ! ਇਹ ਕਿਰਪਾ ਕਰ ਕਿ ਦਿਨ ਰਾਤੀਂ ਤੇਰਾ ਨਾਮ ਸਦਾ ਸਦਾ ਜਪਣਾ ਕਰੀਏ ਅਤੇ ਵਿਕਰਾਲ=ਭਿਆਨਕ ਜੋ ਤ੍ਰਿਸ਼ਨਾ ਰੂਪੀ ਭੁੱਖ ਹੈ, ਇਸ ਤੋਂ ਤੇਰੇ ਨਾਮ ਨੂੰ ਜਪ ਕਰਕੇ ਧ੍ਰਾਪੀਐ=ਤ੍ਰਿਪਤ ਹੋਈਏ ॥

ਰੋਗੁ ਸੋਗੁ ਦੁਖੁ ਵੰਞੈ ਜਿਸੁ ਨਾਉ ਮਨਿ ਵਸੈ ॥
ਤਿਸਹਿ ਪਰਾਪਤਿ ਲਾਲੁ ਜੋ ਗੁਰ ਸਬਦੀ ਰਸੈ ॥

ਜਿਸ ਦੇ ਮਨ ਵਿਚ ਨਾਮ ਵਸਦਾ ਹੈ, ਉਸ ਦੇ ਅਗਿਆਨ ਰੂਪ ਰੋਗ ਸੋਗੁ=ਚਿੰਤਾ ਅਤੇ ਦੁੱਖ ਸਭ ਚਲੇ ਜਾਂਦੇ ਹਨ। ਲਾਲੁ=ਪਿਆਰਾ ਪਰਮੇਸ਼ਰ ਉਸ ਨੂੰ ਪਰਾਪਤ ਹੁੰਦਾ ਹੈ, ਜੇਹੜਾ ਗੁਰਾਂ ਦੇ ਉਪਦੇਸ਼ ਵਿਚ

ਰਸੈ=ਤਦਾਕਾਰ ਹੁੰਦਾ ਹੈ।

ਖੰਡ ਬ੍ਰਹਮੰਡ ਬੇਅੰਤ ਉਧਾਰਣਹਾਰਿਆ ॥
ਤੇਰੀ ਸੋਭਾ ਤੁਧੁ ਸਚੇ ਮੇਰੇ ਪਿਆਰਿਆ ॥ ੧੨ ॥

ਹੇ ਬਿਅੰਤ ਸਰੂਪ ਵਾਹਿਗੁਰੂ ! ਖੰਡਾਂ ਬ੍ਰਹਮੰਡਾਂ ਦੇ ਤਾਰਨ ਵਾਲੇ, ਵਾ:- ਰੱਖਿਆ ਕਰਨ ਵਾਲੇ, ਹੇ ਸੱਚੇ ਮੇਰੇ ਪਿਆਰਿਆ ! ਤੇਰੀ ਸੋਭਾ ਤੈਨੂੰ ਹੀ ਬਣ ਆਉਂਦੀ ਹੈ॥ ੧੨ ॥

ਸਲੋਕ ਮ: ੫ ॥

ਮਿਤ੍ਰ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ ॥
ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ ॥ ੧ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਹਰਿ ਜੀ ! ਤੂੰ ਜੋ ਪਿਆਰਾ ਮਿੱਤਰ ਹੈਂ, ਤੈਨੂੰ ਛੱਡ ਕੇ ਮੈਂ ਆਪਣਾ ਮਨੁੱਖਾ ਜਨਮ ਵਿਅੱਰਥ ਗੁਆਇਆ ਹੈ ਅਤੇ ਕਸੁੰਭੇ ਰੰਗ ਵਾਂਙੂ ਖਿਨ ਭੰਗਰ ਜੋ ਪਦਾਰਥ ਹਨ, ਉਨ੍ਹਾਂ ਵਿਚ ਭੁੱਲ ਗਈ ਹਾਂ। ਹੇ ਸਜਣ=ਪਰਮਾਤਮਾ! ਤਉ ਕੀ=ਆਪ ਜੀ ਦੀ ਕੀਮਤ ਮੇਰੇ ਪਾਸੋਂ ਨਹੀਂ ਪੈਂਦੀ ਅਤੇ ਆਪ ਜੀ ਤੋਂ ਬਿਨਾਂ ਮੈਂ ਇੱਕ ਅਢੁ=ਕੌਡੀ ਭੀ ਨਹੀਂ ਲੈ ਸਕਦੀ॥ ੧ ॥

ਮ: ੫ ॥ ਸਸੁ ਵਿਰਾਇਣਿ ਨਾਨਕ ਜੀਉ
ਸਸੁਰਾ ਵਾਦੀ ਜੇਠੋ ਪਉ ਪਉ ਲੂਹੈ ॥

ਅਵਿੱਦਿਆ ਰੂਪੀ ਸੱਸ ਵਿਰਾਇਣਿ=ਵੈਰਨ ਹੈ ਅਤੇ ਅਗਿਆਨ ਰੂਪ ਸਾਹੁਰਾ ਵਾਦੀ=ਝਗੜਾਲੂ ਹੈ। ਅਥਵਾ:- ਸੰਸੇ ਆਤਮਕ ਬਿਰਤੀ ਰੂਪੀ ਸੱਸ ਵੈਰਨ ਹੈ ਤੇ ਦੇਹ ਅਧਿਆਸ ਰੂਪੀ ਸਾਹੁਰਾ ਵਾਦੀ=ਝਗੜਾਲੂ ਹੈ ਅਤੇ ਜੀਵ ਰੂਪ ਇਸਤ੍ਰੀ ਨੂੰ ਜੇਠ "ਧਰਮਰਾਜਾ" ਨਰਕਾਂ ਵਿਚ ਪਾ ਪਾ ਕੇ ਲੂਹੈ=ਲੁੰਹਦਾ, ਭਾਵ ਸਾੜਦਾ ਹੈ

ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ ॥ ੨ ॥

ਹੇ ਪਰਮੇਸ਼ਰ ! ਜਾਂ ਤੂੰ ਮੇਰਾ ਸੱਜਣ ਹੈਂ, ਤਾਂ ਇਹ ਉਪਰਲੇ ਗਿਣੇ ਹੋਇ ਸਨਬੰਧੀ ਭਾਵੇਂ ਹਭੇ=ਸਾਰੇ ਹੀ, ਭਸੁ ਪੁਣੇਦੇ ਵਤਨੁ=ਸੁਆਹ ਛਾਣਦੇ ਫਿਰਨ ਪਰ ਮੇਰਾ ਕੁਝ ਵਿਗਾੜ ਨਹੀਂ ਕਰ ਸਕਣਗੇ॥ ੨ ॥

ਪਉੜੀ ॥ ਜਿਸੁ ਤੂ ਵੁਠਾ ਚਿਤਿ ਤਿਸੁ ਦਰਦੁ ਨਿਵਾਰਣੋ ॥
ਜਿਸੁ ਤੂ ਵੁਠਾ ਚਿਤਿ ਤਿਸੁ ਕਦੇ ਨ ਹਾਰਣੋ ॥

ਹੇ ਪਰਮੇਸ਼ਰ ! ਜਿਸ ਦੇ ਚਿੱਤ ਵਿਚ ਤੂੰ ਵਸਿਆ ਹੈਂ, ਉਸ ਦਾ ਦਰਦ ਨਿਵਿਰਤ ਹੋਇਆ ਹੈ। ਜਿਸ ਦੇ ਚਿੱਤ ਵਿਚ ਤੂੰ ਵਸਿਆ ਹੈਂ, ਤਿਸ ਨੂੰ ਕਦੇ ਹਾਰ ਨਹੀਂ ਆਉਂਦੀ।

ਜਿਸੁ ਮਿਲਿਆ ਪੂਰਾ ਗੁਰੂ ਸੁ ਸਰਪਰ ਤਾਰਣੋ ॥
ਜਿਸ ਨੋ ਲਾਏ ਸਚਿ ਤਿਸੁ ਸਚੁ ਸਮ੍ਹਾਲਣੋ ॥

ਜਿਸ ਨੂੰ ਪੂਰਾ ਗੁਰੂ ਮਿਲਿਆ ਹੈ, ਉਹ ਸਰਪਰ=ਜ਼ਰੂਰ ਆਪ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਹੈ। ਜਿਸ ਨੂੰ ਤੂੰ ਸੱਚ ਵਿਚ ਲਗਾਂਦਾ ਹੈਂ, ਉਸ ਨੇ ਸੱਚ ਨਾਮ ਨੂੰ ਸੰਭਾਲਣਾ ਕੀਤਾ ਹੈ।

www.sikhbookclub.com

ਜਿਸੁ ਆਇਆ ਹਥਿ ਨਿਧਾਨੁ ਸੋ ਰਹਿਆ ਭਾਲਣੋ॥
ਜਿਸ ਨੋ ਇਕੋ ਰੰਗੁ ਭਗਤੁ ਸੁ ਜਾਨਣੋ॥

ਜਿਸ ਦੇ ਮਨ ਰੂਪ ਹੱਥ ਵਿਚ ਨਾਮ ਰੂਪ ਖਜਾਨਾ ਪਰਾਪਤ ਹੋ ਆਇਆ ਹੈ, ਉਹ ਪ੍ਰਤੱਖ ਪਦਾਰਥਾਂ ਨੂੰ ਢੂੰਡਣ ਤੋਂ ਰਹਿ ਗਿਆ ਹੈ। ਜਿਸ ਨੂੰ ਇੱਕ ਪਰਮੇਸ਼ਰ ਦਾ ਪ੍ਰੇਮ ਰੂਪੀ ਰੰਗ ਚੜ੍ਹਿਆ ਹੈ, ਓਸੇ ਨੂੰ ਪੂਰਾ ਭਗਤ ਜਾਨਣਾ ਕਰੋ।

ਓਹੁ ਸਭਨਾ ਕੀ ਰੇਣੁ ਬਿਰਹੀ ਚਾਰਣੋ॥
ਸਭਿ ਤੇਰੇ ਚੋਜ ਵਿਡਾਣ ਸਭੁ ਤੇਰਾ ਕਾਰਣੋ॥ ੧੩॥

ਓਹੀ ਗੁਰਮੁਖ ਸਾਰਿਆਂ ਦੇ ਚਰਨਾਂ ਦੀ ਰੇਣੁ=ਧੂੜ ਹੋਇਆ ਹੈ, ਜੋ ਤੇਰੇ ਚਾਰਣੋ=ਚਰਨਾਂ ਦਾ ਬਿਰਹੀ=ਪ੍ਰੇਮੀ ਹੈ। *ਅਥਵਾ:* ਜੋ ਸ੍ਰੇਸ਼ਟ ਚਾਰਣੋ=ਕਰਤੱਬਾਂ ਦਾ ਬਿਰਹੀ=ਪ੍ਰੇਮੀ ਹੈ।

ਹੇ ਪਰਮੇਸ਼ਰ ! ਤੇਰੇ ਸਾਰੇ ਕੌਤਕ ਵਿਡਾਣ=ਅਸਚਰਜ ਹਨ, ਜਿਤਨਾ ਕੁ ਕਾਰਨ ਕਾਰਜ ਰੂਪ ਜਗਤ ਹੈ, ਇਹ ਸਭ ਤੇਰਾ ਹੀ ਬਣਾਇਆ ਹੋਇਆ ਹੈ॥ ੧੩॥

ਸਲੋਕ ਮ: ੫॥

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਮੈਂ ਆਪਣੇ ਦਿਲ ਵਿਚੋਂ ਉਸਤਤੀ, ਨਿੰਦਿਆ ਹਭ ਵਞਈ=ਸਭ ਦੂਰ ਕਰ ਦਿੱਤੀ ਹੈ ਅਤੇ ਸਭ ਕੁਝ ਹੋਰ ਸੰਸਾਰਕ ਵਿਹਾਰ ਵੀ ਤਿਆਗ ਛੱਡਿਆ ਹੈ। ਹੇ ਵਾਹਿਗੁਰੂ ! ਜਦ ਮੈਂ ਸਾਰੇ ਸਾਕ=ਸਨਬੰਧੀ ਝੂਠੇ ਵੇਖੇ, ਤਦ ਮੈਂ ਤੈਡੈ=ਆਪ ਜੀ ਦੇ ਨਾਮ ਰੂਪ ਪੱਲੇ ਨਾਲ ਲਗੀ ਹਾਂ॥ ੧॥

ਮ: ੫॥ ਫਿਰਦੀ ਫਿਰਦੀ ਨਾਨਕ ਜੀਉ ਹੀਉ ਢਾਵੀ ਥੀਈ
ਬਹੁਤੁ ਦਿਸਾਵਰ ਪੰਧਾ॥ ਤਾ ਹਉ ਸੁਖਿ ਸੁਖਾਲੀ ਸੁਤੀ
ਜਾ ਗੁਰ ਮਿਲਿ ਸਜਣੁ ਮੈ ਲਧਾ॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਹਾਰਾਜ ਜੀ ! ਬਹੁਤ ਹੀ ਚੌਰਾਸੀ ਲੱਖ ਜੂਨੀਆਂ ਰੂਪੀ ਦਿਸਾਵਰ=ਦੇਸਾਂਤਰਾਂ ਦੇ ਪੰਧਾ=ਰਸਤਿਆਂ ਵਿਚ ਫਿਰਦੀ ਫਿਰਦੀ ਹਉ ਢਾਵੀ ਥੀਈ=ਮੈਂ ਛਿਥੀ ਵਿਆਕੁਲ, ਅਰਥਾਤ ਦੁੱਖੀ ਹੋ ਗਈ ਹਾਂ।

ਜਾਂ ਮੈਂ ਪੂਰਨ ਗੁਰਾਂ ਨਾਲ ਮਿਲ ਕੇ, ਹੇ ਸਜਣੁ=ਪਰਮਾਤਮਾ ! ਤੈਨੂੰ ਲੱਭਿਆ, ਤਾਂ ਹੀ ਮੈਂ ਸੁਖਾਂ ਵਾਲੀ ਹੋ ਕੇ ਸੁਖਾਂ ਵਿਚ ਸੁਤੀ=ਅਭੇਦ ਹੋਈ ਹਾਂ॥ ੨॥

[ਪੰਨਾ ੯੬੪]

ਪਉੜੀ॥ ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥

www.sikhbookclub.com

ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥

ਹੇ ਪਰਮੇਸ਼ਰ ! ਜਾਂ ਆਪ ਜੀ ਨੂੰ ਭੁੱਲ ਜਾਈਏ, ਤਾਂ ਸਾਰੇ ਦੁੱਖ ਤੇ ਸੰਤਾਪ=ਭਲੀ ਪ੍ਰਕਾਰ ਤਾਪ ਲਗਦੇ ਹਨ। ਜੇਕਰ ਭਾਵੇਂ ਲੱਖਾਂ ਹੀ ਜਤਨ ਕਰੀਏ ਤਾਂ ਨਾਮ ਤੋਂ ਬਿਨਾਂ ਕਿਸੇ ਪ੍ਰਕਾਰ ਭੀ ਘੁਲੀਐ=ਛੁਟਕਾਰਾ ਨਹੀਂ ਹੁੰਦਾ।

ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥
ਜਿਸ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ॥

ਜਿਸ ਨੂੰ ਪ੍ਰਭੂ ਦਾ ਨਾਮ ਭੁੱਲਦਾ ਹੈ, ਉਹ ਨਿਰਧਨੁ=ਕੰਗਾਲ, ਕਾਂਢੀਐ=ਕਿਹਾ ਜਾਂਦਾ ਹੈ। ਜਿਸ ਨੂੰ ਨਾਮ ਭੁੱਲਦਾ ਹੈ, ਉਹ ਚੌਰਾਸੀ ਲੱਖ ਜੂਨੀਆਂ ਵਿਚ ਹਾਂਢੀਐ=ਫਿਰਦਾ ਹੈ।

ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ॥

ਜਿਸ ਨੂੰ ਖਸਮੁ=ਮਾਲਕ ਪਰਮਾਤਮਾ ਯਾਦ ਨਹੀਂ ਆਉਂਦਾ, ਤਿਸ ਨੂੰ ਜਮ ਡੰਡ ਦੇਂਦਾ ਹੈ। ਜਿਸ ਨੂੰ ਖਸਮੁ=ਮਾਲਕ ਪਰਮਾਤਮਾ ਚੇਤੇ ਨਹੀਂ ਆਉਂਦਾ, ਉਹ ਪੁਰਸ਼ ਰੋਗੀ ਗਿਣੇ ਜਾਂਦੇ ਹਨ।

ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥ ੧੪॥

ਜਿਸ ਨੂੰ ਖਸਮੁ ਮਾਲਕ ਪਰਮਾਤਮਾ ਚੇਤੇ ਨਹੀਂ ਆਉਂਦਾ, ਸੁ=ਉਹ, ਖਰੋ=ਚੰਗਾ, ਭਾਵ ਵੱਡਾ ਹੰਕਾਰੀ ਹੈ। ਓਹੀ ਪੁਰਸ਼ ਸੰਸਾਰ ਵਿਚ ਦੁਹੇਲਾ=ਦੁੱਖੀ ਹੁੰਦਾ ਹੈ, ਜਿਸ ਨੇ ਪ੍ਰਭੂ ਦੇ ਨਾਮ ਨੂੰ ਵਿਸਾਰਿਆ=ਭੁਲਾਇਆ ਹੈ॥ ੧੪॥

ਸਲੋਕ ਮਃ ੫॥

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਤੈਡੀ ਬੰਦਸਿ=ਤੇਰੇ ਸਦੱਰਸ ਅਰਥਾਤ ਤੇਰੇ ਵਰਗਾ ਮੈਂ ਹੋਰ ਕੋਈ ਨਹੀਂ ਵੇਖਿਆ, ਇੱਕ ਤੂੰਹੀ ਮੇਰੇ ਮਨ ਵਿਚ ਭਾਉਂਦਾ ਹੈ। *ਅਥਵਾ:-* ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਮੈਂ ਵੇਖ ਲਿਆ ਹੈ ਕਿ ਆਪ ਜੀ ਦੀ ਪਰਾਪਤੀ ਵਿਚ ਕੋਈ ਬੰਦਸਿ=ਰੁਕਾਵਟ ਨਹੀਂ ਹੈ, ਇਸ ਲਈ ਤੂੰ ਮੇਰੇ ਮਨ ਵਿਚ ਭਾਅ ਗਿਆ ਹੈਂ। ਤਿਸ ਗੁਰੂ ਮਿੱਤਰ ਦੇ ਉੱਪਰੋਂ ਮੈਂ ਬਲਿਹਾਰ ਕੁਰਬਾਣ ਜਾਂਦੀ ਹਾਂ, ਜੈ=ਜਿਸ ਗੁਰੂ ਨਾਲ ਮਿਲ ਕੇ ਮੈਂ ਪਤੀ ਪਰਮਾਤਮਾ ਨੂੰ ਪਛਾਣਿਆ ਹੈ॥ ੧॥

ਮਃ ੫॥ ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ॥ ੨॥

ਪੈਰ ਭਾਂ ਹੀ ਸ਼ੋਭਾ ਵਾਲੇ ਹੁੰਦੇ ਹਨ, ਹੇ ਪਰਮੇਸ਼ਰ ! ਜੇ ਤੇਰੀ ਧਿਰਿ=ਤਰਫ, ਜੁਲਦੇ=ਚੁਲਣ। ਸਿਰ ਤਾਂ

www.sikhbookclub.com

ਹੀ ਸ਼ੋਭਾ ਵਾਲਾ ਹੁੰਦਾ ਹੈ, ਜਾਂ ਆਪ ਜੀ ਦੇ ਚਰਨਾਂ ਵਿਚ ਪਵੇ।

ਮੂੰਹ ਤਾਂ ਹੀ ਸ਼ੋਭਾ ਵਾਲਾ ਹੁੰਦਾ ਹੈ, ਜਾਂ ਆਪ ਜੀ ਦੇ ਜਸ ਨੂੰ ਗਾਵਣਾ ਕਰੇ, ਤੇ ਜੀਵ ਤਾਂ ਹੀ ਸੋਭਾ ਵਾਲਾ ਹੈ ਜਾਂ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਪਿਆ ਰਵ੍ਹੇ॥ ੨॥

ਪਉੜੀ॥ ਮਿਲਿ ਨਾਰੀ ਸਤਸੰਗਿ ਮੰਗਲੁ ਗਾਵੀਆ॥
ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ॥

ਜਿਸ ਜਿਗਿਆਸੂ ਰੂਪ ਇਸਤ੍ਰੀ ਨੇ ਸਤਿਸੰਗ ਵਿਚ ਮਿਲ ਕੇ, ਵਾਹਿਗੁਰੂ ਦੇ ਜਸ ਰੂਪ ਮੰਗਲ ਨੂੰ ਗਾਇਣ ਕੀਤਾ ਹੈ। ਉਸ ਲਈ ਸਰੂਪ ਰੂਪੀ ਘਰ ਦੀ ਪਰਾਪਤੀ ਦਾ ਬੰਧਾਨੁ=ਪਰਬੰਧ (ਇੰਤਜ਼ਾਮ) ਹੋਇਆ ਹੈ। ਇਸ ਕਰ ਕੇ ਉਹ ਫਿਰ ਜੂਨੀਆਂ ਵਿਚ ਨਹੀਂ ਦੌੜਦੀ,

ਵਾ:- ਫਿਰ ਉਸ ਦਾ ਮਨ ਪਦਾਰਥਾਂ ਵੱਲ ਨਹੀਂ ਦੌੜਦਾ।

ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ॥
ਸੀਲਵੰਤਿ ਪਰਧਾਨਿ ਰਿਦੈ ਸਚਾਵੀਆ॥

ਉਸ ਦੀ ਦੁਰ+ਮਤਿ=ਖੋਟੀ ਸਿੱਖਿਆ, ਦੁਰਤੁ=ਪਾਪ ਅਤੇ ਕੂੜੀ ਸੋਇ=ਸ਼ੋਭਾ, ਵਾ:- ਕੌਨ ਸੋ ਬਿਨਠੀ=ਨਾਸ ਹੋ ਗਈ ਹੈ। ਓਹੀ ਸ਼ੀਲ ਸੁਭਾਅ ਵਾਲੀ ਤੇ ਪਰਧਾਨਿ=ਮੁਖੀ ਹੈ, ਜਿਸ ਦੇ ਹਿਰਦੇ ਵਿਚ ਸੱਚ ਨਾਮ ਆਇਆ ਹੈ।

ਅੰਤਰਿ ਬਾਹਰਿ ਇਕੁ ਇਕ ਰੀਤਾਵੀਆ॥
ਮਨਿ ਦਰਸਨ ਕੀ ਪਿਆਸ ਚਰਣ ਦਾਸਾਵੀਆ॥

ਉਸ ਨੇ ਸਰੀਰ ਦੇ *ਅਥਵਾ:-* ਬ੍ਰਹਮਾਂਡ ਦੇ ਅੰਦਰ ਬਾਹਰ ਇੱਕ ਪਰਮੇਸ਼ਰ ਨੂੰ ਜਾਣਿਆ ਹੈ ਅਤੇ ਉਸ ਦੇ ਅੰਦਰ ਏਕਤਾ ਵਾਲੀ ਰੀਤੀ ਆਈ ਹੈ। ਜੋ ਸੰਤਾਂ ਦੇ ਚਰਨਾਂ ਦੀਆਂ ਦਾਸੀਆਂ ਹਨ, ਉਨ੍ਹਾਂ ਦੇ ਮਨ ਵਿਚ ਵਾਹਿਗੁਰੂ ਦੇ ਦਰਸ਼ਨ ਦੀ ਪਿਆਸ=ਚਾਹ ਹੈ।

ਸੋਭਾ ਬਣੀ ਸੀਗਾਰੁ ਖਸਮਿ ਜਾਂ ਰਾਵੀਆ॥
ਮਿਲੀਆ ਆਇ ਸੰਜੋਗਿ ਜਾਂ ਤਿਸੁ ਭਾਵੀਆ॥ ੧੫॥

ਜਾਂ ਖਸਮਿ=ਪਰਮਾਤਮਾ ਦੇ ਆਨੰਦ ਨੂੰ ਰਾਵਿਆ=ਭੋਗਿਆ ਤਾਂ ਸ੍ਰੇਸ਼ਟ ਸ਼ੋਭਾ ਬਣਿ ਆਈ ਅਤੇ ਜਪ, ਤਪ ਰੂਪੀ ਸੀਂਗਾਰ ਕੀਤੇ ਹੋਇ ਭੀ ਸਫਲ ਹੋ ਗਏ।

ਅਥਵਾ:- ਸ਼ਿੰਗਾਰ ਰੂਪ ਸਾਧਨਾ ਦੀ ਸ਼ੋਭਾ ਬਣ ਗਈ। ਸੰਤਾਂ ਦੇ ਸੰਜੋਗ ਹੋਣ ਕਰਕੇ ਜਾਂ ਤਿਸ ਪਰਮੇਸ਼ਰ ਨੂੰ ਭਾਈ, ਤਾਂ ਉਹ ਆਪੇ ਆ ਕੇ ਮਿਲ ਗਿਆ॥ ੧੫॥

ਸਲੋਕ ਮ: ੫॥
ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ॥
ਤਉ ਜੇਵਡੁ ਦਾਤਾਰੁ ਨ ਕੋਈ ਜਾਚਕੁ ਸਦਾ ਜਾਚੋਵੈ॥ ੧॥

www.sikhbookclub.com

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਮਹਾਰਾਜ ਜੀ ! ਮੈ+ਕੂ=ਮੇਰੇ ਕੋ ਅਰਥਾਤ ਮੈਨੂੰ ਹਭਿ=ਸਾਰੇ ਸ਼ੁਭ ਗੁਣ ਆਪ ਜੀ ਦੇ ਦਿੱਤੇ ਹੋਏ ਪ੍ਰਾਪਤ ਹਨ, ਮੈਂ ਨਿਰਗੁਣ ਤੋਂ ਭਲਾ ਕੀ ਹੋ ਸਕਦਾ ਹੈ, ਭਾਵ ਮੇਰੇ ਪਾਸੋਂ ਕੁਝ ਨਹੀਂ ਹੁੰਦਾ। ਤੇਰੇ ਜੇਡਾ ਵੱਡਾ ਹੋਰ ਕੋਈ ਦਾਤਾ ਨਹੀਂ ਹੈ, ਮੈਂ ਜਾਚਕੁ=ਮੰਗਤਾ ਸਦਾ ਹੀ ਆਪ ਜੀ ਦੇ ਪਾਸੋਂ ਜਾਚੋਵੈ=ਮੰਗਦਾ ਹਾਂ॥ ੧॥

ਮਃ ੫॥ ਦੇਹ ਛਿਜੰਦੜੀ ਊਣਮਝੂਣਾ ਗੁਰਿ ਸਜਣਿ ਜੀਉ ਧਰਾਇਆ॥
ਹਭੇ ਸੁਖ ਸੁਹੇਲੜਾ ਸੁਤਾ ਜਿਤਾ ਜਗੁ ਸਬਾਇਆ॥ ੨॥

ਪ੍ਰਤੱਖ ਦੇਹ ਛਿਜੰਦੜੀ=ਛਿਜਦੀ ਜਾ ਰਹੀ ਹੈ, ਏਸੇ ਕਰਕੇ ਮਨ ਉਣਮਝੂਣਾ=ਨਿਮੋਝੂਣਾ ਹੋ ਰਿਹਾ ਹੈ, ਪਰ ਧੰਨ ਗੁਰੂ ਸੱਜਣ ਹਨ, ਜਿਨ੍ਹਾਂ ਨੇ ਜੀਅ ਵਿਚ ਹੌਸਲਾ (ਧੀਰਜ) ਧਰਵਾਇਆ ਹੈ। ਏਸੇ ਕਰਕੇ ਹੁਣ ਮੈਂ ਹਭੇ=ਸਾਰੇ ਸੁਖਾਂ ਨੂੰ ਪਾ ਕੇ ਸੁਖ ਪੂਰਬਕ, ਅਰਥਾਤ ਸੁਖ ਸਹਿਤ ਸੁੱਤਾ ਹਾਂ ਅਤੇ ਸਾਰਾ ਜਗਤ ਜਨਮ ਮਰਨ ਦੇ ਸਹਿਤ ਜਿੱਤ ਲਿਆ ਹੈ॥ ੨॥

ਅਗਲੀ ਪਉੜੀ ਵਿਚ ਵਾਹਿਗੁਰੂ ਨੂੰ ਪਾਤਸ਼ਾਹ ਰੂਪ ਕਥਨ ਕਰਦੇ ਹਨ:-

ਪਉੜੀ ॥ ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥

ਹੇ ਪਰਮੇਸ਼ਰ ! ਆਪ ਜੀ ਦਾ ਸਤਿਸੰਗ ਰੂਪ ਦਰਬਾਰ ਸਭ ਤੋਂ ਵੱਡਾ ਹੈ ਅਤੇ ਆਪ ਜੀ ਦਾ ਵੈਕੁੰਠ, *ਅਥਵਾ:-* ਸਰੂਪ ਰੂਪੀ ਤਖਤ ਭੀ ਸੱਚਾ ਹੈ। ਆਪ ਪਾਤਸ਼ਾਹਾਂ ਦੇ ਸ਼੍ਰੋਮਣੀ ਪਾਤਸ਼ਾਹ ਹੋ ਤੇ ਆਪ ਜੀ ਦਾ ਜਸ ਰੂਪੀ ਚੌਰ, ਗਿਆਨ ਰੂਪ ਛਤ੍ਰ ਨਿਸਚਲ ਹੈ।

ਜੋ ਭਾਵੈ ਪਾਰਬ੍ਰਹਮ ਸੋਈ ਸਚੁ ਨਿਆਉ॥
ਜੇ ਭਾਵੈ ਪਾਰਬ੍ਰਹਮ ਨਿਥਾਵੇ ਮਿਲੈ ਥਾਉ॥

ਹੇ ਪਾਰਬ੍ਰਹਮ ! ਜੋ ਤੈਨੂੰ ਭਾਉਂਦਾ ਹੈ, ਓਹੀ ਸੱਚਾ ਨਿਆਂ ਹੈ।

ਹੇ ਪਰਾ ਰੂਪ ਬ੍ਰਹਮ=ਬਿਆਪਕ ਪਰਮਾਤਮਾ ! ਜੇਹੜਾ ਮਨੁੱਖ ਤੈਨੂੰ ਭਾਉਂਦਾ ਹੈ, ਉਸ ਨਿਥਾਵੇਂ ਨੂੰ ਸਰੂਪ ਥਾਂ ਮਿਲਦੀ ਹੈ।

ਜੋ ਕੀਨੀ ਕਰਤਾਰਿ ਸਾਈ ਭਲੀ ਗਲ॥
ਜਿਨੀ ਪਛਾਤਾ ਖਸਮੁ ਸੇ ਦਰਗਾਹ ਮਲ॥

ਹੇ ਕਰਤਾਰ ! ਜੋ ਤੈਂਨੇ ਕੀਤੀ ਹੈ, ਓਹੀ ਗੱਲ ਭਲੀ=ਚੰਗੀ ਹੈ। ਜਿਨ੍ਹਾਂ ਨੇ ਖਸਮੁ=ਮਾਲਕ ਪਰਮਾਤਮਾ ਨੂੰ ਪਛਾਣਿਆ ਹੈ, ਉਹ ਦਰਗਾਹ ਦੇ ਮਲ=ਪਹਿਲਵਾਨ ਹਨ।

ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ॥
ਕਾਰਣ ਕਰਣ ਕਰੀਮ ਕੁਦਰਤਿ ਤੇਰੀਐ॥ ੧੬॥

ਹੇ ਕਰਤਾਰ ! ਤੇਰਾ ਫੁਰਮਾਨੁ=ਹੁਕਮ, ਸਹੀ=ਸੱਚਾ ਹੈ, ਜੋ ਅੱਜ ਤੱਕ ਕਿਸੇ ਨੇ ਫੇਰਿਆ ਨਹੀਂ ਭਾਵ ਹਟਾਇਆ

www.sikhbookclub.com

ਨਹੀਂ। ਹੇ ਕਰੀਮ=ਸਖੀ ਪਰਮਾਤਮਾ ! ਤੇਰੀ ਕੁਦਰਤਿ=ਸ਼ਕਤੀ ਸਭ ਚਰਨਾਂ ਦੇ ਕਰਨ ਵਾਲੀ ਹੈ॥ ੧੬॥

ਸਲੋਕ ਮਃ ੫॥

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ॥ ੧॥

ਹੇ ਪਰਮੇਸ਼ਰ ! ਤੇਰੀ ਸੋਇ=ਸੋਭਾ, ਵਾ:- ਕੰਨ ਸੋ ਸੁਣ ਕੇ ਮੇਰਾ ਤਨ ਮਨ ਮਉਲਾ=ਹਰਿਆ ਹੋਇਆ ਹੈ ਅਤੇ ਨਾਮ ਨੂੰ ਜੱਪ ਕੇ ਮੇਰੇ ਮੂੰਹ ਉੱਪਰ ਲਾਲੀ ਚੜ੍ਹੀ ਹੈ। ਤੇਰੇ ਸਤਸੰਗ, ਵਾ:- ਗਿਆਨ ਰੂਪ ਪੰਧਿ ਜੁਲੰਦੜੀ=ਰਸਤੇ ਉੱਪਰ ਚਲਣ ਕਰਕੇ ਮੇਰਾ ਹਿਰਦਾ ਅੰਦਰੋਂ ਠੰਢਾ ਹੋਇਆ ਹੈ, ਅਤੇ ਗੁਰਾਂ ਦੇ ਦਰਸ਼ਨ ਨੂੰ ਵੇਖ ਕੇ, ਵਾ:- ਗੁਰਾਂ ਦੁਆਰੇ ਆਪ ਜੀ ਦੇ ਦਰਸ਼ਨ ਨੂੰ ਵੇਖ ਕੇ ਮੈਂ ਨਿਹਾਲ ਹੋਈ ਹਾਂ॥ ੧॥

ਮਃ ੫॥ ਹਠ ਮੰਝਾਹੂ ਮੈ ਮਾਣਕੁ ਲਧਾ॥
ਮੁਲਿ ਨ ਘਿਧਾ ਮੈਕੂ ਸਤਿਗੁਰਿ ਦਿਤਾ॥

ਹਠ ਮੰਝਾਹੂ=ਹਿਰਦੇ ਦੇ ਵਿਚ ਮੈਂ ਮਾਣਕ ਰੂਪ ਪਰਮਾਤਮਾ ਨੂੰ ਲੱਭਿਆ ਹੈ। ਮੁਲ ਨਹੀਂ ਘਿਧਾ=ਲਿਆ, ਮੈਕੂ=ਮੈਨੂੰ ਸਤਿਗੁਰਾਂ ਨੇ ਕਿਰਪਾ ਕਰਕੇ ਦਿੱਤਾ ਹੈ।

ਢੂੰਢ ਵਞਾਈ *ਥੀਆ ਥਿਤਾ॥ ਜਨਮੁ ਪਦਾਰਥੁ ਨਾਨਕ ਜਿਤਾ॥ ੨॥

ਉਸਦੀ ਜੇਹੜੀ ਢੂੰਢ=ਭਾਲ ਕਰਨੀ ਸੀ, ਉਹ ਦੂਰ ਕਰ ਦਿੱਤੀ ਹੈ, ਹੁਣ ਮੇਰਾ ਮਨ ਥੀਆ ਥਿਤਾ=ਇਸਥਿਤ ਹੋਇਆ ਹੈ ਅਤੇ ਮਨੁੱਖਾ ਦੇਹ ਰੂਪ ਜਨਮ ਪਦਾਰਥ ਨੂੰ ਮੈਂ ਜਿੱਤਿਆ, ਭਾਵ ਸਫਲ ਕੀਤਾ ਹੈ॥ ੨॥

ਪਉੜੀ॥ ਜਿਸ ਕੈ ਮਸਤਕਿ ਕਰਮੁ ਹੋਇ ਸੋ ਸੇਵਾ ਲਾਗਾ॥
ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ਸੋ ਅਨਦਿਨੁ ਜਾਗਾ॥

ਜਿਸ ਪੁਰਸ਼ ਦੇ ਮੱਥੇ ਉੱਪਰ ਸ੍ਰੇਸ਼ਟ ਕਰਮ ਹੁੰਦੇ ਹਨ, ਉਹੀ ਸੇਵਾ ਵਿੱਚ ਲਗਦਾ ਹੈ। ਜਿਸ ਦਾ ਗੁਰਾਂ ਨਾਲ ਮਿਲ ਕੇ ਹਿਰਦਾ ਕੰਵਲ ਖਿੜਿਆ ਹੈ, ਉਹ ਰਾਤ ਦਿਨੇ ਗਿਆਨ ਜਾਗ੍ਰਤ ਵਿਚ ਜਾਗਿਆ ਹੈ।

ਲਗਾ ਰੰਗੁ ਚਰਣਾਰਬਿੰਦ ਸਭੁ ਭ੍ਰਮੁ ਭਉ ਭਾਗਾ॥
ਆਤਮੁ ਜਿਤਾ ਗੁਰਮਤੀ ਆਗੰਜਤ ਪਾਗਾ॥

ਜਿਸ ਦਾ ਸਤਿਗੁਰਾਂ ਦੇ ਚਰਨ ਕਮਲਾਂ ਨਾਲ ਪ੍ਰੇਮ ਲੱਗਾ ਹੈ, ਉਸ ਦੇ ਅੰਦਰੋਂ ਭਰਮ ਭੈ ਆਦਿਕ ਸਭ ਵਿਕਾਰ ਭੱਜ ਗਏ ਹਨ। ਜਿਸ ਨੇ ਗੁਰ ਸਿੱਖਿਆ ਦੁਆਰੇ ਆਤਮੁ=ਮਨ ਨੂੰ ਜਿੱਤਿਆ ਹੈ, ਉਹ ਆਗੰਜਤ=ਅਨਗਿਣਤ ਪਰਮਾਤਮਾ ਵਿਚ ਪਾਗਾ=ਰਪਿਆ, ਭਾਵ ਮਿਲ ਗਿਆ ਹੈ। *ਅਥਵਾ:-* ਉਸ ਨੇ ਅਗੰਜ+ਤਪਾਗਾ=ਅਨਗਿਣਤ ਤਪ ਕੀਤਾ ਹੈ।**

**ਪਾਠਾਂਤ੍ਰ:- ਵਞਾਈ।*

***(ਪਾਠ ਆਗੰਜਤ ਪਾਗਾ ਹੀ ਹੈ)*

www.sikhbookclub.com

[ਪੰਨਾ ੯੬੫]

ਜਿਸਹਿ ਧਿਆਇਆ ਪਾਰਬ੍ਰਹਮੁ ਸੋ ਕਲਿ ਮਹਿ ਤਾਗਾ ॥
ਸਾਧੂ ਸੰਗਤਿ ਨਿਰਮਲਾ ਅਠਸਠਿ ਮਜਨਾਗਾ ॥

ਜਿਸ ਨੇ ਪਾਰਬ੍ਰਹਮ=ਪਰਾ, ਬ੍ਰਹਮ=ਵਿਆਪਕ ਵਾਹਿਗੁਰੂ ਨੂੰ ਧਿਆਇਆ ਹੈ, ਓਹੀ ਕਲਜੁਗ ਵਿਚ ਤਾਗਾ=ਗਿਆਨਵਾਨ, *ਅਥਵਾ:-* ਇਸਥਿਤ ਹੋਇਆ ਹੈ।

ਸਾਧੂਆਂ ਦੀ ਸੰਗਤ ਕਰਕੇ ਜਿਸ ਦਾ ਮਨ ਨਿਰਮਲ ਹੋਇਆ ਹੈ, ਉਸ ਨੂੰ ਅਠਾਠ (੬੮) ਤੀਰਥਾਂ ਦੇ ਇਸ਼ਨਾਨ ਦਾ ਫਲ ਪਰਾਪਤ ਹੋਇਆ ਹੈ।

ਜਿਸੁ ਪ੍ਰਭੁ ਮਿਲਿਆ ਆਪਣਾ ਸੋ ਪੁਰਖੁ ਸਭਾਗਾ ॥
ਨਾਨਕ ਤਿਸੁ ਬਲਿਹਾਰਣੈ ਜਿਸੁ ਏਵਡ ਭਾਗਾ ॥ ੧੭ ॥

ਜਿਸ ਨੂੰ ਆਪਣਾ ਪ੍ਰਭੂ ਮਿਲਿਆ ਹੈ ਉਹ ਪੁਰਸ਼ ਸ੍ਰੇਸ਼ਟ ਭਾਗਾਂ ਵਾਲਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਅਸੀਂ ਉਸ ਤੋਂ ਬਲਿਹਾਰ ਜਾਂਦੇ ਹਾਂ, ਜਿਸ ਦੇ ਏਡੇ ਵੱਡੇ ਭਾਗ ਹਨ॥ ੧੭॥

ਸਲੋਕ ਮ: ੫ ॥ ਜਾਂ ਪਿਰੁ ਅੰਦਰਿ ਤਾਂ ਧਨ ਬਾਹਰਿ ॥
ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥

ਜਾ ਪਿਰੀ ਪਰਮਾਤਮਾ ਅੰਦਰ ਸਖਿਆਤਕਾਰ ਹੋਇਆ ਤਾਂ ਧਨ=ਮਾਇਆ ਬਾਹਰ ਹੋ ਗਈ। ਜਾਂ ਪਿਰੀ ਪਰਮਾਤਮਾ ਬਾਹਰ ਅਸਖਿਆਤਕਾਰ ਸੀ, ਤਾਂ ਧਨ=ਮਾਇਆ, ਮਾਹਰਿ=ਪਰਸਿੱਧ ਹੋ ਗਈ, ਭਾਵ ਚੌਧਰਾਣੀ ਹੋ ਗਈ।

ਅਥਵਾ:- ਜਾਂ ਪਿਰੀ ਪਰਮਾਤਮਾ ਅੰਦਰ ਗੁਪਤ (ਪਰੋਖ) ਸੀ, ਤਾਂ ਧਨ=ਬੁੱਧੀ ਬਾਹਰ ਦੇ ਸੰਸਾਰਕ ਪਦਾਰਥਾਂ ਨੂੰ ਵਿਸ਼ੇ ਕਰਦੀ ਸੀ ਜਾਂ ਪਿਰੀ ਪਰਮਾਤਮਾ ਬਾਹਰ ਅਪ੍ਰੋਖ ਅਰਥਾਤ ਪਰਗਟ ਹੋਇਆ, ਤਾਂ ਧਨ=ਬੁੱਧੀ, ਮਾਹਰਿ=ਚੌਧਰਾਣੀ ਯਾਨੇ ਪੂਜਯ ਹੋਈ।

ਬਿਨੁ ਨਾਵੈ ਬਹੁ ਫੇਰ ਫਿਰਾਹਰਿ ॥ ਸਤਿਗੁਰਿ ਸੰਗਿ ਦਿਖਾਇਆ ਜਾਹਰਿ ॥
ਜਨ ਨਾਨਕ ਸਚੇ ਸਚਿ ਸਮਾਹਰਿ ॥ ੧ ॥

ਨਾਮ ਤੋਂ ਬਿਨਾਂ ਬਹੁਤੇ ਜੂਨੀਆਂ ਦੇ ਫੇਰੇ ਵਿਚ ਫਿਰਦਾ ਹੈ। ਜਿਨ੍ਹਾਂ ਨੂੰ ਸਤਿਗੁਰਾਂ ਨੇ ਜਾਹਰਿ=ਪ੍ਰਸਿੱਧ, ਉਹ ਪਰਮੇਸ਼ਰ ਅੰਗ ਸੰਗ ਵਿਖਾਇਆ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਉਹ ਜਨ ਸਚਿ=ਨਿਸਚੇ ਕਰਕੇ ਸੱਚੇ ਸਰੂਪ ਵਿਚ ਸਮਾਏ ਹਨ॥ ੧ ॥

ਮ: ੫ ॥ ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥ ੨ ॥

ਇਹ ਜੀਵ ਸਾਰੇ ਆਹਰ=ਉੱਦਮ ਕਰਦਾ ਫਿਰਦਾ ਹੈ, ਪਰ ਇਸ ਦੇ ਪਾਸੋਂ ਇੱਕ ਨਾਮ ਜਪਣ ਦਾ

ਉੱਦਮ ਨਹੀਂ ਹੁੰਦਾ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਜਿਸ ਉੱਦਮ ਕਰਕੇ ਇਹ ਜੀਵ ਸੰਸਾਰ ਸਮੁੰਦਰ ਤੋਂ ਉਧਰਦਾ ਹੈ, ਉਸ ਉੱਦਮ ਨੂੰ ਕੋਈ ਵਿਰਲਾ ਹੀ ਜਾਣਦਾ ਹੈ॥ ੨॥

ਪਉੜੀ॥ ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ॥
ਰੰਗ ਪਰੰਗ ਅਨੇਕ ਨ ਜਾਪਨਿ ਕਰਤਬਾ॥

ਹੇ ਅਪਾਰੁ=ਬਿਅੰਤ ਰੂਪ ਪਰਮਾਤਮਾ ! ਤੇਰਾ ਮਰਾਤਬਾ ਵੱਡਿਆਂ ਤੋਂ ਵੱਡਾ ਹੈ। ਰੰਗ ਤੇ ਪਰੰਗ=ਮਿਸਰਤ ਰੰਗ ਆਪ ਜੀ ਨੇ ਕੀਤੇ ਹਨ ਅਤੇ ਆਪ ਜੀ ਦੇ ਅਨੇਕਾਂ ਕਰਤੱਬ ਜਾਣੇ ਨਹੀਂ ਜਾਂਦੇ।

ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ॥
ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ॥

ਜੀਵਾਂ ਦੇ ਅੰਦਰ ਜੀਵ ਰੂਪ ਹੋ ਕੇ ਤੂੰ ਸਭ ਕੁਝ ਜਾਣਦਾ ਹੈਂ। ਸਭ ਕੁਝ ਤੇਰੇ ਅਧੀਨ ਹੈ, ਤੇਰਾ ਸਰੂਪ, ਵਾ:- ਸਤਸੰਗ ਘਰ ਭਲਾ=ਚੰਗਾ ਹੈ।

ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ॥
ਮਾਣੁ ਮਹਤਾ ਤੇਜੁ ਅਪਣਾ ਆਪਿ ਜਾਰਿ॥

ਤੇਰੇ ਸਤਸੰਗ ਰੂਪ ਘਰ ਵਿਚ ਅਨੰਦ ਹੈ ਅਤੇ ਤੇਰੇ ਸਤਸੰਗ ਘਰ ਵਿਚ ਹੀ ਵਧਾਈ ਹੈ। ਆਪਣੇ ਮਾਣੁ=ਆਦਰ, ਮਹਤਾ=ਮਰਾਤਬੇ ਅਤੇ ਤੇਜ ਪ੍ਰਤਾਪ ਨੂੰ ਆਪ ਹੀ ਜਰਿ=ਸਹਾਰਦਾ ਹੈ।

ਸਰਬ ਕਲਾ ਭਰਪੂਰੁ ਦਿਸੈ ਜਤ ਕਤਾ॥
ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ॥ ੧੮॥

ਸਾਰੀਆਂ ਕਲਾ=ਸ਼ਕਤੀਆਂ ਕਰਕੇ ਆਪ ਭਰਪੂਰ ਹੋ ਅਤੇ ਜਿੱਥੇ ਕਿੱਥੇ ਤੂੰਹੀ ਦਿੱਸਦਾ ਹੈਂ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ ਵਾਹਿਗੁਰੂ ! ਮੈਂ ਤੇਰੇ ਅੱਗੇ ਬਿਨਵਤਾ=ਬੇਨਤੀ ਕਰਦਾ ਹਾਂ ਕਿ ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹੋਵਾਂ॥ ੧੮॥

ਸਲੋਕ ਮ: ੫॥
ਛਤੜੇ ਬਾਜਾਰ ਸੋਹਨਿ ਵਿਚਿ ਵਪਾਰੀਏ॥
ਵਖਰੁ ਹਿਕੁ ਅਪਾਰੁ ਨਾਨਕ ਖਟੇ ਸੋ ਧਣੀ॥ ੧॥

- ਪਹਿਲਾ ਅਰਥ-

ਤਿੰਨਾਂ ਲੋਕਾਂ ਰੂਪੀ ਜੋ ਛੱਤੇ ਹੋਇ ਬਜ਼ਾਰ ਹਨ, ਉਨ੍ਹਾਂ ਵਿਚ ਸ੍ਰੇਸ਼ਟ ਵਪਾਰੀ ਸੋਭਦੇ ਹਨ।

- ਦੂਜਾ ਅਰਥ-

ਅਥਵਾ:- ਸ਼ੁਭ ਗੁਣਾਂ ਨਾਲ ਛੱਤੇ ਹੋਇ ਸਤਿਸੰਗਤ ਰੂਪ ਬਜ਼ਾਰ ਵਿਚ ਸੰਤਾਂ ਰੂਪ ਵਾਪਰੀ ਸੋਭਦੇ ਹਨ।

- ਤੀਜਾ ਅਰਥ-

ਅਥਵਾ:- ਜਿਨ੍ਹਾਂ ਦੇ ਇੰਦ੍ਰੀਆਂ ਰੂਪੀ ਬਜ਼ਾਰ ਛੱਤੇ, ਭਾਵ ਦਮਨ ਕੀਤੇ ਹੋਇ ਹਨ, ਉਹ ਵਾਪਾਰੀ ਸੰਸਾਰ

www.sikhbookclub.com

ਵਿਚ ਸੋਭਦੇ ਹਨ। ਗੁਰੂ ਜੀ ਕਥਨ ਕਰਦੇ ਹਨ—ਜੋ ਇੱਕ ਅਪਾਰ ਪ੍ਰਮੇਸ਼ਰ ਦੇ ਨਾਮ ਰੂਪੀ ਵਖਰੁ=ਸੌਦੇ ਨੂੰ ਖੱਟਦੇ ਹਨ, ਉਹ ਧਣੀ=ਆਤਮ ਧਨ ਵਾਲੇ ਧਨਾਢ ਹਨ॥ ੧॥

ਮਹਲਾ ੫॥

ਇਹ ਸਲੋਕ ਉਚਾਰ ਕੇ ਸਤਿਗੁਰ ਦੇਵ ਜੀ ਭਗਤ ਕਬੀਰ ਜੀ ਨੂੰ ਸਿਰੋਪਾ ਦੇਂਦੇ ਹਨ, ਜਿਸ ਨੂੰ ਸਿਰੋਪਾ ਦਿੱਤਾ ਜਾਵੇ, ਉਹ ਓਸੇ ਦਾ ਹੋ ਜਾਂਦਾ ਹੈ।

ਕਬੀਰਾ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ॥
ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ॥ ੨॥

ਇਸ 'ਤੇ ਕਬੀਰ ਜੀ ਆਖਦੇ ਹਨ—ਜਿਸ ਤੇ ਅਸਾਡਾ ਕੋਈ ਨਹੀਂ, ਇਸੇ ਕਰਕੇ ਅਸੀਂ ਭੀ ਕਿਸੀ ਦੇ ਨਹੀਂ ਹਾਂ। ਜਿਸ ਪਰਮੇਸ਼ਰ ਨੇ ਇਸ ਸੰਸਾਰ ਰਚਨਾ ਨੂੰ ਬਣਾਇਆ ਹੈ, ਉਸ ਦੇ ਨਾਮ ਵਿਚ ਅਸੀਂ ਸਮਾਏ ਹਾਂ॥ ੨॥

ਪਉੜੀ॥ ਸਫਲਿਉ ਬਿਰਖੁ ਸੁਹਾਵੜਾ ਹਰਿ ਸਫਲ ਅੰਮ੍ਰਿਤਾ॥
ਮਨੁ ਲੋਚੈ ਉਨ੍ ਮਿਲਣ ਕਉ ਕਿਉ ਵੰਞੈ ਘਿਤਾ॥

ਸੁਹਾਵੜਾ=ਸੋਭਾ ਵਾਲਾ ਹਰੀ ਹੀ ਇੱਕ ਸਫਲ ਬ੍ਰਿੱਛ ਹੈ, ਉਹ ਜਿਨ੍ਹਾਂ ਨੂੰ ਪਰਾਪਤ ਹੋਇਆ ਹੈ, ਉਹ ਪੁਰਸ਼ ਸ+ਫਲ=ਸਹਿਤ ਫਲ ਦੇ ਅਤੇ ਮਿਰਤੂ ਤੋਂ ਰਹਿਤ ਹੋਏ ਹਨ। ਉਸ ਪਰਮੇਸ਼ਰ ਦੇ ਮਿਲਣ ਨੂੰ ਮਨ ਚਾਹੁੰਦਾ ਹੈ, ਪਰ ਕਿਉ ਵੰਞੈ ਘਿਤਾ=ਕਿਸ ਤਰ੍ਹਾਂ ਲਿਆ ਜਾਵੇ।

ਵਰਨਾ ਚਿਹਨਾ ਬਾਹਰਾ ਓਹੁ ਅਗਮੁ ਅਜਿਤਾ॥
ਓਹੁ ਪਿਆਰਾ ਜੀਅ ਕਾ ਜੋ ਖੋਲ੍ਹੈ ਭਿਤਾ॥

ਉਹ ਅਗਮ ਰੂਪ ਪਰਮਾਤਮਾ ਵਰਨਾ ਚਿਨ੍ਹਾਂ ਤੋਂ ਬਾਹਰ ਹੈ ਅਤੇ ਅਜਿੱਤ ਹੈ। ਉਹ ਪਰਮਾਤਮਾ ਜੀਅ ਦਾ ਪਿਆਰਾ ਹੈ, ਜੋ ਅਗਿਆਨ ਰੂਪੀ ਭਿਤਾ=ਤਖਤੇ ਨੂੰ ਖੋਲ੍ਹਦਾ ਹੈ। *ਅਥਵਾ:-* ਪੰਜਾਂ ਕੋਸ਼ਾਂ ਰੂਪੀ ਭਿਤਾ=ਪੜਦੇ ਨੂੰ ਖੋਲ੍ਹਦਾ ਹੈ।

ਸੇਵਾ ਕਰੀ ਤੁਸਾੜੀਆ ਮੈ ਦਸਿਹੁ ਮਿਤਾ॥
ਕੁਰਬਾਣੀ ਵੰਞਾ ਵਾਰਣੈ ਬਲੇ ਬਲਿ ਕਿਤਾ॥

ਹੇ ਮਿੱਤਰ ਸੰਤੋ ! ਮੈਂ ਤੁਹਾਡੀ ਸੇਵਾ ਕਰਦਾ ਹਾਂ, ਮੈਨੂੰ ਅਸਲੀ ਮਿੱਤਰ ਪਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਦੱਸਣਾ ਕਰੋ, ਮਨ ਕਰਕੇ ਮੈਂ ਆਪ ਤੋਂ ਕੁਰਬਾਣ ਜਾਂਦਾ ਹਾਂ। ਬਾਣੀ ਕਰਕੇ ਵੀ ਵਾਰਣੈ=ਵਾਰਨੇ ਫੇਰਨੇ ਜਾਂਦਾ ਹਾਂ, ਅਸਥੂਲ ਸਰੀਰ ਵੀ ਮੈਂ ਤੁਹਾਡੇ ਉੱਤੇ ਬਲਿਹਾਰ ਹੀ ਬਲਿਹਾਰ ਕੀਤਾ ਹੈ।

ਦਸਨਿ ਸੰਤ ਪਿਆਰਿਆ ਸੁਣਹੁ ਲਾਇ ਚਿਤਾ॥
ਜਿਸੁ ਲਿਖਿਆ ਨਾਨਕ ਦਾਸ ਤਿਸੁ ਨਾਉ ਅੰਮ੍ਰਿਤੁ ਸਤਿਗੁਰਿ ਦਿਤਾ॥੧੯॥

ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਸੰਤ ਦੱਸਣ ਲਗੇ, ਕਿ- ਹੇ ਪਿਆਰਿਆ ! ਤੂੰ ਚਿੱਤ ਨੂੰ ਲਗਾ ਕੇ ਸੁਣ। ਸਤਿਗੁਰ ਦੇਵ ਜੀ ਆਖਦੇ ਹਨ- ਜਿਸ ਦੇ ਮੱਥੇ ਉੱਪਰ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ, ਤਿਸ ਦਾਸ ਨੂੰ

ਸਤਿਗੁਰਾਂ ਨੇ ਨਾਮ ਰੂਪ ਅੰਮ੍ਰਿਤ ਦਿੱਤਾ ਹੈ॥ ੧੯॥

ਉਥਾਨਕਾ:- ਅਗਲਾ ਸਲੋਕ ਭੀ ਸਤਿਗੁਰ ਦੇਵ ਜੀ ਆਪ ਉਚਾਰ ਕੇ ਕਬੀਰ ਜੀ ਨੂੰ ਸਿਰੋਪਾ ਦੇਂਦੇ ਹਨ, ਸਿਰੋਪਾ ਜਿਸ ਨੂੰ ਦਿੱਤਾ ਜਾਂਦਾ ਹੈ, ਉਹ ਓਸੇ ਦਾ ਹੋ ਜਾਂਦਾ ਹੈ, ਇਸ ਤੇ ਕਬੀਰ ਜੀ ਕਥਨ ਕਰਦੇ ਹਨ—

ਸਲੋਕ ਮਹਲਾ ੫ ॥

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥
ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥ ੧ ॥

ਪਹਿਲਾ ਅਰਥ:- ਪਰਮੇਸ਼ਰ ਨੇ ਪ੍ਰਤੱਖ ਧਰਤੀ ਸੰਤਾਂ ਵਾਸਤੇ ਬਣਾਈ ਸੀ, ਕਿ ਜਿੱਥੇ ਮਰਜ਼ੀ ਆਵੇ ਓਥੇ ਵਿਚਰਨ, ਪਰ ਰਾਜਿਆਂ ਰੂਪੀ ਤਸਕਰ=ਚੋਰ ਉਸ ਜਗ੍ਹਾ ਨੂੰ ਦਬਾ ਬੈਠੇ, ਭਾਵ ਆਪਣੀ ਮਲਕੀਅਤ ਕਰ ਬੈਠੇ ਹਨ। ਧਰਤੀ ਦੇ ਜਾਣ ਦਾ ਭਾਰਿ=ਦੁੱਖ ਸੰਤਾਂ ਨੂੰ ਕੋਈ ਨਹੀਂ ਵਿਆਪਦਾ, ਪਰ ਉਨ੍ਹਾਂ ਰਾਜਿਆਂ ਦੇ ਸਮੁਦਾਇ ਨੂੰ ਲਾਹੀ ਹੀ ਲਾਹੀ ਜਾਦੀ ਹੈ*॥ ੧॥

ਦੂਜਾ ਅਰਥ- ਇੱਕ ਰਾਜੇ ਨੇ ਸੰਤਾਂ ਨੂੰ ਜਗੀਰ ਲਗਾ ਦਿੱਤੀ ਸੀ। ਜਦ ਉਹ ਰਾਜਾ ਮਰ ਗਿਆ ਤੇ ਪਿੱਛੋਂ ਗੱਦੀ ਉੱਪਰ ਉਸ ਦਾ ਵੱਡਾ ਪੁੱਤ੍ਰ ਬੈਠਾ, ਤਾਂ ਉਸ ਨੇ ਵਿਚਾਰਿਆ ਇਹ ਸੰਤ ਵੇਹਲੀਆਂ ਬੈਠ ਕੇ ਖਾਂਦੇ ਹਨ, ਕੋਈ ਕੰਮ ਕਾਰ ਤਾਂ ਕਰਦੇ ਨਹੀਂ। ਇਸ ਕਰਕੇ ਇਨ੍ਹਾਂ ਤੋਂ ਜਗੀਰ ਖੋਹ ਲੈਣੀ ਚਾਹੀਦੀ ਹੈ, ਉਸ ਨੇ ਜਗੀਰ ਖੋਹ ਲਈ ਤਾਂ ਕਬੀਰ ਜੀ ਨੇ ਕਿਹਾ- ਰਾਜੇ ਨੇ ਤਾਂ ਧਰਤੀ ਸੰਤਾਂ ਨੂੰ ਦਿੱਤੀ ਹੋਈ ਸੀ, ਲੰਗਰ ਚਲਾਣ ਵਾਸਤੇ। ਪਰ ਚੋਰ ਜੋ ਰਾਜੇ ਦਾ ਪੁੱਤਰ ਹੈ, ਉਹ ਸੰਤਾਂ ਦੀ ਧਰਤੀ ਨੂੰ ਦਬਾ ਬੈਠਾ ਹੈ। ਧਰਤੀ ਦੇ ਜਾਣ ਦਾ ਭਾਰਿ=ਦੁੱਖ ਸੰਤਾਂ ਨੂੰ ਕੋਈ ਨਹੀਂ ਵਿਆਪਦਾ, ਉਨ੍ਹਾਂ ਸੰਤਾਂ ਨੂੰ ਸਗੋਂ ਲਾਭ ਹੀ ਲਾਭ ਹੈ, ਜੋ ਹਲ ਪੰਜਾਲੀਆਂ ਨੇ ਫੜਨੀਆਂ ਪਈਆਂ, ਫਿਕਰਾਂ ਤੋ ਰਹਿਤ, ਨਿਵਿਰਤੀ ਪੱਖ ਵਿਚ ਤਦਾਕਾਰ ਹੋ ਗਏ।

ਤੀਜਾ ਅਰਥ:- ਕਬੀਰ ਜੀ ਕਥਨ ਕਰਦੇ ਹਨ,—ਸੰਤਾਂ ਦੀ ਧਰਤੀ ਜੋ ਸਤਿਸੰਗਤ ਹੈ, ਤਿਸ ਸਤਿਸੰਗਤਿ ਦੀ ਗਾਹਿ=ਜਗ੍ਹਾ ਉੱਪਰ, ਤਸਕਰ=ਚੋਰ ਭੀ ਆ ਕੇ ਬੈਠ ਜਾਵੇ ਤਾਂ ਸਤਿਸੰਗਤ ਰੂਪ ਧਰਤੀ ਨੂੰ ਉਸ ਚੋਰ ਦਾ ਕੋਈ ਭਾਰਿ=ਦੁੱਖ ਨਹੀਂ ਵਿਆਪਦਾ, ਉਸ ਚੋਰ ਨੂੰ ਸਗੋਂ ਲਾਭ ਹੀ ਲਾਭ ਹੁੰਦਾ ਹੈ, ਕਿਉਂਕਿ ਸਤਿਸੰਗਤ ਵਿਚ ਬੈਠਣ ਕਰਕੇ ਚੋਰ ਦਾ ਨਵਾਂ ਜਨਮ ਹੋ ਜਾਂਦਾ। *ਯਥਾ:-*

ਸਾਖੀ-ਚੋਰ ਦੀ

ਇੱਕ ਚੋਰ ਸੀ ਉਹ ਚੋਰੀ ਕਰਕੇ ਜਦ ਸ਼ਾਹੂਕਾਰ ਦੇ ਘਰੋਂ ਨਿਕਲਿਆਂ ਤਾਂ ਪਤਾ ਲੱਗ ਗਿਆ। ਚੋਰ ਅੱਗੇ ਅੱਗੇ ਤੇ ਲੋਕ ਉਸ ਦੇ ਪਿੱਛੇ ਪਿੱਛੇ।

ਉਹ ਚੋਰ ਦੌੜ ਕੇ ਸਤਿਸੰਗ ਵਿਚ ਆ ਬੈਠਾ, ਮਗਰੋਂ ਆ ਕੇ ਲੋਕਾਂ ਨੇ ਉਸ ਨੂੰ ਫੜ ਕੇ ਰਾਜੇ ਦੇ ਪੇਸ਼ ਕਰ ਦਿੱਤਾ। ਜਦ ਰਾਜੇ ਨੇ ਪੁੱਛਿਆ ਤਾਂ ਉਸ ਨੇ ਕਿਹਾ, ਹਜ਼ੂਰ ਮੈਂ ਇਸ ਜਨਮ ਵਿਚ ਕੋਈ ਚੋਰੀ ਨਹੀਂ ਕੀਤੀ। ਲੇਕਿਨ ਲੋਕ ਕਹਿਣ ਕਿ- ਏਸੇ ਨੇ ਚੋਰੀ ਕੀਤੀ ਹੈ। ਜਦ ਆਪਸ ਵਿਚ ਝਗੜਾ ਹੋ ਗਿਆ ਤਾਂ ਰਾਜੇ ਨੇ ਤੇਲ ਦਾ ਕੜਾਹਾ ਤਪਾ ਕੇ ਉਸ ਵਿਚ ਚੋਰ ਦਾ ਹੱਥ ਪਵਾਇਆ ਤਾਂ ਕੜਾਹਾ ਸੀਤਲ ਹੋ ਗਿਆ, ਇਸ ਵਜ੍ਹਾ ਕਰਕੇ

*ਯਥਾ:- *ਮੁਸਲਮਾਨਾਂ ਦੇ ਮੱਤ ਵਿਚ ਇਹ ਲਿਖਿਆ ਹੈ- ਕਿ ਸੰਸਾਰ ਵਿਚ ਇਤਨੇ ਰਾਜੇ ਅਤੇ ਵਜ਼ੀਰ ਮਰੇ ਪਏ ਹਨ, ਜੋ ਜਿਸ ਵੇਲੇ ਜੀਵ ਪ੍ਰਿਥਵੀ ਉੱਪਰ ਚਲਦਾ ਹੈ ਤਾਂ ਇਸ ਦਾ ਇੱਕ ਪੈਰ ਰਾਜੇ ਉੱਤੇ ਔਂਦਾ ਹੈ ਤੇ ਇੱਕ ਪੈਰ ਵਜ਼ੀਰ ਉੱਤੇ ਔਂਦਾ ਹੈ।

ਚੋਰ ਛੁਟ ਗਿਆ ਤੇ ਉਹ ਲੋਕ ਬੱਝ ਗਏ ਤਾਂ ਚੋਰ ਨੇ ਕਿਹਾ, ਹੇ ਹਜ਼ੂਰ ! ਏਹ ਵੀ ਸੱਚੇ ਹਨ, ਇਨ੍ਹਾਂ ਨੂੰ ਕੋਈ ਸਜ਼ਾ ਨਾ ਦਿਓ। ਚੋਰੀ ਮੈਂ ਠੀਕ ਕੀਤੀ ਹੈ ਪਰ ਸਤਿਸੰਗਤ ਵਿਚ ਬੈਠਣ ਕਰਕੇ ਮੇਰਾ ਨਵਾਂ ਜਨਮ ਹੋ ਗਿਆ ਹੈ। ਇਸ ਕਰਕੇ ਮੈਂ ਕਿਹਾ ਹੈ ਕਿ ਇਸ ਜਨਮ ਵਿਚ ਮੈਂ ਚੋਰੀ ਨਹੀਂ ਕੀਤੀ।

ਚੌਥਾ ਅਰਥ:- ਕਬੀਰ ਜੀ ਕਹਿੰਦੇ ਹਨ- ਬੁੱਧੀ ਰੂਪ ਧਰਤੀ ਸਾਧ=ਸ੍ਰੇਸ਼ਟ ਸ਼ੁਭ ਗੁਣਾਂ ਦੀ ਸੀ, ਪਰੰਤੂ ਕਾਮ ਆਦਿਕ ਤਸਕਰ=ਚੋਰ ਉਸ ਬੁੱਧੀ ਰੂਪ ਧਰਤੀ ਨੂੰ ਦਬਾ ਕੇ ਬੈਠ ਗਏ। ਬੁੱਧੀ ਰੂਪੀ ਧਰਤੀ ਨੂੰ ਤਾਂ ਦੁੱਖ ਨਹੀਂ ਵਿਆਪੇਗਾ, ਜੇਕਰ ਉਨ੍ਹਾਂ ਕਾਮ ਆਦਿਕਾਂ ਦੇ ਲਾਹੂ=ਸਮੁਦਾਇ ਨੂੰ ਦੂਰ ਕਰ ਦੇਵੇ, ਅਰਥਾਤ ਕਾਮ ਆਦਿਕਾਂ ਦਾ ਤਿਆਗ ਕਰੇ।

ਪੰਜਵਾਂ ਅਰਥ:- ਕਬੀਰ ਜੀ ਕਥਨ ਕਰਦੇ ਹਨ—ਜਿਸ ਪੁਰਸ਼ ਨੇ ਧਰ+ਤੀ=ਤੀਆ (ਇਸਤ੍ਰੀ) ਧਾਰੀ ਹੈ, ਉਹ ਸਾਧ ਕੀ=ਸੰਤ ਕਾਹਦਾ ਹੈ। ਉਹ ਤਾਂ ਤਸਕਰ=ਚੋਰ ਹੈ, ਜੋ ਇਸਤ੍ਰੀ ਨੂੰ ਗਹਿ=ਦਬਾ ਕੇ ਬੈਠ ਗਿਆ ਹੈ। ਜੇਹੜੀ ਧਰ+ਤੀ=ਤੀਆ (ਇਸਤ੍ਰੀ) ਧਾਰੀ ਹੈ ਉਸ ਨੂੰ ਤਾਂ ਕੋਈ ਭਾਰਿ=ਦੁੱਖ ਨਹੀਂ ਵਿਆਪਦਾ, ਉਹ ਤਾਂ ਸਗੋਂ ਆਖਦੀ ਹੈ, ਮੇਰੇ ਧੰਨ ਭਾਗ ਹਨ, ਜੋ ਪਰਮੇਸ਼ਰ ਦੇ ਪਿਆਰੇ ਸੰਤ ਪਤੀ ਹੋਇ ਹਨ। ਪਰ ਉਸ ਸੰਤ ਦੇ ਤੇਜ ਪ੍ਰਤਾਪ ਨੂੰ ਲਾਹੀ ਹੀ ਲਾਹੀ ਜਾਂਦੀ ਹੈ।

ਛੇਵਾਂ ਅਰਥ:- ਕਬੀਰ ਜੀ ਕਥਨ ਕਰਦੇ ਹਨ- ਜਿਸ ਵਿਰੱਕਤ ਮਹਾਤਮਾ ਨੇ ਮਾਇਆ ਰੂਪ ਤੀਆ-ਧਾਰੀ ਹੈ, ਉਹ ਸਾਧ ਕੀ=ਸੰਤ ਕਾਹਦਾ ਹੈ, ਉਹ ਤਾਂ ਚੋਰ ਹੈ ਜੋ ਮਾਇਆ ਨੂੰ ਦਬਾ ਕੇ ਬੈਠ ਗਿਆ ਹੈ। ਜੋ ਮਾਇਆ ਰੂਪ ਤੀਆ ਧਾਰਨ ਕੀਤੀ ਹੈ, ਉਸ ਨੂੰ ਤਾਂ ਕੋਈ ਭਾਰਿ=ਦੁੱਖ ਨਹੀਂ ਵਿਆਪਦਾ, ਪਰ ਉਸ ਵਿਰੱਕਤ ਮਹਾਤਮਾ ਦੇ ਸ਼ੁਭ ਗੁਣਾਂ ਰੂਪ ਲਾਹੂ=ਸਮੁਦਾਇ ਨੂੰ ਲਾਹੀ ਜਾਂਦੀ ਹੈ॥ ੧॥

ਅਗਲਾ ਸਲੋਕ ਭੀ ਸਤਿਗੁਰ ਦੇਵ ਜੀ ਆਪ ਉਚਾਰ ਕੇ ਭਗਤ ਕਬੀਰ ਜੀ ਨੂੰ ਸਿਰੋਪਾ ਦੇਂਦੇ ਹਨ—

ਮਹਲਾ ੫ ॥ ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥
ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥ ੨ ॥

ਕਬੀਰ ਜੀ ਕਹਿੰਦੇ ਹਨ- ਚਾਵਲਾਂ ਦੇ ਕਾਰਣੇ=ਵਾਸਤੇ ਅਰਥਾਤ ਚੌਲਾਂ ਦੀ ਸੰਗਤ ਕਰਨ ਨਾਲ ਜਿਸ ਤਰ੍ਹਾਂ ਤੋਹਾਂ ਨੂੰ ਮੋਹਲੀਆਂ ਲਗਾਂਦੇ ਹਨ। ਤਿਵੇਂ ਕੁਸੰਗੀਆਂ ਦੇ ਨਾਲ ਜਦ ਬੈਠੇਗਾ ਤਦ ਧਰਮ ਰਾਜਾ ਇਸ ਨੂੰ ਪੁੱਛੇਗਾ, ਭਾਵ ਪਾਪੀ ਪੁਰਸ਼ ਨੂੰ ਚੰਗੀ ਤਰ੍ਹਾਂ ਸਜ਼ਾ ਦੇਵੇਗਾ॥ ੨॥

ਇਸ ਸ਼ਬਦ ਦੇ ਕਹਿਣ ਦਾ ਇਹ ਭਾਵ ਹੈ ਕਿ- ਨੀਚ (ਖੋਟੇ ਆਚਰਨ ਵਾਲਿਆਂ) ਪੁਰਸ਼ਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ, ਕਿਉਂਕਿ ਕੁਸੰਗੀ ਦੀ ਸੰਗਤ ਕਰਨ ਨਾਲ ਪੁਰਸ਼ ਦਾ ਜੀਵਨ ਤਬਾਹ ਹੋ ਜਾਂਦਾ ਹੈ।

ਜਿਤਨਾ ਚਾਰਾ ਹੋਵੇ ਮਾੜੀ ਸੰਗਤ ਨਹੀਂ ਕਰਨੀ ਚਾਹੀਦੀ। ਸਤਿਗੁਰੂ ਮਹਾਰਾਜ ਜੀ ਦੀ ਆਗਿਆ ਮੰਨਣੀ ਚਾਹੀਦੀ ਹੈ, ਸਤਿਗੁਰੂ ਕਲਗੀਧਰ ਜੀ ਨੇ ਆਪਣੇ ਦਸਮ ਗ੍ਰੰਥ ਵਿਚ ਕਥਨ ਕੀਤਾ ਹੈ:- ਕਿ-

ਨੀਚ ਸੰਗ ਕੀਜੈ ਨਹੀ ਸੁਨਹੋ ਮੀਤ ਕੁਮਾਰ॥
ਭੇਡ ਪੂਛਿ ਭਾਦੌ ਨਦੀ ਕੌ ਗਹਿ ਉਤਰਜੋ ਪਾਰ॥ ੧੫॥

(ਦਸਮ ਗ੍ਰੰਥ ਪੰਨਾ ੧੦੮੪)

ਅੱਗੇ ਜਾ ਕੇ ਭਗਤ ਕਬੀਰ ਜੀ ਨੇ ਏਸੇ ਗੱਲ ਦੀ ਪ੍ਰੌੜ੍ਹਤਾ ਕਰਦਿਆਂ ਹੋਇਆਂ ਸਲੋਕਾਂ ਵਿਚ ਭੀ ਕਿਹਾ ਹੈ ਕਿ- ਸਾਕਤ ਪੁਰਸ਼ਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ। ਸਾਕਤਾਂ ਦੀ ਸੰਗਤ ਤੋਂ ਦੂਰ ਹੀ ਦੌੜ ਜਾਣਾ

ਚਾਹੀਦਾ ਹੈ। ਏਸੇ ਉੱਪਰ ਦ੍ਰਿਸ਼ਟਾਂਤ ਦਿੱਤਾ ਹੈ, ਜਿਵੇਂ ਕਾਲਖ ਵਾਲੇ ਭਾਂਡੇ ਨਾਲ ਕੋਈ ਬਸਤ੍ਰ ਜਾਂ ਅੰਗ ਛੋਹ ਜਾਵੇ ਤਾਂ ਕੁਝ ਨ ਕੁਝ ਦਾਗ਼ ਜ਼ਰੂਰ ਲੱਗ ਜਾਂਦਾ ਹੈ- *ਯਥਾ-*

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ ੧੩॥ *(ਪੰਨਾ ੧੩੭੧)*

ਗੁਸਾਂਈਂ ਤੁਲਸੀ ਦਾਸ ਜੀ ਨੇ ਰਾਮ ਚਰਿਤ ਮਾਨਸ ਵਿਚ ਵੀ ਕਥਨ ਕੀਤਾ ਹੈ:- ਕਿ—

ਸਾਕਤ ਸੰਗ ਨੇ ਦੇਈਂ ਬਿਧਾਤਾ॥ ਤਾਤੇ ਭਲੋ ਨਰਕ ਮਹਿੰ ਬਾਸਾ॥

ਪਉੜੀ॥ ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ॥
ਆਪਣੀ ਕੀਮਤਿ ਆਪਿ ਆਪੇ ਹੀ ਜਾਤੀਆ॥

ਸਰਗੁਣ ਰੂਪ ਹੋਣ ਕਰਕੇ ਆਪ ਹੀ ਸੰਸਾਰ ਰੂਪ ਵੱਡੇ ਪਰਵਾਰ ਵਾਲਾ ਹੈ, ਨਿਰਗੁਣ ਰੂਪ ਹੋਣ ਕਰਕੇ ਆਪ ਹੀ ਇਕਾਂਤ ਰਹਿਣੇ ਵਾਲਾ ਹੈ। *ਅਥਵਾ:-* ਗ੍ਰਿਹਸਤੀ ਰੂਪ ਹੋਣ ਕਰਕੇ ਆਪ ਜੀ ਵੱਡੇ ਪ੍ਰਵਾਰ ਵਾਲਾ ਹੈ, ਮਹਾਤਮਾ ਰੂਪ ਹੋਣ ਕਰਕੇ ਆਪ ਹੀ ਇਕਾਂਤ ਰਹਿਣ ਵਾਲਾ ਹੈ। ਆਪਣੀ ਕੀਮਤ ਨੂੰ ਆਪਣੇ ਆਪ ਹੀ ਜਾਣਦਾ ਹੈ।

ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ॥
ਆਪਣਾ ਕੀਤਾ ਆਪਿ ਆਪਿ ਵਰੰਨਿਆ॥

ਜੋ ਕੁਝ ਉਸ ਨੇ ਆਪ ਉਤਪੰਨ ਕੀਤਾ ਹੈ, ਉਹ ਸਭ ਕੁਛ ਉਸ ਦਾ ਆਪਣਾ ਆਪ ਹੈ। ਜੋ ਉਸ ਦਾ ਆਪਣਾ ਕੀਤਾ ਹੋਇਆ ਸੰਸਾਰ ਹੈ, ਉਸ ਨੂੰ ਆਪਣੇ ਆਪ ਹੀ ਵਰਨਣ ਕਰਦਾ ਹੈ।

[ਪੰਨਾ ੯੬੬]

ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ॥
ਧੰਨੁ ਸੁ ਤੇਰੇ ਭਗਤ ਜਿਨੀ ਸਚੁ ਤੂੰ ਡਿਠਾ॥
ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ॥

ਹੇ ਪਰਮੇਸ਼ਰ ! ਉਹ ਤੇਰਾ ਅਸਥਾਨ ਧੰਨ ਹੈ, ਜਿੱਥੇ ਤੂੰ ਵੁਠਾ=ਵਸਦਾ ਹੈਂ।

ਧੰਨ ਉਹ ਤੇਰੇ ਭਗਤ ਹਨ, ਹੇ ਸੱਚੇ ਵਾਹਿਗੁਰੂ! ਜਿਨ੍ਹਾਂ ਨੇ ਤੈਨੂੰ ਡਿਠਾ=ਵੇਖਿਆ ਹੈ। ਜਿਸ ਉੱਤੇ ਤੇਰੀ ਦਇਆ ਹੋਈ ਹੈ, ਓਹੀ ਤੈਨੂੰ ਸਲਾਹੁੰਦਾ ਹੈ।

ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ॥ ੨੦॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਜਿਸ ਨੂੰ ਪੂਰੇ ਗੁਰੂ ਮਿਲਦੇ ਹਨ, ਉਹ ਨਿਰਮਲ ਤੋਂ ਨਿਰਮਲ ਹੈ, *ਅਥਵਾ:-* ਉਹ ਨਿਰ+ਮਲ=ਮਲ ਵਿਖੇਪ ਤੋਂ ਰਹਿਤ ਹੋ ਕੇ ਸ਼ੁੱਧ ਸਰੂਪ ਹੁੰਦਾ ਹੈ॥ ੨੦॥

ਸਲੋਕ ਮ: ੫॥

ਸਤਿਗੁਰ ਦੇਵ ਜੀ ਇਹ ਸਲੋਕ ਉਚਾਰ ਕੇ ਫਰੀਦ ਜੀ ਨੂੰ ਸਿਰੋਪਾ ਦੇਂਦੇ ਹਨ। ਸਿਰੋਪਾ ਜਿਸ ਨੂੰ ਦੇਈਦਾ

ਹੈ, ਓਹ ਓਸੇ ਦਾ ਹੋ ਜਾਂਦਾ ਹੈ, ਇਸ ਤੇ ਪੰਗਤੀ ਦੇ ਆਦਿ ਵਿਚ ਫਰੀਦ ਜੀ ਦਾ ਨਾਂ ਲਿਖਿਆ ਹੈ।

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ ॥

ਫਰੀਦ ਜੀ ਆਖਦੇ ਹਨ—ਇਹ ਬੁੱਧੀ ਰੂਪ ਭੂਮੀ ਹੈਗੀ ਤਾਂ ਰੰਗਾਵਲੀ=ਅਨੰਦ ਵਾਲੀ ਸੀ, ਪਰ ਇਸ ਦੇ ਵਿਚ ਸੰਸਾਰੀ ਜੀਵਾਂ ਨੇ ਵਿ+ਸੂਲਾ=ਵਿਸ਼ੇਸ਼ ਕਰਕੇ ਕਾਮ ਆਦਿਕ ਸੂਲਾ=ਕਿਕਰਾਂ (ਕੰਡਿਆਂ) ਵਾਲਾ ਬਾਗ ਲਗਾ ਰੱਖਿਆ ਹੈ।

ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ ॥ ੧ ॥

ਜੇਹੜਾ ਪੁਰਸ਼ ਪੀਰ=ਪੂਜਨੀਕ ਗੁਰਾਂ ਦੇ ਉਪਦੇਸ਼ ਦੁਆਰਾ ਨਿਵਾਜਿਆ=ਵਡਿਆਇਆ ਹੋਇਆ ਹੈ, ਉਨ੍ਹਾਂ ਨੂੰ ਕੋਈ ਭੀ ਅੰਚ=ਦੁੱਖ ਨਹੀਂ ਲਗਦਾ ॥ ੧ ॥

ਮਃ ੫ ॥ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥
ਵਿਰਲੇ ਕੇਈ ਪਾਈਅਨ੍ਹਿ ਜਿਨ੍ਹਾ ਪਿਆਰੇ ਨੇਹ ॥ ੨ ॥

ਫਰੀਦ ਜੀ ਕਥਨ ਕਰਦੇ ਹਨ— ਜਿਨ੍ਹਾਂ ਗੁਰਮਖਾਂ ਦਾ ਪਿਆਰੇ ਪ੍ਰਭੂ ਨਾਲ ਪ੍ਰੇਮ ਹੈ ਅਤੇ ਸ਼ੋਭਨੀਕ ਲੰਬੀ ਉਮਰਾ ਹੈ ਤੇ ਨਾਲ ਸੁਵੰਨੜੀ=ਸੋਹਣੀ ਰੰਗ ਵਾਲੀ ਦੇਹ ਹੈ, ਅਰਥਾਤ ਮਨੁੱਖਾ ਦੇਹ ਰੋਗਾਂ ਤੋਂ ਰਹਿਤ ਹੈ, ਇਨ੍ਹਾਂ ਤਿਨ ਗੱਲਾਂ ਨੂੰ ਕੋਈ ਵਿਰਲੇ ਪੁਰਸ਼ ਪਾਂਵਦੇ ਹਨ ॥ ੨ ॥

ਪਉੜੀ ॥ ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥

ਜਪ, ਤਪ ਆਦਿਕ ਸਾਧਨ, ਸੰਜਮੁ=ਇੰਦ੍ਰੀਆਂ ਦਾ ਦਮਨ ਕਰਨਾ ਅਤੇ ਹਰ ਇੱਕ ਉੱਤੇ ਦਇਆ ਕਰਨੀ, ਸ੍ਰੈ ਧਰਮ ਧਾਰਨਾਂ, ਇਤਿਆਦਿਕ ਸ਼ੁਭ ਗੁਣ ਜਿਸ ਨੂੰ ਦੇਂਦਾ ਹੈ, ਓਹੀ ਪਾਉਂਦਾ ਹੈ। ਜਿਸ ਦੀ ਤ੍ਰਿਸ਼ਨਾ ਰੂਪ ਅਗਨੀ ਆਪ ਬੁਝਾਉਂਦਾ ਹੈ, ਓਹੀ ਪੁਰਸ਼ ਨਾਮ ਧਿਆਉਂਦਾ ਹੈ।

ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ ॥
ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥

ਅੰਤਰਜਾਮੀ ਜੋ ਅਗਮ ਪੁਰਖ ਪਰਮਾਤਮਾ ਹੈ, ਉਹ ਕਿਰਪਾ ਕਰਕੇ ਜਿਸ ਨੂੰ ਏਕਤਾ ਵਾਲੀ ਦ੍ਰਿਸ਼ਟੀ ਵਿਖਾਂਦਾ ਹੈ। ਉਹ ਪੁਰਸ਼ ਸਤਿ ਸੰਗਤ ਦੇ ਆਸਰੇ ਹੋ ਕੇ ਪ੍ਰਭੂ ਦੇ ਨਾਲ ਰੰਗੁ=ਪ੍ਰੇਮ ਲਗਾਂਦਾ ਹੈ।

ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥
ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥

ਉਨ੍ਹਾਂ ਦੇ ਔਗੁਣ ਕੱਟੇ ਗਏ ਹਨ ਤੇ ਮੂੰਹ ਉੱਜਲਾ ਹੋਇਆ ਹੈ, ਉਨ੍ਹਾਂ ਨੂੰ ਹਰੀ ਨਾਮੀ ਆਪ ਤਾਰਦਾ ਹੈ। ਉਨ੍ਹਾਂ ਦੇ ਜਨਮ ਮਰਨ ਦਾ ਡਰ ਕੱਟਿਆ ਗਿਆ ਹੈ, ਇਸ ਲਈ ਫਿਰ ਜੂਨੀਆਂ ਵਿਚ ਨਹੀਂ ਪੈਂਦੇ।

ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥
ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥ ੨੧ ॥

www.sikhbookclub.com

ਆਪਣਾ ਨਾਮ ਰੂਪ ਪੱਲਾ ਫੜਾ ਕੇ ਅੰਨ੍ਹੇ ਖੂਹੇ ਸੰਸਾਰ ਚੋਂ ਕੱਢ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੂੰ ਆਪਣੇ ਗਲ ਨਾਲ ਲਗਾ ਕੇ ਵਿਕਾਰਾਂ ਵੱਲੋਂ ਰੱਖਿਆ ਹੈ, ਉਨ੍ਹਾਂ ਦੇ ਪੂਰਬਲੇ ਪਾਪਾਂ ਨੂੰ ਬਖਸ਼ ਕੇ ਆਪਣੇ ਨਾਲ ਮਿਲਾਇਆ ਹੈ॥ ੨੧॥

ਸਲੋਕ ਮਃ ੫॥

ਮੁਹਬਤਿ ਜਿਸੁ ਖੁਦਾਇ ਦੀ ਰਤਾ ਰੰਗਿ ਚਲੂਲਿ॥
ਨਾਨਕ ਵਿਰਲੇ ਪਾਇਅਹਿ ਤਿਸੁ ਜਨ ਕੀਮ ਨ ਮੂਲਿ॥ ੧॥

ਜਿਸ ਨੂੰ ਖ਼ੁਦਾ ਪਰਮਾਤਮਾ ਦੀ ਮੁਹਬਤਿ=ਪ੍ਰੀਤੀ ਹੈ, ਉਹ ਚਲੂਲਿ ਰੰਗਿ=ਗਾੜ੍ਹੇ ਰੰਗ ਵਿਚ, ਭਾਵ ਸੰਘਣੇ ਆਨੰਦ ਵਿਚ ਰਤਾ=ਰੰਗਿਆ ਗਿਆ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਐਸੇ ਜਨ ਵਿਰਲੇ ਹੀ ਪਾਈਦੇ ਹਨ, ਤਿਸ ਜਨ ਦੀ ਕੀਮਤ ਮੂਲਿ=ਕਦਾਚਿਤ ਨਹੀਂ ਆਉਂਦੀ ॥ ੧॥

ਮਃ ੫॥ ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ॥
ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ॥ ੨॥

ਜਿਸ ਦਾ ਅੰਦਰੋਂ ਅੰਤਹ ਕਰਨ ਸੱਚ ਨਾਮ ਵਿਚ ਵਿਧਾ=ਤਦਾਕਾਰ ਹੋਇਆ ਹੈ, ਉਸ ਨੇ ਬਾਹਰੋਂ ਵੀ ਸੱਚ ਨੂੰ ਵੇਖਿਆ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਵਣ, ਤ੍ਰਿਣ ਅਤੇ ਤਿੰਨਾਂ ਭਵਣਾਂ ਵਿਚ ਰਹਿਣ ਵਾਲੇ ਜੀਵਾਂ ਦੇ ਰੋਮ ਰੋਮ ਵਿਚ, ਸਭ ਥਾਵਾਂ ਵਿਚ ਉਹ ਪਰਮੇਸ਼ਰ ਰਵ ਰਿਹਾ ਹੈ। *ਅਥਵਾ:-* ਵਣਿ=ਅੰਤਹ ਕਰਨ, ਤ੍ਰਿਣਿ=ਇੰਦ੍ਰੇ, ਤ੍ਰਿਭਵਣਿ=ਤਿੰਨੇ ਸਰੀਰ ਅਤੇ ਰੋਮ ਰੋਮ ਇਤਿਆਦੀ ਸਭ ਥਾਵਾਂ ਵਿਚ ਉਹ ਪਰਮੇਸ਼ਰ ਰਵ ਰਿਹਾ ਹੈ।

ਅਥਵਾ:- ਵਣਿ=ਅੰਤਹ ਕਰਨ, ਤ੍ਰਿਣਿ=ਇੰਦ੍ਰੇ, ਤ੍ਰਿਭਵਣਿ=ਤਿੰਨੇ ਸਰੀਰ ਅਤੇ ਰੋਮ ਰੋਮ ਇਤਿਆਦੀ ਸਭ ਥਾਵਾਂ ਵਿਚ ਉਹ ਪਰਮੇਸ਼ਰ ਰਵ ਰਿਹਾ ਹੈ॥ ੨॥

ਪਉੜੀ॥ ਆਪੇ ਕੀਤੋ ਰਚਨੁ ਆਪੇ ਹੀ ਰਤਿਆ॥
ਆਪੇ ਹੋਇਓ ਇਕੁ ਆਪੇ ਬਹੁ ਭਤਿਆ॥

ਹੇ ਪਰਮੇਸ਼ਰ! ਤੂੰ ਆਪ ਹੀ ਸੰਸਾਰ ਨੂੰ ਰਚਨਾ ਕੀਤਾ ਹੈ ਅਤੇ ਤੂੰ ਆਪ ਹੀ ਤਦਾਕਾਰ ਹੋ ਰਿਹਾ ਹੈਂ। ਤੂੰ ਆਪ ਹੀ ਇੱਕ ਰੂਪ ਹੋ ਰਿਹਾ ਹੈਂ, ਤੂੰ ਆਪ ਹੀ ਬਹੁਤ ਤਰ੍ਹਾਂ ਦਾ ਹੋ ਰਿਹਾ ਹੈਂ।

ਆਪੇ ਸਭਨਾ ਮੰਝਿ ਆਪੇ ਬਾਹਰਾ॥
ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ॥

ਵਿਆਪਕ ਰੂਪ ਹੋਣ ਕਰਕੇ ਤੂੰ ਆਪ ਹੀ ਸਾਰਿਆਂ ਦੇ ਵਿਚ ਹੈਂ। ਨਿਰਲੇਪ ਰੂਪ ਹੋ ਕੇ ਤੂੰ ਆਪ ਹੀ ਸਭਨਾਂ ਤੋਂ ਬਾਹਰ ਹੈਂ। ਤੂੰ ਆਪ ਹੀ ਅਗਿਆਨੀ ਰੂਪ ਹੋ ਕੇ ਬ੍ਰਹਮ ਨੂੰ ਦੂਰ ਜਾਣਦਾ ਹੈਂ, ਤੂੰ ਆਪ ਹੀ ਗਿਆਨਵਾਨ ਹੋ ਕੇ ਬ੍ਰਹਮ ਨੂੰ ਜਾਹਰਾ=ਪ੍ਰਸਿੱਧ, ਅਰਥਾਤ ਸਖਿਆਤਕਾਰ ਜਾਣਦਾ ਹੈਂ।

ਆਪੇ ਹੋਵਹਿ ਗੁਪਤੁ ਆਪੇ ਪਰਗਟੀਐ॥

www.sikhbookclub.com

ਕੀਮਤ ਕਿਸੈ ਨ ਪਾਇ ਤੇਰੀ ਥਟੀਐ॥

ਤੂੰ ਆਪ ਹੀ ਮਨਮੁਖਾਂ ਨੂੰ ਗੁਪਤ ਰੂਪ ਹੋ ਰਿਹਾ ਹੈਂ, ਤੂੰ ਆਪ ਹੀ ਗੁਰਮੁਖਾਂ ਨੂੰ ਪਰਗਟ ਹੋ ਰਿਹਾ ਹੈਂ। ਤੇਰੀ ਥਟੀਐ=ਬਨਾਵਟ ਦੀ ਕੀਮਤ ਕਿਸੇ ਨੇ ਨਹੀਂ ਪਾਈ।

ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ॥
ਨਾਨਕ ਵਰਤੈ ਇਕੁ ਇਕੋ ਇਕੁ ਤੂੰ॥੨੨॥੧॥੨॥ਸੁਧੁ॥

ਹੇ ਅਪਾਰ ਰੂਪ ਪਰਮਾਤਮਾ! ਤੂੰ ਗਹਿਰ=ਡੂੰਘਾ, ਗੰਭੀਰੁ=ਨਿਰਹੱਲ, ਅਥਾਹੁ=ਅਤੁੱਲ ਸ੍ਪ੍ਰਸ਼੍ ਅਤੇ ਅਗਣਤੁ=ਗਿਣਤੀ ਤੋਂ ਰਹਿਤ ਹੈਂ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਪਿੱਛੇ ਵੀ ਇੱਕ ਤੂੰਹੀ, ਹੁਣ ਵੀ ਇੱਕ ਤੂੰਹੀ, ਅੱਗੇ ਵੀ ਇੱਕ ਤੂੰਹੀ ਵਰਤੇਂਗਾ॥ ੨੨॥ ੧॥ ੨॥ ਸੁਧੁ॥

ਇਹ ਵਾਰ ਸ਼ੁੱਧ ਹੈ ਇਸ ਵਿਚ ਕੋਈ ਗਲਤੀ ਨਹੀਂ।

ਇਸ ਕਰਕੇ ਕਿਸੇ ਸਿੱਖ ਨੂੰ ਪਾਠ ਦੀ ਅਦਲਾ ਬਦਲੀ ਕਰਨ ਦੀ ਆਗਿਆ ਨਹੀਂ ਹੈ॥ ੨੨॥ ੧॥ ੨॥ ਸੁਧੁ॥

ਰਾਮਕਲੀ ਰਾਗ ਕੀ ਦੂਜੀ ਵਾਰ ਸਮਾਪਤੰ॥



ਰਾਮਕਲੀ ਕੀ ਤੀਜੀ ਵਾਰ

ਸੱਤੇ ਬਲਵੰਡ ਦੀ

ਉਥਾਨਕਾ- ਸੱਤਾ ਤੇ ਬਲਵੰਡ ਦੋਵੇਂ ਸਕੇ ਭਰਾ ਪੂਰਬ ਦੇਸ਼ ਦੇ ਰਹਿਣ ਵਾਲੇ, ਜਾਤ ਦੇ ਮਿਰਾਸੀ ਸਨ। ਬਲਵੰਡ ਵੱਡਾ ਸੀ ਅਤੇ ਸੱਤਾ ਉਸ ਦਾ ਛੋਟਾ ਭਰਾ ਸੀ। ਭਾਵੇਂ ਰਾਗ ਵਿੱਦਿਆ ਦੇ ਬੜੇ ਧਨੀ ਸਨ, ਪਰ ਤਕਦੀਰ ਅੱਗੇ ਤਦਬੀਰ ਕੁਝ ਨਹੀਂ ਕਰ ਸਕਦੀ। ਗਰੀਬੀ ਨੇ ਬੜੇ ਦਬਾਏ ਹੋਏ ਸਨ। ਆਪਣੇ ਰੁਜ਼ਗਾਰ ਵਾਸਤੇ ਦੇਸ਼ ਦੇਸਾਂਤਰਾਂ ਵਿਚ ਵੀ ਫਿਰੇ, ਪਰ ਗਰੀਬੀ ਵਾਲੀ ਪ੍ਰਾਰਬਧ ਹੋਣ ਕਰਕੇ ਕੋਈ ਸਹਾਰਾ ਨਾ ਮਿਲਿਆ। ਜਿਸ ਵੇਲੇ ਇਨ੍ਹਾਂ ਦੋਹਾਂ ਨੇ ਤਕਦੀਰਾਂ ਦੇ ਬਦਲਣ ਵਾਲੇ ਸਤਿਗੁਰਾਂ ਦੀ ਸਿਫਤ ਸੁਣੀ ਤਾਂ ਸੱਤਾ ਉਸੇ ਵੇਲੇ ਸ੍ਰੀ ਅੰਮ੍ਰਿਤਸਰ ਪੁੱਜ ਕੇ ਪੰਚਮ ਪਾਤਿਸ਼ਾਹ ਜੀ ਦੇ ਪਾਸ ਆ ਕੇ ਬੜੀ ਨਿੰਮ੍ਰਤਾ ਸਹਿਤ ਬੇਨਤੀਆਂ ਕਰਨ ਲੱਗ ਪਿਆ, ਹੇ ਗਰੀਬ ਨਿਵਾਜ ! ਆਪ ਜੀ ਤੋਂ ਬਿਨਾਂ ਅਸਾਨੂੰ ਹੋਰ ਕੋਈ ਆਸਰਾ ਨਹੀਂ ਆਪ ਅਸਾਡੀ ਰੱਖਿਆ ਕਰੋ।

ਹਜ਼ੂਰ ਨੇ ਬੜਾ ਸਤਿਕਾਰ ਕੀਤਾ ਤੇ ਪੁੱਛਿਆ ਕੀ ਕੰਮ ਕਰਦੇ ਹੋ?

ਇਸ ਨੇ ਕਿਹਾ, ਮਹਾਰਾਜ ! ਅਸੀਂ ਰਬਾਬੀ ਹੁੰਦੇ ਹਾਂ, ਕਈ ਪੁਸ਼ਤਾਂ ਤੋਂ ਰਾਗ ਕਰਨ ਦਾ ਹੀ ਖਾਨਦਾਨੀ ਪੇਸ਼ਾ ਹੈ।

ਸਤਿਗੁਰੂ ਜੀ ਬੋਲੇ ਚੰਗਾ, ਅਸਾਡੇ ਪਾਸ ਠਹਿਰ ਕੇ ਸੰਗਤਾਂ ਨੂੰ ਗੁਰਬਾਣੀ ਦਾ ਕੀਰਤਨ ਸੁਣਾਇਆ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਚੋਂ ਤੁਹਾਡੀ ਮਨੋਂ ਕਾਮਨਾ ਪੂਰੀ ਹੋਵੇਗੀ।

ਹਜ਼ੂਰ ਦਾ ਬਚਨ ਸੁਣ ਕੇ ਸੱਤਾ ਸਤਿਗੁਰਾਂ ਦੇ ਪਾਸ ਹੀ ਠਹਿਰ ਗਿਆ। ਹਜ਼ੂਰ ਨੇ ਭਾਈ ਸਾਲ੍ਹੋ ਜੀ ਦੀ ਧਰਮਸ਼ਾਲਾ ਦੇ ਪਾਸ ਰਹਿਣ ਵਾਸਤੇ ਜਗ੍ਹਾ ਦੇ ਦਿੱਤੀ।

ਉੱਧਰ ਸੱਤੇ ਦਾ ਵੱਡਾ ਭਰਾ ਬਲਵੰਡ ਕਈ ਸ਼ਹਿਰਾਂ ਵਿਚ ਫਿਰਿਆ, ਪਰ ਕਿਤੇ ਵੀ ਉਸ ਦਾ ਕੰਮ ਨਾ ਚਲਿਆ, ਤਾਂ ਇਹ ਵੀ ਆਪਣੇ ਭਰਾ ਦੇ ਪਾਸ ਸ੍ਰੀ ਅੰਮ੍ਰਿਤਸਰ ਪੁੱਜ ਕੇ ਪੰਚਮ ਪਾਤਿਸ਼ਾਹ ਜੀ ਦੀ ਹਜ਼ੂਰੀ ਵਿਚ ਬੜੀ ਨਿੰਮ੍ਰਤਾ ਨਾਲ ਉਸਤਤੀ ਕਰਦਾ ਹੋਇਆ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

ਕਬਿੱਤ॥

ਆਯੋ ਨਿਜ ਦ੍ਵਾਰੇ ਦਯਾ ਕਲਪਤਰ ਥਾਰੇ ਭਾਰੇ, ਬਿਰਦ ਬਿਲੰਦ ਦੀਨ ਦਰਦ ਬਿਦਾਰੇ ਹੋ।
ਦ੍ਰੌਪਤੀ ਉਧਾਰੀ ਗਜ ਗ੍ਰਾਹ ਤੇ ਛੁਟਾਰੀ, ਭੀਰ ਰਾਕਸ਼ਨਿ ਮਾਰੀ ਵੈਰੀ ਦੇਵਨਿ ਨਿਹਾਰੇ ਹੋ।
ਪ੍ਰਹਲਾਦ ਮੋਚਨ ਬਿਲੋਚਨ ਸੁ ਪੁੰਡਰੀਕ, ਪੋਚ ਬਲਮੀਕ ਜਸ ਸੋਚ ਕੀਯੋ ਚਾਰੋ ਹੋ।
ਗਨਕਾ ਗਿਨੀ ਹੈ ਜੋਨ ਤੀਰਥ ਪਰਸ ਆਈ, ਐਸੇ ਏ ਉਧਾਰੇ ਤੈਸੇ ਮੋਹਿ ਕੋ ਉਧਾਰੋ ਹੋ॥ ੧੬॥

(ਗੁਰਪ੍ਰਤਾਪ ਸੂਰਜ ਰਾਸਿ ੩ ਅੰਸੂ ੪੩)

ਇਸ ਪ੍ਰਕਾਰ ਦੀ ਬੇਨਤੀ ਸੁਣ ਕੇ ਪੰਚਮ ਪਾਤਿਸ਼ਾਹ ਜੀ ਨੇ ਪ੍ਰਸੰਨ ਹੋ ਕੇ ਕਿਹਾ, ਤੂੰ ਵੀ ਆਪਣੇ ਭਰਾ ਦੇ ਪਾਸ ਰਹਿ ਕੇ ਸੰਗਤਾਂ ਨੂੰ ਕੀਰਤਨ ਦੁਆਰੇ ਪਰਸੰਨ ਕਰ, ਤੈਨੂੰ ਵੀ ਕਿਸੇ ਗੱਲ ਦਾ ਘਾਟਾ ਨਹੀਂ ਰਹੇਗਾ। ਕਿਉਂਕਿ ਤੁਹਾਡੀ ਸ਼ੁਰੂ ਤੋਂ ਹੀ ਗੁਰੂ ਘਰ ਨਾਲ ਸਾਂਝ ਚਲੀ ਆਈ ਹੈ।

ਪਹਿਲੇ ਪਾਤਿਸ਼ਾਹ ਜੀ ਦੇ ਪਾਸ ਭਾਈ ਮਰਦਾਨਾ ਕੀਰਤਨ ਕਰਦਾ ਹੁੰਦਾ ਸੀ।

ਦੂਜੀ ਪਾਤਿਸ਼ਾਹੀ ਜੀ ਨੂੰ ਭਾਈ ''ਦਾਨਾ'' ਰਾਗ ਦੁਆਰੇ ਕੀਰਤਨ ਸੁਣਾਇਆ ਕਰਦਾ ਸੀ। ਤੀਜੇ ਤੇ ਚੌਥੇ ਪਾਤਿਸ਼ਾਹ ਜੀ ਪਾਸ ਭਾਈ 'ਦਾਲਾ' ਰਬਾਬੀ ਕੀਰਤਨ ਕਰਦਾ ਹੁੰਦਾ ਸੀ। ਹੁਣ ਤੁਸੀਂ ਅਸਾਡੇ ਪਾਸ ਆ ਗਏ ਹੋ ਕਿਸੇ ਪਰਕਾਰ ਦੀ ਚਿੰਤਾ ਨਾ ਕਰੋ, ਪ੍ਰਸੰਨ ਹੋ ਕੇ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਕਰੋ।

ਹਜ਼ੂਰ ਤੋਂ ਇਹ ਬਚਨ ਸੁਣ ਕੇ ਦੋਵੇਂ ਭਰਾ ਬੜੇ ਪ੍ਰਸੰਨ ਹੋਏ। ਜਦੋਂ ਇਕੱਠਿਆਂ ਨੇ ਮਿਲ ਕੇ ਸੰਗਤ ਨੂੰ ਕੀਰਤਨ ਸੁਣਾਉਣਾ, ਝਾਂ ਸੰਗਤ ਵੱਲੋਂ ਮਾਇਆ ਤੇ ਹੋਰ ਪਦਾਰਥਾਂ ਦੀ ਮੀਂਹ ਵਾਂਗ ਵਰਖਾ ਹੋਣ ਲੱਗ ਪਈ ਅਤੇ ਜਿਉਂ ਜਿਉਂ ਸੰਗਤ ਪ੍ਰਸੰਸਾ ਕਰਦੀ ਹੋਈ, ਤਿਉਂ ਤਿਉਂ ਇਨ੍ਹਾਂ ਦੇ ਅੰਦਰ ਮਾਣ ਆਉਣਾ ਸ਼ੁਰੂ ਹੋ ਗਿਆ।

ਯਥਾ:- ਅਸ ਕੋ ਜਨਮਯੋ ਭਵ ਮਾਹੀ। ਪ੍ਰਭਤਾ ਪਾਇ ਜਾਸ ਮਦ ਨਾਹੀ।

ਹਜ਼ੂਰ ਨੇ ਪ੍ਰਸੰਨ ਹੋ ਕੇ ਬਲਵੰਡ ਨੂੰ 'ਰਾਇ' ਦਾ ਖ਼ਿਤਾਬ ਬਖਸ਼ ਦਿੱਤਾ। ਸਮਾਂ ਬੀਤਦਾ ਗਿਆ। ਇੱਕ ਇਨ੍ਹਾਂ ਦੀ ਪੁੱਤਰੀ ਦੇ ਸਮਾਨ ਛੋਟੀ ਭੈਣ ਸੀ, ਉਸ ਦੇ ਨਿਕਾਹ, ਅਰਥਾਤ ਵਿਆਹ ਵਾਸਤੇ ਇਨ੍ਹਾਂ ਨੇ ਵਿਚਾਰ ਕੀਤੀ ਕਿ ਅਸੀਂ ਪੰਚਮ ਪਾਤਿਸ਼ਾਹ ਜੀ ਦੇ ਕੀਰਤਨੀਏ ਹਾਂ, ਜਿਨ੍ਹਾਂ ਦੇ ਚਰਨਾਂ 'ਤੇ ਲੱਖਾਂ ਹੀ ਪ੍ਰੇਮੀ ਨਿਉਂਦੇ ਹਨ, ਜੇ ਅਸੀਂ ਆਪਣੀ ਭੈਣ ਦਾ ਵਿਆਹ ਚੰਗੀ ਤਰ੍ਹਾਂ ਸੱਜ ਧੱਜ ਨਾਲ ਨਾ ਕੀਤਾ; ਤਾਂ ਫੇਰ ਸੰਗਤਾਂ ਵਿਚ ਅਸਾਡੀ ਇੱਜ਼ਤ ਕਿਵੇਂ ਰਵ੍ਹੇਗੀ, ਪਰ ਇਤਨਾ ਧਨ ਸਾਡੇ ਪਾਸ ਵੀ ਨਹੀਂ ਹੈ, ਜੋ ਭੈਣ ਦਾ ਨਿਕਾਹ ਬੜੇ ਠਾਠ ਬਾਠ ਨਾਲ ਕਰੀਏ। ਅਖੀਰ ਨੂੰ ਸੋਚਦਿਆਂ ੨ ਇਹ ਵਿਚਾਰ ਫੁਰੀ ਕਿ ਪੰਜਵੇਂ ਪਾਤਿਸ਼ਾਹ ਜੀ ਪਾਸੋਂ ਧਨ ਮੰਗ ਲਈਏ, ਓਥੇ ਕੀ ਘਾਟਾ ਹੈ, ਉਹ ਜ਼ਰੂਰ ਦੇ ਭੀ ਦੇਣਗੇ।

ਯਥਾ:- ਰਾਗ ਰਾਗਨੀ ਕਰਿ ਅਨੁਰਾਗੇ। ਗਾਵਹਿਂ ਸੁੰਦਰ ਸਭਿ ਸ਼ੁਭ ਲਾਗੇ।
ਸਿੱਖ ਸਰਾਹਨ ਕਰਹਿ ਸੁਨੰਤੇ। ਤਜੋਂ ਤਜੋਂ ਸੋ ਅਹੰਕਾਰ ਕਰੰਤੇ॥ ੨੧॥
ਇਸ ਬਿਧਿ ਕੇਤਿਕ ਕਾਲ ਬਿਤਾਯੋ। ਦਿਨ ਪ੍ਰਤਿ ਉਰ ਹੰਕਾਰ ਬਧਾਯੋ।
ਕ੍ਰਿਪਾ ਸਿੰਧੁ ਨੇ ਤਿਨ ਗਤਿ ਜਾਨੀ। ਹੋਛੈ ਭੂਮ ਜਾਤਿ ਭਏ ਮਾਨੀ॥ ੨੨॥
ਆਦਿ ਅੰਤ ਕੀ ਦਸ਼ਾ ਬਿਸਾਰੀ। ਹਮ ਬਿੱਦਜਾ ਬਡ ਭੇ ਹੰਕਾਰੀ।
ਗੁਰੂ ਗਰੀਬ ਨਿਵਾਜ ਨ ਜਾਨਾ। ਗਾਇ ਨੀਕ ਹਮ ਭਏ ਮਹਾਨਾ॥ ੨੩॥
ਹੰਕਾਰਤਿ ਕੁਛ ਸਮੈ ਬਿਤਾਵਾ। ਭਗਨੀ ਕੋ ਸੁ ਬਜਾਹ ਤਬਿ ਆਵਾ।
ਯੁਗ ਭ੍ਰਾਤਾ ਸਤਿਗੁਰ ਢਿਗ ਗਏ। ਮੁਖ ਤੇ ਕਰਤਿ ਸੁਜਸੁ ਕੋ ਭਏ॥ ੨੪॥

ਦੋਵਾਂ ਨੇ ਹਜ਼ੂਰ ਦੇ ਪਾਸ ਪੁੱਜ ਕੇ ਹੱਥ ਜੋੜ ਕੇ ਬੇਨਤੀ ਕੀਤੀ, ਮਹਾਰਾਜ ਜੀ ! ਸਾਡਾ ਕਾਰਜ ਕਰੋ, ਭੈਣ ਦੇ ਵਿਆਹ ਵਾਸਤੇ ਅਸਾਡੇ ਪਾਸ ਖਰਚ ਨਹੀਂ ਹੈ। ਇਸ ਦੀ ਆਪ ਨੂੰ ਲਾਜ ਹੈ, ਕਿਉਂਕਿ ਅਸੀਂ ਆਪ ਦੇ ਰਬਾਬੀ ਹਾਂ।

ਹਜ਼ੂਰ ਨੇ ਕਿਹਾ, ਕੀ ਚਾਹੁੰਦੇ ਹੋ? ਜਿਤਨਾ ਆਖਦੇ ਹੋ ਤੁਹਾਨੂੰ ਗੁਰੂ ਘਰ ਵਿਚੋਂ ਦਿਵਾ ਦੇਂਦੇ ਹਾਂ। ਇਨ੍ਹਾਂ ਨੇ ਮਨ ਵਿਚ ਵਿਚਾਰ ਕੀਤੀ, ਜੇ ਅਸੀਂ ਮੂੰਹੋਂ ਮੰਗ ਕੇ ਲਿਆ ਤਾਂ ਸ਼ਾਇਦ ਇਤਨਾ ਧਨ ਸਤਿਗੁਰੂ ਮਹਾਰਾਜ ਦੇਣ ਜਾਂ ਨਾ ਦੇਣ, ਕਿਉਂ ਨਾਂ ਹੋਵੇ ਵੈਸਾਖੀ ਵਾਲੇ ਦਿਨ ਦੀ ਸਾਰੀ ਭੇਟਾ ਮੰਗ ਲਈਏ।

ਇਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਮਹਾਰਾਜ ! ਵੈਸਾਖੀ ਦਾ ਪੁਰਬ ਪਰਸੋਂ ਆ ਰਿਹਾ ਹੈ। ਉਸ ਦਿਨ ਦੀ ਸਾਰੀ ਭੇਟਾ ਅਸਾਨੂੰ ਬਖਸ਼ ਦਿਓ ਅਸਾਡਾ ਕਾਰਜ ਹੋ ਜਾਵੇਗਾ।

www.sikhbookclub.com

ਅੰਤਰਜਾਮੀ ਸਤਿਗੁਰਾਂ ਨੇ ਇਨ੍ਹਾਂ ਦੇ ਦਿਲ ਦੀ ਖੁਟਿਆਈ ਜਾਣ ਕੇ ਕਿਹਾ, ਕਿ ਤੁਸੀਂ ਇਉਂ ਅਸਾਡੇ ਨਾਲ ਠੇਕਾ ਨਾ ਕਰੋ। ਕਦੇ ਤਾਂ ਸੰਗਤ ਬਹੁਤੀ ਆ ਜਾਂਦੀ ਹੈ ਤਾਂ ਭੇਟਾ ਵਧ ਜਾਂਦੀ ਹੈ, ਕਦੇ ਸੰਗਤ ਦੇ ਘਟ ਔਣ ਕਰਕੇ ਭੇਟਾ ਥੋੜੀ ਔਂਦੀ ਹੈ। ਤੁਹਾਨੂੰ ਜਿਤਨੀ ਲੋੜ ਹੈ ਮੂੰਹੋਂ ਮੰਗ ਕੇ ਲੈ ਲਵ੍ਹੋ। ਪਰ ਇਹ ਆਪਣੇ ਹਠ 'ਤੇ ਅੜੇ ਰਹੇ ਕਿ ਮਹਾਰਾਜ ! ਅਸਾਨੂੰ ਵੈਸਾਖੀ ਵਾਲੇ ਦਿਨ ਦੀ ਭੇਟ ਹੀ ਦਿਓ।

ਗਰਬ ਪ੍ਰਹਾਰੀ ਸਤਿਗੁਰਾਂ ਨੇ ਪਰਵਾਨ ਕਰ ਲਈ। ਪਰ ਵੈਸਾਖੀ ਵਾਲੇ ਦਿਨ ਕੇਵਲ (੧੦੦) ਸੌ ਰੁਪਿਆ ਹੀ ਭੇਟਾ ਦਾ ਆਇਆ। ਸ਼ਾਮ ਨੂੰ ਸਾਰਾ ਇੱਕਠਾ ਕਰਕੇ ਸਤਿਗੁਰਾਂ ਨੇ ਦੋਹਾਂ ਭਰਾਵਾਂ ਨੂੰ ਪਾਸ ਬੁਲਾ ਕੇ ਕਿਹਾ, ਇਹ ਧਨ ਲੈ ਜਾਓ, ਪਰ (ਸੌ ਰੁਪਿਆ ਸੁਣ ਕੇ) ਇਨ੍ਹਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਆਪ ਅਸਾਡੇ ਨਾਲ ਮਖੌਲ ਕਰਦੇ ਹੋ, ਹਜ਼ਾਰ ਰੁਪੈ ਨਾਲ ਵਿਆਹ ਮਸਾਂ ਹੋਣਾ ਹੈ ਤੇ ਆਪ ਸੌ ਦੇਂਦੇ ਹੋ।

ਗੁਰੂ ਸਾਹਿਬ ਜੀ ਬੋਲੇ, ਤੁਸਾਂ ਆਪ ਹੀ ਵੈਸਾਖੀ ਦੀ ਭੇਟਾ ਮੰਗੀ ਹੈ। ਅਸੀਂ ਤਾਂ ਕਿਹਾ ਸੀ, ਇਸ ਤਰ੍ਹਾਂ ਨਾ ਕਰੋ ਪਰ ਤੁਹਾਡੀ ਪ੍ਰਾਰਬਧ ਹੀ ਐਸੀ ਹੈ।

ਇਹ ਸੁਣ ਕੇ ਕਹਿਣ ਲਗੇ, ਤੁਸਾਂ ਨੇ ਸੰਗਤ ਨੂੰ ਮਾਇਆ ਚੜ੍ਹਾਉਣ ਤੋਂ ਰੋਕ ਦਿੱਤਾ ਹੈ ਕਿ ਅੱਜ ਭੇਟਾ ਮਿਰਾਸੀਆਂ ਨੂੰ ਦੇਣੀ ਹੈ, ਇਸ ਤੇ ਥੋੜੀ ਅਰਪੋ।

ਮਹਾਰਾਜ ਕਹਿਣ ਲਗੇ, ਬਹੁਤੇ ਸੰਕਲਪਾਂ ਵਿਕਲਪਾਂ ਵਿਚ ਮਨ ਨੂੰ ਨਾ ਪਾਵੋ। ਇਹ ਸੌ ਰੁਪਿਆ ਹੀ ਲੈ ਜਾਓ। ਹੋਰ ਜਿਤਨਾ ਕਹੋਗੇ ਦੇ ਦੇਵਾਂਗੇ। ਤੁਸਾਂ ਸਦਾ ਹੀ ਗੁਰੂ ਘਰ ਚੋਂ ਲੈਣਾ ਹੀ ਲੈਣਾ ਹੈ।

ਜਦ ਗੁਰੂ ਸਾਹਿਬ ਜੀ ਨੇ ਪਿਆਰ ਨਾਲ ਕਿਹਾ, ਤਾਂ ਸੌ ਰੁਪਿਆ ਫੜ ਤਾਂ ਲਿਆ ਪਰ ਨਰਾਜ਼ ਹੋ ਕੇ ਗੁਰੂ ਸਾਹਿਬ ਜੀ ਦੀ ਨਿੰਦਿਆ ਕਰਦੇ ਹੋਏ ਘਰ ਚਲੇ ਗਏ। *ਯਥਾ-*

ਸਭਿ ਦਿਨ ਕੀ ਪੂਜਾ ਗਿਨਿ ਜਬੈ। ਭਯੋ ਰਜਤਪਨ ਇਕ ਸੌ ਤਬੈ।
ਦੁਹੂੰ ਭ੍ਰਾਤ ਕੋ ਸਗਰੋ ਦੀਨਿ। ਗਰਬੇ ਮੂਢ, ਨਹੀਂ ਤਬਿ ਲੀਨਿ॥ ੨੯॥
ਦਿਏ ਬਗਾਇ ਗੁਰੂ ਕੇ ਆਗੇ। ਹਮ ਸੋਂ ਕਰਨਿ ਮਸ਼ਕਰੀ ਲਾਗੇ।
ਕਜਾ ਹਮ ਲੈ ਕੇ ਬਜਾਹ ਰਚਾਵਹਿਂ। ਧਨ ਬਹੁ ਘਰ ਤੇ ਕਜੋਂ ਨ ਦਿਵਾਵਹਿਂ॥ ੩੦॥
ਸੁਨਤਿ ਸਤਿਗੁਰੂ ਧੀਰਜ ਦੀਨਿ। ਪੂਰਹਿਂ ਸ੍ਰੀ ਨਾਨਕ ਇਛ ਕੀਨਿ।
ਲੇਹੁ ਧਨ ਇਤੋ, ਨਿਬਾਹਹੁ ਕਾਰ। ਕਰਤਿ ਕੀਰਤਨ ਲਹਹੁ ਉਦਾਰ॥ ੩੧॥
ਸਤਿਗੁਰ ਘਰ ਤੇ ਨਿਤ ਤੁਮ ਲੇਨਾ। ਏਕ ਬਾਰ ਨਹਿਂ ਕੀਨਸਿ ਦੇਨਾ।
ਸਦਾ ਤੁਮਾਰੀ ਸਾਂਝ ਹਮਾਰੇ। ਨਹਿਂ ਫੇਰਹੁ ਲੀਜਹੁ ਇਹੁ ਪਜਾਰੇ॥ ੩੨॥
ਬਹੁਤ ਨੰਮ੍ਰਤਾ ਕਰਿ ਗੁਰ ਕਹਜੋ। 'ਤਬਿ ਸਭਿ ਦਰਬ ਹਾਥ ਨਿਜ ਗਹਜੋ।
ਲੇ ਗਮਨੇ ਮਤਿ ਮੰਦ ਨਿਕੇਤ। ਬੋਲਤਿ ਭੇ ਗੁਰ ਨਿੰਦ ਸਮੇਤ॥ ੩੩॥

ਕਿ ਅੱਜ ਤੋਂ ਬਾਅਦ ਅਸਾਂ ਨੇ ਗੁਰੂ ਦਰਬਾਰ ਵਿਚ ਕੀਰਤਨ ਨਹੀਂ ਕਰਨਾ, ਅਸੀਂ ਨਿਤਾਪ੍ਰਤੀ ਸੰਗਤਾਂ ਨੂੰ ਕੀਰਤਨ ਸੁਣੌਂਦੇ ਸਾਂ, ਪਰ ਅਸਾਡੀ ਇੱਕ ਮੰਗ ਵੀ ਪੂਰੀ ਨਾ ਕੀਤੀ। ਸਤਿਗੁਰਾਂ ਦੇ ਪਾਸ ਕੀਰਤਨ ਕਰਕੇ ਅਸੀਂ ਕੀ ਲੈ ਲਿਆ। ਇਸ ਤਰ੍ਹਾਂ ਦੇ ਬਚਨ ਬੋਲਦੇ ਹੋਏ ਘਰ ਪੁਜ ਗਏ, ਪਰ ਦੂਸਰੇ ਦਿਨ ਕੀਰਤਨ ਕਰਨ ਵਾਸਤੇ ਨਾ ਆਏ। ਕੀਰਤਨ ਦੇ ਰਸੀਏ ਸਤਿਗੁਰਾਂ ਨੇ ਸਿੱਖਾਂ ਨੂੰ ਕਿਹਾ, ਰਬਾਬੀ ਨਹੀਂ ਆਏ ਜਾ ਕੇ ਘਰੋਂ ਬੁਲਾ ਲਿਆਓ।

www.sikhbookclub.com

ਦਿਵਸ ਆਗਲੇ ਜਬਿ ਹੀ ਜਾਨੇ। ਸਿੱਖ ਜਨਿ ਸੋ ਤਬਿ ਬਾਕ ਬਖਾਨੇ॥ ੩੫॥

'ਨਹੀਂ ਰਬਾਬੀ ਚਲਿ ਕਰਿ ਆਏ। ਜਾਹੁ ਸਦਨ ਤੇ ਲਾਜਉ ਬੁਲਾਏ'।

ਹਜ਼ੂਰ ਦਾ ਹੁਕਮ ਸੁਣ ਕੇ ਭਾਈ ਗੁਰਦਾਸ ਜੀ ਇਨ੍ਹਾਂ ਦੇ ਘਰ ਗਏ ਅਤੇ ਕਿਹਾ, ਗੁਰੂ ਪਿਆਰਿਓ ! ਵਡਭਾਗੀਓ ! ਚਲੋ ਤੁਹਾਨੂੰ ਸੰਗਤ ਉਡੀਕਦੀ ਹੈ, ਸਤਿਗੁਰਾਂ ਨੇ ਆਪ ਸੱਦਣ ਵਾਸਤੇ ਮੈਨੂੰ ਭੇਜਿਆ ਹੈ।

ਉਠਹੁ ਚਲਹੁ ਬਡਭਾਗ ਤੁਮਾਰਾ। ਸਤਿਗੁਰ ਸਿਮਰਤਿ ਤੁਮਹੁ ਹਕਾਰਾ।

ਤਾਂ ਇਹ ਦੋਵੇਂ ਹੰਕਾਰ ਵਿਚ ਬੋਲੇ, ਅਸੀਂ ਗੁਰਾਂ ਪਾਸ ਜਾ ਕੇ ਕੀ ਲੈ ਲਿਆ ਹੈ, ਜਦੋਂ ਅਸੀਂ ਜਾ ਕੇ ਕੀਰਤਨ ਕਰਦੇ ਹਾਂ, ਤਾਂ ਸੰਗਤ ਆ ਜੁੜਦੀ ਹੈ। ਫੇਰ ਗੁਰੂ ਸਾਹਿਬ ਜੀ ਗੱਦੀ ਲਾ ਕੇ ਬੈਠਦੇ ਤੇ ਆਪਣੀ ਪੂਜਾ ਕਰਾਉਂਦੇ ਹਨ। ਜੇ ਅਸੀਂ ਨਾ ਗਏ ਤਾਂ ਕਿਸੇ ਸਿੱਖ ਨੇ ਉਨ੍ਹਾਂ ਪਾਸ ਨਹੀਂ ਆਉਣਾ।

ਇਸ ਤਰ੍ਹਾਂ ਅਸ਼ਰਧਾ ਵਾਲੇ ਬਚਨ ਸੁਣ ਕੇ ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਤੁਹਾਨੂੰ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ, ਤੁਸੀਂ ਸਤਿਗੁਰਾਂ ਨਾਲ ਹੀ ਸੋਭਦੇ ਹੋ। ਚਲੋ ਗੁਰੂ ਕੀਆਂ ਖੁਸ਼ੀਆ ਪ੍ਰਾਪਤ ਕਰੋ। ਪਰ ਫਿਰ ਵੀ ਮੰਦਭਾਗੀ ਆਪਣੇ ਹਠ ਤੋਂ ਪਿੱਛੇ ਨਾ ਹਟੇ। ਭਾਈ ਗੁਰਦਾਸ ਜੀ ਵਾਪਸ ਮੁੜ ਆਏ ਤੇ ਸਾਰੀ ਗੱਲ ਹਜ਼ੂਰ ਨੂੰ ਆ ਸੁਣਾਈ।

ਸਤਿਗੁਰੂ ਮਹਾਰਾਜ ਜੀ ਨੇ ਫਿਰ ਬਾਬਾ ਬੁੱਢਾ ਜੀ ਨੂੰ ਭੇਜਿਆ ਕਿ ਤੁਸੀਂ ਬੁਲਾ ਕੇ ਲਿਆਓ। ਤਦ ਬਾਬਾ ਬੁੱਢਾ ਜੀ ਨੇ ਆ ਕੇ ਕਿਹਾ - ਤੁਸਾਂ ਨੇ ਆਪਣੇ ਮਨ ਵਿਚ ਮਾਇਆ ਵਾਸਤੇ ਨਰਾਜ਼ਗੀ ਧਾਰਨ ਕੀਤੀ ਹੈ, ਚਲੋ ਜਿਤਨੀ ਕਵ੍ਹੋ ਤੁਹਾਨੂੰ ਮਾਇਆ ਦਿਵਾ ਦੇਂਦੇ ਹਾਂ, ਗੁਰੂ ਨਾਨਕ ਦਾ ਖਜ਼ਾਨਾ ਅਤੁੱਟ ਹੈ। ਪਰ ਸੰਗਤ ਨੂੰ ਕੀਰਤਨ ਜ਼ਰੂਰ ਸੁਣਾਓ।

ਰਬਾਬੀਆਂ ਨੇ ਕਿਹਾ ਜਿਸ ਖਜ਼ਾਨੇ ਨੂੰ ਅਤੁੱਟ ਕਹਿੰਦੇ ਹੋ, ਅਸਾਨੂੰ ਤਾਂ ਉਸ ਖਜ਼ਾਨੇ ਦਾ ਪਤਾ ਨਹੀਂ ਕਿੱਥੇ ਰੱਖਿਆ ਹੋਇਆ ਹੈ? ਅਸਾਂ ਤਾਂ ਇਤਨੇ ਸਾਲ ਐਵੇਂ ਬਿਤਾ ਕੇ ਇੱਕ ਸੌ ਰੁਪਿਆ ਹੀ ਪਾਇਆ ਹੈ। ਹੁਣ ਕਿਸੇ ਤਰ੍ਹਾਂ ਭੀ ਉਨ੍ਹਾਂ ਦੇ ਪਾਸ ਨਹੀਂ ਜਾਵਾਂਗੇ ਚਾਹੇ ਕਿਤਨਾ ਜਤਨ ਕਰ ਲੈਣ। ਅਸਾਡੇ ਵਿਚ ਇਹ ਸਮਰੱਥਾ (ਤਾਕਤ) ਹੈ ਕਿ ਜਿਸ ਸੋਢੀ ਪਾਸ ਵੀ ਕੀਰਤਨ ਕਰਾਂਗੇ ਉਸੇ ਨੂੰ ਗੁਰੂ ਬਣਾ ਦੇਵਾਂਗੇ।

(ਬਾਬਾ ਬੁੱਢਾ ਜੀ ਵੱਲੋਂ)

ਯਥਾ- ਚਲਹੁ ਰਬਾਬੀ ਗੁਰੂ ਹਕਾਰਤਿ। ਢਿਗ ਚਲਿ ਨਿਜ ਦੁਖ ਕਜੋਂ ਨ ਉਚਾਰਤਿ॥ ੪੫॥
ਨੌ ਨਿਧ ਰਿਧਿ ਸਿਧਿ ਰਮਾ ਬਡੇਰੀ। ਸ਼੍ਰੀ ਗੁਰ ਕੋ ਰੁਖ ਨਿਤ ਪ੍ਰਤਿ ਹੇਰੀ।
ਜਿਸ ਦਿਸ਼ਿ ਸ਼ਾਰਤਿ ਆਪ ਉਸਾਰਤਿ। ਤਿਸ ਢਿਗ ਜਾਤਿ ਬਿਲਮ ਨਹਿ ਧਾਰਤਿ॥ ੪੬॥
ਅਸ ਪ੍ਰਭੁ ਕੋ ਤੁਮ ਤਜਾਗਤਿ ਕੈਸੇ। ਸਮਝ ਸੁ ਮਿਲਹੁ ਪ੍ਰਤੀਖਤਿ ਬੈਸੇ॥
ਦੋਨਹੁ ਭ੍ਰਾਤ ਗਰਬ ਕਰਿ ਕਹਜੋ। ਤਿਨ ਢਿਗ ਹਮਹੁ ਕਛੂ ਨਹਿ ਲਹਜੋ॥ ੪੭॥
ਨਹੀਂ ਜਾਇ ਅਬਿ ਕੈਸੇ ਪਾਸ। ਤਿਨ ਕੋ ਤਜਿ ਹਮ ਰਹੈਂ ਅਵਾਸ।
ਸੁਨਿ ਕਠੋਰ ਬਾਨੀ ਤਿਨ ਕੇਰੀ। ਕਹਜੋਂ ਜਾਇ ਗੁਰ ਕੋ ਤਿਸ ਬੇਰੀ।
'ਪ੍ਰਭੁ ਜੀ ਨਹਿ ਮਾਨੈਂ ਕਿਮ ਮੂਢੇ। ਰਹਜੋ ਗਰਬ ਮਦ ਰਿਦੇ ਅਰੂਢੇ॥ ੪੯॥

ਇਸ ਪ੍ਰਕਾਰ ਦੇ ਬਚਨ ਬਾਬਾ ਬੁੱਢਾ ਜੀ ਦੇ ਮੁਖੋਂ ਸੁਣ ਕੇ ਖਿਮਾਂ ਦੀ ਔਧੀ ਸਤਿਗੁਰੂ ਜੀ ਨੇ ਆਪ ਚਲਣ ਦੀ ਵਿਚਾਰ ਕੀਤੀ ਕਿ ਉਨ੍ਹਾਂ ਦੇ ਮਨ ਵਿਚ ਵਿੱਦਿਆ ਤੇ ਧਨ ਦਾ ਮਾਨ ਹੈ। ਇਹ ਮਾਨ ਪਰਸ਼ ਨੂੰ ਅਸਲੀਅਤ

www.sikhbookclub.com

ਤੋਂ ਭੁੱਲਾ ਦੇਂਦਾ ਹੈ।

ਕਰਜੋ ਬਿਚਾਰਨ ਦਰਬ ਸੁਭਾਇ। ਜਿਸ ਢਿਗ ਆਵੈ ਸੁਧਿ ਤਿਸੁ ਜਾਇ।
ਗੁਰ ਪ੍ਰਮੇਸ਼ੁਰ ਬੀਸਰ ਜੈਹੈ। ਲਾਲਚ ਲਗੇ ਕਸ਼ਟ ਕੋ ਪੈਹੈ॥ ੨੮॥
ਕਰਹਿ ਬਾਵਰਾ ਸੁਰਤਿ ਬਿਸਾਰੈ। ਜੋਗ ਅਜੋਗ ਨ ਬਹੁਰ ਬਿਚਾਰੈ।

(ਗੁਰ ਪ੍ਰਤਾਪ ਸੂਰਜ ਰਾਸਿ ੧, ਅੰਸੂ ੫੪)

ਸਾਦਰ ਆਨਹਿ ਤਿਨ ਕੋ ਜਾਇ। ਬਹੁਰੋ ਦਰਬ ਦੇਹਿ ਸਮੁਦਾਇ।

(ਕੀਰਤਨ ਦਾ ਪਿਆਰ ਤੇ ਗੁਣੀਆਂ ਦਾ ਆਦਰ ਕਰਨਾ ਹਜ਼ੂਰ ਦਾ ਸੁਤੇ ਹੀ ਸੁਭਾਵ ਸੀ।)

ਇਮ ਬਿਚਾਰ ਕਰਿ ਭੇ ਗੁਰ ਤਜਾਰੀ। ਜਿਨ ਸੁਭਾਵ ਪਰ ਕਵਿ ਬਲਿਹਾਰੀ॥ ੫੨॥

(ਗੁਰ ਪ੍ਰਤਾਪ ਸੂਰਜ, ਰਾਸਿ ੩, ਅੰਸੂ ੪੩)

ਗਰੀਬ ਨਿਵਾਜ ਸਤਿਗੁਰੂ ਜੀ ਇਨ੍ਹਾਂ ਦੇ ਘਰ ਪੁਜੇ (ਜੋ ਭਾਈ ਸਾਲ੍ਹੋ ਦੀ ਧਰਮਸ਼ਾਲਾ ਦੇ ਪਾਸ ਸੀ) ਪਰ ਉਹ ਤ੍ਰਿਲੋਕੀ ਨਾਥ ਸਤਿਗੁਰਾਂ ਨੂੰ ਘਰ ਵਿਚ ਆਇਆ ਦੇਖ ਕੇ ਵੀ ਉੱਠ ਕੇ ਖੜ੍ਹੇ ਨਾ ਹੋਏ, ਨਾ ਹੀ ਮੱਥਾ ਟੇਕਿਆ ਚੁੱਪ ਧਾਰਨ ਕਰਕੇ ਬੈਠੇ ਹੀ ਰਹੇ।

ਪੈਰ ਪ੍ਰਵੇਸ਼ੇ ਸਦਨ ਮਹਿ ਸ਼੍ਰੀ ਅਰਜਨ ਠਾਢੇ।
ਦੇਖਿ, ਨ ਆਦਰ ਉਠਿ ਕਰੰਜੋ ਉਰ ਗਰਬ ਜੁ ਬਾਢੇ॥ ੩॥
ਬੈਠਿ ਰਹੇ ਦੋਨਹੁ ਮੁਗਧ ਮੁਖ ਧਰਿ ਕਰਿ ਮੌਨਾ।
ਮਹਿਮਾ ਲਖਹਿ ਨ ਗੁਰੂ ਕੀ, ਚਲਿ ਆਏ ਭੌਨਾ॥

ਸਤਿਗੁਰੂ ਜ਼ੀ ਕਹਿਣ ਲਗੇ, ਪ੍ਰੇਮੀਓ ! ਇਹੋ ਜਿਹਾ ਕੀ ਕਾਰਨ ਹੈ ਜਿਸ 'ਤੇ ਤੁਸੀਂ ਇਤਨੀ ਸਖ਼ਤ ਨਰਾਜ਼ਗੀ ਧਾਰਨ ਕਰੀ ਬੈਠੇ ਹੋ ਧਨ ਤਾਂ ਔਣ ਜਾਣ ਵਾਲੀ ਚੀਜ਼ ਹੈ? ਇਹ ਕਿਸੇ ਪਾਸ ਸਦਾ ਨਹੀਂ ਟਿਕਦਾ ਧਨ ਵਾਸਤੇ ਕਿਉਂ ਨਰਾਜ਼ ਹੋਏ ਹੋ। ਚਲੋ ਤੁਹਾਨੂੰ ਜਿਤਨਾ ਕਹੋ ਉਤਨਾ ਹੀ ਧਨ ਦੇਂਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖਜ਼ਾਨੇ ਵਿਚ ਕਿਸੇ ਪਰਕਾਰ ਦੀ ਕਮੀ ਨਹੀਂ ਹੈ। ਇਹ ਗੱਲ ਸੁਣ ਕੇ ਦੋਵੇਂ ਭਰਾ ਬੜੇ ਗੁੱਸੇ ਵਿਚ ਬੋਲੇ-

ਅਸੀਂ ਤਾਂ ਇਤਨਾ ਚਿਰ ਤੁਹਾਡੇ ਪਾਸ ਕੀਰਤਨ ਕਰਕੇ ਐਵੇਂ ਹੀ ਸਮਾ ਬਿਤੀਤ ਕੀਤਾ ਹੈ, ਅਸਾਨੂੰ ਲਾਭ ਕੋਈ ਨਾ ਹੋਇਆ। ਨਾ ਅਸਾਨੂੰ ਉਸ ਗੁਰੂ ਨਾਨਕ ਦੇ ਖਜ਼ਾਨੇ ਦਾ ਹੀ ਪਤਾ ਲਗਿਆ ਕਿ ਉਹ ਤੁਸਾਂ ਕਿੱਥੇ ਰੱਖਿਆ ਹੋਇਆ ਹੈ? ਇੱਕ ਹਜ਼ਾਰ ਰੁਪਿਆ ਵਿਆਹ ਤੇ ਲਗਦਾ ਹੈ ਤੇ ਤੁਸਾਂ ਨੇ ਇੱਕ ਸੌ ਹੀ ਦਿੱਤਾ ਹੈ। ਜੇ ਇਤਨਾਂ ਚਿਰ ਕਿਸੇ ਹੋਰ ਪਾਸ ਕੀਰਤਨ ਕਰਦੇ ਤਾਂ ਉਸ ਪਾਸੋਂ ਮਨ ਮੰਗੀ ਮੁਰਾਦ ਪਾ ਲੈਂਦੇ। ਹੁਣ ਤੁਹਾਡੇ ਪਾਸ ਕੀਰਤਨ ਨਹੀਂ ਕਰਨਾ ਕਿਸੇ ਹੋਰ ਪਾਸ ਕੀਰਤਨ ਕਰਕੇ ਉਸ ਨੂੰ ਗੁਰੂ ਬਣਾ ਕੇ ਮਨ ਮਰਜ਼ੀ ਦਾ ਧਨ ਪਾਵਾਂਗੇ। *ਯਥਾ-*

ਅਪਰ ਥਾਨ ਰਹਿਂ ਕਰਿ ਕਹੂੰ ਨਿਜ ਰਾਗ ਸੁਨਾਵੈਂ।
ਲੇਹਿ ਦਰਬ ਉਰ ਭਾਵਤੋ, ਕਹਿ ਤਾਨ ਰਿਝਾਵੈਂ।
ਜਿਤੈ ਬਰਖ ਤੁਮ ਢਿਗ ਰਹੇ ਬਿੱਦਜਾ ਨਿਜ ਖੋਈ।
ਸੁਨਿ ਰੀਝਤਿ ਜਾਨਤਿ ਗੁਨਨਿ ਪੈ ਮੌਜ ਨ ਕੋਈ॥ ੭॥

www.sikhbookclub.com

ਏਸ ਪ੍ਰਕਾਰ ਢੀਠਪੁਣੇ ਦੇ ਬਚਨ ਸੁਣ ਕੇ ਸਤਿਗੁਰ ਦੇਵ ਜੀ ਸ਼ਾਂਤ ਚਿੱਤ ਰਹੇ। ਕਿਸੇ ਪਰਕਾਰ ਦਾ ਉੱਤਰ ਨਾ ਦਿੱਤਾ। ਹੰਕਾਰੀ ਦੁਸ਼ਟ ਫੇਰ ਬੋਲੇ-

ਤੁਹਾਡੀ ਗੱਦੀ ਅਸਾਡੇ ਕੀਰਤਨ ਨਾਲ ਹੀ ਹੈ। ਅਸਾਡੇ ਕੀਰਤਨ ਨਾਲ ਹੀ ਸੰਗਤ ਆ ਕੇ ਜੁੜਦੀ ਹੈ ਤਾਂ ਤੁਸੀਂ ਆਪਣੀ ਪੂਜਾ ਕਰਾਉਂਦੇ ਹੋ, ਸਾਥੋਂ ਬਗੈਰ ਇਕੱਲੇ ਕੀ ਕਰੋਗੇ? ਅਸੀਂ ਹੀ ਗੁਰਤਾ ਗੱਦੀ ਦਾ ਮੂਲ ਕਾਰਨ ਹਾਂ।

ਦੇਖੋ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੋਈ ਨਹੀਂ ਸੀ ਜਾਣਦਾ, ਜਦੋਂ ਅਸਾਡੇ ਮਰਦਾਨੇ ਨੇ ਕੀਰਤਨ ਕਰਨਾ ਸ਼ੁਰੂ ਕੀਤਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸੱਤਾਂ ਦੀਪਾਂ ਵਿਚ ਮਸ਼ਹੂਰ ਹੋ ਗਏ।

ਇਸੇ ਤਰ੍ਹਾਂ ਸਤਿਗੁਰੂ ਅੰਗਦ ਦੇਵ ਜੀ ਨੂੰ ਅਤੇ ਤੀਸਰੇ ਪਾਤਿਸ਼ਾਹ ਜੀ ਨੂੰ ਰਬਾਬੀਆਂ ਨੇ ਹੀ ਪਰਗਟ ਕੀਤਾ, ਤੁਹਾਡੇ ਪਿਤਾ ਚੌਥੇ ਪਾਤਿਸ਼ਾਹ ਪਾਸ ਵੀ ਕੀਰਤਨ ਹੁੰਦਾ ਜਾਣ ਕੇ ਸੰਗਤ ਆਉਂਦੀ ਸੀ। ਤੁਹਾਨੂੰ ਵੀ ਅਸਾਂ ਨੇ ਮਸ਼ਹੂਰ ਕੀਤਾ ਹੈ ਪਰ ਤੁਸੀਂ ਅਸਾਡੀ ਕੋਈ ਕਦਰ ਨਾ ਕੀਤੀ।

ਸ੍ਰੀ ਨਾਨਕ ਪੂਰਬ ਭਏ ਜਗ ਕਿਨਹੁ ਨ ਜਾਨਜੋ।
ਮਰਦਾਨਾ ਜਬਿ ਰਾਖਿਓ ਸਭਿ ਮਹਿਂ ਪ੍ਰਗਟਾਨਜੋ।
ਸ੍ਰੀ ਅੰਗਦ ਗੁਰੁ ਅਮਰ ਜੀ ਤੁਮਰੋ ਪਿਤ ਜੋਈ।
ਪ੍ਰਗਟ ਰਬਾਬੀ ਕਰਤਿ ਭੇ ਇਮ ਲਖੈ ਨ ਕੋਈ॥ ੮॥
ਤੁਮ ਢਿਗ ਹਮ ਕੀਰਤਨ ਕਰੈਂ, ਗੁਰ ਮਹਿਮਾ ਗਾਵੈਂ।
ਸੁਨਿ ਸੁਨਿ ਸਿਖ ਬਹੁ ਦੇਸ਼ ਕੇ ਬਸਤੁ ਗਨ ਲਜਾਵੈਂ।
ਗੁਰੂ ਗੁਰੂ ਉਚਰਹਿ ਤੁਮੈ ਪੂਜਹਿ ਧਨ ਆਨੈਂ।
ਸੁਨਿ ਕਰਿ ਹਮਰੇ ਰਾਗ ਕੋ, ਸੰਗਤਿ ਸਭ ਮਾਨੈ॥ ੯॥
ਇਤਨੋ ਗੁਨ ਹਮਰੋ ਮਹਾਂ, ਕੁਛ ਜਾਨਜੋਂ ਨਾਂਹੀ।
ਨਾਂਹਿ ਤ ਆਧੀ ਭੇਟ ਕੋ ਦਿਹੁ ਹਮ ਘਰ ਮਾਂਹੀ।
ਅਬਿ ਜਾਨੀ ਪਰਿ ਹੈ ਭਲੇ, ਕਿਮ ਗੁਰੂ ਕਹਾਵੋ।
ਵਸਤੁ ਹਜ਼ਾਰਹੁੰ ਦਰਬ ਬਹੁ ਕੈਸੇ ਤੁਮ ਪਾਵੋ॥ ੧੦॥
ਹਮ ਅਬਿ ਰਹਿਕੇ ਅਪਰ ਢਿਗ ਲੇਂ ਗੁਰੂ ਬਨਾਈ।
ਪੂਜਾ ਹੋਵਹਿ ਤਿਸੀ ਕੀ ਮਾਨਹਿ ਸਮੁਦਾਈ।
ਹਮ ਅਧੀਨ ਕਰਿਬੋ ਗੁਰੂ, ਨਹਿ ਤੁਮ ਨੇ ਜਾਨਾ।
ਅਬਿ ਪੀਛੇ ਪਛਤਾਇ ਹੋ ਮਨਤਾ ਹੁਇ ਹਾਨਾ॥ ੧੧॥
ਜਹਾਂ ਰਾਗ ਹਮ ਕਰਹਿੰਗੇ ਗੁਰ ਤਿਸੈ ਬਨਾਵਹਿੰ॥
ਤੁਮਰੇ ਨਿਕਟ ਨ ਜਹਿੰਗੇ ਏਕਲ ਰਹਿ ਜਾਵਹਿੰ।

ਉਨ੍ਹਾਂ ਦੇ ਮੁਖੋਂ ਇਸ ਤਰ੍ਹਾਂ ਅਸ਼ਰਧਾ ਭਰੇ ਬਚਨ ਸੁਣ ਕੇ (ਗੰਭੀਰ ਹਿਰਦੇ ਵਾਲੇ) ਸਤਿਗੁਰਾਂ ਨੇ ਆਪਣੀ ਨਿੰਦਿਆ ਦਾ ਤਾਂ ਕੋਈ ਖਿਆਲ ਨਾ ਕੀਤਾ, ਪਰ ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਦਿ ਚਾਰੇ ਗੁਰਾਂ

ਦੀ ਨਿੰਦਿਆ ਕੀਤੀ ਤਾਂ ਧਿਰਕਾਰਾਂ ਪਾਉਂਦੇ ਹੋਏ ਹਜ਼ੂਰ ਘਰੋਂ ਬਾਹਰ ਆ ਗਏ ਅਤੇ ਔਂਦਿਆਂ ਹੋਇਆ ਕਿਹਾ ਕਿ-

ਜਿਸ ਮੂੰਹ ਨਾਲ ਬੇਦੀ ਕੁਲ ਦੇ ਤਿਲਕ (ਸ਼੍ਰੋਮਣੀ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿੰਦਿਆ ਕੀਤੀ ਹੈ, ਉਹ ਮੂੰਹ ਤੁਹਾਡਾ ਪੱਕ ਜਾਵੇ, ਤੁਹਾਡੀ ਦੇਹ ਫਿੱਟ ਜਾਵੇਗੀ, ਸਰੀਰ 'ਤੇ ਕੋੜ੍ਹ ਦਾ ਰੋਗ ਹੋ ਜਾਵੇਗਾ, ਅੱਜ ਤੋਂ ਕੋਈ ਸਿੱਖ ਤੁਹਾਨੂੰ ਮੂੰਹ ਨਹੀਂ ਲਾਵੇਗਾ, ਜੇ ਕੋਈ ਅਸਾਡੇ ਪਾਸ ਤੁਹਾਡੀ ਸ਼ਿਫਾਰਿਸ਼ ਭੀ ਕਰੇਗਾ, ਤਾਂ ਉਸ ਦਾ ਸਿਰ ਮੁੰਨ ਕੇ ਕਾਲਾ ਮੂੰਹ ਕਰਕੇ ਖੋਤੇ 'ਤੇ ਚੜ੍ਹਾ ਕੇ ਗਲੀ-ਗਲੀ ਵਿਚ ਫੇਰਿਆ ਜਾਵੇਗਾ। *ਯਥਾ—*

ਸ਼੍ਰੀ ਅਰਜਨ ਚਿਤ ਸ਼ਾਂਤਿ ਅਤਿ ਬਹੁ ਛਿਮਾ ਨਿਧਾਨਾ।
ਨਿਜ ਨਿੰਦਾ ਤੇ ਛੁਭਤਿ ਨਹਿ ਸੁਨਿ ਕਛੁ ਨ ਬਖਾਨਾ॥ ੧੨॥
ਸ਼੍ਰੀ ਨਾਨਕ ਤੇ ਆਦਿ ਕੀ ਜਬ ਨਿੰਦ ਸੁਨਾਈ।
ਕਰਿ ਧਿਕਾਰ ਨਿਕਸੇ ਸਦਨ ਰਿਸ ਉਰ ਮੈਂ ਛਾਈ।
'ਬੇਦੀ ਕੁਲ ਤੇ ਤਿਲਕ ਕੀ ਨਿੰਦਾ ਤੁਮ ਕੀਨੀ।
ਫਿਟ ਜਾਵਹਿਗੀ ਦੇਹਿ ਤੁਮ ਰੁਜ ਤੇ ਹੁਇ ਹੀਨੀ॥ ੧੩॥
ਇਮ ਕਹਿ ਸਤਿਗੁਰ ਆਇ ਕਰਿ ਥਲ ਥੜੇ ਸੁਹਾਏ।
ਸਭਿ ਸੰਗਤਿ ਇਕਠੀ ਭਈ ਦੀਵਾਨ ਲਗਾਏ।
ਸਿੱਖਨਿ ਕੋ ਆਇਸੁ ਦਈ 'ਤੁਮ ਰਾਗ ਸੁਨਾਵਹੁ।
ਗਾਵਹੁ ਸ਼ਬਦ ਸੁ ਤਾਨ ਜੁਤਿ ਵਿੱਦਜਾ ਇਹ ਪਾਵਹੁ'॥ ੧੪॥

ਇਸ ਪਰਕਾਰ ਦੇ ਬਚਨ ਡੂੰਮਾਂ ਨੂੰ ਕਹਿ ਕੇ ਗੁਰੂ ਸਾਹਿਬ ਜੀ ਅਠਸਠ ਘਾਟ ਵਾਲੀ ਜਗ੍ਹਾ ਉੱਪਰ ਪਹੁੰਚੇ। ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਤੇ ਸਿੱਖਾਂ ਨੂੰ ਕਿਹਾ, ਪ੍ਰੇਮੀਓ ! ਹੁਣ ਤੁਸਾਂ ਨੇ ਹੀ ਕੀਰਤਨ ਕਰਨਾ ਹੈ। ਤੁਹਾਨੂੰ ਰਾਗ ਵਿੱਦਿਆ ਆ ਜਾਵੇਗੀ। ਆਓ ! ਸਾਜ਼ ਫੜ ਕੇ ਕੀਰਤਨ ਸ਼ੁਰੂ ਕਰ ਦਿਓ।

ਉਸ ਸਮੇਂ ਹਜ਼ੂਰ ਦਾ ਬਚਨ ਮੰਨ ਕੇ ਬਾਬਾ ਬੁੱਢਾ ਜੀ ਨੇ ਤਾਂ ਸਿਰੰਦਾ ਫੜ ਲਿਆ। ਭਾਈ ਗੁਰਦਾਸ ਜੀ ਨੇ ਜੋੜੀ ਅਤੇ ਆਪ ਗੁਰੂ ਜੀ ਨੇ ਤੰਬੂਰਾ ਲੈ ਕੇ ਕੀਰਤਨ ਸ਼ੁਰੂ ਕਰ ਦਿੱਤਾ। ਸੰਗਤ ਨੂੰ ਇਤਨਾ ਅਨੰਦ ਆਇਆ ਕਿ ਸਭਨਾਂ ਨੂੰ ਦੇਸ਼ ਕਾਲ ਹੀ ਭੁੱਲ ਗਿਆ। ਸਿੱਖ ਹੈਰਾਨ ਹੋਏ ਅਸੀਂ ਤਾਂ ਕਦੇ ਕੀਰਤਨ ਕੀਤਾ ਹੀ ਨਹੀਂ ਸੀ। ਅੱਜ ਪਹਿਲੇ ਦਿਨ ਹੀ ਚੰਗਾ ਕਰ ਰਹੇ ਹਾਂ।

ਬਚਨ ਮਾਨਿਬੇ ਗੁਰੂ ਕੋ ਬਿੱਦਜਾ ਸਭਿ ਪਾਈ।
ਜਾਨਤਿ ਹੁਤੇ ਨ ਰਾਗ ਕੋ ਗਾਵਤਿ ਬਿਸਮਾਈ॥ ੧੫॥
ਸੁਨਿ ਸਿੱਖਨਿ ਕੇ ਰਾਗ ਕੋ ਗੁਰ ਭਏ ਪ੍ਰਸੰਨਾ।
ਬਰ ਦੀਨੋ 'ਤੁਮ ਪ੍ਰੇਮ ਜੁਤਿ ਹਮਰੋ ਬਚ ਮੰਨਾ।
ਅਬਿ ਤੇ ਬਿੱਦਯਾ ਰਾਗ ਕੀ ਸਿੱਖਨਿ ਮਹਿਂ ਆਈ।
ਗਾਵਹਿ ਸੁਨਹਿ ਸੁ ਪ੍ਰੀਤ ਧਰਿ ਲੇ ਸ਼ੁਭ ਗਤਿ ਪਾਈ॥ ੧੬॥
ਡੂਮ ਜਾਤਿ ਪਛੁਤਾਇ ਹੈਂ ਤ੍ਰਸ਼ਨਾ ਡਹਿਕਾਏ।

www.sikhbookclub.com

ਲੀਏ ਸਬਦ ਘਰ ਘਰ ਫਿਰਹਿ ਨਹਿ ਹੁਇ ਤ੍ਰਿਪਤਾਏ।
ਪਾਇ ਅਨਾਦਰ ਜਿਤ ਕਿਤੀ ਬਿਨ ਕਹੇ ਸੁ ਜਾਵੈਂ।
ਤਉ ਨ ਸਿਖ ਮੁਖ ਲਾਇ ਹੈਂ ਦੁਖ ਲਹਿ ਅਕੁਲਾਵੈਂ॥ ੧੭॥

ਇਉਂ ਸਤਿਗੁਰਾਂ ਦੇ ਬਚਨਾਂ ਦੁਆਰੇ ਗੁਰ ਸਿੱਖਾਂ ਨੇ ਤਾਂ ਕੀਰਤਨ ਕਰਨ ਦਾ ਵਰ ਪਾ ਲਿਆ ਅਤੇ ਮੂਰਖ ਡੂੰਮਾਂ ਨੂੰ ਆਪਣੇ ਕਰਮਾਂ ਅਨੁਸਾਰ ਸਰਾਪ ਮਿਲ ਗਿਆ। ਉਸੇ ਦਿਨ ਤੋਂ ਉਨ੍ਹਾਂ ਦੇ ਸਰੀਰ ਫਿੱਟ ਗਏ ਤੇ ਮੂੰਹ ਪੱਕ ਗਏ, ਸਤਿਗੁਰਾਂ ਦੇ ਬਚਨਾਂ ਦੇ ਭੈ ਕਰਕੇ ਕੋਈ ਵੀ ਸਿੱਖ ਇਨ੍ਹਾਂ ਨੂੰ ਮੂੰਹ ਨਾ ਲਾਵੇ। ਸਾਰੇ ਹੀ ਦੂਰੋਂ ਔਂਦਿਆਂ ਵੇਖ ਕੇ ਔਧਰ ਓਧਰ ਹੋ ਜਾਂਦੇ ਹਨ। ਜਿਸ ਵੇਲੇ ਬੜੇ ਦੁੱਖ ਦੇ ਕਾਰਨ, ਹੰਕਾਰ ਦੂਰ ਹੋ ਗਿਆ, ਤਾਂ ਪਸ਼ਚਾਤਾਪ ਕਰਨ ਲੱਗ ਪਏ ਕਿ ਅਸੀਂ ਕੀ ਸਾਂ ਗਰੀਬੀ ਦੇ ਦਬਾਏ ਹੋਏ ਧੱਕੇ ਖਾਂਦੇ ਫਿਰਦੇ ਸਾਂ, ਇਨ੍ਹਾਂ ਦੀ ਕਿਰਪਾ ਨਾਲ ਹੁਣ ਅਸਾਨੂੰ ਸਨਮਾਨ ਮਿਲਿਆ ਸੀ। ਪਰ ਅਸਾਂ ਨੇ ਇਨ੍ਹਾਂ ਦਾ ਕਦਰ ਨਹੀਂ ਪਾਇਆ, ਬਲਕਿ ਇਹ ਅਸਾਡੇ ਘਰ ਚਲ ਕੇ ਆਏ ਸਨ ਅਸਾਂ ਨੇ ਫਿਰ ਭੀ ਮਾਫੀ ਨਾ ਮੰਗੀ। ਹੁਣ ਕਿਸ ਨੂੰ ਆਖੀਏ ਜੇਹੜਾ ਕੋਈ ਸਿੱਖ ਸਾਡੀ ਸਿਫ਼ਾਰਿਸ਼ ਕਰਕੇ ਅਸਾਨੂੰ ਬਖਸ਼ਾ ਦੇਵੇ।

ਸੋਚਦਿਆਂ ਨੂੰ ਇਹ ਗੱਲ ਫੁਰੀ ਕਿ ਲਾਹੌਰ ਸ਼ਹਿਰ ਭਾਈ ਲੱਧੇ ਪਾਸ ਜਾ ਕੇ ਬੇਨਤੀ ਕਰੀਏ, ਸ਼ਾਇਦ ਅਸਾਡੇ ਉੱਪਰ ਤਰਸ ਕਰਕੇ ਓਹੋ ਹੀ ਅਸਾਡੀ ਬਹੁੜੀ ਕਰੇ ਕਿਉਂਕਿ ਉਹ ਪਰਉਪਕਾਰੀ ਹੈ।

(ਇਨ੍ਹਾਂ ਨੇ ਕਈ ਵਾਰੀ ਭਾਈ ਗੁਰਦਾਸ ਜੀ ਤੇ ਹੋਰ ਸਿੱਖਾਂ ਤੋਂ ਭਾਈ ਲੱਧੇ ਦੀ ਸਿਫਤ ਸੁਣੀ ਹੋਈ ਸੀ।)

ਇਉਂ ਸੋਚ ਕੇ ਅਪਣੇ ਫਿੱਟੇ ਸਰੀਰ ਚਾਦਰੇ ਨਾਲ ਢਕ ਲਏ ਤੇ ਲਾਹੌਰ ਵੱਲ ਚਲ ਪਏ। ਅਰ ਇੱਕ ਦੋ ਦਿਨਾਂ ਵਿਚ ਲਾਹੌਰ ਸ਼ਹਿਰ ਜਾ ਪੁੱਜੇ। ਭਾਈ ਲੱਧੇ ਦਾ ਘਰ ਪੁੱਛ ਕੇ ਬੂਹੇ ਅਗੇ ਆ ਖੜ੍ਹੇ ਹੋਏ। ਜਿਸ ਵੇਲੇ ਭਾਈ ਲੱਧੇ ਨੂੰ ਪਤਾ ਲਗਿਆ ਕਿ ਇਹ ਸਤਿਗੁਰਾਂ ਦੇ ਫਿਟਕਾਰੇ (ਗੁਰ-ਨਿੰਦਕ) ਡੂਮ ਆਏ ਹਨ ਤਾਂ ਬੂਹਾ ਬੰਦ ਕਰ ਲਿਆ।

ਫੇਰ ਤਾਂ ਇਨ੍ਹਾਂ ਦੇ ਮਨ ਦੀ ਰਹਿੰਦੀ ਖੂੰਹਦੀ ਧੀਰਜ ਵੀ ਟੁੱਟ ਗਈ। ਪਰ ਉਸੇ ਜਗ੍ਹਾ (ਬੂਹਾ ਮੱਲ ਕੇ) ਬੈਠ ਗਏ ਤੇ ਬੇਨਤੀਆਂ ਕਰਨ ਲੱਗ ਪਏ-

ਭਾਈ ਸਾਹਿਬ ਜੀ ! ਬੂਹਾ ਖੋਲ੍ਹੋ, ਅਸੀਂ ਤਾਂ ਤੁੰਹਾਡੀ ਸਿਫਤ ਸੁਣ ਕੇ ਆਏ ਹਾਂ, ਏਥੋਂ ਵਾਪਸ ਨਹੀਂ ਮੁੜਾਂਗੇ ਜਾਂ ਅਸਾਨੂੰ ਹੁਣ ਸਤਿਗੁਰਾਂ ਪਾਸੋਂ ਬਖਸ਼ਾ ਦਿਓ, ਨਹੀਂ ਤਾਂ ਇਸੇ ਹੀ ਜਗ੍ਹਾ ਆਪਣੇ ਪ੍ਰਾਣ ਤਿਆਗ ਦਿਆਂਗੇ।

ਪਹੁੰਚੇ ਲੱਧੇ ਕੇ ਸਦਨ ਕਿਨ ਜਾਇ ਸੁਨਾਵਾ।
'ਸੱਤੇ ਜੁਤ ਬਲਵੰਡ ਜੋ, ਤੇਰੇ ਗ੍ਰਿਹ ਆਵਾ।'
ਦੌਰਿ ਪੌਰ ਪਟ ਭੇਰਿ ਕੈ ਅੰਤਰ ਹੋਇ ਬੈਸਾ।
ਫਿਟਕੇ ਸ਼੍ਰੀ ਅਰਜਨ ਗੁਰੂ ਦੁਖ ਬਾਢਜੋ ਤੈਸਾ॥ ੩੩॥
ਪੌਰ ਖਰੇ ਹੁਇ ਕੌਰ ਲਗਿ ਬਹੁ ਬਿਨੈ ਬਖਾਨੀ।
'ਤ੍ਰਾਹਿ ਤ੍ਰਾਹਿ ਸ਼ਰਨੀ ਪਰੇ ਸੁਨਿ ਸਿਫਤ ਮਹਾਨੀ।
ਗੁਰ ਸਿੱਖਜਨਿ ਮਹਿਂ ਨਾਮ ਤੁਵ, ਕਹਿਂ ਪਰਉਪਕਾਰੀ।
ਕਰਿ ਸਹਾਇਤਾ ਦੀਨ ਲਖਿ ਕਟਿ ਬ੍ਰਿਥਾ ਹਮਾਰੀ॥ ੩੪॥
ਲਾਜ ਨਾਮ ਕੀ ਰਾਖੀਏ ਅਰਦਾਸ ਸੁਨੀਜੈ।

ਏਕ ਬਾਰ ਸ਼੍ਰੀ ਗੁਰ ਨਿਕਟਿ ਹਮਰੀ ਸੁਧਿ ਦੀਜੈ।
ਆਨ ਥਾਨ ਤੁਝ ਬਿਨਾ ਨਹਿੰ, ਜਿਸ ਕੇ ਢਿਗ ਜਾਵੈਂ।
ਦਰ ਤੇਰੇ ਹਮ ਪਰ ਰਹੇ ਕਰਿ ਜਜੋਂ ਉਰ ਭਾਵੈ॥ ੩੫॥
ਮਾਰਹੁ ਕਿਧੌਂ ਜਿਵਾਇ ਦਿਹੁ ਹਮ ਤੋਹਿ ਅਧੀਨਾ।
ਘਰ ਨਿਕਸੇ ਤਕ ਸ਼ਰਨ ਤੁਵ ਕੀਜਹਿ ਦੁਖ ਹੀਨਾ।

ਜਦ ਇਨ੍ਹਾਂ ਦੋਹਾਂ ਭਰਾਵਾਂ ਨੇ ਭਾਈ ਲੱਧੇ ਪਾਸ ਇਸ ਪ੍ਰਕਾਰ ਬੇਨਤੀ ਕੀਤੀ ਤਾਂ ਭਾਈ ਲੱਧੇ ਦਾ ਮਨ ਪ੍ਰਸੰਨਤਾ ਵਿਚ ਆ ਗਿਆ ਅਤੇ ਚਿੱਤ ਵਿਚ ਸੋਚਦਾ ਹੈ, ਜੇ ਮੈਂ ਪਰਉਪਕਾਰ ਵਾਲਾ ਕੰਮ ਕਰਦਾ ਹਾਂ, ਤਾਂ ਹੀ ਇਹ ਮੇਰੇ ਪਾਸ ਆਏ ਹਨ।

ਜੇ ਹੁਣ ਇਨ੍ਹਾਂ 'ਤੇ ਪਰਉਪਕਾਰ ਨਾ ਕਰਾਂ ਤਾਂ ਮੈਨੂੰ ਕਿਸੇ ਨੇ ਪਰਉਪਕਾਰੀ ਨਹੀਂ ਕਹਿਣਾ। ਇਸ ਤੇ ਇਨ੍ਹਾਂ ਉੱਤੇ ਭੀ ਪਰਉਪਕਾਰ ਕਰਨਾ ਚਾਹੀਦਾ ਹੈ। ਇਉਂ ਵਿਚਾਰ ਕੇ ਬੂਹਾ ਖੋਲ੍ਹ ਦਿੱਤਾ। ਅੰਦਰ ਬੁਲਾਏ ਆਦਰ ਕੀਤਾ, ਜਲ ਪਾਣੀ ਛਕਾ ਕੇ ਸਾਰੀ ਗੱਲ ਪੁੱਛੀ ਕਿ, ਗੁਰੂ ਪਿਆਰਿਓ ! ਕੀ ਗੱਲ ਹੈ?

ਇਨ੍ਹਾਂ ਨੇ ਆਪਣੀ ਹੱਡ ਬੀਤੀ ਸਾਰੀ ਗੱਲ ਸੁਣ ਕੇ ਇਹ ਭੀ ਦੱਸੀ, ਕਿ ਗੁਰਾਂ ਨੇ ਕਿਹਾ ਹੈ ਇਨ੍ਹਾਂ ਡੂੰਮਾਂ ਨੂੰ ਬਖਸ਼ਾਣ ਵਾਸਤੇ ਜੇਹੜਾ ਭੀ ਅਸਾਡੇ ਪਾਸ ਆ ਕੇ ਇਨ੍ਹਾਂ ਦੀ ਸਿਫਾਰਿਸ਼ ਕਰੇਗਾ ਉਸ ਦਾ ਸਿਰ ਮੁੰਨ ਕੇ ਮੂੰਹ ਕਾਲਾ ਕਰਕੇ ਗਧੇ ਉਪੱਰ ਚੜ੍ਹਾ ਕੇ ਗਲੀ ਗਲੀ ਵਿਚ ਫੇਰਾਂਗੇ।

ਇਹ ਗੱਲ ਸੁਣ ਕੇ ਭਾਈ ਲੱਧਾ ਜੀ ਬੜੇ ਹੀ ਪ੍ਰਸੰਨ ਹੋਏ ਕਿ ਇਹ ਤਾਂ ਮਾਮੂਲੀ ਗੱਲ ਹੈ। ਉਸੇ ਵੇਲੇ ਸਿਰ ਮੁੰਨਵਾ ਕੇ, ਮੂੰਹ ਕਾਲਾ ਕਰਕੇ, ਘੁਮਿਆਰਾਂ ਦਾ ਖੋਤਾ ਭਾੜੇ ਕਰਕੇ ਉੱਪਰ ਚੜ੍ਹ ਬੈਠੇ। ਅੱਗੇ ਅੱਗੇ ਢੋਲ ਵਾਲਾ ਲਾ ਲਿਆ, ਮਗਰ ਖੋਤੇ 'ਤੇ ਬੈਠੇ ਭਾਈ ਲੱਧਾ ਜੀ ਜਾ ਰਹੇ ਹਨ। ਨਾਲ ਸ਼ਹਿਰ ਦੇ ਬੱਚੇ ਤੇ ਹੋਰ ਤਮਾਸ਼ਬੀਨ ਹਨ। ਪਹਿਲਾਂ ਸਾਰੇ ਲਾਹੌਰ ਸ਼ਹਿਰ ਵਿਚ ਫਿਰੇ, ਫੇਰ ਅੰਮ੍ਰਿਤਸਰ ਨੂੰ ਆਏ ਸਾਰੇ ਸ਼ਹਿਰ ਦੇ ਬਾਜ਼ਾਰਾਂ ਤੇ ਗਲੀਆਂ ਵਿਚ ਫਿਰ ਕੇ ਜਦੋਂ ਆਪ ਬਾਬੇ ਅੱਟਲ ਸਾਹਿਬ ਜੀ ਵਲੋਂ ਮੰਜੀ ਸਾਹਿਬ ਨੂੰ ਆਏ ਤਾਂ ਅੰਤਰਜਾਮੀ ਸਤਿਗੁਰੂ ਜੀ. ਅਠਸਠ ਘਾਟ ਉੱਪਰ ਸਜੇ, ਸੰਗਤਾਂ ਨੂੰ ਦਰਸ਼ਨ ਬਖਸ਼ ਰਹੇ ਸਨ।

ਪੁੱਛਿਆ, ਪ੍ਰੇਮੀਓ ! ਕੀ ਗੱਲ ਹੈ? ਬੜਾ ਰੋਲਾ ਪੈਂਦਾ ਤੇ ਢੋਲ ਵੱਜ ਰਿਹਾ ਹੈ ਤਾਂ ਸਿੱਖਾਂ ਨੇ ਸਾਰੀ ਵਾਰਤਾ ਦੱਸੀ, ਮਹਾਰਾਜ ! ਆਪ ਜੀ ਦੇ ਹੁਕਮ ਦੀ ਪਾਲਣਾ ਕਰਕੇ "ਭਾਈ ਲੱਧਾ" ਗੁਰ ਨਿੰਦਕ ਡੂਮਾਂ ਨੂੰ ਬਖਸ਼ਾਉਣ ਵਾਸਤੇ ਆ ਰਿਹਾ ਹੈ। ਇਤਨੇ ਨੂੰ ਖੋਤੇ ਤੋਂ ਉਤਰ ਕੇ ਉਸੇ ਤਰ੍ਹਾਂ ਦੇ ਰੂਪ ਵਿਚ ਭਾਈ ਲੱਧਾ ਜੀ ਗੁਰੂ ਜੀ ਦੇ ਪਾਸ ਚਲੇ ਗਏ। ਦੂਰੋਂ ਹੀ ਮੱਥਾ ਟੇਕਿਆ ਤੇ ਹੱਥ ਜੋੜ ਕੇ ਕਿਹਾ-

ਮਹਾਰਾਜ ! ਹਜ਼ੂਰ ਦਾ ਕੋਈ ਹੋਰ ਹੁਕਮ ਹੋਵੇ ਤਾਂ ਦੱਸੋ, ਪਹਿਲਾਂ ਉਹ ਪੂਰਾ ਕਰਾਂ। ਫੇਰ ਮੈਂ ਇਨ੍ਹਾਂ ਲਈ ਬੇਨਤੀ ਕਰਾਂਗਾ।

ਜਿਸ ਵੇਲੇ ਸਤਿਗੁਰੂ ਜੀ ਨੇ ਪਿਆਰੇ ਸਿੱਖ ਨੂੰ ਪਰਉਪਕਾਰ ਵਾਸਤੇ ਇਸ ਰੂਪ ਵਿਚ ਤੱਕਿਆ ਤਾਂ ਨੇਤ੍ਰਾਂ ਵਿਚ ਜਲ ਆ ਗਿਆ ਅਤੇ ਕਿਹਾ ਭਾਈ ਲੱਧਾ ਤੂੰ ਉਂਵ ਹੀ ਆ ਕੇ ਇਨ੍ਹਾਂ ਲਈ ਆਖਦਾ ਤਾਂ ਤੇਰਾ ਬਚਨ ਮੰਨ ਕੇ ਬਖਸ਼ ਦੇਣਾ ਸੀ। *ਯਥਾ-*

ਸ਼੍ਰੀ ਅਰਜਨ ਅਵਲੋਕਨਿ ਕੀਨਸਿ ਲੋਚਨ ਜਲ ਪੂਰਨ ਹੋਇ ਆਇ।
ਗੁਰ ਮਾਰੇ ਕਉ ਸਿੱਖਜ ਬਚਾਵਹਿੰ, ਸਿਖ ਮਾਰਹਿ ਤਿਸ ਨਹਿੰ ਕਿਤ ਥਾਇਂ।

ਫੇਰ ਸਿੱਖਾਂ ਨੂੰ ਭੇਜ ਕੇ ਭਾਈ ਲੱਧੇ ਨੂੰ ਇਸ਼ਨਾਨ ਕਰਾ ਕੇ ਪਾਸ ਬੁਲਾਇਆ।

ਭਾਈ ਲੱਧੇ ਨੇ ਜਾ ਕੇ ਮੱਥਾ ਟੇਕਿਆ ਅਤੇ ਹਜ਼ੂਰ ਪਾਸ ਬਖਸ਼ੌਣ ਵਾਸਤੇ ਡੂਮਾਂ ਦੀ ਬੇਨਤੀ ਕੀਤੀ, ਗੁਰੂ ਜੀ ਨੇ ਕਿਹਾ, ਹੇ ਭਾਈ ਲੱਧਾ ਜੀ ! ਜਿਸ ਤਰ੍ਹਾਂ ਦੇ ਬਚਨ ਇਨ੍ਹਾਂ ਨੇ ਉਚਾਰੇ ਹਨ, ਉਸ ਤਰ੍ਹਾਂ ਤਾਂ ਇਹ ਬਖਸ਼ੇ ਨਹੀਂ ਜਾਣੇ ਸਨ। ਪਰ ਤੇਰਾ ਬਚਨ ਅਮੋੜ ਹੈ ਤੇਰੇ ਕਹੇ ਬਖਸ਼ ਦੇਂਦੇ ਹਾਂ ਪਰ ਜਿਸ ਮੂੰਹ ਨਾਲ ਇਨ੍ਹਾਂ ਨੇ ਸਤਿਗੁਰਾਂ ਦੀ ਨਿੰਦਿਆ ਕੀਤੀ ਹੈ, ਓਸੇ ਮੂੰਹ ਨਾਲ ਗੁਰਾਂ ਦੀ ਉਸਤਤ ਕਰਨ ਤਾਂ ਬਖਸ਼ੇ ਜਾਣਗੇ।

ਇਹ ਗੱਲ ਸੁਣ ਕੇ ਭਾਈ ਲੱਧੇ ਨੇ ਉਨ੍ਹਾਂ ਡੂਮਾ ਨੂੰ ਕਿਹਾ, ਜਾਓ ! ਪਹਿਲਾਂ ਦੁਖ ਭੰਜਨੀ ਸਾਹਿਬ ਵਾਲੀ ਜਗ੍ਹਾ 'ਤੇ ਇਸ਼ਨਾਨ ਕਰੋ ਫੇਰ ਆ ਕੇ ਸਤਿਗੁਰਾਂ ਦਾ ਜਸ ਕਰੋ।

ਇਹ ਗੱਲ ਸੁਣ ਕੇ ਦੋਵੇਂ ਭਰਾ ਬੜੇ ਪ੍ਰਸੰਨ ਹੋਏ। ਜਦੋਂ ਇਸ਼ਨਾਨ ਕਰਕੇ ਆਏ ਤਾਂ ਇਨ੍ਹਾਂ ਦੀ ਜ਼ਬਾਨ ਨਾ ਚੱਲੀ ਗੁਰ-ਨਿੰਦਿਆ ਕਰਕੇ ਪੱਕ ਗਈ ਸੀ। ਤਦੋਂ ਸਤਿਗੁਰਾਂ ਨੇ ਆਪਣੇ ਕਰ ਕਮਲਾਂ ਨਾਲ ਇਨ੍ਹਾਂ ਦੀ ਜੀਭ 'ਤੇ ਕਲਮ ਫੇਰੀ ਤਾਂ ਜ਼ਬਾਨ ਖੁਲ੍ਹ ਗਈ।

ਉਸੀ ਵੇਲੇ ਇਨ੍ਹਾਂ ਨੇ ਚਾਰ ਪਉੜੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਇਕੱਠੀ ਸਿਫਤ, ਤੇ ਪੰਜਵੀਂ ਪਉੜੀ ਵਿਚ ਕੇਵਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਿਫਤ ਕੀਤੀ। ਛੇਵੀਂ ਪਉੜੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫਤ ਕੀਤੀ, ਸੱਤਵੀ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਉਸਤਤ ਅਤੇ ਅੱਠਵੀਂ ਪਉੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਉਸਤਤੀ ਉਚਾਰ ਕੇ ਚਰਨਾਂ ਉਪਰ ਡਿਗ ਕੇ ਮੁਆਫੀ ਮੰਗ ਕੇ ਫੇਰ ਕੀਰਤਨ ਕਰਨ ਦੇ ਅਧਿਕਾਰੀ ਬਣੇ।

(ਇਹ ਸਾਰਾ ਪ੍ਰਸੰਗ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਰਾਸਿ ੩, ਧਿਆਇ ੪੩ ਤੋਂ ੪੫ ਤੱਕ ਕਥਨ ਕੀਤਾ ਹੈ।)

ਰਾਮਕਲੀ ਕੀ ਵਾਰ
ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ
੧ੴ ਸਤਿਗੁਰ ਪ੍ਰਸਾਦਿ॥

ਰਾਮਕਲੀ ਦੀ ਤੀਜੀ ਵਾਰ ਰਾਇ ਬਲਵੰਡ ਨੇ ਜਿਵੇਂ ਆਖੀ ਹੈ,

ਤਥਾ=ਤੈਸੇ ਹੀ ਸੱਤੇ ਡੂਮ ਨੇ ਕਥਨ ਕੀਤੀ ਹੈ।

'ਰਾਇ' ਇਨ੍ਹਾਂ ਨੂੰ ਇੱਕ ਖ਼ਤਾਬ ਮਿਲਿਆ ਹੋਇਆ ਸੀ। ਜਾਤੀ ਦੇ ਇਹ ਦੋਨੋਂ ਡੂਮ (ਭਾਵ, ਮਿਰਾਸੀ) ਸਨ। ਬਲਵੰਡ ਤੇ ਸੱਤਾ ਇਹ ਦੋਨੋਂ ਭਰਾ ਸਨ, ਦੋਹਾਂ ਨੇ ਰਲ ਕੇ ਇਸ ਵਾਰ ਵਿਚ ਗੁਰੂ ਸਾਹਿਬਾਂ ਦੀ ਉਸਤਤੀ ਕਥਨ ਕੀਤੀ ਹੈ।

(ਪਹਿਲੇ ਚਾਰ ਤੁਕਾਂ ਦਾ ਅਰਥ ਦੂਜੀ ਪਉੜੀ ਚੋਂ ਕਰਨਾ ਹੈ)

ਅੰਨਵੇਂ ਤੁਕਾਂ ਵੱਲ ਖਿਆਲ ਰੱਖਣਾ-

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

ਹੇ ਸੱਚੇ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ! ਆਪ ਜੀ ਦੇ ਦਰਸ਼ਨ ਕੀਤਿਆਂ ਜਨਮਾਂ ਜਨਮਾਂਤਰਾਂ ਦੀ ਪਾਪਾਂ ਰੂਪੀ ਮੈਲ ਕੱਟੀ ਜਾਂਦੀ ਹੈ।

ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥

ਹੇ ਸਤਿਗੁਰੋ ! ਜੋ ਕੁਛ ਆਪ ਜੀ ਨੇ ਫੁਰਮਾਇਆ ਸੀ (ਕਿ ਇੱਕ ਸੌ ਰੁਪਏ ਵਿੱਚ ਹੀ ਗੁਜ਼ਾਰਾ ਕਰ ਲਵੋ) ਉਹ ਸੱਚ ਸੀ, ਅਸੀਂ ਇਨ੍ਹਾਂ ਬਚਨਾਂ ਤੋਂ ਕਿਉਂ ਹਟ ਗਏ।

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ॥

ਅਸਾਡੀ ਛੋਟੀ ਭੈਣ ਜੋ ਪੁਤ੍ਰੀ ਤੁੱਲ ਹੈ, ਉਸ ਦੇ ਨਿਕਾਹ (ਵਿਆਹ) ਵਾਸਤੇ ਅਸਾਂ ਨੇ ਆਪ ਜੀ ਦੇ ਕਉਲੁ=ਬਚਨ ਨੂੰ ਨਾ ਮੰਨਿਆਂ, ਇਸੀ 'ਤੇ ਆਪ ਜੀ ਨੇ ਕੰਨ ਮੁਰਟੀਐ=ਮੋਢਾ ਮੋੜ ਕੇ ਅਰਥਾਤ ਸਰਾਪ ਦੇ ਕੇ ਅਸਾਨੂੰ ਪੀਰਹੁ ਵਾਲੇ ਕਰਿ=ਪੀੜਤ ਕਰ ਦਿੱਤਾ।

ਦਿਲਿ ਖੋਟੈ ਆਕੀ ਫਿਰਨਿ੍ ਬੰਨਿ੍ ਭਾਰੁ ਉਚਾਇਨਿ੍ ਛਟੀਐ॥

ਅਸੀਂ ਦਿਲ ਦੇ ਖੋਟੇ ਇਸ ਤਰ੍ਹਾਂ ਆਕੜੇ ਫਿਰਦੇ ਰਹੇ,

ਕਿ ਹੰਕਾਰ ਰੂਪੀ ਛੱਟ ਦੇ ਭਾਰ ਨੂੰ ਬੰਨ੍ਹ ਕੇ ਚੁੱਕੀ ਫਿਰਦੇ ਰਹੇ, ਕਿ ਗੁਰੂ ਬਨਾਉਣਾ ਅਸਾਡੇ ਇਖ਼ਤਿਆਰ ਹੈ। ਜਿਸ ਸੋਢੀ ਦੇ ਅੱਗੇ ਕੀਰਤਨ ਕਰਾਂਗੇ ਓਸੇ ਨੂੰ ਗੁਰੂ ਬਣਾ ਲੇਵਾਂਗੇ, ਸੋ ਇਤਿਆਦਿਕ ਪਿਛਲੀਆਂ ਭੁੱਲਾਂ ਮਾਫ ਕਰੋ ਤੇ ਅੱਗੋਂ ਸੁਮਤੀ ਬਖਸ਼ੋ।

ਗੁਰੂ ਸਾਹਿਬ ਜੀ ਨੇ ਕਿਹਾ, ਜਿਸ ਜੀਭਾ ਨਾਲ ਤੁਸਾਂ ਨੇ ਗੁਰੂ ਘਰ ਦੀ ਨਿੰਦਿਆ ਕੀਤੀ ਹੈ, ਓਸੇ ਨਾਲ ਉਸਤਤੀ ਕਰੋ।

ਡੂਮਾਂ ਨੇ ਕਿਹਾ, ਹੁਣ ਅਸਾਡੀ ਜ਼ਬਾਨ ਵਿਚ ਕੋਈ ਤਾਕਤ ਨਹੀਂ। ਆਪ ਕਿਰਪਾ ਕਰੋ ਤਾਂ ਭਾਵੇਂ ਹੋ ਜਾਵੇ। ਉਸ ਵੇਲੇ ਗੁਰੂ ਜੀ ਨੇ ਕਲਮ ਲੈ ਕੇ ਉਨ੍ਹਾਂ ਡੂਮਾਂ ਦੀ ਜੀਭ 'ਤੇ ਜਿਸ ਵੇਲੇ ਫੇਰੀ ਤਦ ਉਨ੍ਹਾਂ ਨੇ ਅੱਠ ਪਉੜੀਆਂ ਵਿਚ ਗੁਰੂ ਸਾਹਿਬਾਂ ਦੀ ਉਸਤਤੀ ਕੀਤੀ।

ਪਹਿਲੀਆਂ ਚਾਰ ਪੌੜੀਆਂ ਵਿਚ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਰਲਵੀਂ ਸਿਫਤ ਕੀਤੀ, ਪੰਜਵੀਂ ਪਉੜੀ ਵਿਚ ਕੇਵਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਿਫਤ ਕੀਤੀ। ਛੇਵੀਂ ਪਉੜੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫਤ ਕੀਤੀ। ਸੱਤਵੀਂ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਸਿਫਤ ਕੀਤੀ। ਅੱਠਵੀਂ ਪਉੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤੀ ਦੇ ਵਾਕ ਕਹੇ ਹਨ। ਹੁਣ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਚਾਰ ਪਉੜੀਆਂ ਵਿਚ ਕਥਨ ਕਰਦੇ ਹਨ।

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ॥

ਕਰਤਾ ਪੁਰਖ ਜੋ ਕਾਦਰੁ=ਸਮਰੱਥ ਹੈ, ਉਹ ਜਿਸ ਦੇ ਨਾਂ ਨੂੰ ਆਪਣੇ ਕਾਦਰੁ=ਤੁਲ ਕਰਦਾ ਹੈ* ਉਨ੍ਹਾਂ ਦੇ ਜੋ ਬੋਲ ਹੁੰਦੇ ਹਨ, ਉਹ ਕੈਸੇ ਜੋਖੀਵਦੈ=ਜੋਖੇ ਜਾਣ, ਅਰਥਾਤ ਤੋਲੇ ਜਾਵਣ। *ਅਥਵਾ:-* ਆਪਣੇ ਬੋਲਾਂ ਕਰਕੇ ਉਹ ਕੈਸੇ ਜੋਖੇ=ਜਾਣ,

ਵਾ:- ਉਨ੍ਹਾਂ ਦੇ ਬੋਲ ਕਿਸ ਤਰ੍ਹਾਂ ਜੋਖੀਵਦੈ=ਸਹਾਰੇ ਜਾਣ। ਸਹਾਰਨੇ ਬਹੁਤ ਔਖੇ ਹਨ। ਜਿਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਜੀ ਨੂੰ ਕਿਹਾ, ਖਾਹ ਮੁਰਦਾ ! ਦੱਸੋ ਸਿਦਕੀ ਤੋਂ ਬਿਨਾਂ ਕੌਣ ਖਾ ਸਕਦਾ ਹੈ। ਕੋਈ ਇੱਕ ਅੱਧਾ ਹੀ ਗੁਰੂ ਕਾ ਲਾਲ ਨਿਕਲਦਾ ਹੈ, *ਵਾ:-* ਉਨ੍ਹਾਂ ਦੇ ਮੂੰਹ ਵਿਚੋਂ ਨਿਕਲੇ ਬੋਲ ਫਲ ਦਿੱਤੇ ਤੋਂ ਬਗੈਰ ਕਿਸ ਤਰ੍ਹਾਂ ਖੀਵਦੈ=ਨਾਸ ਹੋਣ।

ਅਰਥਾਤ, ਉਹ ਮੂੰਹ ਚੋਂ ਨਿਕਲੇ ਹੋਏ ਬਚਨ ਸਿੱਖਾਂ ਨੂੰ ਫਲ ਜ਼ਰੂਰ ਦੇਂਦੇ ਹਨ।

ਸਾਖੀ-ਹੋਲਾਂ ਖੁਆਣ ਵਾਲੇ ਲੜਕੇ ਦੀ

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਕਾਬਲ ਵਿਚ ਕਾਜ਼ੀ ਦੇ ਹੰਕਾਰ ਨੂੰ ਦੂਰ ਕਰਕੇ ਅੱਗੇ ਚਲੇ ਹਨ ਤਾਂ ਰਸਤੇ ਵਿਚ ਇੱਕ ਖੇਤ ਛੋਲਿਆ ਦਾ ਪੱਕਾ ਹੋਇਆ ਦੇਖ ਕੇ ਮਰਦਾਨੇ ਦਾ ਚਿੱਤ ਲਲਚਾ ਗਿਆ ਤੇ ਆਖਦਾ ਹੈ, ਹਜ਼ੂਰ ! ਆਪ ਆਗਿਆ ਦਿਓ ਤਾਂ ਕੁਝ-ਕੁ ਬੂਟੇ ਪੁੱਟ ਕੇ ਅੱਗ ਬਾਲ ਕੇ ਹੋਲਾਂ ਭੁੰਨਕੇ ਖਾ ਲਵਾ।

ਇਹ ਗੱਲ ਸੁਣ ਕੇ ਗੁਰੂ ਜੀ ਹੱਸ ਕੇ ਉਸ ਖੇਤ ਦੇ ਸਮੀਪ ਬੈਠ ਗਏ। ਇਤਨੇ ਨੂੰ ਉਸ ਖੇਤ ਦੇ ਰਖਵਾਲੇ ਨੇ ਜਦ ਗੁਰੂ ਜੀ ਦਾ ਦਰਸ਼ਨ ਪਾਇਆ ਤਾਂ ਉਸ ਦਾ ਹਿਰਦਾ ਨਿਰਮਲ ਹੋ ਗਿਆ ਤੇ ਕੁਝ-ਕੁ ਬੂਟੇ ਪੁੱਟ ਕੇ ਅੱਗ ਵਿਚ ਹੋਲਾਂ ਭੁੰਨ ਕੇ ਗੁਰੂ ਜੀ ਦੇ ਅੱਗੇ ਲਿਆ ਰੱਖੇ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, ਪ੍ਰੇਮ ਨਾਲ ਛਕ ਲੈ। ਗੁਰੂ ਜੀ ਦਾ ਹੁਕਮ ਮੰਨ ਕੇ ਭਾਈ ਮਰੇਦਾਨੇ ਨੇ ਹੋਲਾਂ ਛਕ ਕੇ ਆਪਣੀ ਭੁੱਖ ਮਿਟਾ ਲਈ।

ਬਾਲਕ ਨੇ ਵਿਚਾਰਿਆਂ ਇਹ ਸੰਤ ਭੁੱਖੇ ਜਾਪਦੇ ਹਨ, ਇਨ੍ਹਾਂ ਲਈ ਮੈਂ ਘਰੋਂ ਅੰਨ ਪਕਵਾ ਕੇ ਲਿਆਵਾਂ ਤੇ ਪ੍ਰੇਮ ਨਾਲ ਛਕਾਵਾਂ। ਇਹ ਸੰਕਲਪ ਕਰਕੇ ਜਦ ਬਾਲਕ ਉੱਠਿਆ ਤਾਂ ਹਜ਼ੂਰ ਨੇ ਕਿਹਾ, ਤੂੰ ਹੁਣੇ ਆਇਆ ਹੈਂ ਤੇ ਹੁਣ ਉੱਠਕੇ ਤੁਰ ਪਿਆ ਹੈਂ?

**ਇਹ ਇਸ਼ਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਹੈ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਉਸ ਨੇ ਆਪਣੇ ਤੁੱਲ ਕੀਤਾ ਹੋਇਆ ਹੈ, ਪ੍ਰਮੇਸ਼ਰ ਦਾ ਨਾਮ ਤੇ ਸ੍ਰੀ ਨਾਨਕ ਦੇਵ ਜੀ ਦਾ ਨਾਂ ਇਹ ਦੋਨੋਂ ਨਾਮ ਇੱਕੋ ਜੇਹੇ ਹਨ, ਪ੍ਰਮੇਸ਼ਰ ਦੇ ਨਾਮ ਜਪਣੇ ਦਾ ਜੋ ਫਲ ਹੈ, ਓਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਜਪਣ ਦਾ ਫਲ ਹੈ।*

ਯਥਾ- ਅਨਿਕ ਰਹਿਤ ਪ੍ਰਮਾਤਮ ਜੋਈ॥ ਨਾਨਕ ਨਾਮ ਕਹਾਵੈ ਸੋਈ॥

www.sikhbookclub.com

ਤਾਂ ਬਾਲਕ ਨੇ ਕਿਹਾ- ਆਪ ਜੀ ਵਾਸਤੇ ਭੋਜਨ ਤੇ ਕੱਪੜਾ ਲੈਣ ਚਲਿਆ ਹਾਂ।

ਇਹ ਗੱਲ ਸੁਣ ਕੇ ਹਜੂਰ ਨੇ ਕਿਹਾ, ਅਸਾਨੂੰ ਭੋਜਨ ਤੇ ਕੱਪੜੇ ਦੀ ਕੋਈ ਲੋੜ ਨਹੀਂ, ਆਪਾਂ ਤਾਂ ਪ੍ਰੇਮ ਦੇ ਭੁੱਖੇ ਹਾਂ, ਤੇਰੇ ਪ੍ਰੇਮ ਨੂੰ ਵੇਖ ਕੇ ਬੜੇ ਪ੍ਰਸੰਨ ਹਾਂ। ਇਹ ਗੱਲ,ਆਖ ਕੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ--

ਸਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ। ਨਾਨਕ ਸਿਫਤੀ ਗੰਜਿਆ ਆਉ ਬਹੌ ਸੁਲਤਾਨ।

ਇਤਨੇ ਵਿਚ ਉਸ ਨੂੰ ਪਾਤਿਸ਼ਾਹੀ ਬਖਸ਼ ਕੇ ਆਪ ਚਲੇ ਗਏ 'ਤੇ ਓਸੇ ਦਿਨ ਉਸ ਨਗਰੀ ਦਾ ਰਾਜਾ ਮਰ ਗਿਆ, ਉਸ ਦੇ ਘਰ ਸੰਤਾਨ ਕੋਈ ਨਹੀਂ ਸੀ। ਰਾਜੇ ਦੇ ਮਰਨ 'ਤੇ ਸਾਰਾ ਨਗਰ ਵਿਆਕੁਲ ਹੋ ਗਿਆ। ਸਾਰਿਆਂ ਨੇ ਇਕੱਠੇ ਹੋ ਕੇ ਵਿਚਾਰਿਆ ਹੁਣ ਰਾਜ ਗੱਦੀ ਉੱਪਰ ਕਿਸ ਨੂੰ ਬਿਠਾਈਏ। ਮੰਤ੍ਰੀਆਂ ਨੇ ਕਿਹਾ, ਜੇਕਰ ਅਸੀਂ ਰਾਜ ਗੱਦੀ ਉੱਪਰ ਬੈਠਦੇ ਹਾਂ ਤਾਂ ਨਰਕਾਂ ਦੇ ਅਧਿਕਾਰੀ ਬਣਾਂਗੇ ਕਿਉਂਕਿ ਸ਼ਾਸਤ੍ਰ ਵਿਚ ਮੰਤ੍ਰੀ ਦਾ ਰਾਜ ਗੱਦੀ ਉੱਪਰ ਬੈਠਣਾ ਵਿਵਰਜਿਤ ਹੈ, ਤੇ ਰਾਜੇ ਦਾ ਨਾ ਕੋਈ ਪੁਤ੍ਰ ਹੈ ਤੇ ਨਾ ਹੀ ਕੋਈ ਭਰਾ ਹੈ। ਹੱਛਾ, ਜਿਸ ਨੂੰ ਕਰਤਾਰ ਦੇਵੇਗਾ ਓਸੇ ਨੂੰ ਬਿਠਾ ਦੇਵਾਂਗੇ। ਇਹ ਮਤਾ ਪਾਸ ਕਰਕੇ ਸ਼ਹਿਰ ਦੇ ਤਿੰਨ ਦਰਵਾਜ਼ੇ ਬੰਦ ਕਰ ਕੇ ਚੌਥੇ ਦਰਵਾਜੇ ਉੱਪਰ ਸਾਰੇ ਬੈਠ ਗਏ ਕਿ ਜੇਹੜਾ ਅੰਮ੍ਰਿਤ ਵੇਲੇ ਸਵੇਰ ਹੋਣ ਸਾਰ ਪਹਿਲੇ ਮਿਲੇਗਾ, ਉਸੇ ਨੂੰ ਰਾਜ ਗੱਦੀ 'ਤੇ ਬਿਠਾ ਦਿਆਂਗੇ। ਇਹ ਬਾਲਕਾ ਰਾਤ ਨੂੰ ਖੇਤ ਦੀ ਰਾਖੀ ਕਰਨ ਵਾਸਤੇ ਬਾਹਰ ਹੀ ਰਿਹਾ ਸੀ। ਜਦ ਸਵੇਰ ਸਾਰ ਸ਼ਹਿਰ ਅੰਦਰ ਆਉਣ ਲੱਗਾ ਤਾਂ ਉਨ੍ਹਾਂ ਨੇ ਫੜ ਕੇ ਰਾਜ ਮੰਦਰਾਂ ਵਿਚ ਲੈ ਆਂਦਾ। ਵਜ਼ੀਰਾਂ ਦੀ ਆਗਿਆ ਨਾਲ ਇਸ਼ਨਾਨ ਕਰਵਾ ਕੇ ਰਾਜਿਆਂ ਵਾਲੇ ਕੱਪੜੇ ਪਹਿਰਾਕੇ ਵਾਜਿਆਂ ਦੀ ਧੁਨ ਨਾਲ ਉਸ ਨੂੰ ਕਲਗੀ ਜਿਗ੍ਹਾ ਸਜਾ ਕੇ ਰਾਜ ਗੱਦੀ ਉੱਪਰ ਬਿਠਾ ਦਿੱਤਾ। ਓਸੇ ਤਰ੍ਹਾਂ ਸੋਹਣਾ ਕੰਮ ਚਲਣ ਲਗ ਪਿਆ ਪਰ ਸਭ ਮੇਹਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਹਨ, ਜਿਨ੍ਹਾਂ ਦੇ ਬਚਨਾਂ ਨਾਲ ਇਹ ਪਾਤਿਸ਼ਾਹ ਬਣ ਗਿਆ ਹੈ।

ਯਥਾ- *ਗੁਰ ਕੋ ਬਚਨ ਪਾਇ ਸੋ ਬਾਲਿਕ। ਪਾਤਿਸ਼ਾਹ ਹੋਇਓ ਤਤਕਾਲਿਕ॥ ੧੭॥*

(ਨਾਨਕ ਪ੍ਰਕਾਸ਼ ਉਤਰਾਰਧ ਧਿਆ ੧੫)

ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ॥

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਤ, ਸੰਤੋਖ ਆਦਿਕ ਦੇ ਗੁਨਾ=ਦੈਵੀ ਗੁਣ ਭਰਾ ਹਨ। ਕਰੁਣਾ, ਮੈਤ੍ਰੀ, ਮੁਦਤਾ ਆਦਿਕ ਭੈਣਾ ਹਨ ਅਤੇ ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੀਵਾਨ ਵਿਚ ਪਾਰੰਗਤਿ=ਕੇਵਲ ਮੁਕਤੀ ਦਾਨ ਦਾ ਪੜੀਵਦੈ=ਪੜੀ ਰਿਹਾ ਹੈ, (ਭਾਵ ਪੈ ਰਿਹਾ ਹੈ) ਵਾ- ਪ੍ਰਾਪਤ ਹੁੰਦਾ ਹੈ।

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥

ਤਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਗੱਦੀ ਰੂਪੀ ਰਾਜ ਨੂੰ ਚਲਾਇਆ ਹੈ ਅਤੇ ਸੱਚ ਰੂਪੀ ਕੋਟੁ=ਕਿਲ੍ਹੇ ਦੇ ਉਸਾਰਨੇ ਨੂੰ ਸਤਾਣੀ=ਸਹਤ ਬਲ ਦੇ ਭਗਤੀ ਰੂਪ ਕੰਧ, ਸ਼ਰਧਾ ਰੂਪੀ ਨੀਂਹ ਰੱਖ ਦਿੱਤੀ ਹੈ।

ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥

ਲਹਿਣੇ=ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਿਰ ਉੱਤੇ ਜਸ ਰੂਪੀ, ਵਾ:- ਗੁਰਿਆਈ ਗੱਦੀ ਰੂਪੀ ਛੱਤਰ ਧਾਰਿਆ ਹੈ, ਜੋ ਲਹਿਣਾ ਜੀ ਸਿਫਤੀ=ਪਰਮਾਤਮਾ ਦੇ ਨਾਮ ਰੂਪੀ ਅੰਮ੍ਰਿਤ ਨੂੰ ਪੀਵਦੈ=ਪੀਣਾ ਕਰਦੇ ਹਨ।

ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥

ਆਤਮ ਦੇਵ ਦੀ ਪ੍ਰਾਪਤੀ ਲਈ ਜੋ ਮਤਿ=ਸਿੱਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤੀ ਹੈ, ਏਹੋ ਇੱਕ ਢਾਲ ਦਿੱਤੀ ਹੈ ਜੀਅ ਵਿਚ ਜੋ ਜੋਰਿ=ਗਿਆਨ ਦਿੱਤਾ ਹੈ, ਏਹੀ ਪਰਾਕ੍ਰਿਇ=ਪ੍ਰਾਕ੍ਰਮ, ਅਰਥਾਤ ਬਲ ਵਾਲਾ ਖੜਗਿ=ਖੰਡਾ ਦਿੱਤਾ ਹੈ।

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਲਾਮਤਿ ਥੀਵਦੈ=ਇਸਥਿਤ ਹੁੰਦਿਆਂ ਗੁਰੂ ਅਤੇ ਚੇਲੇ ਵਾਲੀ ਰਹਰਾਸਿ ਕੀਈ=ਰਹੁ ਰੀਤੀ ਕੀਤੀ ਹੈ।

ਸਹਿ ਟਿਕਾ ਦਿਤੋਸੁ ਜੀਵਦੈ॥ ੧॥

ਸਹਿ=ਸ਼ਹਿਨਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਦੈ=ਜੀਉਂਦਿਆਂ ਹੀ ਗੁਰਿਆਈ ਗੱਦੀ ਦਾ ਤਿਲਕ ਲਹਿਣੇ ਜੀ ਨੂੰ ਦਿੱਤਾ ਹੈ॥ ੧॥

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫਿਰਾਈ ਹੋਈ ਲਹਿਣੇ ਜੀ ਦੀ ਦੋਹੀ=ਵਡਿਆਈ ਦੀ ਧੁੰਮ ਸਾਰੇ ਖਟੀਐ=ਮਿਲ ਰਹੀ ਹੈ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

ਜੋਤਿ ਓਹਾ=ਓਹੀ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਜੋਤ ਹੈ, ਕਥਾ, ਕੀਰਤਨ ਵਾਲੀ ਜੁਗਤੀ ਵੀ ਓਹੀ ਹੈ। ਸਹਿ=ਮਾਲਕ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਨੇ ਫਿਰ ਆਪਣੀ ਕਾਂਇਆ ਨੂੰ ਹੀ ਬਦਲਾ ਲਿਆ ਹੈ।

ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥

ਲਹਿਣਾ ਜੀ ਦੇ ਸਿਰ ਉੱਤੇ ਸੁੰਦਰ ਨਿਰੰਜਨੀ ਜਸ ਰੂਪੀ ਛੱਤਰ ਝੂਲ ਰਿਹਾ ਹੈ ਅਤੇ ਗੁਰਿਆਈ ਗੱਦੀ ਰੂਪੀ ਹਟ ਦੇ ਤਖਤ ਨੂੰ ਮੱਲ ਕੇ ਸਾਂਭੀ ਬੈਠੇ ਹਨ।

ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥

ਜੋ ਭੀ ਬਚਨ ਸ੍ਰੀ ਗੁਰੂ ਨਾਨਕ ਦੇਵ ਨੇ ਫੁਰਮਾਇਆ=ਉਚਾਰਨ ਕੀਤਾ ਹੈ,

ਉਸ ਦੇ ਪੂਰਿਆਂ ਕਰਨ ਵਿਚ ਜੋ ਆਪ ਜੋਗੁ=ਜੁੜੇ ਹੋ, ਇਹ ਇੱਕ ਅਲੂਣੀ ਸਿਲਾ ਦਾ ਚੱਟਣਾ ਕੀਤਾ ਹੈ, ਭਾਵ ਆਪ ਜੀ ਨੇ ਬੜੀ ਕਠਨ ਘਾਲਣਾ ਨੂੰ ਘਾਲਿਆ ਹੈ। *ਯਥਾ-*

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਫਤਾ ਸੁਣ-ਸੁਣ ਕੇ ਸੰਗਤਾਂ ਚਲੀਆਂ ਆਉਂਦੀਆਂ ਹੱਨ। ਇੱਕ ਸਮੇਂ ਸੰਗਤਾਂ ਬਹੁਤ ਆ ਗਈਆਂ ਕਈ ਹਜ਼ਾਰਾਂ ਤੋਂ ਭੀ ਗਿਣਤੀ ਟੱਪ ਗਈ। ਗੁਰੂ ਜੀ ਦਾ ਦਰਸ਼ਨ ਕਰਕੇ ਮਨ ਦੀਆਂ ਇੱਛਾ ਪੂਰਨ ਕਰਦੇ ਹਨ। ਜਦ ਰਾਤ ਹੋਈ ਤਾਂ ਸਭ ਸੰਗਤਾਂ ਸੌਂ ਗਈਆਂ ਪਰ ਉਸ ਰਾਤ ਨੂੰ ਬੜਾ ਮੀਂਹ ਪਿਆ, ਸਾਰਾ ਦਿਨ ਹੀ ਪੈਂਦਾ ਰਿਹਾ, ਬਲਕਿ ਦੋ ਤਿੰਨ ਦਿਨ ਮੀਂਹ ਹਟਿਆ ਹੀ ਨਹੀਂ। ਲੰਗਰ ਨਾ ਤਿਆਰ ਹੋਣ ਕਰਕੇ ਸੰਗਤਾਂ ਬਿਹਬਲ ਹੋ ਗਈਆਂ।

ਯਥਾ:- ਤਬ ਹੀ ਘਟਿ ਘੂਮਰ ਘਿਰ ਆਈ। ਬਰਖਤਿ ਜਲ ਕੀ ਛਹਿਬਰ ਲਾਈ।

ਬੀਤੀ ਨਿਸ ਪੁਨ ਭਾ ਭੁਨਸਾਰਾ। ਸਗਰੋ ਦਿਵਸ ਪਰਤਿ ਰਹਜੋ ਬਾਰਾ॥ ੧੧॥
ਬਹੁਰ ਨ ਹਟੀ ਬਿਤੇ ਦਿਨ ਦੋਊ। ਬਿਨ ਅਹਾਰ ਆਤੁਰ ਸਭਿ ਕੋਊ।
ਭੋਜਨ ਕਰਨ ਨਹੀਂ ਬਿਧਿ ਹੋਈ। ਭੂਖੀ ਬਹੁਤ ਭਈ ਸਭਿ ਲੋਈ॥ ੧੨॥

ਉਸ ਵੇਲੇ ਹਜੂਰ ਨੇ ਬਾਬਾ ਸ੍ਰੀ ਚੰਦ ਜੀ ਨੂੰ ਕਿਹਾ-

ਤਿੰਨ ਦਿਨ ਮੀਂਹ ਪੈਂਦਿਆਂ ਹੋ ਗਏ ਹਨ, ਸੰਗਤਾਂ ਭੁੱਖੀਆਂ ਹਨ, ਆਪ ਬਾਹਰ ਕਿੱਕਰਾਂ ਉੱਪਰ ਚੜ੍ਹ ਕੇ ਉਨ੍ਹਾਂ ਨੂੰ ਝੂਣੋ ਤੇ ਮਿਠਿਆਈ ਡਿਗੇਗੀ ਜਿਸ ਨੂੰ ਖਾ ਕੇ ਸੰਗਤਾਂ ਤ੍ਰਿਪਤ ਹੋਣਗੀਆਂ।

ਯਥਾ- ਸ੍ਰੀ ਚੰਦਹਿ ਕੋ ਆਇਸੁ ਕੀਨੰ। 'ਬਰਖਾ ਹੋਤਿ ਬਿਤੇ ਦਿਨ ਤੀਨੰ॥ ੧੫॥
ਭਈ ਛੁਧਾਤੁਰ ਸੰਗਤ ਭੂਰੀ। ਉਠਹੁ ਤਾਤ ਕੀਜੈ ਕ੍ਰਿਤ ਰੂਰੀ।
ਤਰੁ ਕਿੱਕਰ ਕੇ ਵਹਿਰ ਜੁ ਠਾਢੇ। ਚਢਿ ਊਪਰ ਝੂਣਹੁ ਗਹਿ ਗਾਢੇ॥ ੧੬॥
ਅਨਿਕ ਪ੍ਰਕਾਰ ਅਹਾਰੁ ਸੁ ਗਿਰਹੀ। ਸੰਗਤਿ ਖਾਇ ਛੁਧਾ ਕੋ ਹਰਿਹੀ।
ਬਹੁਰ ਜਬੈ ਬਰਖਾ ਹਟਿ ਜੈ ਹੈ। ਹੋਇ ਸੁਖੀ ਤਬਿ ਸਦਨ ਸਿੱਧੈ ਹੈ॥ ੧੭॥

ਇਹ ਗੱਲ ਸੁਣ ਕੇ ਬਾਬਾ ਸਿਰੀ ਚੰਦ ਜੀ ਨੇ ਕਿਹਾ- ਪਿਤਾ ਜੀ ! ਬ੍ਰਿਛਾਂ ਨਾਲ ਅੰਨ ਕਿਸ ਨੇ ਲਗਾਇਆ ਹੈ? ਨਾ ਕਿਸੀ ਨੇ ਵੇਖਿਆ ਹੈ, ਨਾ ਹੀ ਕਿਸੀ ਨੇ ਸੁਣਾਇਆ ਹੈ। ਅੱਜ ਦਿਨ ਤੋਂ ਪਹਿਲੇ ਇਹ ਗੱਲ ਕਦੇ ਹੋਈ ਨਹੀਂ, ਜਿਵੇਂ ਆਪ ਆਖਦੇ ਹੋ। ਬੜੇ ਬੜੇ ਸਿੱਧ ਮੁਨੀ ਅਵਤਾਰ ਹੋਏ ਹਨ, ਉਨ੍ਹਾਂ ਨੇ ਭੀ ਐਸਾ ਬਚਨ ਕਦੇ ਨਹੀਂ ਕਿਹਾ, ਜਿਵੇਂ ਆਪ ਉਲਟ ਬਚਨ ਕਹਿ ਰਹੇ ਹੋ। ਤੁਸੀਂ ਮੈਨੂੰ ਸਾਰਿਆਂ ਵਿਚ ਸ਼ਰਮਿੰਦਾ ਕਰਨਾ ਚਾਹੁੰਦੇ ਹੋ ਪਰ ਇਹ ਬਚਨ ਮੈਂ ਮੰਨਣ ਨੂੰ ਤਿਆਰ ਨਹੀਂ ਹਾਂ।

ਗਰੀਬ ਨਿਵਾਜ ਜੀ ਨੇ ਫਿਰ ਛੋਟੇ ਪੁੱਤਰ ਲਖਿਮੀ ਦਾਸ ਜੀ ਨੂੰ ਕਿਹਾ- ਹੇ ਪੁੱਤ੍ਰ ! ਤੂੰ ਬਾਹਰ ਜਾ ਕੇ ਬ੍ਰਿੱਛਾਂ ਨੂੰ ਝੂਣ ਤਾਂ ਕਿ ਸੰਗਤਾਂ ਭੋਜਨ ਖਾ ਕੇ ਤ੍ਰਿਪਤ ਹੋਣ। ਪਰੰਤੂ ਲਖਿਮੀ ਦਾਸ ਜੀ ਨੇ ਭੀ ਵੱਡੇ ਭਰਾ ਦੀ ਨਿਆਈਂ ਨਾਂਹ ਕਰ ਦਿੱਤੀ।

ਫਿਰ ਹਜੂਰ ਨੇ ਭਾਈ ਲਹਿਣੇ ਜੀ ਨੂੰ ਕਿਹਾ, ਤੂੰ ਅਸਾਡੀ ਆਗਿਆ ਮੰਨ ਕੇ ਬਾਹਰ ਜਾ ਤੇ ਬ੍ਰਿੱਛਾਂ ਦੀਆਂ ਟਾਹਣੀਆਂ ਉੱਪਰ ਚੜ੍ਹ ਕੇ ਉਨ੍ਹਾਂ ਨੂੰ ਝੂਣ ਕੇ ਸੰਗਤਾਂ ਨੂੰ ਰਜਾ ਲਿਆ।

ਲਹਿਣਾ ਜੀ ਸਤਿ ਬਚਨ ਕਹਿ ਕੇ ਸੰਗਤਾਂ ਨੂੰ ਨਾਲ ਲੈ ਕੇ ਤੁਰ ਪਏ। ਬਾਹਰ ਜਾ ਕੇ ਬਿਰਛ ਨੂੰ ਦੇਖ ਕੇ ਜਲਦੀ ਚੜ੍ਹ ਗਏ, ਜਿਸ ਵੇਲੇ ਜੋਰ ਨਾਲ ਟਾਹਣ ਨੂੰ ਹਿਲਾਇਆ ਤਾਂ ਲੱਡੂ, ਪੂੜੀਆਂ, ਪੂੜੇ ਵਗੈਰਾ ਨਾਨਾ ਪਰਕਾਰ ਦੇ ਭੋਜਨ ਧਰਤੀ ਉੱਪਰ ਡਿਗੇ, ਜਿਸ ਨੂੰ ਖਾ ਕੇ ਸੰਗਤਾਂ ਬਹੁਤ ਅਨੰਦ ਹੋਈਆਂ ਤੇ ਧੰਨ ਗੁਰੂ ਧੰਨ ਗੁਰੂ ਆਖਦੀਆਂ ਮੁੜ ਡੇਰੇ ਆ ਪਹੁੰਚੀਆਂ ਤੇ ਲਹਿਣਾ ਜੀ ਭੀ ਵਾਪਸ ਆ ਕੇ ਪਵਿੱਤ੍ਰ ਚਰਨਾਂ ਉੱਪਰ ਮੱਥਾ ਟੇਕ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਬੈਠ ਗਏ। *(ਨਾਨਕ ਪ੍ਰਕਾਸ਼ ਉਤ੍ਰਾਰਧ ਧਿਆ ੪੯)*

ਇਸ ਤੋਂ ਇਲਾਵਾ ਹੋਰ ਭੀ ਜੋ ਬਚਨ ਗੁਰੂ ਸਾਹਿਬ ਜੀ ਨੇ ਫੁਰਮਾਇਆ ਹੈ, ਉਸ ਨੂੰ ਬੜੇ ਪ੍ਰੇਮ ਨਾਲ ਮੰਨਣਾ ਕੀਤਾ ਹੈ।

ਇੱਕ ਰਾਤ ਗੁਰੂ ਸਾਹਿਬ ਜੀ ਦੇ ਪਾਸ ਬਾਬਾ ਬੁੱਢਾ ਜੀ ਤੇ ਭਾਈ ਲਹਿਣਾ ਜੀ ਸੇਵਾ ਲਈ ਹਾਜ਼ਰ ਸਨ। ਤਾਂ ਹਜ਼ੂਰ ਨੇ ਪ੍ਰੀਖਿਆ ਲਈ ਬਾਬਾ ਬੁੱਢਾ ਜੀ ਨੂੰ ਕਿਹਾ ਕਿ- ਬਾਹਰ ਜਾ ਕੇ ਦੇਖੋ ਕਿਤਨੀ ਰਾਤ ਬਾਕੀ ਰਹਿੰਦੀ ਹੈ, ਇਸ਼ਨਾਨ ਦਾ ਸਮਾਂ ਹੋ ਗਿਆ ਹੈ ਕਿ ਨਹੀਂ?

ਬਾਬਾ ਬੁੱਢਾ ਜੀ ਨੇ ਬਾਹਰ ਆ ਕੇ ਦੇਖਿਆ ਤਾਂ ਹਜ਼ੂਰ ਨੂੰ ਕਿਹਾ, ਅੱਧੀ ਰਾਤ ਗੁਜ਼ਰ ਗਈ ਹੈ ਤੇ ਅੱਧੀ ਬਾਕੀ ਰਹਿੰਦੀ ਹੈ।

ਹਜ਼ੂਰ ਨੇ ਕਿਹਾ, ਇਤਨੀ ਭਾਂ ਨਹੀਂ ਰਹਿੰਦੀ, ਅਜੇ ਤਾਂ ਪਹਿਰ ਰਾਤ ਰਹਿੰਦੀ ਹੈ ਚੰਗੀ ਤਰ੍ਹਾਂ ਵੇਖ ਕੇ ਦੱਸ। ਬਾਬਾ ਬੁੱਢਾ ਜੀ ਨੇ ਦੁਬਾਰਾ ਵੇਖ ਕੇ ਫਿਰ ਭੀ ਇਹੋ ਬਚਨ ਕਿਹਾ ਕਿ ਅੱਧੀ ਰਾਤ ਰਹਿੰਦੀ ਹੈ, ਪਹਿਰ ਰਾਤ ਨਹੀਂ।

ਗੁਰੂ ਸਾਹਿਬ ਜੀ ਨੇ ਕਿਹਾ, ਤੂੰ ਚੰਗੀ ਤਰ੍ਹਾਂ ਨਹੀਂ ਦੇਖਿਆ ਫਿਰ ਦੇਖ। ਬਾਬਾ ਬੁੱਢਾ ਜੀ ਨੇ ਤੀਜੀ ਵਾਰ ਵੇਖ ਕੇ ਭੀ ਓਹੋ ਬਚਨ ਕਿਹਾ, ਪਰ ਗੁਰੂ ਸਾਹਿਬ ਜੀ ਦਾ ਆਸ਼ਾ ਨਾ ਸਮਝਿਆ।

ਯਥਾ- ਬਹੁਰੋ ਬੂਝੇ ਦੇਖਿ ਅਕਾਸ਼ਾ। ਅਰਧ ਰਾਤ੍ਰਿ ਅਬ ਹੈ ਸੁਖ ਰਾਸਾ॥
ਤੀਨ ਬਾਰ ਯੌਂ ਬਚਨ ਹਟਾਏ। ਸ਼੍ਰੀ ਗੁਰ ਕੋ ਆਸ਼ੈ ਨਹਿ ਪਾਏ॥ ੫੭॥

ਫਿਰ ਗੁਰੂ ਜੀ ਨੇ ਭਾਈ ਲਹਿਣੇ ਜੀ ਨੂੰ ਕਿਹਾ, ਬਾਹਰ ਜਾ ਕੇ ਦੇਖ ਕਿਤਨੀ ਰਾਤ ਅਜੇ ਰਹਿੰਦੀ ਹੈ? ਲਹਿਣਾ ਜੀ ਨੇ ਤਾਰਿਆਂ ਨੂੰ ਵੇਖ ਕੇ ਕਿਹਾ, ਹਜ਼ੂਰ ਜੀ! ਹੁਣ ਅੱਧੀ ਰਾਤ ਗੁਜ਼ਰ ਗਈ ਹੈ, ਅੱਧੀ ਬਾਕੀ ਰਹਿੰਦੀ ਹੈ। ਗੁਰੂ ਜੀ ਨੇ ਕਿਹਾ, ਤੂੰ ਚੰਗੀ ਤਰ੍ਹਾਂ ਵੇਖ ਹੁਣ ਤਾਂ ਪਹਿਰ ਰਾਤ ਰਹਿੰਦੀ ਹੈ।

ਇਹ ਬਚਨ ਸੁਣ ਕੇ ਲਹਿਣਾ ਜੀ ਨੇ ਵਿਚਾਰਿਆ ਤਾਰਿਆਂ ਦੇ ਹਿਸਾਬ ਮੁਜਬ ਤਾਂ ਅੱਧੀ ਹੀ ਰਾਤ ਹੈ, ਪਰ ਗੁਰੂ ਸਾਹਿਬ ਜੀ ਆਖਦੇ ਹਨ ਪਹਿਰ ਰਾਤ। ਇਸ ਤੇ ਇਹੋ ਬਚਨ ਮੰਨਣਾ ਚਾਹੀਦਾ ਹੈ ਕਿਉਂਕਿ ਪਤਾ ਨਹੀਂ ਕਿ ਗੁਰੂ ਸਾਹਿਬ ਜੀ ਦਾ ਕੀ ਆਸ਼ਾ ਹੈ।

ਉਸੇ ਵੇਲੇ ਭਾਈ ਲਹਿਣਾ ਜੀ ਨੇ ਕਿਹਾ, ਮੇਰੇ ਨੇਤ੍ਰਾਂ ਵਿਚ ਆਲਸ ਆਇਆ ਹੋਇਆ ਸੀ, ਮੈਂ ਭੁੱਲ ਕੇ ਅੱਧੀ ਰਾਤ ਕਹਿ ਦਿੱਤੀ ਹੈ ਪਰ ਪਹਿਰ ਰਾਤ ਹੀ ਹੈ ਕਿਉਂਕਿ ਜਿਤਨੀ ਆਪ ਜੀ ਨੇ ਬਿਤਾਈ ਹੈ, ਉਤਨੀ ਬੀਤ ਗਈ ਹੈ। ਮੇਰੇ ਪਾਸੋਂ ਜੋ ਔਗੁਣ ਹੋ ਗਿਆ ਹੈ ਇਹ ਬਖਸ਼ ਦਿਓ।

ਯਥਾ- ਲਹਿਣਾ ਰਿਦੈ ਬਿਚਾਰਈ-ਹੈ ਆਧੀ ਹੀ ਰਾਤਿ।
ਤੱਦਜਪ ਗੁਰੂ ਸੁਹਾਵ ਜੋ ਸੋ ਨਹਿਂ ਜਾਨਜੋ ਜਾਤਿ॥ ੬੦॥

*ਚੌਪਈ॥*ਇਉਂ ਮਨਗੁਨਿ ਕੈ ਬੈਨ ਅਲਾਏ। ਪ੍ਰਭੂ ਮਮ ਨੈਨ ਹੁਤੇ ਅਲਸਾਏ।
ਭੂਲ ਕਹਜੋ ਮੈਂ ਆਧੀ ਰਾਤੀ। ਜ਼ਾਮ ਏਕ ਹੀ ਅਬਿ ਸੁਧ ਜਾਤੀ॥ ੬੧॥
ਜਿਤਨੀ ਨਿਸਾ ਬਿਤਾਈ ਰਾਉਰ। ਤਿਤਨੀ ਬਿਤੀ, ਨ ਮੈਂ ਲਖ ਬਾਉਰ।
ਅਬ ਜਿਤਨੀ ਰਾਖੀ ਸੋ ਰਹੀ। ਸਰਬ ਕਾਲ ਕੋ ਕਰਤਾ ਤੁਹੀ॥ ੬੨॥
ਭਈ ਅਵੱਗਜਾ ਛਿਮਾ ਕਰੀਜੈ। ਅਉਗਣ ਹਾਰ, ਸਦਾ ਬਖਸ਼ੀਜੈ।
ਮੰਦ ਮਤੀ ਮੈਂ ਪਿਖਜੋਨ ਨੀਕੇ। ਬੋਲਜੋ ਕੂਰ ਤੁਮਾਰ ਨਜੀਕੇ॥ ੬੩॥

(ਨਾਨਕ ਪ੍ਰਕਾਸ਼ ਉਤ੍ਰਾਰਧ ਧਿਆ ੫੨)

ਇਸ ਤਰ੍ਹਾਂ ਨਿੰਮ੍ਰਤਾ ਧਾਰ ਕੇ ਜੋ ਗੁਰੂ ਜੀ ਦਾ ਬਚਨ ਮੰਨਣਾ ਕੀਤਾ ਹੈ, ਇਹੋ ਇੱਕ ਅਲੂਣੀ ਸਿਲਾ ਦਾ ਚੱਟਣਾ ਕੀਤਾ ਹੈ।

[ਪੰਨਾ ੯੬੭]

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥

www.sikhbookclub.com

ਪ੍ਰਤੱਖ ਅੰਨ, ਪਾਣੀ ਦਾ ਲੰਗਰ ਚਲ ਰਿਹਾ ਹੈ ਅਤੇ ਵਾਹਿਗੁਰੂ ਦੀ ਪ੍ਰਾਪਤੀ ਦਾ ਗੁਰ ਉਪਦੇਸ਼ ਰੂਪੀ ਲੰਗਰ ਵੀ ਚਲ ਰਿਹਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਸੇਵਾ ਕਰਕੇ ਜੋ ਖੱਟੀ ਆਪ ਨੇ ਖੱਟੀ ਹੈ ਭਾਵ, ਲਾਭ ਪ੍ਰਾਪਤ ਕੀਤਾ ਹੈ। ਉਸ ਵਿਚ 'ਤੋਟਿ ਨ ਆਵੀ'=ਘਾਟਾ ਨਹੀਂ ਆਉਂਦਾ।

ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥

ਖਸਮ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਹੋਈ ਦਾਤ ਨੂੰ ਖਰਚ ਰਹੇ ਹੋ, ਨਾਮ ਦੀ ਦਾਤ ਆਪ ਖਾ ਰਹੇ ਹੋ ਅਤੇ ਹੋਰਨਾਂ ਨੂੰ ਇਹ ਖੈਰ ਦਬਾ ਦਬ ਵੰਡੀ ਜਾ ਰਹੇ ਹੋ।

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥

ਪੁਨਾ- ਆਪ ਜੀ ਦੇ ਦਰਬਾਰ ਵਿਚ ਖਸਮ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਫਤ ਹੋ ਰਹੀ ਹੈ। ਅਰਸ ਨਾਂ ਅਕਾਸ਼ ਦਾ ਹੈ, ਅਕਾਸ਼ ਵਿਚੋਂ ਲੈਣਾ ਬੈਕੁੰਠ ਧਾਮ। ਕੁਰਸਹੁ ਨਾਂ ਤਖਤ ਦਾ, ਤਖਤ ਉਪਲਖਤ ਵਿਸ਼ਨੂੰ ਜੀ, ਉਨ੍ਹਾਂ ਦਾ ਨੂਰੁ=ਪ੍ਰਕਾਸ਼, ਭਾਵ ਬ੍ਰਹਮਾਨੰਦ ਆਪ ਜੀ ਨੂੰ ਝਟੀਐ=ਝੜ ਰਿਹਾ, ਭਾਵ ਪ੍ਰਾਪਤ ਹੋ ਰਿਹਾ ਹੈ।

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਕੀ ਕਟੀਐ॥

ਹੇ ਸੱਚੇ ਪਾਤਿਸ਼ਾਹ, ਸ੍ਰੀ ਗੁਰੂ ਅੰਗਦ ਦੇਵ ਜੀ ! ਆਪ ਜੀ ਦਾ ਦਰਸ਼ਨ ਕੀਤਿਆਂ ਜਨਮਾਂ ਜਨਮਾਂਤਰਾਂ ਦੀ ਪਾਪਾਂ ਰੂਪੀ ਮੈਲ ਕੱਟੀ ਜਾਂਦੀ ਹੈ।

ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ ! ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜੋ ਵੀ ਹੁਕਮ ਫੁਰਮਾਇਆ ਹੈ, ਉਹ ਆਪ ਨੇ ਸੱਚ ਕਰਕੇ ਮੰਨਿਆਂ ਹੈ। ਆਪ ਏਦੂ=ਇਨ੍ਹਾਂ ਬਚਨਾਂ ਵੱਲੋਂ ਕਿਵੇਂ ਹਟੇ ਹੋ, ਭਾਵ ਨਹੀਂ ਹਟੇ। ਜੇ ਕਿਹਾ, ਕਿੱਕਰਾਂ ਨੂੰ ਹਿਲਾ ਕੇ ਸੰਗਤਾਂ ਨੂੰ ਮਿਠਿਆਈਆਂ ਖੁਆਉ ਤਾਂ ਝੱਟ ਕਿੱਕਰਾਂ ਉੱਪਰ ਚੜ੍ਹ ਕੇ ਮਿਠਿਆਈ ਖੁਆ ਕੇ ਸੰਗਤ ਨੂੰ ਤ੍ਰਿਪਤ ਕੀਤਾ ਹੈ।

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥

ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਦੋਹਾਂ ਪੁੱਤਰਾਂ ਨੇ ਸਤਿਗੁਰਾਂ ਦਾ ਕਉਲੁ=ਬਚਨ ਨਹੀਂ ਪਾਲਿਓ=ਮੰਨਿਆਂ, ਜੇ ਬਚਨ ਮੰਨ ਲੈਂਦੇ ਤਾਂ ਸਾਰੇ ਜਗਤ ਦਾ ਕਰਿ ਪੀਰਹੁ=ਪੂਜਨੀਕ (ਗੁਰੂ) ਕਰਨਾ ਸੀ ਪਰ ਆਗਿਆ ਦਾ ਪਾਲਣ ਕੀਤਾ ਨਹੀਂ ਇਸ 'ਤੇ ਪੁੱਤਰਾਂ ਵੱਲੋਂ ਕੰਨ੍ ਮੁਰਟੀਐ=ਮੋਢਾ ਮੋੜ ਗਏ।

ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥

ਦਿਲ ਦੇ ਖੋਟੇ ਪੁੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਕੀ=ਆਕੜੇ ਫਿਰਦੇ ਰਹੇ, ਹੰਕਾਰ ਰੂਪੀ ਛੱਟ ਦੇ ਭਾਰ ਨੂੰ ਬੰਨ੍ਹ ਕੇ ਚੁੱਕੀ ਫਿਰਦੇ ਰਹੇ, ਕਿ ਅਸੀਂ ਗੁਰੂ ਸਾਹਿਬ ਜੀ ਦੇ ਪੁੱਤਰ ਹਾਂ। ਗੁਰਿਆਈ ਦੀ ਗੱਦੀ ਅਸਾਨੂੰ ਹੀ ਮਿਲਣੀ ਹੈ ਹੋਰ ਕੌਣ ਲੈ ਸਕਦਾ ਹੈ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ-

ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥

ਜਿਸ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਓਸੇ ਨੇ ਹੀ ਸ੍ਰੀ ਗੁਰੂ ਨਾਨਕ ਰੂਪ ਹੱਕ ਗੁਰਿਆਈ ਗੱਦੀ ਦੇ ਥਾਟ ਨੂੰ ਬਣਾਇਆ ਹੈ ਅਤੇ ਜਿਨਿ ਆਖੀ=ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਜੀ

ਨੂੰ ਗੁਰਿਆਈ ਗੱਦੀ ਆਖੀ ਹੈ ਕਿ ਤੂੰ ਲਹਿਣਾ ਤੇ ਅਸੀਂ ਤੇਰਾ ਦੇਣਾ, ਸੋਈ ਕਰੇ=ਓਹੀ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਰੂਪ ਹੋ ਕੇ ਕਰ ਰਹੇ ਹਨ।

ਅਥਵਾ:- ਜਿਸ ਪ੍ਰਮੇਸ਼ਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰਿਆਈ ਗੱਦੀ ਕਰਨੀ ਆਖੀ ਹੈ, ਓਹੀ ਪਰਮੇਸ਼ਰ ਹੀ ਸ੍ਰੀ ਗੁਰੂ ਨਾਨਕ ਦੇਵ ਰੂਪ ਹੋ ਕੇ ਗੁਰਿਆਈ ਗੱਦੀ ਕਰਦੇ ਹੋਏ।

ਪੁਨਾ- ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਗੱਦੀ ਦੇਣਾ ਕੀਤੀ ਹੈ ਭਾਈ ਲਹਿਣਾ ਜੀ ਨੂੰ, ਤਿਸੀ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਗੱਦੀ ਦਾ ਥਾਟ ਬਣਾਇਆ ਹੈ।

ਕਉਣੁ ਹਾਰੇ ਕਿਨਿ ਉਵਟੀਐ॥ ੨ ॥

ਅੱਗੋਂ ਹੁਣ ਪਤਾ ਨਹੀਂ ਕਿਸ ਨੇ ਹਾਰਨਾ ਹੈ ਤੇ ਕਿਸ ਨੇ ਇਸ ਗੁਰਿਆਈ ਗੱਦੀ ਨੂੰ ਉਵਟੀਐ=ਪ੍ਰਾਪਤ ਕਰਨਾ ਹੈ॥ ੨ ॥

ਜਿਨਿ ਕੀਤੀ ਸੋ ਮੰਨਣਾ ਕੋਸਾਲੁ ਜਿਵਾਹੇ ਸਾਲੀ॥

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਗੱਦੀ ਦੇਣਾ ਕੀਤੀ ਹੈ, ਓਹੀ ਰੂਪ ਭਾਈ ਲਹਿਣਾ ਜੀ ਨੂੰ ਮੰਨਣਾ ਕਰੋ। ਜਿਵਾਹੇ=ਜੋਨਸੇ (ਜੇਹੜੇ) ਗੁਰੂ ਸਾਹਿਬ ਜੀ ਦੇ ਸਾਲੀ=ਅਨੁਸਾਰ ਹਨ ਅਤੇ ਜੋ ਕੋਸਾਲੁ=ਬੇ ਅਨੁਸਾਰੀ ਹਨ।

ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ॥

ਧਰਮ ਰਾਜਾ ਜੋ ਦੇਵਤਾ ਹੈ, ਉਹ ਉਨ੍ਹਾਂ ਦੋਹਾਂ ਦੀਆਂ ਗੱਲਾਂ ਨੂੰ ਲੈ ਕੇ ਭਾਵ ਸੁਣ ਕੇ ਦਲਾਲੀ ਕਰਦਾ ਹੈ।

ਅਥਵਾ- ਜਿਸ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਿੰਮਰਤਾ ਵਿਚ ਰਹਿ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਮੰਨਣ ਦੀ ਘਾਲ ਕਮਾਈ ਕੀਤੀ ਹੈ, ਉਹ ਮੰਨਣ ਜੋਗ ਹੋ ਗਿਆ ਹੈ। ਦੋਹਾਂ ਵਿਚੋਂ ਕੋਸਾਲੁ=ਕੌਣ ਸਰੇਸ਼ਟ ਹੈ? ਜਿਵਾਹੇ=ਜਿਵਾਹਾ ਦਾ ਬੂਟਾ ਸਰੇਸ਼ਟ ਹੈ ਕਿ ਸਾਲੀ=ਮੂੰਜੀ ਦਾ ਸਰੇਸ਼ਟ ਹੈ?

ਉੱਤਰ- ਮੂੰਜੀ ਸਰੇਸ਼ਟ ਹੈ ਜੋ ਨੀਵੇਂ ਥਾਂ ਰਹਿ ਕੇ ਪਲਦੀ ਹੈ। ਏਸੇ ਤਰ੍ਹਾਂ ਜੋ ਪੁਰਸ਼ ਨੀਵਾਂ ਰਹਿ ਕੇ ਹੁਕਮ ਮੰਨਦਾ ਹੈ, ਉਹ ਪ੍ਰਮਾਨੀਕ ਹੋ ਜਾਂਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਧਰਮ ਦਾ ਰਾਜਾ ਹੈ ਤੇ ਧਰਮ ਦਾ ਦੇਵਤਾ ਹੈ, ਜੋ ਸਿੱਖਾਂ ਦੀਆਂ ਗੱਲਾਂ ਨੂੰ ਲੈ ਕੇ (ਸੁਣ ਕੇ) ਪਰਮੇਸ਼ਰ ਨਾਲ ਜੋੜਨ ਦਾ ਦਲਾਲੀ=ਵਿਚੋਲਾਪਨ ਕਰਦੇ ਹਨ।

ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ॥

ਜਿੰਸਦੇ ਬਾਰੇ ਸਤਿਗੁਰ ਦੇਵ ਜੀ ਆਖਦੇ ਹਨ, ਉਸਨੂੰ ਧਰਮ ਰਾਜਾ ਸੱਚਾ ਕਰਦਾ ਹੈ। ਓਹੀ ਗੱਲ ਦਰਹਾਲੀ=ਸ਼ੀਘਰ (ਛੇਤੀ) ਹੁੰਦੀ ਹੈ।

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜਸ ਰੂਪੀ ਦੁਹਾਈ ਸਾਰੇ ਫਿਰ ਰਹੀ ਹੈ, ਸੱਚੇ ਕਰਤੇ ਪੁਰਖ ਪਰਮਾਤਮਾ ਨੇ ਆਪ ਬੰਨ੍ਹ ਕੇ ਬਹਾਲੀ=ਇਸਥਿਤ ਕੀਤੀ ਹੈ।

ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥

ਗੁਰੂ ਨਾਨਕ ਆਪ ਹੀ ਕਾਇਆ ਨੂੰ ਪਲਟ ਕੇ=ਵਟਾ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਰੂਪ ਹੋ ਕੇ ਸਿੱਖੀ ਸੇਵਕੀ ਰੂਪੀ ਸੈਂਕੜੇ ਡਾਲਾਂ ਵਾਲੇ ਗੁਰਿਆਈ ਗੱਦੀ ਰੂਪੀ ਤਖ਼ਤ ਨੂੰ ਮੱਲ ਕੇ ਬੈਠਾ ਹੈ।

ਵਾ:- ਕਰਣਾ, ਮੈਤ੍ਰੀ, ਮੁੱਦਤਾ ਰੂਪੀ ਸੈਂਕੜੇ ਡਾਲਾਂ ਵਾਲੇ ਗੁਰਿਆਈ ਗੱਦੀ ਰੂਪੀ ਤਖ਼ਤ ਨੂੰ ਮੱਲ ਕੇ ਬੈਠਾ ਹੈ।

ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰ ਨੂੰ ਮੱਲ ਕੇ ਉਮਤਿ=ਸੰਗਤ, ਵਾ:- ਸ੍ਰਿਸ਼ਟੀ ਖੜੇ ਕੇ ਪ੍ਰੇਮ ਨਾਲ ਸੇਂਵਦੀ ਹੈ ਤੇ ਪਾਪਾਂ ਰੂਪੀ ਜੰਗਾਲ ਦਾ ਮਸਕਲੈ=ਮਾਂਜਣਾ ਹੋ ਰਿਹਾ ਹੈ।

ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ॥

ਜੋ ਖਸੰਮ=ਪਰਮਾਤਮਾ ਦੇ ਦਰ ਦੇ ਦਰਵੇਸੁ=ਫਕੀਰ ਹੋਏ ਹਨ, ਉਨ੍ਹਾਂ ਨੂੰ ਸੱਚੇ ਨਾਮ ਬਾਣੀ ਦੀ ਲਾਲੀ ਚੜ੍ਹੀ ਹੈ।

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪੜ੍ਹਾਲੀ॥

'ਬਲਵੰਡ' ਨਾਮੇ ਡੂਮ ਆਖਦਾ ਹੈ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਭੀ ਨੇਕ ਜਨ=ਚੰਗੀ ਇਸਤ੍ਰੀ ਹੈ, ਜਿਸ ਮਾਤਾ ਖੀਵੀ ਜੀ ਦੀ ਸ਼ੁਭ ਗੁਣਾਂ ਰੂਪ ਪੱਤਰਾਂ ਵਾਲੀ ਬਹੁਤੀ ਸੰਘਣੀ ਸ਼ਾਂਤੀ, ਵਾ:- ਜਸ ਰੂਪੀ ਛਾਇਆ ਹੈ।

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਪ੍ਰਤੱਖ ਦੌਲਤ ਵੰਡੀ ਜਾਂਦੀ ਹੈ ਕਿਉਂਕਿ ਗੁਰੂ ਸਾਹਿਬ ਜੀ ਮਾਇਆ ਨੂੰ ਪਾਸ ਨਹੀਂ ਰੱਖਦੇ ਸਨ, ਅੰਨ ਖਰੀਦਣ ਤੋਂ ਬਾਅਦ ਜਿਤਨੀ ਮਾਇਆ ਬੱਚਦੀ ਸੀ, ਉਹ ਸਭਨਾਂ ਨੂੰ ਵੰਡ ਦੇਂਦੇ ਸਨ ਤੇ ਆਪ ਮਹਾਰਾਜ ਜੀ ਮਿੱਟੀ ਦੇ ਭਾਂਡੇ ਵਰਤਦੇ ਸਨ।

ਪੁਨਾ- ਲੰਗਰ ਦੇ ਵਿਚ ਅੰਮ੍ਰਿਤ ਰਸ ਵਾਂਗੂੰ ਬੜੀ ਸਵਾਦੀਕ ਘਿਆਲੀ=ਘਿਉ ਵਾਲੀ ਖੀਰ ਬਣਦੀ ਹੈ।

ਸ਼ੰਕਾ- ਕੀ ਗੁਰੂ ਸਾਹਿਬ ਜੀ ਨੇ ਮੱਝੀਆਂ ਰੱਖੀਆਂ ਹੋਈਆਂ ਸਨ?

ਉੱਤਰ- ਮੱਝੀਆਂ ਤਾਂ ਕੋਈ ਨਹੀਂ ਰੱਖੀਆਂ ਹੋਈਆਂ ਸਨ। ਇਕ ਸਮੇਂ ਖਡੂਰ ਨਿਵਾਸੀ ਖਹਿਰਿਆਂ ਜੱਟਾਂ ਦੀਆਂ ਮੱਝੀਆਂ ਬੀਮਾਰ ਹੋ ਗਈਆਂ ਸਨ, ਉਨ੍ਹਾਂ ਨੇ ਬੜੇ ਜਤਨ ਕੀਤੇ ਪਰ ਰਾਜ਼ੀ ਨਾ ਹੋਈਆਂ। ਜਦ ਬਹੁਤ ਦੁੱਖੀ ਤੇ ਲਚਾਰ ਹੋ ਕੇ ਨਿਰਾਸੇ ਹੋ ਗਏ ਤਾਂ ਕਿਸੀ ਨੇ ਕਿਹਾ, ਤੁਸੀਂ ਗੁਰੂ ਜੀ ਦੀ ਸ਼ਰਨ ਵਿਚ ਜਾਓ, ਉਨ੍ਹਾਂ ਦੀ ਮੇਹਰ ਨਾਲ ਰਾਜ਼ੀ ਹੋ ਜਾਣਗੀਆਂ। ਉਸੀ ਵੇਲੇ ਖਹਿਰੇ ਜੱਟ ਦੌੜ ਕੇ ਗੁਰੂ ਸਾਹਿਬ ਜੀ ਸ਼ਰਨ ਵਿਚ ਆ ਕੇ ਬੇਨਤੀਆਂ ਕਰਦੇ ਹੋਏ, ਸੁਖਣਾ ਸੁੱਖੀ ਕਿ ਜਿਸ ਵੇਲੇ ਗਊਆਂ ਮੱਝੀਆਂ ਰਾਜ਼ੀ ਹੋ ਗਈਆਂ ਤਾਂ ਅੱਧਾ ਦੁੱਧ ਦਿਨ ਦਾ, ਅੱਧਾ ਦੁੱਧ ਰਾਤ ਦਾ ਆਪ ਜੀ ਦੇ ਲੰਗਰ ਵਿਚ ਪੁਚਾਇਆ ਕਰਾਂਗੇ।

ਜਦ ਸ਼ਰਧਾ ਭਾਵ ਨਾਲ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਪਏ ਤਾਂ ਉਸੀ ਵੇਲੇ ਮੱਝੀਆਂ ਰਾਜ਼ੀ ਹੋ ਗਈਆਂ

www.sikhbookclub.com

ਤੇ ਦੋਨੋਂ ਵੇਲੇ ਦੁੱਧ ਦੀਆਂ ਗਾਗਰਾਂ ਭਰ ਕੇ ਆਉਣ ਲਗ ਪਈਆਂ। ਦਿਨ ਦੇ ਦੁੱਧ ਦੀ ਖੀਰ ਬਣ ਜਾਵੇ ਤੇ ਰਾਤ ਦੇ ਦੁੱਧ ਨੂੰ ਜਮਾ ਕੇ ਉਸ ਵਿਚੋਂ ਜਿਤਨਾ ਮੱਖਣ ਨਿਕਲੇ ਉਸ ਦਾ ਘਿਉ ਬਣਾ ਕੇ ਖੀਰ ਵਿਚ ਪਾ ਦੇਣ। ਇਸ ਤਰ੍ਹਾਂ ਨਾਲ ਘਿਉ ਵਾਲੀ ਖੀਰ ਰੋਜ਼ ਬਣਦੀ ਸੀ।

ਅਥਵਾ:- ਸਤਿ ਸੰਗਤ ਰੂਪੀ ਲੰਗਰ ਵਿਚ ਨਾਮ ਰੂਪ ਦੌਲਤ ਵੰਡੀਂਦੀ ਹੈ ਅਤੇ ਅੰਮ੍ਰਿਤ ਰਸੁ=ਗਿਆਨ, ਖੀਰਿ=ਭਗਤੀ, ਘਿਆਲੀ=ਘਿਉ-(ਪ੍ਰੇਮ) ਇਨ੍ਹਾਂ ਸ਼ੁਭ ਗੁਣਾਂ ਦੀ ਪਰਾਪਤੀ ਹੁੰਦੀ ਹੈ।

ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥

ਗੁਰੂ ਦੇ ਸਿੱਖਾਂ ਦੇ ਮੂੰਹ ਦੋਹਾਂ ਲੋਕਾਂ ਵਿਚ ਉੱਜਲੇ ਹਨ ਅਤੇ ਮਨਮੁਖਾਂ ਦੇ ਮੂੰਹ ਦੋਹਾਂ ਲੋਕਾਂ ਵਿਚ ਪਰਾਲੀ ਵਾਂਗੂੰ ਪੀਲੇ ਹੋ ਰਹੇ ਹਨ, ਵਾ:- ਪਰਾਲੀ ਵਾਂਙੂ ਸ਼ੁਭ ਗੁਣਾਂ ਤੋਂ ਖਾਲੀ ਹੋ ਰਹੇ ਹਨ।

ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥

ਜਿਸ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਰਦਾਂ ਵਾਲੀ ਘਾਲ ਕਮਾਈ ਘਾਲੀ=ਕੀਤੀ, ਅਰਥਾਤ ਮੁਰਦਾ ਖਾਣ ਨੂੰ ਤਿਆਰ ਹੋ ਗਏ ਤਾਂ ਉਹ ਆਪਣੇ ਖਸੰਮ=ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਕਬੂਲ ਹੋ ਗਏ, ਭਾਵ- ਸ੍ਰੀ ਨਾਨਕ ਦੇਵ ਜੀ ਨੇ ਆਪਣੇ ਗਲ ਨਾਲ ਲਾ ਲਿਆ।

ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥ ੩॥

ਮਾਤਾ ਖੀਵੀ ਜੀ ਦੇ ਉਹ ਸਹੁ=ਪਤੀ ਹਨ, ਜਿਨ੍ਹਾਂ ਨੇ ਸੰਸਾਰ ਰੂਪ ਗੋਇ=ਬਾਜੀ ਦੀ ਮਰਯਾਦਾ ਆਪਣੇ ਸਿਰ 'ਤੇ ਉਠਾਈ ਹੋਈ ਹੈ॥ ੩॥

ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿਕਿਓਨੁ॥

ਦੁਨਿਆਈ=ਦੁਨੀਆਂ ਦੇ ਲੋਕ ਆਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਕਿਓਨੁ=ਕੀ ਕੀਤਾ ਹੈ? ਜੋ ਉਨ੍ਹਾਂ ਨੇ ਹੋਰਿਓ=ਉਲਟੀ ਗੰਗਾ, ਵਹਾਈਐ= ਚਲਾਈ ਹੈ। ਜੇਹੜਾ ਪੁੱਤਰਾਂ ਨੂੰ ਛੱਡ ਕੇ ਸੇਵਕਾਂ ਨੂੰ ਗੁਰਿਆਈ ਗੱਦੀ ਦਿੱਤੀ ਹੈ.

ਵਾ:- ਸਹਸਕ੍ਰਿਤੀ ਬਾਣੀ ਛੱਡ ਕੇ ਜੋ ਸੁਖੈਨ ਗੁਰਮੁਖੀ ਅੱਖਰ ਰਚ ਦਿੱਤੇ ਹਨ, ਏਹੀ ਇੱਕ ਉਲਟੀ ਗੰਗਾ ਚਲਾਈ ਹੈ,

ਵਾ:- ਲੋਕ ਤਾਂ ਧਨ ਨੂੰ ਇਕੱਠਾ ਕਰਦੇ ਹਨ ਤੇ ਇਨ੍ਹਾਂ ਨੇ ਮਾਇਆ ਬਾਰਾਂ ਕੋਹ ਪਰੇ ਰੱਖੀ ਹੈ। ਵੇਈਂ ਨਦੀ ਵਿਚੋਂ ਨਿਕਲ ਕੇ ਸਾਰੀ ਦੁਕਾਨ ਲੁਟਾ ਦਿੱਤੀ ਹੈ, ਪੁੱਤਰਾਂ ਨੂੰ ਧਨ ਨਹੀਂ ਦਿੱਤਾ, ਗਰੀਬਾਂ ਤੇ ਫਕੀਰਾਂ ਨੂੰ ਵੰਡ ਦਿੱਤਾ। ਇਹ ਉਲਟੀ ਗੰਗਾ ਚਲਾਈ ਹੈ। ਇਸ 'ਤੇ ਦੁਨੀਆਂ ਦੇ ਲੋਕ ਆਖਦੇ ਹਨ ਕਿ ਆਪ ਜੀ ਨੇ ਕੀ ਕੀਤਾ ਹੈ?

ਵਾ:- ਗੰਗਾ=ਬਿਰਤੀ ਨੂੰ ਸੰਸਾਰ ਵੱਲੋਂ ਹਟਾ ਕੇ ਪਰਮੇਸ਼ਰ ਦੀ ਤਰਫ ਵਹਾਈਐ=ਚਲਾਣਾ ਕੀਤਾ ਹੈ।

ਨਾਨਕ ਈਸਰਿ ਜਗ ਨਾਥਿ ਉਚਹਦੀ ਵੈਣੁ ਵਿਰਿਕਿਓਨੁ॥

ਸਾਰੇ ਜਗਤ ਦਾ ਨਾਥਿ=ਸੁਆਮੀ ਜੋ ਈਸ਼ਵਰ ਹੈ, ਉਸ ਦੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚੇ ਹੱਦ ਦੇ ਅਰਥਾਤ ਸਰੂਪ ਪ੍ਰਾਪਤੀ ਦੇ ਬਚਨ ਵਿਗਿਕਿਓਨੁ=ਉਚਾਰੇ ਹਨ, ਵਾ:- ਹੱਦ ਤੋਂ ਊਚਾ ਬਚਨ ਉਚਾਰਿਆ ਹੈ।

ਮਾਧਾਣਾ ਪਰਬਤੁ ਕਰਿ ਨੇਤ੍ਰੀ ਬਾਸਕੁ ਸਬਦਿ ਰਿੜਕਿਓਨੁ॥

ਜਿਸ ਪਰਮਾਤਮਾ ਨੇ ਮੰਦ੍ਰਾਚਲ ਪਰਬਤ ਨੂੰ ਮਧਾਣਾ ਕੀਤਾ ਹੈ ਤੇ ਬਾਸ਼ਕ ਨਾਗ ਨੂੰ ਵਿਚ ਨੇਤ੍ਰਾ ਪਾਇਆ ਹੈ, ਇਸ ਵਜ੍ਹਾ ਨਾਲ ਸਬਦਿ=ਸਮੁੰਦਰ ਨੂੰ ਰਿੜਕਿਆ ਹੈ।

ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ॥

ਰਿੜਕ ਕਰਕੇ ਚੌਦਾਂ ਰਤਨਾਂ ਨੂੰ ਨਿਕਲਿਆ ਹੈ, ਪੁਨਾ- ਉਹ ਰਤਨ ਆਵਾਗਉਣੁ=ਸੰਸਾਰ ਵਿਚ ਪਰਕਾਸ਼ੇ ਹਨ, ਐਸੇ ਪਰਮੇਸ਼ਰ ਦਾ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਪ੍ਰਤੱਖ ਚੌਦਾਂ ਰਤਨ ਏਹ ਹਨ-

ਯਥਾ:- ਦੋਹਰਾ॥ ਸ੍ਰੀ[੧] ਮਣਿ[੨] ਰੰਭਾ[੩] ਬਾਰਣੀ[੪] ਅਮੀ[੫] ਸੰਖ[੬] ਗਜਰਾਜ[੭]।
ਬਿਖ[੮] ਧੇਨ[੯] ਸਸੀ[੧੦] ਕਲਪਤਰੁ[੧੧] ਧਨਖ[੧੨] ਧਨੰਤਰ[੧੩] ਬਾਜ[੧੪]।

ਦੂਜਾ ਅਰਥ-

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਸਚੇ ਰੂਪ ਮੰਦ੍ਰਾਚਲ ਪਰਬਤ ਨੂੰ ਮਧਾਣਾ ਕੀਤਾ ਹੈ ਤੇ ਪ੍ਰੇਮ ਰੂਪੀ ਬਾਸ਼ਕ ਨਾਗ ਨੂੰ ਨੇਤ੍ਰਾ ਕੀਤਾ ਹੈ ਤੇ ਸਬਦਿ=ਬੇਦ ਰੂਪ ਸਮੁੰਦਰ ਨੂੰ ਰਿੜਕਿਆ ਹੈ। ਚੌਦਾਂ ਇੰਦ੍ਰੀਆਂ ਦਾ ਦਮਨ ਕਰਨ ਰੂਪ ਚੌਦਾਂ ਰਤਨਾਂ ਨੂੰ ਨਿਕਾਲਿਆ ਹੈ ਅਤੇ ਸੰਸਾਰ ਨੂੰ ਆਵਾ ਗਉਣੁ=ਆਉਂਣੇ ਜਾਣੇ ਵਾਲਾ, ਭਾਵ ਮਿਥਿਆ ਰੂਪ ਦਿਖਾਇਆ ਹੈ।

ਤੀਜਾ ਅਰਥ-

ਅੰਤ੍ਰੀਵ ਚੌਦਾਂ ਰਤਨ ਇਹ ਨਿਕਾਲੇ ਹਨ-

੧. ਵੈਰਾਗ, ੨. ਵਿਵੇਕ, ੩. ਖਟ ਸੰਪਤੀ, ੪. ਮੋਖ ਇੱਛਾ ਰੂਪ ਚਾਰ ਸਾਧਨ, ੫. ਸ੍ਰਵਣ, ੬. ਮਨਨ, ੭. ਨਿਧਿਆਸਨ, ੮. ਸੱਤ, ੯. ਸੰਤੋਖ, ੧੦. ਧੀਰਜ, ੧੧. ਧਰਮ, ੧੨. ਵਿਚਾਰ, ੧੩. ਤਤ ਤ੍ਵੰ ਕਾ ਸੋਧਨ, ੧੪. ਬ੍ਰਹਮ ਗਿਆਨ।

ਸਾਸ਼ਤ੍ਰ ਰੀਤੀ ਅਨੁਸਾਰ ਚੌਦਾਂ ਰਤਨ ਹੋਰ ਭੀ ਹਨ, ਜੋ ਵਿਸ਼ਨ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਦ ਰੂਪ ਸਮੁੰਦਰ ਨੂੰ ਮਥ ਕੇ ਚੌਦਾਂ ਰਤਨ ਕੱਢੇ ਹਨ—

---

੧ ਲਛਿਮੀ, ੨ ਕੌਸਤਕ ਮਣੀ, ੩ ਅਪੱਛਰਾ, ੪ ਸ਼ਰਾਬ, ੫ ਅੰਮ੍ਰਿਤ, ੬ ਗਾਡੀਵ ਸੰਖ, ੭ ਐਰਾਵਤ ਹਾਥੀ, ੮ ਵਿਹੁ, ੯ ਕਾਮਧੇਨ, ਗਊ, ੧੦ ਚੰਦ੍ਰਮਾ, ੧੧ ਕਲਪ ਬ੍ਰਿੱਛ, ੧੨ ਸਾਰੰਗ ਨਾਮਾ ਧਨਖ, ੧੩ ਧਨੰਤਰ ਵੈਦਜ, ੧੪ ਉਚ ਸ੍ਰਵਾ ਘੋੜਾ।

www.sikhbookclub.com

	ਬਾਹਜ ਰਤਨ	ਅੰਤ੍ਰੀਵ ਰਤਨ	ਕਬਿੱਤ
੧.	ਲਛਿਮੀ	ਭਗਤੀ	ਲਛਿਮੀ ਰੂਪ ਭਗਤੀ ਹੈ,
੨.	ਕੌਸਤਕ ਮਣੀ	ਆਤਮ ਵਿਚਾਰ	ਆਤਮਾ ਵਿਚਾਰ ਮਣੀ,
੩.	ਰੰਭਾ	ਕੀਰਤੀ, ਵਾ ਸ੍ਰੁਧਾ	ਰੰਭਾ ਪਰਮੇਸਰ ਕੀ,
੪.	ਵਾਰਨੀ	ਪ੍ਰੇਮ	ਕੀਤਰੀ ਵਿਚਾਰ ਹੈ।
੫.	ਅਮੀ	ਨਾਮ ਦਾ ਜਾਪ	ਪ੍ਰੇਮ ਰੂਪ ਮਦਰਾ,
੬.	ਸੰਖ	ਰਾਗ ਦਾ ਅਲਾਪ	ਨਾਮ ਜਪ ਅੰਮ੍ਰਿਤ,
੭.	ਗਜਰਾਜ	ਦ੍ਰਿੜ ਨਿਸਚਾ,	ਰਾਗ ਕਾ ਅਲਾਪਨਾ,
		ਵਾ ਅਭ੍ਯਾਸ	ਸੰਖ ਦਾ ਅਕਾਰ ਹੈ।
੮.	ਬਿਖ	ਸੰਤਾਂ ਦੀ ਨਿੰਦਾ	ਵੈਰਾਗ ਰੂਪ ਹਸਤੀ,
੯.	ਕਾਮਧੇਨ ਗਊ	ਸ਼ਾਂਤੀ	ਸੰਗਤ ਕਲਪ ਬ੍ਰਿਛ,
੧੦.	ਚੰਦ੍ਰਮਾਂ	ਦਾਨ	ਸ਼ਾਂਤੀ ਕਾਮਧੇਨ
੧੧.	ਕਲਪ ਬ੍ਰਿਛ	ਸਤਿਸੰਗ	ਸਤਿਗੁਰ ਵੈਦ ਜਰਾਜ ਹੈ।
੧੨.	ਸਾਰੰਗ ਨਾਮਾ ਧਨੁਖ	ਸੱਚ ਬੋਲਣਾ	ਦਾਨ ਰੂਪ ਚੰਦ੍ਰਮਾਂ,
੧੩.	ਧਨੰਤ੍ਰ ਵੈਦ ਜ	ਸਤਿਗੁਰ ਦੇਵ ਜੀ	ਸੱਚ ਬੋਲ ਧਨੁਖ,
੧੪.	ਉਚ ਸ੍ਰੁਵਾ ਘੋੜਾ	ਗਿਆਨ	ਸੰਤਾਂ ਕੀ ਨਿੰਦਾ ਬਿਖ,
			ਗਿਆਨ ਰੂਪ ਬਾਜ ਹੈ।

ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ॥

ਅਹਿ=ਏਹੋ ਜੇਹੀ ਕੁਦਰਤਿ=ਸ਼ਕਤੀ ਵਿਖਾਈ ਹੈ, ਜਿਣਿ=ਜਿਸ ਸ਼ਕਤੀ ਦੁਆਰੇ ਐਵਡ ਪਿਡ ਠਿਣਕਿਓਨੁ=ਐਡੇ ਵੱਡੇ ਸੰਸਾਰ ਪਿੰਡ ਨੂੰ ਬਣਾਇਆ ਹੈ, ਉਹ ਰੂਪ ਆਪ ਹੋ।

ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥

ਪੁਨਾ- ਲਹਣੇ=ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਿਰ ਉੱਤੇ ਗੁਰਿਆਈ ਗੱਦੀ ਦਾ ਛਤਰ ਧਾਰਿਆ ਹੈ ਅਤੇ ਅਸਮਾਨ ਕਿਆੜਾ ਛਿਕਿਓਨੁ=ਗਰਦਨ ਫਿਰਾਜ਼ ਕੀਤਾ ਹੈ। ਅਰਥਾਤ ਇਸ ਲੋਕ ਤੋਂ ਲੈ ਕੇ ਬ੍ਰਹਮ ਲੋਕ ਤੱਕ ਜਸ ਹੀ ਜਸ ਫੈਲਾਅ ਦਿੱਤਾ।

ਅਥਵਾ:- ਹਿਰਦੇ ਰੂਪ ਕਿਆੜੇ ਵਿਚ਼ ਜੋ ਮਾਨਿ=ਹੰਕਾਰ, ਅਸ=ਹੈਸੀ ਉਹ ਛਿਕਿਓਨੁ=ਖਿੱਚ ਕੇ ਬਾਹਰ ਕੱਢ ਦਿੱਤਾ ਹੈ।

ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਜੋਤ ਵਿਚ਼ ਜਦ ਸਮਾਣੀ=ਮਿਲੀ

www.sikhbookclub.com

ਤਾਂ ਆਪਸ ਵਿਚ ਇਸ ਤਰ੍ਹਾਂ ਅਭੇਦ ਹੋਏ ਜਿਸ ਤਰ੍ਹਾਂ 'ਆਪੁ ਆਪੈ ਸੇਤੀ ਮਿਕਿਓਨੁ'=ਜਲ ਦੇ ਨਾਲ ਜਲ ਮਿਲ ਕੇ ਅਭੇਦ ਹੋ ਜਾਂਦਾ ਹੈ।

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥

ਸਭ ਉਮਤਿ ਵੇਖਹੁ=ਸਾਰੀ ਸੰਗਤ, ਵਾ:- ਸ੍ਰਿਸ਼ਟੀ ਵੇਖਦੀ ਹੋਈ, ਜੋ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ ਕਿ ਸਿੱਖਾਂ ਅਤੇ ਪੁੱਤਰਾਂ ਨੂੰ ਚੰਗੀ ਤਰ੍ਹਾਂ ਘੋਖਿਕੈ=ਪਰਖਕੇ-

ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ ੪ ॥

ਜਾਂ ਸੁਧੋਸੁ=ਸੋਧਿਆ ਤਾਂ ਲਹਣਾ ਜੀ ਨੂੰ, ਅਰਥਾਤ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਗੱਦੀ ਉੱਪਰ ਟਿਕਾਇਆ॥ ੪ ॥

ਹੁਣ ਦੂਸਰੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤੀ ਕਥਨ ਕਰਦੇ ਹਨ-

ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ॥

ਫੇਰੁ=ਬਾਬਾ ਫੇਰੂ ਜੀ ਦੇ ਆਣਿ=ਸਪੁੱਤਰ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਹਨ, ਉਨ੍ਹਾਂ ਨੇ ਫੇਰਿ=ਮੁੜ ਖਡੂਰ ਨਗਰ ਨੂੰ ਆ ਕੇ ਵਸਾਉਣਾ ਕੀਤਾ।

ਇਸ ਦਾ ਪ੍ਰਸੰਗ ਇਉਂ ਹੈ-

ਸਾਖੀ-ਖਡੂਰ ਸਾਹਿਬ ਦੀ

ਖਡੂਰ ਸਾਹਿਬ ਵਿਚ ਇੱਕ ਜੋਗੀ ਰਹਿੰਦਾ ਸੀ, ਜੋ ਖਹਿਰਿਆਂ ਜੱਟਾਂ ਦਾ ਗੁਰੂ ਸੀ। ਜਦ ਕਿਸੀ ਵੇਲੇ ਬਾਰਸ਼ ਦੀ ਲੋੜ ਹੋਵੇ ਤਾਂ ਜੱਟਾਂ ਨੇ ਉਸ ਜੋਗੀ ਨੂੰ ਕਹਿਣਾ ਤੇ ਉਸ ਨੇ ਜੰਤ੍ਰ ਮੰਤ੍ਰ, ਪੜ੍ਹ ਕੇ ਮੀਂਹ ਪੁਆ ਦੇਣਾ। ਜੇ ਕਿਸੇ ਨੂੰ ਦੁੱਖ ਤਕਲੀਫ ਭੀ ਹੋ ਜਾਵੇ ਤਾਂ ਵੀ ਜੋਗੀ ਨੇ ਜੰਤ੍ਰ, ਮੰਤ੍ਰ ਪੜ੍ਹ ਕੇ ਰੋਗ ਦੀ ਨਿਵਿਰਤੀ ਕਰ ਦੇਣੀ। ਇਸ ਵਜ੍ਹਾ ਕਰਕੇ ਸਾਰਿਆਂ ਜੱਟਾਂ ਦਾ ਗੁਰੂ ਬਣਿਆ ਹੋਇਆ ਸੀ, ਪਰ ਗੁਰੂ ਸਾਹਿਬ ਜੀ ਨਾਲ ਉਹ ਬੜੀ ਈਰਖਾ ਕਰਦਾ ਹੁੰਦਾ ਸੀ, ਕਿ ਇਹ ਗ੍ਰਿਹਸਤੀ ਹੋ ਕੇ ਆਪਣੇ ਆਪ ਦੀ ਪੂਜਾ ਕਰਵਾ ਰਹੇ ਹਨ, ਇੱਥੋਂ ਇਨ੍ਹਾਂ ਨੂੰ ਕੱਢ ਦੇਣਾ ਚਾਹੀਦਾ ਹੈ।

ਇੱਕ ਦਿਨ ਵਰਖਾ ਦੀ ਲੋੜ ਪੈਣ 'ਤੇ ਜਿਸ ਵੇਲੇ ਜੱਟਾਂ ਨੇ ਜੋਗੀ ਨੂੰ ਜਾ ਕੇ ਕਿਹਾ ਕਿ ਵਰਖਾ ਪਾਓ, ਤਾਂ ਜੋਗੀ ਨੇ ਕਿਹਾ, ਮਤਲਬ ਪਿੱਛੇ ਤੁਸੀਂ ਮੇਰੇ ਪਾਸ ਆਉਂਦੇ ਹੋ ਤੇ ਪੂਜਾ ਉਸ ਗ੍ਰਿਹਸਤੀ ਦੀ ਕਰਦੇ ਹੋ, ਜਾਓ ਉਸੇ ਪਾਸੋਂ ਵਰਖਾ ਪੁਆਓ ਨਹੀਂ ਤਾਂ ਉਸ ਨੂੰ ਬਾਹਰ ਕੱਢ ਕੇ ਫੇਰ ਮੇਰੇ ਪਾਸ ਆਓ।

ਇਹ ਗੱਲ ਸੁਣ ਕੇ ਮੂਰਖ ਜੱਟ ਗੁਰੂ ਸਾਹਿਬ ਜੀ ਨੂੰ ਆ ਕੇ ਕਹਿੰਦੇ ਹਨ ਕਿ ਜਾਂ ਵਰਖਾ ਪਾਓ ਨਹੀਂ ਤਾਂ ਇੱਥੋਂ ਚਲੇ ਜਾਓ।

ਗੁਰੂ ਸਾਹਿਬ ਜੀ ਨੇ ਕਿਹਾ, ਹੰਕਾਰ ਵਿਚ ਨਹੀਂ ਆਉਣਾ ਚਾਹੀਦਾ। ਪਰਮੇਸ਼ਰ ਦਾ ਭਾਣਾ ਮੰਨੋ, ਵਰਖਾ ਆਪੇ ਪੈ ਜਾਵੇਗੀ।

ਖਹਿਰਿਆਂ ਜੱਟਾਂ ਨੇ ਕਿਹਾ ਭਾਣਾ ਕੀ ਮੰਨੀਏ ਅਸੀਂ ਤਾਂ ਮੀਂਹ ਤੋਂ ਬਗੈਰ ਬੜੇ ਔਖੇ ਹਾਂ, ਮਹਾਰਾਜ ਨੇ ਕਿਹਾ, ਜੇਕਰ ਅਸਾਡੇ ਜਾਣ 'ਤੇ ਜੋਗੀ ਬਾਰਸ਼ ਪਾਂਦਾ ਹੈ ਤਾਂ ਅਸੀਂ ਬਾਹਰ ਚਲੇ ਜਾਂਦੇ ਹਾਂ, ਅਸਾਡਾ ਕੋਈ ਹਠ ਨਹੀਂ। ਜੇਕਰ ਇੱਕ ਦੇ ਜਾਣ 'ਤੇ ਸਾਰਾ ਪਿੰਡ ਸੁਖੀ ਹੋ ਜਾਵੇ ਤਾਂ ਅਸਾਨੂੰ ਕੀ ਤਕਲੀਫ ਹੈ, ਅਸਾਡਾ ਮੰਜਾ

www.sikhbookclub.com

ਚੁੱਕ ਕੇ ਬਾਹਰ ਛੱਡ ਆਓ। ਮੂਰਖ ਜੱਟ ਉਸੀ ਵੇਲੇ ਮੰਜਾ ਉਠਾ ਕੇ ਦੋ ਤਿੰਨ ਕੋਹਾਂ ਉੱਪਰ (ਖਾਨ ਛਾਪਰੀ) ਛੱਡ ਆਏ ਜਿੱਥੇ ਕੇਵਲ ਉਜਾੜ ਹੀ ਸੀ ਪਰ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਓਥੇ ਹੀ ਸੰਗਤਾਂ ਦੀ ਆਵਾਜਾਈ ਹੋਣੀ ਸ਼ੁਰੂ ਹੋ ਗਈ ਤੇ ਮੰਗਲਾਂ ਦੀ ਧੁਨ ਲਗ ਪਈ। ਕਿਉਂਕਿ-

ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥

ਭਾ: ਗੁਰਦਾਸ ਜੀ ਵਾਰ ੧/੨੭

ਫੇਰ ਜੱਟਾਂ ਨੇ ਜੋਗੀ ਨੂੰ ਆ ਕੇ ਕਿਹਾ ਗੁਰੂ ਜੀ ਤਾਂ ਬਾਹਰ ਚਲੇ ਗਏ ਹਨ, ਹੁਣ ਆਪ ਮੀਂਹ ਪਾਵੋ। ਤਦ ਜੋਗੀ ਨੇ ਬੜੇ ਜੰਤ੍ਰ, ਮੰਤ੍ਰ ਪੜ੍ਹੇ ਬੱਦਲ ਆਵਣ ਤਾਂ ਸਹੀ ਪਰ ਬੂੰਦ ਇੱਕ ਨਾ ਪਵੇ। ਮੂਰਖ ਲੋਕ ਇਹ ਨਹੀਂ ਸਮਝਦੇ ਕਿ ਜਿਨ੍ਹਾਂ ਦੇ ਹੁਕਮ ਵਿਚ ਬੱਦਲ ਵਰਖਾ ਕਰਦੇ ਸਨ, ਉਨ੍ਹਾਂ ਨੂੰ ਤਾਂ ਅਸੀਂ ਬਾਹਰ ਛੱਡ ਆਏ ਹਾਂ ਤੇ ਹੁਣ ਭਲਾ ਵਰਖਾ ਕਿਵੇਂ ਹੋ ਸਕਦੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲੋਂ ਚਲ ਕੇ ਰੋਜ਼ਾਨਾ ਇੱਕ ਵਾਰ ਖਡੂਰ ਸਾਹਿਬ ਵਿਚ ਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਕਰਦੇ ਹੁੰਦੇ ਸਨ। ਜਦ ਉਹ ਦਰਸ਼ਨ ਕਰਨ ਆਏ ਤਾਂ ਅੱਗੇ ਕੀ ਵੇਖਦੇ ਹਨ, ਕਿ ਗੁਰੂ ਸਾਹਿਬ ਜੀ ਦਾ ਮੰਜਾ ਕੋਈ ਨਹੀਂ। ਬੜੇ ਅਸਚਰਜ ਹੋ ਗਏ ਤੇ ਖਹਿਰਿਆਂ ਪਾਸੋਂ ਪੁੱਛਿਆ ਗੁਰੂ ਜੀ ਕਿੱਥੇ ਹਨ?

ਖਹਿਰਿਆਂ ਨੇ ਸੱਚੀ ਗੱਲ ਦੱਸ ਦਿੱਤੀ ਕਿ ਜੋਗੀ ਦੇ ਕਹਿਣੇ ਉੱਪਰ ਅਸੀਂ ਸਤਿਗੁਰਾਂ ਦਾ ਮੰਜਾ ਉਠਾ ਕੇ ਬਾਹਰ ਛੱਡ ਆਏ ਹਾਂ।

ਗੁਰੂ ਅਮਰਦਾਸ ਜੀ ਨੇ ਕਿਹਾ, ਜਿਸ ਮਤਲਬ ਪਿੱਛੇ ਤੁਸੀਂ ਗੁਰੂ ਸਾਹਿਬ ਜੀ ਨੂੰ ਬਾਹਰ ਛੱਡ ਆਏ ਹੋ, ਉਹ ਕਾਰਜ ਤੁਹਾਡਾ ਸਿੱਧ ਹੋਇਆ ਹੈ ਕਿ ਨਹੀਂ?

ਖਹਿਰਿਆਂ ਨੇ ਕਿਹਾ ਬੱਦਲ ਆਉਂਦੇ ਤਾਂ ਹਨ, ਪਰ ਵਰ੍ਹਸਦੇ ਨਹੀਂ। ਜੋਗੀ ਜੰਤ੍ਰ, ਮੰਤ੍ਰ ਤਾਂ ਬੜੇ ਪੜ੍ਹ ਰਿਹਾ ਹੈ, ਪਰੰਤੂ ਬਾਰਸ਼ ਅਜੇ ਤੱਕ ਨਹੀਂ ਹੋਈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਐਸੀ ਬੇਅਦਬੀ ਹੋਈ ਸੁਣ ਕੇ ਗੁਰੂ ਅਮਰਦਾਸ ਜੀ ਸਹਾਰ ਨਾ ਸਕੇ ਤੇ ਖਹਿਰਿਆ ਨੂੰ ਆਖਦੇ ਹਨ—ਜੇਕਰ ਵਰਖਾ ਅਸੀਂ ਪੁਆ ਦੇਈਏ ਤਾਂ ਫਿਰ ਜੋਗੀ ਨੂੰ ਛੱਡ ਦਿਓਗੇ ਕਿ ਨਹੀਂ?

ਖਹਿਰੇ ਜੱਟਾਂ ਨੇ ਕਿਹਾ, ਅਸੀਂ ਤਾਂ ਵਰਖਾ ਦੇ ਚਾਹਵਾਨ ਹਾਂ, ਜਿਹੜਾ ਕੋਈ ਵਰਖਾ ਪਾ ਦੇਵੇ ਅਸੀਂ ਉਸ ਦੇ ਚਰਨ ਪੂਜਾਂਗੇ। ਤਦ ਗੁਰੂ ਜੀ ਨੇ ਕਿਹਾ, ਜਿੱਥੇ ਜਿੱਥੇ ਜੋਗੀ ਫਿਰੇਗਾ ਓਥੇ ਓਥੇ ਵਰਖਾ ਪਏਗੀ। ਗੁਰੂ ਜੀ ਦਾ ਬਚਨ ਮੰਨ ਕੇ ਖਹਿਰਿਆਂ ਨੇ ਜੋਗੀ ਨੂੰ ਕਿਹਾ, ਆਪ ਇਸ ਮੰਦਰ ਚੋਂ ਬਾਹਰ ਚਲੋ । ਜੋਗੀ ਨੇ ਬਥੇਰਾ ਕਿਹਾ ਠਹਿਰ ਜਾਓ ਮੈਂ ਚਲਦਾ ਹਾਂ ਪਰ ਜੋਗੀ ਦੀ ਇੱਕ ਨਾ ਮੰਨੀ, ਖਹਿਰੇ ਤਾਂ ਮਗਰ ਹੀ ਪੈ ਗਏ। ਜਦ ਜੋਗੀ ਬਾਹਰ ਨਿਕਲਿਆ ਤਾਂ ਉਸੇ ਵੇਲੇ ਬੱਦਲ ਗੱਜ ਪਏ। ਜਿੱਧਰ ਜਿੱਧਰ ਜੋਗੀ ਗਿਆ ਓਹੀ ਓਹੀ ਖੇਤ ਪਾਣੀ ਨਾਲ ਭਰ ਗਿਆ। ਕੋਈ ਜੱਟ ਕਿਸੇ ਪਾਸੇ ਖਿੱਚਦਾ ਹੈ, ਕੋਈ ਕਿਸੇ ਪਾਸੇ ਖਿੱਚਦਾ ਹੈ। ਇਸ ਤਰ੍ਹਾਂ ਖਿੱਚਣ ਖਿਚਾਣ ਨਾਲ ਜੋਗੀ ਦੀ ਬੜੀ ਦੁਰਗਤੀ (ਬੁਰੀ ਹਾਲਤ) ਹੋਈ ਤੇ ਆਖਰਕਾਰ ਮਰ ਗਿਆ।

ਪੁਨਾ- ਗੁਰੂ ਜੀ ਨੇ ਕਿਹਾ, ਹੁਣ ਇਸ ਜੋਗੀ ਦੀ ਹੱਡੀ ਪਸਲੀ ਜਿੱਥੇ ਜਿੱਥੇ ਵੀ ਜਾਏਗੀ ਉਹ ਥਾਂ ਵੀ ਪਾਣੀ ਨਾਲ ਤ੍ਰਿਪਤ ਹੋ ਜਾਏਗੀ। ਜੱਟਾਂ ਨੇ ਫਿਰ ਇਸ ਦਾ ਮੁਰਦਾ ਵੀ ਰੁਲਾ ਦਿੱਤਾ।

ਪੁਨਾ- ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ ਆਏ ਤਾਂ ਉਹ ਅੱਗੋਂ ਪਿੱਠ ਦੇ ਕੇ

ਬੈਠ ਗਏ।

ਤਦ ਹੱਥ ਜੋੜ ਕੇ ਬੇਨਤੀ ਕੀਤੀ- ਆਪ ਕਿਰਪਾ ਕਰੋ ਸਨਮੁਖ ਦਰਸ਼ਨ ਦਿਓ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, ਸ਼ਕਤੀਆਂ ਏਸੇ ਵਾਸਤੇ ਲਈਆਂ ਸਨ ਜੋ ਜੋਗੀ ਨੂੰ ਰੁਲਾ ਕੇ ਮਰਵਾ ਦਿੱਤਾ ਹੈ?

ਗੁਰੂ ਅਮਰਦਾਸ ਜੀ ਨੇ ਕਿਹਾ- ਹੇ ਸੱਚੇ ਪਿਤਾ ਜੀ ! ਮੈਂ ਆਪ ਜੀ ਦੀ ਬਿਅਦਬੀ ਨਹੀਂ ਸਹਾਰ ਸਕਿਆ, ਇਸ ਕਰਕੇ ਇਹ ਕੌਤਕ ਵਰਤਿਆ ਹੈ ਤਾਂ ਗੁਰੂ ਜੀ ਨੇ ਕਿਹਾ, ਅੱਗੋਂ ਵਾਸਤੇ ਇਸ ਤਰ੍ਹਾਂ ਸ਼ਕਤੀ ਨਹੀਂ ਵਿਖਾਣੀ।

ਉਸ ਵੇਲੇ ਗੁਰੂ ਅਮਰਦਾਸ ਜੀ ਦੀ ਤੇ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਚ ਆਏ ਤੇ ਇਸ ਨੂੰ ਚੰਗੀ ਤਰ੍ਹਾਂ ਵਸਾਇਆ। ਉਹ ਧੁਨ ਡੂਮਾਂ ਨੇ ਇੱਥੇ ਦਿੱਤੀ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫਿਰ ਦੁਬਾਰਾ ਆ ਕੇ ਖਡੂਰ ਨਗਰ ਨੂੰ ਵਸਾਉਣਾ ਕੀਤਾ ਹੈ।

ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥

ਜਪ, ਤਪ, ਸੰਜਮ ਆਦਿਕ ਸਾਧਨ ਸਭ ਆਪ ਜੀ ਦੇ ਨਾਲ ਹਨ, ਹੋਰੁ ਮੁਚੁ=ਬਹੁਤੀ, ਗਰੂਰੁ=ਗੌਰਵਤਾ ਭੀ ਆਪ ਜੀ ਦੇ ਵਿਚ ਹੈ।

ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥
ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥

ਪਦਾਰਥਾਂ ਦਾ ਲਬ, ਮਾਣਸਾ=ਮਨੁੱਖਾਂ ਨੂੰ ਇਸ ਤਰ੍ਹਾਂ ਵਿਣਾਹੇ=ਨਾਸ ਕਰਦਾ ਹੈ, ਜਿਵੇਂ ਪਾਣੀ ਨੂੰ ਬੂਰ ਖਰਾਬ ਕਰਦਾ ਹੈ।

(ਇਹ ਧੁਨ ਡੂਮਾਂ ਨੇ ਆਪਣੇ ਉੱਤੇ ਵਰਤੀ ਹੈ ਕਿ ਅਸਾਨੂੰ ਲੋਭ ਨੇ ਹੀ ਇਤਨਾ ਦੁੱਖੀ ਕੀਤਾ ਹੈ।)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਤਸੰਗ ਦਰਗਾਹ ਵਿਚ ਕੁਦਰਤੀ ਨੂਰ=ਇਲਾਹੀ ਨੂਰ ਵਰਸ ਰਿਹਾ ਹੈ, ਜੋ ਹਰ ਵੇਲੇ ਕਥਾ ਕੀਰਤਨ ਦੀ ਧੁਨ ਹੋ ਰਹੀ ਹੈ।

ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥
ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ॥

ਜਿਸ ਪਰਮਾਤਮਾ ਦਾ ਹਾਥ=ਅੰਤ ਨਹੀਂ ਲੱਭਦਾ, ਆਪ ਜੀ ਨੂੰ ਓਹੀ ਸਰੂਪ ਅਸਾਂ ਨੇ ਠਰੂਰੁ= ਠਹਿਰਾਇਆ ਹੈ। ਪਰਮੇਸ਼ਰ ਦਾ ਨਾਮ ਜੋ ਨੌਂ ਨਿਧੀਆਂ ਦਾ ਨਿਧਾਨੁ=ਖਜ਼ਾਨਾ ਹੈ, ਉਹ ਨਾਮ ਆਪ ਜੀ ਦੇ ਹਿਰਦੇ ਵਿਚ ਭਰਪੂਰ ਹੈ।

ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥
ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ ॥

ਹੇ ਸ੍ਰੀ ਗੁਰੂ ਅੰਗਦ ਸਾਹਿਬ ! ਜੋ ਪੁਰਸ਼ ਤੇਰੀ ਨਿੰਦਿਆ ਕਰਦਾ ਹੈ, ਉਹ ਚੂਰੁ=ਚੂਰਨ, ਭਾਵ ਤਬਾਹ ਹੋ ਜਾਂਦਾ ਹੈ। ਅਸਾਂ ਮਾਤ ਲੋਕ ਦੇ ਜੀਵਾਂ ਦੀ ਨੇੜੈ ਦਿਸੈ=ਲਘੁ ਦ੍ਰਿਸ਼ਟੀ ਹੈ ਤੇ ਆਪ ਜੀ ਦੀ ਦੂਰੁ ਸੁਝੈ=ਦੀਰਘ ਦ੍ਰਿਸ਼ਟੀ ਹੈ। (ਦੀਰਘ ਦ੍ਰਿਸ਼ਟੀ ਹੋਣ ਕਰਕੇ ਹੀ ਆਪ ਜੀ ਨੇ ਵਿਚਾਰਿਆ ਹੈ ਕਿ ਜੇਕਰ ਇਨ੍ਹਾਂ

www.sikhbookclub.com

ਪਾਸ ਬਹੁਤਾ ਰੁਪਿਆ ਹੋ ਗਿਆ ਤਾਂ ਭੂਮਾਂ ਨੇ ਵਾਧੂ ਖਰਚ ਦੇ ਵਿਚ ਹੀ ਉਡਾ ਦੇਣਾ ਹੈ)

ਅੰਥਵਾ:- ਇਹ ਜੋ ਮਾਤ ਲੋਕ ਸਾਰਾ ਨੇੜੇ ਦਿੱਸ ਰਿਹਾ ਹੈ, ਤੁਧੁ ਸੁਝੈ ਦੂਰੁ=ਆਪ ਜੀ ਦੇ ਦਰਸ਼ਨ ਕਰਨ ਨਾਲ ਇਹ ਦੂਰ ਸੁੱਝਦਾ ਹੈ।

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥ ੫ ॥

ਫੇਰੁ=ਬਾਬਾ ਜੀ ਦੇ ਆਣਿ=ਸਪੁਤ੍ਰ ਜੋ ਸਤਿਗੁਰ ਅੰਗਦ ਦੇਵ ਜੀ ਹਨ, ਉਨ੍ਹਾਂ ਨੇ ਫੇਰਿ=ਮੁੜ ਆ ਕੇ ਖਡੂਰ ਨਗਰ ਨੂੰ ਵਸਾਣਾ ਕੀਤਾ ਹੈ॥ ੫॥

ਹੁਣ ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤੀ ਕੱਥਨ ਕਰਦੇ ਹਨ-

[ਪੰਨਾ ੯੬੮]

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥

ਜੋ ਤਿਲਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿੱਤਾ ਹੈ, ਓਹੀ ਟਿਕਾ=ਤਿਲਕ ਹੈ ਤੇ ਓਹੀ ਬੈਹਣਾ=ਤਖ਼ਤ ਗੁਰਿਆਈ ਗੱਦੀ ਦਾ ਹੈ। ਜਿਸ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਿਠਾਇਆ ਸੀ, ਓਹੀ ਦੀਬਾਣੁ=ਸਭਾ ਹੈ, ਸਿੱਖਾਂ ਰੂਪੀ। ਪਿਯੂ=ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ, ਦਾਦੇ ਸ੍ਰੀ ਗੁਰੂ ਨਾਨਕ ਦੇਵ ਜੀ, ਉਨ੍ਹਾਂ ਦੋਹਾਂ ਜੇਵਿਹਾ=ਵਰਗਾ, ਪੋਤਾ=ਪੋਤਰਾ ਸ੍ਰੀ ਗੁਰੂ ਅਮਰਦਾਸ ਜੀ ਪ੍ਰਮਾਣੀਕ ਹੋਇਆ ਹੈ।

ਇਕ ਵੇਲੇ ਰਾਜਾ ਇੰਦ੍ਰ ਹਾਥੀ ਉੱਤੇ ਚੜ੍ਹ ਕੇ ਬਾਹਰ ਨੂੰ ਜਾ ਰਿਹਾ ਸੀ, ਤਦ ਦਰਬਾਸ਼ਾ ਰਿਖੀ ਜੰਗਲ ਵਿਚ ਬੈਠਾ ਤਪ ਕਰ ਰਿਹਾ ਸੀ, ਉਸ ਨੂੰ ਜਦ ਪਤਾ ਲਗਾ ਕਿ ਰਾਜਾ ਇੰਦ੍ਰ ਆ ਰਿਹਾ ਹੈ ਤਦ ਉਸ ਦੇ ਸਵਾਗਤ ਵਾਸਤੇ ਇਕ ਸੁੰਦਰ ਫੁੱਲਾਂ ਦੀ ਮਾਲਾ ਪਰੋਕੇ ਰੱਖੀ। ਇੰਦ੍ਰ ਦੇ ਆਇਆਂ, ਉਸ ਦੇ ਗਲ ਪਾ ਦਿੱਤੀ ਤੇ ਇੰਦ੍ਰ ਨੇ ਉਹ ਮਾਲਾ ਆਪਣੇ ਗਲ 'ਚੋਂ ਉਤਾਰ ਕੇ ਹਾਥੀ ਦੇ ਗਲ ਪਾ ਦਿੱਤੀ, ਤਦ ਦੁਰਬਾਸ਼ਾ ਰਿਖੀ ਨੂੰ ਬੜਾ ਗੁੱਸਾ ਆਇਆ। ਕ੍ਰੋਧ ਵਿਚ ਆ ਕੇ ਸਰਾਪ ਦੇ ਦਿੱਤਾ ਕਿ ਜਿਨ੍ਹਾਂ ਮੋਤੀ ਰਤਨ ਆਦਿਕਾਂ ਦਾ ਤੈਨੂੰ ਮਾਣ ਹੈ। ਇਹ ਤੇਰੇ ਸਭ ਨਸ਼ਟ ਹੋ ਜਾਣਗੇ। ਰਿਖੀ ਦੇ ਸਰਾਪ ਕਰਕੇ ਜਦ ਸਾਰੇ ਰਤਨ ਵਗੈਰਾ ਨਸ਼ਟ ਹੋ ਗਏ ਤਾਂ ਇੰਦ੍ਰ ਨੇ ਭਗਵਾਨ ਜੀ ਪਾਸ ਆ ਕੇ ਬੇਨਤੀ ਕੀਤੀ-ਮਹਾਰਾਜ ! ਮੇਰੇ ਉੱਪਰ ਕਿਰਪਾ ਕਰੋ ਜੋ ਮੋਤੀ ਰਤਨ ਹੀਰੇ ਆਦਿਕਾਂ ਦੀ ਪ੍ਰਾਪਤੀ ਹੋ ਜਾਵੇ। ਇਸ ਤਰ੍ਹਾਂ ਇੰਦ੍ਰ ਦੀ ਬੇਨਤੀ ਪਰਵਾਨ ਕਰਕੇ ਭਗਵਾਨ ਨੇ ਸਮੁੰਦਰ ਨੂੰ ਦੁਬਾਰਾ ਮਥਿਆ ਹੈ।

ਹੁਣ ਸਮੁੰਦਰ ਦੁਬਾਰਾ ਮਥਨ (ਰਿੜਕਣ) ਵੇਲੇ ਦੀ ਗੱਲ ਸੁਣਾਂਦੇ ਹਨ। ਕਿ-

ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ ॥

ਜਿਸ ਪਰਮੇਸ਼ਰ ਨੇ ਬਾਸ਼ਕ ਨਾਗ ਨੂੰ ਨੇਤ੍ਰਾ ਘਤਿਆ=ਪਾਇਆ ਹੈ ਤੇ ਆਪਣੇ ਤਾਣੁ=ਬਲ ਦੀ ਨੇਹੀ ਕੀਤੀ ਹੈ।

ਪੁਨਾ- ਜਿਸ ਪਰਮੇਸ਼ਰ ਨੇ ਮੇਰੁ=ਸੁਮੇਰ ਪਰਬਤ ਨੂੰ ਮਧਾਣਾ ਬਣਾ ਕੇ ਸਮੁੰਦਰ ਨੂੰ ਵਿਰੋਲਿਆ= ਰਿੜਕਿਆ ਹੈ*।

ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥

ਲਛਮੀ ੧, ਕੌਸਤਕ ਮਣੀ ੨, ਰੰਭਾ ੩, ਸ਼ਰਾਬ ੪, ਅੰਮ੍ਰਿਤ ੫, ਗਾਂਡੀਵ ਸੰਖ ੬, ਐਰਾਵਤ ਹਾਥੀ ੭, ਬਿਖ ੮, ਕਾਮਧੇਨ ਗਊ ੯, ਚੰਦ੍ਰਮਾਂ ੧੦, ਕਲਪ ਬ੍ਰਿਛ ੧੧, ਸਾਰੰਗ ਨਾਮਾ ਧਨੁਖ ੧੨, ਧਨੰਤਰ ਵੈਦਜ ੧੩, ਉਚ ਸ੍ਰਵਾ ਘੋੜਾ ੧੪।

ਇਨ੍ਹਾਂ ਚੌਦਾਂ ਰਤਨਾਂ ਨੂੰ ਸਮੁੰਦਰ ਵਿਚੋਂ ਨਿਕਾਲਿਅਨੁ=ਕੱਢਿਆ ਹੈ।

ਫੇਰ- ਸੰਸਾਰ ਵਿਚ ਉਨ੍ਹਾਂ ਰਤਨਾਂ ਦਾ ਪਰਕਾਸ਼ ਕੀਤਾ ਹੈ, ਓਹੀ ਪਰਮੇਸ਼ਰ ਸਰੂਪ ਆਪ ਹੋ।

ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥

ਸਹਜ=ਬ੍ਰਹਮ ਗਿਆਨ ਦਾ ਆਪ ਜੀ ਨੇ ਘੋੜਾ ਕੀਤਾ ਹੈ, ਜਤਿੰਦ੍ਰੇ ਰਹਿਣਾ ਇਹ ਉੱਪਰ ਪਲਾਣ ਪਾਇਆ ਹੈ, ਭਾਵ ਕਾਠੀ ਰੱਖੀ ਹੈ। ਸੱਚ ਦਾ ਧਨਖ ਚਾੜ੍ਹਿਆ ਹੈ, ਵਾਹਿਗੁਰੂ ਦੇ ਜਸ ਹੰਦਾ=ਦਾ ਬਾਣ ਧਾਰਿਆ ਹੈ।

ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈਭਾਣੁ॥
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ॥

ਕਲਜੁਗ ਵਿਚ ਪਾਪਾਂ ਰੂਪੀ ਧੁੰਆਂ ਅੰਧਾਰੁ ਸਾ=ਅਨ੍ਹੇਰੇ ਸਰੀਖਾ ਹੈ, ਉਸ ਦੇ ਦੂਰ ਕਰਨੇ ਨੂੰ ਹੇ ਸ੍ਰੀ ਗੁਰੂ ਅਮਰਦਾਸ ਜੀ! ਆਪ ਰੈ+ਭਾਣੁ=ਕਿਰਨਾਂ ਵਾਲੇ ਸੂਰਜ ਚੜ੍ਹੇ ਹੋ,

ਵਾ:- ਗਿਆਨ ਰੂਪੀ ਕਿਰਨਾਂ ਦੇ ਸਹਿਤ ਸੂਰਮ ਚੜ੍ਹੇ ਹੋ।

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਗਾਹਕ ਦਾ ਖੇਤ ਗਊਆਂ ਮੱਝੀਆਂ ਦਾ ਚਰਿਆ ਹੋਇਆ ਆਪਣੇ ਸੱਤ ਦੇ ਪ੍ਰਤਾਪ ਨਾਲ ਜਮਾਇਆ ਹੈ ਅਤੇ ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਤ ਪ੍ਰਤਾਪ ਨੂੰ ਵੇਖ ਕੇ ਸ਼ੇਸ਼ਨਾਗ ਨੇ ਪਾਸ ਆ ਕੇ ਛਾਵਾਣੁ=ਛਾਇਆ ਕੀਤੀ ਹੈ, ਉਸੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਆਪ ਹੋ।

ਅਥਵਾ:- ਹੇ ਸ੍ਰੀ ਗੁਰੂ ਅਮਰਦਾਸ ਜੀਉ ! ਆਪ ਜੀ ਨੇ ਸੱਤ, ਸੰਤੋਖ ਆਦਿਕ ਸ਼ੁਭ ਗੁਣਾਂ ਦੇ ਖੇਤ ਨੂੰ ਜਮਾਇਆ ਹੈ ਅਤੇ ਸੱਤ ਸਰੂਪ ਪਰਮੇਸ਼ਰ ਦੇ ਜਸ ਕਰਨੇ ਰੂਪੀ ਛਾਵਾਣੁ=ਚੰਦੋਇ ਨੂੰ ਤਾਣਿਆ ਹੈ।

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥
ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ॥

ਹੇ ਸ੍ਰੀ ਗੁਰੂ ਅਮਰਦਾਸ ਜੀਉ ! ਤੇਰੀਐ=ਆਪ ਜੀ ਦੇ ਲੰਗਰ ਵਿਚ ਨਿਤਪ੍ਰਤੀ ਘਿਉ, ਮੈਦਾ ਤੇ ਖਾਣੁ=ਖੰਡ ਆਦਿਕ ਉੱਤਮ ਪਦਾਰਥ, ਭਾਵ ਕੜਾਹ ਪ੍ਰਸ਼ਾਦ ਵਰਤੀਂਦਾ ਹੈ।

**ਨੋਟ- ਮਧਾਣੀ ਫੇਰਨ ਵਾਲੀ ਜੋ ਰੱਸੀ ਹੁੰਦੀ ਹੈ, ਉਸ ਨੂੰ ਨੇਤ੍ਰਾ ਆਖਦੇ ਹਨ ਅਤੇ ਘੜਵੰਜੀ ਦੇ ਉੱਪਰ ਜੋ ਸਿੱਧੀ ਖੜੀ ਲੱਕੜੀ ਹੁੰਦੀ ਹੈ, ਉਸ ਨੂੰ "ਨੇਹੀ" ਆਖਦੇ ਹਨ।*

www.sikhbookclub.com

ਅਥਵਾ:- ਆਪ ਜੀ ਦੀ ਸਤਿਸੰਗਤ ਰੂਪ ਰਸੋਈ ਵਿਚ ਘਿਉ=ਪ੍ਰੇਮ, ਮੈਦਾ=ਗਿਆਨ, ਖਾਣੁ=ਖੰਡ-ਭਗਤੀ ਇਤਿਆਦਿ ਸ਼ੁਭ ਗੁਣ ਵਰਤ ਰਹੇ ਹਨ। ਜਿਸ ਨੇ ਮਨ ਵਿਚ ਤੁਹਾਡੇ ਉਪਦੇਸ਼ ਨੂੰ ਪਰਵਾਨ ਕੀਤਾ ਹੈ।

ਅਥਵਾ:- ਸ਼ਬਦ ਵਿਚ ਪਰਵਾਣੁ=ਨਿਸਚਾ ਕੀਤਾ ਹੈ, ਉਸ ਨੂੰ ਚਾਰੇ ਕੁੰਡਾ=ਚਾਰੇ ਦਿਸ਼ਾ ਮਿਥਿਅਤ, ਵਾ:- ਬ੍ਰਹਮ ਰੂਪ ਕਰ ਕੇ ਸੁੱਝ ਆਇਆਂ ਹਨ।

ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ॥
ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥

ਹੇ ਗੁਰੋ ! ਮੇਹਰ ਦੀ ਨਜ਼ਰ ਕਰਕੇ ਜਿਸ ਨੂੰ ਉਪਦੇਸ਼ ਰੂਪੀ ਨੀਸਾਣੁ=ਪਰਵਾਨਾ ਬਖਸ਼ਿਆ ਹੈ, ਉਸ ਦਾ ਆਵਾ ਗਉਣੁ=ਜੰਮਣਾ ਮਰਣਾ ਦੂਰ ਕੀਤਾ ਹੈ ਅਤੇ ਉਹ ਸੁਜਾਣੁ ਪੁਰਖੁ=ਪਰਮਾਤ੍ਮਾ, ਵਾ:- ਸ੍ਰੀ ਗੁਰੂ ਨਾਨਕ ਦੇਵ ਜੀ ਹੀ ਗੁਰੂ ਅਮਰਦਾਸ ਜੀ ਦਾ ਅਵਤਾਰ ਲੈ ਕੇ ਸੰਸਾਰ ਵਿਚ ਉਤਰਿਆ ਹੈ।

ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥
ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥

ਲੋਭ ਆਦਿਕਾਂ ਦੇ ਝੱਖੜ* ਅਤੇ ਵਾਸ਼ਨਾਂ ਰੂਪ ਵਾਯੂ ਕਰਕੇ ਆਪ ਡੋਲਦੇ ਨਹੀਂ, ਕਿਉਂਕਿ ਮੇਰਾਣੁ=ਸੁਮੇਰ ਪਰਬਤ ਵਾਂਗੂੰ ਆਪ ਅਚੱਲ ਹੋ। ਤੁਸੀਂ ਜਿਗਿਆਸੂ ਸਿੱਖਾਂ ਦੇ ਦਿਲ ਦੀ ਬਿਰਥਾ=ਪੀੜਾ, ਵਾ:- ਗੱਲਬਾਤ ਜਾਣਦੇ ਹੋ, ਇਸ ਤੇ ਆਪ ਜਾਣੀ ਜਾਣ ਹੋ।

ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥
ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ॥

ਜਾਂ ਤੂੰ ਆਪ ਹੀ ਸੁਘੜ ਸੁਜਾਣ ਹੈਂ, ਤਾਂ ਹੇ ਸੱਚੇ ਪਾਤਿਸ਼ਾਹ ! ਮੈਂ ਤੁਹਾਡੀ ਕੀ ਸ਼ਲਾਘਾ ਕਰਾਂ।

'ਸੱਤਾ' ਡੂਮ ਆਖਦਾ ਹੈ, ਹੇ ਸਤਿਗੁਰੋ ! ਜੋ ਦਾਨ ਦੇਣਾ ਆਪ ਜੀ ਨੂੰ ਭਾਂਵਦਾ ਹੈ, ਓਹੀ ਦਾਨ ਸੱਤੇ ਡੂਮ ਦੇ ਤਾਈਂ ਦੇਣਾ ਕਰੋ।

ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥

ਹੇ ਸ੍ਰੀ ਗੁਰੂ ਅਮਰਦਾਸ ਜੀ ! ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਰ ਹੰਦਾ=ਦਾ ਛਤਰ ਆਪ ਜੀ ਦੇ ਸਿਰ ਉੱਤੇ ਝੁਲ ਰਿਹਾ ਹੈ, ਉਮਤਿ=ਸੰਗਤ, ਵਾ:- ਸ੍ਰਿਸ਼ਟੀ ਜਿਸ ਨੂੰ ਵੇਖ ਕੇ ਹੈਰਾਣੁ=ਅਸਚਰਜ ਹੋ ਰਹੀ ਹੈ। ਜੋ ਟਿਕਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿੱਤਾ, ਓਹੀ ਟਿਕਾ ਆਪ ਨੂੰ ਮਿਲਿਆ ਹੈ। ਓਹੀ ਬੈਹਣਾ=ਤਖਤ ਹੈ ਅਤੇ ਓਹੀ ਸਿੱਖਾਂ ਰੂਪੀ ਦੀਬਾਣੁ=ਸਭਾ ਹੈ।

ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥ ੬॥

ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ, ਦਾਦੇ ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਵਰਗਾ ਹੀ ਪੋਤ੍ਰਾ ਸ੍ਰੀ ਗੁਰੂ ਅਮਰਦਾਸ ਜੀ ਪਰਮਾਨੀਕ ਹੋਇਆ ਹੈ॥ ੬॥

*ਨੋਟ- ਬੜੀ ਡਾਢੀ ਤ੍ਰਿਖੀ ਘੱਟੇ ਮਿੱਟੀ ਨਾਲ ਮਿਲੀ ਹੋਈ ਜੋ ਅੰਨ੍ਹੇਰੀ ਹੈ, ਉਸ ਨੂੰ ਝੱਖੜ ਆਖਦੇ ਹਨ।

www.sikhbookclub.com

(ਹੁਣ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਉਸਤਤੀ ਕਥਨ ਕਰਦੇ ਹਨ)-

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ! ਆਪ ਧੰਨ ਹੋ ਧੰਨ, ਜਿਸ ਪਰਮੇਸ਼ਰ ਨੇ ਜਗਤ ਨੂੰ ਸਿਰਜਿਆ ਹੈ, ਤਿਸੀ ਨੇ ਆਪ ਜੀ ਨੂੰ ਸਵਾਰਿਆ ਹੈ।

ਵਾ:- ਜਿਸ ਨੇ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ! ਆਪ ਜੀ ਨੂੰ ਸਿਰਜਿਆ ਹੈ, ਤਿਸੀ ਨੇ ਆਪ ਜੀ ਨੂੰ ਗੁਰਿਆਈ ਗੱਦੀ ਉੱਪਰ ਸਵਾਰਿਆ=ਅਸਥਾਪਨ ਕੀਤਾ ਹੈ।

ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥

ਆਪ ਜੀ ਵਿਚ ਪੂਰਨ ਕਰਾਮਾਤਿ=ਸ਼ਕਤੀ ਪਰਾਪਤ ਹੋਈ ਹੈ, ਸਿਰਜਨਹਾਰ ਪਰਮਾਤਮਾ ਨੇ ਹੀ ਆਪ ਆ ਕੇ ਰੂਪ ਧਾਰਿਆ ਹੈ।

ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥

ਸਾਰੀ ਸਿੱਖੀ ਅਤੇ ਸਮੂਹ ਸੰਗਤ ਨੇ ਆਪ ਜੀ ਨੂੰ ਪਾਰਬ੍ਰਹਮ ਰੂਪ ਜਾਣ ਕੇ ਨਮਸ਼ਕਾਰ ਕੀਤੀ ਹੈ।

ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥

ਆਪ ਪ੍ਰਮੇਸ਼ਰ ਰੂਪ ਹੋਣ ਕਰਕੇ ਅਟੱਲ ਹੋ, ਅਥਾਹ ਹੋ, ਅਤੋਲ ਹੋ ਅਤੇ ਆਪ ਜੀ ਦੇ ਪਾਰਉਰਵਾਰ ਦਾ ਅੰਤ ਨਹੀਂ ਆਉਂਦਾ।

ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥

ਜਿਨ੍ਹਾਂ ਨੇ ਆਪ ਜੀ ਨੂੰ ਭਾਉ=ਪ੍ਰੇਮ ਕਰਕੇ ਸੇਵਿਆ ਹੈ, ਉਨ੍ਹਾਂ ਨੂੰ ਆਪ ਜੀ ਨੇ ਸੰਸਾਰ ਸਮੁੰਦ੍ਰ ਤੋਂ ਪਾਰ ਉਤਾਰਿਆ ਹੈ।

ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥

ਸਿੱਖਾਂ, ਸੇਵਕਾਂ ਦੇ ਹਿਰਦੇ ਵਿਚੋਂ ਪਦਾਰਥਾਂ ਦੇ ਖਾਣ ਦਾ ਲੱਬ ਅਤੇ ਪਦਾਰਥਾਂ ਦੇ ਇਕੱਤ੍ਰ ਕਰਨ ਦਾ ਲੋਭ, ਕਾਮ, ਕ੍ਰੋਧ, ਮੋਹ, ਇਨ੍ਹਾਂ ਨੂੰ ਸ+ਪਰਵਾਰਿਆ=ਪਰਵਾਰ ਦੇ ਸਹਿਤ ਮਾਰ ਕੇ ਆਪ ਜੀ ਨੇ ਬਾਹਰ ਕੱਢ ਦਿੱਤਾ ਹੈ, ਭਾਵ ਸਾਰੀ ਆਸੁਰੀ=ਸੰਪਦਾ ਦਾ ਨਾਸ ਕਰ ਦਿੱਤਾ ਹੈ।

ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ! ਆਪ ਜੀ ਦਾ ਹਰਿ-ਮੰਦਰ, ਵਾ- ਸਤਿਸੰਗ ਰੂਪੀ ਅਸਥਾਨ ਧੰਨਤਾ ਜੋਗ ਹੈ, ਆਪ ਜੀ ਦਾ ਸ਼ੁਭ ਗੁਣਾਂ ਰੂਪੀ ਪੈਸਕਾਰਿਆ=ਪਸਾਰਾ ਵੀ ਸੱਚਾ ਹੈ।

ਅਥਵਾ:- ਆਪ ਜੀ ਦੇ ਪੈਸਕਾਰਿਆ=ਅੱਗੇ ਅਗਵਾਨੀ ਜੋ ਰਹਿੰਦੇ ਹਨ, (ਬਾਬਾ ਬੁੱਢਾ ਜੀ ਆਦਿਕ ਓਹ ਵੀ ਸੱਚੇ ਹਨ)

ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥

ਨਾਨਕ ਤੂ=ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਭੀ ਤੂੰਹੀਂ ਹੈਂ, ਲਹਣਾ ਤੂ ਹੈ=ਸ੍ਰੀ ਗੁਰੂ ਅੰਗਦ ਦੇਵ ਜੀ ਰੂਪ ਭੀ ਤੂੰਹੀਂ ਹੈਂ ਅਤੇ ਸ੍ਰੀ ਗੁਰੂ ਅਮਰਦਾਸ ਜੀ ਰੂਪ ਵੀ ਆਪ ਜੀ ਨੂੰ ਵਿਚਾਰਿਆ ਹੈ।

www.sikhbookclub.com

ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥ ੭ ॥

ਹੇ ਸਤਿਗੁਰ ਰਾਮਦਾਸ ਸਾਹਿਬ ਜੀ ! ਜਦੋਂ ਦਾ ਆਪ ਜੀ ਦਾ ਦਰਸ਼ਨ ਵੇਖਿਆ ਹੈ, ਤਦੋਂ ਦਾ ਮਨ ਸਾ+ਧਾਰਿਆ=ਸਹਿਤ ਆਸਰੇ ਦੇ ਹੋਇਆ ਹੈ॥ ੭॥

ਹੁਣ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤੀ ਕਥਨ ਕਰਦੇ ਹਨ:-

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥

ਪਹਿਲਾ ਅਰਥ-

ਜਿਸ ਵੇਲੇ ਚਹੁ ਜੁਗੀ=ਸੰਸਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਇਹ ਚਾਰੇ ਪਾਤਿਸ਼ਾਹ ਜਾਗ ਗਏ, ਭਾਵ ਜੋਤੀ ਜੋਤ ਸਮਾਅ ਗਏ ਤਾਂ ਪੰਚਾਇਣੁ=ਪੰਚਮ ਅਵਤਾਰ ਸ੍ਰੀ ਗੁਰੂ ਅਰਜਨ ਦੇਵ ਜੀ ਰੂਪ ਆਪ ਹੀ ਪਰਮੇਸ਼ਰ ਹੋਇਆ।

ਦੂਜਾ ਅਰਥ-

ਚਾਰੇ ਜੁਗਾਂ ਦੇ ਚਾਰੇ ਅਵਤਾਰ ਜਾਗੇ=ਪਰਗਟ ਹੋਏ। (ਸਤਿਜੁਗ ਦਾ ਹੰਸ ਅਵਤਾਰ, ਤ੍ਰੇਤੇ ਦਾ ਰਾਮ ਅਵਤਾਰ, ਦੁਆਪੁਰ ਦਾ ਕ੍ਰਿਸ਼ਨ ਅਵਤਾਰ, ਕਲਜੁਗ ਦਾ (ਨਿਹਕਲੰਕ) ਪਰ ਮਰਯਾਦਾ ਨੂੰ ਢਿੱਲਿਆਂ ਵੇਖ ਕੇ ਪੰਚਾਇਣੁ=ਪੰਚਮ ਗੁਰ ਅਵਤਾਰ ਆਪ ਪਰਮੇਸ਼ਰ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਗੁਰ ਪਦਵੀ ਹੋਰ ਕਿਸੇ ਨੂੰ ਨਹੀਂ ਮਿਲੀ।

ਤੀਜਾ ਅਰਥ-

ਚਾਰੇ ਜੁਗਾਂ ਦੇ ਚਾਰੇ ਨਾਮ ਜਾਗੇ ਤੇ ਪੰਚਾਇਣੁ=ਪੰਚਮ ਨਾਮ ਸਤਿਨਾਮੁ ਵਾਹਿਗੁਰੂ ਇਹ ਰੂਪ ਆਪ ਹੀ ਪਰਮੇਸ਼ਰ ਹੋਇਆ। ਜਿਸ ਸਤਿਨਾਮੁ ਵਾਹਿਗੁਰੂ ਦੇ ਨਾਮ ਜਪਣੇ ਕਰਕੇ ਚਾਰੇ ਜੁਗਾਂ ਦੇ ਚਾਰੇ ਨਾਮ ਜਪਣੇ ਦਾ ਮਹਾਤਮ ਆ ਜਾਂਦਾ ਹੈ।

ਭਾਈ ਗੁਰਦਾਸ ਜੀ ਨੇ ਖੋਲ੍ਹ ਕੇ ਲਿਖਿਆ ਹੈ-

ਯਥਾ- ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸ਼ਨਾ ਨਾਂਮ ਜਪਾਵੈ॥
ਦੁਆਪੁਰ ਸਤਿਗੁਰ ਹਰੀਕ੍ਰਿਸ਼ਨ, ਹਾਹਾ ਹਰਿ ਹਰਿ ਨਾਮ ਧਿਆਵੈ॥
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ॥
ਕਲਜੁਗ ਨਾਨਕ ਗੁਰ ਗੋਬਿੰਦ ਗੱਗਾ ਗੋਬਿੰਦ ਨਾਮ ਜਪਾਵੈ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ॥
ਚਾਰੋ ਅਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ॥
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ॥ *(ਭਾਈ ਗੁਰਦਾਸ ਜੀ ਵਾਰ ੧, ਪਉੜੀ ੪੯)*

ਇੱਕ ਸਮੇਂ ਸ਼ੀਹਾਂ ਤੇ ਗੱਜਣ ਨਾਮ ਦੇ ਦੋ ਭਰਾ ਗੁਰੂ ਸਾਹਿਬ ਜੀ ਦੀ ਸਿਫਤ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਆਏ ਚਰਨਾਂ ਉੱਪਰ ਨਮਸ਼ਕਾਰ ਕਰਕੇ ਅੱਗੇ ਭੇਟਾ ਰੱਖ ਕੇ ਦੋ ਹੱਥ ਜੋੜ ਕੇ ਬੇਨਤੀ ਕੀਤੀ-

ਆਪ ਜੈਸਾ ਦੁਨੀਆਂ ਵਿਚ ਹੋਰ ਕੋਈ ਉਦਾਰ ਆਤਮਾ ਨਹੀਂ ਹੈ, ਕਿਰਪਾ ਕਰਕੇ ਅਸਾਨੂੰ ਕੋਈ ਅਜਿਹਾ ਜਾਪ ਦੱਸੋ ਜਿਸ ਨਾਲ ਚਾਰ ਪਦਾਰਥਾਂ ਦੀ ਪ੍ਰਾਪਤੀ ਹੋ ਜਾਵੇ ਅਤੇ ਜਨਮ ਮਰਨ ਦੇ ਸੰਕਟ ਕੱਟੇ ਜਾਣ। ਇਸ

www.sikhbookclub.com

ਤਰ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਫੁਰਮਾਇਆ-

ਸਿਮਰਹੁ ਵਾਹਿਗੁਰੂ ਲਿਵਲਾਈ। ਦੇਇ ਪਦਾਰਥ ਸੋ ਤੁਮ ਤਾਈਂ॥ ੫੮॥

ਪੁਨਾ- ਦੋਹਾਂ ਭਰਾਵਾਂ ਨੇ ਕਿਹਾ- ਆਪ ਕਿਰਪਾ ਕਰਕੇ ਇਸ ਦਾ ਮਹਾਤਮ ਅਤੇ ਅਰਥ ਦੱਸੋ।

ਹਜ਼ੂਰ ਨੇ ਕਿਹਾ- ਇੱਕ ਵਾਹਿਗੁਰੂ ਹੀ ਐਸਾ ਨਾਮ ਹੈ, ਜਿਸ ਦੇ ਸਿਮਰਨ ਕਰਨ ਨਾਲ ਚਾਰ ਨਾਮਾਂ ਦੇ ਸਿਮਰਨ ਜਿਤਨਾ ਫਲ ਪ੍ਰਾਪਤ ਹੋ ਜਾਂਦਾ ਹੈ।

ਯਥਾ:-ਦੋਹਰਾ॥ ਵਾਸਦੇਵ ਵਾਵਾ ਵਰਨ, ਹਾਹਾ ਹਰਿ ਤੇ ਲੀਨ।
ਗੱਗਾ ਗੋਬਿੰਦ ਤੇ ਲਿਯੋ, ਰਾਰਾ ਰਾਮ ਪ੍ਰਬੀਨ॥ ੬੦॥
ਚੌਪਈ॥ ਏਕ ਨਾਮ ਤੇ ਚਤਰ ਸੁ ਜਾਪੂ। ਯਾਂਤੇ ਹੈ ਇਹ ਅਧਿਕ ਪ੍ਰਤਾਪੂ।
ਦੂਸਰ ਅਰਥ ਔਰ ਸੁਨਿ ਲੀਜੈ। ਜਾਪ ਕਰੇ ਸਭਿ ਸੰਕਟ ਛੀਜੈ॥ ੬੧॥
'ਵਾਹਿ' ਨਾਮ ਅਚਰਜ ਪਹਿਚਾਨੋ। ਜਿਹਕੀ ਸੱਤਜਾ ਜਗ ਪ੍ਰਗਟਾਨੋ।
ਜਿਹ ਸੱਤਜਾ ਕਰਿ ਲਖਿਯਤਿ ਭਵ ਹੈ। ਸੋ ਨਹਿਂ ਲਖੀ ਜਾਇ ਅਨੁਭਵ ਹੈ॥ ੬੨॥
ਦੋਹਰਾ॥ ਯਾਂਤੇ ਸੋ ਅਚਰਜ ਭਯੋ, ਗੁਰੂ ਅਰਥ ਸੁਨਿ ਕਾਨ॥
ਅੰਧਕਾਰ 'ਗੋ' ਨਾਮ ਹੈ, 'ਰੂ' ਪ੍ਰਕਾਸ਼ ਪਹਿਚਾਨ॥ ੬੩॥
ਚੌਪਈ॥ ਅੰਧਕਾਰ ਵਤ ਦੇਹਿ ਅਨਿੱਤਾ। ਤਿਹ ਪ੍ਰਕਾਸ਼ ਦੀਨੋ ਸੁ ਚਿੱਤਾ।
ਤਾਂਕੋ 'ਵਾਹਿਗੁਰੂ' ਇਮ ਨਾਮੰ। ਜਪੁ ਹੈ ਚਤੁਰ ਪਦਾਰਥ ਧਾਮੰ॥ ੬੪॥
ਅਰਥ ਵਾਹਿਗੁਰੂ ਸਮਝਨ ਕਰਿ ਕੈ। ਹੁਇ ਹੈ ਗਜਾਨ ਜਾਇ ਤਮ ਟਰਕੈ।
ਚਤੁਰ ਪਦਾਰਥ ਨਾਮੁ ਅਧੀਨਾ। ਸਿਮਰਨ ਕਰਹੁ ਹੋਹਿ ਦੁਖ ਛੀਨਾ॥ ੬੫॥

ਪੁਨਾ- ਬੇਨਤੀ ਕੀਤੀ, ਵਾਹਿਗੁਰੂ ਨਾਮ ਦਾ ਸਿਮਰਨ ਕਿਵੇਂ ਕਰਨਾ ਚਾਹੀਦਾ ਹੈ?

ਹਜ਼ੂਰ ਨੇ ਕਿਹਾ;-

ਅੰਦਰ ਸ੍ਵਾਸ ਜਾਣ ਤਾਂ (ਵਾਹਿ) ਕਹੋ ਜੇ ਬਾਹਰ ਸ੍ਵਾਸ ਆਉਣ ਤਾਂ (ਗੁਰੂ) ਕਹੋ, ਇਸ ਤਰ੍ਹਾਂ ਦਾ ਜਾਪ ਕਰਨ ਨਾਲ ਤੁਹਾਡੀ ਕਲਿਆਨ (ਮੁਕਤੀ) ਹੋਵੇਗੀ।

ਹਜ਼ੂਰ ਦੇ ਪਾਸੋਂ ਸੁਣ ਕੇ ਉਹ ਦੋਨੋਂ ਭਾਈ ਸਵੇਰੇ ਉੱਠ ਕੇ ਇਸ਼ਨਾਨ ਵਗੈਰਾ ਕਰਕੇ ਵਾਹਿਗੁਰੂ ਨਾਮ ਦੇ ਪੱਕੇ ਅਭਿਆਸੀ ਹੋ ਗਏ।

ਯਥਾ- ਦੋਹਰਾ॥ ਸ੍ਰੀ ਗੁਰ ਕੋ ਉਪਦੇਸ਼ ਸੁਨਿ, ਕਰਨ ਲਗੇ ਸੋ ਕਾਰ।
ਪਿਛਲੀ ਨਿਸ ਇਸ਼ਨਾਨ ਕਰਿ, ਪਢਹਿਂ ਸ਼ਬਦ ਹਿਤ ਧਾਰਿ॥ ੬੯॥
ਚੌਪਈ॥ ਦਿਨ ਸਗਰੋ ਨਿਜ ਕ੍ਰਿੱਤ ਕਮਾਵਹਿਂ। ਅੱਭਜਾਗਤ ਸੋ ਵੰਡਹਿਂ ਖਾਵਹਿਂ॥
ਅੰਤਰ ਸ੍ਵਾਸ ਜਿ 'ਵਾਹਿ' ਮਿਲਾਵੈਂ। ਨਿਕਸਹਿ ਵਹਿਰ ਤ- 'ਗੁਰੂ' ਅਲਾਵੈਂ॥ ੭੦॥

(ਨਾਨਕ ਪ੍ਰਕਾਸ਼ ਉਤ੍ਰਾਰਧ ਧਿਆ ੪੩)

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਵਣ ਲਗੇ, ਉਸ ਵੇਲੇ ਬਾਬਾ ਬੁੱਢਾ ਜੀ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ- ਮਹਾਰਾਜ ! ਸਿੱਖਾਂ ਦੇ ਮਨ ਵਿਚ ਇਹ ਖਿਆਲ ਹੈ ਕਿ ਜਿਸ ਸਤਿਨਾਮੁ ਵਾਹਿਗੁਰੂ

www.sikhbookclub.com

ਮੰਤ੍ਰ ਦੇ ਸਿਮਰਨ ਦਾ ਉਪਦੇਸ਼ ਆਪ ਜੀ ਨੇ ਅਸਾਨੂੰ ਦਿੱਤਾ ਹੈ, ਉਸ ਦੇ ਅਰਥ ਦਾ ਨਿਰਣਾ ਕਰਕੇ ਸੁਣਾ ਜਾਓ ਕਿਉਂਕਿ ਇਹ ਆਪ ਜੀ ਦਾ ਆਖਰੀ ਦਰਸ਼ਨ ਹੈ ਤੇ ਆਖਰੀ ਹੀ ਸਿੱਖਿਆ ਹੈ। ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਹਜ਼ੂਰ ਨੇ ਫ਼ੁਰਮਾਇਆ-

ਦੋਹਰਾ॥ ਸੱਤਿਨਾਮੁ ਸ੍ਰੀ ਵਾਹਿਗੁਰੂ, ਸੁਨਹੁ ਅਰਥ ਇਸ ਕੇਰ।
ਜਿਸ ਕੇ ਸਿਮਰਨ ਅਧਿਕ ਫਲ, ਮਿਟਹਿ ਚੁਰਾਸੀ ਫੇਰ॥ ੩੬॥

ਸ੍ਵੈਯਾ॥ ਗੋ- ਤਮ ਨਾਮ ਅਗਜਾਨ ਮਹਾਨ ਕੋ, ਪਾਇ ਬੰਧਾਨ ਸਦੀਵ ਝੁਰੂ।
ਦੇਹਿ ਅਨੇਕ ਧਰੇ, ਜਨਮੇ, ਮ੍ਰਿਤੁ, ਸੰਕਟ ਹੋਤਿ ਬਿਸ਼ਾਲ ਸ਼ੁਰੂ।
ਸੋ ਤਤਕਾਲ ਬਿਲੀਨ ਕਰੈ ਹੁਇ ਜਾਤਿ ਪ੍ਰਕਾਸ਼ ਕਹੈ ਇਸ- ਰੂ।
ਜੋ ਅਸਚਰਜ ਮਹਾਂ ਬਿਸਮਾਵਤਿ ਤਾਹਿ ਕਹੋ ਮੁਖ ਵਾਹਿਗੁਰੂ॥ ੩੭॥

ਇਸ ਤਰ੍ਹਾਂ ਦੇ ਅੱਠ ਸ੍ਵੈਯੇ ਉਚਾਰ ਕੇ ਗੁਰੂ ਜੀ ਨੇ ਵਾਹਿਗੁਰੂ ਮੰਤ੍ਰ ਦੇ ਅਰਥ ਸੁਣਾ ਕੇ ਕਿਹਾ-

ਜੋ ਪੁਰਸ਼ ਮਨ ਵਿਚ ਪ੍ਰੇਮ ਧਾਰ ਕੇ ਨਿਤਾਪ੍ਰਤੀ ਇਸ ਮੰਤ੍ਰ ਦਾ ਜਾਪ ਕਰੇਗਾ, ਉਹ ਪੁਰਸ਼ ਗੁਰੂ ਸਾਹਿਬ ਜੀ ਪਾਸੋਂ ਪੁੱਤਰ, ਧਨ ਆਦਿਕ ਸਾਰੇ ਪਦਾਰਥ ਪਾ ਲੇਵੇਗਾ, ਅਤੇ ਦੋਹਾਂ ਲੋਕਾਂ ਵਿਚ ਉਸ ਦੀ ਸਹਾਇਤਾ ਗੁਰੂ ਸਾਹਿਬ ਜੀ ਆਪ ਕਰਨਗੇ।

ਯਥਾ- ਸੁਤ ਬਿਤ ਆਦਿਕ ਕਾਮਨਾ ਸਤਿਗੁਰ ਤੇ ਸਭਿ ਪਾਇ।
ਪ੍ਰਤਿ ਦਿਨ ਦੋਨੋ ਲੋਕ ਮੈਂ ਹੋਵੈਂ ਗੁਰੂ ਸਹਾਇ॥ ੪੭॥

(ਨਾਨਕ ਪ੍ਰਕਾਸ਼ ਉਤ੍ਰਾਰਧ ਧਿਆ ੫੭)

ਜਿਸ ਵੇਲੇ ਭਾਈ ਗੁਰਦਾਸ ਜੀ ਕਾਂਸ਼ੀ ਪੁਰੀ ਵਿੱਚ ਗਏ, ਤਦ ਸੰਗਤਾਂ ਨੇ ਗੁਰੂ ਰੂਪ ਜਾਣ ਕੇ ਭਾਈ ਸਾਹਿਬ ਜੀ ਦੀ ਬੜੀ ਸੇਵਾ ਕੀਤੀ, ਬਲਕਿ ਉਥੋਂ ਦਾ ਰਾਜਾ ਵੀ ਭਾਈ ਗੁਰਦਾਸ ਜੀ ਦਾ ਸੇਵਕ ਬਣ ਗਿਆ ਤੇ ਰੋਜ਼ਾਨਾ ਭਾਈ ਸਾਹਿਬ ਜੀ ਨੂੰ ਆਪਣੇ ਪਾਸ ਬੁਲਾ ਕੇ ਗੁਰਬਾਣੀ ਦਾ ਪਾਠ ਅਰਥਾਂ ਸਮੇਤ ਸੁਣਿਆ ਕਰੇ। ਆਸ ਪਾਸ ਦੀਆਂ ਸੰਗਤਾਂ ਭੀ ਸੁਣ ਕੇ ਆਨੰਦ ਹੋਇਆ ਕਰਨ।

ਇੱਕ ਦਿਨ ਭਾਈ ਗੁਰਦਾਸ ਜੀ ਦੇ ਪਾਸ ਬ੍ਰਾਹਮਣ, ਪੰਡਿਤਾਂ ਨੇ ਆ ਕੇ ਕਿਹਾ- ਜਿਸ ਨਗਰੀ ਵਿੱਚ ਆਪ ਆ ਕੇ ਠਹਿਰੇ ਹੋ, ਇਹ ਸ਼ਿਵਾਂ ਦੀ ਪੁਰੀ ਹੈ, ਇਸ ਤੇ ਆਪ ਸ਼ਿਵਾਂ ਦੇ ਉਪਾਸ਼ਕ ਅਤੇ ਸ਼ਿਵਾਂ ਦੇ ਦਾਸ, ਭਾਵ ਪੁਜਾਰੀ ਬਣੋ।

ਇਹ ਗੱਲ ਸੁਣ ਕੇ ਭਾਈ ਗੁਰਦਾਸ਼ ਜੀ ਨੇ ਕਿਹਾ- ਜਿਵੇਂ ਪਤਿਬ੍ਰਤ ਧਰਮ ਵਾਲੀ ਇਸਤ੍ਰੀ ਆਪਣੇ ਪਤੀ ਨੂੰ ਤਿਆਗ ਕੇ ਪਰ ਪੁਰਸ਼ ਰਮਨ ਕਰੇ ਤਾਂ ਜਗਤ ਦੇ ਲੋਕ ਉਸ ਦੀ ਨਿੰਦਿਆ ਕਰਦੇ ਹਨ ਤੇ ਉਹ ਅੱਗੇ ਨਰਕਾਂ ਵਿਚ ਸਜ਼ਾ ਪਾਂਵਦੀ ਹੈ। ਏਸੇ ਤਰ੍ਹਾਂ ਜੋ ਗੁਰਸਿੱਖ ਆਪਣੇ ਗੁਰੂ ਨੂੰ ਤਿਆਗ ਕੇ ਹੋਰਨਾਂ ਦੇ ਪੈਰੀਂ ਪੈਂਦਾ ਹੈ ਅਤੇ ਦੂਜਿਆਂ ਦੀ ਉਪਾਸ਼ਨਾਂ ਕਰਦਾ ਹੈ, ਉਹ ਪੁਰਸ਼ ਪਰਲੋਕ ਵਿਚ ਠਹਿਰਨਾ ਨਹੀਂ ਪਾਂਵਦਾ।

ਯਥਾ- ਪਰ ਪਤਿ ਰਮਹਿ ਨਿੰਦ ਜਗ ਗਾਵਹਿ। ਆਗੈ ਨਰਕ ਸਜ਼ਾਇੰਨਿ ਪਾਵਹਿ।
ਇਮ ਗੁਰ ਤਜਾਗਿ ਜਪਹਿ ਜੇ ਔਰ। ਹਲਤਿ ਪਲਤਿ ਮਹਿ ਲਹਹਿ ਨ ਠੌਰ॥ ੨੦॥
ਜੇ ਗੁਰ ਦਯਾ ਤਾਂ ਸਭਿ ਕੀ ਦਯਾ। ਜੇ ਗੁਰ ਰਿਸਹਿ ਤ ਸਭਿ ਰਿਸ ਕਿਯਾ।
ਇਸ ਪਰ ਏਕ ਸਵੱਯਾ ਗਾਯੋ। ਸਭਿ ਬਿੱਪ੍ਰਨ ਕੋ ਤਬਹਿ ਸੁਨਾਯੋ॥ ੨੧॥

www.sikhbookclub.com

ਸ੍ਵੈਯਾ- 'ਮਾਤ ਬਿਓਗ ਪਰੈ ਬਛਰਾ, ਅਨ ਗਾਯ ਧਰੈ ਥਨ ਲਾਤ ਲਗਾਵੈ।
ਹੰਸ ਜੁ ਤਜਾਗ ਕੈ ਮਾਨ ਸਰੋਵਰ, ਖੋਜਤਿ ਪੋਖਰ ਚੋਗ ਨ ਪਾਵੈ।
ਚੱਕ੍ਰਪਤੀ ਨਿਜ ਭੂਪਤਿ ਤਜਾਗਿ ਕੈ, ਔਰ ਪੈ ਜਾਇਕੈ ਦਾਸ ਲਜਾਵੈ।
ਤੈਸੇ ਗੁਰੂ ਸਿਖ ਸੇਵ ਕਰੈ ਜਗ ਔਰ ਸੁ ਦੇਵ ਨ ਪਾਪ ਬਚਾਵੈ॥ ੨੨॥

ਏਸੇ ਭਾਵ ਦਾ ਇੱਕ ਕਬਿੱਤ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ:-

ਕਬਿੱਤ- ਜੈਸੇ ਬਛੁਰਾ ਬਿਛੁਰਿ ਪਰੈ ਅਨਗਾਇ ਥਨ, ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ।
ਜੈਸੇ ਮਾਨਸਰ ਤਿਆਗਿ ਹੰਸ ਆਨ ਸਰ ਜਾਤ, ਖਾਤ ਨ ਮੁਕਤ ਫਲ ਭੁਗਤ ਜੁ ਗਾਤ ਕੀ।
ਜੈਸੇ ਰਾਜਦ੍ਵਾਰ ਤਜਿ ਆਨ ਦੁਵਾਰ ਜਾਤ ਜਨ, ਹੋਤ ਮਾਨ ਭੰਗ, ਮਹਿਮਾ ਨ ਕਹੂ ਬਾਤ ਕੀ।
ਤੈਸੇ ਗੁਰਸਿਖ ਆਨ ਦੇਵਕੀ ਸਰੰਨ ਜਾਤਿ, ਰਹਿਓ ਨ ਪਰਤ ਰਾਖਿ ਸ਼ਕਤ ਨ ਪਾਤਕੀ॥ ੪੪੧॥

ਇਸ ਤਰ੍ਹਾਂ ਦੇ ਬਚਨ ਸੁਣ ਕੇ ਭਾਈ ਗੁਰਦਾਸ ਜੀ ਦਾ ਗੁਰਾਂ ਉੱਪਰ ਦ੍ਰਿੜ੍ਹ ਨਿਸਚਾ ਦੇਖ ਕੇ ਫਿਰ ਬ੍ਰਾਹਮਣਾਂ ਨੇ ਕਿਹਾ-

ਸਾਸ਼ਤ੍ਰ ਅਤੇ ਸਿਮ੍ਰਿਤੀਆਂ ਵਿਚ ਭਗਵਾਨ ਦੇ ਗੋਬਿੰਦ, ਰਾਮ ਆਦਿਕ ਅਨੇਕਾਂ ਨਾਮ ਹਨ ਤੇ ਮਾਤਾ ਤ੍ਰਿਪਤਾ ਜੀ ਦੇ ਪੁੱਤ੍ਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਤੋਂ ਭਿੰਨ ਵਾਹਿਗੁਰੂ ਨਾਮ ਕਿਉਂ ਕਥਨ ਕੀਤਾ ਹੈ? ਇਸ ਦਾ ਜੋ ਗੁਹਜ ਭਾਵ ਅਰਥ ਹੈ, ਉਹ ਅਸਾਨੂੰ ਸੁਣਾ ਕੇ ਅਸਾਡੇ ਸੰਸੇ ਦੂਰ ਕਰੋ। ਇਹ ਗੱਲ ਸੁਣ ਕੇ ਭਾਈ ਗੁਰਦਾਸ ਜੀ ਨੇ ਕਿਹਾ-

"ਵਾਹਿ ਅਰਥ ਬਿਸਮਯ ਪਦ ਗਾਵਾ। ਨੇਤਿ ਨੇਤਿ ਜਿਹ ਬੇਦ ਬਤਾਵਾ॥ ੨੯॥
ਦੁਤਿਯ ਪਦਾਰਥ- ਗੁਰ- ਇਤਿ ਨਾਮਾ। ਸ੍ਰੁਤਿ ਸਿੰਮ੍ਰਿਤਿ ਭਾਖਜੋ ਪਰਧਾਮਾ।

(ਹੁਣ ਵਾਹਿਗੁਰੂ ਪਦ ਦਾ ਅਰਥ ਸੁਣੋ)

"ਵਾਹਿ" ਪਦ ਦਾ ਅਰਥ ਅਸਚਰਜ ਕੀਤਾ ਹੈ, ਜਿਸ ਨੂੰ ਬੇਦ ਨੇਤਿ ਨੇਤਿ=ਬਿਅੰਤ ਬਿਅੰਤ ਕਰਕੇ ਆਖਦੇ ਹਨ। ਦੂਜਾ ਪਦਾਰਥ ਜੋ ਗੁਰੂ ਹੈ, ਉਸ ਦਾ ਅਰਥ ਸੁਰਤੀ ਸਿਮ੍ਰਿਤੀਆਂ ਨੇ ਪਰਧਾਮਾ=ਪਰਮੇਸ਼ਰ ਕਥਨ ਕੀਤਾ ਹੈ, ਜਿਸ ਨੂੰ ਪਾ ਕੇ ਰਿਖੀ ਜੋਗੀ ਨਿਹਾਲ ਹੁੰਦੇ ਹਨ।

ਗੋ- ਇਤਿ ਅੰਧਕਾਰ ਸ਼ਿਵ ਭਾਖਾ। ਰੰ- ਚੈਤਨਜ ਵੇਦ ਮਤਿ ਸ਼ਾਖਾ॥ ੩੩॥
ਵਿੱਦਜਾ ਮੂਲ ਜੋਗ ਅਵਸਾਨੀ। ਜਾਹਿ ਸਮਾਵਤ ਮੁਨਿ ਵਰ ਗਜਾਨੀ।
ਸ਼ੂੰਨਵਾਦ ਸ਼ੂੰਨਹਿ ਜਿਹ ਗਾਵਹਿਂ। ਬ੍ਰਹਮਵਾਦ ਜਿਹ ਬ੍ਰਹਮ ਬਤਾਵਹਿਂ॥ ੩੪॥
ਕਾਲਮਤੀ ਜਿਹ ਕਾਲ ਪ੍ਰਮਾਨਾ। ਨਾਨਾ ਮਤ ਨਾਠਜੋ ਮਤ ਨਾਨਾ।
ਸਗੁਣ ਜਾਂਹਿ ਨਾਰਾਯਨ ਕਹਿਹੀਂ। ਕਰਮ ਬ੍ਰਿੰਦ ਕਰਿ ਜਾਂ ਪਦ ਲਹਿਹੀਂ॥ ੩੫॥
ਲੱਖ ਰੂਪ ਵਾਚਾਰਥ ਜਾਸ ਕਹਿ। ਅਵਰ ਨ ਪਾਵਨ ਰਹਤਿ ਜਾਸ ਲਹਿ।
ਤਤ੍ਵਮਸੀ ਵੇਦਾਰਥ ਪ੍ਰਮਾਨਤਿ। ਵਾਹਿਗੁਰੂ ਸੋ ਸ੍ਰੀ ਗੁਰ ਠਾਨਤਿ॥ ੩੬॥
ਸੁਰਤਰੁ ਸਮਰਨ ਕੋ ਸੁਖਦਾਤਾ। ਚਿੰਤਾਮਣਿ ਚਿੰਤਤਿ ਹਰਿ ਗਜਾਤਾ।
ਵਾਸੁਦੇਵ ਸਤਿਜੁਗ ਮਣਿ ਨਾਮ। ਹਰਿ ਹਰਿ ਤ੍ਰੇਤਾ ਫਲਦ ਅਕਾਮ॥ ੩੮॥

www.sikhbookclub.com

ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ। ਕਲਿ ਕੇਵਲ ਰਾਕਾਰ ਅਖੰਡ।
ਵੇਦ ਚਤਰ ਜੁਗ ਜਿਹ ਨਿਸਤਾਰੇ। ਵਾਹਿਗੁਰੂ ਅਵਲੰਬ ਹਮਾਰੇ॥ ੩੯॥

(ਗੁਰ ਪ੍ਰਤਾਪ ਸੂਰਜ ਰਾਸਿ ੭ ਅੰਸੂ ੩)

ਹੁਣ ਇਸ ਦਾ ਅਰਥ ਸੁਣੋ-

ਸਤਜੁਗ ਵਿਖੇ ਮਣਿ=ਸ਼ਰੋਮਣੀ ਨਾਮ 'ਵਾਸਦੇਵ' ਕਰਕੇ ਸੀ।

ਤ੍ਰੇਤੇ ਜੁਗ ਵਿਖੇ 'ਹਰਿ ਹਰਿ' ਨਾਮ ਨਿਸ਼ਕਾਮ ਫਲ ਦਾਤਾ ਸੀ।

ਦ੍ਵਾਪਰ ਜੁਗ ਵਿਖੇ 'ਗੋਬਿੰਦ' ਨਾਮ ਬਿਜਯ ਫਤੇ ਤੇ ਪ੍ਰਚੰਡ=ਤੇਜ ਦੇ ਦੇਣ ਵਾਲਾ ਸੀ।

ਕਲਜੁਗ ਵਿਖੇ ਰਾਕਾਰ ਭਾਵ ਰਾਮ ਨਾਮ ਵਿਸ਼ੇਸ਼ ਸੀ।

ਵੇਦ=ਗਿਆਨ ਨੇ ਜਿਸ ਨਾਮ ਨਾਲ ਚਾਰ ਜੁਗਾਂ ਦੇ ਜੀਵ ਤਾਰੇ ਹਨ, ਉਨ੍ਹਾਂ ਚਾਰੇ ਹੀ ਨਾਮਾਂ ਦਾ ਸੰਪੁਟ ਜੋ ਵਾਹਿਗੁਰੂ ਨਾਮ ਹੈ, ਅਸਾਡਾ ਓਹੀ **ਅਵਲੰਬ**=ਆਸਰਾ ਰੂਪ ਹੈ। ਵਾਹਿਗੁਰੂ ਨਾਮ ਦੀ ਵਿਸ਼ੇਸ਼ਤਾ ਸਹਸਕ੍ਰਿਤੀ ਸਲੋਕਾਂ ਵਿਚ ਕਥਨ ਕੀਤੀ ਹੈ। ਉਹ ਸਲੋਕ ਪੜ੍ਹਣੇ ਹੋਣ ਤਾਂ ਗੁਰ ਪ੍ਰਤਾਪ ਸੂਰਜ ਰਾਸਿ ੭ ਅੰਸੂ ੩ ਵਿੱਚ ਪੜ੍ਹੋ।

ਪੁਨਾ- ਸਾਰਿਆਂ ਨਾਮਾਂ ਨਾਲੋਂ ਵਾਹਿਗੁਰੂ ਨਾਮ ਦੀ ਵਿਸ਼ੇਸ਼ਤਾ ਇਉਂ ਦੱਸੀ ਹੈ-

ਦੋਹਰਾ॥ ਨਿਰਗੁਨ ਸਰਗੁਨ ਨਾਮੁ ਜੋ ਵਾਹਿਗੁਰੂ ਤਿਨ ਮੇਰੁ।
ਸਭ ਤੇ ਊਚਾ ਜਾਨੀਏ ਲੇਤਿ ਨ ਕੀਜੈ ਦੇਰਿ॥ ੬੧॥

ਚੌਪਈ॥ ਨਿਰਗੁਨ ਨਾਮਨ ਤੇ ਵਧਿ ਐਸੇ। ਸੋ ਕਰਿ ਅਰਥ ਬਖਾਨੋਂ ਜੈਸੇ।
'ਵਾਹਿ' ਨਾਮੁ ਅਚਰਜ ਕੋ ਹੋਈ। ਅਚਰਜ ਤੇ ਪਰਿ ਉਕਤਿ ਨ ਕੋਈ॥ ੬੨॥
'ਗੋ' ਤਮ ਨਾਮ ਅਗਜਾਨ ਅਨਿੱਤ। 'ਰੋ' ਪਰਕਾਸ਼ ਕਿਯੋ ਜਿਨ ਚਿੱਤ।
ਇਉਂ ਸ੍ਰੀ ਨਾਨਕ ਨਾਮ ਬਨਾਯੋ। ਸੁਨਿ ਸ਼ ਸ਼ੁਤਿ ਸੰਤਨ ਚਿਤ ਸੁਖ ਪਾਯੋ॥ ੬੩॥
ਪੁਨ ਸਰਗੁਨ ਕੇ ਨਾਮੁ ਤੇ, ਅਧਿਕ ਜਾਨ ਮਨ ਮਾਹਿ।
ਜਿਹ ਸਿਮਰਤਿ ਕਲਿ ਕਾਲ ਕੇ, ਕਲਮਲ ਅਖਿਲ ਨਸਾਹਿਂ॥ ੬੪॥
ਵੱਵਾ ਵਾਸੁਦੇਵ ਤੇ ਲੀਨੋ। ਹਰੀ ਬਿਸਨੁ ਤੇ ਹਾਹਾ ਚੀਨੋ।
ਗੱਗਾ ਗੋਬਿੰਦ ਤੇ ਲਿਯ ਜਾਨੋ। ਰਾਰਾ ਰਾਮਚੰਦ ਮਨ ਮਾਨੋ॥ ੬੫॥
ਚਤੁਰ ਬਰਨ ਕੋ ਏਕ ਬਨਾਯਾ। ਫਲ ਦਾਇਕ ਇਹ ਅਧਿਕ ਸੁਹਾਯਾ।
ਚਤੁਰ ਨਾਮ ਸਿਮਰਨ ਕਿਯ ਏਕੂ। ਉਰਧਾਰੇ ਜਿਸ ਹੋਤ ਬਿਬੇਕੂ॥ ੬੬॥

ਦੋਹਰਾ॥ ਬੀਜ ਮੰਤ੍ਰ ਬਰ ਨਾਮ ਹੈ ਰਿੱਧਿਨ ਸਿੱਧਿਨਿ ਧਾਮ।
ਮੋਖ ਪਰਮ ਸੁਖ ਦੇਤਿ ਹੈ ਸਿਮਰਹੁ ਆਠਹੁ ਜਾਮ॥ ੬੮॥

ਚੌਪਈ॥ ਅੱਖਰ ਮਧੁਰ ਮਨੋਹਰ ਚਾਰ। ਚਾਰ ਬੇਦ ਕੇ ਜਾਨਹੁੰ ਸਾਰ।
ਚਾਰ ਬਰਨ ਕੋ ਹਰਨ ਬਿਕਾਰ। ਚਾਰ ਜੁ ਆਸ਼੍ਰਮ ਸੁਖਦ ਅਚਾਰ॥ ੬੯॥
ਚਾਰ ਮੁਕਤਿ ਕੇ ਇਹੁ ਦਰ ਚਾਰ। ਕਿਧੋਂ ਵਿਸ਼ਨੁ ਕੀ ਹੈਂ ਭੁਜ ਚਾਰ॥
ਚਾਰੁਪਦੇਸ਼ ਚੱਕ ਜੇ ਚਾਰ। ਚਾਰ ਅਵਸਥਾ ਮਹਿਂ ਸੁਖਕਾਰ॥ ੭੦॥

www.sikhbookclub.com

ਦੋਹਰਾ॥ ਨ੍ਰਿਪ ਬਿਬੇਕ ਕੀ ਸੈਨ ਮਹਿੰ, ਸੈਨਾਪਤਿ ਏ ਚਾਰ॥
ਮੋਹ ਕਟਕ ਕੋ ਜੀਤਿ ਕੈ, ਛਿਨ ਮਹਿੰ ਲੇਵਤਿ ਮਹਰ॥ ੭੧॥
ਚੌਪਈ॥ ਪ੍ਰੇਮ ਭਗਤਿ ਕੇ ਭੂਖਨ ਚਾਰੁ। ਲਖਨ ਗਜਾਨ ਕੋ ਲੋਚਨ ਚਾਰ।
ਚਾਰ ਪਦਾਰਥ ਕੇ ਦਾਤਾਰ। ਚਾਰ ਜੁ ਯੁਗ ਤਿਨ ਮਹਿੰ ਗਤਿ ਕਾਰਿ॥ ੭੨॥

(ਨਾਨਕ ਪ੍ਰਕਾਸ਼ ਪੂਰਬਾਰਧ ਧਿਆ ੧)

ਸਤਿਗੁਰੂ ਅਮਰਦਾਸ ਜੀ ਨੇ ਵੀ ਗੂਜਰੀ ਰਾਗ ਵਿਚ ਵਾਹਿਗੁਰੂ ਨਾਮ ਦੀ ਸਿਫਤ ਕਥਨ ਕੀਤੀ ਹੈ-

ਮਃ ੩॥ ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥ ਪੂਰੈ ਸਬਦਿ ਪ੍ਰਭੁ ਮਿਲਿਆ ਆਈ॥
ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ॥
ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ॥
ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ॥ ੨॥

ਤਥਾ- ਸਲੋਕੁ ਮਃ ੩॥ ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ॥
ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥
ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ॥
ਵਾਹੁ ਵਾਹੁ ਕਰਮੀ ਬੋਲੈ ਬੋਲਾਇ॥ ਵਾਹੁ ਵਾਹੁ ਕਰਤਿਆ ਸੋਭਾ ਪਾਇ।
ਨਾਨਕ ਵਾਹੁ ਵਾਹੁ ਸਤਿ ਰਜਾਇ॥ ੧॥ *(ਪੰਨਾ ੫੧੪)*
ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥
ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ॥ ੨॥

ਤਥਾ- ਸਲੋਕੁ ਮਃ ੩॥ ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ॥
ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ॥
ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ੍ ਕੈ ਸੰਗਿ ਮਿਲਾਇ॥
ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ॥
ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ ਕਉ ਦੇਉ॥ ੧॥

ਤਥਾ- ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ॥ ੨॥

ਤਥਾ- ਸਲੋਕੁ ਮਃ ੩॥ ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥
ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ॥

www.sikhbookclub.com

ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ, ਅਨਦਿਨੁ ਨਾਮੁ ਲਏਇ॥ ੧॥

(ਗੂਜਰੀ ਦੀ ਵਾਰ ਪਹਿਲੀ, ਪੰਨਾ ੫੧੫)

ਇਸ ਜਗ੍ਹਾ ਸੰਪਰਦਾਇ ਦੇ ਅਸੂਲਾਂ ਅਨੁਸਾਰ ਅਤੇ ਕਾਵਯ ਦੇ ਹਿਸਾਬ ਅਨੁਸਾਰ ਵਾਹੁ ਵਾਹੁ ਦਾ ਅਰਥ ਵਾਹਿਗੁਰੂ ਵਾਹਿਗੁਰੂ ਹੈ।

ਤਥਾ:- ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਂਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ॥
ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ॥ ੩॥

(ਮਲਾਰ ਮ: ੩, ਪੰਨਾ ੧੨੭੬)

ਸਾਰੀਆਂ ਸੰਗਤਾਂ ਅੱਗੇ ਹੱਥ ਜੋੜ ਕੇ ਬੇਨਤੀ ਹੈ, ਵਾਹਿਗੁਰੂ ਨਾਮ ਜਪਣ ਤੋਂ ਸੰਕੋਚ ਨਾ ਕੀਤਾ ਕਰੋ। ਖੁਲ੍ਹੇ ਦਿਲ ਨਾਲ ਅਤੇ ਪ੍ਰੇਮ ਦੇ ਜ਼ਜ਼ਬਾਤ ਨਾਲ ਹਰ ਵੇਲੇ ਵਾਹਿਗੁਰੂ ਨਾਮ ਦਾ ਜਾਪ ਕਰਿਆ ਕਰੋ।

ਵਾਹਿਗੁਰੂ ਨਾਮ ਜਹਾਜ਼ ਹੈ, ਚੜੇ ਸੋ ਉਤਰੇ ਪਾਰ॥
ਜੋ ਸਰਧਾ ਕਰ ਸੇਂਵਦੇ ਪਾਰ ਉਤਾਰਨ ਹਾਰ॥

ਚੌਥਾ ਅਰਥ-

ਚਾਰੇ ਜੁਗਾਂ ਦੇ ਚਾਰੇ ਵੇਦ ਜਾਗੇ- ੧. ਸਤਿਜੁਗ ਦਾ ਸ਼ਾਮਵੇਦ, ੨. ਤ੍ਰੇਤੇ ਜੁਗ ਦਾ ਰਿਗਵੇਦ, ੩. ਦੁਆਪੁਰ ਜੁਗ ਦਾ ਜਯੁਰਵੇਦ, ੪. ਕਲਿਜੁਗ ਦਾ ਅਥਰਬਣਵੇਦ। ਪਰੰਤੂ ਵਿਆਕਰਣ ਤੋਂ ਬਿਨਾਂ ਇਸ ਵੇਦ ਵਿੱਦਿਆ ਨੂੰ ਕੋਈ ਨਹੀਂ ਪੜ੍ਹ ਸਕਦਾ ਅਤੇ ਜੀਵਾਂ ਦੀ ਬੁੱਧੀ ਨਿਉਣ ਹੋਣ ਕਰਕੇ ਇਨ੍ਹਾਂ ਸਭ ਵੇਦਾਂ ਦਾ ਸਿਧਾਂਤ ਰੂਪ ਪੰਚਾਇਣ=ਪੰਚਮ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪ ਆਪ ਹੋਇਆ।

ਯਥਾ- ਬੇਦ ਪੁਰਾਨ ਸਿਮ੍ਰਿਤਿ ਸੁਧਾਖ੍ਰਰ॥ ਕੀਨੇ ਰਾਮ ਨਾਮ ਇਕ ਆਖ੍ਰਰ॥

(ਗਉੜੀ ਸੁਖਮਨੀ ਮ:੫, ਪੰਨਾ ੨੬੨)

ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ॥

ਆਪਣੇ ਆਪ ਹੀ ਜਗਤ ਨੂੰ ਸਾਜਿਆ ਹੈ, ਆਪ ਜੀ ਥੰਮੇ ਵਾਂਗੂ ਆਸਰਾ ਰੂਪ ਹੋ ਕੇ ਖਲੋਤਾ ਹੋਇਆ ਹੈ।

ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥

ਆਪ ਹੀ ਮਸਤਕ ਰੂਪ ਪੱਟੀ ਹੈ, ਆਪ ਹੀ ਹੁਕਮ ਰੂਪ ਕਲਮ ਹੈ, ਆਪ ਹੀ ਲੇਖਾਂ ਦੇ ਲਿਖਣੇ ਵਾਲਾ ਹੋ ਰਿਹਾ ਹੈ।

ਯਥਾ- ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ੨॥

(ਮਲਾਰ ਵਾਰ, ਪੰਨਾ ੧੨੮੧)

ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥

ਹੋਰ ਸਾਰੀ ਉਮਤਿ=ਸ੍ਰਿਸ਼ਟੀ ਔਣ ਜਾਣ ਵਾਲੀ ਹੈ, ਇੱਕ ਉਹ ਆਪ ਹੀ ਪਰਮੇਸ਼ਰ ਨਵਾ

www.sikhbookclub.com

ਨਿਰੋਆ=ਨਵੀਨ ਅਤੇ ਸਦਾ ਨਿਰੋਗ ਰਹਿੰਦਾ ਹੈ।

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥

ਐਸਾ ਜੋ ਪਰਮੇਸ਼ਰ ਹੈ, ਉਹ ਆਪ ਹੀ ਸ੍ਰੀ ਗੁਰੂ ਅਰਜਨ ਰੂਪ ਹੋ ਕੇ ਗੁਰਿਆਈ ਗੱਦੀ ਦੇ ਤਖ਼ਤ ਉੱਤੇ ਬੈਠਾ ਹੈ ਅਤੇ ਸਤਿਗੁਰਾਂ ਦਾ ਪ੍ਰਤੱਖ, ਵਾ:- ਜਸ ਰੂਪ ਚੰਦੋਆ, ਖਿਵੈ=ਪ੍ਰਕਾਸ਼ ਰਿਹਾ ਹੈ, ਭਾਵ ਚਮਕ ਰਿਹਾ ਹੈ। ਅਰਥਾਤ, ਸਾਰਿਆਂ ਦੇਸਾਂ ਦੇਸਾਂਤਰਾਂ ਵਿਚ ਗੁਰੂ ਸਾਹਿਬ ਜੀ ਦਾ ਤੇਜ ਪਰਤਾਪ ਫੈਲ ਰਿਹਾ ਹੈ।

ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥

ਉਦਿਆਚਲ ਤੋਂ ਲੈ ਕੇ ਅਸਥਾਚਲ ਤੱਕ ਚਾਰੇ ਚੱਕਾਂ ਵਿਚ, ਹੇ ਸ੍ਰੀ ਗੁਰੂ ਅਰਜਨ ਦੇਵ ਜੀ ! ਆਪ ਜੀ ਨੇ ਹੀ ਲੋਆ=ਪਰਕਾਸ਼ ਕੀਤਾ ਹੈ।

ਜਿਨੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥

ਹੇ ਗੁਰੂ ਅਰਜਨ ਦੇਵ ਜੀ ! ਜਿਨ੍ਹਾਂ ਮਨੁੱਖਾਂ ਨੇ ਆਪ ਜੀ ਨੂੰ ਸੇਵਿਆ ਨਹੀਂ ਹੈ, ਉਨ੍ਹਾਂ ਮਨਮੁਖਾਂ ਨੂੰ ਮੋਆ=ਹੈਜਾ ਰੋਗ ਪਿਆ ਹੈ।

ਦੂਣੀ ਚਉਣੀ ਕਰਾਮਾਤਿ

ਆਪ ਜੀ ਵਿਚ ਦੂਣੀ ਚਉਣੀ=ਬਿਅੰਤ ਤੇ ਬਿਅੰਤ ਕਰਾਮਾਤ ਹੈ।

ਵਾ:- ਦੂਣੀ=ਦੋਹਾਂ ਪਾਤਿਸ਼ਾਹਾਂ ਦੀ, ਚਉਣੀ=ਚਾਰੇ ਪਾਤਿਸ਼ਾਹਾਂ ਦੀ ਕਰਾਮਾਤ ਆਪ ਜੀ ਵਿਚ ਹੈ।

ਅਥਵਾ:- ਦੂਣੀ=ਦ੍ਵੈਤ ਨੂੰ ਤਿਆਗ ਕੇ, ਚਉਣੀ=ਚਤੁਰਥ ਭੂਮਿਕਾ ਦੀ ਕਰਾਮਾਤ ਆਪ ਵਿਖੇ ਹੈ।

ਵਾ:- ਦੂਣੀ=ਰਕਾਰ, ਮਕਾਰ (ਰਾਰਾ ਮਮਾ ਰਾਮ) ਹਾਹਾ ਰਾਰਾ ਹਰੀ, ਗੱਗਾ ਰਾਰਾ ਗੁਰੂ। ਇਨ੍ਹਾਂ ਦੋ ਅੱਖਰਾਂ ਦੀ ਕਰਾਮਾਤ ਆਪ ਜੀ ਨੂੰ ਪ੍ਰਾਪਤ ਹੋਈ ਹੈ।

ਗੁਰੂ-

ਯਥਾ- ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥ ੧॥

(ਗੌਂਡ ਮਹਲਾ ੫, ਪੰਨਾ ੮੬੪)

ਰਾਮ-

ਤਥਾ- ਰਾਮ ਰਾਮ ਸੰਗਿ ਕਰਿ ਬਿਉਹਾਰ॥ ਰਾਮ ਰਾਮ ਰਾਮ ਪ੍ਰਾਨ ਅਧਾਰ॥
ਰਾਮ ਰਾਮ ਰਾਮ ਕੀਰਤਨੁ ਗਾਇ॥ ਰਮਤ ਰਾਮੁ ਸਭ ਰਹਿਓ ਸਮਾਇ॥ ੧॥

(ਗੌਂਡ ਮਹਲਾ ੫, ਪੰਨਾ ੮੬੫)

ਹਰੀ-

ਤਥਾ:- ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ॥ ੧॥

(ਆਸਾ ਮ: ੫, ਪੰਨਾ ੩੮੮)

ਪੂਰਾ ਪੂਰਾ ਸ੍ਵੈ ਸਰੂਪ ਦਾ ਗਿਆਨ ਅਤੇ ਪੂਰਾ ਪੂਰਾ ਵੈਰਾਗ, ਗੁਰੂ ਅਰਜਨ ਦੇਵ ਮਹਾਰਾਜ ਜੀ ਨੂੰ ਸੀ,

www.sikhbookclub.com

ਜੋ ਰਾਜ ਭਾਗ ਦੇ ਵਿਚ ਰਹਿ ਕੇ ਉਦਾਸੀਨ ਰਹਿੰਦੇ ਸਨ।

ਅਥਵਾ:- ਗਿਆਨ, ਵੈਰਾਗ ਰੂਪ ਤੇ ਜੀਵ ਈਸ਼ਵਰ ਦੀ ਏਕਤਾ ਰੂਪ, ਦੂਣੀ ਕਰਾਮਾਤ ਆਪ ਜੀ ਵਿਚ ਹੈ।

ਤੇ ਚਉਣੀ=ਸਤਿਨਾਮੁ, ਵਾਹਿਗੁਰੂ, ਚਾਰ ਪਦਾਰਥ, ਚਾਰ ਮੋਖਾਂ ਤੇ ਚਾਰੇ ਸਾਧਨਾਂ ਦੀ ਕਰਾਮਾਤ ਆਪ ਜੀ ਨੂੰ ਪਰਾਪਤ ਹੋਈ ਹੈ।

ਸਚੇ ਕਾ ਸਚਾ ਢੋਆ ॥

ਕਿਉਂਕਿ ਸੱਚੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਆਪ ਦਾ ਸੱਚਾ ਢੋਆ=ਮਿਲਾਪ ਹੋਇਆ ਹੈ, *ਵਾ:-* ਹੇ ਸੱਚੇ ਸਤਿਗੁਰੋ ! ਆਪ ਜੀ ਦਾ ਢੋਆ=ਮਿਲਾਪ ਸੱਚਾ ਹੈ।

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ੮ ॥ ੧ ॥

ਚਹੁ ਜੁਗੀ=ਸੰਸਾਰ ਵਿਚ ਜਿਸ ਵੇਲੇ ਚਾਰੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤੱਕ ਜਾਗੇ=ਜੋਤੀ ਜੋਤ ਸਮਾਅ ਗਏ ਤਾਂ ਆਪ ਹੀ ਪਰਮੇਸ਼ਰ ਪੰਚਮ ਅਵਤਾਰ ਸ੍ਰੀ ਗੁਰੂ ਅਰਜਨ ਦੇਵ ਜੀ ਰੂਪ ਹੋਇਆ ॥ ੮ ॥ ੧ ॥

ਇਸ ਵਾਰ ਦੇ ਉਚਾਰਨ 'ਤੇ ਡੂਮਾਂ ਦਾ ਕੋਹੜ ਦੂਰ ਹੋ ਗਿਆ ਅਤੇ ਗੁਰੂ ਸਾਹਿਬ ਜੀ ਨੇ ਫੇਰ ਉਨ੍ਹਾਂ ਨੂੰ ਦੀਵਾਨ ਵਿਚ ਚੌਂਕੀ ਕਰਨ ਦੀ ਆਗਿਆ ਬਖਸ਼ ਦਿੱਤੀ। ਉਸ ਵੇਲੇ ਉਨ੍ਹਾਂ ਦੇ ਦਿਲ ਇਤਨੇ ਪ੍ਰਸੰਨ ਹੋਏ, ਜੋ ਕੁਝ ਬਿਆਨ ਨਹੀਂ ਕੀਤਾ ਜਾਂਦਾ ਅਤੇ ਸਭ ਸੰਗਤ ਨੂੰ ਇਸ ਵਾਰ ਦਾ ਮਹਾਤਮਾ ਸੁਣਾਇਆ ਕਿ ਜੋ ਭੀ ਸ਼ਰਧਾ ਨਾਲ ਇਸ ਵਾਰ ਦਾ ਪਾਠ ਕਰੇਗਾ, ਉਸ ਦਾ ਕੋਹੜ ਰੋਗ ਦੂਰ ਹੋ ਜਾਵੇਗਾ। ਇਸ ਕਰਕੇ ਇਸ ਵਾਰ ਦਾ ਨਾਮ ਹੀ 'ਕੁਸ਼ਟ ਭੰਜਨੀ' ਹੈ।

ਇਹ ਨਿਯਮ ਵਾਲੀ ਗੱਲ ਹੈ, ਹੁਣ ਭੀ ਜੋ ਸ਼ਰਧਾ ਨਾਲ ਦੁੱਖ ਭੰਜਨੀ ਬੇਰੀ ਇਸ਼ਨਾਨ ਕਰਕੇ ਇਸ ਵਾਰ ਦਾ ੧੦੮ ਵਾਰੀ ਰੋਜ਼ਾਨਾਂ ਪਾਠ ਕਰੇਗਾ, ਉਸ ਦਾ ਕੋਹੜ ਦੂਰ ਹੋ ਜਾਵੇਗਾ।

(ਰਾਮਕਲੀ ਕੀ ਤੀਜੀ ਵਾਰ ਸੱਤੇ ਬਲਵੰਡ ਦੀ ਸਮਾਪਤੰ)

ਰਾਗੁ ਰਾਮਕ਼ਲੀ ਭਗਤ ਬਾਣੀ

ਰਾਮਕਲੀ ਬਾਣੀ ਭਗਤਾ ਕ਼ੀ॥ ਕਬੀਰ ਜੀਉ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:- ਭਗਤ ਕਬੀਰ ਜੀ ਦੇ ਪਾਸ ਗੋਰਖ ਮੱਤ ਵਾਲੇ ਇੱਕ ਯੋਗੀ ਨੇ ਆ ਕੇ ਕਿਹਾ- "ਸ਼ਰਾਬ ਪੀਤੇ ਬਗੈਰ ਸਮਾਧੀ ਵਿਚ ਬਿਰਤੀ ਕਦੇ ਜੁੜਦੀ ਨਹੀਂ, ਆਪ ਕਿਹੜੀ ਸ਼ਰਾਬ ਪੀਂਦੇ ਹੋ, ਜਿਸ ਨਾਲ ਅੱਠੇ ਪਹਿਰ ਸਮਾਧੀ ਵਿਚ ਜੁੜੇ ਰਹਿੰਦੇ ਹੋ?" ਉੱਤਰ-

ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ॥

ਰੇ=ਹੇ ਜੋਗੀ ! ਕਾਇਆ=ਅਸਥੂਲ ਦੇਹ, ਵਾ:- ਬੁੱਧੀ, ਸ਼ਰਾਬ ਕੱਢਣ ਵਾਲੀ ਕਲਾਲਨਿ=ਮੱਟੀ ਬਣਾਈ ਹੈ। ਉਸ ਵਿਚ ਲਾਹਨਿ=ਪੂਰ ਦੀ ਸਮੱਗ੍ਰੀ ਇਹ ਮੇਲਣਾ ਕੀਤੀ ਹੈ, ਜੋ ਗੁਰਾਂ ਦਾ ਉਪਦੇਸ਼ ਰੂਪ ਗੁੜ ਪਾਉਣਾ ਕੀਤਾ ਹੈ।

[ਪੰਨਾ ੯੬੯]

ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ॥੧॥

ਪ੍ਰਾਪਤ ਹੋਈ ਚੀਜ਼ ਦੀ ਹੋਰ ਭੀ ਬਹੁਤ ਇੱਛਾ ਹੋਣੀ, ਏਹ ਤ੍ਰਿਸ਼ਨਾਂ ਹੈ, ਇਸ ਨੂੰ ਕੱਟ ਕੇ ਸੰਤੋਖ ਧਾਰਨਾਂ।

ਇਸਤ੍ਰੀ ਨਾਲ ਸੰਬੰਧ ਕਰਨਾ ਇਹ ਕਾਮ ਹੈ, ਇਸਨੂੰ ਕੱਟ ਕੇ ਵਸਤ-ਵਿਚਾਰ ਧਾਰਨਾ। ਮਨ ਇੱਛਤ ਪਦਾਰਥ ਪ੍ਰਾਪਤੀ ਵਿਚ ਵਿਘਨ ਪਾਣ ਵਾਲਿਆਂ ਉੱਪਰ ਜੋ ਕ੍ਰੋਧ ਕਰਨਾ ਹੈ, ਉਸ ਨੂੰ ਕੱਟ ਕੇ ਉਸ ਦੇ ਥਾਂ ਖਿਮਾ ਧਾਰਨੀ। 'ਮੇਰੇ ਤੁੱਲ ਧਨ ਔਰ ਵਿੱਦਿਆ ਵਿਚ ਕੌਣ ਹੈ?' ਐਸਾ ਜੋ ਮਦ=ਹੰਕਾਰ ਹੈ ਇਸ ਨੂੰ ਕੱਟ ਕੇ ਉਸ ਦੇ ਥਾਂ ਨਿੰਮ੍ਰਤਾ ਧਾਰਨੀ। 'ਮੇਰੇ ਨਾਲੋਂ ਦੂਜੇ ਪਾਸ ਪਦਾਰਥ ਬਹੁਤੇ ਕਿਉਂ ਹਨ?' ਇਸ ਮਤਸਰ=ਈਰਖਾ ਨੂੰ ਕੱਟ ਕੇ ਮੁੱਦਤਾ-ਪ੍ਰਸੰਨਤਾ ਨੂੰ ਧਾਰਨਾ। ਇਸ ਤਰ੍ਹਾਂ ਸੰਤੋਖ, ਵਸਤ-ਵਿਚਾਰ, ਖਿਮਾ, ਨਿੰਮ੍ਰਤਾ ਤੇ ਪ੍ਰਸੰਨਤਾ ਦੇ ਸੱਕ ਪਾਏ ਹਨ।

ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ ਦਲਾਲੀ ਰੇ॥
ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ॥੧॥ਰਹਾਉ॥

(ਪ੍ਰਸੰਗ ਅਨੁਸਾਰ ਦੋ ਤੁਕਾਂ ਅੰਨਵੇਂ ਕਰਨੀਆਂ)

ਭਵਨ ਚਤੁਰ ਦਸ ਭਾਨੀ ਕੀਨ੍ਹੀ ਬ੍ਰਹਮ ਅਗਨਿ ਤਨਿ ਜਾਰੀ ਰੇ॥

ਚਤੁਰ ਦਸ=ਚੌਦਾਂ ਭਵਣ ਨਾਸ ਰੂਪ ਸਮਝਣੇ, ਇਹ ਭੱਠੀ ਤਿਆਰ ਕੀਤੀ ਹੈ ਅਤੇ ਬ੍ਰਹਮ-ਦ੍ਰਿਸ਼ਟੀ ਰੂਪ ਅੱਗ ਤਨਿ=ਨਾਲ, ਜਾਰੀ=ਬਾਲੀ ਹੈ।

ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ॥ ੨॥

ਸਹਜ=ਸੁਤੇ ਹੀ ਪ੍ਰਮਾਤਮਾ ਵਿਚ ਜਿਹੜੀ ਧੁਨਿ=ਬਿਰਤੀ ਲਗੀ ਹੈ, ਏਹੀ ਮਦਕ=ਸ਼ਰਾਬ ਦਾ ਮੁਦ੍ਰਾ=ਬੰਦ ਕਰਨਾ, ਭਾਵ ਢੱਕਣ ਦਿੱਤਾ ਹੈ। ਸੁਖਮਨ=ਮਨ ਨੂੰ ਸੁਖ ਦੇਣ ਵਾਲੀ ਭਗਤੀ ਰੂਪੀ ਮੱਟੀ ਹੈ, ਪ੍ਰੇਮ ਰੂਪ ਪੋਚਾ, ਭਾਵ ਮਿੱਟੀ ਦਾ ਲੇਪ ਹੈ। (ਲੇਪ ਇਸ ਵਾਸਤੇ ਫੇਰੀਦਾ ਹੈ ਕਿ ਗਰਮ ਹੋ ਕੇ ਨਾਲੀ ਫਟ ਨਾ ਜਾਏ) ਇਸ ਤਰ੍ਹਾਂ ਦੀ ਅੰਤ੍ਰੀਵ ਸ਼ਰਾਬ ਕੱਢ ਕੇ ਮੈਂ ਪੀਂਦਾ ਹਾਂ। ਪੁਨਾ- ਜੋਗੀ ਨੇ ਬੇਨਤੀ ਕੀਤੀ-

ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ ਦਲਾਲੀ ਰੇ॥

ਰੇ=ਹੇ ਭਗਤ ਜੀ ! ਐਸਾ ਕੋਈ ਸੰਤ ਹੈ, ਜੋ ਆਤਮ ਸੁਖ ਦੇ ਅੰਦਰ ਆਪ ਲੀਨ ਹੈ ਤੇ ਹੋਰਨਾਂ ਨੂੰ ਲੀਨ ਕਰਨ ਵਾਲਾ ਹੈ। ਜਿਸ ਨੂੰ ਮੈਂ ਵਟਾਂਦਰੇ ਵਿਚ ਪੂਰਬਲੇ ਜਨਮਾਂ ਦੇ ਕੀਤੇ ਹੋਏ ਜਪਾਂ, ਤਪਾਂ ਦੀ ਦਲਾਲੀ ਦੇ ਦੇਵਾਂਗਾ।

ਯਥਾ:- ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ॥
ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲ ਜਾਂਈ॥

(ਸਾਰੰਗ ਮਹਲਾ ੫, ਪੰਨਾ ੧੨੦੭)

ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ॥ ੧॥ ਰਹਾਉ॥

ਅਜੇਹੀ ਕਲਾਲੀ=ਮਟੀ ਵਿਚੋਂ, ਮਦੁ=ਸ਼ਰਾਬ ਦੀ ਇੱਕ ਬੂੰਦ ਮਾਤ੍ਰ ਜੋ ਸੰਤ ਰੂਪ ਦਲਾਲ, ਗੁਰਾਂ ਪਾਸੋਂ ਮੈਨੂੰ ਦਿਵਾ ਦੇਵੇ, ਉਸ ਨੂੰ ਮੈਂ ਕੀਮਤ ਦੀ ਥਾਂ 'ਤੇ ਤਨ, ਮਨ, ਧਨ ਸਭ ਅਰਪਣ ਕਰ ਦੇਵਾਂਗਾ।

ਜੋਗੀ ਦੀ ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ, ਜਿਸ ਗੁਰੂ ਨੇ ਅੰਤ੍ਰੀਵ ਸ਼ਰਾਬ ਦੀ ਬੂੰਦ ਦੇਣੀ ਹੈ, ਉਸ ਨੂੰ ਤੂੰ ਕੀ ਦੇਵੇਂਗਾ? ਜੋਗੀ ਬੋਲਿਆ-

ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ॥

ਤੀਰਥ ਯਾਤਰਾ, ਜਨਮ ਅਸ਼ਟਮੀ, ਰਾਮ ਨੌਮੀ, ਇਕਾਦਸ਼ੀ, ਨਰਸਿੰਘ ਚੌਦਸ, ਅਮਾਵਸ ਆਦਿਕ ਦੇ ਸਮੇਂ ਵਰਤ ਰੱਖਣੇ, ਨਿੱਤ-ਕਿਰਿਆ ਦਾ ਨੇਮ ਨਿਭਾਉਣਾ, ਮਨ ਦੀ ਸੁਚਿ=ਪਵਿੱਤ੍ਰਤਾ, ਸੰਜਮ=ਇੰਦ੍ਰੀਆਂ ਦਾ ਵਸ ਕਰਨਾ, ਰਵਿ ਸਸਿ=ਸੂਰਜ, ਚੰਦ੍ਰਮਾਂ ਦੇ ਵਰਤ ਆਦਿ ਜਿਤਨੇ ਵੀ ਗਹਨੈ=ਸਾਧਨ ਇਸ ਜਨਮ ਵਿਚ ਮੈਂ ਕੀਤੇ ਹਨ, ਓਹ ਸਾਰੇ ਹੀ ਮੈਂ ਅਰਪ ਦੇਵਾਂਗਾ।

ਜੋਗੀ ਤੋਂ ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ:-

ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ॥ ੩॥

ਰੇ=ਹੇ ਜੋਗੀ ! ਜੋ ਸ਼ਰਾਬ ਮੈਂ ਤੈਨੂੰ ਸੁਣਾਈ ਹੈ, ਏਹ ਸੁਧਾ=ਨਿਰੋਲ, ਵਾ:- ਸੁਧਾਰਨੇ ਵਾਲਾ ਅੰਮ੍ਰਿਤ ਰਸ ਹੈ, ਇਸ ਮਹਾ ਰਸ ਨੂੰ ਸੁਰਤਿ=ਸ੍ਰੇਸ਼ਟ ਪ੍ਰੀਤੀ ਰੂਪ ਪਿਆਲੇ ਨਾਲ ਤੂੰ ਪੇਉ=ਪੀਣਾ ਕਰ॥ ੩॥

ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ॥

ਰੇ=ਹੇ ਜੋਗੀ ! ਇਹ ਅਤਿ=ਬਹੁਤ ਨਿਰਮਲ, ਨਿਝਰ=ਇੱਕ ਰਸ ਬ੍ਰਹਮਾਨੰਦ ਰੂਪੀ ਧਾਰਾ ਚੋ ਰਹੀ ਹੈ, ਇਸ ਰਸ ਵਿਚ ਮੇਰਾ ਮਨ ਰਾਤੋ=ਤਦਾਕਾਰ ਹੋ ਰਿਹਾ ਹੈ।

ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ॥ ੪॥ ੧॥

ਕਬੀਰ ਜੀ ਕਥਨ ਕਰਦੇ ਹਨ— ਰੇ=ਹੇ ਜੋਗੀ ! ਹੋਰ ਸਾਰੇ ਬਾਹਰਲੇ ਮਦ=ਸ਼ਰਾਬ ਆਦਿਕ ਨਸ਼ੇ ਛੂਛੇ=ਤੁੱਛ ਹਨ, ਭਾਵ ਥੋੜ੍ਹੇ ਅਰਸੇ ਤੱਕ ਰਹਿਣ ਵਾਲੇ ਹਨ।

ਯਥਾ:- ਦਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥ *(ਆਸਾ ਮਹਲਾ ੫, ਪੰਨਾ ੩੯੯)*

ਇਸ ਅੰਤ੍ਰੀਵ ਮਹਾਂ ਰਸੁ=ਅਨੰਦ ਦਾਇਕ ਸ਼ਰਾਬ ਦਾ ਜਿਹੜਾ ਪੀਣਾ ਹੈ, ਏਹ ਸੱਚਾ ਹੈ॥ ੪॥ ੧॥

ਯਥਾ:- ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥ ੪॥ ੧੨॥

(ਆਸਾ ਮਹਲਾ ੫, ਪੰਨਾ ੩੯੯)

ਉਥਾਨਕਾ- ਫੇਰ ਜੋਗੀ ਨੇ ਕਿਹਾ- ਜਿਸ ਤਰ੍ਹਾਂ ਪ੍ਰਤੱਖ ਸ਼ਰਾਬ ਕੱਢਣ ਦੇ ਕਈ ਤਰੀਕੇ ਹਨ, ਏਸੇ ਤਰ੍ਹਾਂ ਅੰਤ੍ਰੀਵ ਸ਼ਰਾਬ ਦੇ ਭੀ ਕਈ ਤਰੀਕੇ ਹੋਣਗੇ।

ਦੂਜਾ ਪ੍ਰਸ਼ਨ- ਇੱਕ ਥੋੜ੍ਹੇ ਨਸ਼ੇ ਵਾਲੀ ਸ਼ਰਾਬ ਹੁੰਦੀ ਹੈ, ਦੂਜੀ ਸਭ ਨਾਲੋਂ ਤੇਜ਼ ਹੁੰਦੀ ਹੈ? ਤੁਹਾਡੇ ਮੱਤ ਵਿਚ ਸਭ ਤੋਂ ਚੰਗੀ ਸ਼ਰਾਬ ਕਿਹੜੀ ਹੈ?

ਜੋਗੀ ਤੋਂ ਇਹ ਗੱਲ ਸੁਣ ਕੇ ਕਬੀਰ ਜੀ, ਇਸ ਅਗਲੇ ਸ਼ਬਦ ਵਿਚ ਜੋਗੀ ਦੇ ਦੋਹਾਂ ਪ੍ਰਸ਼ਨਾਂ ਦਾ ਇਕੱਠਾ ਉੱਤਰ ਦੇਂਦੇ ਹਨ।

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ॥

ਸ਼ਾਸਤ੍ਰ ਗਿਆਨ ਪ੍ਰਾਪਤ ਹੋਣਾ ਇਹ ਗੁੜ ਹੈ, ਪਰਮਾਤਮਾ ਦਾ ਧਿਆਨ ਕਰਨਾ ਇਹ ਮਹੂਏ ਦੇ ਫੁੱਲ ਹਨ।

ਯਥਾ- ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਭਉ ਕਰਣੀ ਕਸੁ ਪਾਈਐ।

(ਆਸਾ ਮਹਲਾ ੧, ਪੰਨਾ ੩੬੦)

ਤਥਾ- ਅਲਹੁ ਅਲਖ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥

(ਪ੍ਰਭਾਤੀ ਕਬੀਰ ਜੀ, ਪੰਨਾ ੧੩੫੦)

ਮਹੂਏ ਬ੍ਰਿੱਛ ਦੇ ਫੁੱਲਾਂ ਦੀ ਸ਼ਰਾਬ ਕਿੱਕਰ ਦੇ ਸੱਕਾਂ ਦੀ ਸ਼ਰਾਬ ਨਾਲੋਂ ਚੰਗੀ ਹੁੰਦੀ ਹੈ, ਕਿਉਂਕਿ ਇਸ ਵਿਚ ਨਸ਼ਾ ਘੱਟ ਹੁੰਦਾ ਹੈ ਅਤੇ ਘੱਟ ਨੁਕਸਾਨ ਕਰਦੀ ਹੈ।

ਮਨ ਵਿਚ ਜੇਹੜਾ ਪਰਮਾਤਮਾ ਦਾ ਡਰ ਧਾਰਨਾ ਹੈ, ਇਹ ਭੱਠੀ ਬਣਾਈ ਹੈ।

ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ॥ ੧॥

ਸੁਖਮਨ=ਮਨ ਨੂੰ ਸੁਖ ਦੇਣ ਵਾਲੀ ਭਗਤੀ ਰੂਪੀ ਨਾਰੀ=ਨਾਲ ਹੈ, ਇਹ ਆਪ ਸਹਜ=ਆਤਮ ਪਦ ਵਿਚ ਸਮਾਈ ਹੋਈ ਹੈ ਤੇ ਹੋਰਨਾਂ ਨੂੰ ਸਮਾਉਣ ਵਾਲੀ ਹੈ, ਇਸ ਭਗਤੀ ਦ੍ਵਾਰਾ ਨਿਕਲੀ ਹੋਈ ਜੋ ਬ੍ਰਹਮਾਨੰਦ

www.sikhbookclub.com

ਰੂਪੀ ਸ਼ਰਾਬ ਹੈ, ਮੇਰਾ ਮਨ ਪੀਣ ਵਾਲਾ ਹੋ ਕੇ ਉਸ ਨੂੰ ਪੀਂਦਾ ਹੈ॥ ੧॥

ਅਉਧੂ ਮੇਰਾ ਮਨੁ ਮਤਵਾਰਾ॥

ਹੇ ਅਉਧੂ=ਅਵਧੂਤ ਜੋਗੀ ! ਇਸ ਸ਼ਰਾਬ ਦੇ ਪੀਣ ਨਾਲ ਮੇਰਾ ਮਨ ਮਤਵਾਰਾ=ਮਸਤ ਹੋ ਗਿਆ ਹੈ।

ਉਨ ਮਦ ਚਢਾ ਮਦ ਨ ਰਸੁ ਚਾਖਿਆ
ਤ੍ਰਿਭਵਨ ਭਇਆ ਉਜਿਆਰਾ॥ ੧॥ ਰਹਾਉ॥

ਉਨ=ਉਸ ਅੰਤ੍ਰੀਵ ਬ੍ਰਹਮਾਨੰਦ ਰੂਪੀ ਮਦ=ਸ਼ਰਾਬ ਦਾ ਨਸ਼ਾ ਚੜ੍ਹਿਆ ਤਾਂ ਫਿਰ ਪ੍ਰਤੱਖ ਮਦ=ਸ਼ਰਾਬ ਦੇ ਰਸ ਨੂੰ ਨ ਚੱਖਣਾ ਕੀਤਾ। ਵਾ:- ਜਿਸ ਵੇਲੇ ਅੰਤ੍ਰੀਵ ਸ਼ਰਾਬ ਦਾ ਨਸ਼ਾ ਚੜ੍ਹਿਆ ਤਾਂ ਮਦਨ=ਸੁੰਦਰ ਆਤਮ ਰਸ ਚੱਖਣਾ ਕੀਤਾ*। ਉਸੀ ਵੇਲੇ ਤਿੰਨ ਭਵਣਾਂ ਵਿਚ ਬ੍ਰਹਮ ਦਾ ਉਜਿਆਰਾ=ਪ੍ਰਕਾਸ਼ ਹੋ ਗਿਆ॥ ੧॥ ਰਹਾਉ॥

ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ॥

ਜਿਵੇਂ ਪ੍ਰਤੱਖ ਮੱਟੀ 'ਤੇ ਸਿਰਪੋਸ ਇਨ੍ਹਾਂ ਦੋਹਾਂ ਪੁੜਾਂ ਨੂੰ ਜੋੜ ਕੇ ਭੱਠੀ ਰਸਾਂਵਦੇ ਹਨ, ਤਿਵੇਂ ਗੁਰ ਉਪਦੇਸ਼ ਦੁਆਰਾ ਜੀਵ ਈਸ਼ਵਰ ਦੀ ਏਕਤਾ ਰੂਪ ਦੋ ਪੁੜਾਂ ਨੂੰ ਜੋੜ ਕੇ ਬਿਰਤੀ ਰੂਪ ਭੱਠੀ ਰਸਾਈ=ਚਾਲੂ ਕੀਤੀ ਹੈ।

ਅਥਵਾ:- ਦੁਇ ਪੁਰ ਜੋਰਿ- ਰਾਰਾ ਮਮਾ ਰਾਮ, ਹਾਹਾ ਰਾਰਾ ਹਰੀ, ਗੱਗਾ ਰਾਰਾ ਗੁਰੂ, ਇਨ੍ਹਾਂ ਦੋ ਅੱਖਰਾਂ ਦੇ ਪੁੜਾਂ ਨੂੰ ਜੋੜ ਕੇ ਜਿਹੜਾ ਨਾਮ ਜਪਣਾ ਕੀਤਾ ਹੈ, ਏਹੀ ਭੱਠੀ ਰਸਾਵਨਾ ਕੀਤੀ ਹੈ।

ਇਸ ਤਰ੍ਹਾਂ ਭਾਰੀ=ਬਹੁਤ ਹੀ ਅਨੰਦ ਦਾਇਕ ਮਹਾਂ ਉੱਤਮ ਬ੍ਰਹਮਾਨੰਦ ਰੂਪੀ ਸ਼ਰਾਬ ਨੂੰ ਪੀਣਾ ਕੀਤਾ ਹੈ, ਵਾ:- ਹੇਠਲੇ ਉਪਰਲੇ ਚੱਕਰਾਂ ਦੀ ਪਉਣ ਦਾ ਜਿਹੜਾ ਜੋੜਣਾ ਹੈ, ਭਾਵ ਦਸਮ ਦੁਆਰ ਵਿਚ ਸ੍ਵਾਸਾਂ ਦਾ ਲੈ ਜਾਣਾ ਹੈ, ਏਹੋ ਭੱਠੀ ਰਸਾਵਣਾ ਕੀਤੀ ਹੈ। ਇਸ ਤਰ੍ਹਾਂ ਜੋਗਾ ਨੰਦ ਰੂਪੀ ਮਹਾ=ਭਾਰੀ ਰਸ ਪੀਣਾ ਕੀਤਾ ਹੈ।

ਪ੍ਰਸ਼ਨ- ਸ਼ਰਾਬ ਕੱਢਣ ਲਈ ਲੱਕੜਾਂ ਕਿਹੜੀਆਂ ਬਾਲੀਆਂ ਹਨ? *ਉੱਤਰ-*

ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ॥ ੨॥

ਸਭ ਤੋਂ ਵੱਡੇ ਦੋ ਪਾਪੀ ਕਾਮ ਤੇ ਕ੍ਰੋਧ ਏਹ ਭੱਠੀ ਹੇਠ ਜਲੇਤਾ=ਬਲਣ ਵਾਲੀਆਂ ਲੱਕੜਾਂ ਬਣਾਈਆਂ ਹਨ। ਇਸ ਵਜ੍ਹਾ ਨਾਲ ਹੁਣ ਮੇਰੇ ਪਾਸੋਂ ਸੰਸਾਰੀ ਕਿਰਿਆ, ਭਾਵ ਸੰਸਾਰਕ ਵਰਤੋਂ ਸਭ ਛੁਟ ਗਈ ਹੈ॥ ੨॥

ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਤਿ ਸਤਿਗੁਰ ਤੇ ਸੁਧਿ ਪਾਈ॥

ਜਿਸ ਪ੍ਰਮਾਤਮਾ ਦਾ ਪ੍ਰਕਾਸ਼ ਸਾਰੇ ਪ੍ਰਗਟ ਹੋ ਰਿਹਾ ਹੈ, ਉਸ ਦੀ ਸੁਧਿ=ਸੋਝੀ (ਗਿਆਤ) ਗਿਆਨ ਗੰਮਿਤ ਜੋ ਗੁਰੂ ਹਨ, ਉਨ੍ਹਾਂ ਸਤਿਗੁਰਾਂ ਪਾਸੋਂ ਪ੍ਰਾਪਤ ਕੀਤੀ ਹੈ।

ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ॥ ੩॥ ੨॥

ਮੈਂ ਕਬੀਰ ਦਾਸ ਤਿਸ ਅੰਤ੍ਰੀਵ ਸ਼ਰਾਬ ਵਿਚ ਮਸਤ ਹਾਂ, ਜਿਸ ਦਾ ਨਸ਼ਾ ਕਦੇ ਉਚਕਿ=ਉਤਰਦਾ ਨਹੀਂ ਹੈ।

**ਸੰਪ੍ਰਦਾਈ ਪਾਠ ਮਦ ਨ ਠੀਕ ਹੈ।*

ਵਾ:- ਉਸ ਵੱਲੋਂ ਮੇਰਾ ਮਨ ਕਦੇ ਭੀ ਉਚਕਿ=ਉਚਾਟ ਨਹੀਂ ਹੋ ਜਾਂਦਾ॥ ੩॥ ੨॥

ਉਥਾਨਕਾ:- ਕਾਂਸ਼ੀ ਨਿਵਾਸੀ ਬ੍ਰਾਹਮਣਾਂ ਨੇ ਕਿਹਾ ਕਿ ਸ਼ਿਵਾਂ ਨੇ ਜੋ ਮੁਕਤੀ ਦਾ ਸਦਾ ਵਰਤ ਲਗਾਇਆ ਹੋਇਆ ਹੈ, ਉਸ ਦੇ ਲੈਣ ਵਾਸਤੇ ਤੂੰ ਇੱਥੇ ਕਾਂਸ਼ੀ ਵਿਚ ਬੈਠਾ ਹੈਂ, ਤੇਰੇ ਵਿਚ ਪਰਮੇਸ਼ਰ ਦੀ ਕੋਈ ਭਗਤੀ ਨਹੀਂ ਹੈ।

ਇਹ ਗੱਲ ਸੁਣ ਕੇ ਕਬੀਰ ਜੀ ਹੜੰਬੇ ਚਲੇ ਗਏ ਤਾਂ ਭਗਵਾਨ ਨੇ ਪ੍ਰੀਖਿਆ ਵਾਸਤੇ ਕਿਹਾ, 'ਤੂੰ ਏਸ ਨਖਿੱਧ ਧਰਤੀ ਉੱਪਰ ਆ ਬੈਠਾ ਹੈਂ ਤੇਰੀ ਕਲਿਆਣ ਨਹੀਂ ਹੋਵੇਗੀ।' ਇਹ ਗੱਲ ਸੁਣ ਕੇ ਕਬੀਰ ਜੀ ਭਗਵਾਨ ਦੇ ਸਨਮੁਖ ਬੇਨਤੀ ਕਰਦੇ ਹਨ:-

ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ॥

ਹੇ ਸੁਆਮੀ ਜੀ ! ਤੂੰ ਮੇਰਾ ਮੇਰੁ=ਸ਼੍ਰੋਮਣੀ ਸੁਮੇਰ ਪ੍ਰਬਤ ਵਾਂਙੂ ਆਸਰਾ ਰੂਪ ਹੈਂ, ਹੋਰ ਸਾਰੇ ਆਸਰੇ ਛੱਡ ਕੇ ਇੱਕ ਆਪ ਦੀ ਓਟ ਮੈਂ ਗਹੀ=ਗ੍ਰਹਿਣ, ਭਾਵ ਫੜੀ ਹੈ।

ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ॥ ੧॥

ਨਿਰ ਵਿਕਾਰ ਰੂਪ ਹੋਣ ਕਰਕੇ ਨਾ ਤੁਸੀਂ ਡੋਲਦੇ ਹੋ ਅਤੇ ਪ੍ਰਪੱਕ ਨਿਸਚਾ ਹੋਣ ਕਰਕੇ ਨਾ ਹੀ ਅਸੀਂ ਡਿਗਦੇ ਹਾਂ। ਹੇ ਹਰੀ ! ਆਪ ਨੇ ਹੀ ਮੇਰੀ ਇੱਜ਼ਤ ਰੱਖ ਲਈ ਹੈ॥ ੧॥

ਅਬ ਤਬ ਜਬ ਕਬ ਤੁਹੀ ਤੁਹੀ॥

ਅਬ=ਵਰਤਮਾਨ, ਤਬ=ਭੂਤ ਕਾਲ, ਜਬ ਕਬ=ਭਵਿਖਤ ਕਾਲ, ਇਨ੍ਹਾਂ ਤਿੰਨਾਂ ਕਾਲਾਂ ਵਿਚ ਮੇਰੇ ਤਾਂ ਤੁਹੀ ਤੁਹੀ=ਆਪ ਹੀ ਆਪ ਹੋ,

ਵਾ:- ਅਬ ਤਬ=ਸਦਾ ਸਦਾ, ਜਬ ਕਬ=ਜਦੋਂ ਕਦੋਂ ਆਪ ਹੀ ਆਪ ਮੇਰੀ ਓਟ ਰੂਪ ਹੋ।

ਹਮ ਤੁਅ ਪਰਸਾਦਿ ਸੁਖੀ ਸਦ ਹੀ॥ ੧॥ ਰਹਾਉ॥

'ਹਮ ਤੁਅ ਪਰਸਾਦਿ'=ਅਸੀਂ ਆਪ ਜੀ ਦੀ ਕਿਰਪਾ ਕਰਕੇ ਹਮੇਸ਼ਾ ਸੁਖੀ ਹਾਂ॥ ੧॥ ਰਹਾਉ॥

ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ॥

ਹੇ ਅਕਾਲ ਪੁਰਖ ! ਆਪ ਜੀ ਦੇ ਭਰੋਸੇ ਕਰਕੇ ਹੀ ਕਾਂਸ਼ੀ ਤਿਆਗ ਕੇ ਮੈਂ ਮਗਹਰ=ਹੜੰਬੇ ਪਿੰਡ ਵਿਚ ਆ ਵਸਿਆ ਹਾਂ। ਮੇਰੇ ਤਨ=ਅੰਤਹ ਕਰਨ ਦੀ ਤਪਸ਼ ਆਪ ਨੇ ਹੀ ਬੁਝਾਈ=ਦੂਰ ਕੀਤੀ ਹੈ।

ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ॥ ੨॥

ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਨੇ ਪਹਿਲੇ ਪ੍ਰਮਾਤਮਾ ਦਾ ਦਰਸ਼ਨ ਹੜੰਬੇ ਵਿਚ ਪਾਇਆ ਹੈ, ਓਹ ਮੇਰੇ ਸਮਾਨ ਕਾਂਸ਼ੀ ਵਿਚ ਫਿਰ ਆ ਕੇ ਵਸਣ ਚਾਹੇ ਨਾ ਵਸਣ, ਪਰ ਉਹ ਮੁਕਤ ਜ਼ਰੂਰ ਹੋ ਜਾਣਗੇ, ਵਾ:- (ਅੰਨਵੇ ਅੱਖਰ ਲਾਉਣੇ)-

ਪਹਿਲੇ ਦਰਸਨੁ ਕਾਸੀ ਪਾਇਓ=ਹੇ ਪ੍ਰਮਾਤਮਾ ! ਮੈਂ ਆਪ ਜੀ ਦਾ ਦਰਸ਼ਨ ਪਹਿਲੇ ਕਾਂਸ਼ੀ ਵਿਚ ਪਾਇਆ ਹੈ, ਫਿਰ ਹੜੰਬੇ ਵਿਚ ਆ ਕੇ ਵਸਿਆ ਹਾਂ।

ਤਾਂ ਭਗਵਾਨ ਨੇ ਕਿਹਾ, ਤੂੰ ਅਪਵਿੱਤ੍ਰ ਧਰਤੀ ਉੱਪਰ ਕਿਉਂ ਆਇਆ ਹੈਂ? *ਉੱਤਰ:-*

ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ॥

ਜੈਸਾ ਹੜੰਬਾ ਹੈ, ਤੈਸੀ ਕਾਂਸ਼ੀ ਹੈ, ਜੈਸੀ ਕਾਂਸ਼ੀ ਹੈ, ਤੈਸਾ ਹੜੰਬਾ ਹੈ। ਮੈਂ ਦੋਹਾਂ ਨਗਰੀਆਂ ਨੂੰ ਇੱਕ ਰੂਪ ਕਰਕੇ ਜਾਣਨਾ ਕੀਤਾ ਹੈ, ਕਿਉਂਕਿ ਆਪ ਹੜੰਬੇ ਅਤੇ ਕਾਂਸ਼ੀ ਦੋਹਾਂ ਨਗਰੀਆਂ ਵਿਚ ਪਰੀ ਪੂਰਨ ਹੋ ਜਾਂ ਆਪ ਕਵ੍ਹੋ ਅਸੀਂ ਪਰੀ ਪੂਰਨ ਨਹੀਂ ਹਾਂ। ਪਰ ਇਹ ਗੱਲ ਭਗਵਾਨ ਜੀ ਕਿਵੇਂ ਕਹਿ ਸਕਦੇ ਹਨ ਕਿ ਮੈਂ ਪਰੀ ਪੂਰਨ ਨਹੀਂ।

ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ॥ ੩॥

ਜਿਉ=ਜਿਸ ਵੇਲੇ ਮੈਂ ਨਿਰਧਨ=ਕੰਗਾਲ ਨੇ ਇਹ ਨਾਮ ਭਗਤੀ ਰੂਪ ਧਨ ਪ੍ਰਾਪਤ ਕੀਤਾ, ਤਾਂ ਮੇਰੇ ਤੇਜ ਪ੍ਰਤਾਪ ਨੂੰ ਵੇਖ ਕੇ ਕਾਂਸ਼ੀ ਨਿਵਾਸੀ ਗੁਮਾਨੀ=ਹੰਕਾਰੀ ਪੁਰਸ਼, ਫੂਟਿ=ਦੁੱਖੀ ਹੋ ਕੇ ਮਰਦੇ ਪਏ ਹਨ॥ ੩॥

ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ॥

ਜੋ ਕਾਂਸ਼ੀ ਨਿਵਾਸੀ ਪੁਰਸ਼ ਆਪਣੀ ਜਾਤੀ, ਵਿੱਦਿਆ ਦਾ ਗੁਮਾਨੁ=ਹੰਕਾਰ ਕਰਦੇ ਹਨ, ਉਨ੍ਹਾਂ ਨੂੰ ਈਰਖਾ ਰੂਪੀ ਸੂਲਾਂ=ਕੰਡੇ ਚੁਭਦੇ ਹਨ, ਉਨ੍ਹਾਂ ਨੂੰ ਈਰਖਾ ਰੂਪੀ ਕੰਡਿਆਂ ਵਿਚੋਂ ਕੱਢਣ ਨੂੰ ਕੋਈ ਸਮਰੱਥ ਨਹੀਂ।

ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ॥ ੪॥

ਅਜੇ ਤੱਕ ਉਹ ਈਰਖਾ ਰੂਪ ਕੰਡੇ ਦੀ ਚੋਭ ਨੂੰ ਪਾ ਕੇ ਬਿੱਲਿਆਂ ਦੀ ਨਿਆਈਂ ਵਿਰਲਾਪ ਕਰਦੇ ਹਨ, ਅੰਤ ਨੂੰ ਘੋਰ=ਕੁੰਭੀ ਨਰਕ ਵਿਚ ਪੈ ਕੇ ਪਚਾਹੀ=ਖਰਾਬ ਹੁੰਦੇ ਹਨ॥ ੪॥

-ਦੋ ਤੁਕਾਂ ਦਾ ਅਰਥ ਫੇਰ ਕਰਨਾ-

ਕਰੈ ਗੁਮਾਨ=ਜੋ ਪੁਰਸ਼ ਹੰਕਾਰ ਕਰਦੇ ਹਨ, ਉਨ੍ਹਾਂ ਨੂੰ ਭੂਤ ਬਨਣ ਰੂਪ ਸੂਲਾਂ ਚੁਭਦੀਆਂ ਹਨ। ਉਨ੍ਹਾਂ ਨੂੰ ਭੂਤ ਜੂਨ ਚੋਂ ਕੱਢਣ ਨੂੰ ਕੋਈ ਭੀ ਸਮਰੱਥ ਨਹੀਂ ਹੈ।

ਅਜੈ ਸੁ ਚੋਭ=ਹੁਣ ਤੱਕ ਉਹ ਪੁਰਸ਼ ਭੂਤ ਜੂਨ ਦੇ ਚੋਭ=ਦੁੱਖ ਨੂੰ ਪਾ ਕੇ ਬਿੱਲਿਆਂ ਦੀ ਨਿਆਈਂ ਵਿਰਲਾਪ ਕਰਦੇ ਹਨ। ਭੂਤ ਜੂਨ ਰੂਪੀ ਕੁੰਭੀ ਨਰਕ ਵਿਚ ਪਏ ਹੋਏ ਖਰਾਬ ਹੁੰਦੇ ਹਨ॥ ੪॥

ਪੁਨਾ- ਭਗਵਾਨ ਨੇ ਕਿਹਾ- "ਹੜੰਬੇ ਦੀ ਧਰਤੀ ਉੱਪਰ ਬਿਆਸ ਭਗਵਾਨ ਜੀ ਦਾ ਸਰਾਪ ਹੈ, ਜੋ ਇੱਥੇ ਮਰੇਗਾ ਉਹ ਖੋਤੇ ਦੀ ਜੂਨ ਪਾਏਗਾ ਤੇ ਕਾਂਸ਼ੀ ਵਿਚ ਸ਼ਿਵ ਜੀ ਦਾ ਵਰ ਹੈ, ਜੋ ਇੱਥੇ ਮਰੇਗਾ ਉਹ ਮੁਕਤ ਹੋਵੇਗਾ। ਇਸ ਵਾਸਤੇ ਤੈਨੂੰ ਕਾਂਸ਼ੀ ਵਿਚ ਹੀ ਰਹਿਣਾ ਚਾਹੀਦਾ ਸੀ।" ਭਗਵਾਨ ਦੀ ਇਹ ਗੱਲ ਸੁਣ ਕੇ ਕਬੀਰ ਨੇ ਕਿਹਾ ਹੇ ਭਗਵਾਨ !-

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥

ਨਰਕ ਕੀ ਚੀਜ਼ ਹੈ ਤੇ ਸੁਰਗ ਵਿਚਾਰਾ ਕੀ ਹੈ, ਸੰਤਾਂ ਨੇ ਤਾਂ ਦੋਹਾਂ ਨੂੰ ਰਾਦੇ=ਰੱਦ, ਭਾਵ ਖੰਡਨ ਕਰ ਦਿੱਤਾ ਹੈ।

ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥ ੫॥

ਅਸੀਂ ਆਪਣੇ ਗੁਰ ਪਰਸਾਦੇ=ਗੁਰਾਂ ਦੀ ਕਿਰਪਾ ਕਰਕੇ ਕਿਸੇ ਦੀ ਕਾਣਿ=ਕਨੌਡ ਨਹੀਂ ਕੱਢਦੇ, ਭਾਵ ਅਸਾਨੂੰ ਕਿਸੇ ਦੀ ਮੁਹਤਾਜੀ ਨਹੀਂ ਅਰਥਾਤ ਕਿਸੇ ਦੀ ਪ੍ਰਵਾਹ ਨਹੀਂ ਹੈ।

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥

ਹੁਣ ਤਾਂ ਮੈਂ ਸਤਸੰਗ, ਅੰਤ੍ਰਮੁਖ ਬਿਰਤੀ, ਵਾ:- ਸ੍ਵੈ ਸਰੂਪ ਰੂਪ ਸਿੰਘਾਸਨਿ=ਤਖਤ ਉੱਪਰ ਜਾ ਚੜ੍ਹਿਆ ਹਾਂ, ਹੇ ਸਾਰਿੰਗਪਾਨੀ=ਪਰਮਾਤਮਾ ! ਹੁਣ ਮੈਂ ਆਪ ਜੀ ਨਾਲ ਮਿਲ ਗਿਆ ਹਾਂ।

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ੬॥ ੩॥

ਹੇ ਰਾਮ ! ਤੂੰ ਤੇ ਮੈਂ ਕਬੀਰ ਦੋਨੋਂ ਇਕ ਰੂਪ ਹੋ ਗਏ ਹਾਂ, ਇਸ ਗੱਲ ਨੂੰ ਕੋਈ ਭੇਦ ਵਾਦੀ ਪੁਰਸ਼ ਪਛਾਣ ਨਹੀਂ ਸਕਦਾ॥ ੬॥ ੩॥

ਉਥਾਨਕਾ:- ਇੱਕ ਦਿਨ ਭਗਵਾਨ ਨੇ ਕਿਹਾ, "ਤੈਨੂੰ ਕਾਂਸ਼ੀ ਦਾ ਕੁਤਵਾਲ ਬਣਾ ਦਿੰਦਾ ਹਾਂ, ਤੂੰ ਇਨ੍ਹਾਂ ਪੰਡਿਤਾਂ ਦੀ ਚੰਗੀ ਤਰ੍ਹਾਂ ਖ਼ਬਰ ਲੈ ਲਈਂ। ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ-

(ਰਹਾਉ ਦੀ ਪੰਗਤੀ ਤੋਂ ਅਰਥ ਸ਼ੁਰੂ ਕਰਨਾ)

ਹਮ ਕੂਕਰ ਤੇਰੇ ਦਰਬਾਰਿ॥ ਭਉਕਹਿ ਆਗੈ ਬਦਨੁ ਪਸਾਰਿ॥ ੧॥ ਰਹਾਉ॥

ਹੇ ਭਗਵਾਨ ! ਅਸੀਂ ਤਾਂ ਆਪ ਦੇ ਦਰਬਾਰ ਦੇ ਕੂਕਰ=ਕੁੱਤੇ, ਭਾਵ ਦਾਸ ਹਾਂ।

ਹਰ ਇਕ ਅੱਗੇ ਬਦਨੁ ਪਸਾਰਿ=ਮੂੰਹ ਖੋਲ੍ਹ ਕੇ ਤੁਹਾਡੇ ਜਸ ਨੂੰ ਭਉਕਹਿ=ਭੌਂਕਦੇ, ਅਰਥਾਤ ਉੱਚੀ ਉੱਚੀ ਉਚਾਰਦੇ ਹਾਂ।

ਅਥਵਾ:- ਆਪ ਜੀ ਦੇ ਜਸ ਉਚਾਰਨ ਨਾਲ ਭਉਕਹਿ=ਭਉ+ਕਹਿ=ਖੌਫ ਕਿਸ ਦਾ ਹੈ, ਭਾਵ ਕਿਸੇ ਦਾ ਨਹੀਂ।

ਫਿਰ ਭਾਗਵਾਨ ਨੇ ਕਿਹਾ, ਤੂੰ ਕੁਤਵਾਲੀ ਲੈ ਲੈ ਬਹੁਤ ਸੁਖੀ ਰਹੇਂਗਾ। ਕਬੀਰ ਜੀ ਨੇ ਕਿਹਾ, ਜੇ ਆਪ ਕੁਤਵਾਲੀ ਜ਼ਰੂਰ ਦੇਣਾ ਚਾਹੁੰਦੇ ਹੋ ਤਾਂ ਇਸ ਤਰ੍ਹਾਂ ਦੀ ਦਿਓ-

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥

ਸੰਤਾ=ਸ਼ੁਭ-ਗੁਣਾਂ ਨੂੰ ਮੰਨਾ ਤੇ ਦੂਤਾ=ਕਾਮ ਆਦਿਕ ਦੁਸ਼ਮਨਾਂ ਨੂੰ ਡਾਨਉ=ਡੰਨ, ਭਾਵ ਸਜ਼ਾ ਦੇਣੀ ਕਰਾਂ, ਜੇ ਦੇਂਦੇ ਹੋ ਤਾਂ ਇਸ ਤਰ੍ਹਾਂ ਦੀ ਕੁਤਵਾਲੀ ਮੇਰੇ ਤਾਈਂ ਦਿਓ।

ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ॥ ੧॥

ਦਿਵਸ ਰੈਨਿ=ਦਿਨ ਰਾਤ ਆਪ ਜੀ ਦੇ ਪਾਉ ਪਲੋਸਉ=ਚਰਨਾਂ ਨੂੰ ਝੱਸਾਂ ਅਤੇ ਸ਼ਰਧਾ ਨਾਲ ਪ੍ਰਤੱਖ ਕੇਸਾਂ ਦਾ ਚੌਰ ਫੇਰਾਂ, ਵਾ:- ਗਊ ਦੇ ਕੇਸ=ਰੋਮਾਂ ਦਾ ਚੌਰ ਬਣਾ ਕੇ ਫੇਰਨਾ ਕਰਾਂ॥ ੧॥

ਹਮ ਕੂਕਰ ਤੇਰੇ ਦਰਬਾਰਿ॥
ਭਉਕਹਿ ਆਗੈ ਬਦਨੁ ਪਸਾਰਿ॥ ੧॥ ਰਹਾਉ॥

ਹੇ ਸੁਆਮੀ ਜੀ ! ਅਸੀਂ ਆਪ ਜੀ ਦੇ ਦੁਆਰੇ ਦੇ ਕੁੱਤੇ ਹਾਂ, ਮੂੰਹ ਖੋਲ੍ਹ ਕੇ ਆਪ ਜੀ ਦੇ ਜਸ ਨੂੰ ਹਰ ਇੱਕ ਦੇ ਅੱਗੇ ਉਚਾਰਦੇ ਹਾਂ॥ ੧॥ ਰਹਾਉ॥

ਪੁਨਾ- ਭਗਵਾਨ ਨੇ ਕਿਹਾ- ਜੇ ਤੂੰ ਕੁਤਵਾਲੀ ਨਹੀਂ ਲੈਂਦਾ, ਤਾਂ ਮੇਰੀ ਭਗਤੀ ਕਰਨੀ ਛੱਡ ਦੇਹ, ਜਿਸ ਤੇ ਕਾਂਸ਼ੀ ਨਿਵਾਸੀ ਲੋਕ ਤੈਨੂੰ ਵੇਖ ਕੇ ਦੁੱਖੀ ਨਾ ਹੋਣ।

ਇਹ ਗੱਲ ਸੁਣ ਕੇ ਕਬੀਰ ਨੇ ਕਿਹਾ-

[ਪੰਨਾ ੯੭੦]

ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ॥

ਪੂਰਬ=ਪਿਛਲੇ ਜਨਮ ਵਿਚ ਅਸੀਂ ਤੇਰੇ ਸੇਵਕ=ਦਾਸ ਸੀ, ਇਸ ਕਰਕੇ ਹੁਣ ਭਾਂ ਆਪ ਜੀ ਦੀ ਭਗਤੀ ਵੱਲੋਂ ਮਿਟਿਆ=ਹਟਿਆ ਨਹੀਂ ਜਾਂਦਾ, ਕਿਉਂਕਿ ਪਿਛਲੇ ਸੰਸਕਾਰ ਬਹੁਤ ਪ੍ਰਬਲ ਹਨ।

ਯਥਾ:- ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ॥

ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ॥ ੧॥ ਰਹਾਉ॥

(ਬਿਲਾਵਲ ਮ: ੫, ਪੰਨਾ ੮੨੬)

ਤਥਾ:- ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ॥ *(ਮਾਰੂ ਵਾਰ ਮ: ੧, ਪੰਨਾ ੧੦੬੦)*

ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ॥ ੨॥

ਤੇਰੇ=ਆਪ ਜੀ ਦੇ ਸਤਸੰਗ ਦੁਆਰੇ ਉੱਪਰ ਜੋ ਸਹਜ ਕੀ=ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨ ਵਾਲੀ ਧੁਨਿ=ਬਾਣੀ ਸੰਤਾਂ ਦੇ ਮੁੰਹੋਂ ਉਚਾਰਨ ਹੋ ਰਹੀ ਹੈ, ਓਹੋ ਬਾਣੀ ਮੇਰੇ ਮਾਥੈ=ਅੰਤਹ ਕਰਨ ਵਿਚ ਦਗਾਈ=ਪ੍ਰਕਾਸ਼ ਰਹੀ ਹੈ, ਇਸ ਕਰਕੇ ਵੀ ਹਟਿਆ ਨਹੀਂ ਜਾਂਦਾ ਅਤੇ ਜਿਵੇਂ ਪ੍ਰਿਥਵੀਪਤਿ ਬਾਦਸ਼ਾਹ ਆਪਣੇ ਸੂਰਮਿਆਂ ਨੂੰ ਵਰਦੀਆਂ ਪੁਆ ਕੇ ਚਿੰਨ੍ਹਾਂ ਵਾਲਾ ਕਰ ਦੇਂਦਾ ਹੈ।

ਤਿਵੇਂ, ਮੈਂ ਭੀ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨ ਵਾਲੀ ਬਾਣੀ ਸੁਣ ਕੇ ਚਿੰਨ੍ਹ ਵਾਲਾ ਹੋ ਗਿਆ ਹਾਂ।

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ॥

ਜਿਵੇਂ ਬਾਦਸ਼ਾਹ ਵੱਲੋਂ ਜੋ ਸੂਰਬੀਰ ਦਾਗੇ=ਨਿਸ਼ਾਨ, ਭਾਵ ਚਿੰਨ੍ਹਾਂ ਵਾਲੇ ਹੁੰਦੇ ਹਨ, ਉਹ ਨਿਸੰਕ ਹੀ ਸਨਮੁਖ ਹੋ ਕੇ ਯੁੱਧ ਭੂਮੀ ਵਿਚ ਜਾ ਕੇ ਜੂਝਹਿ=ਲੜਦੇ ਹਨ ਅਤੇ ਜੋ ਸੂਰਮੇ ਬਿਨੁ ਦਾਗੇ=ਚਿੰਨ੍ਹਾਂ ਤੋਂ ਬਗੈਰ ਹੁੰਦੇ ਹਨ, ਉਹ ਕਾਇਰ ਹੋ ਕੇ ਯੁੱਧ ਭੂਮੀ ਵਿਚੋਂ ਪਿੱਠ ਦੇ ਕੇ ਭਗਿ ਜਾਈ=ਦੌੜ ਜਾਂਦੇ ਹਨ।

ਤਿਵੇਂ ਗੁਰੂ ਰੂਪ ਪਾਤਸ਼ਾਹ ਵੱਲੋਂ ਜੋ ਗੁਰਮੁਖ ਜਿਗਿਆਸੂ ਵੈਰਾਗ ਰੂਪੀ ਦਾਗੇ=ਚਿੰਨ੍ਹ ਸਹਿਤ ਹੋਏ ਹਨ, ਉਹ ਭਾਂ ਬੇਫਿਕਰ ਹੋ ਕੇ ਕਾਮ ਆਦਿਕਾਂ ਦੇ ਰਣ ਵਿਚ ਲੜਦੇ ਹਨ ਤੇ ਜੋ ਬਿਨੁ ਦਾਗੇ=ਵੈਰਾਗ ਰੂਪ ਚਿੰਨ੍ਹ ਤੋਂ ਬਿਨ੍ਹਾਂ ਹੁੰਦੇ ਹਨ, ਉਹ ਕਾਮ ਆਦਿਕਾਂ ਦੇ ਰਣ 'ਚੋਂ ਕਾਇਰ ਹੋ ਕੇ ਦੌੜ ਜਾਂਦੇ ਹਨ, ਅਰਥਾਤ ਕਾਮ ਆਦਿਕਾਂ ਦੇ ਅਧੀਨ ਰਹਿੰਦੇ ਹਨ।

ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ॥ ੩॥

ਜੋ ਪੂਰਨ ਸੰਤ ਹੁੰਦੇ ਹਨ, ਉਹ ਭਗਤੀ ਕਰਨੀ ਪਛਾਣਦੇ ਹਨ ਤੇ ਕਾਮ ਆਦਿਕਾਂ ਵੱਲ ਨਹੀਂ ਜਾਂਦੇ, ਹੇ ਹਰੀ ! ਉਨ੍ਹਾਂ ਨੂੰ ਆਪ ਸਰੂਪ ਰੂਪੀ ਖਜ਼ਾਨੇ ਵਿਚ ਪਾ ਲੈਂਦੇ ਹੋ।

ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ॥

ਪਹਿਲਾ ਅਰਥ-

ਅਸਥੂਲ ਦੇਹ ਰੂਪ ਕੋਠੇ ਵਿਚ ਸ਼ੁੱਧ ਬੁੱਧੀ ਰੂਪ ਕੋਠੀ ਹੈ ਤੇ ਯਥਾਰਥ ਵਿਚਾਰ ਰੂਪੀ ਪਰਮ ਕੋਠੀ ਹੈ।

ਦੂਜਾ ਅਰਥ-

ਬ੍ਰਹਮਾਂਡ ਰੂਪ ਕੋਠੇ ਵਿੱਚ ਭਾਰਤ ਖੰਡ ਦੀ ਭੂਮੀ ਰੂਪ ਕੋਠੀ ਹੈ, ਤਿਸ ਵਿਚ ਪਰਮ ਕੋਠੀ=ਸਤਸੰਗ ਹੈ, ਉਸ ਵਿਚ ਪਰਮਾਤਮਾ ਦੀ ਵਿਚਾਰ ਕਰੋ।

ਤੀਜਾ ਅਰਥ-

ਚਾਰ ਖਾਣੀਆਂ ਰੂਪ ਕੋਠੇ ਵਿੱਚ ਮਨੁੱਖਾ ਦੇਹ ਰੂਪ ਕੋਠੀ ਹੈ, ਪਰਮ ਕੋਠੀ=ਦਸਮ ਦੁਆਰ ਹੈ ਤੇ ਉਸ ਵਿਚ ਪ੍ਰਮਾਤਮਾ ਨੂੰ ਵਿਚਾਰਨਾ ਕਰੋ।

ਚੌਥਾ ਅਰਥ-

ਅੰਨਮਜ ਕੋਸ਼ ਰੂਪੀ ਕੋਠੇ ਵਿਚ ਮਨੋਮਜ, ਪ੍ਰਾਨਮਜ, ਵਗਜਾਨਮਜ ਰੂਪ ਕੋਠੀ ਹੈ, ਪਰਮ ਕੋਠੀ=ਅਨੰਦਮਜ ਕੋਸ਼ ਹੈ, ਉਸ ਵਿਚ ਆਤਮਾ ਦੀ ਵਿਚਾਰ ਕਰੋ।

ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥ ੪ ॥

ਗੁਰਾਂ ਨੇ ਆਤਮਾ ਵਸਤੂ ਮੈਂ ਕਬੀਰ ਨੂੰ ਦਿੱਤੀ ਹੈ ਤੇ ਨਾਲ ਇਹ ਆਗਿਆ ਦਿੱਤੀ ਹੈ, ਇਸ ਵਸਤੂ ਨੂੰ ਸੰਭਾਲ ਕੇ ਲੈ ਰੱਖ॥ ੪॥

ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥

ਕਬੀਰ ਜੀ ਆਖਦੇ ਹਨ—ਓਹੀ ਆਤਮ-ਵਸਤੂ ਮੈਂ ਅੱਗੋਂ ਸੰਸਾਰ ਨੂੰ ਵੰਡ ਦਿੱਤੀ ਹੈ, ਪਰ ਲਈ ਉਸ ਨੇ ਹੈ, ਜਿਸ ਦੇ ਮੱਥੇ ਦੇ ਚੰਗੇ ਭਾਗ ਹਨ।

ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥ ੫ ॥ ੪ ॥

ਜਿਨ੍ਹਾਂ ਨੇ ਆਤਮ ਵਿਚਾਰ ਰੂਪੀ ਅੰਮ੍ਰਿਤ ਰਸ ਪਾਇਆ ਹੈ, ਉਨ੍ਹਾਂ ਦਾ ਸੋਹਾਗੁ=ਅਨੰਦ, ਥਿਰ=ਇਸਥਿਤ ਹੈ॥ ੫ ॥ ੪॥

ਉਥਾਨਕਾ:- ਇੱਕ ਜਾਤੀ ਹੰਕਾਰੀ ਬ੍ਰਾਹਮਣ ਵੇਦ ਗਾਇਤ੍ਰੀ ਆਦਿਕਾਂ ਦਾ ਪਾਠ ਲੋਕਾਂ ਨੂੰ ਸੁਣਾ ਕੇ ਕਰਮ-ਕਿਰਿਆ ਵਿਚ ਜੋੜ ਕੇ ਕੇਵਲ ਆਪਣੇ ਪੇਟ ਨੂੰ ਭਰਦਾ ਸੀ ਤੇ ਆਪ ਅਕਾਲ ਪੁਰਖ ਦਾ ਭਜਨ ਨਹੀਂ ਸੀ ਕਰਦਾ। ਉਸ ਚੁੰਚ-ਗਿਆਨੀ ਨੂੰ ਉਪਦੇਸ਼ ਹਨ-

(ਰਹਾਉ ਦੀ ਪੰਗਤੀ ਤੋਂ ਅਰਥ ਸ਼ੁਰੂ ਕਰਨਾ) ***ਕਾਹੇ ਮੇਰੇ ਬਾਮਨ ਹਰਿ ਨ ਕਹਹਿ॥***

ਹੇ ਬ੍ਰਾਹਮਣ ! ਤੂੰ ਕਿਸ ਵਾਸਤੇ ਮੇਰੇ ਨਾਲ ਝਗੜਦਾ ਹੈਂ ਤੇ ਹਰੀ ਨਾਮ ਨੂੰ ਨਹੀਂ ਕਹਿੰਦਾ।

ਅਥਵਾ:- ਮੇਰੇ ਸੁਆਮੀ ਹਰੀ ਦੇ ਨਾਮ ਨੂੰ, ਹੇ ਬ੍ਰਾਹਮਣ ! ਤੂੰ ਕਿਸ ਵਾਸਤੇ ਨਹੀਂ ਜਪਦਾ।

ਅਥਵਾ:- ਹੇ ਮੇਰ ਤੇਰ ਵਿਚ ਲਗੇ ਹੋਏ ਬ੍ਰਾਹਮਣ ! ਤੂੰ ਕਿਸ ਵਾਸਤੇ ਹਰੀ ਨਾਮ ਨੂੰ ਨਹੀਂ ਸਿਮਰਦਾ।

ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ॥ ੧ ॥ ਰਹਾਉ॥

ਰਾਮ ਨਾਮ ਨੂੰ ਨਹੀਂ ਬੋਲਹਿ=ਜਪਦਾ, ਹੇ ਪਾਂਡੇ ! ਇਸ ਕਰਕੇ ਤੂੰ ਦੋਜਕੁ=ਨਰਕਾਂ ਨੂੰ ਪਾਏਂਗਾ।

ਅਥਵਾ- ਨਰਕਾਂ ਦੇ ਦੁੱਖਾਂ ਨੂੰ ਭੋਗੇਂਗਾ।

ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥

ਜਿਸ ਪ੍ਰਮਾਤਮਾ ਦੇ ਮੂੰਹੋਂ ਗਾਇਤ੍ਰੀ-ਮੰਤ੍ਰ ਤੋਂ ਪਹਿਲੇ, ਬ੍ਰਹਮਾਂ ਨੂੰ ਉਪਦੇਸ਼ ਦੇਣ ਵਾਸਤੇ ਵੇਦ-ਵਾਕ ਨਿਕਲੇ ਹਨ, ਹੇ ਬ੍ਰਾਹਮਣ ! ਤੂੰ ਉਸ ਹਰੀ ਨੂੰ ਕਿਉਂ ਬਿਸਰੁ ਕਰੈ=ਭੁਲਾਇਆ ਹੈ।

ਅਥਵਾ:- ਜਿਸ ਪ੍ਰਮਾਤਮਾ ਦੀ ਸੱਤਾ ਨਾਲ ਤੇਰੇ ਮੂੰਹੋਂ ਵੇਦਾਂ ਦਾ ਤੇ ਗਾਇਤ੍ਰੀ ਦਾ ਪਾਠ ਨਿਕਲ ਰਿਹਾ ਹੈ, ਹੇ ਬ੍ਰਾਹਮਣ ! ਤੂੰ ਉਸ ਪਰਮਾਤਮਾ ਨੂੰ ਕਿਉਂ ਭੁਲਾਇਆ ਹੈ।

ਜਾ ਕੈ ਪਾਇ ਜਗਤੁ ਸਭੁ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ॥ ੧॥

ਜਿਸ ਪਰਮਾਤਮਾ ਦੀ ਚਰਨੀਂ ਸਾਰਾ ਸੰਸਾਰ ਲਗ ਰਿਹਾ ਹੈ, *ਵਾ:-* ਜਿਸ ਪਰਮਾਤਮਾ ਦੇ ਵੱਡੇ ਬਣਾਏ ਹੋਏ-

ਯਥਾ:- ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ॥

(ਸਲੋਕ ਕਬੀਰ ਜੀ, ਪੰਨਾ ੧੩੭੭)

ਬ੍ਰਾਹਮਣਾਂ ਦੇ ਪਾਇ=ਚਰਨਾਂ ਵਿਚ ਜਗਤੁ ਸਭੁ ਲਾਗੈ=ਤਿੰਨਾਂ ਵਰਨਾਂ ਦੇ ਸਾਰੇ ਪੁਰਸ਼ ਲਗ ਰਹੇ ਹਨ, ਭਾਵ ਨਮਸ਼ਕਾਰਾਂ ਕਰਦੇ ਹਨ, ਹੇ ਪੰਡਿਤ ! ਉਸ ਹਰੀ ਦੇ ਨਾਮ ਨੂੰ ਤੂੰ ਕਿਉਂ ਨਹੀਂ ਜਪਦਾ॥ ੧॥

ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ॥
ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ॥ ੧॥ ਰਹਾਉ॥

ਹੇ ਬ੍ਰਾਹਮਣ ! ਮੇਰੇ ਹਰੀ ਦੇ ਨਾਮ ਨੂੰ ਕਿਉਂ ਨਹੀਂ ਕਹਿੰਦਾ। ਤੂੰ ਰਾਮ ਨਾਮ ਨੂੰ ਨਹੀਂ ਬੋਲਦਾ, ਇਸ ਕਰਕੇ ਹੇ ਪਾਂਡੇ ਤੂੰ ਦੋਜਕੁ=ਨਰਕਾਂ ਨੂੰ ਭਰ ਰਿਹਾ ਹੈਂ॥ ੧॥

ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ॥॥

ਹੇ ਬ੍ਰਾਹਮਣ ! ਆਪਣੇ ਆਪ ਨੂੰ ਤੁਸੀਂ ਤਿੰਨਾਂ ਵਰਨਾਂ ਤੋਂ ਊਚਾ ਮੰਨਦੇ ਹੋ ਤੇ ਤਿੰਨਾਂ ਵਰਨਾਂ ਨੂੰ ਆਪ ਤੋਂ ਨੀਵਾਂ ਜਾਣਦੇ ਹੋ। ਇਤਨੀ ਸਮਝ ਰੱਖ ਕੇ ਭੀ ਲਾਲਚ ਵਿਚ ਫਸ ਕੇ ਨੀਚ ਜਾਤੀ ਵਾਲਿਆਂ ਦੇ ਘਰ ਜਾ ਕੇ ਭੋਜਨ ਖਾਂਦੇ ਹੋ।

ਵੇਦ ਅਤੇ ਸਿੰਮ੍ਰਿਤੀਆਂ ਦੀ ਆਗਿਆ ਛੱਡ ਕੇ ਆਪਣੀ ਮਨ-ਮਤ ਅਨੁਸਾਰ ਹਠੇ ਕਰਮ=ਜ਼ਿੱਦ ਵਾਲੇ ਕਰਮ ਕਰਕੇ ਉਦਰੁ=ਪੇਟ ਨੂੰ ਭਰਦੇ ਹੋ।

ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪ ਪਰਹਿ॥ ੨॥

ਨਰਸਿੰਘ ਚੌਦਸ, ਬਾਵਨ ਦੁਆਦਸੀ, ਸੋਮਾਵਤੀ ਅਮਾਵਸ, ਸੰਕ੍ਰਾਤਿ, ਇਤਿਆਦਿ ਦਿਨਾਂ ਵਿਚ ਦਾਨ ਪੁੰਨ ਕਰਨ ਨਾਲ ਧਨ, ਪੁੱਤਰ ਆਦਿਕਾਂ ਵਿਚ ਵਾਧਾ ਹੁੰਦਾ ਹੈ ਅਤੇ ਸਰੀਰ ਦੇ ਸਾਰੇ ਕਸ਼ਟ ਕਲਪ ਪ੍ਰਯੰਤ ਨਾਸ ਹੋ ਜਾਂਦੇ ਹਨ। ਇਸ ਤਰ੍ਹਾਂ ਮਨ ਮਰਜ਼ੀ ਦੇ ਮਹਾਤਮ ਸੁਣਾ ਕੇ ਲੋਕਾਂ ਪਾਸੋਂ ਚੌਦਸ ਵਾਲੇ ਦਿਨ ਤੇ ਅਮਾਵਸ ਵਾਲੇ ਦਿਨ ਰਚਿ ਰਚਿ=ਤਦਾਕਾਰ ਹੋ ਕੇ ਦਾਨ ਮੰਗਦੇ ਹੋ ਤੇ ਕਰ ਦੀਪਕੁ ਲੈ=ਸ਼ਾਸ਼ਤ੍ਰ ਗਿਆਨ ਰੂਪੀ ਦੀਵਾ, ਮਨ ਰੂਪੀ ਹੱਥ ਵਿਚ ਲੈ ਕੇ ਸੰਸਾਰ ਰੂਪੀ ਖੂਹ ਵਿਚ ਪੈ ਰਹੇ ਹੋ॥ ੨॥

ਯਥਾ:- ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ *(ਸਲੋਕ ਕਬੀਰ ਜੀ, ਪੰਨਾ ੧੩੭੬)*

ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ॥

ਵਿਅੰਗ ਬਚਨਾਂ ਨਾਲ ਕਹਿੰਦੇ ਹਨ ! ਤੂੰ ਬ੍ਰਾਹਮਣ ਹੈਂ ਹੰਦੇ ਮੰਗ ਕੇ ਖਾਣ ਵਾਲਾ ਤੇ ਮੈਂ ਕਾਂਸ਼ੀ ਦਾ

ਜੁਲਾਹਿਆ ਹਾਂ ਲੋਕਾਂ ਦੇ ਕੱਪੜੇ ਉਣ ਕੇ ਦਸਾਂ ਨਵ੍ਹਾਂ ਦੀ ਕਿਰਤ ਕਮਾਈ ਕਰਕੇ ਰੋਟੀ ਖਾਣ ਵਾਲਾ, ਇਸ ਕਰਕੇ ਮੇਰੀ ਤੇਰੀ ਬਰਾਬਰੀ ਭਲਾ ਕਿਵੇਂ ਬਣ ਸਕਦੀ ਹੈ।

ਅਥਵਾ- ਤੂੰ ਬ੍ਰਹਮਨੁ=ਬਾਮਾਰਗੀਆ ਹੈਂ, ਭਾਵ ਟੇਡਾ ਹੋ ਕੇ ਚਲਦਾ ਹੈਂ ਅਤੇ ਲੋਭੀ ਹੈਂ ਤੇ 'ਮੈ ਕਾਸੀਕ ਜੁਲਹਾ'=ਮੈਂ ਪ੍ਰਕਾਸ਼ ਰੂਪ ਜੋ ਲਾਭ ਵਾਲਾ ਆਤਮ ਪਦ ਹੈ, ਉਸ ਨੂੰ ਜਾਣਿਆਂ ਹੈ। ਇਸ ਕਰਕੇ ਮੇਰੀ ਤੇਰੀ ਬਰਾਬਰੀ ਕਿਵੇਂ ਬਣ ਸਕਦੀ ਹੈ?

ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ॥ ੩ ॥ ੫ ॥

ਅਸਾਡੇ ਮੱਤ ਵਿਚ ਅਨੇਕਾਂ ਹੀ ਜੀਵ ਰਾਮ ਨਾਮ ਨੂੰ ਕਹਿ ਕੇ ਤਰ ਗਏ ਹਨ, ਹੇ ਪੰਡੇ ! ਬੇਦਾਂ ਦੇ ਭਰੋਸੇ ਵਿਚ ਲਗ ਕੇ ਤੁਸੀਂ ਡੁੱਬ ਕੇ ਮਰ ਰਹੇ ਹੋ॥ ੩ ॥ ੫ ॥

ਯਥਾ:- ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ *(ਸਲੋਕ ਕਬੀਰ ਜੀ ਪੰਨਾ ੧੩੭੭)*

ਉਥਾਨਕਾ:- ਪੰਡਿਤਾਂ ਨੇ ਇਕੱਠਿਆਂ ਹੋ ਕੇ ਕਬੀਰ ਨੂੰ ਆ ਕੇ ਕਿਹਾ, ਕਿ ਤੂੰ ਸਾਰਿਆਂ ਮੱਤਾਂ ਦਾ ਖੰਡਨ ਕਰਨਾ ਹੀ ਜਾਣਦਾ ਹੈਂ ਜਾਂ ਹੋਰ ਵੀ ਕੁਝ ਜਾਣਦਾ ਹੈਂ?

ਉੱਤਰ- (ਰਹਾਉ ਦੀ ਤੁਕ ਦਾ ਅਰਥ ਪਹਿਲੇ ਕਰਨਾ)

ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ॥

ਹੇ ਭਾਈ ! ਮੈਂ ਤਾਂ ਰਾਜਾ=ਪ੍ਰਕਾਸ਼ ਰੂਪ ਪਰਮਾਤਮਾ ਦੀ ਕਹਾਨੀ=ਕਥਾ ਕਰਨੀ ਹੀ ਮਨ, ਬਾਣੀ ਕਰਕੇ ਜਾਣੀ ਹੈ।

ਅਥਵਾ:- ਹੇ ਭਾਈ ! ਜਾਨੀ=ਪਿਆਰਾ ਜੋ ਰਾਜਾ ਰਾਮ ਹੈ, ਉਸ ਦੀ ਕਥਾ ਮੈਂ ਜਾਣ ਲਈ ਹੈ।

(ਹੁਣ ਆਦਿ ਤੋਂ ਸ਼ੁਰੂ ਕਰੋ-)

ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ॥

ਸੰਸਾਰ ਰੂਪੀ ਇੱਕ ਤਰਵਰੁ=ਬ੍ਰਿਛ ਹੈ, ਅਨੰਤ=ਬੇਅੰਤ ਪਰਮਾਤਮਾ ਉਸ ਦਾ ਮੂੱਢ ਹੈ।

ਅਥਵਾ:- ਇੱਕ ਬੇਅੰਤ ਪ੍ਰਮਾਤਮਾ ਹੀ ਸ੍ਰੇਸ਼ਟ ਬ੍ਰਿੱਛ ਹੈ, ਬ੍ਰਹਮਾ ਆਦਿ ਵੱਡੇ ਦੇਵਤੇ ਇਹ ਵੱਡੇ ਡਾਰ=ਟਾਹਣ ਹਨ, ਛੋਟੇ ਛੋਟੇ ਦੇਵਤੇ ਸਾਖਾ=ਟਾਹਣੀਆਂ ਹਨ, ਸ਼ੂਖਮ ਸਥੂਲ ਸਮੂਹ ਜੀਵ, ਪੁਹਪ=ਫੁੱਲ ਤੇ ਪਤ੍ਰ=ਪੱਤੇ ਹਨ, *ਵਾ:-* ਕਰਮਾਂ, ਧਰਮਾਂ ਰੂਪੀ ਫੁੱਲ ਹਨ ਤੇ ਜੀਵਾਂ ਰੂਪ ਪੱਤੇ ਹਨ, ਗਿਆਨ ਰੂਪ ਫਲ ਹੈ, ਇਹ ਸਾਰੇ ਹੀ ਇੱਕ ਚੇਤਨਦੇਵ ਰੂਪੀ ਰਸ ਨਾਲ ਭਰੇ ਹੋਏ ਹਨ। (ਅਥਵਾ*)

(ਕਈ ਗਿਆਨੀ ਇਸ ਤਰ੍ਹਾਂ ਭੀ ਅਰਥ ਕਰਦੇ ਹਨ)

ਸੰਸਾਰ ਰੂਪ ਇੱਕ ਬ੍ਰਿੱਛ ਹੈ, ਅਨੰਤ ਲੋਕ, ਵਾ:- ਬ੍ਰਹਿਮਾਂਡ ਇਹ ਡਾਰ=ਟਾਹਣ ਹਨ, ਪੁਰੀਆਂ ਰੂਪ ਸਾਖਾ=ਟਾਹਣੀਆਂ ਹਨ, ਦੇਵਤਿਆਂ ਰੂਪੀ ਪੁਹਪ=ਫੁੱਲ ਹਨ, ਜੀਵਾਂ ਰੂਪ ਪਤ੍ਰ=ਪੱਤੇ ਹਨ, ਇਹ ਸਾਰੇ ਚੇਤਨ ਸੱਤਾ ਰੂਪ ਰਸ ਨਾਲ ਭਰੇ ਹੋਏ ਹਨ।

ਵਾ:- ਬ੍ਰਹਮ ਰੂਪ ਇੱਕ ਬ੍ਰਿਛ ਹੈ, ਅਨੰਤ ਈਸ਼ਵਰ ਡਾਰ=ਟਾਹਣ ਹੈ, ਤਿੰਨੇ ਗੁਣਾਂ ਰੂਪ ਛੋਟੀਆਂ ਟਾਹਣੀਆਂ ਹਨ, ਉਪਾਸ਼ਨਾ ਰੂਪੀ ਪੁਹਪ=ਫੁੱਲ ਹਨ,

ਕਰਮਾਂ ਰੂਪੀ ਪਤ੍ਰ=ਪੱਤੇ ਹੰਨ, ਰਸ ਭਰੀਆ=ਗਿਆਨ ਰੂਪ ਰਸ ਨਾਲ ਭਰੇ ਹੋਏ ਹਨ।

ਵਾ:- ਸਰੀਰ ਰੂਪ ਇੱਕ ਬ੍ਰਿੱਛ ਹੈ, ਬੇਅੰਤ ਨਾੜੀਆਂ ਇਹ ਟਾਹਣੀਆਂ ਹਨ, ਹੋਰ ਮੋਟੇ ਹੱਡ ਇਹ ਡਾਰ=ਟਾਹਣ ਹਨ, ਹਿਰਦਾ ਕਵਲ ਪੁਹਪ=ਫੁੱਲ ਹੈ।

ਸਰੀਰ ਵਿਚ ਜੋ ਖਟ ਚੱਕਰ ਹਨ ਇਹ ਪੱਤੇ ਹਨ ਇਹ ਸਭ ਪ੍ਰਾਣਾਂ ਰੂਪ ਰਸ ਨਾਲ ਭਰੇ ਹੋਏ ਹੰਨ।

ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥ ੧ ॥

ਗਿਆਨਵਾਨਾਂ ਦੀ ਦ੍ਰਿਸ਼ਟੀ ਵਿਚ ਇਹ ਸੰਸਾਰ ਅੰਮ੍ਰਿਤ ਦੀ ਬਾੜੀ=ਬਰਗੀਚੀ ਹੈ, ਤਿਸ ਪੂਰਨ ਹਰੀ ਨੇ ਪੈਦਾ ਕੀਤੀ ਹੈ॥ ੧ ॥

ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥

ਹੇ ਭਾਈ ! ਜਾਨਣੇ ਜੋਗ ਰਾਜਾ ਰਾਮ ਦੀ ਕਹਾਨੀ=ਕਥਾ ਮੈਂ ਜਾਨਣਾ ਕੀਤੀ ਹੈ।

ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥ ੧ ॥ ਰਹਾਉ ॥

ਸਾਰਿਆਂ ਅੰਦਰ ਜੋਤੀ ਸਰੂਪ ਰਾਮ ਪ੍ਰਕਾਸ਼ ਰਿਹਾ ਹੈ, ਪਰ ਇਹ ਗੱਲ ਕਿਸੇ ਵਿਰਲੇ ਹੀ ਗੁਰਮੁਖ ਨੇ ਜਾਣੀ ਹੈ॥ ੧ ॥

ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰ ਧਰਿਆ ॥

ਪਹਿਲਾ ਅਰਥ-

ਏਕੁ=ਇੱਕ ਅੱਧਾ, ਭਾਵ ਕੋਈ ਵਿਰਲਾ ਹੀ ਜਗਿਆਸੂ ਰੂਪੀ ਭੌਰਾ ਪੁਹਪ ਰਸ=ਫੁੱਲਾਂ ਦੇ ਰਸ, ਭਾਵ ਚੇਤਨ ਦੇਵ ਦੇ ਅਨੰਦ ਵਿਚ ਬੀਧਾ=ਮਿਲਿਆ ਹੈ।

ਪਰ ਜਿਸ ਨੇ ਪਹਿਲੇ ਬਾਰ੍ਹਾਂ ਅੱਖਰਾਂ 'ਓਅੰ ਨਮੋ ਭਗਵਤੇ ਵਾਸਦੇਵਾ'

ਵਾਲੇ ਮੰਤ੍ਰ ਨੂੰ ਆਪਦੇ ਹਿਰਦੇ ਵਿਚ ਧਾਰਨਾ ਕੀਤਾ ਹੈ। ਫੇਰ-

ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ ॥ ੨ ॥

ਸੋਲ੍ਹਾਂ ਨਾਮਾ ਹਰੇ ਰਾਮ ਹਰੇ ਰਾਮ ਰਾਮ ਰਾਮ ਹਰੇ ਹਰੇ।
-ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ।

ਵਾਲੇ ਮੰਤ੍ਰ ਵਿਚ ਆਪਣੇ ਪਵਨੁ=ਸ੍ਵਾਸ ਨੂੰ ਝਕੋਰਿਆ=ਤਦਾਕਾਰ ਕੀਤਾ ਹੈ, ਉਸ ਨੂੰ ਹਿਰਦੇ ਰੂਪ ਅਕਾਸ਼ ਵਿਚ ਚੇਤਨ ਦੇਵ ਰੂਪੀ ਫਰੁ ਫਰਿਆ=ਫਲ ਪ੍ਰਾਪਤ ਹੋਇਆ ਹੈ।

ਦੂਜਾ ਅਰਥ-

ਭਵਰੁ ਏਕੁ ਪੁਹਪ ਰਸ ਬੀਧਾ=ਇੱਕ ਅੱਧਾ, ਭਾਵ ਕੋਈ ਵਿਰਲਾ ਹੀ ਜਿਗਿਆਸੂ ਰੂਪ ਭੌਰਾ ਪੁਹਪ ਰਸ=ਫੁੱਲਾਂ ਦੇ ਰਸ (ਚੇਤਨ ਦੇਵ ਦੇ ਆਨੰਦ) ਵਿਚ ਤਦਾਕਾਰ ਹੋਇਆ ਹੈ। ਪਰ ਜਿਸ ਨੇ ਪਹਿਲੇ ਬਾਰਹ ਲੇ ਉਰ ਧਰਿਆ- ਬਾਰ੍ਹਾਂ ਅੱਖਰਾਂ-

੧	੨	੩	੪	੫	੬	੭	੮	੯	੧੦	੧੧	੧੨	
੧	ੴ	ਸ	ਤਿ	ਨਾ	ਮੁ	ਗੁ	ਰ	ਪ	ਰ	ਸਾ	ਦਿ	॥

ਵਾਲੇ ਮੰਤ੍ਰ ਨੂੰ ਆਪਣੇ ਹਿਰਦੇ ਵਿਚ ਧਾਰਨਾ ਕੀਤਾ ਹੈ। ਫਿਰ

ਸੋਰਹ ਮਧੇ ਪਵਨੁ ਝਕੋਰਿਆ- ਸੋਲ੍ਹਾਂ ਨਾਮਾ-

"੧ੴ"

(ਅਕਾਰ ਓਕਾਰ ਮਕਾਰ ਪੁਨ ਅਰਧ ਬਿੰਦ ਪਹਿਚਾਨ। ਚਾਰੋਂ ਕੋ ਸਮੁਦਾਇ ਜੋ ਸੋ ਓਅੰਕਾਰ ਅਰਥ

www.sikhbookclub.com

ਪਹਿਚਾਨ।)

੫ ੬ ੭ ੮ ੯ ੧੦ ੧੧ ੧੨ ੧੩ ੧੪ ੧੫ ੧੬

ਸਤਿ, ਨਾਮੁ, ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ, ਮੂਰਤਿ, ਅਜੂਨੀ, ਸੈਭੰ, ਗੁਰ, ਪ੍ਰਸਾਦਿ॥

ਵਾਲੇ ਮੰਤ੍ਰ ਵਿਚ ਆਪਣੇ ਸ੍ਵਾਸਾਂ ਨੂੰ ਤਦਾਕਾਰ ਕੀਤਾ ਹੈ, ਉਸ ਨੂੰ ਹਿਰਦੇ ਅਕਾਸ਼ ਵਿਚ ਚੇਤਨ ਦੇਵ ਰੂਪੀ ਫਲ ਫਰਿਆ=ਪ੍ਰਾਪਤ ਹੋਇਆ ਹੈ।

ਤੀਜਾ ਅਰਥ-

'ਬਾਰਹ ਲੇ ਉਰ ਧਰਿਆ=ਬਾਰ੍ਹਾਂ ਵੇਰ ਓਅੰ ਸੋਹੰ ਮੰਤ੍ਰ ਨੂੰ ਲੈ ਕੇ ਜਿਸ ਨੇ ਦਸਮ ਦੁਆਰ ਵਿਚ ਪ੍ਰਾਣਾਂ ਨੂੰ ਟਿਕਾਇਆ ਹੈ, ਫਿਰ-

'ਸੋਰਹੇ ਮਧੇ ਪਵਨੁ ਝਕੋਰਿਆ'=ਸੋਲ੍ਹਾਂ ਵੇਰ ਓਅੰ ਸੋਹੰ ਮੰਤ੍ਰ ਨੂੰ ਉਚਾਰ ਕੇ ਦਸਮ ਦੁਆਰ ਵਿਚ ਪ੍ਰਾਣਾਂ ਨੂੰ ਝਕੋਰਿਆ=ਤਦਾਕਾਰ ਕੀਤਾ ਹੈ। ਉਸ ਨੂੰ ਆਕਾਸੇ=ਚਿਦਾਕਾਸ ਰੂਪੀ ਫਲ ਫਰਿਆ=ਪ੍ਰਾਪਤ ਹੋਇਆ ਹੈ।

ਚੌਥਾ ਅਰਥ-

'ਬਾਰਹ ਲੇ ਉਰ ਧਰਿਆ=ਬਾਰ੍ਹਾਂ ਪੰਖੜੀਆਂ ਵਾਲੇ ਹਿਰਦੇ ਕੌਲ ਵਿਚ ਪਹਿਲੇ ਜਿਸ ਨੇ ਪ੍ਰਾਣਾਂ ਨੂੰ ਧਾਰਨਾ ਕੀਤਾ ਹੈ।

ਸੋਰਹ ਮਧੇ ਪਵਨੁ ਝਕੋਰਿਆ=ਫਿਰ ਸੋਲ੍ਹਾਂ ਪੰਖੜੀਆਂ ਵਾਲੇ ਦਸਮ ਦੁਆਰ ਵਿਚ ਪ੍ਰਾਣਾਂ ਨੂੰ ਝਕੋਰਿਆ=ਚਾੜ੍ਹਨਾ ਕੀਤਾ ਹੈ, ਉਸ ਨੂੰ ਚਿਦਾਕਾਸ ਰੂਪੀ ਫਲ ਫਰਿਆ=ਪ੍ਰਾਪਤ ਹੋਇਆ ਹੈ।

ਪੰਜਵਾਂ ਅਰਥ-

ਦਸ ਇੰਦ੍ਰੀਆਂ ਤੇ ਮਨ ਬੁੱਧੀ ਇਨ੍ਹਾਂ ਬਾਰ੍ਹਾਂ ਨੂੰ ਜਿਸ ਨੇ ਹਿਰਦੇ ਵਿਚ ਵਸ ਕਰਕੇ ਧਰਿਆ ਹੈ।

ਤੇ ਸੋਰਹ=ਸੋਲ੍ਹਾਂ (ਪੰਜ) ਸੱਤ, ਸੰਤੋਖ, ਧੀਰਜ, ਧਰਮ, ਵਿਚਾਰ।

ਤੇ ਪੰਜਾਂ ਤੱਤਾਂ ਦੀ ਰਹਿਣੀ ਅਸੰਗਤਾ, ਸਮਤਾ, ਪ੍ਰਕਾਸ਼ਤਾ, ਸੀਤਲਤਾ, ਧੀਰਜਤਾਂ ਅਤੇ:-

ਚਾਰ ਸਾਧਨ:- ਵੈਰਾਗ, ਵਿਵੇਕ, ਖਟਸੰਪਤੀ, ਮੋਖ ਇੱਛਾ, ਅਤੇ:-

ਤਤ ਤ੍ਵੰ ਦਾ ਸੋਧਨ ਤੇ ਬ੍ਰਹਮ ਗਿਆਨ।

ਇਨ੍ਹਾਂ ਸੋਲ੍ਹਾਂ ਵਿਚ ਆਪਣੇ ਸ੍ਵਾਸਾਂ ਨੂੰ ਮਿਲਾਇਆ ਹੈ, ਉਸ ਨੂੰ ਚੇਤਨ ਦੇਵ ਰੂਪੀ ਫਲ ਫਰਿਆ=ਫਲਿਆ, ਭਾਵ ਪ੍ਰਾਪਤ ਹੋਇਆ ਹੈ।

ਛੇਵਾਂ ਅਰਥ-

'ਬਾਰਹ ਲੇ ਉਰ ਧਰਿਆ'=ਜਿਨ੍ਹਾਂ ਨੇ ਬਾਰਹ=ਬਾਹਰ ਜਾਂਦੇ ਮਨ ਨੂੰ ਲੈ ਕੇ ਹਿਰਦੇ ਵਿਚ ਧਾਰਨ ਕੀਤਾ ਹੈ, ਭਾਵ ਅੰਤਰ ਮੁਖ ਕੀਤਾ ਹੈ। ਅਤੇ-

ਸੋਰਹ ਮਧੇ ਪਵਨੁ ਝਕੋਰਿਆ=ਪਰਮਾਤਮਾ ਵਿਚ ਆਪਣੇ ਪਵਨੁ=ਸ੍ਵਾਸਾਂ ਨੂੰ ਝਕੋਰਿਆ=ਮਿਲਾਇਆ ਹੈ, ਉਨ੍ਹਾਂ ਨੂੰ ਆਕਾਸੇ ਫਰੁ ਫਰਿਆ- ਚੇਤਨ ਦੇਵ ਰੂਪੀ ਫਲ ਪ੍ਰਾਪਤ ਹੋਇਆ ਹੈ। ਇਸ ਕਰਕੇ ਸੋ+ਰਹ=ਉਹ ਪੁਰਸ਼ ਜਨਮ ਮਰਨ ਤੋਂ ਰਹਿਤ ਹੋ ਗਏ ਹਨ।

(ਪਿਛਲੀ ਗੱਲ ਨੂੰ ਫਿਰ ਸਪਸ਼ੱਟ ਕਰਦੇ ਹਨ)

www.sikhbookclub.com

ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲ ਹਰੁ ਸੋਖਿਆ ॥

ਸਹਜ=ਸੁਭਾਵਕ ਹੀ ਇੱਕ ਅਫੁਰ ਪ੍ਰਮਾਤਮਾ ਰੂਪੀ ਬਿਰਵਾ+ਉਪਜਿਆ=ਬਿੱਛ ਪ੍ਰਗਟ ਹੋਇਆ, ਤਾਂ ਅਧਿਕਾਰੀ ਪੁਰਸ਼ ਦੀ ਬੁੱਧੀ ਰੂਪੀ ਧਰਤੀ ਚੋਂ ਹਰੁ=ਅਨੇਕ ਪ੍ਰਕਾਰ ਦੇ ਪਦਾਰਥਾਂ ਦੀਆਂ ਵਾਸ਼ਨਾਂ ਰੂਪੀ ਜਲ ਸੋਖਿਆ=ਸੁੱਕ ਗਿਆ।

ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥ ੩ ॥ ੬ ॥

ਕਬੀਰ ਜੀ ਆਖਦੇ ਹਨ—ਮੈਂ ਉਸ ਦਾ ਦਾਸ ਹਾਂ, ਜਿਨ੍ਹਾਂ ਨੇ ਇਸ ਪ੍ਰਕਾਰ ਦਾ ਪਰਮਾਤਮਾ ਰੂਪੀ ਬਿਰਵਾ=ਬ੍ਰਿੱਛ ਵੇਖਿਆ ਹੈ।

ਉਥਾਨਕਾ:- ਇੱਕ ਜੋਗੀ ਨੇ ਆ ਕੇ ਆਪਣੇ ਜੋਗ ਭੇਖ ਦੀ ਬਹੁਤ ਸਾਰੀ ਸਿਫਤ ਕਰਕੇ ਕਬੀਰ ਨੂੰ ਕਿਹਾ- ਆਪ ਵੀ ਜੋਗ ਭੇਖ ਧਾਰਨ ਕਰੋ।''

ਕਬੀਰ ਜੀ ਆਖਦੇ ਹਨ—ਬਾਹਰ ਭੇਖ ਦੀ ਕੋਈ ਜ਼ਰੂਰਤ ਨਹੀਂ, ਅੰਤ੍ਰੀਵ ਜੋਗ ਭੇਖ ਅਸਾਂ ਧਾਰਿਆ ਹੋਇਆ ਹੈ, ਜੇਕਰ ਤੇਰੇ ਦਿਲ ਵਿਚ ਇੱਛਾ ਹੈ ਤਾਂ ਤੂੰ ਭੀ ਅੰਤ੍ਰੀਵ ਭੇਖ ਧਾਰਨਾ ਕਰ। ਜੋਗੀ ਨੇ ਪੁੱਛਿਆ, ਅੰਤ੍ਰੀਵ ਜੋਗ ਕਿਹੜਾ ਹੈ? ਤਾਂ ਕਬੀਰ ਜੀ ਕਥਨ ਕਰਦੇ ਹਨ-

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ ॥

ਰੇ=ਹੇ ਜੋਗੀ ! ਅੰਦਰੋਂ ਬਾਹਰੋਂ ਮੋਨਿ=ਚੁੱਪ ਰੱਖਣੀ ਇਹ ਦੋ ਮੁੰਦ੍ਰਾਂ ਪਾਵੋ, ਸਾਰਿਆਂ ਜੀਵਾਂ 'ਤੇ ਦਇਆ ਕਰਨੀ ਇਹ ਝੋਲੀ ਕਰੋ, ਸੱਤ ਅਸੱਤ ਦਾ ਵਿਚਾਰ ਕਰਨਾ ਏਹ ਪਤ੍ਰ=ਭਾਂਡਾ ਭਾਵ ਚਿੱਪੀ ਰੱਖੋ।

ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥ ੧ ॥

ਰੇ=ਹੇ ਜੋਗੀ ! ਆਪਣੇ ਤਨ ਨੂੰ ਗੁਰਾਂ ਦੀ ਸੇਵਾ ਵਿਚ ਜੋੜਨਾ ਏਹ ਖਿੰਥਾ=ਖਫਨੀ ਸਿਊਣਾਂ ਕਰੋ, ਸਤਿਨਾਮੁ ਦਾ ਆਧਾਰੁ=ਆਸਰਾ ਲੈਣਾ ਏਹ ਬੈਰਾਗਣ ਫੜਣੀ ਕਰੋ॥ ੧॥

ਐਸਾ ਜੋਗੁ ਕਮਾਵਹੁ ਜੋਗੀ ॥

ਹੇ ਜੋਗੀ ! ਇਸ ਤਰ੍ਹਾਂ ਦੇ ਅੰਤ੍ਰੀਵ ਜੋਗ ਭੇਖ ਨੂੰ ਧਾਰਨਾ ਕਰੋ।

ਜਪ ਤਪ ਸੰਜਮੁ ਗੁਰਮੁਖਿ ਭੋਗੀ ॥ ੧ ॥ ਰਹਾਉ ॥

ਰਾਮ ਨਾਮ ਉਚਾਰਨ ਰੂਪ ਜਪ, ਚਿੱਤ ਬਿਰਤੀ ਦੀ ਇਕਾਗ੍ਰਤਾ ਰੂਪ ਤਪ, ਇੰਦ੍ਰੀਆਂ ਦਾ ਦਮਨ ਕਰਨ ਰੂਪ ਸੰਜਮ, ਇਤਿਆਦਿ ਸਾਧਨਾਂ ਨੂੰ ਚੇਲੇ ਬਣਾਓ ਤੇ ਗੁਰਾਂ ਦੁਆਰੇ ਬ੍ਰਹਮਾਨੰਦ ਰੂਪੀ ਭੋਜਨ ਨੂੰ ਭੋਗੀ=ਛਕੋ।

ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥

ਅਪਣੀ ਬੁੱਧੀ ਪਰਮੇਸ਼ਰ ਅਰਪਣ ਕਰਨੀ ਏਹੀ ਬਿਭੂਤਿ=ਬਿਭੂਤੀ ਚੜ੍ਹਾਓ ਭਾਵ ਸੁਆਹ ਰਮਾਉਣੀ ਕਰੋ, ਸੁਰਤਿ=ਗਿਆਤ, ਵਾ:- ਸੁ+ਰਤਿ=ਸ੍ਰੇਸ਼ਟ ਪ੍ਰੀਤੀ ਪਰਮਾਤਮਾ ਨਾਲ ਮਿਲਾਉਣੀ ਏਹ ਸਿੰਗੀ ਵਜਾਉਣੀ ਕਰੋ।

ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥ ੨ ॥

ਸਾਰਿਆਂ ਵੱਲੋਂ ਵੈਰਾਗ ਧਾਰ ਕੇ ਸ੍ਵੈ-ਸਰੂਪ ਦੇ ਜਾਨਣ ਵਾਸਤੇ ਤਨਿ=ਮਨੁੱਖਾ ਦੇਹ ਰੂਪੀ ਨਗਰੀ ਵਿਚ ਫਿਰਨਾ ਕਰੋ।

www.sikhbookclub.com

ਮਨ ਦੀ ਬਿਰਤੀ ਪਰਮਾਤਮਾ ਵਿਚ ਇੱਕ ਰਸ ਜੋੜਨੀ ਇਹ ਕਿੰਗ ਵਜਾਉਣੀ ਕਰੋ॥ ੨ ॥

ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ॥

ਪੰਜਾਂ ਤੱਤਾਂ ਦੀ ਰਹਿਣੀ ਹਿਰਦੇ ਵਿਚ ਧਾਰਨੀ, ਇਹ ਹੇਠਾਂ ਵਿਛਾਣ ਵਾਸਤੇ ਆਸਣ ਜਾਂ ਮਿਰਗਾਣ ਲੈ ਰੱਖੋ।

ਅਥਵਾ:- ਤਤੁ=ਸੋ ਪੰਜ ਸੱਤ, ਸੰਤੋਖ, ਧੀਰਜ, ਧਰਮ, ਵਿਚਾਰ ਇਨ੍ਹਾਂ ਸ਼ੁਭ ਗੁਣਾਂ ਨੂੰ ਲੈ ਕੇ ਹਿਰਦੇ ਵਿਚ ਰੱਖੋ, ਸੰਸਾਰ ਵੱਲੋਂ ਨਿਰਾਲਮ=ਅਸੰਗ ਰਹਿਣਾ, ਏਹ ਤਾੜੀ=ਸਮਾਧੀ ਲਾਵੋ।

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ॥ ੩ ॥ ੭ ॥

ਕਬੀਰ ਜੀ ਕਥਨ ਕਰਦੇ ਹਨ—ਹੇ ਸੰਤ ਜੀ ਸੁਣੋ ! ਧਰਮ ਤੇ ਦਇਆ ਰੂਪੀ ਬਾਡੀ=ਬਗੀਚੀ ਵਿਚ ਸੈਰ ਕਰੋ, *ਵਾ:-* ਧਰਮ ਤੇ ਦਇਆ ਰੂਪੀ ਬਗੀਚੀ ਨੂੰ ਅੰਤਹ ਕਰਨ ਰੂਪ ਭੂਮੀ ਵਿਚ ਲਗਾਵਣੀ ਕਰੋ*॥ ੩ ॥ ੭ ॥

ਉਥਾਨਕਾ:- ਕਬੀਰ ਜੀ ਪ੍ਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹਨ-

ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ॥

ਹੇ ਪਰਮਾਤਮਾ ! ਤੁਸਾਂ ਨੇ ਸੰਸਾਰ ਦੇ ਵਿਚ ਅਸਾਨੂੰ ਕਿਸ ਵਾਸਤੇ ਸਿਰਜੇ=ਪੈਦਾ ਕੀਤਾ ਹੈ ਤੇ ਅਸਾਂ ਜਨਮ ਧਾਰ ਕੇ ਕੀ ਫਲ ਪ੍ਰਾਪਤ ਕੀਤਾ ਹੈ, ਭਾਵ ਆਪ ਜੀ ਨੇ ਤਾਂ ਨਾਮ ਜਪਣ ਵਾਸਤੇ ਪੈਦਾ ਕੀਤਾ ਸੀ, ਪਰ ਅਸਾਂ ਨੇ ਨਾਮ ਜਪਿਆ ਨਹੀਂ, ਐਵੇਂ ਸੌਂ ਕੇ ਉਮਰ ਗੁਆ ਦਿੱਤੀ ਹੈ।

ਯਥਾ:- ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥ ੧ ॥ *(ਪੰਨਾ ੭੩੮)*

ਭਵਨਿਧਿ ਤਰਨ ਤਾਰਨ ਚਿੰਤਾਮਨਿ
ਇਕ ਨਿਮਖ ਨ ਇਹੁ ਮਨੁ ਲਾਇਆ॥ ੧ ॥

ਭਵਨਿਧਿ=ਸੰਸਾਰ ਸਮੁੰਦਰ ਤੋਂ ਤਾਰਨ ਨੂੰ ਤਰਨ=ਜਹਾਜ਼ ਵਾਂਗ ਅਤੇ ਮਨ ਇੱਛ ਪਦਾਰਥ ਦੇਣ ਲਈ ਜੋ ਚਿੰਤਾਮਣੀ ਵਾਂਗ ਆਪ ਜੀ ਦਾ ਨਾਮ ਹੈ, ਉਸ ਵਿਚ ਇੱਕ ਨਿਮਖ ਮਾਤ੍ਰ ਭੀ ਇਸ ਮਨ ਨੂੰ ਨਹੀਂ ਲਗਾਇਆ॥ ੧ ॥

ਗੋਬਿੰਦ ਹਮ ਐਸੇ ਅਪਰਾਧੀ॥

ਹੇ ਗੋਬਿੰਦ=ਪਰਮਾਤਮਾ ! ਅਸੀਂ ਅਜੇਹੇ ਅਪਰਾਧੀ=ਗੁਨਹਗਾਹ ਹਾਂ, *ਵਾ:-* ਦੋਸ਼ੀ ਹਾਂ।

ਅਥਵਾ:- ਅਪਰ=ਹੋਰ ਦੇਵੀ ਦੇਵਤਿਆਂ ਦੇ ਅਰਾਧਨੇ ਵਾਲੇ ਹੋ ਰਹੇ ਹਾਂ।

ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ

**ਦੂਜਾ ਅਰਥ:- ਮੁੰਦ੍ਰਾ ਮੋਨਿ=ਮਨ ਰੂਪੀ ਜੋਗੀ ਦੇ ਸੰਕਲਪਾਂ ਵਿਕਲਪਾਂ ਰੂਪੀ ਕੰਨਾਂ ਨੂੰ ਵਿਚਾਰ ਦੀ ਛੁਰੀ ਨਾਲ ਚੀਰ ਕੇ ਅੰਦਰੋਂ ਬਾਹਰੋਂ ਮੋਨ ਧਾਰਨੀ ਏਹ ਮੁੰਦ੍ਰਾ ਪਾਵੋ।*

ਬਾਹਰਲੀ ਮੋਨ ਇਹ ਹੈ ਜੇਹੜਾ ਬਹੁਤਾ ਬੋਲਣਾ ਨਹੀ, ਅੰਦਰਲੀ ਮੋਨ ਇਹ ਹੈ ਜੋ ਹੰਗਤਾ ਮਮਤਾ ਤੋਂ ਰਹਿਤ ਹੋਣਾ ਹੈ।

ਖਿੰਥਾ ਇਹੁ ਤਨੁ ਸੀਅਉ ਅਪਨਾ

ਬ੍ਰਹਮਾਕਾਰ ਬ੍ਰਿਤੀ ਰੂਪ ਸੂਈ ਨਾਲ ਮਹਾਂਵਾਕਾਂ ਰੂਪੀ ਧਾਗੇ ਨਾਲ, ਵਾ:- ਗੁਰ ਸਿੱਖਿਆ ਰੂਪ ਸੂਈ ਨਾਲ ਪ੍ਰੇਮ ਰੂਪ ਧਾਗੇ ਨਾਲ ਸੂਖਮ ਸਰੀਰ ਨੂੰ ਜਿਹੜਾ ਪਰਮੇਸ਼ਰ ਨਾਲ ਸੀਉਣਾ ਹੈ, ਇਹ ਖਿੰਥਾ ਪਹਿਰਨੀ ਹੈ। ***ਬੁਧਿ ਬਿਭੂਤਿ=***

ਬੁੱਧੀ ਵਿਚ ਪ੍ਰਮੇਸ਼ਰ ਦੀ ਮਸਤੀ, ਵਾ:- ਏਕਤਾ ਧਾਰਨੀ ਇਹ ਬਿਭੂਤੀ ਚੜ੍ਹਾਓ।

www.sikhbookclub.com

ਤਿਸ ਕੀ ਭਾਉ ਭਗਤਿ ਨਹੀ ਸਾਧੀ॥ ੧ ॥ ਰਹਾਉ॥

ਹੇ ਪ੍ਰਭੂ ! ਜਿਸ ਆਪ ਨੇ ਜੀਉ=ਸੂਖਮ ਸਰੀਰ ਅਤੇ ਪਿੰਡੁ=ਅਸਥੂਲ ਸਰੀਰ, ਵਾ:- ਹੇ ਪ੍ਰਭੂ ! ਜਿਸ ਆਪ ਨੇ ਪਿੰਡ ਸਰੀਰ ਵਗੈਰਾ ਸਭ ਕੁਝ ਜੀਵ ਨੂੰ ਪਿੱਛੇ ਵੀ ਦਿੱਤਾ ਸੀ ਅਤੇ ਹੁਣ ਵੀ ਦਿੱਤਾ ਹੈ, ਤਿਸ ਆਪ ਜੀ ਦੀ ਪ੍ਰੇਮਾ ਭਗਤੀ ਅਸਾਂ ਨੇ ਨਹੀਂ ਸਾਧੀ=ਨਹੀਂ ਕੀਤੀ॥ ੧ ॥

[ਪੰਨਾ ੯੭੧]

ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ॥

ਪਰ ਧਨ=ਦੂਜੇ ਦਾ ਧਨ ਚੁਰਾਉਣਾ, ਪਰ=ਦੂਜਿਆਂ ਦੇ ਪੁੱਤ੍ਰ ਬਾਹਰ ਕੱਢ ਕੇ ਲੈ ਜਾਣੇ ਆਪਣੇ ਚੇਲੇ ਬਨਾਉਣ ਲਈ, ਵਾ:- ਪ੍ਰਾਏ ਪੁੱਤ੍ਰਾਂ ਨਾਲ ਮੋਹ ਕਰਨਾ, ਪਰ ਤੀ=ਪਰਾਈਆਂ ਔਰਤਾਂ ਨਾਲ ਪਿਆਰ ਤੇ ਬਦ ਫੈਲੀਆਂ ਕਰਨੀਆਂ, ਹਰ ਇੱਕ ਦੀ ਨਿੰਦਿਆ ਕਰਨੀ, ਪਰਾਇਆ ਨਾਲ ਅਪਬਾਦੁ=ਖੋਟੇ ਝਗੜੇ ਕਰਨੇ, ਇਨ੍ਹਾਂ ਸਾਰੀਆਂ ਗੱਲਾਂ ਤੋਂ ਹਟਣਾ ਸੀ, ਪਰ ਇਨ੍ਹਾਂ ਔਗੁਣਾਂ (ਗੱਲਾਂ) ਵੱਲੋਂ ਛੁਟਕਾਰਾ ਨਹੀਂ ਹੁੰਦਾ। ਇਸ ਕਰਕੇ-

ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ॥ ੨ ॥

ਫੁਨਿ ਫੁਨਿ=ਵਾਰੰਵਾਰ ਚੌਰਾਸੀ ਲੱਖ ਜੂਨਾਂ ਵਿਚ ਜੀਵ ਦਾ ਆਉਣਾ ਜਾਣਾ ਹੁੰਦਾ ਹੈ। ਇਹ ਜਨਮ ਮਰਨ ਦਾ ਪਰਸੰਗੁ=ਚੱਕਰ, ਵਾ:-ਸਬੰਧ ਕਦੇ ਖਤਮ ਨਹੀਂ ਹੁੰਦਾ॥ ੨ ॥

ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੋ ਮੈ ਫੇਰਾ॥

ਹੇ ਹਰੀ ! ਆਪ ਜੀ ਦੇ ਸੰਤਾਂ ਦੀ ਕਥਾ ਜਿਸ ਸਤਿਸੰਗ ਘਰ ਵਿਚ ਹੋ ਰਹੀ ਹੈ, ਉਸ ਸਤਿਸੰਗ ਘਰ ਵਿਚ ਇਕ ਨਿਮਖ ਮਾਤ੍ਰ ਵੀ ਭਾਵ ਅੱਖ ਦੇ ਝਮਕਣ ਜਿਤਨਾਂ ਚਿਰ ਭੀ, ਮੈਂ ਫੇਰਾ ਨਹੀਂ ਪਾਉਣਾ ਕੀਤਾ, ਭਾਵ ਗਿਆ ਨਹੀਂ।

ਅਥਵਾ:- ਜਿਸ ਸਤਿਸੰਗ ਘਰ ਵਿਚ, ਹੇ ਹਰੀ ! ਆਪ ਜੀ ਦੀ ਕਥਾ ਹੋ ਰਹੀ ਹੈ, ਉਨ੍ਹਾਂ ਸੰਤਾਂ ਪਾਸ ਇੱਕ ਨਿਮਖ ਮਾਤ੍ਰ ਵੀ ਮੈਂ ਫੇਰਾ ਨਹੀਂ ਪਾਇਆ, ਭਾਵ ਗਿਆ ਨਹੀਂ।

ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ॥ ੩ ॥

ਜੋ ਪਰ ਇਸਤ੍ਰੀ ਲੰਪਟ ਹਨ ਤੇ ਪ੍ਰਤੱਖ ਧਨ, ਵਾ:-ਗੁਰ ਉਪਦੇਸ਼ ਰੂਪੀ ਧਨ ਦੇ ਚੁਰਾਉਣ ਵਾਲੇ ਹਨ,

ਯਥਾ:- ਨਾਮੁ ਦੁਰਾਇ ਚਲੈ ਸੋ ਚੋਰੁ॥ ੩ ॥ *(ਬਸੰਤ ਮ: ੧, ਪੰਨਾ ੧੧੮੭)*

ਤਥਾ:- ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ। *(ਪ੍ਰਭਾਤੀ ਮ: ੧, ਪੰਨਾ ੧੩੨੮)*

ਅਤੇ ਕਾਮ ਆਦਿਕ ਦੂਤਾਂ ਕਰਕੇ ਜੋ ਝੱਲੇ ਹੋਏ ਹਨ, ਵਾ:-ਦੂਤ=ਚੁਗਲੀ ਕਰਨ ਵਾਲੇ ਤੇ ਮਾਇਆ ਕਰਕੇ ਜੋ ਮਤਵਾਰੇ=ਝੱਲੇ ਹਨ, ਵਾ:- ਜੋ ਮਤਵਾਰੇ=ਸ਼ਰਾਬੀ ਹਨ,

ਤਿਨ੍ਹਾਂ ਸਾਰਿਆਂ ਨਾਲ ਹਮੇਸ਼ਾ ਮੇਰਾ ਨਿਵਾਸ ਹੋ ਰਿਹਾ ਹੈ। ਇਸ ਕਰਕੇ-

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥

ਕਾਮ, ਕ੍ਰੋਧ, ਮਾਇਆ=ਛਲ ਵਲ, ਮਦ=ਹੰਕਾਰ, ਮਤਸਰ=ਈਰਖਾ, ਇਤਿਆਦਿ ਇਹ ਆਸੁਰੀ ਸੰਪਦਾ ਦੀ ਬਿਭੂਤੀ ਮੇਰੇ ਹਿਰਦੇ ਵਿਚ ਪੂਰਨ ਹੈ।

ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ॥ ੪॥

ਸਾਰਿਆਂ 'ਤੇ ਦਇਆ ਕਰਨੀ, ਸ੍ਵੈ-ਧਰਮ ਧਾਰਨਾ ਅਤੇ ਪੂਰਨ ਗੁਰਾਂ ਦੀ ਸੇਵਾ ਕਰਨੀ ਇਤਿਆਦਿ ਸ਼ੁਭ ਗੁਣ ਮੇਰੇ ਦਿਲ ਅੰਦਰ ਸੁਪਨੇ ਵਿਚ ਭੀ ਨਹੀਂ ਆਉਂਦੇ, ਵਾ:-ਸੁਪਨੇ=ਕਦਾਚਿੱਤ ਭੀ ਨਹੀਂ ਆਉਂਦੇ॥ ੪॥

ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ॥

ਹੇ ਗਰੀਬਾਂ ਉੱਪਰ ਦਿਆਲੂ, ਕਿਰਪਾ ਦੇ ਘਰ, ਪਰਮਾਤਮਾ, ਦਮੋਦਰ* ਭਗਤਾਂ ਦੇ ਬਛਲ=ਪਿਆਰੇ ਅਤੇ ਜਨਮ ਮਰਨ ਦਾ ਭੈ ਹਾਰੀ=ਨਾਸ ਕਰਨ ਵਾਲੇ ਮੇਰੇ ਆਪਣੇ ਵਿਚ ਤਾਂ ਕਿਸੇ ਇੱਕ ਸਾਧਨ ਦਾ ਬਲ ਨਹੀਂ। ਇਸ ਕਰਕੇ-

ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਹਾਰੀ॥ ੫॥ ੮॥

ਕਬੀਰ ਜੀ ਕਥਨ ਕਰਦੇ ਹਨ—ਮੈਂ ਭੀਰ=ਕਾਇਰ, ਭਾਵ ਡਰਾਕੁਲ ਦਾਸ ਨੂੰ ਰੱਖ ਲੇਵੋ, ਹੇ ਹਰੀ ! ਹਮੇਸਾਂ ਮੈਂ ਤੁਹਾਡੀ ਸੇਵਾ ਕਰਦਾ ਰਹਾਂਗਾ॥ ੫॥ ੮॥

ਅਥਵਾ:- ਆਪਣੇ ਸੰਤ ਜਨਾਂ ਦੀ ਭੀੜ ਵਿਚ, ਭਾਵ ਸੰਗਤ ਵਿਚ ਰੱਖਣਾ ਕਰੋ।

ਯਥਾ:- ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ॥
ਸਾਧਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ॥ ੨॥

(ਸਾਰਗ ਮ: ੫, ਪੰਨਾ ੧੨੦੯)

ਉਥਾਨਕਾ:- ਭਗਤ ਕਬੀਰ ਜੀ ਇੱਕ ਨਾਮ ਹੀਣ ਨਾਂਗੇ ਨੂੰ ਜੰਤ੍ਰਾਂ, ਮੰਤ੍ਰਾ ਦੀ ਪ੍ਰਵਿਰਤੀ ਵਿਚ ਫਸਿਆ ਵੇਖ ਕੇ ਇਸ ਅਸਟਪਦੀ ਦੁਆਰਾ ਨਾਮ ਸਿਮਰਨ ਦਾ ਉਪਦੇਸ਼ ਦੇਂਦੇ ਹਨ:-

ਜਿਹ ਸਿਮਰਨਿ ਹੋਇ ਮੁਕਤਿ ਦੁਆਰੁ॥ ਜਾਹਿ ਬੈਕੁੰਠਿ ਨਹੀ ਸੰਸਾਰਿ॥

ਜਿਸ ਪਰਮੇਸ਼ਰ ਦੇ ਨਾਮ ਸਿਮਰਨ ਨਾਲ ਮੁਕਤਿ ਦੁਆਰੁ=ਮੁਕਤੀ ਦਾ ਦਰਵਾਜ਼ਾ, ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ, ਵਾ:- ਸੰਸਾਰ ਦੁਆਰੇ ਤੋਂ ਮੁਕਤ ਹੁੰਦਾ ਹੈ।

ਗਿਆਨ ਦੁਆਰਾ ਹੀ ਬੈਕੁੰਠਿ=ਅਕੁੰਠਤ, ਭਾਵ ਮਨ, ਬਾਣੀ, ਸਰੀਰ ਦੀ ਪਹੁੰਚ ਤੋਂ ਪਰੇ ਹਰੀ ਵਿਚ ਅਭੇਦ ਹੋ ਜਾਂਦਾ ਹੈ, ਫੇਰ ਸੰਸਾਰ ਵਿਚ ਆਉਂਦਾ ਜਾਂਦਾ ਨਹੀਂ।

ਨਿਰਭਉ ਕੈ ਘਰਿ ਬਜਾਵਹਿ ਤੂਰ॥
ਅਨਹਦ ਬਜਹਿ ਸਦਾ ਭਰਪੂਰ॥ ੧॥

ਨਿਰਭਉ=ਖੌਫ ਰਹਿਤ ਪਰਮਾਤਮਾ ਦਾ ਜੋ ਸਤਿਸੰਗ ਘਰ ਹੈ, ਉਸ ਵਿਚ ਤੂਰ=ਵਾਜਿਆਂ ਨੂੰ ਵਜਾਵੇ, ਅਰਥਾਤ ਕੀਰਤਨ ਭਗਤੀ ਕਰੇ,

ਵਾ:- ਨਾਮਾਂ ਰੂਪੀ ਤੇ ਮਹਾ ਵਾਕਾਂ ਰੂਪੀ ਤੂਰ=ਵਾਜਿਆਂ ਨੂੰ ਵਜਾਵੇ। ਤਾਂ-

ਹੱਦ ਤੋਂ ਰਹਿਤ ਜੋ ਸਦਾ=ਨਿੱਤ ਰੂਪ ਪਰਮਾਤਮਾ ਸਾਰੇ ਭਰਪੂਰ ਹੋ ਰਿਹਾ ਹੈ, ਉਹ ਉਸ ਦੇ ਅੰਦਰ ਹੀ

**ਦਮੋਦਰ=ਜਿਸ ਦੇ ਉਦਰ ਵਿਚ ਪ੍ਰੇਮ ਰੂਪ ਰੱਸੀ ਹੈ, ਕਿਉਂਕਿ ਉਹ ਪ੍ਰੇਮ ਰੂਪ ਰੱਸੀ ਨਾਲ ਬੱਧਾ ਹੋਇਆ ਹੈ।*

www.sikhbookclub.com

ਬਜਹਿ=ਪ੍ਰਗਟ ਹੁੰਦਾ ਹੈ॥ ੧॥

ਐਸਾ ਸਿਮਰਨੁ ਕਰਿ ਮਨ ਮਾਹਿ॥

ਐਸਾ ਫਲ ਪ੍ਰਾਪਤ ਹੁੰਦਾ ਸਮਝ ਕੇ, ਹੇ ਨਾਂਗੇ ! ਆਪਣੇ ਮਨ ਵਿਚ ਤੂੰ ਨਾਮ ਦਾ ਸਿਮਰਨ ਕਰ।

ਬਿਨੁ ਸਿਮਰਨ ਮੁਕਤਿ ਕਤ ਨਾਹਿ॥ ੧॥ ਰਹਾਉ॥

ਨਾਮ ਸਿਮਰਨ ਤੋਂ ਬਿਨਾਂ ਮੁਕਤੀ ਹੋਰ ਕਿਸੇ ਸਾਧਨ ਜਾਂ ਭੇਖ ਨਾਲ ਪ੍ਰਾਪਤ ਨਹੀਂ ਹੁੰਦੀ ॥ ੧॥ ਰਹਾਉ॥

ਜਿਹ ਸਿਮਰਨਿ ਨਾਹੀ ਨਨਕਾਰੁ॥

ਜਿਸ ਨਾਮ ਦੇ ਸਿਮਰਨ ਕਰਨ ਨਾਲ ਨਨਕਾਰੁ=ਨਿਰਾਦਰ ਨਹੀਂ ਹੁੰਦਾ।

ਯਥਾ:- ਨੰਨਾਕਾਰੁ ਨ ਹੋਤਾ ਤਾ ਕਹੁ॥ ਨਾਮ ਮੰਤ੍ਰੁ ਗੁਰਿ ਦੀਨੋ ਜਾ ਕਹੁ॥ *(ਪੰਨਾ ੨੫੭)*

ਮੁਕਤਿ ਕਰੈ ਉਤਰੈ ਬਹੁ ਭਾਰੁ॥ ਨਮਸਕਾਰੁ ਕਰਿ ਹਿਰਦੈ ਮਾਹਿ॥

ਨਾਮ ਹੀ ਮੋਖ ਕਰਨ ਵਾਲਾ ਹੈ, ਜਿਸ ਨਾਮ ਨਾਲ ਪਾਪਾਂ ਦਾ ਬਹੁਤਾ ਭਾਰ ਉਤਰ ਜਾਂਦਾ ਹੈ, *ਵਾ:-* ਸੰਚਿਤ ਕਰਮਾਂ ਦਾ ਭਾਰ ਉਤਰ ਜਾਂਦਾ ਹੈ।

ਆਪਣੇ ਹਿਰਦੇ ਵਿਚ ਪਰਮੇਸ਼ਰ ਦੇ ਨਾਮ ਨੂੰ ਨਮਸ਼ਕਾਰ ਕਰ,

ਵਾ:- ਪਰਮੇਸ਼ਰ ਨੂੰ ਨਮਸ਼ਕਾਰ ਕਰ।

ਫਿਰਿ ਫਿਰਿ ਤੇਰਾ ਆਵਨੁ ਨਾਹਿ॥ ੨॥

ਤਾਂ ਬਾਰੰਬਾਰ ਤੇਰਾ ਆਉਣਾ ਜਾਣਾ, ਭਾਵ ਜੰਮਣਾ ਮਰਨਾ ਨਹੀਂ ਹੋਵੇਗਾ,

ਵਾ:- ਵਾਰੰਵਾਰ ਤੇਰਾ ਇਸ ਮਨੁੱਖਾ ਜਨਮ ਵਿਚ ਆਉਣਾ ਨਹੀਂ ਹੋਵੇਗਾ॥ ੨॥

ਜਿਹ ਸਿਮਰਨਿ ਕਰਹਿ ਤੂ ਕੇਲ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ॥

ਜਿਸ ਪਰਮੇਸ਼ਰ ਦੀ ਕਿਰਪਾ ਨਾਲ ਤੂੰ ਕੇਲ=ਖੁਸ਼ੀਆਂ ਕਰ ਰਿਹਾ ਹੈਂ, ਉਸ ਨੂੰ ਸਿਮਰਨਾ ਕਰ।

ਯਥਾ:- ਜਿਹ ਪ੍ਰਸਾਦਿ ਰੰਗ ਰਸ ਭੋਗ॥ ਨਾਨਕ ਸਦਾ ਧਿਆਈਐ ਧਿਆਵਨ ਜੋਗ॥ ੧॥

(ਗਉੜੀ ਸੁਖਮਨੀ ਮ: ੫, ਪੰਨਾ ੨੬੯)

ਉਹ ਪਰਮਾਤਮਾ ਐਸਾ ਸਮਰੱਥ ਹੈ, ਜਿਸ ਨੇ ਪ੍ਰਤੱਖ ਤੇਲ ਬੱਤੀ ਤੋਂ ਬਿਨਾਂ ਹੀ ਸੂਰਜ, ਚੰਦ੍ਰਮਾ ਰੂਪੀ ਦੋ ਦੀਵਿਆਂ ਨੂੰ ਬੰਧ ਧਰਿਆ ਹੈ, *ਵਾ:-* ਨੇਤ੍ਰਾਂ ਰੂਪ ਦੀਵਿਆਂ ਨੂੰ ਬਣਾਇਆ ਹੈ।

ਸੋ ਦੀਪਕੁ ਅਮਰਕੁ ਸੰਸਾਰਿ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ॥ ੩॥

ਸੂਰਜ, ਚੰਦ੍ਰਮਾਂ ਰੂਪ ਦੀਵਿਆਂ ਦੇ ਜਗਾਉਣ ਵਾਲਾ, ਉਹ ਪਰਮਾਤਮਾ ਸੰਸਾਰ ਵਿਚ ਗੁਰਮਖਾਂ ਨੂੰ ਅਮਰਕੁ=ਅਮਰ ਕਰਨਾ ਵਾਲਾ ਹੈ।

ਉਸ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਤੂੰ ਕਾਮ, ਕ੍ਰੋਧ ਆਦਿ ਵਿਸ਼ਿਆਂ ਨੂੰ ਮਾਰ ਕੇ ਕੱਢ ਦੇ।

ਦੂਜਾ ਅਰਥ- ***ਦੀਪਕੁ ਬਾਂਧਿ ਧਰਿਓ ਬਿਨੁ ਤੇਲ॥***

ਮੋਹ ਰੂਪੀ ਤੇਲ ਤੋਂ ਬਿਨਾਂ ਹੀ ਗੁਰਮੁਖਾਂ ਨੇ ਗਿਆਨ ਰੂਪੀ ਦੀਵਾ ਬੰਨ੍ਹ ਰੱਖਿਆ ਹੈ।

ਸੋ ਦੀਪਕੁ ਅਮਰਕੁ ਸੰਸਾਰਿ॥

ਉਹ ਗਿਆਨ ਰੂਪੀ ਦੀਵਾ ਹੀ ਸੰਸਾਰ ਵਿਚ ਗੁਰਮੁਖਾਂ ਨੂੰ ਅਮਰ ਕਰਨ ਵਾਲਾ ਹੈ।

ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ॥

ਗੁਰਮੁਖਾਂ ਨੇ ਗਿਆਨ ਦੁਆਰਾ ਵਿਹੁ-ਵਤ ਮਾਰਨ ਵਾਲੇ ਕਾਮ, ਕ੍ਰੋਧ ਆਦਿਕਾਂ ਨੂੰ ਮਾਰ ਕੇ ਕੱਢ ਦਿੱਤਾ ਹੈ।

ਜਿਹ ਸਿਮਰਨਿ ਤੇਰੀ ਗਤਿ ਹੋਇ॥ ਸੋ ਸਿਮਰਨੁ ਰਖੁ ਕੰਠਿ ਪਰੋਇ॥

ਜਿਸ ਪਰਮੇਸ਼ਰ ਦੇ ਨਾਮ ਸਿਮਰਨ ਨਾਲ ਤੇਰੀ ਗਤਿ=ਮੁਕਤੀ ਹੋਵੇਗੀ। ਉਸ ਸਿਮਰਨ ਨੂੰ ਆਪਣੇ ਕੰਠਿ=ਗਲ ਵਿਚ ਪਰੋ ਰੱਖ, ਬਿਰਤੀ ਵਾ ਪ੍ਰੀਤੀ ਰੂਪੀ ਸੂਈ ਤੇ ਸ੍ਵਾਸਾਂ ਰੂਪੀ ਧਾਗੇ ਨਾਲ।

ਸੋ ਸਿਰਮਨੁ ਕਰਿ ਨਹੀ ਰਾਖੁ ਉਤਾਰਿ॥

ਹਰ ਵੇਲੇ ਉਸ ਪਰਮਾਤਮਾ ਦਾ ਸਿਮਰਨ ਕਰ, ਦਿਲ ਵਿਚੋਂ ਉਤਾਰ ਨਾ ਰੱਖ, ਭਾਵ ਵਿਸਾਰ ਨਾ,

ਵਾ:- ਉਸ ਦਾ ਸਿਮਰਨ ਕਰ ਜੇ ਤੂੰ ਸਿਮਰਨ ਨਹੀਂ ਕਰਦਾ ਤਾਂ ਸਰੀਰ 'ਤੇ ਜਿਹੜੀ ਰਾਖੁ=ਸੁਆਹ ਮਲੀ ਹੋਈ ਹੈ, ਉਹ ਉਤਾਰ ਦੇ, ਪਰ ਭੇਖ ਨੂੰ ਲੱਜਾ ਨਾ ਦਿਵਾ।

ਗੁਰ ਪਰਸਾਦੀ ਉਤਰਹਿ ਪਾਰਿ॥ ੪॥

ਗੁਰਾਂ ਦੀ ਕ੍ਰਿਪਾ ਕਰਕੇ ਨਾਮ ਸਿਮਰਨ ਨਾਲ ਸੰਸਾਰ ਤੋਂ ਪਾਰ ਉਤਰ ਜਾਏਂਗਾ॥ ੪॥

ਯਥਾ:- ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ॥
ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ॥ ੨॥ ੬੮॥

(ਸਾਰਗ ਮ: ੫, ਪੰਨਾ-੧੨੨੭)

ਜਿਹ ਸਿਮਰਨਿ ਨਾਹੀ ਤੁਹਿ ਕਾਨਿ॥ ਮੰਦਰਿ ਸੋਵਹਿ ਪਟੰਬਰ ਤਾਨਿ॥

ਜਿਸ ਪਰਮੇਸ਼ਰ ਦੇ ਨਾਮ ਸਿਮਰਨ ਨਾਲ ਤੁਹਿ=ਤੈਨੂੰ, ਕਿਸੇ ਦੀ ਕਾਨਿ=ਕਨੌਡ ਨਹੀਂ ਰਹੇਗੀ। ਪ੍ਰਤੱਖ ਮੰਦਰ ਵਿਚ ਚੰਗੇ ਚੰਗੇ ਪਟ ਦੇ ਅੰਬਰ=ਬਸਤ੍ਰਾਂ ਨੂੰ ਤਾਣ ਕੇ ਸੋਵੇਂਗਾ, ਭਾਵ ਬੇਫ਼ਿਕਰ ਹੋ ਜਾਵੇਂਗਾ, ਵਾ:- ਮਨੁੱਖਾ ਦੇਹ ਰੂਪੀ ਮੰਦਰ ਵਿਚ ਪ੍ਰੇਮ ਰੂਪੀ ਪਟੰਬਰ ਤਾਣ ਕੇ ਸੋਵੇਂਗਾ, ਵਾ:- ਅਧਿਸ਼ਠਾਨ ਰੂਪੀ ਮੰਦਰ ਵਿਚ ਗਿਆਨ ਰੂਪੀ ਪਟ+ਅੰਬਰ=ਰੇਸ਼ਮੀ ਬਸਤ੍ਰ ਤਾਣ ਕੇ ਸੋਵੇਂਗਾ।

ਸੇਜ ਸੁਖਾਲੀ ਬਿਗਸੈ ਜੀਉ॥ ਸੋ ਸਿਮਰਨੁ ਤੂ ਅਨਦਿਨੁ ਪੀਉ॥ ੫॥

ਸੁਖਾਲੀਆਂ ਸਿਹਜਾਂ ਮਿਲਣਗੀਆਂ, ਜਿਨ੍ਹਾਂ ਉੱਤੇ ਪੈਦਿਆਂ ਸਾਰ ਹੀ ਤੇਰਾ ਦਿਲ ਅਨੰਦ ਹੋਵੇਗਾ, ਖਿੜ ਜਾਵੇਗਾ, ਉਸ ਪਰਮੇਸ਼ਰ ਦੇ ਨਾਮ ਸਿਮਰਨ ਰੂਪ ਅੰਮ੍ਰਿਤ ਨੂੰ ਤੂੰ ਅਨਦਿਨੁ=ਰਾਤ ਦਿਨੇ ਪੀਣਾ ਕਰ, ਭਾਵ ਜਪਣਾ ਕਰ॥ ੫॥

ਜਿਹ ਸਿਮਰਨਿ ਤੇਰੀ ਜਾਇ ਬਲਾਇ॥ ਜਿਹ ਸਿਮਰਨਿ ਤੁਝੁ ਪੋਹੈ ਨ ਮਾਇ॥

ਜਿਸ ਪਰਮੇਸ਼ਰ ਦੇ ਨਾਮ ਸਿਮਰਨ ਨਾਲ ਤੇਰੀ ਅਵਿੱਦਿਆ ਰੂਪ ਬਲਾ ਦੂਰ ਹੋ ਜਾਏਗੀ।

ਜਿਸ ਪਰਮੇਸ਼ਰ ਦੇ ਨਾਮ ਸਿਮਰਨ ਨਾਲ ਤੈਨੂੰ ਮਾਇਆ ਰੂਪ ਬਲਾ ਪੋਹੈ ਨ=ਛੋਹ ਨਹੀਂ ਸਕੇਗੀ,

ਵਾ:- ਮਾਇਆ ਦਾ ਦੁੱਖ ਪੋਹ ਨਹੀਂ ਸਕੇਗਾ।

ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥

ਤਨ ਕਰਕੇ ਹਰੀ ਨੂੰ ਸਿਮਰ, ਮਨ ਕਰਕੇ ਹਰੀ ਨੂੰ ਸਿਮਰ ਅਤੇ ਬਾਣੀ ਦੁਆਰਾ ਭੀ ਹਰੀ ਨੂੰ ਗਾਇਣ ਕਰ।

ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥ ੬ ॥

ਪਰ ਇਹ ਹਰੀ ਨਾਮ ਦਾ ਸਿਮਰਨ ਪੂਰਨ ਸਤਿਗੁਰਾਂ ਪਾਸੋਂ ਪ੍ਰਾਪਤ ਹੁੰਦਾ ਹੈ॥ ੬॥

ਸਦਾ ਸਦਾ ਸਿਮਰਿ ਦਿਨੁ ਰਾਤਿ ॥ ਊਠਤ ਬੈਠਤ ਸਾਸਿ ਗਿਰਾਸਿ ॥

ਸਦਾ=ਨਿੱਤ ਰੂਪ ਪਰਮਾਤਮਾ ਨੂੰ ਦਿਨੇ ਰਾਤ ਸਦਾ ਸਿਮਰਨਾ ਕਰ।

ਉੱਠਦਿਆਂ, ਬੈਠਦਿਆਂ, ਸ੍ਵਾਸ ਲੈਦਿਆਂ, ਗਿਰਾਸਿ=ਭੋਜਨ ਖਾਂਦਿਆਂ ਜਪਣਾ ਕਰ।

ਜਾਗੁ ਸੋਇ ਸਿਮਰਨ ਰਸ ਭੋਗ ॥ ਹਰਿ ਸਿਮਰਨੁ ਪਾਈਐ ਸੰਜੋਗ ॥ ੭ ॥

ਜਾਗਦਿਆਂ ਅਤੇ ਸੋਇ=ਸੌਣ ਸਮੇਂ ਭੀ ਤੂੰ ਨਾਮ ਸਿਮਰਨ ਰੂਪੀ ਰਸ ਨੂੰ ਭੋਗਣਾ ਕਰ।

ਹਰੀ ਦਾ ਸਿਮਰਨ ਕਰਨਾ, ਪੂਰਬਲੇ ਕਰਮਾਂ ਦੇ ਸੰਜੋਗ ਕਰਕੇ, *ਅਥਵਾ:-* ਗੁਰਾਂ ਦੇ ਸੰਜੋਗ=ਸਬੰਧ ਦੁਆਰਾ ਪ੍ਰਾਪਤ ਹੁੰਦਾ ਹੈ, ਵਾ:- ਸਿਮਰਨ ਦੇ ਸੰਜੋਗ ਦੁਆਰਾ ਹਰੀ ਪ੍ਰਾਪਤ ਹੁੰਦਾ ਹੈ॥ ੭ ॥

ਜਿਹ ਸਿਮਰਨਿ ਨਾਹੀ ਤੁਝੁ ਭਾਰ ॥ ਸੋ ਸਿਮਰਨੁ ਰਾਮ ਨਾਮ ਅਧਾਰੁ ॥

ਜਿਸ ਪਰਮਾਤਮਾ ਦੇ ਸਿਮਰਨ ਨਾਲ ਤੈਨੂੰ ਕੋਈ ਭਾਰ=ਦੁੱਖ ਨਹੀਂ ਹੋਵੇਗਾ, ਭਾਵ ਚਿੰਤਾ ਵਾਂਗੂ ਸਿਮਰਨ ਦੁਖਦਾਈ ਨਹੀਂ ਹੈ, ਵਾ:- ਕਰਮਾਂ ਦਾ ਭਾਰ ਤੈਨੂੰ ਉਠਾਉਣਾ ਨਹੀਂ ਪਏਂਗਾ, ਵਾ:- ਸਿਰ ਭਾਰ ਸਿਰ ਪਰਨੇ ਮਾਤਾ ਦੇ ਉਦਰ ਵਿਚ ਪੁੱਠਾ ਨਹੀਂ ਟੰਗਿਆ ਜਾਵੇਂਗਾ। ਉਸ ਰਾਮ ਨਾਮ ਸਿਮਰਨ ਦਾ ਅਧਾਰੁ=ਆਸਰਾ ਗ੍ਰਹਿਣ ਕਰ।

ਕਹਿ ਕਬੀਰ ਜਾ ਕਾ ਨਹੀ ਅੰਤੁ ॥ ਤਿਸ ਕੇ ਆਗੇ ਤੰਤੁ ਨ ਮੰਤੁ ॥ ੮ ॥ ੯ ॥

ਕਬੀਰ ਜੀ ਆਖਦੇ ਹਨ—ਜਿਸ ਪ੍ਰਮਾਤਮਾ ਦਾ ਕੁਝ ਆਦਿ ਅੰਤ ਨਹੀਂ ਆਉਂਦਾ।

ਤਿਸ ਸਰਬ ਸ਼ਕਤੀਵਾਨ ਪ੍ਰਮਾਤਮਾ ਅੱਗੇ ਕੋਈ ਤੰਤ੍ਰ ਮੰਤ੍ਰ ਨਹੀਂ ਚਲਦਾ।

ਇਸ ਲਈ ਸਭ ਜੰਤ੍ਰਾਂ ਮੰਤ੍ਰਾਂ ਨੂੰ ਤਿਆਗ ਕੇ ਤੂੰ ਕੇਵਲ ਇਕ ਅਕਾਲ ਪੁਰਖ ਦਾ ਹੀ ਸਿਮਰਨ ਕਰ।

ਅਥਵਾ:- ਤੰਤੁ=ਸ਼ਾਸਤ੍ਰਾਂ ਦੀਆਂ ਜੁਗਤੀਆਂ ਅਤੇ ਸ਼ਿਵਾ ਦੇ ਮੰਤੁ=ਮੰਤ੍ਰ ਆਦਿ ਉਸ ਅੱਗੇ ਕੋਈ ਨਹੀਂ ਚਲਦੇ, ਵਾ:- ਤਿਸ ਤੰਤੁ=ਤਤ (ਸਿਧਾਂਤ) ਰੂਪ ਪਰਮੇਸ਼ਰ ਦੇ ਅੱਗੇ ਹੋ ਕੇ ਉਸ ਨੂੰ ਕੋਈ ਭੀ ਮੰਤੁ=ਸਲਾਹ ਨਹੀਂ ਦੇ ਸਕਦਾ॥ ੮॥ ੯॥

ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:- ਇਕ ਜੋਗੀ ਨੇ ਆ ਕੇ ਪੁਛਿਆ ਕਿ ਪਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਕਿਹੜਾ ਹੈ? ਤਾਂ ਕਬੀਰ ਜੀ ਨੇ ਆਖਿਆ, ਉਸ ਦੀ ਪ੍ਰਾਪਤੀ ਦੇ ਦੋ ਰਸਤੇ ਹਨ—ਇਕ ਹਠ ਯੋਗ ਦੂਜਾ ਭਗਤੀ ਯੋਗ ਹੈ, ਤੂੰ ਕਿਹੜਾ ਸੁਣਿਆ ਚਾਹੁੰਦਾ ਹੈਂ? ਤਾਂ ਜੋਗੀ ਨੇ ਕਿਹਾ, ਆਪ ਕਿਰਪਾ ਕਰਕੇ ਦੋਵੇਂ ਰਸਤੇ ਸੁਣਾਓ ਤਾਂ ਕਬੀਰ ਜੀ ਕਥਨ ਕਰਦੇ ਹਨ-

ਬੰਧਚਿ ਬੰਧਨੁ ਪਾਇਆ ॥ ਮੁਕਤੈ ਗੁਰਿ ਅਨਲੁ ਬੁਝਾਇਆ ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥ ੧ ॥

(ਇਨ੍ਹਾਂ ਅੰਨਵੇਂ ਤੁਕਾਂ ਵੱਲ ਧਿਆਨ ਰੱਖਣਾ) - *ਪਹਿਲਾ ਅਰਥ-*

ਮੁਕਤੈ ਗੁਰਿ:- ਜਿਨ੍ਹਾਂ ਗੁਰਾਂ ਦੇ ਆਪਣੇ ਖਟ ਚੱਕਰ ਮੁਕਤੈ=ਖੁਲ੍ਹੇ ਹੋਏ ਹਨ।

ਬਕਤੈ ਬਕਿ ਸਬਦੁ ਸੁਨਾਇਆ=ਐਸੇ ਬਕਤੈ=ਗੁਰਾਂ ਨੇ, ਬਕਿ=ਉਚਾਰ ਕੇ ਸ਼ਬਦ ਸੁਣਾਇਆ ਤੇ 'ਅਨਲੁ ਬੁਝਾਇਆ'=ਪ੍ਰਾਣਾਂ ਦਾ ਚਾੜ੍ਹਣਾ ਸਮਝਾਇਆ। ਤਦ-

ਸੁਨਤੈ ਸੁਨਿ ਮੰਨਿ ਬਸਾਇਆ ॥ ਬੰਧਚਿ ਬੰਧਨੁ ਪਾਇਆ ॥

ਸੁਨਤੈ=ਜਿਗਿਆਸੂ ਨੇ ਸੁਣ ਕੇ ਆਪਣੇ ਮਨ ਵਿਚ ਵਸਾਇਆ। ਤਾਂ
ਦਸਮ ਦੁਆਰ ਵਿਚ ਬੰਧਚਿ=ਪ੍ਰਾਣਾਂ ਨੂੰ ਬੰਧਨਾ ਪਾਇਆ, ਭਾਵ ਰੋਕਿਆ।

ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥

ਜਿਸ ਵੇਲੇ ਨਖ=ਇੜਾ ਸੁਰ ਦੁਆਰੇ ਪ੍ਰਾਣਾਂ ਦਾ ਚਾੜ੍ਹਣਾ, ਸਿਖ=ਪਿੰਗਲਾ ਸੁਰ ਦੁਆਰੇ ਪ੍ਰਾਣਾਂ ਦਾ ਉਤਾਰਨਾ ਅਤੇ ਮਨੁ=ਸੁਖਮਨਾ ਨਾੜੀ ਦੁਆਰੇ ਪ੍ਰਾਣਾਂ ਦਾ ਠਹਿਰਾਵਣਾ, ਇਹ ਸਾਰਾ ਤਰੀਕਾ ਚੀਨ੍ਹਾ= ਜਾਨਣਾ ਕੀਤਾ।

ਤਿਸ ਵੇਲੇ ਦਸਮ ਦੁਆਰ ਅੰਦਰ ਜੋਗਾਨੰਦ ਰੂਪ ਅੰਮ੍ਰਿਤ ਵਿਚ ਮਜਨੁ=ਇਸ਼ਨਾਨ ਕੀਤਾ।

[ਪੰਨਾ ੯੭੨]

ਪਵਨਪਤਿ ਉਨਮਨਿ ਰਹਨੁ ਖਰਾ ॥
ਨਹੀ ਮਿਰਤੁ ਨ ਜਨਮੁ ਜਰਾ ॥ ੧ ॥ ਰਹਾਉ ॥

ਉਨਮਨਿ ਪਤਿ=ਤੁਰੀਆ ਪਦ ਦਾ ਪਤਿ=ਪਤੀ (ਸੁਆਮੀ) ਜੋ ਅਕਾਲ ਪੁਰਖ ਹੈ, ਉਸ ਦਾ ਖਰਾ=ਚੰਗਾ ਅਸਥਾਨ ਜੋ ਦਸਮ ਦੁਆਰ ਹੈ, ਉਸ ਵਿਚ ਜਿਸ ਨੇ ਪਵਨ=ਪ੍ਰਾਣਾਂ ਨੂੰ ਰਹਨੁ=ਇਸਥਿਤ ਕੀਤਾ ਹੈ। ਤਿਸ ਨੂੰ ਜੰਮਣਾ ਮਰਣਾ ਨਹੀਂ ਪੈਂਦਾ ਅਤੇ ਨਾ ਹੀ ਉਸ ਨੂੰ ਜਰਾ=ਬੁਢੇਪੇ ਦਾ ਦੁੱਖ ਹੁੰਦਾ ਹੈ॥ ੧ ॥ ਰਹਾਉ ॥

ਉਲਟੀ ਲੇ ਸਕਤਿ ਸਹਾਰੰ ॥ ਪੈਸੀਲੇ ਗਗਨ ਮਝਾਰੰ ॥

ਹਠ ਯੋਗ ਦੀ ਸ਼ਕਤੀ ਲੈ ਕੇ ਜਿਸ ਨੇ ਉਲਟ ਜਾ ਰਹੀ ਅਪਾਨ ਵਾਯੂ ਨੂੰ ਸਹਾਰੰ=ਰੋਕ ਕੇ—ਗਗਨ ਮਝਾਰੰ=ਦਸਮ ਦੁਆਰ ਵਿਚ, ਪੈਸੀਲੇ=ਪ੍ਰਵੇਸ਼ ਕੀਤਾ ਹੈ। ਅਤੇ—

ਬੇਧੀਅਲੇ ਚਕ੍ਰ ਭੁਅੰਗਾ ॥ ਭੇਟੀਅਲੇ ਰਾਇ ਨਿਸੰਗਾ ॥ ੨ ॥

ਭੁਅੰਗਾ=ਭੁਅੰਗਮ ਨਾੜੀ ਰਾਹੀਂ *ਖਟ ਚੱਕਰਾਂ ਨੂੰ ਬੇਧੀਅਲੇ=ਵਿੰਨ੍ਹਿਆ ਹੈ।

---

*ਛੇ ਚੱਕਰ- ੧ ਮੂਲਾਧਾਰ ਚੱਕਰ (ਗੁਦਾ ਵਿਚ ਹੈ) ੨ ਸ੍ਵੈ ਅਧਿਸ਼ਠਾਨ ਚੱਕਰ (ਲਿੰਗ ਵਿਚ ਹੈ) ੩ ਮਣੀ ਪੂਰਕ ਚੱਕਰ (ਨਾਭੀ ਵਿਚ ਹੈ), ੪ ਅਨਾਹਤ ਚੱਕਰ (ਹਿਰਦੇ ਵਿਚ ਹੈ,) ੫ ਵਿਸ਼ੁਧ ਚੱਕਰ (ਕੰਠ ਵਿਚ ਹੈ), ੬ ਆਗਜਾ ਚੱਕਰ (ਭਰੱਟਿਆਂ ਵਿਚ ਹੈ)।

ਤਿਸ ਨੂੰ ਨਿਸ਼ੰਗ ਹੀ ਰਾਇ=ਪ੍ਰਕਾਸ਼ ਰੂਪੀ ਪਰਮਾਤਮਾ ਭੇਟੀਅਲੇ=ਮਿਲਿਆ ਹੈ॥ ੨॥

ਚੂਕੀਅਲੇ ਮੋਹ ਮਇ ਆਸਾ॥ ਸਸਿ ਕੀਨੋ ਸੂਰ ਗਿਰਾਸਾ॥

ਪਰਮਾਤਮਾ ਦੇ ਮਿਲਣ ਨਾਲ, ਮੋਹ ਮਇ=ਮੋਹ ਰੂਪੀ ਸਭ ਪਦਾਰਥਾਂ ਦੀ ਆਸਾ=ਤ੍ਰਿਸ਼ਨਾਂ ਚੂਕੀਅਲੇ=ਦੂਰ ਹੋ ਗਈ। ਸਸਿ=ਚੰਦ੍ਰਮਾਂ ਦੀ ਸੀਤਲ ਸੁਰ ਇੜਾ ਨੇ ਸੂਰ=ਸੂਰਜ ਦੀ ਸੁਰ ਪਿੰਗਲਾ ਨੂੰ ਗ੍ਰਸ ਲਿਆ।

ਜਬ ਕੁੰਭਕੁ ਭਰਿਪੁਰਿ ਲੀਣਾ॥ ਤਹ ਬਾਜੇ ਅਨਹਦ ਬੀਣਾ॥ ੩॥

ਜਿਸ ਵੇਲੇ ਕੁੰਭਕੁ=ਸੁਖਮਨਾ ਨਾੜੀ ਵਿਚ, *ਅਥਵਾ:-* ਦਸਮ ਦੁਆਰ ਵਿਚ ਪ੍ਰਾਣੀ ਨੂੰ, ਭਰਪੂਰ ਕਰਕੇ ਲੀਣ ਕੀਤਾ। ਤਿਸ ਵੇਲੇ ਅਨਹਦ=ਇੱਕ ਰਸ, ਬੀਣਾ=ਸੁੰਦਰ ਤਤ ਤੰਤੀ ਆਦਿਕ ਵਾਜੇ ਵੱਜੇ॥ ੩॥

ਬਕਤੈ ਬਕਿ ਸਬਦੁ ਸੁਨਾਇਆ॥ ਸੁਨਤੈ ਸੁਨਿ ਮੰਨਿ ਬਸਾਇਆ॥

(ਇਨ੍ਹਾਂ ਦੋ ਤੁਕਾਂ ਦਾ ਅਰਥ ਪਹਿਲੇ ਹੋ ਚੁੱਕਾ ਹੈ।)

ਕਰਿ ਕਰਤਾ ਉਤਰਸਿ ਪਾਰੰ॥ ਕਹੈ ਕਬੀਰਾ ਸਾਰੰ॥ ੪॥ ੧॥ ੧੦॥

ਇਸ ਤਰ੍ਹਾਂ ਹਠ-ਯੋਗ ਦੀ ਕਿਰਿਆ ਕਰਨ ਨਾਲ ਸੰਸਾਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ। ਕਬੀਰ ਜੀ ਆਖਦੇ ਹਨ—ਹਠ-ਜੋਗ ਵਿਚ ਏਹੋ ਰਸਤਾ ਸਾਰੰ=ਸ੍ਰੇਸ਼ਟ ਹੈ॥ ੪॥ ੧॥ ੧੦॥

ਦੂਜਾ ਅਰਥ—ਭਗਤੀ ਜੋਗ ਦਾ- (ਅੰਨਵੇਂ ਤੁਕਾਂ ਲਗਣੀਆਂ ਹਨ, ਖਿਆਲ ਕਰਨਾ) ਮੁਕਤੈ ਗੁਰਿ:- ਸੰਸਾਰ ਵਿਚ ਮੁਕਤ ਰੂਪ ਜੋ ਗੁਰੂ ਹੈ।

ਬਕਤੈ ਬਕਿ ਸਬਦੁ ਸੁਨਾਇਆ॥ ਸੁਨਤੈ ਸੁਨਿ ਮੰਨਿ ਬਸਾਇਆ॥

ਉਨ੍ਹਾਂ ਬਕਤੈ=ਗੁਰਾਂ ਨੇ ਬਕਿ=ਉਚਾਰ ਕੇ, ਸਬਦੁ=ਉਪਦੇਸ਼ ਸੁਣਾਇਆ। ਤੇ- ਸੁਨਤੈ=ਜਿਗਿਆਸੂ ਨੇ ਸੁਣ ਕੇ ਜਾਂ ਉਹ ਉਪਦੇਸ਼ ਆਪਣੇ ਮਨ ਵਿਚ ਵਸਾਇਆ। ਤਾਂ- ਬੰਧਚਿ ਬੰਧਨੁ ਪਾਇਆ॥ ਬੰਧਚਿ=ਕਾਮ ਆਦਿਕਾਂ ਨੂੰ ਬੰਨ੍ਹ ਪਾਇਆ, ਭਾਵ ਕਾਬੂ ਕਰ ਲਿਆ। ਤੇ- ਅਨਲੁ ਬੁਝਾਇਆ॥ ਤ੍ਰਿਸ਼ਨਾ ਰੂਪੀ ਅਗਨੀ ਨੂੰ ਬੁਝਾ ਦਿੱਤਾ।

ਜਬ ਨਖ ਸਿਖ ਇਹੁ ਮਨੁ ਚੀਨ੍ਹਾ॥ ਤਬ ਅੰਤਰਿ ਮਜਨੁ ਕੀਨ੍ਹਾ॥

ਜਿਸ ਵੇਲੇ ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੀ ਸਿਖ=ਚੋਟੀ ਤੱਕ ਇਸ ਚੰਚਲ ਮਨ ਨੂੰ ਵਸੀਕਾਰ ਕਰਨਾ ਚੀਨ੍ਹਾ=ਜਾਣਿਆਂ। ਤਿਸ ਵੇਲੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਦੇ ਅੰਦਰ ਮਜਨੁ=ਇਸ਼ਨਾਨ ਕੀਤਾ।

ਪਵਨ ਪਤਿ ਉਨਮਨਿ ਰਹਨੁ ਖਰਾ॥ ਨਹੀ ਮਿਰਤੁ ਨ ਜਨਮੁ ਜਰਾ॥ ੧॥ ਰਹਾਉ॥

ਜਿਸ ਪਵਨ ਪਤਿ=ਪ੍ਰਾਣਾਂ ਦੇ ਪਤੀ ਜੀਵ ਨੇ ਖਰੇ ਅਸਥਾਨ ਉਨਮਨਿ=ਤੁਰੀਆ ਪਦ ਵਿਚ ਰਹਿਣਾ ਕੀਤਾ ਹੈ। ਤਿਸ ਜੀਵ ਨੂੰ ਨਾ ਮਰਨ ਦਾ ਦੁੱਖ ਹੈ, ਨਾ ਜੰਮਣ ਦਾ ਦੁੱਖ ਅਤੇ ਨਾਹੀ ਜਰਾ=ਬੁਢੇਪੇ ਦਾ ਦੁੱਖ ਹੈ।

ਉਲਟੀ ਲੇ ਸਕਤਿ ਸਹਾਰੰ॥ ਪੈਸੀਲੇ ਗਗਨ ਮਝਾਰੰ॥

ਭਗਤੀ ਦੀ ਸ਼ਕਤੀ ਲੈ ਕੇ ਸੰਸਾਰ ਵੱਲ ਉਲਟ ਜਾ ਰਹੀ ਬਿਰਤ ਨੂੰ ਸਹਾਰੰ=ਰੋਕ ਕੇ-ਗਗਨ=ਚੇਤਨਦੇਵ ਦੇ ਵਿਚ ਪ੍ਰਵੇਸ਼ ਕਰ ਦਿੱਤੀ, ਭਾਵ ਲਾ ਦਿੱਤੀ. *ਵਾ:-* ਸ਼ਕਤੀ ਮਾਇਆ ਵੱਲ ਉਲਟ ਜਾ ਰਹੀ ਬਿਰਤੀ ਨੂੰ ਸਹਾਰੰ=ਰੋਕ ਕੇ ਚੇਤਨ ਦੇਵ ਦੇ ਵਿਚ ਜਾਂ ਪ੍ਰਵੇਸ਼ ਕੀਤੀ।

ਬੇਧੀਅਲੇ ਚਕ੍ਰ ਭੁਅੰਗਾ॥ ਭੇਟੀਅਲੇ ਰਾਇ ਨਿਸੰਗਾ॥

ਤਾਂ ਨਿਸ਼ੰਕ ਹੀ ਰਾਇ=ਪ੍ਰਕਾਸ਼ ਰੂਪੀ ਪਰਮਾਤਮਾ ਮਿਲ ਗਿਆ, ਪਰਮਾਤਮਾ ਦੇ ਮਿਲਣ ਕਰਕੇ ਕਾਲ ਰੂਪੀ ਜੋ ਭੁਅੰਗਾ=ਸੱਪ ਹੈ ਚੱਕ੍ਰਾਕਾਰ, ਉਸ ਨੂੰ ਬੇਧੀਅਲੇ=ਵਿੰਨ੍ਹ ਦਿੱਤਾ।

ਚੁਕੀਅਲੇ ਮੋਹ ਮਇ ਆਸਾ॥ ਸਸਿ ਕੀਨੋ ਸੂਰ ਗਿਰਾਸਾ॥

ਮੋਹ ਰੂਪੀ ਪਦਾਰਥਾਂ ਦੀ ਆਸਾ ਦੂਰ ਹੋ ਗਈ ਅਤੇ ਸਸਿ=ਸਤੋ ਗੁਣ ਨੇ ਸੂਰ=ਤਮੋ ਗੁਣ ਨੂੰ ਗਿਰਾਸਾ= ਗ੍ਰਸ ਲਿਆ, ਭਾਵ ਨਾਸ ਕਰ ਦਿੱਤਾ।

ਅਥਵਾ:- ਸਸਿ=ਗਿਆਨ ਨੇ ਸੂਰ=ਅਗਿਆਨ ਦਾ ਅਭਾਵ ਕਰ ਦਿੱਤਾ।

ਜਬ ਕੁੰਭਕੁ ਭਰਿਪੁਰਿ ਲੀਣਾ॥ ਤਹ ਬਾਜੇ ਅਨਹਦ ਬੀਣਾ॥

ਜਿਸ ਵੇਲੇ ਸਾਰਿਆਂ ਕੁੰਭਕੁ=ਸਰੀਰਾਂ ਵਿਚ ਭਰਿਪੂਰਿ=ਪਰਮਾਤਮਾ ਨੂੰ ਲੀਣ ਹੋਇਆ ਨਿਸਚੇ ਕੀਤਾ। ਤਿਸ ਵੇਲੇ ਇੱਕ ਰਸ ਤਤਮਸੀ ਮਹਾਂ ਵਾਕਾਂ ਰੂਪੀ ਬੀਣਾ=ਵਾਜੇ ਵੱਜੇ,

ਵਾ:- ਤਿਸ ਵੇਲੇ ਅਨਹਦ=ਹੱਦ ਤੋਂ ਰਹਿਤ ਬੀਣਾ=ਸੁੰਦਰ ਪਰਮਾਤਮਾਂ ਬਾਜੇ=ਪ੍ਰਗਟ ਹੋ ਗਿਆ।

ਕਰਿ ਕਰਤਾ ਉਤਰਸਿ ਪਾਰੰ॥ ਕਹੈ ਕਬੀਰਾ ਸਾਰੰ॥ ੪॥ ੧॥ ੧੦॥

ਕਰਤਾਰ ਕਰਤਾਰ ਕਰਨ ਨਾਲ, ਵਾ- ਇਸ ਭਗਤੀ ਯੋਗ ਦੀ ਕਿਰਿਆ ਕਰਨ ਦੇ ਨਾਲ ਅਸਗਾਹ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ। ਕਬੀਰ ਜੀ ਕਥਨ ਕਰਦੇ ਹਨ—ਇਹ ਸਭ ਸ਼ਾਸਤ੍ਰਾਂ ਦੇ ਸਾਰੰ=ਸਿਧਾਂਤ ਦੀ ਸਰੇਸ਼ਟ ਗੱਲ ਕਹੀ ਹੈ॥ ੪॥ ੧॥ ੧੦॥

ਇਸ ਸਾਰੇ ਸ਼ਬਦ ਵਿਚ ਭਾਵ ਏਹ ਦੱਸਿਆ ਹੈ ਕਿ ਭਗਤੀ ਯੋਗ ਦੁਆਰੇ ਗੁਰਾਂ ਦੇ ਉਪਦੇਸ਼ ਨੂੰ ਲੈ ਕੇ ਜਿਗਿਆਸੂ ਨੇ ਕਾਮ, ਕ੍ਰੋਧ ਆਦਿਕ ਵਿਕਾਰਾਂ ਨੂੰ ਰੋਕ ਕੇ ਅਤੇ ਬ੍ਰਹਮਾਨੰਦ ਰੂਪੀ ਜਲ ਦੇ ਸਰੋਵਰ ਵਿਚ ਇਸ਼ਨਾਨ ਕਰਕੇ, ਮਾਇਆ ਦੇ ਸੰਕਲਪਾਂ ਦਾ ਤਿਆਗ ਕਰਕੇ, ਕਰਤਾਰ ਦੇ ਨਾਮ ਨੂੰ ਜਪ ਕੇ ਕਾਲ ਰੂਪੀ ਸਰਪ ਨੂੰ ਨਾਸ਼ ਕਰਕੇ ਅਕਾਲ ਪੁਰਸ਼ ਵਿਚ ਲੀਣਤਾ ਪਾਉਣਾ ਕੀਤੀ ਹੈ।

ਉਥਾਨਕਾ:- ਕੋਈ ਭੇਖੀ ਗਿਆਨੀ ਉਦਰ ਪੂਰਨ (ਪੇਟ ਪਾਲਣ) ਵਾਸਤੇ ਕਥਾ ਕਰਦਾ ਸੀ ਤੇ ਆਪ ਅਮਲ ਨਹੀਂ ਸੀ ਕਰਦਾ, ਉਸ ਨੂੰ ਇਸ ਸ਼ਬਦ ਦੁਆਰਾ ਸਿਖਿਆ ਦੇ ਕੇ ਸਮਝਾਉਂਦੇ ਹਨ:-

ਕਰੁ ਰੇ ਗਿਆਨੀ ਬ੍ਰਹਮ ਬੀਚਾਰੁ॥

ਹੇ ਗਿਆਨੀ ! ਤੂੰ ਉਸ ਬ੍ਰਹਮ ਦੇ ਸਰੂਪ ਦਾ ਵਿਚਾਰ ਕਰ। ਜਿਸ ਦੀ ਸੱਤਿਆਂ ਕਰਕੇ-

ਚੰਦੁ ਸੂਰਜੁ ਦੁਇ ਜੋਤਿ ਸਰੂਪੁ॥ ਜੋਤੀ ਅੰਤਰਿ ਬ੍ਰਹਮੁ ਅਨੂਪੁ॥ ੧॥

ਚੰਦ੍ਰਮਾਂ ਤੇ ਸੂਰਜ ਦੋਵੇਂ ਜੋਤਿ ਸਰੂਪੁ=ਪ੍ਰਕਾਸ਼ ਰੂਪ ਹਨ।

ਸੂਰਜ, ਚੰਦ੍ਰਮਾਂ, ਤਾਰੇ, ਬਿਜਲੀ, ਅਗਨੀ, ਬਾਣੀ, ਇਨ੍ਹਾਂ ਛੇ ਜੋਤੀਆਂ ਅੰਦਰ ਹੀ ਅਨੂਪੁ=ਬੇਮਿਸਾਲ ਬ੍ਰਹਮ ਵਿਆਪਕ ਹੈ॥ ੧॥

ਕਰੁ ਰੇ ਗਿਆਨੀ ਬ੍ਰਹਮ ਬੀਚਾਰੁ॥
ਜੋਤੀ ਅੰਤਰਿ ਧਰਿਆ ਪਸਾਰੁ॥ ੧॥ ਰਹਾਉ॥

www.sikhbookclub.com

ਹੇ ਗਿਆਨੀ ! ਤੂੰ ਉਸ ਬ੍ਰਹਮ ਦੇ ਸਰੂਪ ਦਾ ਵਿਚਾਰ ਕਰ। ਸਾਰੇ ਸੰਸਾਰ ਪਸਾਰੇ ਅੰਦਰ ਜੋਤੀ ਸਰੂਪ ਵਾਹਿਗੁਰੂ ਨੇ ਆਪਣੇ ਆਪ ਨੂੰ ਹੀ ਧਰਿਆ=ਰੱਖਿਆ ਹੋਇਆ ਹੈ॥ ੧ ॥ ਰਹਾਉ ॥

ਹੀਰਾ ਦੇਖਿ ਹੀਰੇ ਕਰਉ ਆਦੇਸੁ ॥

ਪਰਮਾਤਮਾ ਰੂਪ ਹੀਰੇ ਨੂੰ ਵੇਖਣਾ ਕਰ ਅਤੇ ਪਰਮਾਤਮਾ ਰੂਪ ਹੀਰੇ ਨੂੰ ਹੀ ਆਦੇਸੁ=ਨਮਸ਼ਕਾਰ ਕਰ। *ਅਥਵਾ:-* ਗੁਰੂ ਸਾਹਿਬ ਰੂਪੀ ਹੀਰੇ ਨੂੰ ਨਮਸ਼ਕਾਰ ਕਰਕੇ ਪਰਮਾਤਮਾ ਰੂਪ ਹੀਰੇ ਨੂੰ ਵੇਖਣਾ ਕਰ।

ਕਹੈ ਕਬੀਰ ਨਿਰੰਜਨ ਅਲੇਖੁ ॥ ੨ ॥ ੨ ॥ ੧੧ ॥

ਕਬੀਰ ਜੀ ਕਥਨ ਕਰਦੇ ਹਨ- ਹੇ ਗਿਆਨੀ ! ਉਹ ਪਰਮਾਤਮਾਂ ਨਿਰੰਜਨ=ਮਾਇਆ ਮਲ ਅਵਿੱਦਿਆ ਤੋਂ ਰਹਿਤ ਹੋਣ ਕਰਕੇ ਸ਼ੁੱਧ ਸਰੂਪ ਅਤੇ ਅਲੇਖ=ਲੇਖਾਂ ਤੋਂ ਰਹਿਤ ਹੈ॥ ੨ ॥ ੨ ॥ ੧੧ ॥

ਉਥਾਨਕਾ- ਇਸ ਸ਼ਬਦ ਵਿਚ ਕਬੀਰ ਜੀ ਪੰਡਿਤ ਲੋਕਾਂ ਨੂੰ ਹਿਤ ਉਪਦੇਸ਼ ਦੇਂਦੇ ਹਨ:-

ਦੁਨੀਆ ਹੁਸੀਆਰ ਬੇਦਾਰ

ਕਿ ਹੇ ਦੁਨੀਆਂ ਦੇ ਲੋਕੋ ! ਹੁਸ਼ਿਆਰ ਹੋਵੋ, ਤਾਂ ਲੋਕਾਂ ਆਖਿਆ, ਭਗਤ ਜੀ ! ਅਸੀ ਤਾਂ ਬੇਦਾਰ= ਖ਼ਬਰਦਾਰ ਹਾਂ। ਕਬੀਰ ਜੀ ਨੇ ਕਿਹਾ- ਮੈਂ ਕਿਵੇਂ ਸਮਝਾਂ ਕਿ ਤੁਸੀਂ ਖਬਰਦਾਰ ਹੋ।

ਜਾਗਤ ਮੁਸੀਅਤ ਹਉ ਰੇ ਭਾਈ ॥

ਹੇ ਭਾਈ ! ਤੁਸੀਂ ਤਾਂ ਪ੍ਰਤੱਖ ਜਾਗਦਿਆਂ ਹੀ ਮੁਸੀਅਤ=ਲੁੱਟੇ ਜਾ ਰਹੇ ਹੋ।

ਪੰਡਤਾਂ ਨੇ ਆਖਿਆ, ਅਸੀਂ ਪਹਿਰੇਦਾਰ ਰੱਖੇ ਹੋਏ ਹਨ, ਭਾਵ ਬੇਦ ਸ਼ਾਸਤ੍ਰ ਪੜ੍ਹੇ ਹੋਏ ਹਾਂ ਫਿਰ ਕਿਵੇਂ ਲੁੱਟੇ ਜਾਵਾਂਗੇ? ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ—

ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥ ੧ ॥ ਰਹਾਉ ॥

ਬੇਸ਼ੱਕ ਤੁਹਾਡੇ ਅੰਤਹਕਰਨ ਰੂਪੀ ਦਰਵਾਜਜ਼ ਉੱਪਰ ਵੇਦਾਂ ਰੂਪੀ ਤਕੜੇ ਬਲ ਵਾਲੇ ਪਹਿਰੇਦਾਰ ਖਲੋਤੇ ਹੋਏ ਹਨ, ਪਰ ਇਹ ਨਿਯਮ ਸਮਝ ਲਿਓ, ਇਨ੍ਹਾ ਵੇਦਾਂ ਸ਼ਾਸਤ੍ਰਾਂ ਰੂਪੀ ਪਹਿਰੇਕਾਰਾਂ ਦੇ ਵੇਖਦਿਆਂ ਵੇਖਦਿਆਂ ਤੁਹਾਨੂੰ ਜਮ ਲੈ ਜਾਏਗਾ, ਕਿਉਂਕਿ ਇਨ੍ਹਾਂ ਵੇਦਾਂ, ਸ਼ਾਸਤ੍ਰਾਂ ਦੇ ਤੁਹਾਡੀ ਰੱਖਿਆ ਨਹੀਂ ਕਰਨੀ, ਰੱਖਿਆ ਜੋ ਕਰਨੀ ਹੈ, ਤਾਂ ਪਰਮਾਤਮਾ ਦੇ ਸਿਮਰਨ ਨੇ ਕਰਨੀ ਹੈ।

ਹੁਣ ਜੀਵਾਂ ਦੀ ਪ੍ਰਮਾਦਤਾ=ਉਲਟੀ ਮੱਤ ਵੇਖੋ-

ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ

ਜੀਵਾਂ ਵਿਚ ਤਿੰਨ ਅਉਗੁਣ ਬੜੇ ਭਾਰੀ ਹਨ, ਉਹ ਇਹ ਹਨ:-

ਨੀਬੁ=ਨਿੰਮ ਵਾਂਗੂ ਕੌੜੇ ਦੁਖਦਾਈ ਜੋ ਸ਼ਕਾਮ ਕਰਮ ਹਨ, ਉਹ ਅੰਬ ਫਲ ਵਾਂਗੂ ਮਿੱਠੇ ਲਗ ਰਹੇ ਹਨ ਅਤੇ ਅੰਬ ਫਲ ਵਾਂਗੂ ਮਿੱਠੇ ਸੁਖਦਾਈ ਜੋ ਨਿਸ਼ਕਾਮ ਕਰਮ ਹਨ, ਉਹ ਨਿੰਮ ਵਾਂਗੂ ਕੌੜੇ ਪ੍ਰਤੀਤ ਹੋ ਰਹੇ ਹਨ। ਇਸ ਉਲਟੀ ਭਾਵਨਾ ਕਰਕੇ ਇਹ ਜੀਵ ਮੂਰਖ ਹੈ।

ਕੇਲਾ ਪਾਕਾ ਝਾਰਿ ॥

ਕੇਲੇ ਵਾਂਗੂ ਮਿੱਠਾ ਜੋ ਸਤਿਨਾਮੁ ਹੈ, ਉਹ ਪਾਕਾ ਝਾਰਿ=ਕੰਡਿਆਂ ਵਾਲੇ ਮਲ੍ਹੇ ਵਾਂਗੂ ਦੁਖਦਾਈ ਮਲੂਮ

ਹੋ ਰਿਹਾ ਹੈ ਅਤੇ ਮਲ੍ਹੇ ਦੇ ਗਲ-ਘੋਟੂ ਬੇਰਾਂ ਵਾਂਗ ਦੁਖਦਾਈ ਜੋ ਕਾਮ ਹੈ, ਉਹ ਇਸ ਨੂੰ ਕੇਲੇ ਦੀ ਨ੍ਯਿਾਈਂ ਮਿੱਠਾ ਲਗਦਾ ਹੈ। ਇਸ ਤਰ੍ਹਾਂ ਦੀ ਉਲਟੀ ਸਮਝ ਹੋਣ ਕਰ ਕੇ ਇਹ ਜੀਵ ਮੂਰਖ ਹੈ।

ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥ ੧ ॥

ਜਿਵੇਂ ਨਰੇਲ ਉੱਪਰੋਂ ਸਖਤ, ਪਰ ਅੰਦਰੋਂ ਮਿੱਠਾ ਤੇ ਰਸਦਾਇਕ ਹੁੰਦਾ ਹੈ, ਤਿਵੇਂ ਅੰਮ੍ਰਿਤ ਵੇਲੇ ਜਾਗ ਕੇ ਮਤਸੰਗ ਵਿਚ ਜਾਣਾ ਬੜਾ ਕਠਨ ਭਾਸਦਾ (ਪ੍ਰਤੀਤ ਹੁੰਦਾ) ਹੈ ਪਰ ਜੇ ਚਲਿਆ ਜਾਵੇ ਤਾਂ ਸਤਸੰਗ 'ਚੋਂ ਬੜਾ ਸੁਖਦਾਇਕ ਰਸ ਪ੍ਰਾਪਤ ਹੁੰਦਾ ਹੈ, ਇਸ ਕਰਕੇ ਨਾਲੀਏਰ=ਖੋਪੇ ਫਲ ਦੀ ਤਰ੍ਹਾਂ ਜੋ ਸਤੰਸਗ ਹੈ, ਉਸ ਨੂੰ ਸੇਬਰਿ=ਸਿੰਮਲ ਬ੍ਰਿਛ ਦੀ ਨ੍ਯਿਾਈਂ ਨਿਕੰਮਾ ਸਮਝਦਾ ਹੈ।

ਕਿਉਂਕਿ ਸਿੰਮਲ ਦਾ ਬ੍ਰਿੱਛ ਕਿਸੇ ਭੀ ਕੰਮ ਨਹੀਂ ਆਉਂਦਾ।

ਯਥਾ:- ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥ *(ਆਸਾ ਦੀ ਵਾਰ, ਪੰਨਾ ੪੭੦*

ਤਥਾ- ਫੁਲ ਰਤੇ ਫਲ ਬਕਬਕੇ ਹੁਇ ਅਫਲ ਫਲੰਦਾ ॥
ਸਾਵਾ ਤੋਤਾ ਚਹੁਚੁਹਾ ਤਿਸ ਦੇਖ ਭੁਲੰਦਾ ॥ *(ਭਾਈ ਗੁਰਦਾਸ ਜੀ)*

ਤਥਾ- ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥ ੪ ॥ *(ਸੂਹੀ ਮ: ੧, ਪੰਨਾ ੭੨੯)*

ਅਤੇ ਸਿੰਮਲ ਬ੍ਰਿਛ ਦੀ ਤਰ੍ਹਾਂ ਨਿਕੰਮਾ ਜੋ ਕੁਸੰਗ ਹੈ, ਉਸ ਨੂੰ ਨਰੇਲ ਫਲ ਵਾਂਗੂ ਚੰਗਾ ਸਮਝਦਾ ਹੈ, ਇਸ ਕਰਕੇ ਇਹ ਜੀਵ ਗਵਾਰ ਹੈ॥ ੧ ॥

ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ
ਚੀਟੀ ਹੋਇ ਚੁਨਿ ਖਾਈ ॥ ੨ ॥ ੩ ॥ ੧੨ ॥

ਪਹਿਲੇ ਦ੍ਰਿਸ਼ਟਾਂਤ- ਜਿਸ ਤਰ੍ਹਾਂ ਖੰਡ ਰੇਤ ਵਿਚ ਬਿਖਰਿਓ=ਡੁਲ੍ਹ ਕੇ ਖਿਲਰ ਜਾਵੇ ਤਾਂ ਹਾਥੀ ਪਾਸ਼ੋਂ ਜਾਂ ਹੱਥਾਂ ਨਾਲ ਚੁਣੀ ਨਹੀਂ ਜਾਂਦੀ। ਇਕ ਕੀੜੀ ਹੀ ਹੈ, ਜੋ ਉਸ ਖੰਡ ਨੂੰ ਰੇਤ 'ਚੋਂ ਚੁਣ ਕੇ (ਵੱਖ ਕਰਕੇ) ਖਾ ਸਕਦੀ ਹੈ।

ਯਥਾ:- ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ।
ਗੁਰਮੁਖਿ ਮਾਰਗਿ ਚਲਣਾ ਇਕਤੁ ਖਡੁ ਸਹੰਸ ਸਮਾਏ।
ਘਿਅ ਸਕਰ ਦੀ ਵਾਸੁ ਲੈ ਜਿਥੈ ਧਰੀ ਤਿਥੈ ਚਲਿ ਜਾਏ।
ਡੁਲੈ ਖੰਡੁ ਜੁ ਰੇਤੁ ਵਿਚਿ ਖੰਡੂ ਦਾਣਾ ਚੁਣਿ ਚੁਣਿ ਖਾਏ। *(ਭਾਈ ਗੁਰਦਾਸ ਜੀ, ਵਾਰ ੨੫ ਪਉੜੀ ੮)*

ਦ੍ਰਿਸ਼ਟਾਂਤ- ਇਸੇ ਤਰ੍ਹਾਂ ਖੰਡ ਦੀ ਤਰ੍ਹਾਂ ਹਰੀ ਪਰਮਾਤਮਾ ਸੰਸਾਰ ਰੇਤੇ ਵਿਚ ਮਿਲਿਆ ਹੋਇਆ ਹੈ, ਭਾਵ ਆਤਮਾ ਅਨਾਤਮਾ ਦੋਵੇਂ ਮਿਲੇ ਹੋਏ ਹਨ। ਉਹ ਪਰਮਾਤਮਾ ਰੂਪੀ ਖੰਡ ਅਨਾਤਮ ਰੂਪ ਸੰਸਾਰ ਰੇਤੇ ਵਿੱਚੋਂ ਸ਼ਕਾਮ ਕਰਮਾਂ ਰੂਪੀ ਹੱਥਾਂ ਨਾਲ ਚੁਣੀ ਨਹੀਂ ਜਾਂਦੀ, *ਅਥਵਾ:-* ਜਾਤੀ, ਵਿੱਦਿਆ, ਧਨ ਦੇ ਹੰਕਾਰੀਆਂ ਰੂਪ ਹਾਥੀਆਂ

www.sikhbookclub.com

ਪਾਸੋਂ ਚੁਣੀ ਨਹੀਂ ਜਾਂਦੀ।

ਕਬੀਰ ਜੀ ਆਖਦੇ ਹਨ— ਆਪਣੀ ਕੁਲ, ਜਾਤੀ, ਪੰਗਤੀ ਦੀ ਹੰਗਤਾ ਤਿਆਗ ਕੇ ਚੀਟੀ=ਕੀੜੀ ਵਾਂਗ ਨਿਰਮਾਣ ਹੋ ਜਾਵੇ ਤਾਂ ਅਨਾਤਮ ਰੂਪ ਸੰਸਾਰ ਰੇਤੇ ਵਿੱਚੋਂ ਹਰੀ ਰੂਪ ਖੰਡ ਨੂੰ ਚੁਣ ਕੇ ਖਾ ਸਕਦਾ ਹੈ॥ ੨॥ ੩॥ ੧੨॥

ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:- ਭਗਤ ਨਾਮਦੇਵ ਜੀ ਦੀ ਉਸਤਤੀ ਸੁਣ ਕੇ ਇੱਕ ਵੇਰ ਤਿਲੋਚਨ ਜੀ ਨਾਮਦੇਵ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਘਰ ਦਾ ਬੂਹਾ ਲੰਘੇ ਤਾਂ ਕੀ ਵੇਖਦੇ ਹਨ, ਕਿ ਨਾਮਦੇਵ ਜੀ ਤਾਂ ਕੱਪੜਿਆਂ ਨੂੰ ਰੰਗਣ ਅਤੇ ਛਾਪਣ ਦੇ ਕੰਮਾਂ ਵਿਚ ਰੁਝੇ ਹੋਏ ਹਨ।

ਇਹ ਗੱਲ ਵੇਖ ਕੇ ਉਸ ਦੇ ਮਨ ਵਿਚ ਬੜੀਆਂ ਦਲੀਲਾਂ ਆਈਆਂ ਸੰਸਾ ਪੈਦਾ ਹੋਇਆ ਜੋ ਕਿ ਮੈਂ ਤਾਂ ਸੁਣਿਆ ਸੀ ਨਾਮਦੇਵ ਜੀ ਅੱਠੇ ਪਹਿਰ ਭਜਨ-ਸਿਮਰਨ ਵਿਚ ਮਗਨ ਰਹਿੰਦੇ ਹਨ, ਪਰ ਇਨ੍ਹਾਂ ਦੇ ਕੰਮ ਨੂੰ ਵੇਖ ਕੇ ਮਲੂਮ ਹੁੰਦਾ ਹੈ ਕਿ ਇਹ ਤਾਂ ਮਾਇਆ ਵਿਚ ਹੀ ਗਲਤਾਨ ਹਨ।

ਤ੍ਰਿਲੋਚਨ ਰਹਿ ਨਾ ਸਕਿਆ ਆਖਿਰਕਾਰ ਇਹ ਸਲੋਕ ਪੜ੍ਹਿਆ:-

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥ ੨੧੨॥

ਇਹ ਸਲੋਕ ਸੁਣ ਕੇ ਅੱਗੋਂ ਨਾਮਦੇਵ ਨੇ ਜਵਾਬ ਦਿੱਤਾ-

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩॥ *(ਸਲੋਕ ਕਬੀਰ ਜੀ, ਪੰਨਾ ੧੩੭੯)*

ਆਦਮੀ ਹੱਥਾਂ, ਪੈਰਾਂ ਨਾਲ ਬੇਸ਼ੱਕ ਕੰਮ ਕਰਦਾ ਰਹੇ, ਪਰ ਚਿੱਤ ਪਰਮੇਸ਼ਰ ਨਾਲ ਜੁੜਿਆ ਰਹਿਣਾ ਚਾਹੀਦਾ ਹੈ। ***ਮਨ ਰਾਮ ਨਾਮਾ ਬੇਧੀਆਲੇ॥***

ਮੇਰਾ ਮਨ ਤਾਂ ਰਾਮ ਨਾਮ ਦੇ ਸਿਮਰਨ ਵਿਚ ਬੇਧੀਅਲੇ=ਤਦਾਕਾਰ ਹੋ ਰਿਹਾ ਹੈ, ਭਾਵ ਵਿੰਨ੍ਹਿਆ ਗਿਆ ਹੈ।

ਹੁਣ ਇਸੇ ਗੱਲ ਦੀ ਪ੍ਰੌੜ੍ਹਤਾ ਵਾਸਤੇ ਪੰਜ ਦ੍ਰਿਸ਼ਟਾਂਤ ਦੇ ਕੇ ਤ੍ਰਿਲੋਚਨ ਜੀ ਦੀ ਤਸੱਲੀ ਕਰਾਉਂਦੇ ਹਨ:-

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥

ਜਿਵੇਂ ਲੜਕਾ ਇੱਕ ਆਨੀਲੇ=ਆਨੇ ਦੇ ਕਾਗਦ, ਵਾ:- ਆਨੀਲੇ=ਲਿਆ ਕੇ ਤੇ ਕੱਟ ਕੇ ਉਸ ਦੀ ਗੁੱਡੀ ਬਣਾ ਕੇ ਅਕਾਸ਼ ਵਿਚ ਭਰਮੀਅਲੇ=ਉਡਾਂਦਾ ਹੈ।

ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥ ੧॥

ਆਪਣੇ ਨਾਲ ਦੇ ਪੰਜ, ਸੱਤ ਲੜਕਿਆਂ ਨਾਲ ਗੱਲਾਂ ਬਾਤਾਂ ਵੀ ਕਰਦਾ ਹੈ, ਪਰ ਚਿੱਤ ਆਪਣਾ ਉਸ ਪਤੰਗ ਦੀ ਡੋਰ ਵਿਚ ਰੱਖਦਾ ਹੈ ਤਾਂ ਕਿ ਪੇਚਾ ਲੱਗ ਕੇ ਕੱਟੀ ਨਾ ਜਾਵੇ॥ ੧॥

ਮਨੁ ਰਾਮ ਨਾਮਾ ਬੇਧੀਅਲੇ ॥
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ੧ ॥ ਰਹਾਉ ॥

ਇਸੇ ਤਰ੍ਹਾਂ ਮੇਰਾ ਮਨ ਰਾਮ ਨਾਮ ਦੇ ਸਿਮਰਨ ਵਿਚ ਬੇਧੀਅਲੇ=ਮਿਲ ਰਿਹਾ ਹੈ।

ਜਿਵੇਂ ਕਨਿਕ=ਸੋਨੇ ਦੇ, ਕਲਾ=ਰਵਾਲੇ ਉੱਤੇ ਸੁਨਿਆਰਾ ਆਪਣਾ ਚਿੱਤ, ਮਾਂਡੀਅਲੇ=ਦ੍ਰਿੜ੍ਹਤਾ ਨਾਲ ਜੋੜ ਰੱਖਦਾ ਹੈ ਕਿ ਵਿੰਗਾ ਨਾ ਹੋ ਜਾਏ, ਜਾਂ ਟੁੱਟ ਨਾ ਜਾਵੇ॥ ੧ ॥ ਰਹਾਉ ॥

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥

ਇੱਕ ਆਨੇ ਦਾ ਕੁੰਭੁ=ਘੜਾ, ਆਨੀਲੇ=ਲਿਆ ਕੇ, ਭਰਾਈਲੇ ਊਦਕ=ਜਲ ਨਾਲ ਭਰ ਕੇ ਰਾਜ ਕੁਆਰਿ=ਰਾਜ ਦਾਸੀ, ਪੁਰੰਦਰੀਏ=ਪੁਰ+ਅੰਦਰੀਏ=ਸ਼ਹਿਰ ਦੇ ਅੰਦਰ ਤੁਰੀ ਆਉਂਦੀ ਹੈ।

ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥ ੨ ॥

ਘਰ ਵਿਚ ਕਈ ਤਰ੍ਹਾਂ ਦੇ ਹੋਏ ਹੋਏ ਬਿਨੋਦ=ਕੌਤਕਾਂ ਉੱਪਰ ਵਿਚਾਰ ਕਰਦੀ ਹੋਈ ਹੱਸਦੀ ਤੁਰੀ ਆਉਂਦੀ ਹੈ।

ਅਥਵਾ:- ਨਾਲ ਦੀਆਂ ਸਖੀਆਂ ਨਾਲ ਬਿਨੋਦਾਂ ਦੇ ਵਿਚਾਰ ਕਰਦੀ ਹੋਈ ਹਸਦੀ ਤੁਰੀ ਆਉਂਦੀ ਹੈ। ਪਰ ਆਪਣੇ ਚਿੱਤ ਨੂੰ ਗਾਗਰ ਦੇ ਵਿਚ ਹੀ ਰੱਖਦੀ ਹੈ ਕਿ ਮਤਾਂ ਡਿੱਗ ਕੇ ਟੁੱਟ ਨਾ ਜਾਏ॥ ੨ ॥

ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥

ਜਿਵੇਂ ਇਕ ਮੰਦਰ ਹੈ, ਦਸ ਜਿਸ ਦੇ ਦਰਵਾਜ਼ੇ ਹਨ, ਉਸ ਵਿਚੋਂ ਵਾਗੀ ਗਊਆਂ ਨੂੰ ਚਰਾਉਣ ਵਾਸਤੇ ਛੱਡ ਦੇਂਦਾ ਹੈ।

ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥ ੩ ॥

ਪੰਜਾਂ ਕੋਹਾਂ ਦੀ ਦੂਰੀ 'ਤੇ ਘਾਹ ਦੇ ਮੈਦਾਨ ਵਿਚ ਲਿਜਾ ਕੇ ਬਾਹਰ ਵਾਰ ਗਊਆਂ ਨੂੰ ਚਰਾਂਵਦਾ ਹੈ, ਪਰ ਉਹ ਗਊਆਂ ਘਾਹ ਖਾਂਦੀਆਂ ਭੀ ਆਪਣਾ ਧਿਆਨ ਆਪਣਿਆਂ ਵੱਛਿਆਂ ਵਿਚ ਰੱਖਦੀਆਂ ਹਨ।

ਤਿਵੇਂ ਸਰੀਰ ਰੂਪੀ ਇੱਕ ਮੰਦਰ ਹੈ, ਦਸ ਗੋਲਕਾਂ ਰੂਪ ਦਸ ਦਰਵਾਜ਼ੇ ਹਨ, ਇਸ ਵਿਚ ਇੰਦ੍ਰੀਆਂ ਰੂਪੀ ਗਊਆਂ ਆਪੋ ਆਪਣੇ ਕੰਮਾਂ ਵਿਚ ਵਿਚਰ ਰਹੀਆਂ ਹਨ—ਪਰ ਮੈਂ ਆਪਣਾ ਚਿੱਤ ਰਾਮ ਨਾਮ ਵਿਚ ਲੀਣ ਕੀਤਾ ਹੈ॥ ੩ ॥

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥

ਨਾਮਦੇਵ ਜੀ ਆਖਦੇ ਹਨ— ਹੇ ਭਗਤ ਤ੍ਰਿਲੋਚਨ ਜੀ ! ਇੱਕ ਹੋਰ ਦ੍ਰਿਸ਼ਟਾਂਤ ਸੁਣੋ, ਜਿਵੇਂ ਮਾਂ ਆਪਣੇ ਛੋਟੇ ਬੱਚੇ ਨੂੰ ਪਾਲਨ=ਪੰਘੂੜੇ ਉੱਪਰ, ਪਉਢੀਅਲੇ=ਲੰਮਾ ਪਾ ਕੇ—

ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥ ੪ ॥ ੧ ॥

ਆਪ ਘਰ ਦੇ ਅੰਦਰਲੇ ਬਾਹਰਲੇ ਕੰਮਾਂ ਵਿਚ ਬਿਰੂਧੀ=ਰੁਕ ਜਾਂਦੀ ਹੈ, ਪਰ ਚਿੱਤ ਨੂੰ ਆਪਣੇ ਛੋਟੇ ਬੱਚੇ ਵਿਚ ਰੱਖਦੀ ਹੈ।

ਏਸੇ ਤਰ੍ਹਾਂ ਹੱਥਾਂ, ਪੈਰਾਂ ਨਾਲ ਮੈਂ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਰਦਾ ਹਾਂ, ਪਰ ਚਿੱਤ ਮੇਰਾ ਉਸ ਅਕਾਲ ਪੁਰਖ ਵਿਚ ਜੁੜਿਆ ਰਹਿੰਦਾ ਹੈ। *ਸਾਰੰਸ-*

ਭਗਤ ਨਾਮਦੇਵ ਜੀ ਨੇ ਇਸ ਸ਼ਬਦ ਵਿਚ ਪਤੰਗ (ਗੁਡੀ) ਸੁਨਿਆਰੇ, ਰਾਜ ਲੜਕੀ, ਗਊ, ਮਾਂ ਬੱਚੇ ਦੇ ਦ੍ਰਿਸ਼ਟਾਂਤਾਂ ਦੁਆਰੇ ਆਪਣੇ ਅੰਦਰ ਦੀ ਪ੍ਰੀਤੀ ਦਾ ਕਮਾਲ ਦਿਖਾਇਆ ਹੈ॥ ੪॥ ੧॥

ਉਥਾਨਕਾ:- ਇਹ ਭੀ ਸ਼ਬਦ ਤ੍ਰਿਲੋਚਨ ਭਗਤ ਜੀ ਦੇ ਪ੍ਰਥਾਇ ਕਥਨ ਕੀਤਾ ਹੈ—

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ॥

ਚਾਰ ਵੇਦ, ਅਠਾਰਾਂ ਪੁਰਾਣ, ਛੇ ਸ਼ਾਸਤ੍ਰ, ਬਿਅੰਤ ਗੀਤ ਅਤੇ ਪਿੰਗਲ ਗ੍ਰੰਥ ਦੇ ਅਨੁਸਾਰ ਕਬਿੱਤ ਆਦਿਕ ਛੰਦ, ਸ਼ਾਸਤ੍ਰ ਅਨੁਸਾਰ ਮੈਂ ਨਹੀਂ ਗਾਇਣ ਕਰਦਾ।

ਪ੍ਰਸ਼ਨ- ਤੂੰ ਫਿਰ ਕੀ ਕਰਦਾ ਹੈਂ? *ਉੱਤਰ:-*

[ਪੰਨਾ ੯੭੩]

ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ॥ ੧॥

ਅਖੰਡ=ਇੱਕ ਰਸ, ਭੇਦ-ਭਾਵ ਰਹਿਤ ਸਭ ਮੰਡਲਾਂ ਵਿਚ ਪੂਰਨ ਜੋ ਨਿਰੰਕਾਰ ਹੈ, ਉਸ ਦੇ ਵਿਚ ਅਨਹਦ=ਇੱਕ ਰਸ, ਬੇਨੁ=ਬਿਰਤੀ, ਬਜਾਵਉਗੋ=ਲਗਾਂਵਦਾ ਹਾਂ॥ ੧॥ ਅਤੇ-

ਬੈਰਾਗੀ ਰਾਮਹਿ ਗਾਵਉਗੋ॥

ਸੰਸਾਰ ਵਲੋਂ ਵੈਰਾਗਵਾਨ ਹੋ ਕੇ ਤੇ ਪਰਮਾਤਮ ਦਾ ਬੈਰਾਗੀ=ਪ੍ਰੇਮੀ ਹੋ ਕੇ ਰਾਮ ਨਾਮ ਨੂੰ ਗਾਉਣਾ ਕਰਦਾ ਹਾਂ।

ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ॥ ੧॥ ਰਹਾਉ॥

ਤਿੰਨ ਗੁਣਾਂ ਤੋਂ ਅਤੀਤ=ਰਹਿਤ ਜੋ ਸਬਦਿ=ਬ੍ਰਹਮ ਹੈ, *ਵਾ:-* ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਤੋਂ ਅਤੀਤ=ਰਹਿਤ ਜੋ ਅਕਾਲ ਪੁਰਖ ਹੈ, ਅਨਾਹਦ=ਇੱਕ ਰਸ ਤਿਸ ਵਿਚ, ਰਾਤਾ=ਤਦਾਕਾਰ ਹੋਇਆ ਹੋਇਆ ਅੰਤ ਨੂੰ ਵਿਦੇਹ-ਮੁਕਤੀ ਕਾਲ ਵਿਚ ਤਿਸ ਆਕੁਲ=ਕੁਲਾਂ ਤੋਂ ਰਹਿਤ ਪਰਮਾਤਮਾ ਦੇ ਸਰੂਪ ਰੂਪੀ ਘਰ ਵਿਚ ਜਾਵਾਂਗਾ॥ ੧॥

ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ॥

ਇੜਾ=ਸੱਜੀ ਸੁਰ ਦੁਆਰਾ ਪ੍ਰਾਣਾਂ ਦਾ ਚਾੜ੍ਹਣਾ, ਪਿੰਗੁਲਾ=ਖੱਬੀ ਸੁਰ ਦੁਆਰਾ ਪ੍ਰਾਣਾਂ ਨੂੰ ਉਤਾਰਨਾ ਤੇ ਸੁਖਮਨਾ ਦੁਆਰੇ ਦਸਮ ਦੁਆਰ ਵਿਚ ਜਿਹੜਾ ਪਉਨੈ=ਪ੍ਰਾਣਾਂ ਦਾ ਬੰਧਿ=ਬੰਦੇਜ (ਕਾਬੂ) ਕਰਨਾ ਹੈ, ਇਤਿਆਦਿ ਸਭ ਕਿਰਿਆਂ ਤੋਂ ਮੈਂ ਰਹਿਤ ਹੋ ਗਿਆ ਹਾਂ।

ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ॥ ੨॥

ਦੋ ਜੋ ਚੰਦ੍ਰਮਾਂ, ਸੂਰਜ ਹਨ, ਇਨ੍ਹਾਂ ਦੇ ਵਰਤਾ ਨੂੰ ਸਮ=ਸ਼ਾਂਤ, ਕਰਿ=ਕਰਕੇ ਰੱਖਿਆ ਹੈ, *ਵਾ:-* ਚੰਦੁ ਸੂਰਜੁ=ਹਰਖ ਸ਼ੋਕ, ਰਾਗ ਦ੍ਵੈਸ਼ ਇਨ੍ਹਾਂ ਦੋਹਾਂ ਨੂੰ ਸ਼ਾਂਤ ਕਰਕੇ ਰੱਖਿਆ ਹੈ, *ਵਾ:-* ਚੰਦ੍ਰਮਾ ਦੀ ਸੱਜੀ ਸੁਰ ਇੜਾ, ਸੂਰਜ ਦੀ ਖੱਬੀ ਸੁਰ ਪਿੰਗਲਾ, ਇਨ੍ਹਾਂ ਦੋਹਾਂ ਨੂੰ ਸ਼ਾਂਤ ਕਰ ਰੱਖਿਆ ਹੈ, ਭਾਵ ਇਨ੍ਹਾਂ ਸੁਰਾਂ ਦੁਆਰੇ ਪ੍ਰਾਣਾਂ ਦੇ

ਚਾੜ੍ਹਣ ਉਤਾਰਨ ਦਾ ਕੋਈ ਵਿਹਾਰ ਮੈਂ ਨਹੀਂ ਕਰਦਾ, ਹੁਣ ਮੈਂ ਜੋਤੀ ਸਰੂਪ ਬ੍ਰਹਮ ਦੇ ਨਾਲ ਮਿਲ ਜਾਵਾਂਗਾ॥ ੨॥

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ॥

ਤੀਰਥਾਂ ਨੂੰ ਵੇਖ ਕੇ ਮੈਂ ਜਲ ਵਿਚ ਪ੍ਰਵੇਸ਼ ਨਹੀਂ ਕਰਦਾ ਅਤੇ ਛੋਟੇ ਵੱਡੇ ਜੀਆਂ ਨੂੰ ਭੀ ਦੁਖਾਂਵਦਾ ਨਹੀਂ ਹਾਂ। ਕਿਉਂਕਿ-

ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ॥ ੩॥

ਅਠਾਹਠ (੬੮) ਤੀਰਥ ਗੁਰਾਂ ਨੇ ਅੰਦਰ ਹੀ ਵਿਖਾ ਦਿੱਤੇ ਹਨ, ਇਸ ਕਰਕੇ ਅੰਤਹਕਰਨ ਦੇ ਵਿਚ ਹੀ ਆਤਮਾ ਰੂਪੀ ਤੀਰਥ ਉੱਪਰ ਇਸ਼ਨਾਨ ਕਰਦਾ ਹਾਂ॥ ੩॥

ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ॥

ਪੰਚ=ਨੰਬਰਦਾਰ (ਚੌਧਰੀ) ਹੋ ਕੇ ਜਨਾਂ ਦੀ ਸਹਾਇਤਾ ਕਰਨੀ, ਅੱਗੋਂ ਜਨਾਂ ਨੇ ਸੋਭਾ ਦੇਣੀ ਇਸ ਤਰ੍ਹਾਂ ਪੁਰਸ਼ਾਂ ਤੋਂ ਭਲਾ ਭਲਾ ਵੀ ਮੈਂ ਨਹੀਂ ਕਹਾਂਵਦਾ ਹਾਂ।

ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ॥ ੪॥ ੨॥

ਨਾਮਦੇਵ ਜੀ ਕਹਿੰਦੇ ਹਨ— ਹਰੀ ਨਾਲ ਚਿੱਤ ਲੀਨ ਹੋਣ ਕਰਕੇ ਸੁੰਨ=ਅਫੁਰ ਸਮਾਧੀ ਵਿਚ ਮੈਂ ਅਭੇਦ ਹਾਂ, ਵਾ:- ਸਮਾਧੀ ਦੁਆਰੇ ਮੈਂ ਅੰਤ ਨੂੰ ਸੁੰਨ=ਅਫੁਰ ਬ੍ਰਹਮ ਵਿਚ ਅਭੇਦ ਹੋ ਜਾਵਾਂਗਾ॥ ੪॥ ੨॥

(ਨੋਟ:- ਇਸ ਸ਼ਬਦ ਵਿਚ 'ਗੋ' ਪਦ ਛੰਦ ਦੀ ਪਦ ਪੂਰਤੀ ਹੈ। ਭਵਿੱਖਤ ਕਾਲ ਨਹੀਂ ਹੈ)

ਉਥਾਨਕਾ:- ਇਸ ਸ਼ਬਦ ਦੁਆਰਾ ਨਾਮਦੇਵ ਜੀ ਵੈਰਾਗ-ਮਈ ਉਪਦੇਸ਼ ਦੇਂਦੇ ਹਨ:-

(ਪਹਿਲੇ ਰਹਾਉ ਦੀਆਂ ਤੁਕਾਂ ਦਾ ਅਰਥ ਕਰਨਾ-)

ਰਾਮ ਕੋਇ ਨ ਕਿਸ ਹੀ ਕੇਰਾ॥ ਜੈਸੇ ਤਰਵਰ ਪੰਖਿ ਬਸੇਰਾ॥ ੧॥ ਰਹਾਉ॥

ਰਾਮ=ਹੇ ਭਾਈ ! ਕੋਈ ਭੀ ਕਿਸੇ ਦੀ ਸਹਾਇਤਾ ਕਰਨ ਵਾਲਾ ਨਹੀਂ। ਜਿਵੇਂ ਰਾਤ ਨੂੰ ਬ੍ਰਿੱਛ ਉੱਪਰ ਪੰਛੀਆਂ ਦਾ ਵਾਸਾ ਹੁੰਦਾ ਹੈ, ਦਿਨ ਚੜ੍ਹਣ ਨਾਲ ਸਭ ਪੰਛੀ ਉੱਡ ਕੇ ਚਲੇ ਜਾਂਦੇ ਹਨ, ਤਿਵੇਂ ਸੰਸਾਰ ਰੂਪੀ ਬ੍ਰਿੱਛ ਉੱਪਰ ਉਮਰਾਂ ਰੂਪ ਰਾਤ ਦੇ ਸੰਜੋਗ ਨਾਲ ਜੀਵਾਂ ਰੂਪ ਪੰਛੀਆਂ ਦਾ ਨਿਵਾਸ ਹੁੰਦਾ ਹੈ। ਜਿਸ ਵੇਲੇ ਕਾਲ ਰੂਪੀ ਦਿਨ ਉਦੇ ਹੁੰਦਾ ਹੈ ਤਾਂ ਸਭ ਜੀਵਾਂ ਰੂਪੀ ਪੰਛੀ ਉੱਡ ਜਾਂਦੇ ਹਨ। ਕਰਮਾਂ ਅਨੁਸਾਰ ਕੋਈ ਜੀਵ ਰੂਪੀ ਪੰਛੀ ਨਰਕ ਵਿਚ ਤੇ ਕੋਈ ਸੁਰਗ ਵਿਚ ਚਲਾ ਜਾਂਦਾ ਹੈ।

ਯਥਾ:- ਰੇ ਮਨ ਤੇਰੋ ਕੋਇ ਨਹੀਂ ਖਿੰਚਿ ਲੇਇ ਜਿਨਿ ਭਾਰੁ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥ ੧॥ *(ਗਉੜੀ ਕਬੀਰ ਜੀ, ਪੰਨਾ ੩੩੭)*

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ॥

ਜਿਸ ਵੇਲੇ ਮਾਤਾ ਨਹੀਂ ਸੀ, ਪਿਤਾ ਭੀ ਨਹੀਂ ਸੀ, ਕਰਮ ਭੀ ਨਹੀਂ ਸਨ ਅਤੇ ਕਾਇਆ=ਦੇਹ ਭੀ ਨਹੀਂ ਸੀ।

ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ॥ ੧॥

www.sikhbookclub.com

ਅਸੀਂ ਵੀ ਨਹੀਂ ਸੀ, ਤੁਸੀਂ ਵੀ ਨਹੀਂ ਸੀ, ਉਸ ਵੇਲੇ ਕੌਣ ਕੋਈ ਕਿਸ ਜਗ੍ਹਾਂ ਤੋਂ ਆਇਆ ਸੀ।

ਰਾਮ ਕੋਇ ਨ ਕਿਸ ਹੀ ਕੇਰਾ ॥

ਰਾਮ=ਹੇ ਭਾਈ ! ਬਿਨਾਂ ਪਰਮਾਤਮਾ ਦੇ ਕੋਈ ਕਿਸੀ ਦਾ ਸਹਾਇਕ ਨਹੀਂ ਹੈ।

ਯਥਾ:- ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥

ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥ ੧ ॥ *(ਜੈਤਸਰੀ ਮ: ੫, ਪੰਨਾ ੭੦੦)*

ਜੈਸੇ ਤਰਵਰਿ ਪੰਖਿ ਬਸੇਰਾ ॥ ੧ ॥ ਰਹਾਉ ॥

ਮਾਤਾ, ਪਿਤਾ, ਭੈਣ, ਭਰਾ ਆਦਿਕ ਸੰਬੰਧੀਆਂ ਦਾ ਮਿਲਾਪ ਇਸ ਤਰ੍ਹਾਂ ਹੈ, ਜਿਵੇਂ ਰਾਤ ਨੂੰ ਬ੍ਰਿੱਛ ਉੱਪਰ ਪੰਛੀਆਂ ਦਾ ਨਿਵਾਸ ਹੁੰਦਾ ਹੈ। ਜਿਸ ਵੇਲੇ ਦਿਨ ਚੜ੍ਹਦਾ ਹੈ ਤਾਂ ਸਭ ਪੰਖੀ ਉੱਡ ਕੇ ਚਲੇ ਜਾਂਦੇ ਹਨ॥ ੧ ॥ਰਹਾਉ ॥

ਯਥਾ:- ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥

ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥ ੧ ॥

(ਮਾਰੂ ਮ: ੫, ਪੰਨਾ ੧੦੧੯)

ਕਿਸੇ ਨੇ ਕਿਹਾ ਜੀ ! ਸਭ ਤੋਂ ਪਹਿਲਾਂ ਕਰਮ ਸਨ? ਇਹ ਗੱਲ ਸੁਣ ਕੇ ਨਾਮਦੇਵ ਜੀ ਆਖਦੇ ਹਨ-

ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥

ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਚੰਦ੍ਰਮਾਂ ਤੇ ਸੂਰਜ ਬਣਾਏ ਜਾਂਦੇ ਹਨ, ਪਰ ਜਿਸ ਵੇਲੇ ਚੰਦ੍ਰਮਾਂ ਭੀ ਨਹੀਂ ਹੈ ਸੀ, ਸੂਰਜ ਵੀ ਉਦੇ ਨਹੀਂ ਸੀ ਹੋਇਆ ਅਤੇ ਪੌਣ, ਪਾਣੀ ਆਦਿਕ ਪੰਜਾਂ ਤੱਤਾਂ ਦਾ ਆਪਸ ਵਿਚ ਮਿਲਾਪ ਵੀ ਨਹੀਂ ਸੀ ਹੋਇਆ, ਜਿਨ੍ਹਾਂ ਤੱਤਾਂ ਤੋ ਸਾਰੀ ਸ੍ਰਿਸ਼ਟੀ ਪੈਦਾ ਹੁੰਦੀ ਹੈ।

ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥ ੨ ॥

ਪੁਨਾ:- ਸ਼ਾਸਤ੍ਰਾਂ ਦੀ ਰਚਨਾ ਕਰਨ ਵਾਲੇ ਰਿਖੀਆਂ ਦੇ ਸਰੀਰ ਬਿਨਾਂ, ਸ਼ਾਸਤ੍ਰ ਭੀ ਕੋਈ ਨਹੀਂ ਸੀ ਅਤੇ ਬੇਦ ਵੀ ਨਹੀਂ ਰਚਿਆ ਹੋਇਆ ਸੀ, ਉਸ ਵੇਲੇ ਭਲਾ ਕਰਮ ਕਿਸ ਜਗ੍ਹਾਂ ਤੋਂ ਆ ਗਿਆ ? ਕਿਉਂਕਿ ਕਰਮਾਂ ਨੂੰ ਤਾਂ ਬੇਦਾਂ ਨੇ ਹੀ ਦੱਸਣਾ ਸੀ, ਜੇਕਰ ਬੇਦ ਆਪ ਨਹੀਂ ਸਨ, ਤਾਂ ਕਰਮ ਕਿੱਥੋਂ ਆ ਗਏ, ਭਾਂਵ ਕਰਮ ਭੀ ਨਹੀਂ ਸਨ। ਕੇਵਲ ਉਸ ਵੇਲੇ ਇੱਕ ਪਰਮਾਤਮਾ ਹੀ ਸੀ॥ ੨ ॥

ਪ੍ਰਸ਼ਨ- ਉਸ ਪਰਮੇਸ਼ਰ ਦੀ ਪ੍ਰਾਪਤੀ ਮੁੰਦ੍ਰਾਂ ਪਹਿਰਨ ਨਾਲ ਹੁੰਦੀ ਹੈ ਜਾਂ ਕਿ ਤੁਲਸੀ ਦੀ ਮਾਲਾ ਫੇਰਨ ਨਾਲ ਹੁੰਦੀ ਹੈ? ਤਾਂ ਨਾਮਦੇਵ ਜੀ ਨੇ ਕਿਹਾ-

ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥

*ਖੇਚਰੀ, ਭੂਚਰੀ, ਚਾਚਰੀ, ਉਨਮਨੀ, ਅਗੋਚਰੀ ਇਨ੍ਹਾਂ ਮੁੰਦ੍ਰਾ ਦੇ ਪਹਿਰਨ ਨਾਲ ਅਤੇ ਤੁਲਸੀ ਦੀ ਮਾਲਾ

**ਖੇਚਰੀ=ਸ੍ਵਾਸਾਂ ਦਾ ਉੱਤੇ ਚਾੜ੍ਹਣਾ, ਭੂਚਰੀ=ਸ੍ਵਾਸਾਂ ਦਾ ਠਹਿਰਾਵਣਾ, ਚਾਚਰੀ=ਸ੍ਵਾਸਾਂ ਦਾ ਉਤਾਰਣਾ, ਉਨਮਨੀ= ਭੌਹਾਂ ਨੂੰ ਉੱਪਰ ਵੱਲ ਖਿੱਚ ਕੇ ਨੱਕ ਦੀ ਨੋਕ ਉੱਤੇ ਨਜ਼ਰ ਟਿਕਾਣੀ। ਅਗੋਚਰੀ=ਇੰਦ੍ਰੀਆਂ ਦੇ ਵਿਸ਼ੇ ਤੋਂ ਰਹਿਤ ਸੁੰਨ ਅਵਸਥਾ ਦਾ ਨਾਮ ਅਗੋਚਰੀ ਹੈ।*

ਫੇਰਨ ਨਾਲ ਉਸ ਦੀ ਪ੍ਰਾਪਤੀ ਨਹੀਂ ਹੁੰਦੀ।

ਪ੍ਰਸ਼ਨ- ਉਸ ਦੀ ਪ੍ਰਾਪਤੀ ਫਿਰ ਕਿਸ ਪ੍ਰਕਾਰ ਹੋਵੇ?

ਉੱਤਰ- ਖੇX=ਅਕਾਸ਼ ਦੇ ਵਿਚ ਵਿਚਰਨ ਵਾਲੇ ਜੋ ਦੇਵਤਾ ਅਤੇ ਤਾਰਾ-ਗਣ ਹਨ ਅਤੇ ਭੂ ਏਕਸ ਚਰ=ਪ੍ਰਿਥਵੀ ਉੱਪਰ ਵਿੱਚਰਨ ਵਾਲੇ ਜੋ ਜੀਵ ਹਨ, ਇਨ੍ਹਾਂ ਸਭ ਜੀਵਾਂ ਦੀ ਮਾਲਾ=ਪੰਗਤੀ ਵਿਚ, ਜੋ ਪਰਮਾਤਮਾ ਤੁਲਸੀ=ਤੁਲXਅਸੀ=ਇੱਕ ਬਰਾਬਰ ਹੈ, ਉਹ ਗੁਰਾਂ ਦੀ ਕਿਰਪਾ ਨਾਲ ਪਾਇਆ ਜਾਂਦਾ ਹੈ।

ਇਸ ਤੁਕ ਦਾ ਅਰਥ ਇਉਂ ਭੀ ਲਾਉਂਦੇ ਹਨ—

ਕਿ ਪਰਮੇਸ਼ਰ ਦੀ ਪ੍ਰਾਪਤੀ ਦਾ ਮੂਲ ਸਾਧਨ ਗੁਰਾਂ ਦੀ ਕਿਰਪਾ ਹੈ। ਕੇਵਲ ਯੋਗ ਦੀ ਮੁੰਦ੍ਰਾ ਅਤੇ ਤੁਲਸੀ ਦੀ ਮਾਲਾ ਕਰਕੇ ਉਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਖੇਚਰ ਭੂਚਰ=ਜਿਨ੍ਹਾਂ ਪੁਰਸ਼ਾਂ ਨੇ ਪਰਮੇਸ਼ਰ ਪ੍ਰਾਪਤੀ ਵਾਸਤੇ ਖੇਚਰੀ ਭੂਚਰੀ, ਆਦਿ ਮੁੰਦ੍ਰਾ ਧਾਰਨ ਕੀਤੀ ਹੈ, ਪੁਨਾ ਤੁਲਸੀ ਦੀ ਮਾਲਾ ਪਹਿਰੀ ਹੈ, ਉਨ੍ਹਾਂ ਨੇ ਭੀ ਪਰਮਾਤਮਾ ਨੂੰ ਗੁਰਾਂ ਦੀ ਕਿਰਪਾ ਨਾਲ ਹੀ ਪਾਇਆ ਹੈ।

ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥ ੩ ॥ ੩ ॥

ਨਾਮਦੇਵ ਜੀ ਪ੍ਰਣਵੈ=ਉਚਾਰਦੇ ਹਨ— ਜੇਕਰ ਸਤਿਗੁਰ ਹੋਇ=ਪੂਰਨ ਸਤਿਗੁਰ ਦੇਵ ਜੀ ਪ੍ਰਾਪਤ ਹੋਣ, ਤਾਂ ਸਭ ਵੇਦਾਂ, ਸ਼ਾਸਤ੍ਰਾਂ ਦਾ ਪਰਮ ਤਤੁ=ਸਿਧਾਂਤ ਰੂਪ ਪਰਮਾਤਮਾ ਜਾਣਿਆਂ ਜਾਂਦਾ ਹੈ॥ ੩ ॥ ੩ ॥

ਰਾਮਕਲੀ ਘਰੁ ੨ ॥

ਉਥਾਨਕਾ:- ਕੋਈ ਪਖੰਡੀ, ਭੇਖਧਾਰੀ ਪੁਰਸ਼ ਨਾਮਦੇਵ ਜੀ ਦੇ ਪਾਸ ਆ ਕੇ ਬਾਹਜ ਸਾਧਨਾਂ ਦੀ ਪਰੋੜ੍ਹਤਾ ਕਰਨ ਲੱਗਾ, ਤਾਂ ਉਸ ਪ੍ਰਤੀ ਨਾਮਦੇਵ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਨਾਮ ਤੁੱਲ ਹੋਰ ਕੋਈ ਸਾਧਨ ਨਹੀਂ ਹੈ।

(ਪਹਿਲੇ ਰਹਾਉ ਦੀਆਂ ਤੁਕਾਂ ਦਾ ਅਰਥ ਕਰਨਾ-)

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥

ਹੇ ਪਖੰਡੀ ! (ਬਾਹਜ) ਬਾਹਰਲੇ ਕਰਮਾਂ ਦਾ ਕਰਨਾ ਛੱਡ ਦੇ, ਮਨ ਵਿਚ ਕੋਈ ਭੀ ਕਪਟ ਨਾ ਕਰ।

ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥

ਨਿਤ ਨਿਤਹਿ=ਨਿਤਾਪ੍ਰਤੀ ਹਰੀ ਦਾ ਨਾਮ ਮੁਖ ਨਾਲ ਲੈਣਾ ਕਰ ਕਿਉਂਕਿ ਨਾਮ ਦੇ ਤੁੱਲ ਹੋਰ ਕੋਈ ਸਾਧਨ ਨਹੀਂ।

ਯਥਾ:- ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥

(ਗਉੜੀ ਸੁਖਮਨੀ ਮ:੫, ਪੰਨਾ ੨੬੫)

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ
ਅਗਨਿ ਦਹੈ ਕਾਇਆ ਕਲਪੁ ਕੀਜੈ॥

ਚਾਹੇ ਬਾਨਾਰਸੀ=ਕਾਂਸ਼ੀ ਵਿਚ ਜਾ ਕੇ ਸਿਰ ਥੱਲੇ ਪੈਰ ਉਪਰ ਇਸ ਤਰ੍ਹਾਂ ਉਲਟਾ ਹੋ ਕੇ ਤਪ ਕਰੇ, ਚਾਹੇ ਫਲਦਾਇਕ ਕਾਂਸ਼ੀ ਕੁਰਛੇਤਰ ਆਦਿ ਤੀਰਥਾਂ ਉੱਪਰ ਜਾ ਕੇ ਮਰ ਜਾਵੇ,

www.sikhbookclub.com

ਵਾ:- ਕਾਂਸ਼ੀ ਵਿੱਚ ਤਪ ਕਰੇ-ਉਲਟਿ ਤੀਰਥ ਮਰੈ=ਕਾਹਕਾ* ਦੀਵਾਰ 'ਤੇ ਚੜ੍ਹ ਕੇ ਉਲਟਾ ਹੋ ਕੇ ਮਰ ਜਾਵੇ, ਚਾਹੇ-ਅਗਨਿ X ਅਗਨਿ ਦਹੈ=ਚਾਰੇ ਪਾਸੇ, ਚਾਰ ਧੂਣੀਆਂ ਬਾਲ ਕੇ ਅਤੇ ਇੱਕ ਸੂਰਜ ਇਨ੍ਹਾਂ ਪੰਜਾਂ ਅਗਨੀਆਂ ਨਾਲ ਤਨ ਨੂੰ ਸਾੜਨਾ ਕਰੇ, ਭਾਵ ਪੰਜ ਧੂਣੀਆਂ ਤਪਾਵੇ, ਚਾਹੇ-ਕਾਇਆ ਕਲਪੁ ਕੀਜੈ=ਦਸਮ ਦੁਆਰ ਵਿਚ ਸ੍ਵਾਸਾਂ ਨੂੰ ਚਾੜ੍ਹ ਕੇ ਆਪਣੀ ਕਾਇਆ=ਦੇਹ ਨੂੰ, ਕਲਪ=ਬ੍ਰਹਮਾ ਦੇ ਦਿਨ ਤੱਕ ਅਮਰ ਕਰ ਲੇਵੇ,

ਵਾ:- ਦਵਾਈਆ ਬੂਟੀਆਂ ਖਵਾ ਕੇ, ਚਾਹੇ ਦੇਹ ਨੂੰ ਕਲਪ ਪ੍ਰਯੰਤ ਕਰ ਲੇਵੇ।

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ॥ ੧ ॥

ਚਾਹੇ, ਸ੍ਵਰਗ ਦੀ ਪ੍ਰਾਪਤੀ ਵਾਸਤੇ ਘੋੜੇ ਨੂੰ ਹਵਨ ਕਰਕੇ ਅਸੁਮੇਧ ਯੱਗ ਕਰ ਲੇਵੇ, ਚਾਹੇ ਪੇਠਾ ਆਦਿਕਾਂ ਵਿਚ ਪਾ ਕੇ ਗਰਭ=ਗੁਪਤ ਸੋਨਾ ਦਾਨ ਦੇਵੇ ਤਾਂ ਭੀ ਰਾਮ ਨਾਮ ਦੇ ਸਰਿ=ਸਦਰਸ ਕੋਈ ਸਾਧਨ ਨਹੀਂ ਪੁੱਜਦਾ॥ ੧ ॥

ਹੋਰ ਸਾਧਨਾਂ ਨਾਲੋਂ ਨਾਮ ਦੀ ਵਿਸ਼ੇਸ਼ਤਾ ਉੱਪਰ ਸਾਖੀ

ਇੱਕ ਸਮੇਂ ਦਾ ਜ਼ਿਕਰ ਹੈ ਕਿ- ਜਿਸ ਸ਼ਹਿਰ ਵਿਚ ਭਗਤ ਨਾਮਦੇਵ ਜੀ ਰਹਿੰਦੇ ਸਨ। ਉਸੇ ਸ਼ਹਿਰ ਦੇ ਵਸਨੀਕ ਇੱਕ ਸ਼ਾਹੂਕਾਰ ਨੇ ਬ੍ਰਾਹਮਣਾਂ ਦੀ ਪ੍ਰੇਰਨਾ ਅਨੁਸਾਰ ਇੱਕ ਬੜਾ ਭਾਰੀ ਯੱਗ ਕੀਤਾ। ਸ਼ਾਹੂਕਾਰ ਨੇ ਸਾਰੇ ਸੰਤਾਂ, ਮਹੰਤਾਂ, ਸਾਧੂਆਂ ਤੇ ਭਗਤਾਂ ਨੂੰ ਭੋਜਨ ਦਾ ਨਿਮੰਤ੍ਰਣ ਦਿੱਤਾ। ਹੋਰ ਸਾਰੇ ਪਹੁੰਚ ਗਏ ਪਰ ਭਗਤ ਨਾਮਦੇਵ ਜੀ ਨਾ ਗਏ। ਸ਼ਾਹੂਕਾਰ ਨੇ ਭਗਤ ਜੀ ਨੂੰ ਸੱਦ ਕੇ ਯੱਗ ਵਿਚ ਨਾ ਆਉਣ ਦਾ ਕਾਰਨ ਪੁੱਛਿਆ, ਤਾਂ ਭਗਤ ਜੀ ਨੇ ਕਿਹਾ ਕਿ ਅਸਾਡਾ ਭੋਜਨ ਤੁਹਾਡੇ ਪਾਸੋਂ ਤਿਆਰ ਨਹੀਂ ਹੋ ਸਕਦਾ। ਇਸ ਕਰਕੇ ਅਸੀਂ ਆਣ ਕੇ ਕਿਹੜੀ ਵਸਤੂ ਛਕਦੇ? ਸ਼ਾਹੂਕ਼ਾਰ ਨੇ ਕਿਹਾ, ਤੁਸੀਂ ਜਿਹੜੀ ਵਸਤੂ ਆਖੋ ਮੈਂ ਓਹੀ ਤਿਆਰ ਕਰਵਾ ਦੇਂਦਾ ਹਾਂ।

ਭਗਤ ਜੀ ਨੇ ਤੁਲਸੀ ਦਾ ਇੱਕ ਪੱਤਾ ਲੈ ਕੇ ਉਸ ਉੱਪਰ **'ਰ'** ਅੱਖਰ ਲਿਖ ਦਿੱਤਾ ਅਤੇ ਸ਼ਾਹੂਕਾਰ ਨੂੰ ਕਿਹਾ ਕਿ ਜਿਹੜੀ ਚੀਜ਼ ਤੋਲ ਵਿਚ ਇਸ ਦੇ ਬਰਾਬਰ ਹੋਵੇ, ਜੇਕਰ ਉਸ ਚੀਜ਼ ਦਾ ਭੋਜਨ ਤਿਆਰ ਹੋਵੇਗਾ ਤਾਂ ਅਸੀਂ ਛਕਾਂਗੇ। ਸ਼ਾਹੂਕਾਰ ਨੇ ਸਮਝਿਆ ਭਗਤ ਭੋਲਾ ਹੈ, ਨਹੀਂ ਤਾਂ ਇਹ ਕਿਹੜੀ ਚੀਜ਼ ਹੈ, ਜਿਸ ਦੇ ਤੋਲ ਬਰਾਬਰ ਇਸ ਨੇ ਮੰਗ ਮੰਗੀ ਹੈ।

ਸ਼ਾਹੂਕਾਰ ਨੇ ਕੰਡੀ ਦੇ ਇੱਕ ਪਾਸੇ ਉਹ ਤੁਲਸੀ (ਦਲ) ਰੱਖ ਦਿੱਤਾ ਅਤੇ ਦੂਜੇ ਪਾਸ ਥੋੜ੍ਹਾ ਜਿਹਾ ਪਦਾਰਥ ਰੱਖਿਆ ਪਰ ਜਦ ਕੰਡੀ ਨੂੰ ਉੱਚੀ ਕਰਕੇ ਵੇਖਿਆ, ਤਾਂ **'ਰ'** ਅੱਖਰ ਵਾਲਾ ਪਾਸਾ ਜ਼ਮੀਨ ਤੋਂ ਉੱਠਿਆ ਹੀ ਨਾ ਅਤੇ ਪਦਾਰਥ ਵਾਲਾ ਕੰਡੀ ਦਾ ਪਾਸਾ ਉੱਚਾ ਚੜ੍ਹ ਗਿਆ। ਇਹ ਵੇਖ ਕੇ ਸ਼ਾਹੂਕਾਰ ਬੜਾ ਹੈਰਾਨ ਹੋ ਗਿਆ ਅਤੇ ਵੱਡਾ ਭੱਕੜ ਮੰਗਵਾ ਕੇ ਇੱਕ ਪਾਸੇ ਉਹ 'ਰ' ਅੱਖਰ ਵਾਲਾ ਤੁਲਸੀ ਦਲ ਰੱਖ ਦਿੱਤਾ ਅਤੇ ਦੂਸਰੇ ਪਾਸੇ ਪਦਾਰਥ ਰੱਖਣੇ ਸ਼ੁਰੂ ਕਰ ਦਿੱਤੇ, ਇੱਥੋਂ ਤੱਕ ਕਿ ਉਸ ਦੇ ਘਰ ਸਭ ਗਹਿਣੇ ਤੇ ਨਕਦੀ ਮਾਲ ਧਨ ਖਤਮ ਹੋ ਗਏ ਪਰ **'ਰ'** ਅੱਖਰ ਵਾਲਾ ਪਾਸਾ ਜ਼ਮੀਨ ਤੋਂ ਨਾ ਉਠਿਆ। ਆਖਰਕਾਰ ਸ਼ਾਹੂਕਾਰ ਹਾਰ ਕੇ ਭਗਤ ਨਾਮਦੇਵ ਜੀ ਦੇ ਪੈਰੀਂ ਪੈ ਗਿਆ ਅਤੇ ਖਿਮਾ ਮੰਗੀ। ਉਪ੍ਰੰਤ ਦੋ ਹੱਥ ਜੋੜ ਕੇ ਬੇਨਤੀ ਕੀਤੀ ਕਿ

*ਕਈ ਗਿਆਨੀ ਉਸ ਦੀਵਾਰ ਦਾ ਨਾਂ 'ਕਹਿ ਕਲਾ' ਤਥਾ ਕਹਿਕਹਾ ਦੀਵਾਰ ਵੀ ਕਹਿੰਦੇ ਹਨ, ਰਹੋ ਵੀਚਾਰ।

ਹੇ ਭਗਤ ਜੀ ! ਹੁਣ ਆਪ ਹੀ ਕਿਰਪਾ ਕਰਕੇ ਉਹ ਚੀਜ਼ ਦੱਸੋ ਜਿਹੜੀ ਇਸ **'ਰ'** ਅੱਖਰ ਦੇ ਬਰਾਬਰ ਹੋਵੇ। ਤਾਂ ਭਗਤ ਜੀ ਨੇ ਸ਼ਾਹੂਕਾਰ ਦੀ ਇਹ ਬੇਨਤੀ ਪ੍ਰਵਾਨ ਕਰਕੇ ਤੱਕੜ ਵਿੱਚੋਂ ਸਾਰੇ ਪਦਾਰਥ ਕਢਵਾ ਦਿੱਤੇ ਅਤੇ ਤੁਲਸੀ ਦਾ ਇੱਕ ਹੋਰ ਪੱਤਰ ਲੈ ਕੇ ਉਸ ਉਪਰ **'ਮ'** ਅੱਖਰ ਲਿਖ ਕੇ ਤੱਕੜ ਵਿਚ ਸਾਰੇ ਪਦਾਰਥਾਂ ਦੀ ਥਾਂ ਰੱਖ ਦਿੱਤਾ। ਜਿਸ ਨਾਲ ਇਹ ਹੋਇਆ ਕਿ **'ਰ'** ਅਤੇ **'ਮ'** ਵਾਲੇ ਦੋਵੇਂ ਛਾਬੇ ਬਰਾਬਰ ਹੋ ਗਏ। ਇਸ ਅਲੌਕਿਕ ਕੌਤਕ ਨੂੰ ਵੇਖ ਕੇ ਸ਼ਾਹੂਕਾਰ ਤੇ ਹੋਰ ਦਰਸ਼ਕ ਬੜੇ ਹੈਰਾਨ ਹੋਏ, ਭਗਤ ਜੀ ਕਹਿਣ ਲਗੇ ਬਸ ਅਸਾਡਾ ਇਹੋ ਭੋਜਨ ਹੈ, ਅਸੀਂ ਇਸ ਨਾਮ ਰੂਪ ਭੋਜਨ ਨੂੰ ਹੀ ਛਕਦੇ ਹਾਂ, ਹੋਰ ਪਦਾਰਥ ਇਸ "ਰਾਮ" ਨਾਮ ਦੇ ਤੁੱਲ ਨਹੀਂ ਪੁੱਜ ਸਕਦੇ।

ਯਥਾ:- ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥ ਪ੍ਰਾਗ ਇਸਨਾਨੇ॥ ੧॥

ਤਉ ਨ ਪੁਜਹਿ ਹਰਿ ਕੀਰਤਿ ਨਾਮਾ॥ *(ਗੌਂਡ ਨਾਮਦੇਵ ਜੀ, ਪੰਨਾ ੮੭੩)*

ਤਥਾ:- ਨਾਮ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਪਾਵੈ ਜਨੁ ਕੋਇ॥ ੮॥ ੨॥

(ਗਉੜੀ ਸੁਖਮਨੀ ਮ: ੫, ਪੰਨਾ ੨੬੫)

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥ ੧॥ ਰਹਾਉ॥

ਹੇ ਪਖੰਡੀ ! ਬਾਹਰਲੇ ਕਰਮ ਕਰਨੇ ਛੱਡ ਦੇ ਛੱਡ ਦੇ, ਮਨ ਵਿਚ ਕਿਸੇ ਕਿਸਮ ਦਾ ਕਪਟ ਨਾ ਕਰ ਅਤੇ ਨਿੱਤ ਰੂਪ ਹਰੀ ਦਾ ਨਾਮ ਨਿਤਾਪ੍ਰਤੀ ਲੈਣਾ ਕਰ, ਭਾਵ ਜਪਣਾ ਕਰ॥ ੧॥ ਰਹਾਉ॥

ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ
ਗੋਮਤੀ ਸਹਸ ਗਊ ਦਾਨੁ ਕੀਜੈ॥

ਭਾਵੇਂ ਅਧਿਕ ਮਹਾਤਮ ਸਮਝ ਕੇ ਗੰਗਾ, ਪ੍ਰਾਗਰਾਜ, ਉਜੈਨ ਗੁਦਾਵਰੀ ਦੇ ਕੁੰਭ ਸਮੇਂ ਜਾ ਕੇ ਇਸ਼ਨਾਨ ਕਰੇ, ਚਾਹੇ ਕੇਦਾਰ ਨਾਥ ਤੀਰਥ 'ਤੇ ਜਾ ਕੇ ਇਸ਼ਨਾਨ ਕਰ ਲੇਵੇ ਅਤੇ ਗੋਮਤੀ ਨਦੀ ਉੱਪਰ ਇਸ਼ਨਾਨ ਕਰਕੇ ਸਹਸ=ਹਜ਼ਾਰਾਂ ਗਊਆਂ ਦਾਨ ਕਰ ਦੇਵੇ।

ਯਥਾ:- ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥

ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ॥ *(ਸਿਰੀ ਰਾਗੁ ਮ: ੧, ਪੰਨਾ ੬੩)*

ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਉ ਨ ਪੂਜੈ॥ ੨॥

ਚਾਹੇ ਕਰੋੜਾਂ ਤੀਰਥ ਯਾਤਰਾ ਕਰ ਲੇਵੇ, ਚਾਹੇ ਸਰੀਰ ਨੂੰ ਹਿਵਾਲੇ=ਹਿਮਾਲੇ ਪਹਾੜ ਵਿਚ ਪਾਂਡਵਾਂ ਵਾਂਗੂ ਗਾਰੈ=ਗਾਲ ਦੇਵੇ, ਇਤਨੇ ਸਾਧਨ ਭੀ ਕਰ ਲੇਵੇ ਤਾਂ ਭੀ ਰਾਮ ਨਾਮ ਦੇ ਸਦੱਰਸ਼ ਨਹੀਂ ਪੁੱਜਦੇ।

ਯਥਾ:- ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥

ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥

ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕ ਵਜਾਇ॥ ੩॥

(ਸਿਰੀ ਰਾਗੁ ਮ: ੧, ਪੰਨਾ ੬੨)

ਤਥਾ:- ਸਭਿ ਤੀਰਥ ਬਰਤ ਜਗ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ॥
ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੂਜੈ ਨ ਤੋਲ ਤੁਲੀਜੈ॥

(ਕਲਿਆਨ ਮ: ੪, ਪੰਨਾ ੧੩੨੫)

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ
ਐਸੋ ਦਾਨੁ ਨਿਤ ਨਿਤਹਿ ਕੀਜੈ॥

ਭਾਵੇਂ, ਅਸੁ=ਘੋੜਾ ਦਾਨ ਕਰ ਦੇਵੇ, ਚਾਹੇ ਗਜ=ਹਾਥੀ ਦਾਨ ਕਰ ਦੇਵੇ, ਚਾਹੇ ਸਿਹਜਾ ਦਾਨ ਕਰ ਦੇਵੇ।

(ਜਿਵੇਂ ਸਲੇਮ ਬਾਦਸ਼ਾਹ ਨੇ ਨਾਮਦੇਵ ਨੂੰ ਬੜੀ ਸੁੰਦਰ ਸਿਹਜਾ ਦਾਨ ਕੀਤੀ ਸੀ ਕਿਉਂਕਿ ਰਾਜੇ ਲੋਕ ਸਿਹਜਾ ਆਦਿਕ ਬਹੁਤ ਹੀ ਦਾਨ ਕਰਦੇ ਹਨ।)

ਚਾਹੇ ਇਸਤ੍ਰੀ ਦਾਨ ਕਰ ਦੇਵੇ।

ਜਿਵੇਂ ਕੁਰਛੇਤ੍ਰ ਵਿਚ ਬ੍ਰਾਹਮਣਾਂ ਨੂੰ ਔਰਤ ਦਾਨ ਕਰਕੇ ਫਿਰ ਉਸ ਦੇ ਬਦਲੇ ਧਨ ਦੇ ਕੇ ਲੈ ਲੈਂਦੇ ਹਨ, ਕਿਉਂਕਿ ਉਥੋਂ ਦੇ ਰਿਵਾਜ਼ ਹੀ ਏਸੇ ਤਰ੍ਹਾਂ ਦੇ ਹਨ,

ਵਾ:- ਇਕੱਠੇ ਅੱਖਰ ਲਗਾਓ- ਚਾਹੇ ਸਿਹਜਾ ਸਮੇਤ ਔਰਤ ਦਾਨ ਕਰ ਦੇਵੇ।

ਯਥਾ:- ਅਰਪੈ ਨਾਰਿ ਸੀਗਾਰ ਸਮੇਤਿ॥ (ਰਾਗੁ ਗੌਂਡ ਰਵਿਦਾਸ ਜੀ, ਪੰਨਾ ੮੭੫)

ਚਾਹੇ ਭੂਮਿ=ਪ੍ਰਿਥਵੀ ਦਾਨ ਕਰ ਦੇਵੇ। ਇਸ ਤਰ੍ਹਾਂ ਦੇ ਦਾਨ ਚਾਹੇ ਨਿਤਾਪ੍ਰਤੀ ਕਰਦਾ ਰਹੇ।

ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ
ਰਾਮ ਨਾਮ ਸਰਿ ਤਉ ਨ ਪੂਜੈ॥ ੩॥

ਚਾਹੇ ਆਤਮ=ਮਿਥਿਆ ਸਰੀਰ ਨੂੰ ਕਿਤਨਾ ਹੀ ਨਿਰਮਾਇਲੁ=ਸ਼ੁੱਧ ਕਰ ਲੇਵੇ, ਚਾਹੇ ਆਪਣੇ ਨਾਲ ਬਰਾਬਰ ਤੋਲ ਕੇ ਸੋਨਾ ਦਾਨ ਦੇਵੇ, ਤਾਂ ਭੀ ਰਾਮ ਨਾਮ ਦੇ ਸਿਮਰਨ ਤੁੱਲ ਨਹੀਂ ਪੂਜਦੇ॥ ੩॥

ਇਸੇ ਆਸ਼ੇ ਉੱਪਰ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਵਿਚ ਲਿਖਿਆ ਹੈ—

ਯਥਾ:- ਸਲੋਕੁ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ੧॥
ਅਸਟਪਟੀ॥ ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵ੍ਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ ੧॥
ਨਉ ਖੰਡ ਪ੍ਰਿਥਮੀ ਫਿਰੇ ਚਿਰੁ ਜੀਵੈ॥ ਮਹਾ ਉਦਾਸੁ ਤਪੀਸਰੁ ਥੀਵੈ॥

ਅਗਨਿ ਮਾਹਿ ਹੋਮਤ ਪਰਾਨ॥ ਕਨਿਕ ਅਸੂ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥ ੨ ॥

(ਗਉੜੀ ਸੁਖਮਨੀ ਮਹਲਾ ੫, ਪੰਨਾ ੨੬੫)

ਤਥਾ:- ਕੰਚਨਾ ਬਹੁ ਦਤ ਕਰਾ॥ ਭੂਮਿ ਦਾਨੁ ਅਰਪਿ ਧਰਾ॥
ਮਨ ਅਨਿਕ ਸੋਚ ਪਵਿਤ੍ਰ ਕਰਤ॥ ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ॥ ੧ ॥ ਰਹਾਉ॥
ਚਾਰਿ ਬੇਦ ਜਿਹਵ ਭਨੇ॥ ਦਸ ਅਸਟ ਖਸਟ ਸ੍ਰਵਨ ਸੁਨੇ॥
ਨਹੀ ਤੁਲਿ ਗੋਬਿਦ ਨਾਮ ਧੁਨੇ॥ ਮਨ ਚਰਨ ਕਮਲ ਲਾਗੇ॥ ੧ ॥
ਬਰਤ ਸੰਧਿ ਸੋਚ ਚਾਰ॥ ਕ੍ਰਿਆ ਕੁੰਟ ਨਿਰਾਹਾਰ॥
ਅਪਰਸ ਕਰਤ ਪਾਕਸਾਰ॥ ਨਿਵਲੀ ਕਰਮ ਬਹੁ ਬਿਸਕਾਰ॥
ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ॥

(ਸਾਰਗ ਮਹਲਾ ੫, ਪੰਨਾ ੧੨੨੬)

ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ
ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ॥

ਆਪਣੇ ਮਨ ਵਿਚ ਰੋਸੁ=ਗੁੱਸਾ ਨਾ ਕਰਨਾ ਕਿ ਪਰਮੇਸ਼ਰ ਨੇ ਅਸਾਨੂੰ ਕੋਈ ਪਦਾਰਥ ਨਹੀਂ ਦਿੱਤਾ ਅਤੇ ਜਮ ਨੂੰ ਵੀ ਦੋਸ਼ ਨਾ ਦੇਣਾ ਕਿ ਤੂੰ ਐਵੇਂ ਅਸਾਨੂੰ ਫੜਨ ਲਈ ਆ ਗਿਆ ਹੈਂ। ਜੇ ਜਮ ਤੋਂ ਬਚਣਾ ਚਾਹੁੰਦੇ ਹੋ ਤਾਂ ਨਿਰਮਲ ਜੋ ਨਿਰਬਾਣ=ਬੰਧਨਾਂ ਤੋਂ ਰਹਿਤ ਆਤਮ-ਪਦ ਹੈ, ਉਸ ਨੂੰ ਚੀਨ੍ਹਿ=ਜਾਣ ਲੈਣਾ ਕਰੋ।

ਸਭ ਤੋਂ ਪਹਿਲਾਂ ਨਾਮਦੇਵ ਨੇ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ ਹੈ, ਇਸ ਕਰਕੇ ਹਰ ਆਦਮੀ ਨੂੰ ਚਾਹੀਦਾ ਹੈ, ਉਸ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਕਰੇ। ਜੇ ਨਿਰਗੁਣ ਬ੍ਰਹਮ ਦੀ ਉਪਾਸ਼ਨਾਂ ਨਾ ਹੋ ਸਕੇ ਤਾਂ ਫਿਰ ਸਰਗੁਣ ਦੀ ਕਰੇ ਤੇ ਜੇ ਸਰਗੁਣ ਦੀ ਭੀ ਉਪਾਸ਼ਨਾ ਨਾ ਹੋ ਸਕੇ ਤਾਂ ਅਵਤਾਰਾਂ ਦੀ ਉਪਾਸ਼ਨਾਂ ਕਰੇ।

ਹੁਣ ਅਵਤਾਰਾਂ ਦੀ ਉਪਾਸ਼ਨਾਂ ਦਾ ਉਪਦੇਸ਼ ਦੇਂਦੇ ਹਨ—

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ
ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥ ੪ ॥ ੪ ॥

ਪਹਿਲਾ ਅਰਥ-

ਜਸਰਥ ਰਾਇ=ਰਾਜੇ ਦਸਰਥ ਦਾ ਨੰਦੁ=ਪੁੱਤਰ ਜੋ ਰਾਜਾ ਸ੍ਰੀ ਰਾਮਚੰਦ੍ਰ ਮੇਰਾ ਸੁਆਮੀ ਹੈ।

ਨਾਮਦੇਵ ਜੀ ਕਥਨ ਕਰਦੇ ਹਨ— ਤਤੁ=ਤਿਸ ਰਾਮਚੰਦ੍ਰ ਦੇ ਨਾਮ ਰੂਪੀ ਅੰਮ੍ਰਿਤ ਰਸ ਨੂੰ ਪੀਣਾ ਕਰੋ।

ਦੂਜਾ ਅਰਥ-

ਦੂਜੇ ਅਰਥ ਵਿਚ ਸਰਗੁਣ ਦੀ ਉਪਾਸ਼ਨਾਂ ਦਾ ਉਪਦੇਸ਼ ਦੇਂਦੇ ਹਨ:-

www.sikhbookclub.com

ਜਿਸ ਤਰ੍ਹਾਂ ਰਾਜਾ ਦਸਰਥ ਅੰਤ ਨੂੰ ਪ੍ਰੇਮ ਵਿਚ ਬਿਹਬਲ ਹੋਇਆ ੨ ਇਸ ਤਰ੍ਹਾਂ ਆਖਦਾ ਸੀ, ਕਿ ਹੇ ਮੇਰੇ ਪੁੱਤਰ ! ਰਾਜਾ ਰਾਮਚੰਦ੍ਰ ! ਹੇ ਮੇਰੇ ਪੁੱਤਰ ! ਰਾਜਾ ਰਾਮਚੰਦ੍ਰ !

ਨਾਮਦੇਵ ਜੀ ਕਹਿੰਦੇ ਹਨ- ਤਜੁ=ਤਿਸ ਰਾਜੇ ਦਸਰਥ ਦੀ ਨਿਆਈਂ ਤੁਸੀਂ ਵੀ ਪ੍ਰੇਮ ਵਿਚ ਮਸਤ ਹੋ ਕੇ ਪਰਮੇਸ਼ਰ ਦੇ ਨਾਮ ਅੰਮ੍ਰਿਤ ਰਸ ਨੂੰ ਪੀਣਾ ਕਰੋ।

ਤੀਜਾ ਅਰਥ:-

ਤੀਜੇ ਅਰਥ ਵਿਚ ਹੁਣ ਇਸੇ ਪੰਗਤੀ ਦੁਆਰਾ ਨਾਮਦੇਵ ਜੀ ਉੱਤਮ ਅਧਿਕਾਰੀਆਂ ਨੂੰ ਨਿਰਗੁਣ ਬ੍ਰਹਮ ਦੀ ਉਪਾਸ਼ਨਾਂ ਦਾ ਉਪਦੇਸ਼ ਦੇਂਦੇ ਹਨ।

ਜਸਰਥ ਰਾਇ=ਰਾਜੇ ਦਸਰਥ ਦੇ ਨੰਦੁ=ਪੁੱਤਰ ਜੋ ਰਾਮਚੰਦੁ=ਸ੍ਰੀ ਰਾਮਚੰਦ੍ਰ ਜੀ ਹਨ, ਉਨ੍ਹਾਂ ਦਾ ਰਾਜਾ ਜੋ ਅਕਾਲ ਪੁਰਖ ਹੈ, ਸਾਰਿਆਂ ਵਿਖੇ ਮੇਰਾ=ਮਿਲਿਆ ਹੋਇਆ, ਭਾਵ ਵਿਆਪਕ। ਨਾਮਦੇਵ ਜੀ ਪ੍ਰਣਵੈ=ਉਚਾਰਦੇ ਹਨ—ਤਜੁ=ਤਿਸ ਪਰਮੇਸ਼ਰ ਦੇ ਨਾਮ ਅੰਮ੍ਰਿਤ ਰਸ ਨੂੰ ਪੀਣਾ ਕਰੋ॥ ੪॥ ੪॥

ਰਾਮਕਲੀ ਬਾਣੀ ਰਵਿਦਾਸ ਜੀ ਕੀ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:- ਭਗਤ ਰਵਿਦਾਸ ਜੀ ਪਾਸ ਕਿਸੀ ਪੰਡਤ ਨੇ ਆ ਕੇ ਬੇਨਤੀ ਕੀਤੀ, ਕਿ ਗੁਰ ਉਪਦੇਸ਼ ਤੋਂ ਬਿਨਾਂ ਆਪਣੇ ਆਪ ਪੜ੍ਹਣ ਪੜ੍ਹਾਣ ਨਾਲ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ ਕਿ ਨਹੀ ? ਤਾਂ ਭਗਤ ਰਵਿਦਾਸ ਜੀ ਉੱਤਰ ਦੇਂਦੇ ਹਨ:-

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥

ਗੁਰ ਉਪਦੇਸ਼ ਤੋਂ ਬਿਨਾਂ ਆਪਣੇ ਆਪ ਸ਼ਾਸਤ੍ਰ, ਪੁਰਾਣ ਪੜ੍ਹਣ ਕਰਕੇ ਤੇ ਗੁਨੀਐ=ਵਿਚਾਰਨ ਕਰਕੇ ਅਤੇ ਪਰਮੇਸ਼ਰ ਦੇ ਸਾਰੇ ਨਾਮ ਸੁਣਨ ਕਰਕੇ ਵੀ ਅਨਭਉ ਭਾਉ=ਗਿਆਨ ਸਰੂਪ ਪਰਮਾਤਮਾ ਨੂੰ ਵੇਖ ਨਹੀਂ ਸਕਦਾ।

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥ ੧॥

ਦ੍ਰਿਸ਼ਟਾਂਤ- ਲੋਹਾ ਧਾਤੁ ਕੰਚਨੁ ਹਿਰਨ=ਬਾਰਾਂ ਵੰਨੀਆਂ ਦਾ ਸੋਨਾ ਕਿਵੇਂ ਹੋ ਸਕਦਾ ਹੈ, ਜਦ ਤੱਕ ਪਾਰਸ ਨਾਲ ਨਾ ਛੋਹਵੇ।

ਇਸੇ ਤਰ੍ਹਾਂ ਜੀਵ ਪਰਮੇਸ਼ਰ ਰੂਪ ਕਿਵੇਂ ਹੋ ਸਕਦਾ ਹੈ, ਜਦ ਤੀਕ ਗੁਰੂ ਰੂਪ ਪਾਰਸ ਨਾਲ ਨਾ ਛੋਹਵੇ।

ਦੇਵ ਸੰਸੈ ਗਾਂਠਿ ਨ ਛੂਟੈ॥

ਹੇ ਦੇਵ=ਬ੍ਰਾਹਮਣ ! ਗੁਰਾਂ ਬਿਨਾਂ ਸੰਸੇ ਰੂਪ ਗੰਢ ਖੁਲ੍ਹ ਨਹੀਂ ਸਕਦੀ।

ਅਥਵਾ:- ਦੇਵ=ਪ੍ਰਕਾਸ਼ ਰੂਪ ਜੋ ਪਰਮਾਤਮਾ ਹੈ ਅਤੇ ਕਰਤਾ ਭੁਗਤਾ ਜੋ ਜੀਵ ਹੈ, ਇਨ੍ਹਾਂ ਦੋਹਾਂ ਵਿਚ ਜੋ ਸੰਸੇ ਰੂਪ ਗੰਢ ਹੈ, ਉਹ ਗੁਰਾਂ ਬਿਨਾਂ ਛੁਟ ਨਹੀਂ ਸਕਦੀ। ਕਿਉਂਕਿ-

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ੧॥

(ਸਿਰੀ ਰਾਗੁ ਮਹਲਾ ੧, ਪੰਨਾ ੫੯)

ਤਥਾ:- ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥
ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥
ਗੁਰੁ ਨਯਣਿ ਬਯਣਿ ਗੁਰੁ ਗੁਰੁ ਕਾਂਹੁ ਗੁਰੂ ਸਤਿ ਕਵਿ ਨਲ੍ਹ ਕਹਿ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਕਹਿ॥ ੪॥ ੮॥

(ਸਵਈਏ ਮ:੪ ਕੇ, ਪੰਨਾ ੧੩੯੯)

ਤਥਾ:- ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥ ੨॥

(ਮਾਝ ਦੀ ਵਾਰ, ਪੰਨਾ ੧੩੮)

[ਪੰਨਾ ੯੭੪]

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥ ੧॥ ਰਹਾਉ॥

ਗੁਰ ਉਪਦੇਸ਼ ਤੋਂ ਬਿਨਾਂ ਹੋਣ ਕਰਕੇ ਕਾਮ, ਕ੍ਰੋਧ, ਮਾਇਆ, ਮਦ=ਹੰਕਾਰ, ਮਤਸਰ=ਈਰਖਾ ਇਨ੍ਹਾਂ ਪੰਜਾਂ ਨੇ ਮਿਲ ਕੇ ਜੀਵ ਪਾਸੋਂ ਸ਼ੁਭ=ਗੁਣਾਂ ਰੂਪੀ ਧਨ ਲੁੱਟ ਲਿਆ ਹੈ।

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥

ਅਸੀਂ ਵੱਡੇ ਕਵੀ ਹਾਂ ਤੇ ਕੁਲੀਨ=ਸਰੇਸ਼ਟ ਉਚੀ ਕੁਲ ਵਾਲੇ ਹਾਂ।

ਢਾਈ ਘਰੇ, ਖੋਖਰਾਨ, ਬੁੰਜਾਹੀ, ਚੱਢੇ ਆਦਿਕ ਇਹ ਉਚੀਆਂ ਕੁਲਾਂ ਕਹੀਆਂ ਹਨ।

ਅਸੀਂ ਵੱਡੇ ਵਿਦਵਾਨ ਪੰਡਿਤ ਹਾਂ, ਅਸੀਂ ਜੋਗੀ ਹਾਂ ਅਤੇ ਸੰਨਿਆਸੀ ਹਾਂ।

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥ ੨॥

ਅਸੀਂ ਗਿਆਨੀ ਹਾਂ, ਗੁਨੀ=ਰਾਗੀ ਹਾਂ, ਵਾ:- ਰਸਾਇਣੀ ਹਾਂ, ਸੂਰ=ਸੂਰਬੀਰ, ਭਾਵ ਦੁਸ਼ਮਣਾਂ ਦੇ ਸਾਹਮਣੇ ਜਾ ਕੇ ਜੰਗ ਕਰਨ ਵਾਲੇ ਹਾਂ, ਅਸੀਂ ਵੱਡੇ ਦਾਤੇ ਹਾਂ।

ਯਥਾ:- ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ॥ ੨॥ (ਪੰਨਾ ੭੩੪)

ਇਹ ਹੰਗਤਾ ਵਾਲੀ ਬੁੱਧੀ ਕਦੇ ਨਾਸ ਨਹੀਂ ਹੁੰਦੀ ਤੇ ਸੰਸੇ ਕਿਸ ਤਰ੍ਹਾਂ ਦੂਰ ਹੋਣ।

ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ॥

ਰਵਿਦਾਸ ਭਗਤ ਜੀ ਕਹਿੰਦੇ ਹਨ—ਸਾਰਿਆਂ ਲੋਕਾਂ ਨੂੰ ਸਮਝਾਈਏ ਤਾਂ ਨਹੀਂ ਸਮਝਦੇ, ਸਰੂਪ ਵੱਲੋਂ ਇਸ ਤਰ੍ਹਾਂ ਭੁੱਲੇ ਹੋਏ, ਜਿਵੇਂ ਬਉਰੇ=ਝੱਲੇ ਪੁਰਸ਼ ਹੁੰਦੇ ਹਨ।

ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ॥ ੩॥ ੧॥

ਮੈਨੂੰ ਸਿਰਫ ਨਾਰਾਇਣ ਦੇ ਨਾਮ ਦਾ ਅਧਾਰ=ਆਸਰਾ ਹੈ ਅਤੇ ਮੇਰੇ ਜੀਵਣੇ ਦਾ ਪ੍ਰਾਣਾਂ ਰੂਪੀ ਧਨ ਵੀ ਨਾਮ ਹੀ ਹੈ॥ ੩॥ ੧॥

ਰਾਮਕਲੀ ਬਾਣੀ ਬੇਣੀ ਜੀਉ ਕੀ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:- ਭਗਤ ਬੇਣੀ ਜੀ ਪਾਸ ਇੱਕ ਸੇਵਕ ਨੇ ਬੇਨਤੀ ਕੀਤੀ, ਕਿ- ਪਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਕਿਹੜਾ ਹੈ? *ਉੱਤਰ-* ਉਸ ਦੀ ਪ੍ਰਾਪਤੀ ਦੇ ਦੋ ਰਾਹ ਹਨ—

ਇੱਕ ਹੱਠ ਜੋਗ, ਦੂਜਾ ਭਗਤੀ ਜੋਗ। ਫਿਰ ਸੇਵਕ ਨੇ ਬੇਨਤੀ ਕੀਤੀ- ਕਿ

ਦੇਵ ਸਥਾਨੈ ਕਿਆ ਨੀਸਾਣੀ॥

ਦੇਵ ਸਥਾਨੈ=ਦਸਮ ਦੁਆਰ ਦੀ ਨਿਸ਼ਾਨੀ ਕੀ ਹੈ? *ਉੱਤਰ-*

ਤਹ ਬਾਜੇ ਸਬਦ ਅਨਾਹਦ ਬਾਣੀ॥

ਤਹ=ਤਿਸ ਦਸਮ ਦੁਆਰ ਵਿਚ ਅਨਾਹਦ=ਇੱਕ ਰਸ, ਬਾਜੇ ਸਬਦ=ਤੁਤ ਤੰਤੀ ਆਦਿਕ ਵਾਜੇ ਵੱਜ ਰਹੇ ਹਨ, ਇਹ ਉਥੋਂ ਦੀ ਬਾਣੀ=ਖੋ ਹੈ,

ਵਾ:- ਬੇਦ ਬਾਣੀ ਇਸ ਗੱਲ ਨੂੰ ਕਥਨ ਕਰਦੀ ਹੈ।

ਹੁਣ ਆਦਿ ਤੋਂ ਅਰਥ ਸ਼ੁਰੂ ਕਰਨਾ-

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥

ਇੜਾ=ਸੱਜੀ ਸੁਰ ਚੰਦ੍ਰਮਾ ਦੀ, ਪਿੰਗੁਲਾ=ਖੱਬੀ ਸੁਰ ਸੂਰਜ ਦੀ ਅਤੇ ਸੁਖਮਨਾ=ਸੰਮ ਸੁਰ, ਇਹ ਤਿੰਨੇ ਸੁਰਾਂ ਇਕ ਦਸਮ ਦੁਆਰ ਰੂਪੀ ਠਾਈ=ਜਗ੍ਹਾ ਵਿੱਚ ਵਸ ਰਹੀਆਂ ਹਨ, ਪਰ ਇਹ ਤਿੰਨੇ ਸੁਰਾਂ ਗੰਗਾ, ਜਮਨਾ ਸੁਰਸਤੀ ਰੂਪ ਹਨ।

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥ ੧॥

ਜਿੱਥੇ ਗੰਗਾ, ਜਮਨਾ, ਸੁਰਸਤੀ, ਰੂਪ ਬੇਣੀ=ਤ੍ਰਿਬੇਣੀ ਦਾ ਸੰਗਮੁ=ਸਬੰਧ (ਮੇਲ) ਹੁੰਦਾ ਹੈ, ਤਹ ਪਿਰਾਗੁ=ਤਿੱਥੇ ਹੀ ਪਰਾਗ ਰਾਜ ਹੁੰਦਾ ਹੈ।

ਇਸ ਤਰਫ਼ ਗੰਗਾ, ਜਮਨਾ, ਸੁਰਸਤੀ ਰੂਪ ਜੋ ਤਿੰਨ ਸੁਰਾਂ ਹਨ—ਇੜਾ, ਪਿੰਗਲਾ, ਸੁਖਮਨਾ ਇਨ੍ਹਾਂ ਦਾ ਮੇਲ ਦਸਮ ਦੁਆਰ ਵਿਚ ਹੁੰਦਾ ਹੈ, ਇਸ ਕਰਕੇ ਦਸਮ ਦੁਆਰ ਹੀ ਇੱਕ ਪਰਾਗ ਰਾਜ ਤੀਰਥ ਹੈ ਜੋ ਜੋਗਾ ਨੰਦ ਰੂਪੀ ਅੰਮ੍ਰਿਤ ਨਾਲ ਪੂਰਨ ਹੈ।

ਮਨ ਮਜਨੁ ਕਰੇ ਤਿਥਾਈ॥

ਤਿਸ ਦਸਮ ਦੁਆਰ ਰੂਪੀ ਪਰਾਗਰਾਜ ਤੀਰਥ ਉੱਪਰ ਜੋਗਾ ਨੰਦ ਰੂਪੀ ਅੰਮ੍ਰਿਤ ਵਿਚ ਮਨ ਕਰਕੇ ਮਜਨੁ=ਇਸ਼ਨਾਨ ਕਰੇ॥ ੧॥

ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥

ਹੇ ਸੰਤ ਜੀ ! ਤਿਸ ਦਸਮ ਦੁਆਰ ਵਿਚ ਨਿਰੰਜਨ ਰਾਮ ਇਸਥਿਤ ਹੈ। ਪਰ ਗਿਆਨ ਗਮਿ ਗੁਰਾਂ ਦੁਆਰੇ ਕੋਈ ਵਿਰਲਾ ਹੀ ਉਸ ਨੂੰ ਚੀਨੈ=ਜਾਣਦਾ ਹੈ।

ਤਹਾਂ ਨਿਰੰਜਨੁ ਰਮਈਆ ਹੋਇ ॥ ੧ ॥ ਰਹਾਉ ॥

ਤਿਸ ਦਸਮ ਦੁਆਰ ਵਿਚ ਪਹੁੰਚਣ ਵਾਲਾ ਪੁਰਸ਼, ਨਿਰੰਜਨ ਰਮਈਆ ਦਾ ਸਰੂਪ ਹੀ ਹੁੰਦਾ ਹੈ॥ ੧ ॥

ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥

ਇਹਨਾਂ ਤੁਕਾਂ ਦਾ ਅਰਥ ਆਦਿ ਵਿਚ ਹੋ ਚੁੱਕਾ ਹੈ।

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥
ਸਾਖੀ ਜਾਗੀ ਗੁਰਮੁਖਿ ਜਾਣੀ ॥ ੨ ॥

ਤਿਸ ਦਸਮ ਦੁਆਰ ਵਿਚ ਸੂਰਜ, ਚੰਦ੍ਰਮਾ ਦੀ ਕਲਪਣਾ ਨਹੀਂ ਅਤੇ ਪੌਣ ਪਾਣੀ ਦੀ ਕਲਪਣਾ ਭੀ ਨਹੀਂ ਹੈ। ਮੁਖੀ ਗੁਰਾਂ ਦੀ ਸਾਖੀ=ਸਿੱਖਿਆ ਦੁਆਰਾ ਜਿਨ੍ਹਾਂ ਦੀ ਬਿਰਤੀ ਜਾਗੀ ਹੈ, ਉਨ੍ਹਾਂ ਨੇ ਦਸਮ ਦੁਆਰ ਦੀ ਜਾਗੀ=ਜਗ੍ਹਾਂ ਜਾਣੀ ਹੈ॥ ੨ ॥

ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥

ਦਸਮ ਦੁਆਰ ਵਿਚ ਸ੍ਵਾਸਾਂ ਦੇ ਚੜ੍ਹਾਉਣ ਦਾ ਗਿਆਨ ਉਤਪੰਨ ਹੋਣ ਨਾਲ ਦੁਰਮਤਿ=ਖੋਟੀ ਬੁੱਧੀ, ਛੀਜੈ=ਨਾਸ ਹੋ ਜਾਂਦੀ ਹੈ ਤੇ- ਗਗਨੰਤਰਿ=ਗਗਨ+ਅੰਤਰਿ=ਦਸਮ ਦੁਆਰ ਵਿਚ ਜੋ ਜੋਗਾਨੰਦ ਰੂਪੀ ਅੰਮ੍ਰਿਤ-ਰਸ ਹੈ, ਉਸ ਦੇ ਲੈਣ ਵਿਚ ਭਿੱਜ ਜਾਂਦਾ ਹੈ।

ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥ ੩ ॥

ਜੋ ਪੁਰਸ਼ ਇਸ ਹੱਠ-ਜੋਗ ਦੀ ਕਲਾ=ਜੁਗਤੀ ਦਾ ਭੇਦ ਜਾਣਦਾ ਹੈ। ਤਿਸ ਨੂੰ ਪਰਮ=ਉਤਕ੍ਰਿਸ਼ਟ ਵੱਡਾ ਗੁਰ+ਦੇਉ=ਪੂਜਯ ਪ੍ਰਕਾਸ਼ ਰੂਪ ਪਰਮਾਤਮਾ ਭੇਟੈ=ਮਿਲਦਾ ਹੈ॥ ੩ ॥

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥

ਅਗਮ ਅਪਾਰਾ=ਥੌਹ ਤੋਂ ਰਹਿਤ, ਬਿਅੰਤ ਗੁਣਾਂ ਵਾਲਾ ਜੋ ਪਰਮ ਪੁਰਖ ਪਰਮਾਤਮਾ ਹੈ, ਤਿਸ ਦੇ ਰਹਿਣੇ ਦੀ ਘਾਟੀ=ਜਗ੍ਹਾ ਦਸਮ ਦੁਆਰ ਹੈ।

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥ ੪ ॥

ਸਾਰੀਆਂ ਜੂਨਾਂ ਤੋਂ ਉੱਪਰ ਹਾਟੁ=ਮਨੁੱਖਾ ਦੇਹ, ਉਸ ਮਨੁੱਖਾ ਦੇਹ ਰੂਪੀ ਹੱਟ ਦੇ ਉੱਪਰ ਆਲਾ=ਦਸਮ ਦੁਆਰ, ਉਸ ਦਸਮ ਦੁਆਰ ਰੂਪੀ ਆਲੇ ਵਿਚ ਜੋਗਾਨੰਦ ਰੂਪੀ ਥਾਤੀ=ਥੈਲੀ ਹੈ॥ ੪ ॥

ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥

ਜੋ ਪੁਰਸ਼ ਜੋਗ ਅਭਿਆਸ ਵਿਚ ਸਾਵਧਾਨ ਹੋ ਕੇ ਜਾਗਦਾ ਰਹਿੰਦਾ ਹੈ, ਉਹ ਕਦੇ ਵੀ ਸੌਂਦਾ ਨਹੀਂ ਅਤੇ-

ਤਿਲੋਕ=ਤਿੰਨ ਲੋਕ ਰੂਪ ਸੰਸਾਰ ਵਿਚ ਇੜਾ, ਪਿੰਗਲਾ, ਸੁਖਮਨਾ ਤਿੰਨਾਂ ਸੁਰਾਂ ਦੁਆਰੇ ਪ੍ਰਾਣਾਂ ਦੇ ਚਾੜ੍ਹਣ, ਉਤਾਰਣ, ਠਹਿਰਾਵਣ ਦੀ ਕਿਰਿਆ ਨੂੰ ਸਮਾਧੀ ਵਿਚ ਇਸਥਿਤ ਹੋ ਕੇ ਪਲੋਵੈ=ਅਭਾਵ ਕਰਦਾ ਹੈ।

ਅਥਵਾ:- ਤੀਨ=ਤਿੰਨ ਸੁਰਾਂ ਜੋ ਇੜਾ, ਪਿੰਗਲਾ, ਸੁਖਮਨਾ, ਇਨ੍ਹਾਂ ਤਿ=ਤਿੰਨਾਂ ਦਾ ਜੋ ਲੋਕ=ਦੇਖਣਾ

www.sikhbookclub.com

ਹੈ ਉਸ ਨੂੰ ਸਮਾਧੀ ਵਿਚ ਇਸਥਿਤ ਹੋ ਕੇ ਪਲੋਵੈ=ਅਭਾਵ ਕਰ ਦੇਂਦਾ ਹੈ।

ਬੀਜ ਮੰਤ੍ਰ ਲੈ ਹਿਰਦੈ ਰਹੈ॥ ਮਨੂਆ ਉਲਟਿ ਸੁੰਨ ਮਹਿ ਗਹੈ॥ ੫॥

ਸਭ ਮੰਤ੍ਰਾਂ ਦਾ ਬੀਜ=ਕਾਰਨ ਰੂਪ ਮੰਤ੍ਰ ਜੋ ਓਅੰ ਸੋਹੰ ਹੈ, ਉਹ ਨੂੰ ਹਿਰਦੇ ਵਿਚ ਲੈ ਕੇ ਇਸਥਿਤ ਰਹਿੰਦਾ ਹੈ। ਸੰਸਾਰ ਵੱਲੋਂ ਮਨ ਨੂੰ ਉਲਟਾ ਕੇ ਸੁੰਨ=ਅਫੁਰ ਦਸਮ ਦੁਆਰ ਵਿਚ, ਗਹੈ=ਗੁੰਥਨ ਭਾਵ ਤਦਾਕਾਰ ਕਰਦਾ ਹੈ॥ ੫॥

ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥

ਜੋ ਹੱਠ ਜੋਗ ਦੀ ਕਿਰਿਆ ਵਿਚ ਜਾਗਦਾ ਰਹਿੰਦਾ ਹੈ, ਉਹ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਕਦੇ ਵੀ ਅਲੀਆ=ਝੂਠ ਨੂੰ ਨ ਭਾਖੈ=ਨਹੀਂ ਬੋਲਦਾ।

ਪੰਜਾਂ ਗਿਆਨ ਇੰਦ੍ਰੀਆਂ ਨੂੰ ਆਪੋ ਆਪਣਿਆਂ ਵਿਸ਼ਿਆਂ ਵੱਲੋਂ ਵਸੀਕਾਰ ਕਰਕੇ ਰੱਖਦਾ ਹੈ।

ਗੁਰ ਕੀ ਸਾਖੀ ਰਾਖੈ ਚੀਤਿ॥

ਗੁਰਾਂ ਦੀ ਕਹੀ ਹੋਈ ਸਾਖੀ=ਸਿੱਖਿਆ ਨੂੰ ਚਿੱਤ ਵਿਚ ਯਾਦ ਰੱਖਦਾ ਹੈ। ਅਤੇ-

ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥ ੬॥

ਆਪਣੇ ਮਨ, ਤਨ ਨੂੰ ਕ੍ਰਿਸਨ=ਪਰਮਾਤਮਾ ਦੀ ਪ੍ਰੀਤੀ ਵਿਚ ਅਰਪਣ ਕਰਦਾ ਹੈ॥ ੬॥

ਕਰ ਪਲਵ ਸਾਖਾ ਬੀਚਾਰੇ॥ ਅਪਨਾ ਜਨਮੁ ਨ ਜੂਐ ਹਾਰੇ॥

ਫਿਰ ਦਸਮ ਦੁਆਰ ਰੂਪੀ ਕਵਲ ਫੁੱਲ ਦੇ, ਮਾਸ ਦੀਆਂ ਬੋਟੀਆਂ ਰੂਪੀ ਪਲਵ=ਪੱਤਿਆਂ ਦਾ ਅਤੇ ਨਾੜੀਆਂ ਰੂਪੀ ਸਾਖਾ=ਟਾਹਣੀਆਂ ਦਾ ਵੀਚਾਰ ਕਰਦਾ ਹੈ। ਉਹ ਆਪਣੇ ਮਨੁੱਖਾ ਜਨਮ ਨੂੰ ਸੰਸਾਰ ਜੂਏ ਵਿਚ ਹਾਰਦਾ ਨਹੀਂ।

ਅਸੁਰ ਨਦੀ ਕਾ ਬੰਧੈ ਮੂਲੁ॥ ਪਛਿਮ ਫੇਰਿ ਚੜਾਵੈ ਸੂਰੁ॥

ਅਸੁਰ ਨਦੀ=ਅਪਾਨ ਵਾਯੂ ਦੀ ਧਾਰਾ ਦਾ ਸਥਾਨ ਜੋ ਮੂਲਾ ਚੱਕਰ ਹੈ ਗੁਦਾ ਵਿਚ, ਉਸ ਨੂੰ ਖੱਬੇ ਪੈਰ ਦੀ ਅੱਡੀ ਦੇ ਕੇ ਜੋ ਪੁਰਸ਼ ਬੰਧੈ=ਰੋਕਦਾ ਹੈ,

ਅਤੇ- ਪਛਿਮ=ਪਿੱਠ ਪਿੱਛੇ ਜੋ ਪਰੀਤਤ ਨਾਮੇ ਨਾੜੀ ਹੈ ਤਿਸ ਰਸਤੇ ਪ੍ਰਾਣਾਂ ਨੂੰ ਫੇਰ ਕੇ ਸੂਰਜ ਸੁਰ ਦੁਆਰਾ ਦਸਮ-ਦੁਆਰ ਵਿਚ ਚੜ੍ਹਾਉਂਦਾ ਹੈ, ਤੇ-

ਅਜਰੁ ਜਰੈ ਸੁ ਨਿਝਰੁ ਝਰੈ॥ ਜਗੰਨਾਥ ਸਿਉ ਗੋਸਟਿ ਕਰੈ॥ ੭॥

ਅਜਰੁ=ਪ੍ਰਾਣਾਂ ਨੂੰ ਚੰਗੀ ਤਰ੍ਹਾਂ ਦਸਮ ਦੁਆਰ ਵਿਚ ਜਰੈ=ਜੜਦਾ , ਭਾਵ ਚਾੜ੍ਹਦਾ ਹੈ, ਸੁ ਨਿਝਰੁ=ਉਸ ਨੂੰ ਇੱਕ ਰਸ ਜੋਗਾਨੰਦ ਰੂਪੀ ਅੰਮ੍ਰਿਤ ਝੜਦਾ ਹੈ ਅਤੇ ਉਹ ਪੁਰਸ਼- ਸਾਰੇ ਜਗਤ ਦੇ ਮਾਲਕ ਪਰਮਾਤਮਾ ਨਾਲ ਗੋਸਟਿ=ਚਰਚਾ ਭਾਵ ਬਚਨ ਬਿਲਾਸ ਕਰਦਾ ਹੈ॥ ੭॥

ਚਉਮੁਖ ਦੀਵਾ ਜੋਤਿ ਦੁਆਰ॥ ਪਲੂ ਅਨਤ ਮੂਲੁ ਬਿਚਕਾਰਿ॥

ਜੋਤੀ ਪਰਮਾਤਮਾ ਦੀ ਪ੍ਰਾਪਤੀ ਦਾ, ਦਸਮ ਦੁਆਰ ਇੱਕ ਚੌਮੁਖੀਆ ਦੀਵਾ ਹੈ।

ਮਾਸ ਦੀਆਂ ਬੋਟੀਆਂ ਰੂਪ ਪਲ੍ਹ=ਪੱਤੇ, ਅਨਤ=ਬੇਅੰਤ ਹਨ ਤੇ ਮੂਲ ਰੂਪ ਡੋਡੀ ਵਿਚਕਾਰ ਹੈ, ਵਾ:- ਪੱਤਿਆਂ ਨੂੰ ਅਨਤ=ਲਾਂਭੇ ਕਰਕੇ ਮੂਲ ਰੂਪ ਡੋਡੀ ਨੂੰ ਵਿਚਕਾਰ ਹੀ ਨਿਸਚੇ ਕਰਦਾ ਹੈ।

ਸਰਬ ਕਲਾ ਲੇ ਆਪੇ ਰਹੈ॥ ਮਨੁ ਮਾਣਕੁ ਰਤਨਾ ਮਹਿ ਗੁਹੈ॥ ੮॥

ਸਾਰੀਆਂ ਸ਼ਕਤੀਆਂ ਲੈ ਕੇ ਆਪ ਹੀ ਪਰਮਾਤਮਾਂ ਮੂਲ ਰੂਪ ਡੋਡੀ ਵਿਚ ਇਸਥਿਤ ਹੋ ਰਿਹਾ ਹੈ। ਮਨ ਨੂੰ ਮਾਣਕ ਦੀ ਤਰ੍ਹਾਂ ਸ਼ੁੱਧ ਕਰਕੇ ਰਤਨਾ=ਸ੍ਵਾਸਾਂ ਵਿਚ ਗੁੰਦੇ, ਭਾਵ ਦਸਮ ਦੁਆਰ ਵਿਚ ਸ੍ਵਾਸ ਚੜ੍ਹਾਉਣ ਵੇਲੇ ਮਨ ਨੂੰ ਨਾਲ ਹੀ ਇਸਥਿਤ ਕਰੇ॥ ੮॥

ਮਸਤਕਿ ਪਦਮੁ ਦੁਆਲੈ ਮਣੀ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ॥

ਜਿਸ ਮਸਤਕਿ=ਸ਼ਰੋਮਣੀ ਦਸਮ ਦੁਆਰ ਰੂਪੀ ਪਦਮੁ=ਕਵਲ ਫੁੱਲ ਦੇ ਆਲੇ ਦੁਆਲੇ ਮਾਸ ਦੀਆਂ ਬੋਟੀਆਂ ਰੂਪ ਮਣੀਆਂ ਹਨ।

ਤਿਸ ਦਸਮ ਦੁਆਰ ਦੇ ਮਾਹਿ=ਵਿਚ ਤਿੰਨਾਂ ਭਵਣਾਂ ਦਾ ਮਾਲਕ ਨਿਰੰਜਨ ਪਰਮਾਤਮਾ ਆਪ ਇਸਥਿਤ ਹੈ।

ਪੰਚ ਸਬਦ ਨਿਰਮਾਇਲ ਬਾਜੇ॥

ਦਸਮ ਦੁਆਰ ਵਿਚ ਨਿਰਮਾਇਲ=ਸ਼ੁੱਧ ਪੰਜ ਸ਼ਬਦ ਵਜ ਰਹੇ ਹਨ।

ਯਥਾ:- ਤਤ ਤੰਤੀ, ਵਿਤ ਚਰਮਕਾ, ਘਨ ਕਾਸੀ ਕੋ ਜਾਨ।

ਨਾਦ ਸ਼ਬਦ ਘਟ ਕਾ ਕਹਿਓ, ਸੁਖਿਰ ਸਬਦ ਪਹਿਚਾਨ।

ਪੰਜ ਸ਼ਬਦਾਂ ਦਾ ਨਿਰਣਾ:- ਤਤ ਸ਼ਬਦ=ਤਾਰ ਅਤੇ ਤੰਦ ਦੇ ਵਾਜੇ ਸਿਤਾਰ, ਰਬਾਬ ਆਦਿਕਾਂ ਤੋਂ ਜੋ ਉੱਠਦਾ ਹੈ। ਵਿਤ ਸ਼ਬਦ=ਚੰਮ ਨਾਲ ਮੜ੍ਹੇ ਹੋਏ ਵਾਜੇ-ਮ੍ਰਿਦੰਗ, ਢੋਲਕ, ਭੇਰੀ ਆਦਿਕਾਂ ਤੋਂ ਜੋ ਨਿਕਲਦਾ ਹੈ। ਘਨ ਸ਼ਬਦ=ਧਾਤੂ ਦੇ ਬਣੇ ਹੋਏ-ਘੜਿਆਲ, ਛੈਣੇ ਆਦਿਕਾਂ ਤੋਂ ਨਿਕਲਦਾ ਹੈ। ਨਾਦ ਸ਼ਬਦ=ਘੜਾ ਆਦਿ- ਜਿਨ੍ਹਾਂ ਦੇ ਪੁਲਾੜ ਚੋਂ ਹੱਥ ਮਾਰਨ ਨਾਲ ਸੁਰ ਨਿਕਲਦੀ ਹੈ। ਸੁਖਿਰ ਸ਼ਬਦ=ਫੂਕ ਨਾਲ ਵਜੌਣ ਵਾਲੇ ਵਾਜੇ- ਸੰਖ, ਨਫੀਰੀ, ਮੁਰਲੀ ਆਦਿਕਾਂ ਤੋਂ ਜੋ ਨਿਕਲਦਾ ਹੈ।

ਢੁਲਕੇ ਚਵਰ ਸੰਖ ਘਨ ਗਾਜੇ॥

ਦਸਮ ਦੁਆਰ ਵਿਚ ਚਵਰ=ਚੌਰ, ਢੁਲਕੇ=ਝੁਲਦਾ ਹੈ ਸੰਖਾਂ ਦੇ ਵੱਜਣੇ ਅਤੇ ਘਨ=ਬੱਦਲਾਂ ਦੇ ਗੱਜਣੇ ਜੈਸੀ ਧੁਨ ਹੋ ਰਹੀ ਹੈ, ਵਾ:- ਘਨ=ਬਹੁਤੇ ਸੰਖ ਵਜਦੇ ਹਨ।

ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ॥

ਇਸ ਰੀਤੀ ਨਾਲ ਜਿਸ ਨੇ ਪ੍ਰਾਣਾਂ ਰੂਪੀ ਦੈਂਤਾਂ ਦੇ ਦਲ ਨੂੰ ਸਮਾਧੀ ਵਿਚ ਲੀਣ ਹੋ ਕੇ ਮਲ ਦਿੱਤਾ ਹੈ, ਉਸ ਗੁਰਮੁਖ ਅਧਿਕਾਰੀ ਨੂੰ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ।

ਇਸ ਤੁਕ ਦੇ ਅੱਖਰ ਕਈ ਗਿਆਨੀ ਇਸ ਤਰ੍ਹਾਂ ਭੀ ਲਗਾਂਵਦੇ ਹਨ-

ਜਿਸ ਨੇ ਦੈਤਹੁ=ਪ੍ਰਾਣਾਂ ਨੂੰ ਦਲ ਮਲਿਆ ਹੈ, ਉਸ ਗੁਰਮੁਖ ਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਗਿਆਨ ਹੁੰਦਾ ਹੈ।

ਬੇਣੀ ਜਾਚੈ ਤੇਰਾ ਨਾਮੁ ॥ ੯ ॥ ੧ ॥

ਬੇਣੀ ਜੀ ਕਹਿੰਦੇ ਹਨ—ਹੇ ਅਕਾਲ ਪੁਰਖ ! ਮੈਂ ਤਾਂ ਸਿਰਫ ਆਪ ਦਾ ਨਾਮ ਜਪਣਾ ਹੀ ਮੰਗਦਾ ਹਾਂ, ਕਿਉਂਕਿ ਇਹ ਯੋਗ ਮਾਰਗ ਬਹੁਤ ਕਠਨ ਹੈ, ਕਲਜੁਗੀ ਜੀਵਾਂ ਪਾਸੋਂ ਹੋਣਾ ਮੁਸ਼ਕਲ ਹੈ।

ਇਸ ਕਰਕੇ ਇਸ ਸ਼ਬਦ ਦਾ ਦੂਜਾ ਅਰਥ ਭਗਤੀ ਜੋਗ ਵਿਚ ਕਰਦੇ ਹਨ—ਭਗਤੀ ਜੋਗ ਵਿਚ ਮੁਖ ਸਤਸੰਗ ਹੈ, ਇਸ ਲਈ ਹਰ ਇੱਕ ਗੁਰਸਿੱਖ ਨੂੰ ਚਾਹੀਦਾ ਹੈ, ਪਹਿਲੇ ਅੰਮ੍ਰਿਤ ਵੇਲੇ ਉੱਠ ਕੇ ਸਤਸੰਗਤ ਕਰੇ। ***ਦੂਜਾ ਅਰਥ-*** ਸਿੱਖ ਨੈ ਬੇਨਤੀ ਕੀਤੀ:-

ਦੇਵ ਸਥਾਨੈ ਕਿਆ ਨੀਸਾਣੀ॥

ਦੇਵ ਸਥਾਨੈ=ਸਤਸੰਗ ਦੀ ਨਿਸ਼ਾਨੀ ਕੀ ਹੈ? ਉੱਤਰ-

ਤਹ ਬਾਜੇ ਸਬਦ ਅਨਾਹਦ ਬਾਣੀ॥

ਤਿਸ ਸਤਸੰਗ ਵਿਚ ਪ੍ਰਤੱਖ ਵਾਜੇ ਵੱਜਦੇ ਹਨ। ਸ੍ਰੀ ਆਸਾ ਜੀ ਦੀ ਵਾਰ ਤੇ ਕੀਰਤਨ ਹੁੰਦੇ ਹਨ, ਹਰੀ ਜਸ ਗਾਉਂਦੇ ਹਨ, ਜੋਟੀਆਂ ਦੇ ਸ਼ਬਦ ਪੜ੍ਹੀਂਦੇ ਹਨ, ਅਨਹਦ=ਇੱਕ ਰਸ ਨਿੱਤਨੇਮ ਬਾਣੀ ਦੇ ਪਾਠ ਉਚਾਰਦੇ ਹਨ।

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥

ਇੜਾ=ਗੰਗਾ=ਭਗਤੀ।

ਪਿੰਗੁਲਾ=ਜਮਨਾ=ਕਰਮ ਕਥਾ।

ਸੁਖਮਨਾ=ਸੁਰਸਤੀ=ਬ੍ਰਹਮ ਵਿੱਦਿਆ।

ਇੜਾ 'ਚੋਂ ਗੰਗਾ ਤੇ ਗੰਗਾ 'ਚੋਂ ਭਗਤੀ ਦਾ ਗ੍ਰਹਿਣ ਕਰਨਾ। ਜੈਸੇ ਗੰਗਾ ਦਾ ਜਲ ਉੱਜਲ ਹੈ ਤੈਸੇ ਭਗਤੀ ਕਰਨ ਵਾਲੇ ਦਾ ਹਿਰਦਾ ਉੱਜਲ ਹੁੰਦਾ ਹੈ ਅਤੇ ਜਿਸ ਤਰ੍ਹਾਂ ਗੰਗਾ ਭਗਵੰਤ ਦੇ ਚਰਨਾਂ ਵਿਚੋਂ ਉਤਪਤ ਹੋਈ ਹੈ, ਤੈਸੇ ਭਗਤੀ ਪਰਮੇਸ਼ਰ ਦੇ ਚਰਨਾਂ ਵਿੱਚੋਂ ਪ੍ਰਾਪਤ ਹੁੰਦੀ ਹੈ।

ਪਿੰਗਲਾ 'ਚੋਂ ਜਮਨਾ, ਤੇ ਜਮਨਾ 'ਚੋਂ ਕਰਮ ਕਥਾ ਦਾ ਗ੍ਰਹਿਣ ਕਰਨਾ, ਜੈਸੇ ਜਮਨਾ ਦਾ ਜਲ ਕਾਲਾ ਹੁੰਦਾ ਹੈ, ਤੈਸੇ ਕਰਮ ਕਾਂਡੀ ਦਾ ਹਿਰਦਾ ਵੀ ਕਾਲਾ ਰਹਿੰਦਾ ਹੈ ਅਤੇ ਜਮਨਾ ਸੂਰਜ ਤੋਂ ਜਿਵੇਂ ਉਤਪਤ ਹੋਈ ਹੈ, ਤਿਵੇਂ ਕਰਮ ਕਾਂਡ ਵੀ ਸੂਰਜ ਉਦੇ ਹੋਣ ਨਾਲ ਆਰੰਭ ਕੀਤੇ ਜਾਂਦੇ ਹਨ।

ਸੁਖਮਨਾ 'ਚੋਂ ਸੁਰਸਤੀ ਤੇ ਸੁਰਸਤੀ ਚੋਂ ਬ੍ਰਹਮ ਵਿੱਦਿਆ ਦਾ ਗ੍ਰਹਿਣ ਕਰਨਾ।ਜੈਸੇ ਸੁਰਸਤੀ ਦਾ ਜਲ ਲਾਲ ਹੁੰਦਾ ਹੈ ਤੇ ਬ੍ਰਹਮਾ ਤੋਂ ਉਤਪਤ ਹੋਈ ਹੈ। ਤੈਸੇ ਬ੍ਰਹਮ ਵਿੱਦਿਆ ਵਾਲੇ ਦਾ ਚਿਹਰਾ ਵੀ ਲਾਲੀ ਤੇ ਹੁੰਦਾ ਹੈ ਤੇ ਬ੍ਰਹਮਾ ਦੀ ਉਪਾਸ਼ਨਾ ਕਰਨ ਨਾਲ ਇਹ ਬ੍ਰਹਮ ਵਿੱਦਿਆ ਉਤਪੰਨ ਹੁੰਦੀ ਹੈ। ਹੁਣ ਅਰਥ ਸੁਣੋ-

ਇੜਾ, ਪਿੰਗੁਲਾ ਅਉਰ ਸੁਖਮਨਾ- ਭਗਤੀ, ਕਰਮ ਕਥਾ ਤੇ ਬ੍ਰਹਮ ਵਿੱਦਿਆ ਇਹ ਤਿੰਨੇ ਨਦੀਆਂ ਇੱਕ ਸਤਸੰਗ ਰੂਪੀ ਜਗ੍ਹਾ ਉੱਪਰ ਵਸ ਰਹੀਆਂ ਹਨ।

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥ ੧ ॥

ਜਿੱਥੇ ਤ੍ਰਿਬੇਣੀ ਦਾ ਸਬੰਧ ਹੁੰਦਾ ਹੈ, ਤਿਥੇ ਹੀ ਪਰਾਗਰਾਜ ਹੁੰਦਾ ਹੈ। ਇਸ ਤਰਫ ਸਤਸੰਗ ਵਿੱਚ ਭਗਤੀ, ਕਰਮ ਕਥਾ, ਬ੍ਰਹਮ ਵਿੱਦਿਆ ਰੂਪ ਤਿੰਨ ਨਦੀਆਂ ਚਲਦੀਆਂ ਹਨ। ਇਸ ਕਰਕੇ ਸਤਸੰਗ ਹੀ ਇੱਕ ਪਰਾਗਰਾਜ

ਤੀਰਥ ਹੈ, ਨਾਮ ਜਲ ਨਾਲ ਪੂਰਤ ਮਨ ਕਰਕੇ ਉਸ ਵਿੱਚ ਇਸ਼ਨਾਨ ਕਰੇ।

ਸੰਤਹੁ ਤਹਾ ਨਿਰੰਜਨ ਰਾਮੁ ਹੈ॥

ਹੇ ਸੰਤ ਜੀ ! ਤਿਸ ਸਤਸੰਗ ਵਿਚ ਨਿਰੰਜਨ ਰਾਮੁ=ਅਕਾਲ ਪੁਰਖ ਇਸਥਿਤ ਹੈ।

ਗੁਰ ਗਮਿ ਚੀਨੈ ਬਿਰਲਾ ਕੋਇ॥ ਤਹਾਂ ਨਿਰੰਜਨੁ ਰਮਈਆ ਹੋਇ॥ ੧॥ ਰਹਾਉ॥

ਗਿਆਨ ਵਿਚ ਜਿਨ੍ਹਾਂ ਗੁਰਾਂ ਦੀ ਪਹੁੰਚ ਹੈ, ਉਨ੍ਹਾਂ ਗੁਰਾਂ ਦੁਆਰੇ ਕੋਈ ਬਿਰਲਾ ਹੀ ਪੁਰਸ਼ ਪਰਮੇਸ਼ਰ ਨੂੰ ਚੀਨੈ=ਜਾਣਦਾ ਹੈ।

ਤਿਸ ਸਤਸੰਗ ਵਿਚ ਜਾਣ ਵਾਲਾ ਪੁਰਸ਼ ਨਿਰੰਜਨ ਰਮਈਏ ਦਾ ਸਰੂਪ ਹੋ ਜਾਂਦਾ ਹੈ।

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ॥

ਤਿਸ ਸਤਸੰਗ ਵਿਚ, ਚੰਦੁ ਨ ਸੂਰਜੁ=ਹਰਖ, ਸੋਗ ਨਹੀਂ, ਵਾ:- ਚੰਦੁ=ਸਤੋਗੁਣ ਦੀ ਪ੍ਰਧਾਨਤਾ ਹੈ, ਨ ਸੂਰਜੁ=ਤਮੋਗੁਣ ਨਹੀਂ, ਵਾ:- ਚੰਦ੍ਰਮਾ, ਸੂਰਜ ਦੇ ਵਰਤਾਂ ਦਾ ਕੋਈ ਉਪਦੇਸ਼ ਨਹੀਂ, ਨਾਹੀ ਪਉਣੁ=ਵਾਸ਼ਨਾ ਹੈ ਨ ਪਾਣੀ=ਪਦਾਰਥਾਂ ਵਿਚ ਖਚਤ ਹੋਣਾ ਹੈ, ਵਾ:- ਪਉਣੁ=ਰਜੋਗੁਣ, ਪਾਣੀ=ਸਤੋਗੁਣ ਤੇ ਤਮੋਗੁਣ ਇਨ੍ਹਾਂ ਤਿੰਨਾਂ ਗੁਣਾਂ ਦੀ ਕਿਰਿਆ ਸਤਸੰਗ ਵਿਚ ਕੋਈ ਨਹੀਂ।

ਸਾਖੀ ਜਾਗੀ ਗੁਰਮੁਖਿ ਜਾਣੀ॥ ੨॥

ਮੁਖੀ ਗੁਰਾਂ ਦੀ ਸਾਖੀ=ਸਿੱਖਿਆ ਦੁਆਰਾ ਜਿਸ ਦੀ ਬਿਰਤੀ ਜਾਗੀ ਹੈ, ਉਸ ਨੇ ਸਤਸੰਗ ਦੀ ਮਹਿਮਾ ਜਾਣੀ ਹੈ।

ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥

ਬ੍ਰਹਮ ਗਿਆਨ ਉਤਪੰਨ ਹੋਣ ਨਾਲ ਦੁਰ+ਮਤਿ=ਕੁਬੁਧੀ (ਖੋਟੀ ਬੁੱਧੀ) ਨਾਸ ਹੋ ਜਾਂਦੀ ਹੈ।

ਗਗਨ=ਚੇਤਨ ਦੇਵ ਰੂਪੀ ਅੰਮ੍ਰਿਤ ਰਸ ਅੰਦਰ ਭਿੱਜ ਜਾਂਦਾ ਹੈ।

ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥ ੩॥

ਇਸ ਸੰਤ ਸਮਾਗਮ ਰੂਪੀ ਕਲਾ=ਸ਼ਕਤੀ ਜਾਂ ਜੁਗਤੀ ਦਾ ਭੇਦ ਜਿਹੜਾ ਜਾਣਦਾ ਹੈ,

ਤਿਸ ਨੂੰ ਪਰਮ ਗੁਰਦੇਉ=ਅਕਾਲ ਪੁਰਖ ਭੇਟੈ=ਮਿਲਦਾ ਹੈ॥ ੩॥

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥

ਦਸਾਂ ਦੀ ਪ੍ਰਾਪਤੀ ਅਤੇ ਦਸਾਂ ਦੀ ਨਿਵਿਰਤੀ ਦਾ ਦੁਆਰਾ ਜੋ ਸਤਸੰਗ ਹੈ, ਏਹੀ ਅਗਮ ਅਪਾਰ ਪਰਮ ਪੁਰਖ=ਪਰਮਾਤਮਾ ਦੇ ਰਹਿਣੇ ਦੀ ਘਾਟੀ=ਜਗ੍ਹਾ ਹੈ।

ਨੋਟ- ਪੰਜ- ਸਤ, ਸੰਤੋਖ, ਧੀਰਜ, ਧਰਮ, ਵੀਚਾਰ ਅਤੇ ਪੰਜਾਂ ਤੱਤਾਂ ਦੀ ਰਹਿਣੀ- ਅਸੰਗਤਾ, ਸਮਤਾ, ਪ੍ਰਕਾਸ਼ਤਾ, ਸੀਤਲਤਾ, ਧੀਰਜਤਾ ਇਨ੍ਹਾਂ ਦਸਾਂ ਦੀ ਪ੍ਰਾਪਤੀ ਦਾ ਦੁਆਰਾ ਹੈ ਅਤੇ ਪੰਜ- ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਪੰਜ ਵਿਸ਼ੇ- ਸ਼ਬਦ, ਸਪਰਸ਼, ਰੂਪ, ਰਸ, ਗੰਧ ਇਨ੍ਹਾਂ ਦਸਾਂ ਦੀ ਨਿਵਿਰਤੀ ਦਾ ਦੁਆਰਾ ਹੈ।

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥ ੪॥

ਸਾਰੀਆਂ ਪ੍ਰਿਥਵੀਆਂ ਦੇ ਉੱਪਰ ਹਾਟੁ=ਭਾਰਤ ਖੰਡ ਦੀ ਭੂਮੀ, ਉਸ ਭਾਰਤ ਖੰਡ ਦੀ ਭੂਮੀ ਰੂਪੀ ਹੱਟ

www.sikhbookclub.com

ਦੇ ਉੱਪਰ ਆਲਾ=ਸਤਸੰਗ ਹੈ, ਉਸ ਸਤਸੰਗ ਰੂਪੀ ਆਲੇ ਦੇ ਵਿਚ ਬ੍ਰਹਮਾਨੰਦ ਰੂਪੀ ਥਾਤੀ=ਥੈਲੀ ਹੈ॥ ੪॥

ਜਾਗਤੁ ਰਹੈ ਸੁ ਕਬਹੁ ਨ ਸੋਵੈ॥ ਤੀਨਿ ਤਿਲੋਕ ਸਮਾਧਿ ਪਲੋਵੈ॥

ਜੋ ਸਤਸੰਗ ਨੂੰ ਪਾ ਕੇ ਭਜਨ ਸਿਮਰਨ ਵਿਚ ਜਾਗਦਾ ਰਹਿੰਦਾ ਹੈ, ਉਹ ਅਵਿੱਦਿਆ ਦੀ ਨੀਂਦ ਵਿਚ ਕਦੇ ਸੌਂਦਾ ਨਹੀਂ। ਪੁਨਾ ਉਹ—

ਤਿੰਨ ਗੁਣ- ਰਜੋ, ਤਮੋ, ਸ਼ਤੋ ਅਤੇ ਤਿ+ਲੋਕ=ਤਿੰਨ ਲੋਕ- ਦੇਵ ਲੋਕ, ਮਾਤ ਲੋਕ, ਪਤਾਲ ਇਨ੍ਹਾਂ ਸਭਨਾਂ ਨੂੰ ਸਮਾਧੀ ਵਿਚ ਲੀਨ ਹੋ ਕੇ ਪਲੋਵੈ=ਅਭਾਵ ਕਰਦਾ ਹੈ।

ਬੀਜ ਮੰਤ੍ਰੁ ਲੈ ਹਿਰਦੈ ਰਹੈ॥ ਮਨੂਆ ਉਲਟਿ ਸੁੰਨ ਮਹਿ ਗਹੈ॥ ੫॥

ਸਭ ਮੰਤ੍ਰਾਂ ਦਾ ਬੀਜ=ਕਾਰਨ ਰੂਪ ਮੰਤ੍ਰ ਜੋ ਸਤਿਨਾਮੁ ਹੈ, ਤਿਸ ਨੂੰ ਲੈ ਕੇ ਹਿਰਦੇ ਵਿਚ ਇਸਥਿਤ ਰਹਿੰਦਾ ਹੈ ਅਤੇ- ਸੰਸਾਰ ਵੱਲੋਂ ਮਨ ਉਲਟਾ ਕੇ ਸੁੰਨ=ਅਫੁਰ ਪਰਮਾਤਮਾ ਵਿਚ ਗਹੈ=ਗੁੰਥਨ, ਭਾਵ ਜੋੜਨਾ ਕਰਦਾ ਹੈ।

ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥

ਗਿਆਨ ਜਾਗ੍ਰਤ ਵਿਚ ਜਾਗਦਿਆਂ ਰਹਿਣ ਨਾਲ, ਅਲੀਆ=ਇੰਦ੍ਰੀਆਂ ਵਿਸ਼ਿਆਂ ਨੂੰ ਨਹੀਂ ਭੱਖਦੀਆਂ, ਭਾਵ ਵਿਸ਼ਿਆਂ ਨੂੰ ਵੇਖ ਕੇ ਜੋਸ਼ ਵਿਚ ਨਹੀਂ ਆਉਂਦੀਆਂ।

ਇਸ ਲਈ ਜੀਵ ਨੂੰ ਚਾਹੀਦਾ ਹੈ- ਪੰਜਾਂ ਗਿਆਨ ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਵਸੀਕਾਰ ਰੱਖਣਾ ਕਰੇ।

ਗੁਰ ਕੀ ਸਾਖੀ ਰਾਖੈ ਚੀਤਿ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥ ੬॥

ਗੁਰਾਂ ਦੀ ਸਿੱਖਿਆ ਨੂੰ ਚਿੱਤ ਵਿੱਚ ਯਾਦ ਰੱਖੇ ਤੇ ਆਪਣੇ ਮਨ, ਤਨ ਨੂੰ ਕ੍ਰਿਸਨ=ਪਰਮਾਤਮਾ ਦੀ ਪ੍ਰੀਤੀ ਵਿੱਚ ਅਰਪਣਾ ਕਰੇ।

ਕਰ ਪਲਵ ਸਾਖਾ ਬੀਚਾਰੇ॥ ਅਪਨਾ ਜਨਮੁ ਨ ਜੂਐ ਹਾਰੇ॥

ਗੁਰਾਂ ਦੀ ਸਾਖਾ=ਸਿੱਖਿਆ ਦਾ ਵਿਚਾਰ ਕਰਨਾ ਹੀ ਪਲਵ=ਜਹਾਜ਼ ਕਰੇ, ਸੰਸਾਰ ਸਮੁੰਦਰ ਤੋਂ ਪਾਰ ਹੋ ਜਾਣ ਵਾਸਤੇ। ਆਪਣਾ ਅਮੋਲਕ ਮਨੁੱਖਾ ਜਨਮ, ਸੰਸਾਰ ਜੂਏ ਵਿੱਚ ਨਾ ਹਾਰੇ।

ਅਸੁਰ ਨਦੀ ਕਾ ਬੰਧੈ ਮੂਲੁ॥ ਪਛਿਮ ਫੇਰਿ ਚੜਾਵੈ ਸੂਰੁ॥

ਅਸੁਰ ਨਦੀ=ਆਸੁਰੀ ਸੰਪਦਾ ਦਾ ਮੂਲੁ=ਕਾਰਨ ਜੋ ਅਗਿਆਨ ਹੈ, ਉਸ ਨੂੰ ਬੰਧੈ=ਬੰਧਨਾ ਕਰੇ। ਪਛਿਮ=ਸੰਸਾਰ ਵੱਲੋਂ ਮਨ ਨੂੰ ਫੇਰ ਕੇ ਸੂਰੁ=ਸੂਰਜ ਦੀ ਤਰ੍ਹਾਂ ਪ੍ਰਕਾਸ਼ ਰੂਪ ਪਰਮਾਤਮਾ ਵਿਚ ਚੜਾਵੈ=ਲਾਵੇ।

ਅਜਰੁ ਜਰੈ ਸੁ ਨਿਝਰੁ ਝਰੈ॥ ਜਗੰਨਾਥ ਸਿਉ ਗੋਸਟਿ ਕਰੈ॥ ੭॥

ਅਜਰੁ=ਕਾਮ ਆਦਿਕਾਂ ਨੂੰ ਜਰੈ=ਸਾੜੇ, ਭਾਵ ਰੋ ਕੇ ਤਾਂ ਨਿਝਰੁ=ਇੱਕ ਰਸ ਸੁ=ਸ੍ਰੇਸ਼ਟ ਬ੍ਰਹਮਾਨੰਦ ਝਰੈ=ਪ੍ਰਾਪਤ ਹੁੰਦਾ ਹੈ ਤਾਂ ਉਹ ਸਾਰੇ ਜਗਤ ਦੇ ਮਾਲਕ ਪਰਮਾਤਮਾ ਨਾਲ ਗੋਸਟਿ=ਸੰਭਾਖਣ ਕਰਦਾ ਹੈ।

ਚਉਮੁਖਾ ਦੀਵਾ ਜੋਤਿ ਦੁਆਰ॥ ਪਲੂ ਅਨਤ ਮੂਲੁ ਬਿਚਕਾਰਿ॥

ਜੋਤਿ=ਅਕਾਲ ਪੁਰਖ ਦੀ ਪ੍ਰਾਪਤੀ ਦਾ ਸਤਸੰਗ ਰੂਪ ਦਰਵਾਜ਼ਾ ਹੀ ਇੱਕ ਚੌਮੁਖੀਆ ਦੀਵਾ ਹੈ। ਪੰਜਾਂ ਕੋਸ਼ਾਂ ਰੂਪੀ ਪਲੂ=ਪੱਤੇ, ਅਨਤ=ਲਾਂਭੇ ਕਰਕੇ ਮੂਲੁ=ਅਧਿਸ਼ਟਾਨ ਰੂਪ ਪਰਮਾਤਮਾ ਨੂੰ ਰਿਦੇ ਦੇ ਵਿਚਕਾਰ

ਨਿਸਚੇ ਕਰੇ।

ਸਰਬ ਕਲਾ ਲੇ ਆਪੇ ਰਹੈ॥ ਮਨੁ ਮਾਣਕੁ ਰਤਨਾ ਮਹਿ ਗੁਹੈ॥ ੮॥

ਸਾਰੀਆਂ ਕਲਾ=ਸ਼ਕਤੀਆਂ ਨੂੰ ਲੈ ਕੇ ਆਪ ਪਰਮਾਤਮਾ ਸਤਸੰਗ ਵਿਚ ਇਸਥਿਤ ਹੋ ਰਿਹਾ ਹੈ। ਮਨ ਨੂੰ ਮਾਣਕ ਵਾਂਗੂ ਸ਼ੁੱਧ ਕਰਕੇ ਸ਼ੁਭ ਗੁਣਾਂ ਰੂਪ ਰਤਨਾਂ ਵਿਚ ਗੁੰਦਣਾ ਕਰੇ।

ਮਸਤਕਿ ਪਦਮੁ ਦੁਆਲੈ ਮਣੀ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ॥

ਜਿਸ ਮਸਤਕਿ=ਸ਼੍ਰੋਮਣੀ ਸਤਸੰਗ ਰੂਪੀ ਪਦਮੁ=ਕਵਲ ਫੁੱਲ ਦੇ ਆਲੇ ਦੁਆਲੇ ਕਰੁਣਾ, ਮੈਤਰੀ, ਮੁਦਤਾਂ ਰੂਪ ਮਣੀਆਂ ਹਨ। ਤਿਸ ਸਤਸੰਗ ਦੇ ਵਿਚ ਤਿੰਨਾਂ ਭਵਣਾਂ ਦਾ ਧਣੀ=ਮਾਲਕ ਨਿਰੰਜਨ ਪਰਮਾਤਮਾ ਹੈ।

ਪੰਚ ਸਬਦ ਨਿਰਮਾਇਲ ਬਾਜੇ॥ ਢੁਲਕੇ ਚਵਰ ਸੰਖ ਘਨ ਗਾਜੇ॥

ਸਤਸੰਗ ਵਿਖੇ ਪੰਚ=ਸ੍ਰੇਸ਼ਟ ਸ਼ਬਦ ਸਹੋਹੰ ਬੁਧੋਹੰ ਨਿਰਵਿਕਾਰੋਹੰ ਆਦਿਕ ਵੱਜ ਰਹੇ ਹਨ। ਵਾ:- ਪੰਚ=ਸ੍ਰੇਸ਼ਟ ਨਾਮਾ ਰੂਪੀ ਸ਼ਬਦ ਨਿਰਮਾਇਲ=ਸ਼ੁੱਧ ਵੱਜ ਰਹੇ ਹਨ, ਵਾ:- ਮਹਾਂ ਵਾਕਾਂ ਰੂਪੀ ਨਿਰਮਾਇਲ= ਸ੍ਰੇਸ਼ਟ ਸ਼ਬਦ ਵਜ ਰਹੇ ਹਨ। ਪ੍ਰਤੱਖ ਚੌਰ, ਵਾ:-ਜਸ ਰੂਪੀ ਚੌਰ ਝੁਲ ਰਿਹਾ ਹੈ, ਸੰਖ=ਅਸੰਖ ਪਰਮਾਤਮਾ ਘਨ=ਇੱਕ ਰਸ, ਗਾਜੇ=ਪ੍ਰਗਟ ਹੋ ਰਿਹਾ ਹੈ।

ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ॥

ਸਤਸੰਗਤ ਦੁਆਰਾ ਜਿਸ ਨੇ ਕਾਮ ਆਦਿਕ ਦੈਤਾਂ ਨੂੰ ਦਲ ਮਲਿਆ ਹੈ, ਭਾਵ ਮਲੀਆ ਮੇਟ ਕਰ ਦਿੱਤਾ ਹੈ, ਉਸ ਗੁਰਮੁਖ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਹੈ।

ਬੇਣੀ ਜਾਚੈ ਤੇਰਾ ਨਾਮੁ॥ ੯॥ ੧॥

ਬੇਣੀ ਭਗਤ ਜੀ ਕਹਿੰਦੇ ਹਨ—ਹੇ ਅਕਾਲ ਪੁਰਖ ! ਮੈਂ ਤਾਂ ਸਿਰਫ ਆਪ ਜੀ ਦਾ ਨਾਮ ਜਪਣਾ ਹੀ ਮੰਗਦਾ ਹਾਂ, ਕਿਰਪਾ ਕਰਕੇ ਮੈਨੂੰ ਹਮੇਸ਼ਾ ਲਈ ਨਾਮ ਸਿਮਰਨ ਦਾ ਹੀ ਦਾਨ ਬਖਸ਼ੀ ਰੱਖਣਾ॥ ੯॥ ੧॥

ਸੋਰਠਾ॥ ਸੁਣੋ ਸੰਤ ਵਡਭਾਗਿ, ਵਿਦਤ ਸੁਣਾਵਾ ਸਭੀ ਕੋ।
ਰਾਮਕਲੀ ਇਤਿ ਰਾਗੁ, ਭਗਤ ਗਿਰਾ ਜੋ ਤਿਲਕ ਕਾ।

ਰਾਮਕਲੀ ਰਾਗ ਵਿਚ ਆਈ ਬਾਣੀ ਦਾ ਵੇਰਵਾ ਤੇ ਗਿਣਤੀ, ਸ਼ਬਦਾਂ ਦੀ ਗਿਣਤੀ

ਮਹਲਾ ੧ ਦੇ ਸ਼ਬਦ	੧੧
ਮਹਲਾ ੩ ਦੇ ਸ਼ਬਦ	੧
ਮਹਲਾ ੪ ਦੇ ਸ਼ਬਦ	੬
ਮਹਲਾ ੫ ਦੇ ਸ਼ਬਦ	੫੮
ਮਹਲਾ ੫ ਦੀਆਂ ਪੜਤਾਲਾਂ	੨
ਮਹਲਾ ੯ ਦੇ ਸ਼ਬਦ	੩
	(ਇਨ੍ਹਾਂ ਸ਼ਬਦਾਂ ਦਾ ਜੋੜ ੮੧)

ਮਹਲਾ ੧ ਦੀਆਂ ਅਸਟਪਦੀਆਂ	੯
ਮਹਲਾ ੩ ਦੀਆਂ ਅਸਟਪਦੀਆਂ	੫
ਮਹਲਾ ੫ ਦੀਆਂ ਅਸਟਪਦੀਆਂ	੮
	(ਇਨ੍ਹਾਂ ਅਸਟਪਦੀਆਂ ਦਾ ਜੋੜ ੨੨)

ਮਹਲਾ ੩ ਅਨੰਦ ਸਾਹਿਬ ਦੀਆਂ ਪਉੜੀਆਂ	੪੦
ਰਾਮਕਲੀ ਸੱਦ ਦੀਆਂ ਪਉੜੀਆਂ	੬
ਮਹਲਾ ੫ ਦੇ ਛੰਤਾਂ ਵਿਚ ਸਲੋਕ	੪
ਮਹਲਾ ੫ ਦੇ ਛੰਤ	੮
ਮਹਲਾ ੫ ਦੀਆਂ ਰੁੱਤਾਂ ਦੇ ਸਲੋਕ ਤੇ ਛੰਤ	੧੬
	(ਅਨੰਦ ਸਾਹਿਬ ਤੇ ਛੰਤਾਂ ਦਾ ਜੋੜ ੭੪)

ਜਿਨ੍ਹਾਂ ਉੱਤੇ ਸਲੋਕ ਤੇ ਛੰਤ ਲਿਖਿਆ ਹੋਇਆ ਹੈ ਉਸ ਹਿਸਾਬ ਨਾਲ ੧੬ ਬਣਦੇ ਹਨ, ਜਿਨ੍ਹਾਂ ਉੱਤੇ ਸਿਰਲੇਖ ਕੁਝ ਨਹੀਂ ਹੈ, ਪਰ ਅੰਕ ਲੱਗਾ ਹੋਇਆ ਹੈ ਉਹ ਸਲੋਕ ਅੱਠ (੮) ਹਨ, ਪਰ ਉਨ੍ਹਾਂ ਦੀ ਗਿਣਤੀ ਨਹੀਂ ਲਿਖੀ।

ਦੱਖਣੀ ਓਅੰਕਾਰ ਦੀਆਂ ਪਉੜੀਆਂ	੫੪
ਸਿੱਧ ਗੋਸਟਿ ਦੀਆਂ ਪਉੜੀਆਂ	੭੩
	(ਇਨ੍ਹਾਂ ਪਉੜੀਆਂ ਦਾ ਜੋੜ ੧੨੭)

www.sikhbookclub.com

ਪਹਿਲੀ ਵਾਰ ਦੇ ਸਲੋਕ	੧੯
ਪਹਿਲੀ ਵਾਰ ਦੇ ਮਹਲੇ	੩੧
ਪਹਿਲੀ ਵਾਰ ਦੀਆਂ ਪਉੜੀਆਂ	੨੧
ਕਬੀਰ ਜੀ ਦੇ ਸਲੋਕ	੨
(ਇਨ੍ਹਾਂ ਸਲੋਕਾਂ ਮਹੱਲਿਆਂ ਤੇ ਪਉੜੀਆਂ ਦਾ ਜੋੜ ੭੩)	
ਦੂਜੀ ਵਾਰ ਦੇ ਸਲੋਕ	੨੨
ਦੂਜੀ ਵਾਰ ਦੇ ਮਹੱਲੇ	੨੨
ਦੂਜੀ ਵਾਰ ਦੀਆਂ ਪਉੜੀਆਂ	੨੨
(ਇਨ੍ਹਾਂ ਸਲੋਕਾਂ ਮਹੱਲਿਆਂ ਤੇ ਪਉੜੀਆਂ ਦਾ ਜੋੜ ੬੬)	
ਸਤੇ ਬਲਵੰਡ ਦੀ ਵਾਰ ਦੀਆਂ ਪਉੜੀਆਂ	੮
(ਇਸ ਵਾਰ ਦੀਆਂ ਪਉੜੀਆਂ ੮)	
ਕਬੀਰ ਜੀ ਦੇ ਸ਼ਬਦ	੧੨
ਨਾਮਦੇਵ ਜੀ ਦੇ ਸ਼ਬਦ	੪
ਰਵਿਦਾਸ ਜੀ ਦਾ ਸ਼ਬਦ	੧
ਬੇਣੀ ਜੀ ਦਾ ਸ਼ਬਦ	੧
(ਭਗਤਾਂ ਦੀ ਬਾਣੀ ਦੇ ਸ਼ਬਦ ੧੮)	

ਰਾਮਕਲੀ ਰਾਗੁ ਵਿਚ ਆਈ (੪੬੯) ਕੁਲ ਬਾਣੀ ਦਾ ਜੋੜ

(ਰਾਮਕਲੀ ਰਾਗੁ ਸਮਾਪਤੰ)

www.sikhbookclub.com

[ਪੰਨਾ ੯੭੫]

ਰਾਗੁ ਨਟ ਨਾਰਾਇਨ

*ਰਾਗੁ ਨਟ ਨਾਰਾਇਨ ਮਹਲਾ ੪

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ॥
ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ॥ ੧॥ ਰਹਾਉ॥

ਹੇ ਮੇਰੇ ਮਨ ! ਜਿਨ੍ਹਾਂ ਨੇ ਦਿਨ ਰਾਤ ਹਰੀ ਨਾਮ ਨੂੰ ਜਪਿਆ ਹੈ। ਜੀਵ ਦੇ ਜੀਵਣ ਨੂੰ ਪਰਹਰਿ=ਅਭਾਵ ਕਰਨ ਵਾਲੇ ਕੋਟਾਨ ਕੋਟ, ਵਾ:- ਕ੍ਰੋੜਾਂ ਪੁਰਸ਼ਾਂ ਨਾਲ ਮਿਲ ਕੇ ਜੋ ਬਹੁਤ ਹੀ ਕ੍ਰੋੜਾਂ ਦੋਖ=ਪਾਪ ਕੀਤੇ ਸਨ, ਉਹ ਹਰੀ ਨਾਮ ਨੇ ਉਨ੍ਹਾਂ ਦੇ ਸਾਰੇ ਪਾਪ ਪਾਸਿ=ਲਾਂਭੇ ਧਰ ਦਿੱਤੇ ਹਨ॥ ੧॥ ਰਹਾਉ॥

ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ॥
ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ॥ ੧॥

---

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੇ ੩੧ ਰਾਗੁ ਹਨ। ਜਿਸ ਵਿਚੋਂ ਨਟ ਨਾਰਾਇਣ ਉਨ੍ਹੀਵਾਂ ਰਾਗੁ ਹੈ।
ਰਾਧਾ ਗੋਬਿੰਦ ਸੰਗੀਤ ਸਾਰ:-ਵਿਚ ਇਹ ਪੂਰਨ ਰਾਗੁ ਕਰਕੇ ਲਿਖਿਆ ਹੈ।
ਇਸਦੇ ਪੁੱਤਰ ਤੇ ਰਾਗਣੀਆਂ ਦੇ ਭੇਦ ਵੀ ਲਿਖੇ ਹਨ।
ਇਸਦੇ ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ।
ਇਸਨੂੰ ਵਰਖਾ ਰੁੱਤ ਵਿਚ ਗਾਉਂਦੇ ਹਨ।
ਪਰ 'ਸੁਰਤਾਲ ਸਮੂੰਹ' ਵਿਚ 'ਮੇਘ ਰਾਗੁ' ਦਾ ਪੁੱਤਰ 'ਨਟ ਨਾਰਾਇਣ' ਲਿਖਿਆ ਹੈ।
ਵਰਖਾ ਰੁੱਤ ਵਿਚ ਸੰਧਿਆ ਵੇਲੇ ਗਾਉਂਦੇ ਹਨ, ਜੋ ਕਿ ਖੁਸ਼ੀ ਪੈਦਾ ਕਰਦਾ ਹੈ। ਅਤੇ 'ਬੁੱਧ ਪ੍ਰਕਾਸ਼ ਦਰਪਣ' :-ਵਿਚ ਵੀ 'ਮੇਘ ਰਾਗੁ' ਦਾ ਪੁੱਤਰ 'ਨਟ ਨਾਰਾਇਣ' ਲਿਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ 'ਰਾਗ ਮਾਲਾ' ਵਿਚ ਵੀ 'ਮੇਘ ਰਾਗੁ' ਦਾ ਪੁੱਤਰ 'ਨਟ' ਲਿਖਿਆ ਹੈ-

ਖਸਟਮ ਮੇਘ ਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥
ਸੋਰਠਿ ਗੌਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥
ਊਚੈ ਸੁਰਿ ਸੂਹਉ ਪੁਨਿ ਕੀਨੀ॥ ਮੇਘਰਾਗ ਸਿਉ ਪਾਚਉ ਚੀਨੀ॥ ੧॥
ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ "ਨਟ" ਅਉ ਜਲਧਾਰਾ॥

(ਰਾਗ ਮਾਲਾ ਪੰਨਾ ੧੪੩੦)

www.sikhbookclub.com

ਜੋ ਪੁਰਸ਼ ਖਰੇ=ਚੰਗੇ ਸੇਵਕੀ ਭਾਵ ਨੂੰ ਧਾਰ ਕੇ ਮੂੰਹ ਨਾਲ ਹਰੀ ਨਾਮ ਨੂੰ ਜਪਦੇ ਹਨ ਤੇ ਮਨ ਕਰਕੇ ਹਰੀ ਨਾਮ ਨੂੰ ਅਰਾਧਦੇ ਹਨ।

ਉਨ੍ਹਾਂ ਦੇ ਕਿਲਬਿਖ=ਵੱਡੇ ਪਾਪ ਤੇ ਸਾਰੇ ਦੋਸ਼ ਇਸ ਤਰ੍ਹਾਂ ਨਿਕਲ ਗਏ ਹਨ, ਜਿਵੇਂ ਪਾਣੀ ਮੈਲ ਨੂੰ ਹਰੇ=ਦੂਰ ਕਰਦਾ ਹੈ॥ ੧॥

ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ॥
ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ॥ ੨॥

ਜੋ ਨਰੁ=ਮਨੁੱਖ ਖਿਣ ਖਿਣ ਕਾਲ ਵਿਚ ਨਰਾਇਣ ਨੂੰ ਰਾਗ ਵਿਚ ਗਾਂਵਦੇ ਹਨ ਅਤੇ ਜੋ ਮਨੁੱਖ ਨਰਹਰ ਦੇ ਨਾਮ ਨੂੰ ਮੂੰਹ ਨਾਲ ਬੋਲਦੇ ਹਨ।

ਅਥਵਾ:- ਜਿਸ ਪਰਮੇਸ਼ਰ ਨੇ 'ਨਰ ਨਰਾਇਣ' ਅਵਤਾਰ ਧਾਰਿਆ ਹੈ, ਉਸ ਦੇ ਜਸ ਨੂੰ ਖਿਣ ਖਿਣ ਕਾਲ ਗਾਂਵਦੇ ਹਨ ਅਤੇ ਜਿਸ ਪਰਮੇਸ਼ਰ ਨੇ ਨਰਹਰੇ='ਨਰਸਿਘ' ਅਵਤਾਰ ਧਾਰਿਆ ਹੈ, ਜੋ ਮਨੁੱਖ ਉਸ ਦੇ ਜਸ ਨੂੰ ਮੂੰਹ ਨਾਲ ਬੋਲਣਾ ਕਰਦੇ ਹਨ।,

ਉਸ ਦੇ ਸਰੀਰ ਰੂਪ ਨਗਰ ਵਿਚ ਜੋ ਪੰਜ ਅਸਾਧ ਦੋਖ ਕਾਮ ਆਦਿਕ ਹਨ ਉਹ ਪਲ ਦੇ ਇੱਕ ਖਿਣ ਵਿਚ ਦੂਰ ਕਰ ਦਿੱਤੇ ਹਨ॥ ੨॥

ਵਡਭਾਗੀ ਹਰਿ ਨਾਮੁ ਧਿਆਵਹਿ ਹਰਿ ਕੇ ਭਗਤ ਹਰੇ॥
ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ ਮੈ ਮੂੜ ਮੁਗਧ ਨਿਸਤਰੇ॥ ੩॥

ਜੋ ਵੱਡਿਆਂ ਭਾਗਾਂ ਵਾਲੇ ਮਨੁੱਖ ਹਰੀ ਨਾਮ ਨੂੰ ਧਿਆਂਵਦੇ ਹਨ, ਉਹ ਹਰੀ ਦੇ ਭਗਤ ਹਰੀ ਨਾਮ ਨੂੰ ਜਪ ਕੇ ਹਰੇ=ਅਨੰਦ ਹੋਏ ਹਨ।

ਹੇ ਪ੍ਰਭੂ ! ਮੈਂ ਆਪ ਜੀ ਪਾਸੋਂ ਮੰਗਦਾ ਹਾਂ। ਆਪ ਉਨ੍ਹਾਂ ਭਗਤਾਂ ਦੀ ਸੰਗਤਿ ਕਰਨੀ ਦਿਓ। ਜਿਸ ਕਰਕੇ ਮੈਂ ਮੂੜ ਮੁਗਧ=ਅਤਿਅੰਤ ਜੜ੍ਹ ਇਸ ਸੰਸਾਰ ਸਮੁੰਦਰ ਤੋਂ ਤਰ ਜਾਵਾਂ॥ ੩॥

ਕ੍ਰਿਪਾ ਕ੍ਰਿਪਾ ਧਾਰਿ ਜਗਜੀਵਨ ਰਖਿ ਲੇਵਹੁ ਸਰਨਿ ਪਰੇ॥
ਨਾਨਕੁ ਜਨੁ ਤੁਮਰੀ ਸਰਨਾਈ ਹਰਿ ਰਾਖਹੁ ਲਾਜ ਹਰੇ॥ ੪॥ ੧॥

ਹੇ ਜਗਜੀਵਨ ਅਕਾਲ ਪੁਰਖ ਕਿਰਪਾ ਸਰੂਪ ! ਆਪ ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਸੰਸਾਰ ਦੀ ਤਰਫੋਂ ਰੱਖ ਲੇਵੋ, ਮੈਂ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ।

ਗੁਰੂ ਜੀ ਕਥਨ ਕਰਦੇ ਹਨ—ਮੈਂ ਜਨ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਹੇ ਹਰਿ ਹਰਿ ਪ੍ਰਭੂ! ਆਪ ਮੇਰੀ ਲੱਜਾ ਰੱਖਣਾ ਕਰੋ॥ ੪॥ ੧॥

ਨਟ ਮਹਲਾ ੪॥

ਰਾਮ ਜਪਿ ਜਨ ਰਾਮੈ ਨਾਮਿ ਰਲੇ॥
ਰਾਮ ਨਾਮੁ ਜਪਿਓ ਗੁਰ ਬਚਨੀ ਹਰਿ ਧਾਰੀ ਹਰਿ ਕ੍ਰਿਪਲੇ॥ ੧॥ ਰਹਾਉ॥

ਗੁਰਮੁਖ ਜਨ ਰਾਮ ਨਾਮ ਨੂੰ ਜਪ ਕੇ ਰਾਮ ਦੇ ਨਾਲ ਹੀ ਰਲ ਗਏ ਹਨ। ਜੋ ਹਰੀ ਕ੍ਰਿਪਲੇ=ਕਿਰਪਾ ਦਾ

www.sikhbookclub.com

ਘਰ ਹੈ ਉਸ ਹਰੀ ਨੇ ਜਦ ਕਿਰਪਾ ਧਾਰੀ ਤਾਂ ਗੁਰਾਂ ਦੇ ਬਚਨਾਂ ਦੁਆਰਾ ਰਾਮ ਨਾਮ ਨੂੰ ਜਪਣਾ ਕੀਤਾ॥ ੧॥ ਰਹਾਉ॥

ਹਰਿ ਹਰਿ ਅਗਮ ਅਗੋਚਰੁ ਸੁਆਮੀ ਜਨ ਜਪਿ ਮਿਲਿ ਸਲਲ ਸਲਲੇ॥

ਜੋ ਹਰਿ ਹਰਿ ਸੁਆਮੀ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹੈ, ਐਸੇ ਸੁਆਮੀ ਦੇ ਨਾਮ ਨੂੰ ਗੁਰਮੁਖ ਜਨ ਜਪ ਕੇ ਪਰਮੇਸ਼ਰ ਨਾਲ ਇਸ ਤਰ੍ਹਾਂ ਮਿਲੇ ਹਨ, ਜਿਸ ਤਰ੍ਹਾਂ ਸਲਲ ਸਲਲੇ=ਜਲ ਨਾਲ ਜਲ ਮਿਲ ਜਾਂਦਾ ਹੈ।

ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ ਹਮ ਜਨ ਕੈ ਬਲਿ ਬਲਲੇ॥ ੧॥

ਹਰੀ ਦੇ ਸੰਤਾਂ ਨਾਲ ਮਿਲ ਕੇ ਜਿਨ੍ਹਾਂ ਨੇ ਰਾਮ=ਪਰਮਾਤਮਾ ਦੇ ਨਾਮ ਰਸ ਨੂੰ ਪਾਇਆ ਹੈ, ਅਸੀਂ ਉਨ੍ਹਾਂ ਜਨਾਂ ਤੋਂ ਬਲਿ ਬਲਲੇ=ਬਲਿਹਾਰ ਕੁਰਬਾਣ ਜਾਂਦੇ ਹਾਂ॥ ੧॥

ਪੁਰਖੋਤਮੁ ਹਰਿ ਨਾਮੁ ਜਨਿ ਗਾਇਓ ਸਭਿ ਦਾਲਦ ਦੁਖ ਦਲਲੇ॥

ਗੁਰਮੁਖ ਜਨਾਂ ਨੇ ਸਭ ਤੋਂ ਉੱਤਮ ਪੁਰਖ ਜੋ ਹਰੀ ਹੈ ਉਸ ਦੇ ਨਾਮ ਨੂੰ ਗਾਇਣ ਕਰਕੇ ਸਾਰੇ ਦਲਿੱਦ੍ਰ ਤੇ ਦੁੱਖਾਂ ਨੂੰ ਦਲਲੇ=ਦਲ ਦਿਤਾ ਹੈ।

ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੇ॥ ੨॥

ਇਸ ਦੇਹ ਦੇ ਵਿਚ ਪੰਚ ਧਾਤੂ=ਪੰਜ ਕਾਮਾਦਿਕ ਅਸਾਧ ਦੋਸ਼ ਹਨ, ਹਰੀ ਨੇ ਕਿਰਪਾ ਕਰਕੇ ਇਕ ਖਿਨ ਵਿਚ ਪਰਲੇ=ਅਭਾਵ ਕਰ ਦਿਤੇ ਹਨ॥ ੨॥

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ ਸਸਿ ਕਮਲੇ॥
ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ॥ ੩॥

ਹਰੀ ਦੇ ਸੰਤਾਂ ਨੇ ਮਨ ਵਿਚ ਸਤਿਗੁਰਾਂ ਦੀ ਪ੍ਰੀਤੀ ਲਗਾਈ ਹੈ, ਜਿਸ ਤਰ੍ਹਾਂ ਕਮਲੇ=ਕਲੀਆਂ ਸਸਿ=ਚੰਦ੍ਰਮਾ ਨੂੰ ਵੇਖ ਕੇ ਖਿੜਦੀਆਂ ਹਨ।

ਤਿਵੇਂ ਗੁਰੂ ਰੂਪ ਚੰਦ੍ਰਮਾਂ ਨੂੰ ਵੇਖ ਕੇ ਸਿੱਖ ਰੂਪੀ ਕਲੀਆਂ ਖਿੜਦੀਆਂ ਹਨ।

ਜਿਵੇਂ ਘਨਿਹਰੁ=ਬੱਦਲ, ਘਨ=ਬਹੁਤਾ ਘਨੁ=ਇੱਕ ਰਸ, ਉਨਵੈ=ਝੁਕ ਕੇ ਗਰਜਦਾ ਹੈ, ਤਾਂ ਮੋਰ ਮੁਰਲੇ =ਕਲੈਹਰੀ ਮੋਰਾਂ ਦੇ ਮਨ ਵਿਚ ਅਨੰਦ ਹੁੰਦਾ ਹੈ।

ਅਥਵਾ:- ਮੋਰ ਤੇ ਮੁਰਲੇ=ਮੋਰਣੀਆਂ ਦੇ ਮਨ ਵਿਚ ਆਨੰਦ ਹੁੰਦਾ ਹੈ।

ਏਸੇ ਤਰ੍ਹਾਂ ਜਿਸ ਵੇਲੇ ਗੁਰੂ ਰੂਪ ਘਨਿਹਰੁ=ਬੱਦਲ, ਘਣ=ਬਹੁਤਾ, ਘਨੁ=ਇੱਕ ਰਸੁ, ਉਨਵੈ=ਝੁਕ ਕੇ ਭਾਵ ਅਤਿਅੰਤ ਕ੍ਰਿਪਾਲੂ ਹੋ ਕੇ ਉਪਦੇਸ਼ ਨੂੰ ਗਰਜੈ=ਉਚਾਰਦੇ ਹਨ, ਤਾਂ ਸਿੱਖ ਸਿੱਖਣੀਆਂ ਰੂਪੀ ਮੋਰ ਮੋਰਨੀਆਂ ਦੇ ਮਨ ਵਿਚ ਅਨੰਦ ਹੁੰਦਾ ਹੈ।

ਵਾ:- ਕਲਹਿਰੀ ਮੋਰ=ਉੱਤਮ ਜਿਗਿਆਸੂਆਂ ਦੇ ਮਨ ਵਿਚ ਅਨੰਦ ਹੁੰਦਾ ਹੈ॥ ੩॥

ਹਮਰੈ ਸੁਆਮੀ ਲੋਚ ਹਮ ਲਾਈ ਹਮ ਜੀਵਹ ਦੇਖਿ ਹਰਿ ਮਿਲੇ॥

ਹਮਰੈ ਸੁਆਮੀ=ਅਸਾਡੇ ਗੁਰਾਂ ਨੇ ਹਰੀ ਨਾਲ ਮਿਲਣ ਦੀ ਅਸਾਨੂੰ ਲੋਚ=ਚਾਹ ਲਗਾਈ ਹੈ, ਇਸ ਕਰਕੇ

ਜੋ ਹਰੀ ਸਾਰੇ ਮਿਲਿਆ ਹੋਇਆ ਹੈ, ਉਸ ਹਰੀ ਨੂੰ ਵੇਖ ਕੇ ਅਸੀਂ ਜਿਉਂਦੇ ਹਾਂ।

ਜਨ ਨਾਨਕ ਹਰਿ ਅਮਲ ਹਰਿ ਲਾਏ ਹਰਿ ਮੇਲਹੁ ਅਨਦ ਭਲੇ ॥ ੪ ॥ ੨ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਹੇ ਹਰੀ ! ਜਿਨ੍ਹਾਂ ਪੁਰਸ਼ਾਂ ਨੂੰ ਹਰੀ ਨਾਮ ਰੂਪ ਅਮਲ ਲਗਾਇਆ ਹੈ, ਹੇ ਹਰੀ ! ਉਨ੍ਹਾਂ ਨਾਲ ਮੈਨੂੰ ਮੇਲੋ ਤਾਂ ਭਲੀ ਪਰਕਾਰ ਅਨੰਦ ਹੋਵੇ॥ ੪ ॥ ੨ ॥

[ਪੰਨਾ ੯੭੬]

ਨਟ ਮਹਲਾ ੪ ॥

ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ ॥

ਗੁਰ ਪਰਸਾਦੀ ਹਰਿ ਨਾਮੁ ਧਿਆਇਓ ਹਮ ਸਤਿਗੁਰ ਚਰਨ ਪਖੇ ॥੧ ॥ਰਹਾਉ ॥

ਹੇ ਮੇਰੇ ਮਨ=ਪਿਆਰੇ ! ਹਰਿ ਹਰਿ ਸਖੇ=ਮਿੱਤ੍ਰ ਦੇ ਨਾਮ ਨੂੰ ਜਪਣਾ ਕਰ,

ਵਾ:- ਸਖੇ=ਮਿੱਤ੍ਰ ਜੋ ਸੰਤ ਹਨ, ਉਨ੍ਹਾਂ ਦੁਆਰੇ ਹਰਿ ਹਰਿ ਨਾਮ ਨੂੰ ਜਪਣਾ ਕਰ।

ਅਸਾਂ ਨੇ ਗੁਰਾਂ ਦੀ ਕਿਰਪਾ ਕਰਕੇ ਹਰਿ ਨਾਮ ਨੂੰ ਧਿਆਇਆ ਹੈ- ਅਤੇ ਸਤਿਗੁਰਾਂ ਦੇ ਚਰਨ ਪਖੇ=ਵੇਖੇ ਹਨ, ਵਾ:- ਸਤਿਗੁਰਾਂ ਦੇ ਚਰਨਾਂ ਦਾ ਪਖੇ=ਪੱਖ ਲਿਆ ਹੈ,

ਵਾ:- ਪਖੇ=ਧੋਤੇ ਹਨ, ਵਾ:- ਸਤਿਗੁਰਾਂ ਦੇ ਚਰਨਾਂ ਉੱਪਰ ਪੱਖਾ ਝੱਲਿਆ ਹੈ॥ ੧ ॥ ਰਹਾਉ ॥

ਊਤਮ ਜਗੰਨਾਥ ਜਗਦੀਸੁਰ ਹਮ ਪਾਪੀ ਸਰਨਿ ਰਖੇ ॥

ਹੇ ਜਗਤ ਦੇ ਨਾਥ ਜਗਦੀਸ਼ਰ ਪਰਮਾਤਮਾ ! ਆਪ ਸਾਰਿਆਂ ਤੋਂ ਉਤਮ ਹੋ, ਅਸਾਂ ਪਾਪੀਆਂ ਨੂੰ ਤੁਸਾਂ ਨੇ ਆਪਣੀ ਸ਼ਰਨ ਵਿਚ ਰੱਖਣਾ ਕੀਤਾ ਹੈ।

ਤੁਮ ਵਡ ਪੁਰਖ ਦੀਨ ਦੁਖ ਭੰਜਨ ਹਰਿ ਦੀਓ ਨਾਮੁ ਮੁਖੇ ॥ ੧ ॥

ਆਪ ਸਾਰਿਆਂ ਤੋਂ ਵੱਡੇ ਪੁਰਖ ਹੋ, ਫੇਰ ਆਪ ਜੀ ਦੀਨ=ਗ਼ਰੀਬ ਪੁਰਸ਼ਾਂ ਦੇ ਦੁੱਖਾਂ ਨੂੰ ਭੰਜਨ=ਨਾਸ਼ ਕਰਨ ਵਾਲੇ ਹੋ, ਹੇ ਹਰੀ ! ਅਸਾਡੇ ਮੂੰਹ ਵਿਚ ਆਪ ਜੀ ਨੇ ਆਪਣਾ ਨਾਮ ਦਿੱਤਾ ਹੈ॥ ੧ ॥

ਹਰਿ ਗੁਨ ਊਚ ਨੀਚ ਹਮ ਗਾਏ ਗੁਰ ਸਤਿਗੁਰ ਸੰਗਿ ਸਖੇ ॥

ਗੁਰ=ਪੂਜਨੀਕ, ਸਖੇ=ਮਿੱਤ੍ਰ ਸਤਿਗੁਰਾਂ ਨਾਲ ਮਿਲ ਕੇ- ਸਭ ਤੋਂ ਉੱਚੇ ਹਰੀ ਦੇ ਗੁਣ ਅਸਾਂ ਨੀਚਾਂ ਨੇ ਗਾਏ ਹਨ।

ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ ॥ ੨ ॥

ਜਿਵੇਂ ਚੰਦਨ ਦੇ ਨਾਲ ਕੌੜਾ ਨਿੰਮ ਦਾ ਬ੍ਰਿੱਛ ਵਸੇ, ਤਾਂ ਉਸ ਨਿੰਮ ਵਿਚ ਚੰਦਨ ਦੇ ਸੀਤਲ ਔਰ ਸੁਗੰਧਤਾ ਆਦਿਕ ਗੁਣ ਵਸ ਜਾਂਦੇ ਹਨ।

ਤਿਵੇਂ ਨਿੰਮ ਦੇ ਬ੍ਰਿੱਛ ਵਾਂਙੂ ਕੌੜੇ ਸੁਭਾਵ ਵਾਲਾ ਜੋ ਜੀਵ ਹੈ, ਇਹ ਗੁਰੂ ਰੂਪ ਚੰਦਨ ਦੇ ਨਾਲ ਵਸ ਜਾਵੇ ਤਾਂ ਇਸ ਜੀਵ ਵਿਚ ਭੀ ਗੁਰੂ ਸਾਹਿਬ ਜੀ ਵਾਲੇ ਗੁਣ ਆ ਕੇ ਵਸ ਜਾਂਦੇ ਹਨ॥ ੨ ॥

ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ ॥

www.sikhbookclub.com

ਹੇ ਭਾਈ ! ਹਮਰੇ ਬਿਖੈ=ਅਸਾਡੇ ਵਿਚ ਵਿਸ਼ਿਆਂ ਦੇ ਔਗੁਣ ਬਹੁਤ ਹਨ, ਜੋ ਵਾਰੰਵਾਰ ਅਤੇ ਨਿਮਖ ਨਿਮਖ ਕਾਲ ਵਿਚ ਕੀਤੇ ਸਨ।

ਅਵਗਨਿਆਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ ॥੩ ॥

ਅਸੀਂ ਔਗੁਣਾਂ ਵਾਲੇ ਪੱਥਰਾਂ ਵਾਂਙੂ ਭਾਰੀ ਸੀ, ਪਰ ਖੇ=ਚਿਦਾਕਾਸ ਵਿਚ ਰਹਿਣ ਵਾਲੇ ਸੰਤ ਜਨਾਂ ਦਾ ਸੰਗ ਦੇ ਕੇ ਹਰੀ ਨੇ ਤਾਰ ਦਿੱਤਾ ਹੈ॥ ੩॥

ਜਿਨ ਕਉ ਤੁਮ ਹਰਿ ਰਾਖਹੁ ਸੁਆਮੀ ਸਭ ਤਿਨ ਕੇ ਪਾਪ ਕ੍ਰਿਖੇ ॥

ਹੇ ਹਰੀ ਸੁਆਮੀ ! ਜਿਨ੍ਹਾਂ ਨੂੰ ਆਪ ਹੱਥ ਦੇ ਕੇ ਰੱਖਦੇ ਹੋ, ਤਿਨ੍ਹਾਂ ਦੇ ਸਾਰੇ ਪਾਪ ਕਰਮ ਆਪ ਜੀ ਨੇ ਕ੍ਰਿਖੇ=ਖਿੱਚ ਕੇ ਕੱਟ ਦਿੱਤੇ ਹਨ।

ਜਨ ਨਾਨਕ ਕੇ ਦਇਆਲ ਪ੍ਰਭ ਸੁਆਮੀ ਤੁਮ ਦੁਸਟ ਤਾਰੇ ਹਰਣਖੇ ॥੪ ॥੩ ॥

ਹੇ ਪ੍ਰਭੂ ਸੁਆਮੀ ! ਸੇਵਕ ਜਨਾਂ ਉੱਪਰ ਆਪ ਹਮੇਸ਼ਾ ਦਿਆਲੂ ਹੋ, ਹਰਣਖੇ=ਹਰਨਾਖਸ਼ ਵਰਗੇ ਦੁਸ਼ਟ ਤਾਂ ਆਪ ਜੀ ਨੇ ਤਾਰ ਦਿੱਤੇ ਹਨ।

ਤੇ ਹੋਰਨਾਂ ਦਾਸਾਂ ਦੀ ਕੀ ਗੱਲ ਕਹਿਣੀ ਹੈ, ਅਰਥਾਤ ਉਨ੍ਹਾਂ ਨੂੰ ਭਾਂ ਜ਼ਰੂਰ ਹੀ ਤਾਰੋਗੇ॥ ੪॥ ੩॥

ਨਟ ਮਹਲਾ ੪ ॥

ਮੇਰੇ ਮਨ ਜਪਿ ਹਰਿ ਹਰਿ ਰਾਮ ਰੰਗੇ ॥
ਹਰਿ ਹਰਿ ਕ੍ਰਿਪਾ ਕਰੀ ਜਗਦੀਸੁਰਿ
ਹਰਿ ਧਿਆਇਓ ਜਨ ਪਗਿ ਲਗੇ ॥ ੧ ॥ ਰਹਾਉ ॥

ਹੇ ਮੇਰੇ ਮਨ ! ਹਰੀ ਰਾਮ ਵਿਚ ਰੰਗੇ ਹੋਇ ਜੋ ਸੰਤ ਹਨ, ਉਨ੍ਹਾਂ ਦੁਆਰੇ ਤੂੰ ਹਰੀ ਨਾਮ ਨੂੰ ਜਪਣਾ ਕਰ। ਜਿਨ੍ਹਾਂ ਉੱਤੇ ਜਗਤ ਦੇ ਮਾਲਕ ਹਰਿ ਹਰਿ ਨੇ ਕਿਰਪਾ ਕੀਤੀ ਹੈ।

ਉਨ੍ਹਾਂ ਨੇ ਸੰਤ ਜਨਾਂ ਦੀ ਚਰਨੀਂ ਲੱਗ ਕੇ ਹਰੀ ਨੂੰ ਧਿਆਉਂਣਾ ਕੀਤਾ ਹੈ॥ ੧॥ ਰਹਾਉ॥

ਜਨਮ ਜਨਮ ਕੇ ਭੂਲ ਚੂਕ ਹਮ ਅਬ ਆਏ ਪ੍ਰਭ ਸਰਨਗੇ ॥
ਤੁਮ ਸਰਣਾਗਤਿ ਪ੍ਰਤਿਪਾਲਕ ਸੁਆਮੀ ਹਮ ਰਾਖਹੁ ਵਡ ਪਾਪਗੇ ॥ ੧ ॥

ਜਨਮਾਂ ਜਨਮਾਂ ਵਿਚ ਭੁੱਲਣੇ ਚੁੱਕਣੇ ਵਾਲੇ ਅਸੀਂ ਤੁੱਛ ਜੀਵ, ਹੇ ਪ੍ਰਭੂ ! ਹੁਣ ਆਪ ਜੀ ਦੀ ਸ਼ਰਨ ਵਿਚ ਆਏ ਹਾਂ।

ਹੇ ਸੁਆਮੀ ! ਜੋ ਸ਼ਰਨ ਵਿਚ ਆ ਕੇ ਪ੍ਰਾਪਤ ਹੋਇ ਹਨ, ਉਨ੍ਹਾਂ ਪੁਰਸ਼ਾਂ ਦੀ ਆਪ ਹੀ ਪ੍ਰਤਿਪਾਲਾ ਕਰਨ ਵਾਲੇ ਹੋ, ਅਸੀਂ ਵੱਡੇ ਪਾਪੀ ਹਾਂ ਆਪ ਹੀ ਅਸਾਨੂੰ ਰੱਖ ਲੇਵੋ॥ ੧॥

ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ ਪ੍ਰਭ ਕੀਏ ਪਤਿਤ ਪਵਗੇ ॥

ਹੇ ਹਰੀ ! ਆਪ ਜੀ ਦੀ ਸੰਗਤ ਵਿਚ ਕੇਹੜਾ ਕੇਹੜਾ ਨਹੀਂ ਤਰਿਆ, ਭਾਵ ਸਾਰੇ ਤਰੇ ਹਨ, ਹੇ ਪ੍ਰਭੂ ! ਤੁਸਾਂ ਨੇ ਤਾਂ ਪਤਿਤ=ਪਾਪੀਆਂ ਨੂੰ ਭੀ ਪਵਗੇ=ਪਵਿੱਤ੍ਰ ਕਰ ਦਿੱਤਾ ਹੈ।

ਗੁਨ ਗਾਵਤ ਛੀਪਾ ਦੁਸਟਾਰਿਓ ਪ੍ਰਭਿ ਰਾਖੀ ਪੈਜ ਜਨਗੇ ॥ ੨ ॥

ਜਿਵੇਂ ਛੀਪਾ ਜੋ ਨਾਮਦੇਵ ਹੈ ਗੁਣਾਂ ਨੂੰ ਗਾਵਦਿਆਂ ਗਾਵਦਿਆਂ ਉਸ ਦਾ ਦੁਸ+ਟਾਰਿਓ=ਸ਼ੂਦਰਪਣੇ ਦਾ ਦੋਸ਼ ਟਾਲ ਦਿੱਤਾ ਹੈ, ਵਾ:- ਵਿਧਵਾ ਮਾਤਾ ਤੋਂ ਉਤਪਤੀ ਦਾ ਦੋਸ਼, ਵਾ:- ਭਗਵਾਨ ਨੇ ਆਪਣੀ ਨਿਰਾਦਰੀ ਦਾ ਦੋਸ਼ ਟਾਲ ਦਿੱਤਾ,

(ਜੋ ਮੰਦਰ ਵਿਚ ਜਾ ਕੇ ਚਰਨ ਦਾਸੀਆਂ ਖੜਕਾਈਆਂ ਸਨ)

ਹੇ ਪ੍ਰਭੂ ! ਆਪ ਜੀ ਨੇ ਜਨਗੇ=ਜਨਾਂ ਦੀ ਪੱਤ ਆਬਰੋ ਰੱਖੀ ਹੈ।

ਅਥਵਾ:- ਅੱਗੇ=ਪ੍ਰਲੋਕ ਵਿਚ ਜਨਾਂ ਦੀ ਪੈਜ ਰੱਖੀ ਹੈ।

ਵਾ:- ਨਾਮਦੇਵ ਤੋਂ ਪਹਿਲੇ ਭੀ ਕਈਆਂ ਪੁਰਸ਼ਾਂ ਦੀ ਪੈਜ ਰੱਖੀ ਹੈ॥ ੨ ॥

ਜੋ ਤੁਮਰੇ ਗੁਨ ਗਾਵਹਿ ਸੁਆਮੀ ਹਉ ਬਲਿ ਬਲਿ ਬਲਿ ਤਿਨਗੇ ॥

ਹੇ ਸੁਆਮੀ ! ਜੋ ਪੁਰਸ਼ ਆਪ ਜੀ ਦੇ ਗੁਣਾਂ ਨੂੰ ਗਾਉਂਦੇ ਹਨ, ਮੈਂ ਉਨ੍ਹਾਂ ਦੇ ਉੱਪਰੋਂ ਮਨ ਕਰਕੇ ਬਲਿਹਾਰ, ਬਾਣੀ ਕਰਕੇ ਬਲਿਹਾਰ, ਤਨ ਕਰਕੇ ਭੀ ਬਲਿਹਾਰ ਜਾਂਦਾ ਹਾਂ।

ਭਵਨ ਭਵਨ ਪਵਿਤ੍ਰ ਸਭਿ ਕੀਏ ਜਹ ਧੂਰਿ ਪਰੀ ਜਨ ਪਰਗੇ ॥ ੩ ॥

ਜਿੱਥੇ ਸੰਤ ਜਨ ਦੇ ਚਰਨਾਂ ਦੀ ਧੂੜ ਪਈ ਹੈ, ਉਹ ਸਾਰੇ ਮੰਦਰ ਹੀ ਮੰਦਰ ਪਵਿੱਤ੍ਰ ਕੀਤੇ ਹੈਂ, ਵਾ:- ਜਿਨ੍ਹਾਂ ਭਵਨ=ਮੰਦਰਾਂ ਵਿਚ ਸੰਤਾਂ ਨੇ ਭਵਨ=ਫਿਰਨਾ ਕੀਤਾ ਹੈ ਅਤੇ ਜਿੱਥੇ ਸੰਤ ਜਨਾਂ ਦੇ ਚਰਨਾਂ ਦੀ ਧੂੜੀ ਪਈ ਹੈ, ਉਹ ਸਾਰੇ ਘਰ ਪਵਿੱਤ੍ਰ ਕੀਤੇ ਹਨ॥ ੩ ॥

ਤੁਮਰੇ ਗੁਨ ਪ੍ਰਭ ਕਹਿ ਨ ਸਕਹਿ ਹਮ ਤੁਮ ਵਡ ਵਡ ਪੁਰਖ ਵਡਗੇ ॥

ਹੇ ਪ੍ਰਭੂ ! ਅਸੀਂ ਆਪ ਜੀ ਦੇ ਗੁਣਾਂ ਨੂੰ ਕਹਿ ਨਹੀਂ ਸਕਦੇ, ਹੇ ਵਡਗੇ ! ਆਪ ਵੱਡਿਆ ਤੋਂ ਵੱਡੇ ਪੁਰਖ ਹੋ।

ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਹਮ ਸੇਵਹ ਤੁਮ ਜਨ ਪਰਗੇ ॥੪ ॥੪ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈ ਜਨ ਦੇ ਉੱਪਰ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ ਤਾਂ ਕਿ ਅਸੀਂ ਆਪ ਜੀ ਦੇ ਸੰਤ ਜਨਾਂ ਦੇ ਚਰਨਾਂ ਨੂੰ ਸੇਵਨਾ ਕਰੀਏ॥ ੪ ॥ ੪ ॥

ਨਟ ਮਹਲਾ ੪ ॥

ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ ॥

ਹੇ ਮੇਰੇ ਪਿਆਰੇ ! ਤੂੰ ਹਰੀ ਨਾਮ ਨੂੰ ਜਪ ਅਤੇ ਹਰੀ ਨਾਮ ਨੂੰ ਮਨਨ ਕਰ,

ਵਾ:- ਮਨ ਵਿਚ ਹਰਿ ਹਰਿ ਨਾਮ ਨੂੰ ਜਪਣਾ ਕਰ।

ਜਗੰਨਾਥਿ ਕਿਰਪਾ ਪ੍ਰਭਿ ਧਾਰੀ ਮਤਿ ਗੁਰਮਤਿ ਨਾਮ ਬਨੇ ॥ ੧ ॥ ਰਹਾਉ ॥

ਜਿਸ ਵੇਲੇ ਜਗਤ ਦੇ ਸੁਆਮੀ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰੀ ਤਾਂ ਮਤੀ ਵਿਚ ਗੁਰਾਂ ਦੀ ਸਿੱਖਿਆ ਦੁਆਰੇ ਪਰਮਾਤਮਾ ਦੇ ਨਾਮ ਸੋਭਨੀਕ ਬਣੇ॥ ੧ ॥ ਰਹਾਉ ॥

ਹਰਿ ਜਨ ਹਰਿ ਜਸੁ ਹਰਿ ਹਰਿ ਗਾਇਓ ਉਪਦੇਸ ਗੁਰੂ ਗੁਰ ਸੁਨੇ॥

ਗੁਰ=ਪੂਜਨੀਕ ਗੁਰਾਂ ਦੇ ਉਪਦੇਸ਼ ਰੂਪ ਬਚਨ ਸੁਣ ਕੇ ਹਰੀ ਜਨਾਂ ਨੇ ਹਰਿ ਹਰਿ ਦੇ ਜਸ ਨੂੰ ਹਰ ਤਰ੍ਹਾਂ ਨਾਲ ਗਾਇਣ ਕੀਤਾ ਹੈ।

ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ॥ ੧॥

ਹਰੀ ਨਾਮ ਨੇ ਚਾਰੇ ਕਿਲਵਿਖ ਅਤੇ ਪਾਪ ਕਰਮ ਇਸ ਤਰ੍ਹਾਂ ਕੱਟੇ ਹਨ, ਜਿਸ ਤਰ੍ਹਾਂ ਕ੍ਰਿਸਾਨਿ=ਜ਼ਿਮੀਂਦਾਰ ਖੇਤ ਨੂੰ ਲੁਨੇ=ਕੱਟਦਾ ਹੈ॥ ੧॥

ਤੁਮਰੀ ਉਪਮਾ ਤੁਮ ਹੀ ਪ੍ਰਭ ਜਾਨਹੁ ਹਮ ਕਹਿ ਨ ਸਕਹਿ ਹਰਿ ਗੁਨੇ॥

ਹੇ ਪ੍ਰਭੂ ! ਤੁਹਾਡੀ ਜੋ ਉਪਮਾ ਹੈ ਉਸ ਨੂੰ ਆਪ ਹੀ ਜਾਣਦੇ ਹੋ, ਹੇ ਹਰੀ ! ਆਪ ਜੀ ਦੇ ਗੁਣਾਂ ਨੂੰ ਅਸੀਂ ਕਹਿ ਨਹੀਂ ਸਕਦੇ।

ਜੈਸੇ ਤੁਮ ਤੈਸੇ ਪ੍ਰਭ ਤੁਮ ਹੀ ਗੁਨ ਜਾਨਹੁ ਪ੍ਰਭ ਅਪੁਨੇ॥ ੨॥

ਜੈਸੇ ਆਪ ਹੋ, ਤੈਸੇ ਹੇ ਪ੍ਰਭੂ! ਤੁਸੀਂ ਹੀ ਹੋ, ਆਪਣਿਆਂ ਗੁਣਾਂ ਨੂੰ ਹੇ ਪ੍ਰਭੂ! ਤੁਸੀਂ ਆਪ ਹੀ ਜਾਣਦੇ ਹੋ॥ ੨॥

ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖਲਨੇ॥

ਮਾਇਆ ਦੀ ਫਾਹੀ ਰੂਪ ਬੰਧਨਾਂ ਵਿਚ ਬਹੁਤ ਬੱਧੇ ਹੋਇ ਸੀ, ਜਦ ਖੁਲ੍ਹ ਕੇ ਹਰੀ ਨੂੰ ਜਪਿਆ ਤਾਂ ਸਾਰੇ ਬੰਧਨ ਖੁੱਲ ਗਏ।

ਜਿਉ ਜਲ ਕੁੰਚਰੁ ਤਦੂਐ ਬਾਂਧਿਓ ਹਰਿ ਚੇਤਿਓ ਮੋਖ ਮੁਖਨੇ॥ ੩॥

ਜਿਵੇਂ ਜਲ ਵਿਚ ਹਾਥੀ ਨੂੰ ਤੰਦੂਏ ਨੇ ਤਾਰਾਂ ਪਾ ਕੇ ਬੱਧਾ ਹੋਇਆ ਸੀ, ਜਦ ਉਸ ਨੇ ਮੋਖ ਰੂਪ ਹਰੀ ਨੂੰ ਚੇਤਿਆ ਤਾਂ ਉਸ ਦੇ ਸਾਰੇ ਬੰਧਨ ਮੁਖਨੇ=ਛੁੱਟ ਗਏ॥ ੩॥

ਸੁਆਮੀ ਪਾਰਬ੍ਰਹਮ ਪਰਮੇਸਰੁ ਤੁਮ ਖੋਜਹੁ ਜੁਗ ਜੁਗਨੇ॥

ਹੇ ਸੁਆਮੀ ਪਾਰਬ੍ਰਹਮ ਪਰਮ ਈਸ਼ੁਰ ! ਭਗਤ ਜਨ ਆਪ ਜੀ ਨੂੰ ਜੁਗਾਂ ਜੁਗਾਂ ਵਿਚ ਖੋਜਦੇ ਹਨ, ਵਾ:- ਜੁਗ ਜੁਗਨੇ=ਚਾਰ ਸਾਧਨਾਂ ਵਿਚ ਜੁੜ ਕੇ ਭਗਤ ਆਪ ਜੀ ਨੂੰ ਖੋਜਦੇ ਹਨ।

ਤੁਮਰੀ ਥਾਹ ਪਾਈ ਨਹੀ ਪਾਵੈ ਜਨ ਨਾਨਕ ਕੇ ਪ੍ਰਭ ਵਡਨੇ॥ ੪॥ ੫॥

ਪਰ ਉਨ੍ਹਾਂ ਨੇ ਭੀ ਆਪ ਜੀ ਦੀ ਥਾਹ=ਅੰਤ ਤਾਈ ਨਹੀਂ ਪਾਈ ਤੇ ਅਸੀਂ ਕਿਵੇਂ ਪਾ ਸਕਦੇ ਹਾਂ, ਮੈ ਜਨ ਦੇ ਆਪ ਵੱਡੇ ਪ੍ਰਭੂ ਹੋ॥ ੪॥ ੫॥

ਨਟ ਮਹਲਾ ੪॥

ਮੇਰੇ ਮਨ ਕਲਿ ਕੀਰਤਿ ਹਰਿ ਪ੍ਰਵਣੇ॥

ਹੇ ਮੇਰੇ ਮਨ ! ਕਲਜੁਗ ਵਿਚ ਇੱਕ ਹਰੀ ਦੀ ਕੀਰਤੀ ਪ੍ਰਵਣੇ=ਪ੍ਰਮਾਨੀਕ ਹੈ,

 ਹਰੀ ਦੀ ਕੀਰਤੀ ਨੂੰ ਪ੍ਰਵਣੇ=ਉਚਾਰਨਾ ਕਰ, www.sikhbookclub.com

ਵਾ:- ਪ੍ਰਵਣੇ=ਪ੍ਰਣਵ ਓਅੰਕਾਰ' ਹਰੀ ਦੀ ਕੀਰਤੀ ਕਲਜੁਗ ਵਿਚ ਕਰ।

[ਪੰਨਾ ੯੭੭]

ਹਰਿ ਹਰਿ ਦਇਆਲਿ ਦਇਆ ਪ੍ਰਭ ਧਾਰੀ
ਲਗਿ ਸਤਿਗੁਰ ਹਰਿ ਜਪਣੇ ॥ ੧ ॥ ਰਹਾਉ ॥

ਜਿਨ੍ਹਾਂ ਉੱਤੇ ਹਰਿ ਹਰਿ ਦਿਆਲੂ ਪ੍ਰਭੂ ਨੇ ਦਇਆ ਦ੍ਰਿਸ਼ਟੀ ਧਾਰੀ ਹੈ, ਉਨ੍ਹਾਂ ਨੇ ਸਤਿਗੁਰਾਂ ਨਾਲ ਲੱਗ ਕੇ ਹਰੀ ਨਾਮ ਜਪਣਾ ਕੀਤੇ ਹਨ॥ ੧॥ ਰਹਾਉ॥

ਹਰਿ ਤੁਮ ਵਡ ਅਗਮ ਅਗੋਚਰ ਸੁਆਮੀ ਸਭਿ ਧਿਆਵਹਿ ਹਰਿ ਰੁੜਣੇ ॥

ਹੇ ਹਰੀ ਸੁਆਮੀ ! ਆਪ ਸਾਰਿਆਂ ਤੋ ਵੱਡੇ ਹੋ, ਮਨ ਕਰਕੇ ਅਗਮ ਅਤੇ ਇੰਦ੍ਰੀਆਂ ਕਰਕੇ ਅਗੋਚਰ ਹੋ, ਹੇ ਰੁੜਣੇ=ਸੁੰਦਰ ਹਰੀ ! ਸਾਰੇ ਜੀਵ ਆਪ ਜੀ ਨੂੰ ਧਿਆਉਂਦੇ ਹਨ।

ਜਿਨ ਕਉ ਤਮ੍ਰੇ ਵਡ ਕਟਾਖ ਹੈ ਤੇ ਗੁਰਮੁਖਿ ਹਰਿ ਸਿਮਰਣੇ ॥ ੧ ॥

ਜਿਨ੍ਹਾਂ ਉੱਤੇ ਆਪ ਜੀ ਦੇ ਨੇੜ੍ਹ ਕਟਾਛ ਬੜੇ ਦਿਆਲੂ ਹੈਂ, ਉਹ ਗੁਰਮੁਖ ਜਨ ਗੁਰਾਂ ਦੁਆਰੇ ਹਰੀ ਨਾਮਾਂ ਨੂੰ ਸਿੰਮਰਦੇ ਹਨ॥ ੧॥

ਇਹੁ ਪਰਪੰਚੁ ਕੀਆ ਪ੍ਰਭ ਸੁਆਮੀ ਸਭੁ ਜਗਜੀਵਨੁ ਜੁਗਣੇ ॥

ਹੇ ਪ੍ਰਭੂ ਸੁਆਮੀ ! ਇਹ ਸਾਰਾ ਪ੍ਰਪੰਚ ਆਪ ਜੀ ਨੇ ਹੀ ਪੈਦਾ ਕੀਤਾ ਹੈ,
ਪੁਨਾ, ਹੇ ਜਗਜੀਵਨ ! ਆਪ ਹੀ ਸਾਰਿਆਂ ਵਿਚ ਜੁਗਣੇ=ਜੁੜ ਰਹੇ ਹੋ।

ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ ॥੨ ॥

ਜਿਵੇਂ ਜਲ ਵਿਚੋਂ ਬਹੁਤ ਹੀ ਜਲ ਦੀਆਂ ਲਹਿਰਾਂ ਉੱਠਦੀਆਂ ਹਨ, ਪੁਨਾ ਜਲ ਨਾਲ ਮਿਲ ਕੇ ਜਲ ਵਿਚ ਸਮਣੇ=ਸਮਾਅ ਜਾਂਦੀਆਂ ਹਨ,
ਤੈਸੇ ਇਹ ਪ੍ਰਪੰਚ ਆਪ ਜੀ ਤੋਂ ਉਤਪੰਨ ਹੋਇਆ ਹੈ, ਪੁਨਾ- ਆਪ ਜੀ ਦੇ ਵਿਚ ਹੀ ਸਮਾਅ ਜਾਂਦਾ ਹੈ॥ ੨॥

ਜੋ ਪ੍ਰਭ ਕੀਆ ਸੁ ਤੁਮ ਹੀ ਜਾਨਹੁ ਹਮ ਨਹ ਜਾਣੀ ਹਰਿ ਗਹਣੇ ॥

ਹੇ ਪ੍ਰਭੂ ! ਜੋ ਸੰਸਾਰ ਆਪ ਜੀ ਨੇ ਪੈਦਾ ਕੀਤਾ ਹੈ, ਇਸ ਦੀ ਗਤੀ ਨੂੰ ਆਪ ਹੀ ਜਾਣਦੇ ਹੋ, ਹੇ ਗਹਣੇ=ਆਸਰਾ ਰੂਪ ਹਰੀ ! ਅਸੀਂ ਕੁਝ ਨਹੀਂ ਜਾਣਦੇ।

ਹਮ ਬਾਰਿਕ ਕਉ ਰਿਦ ਉਸਤਤਿ ਧਾਰਹੁ ਹਮ ਕਰਹ ਪ੍ਰਭੂ ਸਿਮਰਣੇ ॥ ੩ ॥

ਮੈਂ ਬਾਲਕ ਨੂੰ ਆਪਣਾ ਸੇਵਕ ਜਾਣ ਕੇ ਮੇਰੇ ਹਿਰਦੇ ਵਿਚ ਆਪਣੀ ਉਸਤਤੀ ਕਉ=ਨੂੰ ਧਾਰੋ, ਜਿਸ ਕਰਕੇ ਅਸੀਂ ਆਪ ਜੀ ਦਾ ਸਿਮਰਨ ਕਰੀਏ॥ ੩॥

ਤੁਮ ਜਲ ਨਿਧਿ ਹਰਿ ਮਾਨ ਸਰੋਵਰ ਜੋ ਸੇਵੈ ਸਭ ਫਲਣੇ ॥

ਹੇ ਹਰੀ ! ਜਲਨਿਧਿ=ਸੰਸਾਰ ਸਮੁੰਦਰ ਵਿਚ ਆਪ ਮਾਨ ਸਰੋਵਰ ਵਾਂਙੂ ਹੋ, ਜੋ ਪੁਰਸ਼ ਆਪ ਜੀ ਨੂੰ

www.sikhbookclub.com

ਸੇਂਵਦਾ ਹੈ, ਉਹ ਸਾਰਿਆਂ ਫਲਾਂ ਕਰਕੇ ਫਲੀ ਭੂਤ ਹੁੰਦਾ ਹੈ।

ਜਨੁ ਨਾਨਕੁ ਹਰਿ ਹਰਿ ਹਰਿ ਹਰਿ ਬਾਂਛੈ
ਹਰਿ ਦੇਵਹੁ ਕਰਿ ਕ੍ਰਿਪਣੇ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰਿ ਹਰਿ ! ਮੈਂ ਸੇਵਕ ਜਨ ਆਪ ਜੀ ਦੇ ਹਰਿ ਹਰਿ ਨਾਮ ਨੂੰ ਬਾਂਛੈ=ਚਾਹੁੰਦਾ ਹਾਂ, ਹੇ ਹਰੀ ! ਆਪ ਕਿਰਪਾ ਕਰਕੇ ਨਾਮ ਦਾਨ ਦੇਣਾ ਕਰੋ॥ ੪ ॥ ੬ ॥

ਨਟ ਨਾਰਾਇਨ ਮਹਲਾ ੪ ਪੜਤਾਲ

ੴ ਸਤਿਗੁਰ ਪ੍ਰਸਾਦਿ ॥

ਮੇਰੇ ਮਨ ਸੇਵ ਸਫਲ ਹਰਿ ਘਾਲ ॥ ਲੇ ਗੁਰ ਪਗ ਰੇਨ ਰਵਾਲ ॥

ਹੇ ਮੇਰੇ ਪਿਆਰੇ ! ਸਹਤ ਫਲਾਂ ਦੇ ਜੋ ਹਰੀ ਹੈ, ਉਸ ਦੀ ਸੇਵਾ ਘਾਲ=ਕਰ,

ਵਾ:- ਹੇ ਮੇਰੇ ਮਨ! ਹਰੀ ਨੂੰ ਸੇਵ, ਇਹ ਘਾਲ=ਕਮਾਈ ਸਫਲ ਹੈ ਅਤੇ ਰਵਾਲ=ਥੋੜੀ ਮਾਤ੍ਰ ਗੁਰਾਂ ਦੇ ਚਰਨਾਂ ਦੀ ਧੂੜੀ ਲੈਣਾ ਕਰ, ਵਾ:- ਕਾਮਾਦਿਕਾਂ ਨੂੰ ਰਵਾਲ=ਧੂੜ ਕਰਨ ਵਾਲੀ ਜੋ ਗੁਰਾਂ ਦੇ ਚਰਨਾਂ ਦੀ ਧੂੜੀ ਹੈ ਉਸ ਨੂੰ ਲੈਣਾ ਕਰ।

ਸਭਿ ਦਾਲਿਦ ਭੰਜਿ ਦੁਖ ਦਾਲ ॥
ਹਰਿ ਹੋ ਹੋ ਹੋ ਨਦਰਿ ਨਿਹਾਲ ॥ ੧ ॥ ਰਹਾਉ ॥

ਤਾਂ ਸਾਰੇ ਦਲਿਦ੍ਰ ਭੰਜਿ=ਨਾਸ ਹੋ ਜਾਣਗੇ ਤੇ ਦੁੱਖ ਵੀ ਦਲੇ ਜਾਣਗੇ, ਹੋ=ਹੇ ਭਾਈ ! ਹਰੀ ਦੀ ਨਦਰਿ=ਕਿਰਪਾ ਦ੍ਰਿਸ਼ਟੀ, ਹੋ=ਹੋਵੇ ਤਾਂ ਨਿਹਾਲ ਹੋ=ਹੋਈਦਾ ਹੈ॥ ੧ ॥

ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ
ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ ॥

(ਅੰਨਵੇਂ ਅੱਖਰਾਂ ਵੱਲ ਧਿਆਨ ਦੇਣਾ-)

ਹਰ ਪ੍ਰਕਾਰ ਦੇ ਰੰਗਾਂ ਵਿਚ ਜੋ ਰੰਗਿਆ ਹੋਇਆ ਹਰੀ ਮਹਲੀ ਹੈ, ਬੇਅੰਤ ਗੁਣਾਂ ਵਾਲਾ ਲਾਲਾਂ ਵਿਚੋਂ ਬੇਕੀਮਤਾ ਲਾਲ, ਲਾਲ=ਪਿਆਰਾ, ਉਸ ਹਰੀ ਦਾ ਘਰ ਜੋ ਮਨੁੱਖ ਸਰੀਰ ਹੈ ਉਸ ਨੂੰ ਹਰੀ ਨੇ ਆਪ ਹੀ ਸਵਾਰਨਾ ਕੀਤਾ ਹੈ।

ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ
ਹਮ ਹਰਿ ਕੀ ਗੁਰ ਕੀਈ ਹੈ ਬਸੀਠੀ
ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ ॥ ੧ ॥

ਜਿਸ ਵੇਲੇ ਹਰੀ ਨੇ ਆਪਣੀ ਕਿਰਪਾ ਕੀਤੀ ਤਾਂ ਅਸਾਡੀ ਹਰੀ ਪ੍ਰਭੂ ਨਾਲ ਮਿਲਣ ਦੀ ਗੁਰਾਂ ਨੇ ਬਸੀਠੀ=ਵਕੀਲਗੀ ਕੀਤੀ, ਤਾਂ ਆਪ ਹਰੀ ਅੰਤਹ ਕਰਨ ਰੂਪੀ ਘਰ ਵਿਚ ਆਇਆ, ਉਸ ਵੇਲੇ ਨਿਹਾਲ ਰੂਪ ਹਰੀ ਨੂੰ ਵੇਖ ਕੇ ਮੈਂ ਮਨ ਕਰਕੇ ਨਿਹਾਲ, ਤਨ ਕਰਕੇ ਵੀ ਨਿਹਾਲ, ਬਾਣੀ ਕਰਕੇ ਵੀ ਨਿਹਾਲ ਹੋਈ॥ ੧ ॥

www.sikhbookclub.com

ਹਰਿ ਆਵਤੇ ਕੀ ਖਬਰਿ ਗੁਰਿ ਪਾਈ ਮਨਿ ਤਨਿ ਆਨਦੋ ਆਨੰਦ ਭਏ
ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ॥

ਜਿਸ ਵੇਲੇ ਹਰੀ ਦੇ ਆਉਣੇ ਦੀ ਖ਼ਬਰ ਗੁਰਾਂ ਨੇ ਪਾਈ ਤੇ ਮੇਰੇ ਲਾਲ=ਪਿਆਰੇ ਹਰੀ ਲਾਲ ਵੱਤ ਬੇਕੀਮਤੇ ਆਂਵਦੇ ਸੁਣੇ ਤਾਂ ਮਨ, ਤਨ ਵਿਚ ਅਨੰਦ ਹੀ ਅਨੰਦ ਹੋਇਆ।

ਜਨੁ ਨਾਨਕੁ ਹਰਿ ਹਰਿ ਮਿਲੇ
ਭਏ ਗਲਤਾਨ ਹਾਲ ਨਿਹਾਲ ਨਿਹਾਲ॥ ੨॥ ੧॥ ੭॥

ਸੰਤ ਜਨ ਹਰਿ ਹਰਿ ਨਾਲ ਮਿਲ ਕੇ ਗਲਤਾਨ=ਤਦਾਕਾਰ ਹੋਏ ਹਨ ਤੇ ਹਾਲ=ਸ਼ੀਘਰ ਨਿਹਾਲ ਤੋਂ ਨਿਹਾਲ ਹੋਏ॥ ੨॥ ੧॥ ੭॥

ਨਟ ਮਹਲਾ ੪॥

ਮਨ ਮਿਲੁ ਸੰਤਸੰਗਤਿ ਸੁਭਵੰਤੀ॥ ਸੁਨਿ ਅਕਥ ਕਥਾ ਸੁਖਵੰਤੀ॥

ਹੇ ਮਨ=ਪਿਆਰੇ ! ਸੰਤਾਂ ਦੀ ਸੰਗਤਿ ਨਾਲ ਮਿਲਣਾ ਕਰ ਜੋ ਸੰਤਾਂ ਦੀ ਸੰਗਤ ਸੁਭਵੰਤੀ=ਸ੍ਰੇਸ਼ਟ ਕਰਤੱਬਾਂ ਦੇ ਕਰਨ ਵਾਲੀ ਹੈ।

ਅਕਥ=ਪਰਮਾਤਮਾ ਦੀ ਕਥਾ ਜੋ ਸੁਖਾਂ ਦੇ ਦੇਣ ਵਾਲੀ ਹੈ, ਉਸ ਨੂੰ ਸੁਣਨਾ ਕਰ। ਤਾਂ ਤੇਰੇ-

ਸਭ ਕਿਲਬਿਖ ਪਾਪ ਲਹੰਤੀ॥
ਹਰਿ ਹੋ ਹੋ ਹੋ ਲਿਖਤੁ ਲਿਖੰਤੀ॥ ੧॥ ਰਹਾਉ॥

ਚਾਰੇ ਕਿਲਵਿਖ ਤੇ ਸਾਰੇ ਪਾਪ ਲਹੰਤੀ=ਦੂਰ ਹੋ ਜਾਣਗੇ।

ਹੋ=ਹੇ ਭਾਈ ! ਜਦ ਮਸਤਕ ਉੱਪਰ ਸਰੇਸ਼ਟ ਲਿਖਤ ਲਿਖੀ ਹੋਈ, ਹੋ=ਹੋਵੇ ਤਾਂ ਹਰੀ ਦੀ ਪ੍ਰਾਪਤੀ ਹੋ=ਹੁੰਦੀ ਹੈ॥ ੧॥ ਰਹਾਉ॥

ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ ਭਜੰਤੀ॥

ਹਰੀ ਪ੍ਰਭੂ ਦੀ ਕੀਰਤੀ ਕਰਨੀ ਕਲਜੁਗ ਵਿਚ ਸਰੇਸ਼ਟ ਹੈ, ਗੁਰਮੁਖਾਂ ਨੇ ਮਤਿ=ਬੁੱਧੀ ਵਿਚ ਗੁਰਾਂ ਦੀ ਸਿੱਖਿਆ ਦੁਆਰੇ ਹਰੀ ਦੀ ਕਥਾ ਨੂੰ ਭਜਨਾ ਕੀਤਾ ਹੈ।

ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ
ਤਿਸੁ ਜਨ ਕੈ ਹਉ ਕੁਰਬਾਨੰਤੀ॥ ੧॥

ਜਿਨ੍ਹਾਂ ਪੁਰਸ਼ਾਂ ਨੇ ਹਰੀ ਦੀ ਕਥਾ ਸੁਣੀ ਹੈ ਅਤੇ ਜਿਨ੍ਹਾਂ ਜਨਾਂ ਨੇ ਮਨਨ ਕੀਤੀ ਹੈ, ਉਨ੍ਹਾਂ ਜਨਾਂ ਦੇ ਉੱਪਰੋਂ ਅਸੀਂ ਬਲਿਹਾਰ ਤੇ ਕੁਰਬਾਨ ਜਾਂਦੇ ਹਾਂ॥ ੧॥

ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ॥

ਅਕਥ ਹਰੀ ਦੀ ਕਥਾ ਦਾ ਜਿਸ ਪੁਰਸ਼ ਨੇ ਰਸੁ=ਸ੍ਵਾਦ ਚੱਖਿਆ ਹੈ, ਉਸ ਪੁਰਸ਼ ਦੇ ਮਨ ਚੋਂ ਸਾਰਿਆਂ

ਪਦਾਰਥਾਂ ਦੀ ਭੂਖ=ਤ੍ਰਿਸ਼ਨਾ ਲਹਿ ਗਈ ਹੈ।

ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ
ਜਪਿ ਹਰਿ ਹਰਿ ਹਰਿ ਹੋਵੰਤੀ॥ ੨॥ ੨॥ ੮॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਗੁਰਮੁਖ ਜਨ ਹਰੀ ਦੀ ਕਥਾ ਨੂੰ ਸੁਣ ਕੇ ਤ੍ਰਿਪਤ ਹੋਇ ਹਨ, ਤੇ ਹਰਿ ਹਰਿ ਨਾਮ ਨੂੰ ਜਪ ਕੇ ਹਰੀ ਦਾ ਸਰੂਪ ਹੋ ਗਏ ਹਨ॥ ੨॥ ੨॥ ੮॥

ਨਟ ਮਹਲਾ ੪॥
ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ॥

ਐਸਾ ਕੋਈ ਹੈ ਜੋ ਮੇਰੇ ਪਾਸ ਆਨਿ=ਆ ਕੇ, ਵਾ:- ਮੈਨੂੰ ਸੰਸਾਰ ਵੱਲੋਂ ਆਨਿ=ਲਿਆ ਕੇ ਅਰਥਾਤ ਹਟਾ ਕੇ ਹਰਿ ਹਰਿ ਦੀ ਗੱਲ ਸੁਣਾਵੇ।

ਤਿਸ ਕਉ ਹਉ ਬਲਿ ਬਲਿ ਬਾਲ॥ ਸੋ ਹਰਿ ਜਨੁ ਹੈ ਭਲ ਭਾਲ॥

ਤਿਸ ਦੇ ਉੱਪਰੋਂ ਮੈਂ ਰੋਮ ਰੋਮ ਕਰਕੇ ਬਲਿਹਾਰ ਜਾਂਦਾ ਹਾਂ।
ਉਹ ਹਰੀ ਦਾ ਸੇਵਕ ਜਨ ਭਲਿਆਂ ਤੋਂ ਭਲਾ ਭਾਲ=ਵੇਖਣ ਵਿਚ ਔਂਦਾ ਹੈ,
ਵਾ:- ਉਹ ਹਰੀ ਕਾ ਸੇਵਕ ਜਨ ਭਲਾ ਹੈ ਉਸ ਨੂੰ ਤੂੰ ਭਾਲ=ਢੂੰਡ।

[ਪੰਨਾ ੯੭੮]

ਹਰਿ ਹੋ ਹੋ ਹੋ ਮੇਲਿ ਨਿਹਾਲ॥ ੧॥ ਰਹਾਉ॥

ਹੋ=ਹੇ ਭਾਈ ! ਹਰੀ ਨਾਲ ਮੇਲ, ਹੋ=ਹੋਵੇ ਤਾਂ ਨਿਹਾਲ ਹੋ=ਹੋਈਦਾ ਹੈ॥ ੧॥ ਰਹਾਉ॥

ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ॥

ਹਰੀ ਦਾ ਰਸਤਾ ਸੰਤਿ=ਸ਼ਾਂਤ ਆਤਮਾ ਗੁਰਾਂ ਨੇ ਬਤਾਇਆ, ਤਾਂ ਹਰਿ=ਤਮਾਮ ਚਾਲਾਂ ਵਿਚੋਂ ਹਰੀ ਪ੍ਰਾਪਤੀ ਦੀ ਚਾਲ ਗੁਰਾਂ ਨੇ ਵਿਖਾਈ।

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥ ੧॥

ਹੇ ਮੇਰੇ ਗੁਰ ਸਿੱਖਹੁ ! ਤੁਸੀਂ ਹਿਰਦੇ ਅੰਦਰੋਂ ਕਪਟ ਨੂੰ ਚੁਕਾਵਹੁ=ਦੂਰ ਕਰ ਦਿਓ, ਨਿਸ਼ਕਪਟ ਹੋ ਕੇ ਹਰਿ ਹਰਿ ਦੀ ਕਮਾਈ ਨੂੰ ਕਮਾਵੋ, ਤਾਂ ਨਿਸਚੇ ਕਰਕੇ ਨਿਹਾਲ ਹੋ ਜਾਉਗੇ, ਨਿਹਾਲ ਹੋ ਜਾਉਗੇ, ਨਿਹਾਲ ਹੋ ਜਾਉਗੇ, ਵਾ:- ਮਨ ਬਾਣੀ ਸਰੀਰ ਕਰਕੇ ਨਿਹਾਲ ਹੋ ਜਾਉਗੇ, ਵਾ:- ਨਿਹਾਲ ਰੂਪ ਹਰੀ ਨੂੰ ਨਿਹਾਲ=ਵੇਖ ਕੇ ਨਿਹਾਲ ਹੋ ਜਾਉਗੇ।

ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ
ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ॥

ਉਹ ਗੁਰੂ ਦੇ ਸਿੱਖ ਮੇਰੇ ਹਰੀ ਪ੍ਰਭੂ ਨੂੰ ਭਾਅ ਗਏ ਹਨ, ਜਿਨ੍ਹਾਂ ਗੁਰਸਿੱਖਾਂ ਨੇ ਮੇਰੇ ਹਰੀ ਪ੍ਰਭੂ ਨੂੰ ਆਪਣੇ

ਨਾਲ ਜਾਣਿਆ ਹੈ।

ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ
ਹਰਿ ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ ਨਿਹਾਲ ॥੨ ॥੩ ॥੯ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਿਸ ਵੇਲੇ ਮੈਂ ਜਨ ਨੂੰ ਗੁਰਾਂ ਨੇ ਹਰੀ ਪ੍ਰਭੂ ਨਾਲ ਮਿਲਣ ਦੀ ਸੱਖਿਆ ਦਿੱਤੀ, ਭਾਂ ਹਰੀ ਨੂੰ ਸਮੀਪ ਤੋਂ ਸਮੀਪ ਵੇਖ ਕੇ ਚਾਰੇ ਜੁਗਾਂ ਵਿਚ ਨਿਹਾਲ ਹੋ ਗਏ, ਵਾ:- ਨਿਹਾਲ ਰੂਪ ਹਰੀ ਨੂੰ ਵੇਖ ਕੇ ਮਨ, ਬਾਣੀ, ਸਰੀਰ ਕਰਕੇ ਨਿਹਾਲ ਹੋ ਗਏ, ਵਾ:- ਚਤੁਸ਼ਟੇ ਅੰਤ੍ਰਹ ਕਰਨ ਨਿਹਾਲ ਹੋ ਗਏ॥ ੨॥ ੩॥ ੯॥

ਰਾਗੁ ਨਟ ਨਾਰਾਇਨ ਮਹਲਾ ੫॥

ੴ ਸਤਿਗੁਰ ਪ੍ਰਸਾਦਿ॥
ਰਾਮ ਹਉ ਕਿਆ ਜਾਨਾ ਕਿਆ ਭਾਵੈ॥
ਮਨਿ ਪਿ.ਾਸ ਬਹੁਤੁ ਦਰਸਾਵੈ॥ ੧॥ ਰਹਾਉ॥

ਹੇ ਰਾਮ ! ਮੈਂ ਕੀ ਜਾਣਦਾ ਹਾਂ ਜੋ ਆਪ ਜੀ ਦੇ ਮਨ ਵਿਚ ਕੀ ਭਾਂਵਦੀ ਹੈ। ਮੇਰੇ ਮਨ ਵਿਚ ਆਪ ਜੀ ਦੇ ਦਰਸਾਵੈ=ਦਰਸ਼ਨਾਂ ਦੀ ਬਹੁਤ ਪਿਆਸਾ ਲੱਗ ਰਹੀ ਹੈ॥ ੧॥ ਰਹਾਉ॥

ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ॥
ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ ਸੋ ਸਦਾ ਸਦਾ ਤੁਧੁ ਧਿਆਵੈ॥ ੧॥

ਹੇ ਰਾਮ ! ਓਹੀ ਗਿਆਨੀ ਹੈ, ਓਹੀ ਆਪ ਜੀ ਦਾ ਸੇਵਕ ਜਨ ਹੈ, ਜਿਸ ਦੇ ਉੱਪਰ ਆਪ ਦੀ ਰੁਚੀ ਹੋ ਆਂਵਦੀ ਹੈ। ਹੇ ਪੁਰਖ=ਪਰਮਾਤਮਾ ! ਫਲ ਬਰ ਦਾਤੇ ਜਿਸ ਦੇ ਉੱਪਰ ਆਪ ਕਿਰਪਾ ਦ੍ਰਿਸ਼ਟੀ ਕਰਦੇ ਹੋ, ਉਹ ਜਨ ਹਮੇਸ਼ਾਂ ਹੀ ਆਪ ਜੀ ਨੂੰ ਧਿਆਉਂਦਾ ਹੈ॥ ੧॥

ਕਵਨ ਜੋਗ ਕਵਨ ਗਿਆਨ ਧਿਆਨਾ ਕਵਨ ਗੁਨੀ ਰੀਝਾਵੈ॥

ਜਿਗਿਆਸੂ ਬੇਨਤੀ ਕਰਦਾ ਹੈ-

ਹੈ ਗੁਰੋ ! ਉਹ ਜੋਗ ਕੌਨਸਾ ਹੈ? ਉਹ ਗਿਆਨ ਧਿਆਨ ਕੇਹੜਾ ਹੈ?

ਉਹ ਗੁਣ ਕੇਹੜੇ ਹਨ, ਜਿਨ੍ਹਾਂ ਗੁਣਾਂ ਕਰਕੇ ਪ੍ਰਭੂ ਨੂੰ ਰੀਝਾਵੈ=ਪ੍ਰਸੰਨ ਕਰਾਂ? ਗੁਰੂ ਜੀ ਆਖਦੇ ਹਨ- ਚਿੱਤ ਬਿਰਤੀ ਦਾ ਨਿਰੋਧ ਕਰਨਾ ਹੀ ਜੋਗ ਹੈ, ਬ੍ਰਹਮ ਆਤਮਾ ਦਾ ਅਭੇਦ ਨਿਸਚੇ ਕਰਨਾ ਇਹ ਗਿਆਨ ਹੈ ਤੇ ਜੇਹੜਾ ਧੇਯ ਰੂਪ ਹੋ ਜਾਣਾ ਹੈ ਇਹ ਧਿਆਨ ਹੈ, ਸਤ, ਸੰਤੋਖ ਆਦਿਕ ਹੀ ਸ਼ੁਭ ਗੁਣ ਹਨ, ਜਿਨ੍ਹਾਂ ਕਰਕੇ ਪ੍ਰਭੂ ਪਰਸੰਨ ਹੁੰਦਾ ਹੈ।

ਸੋਈ ਜਨੁ ਸੋਈ ਨਿਜ ਭਗਤਾ ਜਿਸੁ ਊਪਰਿ ਰੰਗੁ ਲਾਵੈ॥ ੨॥

ਓਹੀ ਸੇਵਕ ਜਨ ਹੈ, ਓਹੀ ਉਸ ਦਾ ਆਪਣਾ ਭਗਤ ਹੈ, ਜਿਸ ਦੇ ਉੱਪਰ ਆਪਣਾ ਰੰਗੁ=ਪ੍ਰੇਮ ਲਗਾਂਵਦਾ ਹੈ॥ ੨॥

ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ॥

ਮੱਤੀ ਵੀ ਉਹ ਸ੍ਰੇਸ਼ਟ ਹੈ, ਬੁੱਧੀ ਵੀ ਉਹ ਸ੍ਰੇਸ਼ਟ ਹੈ, ਸਿਆਣਪ ਭੀ ਉਹ ਸ੍ਰੇਸ਼ਟ ਹੈ, ਜਿਸ ਕਰਕੇ ਨਿਮਖ ਮਾਤ੍ਰ ਵੀ ਪ੍ਰਭੂ ਨੂੰ ਨਾ ਭੁਲਾਵੇ।

ਸੰਤਸੰਗਿ ਲਗਿ ਏਹੁ ਸੁਖੁ ਪਾਇਓ ਹਰਿ ਗੁਨ ਸਦ ਹੀ ਗਾਵੈ॥ ੩॥

ਸੰਤਾਂ ਦੀ ਸੰਗਤ ਨਾਲ ਲੱਗ ਕੇ ਇਹ ਸੁਖ ਪਾਇਆ ਹੈ, ਜੇਹੜਾ ਹਰੀ ਦੇ ਗੁਣਾਂ ਨੂੰ ਹਮੇਸ਼ਾ ਗਾਵਣਾ ਕੀਤਾ ਹੈ॥ ੩॥

ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ॥

ਮਹਾਂ ਮੰਗਲ ਰੂਪ ਜੋ ਅਸਚਰਜ ਵਾਹਿਗੁਰੂ ਹੈ ਉਸ ਨੂੰ ਵੇਖਿਆ ਤਾਂ ਉਸ ਤੋਂ ਬਿਨਾਂ ਆਨ=ਹੋਰ ਕੁਝ ਨਿਗ੍ਹਾ ਨਹੀਂ ਆਂਵਦਾ।

ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹ ਆਵੈ॥ ੪॥ ੧॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਦ ਗੁਰਾਂ ਨੇ ਕਿਰਪਾ ਕਰਕੇ ਰਾਗ ਦ੍ਵੈਸ਼ ਦਾ ਮੋਰਚਾ=ਜੰਗਾਲ ਲਾਹ ਦਿੱਤਾ, ਵਾ:- ਕਾਮਾਦਿਕਾਂ ਦਾ ਮੋਰਚਾ=ਜੰਗ ਦੂਰ ਕਰ ਦਿੱਤਾ, ਤਾਂ ਫਿਰ ਮਾਤਾ ਦੀ ਗਰਭ ਜੂਨ ਵਿਚ ਕਿਵੇਂ ਆਂਵਦਾ ਹੈ, ਕਿੰਤੂ ਨਹੀਂ ਆਂਵਦਾ॥ ੪॥ ੧॥

ਨਟ ਨਾਰਾਇਨ ਮਹਲਾ ੫ ਦੁਪਦੇ

ੴ ਸਤਿਗੁਰ ਪ੍ਰਸਾਦਿ॥

ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕ੍ਰੀਓ॥ ੧॥ ਰਹਾਉ॥

ਹੇ ਪਰਮੇਸ਼ਰ ! ਆਪ ਜੀ ਦੇ ਕੀਤੇ ਹੋਏ ਨੂੰ ਮਨ ਵਿਚ ਮਿੱਠਾ ਕਰਕੇ ਮੰਨਣਾ ਕੀਤਾ ਹੈ, ਇਸ ਵਾਸਤੇ ਮੈਂ ਕਿਸੇ ਨੂੰ ਉਲਾਹਨੋ=ਉਲਾਂਭਾ ਨਹੀਂ ਦਿੱਤਾ॥ ੧॥ ਰਹਾਉ॥

ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ॥
ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ॥ ੧॥

ਆਪ ਜੀ ਦੀ ਆਗਿਆ ਮੰਨ ਕੇ ਮੈਂ ਜਾਨਿ=ਜਨ ਨੇ ਸੁਖ ਪਾਇਆ ਹੈ, ਵਾ:- ਆਗਿਆ ਮੰਨਣੇ ਵਿਚ ਕਲਿਆਣ ਜਾਣ ਕੇ ਮੁਖ ਪਾਇਆ ਹੈ, ਆਪ ਜੀ ਦੇ ਨਾਮ ਨੂੰ ਸੁਣ ਸੁਣ ਕੇ ਮੈਂ ਜੀਉਂਦਾ ਹਾਂ। ਹੇ ਹਰੀ ! ਇਸ ਲੋਕ ਵਿਚ ਤੇ ਪਰਲੋਕ ਵਿਚ ਆਪ ਹੀ ਆਪ ਹੋ, ਇਹ ਮੰਤ੍ਰ ਗੁਰਾਂ ਦੁਆਰੇ ਦ੍ਰਿੜ੍ਹ ਕੀਤਾ ਹੈ।

ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ॥
ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ॥ ੨॥ ੧॥ ੨॥

ਜਦ ਕਾਲ ਤੋਂ ਇਹ ਗੱਲ ਜਾਨਣਾ ਪਾਈ ਹੈ, ਤਬ ਕਾਲ ਤੋਂ ਸਭ ਤਰ੍ਹਾਂ ਨਾਲ ਕੁਸਲ=ਸੁਖ ਤੇ ਖੇਮ=ਰੱਖਿਆ ਹੋਈ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਜਿਸ ਵੇਲੇ ਸਾਧ ਸੰਗਤ ਦੁਆਰਾ ਗਿਆਨ

ਦਾ ਪਰਕਾਸ਼ ਹੋਇਆ ਤਾਂ ਏਹ ਨਿਸਚੇ ਕੀਤਾ ਕਿ-ਰੇ=ਹੇ ਭਾਈ ! ਉਸ ਵਾਹਿਗੁਰੂ ਤੋਂ ਬਿਨਾਂ ਆਨ=ਹੋਰ, ਬੀਓ=ਦੂਜਾ ਕੋਈ ਨਹੀਂ॥ ੨॥ ੧॥ ੨॥

ਨਟ ਮਹਲਾ ੫॥

ਜਾ ਕਉ ਭਈ ਤੁਮਾਰੀ ਧੀਰ॥

ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ ਨਿਕਸੀ ਹਉਮੈ ਪੀਰ॥ ੧॥ ਰਹਾਉ॥

ਹੇ ਵਾਹਿਗੁਰੂ ! ਆਪ ਦੀ ਦਿੱਤੀ ਹੋਈ ਧੀਰਜਤਾ ਜਾ ਕਉ=ਜਿਨ੍ਹਾਂ ਨੂੰ ਪ੍ਰਾਪਤ ਹੋਈ ਹੈ। ਉਨ੍ਹਾਂ ਦੇ ਦਿਲ ਚੋਂ ਜਮਾਂ ਦੀ ਤ੍ਰਾਸ=ਖੌਫਤਾਈ ਮਿੱਟ ਗਈ ਹੈ ਤੇ ਆਤਮ ਸੁਖ ਪਾਇਆ ਹੈ ਅਤੇ ਹਉ+ਮੈ=ਹੰਗਤਾ ਮਮਤਾ ਦੀ ਪੀੜਾ ਵੀ ਨਿਕਲ ਗਈ ਹੈ॥ ੧॥ ਰਹਾਉ॥

ਤਪਤਿ ਬੁਝਾਨੀ ਅੰਮ੍ਰਿਤ ਬਾਨੀ ਤ੍ਰਿਪਤੇ ਜਿਉ ਬਾਰਿਕ ਖੀਰ॥

ਨਾਮ ਅੰਮ੍ਰਿਤ ਬਾਣੀ ਕਰਕੇ ਤਪਸ਼ਤਾ ਬੁਝ ਗਈ ਹੈ, ਜਿਵੇਂ ਬੱਚਾ ਖੀਰ=ਦੁੱਧ ਨੂੰ ਪੀ ਕੇ ਤ੍ਰਿਪਤ ਹੁੰਦਾ ਹੈ, ਤਿਵੇਂ ਨਾਮ ਨੂੰ ਜਪ ਕੇ ਉਹ ਤ੍ਰਿਪਤ ਹੋ ਗਏ ਹਨ।

ਮਾਤ ਪਿਤਾ ਸਾਜਨ ਸੰਤ ਮੇਰੇ ਸੰਤ ਸਹਾਈ ਬੀਰ॥ ੧॥

ਸੰਤ ਮੇਰੇ ਮਾਤਾ, ਪਿਤਾ ਰੂਪ ਹਨ, ਸੰਤ ਹੀ ਮੇਰੇ ਸੱਜਣ ਹਨ ਅਤੇ ਸੰਤ ਹੀ ਮੇਰੇ ਬੀਰ=ਭਰਾ ਬਣ ਕੇ ਸਹਾਇਤਾ ਕਰਦੇ ਹਨ॥ ੧॥

[ਪੰਨਾ ੯੭੬]

ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ॥

ਜਿਸ ਵੇਲੇ ਮਨ ਰੂਪੀ ਹੀਰਾ ਗੁਰ ਉਪਦੇਸ਼ ਰੂਪ ਹੀਰੇ ਨਾਲ ਬੇਧੇ=ਵਿੰਨ੍ਹਿਆਂ ਤੇ ਭਰਮ ਰੂਪ ਭੀਤਿ=ਤਖ਼ਤਿਆਂ ਦੇ ਖੁਲ੍ਹ ਜਾਣ 'ਤੇ ਗੋਪਾਲ ਪ੍ਰਭੂ ਮਿਲੇ ਤਾਂ ਜੀਵ ਰੂਪੀ ਹੀਰਾ ਪਰਮੇਸ਼ਰ ਰੂਪ ਹੀਰੇ ਨਾਲ ਬੇਧੇ=ਮਿਲ ਗਿਆ।

ਬਿਸਮ ਭਏ ਨਾਨਕ ਜਸੁ ਗਾਵਤ ਠਾਕੁਰ ਗੁਨੀ ਗਹੀਰ॥ ੨॥ ੨॥ ੩॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਪ੍ਰਭੂ ਦੇ ਜਸ ਨੂੰ ਗਾਂਵਦਿਆਂ ਹੋਇਆਂ ਬਿਸਮ=ਅੱਸਚਰਜ ਰੂਪ ਹੀ ਹੋ ਗਏ, ਉਹ ਅਸਚਰਜ ਰੂਪ ਠਾਕੁਰ ਸ਼ੁਭ ਗੁਣਾਂ ਦਾ ਗਹੀਰ=ਸਮੁੰਦਰ ਹੈ॥ ੨॥ ੨॥ ੩॥

ਨਟ ਮਹਲਾ ੫॥

ਅਪਨਾ ਜਨੁ ਆਪਹਿ ਆਪਿ ਉਧਾਰਿਓ॥

ਆਠ ਪਹਰ ਜਨ ਕੈ ਸੰਗਿ ਬਸਿਓ ਮਨ ਤੇ ਨਾਹਿ ਬਿਸਾਰਿਓ॥ ੧॥ ਰਹਾਉ॥

ਆਪਣੇ ਸੇਵਕ ਜਨ ਨੂੰ ਪ੍ਰਭੂ ਨੇ ਆਪਣੇ ਆਪ ਹੀ ਉਧਾਰ ਦਿੱਤਾ ਹੈ। ਅੱਠੇ ਪਹਿਰ ਸੇਵਕ ਜਨਾਂ ਦੇ ਨਾਲ ਵਸ ਰਿਹਾ ਹੈ, ਪ੍ਰਭੂ ਨੇ ਸੇਵਕ ਜਨਾਂ ਨੂੰ ਮਨ ਵਿਚੋਂ ਨਾਹਿ ਬਿਸਾਰਿਓ=ਭੁਲਾਉਣਾ ਨਹੀਂ ਕੀਤਾ॥ ੧॥ ਰਹਾਉ॥

www.sikhbookclub.com

ਬਰਨੁ ਚਿਹਨੁ ਨਾਹੀ ਕਿਛੁ ਪੇਖਿਓ ਦਾਸ ਕਾ ਕੁਲੁ ਨ ਬਿਚਾਰਿਓ ॥

ਨਾ ਹੀ ਚਾਰ ਵਰਨਾਂ ਵਿਚੋਂ ਸ੍ਰੇਸ਼ਟ ਵਰਨ ਵੇਖਿਆ ਹੈ, ਨਾ ਹੀ ਕੋਈ ਸਾਧਨਾਂ ਦਾ ਚਿਹਨੁ=ਚਿੰਨ੍ਹ ਵੇਖਿਆ ਹੈ ਅਤੇ ਨਾ ਹੀ ਕੋਈ ਦਾਸਾਂ ਦਾ ਕੁਲ ਵਿਚਾਰਨਾ ਕੀਤਾ ਹੈ।

ਕਰਿ ਕਿਰਪਾ ਨਾਮੁ ਹਰਿ ਦੀਓ ਸਹਜਿ ਸੁਭਾਇ ਸਵਾਰਿਓ ॥ ੧ ॥

ਹਰੀ ਨੇ ਕਿਰਪਾ ਕਰਕੇ ਆਪਣਾ ਨਾਮ ਦੇਣਾ ਕੀਤਾ ਹੈ ਅਤੇ ਸੁਤੇ ਸਿੱਧ ਸੇਵਕਾਂ ਦੇ ਅੰਤਹ ਕਰਨ ਨੂੰ ਸਵਾਰ ਦਿੱਤਾ ਹੈ॥ ੧ ॥

ਮਹਾ ਬਿਖਮੁ ਅਗਨਿ ਕਾ ਸਾਗਰੁ ਤਿਸ ਤੇ ਪਾਰਿ ਉਤਾਰਿਓ ॥

ਮਹਾ ਬਿਖਮੁ=ਬੜਾ ਕਠਨ ਜੋ ਤ੍ਰਿਸ਼ਨਾ ਰੂਪੀ ਅਗਨੀ ਦਾ ਸਮੁੰਦ੍ਰ (ਸੰਸਾਰ) ਹੈ, ਉਸ ਤੋਂ ਪਾਰ ਉਤਾਰ ਦੇਣਾ ਕੀਤਾ ਹੈ।

ਪੇਖਿ ਪੇਖਿ ਨਾਨਕ ਬਿਗਸਾਨੋ ਪੁਨਹ ਪੁਨਹ ਬਲਿਹਾਰਿਓ ॥ ੨ ॥ ੩ ॥ ੪ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਇਸ ਕੌਤਕ ਨੂੰ ਵੇਖ ਵੇਖ ਕੇ ਅਨੰਦ ਹੁੰਦੇ ਹਾਂ ਅਤੇ ਪ੍ਰਭੂ ਤੋਂ ਵਾਰੰ ਵਾਰ ਬਲਿਹਾਰ ਕੁਰਬਾਣ ਜਾਂਦੇ ਹਾਂ॥ ੨ ॥ ੩ ॥ ੪ ॥

ਨਟ ਮਹਲਾ ੫ ॥

ਹਰਿ ਹਰਿ ਮਨ ਮਹਿ ਨਾਮੁ ਕਹਿਓ ॥

ਕੋਟਿ ਅਪ੍ਰਾਧ ਮਿਟਹਿ ਖਿਨ ਭੀਤਰਿ ਤਾ ਕਾ ਦੁਖੁ ਨ ਰਹਿਓ ॥ ੧ ॥ ਰਹਾਉ ॥

ਜਿਸ ਗੁਰਮੁਖ ਨੇ ਮਨ ਵਿਚ ਹਰਿ ਹਰਿ ਪ੍ਰਭੂ ਦੇ ਨਾਮ ਨੂੰ ਕਥਨ ਕੀਤਾ ਹੈ। ਉਸ ਗੁਰਮੁਖ ਦੇ ਇੱਕ ਖਿਨ ਵਿਚ ਕ੍ਰੋੜਾਂ ਹੀ ਅਪ੍ਰਾਧ=ਪਾਪ ਮਿਟ ਗਏ ਹਨ ਅਤੇ ਉਸ ਦਾ ਜਨਮ ਮਰਨ ਰੂਪ ਦੁੱਖ ਭੀ ਕੋਈ ਨਹੀਂ ਰਿਹਾ ॥ ੧ ॥ ਰਹਾਉ ॥

ਖੋਜਤ ਖੋਜਤ ਭਇਓ ਬੈਰਾਗੀ ਸਾਧੂ ਸੰਗਿ ਲਹਿਓ ॥

ਉਸ ਪ੍ਰਭੂ ਨੂੰ ਖੋਜਦਿਆਂ ਖੋਜਦਿਆਂ ਮੈਂ ਵੈਰਾਗਵਾਨ ਹੋਇਆ ਹਾਂ, ਵਾ:- ਬੈਰਾਗੀ=ਪ੍ਰੇਮੀ ਹੋ ਕੇ ਜਾਂ ਪ੍ਰਭੂ ਦੀ ਖੋਜ ਨੂੰ ਖੋਜਿਆ, ਤਾਂ ਸਾਧੂਆਂ ਦੇ ਸੰਗ ਕਰਕੇ ਪ੍ਰਭੂ ਨੂੰ ਪ੍ਰਾਪਤ ਕਰ ਲਿਆ।

ਸਗਲ ਤਿਆਗਿ ਏਕ ਲਿਵ ਲਾਗੀ ਹਰਿ ਹਰਿ ਚਰਨ ਗਹਿਓ ॥ ੧ ॥

ਹੁਣ ਸਾਰਿਆਂ ਸਾਧਨਾਂ ਨੂੰ ਤਿਆਗ ਕੇ ਇੱਕ ਪ੍ਰਭੂ ਦੇ ਵਿਚ ਬਿਰਤੀ ਲਗ ਗਈ ਤੇ ਹਰਿ ਹਰਿ ਦੇ ਚਰਨਾਂ ਨੂੰ ਗਹਿਓ=ਪਕੜਨਾ ਕੀਤਾ॥ ੧ ॥

ਕਹਤ ਮੁਕਤ ਸੁਨਤੇ ਨਿਸਤਾਰੇ ਜੋ ਜੋ ਸਰਨਿ ਪਇਓ ॥

ਪ੍ਰਭੂ ਦੇ ਨਾਮ ਕਹਿਣ ਵਾਲੇ ਮੁਕਤ ਰੂਪ ਹਨ, ਜੋ ਪ੍ਰਭੂ ਦੇ ਨਾਮ ਨੂੰ ਇਕਾਗਰ ਮਨ ਹੋ ਕੇ ਸੁਣਦੇ ਹਨ ਉਨ੍ਹਾਂ ਨੂੰ ਭੀ ਪ੍ਰਭੂ ਤਾਰਦਾ ਹੈ, ਜੋ ਜੋ ਭੀ ਪ੍ਰਭੂ ਦੀ ਸ਼ਰਨ ਵਿਚ ਪਿਆ ਹੈ ਉਸ ਨੂੰ ਪ੍ਰਭੂ ਆਪ ਤਾਰਦਾ ਹੈ।

www.sikhbookclub.com

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ
ਕਹੁ ਨਾਨਕ ਅਨਦ ਭਇਓ ॥ ੨ ॥ ੪ ॥ ੫ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਅਸੀਂ ਤਾਂ ਆਪਣੇ ਪ੍ਰਭੂ ਸੁਆਮੀ ਦੇ ਨਾਮ ਨੂੰ ਸਿਮਰਿ ਸਿਮਰਿ ਕੇ ਅਨੰਦ ਹੋ ਗਏ ਹਾਂ॥ ੨॥ ੪॥ ੫॥

ਨਟ ਮਹਲਾ ੫ ॥
ਚਰਨ ਕਮਲ ਸੰਗਿ ਲਾਗੀ ਡੋਰੀ ॥
ਸੁਖ ਸਾਗਰ ਕਰਿ ਪਰਮ ਗਤਿ ਮੋਰੀ ॥ ੧ ॥ ਰਹਾਉ ॥

ਹੇ ਸੁਖਾਂ ਦੇ ਸਮੁੰਦਰ ! ਆਪ ਦੇ ਚਰਨ ਕਵਲਾਂ ਨਾਲ ਮੇਰੀ ਡੋਰੀ=ਬਿਰਤੀ ਲੱਗੀ ਹੈ। ਆਪ ਕਿਰਪਾ ਕਰਕੇ ਮੇਰੀ ਪਰਮ ਗਤੀ ਕਰੋ॥ ੧॥ ਰਹਾਉ॥

ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥

ਆਪਣੇ ਸੇਵਕ ਜਨ ਨੂੰ ਨਾਮ ਰੂਪੀ ਅੰਚਲਾ ਗਹਾਇਓ=ਪੱਲਾ ਪਕੜਾਇਆ ਹੈ, ਏਸੇ ਕਰਕੇ ਮੇਰਾ ਮਨ ਪ੍ਰੇਮ ਰੂਪੀ ਖੋਰੀ=ਖੁੱਡ ਵਿਚ ਮਿਲ ਰਿਹਾ ਹੈ, ਵਾ:- ਪ੍ਰੇਮ ਕਰਕੇ ਵੈਰਾਗ ਰੂਪੀ ਖੁੱਡ ਵਿਚ ਮਿਲ ਰਿਹਾ ਹੈ।

ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥ ੧ ॥

ਪ੍ਰਭੂ ਦਾ ਜਸ ਗਾਂਵਦਿਆਂ ਭਗਤੀ ਦਾ ਰਸੁ=ਅਨੰਦ ਉਤਪੰਨ ਹੋਇਆ ਹੈ ਅਤੇ ਮਾਇਆ ਦੀ ਜਾਲੀ=ਫਾਹੀ ਤੋੜ ਦੇਣਾ ਕੀਤੀ॥ ੧॥

ਪੂਰਨ ਪੂਰਿ ਰਹੇ ਕਿਰਪਾ ਨਿਧਿ ਆਨ ਨ ਪੇਖਉ ਹੋਰੀ ॥

ਹੇ ਕਿਰਪਾ ਦੀ ਨਿਧੀ ਪਰਮਾਤਮਾ ! ਆਪ ਪੂਰਨ=ਸੰਪੂਰਨ ਸੰਸਾਰ ਵਿਚ ਪੂਰਨ ਹੋ ਰਹੇ ਹੋ, ਮੈਂ ਆਪ ਜੀ ਤੋਂ ਬਿਨਾਂ ਹੋਰ ਦੂਸਰੇ ਨੂੰ ਨਹੀਂ ਵੇਖਦਾ।

ਨਾਨਕ ਮੇਲਿ ਲੀਓ ਦਾਸੁ ਅਪੁਨਾ ਪ੍ਰੀਤਿ ਨ ਕਬਹੂ ਥੋਰੀ ॥ ੨ ॥ ੫ ॥ ੬ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਪ੍ਰਭੂ ਨੇ ਆਪਣਾ ਦਾਸ ਜਾਣ ਕੇ ਮੈਨੂੰ ਆਪਣੇ ਨਾਲ ਮੇਲ ਲਿਆ ਹੈ, ਮੈਂ ਕਦੇ ਭੀ ਥੋੜੀ ਪ੍ਰੀਤੀ ਨਹੀਂ ਕੀਤੀ॥ ੨॥ ੫॥ ੬॥

ਨਟ ਮਹਲਾ ੫ ॥
ਮੇਰੇ ਮਨ ਜਪੁ ਜਪਿ ਹਰਿ ਨਾਰਾਇਣ ॥
ਕਬਹੂ ਨ ਬਿਸਰਹੁ ਮਨ ਮੇਰੇ ਤੇ ਆਠ ਪਹਰ ਗੁਨ ਗਾਇਣ ॥ ੧ ॥ ਰਹਾਉ ॥

ਹੇ ਮੇਰੇ ਮਨ ! ਹਰੀ ਨਾਰਾਇਨ ਦੇ ਜਪੁ=ਜਪ ਨੂੰ, ਜਪਿ=ਜਪਣਾ ਕਰ ਤੇ ਇਸ ਤਰ੍ਹਾਂ ਬੇਨਤੀਆਂ ਕਰ, ਹੇ ਪ੍ਰਭੂ ! ਮੇਰੇ ਮਨ ਵਿਚੋਂ ਕਦੇ ਵੀ ਨਾ ਭੁੱਲੋ, ਮੈਂ ਅੱਠੇ ਪਹਿਰ ਆਪ ਜੀ ਦੇ ਗੁਣ ਗਾਇਣ ਕਰਦਾ ਰਹਾਂ॥ ੧॥

www.sikhbookclub.com

ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ॥
ਪੂਰਨ ਪੂਰਿ ਰਹੇ ਕਿਰਪਾ ਨਿਧਿ ਘਟਿ ਘਟਿ ਦਿਸਟਿ ਸਮਾਇਣੁ॥ ੧॥

ਸਾਧੂਆਂ ਦੀ ਚਰਨ ਧੂੜੀ ਵਿਚ ਨਿਤਾਪ੍ਰਤੀ ਇਸ਼ਨਾਨ ਕਰਨ ਨਾਲ (ਬ੍ਰਹਮਣ, ਕੈਲੀ ਘਾਤੁ ਕੰਞਕਾ, ਅਣਚਾਰੀ ਕਾ ਧਾਨੁ) ਰੂਪ, ਚਾਰੇ ਕਿਲਵਿਖ ਅਤੇ ਪਾਪ ਦੂਰ ਹੁੰਦੇ ਹਨ।

ਹੇ ਕਿਰਪਾ ਦੀ ਨਿਧੀ ! ਆਪ ਪੂਰਨ=ਸੰਪੂਰਨ ਸੰਸਾਰ ਵਿਚ ਪੂਰਨ ਹੋ ਰਹੇ ਹੋ, ਪੁਨਾ ਘਟਿ ਘਟਿ=ਸਰੀਰਾਂ ਵਿਚ ਤੇਰੀ ਦ੍ਰਿਸ਼ਟੀ ਸਮਾਈ ਹੋਈ ਹੈ ਏਸੇ ਕਰਕੇ ਆਪ ਅੰਤਰਜਾਮੀ ਹੋ॥ ੧॥

ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣ॥
ਦੁਇ ਕਰ ਜੋੜਿ ਨਾਨਕੁ ਦਾਨੁ ਮਾਂਗੈ
ਤੇਰੇ ਦਾਸਨਿ ਦਾਸ ਦਸਾਇਣੁ॥ ੨॥ ੬॥ ੭॥

ਲੱਖਾਂ ਜਪ ਤਪ ਅਤੇ ਕ੍ਰੋੜਾਂ ਪ੍ਰਕਾਰ ਦੀ ਪੂਜਾ, ਹੇ ਹਰੀ ! ਆਪ ਜੀ ਦੇ ਸਿਮਰਣ ਦੇ ਤੁੱਲ ਨਹੀਂ ਲੱਗਦੀ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਮੈਂ ਦੋਵੇਂ ਹੱਥ ਜੋੜ ਕੇ ਹੇ ਪ੍ਰਭੂ ! ਇਹ ਦਾਨ ਮੰਗਦਾ ਹਾਂ, ਆਪ ਜੀ ਦੇ ਦਾਸਾਂ ਦੇ ਜੋ ਦਾਸ ਹਨ ਉਨ੍ਹਾਂ ਦੇ ਘਰ ਦਾ ਮੈਂ ਦਾਸ ਹੋਵਾਂ॥ ੨॥ ੬॥ ੭॥

ਨਟ ਮਹਲਾ ੫॥

ਮੇਰੈ ਸਰਬਸੁ ਨਾਮੁ ਨਿਧਾਨੁ॥
ਕਰਿ ਕਿਰਪਾ ਸਾਧੂ ਸੰਗਿ ਮਿਲਿਓ ਸਤਿਗੁਰਿ ਦੀਨੋ ਦਾਨੁ॥ ੧॥ ਰਹਾਉ॥

ਨਾਮ ਜੋ ਨਿੱਧੀਆਂ ਦਾ ਖਜ਼ਾਨਾ ਹੈ, ਮੇਰੀ ਤਾਂ ਏਹੋ ਸਰਬੰਸ ਹੈ। ਜਿਸ ਵੇਲੇ ਸਾਧੂਆਂ ਦੇ ਨਾਲ ਮਿਲਿਆ ਤਾਂ ਸਤਿਗੁਰਾਂ ਨੇ ਕਿਰਪਾ ਕਰਕੇ ਨਾਮ ਦਾਨ ਦਿੱਤਾ॥ ੧॥ ਰਹਾਉ॥

ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ॥
ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨੁ॥ ੧॥

ਸੁਖਾਂ ਦਾ ਦਾਤਾ ਤੇ ਦੁੱਖਾਂ ਦੇ ਨਾਸ ਕਰਨ ਵਾਲਾ ਜੋ ਹਰੀ ਹੈ, ਉਸ ਦੇ ਕੀਰਤਨ ਨੂੰ ਗਾਉ ਤਾਂ ਪੂਰਨ ਗਿਆਨ ਹੁੰਦਾ ਹੈ। ਗਿਆਨ ਦੀ ਸ਼ਕਤੀ ਨਾਲ ਮੈਂ ਕਾਮ, ਕ੍ਰੋਧ ਅਤੇ ਲੋਭ ਨੂੰ ਟੁਕੜੇ ਟੁਕੜੇ ਕੀਤਾ ਹੈ, ਮੂੜ੍ਹ ਕਰਨੇ ਵਾਲਾ ਜੋ ਹੰਕਾਰ ਹੈ ਉਹ ਭੀ ਬਿਨਸ ਗਿਆ ਹੈ॥ ੧॥

ਕਿਆ ਗੁਣ ਤੇਰੇ ਆਖਿ ਵਖਾਣਾ ਪ੍ਰਭ ਅੰਤਰਜਾਮੀ ਜਾਨੁ॥

ਹੇ ਪ੍ਰਭੂ ! ਮੈਂ ਆਪ ਜੀ ਦੇ ਕੇਹੜੇ ਕੇਹੜੇ ਗੁਣ ਆਖ ਕੇ ਵਖਾਣਾ=ਕਥਨ ਕਰਾਂ, ਹੇ ਪ੍ਰਭੂ ! ਸਾਰਿਆਂ ਦੀ ਗੱਲ ਜਾਣਨੇ ਨੂੰ ਤੂੰ ਅੰਤਰਜਾਮੀ ਹੈਂ।

ਚਰਨ ਕਮਲ ਸਰਨਿ ਸੁਖ ਸਾਗਰ ਨਾਨਕੁ ਸਦ ਕੁਰਬਾਨੁ॥ ੨॥ ੭॥ ੮॥

ਹੇ ਸੁਖਾਂ ਦੇ ਸਾਗਰ=ਸਮੁੰਦਰ ਪ੍ਰਭੂ ! ਮੈਂ ਆਪ ਜੀ ਦੇ ਚਰਨ ਕਵਲਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ, ਗੁਰੂ ਸਾਹਿਬ ਜੀ ਆਖਦੇ ਹਨ—ਮੈਂ ਆਪ ਜੀ ਤੋਂ ਸਦਾ ਕੁਰਬਾਣ ਜਾਂਦਾ ਹਾਂ॥ ੨॥ ੭॥ ੮॥

[ਪੰਨਾ ੯੮੦]

ਨਟ ਮਹਲਾ ੫ ॥

ਹਉ ਵਾਰਿ ਵਾਰਿ ਜਾਉ ਗੁਰ ਗੋਪਾਲ ॥ ੧ ॥ ਰਹਾਉ ॥

ਮੋਹਿ ਨਿਰਗੁਨ ਤੁਮ ਪੂਰਨ ਦਾਤੇ ਦੀਨਾ ਨਾਥ ਦਇਆਲ ॥ ੧ ॥

ਹੇ ਗੁਰੂ ! ਮੈਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ, ਹੇ ਗੁਪਾਲ ! ਮੈਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।

ਅਥਵਾ:- ਹੇ ਗੁਰ=ਪੂਜਨੀਕ ਗੋਪਾਲ ! ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧ ॥ ਰਹਾਉ ॥

ਮੈਂ ਨਿਰਗੁਨ=ਸ਼ੁਭ ਗੁਣਾਂ ਤੋਂ ਰਹਿਤ ਹਾਂ, ਹੇ ਦਾਤੇ ਪ੍ਰਭੂ ! ਆਪ ਸ਼ੁਭ ਗੁਣਾਂ ਨਾਲ ਪੂਰਨ ਹੋ, ਪੁਨਾ— ਹੇ ਦਿਆਲੂ ! ਆਪ ਦੀਨਾ=ਗ਼ਰੀਬਾਂ ਦੇ ਸੁਆਮੀ ਹੋ ॥ ੧ ॥

ਊਠਤ ਬੈਠਤ ਸੋਵਤ ਜਾਗਤ ਜੀਅ ਪ੍ਰਾਨ ਧਨ ਮਾਲ ॥ ੨ ॥

ਉੱਠਦਿਆਂ, ਬੈਠਦਿਆਂ, ਸੌਂਦਿਆਂ, ਜਾਗਦਿਆਂ ਇੱਕ ਆਪ ਜੀ ਨੂੰ ਯਾਦ ਕਰਦੇ ਹਾਂ, ਮੇਰੇ ਜੀਅ ਦੇ ਪ੍ਰਾਣ ਅਤੇ ਧਨ, ਮਾਲ ਮੇਰਾ ਸਭ ਕੁਝ ਤੂੰਹੀ ਹੈਂ।

ਦਰਸਨ ਪਿਆਸ ਬਹੁਤੁ ਮਨਿ ਮੇਰੈ ਨਾਨਕ ਦਰਸ ਨਿਹਾਲ ॥ ੩ ॥ ੮ ॥ ੯ ॥

ਹੇ ਪ੍ਰਭੂ ! ਮੇਰੇ ਮਨ ਵਿਚ ਆਪ ਜੀ ਦੇ ਦਰਸ਼ਨ ਦੀ ਬਹੁਤੀ ਪਿਆਸ ਲੱਗ ਰਹੀ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਆਪ ਮੈਨੂੰ ਦਰਸ਼ਨ ਦੇ ਕੇ ਨਿਹਾਲ ਕਰੋ॥ ੩ ॥ ੮ ॥ ੯ ॥

ਨਟ ਪੜਤਾਲ ਮਹਲਾ ੫

੧ੴ ਸਤਿਗੁਰ ਪ੍ਰਸਾਦਿ ॥

ਕੋਊ ਹੈ ਮੇਰੋ ਸਾਜਨੁ ਮੀਤੁ ॥ ਹਰਿ ਨਾਮੁ ਸੁਨਾਵੈ ਨੀਤ ॥

ਬਿਨਸੈ ਦੁਖੁ ਬਿਪਰੀਤਿ ॥ ਸਭੁ ਅਰਪਉ ਮਨੁ ਤਨੁ ਚੀਤੁ ॥ ੧ ॥ ਰਹਾਉ ॥

ਹੁਣ ਸਤਿਗੁਰ ਦੇਵ ਜੀ ਜਿਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ—

ਜਿਗਿਆਸੂ ਕਹਿੰਦਾ ਹੈ ਐਸਾ ਕੋਈ ਮੇਰਾ ਸੱਜਣ, ਮਿੱਤਰ ਹੈ ਜੋ ਮੈਨੂੰ ਨਿਤਾਪ੍ਰਤੀ ਹਰੀ ਨਾਮ ਸੁਨਾਵਣਾ ਕਰੇ। ਜਿਸ ਕਰਕੇ ਦੁਖਦਾਈ ਬਿਪਰੀਤਿ=ਵਿਪ੍ਰਜੇ ਭਾਵਨਾ ਨਾਸ ਹੋ ਜਾਵੇ।

ਅੱਗੋਂ ਮਹਾਤਮਾ ਨੇ ਕਿਹਾ ਕਿ ਤੂੰ ਉਨ੍ਹਾਂ ਨੂੰ ਦੇਵੇਂਗਾ ਕੀ?

ਤਾਂ ਜਗਿਆਸੂ ਕਹਿਣ ਲੱਗਾ– ਉਸ ਨੂੰ ਮੈਂ ਮਨ, ਤਨ, ਚਿੱਤ ਵਗੈਰਾ ਸਭ ਕੁਝ ਅਰਪ ਦਿਆਂਗਾ॥ ੧ ॥ ਰਹਾਉ ॥

ਕੋਈ ਵਿਰਲਾ ਆਪਨ ਕੀਤ ॥ ਸੰਗਿ ਚਰਨ ਕਮਲ ਮਨੁ ਸੀਤ ॥

ਪਰਮੇਸ਼ਰ ਨੇ ਉਹ ਕੋਈ ਵਿਰਲਾ ਹੀ ਆਪਣਾ ਦਾਸ ਕੀਤਾ ਹੈ। ਜਿਸ ਦਾ ਮਨ ਵਾਹਿਗੁਰੂ ਦੇ ਚਰਨਾਂ ਕਵਲਾਂ ਨਾਲ ਸੀਤਾ ਗਿਆ ਹੈ।

ਕਰਿ ਕਿਰਪਾ ਹਰਿ ਜਸੁ ਦੀਤ ॥ ੧ ॥ ਹਰਿ ਭਜਿ ਜਨਮੁ ਪਦਾਰਥੁ ਜੀਤ ॥

ਹਰੀ ਨੇ ਕਿਰਪਾ ਕਰਕੇ ਜਿਸ ਨੂੰ ਆਪਣਾ ਜਸ ਕਰਨਾ ਦਿੱਤਾ ਹੈ ॥ ੧ ॥ ਉਸ ਨੇ ਹਰੀ ਨੂੰ ਭਜ ਕੇ ਆਪਣਾ ਜਨਮ ਪਦਾਰਥ ਜਿੱਤ ਲਿਆ ਹੈ।

ਕੋਟਿ ਪਤਿਤ ਹੋਹਿ ਪੁਨੀਤ ॥
ਨਾਨਕ ਦਾਸ ਬਲਿ ਬਲਿ ਕੀਤ ॥ ੨ ॥ ੧ ॥ ੧੦ ॥ ੧੯ ॥

ਹਰੀ ਦੇ ਭਜਨ ਕਰਕੇ ਕ੍ਰੋੜਾਂ ਪਾਪੀ ਪਵਿੱਤ੍ਰ ਹੁੰਦੇ ਹਨ। ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਉਸ ਦਾਸ ਦੇ ਉੱਪਰੋਂ ਮੈਂ ਆਪਣਾ ਆਪ ਬਲਿਹਾਰ ਕੁਰਬਾਨ ਕੀਤਾ ਹੈ ॥ ੨ ॥ ੧ ॥ ੧੦ ॥ ੧੯ ॥

ਨਟ ਅਸਟਪਦੀਆ ਮਹਲਾ ੪

੧ਓ ਸਤਿਗੁਰ ਪ੍ਰਸਾਦਿ ॥

(ਹੁਣ ਸਤਿਗੁਰ ਦੇਵ ਜੀ ਸੁਖਮਨਾ ਸਾਹਿਬ ਕਥਨ ਕਰਦੇ ਹਨ।)

ਜਿਵੇਂ ਗਉੜੀ ਰਾਗੁ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀਆਂ ੨੪ ਅਸਟਪਦੀਆਂ ਕਥਨ ਕੀਤੀਆਂ ਹਨ, ਤਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ੪ ਰਾਗਾਂ ਵਿਚ ਸੁਖਮਨਾ ਸਾਹਿਬ ਕਥਨ ਕੀਤਾ ਹੈ।

੬ ਅਸਟਪਦੀਆਂ ਬਿਲਾਵਲ ਰਾਗੁ ਵਿਚ, ੬ ਅਸਟਪਦੀਆਂ ਨਟ ਨਾਰਾਇਣ ਰਾਗੁ ਵਿਚ।
੬ ਅਸਟਪਦੀਆਂ ਕਾਨੜਾ ਰਾਗੁ ਵਿਚ। ੬ ਅਸਟਪਦੀਆਂ ਕਲਿਆਣ ਰਾਗੁ ਵਿਚ।
ਕਥਨ ਕੀਤੀਆ ਹਨ। ਏਹ ਚਵ੍ਹੀ ਅਸਟਪਦੀਆਂ ਹਨ।

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਲਾਹੌਰੋਂ ਨਿਕਲਿਆਂ ਬਹੁਤ ਸਮਾਂ ਹੋ ਗਿਆ, ਤਾਂ ਪਿਤਾ ਹਰਦੀਆਸ ਜੀ ਦੇ ਗੁਜ਼ਰ ਜਾਣ ਤੋਂ ਪਿੱਛੋਂ ਮਾਤਾ ਦਇਆ ਕੌਰ ਜੀ ਦਾ ਚਿੱਤ ਬੜਾ ਉਦਾਸ ਹੋ ਗਿਆ।

ਪੁੱਤਰ ਨੂੰ ਮਿਲਣ ਵਾਸਤੇ ਬਹੁਤ ਸੁਨੇਹੇ ਭੇਜੇ, ਪਰ ਗੁਰੂ ਰਾਮਦਾਸ ਜੀ ਨਾ ਆਇ, ਆਖਿਰ ਮਾਤਾ ਜੀ ਆਪ ਗੋਇੰਦਵਾਲ ਆ ਪਹੁੰਚੇ। ਪੁੱਤਰ ਨੂੰ ਮਿਲ ਕੇ ਪਿਆਰ ਦਿੱਤਾ, ਤੇ ਕਿਹਾ ਲਾਹੌਰ ਚੱਲ, ਮਹਾਰਾਜ ਜੀ ਖਾਮੋਸ਼ ਹੀ ਰਹੇ, ਪਤਾ ਹੀ ਨਹੀਂ ਜੋ ਮਾਂ ਕੀ ਕਹਿ ਰਹੀ ਹੈ।

ਆਖਿਰਕਾਰ ਮਾਤਾ ਜੀ ਨੇ ਨਿਮਾਣਿਆਂ ਦੇ ਮਾਣ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅੱਗੇ ਬੇਨਤੀ ਕੀਤੀ ਹੇ ਦੀਨ ਦੁਨੀਆਂ ਦੇ ਮਾਲਕ ਪਾਤਸ਼ਾਹ ਜੀ ! ਰਾਮਦਾਸ ਨੂੰ ਕੋਈ ਦਿਨਾਂ ਵਾਸਤੇ ਮੇਰੇ ਨਾਲ ਭੇਜ ਦਿਓ, ਲਾਹੌਰ ਜਾ ਕੇ ਸਾਰਿਆਂ ਨੂੰ ਮਿਲ ਕੇ ਆ ਜਾਣਗੇ।

ਮਾਤਾ ਜੀ ਦੀ ਬੇਨਤੀ ਸੁਣ ਕੇ, ਗੁਰੂ ਅਮਰਦਾਸ ਜੀ ਨੇ ਭਾਈ ਜੇਠੇ (ਗੁਰੂ ਰਾਮਦਾਸ ਜੀ) ਨੂੰ ਕਿਹਾ, ਹੇ ਪੁਰਖਾ ! ਮਾਤਾ ਜੀ ਨਾਲ ਜਾ ਕੇ ਲਾਹੌਰੋਂ ਹੋ ਆ।

ਗੁਰੂ ਸਾਹਿਬ ਜੀ ਦਾ ਹੁਕਮ ਸੁਣ ਕੇ ਚੁੱਪ ਚਾਪ ਰਹੇ ਸਾਹਮਣੇ ਕੋਈ ਉੱਤਰ ਨਾ ਦੇ ਸਕੇ।

ਅਟੱਲ ਹੁਕਮ ਸਮਝ ਕੇ ਮਾਤਾ ਜੀ ਨਾਲ ਟੁਰ ਪਏ, ਲਾਹੌਰ ਜਾ ਕੇ ਪਹੁੰਚੇ, ਘਰ ਦੇ ਸਾਰੇ ਸਨਬੰਧੀ ਮਿਲੇ ਪਰ ਮਹਾਰਾਜ ਜੀ ਦਾ ਅੰਦਰੋਂ ਚਿੱਤ ਖੁਸ਼ ਨਹੀਂ।

ਕੋਈ ਦਿਨ ਤਾਂ ਥੋੜਾ ਥੋੜਾ ਖਾਂਦੇ ਰਹੇ, ਫਿਰ ਓਹ ਵੀ ਛੱਡ ਦਿੱਤਾ। ਤਾਂ ਮਾਤਾ ਜੀ ਨੇ ਵਿਚਾਰਿਆ ਕਿ ਇਨ੍ਹਾਂ ਨੂੰ ਕੋਈ ਤਕਲੀਫ ਹੋ ਗਈ ਹੈ, ਜੋ ਖਾਂਦੇ ਪੀਂਦੇ ਕੁਝ ਨਹੀਂ।

ਉਸ ਵੇਲੇ ਮਾਤਾ ਦਇਆ ਕੌਰ ਜੀ ਨੇ ਵੈਦ ਨੂੰ ਸੱਦਿਆ। ਉਸ ਨੇ ਆ ਕੇ ਚੰਗੀ ਤਰ੍ਹਾਂ ਵੇਖਿਆ ਪਰ ਉਸ ਨੂੰ ਪਤਾ ਕੁਝ ਨਾ ਲੱਗਾ। ਫਿਰ ਦੂਜਾ ਵੈਦ ਸਦਾਇਆ ਉਸ ਨੇ ਭੀ ਚੰਗੀ ਤਰ੍ਹਾਂ ਸਰੀਰ ਨੂੰ ਟੋਲ ਟਾਲ ਕੇ ਦੇਖਿਆ, ਪਰ ਕੁਝ ਪਤਾ ਨ ਲੱਗਾ।

ਕਿਉਂਕਿ ਬਾਹਜ ਸਰੀਰਕ ਪੀੜਾ ਕੋਈ ਨਹੀਂ ਸੀ, ਪੀੜਾ ਤਾਂ ਅੰਤ੍ਰੀਵ ਬਿਰਹੋਂ (ਵਿਛੋੜੇ) ਦੀ ਸੀ ਅਤੇ ਪ੍ਰਭੂ ਦੇ ਪ੍ਰੇਮ ਦੀ ਪੀੜਾ ਸੀ।

ਉਸ ਵੇਲੇ ਦੋਨੋਂ ਵੈਦ ਜੋ ਇੱਕ ਜੋਗੀ ਤੇ ਦੂਜਾ ਸੰਨਿਆਸੀ ਪੱਖ ਦਾ ਸੀ, ਉਨ੍ਹਾਂ ਨੇ ਸਲਾਹ ਕਰਕੇ ਕਿਹਾ- ਆਪ ਖਾਂਦੇ ਪੀਂਦੇ ਕੁਝ ਨਹੀਂ ਤੇ ਆਪ ਜੀ ਦੇ ਪ੍ਰਾਣਾਂ ਦਾ ਅਧਾਰ ਕੀ ਵਸਤੂ ਹੈ? *ਗੁਰ ਉੱਤਰ-*

ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ॥
ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ
ਮੈ ਗੁਰਮਤਿ ਨਾਮੁ ਸਮ੍ਹਾਰੇ॥ ੧॥ ਰਹਾਉ॥

ਰਾਮ=ਹੇ ਭਾਈ ! ਮੇਰੇ ਮਨ, ਤਨ ਵਿਚ ਇੱਕ ਨਾਮ ਦਾ ਅਧਾਰੇ=ਆਸਰਾ ਹੈ। ਪਲ ਦਾ ਖਿਨ ਮਾਤ੍ਰ ਵੀ ਮੈਂ ਸੇਵਾ ਤੋਂ ਬਿਨਾਂ ਰਹਿ ਨਹੀਂ ਸਕਦਾ। ਮੈਂ ਗੁਰਾਂ ਦੀ ਸਿੱਖਿਆ ਕਰਕੇ ਪ੍ਰਭੂ ਦੇ ਨਾਮ ਨੂੰ ਹੀ ਸਮ੍ਹਾਰੇ=ਭਾਵ ਸ਼ਿਮਰਦੋਂ ਹਾਂ॥ ੧॥ ਰਹਾਉ॥

ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ
ਮੈ ਹਰਿ ਹਰਿ ਨਾਮੁ ਪਿਆਰੇ॥

ਹਰ ਇੱਕ ਦੇ ਹਰਿਆਂ ਕਰਨ ਵਾਲਾ ਜੋ ਹਰੀ ਹੈ, ਉਸ ਦੇ ਹਰਿ ਹਰਿ ਨਾਮ ਨੂੰ ਮੈਂ ਮਨ ਵਿਚ ਧਿਆਉਂਦਾ ਹਾਂ, ਤੁਸੀਂ ਧਿਆਵੋ ਕਿਉਂਕਿ ਮੈਨੂੰ ਹਰਿ ਹਰਿ ਦੇ ਨਾਮ ਪਿਆਰੇ ਲੱਗ ਰਹੇ ਹਨ।

ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ॥ ੧॥

ਜਾਂ ਪ੍ਰਭੂ ਠਾਕੁਰ ਮੈਂ ਦੀਨ ਤੇ ਦਿਆਲੂ ਹੋਇਆ, ਤਾਂ ਗੁਰਾਂ ਦੇ ਉਪਦੇਸ਼ ਕਰਕੇ ਮਨ, ਬੁੱਧ ਆਦਿਕ ਚਤੁਸ਼ਟੇ ਅੰਤਹ ਕਰਨ ਸਵਾਰ ਦਿੱਤੇ॥ ੧॥

ਮਧਸੂਦਨ ਜਗਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ॥

ਜੋ ਮਧ+ਸੂਦਨ=ਮਧੂ ਦੈਂਤ ਦੇ ਨਾਸ ਕਰਨ ਵਾਲੇ ਹਨ ਤੇ ਜਗਤ ਦੇ ਜੀਵਨ ਰੂਪ ਹਨ ਤੇ ਮਾ+ਧੋ=ਮਾਇਆ ਪਤੀ ਹਨ, ਉਹ ਮੇਰੇ ਸੁਆਮੀ ਬੇਅੰਤ ਹਨ।

ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈ ਸਾਧੂ ਚਰਨ ਪਖਾਰੇ॥ ੨॥

ਮੈਂ ਨਿੰਮ੍ਰਤਾ ਸਹਿਤ ਹੋ ਕੇ ਗੁਰਾਂ ਦੇ ਅੱਗੇ ਇੱਕ ਬੇਨਤੀ ਕਰਦਾ ਹਾਂ, ਕਿ ਮੈਂ ਸਾਧੂਆਂ ਦੇ ਚਰਨਾਂ ਨੂੰ ਪਖਾਰੇ=ਧੋਣਾ ਕਰਾਂ॥ ੨॥

ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭੁ ਏਕੋ ਪੁਰਖੁ ਨਿਰਾਰੇ॥

www.sikhbookclub.com

ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ॥ ੩ ॥

ਸੰਸਾਰ ਦੇ ਜਿਤਨੇ ਕੁ ਹਜ਼ਾਰਾਂ ਨੇਤ੍ਰ ਹਨ, ਏਹ ਸਾਰੇ ਮੇਰੇ ਪ੍ਰਭੂ ਦੇ ਨੇਤ੍ਰ ਹਨ ਵੈਰਾਟ ਰੂਪ ਹੋਣ ਕਰਕੇ ਤੇ ਨਿਰਗੁਨ ਰੂਪ ਹੋਣ ਕਰਕੇ ਉਹ ਇੱਕ ਪ੍ਰਭੂ ਨਿਰਾਰਾ ਪੁਰਖ ਹੈ।

ਜੋ ਹਜ਼ਾਰਾਂ ਮੂਰਤੀਆਂ ਹਨ, ਇਹ ਇੱਕ ਪ੍ਰਭੂ ਠਾਕੁਰ ਦੀਆਂ ਹਨ, ਉਹ ਇੱਕੋ ਹੀ ਪ੍ਰਭੂ ਗੁਰਾਂ ਦੀ ਸਿੱਖਿਆ ਦ੍ਵਾਰੇ ਤਾਰਦਾ ਹੈ॥ ੩ ॥

ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ॥
ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਾਮ੍ਰਾਰੇ॥ ੪ ॥

ਗੁਰਮਤੀਆਂ ਨੇ ਗੁਰਾਂ ਦੀ ਸਿੱਖਿਆ ਦ੍ਵਾਰੇ ਦਮੋਦਰ ਦਾ ਨਾਮ ਪਾਇਆ ਹੈ ਅਤੇ ਹਰਿ ਹਰਿ ਦੇ ਨਾਮ ਨੂੰ ਹਿਰਦੇ ਵਿਚ ਧਾਰਦੇ ਹਨ।

ਹਰਿ ਹਰਿ ਪ੍ਰਭੂ ਦੀ ਕਥਾ ਅਤੀਅੰਤ ਮਿੱਠੀ ਬਣ ਰਹੀ ਹੈ, ਜਿਸ ਤਰ੍ਹਾਂ ਗੂੰਗਾ ਪੁਰਸ਼ ਦੁੱਧ ਨੂੰ ਗਟਕ=ਇੱਕ ਰਸ ਛਕ ਕੇ ਉਸ ਦੇ ਅਨੰਦ ਨੂੰ ਸੰਭਾਲਦਾ ਹੈ, ਪਰ ਮੂੰਹੋਂ ਕਹਿ ਨਹੀਂ ਸਕਦਾ।

ਏਸੇ ਤਰ੍ਹਾਂ ਹਰੀ ਦੀ ਕਥਾ ਦਾ ਰਸ ਅਕੱਥ ਹੈ, ਭਗਤ ਲੋਕ ਉਸ ਕਥਾ ਦਾ ਅਨੰਦ ਲੈਂਦੇ ਹਨ, ਪਰ ਮੂੰਹੋਂ ਕੁਝ ਕਹਿ ਨਹੀਂ ਸਕਦੇ॥ ੪ ॥

ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ॥ ੫ ॥

ਮਨਮੁਖ ਦ੍ਵੈਤ ਭਾਅ ਦੇ ਸਹਿਤ ਰਸਨਾ ਨਾਲ ਸੰਸਾਰਕ ਸੁਆਦਾਂ ਨੂੰ ਚਖੈ=ਚੱਖਦੇ (ਖਾਂਦੇ) ਹਨ ਅਤੇ ਲੋਭ ਆਦਿਕ ਵਿਕਾਰਾਂ ਵਿਚ ਲੱਗ ਕੇ ਅਤੀਅੰਤ ਫਿੱਕੇ ਬਚਨਾਂ ਨੂੰ ਬੋਲਦੇ ਹਨ।

ਜੋ ਗੁਰਮੁਖ ਗੁਰਾਂ ਦ੍ਵਾਰੇ ਰਾਮ ਨਾਮ ਦੇ ਸੁਆਦ ਨੂੰ ਚੱਖਦੇ ਹਨ, ਉਨ੍ਹਾਂ ਗੁਰਮੁਖਾਂ ਨੇ ਅਨ+ਰਸ=ਹੋਰ ਰਸਾਂ ਦੇ ਸਾਰੇ ਸ੍ਵਾਦ ਵਿਸਾਰ ਦਿੱਤੇ ਹਨ॥ ੫॥

ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ॥ ੬ ॥

ਗੁਰਮਤੀਆਂ ਨੇ ਗੁਰਾਂ ਦੀ ਸਿੱਖਿਆ ਦ੍ਵਾਰੇ ਰਾਮ ਨਾਮ ਰੂਪ ਧਨ ਪਾਇਆ ਹੈ, ਨਾਮ ਦੇ ਸੁਣਨ ਵਾਲਿਆਂ ਨੇ ਤੇ ਕਹਿਣ ਵਾਲਿਆਂ ਨੇ ਵੀ ਪਾਪ ਨਿਵਿਰਤ ਕੀਤੇ ਹਨ।

ਜੋ ਗੁਰਮੁਖ ਜਨ ਮੇਰੇ ਠਾਕੁਰ ਦੇ ਬੜੇ ਪਿਆਰ ਵਾਲੇ ਹਨ, ਉਨ੍ਹਾਂ ਦੇ ਨੇੜੇ ਧਰਮ-ਰਾਜਾ ਦੇ ਜਮਦੂਤ ਨਹੀਂ ਆਉਂਦੇ ॥ ੬ ॥

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਰਾਰੇ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ॥ ੭ ॥

ਹੇ ਪਰਮੇਸ਼ਰ ! ਇਹ ਕਿਰਪਾ ਕਰੋ ਜਿਤਨੇ ਸ੍ਵਾਸ ਅੰਦਰ ਜਾਂਦੇ ਹਨ ਤੇ ਜਿਤਨੇ ਸ੍ਵਾਸ ਬਾਹਰ ਆਉਂਦੇ

ਹਨ, ਉਤਨੇ ਸ੍ਵਾਸਾਂ ਦੁਆਰੇ ਮੈਂ ਗੁਰਾਂ ਦੀ ਸਿੱਖਿਆ ਦੁਆਰੇ ਆਪ ਜੀ ਦੇ ਨਾਮਾਂ ਨੂੰ ਹੀ ਸਮ੍ਹਾਲਦਾ ਰਵ੍ਹਾਂ।

ਜੋ ਅੰਦਰਲੇ ਸ੍ਵਾਸ ਤੇ ਬਾਹਰਲੇ ਸ੍ਵਾਸ ਨਾਮ ਤੋਂ ਬਿਨਾਂ ਜਾਂਦੇ ਹਨ, ਉਸ ਸ੍ਵਾਸ ਨਿਸਫਲ ਤੇ ਬਿਕਾਰਾਂ ਦੀ ਉਤਪਤੀ ਕਰਨ ਵਾਲੇ ਹਨ॥ ੭॥

ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ ਮੋ ਕਉ ਹਰਿ ਜਨ ਮੇਲਿ ਪਿਆਰੇ॥

ਹੇ ਪ੍ਰਭੂ ! ਕ੍ਰਿਪਾ ਦੀ ਆਕਰ=ਖਾਣ, ਮੈਂ ਦੀਨ ਆਪ ਦੀ ਸ਼ਰਨੀ ਪਿਆ ਹਾਂ, ਮੇਰੇ ਉੱਪਰ ਕਿਰਪਾ ਕਰ, ਹੇ ਪਿਆਰੇ ! ਮੈਨੂੰ ਹਰੀ ਜਨਾਂ ਦੇ ਨਾਲ ਮੇਲਣਾ ਕਰ।

[ਪੰਨਾ ੯੮੧]

ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ॥ ੮॥ ੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜੋ ਆਪ ਜੀ ਦੇ ਦਾਸਾਂ ਦੇ ਦਾਸ ਕਥਨ ਕੀਤੇ ਜਾਂਦੇ ਹਨ, ਅਸੀਂ ਉਨ੍ਹਾਂ ਦਾਸਾਂ ਦੇ ਵੀ ਪਾਣੀ ਭਰਨ ਵਾਲੇ ਦਾਸ ਹਾਂ॥ ੮॥ ੧॥

ਨਟ ਮਹਲਾ ੪॥

ਰਾਮ ਹਮ ਪਾਥਰ ਨਿਰਗੁਨੀਆਰੇ॥

ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ ਪਾਹਨ ਸਬਦਿ ਗੁਰ ਤਾਰੇ॥੧॥ਰਹਾਉ॥

ਹੇ ਭਾਈ ! ਅਸੀਂ ਪੱਥਰ ਦੀ ਨਿਆਈਂ ਕਠੋਰ ਹਿਰਦੇ ਵਾਲੇ ਅਤੇ ਨਿਰਗੁਣ ਤਾਈ ਦਾ ਘਰ ਸੀ।

ਜਾਂ ਕਿਰਪਾ ਕੀ ਖਾਣ ਪ੍ਰਭੂ ਨੇ ਕਿਰਪਾ ਕਰਕੇ ਗੁਰਾਂ ਨਾਲ ਮਿਲਾਇਆ, ਤਾਂ ਮੈਂ ਪੱਥਰ ਦੀ ਨਿਆਈਂ ਕਠੋਰ ਹਿਰਦੇ ਵਾਲੇ ਨੂੰ ਗੁਰਾਂ ਨੇ ਉਪਦੇਸ਼ ਦੇ ਕੇ ਸੰਸਾਰ ਸਮੁੰਦਰ ਤੋਂ ਤਾਰ ਦਿੱਤਾ॥ ੧॥ ਰਹਾਉ॥

ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ ਮਲਗਾਰੇ॥

ਨਾਮੈ ਸੁਰਤਿ ਵਜੀ ਹੈ ਦਹ ਦਿਸਿ ਹਰਿ ਮੁਸਕੀ ਮੁਸਕ ਗੰਧਾਰੇ॥ ੧॥

ਸਤਿਗੁਰਾਂ ਨੇ ਅਤਿਅੰਤ ਮਿੱਠਾ ਨਾਮ ਦ੍ਰਿੜ੍ਹ (ਪੱਕਾ) ਕਰਵਾਇਆ ਹੈ, ਜੋ ਗੁਰੂ ਸਾਹਿਬ, ਵਾ:- ਨਾਮ, ਮੈਲਾਗਰੁ=ਚੰਦਨ ਚੋਂ ਮਲਗਾਰੇ=ਬਾਵਨ ਚੰਦਨ ਰੂਪ ਹੈ।

ਅਥਵਾ:- ਸੀਤਲ ਕਰਨੇ ਨੂੰ ਮੈਲਾਗਰ=ਚੰਦਨ ਰੂਪ ਹੈ ਤੇ ਭਗਤੀ ਰੂਪ ਸੁਗੰਧੀ ਦੇਣ ਨੂੰ, ਵਾ:- ਰਾਗ ਦ੍ਵੈਸ਼ ਰੂਪੀ ਮਲ+ਗਾਰੇ=ਮੈਲ ਨੂੰ ਗਾਲਣ ਵਾਸਤੇ ਸ਼ੋਰੇ ਵਾਂਗੂੰ ਹੈ।

ਪਰਮੇਸ਼ਰ ਦੇ ਨਾਮ ਦੀ ਸੁਰਤਿ ਗਿਆਤ, *ਅਥਵਾ:-* ਸੁ+ਰਤਿ=ਸ੍ਰੇਸ਼ਟ ਪ੍ਰੀਤੀ ਦਸੋ ਦਿਸਾਂ ਵਿਚ ਵਜੀ=ਪ੍ਰਗਟ ਹੋ ਰਹੀ ਹੈ, ਹਰੀ ਜੋ ਗੰਧਾਰੇ=ਸੁਗੰਧੀ ਵਾਲਾ ਹੈ, ਉਸ ਦੀ ਭਗਤੀ ਰੂਪੀ ਮੁਸਕ=ਸੁਗੰਧੀ ਅਰਥਾਤ ਖੁਸ਼ਬੋਈ ਸਾਰੇ ਮੁਸਕ=ਫੈਲ ਰਹੀ ਹੈ॥ ੧॥

ਤੇਰੀ ਨਿਰਗੁਣ ਕਥਾ ਕਥਾ ਹੈ ਮੀਠੀ ਗੁਰਿ ਨੀਕੇ ਬਚਨ ਸਮਾਰੇ॥

ਗਾਵਤ ਗਾਵਤ ਹਰਿ ਗੁਨ ਗਾਏ ਗੁਨ ਗਾਵਤ ਗੁਰਿ ਨਿਸਤਾਰੇ॥ ੨॥

ਜਿਸ ਨੇ ਗੁਰਾਂ ਦੇ ਨੀਕੇ=ਚੰਗੇ ਬਚਨਾਂ ਨੂੰ ਸੰਭਾਲਿਆ ਹੈ, ਉਸ ਨੂੰ ਸਾਰੀਆਂ ਕਥਾਂ ਚੋਂ ਤਿਸ ਨਿਰਗੁਣ

www.sikhbookclub.com

ਬ੍ਰਹਮ ਦੀ ਕਥਾ ਮਿੱਠੀ ਲੱਗੀ ਹੈ।

ਗਾਉਣੇ ਵਾਲੇ ਹੋ ਕੇ ਗਾਵਣੇ ਯੋਗ ਹਰੀ ਦੇ ਗੁਣਾਂ ਨੂੰ ਗਾਇਆ, ਤਾਂ ਗੁਣਾਂ ਦੇ ਗਾਵਣੇ ਕਰਕੇ ਗੁਰਾਂ ਨੇ ਸੰਸਾਰ ਤੋਂ ਤਾਰ ਦਿੱਤਾ। *ਅਥਵਾ:-* ਮਨ ਕਰਕੇ ਗਾਵਤ ਹੋ ਕੇ, ਬਾਣੀ ਕਰਕੇ ਗਾਵਤ ਹੋ ਕੇ, ਸਰੀਰ ਕਰਕੇ ਗਾਵਤ ਹੋ ਕੇ ਹਰੀ ਦੇ ਗੁਣ ਗਾਏ ਹਨ, ਗੁਣਾਂ ਦੇ ਗਾਵਣੇ ਕਰਕੇ ਗੁਰਾਂ ਨੇ ਤਾਰ ਦਿੱਤਾ ਹੈ॥ ੨॥

ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥

ਜੋ ਗੁਰੂ ਬਿਬੇਕੁ=ਵਿਚਾਰਵਾਨ ਹਨ ਅਤੇ ਜੋ ਗੁਰੂ ਸਮਦਰਸੀ=ਸਮਦ੍ਰਿਸ਼ਟੀ ਸੁਭਾਅ ਵਾਲੇ ਹਨ, ਉਨ੍ਹਾਂ ਗੁਰਾਂ ਨੂੰ ਸ਼ੰਕਾ ਉਤਾਰ ਕੇ ਮਿਲਣਾ ਕਰੀਏ ਤਾਂ ਪੂਰਨ ਗੁਰੂ ਸਿੱਖ ਦੇ ਮਨ ਦੀ ਸ਼ੰਕਾ ਉਤਾਰ ਦੇਂਦੇ ਹਨ।

ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ॥ ੩॥

ਅਸਾਂ ਨੇ ਸਤਿਗੁਰਾਂ ਨਾਲ ਮਿਲ ਕੇ ਪਰਮ ਪਦਵੀ ਨੂੰ ਪਾਇਆ ਹੈ, ਇਸ ਕਰਕੇ ਅਸੀਂ ਸਤਿਗੁਰਾਂ ਦੇ ਉਪਰੋਂ ਬਲਿਹਾਰ ਕੁਰਬਾਣ ਜਾਂਦੇ ਹਾਂ॥ ੩॥

ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ॥ ੪॥

ਪਖੰਡ ਹੀ ਪਖੰਡ ਨੂੰ ਕਰ ਕਰ ਕੇ ਭਰਮਦੇ ਰਹੇ, ਲੋਭ ਅਤੇ ਪਖੰਡ ਸੰਸਾਰ ਵਿਚ ਬੁਰਿ+ਆਰੇ=ਬੁਰਿਆਈ ਦਾ ਘਰ ਹੈ। *ਅਥਵਾ:-* ਲੋਭ ਤੇ ਪਖੰਡ ਕਰਕੇ ਜਗਿ=ਜੀਵ ਬੁਰੇ ਹੋ ਰਹੇ ਹਨ।

ਲੋਭ ਤੇ ਪਖੰਡ ਆਦਿਕ ਵਿਕਾਰ ਲੋਕ ਅਤੇ ਪ੍ਰਲੋਕ ਵਿਚ ਇਸ ਨੂੰ ਦੁੱਖ ਦੇਣ ਵਾਲੇ ਹੁੰਦੇ ਹਨ ਤੇ ਅੰਤ ਸਮੇਂ ਜਮਕਾਲ ਖੜ੍ਹਾ ਹੋ ਕੇ ਇਸ ਦੇ ਸਿਰ ਉੱਪਰ ਡੰਡਿਆਂ ਦੀ ਮਾਰ ਕਰਦਾ ਹੈ॥ ੪॥

ਉਗਵੈ ਦਿਨਸੁ ਆਲੁ ਜਾਲੁ ਸਮ੍ਹਾਲੈ ਬਿਖੁ ਮਾਇਆ ਕੇ ਬਿਸਥਾਰੇ॥

ਜਿਸ ਵੇਲੇ ਦਿਨਸੁ=ਸੂਰਜ ਉਦੇ ਹੁੰਦਾ (ਚੜ੍ਹਦਾ) ਹੈ। ਤਿਸ ਵੇਲੇ ਮਨਮੁਖ ਆਲੁ=ਘਰ ਦੇ ਜਾਲੁ=ਜੰਜਾਲਾਂ ਨੂੰ ਸੰਭਾਲਦਾ ਹੈ ਅਤੇ ਵਿਹੁ ਵਾਂਙੂ ਦੁੱਖ ਦਾਇਕ ਜੋ ਮਾਇਆ ਹੈ, ਉਸ ਮਾਇਆ ਦੇ ਬਿਸਥਾਰ ਕਰਦਾ ਹੈ।

ਆਈ ਰੈਨਿ ਭਇਆ ਸੁਪਨੰਤਰੁ ਬਿਖੁ ਸੁਪਨੈ ਭੀ ਦੁਖ ਸਾਰੇ॥ ੫॥

ਜਾਂ ਰਾਤ੍ਰੀ ਆਈ ਤਾਂ ਸੁਪਨੇ ਦੇ ਅੰਦਰ ਇਸਥਿਤ ਹੋ ਗਿਆ, ਸੁਪਨੇ ਦੇ ਵਿਚ ਭੀ ਦੁਖਦਾਈ ਬਿਖੁ=ਮਾਇਆ ਨੂੰ ਸਾਰੇ=ਸੰਭਾਲਦਾ ਹੈ॥ ੫॥

ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ॥

ਇਹ ਕੱਲਰ ਦਾ ਖੇਤ ਹੈ, ਜੇਹੜੇ ਸ਼ਕਾਮ ਕਰਮ ਕਰਦੇ ਹਨ, ਲੈ ਕੂੜੁ ਜਮਾਇਆ=ਦਿਖਾਲੇ ਮਾਤ੍ਰ ਕਰਮ ਕਰਨੇ ਹਨ, ਸਭ ਕੂੜੈ ਕੇ ਖਲਵਾਰੇ=ਜੇਹੜਾ ਆਖਦਾ ਹੈ ਮੈਨੂੰ ਉਨ੍ਹਾਂ ਕਰਮਾਂ ਦਾ ਫਲ ਮਿਲ ਗਿਆ ਹੈ।

ਅਥਵਾ:- ਕਲਰੁ ਖੇਤੁ=ਪਾਪ ਵਸ਼ਿਸ਼ਟ ਬੁੱਧੀ, ਲੈ ਕੂੜੁ ਜਮਾਇਆ=ਜੇਹੜਾ ਕਹਿੰਦਾ ਹੈ ਮੈਂ ਸ੍ਰਵਨ, ਮਨਨ, ਨਿਧਿਆਸਣ ਕਰ ਲਿਆ ਹੈ, 'ਕੂੜੈ ਕੇ ਖਲਵਾਰੇ'=ਜੇਹੜਾ ਕਹਿੰਦਾ ਹੈ ਮੈਨੂੰ ਸਖਿਆਤਕਾਰ ਹੋ ਗਿਆ ਹੈ ਪਰ ਏਹ ਸਾਰੇ ਕੂੜੇ ਹਨ।

ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ॥ ੬॥

ਸਾਕਤ ਪੁਰਸ਼ ਸਭ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਕਰਕੇ ਭੁੱਖੇ ਹਨ, ਉਨ੍ਹਾਂ ਸਾਕਤਾਂ ਦੇ ਦਰਵਾਜ਼ੇ ਉੱਪਰ ਜਮ ਡੰਡਾ ਲੈ ਕੇ ਖੜ੍ਹਾ ਰਹਿੰਦਾ ਹੈ॥ ੬॥

ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ॥

ਮਨਮੁਖਾਂ ਦੇ ਸਿਰ ਉੱਤੇ ਵਿਸ਼ਿਆਂ ਰੂਪੀ ਭਾਰੀ ਕਰਜ਼ਾ ਚੜ੍ਹਿਆ ਹੋਇਆ ਹੈ। *ਅਥਵਾ:-* ਵਿਸ਼ੇ ਲੰਪਟ ਮਨਮੁਖਾਂ ਦੇ ਸਿਰ ਉੱਤੇ ਪਿਤਰ ਆਦਿਕਾਂ ਦਾ ਬੜਾ ਭਾਰੀ ਕਰਜ਼ ਚੜ੍ਹਿਆ ਹੋਇਆ ਹੈ, ਸਤਿਗੁਰਾਂ ਦੇ ਦੱਸੇ ਹੋਇ ਉਪਦੇਸ਼ ਨੂੰ ਵਿਚਾਰਨਾ ਕਰੇ ਤਾਂ ਕਰਜ਼ਾ ਉਤਰ ਜਾਂਦਾ ਹੈ।

ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ॥ ੭॥

ਗੁਰਮੁਖਾਂ ਦੇ ਸਾਰੇ ਕਰਜ਼ੇ ਦੂਰ ਕਰ ਦਿੱਤੇ ਹਨ ਅਤੇ ਜਿਤਨੇ ਕੁ ਕਰਜ਼ਿਆਂ ਦੇ ਮੰਗਣ ਵਾਲੇ ਰਿਖੀ, ਪਿਤਰ, ਦੇਵਤਾ ਆਦਿਕ ਹਨ, ਉਹ ਭੀ ਸੇਵਕ ਬਣਾ ਕੇ ਚਰਨਾਂ ਨਾਲ ਲੱਗਣ ਵਾਲੇ ਕਰ ਦਿੱਤੇ ਹਨ॥ ੭॥

ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ ਨਥ੍ਹਾਰੇ॥

ਜਗੰ+ਨਾਥ=ਜਗਤ ਦੇ ਸੁਆਮੀ ਪਰਮਾਤਮਾ ਨੇ ਸਾਰੇ ਜੀਵ ਪੈਦਾ ਕੀਤੇ ਹਨ, ਪੁਨਾ ਨਕਿ ਖੀਨੀ=ਨੱਕ ਪਾੜ ਕੇ ਸਾਰਿਆਂ ਨੂੰ ਨਥ+ਹਾਰੇ=ਨਕੇਲ ਵਾਲਾ ਕਰ ਦਿੱਤਾ ਹੈ। ਅਰਥਾਤ—ਜਿਵੇਂ ਊਠਾਂ ਵਾਲੇ ਊਠ ਦਾ ਨੱਕ ਪਾੜ ਕੇ ਉਸ ਵਿਚ ਨਕੇਲ ਪਾ ਕੇ ਆਪਣੇ ਅਧੀਨ ਰੱਖਦੇ ਹਨ।

ਤਿਵੇਂ ਜੀਵਾਂ ਦੇ ਮਨ ਰੂਪੀ ਨੱਕ ਵਿਚ ਹੁਕਮ ਰੂਪੀ ਨਕੇਲ ਪਾ ਕੇ ਸਾਰਿਆਂ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ।

ਅਥਵਾ:- ਬੇਸ਼ਰਮ ਪੁਰਸ਼ਾਂ ਨੂੰ 'ਨਕ ਖੀਨੀ' ਆਖਦੇ ਹਨ ਅਤੇ ਨਕੇਲ ਦੇ ਫੜਨ ਵਾਲੇ ਨੂੰ "ਨਥਹਾਰਾ" ਆਖਦੇ ਹਨ।

ਏਸੇ ਤਰ੍ਹਾਂ ਸਾਰਿਆਂ ਨਕਿ ਖੀਨੀ=ਬੇਸ਼ਰਮ ਪੁਰਸ਼ਾਂ ਨੂੰ ਨਥਹਾਰੇ=ਪਰਮੇਸ਼ਰ ਨੇ ਆਪਣੇ ਅਧੀਨ ਕੀਤਾ ਹੋਇਆ ਹੈ।

ਨਾਨਕ ਪ੍ਰਭੁ ਖਿੰਚੈ ਤਿਵ ਚਲੀਐ ਜਿਉ ਭਾਵੈ ਰਾਮ ਪਿਆਰੇ॥ ੮॥ ੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜਿਸ ਤਰਫ ਪ੍ਰਭੂ ਹੁਕਮ ਰੂਪੀ ਨਥੇਲ (ਨਕੇਲ) ਨੂੰ ਖਿੱਚਦਾ ਹੈ ਤਿਸੀ ਤਰਫ ਜੀਵ ਚਲਣਾ ਕਰਦੇ ਹਨ, ਰਾਮ ਪਿਆਰੇ ਨੂੰ ਜਿਵੇਂ ਭਾਂਵਦਾ ਹੈ ਤਿਵੇਂ ਕਰਦਾ ਹੈ॥ ੮॥ ੨॥

ਨਟ ਮਹਲਾ ੪॥

ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ॥
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ
ਮਿਲਿ ਕਲਮਲ ਪਾਪ ਉਤਾਰੇ॥ ੧॥ ਰਹਾਉ॥

ਹੇ ਰਾਮ ਹਰੀ ! ਪ੍ਰਤੱਖ ਅੰਮ੍ਰਿਤ ਸਰੋਵਰ ਵਿਚ, *ਵਾ:-* ਸਾਧ ਸੰਗਤ ਰੂਪੀ ਸਰੋਵਰ ਜੋ ਨਾਮ ਰੂਪੀ ਅੰਮ੍ਰਿਤ

ਜਲ ਨਾਲ ਭਰਿਆ ਹੋਇਆ ਹੈ, ਉਸ ਵਿਚ ਇਸ਼ਨਾਨ ਕਰਾਵੇ। ਸਤਿਗੁਰਾਂ ਦੁਆਰੇ ਜੇਹੜਾ ਗਿਆਨ ਪ੍ਰਾਪਤ ਹੋਣਾ ਹੈ, ਏਹੀ ਨੀਕੋ=ਚੰਗਾ ਇਸ਼ਨਾਨ ਹੈ, ਜਿਸ ਨੇ ਸਤਿਗੁਰਾਂ ਨਾਲ ਮਿਲ ਕੇ ਇਸ ਤਰ੍ਹਾਂ ਦਾ ਇਸ਼ਨਾਨ ਕੀਤਾ ਹੈ, ਉਸ ਨੇ ਛੋਟੇ ਵੱਡੇ ਪਾਪ ਉਤਾਰ ਦਿੱਤੇ ਹਨ॥ ੧॥ ਰਹਾਉ॥

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ॥
ਪਰਸ ਨਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ॥ ੧॥

ਮਹਾਤਮਾ ਦੀ ਸੰਗਤ ਦਾ ਗੁਨੁ=ਫਲ ਬਹੁਤ ਤੋਂ ਬਹੁਤ ਹੈ, ਦੇਖੋ ਮਹਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਗਨਕਾ=ਵੇਸ਼ਵਾ, ਸੂਆ=ਤੋਤੇ ਨੂੰ ਪੜ੍ਹਾਉਂਦੀ ਹੋਈ ਉਧਰ ਗਈ। ਪਰਸ ਨਪਰਸ=ਜੋ ਕੁਬਿਜਾ ਹੈ, ਅਰਥਾਤ ਜੋ ਪਰਸਣੇ ਯੋਗ ਨਹੀਂ ਸੀ, ਉਸ ਨਾਲ ਕ੍ਰਿਸ਼ਨ ਜੀ ਆਪ ਸਪਰਸ਼ ਕਰਕੇ ਉਸ ਨੂੰ ਲੈ ਕੇ ਬੈਕੁੰਠ ਲੋਕ ਵਿਚ ਪਹੁੰਚਾ ਦਿੱਤਾ॥ ੧॥

ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥ ੨॥

ਅਜਾਮਲ ਨੇ ਪੁਤ੍ਰ ਪ੍ਰਤਿ=ਪੁੱਤਰ ਨਾਲ ਪ੍ਰੀਤੀ ਕਰਕੇ ਅੰਤ ਸਮੇਂ ਉਸ ਨੂੰ ਨਾਰਾਇਨ ਨਾਮ ਕਰਕੇ ਬੁਲਾਵਣਾ ਕੀਤਾ, ਆ ਪੁਤ੍ਰ ਨਾਰਾਇਨ, ਆ ਪੁਤ੍ਰ ਨਾਰਾਇਨ, ਮੇਰੇ ਠਾਕੁਰ=ਸੁਆਮੀ ਦੇ ਮਨ ਵਿਚ ਭਾਵਨੀ= ਸ਼ਰਧਾ ਭਾਂਵਦੀ ਹੈ, ਇਸ ਕਰਕੇ ਜਮਦੂਤਾਂ ਨੂੰ ਰਾਮ ਗਣਾਂ ਨੇ ਮਾਰ ਕੇ ਬਿਦੀਰਨ ਕਰ ਦਿੱਤਾ॥ ੨॥

ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥
ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ॥ ੩॥

ਇਹ ਪੁਰਸ਼ ਕਥਨ ਤਾਂ ਕਰਦਾ ਹੈ ਪਰ ਕਥਨ ਕਰਕੇ ਲੋਕਾਂ ਨੂੰ ਸੁਣਾਂਵਦਾ ਹੈ, ਜੋ ਬੋਲਦਾ ਹੈ ਉਸ ਨੂੰ ਆਪ ਵਿਚਾਰਦਾ ਨਹੀਂ। ਜੇ ਸਾਧ ਸੰਗਤ ਨਾਲ ਮਿਲੇ ਤਾਂ ਦ੍ਰਿੜ੍ਹ ਨਿਸਚਾ ਆਂਵਦਾ ਹੈ ਕਿ ਹਰੀ ਰਾਮ ਦਾ ਨਾਮ ਹੀ ਤਾਰਨੇ ਵਾਲਾ ਹੈ॥ ੩॥

ਜਬ ਲਗੁ ਜੀਉ ਪਿੰਡੁ ਹੈ ਸਾਬਤੁ ਤਬ ਲਗਿ ਕਿਛੁ ਨ ਸਮਾਰੇ॥

ਜਬ ਲੁਗ=ਜਿਤਨਾ ਚਿਰ ਪਿੰਡੁ ਸਰੀਰ ਸਾਬਤ ਹੈ, ਅਰਥਾਤ ਦੇਹ ਅਰੋਗਤਾ ਹੈ ਤੇ ਚੜ੍ਹਦੀ ਜੁਆਨੀ ਹੈ, ਉਤਨਾ ਚਿਰ ਇਹ ਜੀਵ ਕੁਝ ਵੀ ਪਰਮੇਸ਼ਰ ਦੇ ਨਾਮਾਂ ਨੂੰ ਨਹੀਂ ਸੰਮਾਲ੍ਹਦਾ।

ਜਬ ਘਰ ਮੰਦਰਿ ਆਗਿ ਲਗਾਨੀ ਕਢਿ ਕੂਪੁ ਕਢੈ ਪਨਿਹਾਰੇ॥ ੪॥

ਜਿਸ ਵੇਲੇ ਘਰ ਦੇ ਮੰਦਰਿ=ਅੰਦਰ ਅੱਗ ਲੱਗ ਜਾਵੇ, ਉਸ ਵੇਲੇ ਖੂਹਾ ਖੋਦ ਕੇ (ਪੁੱਟ ਕੇ) ਪਾਣੀ ਕੱਢਣਾ ਚਾਹੇ ਤਾਂ ਕਿਵੇਂ ਕੱਢ ਸਕਦਾ ਹੈ।

ਏਸੇ ਤਰ੍ਹਾਂ ਸਰੀਰ ਰੂਪੀ ਘਰ ਦੇ ਅੰਦਰ ਕਾਲ ਰੂਪੀ ਅੱਗ ਲੱਗ ਜਾਵੇ ਭਾਵ ਅਤੀ ਬ੍ਰਿਧ ਹੋ ਜਾਵੇ ਉਸ ਵੇਲੇ ਜਪ ਤਪ ਰੂਪੀ ਖੂਹਾ ਖੋਦ ਕੇ ਨਾਮ ਰੂਪੀ ਜਲ ਕੱਢਣਾ ਚਾਹਵੇ ਤਾਂ ਕਿਵੇਂ, ਕੱਢ ਸਕਦਾ ਹੈ॥ ੪॥

ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ॥

ਹੇ ਮਨ=ਪਿਆਰੇ ! ਸਾਕਤ ਪੁਰਸ਼ਾਂ ਨਾਲ ਮਨ ਦਾ ਮੇਲ ਨਾ ਕਰੋ, ਜਿਨ੍ਹਾਂ ਸਾਕਤਾਂ ਨੇ ਹਰਿ ਹਰਿ ਨਾਮ

ਨੂੰ ਵਿਸਾਰ ਦਿੱਤਾ ਹੈ।

ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ॥ ੫॥

ਨਾਸਤਕ ਸੁਭਾਅ ਵਾਲੇ ਸਾਕਤਾਂ ਦੇ ਬਚਨ ਇਸ ਤਰ੍ਹਾਂ ਦੁਖਦਾਇਕ ਹਨ, ਜਿਵੇਂ ਬਿੱਛੂ ਡੰਗ ਮਾਰਦਾ ਹੈ- ਇਸ ਕਰਕੇ ਸਾਕਤਾਂ ਨੂੰ ਪਰੇ ਤੇ ਪਰੇ ਤਿਆਗੋ, *ਅਥਵਾ:-* ਪਰਾਰੇ=ਪ੍ਰਾਲੀ ਵਾਂਙੂ ਸ਼ੁਭ ਗੁਣਾਂ ਤੋਂ ਖਾਲੀ ਜਾਣ ਕੇ ਪਰੇ ਤਿਆਗੋ॥ ੫॥

[ਪੰਨਾ ੯੮੨]

ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ ਲਗਿ ਸਾਧੂ ਸੰਗਿ ਸਵਾਰੇ॥

ਸਾਕਤਾਂ ਨਾਲ ਲਗਿ ਲਗਿ=ਮਿਲ ਮਿਲ ਕੇ ਬਹੁਤ ਹੀ ਪ੍ਰੀਤੀ ਲਾਈ, ਪਰ ਕੁਝ ਵੀ ਫਲ ਨਾ ਮਿਲਿਆ, ਜਿਸ ਵੇਲੇ ਸਾਧੂਆਂ ਦੇ ਨਾਲ ਲੱਗ ਕੇ ਸਾਧੂਆਂ ਨਾਲ ਪ੍ਰੀਤੀ ਲਗਾਈ, ਤਾਂ ਉਨ੍ਹਾਂ ਨੇ ਸਾਰੇ ਕਾਰਜ ਸਵਾਰ ਦਿੱਤੇ।

ਅਥਵਾ:- ਜਿਸ ਵੇਲੇ ਲਗਿ ਲਗਿ=ਲਗਨ ਲੱਗੀ ਮਨ ਕਰਕੇ, ਪ੍ਰੀਤੀ ਤਨ ਕਰਕੇ, ਬਹੁਤੀ ਪ੍ਰੀਤੀ ਲਗਾਈ- ਬਾਣੀ ਕਰਕੇ, ਤਿਸ ਵੇਲੇ ਸਾਧੂਆਂ ਦੇ ਸੰਗ ਲੱਗ ਕੇ ਚਤੁਸ਼ਟੇ ਅੰਤਹ ਕਰਨ ਸਵਾਰ ਲਏ।

ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕਰ ਬਹੁਤੁ ਪਿਆਰੇ॥ ੬॥

ਉਨ੍ਹਾਂ ਸਤਿਗੁਰਾਂ ਦੇ ਬਚਨ ਸੱਚ ਕਰਕੇ ਮੰਨੇ- ਜੋ ਗੁਰੂ ਮੇਰੇ ਠਾਕੁਰ=ਵਾਹਿਗੁਰੂ ਦੇ ਬਹੁਤ ਪਿਆਰੇ ਹਨ। *ਅਥਵਾ:-* ਜਿਨ੍ਹਾਂ ਨੇ ਗੁਰਾਂ ਦੇ ਬਚਨ ਸੱਤ ਸੱਤ ਕਰਕੇ ਮੰਨੇ ਹਨ- ਉਹ ਪੁਰਸ਼ ਮੇਰੇ ਠਾਕੁਰ ਨੂੰ ਬਹੁਤ ਪਿਆਰੇ ਲੱਗੇ ਹਨ॥ ੬॥

ਪੂਰਬਿ ਜਨਮਿ ਪਰਚੂਨ ਕਮਾਏ ਹਰਿ ਹਰਿ ਹਰਿ ਨਾਮਿ ਪਿਆਰੇ॥

ਜਿਨ੍ਹਾਂ ਨੇ ਪੂਰਬਲੇ ਜਨਮ ਵਿਚ ਪਰਚੂਨ=ਸ੍ਰੇਸ਼ਟ ਕਰਮ ਕਮਾਏ ਹੋਇ ਸਨ, ਉਨ੍ਹਾਂ ਨੂੰ ਹਰੀ ਦੇ ਹਰਿ ਹਰਿ ਨਾਮ ਪਿਆਰੇ ਲੱਗੇ ਹਨ।

ਗੁਰ ਪ੍ਰਸਾਦਿ ਅੰਮ੍ਰਿਤ ਰਸੁ ਪਾਇਆ ਰਸੁ ਗਾਵੈ ਰਸੁ ਵੀਚਾਰੇ॥ ੭॥

ਗੁਰਾਂ ਦੀ ਕਿਰਪਾ ਦੁਆਰੇ ਜਿਨ੍ਹਾਂ ਨੇ ਨਾਮ ਅੰਮ੍ਰਿਤ ਰਸ ਪਾਇਆ=ਪ੍ਰਾਪਤ ਕੀਤਾ ਹੈ, ਉਹ ਰਸੁ=ਪ੍ਰੇਮ ਨਾਲ ਪ੍ਰਭੂ ਦੇ ਗੁਣ ਗਾਉਂਦੇ ਹਨ ਤੇ ਰਸੁ=ਪ੍ਰੇਮ ਨਾਲ ਹੀ ਸੱਤ ਅਸੱਤ ਦਾ ਵਿਚਾਰ ਕਰਦੇ ਹਨ॥ ੭॥

ਹਰਿ ਹਰਿ ਰੂਪ ਰੰਗ ਸਭਿ ਤੇਰੇ ਮੇਰੇ ਲਾਲਨ ਲਾਲ ਗੁਲਾਰੇ॥

ਹੇ ਹਰਿ ਹਰਿ ! ਏਹ ਰੂਪ ਰੰਗ ਸਭ ਤੇਰੇ ਬਣਾਏ ਹੋਏ ਹਨ, ਹੇ ਮੇਰੇ ਲਾਲਨ ! ਲਾਲ-ਪਿਆਰਿਆਂ ਦੇ ਪਿਆਰੇ ਆਪ ਗੁਲਾਰੇ=ਗਾੜ੍ਹੇ ਰੰਗ ਵਾਲੇ ਹੋ।

ਜੈਸਾ ਰੰਗੁ ਦੇਹਿ ਸੋ ਹੋਵੈ ਕਿਆ ਨਾਨਕ ਜੰਤ ਵਿਚਾਰੇ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ—ਜੈਸਾ ਰੰਗੁ=ਪ੍ਰੇਮ ਤੂੰ ਦੇਂਦਾ ਹੈਂ, ਤੈਸਾ ਹੀ ਜੀਵ ਨੂੰ ਪਰਾਪਤ ਹੁੰਦਾ ਹੈ। *ਅਥਵਾ:-* ਜੇਹੋ ਜੇਹਾ ਰੰਗੁ=ਸੁਭਾਅ ਤੂੰ ਦੇਂਦਾ ਹੈਂ, ਤੇਹੋ ਜੇਹਾ ਜੀਵ ਨੂੰ ਪਰਾਪਤ ਹੁੰਦਾ ਹੈ- ਇਹ ਜੀਵ ਵਿਚਾਰੇ ਕੀ ਹਨ ਜੋ ਆਪਣੇ ਆਪ ਕੁਝ ਕਰ ਸਕਣ॥ ੮॥ ੩॥

ਨਟ ਮਹਲਾ ੪ ॥

ਰਾਮ ਗੁਰ ਸਰਨਿ ਪ੍ਰਭੂ ਰਖਵਾਰੇ ॥

ਰਾਮ=ਹੇ ਭਾਈ ! ਜੋ ਗੁਰ ਸ਼ਰਨ ਵਿਚ ਆਏ ਹਨ, ਉਨ੍ਹਾਂ ਦੀ ਰਖਵਾਰੇ=ਰੱਖਿਆ ਕਰਨ ਵਾਲਾ ਪ੍ਰਭੂ ਹੈ।

ਜਿਉ ਕੁੰਚਰੁ ਤਦੂਐ ਪਕਰਿ ਚਲਾਇਓ
ਕਰਿ ਊਪਰੁ ਕਢਿ ਨਿਸਤਾਰੇ ॥ ੧ ॥ ਰਹਾਉ ॥

ਜਿਵੇਂ ਹਾਥੀ ਨੂੰ ਤੰਦੂਏ ਨੇ ਫੜ ਕੇ ਜਲ ਦੇ ਵਿਚ ਚਲਾਇਆ ਤਾਂ- ਪ੍ਰਭੂ ਨੇ ਕਰਿ ਊਪਰੁ=ਉਪਰਾਲਾ ਕਰਕੇ ਕੱਢ ਕੇ ਤਾਰ ਦਿੱਤਾ,

ਵਾ:- ਕਰਿ=ਸੁੰਡ ਮਾਤ੍ਰ ਜਦ ਬਾਹਰ ਰਹਿ ਗਿਆ ਤਾਂ ਕੱਢ ਕੇ ਤਾਰਿਆ। *ਅਥਵਾ:-* ਕੁੰਚਰੁ=ਹਾਥੀ ਨੂੰ ਬਾਹਰ ਕੱਢ ਦਿੱਤਾ ਤੇ ਤੰਦੂਏ ਨੂੰ ਵੀ ਨਿਸਤਾਰੇ=ਤਾਰ ਦਿੱਤਾ ॥ ੧ ॥ ਰਹਾਉ ॥

ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ ਮਨਿ ਸਰਧਾ ਕਰਿ ਹਰਿ ਧਾਰੇ ॥
ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ ॥ ੧ ॥

ਪ੍ਰਭੂ ਦੇ ਸੇਵਕ ਬਹੁਤ ਨੀਕੇ=ਚੰਗੇ ਹਨ, ਜੋ ਅਤਿ=ਬਹੁਤ ਸ਼ਰਧਾ ਕਰਕੇ ਮਨ ਵਿਚ ਹਰੀ ਨੂੰ ਧਾਰਦੇ ਹਨ। ਮੇਰੇ ਪ੍ਰਭੂ ਦੇ ਮਨ ਵਿਚ ਸ਼ਰਧਾ ਭਗਤੀ ਭਾਵਦੀ ਹੈ ਅਤੇ ਗੁਰਮੁਖ ਜਨਾਂ ਦੀ ਪਤਆਬਰੋ ਨੂੰ ਸਵਾਰਦਾ ਹੈ ॥ ੧ ॥

ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ ॥

ਜੋ ਸੇਵਕ ਸੇਵਕੀ ਭਾਅ ਵਾਲੇ ਹਨ, ਉਹ ਹਰਿ ਹਰਿ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ, ਸੇਵਾ ਕਰਕੇ ਸਾਰੇ ਪਸਾਰੇ=ਸੰਸਾਰ ਵਿਚ ਬ੍ਰਹਮ ਨੂੰ ਹੀ ਪਸਰਿਆ ਵੇਖਦੇ ਹਨ।

ਏਕੁ ਪੁਰਖੁ ਇਕੁ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ ॥ ੨ ॥

ਸੰਸਾਰ ਵਿਚ ਪੁਰਖ ਇੱਕ ਹੈ, ਗੁਰਮੁਖਾਂ ਨੂੰ ਇੱਕ ਹੀ ਨਿਗਾਹ ਆਂਵਦਾ ਹੈ, ਸਾਰਿਆਂ ਨੂੰ ਇੱਕ ਪਰਮੇਸ਼ਰ ਹੀ ਆਪਣੀ ਨਿਗਾਹ ਨਾਲ ਨਿਹਾਰੇ=ਵੇਖਦਾ ਹੈ ॥ ੨ ॥

ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ ਸਭੁ ਚੇਰੀ ਜਗਤੁ ਸਮਾਰੇ ॥

ਹਰੀ ਪ੍ਰਭੂ ਸੁਆਮੀ ਸਾਰਿਆਂ ਅਸਥਾਨਾਂ ਉੱਪਰ ਰਵਿਆ=ਪੂਰਨ ਹੋ ਰਿਹਾ ਹੈ, ਸਾਰਾ ਜਗਤ ਚੇਰੀ=ਦਾਸੀ ਭਾਅ ਧਾਰ ਕੇ ਉਸ ਪ੍ਰਭੂ ਨੂੰ ਸੰਭਾਲਦਾ ਹੈ।

ਆਪਿ ਦਇਆਲੁ ਦਇਆ ਦਾਨੁ ਦੇਵੈ ਵਿਚਿ ਪਾਥਰ ਕੀਰੇ ਕਾਰੇ ॥ ੩ ॥

ਉਹ ਵਾਹਿਗੁਰੂ ਆਪ ਦਿਆਲੂ ਹੈ, ਦਇਆ ਕਰਕੇ ਸਾਰਿਆਂ ਨੂੰ ਦਾਨ ਦੇਂਦਾ ਹੈ, ਪੱਥਰਾਂ ਦੇ ਵਿਚ ਜੇਹੜੇ ਕੀੜੇ ਕਾਰੇ=ਕੀਤੇ ਹਨ, ਵਾ:- ਕਾਰੇ=ਕਾਲੇ ਕੀੜੇ ਹਨ, ਉਨ੍ਹਾਂ ਨੂੰ ਭੀ ਖਾਣ ਪਾਣ ਦੇਂਦਾ ਹੈ ॥ ੩ ॥

ਯਥਾ:- ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥ ੩ ॥ ੩ ॥

(ਆਸਾ ਬਾਣੀ ਧੰਨੇ ਜੀ ਕੀ, ਪੰਨਾ ੪੮੮)

www.sikhbookclub.com

ਤਥਾ:- ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥

(ਗੂਜਰੀ ਮਹਲਾ ੫, ਪੰਨਾ ੪੯੫)

ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ ॥

ਜਿਸ ਤਰ੍ਹਾਂ ਹਰਨ ਦੀ ਨਾਭੀ ਅੰਦਰ ਕਸਤੂਰੀ ਦੀ ਵਾਸੁ=ਸੁਗੰਧੀ ਬਹੁਤ ਹੀ ਮੁਸਕਾਈ=ਮੁਸ਼ਕ ਰਹੀ, ਭਾਵ ਫੈਲ ਰਹੀ ਹੈ, ਪਰ ਹਰਨ ਭਰਮ ਦੇ ਭੁਲੇਖੇ ਕਰਕੇ ਝਾੜੀਆਂ ਨੂੰ ਹੀ ਸਿੰਙ੍ਹਾਰੇ=ਸੁੰਘਦਾ ਹੈ।

ਏਸੇ ਤਰ੍ਹਾਂ ਆਤਮਕ ਅਨੰਦ ਆਪਣੀ ਬਿਰਤੀ ਦੀ ਇਕਾਗ੍ਰਤਾ ਵਿਚ ਹੈ, ਪਰ ਜੀਵ ਰੂਪ ਹਰਨ ਭਰਮ ਦਾ ਭਰਮਾਇਆ ਹੋਇਆ ਪੁੱਤਰ, ਇਸਤ੍ਰੀ ਆਦਿਕ ਪਦਾਰਥਾਂ ਵਿਚ ਸੁਖ ਮੰਨਦਾ ਹੈ।

ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ ॥ ੪ ॥

ਗੁਰਾਂ ਤੋਂ ਬਗੈਰ ਆਪਣੇ ਆਪ ਬਨਾਂ ਬਨਾਂ, ਅਥਵਾ:- ਬਨੁ ਬਨੁ=ਤੀਰਥਾਂ ਉੱਪਰ ਪ੍ਰਭੂ ਪ੍ਰਭੂ ਨੂੰ ਢੂੰਢ ਢੂੰਢ ਕੇ ਥੱਕ ਗਈ, ਪਰ ਨਾ ਪ੍ਰਾਪਤ ਹੋਇਆ, ਜਦ ਗੁਰਾਂ ਦੀ ਪ੍ਰਾਪਤੀ ਹੋਈ ਤਾਂ ਪੂਰਿਆਂ ਗੁਰਾਂ ਨੇ ਅੰਤਹਕਰਨ ਰੂਪ ਘਰ ਦੇ ਵਿਚ ਪ੍ਰਭੂ ਦਾ ਦਰਸ਼ਨ ਕਰਾ ਕੇ ਤਾਰ ਦਿੱਤਾ ॥ ੪ ॥

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

ਬਾਣੀ ਤਾਂ ਗੁਰੂ ਰੂਪ ਹੈ ਤੇ ਗੁਰੂ ਬਾਣੀ ਦਾ ਰੂਪ ਹਨ, ਗੁਰਬਾਣੀ ਦੇ ਵਿਚ ਹੀ ਸਾਰੇ ਅੰਮ੍ਰਿਤ ਹਨ।

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥

ਜੋ ਗੁਰਬਾਣੀ ਕਹਿੰਦੀ ਹੈ ਉਸ ਨੂੰ ਜੇ ਸੇਵਕ ਜਨ ਸੱਤ ਸੱਤ ਕਰਕੇ ਮੰਨ ਲੇਵੇ, ਤਾਂ ਗੁਰੂ ਸਾਹਿਬ ਜੀ ਪ੍ਰਤੱਖ ਹੋ ਕੇ ਉਸ ਸੇਵਕ ਜਨ ਨੂੰ ਤਾਰਦੇ ਹਨ ॥ ੫ ॥

ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ ॥

ਸਾਰਾ ਸੰਸਾਰ ਬ੍ਰਹਮ ਰੂਪ ਹੈ, ਬ੍ਰਹਮ ਹੀ ਸਾਰੇ ਪਸਰਿਆ ਹੋਇਆ ਹੈ, ਮਨ ਕਰਕੇ ਜੈਸਾ ਕਿਸੀ ਨੇ ਕਰਮਾਂ ਦਾ ਬੀਜ ਬੀਜਿਆ ਹੈ, ਤੈਸਾ ਹੀ ਉਸ ਦਾ ਫਲ ਵਾਹਿਗੁਰੂ ਖੁਆਂਦਾ ਹੈ।

ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥ ੬ ॥

ਜਿਵੇਂ ਪ੍ਰਭੂ ਦੇ ਸੇਵਕ ਜਨ ਚੰਦ੍ਰਹਾਂਸ ਨੂੰ 'ਧ੍ਰਿਸਟ- ਬੁੱਧੀ' ਨਾਮੇ ਰਾਜੇ ਨੇ ਦੁਖਿਆ=ਦੁੱਖ ਦਿੱਤਾ, ਤਾਂ ਉਸ ਨੇ ਆਪਣੇ ਘਰ ਨੂੰ ਈਰਖਾ ਰੂਪੀ ਲੂਕੀ=ਅੱਗ ਵਿਚ ਜਾਰੇ=ਸਾੜ ਲੈਣਾ ਕੀਤਾ ॥ ੬ ॥

ਸਾਖੀ—ਚੰਦ੍ਰਹਾਂਸ ਦੀ

ਚੰਦ੍ਰਹਾਂਸ ਦਾ ਪਿਤਾ 'ਸੁਧਰਮਾ' ਨਾਮ ਕਰਕੇ ਕਰਾਲ ਦੇਸ਼ ਦਾ ਬਾਦਸ਼ਾਹ ਹੋਇਆ ਹੈ।

ਰਾਜਾ 'ਸੁਧਰਮਾ' ਬੜਾ ਪੁੰਨਆਤਮਾ ਦਿਆਲੂ, ਪਰਜਾ ਪਾਲਕ ਸੀ। ਪਰਜਾ ਵੀ ਪਿਤਾ ਰੂਪ ਸਮਝ ਕੇ ਸਤਿਕਾਰ ਕਰਦੀ ਸੀ। ਮੰਤ੍ਰੀ ਵੀ ਸਾਰੇ ਆਗਿਆ ਵਿਚ ਰਾਜ ਭਾਗ ਦਾ ਕੰਮ ਕਰਦੇ ਸਨ। ਇਸ ਦੇ ਵਿਚ ਹੋਰਨਾਂ ਬਾਦਸ਼ਾਹਾਂ ਨਾਲੋਂ ਏਸ ਗੱਲ ਦੀ ਵਿਸ਼ੇਸ਼ਤਾ ਸੀ ਕਿ ਦੇਸ਼ ਵਿਚ ਇਸ ਦੀ ਬਹਾਦਰ ਸੈਨਾ ਤੇ ਅਹਿਲਕਾਰਾਂ ਦੇ ਆਗਿਆਕਾਰ ਹੋਣ ਕਰਕੇ ਕਿਸੇ ਬਾਹਰਲੇ ਦੇਸ਼ ਦੇ ਬਾਦਸ਼ਾਹ ਨੂੰ ਇਸ ਦੇ ਉੱਪਰ ਹਮਲਾ ਕਰਨ ਦਾ ਹੀਆ ਹੀ ਨਹੀਂ ਸੀ ਪੈਂਦਾ। ਹਰ ਦੇਸ਼ ਦੇ ਬਾਦਸ਼ਾਹ ਇਸ ਨਾਲ ਮਿੱਤ੍ਰ ਭਾਵ ਰੱਖਣਾ ਹੀ ਚੰਗਾ ਸਮਝਦੇ ਸਨ।

ਫਿਰ ਰਾਜਾ 'ਸੁਧਰਮਾ' ਸੰਤ ਸੇਵੀ ਵੀ ਬਹੁਤ ਸੀ। ਇਸ ਨੇ ਆਪਣੇ ਰਾਜ ਵਿਚ ਥਾਂ ਥਾਂ ਭੰਡਾਰੇ ਖੋਲ੍ਹ ਰੱਖੇ ਸਨ। ਰਾਹੀ ਮੁਸਾਫਰਾਂ ਦੇ ਠਹਿਰਣ ਵਾਸਤੇ ਸਰਾਵਾਂ, ਪਾਣੀ ਪੀਣ ਲਈ ਖੂਹ; ਇਸ ਤਰ੍ਹਾਂ ਦੇ ਸਾਰੇ ਸੁਖ ਅਨੰਦ ਹੋਣ ਕਰਕੇ ਖੁਸ਼ਹਾਲੀ ਹੀ ਖੁਸ਼ਹਾਲੀ ਹਰ ਪਾਸੇ ਬਾਹਾਂ ਪਸਾਰੀ ਨਿਗਾਹ ਆ ਰਹੀ ਸੀ।

ਵਾਹਿਗੁਰੂ ਵੀ ਕਿਰਪਾ ਮਿਹਰਮਤ ਦਾ ਸਦਕਾ ਹੋਰ ਤਾਂ ਸਾਰੇ ਸੁਖ ਪ੍ਰਾਪਤ ਸਨ ਪਰ—

''ਔਰਤ ਈਮਾਨ। ਦੌਲਤ ਗੁਜ਼ਰਾਨ। ਪੁਤ੍ਰ ਨਿਸ਼ਾਨ।
ਕਰਨੀ ਪ੍ਰਧਾਨ। ਕਿਆ ਹਿੰਦੂ ਕਿਆ ਮੁਸਲਮਾਨ।''

ਦੇ ਅਨੁਸਾਰ ਇੱਕੋ ਇੱਕ ਜਗਤ ਵਿਚ ਨਿਸ਼ਾਨ ਰੂਪ 'ਮਿੱਠੀ ਦਾਤ' ਭਾਵ ਪੁੱਤਰ ਦੀ ਪ੍ਰਾਪਤੀ ਨਹੀਂ ਸੀ।

ਰਾਜਾ ਸੁਧਰਮਾ ਨੇ ਪੁੱਤਰ ਦੀ ਪ੍ਰਾਪਤੀ ਵਾਸਤੇ ਬੜੇ ਬੜੇ ਯਤਨ ਕੀਤੇ। ਸਾਲਾਂ ਬੱਧੀ ਸਦਾ-ਵਰਤ ਲਾਈ ਰੱਖੇ। ਕਈ ਯੱਗ ਕੀਤੇ ਬਹੁਤ ਬਹੁਤ ਵੱਡੇ ਭੰਡਾਰੇ ਕੀਤੇ, ਅਨੇਕਾਂ ਸੰਤਾਂ, ਮਹਾਤਮਾ ਨੂੰ ਭੋਜਨ ਛਕਾਇਆ ਪਰ ਹਰ ਪਾਸਿਓਂ ਰਾਜਾ ਸੁਧਰਮਾ ਨੂੰ ਨਿਰਾਸਤਾ ਦਾ ਹੀ ਮੂੰਹ ਵੇਖਣਾ ਪਿਆ।

ਆਖਰ ਇਤਨਾ ਕੁਝ ਕਰਨ 'ਤੇ ਵੀ ਜਿਸ ਵੇਲੇ ਸੰਤਾਨ ਦੀ ਪ੍ਰਾਪਤੀ ਨਾ ਹੋਈ ਤਾਂ ਦਿਲ ਵਿੱਚ ਬਹੁਤ ਨਿਰਾਸਤਾ ਹੋਈ, ਰੋਟੀ ਖਾਣੀ ਵੀ ਚੰਗੀ ਨਾ ਲੱਗਿਆ ਕਰੇ।

ਏਸੇ ਤਰ੍ਹਾਂ ਬੜੀ ਉਦਾਸਤਾਈ ਵਿਖੇ ਸਮਾਂ ਬੀਤਦਾ ਗਿਆ। ਕੁਝ ਸਮੇਂ ਬਾਅਦ ਬੜੇ ਬੀਤ ਰਾਗ ਵੈਰਾਗੀ ਤਿਆਗੀ ਫਕੀਰ ਇਸ ਦੀ ਰਾਜਧਾਨੀ ਵਿਖੇ ਆ ਗਏ। ਜਿੱਥੇ ਉਹ ਠਹਿਰੇ ਉਥੇ ਸਵੇਰੇ ਸ਼ਾਮ ਦੋ ਵੇਲੇ ਹਰੀ ਦੀ ਕਥਾ ਤੇ ਹਰੀ ਦਾ ਜਸ ਰੂਪ ਕੀਰਤਨ ਹੋਣ ਲੱਗ ਪਿਆ। ਦੂਰ ਦੁਰੇਡਿਓਂ ਸਭ ਸੰਗਤਾਂ ਦਰਸ਼ਨਾਂ ਵਾਸਤੇ ਆਉਣੀਆਂ ਸ਼ੁਰੂ ਹੋ ਗਈਆ। ਸਭ ਆਪਣੀਆਂ ਕਾਮਨਾ ਪੂਰਨ ਕਰਕੇ ਜਾਂਦੀਆਂ। ਗੱਲ ਚਲਦੀ ਚਲਦੀ ਰਾਜਾ 'ਸੁਧਰਮਾ' ਪਾਸ ਵੀ ਪੁੱਜੀ।

ਬਥੇਰੇ ਜਤਨਾਂ ਦੇ ਕਰਨ ਨਾਲ ਪੁੱਤਰ ਨਾ ਪ੍ਰਾਪਤੀ ਦੇ ਕਾਰਨ ਭਾਵੇਂ ਰਾਜਾ 'ਸੁਧਰਮਾ' ਨੂੰ ਆਸ ਤਾਂ ਨਹੀਂ ਸੀ ਪਰ ਆਪਣੇ ਸਿਆਣੇ ਆਗਿਆਕਾਰੀ ਸਲਾਹਕਾਰਾਂ ਦੇ ਕਹਿਣ 'ਤੇ ਹੋਰਨਾਂ ਪਾਸੋਂ ਵੀ ਉਨ੍ਹਾਂ ਸੰਤਾਂ ਦੀ ਉਪਮਾ ਸੁਣ ਕੇ ਇੱਕ ਦਿਨ ਨੀਯਤ ਕਰਕੇ ਜਾਣ ਦੀ ਸਲਾਹ ਬਣਾ ਲਈ। ਨੀਯਤ ਦਿਨ 'ਤੇ ਸਾਰੇ ਕੰਮ ਧੰਦੇ ਛੱਡ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪ੍ਰਭੂ ਨੂੰ ਅਰਾਧਿਆ।

ਪੁਨਾ- ਅਹਿਲਕਾਰਾਂ, ਰਾਣੀਆਂ ਸਹਿਤ ਨੰਗੀ ਪੈਰੀਂ ਅਨੇਕ ਪ੍ਰਕਾਰ ਦੀਆਂ ਸੁਗਾਤਾਂ ਭੇਟਾਂ ਵਜੋਂ ਲੈ ਕੇ ਉਨ੍ਹਾਂ ਦੇ ਅਸਥਾਨ 'ਤੇ ਪੁੱਜੇ।

ਦੀਵਾਨ ਸਜਿਆ ਹੋਇਆ ਸੀ। ਮਹਾਂ ਪੁਰਸ਼ ਆਪਣੇ ਪਵਿੱਤ੍ਰ ਮੁਖਰਬਿੰਦ ਤੋਂ ਹਰੀ ਸਬੰਧੀ ਬਚਨ ਉਚਾਰਨ ਕਰਦੇ ਹੋਏ ਨਾਮ ਸਿਮਰਨ ਦਾ ਉਪਦੇਸ਼ ਦੇ ਰਹੇ ਸਨ।

ਰਾਜਾ ਸੁਧਰਮਾ ਵੀ ਜਾ ਕੇ ਬੈਠ ਗਿਆ। ਪਵਿੱਤ੍ਰ ਬਚਨਾਂ ਨੂੰ ਸੁਣ ਕੇ ਮਨ ਵਿਖੇ ਸ਼ਾਂਤੀ ਪ੍ਰਾਪਤ ਹੋਈ ਦੀਵਾਨ ਦੀ ਸਮਾਪਤੀ ਪਿੱਛੋਂ ਮਹਾਂ ਪੁਰਸ਼ਾਂ ਪਾਸ ਜਾ ਕੇ ਚਰਨਾਂ ਉੱਪਰ ਮੱਥਾ ਟੇਕਿਆ। ਲਿਆਂਦੀਆਂ ਹੋਈਆਂ ਭੇਟਾਂ ਅੱਗੇ ਰੱਖ ਕੇ ਦੋਵੇਂ ਹੱਥ ਜੋੜ ਬੇਨਤੀ ਕਰਕੇ ਮੰਡਲੀ ਸਹਿਤ ਭੋਜਨ ਮਨਾਇਆ। ਪੁਨਾ- ਰਾਜ ਮਹਿਲਾਂ ਵਿਖੇ ਆ ਕੇ ਭੋਜਨ ਦੀ ਤਿਆਰੀ ਅਰੰਭ ਦਿੱਤੀ। ਜਿਸ ਰਸਤਿਓਂ ਸੰਤਾਂ ਨੇ ਚੱਲ ਕੇ ਆਉਣਾ ਸੀ ਓਥੋਂ ਦੀ ਚੰਗੀ ਤਰ੍ਹਾਂ ਸਫਾਈ ਕਰਵਾ ਦਿੱਤੀ।

ਨੀਯਤ ਸਮੇਂ 'ਤੇ ਆਪ ਸੰਤਾਂ ਨੂੰ ਲੈਣ ਵਾਸਤੇ ਗਿਆ। ਪੁਨਾ- ਬੜੇ ਸਤਿਕਾਰ ਨਾਲ ਮਹਿਲਾਂ ਵਿਖੇ ਲਿਆ

ਕੇ ਤਨੋਂ, ਮਨੋਂ ਹੋ ਕੇ ਆਪਣੀ ਹੱਥੀਂ ਆਪ ਲੰਗਰ ਦੀ ਸੇਵਾ ਕਰਦਾ ਰਿਹਾ।

ਇਸ ਦੀ ਸੇਵਾ ਨੂੰ ਦੇਖ ਕੇ ਸੰਤ ਪ੍ਰਸੰਨ ਹੋ ਗਏ। ਪਾਸ ਸੱਦ ਕੇ ਕਿਹਾ, ਹੇ ਰਾਜਨ ! ਅਸੀਂ ਤੇਰੀ ਸੇਵਾ ਦੇਖ ਕੇ ਤੇਰੇ 'ਤੇ ਬਹੁਤ ਪ੍ਰਸੰਨ ਹੋਏ ਹਾਂ। ਜੋ ਇੱਛਾ ਧਾਰ ਕੇ ਸੇਵਾ ਕੀਤੀ ਹੈ ਉਹ ਕਹੋ, ਵਾਹਿਗੁਰੂ ਤੇਰੀ ਇੱਛਾ ਪੂਰੀ ਕਰੇਗਾ।

ਪਹਿਲਾਂ ਤਾਂ ਸ਼ਰਮ ਆਉਣ ਕਰਕੇ ਕਹਿਣੋਂ ਝਿਜਕ ਗਿਆ ਫੇਰ ਮਨ ਨੂੰ ਇਸਥਿਤ ਕਰਕੇ ਸੋਚਦਾ ਹੈ ਕਿ ਜੇ ਇਹ ਵੇਲਾ ਖੁੰਝ ਗਿਆ ਤਾਂ ਮੁੜ ਹੱਥ ਨਹੀਂ ਆਉਣਾ। ਉਸੀ ਵੇਲੇ ਦੋਵੇਂ ਹੱਥ ਜੋੜ ਕੇ ਰਾਜੇ 'ਸੁਧਰਮਾ' ਨੇ ਕਿਹਾ 'ਮਹਾਰਾਜ ਜੀਓ ! ਵਾਹਿਗੁਰੂ ਦੀ ਕਿਰਪਾ ਨਾਲ ਹੋਰ ਮਾਇਆ ਦੇ ਤਾਂ ਸਾਰੇ ਸੁਖ ਪ੍ਰਾਪਤ ਹਨ, ਪਰਜਾ ਵੀ ਆਗਿਆਕਾਰ ਹੈ ਪਰ ਇੱਕੋ ਸੰਤਾਨ ਦੀ ਘਾਟ ਹੈ।

ਜੇ ਕਿਰਪਾ ਦੇ ਘਰ ਵਿਖੇ ਆਏ ਹੋ ਤੁਠੇ ਹੋ ਤਾਂ ਕਿਰਪਾ ਕਰਕੇ ਪੁੱਤਰ ਦੀ ਦਾਤ ਬਖਸ਼ੋ। ਮੈਂ ਬਹੁਤ ਯਤਨ ਕੀਤੇ, ਕੋਈ ਕਰਮਾਂ ਦਾ ਹੀ ਐਸਾ ਚੱਕਰ ਹੈ ਜੋ ਹਰ ਪਾਸਿਓਂ ਨਿਰਾਸਤਾ ਹੀ ਮੂੰਹ ਪਸਾਰੀ ਨਿਗਾਹ ਆਈ ਹੈ।

ਪ੍ਰਭ ਦੀ ਕਿਰਪਾ ਨਾਲ ਆਪ ਜੈਸੇ ਮਹਾਂ ਪੁਰਸ਼ਾਂ ਨਾਲ ਮਿਲਾਪ ਹੋਇਆ ਹੈ। ਆਸ ਹੈ ਜੋ ਆਪ ਕਿਰਪਾ ਕਰਕੇ ਬਹੁਤੇ ਨਹੀਂ ਤਾਂ ਇੱਕ ਪੁੱਤਰ ਦੀ ਜ਼ਰੂਰ ਹੀ ਬਖਸ਼ਸ਼ ਕਰੋਗੇ।

ਰਾਜੇ ਦੀਆਂ ਐਸੀਆਂ ਨਿੰਮ੍ਰਤਾ ਪੂਰਬਕ ਬੇਨਤੀਆਂ ਤੇ ਉਸ ਦੀ ਸੇਵਾ ਦਾ ਖਿਆਲ ਕਰਦੇ ਹੋਏ ਮਹਾਂ ਪੁਰਸ਼ ਨੇ ਨੇਤ੍ਰ ਮੂੰਦੇ ਤੇ ਕੁਝ ਸਮਾਂ ਚੁੱਪ ਰਹੇ। ਥੋੜ੍ਹੀ ਦੇਰ ਪਿੱਛੋਂ ਨੇਤ੍ਰ ਖੋਲ੍ਹੇ ਤੇ ਕਿਹਾ, ਹੇ ਰਾਜਨ ! ਤੇਰੇ ਕਰਮਾਂ ਵਿਖੇ ਸੰਤਾਨ ਨਹੀਂ। ਪਰ ਤੂੰ ਸੰਤ ਮੰਡਲੀ ਦੀ ਸੇਵਾ ਕੀਤੀ ਹੈ ਇਸ ਕਰਕੇ ਤੇਰੇ ਗ੍ਰਿਹ ਵਿਖੇ ਸੰਤਾਨ ਤਾਂ ਹੋ ਜਾਵੇਗੀ ਪਰ ਉਸ ਦਾ ਸੁਖ ਨਹੀਂ ਦੇਖ ਸਕੇਂਗਾ, ਸਗੋਂ ਦੁੱਖ ਤਕਲੀਫਾਂ ਦਾ ਮੁਕਾਬਲਾ ਕਰਨਾ ਪਵੇਗਾ। ਇੱਥੋਂ ਤੱਕ ਕਿ- ਪੁੱਤਰ ਦੇ ਪੈਦਾ ਹੁੰਦਿਆਂ ਹੀ ਮਾਤਾ ਪਿਤਾ ਤੂੰ ਤੇ ਤੇਰੀ ਇਸਤ੍ਰੀ ਵੀ ਮਰ ਜਾਣਗੇ ਅਤੇ ਸਾਰਾ ਰਾਜ ਵੀ ਨਸ਼ਟ ਹੋ ਜਾਵੇਗਾ।

ਸੰਤਾਂ ਪਾਸੋਂ ਐਸੇ ਭੈ-ਦਾਇਕ ਸ਼ਬਦ ਸੁਣ ਕੇ ਰਾਜਾ ਸੁਧਰਮਾਂ ਪਹਿਲਾਂ ਤਾਂ ਬਹੁਤ ਘਬਰਾਇਆ। ਆਖ਼ਰ ਮਨ ਵਿਚ ਏਹ ਵਿਚਾਰ ਆਈ ਕਿ ਉੱਝ ਵੀ ਪੁੱਤਰ ਬਿਨਾਂ ਮਾਂ ਪਿਉ ਦਾ ਜੀਵਣ ਕਿਸ ਅਰਥ ਹੈ।

ਚਲੋ ਜੇ ਅਸੀਂ ਮਰ ਵੀ ਗਏ ਤੇ ਰਾਜ ਵੀ ਨਸ਼ਟ ਹੋ ਗਿਆ ਤਾਂ ਫਿਰ ਕੀ ਹੋਇਆ। ਆਖ਼ਰ ਮਰਨਾ ਤਾਂ ਹੈ ਹੀ ਪੁੱਤਰ ਹੋਣੇ ਕਰਕੇ ਜਗਤ ਵਿਖੇ ਨਾਂ ਤਾਂ ਰਹਿ ਜਾਵੇਗਾ।

ਇਨ੍ਹਾਂ ਵਿਚਾਰਾਂ ਨੂੰ ਮੁਖ ਰੱਖ ਕੇ ਰਾਜਾ ਸੁਧਰਮਾਂ ਨੇ ਸੰਤਾਂ ਪਾਸ ਬੇਨਤੀ ਕੀਤੀ, ਇਹ ਸਾਰੀਆਂ ਕਠਨਤਾਈਆਂ ਮੈਨੂੰ ਮਨਜ਼ੂਰ ਹਨ ਪਰ ਪੁੱਤਰ ਜ਼ਰੂਰ ਹੋਣਾ ਚਾਹੀਦਾ ਹੈ।

ਰਾਜਾ ਸੁਧਰਮਾਂ ਦੇ ਬਚਨ ਸੁਣ ਕੇ ਸੰਤਾਂ ਨੇ ਕਿਹਾ, ਹੇ ਰਾਜਨ ! ਫਿਕਰ ਨਾ ਕਰ ਤੇਰੇ ਗ੍ਰਿਹ ਵਿਖੇ ਸੰਤਾਨ ਹੋ ਜਾਵੇਗੀ। ਇਹ ਬਚਨ ਆਖ ਕੇ ਮਹਾਂ ਪੁਰਸ਼ ਚਲੇ ਗਏ।

ਸਮਾਂ ਪਾ ਕੇ ਰਾਜਾ ਸੁਧਰਮਾਂ ਦੇ ਗ੍ਰਿਹ ਵਿਖੇ ਇੱਕ ਸੁੰਦਰ ਲੜਕੇ ਨੇ ਜਨਮ ਲਿਆ ਜਿਸ ਨੂੰ ਦੇਖਦਿਆਂ ਭੁੱਖ ਲਹਿੰਦੀ ਸੀ। ਰਾਜ ਪੁੱਤਰ ਦੇ ਪੈਦਾ ਹੋਣ ਕਰਕੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ ਗ਼ਰੀਬਾਂ, ਸੰਤਾਂ, ਫਕੀਰਾਂ ਵਿਖੇ ਬਹੁਤ ਧਨ ਪਦਾਰਥ ਵੰਡਿਆ ਗਿਆ।

ਇੱਕ ਦਿਨ ਰਾਜਾ ਸੁਧਰਮਾਂ ਨੂੰ ਰਾਜ ਮਹਿਲਾਂ ਵਿਖੇ ਬੈਠਿਆਂ ਉਨ੍ਹਾਂ ਸੰਤਾਂ ਦੇ ਬਚਨ ਯਾਦ ਆ ਗਏ ਕਿ ਜੋ ਬਚਨ ਸੰਤਾਂ ਨੇ ਕਹੇ ਸਨ ਕਿ ਪੁੱਤਰ ਦੇ ਪੈਦਾ ਹੋਣ ਨਾਲ ਮਾਂ ਪਿਉ ਮਰ ਜਾਣਗੇ ਤੇ ਰਾਜ ਵੀ ਨਸ਼ਟ ਹੋ

www.sikhbookclub.com

ਜਾਵੇਗਾ, ਇਸ ਗੱਲ ਦੇ ਨਿਸਚੇ ਕਰਨ ਲਈ ਜੋਤਸ਼ੀਆਂ ਨੂੰ ਪੁੱਛਣਾ ਚਾਹੀਦਾ ਹੈ। ਇਸ ਤਰ੍ਹਾਂ ਸੋਚ ਕੇ ਜੋਤਸ਼ੀਆਂ ਨੂੰ ਬੁਲਾ ਕੇ ਕਿਹਾ, ਇਸ ਬੱਚੇ ਦੀ ਲਗਨ ਕੁੰਡਲੀ ਬਣਾ ਕੇ ਦੱਸੋ ਇਸ ਦੀ ਲਗਨ ਕੁੰਡਲੀ ਵਿਚ ਕੀ ਅਉਗੁਣ ਤੇ ਕੀ ਗੁਣ ਲਿਖਿਆ ਹੋਇਆ ਹੈ? ਚੰਗੀ ਤਰ੍ਹਾਂ ਦੇਖ ਕੇ ਸਾਰਾ ਹਾਲ ਦੱਸੋ ਅਤੇ ਇਹ ਭੀ ਦੱਸੋ ਇਸ ਦਾ ਨਾਂ ਕੀ ਰੱਖਦਾ ਚਾਹੀਦਾ ਹੈ?

ਰਾਜਾ ਸੁਧਰਮਾਂ ਦੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਜੋਤਸ਼ੀਆਂ ਨੇ ਕਿਹਾ, ਹੇ ਰਾਜਨ ! ਚੰਦ੍ਰਮਾਂ ਨਿਆਈਂ ਇਸ ਬਾਲਕ ਦਾ ਮੁੰਹ ਸੁੰਦਰ ਤੇ ਖਿੜਾਅ ਵਿਖੇ ਹੈ। ਇਸ ਲਈ ਇਸ ਦਾ ਨਾਂ 'ਚੰਦਰਹਾਂਸ' ਹੀ ਰੱਖਣਾ ਚਾਹੀਦਾ ਹੈ।

ਪੁਨਾ- ਜੋਤਸ਼ੀਆਂ ਨੇ ਚੰਦ੍ਰਹਾਂਸ ਦੀ ਲਗਨ ਕੁੰਡਲੀ ਬਣਾ ਕੇ ਜੋਤਸ਼ ਲਗਾ ਕੇ ਕਿਹਾ, ਹੇ ਰਾਜਨ ! ਜਿੱਥੇ ਵੱਡਾ ਭਾਰੀ ਗੁਣ ਹੈ ਉਥੇ ਨਾਲ ਅਉਗਣ ਵੀ ਬਹੁਤ ਭਾਰੀ ਹੈ। ਗੁਣ ਇਹ ਹੈ ਕਿ ਇਹ ਭਗਵੰਤ ਦਾ ਬਹੁਤ ਪਿਆਰਾ ਭਗਤ ਹੋਵੇਗਾ, ਜਗਤ ਵਿਖੇ ਵੱਡਾ ਪ੍ਰਤਾਪੀ ਨਿਆਇਕਾਰੀ, ਪਰਜਾ ਪਾਲਕ ਰਾਜਾ ਹੋਵੇਗਾ।

ਦੂਸਰਾ ਇਸ ਵਿਚ ਅਉਗਣ ਇਹ ਹੈ ਕਿ- ਇਸ ਦੇ ਪੈਦਾ ਹੋਣ ਨਾਲ ਤੁਹਾਡੇ ਜੀਵਨ ਦਾ ਸਮਾਂ ਥੋੜਾ ਰਹਿ ਗਿਆ ਹੈ ਅਤੇ ਇਹ ਰਾਜ ਵੀ ਨਸ਼ਟ ਹੋ ਜਾਵੇਗਾ।

ਇਸ ਤਰ੍ਹਾਂ ਦੀ ਲਗਨ ਕੁੰਡਲੀ ਸੁਣ ਕੇ ਰਾਜਾ ਸੁਧਰਮਾਂ ਨੂੰ ਨਿਸਚਾ ਹੋ ਗਿਆ ਕਿ ਜੋ ਸੰਤਾਂ ਨੇ ਬਚਨ ਕਹੇ ਸਨ ਉਹ ਠੀਕ ਹਨ। ਸਮਾਂ ਬੀਤਦਿਆਂ ਕੋਈ ਪਤਾ ਨਹੀਂ ਲਗਦਾ।

ਦਿਨ ਤੇ ਪਹਿਰ, ਪਹਿਰ ਤੇ ਘਰੀਆਂ ਵਾਲੇ ਵਾਕ ਅਨੁਸਾਰ ਦਿਨ ਰਾਤ ਬੀਤਦੇ ਤਿੰਨ ਮਹੀਨੇ ਗੁਜ਼ਰ ਗਏ। ਇਨ੍ਹਾਂ ਹੀ ਦਿਨਾਂ ਵਿਚ 'ਕੰਭੂਹਲ' ਨਾਮੇ ਰਾਜ, ਬਡੀਆਂ ਫੌਜਾਂ ਸਮੇਤ ਸੁਧਰਮਾ ਉੱਪਰ ਚੜ੍ਹਾਈ ਕਰਕੇ ਆ ਗਿਆ।

ਸੁਧਰਮਾਂ ਨੇ ਏਧਰੋਂ ਪਰਜਾ ਦੀ ਰੱਖਿਆ ਕਰਨ ਲਈ ਕਾਫੀ ਫੌਜਾਂ ਭੇਜੀਆਂ। ਕਈ ਦਿਨ ਘਮਸਾਨ ਦੀ ਲੜਾਈ ਹੁੰਦੀ ਰਹੀ ਜਿਸ ਵਿਖੇ ਰਾਜਾ ਸੁਧਰਮਾਂ ਦੀ ਬਹੁਤ ਸਾਰੀ ਫੌਜ ਮਾਰੀ ਗਈ।

ਬਹੁਤ ਸਾਰੀ ਸੈਨਾ ਦੇ ਮਾਰੇ ਜਾਣ 'ਤੇ ਰਾਜਾ ਸੁਧਰਮਾਂ ਨੇ ਵਿਚਾਰਿਆ ਮੇਰਾ ਹੁਣ ਰਾਜ ਮਹਿਲਾਂ ਵਿਚ ਬਹਿਣਾ ਧਰਮ ਨਹੀਂ ਉੱਠ ਕੇ ਰਾਣੀ ਨੂੰ ਆ ਕੇ ਆਖਦਾ ਹੈ—

ਸੈਨਾ ਕਾਫੀ ਮਰ ਚੁੱਕੀ ਹੈ ਹੁਣ ਤਾਂ ਮੈਨੂੰ ਆਪ ਜਾ ਕੇ ਯੁੱਧ ਕਰਨਾ ਚਾਹੀਦਾ ਹੈ। ਬਾਕੀ ਰਹੀ ਜਿੱਤ ਹਾਰ ਦੀ ਗੱਲ, ਉਹ ਈਸ਼ਵਰ ਦੇ ਵਸ ਹੈ। ਪਤਾ ਨਹੀਂ ਹਾਰ ਹੋਣੀ ਹੈ ਕਿ ਜਿੱਤ ਹੋਣੀ ਹੈ। ਦੂਸਰਾ ਸਰੀਰ ਦਾ ਵੀ ਕੋਈ ਪਤਾ ਨਹੀਂ ਬਚੇਗਾ ਕਿ ਨਹੀਂ।

ਹੇ ਸੁਭੱਦੇ ! ਰੱਬ ਨਾ ਕਰੇ, ਜੇਕਰ ਮੈਂ ਮਰ ਗਿਆ ਤਾਂ ਇਸ ਬਾਲਕੇ ਦੀ ਚੰਗੀ ਤਰ੍ਹਾਂ ਪਰਵਰਿਸ਼ ਕਰਨੀ, ਕਿਸੇ ਗੱਲੋਂ ਊਣਤਾਈ ਨਾ ਰਹਿਣ ਦੇਣੀ।

ਇਤਨਾ ਕਹਿ ਕੇ ਰਾਜਾ ਸੁਧਰਮਾਂ ਬਾਕੀ ਦੀ ਸੈਨਾ ਨੂੰ ਨਾਲ ਲੈ ਕੇ ਯੁੱਧ ਭੂਮੀ ਵਿਖੇ ਆ ਪੁੱਜਾ। ਉਸ ਵੇਲੇ ਬੜੇ ਘਮਸਾਨ ਦੀ ਲੜਾਈ ਹੋਈ। ਹਰ ਪਾਸੇ ਮਿਝ-ਚਰਬੀ ਕਰਕੇ ਪੈਰ ਚਿੱਕੜ ਦੀ ਨਜਾਈ ਵਿਚੇ ਖੁੱਭਦਾ ਜਾਂਦਾ ਹੈ। ਰਾਜਾ ਸੁਧਰਮਾਂ ਵੀ ਜਾਨ ਤੋੜ ਕੇ ਲੜਿਆ ਪਰ ਕਿਸਮਤ ਨੇ ਸਾਥ ਨਾ ਦਿੱਤਾ। ਆਖ਼ਰ ਲੜਦਾ ਲੜਦਾ ਮਰ ਗਿਆ।

ਇੱਧਰ ਜਿਸ ਵੇਲੇ ਰਾਜਾ ਸੁਧਰਮਾਂ ਦੀ ਰਾਣੀ ਨੂੰ ਪਤਾ ਲੱਗਾ ਤਾਂ ਉਸ ਨੇ ਬਹੁਤ ਹੀ ਰੋਣਾ ਕੀਤਾ। ਇੱਕ

ਦੋ ਵਾਰੀ ਸਰੀਰ ਉੱਪਰ ਬਿਹੋਸ਼ੀ ਵੀ ਆ ਕੇ ਵਰਤੀ, ਪਰ ਗੋਂਲੀਆਂ ਨੇ ਬਹੁਤ ਸੇਵਾ ਕੀਤੀ, ਸਰੀਰ ਵਿਖੇ ਬਿਹੋਸ਼ੀ ਰਹਿਣ ਨਾ ਦਿੱਤੀ। ਪਤੀ ਦੇ ਮਰ ਜਾਣ 'ਤੇ ਰਾਣੀ ਨੇ ਸੋਚਿਆ ਹੁਣ ਮੇਰਾ ਜਗਤ ਵਿਖੇ ਰਹਿਣਾ ਨਿਸਫਲ ਹੈ ਹੋ ਸਕਦਾ ਹੈ ਜਿੱਥੇ ਇਤਨਾ ਕੁਝ ਹੋ ਗਿਆ ਹੈ ਕਿਤੇ ਮੇਰਾ ਪਤੀਬ੍ਰਤ ਧਰਮ ਨਾ ਚਲਾ ਜਾਵੇ। ਰਾਜੇ ਦੇ ਪਿੱਛੋਂ ਪਤਾ ਨਹੀਂ ਕਿਹੜੀ ਕਿਹੜੀ ਔਕੜ ਦਾ ਮੂੰਹ ਤੱਕਣਾ ਪਵੇਗਾ। ਇਹ ਵਿਚਾਰ ਕੇ ਪੱਕਾ ਨਿਸਚਾ ਕਰ ਲਿਆ ਹੁਣ ਪਤੀ ਦੇ ਨਾਲ ਹੀ ਸਤੀ ਹੋ ਜਾਣਾ ਠੀਕ ਹੈ।

ਇਨ੍ਹਾਂ ਸੰਕਲਪਾਂ ਦੇ ਪੱਕਿਆਂ ਹੋਣ ਕਰਕੇ ਬਾਲਕ ਚੰਦ੍ਰਹਾਂਸ ਨੂੰ ਨਜ਼ਦੀਕੀ ਗੋਂਲੀ ਦੇ ਹਵਾਲੇ ਕਰ ਦਿੱਤਾ ਤੇ ਬਹੁਤ ਸਾਰਾ ਧਨ ਪਦਾਰਥ ਦੇਂਦਿਆਂ ਕਿਹਾ, ਅੱਜ ਤੋਂ ਰਾਜ-ਕਵਰ ਦੀ ਦੇਖ ਭਾਲ ਤੂੰ ਕਰਨੀ ਹੈ ਅੱਗੋਂ ਜੋ ਈਸ਼ਵਰ ਨੂੰ ਭਾਇਆ।

ਇਤਨਾਂ ਕਹਿ ਕੇ ਰਾਜਾ ਸੁਧਰਮਾਂ ਦੀ ਸੁਪਤਨੀ ਰਾਜ ਮਹਿਲਾਂ ਵਿੱਚੋਂ ਨਿਕਲ ਕੇ ਯੱਧ ਭੂਮੀ ਵਿਖੇ ਪਤੀ ਦੀ ਲਾਸ਼ ਲੱਭ ਕੇ ਚਿਖਾ ਬਣਾ ਕੇ ਨਾਲ ਸਤੀ ਹੋ ਗਈ।

ਇੱਧਰ ਇੱਕ ਦਿਨ ਆਪਣੇ ਘਰ ਵਿਖੇ ਬੈਠੀ ਹੋਈ ਦਾਸੀ ਨੇ ਸੋਚਿਆ, ਹੁਣ ਇਹ ਰਾਜ ਕੰਤੂਹਲ ਦਾ ਹੋ ਚੁੱਕਾ ਹੈ। ਹੋ ਸਕਦਾ ਹੈ ਕਿ ਉਹ ਆਪਣੇ ਵੈਰੀ ਦਾ ਪੁੱਤਰ ਜਾਣ ਕੇ ਕਿਤੇ ਪਤਾ ਲੱਗਣ 'ਤੇ ਮਾਰ ਹੀ ਨਾ ਦੇਵੇ, ਇਸ ਲਈ ਇੱਥੇ ਰਹਿਣਾ ਹੁਣ ਠੀਕ ਨਹੀਂ।

ਇਨ੍ਹਾਂ ਵਿਚਾਰਾਂ ਦੇ ਹੋਣ ਕ਼ਰਕੇ ਉਹ ਦਾਸੀ ਚੰਦ੍ਰਹਾਂਸ ਤੇ ਰਾਣੀ ਦਾ ਦਿੱਤਾ ਹੋਇਆ ਧਨ ਸਾਰਾ ਲੁਕਵੀਂ ਥਾਂ ਬੰਨ੍ਹ ਕੇ ਉਸ ਦੇਸ਼ ਚੋਂ ਨਿਕਲਣ ਲਈ ਰਾਤੋ-ਰਾਤ ਪ੍ਰਭੂ ਦਾ ਆਸਰਾ ਗ੍ਰਹਿਣ ਕਰਦੀ ਨਿਕਲ ਤੁਰੀ।

ਤਿੰਨਾਂ ਚਹੁੰ ਦਿਨਾਂ ਪਿੱਛੋਂ ਜਿਸ ਵੇਲੇ ਹੋਰ ਨਗਰ ਵਿਚ ਵੜੀ ਤਾਂ ਪੁੱਛਿਆ ਕਿ ਇਹ ਕਿਸ ਰਾਜੇ ਦਾ ਸ਼ਹਿਰ ਹੈ? ਤਾਂ ਕਿਸੀ ਨੇ ਕਿਹਾ ਇਹ ਕੰਤੂਹਲ ਰਾਜੇ ਦਾ ਹੈ ਤਾਂ ਦਾਸੀ ਨੇ ਸੋਚਿਆ ਕਿ ਇੱਥੇ ਰਹਿਣਾ ਤਾਂ ਉੱਥੋਂ ਨਾਲੋਂ ਵੀ ਖਤਰਨਾਕ ਹੈ ਇਸ ਲਈ ਇੱਥੇ ਰਹਿਣਾ ਠੀਕ ਨਹੀਂ। ਉਸ ਵੇਲੇ ਉਹਨਾਂ ਹੀ ਪੈਰਾਂ 'ਤੇ ਕਿਸੇ ਹੋਰ ਪਾਸੇ ਚੱਲ ਪਈ।

ਚਲ਼ਦੀ ਚਲਦੀ 'ਧ੍ਰਿਸ਼ਟ ਬੁੱਧੀ' ਨਾਮੇ ਰਾਜੇ ਦੇ ਦੇਸ਼ ਵਿਖੇ ਜਾ ਪੁੱਜੀ। ਜੋ ਰਾਜੇ ਕੰਤੂਹਲ ਪਾਸ ਟਕੇ ਭਰਿਆ ਕਰਦਾ ਸੀ। ਚੰਦ੍ਰਹਾਂਸ ਦੀ ਰੱਖਿਆ ਲਈ ਆਪਣੇ ਸੁਖ ਦਾ ਨਾ ਖ਼ਿਆਲ ਕਰਦਿਆਂ ਸ਼ਹਿਰ ਵਿਖੇ ਨਹੀਂ ਗਈ ਸਗੋਂ ਬਾਹਰ ਜੰਗਲ ਵਿਖੇ ਜਿੱਥੇ ਬੜੇ ਬੀਤਰਾਗ ਸੰਤਜਨ ਰਿਹਾ ਕਰਦੇ ਸਨ, ਉਥੇ ਆ ਕੇਂ ਸੰਤਾਂ ਪਾਸ ਰੋ ਪਈ ਅਤੇ ਸਾਰੀ ਵਰਤਾ ਕਹਿ ਸੁਣਾਈ।

ਪੁਨਾ- ਉਥੇ ਹੀ ਰਹਿਣ ਦਾ ਸੰਕਲਪ ਬਣਾ ਕੇ ਬੇਨਤੀ ਕੀਤੀ- ਹੇ ਸੰਤ ਜਨੋ! ਆਪ ਪ੍ਰਭੂ ਦੇ ਪਿਆਰੇ ਹੋ ਕਿਰਪਾ ਕਰਕੇ ਇੱਥੇ ਆਪਣੀ ਸ਼ਰਨ ਵਿਖੇ ਰਹਿਣ ਲਈ ਆਗਿਆ ਦਿਓ।

ਦਇਆਲੂ ਸੰਤਾਂ ਨੇ ਉਸ ਦੀ ਦੁਖ-ਦਾਇਕ ਅਵੱਸਥਾ ਦੇਖ ਕੇ ਪਾਸ ਰਹਿਣ ਦੀ ਆਗਿਆ ਦੇ ਦਿੱਤਾ।

ਪੁਨਾ- ਉਹ ਦਾਸੀ ਆਗਿਆ ਪਾਂ ਕੇ ਤਨੋ-ਮਨੋ ਹੋ ਕੇ ਰਾਤ ਦਿਨ ਭੀਲਣੀ ਵਾਂਙੂ ਸੰਤਾਂ ਦੇ ਸੇਵਾ ਕਰਦੀ ਰਹੀ ਅਤੇ ਉੱਦਮ ਕਰਕੇ ਆਪਣੇ ਰਹਿਣ ਲਈ ਇੱਕ ਵੱਖਰੀ ਝੌਂਪੜੀ ਪਾ ਲਈ। ਇਸੇ ਤਰ੍ਹਾਂ ਸੰਤਾਂ ਦੀ ਸੇਵਾ ਕਰਦਿਆਂ ਕੁਝ ਕੁ ਸਮਾਂ ਬੀਤ ਗਿਆ, ਹਾਲੀ ਥੋੜ੍ਹੇ ਦਿਨ ਹੀ ਸੰਤਾਂ ਪਾਸ ਰਹਿੰਦਿਆਂ ਬੀਤੇ ਸਨ ਜੋ ਅਵਸਥਾ ਦੇ ਪੂਰੇ ਹੋ ਜਾਣ 'ਤੇ ਦਾਸੀ ਮਰ ਗਈ। ਲੜਕਾ ਇਕੱਲਾ ਰਹਿ ਗਿਆ ਪਰ ਉਸ ਦੀ ਸਾਰੀ ਪਰਵਰਿਸ਼ ਮਹਾਤਮਾ ਆਪ ਹੀ ਕਰਨ ਲੱਗ ਪਏ।

ਪੂਰਬਲੇ ਚੰਗੇ ਭਾਗਾਂ ਤੇ ਸੰਤਾਂ ਦੀ ਸੰਗਤ ਦੇ ਪ੍ਰਤਾਪ ਕਰਕੇ ਚੰਦ੍ਰਹਾਂਸ ਛੋਟੀ ਅਵੱਸਥਾ ਵਿਚ ਹੀ ਸੰਤਾਂ ਦੀ ਰੀਸ ਕਰਨ ਲੱਗ ਪਿਆ। ਅਰਥਾਤ ਸੰਤਾਂ ਦੀ ਤਰ੍ਹਾਂ ਪਹਿਲੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਪਾਣੀ ਕਰਕੇ ਸੰਤਾਂ ਦੇ ਪਿੱਛੇ ਅੱਖਾਂ ਮੀਟ ਕੇ ਬੈਠਣ ਲੱਗ ਪਿਆ।

ਇੱਕ ਦਿਨ ਸੰਤਾਂ ਨੇ ਬਾਲਕ ਦੀ ਇਸ ਤਰ੍ਹਾਂ ਲਗਨ ਦੇਖ ਕੇ ਕਿਹਾ- ਹੇ ਪੁੱਤਰ ! ਐਵੇਂ ਅੱਖਾਂ ਮੀਟ ਕੇ ਨਾ ਬੈਠਿਆ ਕਰ, ਪ੍ਰਭੂ ਦਾ ਨਾਮ ਵੀ ਜਪਿਆ ਕਰ। ਸੰਤਾਂ ਦੇ ਕਹਿਣ ਉੱਪਰ ਚੰਦ੍ਰਹਾਂਸ ਸਿਮਰਨ ਵੀ ਕਰਨ ਲੱਗ ਪਿਆ।

ਇਸੇ ਤਰ੍ਹਾਂ ਸੰਤਾਂ ਪਾਸ ਰਹਿੰਦਿਆਂ ਭਜਨ ਸਿਮਰਨ ਵਿਚ ਚੰਦ੍ਰਹਾਂਸ ਦੇ ਚੰਗੇ ਦਿਨ ਬਿਤੀਤ ਹੁੰਦੇ ਗਏ। ਜਿੱਥੇ ਕਿਤੇ ਸੰਤ ਮੰਡਲੀ ਭੋਜਨ ਛਕਣ ਜਾਂਦੀ ਹੈ ਨਾਲ ਚੰਦ੍ਰਹਾਂਸ ਵੀ ਜਾਂਦਾ ਹੈ।

ਇੱਕ ਦਿਨ ਉਥੋਂ ਦੇ ਰਾਜੇ ਧ੍ਰਿਸ਼ਟ ਬੁੱਧੀ ਨੇ ਬ੍ਰਹਮ ਭੋਜ ਕੀਤਾ। ਬੜੇ ਜੋਤਸ਼ੀ, ਪੰਡਿਤ, ਸਾਧੂ, ਮਹਾਤਮਾ ਨਾਲ ਚੰਦ੍ਰਹਾਂਸ ਵੀ ਗਿਆ, ਜਦੋਂ ਕਿ ਉਹ ਲਗਪਗ ਪੰਜ ਸਾਲਾਂ ਦਾ ਸੀ। ਪਰ ਸੰਤਾਂ ਦੀ ਕਿਰਪਾ ਕਰਕੇ ਉਸ ਦੀ ਲਗਨ ਅਜੇਹੀ ਹੋ ਗਈ, ਜੋ ਕਿ ਪੂਰਨ ਸੰਤਾਂ ਵਾਂਙੂ ਪੰਗਤ ਵਿਚ ਬੈਠਾ ਹੀ ਨਾਮ ਸਿਮਰਨ ਕਰੀ ਜਾਂਦਾ ਹੈ।

ਜਿੱਥੇ ਆਪਣੀ ਸੰਤ ਮੰਡਲੀ ਨਾਲ ਚੰਦ੍ਰਹਾਂਸ ਬੈਠਾ ਸੀ ਉੱਥੇ ਇਸ ਦੇ ਸਾਹਮਣੇ ਚਾਰ ਪੰਜ ਚੰਗੇ ਵਿਦਵਾਨ ਜੋਤਸ਼ ਦੇ ਮਾਹਰ ਬੈਠੇ ਜੋਤਸ਼ੀ ਆਪਸ ਵਿਚ ਗੱਲਾਂ ਕਰ ਰਹੇ ਸਨ।

ਗੱਲਾਂ ਕਰਦਿਆਂ ਕਰਦਿਆਂ ਇੱਕ ਜੋਤਸ਼ੀ ਦ੍ਰਿ ਨਿਗਾਹ ਚੰਦ੍ਰਹਾਂਸ 'ਤੇ ਪੈ ਗਈ। ਮੱਥੇ ਦੇ ਲੇਖ ਪੜ੍ਹ ਕੇ ਨਾਲ ਦੇ ਜੋਤਸ਼ੀ ਨੂੰ ਕਿਹਾ ਕਿ ਸਾਧੂਆਂ ਵਿਖੇ ਬੈਠੇ ਹੋਏ ਉਸ ਬਾਲਕ ਦੇ ਲੇਖ ਪੜ੍ਹ ਜਾਂ ਉਸ ਨੇ ਲੇਖ ਪੜ੍ਹੇ ਤਾਂ ਹੱਸ ਪਿਆ, ਉਂਵ ਵੀ ਕੁਝ ਸੁਭਾਅ ਦਾ ਮਜ਼ਾਕੀਆ ਸੀ। ਹੋਰ ਨਾਲ ਦੇ ਬੈਠੇ ਵੀ ਹੱਸ ਪਏ।

ਰਾਜੇ ਧ੍ਰਿਸ਼ਟ ਬੁੱਧੀ ਨੂੰ ਇਹਨਾਂ ਦੇ ਹੱਸਣ 'ਤੇ ਬੜੀ ਹੈਰਾਨੀ ਹੋਈ, ਜੋ ਨਾਲ ਦੀ ਪੰਗਤ ਵਿਖੇ ਭੋਜਨ ਵਰਤਾ ਰਿਹਾ ਸੀ। ਇਹਨਾਂ ਪਾਸ ਆ ਕੇ ਹੱਸਣ ਦਾ ਕਾਰਨ ਪੁੱਛਦਿਆਂ ਕਿਹਾ 'ਕੀ ਭੋਜਨ ਵਿਖੇ ਕੋਈ ਉਣਤਾ ਰਹਿ ਗਈ ਹੈ?'

ਜੋਤਸ਼ੀਆਂ ਨੇ ਕਿਹਾ-ਹੇ ਰਾਜਨ! ਨਹੀਂ, ਆਪ ਜੀ ਨੇ ਬਹੁਤ ਚੰਗਾ ਭੋਜਨ ਤਿਆਰ ਕਰਵਾ ਕੇ ਵਰਤਾਇਆ ਹੈ। ਪੁਨਾ-ਰਾਜਾ ਨੇ ਕਿਹਾ, ਫਿਰ ਹੱਸਣ ਦਾ ਕੀ ਕਾਰਨ ਹੈ?

ਜੋਤਸ਼ੀਆਂ ਨੇ ਫਿਰ ਵੀ ਇੱਕ ਦੋ ਵਾਰੀ ਟਾਲ ਮਟੋਲਾ ਕੀਤਾ ਜਦ ਦੇਖਿਆ ਕਿ ਰਾਜਾ ਖਹਿੜਾ ਨਹੀਂ ਛੱਡਦਾ, ਤਾਂ ਸੱਚ ਸੱਚ ਕਹਿ ਦਿੱਤਾ ਕਿ ਹੇ ਰਾਜਨ ! ਅਸੀਂ ਉਸ ਬਾਲਕ ਦੀ ਕਿਸਮਤ ਪੜ੍ਹ ਕੇ ਹੱਸੇ ਹਾਂ, ਵਿਧਾਤਾ ਨੇ ਕੈਸਾ ਸੰਜੋਗ ਬਣਾਇਆ ਹੈ। ਫਕੀਰਾਂ ਦਾ ਲੜਕਾ ਕਿੱਥੇ ਤੇ ਰਾਜੇ ਦੀ ਰਾਜ ਪੁੱਤਰੀ ਕਿੱਥੇ? ਉਸ ਦੀ ਕਿਸਮਤ ਵਿਚ ਇਹ ਲਿਖਿਆ ਹੋਇਆ ਹੈ ਕਿ ਇਸ ਨੇ ਤੇਰਾ ਜਵਾਈ ਬਣਨਾ ਹੈ।

ਇਹ ਗੱਲ ਸੁਣ ਕੇ ਰਾਜਾ ਧ੍ਰਿਸ਼ਟ ਬੁੱਧੀ ਨੇ ਉਸ ਵੇਲੇ ਤਾਂ ਸੁਣੀ ਅਣਸੁਣੀ ਕਰ ਦਿੱਤੀ ਪਰ ਰਾਜ ਮਹਿਲਾਂ ਵਿਖੇ ਪੁੱਜਣ 'ਤੇ ਬਹੁਤ ਚਿੰਤਾ ਹੋਈ। ਕਈ ਤਰ੍ਹਾਂ ਦੇ ਭੈੜੇ ਖਿਆਲ ਆਉਣ ਲੱਗ ਪਏ ਸੋਚਦਾ ਹੈ ਕਿ ਜੇਕਰ ਮੇਰੀ ਲੜਕੀ ਦਾ ਉਸ ਕੰਗਲੇ ਫਕੀਰ ਦੇ ਲੜਕੇ ਨਾਲ ਵਿਆਹ ਹੋ ਗਿਆ ਤਾਂ ਮੇਰੀ ਇੱਜ਼ਤ ਤਾਂ ਮਿੱਟੀ ਵਿਚ ਰੁਲ ਜਾਵੇਗੀ। ਬਰਾਦਰੀ ਤੇ ਹੋਰ ਦੇਸ਼ਾਂ ਦੇ ਰਾਜੇ ਕੀ ਕਹਿਣਗੇ ਕਿ ਤੈਨੂੰ ਕੋਈ ਰਾਜ ਲੜਕਾ ਨਹੀਂ ਲੱਭਾ ਜੋ ਫਕੀਰਾਂ ਨੂੰ ਆਪਣੀ ਲੜਕੀ ਵਿਆਹ ਦਿੱਤੀ ਊ। ਕਈ ਦਿਨ ਇਹਨਾਂ ਹੀ ਵਿਚਾਰਾਂ ਵਿਖੇ ਗਲਤਾਨ ਰਿਹਾ।

ਫੇਰ ਕੁਝ ਦਿਨਾਂ ਪਿੱਛੋ ਇਸ ਦਾ ਵਜ਼ੀਰ 'ਕਬੁੱਧੀ' ਬਾਹਰੋਂ ਕੰਮ ਪੂਰਾ ਕਰਕੇ ਆ ਗਿਆ।

ਰਾਜੇ ਨੂੰ ਚਿੰਤਾਤੁਰ ਦੇਖ ਕੇ ਪੁੱਛਿਆ "ਹੇ ਰਾਜਨ ! ਕੀ ਗੱਲ ਹੋਈ ਜੋ ਆਪ ਇਤਨੀ ਚਿੰਤਾ ਵਿਖੇ ਹੋ, ਕਿਸੇ ਨੇ ਹਮਲਾ ਤਾਂ ਨਹੀਂ ਕਰ ਦਿੱਤਾ?"

ਇਹ ਗੱਲ ਸੁਣ ਕੇ ਰਾਜੇ ਨੇ ਕਿਹਾ, ਜਿਸ ਦਿਨ ਮੈਂ ਬ੍ਰਹਮ ਭੋਜ ਕੀਤਾ ਸੀ, ਉਸ ਵਿਖੇ ਇੱਕ ਛੋਟਾ ਲੜਕਾ ਵੀ ਸੰਤਾਂ ਨਾਲ ਆਇਆ ਹੋਇਆ ਸੀ। ਜੋਤਸ਼ੀ ਉਸ ਦੀ ਰੇਖਾ ਪੜ੍ਹ ਕੇ ਹੱਸ ਪਏ। ਮੇਰੇ ਪੁੱਛਣ 'ਤੇ ਉਹਨਾਂ ਦੱਸਿਆ ਕਿ 'ਹੇ ਰਾਜਨ ! ਇਹ ਤੇਰੀ ਪੁੱਤਰੀ ਦਾ ਪਤੀ ਬਣੇਗਾ।' ਉਸ ਵੇਲੇ ਤਾਂ ਕੁਝ ਨਹੀਂ ਕਹਿ ਸਕਿਆ ਪਰ ਹੁਣ ਬੜੀ ਚਿੰਤਾ ਲੱਗ ਰਹੀ ਹੈ ਕੀਤਾ ਕੀ ਜਾਏ? ਕੋਈ ਐਸਾ ਉਪਾਅ ਦੱਸ ਜਿਸ ਕਰਕੇ ਇਹ ਲੜਕਾ ਮੇਰਾ ਜਵਾਈ ਨਾ ਬਣ ਸਕੇ।

ਰਾਜੇ 'ਧ੍ਰਿਸ਼ਟ ਬੁੱਧੀ' ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ 'ਕਬੁੱਧੀ' ਨੇ ਕਿਹਾ, ਇਹ ਵੀ ਕੋਈ ਵੱਡੀ ਗੱਲ ਹੈ। ਹੁਣੇ ਜਲਾਦਾਂ ਨੂੰ ਸੱਦ ਕੇ ਉਨ੍ਹਾਂ ਨੂੰ ਲਾਲਚ ਦੇ ਕੇ ਉਸ ਲੜਕੇ ਨੂੰ ਮਰਵਾ ਦਿੰਦੇ ਹਾਂ, ਆਪੇ ਸਿਰੋਂ ਬਲਾ ਟਲ ਜਾਵੇਗੀ, ਰਾਜੇ ਨੇ ਕਿਹਾ ਠੀਕ ਹੈ।

ਸਲਾਹ ਪੱਕੀ ਹੋ ਜਾਣ 'ਤੇ ਜਲਾਦਾਂ ਨੂੰ ਬੁਲਾ ਕੇ ਕਿਹਾ, ਫਲਾਣੇ ਬਨ ਵਿਖੇ ਇੱਕ ਫਕੀਰਾਂ ਪਾਸ ਲੜਕਾ ਹੈ, ਉਸ ਨੂੰ ਜ਼ਰੂਰ ਮਾਰਨਾ ਹੈ। ਜੇ ਤੁਸੀਂ ਹੁਕਮ ਦੀ ਪਾਲਣਾ ਕਰੋਗੇ ਤਾਂ ਬਹੁਤ ਸਾਰਾ ਇਨਾਮ ਦਿੱਤਾ ਜਾਏਗਾ।

ਜਲਾਦਾਂ ਨੇ ਕਿਹਾ, ਹੇ ਰਾਜਨ ! ਆਪ ਜੀ ਦਾ ਹੁਕਮ ਸਿਰ ਮੱਥੇ 'ਤੇ ਪ੍ਰਵਾਨ ਹੈ, ਪਰ ਇਹ ਦੱਸੋ ਉਸ ਲੜਕੇ ਨੂੰ ਅਸੀਂ ਕਿਵੇਂ ਮਾਰਾਂਗੇ? ਕਿਉਂਕਿ ਉਸ ਦਾ ਸੰਤਾਂ ਨਾਲ ਬਹੁਤ ਪਿਆਰ ਹੈ। ਉਹ ਤਾਂ ਉਨ੍ਹਾਂ ਨਾਲੋਂ ਵਿੱਛੜਦਾ ਹੀ ਨਹੀਂ ਅਤੇ ਨਾ ਹੀ ਸੰਤ ਉਸ ਲੜਕੇ ਦਾ ਵਿਸਾਹ ਕਰਦੇ ਹਨ, ਹਰ ਵੇਲੇ ਆਪਣੇ ਪਾਸ ਹੀ ਰੱਖਦੇ ਹਨ।

ਰਾਜੇ 'ਧ੍ਰਿਸ਼ਟ ਬੁੱਧੀ' ਨੇ ਕਿਹਾ, ਉਸ ਦੇ ਫੜਨ ਦੀ ਵਿਧੀ (ਤਰੀਕਾ) ਤੁਹਾਨੂੰ ਮੈਂ ਦੱਸਦਾ ਹਾਂ। ਮੈਂ ਕਈ ਵਾਰੀ ਉਸ ਨੂੰ ਰਾਜਧਾਨੀ ਦੇ ਲੜਕਿਆਂ ਨਾਲ ਸ਼ਹਿਰ ਵਿਖੇ ਖੇਡਦਿਆਂ ਵੇਖਿਆ ਹੈ। ਉਨ੍ਹਾਂ ਲੜਕਿਆਂ ਨੂੰ ਲਾਲਚ ਦੇ ਕੇ ਸਿਖਾ ਕੇ ਭੇਜਾਂਗਾ ਕਿ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਖੇਡੇ ਲਾ ਕੇ ਸ਼ਹਿਰ ਵਿਖੇ ਲੈ ਆਉਣਗੇ। ਰਸਤੇ ਵਿੱਚੋਂ ਤੁਸੀਂ ਉਸ ਨੂੰ ਫੜ ਕੇ ਦੂਰ ਸੰਘਣੇ ਜੰਗਲ ਵਿਖੇ ਲਿਜਾ ਕੇ ਮਾਰ ਦੇਣਾ।

ਉਸੇ ਵੇਲੇ ਲੜਕਿਆਂ ਨੂੰ ਬੁਲਾ ਕੇ ਰਾਜੇ ਨੇ ਸਾਰਿਆਂ ਨੂੰ ਚਾਰ ਚਾਰ ਪੈਸੇ ਦੇ ਕੇ ਕਿਹਾ ਕਿ ਅੱਜ ਤੁਸੀਂ ਫਕੀਰਾਂ ਦੇ ਲੜਕੇ ਨੂੰ ਸ਼ਹਿਰ ਵੱਲ ਬੁਲਾ ਲਿਆਉਣਾ। ਮਾਇਆ ਦਾ ਲਾਲਚ ਐਸਾ ਹੁੰਦਾ ਹੈ ਕੀ ਵੱਡਾ ਤੇ ਕੀ ਛੋਟਾ, ਸਭਨਾਂ ਦੇ ਮਨ ਨੂੰ ਵਸੀਕਾਰ ਕਰ ਲੈਂਦਾ ਹੈ, ਜਿਸ ਵੇਲੇ ਚਾਰ ਚਾਰ ਪੈਸੇ ਮਿਲ ਗਏ ਫਿਰ ਤਾਂ ਉਸੇ ਵੇਲੇ ਜੰਗਲ ਨੂੰ ਨੱਠ ਉੱਠੇ ਤੇ ਕਈ ਤਰ੍ਹਾਂ ਦੀਆਂ ਉਕਤੀਆਂ ਜੁਗਤੀਆਂ ਖੇਡ ਕੇ ਚੰਦ੍ਰਹਾਂਸ ਨੂੰ ਨਾਲ ਸ਼ਹਿਰ ਵੱਲ ਲੈ ਆਏ। ਰਸਤੇ ਵਿਚ ਲੜਕਿਆਂ ਨੇ ਕਿੰਹਾ ਇਹ ਠਾਕੁਰ ਅਸਾਨੂੰ ਪਕੜਾ ਦੇ ਤੇ ਤੂੰ ਫਲਾਣੇ ਲੜਕੇ ਨੂੰ ਦੌੜ ਕੇ ਫੜ ਲਿਆ ਫਿਰ ਤੈਨੂੰ ਠਾਕੁਰ ਦੇ ਦਿਆਂਗੇ।

ਇਹ ਠਾਕੁਰ ਉਹ ਹੈ ਜਿਹੜਾ ਚੰਦ੍ਰਹਾਂਸ ਨੂੰ ਸੰਤਾਂ ਪਾਸੋਂ ਮਿਲਿਆ ਹੋਇਆ ਸੀ ਅਤੇ ਜਿਸ ਦਾ ਰੋਜ਼ ਧਿਆਨ ਧਾਰਿਆ ਕਰਦਾ ਸੀ। ਏਸੇ ਕਰਕੇ ਚੰਦ੍ਰਹਾਂਸ ਨੂੰ ਉਹ ਠਾਕੁਰ ਬਹੁਤ ਪਿਆਰਾ ਸੀ ਇਸ ਲਈ ਉਸ ਨੇ ਨਾ ਦਿੱਤਾ। ਇੱਥੋਂ ਤੱਕ ਕਿ ਉਹ ਹੱਥੋਂ ਪਾਈ ਕਰਨ ਤੇ ਉਤਰ ਆਏ ਪਰ ਚੰਦ੍ਰਹਾਂਸ ਚਲਾਕੀ ਨਾਲ ਆਪਣਾ ਪੱਲਾ ਛੁਡਾ ਕੇ ਆਪਣੀ ਕੁਟੀਆ ਵੱਲ ਨੱਠ ਉਠਿਆ। ਹਾਲੀਂ ਥੋੜਾ ਹੀ ਦੌੜਿਆ ਸੀ ਜੋ ਰਾਹ ਵਿਚ ਲੁਕੇ ਜਲਾਦਾਂ ਨੇ ਚੰਦ੍ਰਹਾਂਸ ਨੂੰ ਫੜ ਲਿਆ ਤੇ ਬਾਕੀ ਦੇ ਲੜਕਿਆਂ ਨੂੰ ਧਮਕਾ ਕੇ ਦੌੜਾ ਦਿੱਤਾ ਅਤੇ ਚੰਦ੍ਰਹਾਂਸ ਨੂੰ ਰਾਜੇ 'ਧ੍ਰਿਸ਼ਟ ਬੁੱਧੀ' ਪਾਸ ਲੈ ਗਏ, ਸਾਹਮਣੇ ਖੜ੍ਹਾ ਕਰਕੇ ਪੁੱਛਿਆ ਕਿ ਰਾਜਨ ! ਇਹੋ ਲੜਕਾ ਹੈ?

www.sikhbookclub.com

ਰਾਜਾ 'ਧ੍ਰਿਸ਼ਟ-ਬੁੱਧੀ' ਨੇ ਕਿਹਾ ਹਾਂ ਇਹੋ ਲੜਕਾ ਹੈ। ਇਸ ਨੂੰ ਜਲਦੀ ਸੰਘਣੇ ਬਨ ਵਿਚ ਲਿਜਾ ਕੇ ਜੋ ਮੈਂ ਕਿਹਾ ਹੈ ਉਸੇ ਤਰ੍ਹਾਂ ਕਰਕੇ ਫਿਰ ਕੋਈ ਨਿਸ਼ਾਨੀ ਲਿਆ ਕੇ ਮੈਨੂੰ ਦਿਖਾ ਦੇਣੀ ਤੇ ਆਪਣੀ ਬਾਕੀ ਦੀ ਰਕਮ ਲੈ ਲੈਣੀ।

ਰਾਜੇ ਦੇ ਕਹੇ ਅਨੁਸਾਰ ਜਲਾਦ ਚੰਦ੍ਰਹਾਂਸ ਨੂੰ ਨਾਲ ਲੈ ਕੇ ਦਰਖਤਾਂ ਝਾੜੀਆਂ ਵਿੱਚੋਂ ਲੰਘਦੇ ਹੋਏ ਸੰਘਣੇ ਜੰਗਲ ਵਿਚ ਜਾ ਪੁੱਜੇ। ਪਰ ਚੰਦ੍ਰਹਾਂਸ ਰੰਚਕ ਮਾਤ੍ਰ ਭੀ ਨਾ ਡਰਿਆ, ਉਸੇ ਤਰ੍ਹਾਂ ਹੀ ਨਾਮ ਜਪਦਾ ਹੱਥ ਵਿਖੇ ਠਾਕੁਰ ਲੈ ਕੇ ਉਨ੍ਹਾਂ ਦੇ ਨਾਲ ਤੁਰੀ ਜਾਂਦਾ ਹੈ। ਜਿਸ ਵੇਲੇ ਸੰਘਣੇ ਜੰਗਲ ਵਿਖੇ ਲਿਆ ਕੇ ਜਲਾਦਾਂ ਨੇ ਖੜ੍ਹਾ ਕਰ ਲਿਆ ਤਾਂ ਚੰਦ੍ਰਹਾਂਸ ਦੇ ਚੇਹਰੇ ਵੱਲ ਦੇਖ ਕੇ ਸੋਚਦੇ ਹਨ, ਕਿਤਨਾ ਸੁੰਦਰ ਲੜਕਾ ਹੈ ਇਸ ਨੂੰ ਮਾਰਨਾ ਨਹੀਂ ਚਾਹੀਦਾ।

ਪਰ ਕੁਝ ਸਮੇਂ ਤੋਂ ਬਾਅਦ ਰਾਜੇ ਵੱਲੋਂ ਦਿੱਤੇ ਗਏ ਲਾਲਚ ਦੇ ਦਬਾ ਹੇਠ ਆ ਗਏ ਤੇ ਯਕ ਦਮ ਖਿਆਲ ਬਦਲ ਗਏ। ਸੋਚਣ ਲੱਗੇ ਰਾਜੇ ਪਾਸੋਂ ਕੁਝ ਰੁਪਿਆ ਲੈ ਚੁੱਕੇ ਹਾਂ ਤੇ ਕੁਝ ਲੈਣਾ ਹੈ, ਉਸ ਨੂੰ ਹਲਾਲ ਕਰਨਾ ਚਾਹੀਦਾ ਹੈ, ਜੇ ਇਸ ਲੜਕੇ ਨੂੰ ਨਹੀਂ ਮਾਰਦੇ ਤਾਂ ਹਰਾਮੀ ਬਣਦੇ ਹਾਂ, ਨਾਲੇ ਬਚਨ ਵੀ ਕਰ ਆਏ ਹਾਂ, ਉਸ ਨੂੰ ਵੀ ਪਾਲਣਾ ਯੋਗ ਹੈ।

ਇਸ ਤਰ੍ਹਾਂ ਦੀ ਸਲਾਹ ਕਰਕੇ ਮਾਰਨ ਨੂੰ ਤਿਆਰ ਹੋ ਗਏ। ਤਲਵਾਰਾਂ ਨੂੰ ਸੂਤ ਦੇ ਕ੍ਰੋਧਤ ਹੋਏ ਹੋਏ ਅਗਾਂਹ ਵੱਧੇ ਤੇ ਕਿਹਾ- ਅਰੇ ਬਾਲਕ ! ਤਿਆਰ ਹੋ ਜਾ, ਤੇਰਾ ਕਾਲ ਨੇੜੇ ਆ ਗਿਆ ਹੈ, ਜੇ ਕੋਈ ਸਹਾਇਕ ਹੈ ਤਾਂ ਸੱਦ ਲੈ।

ਭੈਦਾਇਕ ਗੱਲ ਸੁਣ ਕੇ ਵੀ ਚੰਦ੍ਰਹਾਂਸ ਡਰਿਆ ਨਹੀਂ ਤੇ ਕਿਹਾ ਮੇਰੇ ਰਾਖੇ ਮਾਤਾ ਪਿਤਾ ਰੂਪ ਸੰਤ ਸਨ ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ। 'ਦੂਸਰਾ ਮੇਰਾ ਸਹਾਇਕ ਇੱਕ ਪ੍ਰਭੂ ਹੈ'।

'ਮਾਰਨ ਤੋਂ ਪਹਿਲਾਂ ਮੈਨੂੰ ਇਸ਼ਨਾਨ ਕਰਕੇ ਉਸ ਨੂੰ ਯਾਦ ਕਰ ਲੈਣ ਦਿਓ।' ਫਿਰ ਜਿਸ ਵੇਲੇ ਮੈਂ ਇਸ਼ਾਰਾ ਕਰਾਂਗਾ, ਤੁਸੀ ਮੈਨੂੰ ਮਾਰ ਦੇਣਾ।

ਇਹ ਗੱਲ ਸੁਣ ਕੇ ਜਲਾਦ ਮੰਨ ਗਏ। ਥੋੜ੍ਹੀ ਦੂਰ 'ਤੇ ਇੱਕ ਛੋਟੀ ਜਿਹੀ ਛੱਪੜੀ ਸੀ ਜਿਸ ਵਿਖੇ ਮੀਂਹ ਦਾ ਨਿਰਮਲ ਜਲ ਖੜ੍ਹਾ ਸੀ, ਉਸ ਵਿਚ ਚੰਦ੍ਰਹਾਂਸ ਨੇ ਆਪ ਇਸ਼ਨਾਨ ਕਰਕੇ ਠਾਕੁਰ ਜੀ ਨੂੰ ਵੀ ਇਸ਼ਨਾਨ ਕਰਾਇਆ ਫਿਰ ਕੱਪੜੇ ਪਾ ਕੇ ਠਾਕੁਰ ਨੂੰ ਸਾਹਮਣੇ ਰੱਖ ਕੇ ਸਮਾਧੀ ਲਗਾ ਕੇ ਬੈਠ ਗਿਆ। ਇੱਧਰ ਜਲਾਦ ਚੰਦ੍ਰਹਾਂਸ ਦੀ ਐਸੀ ਕਰਤੱਬਤਾ ਨੂੰ ਦੇਖ ਕੇ ਚਕ੍ਰਿਤ ਰਹਿ ਗਏ। ਪੁਨਾ- ਇੱਕ ਦਮ ਖੋਟੀਆਂ ਵਿਚਾਰਾਂ ਬਦਲ ਗਈਆਂ ਸੋਚਦੇ ਹਨ ਜੇ ਇਸ ਨੂੰ ਮਾਰ ਦਿੱਤਾ ਤਾਂ ਅਜੇਹਾ ਭਾਰੀ ਪਾਪ ਅਸਾਡੇ ਸਿਰ ਹੋ ਜਾਵੇਗਾ, ਜਿਸ ਕਰਕੇ ਕੁੰਭੀ ਨਰਕ ਵਿਖੇ ਵੀ ਥਾਂ ਨਹੀਂ ਮਿਲੇਗੀ। ਇਹ ਤਾਂ ਪਰਮੇਸ਼ਰ ਦਾ ਪੂਰਨ ਭਗਤ ਹੈ ਇਸ ਨੂੰ ਮਾਰਨਾ ਨਹੀਂ ਚਾਹੀਦਾ, ਨਾਲੇ ਰਾਜੇ ਤੋਂ ਲਏ ਪੈਸੇ ਹਰਾਮ ਵੀ ਨਹੀਂ ਕਰਨੇ ਇਸ ਲਈ ਅਸਾਨੂੰ ਇਹ ਗੱਲ ਕਰਨੀ ਚਾਹੀਦੀ ਹੈ ਕਿ ਇਸ ਦਾ ਕੋਈ ਇੱਕ ਅੱਧਾ ਅੰਗ ਕੱਟ ਕੇ ਰਾਜਾ ਨੂੰ ਦਿਖਾ ਦੇਈਏ ਤੇ ਇਸ ਨੂੰ ਇੱਥੇ ਹੀ ਛੱਡ ਜਾਈਏ। ਇਹ ਵਿਚਾਰ ਕਰਕੇ ਅੰਗ ਕੱਟਣ ਲਈ ਇੱਕ ਨੇ ਕਦਮ ਅਗਾਂਹ ਵਧਾਇਆ ਤਾਂ ਉਸ ਨੇ ਦੇਖਿਆ ਕਿ ਖੱਬੇ ਹੱਥ ਦੀਆਂ ਛੇ ਉੱਗਲਾਂ ਹਨ, ਜਲਾਦ ਨੇ ਦੇਖ ਕੇ ਉਸ ਨੂੰ ਹੀ ਕੱਟ ਲਿਆ। ਬੱਸ ਇਤਨੇ ਵਿੱਚ ਚੰਦ੍ਰਹਾਂਸ ਦੇ ਕਰਮਾਂ ਨੂੰ ਚਾਰ ਚੰਨ ਲੱਗ ਗਏ ਕਿਉਂਕਿ ਉਹ ਛੇਵੀਂ ਉੱਗਲ ਹੀ ਵਿਘਨਕਾਰੀ ਸੀ, ਜਿਸ ਕਰਕੇ ਇਤਨੀਆਂ ਮੁਸੀਬਤਾਂ ਸਹਾਰਨੀਆਂ ਪਈਆਂ।

ਜਲਾਦ ਤਾਂ ਨਿਸ਼ਾਨੀ ਵਜੋਂ ਉੱਗਲ ਲੈ ਕੇ ਚਲੇ ਗਏ ਤੇ ਚੰਦ੍ਰਹਾਂਸ ਓਸੇ ਬਨ ਵਿਖੇ ਛੱਪੜੀ ਦੇ ਕੱਢੇ ਰਹਿਣ ਲੱਗ ਪਿਆ। ਉੱਥੇ ਹੀ ਕੱਖਾਂ ਕਾਨਿਆਂ ਨੂੰ ਇਕੱਠਿਆਂ ਕਰਕੇ ਇੱਕ ਛੋਟੀ ਜਿਹੀ ਝੋਂਪੜੀ ਪਾ ਲਈ। ਪ੍ਰਭੂ ਦੀ ਕਿਰਪਾ ਤੇ ਸਿਮਰਨ ਦੇ ਪ੍ਰਤਾਪ ਕਰਕੇ ਸਭ ਜੰਗਲੀ ਜਾਨਵਰ ਚੰਦ੍ਰਹਾਂਸ ਦੀ ਸੇਵਾ ਕਰਨ ਲੱਗ ਪਏ ਚੰਗੇ ਫਲ ਫੁੱਲ ਆਦਿਕ ਲਿਆਉਣ ਦੀ।

ਏਸ ਧਰਤੀ ਦਾ ਮਾਲਕ ਰਾਜਾ 'ਕੁਲਿੰਦ' ਸੀ। ਇਸ 'ਕੁਲਿੰਦ' ਰਾਜੇ ਨੂੰ 'ਧ੍ਰਿਸ਼ਟ ਬੁੱਧੀ' ਨੇ ਹੀ ਵੀਹ ਪਿੰਡ ਦੇ ਕੇ ਆਪਣੇ ਤੋਂ ਛੋਟਾ ਰਾਜਾ ਥਾਪਿਆ ਹੋਇਆ ਸੀ। ਜਿਸ ਤੇ ਰਾਜ ਕੁਲਿੰਦ, 'ਧ੍ਰਿਸ਼ਟ ਬੁੱਧੀ' ਪਾਸ ਛਿਮਾਹੀ ਦੇ 'ਟਕੇ' ਭਰਿਆ ਕਰਦਾ ਸੀ ਇਸ ਦੇ ਘਰ ਵਿੱਚ ਵੀ ਸੰਤਾਨ ਨਹੀਂ ਸੀ।

ਇੱਕ ਦਿਨ ਰਾਜਾ ਕੁਲਿੰਦ ਸ਼ਿਕਾਰ ਖੇਡਦਾ ਹੋਇਆ ਹਰਨ ਦੇ ਮਗਰ ਦੌੜਦਾ ਹੋਇਆ ਉਸੇ ਅਸਥਾਨ ਤੇ ਆ ਪੁੱਜਾ ਜਿੱਥੇ ਚੰਦ੍ਰਹਾਂਸ ਤਪੱਸਿਆ ਕਰ ਰਿਹਾ ਸੀ। ਚੰਦ੍ਰਹਾਂਸ ਦੇ ਸੁੰਦਰ ਮਨ ਮੋਹਣੇ ਚੇਹਰੇ ਨੂੰ ਦੇਖ ਕੇ ਮੋਹਤ ਹੋ ਗਿਆ।

ਮਨ ਵਿੱਚ ਵਿਚਾਰਦਾ ਹੈ ਕਿ ਇਹ ਪੰਜ ਸਾਲ ਦਾ ਲੜਕਾ ਹੈ, ਮੇਰੇ ਘਰ ਵਿਖੇ ਸੰਤਾਨ ਨਹੀਂ ਹੈ ਕਿਉਂ ਨਾ ਹੋਵੇ ਮੈਂ ਇਸੇ ਨੂੰ ਘਰ ਲਿਜਾ ਕੇ ਪੁੱਤਰ ਬਣਾ ਲੇਵਾ।

ਇਸ ਤਰ੍ਹਾਂ ਦੇ ਵਿਚਾਰ ਨਾਲ 'ਚੰਦ੍ਰਹਾਂਸ' ਪਾਸ ਪੁੱਜ ਕੇ ਕਿਹਾ-

ਹੇ ਬਾਲਕ! ਤੂੰ ਕੌਣ ਹੈਂ? ਇੱਥੇ ਕਿਉਂ ਰਹਿੰਦਾ ਹੈ? ਤੇਰੇ ਨਾਲ ਹੋਰ ਵੀ ਕੋਈ ਹੈ ਯਾਂ ਨਹੀਂ? ਤੂੰ ਖਾਨ ਪਾਨ ਦਾ ਗੁਜ਼ਾਰਾ ਕਿਵੇਂ ਕਰਦਾ ਹੈਂ? ਚੱਲ ਤੈਨੂੰ ਮੈਂ ਆਪਣੇ ਘਰ ਲੈ ਚੱਲਾਂ।

ਰਾਜੇ ਦੇ ਪ੍ਰਸ਼ਨਾਂ ਦਾ ਉੱਤਰ ਦੇਂਦਿਆਂ ਹੋਇਆ ਚੰਦ੍ਰਹਾਂਸ ਨੇ ਕਿਹਾ- ਹੇ ਰਾਜਨ ! ਮੈਂ ਇਕੱਲਾ ਨਹੀਂ ਹਾਂ, ਪ੍ਰਭੂ ਮੇਰੇ ਅੰਗ ਸੰਗ ਹੈ। ਜੰਗਲ ਦੇ ਜਾਨਵਰ ਮੇਰੇ ਖਾਣ ਵਾਸਤੇ ਫਲ ਆਦਿਕ ਲਿਆਂਵਦੇ ਹਨ। ਇੱਥੇ ਜੰਗਲ ਵਿਖੇ ਹੀ ਰਹਿ ਕੇ ਮੈਂ ਬਹੁਤ ਅਨੰਦ ਹਾਂ।

ਰਾਜਾ ਕੁਲਿੰਦ ਨੇ ਸਿਰ 'ਤੇ ਪਿਆਰ ਦੇਂਦਿਆ ਗੋਦੀ ਵਿਚ ਲੈ ਕੇ ਕਿਹਾ, ਇੱਥੇ ਰਹਿਣ ਦਾ ਸੰਕਲਪ ਛੱਡ ਕੇ ਤੂੰ ਮੇਰੇ ਨਾਲ ਚੱਲ ਤੈਨੂੰ ਉੱਥੇ ਹਰ ਤਰ੍ਹਾਂ ਦਾ ਸੁਖ ਮਿਲੇਗਾ।

ਇਸ ਤਰ੍ਹਾਂ ਪਿਆਰ ਕਰਦਿਆਂ ਘੋੜੇ 'ਤੇ ਬਿਠਾ ਕੇ ਆਪਣੇ ਘਰ ਲੈ ਗਿਆ।

ਰਾਣੀ ਦੇ ਸਪੁਰਦ ਕਰਦਿਆਂ ਕਿਹਾ ਕਿ-''ਭਗਵਾਨ ਨੇ ਬੜੀ ਕਿਰਪਾ ਕੀਤੀ ਹੈ, ਜੁ ਪਲਿਆ ਪਲਾਇਆ ਅਤੀ ਸੁੰਦਰ ਲੜਕਾ ਬਖਸ਼ ਦਿੱਤਾ ਹੈ। ਇਸ ਨੂੰ ਹੀ ਆਪਣਾ ਪੁੱਤਰ ਜਾਣ ਕੇ ਇਸ ਦੀ ਚੰਗੀ ਤਰ੍ਹਾਂ ਪਾਲਣਾ ਕਰ।''

ਫਿਰ ਬੜੀਆਂ ਖੁਸ਼ੀਆਂ ਮਨਾਂਵਦਿਆਂ ਹੋਇਆਂ ਗਰੀਬਾਂ, ਅਨਾਥਾਂ, ਮਜ਼ਲੂਮਾਂ ਨੂੰ ਅੰਨ ਕੱਪੜਾ ਵੰਡਿਆ।

ਸਮਾਂ ਪਾ ਕੇ ਜਿਸ ਵੇਲੇ ਚੰਦ੍ਰਹਾਂਸ ਅੱਠ ਨੌਂ ਸਾਲ ਦਾ ਹੋਇਆ ਤਾਂ ਇਸ ਦੇ ਗੱਲ ਵਿਖੇ ''ਯਗਜੋ ਪਵੀਤ'' (ਜੰਜੂ) ਪਾਇਆ ਗਿਆ।

ਪੁਨਾ- ਇੱਕ ਦਿਨ ਰਾਜ ਮਹਿਲਾਂ ਵਿਚ ਬੈਠਿਆਂ ਹੋਇਆਂ ਰਾਜਾ ਕੁਲਿੰਦ ਨੂੰ ਸੰਕਲਪ ਫੁਰਿਆ ਇਸ ਨੂੰ ਕੁਝ ਵਿੱਦਿਆ ਪੜ੍ਹਾਣੀ ਚਾਹੀਦੀ ਹੈ ਤਾਂ ਕਿ ਵੱਡਾ ਹੋ ਕੇ ਰਾਜ ਦਾ ਕੰਮ ਚੰਗੀ ਤਰ੍ਹਾਂ ਚਲਾ ਸਕੇ।

ਇਸ ਸੰਕਲਪ ਅਨੁਸਾਰ ਚੰਦ੍ਰਹਾਂਸ ਨੂੰ ਪੜ੍ਹਣੇ ਪਾ ਦਿੱਤਾ। ਵਾਹਿਗੁਰੂ ਦੀ ਨਾਮ ਭਗਤੀ ਦੇ ਪ੍ਰਤਾਪ ਦਾ ਸਦਕਾ ਤੇ ਉੱਤਮ ਬੁੱਧੀ ਹੋਣ ਕਰਕੇ ਥੋੜ੍ਹੇ ਹੀ ਦਿਨਾਂ ਵਿਖੇ ਚੰਦ੍ਰਹਾਂਸ ਸਭ ਵਿੱਦਿਆ ਸਿੱਖ ਗਿਆ।

www.sikhbookclub.com

ਚੰਦ੍ਰਹਾਂਸ ਨੂੰ ਹਰ ਤਰ੍ਹਾਂ ਦਾ ਅਕਲ-ਵੰਦ ਜਾਣ ਕੇ ਰਾਜੇ ਕੁਲਿੰਦ ਨੇ ਵਿਚਾਰਿਆ ਮੈਂ ਤਾਂ ਰਾਜ ਭਾਗ ਦਾ ਬਹੁਤ ਆਨੰਦ ਮਾਣ ਲਿਆ ਹੈ, ਹੁਣ ਇਸ ਨੂੰ ਰਾਜ ਭਾਗ ਸੌਂਪ ਕੇ ਆਪ ਤਪੱਸਿਆ ਕਰਨ ਲਈ ਬਨਵਾਸ ਧਾਰਨ ਕਰ ਲੇਵਾਂ।

ਇਹ ਵਿਚਾਰ ਕੇ ਰਾਜਾ ਕੁਲਿੰਦ ਨੇ ਚੰਦ੍ਰਹਾਂਸ ਨੂੰ ਰਾਜ ਤਿਲਕ ਦੇ ਕੇ ਸਿੰਘਾਸਨ 'ਤੇ ਇਸਥਿਤ ਕਰ ਦਿੱਤਾ।

ਰਾਜ ਸਿੰਘਾਸਨ ਮਿਲ ਜਾਣ 'ਤੇ ਵੀ ਚੰਦ੍ਰਹਾਂਸ ਨੇ ਈਸ਼ਵਰ ਭਗਤੀ ਛੱਡੀ ਨਹੀਂ ਉਸੇ ਤਰ੍ਹਾਂ ਨਿੱਤ ਨਿਯਮ ਨਾਲ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਵਗੈਰਾ ਕਰਕੇ ਸਿਮਰਨ ਵਿਖੇ ਬੈਠਦਾ ਰਿਹਾ ਅਤੇ ਪਰਜਾ ਨੂੰ ਵੀ ਈਸ਼ਵਰ ਭਗਤੀ ਦਾ ਉਪਦੇਸ਼ ਦੇਣਾ ਸ਼ੁਰੂ ਕਰ ਦਿੱਤਾ।

ਫਿਰ ਤਾਂ ਯਥਾ ਰਾਜਾ ਤਥਾ ਪਰਜਾ ਵਾਲੀ ਕਹਾਵਤ ਬਣ ਗਈ ਕਿਉਂਕਿ ਜਿਹੋ ਜਿਹਾ ਰਾਜਾ ਹੋਵੇ ਤਿਹੋ ਜਿਹੀ ਪਰਜਾ ਖੁਦ-ਬਖੁਦ ਬਣ ਜਾਂਦੀ ਹੈ। ਸਾਰੀ ਪਰਜਾ ਵਿਖੇ ਸੁਖ ਸ਼ਾਂਤੀ ਖੁਸ਼ਹਾਲੀ ਹੀ ਖੁਸ਼ਹਾਲੀ ਸੀ। ਕਿਧਰੇ ਕੋਈ ਪਾਪ ਕਰਮ ਨਹੀਂ ਸੀ ਹੁੰਦਾ। ਪਸ਼ੂਆਂ, ਜਾਨਵਰਾਂ, ਕੀੜਿਆਂ, ਮਕੋੜਿਆਂ ਉੱਪਰ ਵੀ ਦਯਾ ਕੀਤੀ ਜਾਂਦੀ ਸੀ। ਲੋਕ ਸੱਤ ਭੋਜਨ ਛਕਦੇ ਸਨ। ਰਾਖਸ਼ਾਂ ਵਾਲਾ ਖਾਣਾ ਮਾਸ ਸ਼ਰਾਬ ਆਦਿਕ ਗੰਦੀਆਂ ਵਸਤੂਆਂ ਦਾ ਸੇਵਨ ਨਹੀਂ ਸੀ ਹੁੰਦਾ।

ਲੋਕ ਇਕਾਦਸ਼ੀ ਦਾ ਵਰਤ ਵੀ ਰੱਖਦੇ ਸਨ। ਇਕਾਦਸ਼ੀ ਦੇ ਵਰਤ ਵਾਲੇ ਦਿਨ ਇੱਕ ਸਿਮਰਨ ਤੋਂ ਬਿਨਾਂ ਹੋਰ ਕੋਈ ਵਸਤੂ ਦਾ ਸੇਵਨ ਨਹੀਂ ਸੀ ਕੀਤਾ ਜਾਂਦਾ।

ਇਸੇ ਤਰ੍ਹਾਂ 'ਧ੍ਰਿਸ਼ਟ ਬੁੱਧੀ' ਦੇ ਨੀਚੇ ਇੱਕ ਹੋਰ 'ਇਕਾਸੀ ਗਰਾਮੀਆ' ਰਾਜਾ ਸੀ ਜਿਸ ਨੂੰ ਧ੍ਰਿਸ਼ਟ ਬੁੱਧੀ ਨੇ ਇਕਾਸੀ ਪਿੰਡ ਦੇ ਕੇ ਰਾਜਾ ਅਸਥਾਪਨ ਕੀਤਾ ਸੀ। ਉਹ ਵੀ 'ਕੁਲਿੰਦ' ਦੀ ਨਿਆਈਂ ਧ੍ਰਿਸ਼ਟ ਬੁੱਧੀ ਪਾਸ ਛਿਮਾਹੀ ਟਕੇ ਭਰਿਆ ਕਰਦਾ ਸੀ। ਪਰ ਜਿਸ ਵੇਲੇ ਉਸ ਨੇ ਚੰਦ੍ਰਹਾਂਸ ਦੀ ਮਹਿਮਾ ਸੁਣੀ ਤਾਂ ਵਿਚਾਰਿਆ ਕਿ ਉਸ ਜ਼ਾਲਮ, ਦੁਸ਼ਟ ਅਨਿਆਇਕਾਰੀ 'ਧ੍ਰਿਸ਼ਟ ਬੁੱਧੀ' ਪਾਸ ਟਕੇ ਭਰਨ ਨਾਲੋਂ ਚੰਦ੍ਰਹਾਂਸ ਪਾਸ ਕਿਉਂ ਨਾ ਟਕੇ ਭਰਿਆ ਕਰਾਂ। ਇਹ ਵਿਚਾਰ ਹੋਣ 'ਤੇ 'ਇਕਾਸੀ ਗਰਾਮੀਆ' ਨੇ ਆਪਣੇ ਟਕੇ ਚੰਦ੍ਰਹਾਂਸ ਪਾਸ ਆ ਕੇ ਭਰਨੇ ਸ਼ੁਰੂ ਕਰ ਦਿੱਤੇ ਅਤੇ ਚੰਦ੍ਰਹਾਂਸ ਨੇ ਵੀ 'ਧ੍ਰਿਸ਼ਟ ਬੁੱਧੀ' ਪਾਸ ਆਪਣੇ ਟਕੇ ਭਰੇ ਨਹੀਂ ਸਨ। ਇਸ ਤਰ੍ਹਾਂ ਕਰਦਿਆਂ ਕਰਦਿਆਂ ਕਾਫੀ ਟਕੇ ਇਕੱਠੇ ਹੋ ਗਏ।

ਸਮਾਂ ਪਾ ਕੇ ਇੱਕ ਦਿਨ ਰਾਜਾ ਕੁਲਿੰਦ ਦੀ ਦ੍ਰਿਸ਼ਟੀ ਟਕਿਆ 'ਤੇ ਪਈ ਤਾਂ ਸੋਚਿਆ ਇਤਨੇ ਟਕੇ ਕਿਥੋਂ ਆ ਗਏ। ਉਸ ਵੇਲੇ ਪੁੱਤਰ 'ਚੰਦ੍ਰਹਾਂਸ' ਨੂੰ ਬੁਲਵਾ ਕੇ ਪੁੱਛਿਆ, ਇਤਨੇ ਟਕੇ ਕਿਵੇਂ ਇਕੱਠੇ ਹੋ ਗਏ ਹਨ, ਤਾਂ ਚੰਦ੍ਰਹਾਂਸ ਨੇ ਸਾਰੀ ਗੱਲ ਕਹਿ ਸੁਣਾਈ। ਸਾਰੀ ਗੱਲ ਮਲੂਮ ਹੋਣ ਉਪ੍ਰੰਤ ਕੁਲਿੰਦ ਨੇ ਕਿਹਾ, ਹੇ ਪੁੱਤਰ ! ਧ੍ਰਿਸ਼ਟ ਬੁੱਧੀ ਅਸਾਡਾ ਸੁਆਮੀ ਹੈ ਉਸ ਨੇ ਹੀ ਅਸਾਂਨੂੰ ਪ੍ਰਗਣੇ ਦੇ ਕੇ ਰਾਜਾ ਅਸਥਾਪਨ ਕੀਤਾ ਹੈ। ਇਸ ਲਈ ਇਹ ਟਕੇ ਉਸ ਦੀ ਅਮਾਨਤ ਉਸ ਦੇ ਪਾਸੇ ਹੀ ਪਹੁੰਚਾ ਦੇਣੀ ਚਾਹੀਦੀ ਹੈ ਅਸਾਂਨੂੰ ਰੱਖਣੀ ਯੋਗ ਨਹੀਂ।

ਚੰਦ੍ਰਹਾਂਸ ਨੇ ਪਿਤਾ ਦਾ ਹੁਕਮ ਮੰਨਦਿਆਂ ਹੋਇਆਂ ਉਸੀ ਵੇਲੇ 'ਬਿਨੋਦ' ਨਾਮੇ ਵਜ਼ੀਰ ਨੂੰ ਸਾਰੇ ਟਕੇ ਦੇ ਕੇ 'ਧਿਸ਼ਟ ਬੁੱਧੀ' ਪਾਸ ਭਰਨ ਲਈ ਸਭ ਕੁਝ ਸਮਝਾ ਕੇ ਭੇਜ ਦਿੱਤਾ।

ਜਿਸ ਵੇਲੇ 'ਬਿਨੋਦ' ਨੇ ਰਾਜੇ 'ਧ੍ਰਿਸ਼ਟ ਬੁੱਧੀ' ਪਾਸ ਪੁੱਜ ਦੇ ਉਸ ਦੇ ਅੱਗੇ ਸਾਰੇ ਟਕੇ ਲਿਆ ਰੱਖੇ, ਤਾਂ 'ਧ੍ਰਿਸ਼ਟ ਬੁੱਧੀ' ਨੇ ਕਿਹਾ ਇਤਨੇ ਟਕੇ ਕਿੱਥੋਂ ਲੈ ਕੇ ਆਇਆ ਹੈਂ?

ਤਾਂ 'ਬਿਨੋਦ' ਨੇ ਕਿਹਾ, ਹੇ ਰਾਜਨ ! ਜਿਸ ਕੁਲਿੰਦ ਨੂੰ ਆਪ ਨੇ ਬੀਸ ਗ੍ਰਾਮ ਦੇ ਕੇ ਰਾਜਾ ਥਾਪਿਆ ਹੈ ਉਸ ਨੇ ਭੇਜੇ ਹਨ।

ਰਾਜਾ ਦੇਖ ਸੁਣ ਕੇ ਬੜਾ ਪ੍ਰਸੰਨ ਹੋਇਆ, ਪੁਨਾ-ਬਿਨੋਦ ਦਾ ਆਦਰ ਸਤਕਾਰ ਕੀਤਾ, ਅੰਨ ਜਲ ਛਕਣ ਵਾਸਤੇ ਕਿਹਾ। ਅੱਗੋਂ ਵਜ਼ੀਰ 'ਬਿਨੋਦ' ਨੇ ਕਿਹਾ, ਹੇ ਰਾਜਨ ! ਅੱਜ ਇਕਾਦਸ਼ੀ ਹੈ, ਇਕਾਦਸ਼ੀ ਵਾਲੇ ਦਿਨ ਅਸੀਂ ਲੋਕ ਵਰਤ ਰੱਖਦੇ ਹਾਂ, ਇਸ ਲਈ ਅੱਜ ਦੇ ਦਿਨ ਅੰਨ-ਜਲ, ਭਾਵ ਕੁਝ ਵੀ ਪਦਾਰਥ ਨਹੀ ਛਕਣਾ।

ਇਸ ਸੁਣ ਕੇ 'ਧ੍ਰਿਸ਼ਟ ਬੁੱਧੀ' ਨੇ ਕਿਹਾ, ਇਹ ਖੋਟੀ ਚਾਲ ਕਿਸ ਨੇ ਪਾਈ ਹੈ, ਤੁਹਾਨੂੰ ਇਹ ਪਖੰਡ ਕਰਨਾ ਕਿਸ ਨੇ ਸਿਖਾਇਆ ਹੈ?

ਤਾਂ 'ਬਿਨੋਦ' ਨੇ ਕਿਹਾ ਕਿ ਰਾਜੇ ਕੁਲਿੰਦ ਨੇ ਆਪਣੇ ਪੁੱਤਰ ਨੂੰ ਰਾਜ ਗੱਦੀ ਉੱਪਰ ਅਸਥਾਪਨ ਕੀਤਾ ਹੈ ਉਹ ਬਹੁਤ ਹੀ ਧਰਮਾਤਮਾ ਹੈ ਉਸ ਨੇ ਤਾਂ ਸਾਰੇ ਸ਼ਹਿਰ ਨੂੰ ਚੰਗੇ ਪਾਸੇ ਲਗਾ ਕੇ ਸੁਧਾਰ ਦਿੱਤਾ ਹੈ। ਇਕਾਦਸ਼ੀ ਆਦਿ ਵਰਤ ਰੱਖਣ ਦਾ ਕੰਮ ਉਸ ਨੇ ਹੀ ਸਾਰੀ ਪਰਜਾ ਵਿਖੇ ਜਾਰੀ ਕੀਤਾ ਹੈ।

ਜਿਸ ਵੇਲੇ ਇਹ ਗੱਲ ਸੁਣੀ ਤਾਂ ਧ੍ਰਿਸ਼ਟ ਬੁੱਧੀ ਨੇ ਵਿਚਾਰ ਕੇ ਕਿਹਾ, ਉਸ ਦਾ ਤਾਂ ਕੋਈ ਪੁੱਤਰ ਹੈ ਹੀ ਨਹੀਂ ਸੀ, ਉਸ ਨੇ ਰਾਜ-ਗੱਦੀ ਉੱਪਰ ਕਿਸ ਪੁੱਤਰ ਨੂੰ ਬਿਠਾਇਆ ਹੈ।

ਤਾਂ 'ਬਿਨੋਦ' ਨੇ ਕਿਹਾ, ਇੱਕ ਦਿਨ ਰਾਜਾ ਕੁਲਿੰਦ ਬਾਹਰ ਸ਼ਿਕਾਰ ਖੇਡਣ ਗਿਆ ਸੀ, ਜੰਗਲ ਵਿਖੇ ਚੰਦ੍ਰਹਾਂਸ ਨਾਮੇ ਬਾਲਕ ਮਿਲਿਆ, ਜੋ ਬੜਾ ਬੁੱਧੀਮਾਨ ਧਰਮਾਤਮਾ ਈਸ਼ਵਰ ਭਗਤ ਨਿਕਲਿਆ। ਰਾਜ ਦੇ ਯੋਗ ਸਮਝ ਕੇ ਕੁਲਿੰਦ ਨੇ ਆਪਣਾ ਰਾਜ ਭਾਗ ਉਸ ਨੂੰ ਦੇ ਦਿੱਤਾ ਹੈ। 'ਚੰਦ੍ਰਹਾਂਸ' ਦਾ ਨਾਮ ਸੁਣ ਕੇ ਧ੍ਰਿਸ਼ਟ ਬੁੱਧੀ ਨੂੰ ਬਹੁਤ ਚਿੰਤਾ ਹੋਈ ਕਿ ਅਜੇ ਚੰਦ੍ਰਹਾਂਸ ਜ਼ਿੰਦਾ ਹੈ।

ਇਸ ਤਰ੍ਹਾਂ ਦੀਆਂ ਸੋਚਾਂ ਸੋਚ ਹੀ ਰਿਹਾ ਸੀ, ਜੋ ਇਤਨੇ ਨੂੰ ਉਸ ਦਾ ਵਜ਼ੀਰ 'ਕਬੁੱਧੀ' ਆ ਗਿਆ ਤੇ ਰਾਜੇ ਨੇ ਸਾਰੀ ਵਾਰਤਾ ਕਹਿ ਸੁਣਾਈ।

ਅੱਗੋਂ ਕਬੁੱਧੀ ਨੇ ਕਿਹਾ- ਸੁਆਮੀ ਜੀ ! ਮੈਂ ਤਾਂ ਅੱਗੇ ਵੀ ਕਈ ਵਾਰੀ ਕਹਿ ਚੁੱਕਾ ਹਾਂ ਕਿ ਰਾਜਾ ਕੁਲਿੰਦ ਚੰਗਾ ਨਹੀਂ, ਉਸ ਦਾ ਬੰਦੋਬਸਤ ਜ਼ਰੂਰ ਕਰਨਾ ਚਾਹੀਦਾ ਹੈ। ਪਰ ਤੁਸਾਂ ਨੇ ਮੇਰੀ ਗੱਲ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ।

ਧ੍ਰਿਸ਼ਟ ਬੁੱਧੀ ਨੇ ਕਿਹਾ, ਪਿੱਛੇ ਜੋ ਕੁਝ ਹੋ ਗਿਆ ਹੈ ਉਸ ਨੂੰ ਛੱਡ, ਅੱਗੋਂ ਕੋਈ ਉਪਰਾਲਾ ਦੱਸ, ਹੁਣ ਕੀ ਕਰਨਾ ਚਾਹੀਦਾ ਹੈ?

ਕੁਝ ਚਿਰ ਚੁੱਪ ਕਰਕੇ ਅਕਾਸ਼ ਵੱਲ ਤੱਕਦਿਆਂ ਕਬੁੱਧੀ ਨੇ ਕਿਹਾ ਕਿ- ਕੁਲਿੰਦ ਦੇ ਵਜ਼ੀਰ ਬਿਨੋਦ ਨੂੰ ਕੈਦ ਕਰ ਦਿਓ ਤੇ ਆਪ ਮੇਰੇ ਨਾਲ ਕੁਲਿੰਦ ਦੇ ਰਾਜ ਵਿਖੇ ਚੱਲੋ, ਤੁਸੀਂ ਦੇਖ ਦੇ ਰਹਿਣਾ ਆਪ ਦੀ ਕਿਰਪਾ ਨਾਲ ਸਭ ਮਸਲਾ ਹੱਲ ਹੋ ਜਾਵੇਗਾ।

ਆਪਣੇ ਵਜ਼ੀਰ ਦਾ ਕਿਹਾ ਮੰਨ ਕੇ ਕੁਲਿੰਦ ਦੇ ਵਜ਼ੀਰ ਨੂੰ ਕੈਦ ਕਰ ਲਿਆ ਤੇ ਉਸੇ ਵੇਲੇ ਆਪਣੇ ਵਜ਼ੀਰ ਨਾਲ ਘੋੜੇ 'ਤੇ ਸਵਾਰ ਹੋ ਕੇ ਚੱਲ ਪਿਆ। ਜਿਸ ਵੇਲੇ ਰਾਜਾ ਕੁਲਿੰਦ ਨੇ ਰਾਜੇ ਧ੍ਰਿਸ਼ਟ ਬੁੱਧੀ ਦਾ ਆਉਣਾ ਸੁਣਿਆ ਤਾਂ ਬੜਾ ਸਨਮਾਨ ਕੀਤਾ, ਸੁੰਦਰ ਮਹਿਲਾਂ ਵਿਖੇ ਲੈ ਗਿਆ। ਫੇਰ ਪੁੱਤਰ ਚੰਦ੍ਰਹਾਂਸ ਨੂੰ ਜਾ ਕੇ ਕਿਹਾ, ਹੇ ਪੁੱਤਰ ! ਅਸਾਡਾ ਸੁਆਮੀ ਆਇਆ ਹੈ, ਚੱਲ ਤੂੰ ਵੀ ਜਾ ਕੇ ਦਰਸ਼ਨ ਕਰ ਆ।

ਪਿਤਾ ਦਾ ਬਚਨ ਮੰਨ ਕੇ ਚੰਦ੍ਰਹਾਂਸ ਨਾਲ ਹੀ ਚਲ ਪਿਆ। ਜਿਸ ਵੇਲੇ ਧ੍ਰਿਸ਼ਟ ਬੁੱਧੀ ਦੇ ਸਾਹਮਣੇ

ਆਇਆ ਤਾਂ ਉਹ ਵੇਖ ਕੇ ਸੜ ਬਲ ਗਿਆ, ਨਾਲੇ ਈਸ਼ਵਰ ਦੇ ਪਿਆਰੇ ਚੰਦ੍ਰਹਾਂਸ ਦਾ ਪ੍ਰਤਾਪ ਨਾ ਸਹਾਰ ਸਕਿਆ ਤੇ ਕਿਹਾ ਇਸ ਨੂੰ ਮੇਰੀਆਂ ਅੱਖਾਂ ਤੋਂ ਪਰੇ ਲੈ ਜਾ।

ਚੰਦ੍ਰਹਾਂਸ ਨੂੰ ਰਾਜ ਮੰਦਿਰਾਂ ਅੰਦਰ ਬਿਠਾ ਕੇ ਰਾਜਾ ਕਲਿੰਦ ਫੇਰ ਧ੍ਰਿਸ਼ਟ ਬੁੱਧੀ ਪਾਸ ਆ ਕੇ ਖਲੋ ਗਿਆ ਤੇ ਨਿੰਮ੍ਰਤਾ ਸਹਿਤ ਪੁੱਛਿਆ, ਹੇ ਸੁਆਮੀ ਜੀ ! ਕੀ ਹੁਕਮ ਹੈ?

ਉਸ ਵੇਲੇ 'ਧ੍ਰਿਸ਼ਟ ਬੁੱਧੀ' ਬਹੁਤ ਕ੍ਰੋਧ ਸਹਿਤ ਹੋਇਆ ਬੋਲਿਆ ਕਿ ਤੂੰ ਇਸ ਲੜਕੇ ਨੂੰ ਕਿੱਥੋਂ ਪਕੜਿਆ ਹੈ, ਪਤਾ ਨਹੀਂ ਇਹ ਚੰਡਾਲ ਹੈ ਕਿ ਮੁਸਲਮਾਨ, ਤੈਨੂੰ ਸ਼ਰਮ ਨਹੀ ਆਈ ਜੋ ਇੱਕ ਨੀਚ ਨੂੰ ਪੁੱਤਰ ਬਣਾ ਕੇ ਰਾਜ ਦੇ ਦਿੱਤਾ ਈ।

ਧ੍ਰਿਸ਼ਟ ਬੁੱਧੀ ਨੂੰ ਵੱਡਾ ਜਾਣ ਕੇ ਕੁਲਿੰਦ ਨੇ ਨੇੜ੍ਹ ਨੀਵੇਂ ਕਰ ਲਏ ਤੇ ਕੁਝ ਉੱਤਰ ਨਾ ਦਿੱਤਾ। ਪੁਨਾ- ਧ੍ਰਿਸ਼ਟ ਬੁੱਧੀ ਦੇ ਕਹਿਣ ਉੱਪਰ ਕੁਲਿੰਦ ਬਾਹਰ ਚਲਾ ਗਿਆ।

ਪਿਛੋਂ ਧ੍ਰਿਸ਼ਟ ਬੁੱਧੀ ਤੇ ਵਜ਼ੀਰ ਕਬੁੱਧੀ ਦੋਹਾਂ ਨੇ ਆਪਸ ਵਿਚ ਸਲਾਹ ਕੀਤੀ ਕਿ ਅਜੇਹੀ ਜੁਗਤੀ ਕਰੀਏ ਜਿਸ ਨਾਲ ਇਹ ਮਰ ਜਾਏ ਤੇ ਕਿਸੇ ਨੂੰ ਪਤਾ ਵੀ ਨਾ ਲਗੇ।

ਰਾਜੇ ਨੇ ਪੁੱਛਿਆ ਕਿ ਉਹ ਕਿਹੜੀ ਜੁਗਤੀ ਹੈ? ਤਾਂ ਕਬੁੱਧੀ ਨੇ ਕਿਹਾ- ਹੇ ਰਾਜਨ ! ਆਪ ਜੀ ਦਾ ਪੁੱਤਰ ਜੋ ਮਦਨ ਸਿੰਘ ਹੈ ਉਸ ਵੱਲ ਆਪ ਚਿੱਠੀ ਲਿਖੋ ਕਿ ਹੇ ਪੁੱਤਰ ! ਕੁਝ ਸੋਚ ਵਿਚਾਰ ਨਹੀਂ ਕਰਨੀ, ਕਿਸੇ ਪਾਸੋਂ ਸਲਾਹ ਨਹੀਂ ਲੈਣੀ ਤੇਰੇ ਪਾਸ ਜਿਸ ਵੇਲੇ ਵੀ ਮੇਰੀ ਚਿੱਠੀ ਲੈ ਕੇ ਚੰਦ੍ਰਹਾਂਸ ਆਵੇ ਉਸ ਨੂੰ ਬਿਖ ਦੇ ਦੇਣੀ। ਇਸ ਤਰ੍ਹਾਂ ਲਿਖ ਕੇ ਚਿੱਠੀ ਏਸੇ ਚੰਦ੍ਰਹਾਂਸ ਦੇ ਹੱਥੀਂ ਭੇਜ ਦੇਂਦੇ ਹਾਂ।

ਇਹ ਗੱਲ ਸੁਣ ਕੇ ਰਾਜਾ ਮੰਨ ਗਿਆ ਓਸੇ ਵੇਲੇ ਚਿੱਠੀ ਲਿਖ ਕੇ ਲਫਾਫੇ ਵਿਚ ਬੰਦ ਕਰਕੇ ਪਾਸ ਰੱਖ ਲਈ ਤੇ ਰਾਜੇ ਕੁਲਿੰਦ ਨੂੰ ਆਪਣੇ ਪਾਸ ਬੁਲਾ ਕੇ ਕਿਹਾ ਅਸਾਡੀ ਪਿੱਛੇ ਕੋਈ ਵਸਤੂ ਰਹਿ ਗਈ ਹੈ ਉਹ ਅਸਾਨੂੰ ਅਤੀ ਜ਼ਰੂਰੀ ਚਾਹੀਦੀ ਹੈ, ਤੂੰ ਆਪਣੇ ਪੁੱਤਰ ਨੂੰ ਹੁਣੇ ਭੇਜ ਤਾਂ ਕਿ ਜਲਦੀ ਜਲਦੀ ਜਾ ਕੇ ਲੈ ਆਵੇ।

ਛਲ, ਫਰੇਬ, ਕਪਟ ਤੋਂ ਰਹਿਤ ਕੁਲਿੰਦ ਨੇ ਆਪਣਾ ਸੁਆਮੀ ਸਮਝ ਕੇ ਧ੍ਰਿਸ਼ਟ ਬੁੱਧੀ ਦੇ ਕਹੇ ਅਨੁਸਾਰ ਚੰਦ੍ਰਹਾਂਸ ਨੂੰ ਬੁਲਾ ਕੇ ਲੈ ਆਇਆ। ਤਿਸ ਦੇ ਆਉਣ ਉੱਪਰ ਧ੍ਰਿਸ਼ਟ ਬੁੱਧੀ ਨੇ ਕਿਹਾ ਕਿ ਤੂੰ ਪਿੱਛੇ ਅਸਾਡੇ ਸ਼ਹਿਰ ਵਿਚ ਜਾ ਕੇ ਮੇਰੇ ਪੁੱਤਰ ਨੂੰ ਚਿੱਠੀ ਵਿਖਾ ਕੇ ਇਸ ਚਿੱਠੀ ਦਾ ਜਵਾਬ ਜਲਦੀ ਲੈ ਕੇ ਆ।

ਪਿਉ ਵਾਂਙੂ ਚੰਦ੍ਰਹਾਂਸ ਨੇ ਵੀ ਆਪਣਾ ਸੁਆਮੀ ਜਾਣ ਸਿਰ ਨਿਵਾ ਦਿੱਤਾ ਤੇ ਚਿੱਠੀ ਲੈ ਕੇ ਘੋੜੇ ਤੇ ਚੜ੍ਹ ਕੇ ਚੱਲ ਪਿਆ ਤੇ ਚਿੱਠੀ ਪੱਗ ਵਿਚ ਟੁੰਗ ਲਈ।

ਘੋੜ ਸਵਾਰੀ ਦਾ ਚੰਗਾ ਮਾਹਰ ਹੋਣ ਕਰਕੇ ਪਲਾਂ ਵਿਖੇ ਮੀਲਾਂ ਬੱਧੀ ਸਫਰ ਕਰਕੇ ਧ੍ਰਿਸ਼ਟ ਬੁੱਧੀ ਦੇ ਰਾਜਧਾਨੀ ਪਾਸ ਪੁੱਜ ਗਿਆ।

ਜੇਠ ਹਾੜ ਦੇ ਦਿਨ ਤੇ ਕੜਕਦੀਆਂ ਦੁਪਹਿਰਾਂ ਹੋਣ ਕਰਕੇ ਤ੍ਰਿਖਾ ਬਹੁਤ ਲੱਗੀ। ਬਾਹਰ ਵਾਰ ਇੱਕ ਬਾਗ ਵਿਚ ਹੀ ਘੋੜੇ ਨੂੰ ਇੱਕ ਦਰੱਖਤ ਦੇ ਮੁੱਢ ਨਾਲ ਬੰਨ੍ਹ ਕੇ ਕੁਝ ਖਾਧਾ ਪੀਤਾ ਤੇ ਅਰਾਮ ਕਰਨ ਲਈ ਸੰਘਣੇ ਦਰਖਤ ਦੀ ਛਾਵੇਂ ਲੇਟ ਗਿਆ, ਥਕਾਵਟ ਕਰਕੇ ਨੀਂਦ ਜਲਦੀ ਆ ਗਈ।

ਇੱਧਰ 'ਧ੍ਰਿਸ਼ਟ-ਬੁੱਧੀ ਦੀ ਲੜਕੀ ਬਿਖਜਾ, ਜਿਸ ਦੇ ਵਰ ਲਈ ਇਸ ਦੇ ਭਰਾ ਮਦਨ ਸਿੰਘ ਨੇ ਆਪਣੇ ਪਿਤਾ ਧ੍ਰਿਸ਼ਟ ਬੁੱਧੀ ਨੂੰ ਕਬੁੱਧੀ ਨਾਲ ਬਾਹਰ ਜਾਣ ਲੱਗਿਆ ਕਿਹਾ ਸੀ ਕਿ ਪਿਤਾ ਜੀ ! ਤੁਸੀਂ ਬਾਹਰ ਚਲੇ ਹੋ, ਹੁਣ ਮੇਰੀ ਭੈਣ ਵਰ ਦੇ ਲਾਇਕ ਹੈ ਸੋ ਕਿਰਪਾ ਕਰਨੀ ਚੇਤਾ ਨਾ ਭੁਲਾ ਦੇਣਾ ਉਸ ਲਈ ਕੋਈ ਲੜਕਾ

ਦੇਖ ਆਉਣਾ।

ਉਸ ਮਦਨ ਸਿੰਘ ਦੀ ਭੈਣ ਬਿਖਜਾ ਸਹੇਲੀਆਂ ਨਾਲ਼ ਸੈਰ ਕਰਦੀ ਉਥੋਂ ਲੰਘੀ, ਹੋਰ ਤਾਂ ਚੰਦ੍ਰਹਾਂਸ ਨੂੰ ਕਿਸੇ ਨਾ ਵੇਖਿਆ ਪਰ ਇਸ ਦੀ ਦ੍ਰਿਸ਼ਟੀ ਪੈ ਗਈ ਦੇਖਦਿਆਂ ਹੀ ਮੋਹਤ ਹੋ ਗਈ।

ਬਸ ਫਿਰ ਕੀ ਸੀ ਸਹੇਲੀਆਂ ਨਾਲੋਂ ਟਾਲ ਮਟੋਲਾ ਕਰਕੇ ਵਿੱਛੜ ਕੇ ਉਨ੍ਹਾਂ ਤੋਂ ਅੱਖ ਬਚਾਅ ਕੇ ਉੱਥੇ ਪੁੱਜੀ, ਜਿੱਥੇ ਚੰਦ੍ਰਹਾਂਸ ਸੁੱਤਾ ਪਿਆ ਸੀ। ਉੱਥੇ ਆ ਕੇ ਕਿਤਨਾ ਚਿਰ ਚੰਦ੍ਰਹਾਂਸ ਦੇ ਚੇਹਰੇ ਵੱਲ ਤੱਕਦੀ ਰਹੀ ਤੇ ਸੋਚਦੀ ਹੈ ਕਿ ਸ਼ਾਇਦ ਪਿਤਾ ਜੀ ਨੇ ਮੇਰੇ ਲਈ ਏਹੀ ਵਰ ਲੱਭ ਕੇ ਭੇਜਿਆ ਹੈ, ਫਿਰ ਸੋਚਦੀ ਹੈ ਚਾਹੇ ਭੇਜਿਆ ਹੋਵੇ ਚਾਹੇ ਨਾ ਭੇਜਿਆ ਹੋਵੇ ਮੈਂ ਤਾਂ ਇਸੇ ਨੂੰ ਹੀ ਆਪਣਾ ਵਰ ਚੁਣਾਂਗੀ।

ਆਖ਼ਰ ਇਸ ਦੀ ਨਜ਼ਰ ਚੰਦ੍ਰਹਾਂਸ ਦੀ ਦਸਤਾਰ ਵਿਚ ਟੁੰਗੀ ਹੋਈ ਚਿੱਠੀ 'ਤੇ ਪਈ। ਪਹਿਲਾਂ ਤਾਂ ਕੁਝ ਝਿਝਕੀ ਕਿ-ਪਰਾਈ ਚਿੱਠੀ ਨਹੀਂ ਪੜ੍ਹਨੀ ਚਾਹੀਦੀ, ਪਰ ਦੂਸਰਾ ਸੰਕਲਪ ਫੁਰਿਆ ਹੁਣ ਤਾਂ ਮੈਂ ਇਸ ਨੂੰ ਆਪਣਾ ਪਤੀ ਧਾਰਨ ਕਰ ਚੁੱਕੀ ਹਾਂ ਇਸ ਲਈ ਮੈਨੂੰ ਕੋਈ ਡਰ ਨਹੀਂ।

ਪੁਨਾ- ਦੱਬੇ ਪੈਰੀਂ ਅਗਾਂਹ ਵਧੀ ਤੇ ਚਿੱਠੀ ਕੱਢ ਲਈ। ਜਿਸ ਵੇਲੇ ਚਿੱਠੀ ਪੜ੍ਹੀ ਤਾਂ ਅਯੋਗ ਸ਼ਬਦ ਦੇਖ ਕੇ ਅੱਗ ਬਬੂਲਾ ਹੋ ਉੱਠੀ ਕਿ ਇਹ ਕੀ ਇਤਨੇ ਸੁੰਦਰ ਨੌਜਵਾਨ ਪੁਰਸ਼ ਨੂੰ ਮੇਰਾ ਪਿਤਾ ਮਾਰਨਾ ਚਾਹੁੰਦਾ ਹੈ, ਇਹ ਠੀਕ ਨਹੀਂ।

ਸਿਆਣੀ ਸੀ, ਪੜ੍ਹੀ ਲਿਖੀ ਹੋਈ ਸੀ। ਅੱਖਾਂ ਵਿਚੋਂ ਕੱਜਲ ਕੱਢ ਕੇ ਬਿਖ ਦੇ 'ਖ' ਦਾ ਪੈਰ ਭਾਰਾ ਕਰ ਦਿੱਤਾ, ਅਰਥਾਤ ਅੱਧਾ ਯਕਾਰ (੍ਯ) ਬਣਾ ਦਿੱਤਾ ਜਿਸ 'ਤੇ ਉਹ ਬਿਖ ਤੋਂ ਬਿਖ੍ਯ (ਬਿਖਜਾ) ਬਣ ਗਿਆ। ਇਸ ਤਰ੍ਹਾਂ ਕਰਕੇ ਚੰਦ੍ਰਹਾਂਸ ਦੀ ਦਸਤਾਰ ਵਿਚ ਚਿੱਠੀ ਟੁੰਗਦੀ ਦੌੜ ਗਈ ਤੇ ਜਾ ਸਹੇਲੀਆਂ ਨੂੰ ਮਿਲੀ।

ਚੰਦ੍ਰਹਾਂਸ ਉੱਠਿਆ, ਸ਼ਾਮਾਂ ਪੈਂਦੀਆਂ ਜਾਣ ਕੇ ਜਲਦੀ ਜਲਦੀ ਉੱਠ ਕੇ ਘੋੜੇ 'ਤੇ ਅਸਵਾਰ ਹੋ ਕੇ ਧ੍ਰਿਸ਼ਟ ਬੁੱਧੀ ਦੇ ਰਾਜ ਦਰਬਾਰ ਵਿਚ ਪੁੱਜਾ। ਸਿਮਰਨ ਭਗਤੀ ਦਾ ਸਦਕਾ ਚੇਹਰੇ 'ਤੇ ਨੂਰਾਨੀ ਜਲਵਾ ਸੀ, ਤੇਜ ਪ੍ਰਤਾਪ ਇਤਨਾਂ ਸੀ ਕਿ ਕੋਈ ਵੀ ਅੰਦਰ ਜਾਣ ਤੋਂ ਚੰਦ੍ਰਹਾਂਸ ਨੂੰ ਰੋਕ ਨਾ ਸਕਿਆ।

ਜਿਸ ਵੇਲੇ ਚੰਦ੍ਰਹਾਂਸ ਦਰਬਾਰ ਦੇ ਅੰਦਰ ਗਿਆ ਤਾਂ ਮਦਨ ਸਿੰਘ ਨੇ ਸੋਚਿਆ ਸ਼ਾਇਦ ਪਿਤਾ ਨੇ ਏਹੀ ਵਰ ਮੇਰੀ ਭੈਣ ਲਈ ਚੁਣ ਕੇ ਭੇਜਿਆ ਹੈ। ਉਸ ਨੂੰ ਸਿੰਘਾਸਨ ਉੱਪਰ ਬਿਠਾ ਕੇ ਸੁਖ ਸਾਂਦ ਪੁੱਛੀ ਤਾਂ ਚੰਦ੍ਰਹਾਂਸ ਨੇ ਚਿੱਠੀ ਦਿੰਦਿਆਂ ਕਿਹਾ, ਇਹ ਚਿੱਠੀ ਤੁਹਾਡੇ ਪਿਤਾ ਨੇ ਮੈਨੂੰ ਦੇ ਕੇ ਭੇਜਿਆ ਹੈ।

ਮਦਨ ਸਿੰਘ ਨੇ ਚਿੱਠੀ ਲੈ ਕੇ ਪੜ੍ਹੀ, ਪੜ੍ਹ ਕੇ ਗਦ-ਗਦ ਹੋ ਉੱਠਿਆ। ਪਿਤਾ ਦੀ ਸ਼ਲਾਘਾ ਕਰਨ ਲੱਗਾ ਕਿ ਪਿਤਾ ਜੀ ਨੇ ਕਿਤਨਾ ਤੇਜ ਪ੍ਰਤਾਪ ਵਾਲਾ ਅਕਲਵੰਦ ਵਰ ਮੇਰੀ ਭੈਣ ਲਈ ਲੱਭ ਕੇ ਭੇਜਿਆ ਹੈ।

ਪੁਨਾ- ਆਪਣੀ ਭੈਣ ਤੇ ਮਾਂ ਨਾਲ ਸਲਾਹ ਕਰਕੇ ਉਸ ਵੇਲੇ ਵਿਆਹ ਦਾ ਸਾਰਾ ਸਾਜੋ ਸਮਾਨ ਤਿਆਰ ਕਰਵਾ ਬੜੀ ਸਜ-ਧਜ (ਧੂਮ-ਧਾਮ) ਨਾਲ ਆਪਣੀ ਭੈਣ ਬਿਖਜਾ ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿੱਤਾ ਅਤੇ ਪਿਤਾ ਨੂੰ ਦੱਸਣ ਲਈ ਚਿੱਠੀ ਲਿਖ ਕੇ ਭੇਜ ਦਿੱਤੀ ਕਿ ਪਿਤਾ ਜੀ ! ਆਪ ਜੀ ਦੇ ਹੁਕਮ ਅਨੁਸਾਰ ਆਪਣੀ ਭੈਣ ਬਿਖਜਾ ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿੱਤਾ ਹੈ।

ਜਿਸ ਵੇਲੇ ਹਕਾਰਾ ਚਿੱਠੀ ਲੈ ਕੇ ਪੁੱਜਾ ਤੇ ਧ੍ਰਿਸ਼ਟ ਬੁੱਧੀ ਨੇ ਪੜ੍ਹੀ ਤਾਂ ਉਥੇ ਹੀ ਗਸ਼ ਖਾ ਕੇ ਡਿੱਗ ਪਿਆ। ਫੇਰ ਹੋਸ਼ ਵਿਚ ਆ ਕੇ ਸੋਚਦਾ ਹੈ ਕੋਈ ਕਰਮਾਂ ਦਾ ਚੱਕਰ ਹੀ ਐਸਾ ਆ ਬਣਿਆ ਹੈ।

ਪੁਨਾ- ਉਸੇ ਵੇਲੇ ਕਬੁੱਧੀ ਨੂੰ ਨਾਲ ਲੈ ਕੇ ਆਪਣੇ ਦੇਸ਼ ਪੁੱਜਾ। ਜੋ ਲੋਕ ਵਧਾਈਆਂ ਦੇਣ ਆਏ ਉਨ੍ਹਾਂ

ਮਗਰ ਸੂਈ ਕੁੱਤੀ ਵਾਂਗੂ ਪਿਆ ਤਾਂ ਸਭ ਲੋਕ ਪਾਗਲ ਕਹਿੰਦੇ ਚਲੇ ਗਏ।

ਜਿਸ ਵੇਲੇ ਧ੍ਰਿਸ਼ਟ ਬੁੱਧੀ ਮਹਿਲਾਂ ਵਿਚ ਪੁੱਜਿਆਂ ਤਾਂ ਉਸ ਵੇਲੇ ਮਦਨ ਸਿੰਘ ਤੇ ਚੰਦ੍ਰਹਾਂਸ ਦੋਵੇਂ ਆ ਕੇ ਮਿਲੇ। ਚੰਦ੍ਰਹਾਂਸ ਨੂੰ ਦੇਖਦਿਆਂ ਹੀ ਧ੍ਰਿਸ਼ਟ ਬੁੱਧੀ ਦਾ ਸੀਨਾ ਸੜ ਗਿਆ, ਪਰ ਚੰਦ੍ਰਹਾਂਸ ਦਾ ਤੇਜ ਪ੍ਰਤਾਪ ਨਾ ਸਹਾਰਦਿਆਂ ਹੋਇਆਂ ਕਿਹਾ ਤੂੰ ਪਰੇ ਚਲਾ ਜਾਹ।

ਚੰਦ੍ਰਹਾਂਸ ਚਲਾ ਗਿਆ, ਫਿਰ ਆਪਣੇ ਪੁੱਤਰ ਮਦਨ ਸਿੰਘ ਨੂੰ ਇਕਾਂਤ ਥਾਂ ਲਿਜਾ ਕੇ ਬਹੁਤ ਗੁੱਸੇ ਹੋਇਆ ਤੇ ਕਿਹਾ- ਹੇ ਪੁੱਤਰ ! ਤੂੰ ਇਹ ਕੀ ਕੀਤਾ?

ਉਸ ਵੇਲੇ ਪਿਤਾ ਦਾ ਗੁੱਸਾ ਸ਼ਾਂਤ ਕਰਨ ਲਈ ਪੁੱਤਰ ਨੇ ਕਿਹਾ, ਪਿਤਾ ਜੀ ! ਆਪ ਜੀ ਨੇ ਚਿੱਠੀ ਵਿਚ ਲਿਖਿਆ ਸੀ ਕਿ ਬਿਖੁ (ਬਿਖਜਾ) ਦੇ ਦੇਣੀ, ਮੈਂ ਓਹੀ ਆਪ ਜੀ ਦਾ ਬਚਨ ਪੂਰਾ ਕੀਤਾ ਹੈ, ਇਸ ਵਿਚ ਮੇਰੀ ਕੀ ਨਾਲਾਇਕੀ ਹੈ।

ਪੁੱਤਰ ਤੋਂ ਇਹ ਬਚਨ ਸੁਣ ਕੇ ਮੱਥੇ 'ਤੇ ਹੱਥ ਮਾਰਦਾ ਅਫਸੋਸ ਕਰਨ ਲੱਗ ਪਿਆ। ਕੁਝ ਸਮੇਂ ਪਿੱਛੋਂ ਆਖਦਾ ਹੈ ਚਾਹੇ ਮੇਰੀ ਪੁੱਤਰੀ ਰੰਡੀ ਹੋ ਜਾਵੇ, ਪਰ ਮੈਂ ਇਸ ਨੂੰ ਮਾਰ ਕੇ ਹੀ ਸਾਹ ਲਵਾਂਗਾ।

ਇਨ੍ਹਾਂ ਹੀ ਦਿਨਾਂ ਵਿਚ ਰਾਜਾ 'ਕੰਭੂਹਲ' ਨੇ ਆਪਣੀ ਕੰਨਿਆਂ ਦੇ ਵਰ ਲਈ ਸੁਯੰਬਰ ਰਚਿਆ ਹੋਇਆ ਸੀ। ਤਿਸ ਉੱਪਰ ਧ੍ਰਿਸ਼ਟ ਬੁੱਧੀ ਨੇ ਆਪਣੇ ਪੁੱਤਰ ਮਦਨ ਸਿੰਘ ਨੂੰ ਇਸ ਤਰ੍ਹਾਂ ਕਹਿ ਕੇ ਭੇਜ ਦਿੱਤਾ ਕਿ ਪੁੱਤਰ ! ਰਾਜੇ ਕੰਭੂਹਲ ਨੇ ਆਪਣੀ ਲੜਕੀ ਦਾ ਸੁਯੰਬਰ ਰਚਿਆ ਹੈ ਉਥੇ ਬਹੁਤ ਸਾਰੇ ਰਾਜ ਕਵਰ ਇੱਕਠੇ ਹੋ ਰਹੇ ਹਨ, ਤੂੰ ਭੀ ਚਲਿਆ ਜਾ। ਪਤਾ ਨਹੀਂ ਕਿ ਉਹ ਰਾਜ ਲੜਕੀ ਤੈਨੂੰ ਹੀ ਆਪਣਾ ਵਰ ਪਸੰਦ ਕਰ ਲੇਵੇ।

ਇਸ ਤਰ੍ਹਾਂ ਦੇ ਬਚਨ ਸੁਣ ਕੇ ਪਿਤਾ ਦੀ ਆਗਿਆ ਮੰਨ ਕੇ ਮਦਨ ਸਿੰਘ ਤਾਂ ਰਾਜੇ ਕੰਭੂਹਲ ਦੀ ਰਾਜਧਾਨੀ ਵਿਚ ਚਲਾ ਗਿਆ ਤੇ ਪਿੱਛੋਂ ਚੰਦ੍ਰਹਾਂਸ ਨੂੰ ਆਪਣੇ ਪਾਸ ਸੱਦ ਕੇ ਕਿਹਾ- ਹੇ ਪੁੱਤਰ ! ਸਾਡੀ ਕੁੱਲ ਦੀ ਇਹ ਰੀਤ ਹੈ ਜੋ ਪਹਿਲੇ ਦੇਵੀ ਦਾ ਪੂਜਨ ਕਰਨਾ। ਇਸ ਲਈ ਪਹਿਲੇ ਤੂੰ ਜਾ ਕੇ ਦੇਵੀ ਦਾ ਪੂਜਨ ਕਰ ਆ।

ਇਸ ਤਰਫ ਤਾਂ ਚੰਦ੍ਰਹਾਂਸ ਨੂੰ ਦੇਵੀ ਮੰਦਰ ਜਾਣ ਲਈ ਮਨਾ ਲਿਆ ਤੇ ਅੰਦਰ-ਖਾਨੇ ਜਲਾਦਾਂ ਨੂੰ ਆਪਣੇ ਪਾਸ ਸੱਦ ਕੇ ਧਨ ਦਾ ਲੋਭ ਕੇ ਦੇ ਸਿਖਾ ਦਿੱਤਾ ਕਿ-ਕੱਲ੍ਹ ਨੂੰ ਤੁਸਾਂ ਨੇ ਦੇਵੀ ਦੇ ਮੰਦਰ ਪਾਸ ਜਾ ਕੇ ਲੁਕ ਕੇ ਬਹਿ ਜਾਣਾ, ਜਿਹੜਾ ਭੀ ਨੌਜਵਾਨ ਲੜਕਾ ਆਵੇ ਬਿਨਾਂ ਵਿਚਾਰੇ ਉਸ ਨੂੰ ਤਲਵਾਰ ਦੀ ਭੇਟ ਕਰ ਦੇਣਾ। ਇਸ ਤਰ੍ਹਾਂ ਸਿਖਾ ਕੇ ਜਲਾਦਾਂ ਨੂੰ ਪਹਿਲੇ ਦੇਵੀ ਮੰਦਰ ਵੱਲ ਭੇਜ ਦਿੱਤਾ।

ਉੱਧਰ ਜਿੱਥੇ ਮਦਨ ਸਿੰਘ ਕੰਭੂਹਲ ਦੀ ਲੜਕੀ ਦੇ ਸੁਯੰਬਰ 'ਤੇ ਗਿਆ ਹੋਇਆ ਸੀ, ਉਸ ਸੁਯੰਬਰ ਵਿਚ ਕੰਭੂਹਲ ਦੀ ਲੜਕੀ ਨੇ ਕਿਸੇ ਨੂੰ ਵੀ ਪਸੰਦ ਨਾ ਕੀਤਾ।

ਪੁਨਾ- ਵਾਪਸੀ ਵੇਲੇ ਮਦਨ ਸਿੰਘ ਪਾਸੋਂ ਕੰਭੂਹਲ ਨੇ ਚੰਦ੍ਰਹਾਂਸ ਬਾਰੇ ਪੁੱਛਿਆ ਕਿ ਉਹ ਲੜਕਾ ਕੈਸਾ ਹੈ?

ਮਦਨ ਸਿੰਘ ਨੇ ਕਿਹਾ, ਓਹ ਬੜਾ ਖੂਬਸੂਰਤ ਤੇ ਦਨਾਈ ਵਾਲਾ ਹੈ।

ਇਹ ਗੱਲ ਸੁਣ ਕੇ ਰਾਜੇ ਕੰਭੂਹਲ ਨੇ ਕਿਹਾ, ਇਸ ਵੇਲੇ ਉਹ ਜਿੱਥੇ ਭੀ ਹੋਵੇ ਉਸ ਨੂੰ ਲੱਭ ਕੇ ਮੇਰੇ ਪਾਸ ਭੇਜਣਾ। ਮਦਨ ਸਿੰਘ ਨੇ ਕਿਹਾ ਚੰਗਾ, ਮੈਂ ਹੁਣੇ ਹੀ ਜਾ ਕੇ ਭੇਜਦਾ ਹਾਂ।

ਇਹ ਗੱਲ ਆਖ ਕੇ ਓਧਰੋਂ ਮਦਨ ਸਿੰਘ ਚਲ ਪਿਆ ਤੇ ਇੱਧਰ ਧ੍ਰਿਸ਼ਟ ਬੁੱਧੀ ਦੇ ਕਹਿਣ ' ਚੰਦ੍ਰਹਾਂਸ

ਦੇਵੀ ਦੀ ਪੂਜਾ ਲਈ ਮੰਦਰ ਵੱਲ ਤੁਰ ਪਿਆ।

ਦੇਖੋ ਕੁਦਰਤ ਦੀ ਖੇਡ ! ਦੋਹਾਂ ਦਾ ਰਸਤੇ ਵਿਚ ਮਿਲਾਪ ਹੋ ਗਿਆ। ਉਸ ਵੇਲੇ ਮਦਨ ਸਿੰਘ ਨੇ ਪੁੱਛਿਆ- ਜੀਜਾ ਜੀ ! ਕਿੱਥੇ ਚੱਲੇ ਹੋ?

ਤਾਂ ਚੰਦ੍ਰਹਾਂਸ-ਨੇ ਕਿਹਾ - ਮੈਂ ਦੇਵੀ ਮੰਦਰ ਵਿਖੇ ਪੂਜਾ ਕਰਨ ਚਲਿਆ ਹਾਂ। ਮਦਨ ਸਿੰਘ ਨੇ ਕਿਹਾ, ਤੇਰੀ ਜਗ੍ਹਾ ਦੇਵੀ ਮੰਦਰ ਵਿਖੇ ਮੈਂ ਜਾਂਦਾ ਹਾਂ, ਤੈਨੂੰ ਰਾਜਾ ਕੰਤੂਹਲ ਬੁਲਾ ਰਿਹਾ ਹੈ, ਤੂੰ ਉਸ ਦੇ ਪਾਸ ਛੇਤੀ ਚਲਿਆ ਜਾਹ।

ਇੰਵ ਕਹਿ ਕੇ ਚੰਦ੍ਰਹਾਂਸ ਨੂੰ ਤਾਂ ਕੰਤੂਹਲ ਰਾਜੇ ਪਾਸ ਭੇਜ ਦਿੱਤਾ ਤੇ ਆਪ ਮਦਨ ਸਿੰਘ ਪੂਜਨ ਲਈ ਦੇਵੀ ਮੰਦਰ ਪਾਸ ਆ ਪਹੁੰਚਿਆ।

ਬਸ ਫਿਰ ਕੀ ਸੀ ਜਾਂਦਿਆਂ ਹੀ ਇਸ ਦਾ ਸਿਰ ਜਲਾਦਾਂ ਨੇ ਵੱਢ ਦਿੱਤਾ। ਮਦਨ ਸਿੰਘ ਤਾਂ ਉਸੇ ਵੇਲੇ ਮਰ ਗਿਆ।

ਓਧਰ ਜਿਸ ਵੇਲੇ ਚੰਦ੍ਰਹਾਂਸ ਕੰਤੂਹਲ ਰਾਜੇ ਦੇ ਪਾਸ ਪੁੱਜਾ ਤਾਂ ਉਸ ਦੀ ਕੰਨਿਆਂ ਨੇ ਇਸ ਦੇ ਦਗ ਦਗ ਕਰਦੇ ਚੇਹਰੇ ਨੂੰ ਵੇਖ ਕੇ "ਜੈ ਮਾਲਾ" ਇਸ ਦੇ ਗਲ ਵਿਚ ਪਾ ਦਿੱਤੀ। ਰਾਜਾ ਨੇ ਓਸੇ ਵੇਲੇ ਆਪਣੀ ਰਾਜ-ਪੁੱਤਰੀ ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿੱਤਾ। ਜਦ ਕੋਈ ਦਿਨ ਉਸ ਪਾਸ ਰਿਹਾ ਤਾਂ ਇਸ ਦੀ ਰਹਿਣੀ ਕਹਿਣੀ ਅਤੇ ਲਿਆਕਤ ਉੱਪਰ ਪ੍ਰਸੰਨ ਹੋ ਕੇ ਰਾਜੇ ਕੰਤੂਹਲ ਦਾ ਆਪਣਾ ਪੁੱਤਰ ਨਾ ਹੋਣ ਕਰਕੇ ਏਸੇ ਨੂੰ ਆਪਣਾ ਪੁੱਤਰ ਸਮਝ ਕੇ ਆਪਣੀ ਰਾਜਧਾਨੀ ਦਾ ਰਾਜ ਤਿਲਕ ਏਸੇ ਨੂੰ ਦੇ ਕੇ ਰਾਜ ਸਿੰਘਾਸਣ ਉੱਪਰ ਬਿਠਾ ਦਿੱਤਾ।

ਕੁਝ ਸਮੇਂ ਮਗਰੋਂ ਚੰਦ੍ਰਹਾਂਸ ਨੇ ਬੇਨਤੀ ਕੀਤੀ ਕਿ- ਮੈਂ ਆਪਣੇ ਧਰਮ ਪਿਤਾ ਰਾਜੇ ਕੁਲਿੰਦ ਨੂੰ ਅਤੇ ਮਦਨ ਸਿੰਘ ਨੂੰ ਮਿਲਣ ਜਾਣਾ ਹੈ ਆਪ ਆਗਿਆ ਦਿਓ।

ਉਸ ਵੇਲੇ ਚੰਦ੍ਰਹਾਂਸ ਰਾਜੇ ਕੰਤੂਹਲ ਤੋਂ ਆਗਿਆ ਲੈ ਕੇ ਧ੍ਰਿਸ਼ਟ ਬੁੱਧੀ ਪਾਸ ਪੁੱਜਾ। ਚੰਦ੍ਰਹਾਂਸ ਨੂੰ ਹਾਲੀ ਵੀ ਜ਼ਿੰਦਾ ਦੇਖ ਕੇ ਘਬਰਾਇਆ ਤੇ ਪੁੱਛਿਆ ਕੀ ਤੂੰ ਦੇਵੀ ਪੂਜਨ ਲਈ ਨਹੀਂ ਗਿਆ ? ਤਾਂ ਚੰਦ੍ਰਹਾਂਸ ਨੇ ਉਸ ਦੇ ਪੁੱਤਰ ਵਾਲੀ ਗੱਲ ਸਾਰੀ ਕਹਿ ਸੁਣਾਈ ਕਿ ਤੇਰੇ ਪੁੱਤਰ ਨੇ ਰਾਹ ਵਿਚ ਮੈਨੂੰ ਰਾਜੇ ਕੰਤੂਹਲ ਵੱਲ ਭੇਜ ਦਿੱਤਾ ਸੀ ਤੇ ਆਪ ਮਦਨ ਸਿੰਘ ਦੇਵੀ ਪੂਜਨ ਗਿਆ ਹੈ।

ਇਹ ਗੱਲ ਸੁਣਦਿਆਂ ਸਾਰ 'ਧ੍ਰਿਸ਼ਟ ਬੁੱਧੀ' ਗਸ਼ ਖਾ ਕੇ ਡਿੱਗ ਪਿਆ ਕਿ ਉਹ ਤਾਂ ਮੇਰਾ ਪੁੱਤਰ ਹੀ ਮਾਰਿਆ ਗਿਆ।

ਪੁਨਾ- ਉਸ ਮੰਦਰ ਪਾਸ ਪੁੱਜ ਕੇ ਆਪ ਵੀ ਪੱਥਰਾਂ ਨਾਲ ਸਿਰ ਟਕਰਾ ਕੇ ਮਰ ਗਿਆ। ਜਦ ਰਾਣੀਆਂ ਨੂੰ ਤੇ ਉਸ ਦੀ ਧੀ (ਬਿਖਜਾ) ਨੂੰ ਪਤਾ ਲੱਗਾ। ਰਾਣੀਆਂ ਤਾਂ ਮੰਦਰ ਵੱਲ ਰੋਂਦੀਆਂ ਪਿੱਟਦੀਆਂ ਚਲੀਆਂ ਗਈਆਂ ਪਰ ਬਿਖਜਾ ਆਪਣੇ ਪਤੀ ਚੰਦ੍ਰਹਾਂਸ ਪਾਸ ਆਈ ਤੇ ਬੇਨਤੀ ਕਰਕੇ ਸਾਰੀ ਗੱਲ ਦੱਸੀ ਤੇ ਕਿਹਾ, ਹੇ ਪਤੀ ਦੇਵ ! ਆਪ ਵਾਹਿਗੁਰੂ ਦੇ ਪਿਆਰੇ ਹੋ, ਕਿਰਪਾ ਕਰੋ ਤੇ ਮੇਰੇ ਪਿਤਾ ਤੇ ਭਰਾ ਨੂੰ ਬਖਸ਼ ਲਿਓ।

ਚੰਦ੍ਰਹਾਂਸ ਦਇਆਲੂ ਸੁਭਾਅ ਵਾਲਾ ਸੀ, ਪ੍ਰਭੂ ਅੱਗੇ ਪ੍ਰਾਰਥਨਾ ਕੀਤੀ। ਈਸ਼ਵਰ ਦੀ ਕਿਰਪਾ ਨਾਲ ਦੋਵੇਂ ਸੁਰਜੀਤ ਹੋ ਗਏ। ਧ੍ਰਿਸ਼ਟ ਬੁੱਧੀ ਉੱਠ ਕੇ ਆਪਣੀ ਕੀਤੀ ਤੇ ਬਹੁਤ ਪਛੁਤਾਇਆ ਤੇ ਕਿਹਾ- ਹੇ ਚੰਦ੍ਰਹਾਂਸ ! ਮੇਰਾ ਰਾਜ ਵੀ ਹੁਣ ਤੂੰ ਹੀ ਕਰ। ਪਰ ਚੰਦ੍ਰਹਾਂਸ ਨੇ ਅਜਿਹਾ ਨਾ ਕੀਤਾ ਸਗੋਂ ਧ੍ਰਿਸ਼ਟ ਬੁੱਧੀ ਦਾ ਰਾਜ ਉਸ ਦੇ ਪੁੱਤਰ ਮਦਨ ਸਿੰਘ ਨੂੰ ਦੇ ਕੇ ਫਿਰ ਆਪ ਆਪਣੇ ਰਾਜ ਵਿਖੇ ਆ ਕੇ ਆਪਣੇ ਪਿਤਾ ਕੁਲਿੰਦ ਨੂੰ ਬੰਦੀਖਾਨੇ

www.sikhbookclub.com

ਵਿਚੋਂ ਛੁਡਾਇਆ, ਜਿਸ ਨੂੰ ਧ੍ਰਿਸ਼ਟ ਬੁੱਧੀ ਕੈਦ ਕਰਕੇ ਗਿਆ ਸੀ।

ਫਿਰ ਕੁਝ ਚਿਰ ਰਹਿ ਕੇ ਪਿਤਾ ਦੀ ਪ੍ਰਸੰਨਤਾ ਅਨੁਸਾਰ ਚੰਦ੍ਰਹਾਂਸ ਉਸ ਤੋਂ ਆਗਿਆ ਲੈ ਕੇ ਨਾਮ ਸਿਮਰਨ ਦੇ ਪ੍ਰਤਾਪ ਕਰਕੇ ਫਿਰ ਕੰਤ੍ਰੁਹਲ ਰਾਜੇ ਦੀ ਰਾਜਧਾਨੀ ਵਿਖੇ ਆ ਕੇ ਸੁਖ ਪੂਰਬਕ ਰਾਜ ਕਰਦਾ ਹੋਇਆ। ਇਸ ਪ੍ਰਸੰਗ ਤੋਂ ਇਹ ਨਿਸਚੇ ਕਰਨਾ ਕਿ ਧ੍ਰਿਸ਼ਟ ਬੁੱਧੀ ਦੇ ਆਪਣੇ ਘਰ ਦੀ ਹੀ ਤਬਾਹੀ ਹੋਈ ਹੈ, ਭਾਵੇਂ ਉਹ ਵਿਹੁ ਆਦਿ ਦਿਵਾ ਕੇ ਚੰਦ੍ਰਹਾਂਸ ਦੇ ਮਾਰਨ ਦਾ ਬਹੁਤ ਹੀ ਯਤਨ ਕਰਦਾ ਰਿਹਾ ਪਰ ਪ੍ਰਭੂ ਦੀ ਕਿਰਪਾ ਹੋਣ ਕਰਕੇ ਵਿਹੁ ਤੋਂ ਅੰਮ੍ਰਿਤ ਹੀ ਬਣਦਾ ਗਿਆ।

ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭ ਜਨ ਕੇ ਸਾਸ ਨਿਹਾਰੇ॥

ਗੁਰਮੁਖ ਜਨ ਹਰ ਵੇਲੇ ਹਿਰਦੇ ਅੰਦਰ ਪ੍ਰਭੂ ਨੂੰ ਲੋਚੈ=ਚਾਹੁੰਦੇ ਰਹਿੰਦੇ ਹਨ ਤੇ ਪ੍ਰਭੂ ਆਪਣੇ ਸੇਵਕ ਜਨਾਂ ਦੇ ਸ੍ਵਾਸਾਂ ਨੂੰ ਵੇਖਦਾ ਰਹਿੰਦਾ ਹੈ ਕਿ ਦੁਖ ਸਹਿਤ ਸ੍ਵਾਸ ਨਾ ਨਿਕਲਣ।

ਅਥਵਾ:- ਪ੍ਰਭੂ ਆਪਣੇ ਸੇਵਕ ਜਨਾਂ ਦੇ ਸ੍ਵਾਸਾਂ ਨੂੰ ਵੇਖਦਾ ਰਹਿੰਦਾ ਹੈ ਕਿ ਸ੍ਵਾਸਾਂ ਦੁਆਰੇ ਮੂੰਹੋਂ ਜੋ ਭੀ ਬਚਨ ਉਚਾਰਨ ਉਸ ਨੂੰ ਮੈਂ ਪੂਰਾ ਕਰਾਂ।

ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ ਜਗੁ ਨਿਸਤਾਰੇ॥ ੭॥

ਕਿਰਪਾ ਦੀ ਖਾਣ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਕੇ ਜਿਨ੍ਹਾਂ ਨੂੰ ਭਗਤੀ ਦ੍ਰਿੜ੍ਹ ਕਰਵਾਂਦਾ ਹੈ, ਉਨ੍ਹਾਂ ਗੁਰਮੁਖ ਜਨਾਂ ਦੇ ਪਿੱਛੇ ਲਗਾ ਕੇ ਕਈ ਜਗੁ=ਜੀਵਾਂ ਨੂੰ ਤਾਰ ਦੇਂਦਾ ਹੈ॥ ੭॥

ਆਪਨ ਆਪਿ ਆਪਿ ਪ੍ਰਭੁ ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ॥

ਮੇਰਾ ਪ੍ਰਭੂ ਠਾਕੁਰ ਪਿੱਛੇ ਭੀ ਆਪ ਸੀ, ਹੁਣ ਭੀ ਆਪ ਹੈ, ਅੱਗੇ ਵੀ ਆਪ ਹੋਵੇਗਾ, ਉਹ ਪ੍ਰਭੂ ਆਪ ਹੀ ਸ੍ਵੈ ਇੱਛਾ ਅਨੁਸਾਰ ਸਾਰੀ ਸ੍ਰਿਸ਼ਟੀ ਨੂੰ ਸਵਾਰੇ=ਰਚਦਾ ਹੈ।

ਜਨ ਨਾਨਕ ਆਪੇ ਆਪਿ ਸਭੁ ਵਰਤੈ ਕਰਿ ਕ੍ਰਿਪਾ ਆਪਿ ਨਿਸਤਾਰੇ॥੮॥੪॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਉਹ ਪ੍ਰਭੂ ਆਪੇ ਆਪ ਸਾਰਿਆਂ ਵਿਚ ਵਰਤ ਰਿਹਾ ਹੈ, ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਨੂੰ ਆਪ ਹੀ ਸੰਸਾਰ-ਸਮੁੰਦਰ ਤੋਂ ਨਿਸਤਾਰੇ=ਤਾਰਦਾ ਹੈ॥ ੮॥ ੪॥

ਨਟ ਮਹਲਾ ੪॥

ਰਾਮ ਕਰਿ ਕਿਰਪਾ ਲੇਹੁ ਉਬਾਰੇ॥

ਹੇ ਰਾਮ ! ਕਿਰਪਾ ਦ੍ਰਿਸ਼ਟੀ ਕਰਕੇ ਅਸਾਨੂੰ ਇਸ ਤਰ੍ਹਾਂ ਉਬਾਰੇ=ਬਚਾ ਲਿਓ।

ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ॥੧॥ਰਹਾਉ॥

ਜਿਸ ਤਰ੍ਹਾਂ ਦ੍ਰੋਪਤੀ ਨੂੰ ਫੜ ਕੇ ਦੁਸ਼ਟਾਂ ਨੇ ਦੁਰਜੋਧਨ ਦੀ ਸਭਾ ਵਿਚ ਆਨੀ=ਲਿਆਂਦਾ ਸੀ ਤੇ ਲੱਜਿਆ ਦੇ ਹਰਿ=ਹਰਨ ਵਾਲੇ ਦੁਸ਼ਟਾਂ ਨੂੰ, ਹੇ ਹਰੀ ! ਆਪ ਜੀ ਨੇ ਨਿਵਿਰਤ ਕੀਤਾ ਹੈ।

ਜਿਸ ਵੇਲੇ ਰਾਜ ਸਭਾ ਵਿਚ ਦ੍ਰੋਪਤਾਂ ਨੂੰ ਨੰਗਿਆ ਕਰਨ ਲਗੇ ਸਨ, ਉਸ ਵੇਲੇ ਦ੍ਰੋਪਤਾਂ ਨੇ ਇੱਕ ਮਨ ਹੋ ਕੇ ਕ੍ਰਿਸ਼ਨ ਜੀ ਨੂੰ ਅਰਾਧਿਆ ਤਾਂ ਇਤਨੀਆਂ ਸਾੜ੍ਹੀਆਂ ਹੋ ਗਈਆਂ, ਜਿਨ੍ਹਾਂ ਨੂੰ ਉਤਾਰਦਿਆਂ ਉਤਾਰਦਿਆਂ ਦੂਤ ਥੱਕ ਗਏ ਪਰ ਸਾੜ੍ਹੀਆਂ ਨਾ ਮੁਕੀਆਂ, ਉਸ ਭਿਆਨਕ ਸਮੇਂ ਭਗਵਾਨ ਨੇ ਆਪ ਦ੍ਰੋਪਤਾਂ ਦੀ ਲਾਜ ਰੱਖੀ॥ ੧॥ ਰਹਾਉ॥

ਯਥਾ:- ਅੰਦਰਿ ਸਭਾ ਦੁਸਾਸਣੈ ਮੱਥੇਵਾਲਿ ਦ੍ਰੋਪਤੀ ਆਂਦੀ।
ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾਂ ਦੀ।
ਅੱਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੈ ਵਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥੱਕੇ ਦੂਤ ਨ ਪਾਰਿ ਵਸਾਂਦੀ।
ਹੱਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
ਨਾਥ ਅਨਾਥਾਂ ਬਾਣਿ ਧੁਰਾਂਦੀ॥ ੮॥ (ਭਾਈ ਗੁਰਦਾਸ ਜੀ ਵਾਰ ੧੦)

ਕਰਿ ਕਿਰਪਾ ਜਾਚਿਕ ਜਨ ਤੇਰੇ ਇਕੁ ਮਾਗਉ ਦਾਨੁ ਪਿਆਰੇ॥

ਹੇ ਪਿਆਰੇ ਪ੍ਰਭੂ ! ਅਸੀਂ ਆਪ ਜੀ ਦੇ ਜਾਚਕ ਜਨ=ਮੰਗਤੇ ਜਨ ਹਾਂ, ਆਪ ਜੀ ਪਾਸੋਂ ਇੱਕ ਨਾਮ ਦਾਨ ਮੰਗਦੇ ਹਾਂ, ਆਪ ਕਿਰਪਾ ਕਰਕੇ ਦੇਣਾ ਕਰੋ।

ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ ਹਰਿ ਗੁਰੁ ਮੇਲਿ ਸਵਾਰੇ॥ ੧॥

ਮੇਰੇ ਮਨ ਵਿਚ ਨਿਤਾਪ੍ਰਤੀ ਸਤਿਗੁਰਾਂ ਦੀ ਸ਼ਰਧਾ ਲੱਗ ਰਹੀ ਹੈ, ਹੇ ਹਰੀ ! ਮੈਨੂੰ ਉਨ੍ਹਾਂ ਸਤਿਗੁਰਾਂ ਨਾਲ ਮੇਲਣਾ ਕਰ ਜੋ ਮਨ ਆਦਿਕ ਚਤੁਸ਼ਟੇ ਅੰਤਹ ਕਰਨ ਨੂੰ ਸਵਾਰਨ ਵਾਲੇ ਹਨ॥ ੧॥

ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ॥

ਸਾਕਤਾਂ ਦੇ ਸ਼ਕਾਮ ਕਰਮ ਕੀਤੇ ਹੋਏ ਇਸ ਤਰ੍ਹਾਂ ਨਿਸਫਲ ਹਨ ਜਿਸ ਤਰ੍ਹਾਂ ਪਾਣੀ ਨੂੰ ਰਿੜਕੀਏ ਤਾਂ ਕੁਝ ਮੱਖਣ ਵਗੈਰਾ ਨਹੀਂ ਨਿਕਲਦਾ, ਨਿਤਾਪ੍ਰਤੀ ਪਾਣੀ ਦੇ ਝੋਲ=ਰਿੜਕਣੇ ਕ੍ਰਕੇ ਪਾਣੀ ਦੇ ਹੀ ਝੁਲਾਰੇ= ਬੁਲਬੁਲੇ ਨਿਕਲਦੇ ਹਨ। ਏਸੇ ਤਰ੍ਹਾਂ ਸ਼ਕਾਮ ਕਰਮਾਂ ਦੇ ਕਰਨ ਨਾਲ ਸਿਧਾਂਤ ਰੂਪ ਮੱਖਣ ਨਹੀਂ ਨਿਕਲਦਾ, ਵਿਸ਼ੇ ਦੁੱਖ ਰੂਪੀ ਬੁਲਬੁਲੇ ਨਿਕਲਦੇ ਹਨ।

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ॥ ੨॥

ਜਿਸ ਗੁਰਮੁਖ ਨੇ ਸਤਸੰਗਤ ਨਾਲ ਮਿਲ ਕੇ ਪਰਮ ਪਦੁ=ਆਤਮ ਪਦ ਨੂੰ ਪਾਇਆ ਹੈ, ਉਸ ਨੇ ਨਿਸ਼ਕਾਮ ਕਰਮਾਂ ਰੂਪੀ ਦੁੱਧ ਤੇ ਉਪਾਸ਼ਨਾ ਰੂਪ ਦਹੀਂ ਨੂੰ ਰਿੜਕ ਕੇ ਗਿਆਨ ਰੂਪ ਮੱਖਣ ਕੱਢਿਆ ਹੈ, ਫਿਰ ਉਸ ਗਿਆਨ ਦੇ ਅਨੰਦ ਨੂੰ ਹੀ ਗਟਕਾਰੇ=ਇੱਕ ਰਸ ਭੋਗਦਾ ਹੈ॥ ੨॥

ਨਿਤ ਨਿਤ ਕਾਇਆ ਮਜਨੁ ਕੀਆ ਨਿਤ ਮਲਿ ਮਲਿ ਦੇਹ ਸਵਾਰੇ॥

ਮਨਮੁਖਾਂ ਨੇ ਨਿਤਾਪ੍ਰਤੀ ਕਾਇਆ=ਸਰੀਰ ਨੂੰ, ਮਜਨੁ=ਇਸ਼ਨਾਨ ਕਰਾਇਆ ਹੈ ਅਤੇ ਨਿਤਾਪ੍ਰਤੀ ਤੇਲ ਮਲ੍ ਕੇ, ਸਾਬਣ ਮਲ੍ ਕੇ, ਖੁਸ਼ਬੋਈਆ ਮਲ੍ ਕੇ ਦੇਹ ਨੂੰ ਸਵਾਰਨਾ ਕੀਤਾ ਹੈ। ਦੇਹ ਅਧਿਆਸੀ ਹੋਣ ਕਰਕੇ:-

[ਪੰਨਾ ੯੮੩]

ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ॥ ੩॥

ਉਨ੍ਹਾਂ ਮਨਮੁਖਾਂ ਦੇ ਮਨ ਵਿਚ ਮੇਰੇ ਸਤਿਗੁਰਾਂ ਦੇ ਸ਼ੁਭ ਬਚਨ ਭਾਏ ਨਹੀਂ ਹਨ, ਇਸ ਕਰਕੇ ਉਨ੍ਹਾਂ ਦੇ ਚਾਰ ਸਾਧਨਾਂ ਵੈਰਾਗ, ਵਿਵੇਕ, ਖੱਟ ਸੰਪਤੀ, ਮੋਖ ਇੱਛਾ ਰੂਪੀ ਸ਼ਿੰਗਾਰ ਕੀਤੇ ਹੋਏ, ਅਥਵਾ:- ਚਾਰ=ਸੁੰਦਰ ਜਪ

www.sikhbookclub.com

ਤਪ ਰੂਪੀ ਸ਼ਿੰਗਾਰ ਕੀਤੇ ਹੋਏ ਸਾਰੇ ਫੋਕਟ=ਨਿਸਫਲ ਹਨ॥ ੩॥

ਮਟਕਿ ਮਟਕਿ ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ॥

ਹੇ ਮੇਰੀ ਪਿਆਰੀ ਸਖੀ ! ਜੇ ਤਰਨ ਦੀ ਇੱਛਾ ਹੈ ਤਾਂ ਮਟਕਿ ਮਟਕਿ=ਠੁਮਕ ਠੁਮਕ ਕੇ ਪਾਵ ਮਸਤ ਚਾਲ ਨਾਲ ਚਲ, ਸਤਸੰਗਤ ਵਿਚ ਬੈਠ ਕੇ ਮੇਰੇ ਠਾਕੁਰ=ਸੁਆਮੀ ਪਰਮਾਤਮਾ ਦੇ ਗੁਣਾਂ ਨੂੰ ਸਾਰੇ=ਸੰਭਾਲਣਾ ਕਰ।

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਈ ਮੈ ਸਤਿਗੁਰ ਅਲਖੁ ਲਖਾਰੇ॥ ੪॥

ਗੁਰਮੁਖਾਂ ਦੀ ਸੇਵਾ, ਵਾ:-ਮੁਖੀ ਗੁਰਾਂ ਦੀ ਸੇਵਾ ਕੀਤੀ ਹੋਈ ਮੇਰੇ ਪ੍ਰਭੂ ਨੂੰ ਪਾਉਂਦੀ ਹੈ, ਇਸ ਕਰਕੇ ਸਤਿਗੁਰਾਂ ਨੇ ਮੈਨੂੰ ਅਲਖ ਪ੍ਰਭੂ ਲਖਾਰੇ=ਜਣਾ ਦਿੱਤਾ ਹੈ॥ ੪॥

ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ॥

ਨਾਰੀ ਪੁਰਖੁ=ਇਸਤ੍ਰੀ ਪੁਰਸ਼ ਤੋਂ ਸਾਰੇ ਪੁਰਖੁ ਨਾਰੀ=ਲੜਕੇ ਲੜਕੀਆਂ ਪੈਦਾ ਹੋਏ ਹਨ,

ਅਥਵਾ:- ਨਾਰੀ=ਮਾਇਆ ਤੇ ਪੁਰਖੁ=ਈਸ਼ਰ ਅਰਥਾਤ ਮਾਇਆ ਸਬਲ ਈਸ਼ਵਰ ਤੋਂ ਸਾਰੇ ਪੁਰਸ਼ ਨਾਰੀਆਂ ਪੈਦਾ ਹੋਏ ਹਨ। ਵਾਸਤਵ ਦ੍ਰਿਸ਼ਟੀ ਕਰਕੇ ਵੇਖੀਏ ਤਾਂ ਸਾਰਿਆਂ ਵਿਚ ਇੱਕ ਮੁਰਾਰੀ ਪੁਰਖੁ ਪਰਮਾਤਮਾ ਹੀ ਵਿਆਪਕ ਹੈ।

ਸੰਤ ਜਨਾ ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ॥ ੫॥

ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਸੰਤ ਜਨਾਂ ਦੀ ਚਰਨ ਧੂੜੀ ਭਾਈ=ਚੰਗੀ ਲੱਗੀ ਹੈ ਅਤੇ ਹਰੀ ਜਨਾਂ ਨਾਲ ਮਿਲ ਕੇ ਹਰੀ ਦੇ ਗੁਣ ਗਾਏ ਤਾਂ ਹਰੀ ਨੇ ਉਨ੍ਹਾਂ ਨੂੰ ਸੰਸਾਰ-ਸਮੁੰਦਰ ਤੋਂ ਨਿਸਤਾਰੇ=ਤਾਰ ਦਿੱਤਾ ਹੈ॥ ੫॥

ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ॥

ਗ੍ਰਾਮ ਗ੍ਰਾਮ=ਪਿੰਡ ਪਿੰਡ ਵਿਚ, ਵਾ:- ਗ੍ਰਾਮ=ਸਮੂਹ, ਗ੍ਰਾਮ=ਪਿੰਡਾਂ ਵਿਚ ਤੇ ਸਾਰਿਆਂ ਨਗਰਾਂ ਵਿਚ ਫਿਰਿਆਂ ਹਾਂ ਪਰ ਪ੍ਰਭੂ ਨਾ ਮਿਲਿਆ। ਜਿਸ ਵੇਲੇ ਹਰੀ ਦੇ ਸੰਤ ਜਨਾਂ ਨਾਲ ਮਿਲੇ ਤਾਂ ਹਿਰਦੇ ਦੇ ਅੰਦਰ ਹੀ ਪ੍ਰਭੂ ਨੂੰ ਭਾਰੇ=ਭਾਲ ਲਿਆ।

ਸਰਧਾ ਸਰਧਾ ਉਪਾਇ ਮਿਲਾਏ ਮੋ ਕਉ ਹਰਿ ਗੁਰ ਗੁਰਿ ਨਿਸਤਾਰੇ॥ ੬॥

ਜਿਸ ਵੇਲੇ ਸ਼ਰਧਾ ਹੀ ਸ਼ਰਧਾ ਨੂੰ ਪੈਦਾ ਕਰਕੇ ਮੈਂ ਆਪਣੇ ਆਪ ਨੂੰ ਗੁਰਾਂ ਨਾਲ ਮਿਲਾਇਆ ਤਾਂ ਗੁਰ=ਪੂਜਨੀਕ ਹਰੀ ਸਰੂਪ ਗੁਰਾਂ ਨੇ ਮੈਨੂੰ ਸੰਸਾਰ ਸਮੁੰਦਰ ਤੋਂ ਨਿਸਤਾਰੇ=ਤਾਰ ਦਿੱਤਾ॥ ੬॥

ਪਵਨ ਸੂਤੁ ਸਭੁ ਨੀਕਾ ਕਰਿਆ ਸਤਿਗੁਰਿ ਸਬਦੁ ਵੀਚਾਰੇ॥

ਸ਼ਰਧਾ ਨਾਲ ਸਤਿਗੁਰਾਂ ਦੇ ਉਪਦੇਸ਼ ਨੂੰ ਵਿਚਾਰ ਕੇ ਸਾਰਿਆਂ ਪਵਨ=ਪ੍ਰਾਣਾਂ ਅਰਥਾਤ ਸ੍ਵਾਸਾਂ ਦਾ ਸੂਤ੍ਰ=ਪ੍ਰਕਾਰ, ਨੀਕਾ=ਚੰਗਾ ਕੀਤਾ ਹੈ। *ਅਥਵਾ:-* ਨੀਕਾ=ਭਲੀ ਪ੍ਰਕਾਰ ਸਭੁ ਪਵਨ=ਸਾਰਿਆਂ ਸ੍ਵਾਸਾਂ ਨੂੰ ਸੂਤ੍ਰ=ਮਰਯਾਦਾ ਵਿਚ ਲਿਆਉਣਾ ਕੀਤਾ ਹੈ, ਅਰਥਾਤ ਨਾਮ ਜਪ ਕੇ ਸਾਰੇ ਸ੍ਵਾਸ ਸਫਲ ਕੀਤੇ ਹਨ।

ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ ਬਿਨੁ ਨੈਨਾ ਜਗਤੁ ਨਿਹਾਰੇ॥ ੭॥

ਜਿਸ ਵੇਲੇ ਆਪਣੇ ਸਤਸੰਗਤ ਘਰ ਵਿਚ ਜਾ ਕੇ ਨਾਮ ਅੰਮ੍ਰਿਤ ਰਸ ਪੀਤਾ ਤਾਂ ਸਾਰੇ ਜਗਤ ਨੂੰ ਨੇਤ੍ਰਾਂ ਤੋਂ ਬਿਨਾਂ ਭਾਵ ਅੰਨ੍ਹਾਂ ਵੇਖਣਾ ਕੀਤਾ। *ਅਥਵਾ:-* ਆਪਣੇ ਸਰੂਪ ਰੂਪੀ ਘਰ ਵਿਚ ਜਾ ਕੇ ਬ੍ਰਹਮਾਨੰਦ ਰੂਪੀ

www.sikhbookclub.com

ਅੰਮ੍ਰਿਤ ਰਸ ਪੀਤਾ ਤਾਂ ਇਨ੍ਹਾਂ ਪ੍ਰਤੱਖ ਅੱਖਾਂ ਤੋਂ ਬਿਨਾਂ ਅੰਤ੍ਰੀਵ ਸ਼ੁੱਧ ਬੁੱਧੀ ਰੂਪ ਅੱਖਾਂ ਨਾਲ ਜਗਤ ਨੂੰ ਬ੍ਰਹਮ ਰੂਪ ਕਰਕੇ ਵੇਖਣਾ ਕੀਤਾ॥ ੭॥

ਤਉ ਗੁਨ ਈਸ ਬਰਨਿ ਨਹੀ ਸਾਕਉ ਤੁਮ ਮੰਦਰ ਹਮ ਨਿਕ ਕੀਰੇ॥

ਹੇ ਈਸ਼ਰ ! ਮੈਂ ਆਪ ਜੀ ਦੇ ਜਸ ਰੂਪ ਗੁਣਾਂ ਨੂੰ ਬਰਨਿ=ਕਥਨ ਨਹੀਂ ਕਰ ਸਕਦਾ, ਆਪ ਮੰਦਰ ਵਾਂਙੂ ਅਧਿਸ਼ਠਾਨ ਰੂਪ ਅਰਥਾਤ ਆਸਰਾ ਰੂਪ ਹੋ, ਅਸੀਂ ਨਿੱਕੇ ਜੇਹੇ ਕੀੜੇ ਆਪ ਜੀ ਦੇ ਆਸਰੇ ਰਹਿਣ ਵਾਲੇ ਹਾਂ।

ਨਾਨਕ ਕ੍ਰਿਪਾ ਕਰਹੁ ਗੁਰ ਮੇਲਹੁ ਮੈ ਰਾਮੁ ਜਪਤ ਮਨੁ ਧੀਰੇ॥ ੮॥ ੫॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਆਪ ਕਿਰਪਾ ਕਰਕੇ ਮੈਨੂੰ ਗੁਰਾਂ ਨਾਲ ਮੇਲਣਾ ਕਰੋ, ਗੁਰਾਂ ਨਾਲ ਮਿਲ ਕੇ ਮੈਂ ਆਪਣੇ ਮਨ ਦੀ ਧੀਰਜਤਾ ਵਾਸਤੇ ਰਾਮ ਨਾਮ ਜਪਣਾ ਕਰਾਂ॥ ੮॥ ੫॥

ਨਟ ਮਹਲਾ ੪॥

ਮੇਰੇ ਮਨ ਭਜੁ ਠਾਕੁਰ ਅਗਮ ਅਪਾਰੇ॥

ਹੇ ਮੇਰੇ ਪਿਆਰੇ ! ਤੂੰ ਅਗਮ ਅਪਾਰ ਠਾਕੁਰ ਦੇ ਨਾਮਾਂ ਨੂੰ ਭਜੁ=ਉਚਾਰਨਾ ਕਰ।

ਹਮ ਪਾਪੀ ਬਹੁ ਨਿਰਗੁਣੀਆਰੇ
ਕਰਿ ਕਿਰਪਾ ਗੁਰਿ ਨਿਸਤਾਰੇ॥ ੧॥ ਰਹਾਉ॥

ਅਸੀਂ ਪਾਪੀ ਤੇ ਬਹੁਤੇ ਔਗੁਣਾਂ ਦਾ ਘਰ ਸੀ, ਪਰ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਤਾਰ ਦਿੱਤਾ ਹੈ॥ ੧॥ ਰਹਾਉ॥

ਸਾਧੂ ਪੁਰਖ ਸਾਧ ਜਨ ਪਾਏ ਇਕ ਬਿਨਉ ਕਰਉ ਗੁਰ ਪਿਆਰੇ॥

ਸਾਧੂ=ਸ਼੍ਰੇਸਟ ਅਕਾਲ ਪੁਰਖ ਦੇ ਸਰੂਪ ਸੰਤ ਜਨਾਂ ਨੂੰ ਪਾ ਕੇ ਪਿਆਰੇ ਗੁਰਾਂ ਅੱਗੇ ਇੱਕ ਬੇਨਤੀ ਕਰੋ। ਕਿ ਹੇ ਗੁਰੋ-

ਰਾਮ ਨਾਮੁ ਧਨੁ ਪੂਜੀ ਦੇਵਹੁ ਸਭੁ ਤਿਸ੍ਨਾ ਭੂਖ ਨਿਵਾਰੇ॥ ੧॥

ਮੈਨੂੰ ਧੰਨਤਾ ਜੋਗ ਰਾਮ ਨਾਮ ਰੂਪੀ ਪੂੰਜੀ ਦੇਣਾ ਕਰੋ, ਜਿਸ ਰਾਮ ਨਾਮ ਰੂਪੀ ਪੂੰਜੀ ਕਰਕੇ ਸਾਰਿਆਂ ਪਦਾਰਥਾਂ ਦੀ ਤ੍ਰਿਸ਼ਨਾਂ ਅਤੇ ਭੁੱਖ ਨਿਵਿਰਤ ਹੋ ਜਾਵੇ॥ ੧॥

ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ॥

ਪਤੰਗਾ, ਮ੍ਰਿਗ=ਹਰਨ, ਭ੍ਰਿੰਗ=ਭੌਰਾ, ਕੁੰਚਰ=ਹਾਥੀ, ਮੀਨ=ਮੱਛੀ, ਇਹ ਸਾਰੇ ਆਪੇ ਆਪਣੇ ਵਿਸ਼ਿਆਂ ਵਿਚ ਪਚੈ=ਖ਼ਰਾਬ ਹੋ ਰਹੇ ਹਨ, ਇੱਕ ਇੱਕ ਇੰਦ੍ਰੀ ਨੇ ਫੜ ਕੇ ਇਨ੍ਹਾਂ ਸਾਰਿਆਂ ਨੂੰ ਸਘਾਰੇ=ਮਾਰਨਾ ਕੀਤਾ ਹੈ। ਪਰ:-

ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ॥ ੨॥

ਇਸ ਮਨੁੱਖ ਦੀ ਦੇਹ ਵਿਚ ਤਾਂ ਕਾਮ ਅਦਿਕ ਪੰਜ ਭੂਤਨੇ ਸਹਿਤ ਬਲਦੇ ਹਨ, ਜੋ ਜੀਵ ਨੂੰ ਹਰ ਵੇਲੇ ਦਬਾਈ ਰੱਖਦੇ ਹਨ, ਜੋ ਮਨੁੱਖ ਗੁਰੁ=ਪੂਜਨੀਕ ਸਤਿਗੁਰਾਂ ਦੀ ਸ਼ਰਨ ਪਏ ਹਨ, ਉਨ੍ਹਾਂ ਦੇ ਅੰਦਰੋਂ ਸਤਿਗੁਰਾਂ ਨੇ ਕਿਰਪਾ ਕਰਕੇ ਪਾਪ ਰੂਪ ਕਾਮ ਆਦੀ ਪੰਜ ਭੂਤਨੇ ਨਿਵਿਰਤ ਕਰ ਦਿੱਤੇ ਹਨ॥ ੨॥

www.sikhbookclub.com

ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ॥

ਛੇ ਸ਼ਾਸਤ੍ਰ ਸੋਧ ਕੇ, ਚਾਰੇ ਬੇਦ ਸੋਧ ਕੇ ਵੇਖੇ ਹਨ, ਸਾਰੇ ਏਹੋ ਗੱਲ ਕਹਿੰਦੇ ਹਨ ਅਤੇ ਨਾਰਦ ਮੁਨੀ ਜੀ ਵੀ ਇਹ ਬਚਨ ਪੁਕਾਰ ਕੇ ਆਖਦੇ ਹਨ। ਕਿ-

ਰਾਮ ਨਾਮੁ ਪੜਹੁ ਗਤਿ ਪਾਵਹੁ ਸਤਸੰਗਤਿ ਗੁਰਿ ਨਿਸਤਾਰੇ॥ ੩॥

ਰਾਮ ਨਾਮ ਸ਼ਬਦ ਨੂੰ ਪੜ੍ਹ ਕੇ ਮੁਕਤੀ ਪਾਉਣਾ ਕਰੋ, ਸਤਸੰਗਤ ਵਿਚ ਬੈਠ ਕੇ ਜੋ ਰਾਮ ਨਾਮ ਜਪ ਦੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਜੀ ਸੰਸਾਰ ਸਮੁੰਦਰ ਤੋਂ ਨਿਸਤਾਰੇ=ਤਾਰ ਦੇਂਦੇ ਹਨ॥ ੩॥

ਪ੍ਰੀਤਮ ਪ੍ਰੀਤਿ ਲਗੀ ਪ੍ਰਭ ਕੇਰੀ ਜਿਵ ਸੂਰਜੁ ਕਮਲੁ ਨਿਹਾਰੇ॥

ਜਿਨ੍ਹਾਂ ਦੇ ਅੰਦਰ ਪ੍ਰੀਤਮ ਪ੍ਰਭੂ ਦੀ ਪ੍ਰੀਤੀ ਲੱਗੀ ਹੈ, ਉਹ ਪ੍ਰਭੂ ਨੂੰ ਵੇਖ ਕੇ ਇਸ ਤਰ੍ਹਾਂ ਅਨੰਦ ਹੁੰਦੇ ਹਨ, ਜਿਸ ਤਰ੍ਹਾਂ ਕਵਲ ਫੁੱਲ ਸੂਰਜ ਨੂੰ ਨਿਹਾਰੇ=ਵੇਖ ਕੇ ਖੁਸ਼ ਹੁੰਦਾ ਹੈ।

ਮੇਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ॥ ੪॥

ਜਿਸ ਵੇਲੇ ਘਨ=ਬੱਦਲ, ਉਨਵੈ=ਝੁਕ ਕੇ ਘਨਹਾਰੇ=ਗੱਜਦਾ ਹੈ, ਤਿਸ ਵੇਲੇ ਮੇਰ=ਉੱਚਾ ਜੋ ਸੁਮੇਰ ਪ੍ਰਬਤ ਹੈ ਉਸ ਉੱਤੇ ਮੋਰ ਬਹੁਤ ਹੀ ਨੱਚਦਾ ਅਰਥਾਤ ਪੈਲਾਂ ਪਾਂਵਦਾ ਹੈ।

ਇਸੇ ਪ੍ਰਕਾਰ ਜਦ ਗੁਰੂ ਰੂਪ ਬੱਦਲ ਉਨਵੈ=ਝੁਕ ਕੇ ਭਾਵ-ਅਤੀ ਕਿਰਪਾਲੂ ਹੋ ਕੇ ਘਨਹਾਰੇ=ਬੋਲਦੇ ਹਨ, ਅਰਥਾਤ ਦਿਆਲ ਹੋ ਕੇ ਉਪਦੇਸ਼ ਦੇਂਦੇ ਹਨ ਤਾਂ ਮੇਰ=ਉੱਚਾ ਜੋ ਪ੍ਰੇਮ ਰੂਪੀ ਸੁਮੇਰ ਪ੍ਰਬਤ ਹੈ ਉਸ ਉੱਤੇ ਬੈਠਾ ਹੋਇਆ, ਉੱਤਮ ਜਿਗਿਆਸੂ ਰੂਪ ਮੋਰ ਨਾਚੈ=ਨੱਚਦਾ ਹੈ, ਅਰਥਾਤ ਬ੍ਰਹਮ ਦਾ ਨਿਰਣਾ ਕਰਦਾ ਹੈ॥ ੪॥

ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ॥

ਸਾਕਤ ਪੁਰਸ਼ ਨੂੰ ਭਾਵੇਂ ਬਹੁਤ ਸਾਰਾ ਅੰਮ੍ਰਿਤ ਵੀ ਸਿੰਚਣਾ ਕਰੀਏ, ਅਰਥਾਤ ਨਾਮ ਦਾ ਉੱਤਮ ਉਪਦੇਸ਼ ਭੀ ਦੇਣਾ ਕਰੀਏ, ਤੋ ਭੀ ਉਸ ਦੇ ਡਾਲ=ਇੰਦ੍ਰੇ ਤੇ ਫੂਲ=ਕਰਮ ਸਾਰੇ ਬਿਸੁਕਾਰੇ=ਵਿਸ਼ਿਆਂ ਵਾਲੇ ਹਨ।

ਅਥਵਾ:- ਵਿਸ਼ੇ ਵਾਸ਼ਨਾ ਕਰਕੇ ਕਾਰੇ=ਕਾਲੇ ਹਨ, ਕਿਉਂਕਿ ਸਾਕਤਾਂ ਦੇ ਸਾਰੇ ਕਰਮ ਪਾਪ ਸੰਯੁਕਤ ਹੁੰਦੇ ਹਨ।

ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ॥ ੫॥

ਭਲਾ ਪੁਰਸ਼ ਜਿਉਂ ਜਿਉਂ ਸਾਕਤ ਪੁਰਸ਼ ਨਾਲ ਮਿਲ ਕੇ ਉਸ ਅੱਗੇ ਨਿਉਂਦਾ ਹੈ, ਤਿਉਂ ਤਿਉਂ ਸਾਕਤ ਪੁਰਸ਼ ਉਸ ਨੂੰ ਛੇੜ ਛੇੜ ਕੇ ਭਾਵ ਕੁਤਰਕਾਂ ਮਾਰ ਕੇ ਬਿਖੁ ਖਾਰੇ=ਵਿਉਹੁ ਵਾਂਙੂ ਦੁੱਖਦਾਈ ਬਚਨ ਕਢੈ=ਉਚਾਰਦਾ ਹੈ॥ ੫॥

ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ॥

ਸੰਤ=ਸ਼ਾਂਤ ਆਤਮਾ ਜੋ ਸਾਧ=ਸ਼੍ਰੇਸਟ ਸੰਤ ਹਨ, ਉਨ੍ਹਾਂ ਨਾਲ ਮਿਲ ਰਹਿਣਾ ਕਰੋ, ਕਿਉਂਕਿ ਉਹ ਹਮੇਸ਼ਾਂ ਪਰ-ਉਪਕਾਰ ਵਾਲੇ ਸ਼ੁਭ ਗੁਣਾਂ ਨੂੰ ਬੋਲਦੇ ਹਨ।

ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ॥ ੬॥

ਜਿਸ ਵੇਲੇ ਸੰਤਾਂ ਨਾਲ ਸੰਤ ਮਿਲਦੇ ਹਨ, ਤਾਂ ਉਨ੍ਹਾਂ ਦਾ ਮਨ ਇਸ ਤਰ੍ਹਾਂ ਬਿਗਸੈ=ਪ੍ਰਸੰਨ ਹੁੰਦਾ ਹੈ, ਜਿਵੇਂ

www.sikhbookclub.com

ਸਵਾਰੇ=ਸਵੇਰੇ ਪ੍ਰਾਤਾਕਾਲ ਜਲ ਨਾਲ ਮਿਲ ਕੇ ਸੂਰਜ ਨੂੰ ਵੇਖ ਕੇ ਕੌਲ ਫੁੱਲ ਪ੍ਰਫੁੱਲਤ ਹੁੰਦੇ ਹਨ॥ ੬॥

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥

ਲੋਭ ਦੀ ਜੋ ਲਹਿਰ ਹੈ ਇਹ ਸਾਰੀ ਹਲਕੇ ਕੁੱਤੇ ਵਾਂਙੂ ਹੈ, ਜਿਵੇਂ ਹਲਕਿਆ ਕੁੱਤਾ ਸਾਰਿਆਂ ਨੂੰ ਵਿਗਾੜ ਦੇਂਦਾ ਹੈ, ਤਿਵੇਂ ਲੋਭੀ ਪੁਰਸ਼ ਵੀ ਆਪਣੇ ਸਾਰਿਆਂ ਸਾਥੀਆਂ ਨੂੰ ਵਿਗਾੜ ਦੇਂਦਾ, ਅਰਥਾਤ ਲੋਭੀ ਬਣਾ ਦੇਂਦਾ ਹੈ।

ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ॥ ੭॥

ਜਿਸ ਵੇਲੇ ਮੇਰੇ ਠਾਕੁਰ=ਸੁਆਮੀ ਦੇ ਦੀਬਾਨਿ=ਦਰਬਾਰ ਸਤਸੰਗਤ ਵਿਚ ਲੋਭੀ ਦੇ ਆਵਣ ਦੀ ਖ਼ਬਰ ਹੋਈ ਤਿਸ ਵੇਲੇ ਗੁਰਿ=ਵੱਡੇ ਅਪਰੋਖ ਗਿਆਨ ਰੂਪ ਖੰਡੇ ਨੂੰ ਲੈ ਕੇ ਉਸ ਨੂੰ ਮਾਰ ਦਿੱਤਾ।

ਅਰਥਾਤ, ਜੇਕਰ ਲੋਭੀ ਕੁੱਤਾ ਸਤਸੰਗਤ ਵਿਚ ਆ ਭੀ ਜਾਵੇ, ਪਰ ਗੁਰੂ ਸਾਹਿਬ ਜੀ ਗਿਆਨ ਦੀ ਪ੍ਰਬਲਤਾ ਨਾਲ ਉਸ ਨੂੰ ਮੱਥੇ ਨਹੀਂ ਲਾਉਂਦੇ॥ ੭॥

ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈ ਰਾਖਹੁ ਕਿਰਪਾ ਧਾਰੇ॥

ਹੇ ਮੇਰੇ ਪ੍ਰਭੂ! ਮੈਨੂੰ ਮਨ ਕਰਕੇ ਰੱਖ ਲੋ, ਬਾਣੀ ਕਰਕੇ ਰੱਖ ਲੋ, ਤਨ ਕਰਕੇ ਰੱਖ ਲੋ, ਮੈਨੂੰ ਕਿਰਪਾ ਕਰਕੇ ਜ਼ਰੂਰ ਹੀ ਰੱਖ ਲੇਵੋ।

ਨਾਨਕ ਮੈ ਧਰ ਅਵਰ ਨ ਕਾਈ
ਮੈ ਸਤਿਗੁਰੁ ਗੁਰੁ ਨਿਸਤਾਰੇ॥ ੮॥ ੬॥ ਛਕਾ ੧

ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਮੈਨੂੰ ਹੋਰ ਕੋਈ ਧਰ=ਆਸਰਾ ਨਹੀਂ ਹੈ, ਗੁਰੁ=ਪੂਜਨੀਕ ਸਤਿਗੁਰੂ ਹੀ ਮੈਨੂੰ ਸੰਸਾਰ ਸਮੁੰਦਰ ਤੋਂ ਨਿਸਤਾਰੇ=ਤਾਰਨਗੇ॥ ੮॥ ੬॥ ਛਕਾ ੧

ਇੱਥੋਂ ਤੱਕ ਸੁਖਮਨੇ ਸਾਹਿਬ ਦੀਆਂ ਛੇ ਅਸਟਪਦੀਆਂ ਪੂਰੀਆਂ ਹੋ ਚੁੱਕੀਆਂ ਹਨ।

ਛੇ ਅਸ਼ਟਪਦੀਆਂ ਦੇ ਪੂਰੇ ਹੋਣ 'ਤੇ ਇਸ ਦਾ ਨਾਂ ਛੱਕਾ ਹੈ ਕਿਉਂਕਿ ਛੱਕਾ ਛਿਆਂ ਸ਼ਬਦਾਂ ਦਾ ਹੁੰਦਾ ਹੈ।

(ਇਸ ਵਾਸਤੇ ਇੱਥੇ ਪਾਠ ਕਰਨ ਵੇਲੇ ਵੀ ਛੱਕਾ ੧ (ਇੱਕ) ਬੋਲਣਾ ਚਾਹੀਦਾ ਹੈ।)

ਰਾਗੁ ਨਟ ਨਾਰਾਇਨ ਵਿਚ ਆਈ ਬਾਣੀ ਦਾ ਵੇਰਵਾ ਤੇ ਗਿਣਤੀ ਸ਼ਬਦਾਂ ਦੀ ਗਿਣਤੀ

ਮਹਲਾ ੪ ਦੇ ਸ਼ਬਦ	੬
ਮਹਲਾ ੪ ਦੀਆਂ ਪੜਤਾਲਾਂ	੩
ਮਹਲਾ ੫ ਦੇ ਸ਼ਬਦ	੧੦
ਮਹਲਾ ੪ ਦੀਆਂ ਅਸਟਪਦੀਆਂ	੬
ਕੁੱਲ ਜੋੜ	੨੫

(ਰਾਗੁ ਨਟ ਨਾਰਾਇਨ ਸਮਾਪਤੰ)

www.sikhbookclub.com

ਰਾਗੁ ਮਾਲੀ ਗਉੜਾ

[ਪੰਨਾ ੯੮੪]

*ਰਾਗੁ ਮਾਲੀ ਗਉੜਾ ਮਹਲਾ ੪

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸਤਿਗੁਰ ਦੇਵ ਜੀ ਪਰਮੇਸ਼ਰ ਦੀ ਬਿਅੰਤ ਤਾਈ ਕਥਨ ਕਰਦੇ ਹਨ—

ਅਨਿਕ ਜਤਨ ਕਰਿ ਰਹੇ ਹਰਿ ਅੰਤੁ ਨਾਹੀ ਪਾਇਆ॥

ਅਨੇਕਾਂ ਹੀ ਪੁਰਸ਼ ਅੰਤ ਪਾਵਣ ਵਾਸਤੇ ਜਤਨ ਕਰ ਰਹੇ ਹਨ, ਪਰ ਉਸ ਹਰੀ ਦਾ ਅੰਤ ਕਿਸੇ ਨੇ ਨਹੀਂ ਪਾਇਆ।

ਹਰਿ ਅਗਮ ਅਗਮ ਅਗਾਧਿ ਬੋਧਿ
ਆਦੇਸੁ ਹਰਿ ਪ੍ਰਭ ਰਾਇਆ॥ ੧॥ ਰਹਾਉ॥

ਹਰੀ ਪਿੱਛੇ ਅਗਮ ਸੀ, ਹੁਣ ਵੀ ਅਗਮ ਹੈ, ਉਸ ਦਾ ਬੋਧਿ=ਜਾਨਣਾ ਅੱਗੇ ਵੀ ਅਗਾਧ ਹੋਵੇਗਾ, ਐਸੇ ਹਰੀ ਪ੍ਰਭੂ ਰਾਜੇ ਨੂੰ ਅਸਾਡੀ ਆਦੇਸੁ=ਨਮਸ਼ਕਾਰ ਹੋਵੇ॥ ੧॥ ਰਹਾਉ॥

ਕਾਮੁ ਕ੍ਰੋਧੁ ਲੋਭੁ ਮੋਹੁ ਨਿਤ ਝਗਰਤੇ ਝਗਰਾਇਆ॥

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕਾਂ ਦੇ ਝਗੜਾਏ ਹੋਏ ਸਾਰੇ ਜੀਵ ਝਗੜ ਰਹੇ ਹਨ।

ਯਥਾ:- ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ। *(ਪੰਨਾ ੪੮੨)*

ਹਮ ਰਾਖੁ ਰਾਖੁ ਦੀਨ ਤੇਰੇ ਹਰਿ ਸਰਨਿ ਹਰਿ ਪ੍ਰਭ ਆਇਆ॥ ੧॥

ਅਸੀਂ ਤੇਰੇ ਗ਼ਰੀਬ ਦਾਸ ਹਾਂ ਹਰੀ! ਤੂੰ ਅਸਾਨੂੰ ਰੱਖ ਲੈ, ਰੱਖ ਲੈ, ਹੇ ਹਰਿ ਹਰਿ ਪ੍ਰਭੂ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ॥ ੧॥

ਸਰਣਾਗਤੀ ਪ੍ਰਭ ਪਾਲਤੇ ਹਰਿ ਭਗਤਿ ਵਛਲੁ ਨਾਇਆ॥

ਹੇ ਪ੍ਰਭੂ! ਜੋ ਆਪ ਜੀ ਦੀ ਸ਼ਰਨ ਵਿਚ ਆਉਂਦਾ ਹੈ, ਉਸ ਦੀ ਆਪ ਪ੍ਰਤਿਪਾਲਾ ਕਰਦੇ ਹੋ, ਹੇ ਹਰੀ! ਆਪ ਜੀ ਦਾ ਨਾਂ ਭਗਤਾਂ ਦਾ ਵਛਲੁ=ਪਿਆਰਾ ਹੈ।

---

*ਮਾਲੀ ਗਉੜਾ— ਇਸ ਦਾ ਨਾਂ 'ਰਾਗ ਮਾਲਾ' ਵਿਚ ਨਹੀਂ ਲਿਖਿਆ।

ਪਰ " ਸੁਰਤਾਲ ਸਮੂਹ " ਵਿਚ ਲਿਖਿਆ ਹੈ- ਕਿ ਦੁਪਹਿਰ ਵੇਲੇ ਇਸ ਦੇ ਗਾਉਣ ਦਾ ਸਮਾਂ ਹੈ। ਸੋਰਠਿ ਅਤੇ ਗੌਰੀ ਮਿਲ ਕੇ "ਮਾਲੀ ਗੌੜਾ" ਬਣਦਾ ਹੈ।

ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ ॥ ੨ ॥

ਜਿਸ ਵੇਲੇ ਪ੍ਰਹਿਲਾਦ ਜਨ ਨੂੰ ਹਰਨਾਖਸ਼ ਪਿਤਾ ਨੇ ਮਾਰਨ ਵਾਸਤੇ ਫੜਿਆ, ਤਿਸ ਵੇਲੇ ਹੇ ਹਰੀ ! ਤੂੰ ਉਸ ਨੂੰ ਰੱਖ ਲਿਆ ਅਤੇ ਸੰਸਾਰ ਸਮੁੰਦਰ ਤੋਂ ਤਾਰ ਦਿੱਤਾ॥ ੨॥

ਹਰਿ ਚੇਤਿ ਰੇ ਮਨ ਮਹਲੁ ਪਾਵਣ ਸਭ ਦੂਖ ਭੰਜਨੁ ਰਾਇਆ ॥

ਹੇ ਮਨ ! ਮਹਲੁ=ਸਰੂਪ ਦੇ ਪਾਵਣ ਵਾਸਤੇ ਤੂੰ ਹਰੀ ਨੂੰ ਚੇਤਨਾ ਕਰ, ਉਹ ਹਰੀ ਰਾਜਾ ਸਾਰਿਆਂ ਦੁੱਖਾਂ ਦੇ ਭਜਨੁ=ਨਾਸ ਕਰਨ ਵਾਲਾ ਹੈ।

ਭਉ ਜਨਮ ਮਰਨ ਨਿਵਾਰਿ ਠਾਕੁਰ ਹਰਿ ਗੁਰਮਤੀ ਪ੍ਰਭੁ ਪਾਇਆ ॥ ੩ ॥

ਜਨਮ ਮਰਨ ਦੇ ਡਰ ਨੂੰ ਨਿਵਿਰਤ ਕਰਨ ਵਾਲਾ ਜੋ ਠਾਕੁਰ ਹੈ, ਉਸ ਹਰੀ ਪ੍ਰਭੂ ਨੂੰ ਗੁਰਮਤੀਆਂ ਨੇ ਗੁਰ ਸਿੱਖਿਆ ਦੁਆਰੇ ਪਾਇਆ ਹੈ॥ ੩॥

ਹਰਿ ਪਤਿਤ ਪਾਵਨ ਨਾਮੁ ਸੁਆਮੀ ਭਉ ਭਗਤ ਭੰਜਨੁ ਗਾਇਆ ॥

ਹਰੀ ਸੁਆਮੀ ਦਾ ਨਾਮ ਪਾਪੀਆਂ ਨੂੰ ਪਾਵਨ=ਪਵਿੱਤ੍ਰ ਕਰਨ ਵਾਲਾ ਹੈ, ਪੁਨਾ ਭਗਤਾਂ ਦੇ ਡਰ ਨੂੰ ਨਾਸ ਕਰਨ ਵਾਲਾ ਹੈ ਇਸ ਤਰ੍ਹਾਂ ਵੇਦਾਂ ਨੇ ਗਾਇਆ=ਉਚਾਰਿਆ ਹੈ।

ਹਰਿ ਹਾਰੁ ਹਰਿ ਉਰਿ ਧਾਰਿਓ ਜਨ ਨਾਨਕ ਨਾਮਿ ਸਮਾਇਆ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਹਰਿ ਹਰਿ ਦੇ ਉਚਾਰਨ ਕਰਨੇ ਰੂਪ ਹਾਰ ਪਹਿਰਿਆ ਹੈ ਉਹ ਗੁਰਮੁਖ ਜਨ ਨਾਮਿ=ਨਾਮੀ ਪਰਮਾਤਮਾ ਵਿਚ ਅਭੇਦ ਹੋਏ ਹਨ॥ ੪॥ ੧॥

ਮਾਲੀ ਗਉੜਾ ਮਹਲਾ ੪ ॥

ਜਪਿ ਮਨ ਰਾਮ ਨਾਮੁ ਸੁਖਦਾਤਾ ॥

ਹੇ ਪਿਆਰੇ ! ਤੂੰ ਸੁਖਾਂ ਦੇ ਦਾਤਾ=ਦੇਣ ਵਾਲੇ ਰਾਮ ਨਾਮ ਨੂੰ ਜਪਣਾ ਕਰ।

ਸਤਸੰਗਤਿ ਮਿਲਿ ਹਰਿ ਸਾਦੁ ਆਇਆ
ਗੁਰਮੁਖਿ ਬ੍ਰਹਮੁ ਪਛਾਤਾ ॥ ੧ ॥ ਰਹਾਉ ॥

ਜਿਸ ਨੂੰ ਸਤ ਸੰਗਤ ਵਿਚ ਮਿਲਣ ਕਰਕੇ ਹਰੀ ਨਾਮ ਦਾ ਸੁਆਦ ਆਇਆ ਹੈ, ਉਸ ਗੁਰਮੁਖ ਨੇ ਗੁਰਾਂ ਦੁਆਰੇ ਬ੍ਰਹਮ ਨੂੰ ਪਛਾਣਿਆ ਹੈ॥ ੧॥ ਰਹਾਉ॥

ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥

ਵਡਭਾਗੀ ਪੁਰਸ਼ਾਂ ਨੇ ਪੂਰਨ ਗੁਰਾਂ ਦਾ ਦਰਸ਼ਨ ਪਾਇਆ ਹੈ ਅਤੇ ਗੁਰਾਂ ਨਾਲ ਮਿਲ ਕੇ ਹਰੀ ਪ੍ਰਭੂ ਨੂੰ ਜਾਤਾ=ਜਾਣਿਆ ਹੈ॥

ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥ ੧ ॥

ਜੋ ਪੁਰਸ਼ ਹਰਿ ਹਰਿ ਦੇ ਨਾਮ ਅੰਮ੍ਰਿਤ ਸਰੋਵਰ ਵਿਚ ਨਾਤਾ=ਇਸ਼ਨਾਨ ਕਰਦਾ ਹੈ, ਉਸ ਦੇ ਅੰਦਰੋਂ ਦੁਰਮਤਿ=ਖੋਟੀ ਸਿੱਖਿਆ ਰੂਪੀ ਸਾਰੀ ਮੈਲ ਨਿਕਲ ਗਈ ਹੈ॥ ੧॥

www.sikhbookclub.com

ਧਨੁ ਧਨੁ ਸਾਧ ਜਿਨੀ ਹਰਿ ਪ੍ਰਭੁ ਪਾਇਆ
ਤਿਨ੍ ਪੂਛਉ ਹਰਿ ਕੀ ਬਾਤਾ ॥

ਉਹ ਸੰਤ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਪਾਇਆ ਹੈ, ਉਨ੍ਹਾਂ ਦੇ ਪਾਸੋਂ ਹਰੀ ਪ੍ਰਾਪਤੀ ਦੀਆਂ ਗੱਲਾਂ ਪੁੱਛਣਾ ਕਰੋ।

ਪਾਇ ਲਗਉ ਨਿਤ ਕਰਉ ਜੁਦਰੀਆ ਹਰਿ ਮੇਲਹੁ ਕਰਮਿ ਬਿਧਾਤਾ ॥ ੨ ॥

ਉਨ੍ਹਾਂ ਦੇ ਪਾਇ=ਚਰਨਾਂ ਨਾਲ ਲੱਗ ਕੇ ਨਿਤਾਪ੍ਰਤੀ ਜੁਦਰੀਆ=ਸੇਵਾ ਟਹਲ, *ਅਥਵਾ:-* ਬੇਨਤੀਆਂ ਕਰੋ ਕਿ ਫਲ ਬਰ ਦਾਤੇ ਹਰੀ ਨਾਲ ਮੈਨੂੰ ਮੇਲਣਾ ਕਰੋ॥ ੨ ॥

ਲਿਲਾਟ ਲਿਖੇ ਪਾਇਆ ਗੁਰੁ ਸਾਧੂ ਗੁਰ ਬਚਨੀ ਮਨੁ ਤਨੁ ਰਾਤਾ ॥

ਲਿਲਾਟ=ਮੱਥੇ ਦੇ ਸ੍ਰੇਸ਼ਟ ਲੇਖਾਂ ਦੇ ਲਿਖੇ ਅਨੁਸਾਰ ਜਿਸ ਵੇਲੇ ਸਾਧੂ ਸ੍ਰੇਸ਼ਟ ਗੁਰਾਂ ਨੂੰ ਪਾਇਆ, ਤਾਂ ਗੁਰਾਂ ਦੇ ਬਚਨਾਂ ਵਿਚ ਹੀ ਮਨ ਤਨ ਰਾਤਾ=ਤਦਾਕਾਰ ਹੋ ਗਿਆ।

ਹਰਿ ਪ੍ਰਭ ਆਇ ਮਿਲੇ ਸੁਖੁ ਪਾਇਆ ਸਭ ਕਿਲਵਿਖ ਪਾਪ ਗਵਾਤਾ ॥ ੩ ॥

ਜਿਸ ਵੇਲੇ ਹਰੀ ਪ੍ਰਭੂ ਆ ਕੇ ਮਿਲੇ ਤਾਂ ਮੈਂ ਆਤਮ ਸੁਖ ਪਾਇਆ, ਚਾਰੇ ਕਿਲਵਿਖਾਂ ਨੂੰ ਤੇ ਸਾਰਿਆਂ ਪਾਪਾਂ ਨੂੰ ਗੁਆ ਦਿੱਤਾ॥ ੩ ॥

ਰਾਮ ਰਸਾਇਣੁ ਜਿਨ੍ ਗੁਰਮਤਿ ਪਾਇਆ ਤਿਨ੍ ਕੀ ਊਤਮ ਬਾਤਾ ॥

ਰਾਮ ਜੋ ਰਸਾਂ ਦਾ ਆਇਣੁ=ਘਰ ਹੈ ਉਸ ਨੂੰ ਜਿਨ੍ਹਾਂ ਨੇ ਗੁਰ ਸਿੱਖਿਆ ਦੁਆਰੇ ਪਾਇਆ ਹੈ, ਉਨ੍ਹਾਂ ਦੀਆਂ ਗੱਲਾਂ ਬਾਤਾਂ ਸਾਰਿਆਂ ਤੋਂ ਉੱਤਮ ਹਨ।

ਤਿਨ ਕੀ ਪੰਕ ਪਾਈਐ ਵਡਭਾਗੀ ਜਨ ਨਾਨਕੁ ਚਰਨਿ ਪਰਾਤਾ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਪੁਰਸ਼ਾਂ ਨੇ ਪ੍ਰਭੂ ਦੇ ਚਰਨਾਂ ਵਿਚ ਲੀਣ ਹੋਣਾ ਪਰਾਤਾ=ਪਛਾਣਿਆ ਹੈ, ਉਨ੍ਹਾਂ ਦੀ ਚਰਨ ਧੂੜੀ ਵੱਡਿਆਂ ਭਾਗਾਂ ਨਾਲ ਪਰਾਪਤ ਹੁੰਦੀ ਹੈ॥ ੪॥ ੨ ॥

[ਪੰਨਾ ੬੮੫]

ਮਾਲੀ ਗਉੜਾ ਮਹਲਾ ੪ ॥

ਸਭਿ ਸਿਧ ਸਾਧਿਕ ਮੁਨਿ ਜਨਾ ਮਨਿ ਭਾਵਨੀ ਹਰਿ ਧਿਆਇਓ ॥

ਸਾਰਿਆਂ ਸਿੱਧਾਂ ਨੇ ਸਾਧਿਕ=ਜਿਗਿਆਸੂਆਂ ਨੇ ਅਤੇ ਮੁਨੀ ਜਨਾਂ ਨੇ ਮਨ ਵਿਚ ਭਾਵਨੀ=ਸ਼ਰਧਾ ਧਾਰ ਕੇ ਉਸ ਹਰੀ ਨੂੰ ਧਿਆਉਣਾ ਕੀਤਾ ਹੈ।

ਅਪਰੰਪਰੋ ਪਾਰਬ੍ਰਹਮੁ ਸੁਆਮੀ ਹਰਿ ਅਲਖੁ ਗੁਰੂ ਲਖਾਇਓ ॥ ੧ ॥ ਰਹਾਉ ॥

ਅਪਰੰ+ਪਰੇ=ਸੰਸਾਰ ਤੋਂ ਪਰੇ ਜੋ ਪਾਰਬ੍ਰਹਮ ਸੁਆਮੀ ਹੈ,
ਉਸ ਅਲੱਖ ਹਰੀ ਨੂੰ ਪੂਰਨ ਗੁਰਾਂ ਨੇ ਲਖਾਇਓ=ਜਣਾ ਦਿੱਤਾ ਹੈ॥ ੧ ॥ ਰਹਾਉ ॥

ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ ॥

ਅਸਾਂ ਨੀਚਾਂ ਨੇ ਮਧਿਮ=ਮੰਦ ਕਰਮ ਹੀ ਕੀਤੇ ਸਨ ਤੇ ਹਰੀ ਰਾਜਾ ਨੂੰ ਚੇਤਿਓ=ਯਾਦ ਨਹੀਂ ਕੀਤਾ ਸੀ।

ਹਰਿ ਆਨਿ ਮੇਲਿਓ ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ ॥ ੧ ॥

ਪਰ ਜਿਸ ਵੇਲੇ ਹਰੀ ਨੇ ਸਤਿਗੁਰਾਂ ਨਾਲ ਲਿਆ ਕੇ ਮੇਲਿਆ, ਤਾਂ ਗੁਰਾਂ ਨੇ ਕਿਰਪਾ ਕਰਕੇ ਇੱਕ ਖਿਨ ਵਿਚ ਸੰਸਾਰਕ ਬੰਧਨਾਂ ਤੋਂ ਮੁਕਤ ਕਰ ਦਿੱਤਾ ॥ ੧ ॥

ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥

ਜਿਨ੍ਹਾਂ ਦੇ ਮੱਥੇ ਉੱਪਰ ਪ੍ਰਭੂ ਨੇ ਧੁਰ ਤੋਂ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ, ਉਨ੍ਹਾਂ ਗੁਰਮਤੀਆਂ ਨੇ ਗੁਰ ਸਿੱਖਿਆ ਦੁਆਰੇ ਹਰੀ ਵਿਚ ਲਿਵ=ਬਿਰਤੀ ਨੂੰ ਲਗਾਇਆ ਹੈ।

ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥ ੨ ॥

ਜਿਨ੍ਹਾਂ ਨੇ ਪੰਚ=ਸ੍ਰੇਸ਼ਟ ਸੰਤਾਂ ਦੀ ਸਤ ਸੰਗ ਰੂਪ ਗਹ=ਜਗ੍ਹਾ ਦੇ ਦਰ=ਅੰਦਰ ਬੈਠ ਕੇ ਗੁਰ ਸ਼ਬਦ ਨੂੰ ਬਾਜਿਆ=ਉਚਾਰਿਆ ਹੈ ਤੇ ਪ੍ਰਭੂ ਦੇ ਮੰਗਲਾਂ ਨੂੰ ਗਾਇਆ ਹੈ ਉਨ੍ਹਾਂ ਨੂੰ ਹਰੀ ਮਿਲਿਆ ਹੈ ॥ ੨ ॥

ਪਤਿਤ ਪਾਵਨੁ ਨਾਮੁ ਨਰਹਰਿ ਮੰਦਭਾਗੀਆਂ ਨਹੀ ਭਾਇਓ ॥

ਨਰਹਰਿ ਪ੍ਰਭੂ ਦਾ ਨਾਮ ਪਾਪੀਆਂ ਦੇ ਪਵਿੱਤ੍ਰ ਕਰਨਾ ਵਾਲਾ ਹੈ, ਜਿਨ੍ਹਾਂ ਮੰਦ ਭਾਗੀਆਂ ਨੂੰ ਉਹ ਜਪਣਾ ਨਹੀਂ ਭਾਇਆ।

ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ ॥ ੩ ॥

ਉਹ ਮਾਂ ਦੀ ਗਰਭ ਜੂਨੀ ਵਿਚ ਇਸ ਤਰ੍ਹਾਂ ਗਲ ਜਾਂਦੇ ਹਨ, ਜਿਵੇਂ ਲੋਨੁ=ਲੂਣ ਪਾਣੀ ਵਿਚ ਗਲ ਜਾਂਦਾ ਹੈ ॥ ੩ ॥

ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ ਗੁਰ ਚਰਨ ਮਨੁ ਮੈ ਲਾਇਓ ॥

ਹੇ ਹਰੀ ਪ੍ਰਭੂ ! ਅਗਮ ਠਾਕੁਰ=ਬਿਅੰਤ ਸਆਮੀ ਮੈਨੂੰ ਇਹ ਸਿੱਖਿਆ ਦੇਣੀ ਕਰ, ਜੋ ਗੁਰ ਚਰਨਾਂ ਵਿਚ ਮਨ ਨੂੰ ਲਗਾਈ ਰੱਖਾ।

ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਬਾਣੀ ਕਰਕੇ ਮੈਂ ਹਰੀ ਰਾਮ ਨਾਮ ਵਿਚ ਲੱਗਾ ਰਹੂੰ ਅਤੇ ਮੈਂ ਜਨ ਮਨ ਕਰਕੇ ਨਾਮ ਵਿਚ, *ਅਥਵਾ:-* ਨਾਮਿ=ਨਾਮੀ ਵਿਚ ਅਭੇਦ ਰਹੂੰ ॥ ੪ ॥ ੩ ॥

ਮਾਲੀ ਗਉੜਾ ਮਹਲਾ ੪ ॥

ਮੇਰਾ ਮਨੁ ਰਾਮ ਨਾਮਿ ਰਸਿ ਲਾਗਾ ॥

ਹੇ ਭਾਈ ! ਮੇਰਾ ਮਨ ਰਾਮ ਨਾਮੀ ਦੇ ਰਸ ਵਿਚ ਲੱਗਾ ਰਹਿੰਦਾ ਹੈ।

ਕਮਲ ਪ੍ਰਗਾਸੁ ਭਇਆ ਗੁਰੁ ਪਾਇਆ
ਹਰਿ ਜਪਿਓ ਭ੍ਰਮੁ ਭਉ ਭਾਗਾ ॥ ੧ ॥ ਰਹਾਉ ॥

www.sikhbookclub.com

ਜਿਸ ਵੇਲੇ ਗੁਰ ਉਪਦੇਸ਼ ਨੂੰ ਪਾਇਆ ਤਾਂ ਹਿਰਦਾ ਕਵਲ ਖਿੜ ਗਿਆ,

ਪੁਨਾ, ਹਰੀ ਨੂੰ ਜਪਿਆ ਤਾਂ ਪੰਜ ਪ੍ਰਕਾਰ ਦਾ ਭਰਮ ਅਤੇ ਜਮਾਂ ਦਾ ਡਰ ਦੌੜ ਗਿਆ॥ ੧॥ ਰਹਾਉ॥

ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ ਮਨੁ ਸੋਇਓ ਗੁਰਮਤਿ ਜਾਗਾ॥

ਗੁਰਾਂ ਦੇ ਡਰ ਕਰਕੇ ਵਾਹਿਗੁਰੂ ਦੀ ਪ੍ਰੇਮਾ ਭਗਤੀ ਵਿਚ ਮੇਰਾ ਹਿਰਦਾ ਲੱਗ ਗਿਆ ਹੈ ਅਤੇ ਸੁੱਤਾ ਹੋਇਆ ਮਨ ਗੁਰਾਂ ਦੀ ਸਿੱਖਿਆ ਕਰਕੇ ਗਿਆਨ ਜਾਗ੍ਰਤ ਵਿਚ ਜਾਗ ਪਿਆ ਹੈ।

ਕਿਲਬਿਖ ਖੀਨ ਭਏ ਸਾਂਤਿ ਆਈ ਹਰਿ ਉਰ ਧਾਰਿਓ ਵਡਭਾਗਾ॥ ੧॥

ਜਦ ਵੱਡਿਆਂ ਭਾਗਾਂ ਕਰਕੇ ਹਰੀ ਨਾਮਾਂ ਨੂੰ ਹਿਰਦੇ ਵਿਚ ਧਾਰਿਆ ਤਾਂ ਸਾਰੇ ਪਾਪ ਨਾਸ ਹੋ ਗਏ ਅਤੇ ਸ਼ਾਂਤੀ ਆ ਗਈ॥ ੧॥

ਮਨਮੁਖੁ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ॥

ਜਿਸ ਤਰ੍ਹਾਂ ਕਸੁੰਭੇ ਦਾ ਰੰਗ ਕੱਚਾ ਹੁੰਦਾ ਹੈ, ਤਿਵੇਂ ਪਦਾਰਥਾਂ ਦਾ ਰੰਗੁ=ਅਨੰਦ ਕੱਚਾ ਹੈ ਪਰ ਮਨਮੁਖ ਪੁਰਸ਼ ਉਨ੍ਹਾਂ ਕੱਚੇ ਪਦਾਰਥਾਂ ਵਿਚ ਲੱਗ ਰਿਹਾ ਹੈ, ਜਿਵੇਂ ਕੁਸਮ=ਫੁੱਲ ਚਾਰ ਦਿਨ ਚਾਗਾ=ਚਾਂਗਰਾਂ ਮਾਰਦਾ ਹੈ, ਵਾ:- ਚਾਗਾ=ਚੰਗਾ ਰਹਿੰਦਾ ਹੈ,

ਤਿਵੇਂ ਪਦਾਰਥਾਂ ਦਾ ਅਨੰਦ ਵੀ ਕੋਈ ਕੁ ਦਿਨ ਰਹਿੰਦਾ ਹੈ।

ਖਿਨ ਮਹਿ ਬਿਨਸਿ ਜਾਇ ਪਰਤਾਪੈ ਡੰਡੁ ਧਰਮਰਾਇ ਕਾ ਲਾਗਾ॥ ੨॥

ਜਿਸ ਖਿਨ ਵਿਚ ਪਦਾਰਥ ਬਿਨਸ ਜਾਂਦੇ ਹਨ, ਤਿਸ ਵੇਲੇ ਮਨਮੁਖ ਪਸ਼ਚਾਤਾਪ ਕਰਦਾ ਹੈ, ਫਿਰ ਪ੍ਰਲੋਕ ਵਿਚ ਧਰਮਰਾਜੇ ਦਾ ਡੰਡਾ ਲੱਗਦਾ ਹੈ॥ ੨॥

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ॥

ਸਾਧ=ਸ੍ਰੇਸ਼ਟ ਸੰਤਾਂ ਦੀ ਸਤਸੰਗਤਿ ਨਾਲ ਜੇਹੜੀ ਪ੍ਰੀਤੀ ਕਰਨੀ ਹੈ ਇਹ ਅਤੀਅੰਤ ਗੂੜ੍ਹੀ ਹੈ, ਜਿਵੇਂ ਕੱਪੜੇ ਨੂੰ ਮਜੀਠਾ ਰੰਗ ਲੱਗਾ ਹੋਇਆ ਬੜਾ ਗੂੜ੍ਹਾ ਤੇ ਪੱਕਾ ਹੁੰਦਾ ਹੈ।

ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ॥ ੩॥

ਨਾਮ ਰਸੀਏ ਗੁਰਮੁਖਾਂ ਦੇ ਕਾਇਆਂ ਰੂਪ ਕੱਪੜੇ ਨੂੰ ਕੋਈ ਚੀਰ ਕੇ ਬਹੁਤਾ ਫਾਰੇ=ਪਾੜ ਵੀ ਦੇਵੇ, ਤੋ ਭੀ ਸਭਾਗਾ=ਸ੍ਰੇਸਟ ਭਾਗਾਂ ਵਾਲਿਆਂ ਦੇ ਅੰਦਰੋਂ ਹਰੀ ਨਾਮ ਦਾ ਪ੍ਰੇਮ ਨਹੀਂ ਲਹਿੰਦਾ॥ ੩॥

(ਭਾਈ ਮਤੀ ਦਾਸ ਜੀ ਵਾਂਙੂ, ਭਾਈ ਦਿਆਲੇ ਜੀ ਵਾਂਙੂ, ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ ਵਾਂਙੂ)

ਹਰਿ ਚਾਰਿਓ ਰੰਗੁ ਮਿਲੈ ਗੁਰੁ ਸੋਭਾ ਹਰਿ ਰੰਗਿ ਚਲੂਲੈ ਰਾਂਗਾ॥

ਜਿਨ੍ਹਾਂ ਗੁਰਾਂ ਦਾ ਆਪਣਾ ਮਨ ਹਰੀ ਨਾਮ ਰੂਪੀ ਚਲੂਲੈ=ਗਾਹੜੇ ਰੰਗ ਵਿਚ ਰੰਗਿਆ ਹੋਇਆ ਹੈ, ਇਸ ਤਰ੍ਹਾਂ ਦੇ ਸੋਭਾ ਵਾਲੇ ਗੁਰੂ ਜਦ ਮਿਲੇ, ਤਾਂ ਉਨ੍ਹਾਂ ਨੇ ਜਿਗਿਆਸੂ ਦੇ ਮਨ ਰੂਪ ਬਸਤ੍ਰ ਨੂੰ ਰੰਗ ਚਾਰਿਓ= ਚਾੜ੍ਹ ਦਿੱਤਾ।

ਜਨ ਨਾਨਕੁ ਤਿਨ ਕੇ ਚਰਨ ਪਖਾਰੈ ਜੋ ਹਰਿ ਚਰਨੀ ਜਨੁ ਲਾਗਾ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ— ਜੋ ਗੁਰਮੁਖ ਜਨ ਹਰੀ ਪ੍ਰਭੂ ਦੇ ਚਰਨਾਂ ਨਾਲ ਲੱਗਾ ਹੈ, ਮੈਂ ਜਨ ਉਨ੍ਹਾਂ

ਦੇ ਪਵਿੱਤ੍ਰ ਚਰਨਾਂ ਨੂੰ ਪਖਾਰੈ=ਧੋਂਦਾ ਹਾਂ॥ ੪॥ ੪॥

ਮਾਲੀ ਗਉੜਾ ਮਹਲਾ ੪॥

ਮੇਰੇ ਮਨ ਭਜੁ ਹਰਿ ਹਰਿ ਨਾਮੁ ਗੁਪਾਲਾ॥

ਹੇ ਮੇਰੇ ਮਨ=ਪਿਆਰੇ ! ਤੂੰ ਹਰਿ ਹਰਿ ਗੋਪਾਲ ਦੇ ਨਾਮ ਨੂੰ ਭਜਨਾ ਕਰ।

ਮੇਰਾ ਮਨੁ ਤਨੁ ਲੀਨੁ ਭਇਆ ਰਾਮ ਨਾਮੈ
ਮਤਿ ਗੁਰਮਤਿ ਰਾਮ ਰਸਾਲਾ॥ ੧॥ ਰਹਾਉ॥

ਮੇਰਾ ਮਨ ਤਨ ਰਾਮ ਦੇ ਨਾਮ ਵਿਚ ਲੀਣ=ਤਦਾਕਾਰ ਹੋ ਗਿਆ ਹੈ, ਗੁਰਾਂ ਦੀ ਸਿੱਖਿਆ ਦੁਆਰੇ ਮਤੀ ਵਿਚ ਰਸਾਲਾ ਰਾਮ=ਸੁੰਦਰ ਰਾਮ ਪਰਾਪਤ ਹੋਇਆ ਹੈ॥ ੧॥ ਰਹਾਉ॥

ਗੁਰਮਤਿ ਨਾਮੁ ਧਿਆਈਐ ਹਰਿ ਹਰਿ ਮਨਿ ਜਪੀਐ ਹਰਿ ਜਪਮਾਲਾ॥

ਗੁਰਾਂ ਦੀ ਸਿੱਖਿਆ ਦੁਆਰੇ ਹਰਿ ਹਰਿ ਨਾਮ ਨੂੰ ਧਿਆਉਣਾ ਕਰੋ ਅਤੇ ਮਨ ਰੂਪੀ ਮਾਲਾ ਲੈ ਕੇ ਹਰਿ ਨਾਮ ਜਪ ਨੂੰ ਜਪਣਾ ਕਰੋ।

ਜਿਨ੍ ਕੈ ਮਸਤਕਿ ਲੀਖਿਆ ਹਰਿ ਮਿਲਿਆ ਹਰਿ ਬਨਮਾਲਾ॥ ੧॥

ਜਿਨ੍ਹਾਂ ਦੇ ਮੱਥੇ ਉੱਪਰ ਚੰਗੇ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਉਨ੍ਹਾਂ ਨੂੰ ਬਨ+ਮਾਲਾ=ਸੰਸਾਰ ਬਨ ਦਾ ਮਾਲਕ ਹਰਿ ਹਰਿ ਪ੍ਰਭੂ ਆ ਕੇ ਮਿਲਿਆ ਹੈ॥ ੧॥

ਜਿਨ੍ ਹਰਿ ਨਾਮੁ ਧਿਆਇਆ ਤਿਨ੍ ਚੂਕੇ ਸਰਬ ਜੰਜਾਲਾ॥

ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ ਉਨ੍ਹਾਂ ਦੇ ਸਾਰੇ ਧੰਧੇ ਦੂਰ ਹੋ ਗਏ ਹਨ।

ਤਿਨ੍ ਜਮੁ ਨੇੜਿ ਨ ਆਵਈ ਗੁਰਿ ਰਾਖੇ ਹਰਿ ਰਖਵਾਲਾ॥ ੨॥

ਉਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ, ਜਿਨ੍ਹਾਂ ਦੇ ਗੁਰੂ ਰਾਖੇ ਹੋਏ ਹਨ, ਉਨ੍ਹਾਂ ਦਾ ਹਰੀ ਭੀ ਰਾਖਾ ਹੁੰਦਾ ਹੈ॥ ੨॥

ਹਮ ਬਾਰਿਕ ਕਿਛੁ ਨ ਜਾਣਹੁ ਹਰਿ ਮਾਤ ਪਿਤਾ ਪ੍ਰਤਿਪਾਲਾ॥

ਬਾਲਕ ਦੀ ਨਿਆਈਂ ਅਸੀਂ ਕੁਝ ਵੀ ਜਾਣਦੇ ਨਹੀਂ ਹਾਂ, ਮਾਂ ਪਿਉ ਵਾਂਗੂ ਹਰੀ ਨੇ ਅਸਾਨੂੰ ਪਾਲਿਆ ਹੈ।

ਕਰੁ ਮਾਇਆ ਅਗਨਿ ਨਿਤ ਮੇਲਤੇ ਗੁਰਿ ਰਾਖੇ ਦੀਨ ਦਇਆਲਾ॥ ੩॥

ਮਨ ਰੂਪੀ ਕਰੁ=ਹੱਥ ਨੂੰ ਮਾਇਆ ਰੂਪ ਅਗਨੀ ਵਿਚ ਹਮੇਸ਼ਾਂ ਮੇਲਦੇ ਸੀ, ਪਰ ਦੀਨ ਦਿਆਲ ਗੁਰਾਂ ਨੇ ਉਸ ਮਾਇਆ ਰੂਪ ਅੱਗ ਤੋਂ ਰੱਖ ਲਿਆ ਹੈ॥ ੩॥

ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ॥

ਪਾਪਾਂ ਕਰਕੇ ਬਹੁਤ ਮੈਲੇ ਸਾਂ, ਜਿਸ ਵੇਲੇ ਹਰੀ ਦੇ ਜਸ ਨੂੰ ਕਰਕੇ ਸਾਰਿਆਂ ਪਾਪਾਂ ਨੂੰ ਜਾਲਾ=ਸਾੜ ਦਿੱਤਾ ਤਾਂ ਅੰਤਹ ਕਰਨ ਨਿਰਮਲ=ਸ਼ੁੱਧ ਹੋ ਗਿਆ।

ਮਨਿ ਅਨਦੁ ਭਇਆ ਗੁਰੁ ਪਾਇਆ
ਜਨ ਨਾਨਕ ਸਬਦਿ ਨਿਹਾਲਾ॥ ੪॥ ੫॥

www.sikhbookclub.com

ਗੁਰੂ ਜੀ ਕਥਨ ਕਰਦੇ ਹਨ— ਜਾਂ ਗੁਰਾਂ ਦਾ ਦਰਸ਼ਨ ਪਾਇਆ ਤਾਂ ਮਨ ਵਿਚ ਅਨੰਦ ਹੋ ਗਿਆ ਅਤੇ ਮੈਂ ਜਨ ਗੁਰਾਂ ਦੇ ਉਪਦੇਸ਼ ਕਰਕੇ ਨਿਹਾਲ ਹੋ ਗਿਆ ਹਾਂ॥ ੪॥ ੫॥

[ਪੰਨਾ ੯੮੬]

ਮਾਲੀ ਗਉੜੀ ਮਹਲਾ ੪॥

ਮੇਰੇ ਮਨ ਹਰਿ ਭਜੁ ਸਭ ਕਿਲਬਿਖ ਕਾਟ॥

ਹੇ ਮੇਰੇ ਮਨ ! ਸਾਰਿਆਂ ਕਿਲਬਿਖ=ਪਾਪਾਂ ਦੇ ਕੱਟਣ ਵਾਲੇ ਹਰੀ ਨਾਮ ਨੂੰ ਉਚਾਰਨਾ ਕਰ।

ਅਥਵਾ:- ਹੇ ਮੇਰੇ ਪਿਆਰੇ ! ਹਰੀ ਨੂੰ ਭਜਨਾਂ ਕਰ, ਤਾਂ ਸਾਰੇ ਕਿਲਵਿਖ ਕੱਟੇ ਜਾਣਗੇ।

ਹਰਿ ਹਰਿ ਉਰ ਧਾਰਿਓ ਗੁਰਿ ਪੂਰੈ
ਮੇਰਾ ਸੀਸੁ ਕੀਜੈ ਗੁਰ ਵਾਟ॥ ੧॥ ਰਹਾਉ॥

ਜਿਨ੍ਹਾਂ ਪੂਰਿਆਂ ਗੁਰਾਂ ਨੇ ਹਰਿ ਹਰਿ ਨਾਮ ਨੂੰ ਹਿਰਦੇ ਵਿਚ ਧਾਰਿਆ ਹੈ, ਮੇਰਾ ਜੋ ਸਿਰ ਹੈ ਉਸ ਸਿਰ ਨੂੰ ਮੈਂ ਗੁਰਾਂ ਦੇ ਵਾਟ=ਰਾਹ ਉੱਪਰ ਰੱਖਦਾ ਹਾਂ ਜਿਸ 'ਤੇ ਗੁਰੂ ਉੱਪਰੋਂ ਲੰਘ ਜਾਣ ਤੇ ਮੇਰਾ ਸਿਰ ਸਫਲਾ ਹੋ ਜਾਵੇ।

ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ ਤਿਸੁ ਮਨੁ ਦੇਵਉ ਕਟਿ ਕਾਟ॥

ਮੇਰੇ ਹਰੀ ਪ੍ਰਭੂ ਦੀ ਜੇ ਕੋਈ ਮੈਨੂੰ ਗੱਲ ਬਾਤ ਸੁਣਾਵੇ ਮੈਂ ਉਸ ਨੂੰ ਆਪਣਾ ਤਨ ਮਨ ਕੱਟ ਕੱਟ ਕੇ ਦੇਂਦਾ ਹਾਂ।

ਹਰਿ ਸਾਜਨੁ ਮੇਲਿਓ ਗੁਰਿ ਪੂਰੈ ਗੁਰ ਬਚਨਿ ਬਿਕਾਨੋ ਹਟਿ ਹਾਟ॥ ੧॥

ਜਾਂ ਹਰੀ ਸੱਜਣ ਨੇ ਪੂਰਿਆਂ ਗੁਰਾਂ ਨਾਲ ਮੇਲਿਆ, ਤਾਂ ਗੁਰਾਂ ਦੇ ਬਚਨਿ=ਉਪਦੇਸ਼ ਦੀ ਪਰਾਪਤੀ ਵਾਸਤੇ ਸੰਸਾਰ ਵੱਲੋਂ ਹਟ ਕੇ ਸਤ ਸੰਗਤ ਰੂਪ ਹੱਟੀ 'ਤੇ ਵਿਕ ਗਿਆ॥ ੧॥

ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ॥

ਅਲਾਹਬਾਦ "ਪਰਾਗ ਰਾਜ" ਜਾ ਕੇ ਮਾਘ ਦੇ ਮਹੀਨੇ ਮਕਰ ਰਾਸ਼ੀ ਵਿਚ ਸੰਗਮ ਉੱਪਰ ਇਸ਼ਨਾਨ ਕਰਕੇ ਚਾਹੇ ਬਹੁਤ ਸਾਰਾ ਦਾਨ ਭੀ ਦੇਣਾ ਕੀਤਾ ਹੈ, ਚਾਹੇ ਸਰੀਰ ਨੂੰ ਅਧਵਾਟਿਓਂ ਕੱਟ ਦੇਣਾ ਕੀਤਾ ਹੈ। ਤੋਂ ਭੀ:-

ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵੈ ਬਹੁ ਕੰਚਨੁ ਦੀਜੈ ਕਟਿ ਕਾਟ॥ ੨॥

ਹਰੀ ਨਾਮ ਸਿਮਰਨ ਤੋਂ ਬਿਨਾਂ ਕੋਈ ਪੁਰਸ਼ ਮੁਕਤੀ ਨੂੰ ਨਹੀਂ ਪਾਂਵਦਾ, ਚਾਹੇ ਮੰਤ੍ਰਾਂ ਦੀ ਸ਼ਕਤੀ ਨਾਲ ਸੋਨੇ ਦੀ ਮੂਰਤੀ ਬਣਾ ਕੇ ਉਸ ਨਾਲੋਂ ਬਹੁਤ ਸਾਰਾ ਸੋਨਾ ਕੱਟ ਕੱਟ ਕੇ ਦਾਨ ਕਰਦਾ ਰਵ੍ਹੇ।

ਇੱਕ ਸਿਰ ਨਾ ਕੱਟੇ, ਬਾਕੀ ਦੇ ਜਿਤਨੇ ਅੰਗ ਕੱਟ ਕੇ ਸੋਨਾ ਦਾਨ ਕਰੇਗਾ ਰਾਤ ਨੂੰ ਉਹ ਅੰਗ ਫਿਰ ਸੋਨੇ ਦੇ ਬਣ ਜਾਂਦੇ ਹਨ। ਉਸ ਨੂੰ ਪੌਰਸ਼ ਦਾਨ ਭੀ ਕਹਿੰਦੇ ਹਨ॥ ੨॥

ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ ਕਪਟ ਕਪਾਟ॥

ਗੁਰ+ਮਤਿ=ਗੁਰਾਂ ਦੀ ਸਿੱਖਿਆ ਦੁਆਰੇ ਕੀ+ਰਤਿ=ਪ੍ਰੀਤੀ ਕਰਕੇ ਹਰੀ ਜਸ ਨੂੰ ਗਾਇਆ ਤਾਂ ਮਨ ਦੇ

ਕਪਟ ਰੂਪੀ ਕਪਾਟ=ਤਖ਼ਤੇ, ਉਘਰੇ=ਖੁਲ੍ਹ ਗਏ।

ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ॥ ੩ ॥

ਧਿਆਤਾ ਧਿਆਨ ਧੇਅ, ਪ੍ਰਮਾਤਾ ਪ੍ਰਮਾਨ ਪ੍ਰਮੇਜ, ਰੂਪ ਤ੍ਰਿਕੁਟੀ ਨੂੰ ਫੋੜਿਆ, ਤਾਂ ਪੰਜ ਪ੍ਰਕਾਰ ਦਾ ਭਰਮ ਤੇ ਜਮਾਂ ਦਾ ਡਰ ਭਾਗਾ=ਦੌੜ ਗਿਆ ਲੋਕਕ ਲੱਜਿਆ ਰੂਪੀ ਮਟਕੀ ਨੂੰ ਮਟਕ ਦੇ ਕੇ ਅਰਥਾਤ ਜਲਦੀ ਨਾਲ ਭੰਨ ਦਿੱਤਾ॥ ੩॥

ਕਲਜੁਗਿ ਗੁਰੁ ਪੂਰਾ ਤਿਨ ਪਾਇਆ ਜਿਨ ਧੁਰਿ ਮਸਤਕਿ ਲਿਖੇ ਲਿਲਾਟ॥

ਕਲਜੁਗ ਵਿਚ ਪੂਰਾ ਗੁਰੂ ਉਸ ਨੇ ਪਾਇਆ ਹੈ, ਜਿਸ ਦੇ ਲਿਲਾਟ=ਮੱਥੇ ਉੱਪਰ ਧੁਰੋਂ ਮਸਤਕਿ=ਸ਼੍ਰੋਮਣੀ ਲੇਖ ਲਿਖਿਆ ਹੋਇਆ ਹੈ।

ਜਨ ਨਾਨਕ ਰਸੁ ਅੰਮ੍ਰਿਤੁ ਪੀਆ
ਸਭ ਲਾਥੀ ਭੂਖ ਤਿਖਾਟ॥ ੪ ॥ ੬ ॥ ਛਕਾ ੧ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਮਨੁੱਖ ਨੇ ਨਾਮ ਅੰਮ੍ਰਿਤ ਰਸ ਪੀਤਾ ਹੈ, ਤਿਸ ਦੀ ਸਾਰੀ ਭੁੱਖ ਤੇ ਤਿਖਾਟ=ਤ੍ਰੇਹ ਲਹਿ ਗਈ ਹੈ॥ ੪॥ ੬॥ ਛੱਕਾ ੧॥

ਮਾਲੀ ਗਉੜਾ ਮਹਲਾ ੫ ॥

ੴ ਸਤਿਗੁਰ ਪ੍ਰਸਾਦਿ॥ ਰੇ ਮਨ ਟਹਲ ਹਰਿ ਸੁਖ ਸਾਰ॥

ਹੇ ਮਨ ! ਹਰੀ ਦੀ ਟਹਲ ਸਾਰਿਆਂ ਸੁਖਾਂ ਦੇ ਦੇਣ ਵਾਲੀ ਹੈ, *ਅਥਵਾ:-* ਹੇ ਮਨ ! ਤੂੰ ਹਰੀ ਦੀ ਸੇਵਾ ਟਹਲ ਕਰ ਇਹ ਸਾਰ=ਸ੍ਰੇਸ਼ਟ ਸੁਖਾਂ ਦੇ ਦੇਣ ਵਾਲੀ ਹੈ।

ਅਵਰ ਟਹਲਾ ਝੂਠੀਆ ਨਿਤ ਕਰੈ ਜਮੁ ਸਿਰਿ ਮਾਰ॥ ੧ ॥ ਰਹਾਉ॥

ਹੋਰ ਟਹਲਾਂ ਸਾਰੀਆਂ ਝੂਠੀਆਂ ਹਨ, ਉਨ੍ਹਾਂ ਦੁਨਿਆਵੀ ਟਹਲਾਂ ਦੇ ਕਰਨ ਨਾਲ ਨਿਤਾਪ੍ਰਤੀ ਜਮ ਸਿਰ 'ਤੇ ਡੰਡਿਆਂ ਦੀ ਮਾਰ ਕਰਦਾ ਹੈ॥ ੧॥ ਰਹਾਉ॥

ਜਿਨਾ ਮਸਤਕਿ ਲੀਖਿਆ ਤੇ ਮਿਲੇ ਸੰਗਾਰ॥

ਜਿਨ੍ਹਾਂ ਦੇ ਮੱਥੇ ਉੱਪਰ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਉਹ ਪੁਰਸ਼ ਸੰਤਾਂ ਦੇ ਸੰਗਾਰ=ਨਾਲ ਮਿਲੇ ਹਨ।

ਸੰਸਾਰੁ ਭਉਜਲੁ ਤਾਰਿਆ ਹਰਿ ਸੰਤ ਪੁਰਖ ਅਪਾਰ॥ ੧ ॥

ਸੰਤ=ਸ਼ਾਂਤ ਆਤਮਾ ਅਪਾਰ ਗੁਣਾਂ ਵਾਲੇ ਹਰੀ ਪੁਰਖ ਨੇ ਉਨਾਂ ਗੁਰਮੁਖਾਂ ਨੂੰ ਸੰਸਾਰ ਸਮੁੰਦਰ ਤੋਂ ਤਾਰ ਦਿੱਤਾ ਹੈ।

ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ॥

ਲੋਭ, ਮੋਹ ਆਦਿਕ ਵਿਕਾਰਾਂ ਨੂੰ ਤਿਆਗ ਕੇ ਨਿਤਾਪ੍ਰਤੀ ਸੰਤਾਂ ਦੇ ਚਰਨ ਸੇਵਨਾ ਕਰੋ। ਅਤੇ-

ਸਭ ਤਜਹੁ ਦੂਜੀ ਆਸੜੀ ਰਖੁ ਆਸ ਇਕ ਨਿਰੰਕਾਰ॥ ੨ ॥

www.sikhbookclub.com

ਵਾਹਿਗੁਰੂ ਤੋਂ ਬਿਨਾਂ ਹੋਰ ਸਾਰੀ ਦੂਜੀ ਆਸਾ ਤਿਆਗ ਦਿਓ, ਇੱਕ ਨਿਰੰਕਾਰ ਪ੍ਰਭੂ ਦੀ ਆਸਾ ਰੱਖਣਾ ਕਰੋ॥ ੨॥

ਇਕਿ ਭਰਮਿ ਭੂਲੇ ਸਾਕਤਾ ਬਿਨੁ ਗੁਰ ਅੰਧ ਅੰਧਾਰ॥

ਇੱਕ ਸਾਕਤ ਪੁਰਸ਼ ਭਰਮ ਵਿਚ ਭੁੱਲੇ ਫਿਰਦੇ ਹਨ, ਗੁਰਾਂ ਨਾਲ ਮਿਲੇ ਬਿਨਾਂ ਅਗਿਆਨ ਰੂਪ ਅੰਧਾਰ=ਅੰਨ੍ਹੇਰੇ ਕਰਕੇ ਅੰਨ੍ਹੇ ਹਨ।

ਧੁਰਿ ਹੋਵਨਾ ਸੁ ਹੋਇਆ ਕੋ ਨ ਮੇਟਣਹਾਰ॥ ੩॥

ਇਸ ਉਮਰਾ ਵਿਚ ਜੋ ਕੁਝ ਹੋਣਾ ਹੈ ਉਹ ਧੁਰ ਤੋਂ ਮਨਜ਼ੂਰ ਹੋਇਆ ਹੈ, ਅਰਥਾਤ ਮੱਥੇ ਉੱਪਰ ਲਿਖਿਆ ਹੋਇਆ ਹੈ, ਫਲ ਭੋਗੇ ਤੋਂ ਬਿਨਾਂ ਉਸ ਨੂੰ ਕੋਈ ਮੇਟਨ ਵਾਲਾ ਨਹੀਂ॥ ੩॥

ਅਗਮ ਰੂਪੁ ਗੋਬਿੰਦ ਕਾ ਅਨਿਕ ਨਾਮ ਅਪਾਰ॥

ਜਿਸ ਗੋਵਿੰਦ ਦਾ ਸਰੂਪ ਅਗਮ=ਮਨ ਦੀ ਪਹੁੰਚ ਤੋਂ ਪਰੇ ਹੈ, ਉਸ ਅਨਿਕ=ਬਿਅੰਤ ਰੂਪ ਪਰਮਾਤਮਾ ਦੇ ਨਾਮ ਭੀ ਅਪਾਰ=ਬਿਅੰਤ ਹਨ।

ਧਨੁ ਧੰਨੁ ਤੇ ਜਨ ਨਾਨਕਾ ਜਿਨ ਹਰਿ ਨਾਮਾ ਉਰਿ ਧਾਰ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਹਰੀ ਨਾਮਾਂ ਨੂੰ ਹਿਰਦੇ ਵਿਚ ਧਾਰਿਆ ਹੈ ਉਹ ਗੁਰਮੁਖ ਜਨ ਧੰਨਤਾ ਦੇ ਜੋਗ ਹਨ॥ ੪॥ ੧॥

ਮਾਲੀ ਗਉੜਾ ਮਹਲਾ ੫॥

ਰਾਮ ਨਾਮ ਕਉ ਨਮਸਕਾਰ॥ ਜਾਸੁ ਜਪਤ ਹੋਵਤ ਉਧਾਰ॥ ੧॥ ਰਹਾਉ॥

ਜਿਸ ਦਾ ਨਾਮ ਰਾਮ ਹੈ ਉਸ ਨੂੰ ਨਮਸ਼ਕਾਰ ਕਰ। ਜਿਸ ਦੇ ਨਾਮ ਜਪਣ ਕਰਕੇ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੧॥ ਰਹਾਉ॥

ਜਾ ਕੈ ਸਿਮਰਨਿ ਮਿਟਹਿ ਧੰਧ॥ ਜਾ ਕੈ ਸਿਮਰਨਿ ਛੂਟਹਿ ਬੰਧ॥

ਜਿਸ ਪ੍ਰਭੂ ਦੇ ਸਿਮਰਨ ਕਰਕੇ ਧੰਧੇ ਮਿਟ ਜਾਂਦੇ ਹਨ। ਜਿਸ ਦੇ ਸਿਮਰਨ ਕਰਕੇ ਦੁਨਿਆਵੀ ਬੰਧਨ ਛੁਟ ਜਾਂਦੇ ਹਨ।

ਜਾ ਕੈ ਸਿਮਰਨਿ ਮੂਰਖ ਚਤੁਰ॥ ਜਾ ਕੈ ਸਿਮਰਨਿ ਕੁਲਹ ਉਧਰ॥ ੧॥

ਜਿਸ ਦੇ ਸਿਮਰਨ ਕਰਕੇ ਮੂਰਖ ਚਤੁਰ ਹੋ ਜਾਂਦਾ ਹੈ। ਜਿਸ ਦੇ ਸਿਰਮਨ ਕਰਕੇ ਕਈ ਕੁਲਾਂ ਤਰ ਜਾਂਦੀਆਂ ਹਨ॥ ੧॥

ਜਾ ਕੈ ਸਿਮਰਨਿ ਭਉ ਦੁਖ ਹਰੈ॥ ਜਾ ਕੈ ਸਿਮਰਨਿ ਅਪਦਾ ਟਰੈ॥

ਜਿਸ ਦੇ ਸਿਮਰਨ ਕਰਕੇ ਜਮਾਂ ਦਾ ਭਉ=ਡਰ ਤੇ ਜਨਮ ਮਰਨ ਦੇ ਦੁੱਖ ਹਰੈ=ਦੂਰ ਹੋ ਜਾਂਦੇ ਹਨ। ਜਿਸ ਦੇ ਸਿਮਰਨ ਕਰਕੇ ਬਿਪਤਾ ਟਲ ਜਾਂਦੀ ਹੈ।

ਜਾ ਕੈ ਸਿਮਰਨਿ ਮੁਚਤ ਪਾਪ॥ ਜਾ ਕੈ ਸਿਮਰਨਿ ਨਹੀ ਸੰਤਾਪ॥ ੨॥

ਜਿਸ ਦੇ ਸਿਮਰਨ ਕਰਕੇ ਸਾਰੇ ਪਾਪ ਮੁਚਤ=ਨਾਸ ਹੁੰਦੇ ਹਨ। ਜਿਸ ਦੇ ਸਿਮਰਨ ਕਰਕੇ ਕੋਈ ਸੰਤਾਪ=ਦੁੱਖ ਨਹੀਂ ਹੁੰਦਾ॥ ੨॥

ਜਾ ਕੈ ਸਿਮਰਨਿ ਰਿਦ ਬਿਗਾਸ॥ ਜਾ ਕੈ ਸਿਮਰਨਿ ਕਵਲਾ ਦਾਸਿ॥

ਜਿਸ ਦੇ ਸਿਮਰਨ ਕਰਕੇ ਹਿਰਦਾ ਕੌਲ ਖਿੜ ਜਾਂਦਾ ਹੈ, *ਅਥਵਾ:-* ਹਿਰਦੇ ਵਿਚ ਬਿਗਾਸ=ਗਿਆਨ ਹੁੰਦਾ ਹੈ। ਜਿਸ ਦੇ ਸਿਮਰਨ ਕਰਕੇ ਕਵਲਾ=ਲਛਿਮੀ ਦਾਸੀ ਹੋ ਜਾਂਦੀ ਹੈ।

ਜਾ ਕੈ ਸਿਮਰਨਿ ਨਿਧਿ ਨਿਧਾਨ॥ ਜਾ ਕੈ ਸਿਮਰਨਿ ਤਰੇ ਨਿਦਾਨ॥ ੩॥

ਜਿਸ ਦੇ ਸਿਮਰਨ ਕਰਕੇ ਨਿਧਿ=ਨਿਧਿਆਂ ਤੇ ਨਿਧਾਨ=ਖਜ਼ਾਨੇ ਪਰਾਪਤ ਹੁੰਦੇ ਹਨ। ਜਿਸ ਦੇ ਸਿਮਰਨ ਕਰਕੇ ਨਿਦਾਨ=ਮੂਰਖਾਂ ਦਾ ਨਿਦਾਨ=ਅੰਤ ਨੂੰ ਤਰਨਾ ਹੁੰਦਾ ਹੈ॥ ੩॥

ਪਤਿਤ ਪਾਵਨੁ ਨਾਮੁ ਹਰੀ॥ ਕੋਟਿ ਭਗਤ ਉਧਾਰੁ ਕਰੀ॥

ਹਰੀ ਦਾ ਨਾਮ ਪਤਿਤ=ਪਾਪੀਆਂ ਨੂੰ ਪਾਵਨੁ=ਪਵਿੱਤ੍ਰ ਕਰਨ ਵਾਲਾ ਹੈ। ਨਾਮ ਨੇ ਕ੍ਰੋੜਾਂ ਭਗਤ ਉਧਾਰੁ ਕਰੀ=ਤਾਰਨਾ ਕੀਤੇ ਹਨ। *ਅਥਵਾ:-* ਕਰੀ=ਹਾਥੀ ਆਦਿਕ ਤਾਰਨਾ ਕੀਤੇ ਹਨ।

ਹਰਿ ਦਾਸ ਦਾਸਾ ਦੀਨੁ ਸਰਨ॥ ਨਾਨਕ ਮਾਥਾ ਸੰਤ ਚਰਨ॥ ੪॥ ੨॥

ਦੀਨੁ ਸਰਨ=ਗ਼ਰੀਬਾਂ ਦਾ ਆਸਰਾ ਜੋ ਹਰੀ ਹੈ ਉਸ ਦੇ ਦਾਸਾਂ ਦਾ ਦਾਸ ਹੋ। ਗੁਰੂ ਜੀ ਕਥਨ ਕਰਦੇ ਹਨ— ਸੰਤਾਂ ਦੇ ਪਵਿੱਤ੍ਰ ਚਰਨਾਂ ਉੱਪਰ ਆਪਣਾ ਮਾਥਾ=ਸਿਰ ਰੱਖਣਾ ਕਰ॥ ੪॥ ੨॥

ਪ੍ਰਸ਼ਨ:- ਪਰਮੇਸ਼ਰ ਦਾ ਨਾਮ ਕਿਵੇਂ ਸਹਾਇਤਾ ਕਰਦਾ ਹੈ? *ਗੁਰ ਉੱਤਰ-*

ਮਾਲੀ ਗਉੜਾ ਮਹਲਾ ੫॥

ਐਸੋ ਸਹਾਈ ਹਰਿ ਕੋ ਨਾਮ॥ ਸਾਧਸੰਗਤਿ ਭਜੁ ਪੂਰਨ ਕਾਮ॥ ੧॥ ਰਹਾਉ॥

ਹਰੀ ਦਾ ਨਾਮ ਮਨੁੱਖ ਦੀ ਇਸ ਤਰ੍ਹਾਂ ਸਹਾਇਤਾ ਕਰਦਾ ਹੈ। ਸਤ ਸੰਗਤ ਵਿਚ ਨਾਮ ਦੇ ਭਜਨੇ ਕਰਕੇ ਸਾਰੇ ਕੰਮ ਪੂਰਨ ਹੋ ਜਾਂਦੇ ਹਨ॥ ੧॥ ਰਹਾਉ॥

ਨਾਮ ਕਿਵੇਂ ਸਹਾਇਤਾ ਕਰਦਾ ਹੈ? ਇਸ ਉੱਪਰ ਬਾਰ੍ਹਾਂ ਦ੍ਰਿਸ਼ਟਾਂਤ ਦੇਂਦੇ ਹਨ:-

ਬੂਡਤ ਕਉ ਜੈਸੇ ਬੇੜੀ ਮਿਲਤ॥ ਬੂਝਤ ਦੀਪਕ ਮਿਲਤ ਤਿਲਤ॥

ਦਰਿਆ ਵਿਚ ਡੁੱਬਦੇ ਜਾਂਦੇ ਨੂੰ ਜਿਵੇਂ ਬੇੜੀ ਮਿਲ ਜਾਵੇ ਤੇ ਉਹ ਅਨੰਦ ਹੁੰਦਾ ਹੈ। ਦੀਵੇ ਦੇ ਬੁਝਦਿਆਂ ਹੋਇਆਂ ਤਿਲਤ=ਤੇਲ ਮਿਲ ਜਾਵੇ, ਤਾਂ ਉਹ ਬਹੁਤ ਪ੍ਰਕਾਸ਼ ਕਰਦਾ ਹੈ।

[ਪੰਨਾ ੯੮੭]

ਜਲਤ ਅਗਨੀ ਮਿਲਤ ਨੀਰ॥ ਜੈਸੇ ਬਾਰਿਕ ਮੁਖਹਿ ਖੀਰ॥ ੧॥

ਜਿਵੇਂ ਅਗਨੀ ਨਾਲ ਜਲਤ=ਸੜਦਿਆਂ ਹੋਇਆ ਨੀਰ=ਪਾਣੀ ਮਿਲ ਜਾਵੇ ਤਾਂ ਅਨੰਦ ਹੁੰਦਾ ਹੈ, ਤਿਵੇਂ ਤ੍ਰਿਸ਼ਨਾ ਰੂਪ ਅਗਨੀ ਨਾਲ ਸੜਦਿਆਂ ਨੂੰ ਨਾਮ ਰੂਪ ਜਲ ਮਿਲ ਜਾਵੇ ਤਾਂ ਖੁਸ਼ ਹੁੰਦਾ ਹੈ।

ਜਿਵੇਂ ਬੱਚੇ ਦੇ ਮੂੰਹ ਵਿਚ ਖੀਰ=ਦੁੱਧ ਮਿਲ ਜਾਵੇ ਤਾਂ ਉਹ ਖੁਸ਼ ਹੁੰਦਾ ਹੈ॥ ੧॥

ਜੈਸੇ ਰਣ ਮਹਿ ਸਖਾ ਭ੍ਰਾਤ ॥ ਜੈਸੇ ਭੂਖੇ ਭੋਜਨ ਮਾਤ ॥

ਜਿਵੇਂ ਰਣ ਭੂਮਿਕਾ ਵਿਚ ਭਰਾ ਸਖਾ=ਸਹਾਇਤਾ ਕਰਦਾ ਹੈ। ਜਿਵੇਂ ਭੁੱਖੇ ਪੁਰਸ਼ ਨੂੰ ਭੋਜਨ ਮਿਲ ਜਾਵੇ ਤਾਂ ਉਸ ਦੀ ਭੁੱਖ ਮਾਤ=ਮੱਧਿਮ ਪੈ ਜਾਂਦੀ ਹੈ।

ਜੈਸੇ ਕਿਰਖਹਿ ਬਰਸ ਮੇਘ ॥ ਜੈਸੇ ਪਾਲਨ ਸਰਨਿ ਸੇਂਘ ॥ ੨ ॥

ਜਿਵੇਂ ਮੇਘਾਂ ਦੇ ਵਰਖਣੇ ਕਰਕੇ ਕਿਰਖਹਿ=ਖੇਤੀਆਂ ਨੂੰ ਅਨੰਦ ਹੁੰਦਾ ਹੈ ਭਾਵ ਖੇਤੀਆਂ ਹਰੀਆਂ ਭਰੀਆ ਹੁੰਦੀਆਂ ਹਨ। ਜਿਵੇਂ ਸੇਂਘ=ਸ਼ੇਰ ਦੀ ਸ਼ਰਨ ਵਿਚ ਪੈਣ ਨਾਲ ਸ਼ੇਰ ਉਸ ਦੀ ਸਹਾਇਤਾ ਕਰਦਾ ਹੈ॥ ੨ ॥

ਗਰੁੜ ਮੁਖਿ ਨਹੀ ਸਰਪ ਤ੍ਰਾਸ ॥ ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥

ਜਿਵੇਂ ਮੂੰਹ ਵਿਚ ਗਾਰੜੂ ਮੰਤ੍ਰ ਹੋਵੇ ਤਾਂ ਸੱਪਾਂ ਦਾ ਡਰ ਨਹੀਂ ਹੁੰਦਾ, ਤਿਵੇਂ ਮੂੰਹ ਵਿਚ ਨਾਮ ਰੂਪ ਗਾਰੜੂ ਮੰਤ੍ਰ ਹੋਵੇ ਤਾਂ ਕਾਮ ਆਦਿਕ ਸੱਪਾਂ ਦਾ ਡਰ ਨਹੀਂ ਹੁੰਦਾ। ਜਿਵੇਂ ਸੂਆ=ਤੋਤਾ ਪਿੰਜਰੇ ਵਿਚ ਹੋਵੇ ਤਾਂ ਉਸ ਨੂੰ ਬਿਲਾਸੁ=ਬਿੱਲਾ ਨਹੀਂ ਖਾ ਸਕਦਾ।

ਤਿਵੇਂ ਸਤਸੰਗ ਰੂਪ ਪਿੰਜਰੇ ਵਿਚ ਬੈਠਣ ਵਾਲੇ ਜੀਵ ਰੂਪ ਤੋਤੇ ਨੂੰ ਜਮ ਰੂਪ ਬਿੱਲਾ ਨਹੀਂ ਖਾ ਸਕਦਾ।

ਯਥਾ:- ਤੂੰ ਪਿੰਜਰੁ ਹਉ ਸੂਅਟਾ ਤੋਰ ॥ ਜਮੁ ਮੰਜਾਰੁ ਕਹਾ ਕਰੈ ਮੋਰ ॥ *(ਕਬੀਰ ਜੀ ਪੰਨਾ ੩੨੩)*

ਜੈਸੋ ਆਂਡੋ ਹਿਰਦੇ ਮਾਹਿ ॥ ਜੈਸੋ ਦਾਨੋ ਚਕੀ ਦਰਾਹਿ ॥ ੩ ॥

ਜਿਵੇਂ ਕੂੰਜ ਦੇ ਹਿਰਦੇ ਵਿਚ ਆਂਡੋ=ਬੱਚੇ ਯਾਦ ਰਹਿੰਦੇ ਹਨ, ਜੇਹੜੇ ਬੱਚੇ ਯਾਦ ਰਹਿੰਦੇ ਹਨ ਉਹ ਮਰਦੇ ਨਹੀਂ ਹਨ, ਅਰਥਾਤ ਕੂੰਜ ਦਾ ਸਿਮਰਨ ਹੀ ਬੱਚਿਆਂ ਦੀ ਸਹਾਇਤਾ ਕਰਦਾ ਹੈ। ਜਿਵੇਂ ਚੱਕੀ ਦੇ ਦਰਾਹਿ=ਦਰਮਿਆਨ ਕਿੱਲੀ ਨਾਲ ਜੋ ਦਾਣੇ ਲੱਗੇ ਰਹਿੰਦੇ ਹਨ, ਉਨ੍ਹਾਂ ਦਾਣਿਆਂ ਦੀ ਉਹ ਕਿੱਲੀ ਸਹਾਇਤਾ ਕਰਦੀ ਹੈ। ਤਿਵੇਂ ਜੋ ਜੀਵਾਂ ਰੂਪ ਦਾਣੇ ਸਤ ਸੰਗਤ ਰੂਪੀ ਕਿੱਲੀ ਦੇ ਨਾਲ ਰਹਿੰਦੇ ਹਨ, ਉਹ ਬਚੇ ਰਹਿੰਦੇ ਹਨ॥ ੩ ॥

ਯਥਾ:- ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ *(ਮਾਝ ਦੀ ਵਾਰ, ਪੰਨਾ ੧੪੨)*

ਏਸੇ ਤਰ੍ਹਾਂ ਪ੍ਰਭੂ ਦਾ ਨਾਮ ਹਰ ਵੇਲੇ ਜੀਵ ਦੀ ਸਹਾਇਤਾ ਕਰਦਾ ਹੈ।

ਬਹੁਤੁ ਓਪਮਾ ਥੋਰ ਕਹੀ ॥ ਹਰਿ ਅਗਮ ਅਗਮ ਅਗਾਧਿ ਤੁਹੀ ॥

ਨਾਮ ਦੀ ਉਪਮਾ ਤਾਂ ਬਹੁਤ ਹੈ, ਪਰ ਮੈਂ ਥੋੜ੍ਹੇ ਦ੍ਰਿਸ਼ਟਾਂਤਾਂ ਦੁਆਰੇ ਕਹੀ ਹੈ। ਹੇ ਹਰੀ ! ਤੂੰ ਪਿੱਛੇ ਅਗਮ ਸੀ, ਹੁਣ ਭੀ ਅਗਮ ਹੈ, ਅੱਗੇ ਵੀ ਤੂੰ ਅਗਾਧ ਹੋਵੇਂਗਾ ਆਪ ਜੀ ਦਾ ਅੰਤ ਕਿਸੀ ਨੇ ਨਹੀਂ ਪਾਇਆ।

ਊਚ ਮੂਚੌ ਬਹੁ ਅਪਾਰ ॥ ਸਿਮਰਤ ਨਾਨਕ ਤਰੇ ਸਾਰ ॥ ੪ ॥ ੩ ॥

ਆਪ ਉੱਚਿਆਂ ਤੋਂ ਉੱਚੇ ਹੋ, ਬਹੁਤ ਹੀ ਅਪਾਰ ਗੁਣਾਂ ਵਾਲੇ ਹੋ।

ਅਥਵਾ- ਉੱਚੇ ਜੋ ਬ੍ਰਹਮਾ ਆਦਿਕ ਹਨ ਉਨ੍ਹਾਂ ਕਰਕੇ ਆਪ ਅਪਾਰ=ਪਾਰਾਵਾਰ ਤੋਂ ਰਹਿਤ ਹੋ ਤੇ ਬਹੁ ਮੂਚੌ=ਬੜੇ ਵਿਸਤਾਰ ਵਾਲੇ ਹੋ। ਗੁਰੂ ਜੀ ਕਥਨ ਕਰਦੇ ਹਨ—ਆਪ ਜੀ ਦੇ ਸਾਰ=ਸਿਧਾਂਤ ਰੂਪ ਨਾਮ ਨੂੰ

ਸਿਮਰ ਕੇ ਗੁਰਮੁਖ ਜਨ ਸੰਸਾਰ ਤੋਂ ਤਰ ਗਏ ਹਨ॥ ੪॥ ੩॥

ਇਸ ਸ਼ਬਦ ਦੁਆਰਾ ਪੰਚਮ ਪਿਤਾ ਜੀ ਆਪਣੇ ਮਨ ਦੀ ਅਵਸਥਾ ਦੱਸਦੇ ਹੋਇ ਪਰਮੇਸ਼ਰ ਅੱਗੇ ਬੇਨਤੀ ਕਰਦੇ ਹਨ: —

ਮਾਲੀ ਗਉੜਾ ਮਹਲਾ ੫ ॥
ਇਹੀ ਹਮਾਰੈ ਸਫਲ ਕਾਜ ॥
ਅਪੁਨੇ ਦਾਸ ਕਉ ਲੇਹੁ ਨਿਵਾਜਿ ॥ ੧ ॥ ਰਹਾਉ ॥

ਹੇ ਪ੍ਰਭੂ ! ਅਸਾਡੇ ਇਹ ਕੰਮ ਸਫਲ ਕਰ। ਆਪਣੇ ਦਾਸ ਨੂੰ ਨਿਵਾਜਿ=ਵਡਿਆ ਲੇਵੋ॥ ੧ ॥

ਚਰਨ ਸੰਤਹ ਮਾਥ ਮੋਰ ॥ ਨੈਨਿ ਦਰਸੁ ਪੇਖਉ ਨਿਸਿ ਭੋਰ ॥

ਸੰਤਾਂ ਦੇ ਪਵਿੱਤ੍ਰ ਚਰਨਾਂ ਉੱਪਰ ਮੇਰਾ ਮੱਥਾ ਹੋਵੇ। ਪੁਨਾ ਨਿਸਿ ਭੋਰ=ਰਾਤ ਦਿਨ ਮੈਂ ਨੇਤ੍ਰਾਂ ਨਾਲ ਸੰਤਾਂ ਦਾ ਦਰਸ਼ਨ ਵੇਖਦਾ ਰਹਾਂ।

ਹਸਤ ਹਮਰੇ ਸੰਤ ਟਹਲ ॥ ਪ੍ਰਾਨ ਮਨੁ ਧਨੁ ਸੰਤ ਬਹਲ ॥ ੧ ॥

ਅਸਾਡੇ ਹਸਤ=ਹੱਥ ਸੰਤਾਂ ਦੀ ਸੇਵਾ ਟਹਲ ਕਰਦੇ ਰਹਿਣ। ਪ੍ਰਾਨ, ਮਨ, ਧਨ ਆਦਿਕ ਸਭ ਕੁਝ ਬਹਲ=ਬਹੁਲਤਾ ਕਰਕੇ ਸੰਤਾਂ ਨੂੰ ਅਰਪਨ ਕਰ ਦੇਈਏ।

ਅਥਵਾ:- ਪ੍ਰਾਨ ਤੇ ਧਨ ਅਰਪਨ ਕਰਕੇ ਮਨੁ=ਤਨ ਨੂੰ ਸੰਤਾਂ ਦੇ ਚਰ੍ਹਨ ਵਾਸਤੇ ਬਹਲ=ਗੱਡੀ ਬਣਾਵਾਂ।

ਸੰਤਸੰਗਿ ਮੇਰੇ ਮਨ ਕੀ ਪ੍ਰੀਤਿ ॥ ਸੰਤ ਗੁਨ ਬਸਹਿ ਮੇਰੈ ਚੀਤਿ ॥

ਸੰਤਾਂ ਦੇ ਨਾਲ ਮੇਰੇ ਮਨ ਦੀ ਪ੍ਰੀਤੀ ਲੱਗੀ ਰਵ੍ਹੇ। ਤੇ ਸੰਤਾਂ ਵਾਲੇ ਗੁਣ ਮੇਰੇ ਚਿੱਤ ਵਿਚ ਵਸਦੇ ਰਹਿਣ।

ਸੰਤ ਆਗਿਆ ਮਨਹਿ ਮੀਠ ॥ ਮੇਰਾ ਕਮਲੁ ਬਿਗਸੈ ਸੰਤ ਡੀਠ ॥ ੨ ॥

ਸੰਤਾਂ ਦੀ ਆਗਿਆ ਮੇਰੇ ਮਨ ਵਿਚ ਮਿੱਠੀ ਅਰਥਾਤ ਪਿਆਰੀ ਲੱਗੇ। ਤੇ ਸੰਤਾਂ ਦੇ ਦਰਸ਼ਨ ਨੂੰ ਵੇਖ ਕੇ ਮੇਰਾ ਹਿਰਦਾ ਕਵਲ ਬਿਗਸੈ=ਖਿੜ ਜਾਵੇ॥ ੨ ॥

ਸੰਤਸੰਗਿ ਮੇਰਾ ਹੋਇ ਨਿਵਾਸੁ ॥ ਸੰਤਨ ਕੀ ਮੋਹਿ ਬਹੁਤੁ ਪਿਆਸ ॥

ਹੇ ਪ੍ਰਭੂ ! ਇਹ ਕਿਰਪਾ ਕਰ ਸੰਤਾਂ ਦੇ ਸਤਸੰਗ ਵਿਚ ਮੇਰਾ ਨਿਵਾਸ ਹੋਵੇ। ਸੰਤਾਂ ਦੇ ਦਰਸ਼ਨਾਂ ਦੀ ਮੈਨੂੰ ਬਹੁਤ ਤ੍ਰੇਹ ਲੱਗ ਰਹੀ ਹੈ।

ਸੰਤ ਬਚਨ ਮੇਰੇ ਮਨਹਿ ਮੰਤ ॥ ਸੰਤ ਪ੍ਰਸਾਦਿ ਮੇਰੇ ਬਿਖੈ ਹੰਤ ॥ ੩ ॥

ਸੰਤਾਂ ਦੇ ਸ਼ੁਭ ਬਚਨ ਮੇਰੇ ਮਨ ਵਿਚ ਮੰਤ੍ਰ ਰੂਪ ਹੋ ਕੇ ਪ੍ਰਾਪਤ ਹਨ। ਸੰਤਾਂ ਦੇ ਪ੍ਰਸਾਦਿ=ਅਨੁਗ੍ਰਹੁ ਕਰਕੇ ਮੇਰੇ ਮਨ ਚੋਂ ਸਾਰੇ ਵਿਸ਼ੇ ਵਿਕਾਰ ਹੰਤ=ਨਾਸ ਹੋ ਗਏ ਹਨ॥ ੩ ॥

ਮੁਕਤਿ ਜੁਗਤਿ ਏਹਾ ਨਿਧਾਨ ॥ ਪ੍ਰਭ ਦਇਆਲ ਮੋਹਿ ਦੇਵਹੁ ਦਾਨ ॥

ਮੁਕਤੀ ਦੀ ਜੁਗਤੀ ਅਤੇ ਭੁਗਤੀ ਦੀ ਜੁਗਤੀ ਦਾ ਇਹ ਨਾਮ ਹੀ ਨਿੱਧੀਆਂ ਦਾ ਖਜ਼ਾਨਾ ਰੂਪ ਹੈ। ਹੇ ਪ੍ਰਭੂ ! ਆਪ ਦਿਆਲੂ ਹੋ ਕੇ ਮੈਨੂੰ ਨਾਮ ਦਾਨ ਦੇਣਾ ਕਰੋ।

ਨਾਨਕ ਕਉ ਪ੍ਰਭ ਦਇਆ ਧਾਰਿ॥
ਚਰਨ ਸੰਤਨ ਕੇ ਮੇਰੇ ਰਿਦੇ ਮਝਾਰਿ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਮੇਰੇ ਉਤੇ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ। ਜੋ ਸੰਤਾਂ ਦੇ ਪਵਿੱਤ੍ਰ ਚਰਨ ਕਮਲ ਮੇਰੇ ਹਿਰਦੇ ਵਿਚ ਵਸਦੇ ਰਹਿਣ॥ ੪॥ ੪॥

ਮਾਲੀ ਗਉੜਾ ਮਹਲਾ ੫॥
ਸਭ ਕੈ ਸੰਗੀ ਨਾਹੀ ਦੂਰਿ॥
ਕਰਨ ਕਰਾਵਨ ਹਾਜਰਾ ਹਜੂਰਿ॥ ੧॥ ਰਹਾਉ॥

ਉਹ ਪ੍ਰਭੂ ਸਾਰਿਆਂ ਦੇ ਅੰਗ ਸੰਗ ਹੈ, ਕਿਸੇ ਤੋਂ ਦੂਰ ਨਹੀਂ ਹੈ। ਸਾਰਿਆਂ ਕਾਰਜਾਂ ਕਾਰਨਾਂ ਦੇ ਕਰਨੇ ਕਰਾਉਣੇ ਵਾਲਾ ਹੈ ਅਤੇ ਹਾਜਰਾ ਹਜੂਰਿ=ਨੇੜੇ ਤੋਂ ਨੇੜੇ ਹੈ॥ ੧॥ ਰਹਾਉ॥

ਸੁਨਤ ਜੀਓ ਜਾਸੁ ਨਾਮੁ॥ ਦੁਖ ਬਿਨਸੇ ਸੁਖ ਕੀਓ ਬਿਸ੍ਰਾਮੁ॥

ਜਿਸ ਪ੍ਰਭੂ ਦੇ ਨਾਮ ਨੂੰ ਸੁਣ ਕੇ ਮੈਂ ਜਿਉਂਦਾ ਹਾਂ। ਨਾਮ ਦੇ ਪ੍ਰਤਾਪ ਕਰਕੇ ਦੁੱਖ ਬਿਨਸ ਗਏ ਹਨ ਅਤੇ ਸੁਖਾਂ ਨੇ ਅੰਦਰ ਆ ਕੇ ਬਿਸ੍ਰਾਮ=ਡੇਰਾ ਕਰ ਲਿਆ ਹੈ।

ਸਗਲ ਨਿਧਿ ਹਰਿ ਹਰਿ ਹਰੇ॥ ਮੁਨਿ ਜਨ ਤਾ ਕੀ ਸੇਵ ਕਰੇ॥ ੧॥

ਹਰੀ ਦਾ ਹਰਿ ਹਰਿ ਨਾਮ ਸਭ ਨਿਧੀਆਂ ਦਾ ਦਾਤਾ ਹੈ। ਬੜੇ ਬੜੇ ਮੁਨੀ ਮਹਾਤਮਾਂ ਤਿਸ ਨਾਮ ਦੀ ਸੇਵਾ ਕਰਦੇ ਹਨ॥ ੧॥

ਜਾ ਕੈ ਘਰਿ ਸਗਲੇ ਸਮਾਹਿ॥ ਜਿਸ ਤੇ ਬਿਰਥਾ ਕੋਇ ਨਾਹਿ॥

ਜਿਸ ਪਰਮੇਸ਼ਰ ਦੇ ਘਰ ਵਿਚ ਸਾਰੇ ਪਦਾਰਥ ਸਮਾਅ ਰਹੇ ਹਨ।

ਪੁਨਾ, ਜਿਸ ਪਰਮੇਸ਼ਰ ਤੋਂ ਬਿਰਥਾ=ਖਾਲੀ ਕੋਈ ਨਹੀਂ।

ਜੀਅ ਜੰਤ੍ਰ ਕਰੇ ਪ੍ਰਤਿਪਾਲ॥ ਸਦਾ ਸਦਾ ਸੇਵਹੁ ਕਿਰਪਾਲ॥ ੨॥

ਜੋ ਪ੍ਰਭੂ ਸੂਖਮ ਸਥੂਲ ਸਾਰਿਆਂ ਜੀਆਂ ਜੰਤਾਂ ਦੀ ਪਾਲਣਾ ਕਰਦਾ ਹੈ। ਉਸ ਕਿਰਪਾਲੂ ਪ੍ਰਭੂ ਨੂੰ ਸਦਾ ਸਦਾ=ਨਿਤਾਪ੍ਰਤੀ ਸੇਵਨਾ ਕਰੋ॥ ੨॥

ਸਦਾ ਧਰਮੁ ਜਾ ਕੈ ਦੀਬਾਣਿ॥ ਬੇ ਮੁਹਤਾਜ ਨਹੀ ਕਿਛੁ ਕਾਣਿ॥

ਜਿਸ ਪ੍ਰਭੂ ਦੀ ਸਤ ਸੰਗਤ ਰੂਪ ਦੀਬਾਣਿ=ਸਭਾ, ਵਾ- ਕਚਹਿਰੀ ਵਿਚ ਹਮੇਸ਼ਾਂ ਹੀ ਧਰਮ ਦੀ ਉੜਪਤੀ ਹੋ ਰਹੀ ਹੈ। ਉਹ ਪ੍ਰਭੂ ਬੇ ਮੁਹਤਾਜ=ਬੇ ਪਰਵਾਹ ਹੈ, ਉਸ ਨੂੰ ਕਿਸੇ ਦੀ ਕੁਛ ਕਾਨ ਕਨੌਡ ਨਹੀਂ ਹੈ।

ਸਭ ਕਿਛੁ ਕਰਨਾ ਆਪਨ ਆਪਿ॥
ਰੇ ਮਨ ਮੇਰੇ ਤੂ ਤਾ ਕਉ ਜਾਪਿ॥ ੩॥

ਉਹ ਪ੍ਰਭੂ ਅਪੁਣੇ ਸੰਕਲਪ ਅਨੁਸਾਰ ਆਪ ਹੀ ਸਭ ਕੁਝ ਕਰਦਾ ਹੈ। ਹੇ ਮੇਰੇ ਪਿਆਰੇ ! ਤੂੰ ਉਸ ਪ੍ਰਮਾਤਮਾ

ਨੂੰ ਜਪਣਾ ਕਰ॥ ੩॥

ਸਾਧਸੰਗਤਿ ਕਉ ਹਉ ਬਲਿਹਾਰ॥ ਜਾਸੁ ਮਿਲਿ ਹੋਵੈ ਉਧਾਰੁ॥

ਹਉ=ਮੈਂ ਉਸ ਸਾਧ ਸੰਗਤ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ। ਜਿਸ ਸਾਧ ਸੰਗਤ ਨਾਲ ਮਿਲਣ ਕਰਕੇ ਜੀਵ ਦਾ ਸੰਸਾਰ ਸਮੁੰਦਰ ਤੋਂ ਉਧਾਰੁ=ਤਰਨਾ ਹੁੰਦਾ ਹੈ।

ਨਾਮ ਸੰਗਿ ਮਨ ਤਨਹਿ ਰਾਤ॥
ਨਾਨਕ ਕਉ ਪ੍ਰਭਿ ਕਰੀ ਦਾਤਿ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ- ਜਿਸ ਵੇਲੇ ਪ੍ਰਭੂ ਨੇ ਮੈਨੂੰ ਨਾਮ ਦੀ ਦਾਤ ਦੇਣਾ ਕੀਤੀ। ਤਾਂ ਮੈਂ ਵਾਹਿਗੁਰੂ ਨਾਮ ਦੇ ਨਾਲ ਮਨ ਤਨ ਕਰਕੇ ਰਾਤ=ਤਦਾਕਾਰ ਹੋ ਗਿਆ॥ ੪॥ ੫॥

ਮਾਲੀ ਗਉੜਾ ਮਹਲਾ ੫ ਦੁਪਦੇ

ੴ ਸਤਿਗੁਰ ਪ੍ਰਸਾਦਿ॥ ਹਰਿ ਸਮਰਥ ਕੀ ਸਰਨਾ॥

ਅਸਾਂ ਨੇ ਸਰਬ ਕਲਾ ਸਮਰੱਥ ਹਰੀ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਜੀਉ ਪਿੰਡੁ ਧਨੁ ਰਾਸਿ ਮੇਰੀ ਪ੍ਰਭ ਏਕ ਕਾਰਨ ਕਰਨਾ॥ ੧॥ ਰਹਾਉ॥

ਮੇਰਾ ਜੀਅ, ਪਿੰਡੁ=ਸਰੀਰ, ਧਨੁ ਸਭ ਕੁਝ ਓਹੀ ਹੈ, ਮੇਰੀ ਰਾਸਿ=ਪੂੰਜੀ ਵੀ ਓਹੀ ਹੈ, ਉਹ ਇੱਕ ਪ੍ਰਭੂ ਹੀ ਸਾਰਿਆਂ ਕਾਰਨਾਂ ਦੇ ਕਰਨ ਵਾਲਾ ਹੈ।

ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ॥

ਵਾਹਿਗੁਰੂ ਨਾਮ ਨੂੰ ਸਿਮਰ ਸਿਮਰ ਕੇ ਹਮੇਸ਼ਾਂ ਸੁਖ ਪਾਈਦਾ ਹੈ, ਵਾ:- ਅਚੁਤ ਸੁਖ ਪਾਈਦਾ ਹੈ, ਇਹ ਨਾਮ ਹੀ ਸਫਲ ਜੀਵਣੇ ਦਾ ਮੂਲੁ=ਕਾਰਨ ਅਰਥਾਤ ਮੁੱਢ ਹੈ।

ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ॥ ੧॥

ਸੂਖਮ ਅਸਥੂਲ ਰੂਪ ਸਾਰੀਆਂ ਜਗ੍ਹਾ ਉੱਪਰ ਉਹ ਪ੍ਰਭੂ ਰਵਿ ਰਹਿਆ=ਪਰੀ ਪੂਰਨ ਹੋ ਰਿਹਾ ਹੈ॥ ੧॥ *ਅਥਵਾ-* ਸਾਰੀਆਂ ਜਗ੍ਹਾ ਉੱਪਰ ਅਤੇ ਸੂਖਮ ਅਸਥੂਲ ਤੱਤਾਂ ਵਿਚ, ਵਾ:- ਸੂਖਮ ਸ੍ਰਿਸ਼ਟੀ ਤੇ ਅਸਥੂਲ ਸ੍ਰਿਸ਼ਟੀ ਵਿਚ ਵੀ ਰਵਿ ਰਹਿਆ=ਪਰੀਪੂਰਨ ਹੋ ਰਿਹਾ ਹੈ॥ ੧॥

[ਪੰਨਾ ੯੮੮]

ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤਿ ਗਾਉ॥

ਆਲ=ਘਰ ਦੇ ਵਿਕਾਰ ਰੂਪ ਸਾਰੇ ਜਾਲ=ਜੰਜਾਲਾਂ ਨੂੰ ਤਿਆਗ ਕੇ, *ਅਥਵਾ:-*ਆਲ=ਘਰ ਦੇ, ਜਾਲ=ਸਮੂਹ ਜੰਜਾਲਾਂ ਨੂੰ ਤੇ ਸਾਰਿਆਂ ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਮੈਂ ਨਿਤਾਪ੍ਰਤੀ ਹਰੀ ਗੁਣਾਂ ਨੂੰ ਗਾਂਵਦਾ ਹਾਂ, ਤੁਸੀਂ ਗਾਵਣਾ ਕਰੋ।

ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ॥ ੨॥ ੧॥ ੬॥

ਗੁਰੂ ਜੀ ਕਥਨ ਕਰਦੇ ਹਨ— ਮੈਂ ਹੱਥ ਜੋੜ ਕੇ ਪਰਮੇਸ਼ਰ ਪਾਸੋਂ ਏਹ �ਾਨ ਮੰਗਦਾ ਹਾਂ, ਕਿ ਹੇ ਪ੍ਰਭੂ!

www.sikhbookclub.com

ਮੈਨੂੰ ਆਪਣਾ ਨਾਮ ਦਾਨ ਦੇਣਾ ਕਰੋ॥ ੨॥ ੧॥ ੬॥

ਮਾਲੀ ਗਉੜਾ ਮਹਲਾ ੫॥

ਪ੍ਰਭ ਸਮਰਥ ਦੇਵ ਅਪਾਰ॥

ਹੇ ਪ੍ਰਭੂ ! ਤੂੰ ਸਰਬ ਕਲਾ ਸਮਰੱਥ ਹੈਂ, ਦੇਵ=ਪ੍ਰਕਾਸ਼ ਰੂਪ ਹੈਂ, ਅਪਾਰ=ਪਾਰਾਵਾਰ ਤੋਂ ਰਹਿਤ ਹੈਂ।

ਕਉਨੁ ਜਾਨੈ ਚਲਿਤ ਤੇਰੇ ਕਿਛੁ ਅੰਤੁ ਨਾਹੀ ਪਾਰ॥ ੧॥ ਰਹਾਉ॥

ਤੇਰੇ ਚਰਿਤ੍ਰਾਂ ਨੂੰ ਕੌਣ ਜਾਣ ਸਕਦਾ ਹੈ, ਆਪ ਜੀ ਦੇ ਪਾਰ ਉਰਵਾਰ ਦਾ ਕੁਝ ਅੰਤ ਨਹੀਂ ਆਉਂਦਾ ॥ ੧॥ ਰਹਾਉ॥

ਇਕ ਖਿਨਹਿ ਥਾਪਿ ਉਥਾਪਦਾ ਘੜਿ ਭੰਨਿ ਕਰਨੈਹਾਰੁ॥

ਉਹ ਕਰਨਹਾਰ ਪ੍ਰਭੂ ਆਪ ਘੜਦਾ ਹੈ, ਆਪ ਹੀ ਭੰਨਦਾ ਹੈ, ਇਸ ਕਰਕੇ ਇਕ ਛਿਨ ਦੇ ਵਿਚ ਹੀ ਸਾਰਿਆਂ ਦੀ ਥਾਪਿ=ਉਤਪਤੀ, ਪਾਲਣਾ ਤੇ ਉਥਾਪਦਾ=ਲੈਤਾ ਕਰਦਾ ਹੈ।

ਅਥਵਾ:- ਉਹ ਪ੍ਰਭੂ ਇੱਕ ਖਿਨ ਵਿਚ ਥਾਪਿ=ਉਤਪਤੀ ਤੇ ਉਥਾਪਦਾ=ਲੈਤਾ ਕਰਦਾ ਹੈ, ਸਰੀਰਾਂ ਰੂਪ ਘੜਿ=ਘੜਿਆਂ ਦੇ ਕਰਨ ਵਾਲਾ ਭੀ ਹੈ ਤੇ ਭੰਨਤਾ ਵੀ ਆਪ ਹੈ।

ਜੇਤ ਕੀਨ ਉਪਾਰਜਨਾ ਪ੍ਰਭੁ ਦਾਨੁ ਦੇਇ ਦਾਤਾਰ॥ ੧॥

ਪ੍ਰਭੂ ਨੇ ਸ੍ਰਿਸ਼ਟੀ ਵਿਚ ਜਿਤਨੇ- ਕੁ ਜੀਵ ਪੈਦਾ ਕੀਤੇ ਹਨ, ਉਨ੍ਹਾਂ ਸਾਰਿਆਂ ਨੂੰ ਦਾਤਾਰ ਪ੍ਰਭੂ ਆਪ ਹੀ ਦਾਨ ਦੇਂਦਾ ਹੈ॥ ੧॥

ਹਰਿ ਸਰਨਿ ਆਇਓ ਦਾਸੁ ਤੇਰਾ ਪ੍ਰਭ ਊਚ ਅਗਮ ਮੁਰਾਰ॥

ਹੇ ਹਰੀ ! ਮੈਂ ਤੇਰਾ ਦਾਸ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਹੇ ਪ੍ਰਭੂ ! ਤੂੰ ਸਾਰਿਆਂ ਤੋਂ ਉੱਚਾ ਹੈਂ, ਪੁਨਾ, ਹੇ ਮੁਰਾਰੀ ! ਤੂੰ ਸਾਰਿਆਂ ਕਰ ਕੇ ਅਗਮ ਹੈਂ।

ਕਢਿ ਲੇਹੁ ਭਉਜਲ ਬਿਖਮ ਤੇ

ਜਨੁ ਨਾਨਕੁ ਸਦ ਬਲਿਹਾਰ॥ ੨॥ ੨॥ ੭॥

ਗੁਰੂ ਜੀ ਕਥਨ ਕਰਦੇ ਹਨ— ਅਸਾਨੂੰ ਬਿਖਮ=ਕਠਨ ਸੰਸਾਰ ਸਮੁੰਦਰ ਚੋਂ ਕੱਢ ਲੇਵੋ, ਮੈਂ ਸੇਵਕ ਜਨ ਆਪ ਜੀ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨॥ ੨॥ ੭॥

ਮਾਲੀ ਗਉੜਾ ਮਹਲਾ ੫॥

ਮਨਿ ਤਨਿ ਬਸਿ ਰਹੇ ਗੋਪਾਲ॥

ਹੇ ਗੋਪਾਲ ! ਆਪ ਸਾਰਿਆਂ ਦੇ ਮਨ ਤਨ ਵਿਚ ਵਸ ਰਹੇ ਹੋ।

ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ॥ ੧॥ ਰਹਾਉ॥

ਆਪ ਦੀਨ ਬਾਂਧਵ=ਗਰੀਬਾਂ ਦੇ ਸਬੰਧੀ ਹੋ, ਭਗਤਾਂ ਦੇ ਵਛਲ=ਪਿਆਰੇ ਹੋ ਅਤੇ ਸਦਾ ਸਦਾ ਕ੍ਰਿਪਾਲੂ ਸੁਭਾਅ ਵਾਲੇ ਹੋ॥ ੧॥ ਰਹਾਉ॥

ਆਦਿ ਅੰਤੇ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ॥

ਸ੍ਰਿਸ਼ਟੀ ਦੀ ਰਚਨਾਂ ਤੋਂ ਆਦਿ=ਪਹਿਲੇ ਤੂੰ ਹੀ ਸੀ, ਹੁਣ ਮਧਕਾਲ ਵਿਚ ਭੀ ਤੂੰ ਹੀ ਹੈਂ, ਸ੍ਰਿਸ਼ਟੀ ਦੇ ਅੰਤ ਕਾਲ, ਭਾਵ ਮਹਾਂ ਪਰਲੋ ਕਾਲ ਵਿਚ ਭੀ ਤੂੰ ਹੀ ਹੋਵੇਗਾ। ਅਰਥਾਤ ਆਦ, ਅੰਤ, ਮਧ ਤਿੰਨਾਂ ਕਾਲਾਂ ਵਿਚ ਤੂੰ ਹੀ ਹੈਂ, ਹੇ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ॥ ੧॥

ਸਾਰਿਆਂ ਮੰਡਲਾਂ ਵਿਚ ਇਕ ਤੂੰ ਹੀ ਪਰੀ ਪੂਰਨ ਹੋ ਰਿਹਾ ਹੈਂ, ਸੋਇ=ਸੋਭਨੀਕ ਮੇਰਾ ਸੁਆਮੀ ਇਕ ਤੂੰ ਹੀ ਹੈਂ॥ ੧॥

ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ॥

ਹੇ ਸੁਆਮੀ ! ਇਹ ਕਿਰਪਾ ਕਰ ਜੋ ਕਰਨਿ=ਕੰਨਾਂ ਕਰਕੇ ਹੇ ਹਰੀ ! ਆਪ ਜੀ ਦਾ ਜਸ ਸੁਣਾਂ, ਅੱਖਾਂ ਨਾਲ ਆਪ ਜੀ ਦਾ ਦਰਸ਼ਨ ਕਰਾਂ ਅਤੇ ਰਸਨਾਂ ਨਾਲ, ਹੇ ਹਰੀ ! ਆਪ ਜੀ ਦੇ ਗੁਣਾਂ ਨੂੰ ਗਾਵਾਂ।

ਬਲਿਹਾਰਿ ਜਾਏ ਸਦਾ ਨਾਨਕੁ
ਦੇਹੁ ਅਪਣਾ ਨਾਉ॥ ੨॥ ੩॥ ੮॥ ੬॥ ੧੪॥

ਗੁਰੂ ਜੀ ਕਥਨ ਕਰਦੇ ਹਨ— ਮੈਂ ਆਪ ਜੀ ਦੇ ਉਪਰੋਂ ਸਦਾ ਬਲਿਹਾਰ ਜਾਂਦਾ ਹਾਂ, ਆਪ ਕਿਰਪਾ ਕਰਕੇ ਆਪਣਾ ਨਾਮ ਦਾਨ ਦੇਣਾ ਕਰੋ॥ ੨॥ ੩॥ ੮॥ ੬॥ ੧੪॥

ਰਾਗੁ ਮਾਲੀ ਗਉੜਾ ਭਗਤ ਬਾਣੀ

ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:-ਭਗਤ ਨਾਮਦੇਵ ਜੀ ਦੇ ਪਾਸ ਕਿਸੇ ਕ੍ਰਿਸ਼ਨ ਉਪਾਸ਼ਕ ਨੇ ਆ ਕੇ ਬੇਨਤੀ ਕੀਤੀ ਕਿ ਆਪ ਕਿਰਪਾ ਕਰਕੇ ਕ੍ਰਿਸ਼ਨ ਮਹਾਰਾਜ ਜੀ ਦੀ ਕੁਝ ਸਿਫਤ ਸੁਣਾਓ। ਇਹ ਗੱਲ ਸੁਣ ਕੇ ਭਗਤ ਨਾਮਦੇਵ ਜੀ ਆਖਦੇ ਹਨ-

ਧਨਿ ਧੰਨਿ ਓ ਰਾਮ ਬੇਨੁ ਬਾਜੈ॥

ਰਾਮ=ਬਲਰਾਮ ਦਾ ਭਾਈ ਜੋ ਕ੍ਰਿਸ਼ਨ ਭਗਵਾਨ ਜੀ ਹਨ, ਉਹ ਧੰਨਤਾ ਜੋਗ ਹਨ, ਜੋ ਬੇਨੁ=ਬੰਸਰੀ ਵਜਾਉਂਦੇ ਹਨ।

ਅਥਵਾ:- ਰਾਮ ਦਾ ਅਰਥ ਹੀ ਕ੍ਰਿਸ਼ਨ ਕਰ ਦੇਣਾ। ਕ੍ਰਿਸ਼ਨ ਜੀ ਧੰਨ ਹਨ ਤੇ ਜੋ ਬੰਸਰੀ ਵਜੋਂਦੇ ਹਨ, ਉਹ ਬੰਸਰੀ ਵੀ ਧੰਨ ਹੈ ਜੋ ਕ੍ਰਿਸ਼ਨ ਜੀ ਦੇ ਮੂੰਹ ਨਾਲ ਲੱਗ ਗਈ ਹੈ।

ਮਧੁਰ ਮਧੁਰ ਧੁਨਿ ਅਨਹਤ ਗਾਜੈ॥ ੧॥ ਰਹਾਉ॥

ਜਿਸ ਬੰਸਰੀ ਦੀ ਮਧੁਰ ਮਧੁਰ=ਮਿੱਠੀ ਮਿੱਠੀ ਧੁਨ, ਅਨਹਤ=ਇੱਕ ਰਸ, ਗਾਜੈ=ਪ੍ਰਗਟ ਹੋ ਰਹੀ ਹੈ। ਜਿਸ ਧੁਨ ਨੂੰ ਸੁਣ ਕੇ ਜੜ੍ਹ ਚੇਤਨ ਤੇ ਚੇਤਨ ਜੜ੍ਹ ਹੋ ਜਾਂਦੇ ਸਨ।

ਕਲਗੀਧਰ ਜੀ ਨੇ ਕ੍ਰਿਸ਼ਨਾ ਅਵਤਾਰ ਵਿਚ ਲਿਖਿਆ ਹੈ :-

ਯਥਾ:- ਜੋ ਜੜ ਸ੍ਰਉਨਨ ਮੈ ਸੁਨ ਕੈ ਧੁਨ, ਤਿਆਗ ਕੈ ਧਾਮ ਤਹਾ ਕਹੁ ਧਾਵੈ॥
ਜੋ ਖਗ ਜਾਤ ਉਡੇ ਨਭਿ ਮੈ ਸੁਨ ਠਾਢ ਰਹੈ ਧੁਨ ਜੋ ਸੁਨ ਪਾਵੈ॥ ੬੨੮॥

(ਦਸਮ ਗ੍ਰੰਥ ਪੰਨਾ ੩੩੬)

ਦੋਹਰਾ॥ ਕ੍ਰਿਸਨ ਮਨੈ ਅਤਿ ਰੀਝ ਕੈ ਮੁਰਲੀ ਉਠਜੋ ਬਜਾਇ॥
ਰੀਝ ਰਹੀ ਸਭ ਗੋਪੀਯਾ ਮਹਾ ਪ੍ਰਮੁਦ ਮਨ ਪਾਇ॥ ੬੩੭॥

ਸਵੈਯਾ॥ ਰੀਝ ਰਹੀ ਬ੍ਰਿਜ ਕੀ ਸਭ ਭਾਮਨ ਜਉ ਮੁਰਲੀ ਨੰਦ ਲਾਲ ਬਜਾਈ॥
ਰੀਝ ਰਹੇ ਬਨ ਕੇ ਖਗ ਅਉ ਮ੍ਰਿਗ, ਰੀਝ ਰਹੇ ਧੁਨ ਜਾ ਸੁਨ ਪਾਈ॥
ਚਿਤ੍ਰ ਕੀ ਹੋਇ ਗਈ ਪਿਤਮਾ ਸਭ, ਸਜਾਮ ਕੀ ਓਰ ਰਹੀ ਲਿਵਲਾਈ॥

ਨੀਰ ਬਹੈ ਨਹੀ* ਕਾਨੜੀਯਾ ਸੁਨ ਕੈ ਤਹਿ ਪਉਨ ਰਹਜੋ** ਉਰਝਾਈ॥ ੬੩੮॥

(ਦਸਮ ਗ੍ਰੰਥ ਪੰਨਾ ੩੩੭)

ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥ ੧॥

ਓਹ ਮੇਘਾ=ਮੇਢਾ (ਭੇਡੂ) ਭੀ ਧੰਨ ਹੈ ਅੰਤੇ ਉਸ ਦੀ ਰੋਮਾਵਲੀ=ਰੋਮ-ਆਵਲੀ=ਰੋਮਾਂ ਦੀ ਪੰਗਤੀ ਵੀ ਧੰਨ ਹੈ। ਜਿਨ੍ਹਾਂ ਰੋਮਾਂ ਦੀ ਕੰਬਲੀ ਬਣੀ ਹੈ।

ਕ੍ਰਿਸ਼ਨ ਜੀ ਧੰਨ ਹੈਂ, ਕ੍ਰਿਸ਼ਨ ਜੀ ਨੇ ਜਿਹੜੀ ਕੰਬਲੀ ਪਹਿਨੀ ਹੈ ਓਹ ਭੀ ਧੰਨ ਹੈ। ਭਾਵ ਕ੍ਰਿਸ਼ਨ ਜੀ ਦੇ ਅੰਗਾਂ ਨਾਲ ਸੋ ਭੀ ਵਸਤ੍ਰ ਲੱਗੀ ਹੈ ਉਹ ਸਭ ਧੰਨਤਾ ਦੇ ਯੋਗ ਹੈ॥ ੧॥

ਧਨਿ ਧਨਿ ਤੂ ਮਾਤਾ ਦੇਵਕੀ॥
ਜਿਹ ਗ੍ਰਿਹ ਰਮਈਆ ਕਵਲਾਪਤੀ॥ ੨॥

ਪਿਤਾ ਵਾਸਦੇਵ ਧੰਨ ਹੈ, ਹੇ ਮਾਤਾ ਦੇਵਕੀ ! ਤੂੰ ਭੀ ਧੰਨ ਹੈਂ।

ਯਥਾ:- ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥ *(ਸਿਰੀ ਰਾਗੁ ਮ: ੩, ਪੰਨਾ ੩੨)*

ਜਿਸ ਤੇਰੇ ਘਰ ਵਿਚ ਕਵਲਾਪਤੀ=ਲਛਮੀ ਪਤੀ, ਰਮਈਆ=ਪਰਮੇਸ਼ਰ ਆਪ ਪੁੱਤਰ ਬਣ ਕੇ ਆਇਆ ਹੈ॥ ੨॥

ਧਨਿ ਧਨਿ ਬਨ ਖੰਡ *ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ॥ ੩॥

ਬਨ ਦਾ ਖੰਡ=ਅਸਥਾਨ ਜੋ ਬਿੰਦ੍ਰਾਬਨ ਹੈ, ਓਹ ਭੀ ਧੰਨਤਾ ਜੋਗ ਹੈ।

ਜਿਸ ਬਿੰਦ੍ਰਾਬਨ ਵਿਚ ਸ੍ਰੀ ਨਾਰਾਇਨਾ=ਭਗਵਾਨ ਕ੍ਰਿਸ਼ਨ ਜੀ ਰੂਪ ਹੋ ਕੇ ਰਾਸ ਲੀਲ੍ਹਾ ਖੇਡਦੇ ਰਹੇ ਹਨ।

ਬੇਨੁ ਬਜਾਵੈ ਗੋ ਧਨੁ ਚਰੈ॥

ਜਮਨਾ ਨਦੀ ਦੇ ਕਿਨਾਰੇ ਬੇਨੁ=ਬੰਸਰੀ ਵਜੌਂਦੇ ਹਨ ਤੇ ਗਊਆਂ ਰੂਪੀ ਧਨ ਨੂੰ ਹਰੇ ਹਰੇ ਘਾਹ ਉੱਪਰ ਚਰਾਉਂਦੇ ਹਨ।

ਨਾਮੇ ਕਾ ਸੁਆਮੀ ਆਨਦ ਕਰੈ॥ ੪॥ ੧॥

ਨਾਮਦੇਵ ਜੀ ਕਹਿੰਦੇ ਹਨ— ਮੈਂ ਨਾਮੇ ਦਾ ਸੁਆਮੀ ਕ੍ਰਿਸ਼ਨ ਭਗਵਾਨ ਖੂਬ ਆਨੰਦ ਲੈਣਾ ਕਰ ਰਿਹਾ ਹੈਂ*॥ ੪॥ ੧॥

**ਜਮਨਾ। **ਰੁਕ ਗਈ।*

**ਬਿੰਦ੍ਰਾਬਨ ਧੰਨ ਹੈ ਅਤੇ ਬਨ ਦਾ ਉਹ ਖੰਡ=ਅਸਥਾਨ ਵੀ ਧੰਨ ਹੈ, ਜਿੱਥੇ ਕੁੰਜ ਗਲੀਆਂ ਵਿਚ ਸ੍ਰੀ ਰਾਧਾ ਸਹਿਤ ਨਾਰਾਇਨਾ=ਕ੍ਰਿਸ਼ਨ ਭਗਵਾਨ ਜੀ ਖੇਡਦੇ ਰਹੇ ਹਨ। ਬੇਨੁ=ਬੰਸਰੀ ਨੂੰ ਵਜੌਂਦੇ ਹੈਂ ਤੇ ਗੋਧਨੁ=ਵੱਛੇ ਚੁਗਦੇ ਹਨ।*

(ਗੋਧਨ ਦਾ ਅਰਥ ਵੱਛੇ ਕੀਤਾ ਹੈ ਕਿਉਂਕਿ ਗਊਆਂ ਦਾ ਧਨ ਹੀ ਵੱਛੇ ਹਨ।)

**ਕਈ ਗਿਆਨੀ ਇਸ ਦਾ ਅਰਥ ਇਹ ਭੀ ਕਰਦੇ ਹਨ:-*

ਧਨਿ ਧੰਨਿ ਓ ਰਾਮ ਬੇਨੁ ਬਾਜੈ॥ ਮਧੁਰ ਮਧੁਰ ਧੁਨਿ ਅਨਹਤ ਗਾਜੈ॥ ੧॥ ਰਹਾਉ॥

ਓ ਰਾਮ=ਉਹ ਰਮਿਆ ਹੋਇਆ ਰਾਮ ਧੰਨਤਾ ਦੇ ਜੋਗ ਹੈ, ਜਿਸ ਦੀ ਚੇਤਨ ਸੱਤਾ ਰੂਪੀ ਬੰਸਰੀ ਸਭ ਘਟ ਘਟ ਵਿਚ ਵੱਜ ਰਹੀ ਹੈ। ਬ੍ਰਹਮਾਨੰਦ ਰੂਪੀ ਰਸ ਦੇ ਦੇਣ ਵਾਲੀ ਮਿੱਠੀ ਮਿੱਠੀ ਧੁਨਿ=ਚੇਤਨ ਸੱਤਾ ਦੀ ਅਨਹਤ ਗਾਜੈ=ਇੱਕ ਰਸ ਪਰਗਟ ਹੋ ਰਹੀ ਹੈ।

ਬਾਕੀ ਫੁਟਨੋਟ ਅਗਲੇ ਪੰਨੇ 'ਤੇ ਦੇਖੋ

www.sikhbookclub.com

ਉਥਾਨਕਾ:-ਹੁਣ ਭਗਤ ਨਾਮਦੇਵ ਜੀ ਇਸ ਸ਼ਬਦ ਦੁਆਰਾ ਭਗਵਾਨ ਦੇ ਸਨਮੁਖ ਬੇਨਤੀ ਕਰਦੇ ਹਨ:-

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥ ੧ ॥ ਰਹਾਉ ॥

ਹੇ ਮੇਰੇ ਪਿਤਾ ਮਾਧਉ=ਮਾਇਆ ਕੇ ਪਤੀ ! ਕੇਸੌ=ਕੇਸ਼ਵ=ਜਲ ਵਿਚ ਸੈਨ ਕਰਨ ਵਾਲੇ ਸਾਂਵਲੀਓ= ਸੁੰਦਰ ਸਜਾਮ ਰੰਗ ਵਾਲੇ ਬੀਠੁਲਾਇ=ਉਤਪਤੀ, ਪਾਲਣਾ, ਲੈਤਾ ਕਰਨ ਵਾਲੇ ਤੂੰ ਆਪ ਧਨੁ=ਧੰਨਤਾ ਦੇ ਯੋਗ ਹੈਂ॥ ੧ ॥ ਰਹਾਉ॥

ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥

ਹੇ ਭਗਵਾਨ ! ਜਿਸ ਵੇਲੇ "ਹਰੀਹਰ ਛੇੜ" ਵਿੱਚ ਤੰਦੂਏ ਨੇ ਹਾਥੀ ਨੂੰ ਪਕੜ ਲਿਆ ਤੇ ਹਾਥੀ ਨੇ ਆਪ ਦੀ ਅਰਾਧਨਾ ਕੀਤਾ, ਤਿਸ ਵੇਲੇ ਆਪਣੇ ਕਰ=ਹੱਥ ਵਿਚ ਸੁਦਰਸ਼ਨ ਚੱਕਰ ਧਾਰ ਕੇ ਬੈਕੁੰਠ ਧਾਮ ਚੋਂ ਆ ਕੇ ਗਜ ਹਸਤੀ=ਐਰਾਵਤ ਹਾਥੀ ਦੇ ਪ੍ਰਾਣਾਂ ਨੂੰ ਬਚਾਅ ਲਿਆ।

ਵਾ:- ਗੱਜ ਕਰਕੇ ਹਸਤੀ=ਹਾਥੀ ਦੇ ਪ੍ਰਾਣਾਂ ਨੂੰ ਬਚਾਅ ਦਿੱਤਾ। ਹਸਤੀ ਦਾ ਅਰਥ 'ਹੈ' ਵੀ ਕਰਦੇ ਹਨ।

ਸਾਖੀ-ਤੰਦੂਏ ਤੇ ਹਾਥੀ ਦੀ

ਹਾਹਾ ਹੂਹੂ ਦੋ ਗੰਧਰਬ ਹੋਏ ਹਨ ਇਹ ਆਪਸ ਵਿਚ ਦੋਨੋਂ ਮਿਲ ਕੇ ਅਤੇ ਹੋਰ ਅਪੱਛਰਾਂ ਗਣ ਦੇ ਸਹਿਤ ਇੰਦ੍ਰ ਰਾਜੇ ਦੀ ਸਭਾ ਵਿਚ ਬੜਾ ਸੋਹਣਾ ਰਾਗ ਗਾਇਣ ਕਰਦੇ ਸਨ।

ਇਕ ਦੂਜੇ ਤੋਂ ਵੱਧ-ਵੱਧ ਗਾਇਣ ਕਰਨ ਨਾਲ ਦੋਹਾਂ ਗੰਧਰਬਾਂ ਦੀ ਆਪਸ ਵਿਚ ਸੱਪਰਧਾ ਭਾਵ ਈਰਖਾ ਹੋ ਗਈ। 'ਹਾਹਾ' ਕਹੇ ਮੈਂ ਹੱਛਾ ਗਾਇਣ ਕਰਦਾ ਹਾਂ 'ਹੂਹੂ' ਕਹੇ ਮੈਂ ਚੰਗਾ ਗਾਉਂਦਾ ਹਾਂ।

ਪਿਛਲੇ ਪੰਨੇ ਦਾ ਬਾਕੀ ਫੁਟਨੋਟ—

ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥ ੧॥

ਮੇਘਾ=ਬੱਦਲਾਂ ਤੋਂ ਪੈਦਾ ਹੋਈ ੨ ਬਨਾਸਪਤੀ ਜਿਸ ਬੈਰਾਟ ਰੂਪ ਪਰਮਾਤਮਾ ਦੀ ਰੋਮਾਵਲੀ ਹੈ, ਉਹ ਬੈਰਾਟ ਰੂਪ ਪਰਮਾਤਮਾ ਧੰਨਤਾ ਦੇ ਯੋਗ ਹੈ। ਕ੍ਰਿਸਨ=ਕਾਲੀ ਅਰਥਾਤ ਕਾਲਖ ਰੂਪ ਜੋ ਮਾਇਆ ਹੈ, ਉਸ ਮਾਇਆ ਰੂਪ ਕੰਬਲੀ ਦੇ ਓਢਣ ਵਾਲਾ ਅਰਥਾਤ ਮਾਇਆ ਸਬਲ ਹੋਣ ਵਾਲਾ ਜੋ ਬ੍ਰਹਮ ਹੈ ਉਹ ਧੰਨਤਾ ਦੇ ਜੋਗ ਹੈ,

(ਵਾਸਤਵ ਦ੍ਰਿਸ਼ਟੀ ਵਿੱਚ ਮਾਇਆ ਉਸ ਵਿਚ ਕਲਪਤ ਹੈ।)

ਹੁਣ ਜਿਗਿਆਸੂ ਦੀ ਤਰਫੋਂ ਕਥਨ ਕਰਦੇ ਹਨ:-

ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ॥ ੨॥

ਦੇਵ=ਪ੍ਰਕਾਸ਼ ਰੂਪ ਜੋ ਸਰੂਪ ਹੈ ਉਸ ਸਰੂਪ ਦੀ ਪ੍ਰਾਪਤੀ ਦੇ ਕੀ=ਕਰਨ ਵਾਲੀ ਹੇ ਸੁਮਤੀ ਰੂਪ ਮਾਤਾ ! ਤੂੰ ਧੰਨਤਾ ਦੇ ਯੋਗ ਹੈਂ। ਜਿਸ ਦੇ ਹਿਰਦੇ ਰੂਪ ਘਰ ਵਿਚ ਉਹ ਲੱਛਮੀ ਦਾ ਪਤੀ ਪਰਮਾਤਮਾ ਪ੍ਰਗਟ ਹੁੰਦਾ ਹੈ।

ਧਨਿ ਧਨਿ ਬਨਖੰਡ ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ॥ ੩॥

ਉਹ ਅੰਤਹਕਰਨ ਰੂਪ ਬਨ ਦਾ ਖੰਡ= ਹਿੱਸਾ ਧੰਨਤਾ ਜੋਗ ਹੈ।

ਅਥਵਾ:- ਸਰੀਰ ਬਨ ਦਾ ਖੰਡ= ਹਿੱਸ਼ਾ ਜੋ ਅੰਤਹ ਕਰਨ ਹੈ, ਉਹ ਧੰਨਤਾ ਦੇ ਯੋਗ ਹੈ। ਜੋ ਬਿੰਦ੍ਰਾ=ਸਮੂਹ ਗੁਣਾਂ ਕਰਕੇ ਬਣਿਆ ਹੋਇਆ ਹੈ, ਅਰਥਾਤ ਜੋ ਸ਼ੁਭ ਗੁਣਾਂ ਨਾਲ ਅਲੰਕ੍ਰਿਤ ਹੈ।

ਜਿਸ ਹਿਰਦੇ ਵਿਚ ਸ੍ਰੀ=ਸੁਭਾਇਮਾਨ, ਨਾਰਾਇਨਾ=ਪਰਮਾਤਮਾ ਆਪ ਖੇਲ੍ਹ ਰਿਹਾ ਹੈ॥ ੩॥

ਬੇਨੁ ਬਜਾਵੈ ਗੋਧਨੁ ਚਰੈ॥ ਨਾਮੇ ਕਾ ਸੁਆਮੀ ਆਨਦ ਕਰੈ॥ ੪॥ ੧॥

ਜੋ ਚੇਤਨ ਸੱਤਾ ਰੂਪ ਬੇਨ ਨੂੰ ਬਜਾਂਵਦਾ ਹੈ ਅਤੇ ਇੰਦ੍ਰੀਆਂ ਰੂਪੀ ਗੋਧਨੁ= ਗਊਆਂ ਨੂੰ ਸਾਖੀ ਰੂਪ ਹੋ ਕੇ ਚਰਾਉਂਦਾ ਹੈ। ਨਾਮਦੇਵ ਜੀ ਕਥਨ ਕਰਦੇ ਹਨ- ਮੈਂ ਨਾਮੇ ਦਾ ਸੁਆਮੀ ਪਰਮਾਤਮਾ ਇਸ ਤਰ੍ਹਾਂ ਸਾਰੇ ਅਨੰਦ ਕਰ ਰਿਹਾ ਹੈ॥ ੪॥ ੧॥

www.sikhbookclub.com

ਇਕ ਦਿਨ ਇੰਦ੍ਰ ਦੀ ਸਭਾ ਵਿਚ ਜਦ ਰਾਗ ਗਾਇਣ ਕਰਨ ਗਏ ਤਾਂ ਪਹਿਲੇ ਰਾਜੇ ਇੰਦ੍ਰ ਨੂੰ ਦੋਹਾਂ ਨੇ ਆਖਿਆ ਕਿ ਜਿਹੜਾ ਹੱਛਾ ਗਾਵੇ ਉਸ ਨੂੰ ਅੱਜ ''ਜੈ ਪਤ੍ਰ'' ਤੁਸਾਂ ਨੇ ਜ਼ਰੂਰੀ ਦੇਣਾ।

ਦੋਹਾਂ ਨੇ ਬਹੁਤ ਸੁੰਦਰ ਸੁਰ ਨਾਲ ਰਾਗ ਗਾਇਣ ਕਰ ਕੇ ਭੋਗ ਪਾ ਕੇ ''ਜੈ ਪਤ੍ਰ'' ਮੰਗਿਆ, ਉਸ ਵੇਲੇ ਇੰਦ੍ਰ ਨੇ ਕਿਹਾ- ਮੈਨੂੰ ਰਾਗ ਦੀ ਚੰਗੀ ਸਮਝ ਨਹੀਂ ਹੈ, ਇਸ ਕਰ ਕੇ ਮੈਂ ਕੁਝ ਨਿਰਣਾ ਨਹੀਂ ਕਰ ਸਕਦਾ, ਜੇ ਤੁਸੀਂ ਜ਼ਰੂਰੀ ਨਿਰਣਾ ਕਰਵਾਣਾ ਹੈ ਤਾਂ 'ਦੇਵਲ' ਨਾਮੇ ਰਿਖੀ ਜੀ ਹਨ ਉਨ੍ਹਾਂ ਪਾਸ ਚਲੇ ਜਾਓ। ਇੰਦ੍ਰ ਦੇ ਆਖਣ ਉੱਪਰ ਹਾਹਾ ਹੂਹੂ ਦੋਵੇਂ ਗੰਧਰਬ ਰਿਖੀ ਜੀ ਪਾਸ ਜਾ ਪਹੁੰਚੇ। ਅੱਗੇ ਜਾ ਕੇ ਕੀ ਵੇਖਦੇ ਹਨ ਰਿਖੀ ਜੀ ਸਮਾਧੀ ਵਿਚ ਅਡੋਲ ਬੈਠੇ ਹਨ। ਇਹ ਦੋਵੇਂ ਗੰਧਰਬ ਨਮਸ਼ਕਾਰ ਕਰਕੇ ਪਾਸ ਬੈਠ ਗਏ ਪਰ ਰਿਖੀ ਜੀ ਦੀ ਸਮਾਧੀ ਨਾ ਖੁਲ੍ਹੀ। ਇਨ੍ਹਾਂ ਨੇ ਆਪਣੇ ਆਪ ਹੀ ਮਧੁਰ ਅਰ ਕੋਮਲ ਸੁਰ ਵਿਚ ਗਾਣਾ ਸ਼ੁਰੂ ਕਰ ਦਿੱਤਾ। ਬਹੁਤ ਚਿਰ ਗਾਂਦੇ ਰਹੇ ਪਰ ਰਿਖੀ ਜੀ ਨੇ ਉੱਤਰ ਨਾ ਦਿੱਤਾ।

ਇਨ੍ਹਾਂ ਨੇ ਗੁੱਸੇ ਵਿਚ ਆ ਕੇ ਅਯੋਗ ਬਚਨ ਬੋਲੇ ਕਿ ਅਸਾਨੂੰ ਰਾਜੇ ਇੰਦ੍ਰ ਨੇ ਇਸ ਦੇ ਪਾਸ ਐਵੇਂ ਭੇਜ ਦਿੱਤਾ ਹੈ। ਇਸ ਮੂਰਖ ਨੂੰ ਤਾਂ ਰਾਗ ਦੀ ਕੁਝ ਵੀ ਸਮਝ ਨਹੀਂ ਐਵੇਂ ਅੱਖੀਆਂ ਮੀਟ ਕੇ ਬੈਠਾ ਹੈ।

ਦੋਹਾਂ ਗੰਧਰਬਾਂ ਪਾਸੋਂ ਐਸੇ ਅਯੋਗ ਬਚਣ ਸੁਣ ਕੇ ''ਦੇਵਲ ਰਿਖੀ'' ਨੇ ਸਰਾਪ ਦੇ ਦਿੱਤਾ। ਹੇ ਹੂਹੂ ! ਤੁਸੀਂ ਇਸ ਦੇਵ ਸਥਾਨ ਉੱਪਰ ਰਹਿਣ ਦੇ ਅਧਿਕਾਰੀ ਨਹੀਂ ਹੋ, ਜਾਓ ਮਾਤ ਲੋਕ ਵਿਚ, ਜਲ ਵਿਚ ਬੜੇ ਭਾਰੀ ਗ੍ਰਾਹ ਹੋ ਜਾਓ।

'ਹਾਹਾ' ਨੂੰ ਕਿਹਾ ਤੁਮ ਵੀ ਬੜੇ ਹੰਕਾਰੀ ਹੋ, ਹੰਕਾਰੀਆਂ ਦੀ ਇਥੇ ਜਗ੍ਹਾ ਨਹੀਂ ਹੈ ਮਾਤ ਲੋਕ ਵਿਚ ਜਾ ਕੇ ਗਜ ਬਣੋ।

ਇਸ ਰੀਤੀ ਨਾਲ ਰਿਖੀ ਦੇ ਸਰਾਪ ਕਰਕੇ ਦੋਹਾਂ ਨੇ ਮਾਤ ਲੋਕ ਵਿਚ ਆ ਕੇ ਗ੍ਰਾਹ ਤੇ ਗਜ ਦਾ ਸਰੂਪ ਧਾਰਨਾ ਕੀਤਾ। ਪਰ ਇਨ੍ਹਾਂ ਨੇ ਪਿਛਲਾ ਵੈਰ ਨਾ ਛਡਿਆ।

''ਗਾਜਿੰਦ੍ਰ ਮੋਖ ਨਾਮੇ ਗ੍ਰੰਥ'' ਵਿਚ ਇਨ੍ਹਾਂ ਦੀ ਸਾਰੀ ਕਥਾ ਨਿਰੂਪਨ ਹੈ। ਉਸ ਵਿਚ ਲਿਖਿਆ ਹੈ ਜਿਸ ਬਨ ਵਿਚ 'ਹਾਹਾ ਗੰਧਰਬ' ਹਾਥੀ ਬਣ ਕੇ ਰਿਹਾ ਹੈ, ਉਥੇ ਹਜ਼ਾਰਾਂ ਕਲਪ ਬ੍ਰਿਛ ਵਰਗੇ ਬੂਟੇ ਸ਼ੋਭ ਰਹੇ ਹੈਂ ਅਤੇ ਹਜ਼ਾਰਾਂ ਹੀ ਇਸ ਦੀਆਂ ਔਰਤਾਂ ਹਸਤਨੀਆਂ ਉਸ ਦੇ ਪਾਸ ਹੈਂ। ਇਕ ਦਿਨ ਹਾਥੀ ਆਪਣੇ ਬਣ ਵਿਚੋਂ ਨਿਕਲ ਕੇ ਸਰੋਵਰ ਦੇ ਕੰਢੇ ਪਾਣੀ ਪੀਣ ਆਇਆ ਤਾਂ ਤੰਦੂਏ ਨੇ ਪੈਰ ਤੋਂ ਗ੍ਰਸ ਲੀਤਾ (ਜਕੜ ਲਿਆ), ਗ੍ਰਾਹ ਥੱਲੇ ਖਿੱਚੇ ਤੇ ਹਾਥੀ ਉੱਪਰ ਨੂੰ ਖਿੱਚੇ। ਇਸ ਤਰ੍ਹਾਂ ਆਪਸ ਵਿਚ ਲੜਾਈ ਕਰਦਿਆਂ ਕਿਤਨਾ ਸਮਾਂ ਗੁਜਰ ਗਿਆ। ਉਸ ਵੇਲੇ ਉਸ ਦੀਆਂ ਹਜ਼ਾਰਾਂ ਹਸਤਨੀਆਂ ਪਾਸ ਖਲੋਤੀਆਂ ਵੇਖ ਰਹੀਆਂ ਸਨ ਪਰ ਉਸ ਦੀ ਸਹਾਇਤਾ ਨਾ ਕਰ ਸਕੀਆਂ।

ਜਿਸ ਵੇਲੇ ਤੰਦੂਆ ਆਪਣੀ ਤਾਕਤ ਨਾਲ ਹਾਥੀ ਨੂੰ ਪਾਣੀ ਵਿਚ ਹੇਠਾਂ ਲੈ ਗਿਆ ਤੇ ਕੇਵਲ ਸੁੰਡ ਮਾਤ੍ਰ ਬਾਹਰ ਰਹਿ ਗਈ ਤਾਂ ਹਾਥੀ ਨੇ ਆਪਣੇ ਬਚਾਉ ਵਾਸਤੇ ਪਰਮੇਸ਼ਰ ਦੀ ਓਟ ਲੀਤੀ ਤੇ ਜਲ ਉੱਪਰ ਕੌਲ ਫੁੱਲ ਤਰਦਾ ਵੇਖ ਕੇ ਸੁੰਡ ਨਾਲ ਫੜ ਕੇ ਗਜ ਨੇ ਭਗਵਾਨ ਦੀ ਭੇਟਾ ਕਰ ਦਿੱਤਾ ਤੇ ਦੀਨ ਮਨ ਹੋ ਕੇ ਭਗਵਾਨ ਦੀ ਉਸਤਤੀ ਕੀਤੀ, ਤਾਂ ਭਗਵਾਨ ਨੇ ਆਪਣਾ ਭਗਤ ਵਛਲ ਬਿਰਦ ਵਿਚਾਰਦਿਆਂ ਹੋਇਆਂ ਸੁਦਰਸ਼ਨ ਚੱਕ੍ਰ ਨਾਲ ਤੰਦੂਏ ਦੀਆ ਤਾਰਾਂ ਕੱਟ ਕੇ ਆਪਣੇ ਹਸਤ ਕਮਲਾਂ ਨਾਲ ਹਾਥੀ ਨੂੰ ਉੱਚਾ ਖਿੱਚ ਕੇ, ਭਾਵ ਜਲ ਤੋਂ ਬਾਹਰ ਕੱਢ ਕੇ ਮੁਕਤ, (ਅਜ਼ਾਦ) ਕਰ ਦਿੱਤਾ ਤੇ ਵਰ ਦਿੱਤਾ ਜਿਥੋਂ ਆਇਆ ਹੈਂ ਜਾ ਉਸੇ ਗੰਧਰਬ ਲੋਕ ਵਿਚ ਚਲਿਆ ਜਾਹ। ਇਸ ਫ਼ਜ਼ਾਂ ਨਾਲ ਹਾਥੀ ਦੇ ਪ੍ਰਾਣਾਂ ਨੂੰ ਤੰਦੂਏ ਤੋਂ ਬਚਾਇਆ।

www.sikhbookclub.com

ਯਥਾ:- ਰਾਮ ਗੁਰ ਸਰਨਿ ਪ੍ਰਭੂ ਰਖਵਾਰੇ॥
ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ॥ ੧॥

(ਨਟ ਮਹਲਾ ੪, ਪੰਨਾ ੯੮੨)

ਦੁਹਸਾਸਨ ਕੀ ਸਭਾ ਦ੍ਰੌਪਤੀ ਅੰਬਰ ਲੇਤ ਉਬਾਰੀਅਲੇ॥ ੧॥

ਦੁਹਸਾਸਨ=ਕਠਨ ਤਾੜਨਾ ਦੇਣ ਵਾਲੇ ਰਾਜੇ ਦੁਰਜੋਧਨ ਦੀ ਸਭਾ ਵਿਚ ਅੰਬਰ ਲੇਤ=ਬਸਤ੍ਰ ਉਤਾਰਦਿਆਂ ਯਾਨੇ ਸਾੜ੍ਹੀ ਲਾਹੁੰਦਿਆਂ ਹੋਇਆਂ, ਹੇ ਭਗਵਾਨ ! ਆਪ ਨੇ ਦਰੋਪਤੀ ਨੂੰ ਉਬਾਰੀਅਲੇ=ਬਚਾਅ ਲਿਆ, ਭਾਵ ਉਸ ਨੂੰ ਸਭਾ ਵਿਚ ਨਗਿਆਂ, ਅਰਥਾਤ ਬੇ-ਪੜਦ ਨਹੀਂ ਹੋਣ ਦਿੱਤਾ।

ਯਥਾ:- ਅੰਦਰ ਸਭਾ ਦੁਸਾਸਨੈ ਮੱਥੇ ਵਾਲ ਦ੍ਰੌਪਤੀ ਆਂਦੀ॥
ਦੂਤਾਂ ਨੋਂ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ॥
ਪੰਜੇ ਪਾਂਡੋ ਵੇਖਦੇ ਅਉਘਟ ਰੁਧੀ ਨਾਰਿ ਜਿਨਾਂ ਦੀ॥
ਅੱਖੀ ਮੀਟ ਧਿਆਨ ਧਰ ਹਾਹਾ ਕ੍ਰਿਸ਼ਨ ਕਰੈ ਵਿਲਲਾਂਦੀ॥
ਕੱਪੜ ਕੋਟ ਉਸਾਰਿਓਨ ਥੱਕੇ ਦੂਤ ਨ ਪਾਰ ਵਸਾਂਦੀ॥
ਹੱਥ ਮਰੋੜਨ ਸਿਰ ਧੁਣਨਿ ਪਛੋਤਾਨ ਕਰਨ ਜਾਹ ਜਾਂਦੀ॥
ਘਰ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ॥
ਨਾਥ ਅਨਾਥਾਂ ਬਾਣ ਧੁਰਾਂ ਦੀ॥ (ਭਾਈ ਗੁਰਦਾਸ ਜੀ ਵਾਰ ੧੦ ਪਉੜੀ ੮)

ਚੌਥੇ ਪਾਤਸ਼ਾਹ ਜੀ ਦੀ ਉਸਤਤੀ ਦੇ ਸ੍ਵੱਈਆਂ ਵਿਚ ਦਾਸ ਭਟ ਕਥਨ ਕਰਦਾ ਹੈ-

ਅਬ ਰਾਖਹੁ ਦਾਸ ਭਾਟ ਕੀ ਲਾਜ॥
ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥
ਫੁਨਿ ਦ੍ਰੌਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥

(ਸ੍ਵਈਏ ਮਹਲੇ ੪ ਕੇ, ਪੰਨਾ ੧੪੦੦)

ਇਤਨੇ ਬਸਤ੍ਰ ਭਗਵਾਨ ਨੇ ਸਾਜ ਦਿੱਤੇ ਜੋ ਕੁਝ ਪਤਾ ਨਾ ਲੱਗਾ।

ਨਾਭਾ ਭਗਤ ਮਾਲ ਵਿਚ ਲਿਖਿਆ ਹੈ:-

ਨਾਰੀ ਮਧ ਸਾਰੀ ਹੈ ਕਿ ਸਾਰੀ ਮੱਧ ਨਾਰੀ,
ਕਿ ਨਾਰੀ ਹੂੰ ਕੀ ਸਾਰੀ ਹੈ ਕਿ ਸਾਰੀ ਹੂੰ ਕੀ ਨਾਰੀ ਹੈ॥

ਗੌਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥

ਹੇ ਭਗਵਾਨ ! ਸ੍ਰੀ ਰਾਮਚੰਦ੍ਰ ਰੂਪ ਹੋ ਕੇ ਗੌਤਮ ਰਿਖੀ ਦੀ ਇਸਤ੍ਰੀ ਅਹਿੱਲਿਆ ਨੂੰ ਤਾਰਿਆ ਹੈ, ਜੋ ਗੌਤਮ ਰਿਖੀ ਦੇ ਸਰਾਪ ਕਰਕੇ ਸਿਲਾ ਰੂਪ ਹੋ ਗਈ ਸੀ।

ਸ੍ਰੀ ਰਾਮਚੰਦ੍ਰ ਜੀ ਦੇ ਪਵਿੱਤ੍ਰ ਚਰਨ ਦੇ ਛੋਹਣ ਨਾਲ ਬੈਕੁੰਠ ਧਾਮ ਚਲੀ ਗਈ।

ਯਥਾ:- ਗੌਤਮ ਨਾਰਿ ਅਹਿੱਲਿਆ ਤਿਸ ਨੋਂ ਦੇਖ ਇੰਦ੍ਰ ਲੋਭਾਣਾ॥
ਪਰ ਘਰ ਜਾਇ ਸਰਾਪ ਲੈ ਹੋਇ ਸਹਸ ਭਗ ਪਛੋਤਾਣਾ॥

ਸੁੰਞਾ ਹੋਆ ਇੰਦ੍ਰ ਲੋਕ ਲੁਕਿਆ ਸਰਵਰ ਮਨ ਸ਼ਰਮਾਣਾ॥
ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ॥
ਸਤੀਂ ਸਤਰੁੰ ਟਲ ਸਿਲਾ ਹੋਇ ਨਦੀ ਕਿਨਾਰੇ ਬਾਂਝ ਪਰਾਣਾ॥
ਰਘੁਪਤਿ ਚਰਣ ਛੁਹੰਦਿਆਂ ਚਲੀ ਸੁਰਗਪੁਰਿ ਬਣੇ ਬਿਬਾਣਾ॥

(ਭਾਈ ਗੁਰਦਾਸ ਜੀ ਵਾਰ ੧੦ ਪਉੜੀ ੧੮)

ਪਾਵਨ ਕੇਤਕ ਤਾਰੀਅਲੇ॥

ਪਾਵਨ=ਪਵਿੱਤ੍ਰ ਚਰਨ ਛੁਹਾ ਕੇ ਕਿਤਨੇ ਹੀ ਤਾਰ ਦਿੱਤੇ, ਵਾ:- ਕਿਤਨਿਆਂ ਨੂੰ ਤਾਰ ਕੇ ਪਾਵਨ=ਪਵਿੱਤ੍ਰ ਕਰ ਦਿੱਤਾ।

ਪਾਵਨ ਦੀ ਜਗ੍ਹਾ 'ਪਾਹਨ' ਪਾਠ ਭੀ ਹੁੰਦਾ ਹੈ, ਉਸ ਦਾ ਅਰਥ ਇਸ ਤਰ੍ਹਾਂ ਕਰਨਾ ਕਿ ਪਾਹਨ=ਪੱਥਰਾਂ ਵੱਤ ਜੋ ਕਠੋਰ ਹਿਰਦੇ ਵਾਲੇ ਸਨ, ਉਨ੍ਹਾਂ ਨੂੰ ਵੀ ਆਪ ਨੇ ਤਾਰ ਦਿੱਤਾ ਹੈ।

ਸ੍ਰੀ ਗੁਰੂ ਨਾਨਕ ਰੂਪ ਹੋ ਕੇ ਕਾਰੂ ਬਾਦਸ਼ਾਹ ਵਰਗੇ ਕਠੋਰਾਂ ਨੂੰ ਤਾਰ ਦਿੱਤਾ ਹੈ,

ਵਾ:-ਸਮੁੰਦਰ ਉੱਪਰ ਪੁਲ ਬੰਨ੍ਹਣ ਵੇਲੇ ਕਿਤਨੇ ਹੀ ਪਾਹਨ=ਪੱਥਰ (ਪਹਾੜ) ਤਾਰ ਦਿੱਤੇ।

ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ॥ ੨॥ ੨॥

ਹੇ ਭਗਵਾਨ! ਆਪ ਜੀ ਦਾ ਐਸਾ ਪਤਿਤ ਪਾਵਨ ਸੁਭਾਵ ਵੇਖ ਕੇ ਮੈਂ ਨਾਮਦੇਵ ਅਧਮੁ=ਨੀਚ ਤੇ ਅਜਾਤਿ=ਨੀਵੀਂ ਜਾਤ ਵਾਲਾ,

ਯਥਾ- ਹੀਨੜੀ ਜਾਤ ਮੇਰੀ ਜਾਦਿਮ ਰਾਇਆ॥ (ਭੈਰਉ ਨਾਮਦੇਵ, ਪੰਨਾ ੧੧੬੪)

ਤਉ ਸਰਨਾਗਤਿ ਆਈਅਲੇ=ਮੈਂ ਆਪ ਜੀ ਦੀ ਸ਼ਰਨ ਵਿਖੇ ਆਇਆ ਹਾਂ ਆਪ ਮੇਰੀ ਗਤਿ=ਮੁਕਤੀ ਕਰੋ॥ ੨॥ ੨॥

ਉਥਾਨਕਾ- ਭਗਤ ਨਾਮਦੇਵ ਜੀ ਪਾਸ ਇੱਕ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ ਕਿ ਸਾਰਿਆਂ ਸਰੀਰਾਂ ਵਿਚ ਕੌਣ ਬੋਲ ਰਿਹਾ ਹੈ? ਇਹ ਗੱਲ ਸੁਣ ਕੇ ਨਾਮਦੇਵ ਜੀ ਇਸ ਸ਼ਬਦ ਦੁਆਰਾ ਰਾਮ ਦੀ ਵਿਆਪਕਤਾ ਦਾ ਵਰਣਨ ਕਰਦੇ ਹਨ ਕਿ-

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥ ੧॥ ਰਹਾਉ॥

ਭੂਤ ਕਾਲ ਵਿਚ ਸਾਰਿਆਂ ਸਰੀਰਾਂ ਵਿਚ ਰਾਮ ਬੋਲ ਰਿਹਾ ਸੀ, ਵਰਤਮਾਨ ਸਮੇਂ ਵਿਚ ਵੀ ਰਾਮ ਬੋਲ ਰਿਹਾ ਹੈ।

ਭਵਿੱਖਤ ਕਾਲ ਵਿਚ ਭੀ, ਹੇ ਭਾਈ! ਰਾਮ ਤੋਂ ਬਿਨਾਂ ਕੌਣ ਬੋਲੇਗਾ, ਭਾਵ ਰਾਮ ਹੀ ਬੋਲੇਗਾ॥ ੧॥

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥

ਦ੍ਰਿਸ਼ਟਾਂਤ- ਜੈਸੇ ਕੁੰਜਰ=ਹਾਥੀ ਤੇ ਚੀਟੀ=ਕੀੜੀਆਂ, ਵਾ:- ਚਿੜੀਆਂ ਅਤੇ ਬਹੁਤ ਹੀ ਨਾਨਾਂ ਤਰ੍ਹਾਂ ਦੇ ਭਾਂਡਿਆਂ ਵਿਚ ਏਕਲ ਮਾਟੀ=ਇੱਕ ਮਿੱਟੀ ਹੀ ਸਮਾਅ ਰਹੀ ਹੈ।

www.sikhbookclub.com

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥ ੧॥

ਦ੍ਰਿਸ਼ਟਾਂਤ-ਜੈਸੇ ਅਸਥਾਵਰ=ਇੱਕ ਥਾਂ ਖੜ੍ਹੇ ਰਹਿਣ ਵਾਲੇ ਪਹਾੜ ਬ੍ਰਿੱਛ ਆਦਿਕ,

ਜੰਗਮ=ਚਲਣ ਵਾਲੇ ਮਨੁੱਖ ਪਸ਼ੂ ਆਦਿਕ, ਕੀਟ=ਕੀੜੇ ਪਤੰਗੇ ਇਤਿਆਦਿ ਸਭ ਜੀਵਾਂ ਦੇ ਦਿਲਾਂ ਵਿਚ ਰਾਮ ਪਰਮਾਤਮਾ ਸਮਾਅ ਰਿਹਾ ਹੈ॥ ੧॥

ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ॥

ਰੇ=ਹੇ ਭਾਈ ! ਅਨੰਤਾ=ਬੇਅੰਤ ਗੁਣਾਂ ਵਾਲਾ ਜੋ ਇੱਕ ਪਰਮੇਸ਼ਰ ਹੈ, ਉਸ ਦੇ ਸਿਮਰਨ ਦੀ ਚਿੰਤਾ ਮਨ ਵਿਚ ਰੱਖਣਾ ਕਰ।

ਅਉਰ=ਹੋਰ ਸਭ ਪਦਾਰਥਾਂ ਦੀ ਆਸਾ ਤਿਆਗ ਦਿਓ, ਵਾ:- ਇੱਕ ਪਰਮਾਤਮਾ ਹੀ ਸਭ ਜੀਵਾਂ ਨੂੰ ਖਾਣ ਪਾਣ ਦੀ ਚਿੰਤਾ ਰੱਖਦਾ ਹੈ, ਇਸ ਭਰੋਸੇ ਨੂੰ ਦ੍ਰਿੜ ਕਰ ਕੇ ਹੋਰ ਸਭ ਆਸਾਂ ਤਿਆਗ ਦਿਓ।

ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥ ੨॥ ੩॥

ਨਾਮਦੇਵ ਜੀ ਪ੍ਰਣਵੈ=ਉਚਾਰਦੇ ਹਨ— ਨਾਮ ਨੂੰ ਜਪ ਕੇ ਅਸੀਂ ਤਾਂ ਨਿਸ਼ਕਾਮ ਹੋ ਚੁੱਕੇ ਹਾਂ, ਹੁਣ ਬ੍ਰਹਮ ਗਿਆਨ ਹੋਣੇ 'ਤੇ ਠਾਕੁਰ ਕੌਣ ਤੇ ਦਾਸ ਕੌਣ ਹੈ, ਭਾਵ ਅਸਾਡੀ ਨਿਗਾਹ ਵਿਚ ਹੁਣ ਕੋਈ ਦ੍ਵੈਤ ਭਾਵ ਨਹੀਂ ਰਿਹਾ, ਅਸੀਂ ਤਾਂ ਸਾਰੇ ਪਰਮਾਤਮਾ ਨੂੰ ਹੀ ਪਰੀ-ਪੂਰਨ ਵੇਖਦੇ ਹਾਂ॥ ੨॥ ੩॥

ਮਾਲੀ ਗਉੜਾ ਰਾਗੁ ਵਿੱਚ ਆਈ ਬਾਣੀ ਦਾ ਵੇਰਵਾ ਤੇ ਗਿਣਤੀ

ਸ਼ਬਦਾਂ ਦੀ ਗਿਣਤੀ

ਮਹਲਾ ੪ ਦੇ ਸ਼ਬਦ	੬
ਮਹਲਾ ੫ ਦੇ ਸ਼ਬਦ	੮
ਭਗਤ ਨਾਮਦੇਵ ਜੀ ਦੇ ਸ਼ਬਦ	੩
ਕੁਲ ਜੋੜ	੧੭

ਰਾਗੁ ਮਾਲੀ ਗਉੜੀ ਸਮਾਪਤੰ

ਰਾਗੁ ਮਾਰੂ

[ਪੰਨਾ ੯੯੬]

*ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਗਰੀਬ ਨਿਵਾਜ, ਮਾਲੀ ਗਉੜਾ ਰਾਗ ਦੀ ਸਮਾਪਤੀ ਕਰਕੇ ਹੁਣ ਮਾਰੂ ਰਾਗ ਕਥਨ ਕਰਦੇ ਹਨ, ਮਾਰੂ ਰਾਗ ਦੇ ਆਰੰਭ ਵਿਚ ਵੱਡਾ ਮੰਗਲ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸ੍ਰਵਨ ਕਰਵਾਉਂਦੇ ਹਨ।

ਸਲੋਕੁ ॥

ਇਸ ਸਲੋਕ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ:-

ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥

ਹੇ ਸਾਜਨ=ਪਰਮਾਤਮਾ ! ਇਹ ਕ੍ਰਿਪਾ ਕਰ, ਜੋ ਮੈਂ ਸਦਾ ਹੀ ਤੇਰੇ ਚਰਨਾਂ ਦੀ ਧੂੜੀ ਹੋ ਕੇ ਰਹਿਣਾ ਕਰਾਂ।

ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਮੈਂ ਤੁਹਾਰੀਆ=ਆਪ ਜੀ ਦੀ ਸ਼ਰਨੀ ਪੈ ਕੇ ਸਦੀਵ ਕਾਲ ਆਪ ਜੀ ਨੂੰ ਹਾਜਰਾ ਹਜ਼ੂਰ ਵੇਖਣਾ ਕਰਾਂ ॥ ੧ ॥

ਸਬਦ ॥

ਜਿਵੇਂ ਭਗਤ ਜੈ ਦੇਵ ਜੀ ਦੀ ਰਚਨਾਂ ਨਾਲ ਪਦਾ ਲਿਖਿਆ ਜਾਂਦਾ ਹੈ। ਸੂਰਦਾਸ ਆਦਿਕਾਂ ਦੀ ਰਚਨਾਂ ਨਾਲ ਵਿਸ਼ਨ ਪਦਾ ਲਿਖਿਆ ਜਾਂਦਾ ਹੈ। ਤਿਵੇਂ ਗੁਰੂ ਸਾਹਿਬਾਂ ਦੀ ਰਚਨਾਂ ਨਾਲ ਸ਼ਬਦ ਪਦ ਲਿਖਿਆ ਜਾਂਦਾ ਹੈ। ਸੰਗੀਤ ਵਾਲੇ ਸ਼ਬਦ ਦਾ ਲਖਣ ਇਉਂ ਕਰਦੇ ਹਨ- ਸਥਾਈ, ਅੰਤਰਾ, ਧਰੁਵ ਤੇ ਅਭੋਗ ਇਹ ਚਾਰੇ ਜਿਸ ਦੇ ਗਾਉਣ ਵਿਚ ਠੀਕ ਆਉਣ ਉਸ ਦਾ ਨਾਉਂ ਸ਼ਬਦ ਹੈ। ਸ਼ਬਦ ਦੀ ਹੋਰ ਕੋਈ ਖਾਸ ਜਾਤੀ ਨਹੀਂ ਹੈ ਅਨੇਕ ਤਰ੍ਹਾਂ ਦੇ ਛੰਦਾਂ ਦਾ ਰੂਪ ਸ਼ਬਦਾਂ ਵਿਚ ਵੇਖਿਆ ਜਾਂਦਾ ਹੈ। ਸ਼ਬਦ ਨਾਮ ਉਪਦੇਸ਼ ਦਾ ਭੀ ਹੈ ਗੁਰੂ ਸਾਹਿਬ ਜੀ ਆਪਣੇ ਪਿਤਾ ਬਾਬਾ ਕਾਲੂ ਜੀ ਨੂੰ ਸ਼ਬਦ=ਉਪਦੇਸ਼ ਦੇਂਦੇ ਹਨ।

---

*ਇਹ ਰਾਗ ਖਾੜਵ ਜਾਤੀ ਦਾ ਹੈ ਦਿਨ ਦੇ ਤੀਜੇ ਪਹਿਰ ਗਾਉਂਦੇ ਹਨ। ਜੌਨ ਪੁਰੀ, ਗੌਰੀ ਪਰਜ, ਸੋਰਠ ਤੇ ਸਿਰੀ ਰਾਗ ਮਿਲ ਕੇ ਮਾਰੂ ਰਾਗ ਬਣਦਾ ਹੈ, ਦੇਸੀ ਸੰਕੀਰਨ ਹੈ ਮੌਸਮ ਸਰਦ ਰੁਤ ਹੈ ਲੜਾਈ ਦਾ ਜੋਸ਼ ਪੈਦਾ ਕਰਦਾ ਹੈ ਤੇ ਮਾਲਕੌਂਸ ਦਾ ਪੁਤ੍ਰ ਹੈ।

ਯਥਾ:- ਮਾਰੂ ਮਸਤ ਅੰਗ ਮੇਵਾਰਾ ॥ ਪ੍ਰਬਲ ਚੰਡ ਕਉਸਕ ਉਭਾਰਾ ॥ (ਪੰਨਾ ੧੪੩੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਾਰੂ ਦਾ ਇਕੀਹਵਾਂ ਨੰਬਰ ਹੈ। ਚਲਾਣੇ ਸਮੇਂ ਖਾਸ ਕਰਕੇ ਪੜ੍ਹਿਆ ਜਾਂਦਾ ਹੈ।

ਯਥਾ:- ਆਗੇ ਚਲਤ ਸੁ ਮਾਰੂ ਗਾਵਤ ਚੰਦਨ ਚਿਤਾ ਬਿਸਾਲ ਬਨਾਈ। (ਗੁਰ ਪ੍ਰਤਾਪ ਸੂਰਜ)

www.sikhbookclub.com

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥

ਹੇ ਪਿਤਾ ਜੀ ! ਸਾਡਾ ਏਹੋ ਸਦੜਾ=ਉਪ੍ਦੇਸ਼ ਹੈ ਕਿ ਪਿਛਲੀ ਰਾਤ ਅੰਮ੍ਰਿਤ ਵੇਲੇ ਉਠ ਕੇ ਖਸਮ= ਪਰਮੇਸ਼ਰ ਦਾ ਨਾਮ ਲੈਣਾ ਕਰੋ। *ਅਥਵਾ:-* ਸਤਜੁਗ, ਤਰੇਤਾ, ਦੁਆਪੁਰ ਤੇ ਕਲਜੁਗ ਇਨ੍ਹਾਂ ਚਾਰੇ ਜੁਗਾਂ ਵਿਚੋਂ ਕਲਜੁਗ ਰੂਪ ਪਿਛਲੀ ਰਾਤ ਮੇਂ ਖਸਮ=ਪਰਮੇਸ਼ਰ ਦਾ ਨਾਮ ਲੈਣਾ ਕਰੋ।

ਯਥਾ:- ਅਬ ਕਲੂ ਆਇਓ ਰੇ ਇਕ ਨਾਮ ਬੋਵਹੁ ਬੋਵਹੁ॥

ਅਥਵਾ:- ਮਨੁੱਖਾ ਦੇਹ ਰੂਪ ਪਿਛਲੀ ਰਾਤ ਉਠ ਕੇ ਖਸਮ ਦਾ ਨਾਮ ਲੈਣ ਨਾਲ ਕੁਝ ਪ੍ਰਾਪਤ ਹੁੰਦਾ ਹੈ ਜਾਂ ਨਹੀਂ? *ਗੁਰ ਉੱਤਰ:-*

ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥

ਉਹਨਾਂ ਦੇ ਉਤੇ ਖੇਮੇ=ਚੰਦੋਏ ਲੱਗ ਜਾਂਦੇ ਹਨ, ਛਤਰ ਝੁਲੀਂਦੇ ਹਨ, ਸਰਾਇਚੇ=ਕਿਨਾਤਾਂ ਲੱਗ ਜਾਂਦੀਆਂ ਹਨ ਅਤੇ ਰਥ ਪੀੜੇ=ਜੁੱਤੇ ਹੋਏ ਦਿੱਸਦੇ ਹਨ, ਜਿਸ ਵੇਲੇ ਭੀ ਚਾਹੁਣ ਉਸੀ ਵੇਲੇ ਰਥਾਂ ਵਿਚ ਬੈਠ ਕੇ ਤੁਰ ਪੈਣ। *ਅਥਵਾ:-* ਖਿਮਾ ਰੂਪ ਖੇਮੇ=ਚੰਦੋਏ, ਜਸ ਰੂਪ ਛੱਤਰ, ਭਗਤੀ ਰੂਪ ਸਰਾਇਚੇ=ਕਿਨਾਤਾਂ, ਸ੍ਰਵਨ, ਮਨਨ, ਨਿਧਿਆਸਣ ਰੂਪ ਰਥ ਪੀੜੇ ਹੋਏ ਦਿੱਸਦੇ ਹਨ।

ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥ ੧॥

ਹੇ ਪਿਤਾ ਜੀ ! ਜਿਨ੍ਹਾਂ ਨੇ ਤੇਰਾ=ਤਿਸ ਪਰਮਾਤਮਾ ਦਾ ਨਾਮ ਧਿਆਉਣਾ ਕੀਤਾ ਹੈ, ਉਹਨਾਂ ਨੂੰ ਸਦਿ=ਬੁਲਾ ਬੁਲਾ ਕੇ, *ਵਾ:-* ਇਤਿਆਦਿਕ ਸਦਿ=ਸਜਰੇ ਸਜਰੇ ਪਦਾਰਥ ਮਿਲਦੇ ਹਨ। *ਅਥਵਾ:-* ਹੇ ਪਰਮੇਸ਼ਰ ! ਜਿਨ੍ਹਾਂ ਨੇ ਆਪ ਜੀ ਦਾ ਨਾਮ ਧਿਆਇਆ ਹੈ, ਉਹਨਾਂ ਨੂੰ ਇਤਿਆਦਿਕ ਪਦਾਰਥ ਸਦਿ=ਸ਼ੀਘਰ ਹੀ ਮਿਲਦੇ ਹਨ॥ ੧॥

ਬਾਬਾ ਮੈ ਕਰਮਹੀਣ ਕੂੜਿਆਰ॥

ਹੇ ਪਿਤਾ ਜੀ ! ਪਰਮੇਸ਼ਰ ਅਗੇ ਬੇਨਤੀ ਕਰੋ, ਹੇ ਬਾਬਾ=ਪਰਮੇਸ਼ਰ ! ਮੈਂ ਸ਼ੁਭ ਕਰਮਾਂ ਤੋਂ ਰਹਿਤ ਹਾਂ ਤੇ ਕੂੜਿਆਰ=ਝੂਠਾ ਹਾਂ।

ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ॥ ੧॥ ਰਹਾਉ॥

ਮੈਂਨੇ ਤੇਰਾ ਨਾਮ ਜਪਣਾ ਨਹੀਂ ਪਾਇਆ, ਮੇਰਾ ਅੰਨ੍ਹਾਂ ਮਨ ਭਰਮ ਵਿਚ ਭੁਲਾ ਹੋਇਆ ਹੈ॥ ੧॥ ਰਹਾਉ॥

ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ॥

ਹੇ ਮਾਇ=ਪਿਤਾ ਜੀ, *ਅਥਵਾ:-* ਹੇ ਮਾਇ=ਭਾਈ ! ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਜਿੰਨੇ ਕੁ ਸੁਆਦ ਲੈਣਾ ਕੀਤੇ ਹਨ, ਭਾਵ ਪਦਾਰਥ ਭੋਗਣਾ ਕੀਤੇ ਹਨ ਉਤਨੇ ਹੀ ਦੁੱਖ ਪਰਫੁੜੇ=ਪ੍ਫੁਲਤ ਹੋਏ ਹਨ, *ਵਾ:-* ਉਤਨੇ ਹੀ ਦੁੱਖਾਂ ਨੇ ਆ ਕੇ ਪਰ ਭਲੀ ਪ੍ਰਕਾਰ ਫੜ ਲਿਆ ਹੈ।

ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ॥ ੨॥

ਸੁਖ ਥੋੜੇ ਭੋਗੇ ਹਨ, ਦੁਖ ਅਗਲੇ=ਬਹੁਤੇ ਭੋਗਣੇ ਪਏ ਹਨ, ਹੁਣ ਦੁੱਖਾਂ ਹੀ ਦੁੱਖਾਂ ਵਿਚ ਉਮਰਾ

www.sikhbookclub.com

ਵਿਹਾਇ=ਬਤੀਤ ਹੋ ਰਹੀ ਹੈ॥ ੨॥

ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ॥

ਜੋ ਪਰਮੇਸ਼ਰ ਤੋਂ ਵਿਛੁੜੇ ਹੋਏ ਹਨ ਉਹਨਾਂ ਦੇ ਨਾਲ ਕੀ ਕਰੀਏ ਭਾਵ ਵਿਛੁੜਨਾ ਕਰੀਏ, ਪਰਮੇਸ਼ਰ ਦੇ ਨਾਲ ਮਿਲੇ ਹੋਏ ਜੋ ਮਹਾਤਮਾ ਹਨ, ਉਹਨਾਂ ਨਾਲ ਕੀ ਕਰੇ ਭਾਵ ਮੇਲ ਕਰੀਏ।

ਅਥਵਾ:- ਵਿਛੁੜਿਆਂ ਹੋਇਆਂ ਦਾ ਕੀ ਵਿਛੋੜਨਾ ਹੈ, ਤੋ ਮਿਲੇ ਹੋਏ ਸੰਤਾਂ ਦਾ ਕੀ ਮੇਲ ਕਰਨਾ ਹੈ ਤੂੰ ਕ੍ਰਿਪਾ ਕਰਕੇ ਸਾਨੂੰ ਮੇਲਣਾ ਕਰ।

ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ॥ ੩॥

ਉਸ ਸਾਹਿਬੁ=ਮਾਲਕ ਪਰਮੇਸ਼ਰ ਨੂੰ ਸਲਾਹੁਣਾ ਕਰੀਏ, ਜਿਸ ਨੇ ਜਗਤ ਰੂਪੀ ਖੇਡ ਨੂੰ ਬਣਾ ਕੇ ਵੇਖਿਆ ਹੈ॥ ੩॥

ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ॥

ਕਰਮਾਂ ਦੇ ਸੰਜੋਗ ਨੇ ਇਸ ਸਰੀਰ ਨਾਲ, *ਵਾ:-* ਸਬੰਧੀਆਂ ਨਾਲ, *ਵਾ:-* ਪਦਾਰਥਾਂ ਨਾਲ ਮਿਲਾਪ ਕੀਤਾ ਹੈ, ਜੀਵ ਨੇ ਪਰਮੇਸ਼ਰ ਨੂੰ ਭੁਲਾ ਕੇ ਇਨਿ ਤਨਿ=ਇਨ੍ਹਾਂ ਸਬੰਧੀਆਂ ਨਾਲ ਮਿਲ ਕੇ, *ਵਾ:-* ਇਹਨਾਂ ਸਰੀਰਾਂ ਨਾਲ ਮਿਲ ਕੇ ਵਿਸ਼ੇ ਭੋਗ ਹੀ ਭੋਗਨਾ ਕੀਤੇ ਹਨ।

ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ॥ ੪॥ ੧॥

ਵਿਜੋਗੀ ਕਰਮਾਂ ਕਰਕੇ ਮਿਲੇ ਹੋਏ ਸਬੰਧੀ, *ਵਾ:-* ਪਦਾਰਥ, *ਵਾ:-* ਸਰੀਰ ਵਿਛੁੜ ਜਾਂਦੇ ਹਨ ਅਤੇ ਗੁਰੂ ਜੀ ਕਥਨ ਕਰਦੇ ਹਨ— ਸੰਜੋਗੀ ਕਰਮ ਦੇ ਆਉਣ ਕਰਕੇ ਭੀ=ਫਿਰ ਸਬੰਧੀ,

ਵਾ:- ਪਦਾਰਥਾਂ ਨਾਲ ਸੰਜੋਗ ਹੋ ਜਾਂਦਾ ਹੈ॥ ੪॥ ੧॥

ਮਾਰੂ ਮਹਲਾ ੧॥

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਿਸਾਂਤਰਾਂ ਵਿਚ ਰਟਨ ਕਰਦੇ ਹੋਏ ਪੱਖੋ ਕੇ ਰੰਧਾਵੇ ਫਕੀਰੀ ਲਿਬਾਸ ਵਿਚ ਪਹੁੰਚੇ, ਸਹੁਰਾ ਮੂਲ ਚੰਦ, ਸੱਸ ਚੰਦੋ ਰਾਣੀ ਨੂੰ ਪਤਾ ਲਗਾ ਤਾਂ ਇਹ ਗੁਰੂ ਜੀ ਦੇ ਪਾਸ ਆਏ ਫਕੀਰੀ ਲਿਬਾਸ ਨੂੰ ਵੇਖ ਕੇ ਚੰਦੋ ਰਾਣੀ ਬੜੇ ਗੁੱਸੇ ਵਿਚ ਆ ਕੇ ਬੋਲੀ-

ਯਥਾ:- ਚੰਦੋ ਰਾਣੀ ਕੜਕੀ ਫੇਰ। ਵੇ ਨਾਨਕ ਏਸੇ ਗੱਲ ਲਈ ਵਿਆਹ ਕੀਤਾ ਹਈ, ਜੋ ਟੱਬਰ ਵਧਾ ਕੇ ਹੁਣ ਸਾਧੂਆਂ ਵਿਚ ਭੌਂਦਾ ਫਿਰਦਾ ਹੈਂ, ਇਹ ਗੱਲਾਂ ਸੁਣ ਕੇ ਵੈਰਾਗ ਜਨਕ ਉਪਦੇਸ਼ ਦੇਂਦੇ ਹਨ- ਰਹਾਉ ਤੋਂ ਪੰਗਤੀ ਉਠਾਨੀ।

ਮੂਰਖ ਮਨ ਕਾਹੇ ਕਰਸਹਿ ਮਾਣਾ॥ ਉਠਿ ਚਲਣਾ ਖਸਮੈ ਭਾਣਾ॥

ਮਿਲਿ ਮਾਤ ਪਿਤਾ ਪਿੰਡੁ ਕਮਾਇਆ॥ ਤਿਨਿ ਕਰਤੈ ਲੇਖੁ ਲਿਖਾਇਆ॥

ਮਾਤਾ ਪਿਤਾ ਦੇ ਮਿਲਾਪ ਤੋਂ ਇਹ ਪਿੰਡੁ=ਸਰੀਰ, ਕਮਾਇਆ=ਉਤਪਤ ਕੀਤਾ ਹੈ। ਉਸ ਕਰਤੇ ਪੁਰਖ ਨੇ ਜੀਵ ਦੇ ਕਰਮਾਂ ਅਨੁਸਾਰ ਇਸ ਦੇ ਮੱਥੇ 'ਪਰ ਬ੍ਰਹਮਾ ਤੋਂ ਲੇਖ ਲਿਖਵਾ ਦਿੱਤਾ ਹੈ।

ਲਿਖੁ ਦਾਤਿ ਜੋਤਿ ਵਡਿਆਈ॥ ਮਿਲਿ ਮਾਇਆ ਸੁਰਤਿ ਗਵਾਈ॥ ੧॥

ਜੋ ਇਸ ਨੂੰ ਦਾਤ, ਜੋਤਿ=ਕ੍ਰਾਂਤੀ ਤੇ ਵਡਿਆਈ ਦੇਣੀ ਸੀ। ਉਹ ਸਭ ਪਹਿਲੇ ਹੀ ਲਿਖ ਦਿੱਤੀ ਹੈ। *ਅਥਵਾ:-* ਜੋਤਿ=ਜੋਤੀ ਪਰਮਾਤਮਾ ਨੇ ਧਨ ਸੰਪਦਾ ਰੂਪ ਦਾਤਾਂ ਤੇ ਵਡਿਆਈ ਸਭ ਪਹਿਲੇ ਹੀ ਲਿਖ ਦਿੱਤੀ ਹੈ। ਪਰ ਇਸ ਜੀਵ ਨੇ ਮਾਇਆ ਵਿਚ ਮਿਲ ਕੇ ਆਪਣੀ ਸੁਰਤਿ=ਹੋਸ਼ ਗਵਾ ਲੀਤੀ ਹੈ। *ਅਥਵਾ:-* ਪਰਮੇਸ਼ਰ ਦੀ ਸੁਰਤਿ=ਗਿਆਤ, *ਵਾ:-* ਸਰੇਸ਼ਟ ਪ੍ਰੀਤੀ ਗਵਾ ਲਈ ਹੈ॥ ੧॥

ਮੂਰਖ ਮਨ ਕਾਹੇ ਕਰਸਹਿ ਮਾਣਾ॥
ਉਠਿ ਚਲਣਾ ਖਸਮੈ ਭਾਣਾ॥ ੧॥ ਰਹਾਉ॥

ਹੇ ਮੂਰਖ ਮਨ ! ਤੂੰ ਕਿਉਂ ਮਾਣ ਕਰਦਾ ਹੈਂ। ਜਿਸ ਵੇਲੇ ਖਸਮੈ=ਪਰਮਾਤਮਾ ਦਾ ਭਾਣਾ=ਹੁਕਮ ਹੋਇਆ ਤਾਂ ਇਥੋਂ ਉਠ ਕੇ ਤੁਰ ਪੈਣਾ ਹੈ।

ਚੰਦੋ ਰਾਣੀ ਨੇ ਕਿਹਾ- ਤੁਸੀਂ ਸੁਆਦਾਂ ਨੂੰ ਤੇ ਘਰਾਂ ਨੂੰ ਕਿਉਂ ਛੱਡੀ ਫਿਰਦੇ ਹੋ? *ਗੁਰ ਉੱਤਰ:-*

ਤਜਿ ਸਾਦ ਸਹਜ ਸੁਖੁ ਹੋਈ॥ ਘਰ ਛਡਣੇ ਰਹੈ ਨ ਕੋਈ॥

ਸੁਆਦਾਂ ਦੇ ਤਿਆਗਣ ਕਰਕੇ ਹੀ ਸਹਜ ਸੁਖੁ=ਅਚੁਤ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸਭ ਨੇ ਘਰ ਛੱਡ ਜਾਣੇ ਹਨ ਕਿਸੀ ਨੇ ਭੀ ਇਨ੍ਹਾਂ ਘਰਾਂ ਵਿਚ ਰਹਿਣਾ ਨਹੀਂ ਹੈ।

ਅਥਵਾ:- ਇਹ ਸਰੀਰ ਘਰ ਭੀ ਛੱਡ ਜਾਣੇ ਹਨ, ਇਨ੍ਹਾਂ ਸਰੀਰਾਂ ਵਿਚ ਕਿਸੀ ਨੇ ਭੀ ਅਮਰ ਹੋ ਕੇ ਰਹਿਣਾ ਨਹੀਂ ਹੈ। ਮੂਲ ਚੰਦ ਨੇ ਕਿਹਾ, ਆਪ ਜੀ ਨੇ ਮੋਦੀ ਖਾਨਾ ਕਿਉਂ ਲੁਟਾਇਆ ਹੈ, ਮੋਦੀ ਖਾਨੇ ਵਿਚ ਕੁਝ ਰਹਿਣ ਦੇਂਦੇ? *ਗੁਰ ਉੱਤਰ-*

ਕਿਛੁ ਖਾਜੈ ਕਿਛੁ ਧਰਿ ਜਾਈਐ॥ ਜੇ ਬਾਹੁੜਿ ਦੁਨੀਆ ਆਈਐ॥ ੨॥

ਕੁਝ ਪਦਾਰਥ ਖਾਈਏ ਅਤੇ ਤਾਂ ਹੀ ਕੁਝ ਪਦਾਰਥ ਧਰਿ ਜਾਈਏ, ਭਾਵ ਜਮ੍ਹਾ ਕਰ ਜਾਈਏ। ਜੇਕਰ ਫਿਰ ਦੁਨੀਆਂ ਵਿਚ ਆਉਣਾ ਹੋਵੇ। ਇਸ ਦੁਨੀਆਂ ਵਿਚ ਫਿਰ ਤਾਂ ਕਿਸੀ ਨੇ ਆਉਣਾ ਨਹੀਂ ਹੈ।

ਅਥਵਾ:- ਕਿਛੁ ਖਾਜੈ=ਕੁਝ ਕਾਮ, ਕ੍ਰੋਧ ਆਦਿਕਾਂ ਦਾ ਅਭਾਵ ਕਰੀਏ ਤੇ ਕਿਛੁ ਧਰਿ ਜਾਈਐ=ਅੰਤਹ ਕਰਨ ਰੂਪ ਜਗ੍ਹਾ 'ਪਰ ਕੁਝ ਰੱਖ ਜਾਈਏ, ਭਾਵ ਨਾਮ ਜਪ ਲਈਏ ਤਾਂ ਫਿਰ ਦੁਨੀਆਂ ਵਿਚ ਆਈਦਾ ਹੈ ਭਾਵ ਫੇਰ ਨਹੀਂ ਆਵਣਾ ਹੁੰਦਾ॥ ੨॥

ਸਜੁ ਕਾਇਆ ਪਟੁ ਹਢਾਏ॥ ਫੁਰਮਾਇਸਿ ਬਹੁਤੁ ਚਲਾਏ॥

ਇਹ ਜੀਵ ਕਾਇਆਂ ਉਤੇ ਸਜੁ=ਸਜਰੇ ਸਜਰੇ, ਭਾਵ ਨਵੇਂ ਨਵੇਂ ਕਪੜੇ ਹੰਢਾਉਂਦਾ ਹੈ, *ਵਾ:-* ਕਾਇਆਂ ਨੂੰ ਸਜੁ=ਸਜਾ ਕੇ ਅੰਜਨ ਮੰਜਨ ਕਰਕੇ ਰੇਸ਼ਮੀ ਕਪੜੇ ਹੰਢਾਂਦਾ ਹੈ ਅਤੇ ਬਹੁਤ ਤਰ੍ਹਾਂ ਦੇ ਫੁਰਮਾਇਸਿ=ਹੁਕਮ ਨੂੰ ਚਲਾਂਵਦਾ ਹੈ।

ਕਰਿ ਸੇਜ ਸੁਖਾਲੀ ਸੋਵੈ॥ ਹਥੀ ਪਉਦੀ ਕਾਹੇ ਰੋਵੈ॥ ੩॥

ਹੇ ਜੀਵ ! ਤੂੰ ਜ਼ਮੀਨ ਉਤੇ ਨਹੀਂ ਸੌਂਦਾ, ਸੁਖਾਲੀ=ਸੁਖਦਾਈ ਸੇਜਾ ਬਣਾ ਕੇ ਉਸ ਉਤੇ ਤੂੰ ਸੌਂਦਾ ਹੈਂ। ਜਿਸ ਵੇਲੇ ਅੰਤ ਸਮੇਂ ਜਮਾਂ ਨੇ ਤੇਰੇ ਪੈਰਾਂ ਵਿਚ ਹਥੀ=ਬੇੜੀ ਪਾਈ ਜਾਂ ਤੇਰੇ 'ਪਰ ਹੱਥ ਪਾਏ ਅਰਥਾਤ ਆ

www.sikhbookclub.com

ਕੇ ਤੈਨੂੰ ਫੜ ਲਿਆ ਤਾਂ ਕੀ ਹੋਵੇਗਾ? ਭਾਵ ਰੋਣਾ ਹੋਵੇਗਾ। ਜਾਂ ਜਮ ਤੈਨੂੰ ਕਹਿਣਗੇ ਹੁਣ ਤੂੰ ਕਾਹੇ ਰੋਵੈ=ਕਿਉਂ ਰੋਂਦਾ ਹੈਂ। *ਅਥਵਾ:-* ਮਨੁੱਖਾ ਦੇਹ ਦੀ ਪ੍ਰਾਪੜੀ ਹੋਣ ਕਰਕੇ ਹੁਣ ਤੇਰਾ ਹਥੀ ਪਉਦੀ=ਹੱਥ ਪੈ ਰਿਹਾ ਹੈ, ਭਾਵ ਇਸ ਮਨੁੱਖ ਜਨਮ ਵਿਚ ਜੋ ਤੂੰ ਚਾਹੇਂ ਕਰ ਸਕਦਾ ਹੈਂ, ਇਸ ਕਰਕੇ ਤੂੰ ਸੇਵਾ ਟਹਲ ਭਜਨ ਸਿਮਰਨ ਕਰ ਲੈ ਜੇ ਨਹੀਂ ਕਰੇਂਗਾ ਤਾਂ ਫਿਰ ਕੀ ਹੋਵੇਗਾ, ਕਿ ਅੰਤ ਨੂੰ ਰੋਣਾ ਹੀ ਹੋਵੇਗਾ॥ ੩॥

ਘਰ ਘੁੰਮਣਵਾਣੀ ਭਾਈ॥ ਪਾਪ ਪਥਰ ਤਰਣੁ ਨ ਜਾਈ॥

ਹੇ ਭਾਈ ! ਇਹ ਪਰਤੱਖ ਘਰ, *ਵਾ:-* ਸੰਸਾਰ ਘਰ ਘੁੰਮਣ ਵਾਣੀ ਵਾਂਗੂ ਹੈ, ਜਿਵੇਂ ਘੁੰਮਣ ਵਾਣੀ ਵਿਚ ਪੈਣ ਕਰਕੇ ਮਨੁੱਖ ਦਾ ਨਿਕਲਣਾ ਮੁਸ਼ਕਲ ਹੈ, ਤਿਵੇਂ ਘਰ ਦੇ ਕੰਮਾਂ ਵਿਚੋਂ ਨਿਕਲਿਆ ਨਹੀਂ ਜਾਂਦਾ।

ਅਥਵਾ:- ਹੇ ਭਾਈ ! ਇਹ ਸਰੀਰ ਘਰ ਤਿੰਨਾਂ ਗੁਣਾਂ ਰੂਪੀ ਘੁੰਮਣ ਘੇਰੀ ਵਿਚ ਫਸਿਆ ਹੋਯਾ ਹੈ। *ਅਥਵਾ:-* ਹੇ ਭਾਈ ! ਇਹ ਸਰੀਰ ਘਰ ਕਾਲ ਰੂਪੀ ਘੁੰਮਣ ਘੇਰੀ ਵਿਚ ਫਸਿਆ ਹੋਇਆ ਹੈ। ਪਾਪਾਂ ਰੂਪੀ ਪੱਥਰ ਸਿਰ ਉਤੇ ਚੁਕੇ ਹੋਏ ਹਨ, ਇਸ ਕਰਕੇ ਤਰਿਆ ਨਹੀਂ ਜਾਂਦਾ।

ਜਾਂ ਪਾਪਾਂ ਕਰਕੇ ਤੂੰ ਪੱਥਰ ਵਾਂਗੂ ਭਾਰਾ ਹੋ ਚੁਕਾ ਹੈਂ ਇਸ ਕਰਕੇ ਤਰਿਆ ਨਹੀਂ ਜਾਂਦਾ।

[ਪੰਨਾ ੯੯੦]

ਭਉ ਬੇੜਾ ਜੀਉ ਚੜ੍ਹਾਊ॥ ਕਹੁ ਨਾਨਕ ਦੇਵੈ ਕਾਹੂ॥ ੪॥ ੨॥

ਪਰਮੇਸ਼ਰ ਦਾ ਭਉ=ਡਰ ਧਾਰਨਾ ਇਹ ਬੇੜਾ ਹੈ, ਇਸ ਉਤੇ ਜੀਵ ਚੜ੍ਹਨ ਵਾਲਾ ਹੋਵੇ ਤਾਂ ਤਿੰਨਾਂ ਗੁਣਾਂ ਰੂਪੀ ਅਤੇ ਕਾਲ ਰੂਪੀ ਘੁੰਮਣ ਘੇਰੀ ਵਿਚੋਂ ਨਿਕਲ ਸਕਦਾ ਹੈ। ਪਰ ਗੁਰੂ ਜੀ ਕਥਨ ਕਰਦੇ ਹਨ— ਇਸ ਬੇੜੇ 'ਪਰ ਚੜ੍ਹਨਾ ਉਹ ਪ੍ਰਭੂ ਕਿਸੇ ਵਿਰਲੇ ਨੂੰ ਹੀ ਦੇਂਦਾ ਹੈ॥ ੪॥ ੨॥

ਮਾਰੂ ਮਹਲਾ ੧ ਘਰੁ ੧॥

ਇਕ ਮਨਮੁਖ ਪੁਰਸ਼ ਚਲ ਕੇ ਆਇਆ ਪਦਾਰਥਾਂ ਵਿਚ ਫਸਿਆ ਵੇਖ ਕੇ ਉਸ ਦੇ ਤਾਈਂ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰ ਕੇ ਸ਼ੁਭ ਸਿੱਖਿਆ ਦਿੱਤੀ। ***ਚਿਤ ਚੇਤਸਿ ਕੀ ਨਹੀ ਬਾਵਰਿਆ॥*** ਏਹ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਨੇ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆ ਕੇ ਗੁਰੂ ਧਾਰਨ ਕੀਤਾ ਸੀ।

ਸ੍ਰੀ ਗੁਰੂ ਅਮਰਦਾਸ ਜੀ ਪਹਿਲੇ ਗੰਗਾ ਦੇ ਉਪਾਸ਼ਕ ਹੋਣ ਕਰਕੇ ਹਰ ਛੇ ਮਹੀਨੇ ਪਿੱਛੋਂ ਗੰਗਾ ਇਸ਼ਨਾਨ ਕਰਨ ਜਾਂਦੇ ਸਨ। ਜਦ ਬਾਈਵੀਂ ਵਾਰੀ ਗੰਗਾ 'ਪਰ ਇਸ਼ਨਾਨ ਕਰਕੇ ਆਪਣੇ ਗ੍ਰਾਮ ਨੂੰ ਵਾਪਸ ਆ ਰਹੇ ਸਨ ਤਾਂ ਰਾਹ ਵਿਚ ਇਕ ਬ੍ਰਹਮਚਾਰੀ ਨਾਲ ਮਿਲਾਪ ਹੋ ਗਿਆ, ਗੱਲਾਂ ਕਰਦੇ ਚਲੇ ਆ ਰਹੇ ਸਨ, ਗੱਲਾਂ ਕਰਦਿਆਂ ਵਿਚ ਹੀ ਉਸ ਨੇ ਪੁਛਿਆ ਆਪ ਜੀ ਦੇ ਗੁਰੂ ਦਾ ਕੀ ਨਾਮ ਹੈ? ਗੁਰੂ ਅਮਰਦਾਸ ਜੀ ਨੇ ਕਿਹਾ, ਅਸਾਂ ਨੇ ਤਾਂ ਅਜੇ ਤੱਕ ਕੋਈ ਗੁਰੂ ਧਾਰਨ ਨਹੀਂ ਕੀਤਾ। ਇਹ ਗੱਲ ਸੁਣ ਕੇ ਬ੍ਰਹਮਚਾਰੀ ਨੇ ਕਿਹਾ ਤੁਹਾਡੇ ਨਿਗੁਰੇ ਦਾ ਸੰਗ ਕਰਕੇ ਤਾਂ ਮੇਰਾ ਜਨਮ ਹੀ ਭ੍ਰਸਟਿਆ ਗਿਆ ਹੈ। ਪਾਠ, ਪੂਜਾ, ਜਪ, ਤਪ ਕੀਤੇ ਹੋਏ ਸਾਰੇ ਵਿਅਰਥ ਚਲੇ ਗਏ ਹਨ। ਮੈਨੂੰ ਅਫਸੋਸ ਆਉਂਦਾ ਹੈ ਤੁਸਾਂ ਨੇ ਇਤਨੀ ਉਮਰਾ ਗੁਰਾਂ ਤੋਂ ਬਗੈਰ ਨਿਸਫਲ ਹੀ ਗਵਾ ਲਈ ਹੈ।

ਯਥਾ:- ਗੁਰ ਕੈ ਦਰਸਨਿ ਮੋਖ ਦੁਆਰੁ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ॥

ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾ ਖਾਹੀ॥ ੩॥ *(ਪੰਨਾ ੩੬੧)*

ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਗੁਰੂ ਜੀ ਨੂੰ ਬਹੁਤ ਸਾਰੀ ਚਿੰਤਾ ਵਧ ਗਈ ਤੇ ਮਨ ਵਿਚ ਆਖਦੇ ਹਨ, ਹੁਣ

ਗੁਰੂ ਜ਼ਰੂਰ ਧਾਰਨਾ ਹੈ, ਏਸੇ ਸੰਕਲਪ ਵਿਚ ਚਲਦੇ ਚਲਦੇ ਬਾਸਰ ਕੀ ਪਿੰਡ ਵਿਚ ਆ ਪਹੁੰਚੇ ਜਿਥੇ ਅਵਤਾਰ ਧਾਰਿਆ ਸੀ। ਰਾਤ ਪੈ ਗਈ ਸੀ ਪਰ ਚਿੰਤਾ ਹੋਣ ਕਰਕੇ ਨੀਂਦ ਨਾ ਆਈ, ਸਾਰੀ ਰਾਤ ਜਾਗਦੇ ਰਹੇ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ, ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ ਉਹ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਦਹੀਂ ਮਥਦੀ ਹੋਈ ਗੁਰਬਾਣੀ ਦਾ ਪਾਠ ਕਰਦੀ ਹੁੰਦੀ ਸੀ, ਉਸ ਰਾਤ ਉਠ ਕੇ ਜਦ ਉਹ ਦਹੀਂ ਮਥਦੀ ਹੋਈ ਪਾਠ ਕਰ ਰਹੀ ਸੀ ਤਾਂ ਗੁਰੂ ਅਮਰਦਾਸ ਜੀ ਦਰਵਾਜ਼ੇ ਤੋਂ ਬਾਹਰ ਵਾਰ ਖੜੇ ਹੋ ਕੇ ਸੁਣਦੇ ਰਹੇ, ਜਦ ਉਸ ਨੇ ਇਹ ਸ਼ਬਦ ਪੜ੍ਹਿਆ ਤੇ ਇਹ ਤੁਕ ਆਈ ***ਭਇਆ ਮਨੂਰ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥*** ਇਹ ਤੁਕ ਸੁਣਦਿਆਂ ਸਾਰ ਮਨ ਦ੍ਰਵੀ ਭੂਤ ਹੋ ਗਿਆ ਤੇ ਬੂਹਾ ਖੜਕਾ ਕੇ ਕਿਹਾ, ਪੁਤ੍ਰੀ ਮੈਂ ਤੇਰਾ ਸਹੁਰਾ ਹਾਂ ਤੂੰ ਬੂਹਾ ਖੋਲ੍ਹ ਇਹ ਗੱਲ ਸੁਣ ਕੇ ਬੀਬੀ ਨੇ ਝੱਟ ਬੂਹਾ ਖੋਲ੍ਹ ਦਿੱਤਾ ਤੇ ਗੁਰੂ ਜੀ ਆਖਣ ਲੱਗੇ, ਇਹ ਬਾਣੀ ਕਿਸ ਦੀ ਹੈ? ਬੀਬੀ ਨੇ ਕਿਹਾ, ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਪਰ ਉਹ ਜੋਤੀ ਜੋਤ ਸਮਾਅ ਗਏ ਹੋਏ ਹਨ। ਉਸ ਗੱਦੀ 'ਪਰ ਹੁਣ ਮੇਰੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਹਨ। ਮਹਾਰਾਜ ਜੀ ਨੇ ਪੁਛਿਆ, ਉਹ ਇਸ ਵੇਲੇ ਕਿਥੇ ਹਨ? ਬੀਬੀ ਨੇ ਕਿਹਾ, ਖਡੂਰ ਸਾਹਿਬ ਹਨ। ਮਹਾਰਾਜ ਜੀ ਨੇ ਕਿਹਾ, ਤੂੰ ਮੇਰੇ ਉਤੇ ਉਪਕਾਰ ਕਰ ਤੇ ਉਨ੍ਹਾਂ ਪਾਸ ਲੈ ਚਲ। ਬੀਬੀ ਨੇ ਕਿਹਾ, ਉਨ੍ਹਾਂ ਦਾ ਹੁਕਮ ਹੈ ਕਿ ਬੁਲਾਏ ਤੋਂ ਬਿਨਾਂ ਤੈਂਨੇ ਆਪਣੇ ਆਪ ਨਹੀਂ ਔਣਾ, ਇਸ ਕਰਕੇ ਮੈਂ ਜਾ ਨਹੀਂ ਸਕਦੀ। ਮਹਾਰਾਜ ਜੀ ਨੇ ਕਿਹਾ, ਇਹ ਪਰਉਪਕਾਰ ਦਾ ਕੰਮ ਹੈ ਇਸ ਕਰਕੇ ਤੂੰ ਭੈ ਨਾ ਕਰ ਤੈਨੂੰ ਕੁਝ ਨਹੀਂ ਕਹਿੰਦੇ। ਇਹ ਗੱਲ ਸੁਣ ਕੇ ਬੀਬੀ ਅਮਰੋ, ਗੁਰੂ ਅਮਰਦਾਸ ਜੀ ਨੂੰ ਨਾਲ ਲੈ ਕੇ ਤੁਰ ਪਈ, ਖਡੂਰ ਸਾਹਿਬ ਪਹੁੰਚ ਕੇ ਮਹਾਰਾਜ ਜੀ ਨੂੰ ਬਾਹਰ ਖੜ੍ਹਿਆਂ ਕਰਕੇ ਜਾਂ ਆਪ ਅੰਦਰ ਜਾ ਕੇ ਪਿਤਾ ਜੀ ਨੂੰ ਮੱਥਾ ਟੇਕਿਆ ਤਾਂ ਪਿਤਾ ਜੀ ਨੇ ਕਿਹਾ, ਬੁਲਾਏ ਤੋਂ ਬਗੈਰ ਕਿਉਂ ਆਈ ਹੈਂ? ਬੀਬੀ ਨੇ ਕਿਹਾ, ਆਪ ਜਾਣੀ ਜਾਣ ਹੋ। ਤਾਂ ਗੁਰੂ ਜੀ ਨੇ ਕਿਹਾ, ਜਿਨ੍ਹਾਂ ਦੇ ਨਾਲ ਆਈ ਹੈਂ, ਉਨ੍ਹਾਂ ਨੂੰ ਬਾਹਰ ਕਿਉਂ ਖੜ੍ਹਾ ਕਰ ਆਈ ਹੈਂ ਜਾ ਬੁਲਾ ਕੇ ਅੰਦਰ ਲਿਆ ਜਾਂ ਬੁਲਾ ਕੇ ਅੰਦਰ ਲਿਆਂਦੇ ਤਾਂ ਆਉਂਦਿਆਂ ਸਾਰ ਚਰਨਾਂ 'ਪਰ ਡਿਗ ਪਏ ਤੇ ਲਗਾਤਾਰ ਬਾਰ੍ਹਾਂ ਵਰ੍ਹੇ ਸੇਵਾ ਇਕ ਮਨ ਹੋ ਕੇ ਕੀਤੀ। ਜਿਸ ਦਾ ਫਲ ਇਹ ਮਿਲਿਆ ਕਿ ਸ੍ਰੀ ਗੁਰੂ ਅਮਰਦਾਸ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਗਤਿਆਂ ਦੀ ਗਤ, ਨਿਪਤਿਆਂ ਦੀ ਪਤ ਆਦਿਕ ਬਾਰ੍ਹਾਂ ਹੀ ਵਰ ਮਿਲੇ ਤੇ ਗੁਰਤਾ ਗੱਦੀ ਬਖਸ਼ ਦਿਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਮਨਮੁਖ ਪੁਰਸ਼ ਨੂੰ ਸਮਾਂਝਦੇ ਹਨ-

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥

ਆਪੋ ਆਪਣੀ ਕਰਨੀ ਦੇ ਅਨੁਸਾਰ ਸਰੀਰਾਂ ਦੀ ਪ੍ਰਾਪਤੀ ਹੁੰਦੀ ਹੈ, ਇਸ ਕਰਕੇ ਕਰਣੀ ਉਪਲਖਤ ਸਰੀਰ ਇਹ ਕਾਗਤ ਹੈ, ਮਨ ਦਵਾਤ ਹੈ, ਸ਼ਰਧਾ ਅਸ਼ਰਧਾ ਇਹ ਸ਼ਾਹੀ ਹੈ, ਬੁਰਾ ਅਤੇ ਭਲਾ ਕਰਮ ਇਹ ਦੋ ਲੇਖ ਪਏ ਹਨ। ਸ਼ਰਧਾ ਕਰਕੇ ਭਲਾ ਲੇਖ ਪਿਆ ਹੈ, ਅਸ਼ਰਧਾ ਕਰਕੇ ਬੁਰਾ ਲੇਖ ਪਿਆ ਹੈ।

ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤ ਹਰੇ॥ ੧॥

ਹੇ ਹਰੀ ! ਕਿਰਤੁ=ਕੀਤੇ ਹੋਏ ਕਰਮ ਜਿਵੇਂ ਜਿਵੇਂ ਚਲਾਂਵਦੇ ਹਨ, ਤਿਵੇਂ ਅਸੀਂ ਚਲਦੇ ਹਾਂ, ਪਰ ਆਪ ਜੀ ਦੇ ਗੁਣਾਂ ਦਾ ਅੰਤ ਨਹੀਂ ਆਉਂਦਾ॥ ੧॥

ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥

ਹੇ ਬਾਵਰਿਆ=ਝੱਲੇ ਪੁਰਸ਼ਾ ! ਤੂੰ ਚਿਤ ਵਿਚ ਪਰਮੇਸ਼ਰ ਨੂੰ ਕਿਉਂ ਨਹੀਂ ਚੇਤਦਾ। ਹਰੀ ਦੇ ਬਿਸਰਤ=ਭੁੱਲ ਜਾਣ ਕਰਕੇ ਤੇਰੇ ਸਾਰੇ ਸ਼ੁਭ ਗੁਣ ਗਲ ਜਾਣਗੇ।

ਅਥਵਾ:- ਹਰ ਤਰ੍ਹਾਂ ਦੇ ਵਿਸ਼ਿਆਂ ਵਿਚ ਰਤ=ਪ੍ਰੀਤੀ ਕਰਨ ਨਾਲ ਤੇਰੇ ਗਲ ਵਿਚ ਆ=ਚਾਰੋਂ ਤਰਫ਼ ਸੇ ਗੁਣ=ਰੱਸੀ ਭਾਵ ਫਾਹੀ ਪਵੇਗੀ॥ ੧ ॥ ਰਹਾਉ ॥

ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥

ਨਾਮ ਸਿਮਰਨ ਤੋਂ ਬਿਨਾਂ ਰੈਨਿ=ਰਾਤ ਜਾਲੀ ਰੂਪ ਹੈ, ਦਿਨ ਜਾਲ ਰੂਪ ਹੋ ਰਿਹਾ ਹੈ, ਰਾਤ ਦਿਨ ਦੀਆਂ ਜਿੰਨੀਆਂ ਕੁ ਘੜੀਆਂ ਹਨ ਉਤਨੀਆਂ ਹੀ ਫਾਹੀਆਂ ਹਨ, ਜਿਨ੍ਹਾਂ ਵਿਚ ਵਿਸ਼ਿਆਂ ਦੀ ਚੋਗ ਪਈ ਹੈ।

ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥ ੨ ॥

ਹੇ ਪੁਰਸ਼ਾ ! ਤੂੰ ਬੜੇ ਰਸਿ=ਪ੍ਰੇਮ ਨਾਲ ਵਿਸ਼ੇ ਰਸਾਂ ਦੀ ਚੋਗ ਨੂੰ ਚੁਗ ਰਿਹਾ ਹੈਂ ਅਤੇ ਨਿਤ ਹੀ ਫਸਦਾ ਜਾ ਰਿਹਾ ਹੈਂ, ਹੇ ਮੂੜੇ=ਮੂਰਖਾ ! ਤੂੰ ਕਿੰਨ੍ਹਾਂ ਗੁਣਾਂ ਕਰਕੇ ਛੁਟੇਂਗਾ॥ ੨ ॥

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥

ਕਾਇਆ=ਸਰੀਰ ਇਹ ਤਾਂ ਆਰਣੁ=ਭੱਠੀ ਹੈ, ਇਸ ਦੇ ਵਿਚ ਮਨ ਰੂਪ ਲੋਹਾ ਹੈ, ਉਸ ਮਨ ਰੂਪ ਲੋਹੇ ਨੂੰ ਪੰਜ ਕਾਮ, ਕ੍ਰੋਧ ਆਦਿਕ ਇਹ ਅੱਗ ਲੱਗ ਰਹੀ ਹੈ।

ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥ ੩ ॥

ਉਸ ਮਨ ਰੂਪ ਲੋਹੇ ਉਤੇ ਪਾਪਾਂ ਰੂਪੀ ਕੋਲੇ ਪਏ ਹਨ, ਮਨ ਜਲਿਆ=ਸੜ ਗਿਆ ਹੈ ਅਤੇ ਚਿੰਤਾ ਸੰਨ੍ਹੀ ਬਣੀ ਹੋਈ ਹੈ। ਜੋ ਮਨ ਨੂੰ ਉਲਟਾ ਪੁਲਟਾ ਕੇ ਸਾੜਦੀ ਹੈ॥ ੩ ॥

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥

ਮਨੂਰੁ=ਲੋਹੇ ਦੀ ਮੈਲ ਵਾਂਙੂ ਹੋਇਆ ਮਨ ਤਾਂ ਫਿਰ ਕੰਚਨੁ=ਸੋਨਾ ਹੁੰਦਾ ਹੈ, ਜੇਕਰ ਤਿਨੇਹਾ=ਤੇਹੋ ਜੇਹੇ, ਜਿਸ ਤਰ੍ਹਾਂ ਦੇ ਸ਼ਾਸਤ੍ਰ ਵਿਚ ਲਿਖੇ ਹਨ ਬ੍ਰਹਮ ਨੇਸਟੀ ਬ੍ਰਹਮ ਸਰੋਤਰੀ ਪੂਰੇ ਗੁਰੂ ਮਿਲ ਜਾਣ।

ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਜੇਕਰ ਉਹ ਪੂਰੇ ਗੁਰੂ ਸਿੱਖ ਦੇ ਮੂੰਹ ਵਿਚ ਇਕ ਪ੍ਰਭੂ ਦੇ ਨਾਮ ਅੰਮ੍ਰਿਤ ਨੂੰ ਦੇ ਦੇਣ ਤਾਂ ਦੇਹ ਵਿਚ ਹੀ ਤ੍ਰਿਸਟਸਿ=ਇਸਥਿਤ ਹੋ ਜਾਂਦਾ ਹੈ, ਅਰਥਾਤ ਭਟਕਦਾ ਨਹੀਂ ਹੈ, ਵਾ:- ਦੇਹ ਦੇ ਵਿਚ ਮਨ ਇਸਥਿਤ ਹੋ ਜਾਂਦਾ ਹੈ, ਵਾ:- ਦੇਹਾਂ ਵਲੋਂ ਇਸਥਿਤ ਹੋ ਜਾਂਦਾ ਹੈ॥ ੪ ॥ ੩ ॥

ਮਾਰੂ ਮਹਲਾ ੧ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਸਾਲਸਰਾਇ ਪ੍ਰਤੀ ਉਚਾਰ ਕੇ ਉਪਦੇਸ਼ ਦਿੱਤਾ ਹੈ। ਜਿਸ ਵੇਲੇ ਕੌਡੇ ਰਾਖਸ਼ ਨੂੰ ਨਿਹਾਲ ਕਰਕੇ ਅੱਗੇ ਚਲੇ, ਤਾਂ ਚਲਦਿਆਂ ਚਲਦਿਆਂ ਮਰਦਾਨੇ ਨੂੰ ਭੁੱਖ ਲੱਗ ਪਈ ਉਸ ਨੇ

www.sikhbookclub.com

ਗੁਰੂ ਜੀ ਨੂੰ ਕਿਹਾ, ਆਪ ਜੀ ਨੂੰ ਤਾਂ ਭੁੱਖ ਲੱਗਦੀ ਹੀ ਨਹੀਂ ਹੈ ਇਸ ਕਰਕੇ ਆਪ ਜੰਗਲਾਂ ਵਿਚ ਤੁਰਦੇ ਰਹਿੰਦੇ ਹੋ ਮੈਨੂੰ ਤਾਂ ਬੜੀ ਭੁੱਖ ਲੱਗੀ ਹੈ ਮੇਰੇ ਪਾਸੋਂ ਤੁਰਿਆ ਨਹੀਂ ਜਾਂਦਾ।

ਗੁਰੂ ਜੀ ਨੇ ਕਿਹਾ, ਫ਼ਿਕਰ ਨਾ ਕਰ ਓਹ ਦੇਖ ਹੁਣੇ ਸ਼ਹਿਰ ਆ ਜਾਂਦਾ ਹੈ।

ਮਰਦਾਨੇ ਨੇ ਕਿਹਾ, ਜੇਕਰ ਸ਼ਹਿਰ ਆ ਗਿਆ ਤਾਂ ਕੀ ਹੋਇਆ ਮੇਰੇ ਪਾਸ ਤਾਂ ਪੈਸਾ ਭੀ ਨਹੀਂ ਹੈ ਜਿਸ ਨਾਲ ਕੁਝ ਲੈ ਕੇ ਖਾ ਲਵਾਂਗਾ।

ਇਹ ਗੱਲ ਸੁਣ ਕੇ ਗੁਰੂ ਜੀ ਨੇ ਰੇਤ ਦੇ ਟਿੱਬੇ ਵਿਚ ਚਰਨ ਮਾਰਿਆ ਤਾਂ ਵਿਚੋਂ ਇਕ ਲਾਲ ਨਿਕਲ ਆਇਆ ਹਜ਼ੂਰ ਨੇ ਕਿਹਾ, ਮਰਦਾਨਿਆਂ ! ਇਸ ਲਾਲ ਨੂੰ ਪੱਲੇ ਬੰਨ੍ਹ ਲੈ ਸ਼ਹਿਰ ਆਏਗਾ ਤਾਂ ਇਸ ਦੇ ਬਦਲੇ ਚੀਜ਼ ਲੈ ਕੇ ਖਾ ਆਵੀਂ।

ਮਰਦਾਨੇ ਨੇ ਚੁੱਕ ਕੇ ਉਹ ਲਾਲ ਪੱਲੇ ਬੰਨ੍ਹ ਲਿਆ ਤੇ ਤੁਰ ਪਏ ਤੁਰਦਿਆਂ ਤੁਰਦਿਆਂ ਬਿਸ਼ੰਭਰ ਪੁਰ ਆ ਗਿਆ, ਗਰੀਬ ਨਿਵਾਜ ਤਾਂ ਸ਼ਹਿਰ ਤੋਂ ਬਾਹਰ ਵਾਰ ਬੈਠ ਗਏ ਤੇ ਮਰਦਾਨੇ ਨੂੰ ਸ਼ਹਿਰ ਵਿਚ ਭੇਜਿਆ ਕਿ ਲਾਲ ਵੇਚ ਕੇ ਕੋਈ ਚੀਜ਼ ਖਾ ਆ।

ਜਦ ਸ਼ਹਿਰ ਵਿਚ ਆ ਕੇ ਲਾਲ ਵਿਖਾਇਆ ਤਾਂ ਕਿਸੀ ਨੇ ਇਕ ਰੁਪਇਆ, ਕਿਸੀ ਨੇ ਦੋ ਰੁਪੈ ਕੀਮਤ ਪਾਈ। ਮਰਦਾਨੇ ਨੇ ਵਿਚਾਰਿਆ ਲਾਲ ਤਾਂ ਬੇ-ਕੀਮਤਾ ਹੁੰਦਾ ਹੈ ਤੇ ਇਹ ਲੋਕ ਇਕ ਜਾਂ ਦੋ ਰੁਪਏ ਕੀਮਤ ਪਾਂਦੇ ਹਨ ਇਹ ਠੀਕ ਨਹੀਂ ਆ ਕੇ ਗੁਰੂ ਜੀ ਨੂੰ ਕਹਿੰਦਾ ਹੈ ਇਸ ਦੀ ਕੀਮਤ ਇਹ ਲੋਕ ਕੁਝ ਭੀ ਨਹੀਂ ਪਾਂਦੇ।

ਤਾਂ ਗੁਰੂ ਜੀ ਨੇ ਕਿਹਾ, ਤੂੰ ਸਾਲਸਰਾਇ ਜੌਹਰੀ ਪਾਸ ਜਾ ਕੇ ਵਿਖਾ, ਜਦ ਮਰਦਾਨਾ ਪੁੱਛਦਾ ਪੁੱਛਦਾ ਸਾਲਸਰਾਇ ਦੇ ਪਾਸ ਆਇਆ ਤੇ ਉਹ ਲਾਲ ਵਿਖਾਇਆ ਤਾਂ ਉਸ ਨੇ ਸੌ ਰੁਪਯਾ ਤਾਂ ਦਰਸ਼ਨ ਭੇਟ ਦੇ ਦਿੱਤੀ ਤੇ ਆਖਿਆ ਜੋ ਤੂੰ ਮੰਗੇਂ ਓਹੀ ਕੀਮਤ ਦੇਣ ਨੂੰ ਤਿਆਰ ਹਾਂ ਆਪਣੇ ਮਾਲਕ ਤੋਂ ਪੁਛ ਆ, ਮਰਦਾਨਾ ਹੱਸਦਾ ਹੱਸਦਾ ਗੁਰੂ ਜੀ ਪਾਸ ਆ ਕੇ ਕਹਿੰਦਾ ਹੈ ਕਿ ਉਸ ਜੌਹਰੀ ਨੇ ੧੦੦ ਰੁਪਯਾ ਦਰਸ਼ਨ ਭੇਟ ਦੇ ਕੇ ਕਿਹਾ ਹੈ ਜੋ ਤੂੰ ਇਸ ਦੀ ਕੀਮਤ ਮੰਗੇ ਓਹੀ ਦੇਣ ਨੂੰ ਤਿਆਰ ਹਾਂ। ਇਹ ੧੦੦ ਰੁਪਯਾ ਅਤੇ ਲਾਲ ਭੀ ਉਸ ਨੇ ਮੈਨੂੰ ਦੇ ਦਿਤਾ ਹੈ। ਗੁਰੂ ਜੀ ਨੇ ਕਿਹਾ, ਜੇਕਰ ਲਾਲ ਤੇਰੇ ਪਾਸ ਹੈ ਤਾਂ ਫਿਰ ੧੦੦ ਰੁਪਯਾ ਕਿਉਂ ਲਿਆਂਦਾ ਹੈ ਮੋੜਿਆ। ਮਰਦਾਨਾ ਮੋੜਨ ਗਿਆ ਤਾਂ ਉਸ ਨੇ ਲਿਆ ਨਹੀਂ ਉਸ ਨੇ ਕਿਹਾ ਇਹ ਤਾਂ ਦਰਸ਼ਨ ਭੇਟ ਹੈ ਜੇ ਮੈਂ ਰੱਖਦਾ ਹਾਂ ਤਾਂ ਪਾਪਾਂ ਦਾ ਭਾਗੀ ਬਣਦਾ ਹਾਂ ਦੋਵੇਂ ਚੀਜ਼ਾਂ ਲੈ ਜਾ, ਮਰਦਾਨਾ ਫੇਰ ਵਾਪਸ ਲਿਆਇਆ ਗੁਰੂ ਜੀ ਨੇ ਫੇਰ ਵਾਪਸ ਭੇਜਿਆ ਪਰ ਉਹ ਜੌਹਰੀ ਲਵੇ ਨਾ ਇਸ ਤਰ੍ਹਾਂ ਮਰਦਾਨੇ ਨੇ ਸਤ ਫੇਰੇ ਮਾਰੇ ਆਖਿਰ ਛਿਥਾ ਪੈ ਕੇ ਮਰਦਾਨਾ ੧੦੦ ਰੁਪਯਾ ਸੁੱਟ ਆਇਆ, ਸਾਲਸਰਾਇ ਨੇ ਵਿਚਾਰਿਆ ਇਹ ਫਕੀਰ ਨਰਿਛਤ ਹਨ ਇਨ੍ਹਾਂ ਦਾ ਦਰਸ਼ਨ ਜ਼ਰੂਰ ਕਰਨਾ ਚਾਹੀਦਾ, ਉਸ ਨੇ ਪਹਿਲੇ ਆਪਣੇ ਦਾਸ ਅਧਰਕੇ ਨੂੰ ਭੇਜਿਆ ਕਿ ਮਤਾਂ ਫਕੀਰ ਚਲੇ ਨਾ ਜਾਣ ਤੂੰ ਬੇਨਤੀ ਕਰਕੇ ਬਿਠਾ ਤੇ ਮੈਂ ਤੇਰੇ ਪਿੱਛੇ ਪਿੱਛੇ ਆਉਂਦਾ ਹਾਂ, ਅਧਰਕੇ ਨੇ ਪਹਿਲੇ ਗੁਰੂ ਪਾਸ ਆ ਕੇ ਨਮਸ਼ਕਾਰ ਕੀਤੀ ਫੇਰ ਪਾਸ ਬੈਠ ਕੇ ਸ਼ਰਧਾ ਨਾਲ ਬਚਨ ਬਿਲਾਸ ਕਰਦਾ ਰਿਹਾ।

ਕਿਉਂਕਿ ਇਸ ਦਾ ਸੁਭਾਵ ਗੁਰਮੁਖਾਂ ਵਾਲਾ ਸੀ ਅਤੇ ਸੰਸਾਰਕ ਪਦਾਰਥਾਂ ਵਿਚ ਖਚਤ ਹੋਣ ਕਰਕੇ ਸਾਲਸਰਾਇ ਦਾ ਸੁਭਾਵ ਮਨਮੁਖਾਂ ਵਾਲਾ ਸੀ। ਪਿਛੋਂ ਸਾਲਸਰਾਇ ਭੀ ਆਪਣੇ ਨੌਕਰ ਪਾਸੋਂ ਚੰਗੀਆਂ ਚੰਗੀਆਂ ਚੀਜ਼ਾਂ ਚੁਕਵਾ ਕੇ ਗੁਰੂ ਜੀ ਪਾਸ ਆ ਗਿਆ ਮੱਥਾ ਟੇਕ ਕੇ ਆਖਦਾ ਹੈ ਮੇਰੀ ਇਸ ਭੇਟਾ ਨੂੰ ਆਪ ਅੰਗੀਕਾਰ ਕਰੋ ਅਤੇ ਏਹ ੧੦੦ ਰੁਪਯਾ ਭੀ ਲੈ ਲਵੋ ਗੁਰੂ ਜੀ ਨੇ ਕਿਹਾ, ਜੇਕਰ ਲਾਲ ਵੇਚਦੇ ਤਾਂ ਇਹ ੧੦੦ ਰੁਪਯਾ ਲੈਣ ਦੇ ਅਸੀਂ ਹੱਕਦਾਰ ਸਾਂ ਜੇਕਰ ਵੇਚਿਆ ਹੀ ਨਹੀਂ ਤਾਂ ਕਿਵੇਂ ਲੈ ਸਕਦੇ ਹਾਂ, ਨਾਲੇ ਸਾਡੇ ਪਾਸ ਤਾਂ ਸੱਚਾ ਨਾਮ ਧਨ ਹੈ, ਇਸ ਕਰਕੇ ਇਸ ਝੂਠੇ ਧਨ ਲੈਣ ਦੀ ਇੱਛਾ ਹੀ ਨਹੀਂ ਕਰਦੇ। ਇਹ ਸੁਣਨ ਸੁਣਦਿਆਂ ਸਾਰ

www.sikhbookclub.com

ਸਾਲਸਰਾਇ ਅੰਦਰ ਸ਼ਰਧਾ ਹੋ ਗਈ ਤੇ ਆਖਦਾ ਹੈ ਮੈਂ ਸਤਸੰਗ ਵਿਚ ਜਾਂਦਾ ਹਾਂ ਕਥਾ ਕੀਰਤਨ ਭੀ ਸੁਣਦਾ ਹਾਂ ਪਰ ਮਨ ਉਤੇ ਅਸਰ ਨਹੀਂ ਹੁੰਦਾ ਨਾ ਹੀ ਸ਼ਾਂਤੀ ਆਉਂਦੀ ਹੈ ਆਪ ਕੋਈ ਐਸਾ ਉਪਦੇਸ਼ ਦਿਓ ਜਿਸ ਕਰਕੇ ਮਨ ਵਿਚ ਨਾਮ ਵਸ ਜਾਵੇ ਤੇ ਸ਼ਾਂਤੀ ਆ ਜਾਵੇ। ਇਹ ਗੱਲ ਸੁਣ ਕੇ ਗੁਰੂ ਜੀ ਕੌਲ ਫੁਲ ਦਾ ਅਤੇ ਡੱਡੂ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਂਦੇ ਸਨ।

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥

ਬਿਮਲ ਮਝਾਰਿ=ਨਿਰਮਲ ਹਿਰਦਾ ਹੈ ਜਿਨ੍ਹਾਂ ਦਾ ਐਸੇ ਜੋ ਪਦਮਨਿ=ਕੌਲ ਫੁਲ ਹਨ, ਉਹ ਨਿਰਮਲ ਜਲ ਵਿਚ ਵਸਦੇ ਹਨ, ਜਾਵਲ=ਜਾਲਾ ਭੀ ਨਿਰਮਲ ਜਲ ਵਿਚ ਵਸਦਾ ਹੈ ਅਤੇ ਜਾਲੇ ਦੇ ਖਾਣ ਵਾਲਾ ਡੱਡੂ ਵੀ ਨਿਰਮਲ ਜਲ ਵਿਚ ਵਸਦਾ ਹੈ।

ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥ ੧॥

ਪਦਮਨਿ=ਕੌਲ ਫੁਲਾਂ ਨੂੰ ਜਲ ਦੀ ਸੰਗਤ ਹੈ, ਜਾਵਲ=ਜਾਲੇ ਨੂੰ ਭੀ ਜਲ ਦੀ ਸੰਗਤ ਹੈ ਅਤੇ ਜਾਲੇ ਦੇ ਖਾਣ ਵਾਲੇ ਡੱਡੂ ਨੂੰ ਭੀ ਰਸ=ਜਲ ਦੀ ਸੰਗਤ ਹੈ, ਡੱਡੂ ਨੂੰ ਤੇ ਜਾਲੇ ਨੂੰ ਸੰਗ ਦਾ ਕੋਈ ਦੋਸ਼ ਨਹੀਂ ਹੈ ਕਿਉਂਕਿ ਇਹਨਾਂ ਨੂੰ ਸੰਗ ਤਾਂ ਚੰਗਾ ਸੁਗੰਧੀ ਵਾਲੇ ਕੌਲ ਫੁਲ ਦਾ ਹੋ ਰਿਹਾ ਹੈ।

ਅਥਵਾ:- ਕੌਲ ਫੁਲ ਨੂੰ ਡੱਡੂ ਤੇ ਜਾਲੇ ਦੇ ਸੰਗ ਦਾ ਕੋਈ ਦੋਸ਼ ਨਹੀ ਹੈ ਕਿਉਂਕਿ ਕੌਲ ਫੁਲ ਇਹਨਾਂ ਤੋਂ ਅਸੰਗ ਰਹਿੰਦਾ ਹੈ॥ ੧॥

ਦਾਦਰ ਤੂ ਕਬਹਿ ਨ ਜਾਨਸਿ ਰੇ॥

ਹੇ ਦਾਦਰ=ਡੱਡੂ ! ਤੂੰ ਕੌਲ ਫੁਲ ਦੀ ਸਾਰ ਨੂੰ ਕਦੇ ਭੀ ਜਾਣਦਾ ਨਹੀਂ ਹੈਂ।

ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥੧॥ਰਹਾਉ॥

ਨਿਰਮਲ ਜਲ ਵਿਚ ਵਸਦਾ ਹੋਇਆ ਭੀ ਤੂੰ ਸਿਬਾਲੁ=ਜਾਲੇ ਨੂੰ ਭਖਸਿ=ਖਾਂਦਾ ਹੈਂ, ਕੌਲ ਫੁਲਾਂ ਦੇ ਸੁਗੰਧੀ ਰੂਪ ਅੰਮ੍ਰਿਤ ਨੂੰ ਤੂੰ ਜਾਣਦਾ ਨਹੀਂ ਹੈਂ॥ ੧॥ ਰਹਾਉ॥ ਤੇਰੇ ਨਾਲੋਂ ਭੌਰੇ ਭੌਰੀਆਂ ਚੰਗੀਆਂ ਹਨ ਜੋ ਉਪਰੋਂ ਆ ਕੇ ਸੁਗੰਧੀ ਲੈ ਜਾਂਦੇ ਹਨ, ਇਸ ਗੱਲ ਨੂੰ ਸਪਸ਼ੱਟ ਕਰਦੇ ਹਨ-

ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚ- ਚਾ ਗੁਨ ਰੇ॥

ਹੇ ਡੱਡੂ ! ਨਿਤਾਪ੍ਰਤੀ ਜਲ ਵਿਚ ਵਸਦਾ ਹੈਂ ਤੇ ਅਲੀਅਲ=ਭੌਰੇ ਭੌਰੀਆਂ ਭਾਵੇਂ ਜਲ ਵਿਚ ਨਹੀਂ ਵਸਦੇ, ਪਰ ਉਹ ਮੇਰ=ਉਪਰੋਂ ਆ ਕੇ ਚ=ਪੁਨਾ ਕੌਲ ਫੁਲ ਦੀ ਸੁਗੰਧੀ ਰੂਪ ਗੁਣ ਨੂੰ ਚਾ=ਚੁੰਘ ਜਾਂਦੇ ਹਨ, *ਵਾ:-* ਚਾਹ ਕਰਕੇ ਲੈ ਜਾਂਦੇ ਹਨ।

ਪ੍ਰਸ਼ਨ—ਡੱਡੂ ਜਲ ਵਿਚ ਰਹਿ ਕੇ ਭੀ ਸੁਗੰਧੀ ਨਹੀਂ ਲੈਂਦਾ ਤੇ ਭੌਰੇ ਭੌਰੀਆਂ ਉਪਰੋਂ ਆ ਕੇ ਸੁਗੰਧੀ ਲੈ ਜਾਂਦੇ ਹਨ, ਇਸ ਦਾ ਕੀ ਕਾਰਨ ਹੈ? *ਉੱਤਰ:-*

ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥ ੨॥

ਚੰਦ੍ਰਮਾ ਅਕਾਸ਼ ਵਿਚ ਰਹਿੰਦਾ ਹੈ, ਕੁਮੁਦਨੀ=ਕਵੀਆਂ ਧਰਤੀ 'ਪਰ ਜਲ ਵਿਚ ਰਹਿੰਦੀਆਂ ਹਨ। ਜਿਸ ਵੇਲੇ ਅਕਾਸ਼ ਵਿਚ ਚੰਦ੍ਰਮਾਂ ਚੜ੍ਹਦਾ ਹੈ ਉਸ ਨੂੰ ਦੂਰੋਂ ਹੀ ਵੇਖ ਕੇ ਕਵੀਆਂ ਨਿਵਸਸਿ=ਖਿੜ ਜਾਂਦੀਆਂ ਹਨ, ਇਸ ਵਿਚ ਹਿਰਦੇ ਦਾ ਅਨਭਉ=ਤਾਤਪਰਜ ਹੀ ਕਾਰਨ ਹੈ॥ ੨॥

www.sikhbookclub.com

ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂਬ ਨ ਚਾਤੁਰ ਰੇ॥

ਜਿਸ ਤਰ੍ਹਾਂ ਤੂਬੇ ਨੂੰ ਅੰਮ੍ਰਿਤ, ਖੰਡ, ਦੁੱਧ ਅਤੇ ਮਧੁ=ਸ਼ਹਿਤ ਇਤਿਆਦਿਕ ਮਿੱਠੀਆਂ ਚੀਜ਼ਾਂ ਭੀ ਸੰਚਨਾ ਕਰੀਏ ਤਾਂ ਭੀ ਉਹ ਚਾ=ਪੁਨਾ ਅਤਰ ਵਾਂਗੂ ਗੁਰੰਧੀਦਾਰ ਭਾਵ ਮਿੱਠਾ ਨਹੀਂ ਹੁੰਦਾ॥

ਯਥਾ:- ਲਉਕੀ ਅਠਸਠਿ ਤੀਰਥ ਨਾਈ॥ ਕਉਰਾਪਨੁ ਤਊ ਨ ਜਾਈ॥ *(ਪੰਨਾ ੬੫੬)*

ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥ ੩॥

ਹੇ ਸਾਲਸਰਾਇ ! ਤੂੰ ਆਪਣਾ ਆਪ ਹੰਕਾਰ ਕਦੇ ਛੱਡਦਾ ਨਹੀਂ ਹੈਂ, ਜਿਵੇਂ ਪਿਸਨ=ਚਿਚੜ ਦੀ ਲਹੂ ਦੇ ਪਾਣ ਕਰਨ ਵਿਚ ਪ੍ਰੀਤੀ ਹੈ ਭਾਵੇਂ ਉਹ ਥਨ ਨਾਲ ਚਿੰਮੜਿਆ ਹੋਯਾ ਦੁੱਧ ਦੇ ਪਾਸ ਰਹਿੰਦਾ ਹੈ ਪਰ ਦੁੱਧ ਨੂੰ ਛੱਡ ਕੇ ਲਹੂ ਹੀ ਪੀਂਦਾ ਹੈ, ਏਸੇ ਤਰ੍ਹਾਂ ਮਨਮੁਖ ਰੂਪ ਚਿਚੜ ਭਾਵੇਂ ਸੰਤਾਂ ਦੇ ਪਾਸ ਹੀ ਰਹਿੰਦਾ ਹੈ ਪਰ ਉਹ ਸੰਤਾਂ ਵਿਚ ਦੋਸ਼ ਅਰੋਪਣ ਰੂਪ ਲਹੂ ਨੂੰ ਪਾਣ ਕਰਦਾ ਹੈ।

ਅਥਵਾ:- ਨਿਸ਼ਕਾਮ ਕਰਮਾਂ ਰੂਪ ਦੁੱਧ ਨੂੰ ਤਿਆਗ ਕੇ ਵਿਸ਼ਿਆਂ ਰੂਪੀ ਲਹੂ ਦੇ ਪਾਣ ਕਰਨ ਵਿਚ ਪ੍ਰੀਤੀ ਕਰਦਾ ਹੈ। ਇਸੀ ਪਰਕਾਰ, ਹੇ ਸਾਲਸਰਾਇ ! ਤੂੰ ਸੁਣ:-

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥

ਬਿਮਲ ਮਝਾਰਿ=ਨਿਰਮਲ ਹਿਰਦਾ ਹੈ ਜਿਨ੍ਹਾਂ ਦਾ ਐਸੇ ਜੋ ਮਹਾਤਮਾ ਰੂਪੀ ਪਦਮਨਿ=ਕੌਲ ਫੁਲ ਹਨ, ਉਹ ਸਤਸੰਗ ਰੂਪ ਸਰੋਵਰ ਮੇਂ ਜੋ ਨਾਮ ਰੂਪ ਨਿਰਮਲ ਜਲ ਹੈ ਉਸ ਵਿਚ ਵਸਦੇ ਹਨ, ਪਦਾਰਥਾਂ ਰੂਪੀ ਜਾਵਲ=ਜਾਲਾ ਭੀ ਨਾਮ ਰੂਪ ਨਿਰਮਲ ਜਲ ਵਿਚ ਵਸਦਾ ਹੈ ਅਤੇ ਪਦਾਰਥਾਂ ਰੂਪੀ ਜਾਲੇ ਦੇ ਖਾਣ ਵਾਲਾ ਮਨਮੁਖ ਰੂਪ ਡੱਡੂ ਭੀ ਓਥੇ ਵਸਦਾ ਹੈ।

ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥ ੧॥

ਮਹਾਤਮਾ ਰੂਪੀ ਜੋ ਪਦਮਨਿ=ਕੌਲ ਫੁਲ ਹਨ ਉਹਨਾਂ ਨੂੰ ਨਾਮ ਰੂਪ ਜਲ ਦੀ ਸੰਗਤ ਹੈ, ਪਦਾਰਥਾਂ ਰੂਪੀ ਜੋ ਜਾਵਲ=ਜਾਲਾ ਹੈ ਉਸ ਨੂੰ ਭੀ ਨਾਮ ਰੂਪੀ ਜਲ ਦੀ ਸੰਗਤ ਹੈ, ਪਦਾਰਥਾਂ ਰੂਪੀ ਜਾਲੇ ਦੇ ਖਾਣ ਵਾਲੇ ਮਨਮੁਖ ਰੂਪ ਡੱਡੂ ਨੂੰ ਭੀ ਨਾਮ ਰੂਪ ਰਸ=ਜਲ ਦੀ ਸੰਗਤ ਹੈ। ਪਦਾਰਥਾਂ ਰੂਪ ਜਾਲੇ ਨੂੰ ਤੇ ਮਨਮੁਖ ਰੂਪ ਡੱਡੂ ਨੂੰ ਸੰਗ ਦਾ ਕੋਈ ਦੋਸ਼ ਨਹੀਂ ਹੈ, ਸੰਗ ਤਾਂ ਚੰਗੇ ਮਹਾਤਮਾ ਰੂਪ ਕੌਲ ਫੁਲਾਂ ਦਾ ਹੈ। *ਅਥਵਾ:-* ਮਹਾਤਮਾ ਰੂਪੀ ਕੌਲ ਫੁਲਾਂ ਨੂੰ ਮਨਮੁਖਾਂ ਰੂਪ ਡੱਡੂਆਂ ਦੇ ਸੰਗ ਦਾ ਦੋਸ਼ ਨਹੀਂ ਹੈ ਕਿਉਂਕਿ ਮਹਾਤਮਾ ਮਨਮੁਖਾਂ ਤੋਂ ਅਸੰਗ ਰਹਿੰਦੇ ਹਨ ਉਹਨਾਂ ਦੇ ਔਗੁਣਾ ਨੂੰ ਗ੍ਰਹਿਣ ਨਹੀਂ ਕਰਦੇ॥ ੧॥

ਦਾਦਰ ਤੂ ਕਬਹਿ ਨ ਜਾਨਸਿ ਰੇ॥

ਹੇ ਮਨਮੁਖ ਰੂਪ ਦਾਦਰ=ਡੱਡੂ ਸਾਲਸਰਾਇ ! ਤੂੰ ਗੁਰਮੁਖ ਮਹਾਤਮਾ ਰੂਪੀ ਕੌਲ ਫੁਲਾਂ ਦੀ ਸਾਰ ਸੰਭਾਲ ਨੂੰ ਕਦੇ ਜਾਣਦਾ ਨਹੀਂ ਹੈਂ।

ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤ ਨ ਲਖਸਿ ਰੇ॥ ੧॥ ਰਹਾਉ॥

ਨਿਰਮਲ ਨਾਮ ਜਲ ਵਾਲੇ ਸਤਸੰਗ ਸਰੋਵਰ ਵਿਚ ਤੂੰ ਵਸਦਾ ਹੋਇਆ ਭੀ ਭੋਗ ਬੁੱਧੀ ਕਰਕੇ ਪਦਾਰਥਾਂ ਰੂਪੀ ਸਿਬਾਲੁ=ਜਾਲੇ ਨੂੰ ਖਾਂਦਾ ਹੈਂ ਤੇ ਗੁਰਮੁਖਾਂ ਰੂਪ ਕੌਲ ਫੁਲ ਦੇ ਅੰਮ੍ਰਿਤ ਰੂਪ ਸ਼ੁਭ ਗੁਣਾਂ ਨੂੰ ਜਾਣਦਾ ਨਹੀਂ ਹੈਂ। ਰਸ=ਪ੍ਰੇਮ, ਸੁਗੰਧੀ=ਭਗਤੀ, ਧੂੜੀ=ਸ਼ਰਧਾ ਇਤਿਆਦਿਕ ਸ਼ੁਭ ਗੁਣਾਂ ਨੂੰ ਜਾਣਦਾ ਨਹੀਂ ਹੈਂ।

www.sikhbookclub.com

ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚ- ਚਾ ਗੁਨ ਰੇ॥

ਹੇ ਮਨਮੁਖ ਰੂਪ ਡੱਡੂ ਸਾਲਸਰਾਇ ! ਤੂੰ ਤਾਂ ਨਿਤਾਪ੍ਰਤੀ ਨਾਮ ਜਲ ਵਿਚ ਵਸਦਾ ਹੈਂ ਭਾਵ ਹਰ ਵੇਲੇ ਸਤਸੰਗ ਵਿਚ ਜਾ ਕੇ ਕਥਾ ਕੀਰਤਨ ਸੁਣਦਾ ਹੈਂ ਤੇ ਅਲੀ ਅਲ=ਸਿੱਖ ਸਿੱਖਣੀਆਂ ਰੂਪ ਭੌਰੇ ਭੌਰੀਆਂ ਨਹੀਂ ਵਸਦੀਆਂ ਕਿਉਂਕਿ ਉਹ ਹਜ਼ਾਰਾਂ ਕੋਹਾਂ 'ਪਰ ਬੈਠੀਆਂ ਹਨ ਫਿਰ ਭੀ ਉਹ ਮੇਰ=ਉਪਰ ਸੇ ਆ ਕੇ ਭਾਵ ਦੂਰੋਂ ਚਲ ਕੇ ਆਉਂਦੇ ਹਨ ਤੇ ਚ=ਪੁਨਾ ਸ਼ੁਭ ਸ਼ੁਭ ਗੁਣਾਂ ਨੂੰ ਚਾ=ਚੁੰਘ ਕੇ ਚਲੇ ਜਾਂਦੇ ਹਨ। ਜਿਵੇਂ ਕਈ ਕੁਤਰਕੀ ਅੰਮ੍ਰਿਤਸਰ ਨਿਵਾਸੀ ਕਾਫੀ ਸਮਾਂ ਅੰਮ੍ਰਿਤਸਰ ਰਹਿ ਕੇ ਦਰਸ਼ਨਾਂ ਤੋਂ ਖਾਲੀ ਰਹਿੰਦੇ ਹਨ ਤੇ ਸ਼ਰਧਾਲੂ ਲੋਕ ਹਜ਼ਾਰਾਂ ਕੋਹਾਂ ਤੋਂ ਆ ਕੇ ਦਰਬਾਰ ਸਾਹਿਬ ਜੀ ਦਾ ਦਰਸ਼ਨ ਕਰਕੇ ਲਾਭ ਪ੍ਰਾਪਤ ਕਰ ਜਾਂਦੇ ਹਨ।

ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥ ੨॥

ਗੁਰੂ ਸਾਹਿਬ ਰੂਪੀ ਚੰਦ੍ਰਮਾ ਨੂੰ ਵੇਖ ਕੇ ਸਿਖਣੀਆਂ ਰੂਪੀ ਕਵੀਆਂ ਦੂਰੋਂ ਹੀ ਨਿਵਸਸਿ=ਖਿੜ ਜਾਂਦੀਆਂ ਹਨ, ਭਾਵ ਦੂਰ ਬੈਠੀਆਂ ਹੀ ਗੁਰੂ ਜੀ ਦਾ ਜਸ ਅਤੇ ਨਾਮ ਸੁਣ ਕੇ ਪ੍ਰਸੰਨ ਹੋ ਜਾਂਦੀਆਂ ਹਨ ਇਸ ਵਿਚ ਹਿਰਦੇ ਦਾ ਅਨਭਉ=ਤਾਤਪ੍ਰਜ ਹੀ ਕਾਰਨ ਹੈ, ਭਾਵ ਹਿਰਦੇ ਦਾ ਪ੍ਰੇਮ ਹੋਣਾ ਚਾਹੀਦਾ ਹੈ ਤੇ ਭੌਰਾ ਬਿਰਤੀ ਕਰਕੇ ਸਾਰਗ੍ਰਾਹੀ ਹੋਣਾ ਚਾਹੀਦਾ ਹੈ॥ ੨॥

ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂਬ ਨ ਚਾਤੁਰ ਰੇ॥

ਅੰਮ੍ਰਿਤ=ਗਿਆਨ, ਖੰਡੁ=ਭਗਤੀ, ਦੂਧ=ਨਿਸ਼ਕਾਮ ਕਰਮ, ਮਧੁ=ਨਾਮ ਇਤਿਆਦਿਕ ਸ਼ੁਭ ਗੁਣ ਸੰਚਨਾ ਭੀ ਕਰੀਏ ਤੂੰਬੇ ਵਾਂਗੂੰ ਕੌੜੇ ਸੁਭਾਵ ਵਾਲਾ ਮਨਮੁਖ ਪੁਰਸ਼ ਚਾ=ਪੁਨਾ ਅਤਰ ਵਾਂਙੂ ਭਗਤੀ ਰੂਪ ਸੁਗੰਧੀ ਵਾਲਾ ਨਹੀਂ ਹੁੰਦਾ। *ਅਥਵਾ:-* ਤੂੰ ਬਨ ਚਾਤੁਰ ਰੇ=ਹੇ ਭਾਈ ! ਤੂੰ ਬਨ ਦਾ ਹੀ ਚਤਰ ਰਿਹਾ ਹੈਂ, ਭਾਵ ਬਾਂਦਰ ਵਾਂਙੂ ਚੰਚਲ ਸੁਭਾਵ ਵਾਲਾ ਰਿਹਾ ਹੈਂ।

ਅਪਨਾ ਆਪੁ ਤੂੰ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥ ੩॥

ਹੇ ਭਾਈ ! ਤੂੰ ਆਪਣਾ ਆਪ ਹੰਕਾਰ ਕਦੇ ਭੀ ਛੱਡਦਾ ਨਹੀਂ ਹੈਂ, ਜਿਸ ਤਰ੍ਹਾਂ ਪਿਸਨ=ਚੁਗਲ ਖੋਰ ਦੀ ਪ੍ਰੀਤੀ ਚੁਗਲੀ ਕਰਨ ਵਿਚ ਹੈ, ਉਹ ਜਿਥੇ ਭੀ ਜਾਂਦਾ ਹੈ ਓਥੇ ਚੁਗਲੀ ਹੀ ਕਰਦਾ ਹੈ॥ ੩॥

ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥

ਮੂਰਖ ਪੁਰਸ਼ ਭਾਵੇਂ ਪੰਡਿਤਾਂ ਦੇ ਨਾਲ ਭੀ ਵਸਦੇ ਹਨ ਅਤੇ ਆਗਮ=ਸ਼ਾਸਤ੍ਰਾਂ ਦੀ ਸਾਸ=ਆਗਿਆ ਭੀ ਸੁਣਦੇ ਹਨ।

ਅਥਵਾ:- ਆਗਮ=ਸ਼ਾਸਤ੍ਰ ਤੇ ਸਾਸ=ਬੇਦਾਂ ਨੂੰ ਭੀ ਸੁਣਦੇ ਹਨ।

ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ॥ ੪॥

ਹੇ ਸਾਲਸਰਾਇ ! ਤੂੰ ਸੁਣ, ਉਹ ਮੂਰਖ ਪੁਰਸ਼ ਆਪਣਾ ਆਪ ਹੰਕਾਰ ਕਦੇ ਭੀ ਛੱਡਦੇ ਨਹੀਂ ਹਨ, ਜਿਵੇਂ ਕਿਸੀ ਨੇ ਸੁਆਨ=ਕੁੱਤੇ ਦੀ ਪੂਛ ਸਿਧੀ ਕਰਨ ਵਾਸਤੇ ਬਾਰ੍ਹਾ ਵਰ੍ਹੇ ਨਲੇ ਵਿਚ ਪਾ ਰਖੀ ਸੀ, ਜਦ ਬਾਰ੍ਹਾਂ ਵਰ੍ਹਿਆਂ ਤੋਂ ਬਾਅਦ ਕਢੀ ਤਾਂ ਉਹ ਓਸੇ ਤਰ੍ਹਾਂ ਵਿੰਗੀ ਹੀ ਨਿਕਲੀ, ਏਸੇ ਤਰ੍ਹਾਂ ਮੂਰਖਾਂ ਨੂੰ ਚਾਹੇ ਕਿਤਨੇ ਸ਼ਾਸਤ੍ਰ ਸੁਣਾਓ ਤੋ ਭੀ ਉਨ੍ਹਾਂ ਦਾ ਮਨ ਟੇਢਾ ਹੀ ਰਹਿੰਦਾ ਹੈ॥ ੪॥

ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ॥

www.sikhbookclub.com

ਹੇ ਸਾਲਸਰਾਇ ! ਇਕ ਅਜੇਹੇ ਪਖੰਡੀ ਹਨ ਜੋ ਨਾਮ ਸਿਮਰਨ ਵਿਚ ਕਦੇ ਤਦਾਕਾਰ ਨਹੀਂ ਹੁੰਦੇ ਅਤੇ ਇਕ ਅਜੇਹੇ ਗੁਰਮੁਖ ਹਨ ਜੋ ਹਰਿ ਹਰਿ ਦੇ ਚਰਨਾਂ ਦੇ ਧਿਆਨ ਵਿਚ ਹਰ ਵੇਲੇ ਜੁੜੇ ਰਹਿੰਦੇ ਹਨ।

ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ॥ ੫॥ ੪॥

ਗੁਰੂ ਜੀ ਕਥਨ ਕਰਦੇ ਹਨ— ਪੂਰਬਲੇ ਕਰਮਾਂ ਅਨੁਸਾਰ ਜੋ ਲੇਖ ਲਿਖਿਆ ਗਿਆ ਹੈ ਓਹੀ ਪਦਾਰਥ ਪਾਈਂਦਾ ਹੈ, ਇਸ ਲਈ ਧਨ ਦੀ ਇਛਾ ਤਿਆਗ ਕੇ ਤੂੰ ਰਸਨਾ ਨਾਲ ਨਾਮ ਜਪ ਲੈ॥ ੫॥ ੪॥

ਇਤਨਾ ਉਪਦੇਸ਼ ਸੁਣਦਿਆਂ ਸਾਰ ਅਤੀਅੰਤ ਸ਼ਰਧਾ ਵਧ ਗਈ ਤੇ ਗੁਰੂ ਜੀ ਦੇ ਚਰਨਾਂ 'ਪਰ ਡਿਗ ਪਿਆ, ਉਸ ਵੇਲੇ ਗੁਰੂ ਜੀ ਨੇ ਉਸ ਨੂੰ ਮੁਕਤ ਕਰ ਦਿੱਤਾ, ਇਸ ਦੇ ਨਾਲੋਂ ਅਧਿਕ ਸ਼ਰਧਾ 'ਅਧਰਕੇ' ਵਿਚ ਸੀ ਸ੍ਰੀ ਗੁਰੂ ਜੀ ਨੇ ਪਹਿਲੇ ਮੰਜੀ ਉਸ ਨੂੰ ਦੇਣੀ ਸੀ, ਪਰ ਸਾਲਸਰਾਇ ਦੀ ਉਮਰਾ ਥੋੜੀ ਵੇਖ ਕੇ ਗੁਰੂ ਜੀ ਨੇ ਪਹਿਲੇ ਮੰਜੀ ਸਾਲਸਰਾਇ ਨੂੰ ਦੇ ਦਿਤੀ ਤੇ ਨਾਲ ਹੀ ਹੁਕਮ ਕਰ ਦਿੱਤਾ ਇਸ ਮੰਜੀ 'ਪਰ ਤੇਰੀ ਸੰਤਾਨ ਵਿਚੋਂ ਕੋਈ ਨਾ ਬੈਠੇ ਇਸ ਮੰਜੀ 'ਪਰ ਤੇਰੇ ਪਿਛੋਂ 'ਅਧਰਕਾ' ਬੈਠੇਗਾ। ਸਾਲਸਰਾਇ ਨੇ ਸਤਿਬਚਨ ਕਹਿ ਕੇ ਗੁਰੂ ਜੀ ਦਾ ਹੁਕਮ ਪ੍ਰਵਾਨ ਕਰ ਲਿਆ।

ਮਾਰੂ ਮਹਲਾ ੧ ॥ ਸਲੋਕੁ ॥

ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਨੀ ਮਨੁ ਲਾਗ॥

ਅਸੰਖ=ਬੇਅੰਤ, ਪਤਿਤ=ਪਾਪੀ ਪੁਨੀਤ ਹੋਹਿ=ਪਵਿੱਤਰ ਹੋਏ ਹਨ, ਜਿਨ੍ਹਾਂ ਦਾ ਹਰੀ ਦੇ ਚਰਨਾਂ ਨਾਲ ਮਨ ਲੱਗਾ ਹੈ।

ਅਠਸਠਿ ਤੀਰਥ ਨਾਮੁ ਪ੍ਰਭ ਨਾਨਕ ਜਿਸੁ ਮਸਤਕਿ ਭਾਗ॥ ੧ ॥

ਪ੍ਰਭੂ ਦੇ ਨਾਮ ਵਿਚ ਅਠਾਹਟ ਤੀਰਥ ਹਨ, ਵਾ:- ਅਠਾਹਟ ਤੀਰਥਾਂ ਤੋਂ ਉਤਮ ਪ੍ਰਭੂ ਦਾ ਨਾਮ ਹੈ, ਗੁਰੂ ਜੀ ਕਥਨ ਕਰਦੇ ਹਨ— ਜਿਸ ਦੇ ਮੱਥੇ ਦੇ ਭਾਗ ਚੰਗੇ ਹਨ ਉਸ ਨੂੰ ਨਾਮ ਮਿਲਦਾ ਹੈ॥ ੧ ॥

ਸਬਦੁ ॥

ਅੰਨਵੈ:- ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ:-

ਜੋ ਮੈ ਬੇਦਨ ਸਾ ਕਿਸੁ ਆਖਾ ਮਾਈ॥

ਜਗਿਆਸੂ ਆਖਦਾ ਹੈ, ਹੇ ਮਾਈ=ਸੰਤੋਂ ! ਜੋ ਮੈਨੂੰ ਪ੍ਰਭੂ ਦੇ ਵਿਛੋੜੇ ਦੀ ਪੀੜਾ ਲਗ ਰਹੀ ਹੈ, ਉਹ ਆਪ ਜੀ ਤੋਂ ਬਿਨਾਂ ਹੋਰ ਮੈਂ ਕਿਸ ਨੂੰ ਆਖਾਂ।

ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ॥ ੧ ॥ ਰਹਾਉ ॥

ਹੇ ਮਾਈ=ਮਾਤਾ ਪਿਤਾ ਰੂਪ ਸੰਤੋਂ ! ਹਰੀ ਤੋਂ ਬਿਨਾਂ ਮੇਰਾ ਜੀਅ ਰਹਿ ਨਹੀਂ ਸਕਦਾ ਮੈਂ ਕਿਸ ਤਰ੍ਹਾਂ ਰਖਣਾ ਕਰਾਂ॥ ੧ ॥ ਰਹਾਉ ॥

ਹਉ ਦੋਹਾਗਣਿ ਖਰੀ ਰੰਞਾਣੀ॥ ਗਇਆ ਸੁ ਜੋਬਨੁ ਧਨ ਪਛੁਤਾਣੀ॥ ੨ ॥

ਹਉ=ਮੈਂ ਦੋਹਾਗਣਿ=ਛੁਟੜ ਹੋ ਕੇ ਖਰੀ=ਹਛੀ, ਰੰਞਾਣੀ=ਦੁੱਖੀ ਹੋ ਰਹੀ ਹਾਂ। ਪ੍ਰਤੱਖ ਜੋਬਨ, ਵਾ:- ਪ੍ਰੇਮ ਰੂਪ ਜੋਬਨ ਚਲਾ ਗਿਆ ਹੈ ਇਸੀ 'ਤੇ ਮੈਂ ਧਨ ਪਸ਼ਚਾਤਾਪ ਕਰਦੀ ਹਾਂ॥ ੨ ॥

www.sikhbookclub.com

ਭਣਤਿ ਨਾਨਕੁ ਅੰਦੇਸਾ ਏਹੀ॥
ਬਿਨੁ ਦਰਸਨ ਕੈਸੇ ਰਵਉ ਸਨੇਹੀ॥ ੪ ॥ ੫ ॥

ਗੁਰੂ ਜੀ ਭਣਤਿ=ਕਥਨ ਕਰਦੇ ਹਨ— ਜਗਿਆਸੂ ਆਖਦਾ ਹੈ ਮੈਨੂੰ ਏਹੋ ਅੰਦੇਸਾ=ਸੰਸਾ, ਭਾਵ ਗਮ ਹੈ। ਕਿ ਪਤੀ ਦੇ ਦਰਸ਼ਨ ਤੋਂ ਬਿਨਾਂ ਸਨੇਹੀ=ਪਿਆਰੇ ਪ੍ਰਭੂ ਦੇ ਅਨੰਦ ਨੂੰ ਕਿਵੇਂ ਰਵਉ=ਭੋਗਾਂਗੀ? ਉੱਤਰ:-

ਸਖੀ ਸਹੇਲੀ ਗਰਬਿ ਗਹੇਲੀ॥ ਸੁਣਿ ਸਹ ਕੀ ਇਕ ਬਾਤ ਸੁਹੇਲੀ॥ ੧ ॥

ਹੇ ਸਹੇਲੀ=ਪਿਆਰੀ ਸਖੀ ! ਤੂੰ ਜਿਸ ਗਰਬਿ ਗਹੇਲੀ=ਹੰਕਾਰ ਵਿਚ ਗ੍ਰਸੀ ਹੋਈ ਹੈਂ ਉਸ ਹੰਕਾਰ ਨੂੰ ਤਿਆਗ ਦੇ ਅਤੇ ਪਤੀ ਦੀ ਪ੍ਰਾਪਤੀ ਦੀ ਇਕ ਸੁਹੇਲੀ=ਸੁਖਦਾਇਕ ਗੱਲ ਧਿਆਨ ਦੇ ਕੇ ਸੁਣ॥ ੧ ॥ ਉਸ ਅੱਗੇ ਨਿੰਮ੍ਰਤਾ ਸਹਿਤ ਬੇਨਤੀ ਕਰ:-

ਤੂ ਦਾਨਾ ਸਾਹਿਬੁ ਸਿਰਿ ਮੇਰਾ॥ ਖਿਜਮਤਿ ਕਰੀ ਜਨੁ ਬੰਦਾ ਤੇਰਾ॥ ੩ ॥

ਤੂੰ ਦਾਨਾ=ਦਨਾਅ ਹੈਂ ਅਤੇ ਮੇਰਾ ਸਿਰਿ=ਸ਼ਰੋਮਣੀ ਸਾਹਿਬੁ=ਮਾਲਕ ਹੈਂ।

ਮੈਂ ਤੇਰਾ ਦਾਸ ਜਨ ਹੋ ਕੇ ਸਾਰੀ ਉਮਰਾ ਆਪ ਜੀ ਦੀ ਖਿਜਮਤਿ=ਸੇਵਾ ਕਰਦਾ ਰਹਾਂ।

ਇਸ ਤਰ੍ਹਾਂ ਬੇਨਤੀਆਂ ਕਰਨ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ ਤੇ ਵਿਛੋੜੇ ਦੀ ਪੀੜਾ ਦੂਰ ਹੋ ਜਾਂਦੀ ਹੈ।

ਸ਼ਬਦ ਦੀਆਂ ਤੁਕਾਂ ਕ੍ਰਮ ਵਾਰ ਇਸ ਤਰ੍ਹਾਂ ਹਨ:-

ਸਖੀ ਸਹੇਲੀ ਗਰਬਿ ਗਹੇਲੀ॥ ਸੁਣਿ ਸਹ ਕੀ ਇਕ ਬਾਤ ਸੁਹੇਲੀ॥ ੧ ॥
ਜੋ ਮੈ ਬੇਦਨ ਸਾ ਕਿਸੁ ਆਖਾ ਮਾਈ॥ ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ॥ ੧ ॥ ਰਹਾਉ॥
ਹਉ ਦੋਹਾਗਣਿ ਖਰੀ ਰੰਞਾਣੀ॥ ਗਇਆ ਸੁ ਜੋਬਨੁ ਧਨ ਪਛੁਤਾਣੀ॥ ੨ ॥
ਤੂ ਦਾਨਾ ਸਾਹਿਬੁ ਸਿਰਿ ਮੇਰਾ॥ ਖਿਜਮਤਿ ਕਰੀ ਜਨੁ ਬੰਦਾ ਤੇਰਾ॥ ੩ ॥
ਭਣਤਿ ਨਾਨਕੁ ਅੰਦੇਸਾ ਏਹੀ॥ ਬਿਨੁ ਦਰਸਨ ਕੈਸੇ ਰਵਉ ਸਨੇਹੀ॥ ੪ ॥ ੫ ॥

[ਪੰਨਾ ੯੯੧]

ਮਾਰੂ ਮਹਲਾ ੧ ॥

ਜਿਸ ਵੇਲੇ ਸਾਲਸਰਾਇ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅੱਗੇ ਚਲੇ ਤਾਂ ਚਾਲੀਸ ਕੋਹ 'ਪਰ ਗੁਰੂ ਜੀ ਦਾ ਇਕ ਪ੍ਰੇਮੀ ਭਗਤ ਜਾਤ ਦਾ ਬਾਢੀ, ਗੁਰੂ ਜੀ ਨੂੰ ਅਰਾਧ ਰਿਹਾ ਸੀ ਉਸ ਦੀ ਇੱਛਾ ਪੂਰਨ ਕਰਨ ਲਈ ਗੁਰੂ ਜੀ ਉਸ ਪਿੰਡ ਤੋਂ ਬਾਹਰਵਾਰ ਡੇਰਾ ਲਗਾ ਕੇ ਬੈਠ ਗਏ।

ਜਦ ਉਸ ਨੂੰ ਪਤਾ ਲਗਾ ਤਾਂ ਬੇਨਤੀ ਕਰਕੇ ਗੁਰੂ ਜੀ ਨੂੰ ਘਰ ਲੈ ਆਏ ਅਤੇ ਉਸ ਨੇ ਆਪਣੇ ਸਭਾਗੇ ਨਾਮੇ ਪੁੱਤਰ ਨੂੰ ਕਿਹਾ, ਸਾਡੀ ਭਗਤੀ ਵੇਖ ਕੇ ਸਾਨੂੰ ਦਰਸ਼ਨ ਦੇਣ ਲਈ ਗੁਰੂ ਜੀ ਤਾਂ ਆ ਗਏ ਹਨ ਪਰ ਉਨ੍ਹਾਂ ਦਾ ਸੁਆਗਤ ਕਰਨ ਲਈ ਸਾਡੇ ਪਾਸ ਕੋਈ ਅੰਨ ਪਦਾਰਥ ਵਗੈਰਾ ਹੈ ਨਹੀਂ, ਹੁਣ ਕਿਸ ਤਰ੍ਹਾਂ ਕਰੀਏ?

ਪੁੱਤਰ ਨੇ ਕਿਹਾ, ਪਿਤਾ ਜੀ ਆਪ ਮੈਨੂੰ ਕਿਸੇ ਸ਼ਾਹੂਕਾਰ ਦੀ ਦੁਕਾਨ 'ਪਰ ਵੇਚ ਆਓ ਤੇ ਰਸਤ ਪਾਣੀ ਲਿਆ ਕੇ ਗੁਰੂ ਜੀ ਨੂੰ ਪ੍ਰਸੰਨਤਾ ਨਾਲ ਛਕਾਓ ਜੇਕਰ ਗੁਰੂ ਦੇ ਨਮਿਤ ਮੇਰਾ ਸਰੀਰ ਲੱਗ ਜਾਏ ਤਾਂ ਇਸ ਨਾਲੋਂ ਹੋਰ ਕੋਈ ਗੱਲ ਚੰਗੀ ਨਹੀਂ ਹੈ।

ਇਸ ਤਰ੍ਹਾਂ ਸੁਣ ਕੇ ਪਿਤਾ ਬਹੁਤ ਖੁਸ਼ ਹੋਇਆ ਤੇ ਕਿਹਾ, ਪੁੱਤਰ ਏਹ ਗੱਲ ਤੈਂਨੇ ਸਭ ਤੋਂ ਚੰਗੀ ਸੋਚੀ ਹੈ, ਜਾਓ ਕਿਸੇ ਧਨੀ ਦੀ ਦੁਕਾਨ 'ਪਰ ਜਾ ਕੇ ਵਿਕ ਜਾਓ।

www.sikhbookclub.com

ਜਦ ਉਹ ਵਿਕਣ ਚਲਿਆ ਤਾਂ ਅੰਤ੍ਰਜਾਮੀ ਗੁਰਾਂ ਨੇ ਬੁਲਾ ਕੇ ਕਿਹਾ, ਕਾਕਾ ਤੇਰਾ ਨਾਮ ਕੀ ਹੈ, ਤੇਰੇ ਮਾਤਾ ਪਿਤਾ ਤੇਰੇ ਕੋ ਵੇਚਦੇ ਹਨ ਤੈਂਨੇ ਵਿਕਣਾ ਹੈ? ਫੇਰ ਤੇਰੇ ਪਾਸੋਂ ਉਹ ਟਹਿਲ ਕਰਾਉਣਗੇ ਤੂੰ ਕਰੇਂਗਾ?

ਇਨ੍ਹਾਂ ਗੱਲਾਂ ਦਾ ਜਿਵੇਂ ਉਸ ਨੇ ਉੱਤਰ ਦਿੱਤਾ ਹੈ, ਉਹ ਗੁਰੂ ਜੀ ਇਸ ਸ਼ਬਦ ਦੁਆਰਾ ਵਰਣਨ ਕਰਦੇ ਹਨ :-

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥

ਉਹ ਬੱਚਾ ਆਖਦਾ ਹੈ, ਹੇ ਗੁਰੋ ! ਮੈਂ ਆਪ ਜੀ ਦਾ ਮੁੱਲ ਖਰੀਦਿਆ ਹੋਇਆ ਅਰਥਾਤ ਬੈ-ਖਰੀਦ ਹਾਂ ਅਤੇ ਲਾਲਾ ਗੋਲਾ=ਦਾਸਾਂ ਦਾ ਦਾਸ ਹਾਂ, ਫਿਰ ਮੇਰਾ ਨਾਮ 'ਸਭਾਗਾ' ਹੈ।

ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥ ੧ ॥

ਹੇ ਗੁਰੋ ! ਆਪ ਜੀ ਦੀ ਬਚਨੀ=ਸਿੱਖਿਆ ਵਾਸਤੇ ਮੈਂ ਹਟ 'ਪਰ ਜਾ ਕੇ ਵਿਕਦਾ ਹਾਂ ਜਿਸ ਤਰਫ਼ ਆਪ ਜੀ ਨੇ ਮੈਨੂੰ ਲਗਾਇਆ ਹੈ, ਉਸੀ ਤਰਫ਼ ਮੈਂ ਲੱਗ ਰਿਹਾ ਹਾਂ॥ ੧ ॥

ਤੇਰੇ ਲਾਲੇ ਕਿਆ ਚਤੁਰਾਈ ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥ ੧ ॥ ਰਹਾਉ ॥

ਹੇ ਗੁਰੋ ! ਮੈਂ ਆਪ ਜੀ ਦਾ ਦਾਸ ਹਾਂ, ਮੈਂ ਲਾਲੇ=ਦਾਸ ਦੀ ਤੇਰੇ ਅੱਗੇ ਕੀ ਚਤੁਰਾਈ ਚੱਲ ਸਕਦੀ ਹੈ। ਹੇ ਸਾਹਿਬ=ਗੁਰੋ ! ਆਪ ਜੀ ਉਤੇ ਕੋਈ ਹੁਕਮ ਨਹੀਂ ਕੀਤਾ ਜਾਂਦਾ।

ਅਥਵਾ:- ਹੇ ਸਾਹਿਬ=ਗੁਰੋ ! ਆਪ ਜੀ ਦਾ ਹੁਕਮ ਮੋੜਨਾ ਨਹੀਂ ਕੀਤਾ ਜਾਂਦਾ ॥ ੧ ॥ ਰਹਾਉ ॥

ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥

ਮੇਰੀ ਮਾਂ ਆਪ ਜੀ ਦੀ ਲਾਲੀ=ਦਾਸੀ ਹੈ, ਮੇਰਾ ਪਿਤਾ ਭੀ ਆਪ ਜੀ ਦਾ ਦਾਸ ਹੈ ਤੇ ਮੈਂ ਉਸ ਲਾਲੀ ਲਾਲੇ ਦਾ ਜਾਇਆ=ਪੈਦਾ ਕੀਤਾ ਹੋਇਆ ਹਾਂ।

ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥ ੨ ॥

ਮੇਰੀ ਮਾਂ ਲਾਲੀ=ਦਾਸੀ ਹੋ ਕੇ ਆਪ ਜੀ ਦੀ ਸੇਵਾ ਵਿੱਚ ਨੱਚ ਰਹੀ ਹੈ, ਪਿਤਾ ਭੀ ਲਾਲਾ=ਦਾਸ ਹੋ ਕੇ ਆਪ ਜੀ ਦੇ ਜਸ ਨੂੰ ਗਾਂਵਦਾ ਹੈ, ਹੇ ਰਾਇਆ=ਪ੍ਰਕਾਸ਼ ਰੂਪ ਗੁਰੋ ! ਮੈਂ ਭੀ ਆਪ ਜੀ ਦੀ ਭਗਤੀ ਕਰਦਾ ਹਾਂ॥ ੨ ॥

ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥

ਹੇ ਮੀਰਾ=ਪਾਤਸ਼ਾਹ ਗੁਰੋ ! ਜੇ ਆਪ ਪੀਵੋ ਤਾਂ ਮੈਂ ਪਾਣੀ ਆਣੀ=ਲਿਆਉਂਦਾ ਹਾਂ ਜੇ ਆਪ ਭੋਜਨ ਖਾਵੋ ਤਾਂ ਮੈਂ ਚਕੀ ਵਿਚ ਦਾਣੇ ਪੀਸਣ ਲਈ ਜਾਂਦਾ ਹਾਂ।

ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥ ੩ ॥

ਹੇ ਗੁਰੋ ! ਮੈਨੂੰ ਇਹ ਸੁਮਤਿ ਬਖਸ਼ੋ; ਮੈਂ ਆਪ ਜੀ ਨੂੰ ਪੱਖਾ ਫੇਰਾਂ, ਪੈਰ ਮਲੋਵਾ=ਚਰਨ ਝਸਨਾ ਕਰਾਂ, ਅਤੇ ਸਦਾ ਹੀ ਆਪ ਜੀ ਦਾ ਨਾਮ ਜਪਦਾ ਰਹਾਂ॥ ੩ ॥

ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥

ਗੁਰੂ ਜੀ ਕਥਨ ਕਰਦੇ ਹਨ— ਉਹ ਸਭਾਗਾ ਆਖਦਾ ਹੈ, ਮੈਂ ਲਾਲ=ਦਾਸ ਨਿਮਕ ਹਰਾਮੀ ਹਾਂ, ਜੇ ਆਪ ਬਖਸ਼ ਲਵੋ ਤਾਂ ਇਸ ਵਿਚ ਆਪ ਜੀ ਦੀ ਵਡਿਆਈ ਹੈ।

ਆਦਿ ਜੁਗਾਦਿ ਦਇਆਪਤਿ ਦਾਤਾ
ਤੁਧੁ ਵਿਣੁ ਮੁਕਤਿ ਨ ਪਾਈ॥ ੪॥ ੬॥

ਆਦਿ ਜੁਗਾਦਿ=ਸਦਾ ਸਦਾ ਤੂੰ ਦਇਆ ਦਾ ਪਤੀ ਤੇ ਸਭ ਦਾ ਦਾਤਾ ਹੈਂ, ਆਪ ਜੀ ਦੀ ਕ੍ਰਿਪਾ ਤੋਂ ਬਿਨਾਂ ਕਿਸੀ ਨੇ ਭੀ ਮੁਕਤੀ ਨਹੀਂ ਪਾਈ॥ ੪॥ ੬॥

ਹੁਣ ਦੂਜੇ ਅਰਥ ਵਿਚ ਜਗਿਆਸੂ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਦਾ ਹੈ:-

ਦੂਜਾ ਅਰਥ:-

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥

ਹੇ ਪਰਮੇਸ਼ਰ ! ਮੈਂ ਦਾਸਾਂ ਦਾ ਦਾਸ ਆਪ ਜੀ ਦਾ ਮੁੱਲ ਖਰੀਦਿਆ ਹੋਇਆ ਹਾਂ, ਇਸੀ 'ਤੇ ਮੇਰਾ ਨਾਮ ਸਭਾਗਾ=ਸਰੇਸ਼ਟ ਭਾਗਾਂ ਵਾਲਾ ਹੈ।

ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥ ੧॥

ਹੇ ਪਰਮੇਸ਼ਰ ! ਗੁਰਾਂ ਦੀ ਸਿੱਖਿਆ ਲੈਣ ਵਾਸਤੇ ਮੈਂ ਸਤਸੰਗਤ ਰੂਪੀ ਹਟ ਉਤੇ ਵਿਕਿਆ ਹਾਂ, ਜਿਸ ਤਰਫ਼ ਸਤਸੰਗਤ ਨੇ ਲਗਾਇਆ ਹੈ, ਉਸੀ ਤਰਫ਼ ਮੈਂ ਲਗ ਰਿਹਾ ਹਾਂ॥ ੧॥

ਤੇਰੇ ਲਾਲੇ ਕਿਆ ਚਤੁਰਾਈ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ॥ ੧॥ ਰਹਾਉ॥

ਹੇ ਪਰਮੇਸ਼ਰ ! ਤੇਰੇ ਲਾਲੇ=ਦਾਸ ਦੀ ਤੇਰੇ ਅੱਗੇ ਕੀ ਚਤੁਰਾਈ ਚਲ ਸਕਦੀ ਹੈ।

ਹੇ ਸਾਹਿਬ=ਪਰਮਾਤਮਾ ! ਆਪ ਜੀ ਦਾ ਹੁਕਮ ਮੋੜਨਾ ਨਹੀਂ ਕੀਤਾ ਜਾਂਦਾ॥ ੧॥ ਰਹਾਉ॥

ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥

ਹੇ ਪਰਮੇਸ਼ਰ ! ਸ਼ੁਧ ਬੁੱਧੀ ਰੂਪ ਮੇਰੀ ਮਾਂ ਆਪ ਜੀ ਦੀ ਦਾਸੀ ਹੈ, ਸੰਤੋਖ ਵਸ਼ਿਸਟ ਮਨ ਰੂਪ ਮੇਰਾ ਪਿਤਾ ਭੀ ਆਪ ਜੀ ਦਾ ਦਾਸ ਹੈ, ਹਉ=ਸ਼ੁਧ ਹੰਕਾਰ, ਉਸ ਸ਼ੁਧ ਬੁੱਧੀ ਰੂਪ ਮਾਂ ਦਾ ਤੇ ਸੰਤੋਖ ਵਸ਼ਿਸਟ ਮਨ ਰੂਪ ਪਿਤਾ ਦਾ ਜਾਇਆ=ਪੈਦਾ ਕੀਤਾ ਹੋਇਆ ਹੈ, ਉਹ ਭੀ ਆਪ ਦਾ ਦਾਸ ਹੈ।

ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥ ੨॥

ਲਾਲੀ=ਸ਼ੁਧ ਬੁੱਧੀ ਆਪ ਜੀ ਦਾ ਨਾਚੈ=ਨਿਰਣਾ ਕਰਦੀ ਹੈ, ਲਾਲਾ=ਸੰਤੋਖ ਵਸ਼ਿਸਟ ਮਨ ਭੀ ਆਪ ਜੀ ਦੇ ਗੁਣਾਂ ਨੂੰ ਗਾਂਵਦਾ ਹੈ, ਹੇ ਰਾਇਆ=ਪ੍ਰਕਾਸ਼ ਰੂਪ ਪਰਮਾਤਮਾ ! ਮੈਂ ਭੀ ਆਪ ਜੀ ਦੀ ਭਗਤੀ ਕਰਦਾ ਹਾਂ॥ ੨॥

ਅਥਵਾ:- ਮਾਂ ਮਾਇਆ (ਲਖਿਮੀ) ਇਹ ਆਪ ਦੀ ਦਾਸੀ ਹੈ, ਪਿਉ=ਵਿਸ਼ਨੂੰ ਯਾਂ ਈਸ਼ੂਰ ਇਹ ਭੀ ਆਪ ਜੀ ਦਾ ਦਾਸ ਹੈ, ਹਉ=ਮੈਂ ਉਸ ਲਾਲੀ ਲਾਲੇ ਦਾ ਜਾਇਆ=ਉਤਪੰਨ ਕੀਤਾ ਹੋਇਆ ਹਾਂ। ਲਾਲੀ=ਮਾਇਆ (ਲੁਖਿਮੀ) ਆਪ ਕੀ ਤਰਫ਼ ਨੱਚ ਰਹੀ ਹੈ, ਲਾਲਾ=ਵਿਸ਼ਨੂੰ ਵਾ ਈਸ਼ੂਰ ਆਪ ਜੀ ਦੇ ਜਸ ਨੂੰ ਗਾਂਵਦਾ ਹੈ, ਹੇ

www.sikhbookclub.com

ਰਾਇਆ=ਪ੍ਰਕਾਸ਼ ਰੂਪ ਪ੍ਰਭੂ ! ਮੈਂ ਭੀ ਆਪ ਜੀ ਦੀ ਭਗਤੀ ਕਰਦਾ ਹਾਂ।

ਅਥਵਾ:- ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਮੇਰੀ ਮਾਂ ਮਾਤਾ ਤ੍ਰਿਪਤਾ ਆਪ ਜੀ ਦੀ ਦਾਸੀ ਹੈ, ਮੇਰਾ ਪਿਉ ਬਾਬਾ ਕਾਲੂ ਭੀ ਆਪ ਜੀ ਦਾ ਦਾਸ ਹੈ, ਹਉ=ਮੈਂ ਉਸ ਲਾਲੀ ਮਾਤਾ ਤ੍ਰਿਪਤਾ ਦਾ ਤੇ ਲਾਲੇ=ਬਾਬਾ ਕਾਲੂ ਦਾ ਪੈਦਾ ਕੀਤਾ ਹੋਇਆ ਹਾਂ। ਲਾਲੀ=ਮਾਤਾ ਤ੍ਰਿਪਤਾ ਆਪ ਜੀ ਦੀ ਸੇਵਾ ਵਿਚ ਨੱਚ ਰਹੀ ਹੈ, ਲਾਲਾ=ਬਾਬਾ ਕਾਲੂ ਭੀ ਆਪ ਜੀ ਦੇ ਜਸ ਨੂੰ ਗਾਉਂਦਾ ਹੈ, ਹੇ ਰਾਇਆ=ਪ੍ਰਕਾਸ਼ ਰੂਪ ਪ੍ਰਭੂ ! ਮੈਂ ਭੀ ਆਪ ਜੀ ਦੀ ਭਗਤੀ ਕਰਦਾ ਹਾਂ।

ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥

ਜਗਿਆਸੂ ਕਹਿੰਦਾ ਹੈ, ਹੇ ਮੀਰਾ=ਪਾਤਸ਼ਾਹ ਪਰਮੇਸ਼ਰ ! ਜੇ ਆਪ ਪਦਾਰਥਾਂ ਰੂਪ ਪਾਣੀ ਨੂੰ ਪੀਣਾ ਕਰੋ ਭਾਵ ਅੰਗੀਕਾਰ ਕਰੋ ਤਾਂ ਲਿਆਉਣਾ ਕਰਦਾ ਹਾਂ, ਭਾਵ ਸਾਰੇ ਪਦਾਰਥ ਆਪ ਜੀ ਅੱਗੇ ਅਰਪਣ ਕਰਦਾ ਹਾਂ। *ਅਥਵਾ:-* ਜੇ ਨਾਮ ਰੂਪ ਪਾਣੀ ਕਬੂਲ ਕਰੋ ਤਾਂ ਨਾਮ ਜਪਦਾ ਹਾਂ।

ਜੇਕਰ ਆਪ ਖਾਹਿ=ਖਾਣਾ ਕਰੋ, ਅਰਥਾਤ ਮਨਜੂਰ ਕਰੋ ਤਾਂ ਚਕੀ ਪੀਹਣ ਜਾਂਦਾ ਹਾਂ, ਭਾਵ ਸ੍ਰਵਨ, ਮਨਨ ਨਿਧਿਆਸਣ ਕਰਦਾ ਹਾਂ। ਫਿਰ ਮੇਰੇ ਉਤੇ ਇਹ ਕਿਰਪਾ ਕਰੋ:-

ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰੀ ਨਾਉ॥ ੩॥

ਪਖ ਲੈਣੇ ਰੂਪੀ ਪੱਖਾ ਆਪ ਜੀ ਨੂੰ ਫੇਰਨਾ ਕਰਾਂ, ਚਰਨਾਂ ਦਾ ਧਿਆਨ ਕਰਨੇ ਰੂਪ ਪੈਰ ਮਲੋਵਾ=ਝਸਨਾ ਕਰਾਂ ਅਤੇ ਅੱਠੇ ਪਹਿਰ ਆਪ ਜੀ ਦਾ ਨਾਮ ਜਪਦਾ ਰਹਾਂ॥ ੩॥

ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥

ਗੁਰੂ ਜੀ ਕਥਨ ਕਰਦੇ ਹਨ— ਉਹ ਜਗਿਆਸੂ ਆਖਦਾ ਹੈ, ਹੇ ਪਰਮੇਸ਼ਰ ! ਮੈਂ ਲਾਲਾ=ਦਾਸ ਆਪ ਜੀ ਦਾ ਲੂਣ ਖਾ ਕੇ ਹਰਾਮ ਕਰਨ ਵਾਲਾ ਹਾਂ, ਭਾਵ ਆਪ ਜੀ ਦਾ ਦਿੱਤਾ ਹੋਇਆ ਖਾਂਦਾ ਹਾਂ ਪਰ ਆਪ ਜੀ ਦਾ ਸਿਮਰਨ ਨਹੀਂ ਕਰਦਾ, ਜੇ ਆਪ ਬਖਸ਼ ਲਓ ਤਾਂ ਇਸ ਵਿਚ ਤੇਰੀ ਵਡਿਆਈ ਹੈ।

ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ॥ ੪॥ ੬॥

ਹੇ ਦਇਆ ਪਤੀ ਪਰਮਾਤਮਾ ! ਤੂੰ ਆਦਿ ਜੁਗਾਦਿ=ਸਦਾ ਸਦਾ ਸਾਰਿਆਂ ਦਾ ਦਾਤਾ ਹੈਂ, ਆਪ ਜੀ ਦੇ ਸਿਮਰਨ ਤੋਂ ਬਿਨਾਂ ਕਿਸੀ ਨੇ ਮੁਕਤੀ ਨਹੀਂ ਪਾਈ।

ਮਾਰੂ ਮਹਲਾ ੧ ॥

ਉਥਾਨਕਾ:- ਜਿਸ ਵੇਲੇ ਸਚਖੰਡ ਚੋਂ 'ਮੂਲ ਮੰਤ੍ਰ' ਦਾ ਉਪਦੇਸ਼ ਲੈ ਕੇ ਵੇਈਂ ਨਦੀ ਤੋਂ ਬਾਹਰ ਆ ਕੇ ਦਾਸ ਪਾਸੋਂ ਕਪੜੇ ਪਾਏ ਹਨ, ਤਾਂ ਹਜ਼ੂਰ ਨੇ ਕਿਹਾ ਭਾਈ ਨਿਹਾਲ ਹੋ, ਇਤਨੇ ਵਿਚ ਹੀ ਉਸ ਦੇ ਪੰਜਾਂ ਕੋਸਾਂ ਦੇ ਤਖ਼ਤੇ ਖੁੱਲ੍ਹ ਗਏ। ਆਪ ਫਿਰ ਦੁਕਾਨ 'ਤੇ ਆਏ ਅਗੋਂ ਜੰਦਰੇ ਵਜੇ ਦੇਖ ਕੇ ਪੁੱਛਿਆ, ਇਹ ਜੰਦਰੇ ਕਿਸ ਮਾਰੇ ਹਨ? ਲੋਕਾਂ ਨੇ ਕਿਹਾ, ਦੌਲਤ ਖਾਂ ਨਵਾਬ ਨੇ ਆਪ ਮਰਵਾਏ ਹਨ। ਹਜ਼ੂਰ ਨੇ ਉਸੀ ਵੇਲੇ ਜੰਦਰੇ ਖੋਲ੍ਹ ਕੇ ਹੁਕਮ ਕਰ ਦਿੱਤਾ ਜਿਸ ਪੁਰਸ਼ ਨੂੰ ਜਿਸ ਜਿਸ ਵਸਤੂ ਦੀ ਲੋੜ ਹੈ ਉਹ ਲੁੱਟ ਲਵੇ।

ਯਥਾ:- ਅੰਨ ਘਨੋ, ਮਿਸਟਾਨ ਤੇ ਲੋਨ, ਮਿਰਚ ਦੋਊ ਹਰਦੀ ਮਨ ਭਾਈ॥
ਲੇਹਿ ਵਰਾਟਕਾ ਪੈਸੇ ਕੋਊ ਪੁਨ ਕਾਰਖਿਕੰ ਕੋਊ ਲੇਤ ਹੈ ਧਾਈ॥

ਅੰਬਰ ਭਾਂਤਿ ਅਨੇਕਨ ਕੋ ਧਰੇ ਆਪਨਿ ਮੈਂ ਸਭ ਦੀਨ ਲੁਟਾਈ॥
ਤੋਟਿ ਨ ਆਇ- ਅਤੋਟ ਭਈ, ਸੁਰ ਧੇਨ ਕਿਧੋਂ ਮਨਚਿੰਤ ਸੁਹਾਈ॥ ੧੯॥

(ਨਾਨਕ ਪ੍ਰਕਾਸ਼, ਪੂਰਬਾਰਧ ਧਿਆ: ੨੯)

ਓਧਰ ਕਿਸੀ ਨੇ ਦੌਲਤ ਖਾਂ ਨਵਾਬ ਨੂੰ ਜਾ ਕੇ ਕਿਹਾ ਤੇਰਾ ਮੋਦੀ ਨਦੀ ਚੋਂ ਨਿਕਲ ਕੇ ਆਇਆ ਹੈ। ਪਰ ਆਉਂਦਿਆਂ ਸਾਰ ਉਸ ਨੇ ਜੰਦਰੇ ਖੋਲ੍ਹ ਕੇ ਸਭਨਾਂ ਨੂੰ ਕਿਹਾ ਹੈ ਜੋ ਕੁਝ ਹੈ ਲੁਟ ਲਓ। ਹੁਣ ਸਾਰੇ ਲੋਕ ਵਸਤੂਆਂ ਕੱਢ ਕੇ ਲੁਟੀ ਜਾ ਰਹੇ ਹਨ। ਇਹ ਗੱਲ ਦੌਲਤ ਖਾਂ ਨੇ ਸੁਣ ਕੇ ਅਪੁਨੇ ਆਦਮੀ ਭੇਜ ਦਿਤੇ। ਉਨ੍ਹਾਂ ਨੇ ਉਸੀ ਵੇਲੇ ਤਾੜ ਕੇ ਲੋਕਾਂ ਨੂੰ ਹਟਾ ਦਿੱਤਾ ਤੇ ਗਰੀਬ ਨਿਵਾਜ ਗੁਰੂ ਜੀ ਆਪ ਮਸਾਨਾਂ ਵਿਚ ਜਾ ਬੈਠੇ। ਪਿਛੋਂ ਚੁਗਲਾਂ ਨੇ ਨਵਾਬ ਪਾਸ ਕਿਹਾ ਹੁਣ ਦੁਕਾਨ ਵਿਚ ਘਾਟਾ ਬਹੁਤ ਹੋ ਗਿਆ ਹੈ, ਜੈਰਾਮ ਨੂੰ ਸੱਦ ਕੇ ਉਸ ਪਾਸੋਂ ਹਰਜਾਨਾ ਭਰੋ।

ਨਵਾਬ ਨੇ ਉਸੀ ਵੇਲੇ ਆਦਮੀ ਭੇਜ ਕੇ ਜੈਰਾਮ ਨੂੰ ਆਪਣੇ ਪਾਸ ਬੁਲਾ ਕੇ ਕਿਹਾ- ਇਕ ਸਾਲ ਦਾ ਹਿਸਾਬ ਹੈ, ਹੁਣ ਪੂਰਾ ਕਰਕੇ ਦੇ।

ਜੈਰਾਮ ਨੇ ਗੁਰੂ ਜੀ ਦਾ ਆਸਰਾ ਤੱਕ ਕੇ ਕਿਹਾ, ਇਕ ਵਾਰ ਮੈਂ ਉਨ੍ਹਾਂ ਪਾਸੋਂ ਹੋ ਆਵਾਂ ਫਿਰ ਮੈਂ ਆ ਕੇ ਦੇਂਦਾ ਹਾਂ। ਜਦ ਜੈਰਾਮ ਨੇ ਗੁਰੂ ਜੀ ਪਾਸ ਆ ਕੇ ਹਿਸਾਬ ਦਾ ਜ਼ਿਕਰ ਕੀਤਾ ਤਾਂ ਗੁਰੂ ਜੀ ਨੇ ਜੈਰਾਮ ਦੇ ਨਾਲ ਆ ਕੇ ਨਵਾਬ ਨੂੰ ਕਿਹਾ- ਨਵਾਬ ਜੀ ! ਆਪਣੇ ਨਵੀਸਿੰਦ ਨੂੰ ਬੁਲਾ ਕੇ ਬੇਸ਼ਕ ਲੇਖਾ ਕਰ ਲਵੋ।

ਜਦ ਲੇਖਾ ਕਰ ਚੁਕੇ ਤਾਂ ੭੬੦ ਰੁਪਯਾ ਗੁਰੂ ਜੀ ਦਾ ਬਾਕੀ ਲੈਣਾ ਨਿਕਲਿਆ। ਉਸ ਵੇਲੇ ਜੈਰਾਮ ਬੜਾ ਪ੍ਰਸੰਨ ਹੋਇਆ।

ਨਵਾਬ ਨੇ ਕਿਹਾ- ਇਹ ਰੁਪਯਾ ਲੈ ਕੇ ਅਗੋਂ ਫੇਰ ਕੰਮ ਕਾਰ ਕਰ ਲਵੋ। ਤਾਂ ਗੁਰੂ ਜੀ ਨੇ ਕਿਹਾ-

ਬਾਬੇ ਤਬ ਕਹੀ ਧਨ ਲੇਵੋਂ ਤਬ ਨਹੀਂ-
ਜੋਊ ਬਾਕੀ ਸਭ ਰਹੀ- ਤਾਕੀ ਬਾਤ ਯੌਂ ਸੁਨੀਜੀਏ
ਰਖੀਏ ਈਮਾਨ ਥਾਇ ਅਪਨੋ ਨਬਾਬ ਰਾਇ,
ਪੈਸੇ ਹੈਂ ਖੁਦਾਇ ਕੇ- ਫਕੀਰਨ ਕੋ ਦੀਜੀਏ।

ਇਤਨੀ ਗੱਲ ਕਹਿ ਕੇ ਆਪ ਮਸਾਣਾਂ ਵਿਚ ਜਾ ਬੈਠੇ। ਇਹ ਖ਼ਬਰ ਜਦ ਮੂਲ ਚੰਦ ਨੇ ਸੁਣੀ ਤਾਂ ਅਪਨੀ ਪੁੱਤਰੀ ਪਾਸ ਬੜੀ ਕਾਹਲੀ ਨਾਲ ਆ ਕੇ ਸਾਰਾ ਹਾਲ ਹਵਾਲ ਲਿਤਾ ਦਿੱਤਾ। ਜਿਸ ਵੇਲੇ ਇਹ ਸੁਣਿਆ ਕਿ ੭੬੦ ਰੁਪਏ ਇਸ ਵੇਲੇ ਨਵਾਬ ਦੇ ਪਾਸ ਹਨ, ਉਸੀ ਵੇਲੇ ਨਵਾਬ ਪਾਸ ਆ ਕੇ ਕਹਿੰਦਾ ਹੈ:-

ਨਯਾਇ ਮੋਰ ਕੀਜੀਏ- ਸਵਾਬ ਜਾਨ ਆਪਨੋ।
ਕੁਨੀਤ ਭੂਪ ਕ੍ਰਿਤਯੰ- ਤਜੰਤ ਭੂਰ ਪਾਪ ਨੋ।

ਇਹ ਗੱਲ ਸੁਣ ਕੇ ਨਵਾਬ ਨੇ ਪੁੱਛਿਆ- ਤੂੰ ਕੌਣ ਹੈਂ?

ਮੂਲ ਚੰਦ ਨੇ ਕਿਹਾ- ਮੋਦੀ ਨਾਨਕ ਦਾ ਮੈਂ 'ਸਹੁਰਾ 'ਹਾਂ।

ਇਹ ਗੱਲ ਸੁਣਦਿਆਂ ਸਾਰ ਨਵਾਬ ਨੇ ਝੱਟ ਆਪਣੇ ਪਾਸ ਬੁਲਾ ਕੇ ਕਿਹਾ ਤੂੰ ਕੀ ਚਾਹੁੰਦਾ ਹੈਂ? ਮੂਲ ਚੰਦ ਨੇ ਕਿਹਾ- ਮੇਰੇ ਜਵਾਈ ਦਾ ਜੋ ੭੬੦ ਰੁਪਯਾ ਤੇਰੇ ਪਾਸ ਜਮ੍ਹਾਂ ਹੈ ਉਹ ਤੂੰ ਉਸ ਦੇ ਪੁੱਤਰਾਂ ਨੂੰ ਦੇ ਦੇਇ।

ਇਹ ਗੱਲ ਸੁਣ ਕੇ ਨਵਾਬ ਨੇ ਕਿਹਾ- ਹੇ ਮੂਲ ਚੰਦ ! ਉਹ ਰੁਪਏ ਤਾਂ ਫਕੀਰਾਂ ਨੂੰ ਖੁਆਣ ਵਾਸਤੇ ਮੇਰੇ

www.sikhbookclub.com

ਪਾਸ ਅਮਾਨਤ ਹਨ, ਤੈਨੂੰ ਮੈਂ ਕਿਸ ਤਰ੍ਹਾਂ ਦੇਵਾਂ।

ਅਗੋਂ ਮੂਲ ਚੰਦ ਨੇ ਕਿਹਾ- ਨਵਾਬ ਜੀ ਉਹ ਤਾਂ ਹੁਣ ਬਾਵਰਾ ਹੋ ਕੇ ਸੰਸਾਰ ਤੋਂ ਉਦਾਸ ਹੋ ਕੇ ਮਸਾਣਾ ਵਿਚ ਜਾ ਬੈਠਾ ਹੈ। ਉਹ ਤਾਂ ਆਪਣੇ ਪਰਵਾਰ ਦਾ ਕੁਝ ਵੀ ਨਹੀਂ ਬਣਾ ਗਿਆ। ਇਹ ਗੱਲ ਸੁਣ ਕੇ ਨਵਾਬ ਚਿੰਤਾਵਾਨ ਹੋ ਕੇ ਸੋਚਦਾ ਹੈ।

ਯਥਾ:-ਨਿਵਾਬ ਬੈਨ ਤਾਂ ਸੁਨੇ- ਸਚਿੰਤ ਚੀਤ ਹ੍ਵੈ ਰਹਯੋ।
ਗਹੀ ਫਨੀ ਚਚੁੰਧਰੰ ਤਜੀ ਨ ਖਾਇ ਯੌ ਭਯੋ।
ਫਕੀਰ ਕੋ ਨ ਦੇਉ, ਹੋਤ ਭੈ ਹਮੈ ਸੁ ਤਾਂਹਿ ਕੋ।
ਨਾ ਦੇਓ ਤੋਹਿ ਹੋਤ ਹੈ ਕੁਨੀਤ- ਨੀਤ ਨਾਹਿ ਕੋ॥ ੧੦॥

ਨਵਾਬ ਦੇ ਪਾਸ ਇਕ 'ਯਾਰ ਖਾਂ' ਬੈਠਾ ਸੀ। ਉਸ ਪਾਸੋਂ ਸਲਾਹ ਪੁਛੀ ਹੁਣ ਕੀ ਕਰਨਾ ਚਾਹੀਦਾ ਹੈ ਤਾਂ ਉਸ ਨੇ ਕਿਹਾ ਜੇਕਰ ਨਾਨਕ ਠੀਕ ਬਾਵਰਾ ਹੋ ਗਿਆ ਹੈ ਯਾਂ ਉਸ ਨੂੰ ਭੂਤਨਾ ਚੰਬੜਿਆ ਹੋਇਆ ਹੈ ਤਾਂ ਇਸ ਗੱਲ ਦੇ ਨਿਸ਼ਚੇ ਹੋ ਜਾਣ ਤੋਂ ਬਾਅਦ ਉਸ ਦੇ ਪਰਵਾਰ ਨੂੰ ਧਨ ਦੇ ਦੇਣਾ ਚਾਹੀਦਾ ਹੈ ਜੇਕਰ ਉਹ ਬੁੱਧੀ ਦੇ ਸਾਹਿਤ ਹੈ ਤਾਂ ਉਸ ਨੂੰ ਪੁਛ ਲੈਣਾ ਚਾਹੀਦਾ ਹੈ। ਇਹ ਗੱਲ ਸੁਣ ਕੇ ਨਵਾਬ ਨੇ ਕਿਹਾ ਠੀਕ ਹੈ। ਉਸੀ ਵੇਲੇ ਇਕ ਮੁਲਾਂ ਨੂੰ ਬੁਲਾ ਕੇ ਗੁਰੂ ਨਾਨਕ ਵੱਲ ਭੇਜਿਆ। ਉਸ ਨੇ ਆ ਕੇ ਮੰਤਰ ਪੜ੍ਹ ਕੇ ਵਟੀ ਵਟ ਕੇ ਅੱਗ ਲਗਾ ਕੇ ਧੂੰਆ ਚੜ੍ਹਾਇਆ ਤਬ ਗੁਰੂ ਜੀ ਦੀ ਸਮਾਧੀ ਡੋਲ ਗਈ ਤੇ ਗੁਰੂ ਜੀ ਨੇ ਏਹ ਸ਼ਬਦ ਉਚਾਰਿਆ ਕਿ:-

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ ੧॥

ਕੋਈ ਆਖਦਾ ਹੈ ਇਸ ਨੂੰ ਭੂਤ ਚੰਬੜਿਆ ਹੋਇਆ ਹੈ, ਕੋਈ ਕਹਿੰਦਾ ਹੈ ਇਸ ਨੂੰ ਬੇਤਾਲ ਚੰਬੜਿਆ ਹੋਇਆ ਹੈ। ਕੋਈ ਆਦਮੀ ਆਖਦਾ ਹੈ ਇਹ ਤਾਂ ਵੇਚਾਰਾ ਨਾਨਕ ਹੈ, ਇਸ ਨੂੰ ਕੁਝ ਵੀ ਨਹੀਂ ਚੰਬੜਿਆ ਹੋਇਆ।

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥

ਗੁਰੂ ਜੀ ਕਥਨ ਕਰਦੇ ਹਨ— ਮੈਂ ਜੋ ਬਉਰਾ ਹੋਇਆ ਹਾਂ ਤਾਂ ਸਾਹ=ਪਰਮੇਸ਼ਰ ਦੀ ਪ੍ਰਾਪਤੀ ਦਾ ਦਿਵਾਨਾ ਹੋਇਆ ਹਾਂ। *ਅਥਵਾ:-* ਸੰਸਾਰ ਵਲੋਂ ਬਉਰਾ ਹੋ ਕੇ ਸਾਹ=ਪਰਮੇਸ਼ਰ ਦੀ ਪ੍ਰਾਪਤੀ ਦਾ ਦਿਵਾਨਾ=ਮਸਤਾਨਾ ਹੋਇਆ ਹਾਂ।

ਹਉ ਹਰਿ ਬਿਨੁ ਅਵਰੁ ਨ ਜਾਨਾ॥ ੧॥ ਰਹਾਉ॥

ਹਉ=ਮੈਂ ਹਰੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ ਹਾਂ॥ ੧॥ ਰਹਾਉ॥

ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥

ਦੇਵਾਨਾ=ਮਸਤਾਨਾ ਤਦ ਜਾਣੀਏ ਜਾਂ ਪਰਮੇਸ਼ਰ ਦੇ ਡਰ ਨਾਲ ਦੇਵਾਨਾ=ਮਸਤਾਨਾ ਹੋਵੇ।

ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥ ੨॥

ਇਕ ਮਾਲਿਕ ਪਰਮੇਸ਼ਰ ਤੋਂ ਬਿਨਾਂ ਦੂਜਾ ਹੋਰ ਕਿਸੇ ਨੂੰ ਨਾ ਜਾਣੇ॥ ੨॥

ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥

ਤਦ ਹੀ ਸੱਚਾ ਮਸਤਾਨਾ ਜਾਣੀਦਾ ਹੈ ਜਾਂ ਸੇਵਾ ਰੂਪੀ, ਵਾ:- ਭਗਤੀ ਰੂਪ ਕਾਰ ਨੂੰ ਕਮਾਵੇ,
ਵਾ:- ਇਕ ਗੁਰਾਂ ਦੀ ਦੱਸੀ ਹੋਈ ਕਾਰ ਨੂੰ ਕਮਾਵੇ, ਵਾ:- ਏਕਤਾ ਰੂਪੀ ਕਾਰ ਨੂੰ ਕਮਾਵੇ।

ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ ੩ ॥

ਇਕ ਮਾਲਕ ਪ੍ਰਭੂ ਦਾ ਹੁਕਮ ਪਛਾਣੇ, ਹੋਰ ਦੂਜੀ ਸਿਆਨਪ ਕਿਸ ਕੰਮ ਹੈ, ਅਰਥਾਤ ਕਿਸੇ ਕੰਮ ਨਹੀਂ ਹੈ॥ ੩ ॥

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥

ਤਦ ਸੱਚਾ ਮਸਤਾਨਾ ਜਾਣੀਦਾ ਹੈ ਜਾਂ ਮਾਲਿਕ ਪ੍ਰਭੂ ਨਾਲ ਪਿਆਰ ਧਾਰੇ।

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥ ੪ ॥ ੭ ॥

ਆਪਣੇ ਆਪ ਨੂੰ ਮੰਦਾ=ਭੈੜਾ ਜਾਣੇ, ਹੋਰ ਸਾਰੇ ਸੰਸਾਰ ਨੂੰ ਭਲਾ ਕਰਕੇ ਜਾਣੇ॥ ੪ ॥ ੭ ॥

ਇਨ੍ਹਾਂ ਵਾਕਾਂ ਨੂੰ ਸੁਣ ਕੇ ਸਭ ਦੀ ਗੁਰੂ ਨਾਨਕ ਸਾਹਿਬ ਜੀ ਉਤੇ ਸ਼ਰਧਾ ਹੋ ਗਈ ਤੇ ਮੱਥਾ ਟੇਕ ਕੇ ਆਪੋ ਆਪਣੇ ਘਰੀਂ ਚਲੇ ਗਏ।

ਮਾਰੂ ਮਹਲਾ ੧ ॥

ਇਹੁ ਧਨੁ ਸਰਬ ਰਹਿਆ ਭਰਪੂਰਿ ॥
ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥ ੧ ॥

ਇਹ ਨਾਮ ਧਨ ਸਾਰੀਆਂ ਜਗ੍ਹਾਂ 'ਪਰ ਪੂਰਨ ਹੋ ਰਿਹਾ ਹੈ। ਜੋ ਮਨਮੁਖ ਪੁਰਸ਼ ਮਨਮੁਖਤਾ ਵਿਚ ਫਿਰਦੇ ਹਨ, ਉਹ ਨਾਮ ਧਨ ਨੂੰ ਦੂਰ ਜਾਣਦੇ ਹਨ॥ ੧ ॥

ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥
ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥ ੧ ॥ ਰਹਾਉ ॥

ਉਹ ਨਾਮ ਧਨ ਰੂਪ ਵਖਰੁ=ਵਸਤੂ ਸਾਡੇ ਹਿਰਦੇ ਵਿਚ ਹੈ। ਹੇ ਵਾਹਿਗੁਰੂ ! ਜਿਸ ਨੂੰ ਤੂੰ ਦੇਂਦਾ ਹੈਂ, ਓਸੇ ਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰਦਾ ਹੈਂ॥ ੧ ॥ ਰਹਾਉ ॥

ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥

ਇਹ ਨਾਮ ਧਨ ਅੱਗ ਕਰਕੇ ਜਲੈ=ਸੜਦਾ ਨਹੀਂ ਹੈ, ਨਾ ਹੀ ਕੋਈ ਚੋਰ ਚੁਰਾ ਕੇ ਲੈ ਜਾਂਦਾ ਹੈ।

ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥ ੨ ॥

ਨਾ ਹੀ ਇਹ ਨਾਮ ਧਨ ਪਾਣੀ ਵਿਚ ਡੁਬਦਾ ਹੈ, ਨਾ ਹੀ ਇਸ ਧਨ ਨੂੰ ਸਜਾ ਮਿਲਦੀ ਹੈ, ਭਾਵ ਇਸ ਨਾਮ ਧਨ ਨੂੰ ਵੇਖ ਕੇ ਕੋਈ ਡੰਨ ਨਹੀਂ ਲਗਾਂਦਾ।

ਅਥਵਾ:- ਨਾ ਹੀ ਇਸ ਨਾਮ ਧਨ ਵਾਲੇ ਪੁਰਸ਼ ਨੂੰ ਸਜਾ ਮਿਲਦੀ ਹੈ॥ ੨ ॥

ਇਸੁ ਧਨ ਕੀ ਦੇਖਹੁ ਵਡਿਆਈ॥ ਸਹਜੇ ਮਾਤੇ ਅਨਦਿਨੁ ਜਾਈ॥ ੩॥

ਹੇ ਭਾਈ ! ਇਸ ਨਾਮ ਧਨ ਦੇ ਇਕੱਤ੍ਰ ਕਰਨ ਦੀ ਇਹ ਵਡਿਆਈ ਵੇਖਣਾ ਕਰੋ। ਜੋ ਕਿ ਨਾਮ ਧਨ ਵਾਲੇ ਦਾ ਅਨ ਦਿਨੁ=ਰਾਤ ਦਿਨ, ਸਹਜੇ=ਸ਼ਾਂਤੀ ਆਦਿਕ ਗੁਣਾਂ ਵਿਚ, ਵਾ:- ਸਹਜੇ=ਗਿਆਨ ਵਿਚ ਮਸਤ ਹੋਇਆਂ ਬਤੀਤ ਹੋ ਜਾਂਦਾ ਹੈ॥ ੩॥

ਇਕ ਬਾਤ ਅਨੂਪ ਸੁਨਹੁ ਨਰ ਭਾਈ॥

ਹੇ ਪੁਰਸ਼ੋ ! ਭਾਈ=ਪ੍ਰੇਮ ਸਹਿਤ ਇਕ ਅਨੂਪੰ, ਭਾਵ ਅਸਚਰਜ ਗੱਲ ਸੁਣੋ:-

ਇਸੁ ਧਨ ਬਿਨੁ ਕਹਹੁ ਕਿਨੈ ਪਰਮਗਤਿ ਪਾਈ॥ ੪॥

ਕਹੋ ਖਾਂ, ਇਸ ਨਾਮ ਧਨ ਤੋਂ ਬਿਨਾਂ ਕਿਸ ਨੇ ਪਰਮ ਗਤੀ ਪਾਈ ਹੈ॥ ੪॥

ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ॥

ਗੁਰੂ ਜੀ ਕਥਨ ਕਰਦੇ ਹਨ— ਅਕਥ ਪ੍ਰਭੂ ਦੀ ਕਥਾ ਸੁਨਾਣ ਵਾਲੇ ਜੋ ਗੁਰੂ ਹਨ।

ਸਤਿਗੁਰੁ ਮਿਲੈ ਤ ਇਹੁ ਧਨੁ ਪਾਏ॥ ੫॥ ੮॥

ਓਹੀ ਸਤਿਗੁਰ ਦੇਵ ਜੀ ਮਿਲਣ ਤਾਂ ਇਸ ਨਾਮ ਧਨ ਨੂੰ ਇਹ ਜੀਵ ਪਾਂਵਦਾ ਹੈ॥ ੫॥ ੮॥

ਮਾਰੂ ਮਹਲਾ ੧॥

ਉਥਾਨਕਾ:- ਇਕ ਜੋਗੀ ਚਲ ਕੇ ਸਤਿਗੁਰੂ ਜੀ ਪਾਸ ਆਇਆ ਉਸ ਨੇ ਬੇਨਤੀ ਕੀਤੀ ਕਿ ਕਿਸ ਜੁਗਤੀ ਦੁਆਰੇ ਚੰਚਲ ਮਨ ਨੂੰ ਵਸ ਵਿਚ ਕੀਤਾ ਜਾਵੇ? ਤਾਂ ਸਤਿਗੁਰਾਂ ਕਿਹਾ, ਹੇ ਜੋਗੀ !

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ
ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ॥

ਸੋਮ ਸਰੁ=ਚੰਦ੍ਰਮਾਂ ਦੀ ਸੱਜੀ ਸੁਰ ਇੜਾ ਦੁਆਰੇ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਪੋਖਿ ਲੈ=ਚੜ੍ਹਾ ਲੈ, ਸੂਰ=ਸੂਰਜ ਦੀ ਖੱਬੀ ਸੁਰ ਪਿੰਗਲਾ ਦੁਆਰੇ ਪ੍ਰਾਣਾਂ ਨੂੰ ਸੋਸਿ ਲੈ=ਉਤਾਰ ਲੈ, ਇਸ ਜੁਗਤੀ ਕਰਕੇ ਮਰਤੁ= ਪ੍ਰਾਣਾਂ ਦਾ ਦਸਮ ਦੁਆਰ ਨਾਲ ਸਨਬੰਧ ਕਰ ਲੈ।

ਅਥਵਾ:- ਸੂਰ=ਸੂਰਜ ਵਾਂਙੂ ਤਪਤ ਰੂਪ ਜੋ ਤਮੋਗੁਣ ਹੈ, ਉਸ ਤਮੋਗੁਣ ਦਾ ਸਰੁ=ਤਲਾਉ ਕੁਸੰਗਤ ਉਸ ਨੂੰ ਸੋਸਿ ਲੈ=ਸੁਕਾ ਲੈ, ਅਰਥਾਤ ਉਸ ਦਾ ਅਭਾਵ ਕਰ ਦੇ ਤੇ ਸੋਮ=ਚੰਦ੍ਰਮਾ ਵਾਂਙੂ ਸੀਤਲ ਜੋ ਸਤੋਗੁਣ ਹੈ, ਉਸ ਸਤੋਗੁਣ ਦਾ ਸਰੁ=ਤਲਾਉ ਸਤਸੰਗ ਉਸ ਦੀ ਪੋਖਿ ਲੈ=ਪੁਸ਼ਟੀ ਕਰ ਲੈ, ਅਰਥਾਤ ਸਤਸੰਗ ਵਿਖੇ ਜਾਣਦਾ ਨਿਯਮ ਬਨਾ ਲੈ, ਇਸ ਜੁਗਤੀ ਕਰਕੇ ਮਰਤੁ=ਪੌਣ ਵਾਂਙੂ ਚੰਚਲ ਮਨ ਦਾ ਪ੍ਰਭੂ ਨਾਲ ਸਨਬੰਧ ਕਰ ਲੈ।

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ॥ ੧॥

ਮੀਨ=ਮੱਛੀ ਦੀ ਤਰ੍ਹਾਂ ਚੰਚਲ ਜੋ ਮਨ ਹੈ, ਉਸ ਨੂੰ ਇਸ ਜੁਗਤੀ ਨਾਲ ਰੋਕ ਰਖੀਏ, ਤਾਂ ਹੰਸੁ=ਜੀਵਾਤਮਾ ਉਡ ਕੇ ਨਰਕਾਂ ਵਿਚ ਨਹੀਂ ਜਾਂਦਾ ਨਾ ਹੀ ਕੰਧੁ=ਸਰੀਰ, ਛੀਜੈ=ਨਿਸਫਲ ਜਾਂਦਾ ਹੈ।

ਮੂੜੇ ਕਾਇਚੇ ਭਰਮਿ ਭੁਲਾ ॥
ਨਹ ਚੀਨਿਆ ਪਰਮਾਨੰਦੁ ਬੈਰਾਗੀ ॥ ੧ ॥ ਰਹਾਉ ॥

ਹੇ ਮੂੜੇ=ਮੂਰਖ ਪੁਰਸ਼ਾ ! ਤੂੰ ਕਾਇਚੇ=ਕਿਸ ਵਾਸਤੇ ਭਰਮ ਵਿਚ ਭੁਲਿਆ ਫਿਰਦਾ ਹੈਂ। ਸੰਸਾਰ ਤੋਂ ਵੈਰਾਗੀ ਹੋ ਕੇ ਤੈਂਨੇ ਪਰਮ ਅਨੰਦ ਸਰੂਪ ਪਰਮਾਤਮਾ ਨੂੰ ਚੀਨਿਆ=ਜਾਣਿਆ ਨਹੀਂ ਹੈ॥ ੧ ॥ ਰਹਾਉ ॥

ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ
ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ ॥

ਅਜਰ=ਕਾਮ, ਕ੍ਰੋਧ ਆਦਿਕਾਂ ਨੂੰ ਗਹੁ=ਫੜ ਕੇ ਵਿਚਾਰ ਰੂਪ ਅੱਗ ਨਾਲ ਜਾਰਿ=ਸਾੜ ਲੈ, ਅਮਰ=ਮਨ ਨੂੰ ਫੜ ਕੇ ਗਿਆਨ ਖੰਡੇ ਨਾਲ ਮਾਰ ਲੈ ਜਾਂ ਭ੍ਰਾਂਤੀ ਨੂੰ ਤਿਆਗ ਛਡੇਂਗਾ ਤਾਂ ਹੀ ਜੋਗਾਨੰਦ, ਵਾ:- ਬ੍ਰਹਮਾ ਨੰਦ ਰੂਪੀ ਅੰਮ੍ਰਿਤ ਨੂੰ ਪਾਵੇਂਗਾ।

ਮੀਨ ਕੀ ਚਲਪ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ੨ ॥

ਮੀਨ=ਮੱਛੀ ਦੀ ਤਰ੍ਹਾਂ ਚੰਚਲ ਮਨ ਨੂੰ ਇਸ ਜੁਗਤੀ ਨਾਲ ਰੋਕ ਰਖਣਾ ਕਰ, ਤਾਂ ਹੰਸੁ=ਜੀਵਾਤਮਾ ਉਡ ਕੇ ਚੌਰਾਸੀ ਲੱਖ ਜੂਨ ਵਿਚ ਨਹੀਂ ਜਾਏਗਾ ਅਤੇ ਨਾ ਹੀ ਕੰਧੁ=ਸਰੀਰਾਂ ਵਿਚ ਪੈ ਕੇ ਛਿਜੇਗਾ ॥ ੨ ॥

[ਪੰਨਾ ੯੯੨]

ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥

ਗੁਰੂ ਜੀ ਭਣਤਿ=ਕਥਨ ਕਰਦੇ ਹਨ— ਜੋ ਜਨੋ=ਜੇਹੜੇ ਪੁਰਸ਼ ਮਨ ਕਰਕੇ ਹਰੀ ਨੂੰ ਰਵੈ=ਉਚਾਰਦੇ ਹਨ, ਉਹ ਪੁਰਸ਼ ਮਨ ਅਤੇ ਪਵਨ=ਪ੍ਰਾਣਾਂ ਦੁਆਰੇ ਜੋਗਾਨੰਦ ਰੂਪ ਅੰਮ੍ਰਿਤ ਨੂੰ ਪੀਂਦੇ ਹਨ। ਅਥਵਾ:- ਪੌਣ ਵਤ ਚੰਚਲ ਜੋ ਮਨ ਹੈ, ਉਸ ਨਾਲ ਬ੍ਰਹਮਾ ਨੰਦ ਰੂਪ ਅੰਮ੍ਰਿਤ ਨੂੰ ਪੀਂਦੇ ਹਨ।

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ੩ ॥ ੯ ॥

ਮੀਨ=ਮੱਛੀ ਦੀ ਤਰ੍ਹਾਂ ਚੰਚਲ ਮਨ ਨੂੰ ਇਸ ਜੁਗਤੀ ਨਾਲ ਰੋਕ ਰਖੀਏ, ਤਾਂ ਹੰਸੁ=ਜੀਵਾਤਮਾ ਉਡ ਕੇ ਜੂਨੀਆਂ ਵਿਚ ਨਹੀਂ ਜਾਂਦਾ, ਨਾ ਹੀ ਇਹ ਕੰਧੁ=ਮਨੁੱਖਾ ਸਰੀਰ, ਛੀਜੈ=ਨਿਸਫਲ ਜਾਂਦਾ ਹੈ॥ ੩ ॥ ੯ ॥

ਮਾਰੂ ਮਹਲਾ ੧ ॥
ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥

ਮਾਇਆ ਮਨ ਵਲੋਂ ਨਹੀਂ ਮੋਈ ਤੇ ਮਨ ਮਾਇਆ ਵਲੋਂ ਨਹੀਂ ਮਰਿਆ,

ਅਥਵਾ:- ਮਾਇਆ ਨਹੀਂ ਮੋਈ ਅਤੇ ਮਨ ਭੀ ਨਹੀਂ ਮਰਿਆ। ਸੰਸਾਰ ਰੂਪ ਸਰ ਵਿਚ ਜੋ ਕਾਮ, ਕ੍ਰੋਧ ਆਦਿਕ ਲਹਿਰਾਂ ਉਠ ਰਹੀਆਂ ਹਨ, ਏਹੋ ਮੈ=ਸ਼ਰਾਬ ਹੈ ਇਸ ਵਿਚ ਜੀਵ ਮਤੁ=ਮਸਤ ਹੋ ਰਿਹਾ ਹੈ।

ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥

ਜਿਤੁ=ਜਿਸ ਦੇ ਮਨੁੱਖਾ ਸਰੀਰ ਰੂਪੀ ਬੋਹਿਥੁ=ਜਹਾਜ਼ ਵਿਚ ਨਾਮ ਰੂਪੀ ਸੱਚਾ ਵਖਰ ਹੈ, ਉਹ ਪਦਾਰਥਾਂ ਰੂਪੀ ਜਲ ਤੋਂ ਤਰ ਕੇ ਸਿਰਿ ਟਿਕੈ=ਸ਼ਰੋਮਣੀ ਪਰਮਾਤਮਾ ਵਿਚ ਟਿਕਦਾ ਹੈ।

ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥

ਜਿਸ ਦੇ ਮਨ ਵਿਚ ਮਾਣਕੁ=ਸਰਵਨ, ਮੰਨਨ, ਨਿਧਿਆਸਣ ਆਦਿਕ ਸ਼ੁਭ ਗੁਣ ਹਨ, ਉਹ ਆਪਣੇ ਮਨ ਨੂੰ ਮਾਰਸੀ=ਮਾਰਦਾ ਹੈ, ਉਸ ਸੱਚੇ ਨੂੰ ਕੋਈ ਕਤੁ=ਕਲੰਕ ਨਹੀਂ ਲਗਦਾ, ਵਾ:- ਕਤੁ=ਦੁੱਖ ਵਾ:- ਕਤੁ=ਚੀਰਾ, ਵਾ:- ਕਤੁ=ਕਤਰਾ ਮਾਤ੍ਰ ਕੋਈ ਵੀ ਸੰਕਟ ਆ ਕੇ ਨਹੀਂ ਲਗਦਾ।

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥ ੧ ॥

ਸੰਸਾਰ ਤਖ਼ਤ ਦਾ ਰਾਜਾ ਜੋ ਗੁਣੀ=ਪਰਮਾਤਮਾ ਹੈ, ਉਸ ਵਿਚ ਉਹ ਟਿਕਦਾ ਹੈ, ਜਿਸ ਦੀ ਪੰਚਾਇਣ= ਪਰਮਾਤਮਾ ਵਿਚ ਰਤੁ=ਪ੍ਰੀਤੀ, ਭੈ=ਹੋਈ ਹੈ। *ਅਥਵਾ:-* ਜਿਸ ਦੀ ਪੰਚਾਇਣ=ਪੰਚ ਸਰੇਸ਼ਟ ਸੰਤਾਂ ਦਾ ਆਇਣ=ਘਰ ਜੋ ਸਤਸੰਗ ਹੈ ਉਸ ਵਿਚ ਰਤੁ=ਪ੍ਰੀਤੀ, ਭੈ=ਹੋਈ ਹੈ, ਉਹ ਗੁਣੀ ਪੁਰਸ਼ ਸੰਸਾਰ ਤਖ਼ਤ ਦਾ ਰਾਜਾ ਜੋ ਪਰਮੇਸ਼ਰ ਹੈ ਉਸ ਵਿਚ ਜਾ ਟਿਕਦਾ ਹੈ॥ ੧ ॥

ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥

ਬਾਬਾ=ਹੇ ਭਾਈ ! ਸੱਚਾ ਸਾਹਿਬ ਪਰਮਾਤਮਾ ਤੇਰੇ ਨਾਲ ਹੀ ਹੈ, ਉਸ ਨੂੰ ਤੂੰ ਦੂਰ ਨਾ ਵੇਖਣਾ ਕਰ।

ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥ ੧ ॥ ਰਹਾਉ ॥

ਸਭਨਾਂ ਵਿਚ ਜਗਜੀਵਨਾ=ਪਰਮਾਤਮਾ ਦੀ ਜੋਤ ਹੈ ਅਤੇ ਸਭ ਦੇ ਸਿਰ ਸਿਰ ਉਤੇ ਉਹ ਸੱਚਾ ਹੀ ਲੇਖ ਲਿਖਦਾ ਹੈ। *ਅਥਵਾ:-* ਉਹ ਸੱਚਾ ਹੀ ਸਭ ਨੂੰ ਸਿਰਿ ਸਿਰਿ=ਸਿਰਜ ਸਿਰਜ ਕੇ ਲੇਖ ਲਿਖਦਾ ਹੈ॥ ੧ ॥ ਰਹਾਉ ॥

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥

ਬ੍ਰਹਮਾ, ਵਿਸ਼ਨੂੰ, ਰਿਖੀ, ਮੁਨੀ, ਸੰਕਰੁ=ਸ਼ਿਵ ਜੀ, ਇੰਦ੍ਰ, ਵਾ:- ਚੰਦ੍ਰਮਾ, ਤਪ ਦੇ ਕ਼ਰਨ ਵਾਲੇ ਤਪੀਸਰ ਅਤੇ ਭੇਖਾਰੀ=ਭਿਖਸ਼ੂ (ਮੰਗਤੇ) ਇਨ੍ਹਾਂ ਵਿਚੋਂ-

ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥

ਜੋ ਭੀ ਹੁਕਮ ਨੂੰ ਮੰਨਦੇ ਹਨ ਉਹ ਸੱਚੇ ਦਰਬਾਰ ਵਿਚ ਸੋਭਾ ਪਾਂਦੇ ਹਨ, ਜੋ ਆਕੀ=ਆਕੜ ਕੇ ਰਹਿੰਦੇ ਹਨ ਉਹ ਅਫਾਰੀ=ਆਫਰ ਕੇ, ਭਾਵ ਦੁੱਖੀ ਹੋ ਕੇ ਮਰਦੇ ਹਨ।

ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥

ਜੰਗਮ, ਜੋਧੇ, ਜਤੀ ਅਤੇ ਸੰਨਿਆਸੀ ਇਨ੍ਹਾਂ ਵਿਚੋਂ ਜੋ ਭੀ ਪੂਰਿਆਂ ਗੁਰਾਂ ਨਾਲ ਮਿਲੇ ਹਨ ਓਹੀ ਆਤਮ ਵਸਤੂ ਦੇ ਵਿਚਾਰ ਵਾਲੇ ਹੋਏ ਹਨ।

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥ ੨ ॥

ਗੁਰ ਸੇਵਾ ਤੋਂ ਬਿਨਾਂ ਕਦੇ ਕੋਈ ਮੁਕਤੀ ਰੂਪ ਫਲ ਨੂੰ ਨਹੀਂ ਪਾਂਦਾ ਤਾਂ ਤੇ ਸੇਵਾ ਕਰਨੀ ਹੀ ਸਾਰੀ=

ਸਰੇਸ਼ਟ ਹੈ॥ ੨॥ ਹੇ ਪੁਰਸ਼ਾ ! ਉਸ ਅੱਗੇ ਇਸ ਤਰ੍ਹਾਂ ਬੇਨਤੀ ਕਰ-

ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ॥

ਹੇ ਪ੍ਰਭੂ ! ਤੂੰ ਧਨ ਹੀਣਿਆਂ ਨੂੰ ਧਨ ਦੇਣ ਵਾਲਾ ਹੈਂ, ਨਿਗੁਰਿਆਂ ਦਾ ਗੁਰੂ ਰੂਪ ਹੈਂ, ਵਾ:- ਛੋਟਿਆਂ ਨੂੰ ਗੁਰੁ=ਵੱਡਾ ਕਰਨ ਵਾਲਾ ਹੈਂ ਅਤੇ ਨਿਮਾਣਿਆਂ ਨੂੰ ਤੂੰ ਹੀ ਮਾਣ ਦੇਣ ਵਾਲਾ ਹੈਂ।

ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥

ਫਿਰ ਤੂੰਹੀਂ ਨਿਤਾਣਿਆ=ਨਿਰਬਲਾਂ ਨੂੰ ਤਾਣੁ=ਬਲ ਦੇਣ ਵਾਲਾ ਹੈਂ, ਮੈਂ ਅੰਧੁਲੈ=ਅੰਨ੍ਹੇ ਨੇ ਗੁਰ ਉਪਦੇਸ਼ ਰੂਪ ਮਾਣਕ ਨੂੰ ਪਕੜਿਆ ਹੈ। *ਅਥਵਾ:-* ਗੁਰਾਂ ਦੁਆਰੇ ਹੇ ਮਾਣਕ ਰੂਪ ਪਰਮਾਤਮਾ ! ਆਪ ਨੂੰ ਪਕੜਿਆ= ਸਖਿਆਤਕਾਰ ਕੀਤਾ ਹੈ।

ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ॥

ਹੋਮ=ਹਮਨ ਕਰਨ ਵਾਲਿਆਂ ਨੇ ਅਤੇ ਮੰਤਰਾਂ ਦਾ ਜਪ ਕਰਨ ਵਾਲਿਆਂ ਨੇ ਪਰਮੇਸ਼ਰ ਨੂੰ ਨਹੀਂ ਜਾਣਿਆ, ਗੁਰਮਤੀ=ਗੁਰ ਸਿੱਖਿਆ ਗ੍ਰਹਿਣ ਕਰਨ ਵਾਲਿਆਂ ਨੇ ਸੱਚ ਨੂੰ ਪਛਾਣ ਲਿਆ ਹੈ।

ਨਾਮ ਬਿਨਾ ਨਾਹੀ ਦਹਿ ਢੋਈ ਝੂਠਾ ਆਵਣ ਜਾਣੁ॥ ੩॥

ਨਾਮ ਸਿਮਰਨ ਤੋਂ ਬਿਨਾਂ ਦਰਗਾਹ ਵਿਚ ਢੋਈ ਨਹੀਂ ਮਿਲਦੀ, ਝੂਠਾ ਜੋ ਪੁਰਸ਼ ਹੈ ਉਸ ਨੂੰ ਆਵਣ ਜਾਣੁ=ਜਨਮ ਮਰਨ ਬਣਿਆ ਰਹਿੰਦਾ ਹੈ॥ ੩॥

ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ॥

ਸੱਚਾ ਨਾਮ ਹਮੇਸ਼ਾਂ ਸਲਾਹੁਣਾ ਚਾਹੀਦਾ ਹੈ, ਕਿਉਂ ਸੱਚੇ ਨਾਮ ਕਰਕੇ ਹੀ ਤ੍ਰਿਪਤੀ ਦੀ ਪ੍ਰਾਪਤੀ ਹੁੰਦੀ ਹੈ।

ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ॥

ਰਤਨਿ=ਵੈਰਾਗ ਤੇ ਗਿਆਨ ਦੁਆਰਾ ਮਨ ਨੂੰ ਮਾਜੀਐ=ਸ਼ੁਧ ਕਰੀਏ ਤਾਂ ਫਿਰ ਕਦੇ ਇਹ ਮਨ ਮੈਲਾ ਨਹੀਂ ਹੁੰਦਾ।

ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ॥

ਜਦ ਤੱਕ ਸਾਹਿਬੁ=ਮਾਲਕ ਪਰਮਾਤਮਾ ਦਾ ਨਾਮ ਮਨ ਵਿਚ ਵਸਦਾ ਹੈ, ਤਬ ਤੱਕ ਜੀਵ ਨੂੰ ਕਿਸੇ ਕਿਸਮ ਦਾ ਕੋਈ ਬਿਘਨ ਨਹੀਂ ਹੁੰਦਾ।

ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ॥ ੪॥ ੧੦॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਦੇ ਮਨ ਤਨ ਵਿਚ ਉਸ ਸੱਚੇ ਦਾ ਨਾਮ ਵਸਦਾ ਹੈ, ਜੇਕਰ ਉਹਨਾਂ ਨੂੰ ਸਿਰ ਭੇਟਾ ਦੇ ਦੇਈਏ ਤਾਂ ਸੰਸਾਰ ਤੋਂ ਜਾਂ ਜਮਾਂ ਦੇ ਦੁੱਖ ਤੋਂ ਛੁਟੀਂਦਾ ਹੈ॥ ੪॥ ੧੦॥

ਮਾਰੂ ਮਹਲਾ ੧॥

ਉਥਾਨਕਾ:- ਜਿਸ ਵਕਤ ਸਤਿਗੁਰੂ ਨਾਨਕ ਦੇਵ ਜੀ ਸੰਗਲਾਦੀਪ ਦੇ ਰਾਜਾ ਸ਼ਿਵਨਾਭ ਦੇ ਸੁਕੇ ਬਾਗ ਵਿਖੇ ਪੁੱਜੇ ਤਾਂ ਸਤਿਗੁਰਾਂ ਦੇ ਚਰਨ ਪੈਣੇ ਕਰਕੇ ਬਾਗ ਹਰਿਆ ਹੋ ਗਿਆ।

ਯਥਾ:- ਸੂਕੇ ਹਰੇ ਕੀਏ ਖਿਨ ਮਾਹਿ।

ਮਾਲੀ ਨੇ ਜਾ ਕੇ ਰਾਜੇ ਸ਼ਿਵਨਾਭ ਨੂੰ ਦੱਸਿਆ ਕਿ ਕੋਈ ਤਿੰਨ ਫਕੀਰ ਆਏ ਹਨ, ਉਹਨਾਂ ਦੇ ਆਉਣੇ ਕਰਕੇ ਬਾਗ ਹਰਾ ਹੋ ਗਿਆ ਹੈ। ਰਾਜਾ ਸੁਣ ਕੇ ਚਿਤ ਵਿਚ ਬੜਾ ਪ੍ਰਸੰਨ ਹੋਇਆ ਤੇ ਵਿਚਾਰਿਆ ਕਿ ਕਿਤੇ ਹੋਰ ਫਕੀਰਾਂ ਵਾਂਗੂ ਏਹ ਭੀ ਕੋਈ ਚੇਟਕੀ ਫਕੀਰ ਨਾ ਹੋਵੇ ਪ੍ਰੀਖੀਆ ਲੈ ਲਵੀਏ- ਏਹ ਵਿਚਾਰ ਪੱਕੀ ਕਰਕੇ ਰਾਜੇ ਸ਼ਿਵਨਾਭ ਨੇ ਪਹਿਲੇ ਰਾਤ ਨੂੰ ਸਤਿਗੁਰਾਂ ਪਾਸ ਪਦਮਣੀਆਂ ਇਸਤ੍ਰੀਆਂ ਭੇਜੀਆਂ ਜਿਨ੍ਹਾਂ ਔਰਤਾਂ ਨੇ ਸਤਿਗੁਰਾਂ ਅੱਗੇ ਅਨੇਕ ਤਰ੍ਹਾਂ ਦੇ ਹਾਵ ਭਾਵ ਪ੍ਰਗਟ ਕੀਤੇ ਪਰ ਸਤਿਗੁਰ ਦੇਵ ਅਡੋਲ ਰਹੇ ਅਖੀਰ ਨੂੰ ਸਤਿਗੁਰਾਂ ਕਿਹਾ- ***ਗਾਛਹੁ ਪੁਤਰੀ ਰਾਜ ਕੁਆਰ॥***

ਐ ਰਾਜ ਦਾਸੀਓ ! ਪੁਤ੍ਰੀਓ ਤੁਸੀਂ ਇਥੋਂ ਚਲੀਆਂ ਜਾਓ ਉਹਨਾਂ ਨੂੰ ਸਤਿਗੁਰਾਂ ਨੇ ਉਪਦੇਸ਼ ਦੇ ਕੇ ਸ਼ੁਭ ਮਾਰਗ ਵਿਚ ਲਾਇਆ ਤੇ ਉਨ੍ਹਾਂ ਪਦਮਣੀਆਂ ਨੇ ਵਾਪਸ ਆ ਕੇ ਰਾਜੇ ਨੂੰ ਕਿਹਾ ਕਿ ਹੇ ਰਾਜਨ ! ਓਹ ਪੂਰਨ ਫਕੀਰ ਹੈ ਉਹਨਾਂ 'ਪਰ ਸ਼ਰਧਾ ਧਾਰਨਾ ਕਰ ਇਸ ਤਰ੍ਹਾਂ ਸ਼ਰਧਾ ਵਧਾਉਣ ਵਾਲੇ ਬਚਨ ਸੁਣ ਕੇ ਰਾਜਾ ਸ਼ਿਵਨਾਭ ਬਾਗ ਵਿਚ ਸਤਿਗੁਰਾਂ ਪਾਸ ਚਲ ਕੇ ਆਇਆ ਉਸ ਬਾਗ ਵਿਚ ਇਕ ਛੋਟੀ ਜਿਹੀ ਕੁਟੀਆ ਸੀ ਗੁਰਦੇਵ ਜੀ ਉਸ ਰਾਜੇ ਦੀ ਸ਼ਰਧਾ ਦੇਖਣ ਲਈ ਉਸ ਕੁਟੀਆ ਵਿਚ ਦਾਖਲ ਹੋ ਗਏ ਤੇ ਅੰਦਰੋਂ ਤਖਤੇ ਬੰਦ ਕਰ ਲਏ- ਰਾਜੇ ਸ਼ਿਵਨਾਭ ਨੇ ਉਸ ਵੇਲੇ ਬਾਹਰੋਂ ਹੀ ਜੋ ਬੇਨਤੀ ਦੇ ਬਚਨ ਕੀਤੇ ਤੇ ਸਤਿਗੁਰਾਂ ਨੇ ਉੱਤਰ ਦਿਤੇ- ਓਹ ਸਤਿਗੁਰ ਦੇਵ ਜੀ ਸ਼ਬਦ ਵਿਚ ਕਥਨ ਕਰਦੇ ਹਨ—

ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥

ਹੇ ਗੁਸਾਈ ! ਆਪ ਜੀ ਦਾ ਨਾਮ ਕੀ ਹੈ? ਅਤੇ ਕਿਹੜੀ ਜਾਤੀ ਹੈ?

ਇਨ੍ਹਾਂ ਦੋ ਪ੍ਰਸ਼ਨਾਂ ਦਾ ਉੱਤਰ ਗੁਰੂ ਜੀ ਅਖੀਰਲੀ ਤੁਕ ਵਿਚ ਦੇਣਗੇ। ਫੇਰ ਰਾਜੇ ਨੇ ਕਿਹਾ-

ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥ ੧॥ ਰਹਾਉ॥

ਜੇਕਰ ਆਪ ਮੈਨੂੰ ਮਹਲਿ=ਮੰਦਰ ਦੇ ਅੰਦਰ ਬੁਲਾ ਲਓ,

ਤਾਂ ਨਿਰੰਤੀ=ਇਕ ਰਸ ਮੈਂ ਹੋਰ ਗੱਲ ਆਪ ਜੀ ਪਾਸੋਂ ਪੁੱਛ ਲਵਾਂ।

ਤਾਂ ਗੁਰੂ ਜੀ ਨੇ ਬੂਹਾ ਖੋਲ੍ਹ ਕੇ ਅੰਦਰ ਬੁਲਾ ਲਿਆ ਤਾਂ ਰਾਜੇ ਸ਼ਿਵਨਾਭ ਨੇ ਕਿਹਾ-

ਕੀ ਆਪ ਜੋਗੀ ਹੋ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥

ਹੇ ਰਾਜਨ ! ਅਸਲ ਜੋਗੀ ਓਹੀ ਹੈ ਜਿਸ ਨੂੰ ਨਿਰਮਲ ਨਾਮ ਜਪਣ ਦੀ ਜੁਗਤੀ ਪ੍ਰਾਪਤ ਹੋਈ ਹੈ, ਜਾਂ ਨਿਰਮਲ ਨਾਮ ਵਿਚ ਜੁਗਤਿ=ਜੁੜਿਆ ਰਹਿੰਦਾ ਹੈ,

ਤਾ ਕੈ=ਉਸ ਜੋਗੀ ਦੇ ਮਨ ਵਿਚ ਪਾਪਾਂ ਰੂਪੀ ਮੈਲ ਰੱਤੀ ਭਰ ਭੀ ਨਹੀਂ ਹੈ।

ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥ ੧॥

ਲੋਕ ਪ੍ਰਲੋਕ ਦਾ ਪ੍ਰੀਤਮ ਜੋ ਨਾਥ=ਸੁਆਮੀ ਪਰਮੇਸ਼ਰ ਹੈ, ਉਸ ਸੱਚੇ ਨੂੰ ਸਦਾ ਅੰਗ ਸੰਗ ਜਾਣਿਆ ਹੈ, ਉਸ ਜੋਗੀ ਦੀ ਜਨਮ ਮਰਨ ਦੀ ਗਤੀ ਬਤੀਤ ਹੋ ਗਈ ਹੈ॥ ੧॥

ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥
ਜਾ ਤਉ ਭੀਤਰਿ ਮਹਲਿ ਬੁਲਾਵਹਿ
ਪੂਛਉ ਬਾਤ ਨਿਰੰਤੀ॥ ੧॥ ਰਹਾਉ॥

ਇਨ੍ਹਾਂ ਦੋ ਤੁਕਾਂ ਦਾ ਅਰਥ ਪਹਿਲੇ ਹੋ ਗਿਆ ਹੈ। ਫਿਰ ਰਾਜੇ ਸ਼ਿਵਨਾਭ ਨੇ ਕਿਹਾ-

ਕੀ ਆਪ ਬ੍ਰਾਹਮਣ ਹੋ ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ- ਹੇ ਰਾਜਨ !

ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥

ਅਸਲ ਬ੍ਰਾਹਮਣ ਉਹ ਹੈ ਜੇਹੜਾ ਬ੍ਰਹਮ ਗਿਆਨ ਰੂਪ ਜਲ ਦਾ ਇਸ਼ਨਾਨੀ ਹੋਯਾ ਹੈ,

ਯਥਾ:- ਜਨਮ ਜਾਇਤੇ ਸ਼ੂਦਰਹ ਸੰਸਕਾਰੋ ਦਿਜ ਉਤਮਾ।
ਬੇਦ ਪਾਠੀ ਭਵੇਤ ਬਿਪ੍ਰਾ ਬ੍ਰਹਮੰ ਜਨੰਤੀ ਇਤੀ ਬ੍ਰਾਹਮਣਾ।

ਅਤੇ ਹਰੀ ਗੁਣਾਂ ਦੇ ਗਾਇਣ ਕਰਨੇ ਰੂਪ ਪੱਤ੍ਰਾਂ ਨਾਲ ਪਰਮੇਸ਼ਰ ਦੀ ਪੂਜਾ ਕਰਦਾ ਹੈ।

ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥ ੨॥

ਇਕੋ ਇਕ ਨਰਾਇਣ ਦੇ ਨਾਮ ਨੂੰ ਜਪਦਾ ਹੈ ਤੇ ਤਿੰਨਾ ਭਵਨਾਂ ਵਿਚ ਇਕ ਜੋਤੀ ਨੂੰ ਨਿਸਚੇ ਕਰਦਾ ਹੈ। *ਅਥਵਾ:-* ਜੋ ਇਕ ਪ੍ਰਭੂ ਦਾ ਨਾਮ ਜਾਪਦਾ ਹੈ ਅਤੇ ਇਕ ਨੂੰ ਹੀ ਨਾਰਾਇਣ=ਪੁਰਸ਼ਾਂ ਵਿਚ ਆਇਆ ਨਿਸਚੇ ਕਰਦਾ ਹੈ ਤੇ ਤਿੰਨਾਂ ਲੋਕਾਂ ਵਿਚ ਇਕ ਜੋਤੀ ਦਾ ਜੋਤੀ=ਪ੍ਰਕਾਸ਼ ਵੇਖਦਾ ਹੈ, ਅਸਲ ਬ੍ਰਾਹਮਣ ਓਹੀ ਹੈ॥ ੨॥

ਪੁਨਾ, ਰਾਜੇ ਸ਼ਿਵਨਾਭ ਨੇ ਕਿਹਾ ਆਪ ਬਾਣੀਏ ਹੋ?

ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ- ਹੇ ਰਾਜਨ !

ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥

ਜਿਸ ਨੇ ਜੀਭ ਨੂੰ ਡੰਡੀ ਤੇ ਇਸ ਘਟ ਨੂੰ ਛਾਬਾ ਬਣਾਇਆ ਹੈ, ਅਜਾਚੀ=ਪਰਮੇਸ਼ਰ ਦੇ ਨਾਮ ਨੂੰ ਤੋਲਦਾ ਹੈ, ਭਾਵ ਸਿਮਰਨ ਕਰਦਾ ਹੈ।

ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ॥ ੩॥

ਇਕ ਸਤਸੰਗ ਰੂਪ ਹਟ ਹੈ, ਸਾਰਿਆਂ ਦੇ ਸਿਰ ਉਤੇ ਇਕ ਪਰਮੇਸ਼ਰ ਹੀ ਸ਼ਾਹ ਹੈ, ਇਕ ਹੀ ਤਰ੍ਹਾਂ ਦੇ ਜਗਿਆਸੂ ਰੂਪ ਵਣਜਾਰੇ ਹਨ, ਕਿਉਂਕਿ ਸਾਰਿਆਂ ਦਾ ਅਭਿਪਰਾ ਇਕ ਹੀ ਹੈ, ਭਾਵ ਸਾਰੇ ਇਕ ਪਰਮੇਸ਼ਰ ਦੇ ਹੀ ਗਾਹਕ ਹਨ॥ ੩॥

ਫਿਰ ਰਾਜੇ ਸ਼ਿਵਨਾਭ ਨੇ ਕਿਹਾ, ਆਪ ਸਾਧੂ ਹੋ ਜਾਂ ਗ੍ਰਹਸਤੀ ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ
ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ॥

ਹੇ ਰਾਜਨ ! ਸਾਧੂ ਤੇ ਗ੍ਰਹਿਸਥੀ ਪਣੇ ਰੂਪ ਦੋਵੇਂ ਸਿਰੇ ਸਤਿਗੁਰਾਂ ਨੇ ਨਿਬੇੜ ਦਿਤੇ ਹੁਨ ਪਰ ਇਸ ਗੱਲ

www.sikhbookclub.com

ਨੂੰ ਉਹ ਜਾਣਦਾ ਹੈ ਜਿਸ ਦੀ ਇਕ ਪਰਮਾਤਮਾ ਵਿਚ ਲਿਵ ਲੱਗੀ ਹੈ ਅਤੇ ਜੋ ਜੀਅਹੁ=ਦਿਲੋਂ ਭ੍ਰਾਂਤੀ ਤੋਂ ਰਹਿਤ ਰਹਿੰਦਾ ਹੈ। *ਅਥਵਾ:-* ਲੋਕ ਪਰਲੋਕ ਰੂਪੀ,

ਵਾ:- ਜਨਮ ਮਰਨ ਰੂਪ ਦੋਵੇਂ ਸਿਰੇ ਸਤਿਗਰਾਂ ਨੇ ਨਿਬੇੜ ਦਿਤੇ ਹਨ।

ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ॥ ੪॥

ਜੋ ਹਿਰਦੇ ਵਿਚ ਗੁਰ ਉਪਦੇਸ਼ ਨੂੰ ਵਸਾ ਕੇ ਭਰਮ ਨੂੰ ਚੁਕਾਏ=ਦੂਰ ਕਰਦਾ ਹੈ, ਉਹ ਸਦਾ ਸੇਵਕ ਬਣ ਕੇ ਦਿਨ ਰਾਤ ਸੇਵਾ ਕਰਦਾ ਹੈ॥ ੪॥

ਫਿਰ ਰਾਜੇ ਸ਼ਿਵਨਾਭ ਨੇ ਕਿਹਾ, ਆਪ ਜੀ ਦੇ ਗੁਰੂ ਕੌਣ ਹਨ? *ਗੁਰ ਉੱਤਰ-*

ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥

ਸਰੀਰ ਦੇ ਉਪਰ ਜੋ ਗਗਨੁ=ਦਸਮ ਦੁਆਰ ਹੈ, ਉਸ ਗਗਨ ਪਰਿ=ਦਸਮ ਦੁਆਰ ਦੇ ਉਪਰ ਜੋ ਗੋਰਖੁ=ਇੰਦ੍ਰੀਆਂ ਦੀ ਰਖਿਆ ਕਰਨ ਵਾਲਾ ਪਰਮਾਤਮਾ ਹੈ ਤਾ ਕਾ=ਤਿਸ ਅਗਮ ਗੁਰੂ ਵਿਚ ਮੈਂ ਪੁਨਾ ਵਸਣੇ ਵਾਲਾ ਹਾਂ, ਅਰਥਾਤ ਓਹੀ ਮੇਰਾ ਗੁਰੂ ਹੈ।

ਅਥਵਾ:- ਚਾਰ ਤੱਤਾਂ ਦੇ ਉਪਰ ਜੋ ਗਗਨੁ=ਅਕਾਸ਼ ਹੈ, ਉਸ ਗਗਨ=ਅਕਾਸ਼ ਦੇ ਉਪਰ ਜੋ ਗੋਰਖੁ=ਵਿਸ਼ਨੂੰ ਹੈ ਤਿਸ ਵਿਸ਼ਨੂੰ ਦਾ ਗੁਰੂ ਜੋ ਅਗਮ ਰੂਪ ਪਰਮਾਤਮਾ ਹੈ ਤਿਸ ਵਿਚ ਪੁਨਾ ਮੈਂ ਵਸਣੇ ਵਾਲਾ ਹਾਂ।

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥ ੫॥ ੧੧॥

ਗੁਰਾਂ ਦੇ ਬਚਨਾਂ ਦੁਆਰੇ ਅਸਾਂ ਨੇ ਬਾਹਰ ਅਤੇ ਘਰ ਵਿਚ ਇਕ ਨੂੰ ਜਾਣਿਆ ਹੈ, ਪਿੱਛੇ ਦੋ ਪ੍ਰਸ਼ਨ ਕੀਤੇ ਸਨ ***ਗੁਸਾਈਂ ਤੇਰਾ ਕਹਾ ਨਾਮ ਕੈਸੇ ਜਾਤੀ॥*** ਉਹਨਾਂ ਦੋ ਪ੍ਰਸ਼ਨਾਂ ਦਾ ਉੱਤਰ ਹੁਣ ਦੇਂਦੇ ਹਨ, ਹੇ ਰਾਜਨ ! ਮੇਰਾ ਨਾਮ ਨਾਨਕ ਹੈ ਅਤੇ ਸੰਸਾਰ ਤੋਂ ਮੈਂ ਉਦਾਸ ਹੋਇਆ ਹਾਂ, ਭਾਵ ਉਦਾਸੀ (ਉਪ੍ਰਾਮ) ਹੋਣਾ ਹੀ ਮੇਰੀ ਜਾਤੀ ਹੈ॥ ੫॥ ੧੧॥

[ਪੰਨਾ ੯੯੩]

ਰਾਗੁ ਮਾਰੂ ਮਹਲਾ ੧ ਘਰੁ ੫

ੴ ਸਤਿਗੁਰ ਪ੍ਰਸਾਦਿ॥

ਅਹਿਨਿਸਿ ਜਾਗੈ ਨੀਦ ਨ ਸੋਵੈ॥ ਸੋ ਜਾਣੈ ਜਿਸੁ ਵੇਦਨ ਹੋਵੈ॥

ਜੋ ਪ੍ਰੇਮੀ ਅਹਿਨਿਸਿ=ਦਿਨ ਰਾਤ ਭਜਨ ਸਿਮਰਨ ਵਿਚ ਜਾਗਦਾ ਹੈ, ਉਹ ਨੀਂਦ ਦੇ ਵਸ ਹੋ ਕੇ ਸੌਂਦਾ ਨਹੀਂ ਹੈ। *ਅਥਵਾ:-* ਜੋ ਪ੍ਰੇਮੀ ਦਿਨ ਰਾਤ ਗਿਆਨ ਜਾਗ੍ਰਤ ਵਿਚ ਜਾਗਦਾ ਹੈ ਉਹ ਮੋਹ ਅਤੇ ਅਵਿਦਿਆ ਦੀ ਨੀਂਦ ਵਿਚ ਸੌਂਦਾ ਨਹੀਂ ਹੈ।

ਪਰ ਇਸ ਰੀਤੀ ਨੂੰ ਓਹੀ ਜਾਣਦਾ ਹੈ ਜਿਸ ਨੂੰ ਵਿਛੋੜੇ ਦੀ ਵੇਦਨ=ਪੀੜਾ ਹੁੰਦੀ ਹੈ।

ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ॥ ੧॥

ਜਿਸ ਦੇ ਤਨ=ਸੂਖਮ ਸਰੀਰ ਅੰਤਹਕਰਣ ਦੇ ਵਿਚ ਪ੍ਰੇਮ ਦੇ ਕਾਨ=ਬਾਣ ਲਗੇ ਹਨ, ਉਹਨਾਂ ਦੀ

ਕਾਰੀ=ਔਸ਼ਧੀ (ਦਵਾਈ) ਨੂੰ ਪ੍ਰਤੱਖ ਵੈਦ ਕੀ ਜਾਣਦਾ ਹੈ॥ ੧॥

ਨੋਟ :- ਇਸ ਸ਼ਬਦ ਵਿਚ ਜੀਉ ਪਦ ਇਥੇ ਪਦ ਪੂਰਤੀ ਜਾਂ ਵਾਕਯ ਅਲੰਕਾਰ ਵਾਸਤੇ ਸਮਝਣਾਂ ਚਾਹੀਦਾ ਹੈ।

ਜਿਸ ਨੋ ਸਾਚਾ ਸਿਫਤੀ ਲਾਏ॥ ਗੁਰਮੁਖਿ ਵਿਰਲੇ ਕਿਸੈ ਬੁਝਾਏ॥

ਜਿਸ ਪੁਰਸ਼ ਨੂੰ ਸੱਚਾ ਪ੍ਰਮਾਤਮਾ ਆਪਣੀ ਸਿਫਤ ਵਿਚ ਲਗਾਂਵਦਾ ਹੈ। ਉਹਨਾਂ ਵਿਚੋਂ ਵੀ ਕਿਸੇ ਵਿਰਲੇ ਗੁਰਮੁਖ ਨੂੰ ਗੁਰਾਂ ਦੁਆਰੇ ਆਪਣਾ ਆਪ ਸਮਝਾਂਦਾ ਹੈ।

ਅੰਮ੍ਰਿਤ ਕੀ ਸਾਰ ਸੋਈ ਜਾਣੈ
ਜਿ ਅੰਮ੍ਰਿਤ ਕਾ ਵਾਪਾਰੀ ਜੀਉ॥ ੧॥ ਰਹਾਉ॥

ਨਾਮ ਅੰਮ੍ਰਿਤ ਦੀ ਸਾਰ=ਕਦਰ ਨੂੰ ਓਹੀ ਪੁਰਸ਼ ਜਾਣਦਾ ਹੈ ਜਿਹੜਾ ਜੀਵ ਨਾਮ ਅੰਮ੍ਰਿਤ ਦਾ ਵਾਪਾਰੀ=ਗ੍ਰਾਹਕ ਹੁੰਦਾ ਹੈ॥ ੧॥ ਰਹਾਉ॥

ਪਿਰ ਸੇਤੀ ਧਨ ਪ੍ਰੇਮੁ ਰਚਾਏ॥ ਗੁਰ ਕੈ ਸਬਦਿ ਤਥਾ ਚਿਤੁ ਲਾਏ॥

ਜੋ ਜਗਿਆਸੂ ਰੂਪ ਧਨ=ਇਸਤ੍ਰੀ, ਪਿਰ=ਪਿਰੀ ਪਰਮਾਤਮਾ ਨਾਲ ਪ੍ਰੇਮ ਰਚਾਂਵਦੀ ਹੈ ਅਤੇ ਤਥਾ=ਤੈਸੇ ਹੀ ਗੁਰਾਂ ਦੇ ਉਪਦੇਸ਼ ਵਿਚ ਚਿਤ ਬਿਰਤੀ ਨੂੰ ਲਗਾਉਂਦੀ ਹੈ।

ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ॥ ੨॥

ਉਹ ਧਨ=ਇਸਤ੍ਰੀ, ਸਹਜ ਸੇਤੀ=ਗਿਆਨ ਦੇ ਨਾਲ ਪਦਾਰਥ ਦੀ ਤ੍ਰਿਸ਼ਨਾਂ ਰੂਪ ਭੁੱਖ ਅਤੇ ਤਰੇਹ ਨੂੰ ਨਵਿਰਤ ਕਰਕੇ 'ਖਰੀ ਸੁਹੇਲੀ'=ਚੰਗੀ ਸੁਖੀ ਹੋਈ ਹੈ॥ ੨॥

ਸਹਸਾ ਤੋੜੇ ਭਰਮੁ ਚੁਕਾਏ॥ ਸਹਜੇ ਸਿਫਤੀ ਧਣਖੁ ਚੜਾਏ॥

ਉਸ ਨੇ ਸੰਸਾ ਤੋੜ ਲਿਆ ਹੈ ਅਤੇ ਭਰਮ ਨੂੰ ਚੁਕਾਏ=ਦੂਰ ਕਰ ਲਿਆ ਹੈ। ਜਿਸ ਨੇ ਸੁਭਾਵਕ ਹੀ ਸਿਫਤੀ=ਪਰਮਾਤਮਾ ਦੀ ਸਿਫਤ ਕਰਨੇ ਰੂਪ ਧਨਖ ਨੂੰ ਚੜ੍ਹਾਇਆ ਹੈ ਜਾਂ ਜਿਸ ਨੇ ਸੁਭਾਵਕ ਹੀ ਪਰਮਾਤਮਾ ਵਿਚ ਮਨ ਰੂਪੀ ਧਨਖ ਨੂੰ ਚੜ੍ਹਾਇਆ ਹੈ।

ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ॥ ੩॥

ਜੋ ਗੁਰਾਂ ਦੇ ਉਪਦੇਸ਼ ਦੁਆਰਾ ਆਪ ਜੀਵਤ ਭਾਅ ਤੋਂ ਮਰਦਾ ਹੈ ਅਤੇ ਮੰਡ੍ਹ ਦੇ ਕੇ ਹੋਰਨਾਂ ਦੇ ਮਨ ਨੂੰ ਜੀਵਤ ਭਾਅ ਤੋਂ ਮਾਰਦਾ ਹੈ ਓਹੀ ਸੁੰਦਰ ਜੋਗ ਦੇ ਧਾਰਨੇ ਵਾਲਾ ਹੋਇਆ ਹੈ ਜਾਂ ਸੁੰਦਰ ਜੋਗ ਦਾ ਧਾਰੀ= ਆਸਰਾ ਰੂਪ ਹੋਇਆ ਹੈ॥ ੩॥

ਹਉਮੈ ਜਲਿਆ ਮਨਹੁ ਵਿਸਾਰੇ॥ ਜਮ ਪੁਰਿ ਵਜਹਿ ਖੜਗ ਕਰਾਰੇ॥

ਜੋ ਮਨ ਵਿਚੋਂ ਵਾਹਿਗੁਰੂ ਨਾਮ ਨੂੰ ਭੁਲਾ ਕੇ ਹੰਗਤਾ ਮਮਤਾ ਰੂਪੀ ਅੱਗ ਦਾ ਜਲਿਆ=ਸੜਿਆ ਹੋਇਆ ਹੈ। ਉਸ ਨੂੰ ਜਮਪੁਰੀ ਵਿਚ ਕਰਾਰੇ=ਤਕੜੇ ਖੰਡੇ ਵਜਣਗੇ, ਉਸ ਵੇਲੇ ਜੀਵ ਕਹੇਗਾ ਹੁਣ ਮੈਨੂੰ ਛੱਡ ਦਿਓ ਮੈਂ ਜਾ ਕੇ ਨਾਮ ਜਪ ਲੈਂਦਾ ਹਾਂ, ਅਗੋਂ ਜਮਦੂਤ ਕਹਿਣਗੇ-

www.sikhbookclub.com

ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥ ੪ ॥

ਹੁਣ ਦੇ ਕਿਹਾਂ ਤੈਨੂੰ ਨਾਮ ਜਪਣ ਦਾ ਸਮਾਂ ਨਹੀਂ ਮਿਲੇਗਾ, ਹੁਣ ਤਾਂ ਕੀਤੇ ਹੋਏ ਕਰਮਾਂ ਦੇ ਅਨੁਸਾਰ, ਹੇ ਜੀਵ ! ਤੂੰ ਭਾਰੀ ਦੁੱਖ ਸਹਾਰਨਾ ਕਰ ॥ ੪ ॥

ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥

ਹੇ ਭਾਈ ! ਹੁਣ ਤਾਂ ਤੂੰ ਮਾਇਆ ਦੀ ਮਮਤਾ ਦੇ ਖਿਆਲਾਂ ਵਿਚ ਪੈ ਰਿਹਾ ਹੈਂ।

ਚੇਤੇ ਰੱਖ ! ਅੰਤ ਨੂੰ ਜਮਪੁਰੀ ਵਿਚ ਜਾ ਕੇ ਜਮਾਂ ਦੇ ਜਾਲੀ=ਫਾਹ ਵਿਚ ਫਸ ਜਾਵੇਂਗਾ।

ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥ ੫ ॥

ਹੇਤ=ਮੋਹ ਦੇ ਬੰਧਨਾਂ ਨੂੰ ਤੂੰ ਤੋੜ ਨਹੀਂ ਸਕਦਾ, ਤਾਂ ਹੀ ਜਮ ਅੰਤ ਨੂੰ ਤੈਨੂੰ ਖੁਆਰੀ=ਖਰਾਬ ਕਰੇਗਾ ॥ ੫ ॥ (ਮੋਹ ਦੇ ਬੰਧਨ ਤੋੜਨ ਲਈ ਤੂੰ ਇਸ ਤਰ੍ਹਾਂ ਬੇਨਤੀ ਕਰ) :-

ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥

ਨਾ ਮੈਂ ਹੁਣ ਕੁਝ ਕਰਦਾ ਹਾਂ, ਨਾ ਹੀ ਪਿੱਛੇ ਮੈਂ ਕੁਝ ਕੀਤਾ ਹੈ। ਆਪ ਜੀ ਨੇ ਨਾਮ ਅੰਮ੍ਰਿਤ ਤਾਂ ਸਤਿਗੁਰਾਂ ਨੂੰ ਦਿੱਤਾ ਹੋਇਆ ਹੈ।

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ
ਨਾਨਕ ਸਰਣਿ ਤੁਮਾਰੀ ਜੀਉ ॥ ੬ ॥ ੧ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੂੰ ਤੂੰ ਨਾਮ ਅੰਮ੍ਰਿਤ ਸਤਿਗੁਰਾਂ ਦੁਆਰੇ ਦੇਂਦਾ ਹੈਂ, ਉਸ ਦੇ ਨਾਲ ਕਿਸੇ ਦਾ ਕੀ ਜ਼ੋਰ ਚਲ ਸਕਦਾ ਹੈ ਕਿ ਇਸ ਨੂੰ ਨਾਮ ਅੰਮ੍ਰਿਤ ਨਾ ਮਿਲੇ, ਮੈਂ ਸੇਵਕ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਆਪ ਮੈਨੂੰ ਭੀ ਨਾਮ ਅੰਮ੍ਰਿਤ ਦਿਓ ॥ ੬ ॥ ੧ ॥ ੧੨ ॥

ਮਾਰੂ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥

ਹੇ ਸੁਆਮੀ ਪਰਮਾਤਮਾ ! ਜਿਥੇ ਬਿਠਾਉਂਦਾ ਹੈਂ ਉਥੇ ਬੈਠਦਾ ਹਾਂ ਅਤੇ ਜਿਥੇ ਭੇਜਦਾ ਹੈਂ ਉਥੇ ਜਾਂਦਾ ਹਾਂ।

ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥ ੧ ॥

ਸਾਰੀਆਂ ਨਗਰੀਆਂ ਦਾ ਇਕ ਤੂੰ ਹੀ ਰਾਜਾ ਹੈਂ ਜਾਂ ਸਾਰੀਆਂ ਨਗਰੀਆਂ ਵਿਚ ਇਕ ਤੂੰ ਹੀ ਰਾਜਾ=ਬਿਰਾਜ ਰਿਹਾ ਹੈਂ, ਇਸੀ ਤੇ ਸਾਰੇ ਅਸਥਾਨ ਪਵਿੱਤਰ ਹਨ ॥ ੧ ॥

ਬਾਬਾ ਦੇਹਿ ਵਸਾ ਸਚ ਗਾਵਾ ॥
ਜਾ ਤੇ ਸਹਜੇ ਸਹਜਿ ਸਮਾਵਾ ॥ ੧ ॥ ਰਹਾਉ ॥

ਹੇ ਬਾਬਾ=ਪਰਮੇਸ਼ਰ ! ਸਤਸੰਗਤ ਰੂਪੀ ਸੱਚੇ ਗਾਂਵ ਵਿਚ ਵਸਣਾ ਦੇਹ,

ਅਥਵਾ:- ਜਿੰਨਾ ਚਿਰ ਦੇਹ ਦੇ ਵਿਚ ਵਸਾ ਉਨ੍ਹਾਂ ਚਿਰ ਸੱਚ ਨਾਮ ਨੂੰ ਹੀ ਗਾਵਣਾ ਕਰਾਂ। ਜਿਸ ਕਰਕੇ ਸਹਜੇ=ਸੁਭਾਵਕ ਹੀ ਸਹਜਿ=ਸ਼ਾਂਤੀ ਅਤੇ ਗਿਆਨ ਵਿਚ ਸਮਾਅ ਜਾਵਾਂ॥ ੧॥ ਰਹਾਉ॥

ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ॥

ਬੁਰਾ ਕਰਮ ਤੇ ਭਲਾ ਕਰਮ ਜੋ ਭੀ ਕੁਝ ਹੁੰਦਾ ਰਿਹਾ ਹੈ ਉਹ ਆਪਣੇ ਤੋਂ ਹੀ ਹੁੰਦਾ ਜਾਣਿਆ ਹੈ, ਏਹੋ ਹੀ ਸਾਰਿਆਂ ਵਿਕਾਰਾਂ ਦਾ ਮੂਲ ਹੈ ਕਿਉਂਕਿ ਹੰਗਤਾ ਮਮਤਾ ਹੀ ਜਨਮ ਮਰਨ ਦਾ ਮੂਲ ਹੈ।

ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ॥ ੨॥

ਇਹ ਜੋ ਸਾਰਾ ਸੰਸਾਰ ਵਰਤ ਰਿਹਾ ਹੈ, ਹੇ ਖਸਮ=ਪਰਮਾਤਮਾ ! ਇਹ ਆਪ ਜੀ ਦਾ ਹੀ ਹੁਕਮ ਫੁਰਮਾਇਆ ਹੋਇਆ ਹੈ॥ ੨॥

ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ॥

ਇੰਦ੍ਰੀਆਂ ਦਾ ਵਿਸ਼ਿਆਂ ਵਿਚ ਧਾਤੁ=ਦੌੜਨਾ ਜੋ ਬਲ ਦੇ ਸਹਿਤ ਕਿਹਾ ਜਾਂਦਾ ਹੈ ਜਾਂ ਇੰਦ੍ਰੀਆਂ ਦੀ ਧਾਤੁ=ਦੌੜ ਜੋ ਬੜੀ ਬਲ ਵਾਲੀ ਕਹੀਦੀ ਹੈ, ਉਹ ਇੰਦ੍ਰੀਆਂ ਕਿਸ ਤੋਂ ਪੈਦਾ ਹੋਇਆਂ ਹਨ? *ਉੱਤਰ:-*

ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ॥ ੩॥

ਕਰਤਾ ਪੁਰਖ ਪਰਮਾਤਮਾ ਆਪ ਹੀ ਸਾਰੇ ਖੇਲ ਕਰਦਾ ਹੈ, ਪਰ ਇਸ ਤਰ੍ਹਾਂ ਦੇ ਵਿਚਾਰ ਨੂੰ ਕੋਈ ਵਿਰਲਾ ਹੀ ਸਮਝਦਾ ਹੈ॥ ੩॥

ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ॥

ਜਦ ਗੁਰਾਂ ਦੀ ਕਿਰਪਾ ਨਾਲ ਇਕ ਦੇ ਵਿਚ ਲਿਵ ਲਗੀ, ਤਦ ਹੀ ਸਾਰੀ ਦੁਬਿਧਾ ਨਾਸ ਹੋ ਗਈ।

ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ॥ ੪॥

ਜੋ ਉਸ ਪਰਮਾਤਮਾ ਦਾ ਹੁਕਮ ਸੀ ਉਸ ਨੂੰ ਸੱਚ ਕਰਕੇ ਮੰਨਿਆ ਤਾਂ ਜਮਾਂ ਦੀ ਫਾਹੀ ਕੱਟ ਦੇਣਾ ਕੀਤੀ॥ ੪॥

ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ॥

ਗੁਰੂ ਜੀ ਭਣਤਿ=ਕਥਨ ਕਰਦੇ ਹਨ— ਜਦ ਮਨ ਵਿਚੋਂ ਅਭਿਮਾਨਾ=ਹੰਕਾਰ, ਚੂਕਾ=ਦੂਰ ਹੋ ਗਿਆ ਤਾਂ ਫਿਰ ਕਿਸ ਨੇ ਲੇਖਾ ਮੰਗਣਾ ਹੈ।

ਅਰਥਾਤ, ਹੰਕਾਰ ਦੇ ਦੂਰ ਹੋਣ ਕਰਕੇ ਫੇਰ ਕੋਈ ਲੇਖਾ ਨਹੀਂ ਮੰਗਦਾ।

ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ॥ ੫॥ ੧॥

ਜੋ ਗੁਰਮੁਖ ਜਨ ਸੱਚੇ ਪ੍ਰਭੂ ਦੀ ਸ਼ਰਨ ਵਿਚ ਪਏ ਹਨ, ਉਹਨਾਂ ਦੀ ਸ਼ਰਨ ਵਿਚ ਪੈ ਕੇ ਤਾਸੁ=ਉਨ੍ਹਾਂ ਦੇ ਨਾਂ ਨੂੰ ਧਰਮ ਰਾਜਾ ਜਪਦਾ ਹੈ। *ਅਥਵਾ:-* ਧਰਮ ਰਾਜਾ ਉਹਨਾਂ ਦਾ ਨਾਮ ਜਪਦਾ ਹੋਇਆ ਉਹਨਾਂ ਅੱਗੇ ਤਾਸੁ ਤਾਸੁ=ਤ੍ਰਾਹ ਤ੍ਰਾਹ ਕਰਦਾ ਹੈ॥ ੫॥ ੧॥

www.sikhbookclub.com

ਮਾਰੂ ਮਹਲਾ ੩ ॥

ਆਵਣ ਜਾਣਾ ਨਾ ਥੀਐ ਨਿਜ ਘਰਿ ਵਾਸਾ ਹੋਇ ॥

ਸੈ ਸਰੂਪ ਰੂਪੀ ਨਿਜ ਘਰ ਵਿਚ ਵਾਸਾ ਹੋਣ ਕਰ ਕੇ ਜੀਵ ਦਾ ਆਉਣਾ ਜਾਣਾ ਜੰਮਨਾ ਮਰਨਾ ਹੁੰਦਾ ਨਹੀਂ ਹੈ।

ਸਚੁ ਖਜਾਨਾ ਬਖਸਿਆ ਆਪੇ ਜਾਣੈ ਸੋਇ ॥ ੧ ॥

ਜਿਸ ਨੂੰ ਗੁਰਾਂ ਨੇ ਸੱਚ ਨਾਮ ਦਾ ਖਜ਼ਾਨਾ ਬਖਸ਼ਿਆ ਹੈ ਜਾਂ ਸਰੂਪ ਦਾ ਖਜ਼ਾਨਾ ਬਖਸ਼ਿਆ ਹੈ ਤਿਸ ਦੇ ਅਨੰਦ ਨੂੰ ਉਹ ਆਪ ਹੀ ਜਾਣਦਾ ਹੈ॥ ੧ ॥

[ਪੰਨਾ ੯੯੪]

ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥

ਏ ਮਨ=ਹੇ ਪਿਆਰੇ ਜੀਵ ! ਤੂੰ ਹਰਿ ਜੀ ਨੂੰ ਚੇਤਨਾ ਕਰ ਅਤੇ ਮਨ ਦੇ ਵਿਚੋਂ ਵਿਸ਼ੇ ਵਿਕਾਰਾਂ ਨੂੰ ਤਜਿ=ਤਿਆਗ ਦੇ।

ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥ ੧ ॥ ਰਹਾਉ ॥

ਗੁਰਾਂ ਦੇ ਉਪਦੇਸ਼ ਦੁਆਰਾ ਤੂੰ ਪਰਮੇਸ਼ਰ ਨੂੰ ਧਿਆਉਣਾ ਕਰ, ਤਾਂ ਤੇਰਾ ਸੱਚ ਵਿਚ ਪਿਆਰ ਲੱਗੇਗਾ ॥ ੧ ॥ ਰਹਾਉ ॥

ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ ॥

ਐਥੈ=ਇਸ ਲੋਕ ਵਿਚ ਆ ਕੇ, ਜਾਂ ਮਨੁੱਖ ਜਨਮ ਵਿਚ ਆ ਕੇ ਜੋ ਪਰਮੇਸ਼ਰ ਨਾਮ ਤੋਂ ਭੁੱਲ ਗਿਆ ਹੈ, ਫਿਰ ਉਸ ਦਾ ਕਿਤੇ ਭੀ ਹੱਥ ਨਹੀਂ ਪੈਂਦਾ।

ਭਾਵ, ਹੋਰ ਕਿਸੇ ਜੂਨ ਵਿਚ ਮੁਕਤ ਨਹੀਂ ਹੋ ਸਕਦਾ।

ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ ॥ ੨ ॥

ਉਸ ਨੂੰ ਸਭ ਜੂਨੀਆਂ ਵਿਚ, ਭਾਵ ਚੌਰਾਸੀ ਲੱਖ ਜੂਨੀਆਂ ਵਿਚ ਭੁਆਇਆ ਜਾਂਦਾ ਹੈ ਅਤੇ ਅੰਤ ਨੂੰ ਗੰਦਗੀ ਦੇ ਵਿਚ ਜਾ ਕੇ ਸਮਾਂਵਦਾ ਹੈ॥ ੨ ॥

ਵਡਭਾਗੀ ਗੁਰੁ ਪਾਇਆ ਪੂਰਬਿ ਲਿਖਿਆ ਮਾਇ ॥

ਮਾਇ=ਹੇ ਭਾਈ ! ਜਿਨ੍ਹਾਂ ਦੇ ਮੱਥੇ 'ਪਰ ਪੂਰਬਲਾ ਚੰਗਾ ਲੇਖ ਲਿਖਿਆ ਹੋਇਆ ਹੈ, ਉਹੰਨਾਂ ਵਡਭਾਗੀਆਂ ਨੇ ਗੁਰ ਉਪਦੇਸ਼ ਨੂੰ ਪਾਇਆ ਹੈ।

ਅਨਦਿਨੁ ਸਚੀ ਭਗਤਿ ਕਰਿ ਸਚਾ ਲਏ ਮਿਲਾਇ ॥ ੩ ॥

ਜੋ ਰਾਤ ਦਿਨ ਸੱਚੀ ਭਗਤੀ ਕਰਦੇ ਹਨ, ਸੱਚਾ ਪ੍ਰਭੂ ਉਹਨਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੩ ॥

ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥

ਜਿਸ ਪ੍ਰਭੂ ਨੇ ਆਪ ਹੀ ਸਾਰੀ ਸ੍ਰਿਸ਼ਟੀ ਸਾਜੀ ਹੈ, ਉਹ ਪ੍ਰਭੂ ਆਪ ਹੀ ਨਦਰਿ ਕਰੇਇ=ਕਿਰਪਾ ਦਿਸ਼ਟੀ

www.sikhbookclub.com

ਕਰਦਾ ਹੈ।

ਨਾਨਕ ਨਾਮਿ ਵਡਿਆਈਆ ਜੈ ਭਾਵੈ ਤੈ ਦੇਇ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ--ਨਾਮਿ=ਨਾਮੀ ਪਰਮਾਤਮਾ ਦੇ ਹੱਥ ਵਿਚ ਵਡਿਆਈਆਂ ਹਨ, ਜੈ ਭਾਵੈ=ਜਿਸ ਨੂੰ ਚਾਹੁੰਦਾ ਹੈ ਓਸੇ ਨੂੰ ਦੇਂਦਾ ਹੈ॥ ੪ ॥ ੨ ॥

ਮਾਰੂ ਮਹਲਾ ੩ ॥

ਪਿਛਲੇ ਗੁਨਹ ਬਖਸਾਇ ਜੀਉ ਅਬ ਤੂ ਮਾਰਗਿ ਪਾਇ ॥

ਹੇ ਜੀਵ ! ਤੂੰ ਪਿਛਲਿਆਂ ਗੁਨਹ=ਔਗੁਣਾਂ ਨੂੰ ਬਖਸ਼ਾ ਲੈ ਅਤੇ ਹੁਣ ਤੂੰ ਅੱਗੇ ਲਈ ਆਪਣੇ ਆਪ ਨੂੰ ਸ਼ੁਭ ਰਸਤੇ ਵਿਚ ਪਾ ਲੈ।

ਹਰਿ ਕੀ ਚਰਣੀ ਲਾਗਿ ਰਹਾ ਵਿਚਹੁ ਆਪੁ ਗਵਾਇ ॥ ੧ ॥

ਹਰੀ ਦੇ ਚਰਨੀਂ ਲੱਗ ਰਹਿਣਾ ਕਰ ਤੇ ਹਿਰਦੇ ਵਿਚੋਂ ਆਪਾ ਭਾਅ ਹੰਕਾਰ ਨੂੰ ਗੁਆਣਾ ਕਰ॥ ੧ ॥

ਮੇਰੇ ਮਨ ਗੁਰਮੁਖਿ ਨਾਮੁ ਹਰਿ ਧਿਆਇ ॥

ਹੇ ਮੇਰੇ ਮਨ=ਪਿਆਰੇ ! ਗੁਰਮੁਖ ਬਣ ਕੇ ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਣਾ ਕਰ।

ਸਦਾ ਹਰਿ ਚਰਣੀ ਲਾਗਿ ਰਹਾ ਇਕ ਮਨਿ ਏਕੈ ਭਾਇ ॥ ੧ ॥ ਰਹਾਉ ॥

ਏਕੈ ਭਾਇ=ਇਕ ਰਸ, ਵਾ:- ਇਕ ਪ੍ਰੇਮ ਨਾਲ ਇਕਾਗਰ ਮਨ ਹੋ ਕੇ ਸਦੀਵ ਕਾਲ ਹਰੀ ਦੇ ਚਰਨਾਂ ਨਾਲ ਲੱਗ ਰਹਿਣਾ ਕਰ॥ ੧ ॥ ਰਹਾਉ ॥ ਅਤੇ ਇਸ ਤਰ੍ਹਾਂ ਬੇਨਤੀ ਕਰ-

ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥

ਹੇ ਪ੍ਰਭੂ ! ਨਾ ਮੇਰੀ ਉਤਮ ਜਾਤੀ ਹੈ, ਨਾ ਹੀ ਮੇਰੀ ਸੰਸਾਰ ਵਿਚ ਪਤਿ=ਇੱਜ਼ਤ ਹੈ, ਨਾ ਕੋਈ ਮੇਰਾ ਥੇਹੁ=ਪਿੰਡ ਹੈ, ਨਾ ਹੀ ਕੋਈ ਮੇਰਾ ਥਾਉ=ਟਿਕਾਣਾ ਹੈ।

ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥ ੨ ॥

ਜਿਸ ਗੁਰੂ ਨੇ ਮੈਨੂੰ ਨਾਮ ਸਮਝਾ ਦਿੱਤਾ ਹੈ, ਉਸ ਗੁਰੂ ਦੇ ਸ਼ਬਦ ਦੇ ਭੇਦ ਨੇ ਮੇਰੇ ਅੰਦਰੋਂ ਭਰਮ ਕਟ ਦਿੱਤਾ ਹੈ।

ਇਹੁ ਮਨੁ ਲਾਲਚ ਕਰਦਾ ਫਿਰੈ ਲਾਲਚਿ ਲਾਗਾ ਜਾਇ ॥

ਇਹ ਮਨ ਪਦਾਰਥਾਂ ਦਾ ਲਾਲਚ ਕਰਦਾ ਹੋਇਆ ਸੰਸਾਰ ਵਿਚ ਫਿਰਦਾ ਹੈ, ਜੇ ਕੰਦੇ ਸੰਕਲਪ ਪੂਰਾ ਹੋ ਭੀ ਜਾਵੇ, ਤਾਂ ਭੀ ਬਸ ਨਹੀਂ ਕਰਦਾ, ਪ੍ਰਾਣਾਂ ਪ੍ਰਯੰਤ ਪਦਾਰਥਾਂ ਦੇ ਲਾਲਚ ਵਿਚ ਹੀ ਲਗਾ ਜਾਂਦਾ ਹੈ।

ਧੰਧੈ ਕੂੜਿ ਵਿਆਪਿਆ ਜਮ ਪੁਰਿ ਚੋਟਾ ਖਾਇ ॥ ੩ ॥

ਝੂਠਿਆਂ ਧੰਧਿਆਂ ਵਿਚ ਵਿਆਪਨ ਕਰਕੇ ਅੰਤ ਨੂੰ ਜਮਪੁਰੀ ਵਿਚ ਜਾ ਕੇ ਜਮਾਂ ਦੀਆਂ ਚੋਟਾਂ ਖਾਂਦਾ ਹੈ॥ ੩ ॥

ਨਾਨਕ ਸਭੁ ਕਿਛੁ ਆਪੇ ਆਪਿ ਹੈ ਦੂਜਾ ਨਾਹੀ ਕੋਇ ॥

www.sikhbookclub.com

ਗੁਰੂ ਜੀ ਕਥਨ ਕਰਦੇ ਹਨ—ਓਹ ਪ੍ਰਭੂ ਆਪਣੇ ਆਪ ਹੀ ਸਭੁ ਕੁਝ ਕਰਦਾ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

ਭਗਤਿ ਖਜਾਨਾ ਬਖਸਿਓਨੁ ਗੁਰਮੁਖਾ ਸੁਖੁ ਹੋਇ ॥ ੪ ॥ ੩ ॥

ਉਸ ਪਰਮੇਸ਼ਰ ਨੇ ਜਿਨ੍ਹਾਂ ਨੂੰ ਭਗਤੀ ਰੂਪ ਖਜ਼ਾਨਾ ਬਖਸ਼ਿਆ ਹੈ, ਉਹਨਾਂ ਗੁਰਮੁਖਾਂ ਨੂੰ ਸੁਖ ਪ੍ਰਾਪਤ ਹੁੰਦਾ ਹੈ॥ ੪॥ ੩॥

ਮਾਰੂ ਮਹਲਾ ੩ ॥

ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥

ਜੋ ਸੱਚ ਸਰੂਪ ਵਿਚ ਰੱਤੇ ਹਨ, ਉਹਨਾਂ ਨੂੰ ਟੋਲਿ ਲਹੁ=ਲੱਭ ਲਵੋ, ਪਰ ਉਹ ਸੰਸਾਰ ਵਿਚ ਵਿਰਲੇ ਹਨ।

ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥ ੧ ॥

ਉਹਨਾਂ ਦੇ ਮਿਲਿਆਂ ਅਤੇ ਮੁਰਾਰੀ ਦਾ ਨਾਮ ਜਪਦਿਆਂ ਹੋਇਆਂ ਲੋਕ ਪ੍ਰਲੋਕ ਵਿਚ ਮੂੰਹ ਉਜਲਾ ਹੁੰਦਾ ਹੈ॥ ੧॥

ਬਾਬਾ ਸਾਚਾ ਸਾਹਿਬੁ ਰਿਦੈ ਸਮਾਲਿ ॥

ਬਾਬਾ=ਹੇ ਭਾਈ ! ਸੱਚੇ ਸਾਹਿਬ ਨੂੰ ਹਿਰਦੇ ਵਿਚ ਯਾਦ ਕਰ।

ਸਤਿਗੁਰੁ ਅਪਨਾ ਪੁਛਿ ਦੇਖੁ ਲੇਹੁ ਵਖਰੁ ਭਾਲਿ ॥ ੧ ॥ ਰਹਾਉ ॥

ਆਪਣਿਆਂ ਸਤਿਗੁਰਾਂ ਨੂੰ ਪੁਛ ਕੇ ਵੇਖ ਲੈ, ਉਹ ਭੀ ਏਹੋ ਕਹਿਣਗੇ ਕਿ ਨਾਮ ਵਸਤੂ ਨੂੰ ਲੱਭ ਲੈ॥ ੧॥ ਰਹਾਉ॥

ਇਕੁ ਸਚਾ ਸਭ ਸੇਵਦੀ ਧੁਰਿ ਭਾਗਿ ਮਿਲਾਵਾ ਹੋਇ ॥

ਇਕ ਸੱਚੇ ਨੂੰ ਹੀ ਸਾਰੀ ਦੁਨੀਆਂ ਸਿਮਰਦੀ ਹੈ, ਪਰ ਧੁਰ ਦੇ ਚੰਗਿਆਂ ਭਾਗਾਂ ਕਰਕੇ ਮਿਲਾਪ ਹੁੰਦਾ ਹੈ।

ਗੁਰਮੁਖਿ ਮਿਲੇ ਸੇ ਨ ਵਿਛੁੜਹਿ ਪਾਵਹਿ ਸਚੁ ਸੋਇ ॥ ੨ ॥

ਜੋ ਗੁਰਾਂ ਦੁਆਰੇ ਉਸ ਪ੍ਰਭੂ ਨਾਲ ਮਿਲੇ ਹਨ, ਉਹ ਉਸ ਨਾਲੋਂ ਵਿਛੁੜਦੇ ਨਹੀਂ ਹਨ, ਉਹ ਪੁਰਸ਼ ਸਚੁ=ਸੁਖ ਨੂੰ ਜਾਂ ਉਸ ਸੱਚੇ ਨੂੰ ਪਾ ਲੈਂਦੇ ਹਨ॥ ੨॥

ਇਕਿ ਭਗਤੀ ਸਾਰ ਨ ਜਾਣਨੀ ਮਨਮੁਖ ਭਰਮਿ ਭੁਲਾਇ ॥

ਇਕ ਮਨਮੁਖ ਪੁਰਸ਼ ਭਰਮ ਵਿਚ ਭੁਲੇ ਹੋਏ ਪ੍ਰਭੂ ਦੀ ਭਗਤੀ ਦੀ ਸਾਰ ਸੰਭਾਲ ਕਰਨੀ ਨਹੀਂ ਜਾਣਦੇ।

ਓਨਾ ਵਿਚਿ ਆਪਿ ਵਰਤਦਾ ਕਰਣਾ ਕਿਛੁ ਨ ਜਾਇ ॥ ੩ ॥

ਉਹਨਾਂ ਮਨਮੁਖਾਂ ਵਿਚ ਆਪਾ ਭਾਅ ਹੰਕਾਰ ਵਰਤਦਾ ਹੈ, ਇਸ ਕਰਕੇ ਉਹਨਾਂ ਪਾਸੋਂ ਕੋਈ ਸ਼ੁਭ ਕਰਮ ਨਹੀਂ ਕੀਤਾ ਜਾਂਦਾ॥ ੩॥

ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ ॥

ਜਿਸ ਪ੍ਰਭੂ ਦੇ ਨਾਲ ਜੀਵ ਦਾ ਕੋਈ ਬਲ ਨਹੀਂ ਚਲਦਾ, ਉਸ ਦੇ ਅੱਗੇ ਖਲੇ ਕੇ ਅਰਦਾਸਿ=ਬੇਨਤੀ

www.sikhbookclub.com

ਕਰਨੀ ਹੀ ਬਣਦੀ ਹੈ।

ਨਾਨਕ ਗੁਰਮੁਖਿ ਨਾਮੁ ਮਨਿ ਵਸੈ ਤਾ ਸੁਣਿ ਕਰੇ ਸਾਬਾਸਿ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਜੇਕਰ ਗੁਰਾਂ ਦੁਆਰੇ ਮਨ ਵਿਚ ਨਾਮ ਵਸ ਜਾਵੇ, ਤਾਂ ਇਸ ਗੱਲ ਨੂੰ ਸੁਣ ਕੇ ਸਭ ਕੋਈ ਸਾਬਾਸਿ=ਧੰਨਤਾ ਜੋਗ ਕਰਦਾ ਹੈ॥ ੪ ॥ ੪ ॥

ਮਾਰੂ ਮਹਲਾ ੩ ॥

ਮਾਰੂ ਤੇ ਸੀਤਲੁ ਕਰੇ ਮਨੂਰਹੁ ਕੰਚਨੁ ਹੋਇ ॥

ਪਰਮੇਸ਼ਰ ਦਾ ਨਾਮ ਮਾਰੂ ਅਸਥਲ ਵਾਂਗੂ, ਭਾਵ ਰੇਤ ਦੇ ਟਿੱਬਿਆਂ ਵਾਂਗੂ ਤਪਦੇ ਮਨ ਨੂੰ ਸੀਤਲ ਕਰਦਾ ਹੈ ਅਤੇ ਮਨੂਰਹੁ=ਲੋਹੇ ਦੀ ਮੈਲ ਤੋਂ ਕੰਚਨੁ=ਸੋਨੇ ਵਾਂਗੂ ਸ਼ੁਧ ਹੋ ਜਾਂਦਾ ਹੈ।

ਸੋ ਸਾਚਾ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥ ੧ ॥

ਉਸ ਸੱਚੇ ਪ੍ਰਭੂ ਨੂੰ ਸਲਾਹੁਣਾ ਕਰੀਏ, ਉਸ ਜੇਡਾ ਵੱਡਾ ਹੋਰ ਕੋਈ ਭੀ ਨਹੀਂ ਹੈ॥ ੧ ॥

ਮੇਰੇ ਮਨ ਅਨਦਿਨੁ ਧਿਆਇ ਹਰਿ ਨਾਉ ॥

ਹੇ ਮੇਰੇ ਮਨ ! ਰਾਤ ਦਿਨ ਹਰੀ ਨਾਮ ਨੂੰ ਧਿਆਉਣਾ ਕਰ।

ਸਤਿਗੁਰ ਕੈ ਬਚਨਿ ਅਰਾਧਿ ਤੂ ਅਨਦਿਨੁ ਗੁਣ ਗਾਉ ॥ ੧ ॥ ਰਹਾਉ ॥

ਸਤਿਗੁਰਾਂ ਦੇ ਉਪਦੇਸ਼ ਦੁਆਰਾ ਤੂੰ ਆਰਾਧਨਾ ਕਰ ਅਤੇ ਰਾਤ ਦਿਨ ਹਰੀ ਦੇ ਗੁਣ ਗਾਵਣਾ ਕਰ॥ ੧ ॥ ਰਹਾਉ ॥

ਗੁਰਮੁਖਿ ਏਕੋ ਜਾਣੀਐ ਜਾ ਸਤਿਗੁਰੁ ਦੇਇ ਬੁਝਾਇ ॥

ਜਾਂ ਸਤਿਗੁਰ ਦੇਵ ਜੀ ਸਮਝਾ ਦੇਣ, ਤਾਂ ਗੁਰਾਂ ਦੁਆਰੇ ਇੱਕ ਪ੍ਰਭੂ ਨੂੰ ਜਾਣੀਦਾ ਹੈ।

ਸੋ ਸਤਿਗੁਰੁ ਸਾਲਾਹੀਐ ਜਿਦੂ ਏਹ ਸੋਝੀ ਪਾਇ ॥ ੨ ॥

ਉਹਨਾਂ ਸਤਿਗੁਰਾਂ ਨੂੰ ਸਲਾਹੁਣਾ ਕਰੀਏ, ਜਿਨ੍ਹਾਂ ਸਤਿਗੁਰਾਂ ਤੋਂ ਇਹ ਗਿਆਤ ਪ੍ਰਾਪਤ ਹੁੰਦਾ ਹੈ॥ ੨ ॥

ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ ॥

ਜੋ ਸਤਿਗੁਰਾਂ ਨੂੰ ਛੱਡ ਕੇ ਦ੍ਵੈਤ ਭਾਵ ਵਿਚ ਲੱਗੇ ਹਨ, ਉਹ ਅਗੈ=ਪ੍ਰਲੋਕ ਵਿਚ ਜਾ ਕੇ ਕੀ ਕਰਨਗੇ, ਭਾਵ ਦੁੱਖ ਹੀ ਸਹਾਰਨਗੇ।

ਜਮ ਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥ ੩ ॥

ਉਹ ਜਮਪੁਰੀ ਵਿਚ ਬੱਧੇ ਹੋਏ ਮਾਰ ਖਾਣਗੇ ਅਤੇ ਉਹਨਾਂ ਨੂੰ ਬਹੁਤ ਸਾਰੀ ਸਜਾ ਮਿਲੇਗੀ॥ ੩ ॥

[ਪੰਨਾ ੯੯੫]

ਮੇਰਾ ਪ੍ਰਭੁ ਵੇਪਰਵਾਹੁ ਹੈ ਨਾ ਤਿਸੁ ਤਿਲੁ ਨ ਤਮਾਇ ॥

ਮੇਰਾ ਉਹ ਪ੍ਰਭੂ ਬੇ-ਪਰਵਾਹ ਹੈ, ਨਾ ਉਸ ਨੂੰ ਤਿਸੁ=ਤ੍ਰਿਸ਼ਨਾ ਹੈ, ਨਾ ਹੀ ਤਿਲ ਮਾਤ੍ਰ ਕਿਸੇ ਦੀ

www.sikhbookclub.com

ਤਮਾਇ=ਇਛਾ ਹੈ, ਅਥਵਾ:- ਨਾ ਹੀ ਤਮਾਇ=ਤਮੋ ਗੁਣ ਹੈ।

ਨਾਨਕ ਤਿਸੁ ਸਰਣਾਈ ਭਜਿ ਪਉ ਆਪੇ ਬਖਸਿ ਮਿਲਾਇ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਤੂੰ ਦੌੜ ਕੇ ਉਸ ਦੀ ਸ਼ਰਨ ਵਿਚ ਜਾ ਪਿਓ, ਉਹ ਤੇਰੇ ਗੁਨਾਹ ਨੂੰ ਬਖਸ਼ ਕੇ ਆਪ ਹੀ ਆਪਣੇ ਨਾਲ ਮਿਲਾ ਲਏਗਾ॥ ੪ ॥ ੫ ॥

ਮਾਰੂ ਮਹਲਾ ੪ ਘਰੁ ੨

੧ੑ ਸਤਿਗੁਰ ਪ੍ਰਸਾਦਿ॥

ਜਪਿਓ ਨਾਮੁ ਸੁਕ ਜਨਕ ਗੁਰ ਬਚਨੀ ਹਰਿ ਹਰਿ ਸਰਣਿ ਪਰੇ॥

ਜਨਕ ਗੁਰੂ ਦੀ ਸ਼ਰਨ ਪੈ ਕੇ ਤੇ ਉਹਨਾਂ ਦੇ ਉਪਦੇਸ਼ ਦੁਆਰਾ ਸੁਕਦੇਵ ਨੇ ਹਰਿ ਹਰਿ ਨਾਮ ਜਪਿਆ ਹੈ। ਅਥਵਾ:- ਸੁਕਦੇਵ ਜੀ ਨੇ ਅਤੇ ਰਾਜੇ ਜਨਕ ਨੇ ਗੁਰਾਂ ਦੀ ਸ਼ਰਨ ਪੈ ਕੇ ਗੁਰਾਂ ਦੇ ਉਪਦੇਸ਼ ਦੁਆਰਾ ਹਰਿ ਹਰਿ ਨਾਮ ਨੂੰ ਜਪਿਆ ਹੈ। ਸੁਕਦੇਵ ਦੇ ਗੁਰੂ ਜਨਕ ਜੀ ਸਨ, ਜਨਕ ਦੇ ਗੁਰੂ ਅਸ਼ਟਾਂਵਕਰ ਜੀ ਸਨ।

ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ॥

ਜਾਂ ਉਹ ਭਗਵਾਨ ਦੁਆਪੁਰ ਜੁਗ ਵਿਚ ਸੁਦਾਮੇ ਨੂੰ ਮਿਲਿਆ ਤਾਂ ਉਸ ਨੇ ਉਸ ਦਾ ਸਾਰਾ ਦਲਿਦਰ ਭੰਨ ਦਿੱਤਾ, ਸਾਰੇ ਪ੍ਰੇਮਾ ਭਗਤੀ ਕਰਕੇ ਹੀ ਸੰਸਾਰ ਤੋਂ ਤਰੇ ਹਨ।

ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ॥ ੧ ॥

ਉਹ ਹਰੀ ਭਗਤਾਂ ਦਾ ਵਛਲੁ=ਪਿਆਰਾ ਹੈ ਉਸ ਦਾ ਨਾਮ ਕ੍ਰਿਤਾਰਥੁ=ਕਲਿਆਣ ਕਾਰਕ ਹੈ, ਮੁਖ ਗੁਰੂ ਕ੍ਰਿਪਾ ਕਰਨ ਤਾਂ ਨਾਮ ਦੀ ਪ੍ਰਾਪਤੀ ਹੁੰਦੀ ਹੈ। ਅਥਵਾ:- ਮੁਖੀ ਗੁਰੂ ਕ੍ਰਿਪਾ ਕਰਨ ਤਾਂ ਭਗਤਾਂ ਦੇ ਪਿਆਰੇ ਹਰੀ ਨਾਮ ਨੂੰ ਜਪ ਕੇ ਹੀ ਕਲਿਆਣ ਹੋਈਦਾ ਹੈ॥ ੧ ॥

ਮੇਰੇ ਮਨ ਨਾਮੁ ਜਪਤ ਉਧਰੇ॥

ਹੇ ਮੇਰੇ ਭਾਈ ! ਹਰੀ ਨਾਮ ਦੇ ਜਪਣ ਕਰਕੇ ਹੀ ਤਰਨਾ ਹੁੰਦਾ ਹੈ।

ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ॥ ੧ ॥ ਰਹਾਉ॥

ਧ੍ਰੂਅ ਤੇ ਪ੍ਰਹਿਲਾਦੁ ਇਹ ਸਤਜੁਗ ਦੇ ਭਗਤ ਹਨ, ਇਹ ਭੀ ਨਾਰਦ ਗੁਰੂ ਦੁਆਰੇ ਨਾਮ ਜਪ ਕੇ ਤਰ ਗਏ ਹਨ, ਦਾਸੀ ਦਾ ਪੁਤ੍ਰ ਜੋ ਬਿਦਰ ਹੈ ਦੁਆਪੁਰ ਦਾ ਇਹ ਭੀ ਗੁਰਾਂ ਦੁਆਰੇ ਨਾਮ ਜਪ ਕੇ ਤਰ ਗਿਆ ਹੈ॥ ੧ ॥ ਰਹਾਉ॥

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥

ਕਲਜੁਗ ਵਿਚ ਨਾਮ ਪਦਾਰਥ ਹੀ ਸਭ ਸਾਧਨਾਂ ਤੋਂ ਪ੍ਰਧਾਨੁ=ਮੁਖ ਹੈ, ਜਿਸ ਨਾਮ ਦੇ ਆਸਰੇ ਲਗ ਕੇ ਭਗਤ ਜਨ ਤਰ ਗਏ ਹਨ।

ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ॥

www.sikhbookclub.com

ਨਾਮਦੇਵ, ਜੈਦੇਵ, ਕਬੀਰ, ਤ੍ਰਿਲੋਚਨ ਇਨ੍ਹਾਂ ਨੂੰ ਜੋ ਅਗਿਆਨ ਆਦਿਕ ਦੋਸ਼ ਚਮੜੇ ਹੋਏ ਸਨ, ਉਹ ਸਾਰੇ ਦੂਰ ਹੋ ਗਏ।

ਅਥਵਾ:- ਰਵਿਦਾਸ ਚਮਰੇ=ਚਮਿਆਰ ਦੇ ਭੀ ਸਾਰੇ ਦੋਸ਼ ਨਵਿਰਤ ਹੋ ਗਏ।

ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ॥ ੨ ॥

ਜੋ ਗੁਰਾਂ ਦੁਆਰੇ ਨਾਮ ਸਿਮਰਨ ਵਿਚ ਲਗੇ ਹਨ ਉਹ ਸਾਰੇ ਤਰ ਗਏ ਹਨ, ਉਹਨਾਂ ਦੇ ਚਾਰੇ ਕਿਲਵਿਖ ਤੇ ਸਾਰੇ ਪਾਪ ਟਲ ਗਏ ਹਨ॥ ੨ ॥

ਜੋ ਜੋ ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ॥

ਜੋ ਜੋ ਅਪਰਾਧੀ ਭੀ ਨਾਮ ਜਪਦਾ ਹੈ, ਉਸ ਦੇ ਸਾਰੇ ਦੋਸ਼ ਪਰਹਰੇ=ਨਵਿਰਤ ਹੋ ਗਏ ਹਨ।

ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ॥

ਵੇਸ਼ਵਾ ਨੂੰ ਰਵਤ=ਭੋਗਣ ਵਾਲਾ ਅਜਾਮਲ ਵੀ ਤਰ ਗਿਆ ਹੈ, ਉਸ ਨੇ ਕੇਵਲ ਨਰਹਰੇ=ਪਰਮਾਤਮਾ ਦਾ ਨਰਾਇਣ ਨਾਮ ਮੂੰਹੋਂ ਬੋਲਿਆ ਸੀ।

ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ॥ ੩ ॥

ਨਾਮ ਨੂੰ ਜਪਦਿਆਂ ਹੀ ਕੰਸ ਦੇ ਪਿਤਾ ਉਗ੍ਰਸੈਣ ਨੇ ਮੁਕਤੀ ਪਾਈ ਹੈ, ਸ੍ਰੀ ਕ੍ਰਿਸ਼ਨ ਜੀ ਨੇ ਉਸ ਦੇ ਬੰਧਨ ਤੋੜ ਕੇ ਕੰਸ ਦੀ ਕੈਦ ਤੋਂ ਮੁਕਤਿ ਕਰੇ=ਛੁਡਾਵਣਾ ਕੀਤਾ ਸੀ।

ਜਨ ਕਉ ਆਪਿ ਅਨੁਗ੍ਰਹੁ ਕੀਆ ਹਰਿ ਅੰਗੀਕਾਰੁ ਕਰੇ॥

ਸੇਵਕ ਜਨਾਂ ਉਤੇ ਹਰੀ ਨੇ ਆਪ ਕਿਰਪਾ ਦ੍ਰਿਸ਼ਟੀ ਨੂੰ ਕੀਤਾ ਹੈ ਅਤੇ ਹਰੀ ਨੇ ਸੇਵਕਾਂ ਦਾ ਅੰਗੀਕਾਰੁ ਕਰੇ=ਪੱਖ ਕੀਤਾ ਹੈ।

ਸੇਵਕ ਪੈਜ ਰਖੈ ਮੇਰਾ ਗੋਵਿਦੁ ਸਰਣਿ ਪਰੇ ਉਧਰੇ॥

ਮੇਰਾ ਗੋਬਿੰਦ ਆਪਣਿਆਂ ਸੇਵਕਾਂ ਦੀ ਆਪ ਹੀ ਇਜ਼ੱਤ ਰਖਦਾ ਹੈ, ਜੋ ਜੋ ਸੇਵਕ ਸ਼ਰਨ ਵਿੱਚ ਪਏ ਹਨ ਉਹ ਤਰ ਗਏ ਹਨ।

ਜਨ ਨਾਨਕ ਹਰਿ ਕਿਰਪਾ ਧਾਰੀ ਉਰ ਧਰਿਓ ਨਾਮੁ ਹਰੇ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਸੇਵਕ ਜਨ ਉਤੇ ਹਰੀ ਨੇ ਕਿਰਪਾ ਦ੍ਰਿਸ਼ਟੀ ਧਾਰੀ ਹੈ, ਉਸ ਨੇ ਹਿਰਦੇ ਵਿਚ ਹਰੀ ਨਾਮ ਨੂੰ ਧਾਰਿਆ ਹੈ॥ ੪ ॥ ੧ ॥

ਮਾਰੂ ਮਹਲਾ ੪ ॥

ਸਿਧ ਸਮਾਧਿ ਜਪਿਓ ਲਿਵ ਲਾਈ ਸਾਧਿਕ ਮੁਨਿ ਜਪਿਆ॥

ਸਿਧਾਂ ਨੇ ਸਮਾਧੀ ਵਿਚ ਇਸਥਿਤ ਹੋ ਕੇ ਨਾਮ ਜਪਿਆ ਹੈ, ਸਾਧਿਕ=ਸਾਧਨਾਂ ਦੇ ਕਰਨ ਵਾਲਿਆਂ ਨੇ ਭੀ ਲਿਵ ਲਗਾਈ ਹੈ ਅਤੇ ਮੁਨੀਆਂ ਨੇ ਭੀ ਨਾਮ ਨੂੰ ਜਪਿਆ ਹੈ।

ਜਤੀ ਸਤੀ ਸੰਤੋਖੀ ਧਿਆਇਆ ਮੁਖਿ ਇੰਦ੍ਰਾਦਿਕ ਰਵਿਆ॥

www.sikhbookclub.com

ਜਤ ਦੇ ਧਾਰਨ ਵਾਲੇ ਜਤੀਆਂ ਨੇ, ਸਤਵਕਤਾ ਜੋ ਸਤਵਾਦੀ ਹਨ, ਯਥਾ ਲਾਭ ਤਥਾ ਸੰਤੁਸ਼ਟ ਰਹਿਣ ਵਾਲੇ ਸੰਤੋਖੀਆਂ ਨੇ ਵੀ ਹਰੀ ਨੂੰ ਧਿਆਇਆ ਹੈ, ਦੇਵਤਿਆਂ ਵਿਚੋਂ ਮੁਖੀ ਜੋ ਇੰਦਰ ਆਦਿਕ ਹਨ ਉਹਨਾਂ ਨੇ ਭੀ ਮੂੰਹੋਂ ਨਾਮ ਨੂੰ ਰਵਿਆ=ਉਚਾਰਿਆ ਹੈ।

ਸਰਣਿ ਪਰੇ ਜਪਿਓ ਤੇ ਭਾਏ ਗੁਰਮੁਖਿ ਪਾਰਿ ਪਇਆ ॥ ੧ ॥

ਗੁਰਾਂ ਦੀ ਚਰਨ ਸ਼ਰਨ ਵਿਚ ਪੈ ਕੇ ਜਿਨ੍ਹਾਂ ਨੇ ਨਾਮ ਜਪਿਆ ਹੈ, ਉਹ ਵਾਹਿਗੁਰੂ ਨੂੰ ਭਾਅ ਗਏ ਹਨ, ਉਹਨਾਂ ਗੁਰਮੁਖਾਂ ਦਾ ਸਮੂਹ ਸੰਸਾਰ ਤੋਂ ਪਾਰ ਲੰਘ ਗਿਆ ਹੈ।

ਮੇਰੇ ਮਨ ਨਾਮੁ ਜਪਤ ਤਰਿਆ ॥

ਹੇ ਮੇਰੇ ਮਨ ! ਜਿੰਨ੍ਹਾਂ ਨੇ ਨਾਮ ਨੂੰ ਜਪਿਆ ਹੈ, ਉਹਨਾਂ ਦਾ ਸਾਰਾ ਪ੍ਰਵਾਰ ਤਰ ਗਿਆ ਹੈ।

ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ ॥ ੧ ॥ ਰਹਾਉ ॥

ਜੱਟ ਜਾਤੀ ਦਾ ਧੰਨਾ, ਤੇ ਬਾਲਮੀਕ ਬਟਵਾਰਾ=ਧਾੜਵੀ (ਡਾਕੂ) ਭੀ ਗੁਰਮੁਖਿ=ਗੁਰਾਂ ਦੁਆਰੇ ਸੰਸਾਰ ਤੋਂ ਪਾਰ ਉਤਰ ਗਿਆ ਹੈ॥ ੧ ॥ ਰਹਾਉ ॥

ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ ॥

ਸੁਰਿ=ਦੇਵਤਿਆਂ, ਨਰ=ਮਨੁੱਖਾਂ, ਸ਼ਿਵਾਂ ਦੇ ਗਣਾਂ ਨੇ ਤੇ ਹਾਹਾ ਹੂ ਹੂ ਗੰਧਰਬਾਂ ਨੇ ਹਰੀ ਨੂੰ ਜਪਿਆ ਹੈ ਅਤੇ ਬਪੁਰੈ=ਵਿਚਾਰੇ ਰਿਖੀਆਂ ਨੇ ਭੀ ਹਰੀ ਜਸ ਨੂੰ ਗਾਇਆ ਹੈ।

ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ ॥

ਸੰਕਰਿ=ਸ਼ਿਵਾਂ ਨੇ, ਬ੍ਰਹਮਾ ਨੇ ਅਤੇ ਦੇਵੀਆਂ ਨੇ ਭੀ ਹਰੀ ਨੂੰ ਜਪਿਆ ਹੈ ਅਤੇ ਹਰ ਇਕ ਮੁਖੀ ਪੁਰਸ਼ਾਂ ਨੇ ਭੀ ਹਰੀ ਨਾਮ ਨੂੰ ਜਪਿਆ ਹੈ ਜਾਂ ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਜਪਿਆ ਹੈ ਉਹ ਮੁਖੀ ਹੋ ਗਏ ਹਨ।

ਹਰਿ ਹਰਿ ਨਾਮਿ ਜਿਨਾ ਮਨੁ ਭੀਨਾ ਤੇ ਗੁਰਮੁਖਿ ਪਾਰਿ ਪਇਆ ॥ ੨ ॥

ਜਿਨ੍ਹਾਂ ਦਾ ਮਨ ਹਰਿ ਹਰਿ ਨਾਮ ਜਪਣਾ ਵਿਚ ਭਿੱਜ ਗਿਆ ਹੈ, ਉਹ ਗੁਰਮੁਖ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਏ ਹਨ॥ ੨ ॥

ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ ॥

ਤੇਤੀ ਕ੍ਰੋੜ ਦੇਵਤਿਆਂ ਨੇ ਕ੍ਰੋੜਾਂ ਵਾਰੀ ਨਾਮ ਧਿਆਉਣਾ ਕੀਤਾ ਹੈ, ਪਰ ਨਾਮ ਜਪਦਿਆਂ ਹੋਇਆਂ ਹਰੀ ਦਾ ਅੰਤ ਨਹੀਂ ਪਾਉਣਾ ਕੀਤਾ।

ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ ॥

ਵੇਦਾਂ, ਪੁਰਾਣਾਂ, ਸਿੰਮ੍ਰਤੀਆਂ ਨੇ ਅਤੇ ਇਨ੍ਹਾਂ ਦੇ ਕਰਤਿਆਂ ਨੇ ਭੀ ਹਰੀ ਨੂੰ ਜਪਿਆ ਹੈ, ਮੁਖੀ ਬਿਆਸ, ਵਸ਼ਿਸਟ ਆਦਿਕ ਪੰਡਿਤਾਂ ਨੇ ਭੀ ਹਰੀ ਜਸ ਨੂੰ ਗਾਇਆ ਹੈ।

ਨਾਮੁ ਰਸਾਲੁ ਜਿਨਾ ਮਨਿ ਵਸਿਆ ਤੇ ਗੁਰਮੁਖਿ ਪਾਰਿ ਪਇਆ ॥ ੩ ॥

ਰਸਾਲੁ=ਸੁੰਦਰ ਨਾਮ ਜਿਨ੍ਹਾਂ ਦੇ ਮਨ ਵਿਚ ਵਸਿਆ ਹੈ, ਉਹ ਗੁਰਮੁਖ ਸੰਸਾਰ ਸਮੁੰਦਰ ਤੋਂ ਪਾਰ ਉਤਰ

www.sikhbookclub.com

ਗਏ ਹਨ॥ ੩॥

ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ॥

ਜਿਸ ਪਰਮਾਤਮਾ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿਕ ਅਨੇਕਾਂ ਤਰੰਗ ਉਠ ਰਹੇ ਹਨ, ਉਸ ਪਰਮੇਸ਼ਰ ਦੇ ਨਾਮ ਨੂੰ ਜਿਨ੍ਹਾਂ ਨੇ ਜਪਿਆ ਹੈ ਮੈਂ ਉਹਨਾਂ ਦੀ ਗਿਣਤੀ ਨਹੀਂ ਕਰ ਸਕਿਆ।

ਗੋਬਿਦੁ ਕ੍ਰਿਪਾ ਕਰੇ ਥਾਇ ਪਾਏ ਜੋ ਹਰਿ ਪ੍ਰਭ ਮਨਿ ਭਾਇਆ॥

ਗੋਬਿੰਦ ਕਿਰਪਾ ਦ੍ਰਿਸ਼ਟੀ ਕਰੇ ਤਾਂ ਜੀਵ ਨੂੰ ਸਰੂਪ ਥਾਂ ਵਿਚ ਪਾਂਵਦਾ ਹੈ, ਪਰ ਕਿਰਪਾ ਉਸ ਉਤੇ ਕਰਦਾ ਹੈ ਜੋ ਹਰੀ ਪ੍ਰਭੂ ਦੇ ਮਨ ਵਿਚ ਭਾਂਵਦਾ ਹੈ।

ਗੁਰਿ ਧਾਰਿ ਕ੍ਰਿਪਾ ਹਰਿ ਨਾਮੁ ਦ੍ਰਿੜਾਇਓ
ਜਨ ਨਾਨਕ ਨਾਮੁ ਲਇਆ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ—ਜਦ ਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਧਾਰ ਕੇ ਹਰੀ ਨਾਮ ਦ੍ਰਿੜ੍ਹ ਕਰਵਾਇਆ, ਤਦ ਮੈਂ ਦਾਸ ਨੇ ਹਰੀ ਨਾਮ ਨੂੰ ਲੈਣਾ ਕੀਤਾ॥ ੪॥ ੨॥

[ਪੰਨਾ ੯੯੬]

ਮਾਰੂ ਮਹਲਾ ੪ ਘਰੁ ੩

ੴ ਸਤਿਗੁਰ ਪ੍ਰਸਾਦਿ॥

ਹਰਿ ਹਰਿ ਨਾਮੁ ਨਿਧਾਨੁ ਲੈ ਗੁਰਮਤਿ ਹਰਿ ਪਤਿ ਪਾਇ॥

ਗੁਰਮਤਿ=ਗੁਰ ਸਿੱਖਿਆ ਦੁਆਰੇ ਹਰਿ ਹਰਿ ਨਾਮ ਰੂਪ ਖਜ਼ਾਨੇ ਨੂੰ ਲੈਣਾ ਕਰ ਤਾਂ ਹਰੀ ਰੂਪ ਪਤੀ ਨੂੰ ਪਾਏਂਗਾ ਜਾਂ ਹਰ ਥਾਂ 'ਤੇ ਪਤਿ=ਇੱਜ਼ਤ ਨੂੰ ਪਏਂਗਾ।

ਹਲਤਿ ਪਲਤਿ ਨਾਲਿ ਚਲਦਾ ਹਰਿ ਅੰਤੇ ਲਏ ਛਡਾਇ॥

ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਹਰੀ ਨਾਮ ਹੀ ਨਾਲ ਚਲਦਾ ਹੈ ਅਤੇ ਹਰੀ ਨਾਮ ਹੀ ਅੰਤ ਦੇ ਦੁੱਖਾਂ ਤੋਂ ਛੁਡਾ ਲੈਂਦਾ ਹੈ।

ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ॥ ੧॥

ਜਿਸ ਜਮ ਮਾਰਗ ਵਿਚ ਅਵਘਟ=ਕਠਨ (ਔਖੀਆਂ) ਤੇ ਭੀੜੀਆ=ਤੰਗ ਗਲੀਆਂ ਆਉਣੀਆਂ ਹਨ, ਓਥੇ ਹਰਿ ਹਰਿ ਦਾ ਨਾਮ ਹੀ ਮੁਕਤਿ ਕਰਾਇ=ਛੁਟਕਾਰਾ ਕਰਾਉਂਦਾ ਹੈ॥ ੧॥

ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ॥

ਹੇ ਮੇਰੇ ਸਤਿਗੁਰੋ ! ਮੈਨੂੰ ਹਰਿ ਹਰਿ ਦ੍ਰਿੜ੍ਹ ਕਰਾਵੋ।

ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ॥ ੧॥ ਰਹਾਉ॥

ਮੇਰਾ ਮਾਂ, ਪਿਉ, ਪੁੱਤ ਅਤੇ ਸਨਬੰਧੀ ਇਕ ਹਰੀ ਹੀ ਹੈ, ਹੇ ਮਾਇ=ਭਾਈ ! ਮਾਇਆ ਪਤੀ ਹਰੀ ਤੋਂ

ਬਿਨਾਂ ਮੇਰਾ ਹੋਰ ਕੋਈ ਨਹੀਂ ਹੈ॥ ੧॥ ਰਹਾਉ॥

ਮੈ ਹਰਿ ਬਿਰਹੀ ਹਰਿ ਨਾਮੁ ਹੈ ਕੋਈ ਆਣਿ ਮਿਲਾਵੈ ਮਾਇ॥

ਮੈਂ ਹਰਿ ਹਰਿ ਨਾਮ ਦਾ ਬਿਰਹੀ=ਪ੍ਰੇਮੀ ਹਾਂ, ਹੇ ਭਾਈ ! ਐਸਾ ਕੋਈ ਹੈ ਜੇਹੜਾ ਲਿਆ ਕੇ ਮੈਨੂੰ ਉਸ ਨਾਲ ਮਿਲਾਵੇ।

ਤਿਸੁ ਆਗੈ ਮੈ ਜੋਦੜੀ ਮੇਰਾ ਪ੍ਰੀਤਮੁ ਦੇਇ ਮਿਲਾਇ॥

ਉਸ ਦੇ ਅੱਗੇ ਮੈਂ ਜੋਦੜੀ=ਬੇਨਤੀ ਕਰਦਾ ਹਾਂ, ਜੋ ਮੇਰਾ ਪ੍ਰੀਤਮ ਵਾਹਿਗੁਰੂ ਮੈਨੂੰ ਮਿਲਾ ਦੇਵੇ।

ਸਤਿਗੁਰੁ ਪੁਰਖੁ ਦਇਆਲ ਪ੍ਰਭੁ ਹਰਿ ਮੇਲੇ ਢਿਲ ਨ ਪਾਇ॥ ੨॥

ਸਤਿਗੁਰੂ ਹੀ ਦਿਆਲੂ ਪੁਰਖ ਹਨ, ਜੋ ਹਰੀ ਪ੍ਰਭੂ ਦੇ ਮੇਲਣ ਵਿਚ ਢਿਲ ਨ ਪਾਇ=ਦੇਰੀ ਨਹੀਂ ਪਾਂਵਦੇ॥ ੨॥

ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ॥

ਜਿਨ੍ਹਾਂ ਸਾਕਤਾਂ ਨੇ ਹਰਿ ਹਰਿ ਨਾਮ ਨੂੰ ਨਹੀਂ ਜਪਿਆ, ਉਹ ਭਾਗਾਂ ਤੋਂ ਹੀਣੇ ਮਰਦੇ ਜੰਮਦੇ ਹਨ ਜਾਂ ਜਨਮ ਮਰਨ ਵਿਚ ਔਂਦੇ ਜਾਂਦੇ ਹਨ।

ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ॥

ਉਹ ਸਾਕਤ ਪੁਰਸ਼ ਮੁੜ ਮੁੜ ਕੇ ਜੂਨੀਆਂ ਵਿਚ ਫੇਰੇ ਜਾਂਦੇ ਹਨ ਅਤੇ ਜਨਮ ਮਰਨ ਵਿਚ ਔਂਦੇ ਜਾਂਦੇ ਹਨ।

ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ॥ ੩॥

ਉਹ ਜਮਾਂ ਦੇ ਦਰਵਾਜ਼ੇ 'ਪਰ ਬਧੇ ਹੋਏ ਮਾਰ ਖਾਂਦੇ ਹਨ ਅਤੇ ਹਰੀ ਦੀ ਦਰਗਾਹ ਵਿਚ ਉਹਨਾਂ ਨੂੰ ਬੜੀ ਭਾਰੀ ਸਜਾ ਮਿਲਦੀ ਹੈ॥ ੩॥

ਤੂ ਪ੍ਰਭੁ ਹਮ ਸਰਣਾਗਤੀ ਮੋ ਕਉ ਮੇਲਿ ਲੈਹੁ ਹਰਿ ਰਾਇ॥

ਤੁਸੀਂ ਸਾਡੇ ਪ੍ਰਭੂ=ਸੁਆਮੀ ਹੋ, ਅਸੀਂ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹੋਏ ਹਾਂ, ਹੇ ਹਰੀ ਰਾਜੇ ! ਆਪ ਸਾਨੂੰ ਆਪਣੇ ਨਾਲ ਮੇਲ ਲੈਣਾ ਕਰੋ।

ਹਰਿ ਧਾਰਿ ਕ੍ਰਿਪਾ ਜਗਜੀਵਨਾ ਗੁਰ ਸਤਿਗੁਰ ਕੀ ਸਰਣਾਇ॥

ਹੇ ਜਗਜੀਵਨ ਹਰੀ ! ਕ੍ਰਿਪਾ ਦ੍ਰਿਸ਼ਟੀ ਧਾਰ ਕੇ ਗੁਰ=ਪੂਜਨੀਕ ਸਤਿਗੁਰਾਂ ਦੀ ਸ਼ਰਨ ਵਿਚ ਪਾਵਨਾ ਕਰ।

ਹਰਿ ਜੀਉ ਆਪਿ ਦਇਆਲੁ ਹੋਇ
ਜਨ ਨਾਨਕ ਹਰਿ ਮੇਲਾਇ॥ ੪॥ ੧॥ ੩॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰਿ ਜੀਓ ! ਆਪ ਦਿਆਲੂ ਹੋ ਕੇ ਮੈਨੂੰ ਹਰੀ ਜਨਾਂ ਨਾਲ, ਭਾਵ ਸੰਤ ਜਨਾਂ ਨਾਲ ਮਿਲਾਵਣਾ ਕਰੋ ਜਾਂ ਮੈਂ ਜਨ ਨੂੰ, ਹੇ ਹਰੀ ! ਆਪਣੇ ਨਾਲ ਮਿਲਾਵਣਾ ਕਰੋ॥ ੩॥ ੧॥ ੩॥

ਮਾਰੂ ਮਹਲਾ ੪ ॥

ਹਉ ਪੂੰਜੀ ਨਾਮੁ ਦਸਾਇਦਾ ਕੋ ਦਸੇ ਹਰਿ ਧਨੁ ਰਾਸਿ ॥

ਹੇ ਭਾਈ ! ਹਉ=ਮੈਂ ਨਾਮ ਰੂਪ ਪੂੰਜੀ ਨੂੰ ਦਸਾਇਦਾ=ਪੁਛਦਾ ਹਾਂ, ਐਸਾ ਕੋਈ ਹੈ ਜੋ ਮੈਨੂੰ ਰਾਸਿ=ਸੱਚਾ ਹਰੀ ਨਾਮ ਧਨ ਦਸਣਾ ਕਰੇ।

ਹਉ ਤਿਸੁ ਵਿਟਹੁ ਧਨ ਖੰਨੀਐ ਮੈ ਮੇਲੇ ਹਰਿ ਪ੍ਰਭ ਪਾਸਿ ॥

ਹਉ=ਮੈਂ ਉਸ ਦੇ ਉਪਰੋਂ ਟੁਕੜੇ ਹੋ ਕੇ ਬਲਿਹਾਰ ਜਾਂਦਾ ਹਾਂ, ਜੋ ਮੈਨੂੰ ਹਰੀ ਪ੍ਰਭੂ ਦੇ ਪਾਸ ਮੇਲਣਾ ਕਰੇ।

ਮੈ ਅੰਤਰਿ ਪ੍ਰੇਮੁ ਪਿਰੰਮ ਕਾ ਕਿਉ ਸਜਣੁ ਮਿਲੈ ਮਿਲਾਸਿ ॥ ੧ ॥

ਮੇਰੇ ਅੰਦਰ ਪਤੀ ਪਰਮਾਤਮਾ ਦਾ ਪ੍ਰੇਮ ਲਗ ਰਿਹਾ ਹੈ, ਉਹ ਸੱਜਣ ਮੈਨੂੰ ਕਿਵੇਂ ਮਿਲੇਗਾ ਉਸ ਨਾਲ ਮਿਲਣ ਦੀ ਮੈਨੂੰ ਆਸ ਲਗ ਰਹੀ ਹੈ॥ ੧ ॥

ਮਨ ਪਿਆਰਿਆ ਮਿਤ੍ਰਾ ਮੈ ਹਰਿ ਹਰਿ ਨਾਮੁ ਧਨੁ ਰਾਸਿ ॥

ਹੇ ਪਿਆਰਿਆ ਮਿਤ੍ਰਾ ! ਮੇਰੇ ਮਨ ਵਿਚ ਹਰਿ ਹਰਿ ਨਾਮ ਧਨ ਦੀ ਰਾਸਿ=ਪੂੰਜੀ ਸ਼ਰਧਾ ਹੈ।

ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਧੀਰਕ ਹਰਿ ਸਾਬਾਸਿ ॥ ੧ ॥ ਰਹਾਉ ॥

ਜਿਨ੍ਹਾਂ ਨੂੰ ਪੂਰਿਆਂ ਗੁਰਾਂ ਨੇ ਨਾਮ ਦ੍ਰਿੜ੍ਹ ਕਰਵਾਇਆ ਹੈ, ਉਹਨਾਂ ਨੂੰ ਹਰੀ ਨੇ ਧੀਰਕ=ਧੀਰਜ ਭਾਈ, ਅਤੇ ਹਰੀ ਨੇ ਸਾਬਾਸਿ=ਧੰਨਤਾ ਜੋਗ ਦਿਤੀ ਹੈ।

ਹਰਿ ਹਰਿ ਆਪਿ ਮਿਲਾਇ ਗੁਰੁ ਮੈ ਦਸੇ ਹਰਿ ਧਨੁ ਰਾਸਿ ॥

ਹੇ ਹਰਿ ਹਰਿ ! ਆਪ ਮੈਨੂੰ ਗੁਰਾਂ ਨਾਲ ਮਿਲਾਵਣਾ ਕਰੋ, ਜੋ ਗੁਰੂ ਮੈਨੂੰ ਰਾਸਿ=ਸੱਚਾ ਹਰੀ ਨਾਮ ਧਨ ਦੱਸਣ।

ਬਿਨੁ ਗੁਰ ਪ੍ਰੇਮੁ ਨ ਲਭਈ ਜਨ ਵੇਖਹੁ ਮਨਿ ਨਿਰਜਾਸਿ ॥

ਹੇ ਪੁਰਸ਼ੋ ! ਮਨ ਵਿਚ ਚੰਗੀ ਤਰ੍ਹਾਂ ਨਿਰਜਾਸਿ=ਨਿਰਣਾ ਕਰਕੇ ਵੇਖ ਲਓ, ਗੁਰਾਂ ਤੋਂ ਬਿਨਾਂ ਪ੍ਰਭੂ ਦਾ ਪ੍ਰੇਮ ਲੱਭਦਾ ਨਹੀਂ ਹੈ।

ਹਰਿ ਗੁਰ ਵਿਚਿ ਆਪੁ ਰਖਿਆ ਹਰਿ ਮੇਲੇ ਗੁਰ ਸਾਬਾਸਿ ॥ ੨ ॥

ਗੁਰਾਂ ਦੇ ਵਿਚ ਹਰੀ ਨੇ ਆਪਣਾ ਆਪ ਰਖਿਆ ਹੋਇਆ ਹੈ, ਗੁਰੂ ਹੀ ਸਾਬਾਸਿ=ਧੰਨਤਾ ਜੋਗ ਹਰੀ ਨਾਲ ਮੇਲਦੇ ਹਨ॥ ੨ ॥

ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥

ਹਰੀ ਦੀ ਭਗਤੀ ਰੂਪ ਭੰਡਾਰਾ ਸੰਸਾਰ ਸਾਗਰ ਵਿਚ ਪੂਰਿਆਂ ਸਤਿਗੁਰਾਂ ਦੇ ਪਾਸ ਹੈ।

ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ ॥

ਜੇਕਰ ਸਤਿਗੁਰ ਦੇਵ ਜੀ ਤੁਠਾ=ਪ੍ਰਸੰਨ ਹੋ ਕੇ ਉਹ ਭੰਡਾਰਾ ਖੋਲ੍ਹ ਦੇਣ, ਤਾਂ ਮੁਖੀ ਗੁਰਾਂ ਦੁਆਰੇ ਹਰੀ ਦਾ ਪ੍ਰਕਾਸ਼ ਹੁੰਦਾ ਹੈ।

www.sikhbookclub.com

ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ ॥ ੩ ॥

ਮਨਮੁਖ ਪੁਰਸ਼ ਭਾਗਾਂ ਤੋਂ ਹੀਣੇ ਕੰਧੀ ਕੋਲ ਬੈਠੇ ਹੀ ਤਿਹਾਏ ਮਰ ਰਹੇ ਹਨ। ਅਰਥਾਤ ਸੰਤਾਂ ਕੋਲ ਰਹਿੰਦਿਆਂ ਭੀ ਨਾਮ ਅੰਮ੍ਰਿਤ ਨਹੀਂ ਛਕਦੇ ॥ ੩ ॥

ਗੁਰੁ ਦਾਤਾ ਦਾਤਾਰੁ ਹੈ ਹਉ ਮਾਗਉ ਦਾਨੁ ਗੁਰ ਪਾਸਿ ॥

ਗੁਰੂ ਸਾਹਿਬ ਜੀ ਦਾਤਿਆਂ ਦੇ ਭੀ ਦਾਤਾਰ ਹਨ, ਇਸੀ ਤੇ ਮੈਂ ਗੁਰਾਂ ਪਾਸੋਂ ਨਾਮ ਦਾਨ ਮੰਗਦਾ ਹਾਂ।

ਚਿਰੀ ਵਿਛੁੰਨਾ ਮੇਲਿ ਪ੍ਰਭ ਮੈ ਮਨਿ ਤਨਿ ਵਡੜੀ ਆਸ ॥

ਹੇ ਗੁਰੋ ! ਚਿਰੰਕਾਲ ਦੇ ਵਿਛੁੜੇ ਹੋਏ ਪ੍ਰਭੂ ਨਾਲ ਮੈਨੂੰ ਮੇਲ ਦੇਉ, ਮੇਰੇ ਮਨ ਤਨ ਵਿਚ ਵੱਡੀ ਆਸਾ ਲਗ ਰਹੀ ਹੈ।

ਗੁਰ ਭਾਵੈ ਸੁਣਿ ਬੇਨਤੀ ਜਨ ਨਾਨਕ ਕੀ ਅਰਦਾਸਿ ॥ ੪ ॥ ੨ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਹੇ ਗੁਰੋ ! ਆਪ ਜੀ ਨੂੰ ਭਾਵੇ ਤਾਂ ਮੇਰੀ ਬੇਨਤੀ ਸੁਣੋ, ਮੈਂ ਸੇਵਕ ਜਨ ਦੀ ਤਾਂ ਆਪ ਜੀ ਦੇ ਅੱਗੇ ਅਰਦਾਸਿ=ਬੇਨਤੀ ਹੈ ॥ ੪ ॥ ੨ ॥ ੪ ॥

ਮਾਰੂ ਮਹਲਾ ੪ ॥

ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥

ਹੇ ਹਰਿ ਹਰਿ ਪ੍ਰਭੂ ! ਗੁਰਮਤੀਆਂ ਦੇ ਹਿਰਦੇ ਵਿਚ ਜੋ ਹਰੀ ਨਾਮ ਦੀ ਕਥਾ ਸਮਾਅ ਰਹੀ ਹੈ, ਉਹ ਕਥਾ ਮੈਨੂੰ ਸੁਨਾਵਣਾ ਕਰੋ। *ਅਥਵਾ:-* ਹੇ ਪ੍ਰਭੂ ! ਗੁਰਾਂ ਦੀ ਸਿੱਖਿਆ ਦੁਆਰੇ ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦੀ ਪ੍ਰੀਤੀ ਸਮਾਈ ਹੈ, ਉਹਨਾਂ ਪਾਸੋਂ ਮੈਨੂੰ ਹਰਿ ਹਰਿ ਦੀ ਕਥਾ ਸੁਣਵਾਓ।

ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ ॥

ਜਿਨ੍ਹਾਂ ਵਡਭਾਗੀਆਂ ਨੇ ਹਰੀ ਨਾਮ ਨੂੰ ਜਪਿਆ ਹੈ ਤੇ ਹਰੀ ਦੀ ਕਥਾ ਸੁਣੀ ਹੈ, ਉਹਨਾਂ ਨੇ ਹਰੀ ਪਾਸੋਂ ਉਤਮ ਨਿਰਬੰਧ ਪਦ ਨੂੰ ਪਾਇਆ ਹੈ।

[ਪੰਨਾ ੯੯੭]

ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥ ੧ ॥

ਗੁਰਮੁਖਾਂ ਦੇ ਮਨ ਵਿਚ ਦ੍ਰਿੜ੍ਹ ਪ੍ਰਤੀਤ ਹੋਈ ਹੈ, ਅਤੇ ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਉਹਨਾਂ ਦੀ ਬਿਰਤੀ ਨਾਮ ਸਿਮਰਨ ਵਿਚ ਸਮਾਈ ਹੈ ॥ ੧ ॥

ਮਨ ਮੇਰੇ ਮੈ ਹਰਿ ਹਰਿ ਕਥਾ ਮਨਿ ਭਾਣੀ ॥

ਹੇ ਮੇਰੇ ਪਿਆਰੇ ! ਮੇਰੇ ਮਨ ਵਿਚ ਹਰ ਵੇਲੇ ਹਰੀ ਦੀ ਕਥਾ ਹੀ ਭਾਉਂਦੀ ਹੈ।

ਹਰਿ ਹਰਿ ਕਥਾ ਨਿਤ ਸਦਾ ਕਰਿ ਗੁਰਮੁਖਿ ਅਕਥ ਕਹਾਣੀ ॥ ੧ ॥ ਰਹਾਉ ॥

ਜਿਸ ਹਰੀ ਦੀ ਕਹਾਣੀ ਅਕਥ ਹੈ, ਗੁਰਮੁਖਿ=ਮੁਖੀ ਗੁਰਾਂ ਦੁਆਰੇ ਉਸ ਹਰਿ ਹਰਿ ਦੀ ਕਥਾ ਤੂੰ

ਨਿਤਾਪ੍ਰਤੀ ਸਦਾ ਕਥਨ ਕਰ॥ ੧॥ ਰਹਾਉ॥

ਮੈ ਮਨੁ ਤਨੁ ਖੋਜਿ ਢੰਢੋਲਿਆ ਕਿਉ ਪਾਈਐ ਅਕਥ ਕਹਾਣੀ॥

ਮੈਂ ਮਨੋਂ ਤਨੋਂ ਹੋ ਕੇ ਉਸ ਦੀ ਖੋਜ ਨੂੰ ਢੂੰਢਿਆ ਹੈ ਪਰ ਨਹੀ ਲੱਭਾ, ਜਿਸ ਪ੍ਰਭੂ ਦੀ ਕਹਾਣੀ ਅਕਥ ਹੈ ਉਸ ਨੂੰ ਕਿਵੇਂ ਪਾਵਣਾ ਕਰੀਏ? *ਉੱਤਰ:-*

ਸੰਤ ਜਨਾ ਮਿਲਿ ਪਾਇਆ ਸੁਣਿ ਅਕਥ ਕਥਾ ਮਨਿ ਭਾਣੀ॥

ਸੰਤ ਜਨਾਂ ਨਾਲ ਮਿਲ ਕੇ ਮਨ ਵਿਚ ਭਾਵਨੇ ਜੋਗ ਅਕਥ ਕੀ ਕਥਾ ਨੂੰ ਸੁਣਿਆ ਤਾਂ ਉਸ ਪਰਮਾਤਮਾ ਨੂੰ ਪਾਵਣਾ ਕੀਤਾ। *ਅਥਵਾ:-* ਸੰਤ ਜਨਾਂ ਨਾਲ ਮਿਲ ਕੇ ਉਸ ਦੀ ਪ੍ਰਾਪਤੀ ਦਾ ਰਾਹ ਪਾਇਆ ਹੈ, ਸੰਤਾਂ ਨੇ ਕਿਹਾ ਹੈ ਅਕਥ ਪ੍ਰਭੂ ਦੀ ਕਥਾ ਨੂੰ ਸੁਣ, ਏਹੋ ਗੱਲ ਮੇਰੇ ਮਨ ਵਿਚ ਚੰਗੀ ਲਗੀ ਹੈ।

ਮੇਰੈ ਮਨਿ ਤਨਿ ਨਾਮੁ ਅਧਾਰੁ ਹਰਿ ਮੈ ਮੇਲੇ ਪੁਰਖੁ ਸੁਜਾਣੀ॥ ੨॥

ਮੇਰੇ ਮਨ ਤਨ ਵਿਚ ਹਰੀ ਨਾਮ ਦਾ ਅਧਾਰੁ=ਆਸਰਾ ਹੈ, ਉਹ ਨਾਮ ਹੀ ਮੈਨੂੰ ਹਰੀ ਸੁਜਾਣੀ ਪੁਰਖ ਨਾਲ ਮੇਲੇਗਾ॥ ੨॥

ਗੁਰ ਪੁਰਖੈ ਪੁਰਖੁ ਮਿਲਾਇ ਪ੍ਰਭ ਮਿਲਿ ਸੁਰਤੀ ਸੁਰਤਿ ਸਮਾਣੀ॥

ਸੁਰਤੀ ਜੋ ਗੁਰੂ ਪੁਰਖ ਹਨ, ਉਹਨਾਂ ਵਿਚ ਜਦੋਂ ਸੁਰਤ ਸਮਾਈ ਤਾਂ ਜੋ ਪ੍ਰਭੂ ਪੁਰਖ ਸਾਰੇ ਮਿਲਿਆ ਹੋਇਆ ਹੈ, ਉਸ ਨਾਲ ਗੁਰਾਂ ਨੇ ਮਿਲਾ ਦਿੱਤਾ।

ਅਥਵਾ:- ਜਾਂ ਪ੍ਰਭੂ ਪੁਰਖ ਨੇ ਗੁਰ ਪੁਰਖਾਂ ਨਾਲ ਮਿਲਾਇਆ ਤਾਂ ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਪ੍ਰਭੂ ਸਾਰੇ ਮਿਲਿਆ ਹੋਇਆ ਹੈ ਉਸ ਵਿਚ ਸੁਰਤ ਸਮਾਅ ਗਈ।

ਵਡਭਾਗੀ ਗੁਰੁ ਸੇਵਿਆ ਹਰਿ ਪਾਇਆ ਸੁਘੜ ਸੁਜਾਣੀ॥

ਜਿਨ੍ਹਾਂ ਵਡਭਾਗੀ ਪੁਰਸ਼ਾਂ ਨੇ ਗੁਰਾਂ ਨੂੰ ਸੇਵਿਆ ਹੈ, ਉਹਨਾਂ ਨੇ ਸੁਘੜ ਸੁਜਾਣ ਹਰੀ ਨੂੰ ਪਾਇਆ ਹੈ।

ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣਿ ਵਿਹਾਣੀ॥ ੩॥

ਜੋ ਮਨਮੁਖ ਉੱਤਮ ਭਾਗਾਂ ਤੋਂ ਬਿਨਾਂ ਹਨ, ਉਹਨਾਂ ਦੀ ਉਮਰਾ ਰੂਪ ਰਾਤ ਦੁੱਖਾਂ ਵਿਚ ਹੀ ਵਿਹਾਣੀ= ਬਤੀਤ ਹੁੰਦੀ ਹੈ॥ ੩॥

ਹਮ ਜਾਚਿਕ ਦੀਨ ਪ੍ਰਭ ਤੇਰਿਆ ਮੁਖਿ ਦੀਜੈ ਅੰਮ੍ਰਿਤ ਬਾਣੀ॥

ਹੇ ਪ੍ਰਭੂ ! ਅਸੀਂ ਤੇਰੇ ਦਰ ਦੇ ਦੀਨ ਜਾਚਿਕ=ਮੰਗਤੇ ਹਾਂ, ਸਾਡੇ ਮੂੰਹ ਵਿਚ ਬਾਣੀ ਰੂਪ ਅੰਮ੍ਰਿਤ ਜਾਂ ਬਾਣੀ=ਉਪਦੇਸ਼ ਰੂਪ ਅੰਮ੍ਰਿਤ ਪਾ ਦੇਣਾ ਕਰੋ।

ਸਤਿਗੁਰੁ ਮੇਰਾ ਮਿਤ੍ਰੁ ਪ੍ਰਭ ਹਰਿ ਮੇਲਹੁ ਸੁਘੜ ਸੁਜਾਣੀ॥

ਮੇਰਾ ਅਸਲੀ ਮਿਤ੍ਰ ਸਤਿਗੁਰੂ ਹੀ ਹੈ ਉਹਨਾਂ ਦੁਆਰੇ, ਹੇ ਸੁਘੜ ਸੁਜਾਣ ਹਰੀ ਪ੍ਰਭੂ! ਮੈਨੂੰ ਆਪਣੇ ਨਾਲ ਮੇਲ ਲਵੋ।

ਜਨ ਨਾਨਕ ਸਰਣਾਗਤੀ ਕਰਿ ਕਿਰਪਾ ਨਾਮਿ ਸਮਾਣੀ॥ ੪॥ ੩॥ ੫॥

www.sikhbookclub.com

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਆਪ ਜੀ ਦੀ ਸ਼ਰਨ ਵਿਚ ਪ੍ਰਾਪਤ ਹੋਇਆ ਹਾਂ, ਕ੍ਰਿਪਾ ਦ੍ਰਿਸ਼ਟੀ ਕਰਕੇ ਨਾਮ ਵਿਚ ਮੇਰੀ ਸਮਾਈ ਕਰ ਲਵੋ ਜਾਂ ਜਿਨ੍ਹਾਂ ਉਤੇ ਆਪ ਜੀ ਨੇ ਕਿਰਪਾ ਕੀਤੀ ਹੈ ਉਹਨਾਂ ਦੀ ਬੁੱਧੀ ਨਾਮ ਵਿਚ ਸਮਾਈ ਹੈ॥ ੪॥ ੩॥ ੫॥

ਮਾਰੂ ਮਹਲਾ ੪॥

ਹਰਿ ਭਾਉ ਲਗਾ ਬੈਰਾਗੀਆ ਵਡਭਾਗੀ ਹਰਿ ਮਨਿ ਰਾਖੁ॥

ਜਿਨ੍ਹਾਂ ਵਡਭਾਗੀਆਂ ਦੇ ਮਨ ਵਿਚ ਹਰੀ ਦਾ ਭਾਉ=ਪ੍ਰੇਮ ਲਗਾ ਹੈ, ਉਹਨਾਂ ਵੈਰਾਗੀਆਂ ਨੂੰ ਹਰੀ ਆਪ ਹੱਥ ਦੇ ਕੇ ਰਖਦਾ ਹੈ।

ਅਥਵਾ:- ਵੈਰਾਗੀਆਂ ਵਾਂਗੂ ਹਰੀ ਦਾ ਪ੍ਰੇਮ ਲਗ ਰਿਹਾ ਹੈ, ਹੇ ਵਡਭਾਗੀ ਪੁਰਸ਼ਾ ! ਤੂੰ ਭੀ ਮਨ ਵਿਚ ਹਰੀ ਨੂੰ ਚੇਤੇ ਰੱਖ।

ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ॥

ਉਹਨਾਂ ਦੀ ਸੰਗਤ ਨਾਲ ਮਿਲਣ ਕਰਕੇ ਸ਼ਰਧਾ ਪੈਦਾ ਹੁੰਦਾ ਹੈ, ਜਿਨ੍ਹਾਂ ਗੁਰ ਸ਼ਬਦੀਆਂ ਨੇ ਗੁਰ ਸ਼ਬਦ ਦੁਆਰਾ ਹਰੀ ਰਸ ਨੂੰ ਚਖਿਆ ਹੈ।

ਸਭੁ ਮਨੁ ਤਨੁ ਹਰਿਆ ਹੋਇਆ ਗੁਰਬਾਣੀ ਹਰਿ ਗੁਣ ਭਾਖੁ॥ ੧॥

ਉਹਨਾਂ ਦਾ ਸਭ ਤਰ੍ਹਾਂ ਨਾਲ ਮਨ ਤਨ ਹਰਿਆ ਹੋਇਆ ਹੈ, ਜਿਨ੍ਹਾਂ ਨੇ ਗੁਰਬਾਣੀ ਦੁਆਰਾ ਹਰੀ ਗੁਣਾਂ ਨੂੰ ਭਾਖੁ=ਕਥਨ ਕੀਤਾ ਹੈ॥ ੧॥

ਮਨ ਪਿਆਰਿਆ ਮਿਤ੍ਰਾ ਹਰਿ ਹਰਿ ਨਾਮ ਰਸੁ ਚਾਖੁ॥

ਹੇ ਮੇਰੇ ਮਨ ਦੇ ਪਿਆਰਿਆ ਮਿਤ੍ਰਾ ! ਤੂੰ ਹਰਿ ਹਰਿ ਨਾਮ ਰੂਪੀ ਰਸ ਨੂੰ ਚਖਣਾ ਕਰ।

ਗੁਰਿ ਪੂਰੈ ਹਰਿ ਪਾਇਆ ਹਲਤਿ ਪਲਤਿ ਪਤਿ ਰਾਖੁ॥ ੧॥ ਰਹਾਉ॥

ਜਿਸ ਨੇ ਪੂਰਿਆਂ ਗੁਰਾਂ ਦੁਆਰੇ ਹਰੀ ਨਾਮ ਪਾਇਆ ਹੈ, ਉਸ ਦੀ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਹਰੀ ਇੱਜ਼ਤ ਰੱਖਦਾ ਹੈ॥ ੧॥ ਰਹਾਉ॥

ਹਰਿ ਹਰਿ ਨਾਮੁ ਧਿਆਈਐ ਹਰਿ ਕੀਰਤਿ ਗੁਰਮੁਖਿ ਚਾਖੁ॥

ਹੇ ਭਾਈ ! ਤੂੰ ਹਰਿ ਹਰਿ ਨਾਮ ਨੂੰ ਧਿਆਉਣਾ ਕਰ ਅਤੇ ਗੁਰਾਂ ਦਆਰੇ ਗੁਰਮੁਖ ਬਣ ਕੇ ਹਰੀ ਦੀ ਕੀਰਤੀ ਕਰਨੇ ਰੂਪੀ ਰਸ ਨੂੰ ਚਖਣਾ ਕਰ।

ਤਨੁ ਧਰਤੀ ਹਰਿ ਬੀਜੀਐ ਵਿਚਿ ਸੰਗਤਿ ਹਰਿ ਪ੍ਰਭ ਰਾਖੁ॥

ਜੇਕਰ ਹਰੀ ਪ੍ਰਭੂ ਸਤਸੰਗਤ ਦੇ ਵਿਚ ਰਖਣਾ ਕਰੇ ਤਾਂ ਤਨੁ=ਮਨੁੱਖਾ ਦੇਹ ਰੂਪ ਧਰਤੀ ਵਿਚ ਹਰੀ ਨਾਮ ਰੂਪ ਬੀਜ ਨੂੰ ਬੀਜਣਾ ਕਰੀਏ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਗੁਰਿ ਪੂਰੈ ਹਰਿ ਰਸੁ ਚਾਖੁ॥ ੨॥

ਅੰਮ੍ਰਿਤ ਰੂਪ ਜੋ ਹਰਿ ਹਰਿ ਨਾਮੁ ਹੈ, ਉਸ ਹਰੀ ਨਾਮ ਰਸ ਨੂੰ ਪੂਰਿਆਂ ਗੁਰਾਂ ਦੁਆਰੇ ਚਖਣਾ ਕਰ॥ ੨॥

ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ ॥

ਮਨਮੁਖ ਤੁਾਂ ਪਦਾਰਥਾਂ ਦੀ ਤ੍ਰਿਸ਼ਨਾ ਨਾਲ ਭਰਿ ਰਹੇ=ਪੂਰਨ ਹੋ ਰਹੇ ਹਨ, ਮਨ ਵਿਚ ਮਾਇਆ ਦੀ ਬਹੁਤੀ ਆਸਾ ਕਰਕੇ ਦਸੋ ਦਿਸ਼ਾ ਨੂੰ ਲਖਦਾ ਹੈ, ਵਾ:- ਲੰਘਦਾ ਹੈ ਜਾਂ ਮਨ ਵਿਚ ਆਸਾ ਕਰਦਾ ਹੈ ਕਿ ਦਸੋ ਦਿਸਾਂ ਵਿਚ ਜਾ ਕੇ ਬਹੁਤੇ ਲੱਖਾਂ ਰੁਪਏ 'ਕੱਠੇ ਕਰ ਲਵਾਂ।

ਬਿਨੁ ਨਾਵੈ ਧ੍ਰਿਗੁ ਜੀਵਦੇ ਵਿਚਿ ਬਿਸਟਾ ਮਨਮੁਖ ਰਾਖੁ ॥

ਜੋ ਪੁਰਖ਼ ਨਾਮ ਸਿਮਰਨ ਤੋਂ ਬਿਨਾਂ ਜੀਉਂਦੇ ਹਨ ਉਹਨਾਂ ਦੇ ਜੀਵਣ ਨੂੰ ਧ੍ਰਿਕਾਰ ਹੈ, ਅੰਤ ਨੂੰ ਉਹਨਾਂ ਮਨਮੁਖਾਂ ਨੂੰ ਨਰਕ ਰੂਪ ਵਿਸਟਾ ਵਿਚ ਜਾਂ ਗੰਦਗੀ ਵਿਚ ਰਖਿਆ ਜਾਏਗਾ।

ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ ॥ ੩ ॥

ਉਹ ਮਨਮੁਖ ਜਨਮ ਮਰਨ ਵਿਚ ਭੁਆਏ ਜਾਣਗੇ, ਅਤੇ ਸੂਰ ਕੁੱਤੇ ਆਦਿਕ ਬਹੁਤੀਆਂ ਜੂਨੀਆ ਵਿਚ ਹੋ ਕੇ ਵਿਸਟਾ ਨੂੰ ਹੀ ਭਾਖੁ=ਖਾਣਗੇ॥ ੩ ॥

ਤ੍ਰਾਹਿ ਤ੍ਰਾਹਿ ਸਰਣਾਗਤੀ ਹਰਿ ਦਇਆ ਧਾਰਿ ਪ੍ਰਭ ਰਾਖੁ ॥

ਹੇ ਪ੍ਰਭੂ ! ਤ੍ਰਾਹਿ ਤ੍ਰਾਹਿ=ਰੱਖ ਲਓ, ਰੱਖ ਲਓ ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ, ਹੇ ਹਰੀ ਪ੍ਰਭੂ! ਦਇਆ ਦ੍ਰਿਸ਼ਟੀ ਧਾਰ ਦੇ ਰੱਖ ਲਵੋ। ਅਤੇ-

ਸੰਤਸੰਗਤਿ ਮੇਲਾਪੁ ਕਰਿ ਹਰਿ ਨਾਮੁ ਮਿਲੈ ਪਤਿ ਸਾਖੁ ॥

ਮੇਰਾ ਉਸ ਸਤਸੰਗਤ ਨਾਲ ਮਿਲਾਪ ਕਰ ਦਿਓ, ਜਿਥੋਂ ਹਰੀ ਨਾਮ ਮਿਲਦਾ ਹੈ, ਜੋ ਹਰੀ ਨਾਮ ਇਸ ਲੋਕ ਵਿਚ ਪਤਿ=ਇੱਜ਼ਤ ਅਤੇ ਪ੍ਰਲੋਕ ਵਿਚ ਸਾਖੁ=ਓਗਾਹੀ ਦੇਣ ਵਾਲਾ ਹੈ।

ਹਰਿ ਹਰਿ ਨਾਮੁ ਧਨੁ ਪਾਇਆ
ਜਨ ਨਾਨਕ ਗੁਰਮਤਿ ਭਾਖੁ ॥ ੪ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ— ਉਹਨਾਂ ਪੁਰਸ਼ਾਂ ਨੇ ਹਰਿ ਹਰਿ ਨਾਮ ਰੂਪ ਧਨ ਪਾਇਆ ਹੈ, ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰਮਤਿ ਭਾਖੁ=ਗੁਰ ਸਿੱਖਿਆ ਨੂੰ ਕਥਨ ਕੀਤਾ ਹੈ, ਭਾਵ ਗੁਰ ਸਿੱਖਿਆ ਦੁਆਰਾ ਸਿਮਰਨ ਕੀਤਾ ਹੈ॥ ੪ ॥ ੪ ॥ ੬ ॥

ਮਾਰੂ ਮਹਲਾ ੪ ਘਰੁ ੫

੧ੴ ਸਤਿਗੁਰ ਪ੍ਰਸਾਦਿ ॥

ਹਰਿ ਹਰਿ ਭਗਤਿ ਭਰੇ ਭੰਡਾਰਾ ॥ ਗੁਰਮੁਖਿ ਰਾਮੁ ਕਰੇ ਨਿਸਤਾਰਾ ॥

ਜੋ ਗੁਰੂ ਸਾਹਿਬ ਜ਼ੀ ਹਰਿ ਹਰਿ ਦੀ ਭਗਤੀ ਦੇ ਭੰਡਾਰੇ ਭਰੇ ਹੋਏ ਹਨ। ਉਹਨਾਂ ਗੁਰਾਂ ਦੁਆਰੇ ਰਾਮ ਨਾਮ ਨੂੰ ਜਪੇ ਤਾਂ ਪਰਮੇਸ਼ਰ ਇਸ ਨੂੰ ਸੰਸਾਰ ਤੋਂ ਤਾਰਨਾ ਕਰਦਾ ਹੈ।

ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਸੋ ਹਰਿ ਕੇ ਗੁਣ ਗਾਵੈ ਜੀਉ ॥ ੧ ॥

ਜਿਸ ਉਤੇ ਮੇਰਾ ਸੁਆਮੀ ਕ੍ਰਿਪਾ ਕਰਦਾ ਹੈ, ਓਹੀ ਜੀਵ ਹਰੀ ਦੇ ਗੁਣ ਗਾਉਂਦਾ ਹੈ॥ ੧ ॥

www.sikhbookclub.com

ਹਰਿ ਹਰਿ ਕ੍ਰਿਪਾ ਕਰੇ ਬਨਵਾਲੀ॥ ਹਰਿ ਹਿਰਦੈ ਸਦਾ ਸਦਾ ਸਮਾਲੀ॥

ਜਿਨ੍ਹਾਂ ਉਤੇ ਬਨਵਾਲੀ=ਸੰਸਾਰ ਬਨ ਦਾ ਮਾਲਕ ਹਰਿ ਹਰਿ ਸੁਆਮੀ ਕ੍ਰਿਪਾ ਕਰਦਾ ਹੈ। ਉਹ ਪੁਰਸ਼ ਹਿਰਦੇ ਵਿਚ ਹਰਿ ਹਰਿ ਨਾਮ ਨੂੰ ਸਦਾ ਸਦਾ ਸੰਮਾਲਦਾ ਹੈ।

ਹਰਿ ਹਰਿ ਨਾਮੁ ਜਪਹੁ ਮੇਰੇ ਜੀਅੜੇ
ਜਪਿ ਹਰਿ ਹਰਿ ਨਾਮੁ ਛਡਾਵੈ ਜੀਉ॥ ੧ ॥ ਰਹਾਉ ॥

ਹੇ ਮੇਰੇ ਜੀਅੜੇ=ਪਿਆਰੇ ! ਤੂੰ ਹਰਿ ਹਰਿ ਨਾਮ ਨੂੰ ਜਪਣਾ ਕਰ, ਹਰਿ ਹਰਿ ਦਾ ਨਾਮ ਜਪ ਹੀ ਤੈਨੂੰ ਦੁਖਾਂ ਤੋਂ ਅਤੇ ਜਮਾਂ ਤੋਂ ਛੁੜਾਵੇਗਾ॥ ੧ ॥ ਰਹਾਉ ॥

[ਪੰਨਾ ੯੯੮]

ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ॥ ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ॥

ਅੰਮ੍ਰਿਤ ਰੂਪ ਹਰੀ ਨਾਮ ਸੁਖਾਂ ਦਾ ਸਮੁੰਦਰ ਹੈ, ਜੋ ਮੰਗਤ ਜਨ ਹੋ ਕੇ ਮੰਗਦਾ ਹੈ ਉਸ ਨੂੰ ਹਰੀ ਨਾਮ ਅੰਮ੍ਰਿਤ ਦੀ ਪਸਾਉ=ਦਾਤ ਦੇਂਦਾ ਹੈ।

ਹਰਿ ਸਤਿ ਸਤਿ ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ॥ ੨ ॥

ਹਰੀ ਪਿੱਛੇ ਸੱਤ ਸਰੂਪ ਸੀ, ਹੁਣ ਭੀ ਹਰੀ ਸੱਤ ਸਰੂਪ ਹੈ, ਅੱਗੇ ਭੀ ਹਰੀ ਸਦਾ ਸੱਤ ਸਰੂਪ ਹੋਵੇਗਾ, ਉਹ ਸੱਚਾ ਹਰੀ ਸਦਾ ਮੇਰੇ ਮਨ ਵਿਚ ਭਾਂਵਦਾ ਹੈ। *ਅਥਵਾ:-* ਸਤਿ=ਸਤਿਗੁਰਾਂ ਦੁਆਰੇ ਸਦੀਵ ਕਾਲ ਹਰੀ ਦੇ ਸਤਿ=ਸਤਿਨਾਮੁ ਮੰਤ੍ਰ ਨੂੰ ਸਤਿ=ਨਿਸਚੇ ਕਰਕੇ ਜਪਿਆ, ਤਾਂ ਸਤਿ=ਤ੍ਰੈਕਾਲ ਅਬਾਧ ਹਰਿ ਹਰਿ ਮੇਰੇ ਮਨ ਵਿਚ ਭਾਂਵਦਾ ਹੋਇਆ। *ਅਥਵਾ:-* ਸੱਤ ਸਰੂਪ ਹਰੀ ਸਦਾ ਸੱਚਾ ਹੈ ਉਸ ਸੱਚੇ ਹਰੀ ਦਾ ਹਰੀ ਨਾਮ ਸਚਮੁਚ ਮੇਰੇ ਮਨ ਵਿਚ ਭਾਉਂਦਾ ਹੈ॥ ੨ ॥

ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ॥ ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ॥

ਜਿਨ੍ਹਾਂ ਨਵੇ=ਨੌਂ, ਛਿਦ੍ਰ=ਗੋਲਕਾਂ ਵਿਚੋਂ ਗੂੰਹ, ਪਿਸ਼ਾਬ, ਨੱਕ, ਗਿਡ ਆਦਿਕ ਅਪਵਿੱਤ੍ਰ ਚੀਜਾਂ ਸ੍ਰਵਹਿ= ਵਗਦੀਆਂ ਸਨ। ਗੁਰਮੁਖਾਂ ਨੇ ਹਰੀ ਨਾਮ ਨੂੰ ਬੋਲ ਕੇ ਉਨ੍ਹਾਂ ਸਭਨਾਂ ਨੂੰ ਪਵਿੱਤਰ ਕਰ ਲਿਆ ਹੈ।

ਜੇ ਹਰਿ ਸੁਪ੍ਰਸੰਨੁ ਹੋਵੈ ਮੇਰਾ ਸੁਆਮੀ
ਹਰਿ ਸਿਮਰਤ ਮਲੁ ਲਹਿ ਜਾਵੈ ਜੀਉ॥ ੩ ॥

ਜੇਕਰ ਮੇਰਾ ਸੁਆਮੀ ਹਰੀ ਪ੍ਰਸੰਨ ਹੋ ਜਾਵੇ, ਤਾਂ ਹਰੀ ਦਾ ਸਿਮਰਨ ਕਰਦਿਆਂ ਪਾਪੀ ਦੀ ਮੈਲ ਲਹਿ ਜਾਂਦੀ ਹੈ॥ ੩ ॥

ਮਾਇਆ ਮੋਹੁ ਬਿਖਮੁ ਹੈ ਭਾਰੀ॥ ਕਿਉ ਤਰੀਐ ਦੁਤਰੁ ਸੰਸਾਰੀ॥

ਮਾਇਆ ਦਾ ਮੋਹ ਤਿਆਗਣਾ ਬੜਾ ਭਾਰੀ ਕਠਨ ਹੈ, ਤਿਆਗੇ ਤੋਂ ਬਿਨਾਂ ਕਠਨ ਸੰਸਾਰ ਸਮੁੰਦਰ ਤੋਂ ਕਿਵੇਂ ਤਰਨਾ ਹੋਵੇਗਾ।

ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ
ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ ॥ ੪ ॥

ਸਤਿਗੁਰ ਦੇਵ ਜੀ ਸਿੱਖ ਨੂੰ ਸੱਚੇ ਪ੍ਰਭੂ ਦੇ ਨਾਮ ਗਿਆਨ ਰੂਪੀ ਬੋਹਿਥੁ=ਜਹਾਜ਼ ਉਤੇ ਚੜ੍ਹਾ ਦੇਂਦੇ ਹਨ, ਹਰਿ ਹਰਿ ਦਾ ਨਾਮ ਜਪ ਹੀ ਸਿੱਖ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਵਦਾ ਹੈ॥ ੪ ॥

ਤੂ ਸਰਬਤ੍ਰ ਤੇਰਾ ਸਭੁ ਕੋਈ॥ ਜੋ ਤੂ ਕਰਹਿ ਸੋਈ ਪ੍ਰਭ ਹੋਈ॥

ਹੇ ਪ੍ਰਭੂ ! ਤੂੰ ਸਾਰਿਆਂ ਦਾ ਮਾਲਕ ਹੈਂ, ਸਭ ਕੋਈ ਤੇਰਾ ਦਾਸ ਹੈ। ਹੇ ਪ੍ਰਭੂ ! ਜੋ ਤੂੰ ਕਰਦਾ ਹੈਂ ਓਹੀ ਕੁਝ ਹੁੰਦਾ ਹੈ।

ਜਨੁ ਨਾਨਕੁ ਗੁਣ ਗਾਵੈ ਬੇਚਾਰਾ
ਹਰਿ ਭਾਵੈ ਹਰਿ ਥਾਇ ਪਾਵੈ ਜੀਉ॥ ੫ ॥ ੧ ॥ ੭ ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਮੈਂ ਵਿਚਾਰਾ ਦਾਸ ਤਾਂ ਆਪ ਜੀ ਦੇ ਗੁਣਾਂ ਨੂੰ ਗਾਂਵਦਾ ਹਾਂ, ਹੇ ਹਰੀ ! ਜੋ ਆਪ ਜੀ ਨੂੰ ਭਾਉਂਦਾ ਹੈ ਉਸ ਨੂੰ ਤੂੰ ਹਰ ਤਰ੍ਹਾਂ ਨਾਲ ਸਰੂਪ ਥਾਂ ਵਿਚ ਪਾਂਦਾ ਹੈਂ॥ ੫ ॥ ੧ ॥੭ ॥

ਮਾਰੂ ਮਹਲਾ ੪ ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ॥ ਸਭਿ ਕਿਲਵਿਖ ਕਾਟੈ ਹਰਿ ਤੇਰੇ॥

ਹੇ ਮੇਰੇ ਮਨ ! ਹਰਿ ਹਰਿ ਨਾਮ ਨੂੰ ਜਪਣਾ ਕਰੋ, ਹਰੀ ਤੇਰੇ ਸਾਰੇ ਕਿਲਵਿਖ=ਪਾਪਾਂ ਨੂੰ ਕਟ ਦੇਵੇਗਾ।

ਹਰਿ ਧਨੁ ਰਾਖਹੁ ਹਰਿ ਧਨੁ ਸੰਚਹੁ
ਹਰਿ ਚਲਦਿਆ ਨਾਲਿ ਸਖਾਈ ਜੀਉ॥ ੧ ॥

ਹਰੀ ਨਾਮ ਧਨ ਨੂੰ ਹਿਰਦੇ ਵਿਚ ਰਖਣਾ ਕਰੋ, ਹਰੀ ਨਾਮ ਧਨ ਨੂੰ ਸੰਚਹੁ=ਇਕੱਤ੍ਰ ਕਰੋ, ਪ੍ਰਲੋਕ ਰਸਤੇ ਵਿਚ ਚਲਦਿਆਂ ਹੋਇਆਂ ਹਰੀ ਨਾਮ ਹੀ ਤੇਰੇ ਨਾਲ ਸਖਾਈ=ਸਹਾਈ ਹੋਵੇਗਾ॥ ੧ ॥

ਜਿਸ ਨੋ ਕ੍ਰਿਪਾ ਕਰੇ ਸੋ ਧਿਆਵੈ॥
ਨਿਤ ਹਰਿ ਜਪੁ ਜਾਪੈ ਜਪਿ ਹਰਿ ਸੁਖੁ ਪਾਵੈ॥

ਜਿਸ ਉਤੇ ਹਰੀ ਕਿਰਪਾ ਕਰਦਾ ਹੈ, ਓਹੀ ਹਰੀ ਨਾਮ ਨੂੰ ਧਿਆਉਂਦਾ ਹੈ। ਨਿਤਾਪ੍ਰਤੀ ਹਰੀ ਜਪ ਨੂੰ ਜਪਦਾ ਹੈ ਤੇ ਹਰੀ ਨਾਮ ਨੂੰ ਜਪ ਕੇ ਸੁਖ ਪਾਂਵਦਾ ਹੈ।

ਗੁਰ ਪਰਸਾਦੀ ਹਰਿ ਰਸੁ ਆਵੈ
ਜਪਿ ਹਰਿ ਹਰਿ ਪਾਰਿ ਲੰਘਾਈ ਜੀਉ॥ ੧ ॥ ਰਹਾਉ ॥

ਗੁਰਾਂ ਦੀ ਕ੍ਰਿਪਾ ਕਰਕੇ ਹਰੀ ਰਸ ਆਉਂਦਾ ਹੈ, ਹਰਿ ਹਰਿ ਦਾ ਨਾਮ ਜਪ ਹੀ ਜੀਵ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਂਦਾ ਹੈ॥ ੧ ॥ ਰਹਾਉ ॥

ਨਿਰਭਉ ਨਿਰੰਕਾਰੁ ਸਤਿ ਨਾਮੁ ॥ ਜਗ ਮਹਿ ਸ੍ਰੇਸਟੁ ਊਤਮ ਕਾਮੁ ॥

ਨਿਰਭਉ ਨਿਰੰਕਾਰ ਦਾ ਜੋ ਸਤਿਨਾਮ ਮੰਤਰ ਹੈ। ਇਸ ਦਾ ਜਪਣਾ ਹੀ ਜਗਤ ਵਿਚ ਉੱਤਮ ਤੋਂ ਉੱਤਮ ਕੰਮ ਹੈ। *ਅਥਵਾ:-* ਨਿਰੰਕਾਰ ਦਾ ਸਤਿਨਾਮੁ ਮੰਤ੍ਰ ਨਿਰਭਉ ਕਰਨ ਵਾਲਾ ਹੈ। ਜਗਤ ਵਿਚ ਜੋ ਵਰਤ, ਤੀਰਥ, ਯਾਤਰਾ ਕਰਨੇ ਆਦਿਕ ਸਰੇਸ਼ਟ ਕੰਮ ਹਨ ਇਹ ਮੰਤਰ ਉਹਨਾਂ ਤੋਂ ਭੀ ਉੱਤਮ ਹੈ।

ਦੁਸਮਨ ਦੂਤ ਜਮਕਾਲੁ ਠੇਹ ਮਾਰਉ ਹਰਿ ਸੇਵਕ ਨੇੜਿ ਨ ਜਾਈ ਜੀਉ ॥੨ ॥

ਇਹ ਸਤਿਨਾਮੁ ਮੰਤ੍ਰ ਪ੍ਰਤੱਖ ਦੁਸ਼ਮਨਾਂ ਨੂੰ, ਕਾਮ, ਕ੍ਰੋਧ ਆਦਿਕ ਦੂਤਾਂ ਨੂੰ ਅਤੇ ਜਮ ਕਾਲ ਇਨ੍ਹਾਂ ਸਾਰਿਆਂ ਨੂੰ ਥਾਂ ਮਾਰਦਾ ਹੈ ਜਾਂ ਦੁਸ਼ਮਨੀ ਦੇ ਕਰਨ ਵਾਲੇ ਜੋ ਦੂਤ ਹਨ ਜਮ ਕਾਲੁ=ਜੰਮਨਾ ਤੇ ਮਰਨਾ ਇਨ੍ਹਾਂ ਸਾਰਿਆਂ ਨੂੰ ਥਾਂ ਮਾਰਦਾ ਹੈ, ਇਹ ਹਰੀ ਦੇ ਸੇਵਕਾਂ ਦੇ ਨੇੜੇ ਨਹੀਂ ਜਾਂਦੇ॥ ੨॥

ਜਿਸੁ ਉਪਰਿ ਹਰਿ ਕਾ ਮਨੁ ਮਾਨਿਆ ॥

ਜਿਸ ਸੇਵਕ ਉੱਤੇ ਹਰੀ ਦਾ ਮਨ ਮੰਨਿਆ ਗਿਆ ਹੈ।

ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ ॥

ਉਹ ਹਰੀ ਦਾ ਸੇਵਕ ਚਾਰਿਆਂ ਜੁਗਾਂ ਵਿਚ ਤੇ ਚੌਹਾਂ ਕੁੰਟਾਂ ਵਿਚ ਮਸ਼ਹੂਰ ਜਾਣਿਆ ਜਾਂਦਾ ਹੈ।

ਜੇ ਉਸ ਕਾ ਬੁਰਾ ਕਹੈ ਕੋਈ ਪਾਪੀ ਤਿਸੁ ਜਮਕੰਕਰੁ ਖਾਈ ਜੀਉ ॥ ੩ ॥

ਜੇ ਕੋਈ ਪਾਪੀ ਉਸ ਦਾ ਬੁਰਾ ਕਰਨਾ ਕਵ੍ਹੇ, ਤਾਂ ਉਸ ਨੂੰ ਜਮਾਂ ਦੇ ਦੂਤ ਪਹਿਲੇ ਹੀ ਖਾ ਜਾਂਦੇ ਹਨ॥ ੩॥

ਸਭ ਮਹਿ ਏਕੁ ਨਿਰੰਜਨ ਕਰਤਾ ॥ ਸਭਿ ਕਰਿ ਕਰਿ ਵੇਖੈ ਅਪਣੇ ਚਲਤਾ ॥

ਸਾਰਿਆਂ ਵਿਚ ਇਕ ਨਿਰੰਜਨ ਹੀ ਕਰਤਾ ਪੁਰਖ ਹੈ। ਉਹ ਆਪਣੇ ਸਾਰਿਆਂ ਚਰਿਤ੍ਰਾਂ ਨੂੰ ਆਪ ਹੀ ਕਰ ਕਰਕੇ ਵੇਖਦਾ ਹੈ।

ਜਿਸੁ ਹਰਿ ਰਾਖੈ ਤਿਸੁ ਕਉਣੁ ਮਾਰੈ ਜਿਸੁ ਕਰਤਾ ਆਪਿ ਛਡਾਈ ਜੀਉ ॥੪ ॥

ਜਿਸ ਦੀ ਰੱਖਿਆ ਆਪ ਹਰੀ ਕਰਦਾ ਹੈ, ਉਸ ਨੂੰ ਭਲਾ ਕੌਣ ਮਾਰ ਸਕਦਾ ਹੈ। ਜਿਸ ਨੂੰ ਕਰਤਾ ਪੁਰਖ ਪਰਮਾਤਮਾ ਆਪ ਛੁਡਾਵਦਾ ਹੈ, ਉਸ ਨੂੰ ਕੌਣ ਬੰਨ੍ਹ ਸਕਦਾ ਹੈ॥ ੪॥

ਹਉ ਅਨਦਿਨੁ ਨਾਮੁ ਲਈ ਕਰਤਾਰੇ ॥
ਜਿਨਿ ਸੇਵਕ ਭਗਤ ਸਭੇ ਨਿਸਤਾਰੇ ॥

ਹਉ=ਮੈਂ ਰਾਤ ਦਿਨ ਉਸ ਕਰਤਾਰ ਦਾ ਨਾਮ ਹੀ ਲੈਂਦਾ ਹਾਂ। ਜਿਸ ਕਰਤਾਰ ਨੇ ਭਗਤੀ ਕਰਨ ਵਾਲੇ ਸਾਰੇ ਸੇਵਕ ਤਾਰ ਲਏ ਹਨ, ਜਾਂ ਜਿਸ ਨੇ ਸੇਵਕ ਤੇ ਭਗਤ ਸਾਰੇ ਤਾਰ ਲਏ ਹਨ।

ਦਸ ਅਠ ਚਾਰਿ ਵੇਦ ਸਭਿ ਪੂਛਹੁ
ਜਨ ਨਾਨਕ ਨਾਮੁ ਛਡਾਈ ਜੀਉ ॥ ੫ ॥ ੨ ॥ ੮ ॥

ਗੁਰੂ ਜੀ ਕਥਨ ਕਰਦੇ ਹਨ—ਦਸ ਤੇ ਅੱਠ ਅਠਾਰਾਂ ਪੁਰਾਣ ਅਤੇ ਚਾਰ ਵੇਦ ਇਨ੍ਹਾਂ ਸਾਰਿਆਂ ਗ੍ਰੰਥਾਂ ਤੋਂ

ਪੁਛੋ, ਜਾਂ ਇਨ੍ਹਾਂ ਦੇ ਪੜ੍ਹਨ ਵਾਲਿਆਂ ਤੋਂ ਪੁਛੋ ਸਾਰੇ ਏਹੋ ਗੱਲ ਆਖਦੇ ਹਨ ਕਿ- ਵਾਹਿਗੁਰੂ ਦਾ ਨਾਮ ਹੀ ਜੀਵ ਨੂੰ ਬੰਧਨਾਂ ਤੋਂ ਛੁਡਾਉਣ ਵਾਲਾ ਹੈ॥ ੫॥ ੨॥ ੮॥

ਮਾਰੂ ਮਹਲਾ ੫ ਘਰੁ ੨

੧ੴ ਸਤਿਗੁਰ ਪ੍ਰਸਾਦਿ॥

ਇਕ ਪਰਮੇਸ਼ਰ ਹੀ ਨਿਰਭਉ ਹੈ ਹੋਰ ਸਾਰੇ ਉਸ ਦੇ ਡਰ ਵਿਚ ਹਨ।

ਡਰਪੈ ਧਰਤਿ ਅਕਾਸੁ ਨਖ੍ਹਤ੍ਰਾ ਸਿਰ ਊਪਰਿ ਅਮਰੁ ਕਰਾਰਾ॥

ਧਰਤੀ, ਅਕਾਸ਼ ਅਤੇ ਨਖ੍ਹਤ੍ਰਾ=ਤਾਰੇ ਡਰਦੇ ਹਨ, ਇਨ੍ਹਾਂ ਸਾਰਿਆਂ ਦੇ ਸਿਰ ਉਤੇ ਪਰਮੇਸ਼ਰ ਦਾ ਕਰਾਰਾ=ਤਕੜਾ, ਅਮਰੁ=ਹੁਕਮ ਹੈ।

ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰ ਬਿਚਾਰਾ॥ ੧॥

ਪਉਣੁ=ਹਵਾ, ਪਾਣੀ ਤੇ ਬੈਸੰਤਰੁ=ਅੱਗ ਆਦਿਕ ਪੰਜੇ ਤੱਤ ਡਰਦੇ ਹਨ ਅਤੇ ਵਿਚਾਰਾ ਇੰਦਰ ਭੀ ਡਰਦਾ ਹੈ॥ ੧॥

ਏਕਾ ਨਿਰਭਉ ਬਾਤ ਸੁਨੀ॥

ਨਿਰਭਉ ਹੋਣ ਦੀ ਇਕ ਹੀ ਬਾਤ=ਸਿੱਖਿਆ ਸੁਣੀ ਹੈ।

ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ॥ ੧॥ ਰਹਾਉ॥

ਉਹ ਤਨ ਕਰਕੇ ਸੁਖੀਆ ਹੈ ਅਤੇ ਉਹ ਮਨ ਕਰਕੇ ਭੀ ਸਦਾ ਸੁਹੇਲਾ=ਸੁਖੀ ਹੈ, ਜੋ ਪੂਰਿਆਂ ਗੁਰਾਂ ਨਾਲ ਮਿਲ ਕੇ ਗੁਨੀ=ਪਰਮਾਤਮਾ ਦੇ ਗੁਣਾਂ ਨੂੰ ਗਾਉਂਦਾ ਹੈ॥ ੧॥ ਰਹਾਉ॥

ਦੇਹ ਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ॥

ਜੋ ਭੀ ਦੇਹ ਦੇ ਧਾਰਨ ਵਾਲਾ ਹੈ ਡਰਦਾ ਹੈ ਅਤੇ ਸਾਰੇ ਦੇਵਤੇ ਭੀ ਡਰਦੇ ਹਨ, ਚੌਰਾਸੀ ਸਿੱਧ ਅਤੇ ਸਾਧਿਕ=ਸਾਧਨਾ ਦੇ ਕਰਨ ਵਾਲੇ ਭੀ ਡਰ ਡਰ ਕੇ ਮਰਦੇ ਹਨ।

ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ॥ ੨॥

ਚੌਰਾਸੀ ਲੱਖ ਜੂਨੀਆਂ ਦੇ ਜੀਵ ਡਰ ਵਿਚ ਹੀ ਮਰ ਮਰ ਕੇ ਜੰਮਦੇ ਹਨ ਅਤੇ ਮੁੜ ਮੁੜ ਕੇ ਜੂਨੀਆਂ ਦੇ ਦੁੱਖਾਂ ਨੂੰ ਜੋਇਆ=ਦੇਖਦੇ ਹਨ। ਜਾਂ ਮੁੜ ਮੁੜ ਕੇ ਜੂਨੀਆਂ ਵਿਚ ਜੋਇਆ=ਜੋੜੇ ਜਾਂਦੇ ਹਨ॥ ੨॥

[ਪੰਨਾ ੯੯੯]

ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ॥

ਰਾਜਸੁ=ਰਜੋ ਗੁਣ, ਸਾਤਕੁ=ਸਤੋ ਗੁਣ, ਤਾਮਸੁ=ਤਮੋ ਗੁਣ, ਇਹ ਤਿੰਨੇ ਡਰਦੇ ਹਨ, ਇਨ੍ਹਾਂ ਗੁਣਾਂ ਨੇ ਕਿਤਨੇ ਹੀ ਰੂਪ ਪੈਦਾ ਕੀਤੇ ਹਨ, ਕਿਉਂਕਿ ਇਨ੍ਹਾਂ ਤਿੰਨਾਂ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ।

ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ॥ ੩॥

ਬਪੁਰੀ=ਵਿਚਾਰੀ ਛਲ ਰੂਪ ਜੋ ਕਉਲਾ=ਲਛਿਮੀ ਹੈ, ਇਹ ਭੀ ਡਰਦੀ ਹੈ,

ਯਥਾ:- ਲਖਿਮੀ ਭਉ ਕਰੈ ਨ ਸਾਕੈ ਜਾਇ॥ (ਪੰਨਾ ੧੧੫੪)

ਅਤੇ ਧਰਮ ਰਾਜਾ ਭੀ ਅਤਿ=ਬਹੁਤ ਡਰਦਾ ਹੈ॥ ੩॥

ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥

ਦੁਨੀਆਂ ਦੀ ਹੋਰ ਸਾਰੀ ਸਮਗ੍ਰੀ ਡਰ ਵਿਚ ਵਿਆਪੀ ਹੋਈ ਹੈ, ਪਰ ਸਭ ਦੇ ਕਰਨ ਵਾਲਾ ਇਕ ਪ੍ਰਭੂ ਹੀ ਡਰ ਤੋਂ ਬਿਨਾਂ ਹੈ।

ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ—ਉਹ ਪ੍ਰਭੂ ਭਗਤਾਂ ਦਾ ਸੰਗੀ ਹੈ ਅਤੇ ਭਗਤ ਲੋਕ ਉਸ ਦੇ ਦਰਬਾਰ ਵਿਚ ਸੋਹਹਿ=ਸੋਭਾ ਪਾਉਂਦੇ ਹਨ॥ ੪॥ ੧॥

ਮਾਰੂ ਮਹਲਾ ੫॥

ਭਗਤਾਂ ਦਾ ਦ੍ਰਿਸ਼ਟਾਂਤ ਦੇ ਕੇ ਆਪਣੇ ਮਨ ਨੂੰ ਸਮਝਾਂਦੇ ਹਨ—

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥

ਪੰਜਾਂ ਵਰ੍ਹਿਆਂ ਦਾ ਧਰੂਅ ਅਨਾਥ ਬੱਚਾ ਸੀ, ਪਰ ਹਰੀ ਨਾਮ ਦਾ ਸਿਮਰਨ ਕਰਨ ਨਾਲ ਇਕ ਭਾਂ ਅਮਰ ਹੋ ਗਿਆ, ਪੁਨਾ ਅਟੱਲ ਪਦਵੀ ਨੂੰ ਪਹੁੰਚ ਗਿਆ।

ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ॥ ੧॥

ਪੁਤ੍ਰ ਦੇ ਹੇਤਿ=ਮੋਹ ਕਰਕੇ ਅਜਾਮਲ ਨੇ 'ਨਾਰਾਇਣ' ਨਾਮ ਕਿਹਾ ਸੀ, ਉਸ ਨੂੰ ਫੜਨ ਵਾਸਤੇ ਅੰਤ ਨੂੰ ਜਮਦੂਤ ਆਏ ਸਨ ਪਰ ਰਾਮ ਰਗਣਾਂ ਨੇ ਆ ਉਹਨਾਂ ਜਮ ਕੰਕਰ=ਜਮਦੂਤਾਂ ਨੂੰ ਮਾਰ ਕੇ ਬਿਦੀਰਨ ਕਰ ਦਿੱਤਾ, ਭਾਵ ਦੂਰ ਕਰ ਦਿੱਤਾ॥ ੧॥

ਮੇਰੇ ਠਾਕੁਰ ਕੇਤੇ ਅਗਨਤ ਊਧਾਰੇ॥

ਮੇਰੇ ਠਾਕੁਰ=ਸੁਆਮੀ ਪਰਮਾਤਮਾ ਨੇ ਕਿਤਨੇ ਹੀ ਬੇਅੰਤ ਜੀਵ ਤਾਰੇ ਹਨ।

ਮੋਹਿ ਦੀਨ ਅਲਪ ਮਤਿ ਨਿਰਗੁਣ ਪਰਿਓ ਸਰਣਿ ਦੁਆਰੇ॥ ੧॥ ਰਹਾਉ॥

ਮੋਹਿ ਦੀਨ=ਮੈਂ ਗਰੀਬ, ਅਲਪ=ਤੁਛ ਮਤੀ ਵਾਲਾ ਸ਼ੁਭ ਗੁਣਾਂ ਤੋਂ ਰਹਿਤ ਹਾਂ, ਪਰ ਪ੍ਰਭੂ ਦੇ ਦੁਆਰੇ ਦੀ ਸ਼ਰਨ ਵਿਚ ਪਿਆ ਹਾਂ॥ ੧॥ ਰਹਾਉ॥

ਬਾਲਮੀਕੁ ਸੁਪਚਾਰੋ ਭਰਿਓ ਬਧਿਕ ਤਰੇ ਬਿਚਾਰੇ॥

ਸੁਪਚਾਰੋ=ਮਹਾਂ ਚੰਡਾਲ ਬਾਲਮੀਕ ਤਰ ਗਿਆ ਹੈ, ਜਿਸ ਨੂੰ ਸੱਦ ਕੇ ਪਾਂਡਵਾਂ ਨੇ ਆਪਣਾ ਯੱਗ ਸੰਪੂਰਣ ਕੀਤਾ ਸੀ। ਵਿਚਾਰਨਾ ਕਰੋ, ਵਿਚਾਰੇ ਲੋਧੀ ਅਤੇ ਜਰ੍ਹਾ ਨਾਮ ਕਰਕੇ ਦੋਵੇਂ ਬਧਿਕ ਭੀ ਤਰ ਗਏ ਹਨ।

ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ॥ ੨॥

ਇਕ ਨਿਮਖ ਮਾਤ੍ਰ ਮਨ ਦੇ ਵਿਚ ਨਾਮ ਨੂੰ ਅਰਾਧਨਾ ਕੀਤਾ, ਤਾਂ ਗਜਪਤਿ=ਐਰਾਵਤ ਹਾਥੀ ਨੂੰ ਤੰਦੂਏ ਤੋਂ ਪਾਰ ਉਤਾਰਨਾ ਕੀਤਾ॥ ੨॥

ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ॥

ਭਗਤ ਪ੍ਰਹਿਲਾਦ ਦੀ ਰਖਿਆ ਭਗਵਾਨ ਨੇ ਆਪ ਕੀਤੀ ਹੈ, ਨਰਸਿੰਘ ਰੂਪ ਹੋ ਕੇ ਹਰਨਾਖਸ਼ ਦੈਂਤ ਨੂੰ ਨੌਹਾਂ ਨਾਲ ਫਾੜ ਕੇ ਮਾਰਨਾ ਕੀਤਾ।

ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ॥ ੩॥

ਦਾਸੀ ਦਾ ਪੁਤ੍ਰ ਬਿਦਰ ਭਗਤ ਭੀ ਪਵਿੱਤਰ ਹੋਇਆ ਹੈ, ਜੋ ਕੁਲ ਦੇ ਸਾਰਿਆਂ ਜੀਵਾਂ ਵਿਚ ਉਜਾਰੇ=ਉਜਾਗਰ (ਪ੍ਰਸਿੱਧ) ਹੋਇਆ ਹੈ।

ਅਥਵਾ:- ਉਸ ਨੇ ਕੁਲ ਦੇ ਸਾਰੇ ਜੀਵ ਉਜਲੇ ਕਰ ਦਿਤੇ॥ ੩॥

ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ॥

ਮੈਂ ਆਪਣੇ ਕੇਹੜੇ ਕੇਹੜੇ ਅਪਰਾਧ ਦਸਾਂ, ਮਿਥਿਆ=ਝੂਠੇ ਮੋਹ ਵਿਚ ਮਗਨਾਰੇ=ਮਸਤ ਰਹਿੰਦਾ ਹਾਂ।
ਅਥਵਾ:- ਮਿਥਿਆ ਸੰਸਾਰੀ ਪਦਾਰਥਾਂ ਦੇ ਮੋਹ ਵਿਚ ਮਸਤ ਰਹਿੰਦਾ ਹਾਂ।

ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ—ਹੇ ਓਟ=ਆਸਰਾ ਰੂਪ ਹਰਿ ਜੀਉ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਕਿਰਪਾ ਰੂਪੀ ਭੁਜਾਂ ਪਸਾਰ ਕੇ ਆਪ ਮੈਨੂੰ ਸੰਸਾਰ ਸਮੁੰਦਰ ਵਿਚੋਂ ਕੱਢ ਲਓ॥ ੪॥ ੨॥

ਮਾਰੂ ਮਹਲਾ ੫॥

ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ॥

ਵਿਤ=ਧਨ ਦੇ ਨਵਿਤ=ਨਮਿਤ (ਵਾਸਤੇ) ਮੈਂ ਬਹੁਤ ਤਰ੍ਹਾਂ ਫਿਰਿਆ ਹਾਂ ਅਤੇ ਅਨੇਕਾਂ ਜਤਨ=ਬਹਾਨੇ ਬਣਾ ਕੇ ਭੀ ਧਾਏ=ਦੌੜਿਆ ਹਾਂ।

ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ॥ ੧॥

ਹਉ=ਮੈਂ ਜੋ ਜੋ ਭੀ ਕਰਮ ਹਉਮੈ ਵਿਚ ਕੀਤੇ ਹਨ, ਤੇ ਤੇ=ਸੋ ਸੋ ਕਰਮ ਸਾਰੇ ਹੀ ਅਜਾਏ=ਵਿਅਰਥ ਹੋ ਗਏ ਹਨ॥ ੧॥

ਅਵਰ ਦਿਨ ਕਾਹੂ ਕਾਜ ਨ ਲਾਏ॥

ਹੇ ਹਰੀ ! ਅਵਰ=ਹੋਰ ਦਿਨ ਕਾਹੂ ਕਾਜ=ਕਿਸੇ ਲੇਖੇ ਨਹੀਂ ਲਗੇ।

ਸੋ ਦਿਨੁ ਮੋ ਕਉ ਦੀਜੈ ਪ੍ਰਭ ਜੀਉ ਜਾ ਦਿਨ ਹਰਿ ਜਸੁ ਗਾਏ॥ ੧॥ ਰਹਾਉ॥

ਤਾਂ ਤੇ ਹੇ ਪ੍ਰਭ ਜੀਉ ! ਮੈਨੂੰ ਉਹ ਦਿਨ ਦੇਣਾ ਕਰੋ, ਜਿਨ੍ਹਾਂ ਦਿਨਾਂ ਵਿਚ ਮੈਂ ਹਰੀ ਜਸ ਨੂੰ ਗਾਉਂਦਾ ਰਹਾਂ॥ ੧॥ ਰਹਾਉ॥

ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਸਾਰਾ ਇਸ ਹੀ ਮਹਿ ਉਰਝਾਏ॥

ਪੁਤ੍ਰ, ਕਲਤ੍ਰ=ਇਸਤ੍ਰੀ ਅਤੇ ਘਰ ਦਾ ਸਾਰਾ ਪਸਾਰਾ ਵੇਖ ਕੇ ਇਸੇ ਵਿਚ ਹੀ ਮੈਂ ਉਰਝਾਏ=ਫਸ ਰਿਹਾ ਹਾਂ।

www.sikhbookclub.com

ਮਾਇਆ ਮਦ ਚਾਖਿ ਭਏ ਉਦਮਾਤੇ ਹਰਿ ਹਰਿ ਕਬਹੁ ਨ ਗਾਏ ॥ ੨ ॥

ਮਾਇਆ ਰੂਪ ਮਦ=ਮਦਰਾ (ਸ਼ਰਾਬ) ਚਾਖਿ=ਪੀ ਕੇ ਐਸੇ ਉਦਮਾਤੇ=ਮਸਤ ਹੋ ਗਏ ਹਾਂ ਜੋ ਹਰਿ ਹਰਿ ਆਦਿਕ ਨਾਮ ਕਦੇ ਭੀ ਨਹੀਂ ਗੈਨ ਕੀਤੇ ॥ ੨ ॥

ਇਹ ਬਿਧਿ ਖੋਜੀ ਬਹੁ ਪਰਕਾਰਾ ਬਿਨੁ ਸੰਤਨ ਨਹੀ ਪਾਏ ॥

ਹੇ ਪ੍ਰਭੂ ! ਤੇਰੇ ਨਾਮ ਜਪਣ ਦੀ ਜੋ ਵਿਧੀ ਹੈ ਇਹ ਬਹੁਤ ਹੀ ਪਰਕਾਰ, ਅਰਥਾਤ ਬਹੁਤ ਤਰ੍ਹਾਂ ਨਾਲ ਖੋਜ ਵੇਖੀ ਹੈ ਪਰ ਸੰਤਾਂ ਤੋਂ ਬਿਨਾਂ ਨਾਮ ਜਪਣੇ ਨਹੀਂ ਪਾਏ ਜਾਂਦੇ।

ਤੁਮ ਦਾਤਾਰ ਵਡੇ ਪ੍ਰਭ ਸੰਮ੍ਰਥ ਮਾਗਨ ਕਉ ਦਾਨੁ ਆਏ ॥ ੩ ॥

ਹੇ ਪ੍ਰਭੂ ! ਆਪ ਬੜੇ ਸਮਰਥ ਹੋ ਤੇ ਸਭ ਦੇ ਦਾਤੇ ਹੋ, ਅਸੀਂ ਦਾਨ ਮੰਗਣ ਨੂੰ ਆਪ ਜੀ ਪਾਸ ਆਏ ਹਾਂ ॥ ੩ ॥

ਤਿਆਗਿਓ ਸਗਲਾ ਮਾਨੁ ਮਹਤਾ ਦਾਸ ਰੇਣ ਸਰਣਾਏ ॥

ਮਾਨ ਜਾਤੀ ਦਾ, ਵਾ:- ਵਿਦਿਆ ਦਾ ਅਤੇ ਮਹਤਾ=ਮਰਾਤਬਾ ਸਭ ਤਿਆਗ ਦਿੱਤਾ ਹੈ, ਤੇਰੇ ਦਾਸਾਂ ਦੀ ਚਰਨ ਧੂੜ ਲੈ ਕੇ ਆਪ ਜ਼ੀ ਦੀ ਸ਼ਰਨ ਵਿਚ ਆਏ ਹਾਂ।

ਕਹੁ ਨਾਨਕ ਹਰਿ ਮਿਲਿ ਭਏ ਏਕੈ ਮਹਾ ਅਨੰਦ ਸੁਖ ਪਾਏ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਹੇ ਹਰੀ ! ਆਪ ਜੀ ਨਾਲ ਮਿਲ ਕੇ ਇਕ ਮਿਕ ਹੋ ਗਏ ਹਾਂ, ਹੁਣ ਬੜੇ ਸੁਖ ਅਨੰਦ ਪਾਏ ਹਨ ॥ ੪ ॥ ੩ ॥

ਮਾਰੂ ਮਹਲਾ ੫ ॥

ਉਥਾਨਕਾ:- ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਕੇ ਮਹਿਲਾਂ ਵਿਚੋਂ ਉਠ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਆ ਰਹੇ ਸਨ, ਰਾਹ ਵਿਚ ਦੋ ਮਨੁੱਖ ਆਪਸ ਵਿਚ ਲੜ ਰਹੇ ਸਨ ਇਕ ਦੂਜੇ ਦਾ ਨਾਮ ਲੈ ਕੇ ਗਾਲੀਆਂ ਕਢ ਰਹੇ ਸਨ, ਜਦ ਇਕ ਨੇ ਗਾਲੀਆਂ ਕਢੀਆਂ ਤਾਂ ਸੁਣ ਕੇ ਦੂਜੇ ਨੂੰ ਬੜਾ ਗੁੱਸਾ ਆ ਗਿਆ ਉਹ ਭੀ ਲਾਲੋ ਲਾਲ ਹੋ ਕੇ ਅਗਾਂਹ ਵਧ ਕੇ ਉਸ ਨੂੰ ਮਾਰਨ ਲਗਾ ਤਾਂ ਗੁਰੂ ਜੀ ਨੇ ਕਿਹਾ, ਓਏ ਭਲਿਆ ਲੋਕਾ ਇਤਨਾ ਕ੍ਰੋਧ ਤੂੰ ਕਿਉਂ ਕਰਦਾ ਹੈਂ? ਉਸ ਨੇ ਕਿਹਾ ਇਹ ਮੇਰਾ ਨਾਮ ਲੈ ਕੇ ਮੈਨੂੰ ਗਾਲ੍ਹਾਂ ਕਢ ਰਿਹਾ ਹੈ, ਇਹ ਗੱਲ ਸੁਣ ਕੇ ਗੁਰੂ ਜੀ ਉਸ ਨੂੰ ਸਮਝਾਂਦੇ ਹਨ-

ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ ॥

ਹੇ ਭਾਈ ! ਤੇਰੇ ਸਰੀਰ ਦੇ ਕਿਸ ਅਸਥਾਨ ਵਿਚ ਨਾਮ ਧੀਰਿਓ=ਟਿਕਿਆ ਹੋਇਆ ਹੈ ਅਤੇ ਜਿਸ ਸਰੀਰ ਦਾ ਤੂੰ ਹੰਕਾਰ ਕਰਦਾ ਹੈਂ ਇਹ ਕੀ ਚੀਜ਼ ਹੈ? ਇਹ ਸਰੀਰ ਤਾਂ ਖਿਨ ਭੰਗਰ ਹੈ।

ਕਵਨ ਚਿਹਨ ਸੁਨਿ ਊਪਰਿ ਛੋਹਿਓ ਮੁਖ ਤੇ ਸੁਨਿ ਕਰਿ ਗਾਰਾ ॥ ੧ ॥

ਹੇ ਭਾਈ ! ਸੁਣ, ਉਸ ਦੇ ਮੂੰਹ ਤੋਂ ਗਾਲੀਆਂ ਸੁਣ ਕੇ ਤੇਰੇ ਸਰੀਰ ਉਤੇ ਕੌਣ ਸਾ ਚਿਹਨ=ਚਿੰਨ ਭਾਵ ਫੱਟ ਛੋਹਿਓ=ਲਗ ਗਿਆ ਹੈ, ਜਿਸ ਕਰਕੇ ਤੂੰ ਗੁੱਸਾ ਕਰਦਾ ਹੈਂ ਜਿਸ ਨੇ ਗਾਲਾਂ ਕਢੀਆਂ ਸਨ ਹੁਣ ਉਸ ਨੂੰ ਸਮਝਾਂਦੇ ਹਨ ॥ ੧ ॥

www.sikhbookclub.com

ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥

ਹੇ ਭਾਈ ! ਸੁਣਨਾ ਕਰ ਤੂੰ ਕੌਣ ਹੈਂ? ਅਤੇ ਕਿਥੋਂ ਚਲ ਕੇ ਆਇਆ ਹੈਂ?

ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥ ੧ ॥ ਰਹਾਉ ॥

ਤੂੰ ਇਤਨੀ ਗੱਲ ਨਹੀਂ ਜਾਣਦਾ, ਜੋ ਇਸ ਸੰਸਾਰ ਵਿਚ ਕਿੰਨੀ ਕੁ ਮੁਦਤ ਰਹਿਣਾ ਹੈ, ਸੰਸਾਰ ਤੋਂ ਚਲੇ ਜਾਣ ਦੀ, ਭਾਵ ਮਰਨੇ ਦੀ ਖਬਰ ਨੂੰ ਨਹੀਂ ਪਾਵਨਾ ਕੀਤਾ ॥ ੧ ॥ ਰਹਾਉ ॥

ਅੱਗੋਂ ਉਸ ਨੇ ਕਿਹਾ ਤਮੋ ਗੁਣ ਦੇ ਸਹਤ ਹੋਣਾ ਇਹ ਤਾਂ ਤੱਤਾਂ ਦਾ ਸੁਭਾਵ ਹੈ, ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ ॥

ਪੌਣ ਤੱਤ ਦਾ ਸੁਭਾਵ ਸਹਨ ਸੀਲਤਾ ਵਾਲਾ ਹੈ, ਪਾਣੀ ਤੱਤ ਦਾ ਸੁਭਾਵ ਸ਼ੀਤਲਤਾ ਵਾਲਾ ਹੈ, ਅੱਗ ਤੱਤ ਦਾ ਸੁਭਾਵ ਭੈ ਦੂਰ ਕਰਨ ਵਾਲਾ ਹੈ, ਅਕਾਸ਼ ਤੱਤ ਦਾ ਸੁਭਾਵ ਅਸੰਗ ਰਹਿਣ ਵਾਲਾ ਹੈ ਅਤੇ ਬਸੁਧਾ=ਪ੍ਰਿਥਵੀ ਤੱਤ ਦਾ ਸੁਭਾਵ ਖਿਮਾ ਵਾਲਾ ਹੈ ਇਸ ਵਿਚ ਕੋਈ ਭ੍ਰਾਂਤੀ ਨਹੀਂ ਹੈ। ਅਰਥਾਤ ਕੋਈ ਸੰਸਾ ਨਹੀਂ ਹੈ ਕਹਿਣ ਦਾ ਭਾਵ ਇਹ ਹੈ ਤੱਤਾਂ ਵਿਚ ਤਮੋਗੁਣ ਨਹੀਂ ਹੈ।

ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ ॥ ੨ ॥

ਪੰਜਾਂ ਤੱਤਾਂ ਦੇ ਮਿਲਾਪ ਤੋਂ ਸਰੀਰ ਦਾ ਸੰਜੋਗ ਹੋਇਆ ਹੈ, ਦਸੋ ! ਇਹਨਾਂ ਗੱਲਾਂ ਵਿਚ ਕੇਹੜਾ ਦੁਰਾਤੇ=ਲੁਕਾਓ ਭਾਵ ਛਿਪਾ ਹੈ ॥ ੨ ॥

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥

ਜਿਸ ਬਿਧਾਤੇ ਪੁਰਖ ਪਰਮਾਤਮਾ ਨੇ ਪੰਜਾ ਤੱਤਾਂ ਨੂੰ ਰਚਾ ਕੇ ਸਰੀਰ ਨੂੰ ਰਚਿਆ ਹੈ, ਉਸ ਨੇ ਨਾਲ ਹੀ ਇਸ ਦੇ ਵਿਚ ਹਉਮੈ ਪਾ ਦਿੱਤੀ ਹੈ।

ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥ ੩ ॥

ਜਿਸ ਵਿਚ ਹੰਗਤਾ ਪਾਈ ਹੈ ਓਸੇ ਨੂੰ ਹੀ ਜਨਮ ਮਰਨ ਹੈ ਅਤੇ ਓਹੀ ਸੰਸਾਰ ਵਿਚ ਆਉਂਦਾ ਜਾਂਦਾ ਹੈ ॥ ੩ ॥

ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥

ਜਿਸ ਪਰਮਾਤਮਾ ਵਿਚ ਬਰਨੁ=ਰੰਗੁ, ਚਿੰਨ ਰਚਨਾ ਆਦਿਕ ਕੁਝ ਭੀ ਨਹੀਂ ਹੈ ਅਤੇ ਦ੍ਰਿਸ਼ਟ ਮਾਨ ਸਾਰਾ ਸੰਸਾਰ ਪਸਾਰਾ ਜਿਸ ਵਿਚ ਮਿਥਿਆ=ਕਲਪਤ ਹੈ।

ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਸੰਸਾਰ ਖੇਲ ਨੂੰ ਉਜਾੜਦਾ (ਉਠਾਂਵਦਾ) ਹੈ, ਭਾਵ ਆਪਣੇ ਵਿਚ ਜਗਤ ਨੂੰ ਲੈ ਕਰਦਾ ਹੈ, ਤਦ ਇਕ ਹੀ ਪਰਮਾਤਮਾ ਇਕ ਅਦੁੱਤੀ ਸਰੂਪ ਹੁੰਦਾ ਹੈ ॥ ੪ ॥ ੪ ॥

ਇਸ ਸ਼ਬਦ ਵਿਚ ਗੁਰਮੁਖ ਸੇਵਕਾਂ ਦੀ ਦਸ਼ਾ ਕਥਨ ਕਰਦੇ ਹਨ—

[ਪੰਨਾ ੧੦੦੦]

ਮਾਰੂ ਮਹਲਾ ੫ ॥

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥

ਗੁਰਮੁਖਾਂ ਨੇ ਜਾਤੀ ਦਾ ਮਾਨ, ਵਿਦਿਆ ਦਾ ਮਾਨ, ਸਬੰਧੀਆਂ ਦਾ ਮੋਹ ਅਤੇ ਪਦਾਰਥਾਂ ਦਾ ਲੋਭ ਆਦਿਕ ਵਿਕਾਰ, ਪੁਨਾ ਬੀਓ=ਦ੍ਵੈਤ ਭਾਅ ਆਦਿਕਾਂ ਨੂੰ ਆਪਣੇ ਚਿਤ ਵਿਚ ਨਾ ਘਾਲਿਓ=ਨਹੀਂ ਪਾਇਆ।

ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥ ੧ ॥

ਰਤਨ ਰੂਪ ਨਾਮ ਨੂੰ ਅਤੇ ਹਰੀ ਦੀ ਪ੍ਰਾਪਤੀ ਕਰਨ ਵਾਲੇ ਸ਼ੁਭ-ਗੁਣਾਂ ਨੂੰ ਵਣਜਿਆ ਹੈ ਅਤੇ ਨਾਮ ਰੂਪ ਵਖਰੁ=ਸੌਦੇ ਨੂੰ ਲਦ ਕੇ ਪ੍ਰਲੋਕ ਵਿਚ ਲੈ ਚਲਿਆ ਹੈ॥ ੧ ॥

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥

ਉਸ ਸੇਵਕ ਦੀ ਓੜਕ ਤੱਕ ਪ੍ਰੀਤੀ ਨਿਭੀ ਹੈ।

ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ ੧ ॥ ਰਹਾਉ ॥

ਜਿਸ ਨੇ ਜੀਉਂਦਿਆਂ ਤੱਕ ਆਪਣੇ ਮਾਲਕ ਨੂੰ ਸੇਵਣਾ ਕੀਤਾ ਹੈ, ਤੇ-ਚਲਣੇ ਵੇਲੇ ਭੀ ਭਾਵ ਮਰਨ ਵੇਲੇ ਭੀ ਚਿਤ ਵਿਚ ਪਰਮੇਸ਼ਰ ਨੂੰ ਯਾਦ ਰਖਿਆ ਹੈ॥ ੧ ॥ ਰਹਾਉ ॥

ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥

ਠਾਕੁਰ ਨੇ ਵੇਦਾਂ ਵਿਚ ਜੈਸੀ ਆਗਿਆ ਉਚਾਰਨ ਕੀਤੀ ਹੈ, ਉਸ ਵੱਲੋਂ ਭੀ ਮੂੰਹ ਨਹੀਂ ਮੋੜਨਾ ਕੀਤਾ।

ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥ ੨ ॥

ਜਿਸ ਸਹਜੁ ਅਨੰਦੁ=ਗਿਆਨਾ ਨੰਦ ਨੂੰ ਹਿਰਦੇ ਘਰ ਵਿਚ ਧਾਰਨ ਕਰ ਰਖਿਆ ਸੀ, ਪੁਨਾ ਉਠ ਕੇ ਓਸੇ ਤਰਫ ਨੂੰ ਹੀ ਦੌੜਨਾ ਕੀਤੀ ਹੈ, ਭਾਵ ਓਸੇ ਅਨੰਦ ਦੀ ਪ੍ਰਾਪਤੀ ਦਾ ਹੀ ਜਤਨ ਕੀਤਾ ਹੈ॥ ੨ ॥

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥

ਜੇ ਉਸ ਦੇ ਭਾਣੇ ਵਿਚ ਭੁਖ ਆਈ ਹੈ ਤਾਂ ਉਸ ਨੂੰ ਸੁਖ ਕਰਕੇ ਜਾਣਿਆ ਹੈ ਅਤੇ ਸੋਗ ਹਰਖ ਨੂੰ ਨਹੀਂ ਜਾਨਣਾ ਕੀਤਾ।

ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥ ੩ ॥

ਸਾਹਿਬ=ਮਾਲਕ ਪਰਮੇਸ਼ਰ ਦਾ ਜੋ ਜੋ ਭੀ ਹੁਕਮ ਹੋਇਆ ਹੈ, ਉਸ ਨੂੰ ਮਾਥੈ=ਸਿਰ ਉਤੇ ਮੰਨ ਲਿਆ ਹੈ॥ ੩ ॥

ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥

ਜਿਸ ਵੇਲੇ ਠਾਕੁਰ ਪਰਮਾਤਮਾ ਸੇਵਕ ਉਤੇ ਕ੍ਰਿਪਾਲੂ ਹੋਇਆ, ਤਿਸ ਵੇਲੇ ਸੇਵਕ ਦੇ ਹਲਤ ਪਲਾਤਾ= ਲੋਕ ਪ੍ਰਲੋਕ ਸੌਰ ਗਏ।

ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੇ ਆਪਣੇ ਖਸਮੁ=ਮਾਲਕ ਪਰਮਾਤਮਾ ਨੂੰ ਪਛਾਣ ਲਿਆ ਹੈ, ਉਹ ਸੇਵਕ ਧੰਨਤਾ ਜੋਗ ਹੈ ਅਤੇ ਉਸ ਸੇਵਕ ਦਾ ਆਇਆ ਭੀ ਸਫਲ ਹੈ॥ ੪॥ ੫॥

ਮਾਰੂ ਮਹਲਾ ੫॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥

ਜਿਸ ਵੇਲੇ ਪੂਰਬਲਾ ਕਰਮ ਫਲ ਦੇਣ ਨੂੰ ਖੁਲ੍ਹਿਆ ਤੇ ਠਾਕੁਰ ਪਰਮਾਤਮਾ ਦੀ ਕਿਰਪਾ ਹੋਈ ਤਾਂ ਹਰਿ ਹਰਿ ਦੇ ਕੀਰਤਨ ਨੂੰ ਗਾਉਣਾ ਕੀਤਾ।

ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥੧॥

ਜਨਮ ਮਰਨ ਦਾ ਸ੍ਰਮੁ=ਕਸ਼ਟ (ਥਕੇਵਾਂ) ਥਾਕਾ=ਥਕ ਗਿਆ, ਭਾਵ ਰਹਿ ਗਿਆ ਹੈ, ਬਿਸਰਾਮ ਪਾ ਲਿਆ ਹੈ ਚੌਰਾਸੀ ਲੱਖ ਜੂਨੀਆਂ ਦੀ ਸਾਰੀ ਧਾਈ=ਦੌੜ ਮਿਟ ਗਈ ਹੈ॥ ੧॥

ਅਬ ਮੋਹਿ ਜੀਵਨ ਪਦਵੀ ਪਾਈ॥

ਹੁਣ ਮੈਂਨੇ ਜੀਵਣ ਪਦਵੀ ਪਾ ਲਈ ਹੈ।

ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥੧॥ਰਹਾਉ॥

ਸੰਤਾਂ ਦੀ ਚਰਨ ਸ਼ਰਨ ਵਿਚ ਆਉਣ ਕਰਕੇ ਮੈਨੂੰ ਪੁਰਖੁ ਬਿਧਾਤਾ=ਫਲ ਬਰ ਦਾਤਾ ਵਾਹਿਗੁਰੂ ਮਨ ਵਿਚ ਚੇਤੇ ਆਇਆ ਹੈ॥ ੧॥ ਰਹਾਉ॥

ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥

ਕਾਮ, ਕ੍ਰੋਧ, ਲੋਭ, ਅਤੇ ਮੋਹ ਆਦਿਕ ਸਾਰੇ ਨਵਿਰਤ ਹੋ ਗਏ ਹਨ ਅਤੇ ਸਾਰੇ ਵੈਰੀ ਭੀ ਨਿਵਰੇ=ਦੂਰ ਹੋ ਗਏ ਹਨ।

ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥੨॥

ਉਹ ਨਾਜਰੁ=ਨਿਯੰਤਾ ਪਰਮੇਸ਼ਰ ਸਦਾ ਹਾਜਰਾ ਹਜੂਰ ਹੈ, ਵਾ:- ਹਜੂਰਿ=ਪ੍ਰਪੰਚ ਵਿਚ ਹਾਜ਼ਰ ਹੈ, ਨਾਜਰੁ=ਪ੍ਰਗਟ, ਉਹ ਕਤਹਿ=ਕਦੇ ਭੀ ਦੂਰਾਈ=ਦੂਰ ਨਹੀਂ ਹੋਇਆ॥ ੨॥

ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥

ਜਿਸ ਵੇਲੇ ਸੰਤ ਸਹਾਇਤਾ ਕਰਨ ਵਾਲੇ ਹੋਏ, ਤਾਂ ਸੁਖਾਂ ਨੂੰ ਪਾ ਕੇ ਸੀਤਲ ਹੋ ਗਏ ਅਤੇ ਸਾਰੀ ਸ਼ਰਧਾ ਭੀ ਪੂਰੀ ਹੋ ਗਈ। *ਅਥਵਾ:-* ਜਿਸ ਵੇਲੇ ਸੰਤ ਸਹਾਇਤਾ ਕਰਨ ਵਾਲੇ ਹੋਏ ਤੇ ਦਿਲ ਵਿਚ ਪੂਰੀ ਸ਼ਰਧਾ ਹੋ ਗਈ ਤਾਂ ਸੁਖ ਸਹਿਤ ਸਭ ਤਰ੍ਹਾਂ ਦੀ ਸ਼ਾਂਤੀ ਹੋ ਗਈ।

ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ॥੩॥

ਇਕ ਖਿਨ ਦੇ ਵਿਚ ਹੀ ਸਾਰੇ ਪਤਿਤ=ਪਾਪੀ, ਪਾਵਨ=ਪਵਿੱਤ੍ਰ ਕਰ ਦਿੱਤੇ ਹਨ, ਇਸ ਲਈ ਉਹਨਾਂ ਦੀ ਮਹਿਮਾ ਕੁਝ ਕਥਨ ਨਹੀਂ ਕੀਤੀ ਜਾਂਦੀ॥ ੩॥

ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ॥

ਗੋਬਿੰਦ ਦੇ ਚਰਨਾਂ ਦੀ ਓਟ ਵਿਚ ਆ ਕੇ ਸਾਰੇ ਭੈ ਖੋਏ=ਡਰ ਨਾਸ ਹੋ ਗਏ ਹਨ ਅਤੇ ਨਿਰਭਉ ਹੋ ਗਏ ਹਾਂ।

ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਰਾਤ ਦਿਨ ਲਿਵ=ਬਿਰਤੀ ਲਗਾ ਕੇ ਠਾਕੁਰ ਪਰਮੇਸ਼ਰ ਦਾ ਜਸ ਗਾਉਂਦਾ ਹਾਂ॥ ੪ ॥ ੬ ॥

ਮਾਰੂ ਮਹਲਾ ੫ ॥

ਜੋ ਸਮਰਥੁ ਸਰਬ ਗੁਣ ਨਾਇਕੁ ਤਿਸ ਕਉ ਕਬਹੁ ਨ ਗਾਵਸਿ ਰੇ॥

ਜੋ ਪ੍ਰਭੂ ਸਭ ਕਲਾਂ ਕਰਕੇ ਸਮਰਥ, ਤੇ ਸਾਰਿਆਂ ਗੁਣਾਂ ਦਾ ਨਾਇਕੁ=ਸੁਆਮੀ ਹੈਂ, ਉਸ ਨੂੰ ਤੂੰ ਕਦੇ ਭੀ ਗਾਂਵਦਾ ਨਹੀਂ ਹੈਂ।

ਛੋਡਿ ਜਾਇ ਖਿਨ ਭੀਤਰਿ ਤਾ ਕਉ ਉਆ ਕਉ ਫਿਰਿ ਫਿਰਿ ਧਾਵਸਿ ਰੇ॥੧ ॥

ਚੰਗੀ ਤਰ੍ਹਾਂ ਤਾਕਉ=ਤੱਕ ਲੈ (ਵੇਖ ਲੈ) ਜੋ ਪਦਾਰਥ, *ਵਾ:-* ਸਨਬੰਧੀ ਇਕ ਖਿਨ ਵਿਚ ਛੱਡ ਜਾਣੇ ਹਨ, ਉਆ=ਉਨ੍ਹਾਂ ਨੂੰ ਪਾਵਨ ਵਾਸਤੇ ਤੂੰ ਮੁੜ ਮੁੜ ਕੇ ਧਾਵਸਿ ਰੇ=ਦੌੜਦਾ ਹੈਂ।

ਅਥਵਾ:- ਤੂੰ ਤਾਕਉ=ਵੇਖਦਾ ਭੀ ਹੈਂ ਜੋ ਮਾਇਆ ਖਿਨ ਵਿਚ ਛੱਡ ਕੇ ਤੁਰੀ ਜਾਂਦੀ ਹੈ, ਓਸੇ ਮਾਇਆ ਨੂੰ ਪਾਵਨ ਵਾਸਤੇ ਤੂੰ ਫਿਰਿ ਫਿਰਿ=ਮੁੜ ਮੁੜ ਕੇ ਦੌੜਦਾ ਹੈਂ॥ ੧ ॥

ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ ਰੇ॥

ਹੇ ਭਾਈ ! ਤੂੰ ਆਪਣੇ ਪ੍ਰਭੂ ਨੂੰ ਕਿਉਂ ਨਹੀਂ ਸੰਮਾਲਨਾ ਕਰਦਾ ਹੈਂ।

ਬੈਰੀ ਸੰਗਿ ਰੰਗ ਰਸਿ ਰਚਿਆ ਤਿਸੁ ਸਿਉ ਜੀਅਰਾ ਜਾਗਸਿ ਰੇ॥੧ ॥ਰਹਾਉ ॥

ਤੇਰੀ ਜ਼ਿੰਦਗੀ ਦੇ ਵੈਰੀ ਜੋ ਕਾਮ ਆਦਿਕ ਵਿਸ਼ੇ ਰਸ ਹਨ, ਉਨ੍ਹਾਂ ਦੇ ਨਾਲ ਤੂੰ ਰੰਗ=ਪ੍ਰੇਮ ਸਹਿਤ ਰਚਿਆ=ਤਦਾਕਾਰ ਹੋ ਰਿਹਾ ਹੈਂ ਅਤੇ ਉਨ੍ਹਾਂ ਦੇ ਨਾਲ ਹੀ ਤੇਰਾ ਜੀਅ ਜਾਗਸਿ ਰੇ=ਜਾਗ ਰਿਹਾ ਹੈ। ਆਮ ਸਰੂਪਾਂ ਵਿਚ 'ਜਾਗਸਿ' ਪਾਠ ਹੈ। (ਪਰ ਪਾਠਾਂਤ੍ਰ 'ਜਾਰਸਿ' ਪਾਠ ਭੀ ਹੁੰਦਾ ਹੈ) ਉਹਨਾਂ ਦੇ ਨਾਲ ਤੇਰਾ ਜੀਅ ਜਾਰਸਿ=ਸੜ ਰਿਹਾ ਹੈ॥ ੧ ॥ ਰਹਾਉ ॥

ਜਾ ਕੈ ਨਾਮਿ ਸੁਨਿਐ ਜਮੁ ਛੋਡੈ ਤਾ ਕੀ ਸਰਣਿ ਨ ਪਾਵਸਿ ਰੇ॥

ਜਿਸ ਨਾਮੀ ਪਰਮਾਤਮਾ ਦੇ ਨਾਮ ਸੁਣਦਿਆਂ ਹੀ ਜਮ ਛੱਡ ਦੇਂਦਾ ਹੈ, ਉਸ ਦੀ ਸ਼ਰਣ ਵਿਚ ਤੂੰ ਆਪਣੇ ਆਪ ਨੂੰ ਪਾਂਦਾ ਨਹੀਂ ਹੈਂ।

ਕਾਢਿ ਦੇਇ ਸਿਆਲ ਬੁਪਰੇ ਕਉ ਤਾ ਕੀ ਓਟ ਟਿਕਾਵਸਿ ਰੇ ॥੨॥

ਆਲਸ ਰੂਪੀ ਵਿਚਾਰੇ ਸਿਆਲ=ਗਿੱਦੜ ਨੂੰ ਕੱਢ ਦੇਣਾ ਕਰ ਉਸ ਦੀ ਓਟ ਵਿਚ ਤੂੰ ਆਪਣੇ ਆਪ ਨੂੰ ਕੀ ਟਿਕਾਈ ਬੈਠਾ ਹੈਂ, ਕਿਉਂਕਿ ਇਹ ਬਹੁਤ ਦੁਖਦਾਈ ਹੈ।

ਅਥਵਾ:- ਉਸ ਆਲਸ ਦਾ ਵਿਰੋਧੀ ਜੋ ਉਦਮ ਹੈ ਜਾਂ ਸ਼ੁਭ ਵਿਚਾਰ ਹੈ ਉਸ ਦੀ ਓਟ ਵਿਚ ਤੂੰ ਆਪਣੇ ਆਪ ਨੂੰ ਟਿਕਾਣਾ ਕਰ॥ ੨॥

ਜਿਸ ਕਾ ਜਾਸੁ ਸੁਨਤ ਭਵ ਤਰੀਐ ਤਾ ਸਿਉ ਰੰਗੁ ਨ ਲਾਵਸਿ ਰੇ॥

ਜਿਸ ਪ੍ਰਭੂ ਦਾ ਜਸ ਸੁਣਦਿਆਂ ਭਵ=ਸੰਸਾਰ ਤੋਂ ਤਰਨਾ ਹੁੰਦਾ ਹੈ, ਉਸ ਦੇ ਨਾਲ ਤੂੰ ਰੰਗੁ=ਪ੍ਰੇਮ ਲਗਾਉਂਦਾ ਨਹੀਂ ਹੈਂ।

ਥੋਰੀ ਬਾਤ ਅਲਪ ਸੁਪਨੇ ਕੀ ਬਹੁਰਿ ਬਹੁਰਿ ਅਟਕਾਵਸਿ ਰੇ॥ ੩॥

ਸੁਪਨੇ ਦੀ ਤਰ੍ਹਾਂ ਜੋ ਅਲਪ=ਤੁਛ ਮਾਇਆ ਹੈ, ਜਿਸ ਦੀ ਥੋੜੀ ਤੋਂ ਥੋੜੀ ਗੱਲ ਹੈ, ਉਸ ਮਾਇਆ ਦੇ ਨਾਲ ਤੂੰ ਬਹੁਰਿ ਬਹੁਰਿ=ਵਾਰੰਵਾਰ (ਮੁੜ ਮੁੜ ਕੇ) ਮਨ ਨੂੰ ਅਟਕਾਂਦਾ ਹੈਂ॥ ੩॥

ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ ਸੰਤਸੰਗਿ ਪਤਿ ਪਾਈ॥

ਕ੍ਰਿਪਾ ਨਿਧੀ ਠਾਕੁਰ ਦਾ ਜੋ ਸਾਡੇ ਉਤੇ ਪ੍ਰਸਾਦੁ=ਅਨਿਗ੍ਰਹੁ ਹੋਇਆ ਹੈ ਇਹ ਸੰਤਾਂ ਦੇ ਸੰਗ ਕਰਕੇ ਹੋਇਆ ਹੈ, ਏਸੇ ਕਰਕੇ ਅਸਾਂ ਨੇ ਪਤਿ=ਇੱਜ਼ਤ ਪਾਈ ਹੈ।

ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ ਜਉ ਪ੍ਰਭ ਪਏ ਸਹਾਈ॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ—ਜਦ ਪ੍ਰਭੂ ਜੀ ਆਪ ਸਹਾਇਤਾ ਕਰਨ ਵਾਲੇ ਹੋਏ, ਤਾਂ ਰਜੋ, ਸਤੋ, ਤਮੋ ਰੂਪ ਤਿੰਨੇ ਗੁਣ ਅਤੇ ਭਰਮ ਛੁਟ ਗਿਆ।

ਅਥਵਾ:- ਭਰਮ ਰੂਪ ਜੋ ਤਰੈਗੁਣ ਆਤਮਕ ਸੰਸਾਰ ਹੈ, ਉਹ ਸਾਡਾ ਛੁਟ ਗਿਆ ਹੈ॥ ੪॥ ੭॥

ਮਾਰੂ ਮਹਲਾ ੫॥

ਅੰਤਰਜਾਮੀ ਸਭ ਬਿਧਿ ਜਾਨੈ ਤਿਸ ਤੇ ਕਹਾ ਦੁਲਾਰਿਓ॥

ਹੇ ਭਾਈ ! ਉਹ ਅੰਤਰਜਾਮੀ ਪਰਮਾਤਮਾ ਸਭ ਬਿਧੀਆਂ ਜਾਣਦਾ ਹੈ, ਤੂੰ ਉਸ ਦੇ ਪਾਸੋਂ ਕੀ ਦੁਲਾਰਿਓ=ਲੁਕਾਂ (ਛਿਪਾ) ਕਰਦਾ ਹੈਂ।

ਹਸਤ ਪਾਵ ਝਰੇ ਖਿਨ ਭੀਤਰਿ ਅਗਨਿ ਸੰਗਿ ਲੈ ਜਾਰਿਓ॥ ੧॥

ਜਿਨ੍ਹਾਂ ਦਾ ਤੂੰ ਮਾਣ ਕਰਦਾ ਹੈਂ, ਇਹ ਹਸਤ=ਹੱਥ ਤੇ ਪੈਰ ਤੇਰੇ ਓਸੇ ਖਿਨ ਵਿਚ ਝੜ ਜਾਣਗੇ, ਜਿਸ ਵੇਲੇ ਤੇਰੇ ਸਰੀਰ ਨੂੰ ਲੈ ਕੇ ਚਿਖਾ ਉਤੇ ਰੱਖ ਕੇ ਅੱਗ ਨਾਲ ਜਾਰਿਓ=ਸਾੜਨਗੇ॥ ੧॥

[ਪੰਨਾ ੧੦੦੧]

ਮੂੜੇ ਤੈ ਮਨ ਤੇ ਰਾਮੁ ਬਿਸਾਰਿਓ॥

ਹੇ ਮੂੜੇ=ਮੂਰਖ ਪੁਰਸ਼ਾ ! ਤੈਂਨੇ ਮਨ ਵਿਚੋਂ ਰਾਮ ਨਾਮ ਭੁਲਾ ਦਿੱਤਾ।

ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ॥ ੧॥ ਰਹਾਉ॥

ਉਸ ਪਰਮਾਤਮਾ ਦਾ ਲੂਣ ਖਾ ਕੇ ਤੂੰ ਹਰਾਮਖੋਰੀ ਕਰਦਾ ਹੈਂ, ਏਸੇ ਕਰਕੇ ਤੂੰ ਭਾਰੀ ਕ੍ਰਿਤਘਨ ਹੈਂ, ਸਭ ਸਬੰਧੀਆਂ ਦੇ ਨੈਨ=ਅੱਖਾਂ ਨਾਲ ਵੇਖਦਿਆਂ ਵੇਖਦਿਆਂ ਤੂੰ ਬਿਦਾਰਿਓ=ਮਾਰਿਆ ਜਾਏਂਗਾ, ਪਰ ਤੇਰੀ ਰਖਿਆ

ਕਿਸੀ ਨੇ ਨਹੀਂ ਕਰਨੀ॥ ੧॥ ਰਹਾਉ॥

ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ॥

ਤੇਰੇ ਸਰੀਰ ਦੇ ਵਿਚ ਪ੍ਰਤੱਖ ਕੋਹੜ ਰੂਪੀ ਅਸਾਧ ਰੋਗ ਉਪਜਿਆ, *ਅਥਵਾ:-* ਤੇਰੇ ਅੰਤਹ ਕਰਨ ਦੇ ਵਿਚ ਹੰਕਾਰ, *ਵਾ:-* ਅਗਿਆਨ ਰੂਪੀ ਅਸਾਧ ਰੋਗ ਉਪਜਿਆ ਹੈ, ਜੋ ਬ੍ਰਹਮ ਗਿਆਨ ਤੋਂ ਬਿਨਾਂ ਹੋਰ ਕਿਸੇ ਉਪਾਵ ਨਾਲ ਟਾਲਿਆ ਹੋਇਆ ਟਲਦਾ ਨਹੀਂ ਹੈ।

ਪ੍ਰਭ ਬਿਸਰਤ ਮਹਾ ਦੁਖੁ ਪਾਇਓ ਇਹੁ ਨਾਨਕ ਤਤੁ ਬੀਚਾਰਿਓ॥੨॥੮॥

ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਵਿਚਾਰ ਕੇ ਇਹੁ ਤਤੁ=ਸਿਧਾਂਤ ਕਢਿਆ ਹੈ ਕਿ ਪ੍ਰਭੂ ਦੇ ਬਿਸਰਤ=ਭੁਲਣ ਕਰਕੇ ਹੀ ਜ਼ੀਵ ਨੇ ਮਹਾ=ਬੜਾ ਭਾਰੀ ਦੁੱਖ ਪਾਇਆ ਹੈ॥ ੨॥ ੮॥

ਮਾਰੂ ਮਹਲਾ ੫॥

ਚਰਨ ਕਮਲ ਪ੍ਰਭ ਰਾਖੇ ਚੀਤਿ॥ ਹਰਿ ਗੁਣ ਗਾਵਹ ਨੀਤਾ ਨੀਤ॥

ਸੰਤਾਂ ਨੇ ਪ੍ਰਭੂ ਦੇ ਚਰਨ ਕਵਲ ਚਿਤ ਵਿਚ ਯਾਦ ਰਖੇ ਹਨ। ਤੇ ਨੀਤਾ ਨੀਤ=ਨਿਤਾਪ੍ਰਤੀ (ਹਰ ਰੋਜ਼) ਹਰੀ ਦੇ ਗੁਣ ਗਾਉਂਦੇ ਹਨ।

ਤਿਸੁ ਬਿਨੁ ਦੂਜਾ ਅਵਰੁ ਨ ਕੋਊ॥ ਆਦਿ ਮਧਿ ਅੰਤਿ ਹੈ ਸੋਊ॥ ੧॥

ਸੰਤਾਂ ਨੇ ਇਹ ਨਿਸਚੇ ਕੀਤਾ ਹੈ, ਕਿ ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਸ੍ਰਿਸ਼ਟੀ ਦੇ ਆਦ, ਮਧ ਅਤੇ ਅੰਤ ਵਿਚ ਉਹ ਪ੍ਰਭੂ ਹੀ ਹੈ॥ ੧॥

ਸੰਤਨ ਕੀ ਓਟ ਆਪੇ ਆਪਿ॥ ੧॥ ਰਹਾਉ॥

ਉਹ ਪਰਮੇਸ਼ਰ ਆਪੇ ਆਪ ਹੀ ਸੰਤਾਂ ਦੀ ਓਟ ਰੂਪ ਹੈ॥ ੧॥ ਰਹਾਉ॥

ਜਾ ਕੈ ਵਸਿ ਹੈ ਸਗਲ ਸੰਸਾਰੁ॥ ਆਪੇ ਆਪਿ ਆਪਿ ਨਿਰੰਕਾਰੁ॥

ਸਾਰਾ ਸੰਸਾਰ ਜਿਸ ਪ੍ਰਭੂ ਦੇ ਵਸ ਵਿਚ ਹੈ। ਉਹ ਨਿਰੰਕਾਰ ਪ੍ਰਭੂ ਪਿੱਛੇ ਆਪ ਸੀ, ਹੁਣ ਭੀ ਆਪ ਹੈ, ਅੱਗੇ ਭੀ ਆਪ ਹੋਵੇਗਾ, ਭਾਵ ਤਿੰਨਾਂ ਕਾਲਾਂ ਵਿਚ ਆਪ ਪਰੀਪੂਰਨ ਹੈ।

ਨਾਨਕ ਗਹਿਓ ਸਾਚਾ ਸੋਇ॥

ਸੁਖੁ ਪਾਇਆ ਫਿਰਿ ਦੂਖੁ ਨ ਹੋਇ॥ ੨॥ ੯॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਉਸ ਸੱਚੇ ਦੇ ਆਸ਼ਰੇ ਨੂੰ ਗ੍ਰਹਿਣ ਕੀਤਾ ਹੈ। ਉਸ ਨੇ ਅਜੇਹਾ ਸੁਖ ਪਾਇਆ ਹੈ, ਜੋ ਫਿਰ ਉਸ ਨੂੰ ਕਦੇ ਭੀ ਦੁੱਖ ਨਹੀਂ ਹੋਇਆ॥ ੨॥ ੯॥

ਮਾਰੂ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਪ੍ਰਾਨ ਸੁਖਦਾਤਾ ਜੀਅ ਸੁਖੁਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ॥

ਹੇ ਅਗਿਆਨ ਵਿਚ ਨੱਥੇ ਹੋਏ ਅਗਿਆਨੀ ਪੁਰਸ਼ਾ ! ਜੋ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਹੈ ਅਤੇ ਜੀਅ ਨੂੰ ਸੁਖ ਦੇਣ ਵਾਲਾ ਹੈ, ਤੈਂਨੇ ਉਸ ਨੂੰ ਕਿਉਂ ਭੁਲਾਵਣਾ ਕੀਤਾ ਹੈ।

www.sikhbookclub.com

ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ॥ ੧॥

ਇਸਤ੍ਰੀ ਪੁਤ੍ਰ ਆਦਿਕਾਂ ਦੇ ਹੰਕਾਰ ਰੂਪੀ ਹੋਛਾ=ਤੁਛ ਮਦ ਪੀ ਕੇ, ਜਾਂ ਮਾਇਆ ਰੂਪੀ ਹੋਛਾ=ਤੁਛ ਮਦੁ=ਸ਼ਰਾਬ ਪੀ ਕੇ ਤੁਸੀਂ ਬਾਵਰ=ਝਲੇ ਹੋ ਰਹੇ ਹੋ ਅਤੇ ਦੁਰਲੱਭ ਮਨੁੱਖਾ ਜਨਮ ਨੂੰ ਅਕਾਰਥ=ਵਿਅਰਥ ਗਵਾ ਰਹੇ ਹੋ॥ ੧॥

ਰੇ ਨਰ ਐਸੀ ਕਰਹਿ ਇਆਨਥ॥

ਰੇ ਨਰ=ਹੇ ਪੁਰਸ਼ਾ ! ਤੂੰ ਅਜੇਹੀ ਇਆਨਪਨੇ ਦੀ ਗੱਲ ਕਰਦਾ ਹੈਂ ਅਰਥਾਤ ਅਜੇਹਾ ਅੰਞਾਣ ਪੁਣਾ ਕਰਦਾ ਹੈਂ।

ਤਜਿ ਸਾਰੰਗਧਰ ਭ੍ਰਮਿ ਤੂ ਭੂਲਾ
ਮੋਹਿ ਲਪਟਿਓ ਦਾਸੀ ਸੰਗਿ ਸਾਨਥ ॥ ੧॥ ਰਹਾਉ॥

ਸਾਰੰਗ ਨਾਮੇ ਧਨਖ ਦੇ ਧਾਰਨ ਵਾਲੇ ਪ੍ਰਭੂ ਨੂੰ ਤਿਆਗ ਕੇ ਤੂੰ ਭਰਮ ਵਿਚ ਭੂਲਾ ਹੋਇਆ ਹੈਂ, 'ਸੰਗਿ ਸਾਨਥ'=ਸੰਗ ਦਾ ਸਾਥੀ ਜਾਣ ਕੇ ਤੂੰ ਦਾਸੀ=ਮਾਇਆ ਦੇ ਮੋਹ ਵਿਚ ਲੰਪਟ ਹੋ ਰਿਹਾ ਹੈਂ।

ਅਥਵਾ:- ਇਹ ਮੇਰੀ ਸਾਨਥ=ਸਹਾਇਤਾ ਕਰੇਗੀ ਐਸੇ ਜਾਣ ਕੇ ਦਾਸੀ=ਮਾਇਆ ਦੇ ਮੋਹ ਨਾਲ ਤੂੰ ਲੰਪਟ ਹੋ ਰਿਹਾ ਹੈਂ॥ ੧॥ ਰਹਾਉ॥

ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ॥

ਧਰਣੀ ਧਰੁ=ਪਰਮੇਸ਼ਰ ਨੂੰ ਤਿਆਗ ਕੇ ਨੀਚ ਕੁਲ ਵਾਲੇ ਕਾਮ ਕ੍ਰੋਧ ਆਦਿਕਾਂ ਦੀ ਸੇਵਾ ਕਰਦਾ ਹੈਂ, ਹਉ ਹਉ=ਮੈਂ ਮੈਂ ਕਰਦਿਆਂ ਸਾਰੀ ਉਮਰਾ ਬਿਤਾਈ ਜਾ ਰਿਹਾ ਹੈਂ।

ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ॥ ੨॥

ਹੇ ਅੰਨ੍ਹੇ ਅਗਿਆਨੀ ਪੁਰਸ਼ਾ ! ਤੂੰ ਫੋਕਟ=ਨਿਸਫਲ ਹੀ ਕਰਮਾਂ ਨੂੰ ਕਰਦਾ ਹੈਂ, ਇਸੀ ਤੇ ਤੂੰ ਮਨਮੁਖ ਤੇ ਅੰਨ੍ਹਾਂ ਕਹਾਵਥ=ਕਹਾਉਂਦਾ ਹੈਂ। *ਅਥਵਾ:-* ਹੇ ਅੰਨ੍ਹੇ ਮਨਮੁਖ ! ਇਨ੍ਹਾਂ ਨਿਸਫਲ ਕਰਮਾਂ ਵਿਚ ਕਹਾਵਥ=ਆਤਮ ਵਸਤੂ ਕਹਾਂ ਹੈ, ਭਾਵ ਨਹੀਂ ਪ੍ਰਾਪਤ ਹੁੰਦੀ।

ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ॥

ਜੋ ਪ੍ਰਭੂ ਤਿੰਨਾਂ ਕਾਲਾਂ ਵਿਚ ਸੱਤ ਹੋਣ ਵਾਲਾ ਹੈ ਉਸ ਨੂੰ ਤੈਂ ਨੇ ਅਸਤਿ ਕਰਕੇ ਮੰਨਿਆਂ ਜੋ ਜਗਤ ਬਿਨਸਨ ਵਾਲਾ ਹੈ ਉਸ ਨੂੰ ਤੂੰ ਨਿਹਚਲੁ ਜਾਨਥ=ਅਚੱਲ ਜਾਣਦਾ ਹੈਂ।

ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੂਲਾਨਥ॥ ੩॥

ਪਰਾਈ ਵਸਤੂ ਨੂੰ ਤੂੰ ਆਪਣੀ ਜਾਣ ਕੇ ਫੜੀ ਬੈਠਾ ਹੈਂ, ਅਰਥਾਤ ਦੇਹ ਆਦਿਕ ਵਸਤੂ ਕਾਲ ਦੀ ਹੈ ਇਸ ਨੂੰ ਤੂੰ ਆਪਣੀ ਸਮਝੀ ਬੈਠਾ ਹੈਂ, ਐਸੇ ਭੂਲ ਭੂਲਾਨਥ=ਅਜੇਹੀ ਭੂਲ ਵਿਚ ਤੂੰ ਭੂਲ ਰਿਹਾ ਹੈਂ॥ ੩॥

ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥

ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਇਤਿਆਦਿਕ ਸਾਰੇ ਇਕ ਨਾਮੀ ਪਰਮਾਤਮਾ ਦੇ ਨਾਮ ਕਰਕੇ ਤਰਾਨਥ=ਤਰਦੇ ਹਨ।

www.sikhbookclub.com

ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪ ॥੧ ॥੧੦ ॥

ਗੁਰੂ ਨਾਨਕ ਦੇਵ ਜੀ ਉਪਦੇਸ਼ ਕਹਿੰਦੇ ਹਨ — ਜੋ ਸ਼ਰਧਾ ਨਾਲ ਸੁਣੇਗਾ ਉਹ ਸੰਸਾਰ ਤੋਂ ਪਾਰ ਉਤਰੇਗਾ। *ਅਥਵਾ:-* ਗੁਰੂ ਜੀ ਕਥਨ ਕਰਦੇ ਹਨ ਛੇ ਸ਼ਾਸਤ੍ਰ ਅਤੇ ਛੇ ਹੀ ਉਹਨਾਂ ਦੇ ਗੁਰੂ ਕਰਤਾ ਕਪਲ ਤੇ ਗੌਤਮ ਰਿਖੀ ਜੀ ਆਦਿਕ ਜਾਂ ਪੂਰੇ ਗੁਰੂ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਆਪਣੇ ਮੁਖਾਰਬਿੰਦ ਤੋਂ ਉਪਦੇਸ਼ ਕਥਨ ਕਰਦੇ ਹਨ ਉਸ ਉਪਦੇਸ਼ ਨੂੰ ਜੋ ਪੁਰਸ਼ ਸ਼ਰਧਾ ਨਾਲ ਸੁਣੇਗਾ ਉਹ ਸੰਸਾਰ ਸਮੁੰਦਰ ਤੋਂ ਪਾਰਿ ਪਰਾਨਥ=ਪਾਰ ਉਤਰ ਜਾਵੇਗਾ॥ ੪॥ ੧॥ ੧੦॥

ਤਾੜ ਕੇ ਉਪਦੇਸ਼ ਦੇਦੇ ਹਨ-

ਮਾਰੂ ਮਹਲਾ ੫ ॥

ਗੁਪਤੁ ਕਰਤਾ ਸੰਗਿ ਸੋ ਪ੍ਰਭੁ ਭਹਕਾਵਏ ਮਨੁਖਾਇ ॥

ਹੇ ਪੁਰਸ਼ਾ ! ਤੂੰ ਗੁਪਤੁ=ਲੁਕ ਕੇ ਕਰਮ ਕਰਦਾ ਹੈਂ ਅਤੇ ਮਨੁਖਾਇ=ਮਨੁੱਖਾਂ ਨੂੰ ਭਹਕਾਵਏ=ਠੱਗਦਾ ਹੈਂ ਜਾਂ ਭਟਕਾਂਦਾ ਹੈਂ ਪਰ ਉਹ ਪ੍ਰਭੂ ਵੇਖਣ ਵਾਲਾ ਤੇਰੇ ਸੰਗ ਹੈ ਕੇ ਤੇਰੇ ਕੰਮਾਂ ਨੂੰ ਵੇਖ ਰਿਹਾ ਹੈ।

ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥ ੧ ॥

ਹਰਿ ਜੀਉ ਨੂੰ ਬਿਸਾਰਿ=ਭੁਲਾ ਕੇ ਤੂੰ ਵਿਸ਼ਿਆਂ ਨੂੰ ਭੋਗ ਰਿਹਾ ਹੈਂ, ਚੇਤੇ ਰੱਖ, ਧਰਮ ਰਾਜਾ ਦੇ ਦੂਤ ਪ੍ਰਲੋਕ ਵਿਚ ਥੰਮਾ ਤਪਾ ਕੇ ਤੇਰੇ ਗਲ ਨਾਲ ਲਗਾਣਗੇ॥ ੧॥

(ਗਰੁੜ ਪੁਰਾਣ ਵਿਚ ਲਿਖਿਆ ਹੋਇਆ ਹੈ ਪਰ ਇਸਤ੍ਰੀ ਗਾਮੀ ਪੁਰਸ਼ ਨੂੰ ਤੇ ਪਰ ਪੁਰਸ਼ ਗਾਮੀ ਇਸਤ੍ਰੀ ਨੂੰ ਧਰਮਰਾਜਾ ਦੇ ਦੂਤ ਲੋਹੇ ਦੇ ਤਪਤ ਕੀਤੇ ਹੋਏ ਇਸਤ੍ਰੀ ਪੁਰਸ਼ ਦੇ ਅਕਾਰ ਵਾਲੇ ਥੰਮ ਦੇ ਗਲ ਨਾਲ ਲਗਾਂਵਦੇ ਹਨ)।

ਰੇ ਨਰ ਕਾਇ ਪਰਗ੍ਰਿਹਿ ਜਾਇ ॥

ਰੇ ਨਰ ! ਹੇ ਪੁਰਸ਼ਾ ! ਤੂੰ ਕਿਸ ਵਾਸਤੇ ਪਰਾਏ ਘਰਾਂ ਵਿਚ ਜਾਂਦਾ ਹੈਂ ਅਰਥਾਤ ਕਿਸ ਵਾਸਤੇ ਪਰ ਇਸਤ੍ਰੀਆਂ ਦੇ ਮਗਰ ਜਾਂਦਾ ਹੈਂ ਜਾਂ ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਕਰਦਾ ਹੈਂ।

ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥੧ ॥ਰਹਾਉ ॥

ਹੇ ਕੁਚਲ=ਅਪਵਿੱਤ੍ਰ, *ਵਾ:-* ਬਦਚਲਣ, ਕਠੋਰ=ਕਰੜੇ ਸੁਭਾਵ ਵਾਲੇ ਕਾਮੀ ਖੋਤੇ ਪੁਰਸ਼ਾ ! *ਵਾ:-* ਗਰਧਭ=ਗਧੇ ਵਾਂਙੂ ਕਾਮੀ ਪੁਰਸ਼ਾ ! ਤੈਂਨੇ ਧਰਮਰਾਜਾ ਨੂੰ ਨਹੀਂ ਸੁਣਿਆ ਹੋਇਆ।

ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥

ਵਿਸ਼ੇ ਵਿਕਾਰਾਂ ਰੂਪੀ ਪੱਥਰ, *ਵਾ:-* ਪਾਪਾਂ ਰੂਪੀ ਪੱਥਰ ਤੈਂਨੇ ਗਲ ਨਾਲ ਬੰਨ੍ਹੇ ਹੋਏ ਹਨ ਅਤੇ ਨਿੰਦਿਆਂ ਕਰਨੇ ਰੂਪੀ ਪੋਟ=ਪੰਡ, ਸਿਰਾਇ=ਸਿਰ ਉਤੇ ਚੁਕੀ ਹੋਈ ਹੈ।

ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥ ੨ ॥

ਜਿਵੇਂ ਪ੍ਰਤੱਖ ਸਮੁੰਦਰ ਤੋਂ ਪਾਰ ਲੰਘਨਾ ਬੜਾ ਕਠਨ ਹੈ, ਤਿਵੇਂ ਸੰਸਾਰ ਸਮੁੰਦਰ ਤੋਂ ਪਾਰ ਲੰਘਣਾ ਬੜਾ ਔਖਾ ਹੈ, *ਅਥਵਾ:-* ਵਿਸ਼ਿਆਂ ਰੂਪੀ ਗਰਲਤਾ ਦੇ ਸਹਿਤ ਜੋ ਸੰਸਾਰ ਸਮੁੰਦਰ ਹੈ ਉਸ ਤੋਂ ਲੰਘਣਾ ਬੜਾ ਕਠਨ ਹੈ॥ ੨॥

www.sikhbookclub.com

ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ॥

ਕਾਮ, ਕ੍ਰੋਧ ਵਿਚ ਲੋਭ ਵਿਚ ਅਤੇ ਸਬੰਧੀਆਂ ਦੇ ਮੋਹ ਵਿਚ ਵਿਆਪਿਆ ਹੋਇਆ ਹੈਂ, ਪਰਮੇਸ਼ਰ ਵਲੋਂ ਤੈਂਨੇ ਅੱਖਾਂ ਫਿਰਾ ਰਖੀਆਂ ਹਨ ਅਰਥਾਤ ਪਰਮੇਸ਼ਰ ਦੇ ਸਨਮੁਖ ਤੂੰ ਨਹੀਂ ਹੁੰਦਾ।

ਅਥਵਾ:- ਪਰਮੇਸ਼ਰ ਨੇ ਤੈਨੂੰ ਪਾਪੀ ਸਮਝ ਕੇ ਤੇਰੇ ਵਲੋਂ ਨੇਤ੍ਰ ਫਿਰਾ ਰਖੇ ਹਨ, ਭਾਵ ਤੇਰੇ ਉਤੇ ਕ੍ਰਿਪਾ ਦ੍ਰਿਸ਼ਟੀ ਨਹੀਂ ਕਰਦਾ।

ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ॥ ੩॥

ਸੰਸਾਰਕ ਵਿਹਾਰਾਂ ਵਿਚ ਤੂੰ ਇਤਨਾ ਖਚਤ ਹੈਂ ਜੋ ਸਿਰ ਉਠਾਣਾ ਕਦੇ ਮਿਲਦਾ ਹੀ ਨਹੀਂ ਹੈ, ਅਰਥਾਤ ਨਿਤਨੇਮ ਅਤੇ ਭਜਨ ਕਰਨ ਦਾ ਤੈਨੂੰ ਟਾਇਮ ਮਿਲਦਾ ਹੀ ਨਹੀਂ ਹੈ, ਜਿਸ ਮਾਇਆ ਵਿਚ ਲਗ ਰਿਹਾ ਹੈਂ ਇਸ ਮਾਇਆ ਤੋਂ ਤਰਨਾ ਮਹਾ ਦੁਤਰ=ਬੜਾ ਕਠਨ ਹੈ॥ ੩॥

ਪ੍ਰਸ਼ਨ- ਅਗਿਆਨੀਆਂ ਵਾਂਗੂ ਬ੍ਰਹਮ ਗਿਆਨੀ ਭੀ ਧੰਧਿਆਂ ਵਿਚ ਖਚਤ ਹੋਣਗੇ? *ਉੱਤਰ,* ਨਹੀਂ।

ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ॥

ਜਿਸ ਤਰ੍ਹਾਂ ਸੂਰੁ=ਸੂਰਜ ਭਲੇ ਬੁਰੇ ਪਦਾਰਥਾਂ ਦੇ ਰਸ ਨੂੰ ਸੁਕਾਂਦਾ ਹੋਇਆ ਮੁਕਤ ਰੂਪ ਹੈ ਅਤੇ ਜਿਸ ਤਰ੍ਹਾਂ ਸਸੀ=ਚੰਦ੍ਰਮਾਂ ਦੀਆਂ ਕਿਰਨਾਂ ਭੀ ਹਰ ਜਗ੍ਹਾਂ ਲਗਦੀਆਂ ਹੋਈਆਂ ਭੀ ਮੁਕਤ ਰੂਪ ਹੈ, ਇਸੇ ਤਰ੍ਹਾਂ ਸੰਸਾਰ ਵਿਚ ਰਹਿ ਕੇ ਸਾਰੇ ਕਰਮ ਹੋਏ ਭੀ ਬ੍ਰਹਮ ਗਿਆਨੀ ਅਲਿਪਾਇ=ਅਸੰਗ ਹਨ।

ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ॥ ੪॥

ਜਿਸ ਤਰ੍ਹਾਂ ਬੈਸੰਤਰ=ਅੱਗ ਸਭ ਕੁਝ ਭਛਨ ਕਰਕੇ ਭੀ ਸੁਭਾਵ ਤੋਂ ਜਾ ਸੁਭਾਵਕ ਹੀ ਅਲੇਪ ਹੈ ਇਸੇ ਤਰ੍ਹਾਂ ਬ੍ਰਹਮ ਗਿਆਨੀ ਭੀ ਸਭ ਕੁਝ ਭਛਨ ਕਰਦੇ ਹੋਏ ਸਭ ਤੋਂ ਅਲਿਪਤ=ਅਲੇਪ ਅਤੇ ਨਿਰਮਲਾਇ=ਨਿਰਮਲ ਹਨ॥ ੪॥

ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ
ਜਿਨਿ ਗੁਰ ਪਹਿ ਮੰਨਿਆ ਸੁਭਾਇ॥

ਜਿਸ ਦਾ ਕੋਈ ਪੂਰਬਲਾ ਕਰਮ ਫਲ ਦੇਣੇ ਨੂੰ ਖੁਲ੍ਹਿਆ ਹੈ ਉਸ ਦਾ ਅਗਿਆਨ ਰੂਪ ਪੜਦਾ ਲਹਿ ਗਿਆ ਹੈ, ਪਰ ਜਿਸ ਨੇ ਗੁਰਾਂ ਪਾਸ ਰਹਿ ਕੇ ਉਹਨਾਂ ਦੇ ਉਪਦੇਸ਼ ਨੂੰ ਸੁਭਾਇ=ਸਰੇਸ਼ਟ ਪ੍ਰੇਮ ਨਾਲ ਮੰਨਿਆ ਹੈ।

[ਪੰਨਾ ੧੦੦੨]

ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ
ਜਨ ਨਾਨਕ ਸੰਕਟ ਜੋਨਿ ਨ ਪਾਇ॥ ੫॥ ੨॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੂੰ ਗੁਰਾਂ ਨੇ ਨਾਮ ਮੰਤ੍ਰ ਰੂਪ ਅਵਖਧੁ=ਔਸ਼ਧੀ (ਦਵਾਈ) ਨੂੰ ਦੇਣਾ ਕੀਤਾ ਹੈ ਉਹ ਪੁਰਸ਼ ਫਿਰ ਜੂਨੀਆਂ ਦੇ ਸੰਕਟ=ਦੁੱਖਾਂ ਨੂੰ ਨਹੀਂ ਪਾਦਾ ॥ ੫॥ ੨॥

ਰੇ ਨਰ ਇਨ ਬਿਧਿ ਪਾਰਿ ਪਰਾਇ ॥

ਹੇ ਨਰ=ਹੇ ਪੁਰਸ਼ਾ ! ਤੂੰ ਇਸ ਵਿਧੀ ਨਾਲ ਸੰਸਾਰ ਤੋਂ ਪਾਪ ਪਰਾਇ=ਉਤਰੇਂਗਾ।

ਧਿਆਇ ਹਰਿ ਜੀਉ ਹੋਇ ਮਿਰਤਕੁ
ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥ ੨ ॥ ੧੧ ॥

ਹਰਿ ਜੀਉ ਨੂੰ ਧਿਆਉਂਣਾ ਕਰ, ਜੀਵਤ ਭਾਅ ਤੋਂ ਮੁਰਦਾ ਹੋ ਜਾ ਅਤੇ ਦ੍ਵੈਤ ਭਾਵ ਨੂੰ ਤਿਆਗਨਾ ਕਰ ॥ ਰਹਾਉ ਦੂਜਾ ॥ ੨ ॥ ੧੧ ॥

ਮਾਰੂ ਮਹਲਾ ੫ ॥

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥

ਗੁਰਾਂ ਤੋਂ ਬਗੈਰ ਪਹਿਲੇ ਪਰਮਾਤਮਾ ਨੂੰ ਬਾਹਰ ਅਤੇ ਤੀਰਥ ਆਦਿਕਾਂ 'ਪਰ ਢੂੰਡਦੇ ਸੀ, ਜਦ ਤੋਂ ਗੁਰਾਂ ਨੇ ਹਿਰਦੇ ਘਰ ਵਿਚ ਵਿਖਾ ਦੇਣਾ ਕੀਤਾ ਹੈ, ਤਦ ਤੋਂ ਬਾਹਰ ਜੰਗਲ ਅਤੇ ਤੀਰਥ ਆਦਿਕਾਂ 'ਪਰ ਢੂੰਢਨ ਤੋਂ ਛੁੱਟ ਪਏ ਹਾਂ, ਥਾ ਸਬਦ ਪਦ ਪੂਰਤੀ ਹੈ, ਵਾ:- ਥਾਂ ਦਾ ਅਰਥ 'ਹੈ', ਵਾ:- ਘਰ ਦੀ ਥਾਂ ਦੇ ਵਿਚ ਹੀ ਵਿਖਾਇਆ ਹੈ।

ਅਨਭਉ ਅਚਰਜ ਰੂਪੁ ਪ੍ਰਭ ਪੇਖਿਆ
ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥ ੧ ॥

ਆਪਣੇ ਅਨੁਭਵ ਦੁਆਰਾ, ਅਥਵਾ:- ਭੈ ਤੋਂ ਰਹਿਤ ਅਸਚਰਜ ਰੂਪ ਪ੍ਰਭੂ ਨੂੰ ਵੇਖ ਲਿਆ ਹੈ, ਵੇਖਦਿਆਂ ਸਾਰ ਉਸ ਵਿਚ ਅਜੇਹਾ ਮਨ ਮਗਨ ਹੋਇਆ ਹੈ, ਹੁਣ ਉਸ ਨੂੰ ਛੱਡ ਕੇ ਮੇਰਾ ਮਨ ਕਿਸੇ ਹੋਰ ਤਰਫ ਜਾਂਦਾ ਨਹੀਂ ਹੈ ॥ ੧ ॥

ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥

ਰੇ=ਹੇ ਭਾਈ ! ਜਿਨ੍ਹਾਂ ਨੇ ਮਾਨਕੁ=ਸ੍ਰਵਨ, ਮਨਨ, ਨਿਧਿਆਸਨ ਆਦਿਕ ਗੁਣਾਂ ਨੂੰ ਪਾਇਆ ਹੈ ਉਹਨਾਂ ਨੇ ਹਿਰਦੇ ਥਾਂ ਵਿਚ ਪੂਰੇ ਹਰੀ ਨੂੰ ਪਾਇਆ ਹੈ, ਫਿਰ ਉਹਨਾਂ ਦੁਆਰੇ ਮੈਂਨੇ ਭੀ ਪੂਰੇ ਹਰੀ ਨੂੰ ਪਾਇਆ ਹੈ। ਅਥਵਾ:- ਹੇ ਭਾਈ ! ਮਾਨੰਕ ਵਤ ਅਮੋਲਕ ਹਰੀ ਨੂੰ ਜਿਨ੍ਹਾਂ ਨੇ ਪਾਯਾ ਹੈ ਜਾਂ ਪਾਵਣੇ ਜੋਗ ਹਰੀ ਨੂੰ ਜਿਨ੍ਹਾਂ ਨੇ ਪਾਇਆ ਹੈ, ਉਹਨਾਂ ਦੁਆਰੇ ਮੈਂਨੇ ਭੀ ਹਿਰਦੇ ਥਾਂ ਵਿਚ ਪੂਰੇ ਹਰੀ ਨੂੰ ਪਾਇਆ ਹੈ।

ਮੋਲਿ ਅਮੋਲੁ ਨ ਪਾਇਆ ਜਾਈ
ਕਰਿ ਕਿਰਪਾ ਗੁਰੂ ਦਿਵਾਇਆ ਥਾ ॥ ੧ ॥ ਰਹਾਉ ॥

ਜੋ ਮੁੱਲ ਤੋਂ ਅਮੁੱਲ ਹੈ ਆਪਣੇ ਆਪ ਪਾਇਆ ਨਹੀਂ ਜਾਂਦਾ, ਓਸੇ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਗੁਰੂ ਪਾਸੋਂ ਸਰੂਪ ਥਾਂ ਦਿਵਾਇਆ ਹੈ।

ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥

ਜਿਸ ਵੇਲੇ ਸਾਧੂਆਂ ਨਾਲ ਮਿਲ ਕੇ ਅਕਥ ਪ੍ਰਭੂ ਦੇ ਨਾਮਾਂ ਨੂੰ ਆਪ ਕਥਿਆ ਅਤੇ ਹੋਰਨਾਂ ਪਾਸੋਂ ਕਥਨ

www.sikhbookclub.com

ਕਰਵਾਇਆ ਤਾਂ ਅਦਿਸ਼ਟ ਅਗੋਚਰ ਪਾਰਬ੍ਰਹਮ ਆ ਕੇ ਮਿਲ ਪਿਆ।

ਅਨਹਦ ਸਬਦੁ ਦਸਮ ਦੁਆਰਿ ਵਜਿਓ
ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥ ੨ ॥

ਦਸਮ ਦੁਆਰ ਦੇ ਅਨਹਦ ਸ਼ਬਦ ਤਤ ਤੰਤੀ ਆਦਿਕ ਵਜ ਆਏ ਅਤੇ ਓਅੰ ਸੋਹੰ ਨਾਮ ਕਰਕੇ ਤਿਸ ਅਸਥਾਨ ਤੋਂ ਯੋਗਾ ਨੰਦ ਰੂਪੀ ਅੰਮ੍ਰਿਤ ਚੋ ਆਇਆ। *ਅਥਵਾ:-* ਜਿਸ ਅੰਤਹਕਰਣ ਵਿਚ ਨਾਮ ਅੰਮ੍ਰਿਤ ਰਸ ਚੋ ਆਇਆ ਉਸੀ ਅੰਤਹਕਰਣ ਵਿਚ ਅਨਹਦ=ਹਦ ਤੋਂ ਰਹਿਤ ਜੋ ਸਬਦੁ=ਬ੍ਰਹਮ ਹੈ ਦਸਾਂ ਦੁਆਰਿਆਂ ਵਿਚ ਪੂਰਨ ਉਹ ਵਜਿਓ=ਪ੍ਰਗਟ ਹੋ ਆਇਆ॥ ੨ ॥

ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥

ਜਿਸ ਵੇਲੇ ਮਨ ਵਿਚੋਂ ਪਦਾਰਥਾਂ ਦੀ ਤ੍ਰਿਸ਼ਨਾ ਬੁਝ ਗਈ ਤੇ ਅਖੁਟ ਭੰਡਾਰਿਆਂ ਦੇ ਮਾਲਕ ਪ੍ਰਭੂ ਨੂੰ ਅੰਤਹਕਰਣ ਰੂਪੀ ਥਾਂ ਵਿਚ ਸਮਾਇਆ ਜਾਣਿਆ ਤਾਂ ਕਿਸੇ ਕਿਸਮ ਦੀ ਤੋਟ ਨਾ ਔਂਦੀ ਹੋਈ।

ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥ ੩ ॥

ਜਿਸ ਵੇਲੇ ਮਨ ਕਰਕੇ ਗੁਰਾਂ ਦੇ ਚਰਨਾਂ ਨੂੰ ਸੇਵਿਆ, ਬਾਣੀ ਦੁਆਰਾ ਗੁਰ ਚਰਨਾਂ ਨੂੰ ਸੇਵਿਆ, ਸਰੀਰ ਕਰਕੇ ਗੁਰ ਚਰਨਾਂ ਨੂੰ ਸੇਵਿਆ ਜਾਂ ਚਰਣ=ਪੂਜਨੀਕ ਗੁਰਾਂ ਦੇ ਚਰਣ=ਪਵਿੱਤ੍ਰ ਚਰਨਾਂ ਨੂੰ ਸੇਵਿਆ, *ਅਥਵਾ:-* ਚਰਣ=ਵੇਦਾਂ ਵਿਚ, ਚਰਣ=ਵਿਚਰਨ ਵਾਲੇ ਗੁਰਾਂ ਦੇ ਚਰਨਾਂ ਨੂੰ ਸੇਵਿਆ ਤੇ ਅਘੜ ਮਨ ਨੂੰ ਸ਼ੁਭ ਗੁਣਾਂ ਨਾਲ ਘੜਨਾ ਕੀਤਾ, ਤਾਂ ਅੰਤਹਕਰਣ ਰੂਪੀ ਥਾਂ ਵਿਚ ਆਤਮ ਰਸ ਨੂੰ ਪਾਣਾ ਕੀਤਾ॥ ੩ ॥

ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥

ਫਿਰ ਉਹਨਾਂ ਦਾ ਮਨ ਸਹਿਜੇ=ਸੁਭਾਵਕ ਹੀ ਔਂਦਾ ਹੈ, ਸੁਭਾਵਕ ਹੀ ਜਾਂਦਾ ਹੈ, ਸੁਭਾਵਕ ਹੀ ਖੇਡਾਂ ਨੂੰ ਖੇਡਦਾ ਹੈ ਅਰਥਾਤ ਉਹਨਾਂ ਦੀ ਸਾਰੀ ਕਿਰਿਆ ਸੁਭਾਵਕ ਹੁੰਦੀ ਜਾਂਦੀ ਹੈ।

ਅਥਵਾ:- ਸਹਜੇ=ਗਿਆਨ ਵਿਚ ਆਉਂਦਾ ਹੈ, ਸਹਜੇ=ਗਿਆਨ ਵਿਚ ਜਾਂਦਾ ਹੈ ਅਤੇ ਉਹਨਾਂ ਦਾ ਮਨ ਸਹਜੇ=ਗਿਆਨ ਵਿਚ ਹੀ ਖੇਡਦਾ ਥਾ=ਹੈ।

ਕਹੁ ਨਾਨਕ ਭਰਮੁ ਗੁਰਿ ਖੋਇਆ
ਤਾ ਹਰਿ ਮਹਲੀ ਮਹਲੁ ਪਾਇਆ ਥਾ ॥ ੪ ॥ ੩ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ:- ਜਿਸ ਵੇਲੇ ਪੂਰਿਆਂ ਗੁਰਾਂ ਨੇ ਅਗਿਆਨ ਭਰਮ ਖੋਇਆ=ਦੂਰ ਕੀਤਾ, ਤਾਂ ਮਹਲੀ=ਜਗਿਆਸੂ ਰੂਪ ਇਸਤ੍ਰੀ ਨੇ ਹਿਰਦੇ ਥਾਂ ਵਿਚ ਹਰੀ ਦੇ ਮਹਲੁ=ਸਰੂਪ ਨੂੰ ਪਾ ਲੈਣਾ ਕੀਤਾ ਥਾ=ਹੈ ॥ ੪ ॥ ੩ ॥ ੧੨ ॥

ਮਾਰੂ ਮਹਲਾ ੫ ॥
ਜਿਸਹਿ ਸਾਜਿ ਨਿਵਾਜਿਆ ਤਿਸਹਿ ਸਿਉ ਰੁਚ ਨਾਹਿ ॥

ਹੇ ਪੁਰਖ਼ਾ ! ਜਿਸ ਪਰਮਾਤਮਾ ਨੇ ਤੇਰੇ ਸਰੀਰ ਨੂੰ ਸਾਜ ਕੇ ਨਿਵਾਜਿਆ=ਵਡਿਆਇਆ ਹੈ, ਉਸ ਦੇ ਨਾਲ ਤੇਰੀ ਰੁਚੀ ਪ੍ਰੀਤੀ ਨਹੀਂ ਹੈ।

www.sikhbookclub.com

ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ ॥ ੧ ॥

ਜੇ ਰੁਤ ਕੋਈ ਆਨ=ਹੋਰ ਹੋਵੇ ਤੇ ਬੀਜ ਕੁਝ ਹੋਰ ਬੀਜੀਏ, ਭਾਂ ਉਸ ਨੂੰ ਨਾ ਫੁਲ ਲਗਦਾ ਹੈ ਨਾ ਹੀ ਕੋਈ ਫਲ ਲਗਦਾ ਹੈ, ਭਾਵ ਇਸ ਕਲਜੁਗ ਦੇ ਸਮੇਂ ਵਿਚ ਨਾਮ ਤੋਂ ਬਿਨਾਂ ਹੋਰ ਕਰਮਾਂ ਰੂਪੀ ਬੀਜ ਦੇ ਬੀਜਣ ਦੀ ਰੁਤ ਨਹੀਂ ਹੈ॥ ੧ ॥

ਰੇ ਮਨ ਵਤ੍ਰ ਬੀਜਣ ਨਾਉ ॥

ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ ॥ ੧ ॥ ਰਹਾਉ ॥

ਰੇ ਮਨ=ਹੇ ਪਿਆਰੇ ! ਭਾਰਥ ਖੰਡ ਦੀ ਭੂਮੀ, ਕਲਜੁਗ ਦਾ ਸਮਾਂ ਅਤੇ ਜੋ ਮਨੁੱਖਾ ਦੇਹ ਆ ਕੇ ਪ੍ਰਾਪਤ ਹੋਈ ਹੈ ਏਹੋ ਨਾਮ ਰੂਪ ਬੀਜ ਦੇ ਬੀਜਣ ਦਾ ਵਤ੍ਰ=ਸਮਾਂ ਹੈ। ਇਸ ਲਈ ਤੂੰ ਮਨ ਨੂੰ ਲਗਾ ਕੇ ਨਾਮ ਰੂਪੀ ਖੇਤੀ ਨੂੰ, *ਵਾ:-* ਸ਼ੁਭ ਗੁਣਾਂ ਰੂਪ ਖੇਤੀ ਨੂੰ ਬੀਜਣਾ ਕਰ, ਸੁਆਉ=ਲਾਭ ਦੇ ਖਟਣ ਦਾ ਅਨੰਦ ਵਾਲਾ ਏਹੋ ਸਮਾਂ ਹੈ॥ ੧ ॥ ਰਹਾਉ ॥

ਖੋਇ ਖਹੜਾ ਭਰਮੁ ਮਨ ਕਾ ਸਤਿਗੁਰ ਸਰਣੀ ਜਾਇ ॥

ਮਨ ਦੇ ਭਰਮ ਦਾ ਖਹੜਾ=ਪਿੱਛਾ ਛੱਡ ਦੇ ਅਤੇ ਸਤਿਗੁਰਾਂ ਦੀ ਸ਼ਰਨ ਵਿਚ ਜਾ ਪਓ ਜਾਂ ਮਨ ਦਾ ਭਰਮ ਰੂਪੀ ਖਹੜਾ=ਰਸਤਾ ਖੋਇ ਦੂਰ ਕਰਦੇ।

ਕਰਮੁ ਜਿਸ ਕਉ ਧੁਰਹੁ ਲਿਖਿਆ ਸੋਈ ਕਾਰ ਕਮਾਇ ॥ ੨ ॥

ਜਿਸ ਦੇ ਮੱਥੇ 'ਪਰ ਧੁਰ ਤੋਂ ਹੀ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਓਹੀ ਪੁਰਸ਼ ਗੁਰਾਂ ਦੀ ਸੇਵਾ ਰੂਪੀ ਕਾਰ ਨੂੰ ਕਮਾਉਂਦਾ ਹੈ॥ ੨ ॥

ਭਾਉ ਲਾਗਾ ਗੋਬਿਦ ਸਿਉ ਘਾਲ ਪਾਈ ਥਾਇ ॥

ਜਿਸ ਦਾ ਗੋਬਿੰਦ ਦੇ ਨਾਲ ਭਾਉ=ਪ੍ਰੇਮ ਲਗਾ ਹੈ, ਉਸ ਦੀ ਕੀਤੀ ਹੋਈ ਘਾਲ=ਕਮਾਈ ਗੋਬਿੰਦ ਨੇ ਥਾਂ ਪਾਈ ਹੈ।

ਖੇਤਿ ਮੇਰੈ ਜੰਮਿਆ ਨਿਖੁਟਿ ਨ ਕਬਹੂ ਜਾਇ ॥ ੩ ॥

ਮੇਰੇ ਅੰਤਰਕਰਣ ਰੂਪੀ ਖੇਤ ਵਿਚ ਉਹ ਸ਼ੁਭ ਗੁਣਾਂ ਰੂਪੀ ਅੰਨ ਜੰਮਿਆ=ਪੈਦਾ ਹੋਇਆ ਹੈ ਜੋ ਕਦੇ ਭੀ ਨਿਖੁਟਿ=ਮੁਕ ਨਹੀਂ ਜਾਂਦਾ॥ ੩ ॥

ਪਾਇਆ ਅਮੋਲੁ ਪਦਾਰਥੋ ਛੋਡਿ ਨ ਕਤਹੂ ਜਾਇ ॥

ਗਿਆਨ ਰੂਪੀ ਅਮੋਲਕ ਪਦਾਰਥ ਨੂੰ ਮੈਂ ਪਾਇਆ ਹੈ, ਜਿਸ ਨੂੰ ਛੱਡ ਕੇ ਮੇਰਾ ਮਨ ਕਿਸੇ ਹੋਰ ਪਾਸੇ ਨਹੀਂ ਜਾਂਦਾ। *ਅਥਵਾ:-* ਪਰਮੇਸ਼ਰ ਰੂਪ ਅਮੋਲਕ ਪਦਾਰਥ ਨੂੰ ਪਾਇਆ ਹੈ ਜੋ ਪਰਮੇਸ਼ਰ ਛੱਡ ਕੇ ਕਿਸੇ ਪਾਸੇ ਜਾਂਦਾ ਨਹੀਂ ਹੈ ਸਦਾ ਹੀ ਅੰਗ ਸੰਗ ਰਹਿੰਦਾ ਹੈ।

ਕਹੁ ਨਾਨਕ ਸੁਖੁ ਪਾਇਆ ਤ੍ਰਿਪਤਿ ਰਹੇ ਆਘਾਇ ॥ ੪ ॥ ੪ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ—ਅਜੇਹਾ ਸੁਖ ਪਾਇਆ ਹੈ, ਜਿਸ ਕਰਕੇ ਤ੍ਰਿਪਤੀ ਨੂੰ ਪਾ ਕੇ ਆਘਾਇ=ਰਜ ਰਹੇ ਹਾਂ। *ਅਥਵਾ:-* ਇਸ ਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਭੀ ਆਘਾਇ=ਰਜ

ਰਹੇ ਹਾਂ॥ ੪॥ ੪॥ ੧੩॥

ਮਾਰੂ ਮਹਲਾ ੫॥

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥

ਗੁਰਾਂ ਦੀ ਕਿਰਪਾ ਨਾਲ ਭਰਮ ਦਾ ਆਂਡਾ=ਪੜਦਾ ਫੂਟੋ=ਪਾਟ ਗਿਆ ਹੈ ਅਤੇ ਮਨ ਵਿਚ ਪ੍ਰਭੂ ਦਾ ਪਰਗਾਸੁ=ਗਿਆਨ ਹੋ ਗਿਆ ਹੈ।

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥ ੧॥

ਮਨ ਬੁੱਧੀ ਰੂਪੀ ਪੈਰਾਂ ਵਿਚੋਂ ਹੰਗਤਾ ਮਮਤਾ ਰੂਪੀ, ਵਾ:- ਵਾਸ਼ਨਾ ਰੂਪੀ ਬੇੜੀ ਕੱਟ ਦਿਤੀ ਹੈ ਅਤੇ ਗੁਰਾਂ ਨੇ ਸੰਸਾਰਕ ਬੰਧਨਾਂ ਤੋਂ, ਵਾ:- ਮੋਹ ਦੇ ਬੰਧਨਾਂ ਤੋਂ ਖਲਾਸੁ=ਛੁਡਾਉਣਾ ਕੀਤਾ ਹੈ॥ ੧॥

ਆਵਣ ਜਾਣੁ ਰਹਿਓ॥

ਹੁਣ ਆਉਣਾ ਜਾਣਾ ਰਹਿ ਗਿਆ ਹੈ।

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥ ੧॥ ਰਹਾਉ॥

ਤ੍ਰਿਸ਼ਨਾ ਅੱਗ ਨਾਲ ਤੱਤਾ ਹੋਇਆ ਹੋਇਆ ਅੰਤਹਕਰਣ ਰੂਪੀ ਕੜਾਹਾ ਬੁਝਿ ਗਇਆ=ਸੀਤਲ ਹੋ ਗਿਆ ਹੈ ਕਿਉਂਕਿ ਗੁਰਾਂ ਨੇ ਠੰਢ ਪਾਣ ਵਾਲਾ ਨਾਮ ਦੇ ਦਿੱਤਾ ਹੈ॥ ੧॥ ਰਹਾਉ॥

ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ॥

ਜਦ ਤੋਂ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ, ਤਦ ਤੋਂ ਮਾਰਨ ਦੀ ਨਿਗਹਾਰ=ਨਿਗਾਹ ਰੱਖਣ ਵਾਲੇ ਕਾਮ, ਕ੍ਰੋਧ ਆਦਿਕ ਵਿਕਾਰ, ਵਾ:- ਜਮਦੂਤ ਛੱਡ ਕੇ ਚਲੇ ਗਏ।

ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ॥ ੨॥

ਜਿਸ ਦੀ ਅਟਕ=ਰੋਕ ਪਾਈ ਹੋਈ ਸੀ ਓਸੇ ਪ੍ਰਭੂ ਦੀ ਕਿਰਪਾ ਨਾਲ ਹੀ ਖੁਲ੍ਹ ਗਈ ਹੈ, ਅਥਵਾ:- ਜਿਸ ਪਰਮੇਸ਼ਰ ਤੋਂ ਭੁਲਣ ਕਰਕੇ ਬਿਰਤੀ ਸੰਸਾਰਕ ਪਦਾਰਥਾਂ ਵਿਚ ਜਾਂ ਸਬੰਧੀਆਂ ਵਿਚ ਅਟਕੀ ਹੋਈ ਸੀ, ਓਸੇ ਪ੍ਰਭੂ ਦੀ ਕਿਪਰਾ ਨਾਲ ਹੀ ਛੁਟ ਗਈ ਹੈ, ਤਦ ਹੁਣ ਧਰਮ ਰਾਜਾ ਰੂਪੀ ਕੁਟਵਾਲ ਮੇਰਾ ਕੀ ਕਰੇਗਾ॥ ੨॥

ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ॥

ਕਰਮਾਂ ਦਾ ਭਾਰਾ=ਦੁੱਖ, ਵਾ:- ਬੋਝ ਚੁੱਕ ਗਿਆ ਹੈ, ਇਸੀ ਤੇ ਨਿਹਕਰਮਾ=ਨਿਸ਼ਕਾਮ ਹੋ ਗਏ ਹਾਂ।

ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ॥ ੩॥

ਗੁਰ ਕਿਰਪਾ ਨਾਲ ਸੰਸਾਰ ਸਮੁੰਦਰ ਦੇ ਕੰਢੈ=ਕਿਨਾਰੇ ਚੜ੍ਹ ਗਏ ਹਾਂ, ਭਾਵ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ ਹਾਂ ਅਤੇ ਗੁਣਾਂ ਨੇ ਸਰੇਸ਼ਟ ਧਰਮਾਂ ਵਾਲਾ ਕਰ ਦਿੱਤਾ ਹੈ॥ ੩॥

ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ॥

ਉਸ ਦਾ ਪ੍ਰਤੱਖ ਅਸਥਾਨ ਸੱਚਾ ਹੈ, ਉਸ ਦੀਆਂ ਬੈਠਕਾਂ ਭੀ ਸੱਚੀਆਂ ਹਨ ਅਤੇ ਉਸ ਨੂੰ ਸੱਚਾ ਸੁਆਉ=ਅਨੰਦ ਬਣ ਆਇਆ ਹੈ। ਅਥਵਾ:- ਜਿਸ ਨੇ ਸਤਸੰਗ ਰੂਪੀ ਸੱਚੇ ਥਾਨ 'ਪਰ ਜਾਂ ਸਰੂਪ ਰੂਪੀ ਸੱਚੇ ਅਸਥਾਨ 'ਪਰ ਸਚੁ=ਨਿਸਚੇ ਸਹਿਤ ਬੈਠਣਾ ਕੀਤਾ ਹੈ, ਉਸ ਨੂੰ ਸੱਚਾ ਸੁਆਉ=ਲਾਭ ਬਣ ਆਇਆ ਹੈ।

www.sikhbookclub.com

ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥ ੪ ॥ ੫ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੇ ਸਤਸੰਗ ਘਰ ਨੂੰ ਪਾਇਆ ਹੈ, ਉਸ ਦੀ ਪ੍ਰਤੱਖ ਪੂੰਜੀ ਸਚੁ=ਸਫਲ ਹੈ, ਉਸ ਦਾ ਪ੍ਰਤੱਖ ਵਖਰ ਵੀ ਸਚੁ=ਸਫਲ ਹੈ। *ਅਥਵਾ:-* ਸੱਚੀ ਸ਼ਰਧਾ ਰੂਪੀ ਪੂੰਜੀ ਕਰਕੇ ਜਿਸ ਨੇ ਸੱਚ ਨਾਮ ਰੂਪੀ ਵਖਰੋ=ਸੌਦਾ ਖਰੀਦਿਆ ਹੈ ਉਸ ਨੇ ਸਰੂਪ ਘਰ ਨੂੰ ਪਾਇਆ ਹੈ॥ ੪॥ ੫॥ ੧੪॥

ਉਥਾਨਕਾ:- ਇਕ ਪੰਡਿਤ ਕਥਾ ਕਰਕੇ ਆਮ ਜਨਤਾ ਨੂੰ ਸੁਣਾਂਵਦਾ ਸੀ ਪਰ ਆਪ ਉਸ ਉਪਦੇਸ਼ ਨੂੰ ਧਾਰਨ ਨਹੀਂ ਕਰਦਾ ਸੀ, ਕਲਪਨਾ ਦੇ ਵਹਣ ਵਿਚ ਰੁੜਿਆ ਜਾਂਦਾ ਸੀ। ਉਸ ਨੂੰ ਗੁਰੂ ਜੀ ਇਸ ਸ਼ਬਦ ਦੁਆਰਾ ਸਮਝਾਂਦੇ ਹਨ—

[ਪੰਨਾ ੧੦੦੩]

ਮਾਰੂ ਮਹਲਾ ੫ ॥

ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾ ਮਨ ਕਾ ਮਾਠਾ ॥

ਹੇ ਪੰਡਿਤ ! ਤੂੰ ਮੂੰਹ ਤੋਂ ਬੇਦਾਂ ਨੂੰ ਪੁਕਾਰਦਾ ਹੈਂ ਭਾਵ ਵੇਦਾਂ ਦੀਆਂ ਸੁਰਤੀਆਂ ਪੜ੍ਹ ਕੇ ਸੁਣਾਉਂਦਾ ਹੈਂ ਤੇ ਇਸਤ੍ਰੀ ਪੁਤ੍ਰ ਆਦਿਕਾਂ ਦਾ ਕਾਮਾ=ਨੌਕਰ ਹੋ ਰਿਹਾ ਹੈਂ ਅਤੇ ਮਨ ਦਾ ਮਾਠਾ=ਢਿੱਲਾ ਹੋ ਰਿਹਾ ਹੈਂ। *ਅਥਵਾ:-* ਮਨ ਦੀਆਂ ਕਾਮਨਾ ਕਰਕੇ ਢਿੱਲਾ ਹੋ ਰਿਹਾ ਹੈਂ। *ਅਥਵਾ:-* ਕਾਮਾਮਨ=ਸਿਧਾਂਤ ਦੇ ਕਮਾਵਣ ਵਲੋਂ ਢਿੱਲਾ ਹੋ ਰਿਹਾ ਹੈਂ।

ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥

ਮੋਨੀ ਹੋ ਕੇ ਤੂੰ ਇਕਾਂਤ ਜਗ੍ਹਾ 'ਪਰ ਬੈਠਦਾ ਹੈਂ, ਪਰ ਤੇਰੇ ਹਿਰਦੇ ਵਿਚ ਕਲਪਨਾ ਦੀ ਗੰਢ ਹੈ।

ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥ ੧ ॥

ਭਾਵੇਂ ਉਦਾਸੀ ਹੋ ਕੇ ਘਰ ਨੂੰ ਤਿਆਗ ਤੁਰਿਆਂ ਹੈਂ, ਪਰ ਮਨ ਦਾ ਨਾਠਾ=ਦੌੜਣਾ ਛੁਟਦਾ ਨਹੀਂ ਹੈ, ਅਰਥਾਤ ਮਨ ਤਾਂ ਓਸੇ ਤਰ੍ਹਾਂ ਚੰਚਲ ਹੈ। *ਅਥਵਾ:-* ਨਾਠਾ=ਦੌੜਣ ਕਰਕੇ ਕਦੇ ਭੀ ਛੁਟਕਾਰਾ ਨਹੀਂ ਹੁੰਦਾ॥ ੧॥

ਜੀਅ ਕੀ ਕੈ ਪਹਿ ਬਾਤ ਕਹਾ ॥

ਮੈਂ ਆਪਣੇ ਦਿਲ ਦੀ ਗੱਲ ਕਿਸ ਦੇ ਪਾਸ ਆਖਾਂ।

ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥ ੧ ॥ ਰਹਾਉ ॥

ਜੋ ਆਪ ਮੁਕਤ ਹੋਵੇ ਤੇ ਮੈਨੂੰ ਪ੍ਰਭੂ ਨਾਲ ਮੇਲ ਦੇਵੇ, ਅਜੇਹਾ ਮਹਾਂ ਪੁਰਸ਼ ਮੈਂ ਕਿਥੋਂ ਲੱਭਾ? ॥ ੧ ॥ ਰਹਾਉ॥

ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥

ਜੋ ਤਪਸੀ ਬਣ ਕਰਕੇ ਦੇਹ ਸਾਧਨਾ ਭੀ ਕੀਤੀ ਹੈ ਤਾਂ ਕੀ ਹੋ ਗਿਆ, ਕਿਉਂਕਿ ਮਨ ਦਸੋ ਦਿਸਾਂ ਵਿਚ ਧਾਨਾ=ਦੌੜ ਰਿਹਾ ਹੈ।

ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ॥

ਜੇਕਰ ਬ੍ਰਹਮਚਾਰੀ ਹੋ ਕੇ ਬ੍ਰਹਮ ਚਰਜ ਧਾਰਨਾ ਭੀ ਕੀਤਾ ਹੈ ਤਾਂ ਕੀ ਹੋਇਆ ਜਦ ਕਿ ਕਾਮ ਆਦਿਕਾਂ

ਦੇ ਜਿੱਤਣ ਦਾ ਹਿਰਦੇ ਵਿਚ ਹੰਕਾਰ ਹੋ ਗਿਆ।

ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥ ੨ ॥

ਜੇਕਰ ਸੰਨਿਆਸੀ ਹੋ ਕੇ ਤੀਰਥਾਂ ਉਤੇ ਫਿਰਨਾ ਭੀ ਕੀਤਾ, ਤਾਂ ਕੀ ਹੋਇਆ ਜਦ ਕਿ ਤੀਰਥ ਯਾਤਰਾ ਕਰ ਕੇ ਉਸ ਵਿਚ ਇਤਨਾ ਕ੍ਰੋਧ ਹੋ ਗਿਆ ਜੋ ਬਿਗਾਨਾ=ਬੇ ਗਿਆਤ ਹੀ ਹੋ ਗਿਆ,

ਵਾ:- ਬਿਗਾਨਾ=ਦ੍ਵੈਤ ਦੇ ਗੈਣ ਕਰਨ ਵਾਲਾ ਹੋ ਗਿਆ।

ਅਥਵਾ:- ਬਿਗਾਨਾ=ਜਮਾਂ ਦੇ ਹਵਾਲੇ ਹੋ ਗਿਆ ॥ ੨ ॥

ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥

ਪੈਰਾਂ ਨਾਲ ਘੁੰਘਰੂ ਬੰਨ੍ਹ ਕੇ ਰਾਮਦਾਸੀਏ ਭੇਖ ਵਾਲੇ ਹੋ ਗਏ ਤਾਂ ਕੀ ਹੋਇਆ, ਇਹ ਭੀ ਰੋਟੀਆਂ ਦੇ ਹੀ ਯਤਨ ਹਨ।

ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥

ਵਰਤ ਰਖਣੇ, ਨੇਮ ਨਿਭਾਣੇ ਭਾਵੇਂ ਖਟ=ਛੇ ਪ੍ਰਕਾਰ ਦੇ ਕਰਮ ਭੀ ਕਰ ਲਏ, ਪਰ ਇਤਿਆਦਿਕ ਸਾਰੇ ਬਾਹਰਲੇ ਦਿਖਾਵੇ ਦੇ ਭੇਖ ਹਨ।

ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥ ੩ ॥

ਨਾਦ=ਵਾਜੇ ਵਜਾ ਕੇ ਰਾਗ ਦੀ ਅਲਾਪਚਾਰੀ ਕਰਕੇ ਮੂੰਹ ਤੋਂ ਗੀਤ ਗਾ ਕੇ ਸਣਾਉਂਦਾ ਹੈ, ਪਰ ਮਨ ਕਰ ਕੇ ਹਰਿ ਹਰਿ ਦੇ ਨਾਮਾਂ ਨੂੰ ਗਾਂਵਦਾ ਨਹੀਂ ਹੈ, ਇਸ ਕਰਕੇ ਬਾਹਰਲੇ ਭੇਖ ਅਤੇ ਕਰਮ ਸਭ ਨਿਸਫਲ ਹਨ ॥ ੩ ॥

ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥

ਜੋ ਹਰਖ ਸੋਗ, ਲੋਭ, ਮੋਹ ਆਦਿਕ ਵਿਕਾਰਾਂ ਤੋਂ ਰਹਿਤ ਹਨ ਓਹੀ ਨਿਰਮਲ ਹਰੀ ਦੇ ਨਿਰਮਲ=ਪਵਿੱਤ੍ਰ ਸੰਤ ਹਨ।

ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ ॥

ਜਾਂ ਭਗਵੰਤ ਪਰਮਾਤਮਾ ਦਇਆ ਦ੍ਰਿਸ਼ਟੀ ਕਰੇ ਤਾਂ ਮੇਰਾ ਮਨ ਉਹਨਾਂ ਪਵਿੱਤ੍ਰ ਸੰਤਾਂ ਦੀ ਚਰਨ ਧੂੜੀ ਨੂੰ ਪਾਂਵਦਾ ਹੈ।

ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਜਦ ਪੂਰਾ ਗੁਰੂ ਮਿਲਿਆ ਤਾਂ ਮਨ ਦੀ ਸਾਰੀ ਚਿੰਤਾ ਉਤਰ ਗਈ ॥ ੪ ॥

ਮੇਰਾ ਅੰਤਰਜਾਮੀ ਹਰਿ ਰਾਇਆ ॥

ਮੇਰਾ ਹਰੀ ਰਾਜਾ ਪ੍ਰਭੂ ਸਭ ਦੇ ਅੰਦਰ ਦੀ ਗੱਲ ਜਾਣਦਾ ਹੈ।

ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ
ਬਿਸਰਿ ਗਏ ਬਕਬਾਇਆ ॥ ੧ ॥ ਰਹਾਉ ਦੂਜਾ ॥ ੬ ॥ ੧੫ ॥

www.sikhbookclub.com

ਉਹ ਮੇਰੇ ਜੀਅ ਦਾ ਪ੍ਰੀਤਮ ਪਰਮਾਤਮਾ ਸਭ ਕੁਝ ਜਾਣਦਾ ਹੈ, ਇਸ ਲਈ ਬਕਬਾਇਆ=ਬਕਵਾਂਦਾ ਦੇ ਸਾਰੇ ਬਚਨ ਭੁੱਲ ਗਏ ਹਨ॥ ੧॥ ਰਹਾਉ ਦੂਜਾ ॥ ੬॥ ੧੫॥

ਮਾਰੂ ਮਹਲਾ ੫ ॥

ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ ॥

ਲੱਖਾਂ ਕੋਟਿ=ਕਿਲ੍ਹਿਆਂ ਦਾ ਅਤੇ ਸਾਰਿਆਂ ਮੁਲਕਾਂ ਦਾ ਉਹ ਰਾਜਾ ਹੈ, *ਅਥਵਾ:-* ਲੱਖਾਂ ਕ੍ਰੋੜਾਂ ਜੋ ਪਦਾਰਥ ਹਨ ਉਹਨਾਂ ਸਾਰਿਆਂ ਦਾ ਉਹ ਰਾਜਾ ਹੈ, ਜਿਸ ਦੇ ਹਿਰਦੇ ਵਿਚ ਆਪ ਜੀ ਦਾ ਨਾਮ ਹੈ।

ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ ਸੇ ਮਰਿ ਜਨਮਹਿ ਗਾਵਾਰਾ ॥ ੧ ॥

ਜਿਨ੍ਹਾਂ ਪੁਰਸ਼ਾਂ ਨੂੰ ਮੇਰੇ ਸਤਿਗੁਰਾਂ ਨੇ ਆਪ ਜੀ ਦਾ ਨਾਮ ਸਿਮਰਨ ਨਹੀਂ ਦਿੱਤਾ, ਉਹ ਗਾਵਾਰਾ=ਮੂਰਖ ਪੁਰਸ਼ ਜੰਮਦੇ ਮਰਦੇ ਹਨ॥ ੧॥

ਮੇਰੇ ਸਤਿਗੁਰ ਹੀ ਪਤਿ ਰਾਖੁ ॥

ਮੇਰੇ ਪੂਰੇ ਸਤਿਗੁਰੂ ਹੀ ਜੀਵ ਦੀ ਪਤ ਆਬਰੋ ਰਖਣ ਵਾਲੇ ਹਨ।

ਚੀਤਿ ਆਵਹਿ ਤਬ ਹੀ ਪਤਿ ਪੂਰੀ ਬਿਸਰਤ ਰਲੀਐ ਖਾਕੁ ॥ ੧ ॥ ਰਹਾਉ ॥

ਵਾਹਿਗੁਰੂ ਨਾਮ ਚੇਤੇ ਆਵੇ ਤਦ ਹੀ ਪੂਰੀ ਇੱਜ਼ਤ ਹੁੰਦੀ ਹੈ, ਨਾਮ ਦੇ ਬਿਸਰਤ=ਭੁਲਣ ਕਰਕੇ, *ਵਾ:-* ਵਿਸ਼ਿਆਂ ਵਿਚ ਰਤ=ਪ੍ਰੀਤੀ ਕਰਨ ਨਾਲ ਪ੍ਰਭੁੱਖ ਖਾਕ ਵਿਚ,

ਵਾ:- ਲਾਹਨਤਾਂ ਰੂਪੀ ਖਾਕ ਵਿਚ ਰਲਣਾ ਹੁੰਦਾ ਹੈ॥ ੧॥ ਰਹਾਉ॥

ਰੂਪ ਰੰਗ ਖੁਸੀਆ ਮਨ ਭੋਗਣ ਤੇ ਤੇ ਛਿਦ੍ਰ ਵਿਕਾਰਾ ॥

ਜਿੰਨਾਂ ਕੁ ਸਰੀਰ ਦਾ ਰੂਪ ਸਵਾਰ ਕੇ ਰਖਣਾ ਹੈ ਤੇ ਰੰਗਦਾਰ ਕਪੜੇ ਪਹਿਨਣੇ ਹਨ ਤੇ ਮਨ ਦੀਆਂ ਖੁਸ਼ੀਆਂ ਦਾ ਭੋਗਣਾ ਹੈ, ਉਤਨੇ ਹੀ ਵਿਕਾਰ ਰੂਪ ਛਿਦ੍ਰ=ਦੋਸ਼ ਹਨ।

ਅਥਵਾ:- ਮਨ ਦੀਆਂ ਖੁਸ਼ੀਆਂ ਲਈ ਜਿੰਨੇ ਕੁ ਰੂਪ ਰੰਗ ਵੇਖਣੇ ਹਨ ਤੇ ਵਿਸ਼ੇ ਵਿਕਾਰਾਂ ਦਾ ਭੋਗਣਾ ਹੈ, ਉਤਨੇ ਹੀ ਜੀਵ ਨੂੰ ਛਿਦ੍ਰ=ਦੋਸ਼ ਲਗਦੇ ਹਨ।

ਹਰਿ ਕਾ ਨਾਮੁ ਨਿਧਾਨੁ ਕਲਿਆਣਾ ਸੂਖ ਸਹਜੁ ਇਹੁ ਸਾਰਾ ॥ ੨ ॥

ਹਰੀ ਦਾ ਨਾਮ ਕਲਿਆਣਾ=ਸੁਖਾਂ ਦਾ ਖਜ਼ਾਨਾ ਹੈ, *ਵਾ:-* ਹਰੀ ਦਾ ਨਾਮ ਨਿਧੀਆਂ ਦਾ ਖਜ਼ਾਨਾ ਹੈ ਤੇ ਕਲਿਆਣ ਸਰੂਪ ਹੈ, ਪੁਨਾ ਇਹ ਸਾਰਾ=ਸਰੇਸ਼ਟ ਨਾਮ ਸੂਖ ਸਹਜੁ=ਅਚੁਤ ਸੁਖ ਦੇ ਦੇਣ ਵਾਲਾ ਹੈ॥ ੨॥

ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ ॥

ਮਾਇਆ ਦਾ ਰੰਗ=ਅਨੰਦ ਇਕ ਖਿਨ ਵਿਚ ਐਸੇ ਬਿਰੰਗ=ਨਾਸ ਹੋ ਜਾਣ ਵਾਲਾ ਹੈ, ਜਿਵੇਂ ਬੱਦਲਾਂ ਦੀ ਛਾਂ ਵੇਖਦਿਆਂ ਵੇਖਦਿਆਂ ਅਭਾਵ ਹੋ ਜਾਂਦੀ ਹੈ।

ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥ ੩ ॥

ਗੂੜੈ ਰੰਗਿ=ਪ੍ਰੇਮ ਵਿਚ ਤਦਾਕਾਰ ਹੋ ਕੇ ਜਿਨ੍ਹਾਂ ਨੇ ਗੁਰਾਂ ਨਾਲ ਮਿਲ ਕੇ ਹਰਿ ਹਰਿ ਨਾਮਾਂ ਨੂੰ ਗੈਣ ਕੀਤਾ

www.sikhbookclub.com

ਹੈ 'ਸੇ ਲਾਲ ਭਏ'=ਉਹ ਬ੍ਰਹਮ ਗਿਆਨ ਦੇ ਸਹਿਤ ਹੋਏ ਹਨ॥ ੩॥

ਊਚ ਮੂਚ ਅਪਾਰ ਸੁਆਮੀ ਅਗਮ ਦਰਬਾਰਾ॥

ਉਹ ਸੁਆਮੀ ਪਰਮਾਤਮਾ ਊਚ ਮੂਚ=ਉਚਿਆਂ ਤੋਂ ਉਚਾ ਹੈ, *ਵਾ:-* ਉਚਾ ਹੈ ਤੇ ਬੜੇ ਮੂਚ ਵਿਸਤਾਰ ਵਾਲਾ ਹੈ, ਅਪਾਰ=ਪਾਰਾਵਾਰ ਤੋਂ ਰਹਿਤ ਹੈ ਅਤੇ ਉਸ ਸੁਆਮੀ ਦਾ ਸਰੂਪ ਦਰਬਾਰ ਅਗਮ ਹੈ ਥੋੜ੍ਹੇ ਕੀਤਿਆਂ ਓਥੇ ਕੋਈ ਪਹੁੰਚ ਨਹੀਂ ਸਕਦਾ।

ਨਾਮੋ ਵਡਿਆਈ ਸੋਭਾ ਨਾਨਕ ਖਸਮੁ ਪਿਆਰਾ॥ ੪॥ ੭॥ ੧੬॥

ਗੁਰੂ ਜੀ ਕਥਨ ਕਰਦੇ ਹਨ—ਉਸ ਸੁਆਮੀ ਦਾ ਨਾਮ ਜੋ ਜਪਦਾ ਹੈ ਉਸ ਦੀ ਇਸ ਲੋਕ ਵਿਚ ਵਡਿਆਈ ਹੁੰਦੀ ਹੈ ਅਤੇ ਪ੍ਰਲੋਕ ਵਿਚ ਸੋਭਾ ਹੁੰਦੀ ਹੈ ਤੇ ਓਹੀ ਖਸਮੁ ਪਰਮੇਸ਼ਰ ਨੂੰ ਪਿਆਰਾ ਲਗਦਾ ਹੈ।

ਅਥਵਾ:- ਨਾਮ ਦੀ ਵਡਿਆਈ ਕਰਨ ਨਾਲ ਜੀਵ ਦੀ ਸੋਭਾ ਹੁੰਦੀ ਹੈ ਅਤੇ ਨਾਮ ਜਪਣ ਕਰਕੇ ਹੀ ਖਸਮੁ=ਪਰਮਾਤਮਾ ਪਿਆਰਾ ਲਗਦਾ ਹੈ॥ ੪॥ ੭॥ ੧੬॥

ਮਾਰੂ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਸਿੱਖ ਨੇ ਬੇਨਤੀ ਕੀਤੀ, ਸ੍ਰਿਸ਼ਟੀ ਦੀ ਉਤਪਤੀ ਕਿਸ ਤੋਂ ਹੋਈ ਹੈ? *ਗੁਰ ਉੱਤਰ:-*

ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥

ਓਅੰਕਾਰਿ=ਮੰਗਲ ਸਰੂਪ ਪਰਮਾਤਮਾ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਓਸੇ ਪਰਮਾਤਮਾ ਨੇ ਹੀ ਦਿਨ ਰਾਤ ਆਦਿ ਸਭ ਕੁਝ ਪੈਦਾ ਕੀਤਾ ਹੈ।

ਯਥਾ:- ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥ ਖਸਮੁ ਵਿਸਾਰਹਿ ਤੇ ਕਮਜਾਤਿ॥

ਵਣੁ ਤ੍ਰਿਣੁ ਤ੍ਰਿਭਵਣ ਪਾਣੀ॥ ਚਾਰਿ ਬੇਦ ਚਾਰੇ ਖਾਣੀ॥

ਵਣੁ=ਬ੍ਰਿਛ, ਤ੍ਰਿਣੁ=ਘਾਸ, ਤ੍ਰਿਭਵਣ=ਤਿੰਨ ਲੋਕ ਤੇ ਪਾਣੀ ਆਦਿਕ ਸਾਰੇ ਤੱਤ। ਸ਼ਾਮ, ਰਿਗ, ਜੁਜਰ, ਅਥਰਬਣ ਇਹ ਚਾਰੇ ਵੇਦ ਅਤੇ ਅੰਡਜ, ਜੇਰਜ, ਸੇਤਜ, ਉਤਭੁਜ ਰੂਪ ਚਾਰ ਖਾਣੀਆਂ।

ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭਿ ਹੋਆ॥ ੧॥

ਨੌ ਖੰਡ, ਸਤ ਦੀਪ ਅਤੇ ਸਾਰੇ ਲੋਕ। ਇਤਿਆਦਿਕ ਸਾਰਾ ਪਸਾਰਾ ਇਕ ਕਵਾਵੈ=ਫੁਰਨੇ ਤੋਂ ਹੋਇਆ ਹੈ, *ਵਾ:-* ਇਕ ਮਾਇਆ ਰੂਪੀ ਕਵਾਵੈ=ਪੁਸ਼ਾਕ ਤੋਂ ਹੋਇਆ ਹੈ।

ਯਥਾ:- ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥

ਅਥਵਾ:- ਇਕ ਕਵਾਵੈ=ਬਾਣੀ ਤੋਂ ਸਭ ਕੁਝ ਪੈਦਾ ਹੋਇਆ ਹੈ॥ ੧॥

ਯਥਾ:- ਸੁਆਸਤਿ ਆਥਿ ਬਾਣੀ ਬਰਮਾਉ॥

ਕਰਣੈਹਾਰਾ ਬੂਝਹੁ ਰੇ॥ ਸਤਿਗੁਰੁ ਮਿਲੈ ਤ ਸੂਝੈ ਰੇ॥ ੧॥ ਰਹਾਉ॥

ਰੇ=ਹੇ ਭਾਈ ! ਸਭ ਦੇ ਪੈਦਾ ਕਰਨ ਵਾਲਾ ਜੋ ਪ੍ਰਭੂ ਹੈ ਉਸ ਨੂੰ ਬੁਝਣਾ ਕਰੋ। ਰੇ=ਹੇ ਭਾਈ ! ਪੂਰੇ ਸਤ੍ਰਿਗੁਰੂ ਮਿਲਣ ਤਾਂ ਹੀ ਉਸ ਪ੍ਰਭੂ ਦੀ ਸੂਝ ਆਉਂਦੀ ਹੈ॥ ੧॥ ਰਹਾਉ॥

www.sikhbookclub.com

ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥

ਇਹ ਸਾਰਾ ਸੰਸਾਰ ਪਸਾਰਾ ਤ੍ਰਿਗੁਣ ਆਤਮਕ ਹੀ ਕੀਤਾ ਹੈ, ਏਸੇ ਕਰਕੇ ਜੀਵ ਨਰਕਾਂ ਸੁਰਗਾਂ ਵਿਚ ਅਵਤਾਰਾ=ਉਤਰਦਾ ਹੈ।

ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥

ਇਹ ਜੀਵ ਹੰਗਤਾ ਮਮਤਾ ਕਰਕੇ ਔਂਦਾ ਜਾਂਦਾ ਹੈ। ਹੰਗਤਾ ਮਮਤਾ ਦੇ ਹੋਣ ਕਰਕੇ ਹੀ ਇਹ ਚੰਚਲ ਮਨ ਰਾਈ ਦੇ ਦਾਣੇ ਜਿੰਨਾ ਭੀ 'ਟਿਕਣੁ ਨ ਪਾਵੈ'=ਇਸਥਿਤ ਹੋਣਾ ਨਹੀਂ ਪਾਂਵਦਾ।

[ਪੰਨਾ ੧੦੦੪]

ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥ ੨ ॥

ਪੂਰਿਆਂ ਗੁਰਾਂ ਤੋਂ ਬਿਨਾਂ ਗਾਹੜਾ ਅਗਿਆਨ ਰੂਪ ਹਨੇਰਾ ਬਣਿਆ ਰਹਿੰਦਾ ਹੈ, ਪੂਰਿਆਂ ਸਤਿਗੁਰਾਂ ਨਾਲ ਮਿਲਣ ਕਰਕੇ ਹੀ ਸੰਸਾਰ ਤੋਂ ਤਰਨਾ ਹੁੰਦਾ ਹੈ॥ ੨ ॥

ਹਉ ਹਉ ਕਰਮ ਕਮਾਨੇ ॥ ਤੇ ਤੇ ਬੰਧ ਗਲਾਨੇ ॥

ਹੰਗਤਾ ਹੀ ਹੰਗਤਾ ਦੇ ਨਾਲ ਜਿਤਨੇ ਕੁ ਕਰਮ ਕਮਾਵਣੇ ਹਨ। ਉਤਨੇ ਹੀ ਜੀਵ ਦੇ ਗਲ ਵਿਚ ਬੰਧਨ ਰੂਪ ਹੋ ਕੇ ਪੈਂਦੇ ਹਨ।

ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥

ਜੀਵ ਨੇ ਜੋ ਮੇਰੀ ਮੇਰੀ ਕਰਕੇ ਧਾਰੀ ਹੈ, ਓਹੀ ਪੈਰਾਂ ਵਿਚ ਲੋਹਾਰੀ=ਬੇੜੀ ਰੂਪ ਹੈ।

ਅਥਵਾ:- ਮੇਰੀ ਜਾਤੀ ਸਭ ਤੋਂ ਉੱਚੀ ਹੈ, ਮੇਰੀ ਜ਼ਮੀਨ ਬਹੁਤ ਸਾਰੀ ਹੈ, ਮੇਰੀ ਅਕਲ ਸਭ ਤੋਂ ਉੱਚੀ ਹੈ ਇਸ ਤਰ੍ਹਾਂ ਜਿਸ ਨੇ ਮੇਰੀ ਮੇਰੀ ਧਾਰੀ ਹੈ, ਓਸੇ ਦੇ ਪੈਰਾਂ ਵਿਚ ਜਮਾਂ ਦੀ ਲੋਹਾਰੀ=ਬੇੜੀ ਪੈਂਦੀ ਹੈ।

ਸੋ ਗੁਰ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥ ੩ ॥

ਓਹੀ ਮਨੁੱਖ ਪੂਰਿਆਂ ਗੁਰਾਂ ਨਾਲ ਮਿਲ ਕੇ ਇਕ ਨੂੰ ਪਛਾਣਦਾ ਹੈ। ਜਿਸ ਦੇ ਮੱਥੇ ਦੇ ਭਾਗ ਚੰਗੇ ਹੁੰਦੇ ਹਨ॥ ੩ ॥

ਸੋ ਮਿਲਿਆ ਜਿ ਹਰਿ ਮਨਿ ਭਾਇਆ ॥ ਸੋ ਭੂਲਾ ਜਿ ਪ੍ਰਭੂ ਭੁਲਾਇਆ ॥

ਜਿਹੜਾ ਹਰੀ ਦੇ ਮਨ ਵਿਚ ਭਾਅ ਗਿਆ ਹੈ ਓਹੀ ਹਰੀ ਨਾਲ ਮਿਲਿਆ=ਅਭੇਦ ਹੋਇਆ ਹੈ। ਜਿਸ ਨੂੰ ਪ੍ਰਭੂ ਨੇ ਭੁਲਾਇਆ ਹੈ ਓਹੀ ਭੁਲਿਆ ਫਿਰਦਾ ਹੈ।

ਨਹ ਆਪਹੁ ਮੂਰਖੁ ਗਿਆਨੀ ॥ ਜਿ ਕਰਾਵੈ ਸੁ ਨਾਮੁ ਵਖਾਨੀ ॥

ਆਪਣੇ ਆਪ ਨਾ ਕੋਈ ਮੂਰਖ ਹੈ, ਨਾ ਕੋਈ ਗਿਆਨੀ ਹੈ। ਜਿਸ ਦੇ ਪਾਸੋਂ ਨਾਮ ਕਥਨ ਕਰਵਾਂਦਾ ਹੈ ਓਹੀ ਪੁਰਸ਼ ਨਾਮ ਨੂੰ ਕਥਨ ਕਰਦਾ ਹੈ।

ਤੇਰਾ ਅੰਤੁ ਨ ਪਾਰਾਵਾਰਾ ॥ ਜਨ ਨਾਨਕ ਸਦ ਬਲਿਹਾਰਾ ॥ ੪ ॥ ੧ ॥ ੧੭ ॥

ਤ੍ਰਿਸ ਪ੍ਰਭੂ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ। ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ

www.sikhbookclub.com

ਉਸ ਪ੍ਰਭੂ ਤੋਂ ਸਦਾ ਬ਼ਲਿਹਾਰ ਕੁਰਬਾਨ ਜਾਂਦਾ ਹਾਂ॥ ੪॥ ੧॥ ੧੭॥

ਮਾਰੂ ਮਹਲਾ ੫ ॥

ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥ ਲੋਭਿ ਵਿਆਪੀ ਝੂਠੀ ਦੁਨੀਆ ॥

ਇਸ ਮੋਹਨੀ=ਮਾਇਆ ਨੇ ਤਰੈਗੁਣੀ ਜੀਵ ਸਭ ਮੋਹ ਲੈਣਾ ਕੀਤੇ ਹਨ ਏਸੇ ਮਾਇਆ ਦੇ ਲੋਭ ਵਿਚ ਝੂਠੀ ਦੁਨੀਆਂ ਵਿਆਪ ਰਹੀ ਹੈ।

ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ ॥ ੧ ॥

ਇਹ ਮਾਇਆ ਮੇਰੀ ਹੈ, ਮੇਰੀ ਹੈ ਐਸੇ ਜ਼ਾਣ ਕੇ ਸੰਚੀ=ਇਕੱਤ੍ਰ ਕੀਤੀ ਹੈ, ਅੰਤ ਦੀ ਵਾਰੀ ਇਸ ਮਾਇਆ ਨੇ ਸਾਰਿਆਂ ਨੂੰ ਛਲ ਲੈਣਾ ਕੀਤਾ ਹੈ॥ ੧ ॥

ਨਿਰਭਉ ਨਿਰੰਕਾਰੁ ਦਇਅਲੀਆ ॥
ਜੀਅ ਜੰਤ ਸਗਲੇ ਪ੍ਰਤਿਪਲੀਆ ॥ ੧ ॥ ਰਹਾਉ ॥

ਉਹ ਨਿਰੰਕਾਰ ਨਿਰਭਉ ਹੈ ਤੇ ਦਿਆਲੂ ਸੁਭਾਅ ਵਾਲਾ ਹੈ। ਜਿਸ ਨੇ ਸਾਰੇ ਜੀਆ ਜੰਤ ਪਾਲਣਾ ਕੀਤੇ ਹਨ॥ ੧ ॥ ਰਹਾਉ ॥

(ਇਹ ਦੋ ਤੁਕਾਂ ਸ਼ਬਦ ਦੀ ਸਮਾਪਤੀ ਵੇਲੇ ਉੱਤਰ ਵਿਚ ਭੀ ਲਗਣਗੀਆਂ)

ਏਕੈ ਸ੍ਰਮੁ ਕਰਿ ਗਾਡੀ ਗਡਹੈ ॥ ਏਕਹਿ ਸੁਪਨੈ ਦਾਮੁ ਨ ਛਡਹੈ ॥

ਇਕ ਪੁਰਸ਼ ਐਸੇ ਹਨ ਜੋ ਸ੍ਰਮੁ=ਕਸ਼ਟ ਸਹਾਰ ਕੇ ਮਾਇਆ ਨੂੰ ਗਾਡੀ ਗਡਹੈ=ਟੋਹੇ ਵਿਚ ਪੂਰ ਕੇ ਰਖਦੇ ਹਨ। ਇਕ ਪੁਰਸ਼ ਐਸੇ ਹਨ ਜੋ ਰਾਤ ਨੂੰ ਸੁੱਤਿਆਂ ਪਿਆਂ ਸੁਪਨੇ ਵਿਚ ਭੀ ਦਾਮੁ=ਦਮੜੀ ਨੂੰ ਜਾਂ ਮਾਇਆ ਨੂੰ ਛੱਡਦੇ ਨਹੀਂ ਹਨ।

ਰਾਜੁ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨ ਚੰਚਲਿ ਚਲੀਆ ॥ ੨ ॥

ਰਾਜ ਭਾਗ ਕਮਾ ਕੇ ਜਿਨ੍ਹਾਂ ਨੇ ਰੁਪਿਆਂ ਦੀਆਂ ਥੈਲੀਆਂ' 'ਕੱਠੀਆਂ ਕੀਤੀਆਂ ਹਨ। ਇਹ ਚੰਚਲ ਮਾਇਆ ਉਹਨਾਂ ਦੇ ਨਾਲ ਭੀ ਨਹੀਂ ਚਲੀ॥ ੨ ॥

ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥ ਏਕ ਸੰਚੀ ਤਜਿ ਬਾਪ ਮਹਤਾਰੀ ॥

ਇਕਨਾਂ ਨੂੰ ਪ੍ਰਾਣਾਂ ਤੋਂ ਤੇ ਪਿੰਡ=ਸਰੀਰ ਤੋਂ ਭੀ ਮਾਇਆ ਪਿਆਰੀ ਲਗ ਰਹੀ ਹੈ। ਇਕਨਾਂ ਨੇ ਬਾਪ ਮਹਤਾਰੀ=ਪਿਤਾ ਤੇ ਮਾਂ ਦੀ ਪ੍ਰੀਤੀ ਤਿਆਗ ਕੇ ਮਾਇਆ ਸੰਚੀ=ਕੱਠੀ ਕੀਤੀ ਹੈ।

ਸੁਤ ਮੀਤ ਭ੍ਰਾਤ ਤੇ ਗੁਹਜੀ ਤਾ ਕੈ ਨਿਕਟਿ ਨ ਹੋਈ ਖਲੀਆ ॥ ੩ ॥

ਇਕਨਾਂ ਨੇ ਸੁਤ=ਪੁਤ੍ਰ, ਮਿਤ੍ਰ ਤੇ ਭ੍ਰਾਤ=ਭਰਾਵਾਂ ਤੋਂ ਭੀ ਗੁਹਜੀ=ਛੁਪਾ ਕੇ ਰਖੀ ਹੈ, ਪਰ ਅੰਤ ਸਮੇਂ ਉਹਨਾਂ ਦੇ ਕੋਲ ਭੀ ਮਾਇਆ ਖਲੋਤੀ ਨਹੀਂ ਹੈ॥ ੩ ॥

ਹੋਇ ਅਉਧੂਤ ਬੈਠੇ ਲਾਇ ਤਾਰੀ ॥ ਜੋਗੀ ਜਤੀ ਪੰਡਿਤ ਬੀਚਾਰੀ ॥

ਅਉਧੂਤ=ਨਾਂਗੇ ਹੋ ਕੇ ਜੋ ਤਾਰੀ=ਸਮਾਧੀ ਲਗਾ ਕੇ ਬੈਠੇ ਹਨ। ਪੁਨਾ ਜੋ ਆਪਣੇ ਆਪ ਨੂੰ ਜੋਗੀ, ਜਤੀ,

www.sikhbookclub.com

ਪੰਡਿਤ ਤੇ ਵਿਚਾਰਵਾਨ ਕਹਾਂਦੇ ਹਨ ਸਭ ਦੇ ਪਿੱਛੇ ਮਾਇਆ ਲਗੀ ਹੋਈ ਹੈ।

ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ ਪਲੀਆ ॥੪ ॥

ਜੋ ਪੁਰਸ਼ ਗ੍ਰਿਹਿ=ਘਰਾਂ ਵਿਚ ਰਹਿੰਦੇ ਹਨ ਤੇ ਮੜੀ ਕਬਰਾਂ ਵਿਚ ਤੇ ਮਸਾਣਾ ਵਿਚ ਨਿਵਾਸ ਕਰਦੇ ਹਨ ਅਤੇ ਜੋ ਬਨਾਂ ਵਿਚ ਵਸਦੇ ਹਨ ਇਹ ਮਾਇਆ ਉਠ ਕੇ ਉਹਨਾਂ ਸਾਰਿਆਂ ਦੇ ਪੱਲੇ ਨਾਲ ਲੱਗੀ ਹੋਈ ਹੈ, ਵਾ:- ਬੁੱਧੀ ਰੂਪ ਪੱਲੇ ਨਾਲ ਲੱਗੀ ਹੋਈ ਹੈ॥ ੪॥

ਪ੍ਰਸ਼ਨ- ਇਹਨਾਂ ਸਾਰਿਆਂ ਵਿੱਚੋਂ ਕੌਣ ਤਰਿਆ ਹੈ?

*ਗੁਰ ਉੱਤਰ:- **ਨਿਰਭਉ ਨਿਰੰਕਾਰ ਦਇਅਲੀਆ ॥ ਜੀਅ ਜੰਤ ਸਗਲੇ ਪ੍ਰਤਿਪਲੀਆ ॥***

ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥

ਜੋ ਨਿਰਭਉ ਨਿਰੰਕਾਰ ਦਿਆਲੂ ਸੁਭਾਅ ਵਾਲਾ ਹੈ, ਜਿਸ ਨੇ ਸਾਰਿਆਂ ਜੀਵਾਂ ਜੰਤਾਂ ਦੀ ਪ੍ਰਤਿਪਾਲਾ ਕੀਤੀ ਹੈ। ਉਸ ਠਾਕੁਰ ਨੇ ਜਿਸ ਦੇ ਮੋਹ ਆਦਿਕ ਬੰਧਨ ਕਟੇ ਹਨ, ਉਸ ਦੇ ਦਿਲ ਵਿਚ ਹਰਿ ਹਰਿ ਨਾਮ ਵਸਿਆ ਹੈ।

ਸਾਧਸੰਗਿ ਭਏ ਜਨ ਮੁਕਤੇ
ਗਤਿ ਪਾਈ ਨਾਨਕ ਨਦਰਿ ਨਿਹਲੀਆ ॥ ੫ ॥ ੨ ॥ ੧੮ ॥

ਸੰਤਾਂ ਦੇ ਸਤਸੰਗ ਕਰਕੇ ਉਹ ਗੁਰਮੁਖ ਜਨ ਮਾਇਆ ਤੋਂ ਮੁਕਤੇ=ਛੁਟ ਗਏ ਹਨ ਅਤੇ ਸੰਤਾਂ ਦੀ ਨਦਰਿ ਨਿਹਲੀਆ=ਨਿਹਾਲ ਦ੍ਰਿਸ਼ਟੀ ਕਰਕੇ ਭਾਵ ਕ੍ਰਿਪਾ ਦ੍ਰਿਸ਼ਟੀ ਕਰਕੇ ਗਤਿ=ਮੁਕਤੀ ਪਾਈ ਹੈ॥ ੫॥ ੨॥ ੧੮॥

ਮਾਰੂ ਮਹਲਾ ੫ ॥

ਸਿਮਰਹੁ ਏਕੁ ਨਿਰੰਜਨ ਸੋਊ ॥ ਜਾ ਤੇ ਬਿਰਥਾ ਜਾਤ ਨ ਕੋਊ ॥

ਹੇ ਭਾਈ ! ਉਸ ਇਕ ਨਿਰੰਜਨ ਪਰਮਾਤਮਾ ਨੂੰ ਸਿਮਰਨਾ ਕਰੋ।

ਜਿਸ ਪ੍ਰਭੂ ਪਾਸੋਂ ਕੋਈ ਭੀ ਬਿਰਥਾ=ਖਾਲੀ ਨਹੀਂ ਜਾਂਦਾ।

ਮਾਤ ਗਰਭ ਮਹਿ ਜਿਨਿ ਪ੍ਰਤਿਪਾਰਿਆ ॥ ਜੀਉ ਪਿੰਡੁ ਦੇ ਸਾਜਿ ਸਵਾਰਿਆ ॥

ਜਿਸ ਪਰਮਾਤਮਾ ਨੇ ਮਾਂ ਦੇ ਗਰਭ ਵਿਚ ਤੈਨੂੰ ਪਾਲਿਆ ਹੈ। ਤੇਰੇ ਪਿੰਡੁ=ਸਰੀਰ ਨੂੰ ਸਾਜ ਕੇ ਵਿਚ ਜੀਵਾਤਮਾ ਦੇ ਕੇ ਸਵਾਰਨਾ ਕੀਤਾ ਹੈ।

ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥ ਜਿਸੁ ਸਿਮਰਤ ਅਵਗੁਣ ਸਭਿ ਢਕੀਐ ॥

ਉਸ ਫਲ ਬਰ ਦਾਤੇ ਪ੍ਰਭੂ ਨੂੰ ਖਿਨ ਖਿਨ ਕਾਲ ਜਪਣਾ ਕਰੀਏ। ਜਿਸ ਪ੍ਰਭੂ ਦੇ ਸਿਰਮਨ ਕਰਦਿਆਂ ਸਾਰੇ ਔਗੁਣ ਢੱਕੇ ਜਾਂਦੇ ਹਨ।

ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥

ਪ੍ਰਭੂ ਦੇ ਚਰਨ ਕਵਲਾਂ ਦੇ ਧਿਆਨ ਨੂੰ ਹਿਰਦੇ ਵਿਚ ਧਾਰਨਾ ਕਰੋ ਅਤੇ ਵਿਸ਼ਿਆਂ ਰੂਪੀ ਬਨ=ਜਲ ਵਿੱਚੋਂ ਆਪਣੇ ਜੀਅ ਨੂੰ ਤਾਰਨਾ ਕਰੋ।

ਕਰਣ ਪਲਾਹ ਮਿਟਹਿ ਬਿਲਲਾਟਾ ॥ ਜਪਿ ਗੋਵਿਦ ਭਰਮੁ ਭਉ ਫਾਟਾ ॥

ਕਰਣ=ਕੀਰਨੇ ਅਰਥਾਤ ਰੋਣਾ ਪਿਟਣਾ, ਪਲਾਹ=ਜਤਨ ਤੇ ਬਿਲਲਾਟਾ=ਵਿਰਲਾਪ ਕਰਨੇ ਸਭ ਮਿਟ ਜਾਣਗੇ। ਗੋਬਿੰਦ ਦੇ ਜਪਣ ਕਰਕੇ ਡਰ ਤੇ ਭਰਮ ਦਾ ਪੜਦਾ ਫਟ ਜਾਏਗਾ।

ਸਾਧਸੰਗਿ ਵਿਰਲਾ ਕੋ ਪਾਏ ॥ ਨਾਨਕੁ ਤਾ ਕੈ ਬਲਿ ਬਲਿ ਜਾਏ ॥ ੧ ॥

ਸੰਤਾਂ ਦੇ ਸਤਸੰਗ ਵਿਚੋਂ ਕੋਈ ਵਿਰਲਾ ਹੀ ਨਾਮ ਦਾ ਸਿਮਰਨ ਕਰਨਾ ਪਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ—ਮੈਂ ਉਸ ਤੋਂ ਸਦਕੇ ਤੇ ਕੁਰਬਾਨ ਜਾਂਦਾ ਹਾਂ ॥ ੧ ॥

ਰਾਮ ਨਾਮੁ ਮਨਿ ਤਨਿ ਆਧਾਰਾ ॥
ਜੋ ਸਿਮਰੈ ਤਿਸ ਕਾ ਨਿਸਤਾਰਾ ॥ ੧ ॥ ਰਹਾਉ ॥

ਮੇਰੇ ਮਨ ਤਨ ਦਾ ਰਾਮ ਨਾਮ ਹੀ ਆਧਾਰਾ=ਆਸਰਾ ਰੂਪ ਹੈ ਜੋ ਰਾਮ ਨਾਮ ਦਾ ਸਿਮਰਨ ਕਰਦਾ ਹੈ ਉਸ ਦਾ ਪਾਰ ਉਤਾਰਾ ਹੁੰਦਾ ਹੈ ॥ ੧ ॥ ਰਹਾਉ ॥

ਮਿਥਿਆ ਵਸਤੁ ਸਤਿ ਕਰਿ ਮਾਨੀ ॥ ਹਿਤੁ ਲਾਇਓ ਸਠ ਮੂੜ ਅਗਿਆਨੀ ॥

ਮਿਥਿਆ ਵਸਤੂ ਜੋ ਦੇਹ ਹੈ ਉਸ ਨੂੰ ਸੱਚ ਕਰਕੇ ਮੰਨਿਆਂ ਹੋਇਆ ਹੈ। ਮਹਾਂ ਮੂਰਖ ਅਗਿਆਨੀ ਨੇ ਏਸੇ ਨਾਲ ਹੀ ਹਿਤੁ=ਪ੍ਰੇਮ ਲਗਾਇਆ ਹੋਇਆ ਹੈ।

ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥

ਕਾਮ, ਕ੍ਰੋਧ, ਲੋਭ, ਮਦ=ਹੰਕਾਰ ਆਦਿਕਾਂ ਵਿਚ ਮਸਤ ਹੋ ਰਿਹਾ ਹੈ। ਕਉਡੀ=ਮਾਇਆ ਜਾਂ ਵਿਸ਼ਿਆਂ ਦੇ ਬਦਲੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਰਿਹਾ ਹੈ।

ਅਪਨਾ ਛੋਡਿ ਪਰਾਇਐ ਰਾਤਾ ॥ ਮਾਇਆ ਮਦ ਮਨ ਤਨ ਸੰਗਿ ਜਾਤਾ ॥

ਆਪਣੇ ਮਾਲਕ ਪਰਮੇਸ਼ਰ ਨੂੰ ਛੱਡ ਕੇ ਪਰਾਏ ਪਦਾਰਥਾਂ ਵਿਚ ਰੱਤਾ ਹੋਇਆ ਹੈ। ਮਾਇਆ ਵਿਚ ਮਦ=ਮਸਤ ਹੋ ਕੇ ਮਨ ਤਨ ਦੇ ਨਾਲ ਹੀ ਜਾਂਦਾ ਹੈ। ਅਰਥਾਤ ਮਨ ਆਪਣੇ ਸਰੂਪ ਨੂੰ ਛੱਡ ਕੇ ਤਨ ਦੀ ਪਾਲਣਾ ਮਗਰ ਦੌੜਿਆ ਫਿਰਦਾ ਹੈ ਜਾਂ ਮਾਇਆ ਦੇ ਮਦ ਕਰਕੇ ਇਸ ਨੇ ਮਨ ਤਨ ਨੂੰ ਆਪਣੇ ਨਾਲ ਹੀ ਜਾਣਿਆ ਹੈ।

ਤ੍ਰਿਸਨ ਨ ਬੂਝੈ ਕਰਤ ਕਲੋਲਾ ॥ ਊਣੀ ਆਸ ਮਿਥਿਆ ਸਭਿ ਬੋਲਾ ॥

ਕਲੋਲ ਕਰਦਿਆਂ ਹੋਇਆਂ ਭਾਵ ਵਿਸ਼ੇ ਭੋਗਦਿਆਂ ਹੋਇਆਂ ਇਸ ਦੀ ਤ੍ਰਿਸ਼ਨਾਂ ਬੁਝਦੀ ਨਹੀਂ ਹੈ ਅਤੇ ਆਸਾ ਊਣੀ ਰਹਿੰਦੀ ਹੈ ਇਸ ਨੂੰ ਪੂਰਿਆਂ ਕਰਨ ਲਈ ਸਾਰੇ ਝੂਠੇ ਬਚਨਾਂ ਨੂੰ ਬੋਲਦਾ ਹੈ।

ਆਵਤ ਇਕੇਲਾ ਜਾਤ ਇਕੇਲਾ ॥ ਹਮ ਤੁਮ ਸੰਗਿ ਝੂਠੇ ਸਭਿ ਬੋਲਾ ॥

ਇਹ ਜੀਵ ਇਕੱਲਾ ਆਉਂਦਾ ਹੈ ਤੇ ਇਕੱਲਾ ਹੀ ਜਾਂਦਾ ਹੈ। ਹਮ ਤੁਮ ਸੰਗਿ=ਮੇਰੇ ਤੇਰੇ ਨਾਲ ਸਾਰੇ ਝੂਠੇ ਹੀ ਬਚਨਾਂ ਨੂੰ ਬੋਲਣਾ ਕਰਦਾ ਹੈ।

[ਪੰਨਾ ੧੦੦੫]

ਪਾਇ ਠਗਉਰੀ ਆਪਿ ਭੁਲਾਇਓ ॥
ਨਾਨਕ ਕਿਰਤੁ ਨ ਜਾਇ ਮਿਟਾਇਓ ॥ ੨ ॥

ਮੋਹ ਰੂਪੀ ਠੱਗ ਬੂਟੀ ਪਾ ਕੇ ਆਪ ਪਰਮੇਸ਼ਰ ਨੇ ਜੀਵ ਨੂੰ ਭੁਲਾਇਆ ਹੋਇਆ ਹੈ ਕਿਉਂਕਿ ਗੁਰੂ ਜੀ ਕਥਨ ਕਰਦੇ ਹਨ—ਜੀਵ ਦਾ ਜੋ ਕਿਰਤੁ=ਕਰਮ ਹੈ ਉਹ ਭੋਗੇ ਤੋਂ ਬਿਨਾਂ ਮਿਟਾਇਆ ਨਹੀਂ ਜਾਂਦਾ ॥ ੨ ॥

ਪਸੁ ਪੰਖੀ ਭੂਤ ਅਰੁ ਪ੍ਰੇਤਾ ॥ ਬਹੁ ਬਿਧਿ ਜੋਨੀ ਫਿਰਤ ਅਨੇਤਾ ॥

ਅਨੇਤਾ=ਨੇੜ੍ਹਾਂ ਤੋਂ ਹੀਣ ਭਾਵ ਅੰਨ੍ਹਾਂ ਹੋ ਕੇ ਪਸੂ, ਪੰਛੀ ਅਤੇ ਭੂਤ, ਪ੍ਰੇਤ ਆਦਿਕ ਬਹੁਤ ਪ੍ਰਕਾਰ ਦੀਆਂ ਜੂਨੀਆਂ ਵਿਚ ਫਿਰਦਾ ਹੈ। *ਅਥਵਾ:-* ਅਨੇਤਾ=ਅਨਿਤ ਭਾਵ ਮਿਥਿਆ ਪਦਾਰਥਾਂ ਵਿਚ ਲਗ ਕੇ ਬਹੁਤ ਪ੍ਰਕਾਰ ਦੀਆਂ ਜੂਨੀਆਂ ਵਿਚ ਫਿਰਦਾ ਹੈ।

ਜਹ ਜਾਨੋ ਤਹ ਰਹਨੁ ਨ ਪਾਵੈ ॥ ਥਾਨ ਬਿਹੂਨ ਉਠਿ ਉਠਿ ਫਿਰਿ ਧਾਵੈ ॥

ਜਹ ਜਾਨੋ=ਜਿਥੇ ਭੀ ਜਾਂਦਾ ਹੈ ਉਥੇ ਰਹਿਣਾ ਨਹੀਂ ਪਾਂਵਦਾ। ਸਰੂਪ ਥਾਂ ਤੋਂ ਬਿਨਾਂ ਹੋ ਕੇ ਫਿਰਿ=ਵਾਰੰਵਾਰ ਉਠ ਉਠ ਕੇ ਧਾਵੈ=ਦੌੜਦਾ ਹੈ।

ਮਨਿ ਤਨਿ ਬਾਸਨਾ ਬਹੁਤੁ ਬਿਸਥਾਰਾ ॥ ਅਹੰਮੇਵ ਮੂਠੋ ਬੇਚਾਰਾ ॥

ਮਨ ਤਨ ਵਿਚ ਵਾਸ਼ਨਾ ਦਾ ਬਹੁਤ ਹੀ ਵਿਸਥਾਰ ਕਰਦਾ ਹੈ ਅਤੇ ਵਿਚਾਰਾ ਜੀਵ ਹੰਕਾਰ ਕਰਕੇ ਮੂਠੋ=ਠੱਗਿਆ ਗਿਆ ਹੈ।

ਅਨਿਕ ਦੋਖ ਅਰੁ ਬਹੁਤੁ ਸਜਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥

ਅਨੇਕ ਤਰ੍ਹਾਂ ਦੇ ਜੋ ਦੋਸ਼ ਕਰਮ ਕੀਤੇ ਹਨ ਅਤੇ ਉਹਨਾਂ ਕਰਕੇ ਜੋ ਬਹੁਤ ਸਜਾਵਾਂ ਮਿਲਦੀਆਂ ਹਨ। ਉਹਨਾਂ ਸਜਾਵਾਂ ਦੀ ਕੀਮਤਿ=ਗਿਣਤੀ ਕਹੀ ਨਹੀਂ ਜਾਂਦੀ।

ਪ੍ਰਭ ਬਿਸਰਤ ਨਰਕ ਮਹਿ ਪਾਇਆ ॥
ਤਹ ਮਾਤ ਨ ਬੰਧੁ ਨ ਮੀਤ ਨ ਜਾਇਆ ॥

ਪ੍ਰਭੂ ਦੇ ਭੁਲਣ ਕਰਕੇ ਨਰਕਾਂ ਵਿਚ ਪਾਇਆ ਜਾਂਦਾ ਹੈ। ਉਥੇ ਨਾ ਮਾਂ, ਨਾ ਸਬੰਧੀ, ਨਾ ਮਿਤ੍ਰ ਤੇ ਨਾ ਹੀ ਜਾਇਆ=ਪੁਤ੍ਰ, *ਵਾ:-* ਇਸਤ੍ਰੀ ਸਹਾਇਕ ਹੁੰਦੀ ਹੈ।

ਜਿਸ ਕਉ ਹੋਤ ਕ੍ਰਿਪਾਲ ਸੁਆਮੀ ॥ ਸੋ ਜਨੁ ਨਾਨਕ ਪਾਰਗਰਾਮੀ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਸੁਆਮੀ=ਪਰਮਾਤਮਾ ਕ੍ਰਿਪਾਲੂ ਹੁੰਦਾ ਹੈ। ਓਹੀ ਸੇਵਕ ਜਨ ਸੰਸਾਰ ਗ੍ਰਾਮ ਤੋਂ ਪਾਰ ਹੁੰਦਾ ਹੈ ॥ ੩ ॥

ਭ੍ਰਮਤ ਭ੍ਰਮਤ ਪ੍ਰਭ ਸਰਨੀ ਆਇਆ ॥ ਦੀਨਾ ਨਾਥ ਜਗਤ ਪਿਤ ਮਾਇਆ ॥

ਭੌਂਦਾ ਭੌਂਦਾ ਉਸ ਪ੍ਰਭੂ ਦੀ ਸ਼ਰਨ ਵਿਚ ਆਇਆ ਹਾਂ। ਜੋ ਦੀਨਾ ਨਾਥ=ਗਰੀਬਾਂ ਦਾ ਸੁਆਮੀ ਤੇ ਜਗਤ ਜਾ ਮਾਤਾ ਪਿਤਾ ਰੂਪ ਹੈ।

www.sikhbookclub.com

ਪ੍ਰਭ ਦਇਆਲ ਦੁਖ ਦਰਦ ਬਿਦਾਰਣ ॥ ਜਿਸੁ ਭਾਵੈ ਤਿਸ ਹੀ ਨਿਸਤਾਰਣ ॥

ਉਹ ਦਿਆਲੂ ਪ੍ਰਭੂ ਦੁਖੀਆਂ ਦੇ ਦਰਦਾਂ ਨੂੰ ਜਾਂ ਦੁੱਖ ਜਨ ਦਰਦ ਦੇ ਬਿਦਾਰਣ=ਨਾਸ ਕਰਨ ਵਾਲਾ ਹੈ। ਜਿਸ ਨੂੰ ਭਾਵੈ=ਚਾਹੁੰਦਾ ਹੈ ਓਸੇ ਨੂੰ ਤਾਰ ਲੈਂਦਾ ਹੈ।

ਅੰਧ ਕੂਪ ਤੇ ਕਾਢਨਹਾਰਾ ॥ ਪ੍ਰੇਮ ਭਗਤਿ ਹੋਵਤ ਨਿਸਤਾਰਾ ॥

ਜੋ ਸੰਸਾਰ ਰੂਪ ਅੰਨ੍ਹੇ ਖੂਹ 'ਚ ਕੱਢਣ ਵਾਲਾ ਹੈ। ਓਸੇ ਦੀ ਪ੍ਰੇਮਾ ਭਗਤੀ ਕਰਨ ਨਾਲ ਜੀਵ ਦਾ ਨਿਸਤਾਰਾ ਹੁੰਦਾ ਹੈ।

ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥

ਓਸੇ ਪਰਮੇਸ਼ਰ ਨੇ ਆਪਣਾ ਸਰੀਰ ਸੰਤ ਰੂਪ ਧਾਰਿਆ ਹੈ। ਏਸੇ ਕਰਕੇ ਸੰਤ ਨਿਤ ਅਵਤਾਰ ਹਨ ਅਤੇ ਉਸ ਨੇ ਆਪ ਹੀ ਦਾਸਾਂ ਨੂੰ ਮਹਾਂ ਅਗਨੀ ਦੇ ਸਮੁੰਦਰ ਸੰਸਾਰ ਤੋਂ ਉਬਾਰਿਆ=ਬਚਾਅ ਲਿਆ ਹੈ, ਅਰਥਾਤ ਬਾਹਰ ਕੱਢ ਲਿਆ ਹੈ।

ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥

ਜਪ ਤਪ ਆਦਿਕ ਸਾਧਨ ਤੇ ਸੰਜਮ=ਇੰਦ੍ਰੀਆਂ ਦਾ ਰੋਕਣਾ ਇਸ ਜੀਵ ਦੇ ਪਾਸੋਂ ਕੁਝ ਭੀ ਨਹੀਂ ਹੋ ਸਕਦਾ। ਜੋ ਅਗਮ ਅਗਾਧ ਪ੍ਰਭੂ ਆਦ ਤੋਂ ਲੈ ਕੇ ਅੰਤ ਤੱਕ ਪੂਰਨ ਹੈ ਉਸ ਅੱਗੇ ਬੇਨਤੀ ਕਰ।

ਨਾਮੁ ਦੇਹਿ ਮਾਗੈ ਦਾਸੁ ਤੇਰਾ ॥
ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥ ੪ ॥ ੩ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਤੇਰਾ ਦਾਸ ਦਾਨ ਮੰਗਦਾ ਹਾਂ ਮੈਨੂੰ ਹਰੀ ਨਾਮ ਦਾ ਸਿਮਰਨ ਦੇਹੁ । ਮੇਰਾ ਏਹੋ ਜੀਵਨ ਪਦ ਰੂਪ ਹੈ॥ ੪ ॥ ੩ ॥ ੧੯ ॥

ਮਾਰੂ ਮਹਲਾ ੫ ॥

ਕਤ ਕਉ ਭਰਮਾਵਹੁ ਲੋਗਾ ਮੋਹਨ ਦੀਨ ਕਿਰਪਾਈ ॥ ੧ ॥

ਹੇ ਲੋਕੋ ! ਮਨ ਨੂੰ ਕਿਸ ਵਾਸਤੇ ਭਰਮਾਵਹੁ=ਭਟਕਾਂਦੇ ਹੋ, ਉਹ ਮੋਹਨ ਪਰਮਾਤਮਾ ਤਾਂ ਦੀਨਾ 'ਪਰ ਕ੍ਰਿਪਾਲੂ ਹੈ॥ ੧ ॥

ਐਸੀ ਜਾਨਿ ਪਾਈ ॥

ਅਸਾਂ ਨੇ ਇਸ ਤਰ੍ਹਾਂ ਦੀ ਜਾਨਿ=ਖ਼ਬਰ ਪਾਈ ਹੈ। ਕਿ-

ਸਰਣਿ ਸੂਰੋ ਗੁਰ ਦਾਤਾ ਰਾਖੈ ਆਪਿ ਵਡਾਈ ॥ ੧ ॥ ਰਹਾਉ ॥

ਨਾਮ ਦਾਤੇ ਗੁਰੂ ਸਾਹਿਬ ਜੀ ਸ਼ਰਨ ਆਇਆਂ ਦੀ ਰਖਿਆ ਕਰਨੇ ਨੂੰ ਸੂਰਬੀਰ ਹਨ, ਆਪ ਵਡਿਆਈ ਦੇ ਕੇ ਰੱਖਦੇ ਹਨ॥ ੧ ॥ ਰਹਾਉ ॥

ਭਗਤਾ ਕਾ ਆਗਿਆਕਾਰੀ ਸਦਾ ਸਦਾ ਸੁਖਦਾਈ ॥ ੨ ॥

ਭਗਤਾਂ ਦਾ ਹਮੇਸ਼ਾ ਆਗਿਆਕਾਰੀ=ਹੁਕਮ ਮੰਨਣ ਵਾਲਾ ਹੈ ਅਤੇ ਸਦਾ ਸਦਾ ਸੁਖ ਦੇਣ ਵਾਲਾ ਹੈ॥ ੨ ॥

www.sikhbookclub.com

ਅਪਨੇ ਕਉ ਕਿਰਪਾ ਕਰੀਅਹੁ ਇਕੁ ਨਾਮੁ ਧਿਆਈ ॥ ੩ ॥

ਹੇ ਹਰੀ ! ਆਪਣੇ ਦਾਸ ਨੂੰ ਕ੍ਰਿਪਾ ਕਰੋ, ਤਾਂ ਕਿ ਮੈਂ ਇਕ ਆਪ ਜੀ ਦਾ ਨਾਮ ਹੀ ਜਪਦਾ ਰਹਾਂ ॥ ੩ ॥

ਨਾਨਕੁ ਦੀਨੁ ਨਾਮੁ ਮਾਗੈ ਦੁਤੀਆ ਭਰਮੁ ਚੁਕਾਈ ॥ ੪ ॥ ੪ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਦੀਨ ਮਨ ਹੋ ਕੇ ਇਕ ਨਾਮ ਹੀ ਮੰਗਦਾ ਹਾਂ, ਕਿਉਂਕਿ ਨਾਮ ਸਿਮਰਨ ਦ੍ਵੈਤ ਭਾਵ ਨੂੰ ਅਤੇ ਭਰਮ ਨੂੰ ਦੂਰ ਕਰ ਦੇਂਦਾ ਹੈ ॥ ੪ ॥ ੪ ॥ ੨੦ ॥

ਮਾਰੂ ਮਹਲਾ ੫ ॥

ਮੇਰਾ ਠਾਕੁਰੁ ਅਤਿ ਭਾਰਾ ॥ ਮੋਹਿ ਸੇਵਕੁ ਬੇਚਾਰਾ ॥ ੧ ॥

ਮੇਰਾ ਠਾਕੁਰੁ=ਸੁਆਮੀ ਪਰਮਾਤਮਾ ਅਤਿ ਭਾਰਾ=ਬਹੁਤ ਵੱਡਾ ਹੈ। ਮੈਂ ਵਿਚਾਰਾ ਗਰੀਬ ਸੇਵਕ ਹਾਂ ॥ ੧ ॥

ਮੋਹਨੁ ਲਾਲੁ ਮੇਰਾ ਪ੍ਰੀਤਮ ਮਨ ਪ੍ਰਾਨਾ ॥ ਮੋ ਕਉ ਦੇਹੁ ਦਾਨਾ ॥ ੧ ॥ ਰਹਾਉ ॥

ਉਹ ਲਾਲੁ=ਪਿਆਰਾ, ਮੋਹਨੁ=ਪਰਮਾਤਮਾ ਮੇਰੇ ਮਨ ਅਤੇ ਪ੍ਰਾਣਾਂ ਦਾ ਪ੍ਰੀਤਮ ਹੈ। ਜੋ ਮੈਨੂੰ ਹਮੇਸ਼ਾ ਦਾਨ ਦੇਂਦਾ ਹੈ ॥ ੧ ॥ ਰਹਾਉ ॥

ਸਗਲੇ ਮੈ ਦੇਖੇ ਜੋਈ ॥ ਬੀਜਉ ਅਵਰੁ ਨ ਕੋਈ ॥ ੨ ॥

ਮੈਂ ਸਾਰੇ ਮਨੁੱਖ ਜੋਈ=ਜੋਹ ਕੇ (ਜਾਂਚ ਕੇ) ਭਾਵ ਨਿਰਣੇ ਕਰਕੇ ਵੇਖੇ ਹਨ, ਉਸ ਵਰਗਾ ਹੋਰ ਕੋਈ ਬੀਜਉ=ਦੂਜਾ ਨਹੀਂ ਹੈ ॥ ੨ ॥

ਜੀਅਨ ਪ੍ਰਤਿਪਾਲਿ ਸਮਾਹੈ ॥ ਹੈ ਹੋਸੀ ਆਹੇ ॥ ੩ ॥

ਜੀਵਾਂ ਦੀ ਪ੍ਰਤਿਪਾਲਾ ਕਰਦਾ ਹੈ, ਸਮੇਂ ਅਨੁਸਾਰ ਫਿਰ ਆਪਣੇ ਵਿਚ ਸਮਾਹੈ=ਅਭੇਦ ਕਰਦਾ ਹੈ। ਹੁਣ ਹੈ, ਅੱਗੇ ਨੂੰ ਹੋਸੀ=ਹੋਵੇਗਾ ਅਤੇ ਪਿੱਛੇ ਆਹੇ=ਹੈਗਾ ਸੀ ॥ ੩ ॥

ਦਇਆ ਮੋਹਿ ਕੀਜੈ ਦੇਵਾ ॥ ਨਾਨਕ ਲਾਗੋ ਸੇਵਾ ॥ ੪ ॥ ੫ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ—ਹੇ ਦੇਵਾ=ਪ੍ਰਕਾਸ਼ ਰੂਪ ਪ੍ਰਭੂ ! ਮੇਰੇ ਉਪਰ ਅਜੇਹੀ ਦਇਆ ਕਰ ਜੋ ਮੈਂ ਆਪ ਜੀ ਦੀ ਸੇਵਾ ਵਿਚ ਲਗਾ ਰਹਾਂ ॥ ੪ ॥ ੫ ॥ ੨੧ ॥

ਮਾਰੂ ਮਹਲਾ ੫ ॥

ਪਤਿਤ ਉਧਾਰਨ ਤਾਰਨ ਬਲਿ ਬਲਿ ਬਲੇ ਬਲਿ ਜਾਈਐ ॥

ਹੇ ਤਾਰਨ ਰੂਪ ਪਰਮਾਤਮਾ ! ਆਪ ਪਾਪੀਆਂ ਦੇ ਤਾਰਨੇ ਨੂੰ ਤਾਰਨ=ਜਹਾਜ਼ ਰੂਪ ਹੋ, ਮੈਂ ਚਤੁਸਟੇ ਅੰਤਹਕਰਨ ਕਰਕੇ ਬਲਿਹਾਰ ਕੁਰਬਾਨ ਜਾਂਦਾ ਹੈ। *ਅਥਵਾ:-* ਹੇ ਬਲਿ ਬਲਿ=ਪ੍ਰਕਾਸ਼ ਰੂਪ ਪਰਮਾਤਮਾ ਮੈਂ ਆਪ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਐਸਾ ਕੋਈ ਭੇਟੈ ਸੰਤੁ ਜਿਤੁ ਹਰਿ ਹਰੇ ਹਰਿ ਧਿਆਈਐ ॥ ੧ ॥

ਹੇ ਹਰੀ ! ਕੋਈ ਅਜੇਹਾ ਸੰਤ ਮਿਲੇ, ਜਿਸ ਦੇ ਨਾਲ ਮਿਲ ਕੇ ਹਰ ਵੇਲੇ ਹਰੀ ਨਾਮ ਨੂੰ ਧਿਆਉਣਾ ਕਰੀਏ ਜਾਂ ਮੁਨ, ਬਾਣੀ, ਸਰੀਰ ਦੁਆਰਾ ਹਰਿ ਹਰਿ ਨਾਮ ਨੂੰ ਧਿਆਉਣਾ ਕਰੀਏ ॥ ੧ ॥

ਮੋ ਕਉ ਕੋਇ ਨ ਜਾਨਤ ਕਹੀਅਤ ਦਾਸੁ ਤੁਮਾਰਾ ॥
ਏਹਾ ਓਟ ਆਧਾਰਾ ॥ ੧ ॥ ਰਹਾਉ ॥

ਮੈਨੂੰ ਕੋਈ ਭੀ ਜਾਣਦਾ ਨਹੀਂ ਹੈ, ਕੇਵਲ ਮੈਨੂੰ ਆਪ ਜੀ ਦਾ ਹੀ ਦਾਸ ਕਹਿੰਦੇ ਹਨ। ਏਹੋ ਗੱਲ ਹੀ ਮੇਰਾ ਆਸਰਾ ਪਰਨਾ ਹੈ ਜਾਂ ਹੇ ਆਸਰਾ ਰੂਪ ਪ੍ਰਭੂ ! ਏਹੋ ਇਕ ਆਪ ਦੀ ਓਟ ਹੈ॥ ੧ ॥ ਰਹਾਉ ॥

ਸਰਬ ਧਾਰਨ ਪ੍ਰਤਿਪਾਰਨ ਇਕ ਬਿਨਉ ਦੀਨਾ ॥

ਹੇ ਸਭ ਦੇ ਧਾਰਨ=ਆਸਰਾ ਰੂਪ ਤੇ ਹਰ ਇਕ ਦੇ ਪਾਲਨ ਵਾਲੇ ਪ੍ਰਭੂ ! ਮੈਂ ਦੀਨ ਇਕ ਬੇਨਤੀ ਕਰਦਾ ਹਾਂ।

ਤੁਮਰੀ ਬਿਧਿ ਤੁਮ ਹੀ ਜਾਨਹੁ ਤੁਮ ਜਲ ਹਮ ਮੀਨਾ ॥ ੨ ॥

ਤੁਹਾਡੀ ਜੋ ਵਿਧੀ ਹੈ ਉਸ ਨੂੰ ਤੁਸੀਂ ਆਪ ਹੀ ਜਾਣਦੇ ਹੋ, ਤੁਸੀਂ ਪਾਣੀ ਰੂਪ ਹੋ, ਅਸੀਂ ਆਪ ਜੀ ਦੇ ਵਿਚ ਰਹਿਣ ਵਾਲੇ ਮੀਨਾ=ਮੱਛ ਹਾਂ॥ ੨ ॥

ਪੂਰਨ ਬਿਸਥੀਰਨ ਸੁਆਮੀ ਆਹਿ ਆਇਓ ਪਾਛੈ ॥

ਹੇ ਸੁਆਮੀ ਪਰਮਾਤਮਾ ! ਆਪ ਸੰਪੂਰਨ ਸੰਸਾਰ ਵਿਚ ਵਿਆਪਕ ਹੋ, ਮੈਂ ਆਹਿ=ਚਾਹ ਕਰਕੇ ਆਪ ਜੀ ਦੇ ਪਿੱਛੇ ਆਇਆ ਹਾਂ।

[ਪੰਨਾ ੧੦੦੬]

ਸਗਲੋ ਭੂ ਮੰਡਲ ਖੰਡਲ ਪ੍ਰਭ ਤੁਮ ਹੀ ਆਛੈ ॥ ੩ ॥

ਹੇ ਪ੍ਰਭੂ! ਸਾਰੀ ਭੂ ਮੰਡਲ=ਧਰਤੀ 'ਪਰ ਅਤੇ ਸਾਰਿਆਂ ਖੰਡਾਂ ਵਿਚ ਆਪ ਹੀ ਪਰੀਪੂਰਨ ਆਛੈ= ਹੋ॥ ੩ ॥

ਅਟਲ ਅਖਇਓ ਦੇਵਾ ਮੋਹਨ ਅਲਖ ਅਪਾਰਾ ॥

ਹੇ ਦੇਵਾ=ਪ੍ਰਕਾਸ਼ ਰੂਪ ਮੋਹਨ=ਪਰਮਾਤਮਾ ! ਆਪ ਅਟੱਲ, ਅਲੱਖ, ਅਪਾਰ ਤੇ ਅਖਇਓ=ਨਾਸ ਤੋਂ ਰਹਿਤ ਹੋ।

ਦਾਨੁ ਪਾਵਉ ਸੰਤਾ ਸੰਗੁ ਨਾਨਕ ਰੇਨੁ ਦਾਸਾਰਾ ॥ ੪ ॥ ੬ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਸੰਤਾਂ ਦੇ ਸੰਗ ਕਰਨ ਦਾ ਅਤੇ ਦਾਸਾਂ ਦੀ ਚਰਨ ਧੂੜੀ ਦਾ ਦਾਨ ਮੈਨੂੰ ਪਾਣਾ ਕਰੋ॥ ੪॥ ੬ ॥ ੨੨ ॥

ਮਾਰੂ ਮਹਲਾ ੫ ॥

ਤ੍ਰਿਪਤਿ ਆਘਾਏ ਸੰਤਾ ॥ ਗੁਰ ਜਾਨੇ ਜਿਨ ਮੰਤਾ ॥

ਉਹ ਸੰਤ ਤ੍ਰਿਪਤੀ ਨਾਲ ਰਜ ਗਏ ਹਨ। ਜਿਨ੍ਹਾਂ ਨੇ ਗੁਰਾਂ ਦੇ ਮੰਤਾ=ਉਪਦੇਸ਼ ਨੂੰ ਜਾਣਿਆ ਹੈ।

ਤਾ ਕੀ ਕਿਛੁ ਕਹਨੁ ਨ ਜਾਈ ॥ ਜਾ ਕਉ ਨਾਮ ਬਡਾਈ ॥ ੧ ॥

ਉਹਨਾਂ ਦੀ ਕੁਝ ਉਪਮਾ ਕਹੀ ਨਹੀਂ ਜਾਂਦੀ। ਜਿਨ੍ਹਾਂ ਨੂੰ ਨਾਮ ਸਿਮਰਨ ਦੀ ਵਡਿਆਈ ਪ੍ਰਾਪਤ ਹੋਈ ਹੈ॥ ੧ ॥

www.sikhbookclub.com

ਲਾਲੁ ਅਮੋਲਾ ਲਾਲੋ ॥ ਅਗਹ ਅਤੋਲਾ ਨਾਮੋ ॥ ੧ ॥ ਰਹਾਉ ॥

ਲਾਲੁ=ਪਿਆਰਾ ਪ੍ਰਭੂ ਅਮੋਲਕ ਲਾਲ ਵਾਂਗੂ ਹੈ। ਉਸ ਪ੍ਰਭੂ ਦਾ ਨਾਮ ਅਗਹ=ਅਗਾਧ ਤੇ ਅਤੋਲ ਹੈ॥ ੧ ॥ ਰਹਾਉ ॥

ਅਵਿਗਤ ਸਿਉ ਮਾਨਿਆ ਮਾਨੋ ॥ ਗੁਰਮੁਖਿ ਤਤੁ ਗਿਆਨੋ ॥

ਜਿਨ੍ਹਾਂ ਦਾ ਅਵਿਗਤ=ਪਰਮੇਸ਼ਰ ਨਾਲ ਮਨ ਮੰਨਿਆ ਗਿਆ ਹੈ। ਉਹਨਾਂ ਗੁਰਮੁਖਾਂ ਨੂੰ ਤਤੁ=ਯਥਾਰਥ ਗਿਆਨ ਪ੍ਰਾਪਤ ਹੋਇਆ ਹੈ।

ਪੇਖਤ ਸਗਲ ਧਿਆਨੋ ॥ ਤਜਿਓ ਮਨ ਤੇ ਅਭਿਮਾਨੋ ॥ ੨ ॥

ਸਾਰਿਆਂ ਵਿਚ ਬੜੇ ਧਿਆਨ ਨਾਲ ਉਸ ਪ੍ਰਭੂ ਦੇ ਧਿਆਨੋ=ਸਰੂਪ ਨੂੰ ਵੇਖਦੇ ਹਨ ਅਤੇ ਉਹਨਾਂ ਨੇ ਮਨ ਦੇ ਵਿਚੋਂ ਹੰਕਾਰ ਨੂੰ ਭਾਂ ਤਿਆਗ ਹੀ ਦਿੱਤਾ ਹੈ॥ ੨ ॥

ਨਿਹਚਲੁ ਤਿਨ ਕਾ ਠਾਣਾ ॥ ਗੁਰ ਤੇ ਮਹਲੁ ਪਛਾਣਾ ॥

ਨਿਹਚਲੁ=ਅਚਲ ਪਰਮਾਤਮਾ ਵਿਚ ਉਹਨਾਂ ਦਾ ਠਾਣਾ=ਟਿਕਾਣਾ ਹੋਇਆ ਹੈ। ਗੁਰਾਂ ਦੇ ਉਪਦੇਸ਼ ਕਰ ਕੇ ਉਹਨਾਂ ਨੇ ਮਹਲੁ=ਸਰੂਪ ਪਛਾਣਿਆ ਹੈ।

ਅਨਦਿਨੁ ਗੁਰ ਮਿਲਿ ਜਾਗੇ ॥ ਹਰਿ ਕੀ ਸੇਵਾ ਲਾਗੇ ॥ ੩ ॥

ਉਹ ਰਾਤ ਦਿਨ ਗੁਰਾਂ ਨਾਲ ਮਿਲ ਕੇ ਮੋਹ ਨੀਂਦ ਤੋਂ ਜਾਗੇ ਹਨ ਅਤੇ ਹਰੀ ਦੀ ਸੇਵਾ ਵਿਚ ਲਗੇ ਹਨ॥ ੩ ॥

ਪੂਰਨ ਤ੍ਰਿਪਤਿ ਅਘਾਏ ॥ ਸਹਜ ਸਮਾਧਿ ਸੁਭਾਏ ॥

ਉਹ ਪੂਰਨ ਤ੍ਰਿਪਤੀ ਨੂੰ ਪਾ ਕੇ ਰਜ ਗਏ ਹਨ, ਜਾਂ ਪੂਰਨ ਪਰਮੇਸ਼ਰ ਨੂੰ ਜਾਣ ਕੇ ਪਦਾਰਥਾਂ ਵਲੋਂ ਤ੍ਰਿਪਤ ਹੋ ਕੇ ਰਜ ਗਏ ਹਨ। ਸਹਜ ਸਮਾਧਿ=ਨਿਰਵਿਕਲਪ ਸਮਾਧੀ ਵਿਚ ਸੁਭਾਏਮਾਨ ਹੋਏ ਹਨ॥ ੩ ॥

ਹਰਿ ਭੰਡਾਰੁ ਹਾਥਿ ਆਇਆ ॥ ਨਾਨਕ ਗੁਰ ਤੇ ਪਾਇਆ ॥ ੪ ॥ ੭ ॥ ੨੩ ॥

ਹਰੀ ਰੂਪ ਭੰਡਾਰਾ ਉਹਨਾਂ ਦੇ ਮਨ ਰੂਪ ਹੱਥ ਵਿਚ ਆਇਆ ਹੈ। ਪਰ ਗੁਰੂ ਜੀ ਕਥਨ ਕਰਦੇ ਹਨ— ਗੁਰਾਂ ਦੀ ਕਿਰਪਾ 'ਤੇ ਪਾਵਨਾ ਕੀਤਾ ਹੈ॥ ੪ ॥ ੭ ॥ ੨੩ ॥

ਮਾਰੂ ਮਹਲਾ ੫ ਘਰੁ ੬ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਛੋਡਿ ਸਗਲ ਸਿਆਣਪਾ ਮਿਲਿ ਸਾਧ ਤਿਆਗਿ ਗੁਮਾਨੁ ॥

ਹੇ ਮਨ ! ਸਾਰੀਆਂ ਸਿਆਣਪਾਂ ਛੱਡ ਕੇ ਸੰਤਾਂ ਨਾਲ ਮਿਲ ਕੇ ਗੁਮਾਨੁ=ਹੰਕਾਰ ਨੂੰ ਭੀ ਤਿਆਗ ਦੇ।

ਅਵਰੁ ਸਭੁ ਕਿਛੁ ਮਿਥਿਆ ਰਸਨਾ ਰਾਮ ਰਾਮ ਵਖਾਨੁ ॥ ੧ ॥

ਅਵਰੁ=ਹੋਰ ਸਭ ਕੁਝ ਮਿਥਿਆ ਜਾਣ ਕੇ ਰਸਨਾ ਨਾਲ ਰਾਮ ਨਾਮ ਨੂੰ ਵਖਾਨੁ=ਕਥਨ ਕਰ ॥ ੧ ॥

ਮੇਰੇ ਮਨ ਕਰਨ ਸੁਣਿ ਹਰਿ ਨਾਮੁ ॥

ਹੇ ਮੇਰੇ ਮਨ ! ਕਰਨ=ਕੰਨਾਂ ਨਾਲ ਹਰੀ ਨਾਮ ਨੂੰ ਸੁਣਨਾ ਕਰ।

ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨੁ ਬਪੁਰੋ ਜਾਮੁ ॥ ੧ ॥ ਰਹਾਉ ॥

ਤੇਰੇ ਜਨਮਾਂ ਜਨਮਾਂ ਦੇ ਅਘ=ਪਾਪ ਮਿਟ ਜਾਣਗੇ, ਬਪੁਰੋ=ਵਿਚਾਰਾ ਜਮ ਕੀ ਚੀਜ਼ ਹੈ ਜੋ ਤੇਰੇ ਪਾਸ ਆਵੇ ॥ ੧ ॥ ਰਹਾਉ ॥

ਦੂਖ ਦੀਨ ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ ॥

ਹੇ ਭਾਈ ! ਤੈਨੂੰ ਕੋਈ ਦੁੱਖ, ਦੀਨ=ਗਰੀਬੀ ਅਤੇ ਡਰ ਨਹੀਂ ਵਿਆਪੇਗਾ ਅਤੇ ਸੁਖ ਵਿਚ ਬਿਸ੍ਰਾਮੁ= ਅਰਾਮ ਮਿਲੇਗਾ ਜਾਂ ਸੁਖਾਂ ਵਿਚ ਇਸਥਿਤ ਹੋਣਾ ਮਿਲੇਗਾ।

ਗੁਰਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ ॥ ੨ ॥ ੧ ॥ ੨੪ ॥

ਨਾਨਕੁ ਬਖਾਨੈ=ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੀ ਕਿਰਪਾ ਦੁਆਰੇ ਹਰੀ ਦਾ ਭਜਨ ਕਰਦਾ ਰਹੇ ਤਾਂ ਤਤ ਗਿਆਨੁ=ਯਥਾਰਥ ਗਿਆਨ ਹੋਵੇਗਾ ॥ ੨ ॥ ੧ ॥ ੨੪ ॥

ਮਾਰੂ ਮਹਲਾ ੫ ॥

ਜਿਨੀ ਨਾਮੁ ਵਿਸਾਰਿਆ ਸੇ ਹੋਤ ਦੇਖੇ ਖੇਹ ॥

ਜਿਨ੍ਹਾਂ ਪੁਰਸ਼ਾਂ ਨੇ ਪ੍ਰਭੂ ਦਾ ਨਾਮ ਭੁਲਾਇਆ ਹੈ, ਉਹ ਖੇਹ ਹੁੰਦੇ ਵੇਖੇ ਹਨ।

ਪੁਤ੍ਰ ਮਿਤ੍ਰ ਬਿਲਾਸ ਬਨਿਤਾ ਤ੍ਰੁਟਤੇ ਏ ਨੇਹ ॥ ੧ ॥

ਪੁਤ੍ਰ, ਮਿਤ੍ਰ ਅਤੇ ਬਨਿਤਾ=ਇਸਤ੍ਰੀ ਆਦਿਕਾਂ ਦੇ ਜੋ ਬਿਲਾਸ=ਕੌਤਕ ਹਨ ਇਹ ਸਾਰੇ ਨੇਹ=ਪ੍ਰੇਮ ਟੁੱਟ ਜਾਣ ਵਾਲੇ ਹਨ ॥ ੧ ॥

ਮੇਰੇ ਮਨ ਨਾਮੁ ਨਿਤ ਨਿਤ ਲੇਹ ॥

ਹੇ ਮੇਰੇ ਮਨ ! ਤੂੰ ਨਿਤਾਪ੍ਰਤੀ ਵਾਹਿਗੁਰੂ ਨਾਮ ਲੈਣਾ ਕਰ ਜੇਹੜਾ ਪੁਰਸ਼ ਨਾਮ ਜਪਦਾ ਹੈ, ਉਹ—

ਜਲਤ ਨਾਹੀ ਅਗਨਿ ਸਾਗਰ ਸੂਖੁ ਮਨਿ ਤਨਿ ਦੇਹ ॥ ੧ ॥ ਰਹਾਉ ॥

ਅੱਗ ਦੇ ਸਮੁੰਦਰ ਸੰਸਾਰ ਵਿਚ ਸੜਦਾ ਨਹੀਂ ਹੈ ਉਸ ਦੇ ਮਨ ਤਨ ਵਿਚ ਪਰਮਾਤਮਾ ਸੁਖ ਹੀ ਸੁਖ ਦੇਂਦਾ ਹੈ, ਵਾ:- ਮਨਿ, ਤਨਿ=ਨਾਲੇ ਦੇਹ ਨੂੰ ਸੁਖ ਹੁੰਦਾ ਹੈ ॥ ੧ ॥ ਰਹਾਉ ॥

ਬਿਰਖ ਛਾਇਆ ਜੈਸੇ ਬਿਨਸਤ ਪਵਨ ਝੂਲਤ ਮੇਹ ॥

ਜਿਵੇਂ ਵੇਖਦਿਆਂ ਵੇਖਦਿਆਂ ਬ੍ਰਿਛਾਂ ਦੀ ਛਾਂ ਨਾਸ ਹੋ ਜਾਂਦੀ ਹੈ ਅਤੇ ਹਵਾ ਦੇ ਚਲਣ ਕਰਕੇ ਜਿਵੇਂ ਮੇਹ=ਮੇਘ (ਬੱਦਲ) ਦੂਰ ਹੋ ਜਾਂਦੇ ਹਨ ਤਿਵੇਂ ਸੰਸਾਰ ਦੇ ਸੁਖ ਖਿਨ ਭੰਗਰ ਹਨ।

ਹਰਿ ਭਗਤਿ ਦ੍ਰਿੜੁ ਮਿਲੁ ਸਾਧ ਨਾਨਕ ਤੇਰੈ ਕਾਮਿ ਆਵਤ ਏਹ ॥ ੨ ॥ ੨ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਨਾਲ ਮਿਲ ਕੇ ਹਰੀ ਦੀ ਭਗਤੀ ਦ੍ਰਿੜ੍ਹ ਕਰ, ਏਹੋ ਤੇਰੇ ਕੰਮ ਆਉਣ ਵਾਲੀ ਹੈ ॥ ੨ ॥ ੨ ॥ ੨੫ ॥

ਮਾਰੂ ਮਹਲਾ ੫ ॥

ਪੁਰਖੁ ਪੂਰਨ ਸੁਖਹ ਦਾਤਾ ਸੰਗਿ ਬਸਤੋ ਨੀਤ ॥

www.sikhbookclub.com

ਜੋ ਪੂਰਨ ਪੁਰਖ ਪਰਮਾਤਮਾ ਸਮੂਹ ਸੁਖਾਂ ਦਾ ਦਾਤਾ ਹੈ, ਉਹ ਸਦਾ ਤੇਰੇ ਨਾਲ ਹੀ ਵਸ ਰਿਹਾ ਹੈ।

ਮਰੈ ਨ ਆਵੈ ਨ ਜਾਇ ਬਿਨਸੈ ਬਿਆਪਤ ਉਸਨ ਨ ਸੀਤ॥ ੧॥

ਉਹ ਕਦੇ ਮਰਦਾ ਨਹੀਂ ਹੈ ਅਤੇ ਔਣ ਜਾਣ ਵਿਚ ਬਿਨਸਦਾ ਭੀ ਨਹੀਂ ਹੈ ਜਾਂ ਮਰ ਕੇ ਜਾਂਦਾ ਨਹੀਂ ਹੈ, ਜਾਇ=ਉਤਪਤ ਹੋ ਕੇ ਔਂਦਾ ਨਹੀਂ ਹੈ, ਬਿ=ਦ੍ਵੈਤ ਉਸ ਤੋਂ ਨਸ ਕੇ ਭਾਵ ਪਰੇ ਹਟ ਕੇ ਰਹਿੰਦੀ ਹੈ, ਉਸ ਨੂੰ ਉਸਨ=ਗਰਮੀ ਤੇ ਸੀਤ=ਠੰਢ ਭੀ ਨਹੀਂ ਲਗਦੀ॥ ੧॥

ਮੇਰੇ ਮਨ ਨਾਮ ਸਿਉ ਕਰਿ ਪ੍ਰੀਤਿ॥

ਹੇ ਮੇਰੇ ਮਨ ! ਤੂੰ ਨਾਮ ਸਿਮਰਨ ਨਾਲ ਪ੍ਰੀਤੀ ਕਰ।

ਚੇਤਿ ਮਨ ਮਹਿ ਹਰਿ ਹਰਿ ਨਿਧਾਨਾ ਏਹ ਨਿਰਮਲ ਰੀਤਿ॥ ੧॥ ਰਹਾਉ॥

ਹਰ ਇਕ ਸੁਖ ਦਾ ਨਿਧਾਨਾ=ਖਜ਼ਾਨਾ ਜੋ ਹਰਿ ਹਰਿ ਹੈ, ਉਸ ਨੂੰ ਮਨ ਵਿਚ ਚੇਤਨਾ ਕਰ, ਅੰਤਹਕਰਣ ਦੇ ਨਿਰਮਲ ਹੋਣ ਦੀ ਏਹੋ ਰੀਤੀ ਹੈ ਜਾਂ ਏਹੋ ਨਿਰਮਲ ਰੀਤਿ=ਮਰਯਾਦਾ ਹੈ॥ ੧॥ ਰਹਾਉ॥

ਕ੍ਰਿਪਾਲ ਦਇਆਲ ਗੋਪਾਲ ਗੋਬਿਦ ਜੋ ਜਪੈ ਤਿਸੁ ਸੀਧਿ॥

ਜੋ ਦਿਆਲੂ ਗੋਪਾਲ=ਪ੍ਰਿਥਵੀ ਪਾਲਕ, ਗੋਬਿੰਦ=ਬੇਦਾਂ ਕਰਕੇ ਜਾਨਣੇ ਜੋਗ ਕ੍ਰਿਪਾਲੂ ਹੈ, ਉਸ ਨੂੰ ਜੇਹੜਾ ਪੁਰਸ਼ ਜਪਦਾ ਹੈ ਉਸ ਨੂੰ ਸੀਧਿ=ਮੁਕਤੀ ਪ੍ਰਾਪਤ ਹੁੰਦੀ ਹੈ।

ਨਵਲ ਨਵਤਨ ਚਤੁਰ ਸੁੰਦਰ ਮਨੁ
ਨਾਨਕ ਤਿਸੁ ਸੰਗਿ ਬੀਧਿ॥ ੨॥ ੩॥ ੨੬॥

ਗੁਰੂ ਜੀ ਕਥਨ ਕਰਦੇ ਹਨ—ਜੋ ਪ੍ਰਭੂ ਨਵਲ ਨਵਤਨ=ਨਵੀਨ ਤੋਂ ਨਵੀਨ ਹੈ,

ਵਾ:- ਜਿਸ ਵਿਚ ਨਵਲ=ਵਲ ਛਲ ਨਹੀਂ ਹੈ, ਨਵਤਨ=ਨਵੀਨ ਹੈ, ਚਤਰ ਤੇ ਸੁੰਦਰ ਹੈ, ਮੇਰਾ ਮਨ ਉਸ ਦੇ ਨਾਲ ਬੀਧਿ=ਤਦਾਕਾਰ ਹੋਇਆ ਹੈ॥ ੨॥ ੩॥ ੨੬॥

ਮਾਰੂ ਮਹਲਾ ੫॥

ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰ ਰਿਦੈ ਚਿਤਾਰਿ॥

ਚਲਦਿਆਂ, ਬੈਠਦਿਆਂ, ਜਾਗਦਿਆਂ, ਸੁੱਤਿਆਂ ਹਿਰਦੇ ਵਿਚ ਗੁਰਮੰਤ੍ਰ ਨੂੰ ਚਿਤਾਰਨਾ ਕਰ।

ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ॥ ੧॥

ਸੰਤਾਂ ਦੇ ਚਰਨ ਸ਼ਰਨ ਪੈ ਕੇ ਉਹਨਾਂ ਨਾਲ ਮਿਲ ਕੇ ਨਾਮ ਭਜਣਾ ਕਰ, ਤਾਂ ਤੂੰ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਏਂਗਾ॥ ੧॥

[ਪੰਨਾ ੧੦੦੭]

ਮੇਰੇ ਮਨ ਨਾਮੁ ਹਿਰਦੈ ਧਾਰਿ॥

ਹੇ ਮੇਰੇ ਮਨ ! ਵਾਹਿਗੁਰੂ ਨਾਮ ਨੂੰ ਹਿਰਦੇ ਵਿਚ ਧਾਰਨਾ ਕਰ।

ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ
ਅਵਰ ਸਗਲ ਵਿਸਾਰਿ ॥ ੧ ॥ ਰਹਾਉ ॥

ਪ੍ਰੀਤੀ ਕਰਕੇ ਮਨ ਨੂੰ ਹਰੀ ਨਾਲ ਲਗਾਣਾ ਕਰ, ਹੋਰ ਸਭ ਪਦਾਰਥਾਂ ਨੂੰ ਭੁਲਾ ਦੇ।

ਅਥਵਾ:- ਮਨ ਦੀ ਪ੍ਰੀਤੀ ਕਰਕੇ ਤਨ ਨੂੰ ਹਰੀ ਦੀ ਸੇਵਾ ਵਿਚ ਲਗਾਣਾ ਕਰ ਅਤੇ ਹੋਰ ਸਾਰੇ ਕੰਮ ਵਿਸਾਰ ਦੇ॥ ੧ ॥ ਰਹਾਉ ॥

ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ ਤੂ ਆਪਨ ਆਪੁ ਨਿਵਾਰਿ ॥

ਜੀਅ, ਮਨ, ਤਨ ਅਤੇ ਪ੍ਰਾਣ ਆਦਿਕ ਸਭ ਕੁਝ ਪ੍ਰਭੂ ਦੇ ਬਖਸ਼ੇ ਹੋਏ ਜਾਣ, ਇਨ੍ਹਾਂ ਵਿਚ ਜੇਹੜਾ ਆਪਣਾ ਆਪ ਮੰਨੀ ਬੈਠਾ ਹੈਂ ਇਹ ਨਵਿਰਤ ਕਰ ਦੇ।

ਗੋਵਿਦ ਭਜੁ ਸਭਿ ਸੁਆਰਥ ਪੂਰੇ ਨਾਨਕ ਕਬਹੁ ਨ ਹਾਰਿ ॥ ੨ ॥ ੪ ॥ ੨੭ ॥

ਗੁਰੂ ਜੀ ਕਥਨ ਕਰਦੇ ਹਨ—ਵਾਹਿਗੁਰੂ ਦਾ ਸਿਮਰਨ ਕਰ ਤਾਂ ਤੇਰੇ ਸਾਰੇ ਸੁਆਰਥ=ਪ੍ਰਯੋਜਨ (ਮਤਲਬ) ਪੂਰੇ ਹੋਣਗੇ ਅਤੇ ਤੈਨੂੰ ਕਦੇ ਹਾਰ ਨਹੀਂ ਆਵੇਗੀ॥ ੨ ॥ ੪ ॥ ੨੭ ॥

ਮਾਰੂ ਮਹਲਾ ੫ ॥

ਤਜਿ ਆਪੁ ਬਿਨਸੀ ਤਾਪੁ ਰੇਣ ਸਾਧੂ ਥੀਉ ॥

ਆਪੁ=ਆਪਾ ਭਾਅ ਹੰਕਾਰ ਨੂੰ ਤਿਆਗ ਕੇ ਸੰਤਾਂ ਦੀ ਚਰਨ ਧੂੜ ਹੋ ਜਾ, ਤਾਂ ਅਧਿਆਤਮਕ, ਅਧੀਦੈਵਕ, ਅਧੀਭੂਤਕ ਰੂਪ ਤਿੰਨੇ ਤਾਪ ਨਾਸ ਹੋ ਜਾਣਗੇ ਤੇ ਇਸ ਤਰ੍ਹਾਂ ਬੇਨਤੀ ਕਰ-

ਤਿਸਹਿ ਪਰਾਪਤਿ ਨਾਮੁ ਤੇਰਾ ਕਰਿ ਕ੍ਰਿਪਾ ਜਿਸੁ ਦੀਉ ॥ ੧ ॥

ਹੇ ਹਰੀ ! ਤੇਰਾ ਨਾਮ ਉਸ ਨੂੰ ਪ੍ਰਾਪਤ ਹੁੰਦਾ ਹੈ, ਕ੍ਰਿਪਾ ਦ੍ਰਿਸ਼ਟੀ ਕਰਕੇ ਜਿਸ ਨੂੰ ਆਪ ਦੇਂਦੇ ਹੋ॥ ੧ ॥

ਮੇਰੇ ਮਨ ਨਾਮੁ ਅੰਮ੍ਰਿਤੁ ਪੀਉ ॥

ਹੇ ਮੇਰੇ ਮਨ ! ਤੂੰ ਨਾਮ ਅੰਮ੍ਰਿਤ ਨੂੰ ਪੀਣਾ ਕਰ।

ਆਨ ਸਾਦ ਬਿਸਾਰਿ ਹੋਛੇ ਅਮਰੁ ਜੁਗੁ ਜੁਗੁ ਜੀਉ ॥ ੧ ॥ ਰਹਾਉ ॥

ਆਨ=ਹੋਰ, ਹੋਛੇ=ਤੁਛ ਸਵਾਦਾਂ ਨੂੰ ਭੁਲਾ ਦੇ, ਨਾਮ ਦੇ ਬਲ ਨਾਲ ਅਮਰ ਹੋ ਕੇ ਜੁਗਾਂ ਜੁਗਾਂ ਵਿਚ ਜਾਂ ਜੁਗੁ ਜੁਗੁ=ਸਦਾ ਸਦਾ ਜੀਵੇਂਗਾ॥ ੧ ॥ ਰਹਾਉ ॥

ਨਾਮੁ ਇਕ ਰਸ ਰੰਗ ਨਾਮਾ ਨਾਮਿ ਲਾਗੀ ਲੀਉ ॥

ਇਕ ਰਸ ਨਾਮ ਰੰਗ ਵਿਚ ਰੰਗਿਆ ਰਹੁ ਕਿਉਂਕਿ ਨਾਮ ਜਪਣ ਵਾਲੇ ਦੀ ਨਾਮੀ ਪਰਮਾਤਮਾ ਵਿਚ ਲੀਉ=ਲਿਵ ਲਗੀ ਰਹਿੰਦੀ ਹੈ। *ਅਥਵਾ:-* ਹੇ ਭਾਈ ! ਤੂੰ ਇਕ ਰਸ ਨਾਮ ਵਿਚ ਰੰਗ=ਪ੍ਰੇਮ ਕਰ, ਸਾਡੀ ਤਾਂ ਨਾਮ ਕਰਕੇ ਹੀ ਨਾਮੀ ਪਰਮਾਤਮਾ ਵਿਚ ਲੀਉ=ਬ੍ਰਿਤੀ ਲਗੀ ਰਹਿੰਦੀ ਹੈ।

ਮੀਤੁ ਸਾਜਨੁ ਸਖਾ ਬੰਧਪੁ ਹਰਿ ਏਕੁ ਨਾਨਕ ਕੀਉ ॥ ੨ ॥ ੫ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਇਕ ਹਰੀ ਨੂੰ ਹੀ ਮਿਤ੍ਰ ਇਸ ਲੋਕ ਦਾ, ਸੱਜਣ ਪ੍ਰਲੋਕ ਦਾ,

www.sikhbookclub.com

ਸਖਾ ਅੰਤਮ ਵੇਲੇ ਦਾ ਤੇ ਪਿਆਰਾ ਸਬੰਧੀ ਬਨਾਉਣਾ ਕੀਤਾ ਹੈ॥ ੨॥ ੫॥ ੨੮॥

ਮਾਰੂ ਮਹਲਾ ੫॥

ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ॥

ਜੋ ਪਰਮੇਸ਼ਰ ਮਾਂ ਦੇ ਪੇਟ ਵਿਚ ਪਾਲਣ ਕਰਦਾ ਹੈ, ਹੱਥ ਦੇ ਕੇ ਰਖਦਾ ਹੈ ਤੇ ਜਠਰ ਅਗਨੀ ਦਾ ਸੇਕ ਨਹੀਂ ਲੱਗਣ ਦੇਂਦਾ।

ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ॥ ੧॥

ਓਹੀ ਸੁਆਮੀ ਪਰਮਾਤਮਾ ਤੈਨੂੰ ਇਥੇ ਰਖਦਾ ਹੈ, ਬਿਬੇਕ ਬੁਧਿ=ਵਿਚਾਰ ਬੁੱਧੀ ਨਾਲ ਤੂੰ ਇਸ ਗੱਲ ਨੂੰ ਸਮਝ ਲੈ॥ ੧॥

ਮੇਰੇ ਮਨ ਨਾਮ ਕੀ ਕਰਿ ਟੇਕ॥

ਹੇ ਮੇਰੇ ਮਨ ! ਤੂੰ ਇਕ ਨਾਮ ਦੀ ਓਟ ਬਣਾ ਲੈਣਾ ਕਰ।

ਤਿਸਹਿ ਬੂਝੁ ਜਿਨਿ ਤੂ ਕੀਆ ਪ੍ਰਭੁ ਕਰਣ ਕਾਰਣ ਏਕ॥ ੧॥ ਰਹਾਉ॥

ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ ਉਸ ਕਰਨ ਕਾਰਣ ਇਕ ਪ੍ਰਭੂ ਨੂੰ ਤੂੰ ਬੂਝੁ=ਸਮਝਣਾ ਕਰ॥ ੧॥ ਰਹਾਉ॥

ਚੇਤਿ ਮਨ ਮਹਿ ਤਜਿ ਸਿਆਣਪ ਛੋਡਿ ਸਗਲੇ ਭੇਖ॥

ਬੁੱਧੀ ਦੀਆਂ ਸਭ ਸਿਆਣਪਾਂ ਛੱਡ ਦੇ ਅਤੇ ਸਾਰੇ ਪਖੰਡ ਵਾਲੇ ਭੇਖ ਭੀ ਛੱਡ ਦੇ ਤੇ ਮਨ ਵਿਚ ਉਸ ਪ੍ਰਭੂ ਨੂੰ ਚੇਤਨਾ ਕਰ।

ਸਿਮਰਿ ਹਰਿ ਹਰਿ ਸਦਾ ਨਾਨਕ ਤਰੇ ਕਈ ਅਨੇਕ॥ ੨॥ ੬॥ ੨੯॥

ਗੁਰੂ ਜੀ ਕਥਨ ਕਰਦੇ ਹਨ—ਤੂੰ ਹਰਿ ਹਰਿ ਨਾਮ ਨੂੰ ਸਦਾ ਸਿਮਰਨਾ ਕਰ, ਕਿਉਂਕਿ ਹਰੀ ਨੂੰ ਸਿਮਰ ਕੇ ਕਈ ਅਨੇਕਾਂ ਪਾਪੀ ਤਰ ਗਏ ਹਨ॥ ੨॥ ੬॥ ੨੯॥

ਮਾਰੂ ਮਹਲਾ ੫॥

ਪਤਿਤ ਪਾਵਨ ਨਾਮੁ ਜਾ ਕੋ ਅਨਾਥ ਕੋ ਹੈ ਨਾਥੁ॥

ਜਿਸ ਪ੍ਰਭੂ ਦਾ ਨਾਮ 'ਪਤਿਤ ਪਾਵਨ'=ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਹੈ ਅਤੇ ਜੋ ਅਨਾਥਾਂ ਦਾ ਨਾਥੁ=ਸੁਆਮੀ ਹੈ।

ਮਹਾ ਭਉਜਲ ਮਾਹਿ ਤੁਲਹੋ ਜਾ ਕੋ ਲਿਖਿਓ ਮਾਥ॥ ੧॥

ਭਉਜਲ=ਸੰਸਾਰ ਸਮੁੰਦਰ ਵਿਚ ਓਸੇ ਪ੍ਰਭੂ ਦਾ ਨਾਮ ਮਹਾ ਤੁਲਹੋ=ਵੱਡਾ ਜਹਾਜ਼ ਹੈ, ਪ੍ਰਾਪਤ ਉਸ ਨੂੰ ਹੁੰਦਾ ਹੈ ਜਿਸ ਦੇ ਮੱਥੇ 'ਪਰ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ॥ ੧॥

ਡੂਬੇ ਨਾਮ ਬਿਨੁ ਘਨ ਸਾਥ॥

ਵਾਹਿਗੁਰੂ ਨਾਮ ਤੋਂ ਬਿਨਾਂ ਸੰਸਾਰ ਸਮੁੰਦਰ ਵਿਚ ਘਨ=ਬਹੁਤੇ ਜੀਵਾਂ ਦੇ ਸਾਥ=ਪੂਰ ਡੁੱਬ ਗਏ ਹਨ।

ਕਰਣ ਕਾਰਣੁ ਚਿਤਿ ਨ ਆਵੈ ਦੇ ਕਰਿ ਰਾਖੈ ਹਾਥ ॥ ੧ ॥ ਰਹਾਉ ॥

ਉਹ ਕਰਨ ਕਾਰਣ ਪ੍ਰਭੂ ਤੈਨੂੰ ਚਿਤ ਚੇਤੇ ਆਉਂਦਾ ਨਹੀਂ ਹੈ, ਜੋ ਤੈਨੂੰ ਹੱਥ ਦੇ ਕੇ ਰਖਦਾ ਹੈ॥ ੧ ॥ ਰਹਾਉ ॥

ਸਾਧਸੰਗਤਿ ਗੁਣ ਉਚਾਰਣ ਹਰਿ ਨਾਮ ਅੰਮ੍ਰਿਤ ਪਾਥ ॥

ਸਤ ਸੰਗਤ ਵਿਚ ਮਿਲ ਕੇ ਜੋ ਪ੍ਰਭੂ ਦੇ ਗੁਣਾਂ ਦਾ ਉਚਾਰਨ ਹੈ ਤੇ ਕੰਨਾਂ ਦੁਆਰੇ ਅੰਮ੍ਰਿਤ ਰੂਪ ਨਾਮ ਨੂੰ ਸੁਣਨਾ ਹੈ, ਜਨਮ ਮਰਨ ਰੂਪੀ ਰੋਗ ਦੇ ਦੂਰ ਕਰਨ ਦਾ ਏਹੋ ਪਥ ਭਾਵ ਸੰਜਮ ਹੈ ਜਾਂ ਏਹੋ ਪਾਥ=ਦਵਾਈ ਹੈ, ਵਾ:- ਅੰਮ੍ਰਿਤ=ਮੁਕਤੀ ਦਾ ਏਹੇ ਪਾਥ=ਰਸਤਾ ਹੈ, ਵਾ:- ਸੀਤਲ ਕਰਨੇ ਨੂੰ ਪਾਥ=ਜਲ ਹੈ।

ਕਰਹੁ ਕ੍ਰਿਪਾ ਮੁਰਾਰਿ ਮਾਧਉ ਸੁਣਿ ਨਾਨਕ ਜੀਵੈ ਗਾਥ ॥ ੨ ॥ ੭ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਬੇਨਤੀ ਕਰੋ, ਹੇ ਮੁਰਾਰਿ=ਮੁਰ ਦੈਂਤ ਦੇ ਅਰੀ ਮਾਧਉ= ਮਾਇਆ ਪਤੀ ਪਰਮਾਤਮਾ ! ਮੇਰੇ ਉਤੇ ਕਿਰਪਾ ਕਰੋ ਜੋ ਮੈਂ ਆਪ ਜੀ ਦੀ ਗਾਥ=ਕਥਾ ਸੁਣ ਕੇ ਜੀਵਾਂ ॥ ੨ ॥ ੭ ॥ ੩੦ ॥

ਮਾਰੂ ਅੰਜੁਲੀ ਮਹਲਾ ੫ ਘਰੁ ੭ ੧ੴ ਸਤਿਗੁਰ ਪ੍ਰਸਾਦਿ ॥

ਅੰਜੁਲੀ ਛੰਦ ਦੀ ਚਾਲ ਹੈ। ਅਥਵਾ:- ਅੰ=ਹੇ ਪਿਆਰੇ! ਉਸ ਪਰਮੇਸ਼ਰ ਵੱਲ ਤੂੰ ਜੁਲੀ=ਚਲਣਾ ਕਰ, ਵਾ:- ਜਿਵੇਂ ਕਿਸੇ ਪ੍ਰਾਣੀ ਦੇ ਮਿਰਤੂ ਹੋ ਜਾਣ ਤੋਂ ਬਾਅਦ ਪਿਤਰਾਂ ਦੇ ਨਾਮ ਲੈ ਕੇ ਪਾਣੀ ਦੇ ਬੁਕ ਭਰ ਭਰ ਕੇ ਸੂਰਜ ਵੱਲ ਮੂੰਹ ਕਰਕੇ ਦੇਂਦੇ ਹਨ, ਤਿਵੇਂ ਪ੍ਰਾਣੀ ਦੇ ਮਿਰਤੂ ਹੋ ਜਾਣ ਤੋਂ ਪਿੱਛੇ ਇਹ ਸ਼ਬਦ ਪੜ੍ਹੇ।

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥

ਪ੍ਰਾਣੀ ਦਾ ਸਬੰਧੀਆਂ ਨਾਲ ਸੰਜੋਗੁ=ਮਿਲਣਾ ਤੇ ਵਿਜੋਗੁ=ਵਿਛੁੜਨਾ, ਧੁਰਹੁ=ਧੁਰ ਤੋਂ ਅਰਥਾਤ ਮੁੱਢ ਤੋਂ ਬਣਿਆ ਹੋਇਆ ਹੈ।

ਪੰਚ ਧਾਤੁ ਕਰਿ ਪੁਤਲਾ ਕੀਆ ॥

ਪੰਚ ਧਾਤੁ ਕਰਿ=ਪੰਜ-ਤੱਤਾਂ ਨੂੰ ਇੱਕਤ੍ਰ ਕਰਕੇ ਇਹ ਪੁਤਲਾ=ਸਰੀਰ ਬਨਾਵਣਾ ਕੀਤਾ ਹੈ।

ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ ॥ ੧ ॥

ਹੇ ਭਾਈ ਜੀ ! ਸਾਹੈ=ਸ਼ਾਹ ਪਰਮਾਤਮਾ ਦੇ ਹੁਕਮ ਫੁਰਮਾਏ ਅਨੁਸਾਰ ਇਹ ਜੀਵ ਦੇਹੀ=ਸਰੀਰ ਦੇ ਵਿਚ ਆ ਕੇ ਪਿਆ ਹੈ॥ ੧ ॥

ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥

ਜਿਥੇ ਮਾਂ ਦੇ ਪੇਟ ਵਿਚ ਜਠਰ ਅਗਨੀ ਭੜਹਾਰੇ=ਭੜ ਭੜ ਕਰਕੇ ਭੱਠ ਵਾਂਗੂ ਭੱਖ ਰਹੀ ਸੀ। ਓਥੇ ਮਹਾ ਗੁਬਾਰੇ=ਬੜੇ ਅੰਨ੍ਹੇਰੇ ਵਿਚ ਇਹ ਜੀਵ ਊਰਧ ਮੁਖ=ਉਲਟਾ ਭਾਵ ਮੂਧੇ ਮੂੰਹ ਲਮਕਿਆ ਹੋਇਆ ਸੀ।

ਸਾਸਿ ਸਾਸਿ ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ ॥ ੨ ॥

ਓਥੇ ਸ੍ਵਾਸ ਸ੍ਵਾਸ ਉਸ ਪਰਮੇਸ਼ਰ ਨੂੰ ਸਮਾਲਦਾ ਸੀ, ਇਸ ਕਰਕੇ ਮਾਲਕ ਪਰਮਾਤਮਾ ਨੇ ਉਥੋਂ ਇਸ ਜੀਵ

www.sikhbookclub.com

ਨੂੰ ਛੁਡਾ ਲਿਆ ਹੈ॥ ੨॥

ਵਿਚਹੁ ਗਰਭੈ ਨਿਕਲਿ ਆਇਆ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥

ਜਿਸ ਵੇਲੇ ਮਾਂ ਦੇ ਗਰਭ ਵਿਚੋਂ ਨਿਕਲ ਕੇ ਬਾਹਰ ਆਇਆ। ਤਾਂ ਮਾਲਕ ਪਰਮਾਤਮਾ ਨੂੰ ਵਿਸਾਰਿ= ਭੁਲਾ ਕੇ ਇਸ ਜੀਵ ਨੇ ਦਨੀਆਂ ਨਾਲ ਚਿਤ ਲਗਾ ਲੈਣਾ ਕੀਤਾ।

ਆਵੈ ਜਾਇ ਭਵਾਈਐ ਜੋਨੀ ਰਹਣੁ ਨ ਕਿਤਹੀ ਥਾਇ ਭਇਆ॥ ੩॥

ਏਸੇ ਕਰਕੇ ਆਵੈ ਜਾਇ=ਜੰਮਦਾ ਮਰਦਾ ਹੈ ਤੇ ਜੂਨੀਆਂ ਵਿਚ ਭਵਾਈਦਾ ਹੈ। ਇਸ ਜੀਵ ਦਾ ਕਿਸੇ ਜਗ੍ਹਾ 'ਪਰ ਭੀ ਰਹਿਣਾ ਨਹੀਂ ਹੁੰਦਾ॥ ੩॥

ਮਿਹਰਵਾਨਿ ਰਖਿ ਲਇਅਨੁ ਆਪੇ॥ ਜੀਅ ਜੰਤ ਸਭਿ ਤਿਸ ਕੇ ਥਾਪੇ॥

ਮੇਹਰਵਾਨ ਪਰਮਾਤਮਾ ਨੇ ਆਪ ਹੀ ਗੁਰਮੁਖਾਂ ਨੂੰ ਹੱਥ ਦੇ ਕੇ ਰੱਖ਼ ਲਿਆ ਹੈ। ਏਹ ਸੂਖਮ ਸਥੂਲ ਜੀਅ ਜੰਤ ਸਾਰੇ ਓਸੇ ਦੇ ਥਾਪੇ=ਬਣਾਏ ਹੋਏ ਹਨ।

ਜਨਮੁ ਪਦਾਰਥੁ ਜਿਣਿ ਚਲਿਆ ਨਾਨਕ
ਆਇਆ ਸੋ ਪਰਵਾਣੁ ਥਿਆ॥ ੪॥ ੧॥ ੩੧॥

ਗੁਰੂ ਜੀ ਕਥਨ ਕਰਦੇ ਹਨ—ਜੋ ਆਪਣੇ ਜਨਮ ਪਦਾਰਥ ਨੂੰ ਜਿਣਿ=ਜਿੱਤ ਚਲਿਆ ਹੈ, ਓਹੀ ਜਗਤ ਵਿਚ ਆਇਆ ਹੋਇਆ ਪ੍ਰਮਾਣੀਕ ਹੋਇਆਂ ਹੈ॥ ੪॥ ੧॥ ੩੧॥

[ਪੰਨਾ ੧੦੦੮]

ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ॥ ੧॥

ਪ੍ਰੱਤਖ ਵਾਈ ਰੋਗ ਤੋਂ ਨਾ ਵੈਦ ਰੱਖਣ ਵਾਲਾ ਹੈ, ਨਾ ਹੀ ਕੋਈ ਭੈਣ ਭਰਾ ਰੱਖਣ ਵਾਲਾ ਹੈ, ਇਕ ਰਾਮ ਹੀ ਸਹਾਇਤਾ ਕਰਨ ਵਾਲਾ ਹੈ। *ਅਥਵਾ:-* ਜਨਮ ਮਰਨ ਰੂਪੀ ਜੋ ਵਾਈ ਰੋਗ ਹੈ ਉਸ ਤੋਂ ਨਾ ਵੈਦ ਨਾ ਭੈਣ ਭਰਾ ਰਖਣ ਵਾਲਾ ਹੈ, ਇਕ ਰਾਮ ਹੀ ਸਹਾਇਤਾ ਕਰਨ ਵਾਲਾ ਹੈ।

ਅਥਵਾ:- ਹੇ ਭਾਈ ! ਵੈ ਜੋ ਰਾਮ ਹੈ ਦੋਨਵਾਈ=ਦੁਨੀਆਂ ਵਾਲਾ ਇਕ ਓਹੀ ਸਹਾਈ ਹੈ ਹੋਰ ਕੋਈ ਭੈਣ ਭਰਾ ਸਹਾਈ ਨਹੀਂ ਹੈ। *ਅਥਵਾ:-* ਹੇ ਭਾਈ ! ਵੈ ਜੋ ਕਾਮ ਕ੍ਰੋਧ ਆਦਿਕ ਦੁਨੀਆਂ ਵਿਚ ਜੀਵ ਨੂੰ ਲਿਆਉਣ ਵਾਲੇ ਹਨ ਉਨ੍ਹਾਂ ਤੋਂ ਰਖਿਆ ਕਰਨ ਵਾਲਾ ਇਕ ਰਾਮ ਹੀ ਸਹਾਈ ਹੈ, ਹੋਰ ਕੋਈ ਭੈਣ ਭਰਾ ਨਹੀਂ ਹੈ। (ਇਹ ਸਾਰੇ ਅਰਥ ਸੰਪ੍ਰਦਾਈ ਹਨ ਛੋਟੇ ਪ੍ਰਿਆਵਾਂ ਵਿਚ ਭੀ ਹਨ।)*

ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ॥ ੨॥

ਜਿਸ ਪ੍ਰਭੂ ਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ ਅਤੇ ਜਿਸ ਦਾ ਨਾਮ ਪਾਪਾਂ ਰੂਪੀ ਮੈਲ ਨੂੰ ਧੋਂਦਾ ਹੈ, ਉਸ ਪਰਧਾਨ ਪੁਰਖ ਪਰਮਾਤਮਾ ਨੂੰ ਸਿਮਰਨਾ ਕਰੋ॥ ੨॥

ਘਟਿ ਘਟੇ ਵਾਸੀ ਸਰਬ ਨਿਵਾਸੀ ਅਸਥਿਰੁ ਜਾ ਕਾ ਥਾਨੁ ਹੇ॥ ੩॥

**ਹੇ ਭਾਈ ! ਓਥੇ ਕੋਈ ਵਾਈ=ਰਾਖਾ ਨਹੀਂ ਹੁੰਦਾ, ਭੈਣ ਭਰਾ ਆਦਿਕ ਸਬੰਧੀ ਭੀ ਨਾਲ ਨਹੀਂ ਵੈਦੋਂ=ਜਾਂਦੇ, ਇਕ ਰਾਮ ਹੀ ਸਹਾਈ ਹੁੰਦਾ ਹੈ।*

ਨੋਟ:- ਅਰਬੀ ਭਾਸ਼ਾ ਵਿਚ ਵਾਈ ਦਾ ਅਰਥ 'ਰਾਖਾ' ਹੈ। 'ਵੈਦੋ' ਲਹਿੰਦੇ ਦੀ ਬੋਲੀ ਹੈ।

www.sikhbookclub.com

ਜੋ ਸਾਰਿਆਂ ਘਟਾਂ ਘਟਾਂ ਵਿਚ ਵਸ ਰਿਹਾ ਹੈ ਤੇ ਬਾਹਰ ਭੀ ਸਾਰੇ ਨਿਵਾਸ ਕਰਦਾ ਹੈ, ਫਿਰ ਜਿਸ ਦਾ ਸਰੂਪ ਅਸਥਾਨ ਅਸਥਿਰੁ=ਅਚੱਲ ਹੈ॥ ੩॥

ਆਵੈ ਨ ਜਾਵੈ ਸੰਗੇ ਸਮਾਵੈ ਪੂਰਨ ਜਾ ਕਾ ਕਾਮੁ ਹੇ॥ ੪॥

ਜੋ ਆਉਂਦਾ ਜਾਂਦਾ ਨਹੀਂ ਹੈ, ਹਰ ਇਕ ਦੇ ਨਾਲ ਹੀ ਸਮਾਅ ਰਿਹਾ ਹੈ ਅਤੇ ਜਿਸ ਦਾ ਕਾਮੁ=ਸੰਕਲਪ ਪੂਰਨ ਹੈ।

ਭਗਤ ਜਨਾ ਕਾ ਰਾਖਣਹਾਰਾ॥ ਸੰਤ ਜੀਵਹਿ ਜਪਿ ਪ੍ਰਾਨ ਅਧਾਰਾ॥

ਉਹ ਪਰਮਾਤਮਾ ਭਗਤ ਜਨਾਂ ਦਾ ਰਖਣ ਵਾਲਾ ਹੈ। ਉਸ ਪ੍ਰਾਣਾਂ ਦੇ ਅਧਾਰਾ=ਆਸਰਾ ਰੂਪ ਪ੍ਰਭੂ ਨੂੰ ਜਪ ਕੇ ਸੰਤ ਜੀਉਂਦੇ ਹਨ।

ਕਰਨ ਕਾਰਨ ਸਮਰਥੁ ਸੁਆਮੀ ਨਾਨਕੁ ਤਿਸੁ ਕੁਰਬਾਨੁ ਹੇ॥੫॥੨॥੩੨॥

ਗੁਰੂ ਜੀ ਕਥਨ ਕਰਦੇ ਹਨ—ਜੋ ਸੁਆਮੀ ਪਰਮਾਤਮਾ ਸਭ ਕਾਰਨਾਂ ਦੇ ਕਰਨ ਨੂੰ ਸਮਰਥ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ॥ ੫॥ ੨॥ ੩੨॥

ੴ ਸਤਿਗੁਰ ਪ੍ਰਸਾਦਿ॥ ਮਾਰੂ ਮਹਲਾ ੯॥
ਹਰਿ ਕੋ ਨਾਮੁ ਸਦਾ ਸੁਖਦਾਈ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਮ ਦੀ ਮਹਿਮਾ ਕਥਨ ਕਰਦੇ ਹਨ—
ਹਰੀ ਦਾ ਨਾਮ ਸਦੀਵ ਕਾਲ ਸੁਖਾਂ ਦੇ ਦੇਣ ਵਾਲਾ ਹੈ।

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਕਾ ਹੂ ਗਤਿ ਪਾਈ॥੧॥ਰਹਾਉ॥

ਜਿਸ ਨਾਮ ਨੂੰ ਸਿਮਰ ਕੇ ਅਜਾਮਲ ਪਾਪੀ ਤਰ ਗਿਆ ਹੈ ਅਤੇ ਗਨਕਾ=ਵੇਸ਼ਵਾ ਨੇ ਭੀ ਗਤਿ=ਮੁਕਤੀ ਪਾਈ ਹੈ॥ ੧॥ ਰਹਾਉ॥

ਪੰਚਾਲੀ ਕਉ ਰਾਜ ਸਭਾ ਮੈ ਰਾਮ ਨਾਮ ਸੁਧਿ ਆਈ॥

ਪੰਚਾਲੀ=ਦਰੋਪਤੀ ਨੂੰ ਰਾਜੇ ਦੁਰਜੋਧਨ ਦੀ ਸਭਾ ਵਿਚ ਰਾਮ ਨਾਮ ਸਿਮਰਨ ਦੀ ਸੋਝੀ ਆਈ ਹੈ।

ਯਥਾ:-ਅੰਦਰਿ ਸਭਾ ਦੁਸਾਸਨੈ ਮਥੇਵਾਲਿ ਦਰੋਪਤੀ ਆਂਦੀ।
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੇ ਵੇਖਦੇ ਅਉਘਟਿ ਰੁਧੀ ਨਾਰਿ ਜਿਨਾਂ ਦੀ।
ਅਖੀਂ ਮੀਟ ਧਿਆਨੁ ਧਰਿ ਹਾ ਹਾ ਕ੍ਰਿਸ਼ਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰ ਵਸਾਂਦੀ।
ਹਥ ਮਰੋੜਨ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
ਘਰਿ ਆਈ ਠਾਕਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।

ਨਾਥ ਅਨਾਥਾਂ ਬਾਂਣਿ ਧੁਰਾਂ ਦੀ॥ ੮॥*

ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥ ੧॥

ਕਰੁਣਾ ਮੈ=ਕਿਰਪਾ ਸਰੂਪ ਪ੍ਰਭੂ ਨੇ ਉਸ ਦਰੋਪਤੀ ਦਾ ਦੁੱਖ ਦੂਰ ਕੀਤਾ ਸੀ ਅਤੇ ਆਪਣੀ ਪੈਜ= ਪ੍ਰਤਗਜਾ ਵਧਾਈ ਸੀ॥ ੧॥

ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥

ਜਿਸ ਪੁਰਸ਼ ਨੇ ਕਿਰਪਾ ਨਿਧਿ=ਪਰਮਾਤਮਾ ਦਾ ਜਸ ਗਾਇਆ ਹੈ, ਉਸ ਦਾ ਸਹਾਈ ਉਹ ਪ੍ਰਭੂ ਆਪ ਹੋਇਆ ਹੈ।

ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ—ਮੈਂਨੇ ਏਸੇ ਭਰੋਸੇ ਕਰਕੇ ਉਸ ਪ੍ਰਭੂ ਦੀ ਸ਼ਰਨ ਆ ਕੇ ਗ੍ਰਹਿਣ ਕੀਤੀ ਹੈ॥ ੨॥ ੧॥

ਮਾਰੂ ਮਹਲਾ ੯॥

ਅਬ ਮੈ ਕਹਾ ਕਰਉ ਰੀ ਮਾਈ॥

ਰੀ ਮਾਈ=ਹੇ ਭਾਈ! ਹੁਣ ਮੈਂ ਕਹਾ ਕਰਉ=ਕੀ ਕਰਾਂ।

ਸਗਲ ਜਨਮੁ ਬਿਖਿਅਨ ਸਿਉ ਖੋਇਆ
ਸਿਮਰਿਓ ਨਾਹਿ ਕਨ੍ਹਾਈ॥ ੧॥ ਰਹਾਉ॥

ਸਾਰਾ ਮਨੁੱਖਾ ਜਨਮ ਮੈਂਨੇ ਵਿਸ਼ਿਆਂ ਨਾਲ ਲਗ ਕੇ ਹੀ ਖੋਇਆ=ਗੁਆ ਦਿੱਤਾ ਹੈ, ਇਕ ਕਨ੍ਹਾਈ=ਕਿਨਕਾ ਮਾਤ੍ਰ ਭੀ ਕਨ੍ਹਾਈ=ਕ੍ਰਿਸ਼ਨ ਮਹਾਰਾਜ ਜੀ ਨੂੰ ਭਾਵ ਪਰਮਾਤਮਾ ਨੂੰ ਸਿਮਰਿਆ ਨਹੀਂ ਹੈ॥ ੧॥ ਰਹਾਉ॥

---

*ਪੰਚਾਲ ਦੇਸ ਦਾ ਰਾਜਾ ਜੋ ਦਰੁਪਦ ਹੈ ਉਸ ਦੀ ਸਪੁਤ੍ਰੀ ਹੋਣ ਕਰਕੇ ਇਸ ਦਾ ਨਾਮ ਭੀ, ਪੰਚਾਲੀ ਪੈ ਗਿਆ, ਜਾਂ ਪੰਚਾਲੀ=ਪੰਜਾਂ ਪਾਂਡਵਾਂ ਦੇ ਘਰ ਵਾਲੀ ਹੋਣ ਕਰਕੇ ਇਸ ਦਾ ਨਾਮ ਪੰਚਾਲੀ ਪੈ ਗਿਆ।

ਜਿਸ ਵੇਲੇ ਪੰਚਾਲ ਦੇਸ਼ ਦੇ ਰਾਜੇ ਦਰੁਪਦ ਨੇ ਦਰੋਪਤੀ ਦਾ ਸੁਯੰਬਰ ਰਚਿਆ, ਤਾਂ ਉਸ ਸੁਯੰਬਰ ਵਿਚ ਬੜੇ ਬੜੇ ਰਾਜੇ ਚਲ ਕੇ ਆਏ, ਅਰਜਨ ਭੀ ਚਲਾ ਗਿਆ। ਰਾਜਾ ਦਰੁਪਦ ਨੇ ਉਸ ਸੁਯੰਬਰ ਵਿਚ ਅਕਾਸ਼ ਵੱਲ ਬੜੀ ਉਚੀ ਇਕ ਮੱਛੀ ਟੰਗ ਦਿੱਤੀ ਤੇ ਸਭਨਾਂ ਨੂੰ ਕਿਹਾ ਜੇਹੜਾ ਰਾਜ ਪੁਤ੍ਰ ਇਸ ਮੱਛੀ ਵਿਚ ਨਿਸ਼ਾਨਾ ਮਾਰੇਗਾ ਉਸ ਨੂੰ ਮੈਂ ਆਪਣੀ ਰਾਜ ਦੁਲਾਰੀ ਦਰੋਪਤੀ ਵਿਆਹ ਦਿਆਂਗਾ। ਇਹ ਗੱਲ ਸੁਣ ਕੇ ਸਭ ਰਾਜ ਪੁਤ੍ਰਾਂ ਨੇ ਨਿਸ਼ਾਨੇ ਮਾਰੇ ਪਰ ਮੱਛੀ ਵਿਚ ਕਿਸੇ ਦਾ ਨਿਸ਼ਾਨਾ ਨਹੀਂ ਲਗਾ। ਜਿਸ ਵੇਲੇ ਅਰਜਨ ਨੇ ਮਾਰਿਆ ਤਾਂ ਉਹ ਨਿਸ਼ਾਨਾ ਮੱਛੀ ਵਿਚ ਜਾ ਲਗਾ ਅਰਜਨ ਦੇ ਜੈ ਜੈਕਾਰ ਹੋ ਗਈ ਉਸੀ ਵੇਲੇ ਰਾਜੇ ਦਰੁਪਦ ਨੇ ਆਪਣੀ ਰਾਜ ਦੁਲਾਰੀ ਦਰੋਪਤੀ ਅਰਜਨ ਨਾਲ ਵਿਆਹ ਦਿਤੀ. ਅਰਜਨ ਨੇ ਘਰ ਲਿਆ ਕੇ ਆਪਣੀ ਮਾਂ ਕੁੰਤੀ ਨੂੰ ਕਿਹਾ ਜੇਕਰ ਇਕ ਭਰਾ ਕਮਾਈ ਕਰਕੇ ਕੋਈ ਚੀਜ਼ ਲਿਆਵੇ ਤਾਂ ਇਕੇ ਦੀ ਹੁੰਦੀ ਹੈ ਜਾਂ ਸਾਰਿਆਂ ਭਰਾਵਾਂ ਦੀ ਸਾਂਝੀ ਹੁੰਦੀ ਹੈ, ਮਾਂ ਕੁੰਤੀ ਨੇ ਕਿਹਾ- ਜੇਕਰ ਸਾਰੇ ਭਰਾ 'ਕੱਠੇ ਹੋਣ ਤਾਂ ਉਹ ਚੀਜ਼ ਸਾਰਿਆਂ ਦੀ ਸਾਂਝੀ ਹੁੰਦੀ ਹੈ। ਅਰਜਨ ਨੇ ਕਿਹਾ ਠੀਕ ਹੈ ਉਸ ਵੇਲੇ ਦੱਸ ਦਿੱਤਾ ਕਿ ਮੈਂ ਸਾਰੀ ਰਾਜ ਸਭਾ ਵਿਚੋਂ ਦਰੋਪਤੀ ਨੂੰ ਵਿਆਹ ਕੇ ਲਿਆਂਦਾ ਹੈ। ਇਸ ਕਰਕੇ ਇਹ ਸਾਰਿਆਂ ਭਰਾਵਾਂ ਦੀ ਸਾਂਝੀ ਹੈ। ਪੰਜਾਂ ਪਾਂਡਵਾਂ ਦੀ ਘਰ ਵਾਲੀ ਹੋਣ ਕਰਕੇ ਇਸ ਦਾ ਨਾਮ ਪੰਚਾਲੀ ਪਿਆ ਹੈ।

www.sikhbookclub.com

ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ॥

ਜਿਸ ਵੇਲੇ ਕਾਲ ਨੇ ਗਲ ਵਿਚ ਫਾਹੀ ਮੇਲੀ=ਪਾਈ, ਤਾਂ ਉਸ ਨੇ ਸਾਰੀ ਸੁਧਿ=ਖਬਰ (ਸੁਰਤ) ਭੁਲਾ ਦਿੱਤੀ। ਉਸ ਵੇਲੇ ਜੀਵ ਆਖਦਾ ਹੈ-

ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ॥ ੧॥

ਰਾਮ ਨਾਮ ਸਿਮਰਨ ਤੋਂ ਬਿਨਾਂ ਯਾ ਸੰਕਟ ਮਹਿ=ਇਸ ਦੁੱਖ ਵਿਚ ਹੁਣ ਕੌਣ ਆ ਕੇ ਸਹਾਈ ਹੋਵੇਗਾ॥ ੧॥

ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ॥

ਜੇਹੜੀ ਸੰਪਦਾ ਆਪਣੀ ਕਰਕੇ ਮੰਨੀ ਹੋਈ ਸੀ, ਉਹ ਇਕ ਛਿਨ ਦੇ ਵਿਚ ਹੀ ਪਰਾਈ=ਬਿਗਾਨੀ ਹੋ ਗਈ।

ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ॥ ੨॥ ੨॥

ਗੁਰੂ ਜੀ ਕਥਨ ਕਰਦੇ ਹਨ—ਯਹ ਸੋਚ=ਇਹੋ ਚਿੰਤਾ ਮਨ ਵਿਚ ਲਗ ਰਹੀ ਹੈ, ਕਿ ਹਰੀ ਦਾ ਜਸ ਕਦੇ ਭੀ ਗਾਇਆ ਨਹੀਂ ਹੈ॥ ੨॥ ੨॥

ਮਾਰੂ ਮਹਲਾ ੯॥

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ॥

ਹੇ ਮਾਈ=ਭਾਈ ! ਮੈਂ ਨੇ ਮਨ ਦਾ ਮਾਨ ਤਿਆਗਿਆ ਨਹੀਂ ਹੈ।

ਮਾਇਆ ਕੇ ਮਦਿ ਜਨਮੁ ਸਿਰਾਇਓ
ਰਾਮ ਭਜਨਿ ਨਹੀ ਲਾਗਿਓ॥ ੧॥ ਰਹਾਉ॥

ਮਾਇਆ ਦੇ ਮਦਿ=ਹੰਕਾਰ ਵਿਚ ਹੀ ਆਪਣਾ ਅਮੋਲਕ ਜਨਮ ਨਿਸਫਲ ਸਿਰਾਇਓ=ਬਿਤਾ ਲਿਆ ਹੈ ਅਤੇ ਰਾਮ ਦੇ ਭਜਨ ਸਿਮਰਨ ਵਿਚ ਮਨ ਲਗਾ ਨਹੀਂ ਹੈ॥ ੧॥ ਰਹਾਉ॥

ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥

ਜਿਸ ਵੇਲੇ ਜਮਾਂ ਦਾ ਡੰਡਾ ਸਿਰ ਉਤੇ ਪਿਆ, ਤਿਸ ਵੇਲੇ ਤੂੰ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ ਜਾਗੇਂਗਾ ਤੇ ਪਛੁਤਾਏਂਗਾ ਪਰ ਉਸ ਵੇਲੇ ਜਮਦੂਤ ਕਹਿਣਗੇ-

ਕਹਾ ਹੋਤ ਅਬ ਕੈ ਪਛਤਾਏ ਛੂਟਤ ਨਾਹਨਿ ਭਾਗਿਓ॥ ੧॥

ਹੁਣ ਦੇ ਪਛੁਤਾਇਆਂ ਕੀ ਹੋ ਸਕਦਾ ਹੈ, ਭਾਗਿਓ=ਦੌੜਨ ਕਰਕੇ ਛੁਟਕਾਰਾ ਨਹੀਂ ਹੁੰਦਾ।

ਅਥਵਾ:- ਹੇ ਨਿਭਾਗਿਓ=ਖੋਟਿਆਂ ਭਾਗਾਂ ਵਾਲੇ ਪੁਰਸ਼ਾ ਹੁਣ ਦੇ ਪਛੁਤਾਇਆਂ ਤੇਰਾ ਛੁਟਕਾਰਾ ਨਹੀਂ ਹੋ ਸਕਦਾ॥ ੧॥

ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ॥

ਜਦ ਏਹ ਚਿੰਤਾ=ਸੋਚ ਮੇਰੇ ਮਨ ਵਿਚ ਪੈਦਾ ਹੋਈ, ਤਦ ਮੈਂ ਗੁਰ ਚਰਨਾਂ ਨਾਲ ਅਨੁਰਾਗਿਓ=

www.sikhbookclub.com

ਪ੍ਰੇਮ ਕੀਤਾ।

ਸੁਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ ॥ ੨ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜੋ ਪ੍ਰਭੂ ਦੇ ਜਸ ਕਰਣੇ ਵਿਚ ਪਾਗਿਓ=ਰਪਿਆ ਹੈ, ਤਿਸ ਵੇਲੇ ਉਸ ਦਾ ਮਨੁੱਖਾ ਜਨਮ ਸਫਲ ਹੋ ਗਿਆ॥ ੨ ॥ ੩ ॥

ਮਾਰੂ ਅਸਟਪਦੀਆ ਮਹਲਾ ੧ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:- ਸਿੱਖਾਂ ਨੇ ਬੇਨਤੀ ਕੀਤੀ ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਵੇਦਾਂ ਪੁਰਾਣਾਂ ਦੇ ਪੜ੍ਹਣ ਸੁਨਣ ਨਾਲ ਹੁੰਦੀ ਹੈ ਜਾਂ ਤੀਰਥਾਂ ਉਤੇ ਫਿਰਨ ਕਰਕੇ ਹੁੰਦੀ ਹੈ ਜਾਂ ਭੇਖਾਂ ਦੇ ਧਾਰਨ ਨਾਲ ਹੁੰਦੀ ਹੈ, *ਗੁਰ ਉੱਤਰ*:-

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥

ਵੇਦਾਂ ਪੁਰਾਣਾਂ ਨੂੰ ਕਥਨ ਕਰਦੇ ਹੋਏ ਅਤੇ ਸੁਣਦੇ ਹੋਏ ਅਨੇਕਾਂ ਰਿਖੀ ਮੁਨੀ ਹਾਰ ਗਏ ਹਨ, ਪਰ ਇਨ੍ਹਾਂ ਵੇਦਾਂ ਪੁਰਾਣਾਂ ਦੇ ਪੜ੍ਹਨ ਸੁਣਨ ਨਾਲ ਕਿਸੇ ਨੂੰ ਪਰਮੇਸ਼ਰ ਪ੍ਰਾਪਤ ਨਹੀਂ ਹੋਇਆ।

ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥

ਅਠ ਸਠਿ=ਅਠਾਠ ਤੀਰਥਾਂ 'ਪਰ ਘਣਾ=ਫਿਰਕੇ ਥਕ ਗਏ ਹਨ ਪਰ ਪਰਮੇਸ਼ਰ ਨਹੀਂ ਮਿਲਿਆ, ਬਹੁਤੇ ਜੀਵ ਭੇਖਾਂ ਨੂੰ ਧਾਰ ਕੇ ਭੀ ਥੱਕ ਗਏ ਹਨ ਪਰ ਪਰਮੇਸ਼ਰ ਨਹੀਂ ਮਿਲਿਆ।

ਪ੍ਰਸ਼ਨ:- ਉਸ ਦੀ ਪ੍ਰਾਪਤੀ ਫਿਰ ਕਿਵੇਂ ਹੋਵੇ? *ਗੁਰ ਉੱਤਰ*:-

ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥ ੧ ॥

ਸੱਚਾ ਜੋ ਨਿਰਮਲ ਸਾਹਿਬ ਹੈ ਉਹ ਇਕ ਗੁਰਾਂ ਦੇ ਮਨਿ=ਮੰਤ੍ਰ ਮਨਨ ਕਰਨ ਨਾਲ ਪ੍ਰਾਪਤ ਹੁੰਦਾ ਹੈ॥ ੧ ॥

ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥

ਹੇ ਪਰਮੇਸ਼ਰ ! ਤੂੰ ਅਜਰਾ ਵਰੁ=ਦੇਵਤਿਆਂ ਤੋਂ ਸਰੇਸ਼ਟ ਹੈਂ, ਫਿਰ ਤੂੰ ਅਮਰ ਹੈਂ, ਹੋਰ ਸਾਰੀ ਸ੍ਰਿਸ਼ਟੀ ਚਲੇ ਜਾਣ ਵਾਲੀ ਹੈ।

ਨਾਮੁ ਰਸਾਇਣੁ ਭਾਇ ਲੈ ਪਰਹਰਿ ਦੁਖੁ ਭਾਰੀ ॥ ੧ ॥ ਰਹਾਉ ॥

ਜੋ ਭਾਇ=ਪ੍ਰੇਮ ਪੂਰਬਕ ਰਸਾਇਣੁ=ਰਸਾਂ ਦੇ ਘਰ ਨਾਮ ਅੰਮ੍ਰਿਤ ਨੂੰ ਲੈਂਦਾ ਹੈ ਉਸ ਦੇ ਜਨਮ ਮਰਨ ਰੂਪ ਭਾਰੀ ਦੁੱਖਾਂ ਨੂੰ ਤੂੰ ਪਰਹਰਿ=ਦੂਰ ਕਰਦਾ ਹੈਂ॥ ੧ ॥ ਰਹਾਉ ॥

[ਪੰਨਾ ੧੦੦੯]

ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥

ਗੁਰ ਸਿੱਖਿਆ ਦੁਆਰੇ ਹਰੀ ਨਾਮ ਸਬੰਧੀ ਗ੍ਰੰਥਾਂ ਨੂੰ ਪੜ੍ਹੀਏ, ਹਰੀ ਨਾਮ ਨੂੰ ਬੁਝਣਾ ਕਰੀਏ ਕਿਉਂਕਿ ਹਰੀ ਨਾਮ ਸਿਮਰਨ ਕਰਕੇ ਹੀ ਸੰਸਾਰ ਤੋਂ ਉਧਾਰਾ=ਤਰਨਾ ਹੁੰਦਾ ਹੈ।

ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥

ਪੂਰਿਆਂ ਗੁਰਾਂ ਦੀ ਪੂਰੀ ਹੀ ਮਤਿ=ਸਿੱਖਿਆ ਹੈ, ਜੋ ਗੁਰਾਂ ਦੇ ਸਬਦਿ=ਉਪਦੇਸ਼ ਨੂੰ ਵਿਚਾਰਦਾ ਹੈ ਓਹ

ਭੀ ਪੂਰਾ ਹੈ। ਜਾਂ ਪੂਰਿਆਂ ਗੁਰਾਂ ਨੇ ਪੂਰੀ ਸਿੱਖਿਆ ਜਿਸ ਨੂੰ ਦਿਤੀ ਹੈ, ਉਸ ਨੇ ਗੁਰਾਂ ਦੇ ਉਪਦੇਸ਼ ਕਰਕੇ ਪੂਰੇ ਪੁਰਖ ਪਰਮਾਤਮਾ ਦਾ ਵਿਚਾਰ ਕੀਤਾ ਹੈ।

ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥ ੨ ॥

ਹਰੀ ਨਾਮ ਅਠਾਠ ਤੀਰਥਾਂ ਵਾਂਗੂ ਪਵਿੱਤ੍ਰ ਰੂਪ ਹੈ ਤੇ ਸਾਰਿਆਂ ਪਾਪਾਂ ਦੇ ਕੱਟਣ ਵਾਲਾ ਹੈ, ਜਾਂ ਪਾਪਾਂ ਦੇ ਕੱਟਣ ਵਾਲਾ ਹਰੀ ਨਾਮ ਹੀ ਅਠਾਠ ਤੀਰਥ ਰੂਪ ਹੈ, ਜਾਂ ਅਠਾਠ ਤੀਰਥਾਂ ਵਾਂਗੂ ਪਵਿੱਤ੍ਰ ਕਰਨ ਵਾਲਾ ਹੈ॥ ੨ ॥

ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥

ਜਲੁ ਬਿਲੋਵੈ=ਸ਼ਕਾਮ ਕਰਮ ਕਰਦਾ ਹੈ, ਜਲੁ ਮਥੈ=ਪਰ ਉਹ ਭੀ ਦਿਖਾਵੇ ਮਾਤ੍ਰ ਕਰਦਾ ਹੈ, ਵਾ:- ਉਹਨਾਂ ਸ਼ਕਾਮ ਕਰਮਾਂ ਦਾ ਫਲ ਮੰਗ ਲੈਂਦਾ ਹੈ, ਫੇਰ ਅੰਨ੍ਹਾਂ ਅਗਿਆਨੀ ਤਤੁ=ਸਿਧਾਂਤ ਨੂੰ ਪ੍ਰਾਪਤ ਕੀਤਾ ਚਾਹੁੰਦਾ ਹੈ, ਪਰ ਉਸ ਨੂੰ ਸਿਧਾਂਤ ਕਿਵੇਂ ਪ੍ਰਾਪਤ ਹੋ ਸਕਦਾ ਹੈ।

ਅਥਵਾ:- ਜਿਵੇਂ ਅੰਨ੍ਹਾ ਪੁਰਸ਼ ਜਲ ਨੂੰ ਰਿੜਕਦਾ ਹੈ ਤਿਵੇਂ ਅਗਿਆਨੀ ਪੁਰਸ਼ ਸ਼ਕਾਮ ਕਰਮਾਂ ਰੂਪੀ ਪਾਣੀ ਨੂੰ ਮਥਦਾ ਹੈ ਫੇਰ ਗਿਆਨ ਰੂਪੀ, ਵਾ:- ਮੁਕਤੀ ਰੂਪ ਤਤੁ=ਮੱਖਣ ਨੂੰ ਚਾਹੁੰਦਾ ਹੈ ਪਰ ਉਸ ਨੂੰ ਕਿਵੇਂ ਪ੍ਰਾਪਤ ਹੋ ਸਕਦਾ ਹੈ।

ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥

ਗੁਰਸਿੱਖਿਆ ਦੁਆਰੇ ਨਿਸ਼ਕਾਮ ਕਰਮਾਂ ਰੂਪ ਦਹੀਂ ਨੂੰ ਮਥੀਏ ਤਾਂ ਅੰਮ੍ਰਿਤੁ=ਆ ਮਿਰਤੂ ਕਰਨ ਵਾਲਾ ਜੋ ਨਾਮ ਰੂਪ ਖਜ਼ਾਨਾ ਹੈ ਉਹ ਪਾਈਦਾ ਹੈ।

ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥ ੩ ॥

ਜੋ ਮਨਮੁਖ ਪੁਰਸ਼ ਤਤੁ=ਸਿਧਾਂਤ ਨੂੰ ਨਹੀਂ ਜਾਣਦੇ, ਉਹ ਪਸੂਆਂ ਦੇ ਵਿਚ ਮਿਲ ਰਹੇ ਹਨ, ਅਰਥਾਤ ਉਹ ਭੀ ਪਸੂ ਹਨ। *ਅਥਵਾ:-* ਪਸੂਆਂ ਵਿਚੋਂ ਉਹ ਸਮਾਨ ਪਸੂ ਭਾਵ ਗੱਧਾ ਹਨ॥ ੩ ॥

ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥

ਹਉਮੈ ਮੇਰਾ=ਹੰਗਤਾ ਮਮਤਾ ਕਰਨ ਨਾਲ ਮਰੁ=ਮੌਤ ਕਰਕੇ ਮਰਦਾ ਹੈ।

ਅਥਵਾ:- ਹੰਗਤਾ ਮਮਤਾ ਦੀ ਮਰੀ ਨਾਲ ਮਰਦਾ ਹੈ ਅਤੇ ਮੁੜ ਮੁੜ ਕੇ ਮਰਦਾ ਜੰਮਦਾ ਹੈ। ਮਰੀ ਪਸੂਆਂ ਦੀ ਇਕ ਬਿਮਾਰੀ ਦਾ ਨਾਮ ਹੈ ਜੋ ਚੰਗੇ ਭਲੇ ਪਸੂ ਨੂੰ ਮਾਰ ਦੇਂਦੀ ਹੈ।

ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥

ਜੇਕਰ ਗੁਰਾਂ ਦੇ ਉਪਦੇਸ਼ ਕਰਕੇ ਜੀਵਤ ਭਾਅ ਤੋਂ ਮਰ ਜਾਵੇ, ਤਾਂ ਫਿਰ ਦੂਜੀ ਵਾਰ ਜੰਮਦਾ ਮਰਦਾ ਨਹੀਂ ਹੈ।

ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥ ੪ ॥

ਗੁਰਸਿੱਖਿਆ ਦੁਆਰੇ ਜਗਜੀਵਨੁ=ਪਰਮਾਤਮਾ ਮਨ ਵਿਚ ਵਸ ਜਾਵੇ, ਤਾਂ ਉਹ ਆਪਣੀਆਂ ਸਭ ਕੁਲਾਂ ਦੇ ਤਾਰਨ ਵਾਲਾ ਹੋ ਜਾਂਦਾ ਹੈ॥ ੪ ॥

ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥

ਵਾਹਿਗੁਰੂ ਨਾਮ ਹੀ ਸੱਚਾ ਵਖਰੁ=ਸੌਦਾ ਹੈ, ਇਸ ਨਾਮ ਦਾ ਸਿਮਰਨ ਹੀ ਸੱਚਾ ਵਪਾਰ ਹੈ।

ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥

ਜਿਸ ਨੇ ਗੁਰਸਿੱਖਿਆ ਦੁਆਰੇ ਨਾਮ ਸਿਮਰਨ ਦਾ ਵਿਚਾਰ ਕੀਤਾ ਹੈ, ਉਸ ਨੇ ਸੰਸਾਰ ਵਿਚ ਲਾਹਾ=ਲਾਭ ਖੱਟਿਆ ਹੈ।

ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥ ੫ ॥

ਜੇਹੜੀ ਦ੍ਵੈਤ ਭਾਵ ਦੀ ਕਾਰ ਕਮਾਵਣੀ ਹੈ, ਜਾਂ ਦ੍ਵੈਤ ਭਾਵ ਵਿਚ ਲਗਕੇ ਜੋ ਭੀ ਕਾਰ ਕਮਾਵਣੀ ਹੈ ਉਸ ਕਰਕੇ ਸੰਸਾਰ ਵਿਚ ਨਿਤ ਹੀ ਤੋਟਾ=ਘਾਟਾ ਰਹਿੰਦਾ ਹੈ॥ ੫ ॥

ਸਾਚੀ ਸੰਗਤਿ ਥਾਨੁ ਸਚੁ ਸਚੈ ਘਰ ਬਾਰਾ ॥

ਸੰਤਾਂ ਦੀ ਸੱਚੀ ਸੰਗਤ ਕਰਨ ਨਾਲ ਅੰਤਹਕਰਨ ਰੂਪੀ ਥਾਂ ਸਚੁ=ਸ਼ੁਧ ਹੁੰਦਾ ਹੈ ਤੇ ਸਚੇ ਘਰ=ਸਰੂਪ ਦੀ ਪ੍ਰਾਪਤੀ ਕਰਨ ਵਾਲਾ ਬਾਰਾ=ਦਰਵਾਜ਼ਾ ਗਿਆਨ ਪ੍ਰਾਪਤ ਹੁੰਦਾ ਹੈ।

ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਆਧਾਰਾ ॥

ਜਿਸ ਨੇ ਸੱਚ ਨਾਮ ਦਾ ਅਧਾਰਾ=ਆਸਰਾ ਗ੍ਰਹਿਣ ਕੀਤਾ ਹੈ, ਉਸ ਨੇ ਸਚੁ=ਨਿਸਚੇ ਨਾਲ ਸੱਚਾ ਭਾਉ=ਗਿਆਨ ਰੂਪ ਭੋਜਨ ਖਾਧਾ ਹੈ, ਵਾ:- ਜਿਸ ਨੇ ਸੱਚ ਨਾਮ ਦਾ ਆਸਰਾ ਗ੍ਰਹਿਣ ਕੀਤਾ ਹੈ ਉਸ ਦੀ ਸੰਗਤ ਕਰਨੀ ਸੱਚੀ ਹੈ, ਉਸ ਦਾ ਅਸਥਾਨ ਭੀ ਸੱਚਾ ਹੈ, ਉਸ ਦੇ ਪ੍ਰਤੱਖ ਘਰ ਬਾਰ ਭੀ ਸਚੇ=ਸਫਲੇ ਹਨ, ਉਸ ਦਾ ਭੋਜਨ ਖਾਧਾ ਭੀ ਸਫਲ ਹੈ, ਉਸ ਦਾ ਭਾਉ=ਪ੍ਰੇਮ ਭੀ ਸੱਚਾ ਹੈ।

ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥ ੬ ॥

ਉਸ ਦੀ ਬਾਣੀ ਭੀ ਸੱਚੀ ਹੈ ਅਤੇ ਸੱਚਾ ਉਪਦੇਸ਼ ਵਿਚਾਰਨ ਕਰਕੇ ਉਸ ਦਾ ਮਨ ਸੰਤੋਖ ਨੂੰ ਪ੍ਰਾਪਤ ਹੋਇਆ ਹੈ॥ ੬ ॥

ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥

ਜੋ ਬਾਦਸ਼ਾਹੀਆਂ ਵਾਲੇ ਰਸਾਂ ਦਾ ਭੋਗਣਾ ਕਰਦਾ ਹੈ ਉਸ ਨੂੰ ਸੰਘਾਰਾ=ਸਮੂਹ, ਦੁੱਖ ਸੁਖ ਹੁੰਦਾ ਹੈ, ਜਾਂ ਉਸ ਨੂੰ ਦੁੱਖ ਸੁਖ ਦੀ ਸੰਘਾਰਾ=ਮਾਰ ਪੈਂਦੀ ਹੈ।

ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥

ਚਾਹੇ ਮੋਟਾ=ਵੱਡਾ ਅਵਤਾਰਾਂ ਵਾਲਾ ਨਾਮ ਧਰਾ ਲਵੇ, ਪਰ ਔਗੁਣਾਂ ਕਰਕੇ ਗਲ ਵਿਚ ਭਾਰਾ=ਫਾਹ ਪੈਂਦਾ ਹੈ, ਜਾਂ ਪਾਪਾਂ ਦਾ ਭਾਰ ਬੱਝਦਾ ਹੈ।

ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥ ੭ ॥

ਮਨੁੱਖ ਦੇ ਪਾਸੋਂ ਕੋਈ ਦਾਤ ਪ੍ਰਾਪਤ ਨਹੀਂ ਹੋ ਸਕਦੀ, ਹੇ ਪ੍ਰਭੂ ! ਤੂੰ ਸਾਰਿਆਂ ਦਾ ਸਾਰਾ=ਸਰੇਸ਼ਟ ਦਾਤਾ ਹੈਂ ਜਾਂ ਤੂੰ ਸਾਰਿਆਂ ਪਦਾਰਥਾਂ ਦਾ ਦਾਤਾ ਹੈਂ॥ ੭ ॥

ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥

ਹੇ ਧਣੀ=ਮਾਲਕ ਪਰਮਾਤਮਾ ! ਤੂੰ ਮਨ ਕਰਕੇ ਅਗਮ ਹੈਂ, ਇੰਦ੍ਰੀਆਂ ਕਰ ਕੇ ਅਗੋਚਰ ਹੈਂ, ਅਵਿਗਤੁ= ਕੱਠਨ ਪ੍ਰਾਪਤੀ ਵਾਲਾ ਹੈਂ ਤੇ ਅਪਾਰਾ=ਪਾਰਾਵਾਰ ਤੋਂ ਰਹਿਤ ਹੈਂ।

ਗੁਰਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥

ਗੁਰਸ਼ਬਦੀਆ ਪੁਰਸ਼ ਗੁਰੂ ਦੀ ਸਹਾਇਤਾ ਨਾਲ ਮੁਕ਼ਤੇ ਭੰਡਾਰਾ=ਸੁਖਾਂ ਦੇ ਭੰਡਾਰੇ ਪਰਮੇਸ਼ਰ ਨੂੰ ਦਰੁ= ਗਿਆਨ ਦੁਆਰਾ ਅੰਤਹਕਰਣ ਦੇ ਦਰੁ ਜੋਈਐ=ਅੰਦਰ ਹੀ ਵੇਖਦਾ ਹੈ।

ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਸੱਚ ਨਾਮ ਦਾ ਵਪਾਰ ਕੀਤਾ ਹੈ, ਉਸ ਦਾ ਪ੍ਰਭੂ ਨਾਲੋਂ ਮੇਲ ਕਦੇ ਦੂਰ ਨਹੀਂ ਹੁੰਦਾ ॥ ੮ ॥ ੧ ॥

ਮਾਰੂ ਮਹਲਾ ੧ ॥

ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥

ਇਸ ਜੀਵ ਨੇ ਮਨੁੱਖਾ ਦੇਹ ਰੂਪੀ, ਵਾ:- ਮਨ ਰੂਪੀ ਬੋਹਿਥਾ=ਜਹਾਜ਼ ਵਿਸ਼ੇ ਵਿਕਾਰਾਂ ਰੂਪੀ ਜ਼ਹਿਰ ਨਾਲ ਲੱਦ ਲਿਆ ਹੈ ਅਤੇ ਸੰਸਾਰ ਸਮੁੰਦਰ ਵਿਚ ਪਾ ਦਿੱਤਾ ਹੈ।

ਕਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥

ਗਿਆਨ ਤੋਂ ਬਿਨਾਂ ਇਸ ਸੰਸਾਰ ਸਮੁੰਦਰ ਦੀ ਨਾ ਉਰਵਾਰਲੀ ਕੰਧੀ ਨਾ ਪਾਰਲੀ ਕੰਧੀ ਨਜ਼ਰ ਆਉਂਦੀ ਹੈ। *ਅਥਵਾ:-* ਵੈਰਾਗ ਰੂਪੀ ਉਰਵਾਰਲੀ ਕੰਧੀ, ਗਿਆਨ ਰੂਪ ਪਾਰਲੀ ਕੰਧੀ ਨਜ਼ਰ ਨਹੀਂ ਆਉਂਦੀ। *ਅਥਵਾ:-* ਉਰਵਾਰਲੀ ਕੰਧੀ=ਸ਼ਰਧਾ, ਪਾਰਲੀ ਕੰਧੀ=ਮੁਕਤੀ ਨਿਗਾਹ ਨਹੀਂ ਆਉਂਦੀ।

ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥ ੧ ॥

ਇਸ ਜੀਵ ਪਾਸ ਵੈਰਾਗ, ਵਾ:- ਸ਼ੁਭ ਵਿਚਾਰ ਰੂਪ ਵੰਝ ਨਹੀਂ ਹੈ, ਪ੍ਰੇਮ ਰੂਪੀ ਹਾਥਿ=ਚਪਾ ਨਹੀਂ ਹੈ, ਪੂਰਨ ਗੁਰੂ ਰੂਪ ਖੇਵਟੂ=ਮਲਾਹ ਨਹੀਂ ਮਿਲੇ, ਅਸਰਾਲੁ=ਭਿਆਨਕ ਪਦਾਰਥਾਂ ਰੂਪੀ ਜਲ ਹੀ ਜਲ ਹੈ, ਵਾ:- ਭਿਆਨਕ ਕਾਲ ਰੂਪੀ ਅਸਰਾਲ ਹੈ ਜਾਂ ਕਾਮ ਕ੍ਰੋਧ ਆਦਿਕ ਅਸਰਾਲ ਵਾਂਗੂ ਹਨ ॥ ੧ ॥

ਬਾਬਾ ਜਗੁ ਫਾਥਾ ਮਹਾ ਜਾਲਿ ॥

ਬਾਬਾ=ਹੇ ਭਾਈ ! ਇਹ ਜਗੁ=ਜੀਵ ਮਹਾਂ ਮੋਹ ਰੂਪੀ ਜਾਲ ਵਿਚ ਫਸਿਆ ਹੋਇਆ ਹੈ।

ਗੁਰਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥ ੧ ॥ ਰਹਾਉ ॥

ਗੁਰਾਂ ਦੀ ਕ੍ਰਿਪਾ ਦੁਆਰੇ ਜਿਨ੍ਹਾਂ ਨੇ ਸੱਚਾ ਨਾਮ ਸਮਾਲਿਆ ਹੈ, ਉਹ ਉਬਰੇ=ਤਰ ਗਏ ਹਨ ॥ ੧ ॥ ਰਹਾਉ ॥

ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥

ਸਬਦਿ=ਸੰਸਾਰ ਸਮੁੰਦਰ ਤੋਂ ਪਾਰ ਲੰਘਾਵਣ ਵਾਲਾ ਸਤਿਗੁਰਾਂ ਦੇ ਪਾਸ ਗਿਆਨ ਰੂਪੀ ਬੋਹਿਥਾ=ਜਹਾਜ਼

www.sikhbookclub.com

ਹੈ, ਜਾਂ ਸਤਿਗੁਰੂ ਆਪ ਹੀ ਜਹਾਜ਼ ਰੂਪ ਹੈਂ ਜੋ ਸ਼ਬਦ ਰੂਪੀ ਅਨੁਕੂਲੀ ਪੌਣ ਨਾਲ ਪਾਰ ਲੰਘਾਵਣ ਵਾਲੇ ਹਨ, ਗੁਰੂ ਜਿਸ ਪਰਮੇਸ਼ਰ ਪਾਸ ਪਹੁੰਚਾਵਦੇ ਹਨ।

ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥

ਤਿਸ ਪਰਮੇਸ਼ਰ ਵਿਚ ਨਾ ਪੌਣ ਹੈ ਨਾ ਪਾਵਕੋ=ਅੱਗ ਹੈ ਨਾ ਜਲ ਹੈ ਨਾ ਹੀ ਕੋਈ ਅਕਾਰ ਹੈ, ਵਾ:- ਤਿਸ ਪ੍ਰਲੋਕ ਰਸਤੇ ਵਿਚ ਨਾ ਠੰਢੀ ਹਵਾ ਚਲਦੀ ਹੈ, ਨਾ ਸੇਕਣ ਲਈ ਅੱਗ ਹੈ, ਪੀਣ ਲਈ ਠੰਢਾ ਜਲ ਭੀ ਨਹੀਂ ਹੈ, ਨਾ ਹੀ ਕੋਈ ਰਖਿਆ ਕਰਨ ਵਾਲਾ ਅਕਾਰ ਹੈ।

ਅਥਵਾ:- ਤਿਸ ਜਗ੍ਹਾ ਪਵਨ, ਪਾਵਨ, ਜਲ ਆਦਿਕ ਤੱਤਾਂ ਦੀ ਉਪਾਸ਼ਨਾ ਨਹੀਂ ਛੁਡਾਂਵਦੀ।

ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥ ੨ ॥

ਤਿਸ ਜਗ੍ਹਾ ਸੱਚੇ ਦਾ ਸੱਚ ਨਾਮ ਹੀ ਸਹਾਇਕ ਹੁੰਦਾ ਹੈ ਅਤੇ ਓਹੀ ਸੰਸਾਰ ਤੋਂ ਤਾਰਨ ਵਾਲਾ ਹੈ॥ ੨ ॥

ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵਲਾਇ ॥

ਜਿਨ੍ਹਾਂ ਨੇ ਗੁਰਾਂ ਦੁਆਰੇ ਸੱਚੇ ਨਾਮ ਨਾਲ ਲਿਵ ਲਗਾਈ ਹੈ, ਉਹ ਇਸ ਤੋਂ ਲੰਘ ਕੇ ਪਾਰ ਹੋਏ ਹਨ।

ਆਵਾਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥

ਉਹਨਾਂ ਨੇ ਆਵਾ ਗਉਣੁ=ਜੰਮਣਾ ਮਰਨਾ ਨਵਿਰਤ ਕਰ ਲਿਆ ਹੈ ਤੇ ਜੋਤੀ ਪਰਮਾਤਮਾ ਨਾਲ ਜੋਤ ਮਿਲਾ ਲਈ ਹੈ।

ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥ ੩ ॥

ਗੁਰਾਂ ਦੀ ਸਿੱਖਿਆ ਕਰਕੇ ਸਹਜੁ=ਗਿਆਨ ਉਪਜਦਾ ਹੈ ਅਤੇ ਮਨ ਸੱਚੇ ਵਿਚ ਸਮਾਅ ਰਹਿੰਦਾ ਹੈ।

ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥

ਜਿਵੇਂ ਸੱਪ ਨੂੰ ਪਿਟਾਰੀ ਵਿਚ ਪਾ ਕੇ ਬੰਦ ਕਰ ਰਖੀਏ, ਤਾਂ ਉਸ ਦੇ ਅੰਦਰੋਂ ਜ਼ਹਿਰ ਨਹੀਂ ਮਿਟਦੀ, ਤਿਵੇਂ ਮਨਮੁਖ ਰੂਪ ਸੱਪ ਨੂੰ ਭੇਖ ਰੂਪੀ ਪਿਟਾਰੀ ਵਿਚ ਪਾ ਕੇ ਬੰਦ ਭੀ ਕਰ ਰਖੀਏ, ਤੋ ਭੀ ਉਸ ਦਾ ਮਨ ਵਿਚ ਰੋਸ ਰੂਪੀ ਵਿਹੁ ਵਧਦੀ ਰਹਿੰਦੀ ਹੈ।

ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥

ਜੇ ਪੂਰਬਲੇ ਕਰਮਾਂ ਦੇ ਲਿਖੇ ਅਨੁਸਰ ਹੀ ਸਭ ਕੁਝ ਪਾਣਾ ਹੈ ਤਾਂ ਫਿਰ ਦੋਸ਼ ਕਿਸ ਨੂੰ ਦੇਣਾ ਹੈ।

ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ ॥ ੪ ॥

ਜੇਕਰ ਮੁਖੀ ਗੁਰਾਂ ਦੇ ਉਪਦੇਸ਼ ਰੂਪ ਗਾਰੜੂ ਮੰਤ੍ਰ ਨੂੰ ਸੁਣ ਕੇ ਵਾਹਿਗੁਰੂ ਨਾਮ ਨੂੰ ਮਨਨ ਕਰੇ ਤਾਂ ਸੰਤੋਖ ਪ੍ਰਾਪਤ ਹੁੰਦਾ ਹੈ ਤੇ ਰੋਸ ਰੂਪੀ ਜਾਂ ਵਿਸ਼ਿਆਂ ਰੂਪੀ ਜ਼ਹਿਰ ਝੜ ਜਾਂਦੀ ਹੈ॥ ੪ ॥

ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥

ਜਿਵੇਂ ਜਾਲ ਵਿਚ ਕੁੰਡੀ ਨੂੰ ਵਤਾਇ=ਫੇਰ ਕੇ, ਮਾਗਰ=ਬੜੇ ਬੜੇ ਮੱਛ ਫਹਾਏ ਜਾਂਦੇ ਹਨ, ਤਿਵੇਂ ਮੋਹ ਰੂਪੀ ਜਾਲ ਵਿਚ ਇਸਤਰੀ ਰੂਪ ਕੁੰਡੀ ਨੂੰ ਫੇਰ ਕੇ ਬੜੇ ਬੜੇ ਵਿਰੱਕਤ ਮਹਾਤਮਾ ਭੀ ਫਸਾਏ ਜਾਂਦੇ ਹਨ।

ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥

ਇਹ ਜੀਵ ਦੁਰਮਤਿ=ਖੋਟੀ ਮਤੀ ਰੂਪ ਫਾਹੀ ਵਿਚ ਫਸਿਆ ਹੋਇਆ ਵਾਰੰਵਾਰ ਪਛਚਾਤਾਪ ਕਰਦਾ ਹੈ।

ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥ ੫ ॥

ਖੋਟੀ ਮਤ ਕਰਕੇ ਇਸ ਨੂੰ ਜੰਮਣਾ ਕਰਨਾ ਸੁਝਦਾ ਨਹੀਂ ਹੈ, ਪੂਰਬਲਾ ਕੀਤਾ ਹੋਇਆ ਕਰਮ ਭੋਗੇ ਤੋਂ ਬਿਨਾਂ ਮੇਟਿਆ ਨਹੀਂ ਜਾਂਦਾ ॥ ੫ ॥

ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥

ਜਗਤ ਨੂੰ ਉਤਪਤ ਕਰਕੇ ਇਸ ਵਿਚ ਹਉਮੈ ਰੂਪੀ ਵਿਹੁ ਪਾਈ ਹੈ, ਗੁਰ ਉਪਦੇਸ਼ ਵਿਚ ਮਨ ਵਸ ਜਾਵੇ ਤਾਂ ਇਹ ਹਉਮੈ ਰੂਪੀ ਵਿਹੁ ਨਵਿਰਤ ਹੋ ਜਾਂਦੀ ਹੈ।

ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥

ਜੇਕਰ ਸੱਚ ਸਰੂਪ ਪਰਮਾਤੰਮਾ ਵਿਚ ਬਿਰਤੀ ਲਗਾ ਰਹੇ,

ਤਾਂ ਇਹ ਹੌਮੈ ਰੂਪੀ ਜ਼ੈਹਰ ਜਰਾ=ਰੰਚਕ ਮਾਤ੍ਰ ਭੀ 'ਜੋਹਿ ਨ ਸਕਈ'=ਪੋਹ ਨਹੀਂ ਸਕਦੀ।

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥ ੬ ॥

ਜਿਸ ਦੇ ਹਿਰਦੇਂ ਵਿਚੋਂ ਹਉਮੈ ਚਲੀ ਗਈ ਹੈ, ਉਹ ਪੁਰਸ਼ ਜੀਵਨ ਮੁਕਤ ਆਖੀਦਾ ਹੈ॥ ੬ ॥

[ਪੰਨਾ ੧੦੧੦]

ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥

ਧੰਧਿਆਂ ਦੀ ਧਾਵਤ=ਦੌੜ ਭਜ ਵਿਚ ਜਗੁ=ਜੀਵ ਬੱਧਾ ਹੋਇਆ ਹੈ ਅਤੇ ਸ਼ੁਭ ਵਿਚਾਰ ਨੂੰ ਸਮਝਦਾ ਨਹੀਂ ਹੈ।

ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥

ਮਨਮੁਖ ਮੂਰਖ ਗਵਾਰੁ=ਚੰਡਾਲ ਨੇ ਜੰਮਣ ਮਰਨਾ ਵਿਸਾਰਿਆ=ਭੁਲਾ ਦਿੱਤਾ ਹੈ।

ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥ ੭ ॥

ਜਿਨ੍ਹਾਂ ਨੂੰ ਗੁਰਾਂ ਨੇ ਰੱਖ ਲਿਆ ਹੈ ਉਹ ਸੱਚਾ ਸ਼ਬਦ ਵਿਚਾਰ ਕੇ ਦੁੱਖਾਂ ਤੋਂ ਉਬਰੇ=ਬਚ ਗਏ ਹਨ, ਜਾਂ ਸੰਸਾਰ ਤੋਂ ਤਰ ਗਏ ਹਨ॥ ੭ ॥

ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥

ਜਿਵੇਂ ਪ੍ਰਤੱਖ ਸੂਹਟੁ=ਤੋਤਾ ਪਿੰਜਰੇ ਵਿਚ ਪਿਆ ਹੋਇਆ ਹੈ, ਜਦ ਬੁਲਾਵਣੇ ਵਾਲਾ ਪੁਰਸ਼ ਪ੍ਰੇਮ ਕਰਕੇ ਉਸ ਨੂੰ ਬੁਲਾਂਵਦਾ ਹੈ ਤਦ ਉਹ ਬੋਲਦਾ ਹੈ।

ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥

ਸਚੁ=ਨਿਸਚੇ ਕਰਕੇ ਚੂਰੀ ਚੁਗਦਾ ਹੈ, ਅੰਮ੍ਰਿਤੁ=ਦੁੱਧ ਪੀਂਦਾ ਹੈ ਜੇ ਉੱਡਦਾ ਹੈ ਤਾਂ ਏਕੇ ਵਾਰੀ ਉੱਡ

ਜਾਂਦਾ ਹੈ। ਏਸੇ ਤਰ੍ਹਾਂ ਜਗਿਆਸੂ ਰੂਪ ਤੋਤਾ ਪ੍ਰੇਮ ਰੂਪ ਪਿੰਜਰੇ ਵਿਚ ਪਿਆ ਹੋਇਆ ਹੈ, ਜਦ ਬੁਲਾਵਣ ਵਾਲੇ ਮਹਾਤਮਾ ਜਾਂ ਗੁਰੂ ਬੁਲਾਂਵਦੇ ਹਨ ਤਦ ਉਹ ਨਾਮ ਨੂੰ ਬੋਲਦਾ ਹੈ, ਸੱਚ ਵਿਚਾਰ ਰੂਪੀ, ਵਾ:- ਸੱਚ ਨਾਮ ਰੂਪੀ ਚੋਗੇ ਨੂੰ ਚੁਗਦਾ ਹੈ ਤੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ ਪੀਂਦਾ ਹੈ, ਜੇ ਉੱਡਦਾ ਹੈ ਭਾਂ ਇਕੇ ਵਾਰ ਹੀ ਉੱਡ ਜਾਂਦਾ ਹੈ, ਭਾਵ ਬ੍ਰਹਮ ਵਿਚ ਅਭੇਦ ਹੋ ਜਾਂਦਾ ਹੈ।

ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੇ ਪੂਰਿਆਂ ਗੁਰਾਂ ਨਾਲ ਮਿਲ ਕੇ ਮੋਖ ਦੁਆਰੁ=ਮੋਖ ਦਾ ਦਰਵਾਜ਼ਾ ਗਿਆਨ ਪਾਇਆ ਹੈ, ਉਸ ਨੇ ਖਸਮੁ=ਪਰਮਾਤਮਾ ਨੂੰ ਪਛਾਣ ਲਿਆ ਹੈ॥ ੮ ॥ ੨ ॥

ਮਾਰੂ ਮਹਲਾ ੧ ॥

ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥

ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਜੀਵਤ ਭਾਅ ਤੋਂ ਮਰੇ ਤਾਂ ਮਰੁ=ਮੌਤ (ਜਮ) ਨੂੰ ਮਾਰ ਲੈਂਦਾ ਹੈ, ਗੁਰ ਸ਼ਬਦ ਤੋਂ ਬਿਨਾਂ ਮੌਤ ਤੋਂ ਭਜ ਕੇ ਕਿਸ ਦੇ ਪਾਸ ਜਾਓਗੇ।

ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥

ਜਿਸ ਪ੍ਰਭੂ ਦੇ ਡਰ ਧਾਰਨ ਕਰਕੇ ਜਮਾਂ ਦਾ ਭੈ ਦੌੜ ਜਾਂਦਾ ਹੈ, ਤਿਸ ਪ੍ਰਭੂ ਦਾ ਨਾਮ ਅੰਮ੍ਰਿਤ ਰੂਪ ਹੈ।

ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥ ੧ ॥

ਹੇ ਪ੍ਰਭੂ ! ਮਾਰਨੇ ਰਖਣੇ ਵਾਲਾ ਇਕ ਤੂੰਹੀ ਹੈਂ, ਹੋਰ ਕੋਈ ਬੀਜਉ=ਦੂਜਾ ਥਾਂ ਨਹੀਂ ਹੈ॥ ੧ ॥

ਬਾਬਾ ਮੈ ਕੁਚੀਲੁ ਕਾਚਉ ਮਤਿ ਹੀਨ ॥

ਹੇ ਬਾਬਾ=ਭਾਈ ! ਮੈਂ ਤਨ ਕਰਕੇ ਕੁਚੀਲੁ=ਅਪਵਿਤ੍ਰ ਹਾਂ, ਸ਼ੁਭ ਮਤੀ ਤੇ ਹੀਨ=ਰਹਿਤ ਹੋਣ ਕਰਕੇ ਕੱਚਾ ਹਾਂ, ਵਾ:- ਕਚੇ ਨਿਸਚੇ ਵਾਲਾ ਹਾਂ ਤੇ ਸ਼ੁਭ ਮਤੀ ਤੋਂ ਰਹਿਤ ਹਾਂ।

ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥ ੧ ॥ ਰਹਾਉ ॥

ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਗੁਣ ਕਛੁ=ਤੁਛ ਮਾਤ੍ਰ ਭੀ ਨਹੀਂ ਹੈ, ਪੂਰਿਆਂ ਗੁਰਾਂ ਨੇ ਕ੍ਰਿਪਾ ਕਰਕੇ ਮੇਰੀ ਪੂਰੀ ਮੱਤ ਕਰ ਦਿੱਤੀ ਹੈ॥ ੧ ॥ ਰਹਾਉ ॥

ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥

ਮੈਂ ਔਗੁਣਾਂ ਕਰਕੇ ਸੁਭਰ=ਲਬਾ ਲਬ ਭਰਿਆ ਹੋਇਆ ਹਾਂ, ਸ਼ੁਭ ਗੁਣ ਮੇਰੇ ਵਿਚ ਕੋਈ ਭੀ ਨਹੀਂ ਹੈ, ਸ਼ੁਭ ਗੁਣਾਂ ਤੋਂ ਬਿਨਾਂ ਮੈਂ ਸਰੂਪ ਘਰ ਵਿਚ ਕਿਵੇਂ ਜਾਵਾਂਗਾ।

ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥

ਗੁਰ ਸ਼ਬਦ ਕਰਕੇ ਸਹਜਿ ਸੁਖੁ=ਆਤਮ ਸੁਖ ਪੈਦਾ ਹੁੰਦਾ ਹੈ, ਪਰ ਸਰੇਸ਼ਟ ਭਾਗਾਂ ਤੋਂ ਬਿਨਾਂ ਗੁਰ ਉਪਦੇਸ਼ ਰੂਪੀ ਧਨ ਨਹੀਂ ਮਿਲਦਾ।

ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥ ੨ ॥

www.sikhbookclub.com

ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਨਾਮ ਨਹੀਂ ਵਸਦਾ, ਉਹ ਜਮਪੁਰੀ ਵਿਚ ਬੱਧੇ ਹੋਏ ਦੁੱਖਾਂ ਨੂੰ ਸਹਾਰਦੇ ਹਨ॥ ੨॥

ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ॥

ਜਿਨ੍ਹਾਂ ਨੇ ਵਾਹਿਗੁਰੂ ਨਾਮ ਦਾ ਸਿਮਰਨ ਕਰਨਾ ਭੁਲਾ ਦਿੱਤਾ ਹੈ, ਉਹ ਪੁਰਸ਼ ਸੰਸਾਰ ਵਿਚ ਕਿਸ ਵਾਸਤੇ ਆਏ ਹਨ।

ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ॥

ਉਹਨਾਂ ਨੂੰ ਆਗੈ ਪਾਛੈ=ਲੋਕ ਪ੍ਰਲੋਕ ਵਿਚ ਸੁਖ ਦੀ ਪ੍ਰਾਪਤੀ ਨਹੀਂ ਹੈ, ਕਿਉਂਕਿ ਉਹਨਾਂ ਨੇ ਵਿਸ਼ਿਆਂ ਰੂਪੀ, ਵਾ:- ਪਾਪਾਂ ਰੂਪੀ ਜਾਂ ਲਾਹਨਤਾਂ ਰੂਪੀ ਸੁਆਹ ਦੇ ਗੱਡੇ ਲੱਦੇ ਹੋਏ ਹਨ, ਵਾ:- ਅੰਤਹ ਕਰਨ ਰੂਪੀ ਗੱਡੇ ਵਿਸ਼ਿਆਂ ਰੂਪੀ ਸੁਆਹ ਨਾਲ ਲੱਦੇ ਹੋਏ ਹਨ।

ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ॥ ੩॥

ਰੱਬ ਤੋਂ ਵਿਛੁੜਿਆ ਦਾ ਰੱਬ ਨਾਲ ਮੇਲ ਨਹੀਂ ਹੁੰਦਾ,

ਵਾ:- ਜੋ ਸਤਿਗੁਰਾਂ ਨਾਲੋਂ ਵਿਛੁੜੇ ਹੋਏ ਹਨ ਉਹਨਾਂ ਦਾ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ , ਜਮਾਂ ਦੇ ਦੁਆਰੇ 'ਪਰ ਉਹਨਾਂ ਨੂੰ ਘਣਾ ਦੁੱਖ ਹੁੰਦਾ ਹੈ॥ ੩॥

ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ॥

ਆਗੈ=ਪ੍ਰਲੋਕ ਵਿਚ ਕੀ ਹਾਲ ਹੋਣਾ ਹੈ, ਮੈਂ ਜਾਣਦਾ ਨਹੀਂ ਹਾਂ, ਹੇ ਪਰਮੇਸ਼ਰ ! ਭੁਲਿਆਂ ਨੂੰ ਤੂੰਹੀ ਸਮਝਾਣ ਵਾਲਾ ਹੈਂ।

ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ॥

ਭੁਲੇ ਹੋਏ ਨੂੰ ਜੋ ਰਸਤਾ ਦੱਸਦਾ ਹੈ, ਮੈਂ ਉਸ ਦੀ ਪਾਇ=ਚਰਨੀਂ ਲਗਦਾ ਹਾਂ।

ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ॥ ੪॥

ਗੁਰੂ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਹੈ, ਏਸੇ ਕਰਕੇ ਗੁਰਾਂ ਦੀ ਕੀਮਤ ਕਹੀ ਨਹੀਂ ਜਾਂਦੀ॥ ੪॥

ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ॥

ਹੇ ਸੱਜਣ ਪਰਮਾਤਮਾ ! ਜਦ ਚੰਗਿਆਂ ਲੇਖਾ ਨੇ ਤੇਰੀ ਤਰਫ ਪਠਾਇਓ=ਭੇਜਿਆ ਤਾਂ ਹੀ ਸੱਚ ਸਰੂਪ ਨੂੰ ਵੇਖ ਕੇ ਗਲ ਨਾਲ ਮਿਲਣਾ ਕੀਤਾ।

ਅਥਵਾ:- ਜਦ ਚੰਗੇ ਲੇਖ ਨੇ ਸੱਚ ਦੀ ਤਰਫ ਭੇਜਿਆ ਤਾਂ ਭਜਨ ਸਿਮਰਨ ਰੂਪੀ ਗੱਲਾਂ ਨਾਲ ਮਿਲ ਕੇ ਸਜਨੁ=ਪਰਮਾਤਮਾ ਨੂੰ ਵੇਖਣਾ ਕੀਤਾ, ਜਾਂ ਸੱਜਣ ਨੂੰ ਵੇਖਿਆ ਤਾਂ ਉਸ ਦੇ ਗਲ ਨਾਲ ਮਿਲ ਗਈ, ਅਰਥਾਤ ਉਸ ਨਾਲ ਅਭੇਦ ਹੋ ਗਈ, ਪਰ ਮੇਰੇ ਲੇਖੁ=ਭਾਗਾਂ ਨੇ ਸੱਚ ਨੂੰ ਮੇਰੇ ਕੋਲ ਭੇਜਿਆ ਹੈ।

ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ॥

ਮੈਂ ਜੀਵ ਰੂਪੀ ਇਸਤ੍ਰੀ ਧਿਮਾਣੈ=ਨਿਮੋਝੂਣੇ ਮੂੰਹ ਨਾਲ ਖੜੀ ਸੀ, ਪਰ ਧੰਨ ਗੁਰੂ ਹਨ ਜਿਨ੍ਹਾਂ ਦੁਆਰੇ ਮੈਂ ਗਿਆਨ ਵੈਰਾਗ ਰੂਪੀ ਅੱਖਾਂ ਨੂੰ ਵੇਖ ਲਿਆ ਹੈ, ਜਾਂ ਮੁਖੀ ਗੁਰਾਂ ਦੀ ਆਖੀ ਹੋਈ ਸਿੱਖਿਆ ਦੁਆਰੇ ਉਸ

www.sikhbookclub.com

ਪਰਮੇਸੁਰ ਨੂੰ ਵੇਖ ਲਿਆ ਹੈ, ਜਾਂ ਪ੍ਰਤੱਖ ਅੱਖਾਂ ਨਾਲ ਪਰਮੇਸ਼ਰ ਨੂੰ ਵੇਖ ਲਿਆ ਹੈ।

ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥ ੫ ॥

ਹੇ ਵਾਹਿਗੁਰੂ ! ਤੈਨੂੰ ਭਾਵੇ ਤਾਂ ਤੂੰ ਮਨ ਵਿਚ ਵਸਦਾ ਹੈਂ, ਹੇ ਨਦਰੀ=ਪਰਮਾਤਮਾ ! ਤੇਰੀ ਕਰਮਿ= ਕਿਰਪਾ ਹੀ ਵਿਸ਼ੇਸ਼ ਸਾਧਨ ਹੈ ਕਿਉਂਕਿ ਤੇਰੀ ਕਿਰਪਾ ਹੀ ਤੇਰੇ ਨਾਲ ਮਿਲਾਂਦੀ ਹੈ॥ ੫ ॥

ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥

ਜੇਹੜਾ ਆਪ ਹੀ ਭੁੱਖਾ ਤੇ ਪਿਆਸਾ ਭਵੈ=ਫਿਰਦਾ ਹੈ, ਉਸ ਪਾਸੋਂ ਮੰਗਣਾ ਕੀ ਹੈ ਅਤੇ ਉਸ ਨੇ ਦੇਣਾ ਕੀ ਹੈ, ਅਰਥਾਤ ਜੋ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਕੇ ਸੁਖ ਲੋੜਦੇ ਹਨ ਉਹਨਾਂ ਨੂੰ ਸੁਖ ਕਿਥੋਂ ਹੋਣਾ ਹੈ, ਉਹ ਤਾਂ ਆਪ ਹੀ ਦੁੱਖੀ ਫਿਰਦੇ ਹਨ।

ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥

ਜੇ ਮਨ ਤਨ ਦੇ ਵਿਚ ਪੂਰਨ ਤ੍ਰਿਪਤੀ ਦੇਵੇ, ਅਜੇਹਾ ਆਪ ਜੀ ਤੋਂ ਬਿਨਾਂ ਬੀਜਉ=ਦੂਜਾ ਹੋਰ ਕੋਈ ਸੁਝਦਾ ਨਹੀਂ ਹੈ।

ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥ ੬ ॥

ਜਿਸ ਪਰਮੇਸ਼ਰ ਨੇ ਪ੍ਰਪੰਚ ਨੂੰ ਕੀਤਾ ਹੈ, ਤਿਸੀ ਨੇ ਸਭ ਦੇ ਕਰਤਬਾਂ ਨੂੰ ਵੇਖਿਆ ਹੈ,

ਵਾ:-ਤਿਸੀ ਨੇ ਸਭ ਨੂੰ ਦੇਖਿਆ=ਪਾਲਿਆ ਹੈ, ਉਹ ਆਪ ਹੀ ਯਥਾ ਜੋਗ ਸਭ ਨੂੰ ਵਡਿਆਈ ਦੇਂਦਾ ਹੈ॥ ੬ ॥

ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥

ਹੇ ਸਾਰਿਆਂ ਤੋਂ ਨਵਤਨੋ=ਨਵੀਨ ਪ੍ਰਭੂ! ਤੂੰ ਸਰੀਰ ਰੂਪ ਨਗਰੀ ਦਾ ਨਾਇਕੁ=ਸੁਆਮੀ ਹੈਂ, ਫਿਰ ਤੂੰ ਬਾਲਕ ਵਾਂਗੂ ਅਨੂਪ ਲੀਲ ਭਾਵ ਅਚਰਜ ਖੇਡਾਂ ਕਰਦਾ ਹੈਂ। *ਅਥਵਾ-* ਬਾਲਕ ਸਮ ਇੱਛਾ ਤੋਂ ਰਹਿਤ ਹੋ ਕੇ ਅਨੂਪ ਲੀਲ੍ਹਾ ਕਰਦਾ ਹੈਂ।

ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥

ਹੇ ਸੱਚੇ ਪ੍ਰਭੂ ! ਤੂੰ ਚਤੁਰ ਸਰੂਪ ਹੈਂ, ਨਾ ਇਸਤ੍ਰੀ ਹੈਂ ਨਾ ਪੁਰਸ਼ ਹੈਂ ਅਤੇ ਨਾ ਹੀ ਪੰਖਣੂ=ਨਪੁੰਸਕ (ਹੀਜੜਾ) ਹੈਂ, ਅਰਥਾਤ ਆਪ ਜੀ ਦਾ ਕੋਈ ਖਾਸ ਲਿੰਗ ਨਹੀਂ ਹੈ।

ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥ ੭ ॥

ਜੋ ਤਿਸ ਆਪ ਜੀ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ, ਤੂੰਹੀ ਦੀਪਕ ਰੂਪ ਹੈਂ, ਤੂੰਹੀ ਧੂਪ ਰੂਪ ਹੈਂ, ਵਾ:-ਤੂੰਹੀ ਦੀਪਕੁ=ਗਿਆਨ ਦੇ ਦੇਣਾ ਵਾਲਾ ਹੈਂ, ਤੂਹੀਂ ਧੂਪੁ=ਜਸ ਦੇ ਦੇਣ ਵਾਲਾ ਹੈਂ॥ ੭ ॥

ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥

ਜੋ ਵਿਸ਼ੇ ਸਬੰਧੀ ਗੀਤ ਸੁਣੇ ਹਨ ਤ ਸ੍ਵਾਦ ਚਖੇ ਹਨ ਉਹ ਬਾਦ=ਵਿਅਰਥ ਸ੍ਵਾਦ ਤਨ ਵਿਚ ਰੋਗ ਪੈਦਾ ਕਰਨ ਵਾਲੇ ਹਨ, ਵਾ:- ਬਾਦ=ਝਗੜੇ ਤੇ ਸ੍ਵਾਦ ਇਹ ਸਭ ਤਨ ਵਿਚ ਰੋਗ ਲਗੇ ਹੋਏ ਹਨ।

ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥

ਜੋ ਸੱਚ ਸਰੂਪ ਪਰਮਾਤਮਾ ਨੂੰ ਭਾਂਵਦਾ ਹੈ, ਉਹੀ ਸੱਚ ਨਾਮ ਨੂੰ ਚਵੈ=ਉਚਾਰਦਾ ਹੈ, ਫਿਰ ਉਸ ਦੇ ਅੰਦਰੋਂ ਸੋਗ ਤੇ ਵਿਜੋਗ ਛੁਟ ਜਾਂਦਾ ਹੈ।

ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੋ ਹੋਗੁ ॥ ੮ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜੋ ਤਿਸ ਆਪ ਜੀ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ, ਇਸ 'ਤੇ ਮੇਰੀ ਏਹੋ ਬੇਨਤੀ ਹੈ ਕਿ ਮੈਨੂੰ ਆਪ ਦਾ ਨਾਮ ਨਾ ਭੁਲੇ॥ ੮॥ ੩॥

ਪਰਮੇਸ਼ਰ ਅੱਗੇ ਦਾਸਾ ਭਾਵ ਪ੍ਰਗਟ ਕਰਦੇ ਹਨ—

ਮਾਰੂ ਮਹਲਾ ੧ ॥

ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ ॥

ਸੱਚੀ ਭਗਤੀ ਰੂਪੀ ਕਾਰ ਕਮਾਵਣਾ ਕੀਤੀ ਹੈ, ਹੋਰ ਪਦਾਰਥਾਂ ਦੇ ਲਾਲਚ ਨੂੰ ਬਾਦਿ=ਵਿਅਰਥ ਜਾਣਿਆ ਹੈ।

ਇਹੁ ਮਨੁ ਸਾਚੈ ਮੋਹਿਆ ਜਿਹਵਾ ਸਚਿ ਸਾਦਿ ॥

ਹੇ ਸੱਚੇ ! ਇਸ ਮੇਰੇ ਮਨ ਨੂੰ ਆਪ ਜੀ ਦੇ ਨਾਮ ਨੇ ਮੋਹਿਆ ਹੈ, ਮੇਰੀ ਜੀਭ ਵੀ ਸੱਚ ਨਾਮ ਦੇ ਸੁਆਦ ਵਿਚ ਲੱਗੀ ਹੈ।

ਬਿਨੁ ਨਾਵੈ ਕੋ ਰਸੁ ਨਹੀ ਹੋਰਿ ਚਲਹਿ ਬਿਖੁ ਲਾਦਿ ॥ ੧ ॥

ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਪਦਾਰਥ ਰਸੁ=ਸ੍ਵਾਦ ਵਾਲਾ ਨਹੀਂ ਹੈ, ਜੋ ਹੋਰਨਾਂ ਕੰਮਾਂ ਵਿਚ ਲਗੇ ਹਨ, ਉਹ ਜ਼ੈਹਰ ਲੱਦ ਕੇ ਚਲੇ ਹਨ,

ਵਾ:- ਨਾਮ ਬਿਹੂਣੇ ਸਭ ਪੁਰਸ਼ ਵਿਸ਼ਿਆਂ ਨੂੰ ਲੱਦ ਕੇ ਪ੍ਰਲੋਕ ਵਿਚ ਚਲੇ ਹਨ॥ ੧॥

ਐਸਾ ਲਾਲਾ ਮੇਰੇ ਲਾਲ ਕੋ ਸੁਣਿ ਖਸਮ ਹਮਾਰੇ ॥

ਹੇ ਮੇਰੇ ਲਾਲ=ਪਿਆਰੇ ਖਸਮ ! ਸੁਣ, ਹਮਾਰੇ ਕੋ ਤੂੰ ਅਜੇਹਾ ਲਾਲਾ=ਦਾਸ ਸਮਝ ਲੈ।

ਜਿਉ ਫੁਰਮਾਵਹਿ ਤਿਉ ਚਲਾ ਸਚੁ ਲਾਲ ਪਿਆਰੇ ॥ ੧ ॥ ਰਹਾਉ ॥

ਹੇ ਸੱਚ ਸਰੂਪ ਪਿਆਰੇ ਲਾਲ=ਪਤੀ ਪਰਮਾਤਮਾ ! ਜਿਵੇਂ ਤੂੰ ਫੁਰਮਾਂਵਦਾ ਹੈਂ ਤਿਵੇਂ ਮੈਂ ਚਲਦਾ ਹਾਂ॥ ੧ ॥ ਰਹਾਉ ॥

ਅਨਦਿਨੁ ਲਾਲੇ ਚਾਕਰੀ ਗੋਲੇ ਸਿਰਿ ਮੀਰਾ ॥

ਮੈਂ ਲਾਲੇ=ਦਾਸ ਨੇ ਤਾਂ ਰਾਤ ਦਿਨ ਚਾਕਰੀ=ਸੇਵਾ ਹੀ ਕਰਨੀ ਹੈ, ਮੈਂ ਗੋਲੇ=ਦਾਸ ਦੇ ਸਿਰ ਉਤੇ ਤੂੰਹੀਂ ਮੀਰਾ=ਪਾਤਸ਼ਾਹ ਹੈਂ।

ਗੁਰ ਬਚਨੀ ਮਨੁ ਵੇਚਿਆ ਸਬਦਿ ਮਨੁ ਧੀਰਾ ॥

ਗੁਰਾਂ ਦੇ ਬਚਨਾਂ 'ਪਰ ਮਨ ਨੂੰ ਵੇਚ ਦਿੱਤਾ ਹੈ ਅਤੇ ਗੁਰ ਸ਼ਬਦ ਕਰਕੇ ਮਨ ਧੀਰਜ ਨੂੰ ਪ੍ਰਾਪਤ ਹੋਇਆ

www.sikhbookclub.com

ਹੈ ਭਾਵ ਮਨ ਟਿਕ ਗਿਆ ਹੈ।

[ਪੰਨਾ ੧੦੧੧]

ਗੁਰ ਪੂਰੇ ਸਾਬਾਸਿ ਹੈ ਕਾਟੈ ਮਨ ਪੀਰਾ॥ ੨ ॥

ਉਸ ਪੂਰੇ ਗੁਰੂ ਨੂੰ ਧੰਨਤਾ ਜੋਗ ਦੀ ਪ੍ਰਾਪਤੀ ਹੈ ਜੋ ਮਨ ਦੀ ਪੀੜਾਂ ਨੂੰ ਕਟਦਾ ਹੈ॥ ੨ ॥

ਲਾਲਾ ਗੋਲਾ ਧਣੀ ਕੋ ਕਿਆ ਕਹਉ ਵਡਿਆਈਐ॥

ਮੈਂ ਧਣੀ=ਮਾਲਕ ਪਰਮੇਸ਼ਰ ਦੇ ਲਾਲ ਗੋਲਾ=ਦਾਸਾਂ ਦਾ ਦਾਸ ਹਾਂ, ਉਸ ਦੀ ਵਡਿਆਈ ਨੂੰ ਮੈਂ ਕੀ ਕਹਿ ਸਕਦਾ ਹਾਂ।

ਭਾਣੈ ਬਖਸੇ ਪੂਰਾ ਧਣੀ ਸਚੁ ਕਾਰ ਕਮਾਈਐ॥

ਪੂਰਨ ਧਣੀ=ਮਾਲਕ ਪਰਮੇਸ਼ਰ ਜੋ ਭਾਣੇ ਵਿਚ ਤੁਰਨਾ ਬਖਸ਼ੇ, ਜਾਂ ਭਾਣੇ ਮੰਨਣ ਵਿਚ ਇਸਥਿਤੀ ਬਖਸ਼ੇ ਤਾਂ ਸੱਚੀ ਭਗਤੀ ਰੂਪੀ ਕਾਰ ਕਮਾਈ ਜਾਂਦੀ ਹੈ।

ਵਿਛੁੜਿਆ ਕਉ ਮੇਲਿ ਲਏ ਗੁਰ ਕਉ ਬਲਿ ਜਾਈਐ॥ ੩ ॥

ਜੋ ਵਿਛੁੜਿਆਂ ਜੀਵਾਂ ਨੂੰ ਪਰਮੇਸ਼ਰ ਨਾਲ ਮੇਲ ਲੈਂਦੇ ਹਨ, ਉਹਨਾਂ ਗੁਰਾਂ ਤੋਂ ਬਲਿਹਾਰ ਕੁਰਬਾਨ ਜਾਣਾ ਕਰੀਏ॥ ੩ ॥

ਲਾਲੇ ਗੋਲੇ ਮਤਿ ਖਰੀ ਗੁਰ ਕੀ ਮਤਿ ਨੀਕੀ॥

ਗੁਰਾਂ ਦੀ ਨੀਕੀ=ਚੰਗੀ ਮਤ ਲਈ ਹੈ, ਇਸ ਲਈ ਲਾਲੇ ਗੋਲੇ=ਦਾਸਾਂ ਦੇ ਦਾਸ ਦੀ ਮਤਿ ਖਰੀ=ਅਕਲ ਚੰਗੀ ਹੈ।

ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ॥

ਸੱਚੀ ਗਿਆਤ ਕਰਕੇ ਬੁੱਧੀ ਸੋਭਨੀਕ ਹੋਈ ਹੈ, *ਅਥਵਾ:-* ਸੱਚੀ ਸੁਰਤ ਸੋਭਾ ਵਾਲੀ ਹੋਝੀ ਹੈ ਪਰ ਮਨਮੁਖ ਦੀ ਬੁੱਧੀ ਫਿਕੀ ਹੈ, ਭਾਵ ਨਿਕੰਮੀ ਹੈ।

ਮਨੁ ਤਨੁ ਤੇਰਾ ਤੂ ਪ੍ਰਭੂ ਸਚੁ ਧੀਰਕ ਧੁਰ ਕੀ॥ ੪ ॥

ਹੇ ਪ੍ਰਭੂ ! ਤੇਰਾ ਦਿੱਤਾ ਹੋਇਆ ਹੀ ਮਨ ਤਨ ਮੇਰੇ ਕੋਲ ਹੈ, ਤੂੰ ਮੇਰਾ ਸੁਆਮੀ ਹੈਂ ਅਤੇ ਧੁਰ ਕੀ=ਮੁੱਢ ਤੋਂ ਸੱਚੀ ਧੀਰਜਤਾ ਆਪ ਜੀ ਦੀ ਦਿਤੀ ਹੋਈ ਹੈ॥ ੪॥

ਸਾਚੈ ਬੈਸਣੁ ਉਠਣਾ ਸਚੁ ਭੋਜਨੁ ਭਾਖਿਆ॥

ਗੁਰਮੁਖਾਂ ਨੇ ਬੈਠਣ ਕਾਲ ਮੇਂ ਸੱਚ ਨਾਮ ਨੂੰ ਜਪਿਆ ਹੈ, ਉਠਣੇ ਕਾਲ ਮੇਂ ਭੀ ਸੱਚ ਨਾਮ ਨੂੰ ਜਪਿਆ ਹੈ, ਭੋਜਨ ਖਾਣੇ ਕਾਲ ਮੇਂ ਭੀ ਸੱਚ ਨਾਮ ਨੂੰ ਭਾਖਿਆ=ਉਚਾਰਿਆ ਹੈ।

ਅਥਵਾ:- ਜਿਸ ਨੇ ਗਿਆਨ ਰੂਪ ਭੋਜਨ ਨੂੰ ਭਾਖਿਆ=ਖਾਧਾ ਹੈ, ਉਸ ਦਾ ਬੈਠਣਾ=ਸਾਚੈ ਸਫਲ ਹੈ, ਉਸ ਦਾ ਉਠਣਾ ਭੀ ਸਚੁ=ਸਫਲ ਹੈ। *ਅਥਵਾ:-* ਸਚੇ ਸਤਸੰਗ ਵਿਚ ਉਹਨਾਂ ਦਾ ਬੈਠਣਾ ਤੇ ਉਠਣਾ ਹੈ।

ਚਿਤਿ ਸਚੈ ਵਿਤੋ ਸਚਾ ਸਾਚਾ ਰਸੁ ਚਾਖਿਆ॥

ਉਹਨਾਂ ਦਾ ਚਿਤ ਸੱਚਾ ਹੈ ਵਿਤੋ=ਧਨ ਭੀ ਸੱਚਾ ਹੈ, *ਅਥਵਾ:-* ਉਹਨਾਂ ਨੇ ਚਿਤ ਨੂੰ ਸੱਚੇ ਵੱਲ ਲਗਾਇਆ

www.sikhbookclub.com

ਹੈ, ਵਿਤੋ=ਧਨ ਨੂੰ ਭੀ ਸੱਚੇ ਦੀ ਤਰਫ਼ ਲਗਾਇਆ ਹੈ ਅਤੇ ਸੱਚੇ ਨਾਮ ਰਸ ਨੂੰ ਉਹਨਾਂ ਨੇ ਚਖਣਾ ਕੀਤਾ ਹੈ। ਅਥਵਾ:- ਉਹ ਚਿਤ ਕਰਕੇ ਸੱਚੇ ਦੇ ਸਿਮਰਨ ਰੂਪੀ ਸੱਚਾ ਧਨ 'ਕੱਠਾ ਕਰਦੇ ਹਨ ਅਤੇ ਸੱਚਾ ਆਤਮ ਰਸ ਚਖਿਆ ਹੈ।

ਸਾਚੈ ਘਰਿ ਸਾਚੈ ਰਖੇ ਗੁਰ ਬਚਨਿ ਸੁਭਾਖਿਆ ॥ ੫ ॥

ਜਿਨ੍ਹਾਂ ਨੇ ਗੁਰਾਂ ਦੇ ਸਰੇਸ਼ਟ ਬਚਨਾਂ ਨੂੰ ਭਾਖਿਆ=ਉਚਾਰਿਆ ਹੈ ਉਹਨਾਂ ਨੂੰ ਸੱਚੇ ਗੁਰਾਂ ਨੇ ਸੱਚੇ ਸਰੂਪ ਘਰ ਵਿਚ ਰਖਣਾ ਕੀਤਾ ਹੈ॥ ੫॥

ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ॥

ਮਨਮੁਖ ਪੁਰਸ਼ ਨੂੰ ਨਾਮ ਜਪਣ ਵਲੋਂ ਬਹੁਤਾ ਆਲਸ ਹੋ ਰਿਹਾ ਹੈ, ਇਸ ਲਈ ਉਹ ਸੰਸਾਰ ਉਜਾੜ ਵਿਚ ਫਥਾ ਹੋਇਆ ਹੈ, ਜਾਂ ਸੰਸਾਰ ਉਜਾੜ ਵਿਚ ਮੋਹ ਫਾਸ ਮੇਂ ਫਸਿਆ ਹੋਇਆ ਹੈ।

ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ॥

ਮੋਹ ਜਲ ਵਿਚ ਫਸਿਆ ਹੋਇਆ ਨਿਤਾਪ੍ਰਤੀ ਵਿਸ਼ਿਆਂ ਰੂਪੀ ਚੋਗ ਨੂੰ ਚੁਗ ਰਿਹਾ ਹੈ, ਬੰਧਨ ਰੂਪ ਕਰਮਾਂ ਵਿਚ ਲਗ ਕੇ ਆਪਣੀ ਗੱਲ ਵਿਗਾੜ ਲਈ ਹੈ,

ਵਾ:- ਆਪਣੀ ਬੰਧੁ=ਦੇਹ ਵਿਗਾੜ ਲਈ ਹੈ, ਜਾਂ ਪਰਮੇਸ਼ਰ ਨਾਲੋਂ ਪ੍ਰੀਤੀ ਵਿਗਾੜ ਲਈ ਹੈ।

ਗੁਰ ਪਰਸਾਦੀ ਮੁਕਤੁ ਹੋਇ ਸਾਚੇ ਨਿਜ ਤਾੜੀ॥ ੬ ॥

ਗੁਰਾਂ ਦੀ ਕ੍ਰਿਪਾ ਨਾਲ ਜਿਨ੍ਹਾਂ ਨੇ ਆਪਣੇ ਸੱਚੇ ਸਰੂਪ ਵਿਚ ਤਾੜੀ=ਸਮਾਧੀ ਲਗਾਈ ਹੈ, ਉਹ ਮੁਕਤ ਰੂਪ ਹੋਏ ਹਨ॥ ੬॥

ਅਨਹਤਿ ਲਾਲਾ ਬੇਧਿਆ ਪ੍ਰਭ ਹੇਤਿ ਪਿਆਰੀ॥

ਜੋ ਲਾਲਾ=ਦਾਸ, ਅਨਹਤਿ=ਇਕ ਰਸ ਸੰਤਾਂ ਦੇ ਸਤਸੰਗ ਵਿਚ ਬੇਧਿਆ=ਮਿਲਿਆ ਹੈ, ਉਸ ਨੇ ਪ੍ਰਭੂ ਦੀ ਪਿਆਰੀ ਭਗਤੀ ਵਿਚ ਹੇਤਿ=ਪ੍ਰੇਮ ਕੀਤਾ ਹੈ ਜਾਂ ਲਾਲਾ=ਦਾਸ, ਹੇਤਿ=ਪ੍ਰੇਮ ਕਰਕੇ ਇਕ ਰਸ ਪ੍ਰਭੂ ਦੀ ਪਿਆਰੀ ਭਗਤੀ ਵਿਚ ਬੇਧਿਆ=ਮਿਲ ਰਿਹਾ ਹੈ।

ਬਿਨੁ ਸਾਚੇ ਜੀਉ ਜਲਿ ਬਲਉ ਝੂਠੇ ਵੇਕਾਰੀ॥

ਜੋ ਝੂਠੇ ਵਿਕਾਰੀ ਪੁਰਸ਼ ਸੱਚੇ ਨਾਮ ਸਿਰਮਨ ਤੋਂ ਬਿਨਾਂ ਹਨ, ਉਹ ਜੀਵ ਜਲਿ ਬਲਉ=ਸੜਦੇ ਬਲਦੇ ਰਹਿੰਦੇ ਹਨ।

ਬਾਦਿ ਕਾਰਾ ਸਭਿ ਛੋਡੀਆ ਸਾਚੀ ਤਰੁ ਤਾਰੀ॥ ੭ ॥

ਦਾਸਾਂ ਨੇ ਬਾਦਿ=ਵਿਅਰਥ ਕਾਰਾਂ ਸਭ ਛੱਡ ਦਿੱਤੀਆਂ ਹਨ, ਸੱਚੀ ਭਗਤੀ ਰੂਪੀ ਤਾਰੀ=ਬੇੜੀ 'ਪਰ ਸਵਾਰ ਹੋ ਕੇ ਵਿਸ਼ੇ ਨਦੀ ਤੋਂ ਤਰ ਗਏ ਹਨ॥ ੭॥

ਜਿਨੀ ਨਾਮੁ ਵਿਸਾਰਿਆ ਤਿਨਾ ਠਉਰ ਨ ਠਾਉ॥

ਜਿਨ੍ਹਾਂ ਨੇ ਵਾਹਿਗੁਰੂ ਨਾਮ ਭੁਲਾ ਦਿੱਤਾ ਹੈ, ਉਹਨਾਂ ਨੂੰ ਠਹਿਰਨ ਵਾਸਤੇ ਕੋਈ ਥਾਂ ਨਹੀਂ ਮਿਲਦਾ।

ਲਾਲੈ ਲਾਲਚੁ ਤਿਆਗਿਆ ਪਾਇਆ ਹਰਿ ਨਾਉ॥

ਜਿਸ ਲਾਲੈ=ਦਾਸ ਨੇ ਪਦਾਰਥਾਂ ਦਾ ਲਾਲਚ ਤਿਆਗ ਦਿੱਤਾ ਹੈ, ਉਸ ਨੇ ਹਰੀ ਨਾਮ ਪਾਇਆ ਹੈ।

ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜੀਉ ॥ ੮ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਜੇ ਤੂੰ ਗੁਨਾਹ ਬਖਸ਼ ਲਵੇਂ ਤਾਂ ਮੇਲ ਲੈਂਦਾ ਹੈਂ, ਮੈਂ ਆਪ ਜੀ ਉਤੋਂ ਬਲਿਹਾਰ ਜਾਂਦਾ ਹਾਂ॥ ੮॥ ੪॥

ਮਾਰੂ ਮਹਲਾ ੧ ॥

ਲਾਲੈ ਗਾਰਬੁ ਛੋਡਿਆ ਗੁਰ ਕੈ ਭੈ ਸਹਜਿ ਸੁਭਾਈ॥

ਜਿਸ ਲਾਲੈ=ਦਾਸ ਨੇ ਹੰਕਾਰ ਛੱਡਿਆ ਹੈ, ਉਸ ਨੂੰ ਗੁਰਾਂ ਦੇ ਭੈ ਕਰਕੇ ਸ਼ਾਂਤੀ ਸੁਭਾਅ ਪ੍ਰਾਪਤ ਹੋਇਆ ਹੈ। *ਅਥਵਾ:-* ਜਿਸ ਲਾਲੈ=ਦਾਸ ਨੇ ਗੁਰਾਂ ਦੇ ਭੈ ਵਿਚ ਤੁਰ ਕੇ ਸਹਜਿ ਸੁਭਾਈ=ਸੁਤੇ ਸਿਧ ਹੰਕਾਰ ਤਿਆਗ ਦਿੱਤਾ ਹੈ।

ਲਾਲੈ ਖਸਮੁ ਪਛਾਣਿਆ ਵਡੀ ਵਡਿਆਈ॥

ਉਸ ਲਾਲੈ=ਦਾਸ ਨੇ ਖਸਮੁ=ਪਰਮਾਤਮਾ ਨੂੰ ਪਛਾਣ ਲਿਆ ਹੈ ਅਤੇ ਉਸ ਦੀ ਵੱਡੀ ਵਡਿਆਈ ਹੋਈ ਹੈ।

ਖਸਮਿ ਮਿਲਿਐ ਸੁਖੁ ਪਾਇਆ ਕੀਮਤਿ ਕਹਣੁ ਨ ਜਾਈ॥ ੧ ॥

ਖਸਮਿ=ਮਾਲਕ ਪਰਮੇਸ਼ਰ ਨਾਲ ਮਿਲ ਕੇ ਉਹ ਸੁਖ ਪਾਇਆ ਹੈ, ਜਿਸ ਸੁਖ ਦੀ ਕੀਮਤ ਕਹੀ ਨਹੀਂ ਜਾਂਦੀ॥ ੧॥

ਲਾਲਾ ਗੋਲਾ ਖਸਮ ਕਾ ਖਸਮੈ ਵਡਿਆਈ॥

ਮੈਂ ਖਸਮ=ਮਾਲਕ ਪਰਮੇਸ਼ਰ ਦੇ ਦਾਸਾਂ ਦਾ ਦਾਸ ਹਾਂ, ਸਾਰੀ ਵਡਿਆਈ ਮਾਲਕ ਪਰਮੇਸ਼ਰ ਦੀ ਹੈ। *ਅਥਵਾ:-* ਮੈਂ ਮਾਲਕ ਦੀ ਵਡਿਆਈ ਕਰਦਾ ਹਾਂ।

ਗੁਰ ਪਰਸਾਦੀ ਉਬਰੇ ਹਰਿ ਕੀ ਸਰਣਾਈ॥ ੧ ॥ ਰਹਾਉ ॥

ਗੁਰਾਂ ਦੀ ਕ੍ਰਿਪਾ ਨਾਲ ਹਰੀ ਦੀ ਸ਼ਰਨ ਵਿਚ ਆ ਕੇ ਦਾਸ ਵਿਕਾਰਾਂ ਤੋਂ ਉਬਰੇ=ਬਚ ਗਏ ਹਨ, ਜਾਂ ਸੰਸਾਰ ਸਮੁੰਦਰ ਤੋਂ ਉਬਰੇ=ਤਰ ਗਏ ਹਨ॥ ੧॥ ਰਹਾਉ॥

ਲਾਲੇ ਨੋ ਸਿਰਿ ਕਾਰ ਹੈ ਧੁਰਿ ਖਸਮਿ ਫੁਰਮਾਈ॥

ਲਾਲੇ=ਦਾਸ ਦੇ ਸਿਰ ਉਤੇ ਭਗਤੀ ਦੀ ਕਾਰ ਕਰਨੀ ਧੁਰ ਤੋਂ ਹੀ ਖਸਮਿ=ਮਾਲਕ ਪਰਮੇਸ਼ਰ ਨੇ ਫੁਰਮਾਈ ਹੋਈ ਹੈ। ਇਸ ਲਈ-

ਲਾਲੈ ਹੁਕਮੁ ਪਛਾਣਿਆ ਸਦਾ ਰਹੈ ਰਜਾਈ॥

ਦਾਸ ਨੇ ਉਸ ਪ੍ਰਭੂ ਦਾ ਹੁਕਮ ਪਛਾਣਿਆ ਹੈ ਤੇ ਓਸੇ ਦੀ ਰਜਾਈ=ਆਗਿਆ ਵਿਚ ਰਹਿੰਦਾ ਹੈ।

ਆਪੇ ਮੀਰਾ ਬਖਸਿ ਲਏ ਵਡੀ ਵਡਿਆਈ ॥ ੨ ॥

ਮੀਰਾ=ਪਾਤਸ਼ਾਹ ਪਰਮੇਸ਼ਰ ਆਪ ਹੀ ਉਸ ਨੂੰ ਵੱਡੀ ਵਡਿਆਈ ਦੇ ਕੇ ਬਖਸ਼ ਲੈਂਦਾ ਹੈ॥ ੨॥

ਆਪਿ ਸਚਾ ਸਭੁ ਸਚੁ ਹੈ ਗੁਰ ਸਬਦਿ ਬੁਝਾਈ॥

www.sikhbookclub.com

ਗੁਰਾਂ ਨੇ ਸ਼ਬਦ ਦੇ ਕੇ ਇਹ ਗੱਲ ਸਮਝਾਈ ਹੈ ਕਿ ਉਹ ਪ੍ਰਭੂ ਆਪ ਸੱਚਾ ਹੈ, ਉਸ ਦਾ ਸਾਰਾ ਕਰਤਬ ਭੀ ਸੱਚਾ ਹੈ।

ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ॥

ਹੇ ਪ੍ਰਭੂ ! ਤੇਰੀ ਸੇਵਾ ਉਹ ਪੁਰਸ਼ ਕਰਦਾ ਹੈ, ਜਿਸ ਨੂੰ ਤੂੰ ਸੇਵਾ ਵਿਚ ਲਗਾ ਲੈਂਦਾ ਹੈਂ।

ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ॥ ੩॥

ਸੇਵਾ ਕੀਤੇ ਤੋਂ ਬਿਨਾਂ ਆਪ ਜੀ ਨੂੰ ਕਿਸੀ ਨੇ ਨਹੀਂ ਪਾਇਆ ਸਾਰੀ ਦੁਨੀਆਂ ਦ੍ਵੈਤ ਭਾਵ ਦੇ ਭਰਮ ਵਿਚ ਖੁਆਈ=ਭੁਲੀ ਹੋਈ ਹੈ॥ ੩॥

ਸੋ ਕਿਉ ਮਨਹੁ ਵਿਸਾਰੀਐ ਨਿਤ ਦੇਵੈ ਚੜੈ ਸਵਾਇਆ॥

ਉਸ ਨੂੰ ਮਨ ਵਿਚੋਂ ਕਿਉਂ ਭੁਲਾਵਣਾ ਕਰੀਏ, ਜੋ ਨਿਤ ਹੀ ਦਾਤਾਂ ਦੇਂਦਾ ਹੈ, ਪੁਨਾ ਸਵਾਇਆ ਤੋਂ ਸਵਾਇਆ ਚੜ੍ਹਦਾ ਹੈ ਕਿਸੇ ਪਦਾਰਥ ਦਾ ਘਾਟਾ ਨਹੀਂ ਆਉਂਦਾ।

ਜੀਉ ਪਿੰਡੁ ਸਭੁ ਤਿਸ ਦਾ ਸਾਹੁ ਤਿਨੈ ਵਿਚਿ ਪਾਇਆ॥

ਜੀਉ ਤੇ ਪਿੰਡੁ=ਸਰੀਰ ਆਦਿਕ ਸਭ ਕੁਝ ਓਸੇ ਦਾ ਦਿੱਤਾ ਹੋਇਆ ਹੈ, ਓਸੇ ਨੇ ਸਰੀਰ ਦੇ ਵਿਚ ਸਵਾਸਾਂ ਨੂੰ ਪਾਣਾ ਕੀਤਾ ਹੈ।

ਜਾ ਕ੍ਰਿਪਾ ਕਰੇ ਤਾ ਸੇਵੀਐ ਸੇਵਿ ਸਚਿ ਸਮਾਇਆ॥ ੪॥

ਜਾਂ ਕਿਰਪਾ ਦ੍ਰਿਸ਼ਟੀ ਕਰੇ ਤਾਂ ਉਸ ਦੀ ਸੇਵਾ ਕਰੀਦੀ ਹੈ ਅਤੇ ਸੇਵਾ ਕਰਨ ਵਾਲਾ ਸੱਚ ਵਿਚ ਸਮਾਇਆ ਹੈ॥ ੪॥

ਲਾਲਾ ਸੋ ਜੀਵਤੁ ਮਰੈ ਮਰਿ ਵਿਚਹੁ ਆਪੁ ਗਵਾਏ॥

ਅਸਲ ਲਾਲਾ=ਦਾਸ ਉਹ ਹੈ ਜੋ ਜੀਵਤ ਭਾਅ ਤੋਂ ਮਾਰਦਾ ਹੈ ਅਤੇ ਜੀਵਤ ਭਾਅ ਤੋਂ ਮਰਨੇ ਦਾ ਹੰਕਾਰ ਭੀ ਹਿਰਦੇ ਵਿਚੋਂ ਗੁਆ ਦੇਂਦਾ ਹੈ।

ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ॥

ਪਦਾਰਥਾਂ ਦੀ ਤ੍ਰਿਸ਼ਨਾ ਰੂਪ ਅੱਗ ਦੇ ਬੁਝਾਣ ਕਰਕੇ ਉਸ ਦੇ ਸੰਸਾਰਕ ਬੰਧਨ ਸਾਰੇ ਟੁੱਟ ਜਾਂਦੇ ਹਨ ਤੇ ਉਹ ਮੁਕਤ ਰੂਪ ਹੋ ਜਾਂਦਾ ਹੈ।

ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ॥ ੫॥

ਸਾਰਿਆਂ ਦੇ ਵਿਚ ਨਾਮ ਰੂਪ ਨਿਧਾਨੁ=ਖਜ਼ਾਨਾ ਹੈ, ਪਰ ਗੁਰਾਂ ਦੁਆਰੇ ਕੋਈ ਵਿਰਲਾ ਹੀ ਗੁਰਮੁਖ ਖਾਂਦਾ ਹੈ॥ ੫॥

ਲਾਲੇ ਵਿਚਿ ਗੁਣੁ ਕਿਛੁ ਨਹੀ ਲਾਲਾ ਅਵਗਣਿਆਰੁ॥

ਲਾਲੇ=ਦਾਸ ਵਿਚ ਤਾਂ ਕੁਝ ਭੀ ਗੁਣ ਨਹੀਂ ਹੈ, ਸਗੋਂ ਲਾਲਾ=ਦਾਸ ਤਾਂ ਔਗੁਣਾਂ ਵਾਲਾ ਹੈ।

ਤੁਧੁ ਜੇਵਡੁ ਦਾਤਾ ਕੋ ਨਹੀ ਤੂ ਬਖਸਣਹਾਰੁ॥

ਹੇ ਪ੍ਰਭੂ ! ਆਪ ਜੀ ਜੇਡਾ ਵੱਡਾ ਦਾਤਾ ਕੋਈ ਨਹੀਂ ਹੈ, ਤੂੰ ਹੀ ਦਾਸ ਦੇ ਔਗੁਣ ਬਖਸ਼ਣ ਵਾਲਾ ਹੈਂ॥

www.sikhbookclub.com

ਤੇਰਾ ਹੁਕਮੁ ਲਾਲਾ ਮੰਨੇ ਏਹ ਕਰਣੀ ਸਾਰੁ ॥ ੬ ॥

ਜੋ ਲਾਲਾ=ਦਾਸ ਤੇਰਾ ਹੁਕਮ ਮੰਨਦਾ ਹੈ, ਉਸ ਲਈ ਏਹੋ ਕਰਣੀ ਸਾਰੁ=ਸਰੇਸ਼ਟ ਹੈ॥ ੬ ॥

ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥

ਸੰਸਾਰ ਸਾਗਰ ਵਿਚ ਗੁਰੂ ਨਾਮ ਅੰਮ੍ਰਿਤ ਦਾ ਸਰੋਵਰ ਹਨ, ਸਿੱਖ ਜੋ ਭੀ ਇੱਛਾ ਕਰਦਾ ਹੈ ਓਹੀ ਫਲ ਪਾਂਵਦਾ ਹੈ।

[ਪੰਨਾ ੧੦੧੨]

ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥

ਪਰ ਪ੍ਰਭੂ ਦਾ ਨਾਮ ਪਦਾਰਥ ਅਮਰ ਕਰਣ ਵਾਲਾ ਹੈ, ਜੇਹੜਾ ਸਿੱਖ ਮਨਿ=ਮਨਨ ਕਰਕੇ ਹਿਰਦੇ ਵਿਚੋਂ ਵਸਾਂਦਾ ਹੈ ਉਹ ਮੁਕਤ ਹੁੰਦਾ ਹੈ।

ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥ ੭ ॥

ਗੁਰਾਂ ਦੀ ਸੇਵਾ ਕਰਕੇ ਸਦਾ=ਨਿਤ ਸੁਖ (ਆਤਮ ਸੁਖ) ਪ੍ਰਾਪਤ ਹੁੰਦਾ ਹੈ, ਪਰ ਗੁਰ ਸੇਵਾ ਨੂੰ ਓਹੀ ਪੁਰਸ਼ ਕਰਦਾ ਹੈ ਜਿਸ ਨੂੰ ਗੁਰਾਂ ਦਾ ਹੁਕਮ ਮਨਾਂਵਦਾ ਹੈ॥ ੭ ॥

ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿ ਜਾਈ ॥

ਸੁਇਨਾ=ਸੋਨਾ, ਰੁਪਾ=ਚਾਂਦੀ ਆਦਿਕ ਜੋ ਭੀ ਧਾਤੂ ਹੈ, ਉਹ ਸਭ ਮਿੱਟੀ ਵਿਚ ਰਲ ਜਾਣ ਵਾਲੀ ਹੈ।

ਬਿਨੁ ਨਾਵੈ ਨਾਲਿ ਨ ਚਲਈ ਸਤਿਗੁਰਿ ਬੂਝ ਬੁਝਾਈ ॥

ਇਹ ਬੂਝ=ਸਮਝ ਸਤਿਗੁਰਾਂ ਨੇ ਸਮਝਾਈ ਹੈ ਕਿ ਨਾਮ ਤੋਂ ਬਿਨਾਂ ਕੁਝ ਭੀ ਨਾਲ ਨਹੀਂ ਚਲਣਾ।

ਨਾਨਕ ਨਾਮਿ ਰਤੇ ਸੇ ਨਿਰਮਲੇ ਸਾਚੈ ਰਹੇ ਸਮਾਇ ॥ ੮ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਜੋ ਨਾਮੀ ਪਰਮਾਤਮਾ ਦੇ ਨਾਮ ਵਿਚ ਰੱਤੇ ਹਨ ਉਹ ਨਿਰਮਲੇ=ਪਾਪਾਂ ਰੂਪੀ ਮੈਲ ਤੋਂ ਰਹਿਤ ਹਨ, ਓਹੀ ਸੱਚ ਵਿਚ ਸਮਾਈ ਕਰ ਰਹਿੰਦੇ ਹਨ॥ ੮ ॥ ੫ ॥

ਮਾਰੂ ਮਹਲਾ ੧ ॥

ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥

ਜਿਸ ਵੇਲੇ ਪਰਮੇਸ਼ਰ ਦਾ ਹੁਕਮ ਸੱਤ ਹੋਇਆ ਤਾਂ ਸੰਸਾਰ ਵਿਚ ਕਿਸੀ ਨੇ ਰਹਿਣਾ ਨਹੀਂ, ਧੁਰ ਤੋਂ ਹੀ ਪ੍ਰਾਰਬਧ ਰੂਪੀ ਚੀਰੈ=ਚਿੱਠੀ ਫਟ ਗਈ ਹੈ,

ਵਾ:- ਜ਼ਿੰਦਗੀ ਦੇ ਚੀਰੈ=ਪ੍ਰਵਾਨੇ ਧੁਰ ਤੋਂ ਹੀ ਫਟ ਗਏ ਹਨ।

ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥

ਇਹ ਮਨੁ=ਜੀਵ ਔਗੁਣਾਂ ਦਾ ਬੱਧਾ ਹੋਇਆ ਜਿਸ ਵੇਲੇ ਪ੍ਰਲੋਕ ਵਿਚ ਜਾਂਦਾ ਹੈ ਤਾਂ ਜਮਦੂਤ ਤਾੜਨਾ ਦੇਹ=ਦੇਂਦੇ ਹੋਏ ਆਖਦੇ ਹਨ ਕਿ ਹੁਣ ਤੂੰ ਸਰੀਰ 'ਪਰ ਸਹੁ=ਸਹਾਰਨਾ ਕਰ।

ਅਥਵਾ:- ਇਸ ਤਰ੍ਹਾਂ ਆਖਦੇ ਹਨ ਕਿ ਦੇਹ ਕਰਕੇ ਜੋ ਮੰਦ ਕਰਮ ਕੀਤੇ ਹਨ, ਉਹਨਾਂ ਦਾ ਫਲ ਸਰੀਰ

www.sikhbookclub.com

'ਪਰ ਸਹੁ=ਸਹਾਰਨਾ ਕਰ।

ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥ ੧ ॥

ਜਿਨ੍ਹਾਂ ਨੇ ਪੂਰਿਆਂ ਗੁਹਾਂ ਤੋਂ ਬਖਸ਼ਾ ਲੀਤਾ ਹੈ, ਉਹ ਸਾਰਿਆਂ ਗੁਨਾਹਾਂ ਤੋਂ ਫਕੀਰੈ=ਫਾਰਗ ਹੋਏ ਹਨ ॥ ੧ ॥

ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ ॥

ਸੰਸਾਰ ਵਿਚ ਕਿਵੇਂ ਇਸਥਿਤ ਰਹੀਏ, ਸਭ ਨੇ ਉਠ ਤੁਰਨਾ ਹੈ, ਗੁਰ ਸ਼ਬਦ ਨੂੰ ਵਿਚਾਰ ਕੇ ਇਸ ਗੱਲ ਨੂੰ ਬੁੱਝਣਾ ਕਰ।

ਜਿਸੁ ਤੂ ਮੇਲਹਿ ਸੋ ਮਿਲੈ ਧੁਰਿ ਹੁਕਮੁ ਅਪਾਰਾ ॥ ੧ ॥ ਰਹਾਉ ॥

ਹੇ ਵਾਹਿਗੁਰੂ ! ਜਿਸ ਨੂੰ ਤੂੰ ਮੇਲਦਾ ਹੈਂ ਓਹੀ ਮਿਲਦਾ ਹੈ, ਹੇ ਅਪਾਰ ਪ੍ਰਭੂ ! ਇਹ ਆਪ ਜੀ ਦਾ ਧੁਰ ਤੋਂ ਹੁਕਮ ਹੈ ॥ ੧ ॥ ਰਹਾਉ ॥

ਜਿਉ ਤੂ ਰਾਖਹਿ ਤਿਉ ਰਹਾ ਜੋ ਦੇਹਿ ਸੁ ਖਾਉ ॥

ਹੇ ਪ੍ਰਭੂ ! ਜਿਵੇਂ ਤੂੰ ਰਖਦਾ ਹੈਂ ਤਿਵੇਂ ਮੈਂ ਰਹਿੰਦਾ ਹਾਂ, ਜੋ ਤੂੰ ਦੇਂਦਾ ਹੈਂ ਓਹੀ ਪਦਾਰਥ ਮੈਂ ਖਾਂਦਾ ਹਾਂ।

ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥

ਜਿਵੇਂ ਤੂੰ ਚਲਾਂਵਦਾ ਹੈਂ ਤਿਵੇਂ ਮੈਂ ਚਲਦਾ ਭਾਵ ਤੁਰਦਾ ਹਾਂ, ਮੇਰੇ ਮੂੰਹ ਵਿਚ ਤੇਰਾ ਹੀ ਨਾਮ ਅੰਮ੍ਰਿਤ ਹੈ।

ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ ॥ ੨ ॥

ਹੇ ਮੇਰੇ ਠਾਕੁਰ=ਮਾਲਕਾ ! ਤੇਰੇ ਹੱਥ ਵਿਚ ਸਭ ਵਡਿਆਈਆਂ ਹਨ, ਜਿਸ ਦੇ ਮਨ ਵਿਚ ਚਾਉ= ਉਤਸ਼ਾਹ ਹੈ ਉਸ ਨੂੰ ਤੂੰ ਆਪਣੇ ਨਾਲ ਮੇਲਦਾ ਹੈਂ, ਜਾਂ ਮੇਰੇ ਮਨ ਵਿਚ ਉਤਸ਼ਾਹ ਹੈ ਤੂੰ ਮੈਨੂੰ ਆਪਣੇ ਨਾਲ ਮੇਲ ਲੈ ॥ ੨ ॥

ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥

ਪੈਦਾ ਕੀਤੇ ਹੋਏ ਜੀਵ ਨੂੰ ਕੀ ਸਲਾਹੁਣਾ ਹੈ, ਉਹ ਪਰਮੇਸ਼ਰ ਆਪ ਹੀ ਉਤਪੰਨ ਕਰਕੇ ਦੇਖੈ= ਪਾਲਦਾ ਹੈ।

ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥

ਜਿਸ ਪ੍ਰਭੂ ਨੇ ਪੈਦਾ ਕੀਤਾ ਹੈ ਓਹੀ ਮਨ ਵਿਚ ਵਸ ਰਿਹਾ ਹੈ, ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ ਹਾਂ।

ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥ ੩ ॥

ਉਸ ਸੱਚੇ ਪ੍ਰਭੂ ਨੂੰ ਸਲਾਹੁਣਾ ਕਰੀਏ ਤਾਂ ਸੱਚੀ ਇੱਜ਼ਤ ਹੁੰਦੀ ਹੈ ॥ ੩ ॥

ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ ॥

ਪੰਡਿਤ ਲੋਕ ਸ਼ਾਸਤ੍ਰਾਂ ਨੂੰ ਪੜ੍ਹ ਕੇ ਭੀ ਸਿਧਾਂਤ ਨੂੰ ਜਾਂ ਪਰਮੇਸ਼ਰ ਕੋਲ ਨਹੀਂ ਪਹੁੰਚਦਾ, ਆਲ=ਘਰ ਦੇ ਬਹੁਤੇ ਜੰਜਾਲਾਂ ਵਿਚ ਫਸਿਆ ਰਹਿੰਦਾ ਹੈ।

ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮ ਕਾਲਾ ॥

ਭਲੇ ਬੁਰੇ ਕਰਮਾਂ ਕਹਕੇ ਦੋਹਾਂ ਪਾਪਾਂ ਪੁੰਨਾਂ ਦੇ ਨਾਲ ਰਹਿੰਦਾ ਹੈ, ਖੁਧਿਆ=ਤ੍ਰਿਸ਼ਨਾ ਰੂਪੀ ਭੁੱਖ ਕਰਕੇ ਜਮ ਇਸ ਨੂੰ ਕਾਲਾ=ਮਾਰਦਾ ਹੈ। *ਅਥਵਾ:-* ਜਮ ਕਾਲਾ=ਜੰਮਣਾ ਤੇ ਮਰਨਾ ਉਸ ਨੂੰ ਬਣਿਆ ਰਹਿੰਦਾ ਹੈ।

ਵਿਛੋੜਾ ਭਉ ਵੀਸਰੈ ਪੂਰਾ ਰਖਵਾਲਾ ॥ ੪ ॥

ਪੂਰਾ ਪ੍ਰਭੂ ਜਿਨ੍ਹਾਂ ਦਾ ਰਖਵਾਲਾ ਹੋਇਆ ਹੈ ਉਹਨਾਂ ਦਾ ਵਿਛੋੜਾ ਅਤੇ ਭਉ=ਡਰ ਵਿਸਰ ਗਿਆ, ਅਰਥਾਤ ਭੁੱਲ ਗਿਆ ਹੈ॥ ੪ ॥

ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥

ਹੇ ਭਾਈ ! ਜਿਨ੍ਹਾਂ ਦੀ ਇੱਜ਼ਤ ਲੇਖੇ ਵਿਚ ਪਈ ਹੈ ਉਹ ਪੂਰੇ ਪੁਰਸ਼ ਹਨ, ਜਾਂ ਜਿਨ੍ਹਾਂ ਦੀ ਪਤ ਆਬਰੋ ਲੇਖੇ ਵਿਚ ਪੈਂਦੀ ਹੈ ਉਹ ਪੂਰੇ ਭਾਈ=ਪ੍ਰੇਮੀ ਹਨ।

ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥

ਪੂਰਿਆਂ ਗੁਰਾਂ ਦੀ ਪੂਰੀ ਮਤਿ=ਸਿੱਖਿਆ ਹੈ ਅਤੇ ਗੁਰਾਂ ਦੀ ਵਡਿਆਈ ਭੀ ਸੱਚੀ ਹੈ।

ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥ ੫ ॥

ਦਾਨ ਦੇਂਦਿਆਂ ਦੇਂਦਿਆਂ ਪਰਮੇਸ਼ਰ ਦੇ ਖਜ਼ਾਨੇ ਦੀ ਤੋਟ ਨਹੀਂ ਔਂਦੀ ਅਤੇ ਦੁਨੀਆਂ ਦੇ ਲੋਕ ਦਾਨ ਲੈ ਲੈ ਕੇ ਥੱਕ ਪੈਂਦੇ ਹਨ॥ ੫ ॥

ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ ॥

ਜੇ ਕੋਈ ਪੁਰਸ਼ ਖਾਰੇ ਸਮੁੰਦਰ ਨੂੰ ਢੂੰਢਣਾ ਕਰੇ, ਤਾਂ ਇਕ ਅੱਧਾ ਪਦਾਰਥ ਅਰਥਾਤ ਮਣੀਆਂ ਆਦਿਕਾਂ ਨੂੰ ਪਾ ਲੈਂਦਾ ਹੈ।

ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥

ਉਸ ਕਰਕੇ ਮਨੁੱਖ ਦੋ ਚਾਰ ਦਿਨ ਸੋਭਾ ਵਾਲਾ ਹੁੰਦਾ ਹੈ, ਜਾਂ ਉਹ ਮਣੀਆਂ ਆਦਿਕ ਪਦਾਰਥ ਦੋ ਚਾਰ ਦਿਨ ਸੁਭਾਏਮਾਨ ਹੁੰਦੇ ਹਨ ਅੰਤ ਨੂੰ ਕੁਝ ਦਿਨਾਂ ਤੋਂ ਬਾਅਦ ਉਹਨਾਂ ਨੂੰ ਮਿੱਟੀ ਖਾ ਜਾਂਦੀ ਹੈ, ਅਰਥਾਤ ਉਹ ਨਸ਼ਟ ਹੋ ਜਾਂਦੇ ਹਨ।

ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥ ੬ ॥

ਜੇਕਰ ਸਾਗਰੁ=ਸਮੁੰਦਰ ਰੂਪ ਸੱਚਿਆਂ ਸਤਿਗੁਰਾਂ ਦੀ ਸੇਵਾ ਕਰੀਏ, ਤਾਂ ਗੁਰੂ ਰੂਪ ਸਮੁੰਦ੍ਰ ਉਹ ਸੱਚਾ ਨਾਮ ਪਦਾਰਥ ਦੇਂਦੇ ਹਨ ਜਿਸ ਦੀ ਕਦੇ ਤੋਟ ਨਹੀਂ ਆਉਂਦੀ॥ ੬ ॥

ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥

ਜੋ ਮੇਰੇ ਪ੍ਰਭੂ ਨੂੰ ਭਾਉਂਦੇ ਹਨ ਉਹ ਉਜਲੇ ਹਨ, ਹੋਰ ਸਾਰੇ ਪਾਪਾਂ ਦੀ ਮੈਲ ਨਾਲ ਭਰੇ ਹੋਏ ਹਨ।

ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥

ਪਾਪਾਂ ਦੀ ਮੈਲ ਨਾਲ ਮੈਲਾ ਹੋਇਆ ਜੀਵ ਤਾਂ ਹੀ ਉਜਲਾ ਹੁੰਦਾ ਹੈ, ਜੇਕਰ ਗੁਰੂ ਸਾਹਿਬ ਰੂਪੀ ਪਾਰਸ

www.sikhbookclub.com

ਦੇ ਨਾਲ ਭੀਜੈ=ਭਿਜ ਆਵੇ, ਅਰਥਾਤ ਪ੍ਰੇਮ ਕਰੇ।

ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ॥ ੭॥

ਲਾਲ=ਪਿਆਰੇ ਸੱਚੇ ਪਰਮੇਸ਼ਰ ਦੀ ਭਗਤੀ ਰੂਪ ਵੰਨੀ=ਰੰਗਤ ਜਿਸ ਨੂੰ ਚੜ੍ਹੀ ਹੈ, ਉਸ ਦੀ ਕੀਮਤਿ=ਉਪਮਾ ਕਿਸ ਤੋਂ ਕੀਤੀ ਜਾਂਦੀ ਹੈ॥ ੭॥

ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ॥

ਭੇਖਾਂ ਦੇ ਧਾਰਨ ਨਾਲ, ਤੀਰਥਾਂ ਵਿਚ ਸ਼ਨਾਨ ਕਰਨ ਨਾਲ ਅਤੇ ਦਾਨ ਕਰਨ ਨਾਲ ਪ੍ਰਭੂ ਦੀ ਹਾਥ=ਥਾਹ ਨਹੀਂ ਲੱਭਦੀ।

ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥

ਵੇਦ ਪੜ੍ਹਨ ਵਾਲਿਆਂ ਤੋਂ ਪੁਛੋ, ਪ੍ਰਭੂ ਦੇ ਮਾਨੇ=ਮੰਨਨ ਕੀਤੇ ਤੋਂ ਬਿਨਾਂ,

ਵਾ:- ਭਾਣਾ ਮੰਨੇ ਤੋਂ ਬਿਨਾਂ ਕਾਮ ਆਦਿਕ ਵਿਕਾਰਾਂ ਨੇ ਜੀਵਾਂ ਦੀ ਬੁੱਧੀ ਮੂਠੀ=ਠੱਗ ਲਈ ਹੈ।

ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ॥ ੮॥ ੬॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਗੁਰਾਂ ਦੁਆਰੇ ਪੂਰਾ ਗਿਆਨ ਹੋਇਆ ਹੈ, ਓਹੀ ਪੁਰਸ਼ ਉਸ ਪ੍ਰਭੂ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਣਾ ਕਰਦਾ ਹੈ॥ ੮॥ ੬॥

ਮਾਰੂ ਮਹਲਾ ੧॥

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥

ਇਸਤ੍ਰੀ ਦੇ ਮਰ ਜਾਣ ਕਰਕੇ, ਜਾਂ ਧਨ ਦੇ ਅਭਾਵ ਹੋਣ ਤੇ ਮਨਮੁਖ ਨੂੰ ਮੰਦ ਵੈਰਾਗ ਦੀ ਲਹਿਰ ਆਈ, ਤਾਂ ਆਪਣੇ ਘਰ ਨੂੰ ਤਿਆਗ ਕੇ ਵਿਗੂਚੈ=ਖਰਾਬ ਹੁੰਦਾ ਹੈ, ਚੋਰੀ ਕਰਨ ਦੀ ਇੱਛਾ ਕਰਕੇ ਹੋਰਨਾਂ ਦੇ ਘਰਾਂ ਨੂੰ ਵੇਖਦਾ ਹੈ, ਜਾਂ ਵਿਸ਼ਈ ਹੋਣ ਕਰਕੇ ਅਵਰਾ ਕੇ ਘਰ ਹੇਰੈ=ਪ੍ਰਾਈਆਂ ਇਸਤ੍ਰੀਆਂ ਵੱਲ ਵੇਖਦਾ ਹੈ।

ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥

ਗ੍ਰਿਹ=ਗ੍ਰਹਸਤਾ ਧਰਮ ਨੂੰ ਗਵਾ ਲਿਆ ਤੇ ਪੂਰਿਆਂ ਸਤਿਗੁਰਾਂ ਨੂੰ ਭੀ ਨਾ ਮਿਲਿਆ, ਇਹ ਦੁਰਮਤੀਆਂ ਤਿੰਨਾਂ ਗੁਣਾਂ ਰੂਪੀ ਘੁੰਮਨ ਘੇਰੀ ਵਿਚ ਪੈ ਰਿਹਾ ਹੈ, ਜਾਂ ਦੁਰਮਤਿ=ਖੋਟੀ ਮਤ ਕਰਕੇ ਸੰਸਾਰ ਰੂਪੀ ਘੁੰਮਨ ਘੇਰੀ ਵਿਚ ਪੈ ਰਿਹਾ ਹੈ।

ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ॥

ਦੇਸਾਂ ਦਿਸਾਂਤਰਾਂ ਵਿਚ ਭਵੈ=ਫਿਰਦਾ ਹੈ, ਵੇਦਾਂ ਦੇ ਪਾਠ ਪੜ੍ਹ ਕੇ ਥਕ ਗਿਆ, ਪਰ ਦਿਨ ਬ ਦਿਨ ਪਦਾਰਥਾਂ ਦੀ ਤ੍ਰਿਸ਼ਨਾ ਬਹੁਤੀ ਹੁੰਦੀ ਜਾਂਦੀ ਹੈ।

ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ॥ ੧॥

ਕਾਚੀ ਪਿੰਡੀ=ਬੁੱਧੀ (ਅਕਲ) ਵਾਲਾ ਸਬਦੁ=ਬ੍ਰਹਮ ਨੂੰ ਨਹੀਂ ਜਾਣਦਾ ਤੇ ਢੋਰੈ=ਖੋਤੇ (ਗਧੇ) ਵਾਂਗੂ ਪੇਟ ਭਰਦਾ ਹੈ॥ ੧॥

www.sikhbookclub.com

ਬਾਬਾ ਐਸੀ ਰਵਤ ਰਵੈ ਸੰਨਿਆਸੀ॥

ਹੇ ਬਾਬਾ=ਭਾਈ ! ਅਜੇਹੀ ਰਵਤ=ਰਹਿਣੀ ਵਿਚ ਜੋ ਰਹਿੰਦਾ ਹੈ ਉਹ ਅਸਲ ਸੰਨਿਆਸੀ ਹੈ।

ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ॥੧॥ਰਹਾਉ॥

ਜਿਸ ਦੀ ਗੁਰਾਂ ਦੇ ਉਪਦੇਸ਼ ਕਰਕੇ ਇਕ ਪਰਮੇਸ਼ਰ ਵਿਚ ਲਿਵ ਲਗੀ ਰਹਿੰਦੀ ਹੈ ਅਤੇ ਤੇਰੈ=ਤਿਸ ਦੇ ਨਾਮ ਵਿਚ ਤਦਾਕਾਰ ਹੋਣ ਕਰਕੇ ਬੁੱਧੀ ਪਦਾਰਥਾਂ ਵਲੋਂ ਤ੍ਰਿਪਤ ਰਹਿੰਦੀ ਹੈ॥ ੧॥ ਰਹਾਉ॥

ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ॥

ਪਾਣੀ ਵਿਚ ਗੇਰੂ ਘੋਲ ਕੇ ਕਪੜਿਆਂ ਨੂੰ ਰੰਗ ਚੜ੍ਹਾ ਲਿਆ, ਐਸੇ ਭੇਖ ਨੂੰ ਧਾਰ ਕੇ ਭੇਖਾਰੀ=ਭਿਛਕ, ਅਰਥਾਤ ਮੰਗਤਾ ਬਣ ਗਿਆ, ਜਾਂ ਰੰਗੇ ਹੋਏ ਵਸਤ੍ਰਾਂ ਦਾ ਭੇਖ ਧਾਰ ਕੇ ਭੇਖਾਰੀ=ਭੇਖੀ ਹੋ ਗਿਆ।

ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆ ਧਾਰੀ॥

ਕਪੜੇ ਨੂੰ ਫਾੜ ਕੇ ਖਿੰਥਾ=ਖਫਨੀ ਭੀ ਬਣਾ ਲਈ, ਪਰ ਝੋਲੀ ਵਿਚ ਮਾਇਆ ਧਾਰੀ='ਕੱਠੀ ਕਰ ਰਖੀ ਹੈ।

ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥

ਘਰ ਘਰਿ ਵਿਚ ਫਿਰਕੇ ਮੰਗਦਾ ਹੈ ਤੇ ਜਗਤ ਦੇ ਜੀਵਾਂ ਨੂੰ ਪਰਬੋਧੈ=ਸਮਝਾਂਵਦਾ, ਅਰਥਾਤ ਉਪਦੇਸ਼ ਕਰਦਾ ਹੈ, ਪਰ ਮਨ ਦੇ ਅੰਨ੍ਹੇ ਨੇ ਆਪਣੀ ਇੱਜ਼ਤ ਗਵਾ ਲਈ ਹੈ।

ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥੨॥

ਭਰਮ ਵਿਚ ਭੁਲੇ ਹੋਏ ਜੀਵ ਨੇ ਸਬਦੁ=ਬ੍ਰਹਮ ਨੂੰ ਨਹੀਂ ਜਾਣਿਆ, ਸੰਸਾਰ ਜੂਏ ਵਿਚ ਉਸ ਨੇ ਮਨੁੱਖਾ ਦੇਹ ਰੂਪ ਬਾਜੀ ਹਾਰ ਦਿਤੀ ਹੈ॥ ੨॥

[ਪੰਨਾ ੧੦੧੩]

ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥

ਗੁਰੂ ਤੋਂ ਬਿਨਾਂ ਤ੍ਰਿਸ਼ਨਾ ਰੂਪੀ ਅੰਦਰਲੀ ਅੱਗ ਬੁਝਦੀ ਨਹੀਂ ਹੈ, ਬਾਹਰੋਂ ਦਿਖਾਵੇ ਮਾਤ੍ਰ ਪੂਅਰ=ਪੰਜ ਧੂਣੀਆਂ ਤਪਦਾ ਹੈ।

ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ॥

ਗੁਰੂ ਦੀ ਸੇਵਾ ਕੀਤੇ ਤੋਂ ਬਿਨਾਂ ਪ੍ਰਭੂ ਦੀ ਭਗਤੀ ਨਹੀਂ ਹੁੰਦੀ, ਤਾਂ ਫਿਰ ਆਪਣੇ ਸਰੂਪ ਨੂੰ ਕਿਸ ਤਰ੍ਹਾਂ ਜਾਣੇਗਾ।

ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ॥

ਨਿੰਦਿਆ ਕਰ ਕਰਕੇ ਨਰਕਾਂ ਦਾ ਨਿਵਾਸੀ ਹੁੰਦਾ ਹੈ ਅਤੇ ਹਿਰਦੇ ਅੰਦਰ ਤ੍ਰਿਸ਼ਨਾ ਰੂਪੀ, ਵਾ:-ਈਰਖਾ ਰੂਪੀ ਅੱਗ ਜਾਣੀ ਜਾਂਦੀ ਹੈ। ਅਥਵਾ:- ਹਿਰਦੇ ਅੰਦਰ ਆਤਮ=ਵਿਸ਼ੇਸ਼ ਕਰਕੇ ਤਮੋਗੁਣ, ਵਾ:-ਅਗਿਆਨ ਰੂਪ ਹਨੇਰਾ ਜਾਪਿਆ=ਜਾਣਿਆ ਜਾਂਦਾ ਹੈ। ਵਾ:-ਆਤਮਾ ਦੀ ਤਰਫ ਅੰਤਰਿ=ਅੰਤਰਾ ਭੇਦ ਜਾਣਿਆ ਜਾਂਦਾ ਹੈ। (ਨੋਟ- ਸੰਪ੍ਰਦਾਈ ਪਾਠ *ਅੰਤਰਿ ਆਤਸ ਜਾਪੈ* ਹੈ।)

www.sikhbookclub.com

ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥ ੩॥

ਅਠਾਠ ਤੀਰਥਾਂ 'ਪਰ ਫਿਰਦਾ ਹੋਇਆ ਭਰਮ ਵਿਚ ਵਿਗੂਚਹਿ=ਖਰਾਬ ਹੁੰਦਾ ਹੈ, ਜਾਂ ਭਰਮ ਵਿਚ ਫਸਿਆ ਹੋਇਆ ਅਠਾਨ ਤੀਰਥਾਂ 'ਪਰ ਖਰਾਬ ਹੁੰਦਾ ਫਿਰਦਾ ਹੈ, ਝਾਂ ਪਾਪਾਂ ਦੀ ਮੈਲ ਕਿਵੇਂ ਧੋਪੇਗੀ॥ ੩॥

ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥

ਖਾਕੁ=ਸਵਾਹ ਛਾਣ ਕੇ ਸਰੀਰ ਉਤੇ ਬਿਭੂਤੀ ਚੜ੍ਹਾ ਲਈ ਤਾਂ ਕੀ ਹੋਇਆ, ਜੇਕਰ ਮਾਇਆ ਦਾ ਰਸਤਾ ਹੀ ਜੋਹੈ=ਵੇਖਦਾ ਰਿਹਾ।

ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥

ਸਰੀਰ ਦੇ ਜਾਂ ਬ੍ਰਹਮਾਂਡ ਦੇ ਅੰਦਰ ਬਾਹਰ ਇਕ ਪਰਮਾਤਮਾ ਨੂੰ ਪੂਰਨ ਨਹੀਂ ਜਾਣਦਾ, ਜੇ ਕੋਈ ਸੱਚ ਆਖੇ ਤਾਂ ਛੋਹੈ=ਕਰੋਧ (ਗੁੱਸਾ) ਕਰ ਲੈਂਦਾ ਹੈ।

ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥

ਪਾਠ ਪੜ੍ਹਦਾ ਹੈ ਤੇ ਮੂੰਹੋਂ ਝੂਠ ਬੋਲਦਾ ਹੈ, ਓਹੀ ਮਤ ਨਿਗੁਰੇ ਪੁਰਸ਼ ਦੀ ਹੈ, ਅਰਥਾਤ ਕਹਿੰਦਾ ਕੁਝ ਹੋਰ ਹੈ ਤੇ ਕਮਾਂਵਦਾ ਕੁਝ ਹੋਰ ਹੈ।

ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥ ੪॥

ਜੇਹੜਾ ਪੁਰਸ਼ ਨਾਮ ਨੂੰ ਨਹੀਂ ਜਪਦਾ ਉਹ ਕਿਵੇਂ ਸੁਖ ਪਾਵੇਗਾ ਅਤੇ ਨਾਮ ਤੋਂ ਬਿਨਾਂ ਕਿਵੇਂ ਸੋਹੈ=ਸੋਭਾ ਪਾਵੇਗਾ॥ ੪॥

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ॥

ਕਿਸੇ ਨੇ ਮੂੰਡੁ ਮੁਡਾਇ=ਸਿਰ ਮੁੰਨਾ ਲਿਆ, ਕਿਸੇ ਨੇ ਸਿਖ=ਸਿਰ 'ਤੇ ਜਟਾ=ਜੜਾਵਾਂ ਦਾ ਜੂੜਾ ਬੰਨ੍ਹ ਲਿਆ, ਕੋਈ ਮੋਨੀ ਹੋ ਕੇ ਅਭਿਮਾਨਾ=ਹੰਕਾਰ ਵਿਚ ਰਹਿੰਦਾ ਹੈ। ਪਰ—

ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥

ਆਤਮ ਗਿਆਨ ਵਿਚ ਰਤ=ਪ੍ਰੀਤੀ ਕੀਤੇ ਤੋਂ ਬਿਨਾਂ ਮਨ ਡੋਲਦਾ ਹੋਇਆ ਦਸੋਂ ਦਿਸ਼ਾਂ ਵੱਲ ਧਾਵੇ=ਦੌੜਦਾ ਹੈ।

ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ॥

ਨਾਮ ਅੰਮ੍ਰਿਤ ਨੂੰ ਛੱਡ ਕੇ ਬਹੁਤ ਹੀ ਵਿਸ਼ੇ ਵਿਕਾਰਾਂ ਰੂਪੀ ਬਿਖੁ=ਜ਼ਹਿਰ ਨੂੰ ਪੀਂਦਾ ਹੈ ਅਤੇ ਮਾਇਆ ਦਾ ਦੇਵਾਨਾ=ਪਾਗਲ ਕੀਤਾ ਹੋਇਆ ਹੈ।

ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ॥ ੫॥

ਜਿਸ ਪ੍ਰਭੂ ਦਾ ਲਿਖਿਆ ਹੋਇਆ ਕਰਮ ਭੋਗੇ ਬਿਨਾਂ ਮਿਟਦਾ ਨਹੀਂ ਹੈ, ਉਸ ਪ੍ਰਭੂ ਦੇ ਹੁਕਮ ਨੂੰ ਬੁੱਝਦਾ ਨਹੀਂ ਹੈ, ਇਸ ਲਈ ਪਸੂਆਂ ਦੇ ਵਿਚ ਹੀ ਸਮਾਨਾ=ਮਿਲ ਗਿਆ ਹੈ,

ਵਾ:- ਪਸੂਆਂ ਵਿਚੋਂ ਇਹ ਸਮਾਨ ਪਸੂ ਭਾਵ ਗਧਾ ਹੋ ਗਿਆ ਭਾਰ ਢੋਹਣੇ ਵਾਲਾ, ਇਸਤ੍ਰੀ ਪੁਤ੍ਰ ਆਦਿਕਾਂ

www.sikhbookclub.com

ਦੇ ਭਾਰ ਨੂੰ ਚੁਕੀ ਫਿਰਦਾ ਹੈ॥ ੫॥

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥

*ਕਾਪੜੀਆਂ ਭੇਖ ਦੇ ਸਹਤ ਹੋ ਕੇ ਹੱਥ ਵਿਚ ਕਮੰਡਲ ਤਾਂ ਫੜ ਲਿਆ ਹੈ, ਪਰ ਮਨ ਵਿਚ ਬੜੀ ਭਾਰੀ ਤ੍ਰਿਸ਼ਨਾ ਪੈਦਾ ਹੋ ਰਹੀ ਹੈ।

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥

ਆਪਣੀ ਵਿਆਹੀ ਹੋਈ ਇਸਤ੍ਰੀ ਤਿਆਗ ਕਰਕੇ ਕਾਮ ਵਿਚ ਵਿਆਪ ਰਿਹਾ ਹੈ ਤੇ ਪਰਾਈ ਇਸਤਰੀ ਵਿਚ ਚਿਤ ਲਗਾਈ ਬੈਠਾ ਹੈ।

ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥

ਲੋਕਾਂ ਨੂੰ ਆਪਣਾ ਸਿਖ=ਚੇਲਾ ਕਰ ਕਰਕੇ ਛੱਡੀ ਜਾਂਦਾ ਹੈ ਤੇ ਸਬਦੁ ਨ ਚੀਨੈ=ਬ੍ਰਹਮ੍ ਨੂੰ ਜਾਣਦਾ ਨਹੀਂ ਹੈ, ਪਰ ਇਸਤਰੀ ਲੰਪਟ ਹੋ ਕੇ ਜਾਂ ਵਿਸ਼ੇ ਲੰਪਟ ਹੋ ਕੇ ਬਾਜਾਰੀ=ਮਸ਼ਕਰਾ ਹੋ ਰਿਹਾ ਹੈ।

ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ॥ ੬॥

ਅੰਤਰਿ=ਅੰਤਹਕਰਣ ਤਾਂ ਵਿਸ਼ੇ ਵਾਸ਼ਨਾ ਨਾਲ ਭਰਿਆ ਹੋਇਆ ਹੈ ਤੇ ਬਾਹਰੋਂ ਆਖਦਾ ਹੈ ਮੈਂ ਨਿਭਰਾਤੀ=ਭ੍ਰਾਂਤੀ ਤੋਂ ਰਹਿਤ ਹਾਂ, ਤਾਂ ਹੀ ਜਮ ਇਸ ਨੂੰ ਖੁਆਰੀ=ਖਰਾਬ ਕਰਦਾ ਹੈ॥ ੬॥

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ॥

ਹਿਰਦੇ ਵਿੱਚੋਂ ਆਪਾ ਭਾਅ ਹੰਕਾਰ ਨੂੰ ਗੁਆ ਕੇ ਜੋ ਸਤਿਗੁਰਾਂ ਨੂੰ ਸੇਂਵਦਾ ਹੈ, ਉਹ ਸੱਚਾ ਸੰਨਿਆਸੀ ਹੈ।

ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ॥

ਛਾਦਨ=ਕਪੜੇ ਦੀ ਤੇ ਭੋਜਨ=ਰੋਟੀ ਦੀ ਆਸਾ ਨਾ ਕਰੇ, ਜੋ ਕੁਝ ਅਚਿੰਤੁ=ਅਚਾਨਕ (ਆਪਣੇ ਆਪ) ਮਿਲ ਜਾਵੇ ਓਹੀ ਪਾ ਲਵੇ। ਅਰਥਾਤ ਓਹੀ ਖਾਵੇ ਪਹਿਨੇ, ਧਰਨਾ ਮਾਰ ਕੇ ਨਾ ਬੈਠੇ।

ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ॥

ਬਕੈ=ਵਿਅਰਥ ਬਚਨਾਂ ਨੂੰ ਨਾ ਬੋਲੇ ਕਿ ਹੁਣ ਤੱਕ ਕੁਝ ਭੀ ਨਹੀਂ ਆਇਆ, ਖਿਮਾ ਰੂਪੀ ਧਨ ਨੂੰ ਸੰਗ੍ਰਹੈ=ਇਕੱਠ੍ਰ ਕਰੇ, ਨਾਮ ਸਿਮਰਨ ਵਿਚ ਰਹਿ ਕੇ ਤਮੋਗੁਣ ਨੂੰ ਜਲਾਏ=ਸਾੜ ਦੇਵੇ।

ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ॥ ੭॥

ਜੇਕਰ ਗ੍ਰਹਸਤੀ ਹੈ ਤੋ ਭੀ ਧੰਨ ਹੈ, ਜੇ ਸੰਨਿਆਸੀ ਹੈ ਤੋ ਭੀ ਧੰਨ ਹੈ, ਜੇ ਜੋਗੀ ਹੈ ਤੋ ਭੀ ਧੰਨ ਹੈ ਜੇਹੜਾ ਹਰੀ ਦੇ ਚਰਨਾਂ ਨਾਲ ਚਿਤ ਬਿਰਤੀ ਨੂੰ ਲਗਾਂਦਾ ਹੈ॥ ੭॥

ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ॥

ਜੋ ਆਸਾ ਤੋਂ ਨਿਰਾਸ ਰਹਿੰਦਾ ਹੈ ਤੇ ਇਕ ਪ੍ਰਭੂ ਨਾਲ ਬਿਰਤੀ ਲਗਾਂਦਾ ਹੈ ਉਹ ਸੱਚਾ ਸੰਨਿਆਸੀ ਹੈ।

*ਕਾਪੜੀਆਂ ਇਕ ਪੰਥ ਦਾ ਨਾਮ ਹੈ ਜੋ ਹਮੇਸ਼ਾ ਤੀਰਥਾਂ ਉਤੇ ਭੌਂਦੇ ਰਹਿੰਦੇ ਹਨ, ਇਹਨਾਂ ਨੂੰ ਸਰਵਣ ਦੀ ਵੈਂਹਗੀ ਭੀ ਕਹਿੰਦੇ ਹਨ।

ਹਰਿ ਰਸੁ ਪੀਵੈ ਤਾ ਸਾਂਤਿ ਆਵੈ ਨਿਜ ਘਰਿ ਤਾੜੀ ਲਾਏ॥

ਜਾਂ ਹਰੀ ਨਾਮ ਰਸ ਨੂੰ ਪੀਵੇ ਤਾਂ ਸ਼ਾਂਤੀ ਆਉਂਦੀ ਹੈ ਅਤੇ ਉਹ ਆਪਣੇ ਸਰੂਪ ਘਰ ਵਿਚ ਤਾੜੀ=ਸਮਾਧੀ ਲਗਾਉਂਦਾ ਹੈ।

ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ॥

ਮੁਖੀ ਗੁਰਾਂ ਦੁਆਰੇ ਸਮਝੇ ਤਾਂ ਮਨ ਨਹੀਂ ਡੋਲਦਾ ਅਤੇ ਧਾਵਤੁ=ਦੌੜਦੇ ਜੋ ਇੰਦ੍ਰੀਏ ਹਨ ਉਹਨਾਂ ਨੂੰ ਵਰਜਿ ਰਹਾਏ=ਰੋਕ ਰਖਦਾ ਹੈ।

ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ॥ ੮॥

ਗੁਰ ਸਿੱਖਿਆ ਲੈ ਕੇ ਸਰੀਰ ਘਰ ਵਿਚ ਖੋਜੇ ਤਾਂ ਨਾਮ ਪਦਾਰਥ ਨੂੰ ਪਾਂਦਾ ਹੈ॥ ੮॥

ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ॥

ਬ੍ਰਹਮਾ, ਵਿਸ਼ਨੂ, ਮਹੇਸੁ=ਸ਼ਿਵ ਅਤੇ ਹੋਰ ਜੋ ਸਰੇਸ਼ਟ=ਉਤਮ ਪੁਰਸ਼ ਹਨ, ਉਹ ਸਾਰੇ ਏਹੋ ਕਹਿੰਦੇ ਹਨ ਕਿ ਜੋ ਨਾਮ ਵਿਚ ਰੱਤੇ ਹਨ ਓਹੀ ਵੀਚਾਰਵਾਨ ਹਨ। *ਅਥਵਾ:-* ਜੋ ਵੀਚਾਰਵਾਨ ਨਾਮ ਸਿਮਰਨ ਵਿਚ ਰੱਤੇ ਹਨ ਉਹ ਬ੍ਰਹਮਾ ਵਿਸ਼ਨੂੰ ਅਤੇ ਸ਼ਿਵਾ ਤੋਂ ਭੀ ਸਰੇਸ਼ਟ=ਉੱਤਮ ਹਨ।

ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ॥

ਹੇ ਪ੍ਰਭੂ ! ਚਾਰ ਖਾਣੀਆਂ, ਚਾਰ ਬਾਣੀਆਂ, ਗਗਨ=ਅਕਾਸ਼ ਤੇ ਪਤਾਲ ਆਦਿਕਾਂ ਦੇ ਸਾਰਿਆਂ ਜੀਵਾਂ ਵਿਚ ਆਪ ਜੀ ਦੀ ਜੋਤਿ=ਸੱਤਾ ਹੈ।

ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ॥

ਨਾਮ ਬਾਣੀ ਦੇ ਧੁਨਿ=ਉਚਾਰਨ ਨਾਲ ਸਾਰੇ ਸੁਖ ਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ, ਤਾਂ ਤੇ ਹੇ ਭਾਈ ! ਸੱਚ ਨਾਮ ਨੂੰ ਹਿਰਦੇ ਵਿਚ ਧਾਰਨ ਕਰ।

ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ॥ ੯॥ ੭॥

ਗੁਰੂ ਜੀ ਕਥਨ ਕਰਦੇ ਹਨ— ਹੇ ਭਾਈ ! ਨਾਮ ਸਿਮਰਨ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ, ਸੱਚੀ ਭਗਤੀ ਰੂਪ ਤਾਰੀ=ਬੇੜੀ 'ਪਰ ਚੜ੍ਹ ਕੇ ਤੂੰ ਵਿਕਾਰਾਂ ਰੂਪ ਨਦੀ ਤੋਂ ਤਰ ਜਾਹ॥ ੯॥ ੭॥

ਮਾਰੂ ਮਹਲਾ ੧॥

ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ॥

ਮਾਤਾ ਪਿਤਾ ਦੇ ਸੰਜੋਗ ਤੋਂ ਰਕਤ ਬੀਰਜ ਦੇ ਮਿਲਾਪ ਨਾਲ ਪ੍ਰਭੂ ਨੇ ਜੀਵਾਂ ਦੇ ਪਿੰਡੁ=ਸਰੀਰ ਉਤਪਨ ਕੀਤੇ ਹਨ।

ਅੰਤਰਿ ਗਰਭ ਉਰਧਿ ਲਿਵ ਲਾਗੀ ਸੋ ਪ੍ਰਭੁ ਸਾਰੇ ਦਾਤਿ ਕਰੇ॥ ੧॥

ਮਾਂ ਦੇ ਗਰਭ ਅੰਦਰ ਉਰਧਿ=ਪੁੱਠੇ ਲਟਕੇ ਦੀ ਲਿਵ ਉਸ ਪ੍ਰਭੂ ਵਿਚ ਲਗ ਰਹੀ ਸੀ, ਜੋ ਪ੍ਰਭੂ ਸਾਰਿਆਂ ਜੀਵਾਂ ਨੂੰ ਦਾਤ ਦੇਣਾ ਕਰਦਾ ਹੈ, ਜਾਂ ਉਸ ਪ੍ਰਭੂ ਨੇ ਤੈਨੂੰ ਸਾਰਿਆਂ ਪਦਾਰਥਾਂ ਦੀ ਦਾਤ ਦੇਣਾ ਕੀਤੀ ਹੈ॥ ੧॥

www.sikhbookclub.com

ਸੰਸਾਰੁ ਭਵਜਲੁ ਕਿਉ ਤਰੈ॥

ਹੇ ਭਾਈ ! ਨਾਮ ਸਿਮਰਨ ਤੋਂ ਬਿਨਾਂ ਸੰਸਾਰ ਸਮੁੰਦਰ ਤੋਂ ਕਿਵੇਂ ਤਰੇਂਗਾ।

ਗੁਰਮੁਖਿ ਨਾਮੁ ਨਿਰੰਜਨੁ ਪਾਈਐ ਅਫਰਿਓ ਭਾਰੁ ਅਫਾਰੁ ਟਰੈ॥੧॥ਰਹਾਉ॥

ਗੁਰਮੁਖਿ=ਗੁਰਾਂ ਦੁਆਰੇ, ਨਿਰੰਜਨੁ=ਪਰਮਾਤਮਾ ਦੇ ਨਾਮ ਨੂੰ ਪਾਣਾ ਕਰ, ਤਾਂ ਅਫਰਿਓ=ਹੰਕਾਰੀ ਕਾਲ ਅਤੇ ਅਫਾਰੁ=ਅਸਹੈ ਪਾਪਾਂ ਦਾ ਭਾਰ ਟਲ ਜਾਏਗਾ।

ਤੇ ਗੁਣ ਵਿਸਰਿ ਗਏ ਅਪਰਾਧੀ ਮੈ ਬਉਰਾ ਕਿਆ ਕਰਉ ਹਰੇ॥

ਹੇ ਹਰੀ ! ਜੇਹੜੇ ਉਪਕਾਰ ਤੂੰ ਮੇਰੇ ਉਤੇ ਕੀਤੇ ਹਨ, ਮੈਂ ਅਪਰਾਧੀ ਨੂੰ ਉਹ ਸਾਰੇ ਵਿਸਰਿ=ਭੁਲ ਗਏ ਹਨ, ਹੁਣ ਮੈਂ ਪਾਗਲ ਕੀ ਕਰਾਂ।

ਤੂ ਦਾਤਾ ਦਇਆਲੁ ਸਭੈ ਸਿਰਿ ਅਹਿਨਿਸਿ ਦਾਤਿ ਸਮਾਰਿ ਕਰੇ॥੨॥

ਹੇ ਹਰੀ ! ਤੂੰ ਦਿਆਲੂ ਦਾਤਾ ਹੈਂ ਸਾਰਿਆਂ ਸਿਰਾਂ ਦੀ ਸੰਭਾਲ ਕਰਕੇ ਤੂੰ ਰਾਤ ਦਿਨ ਦਾਤ ਦੇਣਾ ਕਰਦਾ ਹੈਂ॥ ੨॥

[ਪੰਨਾ ੧੦੧੪]

ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ॥

ਧਰਮ, ਅਰਥ, ਕਾਮ, ਮੋਖ ਰੂਪ ਚਾਰਿਆਂ ਪਦਾਰਥਾਂ ਦੇ ਲੈਣ ਵਾਸਤੇ ਇਹ ਜੀਵ ਜਗਤ ਵਿਚ ਜਨਮਿਆਂ ਹੈ, ਪਰ ਸਿਵ=ਕਲਿਆਣ ਸਰੂਪ ਪਰਮਾਤਮਾ ਤੇ ਸ਼ਕਤੀ=ਮਾਇਆ ਦਾ ਘਰ ਜੋ ਸੰਸਾਰ ਹੈ, ਇਸ ਵਿਚ ਇਸ ਨੇ ਵਾਸਾ ਧਰਿਆ ਹੈ। *ਅਥਵਾ:-* ਚਾਰਿ=ਸੁੰਦਰ, ਨਾਮ, ਭਗਤੀ, ਗਿਆਨ ਪਦਾਰਥਾਂ ਦੇ ਲੈਣ ਵਾਸਤੇ ਜਗਤ ਵਿਚ ਜਨਮਿਆਂ ਹੈ ਪਰ ਸ਼ਿਵ ਸ਼ਕਤੀ ਦਾ ਘਰ ਜੋ ਸੰਸਾਰ ਹੈ ਉਸ ਵਿਚ ਇਸ ਨੇ ਨਿਵਾਸ ਧਰਿਆ ਹੈ।

ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ॥੩॥

ਇਥੇ ਆ ਕੇ ਇਸ ਨੂੰ ਭੂਖ=ਤ੍ਰਿਸਨਾ ਲਗ ਗਈ ਹੈ, ਇਸ ਲਈ ਮਾਇਆ ਦੇ ਮਗੁ=ਰਾਹ (ਰਸਤੇ) ਨੂੰ ਜੋਹੈ=ਵੇਖਦਾ ਹੈ ਤੇ ਮੁਕਤੀ ਰੂਪ ਚੰਗੇ ਪਦਾਰਥ ਨੂੰ ਮੋਹਿ ਖਰੇ=ਲੁਟਾ ਖਲੋਤਾ ਹੈ॥ ੩॥

ਕਰਣ ਪਲਾਵ ਕਰੇ ਨਹੀ ਪਾਵੇ ਇਤ ਉਤ ਢੂਢਤ ਥਾਕਿ ਪਰੇ॥

ਕਰਣ=ਕੀਰਨੇ, ਅਰਥਾਤ ਰੋਣਾ-ਪਿਟਣਾ ਕਰਦਾ ਹੈ, ਕਈ ਤਰ੍ਹਾਂ ਦੇ ਪਲਾਵ=ਜਤਨ ਭੀ ਕਰਦਾ ਹੈ ਪਰ ਮੁਕਤੀ ਸੁਖ ਨੂੰ ਨਹੀਂ ਪਾਂਦਾ, ਇਧਰ ਉਧਰ ਢੂੰਡਦਾ ਥੱਕ ਪਿਆ ਹੈ।

ਕਾਮਿ ਕ੍ਰੋਧਿ ਅਹੰਕਾਰਿ ਵਿਆਪੇ ਕੂੜ ਕੁਟੰਬ ਸਿਉ ਪ੍ਰੀਤਿ ਕਰੇ॥੪॥

ਕਾਮ, ਕ੍ਰੋਧ ਤੇ ਹੰਕਾਰ ਆਦਿਕਾਂ ਵਿਚ ਵਿਆਪੇ=ਲਗਾ ਹੋਇਆ ਹੈ ਅਤੇ ਝੂਠੇ ਕੁਟੰਬ ਨਾਲ ਪ੍ਰੀਤੀ ਕਰਦਾ ਹੈ॥ ੪॥

ਖਾਵੈ ਭੋਗੈ ਸੁਣਿ ਸੁਣਿ ਦੇਖੈ ਪਹਿਰਿ ਦਿਖਾਵੈ ਕਾਲ ਘਰੇ॥

ਰਸਾਂ ਨੂੰ ਖਾਂਦਾ ਹੈ, ਵਿਸ਼ਿਆਂ ਨੂੰ ਭੋਗਦਾ ਹੈ ਸੁਣਿ=ਕੰਨਾਂ ਨਾਲ ਗੀਤਾਂ ਨੂੰ ਸੁਣਦਾ ਹੈ, ਅੱਖਾਂ ਨਾਲ ਰੂਪ

ਵੇਖਦਾ ਹੈ, ਕਪੜੇ ਪਹਿਰ ਕੇ ਵਿਖਾਂਦਾ ਹੈ ਤੇ ਅੰਤ ਨੂੰ ਕਾਲ=ਮੌਤ ਦੇ ਘਰ ਵਿਚ ਜਾ ਪੈਦਾ ਹੈ।

ਬਿਨੁ ਗੁਰ ਸਬਦ ਨ ਆਪੁ ਪਛਾਣੈ ਬਿਨੁ ਹਰਿ ਨਾਮ ਨ ਕਾਲੁ ਟਰੇ॥ ੫॥

ਗੁਰ ਸ਼ਬਦ ਤੋਂ ਬਿਨਾਂ ਆਪਣੇ ਸਰੂਪ ਨੂੰ ਪਛਾਣਦਾ ਨਹੀਂ ਹੈ ਅਤੇ ਹਰੀ ਨਾਮ ਸਿਮਰਨ ਤੋਂ ਬਿਨਾਂ ਕਾਲ ਟਲਦਾ ਨਹੀਂ ਹੈ॥ ੫॥

ਜੇਤਾ ਮੋਹੁ ਹਉਮੈ ਕਰਿ ਭੂਲੇ.ਮੇਰੀ ਮੇਰੀ ਕਰਤੇ ਛੀਨਿ ਖਰੇ॥

ਜਿਤਨਾ ਕੁ ਮੋਹ ਰੂਪ ਪ੍ਰਪੰਚ ਹੈ ਉਸ ਵਿਚ ਹਉਮੈ=ਮੈਂ ਮੇਰੀ ਕਰਕੇ ਜੀਵ ਭੁਲੇ ਹੋਏ ਹਨ, ਇਹ ਮੇਰੀ ਜ਼ਮੀਨ ਹੈ, ਇਹ ਮੇਰੀ ਮਾਇਆ ਹੈ ਤੇ ਸਭ ਤੋਂ ਉੱਚੀ ਮੇਰੀ ਜਾਤੀ ਹੈ, ਇਸ ਤਰ੍ਹਾਂ ਮੇਰੀ ਮੇਰੀ ਕਰਦੇ ਹੀ ਖਰੇ=ਚੰਗੇ ਚੰਗੇ ਮਨੁੱਖ ਸ਼ੁਭ ਗੁਣਾਂ ਨੂੰ ਛੀਨਿ ਖਰੇ=ਲੁਟਾ ਖਲੋਤੇ ਹਨ।

ਤਨੁ ਧਨੁ ਬਿਨਸੈ ਸਹਸੈ ਸਹਸਾ ਫਿਰਿ ਪਛੁਤਾਵੈ ਮੁਖਿ ਧੂਰਿ ਪਰੇ॥ ੬॥

ਤਨੁ=ਪੁਤ੍ਰ ਆਦਿਕਾਂ ਦੇ ਬਿਨਸਨੇ ਕਰਕੇ ਸਹਸੈ=ਗਮ ਕਰਦਾ ਹੈ, ਜਿਸ ਵੇਲੇ ਧਨ ਬਿਨਸਦਾ ਹੈ ਤਦ ਵੀ ਸਹਸਾ=ਗਮ ਕਰਦਾ ਹੈ, ਪ੍ਰਲੋਕ ਵਿਚ ਗਿਆ ਜਦ ਮੂੰਹ 'ਪਰ ਲਾਹਨਤਾਂ ਰੂਪ ਧੂੜ ਪੈਂਦੀ ਹੈ ਤਾਂ ਫਿਰ ਪਛਚਾਤਾਪ ਕਰਦਾ ਹੈ॥ ੬॥

ਬਿਰਧਿ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ॥

ਜੁਆਨੀ ਦਾ ਪਹਿਰਾ ਤਨ ਤੋਂ ਖਿਸਕ ਗਿਆ ਤਾਂ ਬੁੱਢਾ ਹੋ ਗਿਆ, ਉਸ ਵੇਲੇ ਕਫੁ=ਬਲਗਮ ਨਾਲ ਕੰਠੁ ਬਿਰੂਧੇ=ਗਲਾ ਰੁਕ ਜਾਂਦਾ ਹੈ ਤੇ ਨੈਨਹੁ=ਅੱਖਾਂ ਵਿੱਚੋਂ ਪਾਣੀ ਵਗਦਾ ਹੈ।

ਚਰਣ ਰਹੇ ਕਰ ਕੰਪਣ ਲਾਗੇ ਸਾਕਤ ਰਾਮੁ ਨ ਰਿਦੈ ਹਰੇ॥ ੭॥

ਪੈਰ ਤੁਰਣ ਤੋਂ ਰਹਿ ਜਾਂਦੇ ਹਨ, ਕਰ=ਹੱਥ ਕੰਬਣ ਲੱਗ ਜਾਂਦੇ ਹਨ, ਇਸ ਹਾਲਤ ਵਿਚ ਭੀ ਸਾਕਤ ਪੁਰਸ਼ ਹਿਰਦੇ ਵਿਚ ਹਰਿਆ ਕਰਨ ਵਾਲਾ ਜੋ ਰਾਮ ਹੈ, ਉਸ ਦਾ ਸਿਮਰਨ ਨਹੀਂ ਕਰਦਾ॥ ੭॥

ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੇ॥

ਉਸ ਵੇਲੇ ਸੁਰਤਿ ਗਈ=ਮਤ ਮਾਰੀ ਜਾਂਦੀ ਹੈ, ਕਾਲਿਆਂ ਕੇਸਾਂ ਤੋਂ ਧਉਲੇ=ਚਿੱਟੇ ਕੇਸ ਆ ਜਾਂਦੇ ਹਨ ਫਿਰ ਕਿਸੇ ਨੂੰ ਭੀ ਘਰ ਵਿਚ ਰਖਿਆ ਨਹੀਂ ਭਾਉਂਦਾ।

ਬਿਸਰਤ ਨਾਮ ਐਸੇ ਦੋਖ ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ॥ ੮॥

ਨਾਮ ਦੇ ਵਿਸਰਨੇ ਕਰਕੇ ਅਜੇਹੇ ਦੋਖ=ਪਾਪ ਲੱਗਦੇ ਹਨ, ਜਿਨ੍ਹਾਂ ਪਾਪਾਂ ਨੂੰ ਸਮਾਰੇ=ਚੇਤੇ ਕਰਵਾ ਕੇ ਜਮ ਮਾਰਦਾ ਹੈ ਅਤੇ ਜੀਵ ਨੂੰ ਨਰਕਾਂ ਵਿਚ ਖਰੇ=ਲੈ ਜਾਂਦਾ ਹੈ॥ ੮॥

ਪੂਰਬ ਜਨਮ ਕੋ ਲੇਖੁ ਨ ਮਿਟਈ ਜਨਮਿ ਮਰੈ ਕਾ ਕਉ ਦੋਸੁ ਧਰੇ॥

ਪੂਰਬ ਜਨਮ=ਪਹਿਲੇ ਜਨਮ ਦੇ ਕੀਤੇ ਹੋਏ ਕਰਮਾਂ ਦਾ ਲੇਖ ਜੋ ਮੱਥੇ 'ਪਰ ਲਿਖਿਆ ਗਿਆ ਹੈ, ਫਲ ਭੋਗੇ ਤੋਂ ਬਿਨਾਂ ਉਹ ਮਿਟਦਾ ਨਹੀਂ ਹੈ, ਇਸ ਲਈ ਮੁੜ ਮੁੜ ਕੇ ਜੰਮਦਾ ਮਰਦਾ ਹੈ, ਫਿਰ ਦੋਸ਼ ਕਿਸ ਵਿਚ ਧਰਨਾ ਹੈ।

ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ ਬਿਨੁ ਗੁਰ ਸਬਦੈ ਜਨਮੁ ਜਰੇ॥ ੯ ॥

ਗੁਰ ਸੇਵਾ ਕੀਤੇ ਬਿਨਾਂ ਹੋਰ ਜੀਊਣਾ ਬਾਦਿ=ਵਿਅਰਥ ਹੈ, ਗੁਰ ਉਪਦੇਸ਼ ਤੋਂ ਬਿਨਾਂ ਇਹ ਜੀਵ ਜਨਮ ਮਰਨ ਦੀ ਅੱਗ ਵਿਚ ਜਰੇ=ਸੜਦਾ ਹੈ॥ ੯ ॥

ਖੁਸੀ ਖੁਆਰ ਭਏ ਰਸ ਭੋਗਣ ਫੋਕਟ ਕਰਮ ਵਿਕਾਰ ਕਰੇ॥

ਜੋ ਪੁਰਸ਼ ਰਸਾਂ ਦੇ ਭੋਗਣ ਦੀ ਖੁਸ਼ੀ ਕਰਦਾ ਹੈ ਉਹ ਖੁਆਰ ਹੁੰਦਾ ਹੈ ਅਤੇ ਵਿਕਾਰ ਰੂਪ ਕਰਮ ਕੀਤੇ ਹੋਏ ਫੋਕਟ=ਨਿਸਫਲ ਜਾਂਦੇ ਹਨ।

ਨਾਮੁ ਬਿਸਾਰਿ ਲੋਭਿ ਮੂਲੁ ਖੋਇਓ ਸਿਰਿ ਧਰਮਰਾਇ ਕਾ ਡੰਡੁ ਪਰੇ॥ ੧੦ ॥

ਜਿਸ ਨੇ ਨਾਮ ਨੂੰ ਭੁਲਾ ਕੇ ਤੇ ਲੋਭ ਵਿਚ ਲਗ ਕੇ ਲਾਭ ਪ੍ਰਾਪਤ ਕਰਨਾ ਤਾਂ ਕਿਤੇ ਰਿਹਾ, ਆਪਣੇ ਮੂਲ ਰੂਪ ਸਵਾਸਾਂ ਨੂੰ ਹੀ ਨਿਸਫਲ ਗੁਆ ਦਿੱਤਾ ਹੈ, ਉਸ ਦੇ ਸਿਰ ਉਤੇ ਧਰਮਰਾਜ ਦੇ ਦੂਤਾਂ ਦਾ ਡੰਡਾ ਪੈਂਦਾ, ਭਾਵ ਵੱਜਦਾ ਹੈ॥ ੧੦॥

ਗੁਰਮੁਖਿ ਰਾਮ ਨਾਮ ਗੁਣ ਗਾਵਹਿ ਜਾ ਕਉ ਹਰਿ ਪ੍ਰਭੁ ਨਦਰਿ ਕਰੇ॥

ਜਿਨ੍ਹਾਂ ਉਤੇ ਹਰੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਹ ਗੁਰਮੁਖ ਗੁਰਾਂ ਦੁਆਰੇ ਰਾਮ ਨਾਮ ਨੂੰ ਜਪਦੇ ਹਨ ਤੇ ਪ੍ਰਭੂ ਦੇ ਗੁਣਾਂ ਨੂੰ ਗਾਂਵਦੇ ਹਨ। ਏਸੇ ਕਰਕੇ-

ਤੇ ਨਿਰਮਲ ਪੁਰਖ ਅਪਰੰਪਰ ਪੂਰੇ ਤੇ ਜਗ ਮਹਿ ਗੁਰ ਗੋਵਿੰਦ ਹਰੇ॥ ੧੧ ॥

ਉਹ ਨਿਰਮਲ ਪੁਰਖ ਹਨ ਅਪਰੰਪਰ=ਸੰਸਾਰ ਤੋਂ ਪਰਾ ਰੂਪ ਹਨ, ਸ਼ੁਭ ਗਣਾਂ ਨਾਲ ਪੂਰਨ ਹਨ ਤੇ=ਓਹੀ ਪੁਰਸ਼ ਗੁਰ=ਪੂਜਨੀਕ ਗੋਬਿੰਦ ਨੇ ਜਗਤ ਵਿਚ ਹਰੇ ਭਰੇ ਕੀਤੇ ਹਨ, ਜਾਂ ਓਹ ਪੁਰਸ਼ ਜਗਤ ਵਿਚ ਗੋਬਿੰਦ ਰੂਪ ਗੁਰਾਂ ਨੇ ਸ਼ੁਭ ਗੁਣਾਂ ਨਾਲ ਹਰੇ ਕੀਤੇ ਹਨ॥ ੧੧॥

ਹਰਿ ਸਿਮਰਹੁ ਗੁਰ ਬਚਨ ਸਮਾਰਹੁ ਸੰਗਤਿ ਹਰਿ ਜਨ ਭਾਉ ਕਰੇ॥

ਹੇ ਭਾਈ ! ਤੁਸੀਂ ਭੀ ਹਰੀ ਦਾ ਸਿਮਰਨ ਕਰੋ ਤੇ ਗੁਰੂ ਦੇ ਉਪਦੇਸ਼ ਨੂੰ ਚੇਤੇ ਰਖੋ ਅਤੇ ਹਰੀ ਦੇ ਸੰਤ ਜਨਾਂ ਦੀ ਸੰਗਤ ਵਿਚ ਭਾਉ ਕਰੇ=ਪ੍ਰੇਮ ਕਰੋ।

ਹਰਿ ਜਨ ਗੁਰੁ ਪਰਧਾਨੁ ਦੁਆਰੈ ਨਾਨਕ ਤਿਨ ਜਨ ਕੀ ਰੇਣੁ ਹਰੇ॥੧੨ ॥੮ ॥

ਗੁਰੂ ਜੀ ਕਥਨ ਕਰਦੇ ਹਨ— ਹੇ ਹਰੀ ! ਜੋ ਹਰੀ ਦੇ ਸੰਤ ਜਨ ਗੁਰਾਂ ਦੇ ਦੁਆਰੇ ਪਰ ਪਰਧਾਨੁ=ਮੁਖੀ ਹਨ, ਉਹਨਾਂ ਸੰਤ ਜਨਾਂ ਦੇ ਚਰਨਾਂ ਦੀ ਰੇਣੁ=ਧੂੜ ਦੇਣਾ ਕਰੋ॥ ੧੨ ॥ ੮॥

ੴ ਸਤਿਗੁਰ ਪ੍ਰਸਾਦਿ॥ ਮਾਰੂ ਕਾਫੀ ਮਹਲਾ ੧ ਘਰੁ ੨ ॥

ਗੁਰੂ ਜੀ ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਵੈਰਾਗ ਜਨਕ ਉਪਦੇਸ਼ ਦੇਂਦੇ ਹਨ। ਮਹਾਤਮਾ ਜਗਿਆਸੂ ਨੂੰ ਸਮਝਾਂਦੇ ਹਨ, ਹੇ ਜਗਿਆਸੂ ! ਅਸਲੀ ਮਿੱਤਰ ਤੇਰਾ ਪਰਮੇਸ਼ਰ ਹੈ, ਉਸ ਨੂੰ ਛੱਡ ਕੇ-

ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ॥

ਭਾਵੇਂ ਸੰਸਾਰ ਮਿੱਤ੍ਰ ਤੂੰ ਕਿਤਨੇ ਭੀ ਕਰ ਲੈ, ਫਿਰ ਭੀ ਤੂੰ ਡੁੰਮਣੀ=ਦੁਚਿੱਤੀ ਹੋਈ ਹੋਈ ਆਉਣੇ ਜਾਣੇ

ਵਿਚ ਡੁੰਮਣੀ=ਦੁੱਖੀ ਰਹੇਂਗੀ, ਕਿਉਂਕਿ ਸੰਸਾਰੀ ਮਿਤ੍ਰਾਂ ਨੇ ਤੇਰੇ ਆਉਣ ਜਾਣ ਦਾ ਦੁੱਖ ਨਵਿਰਤ ਨਹੀਂ ਕਰਨਾ।

ਸਾਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥ ੧ ॥

ਸਾਧਨ=ਇਹ ਜੀਵ ਰੂਪ ਇਸਤ੍ਰੀ, ਢੋਈ=ਆਸਰਾ ਰੂਪ ਪਤੀ ਪਰਮੇਸ਼ਰ ਨੂੰ ਨਹੀਂ ਲੈਂਦੀ, ਪਰਮੇਸ਼ਰ ਪਤੀ ਤੋਂ ਵਾਢੀ=ਵਿਛੁੜੀ ਹੋਈ ਕਿਵੇਂ ਧੀਰਜ ਨੂੰ ਪ੍ਰਾਪਤ ਹੋਵੇ॥ ੧ ॥

ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥

ਮੈਡਾ=ਮੇਰਾ ਮਨ ਤਾਂ ਆਪਣੇ ਪਿਰ=ਪਤੀ ਪਰਮਾਤਮਾ ਨਾਲ ਰਤਾ=ਤਦਾਕਾਰ ਹੋ ਰਿਹਾ ਹੈ। ਇਥੋਂ ਤੱਕ ਮਹਾਤਮਾ ਨੇ ਕਿਹਾ ਹੈ, ਅਗੋਂ ਜਗਿਆਸੂ ਕਹਿੰਦਾ ਹੈ-

ਹਉ ਘੋਲਿ ਘੁਮਾਈ ਖੰਨੀਐ ਕੀਤੀ
ਹਿਕ ਭੋਰੀ ਨਦਰਿ ਨਿਹਾਲਿ ॥ ੧ ॥ ਰਹਾਉ ॥

ਹੇ ਸੰਤੋ ! ਮੈਂ ਤਨ ਕਰਕੇ ਆਪ ਜੀ ਉਤੋਂ ਘੋਲਿ ਘੁਮਾਈ=ਬਲਿਹਾਰ ਕੁਰਬਾਨ ਜਾਂਦੀ ਹਾਂ, ਮਨ ਕਰਕੇ ਭੀ ਖੰਨੀਐ ਕੀਤੀ=ਕੁਰਬਾਨ ਜਾਂਦੀ ਹਾਂ, ਇਕ ਮੈਂ ਭੋਲੀ ਉਤੇ ਭੋਰੀ=ਰੰਚਕ ਮਾਤ੍ਰ, ਨਦਰਿ ਨਿਹਾਲਿ=ਕ੍ਰਿਪਾ ਦ੍ਰਿਸ਼ਟੀ ਨਾਲ ਵੇਖੋ ਤਾਂ ਕਿ ਗਿਆਨ ਰੂਪੀ ਭੋਰੀ=ਦਿਨ ਉਦੇ ਹੋਵੇ॥ ੧ ॥ ਰਹਾਉ ॥

ਇਹ ਗੱਲ ਸੁਣ ਕੇ ਮਹਾਤਮਾ ਨੇ ਕਿਹਾ-

ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ ॥

ਜੇਹੜੀ ਜੀਵ ਰੂਪ ਇਸਤ੍ਰੀ ਮਾਤਲੋਕ ਰੂਪੀ ਪੇਈਅੜੇ=ਪੇਕੇ ਘਰ ਵਿਚ ਡੋਹਾਗਣੀ=ਛੁਟੜ ਹੈ, ਉਹ ਸਾਹੁਰੜੈ=ਪ੍ਰਲੋਕ, ਅਰਥਾਤ ਲੋਕਾਂ ਤੋਂ ਪਰੇ ਜੋ ਪਰਮੇਸ਼ਰ ਹੈ ਉਸ ਵਿਚ ਕਿਵੇਂ ਜਾ ਸਕਦੀ ਹੈ, ਅਰਥਾਤ ਉਸ ਵਿਚ ਕਿਵੇਂ ਅਭੇਦ ਹੋ ਸਕਦੀ ਹੈ। ਜਗਿਆਸੂ ਰੂਪ ਇਸਤ੍ਰੀ ਕਹਿੰਦੀ ਹੈ-

ਹੇ ਸੰਤੋ ! ਆਪ ਜੀ ਨੇ ਜੋ ਕਿਹਾ ਹੈ ਠੀਕ ਹੈ, ਪਰ ਮੈਂ ਕੀ ਕਰਾਂ।

ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ ॥ ੨ ॥

ਮੇਰੇ ਗਲ ਵਿਚ ਇਤਨੇ ਔਗੁਣ ਹਨ ਜੋ ਔਗੁਣਾਂ ਕਰਕੇ ਮੁਠੜੀ=ਲੁਟੀ ਗਈ ਹਾਂ, ਪਿਰੀ ਦੀ ਪ੍ਰਾਪਤੀ ਹੋਏ ਬਿਨਾਂ ਮੈਂ ਝੂਰਿ=ਦੁੱਖੀ ਹੋ ਕੇ ਮਰ ਰਹੀ ਹਾਂ॥ ੨ ॥ ਫੇਰ ਮਹਾਤਮਾ ਨੇ ਕਿਹਾ-

ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥

ਜਿਸ ਜੀਵ ਰੂਪ ਇਸਤ੍ਰੀ ਨੇ ਮਾਤਲੋਕ ਰੂਪੀ ਪੇਈਅੜੈ=ਪੇਕੇ ਘਰ ਵਿਚ ਪਤੀ ਪਰਮਾਤਮਾ ਨੂੰ ਸੰਭਾਲਿਆ ਹੈ, ਉਹ ਪ੍ਰਲੋਕ ਰੂਪੀ ਸਾਹੁਰੇ ਘਰ ਵਿਚ ਸੁਖ ਨਾਲ ਵਸਦੀ ਹੈ,

ਵਾ:- ਸਾਹੁਰੜੈ=ਪ੍ਰਲੋਕ, ਲੋਕਾਂ ਤੋਂ ਪਰੇ ਜੋ ਪਰਮੇਸ਼ਰ ਹੈ ਉਸ ਘਰ ਵਿਚ ਨਿਵਾਸ ਕਰਦੀ ਹੈ।

ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ॥ ੩ ॥

ਸ਼ੁਭ-ਗੁਣਾਂ ਦੇ ਤਾਸੁ=ਖਜ਼ਾਨੈ ਪਿਰੁ=ਪਤੀ ਪਰਮਾਤਮਾ ਨੂੰ ਜਿਸ ਨੇ ਪਾਇਆ ਹੈ, ਉਸ ਸੁਹਾਗਣੀ ਦਾ ਸੁਖਾਂ ਨਾਲ ਸਵੰਧਿ=ਸਬੰਧ ਹੋਇਆ ਹੈ। *ਅਥਵਾ:-* ਸੁਖਾਂ ਵਿਚ ਉਹ ਸਵੰਧਿ=ਸੌਂਦੀ ਹੈ।

ਲੇਫੁ ਨਿਹਾਲੀ ਪਟ ਕੀ ਕਾਪੜ ਅੰਗਿ ਬਣਾਇ ॥

ਜਿਸ ਨੇ ਉਪਰ ਲੈਣ ਵਾਸਤੇ ਚੰਗਾ ਮਖਮਲੀ ਲੇਫ ਬਣਾਇਆ ਹੈ ਤੇ ਹੇਠ ਵਿਛਾਣ ਵਾਸਤੇ ਪਟ ਦੀ ਨਿਹਾਲੀ=ਤੁਲਾਈ ਬਣਾਈ ਹੈ ਤੇ ਅੰਗਾਂ ਉਤੇ ਭੀ ਪਟ ਦੇ ਚੰਗੇ-ਚੰਗੇ ਕਪੜੇ ਤਿਆਰ ਕਰਵਾ ਕੇ ਪਹਿਰੇ ਹਨ।

ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ ॥ ੪ ॥

ਉਸ ਨੂੰ ਪਿਰੀ ਨੇ ਮੁਤੀ=ਛੁਟੜ, ਭਾਵ ਤਿਆਗਿ ਦਿੱਤਾ ਹੈ, ਉਸ ਡੋਹਾਗਣੀ=ਛੁਟੜ ਇਸਤ੍ਰੀ ਦਾ ਸਾਰੀ ਅਵਸਥਾ ਰੂਪੀ ਰੈਣਿ=ਰਾਤ, ਡੁਖੀ ਵਿਹਾਇ=ਦੁੱਖਾਂ ਵਿਚ ਹੀ ਬਤੀਤ ਹੁੰਦੀ ਹੈ।

ਅਥਵਾ:- ਜਿਸ ਨੇ ਬ੍ਰਹਮ ਗਿਆਨ ਰੂਪੀ ਲੇਫੁ ਤੇ ਪਟ ਦੀ ਨਿਹਾਲੀ=ਤੁਲਾਈ ਭਗਤੀ ਕੀਤੀ ਹੈ ਅਤੇ ਅੰਗਿ=ਸਰੀਰ 'ਪਰ ਪਟ ਦੇ ਕਪੜੇ ਬਣਾਏ, ਭਾਵ ਸ਼ੁਭ ਸਾਧਨ ਭੀ ਕੀਤੇ ਹਨ ਉਹ ਗੁਰਮੁਖ ਤਾਂ ਤਰ ਗਏ ਹਨ। ਜਿਸ ਨੇ ਸ਼ੁਭ ਸਾਧਨ ਨਹੀਂ ਕੀਤਾ ਉਸ ਦੁਹਾਗਣ ਨੂੰ ਪਿਰੀ ਨੇ ਮੁਤੀ=ਛੁਟੜ ਕੀਤਾ ਹੈ, ਉਸ ਦੀ ਸਾਰੀ ਅਵਸਥਾ ਰੂਪੀ ਰਾਤ ਦੁੱਖਾਂ ਵਿਚ ਬੀਤਦੀ ਹੈ॥ ੪ ॥

[ਪੰਨਾ ੧੦੧੫]

ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ ॥

ਜੀਵ ਰੂਪ ਇਸਤ੍ਰੀ ਨਾਮ ਸਿਮਰਨ ਤੋਂ ਬਿਨਾਂ ਭਾਵੇਂ ਕਿਤਨੇ ਹੀ ਸਾਡੜੇ=ਸੁਆਦਾਂ ਨੂੰ ਚੱਖ ਲਵੇ, ਭਾਵੇਂ ਕਿਤਨੇ ਹੀ ਸਰੀਰ ਉਤੇ ਵੇਸ=ਭੇਖਾਂ ਨੂੰ ਕਰ ਲਵੇ, ਜਾਂ ਸ਼ਿੰਗਾਰਾਂ ਨੂੰ ਕਰ ਲਵੇ।

ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ ॥ ੫ ॥

ਪਰ ਪਤੀ ਪਰਮਾਤਮਾ ਦੀ ਪ੍ਰਾਪਤੀ ਤੋਂ ਬਿਨਾਂ ਜੋਬਨ ਬਾਦਿ ਗਇਅਮੁ=ਵਿਅਰਥ ਹੀ ਚਲਾ ਗਿਆ ਹੈ, ਇਸ ਲਈ ਇਹ ਪਤੀ ਤੋਂ ਵਾਢੀ=ਵਿਛੁੜ ਕੇ ਝੁਰਨੇ ਵਾਲੀ ਹੋ ਕੇ ਝੁਰਦੀ ਹੈ, ਜਾਂ ਝੋਰਿਆਂ ਕਰਕੇ ਝੁਰਦੀ ਹੈ, ਵਾ:- ਝੁਰ ਝੁਰ ਕਰ ਕੇ ਮਰਦੀ ਹੈ॥ ੫ ॥

ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥

ਹੇ ਜਗਿਆਸੂ! ਤੂੰ ਸੱਚੇ ਪ੍ਰਭੂ ਦੀ ਪ੍ਰਾਪਤੀ ਦਾ ਸਦੜਾ=ਉਪਦੇਸ਼ ਗੁਰਾਂ ਦੇ ਵਿਚਾਰ ਦੁਆਰਾ ਸੁਣ ਜਾਂ ਸੱਚੇ ਦੀ ਪ੍ਰਾਪਤੀ ਦਾ ਉਪਦੇਸ਼ ਗੁਰਾਂ ਤੋਂ ਸੁਣਕੇ ਵਿਚਾਰਨਾ ਕਰ।

ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥ ੬ ॥

ਤਾਂ ਫਿਰ ਨਦਰੀ=ਪਰਮਾਤਮਾ ਦੀ ਨਦਰਿ=ਕਿਰਪਾ ਦ੍ਰਿਸ਼ਟੀ ਕਰਕੇ ਸੱਚੇ ਪਰਮਾਤਮਾ ਦਾ ਜੋ ਸੱਚਾ ਬੈਹਣਾ=ਸਿੰਘਾਸਣ ਸਤਸੰਗ, ਵਾ:- ਸਰੂਪ ਹੈ ਉਸ ਵਿਚ ਤੇਰਾ ਪਿਆਰ ਹੋਵੇਗਾ॥ ੬ ॥

ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥

ਗਿਆਨਵਾਨ ਪੁਰਸ਼ ਸੱਚ ਦੀ ਪ੍ਰਾਪਤੀ ਦਾ ਗਿਆਨ ਰੂਪ ਸੁਰਮਾ ਮਨ ਬੁੱਧੀ ਰੂਪ ਅੱਖਾਂ ਵਿਚ ਪਾ ਕੇ ਸਭ ਦੇ ਵੇਖਣ ਵਾਲਾ ਜੋ ਪ੍ਰਭੂ ਹੈ ਉਸ ਨੂੰ ਵੇਖਦੇ ਹਨ, ਜਾਂ ਵੇਖਣ ਵਾਲੇ ਹੋ ਕੇ ਉਸ ਪ੍ਰਭੂ ਨੂੰ ਡੇਖੈ=ਵੇਖਦੇ ਹਨ।

ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥ ੭ ॥

ਮੁਖੀ ਗੁਰਾਂ ਦੇ ਉਪਦੇਸ਼ ਨੂੰ ਬੁਝੇ ਤਾਂ ਹੀ ਹਉਮੈ=ਮੈਂ ਮੇਰੀ ਅਤੇ ਧਨ ਜਾਤੀ ਆਦਿਕਾਂ ਦੇ ਗਰਬੁ=ਹੰਕਾਰ ਨੂੰ ਨਵਿਰਤ ਕਰਨਾ ਜਾਣਦਾ ਹੈ॥ ੭॥

ਜਗਿਆਸੂ ਪਰਮੇਸ਼ਰ ਅੱਗੇ ਕਹਿੰਦਾ ਹੈ-

ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ॥

ਹੇ ਪਰਮੇਸ਼ਰ ! ਜੋ ਮਹਾਤਮਾ ਰੂਪ ਸਖੀਆਂ ਤਉ ਭਾਵਨਿ=ਆਪ ਜੀ ਨੂੰ ਭਾਅ ਗਈਆਂ ਹਨ, ਵਾ:- ਆਪ ਜੀ ਦਾ ਭਾਣਾ ਮੰਨਦੀਆਂ ਹਨ ਉਹ ਤਉ ਜੇਹੀਆ=ਤੇਰੇ ਵਰਗੀਆਂ ਹੀ ਹਨ, ਮੂ ਜੇਹੀਆ=ਮੇਰੇ ਵਰਗੀਆਂ ਔਗੁਣਾਂ ਵਾਲੀਆਂ ਤੇਰੇ ਦਰਵਾਜ਼ੇ 'ਪਰ ਕਿਤੀਆਹ=ਕਿਤਨੀਆਂ ਹੀ ਖੜ੍ਹੀਆਂ ਹਨ।

ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ॥ ੮॥ ੧॥ ੯॥

ਗੁਰੂ ਜੀ ਕਥਨ ਕਰਦੇ ਹਨ— ਮਹਾਤਮਾ ਰੂਪ ਸਖੀ ਨੇ ਕਿਹਾ, ਹੇ ਜਗਿਆਸੂ ! ਜੋ ਸਖੀਆਂ ਅੱਠੇ ਪਹਿਰ ਸੱਚੇ ਪ੍ਰਭੂ ਵਿਚ ਰੱਤੀਆਂ ਰਹਿੰਦੀਆਂ ਹਨ, ਉਹਨਾਂ ਨਾਲੋਂ ਨਾਹੁ=ਪਤੀ ਪਰਮਾਤਮਾ ਕਦੇ ਭੀ ਵਿਛੁੜਦਾ ਨਹੀਂ ਹੈ॥ ੮॥ ੧॥ ੯॥

ਮਾਰੂ ਮਹਲਾ ੧॥

ਉਥਾਨਕਾ:- ਕਿਸੇ ਸਿੱਖ ਨੇ ਬੇਨਤੀ ਕੀਤੀ ਅੰਤ ਸਮੇਂ ਜੀਵ ਦਾ ਕੌਣ ਸਹਾਈ ਹੁੰਦਾ ਹੈ? *ਉੱਤਰ-* ਇਕ ਪ੍ਰਮੇਸ਼ਰ ਅਤੇ ਗੁਰੂ ਤੋਂ ਬਿਨਾਂ ਸੰਸਾਰਕ ਸੰਬੰਧੀਆਂ ਵਿਚੋਂ ਕੋਈ ਸੰਬੰਧੀ ਭੀ ਜੀਵ ਦਾ ਸਹਾਇਕ ਨਹੀਂ ਹੈ, ਇਸ ਲਈ ਗੁਰੂ ਅਤੇ ਪਰਮੇਸ਼ਰ ਦਾ ਆਸਰਾ ਫੜਣਾ ਚਾਹੀਦਾ ਹੈ।

ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ॥

ਭੈਣਾਂ, ਭਰਜਾਈਆਂ ਨੇ ਸਹਾਇਤਾ ਨਹੀਂ ਕਰਨੀ ਅਤੇ ਨਾ ਹੀ ਉਨ੍ਹਾਂ ਸਸੁੜੀਆਹ=ਸੱਸਾਂ ਨੇ ਸਹਾਇਤਾ ਕਰਨੀ ਹੈ।

ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ॥ ੧॥

ਸੱਚਾ ਸਾਕ ਗੁਰਾਂ ਦਾ ਹੈ ਉਹ ਕਦੇ ਟੁੱਟਦਾ ਨਹੀਂ ਹੈ, ਗੁਰੂ ਸਾਹਿਬ ਜੀ ਜਗਿਆਸੂ ਰੂਪ ਸਹੀਆਹ= ਸਖੀਆਂ ਨੂੰ ਸਹੀ=ਨਿਸਚੇ ਕਰਕੇ ਪਰਮੇਸ਼ਰ ਪਤੀ ਨਾਲ ਮੇਲ ਦੇਂਦੇ ਹਨ॥ ੧॥

ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ॥

ਮੈਂ ਆਪਣਿਆਂ ਗੁਰਾਂ ਤੋਂ ਬਲਿਹਾਰ ਜਾਂਦੀ ਹਾਂ ਇਕ ਵਾਰ ਨਹੀਂ ਸਦਾ ਹੀ ਗੁਰਾਂ ਤੋਂ ਕੁਰਬਾਨ ਜਾਂਦੀ ਹਾਂ।

ਗੁਰ ਬਿਨੁ ਏਤਾ ਭਵਿ ਥਕੀ
ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ॥ ੧॥ ਰਹਾਉ

ਗੁਰੂ ਤੋਂ ਬਿਨਾਂ ਏਤਾ=ਇਤਨਾ, ਭਵਿ=ਫਿਰ ਕੇ ਥੱਕ ਗਈ ਹਾਂ, ਜਿਸ ਦਾ ਅੰਤ ਹੀ ਨਹੀਂ ਜਾਂ ਗੁਰੂ ਤੋਂ ਬਿਨਾਂ ਏਤਾ=ਕਿਤਨਾ ਹੀ ਫਿਰ ਕੇ ਥੱਕ ਗਈ ਹਾਂ ਪਰ ਉਹ ਨਹੀਂ ਮਿਲਿਆ, ਪਿਰੁ ਮੇਲਿਮੁ=ਪਿਰੀ ਦੇ ਮੇਲ

ਵਾਲੇ ਗੁਰੂ ਧੰਨ ਹਨ ਉਹ ਜਿਸ ਵੇਲੇ ਮਿਲੇ ਤਾਂ ਉਹਨਾਂ ਨੇ ਮੈਨੂੰ ਪਿਰੀ ਦੇ ਮੇਲ ਵਿਚ ਮਿਲਾ ਦੇਣਾ ਕੀਤਾ॥ ੧ ॥ ਰਹਾਉ॥

ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ॥

ਫੁਫੀਆਂ, ਨਾਨੀਆਂ, ਮਾਸੀਆਂ, ਦੇਰ=ਦਿਰਾਣੀਆਂ ਅਤੇ ਜਿਠਾਣੀਆਂ।

ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ॥ ੨ ॥

ਇਤਿਆਦਿਕ ਪਹੀਆਹ=ਪ੍ਰਾਹੁਣਿਆਂ ਦੇ ਪੂਰਾਂ ਦੇ ਪੂਰ ਭਰੇ ਹੋਏ ਆਵਨਿ ਵੰਞਨਿ=ਆਉਂਦੇ ਤੇ ਚਲੇ ਜਾਂਦੇ ਹਨ, ਇਨ੍ਹਾਂ ਵਿਚੋਂ ਪ੍ਰਾਹੁਣਿਆਂ ਵਾਂਗੂ ਕੋਈ ਭੀ ਇਸਥਿਤ ਨਹੀਂ ਰਹਿੰਦਾ।

ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ॥

ਮਾਮੇ ਤੇ ਮਾਮੀਆਂ, ਭਾਇਰ=ਭਰਾ, ਪਿਓ ਤੇ ਮਾਉ=ਮਾਂ ਇਨ੍ਹਾਂ ਵਿਚੋਂ ਕੋਈ ਸਹਾਇਕ ਨਹੀਂ ਹੈ, ਜਾਂ ਇਨ੍ਹਾਂ ਵਿਚੋਂ ਕਿਸੇ ਨੇ ਥਿਰ ਨਹੀਂ ਰਹਿਣਾ।

ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ॥ ੩ ॥

ਉਹਨਾਂ ਨਾਠੀਆ=ਪ੍ਰਾਹੁਣਿਆਂ ਦੇ ਸਾਥਾਂ ਦੇ ਸਾਥ ਲਡੇ=ਲੱਦੇ ਜਾ ਰਹੇ ਹਨ, ਦਰੀਆਉ=ਵੈਤਰਨੀ ਨਦੀ 'ਪਰ ਪਾਪੀਆਂ ਦੀ ਘਣੀ ਭੀੜਾ ਹੋ ਰਹੀ ਹੈ॥ ੩ ॥

ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ॥

ਹੇ ਜਗਿਆਸੂ ਰੂਪ ਸਖੀ ! ਉਹ ਸਾਡਾ ਕੰਤੁ=ਪਤੀ ਪਰਮਾਤਮਾ ਸੱਚੇ ਰੰਗ ਵਿਚ ਰੰਗਣੇ ਵਾਲਾ ਹੈ, ਜਾਂ ਸੱਚੇ ਰੰਗ ਕਰਕੇ ਰੰਗਾਵਲੋ=ਅਨੰਦ ਵਾਲਾ ਹੈ।

ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ॥ ੪ ॥

ਜੇਹੜੀ ਇਸਤ੍ਰੀ ਰੰਗਿ=ਪ੍ਰੇਮ ਨਾਲ ਉਸ ਪਤੀ ਪਰਮਾਤਮਾ ਨੂੰ ਰਵੰਤੁ=ਉਚਾਰਦੀ ਹੈ, ਉਸ ਦਾ ਸੱਚ ਸਰੂਪ ਨਾਲੋਂ ਵਿਛੋੜਾ ਨਹੀਂ ਹੁੰਦਾ ॥ ੪॥

ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ॥

ਜਿਸ ਰੁਤ ਵਿਚ ਸੱਚੇ ਪ੍ਰਭੂ ਨਾਲ ਨੇਹੁ=ਪ੍ਰੇਮ ਲਗ ਜਾਵੇ ਉਹ ਸਭ ਰੁਤਾਂ ਚੰਗੀਆਂ ਭਾਵ ਸੁਖਦਾਈ ਹਨ।

ਸਾਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ॥ ੫ ॥

ਓਸੇ ਧਨ=ਇਸਤ੍ਰੀ ਨੇ ਪਤੀ ਪਰਮਾਤਮਾ ਨੂੰ ਪਛਾਣਿਆ ਹੈ, ਉਹ ਨਿਸਿ ਡੇਹੁ=ਰਾਤ, ਦਿਨ ਸੁਖਾਂ ਵਿਚ ਸੁੱਤੀ ਹੈ॥ ੫ ॥

ਪਤਣਿ ਕੂਕੇ ਪਾਤਣੀ ਵੰਞਹੁ ਧ੍ਰੂਕਿ ਵਿਲਾੜਿ॥

ਵੈਰਾਗ ਰੂਪੀ ਪੱਤਣ 'ਪਰ ਇਸਥਿਤ ਹੋਏ ਹੋਏ ਪਾਤਣੀ=ਵੈਰਾਗਵਾਨ ਗੁਰੂ ਰੂਪ ਮਲਾਹ, ਕੂਕੇ=ਕੂਕ ਦੇ (ਪੁਕਾਰਦੇ) ਹਨ, ਧ੍ਰੂਕਿ=ਦੌੜ ਕੇ ਵਿਲਾੜਿ ਵੰਞਹੁ=ਲੰਘ ਜਾਵੋ, ਅਰਥਾਤ ਸੰਸਾਰ ਤੋਂ ਪਾਰ ਹੋਣ ਦਾ ਹੀਲਾ ਛੇਤੀ ਛੇਤੀ ਕਰੋ। ਅਥਵਾ:- ਧ੍ਰੂਕਿ=ਦੌੜ ਕੇ ਸਾਡੇ ਪਾਸ ਵੰਞਹੁ=ਆਵੋ, ਅਸੀਂ ਤੁਹਾਨੂੰ ਵਿਲਾੜਿ=ਪਾਰ

www.sikhbookclub.com

ਲੰਘਾ ਦੇਈਏ।

ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ ॥ ੬ ॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਨਾਮ ਗਿਆਨ ਰੂਪੀ ਬੋਹਿਥਿ=ਜਹਾਜ਼ ਉਤੇ ਚਾੜ੍ਹਿਆ ਹੈ, ਉਹਨਾਂ ਨੂੰ ਮੈਂ ਸੰਸਾਰ ਤੋਂ ਪਾਰ ਲੰਘਦਿਆਂ ਵੇਖਿਆ ਹੈ॥ ੬ ॥

ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ ॥

ਗੁਰ ਕਿਰਪਾ ਨਾਲ ਇਕ ਤਾਂ ਲਦਿ ਗਏ=ਅਭੇਦ ਹੋ ਗਏ ਹਨ ਤੇ ਇਕਨਾਂ ਨੇ ਅਜੇ ਬ੍ਰਹਮ ਗਿਆਨ ਨੂੰ ਲਦਿਆ ਹੈ ਤੇ ਇਕ ਗੁਰਮੁਖ ਅੰਤਹ ਕਰਣ ਦੇ ਨਾਲ ਨਿਸ਼ਕਾਮ ਕਰਮ ਤੇ ਉਪਾਸ਼ਨਾ ਰੂਪੀ ਭਾਰਾਂ ਨੂੰ ਭਰਦੇ ਹਨ। *ਅਥਵਾ:-* ਹਿਕਿ ਲਦਿ ਗਏ=ਇਕ ਤਾਂ ਮਰ ਗਏ ਹਨ, ਹਿਕਨੀ ਲਦਿਆ=ਇਕ ਮਰਨ ਨੂੰ ਤਿਆਰ ਹਨ ਤੇ ਇਕ ਅਜੇਹੇ ਪਾਪੀ ਹਨ ਜੋ ਸੰਸਾਰ ਰੂਪ ਭਰਨਾਲਿ=ਸਮੁੰਦਰ ਵਿਚ ਪਾਪਾਂ ਨੂੰ ਭਰ ਰਹੇ ਹਨ। *ਵਾ:-* ਅੰਤਹਕਰਣ ਦੇ ਨਾਲ ਪਾਪਾਂ ਦੇ ਭਾਰ ਨੂੰ ਭਰ ਰਹੇ ਹਨ।

ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ ॥ ੭ ॥

ਜਿਨ੍ਹਾਂ ਨੇ ਸੱਚ ਨਾਮ ਨੂੰ ਵਣਜਿਆ ਹੈ, ਉਹ ਸੱਚੇ ਪ੍ਰਭੂ ਦੇ ਨਾਲ ਅਭੇਦ ਹੋਏ ਹਨ॥ ੭ ॥

ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥
ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥ ੮ ॥ ੨ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ— ਜੋ ਪੁਰਸ਼ ਇਸ ਤਰ੍ਹਾਂ ਕਹਿੰਦਾ ਹੈ ਕਿ ਅਸੀਂ ਚੰਗੇ ਨਹੀਂ ਆਖੀਦੇ ਅਤੇ ਹੋਰ ਕੋਈ ਬੁਰਾ ਨਹੀਂ ਦਿੱਸਦਾ ਤੇ ਹੰਗਤਾ ਮਮਤਾ ਨੂੰ ਮਾਰਦਾ ਹੈ, ਉਹ ਸੱਚੇ ਪ੍ਰਭੂ ਵਰਗਾ ਹੀ ਹੈ॥ ੮ ॥ ੨ ॥ ੧੦ ॥

ਮਾਰੂ ਮਹਲਾ ੧ ॥
ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥

ਮੈਂ ਨਹੀਂ ਜਾਣਦਾ ਕਿ ਕੋਈ ਮੂਰਖ ਹੈ ਅਤੇ ਮੈਂ ਨਹੀਂ ਜਾਣਦਾ ਕੋਈ ਸਿਆਣਾ ਹੈ, ਮੈਂ ਤਾਂ ਏਹੀ ਸਮਝਦਾ ਹਾਂ।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥ *(ਪੰਨਾ ੧੩੪੯)*

ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥ ੧ ॥

ਸਦੀਵ ਕਾਲ ਸਾਹਿਬ ਦੇ ਰੰਗ ਵਿਚ ਰੱਤਾ ਰਹਿੰਦਾ ਹਾਂ ਅਤੇ ਰਾਤ ਦਿਨ ਵਾਹਿਗੁਰੂ ਨਾਮ ਕਥਨ ਕਰਦਾ ਹਾਂ॥ ੧ ॥

ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥

ਬਾਬਾ=ਹੇ ਭਾਈ ! ਤੁਹਾਡੀ ਨਿਗਾਹ ਵਿਚ ਮੈਂ ਭਾਵੇਂ ਮੂਰਖ ਹਾਂ, ਜਿਵੇਂ ਕਈ ਲੋਕ ਕੁਰਾਹੀਆ ਆਖਦੇ ਰਹੇ ਅਤੇ ਕਈ ਭੂਤ, ਬੇਤਾਲ ਆਖਦੇ ਰਹੇ, ਪਰ ਮੈਂ ਨਾਮ ਦੇ ਉਤੋਂ ਬਲਿਹਾਰ ਜਾਂਦਾ ਹਾਂ।

 ਯਥਾ:- ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕ ਵੇਚਾਰਾ ॥ (ਪੰਨਾ ੧੩੫੭)
www.sikhbookclub.com

ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ॥ ੧ ॥ ਰਹਾਉ ॥

ਤੂੰ ਸਾਰਿਆਂ ਦਾ ਕਰਤਾ ਹੈਂ, ਤੂੰ ਦਾਨਾ=ਦਨਾਈ ਵਾਲਾ ਹੈਂ, ਤੂੰਹੀ ਬੀਨਾ=ਦ੍ਰਿਸ਼ਟਾਂ, ਭਾਵ ਸਭ ਦੇ ਕਰਤਬਾਂ ਨੂੰ ਵੇਖਦਾ ਹੈਂ, ਤੇਰੇ ਨਾਮ ਕਰਕੇ ਹੀ ਤਰਨਾ ਹੁੰਦਾ ਹੈ॥ ੧ ॥ ਰਹਾਉ ॥

ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥

ਮੂਰਖ ਤੇ ਸਿਆਣੇ ਵਿਚ ਇਕੋ ਇਕ ਜੋਤੀ ਹੈ ਨਾਮ ਭਾਵੇਂ ਦੋ ਹਨ।

ਅਥਵਾ:- ਮੂਰਖ ਤੇ ਸਿਆਣਾ ਇਕੋ ਹੀ ਹੈ ਕਿਉਂਕਿ ਇਕੋ ਜੋਤੀ ਦੇ ਇਹ ਦੋ ਨਾਮ ਹਨ।

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥ ੨ ॥

ਮੂਰਖਾਂ ਵਿਚੋਂ ਉਹ ਸਿਰਿ=ਸ਼ਰੋਮਣੀ, ਭਾਵ ਵੱਡਾ ਮੂਰਖ ਹੈ ਜੇਹੜਾ ਨਾਮ ਨੂੰ ਨਹੀਂ ਮੰਨਦਾ॥ ੨ ॥

ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ॥

ਗੁਰਾਂ ਦੁਆਰੇ ਹੀ ਵਾਹਿਗੁਰੂ ਨਾਮ ਪਾਈਦਾ ਹੈ, ਸਤਿਗੁਰੂ ਤੋਂ ਬਿਨਾਂ ਨਾਮ ਪੱਲੇ ਨਹੀਂ ਪੈਂਦਾ।

ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ॥ ੩ ॥

ਸਤਿਗੁਰ ਦੇ ਭਾਣੇ ਵਿਚ ਤੁਰੇ ਤੇ ਮਨ ਵਿਚ ਨਾਮ ਵਸ ਜਾਵੇ, ਤਾਂ ਦਿਨ ਰਾਤ ਪ੍ਰਭੂ ਵਿਚ ਬਿਰਤੀ ਲਗਾ ਰਹਿੰਦਾ ਹੈ॥ ੩ ॥

ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ॥

ਰਾਜ ਦਾ ਰੰਗ=ਅਨੰਦ, ਸੁੰਦਰ ਰੂਪ, ਮਾਲੰ=ਹਾਥੀ, ਊਠ, ਘੋੜਾ, ਮੱਝ ਆਦਿਕ ਮਾਲ ਤੇ ਜੋਬਨ ਅਵਸਥਾ ਇਹ ਸਭ ਜੂਆਰੀ=ਛਲ ਰੂਪ ਹਨ, ਜੋ ਇਨ੍ਹਾਂ ਵਿਚ ਲਗਾ ਹੈ ਉਹ ਜੁਆਰੀ=ਛਲੀਆ ਹੈ। *ਅਥਵਾ:-* ਰਾਜ, ਰੰਗ, ਰੂਪ, ਮਾਲ ਤੇ ਜੋਬਨ ਇਹ ਪੰਜੇ ਜੂਆਰੀਏ ਹਨ।

ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ॥ ੪ ॥

ਇਕ ਹੁਕਮੀ ਦੇ ਹੁਕਮ ਵਿਚ ਬੱਧੇ ਹੋਏ ਸੰਸਾਰ ਚੌਪੜ ਵਿਚ ਜੀਵਾਂ ਰੂਪ ਸਾਰੀ=ਨਰਦਾਂ ਤਿੰਨਾਂ ਗੁਣਾਂ ਰੂਪੀ ਪਾਸੇ ਨੂੰ ਖੇਡ ਰਹੀਆਂ ਹਨ। *ਅਥਵਾ:-* ਹੁਕਮੀ ਦੇ ਹੁਕਮ ਵਿਚ ਬੱਧੇ ਹੋਏ ਪੰਜੇ ਜੁਆਰੀਏ ਪਾਸਾ ਖੇਡ ਰਹੇ ਹਨ, ਇਸ ਸੰਸਾਰ ਰੂਪ ਚੌਪੜ ਉਤੇ ਜੀਵ ਰੂਪੀ ਇਕੋ ਸਾਰੀ=ਗੋਟੀ ਹੈ, ਅਰਥਾਤ ਜੀਵ ਰੂਪ ਗੋਟੀ ਨੂੰ ਪੰਜੇ ਵਿਕਾਰ ਮਾਰ ਕੇ ਚੌਰਾਸੀ ਲੱਖ ਜੂਨ ਰੂਪੀ ਘਰਾਂ ਵਿਚ ਮੁੜ ਮੁੜ ਕੇ ਖਰਾਬ ਕਰਦੇ ਹਨ॥ ੪ ॥

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ॥

ਭਾਵੇਂ ਜਗਤ ਵਿਚ ਜੀਵ ਬਾਣੀ ਕਰਕੇ ਚਤੁਰ ਹੈ, ਬੁੱਧੀ ਕਰਕੇ ਸਿਆਣਾ ਹੈ ਪਰ ਭਰਮ ਵਿਚ ਭੁਲਿਆ ਫਿਰਦਾ ਹੈ, ਨਾਮ ਤਾਂ ਪੰਡਤ ਹੈ ਪਰ ਮੂਰਖਾਂ ਵਾਲੀ ਵਿੱਦਿਆ ਪੜ੍ਹਦਾ ਹੈ।

ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ॥ ੫ ॥

ਪਰਮੇਸ਼ਰ ਨਾਮ ਨੂੰ ਵਿਸਾਰਹਿ=ਭੁਲਾਈ ਬੈਠੇ ਹਨ, ਲੋਕਾਂ ਨੂੰ ਕਥਾ ਸੁਨਾਉਣ ਲਈ ਵੇਦਾਂ ਨੂੰ ਸਮਾਲਹਿ=ਵਾਚਦੇ ਹਨ, ਇਹ ਸਾਰੇ ਵਿਸ਼ਿਆਂ ਵਿਚ ਭੁਲੇ ਹੋਏ ਲੇਖਾਰੀ=ਲਖਨੇ ਵਿਚ ਆ ਰਹੇ ਹਨ।

www.sikhbookclub.com

ਅਥਵਾ:- ਭਾਵੇਂ ਲੇਖਾਰੀ ਭੀ ਹਨ ਤੋ ਭੀ ਵਿਸ਼ਿਆਂ ਵਿਚ ਭੁਲੇ ਹੋਏ ਹਨ॥ ੫॥

[ਪੰਨਾ ੧੦੧੬]

ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ॥

ਜਿਵੇਂ ਕਲਰ ਵਾਲੀ ਖੇਤੀ ਵਿਚ ਦਾਣੇ ਨਹੀਂ ਹੁੰਦੇ, ਤਿਵੇਂ ਪਾਪ ਵਸਿਸ਼ਟ ਅੰਤਹਕਰਣ ਰੂਪ ਭੂਮੀ ਵਿਚ ਸ਼ੁਭ ਗੁਣਾਂ ਰੂਪੀ ਦਾਣੇ ਨਹੀਂ ਹੁੰਦੇ। ਜਿਵੇਂ ਨਦੀ ਦੇ ਕਿਨਾਰੇ ਢਾਹ ਲਗੀ ਹੋਈ ਹੋਵੇ ਤਾਂ ਤਰਵਰ=ਬ੍ਰਿਛ ਦੀ ਅਸਥਾਈ ਨਹੀਂ ਹੈ, ਤਿਵੇਂ ਕਾਲ ਰੂਪੀ ਨਦੀ ਚਲ ਰਹੀ ਹੈ ਜੇਹੜੇ ੨੪ ਹਜ਼ਾਰ ਰੋਜ਼ ਦੇ ਸਵਾਸ ਨਿੰਕਲ ਰਹੇ ਹਨ ਏਹੋ ਢਾਹ ਲਗ ਰਹੀ ਹੈ ਇਸ ਕਰਕੇ ਸਰੀਰ ਰੂਪੀ ਬ੍ਰਿਛ ਦੀ ਅਸਥਾਈ ਨਹੀਂ ਹੈ। ਜਿਵੇਂ ਬਾਗਾ=ਚਿੱਟੇ ਕਪੜੇ ਪਹਿਣ ਕੇ ਕਜਲ ਵਾਲੀ ਕੋਠੀ ਵਿਚ ਝਾੜੇ ਤਾਂ ਉਹ ਕਾਲੇ ਹੋ ਜਾਂਦੇ ਹਨ, ਤਿਵੇਂ ਤੀਰਥ ਯਾਤਰਾ, ਵਰਤ ਰਖਣੇ, ਦਾਨ ਪੁੰਨ ਕਰਨੇ ਯੱਗ ਆਦਿਕ ਸ਼ਕਾਮ ਕਰਮਾਂ ਰੂਪੀ ਚਿੱਟੇ ਕਪੜੇ ਪਹਿਣ ਕੇ ਸੰਸਾਰ ਰੂਪ ਕਜਲੇ ਦੀ ਕੋਠੀ ਵਿਚ ਝਾੜਦਾ ਭਾਵ ਹੰਕਾਰ ਕਰਦਾ ਹੈ ਜਾਂ ਫਲ ਮੰਗ ਲੈਂਦਾ ਹੈ, ਇਸ 'ਤੇ ਉਹ ਕਾਲੇ ਹੋ ਜਾਂਦੇ ਹਨ, ਅਰਥਾਤ ਉਹ ਕਰਮ ਕੀਤੇ ਹੋਏ ਨਿਸਫਲ ਚਲੇ ਜਾਂਦੇ ਹਨ।

ਯਥਾ:- ਤੀਰਥ ਬਰਤ ਅਰ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ॥ (ਪੰਨਾ ੧੪੨੮)

ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ॥ ੬॥

ਇਹ ਸੰਸਾਰ ਤਿੰਨ੍ਹਾਂ ਵਿਸ਼ਿਆਂ ਰੂਪ ਕਜਲੇ ਦੀ ਕੋਠੀ ਹੈ,

ਵਾ:- ਇਹ ਸੰਸਾਰ ਤਿਸ ਪਰਮੇਸ਼ਰ ਦੀ ਕੋਠੀ ਹੈ ਜੋ ਇਸ ਵਿਚ ਪੈਸੈ=ਪ੍ਰਵੇਸ਼ ਕਰਦਾ ਹੈ,

ਉਹ ਗਰਬਿ=ਹੰਕਾਰੀ ਪੁਰਸ਼ ਹੰਕਾਰ ਵਿਚ ਹੀ ਜਰੈ=ਸੜਦਾ ਹੈ॥ ੬॥

ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ॥

ਰਯਤਿ=ਪਰਜਾ ਦੇ ਲੋਕ ਅਤੇ ਸਾਰੇ ਰਾਜੇ ਕਿਥੇ ਹਨ, ਜੋ ਭੀ ਦੁਹੁ=ਦ੍ਵੈਤ ਦੇ ਅੰਦਰ ਹਨ, ਜਾਂ ਦੋ ਰਾਗ ਦ੍ਵੈਸ਼, ਹਰਖ ਸੋਗ ਦੇ ਅੰਦਰ ਹਨ, ਜਾਂ ਚੰਦ੍ਰਮਾ ਸੂਰਜ ਦੇ ਅੰਦਰ ਆਏ ਹਨ, ਜਾਂ ਦੋ ਧਰਤੀ ਅਕਾਸ਼ ਦੇ ਅੰਦਰ ਆਏ ਹਨ, ਉਹਨਾਂ ਸਭਨਾਂ ਨੇ ਚਲਿਆ ਜਾਣਾ ਹੈ।

ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ॥੭॥੩॥੧੧॥

ਗੁਰੂ ਜੀ ਕਥਨ ਕਰਦੇ ਹਨ— ਸੱਚੇ ਦੀ ਪ੍ਰਾਪਤੀ ਦੀ ਭਗਤੀ, ਗਿਆਨ,

ਵਾ:- ਚਤਰਥ ਭੂਮਿਕਾ ਰੂਪ ਪਉੜੀ ਹੈ, ਜਿਸ ਨੇ ਗੁਰਾਂ ਦੁਆਰੇ ਉਸ ਪਉੜੀ 'ਤੇ ਚੜ੍ਹਨਾ ਕੀਤਾ ਹੈ, ਉਹ ਅਲਖ ਪ੍ਰਭੂ ਵਿਚ ਨਿਵਾਸ ਕਰਕੇ ਇਸਥਿਤ ਰਹਿੰਦਾ ਹੈ॥ ੭॥ ੩॥ ੧੧॥

ਮਾਰੂ ਮਹਲਾ ੩ ਘਰੁ ੫ ਅਸਟਪਦੀ ੧ੴ ਸਤਿਗੁਰ ਪ੍ਰਸਾਦਿ॥

ਜਿਸ ਨੋ ਪ੍ਰੇਮੁ ਮੰਨਿ ਵਸਾਏ॥ ਸਾਚੈ ਸਬਦਿ ਸਹਜਿ ਸੁਭਾਏ॥

ਉਹ ਪ੍ਰਭੂ ਜਿਸ ਦੇ ਮਨ ਵਿਚ ਪ੍ਰੇਮ ਵਸਾਂਵਦਾ ਹੈ। ਉਹ ਸੱਚੇ ਗੁਰਾਂ ਦੇ ਉਪਦੇਸ਼ ਕਰਕੇ ਸਹਿਜੇ ਹੀ ਸੁਭਾਇਮਾਨ ਹੁੰਦਾ ਹੈ।

www.sikhbookclub.com

ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥ ੧ ॥

ਇਸ ਪ੍ਰੇਮ ਦੀ ਵੇਦਨ=ਪੀੜਾ ਨੂੰ ਉਹ ਪਰਮੇਸ਼ਰ ਹੀ ਜਾਣਦਾ ਹੈ, ਅਵਰੁ ਕਿ=ਹੋਰ ਕੇਹੜਾ ਵੈਦ ਹੈ ਜਿਹੜਾ ਇਸ ਪ੍ਰੇਮ ਦੀ ਕਾਰੀ=ਔਸ਼ਧੀ ਨੂੰ ਜਾਣੇ।

ਆਪੇ ਮੇਲੇ ਆਪਿ ਮਿਲਾਏ ॥ ਆਪਣਾ ਪਿਆਰੁ ਆਪੇ ਲਾਏ ॥

ਉਹ ਪ੍ਰਭੂ ਆਪਣੇ ਪਿਆਰ ਨੂੰ ਆਪ ਹੀ ਲਗਾਂਵਦਾ ਹੈ। ਫੇਰ ਆਪ ਹੀ ਜਗਿਆਸੂ ਨੂੰ ਸਤਸੰਗ ਵਿਚ ਮਿਲਾ ਕੇ ਆਪਣੇ ਨਾਲ ਮੇਲ ਲੈਂਦਾ ਹੈ।

ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥ ੧ ॥ ਰਹਾਉ ॥

ਪ੍ਰੇਮ ਦੀ ਸਾਰ=ਕਦਰ ਨੂੰ ਓਹੀ ਗੁਰਮੁਖ ਜਾਣਦਾ ਹੈ ਜਿਸ ਉਤੇ ਆਪ ਜੀ ਦਾ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਜਾਂ ਜਿਸ ਉਤੇ ਉਸ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ॥ ੧ ॥ ਰਹਾਉ ॥

ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥

ਗੁਰਾਂ ਦੀ ਕਿਰਪਾ ਦੁਆਰੇ ਦਿਬ ਦ੍ਰਿਸਟਿ ਜਾਗੈ=ਗਿਆਨ ਦ੍ਰਿਸ਼ਟੀ ਵਿਚ ਜਾਗਣਾ ਕਰੇ ਤਾਂ ਭਰਮ ਨੂੰ ਚੁਕਾਏ=ਦੂਰ ਕਰਦਾ ਹੈ। ਤਦ ਹੀ ਪਰਮ ਪਦ ਨੂੰ ਪਾਂਵਦਾ ਹੈ।

ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥ ੨ ॥

ਜੋ ਗੁਰਾਂ ਦੇ ਸ਼ਬਦ ਦਾ ਵਿਚਾਰੀ ਹੋ ਕੇ ਇਸ ਜੁਗਤੀ ਨੂੰ ਪਛਾਣਦਾ ਹੈ, ਉਹ ਸੱਚਾ ਜੋਗੀ ਹੈ॥ ੨ ॥

ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥

ਜੋ ਸ਼ੁਭ ਕਰਮਾਂ ਦਾ ਸੰਜੋਗੀ ਹੈ ਉਸ ਧਨ=ਜੀਵ ਰੂਪ ਇਸਤ੍ਰੀ ਦਾ ਪਤੀ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ। ਗੁਰਮਤ ਨੂੰ ਧਾਰ ਕੇ ਜੇਹੜਾ ਹਿਰਦੇ ਵਿਚੋਂ ਦੁਰਮਤਿ=ਖੋਟੀ ਮਤ ਦਾ ਖੋਵੈ=ਅਭਾਵ ਕਰਨਾ ਹੈ ਏਹੋ ਸ਼ੁਭ ਕਰਮ ਦਾ ਕਰਨਾ ਹੈ।

ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥ ੩ ॥

ਜੋ ਆਪਣੇ ਪਤੀ ਪਰਮਾਤਮਾ ਦੀ ਪਿਆਰੀ ਹੋਈ ਹੈ, ਉਹ ਜੀਵ ਰੂਪ ਇਸਤ੍ਰੀ ਰੰਗ ਸਿਉ=ਅਨੰਦ ਦੇ ਨਾਲ ਨਿਤ ਹੀ ਰਲੀਆ ਮਾਣੈ=ਖੁਸ਼ੀਆਂ ਨੂੰ ਭੋਗਦੀ ਹੈ॥ ੩ ॥

ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥

ਹਉਮੈ ਜਾਂ ਅਗਿਆਨ ਰੂਪ ਰੋਗ ਦੀ ਨਵਿਰਤੀ ਕਰਨ ਵਾਲਾ ਸਤਿਗੁਰਾਂ ਤੋਂ ਬਿਨਾਂ ਹੋਰ ਕੋਈ ਵੈਦ ਨਹੀਂ ਹੈ। ਗੁਰੂ ਸਾਹਿਬ ਜੀ ਆਪੇ ਆਪ ਉਸ ਨਿਰੰਜਨ ਦਾ ਸਰੂਪ ਹਨ।

ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥ ੪ ॥

ਸਤਿਗੁਰਾਂ ਨਾਲ ਮਿਲਣ ਕਰਕੇ ਮੰਦਾ ਸੁਭਾਵ ਮਰ ਜਾਂਦਾ ਹੈ ਤੇ ਬ੍ਰਹਮ ਗਿਆਨੀ ਦੇ ਵਿਚਾਰਨ ਵਾਲਾ ਹੋ ਜਾਂਦਾ ਹੈ॥ ੪ ॥

ਏਹੁ ਸਬਦੁ ਸਾਰੁ ਜਿਸ ਨੋ ਲਾਏ ॥ ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥

www.sikhbookclub.com

ਇਹ ਜੋ ਸਾਰੁ=ਸਰੇਸ਼ਟ ਸ਼ਬਦ ਹੈ ਇਸ ਵਿਚ ਜਿਸ ਨੂੰ ਆਪ ਪਰਮੇਸ਼ਰ ਲਾਂਦਾ ਹੈ। ਉਹ ਗੁਰਮੁਖ ਜਨ ਗੁਰਾਂ ਦੁਆਰੇ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁਖ ਨੂੰ ਗਵਾਏ=ਨਾਸ ਕਰ ਲੈਂਦਾ ਹੈ।

ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥ ੫ ॥

ਆਪਣਾ ਲੀਤਾ ਹੋਇਆ ਕੁਝ ਪ੍ਰਾਪਤ ਨਹੀਂ ਹੁੰਦਾ, ਇਹ ਤਾਂ ਲੱਖਾਂ ਕਰੋੜਾ ਰੁਪਏ ਮੰਗਦਾ ਹੈ ਪਰ ਆਪਣੇ ਆਪ ਕਿਵੇਂ ਮਿਲ ਸਕਦੇ ਹਨ, ਹਾਂ ਪ੍ਰਭੂ ਨੇ ਸਾਰਿਆਂ ਵਿਚ ਆਪਣੀ ਕਲਾ ਧਾਰੀ ਹੋਈ ਹੈ ਉਹ ਕਿਰਪਾ ਕਰੇ ਤਾਂ ਸਭ ਕੁਝ ਮਿਲ ਸਕਦਾ ਹੈ॥ ੫॥

ਅਗਮ ਨਿਗਮੁ ਸਤਿਗੁਰੂ ਦਿਖਾਇਆ ॥
ਕਰਿ ਕਿਰਪਾ ਅਪਨੈ ਘਰਿ ਆਇਆ ॥

ਸਤਿਗੁਰਾਂ ਨੇ ਮੇਹਰ ਕਰਕੇ ਅਗਮ ਨਿਗਮੁ=ਸ਼ਾਸਤ੍ਰਾਂ ਤੇ ਵੇਦਾਂ ਦਾ ਸਿਧਾਂਤ ਦਿਖਾਇਆ ਹੈ, ਵਾ:- ਨਿਗਮੁ=ਵੇਦਾਂ ਕਰਕੇ ਅਗਮ ਜੋ ਪਰਮੇਸ਼ਰ ਹੈ ਉਹ ਦਿਖਾਇਆ ਹੈ। ਇਸ ਲਈ ਉਹ ਕਿਰਪਾ ਕਰਕੇ ਜਗਿਆਸੂ ਦੇ ਆਪਣੇ ਅੰਤਹਕਰਣ ਰੂਪੀ ਘਰ ਵਿਚ ਆ ਗਿਆ ਹੈ।

ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥ ੬ ॥

ਜਿਸ ਨੂੰ ਤਿਸ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਹੈ, ਉਸ ਨੇ ਅੰਜਨ=ਮਾਇਆ ਦੇ ਵਿਚ ਹੀ ਰਹਿੰਦਿਆਂ ਨਿਰੰਜਨ ਪਰਮਾਤਮਾ ਨੂੰ ਜਾਣ ਲਿਆ ਹੈ॥ ੬॥

ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥

ਜੇਹੜੇ ਗੁਰਮੁਖ ਹੁੰਦੇ ਹਨ ਓਹੀ ਤਤੁ=ਸਿਧਾਂਤ ਨੂੰ ਪਾਂਦੇ ਹਨ। ਤੇ ਆਪ ਉਦਮ ਕਰਕੇ ਹਿਰਦੇ ਵਿਚੋਂ ਆਪਣਾ ਆਪੁ=ਹੰਕਾਰ ਗਵਾਂਦੇ ਹਨ।

ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥ ੭ ॥

ਮਨ ਵਿਚ ਵਿਚਾਰ ਕੇ ਦੇਖ ਲਓ, ਸਤਿਗੁਰਾਂ ਤੋਂ ਬਿਨਾਂ ਸਾਰੇ ਜੀਵ ਸੰਸਾਰਕ ਧੰਧਿਆਂ ਨੂੰ ਹੀ ਕਮਾਂਵਦੇ ਹਨ॥ ੭॥

ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥

ਇਕ ਹੰਕਾਰੀ ਪੁਰਸ਼ ਭਰਮ ਵਿਚ ਭੁਲੇ ਫਿਰਦੇ ਹਨ। ਇਹਨਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹੰਗਤਾ ਮਮਤਾ ਮਾਰਨਾ ਕੀਤੀ ਹੈ।

ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੂਲੇ ਗਾਵਾਰੀ ਜੀਉ ॥ ੮ ॥

ਇਕ ਵੈਰਾਗਵਾਨ ਪੁਰਸ਼ ਬੈਰਾਗੀ=ਪ੍ਰੇਮੀ ਹੋਏ ਹੋਏ ਸਚੈ ਸਬਦਿ=ਬ੍ਰਹਮ ਵਿਚ ਰੱਤੇ ਗਏ ਹਨ ਅਤੇ ਹੋਰ ਗਾਵਾਰੀ=ਮੂਰਖ ਪੁਰਸ਼ ਭਰਮ ਵਿਚ ਭੂਲੇ ਹੋਏ ਹਨ॥ ੮॥

ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥

ਜਿਨ੍ਹਾਂ ਨੇ ਗੁਰਮੁਖਿ=ਮੁਖੀ ਗੁਰਾਂ ਦੁਆਰੇ ਨਾਮ ਸਿਮਰਨ ਕਰਨਾ ਨਹੀਂ ਪਾਇਆ। ਉਹਨਾਂ ਮਨਮੁਖਾਂ ਨੇ

www.sikhbookclub.com

ਆਪਣਾ ਅਮੋਲਕ ਮਨੁੱਖਾ ਜਨਮ ਨਿਸਫਲ ਗਵਾਇਆ ਹੈ।

ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥ ੯ ॥

ਵਾਹਿਗੁਰੂ ਨਾਮ ਤੋਂ ਬਿਨਾਂ ਅਗੈ=ਪ੍ਰਲੋਕ ਵਿਚ ਕੋਈ ਸਹਾਇਕ ਨਹੀਂ ਹੈ, ਪਰ ਗੁਰਬਾਣੀ ਦੀ ਵਿਚਾਰ ਵਾਲਾ ਹੀ ਇਸ ਗੱਲ ਨੂੰ ਸਮਝਦਾ ਹੈ॥ ੯ ॥

ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥

ਨਾਮ ਅੰਮ੍ਰਿਤ ਸਦਾ=ਨਿਤ ਸੁਖ ਦੇਣ ਵਾਲਾ ਹੈ, ਪੂਰਿਆਂ ਗੁਰਾਂ ਦੀ ਕਿਰਪਾ ਨਾਲ ਨਾਮ ਜਪਣ ਵਾਲਾ ਪੁਰਸ਼ ਚੌਹਾਂ ਜੁਗਾਂ ਵਿਚ ਜਾਣਿਆ ਜਾਂਦਾ ਹੈ।

ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥ ੧੦ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਅਸਾਂ ਨੇ ਇਹ ਗੱਲ ਸਿਧਾਂਤ ਵਾਲੀ ਵਿਚਾਰੀ ਹੈ ਕਿ ਜਿਸ ਨੂੰ ਤੂੰ ਨਾਮ ਸਿਮਰਨ ਕਰਨਾ ਦੇਂਦਾ ਹੈਂ ਓਹੀ ਪੁਰਸ਼ ਪਾਂਵਦਾ ਹੈ॥ ੧੦ ॥ ੧ ॥

[ਪੰਨਾ ੧੦੧੭]

ਮਾਰੂ ਮਹਲਾ ੫ ਘਰੁ ੩ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥ ੧ ॥

ਹੇ ਪੁਰਸ਼ਾ ! ਚੁਰਾਸੀ ਲੱਖ ਜੂਨੀਆਂ ਵਿਚ ਭੌਂਦਿਆਂ ਭੌਂਦਿਆਂ ਤੈਂ ਨੇ ਹੁਣ ਦੁਰਲੱਭ ਮਨੁੱਖਾ ਜਨਮ ਪਾਇਆ ਹੈ॥ ੧ ॥

ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥

ਹੇ ਮੂਰਖ ਪੁਰਸ਼ਾ ! ਤੂੰ ਹੋਛੈ=ਤੁਛ (ਫਿਕੇ) ਸੁਆਦਾਂ ਵਿਚ ਲਪਟ ਰਿਹਾ ਹੈਂ।

ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥ ੧ ॥ ਰਹਾਉ ॥

ਤੇਰੇ ਨਾਲ ਹੀ ਅੰਮ੍ਰਿਤੁ=ਸੁਖ ਸਰੂਪ ਬ੍ਰਹਮ ਵਸ ਰਿਹਾ ਹੈ, ਉਸ ਨੂੰ ਤਿਆਗ ਕੇ ਤੂੰ ਵਿਸ਼ੇ ਵਿਕਾਰਾਂ ਨਾਲ ਕਿਉਂ ਉਲਝ ਰਿਹਾ ਹੈਂ॥ ੧ ॥ ਰਹਾਉ ॥

ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ ॥ ੨ ॥

ਨਾਮ ਰੂਪ ਰਤਨ ਜਵਾਹਰਾਂ ਦੇ ਜਾਂ ਰਤਨ=ਵੈਰਾਗ, ਜਵੇਹਰ=ਗਿਆਨ ਇਤਿਆਦਿਕ ਸ਼ੁਭ ਗੁਣਾਂ ਦੇ ਖਰੀਦਣ ਵਾਸਤੇ ਤੂੰ ਆਇਆ ਸੀ, ਪਰ ਵਿਸ਼ਿਆਂ ਰੂਪ ਕਲਰ ਲੱਦ ਕੇ ਚਲਇਆ ਹੈਂ। ਭਾਵ ਵਿਸ਼ੇ ਪ੍ਰਾਇਣ ਹੋ ਗਿਆ ਹੈਂ॥ ੨ ॥

ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ ॥ ੩ ॥

ਜਿਸ ਪ੍ਰਲੋਕ ਘਰ ਵਿਚ, ਵਾ:- ਸਰੂਪ ਘਰ ਵਿਚ ਤੈਂ ਨੇ ਬਸ ਰਹਿਣਾ ਹੈ, ਉਹ ਪ੍ਰਲੋਕ ਘਰ,

ਵਾ:- ਸਰੂਪ ਘਰ ਤੈਨੂੰ ਕਦੇ ਭੀ ਚੇਤੇ ਆਇਆ ਨਹੀਂ॥ ੩ ॥

ਅਟਲ ਅਖੰਡ ਪ੍ਰਾਣ ਸੁਖਦਾਈ ਇਕ ਨਿਮਖ ਨਹੀ ਤੁਝੁ ਗਾਇਓ ॥ ੪ ॥

www.sikhbookclub.com

ਜੋ ਅਟੱਲ ਤੇ ਅਖੰਡ ਪ੍ਰਭੂ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਹੈ, ਉਸ ਨੂੰ ਇਕ ਨਿਮਖ ਮਾਤ੍ਰ ਭੀ ਤੈਂਨੇ ਗਾਵਣਾ ਨਹੀਂ ਕੀਤਾ।

ਜਹਾ ਜਾਣਾ ਸੋ ਥਾਨੁ ਵਿਸਾਰਿਓ ਇਕ ਨਿਮਖ ਨਹੀ ਮਨੁ ਲਾਇਓ ॥ ੫ ॥

ਜਿਸ ਪ੍ਰਲੋਕ ਘਰ ਵਿਚ ਤੈਂਨੇ ਜਾਣਾ ਹੈ ਉਹ ਅਸਥਾਨ ਤੈਂਨੇ ਭੁਲਾ ਦਿੱਤਾ ਹੈ ਅਤੇ ਇਕ ਛਿਨ ਭਰ ਵੀ ਉਸ ਪਾਸੇ ਤੈਂਨੇ ਮਨ ਨਹੀਂ ਲਗਾਣਾ ਕੀਤਾ ॥ ੫ ॥

ਪੁਤ੍ਰ ਕਲਤ੍ਰ ਗ੍ਰਿਹ ਦੇਖਿ ਸਮਗ੍ਰੀ ਇਸ ਹੀ ਮਹਿ ਉਰਝਾਇਓ ॥ ੬ ॥

ਪੁਤ੍ਰ ਕਲਤ੍ਰ=ਇਸਤ੍ਰੀ ਤੇ ਘਰ ਦੀ ਸਮਗ੍ਰੀ ਵੇਖ ਕੇ ਏਸੇ ਦੇ ਵਿਚ ਹੀ ਤੂੰ ਉਰਝਾਇਓ=ਫਸ ਰਿਹਾ ਹੈਂ ॥ ੬ ॥

ਜਿਤੁ ਕੋ ਲਾਇਓ ਤਿਤ ਹੀ ਲਾਗਾ ਤੈਸੇ ਕਰਮ ਕਮਾਇਓ ॥ ੭ ॥

ਪਰਮੇਸ਼ਰ ਨੇ ਜਾਂ ਕਰਮਾਂ ਨੇ ਜਿਧਰ ਕੋਈ ਲਗਾਇਆ ਹੈ ਓਸੇ ਪਾਸੇ ਕੋਈ ਲਗ ਰਿਹਾ ਹੈ, ਤੈਸੇ ਹੀ ਸਭ ਕਿਸੀ ਨੇ ਕਰਮਾਂ ਨੂੰ ਕਮਾਇਆ ਹੈ ॥ ੭ ॥

ਜਉ ਭਇਓ ਕ੍ਰਿਪਾਲੁ ਤਾ ਸਾਧਸੰਗੁ ਪਾਇਆ
ਜਨ ਨਾਨਕ ਬ੍ਰਹਮੁ ਧਿਆਇਓ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਪ੍ਰਭੂ ਕ੍ਰਿਪਾਲੂ ਹੋਇਆ ਤਾਂ ਸੰਤਾਂ ਦਾ ਸੰਗ ਕਰਨਾ ਪਾਇਆ ਤਾਂ ਮੈਂ ਜਨ ਨੇ ਬ੍ਰਹਮ ਨੂੰ ਧਿਆਉਣਾ ਕੀਤਾ, ਵਾ:- ਉਹਨਾਂ ਸੰਤਾਂ ਦਾ ਸੰਗ ਕਰਨਾ ਪਾਇਆ ਜਿਨ੍ਹਾਂ ਨੇ ਬ੍ਰਹਮ ਨੂੰ ਹੀ ਧਿਆਉਣਾ ਕੀਤਾ ਹੈ ॥ ੮ ॥ ੧ ॥

ਮਾਰੂ ਮਹਲਾ ੫ ॥

ਕਰਿ ਅਨੁਗ੍ਰਹੁ ਰਾਖਿ ਲੀਨੋ ਭਇਓ ਸਾਧੂ ਸੰਗੁ ॥

ਜਿਸ ਅੰਤਰਜਾਮੀ ਪਰਮਾਤਮਾ ਨੇ ਅਨੁਗ੍ਰਹੁ=ਕ੍ਰਿਪਾ ਦ੍ਰਿਸ਼ਟੀ ਕਰਕੇ ਰੱਖ ਲੀਤਾ ਹੈ, ਫਿਰ ਜਿਸ ਦੀ ਕਿਰਪਾ ਨਾਲ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ।

ਹਰਿ ਨਾਮ ਰਸੁ ਰਸਨਾ ਉਚਾਰੈ ਮਿਸਟ ਗੂੜਾ ਰੰਗੁ ॥ ੧ ॥

ਪੁਨਾ, ਜਿਸ ਦੀ ਕਿਰਪਾ ਨਾਲ ਮੇਰੀ ਰਸਨਾ=ਜੀਭ ਹਰੀ ਨਾਮ ਰਸ ਨੂੰ ਉਚਾਰਦੀ ਹੈ ਅਤੇ ਜਿਸ ਦੀ ਕਿਰਪਾ ਨਾਲ ਮਿਸਟ=ਮਿੱਠਾ ਗਾੜਾ ਗਿਆਨ ਭਗਤੀ ਦਾ ਰੰਗ ਚੜ੍ਹਿਆ ਹੈ, ਜਾਂ ਰਸਨਾ ਹਰੀ ਨਾਮ ਨੂੰ ਉਚਾਰਦੀ ਹੈ, ਜਿਸ ਨਾਮ ਦਾ ਰਸ ਮਿਸਟ=ਮਿੱਠਾ ਹੈ ਤੇ ਰੰਗ ਗੂੜਾ ਹੈ ॥ ੧ ॥

ਮੇਰੇ ਮਾਨ ਕੋ ਅਸਥਾਨੁ ॥

ਉਸ ਪ੍ਰਭੂ ਦਾ ਸਤੰਸਗ ਅਸਥਾਨ ਮੇਰੇ ਕੋ ਮਾਨ ਦੇਣ ਵਾਲਾ ਹੈ, ਜਾਂ ਮੇਰੇ ਕਰਕੇ ਉਹ ਸਤਸੰਗ ਅਸਥਾਨ ਮਾਨ=ਮਨਨ ਕਰਨੇ ਜੋਗ ਹੈ।

ਮੀਤ ਸਾਜਨ ਸਖਾ ਬੰਧਪੁ ਅੰਤਰਜਾਮੀ ਜਾਨੁ ॥ ੧ ॥ ਰਹਾਉ ॥

ਓਸੇ ਅੰਤਰਜਾਮੀ ਨੂੰ ਮਿਤ੍ਰ ਇਸ ਲੋਕ ਦਾ, ਸੱਜਣ ਪ੍ਰਲੋਕ ਦਾ, ਸਖਾ ਪ੍ਰਾਣਾਂ ਦੇ ਵਿਜੋਗ ਕਾਲ ਦਾ ਅਤੇ ਸੱਚਾ ਬੰਧਪੁ=ਸਬੰਧੀ ਮੈਂਨੇ ਜਾਣਿਆ ਹੈ॥ ੧ ॥ ਰਹਾਉ ॥

ਸੰਸਾਰ ਸਾਗਰੁ ਜਿਨਿ ਉਪਾਇਓ ਸਰਣਿ ਪ੍ਰਭ ਕੀ ਗਹੀ ॥

ਜਿਸ ਪ੍ਰਭੂ ਨੇ ਸੰਸਾਰ ਸਾਗਰ ਨੂੰ ਪੈਦਾ ਕੀਤਾ ਹੈ ਓਸੇ ਪ੍ਰਭੂ ਦੀ ਸ਼ਰਨ ਮੈਂਨੇ ਗ੍ਰਹਿਣ ਕੀਤੀ ਹੈ।

ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮਕੰਕਰੁ ਕਿਛੁ ਨ ਕਹੀ ॥ ੨ ॥

ਗੁਰਾਂ ਦੀ ਕ੍ਰਿਪਾ ਨਾਲ ਪ੍ਰਭੂ ਨੂੰ ਅਰਾਧਨਾ ਕਰੇ ਤਾਂ ਜਮਦੂਤ ਕੁਝ ਭੀ ਨਹੀਂ ਕਹਿੰਦੇ॥ ੨ ॥

ਮੋਖ ਮੁਕਤਿ ਦੁਆਰਿ ਜਾ ਕੈ ਸੰਤ ਰਿਦਾ ਭੰਡਾਰੁ ॥

ਜਿਸ ਪਰਮੇਸ਼ਰ ਦੇ ਦੁਆਰੇ 'ਪਰ ਚਾਰੇ ਮੁਕਤੀਆਂ ਖੜੀਆਂ ਹਨ, ਉਸ ਪ੍ਰਭੂ ਦੇ ਸੰਤਾਂ ਦਾ ਹਿਰਦਾ ਸ਼ੁਭ ਗੁਣ ਦਾ ਭੰਡਾਰਾ ਹੈ। *ਅਥਵਾ:-* ਜਿਨ੍ਹਾਂ ਸੰਤਾਂ ਦੇ ਦੁਆਰੇ 'ਪਰ ਮੋਖ ਮੁਕਤਿ=ਕੈਵਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ, ਉਨ੍ਹਾਂ ਸੰਤਾਂ ਦਾ ਹਿਰਦਾ ਸੁਖਾਂ ਦਾ ਭੰਡਾਰਾ ਹੈ।

ਜੀਅ ਜੁਗਤਿ ਸੁਜਾਣੁ ਸੁਆਮੀ ਸਦਾ ਰਾਖਣਹਾਰੁ ॥ ੩ ॥

ਜੋ ਸੁਆਮੀ ਜੀਆਂ ਦੀ ਜੁਗਤੀ ਜਾਨਣੇ ਨੂੰ ਸੁਜਾਣੁ=ਚਤੁਰ ਹੈ, ਓਹੀ ਪਰਮਾਤਮਾ ਸਦਾ ਰੱਖਣ ਵਾਲਾ ਹੈ॥ ੩ ॥

ਦੂਖ ਦਰਦ ਕਲੇਸ ਬਿਨਸਹਿ ਜਿਸੁ ਬਸੈ ਮਨ ਮਾਹਿ ॥

ਜਿਸ ਦੇ ਮਨ ਵਿਚ ਉਹ ਪ੍ਰਭੂ ਵਸਦਾ ਹੈ, ਉਸ ਦੇ ਦੁੱਖ ਜਨਮ ਮਰਨ ਦੇ, ਦਰਦ ਈਰਖਾ ਆਦਿਕ ਦੇ 'ਅਵਿਦਿਆ, ਅਸਮਤਾ, ਰਾਗ, ਦ੍ਵੈਸ਼, ਅਭਿਨਿਵੇਸ ਅਰਥਾਤ ਹਠ' ਇਹ ਪੰਜੇ ਕਲੇਸ਼ ਬਿਨਸ ਜਾਂਦੇ ਹਨ।

ਮਿਰਤੁ ਨਰਕੁ ਅਸਥਾਨ ਬਿਖੜੇ ਬਿਖੁ ਨ ਪੋਹੈ ਤਾਹਿ ॥ ੪ ॥

ਉਸ ਨੂੰ ਮਿਰਤੁ=ਮੌਤ, ਨਰਕ, ਬਿਖੜੇ=ਕਠਨ (ਔਖੇ) ਅਸਥਾਨ ਤੇ ਵਿਸ਼ਿਆਂ ਰੂਪੀ ਬਿਖੁ=ਜ਼ੈਹਰ ਜਾਂ ਬਿਖੁ=ਮਾਇਆ ਪ੍ਰੋਂਹਦੀ ਨਹੀਂ ਹੈ॥ ੪ ॥

ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ ॥

ਜਿਸ ਪਰਮੇਸ਼ਰ ਦੇ ਦਰਬਾਰ ਵਿਚ ਰਿਧੀਆਂ, ਸਿਧੀਆਂ ਤੇ ਨੌਂ ਨਿਧੀਆਂ ਹਾਜ਼ਰ ਹਨ ਅਤੇ ਕਥਾ ਕੀਰਤਨ ਰੂਪ ਅੰਮ੍ਰਿਤ ਦਾ ਪ੍ਰਵਾਹ ਚਲ ਰਿਹਾ ਹੈ।

ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ ॥ ੫ ॥

ਜੋ ਆਦ, ਮਧ, ਅੰਤ ਤਿੰਨਾਂ ਕਾਲਾਂ ਵਿਚ ਪੂਰਨ ਹੈ, ਸਾਰਿਆਂ ਤੋਂ ਉੱਚਾ ਹੈ, ਅਗਮ=ਪੋਂਹਚ ਤੋਂ ਰਹਿਤ ਹੈ, ਅਗਾਹ=ਅਗਾਧ (ਬਿਅੰਤ) ਹੈ॥ ੫ ॥

ਸਿਧ ਸਾਧਿਕ ਦੇਵ ਮੁਨਿ ਜਨ ਬੇਦ ਕਰਹਿ ਉਚਾਰੁ ॥

ਚੌਰਾਸੀ ਸਿਧ, ਸਾਧਿਕ=ਸਾਧਨਾ ਦੇ ਕਰਨ ਵਾਲੇ, ਤੇਤੀ ਕ੍ਰੋੜ ਦੇਵਤਾ ਅਤੇ ਮੁਨੀ ਜਨ ਮਹਾਤਮਾ ਤੇ ਚਾਰੇ

ਬੇਦ ਇਹ ਸਾਰੇ ਹੀ ਉਸ ਦੇ ਜਸ ਨੂੰ ਉਚਾਰਨ ਕਰਦੇ ਹਨ।

ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ ਨਹੀ ਅੰਤੁ ਪਾਰਾਵਾਰੁ ॥ ੬ ॥

ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ ਉਸ ਸੁਆਮੀ ਨੂੰ ਸਿਮਰ ਕੇ ਸੁਖ ਸਹਜਿ ਭੁੰਚਹਿ=ਅਚੁਤ ਸੁਖ ਨੂੰ ਭੋਗਣਾ ਕਰਦੇ ਹਨ॥ ੬ ॥

ਅਨਿਕ ਪ੍ਰਾਛਤ ਮਿਟਹਿ ਖਿਨ ਮਹਿ ਰਿਦੈ ਜਪਿ ਭਗਵਾਨ ॥

ਹਿਰਦੇ ਵਿਚ ਭਗਵਾਨ ਦੇ ਜਪਣ ਕਰਕੇ ਇਕ ਛਿਨ ਵਿਚ ਅਨੇਕਾਂ ਤਰ੍ਹਾਂ ਦੇ ਪ੍ਰਾਛਤ=ਪਾਪ ਮਿਟ ਜਾਂਦੇ ਹਨ।

ਪਾਵਨਾ ਤੇ ਮਹਾ ਪਾਵਨ ਕੋਟਿ ਦਾਨ ਇਸਨਾਨ ॥ ੭ ॥

ਜਿਸ ਨੇ ਹਿਰਦੇ ਵਿਚ ਭਗਵਾਨ ਨੂੰ ਜਪਿਆ ਹੈ ਉਹ ਪਾਵਨਾ=ਪਵਿਤ੍ਰਾਂ ਤੋਂ ਮਹਾਂ ਪਾਵਨ=ਬੜੇ ਪਵਿੱਤ੍ਰ ਹੋ ਗਏ ਹਨ ਅਤੇ ਕ੍ਰੋੜਾਂ ਦਾਨਾ ਤੇ ਇਸ਼ਨਾਨਾ ਦਾ ਫਲ ਪ੍ਰਾਪਤ ਹੋਇਆ ਹੈ॥ ੭ ॥

ਬਲ ਬੁਧਿ ਸੁਧਿ ਪਰਾਣ ਸਰਬਸੁ ਸੰਤਨਾ ਕੀ ਰਾਸਿ ॥

ਬਲ, ਬੁੱਧੀ, ਸੁਧੀ, ਪ੍ਰਾਣ, ਰਾਸਿ=ਪੂੰਜੀ ਉਸ ਪ੍ਰਭੂ ਦਾ ਨਾਮ ਹੀ ਸੰਤਾਂ ਦੀ ਸਰਬਸੁ=ਸਰਬ ਵਸਤੂ ਹੈ।

ਬਿਸਰੁ ਨਾਹੀ ਨਿਮਖ ਮਨ ਤੇ ਨਾਨਕ ਕੀ ਅਰਦਾਸਿ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਮੇਰੀ ਤਾਂ ਏਹੋ ਅਰਦਾਸਿ=ਬੇਨਤੀ ਹੈ ਕਿ ਮੇਰੇ ਮਨ ਵਿਚੋਂ ਇਕ ਨਿਮਖ ਮਾਤ੍ਰ ਭੀ ਪ੍ਰਭੂ ਦਾ ਨਾਮ ਨਾ ਭੁਲੇ॥ ੮ ॥ ੨ ॥

ਮਾਰੂ ਮਹਲਾ ੫ ॥

ਇਕ ਸਿੱਖ ਨੇ ਕਿਹਾ ਪਰਮੇਸ਼ਰ ਦੇ ਸੰਤਾਂ ਵਿਚ ਜੋ ਗੁਣ ਹਨ ਉਹ ਆਪ ਕਿਰਪਾ ਕਰਕੇ ਸੁਣਾਓ? ਹੁਣ ਗੁਰੂ ਸਾਹਿਬ ਜੀ ਚੰਦਨ ਦੇ ਬ੍ਰਿਛ ਦਾ, ਨੌਕਾ ਦਾ, ਪ੍ਰਿਥਵੀ ਦਾ, ਅਕਾਸ਼ ਦਾ, ਸੂਰਜ ਦਾ, ਵਾਯੂ ਦਾ, ਅੱਗ ਦਾ, ਇਨ੍ਹਾਂ ਸਤਾਂ ਦ੍ਰਿਸ਼ਟਾਂਤਾਂ ਰਾਹੀਂ ਸੰਤਾਂ ਦੀ ਰੀਤੀ ਸੁਣਾਉਂਦੇ ਹਨ—

ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥

ਦਿਆਲੂ ਸੁਭਾਅ ਵਾਲਾ ਦੇਵ=ਪ੍ਰਕਾਸ਼ ਰੂਪ ਜੋ ਗੋਬਿੰਦ ਹੈ ਕ੍ਰਿਪਾ ਦਾ ਘਰ, ਉਸ ਦੇ ਸੰਤਾਂ ਦੀ ਰੀਤੀ ਨੂੰ, ਹੇ ਭਾਈ! ਤੂੰ ਸੁਨਣਾ ਕਰ—

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥

ਜਿਵੇਂ ਕਿਸੀ ਨੇ ਚੰਦਨ ਦੇ ਬ੍ਰਿਛ ਨੂੰ, ਜਾਂ ਹੋਰ ਕਿਸੇ ਲਕੜੀ ਦੇ ਬ੍ਰਿਛ ਨੂੰ ਤਿਖੇ ਸ਼ਸਤ੍ਰ ਕੁਹਾੜੇ ਆਦਿਕ ਨਾਲ ਕਟ ਸੁਟਿਆ ਹੈ, ਪਰ ਉਸ ਬ੍ਰਿਛ ਨੇ ਆਪਣੇ ਮਨ ਵਿਚ ਕੋਈ ਗੁੱਸਾ ਨਹੀਂ ਕੀਤਾ।

ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ ੧ ॥

ਸਗੋਂ ਉਸ ਕਟਣ ਵਾਲੇ ਦੇ ਕਾਰਜ ਨੂੰ ਲੈ ਕੇ ਸਵਾਰ ਦੇਣਾ ਕੀਤਾ ਕਟਣ ਵਾਲੇ ਨੂੰ ਤਿਲ ਮਾਤ੍ਰ ਭੀ ਦੋਸ਼ ਨਹੀਂ ਦਿੱਤਾ॥ ੧ ॥ ਏਸੇ ਤਰ੍ਹਾਂ, *ਸੁਨਿ ਸੰਤਨਾ ਕੀ ਰੀਤਿ ॥*

ਹੇ ਭਾਈ ! ਤੂੰ ਸੰਤਾਂ ਦੀ ਰੀਤੀ ਸੁਨਣਾ ਕਰ—ਚੰਦਨ ਦੇ ਬ੍ਰਿਛ ਵਾਂਗੂ ਜੋ ਮਹਾਤਮਾ ਹਨ ਉਹਨਾਂ ਦੇ ਸਰੀਰ ਨੂੰ ਕਿਸੀ ਦੁਸ਼ਟ ਨੇ ਤਿਖੇ ਸ਼ਸਤ੍ਰ ਨਾਲ ਕੱਟ ਸੁਟਿਆ ਹੈ, ਜਾਂ ਤਿਖੀ ਜ਼ਬਾਨ ਨਾਲ ਕੌੜਾ ਬਚਨ ਉਚਾਰ ਕੇ ਸੰਤਾਂ ਨੂੰ ਦੁਖ ਦਿੱਤਾ ਹੈ, ਪਰ ਸੰਤਾਂ ਨੇ ਆਪਣੇ ਮਨ ਵਿਚ ਕੋਈ ਗੁੱਸਾ ਨਹੀਂ ਕੀਤਾ। ਸਗੋਂ ਉਸ ਦੇ ਮੋਖਛ ਰੂਪੀ ਕਾਰਜ ਨੂੰ ਲੈ ਕੇ ਸਵਾਰ ਦੇਣਾ ਕੀਤਾ ਹੈ, ਮਾਰਨ ਵਾਲੇ ਨੂੰ ਤਿਲ ਮਾਤਰ ਭੀ ਦੋਸ਼ ਨਹੀਂ ਦੇਣਾ ਕੀਤਾ॥ ੧ ॥

ਮਨ ਮੇਰੇ ਰਾਮ ਰਉ ਨਿਤ ਨੀਤਿ॥

ਹੇ ਮੇਰੇ ਮਨ ! ਤੂੰ ਨਿਤਾਪ੍ਰਤੀ ਰਾਮ ਨਾਮ ਨੂੰ ਰਉ=ਉਚਾਰਨਾ ਕਰ। ਅਤੇ-

ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ॥ ੧ ॥ ਰਹਾਉ॥

ਦਿਆਲੂ ਸੁਭਾਅ ਵਾਲਾ ਦੇਵ=ਪ੍ਰਕਾਸ਼ ਰੂਪ ਜੋ ਗੋਬਿੰਦ ਹੈ, ਕ੍ਰਿਪਾਲ=ਕਿਰਪਾ ਦਾ ਘਰ ਉਸ ਪਰਮੇਸ਼ਰ ਦੇ ਸੰਤਾਂ ਦੀ ਰੀਤੀ ਨੂੰ ਤੂੰ ਸੁਨਣਾ ਕਰ॥ ੧ ॥ ਰਹਾਉ॥

ਅੱਗੇ ਨੌਕਾ ਦਾ ਦ੍ਰਿਸਟਾਂਤ ਦੇ ਕੇ ਸਮਝੌਂਦੇ ਹਨ—

[ਪੰਨਾ ੧੦੧੮]

ਚਰਨ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ॥

ਜਿਵੇਂ ਕਿਸੀ ਨੇ ਸਮੁੰਦਰ ਤੋਂ ਪਾਰ ਲੰਘਣਾ ਹੈ ਤੇ ਦੌੜਿਆ ਆਇਆ ਹੈ, ਇਸ ਲਈ ਸਰੀਰ ਵਿਚ ਥਕੇਵਾਂ ਹੋ ਗਿਆ, ਪਰ ਜਿਸ ਵੇਲੇ ਆਪਣੇ ਪੈਰਾਂ ਦੇ ਹੇਠ ਨੌਕਾਂ ਨੂੰ ਉਗਾਹਿ=ਦਬਾ ਕੇ ਬੈਠ ਗਿਆ ਪਹਿਲੇ ਤਾਂ ਜੇਹੜਾ ਉਸ ਦੇ ਸਰੀਰ ਵਿਚ ਸ੍ਰਮੁ=ਥਕੇਵਾਂ ਸੀ ਉਹ ਨਾ ਰਿਹਾ।

ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ॥ ੨ ॥

ਦੂਜਾ, ਨੌਕਾ ਉਤੇ ਬੈਠਣ ਕਰਕੇ ਵੱਡੇ ਸਾਗਰ ਦਾ ਦੁੱਖ ਨਾ ਵਿਆਪਦਾ ਹੋਇਆ, ਤੀਜਾ ਇਕ ਛਿਨ ਵਿਚ ਸਮੁੰਦਰ ਤੋਂ ਪਾਰ ਉਤਰ ਗਿਆ। ਇਸੇ ਤਰ੍ਹਾਂ, ਹੇ ਭਾਈ ! ***ਸੁਨਿ ਸੰਤਨਾ ਕੀ ਰੀਤਿ॥*** ਪਰਮੇਸ਼ਰ ਦੇ ਪਿਆਰੇ ਸੰਤਾਂ ਦੀ ਰੀਤੀ ਸੁਣ, ਜਿਸ ਵੇਲੇ ਚਰਨਾਂ ਦੇ ਤਲੇ ਦਬਾ ਕੇ ਸਤਸੰਗਤ ਰੂਪੀ ਨੌਕਾ 'ਪਰ ਬੈਠ ਗਿਆ ਤਾਂ ਸਰੀਰ ਵਿਚ ਜੋ ਜਨਮ ਮਰਨ ਦਾ ਸੰਕਟ ਸੀ ਉਹ ਨਾ ਰਿਹਾ, ਦੂਜਾ ਸੰਸਾਰ ਸਮੁੰਦਰ ਦਾ ਕੋਈ ਦੁੱਖ ਨਾ ਵਿਆਪਦਾ ਹੋਇਆ, ਤੀਜਾ ਸੰਸਾਰ ਸਮੁੰਦਰ ਤੋਂ ਇਕ ਛਿਣ ਵਿਚ ਪਾਰ ਉਤਰ ਗਿਆ॥ ੨ ॥

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥

ਹੁਣ ਪ੍ਰਿਥਵੀ ਦਾ ਦ੍ਰਿਸ਼ਟਾਂਤ ਦੇ ਕੇ ਕਥਨ ਕਰਦੇ ਹਨ—ਜਿਵੇਂ ਕੋਈ ਪੁਰਸ਼ ਪ੍ਰਿਥਵੀ 'ਪਰ ਚੰਦਨ ਅਗਰ=ਬਾਵਨ ਚੰਦਨ ਦਾ ਲੇਪ ਕਰਦਾ ਹੈ ਤੇ ਕੋਈ ਕਪੂਰ ਦਾ ਲੇਪਨ ਕਰਦਾ ਹੈ, ਪਰ ਉਸ ਪੁਰਸ਼ ਨਾਲ ਪ੍ਰਿਥਵੀ ਪ੍ਰੀਤੀ ਨਹੀਂ ਕਰਦੀ।

ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ॥ ੩ ॥

ਤੇ ਕੋਈ ਪੁਰਸ ਪ੍ਰਿਥਵੀ 'ਪਰ ਬਿਸਟਾ=ਗੰਦਗੀ ਤੇ ਮੂਤ੍ਰ ਕਰਦਾ ਹੈ ਤੇ ਕੋਈ ਤਿਲ ਤਿਲ ਜਿਤਨਾ ਪ੍ਰਿਥਵੀ ਨੂੰ ਖੋਦਿ=ਪੁਟਦਾ ਹੈ, ਪਰ ਪ੍ਰਿਥਵੀ ਉਸ ਦੀ ਅਵਗਯਾ ਜਾਣ ਕੇ ਮਨ ਵਿਚ ਉਲਟੀ ਗੱਲ ਨਹੀਂ ਮੰਨਦੀ। ਏਸੇ ਤਰ੍ਹਾਂ, ਹੇ ਭਾਈ ! ***ਸੁਨਿ ਸੰਤਨਾ ਕੀ ਰੀਤਿ***=ਤੂੰ ਸੰਤਾਂ ਦੀ ਰੀਤੀ ਸੁਣ-ਚਾਹੇ ਕੋਈ ਬਾਵਨ ਚੰਦਨ ਤੇ ਕਪੂਰ

www.sikhbookclub.com

ਆਦਿਕਾਂ ਦਾ ਲੇਪਨ ਕਰਦਾ ਹੈ, ਭਾਵ ਸੰਤਾਂ ਦੀ ਉਸਤਤੀ ਰੂਪ ਬਚਨ ਉਚਾਰਦਾ ਹੈ, ਪਰ ਉਸ ਗੁਰਮੁਖ ਨਾਲ ਉਨ੍ਹਾਂ ਸੰਤਾਂ ਦੀ ਪ੍ਰੀਤੀ ਨਹੀਂ ਹੈ ਤੇ ਚਾਹੇ ਕੋਈ ਵਿਸ਼ਟਾ ਮੂਤਰ ਰੂਪ ਉਹਨਾਂ ਦੀ ਨਿੰਦਿਆ ਕਰਦਾ ਹੈ ਅਤੇ ਕੋਈ ਤਿਲ ਮਾਤ੍ਰ ਖੋਦਦਾ ਹੈ, ਭਾਵ ਥੋੜੀ ਥੋੜੀ ਗੱਲ ਮੇਂ ਸੰਤਾਂ ਵਿਚ ਦੂਸ਼ਨ ਅਰੋਪਦਾ ਹੈ, ਪਰ ਉਸ ਨਿੰਦਕ ਨੂੰ ਵੇਖ ਕੇ ਸੰਤ ਆਪਣੇ ਮਨ ਵਿੱਚ ਬਿਪਰੀਤਿ=ਉਲਟੀ ਗੱਲ ਨਹੀ ਮੰਨਦੇ।

ਯਥਾ:- ਸਹਨ ਸੀਲ ਸੰਤੰ ਸਮ ਮਿਤ੍ਰਸ ਦੁਰਜਨਹ।

ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ॥

ਅਕਾਸ਼ ਦਾ ਦ੍ਰਿਸ਼ਟਾਂਤ ਦੇ ਕੇ ਕਥਨ ਕਰਦੇ ਹਨ—ਜਿਵੇਂ ਅਕਾਸ਼ ਉੱਚੇ ਅਸਥਾਨਾਂ 'ਪਰ ਤੇ ਨੀਚ=ਨੀਵੇਂ ਅਸਥਾਨਾਂ 'ਪਰ, ਵਾ:- ਉਚਿਆਂ ਪੁਰਸ਼ਾਂ ਮੇਂ ਤੇ ਨੀਚ ਜਾਤੀ ਵਾਲੇ ਪੁਰਸ਼ਾਂ ਮੇਂ, ਬਿਕਾਰ=ਪਾਪੀਆਂ ਤੇ ਸੁਕ੍ਰਿਤ= ਪੁੰਨੀਆਂ ਇਤਿਆਦਿਕ ਸਾਰਿਆਂ ਨਾਲ ਸੁਖ ਪੂਰਬਕ ਛਤ੍ਰਾਕਾਰ ਹੋ ਕੇ ਸੰ=ਭਲੀ ਪ੍ਰਕਾਰ ਲਗਨ=ਲਗ ਰਿਹਾ ਹੈ।

ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ॥ ੪॥

ਮਿਤ੍ਰ ਤੇ ਸ਼ਤਰੂ ਭਾਵਨਾ ਕੁਝ ਭੀ ਨਹੀਂ ਜਾਣਦਾ ਸਾਰਿਆਂ ਜੀਵਾਂ ਵਿਚ ਸਮਤ=ਸਮਾਅ ਰਿਹਾ ਹੈ, ਵਾ:- ਇਕ ਸਾਮਨ ਸਭ ਨੂੰ ਜਾਣਦਾ ਹੈ। ਏਸੇ ਤਰ੍ਹਾਂ, ਹੇ ਭਾਈ ! *ਸੁਨਿ ਸੰਤਨਾ ਕੀ ਰੀਤਿ॥*

ਸੰਤਾਂ ਦੀ ਰੀਤੀ ਸੁਣ—ਉਚ=ਹੰਕਾਰੀਆਂ ਵਿਚ, ਨੀਚ=ਨਿੰਮ੍ਰਤਾ ਵਾਲਿਆਂ ਵਿਚ, ਬਿਕਾਰ ਸੁਕ੍ਰਿਤ= ਪਾਪੀਆਂ ਤੇ ਪੁੰਨੀਆਂ ਇਤਿਆਦਿਕ ਸਾਰਿਆਂ ਨਾਲ ਸੁਖ ਪੂਰਬਕ ਛਤ੍ਰ=ਸ਼ਰੋਮਣੀ ਸੰਤ ਸੰ=ਭਲੀ ਪ੍ਰਕਾਰ ਲਗ ਰਹੇ ਹਨ, ਨਾ ਕਿਸੀ ਵਿਚ ਮਿਤ੍ਰ ਭਾਵਨਾ, ਨਾ ਕਿਸੀ ਵਿਚ ਕੁਝ ਸ਼ਤਰੂ ਭਾਵਨਾ ਜਾਣਦੇ ਹਨ, ਇਕ ਸਮਾਨ ਦ੍ਰਿਸ਼ਟੀ ਨਾਲ ਸਾਰਿਆਂ ਨੂੰ ਵੇਖਦੇ ਹਨ॥ ੪॥

ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ॥

ਸੂਰਜ ਦਾ ਦ੍ਰਿਸ਼ਟਾਂਤ ਦੇ ਕੇ ਕਥਨ ਕਰਦੇ ਹਨ—ਜਿਵੇਂ ਸੂਰਜ ਪ੍ਰਚੰਡ=ਤੀਸ਼ਨ ਪ੍ਰਕਾਸ਼ ਕਰਕੇ ਪ੍ਰਗਟ ਹੁੰਦਾ ਹੈ ਤੇ ਅੰਧਕਾਰ=ਹਨੇਰੇ ਨੂੰ ਨਾਸ ਕਰ ਦੇਂਦਾ ਹੈ।

ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ॥ ੫॥

ਪਵਿਤ੍ਰ ਅਸਥਾਨਾਂ 'ਪਰ ਤੇ ਅਪਵਿਤ੍ਰ ਅਸਥਾਨਾਂ 'ਪਰ ਭੀ ਉਸ ਦੀਆਂ ਕ੍ਰਿਰਨਾਂ ਲਗਦੀਆਂ ਹਨ, ਪਰ ਸੂਰਜ ਦੇ ਮਨ ਵਿਚ ਕੋਈ ਬਿਖਾਦੁ=ਦੁੱਖ ਨਹੀਂ ਹੁੰਦਾ। ਏਸੇ ਤਰ੍ਹਾਂ, ਹੇ ਭਾਈ ! *ਸੁਨਿ ਸੰਤਨਾ ਕੀ ਰੀਤਿ॥* ਸੰਤਾਂ ਦੀ ਰੀਤੀ ਸੁਣ—ਪਰਮੇਸ਼ਰ ਦਾ ਪ੍ਰਚੰਡ ਪ੍ਰਕਾਸ਼ ਕਰਕੇ ਪ੍ਰਗਟ ਹੁੰਦੇ ਹਨ ਤੇ ਪਾਪਾਂ ਰੂਪੀ,

ਵਾ:- ਅਗਿਆਨ ਰੂਪ ਹਨੇਰੇ ਦਾ ਨਾਸ ਕਰਦੇ ਹਨ। ਉਹਨਾਂ ਦੀਆਂ ਉਪਦੇਸ਼ ਰੂਪ ਕਿਰਨਾਂ ਪਵਿੱਤ੍ਰ ਅੰਤਹ ਕਰਨ ਵਾਲਿਆਂ ਤੇ ਅਪਵਿਤ੍ਰ ਅੰਤਹ ਕਰਨ ਵਾਲਿਆਂ ਮਨਮੁਖਾਂ ਦੇ ਹਿਰਦੇ ਵਿਚ ਲਗਦੀਆਂ ਹਨ ਭਾਵ, ਗੁਰਮੁਖਾਂ ਤੇ ਮਨਮੁਖਾਂ ਦੋਹਾਂ ਨੂੰ ਉਪਦੇਸ਼ ਦੇਂਦੇ ਹਨ ਪਰ ਉਹਨਾਂ ਦੇ ਮਨ ਨੂੰ ਕੋਈ ਬਿਖਾਦੁ=ਦੁੱਖ ਨਹੀਂ ਹੁੰਦਾ।

ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ॥

ਵਾਯੂ ਦਾ ਦ੍ਰਿਸ਼ਟਾਂਤ ਦੇ ਕੇ ਕਥਨ ਕਰਦੇ ਹਨ—ਜਿਵੇਂ ਵਾਯੂ ਸੀਤਲ, ਮੰਦ=ਸਨੇ ਸਨੇ ਤੇ ਸੁਗੰਧੀ ਵਾਲੀ ਚਲਦੀ ਹੈ, ਸਾਰਿਆਂ ਅਸਥਾਨਾਂ 'ਪਰ ਇਕ ਸਾਰ ਸਮਾਨ=ਸਮਾਂਵਦੀ ਹੈ।

www.sikhbookclub.com

ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ॥ ੬॥

ਜਿਥੇ ਕੁਝ ਹੈ ਓਥੇ ਹੀ ਜਾ ਕੇ ਲਗਦੀ ਹੈ, ਰਾਜੇ ਕੰਗਾਲ ਦੀ ਇਕ ਤਿਲ ਜਿੰਨੀ ਭੀ ਸ਼ੰਕਾ ਨਹੀਂ ਮੰਨਦੀ। ਏਸੇ ਤਰ੍ਹਾਂ, ਹੇ ਭਾਈ ! *ਸੁਨਿ ਸੰਤਨਾ ਕੀ ਰੀਤਿ*=ਤੂੰ ਸੰਤਾਂ ਦੀ ਰੀਤੀ ਸੁਣ—ਵਾਯੂ ਵਾਂਗੂ ਸੰਤਾਂ ਦਾ ਸੀਤ=ਸੀਤਲ ਸੁਭਾਅ ਹੈ, ਜੋ ਭੀ ਵਿਹਾਰ ਕਰਦੇ ਹਨ ਮੰਦ=ਸਨੇ ਸਨੇ ਕਰਦੇ ਹਨ, ਉਹਨਾਂ ਵਿਚੋਂ ਭਗਤੀ ਰੂਪ ਸੁਗੰਧੀ ਚਲਦੀ ਹੈ, ਸਾਰਿਆਂ ਅਸਥਾਨਾਂ 'ਪਰ ਸਮਾਨ ਭਗਤੀ ਦਾ ਉਪਦੇਸ਼ ਕਰਦੇ ਹਨ। ਜਿਥੇ ਭੀ ਵੱਡੇ ਵੱਡੇ ਹੰਕਾਰੀ ਰਾਜੇ ਹਨ ਤਹਾਂ ਜਾ ਕੇ ਲਗਦੇ ਹਨ, ਭਾਵ ਹੰਕਾਰੀਆਂ ਪਾਸ ਜਾ ਕੇ ਉਹਨਾਂ ਨੂੰ ਉਪਦੇਸ਼ ਦੇ ਕੇ ਉਨ੍ਹਾਂ ਦਾ ਹੰਕਾਰ ਤੋੜਦੇ ਹਨ, ਮਨ ਵਿਚ ਤਿਲ ਮਾਤਰ ਭੀ ਸ਼ੰਕਾ ਨਹੀਂ ਮੰਨਦੇ॥ ੬॥

ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ॥

ਅੱਗ ਦਾ ਦ੍ਰਿਸ਼ਟਾਂਤ ਦੇ ਕੇ ਕਥਨ ਕਰਦੇ ਹਨ—ਜਿਵੇਂ ਅੱਗ ਦੇ ਪਾਸ ਜੋ ਪੁਰਸ਼ ਸੁਭਾਇ=ਸਰੇਸ਼ਟ ਪ੍ਰੇਮ ਨਾਲ ਤੇ ਜੋ ਪੁਰਸ਼ ਅਭਾਇ=ਬਿਨਾਂ ਪ੍ਰੇਮ ਤੋਂ ਆਉਂਦਾ ਹੈ, ਉਸ ਦਾ ਸੀਤ=ਜਾਡਾ ਦੂਰ ਹੋ ਜਾਂਦਾ ਹੈ।

ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ॥ ੭॥

ਅਗ਼ਨ ਦੇਵਤਾ ਆਪਣਾ ਪ੍ਰਾਇਆ ਕੁਝ ਭੀ ਨਹੀਂ ਜਾਣਦਾ, ਆਪਣਾ ਉਹ ਪੁਰਸ਼ ਹੈ ਜਿਸ ਨੇ ਅੱਗ ਪ੍ਰਜੁਲਤ ਕੀਤੀ ਹੈ, ਪਰਾਇਆ ਉਹ ਪੁਰਸ਼ ਹੈ ਜੋਹੜਾ ਐਵੇਂ ਪਾਸ ਆ ਕੇ ਬੈਠ ਗਿਆ ਹੈ, ਇਹ ਉਸ ਦਾ ਸਦਾ ਹੀ ਸੁਤੇ ਸੁਭਾਵ ਹੈ, ਇਕ ਤਾਂ ਜਾਡਾ ਦੂਰ ਕਰਦਾ ਹੈ, ਦੂਜਾ ਭੈ ਦੂਰ ਕਰਦਾ ਹੈ, ਤੀਜਾ ਪ੍ਰਕਾਸ਼ ਕਰਦਾ ਹੈ। ਏਸੇ ਤਰ੍ਹਾਂ ਹੇ ਭਾਈ ! *ਸੁਨਿ ਸੰਤਨਾ ਕੀ ਰੀਤਿ*=ਤੂੰ ਸੰਤਾਂ ਦੀ ਰੀਤੀ ਸੁਨਣਾ ਕਰ—

ਸੰਤ ਆਪਣਾ ਪਰਾਇਆ ਕੁਝ ਭੀ ਨਹੀਂ ਜਾਣਦੇ, ਇਹ ਉਹਨਾਂ ਦਾ ਸਹਿਜੇ ਹੀ ਸਮਤਾ ਵਾਲਾ ਸੁਭਾਵ ਹੈ ਜੇਹੜਾ ਭੀ ਪੁਰਸ਼ ਸੁਭਾਇ=ਸਰੇਸ਼ਟ ਪ੍ਰੇਮ ਨਾਲ ਜਾਂ ਅਭਾਇ=ਬਿਨਾਂ ਪ੍ਰੇਮ ਤੋਂ ਸੰਤਾਂ ਦੇ ਨਿਕਟਿ=ਕੋਲ ਆ ਜਾਂਦਾ ਹੈ ਉਸ ਦਾ ਜੜਤਾ ਰੂਪੀ ਸੀਤੁ=ਜਾਡਾ ਦੂਰ ਹੋ ਜਾਂਦਾ ਹੈ ਤੇ ਜਮਾਂ ਦਾ ਭੈ ਨਵਿਰਤ ਹੋ ਜਾਂਦਾ ਹੈ ਅਤੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ॥ ੭॥

ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ॥

ਜੋ ਸੰਤ ਲਾਲ=ਪਿਆਰੇ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ, ਉਹਨਾਂ ਸੰਤਾਂ ਦੀ ਚਰਨ ਸ਼ਰਣ ਗ੍ਰਹਿਣ ਕਰਨ ਨਾਲ ਇਹ ਮਨ ਸਨਾਥ=ਕਲਿਆਣ ਹੁੰਦਾ ਹੈ।

ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ—ਨਿਤਾਪ੍ਰਤੀ ਗੋਪਾਲ ਦੇ ਗੁਣ ਗਾਣਾ ਕਰੋ, ਗੁਣਾਂ ਦੇ ਗੈਣ ਕਰਨ ਨਾਲ ਪ੍ਰਭੂ ਜੀ ਆਪ ਕ੍ਰਿਪਾਲੂ ਹੁੰਦੇ ਹਨ॥ ੮॥ ੩॥

ਮਾਰੂ ਮਹਲਾ ੫ ਘਰੁ ੪ ਅਸਟਪਦੀਆ

੧ੴ ਸਤਿਗੁਰ ਪ੍ਰਸਾਦਿ॥

ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ॥ ੧॥

ਚਾਣਨਿਆਂ ਵਿਚੋਂ ਰਿਦ ਰੂਪ ਆਂਗਨਿ=ਵਹੜੇ ਵਿਚ ਸਰੇਸ਼ਟ ਚਾਣਨ ਕੌਣ ਹੈ?

ਉੱਤਰ=ਹਿਰਦੇ ਅੰਤਰ ਜੋ ਪ੍ਰਭ ਜੀਉ ਦੇ ਗਿਆਨ ਦਾ ਚਾਣਨ ਹੈ ਏਹੋ ਸਰੇਸ਼ਟ ਹੈ॥ ੧॥

ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ॥ ੨॥

ਅਰਾਧਨੇ ਵਿਚੋਂ ਨੀਕਾ=ਚੰਗਾ ਅਰਾਧਨ ਕੇਹੜਾ ਹੈ?

ਉੱਤਰ:- ਹਰਿ ਹਰਿ ਨਾਮ ਦਾ ਜੋ ਅਰਾਧਨ ਕਰਨਾ ਹੈ ਏਹੋ ਸਰੇਸ਼ਟ ਹੈ॥ ੨॥

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥ ੩॥

ਤਿਆਗਨੇ ਵਿਚੋਂ ਨੀਕਾ=ਚੰਗਾ ਤਿਆਗਨ ਕੇਹੜਾ ਹੈ?

ਉੱਤਰ:- ਕਾਮ, ਕ੍ਰੋਧ, ਲੋਭ, ਮੋਹ ਆਦਿਕਾਂ ਦਾ ਜੋ ਤਿਆਗਨ ਕਰਨਾ ਹੈ ਏਹੋ ਸਰੇਸ਼ਟ ਹੈ॥ ੩॥

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥ ੪॥

ਮੰਗਣ ਵਿਚੋਂ ਚੰਗਾ ਮੰਗਣਾ ਕੇਹੜਾ ਹੈ?

ਉੱਤਰ:- ਜੇਹੜਾ ਗੁਰਾਂ ਪਾਸੋਂ ਹਰੀ ਦਾ ਜਸ ਕਰਨਾ ਮੰਗਣਾ ਹੈ ਏਹੋ ਮੰਗਣਾ ਸਰੇਸ਼ਟ ਹੈ॥ ੪॥

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥ ੫॥

ਜਾਗਨੇ ਵਿਚੋਂ ਨੀਕਾ=ਚੰਗਾ ਜਾਗਣ ਕੇਹੜਾ ਹੈ?

ਉੱਤਰ:- ਜੇਹੜਾ ਹਰੀ ਦੇ ਕੀਰਤਨ ਕਰਨ ਵਿਚ ਜਾਗਨਾ ਹੈ ਏਹੋ ਜਾਗਨਾ ਸਰੇਸ਼ਟ ਹੈ॥ ੫॥

ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ॥ ੬॥

ਲਗਨਿਆਂ ਵਿਚੋਂ ਨੀਕਾ=ਚੰਗਾ ਲਗਨਾ ਕੇਹੜਾ ਹੈ?

ਉੱਤਰ:- ਜੇਹੜਾ ਗੁਰਾਂ ਦੇ ਚਰਨਾਂ ਵਿਚ ਮਨ ਦਾ ਲਗਣਾ ਹੈ ਏਹੋ ਲਗਣਾ ਸਰੇਸ਼ਟ ਹੈ॥ ੬॥

ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ॥ ੭॥

ਇਹ ਵਿਧੀ ਉਸ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹਨ॥ ੭॥

ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ॥ ੮॥ ੧॥ ੪॥

ਗੁਰੂ ਜੀ ਕਥਨ ਕਰਦੇ ਹਨ—ਉਸ ਦਾ ਸਭ ਕੁਝ ਨੀਕਾ=ਚੰਗਾ ਹੈ, ਜੇਹੜਾ ਪ੍ਰਭੂ ਦੀ ਸ਼ਰਨ ਵਿਚ ਆ ਕੇ ਪ੍ਰਾਪਤ ਹੋਇਆ ਹੈ॥ ੮॥ ੧॥ ੪॥

ਮਾਰੂ ਮਹਲਾ ੫॥

ਹੇ ਭਾਈ ! ਤੂੰ ਸੰਤਾਂ ਅੱਗੇ ਇਸ ਤਰ੍ਹਾਂ ਬੇਨਤੀ ਕਰ—

ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ॥ ੧॥ ਰਹਾਉ॥

ਹੇ ਸੰਤ ਜੀ ! ਤੁਸੀਂ ਆਉਣਾ ਕਰੋ, ਸੰਤਾਂ ਨੇ ਕਿਹਾ ਕਿਥੇ ਆਈਏ? ਜਗਿਆਸੂ ਨੇ ਕਿਹਾ- ਤੁਸੀਂ ਸਾਡੇ ਘਰ ਵਿਚ ਆਉਣਾ ਕਰੋ, ਆ ਕੇ ਮੇਰੇ ਕੰਨਾਂ ਵਿਚ ਹਰੀ ਜਸ ਸੁਨਾਵਣਾ ਕਰੋ॥ ੧॥ ਰਹਾਉ॥

ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ॥ ੧॥

ਤੁਹਾਡੇ ਆਉਣ ਨਾਲ ਮੇਰਾ ਮਨ ਤਨ ਸ਼ੁਭ ਗੁਣਾਂ ਨਾਲ ਹਰਿਆ ਹੋਵੇਗਾ ਅਤੇ ਮੈਂ ਤੁਹਾਡੇ ਨਾਲ ਮਿਲ

www.sikhbookclub.com

ਕੇ ਹਰੀ ਜਸ ਨੂੰ ਗਾਵਣਾ ਕਰਾਂਗਾ॥ ੧॥

ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ॥ ੨॥

ਹੇ ਸੰਤੋ ! ਤੁਹਾਡੀ ਕ੍ਰਿਪਾ ਨਾਲ ਹੀ ਹਰੀ ਹਿਰਦੇ ਵਿਚ ਆ ਕੇ ਵਸਦਾ ਹੈ ਅਤੇ ਦ੍ਵੈਤ ਭਾਵ ਦਾ ਮਿਟਾਵਣਾ ਹੁੰਦਾ ਹੈ॥ ੨॥

ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ॥ ੩॥

ਹੇ ਭਗਤੀ ਦੇ ਕਰਨ ਵਲੇ ਸੰਤੋ ! ਤੁਹਾਡੀ ਦਇਆ ਕਰਕੇ ਆਤਮ ਵਿਸ਼ੈਣੀ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਦੁਰਮਤਿ=ਖੋਟੀ ਬੁੱਧੀ ਤੇ ਦੁੱਖਾਂ ਦਾ ਤਿਆਗ ਹੁੰਦਾ ਹੈ॥ ੩॥

ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ॥ ੪॥

ਆਪ ਜੀ ਦੇ ਦਰਸ਼ਨ ਕਰਨ ਨਾਲ ਮਨ ਪੁਨੀਤਾ=ਪਵਿੱਤਰ ਹੁੰਦਾ ਹੈ, ਪੁਨ=ਫੇਰ, ਅਪਿ=ਨਿਸਚੇ ਕਰਕੇ ਉਹ ਪਰਮੇਸ਼ਰ ਜੀਵ ਨੂੰ ਮਾਂ ਦੇ ਗਰਭ ਵਿਚ ਨਹੀਂ ਪਾਂਦਾ॥ ੪॥

ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ॥ ੫॥

ਉਸ ਪੁਰਸ਼ ਨੇ ਨੌ ਨਿਧੀਆਂ, ਰਿਧੀਆਂ, ਸਿਧੀਆਂ ਪਾਈਆਂ ਹਨ ਜੋ ਆਪ ਜੀ ਦੇ ਮਨ ਵਿਚ ਭਾਵਨਾ=ਭਾਅ ਗਿਆ ਹੈ॥ ੫॥

ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ॥ ੬॥

ਹੇ ਸੰਤੋ ! ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਥਾਉ=ਥਾਂ ਜਾਂ ਆਸਰਾ ਨਹੀਂ ਸੁਝਦਾ ਜਿਥੇ ਮੈਂ ਜਾਣਾ ਕਰਾਂ॥ ੬॥

ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ॥ ੭॥

ਮੈਂ ਨਿਰਗੁਣ ਜੀਵ ਨੂੰ ਹੋਰ ਕੋਈ ਰੱਖ ਨਹੀਂ ਸਕਦਾ, ਹੇ ਸੰਤੋ ! ਤੁਹਾਡੇ ਸੰਗ ਵਿਚ ਹੀ ਮੇਰਾ ਸਮਾਵਨਾ ਹੁੰਦਾ ਹੈ॥ ੭॥

ਕਹੁ ਨਾਨਕ ਗੁਰਿ ਚਲਤੁ ਦਿਖਾਇਆ
ਮਨ ਮਧੇ ਹਰਿ ਹਰਿ ਰਾਵਨਾ॥ ੮॥ ੨॥ ੫॥

ਗੁਰੂ ਜੀ ਕਥਨ ਕਰਦੇ ਹਨ—ਪੂਰਨ ਗੁਰਾਂ ਨੇ ਇਕ ਅਜੇਹਾ ਚਲਤੁ=ਕੌਤਕ ਵਿਖਾਇਆ ਹੈ, ਜਿਸ ਚਰਿਤ੍ਰ ਨੂੰ ਵੇਖ ਕੇ ਮੈਂਨੇ ਮਨ ਵਿਚ ਹਰਿ ਹਰਿ ਨਾਮਾਂ ਨੂੰ ਰਾਵਨਾ=ਉਚਾਰਨਾ ਕੀਤਾ ਹੈ॥ ੮॥ ੨॥ ੫॥

[ਪੰਨਾ ੧੦੧੯]

ਮਾਰੂ ਮਹਲਾ ੫॥

ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥ ੧॥ ਰਹਾਉ॥

ਜੀਵਨੇ ਵਿਚੋਂ ਉਹ ਜੀਵਨਾ ਸਫਲ ਹੈ, ਜੋ ਹਰੀ ਜਸ ਨੂੰ ਸੁਣ ਕੇ ਤੇ ਹਰੀ ਜਾਪ ਨੂੰ ਜਪ ਕੇ ਹੀ ਸਦਾ ਜੀਉਣਾ ਹੈ॥ ੧॥ ਰਹਾਉ॥

ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ ॥ ੧ ॥

ਪੀਣਾ ਉਹ ਸਫਲ ਹੈ ਜਿਸ ਦੇ ਪੀਤਿਆਂ ਮਨ ਆਘਾਵੈ=ਰਜ ਜਾਵੇ, ਉਹ ਨਾਮ ਰੂਪ ਅੰਮ੍ਰਿਤ ਰਸ ਦਾ ਪੀਣਾ ਹੈ।

ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ ॥ ੨ ॥

ਖਾਣਾ ਉਹ ਸਫਲ ਹੈ ਜਿਸ ਕਰਕੇ ਫਿਰ ਭੁੱਖ ਨਾ ਲਗੇ, ਉਹ ਸੰਤੋਖ ਹੀ ਹੈ, ਜਿਸ ਸੰਤੋਖ ਕਰਕੇ ਸਦਾ ਤ੍ਰਿਪਤੀਵਨਾ=ਤ੍ਰਿਪਤ (ਰਜੇ) ਰਹੀਦਾ ਹੈ॥ ੨ ॥

ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਨਾ ॥ ੩ ॥

ਪੈਨਣਾ ਉਹ ਸਫਲ ਹੈ ਜਿਸ ਕਰਕੇ ਪਰਮੇਸ਼ਰ ਇੱਜ਼ਤ ਰੱਖ, ਪਰਮੇਸ਼ਰ ਪਟ ਲਈ, ਜਾਂ *'ਪ੍ਰੇਮ ਪਟੋਲ ਤੈ ਸਹਿ ਦਿਤਾ ਢਕਣ ਕੁ ਪਤ ਮੇਰੀ'* ਅਜੇਹੇ ਕਪੜਿਆ ਦੇ ਪੈਨਣੇ ਕਰਕੇ ਫਿਰ ਨੰਗੇ ਨਹੀਂ ਹੋਈਦਾ॥ ੩ ॥

ਭੋਗਨਾ ਮਨ ਮਧੇ ਹਰਿ ਰਸੁ ਸੰਤਸੰਗਤਿ ਮਹਿ ਲੀਵਨਾ ॥ ੪ ॥

ਭੋਗਣਾ ਉਹ ਸਫਲ ਹੈ ਜੇਹੜਾ ਸਤਸੰਗਤ ਵਿਚ ਜਾ ਕੇ ਮਨ ਮਧੇ=ਮਨ ਦੇ ਵਿਚ ਹਰੀ ਰਸ ਦਾ ਲੀਵਨਾ=ਲੈਣਾ ਹੈ॥ ੪ ॥

ਬਿਨੁ ਤਾਗੇ ਬਿਨੁ ਸੂਈ ਆਨੀ ਮਨੁ ਹਰਿ ਭਗਤੀ ਸੰਗਿ ਸੀਵਨਾ ॥ ੫ ॥

ਸੀਵਨਾ ਉਹ ਸਫਲ ਹੈ ਜੇਹੜਾ ਮੋਹ ਰੂਪ ਧਾਗੇ ਤੋ ਬਿਨਾਂ ਅਤੇ ਸੰਸਾਰਾਕਾਰ ਬਿਰਤੀ ਰੂਪੀ ਸੂਈ ਆਨੀ=ਲਿਆਏ ਤੋਂ ਬਿਨਾਂ, ਪ੍ਰੇਮ ਰੂਪੀ ਧਾਗੇ ਕਰਕੇ ਬ੍ਰਹਮਾਕਾਰ ਬਿਰਤੀ ਰੂਪੀ ਸੂਈ ਨੂੰ ਆਨੀ=ਲਿਆ ਕੇ ਮਨ ਰੂਪ ਕਪੜੇ ਨੂੰ ਹਰੀ ਦੀ ਭਗਤੀ ਨਾਲ ਸਿਉਂਣਾ ਹੈ॥ ੫ ॥

ਮਾਤਿਆ ਹਰਿ ਰਸ ਮਹਿ ਰਾਤੇ ਤਿਸੁ ਬਹੁੜਿ ਨ ਕਬਹੂ ਅਉਖੀਵਨਾ ॥ ੬ ॥

ਮਾਤਿਆ=ਮਸਤ ਹੋਣਾ ਉਹ ਸਫਲ ਹੈ, ਜੋ ਹਰੀ ਰਸ ਵਿਚ ਰੱਤੇ ਰਹਿਣਾ ਹੈ, ਕਿਉਂਕਿ ਫਿਰ ਕਦੇ ਭੀ ਅਉਖੀਵਨਾ=ਮ਼ਸਤੀ ਨੇ ਦੂਰ ਨਹੀਂ ਹੋਣਾ ਅਤੇ ਨਾ ਹੀ ਅਉਖੀਵਨਾ=ਅਮਲ ਦੀ ਤੋਟ ਹੋਣੀ ਹੈ।

ਅਥਵਾ:- ਮਾਤਿਆ=ਮਤੇ ਹੋਏ ਜੋ ਸੰਤ ਹਨ, ਉਹਨਾਂ ਦੁਆਰੇ ਹਰੀ ਰਸ ਵਿਚ ਤਦਾਕਾਰ ਹੋਵੇ, ਉਸ ਨੂੰ ਫਿਰ ਕਦੇ ਅਉਖੀਵਨਾ=ਔਖਾ ਨਹੀਂ ਹੋਣ ਪੈਂਦਾ, ਉਸ ਨੂੰ ਹਮੇਸ਼ਾ ਖੀਵਨਾ=ਮੀਵਨਾ=ਮਸਤੀ ਚੜ੍ਹੀ ਰਹਿੰਦੀ ਹੈ॥ ੬ ॥

ਮਿਲਿਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ ॥ ੭ ॥

ਉਸ ਨੂੰ ਸਾਰਿਆਂ ਪਦਾਰਥਾਂ ਦਾ ਨਿਧਾਨਾ=ਖਜ਼ਾਨਾ ਮਿਲਿਆ ਹੈ, ਜਿਸ ਨੂੰ ਪ੍ਰਭੂ ਨੇ ਕ੍ਰਿਪਾਲੂ ਹੋ ਕੇ ਦੀਵਨਾ=ਦਿੱਤਾ ਹੈ॥ ੭ ॥

ਸੁਖੁ ਨਾਨਕ ਸੰਤਨ ਕੀ ਸੇਵਾ ਚਰਣ ਸੰਤ ਧੋਇ ਪੀਵਨਾ ॥ ੮ ॥ ੩ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਸੁਖ ਤਾਂ ਸੰਤਾਂ ਦੀ ਸੇਵਾ ਵਿਚ ਹੈ, ਇਸ ਲਈ ਸੰਤਾਂ ਦੇ ਚਰਨ ਧੋ ਕੇ ਪੀਣਾ ਕਰੇ॥ ੮ ॥ ੩ ॥ ੬ ॥

ਮਾਰੂ ਮਹਲਾ ੫ ਘਰੁ ੮ ਅੰਜੁਲੀਆ ੧ੴ ਸਤਿਗੁਰ ਪ੍ਰਸਾਦਿ ॥

ਅੰਜੁਲੀਆਂ ਛੰਦ ਦੀ ਚਾਲ ਹੈ। ਵਾ:- ਅੰ=ਹੇ ਪਿਆਰੇ ਭਾਈ! ਤੂੰ ਪਰਮੇਸ਼ਰ ਦੀ ਤਰਫ

ਜੁਲੀਆਂ=ਚਲਨਾ ਕਰ। ਗੁਰੂ ਜੀ ਇਸ ਸ਼ਬਦ ਵਿਚ ਮਾਇਆ ਦਾ ਚਮਤਕਾਰ ਵਿਖਾਉਂਦੇ ਹੋਏ ਉਪਦੇਸ਼ ਦੇਣਾ ਕਰਦੇ ਹਨ—

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥

ਜਿਸ ਦੇ ਘਰ ਵਿਚ ਮਾਇਆ ਬਹੁਤੀ ਹੈ, ਓਸੇ ਦੇ ਘਰ ਵਿਚ ਹਮੇਸ਼ਾ ਚਿੰਤਾ ਬਣੀ ਰਹਿੰਦੀ ਹੈ ਕਿ ਜੇ ਅਫਸਰਾਂ ਨੂੰ ਪਤਾ ਲਗ ਗਿਆ ਤਾਂ ਟੈਕਸਾਂ ਦੇਣੀਆਂ ਪੈਣਗੀਆਂ, ਚੋਰਾਂ ਦੀ ਭੀ ਚਿੰਤਾ ਰਹਿੰਦੀ ਹੈ ਜੇ ਚੋਰਾਂ ਨੂੰ ਪਤਾ ਲਗ ਗਿਆ ਤਾਂ ਉਹ ਲੁਟ ਕੇ ਲੈ ਜਾਣਗੇ।

ਯਥਾ:- ਲੱਖ ਵਾਲਿਆਂ ਨੂੰ ਲੱਖ ਲੱਖ ਝਗੜੇ, ਕੋੜ ਵਾਲੇ ਨਹੀਂ ਸੌਦੇ।

ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥

ਜਿਸ ਦੇ ਘਰ ਵਿਚ ਥੋੜ੍ਹੀ ਹੈ ਉਹ ਮਾਇਆ ਵਾਸਤੇ ਭਜਾ ਫਿਰਦਾ ਹੈ।

ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ ੧ ॥

ਜੇਹੜਾ ਦੋਹਾਂ ਬਿਵਸਥਾ ਤੋਂ ਮੁਕਤਾ=ਰਹਿਤ ਹੈ, ਬਹੁਤੀ ਤੋਂ ਤੇ ਥੋੜ੍ਹੀ ਤੋਂ, ਇਨ੍ਹਾਂ ਦੋਹਾਂ ਹਾਲਤਾਂ ਤੋਂ ਜੇਹੜਾ ਬਚਿਆ ਹੈ ਓਹੀ ਜਗਤ ਵਿਚ ਸੁਹੇਲਾ=ਸੁਖੀ ਭਾਲੀਦਾ ਹੈ॥ ੧ ॥

ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥
ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥

ਜਿਸ ਘਰ ਵਿਚ ਰਾਜ ਭਾਗ ਹੈ ਉਸ ਨੂੰ ਨਰਕ ਦੀ ਪ੍ਰਾਪਤੀ ਹੁੰਦੀ ਹੈ, ਕਿਉਂਕਿ ਰਾਜ ਪ੍ਰਵਿਰਤੀ ਕਰਕੇ ਵਿਸ਼ਈ ਤੇ ਐਸ਼ ਪ੍ਰਸਤੀ ਹੋ ਜਾਂਦਾ ਹੈ ਜਾਂ ਗ੍ਰਿਹ=ਗ੍ਰਹਸਤ ਵਿਚ ਰਹਿ ਕੇ ਪਾਪ ਕਰਮਾਂ ਕਰਕੇ ਨਰਕ ਦੀ ਪ੍ਰਾਪਤੀ ਹੁੰਦੀ ਹੈ, ਰਾਜ ਭਾਗ ਵਿਚ ਕੁ-ਨਿਆਇ ਕਰਨ ਨਾਲ ਨਰਕ ਦੀ ਪ੍ਰਾਪਤੀ ਹੈ, ਉਦਾਸ ਤਾਹੀ ਵਿਚ ਯਾਨੇ ਸਾਧੂਪਣੇ ਵਿਚ ਕ੍ਰੋਧ ਕਰਨ ਨਾਲ ਨਰਕ ਦੀ ਪ੍ਰਾਪਤੀ ਹੁੰਦੀ ਹੈ। ਸਾਰਿਆਂ ਬੇਦਾਂ ਦਾ ਪਾਠ ਬਹੁਤ ਤਰ੍ਹਾਂ ਨਾਲ ਸੋਧਿਆ ਹੈ ਸਾਰੇ ਬੇਦ ਏਹੋ ਆਖਦੇ ਹਨ।

ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥ ੨ ॥

ਦੇਹ ਦੇ ਵਿਚ ਜੋ ਨਿਰਲੇਪ ਰਹਿੰਦਾ ਹੈ ਉਸ ਪੁਰਸ਼ ਦੀ ਘਾਲੀਐ=ਕਮਾਈ, ਪੂਰਨ=ਪੂਰੀ ਹੈ॥ ੨ ॥

ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥

ਇਹ ਜੀਵ ਜਾਗਦਾ ਹੀ ਸੁਤਾ ਹੋਇਆ ਹੈ, ਅਰਥਾਤ ਸਭ ਕੁਝ ਸਮਝਦਾ ਹੋਇਆ ਭੀ ਭੈੜੇ ਕਰਮ ਕਰਦਾ ਹੈ, *ਵਾ:-* ਜਾਗਤ=ਮਨੁੱਖ ਦੇਹ ਨੂੰ ਪਾ ਕੇ ਮੋਹ ਨੀਂਦ ਵਿਚ ਸੁਤਾ ਹੋਇਆ ਹੈ,

ਵਾ:- ਜਾਗਤ=ਵੇਦਾ ਸ਼ਾਸਤ੍ਰਾਂ ਨੂੰ ਪੜ੍ਹ ਕੇ ਭੀ ਅਵਿਦਿਆ ਦੀ ਨੀਂਦ ਵਿਚ ਸੁਤਾ ਹੋਇਆ ਹੈ, ਇਸ ਲਈ ਭਰਮ ਵਿਚ ਵਿਗੂਤਾ=ਖਰਾਬ ਹੋ ਰਿਹਾ ਹੈ ਹੇ ਮਿੱਤਰੋ ! ਗੁਰੂ ਦੀ ਸ਼ਰਨ ਆਏ ਤੋਂ ਬਿਨਾਂ ਮੁਕਤ ਨਹੀਂ ਹੋਈਦਾ।

ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥ ੩ ॥

ਸਤਸੰਗਤ ਕਰਦਿਆਂ ਜਿਸ ਵੇਲੇ ਹੰਗਤਾਂ ਦੇ ਬੰਧਨ ਟੁੱਟਦੇ ਹਨ, ਤਾਂ ਸਭ ਪਾਸੇ ਇਕੋ ਇਕ ਵਾਹਿਗੁਰੂ ਨੂੰ ਨਿਹਾਲੀਐ=ਵੇਖਦਾ ਹੈ॥ ੩ ॥

ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ॥
ਮੋਹ ਮਗਨ ਮਨੁ ਵਿਆਪਿਆ ਚਿੰਦਾ॥

ਜੇਕਰ ਜੀਵ ਕਰਮਾਂ ਨੂੰ ਕਰੇ ਤਾਂ ਬੰਨ੍ਹਿਆ ਜਾਂਦਾ ਹੈ, ਜੇਕਰ ਕਰਮਾਂ ਨੂੰ ਨਾ ਕਰੇ ਤਾਂ ਨਿੰਦਿਆ ਹੁੰਦੀ ਹੈ। ਮੋਹ ਦੀ ਮਗਨਤਾ ਕਰਕੇ ਜੀਵ ਦਾ ਮਨ ਚਿੰਦਾ=ਚਿੰਤਾ ਵਿਚ ਵਿਆਪ ਰਿਹਾ ਹੈ।

ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ॥ ੪॥

ਗੁਰਾਂ ਦੀ ਕ੍ਰਿਪਾ ਨਾਲ ਸੁਖ ਦੁੱਖ ਨੂੰ ਸਮ ਕਰਕੇ ਭਾਵ ਇਕਸਾਰ ਜਾਨਣਾ ਕਰੇ, ਤਾਂ ਘਟਿ ਘਟਿ=ਸਰੀਰ ਸਰੀਰ ਦੈ ਹਿਆਲੀਐ=ਹਿਰਦੇ ਘਰ ਵਿਚ ਪਰਮਾਤਮਾ ਨੂੰ ਪੂਰਨ ਹਿਆਲੀਐ=ਵੇਖਦਾ ਹੈ।

ਸੰਸਾਰੈ ਮਹਿ ਸਹਸਾ ਬਿਆਪੈ॥ ਅੰਕਥ ਕਥਾ ਅਗੋਚਰ ਨਹੀ ਜਾਪੈ॥

ਸੰਸਾਰ ਦੇ ਵਿਚ ਰਹਿਣ ਕਰਕੇ ਤਾਂ ਸੰਸਾ ਹੀ ਵਿਆਪਦਾ ਹੈ। ਸੰਸਿਆਂ ਕਰਕੇ ਜ਼ਿਸ ਅਗੋਚਰ ਪ੍ਰਭੂ ਦੀ ਕਥਾ ਅਕਥ ਹੈ ਉਹ ਜਾਪੈ=ਜਾਣਿਆ ਨਹੀਂ ਜਾਂਦਾ।

ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ॥ ੫॥

ਜਿਸ ਨੂੰ ਪਰਮੇਸ਼ਰ ਸਮਝਾਂਦਾ ਹੈ ਓਹੀ ਪੁਰਸ਼ ਸਮਝਦਾ ਹੈ, ਜੇਹੜਾ ਸਮਝ ਗਿਆ ਹੈ ਉਸ ਨੂੰ ਪਰਮੇਸ਼ਰ ਬਾਲਕ ਵਾਂਗੂੰ ਪਾਲਦਾ ਹੈ, ਜਿਵੇਂ ਮਾਂ ਪਿਓ ਬੱਚੇ ਨੂੰ ਪਾਲਦੇ ਹਨ॥ ੫॥

ਛੋਡਿ ਬਹੈ ਤਉ ਛੂਟੈ ਨਾਹੀ॥ ਜਉ ਸਿੰਚੈ ਤਉ ਭਉ ਮਨ ਮਾਹੀ॥

ਜੇਕਰ ਮਾਇਆ ਛੱਡ ਬੈਠੇ ਤਾਂ ਮਾਇਆ ਛੁਟਦੀ ਨਹੀਂ ਹੈ ਕਿਉਂਕਿ ਲੋੜ ਅਨੁਸਾਰ ਖਾਣ ਪੀਣ ਦੀਆਂ ਵਾਸ਼ਨਾਂ ਨਾਲ ਹੀ ਬਣੀਆਂ ਰਹਿੰਦੀਆਂ ਹਨ। ਜੇਕਰ ਮਾਇਆ ਨੂੰ ਸਿੰਚੈ='ਕੱਠਾ ਕਰੇ ਤਾਂ ਮਨ ਵਿਚ ਡਰ ਬਣਿਆ ਰਹਿੰਦਾ ਹੈ।

ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ॥ ੬॥

ਇਸ ਮਾਇਆ ਦੇ ਵਿਚ ਰਹਿੰਦਿਆਂ ਹੋਇਆਂ ਹੀ ਇਸ ਦੀ ਪਤਆਬਰੋ ਰੱਖਦਾ ਹੈ, ਉਸ ਸਾਧੂ ਦੇ ਸਿਰ ਉਤੇ ਜਸ ਰੂਪੀ ਚੌਰ ਢੁਲਦਾ ਹੈ ਜਾਂ ਓਹ ਪ੍ਰਮੇਸ਼ਰ ਉਸ ਸਾਧੂ ਦੇ ਸਿਰ ਉਤੇ ਜਸ ਰੂਪ ਚੌਰ ਢੁਲਾਂਵਦਾ ਹੈ॥ ੬॥

ਜੋ ਸੂਰਾ ਤਿਸ ਹੀ ਹੋਇ ਮਰਣਾ॥ ਜੋ ਭਾਗੈ ਤਿਸੁ ਜੋਨੀ ਫਿਰਣਾ॥

ਜੇਹੜਾ ਸੂਰਬੀਰ ਹੁੰਦਾ ਹੈ ਓਸੇ ਦਾ ਰਣਭੂਮਕਾ ਵਿਚ ਮਰਨਾ ਹੁੰਦਾ ਹੈ। ਜੇਹੜਾ ਕਾਇਰ ਹੋ ਕੇ ਭਜ ਜਾਂਦਾ ਹੈ ਤਿਸ ਦਾ ਜੂਨੀਆਂ ਵਿਚ ਫਿਰਨਾ ਹੁੰਦਾ ਹੈ। ਏਸੇ ਤਰ੍ਹਾਂ ਜੇਹੜਾ ਕਾਮ, ਕ੍ਰੋਧ ਆਦਿਕਾਂ ਦੇ ਜਿੱਤਨੇ ਵਾਲਾ ਸੂਰਬੀਰ ਮਹਾਤਮਾ ਹੁੰਦਾ ਹੈ ਓਸੇ ਦਾ ਜੀਵਤ ਭਾਅ ਤੋਂ ਮਰਨਾ ਹੁੰਦਾ ਹੈ। ਜੇਹੜਾ ਕਾਇਰ ਹੋ ਕੇ ਭਜ ਜਾਂਦਾ ਹੈ, ਭਾਵ ਕਾਮ ਆਦਿਕਾਂ ਨੂੰ ਨਹੀਂ ਜਿੱਤ ਸਕਦਾ ਉਸ ਦਾ ਜੂਨੀਆਂ ਵਿਚ ਫਿਰਨਾ ਹੁੰਦਾ ਹੈ।

ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ॥ ੭॥

ਪਰਮੇਸ਼ਰ ਦੁੱਖ ਸੁਖ ਆਦਿਕ ਜੋ ਭੀ ਭਾਣਾ ਵਰਤਾਉਂਦਾ ਹੈ ਉਸ ਨੂੰ ਭਲਾ ਕਰਕੇ ਮੰਨੇ, ਪਰਮੇਸ਼ਰ ਦੇ

www.sikhbookclub.com

ਹੁਕਮ ਨੂੰ ਬੁਝ ਕੇ ਦੁਰਮਤਿ=ਖੋਟੀ ਮਤ ਨੂੰ, ਜਾਲੀਐ=ਸਾੜਨਾ ਕਰੀਏ॥ ੭॥

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ॥ ਕਰਿ ਕਰਿ ਵੇਖੈ ਅਪਣੇ ਜਚਨਾ॥

ਜਿਸ ਜਿਸ ਤਰਫ ਜੀਵਾਂ ਨੂੰ ਕਰਮਾਂ ਅਨੁਸਾਰ ਲਗਾਂਵਦਾ ਹੈ, ਤਿਧਰ ਤਿਧਰ ਹੀ ਜੀਵ ਲਗਨਾ ਕਰਦੇ ਹਨ। ਆਪਣੇ ਜਚਨਾ=ਜਾਚਕ ਜੀਵਾਂ ਨੂੰ ਆਪ ਹੀ ਉਤਪੰਨ ਕਰ ਕਰਕੇ ਵੇਖਣਾ ਕਰਦਾ ਹੈ, ਵਾਂ:- ਆਪਣੇ ਜਚਨਾ=ਕੌਤਕਾਂ ਨੂੰ ਆਪ ਹੀ ਕਰ ਕਰਕੇ ਵੇਖਣਾ ਕਰਦਾ ਹੈ।

ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ॥ ੮॥ ੧॥ ੭॥

ਗੁਰੂ ਜੀ ਕਥਨ ਕਰਦੇ ਹਨ—ਹੇ ਪੂਰਨ ਸੁਖਾਂ ਕੇ ਦਾਤੇ ਮੈਂ ਦਾਸ ਦੇ ਮਾਲਕ ਪ੍ਰਭੂ ! ਜੇ ਤੂੰ ਕਿਰਪਾ ਕਰਕੇ ਸਿਮਰਨ ਦੇਵੇਂ ਤਾਂ ਅਸੀਂ ਤੇਰੇ ਨਾਮ ਨੂੰ ਸੰਭਾਲਣਾ ਕਰੀਏ॥ ੮॥ ੧॥ ੭॥

ਮਾਰੂ ਮਹਲਾ ੫॥

ਸਿੱਖਾਂ ਨੂੰ ਵੈਰਾਗ ਜਨਕ ਉਪਦੇਸ਼ ਦੇਂਦੇ ਹਨ—

ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥

ਗ੍ਰਹਸਥ ਜਾਂ ਸੰਸਾਰ ਬ੍ਰਿਛ ਹੇਠਾਂ ਸਾਰੇ ਜੀਵਾਂ ਰੂਪ ਪੰਛੀ ਇੱਕਠੇ ਹੋਏ ਹੋਏ ਹਨ। ਜਿਨ੍ਹਾਂ ਵਿਚੋਂ ਇਕ ਤਤੇ=ਤਮੋ ਗੁਣੀ ਬਚਨ ਬੋਲਦੇ ਹਨ ਤੇ ਇਕ ਸਤੋਗੁਣੀ ਭਾਵ ਮਿੱਠੇ ਬਚਨ ਬੋਲਦੇ ਹਨ।

ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥ ੧॥

ਪਹਿਲੇ ਕਾਲ ਰੂਪੀ ਸੂਰਜ ਅਸਤ ਹੋਇਆ ਹੋਇਆ ਸੀ, ਉਹ ਜਿਸ ਵੇਲੇ ਆ ਕੇ ਉਦੇ ਹੋਇਆ, ਭਾਵ ਕਾਲ ਆ ਕੇ ਪ੍ਰਗਟਿਆ ਤਾਂ ਜਿਉਂ ਜਿਉਂ ਜੀਵਾਂ ਦੀ ਅਉਧ=ਉਮਰਾ, ਵਿਹਾਣੀਆ=ਬਤੀਤ ਹੁੰਦੀ ਗਈ ਤਿਉਂ ਤਿਉਂ ਜੀਵਾਂ ਰੂਪ ਪੰਛੀ ਉਠ ਕੇ ਚਲਦੇ ਹੋਏ, ਜਾਂ ਜਿਨ੍ਹਾਂ ਦੇ ਪਾਸ ਕਾਲ ਰੂਪੀ ਸੂਰਜ ਆ ਕੇ ਉਦੇ ਹੋਇਆ ਅਸਤੁ=ਹੈ, ਉਹ ਇਸ ਲੋਕ ਚੋਂ ਉਠ ਕੇ ਪ੍ਰਲੋਕ ਰਸਤੇ ਵਿਚ ਚਲਦੇ ਹੋਏ, ਜਿਵੇਂ ਜਿਵੇਂ ਜੀਵਾਂ ਦੀ ਉਮਰਾ ਬੀਤਦੀ ਗਈ ਹੈ॥ ੧॥

ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥

ਪਾਪ ਕਰਮਾਂ ਦੇ ਕਰਨ ਵਾਲੇਂ ਪੁਰਸ਼ ਸਰਪਰ ਮੁਠੇ=ਜ਼ਰੂਰ ਲੁਟੇ ਪੁਟੇ ਗਏ। ਅਜਰਾਈਲ ਜਮ ਉਹਨਾਂ ਪਾਪੀਆਂ ਨੂੰ ਫੜ ਫੜ ਕੇ ਕੁਠੇ=ਕੋਂਹਦਾ ਹੈ।

[ਪੰਨਾ ੧੦੨੦]

ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥ ੨॥

ਸਿਰਜਨਹਾਰ ਪਰਮਾਤਮਾ ਨੇ ਉਹ ਪੁਰਸ਼ ਦੋਜਕਿ=ਨਰਕਾਂ ਵਿਚ ਪਾਏ ਹਨ, ਬਾਣੀਆ=ਧਰਮ ਰਾਜਾ ਉਹਨਾਂ ਪਾਸੋਂ ਕੀਤੇ ਕਰਮਾਂ ਦਾ ਹਿਸਾਬ ਮੰਗਦਾ ਹੈ॥ ੨॥

ਸੰਗਿ ਨ ਕੋਈ ਭਇਆ ਬੇਬਾ॥ ਮਾਲੁ ਜੋਬਨੁ ਧਨੁ ਛੋਡਿ ਵਞੈਸਾ॥

ਇਸ ਦੇ ਨਾਲ ਮਦਦ ਕਰਨ ਵਾਸਤੇ ਨਾ ਕੋਈ ਭਇਆ=ਭਰਾ ਤੇ ਨਾ ਹੀ ਬੇਬਾ=ਭੈਣ ਜਾਂਦੀ ਹੈ। ਮਾਲ,

www.sikhbookclub.com

ਜੁਆਨੀ ਅਤੇ ਧਨ ਨੂੰ ਇਥੇ ਹੀ ਛੱਡ ਕੇ ਵਞੈਸਾ=ਚਲਿਆ ਜਾਂਦਾ ਹੈ।

ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥ ੩ ॥

ਜਿਸ ਪੁਰਸ਼ ਨੇ ਕਰੀਮ ਕਰਣ=ਕ੍ਰਿਪਾ ਦੇ ਕਰਨ ਵਾਲੇ ਕਰਤੇ ਪੁਰਖ ਨੂੰ ਨਹੀਂ ਜਾਣਿਆ, ਉਸ ਨੂੰ ਧਰਮ ਰਾਜਾ ਤਿਲਾਂ ਦੀ ਘਾਣੀ ਵਾਂਙੂ ਕੋਹਲੂ ਵਿਚ ਪੀੜਦਾ ਹੈ॥ ੩ ॥

ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥

ਹੇ ਪੁਰਸ਼ਾ ! ਤੂੰ ਪ੍ਰਾਈ ਵਸਤੂਆਂ ਖੋਹ ਖੋਹ ਕੇ ਕਾਬੂ ਕਰ ਲੈਂਦਾ ਹੈਂ। ਪਰ ਉਹ ਖੁਦਾਈ=ਪਰਮਾਤਮਾ ਤੇਰੇ ਨਾਲ ਹੀ ਤੇਰਿਆਂ ਕੰਮਾਂ ਨੂੰ ਵੇਖਦਾ ਤੇ ਸੁਣਦਾ ਹੈ।

ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥ ੪ ॥

ਦੁਨੀਆਂ ਵਿਚ ਤੂੰ ਲਬ ਰੂਪੀ ਖਾਤੇ ਅੰਦਰ ਪਿਆ ਹੋਇਆ ਹੈਂ, ਜਾਂ ਲੋਭ ਕਰਕੇ ਤੂੰ ਦੁਨੀਆਂ ਰੂਪੀ ਖਾਤੇ ਅੰਦਰ ਡਿੱਗਾ ਪਿਆ ਹੈਂ ਅਤੇ ਅਗਲੀ=ਅੱਗੇ ਪ੍ਰਲੋਕ ਦੀ ਗੱਲ ਤੈਂਨੇ ਕੋਈ ਜਾਣੀ ਨਹੀਂ ਹੈ ਕਿ ਓਥੇ ਕਿੰਨੀ ਕੁ-ਸਜਾ ਮਿਲਣੀ ਹੈ॥ ੪ ॥

ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥

ਜੰਮਨੇ ਮਰਨੇ ਵਾਲਾ ਹੋ ਕੇ ਜੰਮਦਾ ਮਰਦਾ ਰਹੇਂਗਾ, ਫਿਰ ਭੀ ਕਈ ਵਾਰ ਜੰਮੇਗਾ ਤੇ ਮਰੇਂਗਾ, ਜਿਸ ਵੇਲੇ ਜਮ ਰਸਤੇ ਰੂਪੀ ਲੰਮੇ ਦੇਸ ਵਿਚ ਪਿਆ ਤਾਂ ਬੜੀ ਭਾਰੀ ਸਜਾ ਭੋਗਣੀ ਪਏਗੀ।

ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥ ੫ ॥

ਹੇ ਅੰਨ੍ਹੇ ਪੁਰਸ਼ਾ ! ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ ਉਸ ਨੂੰ ਤੂੰ ਜਾਣਦਾ ਨਹੀਂ ਹੈਂ, ਹੇ ਪ੍ਰਾਣੀਆ ! ਤਾਂ ਹੀ ਤੂੰ ਦੁੱਖਾਂ ਨੂੰ ਸਹਾਰੇਂਗਾ॥ ੫ ॥

ਖਾਲਕ ਥਾਵਹੁ ਭੁਲਾ ਮੁਠਾ ॥ ਦੁਨੀਆ ਖੇਲੁ ਬੁਰਾ ਰੁਠ ਤੁਠਾ ॥

ਖਾਲਕ ਥਾਵਹੁ=ਪਰਮੇਸ਼ਰ ਨਾਲੋਂ ਭੁਲਿਆ ਹੋਇਆ ਤੂੰ ਕਾਮ ਆਦਿਕਾਂ ਕਰਕੇ ਮੁਠਾ=ਲੁਟਿਆ ਗਿਆ ਹੈਂ। ਦੁਨੀਆਂ ਦਾ ਖੇਲ ਬੁਰਾ ਹੈ ਪ੍ਰਾਪਤ ਹੋ ਜਾਵੇ ਤਾਂ ਇਹ ਤੁਠਾ=ਪ੍ਰਸੰਨ ਹੁੰਦਾ ਹੈ, ਜੇ ਵਿਜੋਗ ਹੋ ਜਾਵੇ ਤਾਂ ਰੁਠ=ਰੁਸ ਜਾਂਦਾ ਹੈ। *ਅਥਵਾ:-* ਦੁਨੀਆਂ ਦਾ ਖੇਲ ਬੁਰਾ ਹੈ, ਪਰਮੇਸ਼ਰ ਨੇ ਜੋ ਇਸ ਨੂੰ ਮਾਇਆ ਬਖਸ਼ੀ ਹੈ ਜਾਣੋ ਇਸ ਉਤੇ ਪਰਮੇਸ਼ਰ ਨੇ ਰੁਠਾ=ਕਰੋਧ ਕੀਤਾ ਹੈ, ਪਰ ਏਹ ਮੂਰਖ ਜੀਵ ਜਾਣਦਾ ਹੈ ਕਿ ਪਰਮੇਸ਼ਰ ਮੇਰੇ ਉਤੇ ਤੁਠਾ=ਪ੍ਰਸੰਨ ਹੋਇਆ ਹੈ।

ਸਿਦਕੁ ਸਬੂਰੀ ਸੰਤੁ ਨ ਮਿਲਿਓ ਵਤੈ ਆਪਣ ਭਾਣੀਆ ॥ ੬ ॥

ਸਿਦਕ ਅਤੇ ਸਬੂਰੀ=ਸੰਤੋਖ ਵਾਲਾ ਸੰਤ ਇਸ ਕਰਕੇ ਇਸ ਜੀਵ ਨੂੰ ਨਹੀਂ ਮਿਲਿਆ, ਜੋ ਆਪਣੇ ਭਾਣੇ ਅੰਦਰ, ਭਾਵ ਮਨਮਤ ਦੇ ਅਨੁਸਾਰ ਵਤੈ=ਫਿਰਦਾ ਰਿਹਾ ਹੈ॥ ੬ ॥

ਮਉਲਾ ਖੇਲ ਕਰੇ ਸਭਿ ਆਪੇ ॥ ਇਕਿ ਕਢੇ ਇਕਿ ਲਹਰਿ ਵਿਆਪੇ ॥

ਮਉਲਾ=ਪਰਮਾਤਮਾ ਸਾਰੇ ਖੇਲ=ਕੌਤਕ ਆਪ ਹੀ ਕਰਦਾ ਹੈ। ਇਕਨਾਂ ਗੁਰਮੁਖਾਂ ਨੂੰ ਵਿਚਾਰ ਦੇ ਕੇ ਕੱਢ ਲਿਆ ਹੈ ਤੇ ਇਕ ਮਨਮੁਖ ਮਾਇਆ ਦੀ ਲਹਿਰ ਵਿਚ ਵਿਆਪੇ=ਘਿਰੇ ਹੋਏ ਹਨ।

ਜਿਉ ਨਚਾਏ ਤਿਉ ਤਿਉ ਨਚਨਿ ਸਿਰਿ ਸਿਰਿ ਕਿਰਤ ਵਿਹਾਣੀਆ ॥ ੭ ॥

ਜਿਵੇਂ ਉਹ ਪਰਮੇਸ਼ਰ ਨਚਾਂਵਦਾ ਹੈ ਤਿਵੇਂ ਤਿਵੇਂ ਨੱਚਦੇ ਹਨ, ਕਿਰਤ=ਕਰਮਾਂ ਦੀ ਗਤੀ ਸਾਰਿਆਂ ਦੇ ਸਿਰ ਸਿਰ ਉਤੇ ਵਿਹਾਣੀਆ=ਬਤੀਤ ਹੋ ਰਹੀ ਹੈ॥ ੭॥

ਮਿਹਰ ਕਰੇ ਤਾ ਖਸਮੁ ਧਿਆਈ ॥ ਸੰਤਾ ਸੰਗਤਿ ਨਰਕਿ ਨ ਪਾਈ ॥

ਪਰਮੇਸ਼ਰ ਮਿਹਰ ਕਰੇ ਤਾਂ ਇਹ ਜੀਵ ਖਸਮੁ=ਪਰਮਾਤਮਾ ਨੂੰ ਧਿਆਉਂਦਾ ਹੈ ਅਤੇ ਸੰਤਾਂ ਦੀ ਸੰਗਤ ਕਰਕੇ ਨਰਕਾਂ ਦੀ ਸਜਾ ਨੂੰ ਨਹੀਂ ਪਾਂਦਾ।

ਅੰਮ੍ਰਿਤ ਨਾਮ ਦਾਨੁ ਨਾਨਕ ਕਉ
ਗੁਣ ਗੀਤਾ ਨਿਤ ਵਖਾਣੀਆ ॥ ੮ ॥ ੨ ॥ ੮ ॥ ੧੨ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਨਾਨਕ ਨੂੰ ਨਾਮ ਅੰਮ੍ਰਿਤ ਦਾ ਦਾਨ ਦੇਣਾ ਕਰੋ, ਜਿਸ ਨਾਮ ਦੇ ਗੁਣਾਂ ਨੂੰ ਗੀਤਾ ਨਿਤਾਪ੍ਰਤੀ ਕਥਨ ਕਰਦੀ ਹੈ॥ ੮॥ ੨॥ ੮॥ ੧੨॥ ੨੦॥

ਮਾਰੂ ਸੋਲਹੇ ਮਹਲਾ ੧

੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਕਰਤਾਰ ਪੁਰ ਰੋੜਾਂ ਦੀ ਸਿਹਜਾ ਉਤੇ ਬੈਠ ਕੇ ਜਿਸ ਵੇਲੇ ਤਪ ਕੀਤਾ ਹੈ, ਉਸ ਵੇਲੇ ਵੈਰਾਗ ਮਈ ਸਰੂਪ ਵਿਚ ਇਸਥਿਤ ਹੋ ਕੇ ਇਹ ਮਾਰੂ ਸੋਲਹੇ ਉਚਾਰਨਾ ਕੀਤੇ ਹਨ।

ਸੋਲਹੇ ਛੰਦ ਦੀ ਚਾਲ ਹੈ, ਜਾਂ ਆਮ ਸੋਲ੍ਹਾਂ ਪੌੜੀਆਂ ਹੋਣ ਕਰਕੇ ਇਨ੍ਹਾਂ ਦਾ ਨਾਮ ਸੋਲਹੇ ਕਥਨ ਕੀਤਾ ਹੈ। ਜਿਵੇਂ ਅੱਠਾਂ ਪਦਾਂ ਵਾਲੇ ਸ਼ਬਦਾਂ ਦਾ ਨਾਮ 'ਅਸਟਪਦੀ' ਹੈ ਅਤੇ ਚੌਹਾਂ ਪਦਾਂ ਵਾਲੇ ਦਾ ਨਾਮ ਚਉਪਦਾ ਹੈ। ਭਾਵੇਂ ਇਨ੍ਹਾਂ ਵਿਚ ੧੫, ੧੬, ੧੭ ਤੇ ੨੧ ਪੌੜੀਆਂ ਤੱਕ ਭੀ ਸ਼ਬਦ ਆਏ ਹਨ ਪਰ ਸੰਗਜਾ ਸਭ ਦੀ ਸੋਲਹਾ ਹੈ।

ਸਾਚਾ ਸਚੁ ਸੋਈ ਅਵਰੁ ਨ ਕੋਈ ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥

ਸਚੁ=ਨਿਸਚੇ ਕਰਕੇ ਉਹ ਪਰਮੇਸ਼ਰ ਸੱਚਾ ਹੈ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਜਿਸ ਪਰਮੇਸ਼ਰ ਨੇ ਸ੍ਰਿਸ਼ਟੀ ਸਿਰਜੀ=ਉਤਪੰਨ ਕੀਤੀ ਹੈ ਓਸੇ ਨੇ ਪੁਨਾ ਗੋਈ=ਮਿਲਾਈ, ਬੁਲਾਈ, ਛੁਪਾਈ ਹੈ।

ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ ॥ ੧ ॥

ਜਿਵੇਂ ਆਪ ਜੀ ਨੂੰ ਰਖਿਆ ਭਾਂਵਦਾ ਹੈ, ਤਿਵੇਂ ਅਸੀਂ ਰਹਿਣਾ ਕਰਦੇ ਹਾਂ, ਆਪ ਜੀ ਪਾਸੋਂ ਕਿਵੇਂ ਮੁਕਰਿਆ ਜਾਂਦਾ ਹੈ, ਆਪ ਅੰਤਰਜਾਮੀ ਹੋ ਜਿਵੇਂ ਸਾਡਾ ਕਰਮ ਵੇਖਦੇ ਹੋ ਤਿਵੇਂ ਸਾਨੂੰ ਫਲ ਦੇਂਦੇ ਹੋ॥ ੧॥

ਆਪਿ ਉਪਾਏ ਆਪਿ ਖਪਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥

ਆਪ ਸਾਰਿਆਂ ਨੂੰ ਉਤਪਤ ਕਰਦੇ ਹੋ, ਆਪ ਹੀ ਖਪਾਏ=ਮਾਰਦੇ ਹੋ ਅਤੇ ਆਪ ਹੀ ਸਿਰਿ ਸਿਰਿ=ਸਿਰਜ ਸਿਰਜ ਕੇ ਧੰਧਿਆਂ ਵਿਚ ਲਗਾਂਵਦੇ ਹੋ।

ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ॥ ੨ ॥

ਹੇ ਪ੍ਰਭੂ ! ਤੂੰ ਆਪੇ ਵਿਚਾਰ ਕਰਦਾ ਹੈਂ, ਆਪ ਹੀ ਗੁਣਕਾਰੀ=ਉਪਕਾਰ ਕਰਦਾ ਹੈਂ ਅਤੇ ਆਪ ਹੀ ਸਾਰੀ ਦੁਨੀਆਂ ਵਖੋ ਵਖਰੇ ਰਸਤਿਆਂ ਵਿਚ ਲਗਾਈ ਹੈ। *ਅਥਵਾ:-* ਇਹ ਗੱਲ ਤੁਸਾਂ ਨੇ ਆਪ ਹੀ ਵਿਚਾਰੀ ਹੈ ਕਿ ਰਜੋ, ਸਤੋ, ਤਮੋ ਰੂਪ ਤਿੰਨਾਂ ਗੁਣਾਂ ਤੋਂ ਸ੍ਰਿਸ਼ਟੀ ਕਰਨੀ ਹੈ ਫੇਰ ਆਪ ਹੀ ਤੁਸਾਂ ਨੇ ਸਾਰੀ ਦੁਨੀਆਂ ਆਪੋ ਆਪਣੇ ਵਰਨ ਆਸ਼੍ਰਮਾਂ ਦੇ ਰਸਤੇ ਵਿਚ ਲਗਾਈ ਹੈ॥ ੨ ॥

ਆਪੇ ਦਾਨਾ ਆਪੇ ਬੀਨਾ॥ ਆਪੇ ਆਪੁ ਉਪਾਇ ਪਤੀਨਾ॥

ਹੇ ਪ੍ਰਭੂ ! ਤੂੰ ਆਪ ਹੀ ਮਨ ਦੀਆਂ ਗੁਪਤ ਗੱਲਾਂ ਜਾਨਣੇ ਨੂੰ ਬੜਾ ਦਾਨਾ=ਦਨਾਈ ਵਾਲਾ ਹੈਂ ਤੇ ਤੂੰ ਆਪ ਹੀ ਬਾਹਰਲੇ ਕਰਮਾਂ ਦੇ ਵੇਖਣ ਨੂੰ ਬੀਨਾ=ਦ੍ਰਿਸ਼ਟਾ ਹੈਂ। ਤੂੰ ਆਪ ਹੀ ਸਭ ਨੂੰ ਉਤਪਨ ਕਰਦਾ ਹੈਂ ਆਪ ਹੀ ਪਤੀਨਾ=ਭਰੋਸਾ ਕਰਦਾ ਹੈਂ।

ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ॥ ੩ ॥

ਤੂੰ ਆਪ ਹੀ ਹਵਾ, ਪਾਣੀ ਤੇ ਬੈਸੰਤਰੁ=ਅੱਗ ਇਤਿਆਦਿਕ ਤੱਤ ਰੂਪ ਹੋ ਰਿਹਾ ਹੈਂ ਅਤੇ ਤੂੰ ਆਪ ਹੀ ਇਨ੍ਹਾਂ ਤੱਤਾਂ ਦੇ ਮੇਲ ਨੂੰ ਆਪਸ ਵਿਚ ਮਿਲਾਂਵਦਾ ਹੈਂ॥ ੩ ॥

ਆਪੇ ਸਸਿ ਸੂਰਾ ਪੂਰੋ ਪੂਰਾ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ॥

ਹੇ ਪੂਰਨ ਪਰਮਾਤਮਾ ! ਤੂੰ ਆਪ ਹੀ ਸਸਿ=ਚੰਦ੍ਰਮਾ ਰੂਪ ਹੈਂ, ਹੇ ਪੂਰਨ ਪਰਮਾਤਮਾ ! ਤੂੰ ਆਪ ਹੀ ਸੂਰਜ ਰੂਪ ਹੈਂ। *ਅਥਵਾ:-* ਤੂੰ ਆਪ ਹੀ ਵੈਰਾਗ ਰੂਪ ਪੂਰਾ ਚੰਦ੍ਰਮਾ ਹੈਂ, ਤੂੰ ਆਪ ਹੀ ਗਿਆਨ ਰੂਪੀ ਪੂਰਾ ਸੂਰਜ ਹੈਂ। ਤੂੰ ਆਪ ਹੀ ਸੂਰਬੀਰ ਗੁਰੂ ਹੋ ਕੇ ਗਿਆਨ ਧਿਆਨ ਦੇ ਦੇਣ ਵਾਲਾ ਹੈਂ।

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ॥ ੪ ॥

ਹੇ ਸੱਚੇ ਪਰਮਾਤਮਾ! ਜਿਨ੍ਹਾਂ ਨੇ ਆਪ ਜੀ ਨਾਲ ਬਿਰਤੀ ਲਗਾਈ ਹੈ, ਉਹਨਾਂ ਨੂੰ ਜਮ ਕਾਲ ਜਾਲੁ=ਫਾਹ ਲੈ ਕੇ ਜੋਹਿ ਨ ਸਾਕੈ=ਵੇਖ ਨਹੀਂ ਸਕਦਾ॥ ੪ ॥

ਆਪੇ ਪੁਰਖੁ ਆਪੇ ਹੀ ਨਾਰੀ॥ ਆਪੇ ਪਾਸਾ ਆਪੇ ਸਾਰੀ॥

ਤੂੰ ਆਪ ਹੀ ਪ੍ਰਤਖ ਪੁਰਸ਼ ਰੂਪ ਹੈਂ, ਆਪ ਹੀ ਨਾਰੀ=ਇਸਤ੍ਰੀ ਰੂਪ ਹੈਂ,

ਵਾ:- ਆਪ ਹੀ ਪੁਰਖੁ=ਈਸ਼੍ਵਰ ਰੂਪ ਹੈਂ, ਆਪ ਹੀ ਨਾਰੀ=ਮਾਇਆ ਰੂਪ ਹੈਂ।

ਤੂੰ ਆਪ ਹੀ ਪਾਸਾ ਰੂਪ ਹੈਂ ਆਪ ਹੀ ਸਾਰੀ=ਨਰਦਾਂ ਰੂਪ ਹੈਂ,

ਵਾ:- ਤੂੰ ਆਪ ਹੀ ਤਿੰਨਾਂ ਗੁਣਾਂ ਰੂਪ ਪਾਸਾ ਹੈਂ, ਆਪ ਹੀ ਜੀਵਾਂ ਰੂਪ ਸਾਰੀ=ਨਰਦਾਂ ਹੈਂ।

ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ॥ ੫ ॥

ਤੂੰ ਆਪ ਹੀ ਹਠ ਬੰਨ੍ਹ ਕੇ ਜਗਤ ਰੂਪ ਪਿੜ=ਬਾਜੀ ਨੂੰ ਖੇਲ ਰਿਹਾ ਹੈਂ, ਤੈਂਨੇ ਆਪ ਹੀ ਸੱਤਾ ਰੂਪੀ ਕੀਮਤ ਪਾਈ ਹੈ॥ ੫ ॥

ਆਪੇ ਭਵਰੁ ਫੁਲੁ ਫਲੁ ਤਰਵਰੁ॥ ਆਪੇ ਜਲੁ ਥਲੁ ਸਾਗਰੁ ਸਰਵਰੁ॥

www.sikhbookclub.com

ਤੂੰ ਆਪ ਹੀ ਭੋਰਾ ਰੂਪ, ਫੁਲ ਫਲ ਤੇ ਤਰਵਰੁ=ਬ੍ਰਿਛ ਰੂਪ ਹੈਂ। ਅਥਵਾ:- ਤੂੰ ਆਪ ਹੀ ਜਗਿਆਸੂ ਰੂਪ ਭੋਰਾ ਹੈਂ, ਧਰਮ ਰੂਪ ਫੁਲ, ਗਿਆਨ ਰੂਪ ਫਲ ਤੇ ਮਹਾਤਮਾ ਰੂਪ ਤਰੋਵਰ ਹੈਂ। ਤੂੰ ਆਪ ਹੀ ਜਲ ਰੂਪ, ਥਲ ਰੂਪ ਤੇ ਸਾਗਰ ਰੂਪ ਤੇ ਸਰੋਵਰ ਰੂਪ ਹੈਂ, ਵਾ:- ਤੂੰ ਆਪ ਹੀ ਪ੍ਰਤਖ ਜਲ ਦਾ ਥਲ=ਅਸਥਾਨ ਸਾਗਰ ਤੇ ਸਰੋਵਰ ਰੂਪ ਹੈਂ, ਵਾ:- ਨਾਮ ਰੂਪ ਜਲ ਦਾ ਅਸਥਾਨ ਬੇਦ ਰੂਪ ਸਾਗਰ ਹੈਂ ਤੇ ਤੂੰ ਆਪ ਹੀ ਨਾਮ ਰੂਪ ਜਲ ਦਾ ਅਸਥਾਨ ਸ਼ਾਸਤ੍ਰਾਂ ਰੂਪ ਸਰੋਵਰ ਹੈਂ, ਵਾ:- ਤੂੰ ਆਪ ਹੀ ਨਾਮ ਜਲ ਦਾ ਅਸਥਾਨ ਗੁਰੂ ਰੂਪ ਸਮੁੰਦਰ ਹੈਂ ਤੇ ਨਾਮ ਜਲ ਦਾ ਅਸਥਾਨ ਸਤਸੰਗ ਰੂਪ ਮਾਨ ਸਰੋਵਰ ਹੈਂ।

ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ॥ ੬॥

ਹੇ ਪ੍ਰਭੂ ! ਤੂੰ ਆਪ ਹੀ ਮੱਛ ਅਵਤਾਰ ਹੋ ਕੇ ਮੱਛ ਵਾਲੀ ਕਰਨੀ ਕਰਦਾ ਹੈਂ, ਤੂੰ ਆਪ ਹੀ ਕੱਛ ਅਵਤਾਰ ਹੋ ਕੇ ਕੱਛ ਵਾਲੀ ਕਰਨੀ ਨੂੰ ਕਰਦਾ ਹੈਂ, ਆਪ ਜੀ ਦਾ ਖਾਸ ਰੂਪ ਕੋਈ ਲਖਿਆ ਨਹੀਂ ਜਾ ਸਕਦਾ॥ ੬॥

ਆਪੇ ਦਿਨਸੁ ਆਪੇ ਹੀ ਰੈਣੀ॥ ਆਪਿ ਪਤੀਜੈ ਗੁਰ ਕੀ ਬੈਣੀ॥

ਹੇ ਪ੍ਰਭੂ ! ਤੂੰ ਆਪ ਹੀ ਦਿਨ ਰੂਪ ਹੈਂ, ਆਪ ਹੀ ਰੈਣੀ=ਰਾਤ ਰੂਪ ਹੈਂ, ਵਾ:- ਤੂੰ ਆਪ ਹੀ ਦਿਨਸੁ=ਗਿਆਨ ਰੂਪ ਹੈਂ ਆਪ ਹੀ ਰੈਣੀ ਅਵਿਦਿਆ ਰੂਪ ਹੈਂ ਵਾ:- ਤੂੰ ਆਪ ਹੀ ਦਿਨਸੁ=ਪੁੰਨ ਰੂਪ ਹੈਂ, ਆਪ ਹੀ ਰਾਤ=ਪਾਪ ਰੂਪ ਹੈਂ, ਵਾ:- ਆਪ ਹੀ ਸੁਖ ਦੁੱਖ ਰੂਪ ਹੈਂ, ਵਾ:- ਆਪ ਹੀ ਦਿਨਸੁ=ਹਰਖ ਤੇ ਰੈਣੀ=ਸੋਗ ਰੂਪ ਹੈਂ। ਤੂੰ ਆਪ ਹੀ ਜਗਿਆਸੂ ਰੂਪ ਹੋ ਕੇ ਗੁਰਾਂ ਦੇ ਬਚਨਾਂ ਪਰ ਭਰੋਸਾ ਕਰਦਾ ਹੈਂ।

ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ॥ ੭॥

ਹੇ ਰਜਾਈ=ਹੁਕਮ ਦੇ ਕਰਨ ਵਾਲੇ ਸਬਦੁ=ਬ੍ਰਹਮ ! ਆਦਿ ਜੁਗਾਦਿ=ਸਦਾ ਸਦਾ ਅਨਾਹਦਿ=ਇਕ ਰਸ ਰਾਤ ਦਿਨ ਆਪ ਸਭ ਘਟਾਂ ਘਟਾਂ ਵਿਚ ਇਸਥਿਤ ਹੋ॥ ੭॥

ਆਪੇ ਰਤਨੁ ਅਨੂਪੁ ਅਮੋਲੋ॥ ਆਪੇ ਪਰਖੇ ਪੂਰਾ ਤੋਲੋ॥

ਹੇ ਪ੍ਰਭੂ ! ਤੂੰ ਆਪ ਹੀ ਅਨੂਪੰ ਅਮੋਲਕ ਰਤਨ ਰੂਪ ਹੈਂ। ਆਪ ਹੀ ਪਰਖਣੇ ਵਾਲਾ ਹੈਂ ਆਪ ਹੀ ਪੂਰਾ ਤੋਲ ਰੂਪ ਹੈਂ। ਅਥਵਾ:- ਤੂੰ ਆਪ ਹੀ ਅਨੂਪੰ ਅਮੋਲਕ ਰਤਨੁ=ਵੈਰਾਗ ਰੂਪ ਹੈਂ, ਤੂੰ ਆਪ ਹੀ ਉਸ ਅਨੂਪੰ ਰਤਨੁ=ਵੈਰਾਗ ਦੇ ਪ੍ਰਖਣੇ ਵਾਲਾ ਜਗਿਆਸੂ ਰੂਪ ਹੈਂ, ਆਪ ਹੀ ਪੂਰਾ ਤੋਲੋ=ਵਿਚਾਰ ਰੂਪ ਹੈਂ।

[ਪੰਨਾ ੧੦੨੧]

ਆਪੇ ਕਿਸ ਹੀ ਕਸਿ ਬਖਸੇ ਆਪ ਦੇ ਲੈ ਭਾਈ ਹੇ॥ ੮॥

ਹੇ ਭਾਈ=ਭਾਵਨੇ ਜੋਗ ਪ੍ਰਭੂ ! ਤੂੰ ਆਪ ਹੀ ਕਿਸੇ ਨੂੰ ਕਸਿ=ਤਾੜਦਾ ਹੈਂ, ਆਪ ਹੀ ਕਿਸੇ ਨੂੰ ਬਖਸ਼ਦਾ ਹੈਂ, ਆਪ ਹੀ ਦੇਂਦਾ ਹੈਂ ਆਪ ਹੀ ਲੈਂਦਾ ਹੈਂ॥ ੮॥

ਆਪੇ ਧਨਖੁ ਆਪੇ ਸਰ ਬਾਣਾ॥ ਆਪੇ ਸੁਘੜੁ ਸਰੂਪੁ ਸਿਆਣਾ॥

ਆਪ ਹੀ ਧਨਖ ਰੂਪ ਹੈਂ, ਆਪ ਹੀ ਬਾਣ ਦੇ ਸਰ=ਸਦ੍ਰਸ ਹੈਂ, ਜਾਂ ਆਪ ਹੀ ਸਰ=ਤੀਰ, ਬਾਣਾ=ਬਣਿਆਂ ਹੋਇਆ ਹੈਂ, ਵਾ:- ਆਪ ਹੀ ਸੁਧ ਮਨ ਰੂਪ ਧਨਖ ਹੈਂ, ਆਤਮ ਵਿਸ਼ੈਣੀ ਬੁੱਧੀ ਰੂਪ ਕਮਾਣ ਹੈਂ, ਆਪ ਹੀ ਸਰ=ਸਰੇਸ਼ਟ ਪ੍ਰੇਮ ਰੂਪੀ ਬਾਣ ਹੈਂ। ਆਪ ਹੀ ਸੁਘੜ ਸਰੂਪ=ਸੁੰਦਰ ਸਰੂਪ ਹੈਂ, ਆਪ ਹੀ ਸਿਆਣਾ=ਚਤੁਰ ਹੈਂ।

ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ॥ ੯॥

ਸੋ ਤੂੰ ਆਪ ਹੀ ਬਕਤਾ ਹੋ ਕੇ ਕਹਿੰਦਾ ਹੈਂ ਤੇ ਸਰੋਤਾ ਹੋ ਕੇ ਸੁਣਦਾ ਹੈਂ ਅਤੇ ਉਹਨਾਂ ਦੀ ਬਨਾਵਟ ਭੀ ਤੂੰ ਆਪ ਬਣਾਈ ਹੈ॥ ੯॥

ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥

ਜਗਤ ਦਾ ਗੁਰੂ ਪੌਣ ਤੇ ਪਿਤਾ ਪਾਣੀ ਜਾਤਾ=ਜਾਣਿਆਂ ਜਾਂਦਾ ਹੈ। ਉਦਰ ਦਾ ਸੰਜੋਗੀ ਹੋਣ ਕਰਕੇ ਧਰਤੀ ਇਸ ਜੀਵ ਦੀ ਮਾਤਾ ਹੈ।

ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥ ੧੦॥

ਰਾਤ ਤੇ ਦਿਨ ਇਹ ਦੋਵੇਂ ਦਾਈ ਦਾਏ ਦੇ ਸਮਾਨ ਹਨ, ਇਨ੍ਹਾਂ ਦਾ ਖਿਡਾਇਆ ਹੋਇਆ ਜਗੁ=ਜੀਵ ਖੇਲ ਰਿਹਾ ਹੈ॥ ੧੦॥

ਆਪੇ ਮਛੁਲੀ ਆਪੇ ਜਾਲਾ॥ ਆਪੇ ਗਉ ਆਪੇ ਰਖਵਾਲਾ॥

ਆਪੇ ਮੱਛੀ ਰੂਪ ਹੈਂ, ਆਪੇ ਜਾਲ ਰੂਪ ਹੈਂ। ਆਪੇ ਗਊਆਂ ਰੂਪ ਹੈਂ ਆਪ ਹੀ ਰਖਵਾਲਾ=ਗੁਆਲਾ ਹੈਂ। *ਅਥਵਾ:-* ਆਪੇ ਜੀਵ ਰੂਪ ਮੱਛੀ ਹੈਂ, ਆਪੇ ਮੋਹ ਰੂਪ ਜਾਲ ਹੈਂ, *ਵਾ:-* ਜਮਾਂ ਦਾ ਜਾਲ ਹੋ ਰਿਹਾ ਹੈ, ਆਪੇ ਉਪਨਿਸ਼ਦਾ ਰੂਪ ਗਊਆਂ ਹਨ, ਆਪੇ ਰਖਵਾਲਾ=ਬ੍ਰਹਮ ਹੈ, *ਵਾ:-* ਇੰਦ੍ਰੀਆਂ ਰੂਪ ਗਊਆਂ ਹੈ ਆਪ ਹੀ ਰਖਵਾਲਾ ਸਾਖੀ ਚੇਤਨ ਹੈਂ।

ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ॥ ੧੧॥

ਹੇ ਪ੍ਰਭੂ ! ਜਗਤ ਦੇ ਸਾਰਿਆਂ ਜੀਵਾਂ ਵਿਚ ਆਪ ਜੀ ਦੀ ਜੋਤਿ=ਚੇਤਨ ਸੱਤਾ ਹੈ, ਹੇ ਪ੍ਰਭੂ ! ਜੈਸੀ ਆਗਿਆ ਆਪ ਜੀ ਨੇ ਫੁਰਮਾਈ ਹੈ ਅਸਾਂ ਨੇ ਓਹੀ ਕਾਰ ਕੀਤੀ ਹੈ॥ ੧੧॥

ਆਪੇ ਜੋਗੀ ਆਪੇ ਭੋਗੀ॥ ਆਪੇ ਰਸੀਆ ਪਰਮ ਸੰਜੋਗੀ॥

ਤੂੰ ਆਪ ਹੀ ਜੋਗੀ=ਮਹਾਤਮਾ ਰੂਪ ਹੈਂ, ਆਪ ਹੀ ਭੋਗੀ=ਗ੍ਰਿਹਸਥੀ ਰੂਪ ਹੈਂ, *ਵਾ:-* ਆਪ ਹੀ ਜੋਗੀ=ਸ਼ਿਵ ਰੂਪ ਹੈਂ ਆਪ ਹੀ ਭੋਗੀ=ਕ੍ਰਿਸ਼ਨ ਰੂਪ ਹੈਂ। *ਵਾ:-* ਆਪ ਹੀ ਰਸਾਂ ਦੇ ਲੈਣ ਵਾਲਾ ਹੈਂ, *ਵਾ:-* ਆਪ ਹੀ ਰਸੀਆ=ਪ੍ਰੇਮੀ ਹੈਂ, ਆਪ ਹੀ ਪਰਮ ਸੰਜੋਗੀ=ਬ੍ਰਹਮ ਸਰੂਪ ਹੈਂ, *ਵਾ:-* ਵਡਿਆਂ ਭਾਗਾਂ ਵਾਲਾ ਹੈਂ।

ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ॥ ੧੨॥

ਹੇ ਨਿਰੰਕਾਰ ਪ੍ਰਭੂ ! ਤੂੰ ਖੋਟੀ ਬਾਣੀ ਤੋਂ ਰਹਿਤ ਹੈਂ, *ਵਾ:-* ਸੰਸਾਰ ਵੇਬਾਣੀ=ਉਜਾੜ ਵਿਚ ਹੇ ਨਿਰੰਕਾਰ ਪ੍ਰਭੂ ! ਤੂੰ ਆਪਣੇ ਨਿਰਭਉ ਸਰੂਪ ਵਿਚ ਹੀ ਤਾੜੀ=ਸਮਾਧੀ ਲਗਾ ਰਿਹਾ ਹੈਂ॥ ੧੨॥

ਖਾਣੀ ਬਾਣੀ ਤੁਝਹਿ ਸਮਾਣੀ॥ ਜੋ ਦੀਸੈ ਸਭ ਆਵਣ ਜਾਣੀ॥

ਚਾਰੇ ਖਾਣੀਆਂ ਚਾਰੇ ਬਾਣੀਆਂ ਤੇਰੇ ਵਿਚ ਸਮਾਅ ਰਹੀਆਂ ਹਨ। ਜੋ ਕੁਝ ਦੱਸ ਰਿਹਾ ਹੈ ਸਭ ਆਉਣੇ ਜਾਣ ਵਾਲਾ ਹੈ।

ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ॥ ੧੩॥

ਓਹੀ ਵਪਾਰੀ ਸੱਚੇ ਸ਼ਾਹ ਹਨ, ਜਾਂ ਸੱਚੇ ਸ਼ਾਹ ਪਰਮਾਤਮਾ ਦੇ ਓਹੀ ਵਾਪਾਰੀ ਹਨ ਜਿਨਾਂ ਨੂੰ ਪੂਰਿਆਂ

www.sikhbookclub.com

ਸਤਿਗੁਰਾਂ ਨੇ ਇਹ ਸਮਝ ਸਮਝਾਈ ਹੈ॥ ੧੩॥

ਸਬਦੁ ਬੁਝਾਏ ਸਤਿਗੁਰੁ ਪੂਰਾ॥ ਸਰਬ ਕਲਾ ਸਾਚੇ ਭਰਪੂਰਾ॥

ਪੂਰੇ ਸਤਿਗੁਰੂ ਸ਼ਬਦ ਦੇ ਕੇ ਸਮਝਾਂਦੇ ਹਨ। ਹੇ ਸੱਚੇ ! ਤੂੰ ਸਾਰੀਆਂ ਕਲਾ=ਸ਼ਕਤੀਆਂ ਕਰਕੇ ਭਰਪੂਰ ਹੈਂ।

ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ॥ ੧੪॥

ਹੇ ਅਫਰਿਓ=ਨਾ ਫੜੇ ਜਾਣ ਵਾਲੇ ਪ੍ਰਭੂ ! ਤੂੰ ਸਦਾ ਵੇ ਪਰਵਾਹ ਹੈਂ, ਨਾ ਆਪ ਜੀ ਨੂੰ ਤਿਸੁ=ਤ੍ਰਿਸਨਾ ਹੈ ਤੇ ਤਿਲ ਮਾਤ੍ਰ ਭੀ ਆਪ ਜੀ ਨੂੰ ਤਮਾ ਨਹੀਂ ਹੈ॥ ੧੪॥

ਕਾਲੁ ਬਿਕਾਲੁ ਭਏ ਦੇਵਾਨੇ॥ ਸਬਦੁ ਸਹਜ ਰਸੁ ਅੰਤਰਿ ਮਾਨੇ॥

ਉਹਨਾਂ ਦੇ ਕਾਲੁ ਬਿਕਾਲੁ=ਜਨਮ ਮਰਨ, ਦੇਵਾਨੇ=ਕਮਲੇ ਹੋ ਗਏ ਹਨ। ਜਿਨ੍ਹਾਂ ਨੇ ਸਹਜ=ਸੁਭਾਵਕ ਹੀ ਸਬਦੁ ਰਸ=ਬ੍ਰਹਮ ਰਸ ਨੂੰ ਹਿਰਦੇ ਅੰਦਰ ਮਾਨੇ=ਭੋਗਿਆ ਹੈ।

ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਈ ਹੇ॥ ੧੫॥

ਹੇ ਵਰ ਦਾਤਾ ਪ੍ਰਭੂ ! ਤੈਂਨੇ ਆਪ ਹੀ ਉਹਨਾਂ ਨੂੰ ਮੁਕਤੀ ਤੇ ਤ੍ਰਿਪਤੀ ਦਿੱਤੀ ਹੈ, ਜਿਨ੍ਹਾਂ ਦੇ ਮਨ ਵਿਚ ਭਾਇ ਭਗਤਿ=ਪ੍ਰੇਮਾ ਭਗਤੀ, ਭਾਈ=ਚੰਗੀ ਲਗੀ ਹੈ॥ ੧੫॥

ਆਪਿ ਨਿਰਾਲਮੁ ਗੁਰ ਗਮ ਗਿਆਨਾ॥ ਜੋ ਦੀਸੈ ਤੁਝ ਮਾਹਿ ਸਮਾਨਾ॥

ਗਿਆਨ ਗਮ ਜੋ ਗੁਰੂ ਹਨ ਉਹਨਾਂ ਨੇ ਇਸ ਤਰ੍ਹਾਂ ਗਿਆਨਾ=ਜਾਣਿਆ ਹੈ ਕਿ ਤੂੰ ਆਪ ਸਾਰਿਆਂ ਤੋਂ ਨਿਰਾਲਮੁ=ਅਸੰਗ ਹੈਂ ਅਤੇ ਜੋ ਕੁਝ ਦਿੱਸ ਰਿਹਾ ਹੈ ਸਭ ਕੁਝ ਆਪ ਜੀ ਵਿਚ ਸਮਾਇਆ ਹੋਇਆ ਹੈ।

ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ॥ ੧੬॥ ੧॥

ਗੁਰੂ ਜੀ ਕਥਨ ਕਰਦੇ ਹਨ—ਮੈਂ ਨੀਚ ਦਾਸ ਆਪ ਜੀ ਦੇ ਦਰ ਤੋਂ ਭਿਖਿਆ ਮੰਗਦਾ ਹਾਂ, ਮੈਨੂੰ ਨਾਮ ਦਾਨ ਦਿਓ, ਇਸ ਵਿਚ ਆਪ ਜੀ ਦੀ ਵਡਿਆਈ ਹੈ, ਜਾਂ ਮੈਨੂੰ ਨਾਮ ਦੀ ਵਡਿਆਈ ਕਰਨੀ ਦਿਓ॥ ੧੬॥ ੧॥

ਮਾਰੂ ਮਹਲਾ ੧॥

ਆਪੇ ਧਰਤੀ ਧਉਲੁ ਅਕਾਸੰ॥ ਆਪੇ ਸਾਚੇ ਗੁਣ ਪਰਗਾਸੰ॥

ਹੇ ਸੱਚੇ ! ਤੂੰ ਆਪ ਧਰਤੀ ਰੂਪ ਧਉਲੁ=ਪਤਾਲ ਰੂਪ ਤੇ ਅਕਾਸ਼ ਰੂਪ ਹੋ ਰਿਹਾ ਹੈਂ,
ਵਾ:- ਆਪ ਹੀ ਧਉਲੁ=ਬੈਲ ਰੂਪ ਹੋ ਕੇ ਧਰਤੀ ਨੂੰ ਅਕਾਸ਼ ਵੱਲ ਚੁਕੀ ਖੜਾ ਹੈਂ,
ਵਾ:- ਤੂੰ ਆਪ ਹੀ ਧਰਤੀ=ਖਿਮਾ, ਵਾ:- ਬੁੱਧੀ ਰੂਪ ਹੈਂ,
ਧਉਲੁ=ਉਜਲਤਾ ਰੂਪ ਜਾਂ ਧਰਮ ਰੂਪ ਹੈਂ, ਅਕਾਸੰ=ਅਸੰਗਤਾ ਰੂਪ ਹੈਂ।
ਹੇ ਸੱਚੇ ! ਤੂੰ ਆਪ ਹੀ ਰਜੋ, ਸਤੋ, ਤਮੋ ਰੂਪ ਤਿੰਨਾਂ ਗੁਣਾਂ ਦਾ ਪ੍ਰਕਾਸ਼ ਕਰਦਾ ਹੈਂ,
ਵਾ:- ਬੁੱਧੀ ਵਿਚ ਸੁਭ ਗੁਣਾਂ ਦਾ ਪ੍ਰਕਾਸ਼ ਕਰਦਾ ਹੈਂ।

ਜਤੀ ਸਤੀ ਸੰਤੋਖੀ ਆਪੇ ਆਪੇ ਕਾਰ ਕਮਾਈ ਹੇ॥ ੧॥

ਤੂੰ ਜਤੀ ਰੂਪ, ਸਤੀ ਰੂਪ ਤੇ ਸੰਤੋਖੀ ਰੂਪ ਭੀ ਆਪ ਹੈਂ,

ਤੂੰ ਆਪ ਹੀ ਜਤ ਸਤ ਆਦਿਕਾਂ ਦੀ ਕਾਰ ਨੂੰ ਕਮਾਂਵਦਾ ਹੈਂ॥ ੧॥

ਜਿਸੁ ਕਰਣਾ ਸੋ ਕਰਿ ਕਰਿ ਵੇਖੈ॥ ਕੋਇ ਨ ਮੇਟੈ ਸਾਚੇ ਲੇਖੈ॥

ਜਿਸ ਨੇ ਕਰਨਾ ਹੈ ਓਹ ਪ੍ਰਭੂ ਹੀ ਕਰ ਕਰਕੇ ਵੇਖਦਾ ਹੈ।

ਸੱਚੇ ਦੇ ਲਿਖੇ ਹੋਏ ਲੇਖਾਂ ਨੂੰ ਭੋਗੇ ਤੋਂ ਬਿਨਾਂ ਕੋਈ ਨਹੀਂ ਮੇਟ ਸਕਦਾ।

ਆਪੇ ਕਰੇ ਕਰਾਏ ਆਪੇ ਆਪੇ ਦੇ ਵਡਿਆਈ ਹੇ॥ ੨॥

ਆਪ ਹੀ ਜੀਵਾਂ ਨੂੰ ਉਤਪੰਨ ਕਰਦਾ ਹੈਂ ਆਪ ਹੀ ਜੀਵਾਂ ਪਾਸੋਂ ਕਰਮ ਕਰਵਾਂਦਾ ਹੈਂ ਆਪ ਹੀ ਸ਼ੁਭ ਕਰਮਾਂ ਦੁਆਰੇ ਜੀਵਾਂ ਨੂੰ ਵਡਿਆਈ ਦੇਂਦਾ ਹੈਂ॥ ੨॥

ਪੰਚ ਚੋਰ ਚੰਚਲ ਚਿਤੁ ਚਾਲਹਿ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ॥

ਪੰਜ ਕਾਮ, ਕ੍ਰੋਧ ਆਦਿਕ ਚੋਰ ਚੰਚਲ ਚਿਤ ਨੂੰ ਚਲਾਏਮਾਨ ਕਰਦੇ ਹਨ। ਏਸੇ ਕਰਕੇ ਪਰ ਘਰ=ਪਰਾਏ ਪਦਾਰਥਾਂ ਵਲ ਜਾਂ ਪਰਾਈਆਂ ਇਸਤ੍ਰੀਆਂ ਵਲ ਜੋਹਹਿ=ਵੇਖਦੇ ਹਨ ਆਪਣੇ ਸਰੂਪ ਘਰ ਨੂੰ ਨਹੀਂ ਭਾਲਦੇ।

ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ॥ ੩॥

ਇਹ ਕਾਇਆਂ ਰੂਪੀ ਨਗਰ ਢਹਿੰਦਾ ਜਾਂਦਾ ਹੈ, ਅੰਤ ਨੂੰ ਢਹਿ ਕੇ ਇਸ ਨੇ ਸੁਆਹ ਦੀ ਢੇਰੀ ਹੋ ਜਾਣਾ ਹੈ, ਗੁਰੁ ਉਪਦੇਸ਼ ਤੋਂ ਬਿਨਾਂ ਇਸ ਦੀ ਪਤਿ=ਇੱਜ਼ਤ ਨਾਸ ਹੁੰਦੀ ਜਾਂਦੀ ਹੈ॥ ੩॥

ਗੁਰ ਤੇ ਬੂਝੈ ਤ੍ਰਿਭਵਣੁ ਸੂਝੈ॥ ਮਨਸਾ ਮਾਰਿ ਮਨੈ ਸਿਉ ਲੂਝੈ॥

ਗੁਰਾਂ ਤੋਂ ਪੁਛਨਾ ਕਰੇ ਤਾਂ ਤਿੰਨੇ ਭਵਨ ਬ੍ਰਹਮ ਰੂਪ ਸੁਝ ਆਉਂਦੇ ਹਨ,

ਅਤੇ ਮਨਸਾ=ਵਾਸ਼ਨਾ ਨੂੰ ਮਾਰ ਕੇ ਮਨ ਨਾਲ ਲੂਝੈ=ਲੜਦਾ ਹੈ।

ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ॥ ੪॥

ਹੇ ਨਿਰਭਉ ਪ੍ਰਭੂ ! ਜੋ ਤੈਨੂੰ ਸੇਂਵਦੇ ਹਨ ਉਹ ਤੇਰੇ ਜੈਸੇ ਹੀ ਹਨ, ਕਿਉਂਕਿ ਤੂੰ ਸਭਨਾਂ ਦਾ ਬਾਲਕ ਅਵਸਥਾ ਤੋਂ ਹੀ ਸਖਾਈ=ਮਿਤ੍ਰ ਹੈਂ॥ ੪॥

ਆਪੇ ਸੁਰਗੁ ਮਛੁ ਪਇਆਲਾ॥ ਆਪੇ ਜੋਤਿ ਸਰੂਪੀ ਬਾਲਾ॥

ਤੂੰ ਆਪ ਹੀ ਸੁਰਗ, ਮਛੁ=ਮਾਤ ਲੋਕ ਤੇ ਪਤਾਲ ਰੂਪ ਹੈਂ, ਅਤੇ ਤੂੰ ਆਪੇ ਜੋਤੀ ਸਰੂਪ ਵਾਲਾ ਸਭ ਤੋਂ ਬਾਲਾ=ਬਾਲਾਨ ਬਾਲ (ਵੱਡਾ) ਹੈ।

ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ॥ ੫॥

ਬਿਕਟ=ਕਠਨ (ਡਰੌਣੀਆਂ) ਜਟਾਂ ਵਾਲਾ ਤੇ ਬਿਕਰਾਲ=ਭਿਆਨਕ ਸਰੂਪ ਜੋ ਕਾਲ ਜਾਂ ਸ਼ਿਵ ਹੈ, ਉਹ ਰੂਪ ਭੀ ਤੂੰ ਆਪ ਹੈਂ, ਵਾਸਤਵ ਵਿਚ ਤੇਰਾ ਕੋਈ ਰੂਪ ਰੇਖ ਨਹੀਂ ਹੈ॥ ੫॥

ਬੇਦ ਕਤੇਬੀ ਭੇਦੁ ਨ ਜਾਤਾ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ॥

ਵੇਦਾਂ ਕਤੇਬਾਂ ਨੇ ਭੀ ਆਪ ਜੀ ਦਾ ਭੇਦ ਨਹੀਂ ਜਾਣਿਆ।

ਤਿਸੁ=ਆਪ ਜੀ ਦਾ ਨਾ ਮਾਂ, ਪਿਉ ਹੈ ਨਾ ਹੀ ਕੋਈ ਸੁਤ=ਪੁਤ੍ਰ ਤੇ ਭਰਾ ਹੈ।

www.sikhbookclub.com

ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ॥ ੬॥

ਤੈਂਨੇ ਸਾਰੇ ਸੈਲ=ਪਰਬਤ ਬਣਾਏ ਤੇ ਸਮਾਏ–ਨਾਸ ਕੀਤੇ ਹਨ, ਵਾ:- ਤੈਂਨੇ ਸਾਰੇ ਜੀਵ ਸੈਲ=ਸੁਖੈਣ ਹੀ ਉਤਪਤ ਕੀਤੇ ਤੇ ਸਮਾਏ=ਲਯ ਕੀਤੇ ਹਨ, ਤੂੰ ਅਲਖ ਹੈਂ ਕਿਸੇ ਤਰ੍ਹਾਂ ਭੀ ਜਾਣਿਆਂ ਨਹੀਂ ਜਾਂਦਾ॥ ੬॥

ਜਗਿਆਸੂ ਦੀ ਦਸ਼ਾ ਕਥਨ ਕਰਦੇ ਹਨ-

ਕਰਿ ਕਰਿ ਥਾਕੀ ਮੀਤ ਘਨੇਰੇ॥ ਕੋਇ ਨ ਕਾਟੈ ਅਵਗੁਣ ਮੇਰੇ॥

ਮੈਂ ਤਾਂ ਬਥੇਰੇ ਮਿਤ੍ਰ ਬਣਾ ਬਣਾ ਕੇ ਥਕ ਗਈ ਹਾਂ, ਪਰ ਕਿਸੀ ਨੇ ਭੀ ਮੇਰੇ ਔਗੁਣ ਕਟੇ ਨਹੀਂ ਹਨ।

ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ॥ ੭॥

ਹੇ ਸਾਹਿਬ ਪਰਮਾਤਮਾ ! ਤੂੰ ਦੇਵਤੇ ਮਨੁੱਖ ਆਦਿਕ ਸਭਨਾਂ ਦਾ ਸਿਰਿ=ਸ਼ਰੋਮਣੀ, ਨਾਥੁ=ਸੁਆਮੀ ਹੈਂ, ਤੇਰਾ ਭਾਇ=ਪ੍ਰੇਮ ਮਿਲੇ ਤਾਂ ਜਮਾਂ ਦਾ ਡਰ ਚਲਿਆ ਜਾਂਦਾ ਹੈ॥ ੭॥

ਭੂਲੇ ਚੂਕੇ ਮਾਰਗਿ ਪਾਵਹਿ॥ ਆਪਿ ਭੁਲਾਇ ਤੂਹੈ ਸਮਝਾਵਹਿ॥

ਜੋ ਅਗਿਆਨ ਕਰਕੇ ਭੂਲੇ ਹੋਏ ਭਜਨ ਸਿਮਰਨ ਵਲੋਂ ਚੁਕ ਗਏ ਹਨ, ਉਨ੍ਹਾਂ ਭੁਲਿਆਂ ਚੁਕਿਆਂ ਨੂੰ ਤੂੰ ਹੀ ਸ਼ੁਭ ਰਸਤੇ ਵਿਚ ਪਾਂਦਾ ਹੈਂ।

ਕਰਮਾਂ ਦੇ ਅਨੁਸਰ ਤੂੰ ਆਪ ਹੀ ਭੁਲਾਂਦਾ ਹੈਂ ਤੇ ਆਪ ਹੀ ਸਮਝਾਂਦਾ ਹੈ।

ਬਿਨੁ ਨਾਵੈ ਮੈ ਅਵਰੁ ਨ ਦੀਸੈ ਨਾਵਹੁ ਗਤਿ ਮਿਤਿ ਪਾਈ ਹੇ॥ ੮॥

ਨਾਮ ਸਿਮਰਨ ਤੋਂ ਬਿਨਾਂ ਮੈਨੂੰ ਹੋਰ ਕੋਈ ਮੁਕਤੀ ਦਾ ਸਾਧਨ ਨਹੀਂ ਦਿਸਦਾ, ਨਾਮ ਸਿਮਰਨ ਤੋਂ ਹੀ ਸਭਨਾਂ ਨੇ ਗਤਿ=ਮੁਕਤੀ ਦੀ ਮਰਯਾਦਾ ਪਾਈ ਹੈ॥ ੮॥

[ਪੰਨਾ ੧੦੨੨]

ਗੰਗਾ ਜਮੁਨਾ ਕੇਲ ਕੇਦਾਰਾ॥ ਕਾਸੀ ਕਾਂਤੀ ਪੁਰੀ ਦੁਆਰਾ॥

ਗੰਗਾ 'ਤੇ ਜਿਥੇ ਕ੍ਰਿਸ਼ਨ ਜੀ ਨੇ ਕੇਲ ਕੀਤੇ ਹਨ, ਐਸੀ ਜੋ ਜਮਨਾ ਹੈ, ਵਾ:- ਬਿੰਦ੍ਰਾਬਨ ਤੇ ਮਥੁਰਾ ਪੁਰੀ, ਤੇ ਕਿਦਾਰ ਨਾਥ। ਕਾਸ਼ੀ ਪੁਰੀ, ਕਾਂਤੀ ਪੁਰੀ, ਵਾ:- ਪੁਰੀ=ਜਗਨ ਨਾਥ ਤੇ ਦੁਆਰਕਾਪੁਰੀ।

ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ॥ ੯॥

ਗੰਗਾ ਸਾਗਰ ਜਿਥੇ ਸਮੁੰਦਰ ਨਾਲ ਗੰਗਾ ਦਾ ਮਿਲਾਪ ਹੁੰਦਾ ਹੈ, ਇਹ ਉਹ ਥਾਂ ਹੈ ਜਿਥੇ ਕਪਿਲ ਰਿਖੀ ਨੇ ਸਾਗਰ ਦੇ ਪੁਤ੍ਰਾਂ ਨੂੰ ਭਸਮ ਕੀਤਾ ਸੀ, ਬੇਣੀ=ਤ੍ਰਿਬੇਣੀ, ਸੰਗਮੁ=ਪ੍ਰਾਗ ਰਾਗ, ਇਤਿਆਦਿਕ ਅਠਾਠ ਤੀਰਥ ਉਸ ਪਰਮੇਸ਼ਰ ਦੇ ਅੰਕਿ=ਸਰੂਪ ਵਿਚ ਸਮਾਅ ਰਹੇ ਹਨ। ਭਾਵ-

ਜਿਸ ਨੂੰ ਸਰੂਪ ਦੀ ਪ੍ਰਾਪਤੀ ਹੋਈ ਹੈ ਸਮਝੋ ਉਸ ਨੂੰ ਸਾਰਿਆਂ ਤੀਰਥਾਂ ਦਾ ਫਲ ਮਿਲ ਗਿਆ ਹੈ॥ ੯॥

ਆਪੇ ਸਿਧ ਸਾਧਿਕੁ ਵੀਚਾਰੀ॥ ਆਪੇ ਰਾਜਨੁ ਪੰਚਾਕਾਰੀ॥

ਆਪੇ ਸਿਧ=ਮਹਾਤਮਾ ਰੂਪ ਹੈਂ, ਆਪੇ ਸਾਧਿਕੁ=ਸਾਧਨਾ ਦੇ ਕਰਨ ਵਾਲਾ ਜਗਿਆਸੂ ਰੂਪ ਹੈਂ ਆਪ ਹੀ ਵਿਚਾਰ ਦੇ ਕਰਨ ਵਾਲਾ ਹੈਂ। ਆਪੇ ਰਾਜਾ ਰੂਪ, ਵਾ:- ਪ੍ਰਕਾਸ਼ ਰੂਪ ਹੈਂ, ਆਪ ਹੀ ਪੰਚਾਕਾਰੀ=ਪੰਚੈਤ ਨੂੰ

'ਕੱਠਿਆਂ ਕਰਨ ਵਾਲਾ ਚੌਧਰੀ, ਵਾ:- ਨੰਬਰਦਾਰ ਹੈਂ।

ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ॥ ੧੦॥

(੧) ਪ੍ਰਭੂ ਆਪ ਹੀ ਰਾਜਾ ਰੂਪ ਹੋ ਕੇ ਤਖ਼ਤ ਪਰ ਬੈਠ ਕੇ ਜੀਵਾਂ ਦਾ ਅਦਲੀ=ਨਿਆਂ ਕਰਦਾ ਹੈ।

(੨) ਪ੍ਰਭੂ ਆਪ ਹੀ ਧਰਮ ਰਾਜਾ ਰੂਪ ਹੋ ਕੇ ਪ੍ਰਲੋਕ ਤਖ਼ਤ, ਪਰ ਬੈਠ ਕੇ ਪੁੰਨੀਆਂ, ਪਾਪੀਆਂ ਜੀਵਾਂ ਦਾ ਨਿਆਂ ਕਰਦਾ ਹੈ।

(੩) ਪ੍ਰਭੂ ਆਪ ਹੀ ਵਿਸ਼ਨੂੰ ਰੂਪ ਹੋ ਕੇ ਬੈਕੁੰਠ ਤਖਤ 'ਪਰ ਬੈਠ ਕੇ ਭਗਤਾਂ ਦਾ ਨਿਆਂ ਕਰਦਾ ਹੈ।

(੪) ਪ੍ਰਭੂ ਆਪ ਹੀ ਸਾਖੀ ਚੇਤਨ ਰੂਪ ਹੋ ਕੇ ਅੰਤਹ ਕਰਣ [illegible] ਤਖਤ 'ਪਰ ਬੈਠ ਕੇ ਇੰਦ੍ਰੀਆਂ ਦੇ ਪ੍ਰਕਾਸ਼ਨੇ ਦਾ ਨਿਆਂ ਕਰਦਾ ਹੈ।

ਉਸ ਪ੍ਰਭੂ ਦੇ ਨਾਮ ਜਪਣ ਕਰਕੇ ਪੰਜ ਪ੍ਰਕਾਰ ਦਾ ਭਰਮ, ਜੀਵ ਈਸ਼ੂਰ ਦਾ ਭੇਦ ਅਤੇ ਜਮਾਂ ਦਾ ਭਉ=ਡਰ ਦੂਰ ਹੋ ਜਾਂਦਾ ਹੈ॥ ੧੦॥

ਆਪੇ ਕਾਜੀ ਆਪੇ ਮੁਲਾ॥ ਆਪਿ ਅਭੁਲੁ ਨ ਕਬਹੂ ਭੁਲਾ॥

ਉਹ ਆਪ ਹੀ ਨਿਆਂ ਕਰਨ ਵਾਲਾ ਕਾਜੀ ਰੂਪ ਹੋ ਰਿਹਾ ਹੈ, ਲੜਕਿਆਂ ਨੂੰ ਪੜ੍ਹਾਣ ਵਾਲਾ ਮੁਲਾਂ ਰੂਪ ਹੋ ਰਿਹਾ ਹੈ। ਉਹ ਆਪ ਅਭੁਲ ਹੈ ਕਦੇ ਭੀ ਭੁਲਦਾ ਨਹੀਂ ਹੈ।

ਆਪੇ ਮਿਹਰ ਦਇਆ ਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ॥ ੧੧॥

ਦਇਆ ਪਤੀ ਪਰਮਾਤਮਾ ਆਪ ਹੀ ਮੇਹਰਬਾਨ ਹੋ ਕੇ ਸਭ ਦਾ ਦਾਤਾ ਹੈ, ਜਾਂ ਮੇਹਰਬਾਨ ਪਰਮਾਤਮਾ ਆਪ ਹੀ ਦਇਆ ਕਰਕੇ ਪਤਿ ਦਾਤਾ=ਇੱਜ਼ਤ ਦੇਂਦਾ ਹੈ, ਫਿਰ ਉਹ ਕਿਸੇ ਦਾ ਭੀ ਵੈਰੀ ਨਹੀਂ ਹੈ॥ ੧੧॥

ਜਿਸੁ ਬਖਸੇ ਤਿਸੁ ਦੇ ਵਡਿਆਈ॥ ਸਭਸੈ ਦਾਤਾ ਤਿਲੁ ਨ ਤਮਾਈ॥

ਜਿਸ ਦੇ ਔਗੁਣ ਬਖਸ਼ਦਾ ਹੈ ਉਸ ਨੂੰ ਉਹ ਵਡਿਆਈ ਦੇਂਦਾ ਹੈ। ਉਹ ਸਾਰਿਆਂ ਦਾ ਦਾਤਾ ਹੈ ਉਸ ਨੂੰ ਤਿਲ ਜਿਨ੍ਹਾਂ ਭੀ ਤਮੋ ਗੁਣ ਨਹੀਂ ਹੈ, ਜਾਂ ਉਸ ਨੂੰ ਤਿਲ ਜਿੰਨੀ ਭੀ ਤਮਾ ਨਹੀਂ ਹੈ।

ਭਰਪੁਰਿ ਧਾਰਿ ਰਹਿਆ ਨਿਹਕੇਵਲੁ ਗੁਪਤੁ ਪ੍ਰਗਟੁ ਸਭ ਠਾਈ ਹੇ॥ ੧੨॥

ਉਹ ਨਿਹਕੇਵਲੁ=ਸੁੱਧ ਪਰਮਾਤਮਾ ਸ੍ਰਿਸ਼ਟੀ ਨੂੰ ਧਾਰ ਕੇ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ, ਗੁਪਤ ਅਤੇ ਪ੍ਰਗਟ ਸਾਰਿਆਂ ਅਸਥਾਨਾਂ ਵਿਚ ਵਿਆਪਕ ਹੈ॥ ੧੨॥

ਕਿਆ ਸਾਲਾਹੀ ਅਗਮ ਅਪਾਰੈ॥ ਸਾਚੇ ਸਿਰਜਣਹਾਰ ਮੁਰਾਰੈ॥

ਹੇ ਸੱਚੇ ਸਿਰਜਨਹਾਰ ਮੁਰਾਰੇ ! ਤੈਨੂੰ ਕੀ ਕਰਕੇ ਸਲਾਹਵਾਂ, ਕਿਉਂਕਿ ਤੂੰ ਅਗਮ ਤੇ ਅਪਾਰ ਹੈਂ।

ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ॥ ੧੩॥

ਜਿਸ ਨੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ ਉਸ ਨੂੰ ਮੇਲ ਲੈਂਦਾ ਹੈਂ, ਜੋ ਤੇਰੇ ਮੇਲਿ=ਸਤਸੰਗ ਵਿਚ ਮਿਲੇ ਹਨ, ਉਹਨਾਂ ਦੀ ਆਤਮਾ ਤੂੰ ਆਪਣੇ ਨਾਲ ਮਿਲਾਈ ਹੈ॥ ੧੩॥

ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥

www.sikhbookclub.com

ਹੇ ਅਲਖ ਅਪਾਰ ਪ੍ਰਭੂ ! ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਇਹ ਤਿੰਨੇ ਦੇਵਤੇ ਆਪ ਜੀ ਦੇ ਦੁਆਰੇ 'ਪਰ ਊਭੇ=ਖੜੇ ਹੋ ਕੇ ਆਪ ਜੀ ਨੂੰ ਸੇਂਵਦੇ ਹਨ।

ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ॥ ੧੪ ॥

ਹੋਰ ਕਿੰਨੀ ਕੁ ਦੁਨੀਆਂ ਤੇਰੇ ਦਰਵਾਜ਼ੇ 'ਪਰ ਵਿਲਕਦੀ ਦਿੱਸਦੀ ਹੈ, ਉਹਨਾਂ ਦੀ ਮੈਥੋਂ ਕੋਈ ਗਿਣਤੀ ਨਹੀਂ ਆਉਂਦੀ॥ ੧੪॥

ਸਾਚੀ ਕੀਰਤਿ ਸਾਚੀ ਬਾਣੀ॥ ਹੋਰ ਨ ਦੀਸੈ ਬੇਦ ਪੁਰਾਣੀ॥

ਤੇਰੀ ਕੀਰਤੀ ਸੱਚੀ ਹੈ, ਤੇਰੀ ਨਾਮਾਂ ਰੂਪ ਬਾਣੀ ਭੀ ਸੱਚੀ ਹੈ। ਵੇਦਾਂ ਪੁਰਾਣਾਂ ਵਿਚ ਹੋਰ ਕਿਸੇ ਦੀ ਸੱਚੀ ਕੀਰਤੀ ਦਿੱਸਦੀ ਨਹੀਂ ਹੈ।

ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ॥ ੧੫ ॥

ਹੇ ਸੱਚੇ ਪ੍ਰਭੂ ! ਮੈਨੂੰ ਸ਼ਰਧਾ ਰੂਪ ਸੱਚੀ ਪੂੰਜੀ ਦੇਣਾ ਕਰ, ਜਿਸ ਕਰਕੇ ਤੇਰੇ ਸੱਚੇ ਗੁਣਾਂ ਨੂੰ ਗਾਂਵਦਾ ਰਹਾਂ, ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਆਸਰਾ ਨਹੀਂ ਹੈ॥ ੧੫॥

ਜੁਗੁ ਜੁਗੁ ਸਾਚਾ ਹੈ ਭੀ ਹੋਸੀ॥ ਕਉਣੁ ਨ ਮੂਆ ਕਉਣੁ ਨ ਮਰਸੀ॥

ਜੁਗਾਂ ਜੁਗਾਂ ਵਿਚ ਉਹ ਸੱਚਾ ਵਾਹਿਗੁਰੂ ਹੈ, ਭੀ=ਪਿੱਛੇ ਸੀ, ਹੈ=ਹੁਣ ਹੈ, ਹੋਸੀ=ਅੱਗੇ ਹੋਵੇਗਾ। ਉਸ ਤੋਂ ਬਿਨਾਂ ਪਿੱਛੇ ਕੇਹੜਾ ਨਹੀਂ ਮੋਇਆ ਤੇ ਅੱਗੇ ਕੇਹੜਾ ਨਹੀਂ ਮਰੇਗਾ।

ਨਾਨਕੁ ਨੀਚੁ ਕਹੈ ਬੇਨੰਤੀ ਦਰਿ ਦੇਖਹੁ ਲਿਵ ਲਾਈ ਹੇ॥ ੧੬ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਨੀਚ ਸੇਵਕ ਨੀਚੁ=ਨਿੰਮ੍ਰਤਾ ਧਾਰ ਕੇ ਆਪ ਜੀ ਅੱਗੇ ਬੇਨਤੀ ਕਹਿੰਦਾ ਹਾਂ, ਆਪ ਜੀ ਵੱਲ ਲਿਵ ਲਗਾਈ ਖਲੋਤਾ ਹਾਂ ਆਪ ਮੇਰੀ ਦਰਿ=ਤਰਫ਼ ਵੇਖਣਾ ਕਰੋ, *ਵਾ:-* ਲਿਵ ਲਗਾ ਕੇ ਦਰਿ=ਅੰਦਰ ਹੀ ਆਪ ਜੀ ਨੂੰ ਵੇਖਣਾ ਕਰਾਂ॥ ੧੬॥ ੨॥

ਮਾਰੂ ਮਹਲਾ ੧ ॥

ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥

ਇਕ ਗੁਰਮਤਿ ਹੈ ਉਸ ਤੋਂ ਭਿੰਨ ਦੂਜੀ ਦੁਰਮਤਿ ਹੈ, ਦੁਰਮਤ ਵਾਲੀ ਇਸਤ੍ਰੀ ਦੀ ਅੰਨ੍ਹੀ ਬੋਲੀ ਹੈ, ਅਰਥਾਤ ਕੌੜੀ ਬੋਲੀ ਹੈ, *ਵਾ:-* ਗਿਆਨ ਵੈਰਾਗ ਰੂਪੀ ਤੇ ਸੁਰਤੀ ਸਿੰਮ੍ਰਤੀਆਂ ਰੂਪੀ ਅੱਖਾਂ ਤੋਂ ਰਹਿਤ ਹੋਣ ਕਰਕੇ ਅੰਨ੍ਹੀ ਹੈ ਤੇ ਨਿਸਚਾ ਵਿਚਾਰ ਦੇ ਕੰਨਾਂ ਤੋਂ ਬਿਨਾਂ ਹੋਣ ਕਰਕੇ ਬੋਲੀ ਹੈ। ਉਸ ਨੇ ਕਾਮ, ਕ੍ਰੋਧ ਦੀ ਕੱਚੀ ਚੋਲੀ ਪਹਿਨੀ ਹੋਈ ਹੈ। *ਅਥਵਾ:-* ਕਾਮ, ਕ੍ਰੋਧ ਆਦਿਕਾਂ ਦੀ ਭਰੀ ਹੋਈ ਹੈ ਤੇ ਕੱਚੀ ਚੋਲੀ ਦੇਹ ਦਾ ਹੰਕਾਰ ਕਰਦੀ ਹੈ।

ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥ ੧ ॥

ਅੰਤਹਕਰਣ ਰੂਪੀ ਘਰ ਦੇ ਵਿਚ ਹੀ ਵਰੁ=ਪਤੀ ਪਰਮਾਤਮਾ ਹੈ, ਪਰ ਇਹ ਛੋਹਰਿ=ਇਆਣੀ ਜੀਵ ਰੂਪ ਇਸਤ੍ਰੀ ਸਹਜੁ=ਗਿਆਨ ਦੁਆਰਾ ਉਸ ਨੂੰ ਜਾਣਦੀ ਨਹੀਂ ਹੈ ਅਤੇ ਪਤੀ ਪਰਮਾਤਮਾ ਤੋਂ ਬਿਨਾਂ ਸ਼ਾਂਤੀ ਰੂਪ ਨੀਂਦ ਨੂੰ ਪਾਂਵਦੀ ਨਹੀਂ ਹੈ॥ ੧॥

www.sikhbookclub.com

ਅੰਤਰਿ ਅਗਨਿ ਜਲੈ ਭੜਕਾਰੇ॥ ਮਨਮੁਖ ਤਕੇ ਕੁੰਡਾ ਚਾਰੇ॥

ਹਿਰਦੇ ਅੰਦਰ ਤ੍ਰਿਸ਼ਨਾ ਰੂਪੀ ਅੱਗ ਭੜਕਾਰੇ=ਭੱਠ ਦੇ ਸਦ੍ਰਸ਼ ਭੜਕਾਰੇ=ਭੜ ਭੜ ਕਰਕੇ ਬਲ ਰਹੀ ਹੈ। ਉਸ ਕਰਕੇ ਮਨਮੁਖ ਪੁਰਸ਼ ਚੌਂਹਾਂ ਕੁੰਟਾਂ ਵਿਚ ਪਦਾਰਥਾਂ ਨੂੰ ਤੱਕਦਾ ਹੈ।

ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ॥ ੨॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਸੁਖ ਕਿਵੇਂ ਪਾਈਦਾ ਹੈ, ਸਾਰੀ ਵਡਿਆਈ ਸੱਚੇ ਪ੍ਰਭੂ ਦੇ ਹੱਥ ਵਿਚ ਹੈ॥ ੨॥

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥

ਕਾਮ, ਕ੍ਰੋਧ, ਹੰਕਾਰ ਆਦਿਕਾਂ ਨੂੰ ਨਵਿਰਤ ਕਰਨ ਵਾਲੇ ਜੋ ਗੁਰੂ ਹਨ ਉਹਨਾਂ ਦੇ ਸ਼ਬਦ ਦੁਆਰੇ ਇਨ੍ਹਾਂ ਪੰਜ ਕਾਮ, ਕ੍ਰੋਧ ਆਦਿਕ ਚੋਰਾਂ ਨੂੰ ਸੰਘਾਰੇ=ਮਾਰਨਾ ਕਰੇ।

ਅਥਵਾ:- ਗੁਰਾਂ ਦੇ ਸ਼ਬਦ ਦੁਆਰਾ ਕਾਮ, ਕਰੋਧ, ਹੰਕਾਰ ਆਦਿਕਾਂ ਨੂੰ ਨਵਿਰਤ ਕਰੇ ਅਤੇ ਸ਼ਬਦ ਸਪੱਰਸ਼ ਆਦਿਕ ਪੰਜ ਚੋਰਾਂ ਨੂੰ ਭੀ ਸੰਘਾਰੇ=ਮਾਰਨਾ ਕਰੇ।

ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥ ੩॥

ਜੋ ਗਿਆਨ ਰੂਪੀ ਖੜਗੁ=ਖੰਡਾ ਲੈ ਕੇ ਮਨ ਰੂਪੀ ਸਤਰੂ ਨਾਲ ਲੂਝੈ=ਲੜਦਾ ਹੈ, ਉਸ ਦੀਆਂ ਖੋਟੀਆਂ ਮਨਸਾ=ਵਾਸ਼ਨਾ ਮਨ ਦੇ ਵਿਚ ਹੀ ਸਮਾਈ=ਅਭਾਵ ਹੋ ਗਈਆਂ ਹਨ॥ ੩॥

ਮਾ ਕੀ ਰਕਤੁ ਪਿਤਾ ਬਿਦੁ ਧਾਰਾ॥ ਮੂਰਤਿ ਸੂਰਤਿ ਕਰਿ ਆਪਾਰਾ॥

ਹੇ ਅਪਾਰ ਪ੍ਰਭੂ ! ਮਾਂ ਦੀ ਰਕਤ ਵਿਚ ਪਿਤਾ ਦੀ ਬਿੰਦ ਧਾਰਾ=ਟਿਕਾ ਕੇ ਤੈਂਨੇ ਇਹਨਾਂ ਮਲੀਣ ਚੀਜ਼ਾਂ ਤੋਂ ਇਸ ਦੇਹ ਦੀ ਸੂਰਤਿ=ਸੁੰਦਰ ਮੂਰਤਿ=ਸ਼ਕਲ ਕਰ ਦਿਤੀ ਹੈ।

ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ॥ ੪॥

ਹੇ ਕਰਤਾ ਪੁਰਖ ! ਇਹ ਜੋਤ ਤੇ ਜਿੰਨੀ ਕੁ ਦਾਤ ਹੈ ਸਭ ਤੇਰੀ ਹੈ ਅਤੇ ਸਾਰੀਆਂ ਜਗ੍ਹਾ 'ਪਰ ਤੂੰ ਵਿਆਪਕ ਹੈਂ॥ ੪॥

ਤੁਝ ਹੀ ਕੀਆ ਜੰਮਣ ਮਰਣਾ॥ ਗੁਰ ਤੇ ਸਮਝ ਪੜੀ ਕਿਆ ਡਰਣਾ॥

ਜੰਮਣਾ ਤੇ ਮਰਨਾ ਆਪ ਜੀ ਨੇ ਹੀ ਕੀਤਾ ਹੈ, ਜਦ ਗੁਰਾਂ ਤੋਂ ਇਸ ਗੱਲ ਦੀ ਸਮਝ ਪਈ ਤਾਂ ਹੁਣ ਡਰਣਾ ਕੀ ਹੈ।

ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ॥ ੫॥

ਹੇ ਦਇਆਲੂ ! ਜਾਂ ਤੂੰ ਦਇਆ ਦ੍ਰਿਸ਼ਟੀ ਕਰਕੇ ਵੇਖੇਂ ਤਾਂ ਸਾਡੇ ਸਰੀਰ ਵਿਚੋਂ ਦੁੱਖ ਜਨ ਦਰਦ ਚਲਿਆ ਜਾਏਗਾ॥ ੫॥

ਨਿਜ ਘਰਿ ਬੈਸਿ ਰਹੇ ਭਉ ਖਾਇਆ॥ ਧਾਵਤ ਰਾਖੇ ਠਾਕਿ ਰਹਾਇਆ॥

ਜੇਹੜੇ ਗੁਰਮੁਖ ਸਤਸੰਗਤ ਰੂਪੀ ਨਿਜ ਘਰ ਵਿਚ ਬੈਠ ਰਹੇ ਹਨ ਤੇ ਪਰਮੇਸ਼ਰ ਦੇ ਭਉ ਖਾਇਆ=ਡਰ

www.sikhbookclub.com

ਨੂੰ ਧਾਰਿਆ ਹੈ, ਧਾਵਤ=ਦੌੜਦੇ ਮਨ ਨੂੰ ਇਸਥਿਤ ਕਰ ਰਖਿਆ ਹੈ ਤੇ ਇੰਦ੍ਰੀਆਂ ਨੂੰ ਭੀ ਵਿਸ਼ਿਆਂ ਵਲੋਂ ਠਾਕਿ ਰਹਾਇਆ=ਰੋਕ ਰਖਿਆ ਹੈ, ਉਹ ਸਰੂਪ ਰੂਪੀ ਨਿਜ ਘਰ ਵਿਚ ਬੈਠ ਰਹੇ ਹਨ।

ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ॥ ੬॥

ਉਹਨਾਂ ਦਾ ਹਿਰਦਾ ਸਰ=ਸਰੋਵਰ, ਸੁਭਰ=ਲਬਾ ਲਬ ਨਾਮ ਜਲ ਨਾਲ ਭਰਿਆ ਹੋਇਆ ਹੈ ਤੇ ਸ਼ੁਭ ਗੁਣਾਂ ਰੂਪੀ ਕੌਲ ਫੁਲ ਹਰੇ=ਹਰਿਆਵਲਤਾ ਨਾਲ ਬਿਗਾਸ=ਖਿੜ ਆਏ ਹਨ, ਆਤਮ ਰਾਮੁ=ਪਰਮਾਤਮਾ ਉਹਨਾਂ ਦੀ ਸਖਾਈ=ਸਹਾਇਤਾ ਕਰਦਾ ਹੈ। *ਅਥਵਾ:-* ਉਹਨਾਂ ਦਾ ਹਿਰਦਾ ਕਵਲ ਬਿਗਾਸ=ਖਿੜ ਪਿਆ ਹੈ ਤੇ ਅੰਤਹਕਰਣ ਰੂਪ ਸਰ=ਸਰੋਵਰ ਆਤਮਾ ਰੂਪੀ ਹਰੇ=ਜਲ ਨਾਲ ਲਬਾ ਲਬ ਭਰ ਗਿਆ ਹੈ ਅਤੇ ਰਾਮ ਉਹਨਾਂ ਦਾ ਸਹਾਇਕ ਹੈ॥ ੬॥

ਮਰਣੁ ਲਿਖਾਇ ਮੰਡਲ ਮਹਿ ਆਏ॥ ਕਿਉ ਰਹੀਐ ਚਲਣਾ ਪਰਥਾਏ॥

ਇਹ ਸਾਰੇ ਜੀਵ ਮੰਡਲ=ਸੰਸਾਰ ਵਿਚ ਮਰਨਾ ਲਿਖਾ ਕੇ ਆਏ ਹਨ। ਇਥੇ ਥਿਰ ਕਿਵੇਂ ਰਹਿਣਾ ਹੈ, ਕਿਸੀ ਪਰਥਾਏ=ਸਬੱਬ ਕਰਕੇ ਪਰਥਾਏ=ਪ੍ਰਲੋਕ ਵਿਚ ਚਲਿਆ ਜਾਣਾ ਹੈ।

ਸਚਾ ਅੰਮਰੁ ਸਚੇ ਅਮਰਾਪੁਰਿ ਸੋ ਸਚੁ ਮਿਲੈ ਵਡਾਈ ਹੇ॥ ੭॥

ਉਸ ਦਾ ਅਮਰੁ=ਹੁਕਮ ਸੱਚਾ ਹੈ ਉਸ ਦੀ ਅਮਰਾਪੁਰਿ=ਸੁਰਗਪੁਰੀ ਭੀ ਸੱਚੀ ਹੈ, ਉਸ ਸੱਚ ਨੂੰ ਮਿਲਣ ਕਰਕੇ ਜੀਵ ਦੀ ਵਡਿਆਈ ਹੁੰਦੀ ਹੈ। *ਅਥਵਾ:-* ਜਿਨ੍ਹਾਂ ਨੇ ਸੱਚੇ ਪ੍ਰਭੂ ਦਾ ਸੱਚਾ ਅਮਰੁ=ਹੁਕਮ ਮੰਨਿਆ ਹੈ ਉਹ ਅਮਰਾਪੁਰਿ=ਮੁਕਤੀ ਵਿਚ ਪੁਜੇ ਹਨ ਅਤੇ ਉਨ੍ਹਾਂ ਨੂੰ ਸੱਚ ਦੀ ਵਡਿਆਈ ਮਿਲੀ ਹੈ॥ ੭॥

ਆਪਿ ਉਪਾਇਆ ਜਗਤੁ ਸਬਾਇਆ॥
ਜਿਨਿ ਸਿਰਿਆ ਤਿਨਿ ਧੰਧੈ ਲਾਇਆ॥

ਇਹ ਸਾਰਾ ਜਗਤ ਉਸ ਪ੍ਰਭੂ ਨੇ ਆਪ ਉਤਪੰਨ ਕੀਤਾ ਹੈ। ਜਿਸ ਨੇ ਸਿਰਿਆ=ਬਣਾਇਆ ਹੈ ਓਸੇ ਨੇ ਧੰਧਿਆਂ ਵਿਚ ਲਗਾਇਆ ਹੈ।

[ਪੰਨਾ ੧੦੨੩]

ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ॥ ੮॥

ਸੱਚੇ ਵਾਹਿਗੁਰੂ ਤੋਂ ਉਪਰ ਹੋਰ ਕੋਈ ਵੱਡਾ ਨਹੀਂ ਦਿੱਸਦਾ, ਸੱਚੇ ਨੇ ਹੀ ਇਸ ਜਗਤ ਨੂੰ ਖਾਣ ਪੀਣ ਦੇਣ ਦੀ ਕੀਮਤ ਪਾਈ ਹੈ, *ਵਾ:-* ਸੱਤਾ ਰੂਪੀ ਕੀਮਤ ਪਾਈ ਹੈ॥ ੮॥

ਐਥੈ ਗੋਇਲੜਾ ਦਿਨ ਚਾਰੇ॥ ਖੇਲੁ ਤਮਾਸਾ ਧੁੰਧੂਕਾਰੇ॥

ਜਿਵੇਂ ਗੋਇਲ ਅਸਥਾਨ ਉਪਰ ਗੋਇਲੀ ਦਾ ਕੋਈ ਕੁ ਦਿਨ ਰਹਿਣਾ ਹੁੰਦਾ ਹੈ।

ਯਥਾ:- ਗੋਇਲ ਆਇਆ ਗੋਇਲੀ ਕਿਆ ਤਿਸ ਡੰਫ ਪਸਾਰ॥

ਤਿਵੇਂ ਐਥੇ=ਇਸ ਲੋਕ ਵਿਚ ਜੀਵ ਦਾ ਚਾਰ ਦਿਨਾਂ ਦਾ ਰਹਿਣਾ ਹੈ। ਇਹ ਤਮਾਸ਼ਾ ਰੂਪੀ ਖੇਲ ਧੁੰਧੂਕਾਰੇ=ਧੂੰਏ ਦੇ ਅਕਾਰ ਵਾਂਙੂ ਅਨਿਸਥਰ ਹੈ।

www.sikhbookclub.com

ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ॥ ੯॥

ਜਿਵੇਂ ਬਾਜੀਗਰ ਬਾਜੀ ਨੂੰ ਖੇਡ ਜਾਂਦੇ ਹਨ, ਤਿਵੇਂ ਇਹ ਜੀਵ ਪਦਾਰਥਾਂ ਨੂੰ ਭੋਗ ਕੇ ਹਰੀ ਹਰ ਹੋ ਜਾਂਦੇ ਹਨ, ਜਿਵੇਂ ਰਾਤ ਨੂੰ ਜੀਵ ਸੁਪਨੇ ਵਿਚ ਭਖਲਾਈ=ਭਟਕਦਾ ਹੈ, ਤਿਵੇਂ ਸੰਸਾਰ ਸੁਪਨੇ ਵਿਚ ਅਵਿਦਿਆ ਰਾਤ ਕਰਕੇ ਇਹ ਜੀਵ ਭਟਕਦਾ ਹੈ। *ਅਥਵਾ:-* ਜਿਵੇਂ ਰਾਤ ਨੂੰ ਸੁਪਨੇ ਦਾ ਭਖਲਾਈ=ਭਖਲਾਵਾ (ਦਿਖਾਵਾ) ਹੁੰਦਾ ਹੈ ਤਿਵੇਂ ਜਗਤ ਦਾ ਦਿਖਾਵਾ ਹੈ॥ ੯॥

ਤਿਨ ਕਉ ਤਖਤਿ ਮਿਲੀ ਵਡਿਆਈ॥
ਨਿਰਭਉ ਮਨਿ ਵਸਿਆ ਲਿਵ ਲਾਈ॥

ਉਹਨਾਂ ਨੂੰ ਸਰੂਪ ਤਖਤ ਦੀ ਵਡਿਆਈ ਮਿਲੀ ਹੈ। ਲਿਵ ਦੇ ਲਗਾਣ ਕਰਕੇ ਜਿਨ੍ਹਾਂ ਦੇ ਮਨ ਵਿਚ ਨਿਰਭਉ ਵਾਹਿਗੁਰੂ ਵਸਿਆ ਹੈ।

ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ॥ ੧੦॥

ਉਹਨਾਂ ਨੇ ਖੰਡਾਂ, ਬ੍ਰਹਿਮੰਡਾਂ, ਪਤਾਲਾਂ, ਪੁਰੀਆਂ ਤੇ ਤਿੰਨਾਂ ਭਵਨਾਂ ਵਿਚ ਪੂਰਨ ਜਾਣ ਕੇ ਉਸ ਪ੍ਰਭੂ ਵਿਚ ਤਾੜੀ=ਸਮਾਧੀ ਲਗਾਈ ਹੈ।

ਸਾਚੀ ਨਗਰੀ ਤਖਤੁ ਸਚਾਵਾ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ॥

ਉਹਨਾਂ ਦੀ ਦੇਹ ਰੂਪ ਨਗਰੀ ਸੱਚੀ ਹੈ, ਤੇ ਅੰਤਹਕਰਣ ਰੂਪੀ ਤਖਤ ਭੀ ਸੱਚਾ ਹੈ,

ਵਾ:- ਉਹਨਾਂ ਦੀ ਸਤਸੰਗਤ ਰੂਪ ਨਗਰੀ ਸੱਚੀ ਹੈ ਤੇ ਸਰੂਪ ਰੂਪੀ ਤਖ਼ਤ ਭੀ ਸੱਚਾ ਹੈ। ਜਿਨ੍ਹਾਂ ਗੁਰਮੁਖਾਂ ਨੇ ਸੱਚ ਨੂੰ ਮਿਲ ਕੇ ਸੱਚਾ ਸੁਖ ਪਾਇਆ ਹੈ।

ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ॥ ੧੧॥

ਉਹਨਾਂ ਸੱਚਿਆਂ ਪੁਰਸ਼ਾਂ ਨੂੰ ਸੱਚੇ ਸਰੂਪ ਤਖਤ ਦੀ ਵਡਿਆਈ ਮਿਲੀ ਹੈ, ਜਿਨ੍ਹਾਂ ਨੇ ਹਉਮੈ ਦੀ ਗਿਣਤੀ ਗੁਆ ਦਿਤੀ ਹੈ॥ ੧੧॥

ਗਣਤ ਗਣੀਐ ਸਹਸਾ ਜੀਐ॥ ਕਿਉ ਸੁਖੁ ਪਾਵੈ ਦੂਐ ਤੀਐ॥

ਕਰਮਾਂ ਦੀ ਗਿਣਤੀ ਗਿਨਣ ਕਰਕੇ ਜੀਅ ਨੂੰ ਸੰਸਾ ਹੀ ਬਣਿਆ ਰਹਿੰਦਾ ਹੈ। ਦੂਐ=ਦ੍ਵੈਤ ਤੇ ਤੀਐ=ਤਿੰਨਾਂ ਗੁਣਾਂ ਕਰਕੇ ਕਿਵੇਂ ਸੁਖ ਪਾ ਸਕਦਾ ਹੈ।

ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ॥ ੧੨॥

ਨਿਰੰਜਨੁ=ਮਾਇਆ ਮਲ ਅਵਿਦਿਆ ਤੋਂ ਰਹਿਤ ਹੋਣ ਕਰਕੇ ਜੋ ਇਕ ਨਿਰਮਲ ਸਰੂਪ ਪ੍ਰਭੂ ਸਾਰਿਆਂ ਦਾ ਦਾਤਾ ਹੈ, ਉਸ ਪਤੀ ਦਾ ਮਿਲਾਪ ਪੂਰਿਆਂ ਗੁਰਾਂ ਤੋਂ ਪਾਈਦਾ ਹੈ॥ ੧੨॥

ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ॥ ਸਾਚਾ ਰਵਿ ਰਹਿਆ ਮਨੁ ਰਾਤਾ॥

ਜੁਗਾਂ ਜੁਗਾਂ ਵਿਚ ਕਿਸੇ ਵਿਰਲੇ ਗੁਰਮੁਖ ਨੇ ਹੀ ਜਾਣਿਆ ਹੈ ਕਿ ਸੱਚਾ ਵਾਹਿਗੁਰੂ ਸਾਰਿਆਂ ਵਿਚ ਰਵਿ ਰਹਿਆ=ਪੂਰਨ ਹੋ ਰਿਹਾ ਹੈ, ਫਿਰ ਓਹਨਾਂ ਨੇ ਓਸੇ ਨਾਲ ਮਨ ਦਾ ਰਾਤਾ=ਪ੍ਰੇਮ ਕੀਤਾ ਹੈ।

ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ॥ ੧੩ ॥

ਜਿਸ ਨੇ ਉਸ ਦੀ ਓਟ ਗ੍ਰਹਿਣ ਕੀਤੀ ਹੈ ਉਸ ਨੇ ਸੁਖ ਪਾਇਆ ਹੈ ਅਤੇ ਉਸ ਦੇ ਮਨ ਤਨ ਵਿਚ ਕੋਈ ਪਾਪਾਂ ਰੂਪੀ ਜਾਂ ਰਾਗ ਦ੍ਵੈਸ਼ ਰੂਪੀ ਮੈਲ ਨਹੀਂ ਹੈ॥ ੧੩ ॥

ਜੀਭ ਰਸਾਇਣਿ ਸਾਚੈ ਰਾਤੀ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ॥

ਜਿਨ੍ਹਾਂ ਦੀ ਜੀਭ ਰਸਾਇਣਿ=ਰਸਾਂ ਦਾ ਘਰ ਜੋ ਸੱਚਾ ਪ੍ਰਭੂ ਹੈ ਉਸ ਵਿਚ ਰੱਤੀ ਹੈ। ਹਰੀ ਪ੍ਰਭੂ ਉਹਨਾਂ ਦਾ ਸੰਗੀ ਹੋਇਆ ਹੈ ਇਸ ਲਈ ਉਹਨਾਂ ਨੂੰ ਡਰ ਤੇ ਭਰਮ ਨਹੀਂ ਹੈ।

ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ॥ ੧੪ ॥

ਗੁਰਬਾਣੀ ਨੂੰ ਸ੍ਰਵਣ=ਸੁਣ ਕੇ ਉਹਨਾਂ ਦੇ ਸ੍ਰੋਤ=ਕੰਨ ਰੱਜ ਗਏ ਹਨ ਅਤੇ ਉਹਨਾਂ ਨੇ ਆਪਣੀ ਜੋਤ ਜੋਤੀ=ਪਰਮਾਤਮਾ ਨਾਲ ਮਿਲਾਈ ਹੈ॥ ੧੪ ॥

ਰਖਿ ਰਖਿ ਪੈਰ ਧਰੇ ਪਉ ਧਰਣਾ॥ ਜਤ ਕਤ ਦੇਖਉ ਤੇਰੀ ਸਰਣਾ॥

ਗੁਰਮੁਖ ਪੁਰਸ਼ ਪ੍ਰਤੱਖ ਧਰਣਾ ਪਉ=ਧਰਤੀ ਉਤੇ ਪ੍ਰਤੱਖ ਪੈਰਾਂ ਨੂੰ ਰੋਕ ਰੋਕ ਕੇ ਧਰਦੇ ਹਨ, *ਅਥਵਾ:-* ਸਤਸੰਗਤ ਰੂਪ ਧਰਤੀ ਉਤੇ ਮਨ ਬੁੱਧੀ ਰੂਪ ਪੈਰਾਂ ਨੂੰ ਰੋਕ ਰੋਕ ਦੇ ਭਾਵ ਵਿਚਾਰ ਵਿਚਾਰ ਕੇ ਧਰਦੇ ਹਨ ਅਤੇ ਜਿਥੇ ਕਿਥੇ, ਹੇ ਪ੍ਰਭੂ ! ਤੇਰੀ ਹੀ ਸਰਣਾ=ਓਟ ਨੂੰ ਦੇਖਦੇ ਹਨ।

ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ॥ ੧੫ ॥

ਤੂੰ ਭਾਵੇਂ ਸੁਖ ਦੇਵੇਂ ਭਾਵੇਂ ਦੁਖ ਦੇਵੇ, ਉਹਨਾਂ ਦੇ ਮਨ ਵਿਚ ਤੂੰ ਹੀ ਭਾਵਹਿ=ਚੰਗਾ ਲਗਦਾ ਹੈਂ, ਕਿਉਂਕਿ ਉਹਨਾਂ ਦੀ ਆਪ ਜੀ ਦੇ ਨਾਲ ਹੀ ਪ੍ਰੀਤੀ ਬਣਿਆਈ ਹੈ॥ ੧੫ ॥

ਅੰਤ ਕਾਲਿ ਕੋ ਬੇਲੀ ਨਾਹੀ॥ ਗੁਰਮੁਖਿ ਜਾਤਾ ਤੁਧੁ ਸਾਲਾਹੀ॥

ਗੁਰਮੁਖਿ ਜਾਤਾ=ਗੁਰਾਂ ਦੁਆਰੇ ਜਾਣਿਆਂ ਹੈ, ਕਿ ਸਬੰਧੀਆਂ ਵਿਚੋਂ ਕੋਈ ਭੀ ਅੰਤ ਸਮੇਂ ਬੇਲੀ=ਸਹਾਇਕ ਨਹੀਂ ਹੁੰਦਾ ਇਸ ਲਈ ਮੈਂ ਆਪ ਜੀ ਨੂੰ ਸਲਾਹੁੰਦਾ ਹਾਂ।

ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ॥ ੧੬ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜੋ ਨਾਮ ਵਿਚ ਰੱਤੇ ਹੋਏ ਵੈਰਾਗੀ ਹੋਏ ਹਨ, ਉਹਨਾਂ ਨੇ ਆਪਣੇ ਸਰੂਪ ਘਰ ਵਿਚ ਤਾੜੀ=ਸਮਾਧੀ ਲਗਾਈ ਹੈ॥ ੧੬ ॥ ੩ ॥

ਮਾਰੂ ਮਹਲਾ ੧ ॥

ਆਦਿ ਜੁਗਾਦੀ ਅਪਰ ਅਪਾਰੇ॥ ਆਦਿ ਨਿਰੰਜਨ ਖਸਮ ਹਮਾਰੇ॥

ਹੇ ਮੇਰੇ ਮਾਲਕ ਪਰਮਾਤਮਾ ! ਤੁਸੀਂ ਆਦਿ ਜੁਗਾਦੀ=ਸਦਾ ਸਦਾ ਅਪਰ ਅਪਾਰੇ=ਬਿਅੰਤ ਤੋਂ ਬਿਅੰਤ ਹੋ। ਸਭ ਦੀ ਆਦ ਰੂਪ ਅਤੇ ਨਿਰੰਜਨ=ਮਾਇਆ ਮਲ ਅਵਿਦਿਆ ਤੋਂ ਰਹਿਤ ਹੋ।

ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ॥ ੧ ॥

ਹੇ ਸੱਚੇ ! ਤੇਰੇ ਵਿਚ ਜੋਗ=ਜੁੜਨ ਦੀ ਜੁਗਤੀ ਸੱਚਿਆਂ ਪੁਰਸ਼ਾਂ ਨੇ ਵਿਚਾਰੀ ਹੈ, ਜਿਨਾਂ ਸੱਚਿਆਂ ਨੇ ਆਪ

www.sikhbookclub.com

ਜੀ ਵਿਚ ਤਾੜੀ=ਸਮਾਧੀ ਲਗਾਈ ਹੈ॥ ੧॥

ਕੇਤੜਿਆ ਜੁਗ ਧੁੰਧੂਕਾਰੈ॥ ਤਾੜੀ ਲਾਈ ਸਿਰਜਣਹਾਰੈ॥

ਹੇ ਸਿਰਜਣਹਾਰ ਪ੍ਰਭੂ ! ਜਿਸ ਵੇਲੇ ਤੂੰ ਸ੍ਵੈ ਮਹਿਮਾ ਵਿਚ ਤਾੜੀ=ਸਮਾਧੀ ਲਗਾਈ ਤਾਂ ਤੁਸਾਂ ਨੇ ਕਿਤਨੇ ਜੁਗ ਹੀ ਧੁੰਧੂਕਾਰ ਪਾ ਰਖਿਆ।

ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ॥ ੨॥

ਸੱਚ ਨਾਮ ਜਪਣ ਵਾਲਾ ਪੁਰਸ਼ ਸੱਚੀ ਵਡਿਆਈ ਪਾਂਦਾ ਹੈ, ਸੱਚੀ ਵਡਿਆਈ ਕੇਹੜੀ ਹੈ?

ਉੱਤਰ:- ਸੱਚੇ ਸਰੂਪ ਤਖਤ ਦੀ ਵਡਿਆਈ ਨੂੰ ਪਾਂਦਾ ਹੈ॥ ੨॥

ਕਿਸੇ ਸਿੱਖ ਨੇ ਬੇਨਤੀ ਕੀਤੀ ਚਾਰਿਆਂ ਜੁਗਾਂ ਦਾ ਧਰਮ ਕਹੋ? *ਉੱਤਰ:-*

ਸਤਜੁਗਿ ਸੁਤ ਸੰਤੋਖੁ ਸਰੀਰਾ॥ ਸਤਿ ਸਤਿ ਵਰਤੈ ਗਹਿਰ ਗੰਭੀਰਾ॥

ਸਤਜੁਗ ਵਿਚ ਸੱਤ ਸੰਤੋਖ ਦੀ ਪ੍ਰਧਾਨਤਾ ਹੋਣ ਕਰਕੇ ਸਾਰੇ ਸਰੀਰ ਸੱਤ ਸੰਤੋਖ ਮਈ ਸਨ। ਏਸੇ ਕਰਕੇ ਸਤਜੁਗੀ ਜੀਵ ਸਤਿ=ਨਿਸਚੇ ਕਰਕੇ ਗਹਿਰ ਗੰਭੀਰ ਸੱਚੇ ਪਰਮਾਤਮਾ ਵਿਚ ਵਰਤ ਰਹੇ ਸੰਨ।

ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ॥ ੩॥

ਉਸ ਵੇਲੇ ਸੱਚੇ ਸਾਹਿਬ ਨੂੰ ਸੱਚ ਬੋਲਣ ਵਾਲੇ ਪਰਖਦੇ ਸੀ, *ਵਾ:-* ਸੱਚਾ ਸਾਹਿਬ ਸੱਚਿਆਂ ਨੂੰ ਪਰਖਦਾ ਹੈ, ਸੱਚੇ ਨੇ ਸਾਰੀ ਸ੍ਰਿਸ਼ਟੀ ਆਪਣੇ ਹੁਕਮ ਵਿਚ ਚਲਾਈ ਹੋਈ ਹੈ॥ ੩॥

ਸਤ ਸੰਤੋਖੀ ਸਤਿਗੁਰੁ ਪੂਰਾ॥ ਗੁਰ ਕਾ ਸਬਦੁ ਮਨੇ ਸੋ ਸੂਰਾ॥

ਪੂਰਾ ਸਤਿਗੁਰੂ ਸੱਤ ਤੇ ਸੰਤੋਖ ਵਾਲਾ ਹੈ। ਜੋ ਗੁਰੂ ਦਾ ਸਬਦੁ=ਹੁਕਮ ਮੰਨਦਾ ਹੈ ਉਹ ਕਾਮ ਕ੍ਰੋਧ ਆਦਿਕ ਸ਼ਤਰੂਆਂ ਦੇ ਮਾਰਨ ਵਾਲਾ ਸੂਰਮਾ ਹੈ।

ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ॥ ੪॥

ਜੋ ਰਜਾਈ=ਪਰਮਾਤਮਾ ਦਾ ਹੁਕਮ ਮੰਨਦਾ ਹੈ ਉਸ ਸੱਚੇ ਪੁਰਸ਼ ਦਾ ਸੱਚੀ ਦਰਗਾਹ ਵਿਚ ਨਿਵਾਸ ਹੁੰਦਾ ਹੈ॥ ੪॥

ਸਤਜੁਗਿ ਸਾਚੁ ਕਹੈ ਸਭੁ ਕੋਈ॥ ਸਚਿ ਵਰਤੈ ਸਾਚਾ ਸੋਈ॥

ਸਤਜੁਗ ਵਿਚ ਸਭ ਕੋਈ ਸੱਚ ਨੂੰ ਕਹਿੰਦਾ ਸੀ। ਜੋ ਸੱਚ ਵਿਚ ਵਰਤਦਾ ਸੀ ਉਹ ਸੱਚਾ ਹੁੰਦਾ ਸੀ।

ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ॥ ੫॥

ਭਰਮ ਤੇ ਭਉ=ਡਰ ਦੇ ਨਾਸ ਕਰਨ ਵਾਲਾ ਸੱਚ ਸਭ ਦੇ ਮਨ ਵਿਚ ਤੇ ਮੂੰਹ ਵਿਚ ਵਸਦਾ ਸੀ ਅਤੇ ਉਹਨਾਂ ਗੁਰਮੁਖਾਂ ਦਾ ਸੱਚ ਹੀ ਮਿੱਤ੍ਰ ਸੀ॥ ੫॥

ਤ੍ਰੈਤੈ ਧਰਮ ਕਲਾ ਇਕ ਚੂਕੀ॥ ਤੀਨਿ ਚਰਣ ਇਕ ਦੁਬਿਧਾ ਸੂਕੀ॥

ਤ੍ਰੇਤੇ ਜੁਗ ਵਿਚ ਧਰਮ ਦੀ ਇਕ ਕਲਾ ਚੁਕ ਗਈ, ਅਰਥਾਤ ਧਰਮ ਦਾ ਇਕ ਪੈਰ ਦੂਰ ਹੋ ਗਿਆ (ਸਤ ਦਾ ਅਭਾਵ ਹੋ ਗਿਆ)। ਇਕ ਦੁਬਿਧਾ ਦੇ ਸੂਕੀ=ਸ਼ੂਕਨੇ ਕਰਕੇ ਧਰਮ ਦੇ ਤਿੰਨ ਪੈਰ ਰਹਿ ਗਏ, ਯੱਗ ਤਪ ਤੇ

www.sikhbookclub.com

ਦਾਨ ਜਾਂ ਦੁਬਿਧਾ ਨੇ ਧਰਮ ਦਾ ਇਕ ਪੈਰ ਸੂਕੀ=ਸੁਕਾ ਦਿੱਤਾ ਇਕ ਕਰਕੇ ਧਰਮ ਤਿੰਨ ਪੈਰਾਂ ਉਤੇ ਖੜਾ ਰਿਹਾ।

ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ॥ ੬॥

ਉਸ ਵੇਲੇ ਜੇਹੜੇ ਤਾਂ ਗੁਰਮੁਖ ਹੁੰਦੇ ਸਨ ਉਹ ਸੱਚ ਨੂੰ ਕਥਨ ਕਰਦੇ ਸਨ ਤੇ ਮਨਮੁਖ ਪੁਰਸ਼ ਅਵਾਈ=ਅਵੈੜ ਤਾਈਆਂ ਵਿਚ ਪਚੈ=ਖਪਦੇ ਸਨ ਜਾਂ ਮਨਮੁਖ ਅਵਾਈ=ਕੱਬੇ ਦ੍ਵੈਤ ਵਿਚ ਹੀ ਪਚੈ=ਸੜਦੇ ਸਨ॥ ੬॥

ਮਨਮੁਖਿ ਕਦੇ ਨ ਦਰਗਹ ਸੀਝੈ॥ ਬਿਨੁ ਸਬਦੈ ਕਿਉ ਅੰਤਰੁ ਰੀਝੈ॥

ਮਨਮੁਖ ਪੁਰਸ਼ ਕਦੇ ਭੀ ਦਰਗਾਹ ਵਿਚ ਸੀਝੈ=ਕਲਿਆਣ ਨਹੀਂ ਹੁੰਦੇ। ਗੁਰ ਉਪਦੇਸ਼ ਤੋਂ ਬਿਨਾਂ ਉਹਨਾਂ ਦਾ ਅੰਤਹਕਰਣ ਕਿਵੇਂ ਰੀਝੈ=ਪ੍ਰਸੰਨ ਹੋ ਸਕਦਾ ਹੈ।

ਬਾਧੇ ਆਵਹਿ ਬਾਧੇ ਜਾਵਹਿ ਸੋਝੀ ਬੂਝ ਨ ਕਾਈ ਹੇ॥ ੭॥

ਮਨਮੁਖ ਪੁਰਸ਼ ਕਰਮਾਂ ਦੇ ਬੱਧੇ ਹੋਏ ਸੰਸਾਰ ਵਿਚ ਆਉਂਦੇ ਹਨ ਤੇ ਕਰਮਾਂ ਦੇ ਬੱਧੇ ਹੋਏ ਪ੍ਰਲੋਕ ਵਿਚ ਜਾਂਦੇ ਹਨ, ਭਲੇ ਬੁਰੇ ਦੀ ਕੋਈ ਸੂਝ ਬੂਝ ਨਹੀਂ ਹੈ ਜਾਂ ਗੁਰਾਂ ਤੋਂ ਬੁਝਿਆ ਨਹੀਂ ਹੈ ਇਸ ਕਰਕੇ ਕੋਈ ਸੋਝੀ=ਗਿਆਤ ਪ੍ਰਾਪਤ ਨਹੀਂ ਹੋਈ॥ ੭॥

ਦਇਆ ਦੁਆਪੁਰਿ ਅਧੀ ਹੋਈ॥ ਗੁਰਮੁਖਿ ਵਿਰਲਾ ਚੀਨੈ ਕੋਈ॥

ਦੁਆਪੁਰ ਜੁਗ ਵਿਚ ਆ ਕੇ ਦਇਆ ਅੰਧੀ ਹੋ ਗਈ, ਅਰਥਾਤ ਧਰਮ ਦੇ ਦੋ ਪੈਰ ਸੱਤ ਤੇ ਯਗ ਅਲੋਪ ਹੋ ਗਏ ਤੇ ਦੋ ਪੈਰ ਤਪ ਤੇ ਦਾਨ ਇਹ ਰਹਿ ਗਏ। ਉਸ ਵੇਲੇ ਕੋਈ ਵਿਰਲਾ ਗੁਰਮੁਖ ਹੀ ਪਰਮੇਸ਼ਰ ਨੂੰ ਚੀਨੈ=ਜਾਣਦਾ ਸੀ।

[ਪੰਨਾ ੧੦੨੪]

ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ॥ ੮॥

ਦੁਆਪੁਰ ਜੁਗ ਵਿਚ ਧਰਣੀ ਧਰ=ਪਰਮੇਸ਼ਰ ਨੇ ਧਰਮ ਨੂੰ ਦੋ ਪੈਰਾਂ ਦੇ ਆਸਰੇ ਧਰਿਆ, ਪਰ ਤਦੋਂ ਭੀ ਜਿਥੇ ਗੁਰਮੁਖ ਸਨ ਉਥੇ ਸੱਚਾ ਸੀ, ਜਿਥੇ ਸੱਚਾ ਸੀ ਓਥੇ ਗੁਰਮੁਖ ਸਨ॥ ੮॥

ਰਾਜੇ ਧਰਮੁ ਕਰਹਿ ਪਰਥਾਏ॥ ਆਸਾ ਬੰਧੇ ਦਾਨੁ ਕਰਾਏ॥

ਰਾਜੇ ਲੋਕ ਕਿਸੇ ਪਰਥਾਏ=ਸਬੱਬ ਕਰਕੇ ਧਰਮ ਨੂੰ ਕਰਦੇ ਸਨ, ਵਾ:- ਪਰਥਾਏ=ਪ੍ਰਲੋਕ ਸੁਖ ਦੀ ਪ੍ਰਾਪਤੀ ਵਾਸਤੇ ਰਾਜੇ ਲੋਕ ਧਰਮ ਕਰਦੇ ਸਨ ਅਤੇ ਆਸਾ ਵਿਚ ਬੱਧੇ ਹੋਏ ਦਾਨ ਕਰਨ ਵਿਚ ਆਂਵਦੇ ਸਨ ਕਿ ਸਾਨੂੰ ਸਵਰਗ ਮਿਲੇਗਾ।

ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ॥ ੯॥

ਤਦ ਭੀ ਰਾਮ ਨਾਮ ਸਿਮਰਨ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ ਸੀ, ਕਰਮਾਂ ਦੀ ਕਮਾਈ ਕਰ ਕਰਕੇ ਬਹੁਤ ਲੋਕ ਥੱਕ ਗਏ ਸਨ॥ ੯॥

ਕਰਮ ਧਰਮ ਕਰਿ ਮੁਕਤਿ ਮੰਗਾਹੀ॥ ਮੁਕਤਿ ਪਦਾਰਥੁ ਸਬਦਿ ਸਲਾਹੀ॥

ਕਰਮ ਧਰਮ ਕਰਕੇ ਜੀਵ ਮੁਕਤੀ ਨੂੰ ਮੰਗਦੇ ਸਨ। ਪਰ ਸ਼ਬਦ ਦੀ ਸ਼ਲਾਘਾ ਕਰਨ ਵਾਲਿਆਂ ਨੂੰ ਮੁਕਤੀ ਪਦਾਰਥ ਮਿਲਦਾ ਸੀ।

www.sikhbookclub.com

ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥ ੧੦ ॥

ਗੁਰ ਸ਼ਬਦ ਤੋਂ ਬਿਨਾਂ ਕਿਸੇ ਦੀ ਮੁਕਤੀ ਨਹੀਂ ਹੋਈ, ਕਿਉਂਕਿ ਜੀਵਾਂ ਨੇ ਕਈ ਤਰ੍ਹਾਂ ਦੇ ਪ੍ਰਪੰਚ ਬਣਾ ਕੇ ਦੁਨੀਆਂ ਭਰਮਾਈ ਹੋਈ ਹੈ॥ ੧੦॥

ਮਾਇਆ ਮਮਤਾ ਛੋਡੀ ਨ ਜਾਈ॥ ਸੇ ਛੂਟੇ ਸਚੁ ਕਾਰ ਕਮਾਈ॥

ਹਰ ਇਕ ਪਾਸੋਂ ਮਾਇਆ ਦੀ ਮਮਤਾ ਛੱਡੀ ਨਹੀਂ ਜਾਂਦੀ। ਇਸ ਮਮਤਾ ਤੋਂ ਉਹ ਛੁਟੇ ਹਨ ਜਿਨ੍ਹਾਂ ਨੇ ਸੱਚ ਦੀ ਕਾਰ ਕਮਾਈ ਹੈ।

ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿ ਆਈ ਹੇ॥ ੧੧ ॥

ਜੋ ਵੀਚਾਰਵਾਨ ਦਿਨ ਰਾਤ ਭਗਤੀ ਵਿਚ ਰੱਤੇ ਰਹਿੰਦੇ ਹਨ, ਉਹਨਾਂ ਦੀ ਠਾਕੁਰ=ਸੁਆਮੀ ਪਰਮਾਤਮਾ ਨਾਲ ਪ੍ਰੀਤੀ ਬਣਿ ਆਈ ਹੈ॥ ੧੧॥

ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ॥
ਜਿਉ ਤੁਧੁ ਭਾਵੈ ਤਿਵੈ ਚਲਾਵਹਿ॥

ਇਕ ਜਪ ਤਪ ਕਰਦੇ ਹਨ, ਇਕ ਤੀਰਥਾਂ 'ਪਰ ਇਸ਼ਨਾਨ ਕਰਦੇ ਹਨ। ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਤੂੰ ਸਭਨਾਂ ਨੂੰ ਤੋਰਦਾ ਹੈਂ।

ਹਠਿ ਨਿਗ੍ਰਹਿ ਅਪਤੀਜੁ ਨ ਭੀਜੈ
ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ॥ ੧੨ ॥

ਨਿ=ਵਿਸ਼ੇਸ਼ ਹਠ ਦੇ ਗ੍ਰਹਿਣ ਕਰਨ ਨਾਲ ਅਪਤੀਜੁ=ਪਰਮਾਤਮਾ ਭਿਜਦਾ ਨਹੀਂ ਹੈ, ਜਾਂ ਹੇ ਹਰੀ ! ਹਠ ਨਾਲ ਨਿਗ੍ਰਹਿ=ਰੋਕਣ ਕਰਕੇ ਅਪਤੀਜੁ=ਬੇ ਪ੍ਰਤੀਤਾ ਮਨ ਤੇਰੇ ਵਿਚ ਭਿਜਦਾ ਨਹੀਂ ਹੈ, ਗੁਰਾਂ ਤੋਂ ਬਿਨਾਂ, ਹੇ ਹਰੀ ! ਕਿਸ ਨੇ ਤੇਰੇ ਪਾਸੋਂ ਇੱਜ਼ਤ ਪਾਈ ਹੈ॥ ੧੨ ॥

ਕਲੀ ਕਾਲ ਮਹਿ ਇਕ ਕਲ ਰਾਖੀ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ॥

ਕਲਜੁਗ ਦੇ ਕਾਲ=ਸਮੇਂ ਵਿਚ ਧਰਮ ਦੀ ਇਕ ਕਲਾ ਰੱਖੀ ਹੈ, ਭਾਵ ਇਕ ਦਾਨ ਉਤੇ ਧਰਮ ਨੂੰ ਖੜਾ ਕੀਤਾ ਹੈ ਪਰ ਨਾਮ ਜਪਣ ਦੀ ਵਿਸ਼ੇਸ਼ਤਾ ਭੀ ਨਾਲ ਰਖੀ ਹੈ। ਪੂਰਿਆਂ ਗੁਰਾਂ ਤੋਂ ਬਿਨਾਂ ਇਹ ਗੱਲ ਕਿਸੇ ਨੇ ਨਹੀਂ ਕਹੀ।

ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ॥ ੧੩ ॥

ਮਨਮੁਖ ਵਿਚ ਝੂਠ ਦਾ ਵਰਤਾਰਾ ਵਰਤ ਰਿਹਾ ਹੈ, ਕਿਉਂਕਿ ਸਤਿਗੁਰ ਤੋਂ ਬਿਨਾਂ ਹੋਣ ਕਰਕੇ ਉਸ ਦੇ ਅੰਦਰੋਂ ਭਰਮ ਜਾਂਦਾ ਨਹੀਂ ਹੈ॥ ੧੩॥

ਸਤਿਗੁਰੁ ਵੇਪਰਵਾਹੁ ਸਿਰੰਦਾ॥ ਨਾ ਜਮ ਕਾਣਿ ਨ ਛੰਦਾ ਬੰਦਾ॥

ਸਭ ਦੇ ਸਿਰੰਦਾ=ਸਿਰਜਣ ਵਾਲਾ ਜੋ ਬੇਪ੍ਰਵਾਹ ਪਰਮੇਸ਼ਰ ਹੈ, ਸਤਿਗੁਰੂ ਉਸ ਦਾ ਰੂਪ ਹਨ।

ਸਤਿਗੁਰਾਂ ਨੂੰ ਜਮਾਂ ਦੀ ਕਾਨ ਕਨੌੜ ਨਹੀਂ ਹੈ ਅਤੇ ਨਾ ਹੀ ਕਿਸੇ ਬੰਦੇ ਦੀ ਮੁਛੰਦਗੀ ਹੈ, ਜਾਂ ਨਾ ਕੋਈ

ਛੰਦਾ ਬੰਦਾ=ਛਲ ਵਲ ਹੈ।

ਜੋ ਤਿਸੁ ਸੇਵੇ ਸੋ ਅਬਿਨਾਸੀ ਨਾ ਤਿਸੁ ਕਾਲੁ ਸੰਤਾਈ ਹੇ॥ ੧੪॥

ਜੇਹੜਾ ਪੁਰਸ਼ ਤਿਸ ਗੁਰੂ ਨੂੰ ਸੇਂਵਦਾ ਹੈ ਉਹ ਅਬਿਨਾਸ਼ੀ ਦਾ ਰੂਪ ਹੈ, ਉਸ ਨੂੰ ਕਾਲ ਸੰਤਾਈ ਨਾ=ਦੁਖ ਨਹੀਂ ਦੇਂਦਾ॥ ੧੪॥

ਗੁਰ ਮਹਿ ਆਪੁ ਰਖਿਆ ਕਰਤਾਰੇ॥ ਗੁਰਮੁਖਿ ਕੋਟਿ ਅਸੰਖ ਉਧਾਰੇ॥

ਕਰਤਾਰ ਨੇ ਆਪਣਾ ਆਪ ਗੁਰਾਂ ਵਿਚ ਰਖਿਆ ਹੋਇਆ ਹੈ। ਇਸ ਕਰਕੇ ਮੁਖੀ ਗੁਰਾਂ ਨੇ ਕ੍ਰੋੜਾਂ ਪਾਪਾਂ ਵਾਲੇ ਅਸੰਖ=ਅਨਗਿਣਤ ਪਾਪੀ ਜੀਵ ਤਾਰੇ ਹਨ।

ਸਰਬ ਜੀਆ ਜਗਜੀਵਨੁ ਦਾਤਾ ਨਿਰਭਉ ਮੈਲੁ ਨ ਕਾਈ ਹੇ॥ ੧੫॥

ਜੋ ਜਗਜੀਵਨੁ ਪਰਮਾਤਮਾ ਸਾਰਿਆਂ ਜੀਵਾਂ ਦਾ ਦਾਤਾਂ ਹੈ, ਉਸ ਨਿਰਭਉ ਪਰਮਾਤਮਾ ਵਿਚ ਕੋਈ ਪਾਪਾਂ ਰੂਪੀ ਮੈਲ ਨਹੀਂ ਹੈ॥ ੧੫॥

ਸਗਲੇ ਜਾਚਹਿ ਗੁਰ ਭੰਡਾਰੀ॥ ਆਪਿ ਨਿਰੰਜਨੁ ਅਲਖ ਅਪਾਰੀ॥

ਗੁਰੂ ਭੰਡਾਰੀ ਪਾਸੋਂ ਸਾਰੇ ਜੀਵ ਮੰਗਦੇ ਹਨ। ਅਲਖ ਅਪਾਰ ਨਿਰੰਜਨ ਨੇ ਆਪ ਹੀ ਗੁਰੂ ਰੂਪ ਧਾਰਨਾ ਕੀਤਾ ਹੈ, *ਵਾ:-* ਆਪ ਨਿਰੰਜਨ ਅਲਖ ਅਪਾਰੀ ਦਾ ਹੁਕਮ ਹੈ ਕਿ ਗੁਰੂ ਆਪ ਹੀ ਭੰਡਾਰ ਹਨ।

ਨਾਨਕੁ ਸਾਚੁ ਕਹੈ ਪ੍ਰਭ ਜਾਚੈ ਮੈ ਦੀਜੈ ਸਾਚੁ ਰਜਾਈ ਹੇ॥ ੧੬॥ ੪॥

ਨਾਨਕੁ ਕਹੈ=ਗੁਰੂ ਜੀ ਕਥਨ ਕਰਦੇ ਹਨ—ਹੇ ਰਜਾਈ=ਹੁਕਮ ਦੇ ਕਰਨ ਵਾਲੇ ਸੱਚੇ ਪ੍ਰਭੂ ! ਮੈਂ ਆਪ ਜੀ ਦੇ ਪਾਸੋਂ ਸੱਚ ਨਾਮ ਜਾਚੈ=ਮੰਗਦਾ ਹਾਂ, ਆਪ ਕਿਰਪਾ ਕਰਕੇ ਮੈ ਦੀਜੈ ਸਾਚੁ=ਮੈਨੂੰ ਸੱਚ ਨਾਮ ਹੀ ਦੇਣਾ ਕਰੋ ਜਾਂ ਗੁਰੂ ਜੀ ਕਥਨ ਕਰਦੇ ਹਨ—ਮੈਂ ਸੱਚ ਕਹਿੰਦਾ ਹਾਂ, ਤੂੰ ਪ੍ਰਭੂ ਪਾਸੋਂ ਮੰਗਣਾ ਕਰ ਕਿ ਹੇ ਰਜਾਈ=ਹੁਕਮ ਕਰਨ ਵਾਲੇ ਪ੍ਰਭੂ! ਮੈਨੂੰ ਸੱਚ ਨਾਮ ਦੇਣਾ ਕਰ॥ ੧੬॥ ੪॥

ਮਾਰੂ ਮਹਲਾ ੧॥

ਸਾਚੈ ਮੇਲੇ ਸਬਦਿ ਮਿਲਾਏ॥ ਜਾ ਤਿਸੁ ਭਾਣਾ ਸਹਜਿ ਸਮਾਏ॥

ਜਾਂ ਜੀਵ ਦਾ ਕੀਤਾ ਕਰਤੱਬ ਉਸ ਪਰਮੇਸ਼ਰ ਨੂੰ ਭਾਣਾ=ਭਾਅ ਗਿਆ ਤਾਂ ਉਸ ਨੇ ਸੱਚੇ ਗੁਰਾਂ ਨਾਲ ਮੇਲ ਕੇ ਸਬਦਿ=ਉਪਦੇਸ਼ ਵਿਚ ਮਿਲਾਇਆ ਤਾਂ ਹੀ ਸਹਜਿ=ਸ਼ਾਂਤੀ, ਵੈਰਾਗ, ਗਿਆਨ ਆਦਿਕ ਗੁਣਾਂ ਵਿਚ ਸਮਾਏ ਤਾਂ ਫਿਰ ਸੱਚੇ ਪਰਮਾਤਮਾ ਨੇ ਆਪਣੇ ਨਾਲ ਮੇਲ ਲਿਆ।

ਅਥਵਾ:- ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰ ਉਪਦੇਸ਼ 'ਚ ਮਿਲਾਇਆ ਹੈ ਉਹਨਾਂ ਨੂੰ ਸੱਚੇ ਨੇ ਆਪਣੇ ਵਿਚ ਮੇਲਿਆ ਹੈ। ਜਦੋਂ ਉਸ ਦਾ ਭਾਣਾ ਮੰਨਿਆ ਤਾਂ ਸਹਜਿ ਸਮਾਏ=ਸ਼ਾਂਤੀ ਆਦਿਕ ਗੁਣਾਂ ਵਿਚ ਸਮਾਏ।

ਤ੍ਰਿਭਵਣ ਜੋਤਿ ਧਰੀ ਪਰਮੇਸਰਿ ਅਵਰੁ ਨ ਦੂਜਾ ਭਾਈ ਹੇ॥ ੧॥

ਹੇ ਭਾਈ ! ਤਿੰਨਾਂ ਲੋਕਾਂ ਵਿਚ ਪਰਮੇਸ਼ਰ ਨੇ ਆਪਣੀ ਜੋਤਿ=ਸੱਤਾ ਧਾਰੀ ਹੋਈ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ॥ ੧॥

ਜਿਸ ਕੇ ਚਾਕਰ ਤਿਸ ਕੀ ਸੇਵਾ ॥ ਸਬਦਿ ਪਤੀਜੈ ਅਲਖ ਅਭੇਵਾ ॥

ਜਿਸ ਪ੍ਰਭੂ ਦੇ ਚਾਕਰ=ਦਾਸ ਗੁਲਾਮ ਹਾਂ ਓਸੇ ਪ੍ਰਭੂ ਦੀ ਸੇਵਾ ਕਰਨੀ ਚਾਹੀਦੀ ਹੈ। ਓਸੇ ਦੇ ਸਬਦਿ=ਹੁਕਮ ਵਿਚ ਤੁਰੀਏ ਤਾਂ ਹੀ ਅਲਖ ਅਭੇਵ ਪਰਮਾਤਮਾ ਪਤੀਜੈ=ਪ੍ਰਸੰਨ ਹੁੰਦਾ ਹੈ।

ਭਗਤਾ ਕਾ ਗੁਣਕਾਰੀ ਕਰਤਾ ਬਖਸਿ ਲਏ ਵਡਿਆਈ ਹੇ ॥ ੨ ॥

ਉਹ ਕਰਤਾ ਪੁਰਖ ਭਗਤਾਂ ਦਾ ਗੁਣਕਾਰੀ ਹੈ ਅਰਥਾਤ ਭਗਤਾਂ ਉਤੇ ਪਰਉਪਕਾਰ ਕਰਦਾ ਹੈ, ਪੁਨਾ ਏਹ ਉਸ ਵਿਚ ਵੱਡੀ ਵਡਿਆਈ ਹੈ ਜੋ ਔਗੁਣਾਂ ਨੂੰ ਬਖਸ਼ ਲੈਂਦਾ ਹੈ॥ ੨ ॥

ਦੇਦੇ ਤੋਟਿ ਨ ਆਵੈ ਸਾਚੇ ॥ ਲੈ ਲੈ ਮੁਕਰਿ ਪਉਦੇ ਕਾਚੇ ॥

ਸੱਚੇ ਪਰਮਾਤਮਾ ਨੂੰ ਪਦਾਰਥ ਦੇਂਦਿਆਂ ਤੋਟ ਨਹੀਂ ਆਉਂਦੀ ਅਤੇ ਕੱਚੇ ਨਿਸਚੇ ਵਾਲੇ ਮਨਮੁਖ ਪੁਰਸ਼ ਉਸ ਤੋਂ ਪਦਾਰਥ ਲੈ ਲੈ ਕੇ ਮੁਕਰ ਪੈਂਦੇ ਹਨ।

ਮੂਲੁ ਨ ਬੂਝਹਿ ਸਾਚਿ ਨ ਰੀਝਹਿ ਦੂਜੈ ਭਰਮਿ ਭੁਲਾਈ ਹੇ ॥ ੩ ॥

ਆਪਣੇ ਸਰੀਰ ਦੇ ਮੂਲ ਨੂੰ ਨਹੀਂ ਸਮਝਦੇ ਕਿ ਇਹ ਸਰੀਰ ਰਕਤ ਬਿੰਦ ਦਾ ਰਚਿਆ ਹੋਇਆ ਹੈ, ਵਾ:- ਮੂਲੁ=ਅਧਿਸ਼ਠਾਨ ਰੂਪ ਪਰਮੇਸ਼ਰ ਨੂੰ ਨਹੀਂ ਬੁਝਦੇ, ਸੱਚ ਨੂੰ ਸੁਣ ਕੇ ਪ੍ਰਸੰਨ ਨਹੀਂ ਹੁੰਦੇ, ਕਿਉਂਕਿ ਦ੍ਵੈਤ ਭਾਵ ਨੇ ਉਹਨਾਂ ਦੀ ਬੁੱਧੀ ਭਰਮ ਵਿਚ ਭੁਲਾਈ ਹੋਈ ਹੈ॥ ੩ ॥

ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥

ਗੁਰਮੁਖ ਦਿਨ ਰਾਤ ਸਿਮਰਨ ਕਰਨ ਵਿਚ ਜਾਗਦੇ ਰਹਿੰਦੇ ਹਨ। ਗੁਰਮੁਖਾਂ ਨੇ ਗੁਰ ਸਿੱਖਿਆ ਦੁਆਰੇ ਸੱਚੇ ਦੀ ਸਮਾਧੀ ਵਿਚ ਲਿਵ ਲਗਾਈ ਜਾਣੀ ਹੈ।

ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ ॥ ੪ ॥

ਹੇ ਭਾਈ ! ਜੋ ਮਨਮੁਖ ਮੋਹ ਦੀ ਨੀਂਦ ਵਿਚ ਸੌਂ ਰਹੇ ਹਨ ਉਹ ਕਾਮ ਆਦਿਕ ਚੋਰਾਂ ਤੋਂ ਲੁਟੇ ਗਏ ਹਨ ਤੇ ਗੁਰਮੁਖ ਭਜਨ ਸਿਮਰਨ ਵਿਚ ਜਾਗਦੇ ਰਹਿੰਦੇ ਹਨ ਇਸ ਲਈ ਉਹ ਸਾਬਤ ਹਨ, ਕਿਉਂਕਿ ਉਹਨਾਂ ਨੂੰ ਕਾਮ ਆਦਿਕ ਚੋਰ ਲੁਟ ਨਹੀਂ ਸਕਦੇ॥ ੪ ॥

ਕੂੜੇ ਆਵੈ ਕੂੜੇ ਜਾਵੈ ॥ ਕੂੜੇ ਰਾਤੀ ਕੂੜੁ ਕਮਾਵੈ ॥

ਝੂਠੇ ਪੁਰਸ਼ ਸੰਸਾਰ ਵਿਚ ਜੰਮ ਕੇ ਆਉਂਦੇ ਹਨ, ਝੂਠੇ ਪੁਰਸ਼ ਹੀ ਦੁਨੀਆਂ ਵਿਚ ਖਪ ਖਪ ਕੇ ਸੰਸਾਰ ਤੋਂ ਉਠ ਜਾਂਦੇ ਹਨ, ਭਾਵ ਮਰ ਜਾਂਦੇ ਹਨ। ਜਿਨ੍ਹਾਂ ਦੀ ਬੁੱਧੀ ਕੂੜਿਆਂ ਪਦਾਰਥਾਂ ਵਿਚ ਰੱਤੀ ਹੈ ਉਹ ਝੂਠ ਨੂੰ ਹੀ ਕਮਾਂਵਦੀ ਹੈ।

ਸਬਦਿ ਮਿਲੇ ਸੇ ਦਰਗਹ ਪੈਧੇ ਗੁਰਮੁਖਿ ਸੁਰਤਿ ਸਮਾਈ ਹੇ ॥ ੫ ॥

ਜੋ ਗੁਰ ਉਪਦੇਸ਼ ਵਿਚ ਮਿਲੇ ਹਨ ਉਹ ਪ੍ਰਲੋਕ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪਹਿਨਦੇ ਹਨ, ਉਹਨਾਂ ਗੁਰਮੁਖਾਂ ਦੀ ਸੁਰਤ ਪਰਮੇਸ਼ਰ ਵਿਚ ਸਮਾਈ ਹੈ॥ ੫ ॥

ਕੂੜਿ ਮੁਠੀ ਠਗੀ ਠਗਵਾੜੀ ॥ ਜਿਉ ਵਾੜੀ ਓਜਾੜਿ ਉਜਾੜੀ ॥

ਜੇਹੜੀ ਜੀਵ ਰੂਪ ਇਸਤ੍ਰੀ ਕੂੜ ਨੇ ਮੁਠੀ ਹੈ ਉਹ ਕਾਮ ਆਦਿਕ ਠਗਵਾੜੀ=ਠਗਵਾੜਿਆਂ ਕਰਕੇ ਠੱਗੀ

www.sikhbookclub.com

ਗਈ ਹੈ। ਜਿਵੇਂ ਵਾੜੀ=ਖੇਤੀ ਉਜਾੜਿਆਂ ਨੇ ਭਾਵ ਪਸ਼ੂਆਂ ਨੇ ਉਜਾੜੀ ਹੈ, ਵਾ:- ਜਿਵੇਂ ਖੇਤੀ ਉਜਾੜ ਵਿਚ ਉਜਾੜੀ ਜਾਂਦੀ ਹੈ, ਤਿਵੇਂ ਉਹਨਾਂ ਦੇ ਗੁਣਾਂ ਦਾ ਰੱਖਕ ਕੋਈ ਨਹੀਂ ਹੈ।

ਨਾਮ ਬਿਨਾ ਕਿਛੁ ਸਾਦਿ ਨ ਲਾਗੈ ਹਰਿ ਬਿਸਰਿਐ ਦੁਖੁ ਪਾਈ ਹੇ॥ ੬॥

ਨਾਮ ਤੋਂ ਬਿਨਾਂ ਕੁਝ ਭੀ ਸਾਦਿ=ਮਿੱਠਾ ਨਹੀਂ ਲਗਦਾ, ਹਰੀ ਦੇ ਭੁਲਣ ਕਰਕੇ ਦੁੱਖ ਹੀ ਪਾਈਦਾ ਹੈ॥ ੬॥

ਭੋਜਨੁ ਸਾਚੁ ਮਿਲੈ ਆਘਾਈ॥ ਨਾਮ ਰਤਨੁ ਸਾਚੀ ਵਡਿਆਈ॥

ਸੱਚ ਨਾਮ ਰੂਪੀ ਭੋਜਨ ਮਿਲੇ ਤਾਂ ਆਘਾਈ=ਤ੍ਰਿਪਤ ਹੋਈਦਾ ਹੈ। ਰਤਨੁ=ਅਮੋਲਕ ਨਾਮ ਕਰਕੇ ਹੀ ਸੱਚੀ ਵਡਿਆਈ ਮਿਲਦੀ ਹੈ।

ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ॥ ੭॥

ਜੋ ਨਾਮ ਨੂੰ ਪਛਾਣਦਾ ਹੈ ਉਹ ਆਪਣੇ ਸਰੂਪ ਨੂੰ ਚੀਨੈ=ਜਾਣਦਾ ਹੈ। ਜੋਤੀ ਪਰਮੇਸ਼ਰ ਨੇ ਉਸ ਦੀ ਜੋਤ ਆਪਣੇ ਵਿਚ ਮਿਲਾਈ ਹੈ॥ ੭॥

[ਪੰਨਾ ੧੦੨੫]

ਨਾਵਹੁ ਭੂਲੀ ਚੋਟਾ ਖਾਏ॥ ਬਹੁਤੁ ਸਿਆਣਪ ਭਰਮੁ ਨ ਜਾਏ॥

ਜਿਸ ਦੀ ਬੁੱਧੀ ਨਾਮ ਸਿਮਰਨ ਵਲੋਂ ਭੁਲ ਗਈ ਹੈ। ਉਹ ਜਮਾਂ ਦੀਆਂ ਚੋਟਾਂ ਖਾਂਦਾ ਹੈ। ਬਹੁਤੀ ਸਿਆਣਪ ਕਰਨ ਨਾਲ ਭੀ ਭਰਮ ਨਹੀਂ ਜਾਂਦਾ।

ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ॥ ੮॥

ਜੋ ਅਚੇਤ=ਬੇਸਮਝ (ਅਗਿਆਨ) ਪੁਰਸ਼ ਨਾਮ ਨੂੰ ਸਿਮਰਦੇ ਨਹੀਂ ਹਨ ਉਹ ਅਜਗਰਿ=ਅਸਹੈ ਪਾਪਾਂ ਦੇ ਭਾਰ ਨਾਲ ਲੱਦੇ ਹੋਏ ਪਚਿ ਪਚਿ=ਚੁੜ ਚੁੜ ਕੇ ਮਰਦੇ ਹਨ।

ਬਿਨੁ ਬਾਦ ਬਿਰੋਧਹਿ ਕੋਈ ਨਾਹੀ॥ ਮੈ ਦੇਖਾਲਿਹੁ ਤਿਸੁ ਸਾਲਾਹੀ॥

ਬਾਦ=ਝਗੜੇ ਅਤੇ ਬਿਰੋਧ ਤੋਂ ਬਿਨਾਂ ਕੋਈ ਭੀ ਖਾਲੀ ਨਹੀਂ ਹੈ। ਜੇ ਕੋਈ ਹੈ ਤਾਂ ਮੈਨੂੰ ਵਿਖਾਓ ਮੈਂ ਉਸ ਦੀ ਸ਼ਲਾਘਾ, ਭਾਵ ਪੂਜਾ ਕਰਾਂ।

ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ॥ ੯॥

ਉਸ ਨੂੰ ਆਪਣੇ ਮਨ ਤਨ ਦੇ ਅਰਪਣੇ ਕਰਕੇ ਜਗਜੀਵਨੁ=ਪਰਮਾਤਮਾ ਮਿਲਦਾ ਹੈ, ਕਿਉਂਕਿ ਉਸ ਨੇ ਹਰੀ ਨਾਲ ਆਪਣੀ ਬਣਤ ਬਣਾਈ ਹੋਈ ਹੈ॥ ੯॥

ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ॥ ਜੇ ਕੋ ਵਡਾ ਕਹਾਇ ਵਡਾਈ ਖਾਵੈ॥

ਪ੍ਰਭੂ ਦੀ ਗਤੀ ਤੇ ਮਿਤਿ=ਮਰਯਾਦਾ ਨੂੰ ਕੋਈ ਪਾਂਵਦਾ ਨਹੀਂ ਹੈ, ਜੇ ਕੋਈ ਆਪਣੇ ਆਪ ਨੂੰ ਵੱਡਾ ਕਹਾ ਕੇ ਵਡਿਆਈ ਖਾਵੈ=ਧਾਰਦਾ ਹੈ। ਤਾਂ ਭੀ-

ਸਾਚੇ ਸਾਹਿਬ ਤੋਟਿ ਨ ਦਾਤੀ ਸਗਲੀ ਤਿਨਹਿ ਉਪਾਈ ਹੇ॥ ੧੦॥

www.sikhbookclub.com

ਸੱਚੇ ਸਾਹਿਬ ਦੇ ਘਰ ਵਿਚ ਦਾਤਾਂ ਦੀ ਤੋਟ ਨਹੀਂ ਆਉਂਦੀ, ਸਾਰੀ ਸ੍ਰਿਸ਼ਟੀ ਤਾਂ ਓਸੇ ਨੇ ਹੀ ਉਤਪੰਨ ਕੀਤੀ ਹੈ॥ ੧੦॥

ਵਡੀ ਵਡਿਆਈ ਵੇਪਰਵਾਹੇ॥ ਆਪਿ ਉਪਾਏ ਦਾਨੁ ਸਮਾਹੇ॥

ਬੇਪ੍ਰਵਾਹ ਪ੍ਰਭੂ ਦੀ ਵਡਿਆਈ ਵੱਡੀ ਹੈ। ਉਸ ਨੇ ਆਪ ਹੀ ਸਾਰੇ ਜੀਆ ਜੰਤੂ ਪੈਦਾ ਕੀਤੇ ਹਨ ਤੇ ਆਪ ਹੀ ਸਭਨਾਂ ਨੂੰ ਦਾਨੁ ਸਮਾਹੇ=ਰਿਜ਼ਕ ਪਹੁੰਚਾਂਦਾ ਹੈ।

ਆਪਿ ਦਇਆਲੁ ਦੂਰਿ ਨਹੀ ਦਾਤਾ ਮਿਲਿਆ ਸਹਜਿ ਰਜਾਈ ਹੇ॥੧੧॥

ਉਹ ਦਿਆਲੂ ਦਾਤਾ ਸਾਥੋਂ ਦੂਰ ਨਹੀਂ ਹੈ, ਰਜਾਈ=ਆਗਿਆ ਦੇ ਕਰਨ ਵਲਾ ਪ੍ਰਭੂ ਜਿਸ ਨੂੰ ਭੀ ਆਪ ਮਿਲਿਆ ਹੈ ਤਾਂ ਸਹਜਿ=ਗਿਆਨ ਦੁਆਰਾ ਮਿਲਿਆ ਹੈ॥ ੧੧॥

ਇਕਿ ਸੋਗੀ ਇਕਿ ਰੋਗਿ ਵਿਆਪੇ॥ ਜੋ ਕਿਛੁ ਕਰੇ ਸੁ ਆਪੇ ਆਪੇ॥

ਸੰਸਾਰ ਵਿਚ ਇਕ ਪੁਰਸ਼ ਤਾਂ ਸੋਗੀ ਹਨ ਤੇ ਇਕ ਰੋਗਾਂ ਵਿਚ ਵਿਆਪੇ=ਫਸੇ ਹੋਏ ਹਨ। ਪ੍ਰਭੂ ਜੋ ਕੁਝ ਭੀ ਕਰਦਾ ਹੈ ਉਹ ਆਪੇ ਆਪੇ=ਸੁਤੰਤ੍ਰ ਹੋ ਕੇ ਕਰਦਾ ਹੈ।

ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ॥੧੨॥

ਜਿਨ੍ਹਾਂ ਨੂੰ ਗੁਰਾਂ ਦੀ ਪੂਰੀ ਸਿੱਖਿਆ ਕਰਕੇ ਭਾਉ ਭਗਤਿ=ਪ੍ਰੇਮਾ ਭਗਤੀ ਪ੍ਰਾਪਤ ਹੋਈ ਹੈ, ਉਹ ਅਨਹਦਿ=ਇਕ ਰਸ ਸਬਦਿ=ਬ੍ਰਹਮ ਦੇ ਜਾਨਣ ਵਾਲੇ ਹੋਏ ਹਨ॥ ੧੨॥

ਇਕਿ ਨਾਗੇ ਭੂਖੇ ਭਵਹਿ ਭਵਾਏ॥ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ॥

ਇਕ ਕਰਮਾਂ ਦੇ ਭਵਾਏ ਹੋਏ ਸੰਸਾਰ ਵਿਚ ਨੰਗੇ ਤੇ ਭੁਖੇ ਭਵਹਿ=ਫਿਰਦੇ ਹਨ। ਇਕ ਪੁਰਸ਼ ਹੱਠ ਕਰਕੇ ਮਰਦੇ ਹਨ ਪਰ ਮਰਨ ਦਾ ਕੁਝ ਮੁੱਲ ਨਹੀਂ ਪਾਂਦੇ।

ਅਥਵਾ:- ਹਠ ਕਰਕੇ ਭਾਵੇਂ ਮਰ ਜਾਂਦੇ ਹਨ ਪਰ ਪ੍ਰਭੂ ਦੀ ਕੀਮਤ ਨੂੰ ਨਹੀਂ ਪਾਂਦੇ।

ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ॥੧੩॥

ਇਕ ਐਸੇ ਪੁਰਸ਼ ਹਨ ਜੋ ਗਤਿ ਅਵਿਗਤ=ਪ੍ਰਾਪਤੀ ਅਪ੍ਰਾਪਤੀ ਦੀ ਜਾਂ ਮੋਖ, ਬੰਧ ਦੀ ਸਾਰ ਸੰਭਾਲ ਨੂੰ ਨਹੀਂ ਜਾਣਦੇ, ਪਰਮੇਸ਼ਰ ਨੂੰ ਓਹੀ ਬੁਝਦਾ ਹੈ ਜਿਸ ਨੇ ਸ਼ਬਦ ਦੀ ਕਮਾਈ ਕੀਤੀ ਹੈ॥ ੧੩॥

ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ॥
ਇਕਿ ਅਗਨਿ ਜਲਾਵਹਿ ਦੇਹ ਖਪਾਵਹਿ॥

ਇਕ ਪੁਰਸ਼ ਤੀਰਥਾਂ 'ਪਰ ਇਸ਼ਨਾਨ ਕਰਦੇ ਹਨ ਤੇ ਇਕ ਵਰਤ ਰੱਖ ਕੇ ਅੰਨ ਨਹੀਂ ਖਾਂਦੇ ਫਲੋਹਾਰੀ ਰਹਿੰਦੇ ਹਨ ਅਤੇ ਇਕ ਪੁਰਸ਼ ਅੱਗ ਨੂੰ ਬਾਲ ਕੇ ਆਪਣੇ ਸਰੀਰ ਨੂੰ ਖਪਾਂਵਦੇ ਹਨ, ਭਾਵ ਪੰਜ ਧੂਣੀਆਂ ਤਪਦੇ ਹਨ।

ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ॥੧੪॥

ਪਰ ਰਾਮ ਨਾਮ ਸਿਮਰਨ ਤੋਂ ਬਿਨਾਂ ਅੱਜ ਤੱਕ ਕਿਸੇ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੋਈ, ਜੇ ਆਪ ਨੂੰ

www.sikhbookclub.com

ਮੁਕਤੀ ਨਹੀਂ ਮਿਲੀ ਤਾਂ ਹੋਰਨਾਂ ਨੂੰ ਕਿਸ ਵਿਧੀ ਨਾਲ ਸੰਸਾਰ ਸਮੁੰਦਰ ਤੋਂ ਪਾਰ ਲੰਘਾਣਗੇ॥ ੧੪॥

ਗੁਰਮਤਿ ਛੋਡਹਿ ਉਝੜਿ ਜਾਈ॥ ਮਨਮੁਖਿ ਰਾਮੁ ਨ ਜਪੈ ਅਵਾਈ॥

ਜੋ ਗੁਰ ਸਿੱਖਿਆ ਨੂੰ ਛੱਡ ਕੇ ਸੰਸਾਰ ਉਜਾੜ ਵਿਚ ਜਾਂਦੇ ਹਨ, ਜਾਂ ਕੁਰਾਹੇ ਜਾਂਦੇ ਹਨ। ਉਹ ਮਨਮੁਖ ਅਵੈੜੇ (ਕੱਬੇ) ਰਾਮ ਨਾਮ ਨੂੰ ਜਪਦੇ ਨਹੀਂ ਹਨ।

ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ॥ ੧੫॥

ਉਹ ਧੰਧਿਆਂ ਵਿਚ ਪਚ ਪਚ ਕੇ ਸੰਸਾਰ ਸਮੁੰਦਰ ਵਿਚ ਡੁਬ ਰਹੇ ਹਨ ਅਤੇ ਝੂਠ ਨੂੰ ਕਮਾਂਵਦੇ ਹਨ ਕਾਲ ਝੂਠਿਆਂ ਦਾ ਬੈਰਾਈ=ਵੈਰੀ ਹੈ॥ ੧੫॥

ਹੁਕਮੇ ਆਵੈ ਹੁਕਮੇ ਜਾਵੈ॥ ਬੂਝੈ ਹੁਕਮੁ ਸੋ ਸਾਚਿ ਸਮਾਵੈ॥

ਸਾਰੇ ਜੀਵ ਪ੍ਰਭੂ ਦੇ ਹੁਕਮ ਵਿਚ ਆਉਂਦੇ ਹਨ, ਪ੍ਰਭੂ ਦੇ ਹੁਕਮ ਵਿਚ ਹੀ ਜਾਂਦੇ ਹਨ, ਜੋ ਹੁਕਮ ਨੂੰ ਬੁਝਦਾ ਹੈ ਓਹੀ ਸੱਚ ਸਰੂਪ ਵਿਚ ਸਮਾਂਵਦਾ ਹੈ।

ਨਾਨਕ ਸਾਚੁ ਮਿਲੈ ਮਨਿ ਭਾਵੈ ਗੁਰਮੁਖਿ ਕਾਰ ਕਮਾਈ ਹੇ॥ ੧੬॥ ੫॥

ਗੁਰੂ ਜੀ ਕਥਨ ਕਰਦੇ ਹਨ—ਮੇਰੇ ਮਨ ਵਿਚ ਭਾਉਂਦਾ ਹੈ ਕਿ ਮੈਨੂੰ ਸੱਚ ਨਾਮ ਮਿਲੇ, ਜਾਂ ਸੱਚ ਦਾ ਹੁਕਮ ਮੰਨਣਾ ਮਿਲੇ, ਕਿਉਂਕਿ ਗੁਰਮੁਖਾਂ ਨੇ ਏਹੋ ਸਰੇਸ਼ਟ ਕਾਰ ਕਮਾਈ ਹੈ॥ ੧੬॥ ੫॥

ਮਾਰੂ ਮਹਲਾ ੧॥

ਆਪੇ ਕਰਤਾ ਪੁਰਖੁ ਬਿਧਾਤਾ॥ ਜਿਨਿ ਆਪੇ ਆਪਿ ਉਪਾਇ ਪਛਾਤਾ॥

ਬਿਧਾਤਾ=ਫਲ ਬਰ ਦਾਤਾ ਅਕਾਲ ਪੁਰਖ ਆਪ ਹੀ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ਜਿਸ ਨੇ ਆਪ ਹੀ ਆਪਣੇ ਤੋਂ ਜੀਵਾਂ ਨੂੰ ਪੈਦਾ ਕਰਕੇ ਖਾਣ ਪਾਣ ਦੇਣਾ, ਜਾਂ ਕਰਮਾਂ ਦਾ ਫਲ ਦੇਣਾ ਪਛਾਣਿਆ ਹੈ।

ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥ ੧॥

ਉਹ ਆਪ ਹੀ ਸਤਿਗੁਰੂ ਰੂਪ ਹੈ, ਆਪ ਹੀ ਸੇਵਕ ਰੂਪ ਹੈ, ਉਸ ਨੇ ਆਪ ਹੀ ਕਰਮਾਂ ਅਨੁਸਾਰ ਦੁਨੀਆਂ ਪੈਦਾ ਕੀਤੀ ਹੈ॥ ੧॥

ਆਪੇ ਨੇੜੈ ਨਾਹੀ ਦੂਰੇ॥ ਬੂਝਹਿ ਗੁਰਮੁਖਿ ਸੇ ਜਨ ਪੂਰੇ॥

ਉਹ ਆਪ ਹੀ ਸਾਰਿਆਂ ਦੇ ਨੇੜੇ ਹੈ ਦੂਰ ਨਹੀਂ ਹੈ। ਇਸ ਗੱਲ ਨੂੰ ਜੋ ਗੁਰਮੁਖਿ=ਗੁਰਾਂ ਦੁਆਰੇ ਸਮਝਦੇ ਹਨ ਉਹ ਪੂਰੇ ਸੰਤਜਨ ਹਨ।

ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ॥ ੨॥

ਉਹਨਾਂ ਦੀ ਸੰਗਤ ਕਰਨ ਨਾਲ ਅਹਿਨਿਸਿ=ਦਿਨ ਰਾਤ ਲਾਭ ਪ੍ਰਾਪਤ ਹੁੰਦਾ ਹੈ, ਜਾਂ ਦਿਨ ਰਾਤ ਲਾਹਾ=ਸਫਲ ਹੁੰਦੇ ਹਨ, ਗੁਰਾਂ ਦੀ ਸੰਗਤ ਕਰਨ ਨਾਲ ਇਹ ਵਡਿਆਈ ਪ੍ਰਾਪਤ ਹੁੰਦੀ ਹੈ॥ ੨॥

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ॥ ਹਰਿ ਗੁਣ ਗਾਵਹਿ ਰਸਨ ਰਸੇਰੇ॥

ਹੇ ਪ੍ਰਭੂ ! ਜੁਗਾਂ ਜੁਗਾਂ ਵਿਚ ਤੇਰੇ ਸੰਤ ਪਲੇ ਹਨ। ਜੋ ਰਸਨਾ ਨੂੰ ਰਸੇਰੇ=ਤਦਾਕਾਰ ਕਰਕੇ ਹਰੀ ਗੁਣਾਂ

www.sikhbookclub.com

ਨੂੰ ਗਾਂਵਦੇ ਹਨ, ਜਾਂ ਹਰ ਵੇਲੇ ਰਸਨਾ ਨਾਲ ਗੁਣਾਂ ਦੇ ਗਾਉਣ ਵਿਚ ਰਸੇ ਰਹਿੰਦੇ ਹਨ।

ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ ॥ ੩ ॥

ਉਹ ਤੇਰੀ ਉਸਤਤੀ ਕਰਕੇ ਦੁੱਖ ਅਤੇ ਦਲਿਦ੍ਰ ਨੂੰ ਪਰਹਰਿ=ਤਿਆਗਦੇ ਹਨ, ਜਿਨ੍ਹਾਂ ਨੂੰ ਪ੍ਰਾਈ ਚਿੰਤਾ ਕੋਈ ਕਿਸੇ ਕਿਸਮ ਦੀ ਨਹੀਂ ਹੈ।

ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥

ਉਹ ਗਿਆਨ ਜਾਗ੍ਰਤ ਵਿਚ ਜਾਗਦੇ ਰਹਿੰਦੇ ਹਨ, ਕਦੇ ਭੀ ਮੋਹ ਨੀਂਦ ਵਿਚ ਸੁਤੇ ਹੋਏ ਨਹੀਂ ਦਿੱਸਦੇ, ਸੱਚ ਨੂੰ ਹੀ ਪਰੀਸਹਿ=ਪਰਖਦੇ ਹਨ, ਵਾ:-ਹੋਰਨਾਂ ਦੇ ਅੰਤਹਕਰਣ ਰੂਪੀ ਥਾਲ ਵਿਚ ਸੱਚ ਨੂੰ ਪਰੋਸ ਕੇ ਕੁਲ=ਸਮੂਹ ਸੰਗਤਾਂ ਨੂੰ ਤਾਰਦੇ ਹਨ।

ਕਲਿਮਲ ਮੈਲੁ ਨਾਹੀ ਤੇ ਨਿਰਮਲ
ਓਇ ਰਹਹਿ ਭਗਤਿ ਲਿਵ ਲਾਈ ਹੇ ॥ ੪ ॥

ਉਹਨਾਂ ਦੇ ਅੰਦਰ ਕਲਿਮਲ=ਪਾਪਾਂ ਰੂਪੀ ਮੈਲ ਨਹੀਂ ਲਗਦੀ, ਇਸ ਲਈ ਉਹ ਨਿਰਮਲ=ਸ਼ੁਧ (ਪਵਿਤ੍ਰ) ਹਨ ਅਤੇ ਉਹ ਭਗਤੀ ਵਿਚ ਲਿਵ ਲਗਾਈ ਰਹਿੰਦੇ ਹਨ॥ ੪॥

ਬੂਝਹੁ ਹਰਿ ਜਨ ਸਤਿਗੁਰ ਬਾਣੀ ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ ॥

ਹਰੀ ਦੇ ਸੰਤ ਜਨਾਂ ਤੋਂ ਸਤਿਗੁਰਾਂ ਦੀ ਬਾਣੀ ਪੁਛੋ, ਜਾਂ ਹੇ ਹਰੀ ਦੇ ਸੇਵਕ ਜਨੋ ! ਸਤਿਗੁਰਾਂ ਦੀ ਉਪਦੇਸ਼ ਬਾਣੀ ਨੂੰ ਸਮਝੋ। ਏਹ ਜੋਬਨ, ਸ੍ਵਾਸ ਅਤੇ ਦੇਹ ਆਦਿਕ ਸਭ ਪੁਰਾਣੇ ਹੁੰਦੇ ਜਾਂਦੇ ਹਨ। *ਅਥਵਾ:-* ਏਹ ਦੇਹ ਪੁਰਾਣੀ ਹੈ ਇਸ ਵਿਚ ਜੁਆਨੀ ਤੇ ਸ੍ਵਾਸਾਂ ਦਾ ਕੋਈ ਇਤਬਾਰ ਨਹੀਂ ਹੈ।

ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ ॥ ੫ ॥

ਹੇ ਪ੍ਰਾਣੀ ! ਅਵੱਲ ਤਾਂ ਅੱਜ ਹੀ, ਨਹੀਂ ਤਾਂ ਕੱਲ ਜ਼ਰੂਰ ਮਰ ਜਾਣਾ ਹੈ ਇਸ ਲਈ ਹਰੀ ਜਪ ਨੂੰ ਜਪਣਾ ਕਰ ਤੇ ਹਿਰਦੇ ਵਿਚ ਉਸ ਦਾ ਧਿਆਨ ਕਰ, ਜਾਂ ਧਿਆਉਣ ਜੋਗ ਹਰੀ ਜਪ ਨੂੰ ਹਿਰਦੇ ਵਿਚ ਜਪਣਾ ਕਰ॥ ੫॥

ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥

ਹੇ ਪ੍ਰਾਣੀਓ ! ਕੂੜੀਆਂ ਕਬਾੜਾ=ਗੱਪਾਂ ਮਾਰਨੀਆਂ ਛੱਡ ਦਿਓ ਕਿਉਂਕਿ ਝੂਠੇ ਪੁਰਸ਼ ਨੂੰ ਕਾਲ ਬੜੇ ਉਛਾਹਾੜਾ=ਉਤਸ਼ਾਹ ਨਾਲ ਮਾਰਦਾ ਹੈ, ਵਾ:- ਉਛਾਹਾੜਾ=ਉਛਲ ਕੇ ਮਾਰਦਾ ਹੈ।

ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥ ੬ ॥

ਮਨ ਵਿਚ ਹਉਮੈ ਦੇ ਹੋਣ ਕਰਕੇ ਸਾਕਤ ਪੁਰਸ਼ ਝੂਠ ਵਿਚ ਪਚਦੇ ਹਨ, ਦ੍ਵੈਤ ਦੇ ਰਾਹ ਵਿਚ ਆਪ ਖਰਾਬ ਹੁੰਦੇ ਹਨ ਤੇ ਹੋਰਨਾਂ ਨੂੰ ਖਰਾਬ ਕਰਦੇ ਹਨ. ਜਾਂ ਦੁਹੁ ਮਾਰਗਿ=ਕਠਨ ਰਸਤਿਆਂ ਵਿਚ ਆਪ ਖਰਾਬ ਹੁੰਦੇ ਹਨ ਤੇ ਹੋਰਨਾਂ ਨੂੰ ਖ਼ਰਾਬ ਕਰਦੇ ਹਨ।

ਅਥਵਾ:- ਜਨਮ ਮਰਨ ਰੂਪ ਦੋ ਰਸਤਿਆਂ ਵਿਚ ਆਪ ਖਰਾਬ ਹੁੰਦੇ ਹਨ ਤੇ ਹੋਰਨਾਂ ਨੂੰ ਭੀ ਪਚਾਈ=ਖਰਾਬ ਕਰਦੇ ਹਨ॥ ੬॥

www.sikhbookclub.com

[ਪੰਨਾ ੧੦੨੬]

ਛੋਡਿਹੁ ਨਿੰਦਾ ਤਾਤਿ ਪਰਾਈ॥ ਪੜਿ ਪੜਿ ਦਝਹਿ ਸਾਤਿ ਨ ਆਈ॥

ਤਾਂ ਤੇ ਪਰਾਈ ਨਿੰਦਿਆ ਕਰਨ ਦੀ ਤਾਤਿ=ਇੱਛਾ ਛੱਡ ਦਿਓ। ਨਿੰਦਕ ਲੋਕ ਨਿੰਦਿਆ ਰੂਪ ਅੱਗ ਵਿਚ ਪੈ ਪੈ ਕੇ ਦਝਹਿ=ਸੜ ਰਹੇ ਹਨ ਇਸ ਲਈ ਉਹਨਾਂ ਨੂੰ ਸ਼ਾਂਤੀ ਨਹੀਂ ਆਈ। *ਅਥਵਾ:-* ਪਰਾਈ ਨਿੰਦਿਆ ਤੇ ਤਾਤਿ=ਉਸਤਤੀ ਕਰਨੀ ਛੱਡ ਦਿਓ।

ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ॥ ੭॥

ਸਤਸੰਗਤ ਵਿਚ ਮਿਲ ਕੇ ਨਾਮ ਨੂੰ ਸਿਮਰਨਾ ਕਰੋ, ਤਾਂ ਆਤਮ=ਜੀਵ ਦਾ ਸਹਾਈ ਰਾਮ ਆਪ ਹੋਵੇਗਾ॥ ੭॥

ਛੋਡਹੁ ਕਾਮੁ ਕ੍ਰੋਧੁ ਬੁਰਿਆਈ॥ ਹਉਮੈ ਧੰਧੁ ਛੋਡਹੁ ਲੰਪਟਾਈ॥

ਕਾਮ, ਕ੍ਰੋਧ ਆਦਿਕ ਬੁਰਿਆਈਆਂ ਛੱਡ ਦਿਓ। ਹਉਮੈ ਕਰਕੇ ਧੰਧਿਆਂ ਵਿਚ ਲੰਪਟ ਹੋਣਾ ਛੱਡ ਦਿਓ।

ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ॥ ੮॥

ਸਤਿਗੁਰਾਂ ਦੀ ਸ਼ਰਨ ਵਿਚ ਪੈਣਾ ਕਰੋ ਤਾਂ ਬਚ ਜਾਓਗੇ, ਹੇ ਭਾਈ ! ਇਸ ਤਰ੍ਹਾਂ ਸੰਸਾਰ ਸਮੁੰਦਰ ਤੋਂ ਤਰ ਜਾਓਗੇ॥ ੮॥ ਨਹੀਂ ਤਾਂ-

ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ॥
ਤਿਥੈ ਅਵਰੁ ਨ ਕੋਈ ਜੀਉ ਇਕੇਲਾ॥

ਆਗੈ=ਪ੍ਰਲੋਕ ਵਿਚ ਬਿ=ਵਿਸ਼ੇਸ਼ ਕਰਕੇ ਮਲ=ਲਹੂ ਪਾਕ ਦੀ ਭਰੀ ਹੋਈ ਵੈਤਰਨੀ ਨਦੀ ਵਿਚ ਤੈਨੂੰ ਸੁਟਿਆ ਜਾਏਗਾ ਤੇ ਦਸ ਹਜ਼ਾਰ ਜੋਜਨ ਲੰਬਾ ਅਗਨੀ ਦਾ ਕੁੰਡ ਆਵੇਗਾ, ਅਸਪੜ੍ਹ ਝੇਲਾ=ਬਨ ਆਵੇਗਾ ਜਿਸ ਦੇ ਪਤੇ ਬਿਖੁ=ਵਿਹੁ ਵਾਂਗੂ ਜ਼ਹਰੀਲੇ ਤੇਰੇ ਉਤੇ ਆ ਕੇ ਪੈਣਗੇ। ਅਜੇਹੇ ਰਸਤੇ ਵਿਚੋਂ ਤੈਨੂੰ ਲੰਘਣਾ ਪਏਗਾ ਓਥੇ ਹੋਰ ਕੋਈ ਸਹਾਇਕ ਨਹੀਂ ਹੋਵੇਗਾ, ਇਹ ਜੀਵ ਇਕੱਲਾ ਹੀ ਜਾਵੇਗਾ।

ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ॥ ੯॥

ਅਗਨੀ ਭਠ ਦੇ ਸਦ੍ਰਸ਼ ਭੜ ਭੜ ਕਰ ਰਹੀਂ ਹੈ ਤੇ ਸਾਗਰੁ=ਵੈਤਰਨੀ ਨਦੀ ਲਹਿਰਾ ਦੇ ਰਹੀ ਹੈ, ਜਿਸ ਦੇ ਅੰਦਰ ਮਨਮੁਖ ਤਾਈ ਆਈ ਹੈ ਉਹ ਮਨਮੁਖ ਉਸ ਵਿਚ ਪੈ ਕੇ ਦਝਹਿ=ਸੜਦੇ ਹਨ॥ ੯॥

ਗੁਰ ਪਹਿ ਮੁਕਤਿ ਦਾਨੁ ਦੇ ਭਾਣੈ॥ ਜਿਨਿ ਪਾਇਆ ਸੋਈ ਬਿਧਿ ਜਾਣੈ॥

ਮੁਕਤੀ ਗੁਰਾਂ ਦੇ ਪਾਸ ਹੈ ਜੋ ਉਹਨਾਂ ਦੇ ਭਾਣੇ ਵਿਚ ਤੁਰਦਾ ਹੈ ਉਸ ਨੂੰ ਦਾਨ ਦੇਂਦੇ ਹਨ। ਜਿਸ ਨੇ ਗੁਰਾਂ ਨੂੰ ਪਾਇਆ ਹੈ ਓਹੀ ਮੁਕਤੀ ਦੀ ਪ੍ਰਾਪਤੀ ਦੀ ਵਿਧੀ ਨੂੰ ਜਾਣਦਾ ਹੈ।

ਜਿਨ ਪਾਇਆ ਤਿਨ ਪੂਛਹੁ ਭਾਈ ਸੁਖੁ ਸਤਿਗੁਰ ਸੇਵ ਕਮਾਈ ਹੇ॥ ੧੦॥

ਜਿਸ ਨੇ ਮੁਕਤੀ ਪਦਾਰਥ ਨੂੰ ਪਾਇਆ ਹੈ, ਹੇ ਭਾਈ ! ਉਸ ਦੇ ਪਾਸੋਂ ਜੁਗਤੀ ਪੁੱਛੋ, ਉਹ ਏਹੋ ਕਹਿਣਗੇ ਕਿ ਸਤਿਗੁਰਾਂ ਦੀ ਸੇਵਾ ਕਮਾਉਣ ਕਰਕੇ ਸੁਖ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ॥ ੧੦॥

ਗੁਰ ਬਿਨੁ ਉਰਝਿ ਮਰਹਿ ਬੇਕਾਰਾ॥ ਜਮੁ ਸਿਰਿ ਮਾਰੇ ਕਰੇ ਖੁਆਰਾ॥

www.sikhbookclub.com

ਜੋ ਪੁਰਸ਼ ਗੁਰੂ ਤੋਂ ਬਿਨਾਂ ਹੈ ਤੇ ਵਿਸ਼ੇ ਵਿਕਾਰਾਂ ਵਿਚ ਉਰਝਿ=ਫਸ ਕੇ ਮਰਦਾ ਹੈ। ਉਸ ਨੂੰ ਫੜ ਕੇ ਜਮ ਉਸ ਦੇ ਸਿਰ ਉਤੇ ਡੰਡੇ ਮਾਰ ਕੇ ਖਰਾਬ ਕਰਦਾ ਹੈ।

ਬਾਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ॥ ੧੧ ॥

ਜੋ ਪਰਾਈ ਨਿੰਦਿਆ ਕਰਨ ਵਿਚ ਡੁਬੇ ਹੋਏ ਹਨ, ਉਹ ਨਿੰਦਕ ਪੁਰਸ਼ ਬੱਧੇ ਹੋਏ ਮੁਕਤਿ ਨਾਹੀ=ਛੁਟਕਾਰਾ ਨਹੀਂ ਪਾਂਦੇ॥ ੧੧॥

ਬੋਲਹੁ ਸਾਚੁ ਪਛਾਣਹੁ ਅੰਦਰਿ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ॥

ਸੱਚ ਨੂੰ ਬੋਲੋ ਤਾਂ ਪਰਮੇਸ਼ਰ ਨੂੰ ਅੰਦਰ ਹੀ ਪਛਾਣੋਗੇ। ਨੰਦਰਿ=ਨਦਰ ਭਰ ਕੇ ਵੇਖਣਾ ਕਰੋ ਉਹ ਦੂਰ ਨਹੀਂ ਹੈ, ਵਾ:- ਉਹ ਦੂਰ ਨਹੀਂ ਹੈ, ਉਸ ਨੂੰ ਨੰਦਰਿ=ਅੰਦਰ ਹੀ ਵੇਖਣਾ ਕਰੋ।

ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ
ਇਉ ਭਵਜਲੁ ਪਾਰਿ ਲੰਘਾਈ ਹੇ॥ ੧੨ ॥

ਗੁਰਮੁਖਿ=ਗੁਰਾਂ ਦੁਆਰੇ ਭਗਤੀ ਰੂਪ ਤਾਰੀ=ਨੌਕਾ 'ਪਰ ਅਸਵਾਰ ਹੋ ਕੇ ਤਰਨਾ ਕਰ, ਤਾਂ ਕੋਈ ਵਿਘਨ ਨਹੀਂ ਹੋਵੇਗਾ, ਇਉ=ਇਸ ਤਰ੍ਹਾਂ ਅੱਗੇ ਕਿੰਨੀ ਸ੍ਰਿਸ਼ਟੀ ਸੰਸਾਰ ਸਮੁੰਦਰ ਤੋਂ ਪਾਰ ਲੰਘੀ ਹੈ॥ ੧੨॥

ਦੇਹੀ ਅੰਦਰਿ ਨਾਮੁ ਨਿਵਾਸੀ॥ ਆਪੇ ਕਰਤਾ ਹੈ ਅਬਿਨਾਸੀ॥

ਜਿਸ ਦੇਹੀ=ਜੀਵ ਅੰਦਰ ਨਾਮ ਵਸਿਆ ਹੈ। ਉਹ ਜੀਵ ਆਪੇ ਅਬਿਨਾਸੀ ਕਰਤੇ ਦਾ ਸਰੂਪ ਹੋਇਆ ਹੈ।

ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ॥ ੧੩ ॥

ਉਹ ਜੀਵ ਨਾ ਮਰਦਾ ਹੈ ਅਤੇ ਨਾ ਹੀ ਉਹ ਜਮਾਂ ਤੋਂ ਮਾਰਿਆ ਜਾਂਦਾ ਹੈ ਅਤੇ ਉਹ ਰਜਾਈ=ਆਗਿਆ ਦੇ ਕਰਨ ਵਾਲੇ ਸਬਦਿ=ਬ੍ਰਹਮ ਨੂੰ ਵੇਖਣਾ ਕਰਦਾ ਹੈ॥ ੧੩॥

ਓਹੁ ਨਿਰਮਲੁ ਹੈ ਨਾਹੀ ਅੰਧਿਆਰਾ॥ ਓਹੁ ਆਪੇ ਤਖਤਿ ਬਹੈ ਸਚਿਆਰਾ॥

ਉਹ ਬ੍ਰਹਮ ਨਿਰਮਲ ਹੈ ਉਸ ਵਿਚ ਅਗਿਆਨ ਰੂਪ ਹਨੇਰਾ ਨਹੀਂ ਹੈ। ਉਹ ਸਚਿਆਰ ਆਪ ਹੀ ਆਪਣੇ ਸਤਸੰਗ, ਵਾ:- ਸਰੂਪ ਤਖਤ 'ਪਰ ਬੈਠਦਾ ਹੈ।

ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ॥ ੧੪ ॥

ਝੂਠਿਆਂ ਸਾਕਤਾਂ ਨੂੰ ਬੰਨ੍ਹ ਕੇ ਭਵਾਈਅਹਿ=ਫੇਰਦਾ ਹੈ, ਏਸੇ ਕਰਕੇ ਉਹ ਜਨਮ ਮਰਨ ਵਿਚ ਆਉਂਦੇ ਜਾਂਦੇ ਰਹਿੰਦੇ ਹਨ॥ ੧੪॥

ਗੁਰ ਕੇ ਸੇਵਕ ਸਤਿਗੁਰ ਪਿਆਰੇ॥
ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ॥

ਜੋ ਗੁਰੂ ਦੇ ਸੇਵਕ ਹਨ ਓਹੀ ਸਤਿਗੁਰਾਂ ਨੂੰ ਪਿਆਰੇ ਹਨ। ਉਹ ਸਤਿਗੁਰਾਂ ਦੇ ਸ੍ਰੇਸ਼ਟ ਸ਼ਬਦ ਨੂੰ ਵੀਚਾਰ ਕੇ ਸਰੂਪ ਤਖਤ ਪਰ ਬੈਠਦੇ ਹਨ।

ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ॥ ੧੫ ॥

www.sikhbookclub.com

ਤਤੁ=ਸਿਧਾਂਤ ਵਸਤੁ ਨੂੰ ਲੈਂਦੇ ਹਨ, ਅੰਤਰੇ ਭੇਦ ਦੀ ਨਵਿਰਤੀ ਕਰਨੀ ਜਾਣਦੇ ਹਨ, ਸਤਸੰਗਤ ਦੀ ਏਹੋ ਸੱਚੀ ਵਡਿਆਈ ਹੈ॥ ੧੫॥

ਆਪਿ ਤਰੈ ਜਨੁ ਪਿਤਰਾ ਤਾਰੇ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ॥

ਉਹ ਪੁਰਸ਼ ਆਪ ਤਰਦੇ ਹਨ ਅਤੇ ਪਿਤਰਾਂ ਨੂੰ ਭੀ ਤਾਰਦੇ ਹਨ। ਉਹਨਾਂ ਦੇ ਸਤ੍ਸੰਗੀਆਂ ਨੇ ਭੀ ਮੁਕਤੀ ਪ੍ਰਾਪਤੀ ਕਰਕੇ ਕਈ ਜੀਵ ਸੰਸਾਰ ਤੋਂ ਪਾਰ ਉਤਾਰੇ ਹਨ।

ਨਾਨਕੁ ਤਿਸ ਕਾ ਲਾਲਾ ਗੋਲਾ
ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ॥ ੧੬॥ ੬॥

ਗੁਰੂ ਜੀ ਕਥਨ ਕਰਦੇ ਹਨ—ਮੈਂ ਉਹਨਾਂ ਦੇ ਦਾਸਾਂ ਦਾ ਦਾਸ ਹਾਂ, ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰੀ ਵਿਚ ਲਿਵ ਲਗਾਈ ਹੈ॥ ੧੬॥ ੬॥

ਮਾਰੂ ਮਹਲਾ ੧॥

ਮਹਾਂ ਪਰਲੋ ਵੇਲੇ ਦੀ ਗੱਲ ਸੁਣਾਉਂਦੇ ਹਨ—

ਕੇਤੇ ਜੁਗ ਵਰਤੇ ਗੁਬਾਰੈ॥ ਤਾੜੀ ਲਾਈ ਅਪਰ ਅਪਾਰੈ॥

ਜਦੋਂ ਅਪਰ ਅਪਾਰ ਪ੍ਰਭੂ ਨੇ ਸ੍ਵੈ ਮਹਿਮਾ ਵਿਚ ਤਾੜੀ=ਸਮਾਧੀ ਲਗਾਈ ਸੀ। ਤਦੋਂ ਕਈ ਜੁਗਾਂ ਤੱਕ ਹੀ ਗੁਬਾਰੈ=ਅੰਧ ਧੁੰਧ ਵਰਤਿਆ ਰਿਹਾ।

ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ॥ ੧॥

ਉਸ ਧੁੰਧੂ ਕਾਰਿ=ਹਨੇਰੇ ਦੇ ਵਿਚ ਭੀ ਕਰਤਾ ਅਸੰਗ ਬੈਠਾ ਸੀ, ਤਦੋਂ ਧੰਧੇ ਦਾ ਕੋਈ ਪਸਾਰਾ ਨਹੀਂ ਸੀ॥ ੧॥

ਜੁਗ ਛਤੀਹ ਤਿਨੈ ਵਰਤਾਏ॥ ਜਿਉ ਤਿਸੁ ਭਾਣਾ ਤਿਵੈ ਚਲਾਏ॥

ਜੁਗ ਛਤੀਹ=ਕਈ ਜੁਗ ਉਸ ਨੇ ਇਸ ਤਰ੍ਹਾਂ ਹੀ ਵਰਤਾਏ ਸਨ। ਜਿਵੇਂ ਉਸ ਨੂੰ ਭਾਉਂਦਾ ਹੈ ਤਿਵੇਂ ਚਲਾਉਂਦਾ ਹੈ।

ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ॥ ੨॥

ਉਸ ਦਾ ਸਰੀਰ ਕੋਈ ਦਿੱਸਦਾ ਨਹੀਂ ਹੈ। ਅਪਰ ਅਪਾਰਾ=ਬਿਅੰਤ ਤੋਂ ਬਿਅੰਤ ਪਰਮਾਤਮਾ ਆਪਣੇ ਵਰਗਾ ਆਪ ਹੀ ਹੈ॥ ੨॥

ਗੁਪਤੇ ਬੂਝਹੁ ਜੁਗ ਚਤੁਆਰੇ॥ ਘਟਿ ਘਟਿ ਵਰਤੈ ਉਦਰ ਮਝਾਰੇ॥

ਬੁਝਨਾ ਕਰੋ ਚਾਰ ਜੁਗ ਉਸ ਵਿਚ ਗੁਪਤ ਹੀ ਵਰਤ ਰਹੇ ਸਨ। ਸਾਰੇ ਘਟ ਘਟ=ਸਰੀਰ ਸਰੀਰ ਉਸ ਪਰਮੇਸ਼ਰ ਦੇ ਉਦਰ ਵਿਚ ਵਰਤ ਰਹੇ ਸਨ। *ਅਥਵਾ:-* ਮਾਂ ਦੇ ਉਦਰ ਤੋਂ ਜੋ ਘਟ ਘਟ ਪੈਦਾ ਹੋਏ ਸਨ ਉਹ, ਸਭ ਪਰਮੇਸ਼ਰ ਦੇ ਮਝਾਰੇ=ਵਿਚ ਵਰਤ ਰਹੇ ਸਨ।

ਜੁਗੁ ਜੁਗੁ ਏਕਾ ਏਕੀ ਵਰਤੈ ਕੋਈ ਬੂਝੈ ਗੁਰ ਵੀਚਾਰਾ ਹੇ॥ ੩॥

ਜੁਗਾਂ ਜੁਗਾਂ ਵਿਚ ਇਕੋ ਇਕ ਪਰਮਾਤਮਾ ਵਰਤ ਰਿਹਾ ਸੀ, ਗੁਰਾਂ ਦੇ ਵੀਚਾਰ ਦੁਆਰਾ ਇਸ ਗੱਲ ਨੂੰ ਕੋਈ ਵਿਰਲਾ ਹੀ ਸਮਝਦਾ ਹੈ॥ ੩॥

(ਜਿਸ ਵੇਲੇ ਜੀਵਾਂ ਦੇ ਕਰਮ ਫਲ ਦੇਣੇ ਨੂੰ ਉਦੇ ਹੋਏ) ਤਾਂ-

ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥

ਅੰਨਵੇਂ :- ਹਵਾ, ਪਾਣੀ ਤੇ ਅੱਗ ਆਦਿਕ ਪੰਜਾਂ ਤੱਤਾਂ ਨੂੰ ਮਿਲਾ ਕੇ ਅਤੇ ਪਿਤਾ ਦਾ ਬਿੰਦੁ=ਬੀਰਜ ਤੇ ਮਾਂ ਦੀ ਰਕਤ ਨੂੰ ਮਿਲਾ ਕੇ ਇਸ ਪਿੰਡੁ=ਸਰੀਰ ਨੂੰ ਸਿਰਜਨਾ ਕੀਤਾ ਹੈ, ਫਿਰ ਵਿਚ ਜੀਵ ਨੂੰ ਪਾਣਾ ਕੀਤਾ।

ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥ ੪ ॥

ਰੰਗ ਮਹਲੀ=ਪਰਮਾਤਮਾ ਸਰੀਰ ਮੰਦਰ ਵਿਚ ਆਪ ਹੀ ਕਈ ਤਰ੍ਹਾਂ ਦੇ ਚੋਜ=ਕੌਤਕ ਕਰਦਾ ਹੈ ਅਤੇ ਹੋਰਨਾਂ ਸਰੀਰਾਂ ਵਿਚ ਮਾਇਆ ਦਾ ਮੋਹ ਪਸਾਰਨਾ ਕੀਤਾ ਹੈ॥ ੪॥

ਗਰਭ ਕੁੰਡਲ ਮਹਿ ਉਰਧ ਧਿਆਨੀ ॥ ਆਪੇ ਜਾਣੈ ਅੰਤਰਜਾਮੀ ॥

ਮਾਂ ਦਾ ਗਰਭ ਜੋ ਕੁੰਡਲਾਕਾਰ ਹੈ ਉਸ ਵਿਚ ਉਰਧ=ਉਲਟਾ ਸੀ ਤੇ ਪਰਮੇਸ਼ਰ ਦਾ ਧਿਆਨ ਲਾਈ ਬੈਠਾ ਸੀ ਤੇ ਅੰਤਰਜਾਮੀ ਪਰਮਾਤਮਾ ਨੂੰ ਆਪਣਾ ਜਾਣਦਾ ਸੀ ਕਿ ਮੇਰਾ ਰਾਖਾ ਏਹੋ ਹੈ।

[ਪੰਨਾ ੧੦੨੭]

ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ ॥ ੫ ॥

ਉਦਰ ਮਝਾਰਾ=ਮਾਂ ਦੇ ਪੇਟ ਅੰਦਰ ਬੈਠਾ ਹੋਇਆ ਆਪਣੇ ਅੰਤਰਿ=ਅੰਤਹਕਰਣ ਵਿਚ ਸ੍ਵਾਸ ਸ੍ਵਾਸ ਸੱਚ ਨਾਮ ਨੂੰ ਸਿਮਰਦਾ ਸੀ॥ ੫॥

ਚਾਰਿ ਪਦਾਰਥ ਲੈ ਜਗਿ ਆਇਆ ॥ ਸਿਵ ਸਕਤੀ ਘਰਿ ਵਾਸਾ ਪਾਇਆ ॥

ਧਰਮ, ਅਰਥ, ਕਾਮ ਤੇ ਮੋਖ ਰੂਪ ਚਾਰੇ ਪਦਾਰਥ ਲੈ ਕੇ ਇਹ ਜਗਤ ਵਿਚ ਆਇਆ ਸੀ, ਭਾਵ ਇਨ੍ਹਾਂ ਚਾਰਾਂ ਦੇ ਸਿਧ ਕਰਨੇ ਨੂੰ ਸਮਰੱਥ ਸੀ, ਪਰ-ਇਥੇ ਆ ਕੇ ਇਸ ਨੇ ਸਿਵ=ਤ੍ਰੈ ਗੁਣ ਤੇ ਸ਼ਕਤੀ=ਮਾਇਆ ਦੇ ਘਰ ਵਿਚ ਵਸਨਾ ਪਾਯਾ ਹੈ, ਜਾਂ ਸਿਵ=ਕਲਿਆਣ ਸਰੂਪ ਪਰਮੇਸ਼ਰ ਦੀ ਸ਼ਕਤੀ ਜੋ ਮਾਇਆ ਹੈ ਉਸ ਦੇ ਘਰ ਵਿਚ ਵਾਸਾ ਪਾਇਆ ਹੈ, ਅਰਥਾਤ ਮਾਇਆ ਹੀ ਮਨ ਵਿਚ ਵਸੀ ਹੋਈ ਹੈ।

ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਚਾਰਾ ਹੇ ॥ ੬ ॥

ਇਕ ਪਰਮੇਸ਼ਰ ਨੂੰ ਭੁਲਾ ਦੇਵੇ ਤਾਂ ਮਨੁੱਖਾਂ ਦੇਹ ਰੂਪ ਪਿੜ=ਬਾਜੀ ਨੂੰ ਹਾਰਦਾ ਹੈ, ਇਸ ਅੰਨ੍ਹੇ ਨੇ ਨਾਮ ਨੂੰ ਭੁਲਾ ਦਿੱਤਾ ਹੈ, ਇਸ ਲਈ ਜ਼ਰੂਰ ਹਾਰੇਗਾ॥ ੬॥

ਬਾਲਕੁ ਮਰੈ ਬਾਲਕ ਕੀ ਲੀਲਾ ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥

ਜਿਸ ਵੇਲੇ ਪੁਤ੍ਰ ਮਰਦਾ ਹੈ, ਤਾਂ ਬਾਲਕ ਦੀ ਕੀਤੀ ਹੋਈ ਲੀਲ੍ਹਾ ਨੂੰ ਕਹਿ ਕਹਿ ਕੇ ਰੋਂਦਾ ਹੈ ਤੇ ਆਖਦਾ ਹੈ ਇਹ ਮੇਰਾ ਬਾਲੁ ਰੰਗੀਲਾ=ਪਿਆਰਾ ਪੁਤ੍ਰ ਸੁੰਦਰ ਸੀ। ਇਹ ਨਹੀਂ ਸਮਝਦਾ ਕਿ-

ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ ॥ ੭ ॥

ਜਿਸ ਪ੍ਰਭੂ ਦਾ ਦਿੱਤਾ ਹੋਇਆ ਸੀ ਓਸੇ ਨੇ ਲੈ ਲੀਤਾ ਹੈ, ਇਹ ਰੋਣੇ ਵਾਲਾ ਜੀਵ ਤਾਂ ਭੁਲਾ ਹੋਇਆ

www.sikhbookclub.com

ਹੈ॥ ੭॥

ਭਰਿ ਜੋਬਨਿ ਮਰਿ ਜਾਹਿ ਕਿ ਕੀਜੈ॥ ਮੇਰਾ ਮੇਰਾ ਕਰਿ ਰੋਵੀਜੈ॥

ਜੇਕਰ ਭਰ ਜੁਆਨੀ ਵਿਚ ਮਰ ਜਾਂਦਾ ਤਾਂ ਕੀ ਕਰ ਸਕਦਾ ਹੈ। ਇਹ ਤਾਂ ਐਵੇਂ ਹੀ ਮੇਰਾ ਮੇਰਾ ਕਰਕੇ ਰੋਂਦਾ ਹੈ।

ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ॥ ੮॥

ਸਾਰੇ ਪੁਰਸ਼ ਮਾਇਆ ਦੇ ਵਾਸਤੇ ਹੀ ਰੋਂਦੇ ਤੇ ਵਿਗੂਚਹਿ=ਖਰਾਬ ਹੁੰਦੇ ਹਨ, ਇਸ ਕਰਕੇ ਸੰਸਾਰ ਦੇ ਜੀਉਣੇ ਨੂੰ ਧ੍ਰਿਗਾਕਾਰ ਹੈ॥ ੮॥

ਕਾਲੀ ਹੂ ਫੁਨਿ ਧਉਲੇ ਆਏ॥ ਵਿਣੁ ਨਾਵੈ ਗਥੁ ਗਇਆ ਗਵਾਏ॥

ਕਾਲਿਆਂ ਕੇਸਾਂ ਤੋਂ ਫਿਰ ਹੁਣ ਧਉਲੇ=ਚਿੱਟੇ ਕੇਸ ਆ ਗਏ ਹਨ। ਨਾਮ ਤੋਂ ਬਿਨਾਂ ਸਵਾਸਾਂ ਰੂਪੀ ਗਥੁ=ਵਸਤੂ ਗਵਾ ਲਿਆ ਹੈ।

ਦੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੂਕਾਰਾ ਹੇ॥ ੯॥

ਖੋਟੀ ਮਤ ਕਰਕੇ ਅੰਨ੍ਹਾ ਆਪ ਬਿਨਸਦਾ ਹੈ ਤੇ ਸੰਗੀਆਂ ਨੂੰ ਭੀ ਨਾਸ ਕਰਦਾ ਹੈ, ਵਾ:- ਬਿਨਸਿ=ਸ਼ੀਘਰ ਨਾਸ ਹੁੰਦਾ ਹੈ ਤੇ ਕਾਮ ਆਦਿਕਾਂ ਦਾ ਮੂਠੇ=ਠੱਗਿਆ ਹੋਇਆ ਰੋ ਕੇ ਪੁਕਾਰਦਾ ਹੈ॥ ੯॥

ਆਪੁ ਵੀਚਾਰਿ ਨ ਰੋਵੈ ਕੋਈ॥ ਸਤਿਗੁਰੁ ਮਿਲੈ ਤ ਸੋਝੀ ਹੋਈ॥

ਜਿਸ ਨੇ ਆਪਣੇ ਆਪ ਨੂੰ ਵਿਚਾਰਿਆ ਹੈ ਉਹ ਕੋਈ ਰੋਂਦਾ ਨਹੀਂ ਹੈ। ਪੂਰਿਆਂ ਸਤਿਗੁਰਾਂ ਨੂੰ ਮਿਲੇ ਤਾਂ ਹੀ ਆਪਣੇ ਸਰੂਪ ਹੀ ਸੋਝੀ ਹੁੰਦੀ ਹੈ।

ਬਿਨੁ ਗੁਰ ਬਜਰ ਕਪਾਟ ਨ ਖੁਲਹਿ ਸਬਦਿ ਮਿਲੈ ਨਿਸਤਾਰਾ ਹੇ॥ ੧੦॥

ਗੁਰੂ ਤੋਂ ਬਿਨਾਂ ਅਗਿਆਨ, ਜਾਂ ਪੰਜਾਂ ਕੋਸਾਂ ਰੂਪੀ ਤਖਤੇ, ਵਾ:- ਆਸ ਅੰਦੇਸਾ ਦੁਇ ਪਟ ਜੜੇ, ਆਸਾ ਅੰਦੇਸਾ ਰੂਪੀ ਬਜਰ ਦੇ ਤਖਤੇ, ਵਾ:- ਜੜਤਾ ਰੂਪੀ ਬਜਰ ਦੇ ਤਖਤੇ ਖੁਲ੍ਹਦੇ ਨਹੀਂ ਹਨ, ਗੁਰ ਉਪਦੇਸ਼ ਮਿਲੇ ਤਾਂ ਹੀ ਜੀਵ ਦਾ ਨਿਸਤਾਰਾ ਹੁੰਦਾ ਹੈ॥ ੧੦॥

ਬਿਰਧਿ ਭਇਆ ਤਨੁ ਛੀਜੈ ਦੇਹੀ॥ ਰਾਮੁ ਨ ਜਪਈ ਅੰਤਿ ਸਨੇਹੀ॥

ਜਿਸ ਵੇਲੇ ਤਨੁ=ਸਰੀਰ ਬੁੱਢਾ ਹੁੰਦਾ ਹੈ ਤਾਂ ਅਸਥੂਲ ਦੇਹੀ ਛੀਜੈ=ਕ੍ਰਿਸ ਹੋ ਜਾਂਦੀ ਹੈ।

ਅਥਵਾ:- ਬੁੱਢੇ ਹੋਣ ਕਰਕੇ ਤਨੁ=ਸਰੀਰ ਦੇ ਦੇਹੀ=ਬੁਧੀ ਭੀ ਛੀਜੈ=ਕ੍ਰਿਸ ਹੋ ਜਾਂਦੀ ਹੈ। ਅੰਤ ਵੇਲੇ ਦਾ ਸਨੇਹੀ=ਪਿਆਰਾ ਜੋ ਰਾਮ ਹੈ ਉਸ ਨੂੰ ਇਹ ਤਦ ਭੀ ਜਪਦਾ ਨਹੀਂ ਹੈ।

ਨਾਮੁ ਵਿਸਾਰਿ ਚਲੈ ਮੁਹਿ ਕਾਲੈ ਦਰਗਹ ਝੂਠੁ ਖੁਆਰਾ ਹੇ॥ ੧੧॥

ਜੋ ਵਾਹਿਗੁਰੂ ਨਾਮ ਨੂੰ ਭੁਲਾ ਕੇ ਚਲਦੇ ਹਨ, ਉਹਨਾਂ ਦੇ ਮੂੰਹ ਕਾਲੇ ਹੁੰਦੇ ਹਨ ਤੇ ਝੂਠ ਬੋਲਣ ਕਰਕੇ ਉਹ ਪ੍ਰਲੋਕ ਦਰਗਾਹ ਵਿਚ ਖਰਾਬ ਹੁੰਦਾ ਹੈ॥ ੧੧॥

ਨਾਮੁ ਵਿਸਾਰਿ ਚਲੈ ਕੂੜਿਆਰੋ॥ ਆਵਤ ਜਾਤ ਪੜੈ ਸਿਰਿ ਛਾਰੋ॥

ਜੋ ਝੂਠੇ ਪੁਰਸ਼ ਵਾਹਿਗੁਰੂ ਨਾਮ ਨੂੰ ਭੁਲਾ ਚਲਦੇ ਹਨ। ਉਹਨਾਂ ਦੇ ਸਿਰ ਉਤੇ ਜੰਮਦਿਆਂ ਮਰਦਿਆਂ

ਛਾਰੇ=ਸ੍ਵਾਹ ਹੀ ਪੈਂਦੀ ਹੈ।

ਸਾਹੁਰੜੈ ਘਰਿ ਵਾਸੁ ਨ ਪਾਏ ਪੇਈਅੜੈ ਸਿਰਿ ਮਾਰਾ ਹੇ॥ ੧੨ ॥

ਜਿਸ ਨੇ ਮਾਤ ਲੋਕ ਰੂਪੀ ਪੇਕੇ ਘਰ ਵਿਚ ਰਹਿ ਕੇ ਆਪਣਾ ਸਿਰ ਧੰਧਿਆਂ ਵਿਚ ਮਾਰਿਆ ਹੈ, ਉਹ ਪ੍ਰਲੋਕ ਰੂਪੀ ਸਾਹੁਰੇ ਘਰ ਜਾ ਕੇ ਸੁਖਾਂ ਵਿਚ ਵਾਸਾ ਨਹੀ ਪਾਉਂਦੀ।

ਖਾਜੈ ਪੈਝੈ ਰਲੀ ਕਰੀਜੈ॥ ਬਿਨੁ ਅਭ ਭਗਤੀ ਬਾਦਿ ਮਰੀਜੈ॥

ਇਹ ਜੀਵ ਰੂਪ ਇਸਤ੍ਰੀ ਚੰਗਿਆਂ ਪਦਾਰਥਾਂ ਦੇ ਖਾਣੇ ਵਿਚ ਤੇ ਸੋਹਣੇ ਕਪੜਿਆਂ ਦੇ ਪਹਿਨਣ ਵਿਚ ਰਲੀ=ਖੁਸ਼ੀਆਂ ਕਰਦੀ ਹੈ। ਪਰ ਅਭ ਭਗਤੀ=ਮਾਨਸਕ ਭਗਤੀ ਕੀਤੇ ਤੋਂ ਬਿਨਾਂ ਬਾਦਿ=ਵਿਅਰਥ ਮਰਦੀ ਹੈ।

ਸਰ ਅਪਸਰ ਕੀ ਸਾਰ ਨ ਜਾਣੈ ਜਮੁ ਮਾਰੇ ਕਿਆ ਚਾਰਾ ਹੇ॥ ੧੩ ॥

. ਇਹ ਜੀਵ ਸਰ ਅਪਸਰ=ਭਲੇ ਬੁਰੇ ਦੀ, ਪੁੰਨ ਪਾਪ ਦੀ ਸਾਰ ਨਹੀਂ ਜਾਣਦਾ, ਜਿਸ ਵੇਲੇ ਉਸ ਨੂੰ ਜਮ ਮਾਰੇਗਾ, ਤਾਂ ਉਸ ਦਾ ਕੀ ਚਾਰਾ=ਜੋਰ ਚਲਣਾ ਹੈ॥ ੧੩॥

ਪਰਵਿਰਤੀ ਨਰਵਿਰਤਿ ਪਛਾਣੈ॥ ਗੁਰ ਕੈ ਸੰਗਿ ਸਬਦਿ ਘਰੁ ਜਾਣੈ॥

ਗੁਰਮੁਖ ਪੁਰਸ਼ ਪ੍ਰਵਿਰਤੀ ਨੂੰ ਦੁਖਦਾਇਕ ਤੇ ਨਵਿਰਤੀ ਨੂੰ ਸੁਖਦਾਇਕ ਪਛਾਣਦੇ ਹਨ, *ਅਥਵਾ:-* ਪ੍ਰਵਿਰਤੀ ਦੇ ਵਿਚ ਰਹਿ ਕੇ ਨਵਿਰਤੀ ਦਾ ਗ੍ਰਹਿਣ ਕਰਨਾ ਪਛਾਣਦੇ ਹਨ, ਗੁਰੂ ਦੇ ਸੰਗੀ ਹੋ ਕੇ ਹਿਰਦੇ ਘਰ ਵਿਚ ਸਬਦਿ=ਬ੍ਰਹਮ ਨੂੰ ਪਛਾਣਦੇ ਹਨ।

ਕਿਸ ਹੀ ਮੰਦਾ ਆਖਿ ਨ ਚਲੈ ਸਚਿ ਖਰਾ ਸਚਿਆਰਾ ਹੇ॥ ੧੪ ॥

ਕਿਸੇ ਨੂੰ ਭੀ ਮੰਦਾ ਸ਼ਬਦ ਆਖ ਕੇ ਨਹੀਂ ਤੁਰਦੇ, ਸੱਚ ਬੋਲਣ ਕਰਕੇ ਖਰਾ=ਚੰਗਾ, ਭਾਵ ਬੜੇ ਸਚਿਆਰ ਹਨ॥ ੧੪॥

ਸਾਚ ਬਿਨਾ ਦਰਿ ਸਿਝੈ ਨ ਕੋਈ॥ ਸਾਚ ਸਬਦਿ ਪੈਝੈ ਪਤਿ ਹੋਈ॥

ਸੱਚ ਨਾਮ ਜਪੇ ਬਿਨਾਂ ਦਰਗਾਹ ਵਿਚ ਕੋਈ ਭੀ ਕਲਿਆਣ ਨਹੀਂ ਹੁੰਦਾ। ਸੱਚੇ ਸਬਦ ਦੇ ਪਹਿਨਣ ਕਰਕੇ ਭਾਵ ਧਾਰਨ ਕਰਕੇ ਪਤਿ ਹੋਈ=ਇੱਜ਼ਤ ਹੁੰਦੀ ਹੈ।

ਆਪੇ ਬਖਸਿ ਲਏ ਤਿਸੁ ਭਾਵੈ ਹਉਮੈ ਗਰਬੁ ਨਿਵਾਰਾ ਹੇ॥ ੧੫ ॥

ਜਿਸ ਨੇ ਹਉਮੈ ਅਤੇ ਗਰਬੁ=ਹੰਕਾਰ ਨੂੰ ਨਵਿਰਤ ਕੀਤਾ ਹੈ, ਉਹ ਉਸ ਪਰਮੇਸ਼ਰ ਨੂੰ ਭਾਂਵਦਾ ਹੈ, ਜੋ ਭਾਂਵਦਾ ਹੈ ਉਸ ਨੂੰ ਪਰਮੇਸ਼ਰ ਆਪ ਹੀ ਬਖਸ਼ ਲੈਂਦਾ ਹੈ॥ ੧੫॥

ਗੁਰ ਕਿਰਪਾ ਤੇ ਹੁਕਮੁ ਪਛਾਣੈ॥ ਜੁਗਹ ਜੁਗੰਤਰ ਕੀ ਬਿਧਿ ਜਾਣੈ॥

. ਜੋ ਗੁਰਾਂ ਦੀ ਕ੍ਰਿਪਾ ਨਾਲ ਹੁਕਮੁ ਪਛਾਣੈ=ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਉਹ ਜੁਗਾਂ ਜੁਗਾਂ ਵਿਚ ਵਿਆਪਕ ਪ੍ਰਭੂ ਦੀ ਪ੍ਰਾਪਤੀ ਦੀ ਵਿਧੀ ਨੂੰ ਜਾਣਦਾ ਹੈ।

ਨਾਨਕ ਨਾਮੁ ਜਪਹੁ ਤਰੁ ਤਾਰੀ ਸਚੁ ਤਾਰੇ ਤਾਰਣਹਾਰਾ ਹੇ॥ ੧੬ ॥ ੧ ॥ ੭ ॥

ਨਾਨਕ=ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਸੱਚ ਨਾਮ ਜਪਣੇ ਰੂਪੀ ਤਾਰੀ=ਨੌਕਾ 'ਪਰ ਚੜ੍ਹ ਕੇ

www.sikhbookclub.com

ਤਰਨਾ ਕਰੇ, ਤਾਂ ਸਚ ਮੁਚ ਤਾਰਨ ਵਾਲਾ ਪ੍ਰਭੂ ਤੈਨੂੰ ਤਾਰੇਗਾ॥ ੧੬॥ ੧॥ ੭॥

ਮਾਰੂ ਮਹਲਾ ੧॥

ਹਰਿ ਸਾ ਮੀਤੁ ਨਾਹੀ ਮੈ ਕੋਈ॥ ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ॥

ਹਰੀ ਵਰਗਾ ਮੇਰਾ ਹੋਰ ਕੋਈ ਮਿੱਤ੍ਰ ਨਹੀਂ। ਜਿਸ ਨੇ ਮੈਨੂੰ ਤਨ ਮਨ ਦਿੱਤਾ ਹੈ ਅਤੇ ਸਰੀਰ ਦੇ ਵਿਚ ਸੁਰਤਿ=ਗਿਆਤ, ਸਮੋਈ=ਮਿਲਾਈ ਹੋਈ ਹੈ।

ਸਰਬ ਜੀਆ ਪ੍ਰਤਿਪਾਲਿ ਸਮਾਲੇ ਸੋ ਅੰਤਰਿ ਦਾਨਾ ਬੀਨਾ ਹੇ॥ ੧॥

ਜੋ ਸਾਰਿਆਂ ਜੀਵਾਂ ਨੂੰ ਸੰਭਾਲ ਕੇ ਪਾਲਣਾ ਕਰਦਾ ਹੈ, ਉਹ ਪ੍ਰਭੂ ਅੰਦਰਲੀਆਂ ਗੱਲਾਂ ਦੇ ਜਾਨਣੇ ਨੂੰ ਦਾਨਾ=ਦਨਾਈ ਵਾਲਾ ਹੈ ਅਤੇ ਬਾਹਰਲਿਆਂ ਕਰਮਾਂ ਦੇ ਭੀ ਬੀਨਾ=ਵੇਖਣ ਵਾਲਾ ਹੈ॥ ੧॥

ਗੁਰੁ ਸਰਵਰੁ ਹਮ ਹੰਸ ਪਿਆਰੇ॥ ਸਾਗਰ ਮਹਿ ਰਤਨ ਲਾਲ ਬਹੁ ਸਾਰੇ॥

ਪਿਆਰੇ ਗੁਰੂ ਮਾਨ ਸਰੋਵਰ ਹਨ ਅਤੇ ਅਸੀਂ ਜੀਵ ਹੰਸ ਹਾਂ। ਗੁਰੂ ਰੂਪ ਸਮੁੰਦਰ ਵਿਚ ਬਹੁਤ ਸਾਰੇ ਰਤਨ=ਵੈਰਾਗ, ਲਾਲ=ਪ੍ਰੇਮ ਆਦਿਕ ਸ਼ੁਭ ਗੁਣ ਹਨ।

ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥ ੨॥

ਮੋਤੀ=ਸ਼ੁਧਤਾ, ਮਾਣਕ=ਸ੍ਰਵਨ, ਮੰਨਨ, ਨਿਧਿਆਸਨ, ਹੀਰਾ ਹਰੀ ਦਾ ਜਸ ਹੈ, ਉਸ ਜਸ ਨੂੰ ਗਾਂਵਦਿਆਂ ਗਾਂਵਦਿਆਂ ਮਨ ਤਨ ਪ੍ਰੇਮ ਵਿਚ ਭਿਜ ਜਾਂਦਾ ਹੈ॥ ੨॥

ਹਰਿ ਅਗਮ ਅਗਾਹੁ ਅਗਾਧਿ ਨਿਰਾਲਾ॥
ਹਰਿ ਅੰਤੁ ਨ ਪਾਈਐ ਗੁਰ ਗੋਪਾਲਾ॥

ਉਹ ਹਰੀ ਮਨ ਕਰਕੇ ਅਗਮ ਹੈ, ਇੰਦ੍ਰੀਆਂ ਤੋਂ ਅਗਾਹੁ=ਅਪਕੜ ਹੈ, ਭਾਵ ਇੰਦ੍ਰੀਆਂ ਦੇ ਵਿਸ਼ੇ ਨਹੀਂ ਹੈ, ਅਗਾਧਿ=ਡੂੰਘਾ ਹੈ ਤੇ ਸਭ ਤੋਂ ਨਿਰਾਲਾ=ਅਸੰਗ ਹੈ। ਉਸ ਗੁਰ=ਪੂਜਨੀਕ ਗੋਪਾਲ ਹਰੀ ਦਾ ਅੰਤ ਨਹੀਂ ਪਾਇਆ ਜਾਂਦਾ।

ਸਤਿਗੁਰ ਮਤਿ ਤਾਰੇ ਤਾਰਣਹਾਰਾ ਮੇਲਿ ਲਏ ਰੰਗਿ ਲੀਨਾ ਹੇ॥ ੩॥

ਤਾਰਨ ਵਾਲੇ ਸਤਿਗੁਰੂ ਹੀ ਮਤਿ=ਸਿਖਿਆ ਦੇ ਕੇ ਜਗਿਆਸੂ ਨੂੰ ਤਾਰ ਦੇਂਦੇ ਹਨ। ਪੁਨਾ ਰੰਗਿ=ਪ੍ਰੇਮ ਵਿਚ ਲੀਣ ਕਰਕੇ ਵਾਹਿਗੁਰੂ ਨਾਲ ਮੇਲ ਲੈਂਦੇ ਹਨ॥ ੩॥

ਸਤਿਗੁਰ ਬਾਝਹੁ ਮੁਕਤਿ ਕਿਨੇਹੀ॥ ਓਹੁ ਆਦਿ ਜੁਗਾਦੀ ਰਾਮ ਸਨੇਹੀ॥

ਸਤਿਗੁਰਾਂ ਤੋਂ ਬਿਨਾਂ ਕਿਨੇਹੀ=ਕਿਸ ਤਰ੍ਹਾਂ ਮੁਕਤੀ ਪ੍ਰਾਪਤੀ ਹੋ ਸਕਦੀ ਹੈ, ਭਾਵ ਗੁਰਾਂ ਤੋਂ ਬਿਨਾਂ ਮੁਕਤੀ ਪ੍ਰਾਪਤੀ ਨਹੀਂ ਹੋ ਸਕਦੀ। ਉਹ ਗੁਰੂ ਆਦਿ ਜੁਗਾਦੀ=ਸਦਾ ਸਦਾ ਰਾਮ ਦੇ ਸਨੇਹੀ=ਪਿਆਰੇ ਹਨ।

[ਪੰਨਾ ੧੦੨੮]

ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਨਾ ਹੇ॥ ੪॥

ਜੋ ਸਤਸੰਗ ਦਰਗਾਹ ਵਿਚ ਆਇਆ ਹੈ ਪਹਿਲੇ ਤਾਂ ਗੁਰੂ ਕ੍ਰਿਪਾ ਕਰਕੇ ਉਸ ਦੇ ਕੀਤੇ ਹੋਏ ਔਗੁਣ

ਬਖਸ਼ਦੇ ਹਨ, ਫੇਰ ਉਸ ਨੂੰ ਮੁਕਤ ਕਰ ਦੇਂਦੇ ਹਨ ਜਾਂ ਇਸ ਲੋਕ ਵਿਚ ਭਾਂ ਉਸ ਦੇ ਕੀਤੇ ਹੋਏ ਔਗੁਣਾਂ ਨੂੰ ਬਖਸ਼ ਦੇਂਦੇ ਹਨ ਤੇ ਪ੍ਰਲੋਕ ਦਰਗਾਹ ਵਿਚ ਕ੍ਰਿਪਾ ਕਰਕੇ ਮੁਕਤ ਕਰ ਦੇਂਦੇ ਹਨ॥ ੪॥

ਸਤਿਗੁਰੁ ਦਾਤਾ ਮੁਕਤਿ ਕਰਾਏ॥ ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ॥

ਨਾਮ ਦਾਤਾ ਸਤਿਗੁਰੂ ਹੀ ਮੰਦ ਕਰਮਾਂ ਵਲੋਂ ਮੁਕਤ=ਛਡਾਉਣਾ ਕਰਾਂਦੇ ਹਨ ਅਤੇ ਨਾਮ ਅੰਮ੍ਰਿਤ ਦਾ ਰਸ ਪਾ ਕੇ ਸਾਰਿਆਂ ਰੋਗਾਂ ਦਾ ਨਾਸ ਕਰਦੇ ਹਨ।

ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ॥ ੫॥

ਜਿਸ ਦੀ ਤ੍ਰਿਸ਼ਨਾ ਅੱਗ ਬੁਝ ਗਈ ਹੈ ਤੇ ਸੀਨਾ=ਅੰਤਹਕਰਣ ਸੀਤਲ ਹੋ ਗਿਆ ਹੈ, ਉਸ ਨੂੰ ਜਮ ਰੂਪ ਜਾਗਾਤਿ=ਮਸੂਲੀਏ ਦਾ ਕਰੁ=ਡੰਨ ਲਗਦਾ ਨਹੀਂ ਹੈ॥ ੫॥

ਕਾਇਆ ਹੰਸ ਪ੍ਰੀਤਿ ਬਹੁ ਧਾਰੀ॥ ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ॥

ਕਾਇਆ ਤੇ ਹੰਸ=ਜੀਵਾਤਮਾ ਦੋਹਾਂ ਨੇ ਆਪਸ ਵਿਚ ਬਹੁਤ ਹੀ ਪ੍ਰੀਤੀ ਧਾਰੀ ਹੋਈ ਹੈ। ਪਰ ਉਹ ਜੀਵ ਜੋਗੀ ਪੁਰਖ ਹੈ, ਭਾਵ ਬਿਰੱਕਤ ਹੈ ਅਤੇ ਉਹ ਦੇਹ ਸੁੰਦਰ ਇਸਤ੍ਰੀ ਹੈ।

ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ॥ ੬॥

ਜੀਵ ਨਾਲ ਮਿਲ ਕੇ ਅਹਿਨਿਸਿ=ਦਿਨ ਰਾਤ ਅਸਚਰਜ ਕੌਤਕਾਂ ਨੂੰ ਭੋਗਦੀ ਹੈ, ਪਰ ਜਿਸ ਵੇਲੇ ਜੀਵ ਉਠ ਕੇ ਚਲਦਾ ਹੈ ਉਸ ਵੇਲੇ ਉਹ ਦੇਹ ਨਾਲ ਕੋਈ ਮਤਾ ਨਹੀਂ ਕਰਦਾ ਕਿ ਮੈਂ ਹੁਣ ਜਾ ਰਿਹਾ ਹਾਂ॥ ੬॥

ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ॥ ਪਉਣ ਪਾਣੀ ਬੈਸੰਤਰੁ ਗਾਜੈ॥

ਸ੍ਰਿਸ਼ਟੀ ਨੂੰ ਪੈਦਾ ਕਰਕੇ ਪ੍ਰਭੂ ਜੀ ਸਾਰੇ ਛਾਜੈ=ਫਬ ਰਹੇ ਹਨ। ਪੌਣ, ਪਾਣੀ, ਅੱਗ ਆਦਿਕ ਤੱਤਾਂ ਵਿਚ ਗਾਜੈ=ਪ੍ਰਗਟ ਹੋ ਰਿਹਾ ਹੈ, ਜਾਂ ਪੌਣ, ਪਾਣੀ ਤੇ ਬੈਸੰਤਰੁ=ਅੱਗ ਆਦਿਕ ਤੱਤਾਂ ਦੁਆਰੇ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਕੇ ਪ੍ਰਭੂ ਗਾਜੈ=ਪ੍ਰਗਟ ਹੀ ਉਨ੍ਹਾਂ ਵਿਚ ਛਾਜੈ=ਇਸਥਿਤ ਹੋ ਰਿਹਾ ਹੈ।

ਮਨੂਆ ਡੋਲੈ ਦੂਤ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ॥ ੭॥

ਕਾਮ ਆਦਿਕ ਦੂਤਾਂ ਦੀ ਸੰਗਤ ਵਿਚ ਮਿਲ ਕੇ ਮਨ ਡੋਲਦਾ ਹੈ ਜੋ ਕੁਝ ਕਰਮ ਇਸ ਨੇ ਕੀਤਾ ਹੈ ਉਸ ਦਾ ਫਲ ਇਸ ਜੀਵ ਨੇ ਆਪ ਹੀ ਪਾਣਾ ਕੀਤਾ ਹੈ॥ ੭॥

ਨਾਮੁ ਵਿਸਾਰਿ ਦੋਖ ਦੁਖ ਸਹੀਐ॥ ਹੁਕਮੁ ਭਇਆ ਚਲਣਾ ਕਿਉ ਰਹੀਐ॥

ਵਾਹਿਗੁਰੂ ਨਾਮ ਨੂੰ ਭੁਲਾ ਕੇ ਦੋਖ=ਕਲੰਕ ਅਤੇ ਦੁੱਖਾਂ ਨੂੰ ਸਹੀਐ=ਸਹਾਰਦਾ ਹੈ। ਜਿਸ ਵੇਲੇ ਇਥੋਂ ਚਲਣੇ ਦਾ ਹੁਕਮ ਹੋ ਗਿਆ, ਫੇਰ ਕਿਵੇਂ ਰਹਿ ਸਕਦਾ ਹੈ।

ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ॥ ੮॥

ਨਰਕ ਰੂਪੀ ਖੂਹ ਵਿਚ ਪਿਆ ਹੋਇਆ ਗੋਤੇ ਖਾਂਦਾ ਹੈ, ਜਿਵੇਂ ਪਾਣੀ ਤੋਂ ਬਾਹਰ ਮੱਛੀ ਤੜਫਦੀ ਹੈ ਤਿਵੇਂ ਇਹ ਜੀਵ ਤੜਫਦਾ ਹੈ॥ ੮॥

ਚਉਰਾਸੀਹ ਨਰਕ ਸਾਕਤੁ ਭੋਗਾਈਐ॥ ਜੈਸਾ ਕੀਚੈ ਤੈਸੋ ਪਾਈਐ॥

ਚੌਰਾਸੀ ਲੱਖ ਜੂਨ ਦਾ ਦੁੱਖ ਅਤੇ ਨਰਕਾਂ ਦਾ ਦੁੱਖ ਸਾਕਤ ਪੁਰਸ਼ ਨੂੰ ਭੁਗਾਇਆ ਜਾਂਦਾ ਹੈ। ਜੈਸਾ ਕਰਮ

ਕਰਦਾ ਹੈ ਤੈਸਾ ਹੀ ਫਲ ਪਾਂਦਾ ਹੈ।

ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੈ॥ ੯॥

ਸਤਿਗੁਰਾਂ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ, ਕਿਰਤਿ=ਕਰਮਾਂ ਵਿਚ ਬੱਧੇ ਹੋਏ ਜੀਵ ਨੂੰ ਜਿਸ ਵੇਲੇ ਜਮ ਨੇ ਗ੍ਰਸਿਆ ਉਸ ਵੇਲੇ ਬੜਾ ਦੀਨ ਹੁੰਦਾ ਹੈ, ਵਾ:- ਇਹ ਜੀਵ ਕਰਮਾਂ ਦਾ ਬੱਧਾ ਹੋਇਆ ਇਸ ਲੋਕ ਵਿਚ ਆਇਆ ਹੈ, ਕਰਮਾਂ ਦਾ ਗ੍ਰਸਿਆ ਹੋਣ ਕਰਕੇ ਜਮਾਂ ਨੇ ਅੱਗੇ ਟੋਰ ਦਿੱਤਾ॥ ੯॥

ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥

ਇਕ ਅਸਪਤ੍ਰ ਬਨ ਹੈ ਉਨ੍ਹਾਂ ਪੱਤਿਆਂ ਦੀ ਧਾਰਾ ਖੰਡੇ ਦੀ ਧਾਰਾ ਸਮਾਨ ਤਿੱਖੀ ਹੈ ਤੇ ਬੜੀ ਤੰਗ ਗਲੀ ਵਿਚੋਂ ਜੀਵ ਨੂੰ ਲੰਘਾਂਵਦੇ ਹਨ। ਜਿਵੇਂ ਤੇਲੀ ਘਾਣੀ ਵਿਚ ਤਿਲਾਂ ਨੂੰ ਪੀੜਦਾ ਹੈ ਤਿਵੇਂ ਜਮ ਜੀਵ ਨੂੰ ਪੀੜ ਕੇ ਇਸ ਦੇ ਪਾਸੋਂ ਕਰਮਾਂ ਦਾ ਲੇਖਾ ਲੈਂਦਾ ਹੈ।

ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ
ਹਰਿ ਰਸ ਮੁਕਤਿ ਨ ਕੀਨਾ ਹੇ॥ ੧੦॥

ਮਾਂ, ਪਿਉ, ਕਲਤ੍ਰ=ਇਸਤ੍ਰੀ, ਸੁਤ=ਪੁਤ੍ਰ ਆਦਿਕ ਕੋਈ ਸਬੰਧੀ ਓਥੇ ਬੇਲੀ=ਸਹਾਇਕ ਨਹੀਂ ਹੁੰਦਾ, ਹਰੀ ਦੇ ਰਸ=ਪ੍ਰੇਮ ਤੋਂ ਬਿਨਾਂ ਉਥੋਂ ਕਿਸੀ ਨੇ ਮੁਕਤਿ ਨ ਕੀਨਾ=ਛੁਡਾਵਣਾ ਨਹੀਂ ਕੀਤਾ॥ ੧੦॥

ਮੀਤ ਸਖੇ ਕੇਤੇ ਜਗ ਮਾਹੀ॥ ਬਿਨੁ ਗੁਰ ਪਰਮੇਸਰ ਕੋਈ ਨਾਹੀ॥

ਜਗਤ ਦੇ ਵਿਚ ਪਿਆਰੇ ਮਿੱਤ੍ਰ ਤਾਂ ਕਿਤਨੇ ਹੀ ਹਨ। ਪਰ ਗੁਰੂ ਪਰਮੇਸ਼ਰ ਤੋਂ ਬਿਨਾਂ ਕੋਈ ਛੁਡਾਉਣੇ ਵਾਲਾ ਨਹੀਂ ਹੈ।

ਗੁਰ ਕੀ ਸੇਵਾ ਮੁਕਤਿ ਪਰਾਇਣਿ ਅਨਦਿਨੁ ਕੀਰਤਨੁ ਕੀਨਾ ਹੇ॥ ੧੧॥

ਜਿਨ੍ਹਾਂ ਨੇ ਗੁਰੂ ਦੀ ਸੇਵਾ ਪਰਾਇਣਿ=ਆਸਰੇ ਹੋ ਕੇ ਰਾਤ ਦਿਨ ਪ੍ਰਭੂ ਦਾ ਕੀਰਤਨ ਕੀਤਾ ਹੈ ਉਹ ਜੀਵਨ ਮੁਕਤ ਹੋਏ ਹਨ॥ ੧੧॥

ਕੂੜੁ ਛੋਡਿ ਸਾਚੇ ਕਉ ਧਾਵਹੁ॥ ਜੋ ਇਛਹੁ ਸੋਈ ਫਲੁ ਪਾਵਹੁ॥

ਝੂਠ ਨੂੰ ਛੱਡ ਕੇ ਸੱਚੇ ਵੱਲ ਦੌੜੋ, ਤਾਂ ਜੋ ਇੱਛਾ ਕਰੋਗੇ ਓਹੀ ਫਲ ਪਾਓਗੇ।

ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ॥ ੨॥

ਸੱਚ ਨਾਮ ਰੂਪ ਵਖਰ=ਸੌਦੇ ਦੇ ਕੋਈ ਵਿਰਲੇ ਹੀ ਵਪਾਰੀ ਹਨ, ਜਿਨ੍ਹਾਂ ਨੇ ਇਹ ਨਾਮ ਦਾ ਸੌਦਾ ਕੀਤਾ ਹੈ ਉਨ੍ਹਾਂ ਨੇ ਆਤਮ ਲਾਭ ਲਿਆ ਹੈ॥ ੧੨॥

ਹਰਿ ਹਰਿ ਨਾਮੁ ਵਖਰੁ ਲੈ ਚਲਹੁ॥ ਦਰਸਨੁ ਪਾਵਹੁ ਸਹਜਿ ਮਹਲਹੁ॥

ਹਰਿ ਹਰਿ ਨਾਮ ਰੂਪੀ ਵਖਰੁ=ਸੌਦਾ ਲੈ ਕੇ ਚਲੋ। ਤਾਂ ਸਹਜੇ ਹੀ ਮਹਲਹੁ=ਸਰੂਪ ਦਾ ਦਰਸ਼ਨ ਪਾਓਗੇ।

ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ॥ ੧੩॥

ਪੂਰੇ ਜੋ ਗੁਰਮੁਖ ਜਨ ਹਨ ਉਹ ਨਾਮ ਰੂਪ ਸੌਦੇ ਨੂੰ ਲੱਭ ਲੈਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੇ

www.sikhbookclub.com

ਸਮਦਰਸੀ=ਪਰਮਾਤਮਾ ਨੂੰ ਚੀਨਾ=ਜਾਣ ਲਿਆ ਹੈ॥ ੧੩ ॥

ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥

ਉਹ ਕੋਈ ਵਿਰਲਾ ਗੁਰਮਤੀਆ ਬਿਅੰਤ ਪ੍ਰਭੂ ਨੂੰ ਪਾਂਦਾ ਹੈ। ਜੇਹੜਾ ਗੁਰਾਂ ਦੇ ਉਪਦੇਸ਼ ਦੁਆਰਾ ਆਪਣੇ ਮਨ ਨੂੰ ਸਮਝਾਉਂਦਾ ਹੈ।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪ ॥

ਹੇ ਭਾਈ ! ਸਤਿ=ਨਿਸਚੇ ਕਰਕੇ ਸਤਿਗੁਰਾਂ ਦੀ ਬਾਣੀ ਸੱਤ ਦੀ ਪ੍ਰਾਪਤੀ ਕਰਨ ਵਾਲੀ ਮੰਨਣਾ ਕਰੋ, ਇਸ ਤਰ੍ਹਾਂ ਆਤਮ ਰਾਮ ਵਿਚ ਲੀਣ ਹੋਣਾ ਕਰੋ॥ ੧੪ ॥

ਨਾਰਦ ਸਾਰਦ ਸੇਵਕ ਤੇਰੇ ॥ ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥

ਹੇ ਪਰਮੇਸ਼ਰ ! ਨਾਰਦ ਤੇ ਸਾਰਦ=ਸੁਰੱਸਤੀ ਆਦਿਕ ਸਭ ਤੇਰੇ ਸੇਵਕ ਹਨ। ਤਿੰਨਾਂ ਭਵਨਾਂ ਵਿਚ ਜੋ ਭੀ ਵੱਡਿਆਂ ਤੋਂ ਵੱਡੇ ਹੈਂ ਸਭ ਆਪ ਜੀ ਦੇ ਸੇਵਕ ਹਨ।

ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ ਸਭੁ ਤੇਰੋ ਕਾਰਣੁ ਕੀਨਾ ਹੇ ॥੧੫ ॥

ਹੇ ਪਰਮੇਸ਼ਰ ! ਸਾਰੀ ਤੇਰੀ ਕੁਦਰਤਿ=ਸ਼ਕਤੀ ਹੈ ਤੂੰ ਸਿਰ ਬ ਸਿਰ ਸਾਰਿਆਂ ਦਾ ਦਾਤਾ ਹੈਂ, ਸਾਰਾ ਤੇਰਾ ਹੀ ਕਾਰਨ ਕਾਰਜ ਰੂਪ ਜਗਤ ਕੀਤਾ ਹੋਇਆ ਹੈ॥ ੧੫ ॥

ਇਕਿ ਦਰਿ ਸੇਵਹਿ ਦਰਦੁ ਵਞਾਏ ॥ ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥

ਇਕ ਗੁਰਮੁਖ ਤੇਰੇ ਸਤਸੰਗ ਰੂਪ ਦਰਵਾਜ਼ੇ 'ਪਰ ਖੜੋ ਕੇ ਸੇਵਾ ਕਰਦੇ ਹਨ, ਤੂੰ ਉਨ੍ਹਾਂ ਦੇ ਦਰਦੁ ਵੰਞਾਏ=ਦੁੱਖ ਦੂਰ ਕਰਦਾ ਹੈਂ। ਜਿਨ੍ਹਾਂ ਤੋਂ ਸਤਿਗੁਰਾਂ ਨੇ ਵਿਕਾਰ ਛੁਡਾਏ ਹਨ ਉਹ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪੈਣਦੇ ਹਨ।

ਹਉਮੈ ਬੰਧਨ ਸਤਿਗੁਰਿ ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥ ੧੬ ॥

ਹੌਮੈ ਦੇ ਬੰਧਨ ਸਤਿਗੁਰਾਂ ਨੇ ਤੋੜ ਦਿਤੇ ਹਨ ਅਤੇ ਚੰਚਲ ਚਿਤ ਨੂੰ ਮੋਹ ਦੀ ਤਰਫ ਚਲਣੇ ਨਹੀਂ ਦਿੱਤਾ॥ ੧੬ ॥

ਸਤਿਗੁਰ ਮਿਲਹੁ ਚੀਨਹੁ ਬਿਧਿ ਸਾਈ ॥ ਜਿਤੁ ਪ੍ਰਭੁ ਪਾਵਹੁ ਗਣਤ ਨ ਕਾਈ ॥

ਸਤਿਗੁਰਾਂ ਨਾਲ ਮਿਲ ਕੇ ਉਸ ਵਿਧੀ ਨੂੰ ਚੀਨਹੁ=ਜਾਨਣਾ ਕਰੋ, ਜਿਸ ਵਿਧੀ ਨਾਲ ਪ੍ਰਭੂ ਨੂੰ ਪਾ ਲੈਣਾ ਕਰੋ ਤੇ ਬਾਕੀ ਕੋਈ ਕਰਮਾਂ ਦੀ ਗਿਣਤੀ ਨਾ ਰਵੇ।

ਹਉਮੈ ਮਾਰਿ ਕਰਹੁ ਗੁਰ ਸੇਵਾ ਜਨ ਨਾਨਕ ਹਰਿ ਰੰਗਿ ਭੀਨਾ ਹੇ ॥੧੭ ॥੨ ॥੮ ॥

ਗੁਰੂ ਜੀ ਕਥਨ ਕਰਦੇ ਹਨ—ਹੌਮੈ ਨੂੰ ਮਾਰ ਕੇ ਗੁਰੂ ਦੀ ਸੇਵਾ ਕਰੋ ਤਾਂ ਹਰੀ ਦੇ ਰੰਗ ਵਿਚ ਮਨ ਭਿਜ ਜਾਂਦਾ ਹੈ॥ ੧੭ ॥ ੨ ॥ ੮ ॥

ਮਾਰੂ ਮਹਲਾ ੧ ॥

ਅਸੁਰ ਸਘਾਰਣ ਰਾਮੁ ਹਮਾਰਾ ॥ ਘਟਿ ਘਟਿ ਰਮਈਆ ਰਾਮੁ ਪਿਆਰਾ ॥

ਸਾਡਾ ਸੁਆਮੀ ਰਾਮ ਪ੍ਰਤੱਖ ਦੈਂਤਾਂ ਦੇ ਮਾਰਨ ਵਾਲਾ ਹੈ, ਵਾ:- ਕਾਮ, ਕ੍ਰੋਧ ਆਦਿਕ ਆਸੁਰੀ ਸੰਪਦਾ ਰੂਪ ਦੈਂਤਾਂ ਦੇ ਮਾਰਨ ਵਾਲਾ ਹੈ, ਵਾ:- ਜਮਦੂਤਾਂ ਦੇ ਮਾਰਨ ਵਾਲਾ ਹੈ। ਪੁਨਾ- ਉਹ ਪਿਆਰਾ ਰਾਮ ਘਟਾਂ ਘਟਾਂ ਵਿਚ ਰਮਈਆ=ਵਿਆਪਕ ਹੈ।

ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ॥ ੧ ॥

ਉਹ ਅਲਖ ਪ੍ਰਭੂ ਨਾਲ ਹੀ ਵਸਦਾ ਹੈ ਪਰ ਗੁਰਾਂ ਤੋਂ ਬਿਨਾਂ ਮੂਲੇ=ਕਦਾਚਿਤ ਜਾਣਿਆਂ ਨਹੀਂ ਜਾਂਦਾ, ਗੁਰਮੁਖਾਂ ਨੇ ਉਸ ਦੇ ਵਿਚਾਰ ਨੂੰ ਲਿਖਿਆ ਹੈ ਜਾਂ ਗੁਰਾਂ ਦੁਆਰੇ ਉਸ ਦਾ ਜਸ ਲਿਖ ਤਾਂ ਹੀ ਸ਼ੁਭ ਵਿਚਾਰ ਪ੍ਰਾਪਤ ਹੁੰਦਾ ਹੈ॥ ੧ ॥

[ਪੰਨਾ ੧੦੨੬]

ਗੁਰਮੁਖਿ ਸਾਧੂ ਸਰਣਿ ਤੁਮਾਰੀ॥ ਕਰਿ ਕਿਰਪਾ ਪ੍ਰਭਿ ਪਾਰਿ ਉਤਾਰੀ॥

ਹੇ ਮੁਖੀ ਗੁਰੋ ! ਸਾਧੂ=ਸਰੇਸ਼ਟ ਮੈਂ ਸੇਵਕ ਤੁਹਾਡੀ ਸ਼ਰਨ ਵਿਚ ਆਇਆ ਹਾਂ। ਹੇ ਪ੍ਰਭਿ=ਸਮਰਥ ਗੁਰੋ ! ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸੰਸਾਰ ਤੋਂ ਪਾਰ ਉਤਾਰਨਾ ਕਰੋ। ਵਾ:- ਹੇ ਪ੍ਰਭੂ ! ਤੁਹਾਡੀ ਕ੍ਰਿਪਾ ਕਰਕੇ ਸਾਧੂ= ਸਰੇਸ਼ਟ ਮੁਖੀ ਗੁਰਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ ਜੋ ਸੰਸਾਰ ਤੋਂ ਪਾਰ ਉਤਾਰਨੇ ਵਾਲੀ ਹੈ।

ਅਗਨਿ ਪਾਣੀ ਸਾਗਰੁ ਅਤਿ ਗਹਰਾ ਗੁਰੁ ਸਤਿਗੁਰੁ ਪਾਰਿ ਉਤਾਰਾ ਹੇ॥ ੨ ॥

ਸੰਸਾਰ ਸਾਗਰੁ=ਸਮੁੰਦਰ ਅਤਿ ਗਹਰਾ=ਵੱਡਾ ਡੂੰਗਾ ਹੈ, ਇਸ ਵਿਚ ਤ੍ਰਿਸ਼ਨਾ ਰੂਪ ਬੜਵਾ ਅਗਨੀ ਹੈ ਤੇ ਵਿਸ਼ਿਆਂ ਰੂਪ ਪਾਣੀ ਹੈ, ਇਸ ਤੋਂ ਗੁਰੁ=ਪੂਜਨੀਕ ਸਤਿਗੁਰੂ ਹੀ ਪਾਰ ਉਤਾਰਦੇ ਹਨ॥ ੨ ॥

ਮਨਮੁਖ ਅੰਧੁਲੇ ਸੋਝੀ ਨਾਹੀ॥ ਆਵਹਿ ਜਾਹਿ ਮਰਹਿ ਮਰਿ ਜਾਹੀ॥

ਮਨਮੁਖ ਅੰਨ੍ਹੇ ਨੂੰ ਉਸ ਦੀ ਪ੍ਰਾਪਤੀ ਦੀ ਕੋਈ ਸੋਝੀ=ਗਿਆਤ ਨਹੀਂ ਹੈ। ਇਸ ਲਈ ਜਨਮ ਮਰਨ ਵਿਚ ਔਂਦੇ ਜਾਂਦੇ ਹੀ ਮਰਦੇ ਰਹਿੰਦੇ ਹਨ।

ਪੂਰਬਿ ਲਿਖਿਆ ਲੇਖੁ ਨ ਮਿਟਈ ਜਮ ਦਰਿ ਅੰਧੁ ਖੁਆਰਾ ਹੇ॥ ੩ ॥

ਪੂਰਬਲੇ ਜਨਮ ਦਾ ਜੋ ਲੇਖ ਲਿਖਿਆ ਗਿਆ ਹੈ ਉਹ ਭੋਗੇ ਬਿਨਾਂ ਮਿਟਦਾ ਨਹੀਂ ਹੈ, ਇਸ ਕਰਕੇ ਅੰਨ੍ਹਾਂ ਪੁਰਸ਼ ਜਮਾਂ ਦੇ ਦਰ ਅੰਦਰਿ ਖੁਆਰਾ=ਖਰਾਬ ਹੁੰਦਾ ਹੈ॥ ੩ ॥

ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ॥
ਕਿਰਤ ਕੇ ਬਾਧੇ ਪਾਪ ਕਮਾਵਹਿ॥

ਇਕ ਪੁਰਸ਼ ਸੰਸਾਰ ਵਿਚ ਆਂਵਦੇ, ਭਾਵ ਜੰਮਦੇ ਹਨ ਫੇਰ ਸਮੇਂ ਅਨੁਸਾਰ ਜਮ ਲੋਕ ਵਿਚ ਚਲੇ ਜਾਂਦੇ ਹਨ, ਸਰੂਪ ਘਰ ਵਿਚ ਨਿਵਾਸ ਨਹੀਂ ਪਾਂਦੇ। ਕਿਰਤ ਕੇ ਬਾਧੇ=ਕਰਮਾਂ ਦੇ ਬੱਧੇ ਹੋਏ ਪਾਪ ਕਰਮਾਂ ਨੂੰ ਕਮਾਉਂਦੇ ਹਨ।

ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ॥ ੪ ॥

ਅੰਨ੍ਹੇ ਅਗਿਆਨੀ ਪੁਰਸ਼ ਨੂੰ ਚੰਗੇ ਮੰਦੇ ਦੀ ਸਮਝ ਸੂਝ ਕੁਝ ਭੀ ਨਹੀਂ ਹੈ,

ਅਥਵਾ:- ਗੁਰਾਂ ਪਾਸੋਂ ਬੁਝਿਆ ਨਹੀਂ ਇਸ ਕਰਕੇ ਅੰਨ੍ਹੇ ਨੂੰ ਕੋਈ ਸੋਝੀ ਨਹੀਂ ਹੈ, ਲੋਭ ਤੇ ਹੰਕਾਰ ਬੁਰਾ ਹੈ ਪਰ ਇਸ ਨੂੰ ਚੰਗਾ ਸਮਝ ਕੇ ਉਸ ਵਿਚ ਫਸ ਰਿਹਾ ਹੈ॥ ੪ ॥

www.sikhbookclub.com

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥ ਪਰ ਪਿਰ ਰਾਤੀ ਖਸਮੁ ਵਿਸਾਰਾ ॥

ਜਿਸ ਨੇ ਪਰ ਪਿਰ ਰਾਤੀ=ਪ੍ਰਾਏ ਪੁਰਸ਼ ਨਾਲ ਪਿਆਰ ਪਾ ਕੇ ਆਪਣੇ ਖਸਮੁ=ਮਾਲਕ ਨੂੰ ਵਿਸਾਰਾ=ਭੁਲਾ ਦਿੱਤਾ ਹੈ। ਤਿਸੁ ਧਨ=ਉਸ ਔਰਤ ਦਾ ਆਪਣੇ ਪਤੀ ਤੋਂ ਬਿਨਾਂ ਸ਼ਿੰਗਾਰ ਕੀਤਾ ਹੋਇਆ ਕਿਆ=ਕਿਸ ਕੰਮ ਹੈ, ਭਾਵ ਵਿਅਰਥ ਹੈ।

ਹੋਰ ਦ੍ਰਿਸ਼ਟਾਂਤ ਸੁਣੋ—ਏਸੇ ਤਰ੍ਹਾਂ ਪਿਰੀ ਵਿਚ ਅਸਤਕ ਭਾਵਨਾ ਧਾਰੇ ਬਿਨਾਂ, ਵਾ:- ਪਿਰੀ ਦੇ ਪ੍ਰੋਖ ਗਿਆਨ ਹੋਏ ਤੋਂ ਬਿਨਾਂ ਉਸ ਧਨ ਦਾ ਸ਼ਿੰਗਾਰ ਕੀਤਾ ਕਿਸ ਕੰਮ ਹੈ, ਭਾਵ ਵਿਅਰਥ ਹੈ।

ਜਿਉ ਬੇਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ ॥ ੫ ॥

ਜਿਵੇਂ ਵੇਸ਼ਵਾ ਦੇ ਪੁਤ੍ਰ ਦਾ ਪਿਓ ਕੌਣ ਕਿਹਾ ਜਾਂਦਾ ਹੈ, ਭਾਵ ਕੋਈ ਨਹੀਂ ਕਿਹਾ ਜਾਂਦਾ। ਤਿਵੇਂ ਵਿਕਾਰ ਰੂਪ ਹੋਣ ਕਰਕੇ ਸਾਕਤਾਂ ਦੇ ਕੰਮ ਕਾਰ ਸਭ ਫੋਕਟ=ਨਿਸਫਲ ਹਨ॥ ੫॥

ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥

ਗੁਰੂ ਤੋਂ ਬਿਨਾਂ ਹੋਣ ਕਰਕੇ ਪ੍ਰੇਤ ਜੂਨ ਰੂਪ ਪਿੰਜਰੇ ਵਿਚ ਪੈ ਕੇ ਘਣੇ (ਬਹੁਤੇ) ਦੁੱਖ ਭੋਗਦਾ ਹੈ। *ਅਥਵਾ:-* ਸਰੀਰ ਰੂਪ ਪਿੰਜਰੇ ਵਿਚ ਕਾਮ ਆਦਿਕ ਪ੍ਰੇਤਾਂ ਕਰਕੇ ਘਣੇ ਦੁੱਖ ਭੋਗਦਾ ਹੈ। ਅਗਿਆਨ ਰੂਪ ਹਨੇਰੇ ਕਰਕੇ ਨਰਕਾਂ ਵਿਚ ਪੈ ਕੇ ਪਚਹਿ=ਖਰਾਬ ਹੁੰਦਾ ਹੈ।

ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥ ੬ ॥

ਜਿਨ੍ਹਾਂ ਨੇ ਹਰੀ ਦਾ ਨਾਮ ਭੁਲਾ ਦਿੱਤਾ ਹੈ, ਉਹਨਾਂ ਦੇ ਪਾਸੋਂ ਜਮਦੂਤ ਧਰਮ ਰਾਜਾ ਦੀ ਆਗਿਆ ਅਨੁਸਾਰ ਬਾਕੀ ਲੈਣਾ ਕਰਦੇ ਹਨ, ਜਾਂ ਧਰਮ ਰਾਜਾ ਦੀ ਨਿਕਾਲੀ ਹੋਈ ਜੋ ਪਾਪ ਰੂਪ ਸੰਚਤ ਕਰਮਾਂ ਦੀ ਬਾਕੀ ਹੈ ਉਸ ਨੂੰ ਲੈਂਦੇ ਹਨ, ਭਾਵ ਉਸ ਦੇ ਅਨੁਸਾਰ ਡੰਨ ਦੇਣਾ ਕਰਦੇ ਹਨ॥ ੬॥

ਸੂਰਜ ਤਪੈ ਅਗਨਿ ਬਿਖੁ ਝਾਲਾ ॥ ਅਪਤੁ ਪਸੂ ਮਨਮੁਖੁ ਬੇਤਾਲਾ ॥

ਪਾਪੀ ਨੇ ਜਿਸ ਜਮ ਮਾਰਗ ਵਿਚ ਚਲਣਾ ਹੈ, ਉਸ ਜਮ ਰਸਤੇ ਵਿਚ ਬਾਰ੍ਹਾਂ ਸੂਰਜ ਤਪਦੇ ਹਨ. ਦਸ ਹਜ਼ਾਰ ਜੋਜਨ ਅਗਨੀ ਦਾ ਕੁੰਡ ਆਉਂਦਾ ਹੈ, ਅਸਪੜ੍ਹ ਝਾਲਾ=ਬਨ ਆਉਂਦਾ ਹੈ ਜਿਸ ਦੇ ਪਤੇ ਬਿਖੁ=ਵਿਹੁ ਸਮਾਨ ਮਾਰਨ ਵਾਲੇ ਹਨ। ਮਨਮੁਖ ਬੇਤਾਲਾ=ਭੂਤਨਾ,

ਵਾ:- ਸਰੂਪ ਤੋਂ ਰਹਿਤ ਅਪਤੁ ਪਸੂ=ਬੇ ਪੱਤਾ ਪਸੂ ਹੈ।

ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ ॥ ੭ ॥

ਮਨਸਾ=ਬੁੱਧੀ ਵਿਚ ਕੂੜੁ=ਝੂਠਿਆਂ ਪਦਾਰਥਾਂ ਦੀ ਆਸਾ ਕਮਾਂਵਦਾ ਹੈ, ਰੋਗੁ ਬੁਰਾ=ਬੁਰਾ ਰੋਗ ਜੋ ਆਗਿਆਨਤਾ ਦਾ ਹੈ ਉਸ ਕਰਕੇ ਬੁਰਿਆਈ ਦਾ ਘਰ ਹੋ ਰਿਹਾ ਹੈ॥ ੭॥

ਮਸਤਕਿ ਭਾਰੁ ਕਲਰ ਸਿਰਿ ਭਾਰਾ ॥ ਕਿਉ ਕਰਿ ਭਵਜਲੁ ਲੰਘਸਿ ਪਾਰਾ ॥

ਮਸਤਕਿ=ਸ਼ਰੋਮਣੀ (ਬੜੇ) ਪਾਪਾਂ ਰੂਪੀ ਕਲਰ ਦੇ ਭਾਰ ਕਰਕੇ ਜੀਵ ਦਾ ਸਿਰ ਭਾਰਾ ਹੋ ਰਿਹਾ ਹੈ, ਜਾਂ ਪਾਪਾਂ ਰੂਪੀ ਕਲਰ ਦਾ ਭਾਰ ਤੇ ਸਿਰਿ=ਹੰਕਾਰ ਦਾ ਭਾਰ ਜੀਵ ਦੇ ਮਸਤਕਿ=ਸਿਰ ਉਤੇ ਹੈ। ਇਸ ਲਈ ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਉਤਰੇਗਾ?

www.sikhbookclub.com

ਸਤਿਗੁਰੁ ਬੋਹਿਥੁ ਆਦਿ ਜੁਗਾਦੀ ਰਾਮ ਨਾਮਿ ਨਿਸਤਾਰਾ ਹੇ॥ ੮॥

ਆਦ ਜੁਗਾਦ ਤੋਂ ਸਤਿਗੁਰੂ ਹੀ ਬੋਹਿਥੁ=ਜਹਾਜ਼ ਹਨ, ਉਹਨਾਂ ਦੁਆਰੇ ਰਾਮ ਨਾਮ ਜਪਣੇ ਕਰਕੇ ਹੀ ਸੰਸਾਰ ਸਮੁੰਦ੍ਰ ਤੋਂ ਪਾਰ ਉਤਾਰਾ ਹੁੰਦਾ ਹੈ॥ ੮॥

ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥

ਜਗਤ ਵਿਚ ਜੀਵ ਦਾ ਪੁਤ੍ਰ ਵਿਚ ਹੇਤੁ=ਮੋਹ ਹੈ ਤੇ ਕਲਤ੍ਰ=ਇਸਤ੍ਰੀ ਨਾਲ ਬਹੁਤ ਸਾਰਾ ਪਿਆਰ ਹੈ। ਇਸ ਨੇ ਮਾਇਆ ਦੇ ਮੋਹ ਕਰਕੇ ਸਾਰਾ ਪਸਾਰਾ ਪਸਾਰਨਾ ਕੀਤਾ ਹੈ।

ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ॥ ੯॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਤਤੁ=ਸਿਧਾਂਤ ਨੂੰ ਵਿਚਾਰਿਆ ਹੈ ਉਹਨਾਂ ਦੇ ਗਲੋਂ ਸਤਿਗੁਰਾਂ ਨੇ ਜਮਾਂ ਦੇ ਫਾਹ ਤੋੜੇ=ਕਟ ਦਿਤੇ ਸਨ॥ ੯॥

ਕੂੜਿ ਮੁਠੀ ਚਾਲੈ ਬਹੁ ਰਾਹੀ॥ ਮਨਮੁਖੁ ਦਾਝੈ ਪੜਿ ਪੜਿ ਭਾਹੀ॥

ਜਿਨ ਕੀ ਬੁਧੀ ਕੂੜਿ=ਝੂਠੀ ਮਾਇਆ ਨੇ ਮੁਠੀ=ਠੱਗੀ ਹੋਈ ਹੈ ਉਹ ਸਖੀ ਸਰਵਰ ਭੂਤ ਪ੍ਰੇਤਾਂ ਦੇ ਪੂਜਣੇ ਰੂਪ ਬਹੁਤਿਆਂ ਰਸਤਿਆਂ ਵਿਚ ਚਲਦੀ ਹੈ। ਉਹ ਮਨਮੁਖ ਇਸਤ੍ਰੀ ਤ੍ਰਿਸਨਾ ਤੇ ਈਰਖਾ ਦੀ ਭਾਹੀ=ਅੱਗ ਵਿਚ ਪੈ ਪੈ ਕੇ ਦਾਝੈ=ਸੜਦੀ ਹੈ।

ਅੰਮ੍ਰਿਤ ਨਾਮੁ ਗੁਰੂ ਵਡ ਦਾਣਾ ਨਾਮੁ ਜਪਹੁ ਸੁਖ ਸਾਰਾ ਹੇ॥ ੧੦॥

ਨਾਮ ਅੰਮ੍ਰਿਤ ਦਾ ਗੁਰੂ ਵੱਡਾ ਦਾਣਾ=ਦਾਤਾ ਹੈ, ਤਾਂ ਤੇ ਗੁਰਾਂ ਦੁਆਰੇ ਨਾਮ ਨੂੰ ਜਪੋ ਤਾਂ ਸਾਰਾ ਸੁਖ, ਵਾ:- ਸਰੇਸ਼ਟ ਸੁਖ ਪ੍ਰਾਪਤ ਹੋਵੇਗਾ॥ ੧੦॥

ਸਤਿਗੁਰੁ ਤੁਠਾ ਸਚੁ ਦ੍ਰਿੜਾਏ॥ ਸਭਿ ਦੁਖੁ ਮੇਟੇ ਮਾਰਗਿ ਪਾਏ॥

ਸਤਿਗੁਰ ਦੇਵ ਜੀ ਤੁਠਾ=ਪ੍ਰਸੰਨ ਹੋਣ ਤਾਂ ਸੱਚ ਨਾਮ ਨੂੰ ਦ੍ਰਿੜ੍ਹ ਕਰਵਾਂਦੇ ਹਨ। ਸ਼ੁਭ ਰਸਤੇ ਵਿਚ ਜੀਵ ਨੂੰ ਪਾ ਕੇ ਸਾਰੇ ਦੁੱਖ ਮੇਟ ਦੇਂਦੇ ਹਨ।

ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੇ॥ ੧੧॥

ਹੇ ਭਾਈ ! ਜਿਸ ਨੂੰ ਸਤਿਗੁਰੂ ਆਪ ਰੱਖਣ ਵਾਲਾ ਹੁੰਦਾ ਹੈ, ਉਸ ਦੇ ਮਨ ਬੁੱਧੀ ਰੂਪ ਪਾਇ=ਪੈਰਾਂ ਵਿਚ ਮੂਲੇ=ਕਦਾਚਿਤ ਹੰਕਾਰ ਜਾਂ ਈਰਖਾ ਰੂਪੀ ਕੰਡਾ ਗਡਈ ਨ=ਚੁਭਦਾ ਨਹੀਂ ਹੈ॥ ੧੧॥

ਖੇਹੂ ਖੇਹ ਰਲੈ ਤਨੁ ਛੀਜੈ॥ ਮਨਮੁਖੁ ਪਾਥਰੁ ਸੈਲੁ ਨ ਭੀਜੈ॥

ਖੇਹ ਆਦਿਕ ਪੰਜਾਂ ਤੱਤਾਂ ਰਚਤ ਤਨੁ=ਸਰੀਰ ਜਿਸ ਵੇਲੇ ਛੀਜੈ=ਮਿਰਤੂ ਹੁੰਦਾ ਹੈ ਤਾਂ ਖੇਹ ਵਿਚ ਹੀ ਰਲ ਜਾਂਦਾ ਹੈ। ਮਨਮੁਖ ਦਾ ਮਨ ਪਥਰ ਦੀ ਸੈਲੁ=ਸਿਲਾ ਵਾਂਗੂ ਜਾਂ ਸੈਲੁ=ਭਾਰੀ ਪੱਥਰ ਵਾਂਗੂ ਕਠੋਰ ਹੈ, ਇਸ ਲਈ ਭਿਜਦਾ ਨਹੀਂ ਹੈ। ਅਰਥਾਤ ਦੁਨੀਆਂ ਨੂੰ ਮਰਦਿਆਂ ਦੇਖ ਕੇ ਭੀ ਇਸ ਨੂੰ ਮਰਨਾ ਚੇਤੇ ਆਉਂਦਾ ਨਹੀਂ ਹੈ।

ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਕਿ ਅਵਤਾਰਾ ਹੇ॥ ੧੨॥

ਬਹੁਤੇਰੇ=ਬਹੁਤੇ ਲੋਕ ਕਰਣ ਪਲਾਵ=ਰੋਣਾ ਪਿਟਣਾ ਤਾਂ ਕਰਦੇ ਹਨ, ਵਾ- ਕਰਣ=ਕੀਰਨੇ ਤੇ

www.sikhbookclub.com

ਪਲਾਵ=ਜਤਨ ਤਾਂ ਬਹੁਤ ਹੀ ਕਰਦੇ ਹਨ ਪਰ ਬਣਦਾ ਕੁਝ ਨਹੀਂ, ਅੰਤ ਨੂੰ ਨਰਕ ਸੁਰਗ ਵਿਚ ਹੀ ਅਵਤਾਰਾ=ਆਉਂਦੇ ਜਾਂਦੇ ਹਨ॥ ੧੨ ॥

ਮਾਇਆ ਬਿਖੁ ਭੁਇਅੰਗਮ ਨਾਲੇ॥ ਇਨਿ ਦੁਬਿਧਾ ਘਰ ਬਹੁਤੇ ਗਾਲੇ॥

ਮਾਇਆ ਰੂਪ ਭੁਇ ਅੰਗਮ=ਸਪਨੀ ਜੋ ਵਿਸ਼ਿਆਂ ਰੂਪੀ ਵਿਹੁ ਨਾਲ ਭਰੀ ਹੋਈ ਹੈ ਉਸ ਦੇ ਨਾਲ ਹੀ ਇਹ ਜੀਵ ਵਸ ਰਹੇ ਹਨ। ਇਸ ਮਾਇਆ ਦੀ ਦੁਬਿਧਾ ਨੇ ਬਹੁਤੇ ਘਰ ਗਾਲ ਦਿਤੇ ਹਨ।

ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ॥ ੧੩ ॥

ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ ਪ੍ਰਭੂ ਦੀ ਪ੍ਰੀਤੀ ਪੈਦਾ ਨਹੀਂ ਹੁੰਦੀ, ਹੇ ਭਾਈ ! ਜੋ ਭਗਤੀ ਵਿਚ ਰੱਤੇ ਹਨ ਉਹਨਾਂ ਦਾ ਹਰੀ ਵਿਚ ਪਤੀਆਰਾ=ਭਰੋਸਾ ਹੋਇਆ ਹੈ॥ ੧੩ ॥

ਸਾਕਤ ਮਾਇਆ ਕਉ ਬਹੁ ਧਾਵਹਿ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ॥

ਸਾਕਤ ਪੁਰਸ਼ ਮਾਇਆ ਲੱਭਣ ਨੂੰ ਹੀ ਬਹੁਤਾ ਦੌੜਦੇ ਹਨ। ਵਾਹਿਗੁਰੂ ਨਾਮ ਨੂੰ ਭੁਲਾ ਦਿੱਤਾ ਹੈ ਇਸ ਕਰਕੇ ਉਹ ਭਲਾ ਕਿਥੋਂ ਸੁਖ ਪਾਉਣਗੇ।

ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ॥ ੧੪ ॥

ਹੇ ਭਾਈ ! ਜੋ ਤਿੰਨਾਂ ਗੁਣਾਂ ਅੰਦਰ ਜਾਂ ਤ੍ਰਿਗੁਣ ਆਤਮਿਕ ਮਾਇਆ ਅੰਦਰ ਆਪ ਖਪਦੇ ਹਨ ਤੇ ਹੋਰਨਾਂ ਨੂੰ ਖਪਾਂਵਦੇ ਹਨ ਉਹਨਾਂ ਦਾ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਨਹੀਂ ਹੁੰਦਾ ॥ ੧੪ ॥

ਕੂਕਰ ਸੂਕਰ ਕਹੀਅਹਿ ਕੂੜਿਆਰਾ॥ ਭਉਕਿ ਮਰਹਿ ਭਉ ਭਉ ਭਉਹਾਰਾ॥

ਉਹ ਝੂਠੇ ਪੁਰਸ਼ ਕੂਕਰ=ਕੁੱਤੇ ਤੇ ਸੂਕਰ=ਸੂਰ ਕਹੇ ਜਾਂਦੇ ਹਨ। ਭਉਹਾਰਾ=ਭੌਂਕਣੇ ਵਾਲੇ ਹੋ ਕੇ ਭਉਂ ਭਉਂ ਕਰਕੇ ਭੌਂਕ ਕੇ ਮਰ ਜਾਂਦੇ ਹਨ, ਵਾ:- ਉਹ ਨਿਤ ਭੌਂਕਦੇ ਮਰ ਜਾਂਦੇ ਹਨ, ਉਹਨਾਂ ਨੇ ਜਮਾਂ ਦੇ ਭਉ=ਡਰ ਨਾਲ, ਭਉ=ਭੈਦਾਇਕ ਸੰਸਾਰ ਵਿਚ ਭਉ ਹਾਰਾ=ਜਨਮ ਹਾਰ ਦਿੱਤਾ ਹੈ। *ਅਥਵਾ:-* ਭਉ=ਸੰਸਾਰ ਵਿਚ ਭਉ=ਉਤਪੰਨ ਹੋ ਕੇ ਭਉਹਾਰਾ=ਭੈ ਵਾਲੇ ਹੋ ਕੇ ਭੌਂਕ ਕੇ ਮਰ ਜਾਂਦੇ ਹਨ।

ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ॥ ੧੫ ॥

ਹੇ ਭਾਈ ! ਉਹ ਮਨ ਵਿਚ ਝੂਠ ਤੇ ਤਨ ਵਿਚ ਭੀ ਕੂੜ=ਝੂਠ ਨੂੰ ਕਮਾਉਂਦੇ ਹਨ, ਦੁਰਮਤਿ=ਖੋਟੀ ਮਤ ਕਰਕੇ ਹੀ ਉਹ ਦਰਗਾਹ ਵਿਚ ਹਾਰ ਜਾਂਦੇ ਹਨ॥ ੧੫ ॥

ਸਤਿਗੁਰੁ ਮਿਲੈ ਤ ਮਨੂਆ ਟੇਕੈ॥ ਰਾਮ ਨਾਮੁ ਦੇ ਸਰਣਿ ਪਰੇਕੈ॥

ਸਤਿਗੁਰੂ ਮਿਲਣ ਤਾਂ ਚੰਚਲ ਮਨ ਟੇਕੈ=ਟਿਕਦਾ ਹੈ। ਜੋ ਸਤਿਗੁਰਾਂ ਦੀ ਸ਼ਰਨ ਵਿਚ ਪਰੇਕੈ=ਪਿਆ ਹੈ ਜਾਂ ਪਰੇਕੈ=ਇਕ ਦੀ ਸ਼ਰਨ ਵਿਚ ਪਿਆ ਹੈ ਉਸ ਨੂੰ ਸਤਿਗੁਰ ਦੇਵ ਜੀ ਰਾਮ ਨਾਮ ਦਾ ਉਪਦੇਸ਼ ਦੇਂਦੇ ਹਨ।

ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ॥ ੧੬ ॥

ਹੇ ਭਾਈ ! ਅਮੋਲਕ ਹਰੀ ਨਾਮ ਰੂਪੀ ਧਨ ਨੂੰ ਦੇਂਦੇ ਹਨ ਅਤੇ ਹਰੀ ਜਸ ਕਰਨ ਵਾਲਾ ਹੀ ਦਰਗਾਹ ਵਿਚ ਪਿਆਰਾ ਹੁੰਦਾ ਹੈ॥ ੧੬ ॥

www.sikhbookclub.com

[ਪੰਨਾ ੧੦੩੦]

ਰਾਮ ਨਾਮੁ ਸਾਧੂ ਸਰਣਾਈ ॥ ਸਤਿਗੁਰ ਬਚਨੀ ਗਤਿ ਮਿਤਿ ਪਾਈ ॥

ਸਾਧੂਆਂ ਦੀ ਸ਼ਰਨ ਵਿਚ ਆ ਕੇ ਰਾਮ ਨਾਮ ਜਪਣਾ ਕਰ। ਜਿਸ ਨੇ ਜਪਿਆ ਹੈ ਉਸ ਨੇ ਸਤਿਗੁਰਾਂ ਦੇ ਬਚਨਾਂ ਦੁਆਰੇ ਗਤਿ=ਮੁਕਤੀ ਦੀ ਮਰਯਾਦਾ ਪਾਈ ਹੈ।

ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ ॥੧੭ ॥੩ ॥੯ ॥

ਗੁਰੂ ਜੀ ਕਥਨ ਕਰਦੇ ਹਨ—ਹੇ ਮੇਰੇ ਮਨ ! ਹਰ ਵੇਲੇ ਹਰੀ ਨਾਮ ਜਪ ਨੂੰ ਜਪਣਾ ਕਰ, ਤਾਂ ਮੇਲਣ ਵਾਲਾ ਹਰੀ ਤੈਨੂੰ ਆਪਣੇ ਮੇਲ ਨਾਲ ਮੇਲ ਲਵੇਗਾ॥ ੧੭॥ ੩ ॥ ੯॥

ਮਾਰੂ ਮਹਲਾ ੧ ॥

ਘਰਿ ਰਹੁ ਰੇ ਮਨ ਮੁਗਧ ਇਆਨੇ ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥

ਹੇ ਮੁਗਧ=ਮੂਰਖ ਇਆਣੇ ਮਨ ! ਤੂੰ ਹਿਰਦੇ ਘਰ ਵਿਚ ਟਿਕਿਆ ਰਹੁ। ਧਿਆਨ ਦੇ ਅੰਦਰ ਗਤਿ= ਪ੍ਰਾਪਤ ਹੋ ਕੇ ਰਾਮ ਨਾਮ ਜਪਦਾ ਰਹੁ, ਜਾਂ ਜੋ ਪ੍ਰਭੂ ਅੰਦਰ ਹੀ ਗਤਿ=ਪ੍ਰਾਪਤ ਹੈ ਉਸ ਵਿਚ ਧਿਆਨ ਜੋੜ ਕੇ ਰਾਮ ਨਾਮ ਜਪਦਾ ਰਹੁ, ਵਾ:- ਧਿਆਨ ਲਗਾ ਕੇ ਰਾਮ ਨਾਮ ਜਪੋ ਤਾਂ ਅੰਤਰਾ ਭੇਦ ਗਤਿ=ਨਵਿਰਤ ਹੋ ਜਾਵੇਗਾ।

ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤ ਦੁਆਰਾ ਹੇ ॥ ੧ ॥

ਹੇ ਭਾਈ ! ਧਨ ਆਦਿਕਾਂ ਦੇ ਲਾਲਚ ਨੂੰ ਛੱਡ ਕੇ ਅਪਰੰਪਰਿ=ਪਰਮਾਤਮਾ ਵਿਚ ਤਦਾਕਾਰ ਹੋਵੇ, ਇਸ ਤਰ੍ਹਾਂ ਮੁਕਤੀ ਦਾ ਦਰਵਾਜ਼ਾ ਗਿਆਨ ਪਾ ਲਵੋਗੇ॥ ੧ ॥

ਜਿਸੁ ਬਿਸਰੀਐ ਜਮੁ ਜੋਹਣਿ ਲਾਗੈ ॥ ਸਭਿ ਸੁਖ ਜਾਹਿ ਦੁਖਾ ਫੁਨਿ ਆਗੈ ॥

ਜਿਸ ਪ੍ਰਭੂ ਦੇ ਭੁਲਣ ਕਰਕੇ ਜਮ ਜੋਹਣਿ=ਦੇਖਣੇ ਲਗ ਜਾਂਦਾ ਹੈ, ਅਤੇ ਸਾਰੇ ਸੁਖ ਦੂਰ ਹੋ ਜਾਂਦੇ ਹਨ ਪੁਨਾ, ਆਗੈ=ਪ੍ਰਲੋਕ ਵਿਚ ਦੁੱਖ ਹੁੰਦਾ ਹੈ।

ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਏਹੁ ਪਰਮ ਤਤੁ ਵੀਚਾਰਾ ਹੇ ॥ ੨ ॥

ਹੇ ਗੁਰਮੁਖ ਜੀਅੜੇ ! ਤੂੰ ਰਾਮ ਨਾਮ ਨੂੰ ਜਪਣਾ ਕਰ, ਸਾਰਿਆਂ ਗ੍ਰੰਥਾਂ ਦਾ ਏਹੋ ਪਰਮ ਤਤ=ਵੱਡਾ ਸਿਧਾਂਤ ਵਿਚਾਰਿਆ ਹੈ॥ ੨ ॥

ਹਰਿ ਹਰਿ ਨਾਮੁ ਜਪਹੁ ਰਸੁ ਮੀਠਾ ॥ ਗੁਰਮੁਖਿ ਹਰਿ ਰਸੁ ਅੰਤਰਿ ਡੀਠਾ ॥

ਜਿਸ ਦਾ ਮਿੱਠਾ ਸੁਆਦ ਹੈ ਉਸ ਹਰਿ ਹਰਿ ਨਾਮ ਨੂੰ ਜਪਣਾ ਕਰੋ। ਜਿਨ੍ਹਾਂ ਨੇ ਗੁਰਮੁਖਿ=ਗੁਰੂ ਦੁਆਰੇ ਏਹ ਰਸ ਚਖਿਆ ਹੈ ਉਹਨਾਂ ਨੇ ਹਰੀ ਨੂੰ ਅੰਦਰ ਹੀ ਡੀਠਾ=ਵੇਖਿਆ ਹੈ।

ਅਹਿਨਿਸਿ ਰਾਮ ਰਹਹੁ ਰੰਗਿ ਰਾਤੇ ਏਹੁ ਜਪੁ ਤਪੁ ਸੰਜਮੁ ਸਾਰਾ ਹੇ ॥ ੩ ॥

ਅਹਿਨਿਸਿ=ਦਿਨ ਰਾਤ ਰਾਮ ਦੇ ਰੰਗ ਵਿਚ ਰੱਤੇ ਰਹੋ, ਏਹੋ ਜਪ ਤਪ ਆਦਿਕ ਸਾਧਨਾਂ ਦਾ ਤੇ ਸੰਜਮੁ=ਇੰਦ੍ਰੀਆਂ ਦੇ ਦਮਨ ਕਰਨੇ ਦਾ ਸਾਰਾ=ਸਿਧਾਂਤ ਹੈ॥ ੩ ॥

ਰਾਮ ਨਾਮੁ ਗੁਰ ਬਚਨੀ ਬੋਲਹੁ ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥

ਗੁਰੂ ਦੇ ਬਚਨਾਂ ਦੁਆਰੇ ਰਾਮ ਨਾਮ ਨੂੰ ਬੋਲਦਾ ਕਰੋ ਅਤੇ ਸੰਤਾਂ ਦੀ ਸਭਾ ਵਿਚੋਂ ਇਸ ਹਰੀ ਰਸ ਨੂੰ ਟੋਲਹੁ=ਲੱਭਣਾ ਕਰੋ।

ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥ ੪ ॥

ਹੇ ਭਾਈ ! ਗੁਰੂ ਦੀ ਸਿੱਖਿਆ ਦੁਆਰੇ ਆਪਣੇ ਸਰੂਪ ਘਰ ਨੂੰ ਲੱਭ ਲਓ ਬਹੁੜਿ=ਫਿਰ ਮਾਂ ਦੇ ਗਰਭ ਵਿਚ ਵਾਸਾ ਨਹੀਂ ਹੋਵੇਗਾ ॥ ੪ ॥

ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ॥ ਤਤੁ ਵੀਚਾਰਹੁ ਹਰਿ ਲਿਵ ਲਾਵਹੁ ॥

ਹਰੀ ਗੁਣਾਂ ਦੇ ਗੈਣ ਕਰਨੇ ਰੂਪ ਸੱਚੇ ਤੀਰਥ 'ਪਰ ਇਸ਼ਨਾਨ ਕਰੋ। ਤੱਤ ਸਰੂਪ ਨੂੰ ਵਿਚਾਰਨਾ ਕਰੋ ਅਤੇ ਹਰੀ ਵਿਚ ਲਿਵ ਲਗਾਉਣਾ ਕਰੋ।

ਅੰਤ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ ॥ ੫ ॥

ਅੰਤ ਸਮੇਂ ਵਿਚ ਜਮ ਤੁਹਾਨੂੰ ਵੇਖ ਭੀ ਨਹੀਂ ਸਕੇਗਾ, ਇਸ ਲਈ ਸਭ ਦਾ ਪਿਆਰਾ ਜੋ ਹਰੀ ਰਾਮ ਹੈ, ਉਸ ਨੂੰ ਬੋਲਹੁ=ਉਚਾਰਨਾ ਕਰੋ ॥ ੫ ॥

ਸਤਿਗੁਰੁ ਪੁਰਖੁ ਦਾਤਾ ਵਡ ਦਾਨਾ ॥
ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਨਾ ॥

ਸਤਿਗੁਰੂ ਪੁਰਖ ਵੱਡਾ ਦਾਤਾ ਦਾਨਾ ਜਾਣਿਆ ਜਾਂਦਾ ਹੈ, ਜਾਂ ਵੱਡਾ ਦਾਤਾ ਦੇ ਦਾਨਾ=ਸਿਆਣਾ ਹੈ। ਜਿਸ ਦੇ ਅੰਦਰ ਸੱਚ ਨਾਮ ਹੈ ਉਹ ਸਬਦਿ=ਬ੍ਰਹਮ ਵਿਚ ਸਮਾਂਵਦਾ ਹੈ।

ਜਿਸ ਕਉ ਸਤਿਗੁਰੁ ਮੇਲਿ ਮਿਲਾਏ ਤਿਸੁ ਚੂਕਾ ਜਮ ਭੈ ਭਾਰਾ ਹੇ ॥ ੬ ॥

ਜਿਸ ਨੂੰ ਸਤਿਗੁਰ ਦੇਵ ਜੀ ਆਪਣੇ ਮੇਲ ਵਿਚ ਮਿਲਾਂਵਦੇ ਹਨ ਉਸ ਦੇ ਸਿਰ ਉਤੋਂ ਪਾਪਾਂ ਦਾ ਭਾਰ ਅਤੇ ਜਮਾਂ ਦਾ ਭੈ=ਡਰ, ਚੂਕਾ=ਦੂਰ ਹੋ ਜਾਂਦਾ ਹੈ ॥ ੬ ॥

ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥

ਪ੍ਰਥਮ ਪੰਜਾਂ ਤੱਤਾਂ ਨੂੰ ਮਿਲਾ ਕੇ ਇਹ ਦੇਹ ਰਚਨਾ ਕੀਤੀ ਹੈ। ਉਸ ਦੇਹ ਵਿਚ ਗੁਰਮੁਖਾਂ ਨੇ ਰਤਨੁ=ਅਮੋਲਕ ਰਾਮ ਨੂੰ ਲੈ ਚੀਨੀ=ਜਾਣ ਲਿਆ ਹੈ।

ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥ ੭ ॥

ਆਤਮ=ਜੀਵ ਰਾਮ ਰੂਪ ਹੈ ਤੇ ਰਾਮ ਆਤਮ=ਜੀਵ ਰੂਪ ਹੈ, ਇਸ ਅਭੇਦ ਸ਼ਬਦ ਦੇ ਵੀਚਾਰਨ ਕਰਕੇ ਹਰੀ ਪਾਈਦਾ ਹੈ ॥ ੭ ॥

ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥

ਹੇ ਭਾਈ ਜਨੋ ! ਸੱਤ ਸੰਤੋਖ ਆਦਿਕ ਸ਼ੁਭ ਗੁਣਾਂ ਵਿਚ ਰਹਿਣਾ ਕਰੋ ਅਤੇ ਸਤਿਗੁਰਾਂ ਦੀ ਸ਼ਰਨ ਵਿਚ ਪੈ ਕੇ ਖਿਮਾਂ ਗੁਣ ਨੂੰ ਧਾਰਨ ਕਰੋ।

www.sikhbookclub.com

ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥ ੮॥

ਗੁਰੂ ਦੀ ਸੰਗਤ ਕਰਕੇ ਪਹਿਲੇ ਆਤਮੁ ਚੀਨਿ=ਆਪਣੇ ਆਪ ਨੂੰ ਜਾਣੋ ਕਿ ਮੇਰਾ ਕੀ ਸਰੂਪ ਹੈ, ਫੇਰ ਪਰਮਾਤਮਾ ਨੂੰ ਚੀਨਹੁ=ਜਾਣੋ ਕਿ ਉਹ ਸੱਤ, ਚਿਤ, ਆਨੰਦ ਸਰੂਪ ਪਰਮਾਤਮਾ ਸਾਰੇ ਵਿਆਪਕ ਹੈ, ਇਸ ਤਰ੍ਹਾਂ ਕਰਨ ਨਾਲ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੮॥

ਸਾਕਤ ਕੂੜ ਕਪਟ ਮਹਿ ਟੇਕਾ॥ ਅਹਿਨਿਸਿ ਨਿੰਦਾ ਕਰਹਿ ਅਨੇਕਾ॥

ਸਾਕਤ=ਮਨਮੁਖ ਪੁਰਸ਼ ਝੂਠ ਤੇ ਕਪਟ ਆਦਿਕਾਂ ਵਿਚ ਟੇਕਾ=ਟਿਕ ਰਿਹਾ ਹੈ, ਜਾਂ ਮਨਮੁਖ ਦੇ ਹਿਰਦੇ ਵਿਚ ਕੂੜ ਤੇ ਕਪਟ ਦੀ ਟੇਕਾ=ਓਟ ਹੈ। ਇਸ ਕਰਕੇ ਉਹ ਦਿਨ ਰਾਤ ਅਨੇਕ ਤਰ੍ਹਾਂ ਦੀ ਨਿੰਦਿਆਂ ਕਰਦਾ ਹੈ, ਜਾਂ ਅਨੇਕਾਂ ਪੁਰਸ਼ਾਂ ਦੀ ਨਿੰਦਿਆਂ ਕਰਦਾ ਹੈ।

ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ॥ ੯॥

ਨਾਮ ਸਿਮਰਨ ਤੋਂ ਬਿਨਾਂ ਹੋਣ ਕਰਕੇ ਨਰਕ ਰੂਪ ਮਾਂ ਦੀ ਗਰਭ ਜੂਨੀ ਵਿਚ ਆਉਂਦੇ ਤੇ ਜਾਂਦੇ ਹਨ, ਜਾਂ ਸਿਮਰਨ ਤੋਂ ਬਿਨਾਂ ਹੋਣ ਕਰਕੇ ਮਾਂ ਦੀ ਗਰਭ ਜੂਨੀ ਵਿਚ ਆਉਂਦੇ ਹਨ, ਪੁਨਾ ਅੰਤ ਨੂੰ ਨਰਕ ਵਿਚ ਜਾ ਪੈਂਦੇ ਹਨ॥ ੯॥

ਸਾਕਤ ਜਮ ਕੀ ਕਾਣਿ ਨ ਚੂਕੈ॥ ਜਮ ਕਾ ਡੰਡੁ ਨ ਕਬਹੂ ਮੂਕੈ॥

ਸਾਕਤ=ਮਨਮੁਖ ਦੇ ਸਿਰ ਤੋਂ ਜਮ ਦੀ ਕਾਨ ਕਨੌਡ ਨ ਚੂਕੈ=ਦੂਰ ਨਹੀਂ ਹੁੰਦੀ ਅਤੇ ਜਮਾਂ ਦਾ ਡੰਡਾ ਭੀ ਕਦੇ ਮੁਕਦਾ ਨਹੀਂ ਹੈ। ਅਰਥਾਤ ਹਰ ਵੇਲੇ ਜਮ ਡੰਡਾ ਲੈ ਕੇ ਉਸ ਨੂੰ ਕੁਟਦਾ ਹੀ ਰਹਿੰਦਾ ਹੈ।

ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ॥ ੧੦॥

ਉਸ ਦੇ ਪਾਸੋਂ ਧਰਮ ਰਾਜਾ ਕੀ ਬਾਕੀ ਲੀਤੀ ਜਾਂਦੀ ਹੈ, ਕਿਉਂਕਿ ਉਸ ਦੇ ਸਿਰ ਉਤੇ ਅਫਰਿਓ=ਅਸਹੈ ਪਾਪਾਂ ਦਾ ਭਾਰ ਹੈ ਤੇ ਹੰਕਾਰ ਦਾ ਅਫਾਰਾ ਚੜ੍ਹਿਆ ਰਹਿੰਦਾ ਹੈ॥ ੧੦॥

ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ॥ ਹਉਮੈ ਕਰਤਾ ਭਵਜਲਿ ਪਰਿਆ॥

ਕਹੋ ਖਾਂ ! ਗੁਰਾਂ ਤੋਂ ਬਿਨਾਂ ਕੇਹੜਾ ਸਾਕਤ ਤਰਿਆ ਹੈ। ਹਉਮੈ ਕਰਤਾ=ਹੰਗਤਾ ਮਮਤਾ ਕਰਨ ਵਾਲਾ ਪੁਰਸ਼ ਸੰਸਾਰ ਸਮੁੰਦਰ ਦੇ ਵਿਚ ਹੀ ਪਿਆ ਰਹਿੰਦਾ ਹੈ।

ਬਿਨੁ ਗੁਰ ਪਾਰੁ ਨ ਪਾਵੈ ਕੋਈ ਹਰਿ ਜਪੀਐ ਪਾਰਿ ਉਤਾਰਾ ਹੇ॥ ੧੧॥

ਗੁਰੂ ਤੋਂ ਬਿਨਾਂ ਕੋਈ ਭੀ ਸੰਸਾਰ ਤੋਂ ਪਾਰ ਹੋਣਾ ਨਹੀਂ ਪਾਂਦਾ। ਹਰੀ ਨਾਮ ਨੂੰ ਜਪੀਏ ਤਾਂ ਹੀ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ॥ ੧੧॥

ਗੁਰ ਕੀ ਦਾਤਿ ਨ ਮੇਟੈ ਕੋਈ॥ ਜਿਸੁ ਬਖਸੇ ਤਿਸੁ ਤਾਰੇ ਸੋਈ॥

ਗੁਰਾਂ ਦੀ ਬਖਸ਼ਿਸ਼ ਰੂਪ ਦਾਤ ਨੂੰ ਕੋਈ ਨਹੀਂ ਮੇਟ ਸਕਦਾ। ਜਿਸ ਨੂੰ ਗੁਰੂ ਬਖਸ਼ਦੇ ਹਨ ਉਸ ਨੂੰ ਉਹ ਆਪ ਹੀ ਤਾਰ ਦੇਂਦੇ ਹਨ।

ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ॥ ੧੨॥

ਜਿਨਾਂ ਦੇ ਮਨ ਵਿਚ ਉਹ ਅਪਰ ਅਪਾਰ ਪ੍ਰਭੂ ਵਸ ਰਿਹਾ ਹੈ, ਜਨਮ ਮਰਨ ਰੂਪ ਦੁੱਖ ਉਹਨਾਂ ਦੇ ਕੋਲ

www.sikhbookclub.com

ਨਹੀਂ ਆਉਂਦੇ ॥ ੧੨ ॥

ਗੁਰ ਤੇ ਭੂਲੇ ਆਵਹੁ ਜਾਵਹੁ ॥ ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥

ਹੇ ਭਾਈ ! ਗੁਰੂ ਤੋਂ ਭੁਲੇ ਹੋਏ ਹੋ ਇਸ ਕਰਕੇ ਆਉਂਦੇ ਜਾਂਦੇ ਰਹੋਗੇ, ਪੁਨਾ ਪਾਪ ਕਰਮਾਂ ਨੂੰ ਕਮਾਂਵਦੇ ਹੋ ਇਕ ਲਈ ਜੰਮਦੇ ਮਰਦੇ ਰਹੋਗੇ। ਇਸ ਤਰ੍ਹਾਂ ਭੀ ਅਰਥ ਕਰਦੇ ਹਨ-

ਹੇ ਗੁਰੂ ਦੀ ਸੇਵਾ ਤੋਂ ਭੁਲੇ ਹੋਏ ਲੋਕੋ ! ਤੁਸੀਂ ਪਾਪ ਕਰਮਾਂ ਨੂੰ ਕਮਾਉਂਦੇ ਹੋ, ਇਸ ਲਈ ਜਨਮਿ ਮਰਹੁ=ਜਨਮ ਮਰਨ ਵਿਚ ਆਉਂਦੇ ਜਾਂਦੇ ਰਹੋਗੇ।

ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥ ੧੩ ॥

ਹੇ ਭਾਈ ! ਮੂਰਖ ਸਾਕਤ ਅਚੇਤ=ਅਗਿਆਤ ਜਾਂ ਜੜ੍ਹ ਹਨ ਪਰਮੇਸ਼ਰ ਨੂੰ ਪਹਿਲੇ ਯਾਦ ਨਹੀਂ ਕਰਦੇ, ਜਿਸ ਵੇਲੇ ਦੁੱਖ ਆ ਕੇ ਲਗਦਾ ਹੈ ਤਾਂ ਰਾਮ ਨੂੰ ਪੁਕਾਰਦੇ ਹਨ, ਹੇ ਰਾਮ ! ਬਖਸ਼ ਲੈ।

ਅਥਵਾ:- ਜਿਸ ਵੇਲੇ ਸੰਤ ਮਹਾਤਮਾ ਰਾਮ ਨਾਮ ਨੂੰ ਪੁਕਾਰਦੇ ਹਨ ਤਾਂ ਸਾਕਤਾਂ ਨੂੰ ਸੁਣ ਦੇ ਦੁੱਖ ਲਗਦਾ ਹੈ। *ਯਥਾ:-* ਨਾਮ ਸੁਨ ਜਨ ਬਿਛੂਅ ਡਸਾਨਾ ॥

ਜਾਂ ਸ਼ਰਧਾ-ਭਾਵ ਨਾਲ ਰਾਮ ਨਾਮ ਪੁਕਾਰਨਾ ਕਰੇ ਤਾਂ ਦੁਖ ਲਾਗੈ=ਲਾਂਭੇ ਹੋ ਜਾਂਦਾ ਹੈ ॥ ੧੩ ॥

ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥

ਪੂਰਬਲੇ ਜਨਮ ਦੇ ਕੀਤੇ ਹੋਏ ਕਰਮਾਂ ਅਨੁਸਾਰ ਸੁਖ ਦੁੱਖ ਆ ਕੇ ਮਿਲਦੇ ਹਨ। ਉਹ ਪ੍ਰਭੂ ਹੀ ਜਾਣਦਾ ਹੈ ਜਿਸ ਦਾਤੇ ਨੇ ਕਰਮਾਂ ਦੇ ਫਲ ਦਿਤੇ ਹਨ।

ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥ ੧੪ ॥

ਹੇ ਪ੍ਰਾਣੀ ! ਤੂੰ ਕਿਸ ਨੂੰ ਦੋਸ਼ ਦੇਂਦਾ ਹੈ, ਆਪਣੇ ਕੀਤੇ ਕਰਮਾਂ ਦਾ ਫਲ ਕਰਾਰਾ=ਤਕੜਾ ਹੋ ਕੇ ਸਹੁ=ਸਹਾਰਨਾ ਕਰ ॥ ੧੪ ॥

ਯਥਾ:- ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨੧ ॥ *(ਪੰਨਾ ੪੩੩)*

[ਪੰਨਾ ੧੦੩੧]

ਹਉਮੈ ਮਮਤਾ ਕਰਦਾ ਆਇਆ ॥ ਆਸਾ ਮਨਸਾ ਬੰਧਿ ਚਲਾਇਆ ॥

ਹੇ ਪੁਰਸ਼ਾ ! ਤੂੰ ਅਨੇਕ ਜਨਮਾਂ ਤੋਂ ਹੰਗਤਾ ਮਮਤਾ ਕਰਦਾ ਆਇਆ ਹੈਂ। ਆਸਾ ਤੇ ਮਨਸਾ ਨੇ ਹੀ ਤੈਨੂੰ ਬੰਨ੍ਹ ਕੇ ਤੋਰਿਆ ਹੈ, ਜਾਂ ਮਨਸਾ=ਬੁੱਧੀ ਵਿਚ ਜੋ ਆਸਾ ਹੈ ਉਸ ਦੇ ਅਨੁਸਾਰ ਜਮਾਂ ਨੇ ਬੰਨ੍ਹ ਕੇ ਜਮ ਰਸਤੇ ਵਿਚ ਤੈਨੂੰ ਚਲਾਇਆ=ਤੋਰਿਆ ਹੈ।

ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥ ੧੫ ॥

ਤੂੰ ਜੋ ਮੇਰੀ ਮੇਰੀ ਕਰਦਾ ਹੈਂ ਦੱਸ ਖਾਂ ਅੰਤ ਵੇਲੇ ਇਸ ਲੋਕ ਵਿਚੋਂ ਕੀ ਲੈ ਕੇ ਪ੍ਰਲੋਕ ਵਿਚ ਚਲੇਂਗਾ, ਵਿਸ਼ੇ ਵਿਕਾਰਾਂ ਰੂਪੀ ਸਵਾਹ ਨੂੰ ਤੂੰ ਲੱਦ ਰਿਹਾ ਹੈਂ ॥ ੧੫ ॥

ਹਰਿ ਕੀ ਭਗਤਿ ਕਰਹੁ ਜਨ ਭਾਈ ॥ ਅਕਥੁ ਕਥਹੁ ਮਨੁ ਮਨਹਿ ਸਮਾਈ ॥

ਹੇ ਭਾਈ ਜਨੋ ! ਤੁਸੀਂ ਹਰੀ ਦੀ ਪ੍ਰੇਮਾ ਭਗਤੀ ਕਰੋ ਤੇ ਅਕਥ ਪ੍ਰਭੂ ਦੇ ਜਸ ਨੂੰ ਕਥੋ ਤਾਂ ਮਨ ਦੀਆਂ ਵਾਸ਼ਨਾਂ ਮਨ ਦੇ ਵਿਚ ਹੀ ਸਮਾਅ ਜਾਣਗੀਆਂ।

ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ ॥੧੬॥

ਪਦਾਰਥਾਂ ਦੀ ਪ੍ਰਾਪਤੀ ਵਾਸਤੇ ਇਹ ਜੋ ਮਨ ਉਠ ਉਠ ਕੇ ਦੌੜਦਾ ਹੈ, ਇਸ ਮਨ ਨੂੰ ਠਾਕਿ=ਰੋਕ ਕੇ ਆਪਣੇ ਸਰੂਪ ਘਰ ਵਿਚ ਰਖਣਾ ਕਰੋ, ਤਾਂ ਕੱਟਣ ਵਾਲਾ ਪ੍ਰਭੂ ਤੁਹਾਡੇ ਦੁੱਖ ਕੱਟੇਗਾ ॥ ੧੬ ॥

ਹਰਿ ਗੁਰ ਪੂਰੇ ਕੀ ਓਟ ਪਰਾਤੀ ॥ ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥

ਜਿਸ ਗੁਰਮੁਖ ਨੇ ਪੂਰਿਆਂ ਗੁਰਾਂ ਦੁਆਰੇ ਹਰੀ ਦੀ ਓਟ ਗ੍ਰਹਿਣ ਕਰਨੀ ਪਰਾਤੀ=ਪਛਾਣੀ ਹੈ। ਉਸ ਗੁਰਮੁਖ ਨੇ ਹਰੀ ਵਿਚ ਲਿਵ ਲਗਾਣੀ ਜਾਣੀ ਹੈ।

ਨਾਨਕ ਰਾਮ ਨਾਮਿ ਮਤਿ ਊਤਮ
ਹਰਿ ਬਖਸੇ ਪਾਰਿ ਉਤਾਰਾ ਹੇ ॥ ੧੭ ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ—ਰਾਮ ਨਾਮ ਜਪਣੇ ਕਰਕੇ ਜਿਸ ਦੀ ਮਤੀ ਉਤਮ ਹੋਈ ਹੈ, ਹਰੀ ਨੇ ਉਸ ਦੇ ਔਗੁਣ ਬਖਸ਼ ਕੇ ਉਸ ਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰਿਆ ਹੈ ॥ ੧੭ ॥ ੪ ॥ ੧੦ ॥

ਮਾਰੂ ਮਹਲਾ ੧ ॥

ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਪਰਮੇਸ਼ਰ ਹੀ ਹਨ, ਹੇ ਗੁਰਦੇਵ ! ਤੇਰੀ ਸ਼ਰਣੀ ਪਏ ਹਾਂ, ਹੇ ਦਿਆਲੂ ਮੁਰਾਰੀ ! ਤੂੰ ਹੀ ਸਭਨੀਂ ਗੱਲੀਂ ਸਮਰਥ ਹੈਂ।

ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥ ੧ ॥

ਤੇਰਿਆਂ ਚੋਜ=ਕੌਤਕਾਂ ਨੂੰ ਕੋਈ ਭੀ ਨਹੀਂ ਜਾਣ ਸਕਦਾ ਤੂੰ ਹੀ ਪੂਰਨ ਪੁਰਖ ਬਿਧਾਤਾ=ਫਲ ਬਰ ਦਾਤਾ ਹੈਂ ॥ ੧ ॥

ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥
ਘਟਿ ਘਟਿ ਰੂਪੁ ਅਨੂਪੁ ਦਇਆਲਾ ॥

ਤੂੰਹੀਂ ਆਦਿ ਜੁਗਾਦਿ=ਸਦਾ ਸਦਾ ਸਾਰਿਆਂ ਦੀ ਪਾਲਣਾ ਕਰਦਾ ਹੈਂ। ਹੇ ਦਿਆਲੂ ! ਘਟਾਂ ਘਟਾਂ ਵਿਚ ਤੇਰਾ ਹੀ ਅਨੂਪੰ ਰੂਪ ਪੂਰਨ ਹੈ।

ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥ ੨ ॥

ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਤੂੰ ਸਭਨਾਂ ਨੂੰ ਤੋਰਦਾ ਹੈਂ, ਤੇਰਾ ਕੀਤਾ ਹੋਇਆ ਜੋ ਹੁਕਮ ਹੈ ਉਸ ਨੂੰ ਸਾਰਾ ਸੰਸਾਰ ਕਮਾਂਦਾ ਹੈ ॥ ੨ ॥

ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥

ਹੇ ਜਗਜੀਵਨ ਪਰਮਾਤਮਾ ! ਸਭ ਦੇ ਅੰਦਰ ਆਪ ਜੀ ਦੀ ਭਲੀ ਜੋਤ ਪ੍ਰਕਾਸ਼ ਰਹੀ ਹੈ, ਹੇ ਹਰੀ ! ਤੂੰ

www.sikhbookclub.com

ਹੀ ਭੋਗਤਾ ਹੋ ਕੇ ਸਾਰਿਆਂ ਘਟਾਂ ਵਿਚ ਪਦਾਰਥਾਂ ਨੂੰ ਭੋਗ ਰਿਹਾ ਹੈਂ ਤੇ ਰਸਾਂ ਨੂੰ ਪੀਂਦਾ ਹੈਂ।

ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ॥ ੩॥

ਹੇ ਸਾਰੇ ਜਗਤ ਦੇ ਪਿਤਾ, ਤਿੰਨਾਂ ਲੋਕਾਂ ਦੇ ਦਾਤਾ ਪ੍ਰਭੂ ! ਤੂੰ ਆਪ ਹੀ ਜਗਿਆਸੂ ਰੂਪ ਹੋ ਕੇ ਉਪਦੇਸ਼ ਲੈਂਦਾ ਹੈਂ ਤੇ ਆਪ ਹੀ ਗੁਰੂ ਰੂਪ ਹੋ ਦੇਂਦਾ ਹੈਂ॥ ੩॥

ਜਗਤੁ ਉਪਾਇ ਖੇਲੁ ਰਚਾਇਆ॥ ਪਵਣੈ ਪਾਣੀ ਅਗਨੀ ਜੀਉ ਪਾਇਆ॥

ਜਗਤ ਨੂੰ ਪੈਦਾ ਕਰਕੇ ਤੁਸਾਂ ਨੇ ਇਕ ਖੇਲ ਬਣਾਇਆ ਹੈ। ਹਵਾ, ਪਾਣੀ ਤੇ ਅੱਗ ਆਦਿਕ ਪੰਜਾਂ ਤੱਤਾਂ ਤੋਂ ਦੇਹ ਰਚ ਕੇ ਵਿਚ ਜੀਵ ਨੂੰ ਪਾਇਆ ਹੈ, ਵਾ:- ਜੀਉ=ਚੇਤਨ ਸੱਤਾ ਨੂੰ ਪਾਇਆ ਹੈ।

ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ॥ ੪॥

ਦੇਹ ਰੂਪ ਨਗਰੀ ਦੇ ਨੌ ਦਰਵਾਜ਼ੇ ਖੁਲ੍ਹੇ ਰਖੇ ਹਨ ਅਤੇ ਉਸ ਦਾ ਦਸਵਾਂ ਦੁਆਰ ਗੁਪਤ ਰਖਣਾ ਕੀਤਾ ਹੈ॥ ੪॥

ਚਾਰਿ ਨਦੀ ਅਗਨੀ ਅਸਰਾਲਾ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ॥

ਹਿੰਸਿਆ, ਮੋਹ, ਲੋਭ ਤੇ ਕਰੋਧ ਇਹ ਚਾਰੇ ਅਸਰਾਲਾ=ਭਿਆਨਕ (ਡਰੌਣੀਆਂ) ਅੱਗ ਦੀਆਂ ਨਦੀਆ ਹਨ।

ਯਥਾ:- ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥ *(ਪੰਨਾ ੧੪੭)*

ਕੋਈ ਵਿਰਲਾ ਹੀ ਗੁਰਮੁਖ ਸਤਿਗੁਰਾਂ ਦੇ ਸ਼ਬਦ ਨੂੰ ਸਮਝ ਕੇ ਅੱਗ ਦੀਆਂ ਨਦੀਆਂ ਤੋਂ ਨਿਰਾਲਾ=ਅਸੰਗ ਹੋਇਆ ਹੈ।

ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ॥ ੫॥

ਸਾਕਤ ਪੁਰਸ਼ ਦੁਰਮਤਿ=ਖੋਟੀ ਮਤ ਕਰਕੇ ਇਹਨਾਂ ਨਦੀਆਂ ਵਿਚ ਡੁਬਦੇ ਤੇ ਦਾਝਹਿ=ਸੜਦੇ ਹਨ, ਜੇਹੜਾ ਹਰੀ ਦੀ ਲਿਵ ਵਿਚ ਰੱਤਾ ਗਿਆ ਹੈ ਉਸ ਦਾ ਗੁਰੂ ਰਾਖਾ ਹੋਇਆ ਹੈ॥ ੫॥

ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ॥ ਤਿਨ ਮਹਿ ਪੰਚ ਤਤੁ ਘਰਿ ਵਾਸਾ॥

ਅਪੁ=ਪਾਣੀ, ਤੇਜੁ=ਅੱਗ, ਵਾਇ=ਹਵਾ, ਪ੍ਰਿਥਵੀ ਤੇ ਅਕਾਸ਼, ਇੰਨ੍ਹਾਂ ਪੰਜਾਂ ਤੱਤਾਂ ਦਾ ਘਰ ਜੋ ਸੰਸਾਰ ਹੈ ਤਿਸ ਵਿਚ ਪਰਮੇਸ਼ਰ ਵਸ ਰਿਹਾ ਹੈ,

ਵਾ:- ਇੰਨ੍ਹਾਂ ਪੰਜਾਂ ਤੱਤਾਂ ਦੇ ਘਰ ਸੰਸਾਰ ਵਿਚ ਜੀਵ ਵਸ ਰਿਹਾ ਹੈ।

ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ॥ ੬॥

ਜੇਹੜਾ ਪੁਰਸ਼ ਸਤਿਗੁਰਾਂ ਦੇ ਸ਼ਬਦ ਕਰਕੇ ਪ੍ਰਭੂ ਦੇ ਰੰਗਿ=ਪ੍ਰੇਮ ਵਿਚ ਰੱਤਾ ਰਹਿੰਦਾ ਹੈ, ਉਸ ਨੇ ਮਾਇਆ ਨੂੰ ਹੰਗਤਾ ਮਮਤਾ ਨੂੰ ਅਤੇ ਭ੍ਰਾਂਤੀ ਨੂੰ ਤਿਆਗ ਦਿੱਤਾ ਹੈ॥ ੬॥

ਇਹੁ ਮਨੁ ਭੀਜੈ ਸਬਦਿ ਪਤੀਜੈ॥ ਬਿਨੁ ਨਾਵੈ ਕਿਆ ਟੇਕ ਟਿਕੀਜੈ॥

ਗੁਰਾਂ ਦੇ ਸ਼ਬਦ ਵਿਚ ਪਤੀਜੈ=ਭਰੋਸਾ ਕਰੇ ਤਾਂ ਹੀ ਇਹ ਮਨ ਪ੍ਰੇਮ ਵਿਚ ਭਿਜਦਾ ਹੈ। ਨਾਮ ਤੋਂ ਬਿਨਾਂ

www.sikhbookclub.com

ਹੋਰ ਕਿਸ ਟੇਕ ਨਾਲ ਇਸ ਨੂੰ ਟਿਕਾਇਆ ਜਾਂਦਾ ਹੈ, ਜਾਂ ਨਾਮ ਤੋਂ ਬਿਨਾਂ ਹੋਰ ਕਿੰਸ ਟੇਕ=ਆਸਰੇ ਨੂੰ ਟਿਕੀਜੈ=ਗ੍ਰਹਿਣ ਕਰਨਾ ਹੈ।

ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ॥ ੭॥

ਸਰੀਰ ਘਰ ਦੇ ਮੰਦਰੁ=ਅੰਦਰ ਮਨ ਰੂਪੀ ਚੋਰ ਹੈ ਜੋ ਅੰਤਰਾ ਭੇਦ ਪਾ ਕੇ ਮੁਹੈ=ਠੱਗ ਰਿਹਾ ਹੈ ਪਰ ਇਸ ਸਾਕਤ ਦੂਤ ਨੇ ਉਸ ਨੂੰ ਫੜਨਾ ਜਾਣਿਆ ਨਹੀਂ ਹੈ। ਅਥਵਾ:- ਸਰੀਰ ਘਰ ਦੇ ਅੰਦਰ ਜੋ ਅੰਤਰਿ= ਅੰਤਹਕਰਣ ਹੈ ਉਸ ਵਿਚੋਂ ਸ਼ੁਭ ਗੁਣਾਂ ਰੂਪੀ ਧਨ ਨੂੰ ਕਾਮ, ਕ੍ਰੋਧ ਆਦਿਕ ਚੋਰ ਮੁਹੈ=ਲੁਟ ਰਹੇ ਹਨ ਪਰ ਇਸ ਸਾਕਤ ਨੇ ਉਹਨਾਂ ਦੂਤਾਂ ਨੂੰ ਵਸੀਕਾਰ ਕੰਰਨਾ ਨਹੀਂ ਜਾਣਿਆਂ॥ ੭॥

ਦੁੰਦਰ ਦੂਤ ਭੂਤ ਭੀਹਾਲੇ॥ ਖਿੰਚੋਤਾਣਿ ਕਰਹਿ ਬੇਤਾਲੇ॥

ਦੁੰਦਰ=ਦੁੰਦ (ਦ੍ਵੈਤ) ਪਾਣ ਵਾਲੇ ਕਾਮ ਆਦਿਕ ਦੂਤ ਭੂਤਾਂ ਵਾਂਗੂ ਭੀਹਾਲੇ=ਭਿਆਨਕ (ਡਰਾਉਣੇ) ਹਨ। ਜੋ ਖਿੰਜੋਤਾਣ ਕਰਕੇ ਅਰਥਾਤ ਆਪੋ ਆਪਣੀ ਤਰਫ਼ ਖਿਚੋ ਖਿਚੀ ਕਰਕੇ ਜੀਵ ਨੂੰ ਬੇਤਾਲੇ=ਭੂਤਨਾ, ਵਾ:- ਤਾਲੇ=ਸਰੂਪ ਤੋਂ ਬੇ=ਰਹਿਤ ਕਰ ਦੇਂਦੇ ਹੁਨ।

ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ॥ ੮॥

ਗੁਰ ਸ਼ਬਦ ਦੀ ਸੁਰਤ ਤੋਂ ਬਿਨਾਂ ਇਹ ਜੀਵ ਔਂਦਾ ਜਾਂਦਾ ਹੈ ਅਤੇ ਆਉਣ ਜਾਣੇ ਵਿਚ ਹੀ ਭਾਵ ਜੰਮਣ ਮਰਨ ਵਿਚ ਹੀ ਇਸ ਨੇ ਪਤਿ ਖੋਈ=ਇੱਜ਼ਤ ਗੁਆ ਲਈ ਹੈ॥ ੮॥

ਕੂੜੁ ਕਲਰੁ ਤਨੁ ਭਸਮੈ ਢੇਰੀ॥ ਬਿਨੁ ਨਾਵੈ ਕੈਸੀ ਪਤਿ ਤੇਰੀ॥

ਹੇ ਜੀਵ ! ਇਸ ਤਨ ਰੂਪੀ ਕੰਧ ਨੂੰ ਕੂੜੁ=ਝੂਠ ਬੋਲਣੇ ਰੂਪੀ ਕਲਰ ਲਗ ਰਿਹਾ ਹੈ? ਜਿਸ ਕੰਧ ਨੂੰ ਕਲਰ ਲਗ ਜਾਵੇ ਉਹ ਕੰਧ ਡਿਗ ਪੈਂਦੀ ਹੈ, ਇਸ ਕਰਕੇ ਇਸ ਨੇ ਭੀ ਸਵਾਹ ਦੀ ਢੇਰੀ ਹੋ ਜਾਣਾ ਹੈ। ਨਾਮ ਸਿਮਰਨ ਤੋਂ ਬਿਨਾਂ ਕਿਸ ਤਰ੍ਹਾਂ ਤੇਰੀ ਇੱਜ਼ਤ ਹੋਵੇਗੀ।

ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮ ਕੰਕਰਿ ਕਾਲਿ ਪਰਾਤਾ ਹੇ॥ ੯॥

ਮੋਹ ਵਿਚ ਬੱਧੇ ਹੋਇਆਂ ਦੀ ਚਾਰਿਆਂ ਜੁਗਾਂ ਵਿਚ ਮੁਕਤੀ ਨਹੀਂ ਹੁੰਦੀ। ਜਮਕਾਲ ਦੇ ਕੰਕਰਾਂ ਨੇ ਉਸ ਦੇ ਮਾਰਨੇ ਦਾ ਸਮਾਂ ਪਰਾਤਾ=ਪਛਾਣਿਆਂ ਹੋਇਆ ਹੈ, ਵਾ:- ਜਮ ਕਾਲ ਦੇ ਕੰਕਰਾਂ ਨੇ ਉਸ ਨੂੰ ਧੋਬੀ ਦੇ ਕਪੜੇ ਵਾਂਗੂ ਪਰਾਤਾ=ਪਛਾੜਿਆ ਹੈ, ਵਾ:- ਜਮ ਕਾਲ ਦੇ ਕੰਕਰਾਂ ਨੇ ਉਸ ਨੂੰ ਆਪਣੇ ਜਾਲ ਵਿਚ ਪਰਾਤਾ= ਫਸਾਇਆ ਹੈ॥ ੯॥

ਜਮ ਦਰਿ ਬਾਧੇ ਮਿਲਹਿ ਸਜਾਈ॥ ਤਿਸੁ ਅਪਰਾਧੀ ਗਤਿ ਨਹੀ ਕਾਈ॥

ਜਮਾਂ ਦੇ ਦਰਵਾਜ਼ੇ ਵਿਚ ਬੱਧੇ ਹੋਏ ਪਾਪੀ ਨੂੰ ਬੜੀ ਭਾਰੀ ਸਜਾ ਮਿਲਦੀ ਹੈ। ਉਸ ਅਪਰਾਧੀ ਦੀ ਕਿਸੇ ਤਰ੍ਹਾਂ ਕਰਕੇ ਭੀ ਗਤੀ ਨਹੀਂ ਹੁੰਦੀ।

ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ॥ ੧੦॥

ਕਰਣ=ਕੀਰਨੇ ਤੇ ਪਲਾਵ=ਜਤਨ ਕਰਦਾ ਹੋਇਆ ਇਸ ਤਰ੍ਹਾਂ ਵਿਰਲਾਪ ਕਰਦਾ ਹੈ, ਜਿਵੇਂ ਮੀਨੁ=ਮੱਛ ਕੁੰਡੀ ਵਿਚ ਪਰਾਤਾ=ਪਿਆ ਹੋਇਆ ਦੁੱਖੀ ਹੁੰਦਾ ਹੈ॥ ੧੦॥

ਸਾਕਤੁ ਫਾਸੀ ਪੜੈ ਇਕੇਲਾ॥ ਜਮ ਵਸਿ ਕੀਆ ਅੰਧੁ ਦੁਹੇਲਾ॥

ਸਾਕਤੁ=ਮਨਮੁਖ ਪੁਰਸ਼ ਇਕੱਲਾ ਹੀ ਫਾਹੀ ਵਿਚ ਆ ਪੈਂਦਾ ਹੈ। ਜਮਾਂ ਦਾ ਵਸੀਕਾਰ ਕੀਤਾ ਹੋਇਆ ਅੰਨ੍ਹਾਂ ਅਗਿਆਨੀ ਪੁਰਸ਼ ਦੁਹੇਲਾ=ਦੁੱਖੀ ਹੁੰਦਾ ਹੈ।

ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ॥੧੧॥

ਰਾਮ ਨਾਮ ਤੋਂ ਬਿਨਾਂ ਮੁਕਤ=ਛੁਟਕਾਰੇ ਦਾ ਕੋਈ ਸਾਧਨ ਨਹੀਂ ਦਿੱਸਦਾ, ਜਾਂ ਮੁਕਤੀ ਹੋਣ ਦਾ ਕੋਈ ਸਾਧਨ ਨਹੀਂ ਸੁਝਦਾ, ਅੱਜ ਕੱਲ੍ਹ ਕਰਦਿਆਂ ਹੀ ਇਸ ਨੇ ਪਚਿ ਜਾਤਾ=ਸੜ ਜਾਣਾ ਹੈ॥ ੧॥

ਸਤਿਗੁਰ ਬਾਝੁ ਨ ਬੇਲੀ ਕੋਈ॥ ਐਥੈ ਓਥੈ ਰਾਖਾ ਪ੍ਰਭੁ ਸੋਈ॥

ਸਤਿਗੁਰਾਂ ਤੋਂ ਬਿਨਾਂ ਨਿਗੁਰੇ ਪੁਰਸ਼ ਦਾ ਕੋਈ ਸਹਾਇਕ ਨਹੀਂ ਹੁੰਦਾ। ਐਥੈ ਓਥੈ=ਲੋਕ ਪ੍ਰਲੋਕ ਵਿਚ ਉਹ ਪ੍ਰਭੂ=ਸਮਰੱਥ ਗੁਰੂ ਹੀ ਰਾਖਾ ਹੈ।

ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ॥੧੨॥

ਗੁਰੂ ਕਿਰਪਾ ਦ੍ਰਿਸ਼ਟੀ ਕਰਕੇ ਜਿਸ ਨੂੰ ਰਾਮ ਨਾਮ ਦਾ ਉਪਦੇਸ਼ ਦਿੰਦੇ ਹਨ, ਉਸ ਨੂੰ ਬ੍ਰਹਮ ਵਿਚ ਇਸ ਤਰ੍ਹਾਂ ਅਭੇਦ ਕਰਦੇ ਹਨ, ਜਿਵੇਂ ਸਲਲੈ=ਪਾਣੀ ਵਿਚ ਸਲਲ=ਪਾਣੀ ਮਿਲ ਜਾਂਦਾ ਹੈ॥ ੧੨॥

[ਪੰਨਾ ੧੦੩੨]

ਭੂਲੇ ਸਿਖ ਗੁਰੂ ਸਮਝਾਏ॥ ਉਝੜਿ ਜਾਦੇ ਮਾਰਗਿ ਪਾਏ॥

ਭੂਲੇ ਹੋਏ ਸਿੱਖਾਂ ਨੂੰ ਗੁਰੂ ਹੀ ਸਮਝਾਂਦੇ ਹਨ ਅਤੇ ਸੰਸਾਰ ਉਜਾੜ ਵਿਚ ਜਾਂਦੇ ਹੋਏ ਨੂੰ ਸਿਧੇ ਰਸਤੇ ਪਾਂਦੇ ਹਨ। ਜਿਵੇਂ ਭਾਈ ਜੋਗਾ ਸਿੰਘ ਕੁਰਾਹੇ ਪੈਣ ਲਗਾ ਸੀ ਤੇ ਗੁਰੂ ਕਲਗੀਆਂ ਵਾਲੇ ਪਾਤਸ਼ਾਹ ਜੀ ਨੇ ਚੋਬਦਾਰ ਬਣ ਕੇ ਉਸ ਨੂੰ ਸਿਧੇ ਰਸਤੇ ਪਾਇਆ ਸੀ।

ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ॥੧੩॥

ਉਸ ਗੁਰੂ ਨੂੰ ਸਦਾ ਹੀ ਦਿਨ ਰਾਤ ਸੇਵਨਾ ਕਰ, ਜੋ ਦੁਖਾਂ ਦੇ ਭੰਜਨੇ ਵਾਲਾ ਤੇ ਸੰਗੀ ਹੋ ਕੇ ਸਹਾਇਤਾ ਕਰਦਾ ਹੈ॥ ੧੩॥

ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥

ਇਸ ਪ੍ਰਾਣੀ ਨੇ ਭਲਾ ਗੁਰਾਂ ਦੀ ਭਗਤਿ=ਸੇਵਾ ਕੀ ਕਰਨੀ ਹੈ। ਬ੍ਰਹਮਾ, ਇੰਦ੍ਰ ਅਤੇ ਮਹੇਸਿ=ਸ਼ਿਵਾ ਨੇ ਭੀ ਗੁਰੂ ਦੀ ਸੇਵਾ ਕਰਨੀ ਨਹੀਂ ਜਾਣੀ।

ਸਤਿਗੁਰੁ ਅਲਖੁ ਕਹਹੁ ਕਿਉ ਲਖੀਐ
ਜਿਸੁ ਬਖਸੇ ਤਿਸਹਿ ਪਛਾਤਾ ਹੇ॥੧੪॥

ਸਤਿਗੁਰਾਂ ਦੀ ਗਤੀ ਅਲੱਖ ਹੈ, ਕਹੋ ਖਾਂ ਕਿਵੇਂ ਜਾਣੀ ਜਾ ਸਕਦੀ ਹੈ, ਜਿਸ ਨੂੰ ਗੁਰੂ ਬਖਸ਼ਦੇ ਹਨ ਓਸੇ ਨੇ ਗੁਰਾਂ ਨੂੰ ਪਾਰਬ੍ਰਹਮ ਰੂਪ ਪਛਾਣਨਾ ਕੀਤਾ ਹੈ॥ ੧੪॥

www.sikhbookclub.com

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥

ਜਿਸ ਦੇ ਅੰਦਰ ਪ੍ਰੇਮ ਹੈ ਉਸ ਨੂੰ ਗੁਰ ਦਰਸ਼ਨ ਪ੍ਰਾਪਤ ਹੁੰਦਾ ਹੈ ਅਤੇ ਗੁਰਬਾਣੀ ਨਾਲ ਪ੍ਰੀਤੀ ਕਰਕੇ ਉਹ ਪ੍ਰਸੰਨ ਰਹਿੰਦਾ ਹੈ, ਜਾਂ ਪ੍ਰੀਤੀ ਨਾਲ ਗੁਰਬਾਣੀ ਨੂੰ ਸੁ ਪਰਸਨੁ=ਸਪ੍ਰਸ ਕਰਦਾ ਹੈ। *ਅਥਵਾ:-* ਗੁਰਬਾਣੀ ਨਾਲ ਪ੍ਰੀਤੀ ਕਰਕੇ ਉਹ ਪ੍ਰਸ਼ਨ ਉੱਤਰ ਕਰਦਾ ਹੈ।

ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ॥੧੫॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਘਟ ਵਿਚ ਗਿਆਨ ਰੂਪੀ ਦੀਪਕ ਜਾਣਿਆਂ ਹੈ ਉਸ ਨੇ ਨਿਰਮਲ ਪਰਮਾਤਮਾ ਦੀ ਜੋਤ ਦਿਨ ਰਾਤ ਸਾਰਿਆਂ ਵਿਚੋ ਆਈ ਹੋਈ ਨਿਸਚੇ ਕੀਤੀ ਹੈ, ਜਾਂ ਦਿਨ ਰਾਤ ਜਿਸ ਦੀ ਨਿਰਮਲ ਜੋਤਿ=ਰੋਸ਼ਨੀ ਸਭਨਾਂ ਵਿਚ ਆਈ ਰਹਿੰਦੀ ਹੈ, ਉਸ ਦੀਵੇ ਨੂੰ ਗੁਰਮੁਖਾਂ ਨੇ ਹਿਰਦੇ ਵਿਚ ਜਾਣ ਲਿਆ ਹੈ। ਅਰਥਾਤ ਸੱਤਾ ਸੁਫੁਰਤੀ ਦੇ ਦਾਤੇ ਸਾਖੀ ਚੇਤਨ ਨੂੰ ਹਿਰਦੇ ਵਿਚੋਂ ਪ੍ਰਤੱਖ ਕਰ ਲਿਆ ਹੈ॥ ੧੫॥

ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥

ਗਿਆਨ ਰੂਪੀ ਭੋਜਨ ਦਾ ਬੜਾ ਮਿੱਠਾ ਰਸ ਹੈ। ਜਿਸ ਨੇ ਉਸ ਗਿਆਨ ਭੋਜਨ ਨੂੰ ਚਖਿਆ ਹੈ ਓਸੇ ਨੇ ਦਰਸ਼ਨ ਵੇਖਿਆ ਹੈ।

ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ॥੧੬॥

ਜੋ ਵੈਰਾਗੀ ਪੁਰਸ਼ ਗੁਰਾਂ ਦਾ ਦਰਸ਼ਨ ਵੇਖਣ ਵਿਚ ਮਿਲਿਆ ਹੈ ਉਹ ਮਨਸਾ=ਵਾਸ਼ਨਾ ਵਲੋਂ ਮਨ ਨੂੰ ਮਾਰ ਕੇ ਪਰਮੇਸ਼ਰ ਵਿਚ ਸਮਾਅ ਗਿਆ ਹੈ।

ਸਤਿਗੁਰੁ ਸੇਵਹਿ ਸੇ ਪਰਧਾਨਾ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ॥

ਜੋ ਸਤਿਗੁਰਾਂ ਨੂੰ ਸੇਵਨਾ ਕਰਦੇ ਹਨ ਉਹ ਪਰਧਾਨਾਂ=ਮੁਖੀ ਹਨ। ਉਹਨਾਂ ਨੇ ਘਟ ਘਟ ਅੰਦਰ ਬ੍ਰਹਮ ਨੂੰ ਪਛਾਣ ਲਿਆ ਹੈ।

ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ
ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ॥੧੭॥੫॥੧੧॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ਪ੍ਰਭੂ ! ਮੈਨੂੰ ਹਰੀ ਜਸ ਕਰਨਾ ਤੇ ਉਹਨਾਂ ਹਰੀ ਜਨਾਂ ਦੀ ਸੰਗਤ ਕਰਨੀ ਦਿਓ, ਜਿਨ੍ਹਾਂ ਨੇ ਸਤਿਗੁਰਾਂ ਦੁਆਰੇ ਹਰ ਥਾਂ ਤੇ ਆਪ ਜੀ ਨੂੰ ਜਾਤਾ=ਜਾਣਿਆ ਹੈ॥ ੧੭॥ ੫॥ ੧੧॥

ਮਾਰੂ ਮਹਲਾ ੧॥

ਸਾਚੇ ਸਾਹਿਬ ਸਿਰਜਣਹਾਰੇ॥ ਜਿਨਿ ਧਰ ਚਕ੍ਰ ਧਰੇ ਵੀਚਾਰੇ॥

ਉਸ ਸੱਚੇ ਸਾਹਿਬ ਸਿਰਜਨਹਾਰ ਨੂੰ ਸਿਮਰਨਾ ਕਰੋ। ਜਿਸ ਨੇ ਧਰਤੀ ਆਦਿਕ ਚੱਕ੍ਰ ਵਿਚਾਰ ਕੇ ਧਰੇ=ਅਸਥਾਪਨ ਕੀਤੇ ਹਨ। *ਅਥਵਾ:-* ਜਿਸ ਨੇ ਸਰੀਰ ਧਰਤੀ ਦੇ ਮੂਲਾਧਾਰ,ਸ੍ਵੈ ਅਧਿਸ਼ਠਾਨ, ਆਦਿਕ ਛੇ ਚੱਕਰ ਵਿਚਾਰ ਕੇ ਧਰੇ ਹਨ।

ਆਪੇ ਕਰਤਾ ਕਰਿ ਕਰਿ ਵੇਖੈ ਸਾਚਾ ਵੇਪਰਵਾਹਾ ਹੇ॥੧॥

ਕਰਤਾ ਪੁਰਖ ਆਪੇ ਕਰਦਾ ਹੈ ਅਤੇ ਆਪਣੇ ਕੀਤੇ ਨੂੰ ਆਪ ਹੀ ਵੇਖਣਾ ਕਰਦਾ ਹੈ, ਫ਼ਿਰ ਉਹ ਸੱਚਾ

www.sikhbookclub.com

ਬੇ ਪਰਵਾਹ ਹੈ॥ ੧॥

ਵੇਕੀ ਵੇਕੀ ਜੰਤ ਉਪਾਏ॥ ਦੁਇ ਪੰਦੀ ਦੁਇ ਰਾਹ ਚਲਾਏ॥

ਵੇਕੀ ਵੇਕੀ=ਭਿੰਨ ਭਿੰਨ (ਵਖੋ ਵੱਖਰੀ) ਤਰ੍ਹਾਂ ਦੇ ਜੀਵ ਪੈਦਾ ਕੀਤੇ ਹਨ। ਦੁਇ ਪੰਦੀ=ਦੋ ਰਾਹੀ ਹਿੰਦੂ ਤੇ ਮੁਸਲਮਾਨ ਇਨ੍ਹਾਂ ਨੂੰ ਦੋ ਰਸਤਿਆਂ 'ਪਰ ਚਲਾਇਆ ਹੈ, ਹਿੰਦੂ ਮੰਦਰਾਂ ਵਿਚ ਜਾ ਕੇ ਠਾਕੁਰ ਪੂਜਾ ਤੇ ਰਾਮ ਰਾਮ ਕਰਦੇ ਹਨ, ਮੁਸਲਮਾਨ ਮਸੀਤਾਂ ਵਿਚ ਜਾ ਕੇ ਨਿਮਾਜ਼ਾਂ ਪੜ੍ਹਦੇ ਤੇ ਅੱਲਾ ਅੱਲਾ ਕਰਦੇ ਹਨ,

ਵਾ:- ਦੋ ਰਾਹੀ=ਗੁਰਮੁਖ ਮਨਮੁਖ, ਦੇਵਤਾ ਦੈਂਤ, ਸਾਧੂ ਗ੍ਰਿਹਸਥੀ ਇਨ੍ਹਾਂ ਦੋਹਾਂ ਨੂੰ ਦੋ ਹੀ ਰਸਤਿਆਂ 'ਪਰ ਚਲਾਇਆ ਹੈ।

ਗੁਰ ਪੂਰੇ ਵਿਣੁ ਮੁਕਤਿ ਨ ਹੋਈ ਸਚੁ ਨਾਮੁ ਜਪਿ ਲਾਹਾ ਹੇ॥ ੨॥

ਪੂਰਿਆਂ ਗੁਰਾਂ ਨੂੰ ਮਿਲੇ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ, ਸੱਚ ਨਾਮ ਨੂੰ ਜਪਦਿਆਂ ਹੀ ਆਤਮ ਲਾਭ ਮਿਲਦਾ ਹੈ॥ ੨॥

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥
ਨਾਮੁ ਨ ਬੂਝਹਿ ਭਰਮਿ ਭੁਲਾਨਾ॥

ਮਨਮੁਖ ਪੁਰਸ਼ ਗ੍ਰੰਥਾਂ ਨੂੰ ਪੜ੍ਹਦਾ ਹੈ ਪਰ ਪੜ੍ਹਣ ਦੀ ਵਿਧੀ ਨੂੰ ਨਹੀਂ ਜਾਣਦਾ ਅਤੇ ਭਰਮ ਵਿਚ ਭੁੱਲਾ ਹੋਣ ਕਰਕੇ ਨਾਮ ਨੂੰ ਨਹੀਂ ਬੁਝਦਾ।

ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥ ੩॥

ਜੋ ਪੁਰਸ਼ ਵਢੀ=ਰਿਸ਼ਵਤਾਂ ਲੈ ਕੇ ਉਗਾਹੀਆਂ ਦੇਂਦੇ ਹਨ, ਉਹਨਾਂ ਦੇ ਗਲ ਵਿਚ ਦੁਰਮਤਿ=ਖੋਟੀ ਮਤ ਦਾ ਫਾਹ ਪਿਆ ਹੋਇਆ ਹੈ॥ ੩॥

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ॥ ਵਾਦੁ ਵਖਾਣਹਿ ਤਤੁ ਨ ਜਾਣਾ॥

ਸਤਾਈ ਸਿੰਮ੍ਰਿਤੀਆਂ, ਛੇ ਸਾਸ਼ਤ੍ਰ ਅਤੇ ਅਠਾਰਾਂ ਪੁਰਾਣਾਂ ਨੂੰ ਪੜ੍ਹਦੇ ਭਾਂ ਹਨ, ਪਰ ਇਨ੍ਹਾਂ ਦੇ ਤਤੁ=ਸਿਧਾਂਤ ਨੂੰ ਨਹੀਂ ਜਾਣਦੇ, ਵਾਦੁ ਵਖਾਣਹਿ=ਝਗੜਿਆਂ ਨੂੰ ਹੀ ਕਥਨ ਕਰਦੇ ਹਨ।

ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ॥ ੪॥

ਪੂਰਿਆਂ ਗੁਰਾਂ ਤੋਂ ਬਿਨਾਂ ਤਤੁ=ਸਿਧਾਂਤ ਨੂੰ ਨਹੀਂ ਪਾਂਵਦੇ, ਜੋ ਪੂਰਿਆਂ ਗੁਰਾਂ ਦੁਆਰੇ ਸੱਚ ਨਾਮ ਨੂੰ ਜਪ ਕੇ ਸੂਚੇ=ਪਵਿਤ੍ਰ ਹੋਏ ਹਨ ਉਹ ਸੱਚੇ ਗਿਆਨ ਰੂਪ ਰਸਤੇ 'ਪਰ ਚਲਦੇ ਹਨ,

ਵਾ:- ਸੱਚ ਵਿਚ ਰਾਹਾ=ਰਿਹਾਇਸ਼ ਕਰਦੇ ਹਨ॥ ੪॥

ਸਭ ਸਾਲਾਹੇ ਸੁਣਿ ਸੁਣਿ ਆਖੈ॥ ਆਪੇ ਦਾਨਾ ਸਚੁ ਪਰਾਖੈ॥

ਸੁਣਿ=ਕੰਨਾਂ ਦੁਆਰੇ ਸੁਣ ਸੁਣ ਕੇ ਸਾਰੇ ਆਖੈ=ਮੂੰਹ ਨਾਲ ਸਲਾਹੁੰਦੇ ਹਨ। ਪਰ ਜੋ ਆਪ ਦਾਨਾ ਹੈ ਉਹ ਸੱਚ ਨੂੰ ਪਰਖ ਲੈਂਦਾ ਹੈ।

ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ॥ ੫॥

ਹੇ ਭਾਈ ! ਜਿਸ ਨੂੰ ਪ੍ਰਭੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਹ ਗੁਰਮੁਖ ਗੁਰਾਂ ਦੁਆਰੇ ਸਬਦੁ=ਬ੍ਰਹਮ

www.sikhbookclub.com

ਨੂੰ ਸਲਾਹੁੰਦਾ ਹੈ॥ ੫॥

ਸੁਣਿ ਸੁਣਿ ਆਖੈ ਕੇਤੀ ਬਾਣੀ॥ ਸੁਣਿ ਕਹੀਐ ਕੋ ਅੰਤੁ ਨ ਜਾਣੀ॥

ਕਿਤਨੀ ਕੁ ਦੁਨੀਆਂ ਸੁਣਿ=ਕੰਨਾਂ ਨਾਲ ਸੁਣਦੀ ਹੈ ਅਤੇ ਆਖੈ=ਮੂੰਹ ਨਾਲ ਬਾਣੀ ਪੜ੍ਹਦੀ ਹੈ ਜਾਂ ਸੁਣ ਸੁਣ ਕੇ ਕਿਤਨੀਆਂ ਹੀ ਬਾਣੀਆਂ ਨੂੰ ਆਖਦੇ ਹਨ। ਸੁਣ ਕੇ ਕਹਿੰਦੇ ਹਨ ਪਰ ਅੰਤ ਨੂੰ ਕੋਈ ਨਹੀਂ ਜਾਣਦਾ, ਵਾ:- ਸੁਨਣ ਤੇ ਪੜ੍ਹਨ ਵਾਲਿਆਂ ਦਾ ਕੋਈ ਅੰਤ ਨਹੀਂ ਜਾਣੀਦਾ।

ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ॥ ੬॥

ਜਿਸ ਨੂੰ ਅਲਖੁ=ਪਰਮਾਤਮਾ ਆਪਣਾ ਸਰੂਪ ਲਖਾਂਦਾ ਹੈ, ਉਸ ਦੀ ਬੁੱਧੀ ਵਿਚ ਅਕਥ ਦੀ ਕਥਾ ਦਾ ਪ੍ਰਵੇਸ਼ ਹੁੰਦਾ ਹੈ, ਜਾਂ ਉਸ ਦੀ ਬੁੱਧੀ ਅਕਥ ਪ੍ਰਭੂ ਦੀ ਕਥਾ ਨੂੰ ਕਥਨ ਕਰਦੀ ਹੈ॥ ੬॥

ਜਨਮੇ ਕਉ ਵਾਜਹਿ ਵਾਧਾਏ॥ ਸੋਹਿਲੜੇ ਅਗਿਆਨੀ ਗਾਏ॥

ਮੁੰਡੇ ਜੰਮੇ ਨੂੰ ਵਾਜੇ ਵਜਦੇ ਹਨ ਤੇ ਵਧਾਈਆਂ ਲੈਂਦੇ ਹਨ ਅਤੇ ਅਗਿਆਨੀ ਲੋਕ ਕਈ ਤਰ੍ਹਾਂ ਦੇ ਸੋਹਿਲੇ ਗਾਉਂਦੇ ਹਨ। ਪਰ-

ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ॥ ੭॥

ਜੇਹੜਾ ਜੰਮਿਆ ਹੈ ਉਸ ਨੇ ਸਰਪਰ=ਜ਼ਰੂਰ ਮਰ ਜਾਣਾ ਹੈ, ਸਿਰ ਉਤੇ ਜੋ ਕਰਮਾਂ ਦਾ ਸਾਹਾ=ਲੇਖ ਪਿਆ ਹੈ ਓਸੇ ਅਨੁਸਾਰ ਵਰਤਣਾ ਹੈ॥ ੭॥

ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ॥

ਪਦਾਰਥਾਂ ਦੇ ਜਾਂ ਸਬੰਧੀਆਂ ਦੇ ਸੰਜੋਗ ਤੇ ਵਿਜੋਗ ਮੇਰੇ ਪ੍ਰਭੂ ਨੇ ਆਪ ਹੀ ਕੀਤੇ ਹਨ ਅਤੇ ਸ੍ਰਿਸ਼ਟੀ ਪੈਦਾ ਕਰਕੇ ਕਰਮਾਂ ਦਾ ਫਲ ਦੁੱਖ ਤੇ ਸੁਖ ਦਿੱਤੇ ਹਨ।

ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ॥ ੮॥

ਜਿਨ੍ਹਾਂ ਨੇ ਸੀਲ ਸੁਭਾਅ ਨੂੰ ਸਨਾਹਾ=ਪਛਾਣਿਆ ਹੈ, ਜਾਂ ਸੀਲ ਸੁਭਾਅ ਰੂਪੀ ਸਨਾਹਾ=ਸੰਜੋਅ ਨੂੰ ਪਹਿਨਿਆ ਹੈ ਉਹ ਗੁਰਮੁਖ ਦੁਖਾਂ ਸੁਖਾਂ ਤੋਂ ਨਿਰਾਲੇ=ਰਹਿਤ ਹੋਏ ਹਨ॥ ੮॥

ਨੀਕੇ ਸਾਚੇ ਕੇ ਵਾਪਾਰੀ॥ ਸਚੁ ਸਉਦਾ ਲੈ ਗੁਰ ਵੀਚਾਰੀ॥

ਉਹ ਸੱਚੇ ਨਾਮ ਦੀ ਨੀਕੇ=ਚੰਗੇ ਵਪਾਰੀ ਹਨ। ਜਿਨ੍ਹਾਂ ਨੇ ਗੁਰ ਸ਼ਬਦ ਦੀ ਵਿਚਾਰ ਕਰਕੇ ਸੱਚ ਨਾਮੁ ਰੂਪੀ ਸੌਦਾ ਲਿਆ ਹੈ।

ਸਚਾ ਵਖਰੁ ਜਿਸੁ ਧਨੁ ਪਲੈ ਸਬਦਿ ਸਚੈ ਓਮਾਹਾ ਹੇ॥ ੯॥

ਜਿਸ ਦੇ ਬੁੱਧੀ ਰੂਪ ਪੱਲੇ ਵਿਚ ਧਨੁ=ਧੰਨਤਾ ਜੋਗ ਸੱਚ ਨਾਮ ਰੂਪੀ ਸੌਦਾ ਹੈ, ਉਸ ਨੂੰ ਸੰਸਾਰ ਵਿਚ ਸੱਚੇ ਉਪਦੇਸ਼ ਦੇਣ ਦਾ ਹੀ ਉਮਾਹਾ=ਉਤਸ਼ਾਹ ਬਣਿਆ ਰਹਿੰਦਾ ਹੈ॥ ੯॥

ਕਾਚੀ ਸਉਦੀ ਤੋਟਾ ਆਵੈ॥ ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ॥

ਮਇਆਵੀ ਕੱਚੇ ਸੌਦਿਆਂ ਦੇ ਕਰਨ ਨਾਲ ਤੋਟਾ=ਘਾਟਾ ਹੀ ਔਂਦਾ ਹੈ। ਜੋ ਗੁਰਾਂ ਦਆਰੇ ਨਾਮ ਦਾ ਵਣਜੁ ਕਰਦਾ ਹੈ ਉਹ ਪ੍ਰਭੂ ਨੂੰ ਭਾਂਵਦਾ ਹੈ।

www.sikhbookclub.com

ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ॥ ੧੦॥

ਉਹਨਾਂ ਦੀ ਸਵਾਸਾਂ ਰੂਪੀ ਪੂੰਜੀ ਸਾਬਤ ਹੈ, ਸ਼ਰਧਾ ਰੂਪੀ ਰਾਸ ਭੀ ਸਲਾਮਤਿ=ਇਸਥਿਤ ਹੈ,

ਅਥਵਾ:- ਜਿਨ੍ਹਾਂ ਦੀ ਰਾਸਿ=ਸੱਚੀ ਨਾਮ ਰੂਪੀ ਪੂੰਜੀ ਸਾਬਤ ਹੈ ਉਹ ਸਲਾਮਤਿ=ਇਸਥਿਤ ਹੋਏ ਹਨ, ਉਹਨਾਂ ਦੇ ਗਲੋਂ ਜਮਾਂ ਦਾ ਫਾਹ ਚੂਕਾ=ਦੂਰ ਹੋ ਗਿਆ॥ ੧੦॥

[ਪੰਨਾ ੧੦੩੩]

ਸਭੁ ਕੋ ਬੋਲੈ ਆਪਣ ਭਾਣੈ॥ ਮਨਮੁਖੁ ਦੂਜੈ ਬੋਲਿ ਨ ਜਾਣੈ॥

ਸਭ ਕੋਈ ਆਪਣੇ ਮਨ ਦੇ ਭਾਣੇ ਅਨੁਸਾਰ ਬੋਲਦਾ ਹੈ। ਮਨਮੁਖ ਪੁਰਸ਼ ਦੂਜੈ=ਦ੍ਵੈਤ ਭਾਵ ਵਿਚ ਲਗੇ ਹੋਏ ਨਾਮ ਬੋਲਣਾ ਨਹੀਂ ਜਾਣਦੇ।

ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ॥ ੧੧॥

ਅੰਨ੍ਹੇ ਅਗਿਆਨੀ ਦੀ ਮਤਿ=ਅਕਲ ਅੰਨ੍ਹੀ ਹੈ ਤੇ ਬੋਲੀ ਭੀ ਅੰਨ੍ਹੀ ਹੈ, ਤਦੇ ਹੀ ਉਸ ਨੂੰ ਜਨਮ ਮਰਨ ਦਾ ਦੁੱਖ ਬਣਿਆ ਰਹਿੰਦਾ ਹੈ॥ ੧੧॥

ਦੁਖ ਮਹਿ ਜਨਮੈ ਦੁਖ ਮਹਿ ਮਰਣਾ॥
ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ॥

ਦੁੱਖ ਵਿਚ ਜੰਮਦਾ ਹੈ, ਦੁੱਖ ਵਿਚ ਮਰਦਾ ਹੈ। ਗੁਰੂ ਦੀ ਸ਼ਰਨ ਪਏ ਤੋਂ ਬਿਨਾਂ ਇਹ ਦੁੱਖ ਹੋਰ ਕਿਸੇ ਤਰ੍ਹਾਂ ਮਿਟਦਾ ਨਹੀਂ ਹੈ।

ਦੂਖੀ ਉਪਜੈ ਦੂਖੀ ਬਿਨਸੈ ਕਿਆ ਲੈ ਆਇਆ ਕਿਆ ਲੈ ਜਾਹਾ ਹੇ॥੧੨॥

ਇਹ ਜੀਵ ਉਤਪਤੀ ਵੇਲੇ ਦੁੱਖੀ ਹੁੰਦਾ ਹੈ, ਬਿਨਸੈ=ਮਰਨ ਵੇਲੇ ਭੀ ਦੁੱਖੀ ਹੁੰਦਾ ਹੈ, ਇਹ ਲੈ ਕੇ ਆਇਆ ਕੀ ਤੇ ਲੈ ਕੇ ਜਾਂਦਾ ਕੀ ਹੈ, ਭਾਵ ਖਾਲੀ ਔਂਦਾ ਹੈ ਖਾਲੀ ਜਾਂਦਾ ਹੈ,

ਵਾ:- ਅਮੋਲਕ ਸਵਾਸ ਲੈ ਕੇ ਆਇਆ ਸੀ ਤੇ ਪਾਪਾਂ ਨੂੰ ਨਾਲ ਲੈ ਕੇ ਜਾਂਦਾ ਹੈ॥ ੧੨॥

ਸਚੀ ਕਰਣੀ ਗੁਰ ਕੀ ਸਿਰਕਾਰਾ॥ ਆਵਣੁ ਜਾਣੁ ਨਹੀ ਜਮਧਾਰਾ॥

ਜੋ ਗੁਰਾਂ ਦੀ ਆਗਿਆ ਰੂਪੀ ਕਾਰ ਸਿਰ ਉਤੇ ਮੰਨੀ ਹੈ ਏਹੋ ਸੱਚੀ ਕਰਣੀ ਹੈ। ਇਸ ਲਈ ਜਮਾਂ ਦੀ ਧਾਰ ਵਿਚ ਆਉਣਾ ਜਾਣਾ ਨਹੀਂ ਹੁੰਦਾ, ਅਰਥਾਤ ਜਨਮ ਮਰਨ ਵਿਚ ਰੁੜ੍ਹਦਾ ਨਹੀਂ ਹੈ,

ਵਾ:- ਜਮਧਾਰਾ=ਵੈਤਰਨੀ ਨਦੀ ਵਿਚ ਔਣਾ ਜਾਣਾ ਨਹੀਂ ਹੁੰਦਾ।

ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ॥ ੧੩॥

ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪ ਡਾਲੀਆਂ ਨੂੰ ਛੱਡ ਕੇ ਜਿਸ ਨੇ ਤੱਤ ਵਸਤੂ ਰੂਪ ਮੂਲੁ=ਮੁੱਢ ਨੂੰ ਪਰਾਤਾ=ਪਛਾਣਿਆ ਹੈ ਉਸ ਦੇ ਮਨ ਵਿਚ ਸੱਚਾ ਓਮਾਹਾ=ਉਤਸ਼ਾਹ ਬਣਿਆ ਰਹਿੰਦਾ ਹੈ॥ ੧੩॥

ਹਰਿ ਕੇ ਲੋਗ ਨਹੀ ਜਮੁ ਮਾਰੈ॥ ਨਾ ਦੁਖੁ ਦੇਖਹਿ ਪੰਥਿ ਕਰਾਰੈ॥

ਹਰੀ ਦੇ ਲੋਕਾਂ ਨੂੰ ਜਮ ਮਾਰਦਾ ਨਹੀਂ ਹੈ ਅਤੇ ਉਹ ਕਰਾਰੈ=ਕਰੜੇ, ਪੰਥਿ=ਰਾਹ ਦਾ ਭਾਵ ਜਮ ਮਾਰਗ

ਦਾ ਦੁੱਖ ਭੀ ਨਹੀਂ ਦੇਖਦੇ।

ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ॥ ੧੪॥

ਹਿਰਦੇ ਅੰਦਰ ਰਾਮ ਨਾਮ ਦੀ ਪੂਜਾ ਕਰਦੇ ਹਨ, ਹੋਰ ਕੋਈ ਦੂਜਾ ਕਾਹਾ=ਕਜੀਆ ਨਹੀਂ ਹੈ, ਜਾਂ ਹੋਰ ਕੋਈ ਦੂਜਾ ਕਾਹਾ=ਕਿੱਸਾ ਭਾਵ ਚਿੱਠਾ ਨਹੀਂ ਹੈ।

ਓੜੁ ਨ ਕਥਨੈ ਸਿਫਤਿ ਸਜਾਈ॥
ਜਿਉ ਤੁਧੁ ਭਾਵਹਿ ਰਹਹਿ ਰਜਾਈ॥

ਸਿਫਤੀ ਦੀ ਸਿਫਤ ਕਰਦਿਆਂ ਗੁਰਮੁਖਾਂ ਨੂੰ ਜੋ ਸ਼ਾਬਾਸ਼ ਮਿਲਦੀਆਂ ਹਨ ਕਥਨ ਕਰਨੇ ਤੇ ਉਹਨਾਂ ਦਾ ਓੜਕ ਨਹੀਂ ਆਉਂਦਾ, ਨਿੰਦਿਆ ਕਰਨ ਨਾਲ ਮਨਮੁਖਾਂ ਨੂੰ ਜੋ ਸਜਾਵਾਂ ਮਿਲਦੀਆਂ ਹਨ ਉਸ ਦਾ ਭੀ ਓੜਕ ਨਹੀਂ ਕਥਨ ਕੀਤਾ ਜਾਂਦਾ। ਹੇ ਰਜਾਈ=ਪਰਮਾਤਮਾ ! ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਅਸੀਂ ਰਹਿੰਦੇ ਹਾਂ।

ਦਰਗਹ ਪੈਧੇ ਜਾਨਿ ਸੁਹੇਲੇ ਹੁਕਮਿ ਸਚੇ ਪਾਤਿਸਾਹਾ ਹੇ॥ ੧੫॥

ਹੇ ਸੱਚੇ ਪਾਤਸ਼ਾਹ ! ਜੇਹੜੇ ਆਪ ਜੀ ਦੇ ਹੁਕਮ ਵਿਚ ਚਲਦੇ ਹਨ ਉਹ ਦਰਗਾਹ ਵਿਚ ਜਸ ਰੂਪ ਪੁਸ਼ਾਕ ਨੂੰ ਪਹਿਨ ਕੇ ਜਾਂਦੇ ਹਨ ਅਤੇ ਸੁਹੇਲੇ=ਸੁਖੀ ਹੁੰਦੇ ਹਨ॥ ੧੫॥

ਕਿਆ ਕਹੀਐ ਗੁਣ ਕਥਹਿ ਘਨੇਰੇ॥ ਅੰਤੁ ਨ ਪਾਵਹਿ ਵਡੇ ਵਡੇਰੇ॥

ਕੀ ਆਖੀਏ? ਗੁਣ ਕਥਨ ਕਰਨ ਵਿਚ ਬਹੁਤ ਸਾਰੇ ਹਨ। ਉਹਨਾਂ ਗੁਣਾਂ ਦਾ ਅੰਤ ਵੱਡਿਆਂ ਤੋਂ ਵੱਡੇ ਭੀ ਨਹੀਂ ਪਾ ਸਕਦੇ।

ਨਾਨਕ ਸਾਚੁ ਮਿਲੈ ਪਤਿ ਰਾਖਹੁ
ਤੂ ਸਿਰਿ ਸਾਹਾ ਪਾਤਿਸਾਹਾ ਹੇ॥ ੧੬॥ ੬॥ ੧੨॥

ਗੁਰੂ ਜੀ ਕਥਨ ਕਰਦੇ ਹਨ—ਹੇ ਸੱਚੇ ਪ੍ਰਭੂ ! ਮੈਨੂੰ ਮਿਲ ਕੇ ਮੇਰੀ ਇੱਜ਼ਤ ਰਖੋ, ਕਿਉਂਕਿ ਤੂੰ ਪਾਤਸ਼ਾਹ ਦਾ ਸਿਰਿ=ਸ਼ਰੋਮਣੀ ਪਾਤਸ਼ਾਹ ਹੈਂ, ਜਾਂ ਮੈਨੂੰ ਸੱਚ ਨਾਮ ਮਿਲੇ ਜਿਸ ਦੇ ਆਸਰੇ ਮੈਂ ਆਪਣੀ ਇੱਜ਼ਤ ਰਖਾਂ, ਜੇ ਕਹਿਣ ਕਿਸੇ ਹੋਰ ਤੋਂ ਮੰਗ ਲੈ? *ਉੱਤਰ:-* ਤੇਰੇ ਵਰਗਾ ਕੋਈ ਨਹੀਂ ਹੈ ਤੂੰ ਪਾਤਸ਼ਾਹਾਂ ਦਾ ਸ਼ਰੋਮਣੀ ਪਾਤਸ਼ਾਹ ਹੈਂ॥ ੧੬॥ ੬॥ ੧੨॥

ਮਾਰੂ ਮਹਲਾ ੧ ਦਖਣੀ॥

ਦਖਣੀ ਛੰਦ ਦੀ ਚਾਲ ਹੈ, ਜਾਂ ਦਖਣ ਦੇਸ਼ ਦੀ ਸੰਗਤ ਆਈ ਹੈ ਉਸ ਨੂੰ ਉਪਦੇਸ਼ ਦਿੰਦੇ ਹਨ।

ਕਾਇਆ ਨਗਰੁ ਨਗਰ ਗੜ ਅੰਦਰਿ॥ ਸਾਚਾ ਵਾਸਾ ਪੁਰਿ ਗਗਨੰਦਰਿ॥

ਨਗਰਾਂ ਵਿਚੋਂ ਜੋ ਕਾਇਆਂ ਰੂਪ ਨਗਰ ਹੈ, ਇਸ ਦੇ ਅੰਦਰ ਗੜ੍ਹ ਦਸਮ ਦੁਆਰ,

ਵਾ:- ਅੰਤਹਕਰਣ ਹੈ। ਉਸ ਦੇ ਅੰਦਰ ਸੱਚਾ ਪੂਰਨ ਗਗਨ=ਚੇਤਨ ਦੇਵ ਨਿਵਾਸ ਕਰ ਰਿਹਾ ਹੈ।

ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥ ੧॥

ਉਸ ਦਾ ਸਰੂਪ ਅਸਥਾਨ ਇਸਥਿਤ ਹੈ ਤੇ ਸਦਾ ਨਿਰਮਾਇਲੁ=ਉਜਲ ਹੈ, ਉਹ ਆਪਣੇ ਤੋਂ ਆਪ ਹੀ

www.sikhbookclub.com

ਪੈਦਾ ਕਰਦਾ ਹੈ॥ ੧॥

ਅੰਦਰਿ ਕੋਟ ਛਜੇ ਹਟਨਾਲੇ॥ ਆਪੇ ਲੇਵੈ ਵਸਤੁ ਸਮਾਲੇ॥

ਸਰੀਰ ਰੂਪੀ ਕੋਟ ਅੰਦਰ ਇੰਦ੍ਰੀਆਂ ਰੂਪੀ ਹਟਨਾਲੇ=ਬਜ਼ਾਰ, ਛਜੇ=ਸੋਭ ਰਹੇ ਹਨ, ਜਾਂ ਇੰਦ੍ਰੀਆਂ ਰੂਪੀ ਹਟਨਾਲੇ=ਬਜ਼ਾਰ ਹਨ ਅਤੇ ਗੋਲਕਾਂ ਰੂਪੀ ਛਜੇ ਹਨ। ਉਹਨਾਂ ਬਜ਼ਾਰਾਂ ਵਿਚੋਂ ਗੁਰਮੁਖ ਆਪ ਹੀ ਨਾਮ, ਵਾ:- ਆਤਮ ਵਸਤੂ ਨੂੰ ਸੰਭਾਲ ਕੇ ਲੈਂਦੇ ਹਨ।

ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥ ੨॥

ਬਜਰ ਵਾਂਗੂ ਜੜਤਾ ਰੂਪੀ ਕਪਾਟ=ਤਖਤੇ ਜੜੇ ਹੋਏ ਜਾਨਣਾ ਕਰੇ, ਪਰ ਉਹਨਾਂ ਨੂੰ ਗੁਰ ਸ਼ਬਦੀਆ ਹੀ ਖੁਲਾਂਵਦਾ ਹੈ॥ ੨॥

ਭੀਤਰਿ ਕੋਟ ਗੁਫਾ ਘਰ ਜਾਈ॥ ਨਉ ਘਰ ਥਾਪੇ ਹੁਕਮਿ ਰਜਾਈ॥

ਸਰੀਰ ਰੂਪੀ ਕੋਟ ਦੇ ਭੀਤਰ ਅੰਤਹਕਰਣ ਰੂਪੀ ਗੁਫਾ ਹੈ, ਉਸ ਵਿਚ ਸਰੂਪ ਰੂਪੀ ਘਰ ਦੀ ਜਗ੍ਹਾ ਹੈ। ਰਜਾਈ=ਪਰਮਾਤਮਾ ਨੇ ਆਪਣੇ ਹੁਕਮ ਕਰਕੇ ਨਉ ਘਰ=ਨੌਂ ਗੋਲਕਾਂ ਥਾਪੀਆਂ ਹਨ।

ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥ ੩॥

ਦਸਮ ਦੁਆਰ ਵਿਚ ਜੋ ਅਪਾਰ ਅਲੇਖ ਪੁਰਖ ਵਸ ਰਿਹਾ ਹੈ, ਉਹ ਆਪਣੇ ਅਲਖ ਸਰੂਪ ਨੂੰ ਆਪ ਹੀ ਲਖਾਇਦਾ=ਜਣਾਉਂਦਾ ਹੈ॥ ੩॥

ਪਉਣ ਪਾਣੀ ਅਗਨੀ ਇਕ ਵਾਸਾ॥ ਆਪੇ ਕੀਤੋ ਖੇਲੁ ਤਮਾਸਾ॥

ਪਉਣ, ਪਾਣੀ ਤੇ ਅੱਗ ਆਦਿਕ ਵਿਰੋਧੀ ਤੱਤਾਂ ਦਾ ਇਕ ਥਾਂ ਵਾਸਾ ਕਰ਼ਕੇ ਉਸ ਨੇ ਆਪ ਹੀ ਜਗਤ ਰੂਪੀ ਖੇਡ ਦਾ ਤਮਾਸ਼ਾ ਕੀਤਾ ਹੈ।

ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲਨਿਧਿ ਪਾਇਦਾ॥ ੪॥

ਗੁਰੂ ਦੀ ਕਿਰਪਾ ਨਾਲ ਨਾਮ ਜਲ ਕਰਕੇ ਬਲਦੀ ਤ੍ਰਿਸ਼ਨਾ ਰੂਪੀ ਅੱਗ ਬੁਝ ਜਾਂਦੀ ਹੈ ਅਤੇ ਉਹ ਪੁਰਸ਼ ਆਪ ਹੀ ਜਲ ਨਿਧੀ ਰੂਪ ਪਰਮੇਸ਼ਰ ਨੂੰ ਪਾਂਦਾ ਹੈ, ਜਾਂ ਗੁਰਾਂ ਦੀ ਕਿਰਪਾ ਰੂਪ ਜਲ ਕਰਕੇ ਬਲਦੀ ਤ੍ਰਿਸ਼ਨਾ ਰੂਪੀ ਅੱਗ ਨਵਿਰਤ ਹੋ ਜਾਂਦੀ ਹੈ ਅਤੇ ਉਹ ਪਰਮੇਸ਼ਰ ਆਪ ਹੀ ਗੁਰੂ ਜੀ ਜਲਨਿਧਿ=ਬੱਦਲ ਹੋ ਕੇ ਨਾਮ ਰੂਪੀ ਜਲ ਪਾਂਦਾ ਹੈ॥ ੪॥

ਧਰਤਿ ਉਪਾਇ ਧਰੀ ਧਰਮ ਸਾਲਾ॥ ਉਤਪਤਿ ਪਰਲਉ ਆਪਿ ਨਿਰਾਲਾ॥

ਇਹ ਧਰਤੀ ਪਰਮੇਸ਼ਰ ਨੇ ਧਰਮ ਦੀ ਸਾਲਾ=ਜਗ੍ਹਾ ਉਪਾ ਧਰੀ ਹੈ, ਜਾਂ ਧਰਤੀ ਉਤਪਤ ਕਰਕੇ ਭਾਰਥ ਖੰਡ ਦੀ ਭੂਮੀ ਰੂਪੀ ਧਰਮ ਦੀ ਸਾਲਾ=ਜਗ੍ਹਾਂ ਉਪਾਧਰੀ ਹੈ। ਏਸੇ ਵਿਚ ਉਤਪਤੀ ਤੇ ਪਰਲੋ ਹੁੰਦੀ ਹੈ ਪਰ ਉਹ ਆਪ ਸਭ ਤੋਂ ਅਸੰਗ ਹੈ।

ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ॥ ੫॥

ਸਾਰੀਆਂ ਜਗ੍ਹਾਂ 'ਪਰ ਪਵਣੈ=ਪ੍ਰਾਣਾਂ ਨੇ ਹੀ ਖੇਲ ਕੀਤਾ ਹੈ ਕਿਉਂਕਿ ਪ੍ਰਾਣਾਂ ਕਰਕੇ ਹੀ ਸਾਰੇ ਸਰੀਰ ਰਚੇ ਹੋਏ ਹਨ, ਵਾ:- ਪੌਣ ਆਦਿਕ ਤੱਤਾਂ ਕਰਕੇ ਸਭ ਥਾਈਂ ਸੰਸਾਰ ਦਾ ਖੇਲ ਕੀਤਾ ਹੋਇਆ ਹੈ, ਜਿਸ ਵੇਲੇ ਪ੍ਰਾਣਾਂ

www.sikhbookclub.com

ਰੂਪੀ, ਜਾਂ ਪੌਣ ਰੂਪੀ, ਜਾਂ ਚੇਤਨ ਸੱਤਾ ਰੂਪੀ ਕਲਾ ਖਿਚਦਾ ਹੈ ਤਾਂ ਸਾਰਿਆਂ ਨੂੰ ਢਾਹ ਦੇਂਦਾ ਹੈ। ਉਸ ਪਰਮਾਤਮਾ ਅੱਗੇ ਇਸ ਤਰ੍ਹਾਂ ਬੇਨਤੀ ਕਰੇ॥ ੫॥

ਭਾਰ ਅਠਾਰਹ ਮਾਲਣਿ ਤੇਰੀ॥ ਚਉਰੁ ਢੁਲੈ ਪਵਣੈ ਲੈ ਫੇਰੀ॥

ਹੇ ਪ੍ਰਭੂ ! ਅਠਾਰਾਂ ਭਾਰ ਬਨਾਸਪਤੀ ਆਪ ਜੀ ਦੀ ਮਾਲਣ ਹੈ ਜੋ ਆਪ ਜੀ ਉਤੇ ਫੁਲ ਚੜਾਂਵਦੀ ਹੈ। ਜੋ ਹਵਾ ਫੇਰੀਆਂ ਲੈਂਦੀ ਹੈ ਇਹ ਆਪ ਜੀ ਦੇ ਸਿਰ ਉਤੇ ਚੌਰ ਝੁਲ ਰਿਹਾ ਹੈ।

ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ॥ ੬॥

ਹੇ ਪ੍ਰਭੂ ! ਪ੍ਰਕਾਸ਼ ਕਰਨ ਵਾਸਤੇ ਚੰਦ੍ਰਮਾਂ ਤੇ ਸੂਰਜ ਇਹ ਦੋ ਦੀਵੇ ਬਣਾ ਰਖੇ ਹਨ, ਸਸਿ=ਚੰਦ੍ਰਮਾ ਦੇ ਘਰ ਵਿਚ ਦਿਨ ਨੂੰ ਸੂਰਜ ਆ ਕੇ ਸਮਾਂਵਦਾ ਹੈ ਤੇ ਸੂਰਜ ਦੇ ਘਰ ਵਿਚ ਰਾਤ ਨੂੰ ਚੰਦ੍ਰਮਾ ਆ ਕੇ ਸਮਾਂਵਦਾ ਹੈ।

ਅਰਥਾਤ :- ਰਾਤ ਨੂੰ ਜਿਥੇ ਅਕਾਸ਼ ਵਿਚ ਚੰਦ੍ਰਮਾਂ ਹੁੰਦਾ ਹੈ ਓਥੇ ਅਕਾਸ਼ ਘਰ ਵਿਚ ਦਿਨੇ ਸੂਰਜ ਆ ਕੇ ਸਮਾਂਵਦਾ ਹੈ ਤੇ ਦਿਨੇ ਜਿਸ ਅਕਾਸ਼ ਘਰ ਵਿਚ ਸੂਰਜ ਹੁੰਦਾ ਹੈ ਓਸੇ ਅਕਾਸ਼ ਘਰ ਵਿਚ ਰਾਤ ਨੂੰ ਚੰਦ੍ਰਮਾ ਆ ਕੇ ਸਮਾਂਵਦਾ ਹੈ। *ਅਥਵਾ:-* ਚੰਦੁ ਸੂਰਜੁ=ਵੈਰਾਗ, ਗਿਆਨ ਰੂਪੀ ਦੋ ਦੀਵੇ ਬਣਾ ਰਖੇ ਹਨ ਸਸਿ ਘਰਿ=ਸਤੋ ਗੁਣ ਵਸਿਸ਼ਟ, *ਵਾ:-* ਵੈਰਾਗ ਵਸਿਸ਼ਟ ਅੰਤਹਕਰਣ ਰੂਪੀ ਘਰ ਵਿਚ ਗਿਆਨ ਰੂਪੀ ਸੂਰਜ ਆ ਕੇ ਸਮਾਂਵਦਾ ਹੈ॥ ੬॥

ਪੰਖੀ ਪੰਚ ਉਡਰਿ ਨਹੀ ਧਾਵਹਿ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥

ਸ਼ੁਭ ਗੁਣਾਂ ਰੂਪੀ ਫਲਾਂ ਦੇ ਸਹਿਤ ਜੋ ਗੁਰੂ ਸਾਹਿਬ ਜੀ ਰੂਪ ਸਫਲਿਓ ਬ੍ਰਿਛ ਹਨ ਜੋ ਉਹਨਾਂ ਪਾਸੋਂ ਅੰਮ੍ਰਿਤ=ਅਮਰ ਕਰਨ ਵਾਲੇ ਗਿਆਨ ਫਲ ਨੂੰ ਪਾਂਦੇ ਹਨ ਉਸ ਦੇ ਪੰਜ ਗਿਆਨ ਇੰਦ੍ਰੀਆਂ ਰੂਪੀ ਪੰਛੀ ਉਡ ਕੇ ਵਿਸ਼ਿਆਂ ਵੱਲ ਨਹੀਂ ਦੌੜਦੇ।

ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ॥ ੭॥

ਗੁਰਮੁਖ ਜਨ ਸਹਜੇ ਸਹਜੇ ਨਾਮ ਨੂੰ ਰਵੈ=ਉਚਾਰਦਾ ਹੈ ਤੇ ਪ੍ਰਭੂ ਦੇ ਜਸ ਰੂਪ ਗੁਣਾਂ ਨੂੰ ਗਾਂਵਦਾ ਹੈ ਅਤੇ ਇੰਦ੍ਰੀਆਂ ਨੂੰ ਹਰੀ ਰਸ ਰੂਪੀ ਚੋਗ ਚੁਗਾਂਵਦਾ ਹੈ॥ ੭॥

ਝਿਲਮਿਲਿ ਝਿਲਕੈ ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥

ਉਸ ਪਰਮਾਤਮਾ ਦਾ ਝਿਲ ਮਿਲਿ=ਪ੍ਰਕਾਸ਼ ਵਿਚ ਇਸ ਤਰ੍ਹਾਂ ਝਿਲਕੈ=ਝਮਕ ਰਿਹਾ ਹੈ, ਨਾ ਐਸਾ ਚੰਦ੍ਰਮਾ ਦਾ ਪ੍ਰਕਾਸ਼ ਹੈ ਨਾ ਤਾਰਿਆਂ ਦਾ ਪ੍ਰਕਾਸ਼ ਹੈ, ਨਾ ਸੂਰਜ ਦੀਆਂ ਕਿਰਨਾ ਦਾ ਪ੍ਰਕਾਸ਼ ਹੈ ਨਾ ਹੀ ਗੈਣਾਰਾ=ਅਕਾਸ਼ ਵਿਚ ਬਿਜਲੀ ਦਾ ਪ੍ਰਕਾਸ਼ ਹੈ।

ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ॥ ੮॥

ਉਸ ਅਕਥ ਪ੍ਰਭੂ ਨੂੰ ਕਥਨ ਕਰੋ, ਜਿਸ ਦਾ ਚਿੰਨ ਵਰੀਰਾ ਕੋਈ ਨਹੀਂ ਹੈ, ਉਹ ਸਾਰੇ ਪਰੀਪੂਰਨ ਹੋ ਰਿਹਾ ਹੈ ਓਹੀ ਮੇਰੇ ਮਨ ਵਿਚ ਭਾਉਂਦਾ ਹੈ॥ ੮॥

ਪਸਰੀ ਕਿਰਣਿ ਜੋਤਿ ਉਜਿਆਲਾ॥ ਕਰਿ ਕਰਿ ਦੇਖੈ ਆਪਿ ਦਇਆਲਾ॥

ਪ੍ਰਤੱਖ ਜੋਤੀ ਦੇ ਉਜਿਆਲੇ ਕਰਕੇ ਸੂਰਜ ਦੀਆਂ ਕਿਰਨਾਂ ਪਸਰ ਰਹੀਆਂ ਹਨ।

ਅਥਵਾ:- ਜਿਸ ਵੇਲੇ ਹਿਰਦੇ ਰੂਪ ਅਕਾਸ਼ ਵਿਚ ਗਿਆਨ ਰੂਪ ਸੂਰਜ ਦੀਆਂ ਪ੍ਰਕਾਸ਼ ਰੂਪ ਕਿਰਨਾਂ ਪਸਰੀਆਂ ਤਾਂ ਜੋਤੀ ਦਾ ਪ੍ਰਕਾਸ਼ ਹੋਇਆ, ਵਾ:- ਹਿਰਦੇ ਰੂਪ ਅਕਾਸ਼ ਵਿਚ ਗੁਰੂ ਰੂਪ ਸੂਰਜ ਦੀਆਂ ਉਪਦੇਸ਼ ਰੂਪ ਕਿਰਨਾਂ ਪਸਰੀਆਂ ਤਾਂ ਜੋਤੀ ਪਰਮਾਤਮਾ ਦਾ ਪ੍ਰਕਾਸ਼ ਹੋਇਆ, ਜਾਂ ਜੋਤੀ ਦਾ ਉਜਿਆਲਾ ਹੋਇਆ ਤਾਂ ਸ਼ਾਂਤੀ ਰੂਪ ਕਿਰਨਾਂ ਪਸਰੀਆਂ।

ਉਹ ਆਪ ਹੀ ਦਿਆਲੂ ਪਰਮਾਤਮਾ ਉਤਪਤੀ ਆਦਿਕ ਕਰ ਕਰਕੇ ਵੇਖ ਰਿਹਾ ਹੈ।

ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥ ੯ ॥

ਅਨਹਦ=ਇਕ ਰਸ ਰੁਣ ਝੁਣਕਾਰ ਸੰਗਿਆ ਵਾਲੇ ਦਸਮ ਦੁਆਰ ਦੇ ਧੁਨਿ=ਵਾਜੇ ਨਿਰਭਉ ਦੇ ਘਰ ਦਸਮ ਦੁਆਰ ਵਿਚ ਸਦਾ ਵਾਇਦਾ=ਵਜ ਆਉਂਦੇ ਹਨ, ਜਾਂ ਅਨਹਦ=ਇਕ ਰਸ ਰੁਣ ਝੁਣਕਾਰ ਸੰਗਿਆ ਵਾਲੇ ਸਤਿਨਾਮੁ ਵਾਹਿਗੁਰੂ ਰੂਪੀ ਧੁਨਿ=ਵਾਜੇ, ਨਿਰਭਉ ਦੇ ਘਰ=ਸਤਸੰਗ ਵਿਚ ਸਦਾ ਵਜ ਆਉਂਦੇ ਹਨ ॥ ੯ ॥

[ਪੰਨਾ ੧੦੩੪]

ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥

ਅਨਹਦੁ=ਇਕ ਰਸ ਸਤਿਨਾਮੁ ਵਾਹਿਗੁਰੂ ਰੂਪ ਵਾਜਿਆਂ ਦੀ ਧੁਨ ਕਰਕੇ ਭਰਮ ਤੇ ਡਰ ਦੌੜ ਜਾਂਦਾ ਹੈ, ਜਾਂ ਅਨਹਦੁ=ਇਕ ਰਸ, ਵਾ:- ਹਦ ਤੋਂ ਰਹਿਤ ਪਰਮਾਤਮਾ ਦੇ ਵਾਜੈ=ਪ੍ਰਗਟ ਹੋਣ ਕਰਕੇ ਭਰਮ ਤੇ ਡਰ ਦੌੜ ਜਾਂਦਾ ਹੈ। ਛਾਜੈ=ਸੁੰਦਰ ਪ੍ਰਭੂ ਸਾਰਿਆਂ ਵਿਚ ਵਿਆਪ ਰਿਹਾ ਹੈ, ਜਾਂ ਉਹ ਪ੍ਰਭੂ ਸਾਰਿਆਂ ਵਿਚ ਵਿਆਪਕ ਹੋ ਕੇ ਛਾਜੈ=ਸੁਭਾਇਮਾਨ ਹੋ ਰਿਹਾ ਹੈ।

ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥ ੧੦ ॥

ਹੇ ਪ੍ਰਭੂ ! ਇਹ ਸਾਰੀ ਰਚਨਾ ਤੇਰੀ ਹੈ, ਤੈਨੂੰ ਗੁਰਮੁਖਾਂ ਨੇ ਜਾਣ ਲਿਆ ਹੈ, ਜੋ ਤੇਰੇ ਗੁਣਾਂ ਨੂੰ ਗਾਉਂਦਾ ਹੈ ਉਹ ਤੇਰੇ ਦਰ ਵਿਚ ਸ਼ੋਭਾ ਪਾਉਂਦਾ ਹੈ ॥ ੧੦ ॥

ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥

ਹੇ ਨਿਰੰਜਨ ਪਰਮਾਤਮਾ ! ਤੂੰ ਆਦ ਤੋਂ ਹੀ ਨਿਰਮਲ ਸੋਈ=ਸ਼ੋਭਾ ਵਾਲਾ ਹੈਂ। ਤੇਰੇ ਵਰਗਾ ਮੈਂ ਹੋਰ ਕੋਈ ਦੂਜਾ ਜਾਣਦਾ ਨਹੀਂ ਹਾਂ।

ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥ ੧੧ ॥

ਹੇ ਇਕ ਓਅੰਕਾਰ ! ਜੇ ਤੈਨੂੰ ਭਾਅ ਜਾਵੇ ਤਾਂ ਮਨ ਵਿਚ ਵਸ ਕੇ ਦੇਹ ਦੀ ਹੰਗਤਾ ਪਦਾਰਥਾਂ ਦੀ ਮਮਤਾ ਤੇ ਵਿਦਿਆ ਦਾ ਗਰਬ ਗੁਆ ਦੇਂਦਾ ਹੈਂ, ਜਾਂ ਜੇਹੜਾ ਪੁਰਸ਼ ਹਉਮੈ ਤੇ ਗਰਬ ਨੂੰ ਗੁਆਉਂਦਾ ਹੈ ਉਸ ਦੇ ਮਨ ਵਿਚ ਏਕੰਕਾਰ ਦਾ ਵਸਣਾ ਭਾਉਂਦਾ ਹੈ ॥ ੧੧ ॥

ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥

ਜਿਨ੍ਹਾਂ ਨੇ ਸਤਿਗੁਰਾਂ ਦਾ ਦਿੱਤਾ ਹੋਇਆ ਨਾਮ ਅੰਮ੍ਰਿਤ ਪੀਤਾ ਹੈ। ਉਹਨਾਂ ਨੇ ਹੋਰ ਕੋਈ ਦੂਆ=ਦ੍ਵੈਤ ਭਾਵ ਤੇ ਤੀਆ=ਤਿੰਨਾਂ ਗੁਣਾਂ ਨੂੰ ਨਹੀਂ ਜਾਣਿਆ।

ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥ ੧੨ ॥

ਉਹ ਪਰਮਾਤਮਾ ਅਪਰ=ਦੇਵਤਿਆਂ ਤੋਂ ਪਰੇ ਤੇ ਵਿਸ਼ਨ ਆਦਿਕਾਂ ਤੋਂ ਭੀ ਪਰੇ ਹੈ ਅਤੇ ਇਕੋ ਇਕ ਹੈ,

www.sikhbookclub.com

ਜਗਿਆਸੂਆਂ ਨੂੰ ਪਰਖ ਕੇ ਸਰੂਪ ਖਜ਼ਾਨੇ ਵਿਚ ਪਾਂਵਦਾ ਹੈ॥ ੧੨॥

ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ॥ ਕੋਇ ਨ ਜਾਣੈ ਤੇਰਾ ਚੀਰਾ॥

ਹੇ ਸੱਚੇ ! ਤੇਰਾ ਗਿਆਨ ਗਹਿਰ=ਡੂੰਗਾ ਹੈ, ਤੇ ਧਿਆਨ ਗੰਭੀਰ ਹੈ। ਤੇਰਾ ਚੀਰਾ=ਚਿਠਾ, ਜਾਂ ਦਫਤਰ, ਜਾਂ ਹੁਕਮ ਕੋਈ ਜਾਣ ਨਹੀਂ ਸਕਦਾ ਕਿੱਡਾ ਕੁ ਹੈ।

ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ॥ ੧੩॥

ਜਿੰਨੀ ਦੁਨੀਆਂ ਹੈ ਸਾਰੀ ਤੇਰੇ ਪਾਸੋਂ ਜਾਚੈ=ਮੰਗਦੀ ਹੈ, ਪਰ ਜੋ ਕਰਮਾਂ ਦਾ ਫਲ ਮਿਲਦਾ ਹੈ ਓਹੀ ਹਰ ਕੋਈ ਪਾਉਂਦਾ ਹੈ, ਵਾ:- ਜਿੰਨੀ ਦੁਨੀਆਂ ਹੈ ਉਹ ਸਾਰੀ ਤੇਰੇ ਕੋ ਹੀ ਮੰਗਦੀ ਹੈ, ਪਰ ਜਿਸ ਨੂੰ ਪੂਰਬਲੇ ਕਰਮ ਚੰਗੇ ਮਿਲੇ ਹਨ ਓਹੀ ਆਪ ਜੀ ਨੂੰ ਪਾਉਂਦਾ ਹੈ॥ ੧੩॥

ਕਰਮੁ ਧਰਮੁ ਸਚੁ ਹਾਥਿ ਤੁਮਾਰੈ॥ ਵੇਪਰਵਾਹ ਅਖੁਟ ਭੰਡਾਰੈ॥

ਹੇ ਸਚੇ ਪ੍ਰਭੂ ! ਸਚੁ=ਨਿਸਚੇ ਕਰਕੇ ਕਰਮ ਧਰਮ ਸਾਰੇ ਤੁਹਾਡੇ ਹੱਥ ਵਿਚ ਹਨ। ਹੇ ਬੇਪ੍ਰਵਾਹ ! ਆਪ ਜੀ ਦੇ ਭੰਡਾਰੇ ਹਨ।

ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ॥ ੧੪॥

ਹੇ ਪ੍ਰਭੂ ! ਤੂੰ ਸਦਾ ਦਿਆਲੂ ਹੈਂ ਜਿਸ ਉਤੇ ਤੂੰ ਕਿਰਪਾਲੂ ਹੁੰਦਾ ਹੈਂ, ਉਸ ਨੂੰ ਤੂੰ ਆਪਣੇ ਮੇਲ ਨਾਲ ਮਿਲਾਂਵਦਾ ਹੈਂ॥ ੧੪॥

ਆਪੇ ਦੇਖਿ ਦਿਖਾਵੈ ਆਪੇ॥ ਆਪੇ ਥਾਪਿ ਉਥਾਪੇ ਆਪੇ॥

ਤੂੰ ਆਪ ਹੀ ਵੇਖਦਾ ਹੈਂ ਤੇ ਆਪ ਹੀ ਵਿਖਾਉਂਦਾ ਹੈ, ਵਾ:- ਜਿਸ ਨੂੰ ਤੂੰ ਆਪ ਦਿਖਾਂਦਾ ਹੈਂ ਓਹੀ ਆਪ ਜੀ ਨੂੰ ਵੇਖਦਾ ਹੈ ਤੇ ਇਸ ਤਰ੍ਹਾਂ ਜਾਣਦਾ ਹੈ ਕਿ ਤੂੰ ਆਪ ਹੀ ਥਾਪਿ=ਉਤਪਤੀ ਕਰਦਾ ਹੈਂ ਤੇ ਆਪ ਹੀ ਸਾਰੇ ਸੰਸਾਰ ਦੀ ਉਥਾਪੇ=ਲੈਤਾ ਕਰਦਾ ਹੈਂ।

ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ॥ ੧੫॥

ਕਰਤਾ ਪੁਰਖ ਆਪ ਹੀ ਜੋੜਿ=ਮੇਲਦਾ ਹੈ ਆਪ ਹੀ ਵਿਛੋੜਦਾ ਹੈ, ਆਪ ਹੀ ਮਾਰਦਾ ਹੈ ਅਤੇ ਆਪ ਹੀ ਜੀਵਾਉਂਦਾ ਹੈ॥ ੧੫॥

ਜੇਤੀ ਹੈ ਤੇਤੀ ਤੁਧੁ ਅੰਦਰਿ॥ ਦੇਖਹਿ ਆਪਿ ਬੈਸਿ ਬਿਜ ਮੰਦਰਿ॥

ਜਿੰਨੀ ਦੁਨੀਆਂ ਹੈ ਤਿਤਨੀ ਸਾਰੀ ਤੇਰੇ ਹੁਕਮ ਅੰਦਰ ਹੈ। ਤੂੰ ਆਪ ਹੀ ਦਸਮ ਦੁਆਰ ਰੂਪੀ ਪੱਕੇ ਮੰਦਰ ਵਿਚ ਬੈਠ ਕੇ ਵੇਖ ਰਿਹਾ ਹੈਂ, ਵਾ:- ਬੈਕੁੰਠ ਧਾਮ ਰੂਪੀ ਪੱਕੇ ਮੰਦਰ ਅੰਦਰ ਬੈਠ ਕੇ ਵੇਖ ਰਿਹਾ ਹੈਂ।

ਨਾਨਕੁ ਮਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ॥ ੧੬॥ ੧॥ ੧੩॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੱਚੀ ਬੇਨਤੀ ਕਹਿੰਦਾ ਹਾਂ, ਹੇ ਹਰੀ ! ਆਪ ਜੀ ਦਾ ਦਰਸ਼ਨ ਕਰਕੇ ਹੀ ਮੇਰਾ ਮਨ ਸੁਖ ਨੂੰ ਪਾਉਂਦਾ ਹੈ, ਇਸ ਲਈ ਹਰ, ਵੇਲੇ ਮੈਨੂੰ ਆਪ ਜੀ ਦਾ ਦਰਸ਼ਨ ਹੁੰਦਾ ਰਹੇ॥ ੧੬॥ ੧॥ ੧੩॥

ਮਾਰੂ ਮਹਲਾ ੧ ॥

ਦਰਸਨੁ ਪਾਵਾ ਜੇ ਤੁਧੁ ਭਾਵਾ ॥ ਭਾਇ ਭਗਤਿ ਸਾਚੇ ਗੁਣ ਗਾਵਾ ॥

ਹੇ ਸੱਚੇ ! ਮੈਂ ਆਪ ਜੀ ਦੀ ਪ੍ਰੇਮਾ ਭਗਤੀ ਕਰਦਾ ਹਾਂ ਤੇ ਤੇਰੇ ਹੀ ਗੁਣ ਗਾਉਂਦਾ ਹਾਂ। ਪਰ ਜੇ ਆਪ ਜੀ ਨੂੰ ਭਾਵਾਂਗਾ ਤਾਂ ਹੀ ਆਪ ਜੀ ਦਾ ਦਰਸ਼ਨ ਪਾਵਾਂਗਾ।

ਤੁਧੁ ਭਾਣੇ ਤੂ ਭਾਵਹਿ ਕਰਤੇ ਆਪੇ ਰਸਨ ਰਸਾਇਦਾ ॥ ੧ ॥

ਹੇ ਕਰਤੇ ਪੁਰਖ ! ਜੋ ਤੇਰੇ ਭਾਣੇ ਵਿਚ ਤੁਰਦਾ ਹੈ ਉਹ ਤੈਨੂੰ ਭਾਉਂਦਾ ਹੈ, ਤੂੰ ਆਪ ਹੀ ਰਸਨਾ ਨੂੰ ਪ੍ਰੇਮ ਰਸ ਵਿਚ ਰਸਾਂਵਦਾ ਹੈਂ ॥ ੧ ॥

ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ ॥

ਹੇ ਪ੍ਰਭੂ ! ਤੇਰੇ ਦਰਬਾਰ ਅੰਦਰ ਤੇਰੇ ਭਗਤ ਸੋਭਦੇ ਹਨ। ਹੇ ਹਰੀ ! ਤੇਰੇ ਦਾਸ ਮੁਕਤ ਰੂਪ ਹੋਏ ਹਨ।

ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥ ੨ ॥

ਜੋ ਆਪਾ ਭਾਅ ਹੰਕਾਰ ਨੂੰ ਗੁਆ ਕੇ ਤੇਰੇ ਰੰਗਿ=ਪ੍ਰੇਮ ਵਿਚ ਰੱਤੇ ਹੋਏ ਹਨ ਅਤੇ ਰਾਤ ਦਿਨ ਆਪ ਜੀ ਦੇ ਨਾਮ ਨੂੰ ਧਿਆਉਂਦੇ ਹਨ ਉਹ ਦਾਸ ਮੁਕਤ ਰੂਪ ਹੋਏ ਹਨ ॥ ੨ ॥

ਈਸਰੁ ਬ੍ਰਹਮਾ ਦੇਵੀ ਦੇਵਾ ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥

ਈਸਰੁ=ਸ਼ਿਵ ਜੀ, ਬ੍ਰਹਮਾ, ਦੇਵੀਆਂ, ਦੇਵਤੇ, ਇੰਦ੍ਰ, ਤਪੀ ਤੇ ਮੁਨੀ ਇਤਿਆਦਿਕ ਸਾਰੇ ਤੇਰੀ ਸੇਵਾ ਕਰਦੇ ਹਨ।

ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥ ੩ ॥

ਕਿਤਨੇ ਹੀ ਜਤੀ, ਸਤੀ ਅਤੇ ਬਨਵਾਸੀ ਹੋਏ ਹਨ, ਪਰ ਹੇ ਭਗਵਾਨ ! ਤੇਰੇ ਅੰਤ ਨੂੰ ਕੋਈ ਭੀ ਪਾਂਵਦਾ ਨਹੀਂ ਹੈ ॥ ੩ ॥

ਵਿਣੁ ਜਾਣਾਏ ਕੋਇ ਨ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥

ਤੇਰੇ ਜਣਾਏ ਤੋਂ ਬਿਨਾਂ ਕੋਈ ਭੀ ਤੈਨੂੰ ਜਾਣਦਾ ਨਹੀਂ ਹੈ। ਤੂੰ ਜੋ ਕੁਝ ਭੀ ਕਰਦਾ ਹੈਂ ਸੋ ਆਪਣੇ ਭਾਣੇ ਅਨੁਸਾਰ ਕਰਦਾ ਹੈਂ।

ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥ ੪ ॥

ਤੁਸਾਂ ਨੇ ਚੌਰਾਸੀ ਲੱਖ ਕਿਸਮਾਂ ਦੇ ਜੀਵ ਪੈਦਾ ਕੀਤੇ ਹਨ, ਸਭਨਾਂ ਨੂੰ ਤੂੰ ਆਪਣੇ ਭਾਣੇ ਅੰਦਰ ਸ੍ਵਾਸ ਦੁਆਉਂਦਾ ਹੈਂ ॥ ੪ ॥

ਜੋ ਤਿਸੁ ਭਾਵੈ ਸੋ ਨਿਹਚਉ ਹੋਵੈ ॥ ਮਨਮੁਖ ਆਪੁ ਗਣਾਏ ਰੋਵੈ ॥

ਜੋ ਤਿਸ ਆਪ ਜੀ ਨੂੰ ਭਾਉਂਦਾ ਹੈ ਓਹੀ ਨਿਸਚੇ ਕਰਕੇ ਹੁੰਦਾ ਹੈ। ਮਨਮੁਖ ਪੁਰਸ਼ ਆਪਣੇ ਆਪ ਨੂੰ ਗਿਣਾਉਂਦਾ ਹੈ ਇਸ ਲਈ ਰੋਂਦਾ ਹੈ।

ਨਾਵਹੁ ਭੁਲਾ ਠਉਰ ਨ ਪਾਏ ਆਇ ਜਾਇ ਦੁਖੁ ਪਾਇਦਾ ॥ ੫ ॥

www.sikhbookclub.com

ਨਾਮ ਤੋਂ ਭੁਲਾ ਹੋਇਆ ਠਹਿਰਣਾ ਨਹੀਂ ਪਾਂਦਾ, ਆਇ ਜਾਇ=ਜਨਮ ਮਰਨ ਦੇ ਦੁੱਖ ਨੂੰ ਪਾਂਦਾ ਹੈ॥ ੫॥

ਨਿਰਮਲ ਕਾਇਆ ਊਜਲ ਹੰਸਾ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ॥

ਉਸ ਗੁਰਮੁਖ ਦੀ ਕਾਇਆਂ ਭੀ ਨਿਰਮਲ ਹੈ ਤੇ ਹੰਸਾ=ਜੀਵਾਤਮਾ ਭੀ ਉੱਜਲ ਹੈ। ਜਿਸ ਵਿਚ ਨਿਰੰਜਨ ਦਾ ਨਾਮ ਅੰਸਾ=ਥੋੜ੍ਹਾ ਮਾਤ੍ਰ ਹੈ।

ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ॥ ੬॥

ਉਹ ਸਾਰਿਆਂ ਦੁਖਾਂ ਨੂੰ ਅੰਮ੍ਰਿਤ ਰੂਪ ਜਾਣ ਕੇ ਪੀਂਦਾ ਹੈ, ਜਿਵੇਂ ਮੀਰਾਂ ਬਾਈ ਨੇ ਵਿਹੁ ਅੰਮ੍ਰਿਤ ਰੂਪ ਜਾਣ ਕੇ ਪੀ ਲਈ ਸੀ, ਉਹ ਫਿਰ ਕਦੇ ਦੁੱਖਾਂ ਨੂੰ ਪਾਂਦਾ ਨਹੀਂ ਹੈ॥ ੬॥

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥ ਭੋਗਹੁ ਰੋਗ ਸੁ ਅੰਤਿ ਵਿਗੋਵੈ॥

ਬਹੁਤੇ ਸਵਾਦਾਂ ਤੋਂ ਦੁੱਖ ਹੀ ਪ੍ਰਾਪਤ ਹੁੰਦਾ ਹੈ। ਭੋਗਾਂ ਤੋਂ ਰੋਗ ਹੁੰਦੇ ਹਨ ਅਤੇ ਉਹ ਭੋਗ ਅੰਤ ਸਮੇਂ ਜੀਵ ਨੂੰ ਵਿਗੋਵੈ=ਖਰਾਬ ਕਰਦੇ ਹਨ।

ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ॥ ੭॥

ਹਰਖ ਤੋਂ ਸੋਗ ਹੁੰਦਾ ਹੈ ਜੋ ਕਦੇ ਭੀ ਮਿਟਦਾ ਨਹੀਂ ਹੈ ਅਤੇ ਭਾਣੇ ਵਿਚ ਤੁਰੇ ਤੋਂ ਬਿਨਾਂ ਜੂਨੀਆਂ ਵਿਚ ਭਰਮਦਾ ਰਹਿੰਦਾ ਹੈ॥ ੭॥

ਗਿਆਨ ਵਿਹੂਣੀ ਭਵੈ ਸਬਾਈ॥ ਸਾਚਾ ਰਵਿ ਰਹਿਆ ਲਿਵ ਲਾਈ॥

ਬ੍ਰਹਮ ਗਿਆਨ ਦੇ ਪ੍ਰਾਪਤ ਹੋਏ ਤੋਂ ਬਿਨਾਂ ਸਾਰੀ ਦੁਨੀਆਂ ਭੌਂਦੀ ਫਿਰਦੀ ਹੈ। ਜੋ ਸੱਚਾ ਸਾਰਿਆਂ ਵਿਚ ਰਵਿ ਰਿਹਾ ਹੈ ਗਿਆਨੀਆਂ ਨੇ ਉਸ ਵਿਚ ਪ੍ਰਭੂ ਲਿਵ=ਬਿਰਤੀ ਲਗਾਈ ਹੈ।

ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ॥ ੮॥

ਗੁਰਾਂ ਦੇ ਸ਼ਬਦ ਕਰਕੇ ਜਿਸ ਨੇ ਸੱਚੇ ਨਿਰਭਉ ਨੂੰ ਜਾਤਾ=ਜਾਣਿਆ ਹੈ, ਉਸ ਦੀ ਜੋਤ ਨੂੰ ਜੋਤੀ= ਪਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ॥ ੮॥

ਅਟਲੁ ਅਡੋਲੁ ਅਤੋਲੁ ਮੁਰਾਰੇ॥ ਖਿਨ ਮਹਿ ਢਾਹੇ ਫੇਰਿ ਉਸਾਰੇ॥

ਉਹ ਮੁਰਾਰੀ ਪਰਮਾਤਮਾ ਅਟੱਲ ਹੈ, ਅਡੋਲ ਹੈ, ਅਤੋਲ ਹੈ। ਆਪਣੀ ਇੱਛਾ ਅਨੁਸਾਰ ਇਕ ਖਿਨ ਵਿਚ ਢਾਹੁੰਦਾ ਹੈ ਅਤੇ ਫੇਰ ਉਸਾਰ ਦੇਂਦਾ ਹੈ।

ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ ਸਬਦਿ ਭੇਦਿ ਪਤੀਆਇਦਾ॥ ੯॥

ਉਸ ਦਾ ਕੋਈ ਰੂਪ ਰੇਖ ਨਹੀਂ ਹੈ, ਉਸ ਦੀ ਮਰਯਾਦਾ ਦੀ ਕੀਮਤ ਭੀ ਨਹੀਂ ਪੈਂਦੀ, ਜੋ ਗੁਰ ਸ਼ਬਦ ਦਾ ਭੇਦੀ ਹੈ ਓਹੀ ਓਸੇ 'ਪਰ ਪਤੀਆਇਦਾ=ਭਰੋਸਾ ਕਰਦਾ ਹੈ॥ ੯॥

[ਪੰਨਾ ੧੦੩੫]

ਹਮ ਦਾਸਨ ਕੇ ਦਾਸ ਪਿਆਰੇ॥ ਸਾਧਿਕ ਸਾਚ ਭਲੇ ਵੀਚਾਰੇ॥

ਜੋ ਪ੍ਰਭੂ ਦੇ ਪਿਆਰੇ ਸਾਧਿਕ ਸਾਚ=ਸੱਚ ਦੀ ਸਾਧਨਾ ਕਰਨ ਵਾਲੇ ਤੇ ਭਲੇ ਵੀਚਾਰੇ=ਚੰਗੀ ਵਿਚਾਰ ਵਾਲੇ

www.sikhbookclub.com

ਹਨ, ਅਸੀਂ ਉਹਨਾਂ ਦੇ ਦਾਸਾਂ ਦੇ ਦਾਸ ਹਾਂ।

ਮੰਨੇ ਨਾਉ ਸੋਈ ਜਿਣਿ ਜਾਸੀ ਆਪੇ ਸਾਚੁ ਦ੍ਰਿੜਾਇਦਾ ॥ ੧੦ ॥

ਜੋ ਪ੍ਰਭੂ ਦੇ ਨਾਮ ਨੂੰ ਮੰਨਦਾ ਹੈ ਓਹੀ ਮਨੁੱਖ ਦੇਹ ਰੂਪ ਬਾਜ਼ੀ ਨੂੰ ਜਿੱਤ ਜਾਂਦਾ ਹੈ ਅਤੇ ਹੋਰਨਾਂ ਨੂੰ ਆਪ ਹੀ ਸੱਚ ਨਾਮ ਦ੍ਰਿੜ੍ਹ ਕਰਵਾਉਂਦਾ ਹੈ॥ ੧੦॥

ਪਲੈ ਸਾਚੁ ਸਚੇ ਸਚਿਆਰਾ ॥ ਸਾਚੇ ਭਾਵੈ ਸਬਦੁ ਪਿਆਰਾ ॥

ਜਿਸ ਦੇ ਬੁੱਧੀ ਰੂਪ ਪੱਲੇ ਵਿਚ ਸੱਚ ਨਾਮ ਹੈ, ਉਹ ਸੱਚੇ ਪੁਰਸ਼ ਸਚਿਆਰ ਹਨ। ਜੋ ਗੁਰ ਸ਼ਬਦ ਦਾ ਪਿਆਰਾ ਹੈ ਓਹੀ ਸੱਚੇ ਨੂੰ ਭਾਂਵਦਾ ਹੈ।

ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ ਸਾਚੇ ਹੀ ਪਤੀਆਇਦਾ ॥ ੧੧ ॥

ਤਿੰਨਾਂ ਲੋਕਾਂ ਵਿਚ ਜਿਸ ਸੱਚ ਨੇ ਆਪਣੀ ਕਲਾ=ਸ਼ਕਤੀ ਧਾਰ ਕੇ ਮਰਯਾਦਾ ਥਾਪੀ ਹੈ, ਉਹ ਸੱਚਿਆਂ ਉਤੇ ਹੀ ਪ੍ਰਸੰਨ ਹੁੰਦਾ ਹੈ॥ ੧੧॥

ਵਡਾ ਵਡਾ ਆਖੈ ਸਭੁ ਕੋਈ ॥ ਗੁਰ ਬਿਨੁ ਸੋਝੀ ਕਿਨੈ ਨ ਹੋਈ ॥

ਸਭ ਕੋਈ ਉਸ ਨੂੰ ਵੱਡਾ ਵੱਡਾ ਤਾਂ ਆਖਦਾ ਹੈ। ਪਰ ਗੁਰੂ ਤੋਂ ਬਿਨਾਂ ਉਸ ਦੀ ਸੋਝੀ ਕਿਸੇ ਨੂੰ ਨਹੀਂ ਹੋਈ।

ਸਾਚਿ ਮਿਲੈ ਸੋ ਸਾਚੇ ਭਾਏ ਨਾ ਵੀਛੁੜਿ ਦੁਖੁ ਪਾਇਦਾ ॥ ੧੨ ॥

ਜੋ ਸੱਚੇ ਸਤਸੰਗ ਵਿਚ ਮਿਲੇ ਹਨ ਉਹ ਸੱਚੇ ਨੂੰ ਭਾਅ ਗਏ ਹਨ, ਜਾਂ ਜੋ ਸੱਚ ਨੂੰ ਭਾਏ ਹਨ ਉਹ ਸੱਚ ਵਿਚ ਮਿਲ ਗਏ ਹਨ, ਉਹ ਫਿਰ ਉਸ ਨਾਲੋਂ ਵਿਛੜ ਕੇ ਦੁਖ ਨਹੀਂ ਪਾਉਂਦੇ, ਜਾਂ ਵਿਛੋੜੇ ਦਾ ਦੁਖ ਨਹੀਂ ਪਾਉਂਦੇ॥ ੧੨॥

ਧੁਰਹੁ ਵਿਛੁੰਨੇ ਧਾਹੀ ਰੁੰਨੇ ॥ ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥

ਜੋ ਧੁਰੋਂ ਪਰਮੇਸ਼ਰ ਤੋਂ ਵਿਛੜੇ ਹੋਏ ਹਨ ਓਹ ਧਾਹਾਂ ਮਾਰ ਮਾਰ ਕੇ ਰੋਂਦੇ ਹਨ ਅਤੇ ਮੁਹਲਿਤ ਪੁੰਨੇ=ਉਮਰਾ ਦੇ ਪੂਰੇ ਹੋਣ ਤੇ ਮਰਦੇ ਜੰਮਦੇ ਰਹਿੰਦੇ ਹਨ।

ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ ॥ ੧੩ ॥

ਜਿਸ ਦੇ ਔਗੁਣ ਬਖਸ਼ਦਾ ਹੈ ਉਸ ਨੂੰ ਵਡਿਆਈ ਦੇਂਦਾ ਹੈ, ਜਿਸ ਨੂੰ ਆਪਣੇ ਨਾਲ ਮੇਲ ਲੈਂਦਾ ਹੈ ਉਹ ਫਿਰ ਪਛੁਤਾਂਦਾ ਨਹੀਂ ਹੈ॥ ੧੩॥

ਉਸ ਦਾ ਨਿਸਚਾ ਇਸ ਤਰ੍ਹਾਂ ਹੋ ਜਾਂਦਾ ਹੈ ਕਿ-

ਆਪੇ ਕਰਤਾ ਆਪੇ ਭੁਗਤਾ ॥ ਆਪੇ ਤ੍ਰਿਪਤਾ ਆਪੇ ਮੁਕਤਾ ॥

ਉਹ ਪਰਮੇਸ਼ਰ ਆਪ ਹੀ ਸਭ ਕੁਝ ਕਰਦਾ ਹੈ, ਆਪ ਹੀ ਫਲ ਭੋਗਦਾ ਹੈ। ਆਪ ਹੀ ਤ੍ਰਿਪਤ ਹੁੰਦਾ ਹੈ ਆਪ ਹੀ ਸਭ ਤੋਂ ਮੁਕਤ ਰੂਪ ਹੈ।

ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ ॥ ੧੪ ॥

ਮੁਕਤੀ ਸਰੁ=ਮੁਕਤੀ ਦਾ ਮਾਲਕ ਪਰਮੇਸ਼ਰ ਆਪ ਹੀ ਮੁਕਤੀ ਦਾਨ ਦੇਂਦਾ ਹੈ, ਆਪ ਹੀ ਸਰੀਰ ਦੀ

ਮਮਤਾ ਅਤੇ ਮੋਹ=ਅਗਿਆਨ ਨੂੰ ਦੂਰ ਕਰਦਾ ਹੈ॥ ੧੪॥

ਦਾਨਾ ਕੈ ਸਿਰਿ ਦਾਨੁ ਵੀਚਾਰਾ॥ ਕਰਣ ਕਾਰਣ ਸਮਰਥੁ ਅਪਾਰਾ॥

ਦਾਨਾ=ਦਾਤਿਆਂ ਦੇ ਵਿਚੋਂ ਸਿਰਿ=ਸ਼ਰੋਮਣੀ ਦਾਨੀ ਵੀਚਾਰੀਦਾ ਹੈ। ਫਿਰ ਉਹ ਅਪਾਰ ਪ੍ਰਭੂ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੈ।

ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ॥ ੧੫॥

ਆਪਣੇ ਕੀਤੇ ਪ੍ਰਪੰਚ ਨੂੰ ਆਪ ਹੀ ਕਰ ਕਰਕੇ ਵੇਖਣਾ ਕਰਦਾ ਹੈ, ਆਪ ਹੀ ਸ਼ੁਭ ਕਰਣੀ ਭਗਤੀ ਦੀ ਕਾਰ ਨੂੰ ਕਰਾਉਂਦਾ ਹੈ॥ ੧੫॥

ਸੇ ਗੁਣ ਗਾਵਹਿ ਸਾਚੇ ਭਾਵਹਿ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ॥

ਹੇ ਸਚੇ ! ਜੋ ਆਪ ਜੀ ਨੂੰ ਭਾਂਵਦੇ ਹਨ ਓਹੀ ਆਪ ਜੀ ਦੇ ਗੁਣਾਂ ਨੂੰ ਗਾਂਵਦੇ ਹਨ। ਉਹ ਤੇਰੇ ਤੋਂ ਪੈਦਾ ਹੋਏ ਹਨ ਅੰਤ ਨੂੰ ਤੇਰੇ ਵਿਚ ਹੀ ਅਭੇਦ ਹੋ ਜਾਂਦੇ ਹਨ।

ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ॥ ੧੬॥ ੨॥ ੧੪॥

ਗੁਰੂ ਜੀ ਕਥਨ ਕਰਦੇ ਹਨ— ਜੋ ਸੱਚੀ ਬੇਨਤੀ ਕਹਿੰਦਾ ਹੈ ਓਹ ਸੱਚੇ ਨਾਲ ਹੀ ਮਿਲ ਕੇ ਸੁਖ ਪਾਉਂਦਾ ਹੈ॥ ੧੬॥ ੨॥ ੧੪॥

ਮਾਰੂ ਮਹਲਾ ੧॥

ਗੁਰੂ ਸਾਹਿਬ ਜੀ ਇਸ ਸੋਲਹੇ ਵਿਚ ੧੩ ਪਉੜੀਆਂ ਤੱਕ ਮਹਾਂ ਪਰਲੋ ਦਾ ਪ੍ਰਕਾਰ ਵਿਖਾਉਂਦੇ ਹਨ ਫੇਰ ਤਿੰਨ ਪਉੜੀਆਂ ਵਿਚ ਉਤਪਤੀ ਦਾ ਪ੍ਰਕਾਰ ਦੱਸਣਗੇ।

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥

ਮਹਾਂ ਪਰਲੋ ਕਾਲ ਮੇਂ ਅਰਬਦ ਨਰਬਦ=ਗਿਣਤੀ ਤੋਂ ਅਨਗਿਣਤ ਹੀ, ਭਾਵ ਬਹੁਤ ਕਾਲ ਧੁੰਧੂਕਾਰ ਰਿਹਾ, ਵਾ:-ਸੌ ਕ੍ਰੋੜ ਦਾ ਅਰਬ ਤੇ ਦਸ ਅਰਬ ਦਾ ਖਰਬ ਹੁੰਦਾ ਹੈ, ਅਰਬਦ=ਅਰਬ ਤੇ ਨਰਬਦ=ਖਰਬ, ਇਤਨਾਂ ਸਮਾਂ ਧੁੰਧੂਕਾਰ ਰਿਹਾ। ਉਸ ਵੇਲੇ ਨਾ ਧਰਤੀ, ਨਾ ਗਗਨ=ਅਕਾਸ਼ ਤੇ ਨਾ ਹੀ ਅਪਾਰ ਹੁਕਮ ਦੇ ਕਰਨ ਵਾਲਾ ਸੀ। ਵਾ:-ਉਸ ਵੇਲੇ ਨਾ ਧਰਤੀ ਨਾ ਅਕਾਸ਼ ਸੀ, ਇਕ ਹੁਕਮ ਦੇ ਕਰਨ ਵਾਲਾ ਅਪਾਰ ਪ੍ਰਭੂ ਹੀ ਸੀ।

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ ੧॥

ਉਸ ਵੇਲੇ ਨਾ ਦਿਨ ਨਾ ਰੈਨਿ=ਰਾਤ ਸੀ, ਨਾ ਹੀ ਚੰਦ੍ਰਮਾਂ ਸੂਰਜ ਸੀ, ਇਕ ਪਰਮੇਸ਼ਰ ਹੀ ਅਫੁਰ ਸਮਾਧੀ ਨੂੰ ਲਗਾ ਰਿਹਾ ਸੀ॥ ੧॥

ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥

ਨਾ ਚਾਰੇ ਖਾਣੀਆਂ ਸਨ, ਨਾ ਚਾਰੇ ਬਾਣੀਆਂ ਸਨ, ਪੌਣ-ਪਾਣੀ ਭੀ ਨਹੀਂ ਸੀ। ਉਤਪਤੀ ਤੇ ਖਪਤਿ= ਮਰਨਾ ਭੀ ਨਹੀਂ ਸੀ ਅਤੇ ਕਹੀਂ ਔਣਾ ਜਾਣਾ ਭੀ ਨਹੀਂ ਸੀ।

ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥ ੨॥

ਨੌਂ ਖੰਡ, ਸਤ ਪਤਾਲ, ਸਤ ਸਮੁੰਦਰ ਭੀ ਨਹੀਂ ਸਨ, ਨਦੀਆਂ ਵਿਚ ਨੀਰ=ਜਲ ਭੀ ਨਹੀਂ ਚਲਦਾ

ਸੀ॥ ੨॥

ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥

ਤਿਸ ਵੇਲੇ ਸੁਰਗ, ਮਛੁ=ਮਾਤ ਲੋਕ, ਪਇਆਲਾ=ਪਤਾਲ ਇਹ ਤਿੰਨੇ ਲੋਕ ਨਹੀਂ ਸਨ ਮੁਸਲਮਾਨਾਂ ਦੀ ਬੋਲੀ ਅਨੁਸਾਰ ਦੋਜਕੁ=ਨਰਕ, ਭਿਸਤੁ=ਸੁਰਗ ਨਹੀਂ ਸੀ, ਸਭ ਦੇ ਖੈ ਕਰਨ ਵਾਲਾ ਕਾਲ ਭੀ ਨਹੀਂ ਸੀ।

ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥ ੩॥

ਹਿੰਦੂਆਂ ਦੇ ਮਤ ਅਨੁਸਾਰ ਨਾ ਨਰਕ ਸੁਰਗ ਸੀ, ਨਾ ਜੰਮਣਾ ਮਰਨਾ ਸੀ, ਨਾ ਕੋਈ ਕਿਤੇ ਆਉਂਦਾ ਸੀ ਨਾ ਕੋਈ ਜਾਂਦਾ ਸੀ।

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥

ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਇਨ੍ਹਾਂ ਦੇਵਤਿਆਂ ਵਿਚੋਂ ਭੀ ਕੋਈ ਨਹੀਂ ਸੀ, ਹੋਰ ਕੋਈ ਨਹੀਂ ਦਿੱਸਦਾ ਸੀ ਇਕ ਉਹ ਪਰਮਾਤਮਾ ਹੀ ਸੀ।

ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥ ੪॥

ਇਸਤ੍ਰੀ ਪੁਰਖ ਨਹੀਂ ਸੀ, ਨਾ ਜਾਤੀ ਸੀ ਨਾ ਕੋਈ ਜਨਮਿਆਂ ਸੀ ਅਤੇ ਨਾ ਹੀ ਕੋਈ ਦੁੱਖ ਸੁਖ ਨੂੰ ਪਾਉਂਦਾ ਸੀ॥ ੪॥

ਨਾ ਤਦਿ ਜਤੀ ਸਤੀ ਬਨਵਾਸੀ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥

ਤਦੋਂ ਜਤੀ, ਸਤੀ, ਬਨਵਾਸੀ ਭੀ ਕੋਈ ਨਹੀਂ ਸੀ। ਨਾ ਹੀ ਤਦੋਂ ਸਿਧ ਸਾਧਿਕ ਸੀ ਅਤੇ ਨਾ ਹੀ ਕੋਈ ਸੁਖਾਂ ਵਿਚ ਵਸਣ ਵਾਲਾ ਸੁਖੀ ਜੀਊੜਾ ਸੀ।

ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ॥ ੫॥

ਜੋਗੀ, ਜੰਗਮ ਆਦਿਕ ਕੋਈ ਭੇਖ ਭੀ ਨਹੀਂ ਸੀ ਅਤੇ ਨਾ ਹੀ ਕੋਈ ਆਪਣੇ ਆਪ ਨੂੰ ਨਾਥ ਕਹਾਉਂਦਾ ਸੀ॥ ੫॥

ਜਪ ਤਪ ਸੰਜਮ ਨਾ ਬ੍ਰਤ ਪੂਜਾ॥ ਨਾ ਕੋ ਆਖਿ ਵਖਾਣੈ ਦੂਜਾ॥

ਜਪ, ਤਪ, ਸੰਜਮ ਕਰਨਾ ਅਤੇ ਵਰਤ ਰਖਣੇ ਠਾਕੁਰ ਪੂਜਾ ਕਰਨੀ ਇਤਿਆਦਿਕ ਕੁਝ ਭੀ ਨਹੀਂ ਸੀ। ਨਾ ਹੀ ਕੋਈ ਦੂਜਾ ਆਖਿ=ਮੂੰਹ ਦੁਆਰਾ ਆਖ ਕੇ ਕਥਨ ਕਰਨ ਵਾਲਾ ਸੀ।

ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ॥ ੬॥

ਆਪਣੇ ਤੋਂ ਆਪ ਹੀ ਮਹਾਂ ਪਰਲੋ ਦਾ ਸਰੂਪ ਉਤਪੰਨ ਕਰਕੇ ਖੁਸ਼ ਹੋ ਰਿਹਾ ਸੀ ਅਤੇ ਆਪ ਹੀ ਪਰਲੋ ਦੀ ਕੀਮਤ ਨੂੰ ਪਾਂਦਾ ਸੀ ਕਿ ਇਤਨਾਂ ਚਿਰ ਮਹਾਂ ਪਰਲੋ ਰਖਣੀ ਹੈ॥ ੬॥

ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੁਆਲਾ॥

ਸੁਚਿ=ਪਵਿਤ੍ਰਤਾ, ਸੰਜਮੁ=ਇੰਦ੍ਰੀਆਂ ਦਾ ਦਮਨ ਕਰਨਾ, ਤੁਲਸੀ ਦੀ ਮਾਲਾ ਆਦਿਕ ਕੁਝ ਭੀ ਨਹੀਂ ਸੀ। ਗੋਪੀਆਂ, ਕਾਨੁ=ਕ੍ਰਿਸ਼ਨ ਅਤੇ ਗਊਆਂ ਤੇ ਗੁਆਲੇ ਭੀ ਨਹੀਂ ਸਨ।

ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥ ੭॥

www.sikhbookclub.com

ਜੰਤ੍ਰ, ਤੰਤ੍ਰ, ਮੰਤ੍ਰ ਆਦਿਕ ਕੋਈ ਪਖੰਡ ਨਹੀਂ ਸੀ ਅਤੇ ਨਾ ਹੀ ਕੋਈ ਬੰਸਰੀ ਨੂੰ ਵਜਾਂਦਾ ਸੀ॥ ੭॥

ਕਰਮ ਧਰਮ ਨਹੀ ਮਾਇਆ ਮਾਖੀ॥ ਜਾਤਿ ਜਨਮੁ ਨਹੀ ਦੀਸੈ ਆਖੀ॥

ਕਰਮ ਧਰਮ ਨਹੀਂ ਸੀ ਨਾ ਹੀ ਮਾਇਆ ਰੂਪ ਮੱਖੀ ਸੀ। ਜਾਤੀ ਜਨਮ ਆਦਿਕ ਕੁਝ ਭੀ ਅੱਖਾਂ ਨਾਲ ਦਿੱਸਦਾ ਨਹੀਂ ਸੀ।

ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥ ੮॥

ਮਮਤਾ ਦਾ ਜਾਲ=ਫਾਹ ਅਤੇ ਸਿਰ 'ਪਰ ਕਾਲ ਭੀ ਨਹੀਂ ਸੀ ਅਤੇ ਨਾ ਹੀ ਕੋਈ ਕਿਸੇ ਨੂੰ ਧਿਆਉਂਦਾ ਸੀ॥ ੮॥

ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥ ਨਾ ਤਦਿ ਗੋਰਖੁ ਨਾ ਮਾਛਿੰਦੋ॥

ਨਾ ਨਿੰਦੁ=ਨਿੰਦਿਆ, ਨਾ ਬਿੰਦੁ=ਉਸਤਤੀ ਸੀ, ਜਾਂ ਨਾ ਕੋਈ ਨਿੰਦਿਆਂ ਦੇ ਬਿੰਦੁ=ਜਾਨਣ ਵਾਲਾ ਸੀ ਨਾ ਜੀਵ ਤੇ ਨਾ ਹੀ ਜਿੰਦੋ=ਈਸ਼ਵਰ ਸੀ, ਤਦੋਂ ਨਾ ਗੋਰਖ ਨਾਥ ਸੀ, ਨਾ ਹੀ ਮਛਿੰਦ੍ਰ ਨਾਥ ਸੀ।

ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ॥ ੯॥

ਤਦੋਂ ਗਿਆਨ ਧਿਆਨ ਭੀ ਨਹੀਂ ਸੀ, ਨਾ ਹੀ ਕਿਸੇ ਕੁਲ ਦੀ ਉਤਪਤੀ ਸੀ ਅਤੇ ਨਾ ਹੀ ਕੋਈ ਗਿਣਤੀਆਂ ਨੂੰ ਗਿਣਦਾ ਸੀ॥ ੯॥

[ਪੰਨਾ ੧੦੩੬]

ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥ ਦੇਉ ਨ ਦੇਹੁਰਾ ਗਊ ਗਾਇਤ੍ਰੀ॥

ਬ੍ਰਾਹਮਣ, ਖਤ੍ਰੀ ਆਦਿਕ ਕੋਈ ਵਰਨ ਨਹੀਂ ਸੀ ਨਾ ਹੀ ਕੋਈ ਭੇਖ ਸੀ, ਨਾ ਦੇਉ=ਦੇਵਤਾ, ਨਾ ਦੇਹੁਰਾ= ਮੰਦਰ, ਨਾ ਹੀ ਗਊ ਤੇ ਗਾਇਤ੍ਰੀ ਸੀ।

ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ॥ ੧੦॥

ਹੋਮ=ਹਮਨ, ਤੇ ਯੱਗ ਆਦਿਕਾਂ ਦੇ ਕਰਨ ਦੀ ਕੋਈ ਕਿਰਿਆ ਨਹੀਂ ਸੀ, ਤੀਰਥਾਂ ਦਾ ਇਸ਼ਨਾਨ ਭੀ ਨਹੀਂ ਸੀ ਅਤੇ ਨਾ ਹੀ ਕੋਈ ਪੂਜਾ ਕਰਦਾ ਸੀ, ਜਾਂ ਨਾ ਹੀ ਕੋਈ ਪੂਜਾ ਕਰਨ ਵਿਚ ਮਨ ਨੂੰ ਲਗਾਂਦਾ ਸੀ॥ ੧੦॥

ਨਾ ਕੋ ਮੁਲਾ ਨਾ ਕੋ ਕਾਜੀ॥ ਨਾ ਕੋ ਸੇਖੁ ਮਸਾਇਕੁ ਹਾਜੀ॥

ਨਾ ਕੋਈ ਮੁਲਾਂ ਨਾ ਹੀ ਕੋਈ ਕਾਜੀ ਸੀ। ਨਾ ਕੋਈ ਸੇਖੁ ਸੀ, ਨਾ ਕੋਈ (ਮਸਾਇਕੁ=ਮੁਸੱਕਤ) ਮੇਹਨਤ ਦੇ ਕਰਨ ਵਾਲਾ ਸੀ, ਨਾ ਕੋਈ ਹਾਜੀ ਸੀ।

ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥ ੧੧॥

ਨਾ ਕੋਈ ਰਾਜਾ ਤੇ ਨਾ ਕੋਈ ਪਰਜਾ ਸੀ, ਨਾ ਹੀ ਦੁਨੀਆਂ ਦੀ ਹੰਗਤਾ ਮਮਤਾ ਸੀ ਅਤੇ ਨਾ ਹੀ ਕੋਈ ਕਹਿਣੇ ਕਹਾਣੇ ਵਾਲਾ ਸੀ॥ ੧੧॥

ਭਾਉ ਨ ਭਗਤੀ ਨਾ ਸਿਵ ਸਕਤੀ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ॥

ਭਾਉ ਨ ਭਗਤੀ=ਪ੍ਰੇਮਾ ਭਗਤੀ ਨਹੀਂ ਸੀ, ਸ਼ਿਵ ਜੀ ਤੇ ਸ਼ਕਤੀ=ਪਾਰਬਤੀ ਭੀ ਨਹੀਂ ਸੀ, ਵਾ-ਸ਼ਿਵ=

ਈਸ੍ਵਰ ਤੇ ਸਕਤੀ=ਮਾਇਆ ਭੀ ਨੰਹੀਂ ਸੀ। ਨਾ ਕੋਈ ਸੱਜਣ ਤੇ ਮਿਤ੍ਰ ਸੀ, ਪਿਤਾ ਦਾ ਬਿੰਦੁ=ਵੀਰਜ ਤੇ ਮਾਂ ਦੀ ਰਕਤ ਭੀ ਨਹੀਂ ਸੀ।

ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ॥ ੧੨॥

ਉਹ ਪਰਮੇਸ਼ਰ ਆਪ ਹੀ ਸ਼ਾਹ ਤੇ ਵਣਜਾਰਾ ਸੀ। ਹੋਰ ਪ੍ਰਤੱਖ ਸ਼ਾਹ ਵਣਜਾਰਾ ਕੋਈ ਨਹੀਂ ਸੀ, ਤਦੋਂ ਸੱਚੇ ਨੂੰ ਏਹੋ ਕੁਝ ਭਾਂਵਦਾ ਸੀ॥ ੧੨॥

ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥ ਪਾਠ ਪੁਰਾਣ ਉਦੈ ਨਹੀ ਆਸਤ॥

ਹਿੰਦੂਆਂ ਦੇ ਵੇਦ ਤੇ ਮੁਸਲਮਾਨਾਂ ਦੀਆਂ ਕਤੇਬਾਂ ਨਹੀਂ ਸਨ, ਸਿੰਮ੍ਰਿਤੀਆਂ ਸ਼ਾਸਤ੍ਰ ਭੀ ਨਹੀਂ ਸਨ। ਪੁਰਾਣਾਂ ਦੇ ਪਾਠ ਭੀ ਨਹੀਂ ਸਨ, ਸੂਰਜ ਚੰਦ੍ਰਮਾ ਦਾ ਉਦੇ ਅਸਤ ਹੋਣਾ ਭੀ ਨਹੀਂ ਸੀ।

ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ॥ ੧੩॥

ਕਹਤਾ=ਕਹਿਣੇ ਵਾਲਾ ਕਵੀਸ਼ਰ, ਬਕਤਾ=ਬੋਲਣ ਵਾਲਾ ਭਾਵ ਵਿਆਖਿਆ ਕਰਨ ਵਾਲਾ ਪੰਡਿਤ, ਉਹ ਅਗੋਚਰ ਪ੍ਰਭੂ ਆਪ ਹੀ ਹੈ ਅਤੇ ਆਪਣੇ ਅਲਖ ਸਰੂਪ ਨੂੰ ਆਪ ਹੀ ਲਖਾ ਦੇਂਦਾ ਹੈ॥ ੧੩॥

ਅਗੋਂ ਉਤਪਤੀ ਦਾ ਪ੍ਰਕਰਨ ਦੱਸਦੇ ਹਨ-

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥

ਜਾਂ ਉਸ ਪਰਮੇਸ਼ਰ ਨੂੰ ਭਾਇਆ ਤਾਂ ਉਸ ਨੇ ਜਗਤ ਨੂੰ ਪੈਦਾ ਕਰ ਦਿਤਾ।

ਬਾਝੁ ਕਲਾ ਆਡਾਣੁ ਰਹਾਇਆ॥

ਥੰਮੇ ਤੋਂ ਬਾਝੁ=ਬਿਨਾਂ ਹੀ ਆਪਣੀ ਕਲਾ=ਸ਼ਕਤੀ ਕਰਕੇ ਉਸ ਨੇ ਆਡਾਣੁ=ਅਕਾਸ਼ ਆਦਿਕਾਂ ਨੂੰ ਅੱਡ ਰਖਿਆ ਹੈ।

ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ॥ ੧੪॥

ਫੇਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵਾਂ ਨੂੰ ਪੈਦਾ ਕੀਤਾ ਹੈ, ਪੁਨਾ ਆਪ ਹੀ ਇਨ੍ਹਾਂ ਦੇ ਵਿਚ ਮਾਇਆ ਦਾ ਮੋਹ ਵਧਾਉਂਦਾ ਹੈ॥ ੧੪॥

ਵਿਰਲੇ ਕਉ ਗੁਰਿ ਸਬਦੁ ਸੁਣਾਇਆ॥ ਕਰਿ ਕਰਿ ਦੇਖੈ ਹੁਕਮੁ ਸਬਾਇਆ॥

ਕਿਸੇ ਵਿਰਲੇ ਜਗਿਆਸੂ ਨੂੰ ਗੁਰਾਂ ਨੇ ਉਪਦੇਸ਼ ਸੁਣਾਇਆ ਹੈ। ਉਸ ਨੇ ਜਾਣਿਆ ਹੈ ਜੋ ਕਰਤਾ ਪੁਰਖ ਆਪਣੇ ਹੁਕਮ ਨਾਲ ਬਣਾ ਬਣਾ ਕੇ ਫੇਰ ਸਭਨਾਂ ਨੂੰ ਵੇਖਦਾ ਹੈ।

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥ ੧੫॥

ਜਿਸ ਨੇ ਨੌਂ ਖੰਡ, ਬ੍ਰਹਮਾਂਡ ਤੇ ਪਤਾਲ ਆਦਿਕ ਅਰੰਭੇ=ਬਣਾਏ ਹਨ, ਓਹੀ ਗੁਪਤ ਰੂਪ ਤੋਂ ਪ੍ਰਗਟ ਹੋ ਆਇਆ ਹੈ।

ਤਾ ਕਾ ਅੰਤੁ ਨ ਜਾਣੈ ਕੋਈ॥ ਪੂਰੇ ਗੁਰ ਤੇ ਸੋਝੀ ਹੋਈ॥

ਉਸ ਦੇ ਅੰਤ ਨੂੰ ਕੋਈ ਜਾਣਦਾ ਨਹੀਂ ਹੈ। ਉਸ ਪਰਮਾਤਮਾ ਦੀ ਸੋਝੀ ਪੂਰਿਆਂ ਗੁਰਾਂ ਤੋਂ ਪ੍ਰਾਪਤ ਹੁੰਦੀ ਹੈ।

www.sikhbookclub.com

ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ ॥ ੧੬ ॥ ੩ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ—ਜੋ ਗੁਣਾਂ ਨੂੰ ਗਾਂਵਦਾ ਹੈ ਉਹ ਸੱਚ ਵਿਚ ਰੱਤਾ ਹੋਇਆ ਅਸਚਰਜ ਰੂਪ ਨਾਲ ਮਿਲ ਕੇ ਅਸਚਰਜ ਰੂਪ ਹੋ ਗਿਆ ਹੈ, ਵਾ:-ਜੋ ਸੱਚ ਵਿਚ ਰੱਤੇ ਹਨ ਉਹ ਅਸਚਰਜ ਰੂਪ ਹਨ, ਉਹਨਾਂ ਦਾ ਮਨ ਭੀ ਗੁਣ ਗਾਂਵਦਾ ਹੋਇਆ ਅਸਚਰਜ ਰੂਪ ਹੋਇਆ ਹੈ॥ ੧੬ ॥ ੩ ॥ ੧੫ ॥

ਮਾਰੂ ਮਹਲਾ ੧ ॥
ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥

ਆਪੇ ਹੀ ਜਗਤ ਨੂੰ ਪੈਦਾ ਕਰਕੇ ਆਪ ਉਸ ਤੋਂ ਨਿਰਾਲਾ=ਅਸੰਗ ਰਹਿੰਦਾ ਹੈ। ਇਹ ਸੰਸਾਰ ਥਾਨ ਸੱਚੇ ਦਿਆਲੂ ਨੇ ਆਪ ਕੀਤਾ ਹੈ। *ਅਥਵਾ:*-ਦਿਆਲੂ ਨੇ ਆਪਣੇ ਬੈਠਣ ਵਾਸਤੇ ਸਤਸੰਗ,

ਵਾ:- ਸਰੂਪ ਰੂਪੀ ਸੱਚਾ ਥਾਨ ਬਣਾਵਣਾ ਕੀਤਾ ਹੈ।

ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥ ੧ ॥

ਹਵਾ, ਪਾਣੀ ਤੇ ਅੱਗ ਆਦਿਕ ਵਿਰੋਧੀ ਤੱਤਾਂ ਦਾ ਬੰਧਨੁ=ਬੰਧੇਜ ਕਰਕੇ ਕਾਇਆਂ ਰੂਪੀ ਕਿਲ੍ਹੇ ਨੂੰ ਰਚਦਾ ਹੈ॥ ੧ ॥

ਨਉ ਘਰ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥

ਥਾਪਣਹਾਰੈ=ਬਨਾਵਣ ਵਾਲੇ ਨੇ ਇਸ ਕਿਲ੍ਹੇ ਦੇ ਨੌਂ ਗੋਲਕਾਂ ਰੂਪੀਂ ਨੌਂ ਘਰ ਥਾਪੇ=ਬਣਾਏ ਹਨ, ਜਾਂ ਨੌਂ ਗੋਲਕਾਂ ਵਾਲੇ ਸਰੀਰ ਘਰ ਨੂੰ ਥਾਪੇ=ਬਣਾਇਆ ਹੈ। ਅਲਖ ਅਪਾਰ ਪ੍ਰਭੂ ਆਪ ਦਸਮ ਦੁਆਰ ਵਿਚ ਨਿਵਾਸ ਕਰ ਰਿਹਾ ਹੈ।

ਪ੍ਰਸ਼ਨ-ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

ਉੱਤਰ-ਜਿਸ ਨੇ ਥਾਪਨਹਾਰਾ ਹੋ ਕੇ ਨਉ ਘਰ=ਨੌਂ ਗੋਲਕਾਂ ਵਿਚ ਦਸ ਇੰਦ੍ਰੀਆਂ ਨੂੰ ਆਪੋ ਆਪਣੇ ਵਿਸ਼ਿਆਂ ਵਲੋਂ ਥਾਪੇ=ਰੋਕਿਆ ਹੈ ਉਸ: ਦਾ ਦਸਮ ਰੂਪ ਅਲਖ ਅਪਾਰ ਵਿਚ ਵਾਸਾ ਹੋਇਆ ਹੈ।

ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥ ੨ ॥

ਜਿਸ ਗੁਰਮੁਖ ਨੇ ਸਾਇਰ ਸਪਤ=ਸਤ ਸਰੋਵਰ, ਪੰਜ ਗਿਆਨ ਇੰਦ੍ਰੀਏ ਤੇ ਮਨ, ਬੁੱਧੀ, ਨਾਮ ਰੂਪੀ ਨਿਰਮਲ ਜਲ ਨਾਲ ਭਰ ਲਏ ਹਨ, ਉਹਨਾਂ ਗੁਰਮੁਖਾਂ ਨੂੰ ਪਾਪਾਂ ਰੂਪੀ ਮੈਲ ਨਹੀਂ ਲਾਉਂਦਾ॥ ੨ ॥

ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥

ਸੂਰਜ ਚੰਦ੍ਰਮਾ ਇਹ ਦੋ ਸੰਸਾਰ ਦੇ ਦੀਪਕ ਹਨ, ਇਨ੍ਹਾਂ ਵਿਚ ਤੇ ਹੋਰ ਸਾਰਿਆਂ ਵਿਚ ਪ੍ਰਭੂ ਦੀ ਜੋਤਿ ਆ ਰਹੀ ਹੈ। ਉਹ ਆਪਣੀ ਵਡਿਆਈ=ਇੱਛਾ ਅਨੁਸਾਰ ਆਪ ਹੀ ਬਣਾ ਕੇ ਵੇਖਣਾ ਕਰਦਾ ਹੈ।

ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥ ੩ ॥

ਉਹ ਜੋਤਿ=ਪ੍ਰਕਾਸ਼ ਸਰੂਪ ਪ੍ਰਭੂ ਸਦਾ ਹੀ ਸੁਖਾਂ ਦਾ ਦਾਤਾ ਹੈ, ਸੱਚੇ ਨਾਮ ਜਪਣ ਵਾਲਾ ਸਦਾ ਹੀ ਸੋਭਾ

ਨੂੰ ਪਾਉਂਦਾ ਹੈ॥ ੩॥

ਗੜ ਮਹਿ ਹਾਟ ਪਟਣ ਵਾਪਾਰਾ॥ ਪੂਰੈ ਤੋਲਿ ਤੋਲੈ ਵਣਜਾਰਾ॥

ਪ੍ਰਤੱਖ ਗੜ੍ਹਿਆਂ ਵਿਚ ਹਟਾਂ ਵਿਚ ਪਟਣ=ਸ਼ਹਿਰਾਂ ਵਿਚ ਰਹਿ ਕੇ ਗੁਰਮੁਖ ਸ਼ੁਭ ਗੁਣਾਂ ਦਾ ਵਪਾਰ ਕਰਦੇ ਹਨ।

ਅਥਵਾ:-ਸਰੀਰ ਪਟਣ ਵਿਚ ਗੜਾ=ਦਸਮ ਦੁਆਰ, ਹਾਟ=ਇੰਦ੍ਰੀਏ, ਜਾਂ ਸਰੀਰ ਰੂਪੀ ਪਟਣ ਜੋ ਗੜ=ਘੜਿਆ ਹੋਇਆ ਹੈ, ਤਿਸ ਮੇਂ ਹਾਟ=ਅੰਤਹਕਰਣ ਉਸ ਵਿਚ ਗੁਰਮੁਖ ਸੁਭ ਗੁਣਾਂ ਦਾ ਵਪਾਰ ਕਰਦੇ ਹਨ। ਵਣਜਾਰਾ=ਜਗਿਆਸੂ ਪੂਰੇ ਤੋਲ ਨੂੰ ਤੋਲਦਾ ਭਾਵ ਯਥਾਰਥ ਵਿਚਾਰ ਨੂੰ ਵਿਚਾਰਦਾ ਹੈ।

ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ॥ ੪॥

ਉਹ ਪਰਮੇਸ਼ਰ ਆਪ ਹੀ ਜਗਿਆਸੂ ਰੂਪ ਹੋ ਕੇ ਰਤਨੁ=ਵੈਰਾਗ ਆਦਿਕ ਸ਼ੁਭ ਗੁਣਾਂ ਨੂੰ ਜਾਂ ਰਤਨੁ=ਸਰੂਪ ਨੂੰ ਗੁਰਾਂ ਪਾਸੋਂ ਵਿਸਾਹੇ ਲੇਵੈ=ਖਰੀਦ ਲੈਂਦਾ ਹੈ ਅਤੇ ਆਪ ਹੀ ਸਰੂਪ ਦੀ ਕੀਮਤ ਨੂੰ ਪਾਉਂਦਾ ਹੈ॥ ੪॥

ਕੀਮਤਿ ਪਾਈ ਪਾਵਣਹਾਰੈ॥ ਵੇਪਰਵਾਹ ਪੂਰੇ ਭੰਡਾਰੈ॥

ਪਾਵਣ ਵਾਲੇ ਨੇ ਹੀ ਸਭ ਦੀ ਕੀਮਤ ਪਾਈ ਹੈ। ਉਸ ਬੇ-ਪ੍ਰਵਾਹ ਪ੍ਰਭੂ ਦੇ ਸਾਰੇ ਭੰਡਾਰ ਪੂਰੇ=ਭਰੇ ਹੋਏ ਹਨ।

ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ॥ ੫॥

ਉਹ ਆਪ ਹੀ ਸਰਬ ਸ਼ਕਤੀਆਂ ਨੂੰ ਲੈ ਕੇ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ ਅਤੇ ਕਿਸੇ ਵਿਰਲੇ ਗੁਰਮੁਖ ਨੂੰ ਹੀ ਗੁਰੂ ਦੀ ਰਾਹੀਂ ਇਹ ਗੱਲ ਸਮਝਾਂਦਾ ਹੈ॥ ੫॥

ਨਦਰਿ ਕਰੇ ਪੂਰਾ ਗੁਰੁ ਭੇਟੈ॥ ਜਮੁ ਜੰਦਾਰੁ ਨ ਮਾਰੈ ਫੇਟੈ॥

ਪ੍ਰਭੂ ਕ੍ਰਿਪਾ ਕਰੇ ਤਾਂ ਪੂਰਾ ਗੁਰੂ ਮਿਲਦਾ ਹੈ। ਜਿੰਦ ਦਾ ਅਰੀ ਜੋ ਜਮ ਹੈ ਉਸ ਜਮ ਦੇ ਜੰਦਾਰੁ=ਦੂਤ ਡੰਡਾ ਲੈ ਕੇ ਫੇਟੈ=ਸਟ ਨਹੀਂ ਮਾਰਦੇ।

ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ॥ ੬॥

ਜਿਵੇਂ ਜਲ ਦੇ ਵਿਚ ਕੌਲ ਫੁਲ ਖਿੜਦਾ ਹੈ, ਤਿਵੇਂ ਆਪ ਹੀ ਜਗਿਆਸੂ ਰੂਪ ਹੋ ਕੇ ਨਾਮ ਨੂੰ ਧਿਆਉਂਦਾ ਹੈ ਤੇ ਬਿਗਸਿ=ਪ੍ਰਸੰਨ ਹੁੰਦਾ ਹੈ॥ ੬॥

ਆਪੇ ਵਰਖੈ ਅੰਮ੍ਰਿਤ ਧਾਰਾ॥ ਰਤਨ ਜਵੇਹਰ ਲਾਲ ਅਪਾਰਾ॥

ਆਪ ਹੀ ਗੁਰੂ ਰੂਪ ਹੋ ਕੇ ਨਾਮ ਅੰਮ੍ਰਿਤ ਧਾਰਾ ਨੂੰ ਵਰਖਦਾ ਹੈ, ਜਿਸ ਨਾਮ ਵਿਚ ਅਪਾਰ ਹੀ ਰਤਨ= ਵੈਰਾਗ, ਜਵੇਹਰ=ਗਿਆਨ ਤੇ ਲਾਲ=ਪ੍ਰੇਮ ਆਦਿਕ ਸ਼ੁਭ ਗੁਣ ਹਨ।

ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ॥ ੭॥

ਸਤਿਗੁਰ ਦੇਵ ਜੀ ਮਿਲਣ ਤਾਂ ਪੂਰਾ ਨਾਮ ਗਿਆਨ ਪਾਈਦਾ ਹੈ ਅਤੇ ਪ੍ਰੇਮ ਪਦਾਰਥ ਭੀ ਪਾਈਦਾ ਹੈ॥੭॥

ਪ੍ਰੇਮ ਪਦਾਰਥੁ ਲਹੈ ਅਮੋਲੋ॥ ਕਬ ਹੀ ਨ ਘਾਟਸਿ ਪੂਰਾ ਤੋਲੋ॥

ਜੋ ਪੁਰਸ਼ ਅਮੋਲਕ ਪ੍ਰੇਮ ਪਦਾਰਥ ਨੂੰ ਲੈਂਦਾ ਹੈ। ਉਸ ਨੂੰ ਕਦੇ ਵੀ ਘਾਟਾ ਨਹੀਂ ਹੈ ਉਸ ਦਾ ਤੋਲੋ=ਵੀਚਾਰ ਪੂਰਾ ਹੈ, ਜਾਂ ਉਸ ਦਾ ਪੂਰਾ ਵਿਚਾਰ ਕਦੇ ਘਟਦਾ ਨਹੀਂ ਹੈ।

ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ॥ ੮॥

ਜੋ ਸੱਚੇ ਨਾਮ ਦਾ ਵਪਾਰੀ ਹੁੰਦਾ ਹੈ, ਉਹ ਸੱਚੇ ਹੀ ਸੌਦੇ ਨੂੰ ਪਾਂਦਾ ਹੈ॥ ੮॥

ਸਚਾ ਸਉਦਾ ਵਿਰਲਾ ਕੋ ਪਾਏ॥ ਪੂਰਾ ਸਤਿਗੁਰੁ ਮਿਲੈ ਮਿਲਾਏ॥

ਪਰਮੇਸ਼ਰ ਦੀ ਮਿਲਾਇਆਂ ਹੋਇਆਂ ਜੇਕਰ ਪੂਰਾ ਸਤਿਗੁਰੂ ਮਿਲ ਜਾਵੇ ਤਾਂ ਉਹ ਕੋਈ ਵਿਰਲਾ ਹੀ ਸੱਚੇ ਸੌਦੇ ਨੂੰ ਪਾਂਦਾ ਹੈ।

[ਪੰਨਾ ੧੦੩੭]

ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ॥ ੯॥

ਜੋ ਗੁਰਮੁਖ ਹੁੰਦਾ ਹੈ ਓਹੀ ਹੁਕਮ ਨੂੰ ਪਛਾਣਦਾ ਹੈ ਅਤੇ ਜੋ ਹੁਕਮ ਨੂੰ ਮੰਨਦਾ ਹੈ ਉਹ ਸਰੂਪ ਵਿਚ ਸਮਾਅ ਜਾਂਦਾ ਹੈ॥ ੯॥

ਹੁਕਮੇ ਆਇਆ ਹੁਕਮਿ ਸਮਾਇਆ॥ ਹੁਕਮੇ ਦੀਸੈ ਜਗਤੁ ਉਪਾਇਆ॥

ਜੀਵ ਹੁਕਮ ਵਿਚ ਆਇਆ=ਆਉਂਦਾ, ਭਾਵ ਜੰਮਦਾ ਹੈ ਤੇ ਹੁਕਮ ਵਿਚ ਹੀ ਸਮਾਅ ਜਾਂਦਾ, ਭਾਵ ਮਰਦਾ ਹੈ ਅਤੇ ਹੁਕਮ ਵਿਚ ਹੀ ਜਗਤ ਉਤਪਤ ਹੋਇਆ ਦਿੱਸਦਾ ਹੈ ਜਾਂ ਜਗਤ ਵਿਚ ਜੋ ਕੁਝ ਦਿੱਸ ਰਿਹਾ ਹੈ ਸਭ ਕੁਝ ਹੁਕਮ ਵਿਚ ਪੈਦਾ ਹੋਇਆ ਹੈ।

ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥ ੧੦॥

ਹੁਕਮ ਦੇ ਵਿਚ ਹੀ ਸੁਰਗ, ਮਛੁ=ਮਾਤ ਲੋਕ ਅਤੇ ਪਤਾਲ ਆਦਿਕ ਸਾਰੇ ਲੋਕ ਬਣੇ ਹਨ, ਹੁਕਮ ਦੀ ਕਲਾ ਵਿਚ ਹੀ ਸਾਰਿਆਂ ਨੂੰ ਟਿਕਾਂਵਦਾ ਹੈ॥ ੧੦॥

ਹੁਕਮੇ ਧਰਤੀ ਧਉਲ ਸਿਰਿ ਭਾਰੰ॥ ਹੁਕਮੇ ਪਉਣ ਪਾਣੀ ਗੈਣਾਰੰ॥

ਹੁਕਮ ਦੇ ਵਿਚ ਹੀ ਧੌਲਾ ਬਲਦ ਧਰਤੀ ਦੇ ਭਾਰ ਨੂੰ ਸਿਰ 'ਤੇ ਚੁਕੀ ਖੜਾ ਹੈ। ਹੁਕਮ ਦੇ ਵਿਚ ਹੀ ਹਵਾ ਪਾਣੀ ਤੇ ਗੈਣਾਰੰ=ਅਕਾਸ਼ ਹੈ।

ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ॥ ੧੧॥

ਹੁਕਮ ਦੇ ਵਿਚ ਹੀ ਸ਼ਿਵ ਸ਼ਕਤੀ ਦਾ ਘਰ ਜੋ ਸੰਸਾਰ ਹੈ ਉਸ ਵਿਚ ਜੀਵ ਨਿਵਾਸ ਕਰ ਰਿਹਾ ਹੈ, ਉਹ ਪਰਮੇਸ਼ਰ ਆਪਣੇ ਹੁਕਮ ਵਿਚ ਹੀ ਸਾਰੀ ਖੇਡ ਖਿਡਾ ਰਿਹਾ ਹੈ॥ ੧੧॥

ਹੁਕਮੇ ਆਡਾਣੇ ਆਗਾਸੀ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ॥

ਉਸ ਨੇ ਆਪਣੇ ਹੁਕਮ ਵਿਚ ਹੀ ਆਗਾਸੀ=ਅਕਾਸ਼ ਨੂੰ ਥੰਮੇ ਤੋਂ ਬਿਨਾਂ ਹੀ ਅਡਿਆ ਹੋਇਆ ਹੈ। ਜਲਾਂ ਥਲਾਂ ਵਿਚ ਵਸਣ ਵਾਲੇ ਅਤੇ ਤਿੰਨਾਂ ਲੋਕਾਂ ਵਿਚ ਵਸਣ ਵਾਲੇ ਜਿਤਨੇ ਕੁ ਜੀਵ ਹਨ ਸਭ ਉਸ ਦੇ ਹੁਕਮ ਵਿਚ ਹਨ।

ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥ ੧੨॥

ਸ੍ਵਾਸਾਂ ਦਾ ਲੈਣਾ ਤੇ ਗਿਰਾਸ=ਭੋਜਨ ਦਾ ਖਾਣਾ, ਜਾਂ ਸਦਾ ਹੀ ਸ੍ਵਾਸਾਂ ਦਾ ਗਿਰਾਸ=ਅੰਦਰ ਜਾਣਾ ਉਸ

ਦੇ ਹੁਕਮ ਵਿਚ ਹੈ, ਹੁਕਮ ਦੇ ਵਿਚ ਹੀ ਸਭ ਕੁਝ ਵੇਖਦਾ ਤੇ ਵਿਖਾਂਦਾ ਹੈ।

ਅਥਵਾ:-ਹੁਕਮ ਦੇ ਵਿਚ ਹੀ ਦੇਖਿ=ਗਿਆਨ ਦ੍ਰਿਸ਼ਟੀ ਨੂੰ ਵਿਖਾਉਂਦਾ ਹੈ॥ ੧੨ ॥

ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥

ਹੁਕਮੀ ਨੇ ਆਪਣੇ ਹੁਕਮ ਵਿਚ ਹੀ ਦਸ ਅਵਤਾਰ ਪੈਦਾ ਕੀਤੇ ਹਨ।

ਯਥਾ:-ਦੁਇ ਬਨ ਚਰ ਦੁਇ ਬਾਰ ਚਰ ਚਾਰ ਬਿਪਰ ਦੁਇ ਰਾਓ॥
ਇਨ ਦਸਹਨ ਕੋ ਬੰਦ ਕੈ ਤੁਲਸੀ ਭਵ ਸਿੰਧ ਤਰ ਜਾਓ॥

ਦੋ ਬਨ ਵਿਚ ਵਿਚਰਨੇ ਵਾਲੇ ਬਰਾਹ ਤੇ ਨਰਸਿੰਘ ਅਵਤਾਰ, ਦੋ ਬਾਰ=ਜਲ ਵਿਚ ਵਿਚਰਨ ਵਾਲੇ ਮੱਛ ਤੇ ਕੱਛ ਅਵਤਾਰ, ਥਾਰ ਬਿਪਰ=ਬ੍ਰਾਹਮਣ ਜਾਤੀ ਵਿਚ ਬੋਧਾ, ਬਾਵਨ, ਪਰਸਰਾਮ ਤੇ ਨਿਹਕਲੰਕ ਅਵਤਾਰ, ਦੋ ਰਾਜਾ ਰੂਪ ਰਾਮਚੰਦਰ ਤੇ ਕ੍ਰਿਸ਼ਨ ਅਵਤਾਰ। ਦੇਵਤੇ ਦੈਂਤ ਭੀ ਅਗਣਤ=ਗਿਣਤੀ ਤੋਂ ਬਿਨਾਂ ਅਪਾਰ ਹੀ ਪੈਦਾ ਕੀਤੇ ਹਨ।

ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥ ੧੩ ॥

ਜੋ ਹੁਕਮ ਨੂੰ ਮੰਨਦਾ ਹੈ ਉਹ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪਹਿਨਦਾ ਹੈ, ਉਸ ਨੂੰ ਸੱਚ ਨਾਮ ਨਾਲ ਮਿਲਾ ਕੇ ਆਪਣੇ ਵਿਚ ਸਮਾਇਦਾ=ਅਭੇਦ ਕਰ ਲੈਂਦਾ ਹੈ॥ ੧੩ ॥

ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥

ਉਸ ਨੇ ਆਪਣੇ ਹੁਕਮ ਵਿਚ ਹੀ ਮਹਾਂ ਪਰਲੋ ਸਮੇਂ ਦੇ ਛਤੀ ਜੁਗ ਬਤੀਤ ਕੀਤੇ ਹਨ। ਸਿਧ, ਸਾਧਿਕ ਅਤੇ ਵੀਚਾਰਵਾਨ ਸਭ ਉਸ ਦੇ ਹੁਕਮ ਵਿਚ ਹਨ।

ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥ ੧੪ ॥

ਉਹ ਆਪ ਹੀ ਸਭ ਦਾ ਨਾਥੁ=ਮਾਲਕ ਹੈ ਸਾਰੀ ਦੁਨੀਆਂ ਜਿਸ ਦੀ ਨਥੀ ਹੋਈ ਹੈ ਭਾਵ ਆਪਣੇ ਅਧੀਨ ਕੀਤੀ ਹੋਈ ਹੈ, ਉਹ ਆਪ ਹੀ ਗੁਨਾਹ ਬਖਸ਼ ਕੇ ਮੁਕਤ ਕਰਾਂਦਾ ਹੈ॥ ੧੪ ॥

ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥

ਗੜੈ=ਘੜਿਆ ਹੋਇਆ ਜੋ ਕਾਇਆਂ ਰੂਪੀ ਕੋਟੁ=ਕਿਲ੍ਹਾ ਹੈ, ਜਾਂ ਕੋਟਾਂ ਵਿਚੋਂ ਜੋ ਕਾਇਆਂ ਰੂਪੀ ਗੜ੍ਹਾ ਹੈ,

ਅਥਵਾ:-ਕਾਇਆਂ ਰੂਪੀ ਕੋਟ ਹੈ ਤਿਸ ਵਿਚ ਗੜ੍ਹਾ ਅੰਤਹਕਰਣ, *ਵਾ:*-ਦਸਮ ਦੁਆਰ ਉਸ ਵਿਚ ਰਾਜਾ ਪਰਮੇਸ਼ਰ ਹੈ, ਉਸ ਪਰਮੇਸ਼ਰ ਦੇ ਪ੍ਰਤੱਖ ਨੇਬ=ਚੋਬਦਾਰ ਹੈ, ਖਵਾਸ=ਚੌਰੀ ਬਰਦਾਰ ਹੈ ਅਤੇ ਭਲੇ=ਚੰਗੇ ਦਰਵਾਜ਼ੇ ਹਨ, *ਵਾ:*-ਨੇਬ=ਦੇਵਤੇ ਹਨ, ਖਵਾਸ=ਇੰਦ੍ਰੀਏ ਹਨ, ਭਲਾ ਦਰਵਾਜ਼ਾ=ਮੂੰਹ ਹੈ।

ਪ੍ਰਸ਼ਨ:-ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

ਉੱਤਰ:-ਨੇਬ=ਚਤੁਸ਼ਟੇ ਸਾਧਨ ਕਰੇ, ਖਵਾਸ=ਸ੍ਰਵਨ, ਮੰਨਨ, ਨਿਧਿਆਸਣ ਕਰੇ, ਭਲਾ ਦਰਵਾਜਾ= ਬ੍ਰਹਮ ਗਿਆਨ ਪ੍ਰਾਪਤ ਕਰੇ ਤਾਂ ਉਸ ਰਾਜੇ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥ ੧੫ ॥

ਜਿਸ ਦੇ ਅੰਦਰ ਮਿਥਿਆ ਪਦਾਰਥਾਂ ਦਾ ਲੋਭ ਹੈ ਉਸ ਦਾ ਸਰੂਪ ਘਰ ਵਿਚ ਨਿਵਾਸ ਨਹੀਂ ਹੁੰਦਾ, ਇਸ

ਲਈ ਲਬੀ ਤੇ ਪਾਪੀ ਪੁਰਸ਼ ਪਛੁਤਾਂਦਾ ਹੈ॥ ੧੫॥

ਸਤੁ ਸੰਤੋਖੁ ਨਗਰ ਮਹਿ ਕਾਰੀ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ॥

ਜਿਸ ਨੇ ਸਰੀਰ ਨਗਰ ਵਿਚ ਕਾਰੀ=ਔਸ਼ਧੀ ਰੂਪ ਸਤ, ਸੰਤੋਖ ਆਦਿਕ ਸ਼ੁਭ ਗੁਣ ਧਾਰਨ ਕੀਤੇ ਹਨ, ਜਾਂ ਜਿਸ ਨੇ ਅੰਤਹਕਰਣ ਰੂਪੀ ਨਗਰ ਵਿਚ ਸਤ, ਸੰਤੋਖ ਆਦਿਕ ਗੁਣਾਂ ਦੀ ਚਿਤ੍ਰਕਾਰੀ ਕੀਤੀ ਹੈ, ਵਾ:-ਕਾਰ ਕੀਤੀ ਹੈ ਅਤੇ ਜਤ ਸਤ ਸੰਜਮ ਆਦਿਕ ਸਾਧਨ ਧਾਰ ਕੇ ਮੁਰਾਰੀ ਦੀ ਸ਼ਰਨ ਗ੍ਰਹਣ ਕੀਤੀ ਹੈ।

ਨਾਨਕ ਸਹਜਿ ਮਿਲੈ ਜਗਜੀਵਨੁ
ਗੁਰ ਸਬਦੀ ਪਤਿ ਪਾਇਦਾ॥ ੧੬॥ ੪॥ ੧੬॥

ਗੁਰੂ ਜੀ ਕਥਨ ਕਰਦੇ ਹਨ—ਉਸ ਨੂੰ ਜਗਜੀਵਨੁ ਪਰਮਾਤਮਾ ਸੁਭਾਵਕ ਹੀ ਮਿਲ ਪਿਆ ਹੈ ਅਤੇ ਉਹ ਗੁਰ ਸਬਦੀਆ ਪਤ-ਆਬਰੋ ਨੂੰ ਪਾਂਦਾ ਹੈ॥ ੧੬॥ ੪॥ ੧੬॥

ਮਾਰੂ ਮਹਲਾ ੧॥
ਸੁੰਨ ਕਲਾ ਅਪਰੰਪਰਿ ਧਾਰੀ॥

ਸੁੰਨ=ਅਫੁਰ ਅਪਰੰਪਰ ਪਰਮਾਤਮਾ ਨੇ ਸਾਰਿਆਂ ਵਿਚ ਆਪਣੀ ਕਲਾ=ਸ਼ਕਤੀ, ਧਾਰੀ=ਟਿਕਾਈ ਹੋਈ ਹੈ।

ਆਪਿ ਨਿਰਾਲਮੁ ਅਪਰ ਅਪਾਰੀ॥

ਉਹ ਅਪਰ ਅਪਾਰੀ ਪਰਮਾਤਮਾ ਆਪ ਸਭ ਤੋਂ ਨਿਰਾਲਮੁ=ਅਸੰਗ ਹੈ।

ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥ ੧॥

ਉਹ ਕੁਦਰਤੀ ਪਰਮਾਤਮਾ ਕੁਦਰਤਿ=ਮਾਇਆ ਦੁਆਰੇ ਆਪ ਹੀ ਸਭ ਨੂੰ ਬਣਾ ਬਣਾ ਕੇ ਵੇਖਦਾ ਹੈ, ਸੁੰਨੁ=ਅਫੁਰ ਪਰਮਾਤਮਾ ਆਪਣੇ ਤੋਂ ਸੁੰਨਹੁ=ਅਕਾਸ਼ ਆਦਿਕਾਂ ਨੂੰ ਉਤਪਤ ਕਰਦਾ ਹੈ॥ ੧॥

ਪਉਣੁ ਪਾਣੀ ਸੁੰਨੈ ਤੇ ਸਾਜੇ॥ ਸ੍ਰਿਸਟਿ ਉਪਾਇ ਕਾਂਇਆ ਗੜ ਰਾਜੇ॥

ਪਉਣ=ਹਵਾ ਪਾਣੀ ਆਦਿਕ ਤੱਤ ਸੁੰਨੈ ਤੇ ਸਾਜੇ=ਅਫੁਰ ਤੋਂ ਹੀ ਬਣੇ ਹਨ। ਸ੍ਰਿਸ਼ਟੀ ਨੂੰ ਪੈਦਾ ਕਰ ਕੇ ਉਹ ਆਪ ਇਸ ਕਾਇਆਂ ਰੂਪ ਗੜੇ ਵਿਚ ਰਾਜੇ=ਬਿਰਾਜ ਰਿਹਾ ਹੈ।

ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥ ੨॥

ਹੇ 'ਜੀਵ ! ਅੱਗ, ਪਾਣੀ ਆਦਿਕ ਤੱਤਾਂ ਤੋਂ ਜੋ ਤੇਰੀ ਕਾਇਆਂ ਰਚੀ ਹੈ ਇਸ ਦੇ ਵਿਚ ਓਸੇ ਦੀ ਜੋਤਿ=ਸੱਤਾ ਹੈ; ਉਹ ਸੁੰਨੇ=ਅਫੁਰ ਪਰਮਾਤਮਾ ਆਪਣੀ ਕਲਾ ਕਰਕੇ ਇਸ ਦੇਹ ਦੇ ਵਿਚ ਹੀ ਜੀਵ ਨੂੰ ਰਹਾਇਦਾ=ਇਸਥਿਤ ਕਰਦਾ ਹੈ॥ ੨॥

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ॥ ਸੁੰਨੇ ਵਰਤੇ ਜੁਗ ਸਬਾਏ॥

ਅਫੁਰ ਪਰਮਾਤਮਾ ਤੋਂ ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਪੈਦਾ ਹੋਏ ਹਨ। ਅਫੁਰ ਪਰਮਾਤਮਾ ਤੋਂ ਹੀ ਸਾਰੇ ਜੁਗ ਆਪਣੇ ਸਮੇਂ ਅਨੁਸਾਰ ਵਰਤੇ ਹਨ।

ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ॥ ੩॥

www.sikhbookclub.com

ਜੋ ਇਸ ਸੁੰਨ (ਅਫੁਰ) ਪਦ ਨੂੰ ਵੀਚਾਰਦਾ ਹੈ ਓਹ ਪੂਰਾ ਪੁਰਸ਼ ਹੈ, ਜੋ ਉਸ ਨੂੰ ਮਿਲਦਾ ਹੈ ਉਸ ਦਾ ਉਹ ਭਰਮ ਦੂਰ ਕਰ ਦੇਂਦਾ ਹੈ॥ ੩॥

ਸੁੰਨਹੁ ਸਪਤ ਸਰੋਵਰ ਥਾਪੇ॥ ਜਿਨਿ ਸਾਜੇ ਵੀਚਾਰੇ ਆਪੇ॥

ਅਫੁਰ ਪਰਮਾਤਮਾ ਨੇ ਹੀ ਪੰਜ ਗਿਆਨ ਇੰਦ੍ਰੀਏ ਤੇ ਮਨ, ਬੁੱਧੀ ਰੂਪ ਸਤ ਸਰੋਵਰ ਬਣਾਏ ਹਨ,

ਵਾ:-ਸਪਤ=ਸਹਿਤ ਪਤ-ਆਬਰੋ ਦੇ ਸਤਸੰਗ ਰੂਪੀ ਸਰੋਵਰ ਨੂੰ ਬਣਾਇਆ ਹੈ। ਜਿਸ ਨੇ ਸਤ ਸਰੋਵਰ ਬਣਾਏ ਹਨ ਉਹ ਆਪ ਹੀ ਉਹਨਾਂ ਦੀ ਮਰਯਾਦਾ ਨੂੰ ਵਿਚਾਰਦਾ ਹੈ।

ਤਿਤੁ ਸਤ ਸਰਿ ਮਨੂਆ ਗੁਰਮੁਖਿ ਨਾਵੈ
ਫਿਰਿ ਬਾਹੁੜਿ ਜੋਨਿ ਨ ਪਾਇਦਾ॥ ੪॥

ਉਸ ਸੱਤ, ਸੰਤਖ ਆਦਿਕ ਸ਼ੁਭ ਗੁਣਾਂ ਦੇ ਸਰੋਵਰ ਸਤਸੰਗ ਵਿਚ ਜਿਸ ਦਾ ਮਨ ਗੁਰਮੁਖਿ=ਗੁਰਾਂ ਦੁਆਰੇ ਨਾਵੈ=ਇਸ਼ਨਾਨ ਕਰਦਾ ਹੈ ਉਸ ਨੂੰ ਫਿਰਿ ਬਾਹੁੜਿ=ਮੁੜ ਮੁੜ ਕੇ ਜੂਨੀਆਂ ਵਿਚ ਪਾਂਦਾ ਨਹੀਂ ਹੈ॥ ੪॥

ਸੁੰਨਹੁ ਚੰਦੁ ਸੂਰਜੁ ਗੈਣਾਰੇ॥ ਤਿਸ ਕੀ ਜੋਤਿ ਤ੍ਰਿਭਵਣਿ ਸਾਰੇ॥

ਸੁੰਨਹੁ=ਅਫੁਰ ਪਰਮਾਤਮਾ ਤੋਂ ਹੀ ਚੰਦਰਮਾ ਸੂਰਜ ਤੇ ਗੈਣਾਰੇ=ਅਕਾਸ਼ ਬਣਿਆ ਹੈ ਅਤੇ ਓਸੇ ਦੀ ਜੋਤਿ=ਸੱਤਾ ਤਿੰਨਾਂ ਲੋਕਾਂ ਦੇ ਸਾਰਿਆਂ ਜੀਵਾਂ ਵਿਚ ਹੈ।

ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ॥ ੫॥

ਉਹ ਅਫੁਰ ਪਰਮਾਤਮਾ ਅਲਖ ਹੈ, ਅਪਾਰ ਹੈ ਸਭ ਤੋਂ ਨਿਰਾਲਮੁ=ਅਸੰਗ ਹੈ, ਉਹ ਆਪਣੇ ਅਫੁਰ ਸਰੂਪ ਵਿਚ ਹੀ ਤਾੜੀ=ਸਮਾਧੀ ਲਗਾਂਦਾ ਹੈ॥ ੫॥

ਸੁੰਨਹੁ ਧਰਤਿ ਅਕਾਸੁ ਉਪਾਏ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ॥

ਅਫੁਰ ਪਰਮਾਤਮਾ ਤੋਂ ਹੀ ਧਰਤੀ ਅਕਾਸ਼ ਆਦਿਕ ਪੈਦਾ ਹੋਏ ਹਨ। ਥੰਮੇ ਤੋਂ ਬਿਨਾਂ ਹੀ ਸੱਚੇ ਨੇ ਆਪਣੀ ਕਲ=ਸ਼ਕਤੀ ਪਾ ਕੇ ਰਖਿਆ ਹੈ।

ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ॥ ੬॥

ਤਿੰਨਾਂ ਲੋਕਾਂ ਨੂੰ ਬਣਾ ਕੇ ਉਪਰ ਮਾਇਆ ਰੂਪੀ ਮੇਖੁਲੀ=ਗੋਦੜੀ ਪਾ ਦਿਤੀ ਹੈ,

ਵਾ:-ਮੋਹ ਰੂਪੀ ਹੜੀ ਮਾਰ ਦਿਤੀ ਹੈ,

ਵਾ:-ਮਾਇਆ ਦੀ ਤੜਾਗੀ ਵਿਚ ਘੋਰ ਛੱਡਿਆ ਹੈ, ਆਪ ਉਤਪਤ ਕਰਦਾ ਹੈ ਆਪੇ ਹੀ ਖਪਾਇਦਾ=ਨਾਸ ਕਰਦਾ ਹੈ॥ ੬॥

ਸੁੰਨਹੁ ਖਾਣੀ ਸੁੰਨਹੁ ਬਾਣੀ॥ ਸੁੰਨਹੁ ਉਪਜੀ ਸੁੰਨਿ ਸਮਾਣੀ॥

ਅਫੁਰ ਪ੍ਰਮਾਤਮਾ ਤੋਂ ਚਾਰ ਖਾਣੀਆਂ ਤੇ ਅਫੁਰ ਤੋਂ ਹੀ ਚਾਰ ਬਾਣੀਆਂ ਬਣੀਆਂ ਹਨ। ਸਾਰੀ ਰਚਨਾ ਬ੍ਰਹਮ ਤੋਂ ਪੈਦਾ ਹੋਈ ਹੈ ਅੰਤ ਨੂੰ ਅਫੁਰ ਬ੍ਰਹਮ ਵਿਚ ਹੀ ਸਮਾਅ ਜਾਂਦੀ ਹੈ।

ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ॥ ੭॥

ਸਿਰਿ ਕਰਤੇ=ਸ਼ਰੋਮਣੀ ਕਰਤੇ ਪੁਰਖ ਨੇ ਹੀ ਉਤਭੁਜ ਆਦਿਕ ਚਾਰ ਖਾਣੀਆਂ ਦਾ ਚਲਤੁ=ਕੌਤਕ ਕੀਤਾ

www.sikhbookclub.com

ਹੈ, ਬਿਸਮਾਦੁ ਸਬਦਿ=ਅਸਚਰਜ ਰੂਪ ਬ੍ਰਹਮ ਆਪ ਹੀ ਸਾਰੇ ਕੌਤਕ ਵਿਖਾਂਦਾ ਹੈ,

ਵਾ:-ਗੁਰਾਂ ਦੇ ਸ਼ਬਦ ਕਰਕੇ ਉਹ ਬਿਸਮਾਦ ਰੂਪ ਬ੍ਰਹਮ ਵੇਖਣ ਵਿਚ ਔਂਦਾ ਹੈ॥ ੭॥

ਸੁੰਨਹੁ ਰਾਤਿ ਦਿਨਸੁ ਦੁਇ ਕੀਏ॥ ਓਪਤਿ ਖਪਤਿ ਸੁਖਾ ਦੁਖ ਦੀਏ॥

ਅਫੁਰ ਬ੍ਰਹਮ ਨੇ ਹੀ ਰਾਤ ਤੇ ਦਿਨ ਦੋਵੇਂ ਕੀਤੇ ਹਨ। ਉਤਪਤੀ ਤੇ ਖਪਤਿ=ਪਰਲੋ ਆਪ ਕਰਦਾ ਹੈ ਅਤੇ ਕਰਮਾਂ ਅਨੁਸਾਰ ਆਪ ਹੀ ਸੁਖ ਦੁੱਖ ਦੇਣਾ ਕਰਦਾ ਹੈ।

ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ॥ ੮॥

ਉਹ ਪ੍ਰਭੂ ਆਪ ਸੁਖ ਦੁੱਖ ਤੋਂ ਅਤੀਤਾ=ਰਹਿਤ ਹੈ ਤੇ ਅਮਰ ਹੈ, ਗੁਰਾਂ ਦੁਆਰੇ ਹੀ ਇਹ ਆਪਣੇ ਸਰੂਪ ਘਰ ਨੂੰ ਪਾਂਦਾ ਹੈ॥ ੮॥

[ਪੰਨਾ ੧੦੩੮]

ਸਾਮ ਵੇਦੁ ਰਿਗੁ ਜੁਜਰੁ ਅਥਰਬਣੁ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ॥

ਸ਼ਾਮ, ਰਿਗ, ਜੁਜਰ, ਅਥਰਬਣ ਇਹ ਜੋ ਚਾਰੇ ਵੇਦ ਹਨ, ਇਹਨਾਂ ਦਾ ਮੁਖ ਪੁਜਾਰੀ ਜੋ ਬ੍ਰਹਮਾ ਹੈ, ਉਹ ਭੀ ਤ੍ਰਿਗੁਣ ਆਤਮਕ ਮਾਇਆ ਤੋਂ ਹੋਇਆ ਹੈ, ਜਾਂ ਬ੍ਰਹਮਾ ਇਹਨਾਂ ਚਾਰੇ ਵੇਦਾਂ ਨੂੰ ਪੜ੍ਹ ਕੇ ਮੂੰਹ ਸੇ ਕਹਿੰਦਾ ਹੈ ਕਿ ਮਾਇਆ ਤ੍ਰਿਗੁਣ ਰੂਪ ਹੈ ਅਤੇ ਇਹ ਜੀਵ ਭੀ ਤ੍ਰਿਗੁਣ ਆਤਮਕ ਮਾਇਆ ਵਿਚ ਲਗ ਰਹੇ ਹਨ।

ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ॥ ੯॥

ਉਸ ਪ੍ਰਭੂ ਦੀ ਕੀਮਤ ਨੂੰ ਕੋਈ ਭੀ ਕਹਿ ਨਹੀਂ ਸਕਦਾ, ਜਿਵੇਂ ਉਹ ਬੁਲਾਂਵਦਾ ਹੈ ਤਿਵੇਂ ਸਭ ਕੋਈ ਬੋਲਦਾ ਹੈ॥ ੯॥

ਸੁੰਨਹੁ ਸਪਤ ਪਾਤਾਲ ਉਪਾਏ॥ ਸੁੰਨਹੁ ਭਵਣ ਰਖੇ ਲਿਵ ਲਾਏ॥

ਅਫੁਰ ਤੋਂ ਹੀ ਸਤ ਪਤਾਲ ਉਤਪਤ ਹੋਏ ਹਨ। ਅਫੁਰ ਪਰਮਾਤਮਾਂ ਨੇ ਲਿਵ ਲਗਾ ਕੇ ਚੌਦਾਂ ਭਵਣ ਰਖੇ ਹਨ, ਭਾਵ ਆਪਣੇ ਧਿਆਨ ਵਿਚ ਚੌਦਾਂ ਭਵਣਾਂ ਨੂੰ ਰਖਿਆ ਹੈ।

ਆਪੇ ਕਾਰਣੁ ਕੀਆ ਅਪਰੰਪਰਿ ਸਭੁ ਤੇਰੋ ਕੀਆ ਕਮਾਇਦਾ॥ ੧੦॥

ਹੇ ਅਪਰੰਪਰ ਪ੍ਰਭੂ! ਤੈਂਨੇ ਕਾਰਨ ਰੂਪ ਹੋ ਕੇ ਆਪ ਹੀ ਕਾਰਨ ਕਾਰਜ ਰੂਪ ਪ੍ਰਪੰਚ ਕੀਤਾ ਹੈ, ਤੇਰੇ ਕੀਤੇ ਹੋਏ ਹੁਕਮ ਨੂੰ ਸਭ ਕੋਈ ਕਮਾਂਵਦਾ ਹੈ॥ ੧੦॥

ਰਜ ਤਮ ਸਤ ਕਲ ਤੇਰੀ ਛਾਇਆ॥ ਜਨਮ ਮਰਣ ਹਉਮੈ ਦੁਖੁ ਪਾਇਆ॥

ਰਜੋ, ਤਮੋ ਤੇ ਸਤੋ ਤਿੰਨੇ ਗੁਣ ਇਹ ਤੇਰੀ ਕਲ=ਸ਼ਕਤੀ ਦਾ ਪਰਛਾਵਾਂ ਹੈ। ਜੋ ਇਸ ਦੀ ਹਉਮੈ ਵਿਚ ਲਗੇ ਹਨ ਉਹਨਾਂ ਨੇ ਜਨਮ ਮਰਨ ਦਾ ਦੁੱਖ ਪਾਇਆ ਹੈ।

ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ॥ ੧੧॥

ਜਿਸ ਉਤੇ ਹਰੀ ਸਰੂਪ ਮੁਖੀ ਗੁਰੂ ਕਿਰਪਾ ਕਰਦੇ ਹਨ, ਉਸ ਨੂੰ ਗੁਣਿ ਚਉਥੈ=ਤੁਰੀਆ ਪਦ ਵਿਚ ਪ੍ਰਾਪਤ ਕਰਕੇ ਜਨਮ ਮਰਨ ਰੂਪ ਦੁੱਖਾਂ ਤੋਂ ਮੁਕਤਿ=ਛੁਡਾਵਣਾ ਕਰਦੇ ਹਨ॥ ੧੧॥

ਸੁੰਨਹੁ ਉਪਜੇ ਦਸ ਅਵਤਾਰਾ॥ ਸ੍ਰਿਸਟਿ ਉਪਾਇ ਕੀਆ ਪਾਸਾਰਾ॥

www.sikhbookclub.com

ਉਸ ਅਫ਼ੁਰ ਬ੍ਰਹਮ ਤੋਂ ਹੀ ਰਾਮਚੰਦ੍ਰ ਤੇ ਕ੍ਰਿਸ਼ਨ ਆਦਿਕ ਦਸ ਅਵਤਾਰ ਉਪਜੇ ਹਨ। ਜਿਸ ਨੇ ਸ੍ਰਿਸ਼ਟੀ ਪੈਦਾ ਕਰਕੇ ਸਾਰਾ ਪਸਾਰਾ ਪਸਾਰਨਾ ਕੀਤਾ ਹੈ।

ਦੇਵ ਦਾਨਵ ਗਣ ਗੰਧਰਬ ਸਾਜੇ ਸਭਿ ਲਿਖਿਆ ਕਰਮ ਕਮਾਇਦਾ ॥੧੨ ॥

ਦੇਵਤੇ, ਦੈਂਤ, ਗਣ ਅਤੇ ਗੰਧਰਬ ਉਸ ਨੇ ਸਾਜੇ=ਬਣਾਏ ਹਨ ਅਤੇ ਸਾਰੇ ਉਸ ਦਾ ਲਿਖਿਆ ਹੋਇਆ ਹੀ ਕਰਮ ਕਮਾਉਂਦੇ ਹਨ॥ ੧੨ ॥

ਗੁਰਮੁਖਿ ਸਮਝੈ ਰੋਗੁ ਨ ਹੋਈ ਇਹ ਗੁਰ ਕੀ ਪਉੜੀ ਜਾਣੈ ਜਨੁ ਕੋਈ ॥

ਜੋ ਗੁਰਮੁਖਿ=ਗੁਰਾਂ ਦੁਆਰੇ ਸਮਝਦਾ ਹੈ ਉਸ ਨੂੰ ਹਉਮੈ ਰੂਪੀ ਰੋਗ ਨਹੀਂ ਹੁੰਦਾ। ਇਹ ਗੁਰਾਂ ਦੀ ਸਿਖਿਆ ਰੂਪ ਪੌੜੀ ਨੂੰ ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ।

ਜੁਗਹ ਜੁਗੰਤਰਿ ਮੁਕਤਿ ਪਰਾਇਣ ਸੋ ਮੁਕਤਿ ਭਇਆ ਪਤਿ ਪਾਇਦਾ ॥੧੩ ॥

ਜੋ ਮੁਕਤ ਸਰੂਪ ਪਰਮਾਤਮਾ ਸਾਰਿਆਂ ਜੁਗਾਂ ਵਿਚ ਜੁਗ=ਜੁੜ ਰਿਹਾ ਹੈ, ਜੋ ਉਸ ਦੇ ਪਰਾਇਣ ਹੋਇਆ ਹੈ ਉਹ ਮੁਕਤ ਰੂਪ ਹੋਇਆ ਪਤ-ਆਬਰੋ ਨੂੰ ਪਾਂਦਾ ਹੈ।

ਅਥਵਾ:-ਜੋ ਜੁਗਾਂ ਜੁਗਾਂ ਅੰਤਰ ਮੁਕਤੀ ਦਾ ਪਰਾਇਣ=ਆਸਰਾ ਹੈ ਉਸ ਪਤਿ=ਪਤੀ ਪਰਮਾਤਮਾ ਨੂੰ ਪਾ ਕੇ ਉਹ ਮੁਕਤ ਰੂਪ ਹੋਇਆ ਹੈ॥ ੧੩ ॥

ਪੰਚ ਤਤੁ ਸੁੰਨਹੁ ਪਰਗਾਸਾ ॥ ਦੇਹ ਸੰਜੋਗੀ ਕਰਮ ਅਭਿਆਸਾ ॥

ਅਫ਼ੁਰ ਬ੍ਰਹਮ ਤੋਂ ਹੀ ਪੰਜਾਂ ਤੱਤਾਂ ਦਾ ਪਰਗਾਸ ਹੋਇਆ ਹੈ। ਪੰਜਾਂ ਤੱਤਾਂ ਦੇ ਸੰਜੋਗ ਤੋਂ ਅਸਥੂਲ ਦੇਹ ਬਣੀ ਹੈ, ਪੁਨਾ ਇਹ ਜੀਵ ਦੇਹ ਦਾ ਸੰਜੋਗੀ ਹੋ ਕੇ ਕਰਮਾਂ ਦਾ ਅਭਿਆਸ ਕਰਦਾ ਹੈ।

ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨੁ ਬੀਜਾਇਦਾ ॥ ੧੪ ॥

ਬੁਰੇ ਭਲੇ ਕਰਮ ਜੋ ਭੀ ਕੀਤੇ ਹਨ ਉਹ ਦੋਵੇਂ ਮੱਥੇ 'ਪਰ ਲਿਖੇ ਗਏ ਹਨ, ਪਾਪਾਂ ਪੁੰਨਾਂ ਰੂਪੀ ਬੀਜ ਕਰਕੇ ਇਹ ਜੀਵ ਆਉਂਦਾ ਜਾਂਦਾ ਹੈ॥ ੧੪ ॥

ਊਤਮ ਸਤਿਗੁਰ ਪੁਰਖ ਨਿਰਾਲੇ ॥ ਸਬਦਿ ਰਤੇ ਹਰਿ ਰਸਿ ਮਤਵਾਲੇ ॥

ਸੰਸਾਰ ਤੋਂ ਨਿਰਾਲੇ=ਅਸੰਗ ਰਹਿਣ ਕਰਕੇ ਸਤਿਗੁਰੂ ਉਤਮ ਪੁਰਖ ਹਨ। ਹਰੀ ਨਾਮ ਰਸ ਵਿਚ ਮਤਵਾਲੇ =ਮਸਤ ਰਹਿਣ ਕਰਕੇ ਸਬਦਿ=ਬ੍ਰਹਮ ਵਿਚ ਰੱਤੇ ਰਹਿੰਦੇ ਹਨ।

ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ
ਪੂਰੈ ਭਾਗਿ ਮਿਲਾਇਦਾ ॥ ੧੫ ॥

ਐਸੇ ਗੁਰੂ ਤੋਂ ਗਿਆਨ ਪਾਈਏ ਤਾਂ ਰਿਧੀ, ਸਿਧੀ ਤੇ ਬੁੱਧੀ ਆਦਿਕ ਸਭ ਪਦਾਰਥ ਪ੍ਰਾਪਤ ਹੁੰਦੇ ਹਨ, ਪਰ ਪੂਰਿਆਂ ਭਾਗਾਂ ਵਾਲਾ ਪੁਰਸ਼ ਹੀ ਅਜੇਹੇ ਗੁਰੂ ਨਾਲ ਆਪਣੇ ਮਨ ਨੂੰ ਮਿਲਾਂਵਦਾ ਹੈ॥ ੧੫ ॥

ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥
ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥

www.sikhbookclub.com

ਇਸ ਮਨ ਨੂੰ ਮਾਇਆ ਦਾ ਨੇਹੁ=ਪ੍ਰੇਮ ਬਹੁਤ ਸਾਰਾ ਲਗ ਰਿਹਾ ਹੈ। ਗਿਆਨੀਆਂ ਤੋਂ ਪੁਛ ਕੇ ਕੋਈ ਇਸ ਗੱਲ ਦਾ ਨਿਬੇਰਾ=ਫੈਸਲਾ ਕਰੋ।

ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥ ੧੬ ॥

ਮਨ ਵਿਚ ਪਦਾਰਥਾਂ ਦੀ ਆਸਾ ਤੇ ਮਨਸਾ=ਵਾਸ਼ਨਾ ਹੈ, ਹਉਮੈ=ਦੇਹ ਹੰਗਤਾ ਭੀ ਹੈ, ਨਾ ਪ੍ਰਾਪਤੀ ਵਿਚ ਸੰਸਾ ਭੀ ਹੈ ਇਸ ਲਈ ਲੋਭੀ ਪੁਰਸ਼ ਝੂਠੇ ਕਰਮ ਕਮਾਂਵਦਾ ਹੈ॥ ੧੬ ॥

ਸਤਿਗੁਰ ਤੇ ਪਾਏ ਵੀਚਾਰਾ ॥ ਸੁੰਨ ਸਮਾਧਿ ਸਚੇ ਘਰ ਬਾਰਾ ॥

ਜੋ ਪੁਰਸ਼ ਸਤਿਗੁਰਾਂ ਤੋਂ ਸ਼ੁਭ ਵੀਚਾਰ ਪਾਂਦਾ ਹੈ। ਉਹ ਸੱਚੇ ਘਰ ਵਾਲੇ ਪਰਮਾਤਮਾ ਵਿਚ ਸੁੰਨ=ਅਫੁਰ ਸਮਾਧੀ ਲਗਾਂਵਦਾ ਹੈ, ਜਾਂ ਸੱਚੇ ਘਰ ਸਤਸੰਗ ਦੇ ਬਾਰਾ=ਦਰਵਾਜ਼ੇ 'ਪਰ ਬੈਠ ਕੇ ਸੁੰਨ=ਅਫੁਰ ਸਮਾਧੀ ਲਗਾਂਵਦਾ ਹੈ।

ਨਾਨਕ ਨਿਰਮਲ ਨਾਦੁ ਸਬਦ ਧੁਨਿ
ਸਚੁ ਰਾਮੈ ਨਾਮਿ ਸਮਾਇਦਾ ॥ ੧੭ ॥ ੫ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੇ ਸ਼ਬਦ ਦੁਆਰਾ ਨਿਰਮਲ ਨਾਦੁ=ਬ੍ਰਹਮ ਨੂੰ ਧੁਨਿ=ਉਚਾਰਨਾ ਕਰੇ, ਤਾਂ ਰਾਮ ਹੈ ਨਾਮ ਜਿਸ ਦਾ ਉਸ ਨਾਮੀ ਵਿਚ ਸਮਾਇਦਾ=ਅਭੇਦ ਹੁੰਦਾ ਹੈ॥ ੧੭ ॥ ੫ ॥ ੧੭ ॥

ਮਾਰੂ ਮਹਲਾ ੧ ॥

ਜਹ ਦੇਖਾ ਤਹ ਦੀਨ ਦਇਆਲਾ ॥ ਆਇ ਨ ਜਾਈ ਪ੍ਰਭੁ ਕਿਰਪਾਲਾ ॥

ਜਿਥੇ ਵੇਖਦੇ ਹਾਂ ਓਥੇ ਹੀ ਦੀਨ ਦਿਆਲ ਪਰਮਾਤਮਾ ਹੈ। ਉਹ ਕ੍ਰਿਪਾਲੂ ਪ੍ਰਭੂ ਔਂਦਾ ਜਾਂਦਾ ਨਹੀਂ ਹੈ।

ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ ॥ ੧ ॥

ਸਾਰਿਆਂ ਜੀਵਾਂ ਅੰਦਰ ਜੁਗਤੀ ਕਰਕੇ ਸਮਾਈ ਕਰ ਰਿਹਾ ਹੈ, ਜਾਂ ਸਾਰਿਆਂ ਜੀਵਾਂ ਅੰਦਰ ਉਸ ਦੀ ਜੁਗਤੀ ਸਮਾਈ ਹੋਈ ਹੈ, ਪੁਨਾ ਉਹ ਰਾਇਆ=ਰਾਜਾ, ਵਾ:-ਪ੍ਰਕਾਸ਼ਕ ਪਰਮਾਤਮਾ ਸਭ ਤੋਂ ਅਸੰਗ ਰਹਿੰਦਾ ਹੈ॥ ੧ ॥

ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ ॥

ਸਾਰਾ ਜਗਤ ਉਸ ਪਰਮੇਸ਼ਰ ਦੀ ਛਾਇਆ ਹੈ, ਜਿਵੇਂ ਛਾਇਆ ਸਰੀਰ ਤੋਂ ਭਿੰਨ ਨਹੀਂ ਹੁੰਦੀ ਤਿਵੇਂ ਜਗਤ ਉਸ ਤੋਂ ਵਖਰਾ ਨਹੀਂ ਹੈ, *ਵਾ:*-ਛਾਇਆ ਜਿਵੇਂ ਮਿਥਿਆ ਹੁੰਦੀ ਹੈ ਤਿਵੇਂ ਸਾਰਾ ਸੰਸਾਰ ਮਿਥਿਆ ਹੈ। *ਅਥਵਾ:*-ਸਾਰਾ ਜਗਤ ਉਸ ਦੀ ਛਾਇਆ=ਸੱਤਾ ਕਰਕੇ ਹੋਇਆ ਹੈ, ਜਿਸ ਦਾ ਮਾਂ ਪਿਓ ਨਹੀਂ ਹੈ।

ਨਾ ਤਿਸੁ ਭੈਣ ਨ ਭਰਾਉ ਕਮਾਇਆ ॥

ਨਾ ਉਸ ਦੀ ਭੈਣ ਹੈ, ਨਾ ਹੀ ਭਰਾਉ=ਭਰਾ ਹੈ ਅਤੇ ਨਾ ਹੀ ਕੋਈ ਕਮਾਇਆ=ਕਾਮਾ (ਨੌਕਰ) ਹੈ, *ਵਾ:*-ਕਾਇਆ=ਪੁਤ੍ਰ ਭੀ ਨਹੀਂ ਹੈ,

ਅਥਵਾ:-ਕਮਾਇਆ=ਇਸਤ੍ਰੀ ਭੀ ਨਹੀਂ ਹੈ।

ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨਿ ਭਾਇਆ ॥ ੨ ॥

ਨਾ ਉਸ ਦੀ ਉਤਪਤੀ ਹੈ ਨਾ ਖਪਤਿ=ਪਰਲੋ ਹੈ, ਨਾ ਹੀ ਕੁਲ ਤੇ ਜਾਤੀ ਹੈ, ਉਹ ਅਮਰ ਪਰਮਾਤਮਾ ਅਜਰਾ ਵਰੁ=ਦੇਵਤਿਆਂ ਤੋਂ ਸਰੇਸ਼ਟ ਹੈ ਓਹੀ ਮੇਰੇ ਮਨ ਵਿਚ ਭਾਇਆ ਹੈ॥ ੨ ॥

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥

ਤੂੰ ਅਕਾਲ ਪੁਰਖ ਹੈਂ ਇਸ ਕ਼ਰਕੇ ਤੇਰੇ ਸਿਰ 'ਪਰ ਕਾਲ ਨਹੀਂ ਹੈ। ਤੂੰ ਅਲੇਖ=ਲੇਖੇ ਤੋਂ ਰਹਿਤ ਤੇ ਅਗੰਮ=ਗੰਮਤਾ ਤੋਂ ਰਹਿਤ ਹੋਣ ਕਰਕੇ ਨਿਰਾਲਾ ਪੁਰਖ ਹੈਂ।

ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥ ੩ ॥

ਗੁਰ ਸ਼ਬਦ ਕਰਕੇ ਸੱਤ ਸੰਤੋਖ ਨੂੰ ਪਾ ਕੇ ਜਿਸ ਦਾ ਮਨ ਅਤਿ=ਵੱਡਾ ਸੀਤਲ ਹੋਇਆ ਹੈ, ਉਸ ਨੇ ਸਹਜ ਭਾਇ=ਸੁਤੇ ਸਿਧ ਹੀ ਸਬਦਿ=ਬ੍ਰਹਮ ਵਿਚ ਲਿਵ ਨੂੰ ਲਗਾਇਆ ਹੈ॥ ੩ ॥

ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥

ਜਿਸ ਨੇ ਤਿੰਨਾਂ ਗੁਣਾਂ ਨੂੰ ਵਰਤਾਇ=ਤਿਆਗ ਕੇ, ਚਉਥੈ ਘਰਿ=ਤੁਰੀਆ ਪਦ ਵਿਚ ਵਾਸਾ ਪਾਇਆ ਹੈ। ਉਸ ਨੇ ਕਾਲ ਬਿਕਾਲ=ਮਰਨ ਜੰਮਣ ਨੂੰ ਇਕੋ ਗ੍ਰਾਹੀ ਕਰ ਲਿਆ ਹੈ, ਅਰਥਾਤ ਜਨਮ ਮਰਨ ਦਾ ਅਭਾਵ ਕਰ ਦਿਤਾ ਹੈ।

ਨਿਰਮਲ ਜੋਤਿ ਸਰਬ ਜਗਜੀਵਨੁ
ਗੁਰਿ ਅਨਹਦ ਸਬਦਿ ਦਿਖਾਇਆ ॥ ੪ ॥

ਜਗਜੀਵਨ ਪਰਮਾਤਮਾ ਦੀ ਸਾਰਿਆਂ ਵਿਚ ਨਿਰਮਲ ਜੋਤ ਹੈ, ਜਿਸ ਨੇ ਅਨਹਦ=ਇਕ ਰਸ ਗੁਰ ਉਪਦੇਸ਼ ਨੂੰ ਉਚਾਰਿਆ ਹੈ ਉਸ ਨੂੰ ਗੁਰਾਂ ਨੇ ਉਹ ਜਗਜੀਵਨ ਪਰਮਾਤਮਾ ਵਿਖਾਇਆ ਹੈ॥ ੪ ॥

ਊਤਮ ਜਨ ਸੰਤ ਭਲੇ ਹਰਿ ਪਿਆਰੇ ॥ ਹਰਿ ਰਸ ਮਾਤੇ ਪਾਰਿ ਉਤਾਰੇ ॥

ਹਰੀ ਦੇ ਪਿਆਰੇ ਸੰਤ ਜਨ ਭਲੇ=ਚੰਗੇ ਉਤਮ ਹਨ। ਜੋ ਕਿ ਹਰੀ ਰਸ ਵਿਚ ਮਸਤ ਰਹਿੰਦੇ ਹਨ ਇਸ ਲਈ ਹਰੀ ਉਹਨਾਂ ਨੂੰ ਪਾਰ ਉਤਾਰਦਾ ਹੈ।

ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰ ਪਰਸਾਦੀ ਪਾਇਆ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਜਿਨ੍ਹਾਂ ਨੇ ਗੁਰ ਕਿਰਪਾ ਨਾਲ ਆਪ ਜੀ ਨੂੰ ਪਾਇਆ ਹੈ ਉਹਨਾਂ ਸੰਤ ਜਨਾਂ ਦੀ ਸੰਗਤ ਅਤੇ ਉਹਨਾਂ ਹੀ ਸੰਤਾਂ ਦੀ ਚਰਨ ਧੂੜੀ ਦੇਣਾ ਕਰ॥ ੫ ॥

ਤੂ ਅੰਤਰਜਾਮੀ ਜੀਅ ਸਭ ਤੇਰੇ ॥ ਤੂ ਦਾਤਾ ਹਮ ਸੇਵਕ ਤੇਰੇ ॥

ਤੂੰ ਅੰਤਰਜਾਮੀ ਹੈਂ ਇਹ ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ। ਤੂੰ ਦਾਤਾ ਹੈਂ ਅਸੀਂ ਤੇਰੇ ਸੇਵਕ ਹਾਂ।

[ਪੰਨਾ ੧੦੩੯]

ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ ਗੁਰਿ ਗਿਆਨ ਰਤਨੁ ਦੀਪਾਇਆ ॥ ੬ ॥

ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਨਾਮ ਅੰਮ੍ਰਿਤ ਦੇਣਾ ਕਰੋ, ਜਿਨ੍ਹਾਂ ਨੂੰ ਆਪ ਨੇ ਨਾਮ ਦਿਤਾ ਹੈ ਉਹਨਾਂ ਦੇ

www.sikhbookclub.com

ਹਿਰ ਦੇ ਅੰਦਰ ਗੁਰਾਂ ਨੇ ਰਤਨੁ=ਅਮੋਲਕ ਗਿਆਨ ਦਾ ਪ੍ਰਕਾਸ਼ ਕੀਤਾ ਹੈ॥ ੬॥

ਪੰਚ ਤਤੁ ਮਿਲਿ ਇਹੁ ਤਨੁ ਕੀਆ॥ ਆਤਮ ਰਾਮ ਪਾਏ ਸੁਖੁ ਥੀਆ॥

ਤੁਸਾਂ ਨੇ ਪੰਜਾਂ ਤੱਤਾਂ ਨੂੰ ਮਿਲਾ ਕੇ ਇਹ ਮਨੁੱਖ ਸਰੀਰ ਰਚਨਾ ਕੀਤਾ ਹੈ। ਇਸ ਵਿਚ ਜਿਸ ਨੇ ਆਤਮਾ ਨੂੰ ਰਾਮ ਰੂਪ ਨਿਸਚੇ ਕਰਨਾ ਪਾਇਆ ਹੈ ਉਸ ਨੂੰ ਸੁਖ ਪ੍ਰਾਪਤ ਹੋਇਆ ਹੈ।

ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨ ਪਾਇਆ॥ ੭॥

ਨਿਸ਼ਕਾਮ ਕਰਮਾਂ ਦੀ ਕਰਤੂਤਿ=ਕਰਤੱਬਤਾ ਇਹ ਵੇਲ ਹੈ ਧਰਮ ਰੂਪੀ ਫੁਲ ਹੈ, ਅੰਮ੍ਰਿਤ=ਅਮਰ ਕਰਨ ਵਾਲਾ ਗਿਆਨ ਏਹ ਫਲ ਲਗਾ ਹੈ, ਹਰੀ ਨਾਮੀ ਰਤਨ ਜੋ ਮਨ ਵਿਚ ਪਾਇਆ=ਸਾਖਿਆਤਕਾਰ ਕੀਤਾ ਹੈ ਏਹੋ ਉਸ ਫਲ ਦਾ ਰਸ ਹੈ॥ ੭॥

ਨਾ ਤਿਸੁ ਭੂਖ ਪਿਆਸ ਮਨੁ ਮਾਨਿਆ॥
ਸਰਬ ਨਿਰੰਜਨੁ ਘਟਿ ਘਟਿ ਜਾਨਿਆ॥

ਜਿਸ ਦਾ ਪਰਮੇਸ਼ਰ ਉਤੇ ਮਨ ਮੰਨਿਆ ਗਿਆ ਹੈ ਉਸ ਨੂੰ ਕਿਸੇ ਪਦਾਰਥ ਦੀ ਭੁੱਖ ਨਹੀਂ, ਨਾ ਹੀ ਕਿਸੇ ਪਦਾਰਥ ਦੇ ਪੀਣ ਦੀ ਪਿਆਸ ਰਹੀ ਹੈ। ਉਸ ਨੇ ਸਾਰਿਆਂ ਘਟਾਂ ਘਟਾਂ ਵਿਚ ਨਿਰੰਜਨ ਨੂੰ ਪੂਰਨ ਜਾਣਿਆਂ ਹੈ।

ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ॥ ੮॥

ਗੁਰਾਂ ਦੀ ਸਿਖਿਆ ਵਿਚ ਭਾਇ=ਪ੍ਰੇਮ ਕਰਕੇ ਜੋ ਸੁਭਾਏਮਾਨ ਹੋਇਆ ਹੈ, ਉਹ ਨਾਮ ਅੰਮ੍ਰਿਤ ਰਸ ਵਿਚ, ਵਾ:-ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਵਿਚ ਰੱਤਾ ਹੋਇਆ ਕੇਵਲ=ਸ਼ੁਧ ਵੈਰਾਗੀ ਹੋਇਆ ਹੈ।

ਅਧਿਆਤਮ ਕਰਮ ਕਰੇ ਦਿਨੁ ਰਾਤੀ॥ ਨਿਰਮਲ ਜੋਤਿ ਨਿਰੰਤਰਿ ਜਾਤੀ॥

ਮੁਖੀ ਆਤਮਾ ਦੀ ਪ੍ਰਾਪਤੀ ਵਾਸਤੇ ਜੋ ਦਿਨ ਰਾਤ ਨਿਸ਼ਕਾਮ ਕਰਮਾਂ ਨੂੰ ਕਰਦਾ ਹੈ। ਉਸ ਨੇ ਨਿਰੰਤਰਿ= ਇਕ ਰਸ ਨਿਰਮਲ ਜੋਤੀ ਦੀ ਜੋਤ ਨੂੰ ਜਾਣ ਲਿਆ ਹੈ।

ਸਬਦੁ ਰਸਾਲੁ ਰਸਨ ਰਸਿ ਰਸਨਾ ਬੇਣੁ ਰਸਾਲੁ ਵਜਾਇਆ॥ ੯॥

ਸੰਸਾਰਕ ਰਸਾਂ ਤੋਂ ਨਿਰੱਸ ਹੋ ਕੇ ਜਿਸ ਨੇ ਰਸਨਾ ਨਾਲ ਰਸਾਲੁ=ਸੁੰਦਰ ਗੁਰਾਂ ਦੇ ਸ਼ਬਦ ਨੂੰ ਉਚਾਰਿਆ ਹੈ, ਉਸ ਨੂੰ ਰਸਾਲੁ ਬੇਣੁ=ਸੁੰਦਰ ਬਨਾਵਟ ਵਾਲਾ ਪ੍ਰਭੂ ਵਜਾਇਆ=ਪ੍ਰਗਟ ਹੋ ਆਇਆ ਹੈ॥ ੯॥

ਬੇਣੁ ਰਸਾਲ ਵਜਾਵੈ ਸੋਈ॥ ਜਾ ਕੀ ਤ੍ਰਿਭਵਣ ਸੋਝੀ ਹੋਈ॥

ਉਹ ਪਰਮੇਸ਼ਰ ਕ੍ਰਿਸ਼ਨ ਰੂਪ ਹੋਇਆ ਹੋਇਆ ਰਸਾਲ ਬੇਣੁ=ਸੁੰਦਰ ਬੰਸਰੀ ਨੂੰ ਵਜਾਂਦਾ ਹੈ। ਜਿਸ ਦੀ ਤਿੰਨਾਂ ਭਵਣਾਂ ਵਿਚ ਸੋਝੀ ਪ੍ਰਾਪਤ ਕੀਤੀ ਹੋਈ ਹੈ।

ਅਥਵਾ:-ਜਿਸ ਨੂੰ ਤਿੰਨਾਂ ਭਵਣਾਂ ਦੀ ਬ੍ਰਹਮ ਰੂਪਤਾ ਕਰਕੇ ਸੋਝੀ ਪ੍ਰਾਪਤ ਹੋਈ ਹੈ, ਉਹ ਰਾਮ ਨਾਮ ਰੂਪੀ ਸੁੰਦਰ ਬੇਣੁ=ਵਾਜੇ ਨੂੰ ਵਜਾਂਵਦਾ ਹੈ, ਜਾਂ ਜਿਸ ਨੂੰ ਤਿੰਨਾਂ ਭਵਣਾਂ ਦੀ ਮਿਥਿਆ ਰੂਪਤਾ ਕਰਕੇ ਸੋਝੀ ਪ੍ਰਾਪਤ ਹੋਈ ਹੈ ਉਸ ਨੂੰ ਰਸਾਲ=ਸੁੰਦਰ, ਬੇਣ=ਬਨਾਵਟ ਵਾਲਾ ਪ੍ਰਭੂ ਵਜਾਵੈ=ਪ੍ਰਗਟ ਹੋ ਆਇਆ ਹੈ।

ਨਾਨਕ ਬੂਝਹੁ ਇਹ ਬਿਧਿ ਗੁਰਮਤਿ
ਹਰਿ ਰਾਮ ਨਾਮਿ ਲਿਵ ਲਾਇਆ॥ ੧੦॥

www.sikhbookclub.com

ਗੁਰੂ ਜੀ ਕਥਨ ਕਰਦੇ ਹਨ—ਇਹ ਰਾਮ ਨਾਮ ਜਪਣ ਵਾਲੀ ਵਿਧੀ ਗੁਰ ਸਿਖਿਆ ਦੁਆਰੇ ਬੁਝਣਾ ਕਰੋ, ਜਿਸ ਨੇ ਗੁਰ ਸਿਖਿਆ ਲਈ ਹੈ ਉਸ ਨੇ ਹਰੀ ਰਾਮ ਦੇ ਨਾਮ ਵਿਚ ਲਿਵ ਨੂੰ ਲਗਾਇਆ ਹੈ॥ ੧੦॥

ਐਸੇ ਜਨ ਵਿਰਲੇ ਸੰਸਾਰੇ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥

ਅਜੇਹੇ ਪੁਰਖ ਸੰਸਾਰ ਵਿਚ ਵਿਰਲੇ ਹਨ। ਜੋ ਗੁਰ ਸ਼ਬਦ. ਦੀ ਵੀਚਾਰ ਕਰਕੇ ਦੁਨੀਆਂ ਤੋਂ ਨਿਰਾਰੇ= ਨਿਰਾਲੇ (ਅਸੰਗ) ਰਹਿੰਦੇ ਹਨ।

ਆਪਿ ਤਰਹਿ ਸੰਗਤਿ ਕੁਲ ਤਾਰਹਿ
ਤਿਨ ਸਫਲ ਜਨਮੁ ਜਗਿ ਆਇਆ॥ ੧੧॥

ਉਹ ਸੰਸਾਰ ਸਮੁੰਦਰ ਤੋਂ ਆਪ ਤਰਦੇ ਹਨ ਤੇ ਕੁਲ=ਸਮੂਹ ਸੰਗਤਾਂ ਨੂੰ ਤਾਰਦੇ ਹਨ,

ਵਾ:-ਸੰਗਤ ਨੂੰ ਅਤੇ ਕੁਲ ਨੂੰ ਭੀ ਤਾਰਦੇ ਹਨ, ਜਗਤ ਵਿਚ ਉਹਨਾਂ ਦਾ ਆਇਆ ਸਫਲ ਹੈ ਅਤੇ ਜਨਮ ਭੀ ਸਕਾਰਥਾ ਹੋਇਆ ਹੈ॥ ੧੧॥

ਘਰੁ ਦਰੁ ਮੰਦਰੁ ਜਾਣੈ ਸੋਈ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ॥

ਸਰੀਰ ਘਰ ਦੇ ਦਰੁ=ਅੰਦਰ, ਮੰਦਰੁ=ਅਧਿਸ਼ਠਾਨ ਰੂਪ ਪਰਮਾਤਮਾ ਨੂੰ ਓਹੀ ਜਾਣਦਾ ਹੈ ਜਿਸ ਨੂੰ ਪੂਰਿਆਂ ਗੁਰਾਂ ਤੋਂ ਸੋਝੀ=ਗਿਆਤ ਪ੍ਰਾਪਤ ਹੋਈ ਹੈ।

ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ
ਸਚੁ ਸਾਚਾ ਤਖਤੁ ਰਚਾਇਆ॥ ੧੨॥

ਕਾਇਆ ਰੂਪ ਗੜ=ਕਿਲ੍ਹੇ ਦੇ ਅੰਤਹਕਰਣ ਰੂਪੀ ਮਹਲ ਵਿਚ ਸੱਚਾ ਪ੍ਰਭੂ ਮਹਲੀ ਇਸਥਿਤ ਹੈ, ਜਿਸ ਸਚੇ ਨੇ ਸਚੁ=ਨਿਸਚੇ ਕਰਕੇ ਸੰਸਾਰ ਤਖ਼ਤ ਰਚਾਇਆ ਹੈ,

ਵਾ:-ਜਿਸ ਸੱਚੇ ਨੇ ਸੱਚਾ ਤਖ਼ਤ ਸਤਸੰਗ ਰਚਾਇਆ ਹੈ॥ ੧੨॥

ਚਤੁਰ ਦਸ ਹਾਟ ਦੀਵੇ ਦੁਇ ਸਾਖੀ॥ ਸੇਵਕ ਪੰਚ ਨਾਹੀ ਬਿਖੁ ਚਾਖੀ॥

ਚਤੁਰ ਦਸ=ਚੌਦਾਂ ਭਵਣ (ਲੋਕ) ਹੱਟਾਂ ਹਨ, ਸੂਰਜ ਚੰਦ੍ਰਮਾ ਰੂਪ ਦੋ ਦੀਵੇ ਹਨ, ਜੀਵਾਂ ਨੇ ਜੋ ਕਰਮ ਧਰਮ ਕੀਤੇ ਹਨ ਉਹਨਾਂ 'ਪਰ ਉਹ ਸਾਖੀ=ਉਗਾਹੀ ਦੇਂਦੇ ਹਨ। ਅਥਵਾ:-ਸਤਸੰਗ ਵਿਚ ਜਾ ਕੇ ਚੌਦਾਂ ਇੰਦ੍ਰੀਆਂ ਦਾ ਜੋ ਦਮਨ ਕਰਨਾ ਹੈ ਏਹੀ ਚੌਦਾਂ ਹੱਟੀਆਂ ਹਨ, ਸਾਖੀ ਦੀ ਪ੍ਰਾਪਤੀ ਕਰਨ ਵਾਲੇ ਗਿਆਨ, ਵੈਰਾਗ ਰੂਪੀ ਦੋ ਦੀਵੇ ਹਨ। ਸਤਸੰਗ ਵਿਚ ਜਾ ਕੇ ਪੰਚ=ਸਰੇਸ਼ਟ ਮਹਾਤਮਾ ਦੇ ਜੋ ਸੇਵਕ ਬਣੇ ਹਨ ਉਹਨਾਂ ਨੇ ਵਿਸ਼ਿਆਂ ਰੂਪੀ ਵਿਹੁ ਨਹੀਂ ਖਾਧੀ।

ਅੰਤਰਿ ਵਸਤੁ ਅਨੂਪ ਨਿਰਮੋਲਕ
ਗੁਰਿ ਮਿਲਿਐ ਹਰਿ ਧਨੁ ਪਾਇਆ॥ ੧੩॥

ਏਸੇ ਸਰੀਰ ਦੇ ਅੰਦਰ ਅਨੂਪ=ਉਪਮਾ ਤੋਂ ਰਹਿਤ ਨਿਰਮੋਲਕ ਹਰੀ ਰੂਪ ਵਸਤੂ ਹੈ. ਉਸ ਹਰੀ ਧਨ ਨੂੰ ਜਿਸ ਨੇ ਭੀ ਪਾਇਆ ਹੈ ਤਾਂ ਸਤਿਗੁਰਾਂ ਨਾਲ ਮਿਲ ਕੇ ਪਾਇਆ ਹੈ॥ ੧੩॥

www.sikhbookclub.com

ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥

ਰਾਜ ਤਖ਼ਤ 'ਪਰ ਓਹੀ ਬੈਠਦਾ ਹੈ ਜੋ ਰਾਜ ਤਖ਼ਤ ਦੇ ਲਾਇਕ ਹੁੰਦਾ ਹੈ। ਏਸੇ ਤਰ੍ਹਾਂ ਸਰੂਪ ਤਖ਼ਤ 'ਪਰ ਓਹੀ ਬੈਠਦਾ ਹੈ ਜੋ ਸਰੂਪ ਤਖ਼ਤ ਦੇ ਲਾਇਕ ਹੁੰਦਾ ਹੈ, ਭਾਵ ਸਾਧਨਾ ਸੰਯੁਕਤ ਹੁੰਦਾ ਹੈ। ਜੋ ਗੁਰਮਤੀਆਂ ਦੇ ਪਾਇਕ=ਦਾਸ ਹੋਏ ਹਨ ਉਹਨਾਂ ਦੇ ਅੰਦਰੋਂ ਪੰਜ ਕਾਮ, ਕ੍ਰੋਧ ਆਦਿਕ ਸਮਾਏ=ਅਭਾਂਵ ਹੋ ਗਏ ਹਨ। *ਅਥਵਾ:*-ਜਿਨ੍ਹਾਂ ਨੇ ਗੁਰ ਸਿਖਿਆ ਨੂੰ ਪਾਇਕ=ਪਾਇਆ ਹੈ ਉਹਨਾਂ ਦੇ ਅੰਦਰ ਪੰਜ ਸੱਤ, ਸੰਤੋਖ ਆਦਿਕ ਸ਼ੁਭ-ਗੁਣ ਸਮਾਏ ਹਨ। *ਅਥਵਾ:*-ਉਹ ਪੰਚ=ਸਰੇਸ਼ਟ ਪਰਮੇਸ਼ਰ ਵਿਚ ਸਮਾਏ ਹਨ।

ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥ ੧੪ ॥

ਜਿਨ੍ਹਾਂ ਨੇ ਸੰਸਾ ਤੇ ਭਰਮ ਦੂਰ ਕੀਤਾ ਹੈ ਉਹਨਾਂ ਨੇ ਇਸ ਤਰ੍ਹਾਂ ਨਿਸਚੇ ਕੀਤਾ ਹੈ ਕਿ ਉਹ ਪਰਮੇਸ਼ਰ ਆਦਿ ਜੁਗਾਦੀ=ਸਦਾ ਸਦਾ ਹੁਣ ਹੈ, ਪਿਛੇ ਸੀ, ਹੋਸੀ=ਅਗੇ ਹੋਵੇਗਾ। ਅਰਥਾਤ ਤਿੰਨਾਂ ਕਾਲਾਂ ਵਿਚ ਪੂਰਨ ਹੈ॥ ੧੪ ॥

ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥
ਇਹ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥

ਸਰੂਪ ਤਖ਼ਤ ਪਰ ਬੈਠਣ ਵਾਲੇ ਨੂੰ ਦਿਨ ਰਾਤ ਸਲਾਮੁ=ਨਮਸ਼ਕਾਰ ਹੁੰਦੀ ਹੈ। ਗੁਰ ਸਿਖਿਆ ਵਿਚ ਲਿਵ ਲਗਾ ਕੇ ਇਹ ਸੱਚੀ ਵਡਿਆਈ ਜਾਨਣਾ ਕੀਤੀ।

ਨਾਨਕ ਰਾਮੁ ਜਪਹੁ ਤਰੁ ਤਾਰੀ
ਹਰਿ ਅੰਤਿ ਸਖਾਈ ਪਾਇਆ ॥ ੧੫ ॥ ੧ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ—ਰਾਮ ਨਾਮ ਜਪਣੇ ਰੂਪੀ ਤਾਰੀ=ਨੌਕਾ ਉਤੇ ਚੜ੍ਹ ਕੇ ਤਰਨਾ ਕਰੋ, ਜਿਨ੍ਹਾਂ ਨੇ ਰਾਮ ਨੂੰ ਜਪਿਆ ਹੈ, ਉਹਨਾਂ ਨੇ ਅੰਤ ਨੂੰ ਸਹਾਇਤਾ ਕਰਨ ਵਾਲੇ ਹਰੀ ਨੂੰ ਪਾਇਆ ਹੈ॥ ੧੫ ॥ ੧ ॥ ੧੮ ॥

ਮਾਰੂ ਮਹਲਾ ੧ ॥

ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥

ਹੇ ਭਾਈ ਜਨੋ ! ਹਰੀ ਨਾਮ ਧਨ ਨੂੰ 'ਕੱਠਾ ਕਰੋ। ਸਤਿਗੁਰਾਂ ਦੀ ਸ਼ਰਨ ਵਿਚ ਆ ਕੇ ਸਤਿਗੁਰਾਂ ਦੀ ਸੇਵਾ ਵਿਚ ਟਿਕੇ ਰਹੋ।

ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥ ੧ ॥

ਸਬਦਿ ਜਗਾਇਆ=ਬ੍ਰਹਮ ਦੇ ਪ੍ਰਗਟ ਕਰਨ ਵਾਲੀ ਧੁਨਿ=ਬਾਣੀ ਜਿਨ੍ਹਾਂ ਦੇ ਅੰਦਰ ਉਪਜੀ ਹੈ, ਤਸਕਰੁ=ਚੋਰੀ ਦੇ ਕਰਨ ਵਾਲੇ ਕਾਮ ਆਦਿਕ ਚੋਰ ਉਹਨਾਂ ਨੂੰ ਨਹੀਂ ਲਗਦੇ।

ਅਥਵਾ:-ਜਿਸ ਨੇ ਗੁਰ ਸ਼ਬਦ ਦੁਆਰਾ ਮਨ ਨੂੰ ਜਗਾਇਆ ਹੈ ਤੇ ਹਿਰਦੇ ਵਿਚੋਂ ਸਿਮਰਨ ਦੀ ਧੁਨਿ ਉਪਜੀ ਹੈ, ਉਨ੍ਹਾਂ ਨੂੰ ਸੁਭ ਗੁਣਾਂ ਰੂਪੀ ਧਨ ਦੇ ਚੁਰਾਣ ਵਾਲੇ ਕਾਮ, ਕ੍ਰੋਧ ਆਦਿਕ ਚੋਰ ਨਹੀਂ ਲਗਦੇ॥ ੧ ॥

ਤੂ ਏਕੰਕਾਰੁ ਨਿਰਾਲਮੁ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥

ਹੇ ਏਕੰਕਾਰੁ=ਇਕ ਓਅੰਕਾਰ! ਤੂੰ ਸੰਸਾਰ ਤੋਂ ਨਿਰਾਲਮੁ=ਅੱਸਗ ਹੈਂ ਤੇ ਸਭਨਾਂ ਦਾ ਰਾਜਾ ਹੈਂ। ਤੂੰ ਆਪ ਹੀ ਆਪਣਿਆਂ ਸੇਵਕਾਂ ਦੇ ਕੰਮਾਂ ਨੂੰ ਸਵਾਰਦਾ ਹੈਂ।

ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥ ੨ ॥

ਹੇ ਹਰੀ ! ਤੂੰ ਅਮਰੁ=ਮਰਨੇ ਤੋਂ ਰਹਿਤ ਹੈਂ, ਅਡੋਲੁ=ਡੋਲਣੇ ਤੋਂ ਰਹਿਤ ਹੈਂ, ਅਪਾਰੁ=ਪਾਰਾਵਾਰ ਤੋਂ ਰਹਿਤ ਹੈਂ ਤੇ ਅਮੋਲਕ ਹੈਂ, ਹੇ ਹਰੀ ! ਸਾਰਿਆਂ ਅਸਥਾਨਾ 'ਪਰ ਇਸਥਿਤ ਹੋ ਕੇ ਤੂੰ ਸ਼ੋਭ ਰਿਹਾ ਹੈਂ॥ ੨ ॥

ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥

ਦੇਹ ਰੂਪ ਨਗਰੀ ਵਿਚ ਅੰਤਹਕਰਣ ਰੂਪੀ ਉਤਮ ਅਸਥਾਨ ਹੈ। ਉਸ ਵਿਚ ਪੰਚ ਲੋਕ=ਸੱਤ, ਸੰਤੋਖ ਆਦਿਕ ਸ਼ੁਭ ਗੁਣ ਪ੍ਰਧਾਨ ਹੋਏ ਵਸ ਰਹੇ ਹਨ। ਵਾ:-ਦੇਹ ਰੂਪ ਨਗਰੀ ਵਿਚ ਸਰੂਪ ਰੂਪੀ ਉਤਮ ਅਸਥਾਨ ਹੈ ਤਿਸ ਵਿਚ ਪੰਚ=ਸਰੇਸ਼ਟ ਮਹਾਤਮਾ ਲੋਕ ਪ੍ਰਧਾਨ ਹੋਏ ਵਸ ਰਹੇ ਹਨ।

ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥ ੩ ॥

ਮਹਾਤਮਾ ਨੇ ਸੰਸਾਰ ਤੋਂ ਊਪਰਿ=ਉਪਰਾਮ ਹੋ ਕੇ ਏਕੰਕਾਰ ਜੋ ਸ਼ੁਧ ਬ੍ਰਹਮ ਹੈ, ਉਸ ਵਿਚ ਉਹਨਾਂ ਨੇ ਅਫੁਰ ਸਮਾਧੀ ਨੂੰ ਲਗਾਇਆ ਹੈ॥ ੩ ॥

ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥

ਕਰਣੈਹਾਰੈ=ਪਰਮਾਤਮਾ ਨੇ ਦੇਹ ਰੂਪ ਨਗਰੀ ਦੇ ਨੌਂ ਗੋਲਕਾਂ ਰੂਪੀ ਨੌਂ ਦਰਵਾਜ਼ੇ ਸਿਰਿ ਸਿਰਿ=ਵਖੋ ਵੱਖਰੇ ਸਾਜੇ=ਬਣਾਏ ਹਨ।

ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥ ੪ ॥

ਦਸਮ ਦੁਆਰ ਵਿਚ, ਵਾ:-ਦਸਾਂ ਦੁਆਰਿਆਂ ਵਿਚ ਪੂਰਨ ਤੇ ਅਤੀਤੁ=ਤਿੰਨਾਂ ਗੁਣਾਂ ਤੋਂ ਰਹਿਤ ਅਕਾਲ ਪੁਰਖ ਸਭ ਤੋਂ ਨਿਰਾਲਾ ਹੈ, ਉਹ ਆਪਣੇ ਅਲਖ ਸਰੂਪ ਨੂੰ ਆਪ ਹੀ ਗੁਰਮੁਖਾਂ ਨੂੰ ਜਣਾਉਂਦਾ ਹੈ॥ ੪ ॥

ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥

ਉਹ ਅਲੇਖ ਪੁਰਖ ਸਤਸੰਗ ਰੂਪ ਸੱਚੇ ਦੀਵਾਨ ਵਾਲਾ ਹੈ, ਉਹ ਹੁਕਮੀ ਪਰਮਾਤਮਾ ਹੁਕਮ ਰੂਪੀ ਸੱਚੇ ਨੀਸਾਨਾ=ਪ੍ਰਵਾਨੇ ਨੂੰ ਚਲਾਉਂਦਾ ਹੈ, ਜਾਂ ਸਭ ਨੂੰ ਹੁਕਮ ਵਿਚ ਤੋਰਦਾ ਹੈ, ਉਸ ਦਾ ਨੀਸਾਨਾ=ਹੁਕਮਨਾਮਾ ਭੀ ਸੱਚਾ ਹੈ।

ਨਾਨਕ ਖੋਜਿ ਲਹਹੁ ਘਰੁ ਅਪਨਾ
ਹਰਿ ਆਤਮ ਰਾਮ ਨਾਮੁ ਪਾਇਆ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਤੁਸੀਂ ਆਪਣੇ ਸਰੂਪ ਘਰ ਨੂੰ ਖੋਜ ਲੈਣਾ ਕਰੋ, ਜਿਨ੍ਹਾਂ ਨੇ ਰਾਮ ਨਾਮ ਜਪਿਆ ਹੈ ਉਹਨਾਂ ਨੇ ਆਤਮ=ਆਪਣਾ ਸਰੂਪ ਜਾਣ ਕੇ ਹਰੀ ਨੂੰ ਪਾਇਆ ਹੈ, ਜਾਂ ਜਿਨ੍ਹਾਂ ਨੇ ਹਰੀ ਦਾ ਨਾਮ ਜਪਿਆ ਹੈ ਉਹਨਾਂ ਨੇ ਆਤਮ ਰਾਮ=ਆਤਮ ਸੁਖ ਪਾਇਆ ਹੈ॥ ੫ ॥

www.sikhbookclub.com

[ਪੰਨਾ ੧੦੪੦]

ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥

ਉਹ ਨਿਰੰਜਨ ਪੁਰਖ ਪਰਮਾਤਮਾ ਸਰਬ ਸਮਾਨਾ=ਸਾਰਿਆਂ ਵਿਚ ਸਮਾਅ ਰਿਹਾ ਹੈ, ਪੁਨਾ ਉਹ ਸੁਜਾਨਾ=ਚਤੁਰ ਪੁਰਖ ਹੈ। ਸਭ ਦਾ ਅਦਲੁ=ਨਿਆਂ ਕਰਨ ਵਾਲਾ ਹੈ, ਗੁਰ=ਪੂਜਨੀਕ ਹੈ ਤੇ ਗਿਆਂਨ ਸਰੂਪ ਹੈ, ਵਾ:-ਅਦਲੁ=ਨਿਆਂ ਕਰਨ ਵਾਲੇ ਪ੍ਰਭੂ ਦਾ ਗਿਆਨ ਗੁਰਾਂ ਦੁਆਰੇ ਹੁੰਦਾ ਹੈ।

ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥ ੬ ॥

ਜਿਸ ਨੇ ਹਉਮੈ ਅਤੇ ਲੋਭ ਨੂੰ ਚੁਕਾਇਆ=ਦੂਰ ਕੀਤਾ ਹੈ ਉਸ ਨੇ ਗਿਆਨ ਰੂਪ ਖੰਡਾ ਲੈ ਕੇ ਕਾਮ ਕਰੋਧ ਆਦਿਕ ਵਿਕਾਰਾਂ ਨੂੰ ਗਰਦਨ ਤੋਂ, ਭਾਵ ਮੂਲ ਤੋਂ ਹੀ ਮਾਰ ਦਿਤਾ ਹੈ॥ ੬॥

ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥

ਉਹ ਨਿਰੰਕਾਰ ਸਤਸੰਗ ਰੂਪੀ ਸੱਚੇ ਅਸਥਾਨ ਉਤੇ ਵਸ ਰਿਹਾ ਹੈ। ਜਿਸ ਨੇ ਗੁਰ ਸ਼ਬਦ ਨੂੰ ਵਿਚਾਰਿਆ ਹੈ ਉਸ ਨੇ ਆਪਣੇ ਸਰੂਪ ਨੂੰ ਪਛਾਣਿਆ ਹੈ।

ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥ ੭ ॥

ਜਿਸ ਦਾ ਨਿਰੰਤਰਿ=ਇਕ ਰਸ ਸੱਚੇ ਮਹਲਿ=ਸਰੂਪ ਵਿਚ ਨਿਵਾਸ ਹੋਇਆ ਹੈ, ਉਸ ਨੇ ਆਪਣਾ ਔਣਾ ਜਾਣਾ ਭਾਵ ਜੰਮਣਾ ਮਰਨਾ ਦੂਰ ਕਰ ਦਿਤਾ ਹੈ॥ ੭॥

ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥

ਜਿਸ ਜੋਗੀ ਦਾ ਮਨ ਚਲਾਇਮਾਨ ਨਹੀਂ ਹੁੰਦਾ, ਨਾ ਹੀ ਪਉਣ=ਵਾਸ਼ਨਾ ਉਡਾਂਵਦੀ ਹੈ। ਪੁਨਾ ਜੋ ਜੋਗੀ ਅਨਾਹਦੁ=ਇਕ ਰਸ ਗੁਰ ਸ਼ਬਦ ਨੂੰ ਜਾਂ ਸਬਦੁ=ਬ੍ਰਹਮ ਨੂੰ ਵਾਵੈ=ਉਚਾਰਦਾ ਹੈ।

ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥ ੮ ॥

ਉਸ ਜੋਗੀ ਨੂੰ ਦਸਮ ਦੁਆਰ ਦੇ ਤਤ, ਤੰਤੀ ਆਦਿਕ ਪੰਜ ਸ਼ਬਦ ਰੁਣ ਝੁਣਕਾਰ ਸੰਗਿਆ ਦੇ ਨਿਰਾਲਮ ਪ੍ਰਭੂ ਨੇ ਆਪ ਹੀ ਵਾਇ=ਉਚਾਰ ਕੇ ਸੁਣਾਏ ਹਨ।

ਅਥਵਾ :- ਪੰਚ=ਸਰੇਸ਼ਟ ਨਾਮਾਂ ਰੂਪੀ ਸ਼ਬਦ ਰੁਣ ਝੁਣਕਾਰ ਸੰਗਿਆ ਦੇ ਨਿਰਾਲਮੁ=ਅਸੰਗ ਪ੍ਰਭੂ ਨੇ ਆਪ ਹੀ ਉਚਾਰ ਕੇ ਸੁਣਾਏ ਹਨ।

ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥

ਜਿਸ ਨੂੰ ਪਰਮੇਸ਼ਰ ਦਾ ਭਉ=ਡਰ ਤੇ ਵੈਰਾਗ ਹੋਇਆ ਹੈ ਉਹ ਸਹਜਿ=ਗਿਆਨ ਵਿਚ ਸਮਾਇਆ ਹੈ। ਜਿਸ ਨੇ ਹੰਗਤਾ ਮਮਤਾ ਤਿਆਗੀ ਹੈ, ਉਹ ਹਦ ਰਹਿਤ ਪ੍ਰਭੂ ਵਿਚ ਰੱਤਾ ਰਹਿੰਦਾ ਹੈ।

ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥ ੯ ॥

ਜਿਸ ਨੇ ਗਿਆਨ ਰੂਪੀ ਅੰਜਨੁ=ਸੁਰਮਾ ਬੁੱਧੀ ਰੂਪ ਅੱਖਾਂ ਵਿਚ ਸਾਰਿ=ਪਾਇਆ ਹੈ, ਉਸ ਨੇ ਨਿਰੰਜਨ ਨੂੰ ਜਾਣਿਆ ਹੈ ਕਿ ਸਭਨਾਂ ਵਿਚ ਉਹ ਨਿਰੰਜਨ ਹੀ ਰਾਇਆ=ਪ੍ਰਕਾਸ਼ ਰਿਹਾ ਹੈ, ਵਾ:-ਉਹ ਨਿਰੰਜਨ ਸਾਰਿਆਂ ਦਾ ਰਾਜਾ ਹੈ॥ ੯ ॥

ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥ ਰੋਗ ਕਟੇ ਕਾਟੀ ਜਮ ਫਾਸੀ ॥

ਉਹ ਅਬਿਨਾਸੀ ਪ੍ਰਭੂ ਜਨਮ ਮਰਨ ਆਦੀ ਦੁੱਖ ਅਤੇ ਭੈ ਦੇ ਭੰਜਨੁ=ਨਾਸ ਕਰਨ ਵਾਲਾ ਹੈ। ਜਿਸ ਦੇ ਹੰਕਾਰ ਤੇ ਅਗਿਆਨ ਆਦਿਕ ਰੋਗ ਕਟੇ ਗਏ ਹਨ ਉਹਨਾਂ ਦੀ ਜਮਾਂ ਦੀ ਫਾਹੀ ਕਟੀ ਗਈ ਹੈ।

ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ਗੁਰਿ ਮਿਲਿਐ ਹਰਿ ਪ੍ਰਭੁ ਪਾਇਆ ॥੧੦॥

ਗੁਰੂ ਜੀ ਕਥਨ ਕਰਦੇ ਹਨ—ਉਹ ਹਰੀ ਪ੍ਰਭੂ ਭਉ ਭੰਜਨੁ=ਡਰ ਨਾਸ ਕਰਨ ਵਾਲਾ ਹੈ, ਗੁਰਮੁਖਾਂ ਨੇ ਗੁਰਾਂ ਨਾਲ ਮਿਲ ਕੇ ਹਰੀ ਪ੍ਰਭੂ ਨੂੰ ਪਾਇਆ ਹੈ॥ ੧੦॥

ਕਾਲੈ ਕਵਲੁ ਨਿਰੰਜਨੁ ਜਾਣੈ ॥ ਬੂਝੈ ਕਰਮੁ ਸੁ ਸਬਦੁ ਪਛਾਣੈ ॥

ਜੋਹੜਾ ਪੁਰਸ਼ ਨਿਰੰਜਨ ਪ੍ਰਭੂ ਨੂੰ ਜਾਣਦਾ ਹੈ ਉਹ ਕਾਲ ਨੂੰ ਕਵਲੁ=ਬੁਰਕੀ ਵਾਂਗੂ ਅਭਾਵ ਕਰਦਾ ਹੈ। ਅਥਵਾ:-ਦੇਹ ਨੂੰ ਕਾਲ ਦੀ ਕਵਲੁ=ਬੁਰਕੀ ਸਮਝਦਾ ਹੈ, ਵਾ:-ਕਾਲੇ ਕਰਨ ਵਾਲਾ ਜੋ ਅਗਿਆਨ ਹੈ ਉਸ ਨੂੰ ਕਵਲੁ=ਬੁਰਕੀ ਵਾਂਗੂ ਅਭਾਵ ਕਰਦਾ ਹੈ। ਜੋ ਨਿਸ਼ਕਾਮ ਕਰਮ ਕਰਨੇ ਬੁਝਦਾ ਹੈ ਉਹ ਸਬਦੁ=ਬ੍ਰਹਮ ਨੂੰ ਪਛਾਣਦਾ ਹੈ।

ਆਪੇ ਜਾਣੈ ਆਪਿ ਪਛਾਣੈ ਸਭੁ ਤਿਸ ਕਾ ਚੋਜੁ ਸਬਾਇਆ ॥ ੧੧ ॥

ਉਹ ਪਰਮੇਸ਼ਰ ਆਪ ਹੀ ਜੀਵਾਂ ਦੇ ਕਰਮਾਂ ਨੂੰ ਜਾਣਦਾ ਹੈ ਆਪ ਹੀ ਫਲ ਦੇਣਾ ਪਛਾਣਦਾ ਹੈ, ਵਾ:-ਆਪ ਹੀ ਬਾਹਰਲੀਆਂ ਗੱਲਾਂ ਨੂੰ ਜਾਣਦਾ ਹੈ, ਆਪ ਹੀ ਮਨ ਦੇ ਸੰਕਲਪਾਂ ਨੂੰ ਪਛਾਣਦਾ ਹੈ। ਜੋ ਸਭਨਾਂ ਵਿਚ ਆਇਆ ਹੋਇਆ ਹੈ ਇਹ ਸਾਰਾ ਜਗਤ ਓਸੇ ਦਾ ਕੌਤਕ ਹੈ॥ ੧੧॥

ਆਪੇ ਸਾਹੁ ਆਪੇ ਵਣਜਾਰਾ ॥ ਆਪੇ ਪਰਖੇ ਪਰਖਣਹਾਰਾ ॥

ਆਪ ਹੀ ਗੁਰੂ ਰੂਪੀ ਸ਼ਾਹ ਹੈ ਆਪ ਹੀ ਜਗਿਆਸੂ ਰੂਪ ਵਣਜਾਰਾ ਹੈ। ਪਰਖਣ ਵਾਲਾ ਹੋ ਕੇ ਆਪ ਹੀ ਸਭ ਦੀ ਪਰਖ ਕਰਦਾ ਹੈ।

ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਆ ॥ ੧੨ ॥

ਆਪ ਹੀ ਕਸੀਸ (ਪ੍ਰੀਖਿਆ) ਰੂਪੀ, ਵਾ:-ਸਾਧਨਾ ਰੂਪੀ ਕਸਵਟੀ ਉਤੇ ਕੱਸ ਲਾਂਦਾ ਹੈ ਅਤੇ ਆਪ ਹੀ ਕੀਮਤ ਨੂੰ ਪਾਂਦਾ ਹੈ, ਭਾਵ ਅਧਿਕਾਰੀ ਜਾਣ ਕੇ ਉਪਦੇਸ਼ ਦੇਂਦਾ ਹੈ॥ ੧੨॥

ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥
ਘਟਿ ਘਟਿ ਰਵਿ ਰਹਿਆ ਬਨਵਾਰੀ ॥

ਆਪ ਹੀ ਦਿਆਲੂ ਪ੍ਰਭੂ ਨੇ ਦਇਆ ਦ੍ਰਿਸ਼ਟੀ ਕੀਤੀ ਹੈ ਅਤੇ ਸੰਸਾਰ ਬਨ ਦਾ ਵਾਲੀ ਹੋ ਕੇ ਆਪ ਹੀ ਘਟ ਘਟ ਵਿਚ ਰਵ ਰਿਹਾ ਹੈ।

ਪੁਰਖੁ ਅਤੀਤੁ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ ॥ ੧੩ ॥

ਅਤੀਤੁ=ਤਿੰਨਾਂ ਗੁਣਾਂ ਤੋਂ ਰਹਿਤ, ਨਿਹਕੇਵਲੁ=ਸ਼ੁਧ ਅਕਾਲ ਪੁਰਖ ਸਾਰੇ ਵਸ ਰਿਹਾ ਹੈ, ਉਸ ਅਕਾਲ ਪੁਰਖ ਨਾਲ ਗੁਰ ਪੁਰਖਾਂ ਨੇ ਮਿਲਾਇਆ ਹੈ॥ ੧੩॥

ਪ੍ਰਭੁ ਦਾਨਾ ਬੀਨਾ ਗਰਬੁ ਗਵਾਏ॥ ਦੂਜਾ ਮੇਟੈ ਏਕੁ ਦਿਖਾਏ॥

ਧਨ ਦੇ ਗਰਬੁ=ਹੰਕਾਰ ਨੂੰ ਗੁਆ ਕੇ ਦੂਜਾ=ਦ੍ਵੈਤ ਭਾਵ ਨੂੰ ਮੇਟੇ ਤਾਂ ਜੋ ਪ੍ਰਭੂ ਦਾਨਾ ਤੇ ਬੀਨਾ=ਦ੍ਰਿਸ਼ਟਾ ਹੈ ਉਸ ਇਕ ਨੂੰ ਆਪ ਵੇਖਦਾ ਹੈ ਅਤੇ ਹੋਰਨਾਂ ਨੂੰ ਵਿਖਾਂਦਾ ਹੈ।

ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ॥ ੧੪॥

ਜਿਸ ਨੇ ਜੋਨੀ=ਕਾਰਨ ਰੂਪ ਅਕੁਲ ਨਿਰੰਜਨ ਦੇ ਜਸ ਨੂੰ ਗਾਇਆ ਹੈ, ਉਹ ਆਸਾ ਰੂਪ ਪ੍ਰਪੰਚ ਦੇ ਵਿਚ ਰਹਿੰਦਾ ਹੋਇਆ ਸਭ ਤੋਂ ਨਿਰਾਲਮੁ=ਅਸੰਗ ਰਹਿੰਦਾ ਹੈ॥ ੧੪॥

ਹਉਮੈ ਮੇਟਿ ਸਬਦਿ ਸੁਖੁ ਹੋਈ॥ ਆਪੁ ਵੀਚਾਰੇ ਗਿਆਨੀ ਸੋਈ॥

ਜਿਸ ਨੇਂ ਗੁਰ ਸ਼ਬਦ ਦੁਆਰਾ ਹਉਮੈ ਨੂੰ ਮੇਟਿਆ ਹੈ ਓਸੇ ਨੂੰ ਸੁਖ ਪ੍ਰਾਪਤ ਹੁੰਦਾ ਹੈ। ਜੋ ਆਪਣੇ ਸਰੂਪ ਨੂੰ ਵਿਚਾਰਦਾ ਹੈ ਉਹ ਅਸਲ ਗਿਆਨੀ ਹੁੰਦਾ ਹੈ।

ਨਾਨਕ ਹਰਿ ਜਸੁ ਹਰਿ ਗੁਣ ਲਾਹਾ
ਸਤਸੰਗਤਿ ਸਚੁ ਫਲੁ ਪਾਇਆ॥ ੧੫॥ ੨॥ ੧੯॥

ਗੁਰੂ ਜੀ ਕਥਨ ਕਰਦੇ ਹਨ—ਹਰੀ ਜਸ ਤੇ ਹਰੀ ਗੁਣਾਂ ਦੇ ਕਹਿਣ ਸੁਨਣ ਨਾਲ ਲਾਭ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਨੇ ਸਤਸੰਗਤ ਨੂੰ ਕੀਤਾ ਹੈ ਉਹਨਾਂ ਨੇ ਸਚੁ=ਸੁਖ ਫਲ ਪਾਇਆ ਹੈ,

ਵਾ:-ਸੱਚ ਦੀ ਪ੍ਰਾਪਤੀ ਰੂਪ ਫਲ ਨੂੰ ਪਾਇਆ ਹੈ॥ ੧੫॥ ੨॥ ੧੯॥

ਮਾਰੂ ਮਹਲਾ ੧॥

ਸਚੁ ਕਹਹੁ ਸਚੈ ਘਰਿ ਰਹਣਾ॥ ਜੀਵਤ ਮਰਹੁ ਭਵਜਲੁ ਜਗੁ ਤਰਣਾ॥

ਹੇ ਭਾਈ ! ਸੱਚ ਨਾਮ ਨੂੰ ਕਹੋ ਤਾਂ ਸੱਚੇ ਸਰੂਪ ਘਰ ਵਿਚ ਰਹਿਣਾ ਹੋਵੇਗਾ। ਜੀਵਤ ਭਾਵ ਤੋਂ ਮਰੋ, ਤਾਂ ਸੰਸਾਰ ਸਮੁੰਦਰ ਤੋਂ ਤਰਨਾ ਹੋਵੇਗਾ।

ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ॥ ੧॥

ਗੁਰੂ ਜਹਾਜ਼ ਹਨ, ਗੁਰੂ ਬੇੜੀ ਹਨ, ਗੁਰੂ ਹੀ ਤੁਲਹਾ ਹਨ. ਵਾ:-ਗੁਰਾਂ ਪਾਸ ਨਾਮ ਗਿਆਨ ਰੂਪੀ ਬੋਹਿਥੁ= ਜਹਾਜ਼ ਹੈ, ਗੁਰਾਂ ਪਾਸ ਭਗਤੀ ਰੂਪ ਬੇੜੀ ਹੈ, ਗੁਰੂ ਕੋਲ ਪ੍ਰੇਮ, ਵਾ:-ਅਦ੍ਵੈਤ ਨਿਸਚਾ ਰੂਪ ਤੁਲਹਾ ਹੈ. ਜਿਨ੍ਹਾਂ ਨੇ ਮਨ ਕਰਕੇ ਹਰੀ ਨੂੰ ਜਪਿਆ ਹੈ ਉਨ੍ਹਾਂ ਨੂੰ ਗੁਰਾਂ ਨੇ ਪਾਰ ਲੰਘਾ ਦਿਤਾ ਹੈ॥ ੧॥

ਹਉਮੈ ਮਮਤਾ ਲੋਭ ਬਿਨਾਸਨੁ॥ ਨਉ ਦਰ ਮੁਕਤੇ ਦਸਵੈ ਆਸਨੁ॥

ਜਿਸ ਨੇ ਹੰਗਤਾ ਮਮਤਾ ਅਤੇ ਲੋਭ ਨੂੰ ਨਾਸ ਕੀਤਾ ਹੈ ਅਤੇ ਨਉ ਦਰ=ਨੌਂ ਗੋਲਕਾਂ ਵਿਚ ਦਸ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਮੁਕਤੇ=ਰੋਕਿਆ ਹੈ, ਉਸ ਨੇਂ ਦਸਵੇਂ ਰੂਪ ਪਰਮੇਸ਼ਰ ਵਿਚ ਆਸਣ ਜਮਾਇਆ ਹੈ, ਭਾਵ ਇਸਥਿਤ ਹੋਣਾ ਕੀਤਾ ਹੈ।

ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ॥ ੨॥

ਮਨੁੱਖਾਂ ਤੋਂ ਪਰੇ ਦੇਵਤੇ, ਦੇਵਤਿਆਂ ਤੋਂ ਪਰੇ ਬ੍ਰਹਮਾ ਆਦਿਕ ਉਹ ਅਪਰੰਪਰ ਪ੍ਰਭੂ ਉਹਨਾਂ ਤੋਂ ਭੀ ਉਪਰ ਹੈ, ਜਿਸ ਨੇ ਆਪਣੇ ਆਪ ਤੋਂ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ॥ ੨॥

ਗੁਰਮਤਿ ਲੇਵਹੁ ਹਰਿ ਲਿਵ ਤਰੀਐ॥
ਅਕਲੁ ਗਾਇ ਜਮ ਤੇ ਕਿਆ ਡਰੀਐ॥

ਹੇ ਭਾਈ ! ਗੁਰ ਸਿਖਿਆ ਲਵੋ ਤੇ ਹਰੀ ਨਾਲ ਲਿਵ ਜੋੜੋ ਤਾਂ ਤਰਨਾ ਹੁੰਦਾ ਹੈ। ਜਿਸ ਨੇ ਅਕਲੁ=ਕਲਪਨਾ ਤੋਂ ਰਹਿਤ ਪ੍ਰਭੂ ਦੇ ਗੁਣ ਗਾਏ ਹਨ, ਉਸ ਨੇ ਜਮ ਤੋਂ ਕੀ ਡਰਨਾ ਹੈ।

ਜਤ ਜਤ ਦੇਖਉ ਤਤ ਤਤ ਤੁਮ ਹੀਂ ਅਵਰੁ ਨ ਦੂਤੀਆ ਗਾਇਆ॥ ੩॥

ਜਿਥੇ ਜਿਥੇ ਵੇਖਦੇ ਹਾਂ ਓਥੇ ਓਥੇ ਤੂੰਹੀਂ ਹੈਂ, ਵੇਦਾਂ ਨੇ ਭੀ ਆਪ ਜੀ ਤੋਂ ਬਿਨਾਂ ਕਿਸੇ ਹੋਰ ਦੂਜੇ ਨੂੰ ਨਹੀਂ ਕਿਹਾ॥ ੩॥

ਸਚੁ ਹਰਿ ਨਾਮੁ ਸਚੁ ਹੈ ਸਰਣਾ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ॥

ਹਰੀ ਦਾ ਨਾਮ ਸੱਚਾ ਹੈ, ਹਰੀ ਦੀ ਸ਼ਰਨ ਭੀ ਸੱਚੀ ਹੈ। ਗੁਰਾਂ ਦਾ ਸਬਦੁ=ਉਪਦੇਸ਼ ਭੀ ਸੱਚਾ ਹੈ, ਜਿਨ੍ਹਾਂ ਦੇ ਆਸਰੇ ਲਗ ਕੇ ਸੰਸਾਰ ਤੋਂ ਤਰਨਾ ਹੁੰਦਾ ਹੈ।

ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ॥ ੪॥

ਜੋ ਉਸ ਅਕਥ ਪ੍ਰਭੂ ਨੂੰ ਕਥਨ ਕਰਦਾ ਹੈ ਓਹੀ ਅਪਰੰਪਰ ਪਰਮੇਸ਼ਰ ਨੂੰ ਵੇਖਦਾ ਹੈ, ਪੁਨਾ ਉਹ ਜੂਨੀਆਂ ਦੁਆਰੇ ਮਾਂ ਦੇ ਗਰਭ ਵਿਚ ਨਹੀਂ ਜਾਂਦਾ॥ ੪॥

ਸਚ ਬਿਨੁ ਸਤੁ ਸੰਤੋਖੁ ਨ ਪਾਵੈ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ॥

ਸੱਚ ਨਾਮ ਸਿਮਰਨ ਤੋਂ ਬਿਨਾਂ ਸੱਤ, ਸੰਤੋਖ ਆਦਿਕ ਗੁਣਾਂ ਨੂੰ ਪਾਂਦਾ ਨਹੀਂ ਹੈ ਅਤੇ ਗੁਰ ਉਪਦੇਸ਼ ਤੋਂ ਬਿਨਾਂ ਮੁਕਤਿ ਨਹੀਂ ਹੁੰਦਾ, ਤੇ ਆਵੈ ਜਾਵੈ=ਜੰਮਦਾ ਮਰਦਾ ਰਹਿੰਦਾ ਹੈ।

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥ ੫॥

ਰਸਾਇਣੁ=ਤਮਾਮ ਰਸਾਂ ਦਾ ਘਰ ਜੋ ਹਰੀ ਨਾਮ ਹੈ ਏਹੋ ਮੂਲ ਮੰਤ੍ਰ ਹੈ ਜਿਸ ਨੇ ਜਪਿਆ ਹੈ ਉਸ ਨੇ ਪੂਰਾ ਗਿਆਨ ਪਾਇਆ ਹੈ। *ਅਥਵਾ:*-ਗੁਰੂ ਜੀ ਕਥਨ ਕਰਦੇ ਹਨ—ਰਸਾਂ ਦਾ ਘਰ ਜੋ ਹਰੀ ਨਾਮ ਮੰਤ੍ਰ ਹੈ ਏਹੋ ਗਿਆਨ ਦੀ ਪ੍ਰਾਪਤੀ ਦਾ ਮੂਲ=ਮੁੱਢ ਹੈ। ਜਿਸ ਨੇ ਨਾਮ ਜਪਿਆ ਹੈ ਉਸ ਨੇ ਪੂਰਾ ਪ੍ਰਭੂ ਪਾਇਆ ਹੈ, *ਵਾ:*-ਹਰੀ ਨਾਮ ਮੰਤ੍ਰ ਰਸਾਇਣ ਦਾ ਮੂਲ ਹੈ, ਇਸ ਕਰਕੇ ਪੂਰਾ ਜੀਵਨ ਪਾਇਆ ਜਾਂਦਾ ਹੈ॥ ੫॥ (ਰਸਾਇਣ ਅਜੇਹੀ ਦਵਾਈ ਹੈ ਜਿਸ ਦੇ ਖਾਣ ਨਾਲ ਬਢੇਪਾ ਤੇ ਬਿਮਾਰੀ ਨਹੀਂ ਆਉਂਦੀ, ਕਿਉਂਕਿ ਇਸ ਦੇ ਖਾਣ ਨਾਲ ਅੱਖਾਂ ਦੀ ਜੋਤ, ਸਰੀਰ ਦਾ ਬਲ ਤੇ ਬੀਰਜ ਆਦਿਕ ਵਧਦਾ ਹੈ ਵੈਦਕ ਗ੍ਰੰਥਾਂ ਵਿਚ ਇਸ ਦਾ ਨਾਮ ਰਸਾਇਣ ਲਿਖਿਆ ਹੈ।)

[ਪੰਨਾ ੧੦੪੧]

ਸਚ ਬਿਨੁ ਭਵਜਲੁ ਜਾਇ ਨ ਤਰਿਆ॥
ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ॥

ਸੱਚ ਨਾਮ ਤੋਂ ਬਿਨਾਂ ਸੰਸਾਰ ਸਮੁੰਦਰ ਤਰਿਆ ਨਹੀਂ ਜਾਂਦਾ। ਇਹ ਵੱਡਾ ਅਥਾਹ ਸੰਸਾਰ ਸਮੁੰਦਰ ਵਿਸ਼ਿਆਂ ਰੂਪੀ ਜਲ ਨਾਲ ਭਰਿਆ ਹੋਇਆ ਹੈ।

ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥ ੬ ॥

ਸਭ ਸਾਧਨਾਂ ਤੋਂ ਉਪਰ ਜੋ ਗੁਰਮਤ ਹੈ ਉਸ ਨੂੰ ਲੈ ਕੇ ਜੋ ਸੰਸਾਰ ਤੋਂ ਅਸੰਗ ਰਹਿੰਦਾ ਹੈ, ਉਸ ਨੇ ਅੰਤਹਕਰਣ ਰੂਪੀ ਘਰ ਦੇ ਵਿਚ ਹੀ ਹਰੀ ਨੂੰ ਪਾਇਆ ਹੈ॥ ੬ ॥

ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥

ਜਗਤ ਦੇ ਵਾਸਤੇ ਜੋ ਚਤੁਰਾਈ ਕਰਨੀ ਹੈ ਏਹ ਸਭ ਝੂਠੀ ਹੈ। ਇਸ ਦੇ ਔਣੇ ਜਾਣੇ ਵਿਚ ਕੁਝ ਬਿਲਮ= ਦੇਰ ਨਹੀਂ ਲਗਦੀ।

ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥ ੭ ॥

ਜੋ ਹੰਕਾਰੀ ਪੁਰਸ਼ ਨਾਮ ਨੂੰ ਵਿਸਾਰਿ=ਭੁਲਾ ਚਲੇ ਹਨ, ਉਹਨਾਂ ਨੂੰ ਪਰਮੇਸ਼ਰ ਨੇ ਉਪਜਣੇ ਬਿਨਸਣੇ ਵਿਚ ਖਪਾਇਆ ਹੈ॥ ੭ ॥

ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥

ਬੰਧਨਾਂ ਵਿਚ ਬੱਧੇ ਹੋਏ ਜੰਮਦੇ ਮਰਦੇ ਰਹਿੰਦੇ ਹਨ। ਹਉਮੈ ਕਰਕੇ ਗਲ ਵਿਚ ਮਾਇਆ ਦੇ ਫੰਧੇ=ਫਾਹ ਪਏ ਹੋਏ ਹਨ।

ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮਪੁਰਿ ਬੰਧਿ ਚਲਾਇਆ ॥ ੮ ॥

ਜਿਸ ਨੇ ਗੁਰ ਸਿਖਿਆ ਲੈ ਕੇ ਮਤੀ ਵਿਚ ਰਾਮ ਨਾਮ ਨਹੀਂ ਜਪਿਆ, ਉਸ ਨੂੰ ਬੰਨ੍ਹ ਕੇ ਜਮਪੁਰੀ ਵਿਚ ਤੋਰਿਆ ਜਾਂਦਾ ਹੈ॥ ੮ ॥

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥
ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥

ਗੁਰੂ ਤੋਂ ਬਿਨਾਂ ਬੰਧਨਾਂ ਤੋਂ ਮੋਖ=ਛੁਟ ਕੇ ਕਿਵੇਂ ਮੁਕਤੀ ਪਾਈਦੀ ਹੈ ਜਾਂ ਗੁਰੂ ਤੋਂ ਬਿਨਾਂ ਮੋਖ ਮੁਕਤਿ=ਕੈਵਲ ਮੁਕਤੀ ਕਿਵੇਂ ਪਾਈਦੀ ਹੈ ਅਤੇ ਗੁਰੂ ਤੋਂ ਬਿਨਾ ਰਾਮ ਨਾਮ ਨੂੰ ਕਿਵੇਂ ਧਿਆਈਦਾ ਹੈ।

ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥ ੯ ॥

ਇਸ ਲਈ ਗੁਰ ਸਿਖਿਆ ਨੂੰ ਲੈ ਕੇ ਦੁਤਰੁ ਭਵ=ਕਠਨ ਸੰਸਾਰ ਸਮੁੰਦਰ ਤੋਂ ਤਰਨਾ ਕਰੋ, ਗੁਰ ਸਿਖਿਆ ਦੁਆਰੇ ਜਿਸ ਨੇ ਸੁਖ ਸਰੂਪ ਬ੍ਰਹਮ ਨੂੰ ਪਾਇਆ ਹੈ ਉਹ ਮੁਕਤ ਰੂਪ ਹੋਏ ਹਨ ਜਾਂ ਜਿਨ੍ਹਾਂ ਨੇ ਗੁਰ ਸਿਖਿਆ ਧਾਰੀ ਹੈ ਉਹ ਮੁਕਤ ਰੂਪ ਹੋਏ ਹਨ ਤੇ ਉਹਨਾਂ ਨੇ ਆਤਮ ਸੁਖ ਪਾਇਆ ਹੈ॥ ੯ ॥

ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥

ਗੁਰ ਸਿਖਿਆ ਲੈ ਕੇ ਹੀ ਕ੍ਰਿਸ਼ਨ ਜੀ ਨੇ ਗੁਵਰਧਨ ਪਰਬਤ ਨੂੰ ਚੁਕਿਆ ਸੀ। ਗੁਰ ਸਿਖਿਆ ਲੈ ਕੇ ਹੀ ਰਾਮਚੰਦ੍ਰ ਜੀ ਨੇ ਸਾਇਰਿ=ਸਮੁੰਦਰ ਤੋਂ ਪਾਹਣ=ਪੱਥਰ ਤਾਰੇ ਸਨ, ਜਾਂ ਜਿਸ ਕ੍ਰਿਸ਼ਨ ਜੀ ਨੇ ਗੁਵਰਧਨ ਪਰਬਤ ਨੂੰ ਚੁਕਿਆ ਸੀ ਉਸ ਨੇ ਭੀ ਦੁਰਬਾਸ਼ਾ ਗੁਰ ਤੋਂ ਸਿਖਿਆ ਲਈ ਸੀ। ਜਿਸ ਰਾਮਚੰਦ੍ਰ ਜੀ ਨੇ ਸਮੁੰਦਰ ਤੋਂ ਪੱਥਰ ਤਾਰੇ ਸਨ ਉਸ ਨੇ ਭੀ ਵਸ਼ਿਸਟ ਗੁਰੂ ਜੀ ਤੋਂ ਸਿਖਿਆ ਲਈ ਸੀ।

www.sikhbookclub.com

ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥ ੧੦ ॥

ਇਸ ਲਈ ਤੁਸੀਂ ਭੀ ਪਰਮਪਦ ਪਾਣ ਵਾਸਤੇ ਗੁਰ ਸਿਖਿਆ ਨੂੰ ਲੈਣਾ ਕਰੋ, ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਗੁਰ ਸਿਖਿਆ ਲਈ ਹੈ, ਉਹਨਾਂ ਦੇ ਅੰਦਰੋਂ ਗੁਰਾਂ ਨੇ ਭਰਮ ਚੁਕਾਇਆ=ਦੂਰ ਕਰ ਦਿਤਾ ਹੈ॥ ੧੦॥

ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥

ਗੁਰ ਸਿਖਿਆ ਨੂੰ ਲੈਣਾ ਕਰੋ ਤਾਂ ਸਚਮੁਚ ਆਸਾ ਤ੍ਰਿਸ਼ਨਾ ਰੂਪੀ ਤਾਰੀ=ਨਦੀ ਤੋਂ ਤਰ ਜਾਓਗੇ। ਆਤਮ=ਆਪਣੇ ਆਪ ਨੂੰ ਹਿਰਦੇ ਵਿਚ ਮੁਰਾਰੀ ਰੂਪ ਜਾਨਣਾ ਕਰੋ।

ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥ ੧੧ ॥

ਹਰੀ ਨਾਮ ਨੂੰ ਜਪ ਕੇ ਜਿਸ ਨੇ ਅਕੁਲ ਨਿਰੰਜਨ ਪ੍ਰਭੂ ਨੂੰ ਪਾਇਆ ਹੈ, ਉਸ ਦੇ ਗਲ ਵਿਚੋਂ ਜਮਾਂ ਦੇ ਫਾਹ ਕਟੇ ਗਏ ਹਨ॥ ੧੧ ॥

ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥

ਹੇ ਭਾਈ ! ਗੁਰਾਂ ਦੀ ਗੁਰਮਤਿ=ਗੁਰ ਸਿਖਿਆ ਪ੍ਰਾਪਤ ਹੋਣ ਕਰਕੇ ਸੱਤ, ਸੰਤੋਖ ਆਦਿਕ ਪੰਜ ਗੁਣ ਸਖੇ=ਮਿਤ੍ਰ ਹੋਏ ਹਨ, ਜਾਂ ਜਿਸ ਨੂੰ ਗੁਰ ਦੀ ਗੁਰ ਸਿਖਿਆ ਭਾਈ=ਚੰਗੀ ਲਗੀ ਹੈ, ਪੰਚ=ਪਰਮੇਸ਼ਰ ਉਸ ਦਾ ਸਖਾ ਹੋਇਆ ਹੈ। ਜਿਸ ਦੀ ਗੁਰ ਸਿਖਿਆ ਵਿਚ ਸਮਾਈ ਹੋਈ ਹੈ ਉਸ ਨੇ ਤ੍ਰਿਸ਼ਨਾ ਅੱਗ ਨਿਵਾਰਿ=ਬੁਝਾਈ ਹੈ, ਜਾਂ ਜਿਸ ਨੇ ਗੁਰ ਸਿਖਿਆ ਦੁਆਰੇ ਤ੍ਰਿਸ਼ਨਾ ਅੱਗ ਨਵਿਰਤ ਕੀਤੀ ਹੈ ਉਸ ਦੀ ਪਰਮੇਸ਼ਰ ਵਿਚ ਸਮਾਈ ਹੋਈ ਹੈ।

ਮਨਿ ਮੁਖਿ ਨਾਮੁ ਜਪਹੁ ਜਗਜੀਵਨ
ਰਿਦ ਅੰਤਰਿ ਅਲਖੁ ਲਖਾਇਆ ॥ ੧੨ ॥

ਮਨ ਕਰਕੇ ਤੇ ਮੁਖਿ=ਬਾਣੀ ਕਰਕੇ ਜਗਜੀਵਨ ਦੇ ਨਾਮ ਨੂੰ ਜਪਣਾ ਕਰੋ, ਕਿਉਂਕਿ ਇਸ ਨਾਮ ਨੇ ਹੀ ਗੁਰਮੁਖਾਂ ਦੇ ਹਿਰਦੇ ਅੰਦਰ ਅਲਖ ਪਰਮਾਤਮਾ ਲਖਾਇਆ=ਜਣਾਇਆ ਹੈ॥ ੧੨ ॥

ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥

ਜੋ ਮੁਖੀ ਗੁਰਾਂ ਦੇ ਸ਼ਬਦ ਵਿਚ ਪਤੀਜੈ=ਭਰੋਸਾ ਕਰਕੇ ਪਰਮੇਸ਼ਰ ਨੂੰ ਬੁਝਦੇ ਹਨ। ਉਹ ਗੁਰਮੁਖ ਉਸਤਤੀ ਤੇ ਨਿੰਦਿਆ ਕਿਸ ਦੀ ਕਰਦੇ ਹਨ, ਭਾਵ ਕਿਸੇ ਦੀ ਨਹੀਂ ਕਰਦੇ।

ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥ ੧੩ ॥

ਜਿਨ੍ਹਾਂ ਦੇ ਮਨ ਵਿਚ ਸਾਰੇ ਜਗਤ ਦਾ ਨਾਥੁ=ਸੁਆਮੀ ਹਰੀ ਭਾਅ ਗਿਆ ਹੈ, ਉਹਨਾਂ ਦੁਆਰੇ ਜਗਦੀਸ਼ੁਰ ਨੂੰ ਜਪ ਕੇ ਆਪਣੇ ਸਰੂਪ ਨੂੰ ਚੀਨਹੁ=ਜਾਣੋ, ਜਾਂ ਸਾਰਿਆਂ ਨੂੰ ਆਪਣਾ ਆਪ ਰੂਪ ਕਰਕੇ ਚੀਨਹੁ=ਜਾਨਣਾ ਕਰੋ॥ ੧੩ ॥

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥

ਜੋ ਪਰਮਾਤਮਾ ਸਾਰੇ ਬ੍ਰਹਮੰਡ ਵਿਚ ਪੂਰਨ ਹੈ ਓਸੇ ਨੂੰ ਸਰੀਰ ਦੇ ਟੁਕੜੇ ਵਿਚ ਜਾਣੋ। ਗੁਰਾਂ ਦੁਆਰੇ ਬੁਝ ਕੇ ਉਸ ਸਬਦਿ=ਬ੍ਰਹਮ ਨੂੰ ਪਛਾਣਨਾ ਕਰੋ।

ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥ ੧੪ ॥

ਉਹ ਪ੍ਰਭੂ ਭੋਗਣੇ ਵਾਲਾ ਹੈ ਕੇ ਸਾਰਿਆਂ ਘਟਾਂ ਘਟਾਂ ਵਿਚ ਰਸਾਂ ਨੂੰ ਭੋਗਦਾ ਹੈ, ਪਰ ਸਾਰਿਆਂ ਤੋਂ ਅਤੀਤੁ=ਅਸੰਗ (ਨਿਰਲੇਪ) ਰਹਿੰਦਾ ਹੈ॥ ੧੪ ॥

ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥

ਗੁਰ ਸਿਖਿਆ ਦੁਆਰੇ, ਸੂਚਾ=ਪਵਿਤ੍ਰ ਹਰੀ ਜਸ ਬੋਲਣਾ ਕਰੋ। ਗੁਰਮਤ ਦੀਆਂ ਅੱਖਾਂ ਨਾਲ ਉਸ ਉੱਚੇ ਪਰਮਾਤਮਾ ਨੂੰ ਵੇਖਣਾ ਕਰੋ। *ਅਥਵਾ:*-ਗੁਰ ਸਿਖਿਆ ਦੁਆਰੇ ਗਿਆਨ, ਵੈਰਾਗ ਰੂਪੀ ਅੱਖਾਂ ਨਾਲ ਉੱਚੇ ਪਰਮਾਤਮਾ ਨੂੰ ਵੇਖਣਾ ਕਰੋ।

ਸ੍ਰਵਣੀ ਨਾਮੁ ਸੁਣੈ ਹਰਿ ਬਾਣੀ
ਨਾਨਕ ਹਰਿ ਰੰਗਿ ਰੰਗਾਇਆ ॥ ੧੫ ॥ ੩ ॥ ੨੦ ॥

ਜੋ ਸ੍ਰਵਣੀ=ਕੰਨਾਂ ਦੁਆਰੇ ਹਰੀ ਨਾਮ ਬਾਣੀ ਨੂੰ ਸੁਣਦਾ ਹੈ, ਗੁਰੂ ਜੀ ਕਥਨ ਕਰਦੇ ਹਨ—ਉਹ ਹਰੀ ਰੰਗ ਵਿਚ ਆਪ ਰੰਗਿਆ ਗਿਆ ਹੈ ਅਤੇ ਹੋਰਨਾਂ ਨੂੰ ਰੰਗਾਂਵਦਾ ਹੈ॥ ੧੫॥ ੩ ॥ ੨੦॥

ਮਾਰੂ ਮਹਲਾ ੧ ॥

ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥

ਹੇ ਭਾਈ ! ਕਾਮ, ਕ੍ਰੋਧ ਤੇ ਪਰਾਈ ਨਿੰਦਿਆਂ ਨੂੰ ਪਰਹਰੁ=ਤਿਆਗ ਦੇ। ਪਦਾਰਥਾਂ ਦੇ ਖਾਣ ਦਾ ਲਬ ਤੇ ਧਨ ਦੇ ਇਕੱਤ੍ਰ ਕਰਨ ਦਾ ਲੋਭ ਤਿਆਗ ਕੇ ਤੂੰ ਨਿਚਿੰਦਾ=ਨਿਸਚਿੰਤ (ਬੇਫਿਕਰ) ਹੋਣਾ ਕਰ।

ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥ ੧ ॥

ਜੋ ਪੁਰਸ਼ ਭਰਮ ਦਾ ਸੰਗਲ ਤੋੜ ਕੇ ਨਿਰਾਲਾ ਹੋਇਆ ਹੈ, ਉਸ ਗੁਰਮੁਖ ਨੇ ਹਿਰਦੇ ਅੰਦਰ ਹਰਿ ਹਰਿ ਦੇ ਨਾਮ ਰਸ ਨੂੰ ਪਾਇਆ ਹੈ॥ ੧ ॥

ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥

ਜਿਵੇਂ ਨਿਸਿ=ਰਾਤ ਨੂੰ ਦਾਮਨਿ=ਬਿਜਲੀ ਚਮਕਦੀ ਹੈ ਤੇ ਉਸ ਦੇ ਚੰਦਾਇਣੁ=ਚਾਨਣ ਨੂੰ ਸਭ ਕੋਈ ਵੇਖਦਾ ਹੈ।

ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥

ਤਿਵੇਂ ਅਹਿਨਿਸਿ=ਦਿਨ ਰਾਤ, ਨਿਰੰਤਰਿ=ਇਕ ਰਸ (ਇਕਸਾਰ) ਜੋਤੀ ਪਰਮਾਤਮਾ ਦੀ ਜੋਤ ਨੂੰ ਵੇਖਦਾ ਹੈ। *ਪ੍ਰਸ਼ਨ-* ਉਹ ਪ੍ਰਭੂ ਕੈਸਾ ਹੈ? *ਉੱਤਰ-*

ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥ ੨ ॥

ਅਨੰਦ ਰੂਪ ਹੈ ਤੇ ਅਨੂਪੰ ਸਰੂਪ ਹੈ, ਜਾਂ ਉਸ ਅਨੰਦ ਰੂਪ ਪ੍ਰਭੂ ਦਾ ਸਰੂਪ ਅਨੂਪੰ ਹੈ ਜੋ ਮੈਨੂੰ ਪੂਰਿਆਂ ਗੁਰਾਂ ਨੇ ਵਿਖਾ ਦਿੱਤਾ ਹੈ॥ ੨ ॥

ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥

ਸਤਿਗੁਰਾਂ ਨਾਲ ਮਿਲੋ ਤਾਂ ਉਹ ਪ੍ਰਭੂ ਆਪੇ ਤਾਰੇਗਾ। ਜਿਸ ਨੇ ਗੈਣਾਰੇ=ਅਕਾਸ਼ ਘਰ ਵਿਚ ਸਸਿ=ਚੰਦ੍ਰਮਾ ਤੇ ਸੂਰੁ=ਸੂਰਜ ਇਹ ਦੋ ਦੀਵੇ ਬਣਾਏ ਹਨ। ਅਥਵਾ:-ਸਸਿ=ਸਤੋ ਗੁਣ ਵਸਿਸ਼ਟ ਅੰਤਹਕਰਣ ਰੂਪੀ ਘਰ ਵਿਚ ਗਿਆਨ ਰੂਪੀ ਸੂਰਜ ਉਦੇ ਹੋਇਆ ਤਾਂ ਗੈਣਾਰੇ=ਚੇਤਨ ਦੇਵ ਰੂਪੀ ਦੀਪਕ ਪ੍ਰਕਾਸ਼ਿਆ।

ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥ ੩ ॥

ਉਸ ਅਦਿਸਟੁ=ਗੁਪਤ ਸਰੂਪ ਪਰਮਾਤਮਾ ਨੂੰ ਗਿਆਨ ਵੈਰਾਗ ਰੂਪੀ ਅੱਖਾਂ ਨਾਲ ਵੇਖ ਕੇ ਲਿਵ ਲਾਈ ਰਹੁ, ਕਿਉਂਕਿ ਏਹ ਸਾਰੇ ਤਿੰਨੇ ਭਵਣ ਬ੍ਰਹਮ ਦੇ ਹਨ, ਉਹ ਬ੍ਰਹਮ ਹੀ ਸਬਾਇਆ=ਸਾਰਿਆਂ ਵਿਚ ਆ ਰਿਹਾ ਹੈ॥ ੩ ॥

ਅੰਮ੍ਰਿਤ ਰਸੁ ਪਾਏ ਤ੍ਰਿਸਨਾ ਭਉ ਜਾਏ ॥ ਅਨਭਉ ਪਦੁ ਪਾਵੈ ਆਪੁ ਗਵਾਏ ॥

ਨਾਮ ਅੰਮ੍ਰਿਤ ਰਸ ਨੂੰ ਪਾਵੇ ਤਾਂ ਪਦਾਰਥਾਂ ਦੀ ਤ੍ਰਿਸ਼ਨਾ ਅਤੇ ਜਮਾਂ ਦਾ ਡਰ ਚਲਿਆ ਜਾਂਦਾ ਹੈ, ਆਪਾ ਭਾਅ ਹੰਕਾਰ ਨੂੰ ਗਵਾਵੇ ਤਾਂ ਅਨਭਉ ਪਦ ਨੂੰ ਪਾਂਵਦਾ ਹੈ।

ਊਚੀ ਪਦਵੀ ਊਚੋ ਊਚਾ ਨਿਰਮਲ ਸਬਦੁ ਕਮਾਇਆ ॥ ੪ ॥

ਜਿਸ ਨੇ ਗੁਰਾਂ ਦੇ ਨਿਰਮਲ ਉਪਦੇਸ਼ ਨੂੰ ਕਮਾਇਆ=ਧਾਰਿਆ ਹੈ, ਉਹ ਉੱਚੀ ਆਤਮ ਪਦਵੀ ਨੂੰ ਪਾ ਕੇ ਉੱਚਿਆਂ ਤੋਂ ਉੱਚਾ ਹੋਇਆ ਹੈ॥ ੪ ॥

ਅਦ੍ਰਿਸਟ ਅਗੋਚਰੁ ਨਾਮੁ ਅਪਾਰਾ ॥

ਅਦ੍ਰਿਸਟ ਅਗੋਚਰ ਜੋ ਪ੍ਰਭੂ ਹੈ ਉਸ ਦਾ ਨਾਮ ਅਪਾਰ ਹੈ।

[ਪੰਨਾ ੧੦੪੨]

ਅਤਿ ਰਸੁ ਮੀਠਾ ਨਾਮੁ ਪਿਆਰਾ ॥

ਉਸ ਪਿਆਰੇ ਪ੍ਰਭੂ ਦੇ ਨਾਮ ਦਾ ਰਸ ਅਤਿ ਮੀਠਾ=ਬੜਾ ਮਿੱਠਾ ਹੈ।

ਨਾਨਕ ਕਉ ਜੁਗਿ ਜੁਗਿ ਹਰਿ ਜਸੁ ਦੀਜੈ
ਹਰਿ ਜਪੀਐ ਅੰਤੁ ਨ ਪਾਇਆ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਕਹੋ ਕਿ ਮੈਂ ਸੇਵਕ ਨੂੰ ਜੁਗਿ ਜੁਗਿ=ਸਦਾ ਸਦਾ ਹਰੀ ਜਸ ਕਰਨਾ ਦਿਓ ਅਤੇ ਉਸ ਹਰੀ ਦੇ ਨਾਮ ਨੂੰ ਜਪੀਏ ਜਿਸ ਦਾ ਅੰਤ ਕਿਸੀ ਨੇ ਪਾਇਆ ਨਹੀਂ ਹੈ, ਜਾਂ ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਮੈਨੂੰ ਜੁਗਾਂ ਜੁਗਾਂ ਵਿਚ ਆਪਣਾ ਜਸ ਕਰਨਾ ਦਿਓ, ਹਰੀ ਨਾਮ ਜਪਣ ਵਾਲਿਆਂ ਨੇ ਭੀ ਤੇਰਾ ਅੰਤ ਨਹੀਂ ਪਾਇਆ॥ ੫॥

ਅੰਤਰਿ ਨਾਮੁ ਪਰਾਪਤਿ ਹੀਰਾ ॥ ਹਰਿ ਜਪਤੇ ਮਨੁ ਮਨ ਤੇ ਧੀਰਾ ॥

ਜਿਸ ਦੇ ਅੰਦਰ ਨਾਮ ਹੈ ਉਸ ਨੂੰ ਹੀਰਾ=ਪਰਮੇਸ਼ਰ ਪ੍ਰਾਪਤ ਹੋਇਆ ਹੈ। ਹਰੀ ਨੂੰ ਜਪਦਿਆਂ ਹੋਇਆਂ ਮਨ ਮਨੋਂਤ ਵਲੋਂ ਹਟ ਕੇ ਧੀਰਜ ਨੂੰ ਪ੍ਰਾਪਤ ਹੋਇਆ ਹੈ, ਜਾਂ ਜੋ ਪੁਰਸ਼ ਹਰਿ ਨਾਮੁ ਜਪਤੇ=ਹਰੀ ਨਾਮ ਨੂੰ ਜਪਦਾ ਹੈ, ਮਨ ਤੇ ਧੀਰਾ=ਉਹਨਾਂ ਦਾ ਮਨ ਟਿਕ ਗਿਆ ਹੈ ਅਤੇ ਮਨ ਦੇ ਅੰਦਰੋਂ ਹੀਰਾ=ਪਰਮਾਤਮਾ ਪ੍ਰਾਪਤ ਹੋਇਆ ਹੈ।

www.sikhbookclub.com

ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ ॥ ੬ ॥

ਦੁਘਟ=ਕਠਨ ਰਸਤਿਆਂ ਵਿਚ ਤੇ ਸੁਘਟ=ਸੁਖੈਣ ਰਸਤਿਆਂ ਵਿਚ ਭਉ ਭੰਜਨੁ=ਪਰਮੇਸ਼ਰ ਨੂੰ ਜਾਨਣਾ ਪਾਈਏ, ਜਾਂ ਘਟ=ਅੰਤਹਕਰਣ ਵਿਚੋਂ ਦੁ=ਕਠਨ ਕਾਮ ਆਦਿਕਾਂ ਨੂੰ ਘਟ=ਘਟਾ ਕੇ ਭਾਵ ਨਵਿਰਤ ਕਰਕੇ ਭਉ ਭੰਜਨੁ=ਪਰਮੇਸ਼ਰ ਨੂੰ ਪਾਈਏ ਤਾਂ ਫਿਰ ਕਿਸੇ ਜਨਮ ਵਿਚ ਜਾਂਦਾ ਨਹੀਂ ਹੈ,

ਵਾ:-ਤਾਂ ਫਿਰ ਜੰਮਦਾ ਮਰਦਾ ਨਹੀਂ ਹੈ॥ ੬ ॥

ਭਗਤਿ ਹੇਤਿ ਗੁਰ ਸਬਦਿ ਤਰੰਗਾ ॥ ਹਰਿ ਜਸੁ ਨਾਮੁ ਪਦਾਰਥੁ ਮੰਗਾ ॥

ਗੁਰ ਸ਼ਬਦ ਹੀ ਭਗਤੀ ਦੀ ਪ੍ਰਾਪਤੀ ਦਾ ਹੇਤਿ=ਕਾਰਨ ਹੈ ਅਤੇ ਸੰਸਾਰ ਤੋਂ ਤਰੰਗਾ=ਤਾਰਨ ਵਾਲਾ ਹੈ,

ਵਾ:-ਗੁਰਾਂ ਦਾ ਉਪਦੇਸ਼ ਹੀ ਹੇਤਿ ਭਗਤਿ=ਪ੍ਰੇਮਾ ਭਗਤੀ ਦਾ ਤਰੰਗਾ=ਸਮੁੰਦਰ ਹੈ। ਇਸੀ ਤੇ ਭਗਤਾਂ ਨੇ ਹਰੀ ਜਸ ਤੇ ਨਾਮ ਪਦਾਰਥ ਨੂੰ ਮੰਗਣਾ ਕੀਤਾ ਹੈ।

ਹਰਿ ਭਾਵੈ ਗੁਰ ਮੇਲਿ ਮਿਲਾਏ ਹਰਿ ਤਾਰੇ ਜਗਤੁ ਸਬਾਇਆ ॥ ੭ ॥

ਜੇ ਹਰੀ ਚਾਹੇ ਤਾਂ ਇਸ ਨੂੰ ਪੂਰਿਆਂ ਗੁਰਾਂ ਦੇ ਮੇਲ ਨਾਲ ਮਿਲਾਂਵਦਾ ਹੈ ਅਤੇ ਸਾਰੇ ਜਗਤ ਤੋਂ ਹਰੀ ਤਾਰ ਦੇਂਦਾ ਹੈ॥ ੭ ॥

ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾਕੇ ॥

ਜਿਨ੍ਹਾਂ ਨੇ ਸਤਿਗੁਰਾਂ ਦੇ ਵਾਕਾਂ ਦੀ ਸਿਖਿਆ ਦੁਆਰੇ ਨਾਮ ਜਪ ਨੂੰ ਜਪਿਆ ਹੈ,

ਵਾ:-ਜਿਨ੍ਹਾਂ ਨੇ ਸਤਿਗੁਰਾਂ ਦੀ ਸਿਖਿਆ ਲੈ ਕੇ ਵਾਕੇ=ਬਾਣੀ ਦੁਆਰਾ ਨਾਮ ਜਪ ਜਪਿਆ ਹੈ।

ਜਮ ਕੰਕਰ ਕਾਲੁ ਸੇਵਕ ਪਗ ਤਾ ਕੇ ॥

ਜਮ ਕਾਲ ਦੇ ਕੰਕਰ=ਦੂਤ ਉਹਨਾਂ ਦੇ ਚਰਨਾਂ ਦੇ ਸੇਵਕ ਹੋਏ ਹਨ।

ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥ ੮ ॥

ਉਤਮ ਪੁਰਸ਼ਾਂ ਦੀ ਸੰਗਤ ਕਰਨ ਨਾਲ ਉਤਮ ਮੁਕਤੀ ਦੀ ਮਰਯਾਦਾ ਪ੍ਰਾਪਤੀ ਹੁੰਦੀ ਹੈ, ਉਸ ਉਤਮ ਮਰਯਾਦਾ ਨੇ ਹੀ ਗੁਰਮੁਖਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਤਰਾਇਆ ਹੈ॥ ੮ ॥

ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥

ਇਸ ਸੰਸਾਰ ਸਮੁੰਦਰ ਤੋਂ ਗੁਰ ਉਪਦੇਸ਼ ਕਰਕੇ ਹੀ ਤਰਨਾ ਹੁੰਦਾ ਹੈ।

ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥

ਪਰ ਅੰਦਰ ਦੀ ਦੁਬਿਧਾ=ਦ੍ਵੈਤ ਨੂੰ ਹਿਰਦੇ ਅੰਦਰ ਹੀ ਜਰੀਐ=ਸਾੜਨਾ ਕਰੀਏ ਤਾਂ ਤਰਨਾ ਹੁੰਦਾ ਹੈ।

ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥ ੯ ॥

ਸੱਤ, ਸੰਤੋਖ ਆਦਿਕ ਗੁਣਾਂ ਰੂਪੀ ਪੰਜ ਬਾਣਾਂ ਨੂੰ ਲੈ ਕੇ, ਜਾਂ ਪੰਚ=ਸਰੇਸ਼ਟ ਮਹਾਤਮਾ ਦੇ ਬਚਨਾਂ ਰੂਪੀ ਬਾਣ ਲੈ ਕੇ, ਵਾ:-ਪੰਚ=ਸਰੇਸ਼ਟ ਪ੍ਰੇਮ ਰੂਪੀ ਬਾਣ ਕਰਕੇ ਉਹ ਜਮ ਨੂੰ ਮਾਰਦਾ ਹੈ ਜਿਸ ਗੁਰਮੁਖ ਨੇ ਹਿਰਦੇ ਰੂਪ ਗਗਨੰਤਰਿ=ਅਕਾਸ਼ ਅੰਦਰ ਧਣਖੁ ਚੜਾਇਆ=ਮਨ ਨੂੰ ਸਾਵਧਾਨ ਕੀਤਾ ਹੈ,

ਵਾ:-ਅਦ੍ਵੈਤ ਨਿਸਚੇ ਰੂਪ ਧਨਖ ਚੜਾਇਆ ਹੈ।

ਅਥਵਾ:- ਗਗਨੰਤਰਿ=ਚੇਤਨ ਦੇਵ ਦੇ ਅੰਦਰ ਮਨ ਰੂਪੀ ਧਨਖ ਚੜ੍ਹਾਇਆ ਹੈ॥ ੯॥

ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ॥

ਸਾਕਤ ਪੁਰਸ਼ ਗੁਰ ਸ਼ਬਦ ਵਿਚ ਸੁਰਤਿ=ਗਿਆਤ ਕਿਵੇਂ ਪਾ ਸਕਦਾ ਹੈ, ਭਾਵ ਨਹੀਂ ਪਾ ਸਕਦਾ।

ਸਬਦ ਸੁਰਤਿ ਬਿਨੁ ਆਈਐ ਜਾਈਐ॥

ਗੁਰ ਸ਼ਬਦ ਦੀ ਸੁਰਤ ਪ੍ਰਾਪਤ ਹੋਏ ਤੋਂ ਬਿਨਾਂ ਆਈਐ ਜਾਈਐ=ਜੰਮਦਾ ਮਰਦਾ ਰਹਿੰਦਾ ਹੈ।

ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ॥ ੧੦॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖ ਜਨ ਮੁਕਤੀ 'ਪਰ ਪਰਾਇਣੁ=ਤਤ 'ਪਰ ਰਹਿੰਦੇ ਹਨ, ਪੂਰਿਆਂ ਭਾਗਾਂ ਨੇ ਉਹਨਾਂ ਨੂੰ ਹਰੀ ਨਾਲ ਮਿਲਾਵਣਾ ਕੀਤਾ ਹੈ॥ ੧੦॥

ਨਿਰਭਉ ਸਤਿਗੁਰੁ ਹੈ ਰਖਵਾਲਾ॥ ਭਗਤਿ ਪਰਾਪਤਿ ਗੁਰ ਗੋਪਾਲਾ॥

ਨਿਰਭਉ ਸਤਿਗੁਰੂ ਹੀ ਉਹਨਾਂ ਦੀ ਰਖਿਆ ਕਰਨ ਵਾਲਾ ਹੈ। ਜਿਸ ਨੂੰ ਗੁਰਾਂ ਦੁਆਰੇ ਗੋਪਾਲ ਦੀ ਭਗਤੀ ਪ੍ਰਾਪਤ ਹੋਈ ਹੈ।

ਧੁਨਿ ਅਨੰਦ ਅਨਾਹਦੁ ਵਾਜੈ ਗੁਰ ਸਬਦਿ ਨਿਰੰਜਨੁ ਪਾਇਆ॥ ੧੧॥

ਜਿਸ ਨੇ ਗੁਰ ਸ਼ਬਦ ਦੁਆਰਾ ਨਿਰੰਜਨ ਨੂੰ ਪਾਇਆ ਹੈ ਉਸ ਨੂੰ ਅਨਾਹਦੁ=ਇਕ ਰਸ ਅਨੰਦ ਦੀ ਧੁਨੀ ਵਾਜੈ=ਪ੍ਰਗਟ ਹੋਈ ਹੈ, ਜਾਂ ਜਿਸ ਨੇ ਇਕ ਰਸ ਅਨੰਦ ਦੇ ਦੇਣ ਵਾਲੀ ਗੁਰ ਸ਼ਬਦ ਦੀ ਧੁਨੀ ਵਾਜੈ=ਉਚਾਰੀ ਹੈ ਉਸ ਨੇ ਨਿਰੰਜਨ ਨੂੰ ਪਾਇਆ ਹੈ॥ ੧੧॥

ਨਿਰਭਉ ਸੋ ਸਿਰਿ ਨਾਹੀ ਲੇਖਾ॥ ਆਪਿ ਅਲੇਖੁ ਕੁਦਰਤਿ ਹੈ ਦੇਖਾ॥

ਉਹ ਪ੍ਰਭੂ ਨਿਰਭਉ ਹੈ ਉਸ ਦੇ ਸਿਰ 'ਪਰ ਕੋਈ ਲੇਖ ਨਹੀਂ ਹੈ, ਜਾਂ ਉਸ ਦੇ ਸਿਰ 'ਪਰ ਲੇਖਾ ਲੈਣ ਵਾਲਾ ਕੋਈ ਨਹੀਂ ਹੈ। ਉਹ ਆਪ ਅਲੇਖੁ=ਲੇਖੇ ਤੋਂ ਬਾਹਰ ਹੈ ਅਤੇ ਕੁਦਰਤ ਦੁਆਰਾ ਸਾਰਿਆਂ ਨੂੰ ਵੇਖ ਰਿਹਾ ਹੈ।

ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ॥ ੧੨॥

ਉਹ ਆਪ ਅਤੀਤੁ=ਤਿੰਨਾਂ ਗੁਣਾਂ ਤੋਂ ਰਹਿਤ ਹੈ, ਅਜੋਨੀ=ਜੂਨੀਆਂ ਤੋਂ ਰਹਿਤ ਹੈ, ਸੰਭਉ=ਸੁਤੇ ਪ੍ਰਕਾਸ਼ ਰੂਪ ਹੈ, ਗੁਰੂ ਜੀ ਕਥਨ ਕਰਦੇ ਹਨ—ਗੁਰਮਤੀਆਂ ਨੇ ਗੁਰ ਸਿੱਖਿਆ ਦੁਆਰੇ ਉਸ ਨੂੰ ਪਾਇਆ ਹੈ॥ ੧੨॥

ਅੰਤਰ ਕੀ ਗਤਿ ਸਤਿਗੁਰੁ ਜਾਣੈ॥ ਸੋ ਨਿਰਭਉ ਗੁਰ ਸਬਦਿ ਪਛਾਣੈ॥

ਅੰਤਰੇ ਭੇਦ ਦੀ ਗਤਿ=ਨਵਿਰਤੀ ਨੂੰ, ਜਾਂ ਅੰਤਰ=ਅੰਤਹਕਰਣ ਵਿਚ ਜੋ ਪਰਮੇਸ਼ਰ ਹੈ ਉਸ ਦੀ ਗਤਿ=ਪ੍ਰਾਪਤੀ ਨੂੰ ਸਤਿਗੁਰੂ ਹੀ ਜਾਣਦੇ ਹਨ। ਜੋ ਗੁਰ ਸ਼ਬਦ ਨੂੰ ਪਛਾਣਦਾ ਹੈ ਉਹ ਨਿਰਭਉ ਹੁੰਦਾ ਹੈ।

ਅੰਤਰੁ ਦੇਖਿ ਨਿਰੰਤਰਿ ਬੂਝੈ ਅਨਤ ਨ ਮਨੁ ਡੋਲਾਇਆ॥ ੧੩॥

ਆਪਣੇ ਅੰਦਰ ਪਰਮੇਸ਼ਰ ਨੂੰ ਦੇਖ ਕੇ ਸਭਨਾਂ ਵਿਚ ਨਿਰੰਤਰਿ=ਬੂਝੈ=ਇਕਸਾਰ ਸਮਝਦਾ ਹੈ, ਜਾਂ ਗੁਰਾਂ ਤੋਂ ਬੁਝ ਕੇ ਜੋ ਨਿਰੰਤਰਿ=ਇਕਰਸ ਆਪਣੇ ਅੰਦਰ ਪ੍ਰਭੂ ਨੂੰ ਦੇਖਦਾ ਹੈ, ਉਸ ਨੇ ਆਪਣੇ ਮਨ ਨੂੰ ਹੋਰ ਕਿਸੇ ਪਾਸੇ ਨਹੀਂ ਡੁਲਾਵਣਾ ਕੀਤਾ॥ ੧੩॥

www.sikhbookclub.com

ਨਿਰਭਉ ਸੋ ਅਭ ਅੰਤਰਿ ਵਸਿਆ ॥ ਅਹਿਨਿਸਿ ਨਾਮਿ ਨਿਰੰਜਨ ਰਸਿਆ ॥

ਉਹ ਨਿਰਭਉ ਪ੍ਰਭੂ ਉਸ ਦੇ ਅਭ=ਹਿਰਦੇ ਅੰਦਰ ਵਸਿਆ ਹੈ।

ਜੋ ਅਹਿਨਿਸਿ=ਦਿਨ ਰਾਤ ਨਿਰੰਜਨ ਪ੍ਰਭੂ ਦੇ ਨਾਮ ਵਿਚ ਰਸਿਆ ਰਹਿੰਦਾ ਹੈ।

ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ—ਸੰਗਤ ਵਿਚੋਂ ਹਰੀ ਦਾ ਜਸ ਕਰਨਾ ਪਾਈਏ,

ਤਾਂ ਹਰੀ ਸੁਭਾਵਕ ਹੀ ਸਹਜਿ=ਗਿਆਨ ਦੁਆਰਾ ਆਪਣੇ ਨਾਲ ਮਿਲਾ ਲੈਂਦਾ ਹੈ॥ ੧੪ ॥

ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ ਰਹੈ ਅਲਿਪਤੁ ਚਲਤੇ ਘਰਿ ਆਣੈ ॥

ਉਹ ਗੁਰਮੁਖ ਪ੍ਰਭੂ ਨੂੰ ਅੰਦਰ ਬਾਹਰ ਪਰੀਪੂਰਨ ਜਾਣਦਾ ਹੈ।

ਜੋ ਸੰਸਾਰ ਤੋਂ ਅਸੰਗ ਰਹਿੰਦਾ ਹੈ ਤੇ ਚਲਤੇ=ਦੌੜਦੇ ਮਨ ਨੂੰ ਸਰੂਪ ਘਰ ਵਿਚ ਲਿਆਂਵਦਾ ਹੈ।

ਜਾਂ ਚਲਤੇ=ਚੰਚਲ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਰੋਕ ਕੇ ਹਿਰਦੇ ਘਰ ਵਿਚ ਲਿਆਂਵਦਾ ਹੈ।

ਊਪਰਿ ਆਦਿ ਸਰਬ ਤਿਹੁ ਲੋਈ
ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥ ੧੫ ॥ ੪ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ—ਜੋ ਸਾਰਿਆਂ ਦੀ ਆਦ ਤਿੰਨਾਂ ਲੋਕਾਂ ਤੋਂ ਉਪਰ ਪ੍ਰਭੂ ਹੈ, ਜਾਂ ਜੋ ਤਿੰਨਾਂ ਲੋਕਾਂ ਦੀ ਆਦ ਰੂਪ ਪ੍ਰਭੂ ਸਭ ਤੋਂ ਉਪਰ ਹੈ, ਉਸ ਸੱਚੇ ਦੇ ਨਾਮ ਅੰਮ੍ਰਿਤ ਰਸ ਨੂੰ ਅਸਾਂ ਨੇ ਪਾਣਾ ਕੀਤਾ ਹੈ॥ ੧੫॥ ੪॥ ੨੧॥

ਮਾਰੂ ਮਹਲਾ ੧ ॥

ਕੁਦਰਤਿ ਕਰਨੈਹਾਰ ਅਪਾਰਾ ॥ ਕੀਤੇ ਕਾ ਨਾਹੀ ਕਿਹੁ ਚਾਰਾ ॥

ਜੋ ਅਪਾਰ ਪ੍ਰਭੂ ਕੁਦਰਤਿ=ਮਾਇਆ ਦੁਆਰੇ ਜਗਤ ਦੇ ਕਰਨ ਵਾਲਾ ਹੈ। ਉਸ ਉਤੇ ਪੈਦਾ ਕੀਤੇ ਹੋਏ ਜੀਵ ਦਾ ਕੁਝ ਚਾਰਾ ਨਹੀਂ ਚਲ ਸਕਦਾ।

ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ ॥ ੧ ॥

ਜੀਆਂ ਨੂੰ ਪੈਦਾ ਕਰਕੇ ਉਹ ਆਪ ਹੀ ਰਿਜਕੁ=ਖਾਣ, ਪਾਣ ਦੇਂਦਾ ਹੈ, ਫਿਰ ਉਹ ਸਾਰਿਆਂ ਦੇ ਸਿਰ ਸਿਰ ਉਤੇ ਹੁਕਮ ਚਲਾਂਵਦਾ ਹੈ॥ ੧ ॥

ਹੁਕਮੁ ਚਲਾਇ ਰਹਿਆ ਭਰਪੂਰੇ ॥ ਕਿਸੁ ਨੇੜੈ ਕਿਸੁ ਆਖਾਂ ਦੂਰੇ ॥

ਹੁਕਮ ਨੂੰ ਚਲਾ ਕੇ ਸਾਰੇ ਭਰਪੂਰ ਹੋ ਰਿਹਾ ਹੈ, ਇਸ ਲਈ ਉਸ ਨੂੰ ਕਿਸ ਦੇ ਨੇੜੇ ਆਖਾਂ ਤੇ ਕਿਸ ਦੇ ਦੂਰ ਆਖਾਂ।

ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ ॥ ੨ ॥

ਗੁਪਤ ਤੇ ਪ੍ਰਗਟ ਘਟ ਘਟ ਵਿਚ ਹਰੀ ਨੂੰ ਵੇਖਣਾ ਕਰੋ, ਜਾਂ ਗੁਪਤ ਹਰੀ ਨੂੰ ਸਾਰਿਆਂ ਘਟਾਂ ਘਟਾਂ ਵਿਚ ਪ੍ਰਗਟ ਦੇਖਣਾ ਕਰੋ, ਸਾਰਿਆਂ ਵਿਚ ਤਾਕੁ=ਇਕ ਹਰੀ ਆਪ ਹੀ ਵਰਤ ਰਿਹਾ ਹੈ॥ ੨ ॥

www.sikhbookclub.com

ਜਿਸ ਕਉ ਮੇਲੇ ਸੁਰਤਿ ਸਮਾਏ ॥ ਗੁਰ ਸਬਦੀ ਹਰਿ ਨਾਮੁ ਧਿਆਏ ॥

ਜਿਸ ਨੂੰ ਗੁਰ ਸ਼ਬਦ ਦੀ ਸੁਰਤਿ=ਗਿਆਤ ਵਿਚ ਮੇਲਦਾ ਹੈ, ਉਹ ਗੁਰ ਸ਼ਬਦੀਆ ਹਰੀ ਨਾਮ ਨੂੰ ਧਿਆਉਂਦਾ ਹੈ, ਜੋ ਨਾਮ ਨੂੰ ਧਿਆਂਵਦਾ ਹੈ ਉਸ ਨੂੰ ਆਪਣੇ ਵਿਚ ਸਮਾਏ=ਅਭੇਦ ਕਰਦਾ ਹੈ।

ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ ॥ ੩ ॥

ਉਹ ਅਗੋਚਰ ਪ੍ਰਭੂ ਅਨੰਦ ਸਰੂਪ ਤੇ ਅਨੂਪ=ਉਪਮਾ ਤੋਂ ਰਹਿਤ ਹੈ, ਉਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਜਾਂ ਗੁਰਾਂ ਨਾਲ ਮਿਲਣ ਕਰਕੇ ਭਰਮ ਨਵਿਰਤ ਹੋ ਜਾਵੇ॥ ੩ ॥

ਮਨ ਤਨ ਧਨ ਤੇ ਨਾਮੁ ਪਿਆਰਾ ॥ ਅੰਤਿ ਸਖਾਈ ਚਲਣਵਾਰਾ ॥

ਮਨ ਨਾਲੋਂ, ਤਨ ਨਾਲੋਂ, ਧਨ ਨਾਲੋਂ ਪ੍ਰਭੂ ਦਾ ਨਾਮ ਹੀ ਪਿਆਰਾ ਲਗ ਰਿਹਾ ਹੈ। ਕਿਉਂਕਿ ਅੰਤਿ=ਪ੍ਰਾਣਾਂ ਦੇ ਵਿਜੋਗ ਕਾਲ ਮੇਂ ਸਹਾਈ ਹੋ ਕੇ ਨਾਲ ਚਲਣ ਵਾਲਾ ਹੈ।

[ਪੰਨਾ ੧੦੪੩]

ਮੋਹ ਪਸਾਰ ਨਹੀ ਸੰਗਿ ਬੇਲੀ ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ ॥ ੪ ॥

ਜਿਤਨਾ ਕੁ ਮੋਹ ਦਾ ਪਸਾਰਾ ਹੈ ਏਹ ਅੰਤ ਨੂੰ ਸਾਥੀ ਹੋ ਕੇ ਜੀਵ ਦਾ ਬੇਲੀ ਨਹੀਂ ਹੈ, ਦਸੋ ਖਾਂ ! ਹਰੀ ਸਰੂਪ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਕਿਸ ਨੇ ਸੁਖ ਪਾਇਆ ਹੈ॥ ੪ ॥

ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥ ਸਬਦਿ ਮਿਲਾਏ ਗੁਰਮਤਿ ਸੂਰਾ ॥

ਜਿਸ ਨੂੰ ਪੂਰਾ ਗੁਰੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ। ਉਹ ਗੁਰ ਸਿਖਿਆ ਲੈ ਕੇ ਕਾਮ, ਕ੍ਰੋਧ ਆਦਿਕਾਂ ਦੇ ਜਿੱਤਨੇ ਵਿਚ ਸੂਰਬੀਰ ਹੁੰਦਾ ਹੈ, ਉਸ ਨੂੰ ਫਿਰ ਸਬਦ=ਬ੍ਰਹਮ ਨਾਲ ਮਿਲਾਂਵਦੇ ਹਨ ਜਾਂ ਸੂਰਬੀਰ ਗੁਰੂ ਆਪਣੀਂ ਸਿਖਿਆ ਦੇ ਕੇ ਉਸ ਨੂੰ ਬ੍ਰਹਮ ਨਾਲ ਮਿਲਾਂਵਦੇ ਹਨ।

ਨਾਨਕ ਗੁਰ ਕੇ ਚਰਨ ਸਰੇਵਹੁ ਜਿਨਿ ਭੂਲਾ ਮਾਰਗਿ ਪਾਇਆ ॥ ੫ ॥

ਗੁਰੂ ਜੀ ਕਥਨ ਕਰਦੇ ਹਨ— ਉਸ ਗੁਰੂ ਦੇ ਚਰਨ ਸੇਵਨਾ ਕਰੋ, ਜਿਸ ਗੁਰੂ ਨੇ ਭੁਲੇ ਹੋਏ ਮਨ ਨੂੰ ਸ਼ੁਭ ਰਸਤੇ ਪਾਇਆ ਹੈ॥ ੫ ॥

ਸੰਤ ਜਨਾਂ ਹਰਿ ਧਨੁ ਜਸੁ ਪਿਆਰਾ ॥ ਗੁਰਮਤਿ ਪਾਇਆ ਨਾਮੁ ਤੁਮਾਰਾ ॥

ਹੇ ਹਰੀ ! ਉਨ੍ਹਾਂ ਸੰਤ ਜਨਾਂ ਨੂੰ ਆਪ ਜੀ ਦਾ ਜਸ ਰੂਪੀ ਧਨ ਪਿਆਰਾ ਹੈ। ਜਿਨ੍ਹਾਂ ਨੇ ਗੁਰ ਸਿਖਿਆ ਲੈ ਕੇ ਆਪ ਜੀ ਦਾ ਨਾਮ ਪਾਇਆ ਹੈ।

ਜਾਚਿਕੁ ਸੇਵ ਕਰੇ ਦਰਿ ਹਰਿ ਕੈ ਹਰਿ ਦਰਗਹ ਜਸੁ ਗਾਇਆ ॥ ੬ ॥

ਜੋ ਜਾਚਿਕੁ=ਮੰਗਤਾ ਬਣ ਕੇ ਹਰੀ ਦੇ ਦਰਿ=ਸਤਸੰਗ ਵਿਚ ਜਾ ਕੇ ਸੰਤਾਂ ਦੀ ਸੇਵਾ ਕਰਦਾ ਹੈ, ਉਸ ਨੇ ਅੰਤਹਕਰਣ ਰੂਪੀ ਗਹ=ਜਗ੍ਹਾ ਅੰਦਰ ਹਰੀ ਦਾ ਜਸ ਗਾਇਆ ਹੈ॥ ੬ ॥

ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥ ਸਾਚੀ ਦਰਗਹ ਗਤਿ ਪਤਿ ਪਾਏ ॥

ਸਤਿਗੁਰ ਦੇਵ ਜੀ ਮਿਲਣ ਤਾਂ ਜੀਵ ਨੂੰ ਮਹਲਿ=ਸਰੂਪ ਵਿਚ ਬੁਲਾਂਦੇ ਹਨ, ਤਾਂ ਹੀ ਸੱਚੀ ਦਰਗਾਹ ਵਿਚ ਗਤਿ=ਮੁਕਤੀ ਤੇ ਪਤਿ=ਪਤਿਸ਼ਟਾ ਨੂੰ ਪਾਂਦਾ ਹੈ, ਜਾਂ ਪਤਿ=ਪਤੀ ਪਾਸੋਂ ਗਤਿ=ਮੁਕਤੀ ਨੂੰ ਪਾਂਦਾ ਹੈ।

www.sikhbookclub.com

ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ ॥ ੭ ॥

ਸਾਕਤ ਨੂੰ ਮੰਦਰ ਅਧਿਸ਼ਠਾਨ ਰੂਪ ਹਰੀ ਵਿਚ ਜਾਂ ਹਰੀ ਦੇ ਮੰਦਰ ਵਿਚ ਠਹਿਰਣਾ ਨਹੀਂ ਮਿਲਦਾ, ਸਾਕਤ ਪੁਰਸ਼ ਜਨਮ ਮਰਨ ਦੇ ਦੁੱਖ ਨੂੰ ਹੀ ਪਾਂਦਾ ਹੈ॥ ੭ ॥

ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥

ਅਥਾਹ ਸਮੁੰਦਰ ਵਾਂਙੂ ਗੰਭੀਰ ਸਤਿਗੁਰਾਂ ਨੂੰ ਸੇਵਨਾ ਕਰੋ, ਸੇਵਾ ਕਰਕੇ ਗੁਰਾਂ ਪਾਸੋਂ ਰਤਨੁ=ਅਮੋਲਕ ਨਾਮ ਧਨ ਦੇ ਲਾਭ ਨੂੰ ਪਾਵੋ।

ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥ ੮ ॥

ਸੱਤ, ਸੰਤੋਖ ਆਦਿਕ ਸ਼ੁਭ ਗੁਣਾਂ ਦੇ ਸਰੋਵਰ ਗੁਰਾਂ ਨੂੰ ਪਾ ਕੇ ਨਾਮ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੋ ਤਾਂ ਵਿਸ਼ਿਆਂ ਦੀ ਮੈਲ ਲੈਹ ਜਾਵੇਗੀ। *ਅਥਵਾ:*-ਨਾਮ ਅੰਮ੍ਰਿਤ ਦੇ ਸਰੋਵਰ ਜੋ ਗੁਰੂ ਹਨ ਉਸ ਵਿਚ ਇਸ਼ਨਾਨ ਕਰੋ ਤਾਂ ਵਿਸ਼ਿਆਂ ਰੂਪੀ ਮੈਲ ਲੈਹ ਜਾਂਦੀ ਹੈ, ਇਸ ਸਰੋਵਰ ਵਿਚ ਜਿਸ ਨੇ ਇਸ਼ਨਾਨ ਕੀਤਾ ਹੈ ਓਸੇ ਨੇ ਸੰਤੋਖ ਪਾਇਆ ਹੈ॥ ੮ ॥

ਸਤਿਗੁਰ ਸੇਵਹੁ ਸੰਕ ਨ ਕੀਜੈ ॥ ਆਸਾ ਮਾਹਿ ਨਿਰਾਸੁ ਰਹੀਜੈ ॥

ਪੂਰਨ ਜਾਣ ਕੇ ਸਤਿਗੁਰਾਂ ਦੀ ਸੇਵਾ ਕਰੋ, ਗੁਰਾਂ ਵਿਚ ਸ਼ੰਕਾ ਨਾ ਕਰੋ। ਆਸਾ ਰੂਪ ਪ੍ਰਪੰਚ ਵਿਚ ਨਿਰਾਸ ਹੋ ਕੇ ਰਹਿਣਾ ਕਰੋ।

ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ ॥ ੯ ॥

ਸੰਸਿਆਂ ਤੇ ਦੁੱਖਾਂ ਦੇ ਨਾਸ ਕਰਨ ਵਾਲੇ ਗੁਰੂ ਦੀ ਸੇਵਾ ਕਰੋ, ਫਿਰ ਪੁਨਾ ਕਦੇ ਹੋਮੈ, *ਵਾ:*-ਅਗਿਆਨ ਰੂਪੀ ਰੋਗ ਨਹੀਂ ਲਗੇਗਾ॥ ੯ ॥

ਸਾਚੇ ਭਾਵੈ ਤਿਸੁ ਵਡੀਆਏ ॥ ਕਉਨੁ ਸੁ ਦੂਜਾ ਤਿਸੁ ਸਮਝਾਏ ॥

ਜੋ ਸੱਚੇ ਪ੍ਰਭੂ ਨੂੰ ਭਾਂਵਦਾ ਹੈ ਸੱਚਾ ਓਸੇ ਨੂੰ ਵਡਿਆਈ ਦੇਂਦਾ ਹੈ। ਉਸ ਵਰਗਾ ਹੋਰ ਕੇਹੜਾ ਦੂਜਾ ਹੈ ਜੋ ਉਸ ਨੂੰ ਜਾ ਕੇ ਸਮਝਾਵੇ।

ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥ ੧੦ ॥

ਹਰੀ ਤੇ ਗੁਰੂ ਦੋਵੇਂ ਇਕ ਮੂਰਤਿ=ਸਰੂਪ ਹੋ ਕੇ ਜਗਤ ਵਿਚ ਵਰਤ ਰਹੇ ਹਨ, ਗੁਰੂ ਜੀ ਕਥਨ ਕਰਦੇ ਹਨ—ਮੇਰੇ ਮਨ ਨੂੰ ਹਰੀ ਰੂਪ ਗੁਰੂ ਹੀ ਭਾਂਦਾ ਹੈ॥ ੧੦॥

ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥

ਕਈ ਪੰਡਿਤ ਵੇਦ ਪੁਰਾਣ ਆਦਿਕ ਪੁਸਤਕਾਂ ਨੂੰ ਵਾਚਦੇ ਰਹਿੰਦੇ ਹਨ। ਇਕ ਸਭਾ ਵਿਚ ਬੈਠ ਕੇ ਰਸਨਾ ਦੁਆਰੇ ਕਹਿ ਕੇ ਸੁਨਾਂਦੇ ਹਨ ਤੇ ਇਕ ਕੰਨ ਦੇ ਕੇ ਸੁਣਦੇ ਹਨ।

ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥ ੧੧ ॥

ਦਸੋ ਖਾਂ ਅਜਗਰ=ਭਾਰੀ ਕਪਟ ਰੂਪੀ ਗੰਠ ਕਿਵੇਂ ਖੁਲ੍ਹ ਸਕਦੀ, ਜਾਂ ਆਸ ਅੰਦੇਸਾ ਰੂਪੀ ਕਪਟੁ=ਕਪਾਟ (ਤੁਖੜੇ) ਕਿਵੇਂ ਆਪਣੇ ਆਪ ਖੁਲ੍ਹ ਸਕਦੇ ਹਨ, ਕਿਉਂਕਿ ਸਤਿਗੁਰਾਂ ਤੋਂ ਬਿਨਾਂ ਨਾ ਹੀ ਸੁਨਾਵਣ ਵਾਲੇ ਨੇ

www.sikhbookclub.com

ਅਤੇ ਨਾ ਹੀ ਸੁਨਣ ਵਾਲੇ ਨੇ ਤਤੁ=ਸਿਧਾਂਤ ਰੂਪ ਪ੍ਰਭੂ ਨੂੰ ਪਾਇਆ ਹੈ॥ ੧੧॥

ਕਰਹਿ ਬਿਭੂਤਿ ਲਗਾਵਹਿ ਭਸਮੈ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ॥

ਤੀਰਥਾਂ ਦੀ ਬਿਭੂਤੀ ਇਕੱਠੀ ਕਰਕੇ ਗੋਲਾ ਬਣਾਂਵਦਾ ਹੈ ਅਤੇ ਸਰੀਰ ਉਤੇ ਭਸਮ ਲਗਾਂਵਦਾ ਹੈ,

*ਅਥਵਾ:-*ਬਾਹਰੋਂ ਤਨ ਉਤੇ ਭਸਮ ਲਗਾਂਵਦਾ ਹੈ ਤੇ ਅੰਦਰੋਂ ਮਨ ਕਰਕੇ ਬਿਭੂਤਿ ਮਾਇਆ 'ਕੱਠੀ ਕਰਦਾ ਹੈ। ਹਿਰਦੇ ਅੰਦਰ ਕਰੋਧ ਰੂਪੀ ਚੰਡਾਲ ਹੈ ਅਤੇ ਹਉਮੈ ਹੈ।

ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ॥੧੨॥

ਇਸ ਤਰ੍ਹਾਂ ਦੇ ਪਖੰਡ ਕੀਤਿਆਂ ਪਰਮੇਸ਼ਰ ਵਿਚ ਜੋਗੁ=ਜੁੜਨਾ ਨਹੀਂ ਪਾਈਦਾ, ਅੱਜ ਤੱਕ ਸਤਿਗੁਰਾਂ ਤੋਂ ਬਿਨਾਂ ਕਿਸੇ ਨੇ ਭੀ ਅਲਖ ਸਰੂਪ ਪਰਮਾਤਮਾ ਨੂੰ ਨਹੀਂ ਪਾਇਆ॥ ੧੨॥

ਤੀਰਥ ਵਰਤ ਨੇਮ ਕਰਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥

ਕਈ ਤੀਰਥਾਂ ਉਤੇ ਇਸ਼ਨਾਨ ਕਰਨ ਦਾ ਨੇਮ ਤੇ ਕਈ ਵਰਤਾਂ ਦੇ ਰਖਣ ਦਾ ਨੇਮ ਨਿਭਾਂਵਦੇ ਹਨ, ਕਈ ਉਜਾੜਾਂ ਵਿਚ ਵਸਦੇ ਹਨ ਅਤੇ ਕਈ ਜਤ, ਸਤ, ਸੰਜਮ ਦੇ ਸਹਿਤ ਹੋ ਕੇ ਗਿਆਨ ਦੀਆਂ ਗੱਲਾਂ ਕਥਨ ਕਰਦੇ ਹਨ।

ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ॥੧੩॥

ਪਰ ਰਾਮ ਨਾਮ ਜਪੇ ਤੋਂ ਬਿਨਾਂ ਕਿਵੇਂ ਸੁਖ ਪ੍ਰਾਪਤ ਹੋ ਸਕਦਾ ਹੈ ਅਤੇ ਸਤਿਗੁਰਾਂ ਤੋਂ ਬਿਨਾਂ ਉਨ੍ਹਾਂ ਵਿਚੋਂ ਕਿਸੇ ਦਾ ਭੀ ਭਰਮ ਜਾਂਦਾ ਨਹੀਂ ਹੈ॥ ੧੩॥

ਨਿਉਲੀ ਕਰਮ ਭੁਇਅੰਗਮ ਭਾਠੀ॥ ਰੇਚਕ ਕੁੰਭਕ ਪੂਰਕ ਮਨ ਹਾਠੀ॥

ਕਈ ਨਿਉਲੀ=ਨੇਤੀ ਧੋਤੀ ਆਦਿਕ ਕਰਮਾਂ ਨੂੰ ਕਰਦੇ ਹਨ, ਕਈ ਪਿੱਠ ਪਿਛੇ ਜੋ ਭੁਇਅੰਗਮ ਨਾੜੀ ਹੈ ਉਸ ਨੂੰ ਸ੍ਵਾਸਾਂ ਦੁਆਰੇ ਭੱਠੀ ਵਾਂਙੂ ਤਪਾਂਵਦੇ ਹਨ। ਅਤੇ ਕਈ ਮਨ ਦੇ ਹਠ ਕਰਕੇ ਦਸਮ ਦੁਆਰ ਵਿਚ ਪ੍ਰਾਣਾਂ ਨੂੰ ਪੂਰਕ=ਚਾੜ੍ਹਦੇ ਹਨ, ਕੁੰਭਕ=ਠਹਿਰਾਂਵਦੇ ਹਨ, ਰੇਚਕ=ਉਤਾਰਦੇ ਹਨ।

ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ॥੧੪॥

ਪਖੰਡ ਵਾਲੇ ਧਰਮ ਕਰਨ ਨਾਲ ਹਰੀ ਨਾਲ ਪ੍ਰੀਤੀ ਨਹੀਂ ਹੁੰਦੀ, ਪਖੰਡ ਤੋਂ ਰਹਿਤ ਹੋ ਕੇ ਗੁਰ ਸ਼ਬਦ ਦੁਆਰਾ ਜਿਸ ਨੇ ਉਪਰਲੇ ਸਾਧਨਾਂ ਨੂੰ ਕੀਤਾ ਹੈ ਉਸ ਨੇ ਮਹਾ ਰਸੁ=ਬੜੇ ਅਨੰਦ ਨੂੰ ਪਾਇਆ ਹੈ॥ ੧੪॥

ਕੁਦਰਤਿ ਦੇਖਿ ਰਹੇ ਮਨੁ ਮਾਨਿਆ॥
ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ॥

ਜਿਨ੍ਹਾਂ ਦਾ ਗੁਰ ਉਪਦੇਸ਼ ਉਤੇ ਮਨ ਮੰਨਿਆ ਗਿਆ ਹੈ ਉਹ ਇਸ ਪ੍ਰਪੰਚ ਨੂੰ ਕੁਦਰਤਿ=ਮਾਇਆ ਰੂਪ ਵੇਖ ਰਹੇ ਹਨ। ਅਤੇ ਗੁਰ ਸ਼ਬਦੀਆਂ ਨੇ ਸਾਰੇ ਪ੍ਰਪੰਚ ਦਾ ਆਸਰਾ ਬ੍ਰਹਮ ਨੂੰ ਪਛਾਣਿਆ ਹੈ। ਕਿਉਂਕਿ ਜਗਤ ਵਿਚ ਸਾਰੀਆਂ ਪੰਜ ਅੰਸਾਂ ਹਨ, ਨਾਮ ਤੇ ਰੂਪ ਇਹ ਦੋ ਅੰਸਾਂ ਮਾਇਆ ਦੀਆਂ ਹਨ ਇਸ ਕਰਕੇ ਪ੍ਰਪੰਚ ਨੂੰ ਮਾਇਆ ਰੂਪ ਵੇਖ ਰਹੇ ਹਨ, ਅਸਤੀ, ਭਾਂਤੀ, ਪ੍ਰੇਯ ਰੂਪ ਤਿੰਨ ਅੰਸਾਂ ਬ੍ਰਹਮ ਦੀਆਂ ਹਨ ਇਸ ਕਰਕੇ ਪ੍ਰਪੰਚ ਦਾ ਆਸਰਾ ਬ੍ਰਹਮ ਨੂੰ ਵੇਖਦੇ ਹਨ।

www.sikhbookclub.com

ਨਾਨਕ ਆਤਮ ਰਾਮੁ ਸਬਾਇਆ
ਗੁਰ ਸਤਿਗੁਰ ਅਲਖੁ ਲਖਾਇਆ॥ ੧੫॥ ੫॥ ੨੨॥

ਗੁਰੂ ਜੀ ਕਥਨ ਕਰਦੇ ਹਨ—ਸਾਰਿਆਂ ਵਿਚ ਆਤਮ ਰਾਮੁ=ਆਪਣਾ ਆਪ ਹੀ ਰਮਿਆ ਹੋਇਆ ਨਿਗਾਹ ਆਇਆ ਹੈ, ਪਰ ਗੁਰ=ਪੂਜਨੀਕ ਸਤਿਗੁਰਾਂ ਨੇ ਹੀ ਕ੍ਰਿਪਾ ਕਰਕੇ ਅਲਖ ਸਰੂਪ ਪਰਮਾਤਮਾ ਜਣਾਇਆ ਹੈ॥ ੧੫॥ ੫॥ ੨੨॥

(ਇਥੋਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੨੨ ਸੋਲਹੇ ਆਏ ਹਨ।)

ਮਾਰੂ ਸੋਲਹੇ ਮਹਲਾ ੩ ੧ੴ ਸਤਿਗੁਰ ਪ੍ਰਸਾਦਿ॥
ਹੁਕਮੀ ਸਹਜੇ ਸ੍ਰਿਸਟਿ ਉਪਾਈ॥

ਹੁਕਮੀ=ਪਰਮੇਸ਼ਰ ਨੇ ਸੁਭਾਵਕ ਹੀ ਆਪਣੇ ਸੰਕਲਪ ਮਾਤ੍ਰ ਤੋਂ ਇਹ ਸਾਰੀ ਸ੍ਰਿਸ਼ਟੀ ਉਤਪੰਨ ਕੀਤੀ ਹੈ। ਫੇਰ—

ਕਰਿ ਕਰਿ ਵੇਖੈ ਅਪਣੀ ਵਡਿਆਈ॥

ਆਪਣੀ ਵਡਿਆਈ=ਇੱਛਾ ਦੇ ਅਨੁਸਾਰ ਸਾਰਿਆਂ ਨੂੰ ਕਰ ਕਰਕੇ ਵੇਖਦਾ ਹੈ।

ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ॥ ੧॥

ਆਪ ਬ੍ਰਹਮਾ ਆਦਿਕਾਂ ਨੂੰ ਉਤਪੰਨ ਕਰਦਾ ਹੈ ਫਿਰ ਆਪ ਹੀ ਉਨ੍ਹਾਂ ਪਾਸੋਂ ਹੋਰਨਾਂ ਦੀ ਉਤਪਤੀ ਕਰਵਾਂਦਾ ਹੈ, ਅਤੇ ਹੁਕਮ ਕਰਕੇ ਆਪ ਹੀ ਸਾਰਿਆਂ ਵਿਚ ਸਮਾਈ ਕਰ ਰਿਹਾ ਹੈ॥ ੧॥

ਮਾਇਆ ਮੋਹੁ ਜਗਤੁ ਗੁਬਾਰਾ॥ ਗੁਰਮੁਖਿ ਬੂਝੈ ਕੋ ਵੀਚਾਰਾ॥

ਮਾਇਆ ਦੇ ਮੋਹ ਕਰਕੇ ਜਗਤ ਵਿਚ ਅਗਿਆਨ ਦਾ ਹਨੇਰਾ ਹੋ ਰਿਹਾ ਹੈ। ਗੁਰਾਂ ਦੁਆਰੇ ਇਸ ਵਿਚਾਰ ਨੂੰ ਕੋਈ ਵਿਰਲਾ ਹੀ ਸਮਝਦਾ ਹੈ।

[ਪੰਨਾ ੧੦੪੪]

ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ॥ ੨॥

ਉਹ ਪ੍ਰਭੂ ਜਿਸ ਉਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਹ ਪੁਰਸ਼ ਵਿਚਾਰ ਨੂੰ ਪਾਉਂਦਾ ਹੈ, ਫੇਰ ਉਸ ਨੂੰ ਆਪ ਹੀ ਆਪਣੇ ਮੇਲ ਵਿਚ ਮਿਲਾ ਲੈਂਦਾ ਹੈ॥ ੨॥

ਆਪੇ ਮੇਲੇ ਦੇ ਵਡਿਆਈ॥ ਗੁਰ ਪਰਸਾਦੀ ਕੀਮਤਿ ਪਾਈ॥

ਉਹ ਪਰਮੇਸ਼ਰ ਆਪ ਹੀ ਜਿਸ ਨੂੰ ਸਤਸੰਗ ਵਿਚ ਮੇਲ ਕੇ ਵਡਿਆਈ ਦੇਂਦਾ ਹੈ। ਉਹ ਗੁਰਾਂ ਦੀ ਕਿਰਪਾ ਨਾਲ ਹੀ ਸਤਸੰਗ ਦੀ ਕੀਮਤਿ=ਕਦਰ ਪਾਉਂਦਾ ਹੈ, ਜਾਂ ਗੁਰਾਂ ਦੀ ਕ੍ਰਿਪਾ ਨਾਲ ਉਹ ਪਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਉਂਦਾ ਹੈ।

ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ॥ ੩॥

(੨) ਮਨਮੁਖਤਾ ਕਰਕੇ ਬਹੁਤੀ (ਦੁਨੀਆਂ) ਰੋਂਦੀ ਫਿਰਦੀ ਹੈ, ਕਿਉਂਕਿ ਦਵੈਤ ਭਾਵ ਵਿਚ ਕੁਰਾਹੀ ਹੋਈ ਹੈ।

www.sikhbookclub.com

(੨) ਮਨਮੁਖ ਸ੍ਰਿਸ਼ਟੀ ਬਹੁਤ ਵਿਰਲਾਪ ਕਰਦੀ ਫਿਰਦੀ ਹੈ, ਕਿਉਂਕਿ ਦਵੈਤ ਭਾਵ ਨੇ ਸਾਰੀ ਸ੍ਰਿਸ਼ਟੀ ਖੁਆਈ ਭੁਲਾਈ ਹੋਈ ਹੈ॥ ੩॥

ਹਉਮੈ ਮਾਇਆ ਵਿਚੇ ਪਾਈ॥ ਮਨਮੁਖ ਭੂਲੇ ਪਤਿ ਗਵਾਈ॥

ਜਿਨ੍ਹਾਂ ਨੇ ਮਾਇਆ ਦੀ ਹੰਗਤਾ ਮਮਤਾ ਹਿਰਦੇ ਵਿਚ ਪਾਈ ਹੋਈ ਹੈ। ਨਾਮ ਤੋਂ ਭੁਲੇ ਹੋਏ ਉਨ੍ਹਾਂ ਮਨਮੁਖਾਂ ਨੇ ਪਤਿ=ਇੱਜ਼ਤ ਗਵਾ ਲਈ ਹੈ।

ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ॥ ੪॥

(੧) ਜੋ ਗੁਰਮੁਖ ਹੁੰਦਾ ਹੈ ਉਹ ਨਾਮ ਸਿਮਰਨ ਵਿਚ ਰਾਚੈ=ਤਦਾਕਾਰ ਹੁੰਦਾ ਹੈ ਅਤੇ ਉਹੀ ਗੁਰਮੁਖ ਸੱਚੇ ਵਿਚ ਅਭੇਦ ਹੋ ਰਹਿੰਦਾ ਹੈ।

(੨) ਜੋ ਨਾਮ ਸਿਮਰਨ ਵਿਚ ਰਚਦਾ ਹੈ ਉਹ ਗੁਰਮੁਖ ਹੋ ਕੇ ਸੱਚੇ ਵਿਚ ਸਮਾਈ=ਅਭੇਦ ਹੋ ਰਹਿੰਦਾ ਹੈ॥ ੪॥

ਗੁਰ ਤੇ ਗਿਆਨੁ ਨਾਮ ਰਤਨੁ ਪਾਇਆ॥
ਮਨਸਾ ਮਾਰਿ ਮਨ ਮਾਹਿ ਸਮਾਇਆ॥

(੧) ਜਿਸ ਨੇ ਗੁਰਾਂ ਤੋਂ ਨਾਮ ਤੇ ਗਿਆਨ ਰੂਪ ਰਤਨ ਪਾਇਆ। ਉਹ ਮਨ ਵਿਚੋਂ ਮਨਸਾ=ਵਾਸ਼ਨਾ ਮਾਰ ਕੇ ਜੀਵਤ ਭਾਵ ਤੋਂ ਸਮਾਅ ਗਿਆ ਹੈ।

(੨) ਜਿਸ ਨੇ ਗੁਰਾਂ ਦੁਆਰੇ ਰਤਨੁ=ਅਮੋਲਕ ਨਾਮ ਨੂੰ ਜਪ ਕੇ ਗਿਆਨ ਪਾਇਆ ਹੈ, ਉਹ ਮਨਸਾ= ਵਾਸ਼ਨਾ ਨੂੰ ਮਾਰ ਕੇ ਗੁਰਾਂ ਦੇ ਮਨ=ਅੰਤਰ ਵਿਚ ਸਮਾਇਆ ਰਹਿੰਦਾ ਹੈ।

ਅਥਵਾ:-ਮਨ=ਸ਼ਿਰੋਮਣੀ ਪਰਮਾਤਮਾ ਵਿਚ ਸਮਾਅ ਰਹਿੰਦਾ ਹੈ। ਤੇ ਇੰਝ ਨਿਸਚੇ ਕਰਦਾ ਹੈ-

ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ॥ ੫॥

ਕਰਤਾ ਪੁਰਖ ਪਰਮਾਤਮਾ ਸਾਰੇ ਖੇਲ ਨੂੰ ਆਪ ਹੀ ਕਰਦਾ ਹੈ ਅਤੇ ਆਪ ਹੀ ਗੁਰਮੁਖਾਂ ਨੂੰ ਬੁਝਾਈ=ਸਮਝਾ ਦੇਂਦਾ ਹੈ॥ ੫॥

ਸਤਿਗੁਰੁ ਸੇਵੇ ਆਪੁ ਗਵਾਏ॥ ਮਿਲਿ ਪ੍ਰੀਤਮ ਸਬਦਿ ਸੁਖੁ ਪਾਏ॥

ਜੇਹੜਾ ਪੁਰਸ਼ ਆਪਾ ਭਾਵ ਹੰਕਾਰ ਨੂੰ ਗਵਾ ਕੇ ਸਤਿਗੁਰਾਂ ਦੀ ਸੇਵਾ ਕਰਦਾ ਹੈ। ਉਹ ਸਬਦਿ=ਸੰਸਾਰ ਵਿਚ ਪ੍ਰੀਤਮ ਸਬਦਿ=ਬ੍ਰਹਮ ਨਾਲ ਮਿਲ ਕੇ ਸੁਖ ਨੂੰ ਪਾਂਦਾ ਹੈ।

ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ॥ ੬॥

ਜਿਸ ਦੇ ਅੰਦਰ ਪਿਆਰ ਹੈ ਉਹ ਪ੍ਰਭੂ ਦੀ ਭਗਤੀ ਵਿਚ ਰੱਤਾ ਰਹਿੰਦਾ ਹੈ ਉਸ ਦੀ ਸਹਜਿ ਮਤੇ= ਨਿਰਜਤਨ ਹੀ ਵਾਹਿਗੁਰੂ ਨਾਲ ਪ੍ਰੀਤੀ ਬਣਿ ਆਈ ਹੈ।

ਅਥਵਾ:-ਉਸ ਨੂੰ ਸਹਜਿ=ਸੁਭਾਵਕ ਹੀ, ਮਤੇ=ਮਸਤੀ ਬਣਿ ਆਈ ਹੈ॥ ੬॥

ਦੂਖ ਨਿਵਾਰਣੁ ਗੁਰ ਤੇ ਜਾਤਾ॥ ਆਪਿ ਮਿਲਿਆ ਜਗਜੀਵਨੁ ਦਾਤਾ॥

ਜਿਸ ਨੇ ਦੁੱਖ ਦੂਰ ਕਰਨ ਵਾਲਾ ਵਾਹਿਗੁਰੂ ਗੁਰੂ ਤੋਂ ਜਾਣਿਆ ਹੈ। ਉਸ ਨੂੰ ਜਗ ਜੀਵਨ ਦਾਤਾ ਪ੍ਰਭੂ

www.sikhbookclub.com

ਆਪੇ ਆ ਮਿਲਿਆ ਹੈ।

ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ॥ ੭॥

ਜਿਸ ਨੂੰ ਆਪਣਾ ਪ੍ਰੇਮ ਲਗਾਉਂਦਾ ਹੈ, ਜਾਂ ਜਿਸ ਨੂੰ ਆਪਣੇ ਸਿਮਰਨ ਵਿਚ ਲਗਾਉਂਦਾ ਹੈ ਓਹੀ ਬੂਝੈ=ਸਮਝਦਾ ਹੈ ਅਤੇ ਉਸ ਦੇ ਸਰੀਰ ਵਿਚੋਂ ਭਉ=ਡਰ ਤੇ ਭਰਮ ਚਲਿਆ ਜਾਂਦਾ ਹੈ॥ ੭॥

ਆਪੇ ਗੁਰਮੁਖਿ ਆਪੇ ਦੇਵੈ॥ ਸਚੈ ਸਬਦਿ ਸਤਿਗੁਰੁ ਸੇਵੈ॥

(੧) ਜਿਸ ਗੁਰਮੁਖ ਨੂੰ ਆਪੇ ਆਪ ਮੁਖੀ ਗੁਰਾਂ ਦੀ ਸੰਗਤ ਕਰਨੀ ਦੇਂਦਾ ਹੈ। ਉਹ ਸੱਚੇ ਸ਼ਬਦ ਦੇ ਦਾਤੇ ਸਤਿਗੁਰਾਂ ਨੂੰ ਸੇਂਵਦਾ ਹੈ।

(੨) ਜਿਸ ਨੂੰ ਆਪ ਹੀ ਆਪਣਿਆਂ ਗੁਰਮੁਖਾਂ ਦੀ ਸੰਗਤ ਕਰਨੀ ਦੇਂਦਾ ਹੈ, ਓਹ ਸਤਿਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਸੱਚੇ ਨੂੰ ਸੇਵੈ=ਸਿਮਰਦਾ ਹੈ।

ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ॥ ੮॥

ਜਿਸ ਦੀ ਸੱਚੇ ਪ੍ਰਭੂ ਨਾਲ ਪ੍ਰੀਤੀ ਕਰਨੀ ਬਣਿ ਆਈ ਹੈ, ਉਸ ਵੱਲ ਜਮ ਜ਼ਰਾ ਜਿੰਨਾ ਭੀ ਜੋਹਿ ਨ ਸਾਕੈ=ਵੇਖ ਨਹੀਂ ਸਕਦਾ ਅਤੇ ਉਹ ਜਰਾ=ਬੁਢੇਪੇ ਆਦਿਕ ਵਿਕਾਰਾਂ ਨੂੰ ਸਰੀਰ ਦੇ ਧਰਮ ਸਮਝਦਾ ਹੈ॥ ੮॥

ਤ੍ਰਿਸਨਾ ਅਗਨਿ ਜਲੈ ਸੰਸਾਰਾ॥ ਜਲਿ ਜਲਿ ਖਪੈ ਬਹੁਤੁ ਵਿਕਾਰਾ॥

ਸਾਰਾ ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਜਲੈ=ਸੜ ਰਿਹਾ ਹੈ।,ਅਤੇ ਬਹੁਤੇ ਵਿਕਾਰਾਂ ਵਿਚ ਜਲਿ ਜਲਿ= ਸੜ ਸੜ ਕੇ ਖਪਦਾ ਜਾਂਦਾ ਹੈ।

ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ॥ ੯॥

ਮਨਮੁਖ ਪੁਰਸ਼ ਕਦੇ ਭੀ ਠਹਿਰਣਾ ਨਹੀਂ ਪਾਂਦਾ, ਇਹ ਬੂਝ=ਗਿਆਤ ਸਤਿਗੁਰਾਂ ਨੇ ਸਮਝਾਈ ਹੈ॥ ੯॥

ਸਤਿਗੁਰੁ ਸੇਵਨਿ ਸੇ ਵਡਭਾਗੀ॥ ਸਾਚੈ ਨਾਮਿ ਸਦਾ ਲਿਵ ਲਾਗੀ॥

ਜੋ ਪੁਰਸ਼ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹ ਵਡਭਾਗੀ ਹਨ। ਉਹਨਾਂ ਦੀ ਸੱਚੇ ਨਾਮ ਵਿਚ ਸਦਾ ਲਿਵ=ਬਿਰਤੀ ਲੱਗੀ ਰਹਿੰਦੀ ਹੈ।

ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ॥ ੧੦॥

ਸਤਿਨਾਮੁ ਦੇ ਰਵਿਆ=ਉਚਾਰਨ ਕਰਕੇ ਉਹਨਾਂ ਦਾ ਅੰਤਰਿ=ਅੰਤਹਕਰਣ ਨਿਹਕੇਵਲੁ=ਸ਼ੁਧ ਹੈ, ਗੁਰ ਉਪਦੇਸ਼ ਨੇ ਉਹਨਾਂ ਦੇ ਅੰਦਰੋਂ ਤ੍ਰਿਸ਼ਨਾ ਅੱਗ ਬੁਝਾ ਦਿਤੀ ਹੈ॥ ੧੦॥

ਸਚਾ ਸਬਦੁ ਸਚੀ ਹੈ ਬਾਣੀ॥ ਗੁਰਮੁਖਿ ਵਿਰਲੈ ਕਿਨੈ ਪਛਾਣੀ॥

ਗੁਰਾਂ ਦੀ ਜੋ ਸੱਚੀ ਬਾਣੀ ਹੈ ਏਹੋ ਸੱਚਾ ਉਪਦੇਸ਼ ਹੈ। ਪਰ ਇਹ ਗੱਲ ਕਿਸੇ ਵਿਰਲੇ ਗੁਰਮੁਖ ਨੇ ਪਛਾਣੀ ਹੈ। *ਅਥਵਾ:*-ਜਿਸ ਨੇ ਗੁਰਾਂ ਦਾ ਸੱਚਾ ਉਪਦੇਸ਼ ਧਾਰਨ ਕੀਤਾ ਹੈ ਉਸ ਦੀ ਬਾਣੀ ਸੱਚੀ ਹੈ। ਕਿਸੇ ਵਿਰਲੇ ਗੁਰਮੁਖ ਨੇ ਉਪਦੇਸ਼ ਬਾਣੀ ਪਛਾਣੀ ਹੈ।

ਸਚੈ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ॥ ੧੧॥

ਜੋ ਵੈਰਾਗੀ ਹੋ ਕੇ ਸੱਚੇ ਬ੍ਰਹਮ ਵਿਚ ਰੱਤੇ ਹਨ, ਉਹਨਾਂ ਦਾ ਆਵਣੁ ਜਾਣੁ=ਜੰਮਣਾ ਮਰਣਾ ਰਹਿ ਗਿਆ

www.sikhbookclub.com

ਹੈ॥ ੧੧॥

ਸਬਦੁ ਬੁਝੈ ਸੋ ਮੈਲੁ ਚੁਕਾਏ॥ ਨਿਰਮਲ ਨਾਮੁ ਵਸੈ ਮਨਿ ਆਏ॥

ਜੋ ਗੁਰ ਉਪਦੇਸ਼ ਨੂੰ ਸਮਝਦਾ ਹੈ ਉਹ ਦ੍ਵੈਤ ਦੀ ਮੈਲ ਨੂੰ ਦੂਰ ਦੇਂਦਾ ਹੈ। ਅਤੇ ਨਿਰਮਲ ਨਾਮ ਉਸ ਦੇ ਮਨ ਵਿਚ ਆ ਵਸਦਾ ਹੈ।

ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ॥ ੧੨॥

ਜੋ ਸਦੀਵ ਕਾਲ ਆਪਣਿਆਂ ਸਤਿਗੁਰਾਂ ਦੀ ਸੇਵਾ ਕਰਦਾ ਹੈ, ਉਸ ਦੇ ਵਿਚੋਂ ਹੰਗਤਾ ਮਮਤਾ ਨਵਿਰਤ ਹੋ ਜਾਂਦੀ ਹੈ॥ ੧੨॥

ਗੁਰ ਤੇ ਬੂਝੈ ਤਾ ਦਰੁ ਸੂਝੈ॥ ਨਾਮ ਵਿਹੂਣਾ ਕਥਿ ਕਥਿ ਲੂਝੈ॥

ਜਾਂ ਗੁਰਾਂ ਤੋਂ ਇਹ ਗੱਲ ਪੁਛੇ ਤਾਂ ਗਿਆਨ ਦਰਵਾਜ਼ਾ ਸੁਝਦਾ ਹੈ। ਨਾਮ ਜਪਣ ਤੋਂ ਹੀਣਾ ਪੁਰਸ਼ ਤਾਂ ਕਥਾ ਨੂੰ ਕਥ ਕੇ ਲੂਝੈ=ਝਗੜਦਾ ਹੈ।

ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ॥ ੧੩॥

ਸਤਿਗੁਰਾਂ ਦੀ ਸੇਵਾ ਕਰਨ ਦੀ ਏਹੋ ਵਡਿਆਈ ਹੈ, ਜਿਸ ਨੇ ਸਾਰੀ ਤ੍ਰਿਸ਼ਨਾ ਅਤੇ ਪਦਾਰਥਾਂ ਦੇ ਖਾਣ ਦੀ ਭੁੱਖ ਗਵਾ ਦਿੱਤੀ ਹੈ॥ ੧੩॥

ਆਪੇ ਆਪਿ ਮਿਲੈ ਤਾ ਬੂਝੈ॥ ਗਿਆਨ ਵਿਹੂਣਾ ਕਿਛੂ ਨ ਸੂਝੈ॥

(੧) ਜਾਂ ਆਪਣੇ ਸਰੂਪ ਵਿਚ ਆਪ ਮਿਲੇ ਤਾਂ ਪਰਮੇਸ਼ਰ ਨੂੰ ਬੁਝਦਾ ਹੈ।

(੨) ਜਾਂ ਆਪਣੇ ਗੁਰਾਂ ਨਾਲ ਮਿਲੇ ਤਾਂ ਸਮਝਦਾ ਹੈ। ਸਰੂਪ ਗਿਆਨ ਤੋਂ ਬਿਨਾਂ ਇਹ ਜੀਵ ਕੁਝ ਭੀ ਸਮਝਦਾ ਨਹੀਂ ਹੈ।

ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ॥ ੧੪॥

(੧) ਜਿਸ ਨੂੰ ਗੁਰਬਾਣੀ ਦੀ ਦਾਤ ਮਿਲੀ ਹੈ ਉਸ ਦੇ ਮਨ ਅੰਦਰ ਸਬਦਿ ਵਜਾਈ=ਬ੍ਰਹਮ ਪ੍ਰਗਟਿਆ ਹੈ।

(੨) ਜਿਸ ਦੇ ਮਨ ਅੰਦਰ ਗੁਰਾਂ ਦੀ ਸਿੱਖਿਆ ਰੂਪ ਦਾਤ ਪ੍ਰਾਪਤ ਹੋਈ ਹੈ ਉਸ ਨੇ ਅਗੋਂ ਹੋਰਨਾਂ ਜਗਿਆਸੂਆਂ ਨੂੰ ਬਾਣੀ ਸਬਦਿ=ਉਪਦੇਸ਼ ਰੂਪ ਬਾਣੀ ਵਜਾਈ=ਪ੍ਰਗਟ ਕੀਤੀ ਹੈ॥ ੧੪॥

ਜੋ ਧੁਰਿ ਲਿਖਿਆ ਸੁ ਕਰਮ ਕਮਾਇਆ॥
ਕੋਇ ਨ ਮੇਟੈ ਧੁਰਿ ਫੁਰਮਾਇਆ॥

ਜੋ ਧੁਰ ਤੋਂ ਮੱਥੇ 'ਧੁਰ ਲੇਖ ਲਿਖਿਆ ਗਿਆ ਹੈ ਓਹੀ ਸ਼ੁਭਾ ਸ਼ੁਭ ਕਰਮ ਇਸ ਜੀਵ ਨੇ ਕਮਾਇਆ=ਕੀਤਾ ਹੈ। ਧੁਰ ਰੂਪ ਪਰਮਾਤਮਾ ਦੇ ਫੁਰਮਾਇਆ=ਹੁਕਮ ਨੂੰ ਕੋਈ ਨਹੀਂ ਮੇਟ ਸਕਦਾ।

ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ॥ ੧੫॥

ਸਤਸੰਗਤਿ ਵਿਚ ਉਹਨਾਂ ਦਾ ਨਿਵਾਸ ਹੁੰਦਾ ਹੈ, ਜਿਨ੍ਹਾਂ ਨੂੰ ਧੁਰ ਤੋਂ ਧੁਰ ਰੂਪ ਪਰਮਾਤਮਾ ਨੇ ਚੰਗੀ ਲਿਖਤ

www.sikhbookclub.com

ਲਿਖ ਪਾਈ ਹੈ॥ ੧੫॥

ਅਪਣੀ ਨਦਰਿ ਕਰੇ ਸੋ ਪਾਏ॥ ਸਚੈ ਸਬਦਿ ਤਾੜੀ ਚਿਤੁ ਲਾਏ॥

ਜਿਸ ਉਤੇ ਪ੍ਰਭੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਓਹੀ ਸਤਸੰਗ ਨੂੰ ਪਾਂਦਾ ਹੈ। ਅਤੇ ਸੱਚੇ ਗੁਰਾਂ ਦੇ ਸਬਦਿ=ਉਪਦੇਸ਼ ਵਿਚ ਚਿਤ ਦੀ ਤਾੜੀ=ਬਿਰਤੀ ਲਗਾਉਂਦਾ ਹੈ ਜਾਂ ਸੱਚੇ ਸ਼ਬਦ ਵਿਚ ਚਿਤ ਨੂੰ ਲਗਾ ਕੇ ਤਾੜੀ=ਸਮਾਧੀ ਲਗਾਉਂਦਾ ਹੈ।

ਨਾਨਕ ਦਾਸੁ ਕਹੈ ਬੇਨੰਤੀ ਭੀਖਿਆ ਨਾਮੁ ਦਰਿ ਪਾਈ ਹੇ॥ ੧੬॥ ੧॥

ਗੁਰੂ ਜੀ ਕਥਨ ਕਰਦੇ ਹਨ—ਮੈਂ ਦਾਸ ਪਰਮੇਸ਼ਰ ਅਗੇ ਏਹੋ ਬੇਨਤੀ ਕਹਿੰਦਾ ਹਾਂ, ਮੈਨੂੰ ਆਪਣੇ ਦਰਵਾਜ਼ੇ ਤੋਂ ਨਾਮ ਦੀ ਭਿਖਿਆ ਪਾਉਣਾ ਕਰ॥ ੧੬॥ ੧॥

ਮਾਰੂ ਮਹਲਾ ੩॥

ਏਕੋ ਏਕੁ ਵਰਤੈ ਸਭੁ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥

ਉਹ ਇਕੋ ਇਕ ਪਰਮਾਤਮਾ ਹੀ ਸਾਰਿਆਂ ਵਿਚ ਵਰਤ ਰਿਹਾ ਹੈ। ਉਸ ਨੂੰ ਕੋਈ ਵਿਰਲਾ ਹੀ ਗੁਰਮੁਖ ਬੂਝੈ=ਜਾਣਦਾ ਹੈ।

ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ॥ ੧॥

ਸਾਰਿਆਂ ਦੇ ਅੰਦਰ ਇਕ ਪਰਮੇਸ਼ਰ ਹੀ ਵਿਆਪ ਰਿਹਾ ਹੈ, ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ॥ ੧॥

ਲਖ ਚਉਰਾਸੀਹ ਜੀਅ ਉਪਾਏ॥ ਗਿਆਨੀ ਧਿਆਨੀ ਆਖਿ ਸੁਣਾਏ॥

ਚੁਰਾਸੀ ਲੱਖ ਤਰ੍ਹਾਂ ਦੇ ਜੀਵ ਪੈਦਾ ਕੀਤੇ ਹਨ। ਸਾਰੇ ਗਿਆਨੀ ਧਿਆਨੀ ਏਹੋ ਗੱਲ ਆਖ ਕੇ ਸੁਣਾਂਦੇ ਹਨ।

[ਪੰਨਾ ੧੦੪੫]

ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ॥ ੨॥

ਉਹ ਪ੍ਰਭੂ ਆਪ ਹੀ ਸਾਰਿਆਂ ਨੂੰ ਰਿਜਕ ਪਹੁੰਚਾਂਦਾ ਹੈ, ਜੀਵਾਂ ਦੀ ਕੀਮਤ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਪਾਸੋਂ ਨਹੀਂ ਹੋ ਸਕਦੀ॥ ੨॥

ਮਾਇਆ ਮੋਹੁ ਅੰਧੁ ਅੰਧਾਰਾ॥ ਹਉਮੈ ਮੇਰਾ ਪਸਰਿਆ ਪਾਸਾਰਾ॥

(੧) ਮਾਇਆ ਦੇ ਮੋਹ ਕਰਕੇ ਅੰਨ੍ਹਿਆਂ ਨੂੰ ਹਨੇਰਾ ਬਣਿਆ ਰਹਿੰਦਾ ਹੈ।

(੨) ਮਾਇਆ ਦੇ ਮੋਹ ਰੂਪ ਹਨੇਰੇ ਵਿਚ ਜਗਤ ਅੰਨ੍ਹਾ ਹੈ। ਇਸ ਲਈ ਹੰਗਤਾ ਮਮਤਾ ਦਾ ਪਸਾਰਾ ਪਸਰਿਆ ਹੋਇਆ ਹੈ।

ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ॥ ੩॥

ਇਸ ਕਰਕੇ ਰਾਤ ਦਿਨ ਤ੍ਰਿਸ਼ਨਾ ਦੀ ਅੱਗ ਵਿਚ ਅਨਦਿਨੁ=ਇਕ ਸਾਰ ਸੜਦਾ ਰਹਿੰਦਾ ਹੈ, ਪੂਰਿਆਂ

ਗੁਰਾਂ ਤੋਂ ਬਿਨਾਂ ਇਸ ਜੀਵ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ॥ ੩॥

ਆਪੇ ਜੋੜਿ ਵਿਛੋੜੇ ਆਪੇ॥ ਆਪੇ ਥਾਪਿ ਉਥਾਪੇ ਆਪੇ॥

ਆਪੇ ਇਕ ਦੂਜੇ ਨੂੰ ਜੋੜਿ=ਮੇਲਦਾ ਹੈ, ਆਪ ਹੀ ਵਿਛੋੜਦਾ ਹੈ। ਆਪੇ ਥਾਪਿ=ਉਤਪਤ ਕਰਦਾ ਹੈ, ਆਪ ਹੀ ਉਥਾਪੇ=ਲਯ ਕਰਦਾ ਹੈ।

ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ॥ ੪॥

ਉਸ ਦਾ ਹੁਕਮ ਸੱਚਾ ਹੈ, ਉਸ ਦਾ ਸੰਸਾਰ ਪਸਾਰਾ ਭੀ ਸੱਚਾ ਹੈ; ਉਸ ਉੱਤੇ ਹੋਰ ਕਿਸੇ ਦਾ ਹੁਕਮ ਨਹੀਂ ਹੁੰਦਾ॥ ੪॥

ਆਪੇ ਲਾਇ ਲਏ ਸੋ ਲਾਗੈ॥ ਗੁਰ ਪਰਸਾਦੀ ਜਮ ਕਾ ਭਉ ਭਾਗੈ॥

ਜਿਸ ਨੂੰ ਆਪ ਸ਼ੁਭ ਵਿਚਾਰ ਵਿਚ ਲਾ ਲੈਂਦਾ ਹੈ ਓਹੀ ਲਗਦਾ ਹੈ। ਅਤੇ ਗੁਰਾਂ ਦੀ ਕ੍ਰਿਪਾ ਕਰਕੇ ਜਮਾਂ ਦਾ ਭਉ ਭਾਗੈ=ਡਰ ਭਜ ਜਾਂਦਾ ਹੈ।

ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ॥ ੫॥

ਸਦਾ ਸੁਖ ਦੇਣ ਵਾਲਾ ਸਬਦੁ=ਬ੍ਰਹਮ ਅੰਦਰ ਹੀ ਵਸਦਾ ਹੈ, ਪਰ ਉਸ ਨੂੰ ਕੋਈ ਵਿਰਲਾ ਹੀ ਗੁਰਮੁਖ ਗੁਰਾਂ ਦੁਆਰੇ ਸਮਝਦਾ ਹੈ॥ ੫॥

ਆਪੇ ਮੇਲੇ ਮੇਲਿ ਮਿਲਾਏ॥ ਪੁਰਬਿ ਲਿਖਿਆ ਸੋ ਮੇਟਣਾ ਨ ਜਾਏ॥

ਜਿਸ ਨੂੰ ਆਪਣੇ ਨਾਲ ਮੇਲਿਆ ਚਾਹੁੰਦਾ ਹੈ ਉਸ ਨੂੰ ਸਤਸੰਗ ਦੇ ਮੇਲੇ ਵਿਚ ਮਿਲਾਉਂਦਾ ਹੈ। ਜੋ ਪਿਛਲਾ ਲੇਖ ਮੱਥੇ 'ਪਰ ਲਿਖਿਆ ਗਿਆ ਹੈ ਉਹ ਭੋਗੇ ਤੋਂ ਬਿਨਾਂ ਮੇਟਿਆ ਨਹੀਂ ਜਾਂਦਾ।

ਅਨਦਿਨੁ ਭਗਤਿ ਕਰੇ ਦਿਨੁ ਰਾਤੀ ਗੁਰਮਖਿ ਸੇਵਾ ਹੋਈ ਹੇ॥ ੬॥

ਅਨਦਿਨੁ=ਇਕਸਾਰ ਦਿਨ ਰਾਤ ਪ੍ਰਭੂ ਦੀ ਭਗਤੀ ਕਰੇ, ਗੁਰਮੁਖਾਂ ਦੀ ਸੇਵਾ ਕੀਤੀ ਹੋਈ ਸਫਲ ਹੁੰਦੀ ਹੈ॥ ੬॥

ਸਤਿਗੁਰੁ ਸੇਵਿ ਸਦਾ ਸੁਖੁ ਜਾਤਾ॥
ਆਪੇ ਆਇ ਮਿਲਿਆ ਸਭਨਾ ਕਾ ਦਾਤਾ॥

ਜਿਸ ਨੇ ਸਤਿਗੁਰ ਨੂੰ ਸੇਵਿਆ ਹੈ ਉਸ ਨੇ ਸਦਾ ਸੁਖ ਸਰੂਪ ਪਰਮਾਤਮਾ ਨੂੰ ਜਾਤਾ=ਜਾਣਿਆ ਹੈ। ਸਾਰਿਆਂ ਦਾ ਦਾਤਾ ਪ੍ਰਭੂ ਉਸ ਨੂੰ ਆਪੇ ਆ ਕੇ ਮਿਲਿਆ ਹੈ।

ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ॥ ੭॥

ਜਿਸ ਨੇ ਹੰਗਤਾ ਮਮਤਾ ਮਾਰ ਕੇ ਤ੍ਰਿਸ਼ਨਾ ਦੀ ਅੱਗ ਨਵਿਰਤ ਕੀਤੀ ਹੈ, ਉਸ ਨੂੰ ਸਬਦੁ ਚੀਨਿ=ਬ੍ਰਹਮ ਦੀ ਪਛਾਣ ਹੋਣ 'ਤੇ ਸੁਖ ਦੀ ਪ੍ਰਾਪਤੀ ਹੋਈ ਹੈ॥ ੭॥

ਕਾਇਆ ਕੁਟੰਬੁ ਮੋਹੁ ਨ ਬੂਝੈ॥ ਗੁਰਮੁਖਿ ਹੋਵੈ ਤਾ ਆਖੀ ਸੂਝੈ॥

ਕਾਇਆ=ਸਰੀਰ ਤੇ ਕੁਟੰਬ ਦੇ ਮੋਹ ਵਿਚ ਲਗਾ ਹੋਇਆ ਜੀਵ ਸਮਝਦਾ ਨਹੀਂ ਹੈ। ਜੇਕਰ ਗੁਰਮੁਖ ਹੋਵੇ

www.sikhbookclub.com

ਤਾਂ ਗੁਰਾਂ ਦੀ ਆਖੀ ਹੋਈ ਸਿਖਿਆ ਸੁਝਦੀ ਹੈ, ਜਾਂ ਆਖੀ=ਅੱਖਾਂ ਨਾਲ ਪਰਮੇਸ਼ਰ ਨੂੰ ਸੂਝੈ=ਦੇਖ ਲੈਂਦਾ ਹੈ।

ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥ ੮ ॥

ਅਨਦਿਨੁ=ਇਕਰਸ ਜੋ ਸਤਿਨਾਮੁ ਨੂੰ ਦਿਨ ਰਾਤ ਰਵੈ=ਉਚਾਰਦਾ ਹੈ, ਉਸ ਨੂੰ ਪ੍ਰੀਤਮ=ਪਰਮਾਤਮਾ ਦੇ ਮਿਲਾਪ ਦਾ ਸੁਖ ਪ੍ਰਾਪਤ ਹੁੰਦਾ ਹੈ॥ ੮॥

ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥

ਜੋ ਮਨਮੁਖ ਧਾਤੁ=ਮਾਇਆ ਕਰਕੇ ਦ੍ਵੈਤ ਭਾਵ ਵਿਚ ਲੱਗਾ ਹੋਇਆ ਹੈ। ਉਹ ਅਭਾਗਾ=ਖੋਟਿਆਂ ਭਾਗਾਂ ਵਾਲਾ ਜੰਮਦਾ ਹੀ ਕਿਉਂ ਨਾ ਮਰ ਗਿਆ।

ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥ ੯ ॥

ਉਸ ਨੇ ਜਨਮ ਮਰਨ ਦੇਣ ਵਾਲੇ ਨਿਕੰਮੇ ਕੰਮਾਂ ਵਿਚ ਹੀ ਮਨੁੱਖਾ ਜਨਮ ਵਿਅਰਥ ਗਵਾ ਲਿਆ ਹੈ, ਪੂਰਿਆਂ ਗੁਰਾਂ ਤੋਂ ਬਿਨਾਂ ਕਦੇ ਮੁਕਤੀ ਨਹੀਂ ਹੁੰਦੀ॥ ੯॥

ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥

ਜੀਵ ਨੇ ਹਉਮੈ ਰੂਪੀ ਮੈਲ ਲਗਾਈ ਹੋਈ ਹੈ ਇਸ ਕਰਕੇ ਕਾਇਆ=ਬੁੱਧੀ, ਕੁਸੁਧ=ਅਪਵਿਤ੍ਰ ਹੈ। ਜੇ ਸੌ ਵਾਰੀ ਭੀ ਧੋਵੇ, ਅਰਥਾਤ ਬਹੁਤੇ ਜਤਨ ਭੀ ਕਰੇ ਤਾਂ ਭੀ ਹਉਮੈ ਰੂਪੀ ਮੈਲ ਜਾਂਦੀ ਨਹੀਂ ਹੈ।

ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥ ੧੦ ॥

ਜੇ ਗੁਰ ਉਪਦੇਸ਼ ਰੂਪੀ ਜਲ ਪਾ ਕੇ ਧੋਵੇ ਤਾਂ ਇਹ ਬੁੱਧੀ ਹਛੀ=ਚੰਗੀ (ਸ਼ੁਧ) ਹੁੰਦੀ ਹੈ ਅਤੇ ਫਿਰ ਕਦੇ ਭੀ ਮੈਲੀ ਨਹੀਂ ਹੁੰਦੀ॥ ੧੦॥

ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥

ਉਸ ਗੰਦੀ ਕਾਇਆ=ਬੁੱਧੀ ਨੂੰ ਕਾਮ, ਕ੍ਰੋਧ ਆਦਿਕ ਪੰਜ ਦੂਤ ਸੰਘਾਰਹਿ=ਮਾਰਦੇ ਹਨ। ਜੋ ਗੁਰ ਉਪਦੇਸ਼ ਨੂੰ ਨਹੀਂ ਵਿਚਾਰਦੇ ਉਹ ਮੁੜ ਮੁੜ ਕੇ ਜੰਮਦੇ ਮਰਦੇ ਹਨ।

ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥ ੧੧ ॥

ਅੰਤਹਕਰਣ ਦੇ ਅੰਦਰ ਮਾਇਆ ਦੇ ਮੋਹ ਦਾ ਗੁਬਾਰਾ=ਹਨੇਰਾ ਹੈ, ਇਸ ਕਰਕੇ ਇਉਂ ਬੇ-ਸੁਰਤ ਹੈ ਜਿਵੇਂ ਸੁਪਨੇ ਵਾਲੇ ਜੀਵ ਨੂੰ ਜਾਗ੍ਰਤ ਪਦਾਰਥਾਂ ਦੀ ਸੋਝੀ ਨਹੀਂ ਹੁੰਦੀ॥ ੧੧॥

ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥

ਇਕ ਗੁਰਮੁਖ ਪੰਜ ਕਾਮ, ਕ੍ਰੋਧ ਆਦਿਕਾਂ ਨੂੰ ਮਾਰ ਕੇ ਗੁਰ ਉਪਦੇਸ਼ ਵਿਚ ਲਗੇ ਹੋਏ ਹਨ। ਉਹਨਾਂ ਵਡਭਾਗੀਆਂ ਨੂੰ ਸਤਿਗੁਰੂ ਆਪੇ ਆ ਮਿਲਿਆ ਹੈ।

ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥ ੧੨ ॥

ਜੋ ਰੰਗਿ ਰਾਤੇ=ਪ੍ਰੇਮ ਵਿਚ ਰੱਤੇ ਹੋਏ ਹਿਰਦੇ ਅੰਦਰ ਸੱਚ ਨੂੰ ਸਿਮਰਦੇ ਹਨ, ਉਹ ਗੁਰਮੁਖ ਸਹਜ ਪਦ ਵਿਚ ਸਮਾਅ ਜਾਂਦੇ ਹਨ॥ ੧੨॥

www.sikhbookclub.com

ਗੁਰ ਕੀ ਚਾਲ ਗੁਰੂ ਤੇ ਜਾਪੈ॥ ਪੂਰਾ ਸੇਵਕੁ ਸਬਦਿ ਸਿਞਾਪੈ॥

ਗੁਰੂ ਦੀ ਚਾਲ=ਮਰਯਾਦਾ ਗੁਰੂ ਤੋਂ ਜਾਣੀ ਜਾਂਦੀ ਹੈ। ਗੁਰ ਸ਼ਬਦ ਕਰਕੇ ਹੀ ਪੂਰਾ ਸੇਵਕ ਸਿਞਾਪੈ= ਜਾਣੀਦਾ ਹੈ।

ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚੁ ਸੋਈ ਹੇ॥ ੧੩॥

ਜੋ ਸਦੀਵ ਕਾਲ ਹਿਰਦੇ ਵਿਚ ਗੁਰ ਸ਼ਬਦ ਨੂੰ ਰਵੈ=ਸਿਮਰਦਾ ਹੈ, ਓਹੀ ਰਸਨਾ ਨਾਲ ਸੱਚੇ ਨਾਮ ਰਸ ਨੂੰ ਚਾਖੈ=ਧਾਰਨ ਕਰਦਾ ਹੈ॥ ੧੩॥

ਹਉਮੈ ਮਾਰੇ ਸਬਦਿ ਨਿਵਾਰੇ॥ ਹਰਿ ਕਾ ਨਾਮੁ ਰਖੈ ਉਰਿ ਧਾਰੇ॥

(੧) ਜਿਸ ਹਉਮੈ ਨੇ ਬਹੁਤੇ ਜੀਵ ਮਾਰੇ ਹਨ, ਉਸ ਨੂੰ ਗੁਰ ਸ਼ਬਦ ਦੁਆਰੇ ਨਵਿਰਤ ਕਰੇ।

(੨) ਮਾਰਨ ਵਾਲੀ ਹਉਮੈ ਨੂੰ ਗੁਰ ਸ਼ਬਦ ਦੁਆਰੇ ਨਵਿਰਤ ਕਰੇ ਅਤੇ ਹਰੀ ਦਾ ਨਾਮ ਹਿਰਦੇ ਵਿਚ ਧਾਰਨ ਕਰਕੇ ਰਖੇ।

ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ॥ ੧੪॥

ਹਉ=ਮੈਂ ਇਕ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਹਾਂ, ਸਹਜੇ ਹੋਇ=ਜੋ ਸੁਤੇ ਹੋਣਾ ਹੈ ਓਹੀ ਹੁੰਦਾ ਹੈ॥ ੧੪॥

ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ॥
ਗੁਰਮੁਖਿ ਬੂਝੈ ਸਚਿ ਸਮਾਇਆ॥

ਪੂਰਿਆਂ ਸਤਿਗੁਰਾਂ ਤੋਂ ਬਿਨਾਂ ਸਹਜੁ=ਗਿਆਨ ਪਦਾਰਥ ਨੂੰ ਕਿਸੇ ਨੇ ਭੀ ਨਹੀਂ ਪਾਇਆ। ਜਿਸ ਨੇ ਗੁਰਾਂ ਦੁਆਰੇ ਬੂਝੈ=ਸਮਝਿਆ ਹੈ ਓਹੀ ਸੱਚ ਸਰੂਪ ਪਰਮਾਤਮਾ ਵਿਚ ਸਮਾਇਆ ਹੈ।

ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ॥ ੧੫॥

ਜਿਸ ਨੇ ਗੁਰ ਸ਼ਬਦ ਦੁਆਰਾ ਹੰਗਤਾ ਮਮਤਾ ਖੋਈ=ਦੂਰ ਕੀਤੀ ਹੈ ਤੇ ਸੱਚਿਆਂ ਗੁਰਾਂ ਨੂੰ ਸੇਵਿਆ ਹੈ ਓਹੀ ਸੱਚੇ ਸਬਦਿ=ਬ੍ਰਹਮ ਵਿਚ ਰਾਤੇ=ਅਭੇਦ ਹੋਏ ਹਨ॥ ੧੫॥

ਆਪੇ ਗੁਣਦਾਤਾ ਬੀਚਾਰੀ॥ ਗੁਰਮੁਖਿ ਦੇਵਹਿ ਪਕੀ ਸਾਰੀ॥

ਜੋ ਆਪ ਗੁਣ ਦਾਤਾ ਪ੍ਰਭੂ ਦੀ ਵੀਚਾਰ ਵਾਲਾ ਹੋਇਆ ਹੈ। ਉਹ ਸੰਤ ਜਿਸ ਗੁਰਮੁਖ ਜਗਿਆਸੂ ਨੂੰ ਸ਼ੁਭ ਸਿਖਿਆ ਦੇਂਦਾ ਹੈ ਉਹ ਜੀਵ ਰੂਪੀ ਸਾਰੀ=ਨਰਦ ਪੱਕੀ ਹੋਈ ਹੈ, ਅਰਥਾਤ ਚੁਰਾਸੀ ਲੱਖ ਜੂਨ ਤੋਂ ਛੁਟ ਗਈ ਹੈ।

ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ॥ ੧੬॥ ੨॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸੱਚੇ ਨਾਮ ਸਿਮਰਨ ਵਿਚ ਸਮਾਂਵਦੇ ਹਨ ਉਹਨਾਂ ਨੂੰ ਸੱਚੇ ਪ੍ਰਭੂ ਤੋਂ ਪਤਿ=ਪਤਿ ਆਬਰੋ (ਇੱਜ਼ਤ) ਪ੍ਰਾਪਤ ਹੋਈ ਹੈ॥ ੧੬॥ ੨॥

ਮਾਰੂ ਮਹਲਾ ੩॥

ਜਗਜੀਵਨੁ ਸਾਚਾ ਏਕੋ ਦਾਤਾ॥ ਗੁਰ ਸੇਵਾ ਤੇ ਸਬਦਿ ਪਛਾਤਾ॥

ਇਕ ਸੱਚਾ ਜਗਜੀਵਨੁ=ਪਰਮਾਤਮਾ ਹੀ ਸਾਰੇ ਜਗਤ ਦੇ ਜੀਵਾਂ ਦਾ ਦਾਤਾ ਹੈ। ਗੁਰਮੁਖਾਂ ਨੇ ਗੁਰ ਸੇਵਾ ਤੇ ਸ਼ਬਦ ਦੁਆਰਾ ਉਸ ਬ੍ਰਹਮ ਨੂੰ ਪਛਾਣ ਲਿਆ ਹੈ। *ਅਥਵਾ:*-ਗੁਰਾਂ ਦੀ ਸੇਵਾ ਕਰਕੇ ਉਸ ਸਬਦਿ=ਬ੍ਰਹਮ ਨੂੰ ਪਛਾਣ ਲਿਆ ਹੈ।

[ਪੰਨਾ ੧੦੪੬]

ਏਕੋ ਅਮਰੁ ਏਕਾ ਪਤਿਸਾਹੀ ਜੁਗੁ ਜੁਗੁ ਸਿਰਿ ਕਾਰ ਬਣਾਈ ਹੇ॥ ੧ ॥

ਇਕ ਪ੍ਰਭੂ ਦਾ ਸਾਰਿਆਂ ਉਤੇ ਅਮਰੁ=ਹੁਕਮੁ ਹੈ, ਇਕ ਪ੍ਰਭੂ ਦੀ ਪਾਤਸ਼ਾਹੀ ਹੈ, ਜੁਗਾਂ ਜੁਗਾਂ ਵਿਚ ਸਾਰਿਆਂ ਦੇ ਸਿਰ ਉਤੇ ਇਕ ਦੀ ਹੁਕਮ ਰੂਪੀ ਕਾਰ ਬਣਾਈ ਹੈ। *ਅਥਵਾ:*-ਜੁਗਾਂ ਜੁਗਾਂ ਵਿਚ ਇਹ ਦੁਨੀਆਂ ਇਕ ਪ੍ਰਭੂ ਦੀ ਹੀ ਸਿਰਿਕਾਰ=ਪਰਜਾ ਬਣਾਈ ਹੋਈ ਹੈ॥ ੧ ॥

ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ ॥ ਆਪੇ ਆਇ ਮਿਲਿਆ ਸੁਖਦਾਤਾ ॥

ਉਹ ਪੁਰਸ਼ ਨਿਰਮਲ ਹੈ ਜਿਸ ਨੇ ਆਪਣੇ ਸਰੂਪ ਨੂੰ ਪਛਾਣਿਆ ਹੈ। ਉਸ ਨੂੰ ਸੁਖਦਾਤਾ ਪ੍ਰਭੂ ਆਪੇ ਆ ਕੇ ਮਿਲਿਆ ਹੈ।

ਰਸਨਾ ਸਬਦਿ ਰਤੀ ਗੁਣ ਗਾਵੈ ਦਰਿ ਸਾਚੈ ਪਤਿ ਪਾਈ ਹੇ॥ ੨ ॥

ਉਹਨਾਂ ਦੀ ਰਸਨਾ ਗੁਰ ਸ਼ਬਦ ਵਿਚ ਰੰਗੀ ਹੋਈ ਹਰੀ ਦੇ ਗੁਣ ਗਾਉਂਦੀ ਹੈ, ਏਸੇ ਕਰਕੇ ਉਨ੍ਹਾਂ ਨੇ ਸੱਚੇ ਦਰਬਾਰ ਵਿਚ ਪਤਿ=ਇੱਜ਼ਤ ਪਾਈ ਹੈ॥ ੨ ॥

ਗੁਰਮੁਖਿ ਨਾਮਿ ਮਿਲੈ ਵਡਿਆਈ ॥ ਮਨਮੁਖਿ ਨਿੰਦਕਿ ਪਤਿ ਗਵਾਈ ॥

ਨਾਮੀ ਦੇ ਨਾਮ ਸਿਮਰਨ ਕਰਕੇ ਗੁਰਮੁਖਾਂ ਨੂੰ ਵਡਿਆਈ ਮਿਲੀ ਹੈ। ਅਤੇ ਮਨਮੁਖ ਨਿੰਦਕਾਂ ਨੇ ਨਿੰਦਿਆ ਕਰਕੇ ਆਪਣੀ ਇੱਜ਼ਤ ਗਵਾ ਲਈ ਹੈ।

ਨਾਮਿ ਰਤੇ ਪਰਮ ਹੰਸ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ॥ ੩ ॥

ਜੋ ਵੈਰਾਗੀ ਪੁਰਸ਼ ਬੈਰਾਗੀ=ਪ੍ਰੇਮੀ ਹੋ ਕੇ ਪਰਮਹੰਸ=ਤਤਵੇਤੇ ਮਹਾਤਮਾ ਵਾਂਗੂ ਨਾਮ ਸਿਮਰਨ ਵਿਚ ਰੱਤੇ ਹੋਏ ਹਨ ਉਹਨਾਂ ਨੇ ਸਰੂਪ ਰੂਪੀ ਨਿਜ ਘਰ ਵਿਚ ਤਾੜੀ=ਸਮਾਧੀ ਲਗਾਈ ਹੈ॥ ੩ ॥

ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥

ਜੋ ਗੁਰਾਂ ਦੇ ਉਪਦੇਸ਼ ਦੁਆਰਾ ਜੀਵਤ ਭਾਵ ਤੋਂ ਮਰਿਆ ਹੈ ਓਹੀ ਪੂਰਾ ਪੁਰਸ਼ ਹੈ।

(੧) ਸੂਰਬੀਰ ਸਤਿਗੁਰੂ ਹੀ ਉਪਦੇਸ਼ ਨੂੰ ਆਖ ਕੇ ਸੁਣਾਉਂਦੇ ਹਨ।

(੨) ਜਿਸ ਨੂੰ ਸਤਿਗੁਰੂ ਉਪਦੇਸ਼ ਆਖ ਕੇ ਸੁਣਾਂਦੇ ਹਨ ਉਹ ਕਾਮ ਆਦਿਕਾਂ ਦੇ ਜਿਤੱਣ ਵਾਲਾ ਸੂਰਮਾ ਹੈ।

ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ॥ ੪ ॥

ਇਸ ਕਾਇਆ=ਦੇਹ ਦੇ ਅੰਦਰ ਹੀ ਆਤਮਾ ਰੂਪੀ ਸੱਚਾ ਅੰਮ੍ਰਿਤ ਦਾ ਸਰੋਵਰ ਹੈ, ਜੇਹੜਾ ਪੁਰਸ਼ ਮਨ ਦੇ ਭਾਇ=ਪ੍ਰੇਮ ਨਾਲ ਇਸ ਅੰਮ੍ਰਿਤ ਨੂੰ ਪਾਣ ਕਰਦਾ ਹੈ ਉਹ ਸੁਭਾਈ=ਸੁਭਾਏਮਾਨ (ਸ਼ੋਭਾ ਵਾਲਾ) ਹੁੰਦਾ ਹੈ॥ ੪ ॥

www.sikhbookclub.com

ਪੜਿ ਪੰਡਿਤੁ ਅਵਰਾ ਸਮਝਾਏ॥ ਘਰ ਜਲਤੇ ਕੀ ਖਬਰਿ ਨ ਪਾਏ॥

ਪੰਡਿਤ ਪੁਰਾਣਾਂ ਨੂੰ ਪੜ੍ਹ ਕੇ ਹੋਰਨਾਂ ਨੂੰ ਤਾਂ ਸਮਝਾਉਂਦਾ ਹੈ। ਪਰ ਆਪਣੇ ਹਿਰਦੇ ਘਰ ਨੂੰ ਤ੍ਰਿਸ਼ਨਾ ਅੱਗ ਨਾਲ ਸੜਦੇ ਹੋਏ ਦੀ ਖ਼ਬਰ ਨਹੀਂ ਪਾਂਦਾ।

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ॥ ੫॥

ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਨਾਮ ਜਲ ਨਹੀਂ ਪਾਈਦਾ, ਅਨੇਕਾਂ ਪੁਰਸ਼ ਪੜ੍ਹ ਥਕੇ ਹਨ ਪਰ ਸ਼ਾਂਤੀ ਕਿਸੇ ਨੂੰ ਆ ਕੇ ਪ੍ਰਾਪਤ ਨਹੀਂ ਹੋਈ॥ ੫॥

ਇਕਿ ਭਸਮ ਲਗਾਇ ਫਿਰਹਿ ਭੇਖਧਾਰੀ॥
ਬਿਨੁ ਸਬਦੈ ਹਉਮੈ ਕਿਨਿ ਮਾਰੀ॥

ਇਕ ਭੇਖਧਾਰੀ ਤਨ ਉਤੇ ਭਸਮ ਨੂੰ ਲਗਾ ਕੇ ਫਿਰਦੇ ਹਨ। ਗੁਰ ਉਪਦੇਸ਼ ਤੋਂ ਬਿਨਾਂ ਹਉਮੈ ਕਿਸ ਨੇ ਮਾਰੀ ਹੈ. ਭਾਵ ਕਿਸੀ ਨੇ ਨਹੀਂ ਮਾਰੀ।

ਅਨਦਿਨੁ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖਿ ਭਰਮਾਈ ਹੇ॥ ੬॥

ਉਹ ਅਨਦਿਨੁ=ਇਕਰਸ ਦਿਨ ਰਾਤੀ ਜਲਤ=ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਰਹਿੰਦੇ ਹਨ, ਜਿਨ੍ਹਾਂ ਦੀ ਬੁੱਧੀ ਭਰਮ ਨੇ ਭੇਖਾਂ ਵਿਚ ਭਰਮਾਈ ਹੋਈ ਹੈ, ਜਾਂ ਭਰਮ ਅਤੇ ਭੇਖਾਂ ਨੇ ਸਾਰੀ ਦੁਨੀਆਂ ਕਈ ਤਰ੍ਹਾਂ ਨਾਲ ਭਰਮਾਈ ਹੋਈ ਹੈ॥ ੬॥

ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ॥
ਸਬਦਿ ਮੁਏ ਹਰਿ ਨਾਮਿ ਨਿਵਾਸੀ॥

ਇਕ ਘਰ ਅਤੇ ਪਰਿਵਾਰ ਵਿਚ ਰਹਿੰਦੇ ਹੋਏ ਸਦਾ ਉਦਾਸੀ ਹਨ। ਕਿਉਂਕਿ ਗੁਰ ਸ਼ਬਦ ਕਰਕੇ ਉਹ. ਜੀਵਤ ਭਾਵ ਤੋਂ ਮੋਏ ਹਨ ਤੇ ਹਰੀ ਨਾਮ ਵਿਚ ਵਸਦੇ ਰਹਿੰਦੇ ਹਨ।

ਅਨਦਿਨੁ ਸਦਾ ਰਹਹਿ ਰੰਗਿ ਰਾਤੇ ਭੈ ਭਾਇ ਭਗਤਿ ਚਿਤੁ ਲਾਈ ਹੇ॥ ੭॥

ਫੇਰ ਉਹ ਰਾਤ ਦਿਨ ਸਦਾ ਹੀ ਰੰਗਿ=ਪ੍ਰੇਮ ਵਿਚ ਰੱਤੇ ਰਹਿੰਦੇ ਹਨ, ਪ੍ਰਭੂ ਦੇ ਭੈ=ਡਰ ਤੇ ਭਾਇ ਭਗਤਿ=ਪ੍ਰੇਮਾ ਭਗਤੀ ਵਿਚ ਉਹਨਾਂ ਨੇ ਚਿਤ ਦੀ ਬਿਰਤੀ ਲਗਾਈ ਹੈ॥ ੭॥

ਮਨਮੁਖ ਨਿੰਦਾ ਕਰਿ ਕਰਿ ਵਿਗੁਤਾ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ॥

ਮਨਮੁਖ ਪੁਰਸ਼ ਨਿੰਦਿਆ ਕਰ ਕਰਕੇ ਵਿਗੁਤਾ=ਖਰਾਬ ਹੁੰਦਾ ਹੈ। ਜਿਸ ਮਨਮੁਖ ਦੇ ਅੰਦਰ ਲੋਭ ਰੂਪੀ ਕੁੱਤਾ ਭੌਂਕਦਾ ਹੈ।

ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ॥ ੮॥

ਉਸ ਨੂੰ ਜਮਕਾਲ ਕਦੇ ਭੀ ਛੱਡਦਾ ਨਹੀਂ ਹੈ, ਅੰਤ ਵੇਲੇ ਉਹ ਪਛੁਤਾਂਦਾ ਹੀ ਚਲਾ ਗਿਆ ਹੈ॥ ੮॥

ਸਚੈ ਸਬਦਿ ਸਚੀ ਪਤਿ ਹੋਈ॥ ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥

ਸੱਚੇ ਗੁਰਾਂ ਦੇ ਸ਼ਬਦ ਕਰਕੇ ਸਚੀ ਹੀ ਪਤਿ=ਇੱਜ਼ਤ ਹੁੰਦੀ ਹੈ। ਨਾਮ ਸਿਮਰਨ ਤੋਂ ਬਿਨਾਂ ਕੋਈ ਭੀ ਮੁਕਤੀ

www.sikhbookclub.com

ਨੂੰ ਪਾਉਂਦਾ ਨਹੀਂ ਹੈ।

ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ॥ ੯॥

ਸਤਿਗੁਰਾਂ ਤੋਂ ਬਿਨਾਂ ਕੋਈ ਭੀ ਨਾਮ ਸਿਮਰਨ ਨੂੰ ਪਾਉਂਦਾ ਨਹੀਂ ਹੈ, ਪ੍ਰਭੂ ਨੇ ਅਜੇਹੀ ਬਣਤ ਬਣਾਈ ਹੋਈ ਹੈ॥ ੯॥

ਇਕਿ ਸਿਧ ਸਾਧਿਕ ਬਹੁਤੁ ਵੀਚਾਰੀ॥
ਇਕਿ ਅਹਿਨਿਸਿ ਨਾਮਿ ਰਤੇ ਨਿਰੰਕਾਰੀ॥

ਇਕ ਬੜੀ ਵੀਚਾਰ ਵਾਲੇ ਸਿਧ ਤੇ ਸਾਧਿਕ ਹਨ, ਵਾ:- ਇਕ ਸਿਧ ਹਨ, ਇਕ ਸਾਧਕ ਹਨ ਤੇ ਬੜੇ ਵੀਚਾਰ ਵਾਲੇ ਹਨ। ਇਕ ਉਹ ਮਨੁੱਖ ਹਨ ਜੋ ਦਿਨ ਰਾਤ ਨਿਰੰਕਾਰ ਦੇ ਨਾਮ ਸਿਮਰਨ ਵਿਚ ਰੱਤੇ ਰਹਿੰਦੇ ਹਨ।

ਜਿਸ ਨੋ ਆਪਿ ਮਿਲਾਏ ਸੋ ਬੂਝੈ ਭਗਤਿ ਭਾਇ ਭਉ ਜਾਈ ਹੇ॥ ੧੦॥

ਜਿਸ ਨੂੰ ਗੁਰੂ ਆਪਣੇ ਨਾਲ ਮਿਲਾਉਂਦਾ ਓਹੀ ਮਨੁੱਖ ਸਮਝਦਾ ਹੈ, ਪ੍ਰੇਮਾ ਭਗਤੀ ਦੇ ਕਰਨ ਨਾਲ ਉਸ ਦੇ ਅੰਦਰੋਂ ਜਨਮ ਮਰਨ ਦਾ ਭੈ, ਵਾ:-ਜਮਾਂ ਦਾ ਭਉ=ਡਰ ਦੂਰ ਹੋ ਜਾਂਦਾ ਹੈ॥ ੧੦॥

ਇਸਨਾਨੁ ਦਾਨੁ ਕਰਹਿ ਨਹੀ ਬੂਝਹਿ॥
ਇਕਿ ਮਨੂਆ ਮਾਰਿ ਮਨੈ ਸਿਉ ਲੂਝਹਿ॥

ਇਕ ਮਨੁੱਖ ਅਜੇਹੇ ਹਨ ਇਸ਼ਨਾਨ ਦਾਨ ਤਾਂ ਬਹੁਤਾ ਕਰਦੇ ਹਨ ਪਰ ਪਰਮੇਸ਼ਰ ਨੂੰ ਨਹੀਂ ਸਮਝਦੇ। ਇਕ ਅਜੇਹੇ ਮਨੁੱਖ ਹਨ ਜੋ ਮਨ ਨੂੰ ਮਾਰ ਕੇ ਫੇਰ ਮਨ ਦੇ ਨਾਲ ਹੀ ਲੂਝਹਿ=ਲੜਦੇ ਰਹਿੰਦੇ ਹਨ, ਭਾਵ ਬੁਰਿਆਂ ਸੰਕਲਪਾਂ ਨੂੰ ਹਟਾਂਦੇ ਹਨ।

ਸਾਚੈ ਸਬਦਿ ਰਤੇ ਇਕ ਰੰਗੀ ਸਾਚੈ ਸਬਦਿ ਮਿਲਾਈ ਹੇ॥ ੧੧॥

ਇਕ ਰੰਗੀ=ਪ੍ਰੇਮੀ ਪੁਰਸ਼ ਸੱਚੇ ਗੁਰਾਂ ਦੇ ਸ਼ਬਦ ਵਿਚ ਰੱਤੇ ਹੋਏ ਹਨ ਤੇ ਸਚੇ ਸਬਦਿ=ਬ੍ਰਹਮ ਵਿਚ ਉਹਨਾਂ ਨੇ ਆਪਣੀ ਬਿਰਤੀ ਮਿਲਾਈ ਹੈ।

ਅਥਵਾ:-ਉਹਨਾਂ ਨੂੰ ਸੱਚੇ ਬ੍ਰਹਮ ਨੇ ਆਪਣੇ ਨਾਲ ਮਿਲਾ ਲਿਆ ਹੈ॥ ੧੧॥

ਆਪੇ ਸਿਰਜੇ ਦੇ ਵਡਿਆਈ॥ ਆਪੇ ਭਾਣੈ ਦੇਇ ਮਿਲਾਈ॥

ਪਰਮੇਸ਼ਰ ਆਪ ਹੀ ਸਿਰਜੇ=ਪੈਦਾ ਕਰਕੇ ਵਡਿਆਈ ਦੇਂਦਾ ਹੈ। ਆਪਣੇ ਭਾਣੇ ਵਿਚ ਨਿਸਚਾ ਦੇ ਕੇ ਆਪਣੇ ਨਾਲ ਮਿਲਾ ਲੈਂਦਾ ਹੈ।

ਆਪੇ ਨਦਰਿ ਕਰੇ ਮਨਿ ਵਸਿਆ ਮੇਰੈ ਪ੍ਰਭਿ ਇਉ ਫੁਰਮਾਈ ਹੇ॥ ੧੨॥

ਜਿਸ ਉਤੇ ਗੁਰੂ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ ਉਸ ਦੇ ਮਨ ਵਿਚ ਆਪੇ ਆ ਵਸਿਆ ਹੈ, ਮੇਰੇ ਪ੍ਰਭੂ ਨੇ ਇਸ ਤਰ੍ਹਾਂ ਸਿਖਿਆ ਫੁਰਮਾਈ ਹੈ॥ ੧੨॥

ਸਤਿਗੁਰੁ ਸੇਵਹਿ ਸੇ ਜਨ ਸਾਚੇ॥ ਮਨਮੁਖ ਸੇਵਿ ਨ ਜਾਣਨਿ ਕਾਚੇ॥

ਜੋ ਸਤਿਗੁਰਾਂ ਨੂੰ ਸੇਂਵਦੇ ਹਨ ਓਹੀ ਸੱਚੇ ਭਗਤ ਜਨ ਹਨ। ਕੱਚੇ ਨਿਸਚੇ ਵਾਲੇ ਮਨਮੁਖ ਸੇਵਾ ਕਰਨੀ ਨਹੀਂ ਜਾਣਦੇ।

ਆਪੇ ਕਰਤਾ ਕਰਿ ਕਰਿ ਵੇਖੈ ਜਿਉ ਭਾਵੈ ਤਿਉ ਲਾਈ ਹੇ॥ ੧੩ ॥

ਕਰਤਾ ਪੁਰਖ ਆਪ ਹੀ ਕਰ ਕਰਕੇ ਵੇਖਦਾ ਹੈ, ਜਿਵੇਂ ਭਾਵੈ=ਚਾਹੁੰਦਾ ਹੈ ਤਿਵੇਂ ਹੀ ਕਰਮਾਂ ਦੇ ਕਰਨ ਵਿਚ ਲਗਾਉਂਦਾ ਹੈ॥ ੧੩ ॥

ਜੁਗਿ ਜੁਗਿ ਸਾਚਾ ਏਕੋ ਦਾਤਾ॥ ਪੂਰੈ ਭਾਗਿ ਗੁਰ ਸਬਦੁ ਪਛਾਤਾ॥

ਜੁਗਾਂ ਜੁਗਾਂ ਵਿਚ ਇਕ ਸੱਚਾ ਪ੍ਰਭੂ ਹੀ ਸਭ ਦਾ ਦਾਤਾ ਹੈ। ਪੂਰਿਆਂ ਭਾਗਾਂ ਵਾਲੇ ਨੇ ਉਸ ਨੂੰ ਗੁਰਾਂ ਦੇ ਸ਼ਬਦ ਦੁਆਰਾ ਪਛਾਣਿਆ ਹੈ।

ਸਬਦਿ ਮਿਲੇ ਸੇ ਵਿਛੁੜੇ ਨਾਹੀ ਨਦਰੀ ਸਹਜਿ ਮਿਲਾਈ ਹੇ॥ ੧੪ ॥

(੧) ਜੋ ਗੁਰਾਂ ਦੇ ਸ਼ਬਦ ਵਿਚ ਮਿਲੇ ਹਨ ਉਹ ਮੁੜ ਵਿਛੁੜਦੇ ਨਹੀਂ, ਨਦਰੀ=ਪਰਮਾਤਮਾ ਦੀ ਨਜ਼ਰ ਕਰਕੇ ਸਹਜਿ=ਗਿਆਨ ਵਿਚ ਮਿਲਾਪਤਾ ਹੁੰਦੀ ਹੈ।

(੨) ਜੋ ਸਬਦਿ=ਬ੍ਰਹਮ ਵਿਚ ਇਕ ਵਾਰ ਮਿਲ ਗਏ ਹਨ ਉਹ ਮੁੜ ਵਿਛੁੜਦੇ ਨਹੀਂ ਹਨ, ਕਿਉਂਕਿ ਨਦਰੀ=ਪਰਮਾਤਮਾ ਸੁਭਾਵਕ ਹੀ ਉਹਨਾਂ ਨੂੰ ਆਪਣੇ ਵਿਚ ਮਿਲਾਈ ਰੱਖਦਾ ਹੈ॥ ੧੪ ॥

ਹਉਮੈ ਮਾਇਆ ਮੈਲੁ ਕਮਾਇਆ॥ ਮਰਿ ਮਰਿ ਜੰਮਹਿ ਦੂਜਾ ਭਾਇਆ॥

ਮਾਇਆ ਹੀ ਹੰਗਤਾ ਮਮਤਾ ਕਰਕੇ ਜਿਨ੍ਹਾਂ ਨੇ ਮੈਲੁ=ਪਾਪਾਂ ਕਰਮਾਂ ਨੂੰ ਕੀਤਾ ਹੈ। ਤੇ ਦ੍ਵੈਤ ਭਾਵ ਭਾਇਆ=ਚੰਗਾ ਲੱਗਾ ਹੈ ਉਹ ਮਰ ਮਰ ਕੇ ਜੰਮਦੇ ਹਨ।

ਬਿਨੁ ਸਤਿਗੁਰ ਸੇਵੇ ਮੁਕਤਿ ਨਾ ਹੋਈ ਮਨਿ ਦੇਖਹੁ ਲਿਵ ਲਾਈ ਹੇ॥ ੧੫ ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਕਿਸੇ ਨੂੰ ਮੋਖ ਪ੍ਰਾਪਤ ਨਹੀਂ ਹੋਈ, ਬੇਸ਼ਕ ਮਨ ਵਿਚ ਲਿਵ ਲਾਈ= ਧਿਆਨ ਲਗਾ ਕੇ ਦੇਖ ਲਓ॥ ੧੫ ॥

[ਪੰਨਾ ੧੦੪੭]

ਜੋ ਤਿਸੁ ਭਾਵੈ ਸੋਈ ਕਰਸੀ॥ ਆਪਹੁ ਹੋਆ ਨਾ ਕਿਛੁ ਹੋਸੀ॥

ਜੋ ਉਸ ਵਾਹਿਗੁਰੂ ਨੂੰ ਭਾਉਂਦਾ ਹੈ ਓਹੀ ਕੁਝ ਕਰਦਾ ਹੈ। ਸਾਥੋਂ ਆਪਣੇ ਆਪ ਨਾ ਕੁਝ ਪਿੱਛੇ ਹੋਇਆ ਹੈ, ਨਾ ਹੀ ਕੁਝ ਅੱਗੇ ਹੋਵੇਗਾ।

ਨਾਨਕ ਨਾਮੁ ਮਿਲੈ ਵਡਿਆਈ ਦਰਿ ਸਾਚੈ ਪਤਿ ਪਾਈ ਹੇ॥ ੧੬ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਸੱਚੇ ਨਾਮ ਦੀ ਵਡਿਆਈ ਮਿਲੀ ਹੈ, ਉਸ ਨੇ ਸੱਚੇ ਦਰਬਾਰ ਵਿਚ ਪਤਿ=ਇੱਜ਼ਤ ਪਾਈ ਹੈ॥ ੧੬ ॥ ੩ ॥

ਮਾਰੂ ਮਹਲਾ ੩ ॥

ਜੋ ਆਇਆ ਸੋ ਸਭੁ ਕੋ ਜਾਸੀ॥ ਦੂਜੈ ਭਾਇ ਬਾਧਾ ਜਮ ਫਾਸੀ॥

ਜੇਹੜਾ ਕੋਈ ਸੰਸਾਰ ਵਿਚ ਆਇਆ ਹੈ ਸੋ ਸਭ ਕਿਸੀ ਨੇ ਚਲਿਆ ਜਾਣਾ ਹੈ। ਦ੍ਵੈਤ ਭਾਵ ਕਰਕੇ ਇਹ

www.sikhbookclub.com

ਜੀਵ ਜਮਾਂ ਦੀ ਫਾਹੀ ਵਿਚ ਬੱਧਾ ਹੋਇਆ ਹੈ।

ਸਤਿਗੁਰਿ ਰਾਖੇ ਸੇ ਜਨ ਉਬਰੇ ਸਾਚੇ ਸਾਚਿ ਸਮਾਈ ਹੇ॥ ੧ ॥

ਜਿਨ੍ਹਾਂ ਦੇ ਰਾਖੇ ਸਤਿਗੁਰੂ ਹੋਏ ਹਨ ਉਹ ਪੁਰਸ਼ ਜਮਾਂ ਤੋਂ ਬਚੇ ਹਨ, ਉਨ੍ਹਾਂ ਸੱਚਿਆਂ ਦੀ ਸੱਚ ਨਾਮ ਕਰਕੇ ਸੱਚ ਸਰੂਪ ਵਿਚ ਸਮਾਈ ਹੋਈ ਹੈ॥ ੧ ॥

ਆਪੇ ਕਰਤਾ ਕਰਿ ਕਰਿ ਵੇਖੈ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ॥

ਕਰਤਾ ਪੁਰਖ ਆਪ ਹੀ ਸਭਨਾਂ ਨੂੰ ਕਰਿ ਕਰਿ=ਬਣਾ ਕੇ ਵੇਖਦਾ ਹੈ ਕਿ ਕੀ-ਕੀ ਕਰਮ ਕਰਦੇ ਹਨ। ਜਿਸ ਨੂੰ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਓਹੀ ਪੁਰਸ਼ ਲੇਖੇ ਵਿਚ ਪੈਂਦਾ ਹੈ ਅਰਥਾਤ ਪ੍ਰਵਾਨ ਹੁੰਦਾ ਹੈ।

ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ ਅਗਿਆਨੀ ਅੰਧੁ ਕਮਾਈ ਹੇ॥ ੨ ॥

ਗੁਰਾਂ ਦੁਆਰੇ ਜਿਸ ਗੁਰਮੁਖ ਨੂੰ ਸਰੂਪ ਗਿਆਨ ਹੋਇਆ ਹੈ, ਉਸ ਨੂੰ ਭਲਾ ਬੁਰਾ ਸਭ ਕੁਝ ਸੁਝਦਾ ਹੈ, ਤੇ ਅੰਨ੍ਹੇ ਅਗਿਆਨੀ ਪੁਰਸ਼ ਦੀ ਕਮਾਈ ਅੰਨ੍ਹੀ ਹੈ, ਭਾਵ ਵਿਅਰਥ॥ ੨ ॥

ਮਨਮੁਖ ਸਹਸਾ ਬੂਝ ਨ ਪਾਈ॥ ਮਰਿ ਮਰਿ ਜੰਮੈ ਜਨਮੁ ਗਵਾਈ॥

ਮਨਮੁਖ ਦੇ ਮਨ ਵਿਚ ਹਮੇਸ਼ਾ ਸੰਸਾ ਰਹਿੰਦਾ ਹੈ ਇਸ ਕਰਕੇ ਮਨਮੁਖ ਨੇ ਸਰੂਪ ਦੀ ਬੂਝ=ਸਮਝ ਨਹੀਂ ਪਾਈ। ਮਰ ਮਰ ਕੇ ਜੰਮਦਾ ਹੈ ਤੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗਵਾ ਰਿਹਾ ਹੈ।

ਗੁਰਮੁਖਿ ਨਾਮਿ ਰਤੇ ਸੁਖੁ ਪਾਇਆ ਸਹਜੇ ਸਾਚਿ ਸਮਾਈ ਹੇ॥ ੩ ॥

ਗੁਰਮੁਖ ਪੁਰਸ਼ ਨਾਮ ਸਿਮਰਨ ਵਿਚ ਰੱਤੇ ਰਹਿੰਦੇ ਹਨ ਇਸ ਲਈ ਆਤਮ ਸੁਖ ਨੂੰ ਪਾਇਆ ਹੈ ਤੇ ਸੁਭਾਵਕ ਹੀ ਉਹਨਾਂ ਨੇ ਸੱਚ ਸਰੂਪ ਵਿਚ ਸਮਾਈ ਕਰ ਲਈ ਹੈ॥ ੩ ॥

ਧੰਧੈ ਧਾਵਤ ਮਨੁ ਭਇਆ ਮਨੂਰਾ॥ ਫਿਰਿ ਹੋਵੈ ਕੰਚਨੁ ਭੇਟੈ ਗੁਰੁ ਪੂਰਾ॥

ਧੰਦਿਆਂ ਵਿਚ ਦੌੜਦਿਆਂ ਮਨਮੁਖਾਂ ਦਾ ਮਨ ਮਨੂਰਾ=ਲੋਹੇ ਦੀ ਮੈਲ ਵਾਂਗੂ ਕਾਲਾ ਹੋ ਗਿਆ ਹੈ,

ਵਾ:-ਮਨੂਰਾ=ਜੜ੍ਹ ਹੋ ਗਿਆ ਹੈ। ਜੇਕਰ ਪੂਰਾ ਗੁਰੂ ਮਿਲ ਜਾਵੇ ਤਾਂ ਫਿਰ ਕੰਚਨੁ=ਸੋਨੇ ਵਾਂਗੂ ਸ਼ੁਧ ਹੋ ਜਾਂਦਾ ਹੈ।

ਆਪੇ ਬਖਸਿ ਲਏ ਸੁਖੁ ਪਾਏ ਪੂਰੈ ਸਬਦਿ ਮਿਲਾਈ ਹੇ॥ ੪ ॥

ਜੇਕਰ ਗੁਰੂ ਆਪ ਪਿਛਲੇ ਔਗੁਣ ਬਖਸ਼ ਲੈਣ ਤਾਂ ਹੀ ਜਗਿਆਸੂ ਸੁਖ ਪਾਉਂਦਾ ਹੈ, ਗੁਰੂ ਉਸ ਨੂੰ ਬਖਸ਼ਦੇ ਹਨ ਜਿਸ ਨੇ ਪੂਰਿਆਂ ਗੁਰਾਂ ਦੇ ਸ਼ਬਦ ਵਿਚ ਬਿਰਤੀ ਮਿਲਾਈ ਹੈ॥ ੪ ॥

ਦੁਰਮਤਿ ਝੂਠੀ ਬੁਰੀ ਬੁਰਿਆਰਿ॥ ਅਉਗਣਿਆਰੀ ਅਉਗਣਿਆਰਿ॥

ਦੁਰਮਤਿ=ਖੋਟੀ ਬੁੱਧੀ (ਕੁਮਤੀ) ਬੁਰੀ ਹੈ ਇਸ ਵਿਚ ਲਗ ਕੇ ਝੂਠੀ ਇਸਤ੍ਰੀ ਬੁਰਿਆਰਿ=ਬੁਰਿਆਂ ਕਰਮਾਂ ਦਾ ਘਰ ਹੋ ਰਹੀ ਹੈ। ਇਸ ਲੋਕ ਵਿਚ ਔਗੁਣਾਂ ਵਾਲੀ ਅਤੇ ਪ੍ਰਲੋਕ ਵਿਚ ਭੀ ਔਗੁਣਾਂ ਦਾ ਆਰਿ=ਆਲਾ (ਘਰ) ਹੋ ਰਹੀ ਹੈ।

ਅਥਵਾ:-ਇਸ ਔਗੁਣਾਂ ਵਾਲੀ ਕੁਮਤੀ ਨੇ ਜੀਵ ਰੂਪ ਇਸਤਰੀ ਨੂੰ ਭੀ ਔਗੁਣਾਂ ਵਾਲੀ ਕਰ ਦਿਤਾ ਹੈ।

ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ॥ ੫॥

ਕੱਚੀ ਮੱਤ ਵਾਲੀ ਇਸਤ੍ਰੀ ਮੂੰਹੋਂ ਫਿਕੇ ਬਚਨ ਬੋਲਦੀ ਹੈ, ਕਿਉਂਕਿ ਦੁਰਮਤਿ=ਕੁਮਤੀ ਨੇ ਨਾਮ ਜਪਣ ਦੀ ਪ੍ਰੀਤੀ ਅੰਦਰ ਨਹੀਂ ਪਾਈ॥ ੫॥

ਅਉਗਣਿਆਰੀ ਕੰਤ ਨ ਭਾਵੈ॥ ਮਨ ਕੀ ਜੂਠੀ ਜੂਠੁ ਕਮਾਵੈ॥

ਔਗੁਣਾਂ ਵਾਲੀ ਜੀਵ ਰੂਪ ਇਸਤ੍ਰੀ ਆਪਣੇ ਪਤੀਂ ਪਰਮਾਤਮਾ ਨੂੰ ਭਾਂਵਦੀ ਨਹੀਂ ਹੈ। ਮਨ ਦੀ ਜੂਠੀ=ਅਪਵਿੱਤਰ ਹੈ ਤੇ ਤਨ ਕਰਕੇ ਭੀ ਜੂਠੁ=ਅਪਵਿੱਤਰ ਕਰਮਾਂ ਨੂੰ ਕਮਾਉਂਦੀ ਹੈ।

ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ॥ ੬॥

ਉਹ ਮੂਰਖ ਇਸਤ੍ਰੀ ਪਤੀ ਪਰਮਾਤਮਾ ਦੇ ਸਾਉ=ਸੁਆਦ, ਵਾ:-ਪਰਯੋਜਨ ਨੂੰ ਜਾਣਦੀਂ ਨਹੀਂ ਹੈ, ਕਿਉਂਕਿ ਗੁਰੂ ਤੋਂ ਬਿਨਾਂ ਹੋਣ ਕਰਕੇ ਉਸ ਨੇ ਕੁਝ ਬੂਝ=ਸਮਝ ਨਹੀਂ ਪਾਈ॥ ੬॥

ਦੁਰਮਤਿ ਖੋਟੀ ਖੋਟੁ ਕਮਾਵੈ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ॥

ਦੁਰ ਮਤਿ=ਖੋਟੀ ਮਤ ਕਰਕੇ ਖੋਟੀ ਇਸਤ੍ਰੀ ਦਿਲੋਂ ਖੋਟਿਆਂ ਹੀ ਕਰਮਾਂ ਨੂੰ ਕਮਾਉਂਦੀ ਹੈ। ਭਾਵੇਂ ਉਹ ਸ਼ਕਾਮ ਕਰਮਾਂ ਰੂਪ ਸ਼ਿੰਗਾਰਾਂ ਨੂੰ ਕਰਦੀ ਹੈ ਪਰ ਪਿਆਰੇ ਪਤੀ ਪਰਮਾਤਮਾ ਨੂੰ ਭਾਉਂਦੀ ਨਹੀਂ ਹੈ।

ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ॥ ੭॥

ਗੁਣ ਵੰਤੀ=ਸ਼ੁਭ ਗੁਣਾਂ ਵਾਲੀ ਇਸਤ੍ਰੀ ਸਦਾ ਹੀ ਪਤੀ ਦਾ ਅਨੰਦ ਰਾਵੈ=ਭੋਗਦੀ ਹੈ, ਕਿਉਂਕਿ ਉਸ਼ ਨੇ ਆਪਣੀ ਬੁੱਧੀ ਸਤਿਗੁਰਾਂ ਦੇ ਮੇਲ ਵਿਚ ਮਿਲਾਈ ਹੋਈ ਹੈ॥ ੭॥

ਆਪੇ ਹੁਕਮੁ ਕਰੇ ਸਭੁ ਵੇਖੈ॥ ਇਕਨਾ ਬਖਸਿ ਲਏ ਧੁਰਿ ਲੇਖੈ॥

ਪਰਮੇਸ਼ਰ ਆਪ ਹੀ ਸਭ ਦੇ ਕਰਮ ਵੇਖ ਕੇ ਫਲ ਦੇਣੇ ਦਾ ਹੁਕਮ ਕਰਦਾ ਹੈ। ਅਤੇ ਇਕਨਾਂ ਨੂੰ ਧੁਰ ਦੇ ਲੇਖੇ ਅਨੁਸਾਰ ਆਪ ਹੀ ਬਖਸ਼ ਲੈਂਦਾ ਹੈ।

ਅਨਦਿਨੁ ਨਾਮਿ ਰਤੇ ਸਚੁ ਪਾਇਆ ਆਪੇ ਮੇਲਿ ਮਿਲਾਈ ਹੇ॥ ੮॥

ਜੇਹੜੇ ਰਾਤ ਦਿਨ ਨਾਮ ਸਿਮਰਨ ਵਿਚ ਰੱਤੇ ਰਹਿੰਦੇ ਹਨ ਉਨ੍ਹਾਂ ਨੇ ਸਚੁ=ਸੁਖ ਪਾਇਆ ਹੈ, ਉਨ੍ਹਾਂ ਨੂੰ ਪਰਮੇਸ਼ਰ ਆਪ ਹੀ ਆਪਣੇ ਮੇਲ ਵਿਚ ਮਿਲਾਉਂਦਾ ਹੈ॥ ੮॥

ਹਉਮੈ ਧਾਤੁ ਮੋਹ ਰਸਿ ਲਾਈ॥ ਗੁਰਮੁਖਿ ਲਿਵ ਸਾਚੀ ਸਹਜਿ ਸਮਾਈ॥

ਧਾਤੁ=ਮਾਇਆ ਨੇ ਮਨਮੁਖਾਂ ਨੂੰ ਹੰਗਤਾ ਮਮਤਾ, ਸਬੰਧੀਆਂ ਦਾ ਮੋਹ ਤੇ ਰਸਾਂ ਦੀ ਪ੍ਰੀਤੀ ਲਗਾਈ ਹੋਈ ਹੈ।

*ਅਥਵਾ:-*ਮਨਮੁਖਾਂ ਨੇ ਹੰਗਤਾ ਮਮਤਾ, ਧਾਤੁ=ਮਾਇਆ ਮੋਹ ਵਿਚ ਅਤੇ ਸੰਸਾਰਕ ਵਿਸ਼ੇ ਰਸਾਂ ਵਿਚ ਬੁੱਧੀ ਲਗਾਈ ਹੋਈ ਹੈ।

ਗੁਰਮੁਖਾਂ ਦੀ ਲਿਵ ਸੱਚੀ ਹੈ ਇਸ ਲਈ ਉਨ੍ਹਾਂ ਦੀ ਸਹਜ ਪਦ ਵਿਚ ਸਮਾਈ ਹੋਈ ਹੈ) ਜਾਂ ਸਹਜਿ= ਗਿਆਨ ਵਿਚ ਸਮਾਉਣ ਕਰਕੇ ਗੁਰਮੁਖਾਂ ਦੀ ਲਿਵ ਸੱਚੀ ਹੈ।

ਆਪੇ ਮੇਲੈ ਆਪੇ ਕਰਿ ਵੇਖੈ ਬਿਨੁ ਸਤਿਗੁਰ ਬੂਝ ਨ ਪਾਈ ਹੇ॥ ੯॥

www.sikhbookclub.com

ਆਪ ਜਗਤ ਨੂੰ ਉਤਪਤ ਕਰਦਾ ਹੈ, ਆਪ ਹੀ ਵੇਖੇ=ਪਾਲਦਾ ਹੈ, ਵਾ:-ਜੀਵਾਂ ਦੇ ਕਰਮ ਵੇਖਦਾ ਹੈ ਅੰਤ ਨੂੰ ਫੇਰ ਆਪਣੇ ਵਿਚ ਹੀ ਮੇਲ ਲੈਂਦਾ ਹੈ। ਪਰ ਇਹ ਬੂਝ=ਸਮਝ ਸਤਿਗੁਰਾਂ ਤੋਂ ਬਿਨਾਂ ਕਿਸੇ ਨੇ ਨਹੀਂ ਪਾਈ॥ ੯॥

ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ॥
ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ॥

ਇਕ ਗੁਰਮੁਖ ਜਨ ਗੁਰ ਸ਼ਬਦ ਨੂੰ ਵੀਚਾਰ ਕੇ ਸਦਾ ਹੀ ਗਿਆਨ ਜਾਗ੍ਰਤ ਵਿਚ ਜਾਗਦੇ ਰਹਿੰਦੇ ਹਨ। ਅਤੇ ਇਕ ਅਭਾਗੇ=ਖੋਟਿਆਂ ਭਾਗਾਂ ਵਾਲੇ ਮਨਮੁਖ ਮਾਇਆ ਦੇ ਮੋਹ ਵਿਚ ਸਉਂ ਰਹੇ ਹਨ।

ਆਪੇ ਕਰੇ ਕਰਾਏ ਆਪੇ ਹੋਰੁ ਕਰਣਾ ਕਿਛੁ ਨ ਜਾਈ ਹੇ॥ ੧੦॥

ਉਹ ਪਰਮੇਸ਼ਰ ਆਪ ਜੀਵਾਂ ਨੂੰ ਪੈਦਾ ਕਰਦਾ ਹੈ ਫੇਰ ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈ, ਹਰ ਆਪਣੇ ਆਪ ਤੋਂ ਕੁਝ ਭੀ ਨਹੀਂ ਕੀਤਾ ਜਾਂਦਾ॥ ੧੦॥

ਕਾਲੁ ਮਾਰਿ ਗੁਰ ਸਬਦਿ ਨਿਵਾਰੇ॥ ਹਰਿ ਕਾ ਨਾਮੁ ਰਖੈ ਉਰ ਧਾਰੇ॥

ਜਿਨ੍ਹਾਂ ਗੁਰ ਸ਼ਬਦੀਆਂ ਨੇ ਹਰੀ ਦਾ ਨਾਮ ਹਿਰਦੇ ਵਿਚ ਧਾਰ ਰਖਿਆ ਹੈ, ਉਹਨਾਂ ਨੇ ਕਾਲ ਨੂੰ ਮਾਰ ਕੇ ਨਵਿਰਤ ਕਰ ਦਿਤਾ ਹੈ, ਭਾਵ ਆਪਣੇ ਤੋਂ ਦੂਰ ਕਰ ਦਿਤਾ ਹੈ।

ਸਤਿਗੁਰ ਸੇਵਾ ਤੇ ਸੁਖੁ ਪਾਇਆ ਹਰਿ ਕੈ ਨਾਮਿ ਸਮਾਈ ਹੇ॥ ੧੧॥

ਉਹਨਾਂ ਨੇ ਸਤਿਗੁਰਾਂ ਦੀ ਸੇਵਾ ਤੋਂ ਆਤਮ ਸੁਖ ਪਾਇਆ ਹੈ ਅਤੇ ਹਰੀ ਦੇ ਨਾਮ ਸਿਮਰਨ ਵਿਚ ਸਮਾਈ ਕੀਤੀ ਹੈ॥ ੧੧॥

ਦੂਜੈ ਭਾਇ ਫਿਰੈ ਦੇਵਾਨੀ॥ ਮਾਇਆ ਮੋਹਿ ਦੁਖ ਮਾਹਿ ਸਮਾਨੀ॥

ਦ੍ਵੈਤ ਭਾਵ ਕਰਕੇ ਸਾਰੀ ਦੁਨੀਆਂ ਦਿਵਾਨੀ ਹੋਈ ਫਿਰਦੀ ਹੈ। ਤੇ ਮਾਇਆ ਦੇ ਮੋਹ ਕਰਕੇ ਦੁੱਖ ਵਿਚ ਸਮਾਈ ਹੋਈ ਹੈ।

ਬਹੁਤੇ ਭੇਖ ਕਰੈ ਨਹ ਪਾਏ ਬਿਨੁ ਸਤਿਗੁਰ ਸੁਖੁ ਨ ਪਾਈ ਹੇ॥ ੧੨॥

ਬਹੁਤਿਆਂ ਭੇਖਾਂ ਕਰਕੇ ਪਰਮੇਸ਼ਰ ਨੂੰ ਕੋਈ ਨਹੀਂ ਪਾਉਂਦਾ ਅਤੇ ਸਤਿਗੁਰਾਂ ਤੋਂ ਬਿਨਾਂ ਇਹ ਜੀਵ ਇਸਤ੍ਰੀ ਸੁਖ ਨੂੰ ਨਹੀਂ ਪਾਉਂਦੀ॥ ੧੨॥

ਕਿਸ ਨੋ ਕਹੀਐ ਜਾ ਆਪਿ ਕਰਾਏ॥ ਜਿਤੁ ਭਾਵੈ ਤਿਤੁ ਰਾਹਿ ਚਲਾਏ॥

ਦੋਸ਼ ਦੀ ਗੱਲ ਕਿਸ ਨੂੰ ਕਹੀਏ ਜਦ ਕਿ ਉਹ ਪ੍ਰਭੂ ਆਪ ਹੀ ਸਭ ਕੁਝ ਕਰਾਉਂਦਾ ਹੈ। ਜਿਧਰ ਚਾਹੁੰਦਾ ਹੈ ਓਸੇ ਰਾਹੇ ਤੋਰਦਾ ਹੈ।

ਆਪੇ ਮਿਹਰਵਾਨੁ ਸੁਖਦਾਤਾ ਜਿਉ ਭਾਵੈ ਤਿਵੈ ਚਲਾਈ ਹੇ॥ ੧੩॥

ਉਹ ਮੇਹਰਵਾਨ ਪਰਮਾਤਮਾ ਆਪ ਹੀ ਸੁਖਾਂ ਦਾ ਦਾਤਾ ਹੈ, ਜਿਉ ਭਾਵੈ=ਜਿਵੇਂ ਚਾਹੁੰਦਾ ਹੈ ਤਿਵੇਂ ਜੀਵਾਂ ਨੂੰ ਤੋਰਦਾ ਹੈ॥ ੧੩॥

ਆਪੇ ਕਰਤਾ ਆਪੇ ਭੁਗਤਾ॥ ਆਪੇ ਸੰਜਮੁ ਆਪੇ ਜੁਗਤਾ॥

ਆਪ ਹੀ ਕਰਮਾਂ ਨੂੰ ਕਰਦਾ ਹੈ, ਆਪ ਹੀ ਉਹਨਾਂ ਕਰਮਾਂ ਦਾ ਫਲ ਭੋਗਦਾ ਹੈ। ਆਪ ਹੀ ਸੰਜਮੁ=ਸੰਕੋਚ ਨਾਲ ਰਹਿੰਦਾ ਹੈ, ਆਪ ਹੀ ਸਭ ਨਾਲ ਜੁਗਤਾ=ਜੁੜਿਆ ਹੋਇਆ ਹੈ।

ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨੁ
ਜਿਸ ਦਾ ਹੁਕਮੁ ਨ ਮੇਟਿਆ ਜਾਈ ਹੇ॥ ੧੪॥

ਉਹ ਮੇਹਰਵਾਨ ਮਧ ਸੂਦਨ ਪਰਮਾਤਮਾ ਆਪ ਹੀ ਨਿਰਮਲ ਸਰੂਪ ਹੈ ਜਿਸ ਦਾ ਹੁਕਮ ਮੇਟਿਆ ਨਹੀਂ ਜਾਂਦਾ॥ ੧੪॥

ਸੇ ਵਡਭਾਗੀ ਜਿਨੀ ਏਕੋ ਜਾਤਾ॥
ਘਟਿ ਘਟਿ ਵਸਿ ਰਹਿਆ ਜਗਜੀਵਨੁ ਦਾਤਾ॥

ਉਹ ਵੱਡਿਆਂ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਇਕ ਪ੍ਰਭੂ ਨੂੰ ਜਾਣ ਲਿਆ ਹੈ ਅਤੇ ਇਸ ਤਰ੍ਹਾਂ ਨਿਸਚੇ ਕਰ ਲਿਆ ਹੈ ਕਿ ਉਹ ਜਗਜੀਵਨ ਦਾਤਾ ਪਰਮੇਸ਼ਰ ਹੀ ਸਾਰਿਆਂ ਘਟਾਂ ਘਟਾਂ ਵਿਚ ਵਸ ਰਿਹਾ ਹੈ।

[ਪੰਨਾ ੧੦੪੮]

ਇਕ ਥੈ ਗੁਪਤੁ ਪਰਗਟੁ ਹੈ ਆਪੇ ਗੁਰਮੁਖਿ ਭ੍ਰਮੁ ਭਉ ਜਾਈ ਹੇ॥ ੧੫॥

ਇਕ ਥਾਂ 'ਤੇ ਗੁਪਤ ਹੈ ਤੇ ਇਕ ਥਾਂ 'ਤੇ ਆਪ ਹੀ ਪ੍ਰਗਟ ਹੈ, ਭਾਵ ਮਨਮੁਖਾਂ ਨੂੰ ਗੁਪਤ ਹੈ ਗੁਰਮੁਖਾਂ ਨੂੰ ਪ੍ਰਗਟ ਹੈ, ਗੁਰਮੁਖਿ=ਗੁਰਾਂ ਦੁਆਰੇ ਇਸ ਤਰ੍ਹਾਂ ਨਿਸਚੇ ਕਰੇ ਤਾਂ ਭਰਮ ਤੇ ਭਉ=ਡਰ ਮਿਟ ਜਾਂਦਾ ਹੈ॥ ੧੫॥

ਗੁਰਮੁਖਿ ਹਰਿ ਜੀਉ ਏਕੋ ਜਾਤਾ॥ ਅੰਤਰਿ ਨਾਮੁ ਸਬਦਿ ਪਛਾਤਾ॥

ਗੁਰਮੁਖਾਂ ਨੇ ਗੁਰਾਂ ਦੁਆਰੇ ਇਕ ਹਰਿ ਜੀਉ ਨੂੰ ਜਾਣ ਲਿਆ ਹੈ। ਹਿਰਦੇ ਅੰਦਰ ਨਾਮ ਸਿਮਰਨ ਕਰਕੇ ਸਬਦਿ=ਬ੍ਰਹਮ ਨੂੰ ਪਛਾਣ ਲਿਆ ਹੈ।

ਜਿਸੁ ਤੂ ਦੇਹਿ ਸੋਈ ਜਨੁ ਪਾਏ ਨਾਨਕ ਨਾਮਿ ਵਡਾਈ ਹੇ॥ ੧੬॥ ੪॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਜਿਸ ਨੂੰ ਤੂੰ ਦੇਂਦਾ ਹੈਂ ਓਹੀ ਗੁਰਮੁਖ ਜਨ ਨਾਮ ਸਿਮਰਨ ਦੀ ਵਡਿਆਈ ਨੂੰ ਪਾਂਦਾ ਹੈ॥ ੧੬॥ ੪॥

ਮਾਰੂ ਮਹਲਾ ੩॥

ਸਚੁ ਸਾਲਾਹੀ ਗਹਿਰ ਗੰਭੀਰੈ॥ ਸਭੁ ਜਗੁ ਹੈ ਤਿਸ ਹੀ ਕੈ ਚੀਰੈ॥

ਉਹ ਗਹਿਰ ਗੰਭੀਰ ਸੱਚਾ ਪ੍ਰਭੂ ਸਾਲਾਹੀ=ਸਲਾਹੁਣੇ ਜੋਗ ਹੈ। ਸਾਰਾ ਜਗਤ ਓਸੇ ਦੇ ਚੀਰੈ=ਦਫੜ, ਵਾ:-ਹਦ ਅੰਦਰ, ਵਾ-ਹੁਕਮ ਅੰਦਰ ਹੈ।

ਸਭਿ ਘਟ ਭੋਗਵੈ ਸਦਾ ਦਿਨੁ ਰਾਤੀ ਆਪੇ ਸੁਖ ਨਿਵਾਸੀ ਹੇ॥ ੧॥

ਸਾਰਿਆਂ ਘਟਾਂ ਵਿਚ ਨਿਵਾਸ ਕਰਕੇ ਦਿਨ ਰਾਤ ਸਦਾ ਹੀ ਪਦਾਰਥਾਂ ਨੂੰ ਭੋਗ ਰਿਹਾ ਹੈ, ਪੁਨਾ ਆਪ

www.sikhbookclub.com

ਹੀ ਸੁਖਾਂ ਵਿਚ ਨਿਵਾਸ ਕਰਦਾ ਹੈ॥ ੧॥

ਸਚਾ ਸ਼ਾਹਿਬੁ ਸਚੀ ਨਾਈ॥ ਗੁਰ ਪਰਸਾਦੀ ਮੰਨਿ ਵਸਾਈ॥

ਉਹ ਸਾਹਿਬ ਸੱਚਾ ਹੈ ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ। ਗੁਰਾਂ ਦੀ ਕ੍ਰਿਪਾ ਦੁਆਰੇ ਉਸ ਦੀ ਪ੍ਰੀਤੀ ਮਨ ਵਿਚ ਵਸਾਈ ਹੈ।

ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ॥ ੨॥

ਆਪ ਹੀ ਜਿਸ ਦੇ ਘਟ ਅੰਦਰ ਆ ਕੇ ਵਸਿਆ ਹੈ, ਉਸ ਦੇ ਗਲ 'ਚੋਂ ਜਮਾਂ ਦੀ ਫਾਹੀ ਟੁਟ ਗਈ ਹੈ॥ ੨॥ *ਪ੍ਰਸ਼ਨ-*

ਕਿਸੁ ਸੇਵੀ ਤੈ ਕਿਸੁ ਸਾਲਾਹੀ॥ ਸਤਿਗੁਰ ਸੇਵੀ ਸਬਦਿ ਸਾਲਾਹੀ॥

ਕਿਸ ਦੀ ਸੇਵਾ ਕਰਾਂ? ਅਤੇ ਕਿਸ ਦੀ ਸ਼ਲਾਘਾ ਕਰਾਂ? *ਉੱਤਰ-*

ਸਤਿਗੁਰਾਂ ਦੀ ਸੇਵਾ ਕਰ ਅਤੇ ਸਬਦਿ=ਬ੍ਰਹਮ ਦੀ ਸ਼ਲਾਘਾ ਕਰ।

ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ॥ ੩॥

ਸੱਚੇ ਗੁਰਾਂ ਦੇ ਸ਼ਬਦ ਕਰਕੇ ਹਮੇਸ਼ਾਂ ਬੁੱਧੀ ਉੱਤਮ (ਚੰਗੀ) ਰਹਿੰਦੀ ਹੈ ਅਤੇ ਅੰਦਰੋਂ ਹਿਰਦਾ ਕੌਲ ਪ੍ਰਗਾਸੀ=ਖਿੜਿਆ ਰਹਿੰਦਾ ਹੈ॥ ੩॥

ਦੇਹੀ ਕਾਚੀ ਕਾਗਦ ਮਿਕਦਾਰਾ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ॥

ਏਹ ਦੇਹੀ ਕਾਗਦ ਦੇ ਮਿਕਦਾਰਾ=ਸਮਾਨ ਕੱਚੀ ਹੈ। ਜਿਵੇਂ ਪਾਣੀ ਦੀ ਬੂੰਦ ਪੈਂਦਿਆਂ ਕਾਗਦੇ ਬਿਨਸ ਜਾਂਦਾ ਹੈ, ਤਿਵੇਂ ਇਸ ਦੇਹ ਦੇ ਢੈਹਦਿਆਂ ਕੋਈ ਬਾਰਾ=ਦੇਰ ਨਹੀਂ ਲਗਦੀ।

ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ॥ ੪॥

ਜਿਸ ਨੂੰ ਗੁਰਾਂ ਦੁਆਰੇ ਚੰਗੀ ਬੂਝੈ=ਸਮਝ ਪ੍ਰਾਪਤ ਹੋਈ ਹੈ ਤੇ ਜਿਸ ਦੇ ਅੰਦਰ ਨਾਮ ਸਿਮਰਨ ਵਸਿਆ ਹੈ ਉਸ ਦੀ ਕਾਇਆ=ਬੁੱਧੀ, ਕੰਚਨ=ਸੋਨੇ ਵਾਂਗੂ ਸ਼ੁਧ ਹੈ॥ ੪॥

ਸਚਾ ਚਉਕਾ ਸੁਰਤਿ ਕੀ ਕਾਰਾ॥ ਹਰਿ ਨਾਮੁ ਭੋਜਨੁ ਸਚੁ ਆਧਾਰਾ॥

ਉਹ ਅੰਤਹਕਰਣ ਰੂਪੀ ਚੌਂਕਾ ਸਚਾ=ਸੁੱਚਾ ਹੈ ਜਿਸ ਉਤੇ ਸੁਰਤਿ=ਗਿਆਤ ਦੀਆਂ ਕਾਰਾ=ਲਕੀਰਾਂ ਹਨ ਅਤੇ ਸੱਚੇ ਹਰੀ ਨਾਮ ਭੋਜਨ ਦਾ ਆਧਾਰਾ=ਆਸਰਾ ਗ੍ਰਹਿਣ ਕੀਤਾ ਹੈ।

ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ॥ ੫॥

ਉਹ ਸਦੀਵ ਕਾਲ ਤ੍ਰਿਪਤ ਹੈ ਤੇ ਪਵਿੱਤ੍ਰ ਤੋਂ ਪਵਿੱਤ੍ਰ ਹੈ, *ਵਾ:-*ਆਪ ਪਵਿੱਤਰ ਹੈ ਹੋਰਨਾਂ ਨੂੰ ਪਾਵਨੁ=ਪਵਿੱਤਰ ਕਰਨ ਵਾਲਾ ਹੈ ਜਿਸ ਦੇ ਘਟਿ=ਹਿਰਦੇ ਵਿਚ ਹਰੀ ਨਾਮ ਦਾ ਨਿਵਾਸ ਹੈ॥ ੫॥

ਹਉ ਤਿਨ ਬਲਿਹਾਰੀ ਜੋ ਸਾਚੈ ਲਾਗੇ॥ ਹਰਿ ਗੁਣ ਗਾਵਹਿ ਅਨਦਿਨੁ ਜਾਗੇ॥

ਜੋ ਸੱਚ ਨਾਮ ਵਿਚ ਲਗੇ ਹਨ ਅਤੇ ਰਾਤ ਦਿਨ ਜਾਗਦੇ ਹੋਏ ਹਰੀ ਗੁਣਾਂ ਨੂੰ ਗਾਉਂਦੇ ਹਨ ਹਉ=ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ।

ਸਾਚਾ ਸੂਖੁ ਸਦਾ ਤਿਨ ਅੰਤਰਿ ਰਸਨਾ ਹਰਿ ਰਸਿ ਰਾਸੀ ਹੇ॥ ੬॥

ਉਹਨਾਂ ਦੇ ਅੰਦਰ ਸਦੀਵ ਕਾਲ ਸੱਚਾ ਸੁਖ ਪ੍ਰਾਪਤ ਹੋਇਆ ਹੈ, ਜਿਨ੍ਹਾਂ ਦੀ ਰਸਨਾ ਹਰੀ ਨਾਮ ਰਸ ਵਿਚ ਰਾਸੀ=ਤਦਾਕਾਰ ਹੋਈ ਹੈ॥ ੬॥

ਹਰਿ ਨਾਮੁ ਚੇਤਾ ਅਵਰੁ ਨ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥

ਹਰੀ ਨਾਮ ਨੂੰ ਚੇਤਾ=ਸਿਮਰਦਾ ਹਾਂ, ਹੋਰ ਕਿਸੇ ਦੀ ਪੂਜਾ ਨਹੀਂ ਕਰਦਾ। ਇਕ ਦੀ ਸੇਵਾ ਕਰਦਾ ਹਾਂ, ਹੋਰ ਕਿਸੇ ਦੂਜੇ ਦੀ ਸੇਵਾ ਨਹੀਂ ਕਰਦਾ।

ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ॥ ੭॥

ਪੂਰਿਆਂ ਗੁਰਾਂ ਨੇ ਸਾਰਿਆਂ ਵਿਚ ਸੱਚਾ ਸਰੂਪ ਦਿਖਾਇਆ ਹੈ, ਇਸ ਕਰਕੇ ਸੱਚੇ ਨਾਮ ਵਿਚ ਨਿਵਾਸ ਕਰਨ ਵਾਲੇ ਹੋਏ ਹਾਂ॥ ੭॥

ਭ੍ਰਮਿ ਭ੍ਰਮਿ ਜੋਨੀ ਫਿਰਿ ਫਿਰਿ ਆਇਆ॥
ਆਪਿ ਭੁਲਾ ਜਾ ਖਸਮਿ ਭੁਲਾਇਆ॥

ਇਹ ਜੀਵ ਅਨੇਕਾਂ ਜੂਨੀਆਂ ਵਿਚ ਭ੍ਰਮਿ ਭ੍ਰਮਿ=ਫਿਰ ਫਿਰ ਕੇ, ਫਿਰਿ ਫਿਰਿ=ਮੁੜ ਘਿੜ ਕੇ ਮਨੁੱਖ ਜਨਮ ਵਿਚ ਆਇਆ ਹੈ। ਇਹ ਜੀਵ ਆਪੇ ਭੁਲਾ ਹੈ ਜਾਂ ਖਸਮਿ=ਪਰਮਾਤਮਾ ਨੇ ਭੁਲਾਇਆ ਹੈ?

ਉੱਤਰ:-ਜੇ ਆਪਣੇ ਆਪ ਭੁੱਲਾ ਹੈ ਤਾਂ ਭੀ ਕਰਮਾਂ ਅਨੁਸਾਰ, ਜੇ ਪਰਮੇਸ਼ਰ ਨੇ ਭੁਲਾਇਆ ਹੈ ਤਾਂ ਭੀ ਕਰਮਾਂ ਦੇ ਅਨੁਸਾਰ।

ਹਰਿ ਜੀਉ ਮਿਲੈ ਤਾ ਗੁਰਮੁਖਿ ਬੂਝੈ ਚੀਨੈ ਸਬਦੁ ਅਬਿਨਾਸੀ ਹੇ॥ ੮॥

ਜਾਂ ਗੁਰਮੁਖਿ=ਗੁਰਾਂ ਦੁਆਰੇ ਬੁਝੇ ਤਾਂ ਜੀਵ ਨੂੰ ਹਰੀ ਨਾਮ ਮਿਲਦਾ ਹੈ, ਫੇਰ ਅਬਿਨਾਸੀ ਸਬਦੁ=ਬ੍ਰਹਮ ਨੂੰ ਚੀਨੈ=ਜਾਣ ਲੈਂਦਾ ਹੈ॥ ੮॥

ਕਾਮਿ ਕ੍ਰੋਧਿ ਭਰੇ ਹਮ ਅਪਰਾਧੀ॥

ਕਾਮ, ਕ੍ਰੋਧ ਆਦਿਕਾਂ ਨਾਲ ਭਰੇ ਹੋਏ ਅਸੀਂ ਗੁਨਾਹਾਗਾਰ ਹੋ ਰਹੇ ਹਾਂ।

ਕਿਆ ਮੁਹੁ ਲੈ ਬੋਲਹ ਨਾ ਹਮ ਗੁਣ ਨ ਸੇਵਾ ਸਾਧੀ॥

ਕੀ ਮੂੰਹ ਲੈ ਕੇ ਬੋਲਣਾ ਕਰੀਏ, ਨਾ ਸਾਡੇ ਵਿਚ ਗੁਣ ਹੈ ਨਾ ਹੀ ਅਸਾਂ ਨੇ ਸਤਸੰਗਤ ਦੀ ਸੇਵਾ ਸਾਧੀ=ਕੀਤੀ ਹੈ।

ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ॥ ੯॥

ਹੇ ਅਬਿਨਾਸੀ ਪ੍ਰਭੂ ! ਅਸੀਂ ਪੱਥਰਾਂ ਵਾਂਗੂ ਡੁਬ ਰਹੇ ਹਾਂ, ਤੁਸੀਂ ਸੱਚਾ ਨਾਮ ਦੇ ਕੇ ਆਪਣੇ ਨਾਲ ਮੇਲ ਲੈਣਾ ਕਰੋ॥ ੯॥

ਨਾ ਕੋਈ ਕਰੇ ਨ ਕਰਣੈ ਜੋਗਾ॥ ਆਪੇ ਕਰਹਿ ਕਰਾਵਹਿ ਸੁ ਹੋਇਗਾ॥

ਤੇਰੇ ਹੁਕਮ ਤੋਂ ਬਿਨਾਂ ਨਾ ਕੋਈ ਅਗੇ ਕਰੇਗਾ, ਨਾ ਹੀ ਹੁਣ ਕੁਝ ਕਰਨੇ ਜੋਗ ਹੈ। ਤੂੰ ਆਪ ਹੀ ਸਭ ਕੁਝ

www.sikhbookclub.com

ਕਰਦਾ ਹੈਂ, ਸਾਡੇ ਪਾਸੋਂ ਜੋ ਤੂੰ ਕਰਾਵੇਂਗਾ ਓਹੀ ਕੁਝ ਹੋਵੇਗਾ।

ਆਪੇ ਬਖਸਿ ਲੈਹਿ ਸੁਖੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥ ੧੦॥

ਜਿਸ ਨੂੰ ਤੂੰ ਆਪ ਬਖਸ਼ ਲੈਂਦਾ ਹੈਂ, ਉਹ ਸਦਾ ਹੀ ਨਾਮ ਦਾ ਨਿਵਾਸੀ ਹੋ ਕੇ ਸੁਖ ਨੂੰ ਪਾਉਂਦਾ ਹੈ॥ ੧੦॥

ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ॥

ਇਸ ਸਰੀਰ ਰੂਪ ਧਰਤੀ ਵਿਚ ਜਿਨ੍ਹਾਂ ਨੇ ਅਪਾਰ ਪ੍ਰਭੂ ਦੀ ਪ੍ਰਾਪਤੀ ਕਰਨ ਵਾਲਾ ਸ਼ਬਦ ਰੂਪੀ ਅਪਾਰ ਬੀਜ ਬੀਜਿਆ ਹੈ। ਉਹਨਾਂ ਨੇ ਸੱਚੇ ਹਰੀ ਨਾਲ ਹੀ ਵਣਜ ਵਪਾਰ ਕੀਤਾ ਹੈ।

ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ॥ ੧੧॥

ਜਿਨ੍ਹਾਂ ਦੇ ਅੰਤਹਕਰਣ ਵਿਚ ਨਾਮ ਦਾ ਨਿਵਾਸ ਹੋਇਆ ਹੈ, ਉਹਨਾਂ ਨੂੰ ਅਜੇਹਾ ਸੱਚਾ ਧਨ ਜੰਮਿਆ=ਪੈਦਾ (ਪ੍ਰਾਪਤ) ਹੋਇਆ ਹੈ ਜਿਸ ਵਿਚ ਕਦੇ ਤੋਟਿ=ਘਾਟਾ ਨਹੀਂ ਆਉਂਦਾ॥ ੧੧॥

ਇਸ ਤਰ੍ਹਾਂ ਬੇਨਤੀ ਕਰੋ-

ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ॥
ਆਪੇ ਬਖਸਿ ਲੈਹਿ ਨਾਮੁ ਦੀਜੈ॥

ਹੇ ਹਰਿ ਜੀਉ! ਮੈਂ ਔਗੁਣਹਾਰੇ ਨੂੰ ਸ਼ੁਭ ਗੁਣ ਪ੍ਰਾਪਤ ਕਰ ਦਿਓ, ਜਾਂ ਮੈਂ ਗੁਣ ਹੀਣੇ ਉਤੇ ਗੁਣੁ=ਉਪਕਾਰ ਕਰੋ। ਨਾਮ ਦਾਨ ਦੇ ਕੇ ਆਪ ਹੀ ਮੇਰੇ ਔਗੁਣਾਂ ਨੂੰ ਬਖਸ਼ ਲੈਣਾ ਕਰੋ।

ਗੁਰਮੁਖਿ ਹੋਵੈ ਸੋ ਪਤਿ ਪਾਏ ਇਕਤੁ ਨਾਮਿ ਨਿਵਾਸੀ ਹੇ॥ ੧੨॥

ਜੇਹੜਾ ਕੋਈ ਗੁਰਮੁਖ ਹੁੰਦਾ ਹੈ ਓਹੀ ਇਕ ਪ੍ਰਭੂ ਦੇ ਨਾਮ ਦਾ ਨਿਵਾਸੀ ਹੋ ਕੇ ਪਤਿ ਪਾਏ=ਇੱਜ਼ਤ ਨੂੰ ਪਾਉਂਦਾ ਹੈ॥ ੧੨॥

ਅੰਤਰਿ ਹਰਿ ਧਨੁ ਸਮਝ ਨ ਹੋਈ॥ ਗੁਰ ਪਰਸਾਦੀ ਬੂਝੈ ਕੋਈ॥

ਹਰੀ ਨਾਮ ਧਨ ਅੰਦਰੇ ਵਸਦਾ ਹੈ ਪਰ ਉਸ ਦੀ ਸਮਝ ਨਹੀਂ ਹੁੰਦੀ। ਗੁਰ ਕ੍ਰਿਪਾ ਦੁਆਰੇ ਕੋਈ ਵਿਰਲਾ ਹੀ ਸਮਝਦਾ ਹੈ।

ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥ ੧੩॥

ਜੇਹੜਾ ਕੋਈ ਗੁਰਮੁਖ ਹੁੰਦਾ ਹੈ ਓਹੀ ਅਸਲ ਨਾਮ ਧਨ ਨੂੰ ਪਾਉਂਦਾ ਹੈ, ਫੇਰ ਉਸ ਦਾ ਸਦਾ ਹੀ ਨਾਮਿ=ਨਾਮੀ ਪਰਮਾਤਮਾ ਵਿਚ ਨਿਵਾਸ ਹੁੰਦਾ ਹੈ॥ ੧੩॥

ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ॥

(੧) ਭਰਮ ਵਿਚ ਬੁੱਧੀ ਭੁਲ ਜਾਣ ਕਰਕੇ ਇਹ ਜੀਵ ਅਨਲ ਵਾਉ=ਸ਼ੁਦਾਈ ਹੋ ਰਿਹਾ ਹੈ।

(੨) ਤ੍ਰਿਸ਼ਨਾ ਰੂਪ ਅਨਲ=ਅੱਗ ਕਰਕੇ ਤੇ ਵਾਉ=ਵਾਸ਼ਨਾ ਕਰਕੇ ਭਰਮ ਵਿਚ ਬੁੱਧੀ ਭੁਲ ਗਈ ਹੈ। ਮਾਇਆ ਵਿਚ ਮੋਹੇ ਹੋਏ ਜੀਵ ਨੂੰ ਭਲੇ ਬੁਰੇ ਦੀ ਕੋਈ ਸੁਧਿ=ਖਬਰ ਨਹੀਂ ਹੈ।

[ਪੰਨਾ ੧੦੪੯]

ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥ ੧੪ ॥

ਮਨਮੁਖ ਅੰਨ੍ਹੇ ਨੂੰ ਕੁਝ ਭੀ ਸੁਝਦਾ ਨਹੀਂ ਹੈ, ਗੁਰਾਂ ਦੀ ਸਿਖਿਆ ਕਰਕੇ ਹੀ ਨਾਮ ਦਾ ਪ੍ਰਕਾਸ਼ ਹੁੰਦਾ ਹੈ। *ਅਥਵਾ:*-ਗੁਰਮਤੀਆਂ ਦੀ ਬੁੱਧੀ ਨਾਮ ਕਰਕੇ ਪ੍ਰਕਾਸ਼ ਵਾਲੀ ਹੋਈ ਹੈ॥ ੧੪ ॥

ਮਨਮੁਖ ਹਉਮੈ ਮਾਇਆ ਸੁਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥

ਮਨਮੁਖ ਹਉਮੈ ਕਰਕੇ ਮਾਇਆ ਦੇ ਮਦ ਵਿਚ ਸੁਤੇ ਹੋਏ ਹਨ। ਆਪਣਾ ਸਰੂਪ ਘਰ ਨਹੀਂ ਸੰਭਾਲਦੇ, ਅੰਤ ਨੂੰ ਵਿਗੂਤੇ=ਖਰਾਬ ਹੁੰਦੇ ਹਨ।

ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ॥ ੧੫ ॥

ਪਰਾਈ ਨਿੰਦਿਆ ਕਰਦੇ ਹਨ ਤੇ ਬਹੁਤੀ ਚਿੰਤਾ ਵਿਚ ਜਾਲੈ=ਸੜਦੇ ਹਨ, ਇਸ ਲਈ ਦੁੱਖ ਹੀ ਦੁੱਖ ਵਿਚ ਨਿਵਾਸੀ=ਵਸਦੇ ਹਨ॥ ੧੫ ॥

ਆਪੇ ਕਰਤੈ ਕਾਰ ਕਰਾਈ॥ ਆਪੇ ਗੁਰਮੁਖਿ ਦੇਇ ਬੁਝਾਈ॥

ਕਰਤੇ ਪੁਰਖ ਨੇ ਆਪ ਹੀ ਜਗਤ ਦੇ ਰਚਨੇ ਰੂਪੀ ਕਾਰ ਕਰਵਾਈ ਹੈ। ਅਤੇ ਆਪ ਹੀ ਗੁਰਮੁਖਾਂ ਨੂੰ ਸਮਝਾ ਦੇਂਦਾ ਹੈ।

ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ॥ ੧੬ ॥ ੫ ॥

ਗੁਰੂ ਜੀ ਕਥਨ ਕਰਦੇ ਹਨ— ਜੋ ਨਾਮ ਸਿਮਰਨ ਵਿਚ ਰੱਤੇ ਹਨ ਉਹਨਾਂ ਦੇ ਮਨ ਨਿਰਮਲ ਹਨ। ਅਤੇ ਨਾਮ ਜਪ ਕੇ ਉਹ ਨਾਮਿ=ਨਾਮੀ ਪਰਮਾਤਮਾ ਵਿਚ ਵਸਦੇ ਹਨ॥ ੧੬ ॥ ੫ ॥

ਮਾਰੂ ਮਹਲਾ ੩ ॥

ਸਿੱਖ ਨੇ ਬੇਨਤੀ ਕੀਤੀ ਸੰਸਾਰ ਵਿਚ ਕਿਸ ਦੀ ਸੇਵਾ ਕਰਨੀ ਚਾਹੀਦੀ ਹੈ? *ਉੱਤਰ-*

ਏਕੋ ਸੇਵੀ ਸਦਾ ਥਿਰੁ ਸਾਚਾ॥ ਦੂਜੈ ਲਾਗਾ ਸਭੁ ਜਗੁ ਕਾਚਾ॥

ਜੋ ਸੱਚਾ ਸਦਾ ਥਿਰ ਰੂਪ ਹੈ ਉਸ ਇਕ ਪ੍ਰਭੂ ਦੀ ਸੇਵਾ ਕਰ। ਜੋ ਦੂਜੇ ਦੇ ਮਗਰ ਲੱਗਾ ਹੈ ਉਹ ਸਾਰਾ ਜਗਤ ਕੱਚਾ ਹੈ। *ਅਥਵਾ:*-ਸਾਰਾ ਕੱਚਾ ਜਗਤ ਦ੍ਵੈਤ ਭਾਵ ਵਿਚ ਲੱਗਾ ਹੋਇਆ ਹੈ।

ਗੁਰਮਤੀ ਸਦਾ ਸਚੁ ਸਾਲਾਹੀ ਸਾਚੇ ਹੀ ਸਾਚਿ ਪਤੀਜੈ ਹੇ॥ ੧ ॥

ਗੁਰ ਸਿਖਿਆ ਦੁਆਰੇ ਤੂੰ ਸੱਚ ਨੂੰ ਸਦਾ ਸਲਾਹੁਣਾ ਕਰ, ਸੱਚੇ ਨਾਮ ਕਰਕੇ ਹੀ ਮਨ ਸੱਚ ਵਿਚ ਪਤੀਜਿਆ ਜਾਂਦਾ ਹੈ, ਜਾਂ ਸੱਚੇ ਪੁਰਸ਼-ਸੱਚ ਸਰੂਪ ਪਰਮਾਤਮਾ ਵਿਚ ਪਤੀਜੈ=ਭਰੋਸਾ ਕਰਦੇ ਹਨ॥ ੧ ॥

ਹੇ ਭਾਈ ! ਇਸ ਤਰ੍ਹਾਂ ਬੇਨਤੀ ਕਰ :-

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ॥ ਆਪੇ ਲਾਇ ਲਏ ਜਗਜੀਵਨੁ ਦਾਤਾ॥

ਹੇ ਪ੍ਰਭੂ ! ਤੇਰੇ ਬੇਅੰਤ ਗੁਣ ਹਨ ਮੈਂ ਮੂਰਖ ਨੇ ਇਕ ਭੀ ਨਹੀਂ ਜਾਣਿਆ । ਹੇ ਜਗਜੀਵਨ ਦਾਤੇ ! ਤੂੰ ਆਪਣੀ ਤਰਫ ਆਪ ਹੀ ਮੇਹਰ ਕਰਕੇ ਲਗਾ ਲੈਂਦਾ ਹੈਂ।

ਆਪੇ ਬਖਸੇ ਦੇ ਵਡਿਆਈ ਗੁਰਮਤਿ ਇਹੁ ਮਨੁ ਭੀਜੈ ਹੇ॥ ੨ ॥

ਤੂੰ ਆਪ ਹੀ ਔਗੁਣਾਂ ਨੂੰ ਬਖਸ਼ ਕੇ ਵਡਿਆਈ ਦੇਂਦਾ ਹੈਂ, ਏਹ ਕਿਰਪਾ ਕਰ ਜੋ ਗੁਰ ਸਿਖਿਆ ਦੁਆਰੇ ਮੇਰਾ ਇਹ ਮਨ ਪ੍ਰੇਮ ਵਿਚ ਭਿਜ ਜਾਵੇ॥ ੨ ॥

ਮਾਇਆ ਲਹਰਿ ਸਬਦਿ ਨਿਵਾਰੀ॥ ਇਹੁ ਮਨੁ ਨਿਰਮਲੁ ਹਉਮੈ ਮਾਰੀ॥

ਗੁਰਮੁਖਾਂ ਨੇ ਗੁਰ ਸ਼ਬਦ ਦੁਆਰੇ ਮਾਇਆ ਦੀ ਤ੍ਰਿਸਨਾ ਰੂਪੀ ਲਹਿਰ ਦੂਰ ਕੀਤੀ ਹੈ। ਅਤੇ ਹਉਮੈ ਨੂੰ ਮਾਰ ਕੇ ਇਹ ਚੰਚਲ ਮੈਲਾ ਮਨ ਨਿਰਮਲੁ=ਸ਼ੁਧ ਕੀਤਾ ਹੈ।

ਸਹਜੇ ਗੁਣ ਗਾਵੈ ਰੰਗਿ ਰਾਤਾ ਰਸਨਾ ਰਾਮੁ ਰਵੀਜੈ ਹੇ॥ ੩ ॥

ਗੁਰਮੁਖਾਂ ਦਾ ਮਨ ਰੰਗਿ ਰਾਤਾ=ਪ੍ਰੇਮ ਵਿਚ ਰੱਤਾ ਹੋਇਆ ਸੁਤੇ ਹੀ ਗੁਣਾਂ ਨੂੰ ਗਾਉਂਦਾ ਹੈ ਅਤੇ ਰਸਨਾ ਨਾਲ ਰਾਮ ਨਾਮ ਨੂੰ ਰਵੀਜੈ=ਉਚਾਰਦਾ ਹੈ॥ ੩ ॥

ਮੇਰੀ ਮੇਰੀ ਕਰਤ ਵਿਹਾਣੀ॥ ਮਨਮੁਖਿ ਨ ਬੂਝੈ ਫਿਰੈ ਇਆਣੀ॥

ਮਨਮੁਖਾਂ ਦੀ ਉਮਰਾ ਮੇਰੀ ਮੇਰੀ ਕਰਦਿਆਂ ਵਿਹਾਣੀ=ਬੀਤਦੀ ਹੈ। ਮਨਮੁਖ ਇਸਤਰੀ ਸਮਝਦੀ ਨਹੀਂ ਹੈ ਅਗਿਆਤ ਹੋਈ ਫਿਰਦੀ ਹੈ।

ਜਮਕਾਲੁ ਘੜੀ ਮੁਹਤੁ ਨਿਹਾਲੇ ਅਨਦਿਨੁ ਆਰਜਾ ਛੀਜੈ ਹੇ॥ ੪ ॥

ਜਮਕਾਲ ਹਰ ਘੜੀ ਤੇ ਮੁਹਤੁ=ਅੱਧੀ ਘੜੀ ਮਾਰਨ ਦਾ ਸਮਾਂ ਵੇਖਦਾ ਹੈ, ਅਤੇ ਅਨਦਿਨੁ=ਰਾਤ ਦਿਨ ਕਰਕੇ ਆਰਜਾ=ਉਮਰਾ ਘਟਦੀ ਜਾਂਦੀ ਹੈ॥ ੪ ॥

ਅੰਤਰਿ ਲੋਭੁ ਕਰੈ ਨਹੀ ਬੂਝੈ॥ ਸਿਰ ਊਪਰਿ ਜਮਕਾਲੁ ਨ ਸੂਝੈ॥

ਮਨਮੁਖ ਮਨ ਵਿਚ ਲੋਭ ਕਰਦਾ ਹੈ ਤੇ ਪਰਮੇਸ਼ਰ ਨੂੰ ਸਮਝਦਾ ਨਹੀਂ ਹੈ। ਜਮਕਾਲ ਸਿਰ ਉਤੇ ਖੜਾ ਹੈ ਪਰ ਇਸ ਨੂੰ ਨਿਗਾਹ ਨਹੀਂ ਆਉਂਦਾ।

ਐਥੈ ਕਮਾਣਾ ਸੁ ਅਗੈ ਆਇਆ ਅੰਤਕਾਲਿ ਕਿਆ ਕੀਜੈ ਹੇ॥ ੫ ॥

ਜੋ ਐਥੈ=ਇਸ ਲੋਕ ਵਿਚ ਕਰਮ ਕਮਾਇਆ ਹੈ ਉਹ ਜਿਸ ਵੇਲੇ ਅਗੈ=ਪਰਲੋਕ ਵਿਚ ਗਿਆਂ ਭਰਨਾ ਆਇਆ ਤਾਂ ਅੰਤ ਵੇਲੇ ਕੀ ਕਰੇਂਗਾ, ਉਸ ਵੇਲੇ ਤੇਰੇ ਪਾਸੋਂ ਕੁਝ ਨਹੀਂ ਹੋਣਾ ਹੁਣੇ ਸ਼ੁਭ ਕਰਮ ਕਰਨੇ ਸਿਖ ਲੈ॥ ੫ ॥

ਜੋ ਸਚਿ ਲਾਗੇ ਤਿਨ ਸਾਚੀ ਸੋਇ॥ ਦੂਜੈ ਲਾਗੇ ਮਨਮੁਖਿ ਰੋਇ॥

ਜੋ ਸੱਚ ਨਾਮ ਵਿਚ ਲਗੇ ਹਨ ਉਹਨਾਂ ਦੀ ਸੱਚੀ ਸੋਇ=ਸ਼ੋਭਾ ਹੈ। ਮਨਮੁਖ ਪੁਰਸ਼ ਦ੍ਵੈਤ ਭਾਵ ਵਿਚ ਲਗੇ ਹੋਏ ਰੋਣਾ ਕਰਦੇ ਹਨ।

ਦੁਹਾ ਸਿਰਿਆ ਕਾ ਖਸਮੁ ਹੈ ਆਪੇ ਆਪੇ ਗੁਣ ਮਹਿ ਭੀਜੈ ਹੇ॥ ੬ ॥

ਉਹ ਪਰਮੇਸ਼ਰ ਲੋਕ ਪ੍ਰਲੋਕ ਰੂਪ ਦੋਹਾਂ ਸਿਰਿਆਂ ਦਾ ਆਪ ਮਾਲਕ ਹੈ, ਫੇਰ ਉਹ ਆਪ ਹੀ ਸ਼ੁਭ ਗੁਣਾਂ ਵਿਚ ਭਿਜਦਾ ਹੈ॥ ੬ ॥

ਗੁਰ ਕੈ ਸਬਦਿ ਸਦਾ ਜਨੁ ਸੋਹੈ॥ ਨਾਮ ਰਸਾਇਣਿ ਇਹੁ ਮਨੁ ਮੋਹੈ॥

ਗੁਰਾਂ ਦੇ ਉਪਦੇਸ਼ ਕਰਕੇ ਹੀ ਇਹ ਪੁਰਸ਼ ਸਦਾ ਸੋਹੈ=ਸ਼ੋਭਦਾ ਹੈ। ਰਸਾਇਣਿ=ਰਸਾਂ ਦਾ ਘਰ ਜੋ ਨਾਮ ਹੈ ਉਸ ਨੇ ਏਹ ਮਨ ਮੋਹ ਲਿਆ ਹੈ।

ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ॥ ੭॥

ਜੋ ਪੁਰਸ਼ ਗੁਰ ਸਿਖਿਆ ਕਰਕੇ ਹਰੀ ਨਾਮ ਸਿਮਰਨ ਵਿਚ ਭਿਜਿਆ ਹੈ ਉਸ ਦੇ ਪਤੰਗੁ=ਅੰਤਹਕਰਣ ਨੂੰ ਪਤੰਗੁ=ਰੰਚਕ ਮਾਤ੍ਰ ਭੀ ਮਾਇਆ ਦੀ ਮੋਹ ਰੂਪੀ ਮੈਲ ਨਹੀਂ ਲਗਦੀ ਕਿਉਂਕਿ ਉਹ ਪਤੰਗੁ=ਸੂਰਜ ਵਾਂਗੂ ਸ਼ੁਧ ਹੋ ਜਾਂਦਾ ਹੈ॥ ੭॥

ਸਭਨਾ ਵਿਚਿ ਵਰਤੈ ਇਕੁ ਸੋਈ॥ ਗੁਰ ਪਰਸਾਦੀ ਪਰਗਟੁ ਹੋਈ॥

ਭਾਵੇਂ ਸਾਰਿਆਂ ਵਿਚ ਉਹ ਇਕ ਪ੍ਰਭੂ ਵਰਤ ਰਿਹਾ ਹੈ। ਤਾਂ ਭੀ ਗੁਰਾਂ ਦੀ ਕ੍ਰਿਪਾ ਕਰਕੇ ਉਹ ਪ੍ਰਭੂ ਪ੍ਰਗਟ ਹੁੰਦਾ ਹੈ।

ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ॥ ੮॥

ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ ਤੇ ਸੱਚ ਨਾਮ ਅੰਮ੍ਰਿਤ ਨੂੰ ਪੀਤਾ ਹੈ, ਉਹਨਾਂ ਨੇ ਸਦਾ=ਨਿਤ ਆਤਮ ਸੁਖ ਨੂੰ ਪਾਇਆ ਹੈ॥ ੮॥

ਕਿਲਬਿਖ ਦੁਖ ਨਿਵਾਰਣਹਾਰਾ॥ ਗੁਰਮੁਖਿ ਸੇਵਿਆ ਸਬਦਿ ਵੀਚਾਰਾ॥

ਕਿਲ ਬਿਖ=ਪਾਪ ਤੇ ਦੁੱਖਾਂ ਦੇ ਨਵਿਰਤ ਕਰਨ ਵਾਲੇ ਮੁਖੀ ਗੁਰਾਂ ਨੂੰ ਜਿਸ ਨੇ ਸੇਵਿਆ ਹੈ ਅਤੇ ਉਹਨਾਂ ਦੇ ਸ਼ਬਦ ਨੂੰ ਵਿਚਾਰਿਆ ਹੈ। ਉਸ ਦੀ ਨਿਗਾਹ ਵਿਚ-

ਸਭੁ ਕਿਛੁ ਆਪੇ ਆਪਿ ਵਰਤੈ ਗੁਰਮਤਿ ਤਨੁ ਮਨੁ ਭੀਜੈ ਹੇ॥ ੯॥

ਉਹ ਪ੍ਰਭੂ ਆਪੇ ਆਪ ਹੀ ਸਭ ਕੁਝ ਰੂਪ ਹੋ ਕੇ ਵਰਤ ਰਿਹਾ ਹੈ ਓਸੇ ਪ੍ਰਭੂ ਵਿਚ ਗੁਰਮਤੀਆਂ ਦਾ ਤਨ, ਮਨ ਭਿਜ ਗਿਆ ਹੈ॥ ੯॥

ਮਾਇਆ ਅਗਨਿ ਜਲੈ ਸੰਸਾਰੇ॥ ਗੁਰਮੁਖਿ ਨਿਵਾਰੈ ਸਬਦਿ ਵੀਚਾਰੇ॥

ਮਨਮੁਖ ਪੁਰਸ਼ ਸੰਸਾਰ ਵਿਚ ਮਾਇਆ ਦੀ ਤ੍ਰਿਸ਼ਨਾ ਅੱਗ ਵਿਚ ਜਲੈ=ਸੜ ਰਹੇ ਹਨ। ਗੁਰਮੁਖ ਜਨ ਗੁਰ ਉਪਦੇਸ਼ ਨੂੰ ਵਿਚਾਰ ਕੇ ਤ੍ਰਿਸ਼ਨਾ ਅੱਗ ਨੂੰ ਨਵਿਰਤ ਕਰਦੇ ਹਨ।

ਅੰਤਰਿ ਸਾਂਤਿ ਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ॥ ੧੦॥

ਗੁਰਮੁਖਾਂ ਨੇ ਹਿਰਦੇ ਅੰਦਰ ਸ਼ਾਂਤੀ ਧਾਰ ਕੇ ਨਿਤ ਸੁਖ ਪਾਇਆ ਹੈ ਅਤੇ ਗੁਰ ਸਿੱਖਿਆ ਦੁਆਰੇ ਗੁਰਮਤੀਏ ਹਰ ਵੇਲੇ ਨਾਮ ਲੈਂਦੇ ਰਹਿੰਦੇ ਹਨ॥ ੧੦॥

ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ॥

ਤੇਤੀ ਕ੍ਰੋੜ ਦੇਵਤਿਆਂ ਦੇ ਸੁਆਮੀ ਇੰਦਰ, ਇੰਦ੍ਰਾਸਣਿ=ਰਾਜ ਸਿੰਘਾਸਣ ਉਤੇ ਬੈਠੇ ਹੋਏ ਭੀ ਜਮਾਂ ਦਾ ਭਉ=ਡਰ ਪਾਉਂਦੇ ਹਨ।

ਜਮੁ ਨ ਛੋਡੈ ਬਹੁ ਕਰਮ ਕਮਾਵਹਿ॥

ਬਹੁਤਿਆਂ ਕਰਮਾਂ ਦੇ ਕਮਾਉਣ ਕਰਕੇ ਭੀ ਜਮ ਇਸ ਨੂੰ ਛੱਡਦਾ ਨਹੀਂ ਹੈ।

ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ॥ ੧੧॥

ਜਾਂ ਸਤਿਗੁਰਾਂ ਨਾਲ ਮਿਲ ਕੇ ਰਸਨਾ ਦੁਆਰੇ ਹਰਿ ਹਰਿ ਨਾਮ ਅੰਮ੍ਰਿਤ ਨੂੰ ਪੀਵੇ ਤਾਂ ਹੀ ਮੁਕਤੀ ਪਦ ਨੂੰ ਪਾਉਂਦਾ ਹੈ॥ ੧੧॥

ਮਨਮੁਖਿ ਅੰਤਰਿ ਭਗਤਿ ਨ ਹੋਈ॥ ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ॥

ਮਨਮੁਖਾਂ ਦੇ ਹਿਰਦੇ ਅੰਦਰ ਪ੍ਰਭੂ ਦੀ ਪ੍ਰੇਮਾ ਭਗਤੀ ਪ੍ਰਾਪਤ ਨਹੀਂ ਹੁੰਦੀ। ਗੁਰਮੁਖਾਂ ਨੂੰ ਪ੍ਰੇਮਾ ਭਗਤੀ ਕਰਕੇ ਸ਼ਾਂਤੀ ਸੁਖ ਦੀ ਪ੍ਰਾਪਤੀ ਹੋਈ ਹੈ।

ਪਵਿਤ੍ਰ ਪਾਵਨ ਸਦਾ ਹੈ ਬਾਣੀ ਗੁਰਮਤਿ ਅੰਤਰੁ ਭੀਜੈ ਹੇ॥ ੧੨॥

ਗੁਰਮਤੀਆਂ ਦਾ ਅੰਤਰੁ=ਅੰਤਹਕਰਣ ਨਾਮ ਸਿਮਰਨ ਵਿਚ ਭਿਜਿਆ ਰਹਿੰਦਾ ਹੈ, ਇਸ ਲਈ ਗੁਰਮੁਖ ਆਪ ਪਵਿੱਤਰ ਹਨ ਤੇ ਉਹਨਾਂ ਦੀ ਬਾਣੀ ਭੀ ਸਦਾ ਪਾਵਨ=ਪਵਿੱਤਰ ਹੈ।

ਅਥਵਾ:-ਗੁਰਬਾਣੀ ਸਦਾ ਪਵਿੱਤਰ ਤੋਂ ਪਵਿੱਤਰ ਹੈ, ਉਸ ਗੁਰਬਾਣੀ ਅੰਦਰ ਗੁਰਮਤੀਆਂ ਦਾ ਹਿਰਦਾ ਭਿਜ ਗਿਆ ਹੈ॥ ੧੨॥

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ॥

ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿਕ ਜੋ ਭੀ ਵਿਚਾਰਵਾਨ ਹਨ, ਉਹ ਏਹੋ ਕਹਿੰਦੇ ਹਨ ਕਿ ਜੋ ਪੁਰਸ਼ ਰਜੋ, ਸਤੋ, ਤਮੋ ਰੂਪ ਤਿੰਨ ਗੁਣਾਂ ਕਰਕੇ ਬਧਕ=ਹਿੰਸਕ ਹਨ ਉਹਨਾਂ ਤੋਂ ਮੁਕਤੀ ਅਸੰਗ ਰਹਿੰਦੀ ਹੈ।

[ਪੰਨਾ ੧੦੫੦]

ਗੁਰਮੁਖਿ ਗਿਆਨ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ॥ ੧੩॥

ਗੁਰਮੁਖਾਂ ਨੇ ਇਕ ਪ੍ਰਭੂ ਦਾ ਹੀ ਗਿਆਨ ਜਾਣਿਆ ਹੈ ਅਤੇ ਗੁਰਮੁਖ ਜਨ ਅਨਦਿਨੁ=ਰਾਤ ਦਿਨ ਸਤਿਨਾਮੁ ਮੰਤਰ ਨੂੰ ਹੀ ਰਵੀਜੈ=ਉਚਾਰਦੇ ਰਹਿੰਦੇ ਹਨ॥ ੧੩॥

ਬੇਦ ਪੜਹਿ ਹਰਿ ਨਾਮੁ ਨ ਬੂਝਹਿ॥ ਮਾਇਆ ਕਾਰਣਿ ਪੜਿ ਪੜਿ ਲੂਝਹਿ॥

ਮਨਮੁਖ ਪੁਰਸ਼ ਬੇਦਾਂ ਨੂੰ ਪੜ੍ਹਦੇ ਹਨ, ਹਰੀ ਨਾਮ ਸਿਮਰਨ ਨੂੰ ਨਹੀਂ ਸਮਝਦੇ। ਮਾਇਆ ਦੀ ਪ੍ਰਾਪਤੀ ਕਾਰਣਿ=ਵਾਸਤੇ ਗ੍ਰੰਥਾਂ ਨੂੰ ਪੜ੍ਹ ਪੜ੍ਹ ਕੇ ਲੂਝਹਿ=ਝਗੜਦੇ ਹਨ।

ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ॥ ੧੪॥

ਹਿਰਦੇ ਵਿਚ ਹੰਕਾਰ ਰੂਪੀ ਮੈਲ ਹੋਣ ਕਰਕੇ ਅਗਿਆਨੀ ਪੁਰਸ਼ ਅੰਨ੍ਹਾ ਹੈ, ਇਸ ਲਈ ਦੁਤਰੁ=ਕਠਨ ਸੰਸਾਰ ਸਮੁੰਦਰ ਤੋਂ ਕਿਵੇਂ ਤਰ ਸਕੇਗਾ॥ ੧੪॥

ਬੇਦ ਬਾਦ ਸਭਿ ਆਖਿ ਵਖਾਣਹਿ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ॥

ਵੇਦਾਂ ਦੇ ਬਾਦ=ਝਗੜੇ ਰੂਪ ਆਖਿ=ਵਖਿਆਣ (ਪ੍ਰਸੰਗਾਂ) ਨੂੰ ਸਾਰੇ ਆਖ ਕੇ ਕਥਨ ਕਰਦੇ ਹਨ। ਉਹਨਾਂ

www.sikhbookclub.com

ਦਾ ਅੰਦਰੋਂ ਮਨ ਭਿਜਦਾ ਨਹੀਂ ਹੈ, ਇਸ ਲਈ ਉਹ ਸਬਦੁ=ਬ੍ਰਹਮ ਨੂੰ ਨਹੀਂ ਪਛਾਣਦੇ।

ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ॥ ੧੫॥

ਵੇਦਾਂ ਨੇ ਹੀ ਸਾਰਿਆਂ ਪਾਪਾਂ ਪੁੰਨਾਂ ਨੂੰ ਦ੍ਰਿੜ੍ਹ ਕਰਵਾਇਆ ਹੈ, ਗੁਰਮੁਖ ਸਿੱਖ ਵੇਦਾਂ ਤੋਂ ਬਾਹਰ ਹੋ ਕੇ ਨਾਮ ਅੰਮ੍ਰਿਤ ਨੂੰ ਹੀ ਪੀਂਦੇ ਹਨ॥ ੧੫॥

ਆਪੇ ਸਾਚਾ ਏਕੋ ਸੋਈ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ॥

ਇਕ ਉਹੀ ਆਪ ਸੱਚਾ ਬ੍ਰਹਮ ਹੈ। ਉਸ ਤੋਂ ਬਿਨਾਂ ਹੋਰ ਕੋਈ ਉਸ ਵਰਗਾ ਨਹੀਂ ਹੈ।

ਨਾਨਕ ਨਾਮ ਰਤੇ ਮਨ ਸਾਚਾ ਸਚੋ ਸਚੁ ਰਵੀਜੈ ਹੇ॥ ੧੬॥ ੬॥

ਗੁਰੂ ਜੀ ਕਥਨ ਕਰਦੇ ਹਨ—ਜੋ ਨਾਮ ਸਿਮਰਨ ਵਿਚ ਰੱਤੇ ਹਨ ਉਹਨਾਂ ਦਾ ਮਨ ਸੱਚਾ ਹੈ, ਇਸ ਲਈ ਉਹ ਸੱਚ ਹੀ ਸੱਚ ਨੂੰ ਰਵੀਜੈ=ਉਚਾਰਦੇ ਹਨ॥ ੧੬॥ ੬॥

ਮਾਰੂ ਮਹਲਾ ੩॥

ਸਚੈ ਸਚਾ ਤਖਤੁ ਰਚਾਇਆ॥

ਸੱਚੇ ਪਰਮਾਤਮਾ ਨੇ ਸਤਸੰਗ ਰੂਪੀ ਸੱਚਾ ਤਖ਼ਤ ਬਣਾਇਆ ਹੈ। ਉਸ ਸਤਸੰਗ ਦੁਆਰਾ ਜਿਹੜਾ ਪੁਰਸ਼—

ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥

ਆਪਣੇ ਸਰੂਪ ਘਰ ਵਿਚ ਵਸਿਆ ਹੈ ਉਥੇ ਮਾਇਆ ਦਾ ਮੋਹ ਨਹੀਂ ਹੈ।

ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ॥ ੧॥

ਜਿਸ ਗੁਰਮੁਖ ਦੀ ਕਰਨੀ ਸਾਰੀ=ਸ੍ਰੇਸ਼ਟ ਹੈ ਉਸ ਦੇ ਘਟ ਅੰਤਰ ਸਦੀਵ ਕਾਲ ਸੱਚਾ ਵਾਹਿਗੁਰੂ ਵਸਿਆ ਹੈ॥ ੧॥

ਸਚਾ ਸਉਦਾ ਸਚੁ ਵਾਪਾਰਾ॥ ਨ ਤਿਥੈ ਭਰਮੁ ਨ ਦੂਜਾ ਪਸਾਰਾ॥

ਉਸ ਦਾ ਨਾਮ ਰੂਪ ਸੌਦਾ ਸੱਚਾ ਹੈ, ਉਸ ਦਾ ਵਪਾਰ ਭੀ ਸੱਚਾ ਹੈ। ਉਥੇ ਨਾ ਭਰਮ ਹੈ, ਨਾ ਹੀ ਦ੍ਵੈਤ ਦਾ ਪਸਾਰਾ ਹੈ।

ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ॥ ੨॥

ਜਿਸ ਨੇ ਸੱਚਾ ਨਾਮ ਧਨ ਖਟਿਆ ਹੈ ਉਸ ਨੂੰ ਕਦੇ ਭੀ ਘਾਟਾ ਨਹੀਂ ਆਉਂਦਾ, ਪਰ ਇਸ ਵਿਚਾਰ ਨੂੰ ਕੋਈ ਵਿਰਲਾ ਵੀਚਾਰਵਾਨ ਹੀ ਸਮਝਦਾ ਹੈ॥ ੨॥

ਸਚੈ ਲਾਏ ਸੇ ਜਨ ਲਾਗੇ॥ ਅੰਤਰਿ ਸਬਦੁ ਮਸਤਕਿ ਵਡਭਾਗੇ॥

ਸੱਚੇ ਪ੍ਰਭੂ ਨੇ ਪ੍ਰੇਰ ਕੇ ਜੋ ਲਗਾਏ ਹਨ ਓਹੀ ਸੱਚ ਨਾਮ ਸਿਮਰਨ ਵਿਚ ਲੱਗੇ ਹਨ। ਮੱਥੇ ਦੇ ਵੱਡਿਆਂ ਭਾਗਾਂ ਕਰਕੇ ਉਹਨਾਂ ਦੇ ਹਿਰਦੇ ਅੰਦਰ ਸਬਦੁ=ਉਪਦੇਸ਼ ਦੀ ਪ੍ਰਾਪਤੀ ਹੋਈ ਹੈ।

ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ॥ ੩॥

ਸੱਚੇ ਗੁਰਾਂ ਦੇ ਉਪਦੇਸ਼ ਕਰਕੇ ਸਦਾ ਹੀ ਗੁਣਾਂ ਨੂੰ ਗਾਉਂਦੇ ਹਨ ਅਤੇ ਸ਼ਬਦ ਦੀ ਵੀਚਾਰ ਵਿਚ ਰੱਤੇ

ਰਹਿੰਦੇ ਹਨ, ਜਾਂ ਵੀਚਾਰ ਕੇ ਸਬਦਿ=ਬ੍ਰਹਮ ਵਿਚ ਰੱਤੇ ਰਹਿੰਦੇ ਹਨ॥ ੩॥

ਸਚੋ ਸਚਾ ਸਚੁ ਸਾਲਾਹੀ॥ ਏਕੋ ਵੇਖਾ ਦੂਜਾ ਨਾਹੀ॥

ਸਚੁ=ਨਿਸਚੇ ਨਾਲ ਸੱਚੇ ਪ੍ਰਭੂ ਦੇ ਸੱਚੇ ਜਸ ਨੂੰ ਸਲਾਹੁਣ ਕਰੇ। ਇਕ ਪ੍ਰਭੂ ਨੂੰ ਵੇਖਣਾ ਕਰੇ ਉਸ ਵਰਗਾ ਦੂਜਾ ਕੋਈ ਨਹੀਂ ਹੈ।

ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ॥ ੪॥

ਗੁਰਾਂ ਦੀ ਸਿਖਿਆ ਰੂਪੀ ਉਚੀ ਪਉੜੀ ਦੁਆਰਾ ਜਿਸ ਨੇ ਹੰਗਤਾ ਮਮਤਾ ਮਾਰ ਕੇ ਰਤਨਿ=ਅਮੋਲਕ ਗਿਆਨ ਦੀ ਪ੍ਰਾਪਤੀ ਕੀਤੀ ਹੈ, ਉਹ ਸਾਰਿਆਂ ਤੋਂ ਉੱਚਾ ਹੈ॥ ੪॥

ਮਾਇਆ ਮੋਹੁ ਸਬਦਿ ਜਲਾਇਆ॥ ਸਚੁ ਮਨਿ ਵਸਿਆ ਜਾ ਤੁਧੁ ਭਾਇਆ॥

ਗੁਰਮੁਖਾਂ ਨੇ ਗੁਰ ਉਪਦੇਸ਼ ਲੈ ਕੇ ਮਾਇਆ ਦਾ ਮੋਹ ਜਲਾਇਆ=ਸਾੜ ਦਿੱਤਾ ਹੈ। ਜਾਂ ਮਨ ਵਿਚ ਸੱਚ ਨਾਮ ਵਸਿਆ ਤਾਂ ਉਸ ਪ੍ਰਭੂ ਨੂੰ ਭਾਅ ਗਿਆ।

ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ॥ ੫॥

ਜਿਸ ਨੇ ਹੰਗਤਾ ਮਮਤਾ ਤੇ ਤ੍ਰਿਸ਼ਨਾ ਦੂਰ ਕੀਤੀ ਹੈ, ਉਸ ਸੱਚੇ ਪੁਰਸ਼ ਦੀ ਸਾਰੀ ਕਰਨੀ ਸੱਚੀ ਹੈ॥ ੫॥

ਮਾਇਅ ਮੋਹੁ ਸਭੁ ਆਪੇ ਕੀਨਾ॥ ਗੁਰਮੁਖਿ ਵਿਰਲੈ ਕਿਨ ਹੀ ਚੀਨਾ॥

ਤੁਸਾਂ ਨੇ ਮਾਇਆ ਦਾ ਮੋਹ ਸਾਰਿਆਂ ਵਿਚ ਆਪ ਹੀ ਪੋਣਾ ਕੀਤਾ ਹੈ। ਪਰ ਇਸ ਗੱਲ ਨੂੰ ਕਿਸੇ ਵਿਰਲੇ ਗੁਰਮੁਖ ਨੇ ਚੀਨਾ=ਜਾਣਿਆ ਹੈ।

ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ॥ ੬॥

ਜਿਹੜਾ ਗੁਰਮੁਖ ਹੁੰਦਾ ਹੈ ਓਹੀ ਸੱਚ ਨਾਮ ਨੂੰ ਕਮਾਉਂਦਾ ਹੈ ਅਤੇ ਉਸ ਦੀ ਸਾਰੀ ਕਰਣੀ=ਕਰਤੱਬਤਾ ਸੱਚੀ ਹੈ॥ ੬॥

ਕਾਰ ਕਮਾਈ ਜੋ ਮੇਰੇ ਪ੍ਰਭ ਭਾਈ॥ ਹਉਮੈ ਤ੍ਰਿਸਨਾ ਸਬਦਿ ਬੁਝਾਈ॥

ਗੁਰਮੁਖ ਪੁਰਸ਼ ਨੇ ਓਹੀ ਕਾਰ ਕਮਾਈ ਹੈ ਜੋ ਮੇਰੇ ਪ੍ਰਭੂ ਨੂੰ ਭਾਈ=ਚੰਗੀ ਲੱਗੀ ਹੈ। ਅਤੇ ਗੁਰ ਉਪਦੇਸ਼ ਨੇ ਉਹਨਾਂ ਦੇ ਅੰਦਰੋਂ ਹਉਮੈ ਤੇ ਤ੍ਰਿਸ਼ਨਾ ਦੀ ਅੱਗ ਬੁਝਾ ਦਿੱਤੀ ਹੈ।

ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ॥ ੭॥

ਗੁਰਮਤੀਆਂ ਨੇ ਗੁਰ ਸਿਖਿਆ ਨਾਲ ਹੰਗਤਾ ਮਮਤਾ ਮਾਰ ਕੇ ਦੂਰ ਕਰ ਦਿੱਤੀ ਹੈ, ਇਸ ਲਈ ਗੁਰਮਤੀਆਂ ਦਾ ਅੰਤਰੁ=ਹਿਰਦਾ ਸਦਾ ਹੀ ਠੰਢਾ ਰਹਿੰਦਾ ਹੈ॥ ੭॥

ਸਚਿ ਲਗੇ ਤਿਨ ਸਭੁ ਕਿਛੁ ਭਾਵੈ॥ ਸਚੈ ਸਬਦੇ ਸਚਿ ਸੁਹਾਵੈ॥

ਜੋ ਸੱਚ ਨਾਮ ਵਿਚ ਲਗੇ ਹਨ ਉਹਨਾਂ ਨੂੰ ਸਭ ਕੁਝ ਭਾਉਂਦਾ ਹੈ। ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਨਾਮ ਨੂੰ ਜਪ ਕੇ ਸੁਹਾਵੈ=ਸ਼ੋਭਦੇ ਹਨ, ਵਾ:-ਸੱਚੀ ਸ਼ੋਭਾ ਵਾਲੇ ਹੋਏ ਹਨ।

ਐਥੈ ਸਾਚੇ ਸੇ ਦਰਿ ਸਾਚੇ ਨਦਰੀ ਨਦਰਿ ਸਵਾਰੀ ਹੇ॥ ੮॥

ਜੋ ਐਥੇ=ਇਸ ਲੋਕ ਵਿਚ ਸੱਚੇ ਹਨ ਉਹ ਪ੍ਰਲੋਕ ਦਰਬਾਰ ਵਿਚ ਭੀ ਸੱਚੇ ਹਨ, ਨਦਰੀ=ਪਰਮਾਤਮਾ ਨੇ ਕਿਰਪਾ ਦ੍ਰਿਸ਼ਟੀ ਕਰਕੇ ਉਹਨਾਂ ਦੀ ਪੈਜ, ਵਾ:-ਬਿਰਤੀ ਸਵਾਰੀ ਹੈ॥ ੮॥

ਬਿਨੁ ਸਾਚੇ ਜੋ ਦੂਜੈ ਲਾਇਆ॥ ਮਾਇਆ ਮੋਹ ਦੁਖ ਸਬਾਇਆ॥

ਜੋ ਸੱਚ ਨਾਮ ਤੋਂ ਬਿਨਾਂ ਹੈ ਉਸ ਨੂੰ ਅਗਿਆਨ ਨੇ ਦ੍ਵੈਤ ਭਾਵ ਵਿਚ ਲਗਾਇਆ ਹੈ। ਮਾਇਆ ਦੇ ਮੋਹ ਕਰਕੇ ਉਸ ਨੂੰ ਸਬਾਇਆ=ਬਹੁਤਾ ਦੁੱਖ ਪ੍ਰਾਪਤ ਹੋਇਆ ਹੈ।

ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ ਮਾਇਆ ਮੋਹ ਦੁਖੁ ਭਾਰੀ ਹੇ॥ ੯॥

ਪੂਰਿਆਂ ਗੁਰਾਂ ਤੋਂ ਬਿਨਾਂ ਦੁੱਖ ਨਵਿਰਤੀ ਦਾ ਸਾਧਨ ਤੇ ਸੁਖ ਦੀ ਪ੍ਰਾਪਤੀ ਦਾ ਜਤਨ ਜਾਪੈ=ਜਾਣਿਆ ਨਹੀਂ ਜਾਂਦਾ, ਮਾਇਆ ਦੇ ਮੋਹ ਕਰਕੇ ਭਾਰੀ ਦੁੱਖ ਪ੍ਰਾਪਤ ਹੁੰਦਾ ਹੈ॥ ੯॥

ਸਾਚਾ ਸਬਦੁ ਜਿਨਾ ਮਨਿ ਭਾਇਆ॥ ਪੂਰਬਿ ਲਿਖਿਆ ਤਿਨੀ ਕਮਾਇਆ॥

ਜਿਨ੍ਹਾਂ ਦੇ ਮਨ ਵਿਚ ਸੱਚੇ ਗੁਰਾਂ ਦਾ ਉਪਦੇਸ਼ ਭਾਇਆ=ਚੰਗਾ ਲੱਗਾ ਹੈ। ਉਹਨਾਂ ਦੁਆਰੇ ਪ੍ਰਾਪਤ ਹੋਣਾ ਜਿਨ੍ਹਾਂ ਦੇ ਮੱਥੇ 'ਪਰ ਪੂਰਬਲਾ ਚੰਗਾ ਲੇਖ ਲਿਖਿਆ ਹੋਇਆ ਹੈ ਉਹਨਾਂ ਨੇ ਨਾਮ ਜਪਣੇ ਰੂਪ ਸ਼ੁਭ ਕਰਮ ਨੂੰ ਕਮਾਇਆ ਹੈ। ਉਹ ਫਿਰ—

ਸਚੋ ਸੇਵਹਿ ਸਚੁ ਧਿਆਵਹਿ ਸਚਿ ਰਤੇ ਵੀਚਾਰੀ ਹੇ॥ ੧੦॥

ਸੱਚ ਨੂੰ ਸੇਵਦੇ ਹਨ, ਸੱਚ ਨਾਮ ਨੂੰ ਹੀ ਧਿਆਉਂਦੇ ਹਨ ਅਤੇ ਸੱਚ ਦੀ ਵੀਚਾਰ ਵਿਚ ਰੱਤੇ ਰਹਿੰਦੇ ਹਨ॥ ੧੦॥

ਗੁਰ ਕੀ ਸੇਵਾ ਮੀਠੀ ਲਾਗੀ॥ ਅਨਦਿਨੁ ਸੂਖ ਸਹਜ ਸਮਾਧੀ॥

ਜਿਸ ਨੂੰ ਗੁਰਾਂ ਦੀ ਸੇਵਾ ਕਰਨੀ ਮੀਠੀ=ਪਿਆਰੀ ਲੱਗਦੀ ਹੈ। ਉਸ ਨੂੰ ਸਮਾਧੀ ਲਗਾਉਣ ਕਰਕੇ ਰਾਤ ਦਿਨ ਸਹਜ=ਸ਼ਾਂਤੀ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ॥੧੧॥

ਹਰਿ ਹਰਿ ਨਾਮ ਉਚਾਰਨ ਕਰਦਿਆਂ ਉਸ ਦਾ ਮਨ ਸ਼ੁਧ ਹੋ ਗਿਆ ਹੈ ਅਤੇ ਉਸ ਨੂੰ ਗੁਰਾਂ ਦੀ ਸੇਵਾ ਕਰਨੀ ਪਿਆਰੀ ਲੱਗੀ॥ ੧੧॥

ਸੇ ਜਨ ਸੁਖੀਏ ਸਤਿਗੁਰਿ ਸਚੇ ਲਾਏ॥ ਆਪੇ ਭਾਣੇ ਆਪਿ ਮਿਲਾਏ॥

ਉਹ ਗੁਰਮੁਖ ਜਨ ਸੁਖੀ ਹਨ ਜਿਨ੍ਹਾਂ ਨੂੰ ਸਤਿਗੁਰਾਂ ਨੇ ਸੱਚ ਨਾਮ ਜਪਣ ਵਿਚ ਲਗਾਇਆ ਹੈ ਅਤੇ ਆਪਣੇ ਭਾਣੇ ਵਿਚ ਤੋਰ ਕੇ ਆਪਣੇ ਨਾਲ ਮਿਲਾ ਲਿਆ, ਜਾਂ ਆਪਣੇ ਭਾਣੇ ਮੰਨਣ ਵਿਚ ਆਪ ਹੀ ਮਿਲਾਇਆ ਹੈ।

ਸਤਿਗੁਰਿ ਰਾਖੇ ਸੇ ਜਨ ਉਬਰੇ ਹੋਰ ਮਾਇਆ ਮੋਹ ਖੁਆਰੀ ਹੇ॥ ੧੨॥

ਜਿਨ੍ਹਾਂ ਦੀ ਰਖਿਆ ਸਤਿਗੁਰਾਂ ਨੇ ਕੀਤੀ ਹੈ ਉਹ ਪੁਰਸ਼ ਬਚ ਗਏ ਹਨ, ਹੋਰ ਸਾਰੇ ਮਾਇਆ ਦੇ ਮੋਹ ਕਰਕੇ ਖੁਆਰੀ=ਖਰਾਬ ਹੁੰਦੇ ਹਨ॥ ੧੨॥

[ਪੰਨਾ ੧੦੫੧]

ਗੁਰਮੁਖਿ ਸਾਚਾ ਸਬਦਿ ਪਛਾਤਾ॥ ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ॥

ਗੁਰਮੁਖਾਂ ਨੇ ਸੱਚੇ ਬ੍ਰਹਮ ਨੂੰ ਪਛਾਣ ਲਿਆ ਹੈ। ਉਸ ਬ੍ਰਹਮ ਦਾ ਨਾ ਪਰਵਾਰ ਹੈ ਅਤੇ ਨਾ ਉਸ ਦੀ ਮਾਂ ਹੈ।

ਏਕੋ ਏਕੁ ਰਵਿਆ ਸਭ ਅੰਤਰਿ ਸਭਨਾ ਜੀਆ ਕਾ ਆਧਾਰੀ ਹੇ॥ ੧੩॥

ਸਭਨਾਂ ਦੇ ਅੰਦਰ ਇਕੋ ਇਕ ਪ੍ਰਭੂ ਰਵਿਆ=ਵਿਆਪਕ ਹੈ, ਅਤੇ ਉਹ ਸਾਰਿਆਂ ਜੀਵਾਂ ਦਾ ਆਧਾਰੀ =ਆਸਰਾ ਰੂਪ ਹੈ॥ ੧੩॥

ਹਉਮੈ ਮੇਰਾ ਦੂਜਾ ਭਾਇਆ॥ ਕਿਛੁ ਨ ਚਲੈ ਧੁਰਿ ਖਸਮਿ ਲਿਖਿ ਪਾਇਆ॥

ਜਿਸ ਨੂੰ ਹੰਗਤਾ ਮਮਤਾ, ਮੇਰ ਤੇਰ ਕਰਕੇ ਦ੍ਵੈਤ ਭਾਵ ਭਾਇਆ=ਚੰਗਾ ਲਗਾ ਹੈ। ਉਸ ਦਾ ਕੁਝ ਵਸ ਨਹੀਂ ਚਲਦਾ, ਮਾਲਕ ਪਰਮਾਤਮਾ ਨੇ ਆਦੋਂ ਹੀ ਉਸ ਦੇ ਮੱਥੇ 'ਪਰ ਅਜੇਹਾ ਲੇਖ ਲਿਖ ਪਾਇਆ ਹੈ।

ਗੁਰ ਸਾਚੇ ਤੇ ਸਾਚੁ ਕਮਾਵਹਿ ਸਾਚੈ ਦੂਖ ਨਿਵਾਰੀ ਹੇ॥ ੧੪॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਜੋ ਸੱਚ ਨਾਮ ਨੂੰ ਕਮਾਉਂਦੇ ਹਨ, ਸੱਚੇ ਵਾਹਿਗੁਰੂ ਨੇ ਉਹਨਾਂ ਦੇ ਸਾਰੇ ਦੁੱਖ ਨਵਿਰਤ ਕਰ ਦਿੱਤੇ ਹਨ॥ ੧੪॥

ਜਾ ਤੂ ਦੇਹਿ ਸਦਾ ਸੁਖੁ ਪਾਏ॥ ਸਾਚੈ ਸਬਦੇ ਸਾਚੁ ਕਮਾਏ॥

ਹੇ ਪ੍ਰਭੂ ! ਜਾਂ ਤੂੰ ਕ੍ਰਿਪਾ ਕਰਕੇ ਦੇਵੇਂ ਤਾਂ ਇਹ ਜੀਵ ਸਦਾ ਹੀ ਸੁਖ ਨੂੰ ਪਾਉਂਦਾ ਹੈ। ਅਤੇ ਸੱਚੇ ਗੁਰਾਂ ਦੇ ਉਪਦੇਸ਼ ਕਰਕੇ ਸੱਚ ਨਾਮ ਨੂੰ ਕਮਾਉਂਦਾ ਹੈ।

ਅੰਦਰੁ ਸਾਚਾ ਮਨੁ ਤਨੁ ਸਾਚਾ ਭਗਤਿ ਭਰੇ ਭੰਡਾਰੀ ਹੇ॥ ੧੫॥

ਜਿਸ ਦਾ ਅੰਦਰੋਂ ਮਨ ਸੱਚਾ ਹੈ ਉਸ ਦਾ ਤਨੁ ਸਾਚਾ=ਸਰੀਰ ਭੀ ਸਫ਼ਲਾ ਹੈ, ਉਸ ਦੇ ਅੰਤਹਕਰਣ ਰੂਪ ਭੰਡਾਰੇ ਭਗਤੀ ਨਾਲ ਭਰੇ ਹੋਏ ਹਨ॥ ੧੫॥

ਆਪੇ ਵੇਖੈ ਹੁਕਮਿ ਚਲਾਏ॥ ਅਪਣਾ ਭਾਣਾ ਆਪਿ ਕਰਾਏ॥

ਪਰਮੇਸ਼ਰ ਆਪ ਹੀ ਜੀਵਾਂ ਦੇ ਕਰਮ ਵੇਖਦਾ ਹੈ, ਆਪ ਹੀ ਜੀਵਾਂ ਨੂੰ ਆਪਣੇ ਹੁਕਮ ਵਿਚ ਤੋਰਦਾ ਹੈ। ਅਤੇ ਆਪਣਾ ਭਾਣਾ ਜੀਵਾਂ ਤੋਂ ਆਪ ਹੀ ਮਨਵਾਉਂਣਾ ਕਰਵਾਉਂਦਾ ਹੈ।

ਨਾਨਕ ਨਾਮਿ ਰਤੇ ਬੈਰਾਗੀ ਮਨੁ ਤਨੁ ਰਸਨਾ ਨਾਮਿ ਸਵਾਰੀ ਹੇ॥ ੧੬॥ ੭॥

ਗੁਰੂ ਜੀ ਕਥਨ ਕਰਦੇ ਹਨ— ਜੋ ਸੰਸਾਰ ਤੋਂ ਵੈਰਾਗਵਾਨ ਹੋ ਕੇ ਜਾਂ ਪ੍ਰੇਮੀ ਹੋ ਕੇ ਨਾਮੀ ਦੇ ਨਾਮ ਸਿਮਰਨ ਵਿਚ ਰੱਤੇ ਹਨ ਉਹਨਾਂ ਨੇ ਮਨ, ਰਸਨਾ=ਬਾਣੀ ਤੇ ਤਨੁ=ਸਰੀਰ ਤਿੰਨਾਂ ਨੂੰ ਨਾਮੀ ਦੇ ਨਾਮ ਕਰਕੇ ਸਵਾਰ ਲਿਆ ਹੈ, ਭਾਵ ਮਨ, ਬਾਣੀ, ਸਰੀਰ ਨੂੰ ਸਫਲ ਕਰ ਲਿਆ ਹੈ॥ ੧੬॥ ੭॥

ਮਾਰੂ ਮਹਲਾ ੩॥

ਆਪੇ ਆਪੁ ਉਪਾਇ ਉਪੰਨਾ॥ ਸਭ ਮਹਿ ਵਰਤੈ ਏਕੁ ਪਰਛੰਨਾ॥

www.sikhbookclub.com

ਉਪੰਨਾ=ਉਤਪਤ ਕਰਨ ਵਾਲਾ ਪ੍ਰਭੂ ਆਪ ਹੀ ਆਪਣੇ ਤੋਂ ਜੀਵਾਂ ਨੂੰ ਉਤਪਤ ਕਰਦਾ ਹੈ। ਇਕ ਪ੍ਰਭੂ ਆਪ ਹੀ ਪਰਛੰਨਾ=ਭਿੰਨ ਭਿੰਨ ਸਾਰਿਆਂ ਵਿਚ ਵਰਤ ਰਿਹਾ ਹੈ।

ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ॥ ੧॥

ਜਿਨ੍ਹਾਂ ਨੇ ਆਪਣਾ ਸਰੂਪ ਆਪ ਪਛਾਣ ਲਿਆ ਹੈ ਉਹਨਾਂ ਨੇ ਜਾਣਿਆ ਹੈ ਕਿ ਜਗਜੀਵਨ ਪਰਮਾਤਮਾ ਸਾਰਿਆਂ ਦੀ ਸੰਭਾਲ ਕਰਦਾ ਹੈ॥ ੧॥

ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ॥ ਸਿਰਿ ਸਿਰਿ ਧੰਧੈ ਆਪੇ ਲਾਏ॥

ਜਿਸ ਪ੍ਰਭੂ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵਾ ਨੂੰ ਪੈਦਾ ਕੀਤਾ ਹੈ। ਅਤੇ ਆਪ ਹੀ ਸਿਰਿ ਸਿਰਿ=ਸਿਰ-ਬ-ਸਿਰ (ਵੱਖੋ ਵੱਖਰੇ) ਧੰਦਿਆਂ ਵਿਚ ਲਗਾਇਆ ਹੈ।

ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੇ॥ ੨॥

ਜਿਸ ਨੂੰ ਭਾਵੈ=ਚਾਹੁੰਦਾ ਹੈ ਉਸ ਨੂੰ ਆਪਣੇ ਨਾਲ ਮੇਲਦਾ ਹੈ, ਜਿਨ੍ਹਾਂ ਗੁਰਮੁਖਾਂ ਨੇ ਇਕ ਪ੍ਰਭੂ ਨੂੰ ਜਾਣਿਆ ਹੈ ਉਹਨਾਂ ਨੂੰ ਮੇਲਦਾ ਹੈ॥ ੨॥

ਆਵਾ ਗਉਣੁ ਹੈ ਸੰਸਾਰਾ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ॥

ਸਾਰਾ ਸੰਸਾਰ ਆਉਣੇ ਜਾਣੇ ਵਾਲਾ ਹੈ। ਇਥੇ ਆ ਕੇ ਇਹ ਜੀਵ ਮਾਇਆ ਦੇ ਮੋਹ ਕਰਕੇ ਬਹੁਤ ਹੀ ਵਿਕਾਰਾਂ ਨੂੰ ਚਿਤਵਦਾ ਹੈ।

ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ॥ ੩॥

ਜਿਨ੍ਹਾਂ ਨੇ ਗੁਰੂ ਦਾ ਉਪਦੇਸ਼ ਪਛਾਣਿਆ ਹੈ, ਉਨ੍ਹਾਂ ਨੇ ਸਦਾ ਹੀ ਥਿਰੁ=ਅਚੱਲ ਸਰੂਪ ਸੱਚੇ ਪਰਮਾਤਮਾ ਨੂੰ ਸਲਾਹੁਣਾ ਕੀਤਾ ਹੈ॥ ੩॥

ਇਕਿ ਮੂਲਿ ਲਗੇ ਓਨੀ ਸੁਖੁ ਪਾਇਆ॥
ਡਾਲੀ ਲਾਗੇ ਤਿਨੀ ਜਨਮੁ ਗਵਾਇਆ॥

ਜਿਹੜੇ ਇਕ ਗੁਰਮੁਖ ਮੂਲਿ=ਮੁੱਢ ਰੂਪ ਪ੍ਰਭੂ ਨਾਲ ਲਗੇ ਹਨ ਉਨ੍ਹਾਂ ਨੇ ਸੁਖ ਪਾਇਆ ਹੈ। ਜਿਹੜੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪ ਡਾਲੀ=ਟਾਹਲੀ ਨਾਲ ਲੱਗੇ ਹਨ, ਉਨ੍ਹਾਂ ਨੇ ਅਮੋਲਕ ਮਨੁੱਖਾ ਜਨਮ ਨਿਸਫਲ ਗਵਾ ਲਿਆ ਹੈ।

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ॥ ੪॥

ਉਨ੍ਹਾਂ ਗੁਰਮੁਖ ਜਨਾਂ ਨੂੰ ਸੁਖ ਰੂਪ, ਵਾ:-ਗਿਆਨ ਰੂਪ ਅੰਮ੍ਰਿਤ ਫਲ ਲੱਗੇ, ਭਾਵ ਪ੍ਰਾਪਤ ਹੋਏ ਹਨ, ਜੋ ਅੰਮ੍ਰਿਤ ਰੂਪ ਮਿੱਠੇ ਬਾਤਾ=ਬਚਨਾਂ ਨੂੰ ਬੋਲਦੇ ਹਨ, ਜਾਂ ਅੰਮ੍ਰਿਤ ਰੂਪ ਪਰਮੇਸ਼ਰ ਦਾ ਬਾਤਾ=ਜਸ ਬੋਲਦੇ ਹਨ॥ ੪॥

ਹਮ ਗੁਣ ਨਾਹੀ ਕਿਆ ਬੋਲਹ ਬੋਲ॥ ਤੂ ਸਭਨਾ ਦੇਖਹਿ ਤੋਲਹਿ ਤੋਲ॥

ਹਮ=ਸਾਡੇ ਵਿਚ ਕੋਈ ਸ਼ੁਭ ਗੁਣ ਨਹੀਂ ਹੈ, ਇਸ ਲਈ ਕੀ ਬਚਨ ਬੋਲਣਾ ਕਰੀਏ।

(੧) ਹੇ ਪ੍ਰਭੂ ! ਤੂੰ ਤੋਲ=ਵਿਚਾਰ ਦੀ ਦੇਖਹਿ=ਨਜ਼ਰ ਨਾਲ ਹੀ ਸਭਨਾਂ ਨੂੰ ਤੋਲਦਾ ਹੈਂ।

(੨) ਹੇ ਪ੍ਰਭੂ! ਤੂੰ ਸਾਰਿਆਂ ਦੇ ਕਰਤੱਬਾਂ ਨੂੰ ਵੇਖਦਾ ਹੈਂ ਅਤੇ ਫਲ ਦੇਣ ਲਗਿਆਂ ਤੋਂ ਲਹਿ ਤੋਲ=ਵਿਚਾਰ ਸਹਿਤ ਵਿਚਾਰਦਾ ਹੈਂ।

ਜਿਉ ਭਾਵੈ ਤਿਉ ਰਾਖਹਿ ਰਹਣਾ ਗੁਰਮੁਖਿ ਏਕੋ ਜਾਤਾ ਹੇ॥ ੫॥

ਜਿਵੇਂ ਆਪ ਜੀ ਨੂੰ ਰਖਿਆ ਭਾਉਂਦਾ ਹੈ ਤਿਵੇਂ ਅਸੀਂ ਰਹਿਣਾ ਕਰਦੇ ਹਾਂ, ਗੁਰਮੁਖਾਂ ਨੇ ਇਕ ਆਪ ਜੀ ਦੇ ਆਸਰੇ ਰਹਿਣਾ ਹੀ ਜਾਣਿਆ ਹੈ।

ਅਥਵਾ:-ਅਸਾਂ ਨੇ ਗੁਰਾਂ ਦੁਆਰੇ ਇਕ ਆਪ ਜੀ ਨੂੰ ਜਾਤਾ=ਜਾਣਿਆ ਹੈ॥ ੫॥

ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ॥ ਅਵਗਣ ਛੋਡਿ ਗੁਣ ਮਾਹਿ ਸਮਾਏ॥

ਜਾਂ ਆਪ ਜੀ ਨੂੰ ਭਾਉਂਦਾ ਹੈ ਤਾਂ ਆਪ ਸੱਚੀ ਭਗਤੀ ਰੂਪੀ ਕਾਰ ਵਿਚ ਲਗਾਉਂਦੇ ਹੋ। ਤਾਂ ਹੀ ਇਹ ਜੀਵ ਔਗੁਣਾਂ ਨੂੰ ਤਿਆਗ ਕੇ ਸ਼ੁਭ ਗੁਣਾਂ ਦੇ ਵਿਚ ਸਮਾਉਂਦਾ ਹੈ।

ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ॥ ੬॥

ਸ਼ੁਭ ਗੁਣਾਂ ਦੇ ਧਾਰਨ ਵਿਚ ਹੀ ਗੁਰਾਂ ਦੇ ਉਪਦੇਸ਼ ਦੁਆਰਾ ਗੁਰਮੁਖਾਂ ਨੇ ਇਕ ਸੱਚੇ ਨਿਰਮਲ ਪ੍ਰਭੂ ਨੂੰ ਪਛਾਤਾ=ਪਛਾਣ ਲਿਆ ਹੈ॥ ੬॥

ਜਹ ਦੇਖਾ ਤਹ ਏਕੋ ਸੋਈ॥ ਦੂਜੀ ਦੁਰਮਤਿ ਸਬਦੇ ਖੋਈ॥

ਜਿਥੇ ਦੇਖਦਾ ਹਾਂ ਓਥੇ ਇਕ ਉਹੀ ਪੂਰਨ ਹੈ। ਦੁਰਮਤਿ=ਖੋਟੀ ਸਿਖਿਆ ਦੇਣ ਵਾਲੀ ਦੂਜੀ=ਦ੍ਵੈਤ ਗੁਰਾਂ ਦੇ ਉਪਦੇਸ਼ ਕਰਕੇ ਨਾਸ ਕੀਤੀ ਹੈ।

ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ॥ ੭॥

ਇਕ ਸੰਸਾਰ ਵਿਚ, *ਵਾ:*-ਏਕਤਾ ਵਾਲਿਆਂ ਦੇ ਹਿਰਦੇ ਵਿਚ ਇਕ ਪ੍ਰਭੂ ਨੂੰ ਸਮਾਇਆ ਹੋਇਆ ਜਾਣ ਕੇ ਆਪਣੇ ਰੰਗਿ=ਅਨੰਦ ਵਿਚ ਮਨ ਸਦਾ ਰੱਤਾ ਰਹਿੰਦਾ ਹੈ॥ ੭॥

ਕਾਇਆ ਕਮਲੁ ਹੈ ਕੁਮਲਾਣਾ॥ ਮਨਮੁਖੁ ਸਬਦੁ ਨ ਬੁਝੈ ਇਆਣਾ॥

ਮਨਮੁਖ ਦਾ ਕਾਇਆ=ਸੂਖਮ ਸਰੀਰ (ਹਿਰਦਾ) ਕਮਲ ਕੁਮਲਾਇਆ ਰਹਿੰਦਾ ਹੈ। ਮਨਮੁਖ ਅਜੇਹਾ ਅਗਿਆਤ ਹੈ ਜੋ ਗੁਰ ਉਪਦੇਸ਼ ਨੂੰ ਸਮਝਦਾ ਨਹੀਂ ਹੈ।

ਗੁਰ ਪਰਸਾਦੀ ਕਾਇਆ ਖੋਜੇ ਪਾਏ ਜਗਜੀਵਨੁ ਦਾਤਾ ਹੇ॥ ੮॥

ਗੁਰਾਂ ਦੀ ਕਿਰਪਾ ਦੁਆਰੇ ਕਾਇਆ=ਬੁੱਧੀ ਵਿਚ ਹੀ ਖੋਜਨਾ ਕਰੇ, ਤਾਂ ਜਗ ਜੀਵਨ ਦਾਤੇ ਪ੍ਰਭੂ ਨੂੰ ਪਾਉਂਦਾ ਹੈ॥ ੮॥

ਕੋਟ ਗਹੀ ਕੇ ਪਾਪ ਨਿਵਾਰੇ॥ ਸਦਾ ਹਰਿ ਜੀਉ ਰਾਖੈ ਉਰ ਧਾਰੇ॥

ਗੁਰਮੁਖਾਂ ਨੇ ਕ੍ਰੋੜਾਂ ਗਹੀ=ਦਿਨ ਦੇ ਪਾਪ ਨਵਿਰਤ ਕੀਤੇ ਹਨ, *ਵਾ:*-ਕ੍ਰੋੜਾਂ ਗਹੀ=ਦੌਸਾਂ ਦੇ ਪਾਪ ਨਵਿਰਤ ਕੀਤੇ ਹਨ। ਉਹ ਹਰਿ ਜੀ ਨੂੰ ਸਦਾ ਹਿਰਦੇ ਵਿਚ ਧਾਰ ਰਖਦੇ ਹਨ।

ਜੋ ਇਛੇ ਸੋਈ ਫਲੁ ਪਾਏ ਜਿਉ ਰੰਗੁ ਮਜੀਠੈ ਰਾਤਾ ਹੇ॥ ੯॥

ਜੋ ਇਛੇ=ਚਾਹੁੰਦੇ ਹਨ ਓਹੀ ਫਲ ਪਾਉਂਦੇ ਹਨ। ਜਿਵੇਂ ਮਜੀਠੇ ਰੰਗ ਵਿਚ ਰੰਗੇ ਹੋਏ ਕਪੜੇ ਦਾ ਗੂੜ੍ਹਾ ਰੰਗ ਹੁੰਦਾ ਹੈ ਤਿਵੇਂ ਭਗਤੀ ਰੂਪ ਮਜੀਠੇ ਰੰਗ ਵਿਚ ਉਨ੍ਹਾਂ ਦਾ ਮਨ ਰੂਪੀ ਕਪੜਾ ਰੰਗਿਆ ਹੋਇਆ ਗੂੜ੍ਹੇ ਰੰਗ ਵਾਲਾ ਹੁੰਦਾ ਹੈ॥ ੯॥

ਮਨਮੁਖੁ ਗਿਆਨੁ ਕਥੇ ਨ ਹੋਈ॥ ਫਿਰਿ ਫਿਰਿ ਆਵੈ ਠਉਰ ਨ ਕੋਈ॥

ਮਨਮੁਖ ਪੁਰਸ਼ ਗਿਆਨ ਦੀਆਂ ਗੱਲਾਂ ਕਥਨ ਤਾਂ ਕਰਦਾ ਹੈ ਪਰ ਉਸ ਦੇ ਆਪਣੇ ਅੰਦਰ ਧਾਰਨਾ ਨਹੀਂ ਹੁੰਦੀ। ਇਸ ਲਈ ਮੁੜ ਮੁੜ ਕੇ ਜਗਤ ਵਿਚ ਆਉਂਦਾ ਹੈ ਅਤੇ ਕੋਈ ਠਹਿਰਣ ਦੀ ਥਾਂ ਨੂੰ ਨਹੀਂ ਪਾਉਂਦਾ।

ਗੁਰਮੁਖਿ ਗਿਆਨੁ ਸਦਾ ਸਾਲਾਹੇ ਜੁਗਿ ਜੁਗਿ ਏਕੋ ਜਾਤਾ ਹੇ॥ ੧੦॥

ਗੁਰਮੁਖਾਂ ਨੂੰ ਜਦ ਭੀ ਗਿਆਨ ਦੀ ਪ੍ਰਾਪਤੀ ਹੈ ਤਾਂ ਭੀ ਉਹ ਸਦਾ ਨਾਮ ਨੂੰ ਸਲਾਉਂਦੇ ਰਹਿੰਦੇ ਹਨ, ਅਤੇ ਜੁਗ ਜੁਗ ਵਿਚ ਉਹਨਾਂ ਨੇ ਇਕ ਨੂੰ ਜਾਤਾ=ਜਾਣਿਆ ਹੈ॥ ੧੦॥

ਮਨਮੁਖੁ ਕਾਰ ਕਰੇ ਸਭਿ ਦੁਖ ਸਬਾਏ॥
ਅੰਤਰਿ ਸਬਦੁ ਨਾਹੀ ਕਿਉ ਦਰਿ ਜਾਏ॥

ਮਨਮੁਖ ਪੁਰਸ਼ ਸਾਰੇ ਉਹ ਕੰਮ ਕਰਦਾ ਹੈ ਜਿਨ੍ਹਾਂ ਕਰਕੇ ਬਹੁਤਾ ਦੁੱਖ ਹੁੰਦਾ ਹੈ। ਉਸ ਦੇ ਅੰਦਰ ਗੁਰ ਉਪਦੇਸ਼ ਨਹੀਂ ਵਸਿਆ, ਪ੍ਰਭੂ ਦੇ ਦਰਬਾਰ ਵਿਚ ਕਿਵੇਂ ਜਾਵੇਗਾ।

ਗੁਰਮੁਖਿ ਸਬਦੁ ਵਸੈ ਮਨਿ ਸਾਚਾ ਸਦ ਸੇਵੇ ਸੁਖਦਾਤਾ ਹੇ॥ ੧੧॥

ਗੁਰਮੁਖਾਂ ਦੇ ਮਨ ਵਿਚ ਸੱਚਾ ਉਪਦੇਸ਼ ਵੱਸਦਾ ਹੈ ਇਸ ਲਈ ਉਹ ਸਦੀਵ ਕਾਲ ਸੁਖਦਾਤੇ ਪ੍ਰਭੂ ਨੂੰ ਸੇਵੇ=ਸਿਮਰਦੇ ਰਹਿੰਦੇ ਹਨ॥ ੧੧॥

[ਪੰਨਾ ੧੦੫੨]

ਜਹ ਦੇਖਾ ਤੂ ਸਭਨੀ ਥਾਈ॥ ਪੂਰੈ ਗੁਰਿ ਸਭ ਸੋਝੀ ਪਾਈ॥

ਜਿਥੇ ਵੇਖਦਾ ਹਾਂ ਤੂੰ ਹੀ ਸਾਰੀਆਂ ਜਗ੍ਹਾ ਵਿਚ ਵਿਆਪਕ ਹੈਂ। ਪੂਰਿਆਂ ਗੁਰਾਂ ਤੋਂ ਹੀ ਇਹ ਸਾਰੀ ਸੋਝੀ=ਗਿਆਤ ਪਾਈ ਹੈ।

ਨਾਮੋ ਨਾਮੁ ਧਿਆਈਐ ਸਦਾ ਸਦ ਇਹੁ ਮਨੁ ਨਾਮੇ ਰਾਤਾ ਹੇ॥ ੧੨॥

ਨਾਮੋ=ਨਾਮਾਂ ਵਿਚੋਂ ਸਦ=ਸਰੇਸ਼ਟ ਸਤਿਨਾਮੁ ਨੂੰ ਸਦਾ ਧਿਆਉਣਾ ਕਰੀਏ, ਜਿਵੇਂ ਗੁਰਮੁਖਾਂ ਦਾ ਇਹ ਮਨ ਸਦਾ ਨਾਮ ਸਿਮਰਨ ਵਿਚ ਰੱਤਾ ਰਹਿੰਦਾ ਹੈ॥ ੧੨॥

ਨਾਮੇ ਰਾਤਾ ਪਵਿਤੁ ਸਰੀਰਾ॥ ਬਿਨੁ ਨਾਵੈ ਡੂਬਿ ਮੁਏ ਬਿਨੁ ਨੀਰਾ॥

ਜੋ ਨਾਮ ਸਿਮਰਨ ਵਿਚ ਰੱਤਾ ਰਹਿੰਦਾ ਹੈ ਉਸ ਦਾ ਸਰੀਰ ਪਵਿੱਤਰ ਹੈ। ਨਾਮ ਸਿਮਰਨ ਤੋਂ ਬਿਨਾਂ ਹੋਣ ਕਰਕੇ ਮਨਮੁਖ ਪੁਰਸ਼ ਪਦਾਰਥਾਂ ਰੂਪੀ ਪਾਣੀ ਤੋਂ ਬਿਨਾਂ ਹੀ ਡੁੱਬ ਮੋਏ ਹਨ।

ਆਵਹਿ ਜਾਵਹਿ ਨਾਮੁ ਨਹੀ ਬੂਝਹਿ
ਇਕਨਾ ਗੁਰਮੁਖਿ ਸਬਦੁ ਪਛਾਤਾ ਹੇ॥ ੧੩॥

ਜੋ ਨਾਮ ਨੂੰ ਨਹੀਂ ਬੁਝਦੇ ਉਹ ਮਨਮੁਖ ਆਵਹਿ ਜਾਵਹਿ=ਜੰਮਦੇ ਮਰਦੇ ਰਹਿੰਦੇ ਹਨ ਅਤੇ ਇਕਨਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਸਬਦੁ=ਬ੍ਰਹਮ ਨੂੰ ਪਛਾਣ ਲਿਆ ਹੈ॥ ੧੩॥

ਪੂਰੈ ਸਤਿਗੁਰਿ ਬੂਝ ਬੁਝਾਈ॥ ਵਿਣੁ ਨਾਵੈ ਮੁਕਤਿ ਕਿਨੈ ਨ ਪਾਈ॥

ਪੂਰਿਆਂ ਸਤਿਗੁਰਾਂ ਨੇ ਇਹ ਬੂਝ ਸਮਝਾਈ ਹੈ। ਕਿ ਨਾਮ ਸਿਮਰਨ ਤੋਂ ਬਿਨਾਂ ਕਿਸੀ ਨੇ ਮੁਕਤੀ ਨਹੀਂ ਪਾਈ।

ਨਾਮੇ ਨਾਮਿ ਮਿਲੈ ਵਡਿਆਈ ਸਹਜਿ ਰਹੈ ਰੰਗਿ ਰਾਤਾ ਹੇ॥ ੧੪॥

ਨਾਮ ਦੀ ਵਡਿਆਈ ਕਰਨ ਨਾਲ ਹੀ ਨਾਮਿ=ਨਾਮੀ ਪਰਮਾਤਮਾ ਮਿਲਦਾ ਹੈ ਅਤੇ ਸਹਜ ਪਦ ਰੰਗਿ=ਅਨੰਦ ਵਿਚ ਰੱਤਾ ਰਹਿੰਦਾ ਹੈ॥ ੧੪॥

ਕਾਇਆ ਨਗਰੁ ਢਹੈ ਢਹਿ ਢੇਰੀ॥ ਬਿਨੁ ਸਬਦੈ ਚੂਕੈ ਨਹੀ ਫੇਰੀ॥

ਕਾਇਆ=ਸਰੀਰ ਰੂਪੀ ਨਗਰ ਢਹਿੰਦਾ ਢਹਿੰਦਾ ਸੁਆਹ ਦੀ ਢੇਰੀ ਹੋ ਜਾਂਦਾ ਹੈ ਅਤੇ ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਚੁਰਾਸੀ ਦੀ ਫੇਰੀ ਚੂਕੈ ਨਹੀ=ਦੂਰ ਨਹੀਂ ਹੁੰਦੀ।

ਸਾਚੁ ਸਲਾਹੇ ਸਾਚਿ ਸਮਾਵੈ ਜਿਨਿ ਗੁਰਮੁਖਿ ਏਕੋ ਜਾਤਾ ਹੇ॥ ੧੫॥

ਜਿਨ੍ਹਾਂ ਨੇ ਗੁਰਮੁਖਿ=ਗੁਰਾਂ ਦੁਆਰੇ ਇਕ ਅਦੁੱਤੀ ਬ੍ਰਹਮ ਨੂੰ ਜਾਤਾ=ਜਾਣਿਆ ਹੈ, ਉਹਨਾਂ ਦੁਆਰੇ ਸੱਚ ਨਾਮ ਨੂੰ ਸਲਾਹਵੇ ਤਾਂ ਹੀ ਸੱਚੇ ਪ੍ਰਭੂ ਵਿਚ ਸਮਾਵੈ=ਅਭੇਦ ਹੁੰਦਾ ਹੈ॥ ੧੫॥

ਜਿਸ ਨੋ ਨਦਰਿ ਕਰੇ ਸੋ ਪਾਏ॥ ਸਾਚਾ ਸਬਦੁ ਵਸੈ ਮਨਿ ਆਏ॥

ਜਿਸ ਉਤੇ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਹੀ ਪੂਰਿਆਂ ਗੁਰਾਂ ਨੂੰ ਪਾਉਂਦਾ ਹੈ। ਫਿਰ ਉਸੇ ਦੇ ਮਨ ਵਿਚ ਸੱਚਾ ਉਪਦੇਸ਼, ਵਾ:-ਸੱਚਾ ਬ੍ਰਹਮ ਆ ਕੇ ਵਸਦਾ ਹੈ।

ਨਾਨਕ ਨਾਮਿ ਰਤੇ ਨਿਰੰਕਾਰੀ ਦਰਿ ਸਾਚੈ ਸਾਚੁ ਪਛਾਤਾ ਹੇ॥ ੧੬॥ ੮॥

ਗੁਰੂ ਜੀ ਕਥਨ ਕਰਦੇ ਹਨ— ਜੇਹੜੇ ਪੁਰਸ਼ ਸੱਚੇ ਦਰਿ=ਸਤਸੰਗ ਵਿਚ ਜਾ ਕੇ ਨਿਰੰਕਾਰ ਪ੍ਰਭੂ ਦੇ ਨਾਮ ਸਿਮਰਨ ਵਿਚ ਰੱਤੇ ਹਨ ਉਨ੍ਹਾਂ ਨੇ ਸੱਚੇ ਪ੍ਰਭੂ ਨੂੰ ਪਛਾਣ ਲਿਆ ਹੈ॥ ੧੬॥ ੮॥

ਮਾਰੂ ਸੋਲਹੇ ੩॥

ਆਪੇ ਕਰਤਾ ਸਭੁ ਜਿਸੁ ਕਰਣਾ॥ ਜੀਅ ਜੰਤ ਸਭਿ ਤੇਰੀ ਸਰਣਾ॥

ਹੇ ਪ੍ਰਭੂ ! ਤੂੰ ਆਪ ਹੀ ਕਰਤਾ ਪੁਰਖ ਹੈਂ, ਜਿਸ ਆਪ ਜੀ ਨੇ ਸਾਰੇ ਪ੍ਰਪੰਚ ਨੂੰ ਪੈਦਾ ਕੀਤਾ ਹੈ, ਸੂਖਮ ਸਥੂਲ ਸਾਰੇ ਜੀਆ ਜੰਤ ਆਪ ਜੀ ਦੀ ਸ਼ਰਣਾ=ਓਟ ਵਿਚ ਹਨ।

ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ॥ ੧॥

ਤੂੰ ਆਪ ਹੀ ਗੁਪਤ ਰੂਪ ਹੋ ਕੇ ਸਾਰਿਆਂ ਦੇ ਅੰਦਰ ਵਰਤ ਰਿਹਾ ਹੈਂ। ਗੁਰਾਂ ਦੇ ਉਪਦੇਸ਼ ਕਰਕੇ ਗੁਰਮੁਖਾਂ ਨੇ ਆਪ ਜੀ ਨੂੰ ਪਛਾਣ ਲਿਆ ਹੈ॥ ੧॥

ਹਰਿ ਕੇ ਭਗਤਿ ਭਰੇ ਭੰਡਾਰਾ ॥ ਆਪੇ ਬਖਸੇ ਸਬਦਿ ਵੀਚਾਰਾ ॥

ਹੇ ਹਰੀ ! ਉਹ ਗੁਰਮੁਖਾਂ ਦੇ ਹਿਰਦੇ ਰੂਪ ਭੰਡਾਰੇ ਤੇਰੀ ਭਗਤੀ ਨਾਲ ਭਰੇ ਹੋਏ ਹਨ। ਜਿਨ੍ਹਾਂ ਨੂੰ ਤੁਸਾਂ ਨੇ ਆਪ ਹੀ ਗੁਰ ਸ਼ਬਦ ਦਾ ਵਿਚਾਰ ਬਖਸ਼ਿਆ ਹੈ।

ਜੋ ਤੁਧੁ ਭਾਵੈ ਸੋਈ ਕਰਸਹਿ ਸਚੇ ਸਿਉ ਮਨੁ ਰਾਤਾ ਹੇ ॥ ੨ ॥

ਜੋ ਆਪ ਜੀ ਨੂੰ ਭਾਉਂਦਾ ਹੈ ਓਹੀ ਕਰਦਾ ਹੈਂ, ਹੇ ਸੱਚੇ ਪ੍ਰਭੂ ! ਤੇਰੇ ਸੱਚੇ ਨਾਮ ਨਾਲ ਮੇਰਾ ਮਨ ਰਾਤਾ=ਰੰਗਿਆ ਗਿਆ ਹੈ॥ ੨ ॥

ਆਪੇ ਹੀਰਾ ਰਤਨੁ ਅਮੋਲੋ ॥ ਆਪੇ ਨਦਰੀ ਤੋਲੇ ਤੋਲੋ ॥

ਹੇ ਹਰੀ ! ਤੂੰ ਆਪ ਹੀ ਅਮੋਲਕ ਹੀਰਾ=ਨਾਮ ਤੇ ਰਤਨੁ=ਵੈਰਾਗ ਰੂਪ ਹੈਂ। ਹੇ ਨਦਰੀ ਪ੍ਰਭੂ ! ਤੂੰ ਆਪ ਹੀ ਇਹਨਾਂ ਦੀ ਤੋਲੇਂ ਤੋਲੋ=ਵੀਚਾਰ ਨੂੰ ਵੀਚਾਰਦਾ ਹੈਂ।

ਜੀਅ ਜੰਤ ਸਭਿ ਸਰਣਿ ਤੁਮਾਰੀ ਕਰਿ ਕਿਰਪਾ ਆਪਿ ਪਛਾਤਾ ਹੇ ॥ ੩ ॥

ਸਾਰੇ ਸੂਖਮ ਸਥੂਲ ਜੀਆ ਜੰਤ ਆਪ ਜੀ ਦੀ ਸ਼ਰਨ ਵਿਚ ਹਨ, ਜਿਨ੍ਹਾਂ ਉਤੇ ਆਪ ਜੀ ਨੇ ਕ੍ਰਿਪਾ ਕੀਤੀ ਹੈ ਉਹਨਾਂ ਨੇ ਆਪਣਾ ਸਰੂਪ ਪਛਾਣਿਆ ਹੈ॥ ੩ ॥

ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥ ਮਰੈ ਨ ਜੰਮੈ ਚੂਕੈ ਫੇਰੀ ॥

ਜਿਸ ਉਤੇ ਧੁਰ ਤੋਂ ਆਪ ਜੀ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ। ਉਹ ਮੁੜ ਮੁੜ ਕੇ ਮਰਦਾ ਜੰਮਦਾ ਨਹੀਂ ਹੈ ਤੇ ਚੁਰਾਸੀ ਦੀ ਫੇਰੀ ਦੂਰ ਹੋ ਜਾਂਦੀ ਹੈ।

ਸਾਚੇ ਗੁਣ ਗਾਵੈ ਦਿਨੁ ਰਾਤੀ ਜੁਗਿ ਜੁਗਿ ਏਕੋ ਜਾਤਾ ਹੇ ॥ ੪ ॥

ਹੇ ਸੱਚੇ ! ਉਹ ਦਿਨ ਰਾਤੀ ਤੇਰੇ ਹੀ ਗੁਣ ਗਾਉਂਦਾ ਹੈ ਅਤੇ ਜੁਗਾਂ ਜੁਗਾਂ ਵਿਚ ਉਸ ਨੇ ਇਕ ਤੈਨੂੰ ਹੀ ਜਾਤਾ=ਜਾਣਿਆ ਹੈ॥ ੪ ॥

ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥

ਮਾਇਆ ਦੇ ਮੋਹ ਨੇ ਹੀ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ। ਬ੍ਰਹਮਾ ਤੇ ਵਿਸ਼ਨੂੰ ਆਦਿਕ ਸਾਰਿਆਂ ਦੇਵਤਿਆਂ ਵਿਚ ਮਾਇਆ ਦਾ ਮੋਹ ਆ ਰਿਹਾ ਹੈ।

ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥ ੫ ॥

ਜੇਹੜੇ ਤੈਨੂੰ ਭਾਣੇ=ਚੰਗੇ ਲੱਗੇ ਹਨ ਉਹ ਨਾਮ ਜਪਣ ਵਿਚ ਲਗੇ ਹਨ ਅਤੇ ਉਹਨਾਂ ਨੇ ਮਤੀ ਵਿਚ ਗਿਆਨ ਪ੍ਰਾਪਤ ਹੋਣ ਕਰਕੇ ਤੈਨੂੰ ਪਛਾਣ ਲਿਆ ਹੈ॥ ੫ ॥

ਪਾਪ ਪੁੰਨ ਵਰਤੈ ਸੰਸਾਰਾ ॥ ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥

ਸਾਰਾ ਸੰਸਾਰ ਪਾਪ ਪੁੰਨ ਰੂਪ ਕਰਮਾਂ ਵਿਚ ਵਰਤ ਰਿਹਾ ਹੈ। ਇਸ ਲਈ ਸਭ ਨੂੰ ਹਰਖ ਸੋਗ ਕਰਕੇ ਬੜਾ ਭਾਰੀ ਦੁੱਖ ਹੋ ਰਿਹਾ ਹੈ।

ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥ ੬ ॥

www.sikhbookclub.com

ਜੇਹੜਾ ਗੁਰਮੁਖ ਹੁੰਦਾ ਹੈ ਓਹੀ ਸੁਖ ਨੂੰ ਪਾਂਦਾ ਹੈ, ਜਿਸ ਗੁਰਮੁਖ ਨੇ ਗੁਰਾਂ ਦੁਆਰੇ ਨਾਮ ਨੂੰ ਪਛਾਤਾ=ਪਛਾਣਿਆ ਹੈ॥ ੬॥

ਕਿਰਤੁ ਨ ਕੋਈ ਮੇਟਣਹਾਰਾ॥ ਗੁਰ ਕੈ ਸਬਦੇ ਮੋਖ ਦੁਆਰਾ॥

ਫਲ ਭੋਗੇ ਬਿਨਾਂ ਕੀਤੇ ਹੋਏ ਕਰਮਾਂ ਨੂੰ ਕੋਈ ਮੇਟਣ ਵਾਲਾ ਨਹੀਂ ਹੈ। ਗੁਰਾਂ ਦੇ ਉਪਦੇਸ਼ ਕਰਕੇ ਮੋਖ ਦਾ ਦਰਵਾਜ਼ਾ ਗਿਆਨ ਪ੍ਰਾਪਤ ਹੁੰਦਾ ਹੈ।

ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ॥ ੭॥

ਜਿਨ੍ਹਾਂ ਦੇ ਮੱਥੇ 'ਪਰ ਪੂਰਬਲਾ ਚੰਗਾ ਕਰਮ ਲਿਖਿਆ ਗਿਆ ਹੈ ਉਸ ਨੇ ਗੁਰਾਂ ਦੀ ਪ੍ਰਾਪੰਤੀ ਰੂਪ ਫਲ ਨੂੰ, ਵਾ:-ਗਿਆਨ ਫਲ ਨੂੰ ਪਾਇਆ ਹੈ, ਜਿਸ ਨੇ ਗੁਰਾਂ ਦੁਆਰੇ ਆਪਾ ਭਾਅ ਹੰਕਾਰ ਨੂੰ ਮਾਰਿਆ ਹੈ ਉਸ ਨੇ ਆਪਣੇ ਸਰੂਪ ਨੂੰ ਪਛਾਣ ਲਿਆ ਹੈ॥ ੭॥

ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ॥ ਦੂਜੈ ਭਾਇ ਘਣਾ ਦੁਖੁ ਆਗੈ॥

ਮਾਇਆ ਦੇ ਮੋਹ ਕਰਕੇ ਹਰੀ ਨਾਲ ਚਿਤ ਲਗਦਾ ਨਹੀਂ ਹੈ। ਦ੍ਵੈਤ ਭਾਵ ਕਰਕੇ ਆਗੈ=ਪ੍ਰਲੋਕ ਵਿਚ ਬਹੁਤਾ ਦੁੱਖ ਮਿਲਦਾ ਹੈ।

ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤਕਾਲਿ ਪਛੁਤਾਤਾ ਹੇ॥ ੮॥

ਭੇਖਾਂ ਦੇ ਧਾਰਨ ਵਾਲੇ ਮਨਮੁਖ ਭਰਮ ਵਿਚ ਭੁਲੇ ਹੋਏ ਹਨ, ਇਸ ਲਈ ਮਨਮੁਖ ਪੁਰਸ਼ ਅੰਤ ਵੇਲੇ ਪਛਤਾਉਂਦਾ ਹੈ॥ ੮॥

ਹਰਿ ਕੈ ਭਾਣੈ ਹਰਿ ਗੁਣ ਗਾਏ॥ ਸਭਿ ਕਿਲਬਿਖ ਕਾਟੇ ਦੁਖ ਸਬਾਏ॥

ਗੁਰਮੁਖ ਹਰੀ ਦੇ ਭਾਣੇ ਵਿਚ ਤੁਰ ਕੇ ਹਰੀ ਦੇ ਗੁਣ ਗਾਉਂਦੇ ਹਨ। ਸਾਰਿਆਂ ਕਿਲ ਵਿਖਾਂ ਨੂੰ ਤੇ ਸਾਰਿਆਂ ਦੁੱਖਾਂ ਨੂੰ ਕਟ ਲੈਂਦੇ ਹਨ।

ਹਰਿ ਨਿਰਮਲੁ ਨਿਰਮਲ ਹੈ ਬਾਣੀ ਹਰਿ ਸੇਤੀ ਮਨੁ ਰਾਤਾ ਹੇ॥ ੯॥

ਜੋ ਹਰੀ ਆਪ ਨਿਰਮਲ ਹੈ ਅਤੇ ਜਿਸ ਦੀ ਬੇਦ ਬਾਣੀ ਜਾਂ ਨਾਮ ਬਾਣੀ ਨਿਰਮਲ ਹੈ, ਉਸ ਹਰੀ ਦੇ ਨਾਲ ਉਹਨਾਂ ਦਾ ਮਨ ਰਾਤਾ=ਮਿਲਿਆ ਰਹਿੰਦਾ ਹੈ॥ ੯॥

ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ॥
ਹਉਮੈ ਮੇਰਾ ਠਾਕਿ ਰਹਾਏ॥

ਜਿਸ ਉਤੇ ਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਗੁਣ ਨਿਧਿ=ਪਰਮਾਤਮਾ ਨੂੰ ਪਾਉਂਦਾ ਹੈ। ਫੇਰ ਉਹ ਹੰਗਤਾ ਮਮਤਾ ਅਤੇ ਮੇਰ ਤੇਰ ਠਾਕਿ ਰਹਾਏ=ਰੋਕ ਰਖਦਾ ਹੈ।

ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ॥ ੧੦॥

ਸ਼ੁਭ ਗੁਣਾਂ ਦੀ ਪ੍ਰਾਪਤੀ ਦਾ ਅਤੇ ਔਗੁਣਾਂ ਦੀ ਨਵਿਰਤੀ ਦਾ ਇਕ ਪ੍ਰਭੂ ਹੀ ਦਾਤਾ ਹੈ, ਇਸ ਗੱਲ ਨੂੰ ਜਾਂ ਉਸ ਪ੍ਰਭੂ ਨੂੰ ਕਿਸੇ ਵਿਰਲੇ ਗੁਰਮੁਖ ਨੇ ਹੀ ਜਾਤਾ=ਜਾਣਿਆ ਹੈ॥ ੧੦॥

ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ॥ ਆਪੇ ਮੇਲੈ ਗੁਰ ਸਬਦਿ ਵੀਚਾਰਾ॥

ਮੇਰਾ ਅਪਾਰ ਪ੍ਰਭੂ ਅਤਿ=ਬੜਾ ਨਿਰਮਲ ਹੈ। ਗੁਰ ਸ਼ਬਦ ਦੀ ਵੀਚਾਰ ਕਰਨ ਵਾਲਿਆਂ ਨੂੰ ਆਪਣੇ ਨਾਲ ਮੇਲ ਲੈਂਦਾ ਹੈ।

[ਪੰਨਾ ੧੦੫੩]

ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ॥ ੧੧॥

ਆਪੇ ਔਗੁਣ ਬਖਸ਼ ਕੇ ਜਿਸ ਨੂੰ ਸੱਚ ਨਾਮ ਦ੍ਰਿੜ੍ਹਾਉਂਦਾ ਹੈ, ਉਸ ਦਾ ਮਨ, ਤਨ ਸੱਚੇ ਵਾਹਿਗੁਰੂ ਵਿਚ ਰੱਤਾ ਰਹਿੰਦਾ ਹੈ॥ ੧੧॥

ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ॥ ਗੁਰਮਤਿ ਬੂਝੈ ਕਰਿ ਵੀਚਾਰਾ॥

ਮਨਮੁਖਾਂ ਦਾ ਮਨ ਤਨ ਭਾਵੇਂ ਮੈਲਾ ਹੈ ਪਰ ਇਸ ਦੇ ਵਿਚ ਭੀ ਅਪਾਰ ਪ੍ਰਭੂ ਦੀ ਜੋਤ ਹੈ। ਜੋ ਗੁਰਮਤਿ= ਗੁਰ ਸਿਖਿਆ ਦਾ ਵੀਚਾਰ ਕਰਦਾ ਹੈ ਉਹ ਉਸ ਜੋਤੀ ਪਰਮਾਤਮਾ ਨੂੰ ਬੁਝਦਾ ਹੈ।

ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ॥ ੧੨॥

ਹੰਗਤਾ ਮਮਤਾ ਨੂੰ ਮਾਰ ਕੇ ਸਦੀਵ ਕਾਲ ਰਸਨਾ ਨਾਲ ਸੁਖਦਾਤੇ ਪ੍ਰਭੂ ਦਾ ਸਿਮਰਨ ਕਰੇ ਤਾਂ ਇਹ ਮੈਲਾ ਮਨ ਨਿਰਮਲੁ=ਸ਼ੁਧ ਹੋ ਜਾਂਦਾ ਹੈ॥ ੧੨॥

ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ॥
ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ॥

ਸਰੀਰ ਗੜ=ਕਿਲ੍ਹੇ ਦੇ ਅੰਦਰ ਹੀ ਇੰਦ੍ਰੀਆਂ ਰੂਪ ਹੱਟੀਆਂ ਦਾ ਸੈਂਟਰ, ਅੰਤਹਕਰਣ ਰੂਪ ਵੱਡਾ ਬਜ਼ਾਰ ਹੈ, ਵਾ:-ਅੰਤਹਕਰਨ ਰੂਪ ਹਟ ਹੈ ਤੇ ਇੰਦ੍ਰੀਆਂ ਰੂਪ ਬਹੁਤੇ ਬਜ਼ਾਰ ਹਨ। ਉਸ ਅੰਤਹਕਰਨ ਰੂਪ ਹਟ ਵਿਚ ਨਾਮੁ=ਪ੍ਰਸਿੱਧ ਸਾਰਿਆਂ ਤੋਂ ਅਤਿ=ਵੱਡਾ ਅਪਾਰ ਗੁਣਾਂ ਵਾਲਾ ਪ੍ਰਭੂ ਹੈ।

ਗੁਰ ਕੈ ਸਬਦਿ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ॥ ੧੩॥

ਜਿਨ੍ਹਾਂ ਨੇ ਸਤਿਗੁਰਾਂ ਦੇ ਉਪਦੇਸ਼ ਦੁਆਰਾ ਹਉਮੈ ਨੂੰ ਮਾਰ ਕੇ ਪ੍ਰਭੂ ਨੂੰ ਪਛਾਣ ਲਿਆ ਹੈ ਉਹ ਸਦੀਵ ਕਾਲ ਪਰਲੋਕ ਦਰਬਾਰ ਵਿਚ ਸੋਹੈ=ਸ਼ੋਭਾ ਪਾਉਂਦੇ ਹਨ॥ ੧੩॥

ਰਤਨੁ ਅਮੋਲਕੁ ਅਗਮ ਅਪਾਰਾ॥ ਕੀਮਤਿ ਕਵਣੁ ਕਰੇ ਵੇਚਾਰਾ॥

ਅਪਾਰ ਗੁਣਾਂ ਵਾਲਾ ਅਗਮ ਰੂਪ ਪਰਮਾਤਮਾ ਇਕ ਅਮੋਲਕ ਰਤਨ ਹੈ। ਐਸਾ ਕੇਹੜਾ ਵਿਚਾਰਵਾਨ ਹੈ ਜਿਹੜਾ ਉਸ ਦਾ ਕੀਮਤਿ=ਮੁੱਲ ਕਰ ਸਕਦਾ ਹੈ।

ਗੁਰ ਕੈ ਸਬਦੇ ਤੋਲਿ ਤੋਲਾਏ ਅੰਤਰਿ ਸਬਦਿ ਪਛਾਤਾ ਹੇ॥ ੧੪॥

ਗੁਰਾਂ ਦੇ ਉਪਦੇਸ਼ ਕਰਕੇ ਜੇਹੜਾ ਸ਼ੁਭ ਤੋਲਿ=ਵਿਚਾਰ ਨੂੰ ਤੋਲਾਏ=ਵਿਚਾਰਦਾ ਹੈ, ਉਸ ਨੇ ਅੰਤਹਕਰਨ ਦੇ ਅੰਦਰ ਸਬਦਿ=ਬ੍ਰਹਮ ਨੂੰ ਪਛਾਣ ਲਿਆ ਹੈ॥ ੧੪॥

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥

ਭਾਵੇਂ ਸਿਮ੍ਰਿਤੀਆਂ ਤੇ ਸ਼ਾਸਤ੍ਰਾਂ ਦਾ ਬਹੁਤ ਸਾਰਾ ਵਿਸਥਾਰ ਕੀਤਾ ਗਿਆ ਹੈ, ਅਰਥਾਤ ਰਿਖੀਆਂ ਨੇ ਟੀਕੇ ਭੀ ਬਣਾ ਦਿੱਤੇ ਹਨ ਤੇ ਲੋਕ ਪੜ੍ਹਦੇ ਭੀ ਹਨ ਪਰ ਇਹ ਸਾਰਾ ਮਾਇਆ ਦੇ ਮੋਹ ਦਾ ਹੀ ਪਸਾਰਾ ਪਸਰਿਆ ਹੋਇਆ ਹੈ।

ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ॥ ੧੫॥

ਮੂਰਖ ਪੁਰਸ਼ ਸਿਮ੍ਰਿਤੀਆਂ ਸ਼ਾਸਤਰਾਂ ਨੂੰ ਪੜ੍ਹਦੇ ਤਾਂ ਹਨ ਪਰ ਸਬਦੁ=ਬ੍ਰਹਮ ਨੂੰ ਨਹੀਂ ਬੁਝਦੇ, ਕਿਸੇ ਵਿਰਲੇ ਗੁਰਮੁਖ ਨੇ ਹੀ ਬ੍ਰਹਮ ਨੂੰ ਜਾਤਾ=ਜਾਣਿਆ ਹੈ॥ ੧੫॥

ਆਪੇ ਕਰਤਾ ਕਰੇ ਕਰਾਏ॥ ਸਚੀ ਬਾਣੀ ਸਚੁ ਦ੍ਰਿੜਾਏ॥

ਗੁਰਮੁਖ ਇੰਝ ਨਿਸਚੇ ਕਰਦੇ ਹਨ ਕਿ ਕਰਤਾ ਪੁਰਖ ਵਾਹਿਗੁਰੂ ਆਪ ਹੀ ਕਰਦਾ ਤੇ ਕਰਾਉਂਦਾ ਹੈ। ਅਤੇ ਗੁਰ ਉਪਦੇਸ਼ ਰੂਪ ਸੱਚੀ ਬਾਣੀ ਦੁਆਰਾ ਸੱਚ ਨਾਮ ਨੂੰ ਦ੍ਰਿੜ੍ਹਾਉਂਦੇ ਹਨ।

ਨਾਨਕ ਨਾਮੁ ਮਿਲੈ ਵਡਿਆਈ ਜੁਗਿ ਜੁਗਿ ਏਕੋ ਜਾਤਾ ਹੇ॥ ੧੬॥ ੯॥

ਗੁਰੂ ਜੀ ਕਥਨ ਕਰਦੇ ਹਨ—ਉਸ ਗੁਰਮੁਖ ਨੂੰ ਨਾਮ ਦੀ ਵਡਿਆਈ ਮਿਲਦੀ ਹੈ ਜਿਸ ਨੇ ਜੁਗਾਂ ਜੁਗਾਂ ਵਿਚ ਇਕ ਅਦੁੱਤੀ ਬ੍ਰਹਮ ਨੂੰ ਜਾਣਿਆ ਹੈ॥ ੧੬॥ ੯॥

ਮਾਰੂ ਮਹਲਾ ੩॥

ਸੋ ਸਚੁ ਸੇਵਿਹੁ ਸਿਰਜਣਹਾਰਾ॥ ਸਬਦੇ ਦੂਖ ਨਿਵਾਰਣਹਾਰਾ॥

ਉਸ ਸੱਚੇ ਸਿਰਜਣਹਾਰ ਪਰਮਾਤਮਾ ਨੂੰ ਸੇਵਿਹੁ=ਸਿਮਰਨਾ ਕਰੋ। ਜੋ ਗੁਰ ਸ਼ਬਦ ਦ੍ਵਾਰੇ ਸਾਰਿਆਂ ਦੁੱਖਾਂ ਦੇ ਦੂਰ ਕਰਨ ਵਾਲਾ ਹੈ।

ਅਗਮੁ ਅਗੋਚਰੁ ਕੀਮਤਿ ਨਹੀ ਪਾਈ ਆਪੇ ਅਗਮ ਅਥਾਹਾ ਹੇ॥ ੧॥

ਉਸ ਅਗਮ ਅਗੋਚਰ ਪ੍ਰਭੂ ਦੀ ਕੀਮਤ ਨਹੀਂ ਪਾਈ ਜਾਂਦੀ, ਉਹ ਪਿਛੇ ਵੀ ਆਪ ਅਗਮ ਸੀ, ਹੁਣ ਭੀ ਉਹ ਆਪ ਪ੍ਰਭੂ ਅਥਾਹ ਹੈ॥ ੧॥

ਆਪੇ ਸਚਾ ਸਚੁ ਵਰਤਾਏ॥ ਇਕਿ ਜਨ ਸਾਚੈ ਆਪੇ ਲਾਏ॥

ਉਹ ਸੱਚਾ ਪ੍ਰਭੂ ਆਪ ਹੀ ਸੱਚ ਨਾਮ ਨੂੰ ਵਰਤਾਉਂਦਾ ਹੈ। ਇਕ ਗੁਰਮੁਖ ਜਨ ਸੱਚੇ ਪ੍ਰਭੂ ਨੇ ਆਪ ਹੀ ਸੱਚ ਨਾਮ ਜਪਣ ਵਿਚ ਲਗਾਏ ਹਨ।

ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ॥ ੨॥

ਉਹ ਸੱਚ ਨੂੰ ਸੇਂਵਦੇ ਹਨ ਸੱਚ ਨਾਮ ਨੂੰ ਹੀ ਕਮਾਉਂਦੇ ਹਨ ਅਤੇ ਨਾਮ ਸਿਮਰਨ ਕਰਕੇ ਹੀ ਉਹਨਾਂ ਨੂੰ ਸੱਚਾ ਸਮਾਹਾ=ਸਮਾਹੜਾ (ਅਨੰਦ) ਹੋਇਆ ਹੈ॥ ੨॥

ਧੁਰਿ ਭਗਤਾ ਮੇਲੇ ਆਪਿ ਮਿਲਾਏ॥ ਸਚੀ ਭਗਤੀ ਆਪੇ ਲਾਏ॥

ਜੋ ਪੁਰਸ਼ ਧੁਰ ਤੋਂ ਭਗਤਾਂ ਨਾਲ ਮੇਲੇ ਹਨ ਉਹਨਾਂ ਨੂੰ ਆਪਣੇ ਨਾਲ ਮਿਲਾਇਆ ਹੈ। ਅਤੇ ਆਪ ਹੀ ਉਹਨਾਂ ਨੂੰ ਸੱਚੀ ਭਗਤੀ ਕਰਨ ਵਿਚ ਲਗਾਇਆ ਹੈ।

ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ॥ ੩॥

www.sikhbookclub.com

ਜੋ ਸੱਚੀ ਉਪਦੇਸ਼ ਬਾਣੀ ਦੁਆਰੇ ਸਦਾ ਹੀ ਪ੍ਰਭੂ ਦੇ ਗੁਣ ਗਾਉਂਦੇ ਹਨ, ਉਹਨਾਂ ਨੇ ਇਸ ਮਨੁੱਖ ਜਨਮ ਦਾ ਲਾਭ ਲੈਣਾ ਕੀਤਾ ਹੈ॥ ੩॥

ਗੁਰਮੁਖਿ ਵਣਜੁ ਕਰਹਿ ਪਰੁ ਆਪੁ ਪਛਾਣਹਿ॥

ਗੁਰਮੁਖ ਅਜੇਹਾ ਨਾਮ ਦਾ ਵਣਜ ਕਰਦੇ ਹਨ ਜਿਸ ਕਰਕੇ ਪਰੁ=ਭਲੀ ਪ੍ਰਕਾਰ ਆਪਣੇ ਸਰੂਪ ਨੂੰ ਪਛਾਣ ਲੈਂਦੇ ਹਨ। ਅਤੇ—

ਏਕਸ ਬਿਨੁ ਕੋ ਅਵਰੁ ਨ ਜਾਣਹਿ॥

ਇਕ ਅਦੁੱਤੀ ਬ੍ਰਹਮ ਤੋਂ ਬਿਨਾਂ ਕਿਸੇ ਹੋਰ ਦੂਜੇ ਨੂੰ ਨਹੀਂ ਜਾਣਦੇ।

ਸਚਾ ਸਾਹੁ ਸਚੇ ਵਣਜਾਰੇ ਪੂੰਜੀ ਨਾਮੁ ਵਿਸਾਹਾ ਹੇ॥ ੪॥

ਗੁਰੂ ਰੂਪ ਸੱਚੇ ਸ਼ਾਹ ਪਾਸੋਂ ਉਤਮ ਜਗਿਆਸੂ ਰੂਪ ਸੱਚੇ ਵਣਜਾਰੇ ਸ਼ਰਧਾ ਰੂਪ ਪੂੰਜੀ ਨਾਲ ਨਾਮ ਨੂੰ ਵਿਸਾਹਾ=ਖਰੀਦਦੇ ਹਨ॥ ੪॥

ਆਪੇ ਸਾਜੇ ਸ੍ਰਿਸਟਿ ਉਪਾਏ॥ ਵਿਰਲੇ ਕਉ ਗੁਰ ਸਬਦੁ ਬੁਝਾਏ॥

ਆਪ ਹੀ ਉਸ ਨੇ ਅਕਾਸ ਆਦਿਕ ਪੰਜ ਤੱਤ ਸਾਜੇ ਹਨ, ਅਤੇ ਆਪ ਹੀ ਸ੍ਰਿਸ਼ਟੀ ਪੈਦਾ ਕੀਤੀ ਹੈ। ਕਿਸੇ ਵਿਰਲੇ ਨੂੰ ਹੀ ਗੁਰ ਸ਼ਬਦ ਦੁਆਰਾ ਆਪਣਾ ਆਪ ਸਮਝਾ ਦੇਂਦਾ ਹੈ।

ਸਤਿਗੁਰੁ ਸੇਵਹਿ ਸੇ ਜਨ ਸਾਚੇ ਕਾਟੇ ਜਮ ਕਾ ਫਾਹਾ ਹੇ॥ ੫॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹ ਗੁਰਮੁਖ ਜਨ ਸੱਚੇ ਹਨ, ਉਨ੍ਹਾਂ ਨੇ ਜਮਾਂ ਦਾ ਫਾਹਾ ਕੱਟ ਦਿੱਤਾ ਹੈ॥ ੫॥

ਭੰਨੈ ਘੜੇ ਸਵਾਰੇ ਸਾਜੇ॥ ਮਾਇਆ ਮੋਹਿ ਦੂਜੈ ਜੰਤ ਪਾਜੇ॥

ਪਹਿਲੇ ਤੱਤਾਂ ਨੂੰ ਸਾਜਦਾ ਹੈ ਫੇਰ ਦੇਹ ਨੂੰ ਸਵਾਰਦਾ ਹੈ ਅਤੇ ਘੜੀ ਹੋਈ ਦੇਹ ਨੂੰ ਫੇਰ ਭੰਨ ਦੇਂਦਾ ਹੈ।

ਅਥਵਾ:-ਸਰੀਰਾਂ ਰੂਪ ਘੜਿਆਂ ਨੂੰ ਪਹਿਲੇ ਸਾਜਦਾ ਹੈ ਤੇ ਸਵਾਰੇ=ਪਾਲਦਾ ਹੈ, ਫੇਰ ਅੰਤ ਨੂੰ ਭੰਨ ਦੇਂਦਾ ਹੈ। ਮਾਇਆ ਦੇ ਮੋਹ ਕਰਕੇ ਸਾਰੇ ਜੀਵ ਦ੍ਵੈਤ ਭਾਵ ਵਿਚ ਪਾਜੇ=ਪਾਏ ਹੋਏ ਹਨ।

ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ
ਜਮ ਕਾ ਜੇਵੜਾ ਗਲਿ ਫਾਹਾ ਹੇ॥ ੬॥

ਮਨਮੁਖ ਵਿਅਰਥ ਫਿਰਦੇ ਹਨ ਤੇ ਸਦਾ ਅੰਨ੍ਹੇ ਕਰਮ ਕਮਾਉਂਦੇ ਹਨ, ਏਸੇ ਕਰਕੇ ਉਨ੍ਹਾਂ ਦੇ ਗਲ ਵਿਚ ਜਮਾਂ ਦੇ ਜੇਵੜੇ ਦਾ ਫਾਹ ਪਿਆ ਹੋਇਆ ਹੈ॥ ੬॥

ਆਪੇ ਬਖਸੇ ਗੁਰ ਸੇਵਾ ਲਾਏ॥ ਗੁਰਮਤੀ ਨਾਮੁ ਮੰਨਿ ਵਸਾਏ॥

ਆਪ ਹੀ ਔਗੁਣ ਬਖਸ਼ ਕੇ ਗੁਰ ਸੇਵਾ ਵਿਚ ਲਗਾਉਂਦਾ ਹੈ। ਅਤੇ
ਗੁਰਾਂ ਦੀ ਸਿਖਿਆ ਦੁਆਰੇ ਮਨ ਵਿਚ ਨਾਮ ਵਸਾਉਂਦਾ ਹੈ।

ਅਨਦਿਨੁ ਨਾਮੁ ਧਿਆਏ ਸਾਚਾ ਇਸੁ ਜਗ ਮਹਿ ਨਾਮੋ ਲਾਹਾ ਹੇ॥ ੭॥

ਜੋ ਰਾਤ ਦਿਨ ਸੱਚੇ ਨਾਮ ਨੂੰ ਧਿਆਉਂਦਾ ਹੈ, ਉਸ ਨੂੰ ਇਸ ਜਗਤ ਵਿਚ ਨਾਮ ਦਾ ਹੀ ਲਾਭ,
ਵਾ:-ਨਾਮ ਕਰਕੇ ਆਤਮ ਲਾਭ ਪ੍ਰਾਪਤ ਹੋਇਆ॥ ੭॥

ਆਪੇ ਸਚਾ ਸਚੀ ਨਾਈ॥ ਗੁਰਮੁਖਿ ਦੇਵੈ ਮੰਨਿ ਵਸਾਈ॥

ਉਹ ਪ੍ਰਭੂ ਆਪ ਸੱਚਾ ਹੈ ਉਸ ਦੀ ਨਾਈ=ਵਡਿਆਈ ਭੀ ਸੱਚੀ ਹੈ।
ਗੁਰਾਂ ਦੁਆਰੇ ਗੁਰਮੁਖਾਂ ਦੇ ਮਨ ਵਿਚ ਵਡਿਆਈ ਵਸਾ ਦੇਂਦਾ ਹੈ। ਅਤੇ—

ਜਿਨ ਮਨਿ ਵਸਿਆ ਸੇ ਜਨ ਸੋਹਹਿ ਤਿਨ ਸਿਰਿ ਚੂਕਾ ਕਾਹਾ ਹੇ॥ ੮॥

ਜਿਨ੍ਹਾਂ ਦੇ ਮਨ ਵਿਚ ਨਾਮ ਵਸਿਆ ਹੈ ਉਹ ਪੁਰਸ਼ ਸੋਭਾ ਵਾਲੇ ਹਨ, ਅਤੇ—
ਉਨ੍ਹਾਂ ਦੇ ਸਿਰ ਤੋਂ ਕਾਹਾ=ਕੱਜੀਆ ਚੁਕ ਗਿਆ ਹੈ॥ ੮॥

ਅਗਮ ਅਗੋਚਰੁ ਕੀਮਤਿ ਨਹੀ ਪਾਈ॥ ਗੁਰ ਪਰਸਾਦੀ ਮੰਨਿ ਵਸਾਈ॥

ਉਸ ਅਗਮ ਅਗੋਚਰ ਪ੍ਰਭੂ ਦੀ ਕੀਮਤ ਨਹੀਂ ਪਾਈ ਜਾਂਦੀ।
ਜਿਨ੍ਹਾਂ ਉਤੇ ਗੁਰਾਂ ਦੀ ਕ੍ਰਿਪਾ ਹੋਈ ਹੈ ਉਨ੍ਹਾਂ ਦੇ ਮਨ ਵਿਚ ਪ੍ਰਭੂ ਦੀ ਪ੍ਰੀਤੀ ਵਸਾਈ ਹੈ।

ਸਦਾ ਸਬਦਿ ਸਾਲਾਹੀ ਗੁਣਦਾਤਾ ਲੇਖਾ ਕੋਇ ਨ ਮੰਗੈ ਤਾਹਾ ਹੇ॥ ੯॥

ਜੋ ਗੁਰਾਂ ਦੇ ਸ਼ਬਦ ਦੁਆਰਾ ਸਦਾ ਹੀ ਗੁਣਦਾਤਾ=ਪਰਮੇਸ਼ਰ ਨੂੰ ਸਲਾਹੁੰਦਾ ਹੈ,
ਉਸ ਦੇ ਪਾਸੋਂ ਕੋਈ ਭੀ ਲੇਖਾ ਮੰਗਦਾ ਨਹੀਂ ਹੈ॥ ੯॥ ਸਗੋਂ—

ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ॥ ਅੰਤੁ ਨ ਪਾਵਹਿ ਅਲਖ ਅਭੇਵਾ॥

ਬ੍ਰਹਮਾ, ਵਿਸ਼ਨੂੰ ਤੇ ਰੁਦ੍ਰ=ਸ਼ਿਵ ਤਿੰਨੇ ਦੇਵਤੇ ਉਸ ਦੀ ਸੇਵਾ ਕਰਦੇ ਹਨ। ਅਤੇ—
ਤਿੰਨੇ ਦੇਵਤੇ ਅਲਖ ਅਭੇਵ ਪ੍ਰਭੂ ਦੇ ਅੰਤ ਨੂੰ ਪਾਉਂਦੇ ਨਹੀਂ ਹਨ।

ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ॥ ੧੦॥

ਹੇ ਅਲਖ ਸਰੂਪ ਪਰਮਾਤਮਾ ! ਜਿਨ੍ਹਾਂ ਉਤੇ ਤੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈਂ,
ਉਨ੍ਹਾਂ ਨੇ ਗੁਰਾਂ ਦੁਆਰੇ ਤੇਰੇ ਅਲਖ ਸਰੂਪ ਨੂੰ ਲਖ ਲਿਆ ਹੈ॥ ੧੦॥

[ਪੰਨਾ ੧੦੫੪]

ਪੂਰੈ ਸਤਿਗੁਰਿ ਸੋਝੀ ਪਾਈ॥ ਏਕੋ ਨਾਮੁ ਮੰਨਿ ਵਸਾਈ॥

ਜਿਸ ਵੇਲੇ ਪੂਰਿਆਂ ਸਤਿਗੁਰਾਂ ਤੋਂ ਸ਼ੁਭ ਗਿਆਤ ਪਾਈ।
ਤਾਂ ਮਨ ਵਿਚ ਇਕ ਨਾਮ ਸਿਮਰਨ ਦੀ ਪ੍ਰੀਤੀ ਵਸਾ ਲਈ।

ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ॥ ੧੧॥

ਬਾਣੀ ਕਰਕੇ ਨਾਮ ਨੂੰ ਜਪਦਾ ਹਾਂ ਅਤੇ ਮਨ ਕਰਕੇ ਨਾਮ ਨੂੰ ਧਿਆਉਂਦਾ ਹਾਂ,
ਪ੍ਰਭੂ ਦੇ ਗੁਣਾਂ ਨੂੰ ਗਾ ਕੇ ਮਹਲੁ ਪਾਇ=ਸਰੂਪ ਨੂੰ ਪਾ ਲਿਆ ਹੈ॥ ੧੧॥

www.sikhbookclub.com

ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ॥ ਮਨਮੁਖ ਹੁਕਮ ਨ ਜਾਣਹਿ ਸਾਰਾ॥

ਗੁਰਮੁਖ ਸੇਵਕ ਹੋ ਕੇ ਸੇਵਾ ਕਰਦੇ ਹਨ ਅਤੇ ਅਪਾਰ ਪ੍ਰਭੂ ਦਾ ਹੁਕਮ ਮੰਨਦੇ ਹਨ।

ਤੇ ਮਨਮੁਖ ਪੁਰਸ਼ ਹੁਕਮ ਮੰਨਣ ਦੀ ਸਾਰਾ=ਖਬਰ ਜਾਣਦੇ ਹੀ ਨਹੀਂ।

ਅਥਵਾ :- ਸਾਰਾ=ਸਰੇਸ਼ਟ ਜੋ ਪ੍ਰਭੂ ਹੈ ਉਸ ਦਾ ਹੁਕਮ ਮੰਨਣਾ ਜਾਣਦੇ ਨਹੀਂ ਹਨ।

ਹੁਕਮੇ ਮੰਨੇ ਹੁਕਮੇ ਵਡਿਆਈ ਹੁਕਮੇ ਵੇਪਰਵਾਹਾ ਹੇ॥ ੧੨॥

ਹੁਕਮ ਕਰਕੇ ਜੀਵ ਦੀ ਮੰਨੇ=ਮਾਨਤਾ ਹੁੰਦੀ ਹੈ, ਹੁਕਮ ਕਰਕੇ ਹੀ ਵਡਿਆਈ ਮਿਲਦੀ ਹੈ,

ਅਤੇ ਹੁਕਮ ਦੇ ਮੰਨਨ ਨਾਲ ਹੀ ਜੀਵ ਵੇ ਪਰਵਾਹ ਹੁੰਦਾ ਹੈ।

*ਅਥਵਾ:-*ਹੁਕਮ ਨੂੰ ਮੰਨੇ ਕਿਉਂਕਿ ਹੁਕਮ ਦੇ ਮੰਨਨ ਕਰਕੇ ਵਡਿਆਈ ਹੁੰਦੀ ਹੈ,

*ਪ੍ਰਸ਼ਨ:-*ਕਿਸ ਦਾ ਹੁਕਮ ਮੰਨੇ? *ਉੱਤਰ:-*ਵੇ ਪਰਵਾਹ ਜੋ ਪ੍ਰਭੂ ਹੈ ਉਸ ਦਾ ਹੁਕਮ ਮੰਨੇ॥ ੧੨॥

ਗੁਰ ਪਰਸਾਦੀ ਹੁਕਮੁ ਪਛਾਣੈ॥ ਧਾਵਤੁ ਰਾਖੈ ਇਕਤੁ ਘਰਿ ਆਣੈ॥

ਗੁਰਾਂ ਦੀ ਕਿਰਪਾ ਨਾਲ ਹੁਕਮ ਨੂੰ ਪਛਾਣੇ। ਵਿਸ਼ਿਆਂ ਵੱਲ ਦੌੜਦੀਆਂ ਇੰਦ੍ਰੀਆਂ ਨੂੰ ਰੋਕ ਰਖੇ,

ਅਤੇ ਮਨ ਨੂੰ ਏਕਤਾ ਰੂਪੀ ਘਰ ਵਿਚ ਲਿਆਉਣਾ ਕਰੇ।

ਨਾਮੇ ਰਾਤਾ ਸਦਾ ਬੈਰਾਗੀ ਨਾਮੁ ਰਤਨੁ ਮਨਿ ਤਾਹਾ ਹੇ॥ ੧੩॥

ਜੋ ਨਾਮ ਸਿਮਰਨ ਵਿਚ ਰੱਤਾ ਰਹਿੰਦਾ ਹੈ ਉਹ ਸਦਾ ਬੈਰਾਗੀ=ਪਰੇਮੀ ਹੈ,

ਉਸੇ ਦੇ ਮਨ ਵਿਚ ਰਤਨ ਵਾਂਙੂ ਅਮੋਲਕ ਨਾਮ ਵਸਿਆ ਰਹਿੰਦਾ ਹੈ॥ ੧੩॥

ਸਭ ਜਗ ਮਹਿ ਵਰਤੈ ਏਕੋ ਸੋਈ॥ ਗੁਰ ਪਰਸਾਦੀ ਪਰਗਟੁ ਹੋਈ॥

ਸਾਰੇ ਜਗਤ ਵਿਚ ਇਕ ਉਹੀ ਪਰਮਾਤਮਾ ਵਰਤ ਰਿਹਾ ਹੈ।

ਪਰ ਗੁਰਾਂ ਦੀ ਕ੍ਰਿਪਾ ਨਾਲ ਸਿੱਖ ਦੇ ਹਿਰਦੇ ਵਿਚ ਪ੍ਰਗਟ ਹੁੰਦਾ ਹੈ।

ਸਬਦੁ ਸਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ॥ ੧੪॥

ਜੋ ਗੁਰ ਉਪਦੇਸ਼ ਨੂੰ ਸਲਾਹੁੰਦੇ ਹਨ ਉਹ ਪਵਿੱਤਰ ਪੁਰਸ਼ ਹਨ ਅਤੇ ਉਨ੍ਹਾਂ ਦਾ ਸਰੂਪ ਰੂਪੀ ਨਿਜ ਘਰ ਵਿਚ ਨਿਵਾਸ ਹੁੰਦਾ ਹੈ॥ ੧੪॥

ਸਦਾ ਭਗਤ ਤੇਰੀ ਸਰਣਾਈ॥ ਅਗਮ ਅਗੋਚਰ ਕੀਮਤਿ ਨਹੀ ਪਾਈ॥

ਹੇ ਪ੍ਰਭੂ ! ਭਗਤ ਜਨ ਸਦਾ ਤੇਰੀ ਸ਼ਰਨ ਵਿਚ ਰਹਿੰਦੇ ਹਨ।

ਪਰ ਹੇ ਅਗਮ ਅਗੋਚਰ ਪ੍ਰਭੂ ! ਤੇਰੀ ਕੀਮਤ ਕਿਸੇ ਨੇ ਭੀ ਨਹੀਂ ਪਾਈ।

ਜਿਉ ਤੁਧੁ ਭਾਵਹਿ ਤਿਉ ਤੂ ਰਾਖਹਿ ਗੁਰਮੁਖਿ ਨਾਮੁ ਧਿਆਹਾ ਹੇ॥ ੧੫॥

ਹੇ ਪ੍ਰਭੂ ! ਜਿਵੇਂ ਤੈਨੂੰ ਭਾਉਂਦਾ ਹੈ ਤਿਵੇਂ ਤੂੰ ਜੀਵਾਂ ਨੂੰ ਰਖਦਾ ਹੈਂ,

ਪਰ ਗੁਰਮੁਖਾਂ ਨੇ ਤੇਰੇ ਹੀ ਨਾਮਾਂ ਨੂੰ ਧਿਆਉਣਾ ਕੀਤਾ ਹੈ॥ ੧੫॥

ਸਦਾ ਸਦਾ ਤੇਰੇ ਗੁਣ ਗਾਵਾ॥ ਸਚੇ ਸਾਹਿਬ ਤੇਰੈ ਮਨਿ ਭਾਵਾ॥

ਹੇ ਸੱਚੇ ਸਾਹਿਬ ! ਇਹ ਕ੍ਰਿਪਾ ਕਰ ਮੈਂ ਸਦਾ ਸਦਾ ਤੇਰੇ ਹੀ ਗੁਣ ਗਾਉਂਦਾ ਰਹਾਂ।

ਜਿਸ ਕਰਕੇ ਮੈਂ ਤੇਰੇ ਮਨ ਵਿਚ ਭਾਅ ਜਾਵਾਂ।

ਨਾਨਕੁ ਸਾਚੁ ਕਹੈ ਬੇਨੰਤੀ

ਸਚੁ ਦੇਵਹੁ ਸਚਿ ਸਮਾਹਾ ਹੇ॥ ੧੬॥ ੧॥ ੧੦॥

ਗੁਰੂ ਜੀ ਕਥਨ ਕਰਦੇ ਹਨ--ਹੇ ਪ੍ਰਭੂ ! ਮੈਂ ਸੱਚੀ ਬੇਨਤੀ ਕਹਿੰਦਾ ਹਾਂ,

ਮੈਨੂੰ ਆਪਣਾ ਸੱਚਾ ਨਾਮ ਦੇਵੋ ਤਾਂ.ਕਿ ਸੱਚ ਸਰੂਪ ਵਿਚ ਸਮਾਹਾ=ਅਭੇਦ ਹੋ ਜਾਵਾਂ॥ ੧੬॥ ੧॥ ੧੦॥

ਮਾਰੂ ਮਹਲਾ ੩॥

ਸਿੱਖ ਨੇ ਬੇਨਤੀ ਕੀਤੀ ਵਡਭਾਗੀ ਪੁਰਸ਼ ਕੇਹੜੇ ਹਨ? *ਉੱਤਰ:-*

ਸਤਿਗੁਰੁ ਸੇਵਨਿ ਸੇ ਵਡਭਾਗੀ॥ ਅਨਦਿਨੁ ਸਾਚਿ ਨਾਮਿ ਲਿਵ ਲਾਗੀ॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ ਅਤੇ ਜਿਨ੍ਹਾਂ ਦੀ ਰਾਤ ਦਿਨ ਸੱਚੇ ਨਾਮ ਸਿਮਰਨ ਵਿਚ ਲਿਵ ਲਗੀ ਰਹਿੰਦੀ ਹੈ ਉਹ ਵਡਭਾਗੀ ਪੁਰਸ਼ ਹਨ।

ਸਦਾ ਸੁਖਦਾਤਾ ਰਵਿਆ ਘਟ ਅੰਤਰਿ ਸਬਦਿ ਸਚੈ ਓਮਾਹਾ ਹੇ॥ ੧॥

ਉਨ੍ਹਾਂ ਨੇ ਸੁਖ ਦਾਤੇ ਪ੍ਰਭੂ ਨੂੰ ਸਦਾ ਹੀ ਘਟ ਅੰਤਰ ਰਵਿਆ=ਸਿਮਰਿਆ, ਅਤੇ—

ਸੱਚੇ ਗੁਰਾਂ ਦੇ ਉਪਦੇਸ਼ ਕਰਕੇ ਉਨ੍ਹਾਂ ਦੀ ਸਦਾ ਉਮਾਹਾ=ਉਤਸ਼ਾਹ ਬਣਿਆ ਰਹਿੰਦਾ ਹੈ॥ ੧॥

ਨਦਰਿ ਕਰੇ ਤਾ ਗੁਰੂ ਮਿਲਾਏ॥ ਹਰਿ ਕਾ ਨਾਮੁ ਮੰਨਿ ਵਸਾਏ॥

ਪਰਮੇਸ਼ਰ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਗੁਰੂ ਨਾਲ ਮਿਲਾਉਂਦਾ ਹੈ।

ਜੇਹੜਾ ਗੁਰੂ ਨਾਲ ਮਿਲਿਆ ਹੈ ਉਹ ਹਰੀ ਦਾ ਨਾਮ ਮਨ ਵਿਚ ਵਸਾਉਂਦਾ ਹੈ।

ਹਰਿ ਮਨਿ ਵਸਿਆ ਸਦਾ ਸੁਖਦਾਤਾ ਸਬਦੇ ਮਨਿ ਓਮਾਹਾ ਹੇ॥ ੨॥

ਸਦੀਵ ਕਾਲ ਸੁਖ ਦਾਤਾ ਹਰੀ ਮਨ ਵਿਚ ਵਸਿਆ ਤਾਂ ਮਨ ਵਿਚ ਸਬਦੇ=ਬ੍ਰਹਮ ਦਾ ਓਮਾਹਾ= ਉਤਸ਼ਾਹ ਹੁੰਦਾ ਹੈ॥ ੨॥

ਕ੍ਰਿਪਾ ਕਰੇ ਤਾ ਮੇਲਿ ਮਿਲਾਏ॥ ਹਉਮੈ ਮਮਤਾ ਸਬਦਿ ਜਲਾਏ॥

ਗੁਰੂ ਕਿਰਪਾ ਕਰੇ ਤਾਂ.ਸਤਸੰਗਤ ਦੇ ਮੇਲ ਵਿਚ ਮਿਲਾਉਂਦਾ ਹੈ। ਅਤੇ—

ਸਬਦਿ=ਉਪਦੇਸ਼ ਦੇ ਕੇ ਹੰਗਤਾ ਮਮਤਾ ਨੂੰ ਜਲਾਏ=ਸਾੜਦਾ ਹੈ।

ਸਦਾ ਮੁਕਤੁ ਰਹੈ ਇਕ ਰੰਗੀ ਨਾਹੀ ਕਿਸੈ ਨਾਲਿ ਕਾਹਾ ਹੇ॥ ੩॥

ਇਕ ਪ੍ਰਭੂ ਦੇ ਰੰਗੀ=ਪਰੇਮ ਕਰਕੇ ਸਦਾ ਮੁਕਤ ਰਹਿੰਦਾ ਹੈ. ਜਾਂ ਸਦਾ ਹੀ ਸੰਸਾਰਕ ਧੰਦਿਆਂ ਤੋਂ ਮੁਕਤ=ਛੁਟ ਕੇ ਇਕ ਆਤਮਕ ਆਨੰਦ ਵਿਚ ਰਹਿੰਦਾ ਹੈ ਅਤੇ ਕਿਸੇ ਨਾਲ ਉਸ ਦਾ ਕਾਹਾ=ਕੱਜੀਆ (ਰੌਲਾ) ਭਾਵ ਝਗੜਾ ਨਹੀਂ ਰਹਿੰਦਾ॥ ੩॥

www.sikhbookclub.com

ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ॥ ਬਿਨੁ ਸਬਦੈ ਕੋਇ ਨ ਪਾਵੈ ਪਾਰਾ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਘੋਰ=ਭਿਆਨਕ ਅਗਿਆਨ ਦਾ ਹਨੇਰਾ ਬਣਿਆ ਰਹਿੰਦਾ ਹੈ, ਗੁਰ ਉਪਦੇਸ਼ ਤੋਂ ਬਿਨਾਂ ਕੋਈ ਭੀ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਨਹੀਂ ਪਾਉਂਦਾ।

ਜੋ ਸਬਦਿ ਰਾਤੇ ਮਹਾ ਬੈਰਾਗੀ ਸੋ ਸਚੁ ਸਬਦੇ ਲਾਹਾ ਹੇ॥ ੪॥

ਜੋ ਗੁਰ ਉਪਦੇਸ਼ ਵਿਚ ਰੱਤੇ ਹਨ ਉਹ ਬੜੇ ਵੈਰਾਗੀ ਪੁਰਸ਼ ਹਨ,
ਉਨ੍ਹਾਂ ਨੂੰ ਸੱਚੇ ਬ੍ਰਹਮ ਦੀ ਪ੍ਰਾਪਤੀ ਦਾ ਲਾਹਾ=ਲਾਭ ਪ੍ਰਾਪਤ ਹੋਇਆ ਹੈ॥ ੪॥

ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ॥ ਦੂਜਾ ਭਾਉ ਆਪਿ ਵਰਤਾਇਆ॥

ਕਰਤੇ ਪੁਰਖ ਨੇ ਧੁਰ ਤੋਂ ਹੀ ਕਰਮਾਂ ਅਨੁਸਾਰ ਦੁੱਖ ਸੁਖ ਲਿਖ ਪਾਇਆ ਹੈ। ਅਤੇ—
ਆਪ ਹੀ ਕਰਮਾਂ ਅਨੁਸਾਰ ਦ੍ਵੈਤ ਭਾਵ ਵਰਤਾਇਆ ਹੈ।

ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ ਮਨਮੁਖ ਕਾ ਕਿਆ ਵੇਸਾਹਾ ਹੇ॥ ੫॥

ਜੇਹੜਾ ਗੁਰਮੁਖ ਹੁੰਦਾ ਹੈ ਉਹ ਸਭ ਤੋਂ ਅਸੰਗ ਵਰਤਦਾ ਹੈ, ਅਤੇ—
ਮਨਮੁਖਾਂ ਦਾ ਕੀ ਵੇਸਾਹਾ=ਭਰੋਸਾ (ਇਤਬਾਰ) ਹੈ॥ ੫॥

ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥

ਅਸਲ ਮਨਮੁਖ ਉਹ ਹਨ ਜੇਹੜੇ ਗੁਰ ਉਪਦੇਸ਼ ਨੂੰ ਨਹੀਂ ਪਛਾਣਦੇ। ਅਤੇ—
ਗੁਰਾਂ ਦੇ ਡਰ ਦੀ ਭੀ ਸਾਰ ਨਹੀਂ ਜਾਣਦੇ।

ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ॥ ੬॥

ਵਾਹਿਗੁਰੂ ਦੇ ਡਰ ਧਾਰੇ ਬਿਨਾਂ ਨਿਰਭਉ ਸਚੁ=ਸੁਖ ਨੂੰ ਕਿਵੇਂ ਪਾਵੇਗਾ,
ਉਨ੍ਹਾਂ ਦੇ ਸ੍ਵਾਸਾਂ ਨੂੰ ਜਮ ਕਢ ਕੇ ਲੈ ਜਾਏਗਾ॥ ੬॥

ਅਫਰਿਓ ਜਮੁ ਮਾਰਿਆ ਨ ਜਾਈ॥ ਗੁਰ ਕੈ ਸਬਦੇ ਨੇੜਿ ਨ ਆਈ॥

ਜਮ ਅਫਰਿਓ=ਅਮੋੜ ਹੈ ਕਿਸੇ ਤਰ੍ਹਾਂ ਮਾਰਿਆ ਨਹੀਂ ਜਾਂਦਾ।
ਪਰ ਗੁਰ ਉਪਦੇਸ਼ ਵਾਲਿਆਂ ਦੇ ਨੇੜੇ ਨਹੀ ਆਉਂਦਾ।

ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ॥ ੭॥

ਰਾਮ ਨਾਮ ਜਾਂ ਨਰਾਇਣ ਸ਼ਬਦ ਨੂੰ ਸੁਣਦਾ ਹੈ ਤਾਂ ਜਮ ਡਰਦਾ ਹੋਇਆ ਦੂਰ ਤੋਂ ਹੀ ਦੌੜ ਜਾਂਦਾ ਹੈ ਕਿ ਵੇਪਰਵਾਹ ਹਰੀ ਜੀਉ ਮਤਾਂ ਮੈਨੂੰ ਮਾਰਨਾ ਕਰੇ।

ਹਰਿ ਜੀਉ ਕੀ ਹੈ ਸਭ ਸਿਰਕਾਰਾ॥ ਏਹੁ ਜਮੁ ਕਿਆ ਕਰੇ ਵਿਚਾਰਾ॥

ਏਹ ਸਾਰੀ ਸਿਰਕਾਰਾਂ=ਰਯੱਤ (ਪਰਜਾ) ਹਰਿ ਜੀਉ ਦੀ ਆਪਣੀ ਹੈ।
ਇਹ ਵਿਚਾਰਾ ਜਮ ਉਸ ਦੇ ਹੁਕਮ ਤੋਂ ਬਿਨਾਂ ਕੀ ਕਰ ਸਕਦਾ ਹੈ।

ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ॥ ੮॥

ਇਹ ਜਮ ਹੁਕਮੀ=ਪਰਮਾਤਮਾ ਦਾ ਬੰਦਾ=ਦਾਸ (ਗੁਲਾਮ) ਹੈ ਇਸ ਲਈ ਉਸ ਦਾ ਹੁਕਮ ਕਮਾਵੈ= ਮੰਨਦਾ ਹੈ ਅਤੇ ਉਸ ਦੇ ਹੁਕਮ ਅਨੁਸਾਰ ਹੀ ਜੀਵਾਂ ਦੇ ਅੰਦਰੋਂ ਸ੍ਵਾਸਾਂ ਨੂੰ ਕੱਢਦਾ ਹੈ॥ ੮॥

ਗੁਰਮੁਖਿ ਸਾਚੈ ਕੀਆ ਅਕਾਰਾ॥ ਗੁਰਮੁਖਿ ਪਸਰਿਆ ਸਭੁ ਪਾਸਾਰਾ॥

ਗੁਰਮੁਖਾਂ ਨੇ ਇੰਵ ਨਿਸਚੇ ਕੀਤਾ ਹੈ ਕਿ ਸੰਸਾਰ ਦਾ ਅਕਾਰ ਸੱਚੇ ਪ੍ਰਭੂ ਨੇ ਆਪ ਕੀਤਾ ਹੈ,

ਵਾ:-ਗੁਰਮੁਖਾਂ ਦਾ ਅਕਾਰ ਸੱਚੇ ਪ੍ਰਭੂ ਨੇ ਕੀਤਾ ਹੈ। ਗੁਰਮੁਖਾਂ ਦੀ ਸੈਲ ਵਾਸਤੇ ਹੀ ਸਾਰਾ ਸੰਸਾਰ ਪਸਾਰਾ ਪਸਰਿਆ ਹੋਇਆ ਹੈ।

ਗੁਰਮੁਖਿ ਹੋਵੈ ਸੋ ਸਚੁ ਬੂਝੈ ਸਬਦਿ ਸਚੈ ਸੁਖੁ ਤਾਹਾ ਹੇ॥ ੯॥

ਜੇਹੜਾ ਗੁਰਮੁਖ ਹੁੰਦਾ ਹੈ ਓਹੀ ਸੱਚ ਸਰੂਪ ਪਰਮਾਤਮਾ ਨੂੰ ਬੁਝਦਾ ਹੈ, ਅਤੇ

ਸੱਚੇ ਗੁਰ ਉਪਦੇਸ਼ ਕਰਕੇ ਉਸ ਨੂੰ ਸਦਾ ਸੁਖ ਪ੍ਰਾਪਤ ਹੁੰਦਾ ਹੈ॥ ੯॥

ਗੁਰਮੁਖਿ ਜਾਤਾ ਕਰਮਿ ਬਿਧਾਤਾ॥ ਜੁਗ ਚਾਰੇ ਗੁਰ ਸਬਦਿ ਪਛਾਤਾ॥

ਗੁਰਮੁਖਾਂ ਨੇ ਉਸ ਕਰਮ ਬਿਧਾਤਾ=ਫਲ ਬਰ ਦਾਤੇ ਪ੍ਰਭੂ ਨੂੰ ਜਾਣਿਆ ਹੈ।

ਜਿਸ ਨੂੰ ਚਾਰਿਆਂ ਜੁਗਾਂ ਵਿਚ ਗੁਰ ਉਪਦੇਸ਼ ਦੁਆਰਾ ਭਗਤਾਂ ਨੇ ਪਛਾਣਿਆ ਹੈ।

[ਪੰਨਾ ੧੦੫੫]

ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ॥ ੧੦॥

ਜਿਸ ਗੁਰਮੁਖ ਨੂੰ ਸਬਦਿ ਸਮਾਹਾ=ਬ੍ਰਹਮ ਦਾ ਅਨੰਦ ਪ੍ਰਾਪਤ ਹੋਇਆ ਹੈ, ਉਹ ਗੁਰਮੁਖ ਜੰਮਦਾ ਮਰਦਾ ਨਹੀਂ ਹੈ ਕਿਉਂਕਿ ਉਹ ਗੁਰਮੁਖ ਅੰਤ ਨੂੰ ਬ੍ਰਹਮ ਵਿਚ ਸਮਾਹਾ=ਸਮਾਅ ਜਾਂਦਾ ਹੈ॥ ੧੦॥

ਗੁਰਮੁਖਿ ਨਾਮਿ ਸਬਦਿ ਸਾਲਾਹੇ॥ ਅਗਮ ਅਗੋਚਰ ਵੇਪਰਵਾਹੇ॥

ਗੁਰਮੁਖ ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਜੋ ਬੇ ਪਰਵਾਹ ਹੈ, ਉਸ ਨਾਮੀ ਪਰਮਾਤਮਾ ਦੀ ਸ਼ਲਾਘਾ ਕਰਦੇ ਹਨ।

ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ॥ ੧੧॥

ਇਕ ਨਾਮੀ ਦੇ ਨਾਮ ਨੇ ਹੀ ਚਾਰਿਆਂ ਜੁਗਾਂ ਵਿਚ ਜੀਵ ਤਾਰੇ ਹਨ,

ਗੁਰ ਉਪਦੇਸ਼ ਕਰਕੇ ਹੀ ਨਾਮ ਦਾ ਵਿਸਾਹਾ=ਭਰੋਸਾ ਹੋਇਆ ਹੈ॥ ੧੧॥

ਗੁਰਮੁਖਿ ਸਾਂਤਿ ਸਦਾ ਸੁਖੁ ਪਾਏ॥ ਗੁਰਮੁਖਿ ਹਿਰਦੈ ਨਾਮੁ ਵਸਾਏ॥

ਗੁਰਮੁਖ ਜਨ ਸ਼ਾਂਤੀ ਕਰਕੇ ਹੀ ਸਦੀਵ ਕਾਲ ਸੁਖ ਪਾਉਂਦੇ ਹਨ।

ਗੁਰਮੁਖਾਂ ਨੇ ਹਿਰਦੇ ਵਿਚ ਨਾਮ ਨੂੰ ਵਸਾਇਆ ਹੈ।

ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ॥ ੧੨॥

ਜੋ ਗੁਰਮੁਖ ਹੁੰਦਾ ਹੈ ਓਹੀ ਨਾਮ ਦੇ ਮਹਾਤਮ ਨੂੰ ਸਮਝਦਾ ਹੈ,

ਦੁਰਮਤਿ=ਖੋਟੀ ਮਤ ਕਰਕੇ ਜੋ ਗਲ ਵਿਚ ਜਮਾਂ ਦਾ ਫਾਹਾ ਹੈ ਉਸ ਨੂੰ ਕੱਟ ਦੇਂਦਾ ਹੈ

www.sikhbookclub.com

ਜਾਂ ਜੋ ਗੁਰਮੁਖ ਹੋ ਕੇ ਨਾਮ ਸਮਝਦਾ ਹੈ ਉਹ ਕੁਮਤੀ ਰੂਪ ਫਾਹੀ ਨੂੰ ਕੱਟ ਦੇਂਦਾ ਹੈ॥ ੧੨॥

ਗੁਰਮੁਖਿ ਉਪਜੈ ਸਾਚਿ ਸਮਾਵੈ॥ ਨਾ ਮਰਿ ਜੰਮੈ ਨ ਜੂਨੀ ਪਾਵੈ॥

ਗੁਰਮੁਖ ਜਿਸ ਤੋਂ ਪੈਦਾ ਹੋਏ ਹਨ ਉਸ ਸੱਚੇ ਵਾਹਿਗੁਰੂ ਵਿਚ ਸਮਾਉਂਦੇ ਹਨ।

ਅਥਵਾ:-ਜੋ ਗੁਰਮੁਖ ਸੱਚ ਨਾਮ ਵਿਚ ਸਮਾਉਂਦੇ ਹਨ ਉਹ ਉਪਜੈ=ਉਬਰ ਜਾਂਦੇ, ਭਾਵ ਤਰ ਜਾਂਦੇ ਹਨ। ਉਹ ਜੰਮਦੇ ਮਰਦੇ ਨਹੀਂ ਹਨ ਅਤੇ ਨਾ ਹੀ ਜੂਨੀਆਂ ਵਿਚ ਪੈਂਦੇ ਹਨ।

ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ॥ ੧੩॥

ਗੁਰਮੁਖ ਸਦੀਵ ਕਾਲ ਰੰਗਿ=ਪਰੇਮ ਵਿਚ ਰੱਤੇ ਰਹਿੰਦੇ ਹਨ,

ਅਤੇ ਰਾਤ ਦਿਨ ਆਤਮ ਲਾਭ ਲੈਂਦੇ ਹਨ॥ ੧੩॥

ਗੁਰਮੁਖਿ ਭਗਤ ਸੋਹਹਿ ਦਰਬਾਰੇ॥ ਸਚੀ ਬਾਣੀ ਸਬਦਿ ਸਵਾਰੇ॥

ਗੁਰਮੁਖ ਭਗਤੀ ਕਰਕੇ ਦਰਬਾਰ ਵਿਚ ਸੋਭਾ ਪਾਉਂਦੇ ਹਨ।

ਸੱਚੀ ਉਪਦੇਸ਼ ਬਾਣੀ ਨੇ ਗੁਰਮੁਖਾਂ ਦੇ ਅੰਤਹਕਰਣ ਸਵਾਰ ਦਿਤੇ ਹਨ।

ਅਨਦਿਨੁ ਗੁਣ ਗਾਵੈ ਦਿਨੁ ਰਾਤੀ ਸਹਜ ਸੇਤੀ ਘਰਿ ਜਾਹਾ ਹੇ॥ ੧੪॥

ਗੁਰਮੁਖ ਰਾਤ ਦਿਨ ਅਨਦਿਨੁ=ਇਕ ਰਸ ਵਾਹਿਗੁਰੂ ਦੇ ਗੁਣਾਂ ਨੂੰ ਗਾਉਂਦੇ ਹਨ,

ਅਤੇ ਸਹਜ ਸੇਤੀ=ਗਿਆਨ ਦੇ ਸਹਿਤ ਹੋ ਕੇ ਸਰੂਪ ਘਰ ਵਿਚ ਜਾਂਦੇ ਹਨ॥ ੧੪॥

ਸਤਿਗੁਰੁ ਪੂਰਾ ਸਬਦੁ ਸੁਣਾਏ॥ ਅਨਦਿਨੁ ਭਗਤਿ ਕਰਹੁ ਲਿਵ ਲਾਏ॥

ਪੂਰੇ ਸਤਿਗੁਰੂ ਸਬਦੁ=ਉਪਦੇਸ਼ ਦੁਆਰਾ ਸੁਣਾਂਦੇ ਹਨ।

ਕਿ-ਲਿਵ ਲਗਾ ਕੇ ਰਾਤ ਦਿਨ ਪ੍ਰਭੂ ਦੀ ਭਗਤੀ ਕਰੋ।

ਹਰਿ ਗੁਣ ਗਾਵਹਿ ਸਦ ਹੀ ਨਿਰਮਲ ਨਿਰਮਲ ਗੁਣ ਪਾਤਿਸਾਹਾ ਹੇ॥੧੫॥

ਜੋ ਨਿਰਮਲ ਹਰੀ ਦੇ ਸਦਾ ਗੁਣ ਗਾਉਂਦੇ ਰਹਿੰਦੇ ਹਨ,

ਉਹ ਸ਼ੁਭ ਗੁਣਾਂ ਕਰਕੇ ਨਿਰਮਲ ਪਾਤਸ਼ਾਹ ਦਾ ਸਰੂਪ ਹੋ ਜਾਂਦੇ ਹਨ॥ ੧੫॥

ਗੁਣ ਕਾ ਦਾਤਾ ਸਚਾ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥

ਉਹ ਸੱਚਾ ਪ੍ਰਭੂ ਹੀ ਸ਼ੁਭ ਗੁਣਾਂ ਦਾ ਦਾਤਾ ਹੈ। ਪਰ ਕੋਈ ਵਿਰਲਾ ਗੁਰਮੁਖ ਹੀ ਉਸ ਪ੍ਰਭੂ ਨੂੰ ਬੁਝਦਾ ਹੈ।

ਨਾਨਕ ਜਨੁ ਨਾਮੁ ਸਲਾਹੇ ਬਿਗਸੈ
ਸੋ ਨਾਮੁ ਬੇਪਰਵਾਹਾ ਹੇ॥ ੧੬॥ ੨॥ ੧੧॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖ ਜਨ ਵਾਹਿਗੁਰੂ ਨਾਮ ਨੂੰ ਸਲਾਹ ਕੇ ਬਿਗਸੈ=ਖੁਸ਼ ਹੁੰਦੇ ਹਨ, ਅਤੇ ਉਸ ਵਾਹਿਗੁਰੂ ਨਾਮ ਕਰਕੇ ਹੀ ਉਹ ਬੇਪਰਵਾਹ ਰਹਿੰਦੇ ਹਨ॥ ੧੬॥ ੨॥ ੧੧॥

ਮਾਰੂ ਮਹਲਾ ੩॥

ਹਰਿ ਜੀਉ ਸੇਵਿਹੁ ਅਗਮ ਅਪਾਰਾ॥

ਉਸ ਅਗਮ ਅਪਾਰ ਗੁਣਾਂ ਵਾਲੇ ਹਰਿ ਜੀਉ ਨੂੰ ਸੇਵਿਹੁ=ਸਿਮਰਨ ਕਰੋ।

ਤਿਸ ਦਾ ਅੰਤੁ ਨ ਪਾਈਐ ਪਾਰਾਵਾਰਾ॥

ਉਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਪਾਇਆ ਜਾਂਦਾ।

ਗੁਰ ਪਰਸਾਦਿ ਰਵਿਆ ਘਟ ਅੰਤਰਿ ਤਿਤੁ ਘਟਿ ਮਤਿ ਅਗਾਹਾ ਹੇ॥ ੧॥

ਜਿਸ ਨੇ ਗੁਰਾਂ ਦੀ ਕ੍ਰਿਪਾ ਨਾਲ ਉਸ ਨੂੰ ਆਪਣੇ ਅੰਤਹਕਰਣ ਵਿਚ ਉਚਾਰਿਆ ਹੈ,
ਉੱਸ ਦੇ ਘਟ ਵਿਚ ਅਗਾਧ ਪ੍ਰਭੂ ਦੇ ਜਾਣਨ ਵਾਲੀ ਮਤੀ ਪ੍ਰਗਟ ਹੋਈ ਹੈ॥ ੧॥

ਸਭ ਮਹਿ ਵਰਤੈ ਏਕੋ ਸੋਈ॥ ਗੁਰ ਪਰਸਾਦੀ ਪਰਗਟੁ ਹੋਈ॥

ਸਾਰਿਆਂ ਵਿਚ ਇਕ ਉਹ ਪ੍ਰਭੂ ਹੀ ਵਰਤ ਰਿਹਾ ਹੈ।
ਉਹ ਪ੍ਰਭੂ ਗੁਰਾਂ ਦੀ ਕਿਰਪਾ ਨਾਲ ਪਰਗਟ ਹੁੰਦਾ ਹੈ।

ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ॥ ੨॥

ਉਹ ਜਗਜੀਵਨ ਪ੍ਰਭੂ ਸਾਰਿਆਂ ਦੀ ਪਾਲਨਾ ਕਰਦਾ ਹੈ, ਅਤੇ
ਸਾਰਿਆਂ ਨੂੰ ਰਿਜਕੁ=ਖਾਣ ਪਾਣ ਪਹੁੰਚਾ ਦੇਂਦਾ ਹੈ॥ ੨॥

ਪੂਰੈ ਸਤਿਗੁਰਿ ਬੂਝਿ ਬੁਝਾਇਆ॥ ਹੁਕਮੇ ਹੀ ਸਭੁ ਜਗਤੁ ਉਪਾਇਆ॥

ਪੂਰਿਆਂ ਸਤਿਗੁਰਾਂ ਨੇ ਏਹ ਬੂਝਿ=ਗਿਆਨ ਸਮਝਾਇਆ ਹੈ।
ਕਿ-ਪ੍ਰਭੂ ਨੇ ਆਪਣੇ ਹੁਕਮ ਵਿਚ ਹੀ ਸਾਰੇ ਜਗਤ ਨੂੰ ਪੈਦਾ ਕੀਤਾ ਹੈ।

ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥ ੩॥

ਜੇਹੜਾ ਪੁਰਸ਼ ਉਸ ਦੇ ਹੁਕਮ ਨੂੰ ਮੰਨਦਾ ਹੈ ਓਹੀ ਸੁਖ ਨੂੰ ਪਾਉਂਦਾ ਹੈ, ਕਿਉਂਕਿ—
ਸ਼ਾਹਾਂ ਦੇ ਤੇ ਪਾਤਸ਼ਾਹਾਂ ਦੇ ਸਿਰ ਉਤੇ ਓਸੇ ਦਾ ਹੁਕਮ ਚਲ ਰਿਹਾ ਹੈ॥ ੩॥

ਸਚਾ ਸਤਿਗੁਰੁ ਸਬਦੁ ਅਪਾਰਾ॥ ਤਿਸ ਦੈ ਸਬਦਿ ਨਿਸਤਰੈ ਸੰਸਾਰਾ॥

ਸਤਿਗੁਰੂ ਸੱਚਾ ਹੈ ਉਨ੍ਹਾਂ ਦਾ ਸਬਦੁ=ਉਪਦੇਸ਼ ਭੀ ਅਪਾਰਾ=ਸ੍ਰੇਸ਼ਟ ਹੈ।
ਉਨ੍ਹਾਂ ਦੇ ਉਪਦੇਸ਼ ਕਰਕੇ ਹੀ ਜੀਵ ਦਾ ਸੰਸਾਰ ਤੋਂ ਤਰਨਾ ਹੁੰਦਾ ਹੈ।

ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ॥ ੪॥

ਕਰਤਾ ਪੁਰਖ ਪਰਮਾਤਮਾ ਆਪ ਹੀ ਜੀਵਾਂ ਨੂੰ ਪੈਦਾ ਕਰ ਕਰਕੇ ਵੇਖਦਾ ਹੈ,
ਸਭਨਾਂ ਨੂੰ ਸ੍ਵਾਸ ਤੇ ਗਿਰਾਹਾ=ਗਰਾਸ (ਭੋਜਨ) ਦੇਂਦਾ ਹੈ॥ ੪॥

ਕੋਟਿ ਮਧੇ ਕਿਸਹਿ ਬੁਝਾਏ॥ ਗੁਰ ਕੈ ਸਬਦਿ ਰਤੇ ਰੰਗੁ ਲਾਏ॥

ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੂੰ ਬੁਝਾਏ=ਸਮਝਾਉਂਦਾ ਹੈ।
ਜੋ ਗੁਰਾਂ ਦੇ ਉਪਦੇਸ਼ ਵਿਚ ਰੱਤੇ ਹਨ ਉਹ ਹੋਰਨਾਂ ਨੂੰ ਰੰਗੁ=ਪਰੇਮ ਲਗਾਉਂਦੇ ਹਨ।

ਹਰਿ ਸਾਲਾਹਹਿ ਸਦਾ ਸੁਖਦਾਤਾ ਹਰਿ ਬਖਸੇ ਭਗਤਿ ਸਲਾਹਾ ਹੇ॥ ੫॥

ਉਹ ਗੁਰਮੁਖ ਸੁਖ ਦਾਤੇ ਹਰੀ ਨੂੰ ਸਦਾ ਸਲਾਉਂਦੇ ਹਨ,
ਜਿਨ੍ਹਾਂ ਨੂੰ ਹਰੀ ਭਗਤੀ ਦਾ ਸਲਾਹੁਣਾ ਬਖਸ਼ਦਾ ਹੈ॥ ੫॥

ਸਤਿਗੁਰੁ ਸੇਵਹਿ ਸੇ ਜਨ ਸਾਚੇ॥ ਜੋ ਮਰਿ ਜੰਮਹਿ ਕਾਚ ਨਿਕਾਚੇ॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹ ਪੁਰਸ਼ ਸੱਚੇ ਹਨ।
ਜੋ ਕੱਚੇ ਸ਼ਕਾਮ ਕਰਮਾਂ ਨੂੰ ਕਰਕੇ ਕੱਚੇ ਹਨ, ਉਹ ਮਰਦੇ ਜੰਮਦੇ ਹਨ।

ਅਗਮ ਅਗੋਚਰੁ ਵੇਪਰਵਾਹਾ ਭਗਤਿ ਵਛਲੁ ਅਥਾਹਾ ਹੇ॥ ੬॥

ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਬੇਪਰਵਾਹ ਜੋ ਅਥਾਹ ਪ੍ਰਭੂ ਹੈ ਉਹ ਭਗਤਾਂ ਦਾ ਵਛਲੁ= ਪਿਆਰਾ ਹੈ॥ ੬॥

ਸਤਿਗੁਰੁ ਪੂਰਾ ਸਾਚੁ ਦ੍ਰਿੜਾਏ॥ ਸਚੈ ਸਬਦਿ ਸਦਾ ਗੁਣ ਗਾਏ॥

ਪੂਰਾ ਸਤਿਗੁਰੂ ਜਿਸ ਨੂੰ ਸੱਚ ਨਾਮ ਦ੍ਰਿੜ੍ਹਾਉਂਦਾ ਹੈ।
ਉਹ ਗੁਰਾਂ ਦੇ ਸੱਚੇ ਉਪਦੇਸ਼ ਦੁਆਰਾ ਸਦਾ ਹੀ ਪ੍ਰਭੂ ਦੇ ਗੁਣ ਗਾਉਂਦਾ ਹੈ।

ਗੁਣਦਾਤਾ ਵਰਤੈ ਸ਼ਭ ਅੰਤਰਿ ਸਿਰਿ ਸਿਰਿ ਲਿਖਦਾ ਸਾਹਾ ਹੇ॥ ੭॥

ਸ਼ੁਭ ਗੁਣਾਂ ਦਾ ਦਾਤਾ ਪ੍ਰਭੂ ਸਾਰਿਆਂ ਦੇ ਅੰਦਰ ਵਰਤ ਰਿਹਾ ਹੈ, ਅਤੇ—
ਸਿਰ ਬ ਸਿਰ ਅਰਥਾਤ ਜਿਥੇ ਕੋਈ ਹੈ ਉਥੇ ਹੀ ਸਾਰਿਆਂ ਦੇ ਸਾਹਾ=ਸ੍ਵਾਸਾਂ ਨੂੰ ਲਿਖਦਾ ਹੈ।
ਅਥਵਾ:-ਹਰ ਇਕ ਦੇ ਸਿਰ ਸਿਰ ਉਤੇ ਸਾਹਾ=ਸ੍ਵਾਸ ਲਿਖਦਾ ਹੈ॥ ੭॥

ਸਦਾ ਹਦੂਰਿ ਗੁਰਮੁਖਿ ਜਾਪੈ॥ ਸਬਦੇ ਸੇਵੈ ਸੋ ਜਨੁ ਧ੍ਰਾਪੈ॥

ਗੁਰਮੁਖ ਸਦਾ ਹੀ ਉਸ ਪ੍ਰਭੂ ਨੂੰ ਹਾਜਰਾ ਹਜੂਰ ਜਾਪੈ=ਜਾਣਦੇ ਹਨ। ਜੋ ਗੁਰ ਸ਼ਬਦ ਨੂੰ ਸੇਂਵਦੇ ਹਨ ਜਾਂ ਸਬਦੋ=ਉਪਦੇਸ਼ ਦਾਤੇ ਗੁਰੂ ਨੂੰ ਸੇਂਵਦੇ ਹਨ, ਉਹ ਪੁਰਸ਼ ਧ੍ਰਾਪੈ=ਤ੍ਰਿਪਤ ਹੁੰਦੇ ਹਨ।

ਅਨਦਿਨੁ ਸੇਵਹਿ ਸਚੀ ਬਾਣੀ ਸਬਦਿ ਸਚੈ ਓਮਾਹਾ ਹੇ॥ ੮॥

ਜੋ ਰਾਤ ਦਿਨ ਗੁਰਾਂ ਨੂੰ ਸੇਂਵਦੇ ਹਨ, ਉਨ੍ਹਾਂ ਦੀ ਬਾਣੀ ਸੱਚੀ ਹੈ,
ਉਨ੍ਹਾਂ ਨੂੰ ਸੱਚੇ ਉਪਦੇਸ਼ ਦਾ ਓਮਾਹਾ=ਉਤਸ਼ਾਹ ਬਣਿਆ ਰਹਿੰਦਾ ਹੈ॥ ੮॥

ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ॥ ਮਨਹਠਿ ਕਰਮ ਫਿਰਿ ਜੋਨੀ ਪਾਏ॥

ਅੰਨ੍ਹਾਂ ਅਗਿਆਨੀ ਬਹੁਤ ਸਾਰੇ ਸ਼ਕਾਮ ਕਰਮਾਂ ਨੂੰ ਦ੍ਰਿੜਾਏ=ਕਰਦਾ ਹੈ।
ਮਨ ਦੇ ਹੱਠ ਕਰਕੇ ਕਰਮ ਕਰਦਾ ਹੈ ਇਸ ਲਈ ਮੁੜ ਮੁੜ ਕੇ ਜੂਨੀਆਂ ਵਿਚ ਪੈਂਦਾ ਹੈ।

[ਪੰਨਾ ੧੦੫੬]

ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ॥ ੯॥

ਬਿਖਿਆ=ਮਾਇਆ ਦੀ ਪ੍ਰਾਪਤੀ ਕਾਰਣਿ=ਵਾਸਤੇ ਲਬ, ਲੋਭ ਨੂੰ ਕਮਾਉਂਦਾ ਹੈ,
ਖੋਟੀ ਮਤ ਵਾਲੇ ਪੁਰਸ਼ ਦਾ ਏਹੋ ਦੋਰਾਹਾ=ਕੁਰਾਹਾ (ਖੋਟਾ ਰਸਤਾ) ਹੈ,

ਵਾ:- ਦੁਰਮਤੀਏ ਦਾ ਦੋ=ਦ੍ਵੈਤ ਵਾਲਾ ਰਸਤਾ ਹੈ,

ਵਾ:-ਦੋ ਰਾਹਾ=ਦੋ ਰਸਤੇ ਹਨ ਕਦੇ ਪਰਮੇਸ਼ਰ ਵੱਲ ਜਾਂਦਾ ਹੈ, ਕਦੇ ਸੰਸਾਰਕ ਪਦਾਰਥਾਂ ਵੱਲ ਜਾਂਦਾ ਹੈ।

ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ ॥

ਪੂਰੇ ਸਤਿਗੁਰੂ ਜਿਸ ਨੂੰ ਭਗਤੀ ਦ੍ਰਿੜ੍ਹਾਉਂਦੇ ਹਨ।

ਉਹ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨਾਮ ਸਿਮਰਨ ਵਿਚ ਚਿਤ ਬਿਰਤੀ ਨੂੰ ਲਗਾਉਂਦਾ ਹੈ।

ਮਨਿ ਤਨਿ ਹਰਿ ਰਵਿਆ ਘਟ ਅੰਤਰਿ ਮਨਿ ਭੀਨੈ ਭਗਤਿ ਸਲਾਹਾ ਹੇ ॥੧੦ ॥

ਜਿਸ ਨੇ ਮਨੋ, ਤਨੋ ਹੋ ਕੇ ਘਟ ਅੰਦਰ ਹਰੀ ਨਾਮ ਨੂੰ ਰਵਿਆ=ਸਿਮਰਿਆ ਹੈ,

ਉਸ ਦਾ ਮਨਿ=ਅੰਤਹਕਰਣ ਭਗਤੀ ਦੀ ਸ਼ਲਾਘਾ ਵਿਚ ਭਿਜ ਗਿਆ ਹੈ॥ ੧੦ ॥

ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ ॥ ਗੁਰ ਕੈ ਸਬਦਿ ਭਗਤਿ ਨਿਸਤਾਰਣੁ ॥

ਮੇਰਾ ਸੱਚਾ ਪ੍ਰਭੂ ਅਸੁਰ=ਆਸੁਰੀ ਸੰਪਦਾ ਨੂੰ ਸੰਘਾਰਣੁ=ਮਾਰਣ ਵਾਲਾ ਹੈ।

ਗੁਰਾਂ ਦੇ ਉਪਦੇਸ਼ ਵਾਲੇ ਭਗਤਾਂ ਨੂੰ ਨਿਸਤਾਰਣੁ=ਤਾਰਨ ਵਾਲਾ ਹੈ।

ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਸਿਰਿ ਸਾਹਾ ਪਾਤਿਸਾਹਾ ਹੇ ॥ ੧੧ ॥

ਮੇਰਾ ਪ੍ਰਭੂ ਪਿਛੇ ਸੱਚਾ ਸੀ ਹੁਣ ਭੀ ਸਦਾ ਸੱਚਾ ਹੈ,

ਸਾਹਾ=ਸ਼ਾਹੂਕਾਰਾਂ ਦੇ ਤੇ ਬਾਦਸ਼ਾਹਾਂ ਦੇ ਸਿਰ ਉਤੇ ਓਸੇ ਦਾ ਹੁਕਮ ਹੈ॥ ੧੧ ॥

ਸੇ ਭਗਤ ਸਚੇ ਤੇਰੈ ਮਨਿ ਭਾਏ ॥ ਦਰਿ ਕੀਰਤਨੁ ਕਰਹਿ ਗੁਰ ਸਬਦਿ ਸੁਹਾਏ ॥

ਹੇ ਸੱਚੇ ਪ੍ਰਭੂ ! ਜੋ ਤੇਰੇ ਮਨ ਵਿਚ ਚੰਗੇ ਲਗੇ ਹਨ ਉਹ ਅਸਲ ਭਗਤ ਹਨ।

ਗੁਰ ਸ਼ਬਦ ਦੁਆਰੇ ਤੇਰੇ ਦਰਬਾਰ ਵਿਚ ਕੀਰਤਨ ਕਰਦੇ ਹੋਏ ਸੁਹਾਏ=ਸੋਭਦੇ ਹਨ।

ਸਾਚੀ ਬਾਣੀ ਅਨਦਿਨੁ ਗਾਵਹਿ ਨਿਰਧਨ ਕਾ ਨਾਮੁ ਵੇਸਾਹਾ ਹੇ ॥ ੧੨ ॥

ਰਾਤ ਦਿਨ ਰਾਮ ਨਾਮ ਰੂਪ ਸੱਚੀ ਬਾਣੀ ਨੂੰ ਗਾਉਂਦੇ ਹਨ,

ਧਨ ਤੋਂ ਹੀਣਿਆਂ ਦਾ ਨਾਮ ਉਪਰ ਹੀ ਵੇਸਾਹਾ=ਭਰੋਸਾ ਹੈ॥ ੧੨ ॥

ਜਿਨ ਆਪੇ ਮੇਲਿ ਵਿਛੋੜਹਿ ਨਾਹੀ ॥ ਗੁਰ ਕੈ ਸਬਦਿ ਸਦਾ ਸਾਲਾਹੀ ॥

ਜਿਨ੍ਹਾਂ ਨੂੰ ਤੂੰ ਆਪਣੇ ਨਾਲ ਮੇਲਦਾ ਹੈਂ, ਉਨ੍ਹਾਂ ਨੂੰ ਕਦੇ ਵਿਛੋੜਦਾ ਨਹੀ ਹੈਂ।

ਜੋ ਗੁਰਾਂ ਦੇ ਉਪਦੇਸ਼ ਦੁਆਰਾ ਸਦਾ ਆਪ ਜੀ ਨੂੰ ਸਲਾਹੁੰਦੇ ਹਨ।

ਸਭਨਾ ਸਿਰਿ ਤੂ ਏਕੋ ਸਾਹਿਬੁ ਸਬਦੇ ਨਾਮੁ ਸਲਾਹਾ ਹੇ ॥ ੧੩ ॥

ਸਾਰਿਆਂ ਦੇ ਸਿਰ ਉਤੇ ਇਕ ਤੂੰ ਹੀ ਮਾਲਕ ਹੈਂ, ਇਸ ਗੱਲ ਨੂੰ ਉਨ੍ਹਾਂ ਨੇ ਜਾਣਿਆ ਹੈ,

ਜਿਨ੍ਹਾਂ ਨੇ ਗੁਰ ਸ਼ਬਦ ਦੁਆਰਾ ਨਾਮ ਨੂੰ ਸਲਾਹੁਣਾ ਕੀਤਾ ਹੈ॥ ੧੩ ॥

ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ ॥ ਤੁਧੁ ਆਪੇ ਕਥੀ ਅਕਥ ਕਹਾਣੀ ॥

ਗੁਰ ਉਪਦੇਸ਼ ਤੋਂ ਬਿਨਾਂ ਆਪ ਜੀ ਨੂੰ ਕੋਈ ਭੀ ਨਹੀਂ ਜਾਣਦਾ।

ਤੁਸਾਂ ਨੇ ਆਪ ਹੀ ਗੁਰੂ ਰੂਪ ਹੋ ਕੇ ਇਹ ਅਕੱਥ ਕਹਾਣੀ ਕਥਨ ਕੀਤੀ ਹੈ।

ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ॥ ੧੪॥

ਤੂੰ ਆਪ ਹੀ ਗੁਰੂ ਰੂਪ ਹੋ ਕੇ ਸਦਾ ਉਪਦੇਸ਼ ਦਾ ਦਾਤਾ ਹੈਂ,

ਤੂੰ ਆਪ ਹੀ ਜਗਿਆਸੂ ਰੂਪ ਹੋ ਕੇ ਹਰੀ ਨਾਮ ਨੂੰ ਜਪ ਕੇ ਨਾਮ ਧਨ ਨੂੰ ਸੰਬਾਹਾ=ਇਕੱਤ੍ਰ ਕਰਦਾ ਹੈਂ,

ਵਾ:-ਉਸ ਦੇ ਪਾਸ ਸੰਬਾਹਾ=ਪਹੁੰਚਦਾ ਹੈਂ॥ ੧੪॥

ਤੂ ਆਪੇ ਕਰਤਾ ਸਿਰਜਣਹਾਰਾ॥ ਤੇਰਾ ਲਿਖਿਆ ਕੋਇ ਨ ਮੇਟਣਹਾਰਾ॥

ਹੇ ਸਿਰਜਣਹਾਰ ਪ੍ਰਭੂ! ਤੂੰ ਆਪ ਹੀ ਸਾਰਿਆਂ ਦਾ ਕਰਤਾ ਹੈਂ।

ਜੋ ਤੇਰਾ ਲਿਖਿਆ ਹੋਇਆ ਲੇਖ ਹੈ, ਭੋਗੇ ਤੋਂ ਬਿਨਾਂ ਉਸ ਨੂੰ ਕੋਈ ਮੇਟਣ ਵਾਲਾ ਨਹੀਂ ਹੈ।

ਗੁਰਮੁਖਿ ਨਾਮੁ ਦੇਵਹਿ ਤੂ ਆਪੇ ਸਹਸਾ ਗਣਤ ਨ ਤਾਹਾ ਹੇ॥ ੧੫॥

ਜਿਸ ਨੂੰ ਤੂੰ ਆਪ ਗੁਰਾਂ ਦੁਆਰੇ ਨਾਮ ਦਾਨ ਦੇਂਦਾ ਹੈਂ,

ਉਸ ਨੂੰ ਕੋਈ ਸੰਸਾ ਤੇ ਗਿਣਤੀ ਕਰਮਾਂ ਦੀ ਨਹੀਂ ਰਹਿੰਦੀ॥ ੧੫॥

ਭਗਤ ਸਚੇ ਤੇਰੈ ਦਰਵਾਰੇ॥ ਸਬਦੇ ਸੇਵਨਿ ਭਾਇ ਪਿਆਰੇ॥

ਹੇ ਵਾਹਿਗੁਰੂ! ਤੇਰੇ ਦਰਬਾਰ ਵਿਚ ਤੇਰੇ ਹੀ ਭਗਤ ਸੱਚੇ ਹਨ।

ਜੇਹੜੇ ਪਿਆਰੇ ਗੁਰੂ ਦੇ ਸ਼ਬਦ ਨੂੰ ਭਾਇ=ਪਰੇਮ ਨਾਲ ਸੇਂਵਦੇ ਹਨ।

ਨਾਨਕ ਨਾਮਿ ਰਤੇ ਬੈਰਾਗੀ ਨਾਮੇ ਕਾਰਜੁ ਸੋਹਾ ਹੇ॥ ੧੬॥ ੩॥ ੧੨॥

ਗੁਰੂ ਜੀ ਕਥਨ ਕਰਦੇ ਹਨ—ਜੋ ਸੰਸਾਰ ਵਲੋਂ ਵੈਰਾਗਵਾਨ ਹੋ ਕੇ,

ਵਾ:-ਪ੍ਰੇਮੀ ਹੋ ਕੇ ਨਾਮੀ ਦੇ ਨਾਮ ਸਿਮਰਨ ਵਿਚ ਰੱਤੇ ਹਨ,

ਉਨ੍ਹਾਂ ਦਾ ਕਾਰਜ ਨਾਮ ਕਰਕੇ ਹੀ ਸੋਭਨੀਕ ਹੋਇਆ ਹੈ॥ ੧੬॥ ੩॥ ੧੨॥

ਮਾਰੂ ਮਹਲਾ ੩॥

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥

ਮੇਰੇ ਸੱਚੇ ਪ੍ਰਭੂ ਨੇ ਇਕ ਸੰਸਾਰ ਰੂਪੀ ਖੇਲੁ ਅਜੇਹਾ ਉਤਪਤ ਕੀਤਾ ਹੈ।

ਕੋਇ ਨ ਕਿਸ ਹੀ ਜੇਹਾ ਉਪਾਇਆ॥

ਜਿਸ ਵਿਚ ਕੋਈ ਭੀ ਕਿਸੇ ਵਰਗਾ ਪੈਦਾ ਨਹੀਂ ਕੀਤਾ।

ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥ ੧॥

ਆਪ ਹੀ ਉਸ ਨੇ ਜੀਵਾਂ ਵਿਚ ਫ਼ਰਕ ਕੀਤਾ ਹੈ ਸਭ ਦੀ ਦਸਤਾਰ, ਗੁਫ਼ਤਾਰ, ਰਫ਼ਤਾਰ ਵਖੋ ਵੱਖਰੀ ਕੀਤੀ ਹੈ, ਫੇਰ ਆਪ ਹੀ ਵੇਖ ਕੇ ਵਿਗਸੈ=ਪ੍ਰਸੰਨ ਹੁੰਦਾ ਹੈ ਅਤੇ ਸਾਰੇ ਰਸ ਉਸਨੇ ਦੇਹ ਦੇ ਵਿਚ ਰਖੇ ਹਨ॥ ੧॥

ਵਾਜੈ ਪਉਣੁ ਤੈ ਆਪਿ ਵਜਾਏ॥ ਸਿਵ ਸਕਤੀ ਦੇਹੀ ਮਹਿ ਪਾਏ॥

ਜਾਂ ਆਪ ਵਜਾਉਂਦਾ ਹੈ ਤਾਂ ਹੀ ਪ੍ਰਤੱਖ ਪੌਣ ਚਲਦੀ ਹੈ।

ਅਥਵਾ:-ਜਾਂ ਆਪ ਪ੍ਰਸੂਤ ਪੌਣ ਚਲਾਉਂਦਾ ਹੈ ਤਾਂ ਹੀ ਲੜਕੀ ਲੜਕਾ ਵਾਜੈ=ਪ੍ਰਗਟ ਹੁੰਦੇ ਹਨ। ਇਸ ਦੇਹ ਦੇ ਵਿਚ ਹੀ ਸ਼ਿਵ ਸ਼ਕਤੀ ਰੂਪ ਪੰਜ ਅੰਸਾਂ ਪਾਈਆਂ ਹਨ। ਸ਼ਿਵ ਰੂਪ ਪਰਮੇਸ਼ਰ ਦੀਆਂ ਅਸਤੀ, ਭਾਂਤੀ, ਪ੍ਰੇਯ ਰੂਪ ਤਿੰਨ ਅੰਸਾਂ ਹਨ। ਸ਼ਕਤੀ=ਮਾਇਆ ਦੀਆਂ ਨਾਮ ਰੂਪ ਦੋ ਅੰਸਾਂ ਹਨ।

ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ॥ ੨॥

ਗੁਰਾਂ ਦੀ ਕਿਰਪਾ ਨਾਲ ਸੰਸਾਰ ਵਲੋਂ ਬਿਰਤੀ ਉਲਟੀ ਹੋ ਜਾਵੇ ਤਾਂ ਉਸ ਸਬਦੁ=ਬ੍ਰਹਮ ਦਾ ਗਿਆਨ ਰੂਪ ਰਤਨ ਪਰਗਟ ਹੁੰਦਾ ਹੈ॥ ੨॥

ਅੰਧੇਰਾ ਚਾਨਣੁ ਆਪੇ ਕੀਆ॥ ਏਕੋ ਵਰਤੈ ਅਵਰੁ ਨ ਬੀਆ॥

ਉਸ ਨੇ ਆਪ ਹੀ ਪ੍ਰਤੱਖ ਹਨੇਰਾ ਤੇ ਚਾਨਣ, ਵਾ:-ਅਗਿਆਨ ਰੂਪ ਹਨੇਰਾ ਤੇ ਗਿਆਨ ਰੂਪ ਚਾਨਣ ਕੀਤਾ ਹੈ। ਇਕ ਓਹੀ ਸਾਰੇ ਵਰਤ ਰਿਹਾ ਹੈ ਉਸ ਤੋਂ ਬਿਨਾਂ ਹੋਰ ਕੋਈ ਬੀਆ=ਦੂਜਾ ਨਹੀਂ ਹੈ।

ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ॥ ੩॥

ਗੁਰਾਂ ਦੀ ਕਿਰਪਾ ਨਾਲ ਆਪਣੇ ਸਰੂਪ ਨੂੰ ਪਛਾਣੇ, ਤਾਂ
ਉਸ ਦੀ ਬੁੱਧੀ ਵਿਚ ਹਿਰਦਾ ਕੌਲ ਖਿੜ ਜਾਂਦਾ ਹੈ।

ਅਪਣੀ ਗਹਣ ਗਤਿ ਆਪੇ ਜਾਣੈ॥ ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ॥

ਉਹ ਪ੍ਰਭੂ ਆਪਣੀ ਗਹਣ=ਗੁੱਝ ਗਤੀ ਨੂੰ ਆਪ ਹੀ ਜਾਣਦਾ ਹੈ।
ਹੋਰ ਲੋਕ ਤਾਂ ਵੇਦਾਂ ਸ਼ਾਸਤਰਾਂ ਤੋਂ ਸੁਣ ਸੁਣ ਕੇ ਆਖਿ=ਮੂੰਹ ਤੋਂ ਕਥਨ ਕਰਦੇ ਹਨ,
ਵਾ:-ਆਖਿ=ਅਖਿਆਣਾ ਦੁਆਰੇ ਕਥਨ ਕਰਦੇ ਹਨ।

ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ॥ ੪॥

ਜੇਹੜਾ ਪੁਰਸ਼ ਗਿਆਨਵਾਨ ਹੁੰਦਾ ਹੈ, ਉਹ ਮੁਖਿ=ਅਧਿਸ਼ਠਾਨ ਰੂਪ ਗੁਰ=ਚੇਤਨ ਨੂੰ ਸਮਝਦਾ ਹੈ ਅਤੇ ਸੱਚੇ ਵਾਹਿਗੁਰੂ ਦੀ ਸੱਚੀ ਸਿਫਤ ਨੂੰ ਸਲਾਹੁੰਦਾ ਹੈ॥ ੪॥

ਦੇਹੀ ਅੰਦਰਿ ਵਸਤੁ ਅਪਾਰਾ॥ ਆਪੇ ਕਪਟ ਖੁਲਾਵਣਹਾਰਾ॥

ਇਸ ਸਰੀਰ ਦੇ ਅੰਦਰ ਹੀ ਅਪਾਰ ਵਸਤੂਆਂ ਦਾ ਮਾਲਕ ਪਰਮਾਤਮਾ ਹੈ।
ਉਹ ਆਪ ਹੀ ਕਪਟ ਰੂਪ, ਵਾ:-ਭਰਮ ਰੂਪ ਤਖ਼ਤਿਆਂ ਦੇ ਖੋਲਣ ਵਾਲਾ ਹੈ।

ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ॥ ੫॥

ਗੁਰਮੁਖ ਜਨ ਗੁਰਾਂ ਦੁਆਰੇ ਸੁਭਾਵਕ ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਅਤੇ—
ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਨੂੰ ਬੁਝਾਉਂਦੇ ਹਨ॥ ੫॥

ਸਭਿ ਰਸ ਦੇਹੀ ਅੰਦਰਿ ਪਾਏ॥ ਵਿਰਲੇ ਕਉ ਗੁਰੁ ਸਬਦੁ ਬੁਝਾਏ॥

ਉਸ ਪ੍ਰਭੂ ਨੇ ਸਾਰੇ ਰਸ ਦੇਹ ਦੇ ਅੰਦਰ ਹੀ ਪਾਏ ਹਨ।

ਪਰ ਕਿਸੇ ਵਿਰਲੇ ਨੂੰ ਗੁਰ ਸ਼ਬਦ ਦੁਆਰੇ ਸਮਝ ਆਈ ਹੈ।

ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ॥ ੬॥

ਜੇਹੜਾ ਪੁਰਸ਼ ਗੁਰ ਸ਼ਬਦ ਨੂੰ ਸਲਾਹ ਕੇ ਅੰਦਰੋਂ ਪਰਮਾਤਮਾ ਨੂੰ ਖੋਜਦਾ ਹੈ,

ਉਹ ਫਿਰ ਬਾਹਰ ਕਿਉਂ ਜਾਂਦਾ ਹੈ, ਅਰਥਾਤ ਨਹੀਂ ਜਾਂਦਾ॥ ੬॥

ਵਿਣੁ ਚਾਖੇ ਸਾਦੁ ਕਿਸੈ ਨ ਆਇਆ॥
ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ॥

ਚਾਖੇ=ਧਾਰੇ ਤੋਂ ਬਿਨਾਂ ਕਿਸੇ ਨੂੰ ਭੀ ਸਾਦੁ=ਆਨੰਦ ਨਹੀਂ ਆਇਆ।

ਗੁਰਾਂ ਨੇ ਉਪਦੇਸ਼ ਦੇ ਕੇ ਜਿਸ ਨੂੰ ਨਾਮ ਅੰਮ੍ਰਿਤ ਪਿਲਾਇਆ ਹੈ ਉਸੇ ਨੂੰ ਅਨੰਦ ਆਇਆ ਹੈ।

ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ॥ ੭॥

ਜੋ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਉਹ ਅਮਰਪਦ ਨੂੰ ਪ੍ਰਾਪਤ ਹੋਏ ਹਨ ਅਤੇ ਉਨ੍ਹਾਂ ਨੂੰ ਰਸੁ=ਅਨੰਦ ਹੋਇਆ ਹੈ॥ ੭॥

ਆਪੁ ਪਛਾਣੈ ਸੋ ਸਭਿ ਗੁਣ ਜਾਣੈ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ॥

ਜੋ ਆਪਣੇ ਸਰੂਪ ਨੂੰ ਪਛਾਣਦਾ ਹੈ ਉਹ ਸਾਰਿਆਂ ਗੁਣਾਂ ਨੂੰ ਜਾਣਦਾ ਹੈ। ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨਾਮ ਨੂੰ ਕਥਨ ਕਰਦਾ ਹੈ।

[ਪੰਨਾ ੧੦੫੭]

ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ॥ ੮॥

ਰਾਤ ਦਿਨ ਅਨਦਿਨੁ=ਇਕਰਸ ਜੋ ਨਾਮ ਸਿਮਰਨ ਵਿਚ ਰੱਤਾ ਰਹਿੰਦਾ ਹੈ।

ਉਹ ਮਾਇਆ ਦੇ ਮੋਹ ਨੂੰ ਚੁਕਾਹਾ=ਦੂਰ ਕਰ ਲੈਂਦਾ ਹੈ॥ ੮॥

ਗੁਰ ਸੇਵਾ ਤੇ ਸਭੁ ਕਿਛੁ ਪਾਏ॥ ਹਉਮੈ ਮੇਰਾ ਆਪੁ ਗਵਾਏ॥

ਗੁਰਾਂ ਦੀ ਸੇਵਾ ਕਰਕੇ ਜੀਵ ਸਭ ਕੁਝ ਪਾ ਲੈਂਦਾ ਹੈ।

ਸੇਵਾ ਦੇ ਬਲ ਨਾਲ ਹੰਗਤਾ ਮਮਤਾ, ਮੇਰ ਤੇਰ ਅਤੇ ਆਪ ਭਾਅ ਹੰਕਾਰ ਨੂੰ ਗੁਆ ਲੈਂਦਾ ਹੈ।

ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ॥ ੯॥

ਸੁਖਦਾਤਾ ਪਰਮੇਸ਼ਰ ਆਪ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਹੀ ਸਤਿਗੁਰਾਂ ਦੇ ਉਪਦੇਸ਼ ਕਰਕੇ ਏਹ ਜੀਵ ਸੋਭਾ ਵਾਲਾ ਹੁੰਦਾ ਹੈ॥ ੯॥

ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥ ਅਨਦਿਨੁ ਹਰਿ ਕਾ ਨਾਮੁ ਵਖਾਣੀ॥

ਗੁਰਾਂ ਦਾ ਉਪਦੇਸ਼ ਹੀ ਅੰਮ੍ਰਿਤ ਬਾਣੀ ਹੈ,

ਵਾ:-ਅੰਮ੍ਰਿਤ ਰੂਪ ਜੋ ਗੁਰਾਂ ਦਾ ਸ਼ਬਦ ਹੈ, ਉਸ ਨੂੰ ਬਾਣੀ ਦੁਆਰਾ ਕਥਨ ਕਰੇ। ਅਤੇ—

ਰਾਤ ਦਿੰਨ ਹਰੀ ਦਾ ਨਾਮ ਵਖਾਣੀ=ਉਚਾਰਨਾ ਕਰੇ।

ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਭਾਹਾ ਹੇ॥ ੧੦॥

ਜਿਸ ਦੇ ਘਟ ਅੰਦਰ ਸੱਚਾ ਹਰਿ ਹਰਿ ਵਸਦਾ ਹੈ,

ਉਸ ਦਾ ਉਹ ਘਟੁ=ਅੰਤਹਕਰਣ ਨਿਰਮਲ ਹੁੰਦਾ ਹੈ॥ ੧੦॥

ਸੇਵਕ ਸੇਵਹਿ ਸਬਦਿ ਸਲਾਹਹਿ॥ ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ॥

ਜੋ ਸੇਵਕ ਹੋ ਕੇ ਗੁਰਾਂ ਨੂੰ ਸੇਂਵਦੇ ਹਨ ਤੇ ਸਬਦਿ=ਬ੍ਰਹਮ ਦੀ ਸ਼ਲਾਘਾ ਕਰਦੇ ਹਨ।

ਅਤੇ ਸਦੀਵ ਕਾਲ ਰੰਗਿ=ਪਰੇਮ ਵਿਚ ਰੱਤੇ ਹੋਏ ਹਰੀ ਦੇ ਗੁਣਾਂ ਨੂੰ ਗਾਉਂਦੇ ਹਨ।

ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ॥ ੧੧॥

ਉਨ੍ਹਾਂ ਦੇ ਔਗੁਣ ਬਖਸ਼ ਕੇ ਸਬਦਿ=ਬ੍ਰਹਮ ਨੇ ਆਪਣੇ ਵਿਚ ਮਿਲਾ ਲਿਆ ਹੈ,

ਉਸ ਦੇ ਮਨ ਵਿਚ ਭਗਤੀ ਰੂਪੀ, ਵਾ:-ਹਰੀ ਜਸ ਰੂਪੀ ਪਰਮਲ=ਚੰਦਨ ਦੀ ਵਾਸ਼ਨਾ ਹੈ॥ ੧੧॥

ਸਬਦੇ ਅਕਥੁ ਕਥੇ ਸਾਲਾਹੇ॥ ਮੇਰੇ ਪ੍ਰਭ ਸਾਚੇ ਵੇਪਰਵਾਹੇ॥

(੧) ਕਥਨ ਕਰਨੇ ਜੋਗ ਜੋ ਅਕਥ ਪ੍ਰਭੂ ਹੈ, ਉਸ ਨੂੰ ਗੁਰ ਸ਼ਬਦ ਦੁਆਰੇ ਸਲਾਹੁਣਾ ਕਰੇ।

(੨) ਗੁਰ ਸ਼ਬਦ ਦੁਆਰੇ ਅਕਥ ਪ੍ਰਭੂ ਨੂੰ ਕਥਨ ਕਰੇ। ਅਤੇ ਮੇਰੇ ਵੇਪਰਵਾਹ ਸੱਚੇ ਪ੍ਰਭੂ ਨੂੰ ਸਲਾਹਵੇ।

ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ॥ ੧੨॥

ਜਿਨ੍ਹਾਂ ਨੂੰ ਗੁਣ ਦਾਤਾ ਪ੍ਰਭੂ ਆਪ ਗੁਰ ਸ਼ਬਦ ਨਾਲ ਜਾਂ ਸ਼ਬਦ ਦਾਤੇ ਗੁਰਾਂ ਨਾਲ ਮਿਲਾਉਂਦਾ ਹੈ ਉਨ੍ਹਾਂ ਨੂੰ ਸ਼ਬਦ ਦਾ ਰਸ ਆ ਕੇ ਪ੍ਰਾਪਤ ਹੋਇਆ ਹੈ॥ ੧੨॥

ਮਨਮੁਖ ਭੂਲਾ ਠਉਰ ਨ ਪਾਏ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ॥

ਮਨਮੁਖ ਵਾਹਿਗੁਰੂ ਤੋਂ ਭੁਲਾ ਹੋਇਆ ਕਿਧਰੇ ਠਹਿਰਣਾ ਨਹੀਂ ਪਾਉਂਦਾ।

ਜੋ ਧੁਰ ਤੋਂ ਲੇਖ ਲਿਖਿਆ ਗਿਆ ਹੈ, ਉਸ ਅਨੁਸਾਰ ਕਰਮਾਂ ਨੂੰ ਕਮਾਉਂਦਾ ਹੈ।

ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ॥ ੧੩॥

ਜੋ ਬਿਖਿਆ=ਮਾਇਆ ਵਿਚ ਰੱਤੇ ਹੋਏ ਹਨ, ਉਹ ਬਿਖਿਆ=ਮਾਇਆ ਨੂੰ ਹੀ ਖੋਜੈ=ਢੂੰਡਦੇ ਹਨ,

ਇਸ ਲਈ ਉਨ੍ਹਾਂ ਨੂੰ ਜਨਮ ਮਰਨ ਦਾ ਦੁੱਖ ਹੁੰਦਾ ਹੈ॥ ੧੩॥

ਆਪੇ ਆਪਿ ਆਪਿ ਸਾਲਾਹੇ॥ ਤੇਰੇ ਗੁਣ ਪ੍ਰਭ ਤੁਝ ਹੀ ਮਾਹੇ॥

ਹੇ ਪ੍ਰਭੂ ! ਤੂੰ ਆਪੇ ਹੀ ਆਪਣੇ ਆਪ ਨੂੰ ਸਲਾਹੁੰਦਾ ਹੈਂ। ਅਤੇ—

ਆਪ ਜੀ ਦੇ ਜੋ ਗੁਣ ਹਨ ਉਹ ਤੇਰੇ ਵਿਚ ਹੀ ਹਨ। (ਹੋਰ ਕਿਸੇ ਵਿਚ ਨਹੀਂ ਹਨ)

www.sikhbookclub.com

ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ॥ ੧੪॥

ਹੇ ਪ੍ਰਭੂ ! ਤੂੰ ਆਪ ਸੱਚਾ ਹੈਂ, ਤੇਰੀ ਨਾਮ ਬਾਣੀ, ਵਾ:-ਬਣਾਵਟ ਭੀ ਸੱਚੀ ਹੈ,

ਤੂੰ ਆਪ ਹੀ ਅਲਖ ਸਰੂਪ ਹੈਂ ਅਤੇ ਅਥਾਹਾ=ਥਾਹ ਤੋਂ ਰਹਿਤ ਹੈਂ॥ ੧੪॥

ਬਿਨੁ ਗੁਰ ਦਾਤੇ ਕੋਇ ਨ ਪਾਏ॥ ਲਖ ਕੋਟੀ ਜੇ ਕਰਮ ਕਮਾਏ॥

ਨਾਮ ਦਾਤੇ ਜੋ ਗੁਰੂ ਹਨ, ਉਨ੍ਹਾਂ ਤੋਂ ਬਿਨਾਂ ਦਾਤੇ=ਪਰਮੇਸ਼ੁਰ ਨੂੰ ਕੋਈ ਨਹੀਂ ਪਾਂਦਾ।

ਜੇਕਰ ਕੋਈ ਲੱਖਾਂ ਕਰੋੜਾਂ ਕਰਮ ਭੀ ਕਮਾ ਲਵੇ।

ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ॥ ੧੫॥

ਗੁਰਾਂ ਦੀ ਕ੍ਰਿਪਾ ਨਾਲ ਗੁਰ ਸ਼ਬਦ ਦੁਆਰੇ ਜਿਸ ਨੇ ਸੱਚੇ ਬ੍ਰਹਮ ਨੂੰ ਸਲਾਹਿਆ ਹੈ,

ਉਸ ਦੇ ਘਟ ਅੰਦਰ ਪ੍ਰਭੂ ਆ ਕੇ ਵਸ਼ਿਆ=ਸਖਿਆਤਕਾਰ ਹੋਇਆ ਹੈ॥ ੧੫॥

ਸੇ ਜਨ ਮਿਲੇ ਧੁਰਿ ਆਪਿ ਮਿਲਾਏ॥ ਸਾਚੀ ਬਾਣੀ ਸਬਦਿ ਸੁਹਾਏ॥

ਉਹੀ ਗੁਰਮੁਖ ਜਨ ਵਾਹਿਗੁਰੂ ਨਾਲ ਮਿਲੇ ਹਨ, ਜੋ ਧੁਰ ਰੂਪ ਪਰਮੇਸ਼ਰ ਨੇ ਆਪ ਗੁਰਾਂ ਨਾਲ ਮਿਲਾਏ ਹਨ। ਉਹ ਸੱਚੀ ਉਪਦੇਸ਼ ਬਾਣੀ ਕਰਕੇ ਸੰਸਾਰ ਵਿਚ ਸੁਹਾਏ=ਸੋਭਾ ਵਾਲੇ ਹੋਏ ਹਨ।

ਨਾਨਕ ਜਨੁ ਗੁਣ ਗਾਵੈ ਨਿਤ ਸਾਚੇ
ਗੁਣ ਗਾਵਹ ਗੁਣੀ ਸਮਾਹਾ ਹੇ॥ ੧੬॥ ੪॥ ੧੩॥

ਗੁਰੂ ਜੀ ਕਥਨ ਕਰਦੇ ਹਨ—ਸੇਵਕ ਜਨ ਨਿਤਾਪ੍ਰਤੀ ਸੱਚੇ ਦੇ ਗੁਣਾਂ ਨੂੰ ਗਾਉਂਦਾ ਹੈ,

ਕਿਉਂਕਿ ਗੁਣਾਂ ਦੇ ਗਾਉਣ ਵਾਲਾ ਗੁਣੀ=ਪਰਮਾਤਮਾ ਵਿਚ ਸਮਾਹਾ ਹੇ=ਸਮਾਅ ਜਾਂਦਾ, ਅਰਥਾਤ ਅਭੇਦ ਹੁੰਦਾ ਹੈ॥ ੧੬॥ ੪॥ ੧੩॥

ਮਾਰੂ ਮਹਲਾ ੩॥

ਨਿਹਚਲੁ ਏਕੁ ਸਦਾ ਸਚੁ ਸੋਈ॥ ਪੂਰੇ ਗੁਰ ਤੇ ਸੋਝੀ ਹੋਈ॥

ਉਹ ਇਕ ਪਰਮਾਤਮਾ ਸਦੀਵ ਕਾਲ ਨਿਸਚਲ ਤੇ ਸੱਚਾ ਹੈ। ਪੂਰਿਆਂ ਗੁਰਾਂ ਤੋਂ ਉਸ ਪ੍ਰਭੂ ਦੀ ਸੋਝੀ= ਗਿਆਤ ਪ੍ਰਾਪਤ ਹੁੰਦੀ ਹੈ।

ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ॥ ੧॥

ਜੇਹੜੇ ਹਰੀ ਨਾਮ ਰਸ ਵਿਚ ਭਿਜੇ ਹੋਏ ਸਦਾ ਹੀ ਉਸ ਪ੍ਰਭੂ ਨੂੰ ਧਿਆਉਂਦੇ ਹਨ, ਉਹਨਾਂ ਗੁਰਮਤੀਆਂ ਨੇ ਸੀਲ ਸੁਭਾਅ ਰੂਪੀ ਸੰਨਾਹਾ=ਸੰਜੋਅ ਨੂੰ ਪਹਿਰਿਆ ਹੈ॥ ੧॥

ਅੰਦਰਿ ਰੰਗੁ ਸਦਾ ਸਚਿਆਰਾ॥ ਗੁਰ ਕੈ ਸਬਦਿ ਹਰਿ ਨਾਮਿ ਪਿਆਰਾ॥

ਉਹਨਾਂ ਦੇ ਅੰਦਰ ਸਦਾ ਹੀ ਸੱਚੇ ਪ੍ਰਭੂ ਦਾ ਰੰਗ ਚੜ੍ਹਿਆ ਰਹਿੰਦਾ ਹੈ। ਅਤੇ ਸਤਿਗੁਰਾਂ ਦੇ ਉਪਦੇਸ਼ ਕਰਕੇ ਉਹਨਾਂ ਨੂੰ ਹਰੀ ਨਾਮ ਪਿਆਰਾ ਲਗਦਾ ਹੈ।

ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ॥੨॥

ਜਿਨ੍ਹਾਂ ਦੇ ਘਟ ਅੰਦਰ ਨੌਂ ਨਿਧੀ ਰੂਪ ਨਾਮ ਵਸਿਆ ਹੈ, ਉਹਨਾਂ ਨੇ ਮਾਇਆ ਦੀ ਪ੍ਰਾਪਤੀ ਦਾ ਲਾਹਾ= ਲਾਭ ਛੱਡ ਦਿੱਤਾ ਹੈ॥ ੨॥

ਰਈਅਤਿ ਰਾਜੇ ਦੁਰਮਤਿ ਦੋਈ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ॥

ਤਮਾਮ ਰਾਜੇ ਅਤੇ ਪਰਜਾ ਦੇ ਲੋਕ ਦੁਰਮਤਿ=ਖੋਟੀ ਸਿਖਿਆ ਕਰਕੇ ਦੋਈ=ਦ੍ਵੈਤ ਵਿਚ,

ਵਾ:-ਖੋਟੀ ਸਿਖਿਆ ਰੂਪ ਦਵੈਤ ਵਿਚ ਲਗ ਰਹੇ ਹਨ। ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਇਕ ਪ੍ਰਭੂ ਦੀ ਪ੍ਰਾਪਤੀ ਨਹੀ ਹੁੰਦੀ ਹੈ।

ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ॥ ੩॥

ਜੋ ਇਕ ਵਾਹਿਗੁਰੂ ਨੂੰ ਧਿਆਉਂਦੇ ਹਨ ਉਹ ਸਦਾ ਸੁਖ ਪਾਉਂਦੇ ਹਨ, ਉਹਨਾਂ ਦਾ ਰਾਜ ਭਾਗ ਸਦਾ ਨਿਸਚਲ ਹੈ, /ਵਾ:-ਉਹਨਾਂ ਦਾ ਰਾਜੁ=ਹੁਕਮ ਸਦਾ ਨਿਸਚਲ ਹੈ॥ ੩॥

ਆਵਣੁ ਜਾਣਾ ਰਧੈ ਨ ਕੋਈ॥ ਜੰਮਣੁ ਮਰਣੁ ਤਿਸੈ ਤੇ ਹੋਈ॥

ਆਉਣੇ ਜਾਣੇ ਵਲੋਂ ਕੋਈ ਰੱਖ ਨਹੀਂ ਸਕਦਾ। ਇਹ ਜੰਮਣਾ ਮਰਨਾ ਓਸੇ ਦੇ ਹੁਕਮ ਵਿਚ ਹੋ ਰਿਹਾ ਹੈ।

ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ॥ ੪॥

ਗੁਰਾਂ ਦੁਆਰੇ ਉਸ ਸੱਚੇ ਵਾਹਿਗੁਰੂ ਨੂੰ ਸਦਾ ਧਿਆਉਣਾ ਕਰੋ, ਮੁਕਤੀ ਦੀ ਗਤਿ=ਪਰਾਪਤੀ ਉਸੇ ਤੋਂ ਪਾਉਣਾ ਕਰੋ॥ ੪॥

ਸਚੁ ਸੰਜਮੁ ਸਤਿਗੁਰੂ ਦੁਆਰੈ॥ ਹਉਮੈ ਕ੍ਰੋਧੁ ਸਬਦਿ ਨਿਵਾਰੈ॥

ਸਚੁ ਸੰਜਮੁ=ਨਿਸਕਪਟ ਇੰਦ੍ਰੀਆਂ ਦਾ ਦਮਨ ਕਰਨਾ, ਸਤਿਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ। ਸਤਿਗੁਰਾਂ ਦੇ ਸ਼ਬਦ ਦੁਆਰੇ ਹੰਗਤਾ ਮਮਤਾ ਅਤੇ ਕ੍ਰੋਧ ਨੂੰ ਨਵਿਰਤ ਕਰੇ।

ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ॥ ੫॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਸਦਾ=ਨਿਤ ਸੁਖ ਪ੍ਰਾਪਤ ਹੁੰਦਾ ਹੈ, ਸੀਲ ਸੁਭਾਅ ਤੇ ਸੰਤੋਖ ਆਦਿਕ ਸਾਰੇ ਗੁਣ ਉਸ ਸੇਵਾ ਵਿਚ ਹਨ॥ ੫॥

ਹਉਮੈ ਮੋਹੁ ਉਪਜੈ ਸੰਸਾਰਾ॥ ਸਭੁ ਜਗੁ ਬਿਨਸੈ ਨਾਮੁ ਵਿਸਾਰਾ॥

ਹੰਗਤਾ ਮਮਤਾ ਅਤੇ ਮੋਹ ਆਦਿਕਾਂ ਤੋਂ ਸਾਰਾ ਸੰਸਾਰ ਉਤਪੰਨ ਹੁੰਦਾ ਹੈ। ਅਤੇ ਨਾਮ ਸਿਮਰਨ ਨੂੰ ਵਿਸਾਰਾ=ਭੁਲਾ ਕੇ ਸਾਰਾ ਸੰਸਾਰ ਬਿਨਸ ਰਿਹਾ ਹੈ।

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ॥ ੬॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਨਾਮ ਪ੍ਰਾਪਤ ਨਹੀਂ ਹੁੰਦਾ, ਨਾਮ ਕਰਕੇ ਹੀ ਜਗਤ ਵਿਚ ਸੱਚਾ ਆਤਮ ਲਾਭ, ਵਾ:-ਜਗਤ ਵਿਚ ਆਉਣ ਦਾ ਲਾਭ ਪ੍ਰਾਪਤ ਹੁੰਦਾ ਹੈ॥ ੬॥

ਸਚਾ ਅਮਰੁ ਸਬਦਿ ਸੁਹਾਇਆ॥ ਪੰਚ ਸਬਦ ਮਿਲਿ ਵਾਜਾ ਵਾਇਆ॥

ਜਿਸ ਨੇ ਸੁਹਾਇਆ=ਸੋਭਨੀਕ ਗੁਰਾਂ ਦੇ ਸ਼ਬਦ ਕਰਕੇ ਸਚਾ ਅਮਰੁ=ਹੁਕਮ ਮੰਨਿਆ ਹੈ। ਉਸ ਨੇ ਪੰਚ= ਸਰੇਸ਼ਟ ਗੁਰਾਂ ਦੇ ਸ਼ਬਦ ਨਾਲ ਮਿਲ ਕੇ ਸਤਿਨਾਮੁ ਰੂਪੀ ਵਾਜੇ ਨੂੰ ਵਾਇਆ=ਵਜਾਇਆ ਹੈ।

www.sikhbookclub.com

[ਪੰਨਾ ੧੦੫੮]

ਸਦਾ ਕਾਰਜੁ ਸਚਿ ਨਾਮਿ ਸੁਹੇਲਾ ਬਿਨੁ ਸਬਦੈ ਕਾਰਜੁ ਕੇਹਾ ਹੇ॥ ੭॥

ਸੱਚੇ ਨਾਮੀ ਪਰਮਾਤਮਾ ਦੇ ਵਾਹਿਗੁਰੂ ਨਾਮ ਜਪਣ ਕਰਕੇ ਜੀਵ ਦਾ ਮੋਖਸ਼ ਰੂਪੀ ਕਾਰਜ ਸਦਾ ਸੁਹੇਲਾ=ਸੁਖੈਣ ਹੁੰਦਾ ਹੈ, ਗੁਰ ਸ਼ਬਦ ਤੋਂ ਬਿਨਾਂ ਜੀਵਾਂ ਦਾ ਮੋਖਸ਼ ਰੂਪੀ ਕਾਰਜ ਕੇਹਾ=ਕਿਸ ਤਰ੍ਹਾਂ ਹੋ ਸਕਦਾ ਹੈ, ਅਰਥਾਤ ਨਹੀਂ ਹੋ ਸਕਦਾ॥ ੭॥

ਖਿਨ ਮਹਿ ਹਸੈ ਖਿਨ ਮਹਿ ਰੋਵੈ॥ ਦੂਜੀ ਦੁਰਮਤਿ ਕਾਰਜੁ ਨ ਹੋਵੈ॥

ਜਿਸ ਵੇਲੇ ਲਾਭ ਹੁੰਦਾ ਹੈ ਤਾਂ ਉਸ ਖਿਨ ਵਿਚ ਹੱਸਦਾ ਹੈ, ਜਾਂ ਘਾਟਾ ਪੈ ਜਾਵੇ ਤਾਂ ਉਸ ਖਿਨ ਵਿਚ ਰੋਂਦਾ ਹੈ। ਦ੍ਵੈਤ ਭਾਵ ਵਾਲੀ ਖੋਟੀ ਸਿਖਿਆ ਕਰਕੇ ਸੁਖਦਾਈ ਮੋਖਸ਼ ਰੂਪੀ ਕੰਮ ਨਹੀਂ ਹੁੰਦਾ।

ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ॥ ੮॥

ਪਦਾਰਥਾਂ ਦਾ ਸੰਜੋਗ ਅਤੇ ਵਿਜੋਗੁ=ਵਿਛੋੜਾ ਹੋਣਾ ਇਹ ਤਾਂ ਕਰਤੇ ਪੁਰਖ ਨੇ ਧੁਰ ਤੋਂ ਹੀ ਲਿਖ ਪਾਇਆ ਹੈ, ਇਸ ਲਈ ਏਹ ਕਿਰਤੁ=ਕਰਮ ਭੋਗੇ ਤੋਂ ਬਿਨਾਂ ਕਿਸੇ ਦਾ ਹਟਾਇਆ ਹਟ ਨਹੀਂ ਸਕਦਾ ਹੈ॥ ੮॥

ਜੀਵਨ ਮੁਕਤਿ ਗੁਰ ਸਬਦੁ ਕਮਾਏ॥ ਹਰਿ ਸਿਉ ਸਦ ਹੀ ਰਹੈ ਸਮਾਏ॥

ਜੋ ਗੁਰ ਉਪਦੇਸ਼ ਨੂੰ ਕਮਾਉਂਦਾ ਹੈ, ਉਹ ਪੁਰਸ਼ ਜੀਵਨ ਮੁਕਤ ਹੈ। ਫਿਰ ਉਹ ਸਦਾ ਹੀ ਹਰੀ ਨਾਲ ਸਮਾਏ=ਅਭੇਦ ਹ ਰਹਿੰਦਾ ਹੈ।

ਗੁਰ ਕਿਰਪਾ ਤੇ ਮਿਲੈ ਵਡਿਆਈ ਹਉਮੈ ਰੋਗੁ ਨ ਤਾਹਾ ਹੇ॥ ੯॥

ਜਿਸ ਨੂੰ ਗੁਰੂ ਦੀ ਕ੍ਰਿਪਾ ਨਾਲ ਨਾਮ ਦੀ ਵਡਿਆਈ ਮਿਲਦੀ ਹੈ, ਉਸ ਨੂੰ ਹਉਮੈ ਰੂਪੀ ਰੋਗ ਨਹੀਂ ਹੁੰਦਾ॥ ੯॥

ਰਸ ਕਸ ਖਾਏ ਪਿੰਡੁ ਵਧਾਏ॥ ਭੇਖ ਕਰੈ ਗੁਰ ਸਬਦੁ ਨ ਕਮਾਏ॥

ਜੋ ਖੱਟੇ, ਮਿੱਠੇ, ਕਸੈਲੇ ਆਦਿਕ ਰਸਾਂ ਕਸਾਂ ਨੂੰ ਖਾ ਕੇ ਆਪਣੇ ਪਿੰਡੁ=ਸਰੀਰ ਨੂੰ ਵਧਾਏ=ਵਧਾਉਂਦਾ ਹੈ। ਤੇ ਸਰੀਰ ਉਤੇ ਭੇਖ ਧਾਰਨ ਕਰਕੇ ਗੁਰ ਉਪਦੇਸ਼ ਨੂੰ ਨਹੀਂ ਕਮਾਉਂਦਾ।

ਅੰਤਰਿ ਰੋਗੁ ਮਹਾ ਦੁਖੁ ਭਾਰੀ ਬਿਸਟਾ ਮਾਹਿ ਸਮਾਹਾ ਹੇ॥ ੧੦॥

ਉਸ ਦੇ ਅੰਦਰ ਵੱਡਾ ਭਾਰੀ ਦੁੱਖ ਦੇਣ ਵਾਲਾ ਅਗਿਆਨ ਰੂਪੀ ਰੋਗ ਹੈ ਤੇ ਅੰਤ ਨੂੰ ਗੰਦਗੀ ਵਿਚ ਸਮਾਉਂਦਾ ਹੈ, ਭਾਵ ਗੂੰਹ ਦਾ ਕੀੜਾ ਬਣਦਾ ਹੈ॥ ੧੦॥

ਬੇਦ ਪੜਹਿ ਪੜਿ ਬਾਦੁ ਵਖਾਣਹਿ॥
ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ॥

ਵੇਦਾਂ ਨੂੰ ਪੜ੍ਹ ਪੜ੍ਹ ਕੇ ਬਾਦੁ=ਝਗੜਿਆਂ ਨੂੰ ਹੀ ਕਥਨ ਕਰਦਾ ਹੈ। ਹਿਰਦੇ ਵਿਚ ਜੋ ਬ੍ਰਹਮ ਵਸ ਰਿਹਾ ਹੈ, ਉਸ ਨੂੰ ਗੁਰ ਉਪਦੇਸ਼ ਦੁਆਰਾ ਪਛਾਣਦਾ ਨਹੀਂ ਹੈ।

ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ॥ ੧੧॥

ਜੇਹੜਾ ਗੁਰਮੁਖ ਹੁੰਦਾ ਹੈ ਉਹ ਤਾਂ ਤਤੁ ਬਿਲੋਵੈ=ਸਿਧਾਂਤ ਦਾ ਹੀ ਵਿਚਾਰ ਕਰਦਾ ਰਹਿੰਦਾ ਹੈ, ਉਸ ਦੀ ਰਸਨਾ 'ਪਰ ਹਰੀ ਨਾਮ ਰਸ ਟਿਕਿਆ ਰਹਿੰਦਾ ਹੈ॥ ੧੧॥

ਘਰਿ ਵਥੁ ਛੋਡਹਿ ਬਾਹਰਿ ਧਾਵਹਿ॥ ਮਨਮੁਖ ਅੰਧੇ ਸਾਦੁ ਨ ਪਾਵਹਿ॥

ਅੰਤਹਕਰਣ ਰੂਪ ਘਰ ਵਿਚ ਜੋ ਬ੍ਰਹਮ ਵਸਤੂ ਹੈ, ਉਸ ਨੂੰ ਛੱਡ ਕੇ ਬਾਹਰ ਭਟਕਦੇ ਫਿਰਦੇ ਹਨ। ਉਹ ਅੰਨ੍ਹੇ ਮਨਮੁਖ ਨਾਮ ਦਾ ਸੁਆਦ ਨਹੀਂ ਪਾਉਂਦੇ।

ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ॥ ੧੨॥

ਅਨ=ਹੋਰ ਸੰਸਾਰਕ ਰਸਾਂ ਵਿਚ ਰੱਤੀ ਹੋਈ ਜਿਹਵਾ ਫਿਕਿਆਂ ਬਚਨਾਂ ਨੂੰ ਬੋਲਦੀ ਹੈ, ਉਸ ਨੂੰ ਮੂਲਿ=ਕਦਾਚਿਤ ਭੀ ਹਰੀ ਨਾਮ ਰਸ ਪ੍ਰਾਪਤ ਨਹੀਂ ਹੁੰਦਾ॥ ੧੨॥

ਮਨਮੁਖ ਦੇਹੀ ਭਰਮੁ ਭਤਾਰੋ॥ ਦੁਰਮਤਿ ਮਰੈ ਨਿਤ ਹੋਇ ਖੁਆਰੋ॥

ਮਨਮੁਖ ਪੁਰਸ਼ ਦੀ ਦੇਹੀ ਦਾ ਭਰਮ ਹੀ ਭਤਾਰੋ=ਪਤੀ (ਮਾਲਕ) ਹੈ। ਇਸ ਲਈ ਦੁਰਮਤਿ=ਖੋਟੀ ਮਤ ਕਰਕੇ ਨਿਤ ਖੁਆਰ ਹੋ ਕੇ ਮਰਦਾ ਹੈ, ਜਾਂ ਖੋਟੀ ਮਤ ਕਰਕੇ ਮਰਦਾ ਹੈ ਤੇ ਨਿਤਾਪ੍ਰਤੀ ਜੂਨੀਆਂ ਵਿਚ ਖਰਾਬ ਹੁੰਦਾ ਹੈ।

ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ॥ ੧੩॥

ਕਾਮ, ਕ੍ਰੋਧ ਆਦਿਕ ਪੰਜਾਂ ਵਿਸ਼ਿਆਂ ਵਿਚ ਤੇ ਦ੍ਵੈਤ ਭਾਵ ਵਿਚ ਜਿਸ ਨੇ ਮਨ ਲਗਾਇਆ ਹੈ, ਉਸ ਨੂੰ ਸੁਪਨੇ ਵਿਚ ਭੀ ਸੁਖ ਨਹੀਂ ਹੁੰਦਾ॥ ੧੩॥

ਕੰਚਨ ਦੇਹੀ ਸਬਦੁ ਭਤਾਰੋ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ॥

ਜਿਸ ਨੇ ਆਪਣੀ ਦੇਹੀ ਕੰਚਨ=ਸੋਨੇ ਵਾਂਗੂ ਸ਼ੁਧ ਕੀਤੀ ਹੈ, ਉਸ ਦਾ ਸਬਦੁ=ਬ੍ਰਹਮ ਹੀ ਭਤਾਰੋ=ਪਤੀ (ਮਾਲਕ) ਹੈ। ਉਸ ਦਾ ਰਾਤ ਦਿਨ ਹਰੀ ਨਾਲ ਪ੍ਰੇਮ ਹੋਣ ਕਰਕੇ ਅਭੇਦਤਾ ਦੇ ਭੋਗਾਂ ਨੂੰ ਭੋਗਦੀ ਹੈ।

ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ॥ ੧੪॥

ਉਹ ਪਰਮੇਸ਼ਰ ਸਾਰਿਆਂ ਮਹਲਾ=ਸਰੀਰਾਂ ਦੇ ਅੰਦਰ ਹੈ, ਪਰ ਉਸ ਮਹਲੁ=ਪਰਮੇਸ਼ਰ ਦੇ ਪਾਉਣ ਦਾ ਰਸਤਾ ਗੈਰ=ਹੋਰ ਹੈ ਜੇਹੜਾ ਉਸ ਦੇ ਭਾਣੇ ਦੇ ਬੁਝਣੇ ਵਿਚ ਸਮਾਉਣਾ ਹੈ॥ ੧੪॥

ਆਪੇ ਦੇਵੈ ਦੇਵਣਹਾਰਾ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ॥

ਦੇਣ ਵਾਲਾ ਪ੍ਰਭੂ ਆਪ ਜਿਸ ਨੂੰ ਦਾਤ ਦੇਂਦਾ ਹੈ। ਉਸ ਦੇ ਅੱਗੇ ਕਿਸੇ ਦਾ ਕੋਈ ਚਾਰਾ=ਜ਼ੋਰ ਨਹੀਂ ਚਲ ਸਕਦਾ।

ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ॥ ੧੫॥

ਆਪ ਹੀ ਗੁਰ ਉਪਦੇਸ਼ ਬਖਸ਼ ਕੇ ਆਪਣੇ ਨਾਲ ਮਿਲਾਉਂਦਾ ਹੈ, ਉਸ ਪਰਮਾਤਮਾ ਦਾ ਸਬਦੁ=ਹੁਕਮ ਅਥਾਹਾ ਹੈ॥ ੧੫॥

ਜੀਉ ਪਿੰਡੁ ਸਭੁ ਹੈ ਤਿਸੁ ਕੇਰਾ॥ ਸਚਾ ਸਾਹਿਬੁ ਠਾਕੁਰੁ ਮੇਰਾ॥

ਜੀਉ ਪਿੰਡੁ=ਸਰੀਰ ਆਦਿਕ ਸਭ ਕੁਝ ਉਸੇ ਦਾ ਦਿੱਤਾ ਹੋਇਆ ਹੈ। ਉਹ ਮੇਰਾ ਸੁਆਮੀ ਸੱਚਾ ਮਾਲਕ ਹੈ।

www.sikhbookclub.com

ਨਾਨਕ ਗੁਰਬਾਣੀ ਹਰਿ ਪਾਇਆ
ਹਰਿ ਜਪੁ ਜਾਪਿ ਸਮਾਹਾ ਹੇ॥ ੧੬॥ ੫॥ ੧੪॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖਾਂ ਨੇ ਗੁਰਬਾਣੀ ਦੁਆਰਾ ਹਰੀ ਨੂੰ ਪਾਇਆ ਹੈ ਅਤੇ ਹਰੀ ਨਾਮ ਜਪ ਨੂੰ ਜਪ ਕੇ ਗੁਰਮੁਖਾਂ ਨੂੰ ਸਮਾਹਾ=ਸਮਾਹੜਾ (ਅਨੰਦ) ਪ੍ਰਾਪਤ ਹੋਇਆ ਹੈ॥ ੧੬॥ ੫॥ ੧੪॥

ਮਾਰੂ ਮਹਲਾ ੩॥
ਗੁਰਮੁਖਿ ਨਾਦ ਬੇਦ ਬੀਚਾਰੁ॥ ਗੁਰਮੁਖਿ ਗਿਆਨੁ ਧਿਆਨੁ ਅਪਾਰੁ॥

(੧) ਗੁਰਮੁਖਾਂ ਦਾ ਜੇਹੜਾ ਨਾਦ=ਉਪਦੇਸ਼ ਹੈ ਏਹੋ ਇਕ ਵੇਦਾਂ ਦਾ ਵਿਚਾਰ ਹੈ।

(੨) ਗੁਰਮੁਖ ਵੇਦਾਂ ਦੁਆਰੇ ਨਾਦ=ਬ੍ਰਹਮ ਦਾ ਵਿਚਾਰ ਕਰਦੇ ਹਨ।

(੩) ਗੁਰਮੁਖਾਂ ਦੇ ਨਾਦ=ਉਪਦੇਸ਼ ਦੁਆਰਾ ਵੇਦਾਂ ਦਾ ਵਿਚਾਰ ਕਰੇ।

ਗੁਰਮੁਖ ਜਨ ਅਪਾਰ ਪ੍ਰਭੂ ਦਾ ਹੀ ਗਿਆਨ ਧਿਆਨ ਕਰਦੇ ਹਨ, ਜਾਂ ਅਪਾਰ ਪ੍ਰਭੂ ਦਾ ਧਿਆਨ ਕਰਨ ਨਾਲ ਗੁਰਮੁਖਾਂ ਨੂੰ ਪਰਮਾਤਮਾ ਦਾ ਗਿਆਨ ਪ੍ਰਾਪਤ ਹੋਇਆ ਹੈ।

ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ॥ ੧॥

ਗੁਰਮੁਖ ਉਹ ਕਾਰ ਕਰਦੇ ਹਨ ਜੇਹੜੀ ਪ੍ਰਭੂ ਨੂੰ ਭਾਉਂਦੀ ਹੈ, ਗੁਰਮੁਖ ਪੂਰੇ ਵਾਹਿਗੁਰੂ ਨੂੰ ਪਾਉਂਦੇ ਹਨ॥ ੧॥

ਗੁਰਮੁਖਿ ਮਨੂਆ ਉਲਟਿ ਪਰਾਵੈ॥ ਗੁਰਮੁਖਿ ਬਾਣੀ ਨਾਦੁ ਵਜਾਵੈ॥

ਗੁਰਮੁਖ ਆਪਣੇ ਮਨ ਨੂੰ ਸੰਸਾਰ ਵਲੋਂ ਉਲਟਾ ਕੇ ਵਾਹਿਗੁਰੂ ਵੱਲ ਪਾਉਂਦੇ ਹਨ। ਫੇਰ ਗੁਰਮੁਖ ਨਾਦੁ ਬਾਣੀ=ਉਪਦੇਸ਼ ਬਾਣੀ ਨੂੰ ਵਜਾਵੈ=ਉਚਾਰਦੇ ਹਨ।

ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ॥ ੨॥

ਜੋ ਗੁਰਮੁਖ ਬੈਰਾਗੀ=ਪਰੇਮੀ ਹੋ ਕੇ ਸੱਚ ਨਾਮ ਵਿਚ ਰੱਤੇ ਹਨ, ਉਹ ਆਪਣੇ ਸਰੂਪ ਘਰ ਵਿਚ ਵਾਸਾ ਪਾਉਂਦੇ ਹਨ॥ ੨॥

ਗੁਰ ਕੀ ਸਾਖੀ ਅੰਮ੍ਰਿਤ ਭਾਖੀ॥ ਸਚੈ ਸਬਦੇ ਸਚੁ ਸੁਭਾਖੀ॥

(੧) ਭਾਖੀ=ਉਚਾਰਨ ਕੀਤੀ ਹੋਈ ਜੋ ਅੰਮ੍ਰਿਤ ਰੂਪ ਗੁਰਾਂ ਦੀ ਸਿਖਿਆ ਹੈ। ਉਸ ਵਿਚ ਸਚੁ=ਸੱਚਾ ਨਿਸ਼ਚਾ ਕਰਦਿਆਂ ਸੱਚੇ ਬ੍ਰਹਮ ਨੂੰ ਕਥਨ ਕੀਤਾ ਹੈ।

(੨) ਗੁਰੂ ਦੀ ਸਿਖਿਆ ਅੰਮ੍ਰਿਤ ਰੂਪ ਭਾਖੀ=ਬਾਣੀ ਹੈ, ਕਿਉਂਕਿ ਸੱਚੇ ਗੁਰੂ ਨੇ ਉਪਦੇਸ਼ ਵਿਚ ਸੱਚ ਸਰੂਪ ਦੀ ਵਿਚਾਰ ਸੁਭਾਖੀ=ਕਥਨ ਕੀਤੀ ਹੈ।

ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ॥ ੩॥

ਸਦਾ ਹੀ ਸੱਚੇ ਵਾਹਿਗੁਰੂ ਦੇ ਪ੍ਰੇਮ ਵਿਚ ਮੇਰਾ ਮਨ ਰੱਤਾ ਗਿਆ ਹੈ ਅਤੇ ਸੱਚੇ ਨਾਮ ਨੂੰ ਜਪ ਕੇ ਸੱਚ ਸਰੂਪ ਵਿਚ ਸਮਾਅ ਜਾਂਦਾ ਹੈ। *ਅਥਵਾ:*-ਮੇਰਾ ਮਨ ਸਦਾ ਹੀ ਸੱਚੇ ਪ੍ਰੇਮ ਵਿਚ ਰੱਤਾ ਹੋਇਆ ਸਚਿ=ਨਿਸਚੇ

www.sikhbookclub.com

ਕਰਕੇ ਸੱਚੇ ਪ੍ਰਭੂ ਵਿਚ ਅਭੇਦ ਹੁੰਦਾ ਹੈ॥ ੩॥

ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ॥ ਮੈਲੁ ਨ ਲਾਗੈ ਸਚਿ ਸਮਾਵੈ॥

ਸਤ ਸਰਿ=ਸਤਸੰਗ ਰੂਪੀ ਸਰੋਵਰ ਵਿਚ ਨਾਵੈ=ਇਸ਼ਨਾਨ ਕਰਨ ਨਾਲ ਗੁਰਮੁਖਾਂ ਦਾ ਮਨ ਨਿਰਮਲੁ =ਪਵਿੱਤਰ ਹੈ। ਸੱਚ ਵਿਚ ਸਮਾਉਣ ਕਰਕੇ ਗੁਰਮਖਾਂ ਦੇ ਮਨ ਨੂੰ ਪਾਪਾਂ ਰੂਪੀ ਮੈਲ ਨਹੀਂ ਲਗਦੀ।

ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ॥ ੪॥

ਸਦਾ ਹੀ ਸੱਚੇ ਦੇ ਸੱਚ ਨਾਮ ਨੂੰ ਆਪ ਕਮਾਉਂਦੇ ਹਨ ਅਤੇ ਹੋਰਨਾਂ ਨੂੰ ਸੱਚੀ ਭਗਤੀ ਦ੍ਰਿੜ੍ਹ ਕਰਵਾਉਂਦੇ ਹਨ॥ ੪॥

ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ॥
ਗੁਰਮੁਖਿ ਸਚੁ ਕਮਾਵੈ ਕਰਣੀ॥

(੧) ਗੁਰਮੁਖਾਂ ਦੀਆਂ ਗੱਲਾਂ ਵਿਚ ਸੱਚ ਹੈ, ਗੁਰਮੁਖਾਂ ਦੀਆਂ ਅੱਖਾਂ ਵਿਚ ਸੱਚ ਹੈ।

(੨) ਗੁਰਮੁਖ ਬਚਨਾਂ ਨਾਲ ਸੱਚ ਨੂੰ ਉਚਾਰਦੇ ਹਨ, ਗੁਰਮੁਖ ਅੱਖਾਂ ਨਾਲ ਸੱਚ ਨੂੰ ਹੀ ਵੇਖਦੇ ਹਨ, ਗੁਰਮੁਖ ਸੱਚ ਦੀ ਕਰਨੀ ਨੂੰ ਕਮਾਉਂਦੇ ਹਨ।

ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ॥ ੫॥

ਗੁਰਮੁਖ ਆਪ ਸਦਾ ਹੀ ਦਿਨ ਰਾਤ ਸੱਚ ਨਾਮ ਨੂੰ ਕਹਿੰਦੇ ਹਨ ਅਤੇ ਹੋਰਨਾਂ ਪਾਸੋਂ ਭੀ ਸੱਚ ਨਾਮ ਕਹਾਉਂਦੇ ਹਨ॥ ੫॥

ਗੁਰਮੁਖਿ ਸਚੀ ਊਤਮ ਬਾਣੀ॥ ਗੁਰਮੁਖਿ ਸਚੋ ਸਚੁ ਵਖਾਣੀ॥

ਗੁਰਮੁਖਾਂ ਦੀ ਬਾਣੀ ਸੱਚੀ ਤੇ ਉੱਤਮ ਹੈ। ਗੁਰਮੁਖ ਜਨ ਸੱਚ ਹੀ ਸੱਚ ਨੂੰ ਵਖਾਣੀ=ਕਥਨ ਕਰਦੇ ਹਨ।

ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ॥ ੬॥

ਗੁਰਮੁਖ ਸਦੀਵ ਕਾਲ ਸੱਚੇ ਵਾਹਿਗੁਰੂ ਨੂੰ ਸੇਵਹਿ=ਸਿਮਰਦੇ ਹਨ ਅਤੇ ਗੁਰਮੁਖ ਹੋਰਨਾਂ ਨੂੰ ਭੀ ਸੱਚਾ ਹੀ ਉਪਦੇਸ਼ ਸੁਣਾਉਂਦੇ ਹਨ॥ ੬॥

[ਪੰਨਾ ੧੦੫੯]

ਗੁਰਮੁਖਿ ਹੋਵੈ ਸੁ ਸੋਝੀ ਪਾਏ॥ ਹਉਮੈ ਮਾਇਆ ਭਰਮੁ ਗਵਾਏ॥

ਜੇਹੜਾ ਗੁਰਮੁਖ ਹੁੰਦਾ ਹੈ ਓਹੀ ਸੱਚ ਸਰੂਪ ਦੀ ਸੋਝੀ=ਗਿਆਤ ਨੂੰ ਪਾਉਂਦਾ ਹੈ। ਅਤੇ ਆਪਣੇ ਅੰਦਰੋਂ ਮਾਇਆ ਦੀ ਹੰਗਤਾ ਮਮਤਾ ਤੇ ਭਰਮ ਨੂੰ ਗਵਾ ਦੇਂਦਾ ਹੈ।

ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ॥ ੭॥

ਗੁਰਾਂ ਦੀ ਸਿਖਿਆ, ਵਾ:-ਚਤੁਰਥ ਭੂਮਿਕਾ ਰੂਪੀ ਪਉੜੀ ਸਭ ਤੋਂ ਉਤਮ ਤੇ ਉੱਚੀ ਹੈ, ਕਿਉਂਕਿ ਸੱਚੇ ਗੁਰੂ ਸਚੈ ਦਰਿ=ਸਤਸੰਗੀ ਦਰਬਾਰ ਵਿਚ ਹਰੀ ਦੇ ਗੁਣ ਗਾਉਂਦੇ ਗਹਿੰਦੇ ਹਨ॥ ੭॥

ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ॥ ਗੁਰਮੁਖਿ ਪਾਏ ਮੋਖ ਦੁਆਰੁ॥

ਗੁਰਮੁਖ ਜਨ ਸਾਰੁ=ਸਰੇਸ਼ਟ ਸੱਚੇ ਸੰਜਮ ਕਰਨੀ ਨੂੰ ਕਰਦੇ ਹਨ,

ਵਾ-ਗੁਰਮੁਖਾਂ ਦਾ ਸੰਜਮ ਸੱਚਾ ਹੈ ਤੇ ਗੁਰਮੁਖਾਂ ਦੀ ਕਰਨੀ ਭੀ ਸਾਰੁ=ਸਰੇਸ਼ਟ ਹੈ। ਗੁਰਮੁਖ ਜਨ ਮੁਕਤੀ ਦੇ ਦਰਵਾਜ਼ੇ ਗਿਆਨ ਨੂੰ ਪਾਉਂਦੇ ਹਨ।

ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ॥ ੮॥

ਗੁਰਮੁਖ ਰੰਗਿ=ਪਰੇਮ ਵਿਚ ਰੱਤਾ ਹੋਇਆ ਸਦਾ ਪਰੇਮਾ ਭਗਤੀ ਕਰਦਾ ਹੈ,

ਅਥਵਾ-ਪਰੇਮਾ ਭਗਤੀ ਕਰਕੇ ਗੁਰਮੁਖ ਸਦਾ ਹੀ ਰੰਗਿ=ਅਨੰਦ ਵਿਚ ਰੱਤਾ ਰਹਿੰਦਾ ਹੈ ਤੇ ਆਪਾ ਭਾਅ ਹੰਕਾਰ ਨੂੰ ਗਵਾ ਕੇ ਪਰਮੇਸ਼ਰ ਵਿਚ ਅਭੇਦ ਹੁੰਦਾ ਹੈ॥ ੮॥

ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ॥ ਸਚੈ ਨਾਮਿ ਸਦਾ ਲਿਵ ਲਾਏ॥

ਜੋ ਗੁਰਮੁਖ ਹੁੰਦਾ ਹੈ ਉਹ ਮਨ ਦਾ ਖੋਜਿ=ਖੁਰਾ ਭਾਵ ਹਾਲ (ਵਿਚਾਰ) ਸੁਣਾਉਂਦਾ ਹੈ। ਤੇ ਸੱਚੇ ਨਾਮੀ ਪਰਮਾਤਮਾ ਵਿਚ ਸਦਾ ਲਿਵ ਲਗਾਉਂਦਾ ਹੈ।

ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ॥ ੯॥

ਜੋ ਉਸ ਪਰਮੇਸ਼ਰ ਨੂੰ ਭਾਵੇਗਾ ਓਹੀ ਕੰਮ ਅਗੇ ਨੂੰ ਕਰੇਗਾ, ਅਤੇ ਜੋ ਸੱਚੇ ਦੇ ਮਨ ਨੂੰ ਭਾਉਂਦਾ ਹੈ ਓਹੀ ਕੰਮ ਹੁਣ ਵਰਤਮਾਨ ਵੇਲੇ ਕਰਦਾ ਹੈ॥ ੯॥

ਜਾ ਤਿਸੁ ਭਾਵੈ ਸਤਿਗੁਰੁ ਮਿਲਾਏ॥ ਜਾ ਤਿਸੁ ਭਾਵੈ ਤਾ ਮੰਨਿ ਵਸਾਏ॥

ਜਾਂ ਉਸ ਪਰਮੇਸ਼ਰ ਨੂੰ ਭਾਵੇ ਤਾਂ ਹੀ ਜੀਵ ਨੂੰ ਸਤਿਗੁਰਾਂ ਨਾਲ ਮਿਲਾਉਂਦਾ ਹੈ। ਜਾਂ ਉਸ ਪਰਮੇਸ਼ਰ ਨੂੰ ਭਾਵੇ ਤਾਂ ਹੀ ਜੀਵ ਦੇ ਮਨ ਵਿਚ ਉਪਦੇਸ਼ ਵਸਾਉਂਦਾ ਹੈ।

ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ॥ ੧੦॥

ਆਪਣੇ ਭਾਣੇ ਅੰਦਰ ਹੀ ਸਦਾ ਰੰਗਿ=ਅਨੰਦ ਵਿਚ ਰੱਤਾ ਰਹਿੰਦਾ ਹੈ, ਤੇ ਆਪਣੇ ਭਾਣੇ ਦੁਆਰੇ ਹੀ ਪੁਰਸ਼ ਦੇ ਮਨ ਵਿਚ ਅਨੰਦ ਵਸਾਉਂਦਾ ਹੈ॥ ੧੦॥

ਮਨਹਠਿ ਕਰਮ ਕਰੇ ਸੋ ਛੀਜੈ॥ ਬਹੁਤੇ ਭੇਖ ਕਰੇ ਨਹੀ ਭੀਜੈ॥

ਜੇਹੜਾ ਮਨ ਦੇ ਹਠ ਕਰਕੇ ਕਰਮ ਕਰਦਾ ਹੈ ਉਹ ਨਾਸ ਹੁੰਦਾ ਹੈ। ਬਹੁਤਿਆਂ ਭੇਖਾਂ ਦੇ ਕਰਨ ਨਾਲ ਉਹ ਪਰਮੇਸ਼ਰ ਭੀਜੈ=ਪ੍ਰਸੰਨ ਨਹੀਂ ਹੁੰਦਾ।

ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ॥ ੧੧॥

ਜੋ ਵਿਸ਼ਿਆਂ ਵਿਚ ਜਾਂ ਬਿਖਿਆ=ਮਾਇਆ ਵਿਚ ਰੱਤਾ ਹੈ, ਉਹ ਦੁੱਖ ਭੋਗਦਾ ਹੈ ਅਤੇ ਅੰਤ ਨੂੰ ਭੀ ਦੁੱਖਾਂ ਹੀ ਦੁੱਖਾਂ ਵਿਚ ਸਮਾਉਂਦਾ ਹੈ॥ ੧੧॥

ਗੁਰਮੁਖਿ ਹੋਵੈ ਸੁ ਸੁਖੁ ਕਮਾਏ॥ ਮਰਣ ਜੀਵਣ ਕੀ ਸੋਝੀ ਪਾਏ॥

ਜੇਹੜਾ ਗੁਰਮਖ ਹੁੰਦਾ ਹੈ ਉਹ ਸੁਖ ਭੋਗਦਾ ਹੈ। *ਅਥਵਾ*-ਸੁਖਦਾਇਕ ਕਰਮਾਂ ਨੂੰ ਕਮਾਉਂਦਾ ਹੈ ਅਤੇ

www.sikhbookclub.com

ਮਰਨ ਜੀਵਨ ਦੀ ਸੋਝੀ=ਗਿਆਤ ਨੂੰ ਪਾਉਂਦਾ ਹੈ ਕਿ ਵਹਿਗੁਰੂ ਦੇ ਭੁਲਣ ਕਰਕੇ ਨਿਸਫਲ ਮਰਨਾ ਹੁੰਦਾ ਹੈ ਤੇ ਸਿਮਰਨ ਕਰਨ ਨਾਲ ਸਫਲ ਜੀਵਨ ਹੁੰਦਾ ਹੈ।

ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥ ੧੨ ॥

ਜੋ ਮਰਨ ਤੇ ਜੀਵਣ ਨੂੰ ਇਕ ਸਾਰ ਕਰਕੇ ਜਾਣਦਾ ਹੈ, ਉਹ ਜੀਵ ਮੇਰੇ ਪ੍ਰਭੂ ਨੂੰ ਭਾਅ ਜਾਂਦਾ ਹੈ ॥ ੧੨ ॥

ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥

ਜੋ ਗੁਰਮੁਖ ਜੀਵਤ ਭਾ ਤੋਂ ਮਰਦੇ ਹਨ ਉਹ ਪਰਵਾਣ ਹਨ। ਕਿਉਂਕਿ ਉਹਨਾਂ ਨੇ ਆਉਣਾ ਜਾਣਾ ਪ੍ਰਭੂ ਦੇ ਸਬਦੁ=ਹੁਕਮ ਵਿਚ ਪਛਾਣ ਲਿਆ ਹੈ।

ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥ ੧੩ ॥

ਗੁਰਾਂ ਦੇ ਮਨ ਹੀ=ਮੰਤਰ ਕਰਕੇ ਜੋ ਮਨਹਿ=ਸ਼ਰੋਮਣੀ ਪਰਮੇਸ਼ਰ ਵਿਚ ਸਮਾਉਂਦਾ ਹੈ,

ਅਥਵਾ:-ਜਿਸ ਦਾ ਮਨ ਹੀ=ਨਿਸਚੇ ਨਾਲ ਗੁਰਾਂ ਦੇ ਮਨਹਿ=ਮੰਤਰ ਵਿਚ ਸਮਾਉਂਦਾ ਹੈ, ਉਹ ਜੰਮਦਾ ਮਰਦਾ ਨਹੀਂ ਅਤੇ ਨਾ ਹੀ ਦੁੱਖ ਪਾਉਂਦਾ ਹੈ ॥ ੧੩ ॥

ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ ਹਉਮੈ ਵਿਚਹੁ ਮੋਹੁ ਚੁਕਾਇਆ ॥

ਉਹ ਵਡਭਾਗੀ ਪੁਰਸ਼ ਹਨ ਜਿਨ੍ਹਾਂ ਨੇ ਸਤਿਗੁਰਾਂ ਨੂੰ ਪਾਇਆ ਹੈ, ਤੇ ਹਿਰਦੇ ਵਿਚੋਂ ਹੰਗਤਾ ਮਮਤਾ ਤੇ ਮੋਹ ਆਦਿਕ ਵਿਕਾਰਾਂ ਨੂੰ ਦੂਰ ਕੀਤਾ ਹੈ।

ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥ ੧੪ ॥

ਇਕ ਵਾਰ ਮਨ ਦੇ ਨਿਰਮਲ ਹੋਣ ਨਾਲ ਉਸ ਨੂੰ ਫੇਰ ਪਾਪਾਂ ਦੀ ਮੈਲ ਨਹੀਂ ਲਗਦੀ ਅਤੇ ਉਹ ਸੱਚੇ ਦਰਬਾਰ ਵਿਚ ਸ਼ੋਭਾ ਨੂੰ ਪਾਉਂਦਾ ਹੈ ॥ ੧੪ ॥

ਆਪੇ ਕਰੇ ਕਰਾਏ ਆਪੇ ॥ ਆਪੇ ਵੇਖੈ ਥਾਪਿ ਉਥਾਪੇ ॥

ਆਪ ਜੀਵਾਂ ਨੂੰ ਉਤਪਤ ਕਰਦਾ ਹੈ ਤੇ ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈ। ਆਪੇ ਥਾਪਿ= ਉਤਪਤੀ ਕਰਦਾ ਹੈ ਅਤੇ ਆਪ ਹੀ ਵੇਖੈ=ਪਾਲ਼ਦਾ ਹੈ ਅਤੇ ਆਪ ਹੀ ਸਭ ਦੀ ਉਥਾਪੇ=ਲਯਤਾ ਕਰਦਾ ਹੈ।

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥ ੧੫ ॥

ਮੁਖੀ ਗੁਰਾਂ ਦੀ ਸੇਵਾ ਕਰਨ ਵਾਲਾ ਸੇਵਕ ਮੇਰੇ ਪ੍ਰਭੂ ਨੂੰ ਭਾਉਂਦਾ ਹੈ ਅਤੇ ਉਸ ਪਾਸੋਂ ਸੱਚ ਨਾਮ ਸੁਣ ਕੇ ਉਸ ਨੂੰ ਲੇਖੇ ਪਾਉਂਦਾ ਹੈ, ਭਾਵ ਪ੍ਰਵਾਣ ਕਰਦਾ ਹੈ ॥ ੧੫ ॥

ਗੁਰਮੁਖਿ ਸਚੋ ਸਚੁ ਕਮਾਵੈ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥

ਗੁਰਮੁਖ ਸਚੁ=ਨਿਸਚੇ ਨਾਲ ਸੱਚ ਨਾਮ ਨੂੰ ਹੀ ਕਮਾਉਂਦਾ ਹੈ। ਗੁਰਮੁਖਾਂ ਦਾ ਮਨ ਨਿਰਮਲ ਹੈ ਆਪਣੇ ਮਨ ਨੂੰ ਪਾਪਾਂ ਦੀ ਮੈਲ ਨਹੀਂ ਲਗਾਉਂਦਾ।

ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥ ੧੬ ॥ ੧ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ- ਗੁਰਮੁਖ ਵਿਚਾਰਵਾਨ ਹੋ ਕੇ ਨਾਮ ਸਿਮਰਨ ਵਿਚ ਰੱਤੇ ਰਹਿੰਦੇ ਹਨ, ਨਾਮ

www.sikhbookclub.com

ਸਿਮਰਨ ਕਰਕੇ ਹੀ ਨਾਮ=ਨਾਮੀ ਪਰਮਾਤਮਾ ਵਿਚ ਅਭੇਦ ਹੁੰਦੇ ਹਨ॥ ੧੬॥ ੧॥ ੧੫॥

ਮਾਰੂ ਮਹਲਾ ੩ ॥

ਆਪੇ ਸ੍ਰਿਸਟਿ ਹੁਕਮਿ ਸਭ ਸਾਜੀ॥ ਆਪੇ ਥਾਪਿ ਉਥਾਪਿ ਨਿਵਾਜੀ॥

ਹੁਕਮਿ=ਹੁਕਮੀ ਪਰਮਾਤਮਾ ਨੇ ਆਪ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ। ਆਪ ਹੀ ਥਾਪਿ=ਉਤਪਤ ਕਰਕੇ ਨਿਵਾਜੀ=ਵਡਿਆਈ ਹੈ ਜਾਂ ਪਾਲੀ ਹੈ ਅਤੇ ਅੰਤ ਨੂੰ ਆਪ ਹੀ ਉਥਾਪਿ=ਲਯ ਕੀਤੀ, ਅਰਥਾਤ ਨਾਸ ਕੀਤੀ ਹੈ।

ਆਪੇ ਨਿਆਉ ਕਰੇ ਸਭੁ ਸਾਚਾ ਸਾਚੇ ਸਾਚਿ ਮਿਲਾਇਦਾ॥ ੧॥

ਸੱਚਾ ਵਾਹਿਗੁਰੂ ਆਪ ਹੀ ਸਾਰੇ ਨਿਆਉਂ ਕਰਦਾ ਹੈ, ਸੱਚ ਨਾਮ ਜਪਣ ਵਾਲੇ ਸੱਚਿਆਂ ਨੂੰ ਸੱਚਾ ਪ੍ਰਭੂ ਆਪਣੇ ਨਾਲ ਅਭੇਦ ਕਰਦਾ ਹੈ॥ ੧॥

ਕਾਇਆ ਕੋਟੁ ਹੈ ਆਕਾਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥

ਇਹ ਜੋ ਕਾਇਆਂ ਰੂਪੀ ਕੋਟ ਦਾ ਅਕਾਰ ਹੈ। *ਅਥਵਾ:*-ਇਹ ਕਾਇਆ=ਸਰੀਰ ਇਕ ਕੋਟੁ=ਕਿਲ੍ਹੇ ਦੇ ਆਕਾਰਾ=ਸਮਾਨ ਹੈ। ਇਸ ਦੇ ਵਿਚ ਮਾਇਆ ਦੇ ਮੋਹ ਦਾ ਪਸਾਰਾ ਪਸਰਿਆ ਹੋਇਆ ਹੈ।

ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ॥ ੨॥

ਗੁਰ ਉਪਦੇਸ਼ ਧਾਰੇ ਤੋਂ ਬਿਨਾਂ ਇਹ ਭਸਮੈ=ਸ੍ਵਾਹ ਦੀ ਢੇਰੀ ਵਾਂਙੂ ਨਿਸਫਲ ਹੈ, ਖੇਹ ਆਦਿਕ ਪੰਜ ਤੱਤਾਂ ਰਚਤ ਸਰੀਰ ਨੂੰ ਇਹ ਜੀਵ ਵਿਸ਼ਿਆਂ ਰੂਪੀ ਖੇਹ ਵਿਚ ਰੁਲਾਂਵਦਾ ਹੈ॥ ੨॥

ਕਾਇਆ ਕੰਚਨ ਕੋਟੁ ਅਪਾਰਾ॥ ਜਿਸੁ ਵਿਚਿ ਰਵਿਆ ਸਬਦੁ ਅਪਾਰਾ॥

ਉਹ ਸਰੀਰ ਰੂਪ ਕੋਟੁ=ਕਿਲ੍ਹਾ ਸੋਨੇ ਵਾਂਙੂ ਅਪਾਰਾ=ਸਰੇਸ਼ਟ ਹੈ। ਜਿਸ ਸਰੀਰ ਵਿਚ ਅਪਾਰ ਪ੍ਰਭੂ ਦੀ ਪ੍ਰਾਪਤੀ ਕਰਨ ਵਾਲਾ ਗੁਰ ਸ਼ਬਦ ਰਵਿਆ=ਉਚਾਰਨ ਹੋ ਰਿਹਾ ਹੈ।

ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ॥ ੩॥

ਗੁਰਮੁਖ ਜਨ ਸਦਾ ਹੀ ਸੱਚੇ ਵਾਹਿਗੁਰੂ ਦੇ ਗੁਣ ਗਾਉਂਦਾ ਹੈ, ਅਤੇ-

ਪ੍ਰੀਤਮ=ਪਰਮਾਤਮਾ ਦੇ ਮਿਲਾਪ ਦਾ ਨਿਤ ਸੁਖ ਪਾਉਂਦਾ ਹੈ॥ ੩॥

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥

ਇਹ ਕਾਇਆ=ਸਰੀਰ ਹਰੀ ਦਾ ਮੰਦਰ ਹੈ ਇਸ ਨੂੰ ਹਰੀ ਨੇ ਆਪ ਹੀ ਸਵਾਰਿਆ ਹੈ। ਇਸ ਕਾਇਆਂ ਰੂਪੀ ਮੰਦਰ ਵਿਚ ਹਰਿ ਜੀਉ ਮੁਰਾਰੀ ਆਪ ਵਸ ਰਿਹਾ ਹੈ।

ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ॥ ੪॥

ਜੋ ਵਾਪਾਰੀ=ਜਗਿਆਸੂ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨਾਮ ਦਾ ਵਣਜ ਕਰਦੇ ਹਨ, ਉਹਨਾਂ ਨੂੰ ਨਦਰੀ=ਪਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ॥ ੪॥

www.sikhbookclub.com

ਸੋ ਸੂਚਾ ਜਿ ਕਰੋਧੁ ਨਿਵਾਰੇ॥ ਸਬਦੇ ਬੂਝੈ ਆਪੁ ਸਵਾਰੇ॥

ਉਹ ਪੁਰਸ਼ ਸੂਚਾ=ਪਵਿੱਤਰ ਹੈ ਜੇਹੜਾ ਕ੍ਰੋਧ ਨੂੰ ਦੂਰ ਕਰਦਾ ਹੈ। ਜੋ ਗੁਰ ਉਪਦੇਸ਼ ਨੂੰ ਸਮਝਦਾ ਹੈ ਉਹ ਆਪਣੇ ਆਪ ਨੂੰ ਸਵਾਰ ਲੈਂਦਾ ਹੈ।

ਆਪੇ ਕਰੇ ਕਰਾਏ ਕਰਤਾ ਆਪੇ ਮੰਨਿ ਵਸਾਇਦਾ॥ ੫॥

ਉਹ ਕਰਤਾ ਪੁਰਖ ਵਾਹਿਗੁਰੂ ਆਪ ਜੀਵਾਂ ਨੂੰ ਉਤਪਤ ਕਰਦਾ ਹੈ, ਆਪ ਜੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ ਅਤੇ ਆਪ ਹੀ ਮਨ ਵਿਚ ਆ ਵਸਦਾ ਹੈ॥ ੫॥

ਨਿਰਮਲ ਭਗਤਿ ਹੈ ਨਿਰਾਲੀ॥ ਮਨੁ ਤਨੁ ਧੋਵਹਿ ਸਬਦਿ ਵੀਚਾਰੀ॥

ਮਨ ਨੂੰ ਨਿਰਮਲ ਕਰਨ ਵਾਲੀ ਪਰੇਮਾ ਭਗਤੀ ਸਭ ਤੋਂ ਨਿਰਾਲੀ=ਅਸੰਗ ਹੈ। ਗੁਰ ਸ਼ਬਦ ਨੂੰ ਵਿਚਾਰ ਕੇ ਆਪਣੇ ਮਨ ਤਨ ਨੂੰ ਧੋਣਾ ਕਰੇ।

[ਪੰਨਾ ੧੦੬੦]

ਅਨਦਿਨੁ ਸਦਾ ਰਹੈ ਰੰਗਿ ਰਾਤਾ ਕਰਿ ਕਿਰਪਾ ਭਗਤਿ ਕਰਾਇਦਾ॥ ੬॥

ਜੇਹੜਾ ਪੁਰਸ਼ ਸਦਾ ਹੀ ਰਾਤ ਦਿਨ ਰੰਗਿ=ਪ੍ਰੇਮ ਵਿਚ ਰੱਤਾ ਰਹਿੰਦਾ ਹੈ, ਵਾਹਿਗੁਰੂ ਕ੍ਰਿਪਾ ਕਰਕੇ ਉਸ ਦੇ ਪਾਸੋਂ ਭਗਤੀ ਕਰਵਾਉਂਦਾ ਹੈ॥ ੬॥

ਇਸੁ ਮਨ ਮੰਦਰ ਮਹਿ ਮਨੂਆ ਧਾਵੈ॥
ਸੁਖੁ ਪਲਰਿ ਤਿਆਗਿ ਮਹਾ ਦੁਖੁ ਪਾਵੈ॥

ਇਸ ਮਨ=ਤਨ ਰੂਪੀ ਮੰਦਰ ਵਿਚ, ਜਾਂ ਮਨ=ਸ਼ਰੋਮਣੀ ਮਨੁੱਖਾ ਦੇਹ ਰੂਪੀ ਮੰਦਰ ਵਿਚ ਮਨ ਧਾਵੈ=ਦੌੜਦਾ ਫਿਰਦਾ ਹੈ। ਸੁਖ ਸਰੂਪ ਪਰਮਾਤਮਾ ਨੂੰ ਬੁੱਧੀ ਰੂਪ ਪੱਲੇ ਵਿਚੋਂ ਪਲਰਿ=ਖਾਲੀ ਸਮਝ ਕੇ ਤੇ ਉਸ ਨੂੰ ਤਿਆਗ ਕੇ ਮਹਾ=ਬੜਾ ਭਾਰੀ ਦੁੱਖ ਪਾਉਂਦਾ ਹੈ, ਜਾਂ ਸੁਖ ਨੂੰ ਪੱਲਿਓਂ ਸੁੱਟ ਕੇ ਵੱਡਾ ਦੁੱਖ ਪਾਉਂਦਾ ਹੈ।

ਬਿਨੁ ਸਤਿਗੁਰ ਭੇਟੇ ਠਉਰ ਨ ਪਾਵੈ ਆਪੇ ਖੇਲੁ ਕਰਾਇਦਾ॥ ੭॥

ਸਤਿਗੁਰਾਂ ਨੂੰ ਮਿਲੇ ਤੋਂ ਬਿਨਾਂ ਠਹਿਰਣਾ ਨਹੀਂ ਪਾਉਂਦਾ, ਪਰ ਵਾਹਿਗੁਰੂ ਆਪੇ ਹੀ ਸਭ ਖੇਡਾਂ ਕਰਾਉਂਦਾ ਹੈ॥ ੭॥

ਆਪਿ ਅਪਰੰਪਰੁ ਆਪਿ ਵੀਚਾਰੀ॥ ਆਪੇ ਮੇਲੇ ਕਰਣੀ ਸਾਰੀ॥

ਉਹ ਪ੍ਰਭੂ ਆਪ ਅਪਰ=ਬ੍ਰਹਮਾ ਆਦਿ ਕਾਲ ਤੋ ਪਰੇ ਹੈ, ਆਪ ਹੀ ਵਿਚਾਰ ਦੇ ਕਰਨ ਵਾਲਾ ਹੈ। ਆਪ ਹੀ ਜੀਵਾਂ ਨੂੰ ਸਾਰੀ=ਸ੍ਰੇਸ਼ਟ ਕਰਨੀ ਦੀ ਮਤ ਦੇ ਕੇ ਆਪਣੇ ਨਾਲ ਮੇਲ ਲੈਂਦਾ ਹੈ।

ਕਿਆ ਕੋ ਕਾਰ ਕਰੇ ਵੇਚਾਰਾ ਆਪੇ ਬਖਸਿ ਮਿਲਾਇਦਾ॥ ੮॥

ਆਪਣੇ ਆਪ ਇਹ ਵਿਚਾਰਾ ਜੀਵ ਕੋਈ ਕੀ ਕੰਮ ਕਰ ਸਕਦਾ ਹੈ, ਆਪ ਹੀ ਔਗੁਣਾਂ ਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈ॥ ੮॥

ਆਪੇ ਸਤਿਗੁਰੁ ਮੇਲੇ ਪੂਰਾ॥ ਸਚੈ ਸਬਦਿ ਮਹਾਬਲ ਸੂਰਾ॥

www.sikhbookclub.com

ਪੂਰਾ ਪ੍ਰਭੂ ਆਪ ਹੀ ਪੂਰਿਆਂ ਸਤਿਗੁਰਾਂ ਨਾਲ ਮੇਲਦਾ ਹੈ। ਸੱਚੇ ਉਪਦੇਸ਼ ਕਰਕੇ ਇਹ ਜੀਵ ਬੜੇ ਬਲ ਵਾਲਾ ਸੂਰਾ=ਸੂਰਬੀਰ ਹੋ ਜਾਂਦਾ ਹੈ।

ਆਪੇ ਮੇਲੇ ਦੇ ਵਡਿਆਈ ਸਚੇ ਸਿਉ ਚਿਤੁ ਲਾਇਦਾ॥ ੯॥

ਜੇਹੜਾ ਮਨੁੱਖ ਸੱਚੇ ਵਾਹਿਗੁਰੂ ਦੇ ਨਾਮ ਨਾਲ ਚਿਤ ਨੂੰ ਲਗਾਉਂਦਾ ਹੈ, ਉਸ ਨੂੰ ਆਪਣੇ ਨਾਲ ਮੇਲ ਕੇ ਵਡਿਆਈ ਦੇਂਦਾ ਹੈ॥ ੯॥

ਘਰ ਹੀ ਅੰਦਰਿ ਸਾਚਾ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥

ਉਹ ਸੱਚਾ ਵਾਹਿਗੁਰੂ ਸਰੀਰ ਘਰ ਦੇ ਅੰਦਰ ਹੀ ਵਸਦਾ ਹੈ। ਪਰ ਕੋਈ ਵਿਰਲਾ ਹੀ ਗੁਰਮੁਖ ਗੁਰਾਂ ਦੁਆਰੇ ਉਸ ਨੂੰ ਸਮਝਦਾ ਹੈ।

ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ॥ ੧੦॥

ਨਾਮ ਨਿਧੀਆਂ ਦਾ ਖਜ਼ਾਨਾ ਉਸ ਦੇ ਘਟ ਅੰਦਰ ਵਸਿਆ ਹੈ, ਜੋ ਰਸਨਾ ਨਾਲ ਵਾਹਿਗੁਰੂ ਨਾਮ ਨੂੰ ਧਿਆਉਂਦਾ ਹੈ॥ ੧੦॥

ਦਿਸੰਤਰੁ ਭਵੈ ਅੰਤਰੁ ਨਹੀ ਭਾਲੇ॥ ਮਾਇਆ ਮੋਹਿ ਬਧਾ ਜਮਕਾਲੇ॥

ਮਨਮੁਖ ਦੇਸ਼ਾਂ ਦਿਸਾਂਤਰਾਂ ਵਿਚ ਫਿਰਦਾ ਹੈ ਤੇ ਆਪਣੇ ਅੰਦਰ ਨਹੀਂ ਢੂੰਢਦਾ। ਮਾਇਆ ਦੇ ਮੋਹ ਕਰਕੇ ਉਸ ਨੂੰ ਜਮਕਾਲ ਨੇ ਬੰਨ੍ਹ ਲਿਆ ਹੈ।

ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ॥ ੧੧॥

ਜੋ ਪੁਰਸ਼ ਆਪਣੇ ਮਨ ਨੂੰ ਦ੍ਵੈਤ ਭਾਵ ਵਿਚ ਭਰਮਾਉਂਦਾ ਹੈ, ਉਸ ਦੇ ਗਲੋਂ ਜਮਾਂ ਦੀ ਫਾਹੀ ਕਦੇ ਭੀ ਟੁੱਟਦੀ ਨਹੀਂ ਹੈ। *ਅਥਵਾ:-*ਦ੍ਵੈਤ ਭਾਵ ਵਾਲਿਆਂ ਨੂੰ ਜਮ ਜੂਨੀਆਂ ਵਿਚ ਭਰਮਾਉਂਦਾ ਹੈ॥ ੧੧॥

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ॥
ਜਬ ਲਗੁ ਗੁਰ ਕਾ ਸਬਦੁ ਨ ਕਮਾਹੀ॥

ਜਪ, ਤਪ, ਸੰਜਮ ਆਦਿਕ ਹੋਰ ਕੋਈ ਸਾਧਨ ਜੀਵ ਦੀ ਸਹਾਇਤਾ ਨਹੀਂ ਕਰ ਸਕਦਾ। ਜਦ ਤੱਕ ਇਹ ਜੀਵ ਗੁਰਾਂ ਦਾ ਉਪਦੇਸ਼ ਕਮਾਉਂਦਾ ਨਹੀਂ ਹੈ।

ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ॥ ੧੨॥

ਜੇਹੜਾ ਗੁਰਾਂ ਦੇ ਉਪਦੇਸ਼ ਵਿਚ ਮਿਲਿਆ ਹੈ, ਉਸ ਨੇ ਸਚੁ=ਸੁਖ ਪਾਇਆ ਹੈ, ਫੇਰ ਉਹ ਸੱਚੇ ਨਾਮ ਨੂੰ ਜਪ ਕੇ ਸੱਚ ਸਰੂਪ ਪ੍ਰਭੂ ਵਿਚ ਅਭੇਦ ਹੁੰਦਾ ਹੈ॥ ੧੨॥

ਕਾਮ ਕਰੋਧੁ ਸਬਲ ਸੰਸਾਰਾ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ॥

ਕਾਮ, ਕ੍ਰੋਧ ਆਦਿਕ ਸੰਸਾਰ ਸਬਲ=ਬਲ ਦੇ ਸਹਿਤ ਹਨ ਇਸ ਕਰਕੇ ਜੀਵ ਨੂੰ ਦਬਾਈ ਰੱਖਦੇ ਹਨ। ਇਹ ਜੀਵ ਬਹੁਤੇ ਸ਼ਕਾਮ ਕਰਮਾਂ ਨੂੰ ਕਮਾਉਂਦੇ ਹਨ ਜੋ ਸਾਰਾ ਦੁੱਖਾਂ ਦਾ ਹੀ ਪਸਾਰਾ ਹੈ।

ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ॥ ੧੩॥

ਜੋ ਸਤਿਗੁਰਾਂ ਨੂੰ ਸੇਂਵਦੇ ਹਨ ਓਹੀ ਸੁਖਾਂ ਨੂੰ ਪਾਉਂਦੇ ਹਨ, ਸੱਚੇ ਗੁਰ ਸ਼ਬਦ ਵਾਲਿਆਂ ਨੂੰ ਉਹ ਪ੍ਰਭੂ ਮੇਲਦਾ

www.sikhbookclub.com

ਆਪਣੇ ਨਾਲ ਮਿਲਾਉਂਦਾ ਹੈ॥ ੧੩॥

ਪਉਣੁ ਪਾਣੀ ਹੈ ਬੈਸੰਤਰੁ॥ ਮਾਇਆ ਮੋਹੁ ਵਰਤੈ ਸਭ ਅੰਤਰਿ॥

ਪੌਣ, ਪਾਣੀ ਤੇ ਬੈਸੰਤਰੁ=ਅੱਗ ਆਦਿਕ ਜੋ ਭੀ ਤੱਤ ਹਨ, ਜਾਂ ਇਨ੍ਹਾਂ ਤੱਤਾਂ ਕਰਕੇ ਜੋ ਭੀ ਸਰੀਰ ਰਚੇ ਹੋਏ ਹਨ। ਸਾਰਿਆਂ ਦੇ ਅੰਦਰ ਮਾਇਆ ਦਾ ਮੋਹ ਵਰਤ ਰਿਹਾ ਹੈ।

ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ॥ ੧੪॥

ਜਿਸ ਪ੍ਰਭ ਨੇ ਇਹ ਜੀਵ ਪੈਦਾ ਕੀਤੇ ਹਨ ਜਾਂ ਉਸ ਪਰਮੇਸ਼ਰ ਨੂੰ ਪਛਾਣੇ, ਤਾਂ ਇਹ ਜੀਵ ਮਾਇਆ ਦੇ ਮੋਹ ਨੂੰ ਚੁਕਾਇਦਾ=ਦੂਰ ਕਰ ਸਕਦਾ ਹੈ॥ ੧੪॥

ਇਕਿ ਮਾਇਆ ਮੋਹਿ ਗਰਬਿ ਵਿਆਪੇ॥ ਹਉਮੈ ਹੋਇ ਰਹੇ ਹੈ ਆਪੇ॥

ਇਕ ਮਨਮੁਖ ਮਾਇਆ ਦੇ ਮੋਹ ਕਰਕੇ ਹੰਕਾਰ ਵਿਚ ਘਿਰੇ ਹੋਏ ਹਨ। ਅਤੇ ਉਹ ਹਉਮੈ ਕਰਕੇ ਆਪਾ ਭਾਵ ਹੰਕਾਰ ਦੇ ਸਹਿਤ ਹੋ ਰਹੇ ਹਨ।

ਜਮਕਾਲੈ ਦੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ॥ ੧੫॥

ਉਹਨਾਂ ਨੇ ਜਮ ਕਾਲ ਦੀ, ਜਾਂ "ਜਮ-ਕਾਲੈ"=ਜਨਮ ਮਰਨ ਦੀ ਖ਼ਬਰ ਨਹੀਂ ਪਾਈ ਤੇ ਅੰਤ ਵੇਲੇ ਪਛਤਾਉਂਦਾ ਹੀ ਚਲਾ ਗਿਆ ਹੈ॥ ੧੫॥

ਜਿਨਿ ਉਪਾਏ ਸੋ ਬਿਧਿ ਜਾਣੈ॥ ਗੁਰਮੁਖਿ ਦੇਵੈ ਸਬਦੁ ਪਛਾਣੈ॥

ਜਿਸ ਪਰਮੇਸ਼ਰ ਨੇ ਜੀਵ ਪੈਦਾ ਕੀਤੇ ਹਨ ਓਹੀ ਪਰਮਾਤਮਾ ਇਨ੍ਹਾਂ ਦੀ ਖਾਣ ਪਾਣ ਦੇਣ ਦੀ ਵਿਧੀ ਨੂੰ ਜਾਣਦਾ ਹੈ। ਜਿਸ ਨੂੰ ਮੁਖੀ ਗੁਰੂ ਉਪਦੇਸ਼ ਦੇਂਦੇ ਹਨ ਓਹੀ ਆਪਣੇ ਸਰੂਪ ਨੂੰ ਪਛਾਣਦਾ ਹੈ।

ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ॥ ੧੬॥ ੨॥ ੧੬॥

ਗੁਰੂ ਜੀ ਕਥਨ ਕਰਦੇ ਹਨ—ਮੈਂ ਦਾਸ ਏਹ ਬੇਨਤੀ ਕਰਦਾ ਹਾਂ ਕਿ ਮੇਰਾ ਚਿਤ ਸੱਚ ਨਾਮ ਸਿਮਰਨ ਵਿਚ ਲਗਾਉਣਾ ਕਰੋ॥ ੧੬॥ ੨॥ ੧੬॥

ਮਾਰੂ ਮਹਲਾ ੩॥

ਸਿੱਖ ਨੇ ਕਿਹਾ ਸਾਨੂੰ ਕੀ ਕਰਨਾ ਚਾਹੀਦਾ ਹੈ? *ਉੱਤਰ:*-ਪਰਮੇਸ਼ਰ ਦੇ ਸਨਮੁਖ ਬੇਨਤੀ ਕਰੋ।

ਆਦਿ ਜੁਗਾਦਿ ਦਇਆਪਤਿ ਦਾਤਾ॥ ਪੂਰੇ ਗੁਰ ਕੈ ਸਬਦਿ ਪਛਾਤਾ॥

ਹੇ ਦਇਆ ਪਤਿ=ਦਯਾ ਰੂਪ ਸਵਾਮੀ ! ਤੂੰ ਆਦਿ ਜੁਗਾਦਿ=ਸਦਾ ਸਦਾ ਸਭ ਦਾ ਦਾਤਾ ਹੈਂ। ਗੁਰਮੁਖਾਂ ਨੇ ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਆਪ ਜੀ ਨੂੰ ਪਛਾਤਾ=ਪਛਾਣਿਆ ਹੈ।

ਤੁਧੁਨੋ ਸੇਵਹਿ ਸੇ ਤੁਝਹਿ ਸਮਾਵਹਿ ਤੂ ਆਪੇ ਮੇਲਿ ਮਿਲਾਇਦਾ॥ ੧॥

ਜੇਹੜੇ ਆਪ ਜੀ ਨੂੰ ਸੇਵਹਿ=ਸਿਮਰਦੇ ਹਨ ਉਹ ਆਪ ਜੀ ਵਿਚ ਅਭੇਦ ਹੁੰਦੇ ਹਨ, ਤੂੰ ਆਪ ਹੀ ਗੁਰਸਿੱਖਾਂ ਨੂੰ ਗੁਰਾਂ ਦੇ ਮੇਲ ਨਾਲ ਮਿਲਾਉਂਦਾ ਹੈਂ॥ ੧॥

ਅਗਮ ਅਗੋਚਰੁ ਕੀਮਤਿ ਨਹੀ ਪਾਈ॥ ਜੀਅ ਜੰਤ ਤੇਰੀ ਸਰਣਾਈ॥

ਤੂੰ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹੈਂ, ਤੇਰੀ ਕੀਮਤ ਨਹੀਂ ਪਾਈ ਜਾਂਦੀ। ਸਾਰੇ ਸੂਖਮ ਸਥੂਲ ਜੀਆ ਜੰਤ ਤੇਰੀ ਸ਼ਰਨ ਵਿਚ ਆ ਰਹੇ ਹਨ।

ਜਿਉ ਤੁਧੁ ਭਾਵੈ ਤਿਵੈ ਚਲਾਵਹਿ ਤੂ ਆਪੇ ਮਾਰਗਿ ਪਾਇਦਾ ॥ ੨ ॥

ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਤੂੰ ਚਲਾਵਹਿ=ਤੋਰਦਾ ਹੈਂ, ਤੂੰ ਆਪ ਹੀ ਗਿਆਨ ਵੈਰਾਗ ਰੂਪੀ ਰਸਤੇ ਵਿਚ ਪਾਉਂਦਾ ਹੈਂ॥ ੨ ॥

ਹੈ ਭੀ ਸਾਚਾ ਹੋਸੀ ਸੋਈ ॥ ਆਪੇ ਸਾਜੇ ਅਵਰੁ ਨ ਕੋਈ ॥

ਹੈ=ਹੁਣ ਵਰਤਮਾਨ ਸਮੇਂ ਵਿਚ ਤੂੰ ਸੱਚਾ ਹੈਂ, ਭੀ=ਪਿਛੇ ਭੂਤ ਕਾਲ ਵਿਚ ਭੀ ਸੱਚਾ ਸੀ, ਹੋਸੀ=ਅੱਗੇ ਭਵਿੱਛਤ ਵਿਚ ਭੀ ਤੂੰ ਸੱਚਾ ਹੋਵੇਂਗਾ। ਤੂੰ ਆਪ ਹੀ ਸਾਰਿਆਂ ਨੂੰ ਸਾਜਦਾ ਹੈਂ, ਸਾਜਣ ਵਾਲਾ ਹੋਰ ਕੋਈ ਦੂਜਾ ਨਹੀਂ ਹੈ।

ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ ਪਹੁਚਾਇਦਾ ॥ ੩ ॥

ਹੈ ਸੁਖ ਦਾਤੇ ਪ੍ਰਭੂ ! ਤੂੰ ਆਪ ਹੀ ਸਾਰਿਆਂ ਦੀ ਸਾਰ ਸੰਭਾਲ ਕਰਦਾ ਹੈਂ ਅਤੇ ਆਪ ਹੀ ਸਾਰਿਆਂ ਨੂੰ ਰਿਜਕੁ=ਖਾਣ ਪਾਣ ਪਹੁੰਚਾਉਂਦਾ ਹੈਂ॥ ੩ ॥

ਅਗਮ ਅਗੋਚਰੁ ਅਲਖ ਅਪਾਰਾ ॥ ਕੋਇ ਨ ਜਾਣੈ ਤੇਰਾ ਪਰਵਾਰਾ ॥

ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ, ਪ੍ਰਭੂ ! ਤੂੰ ਅਲਖ ਤੇ ਪਾਰਾਵਾਰ ਤੋਂ ਰਹਿਤ ਹੈਂ। ਤੇਰੇ ਪਾਰ ਉਰਵਾਰ ਨੂੰ ਕੋਈ ਜਾਣਦਾ ਨਹੀਂ ਹੈ।

ਆਪਣਾ ਆਪੁ ਪਛਾਣਹਿ ਆਪੇ ਗੁਰਮਤੀ ਆਪਿ ਬੁਝਾਇਦਾ ॥ ੪ ॥

ਆਪਣੇ ਆਪ ਨੂੰ ਤੂੰ ਆਪ ਹੀ ਪਛਾਣਦਾ ਹੈਂ, ਗੁਰਮਤੀਆਂ ਨੂੰ ਤੂੰ ਆਪਣੀ ਪ੍ਰਾਪਤੀ ਦਾ ਭੇਦ ਬੁਝਾਇਦਾ=ਸਮਾਉਂਦਾ ਹੈਂ॥ ੪ ॥

ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥

ਸੱਤਾਂ ਪਤਾਲਾਂ ਤੇ ਚੌਦਾਂ ਪੁਰੀਆਂ ਵਿਚ ਜਿੰਨੇ ਭੀ ਲੋਕਾਂ ਦੇ ਅਕਾਰ ਹਨ। ਉਹਨਾਂ ਸਾਰਿਆਂ ਵਿਚ ਆਪ ਜੀ ਦਾ ਕਰਾਰਾ=ਕਰੜਾ (ਜਬਰਦਸਤ) ਹੁਕਮ ਵਰਤ ਰਿਹਾ ਹੈ।

[ਪੰਨਾ ੧੦੬੧]

ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥ ੫ ॥

ਤੂੰ ਆਪਣੇ ਹੁਕਮ ਵਿਚ ਸਾਰਿਆਂ ਨੂੰ ਸਾਜੇ=ਬਣਾਉਂਦਾ ਹੈਂ, ਹੁਕਮ ਵਿਚ ਹੀ ਢਾਹੁੰਦਾ ਹੈਂ ਅਤੇ ਹੁਕਮ ਨਾਲ ਹੀ ਸਤਸੰਗ ਦੇ ਮੇਲ ਵਿਚ ਮਿਲਾਉਂਦਾ ਹੈਂ॥ ੫ ॥

ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥ ਅਗਮ ਅਗੋਚਰ ਵੇਪਰਵਾਹੇ ॥

ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਬੇ-ਪਰਵਾਹ ਪ੍ਰਭੂ ! ਜੋ ਤੇਰੇ ਹੁਕਮ ਨੂੰ ਬੁਝਦਾ ਹੈ ਓਹੀ ਤੇਰੇ ਹੁਕਮ ਨੂੰ ਸਲਾਹੁੰਦਾ ਹੈ।

ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥ ੬ ॥

ਜਿਹੋ ਜੇਹੀ ਤੂੰ ਮਤਿ=ਅਕਲ ਦੇਂਦਾ ਹੈਂ, ਓਹੀ ਜਿਹੀ ਪ੍ਰਾਪਤ ਹੁੰਦੀ ਹੈ, ਤੂੰ ਆਪ ਹੀ ਗੁਰ ਉਪਦੇਸ਼ ਦੇ ਕੇ ਸਮਝਾਉਂਦਾ ਹੈਂ॥ ੬ ॥

ਅਨਦਿਨੁ ਆਰਜਾ ਛਿਜਦੀ ਜਾਏ ॥ ਰੈਣਿ ਦਿਨਸੁ ਦੁਇ ਸਾਖੀ ਆਏ ॥

ਜੀਵਾਂ ਦੀ ਆਰਜਾ=ਉਮਰਾ ਰਾਤ ਦਿਨ ਛਿਜਦੀ=ਘਟਦੀ ਜਾਂਦੀ ਹੈ। ਰਾਤ ਤੇ ਦਿਨ ਏਹ ਦੋਵੇਂ ਹੀ ਜੀਵਾਂ ਦੇ ਕਰਮਾਂ ਦੇ ਸਾਖੀ=ਉਗਾਹ ਆਏ ਹਨ।

ਮਨਮੁਖੁ ਅੰਧੁ ਨ ਚੇਤੈ ਮੂੜਾ ਸਿਰ ਊਪਰਿ ਕਾਲੁ ਰੂਆਇਦਾ ॥ ੭ ॥

ਮਨਮੁਖ ਅੰਨ੍ਹਾਂ ਮੂਰਖ ਚੇਤੇ ਨਹੀਂ ਕਰਦਾ ਕਿ ਸਿਰ ਉਤੇ ਖੜਾ ਹੋਇਆ ਕਾਲ ਰੂਆਇਦਾ=ਰੁਕੇ (ਅਵਾਜ਼ਾਂ) ਮਾਰਦਾ ਹੈ।

ਅਥਵਾ:-ਸਿਰ ਉਤੇ ਕਾਲ ਆ ਕੇ ਜਦ ਮਾਰਦਾ ਹੈ ਤਾਂ ਰੂਆਇਦਾ=ਰੋਣੇ ਵਿਚ ਆਉਂਦਾ ਹੈ॥ ੭ ॥

ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥
ਅੰਤਰਿ ਭਰਮੁ ਗਇਆ ਭਉ ਭਾਗਾ ॥

ਜੋ ਗੁਰੂ ਦੀ ਚਰਨੀਂ ਲੱਗਾ ਹੈ ਉਸ ਦਾ ਤਨ ਮਨ ਠੰਢਾ ਹੋਇਆ ਹੈ। ਅਤੇ ਉਸ ਦੇ ਅੰਦਰੋਂ ਭਰਮ ਤੇ ਡਰ ਭਾਗਾ=ਦੌੜ ਗਿਆ ਹੈ।

ਸਦਾ ਅਨੰਦੁ ਸਚੇ ਗੁਣ ਗਾਵਹਿ ਸਚੁ ਬਾਣੀ ਬੋਲਾਇਦਾ ॥ ੮ ॥

ਸੱਚੇ ਵਾਹਿਗੁਰੂ ਦੇ ਜਸ ਰੂਪ ਗੁਣਾਂ ਦੇ ਗਾਉਣ ਕਰਕੇ ਉਹ ਸਦਾ ਅਨੰਦ ਰਹਿੰਦਾ ਹੈ ਅਤੇ ਹੋਰਨਾਂ ਪਾਸੋਂ ਭੀ ਉਹ ਸੱਚ ਨਾਮ ਬਾਣੀ ਨੂੰ ਬੁਲਾਉਂਦਾ ਹੈ॥ ੮ ॥

ਜਿਨਿ ਤੂ ਜਾਤਾ ਕਰਮ ਬਿਧਾਤਾ ॥ ਪੂਰੈ ਭਾਗਿ ਗੁਰ ਸਬਦਿ ਪਛਾਤਾ ॥

ਜਿਨ੍ਹਾਂ ਨੇ ਪੂਰਿਆਂ ਭਾਗਾਂ ਕਰਕੇ ਗੁਰ ਉਪਦੇਸ਼ ਨੂੰ ਪਛਾਣਿਆ ਹੈ, ਉਹਨਾਂ ਨੇ ਹੇ ਕਰਮ ਬਿਧਾਤਾ=ਫਲ ਬਰ ਦਾਤੇ ਪ੍ਰਭੂ ! ਆਪ ਜੀ ਨੂੰ ਜਾਤਾ=ਜਾਣ ਲਿਆ ਹੈ।

ਜਤਿ ਪਤਿ ਸਚੁ ਸਚਾ ਸਚੁ ਸੋਈ ਹਉਮੈ ਮਾਰਿ ਮਿਲਾਇਦਾ ॥ ੯ ॥

ਜਿਸ ਨੇ ਹਉਮੈ ਨੂੰ ਮਾਰਿਆ ਹੈ ਉਸ ਨੂੰ ਤੂੰ ਆਪਣੇ ਨਾਲ ਮਿਲਾਂਵਦਾ ਹੈਂ, ਜਿਸ ਨੂੰ ਤੂੰ ਆਪਣੇ ਨਾਲ ਮਿਲਾਇਆ ਹੈ, ਉਸ ਦੀ ਜਾਤੀ ਸਚੁ=ਸਫਲ ਹੈ, ਉਸ ਦੀ ਪਤਿ=ਪੰਗਤੀ,

ਵਾ:-ਪਤ-ਆਬਰੋ ਸਫਲ ਹੈ, ਉਸ ਦੀ ਸੋਈ=ਸੋਭਾ ਭੀ ਸਚੁ=ਸਫਲ ਹੈ॥ ੯ ॥

ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥

ਜੋ ਮਨ ਦਾ ਕਠੋਰ ਪੁਰਸ਼ ਦ੍ਵੈਤ ਭਾਵ ਵਿਚ ਲੱਗਾ ਹੈ। ਉਹ ਮੰਦਭਾਗੀ ਪੁਰਸ਼ ਭਰਮ ਵਿਚ ਭੁਲਾ ਫਿਰਦਾ ਹੈ।

ਕਰਮੁ ਹੋਵੈ ਤਾ ਸਤਿਗੁਰੁ ਸੇਵੇ ਸਹਜੇ ਹੀ ਸੁਖੁ ਪਾਇਦਾ ॥ ੧੦ ॥

ਚੰਗਾ ਕਰਮ ਹੋਵੇ ਤਾਂ ਹੀ ਸਤਿਗੁਰਾਂ ਨੂੰ ਸੇਂਵਦਾ ਹੈ ਅਤੇ ਸੁਭਾਵਕ ਹੀ ਆਤਮ ਸੁਖ ਨੂੰ ਪਾਉਂਦਾ ਹੈ॥ ੧੦ ॥

www.sikhbookclub.com

ਲਖ ਚਉਰਾਸੀਹ ਆਪਿ ਉਪਾਏ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ॥

ਚੁਰਾਸੀ ਲੱਖ ਤਰ੍ਹਾਂ ਦੇ ਜੀਵ ਤੁਸਾਂ ਨੇ ਆਪ ਹੀ ਪੈਦਾ ਕੀਤੇ ਹਨ। ਅਤੇ ਮਨੁੱਖ ਜਨਮ ਵਿਚ ਤੁਸਾਂ ਨੇ ਆਪ ਹੀ ਗੁਰ ਭਗਤੀ ਦ੍ਰਿੜ੍ਹ ਕਰਵਾਈ ਹੈ।

ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ॥ ੧੧॥

ਗੁਰ ਭਗਤੀ ਤੋਂ ਬਿਨਾਂ ਮੰਦ ਕਰਮਾਂ ਰੂਪ ਵਿਸ਼ਟਾ ਵਿਚ ਨਿਵਾਸ ਹੁੰਦਾ ਹੈ ਅਤੇ ਮਰ ਕੇ ਫਿਰ ਮਾਂ ਦੇ ਪੇਟ ਰੂਪ ਵਿਸ਼ਟਾ ਵਿਚ ਨਿਵਾਸ ਪਾਉਂਦਾ ਹੈ॥ ੧੧॥

ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ॥ ਵਿਣੁ ਕਰਮਾ ਕਿਉ ਪਾਇਆ ਜਾਏ॥

ਜਿਸ ਉਤੇ ਤੇਰਾ ਕਰਮੁ=ਅਨਿਗ੍ਰਹੁ ਹੁੰਦਾ ਹੈ ਉਸ ਨੂੰ ਤੂੰ ਗੁਰ ਭਗਤੀ ਦ੍ਰਿੜ੍ਹਾਉਂਦਾ ਹੈਂ। ਤੇਰੇ ਕਰਮਾ= ਅਨਿਗ੍ਰਹੁ ਤੋਂ ਬਿਨਾਂ ਜਾਂ ਪੂਰਬਲੇ ਚੰਗਿਆਂ ਕਰਮਾਂ ਤੋਂ ਬਿਨਾਂ ਭਗਤੀ ਦਾ ਹਿੱਸਾ ਕਿਵੇਂ ਪਾਇਆ ਜਾਂਦਾ ਹੈ।

ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ॥ ੧੨॥

ਹੇ ਕਰਤਾ ਪੁਰਖ ! ਤੂੰ ਆਪ ਹੀ ਜੀਵਾਂ ਨੂੰ ਉਤਪੰਨ ਕਰਦਾ ਹੈਂ ਆਪ ਹੀ ਕਰਮਾਂ ਨੂੰ ਕਰਾਉਂਦਾ ਹੈਂ, ਜਿਵੇਂ ਚਾਹੁੰਦਾ ਹੈਂ ਤਿਵੇਂ ਜੀਵਾਂ ਨੂੰ ਤੋਰਦਾ ਹੈਂ॥ ੧੨॥

ਸਿਮ੍ਰਿਤਿ ਸਾਸਤ ਅੰਤੁ ਨ ਜਾਣੈ॥ ਮੂਰਖੁ ਅੰਧਾ ਤਤੁ ਨ ਪਛਾਣੈ॥

ਸਤਾਈ ਸਿਮ੍ਰਿਤੀਆਂ ਛੇ ਸ਼ਾਸਤ੍ਰ ਭੀ ਆਪ ਜੀ ਦਾ ਅੰਤ ਨਹੀਂ ਜਾਣਦੇ। ਇਹ ਮੂਰਖ ਅੰਨ੍ਹਾਂ ਵੇਦਾਂ ਸ਼ਾਸਤ੍ਰਾਂ ਦੇ ਸਿਧਾਂਤ ਰੂਪ ਪ੍ਰਭੂ ਨੂੰ ਪਛਾਣਦਾ ਨਹੀਂ ਹੈ।

ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ॥ ੧੩॥

ਹੇ ਕਰਤਾ ਪੁਰਖ ! ਤੂੰ ਆਪ ਜੀਵਾਂ ਨੂੰ ਪੈਦਾ ਕਰਦਾ ਹੈਂ ਤੇ ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈਂ ਅਤੇ ਆਪ ਹੀ ਮਨਮੁਖਾਂ ਨੂੰ ਭਰਮ ਵਿਚ ਭੁਲਾਉਂਦਾ ਹੈਂ॥ ੧੩॥

ਸਭੁ ਕਿਛੁ ਆਪੇ ਆਪਿ ਕਰਾਏ॥ ਆਪੇ ਸਿਰਿ ਸਿਰਿ ਧੰਧੈ ਲਾਏ॥

ਤੂੰ ਆਪੇ ਆਪ ਹੀ ਜੀਵਾਂ ਪਾਸੋਂ ਸਭ ਕੁਝ ਕਰਾਉਂਦਾ ਹੈਂ। ਫਿਰ ਆਪ ਹੀ ਸਿਰ ਬ ਸਿਰ ਧੰਦਿਆਂ ਵਿਚ ਲਗਾਉਂਦਾ ਹੈਂ।

ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ॥ ੧੪॥

ਤੂੰ ਆਪੇ ਸਭ ਦੀ ਥਾਪਿ=ਉਤਪਤੀ ਕਰਦਾ ਹੈਂ, ਆਪੇ ਵੇਖੈ=ਪਾਲਦਾ ਹੈਂ ਆਪ ਹੀ ਉਥਾਪੇ=ਲੈਯ ਕਰਦਾ ਹੈਂ, ਫਿਰ ਤੂੰ ਆਪ ਹੀ ਗੁਰਮੁਖਾਂ ਨੂੰ ਸਮਝਾ ਦੇਂਦਾ ਹੈਂ॥ ੧੪॥

ਸਚਾ ਸਾਹਿਬੁ ਗਹਿਰ ਗੰਭੀਰਾ॥ ਸਦਾ ਸਲਾਹੀ ਤਾ ਮਨੁ ਧੀਰਾ॥

ਹੇ ਸਾਹਿਬੁ=ਮਾਲਕ ਪ੍ਰਭੂ ! ਤੂੰ ਸੱਚਾ ਹੈਂ ਗਹਿਰ=ਡੂੰਗਾ ਤੇ ਗੰਭੀਰਾ=ਨਿਰਹਲ ਹੈਂ। ਮੈਂ ਸਦਾ ਆਪ ਜੀ ਨੂੰ ਸਲਾਹੁੰਦਾ ਰਹਾਂ ਤਾਂ ਹੀ ਮਨ ਧੀਰਾ=ਧੀਰਜਵਾਨ ਹੁੰਦਾ ਭਾਵ ਟਿਕਦਾ ਹੈ।

ਅਗਮ ਅਗੋਚਰੁ ਕੀਮਤਿ ਨਹੀ ਪਾਈ ਗੁਰਮੁਖਿ ਮੰਨਿ ਵਸਾਇਦਾ॥ ੧੫॥

ਹੇ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ, ਪ੍ਰਭੂ ! ਆਪ ਜੀ ਦੀ ਕੀਮਤ ਨਹੀਂ ਪਾਈ ਜਾਂਦੀ, ਕੋਈ ਵਿਰਲਾ ਗੁਰਮੁਖ ਹੀ ਆਪ ਜੀ ਨੂੰ ਮਨ ਵਿਚ ਵਸਾਉਂਦਾ ਹੈ॥ ੧੫॥

ਆਪਿ ਨਿਰਾਲਮੁ ਹੋਰ ਧੰਧੈ ਲੋਈ॥ ਗੁਰ ਪਰਸਾਦੀ ਬੂਝੈ ਕੋਈ॥

ਹੇ ਪ੍ਰਭੂ ! ਤੂੰ ਆਪ ਸਭ ਤੋਂ ਅਸੰਗ ਹੈਂ, ਹੋਰ ਸਾਰੀ ਦੁਨੀਆਂ ਧੰਦਿਆਂ ਵਿਚ ਫਸੀ ਹੋਈ ਹੈ। ਪਰ ਗੁਰਾਂ ਦੀ ਕ੍ਰਿਪਾ ਨਾਲ ਕੋਈ ਵਿਰਲਾ ਹੀ ਇਸ ਗੱਲ ਨੂੰ ਸਮਝਦਾ ਹੈ।

ਨਾਨਕ ਨਾਮੁ ਵਸੈ ਘਟ ਅੰਤਰਿ
ਗੁਰਮਤੀ ਮੇਲਿ ਮਿਲਾਇਦਾ॥ ੧੬॥ ੩॥ ੧੭॥

ਗੁਰੂ ਜੀ ਕਥਨ ਕਰਦੇ ਹਨ—ਜਿਸ ਦੇ ਘਟ=ਅੰਦਰ ਨਾਮ ਸਿਮਰਨ ਵਸਦਾ ਹੈ, ਉਸ ਗੁਰਮਤੀਏ ਨੂੰ ਤੂੰ ਆਪਣੇ ਮੇਲ ਨਾਲ ਮਿਲਾਉਂਦਾ ਹੈਂ॥ ੧੬॥ ੩॥ ੧੭॥

ਮਾਰੂ ਮਹਲਾ ੩॥

ਜੁਗ ਛਤੀਹ ਕੀਓ ਗੁਬਾਰਾ॥ ਤੂ ਆਪੇ ਜਾਣਹਿ ਸਿਰਜਣਹਾਰਾ॥

ਹੇ ਸਿਰਜਣਹਾਰ ਪ੍ਰਭੂ ! ਆਪ ਜੀ ਨੇ ਛੱਤੀ ਜੁਗ ਜੋ ਮਹਾਂ ਪਰਲੋ ਰੂਪ ਗੁਬਾਰ ਕੀਤਾ ਹੈ, ਉਸ ਸਮੇਂ ਨੂੰ ਤੂੰ ਆਪ ਹੀ ਜਾਣਦਾ ਹੈਂ।

ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ॥ ੧॥

ਹੋਰ ਕੋਈ ਕੀ ਕਹਿ ਸਕਦਾ ਹੈ ਤੇ ਆਖਿ=ਮੂੰਹ ਤੋਂ ਕਹਿ ਕੇ ਦੂਜੇ ਨੂੰ ਕੀ ਕਥਨ ਕਰਕੇ ਸੁਣਾ ਸਕਦਾ ਹੈ, ਤੂੰ ਆਪਣੀ ਕੀਮਤ ਨੂੰ ਆਪ ਹੀ ਪਾਉਂਦਾ ਹੈਂ॥ ੧॥

ਓਅੰਕਾਰਿ ਸਭ ਸ੍ਰਿਸਟਿ ਉਪਾਈ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ॥

ਹੇ ਓਅੰਕਾਰਿ=ਮੰਗਲ ਸਰੂਪ ਪ੍ਰਭੂ ! ਤੈਂਨੇ ਆਪ ਹੀ "ਓਅੰ" ਸ਼ਬਦ ਉਚਾਰ ਕੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ। ਸਾਰਾ ਤਮਾਸ਼ਾ ਰੂਪ ਜੋ ਸੰਸਾਰ ਖੇਲ ਹੈ ਇਹ ਸਭ ਤੇਰੀ ਆਪਣੀ ਵਡਿਆਈ=ਇੱਛਾ ਅਨੁਸਾਰ ਉਤਪੰਨ ਹੋਇਆ ਹੈ।

ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ॥ ੨॥

ਹੇ ਸੱਚੇ ! ਤੈਂਨੇ ਆਪ ਹੀ ਸਭਨਾਂ ਨੂੰ ਵੇਕ=ਭਿੰਨ ਭਿੰਨ (ਵਖੋ ਵੱਖਰਾ) ਕੀਤਾ ਹੈ, ਤੂੰ ਆਪ ਹੀ ਭੰਨਦਾ ਤੇ ਘੜਦਾ ਹੈਂ॥ ੨॥

ਬਾਜੀਗਰਿ ਇਕ ਬਾਜੀ ਪਾਈ॥ ਪੂਰੇ ਗੁਰ ਤੇ ਨਦਰੀ ਆਈ॥

ਪਰਮੇਸ਼ਰ ਰੂਪ ਬਾਜੀਗਰ ਨੇ ਇਕ ਸੰਸਾਰ ਬਾਜੀ ਪਾਈ ਹੈ। ਪੂਰਿਆਂ ਗੁਰਾਂ ਦੀ ਕ੍ਰਿਪਾ ਨਾਲ ਜਿਸ ਨੂੰ ਇਸ ਦੀ ਅਸਲੀਅਤ ਮਿਥਿਆ ਰੂਪ ਵਾਲੀ ਨਿਗਾਹ ਆਈ ਹੈ।

ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ॥ ੩॥

ਉਹ ਗੁਰ ਸ਼ਬਦੀਆ ਇਸ ਸੰਸਾਰ ਬਾਜੀ ਤੋਂ ਸਦਾ ਹੀ ਅਲਿਪਤੁ=ਅਸੰਗ ਰਹਿੰਦਾ ਹੈ ਅਤੇ ਸੱਚ ਨਾਮ

www.sikhbookclub.com

ਸਿਮਰਨ ਨਾਲ ਚਿਤ ਬਿਰਤੀ ਨੂੰ ਲਗਾਉਂਦਾ ਹੈ॥ ੩॥

ਬਾਜਹਿ ਬਾਜੇ ਧੁਨਿ ਆਕਾਰਾ॥ ਆਪਿ ਵਜਾਏ ਵਜਾਵਣਹਾਰਾ॥

ਆਕਾਰਾ=ਸਰੀਰਾਂ ਰੂਪੀ ਵਾਜੇ ਹਨ, ਇਨ੍ਹਾਂ ਵਿਚੋਂ ਜੋ ਧੁਨਿ=ਆਵਾਜ਼ ਨਿਕਲ ਰਹੀ ਹੈ ਇਹੋ ਵਾਜਿਆਂ ਦਾ ਵੱਜਣਾ ਹੈ। ਵਜਾਵਣ ਵਾਲਾ ਪਰਮੇਸ਼ਰ ਆਪ ਹੀ ਸੱਤਾ ਸੁਫਰਤੀ ਦੇ ਕੇ ਵਜਾਉਂਦਾ ਹੈ।

ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ॥ ੪॥

ਘਟਿ ਘਟਿ=ਸਰੀਰਾਂ ਸਰੀਰਾਂ ਵਿਚ ਸਵਾਸਾਂ ਰੂਪੀ ਪਾਉਣ ਇਕ ਰੰਗੀ=ਇਕਰਸ, ਵਹੈ=ਚਲ ਰਹੀ ਹੈ, ਪਵਣੈ=ਸਵਾਸਾਂ ਨਾਲ ਮਿਲਾ ਕੇ ਸਾਰਿਆਂ ਸਰੀਰਾਂ ਰੂਪ ਵਾਜਿਆਂ ਨੂੰ ਵਜਾਉਂਦਾ ਹੈਂ॥ ੪॥

[ਪੰਨਾ ੧੦੬੨]

ਕਰਤਾ ਕਰੇ ਸੁ ਨਿਹਚਉ ਹੋਵੈ॥ ਗੁਰ ਕੈ ਸਬਦੇ ਹਉਮੈ ਖੋਵੈ॥

ਕਰਤਾ ਪੁਰਖ ਜੋ ਕਰਦਾ ਹੈ ਓਹੀ ਗੱਲ ਨਿਸਚੇ ਪੂਰਬਕ ਹੁੰਦੀ ਹੈ। ਗੁਰਾਂ ਦੇ ਉਪਦੇਸ਼ ਦੁਆਰਾ ਹਉਮੈ ਨੂੰ ਨਾਸ ਕਰੇ ਤਾਂ ਹੀ ਉਸ ਕਰਤੇ ਪੁਰਖ ਦੀ ਪਰਤੀਤੀ ਹੁੰਦੀ ਹੈ।

ਗੁਰ ਪਰਸਾਦੀ ਕਿਸੈ ਦੇ ਵਡਿਆਈ ਨਾਮੋ ਨਾਮੁ ਧਿਆਇਦਾ॥ ੫॥

ਗੁਰਾਂ ਦੀ ਕ੍ਰਿਪਾ ਨਾਲ ਜੇਹੜਾ ਨਾਮ ਹੀ ਨਾਮ ਨੂੰ ਧਿਆਉਂਦਾ ਹੈ, ਉਸ ਕਿਸੇ ਨੂੰ ਉਹ ਪਰਮਾਤਮਾ ਵਡਿਆਈ ਦੇਂਦਾ ਹੈ॥ ੫॥

ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ॥ ਨਾਮੁ ਮੰਨਿ ਵਸੈ ਨਾਮੋ ਸਾਲਾਹੀ॥

ਗੁਰੂ ਦੀ ਸੇਵਾ ਕਰਨ ਜੇਡਾ ਹੋਰ ਕੋਈ ਲਾਭ ਨਹੀਂ ਹੈ। ਕਿਉਂਕਿ ਗੁਰ ਸੇਵਾ ਕਰਨ ਨਾਲ ਨਾਮ ਮਨ ਵਿਚ ਵਸਦਾ ਹੈ ਅਤੇ ਨਾਮ ਦੀ ਸ਼ਲਾਘਾ ਕੀਤੀ ਜਾਂਦੀ ਹੈ।

ਨਾਮੋ ਨਾਮੁ ਸਦਾ ਸੁਖਦਾਤਾ ਨਾਮੋ ਲਾਹਾ ਪਾਇਦਾ॥ ੬॥

ਪ੍ਰਭੂ ਦਾ ਨਾਮ ਹੀ ਨਾਮ ਸਦਾ ਸੁਖਾਂ ਦੇ ਦੇਣ ਵਾਲਾ ਹੈ ਅਤੇ ਨਾਮ ਸਿਮਰਨ ਕਰਕੇ ਹੀ ਜੀਵਣ ਦਾ ਲਾਭ ਪਾਈਦਾ ਹੈ॥ ੬॥

ਬਿਨੁ ਨਾਵੈ ਸਭ ਦੁਖੁ ਸੰਸਾਰਾ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ॥

ਨਾਮ ਸਿਮਰਨ ਤੋਂ ਬਿਨਾਂ ਸਾਰਾ ਸੰਸਾਰ ਦੁੱਖੀ ਹੈ। ਕਿਉਂਕਿ ਇਹ ਜੀਵ ਉਹ ਕਰਮ ਬਹੁਤੇ ਕਮਾਉਂਦਾ ਹੈ ਜਿਸ ਤੋਂ ਵਿਕਾਰ ਹੀ ਵਧਦੇ ਹਨ।

ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ॥ ੭॥

ਜੇਹੜਾ ਪੁਰਸ਼ ਨਾਮ ਨੂੰ ਨਹੀਂ ਸਿਮਰਦਾ ਉਹ ਕਿਵੇਂ ਸੁਖ ਪਾ ਸਕਦਾ ਹੈ, ਨਾਮ ਸਿਮਰਨ ਤੋਂ ਬਿਨਾਂ ਇਹ ਜੀਵ ਦੁੱਖ ਹੀ ਪਾਉਂਦਾ ਹੈ॥ ੭॥

ਆਪਿ ਕਰੇ ਤੈ ਆਪਿ ਕਰਾਏ॥ ਗੁਰ ਪਰਸਾਦੀ ਕਿਸੈ ਬੁਝਾਏ॥

ਤੈ=ਉਸ ਪਰਮੇਸ਼ਰ ਨੇ ਆਪ ਸਾਰੇ ਜੀਵ ਪੈਦਾ ਕੀਤੇ ਹਨ ਤੇ ਆਪ ਹੀ ਸੱਤਾ ਦੇ ਕੇ ਉਹਨਾਂ ਤੋਂ ਕਰਮ

ਕਰਾਉਂਦਾ ਹੈ। ਪਰ ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੂੰ ਸਮਝਾਉਂਦਾ ਹੈ।

ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥ ੮ ॥

ਜੇਹੜਾ ਗੁਰਮੁਖ ਹੁੰਦਾ ਹੈ ਓਹੀ ਸੰਸਾਰਕ ਬੰਧਨਾਂ ਨੂੰ ਤੋੜਦਾ ਹੈ ਅਤੇ ਅੰਤਹਕਰਣ ਰੂਪੀ ਘਰ ਵਿਚ ਮੁਕਤੀ ਨੂੰ ਪਾ ਲੈਂਦਾ ਹੈ॥ ੮॥

ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥

ਜੇਹੜਾ ਪੁਰਸ਼ ਕਰਮਾਂ ਨੂੰ ਕਰਕੇ ਗਿਣਤੀਆਂ ਨੂੰ ਗਿਣਦਾ ਹੈ, ਉਹ ਸੰਸਾਰ ਵਿਚ ਸੜਦਾ ਹੈ। ਉਸ ਦੇ ਹਿਰਦੇ ਵਿਚੋਂ ਸੰਸਾ ਤੇ ਵਿਸ਼ੇ ਵਿਕਾਰ ਮੂਲਿ=ਕਦਾਚਿਤ ਦੂਰ ਨਹੀਂ ਹੁੰਦੇ, ਜਾਂ ਵਿਕਾਰਾਂ ਦਾ ਮੂਲ ਜੋ ਸੰਸਾ ਹੈ ਉਹ ਕਦੇ ਦੂਰ ਨਹੀਂ ਹੁੰਦਾ।

ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥ ੯ ॥

ਜੋ ਗੁਰਮੁਖ ਹੁੰਦਾ ਹੈ ਉਹ ਗਿਣਤੀ ਨੂੰ ਚੁਕਾਏ=ਦੂਰ ਕਰਦਾ ਹੈ ਅਤੇ ਸੱਚੇ ਨਾਮ ਸਿਮਰਨ ਕਰਕੇ ਸੱਚ ਸਰੂਪ ਪਰਮਾਤਮਾ ਵਿਚ ਅਭੇਦ ਹੁੰਦਾ ਹੈ॥ ੯॥

ਜੇ ਸਚੁ ਦੇਇ ਤ ਪਾਏ ਕੋਈ ॥ ਗੁਰ ਪਰਸਾਦੀ ਪਰਗਟੁ ਹੋਈ ॥

ਜੇ ਪ੍ਰਭੂ ਕਿਰਪਾ ਕਰਕੇ ਕਿਸੇ ਨੂੰ ਸੱਚ ਨਾਮ ਦੇਵੇ ਤਾਂ ਉਹ ਕੋਈ ਪਾਉਂਦਾ ਹੈ। ਅਤੇ ਗੁਰਾਂ ਦੀ ਕਿਰਪਾ ਨਾਲ ਸਾਰੇ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ।

ਸਚੁ ਨਾਮੁ ਸਾਲਾਹੇ ਰੰਗਿ ਰਾਤਾ ਗੁਰ ਕਿਰਪਾ ਤੇ ਸੁਖੁ ਪਾਇਦਾ ॥ ੧੦ ॥

ਜੇਹੜਾ ਪੁਰਸ਼ ਰੰਗਿ=ਪਰੇਮ ਵਿਚ ਰੱਤਾ ਹੋਇਆ ਸੱਚ ਨਾਮ ਨੂੰ ਸਲਾਹੁੰਦਾ ਹੈ, ਓਹੀ ਗੁਰਾਂ ਦੀ ਕ੍ਰਿਪਾ ਨਾਲ ਸੁਖ ਨੂੰ ਪਾਉਂਦਾ ਹੈ॥ ੧੦॥

ਜਪੁ ਤਪੁ ਸੰਜਮੁ ਨਾਮੁ ਪਿਆਰਾ ॥ ਕਿਲਵਿਖ ਕਾਟੇ ਕਾਟਣਹਾਰਾ ॥

ਜਿਸ ਨੂੰ ਨਾਮ ਸਿਮਰਨ ਪਿਆਰਾ ਲੱਗਾ ਹੈ ਉਸ ਦੇ ਜਪ, ਤਪ ਤੇ ਸੰਜਮ ਆਦਿਕ ਸਾਰੇ ਸਾਧਨ ਕੀਤੇ ਸਫਲ ਹੋਨ। ਕੱਟਣ ਵਾਲਾ ਪ੍ਰਭੂ ਉਸ ਦੇ ਸਾਰਿਆਂ ਕਿਲਵਿਖ=ਪਾਪਾਂ ਨੂੰ ਕੱਟ ਦੇਂਦਾ ਹੈ।

ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ ਸਹਜੇ ਸਹਜਿ ਸਮਾਇਦਾ ॥ ੧੧ ॥

ਹਰੀ ਦੇ ਨਾਮ ਸਿਮਰਨ ਕਰਕੇ ਜਿਸ ਦਾ ਤਨ, ਮਨ ਸੀਤਲ ਹੋਇਆ ਹੈ, ਉਹ ਸਹਜੇ=ਸੁਭਾਵਕ ਸਹਜਿ=ਬ੍ਰਹਮ ਗਿਆਨ ਵਿਚ ਜਾਂ ਸਹਜ ਪਦ ਵਿਚ ਅਭੇਦ ਹੋ ਜਾਂਦਾ ਹੈ॥ ੧੧॥

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥

ਜਿਨ੍ਹਾਂ ਦੇ ਅੰਦਰ ਲੋਭ ਹੈ ਉਹ ਮਨ ਦੇ ਮੈਲੇ ਪੁਰਸ਼ ਹੋਰਨਾਂ ਨੂੰ ਭੀ ਲੋਭ ਰੂਪੀ ਮੈਲ ਲਗਾਉਂਦੇ ਹਨ। ਅਤੇ ਮੈਲੇ=ਬੁਰਿਆਂ ਕਰਮਾਂ ਨੂੰ ਕਰਕੇ ਦੁੱਖ ਪਾਉਂਦੇ ਹਨ।

ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥ ੧੨ ॥

ਉਹ ਝੂਠੇ ਪੁਰਸ਼ ਝੂਠੇ ਦਾ ਵਪਾਰ ਕਰਦੇ ਹਨ ਅਤੇ ਝੂਠ ਬੋਲ ਕੇ ਦੁੱਖ ਪਾਉਂਦੇ ਹਨ॥ ੧੨॥

www.sikhbookclub.com

ਨਿਰਮਲ ਬਾਣੀ ਕੋ ਮੰਨਿ ਵਸਾਏ॥ ਗੁਰ ਪਰਸਾਦੀ ਸਹਸਾ ਜਾਏ॥

ਜੇਹੜਾ ਕੋਈ ਗੁਰਮੁਖ ਨਿਰਮਲ ਉਪਦੇਸ਼ ਬਾਣੀ ਨੂੰ ਮਨ ਵਿਚ ਵਸਾਉਂਦਾ ਹੈ। ਗੁਰੂ ਦੀ ਕਿਰਪਾ ਨਾਲ ਉਸ ਦਾ ਸੰਸਾ ਦੂਰ ਹੋ ਜਾਂਦਾ ਹੈ।

ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ॥ ੧੩॥

ਜੋ ਦਿਨੇ ਰਾਤੀ ਗੁਰਾਂ ਦੇ ਭਾਣੇ ਵਿਚ ਚਲਦਾ ਹੈ, ਉਹ ਨਾਮ ਨੂੰ ਸਿਮਰ ਕੇ ਸੁਖ ਪਾਉਂਦਾ ਹੈ॥ ੧੩॥

ਆਪਿ ਸਿਰੰਦਾ ਸਚਾ ਸੋਈ॥ ਆਪਿ ਉਪਾਇ ਖਪਾਏ ਸੋਈ॥

ਉਹ ਸੱਚਾ ਆਪ ਹੀ ਸਭ ਦੇ ਸਿਰੰਦਾ=ਸਿਰਜਣ ਵਾਲਾ ਹੈ। ਜੋ ਆਪਣੇ ਤੋਂ ਆਪ ਹੀ ਉਤਪੰਨ ਕਰਦਾ ਹੈ ਫਿਰ ਆਪ ਹੀ ਸਭ ਦੀ ਲਯਤਾ ਕਰਦਾ ਹੈ।

ਗੁਰਮੁਖਿ ਹੋਵੈ ਸੁ ਸਦਾ ਸਲਾਹੇ ਮਿਲਿ ਸਾਚੇ ਸੁਖੁ ਪਾਇਦਾ॥ ੧੪॥

ਜੋ ਗੁਰਮੁਖ ਹੁੰਦਾ ਹੈ ਉਹ ਸਦਾ ਹੀ ਸੱਚੇ ਨੂੰ ਸਲਾਹੁੰਦਾ ਹੈ ਅਤੇ ਸੱਚੇ ਪ੍ਰਭੂ ਨਾਲ ਮਿਲ ਕੇ ਸੁਖ ਪਾਉਂਦਾ ਹੈ॥ ੧੪॥

ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ॥ ਕਾਮਿ ਕਰੋਧਿ ਜਲੈ ਸਭੁ ਕੋਈ॥

ਆਪਣੇ ਆਪ ਅਨੇਕ ਤਰ੍ਹਾਂ ਦੇ ਜਤਨ ਕਰਨ ਨਾਲ ਭੀ ਪੰਜ ਗਿਆਨ ਇੰਦ੍ਰੀਆਂ ਵਸ ਵਿਚ ਨਹੀਂ ਹੁੰਦੀਆਂ। ਇਸ ਲਈ ਸਭ ਕੋਈ ਕਾਮ, ਕਰੋਧ ਆਦਿਕ ਵਿਕਾਰਾਂ ਰੂਪ ਅੱਗ ਵਿਚ ਜਲੈ=ਸੜ ਰਹੇ ਹਨ।

ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ॥ ੧੫॥

ਨਿਸ਼ਕਾਮ ਹੋ ਕੇ ਸਤਿਗੁਰਾਂ ਨੂੰ ਸੇਵੇ ਤਾਂ ਇਹ ਚੰਚਲ ਮਨ ਵਸ ਵਿਚ ਆਉਂਦਾ ਹੈ, ਜਦ ਮਨ ਨੂੰ ਮਾਰੇ ਤਾਂ ਮਨਹਿ=ਸ਼ਰੋਮਣੀ ਪਰਮੇਸ਼ਰ ਵਿਚ ਸਮਾਉਂਦਾ ਹੈ॥ ੧੫॥

ਮੇਰਾ ਤੇਰਾ ਤੁਧੁ ਆਪੇ ਕੀਆ॥ ਸਭਿ ਤੇਰੇ ਜੰਤ ਤੇਰੇ ਸਭਿ ਜੀਆ॥

ਮੇਰਾ ਤੇਰਾ ਰੂਪ ਕਰਮ ਤੁਸਾਂ ਨੇ ਆਪ ਹੀ ਬਣਾਉਣਾ ਕੀਤਾ ਹੈ। ਸੂਖਮ ਜੰਤ ਸਾਰੇ ਤੇਰੇ ਪੈਦਾ ਕੀਤੇ ਹੋਏ ਹਨ, ਸਾਰੇ ਅਸਥੂਲ ਜੀਵ ਭੀ ਤੇਰੇ ਪੈਦਾ ਕੀਤੇ ਹੋਏ ਹਨ।

ਨਾਨਕ ਨਾਮੁ ਸਮਾਲਿ ਸਦਾ ਤੂ
ਗੁਰਮਤੀ ਮੰਨਿ ਵਸਾਇਦਾ॥ ੧੬॥ ੪॥ ੧੮॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਤੂੰ ਗੁਰ ਸਿਖਿਆ ਦੁਆਰੇ ਵਾਹਿਗੁਰੂ ਨਾਮ ਨੂੰ ਸੰਭਾਲਣਾ ਕਰ, ਤਾਂ ਉਹ ਪ੍ਰਭੂ ਤੇਰੇ ਮਨ ਵਿਚ ਆ ਵਸੇਗਾ॥ ੧੬॥ ੪॥ ੧੮॥

ਮਾਰੂ ਮਹਲਾ ੩॥

ਹਰਿ ਜੀਉ ਦਾਤਾ ਅਗਮ ਅਥਾਹਾ॥ ਓਸੁ ਤਿਲੁ ਨ ਤਮਾਇ ਵੇਪਰਵਾਹਾ॥

ਅਗਮ ਅਥਾਹ ਹਰਿ ਜੀ ਆਪ ਹੀ ਸਾਰਿਆਂ ਦਾ ਦਾਤਾ ਹੈ। ਉਸ ਬੇ-ਪਰਵਾਹ ਪ੍ਰਭੂ ਨੂੰ ਤਿਲ ਮਾਤਮ ਭੀ ਤਮਾਇ=ਖਵਾਹਸ਼ ਨਹੀਂ ਹੈ।

ਤਿਸ ਨੋ ਅਪੜਿ ਨ ਸਕੈ ਕੋਈ ਆਪੇ ਮੇਲਿ ਮਿਲਾਇਦਾ ॥ ੧ ॥

ਜਿਸ ਪ੍ਰਭੂ ਨੂੰ ਕੋਈ ਅਪੜਿ=ਪਹੁੰਚ ਨਹੀਂ ਸਕਦਾ, ਉਹ ਆਪ ਹੀ ਗੁਰਮੁਖਾਂ ਨੂੰ ਆਪਣੇ ਮੇਲ ਨਾਲ ਮਿਲਾਉਂਦਾ ਹੈ॥ ੧ ॥

ਜੋ ਕਿਛੁ ਕਰੈ ਸੁ ਨਿਹਚਉ ਹੋਈ ॥ ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥

ਜੋ ਕੁਝ ਕਰਦਾ ਹੈ ਉਹ ਨਿਸਚੇ ਕਰਕੇ ਜ਼ਰੂਰ ਹੁੰਦਾ ਹੈ। ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਉਸ ਵਰਗਾ ਦਾਤਾ ਨਹੀਂ ਹੈ।

ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ ॥ ੨ ॥

ਜਿਸ ਗੁਰਮੁਖ ਜਗਿਆਸੂ ਨੂੰ ਨਾਮ ਦਾਨ ਦੇਣਾ ਕਰਦਾ ਹੈ ਓਹੀ ਪਾਉਂਦਾ ਹੈ ਅਤੇ ਗੁਰ ਸਬਦੀਆਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ॥ ੨ ॥

ਚਉਦਹ ਭਵਣ ਤੇਰੇ ਹਟਨਾਲੇ ॥ ਸਤਿਗੁਰਿ ਦਿਖਾਏ ਅੰਤਰਿ ਨਾਲੇ ॥

ਹੇ ਪ੍ਰਭੂ ! ਇਹ ਚੌਦਾਂ ਲੋਕ ਤੇਰੇ ਹਟਨਾਲੇ=ਬਜ਼ਾਰ ਹਨ। ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਸਰੀਰ ਦੇ ਨਾਲ ਹੀ ਅੰਤਹਕਰਨ ਵਿਚ ਦਿਖਾਏ ਹਨ। *ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*

ਅਥਵਾ:-ਦਸ ਇੰਦ੍ਰੀਏ ਤੇ ਚਤੁਸ਼ਟੇ ਅੰਤਹਕਰਨ ਏਹ ਚੌਦਾਂ ਭਵਣ ਹੀ ਤੇਰੇ ਬਜ਼ਾਰ ਹਨ। ਸਤਿਗੁਰਾਂ ਨੇ ਸਰੀਰ ਦੇ ਨਾਲ ਅੰਦਰ ਹੀ ਵਿਖਾਏ ਹਨ।

ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥ ੩ ॥

ਜੇਹੜਾ ਕੋਈ ਗੁਰਸ਼ਬਦੀਆ ਨਾਮ ਦਾ ਵਾਪਾਰੀ ਹੁੰਦਾ ਹੈ, ਓਹ ਕੋਈ ਇਸ ਭੇਦ ਨੂੰ ਪਾਉਂਦਾ ਹੈ॥ ੩ ॥

[ਪੰਨਾ ੧੦੬੩]

ਸਤਿਗੁਰਿ ਸੇਵਿਐ ਸਹਜ ਅਨੰਦਾ ॥ ਹਿਰਦੈ ਆਇ ਵੁਠਾ ਗੋਵਿੰਦਾ ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਸੁਭਾਵਕ ਹੀ ਅਨੰਦ ਪ੍ਰਾਪਤ ਹੁੰਦਾ ਹੈ। ਅਤੇ ਸੇਵਾ ਦੇ ਪ੍ਰਤਾਪ ਨਾਲ ਹਿਰਦੇ ਵਿਚ ਗੋਬਿੰਦ ਆ ਕੇ ਵੁਠਾ=ਵਸ ਜਾਂਦਾ ਹੈ।

ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥ ੪ ॥

ਉਹ ਮਨੁੱਖ ਸੁਭਾਵਕ ਹੀ ਦਿਨ ਰਾਤ ਭਗਤੀ ਕਰਦਾ ਹੈ, ਜਿਸ ਦੇ ਪਾਸੋਂ ਪ੍ਰਭੂ ਆਪ ਹੀ ਭਗਤੀ ਕਰਵਾਉਂਦਾ ਹੈ॥ ੪ ॥

ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥
ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥

ਜੋ ਸਤਿਗੁਰਾਂ ਤੋਂ ਵਿਛੁੜੇ ਰਹਿੰਦੇ ਹਨ ਉਹਨਾਂ ਨੇ ਦੁੱਖ ਪਾਇਆ ਹੈ। ਉਹ ਰਾਤ ਦਿਨ ਮਾਰ ਖਾਂਦੇ ਹਨ, ਅਤੇ ਸਾਰਾ ਦੁੱਖ ਉਹਨਾਂ ਨੂੰ ਹੀ ਆ ਕੇ ਪ੍ਰਾਪਤ ਹੁੰਦਾ ਹੈ।

ਮੁਖੇ ਕਾਲੇ ਮਹਲੁ ਨ ਪਾਵਹਿ ਦੁਖ ਹੀ ਵਿਚਿ ਦੁਖੁ ਪਾਇਦਾ ॥ ੫ ॥

www.sikhbookclub.com

ਉਹਨਾਂ ਦੇ ਸਿਰ, ਮੂੰਹ ਕਾਲੇ ਕੀਤੇ ਜਾਂਦੇ ਹਨ ਇਸੀ ਤੇ ਉਹ ਮਹਲੁ=ਸਰੂਪ ਨੂੰ ਨਹੀਂ ਪਾਉਂਦੇ, ਦੁੱਖਾਂ ਵਿਚ ਹੋਰ ਦੁੱਖ ਪਾਉਂਦੇ ਹਨ॥ ੫॥

ਸਤਿਗੁਰੁ ਸੇਵਹਿ ਸੇ ਵਡਭਾਗੀ॥ ਸਹਜ ਭਾਇ ਸਚੀ ਲਿਵ ਲਾਗੀ॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹ ਵੱਡਿਆਂ ਭਾਗਾਂ ਵਾਲੇ ਪੁਰਸ਼ ਹਨ। ਉਹਨਾਂ ਦੀ ਸਹਜ ਭਾਇ=ਗਿਆਨ ਸਰੂਪ ਪਰਮਾਤਮਾ ਵਿਚ ਸੁਤੇ ਸਿਧ ਸੱਚੀ ਲਿਵ ਲੱਗੀ ਰਹਿੰਦੀ ਹੈ।

ਸਚੋ ਸਚੁ ਕਮਾਵਹਿ ਸਦ ਹੀ ਸਚੈ ਮੇਲਿ ਮਿਲਾਇਦਾ॥ ੬॥

ਜੋ ਸਦੀਵ ਕਾਲ ਸਚੁ=ਨਿਸਚੇ ਨਾਲ ਸੱਚੇ ਹੀ ਸੱਚ ਨੂੰ ਕਮਾਉਂਦੇ ਹਨ, ਉਹਨਾਂ ਨੂੰ ਸੱਚਾ ਵਾਹਿਗੁਰੂ ਆਪਣੇ ਮੇਲ ਵਿਚ ਮਿਲਾਉਂਦਾ ਹੈ॥ ੬॥

ਜਿਸ ਨੋ ਸਚਾ ਦੇਇ ਸੁ ਪਾਏ॥ ਅੰਤਰਿ ਸਾਚੁ ਭਰਮੁ ਚੁਕਾਏ॥

ਜਿਸ ਪੁਰਸ਼ ਨੂੰ ਸੱਚਾ ਪ੍ਰਭੂ ਦੇਂਦਾ ਹੈ ਓਹੀ ਸਤਸੰਗ ਨੂੰ, ਜਾਂ ਪੂਰਿਆਂ ਗੁਰਾਂ ਨੂੰ ਪਾਉਂਦਾ ਹੈ। ਫਿਰ ਉਹ ਆਪਣੇ ਅੰਤਹਕਰਨ ਵਿਚੋਂ ਸੱਚ ਨਾਮ ਕਰਕੇ ਭਰਮ ਨੂੰ ਦੂਰ ਕਰ ਦੇਂਦਾ ਹੈ।

ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ॥ ੭॥

ਸਚੁ=ਨਿਸਚੇ ਕਰਕੇ ਸੱਚਾ ਪ੍ਰਭੂ ਆਪ ਹੀ ਸੱਚ ਨਾਮ ਦਾ ਦਾਤਾ ਹੈ, ਜਿਸ ਨੂੰ ਦੇਂਦਾ ਹੈ ਓਹੀ ਸੱਚ ਨਾਮ ਨੂੰ ਪਾਉਂਦਾ ਹੈ॥ ੭॥

ਆਪੇ ਕਰਤਾ ਸਭਨਾ ਕਾ ਸੋਈ॥ ਜਿਸ ਨੋ ਆਪਿ ਬੁਝਾਏ ਬੂਝੈ ਕੋਈ॥

ਉਹ ਪਰਮੇਸ਼ਰ ਆਪ ਹੀ ਸਾਰਿਆਂ ਦਾ ਕਰਤਾ ਹੈ। ਜਿਸ ਨੂੰ ਆਪ ਸਮਝਾਉਂਦਾ ਹੈ ਉਹ ਕੋਈ ਸਮਝਦਾ ਹੈ।

ਆਪੇ ਬਖਸੇ ਦੇ ਵਡਿਆਈ ਆਪੇ ਮੇਲਿ ਮਿਲਾਇਦਾ॥ ੮॥

ਜਿਸ ਨੂੰ ਆਪ ਬਖਸ਼ਦਾ ਹੈ ਓਸੇ ਨੂੰ ਵਡਿਆਈ ਦੇਂਦਾ ਹੈ, ਫਿਰ ਆਪ ਹੀ ਆਪਣੇ ਮੇਲ ਵਿਚ ਮਿਲਾ ਲੈਂਦਾ ਹੈ॥ ੮॥

ਹਉਮੈ ਕਰਦਿਆ ਜਨਮੁ ਗਵਾਇਆ॥ ਆਗੈ ਮੋਹੁ ਨ ਚੂਕੈ ਮਾਇਆ॥

ਹੰਗਤਾ ਮਮਤਾ ਕਰਦਿਆਂ ਇਸ ਨੇ ਆਪਣਾ ਮਨੁੱਖਾ ਜਨਮ ਨਿਸਫਲ ਗਵਾ ਲਿਆ ਹੈ। ਆਗੈ=ਅਗਿਆਤ ਪੁਰਸ਼ ਦੇ ਹਿਰਦੇ ਵਿਚੋਂ ਮਾਇਆ ਦਾ ਮੋਹ ਦੂਰ ਨਹੀਂ ਹੁੰਦਾ।

ਅਥਵਾ:-ਆਗੈ=ਪਰਲੋਕ ਵਿਚ ਗਿਆਂ ਭੀ ਮਾਇਆ ਦਾ ਮੋਹ ਦੂਰ ਨਹੀਂ ਹੁੰਦਾ।

ਅਥਵਾ:-ਮਾਇਆ ਦਾ ਮੋਹ ਰੂਪ ਪੜਦਾ ਅੱਗੇ ਆ ਰਿਹਾ ਹੈ, ਉਹ ਚੂਕੈ ਨ=ਦੂਰ ਨਹੀਂ ਹੁੰਦਾ।

ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ॥ ੯॥

ਅਗੈ=ਪਰਲੋਕ ਵਿਚ ਧਰਮਰਾਜਾ ਇਉਂ ਲੇਖਾ ਲੈਂਦਾ ਹੈ ਜਿਵੇਂ ਤੇਲੀ ਘਾਣੀ ਵਿਚ ਤਿਲਾਂ ਨੂੰ ਪੀੜਦਾ ਹੈ॥ ੯॥

ਪੂਰੈ ਭਾਗਿ ਗੁਰ ਸੇਵਾ ਹੋਈ॥ ਨਦਰਿ ਕਰੇ ਤਾ ਸੇਵੇ ਕੋਈ॥

ਪੂਰਿਆਂ ਭਾਗਾਂ ਨਾਲ ਗੁਰਾਂ ਦੀ ਸੇਵਾ ਹੁੰਦਾ ਹੈ। ਜਾਂ ਪਰਮੇਸ਼ਰ ਕ੍ਰਿਪਾ ਦਿਸ਼ਟੀ ਕਰੇ ਤਾਂ ਕੋਈ ਗੁਰਾਂ ਦੀ

www.sikhbookclub.com

ਸੇਵਾ ਕਰਦਾ ਹੈ।

ਜਮਕਾਲੁ ਤਿਸੁ ਨੇੜਿ ਨ ਆਵੈ ਮਹਲਿ ਸਚੈ ਸੁਖੁ ਪਾਇਦਾ ॥ ੧੦ ॥

ਉਸ ਦੇ ਨੇੜੇ ਜਮਕਾਲ ਆਉਂਦਾ ਨਹੀਂ, ਉਹ ਸਚੈ ਮਹਲਿ=ਸਰੂਪ ਸੁਖ ਨੂੰ ਪਾਉਂਦਾ ਹੈ॥ ੧੦॥

ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥ ਪੂਰੈ ਭਾਗਿ ਗੁਰ ਸੇਵਾ ਲਾਏ ॥

ਉਹਨਾਂ ਨੇ ਸੁਖ ਨੂੰ ਪਾਇਆ ਹੈ ਜੋ ਆਪ ਜੀ ਨੂੰ ਭਾਏ ਹਨ। ਪੂਰਿਆਂ ਭਾਗਾਂ ਵਾਲਿਆਂ ਨੂੰ ਤੂੰ ਗੁਰ ਸੇਵਾ ਕਰਨ ਵਿਚ ਲਗਾਇਆ ਹੈ।

ਤੇਰੈ ਹਥਿ ਹੈ ਸਭ ਵਡਿਆਈ ਜਿਸੁ ਦੇਵਹਿ ਸੋ ਪਾਇਦਾ ॥ ੧੧ ॥

ਸਾਰੀਆਂ ਵਡਿਆਈਆਂ ਤੇਰੇ ਆਪਣੇ ਹੱਥ ਵਿਚ ਹਨ, ਜਿਸ ਨੂੰ ਤੂੰ ਦੇਂਦਾ ਹੈਂ ਓਹੀ ਪਾਉਂਦਾ ਹੈ॥ ੧੧॥

ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥

ਜਿਸ ਨੇ ਮਨ ਵਿਚ ਨਾਮ ਪਦਾਰਥ ਨੂੰ ਵਸਾਇਆ ਹੈ। ਉਸ ਨੇ ਗੁਰੂ ਪਾਸੋਂ ਅੰਦਰ ਦਾ ਪਰਗਾਸੁ=ਚਾਨਣ ਭਾਵ ਗਿਆਨ ਪਾਇਆ ਹੈ।

ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥ ੧੨ ॥

ਜਿਸ ਦੇ ਹਿਰਦੇ ਅੰਦਰ ਸਦਾ ਗਿਆਨ ਰੂਪ ਰਤਨ ਦਾ, ਜਾਂ ਗਿਆਨ ਦਾ ਰਤਨੁ=ਅਮੋਲਕ ਚਾਨਣ ਹੋਇਆ ਹੈ ਉਹ ਅਗਿਆਨ ਰੂਪ ਹਨੇਰੇ ਨੂੰ ਗਵਾਉਂਦਾ ਹੈ॥ ੧੨॥

ਅਗਿਆਨੀ ਅੰਧੇ ਦੂਜੈ ਲਾਗੇ ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥

ਜੋ ਅੰਨ੍ਹੇ ਅਗਿਆਨੀ ਦਵੈਤ ਭਾਵ ਵਿਚ ਲੱਗੇ ਹੋਏ ਹਨ। ਉਹ ਅਭਾਗੇ=ਭਾਗਾਂ ਤੋਂ ਹੀਣੇ ਨਾਮ ਪਾਣੀ ਤੋਂ ਬਿਨਾਂ ਹੀ ਸੰਸਾਰ ਸਾਗਰ ਵਿਚ ਡੁਬ ਕੇ ਮਰ ਗਏ ਹਨ, ਜਾਂ ਪਦਾਰਥਾਂ ਰੂਪੀ ਪਾਣੀ ਤੋਂ ਬਿਨਾਂ ਹੀ ਡੁਬ ਕੇ ਮਰ ਗਏ ਹਨ, ਅਰਥਾਤ ਪਦਾਰਥ ਤਾਂ ਮਿਲੇ ਨਹੀਂ ਸੰਕਲਪਾਂ ਵਿਚ ਹੀ ਗਰਕ ਹੋ ਕੇ ਨਿਸਫਲ ਮਰ ਗਏ।

ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥੧੩ ॥

ਅੰਤ ਨੂੰ ਚਲਦਿਆਂ ਹੋਇਆਂ ਪ੍ਰਤੱਖ ਘਰ ਦਰ ਕੋਈ ਭੀ ਨਿਗਾਹ ਨਹੀਂ ਆਉਂਦਾ, ਜਾਂ ਸਰੂਪ ਰੂਪੀ ਘਰ ਦੀ ਪ੍ਰਾਪਤੀ ਦਾ ਦਰਵਾਜ਼ਾ ਗਿਆਨ ਨਿਗਾਹ ਨਹੀਂ ਆਉਂਦਾ ਅਤੇ ਜਮਾਂ ਦੇ ਦਰਵਾਜ਼ੇ ਪਰ ਬੱਧਾ ਹੋਇਆ ਦੁਖ ਪਾਉਂਦਾ ਹੈ॥ ੧੩॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗਿਆਨੀ ਧਿਆਨੀ ਪੂਛਹੁ ਕੋਈ ॥

ਸਤਿਗੁਰਾਂ ਦੀ ਸੇਵਾ ਕੀਤੇ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਭਾਵੇਂ ਕਿਸੇ ਗਿਆਨੀ ਧਿਆਨੀ ਕੋਲੋਂ ਜਾ ਕੇ ਪੁਛ ਲਵੋ। ਸਾਰੇ ਗਿਆਨੀ ਧਿਆਨੀ ਏਹੋ ਆਖਦੇ ਹਨ, ਕਿ—

ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ ਦਰਿ ਸਚੈ ਸੋਭਾ ਪਾਇਦਾ ॥ ੧੪ ॥

ਜੇਹੜਾ ਕੋਈ ਸਤਿਗੁਰਾਂ ਦੀ ਸੇਵਾ ਕਰਦਾ ਹੈ ਓਸੇ ਨੂੰ ਵਡਿਆਈ ਮਿਲਦੀ ਹੈ ਅਤੇ ਓਹੀ ਸੱਚੇ ਦਰਬਾਰ ਵਿਚ ਸੋਭਾ ਪਾਉਂਦਾ ਹੈ॥ ੧੪॥

ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥ ਮਮਤਾ ਕਾਟਿ ਸਚਿ ਲਿਵ ਲਾਏ ॥

www.sikhbookclub.com

ਜੇਹੜਾ ਪੁਰਸ਼ ਸਤਿਗੁਰਾਂ ਦੀ ਸੇਵਾ ਕਰਕੇ ਹੰਗਤਾ ਮਮਤਾ ਕੱਟ ਕੇ ਸੱਚ ਸਰੂਪ ਵਿਚ ਚਿਤ ਬਿਰਤੀ ਨੂੰ ਲਗਾਉਂਦਾ ਹੈ, ਉਸ ਨੂੰ ਪਰਮੇਸ਼ਰ ਆਪਣੇ ਨਾਲ ਮਿਲਾਉਂਦਾ ਹੈ।

ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ॥ ੧੫॥

ਜੇਹੜਾ ਵਾਪਾਰੀ=ਜਗਿਆਸੂ ਸੱਚ ਨਾਮ ਰੂਪ ਸਉਦੇ ਨੂੰ ਸਦਾ ਹੀ ਵਣਜਹਿ=ਖਰੀਦਦਾ ਹੈ, ਉਹ ਨਾਮ ਪ੍ਰਾਪਤੀ ਦਾ ਲਾਭ ਪਾਉਂਦਾ ਹੈ, ਜਾਂ ਨਾਮ ਕਰਕੇ ਮੁਕਤੀ ਦੀ ਪ੍ਰਾਪਤੀ ਰੂਪ ਲਾਭ ਨੂੰ ਪਾਉਂਦਾ ਹੈ॥ ੧੫॥

ਆਪੇ ਕਰੇ ਕਰਾਏ ਕਰਤਾ॥ ਸਬਦਿ ਮਰੈ ਸੋਈ ਜਨੁ ਮੁਕਤਾ॥

ਕਰਤਾ ਪੁਰਖ ਆਪ ਜੀਵਾਂ ਨੂੰ ਪੈਦਾ ਕਰਦਾ ਹੈ ਤੇ ਆਪ ਹੀ ਉਹਨਾਂ ਕੋਲੋਂ ਕਰਮ ਕਰਾਉਂਦਾ ਹੈ। ਜੋ ਗੁਰਾਂ ਦੇ ਸ਼ਬਦ ਦੁਆਰਾ ਜੀਵਤ ਭਾਅ ਤੋਂ ਮਰਦਾ ਹੈ ਓਈ ਪੁਰਸ਼ ਮੁਕਤੀ ਨੂੰ ਪ੍ਰਾਪਤ ਹੋਇਆ ਹੈ।

ਨਾਨਕ ਨਾਮੁ ਵਸੈ ਮਨ ਅੰਤਰਿ
ਨਾਮੋ ਨਾਮੁ ਧਿਆਇਦਾ॥ ੧੬॥ ੫॥ ੧੯॥

ਗੁਰੂ ਜੀ ਕਥਨ ਕਰਦੇ ਹਨ—ਜਿਸ ਦੇ ਘਟ ਅੰਦਰ ਨਾਮ ਵਸਦਾ ਹੈ, ਉਹ ਮਨ, ਬਾਣੀ ਦੁਆਰਾ ਨਾਮ ਹੀ ਨਾਮ ਨੂੰ ਧਿਆਉਂਦਾ ਹੈ॥ ੧੬॥ ੫॥ ੧੯॥

ਮਾਰੂ ਮਹਲਾ ੩॥

ਜੋ ਤੁਧੁ ਕਰਣਾ ਸੋ ਕਰਿ ਪਾਇਆ॥ ਭਾਣੇ ਵਿਚਿ ਕੋ ਵਿਰਲਾ ਆਇਆ

ਹੇ ਪ੍ਰਭੂ ! ਜੋ ਤੂੰ ਜੀਵਾਂ ਨੂੰ ਪ੍ਰਾਪਤ ਕਰਨਾ ਹੈ ਓਹੀ ਉਹਨਾਂ ਦੇ ਕਰਿ=ਹੱਥ ਵਿਚ, ਜਾਂ ਮੱਥੇ 'ਪਰ ਲਿਖ ਪਾਇਆ ਹੈ। ਕੋਈ ਵਿਰਲਾ ਪੁਰਸ਼ ਹੀ ਭਾਣੇ ਨੂੰ ਮੰਨਣ ਵਿਚ ਆਇਆ ਹੈ।

ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥ ੧॥

ਜੇਹੜਾ ਪਿੱਛੇ ਭਾਣਾ ਮੰਨਦਾ ਸੀ ਉਹ ਸੁਖ ਪਾਉਂਦਾ ਸੀ, ਹੁਣ ਵਰਤਮਾਨ ਸਮੇਂ ਵਿਚ ਭੀ ਭਾਣੇ ਵਿਚ ਤੁਰਨ ਵਾਲਾ ਹੀ ਸੁਖ ਨੂੰ ਪਾਉਂਦਾ ਹੈ॥ ੧॥

ਗੁਰਮੁਖਿ ਤੇਰਾ ਭਾਣਾ ਭਾਵੈ॥ ਸਹਜੇ ਹੀ ਸੁਖੁ ਸਚੁ ਕਮਾਵੈ॥

ਗੁਰਮੁਖਾਂ ਨੂੰ ਤੇਰਾ ਭਾਣਾ ਮੰਨਣਾ ਹੀ ਭਾਉਂਦਾ ਹੈ। ਜੋ ਸੱਚ ਨਾਮ ਨੂੰ ਕਮਾਉਂਦਾ ਹੈ ਉਸ ਨੂੰ ਸੁਭਾਵਕ ਹੀ ਅਚੁਤ ਸੁਖ ਪ੍ਰਾਪਤ ਹੁੰਦਾ ਹੈ।

ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ॥ ੨॥

ਭਾਣੇ ਮੰਨਣ ਨੂੰ ਬਹੁਤੀ ਦੁਨੀਆਂ ਚਾਹੁੰਦੀ ਹੈ ਪਰ ਆਪਣੇ ਭਾਣੇ ਨੂੰ ਗੁਰਮੁਖਾਂ ਪਾਸੋਂ ਆਪ ਹੀ ਮਨਵਾਉਂਦਾ ਹੈਂ॥ ੨॥

ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥ ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥

ਜੋ ਤੇਰਾ ਭਾਣਾ ਮੰਨਦਾ ਹੈ ਓਹੀ ਆਪ ਜੀ ਨਾਲ ਆ ਕੇ ਮਿਲਦਾ ਹੈ। ਜਿਸ ਨੂੰ ਭਾਣਾ ਮੰਨਣਾ ਭਾਉਂਦਾ ਹੈ ਉਹ ਆਪ ਜੀ ਦੇ ਸਰੂਪ ਵਿਚ ਸਮਾਉਂਦਾ ਹੈ।

[ਪੰਨਾ ੧੦੬੪]

ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥ ੩ ॥

ਭਾਣੇ ਮੰਨਣ ਵਿਚ ਹੀ ਵੱਡੀ ਵਡਿਆਈ ਪ੍ਰਾਪਤ ਹੁੰਦੀ ਹੈ, ਪਰ ਕਿਸੇ ਵਿਰਲੇ ਪਾਸੋਂ ਭਾਣਾ ਮੰਨਵਾਉਣਾ ਕਰਾਉਂਦਾ ਹੈਂ॥ ੩ ॥

ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥

ਹੇ ਪ੍ਰਭੂ ! ਜਾਂ ਤਿਸੁ=ਆਪ ਜੀ ਨੂੰ ਭਾਉਂਦਾ ਹੈ ਤਾਂ ਗੁਰਾਂ ਨਾਲ ਮਿਲਾਉਂਦਾ ਹੈਂ। ਤਾਂ ਹੀ ਇਹ ਜੀਵ ਗੁਰਾਂ ਦੁਆਰੇ ਨਾਮ-ਪਦਾਰਥ ਨੂੰ ਪਾਉਂਦਾ ਹੈ।

ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ
ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥ ੪ ॥

ਤੁਸਾਂ ਨੇ ਆਪਣੇ ਭਾਣੇ ਵਿਚ ਹੀ ਸਾਰੀ ਦੁਨੀਆਂ ਪੈਦਾ ਕੀਤੀ ਹੈ, ਜਿਸ ਨੂੰ ਤੂੰ ਭਾਣਾ ਮੰਨਣਾ ਦੇਂਦਾ ਹੈਂ ਉਸੇ ਨੂੰ ਭਾਣਾ ਮੰਨਣਾ ਭਾਇਦਾ=ਚੰਗਾ ਲਗਦਾ ਹੈ॥ ੪ ॥

ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥

ਮਨਮੁਖਤਾ ਕਰਕੇ ਜੋ ਅੰਨ੍ਹਾ ਅਗਿਆਨੀ ਹੈ, ਉਹ ਕਈ·ਤਰ੍ਹਾਂ ਦੀਆਂ ਚਤੁਰਾਈਆਂ ਕਰਦਾ ਹੈ। ਪਰ ਭਾਣਾ ਨਹੀਂ ਮੰਨਦਾ ਇਸ ਕਰਕੇ ਬਹੁਤਾ ਦੁੱਖ ਪਾਉਂਦਾ ਹੈ।

ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥ ੫ ॥

ਮਨਮੁਖ ਭਰਮ ਵਿਚ ਭੁਲਾ ਹੋਇਆ ਆਵੈ ਜਾਏ=ਜੰਮਦਾ ਮਰਦਾ ਹੈ, ਘਰੁ=ਸਰੀਰ ਵਿਚ ਕਦੇ ਭੀ ਮਹਲੁ=ਸਰੂਪ ਨੂੰ ਨਹੀਂ ਪਾਉਂਦਾ॥ ੫ ॥

ਸਤਿਗੁਰੁ ਮੇਲੇ ਦੇ ਵਡਿਆਈ ॥ ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥

ਜਿਸ ਨੂੰ ਸਤਿਗੁਰਾਂ ਨਾਲ ਮੇਲਦਾ ਹੈ ਉਸ ਨੂੰ ਨਾਮ ਦੀ ਵਡਿਆਈ ਦੇਂਦਾ ਹੈ। ਕਿਉਂਕਿ ਸਤਿਗੁਰਾਂ ਦੀ ਸੇਵਾ ਕਰਨੀ ਧੁਰ ਤੋਂ ਫੁਰਮਾਈ ਗਈ ਹੈ।

ਸਤਿਗੁਰੁ ਸੇਵੇ ਤਾ ਨਾਮੁ ਪਾਏ ਨਾਮੇ ਹੀ ਸੁਖੁ ਪਾਇਦਾ ॥ ੬ ॥

ਸਤਿਗੁਰਾਂ ਦੀ ਸੇਵਾ ਕਰੇ ਤਾਂ ਹੀ ਨਾਮ ਸਿਮਰਨ ਨੂੰ ਪਾਉਂਦਾ ਹੈ ਅਤੇ ਨਾਮ ਜਪ ਕੇ ਹੀ ਜੀਵ ਸੁਖ ਨੂੰ ਪਾਉਂਦਾ ਹੈ॥ ੬ ॥

ਸਭ ਨਾਵਹੁ ਉਪਜੈ ਨਾਵਹੁ ਛੀਜੈ ॥ ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥

ਸਾਰੇ ਸ਼ੁਭ ਗੁਣ ਨਾਮ ਤੋਂ ਪੈਦਾ ਹੋਏ ਹਨ ਅਤੇ ਨਾਮ ਸਿਮਰਨ ਕਰਕੇ ਹੀ ਅਸ਼ੁਭ ਗੁਣ ਛੀਜੈ=ਨਾਸ ਹੋਏ ਹਨ, ਜਾਂ ਸਾਰੇ ਜੀਵ ਨਾਮੀ ਤੋਂ ਪੈਦਾ ਹੋਏ ਹਨ ਤੇ ਨਾਮੀ ਤੋਂ ਹੀ ਸਾਰੇ ਜੀਵ ਛੀਜੈ=ਨਾਸ ਹੁੰਦੇ ਹਨ। ਗੁਰਾਂ ਦੀ ਕ੍ਰਿਪਾ ਨਾਲ ਮਨ ਤਨ ਨਾਮ ਵਿਚ ਭਿੱਜ ਜਾਂਦਾ ਹੈ।

ਰਸਨਾ ਨਾਮੁ ਧਿਆਏ ਰਸਿ ਭੀਜੈ ਰਸ ਹੀ ਤੇ ਰਸੁ ਪਾਇਦਾ ॥ ੭ ॥

ਜੋ ਪੁਰਸ਼ ਰਸਿ ਭੀਜੈ=ਪ੍ਰੇਮ ਵਿਚ ਤਦਾਕਾਰ ਹੋ ਕੇ ਰਸਨਾ ਨਾਲ ਨਾਮ ਨੂੰ ਧਿਆਉਂਦਾ ਹੈ, ਉਹ ਪਰੇਮ-ਰਸ ਕਰਕੇ ਹੀ ਆਤਮ ਰਸ ਨੂੰ ਪਾਉਂਦਾ ਹੈ।

ਅਥਵਾ:-ਉਹ ਵਿਸ਼ੇ ਰਸਾਂ ਵਲੋਂ ਹਟ ਕੇ ਆਤਮ ਰਸ ਨੂੰ ਪਾਉਂਦਾ ਹੈ॥ ੭॥

ਮਹਲੈ ਅੰਦਰਿ ਮਹਲੁ ਕੋ ਪਾਏ॥ ਗੁਰ ਕੈ ਸਬਦਿ ਸਚਿ ਚਿਤੁ ਲਾਏ॥

ਜੋ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਨਾਮ ਵਿਚ ਚਿਤ ਬਿਰਤੀ ਨੂੰ ਲਗਾਉਂਦਾ ਹੈ। ਉਹ ਕੋਈ ਮਹਲੈ=ਸਰੀਰ ਦੇ ਅੰਦਰ ਹੀ ਮਹਲੁ=ਸਰੂਪ ਨੂੰ ਪਾਉਂਦਾ ਹੈ।

ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ॥ ੮॥

ਜਿਸ ਨੂੰ ਸੱਚਾ ਵਾਹਿਗੁਰੂ ਦੇਂਦਾ ਹੈ ਓਹੀ ਪੁਰਸ਼ ਸੱਚ ਨਾਮ ਨੂੰ ਪਾਉਂਦਾ ਹੈ, ਸੱਚਿਆਂ ਗੁਰਮੁਖਾਂ ਨੂੰ ਉਹ ਸੱਚਾ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ॥ ੮॥

ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ॥
ਮਾਇਆ ਮੋਹੁ ਸਭੁ ਰੋਗੁ ਕਮਾਇਆ॥

ਜਿਸ ਨੇ ਵਾਹਿਗੁਰੂ ਨਾਮ ਨੂੰ ਭੁਲਾ ਦਿੱਤਾ ਹੈ ਉਸ ਨੇ ਮਨ ਤਨ ਵਿਚ ਦੁੱਖ ਹੀ ਪਾਇਆ ਹੈ। ਮਾਇਆ ਦੇ ਮੋਹ ਕਰਕੇ ਉਸ ਨੇ ਜੋ ਭੀ ਕਰਮ ਕਮਾਇਆ ਹੈ ਉਹ ਸਭ ਰੋਗ ਰੂਪ ਹੈ।

ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ॥ ੯॥

ਨਾਮ ਸਿਮਰਨ ਤੋਂ ਬਿਨਾਂ ਮਨ ਕਰਕੇ ਕੁਸਟੀ=ਕੋਹੜੀ (ਦੁੱਖੀ) ਹੈ ਅੰਤ ਨੂੰ ਮਰ ਕੇ ਨਰਕਾਂ ਵਿਚ ਨਿਵਾਸ ਪਾਉਂਦਾ ਹੈ॥ ੯॥

ਨਾਮਿ ਰਤੇ ਤਿਨ ਨਿਰਮਲ ਦੇਹਾ॥ ਨਿਰਮਲ ਹੰਸਾ ਸਦਾ ਸੁਖੁ ਨੇਹਾ॥

ਜੋ ਨਾਮ ਸਿਮਰਨ ਵਿਚ ਰੱਤੇ ਰਹਿੰਦੇ ਹਨ, ਉਹਨਾਂ ਦੀ ਦੇਹਾ=ਬੁੱਧੀ ਨਿਰਮਲ ਹੈ। ਉਹ ਹੰਸਾ=ਜੀਵ-ਆਤਮਾ ਨਿਰਮਲ ਹੈ ਜਿਸ ਨੇ ਸਦੀਵ ਕਾਲ ਸੁਖ ਸਰੂਪ ਪਰਮੇਸ਼ਰ ਵਿਚ ਨੇਹਾ=ਪਰੇਮ ਕੀਤਾ ਹੈ।

ਨਾਮੁ ਸਲਾਹਿ ਸਦਾ ਸੁਖੁ ਪਾਇਆ ਨਿਜ ਘਰਿ ਵਾਸਾ ਪਾਇਦਾ॥ ੧੦॥

ਜਿਸ ਨੇ ਵਾਹਿਗੁਰੂ ਨਾਮ ਨੂੰ ਸਲਾਹਿਆ ਹੈ ਉਸ ਨੇ ਸਦਾ ਆਤਮ ਸੁਖ ਪਾਇਆ ਹੈ ਅਤੇ ਉਹ ਆਪਣੇ ਸਰੂਪ ਘਰ ਵਿਚ ਨਿਵਾਸ ਪਾਉਂਦਾ ਹੈ॥ ੧੦॥

ਸਭੁ ਕੋ ਵਣਜੁ ਕਰੇ ਵਾਪਾਰਾ॥ ਵਿਣੁ ਨਾਵੈ ਸਭੁ ਤੋਟਾ ਸੰਸਾਰਾ॥

ਸਭ ਕੋਈ ਵਪਾਰੀ ਹੋ ਕੇ ਪ੍ਰਤੱਖ ਵਣਜ ਵਾਪਾਰ ਕਰਦਾ ਹੈ। ਪਰ ਨਾਮ ਸਿਮਰਨ ਤੋਂ ਬਿਨਾਂ ਸੰਸਾਰ ਦੇ ਸਾਰਿਆਂ ਕੰਮਾਂ ਵਿਚ ਤੋਟਾ=ਘਾਟਾ ਹੈ।

ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ॥ ੧੧॥

ਇਹ ਜੀਵ ਸੰਸਾਰ ਵਿਚ ਨੰਗਾ ਆਇਆ ਹੈ, ਅੰਤ ਨੂੰ ਨੰਗਾ ਹੀ ਜਾਂਦਾ ਹੈ, ਨਾਮ ਤੋਂ ਬਿਨਾਂ ਹੋਣ ਕਰਕੇ ਦਰਗਾਹ ਵਿਚ ਗਿਆ ਹੋਇਆ ਦੁੱਖ ਪਾਉਂਦਾ ਹੈ॥ ੧੧॥

ਜਿਸ ਨੋ ਨਾਮੁ ਦੇਇ ਸੋ ਪਾਏ॥ ਗੁਰ ਕੈ ਸਬਦਿ ਹਰਿ ਮੰਨਿ ਵਸਾਏ॥

ਪਰਮੇਸ਼ਰ ਜਿਸ ਨੂੰ ਨਾਮ ਸਿਮਰਨ ਕਰਨਾ ਦੇਂਦਾ ਹੈ ਓਹੀ ਪੁਰਸ਼ ਪਾਉਂਦਾ ਹੈ। ਅਤੇ ਗੁਰਾਂ ਦੇ ਉਪਦੇਸ਼ ਕਰਕੇ ਹਰੀ ਨਾਮ ਨੂੰ ਮਨ ਵਿਚ ਵਸਾਉਂਦਾ ਹੈ।

ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ॥੧੨॥

ਗੁਰਾਂ ਦੀ ਕ੍ਰਿਪਾ ਨਾਲ ਜਿਸ ਦੇ ਹਿਰਦੇ ਅੰਦਰ ਨਾਮ ਵਸਿਆ ਹੈ, ਉਹ ਗੁਰਮੁਖ ਨਾਮੀ ਦੇ ਨਾਮ ਨੂੰ ਜਾਂ ਨਾਮ ਹੀ ਨਾਮ ਨੂੰ ਧਿਆਉਂਦਾ ਹੈ॥ ੧੨॥

ਨਾਵੈ ਨੋ ਲੋਚੈ ਜੇਤੀ ਸਭ ਆਈ॥ ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ॥

ਜਿਤਨੀ ਦੁਨੀਆਂ ਆਈ ਹੋਈ ਹੈ ਉਤਨੀ ਸਭ ਨਾਮ ਨੂੰ ਲੋਚੈ=ਚਾਹੁੰਦੀ ਹੈ। ਪਰ ਨਾਮ ਸਿਮਰਨ ਉਹਨਾਂ ਨੂੰ ਮਿਲਦਾ ਹੈ ਜਿਨ੍ਹਾਂ ਨੇ ਪੂਰਬਲੇ ਜਨਮ ਵਿਚ ਧੁਰ ਤੋਂ ਨੇਕ ਕਮਾਈ ਕੀਤੀ ਹੋਈ ਹੈ।

ਜਿਨੀ ਨਾਉ ਪਾਇਆ ਸੇ ਵਡਭਾਗੀ ਗੁਰ ਕੈ ਸਬਦਿ ਮਿਲਾਇਦਾ॥ ੧੩॥

ਜਿਸ ਨੇ ਨਾਮ ਸਿਮਰਨ ਕਰਨਾ ਪਾਇਆ ਹੈ ਉਹ ਵਡਭਾਗੀ ਪੁਰਸ਼ ਹੈ, ਉਹ ਗੁਰਾਂ ਦੇ ਉਪਦੇਸ਼ ਵਿਚ ਆਪਣੇ ਮਨ ਨੂੰ ਮਿਲਾਉਂਦਾ ਹੈ॥ ੧੩॥

ਕਾਇਆ ਕੋਟੁ ਅਤਿ ਅਪਾਰਾ॥ ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ॥

ਸਰੀਰ ਰੂਪ ਕੋਟ=ਕਿਲ੍ਹਾ ਅਤਿ ਅਪਾਰਾ=ਬੜਾ ਸਰੇਸ਼ਟ ਹੈ। ਓਸੇ ਵਿਚ ਬੈਠ ਕੇ ਪ੍ਰਭੂ ਸਭ ਦੀ ਵੀਚਾਰ ਕਰਦਾ ਹੈ, ਜਾਂ ਜੀਵ ਨੂੰ ਚਾਹੀਦਾ ਹੈ ਓਸੇ ਵਿਚ ਬੈਠ ਕੇ ਪ੍ਰਭੂ ਦੇ ਸਿਮਰਨ ਦੀ ਵੀਚਾਰ ਕਰੇ।

ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ॥ ੧੪॥

ਜਿਸ ਪਰਮਾਤਮਾ ਦਾ ਨਿਆਉਂ ਸੱਚਾ ਹੈ ਉਸ ਦੇ ਸੱਚੇ ਨਾਮ ਦਾ ਵਪਾਰ ਜਿਸ ਨੇ ਕੀਤਾ ਹੈ, ਉਹ ਅਚੱਲ ਸਰੂਪ ਵਿਚ ਨਿਵਾਸ ਪਾਉਂਦਾ ਹੈ॥ ੧੪॥

ਅੰਤਰ ਘਰ ਬੰਕੇ ਥਾਨੁ ਸੁਹਾਇਆ॥
ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ॥

ਬੰਕੇ=ਸੁੰਦਰ ਮਨੁੱਖਾ ਦੇਹ ਰੂਪੀ ਘਰ ਅੰਦਰ ਇਕ ਸੁਹਾਇਆ ਥਾਨੁ=ਅੰਤਹਕਰਨ, ਵਾ:-ਸਰੂਪ ਹੈ। ਕਿਸੇ ਵਿਰਲੇ ਗੁਰਮੁਖ ਨੇ ਗੁਰੂ ਰਾਹੀਂ ਉਹ ਸਰੂਪ ਥਾਂ ਪਾਇਆ ਹੈ।

ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ॥ ੧੫॥

ਜੋ ਇਸ ਲੋਕ ਵਿਚ ਜੀਵ ਦਾ ਸਾਥੀ ਹੈ ਤੇ ਪਰਲੋਕ ਵਿਚ ਭੀ ਜੀਵ ਦੇ ਨਾਲ ਨਿਭਦਾ ਹੈ, ਗੁਰਮੁਖ ਉਸ ਸੱਚੇ ਨੂੰ ਸਲਾਹੁੰਦੇ ਹਨ ਅਤੇ ਸੱਚੇ ਹਰੀ ਨੂੰ ਮਨ ਵਿਚ ਵਸਾਉਂਦੇ ਹਨ॥ ੧੫॥

ਮੇਰੈ ਕਰਤੈ ਇਕ ਬਣਤ ਬਣਾਈ॥ ਇਸੁ ਦੇਹੀ ਵਿਚਿ ਸਭ ਵਥੁ ਪਾਈ॥

ਮੇਰੇ ਸੁਆਮੀ ਕਰਤੇ ਪੁਰਖ ਨੇ ਇਕ ਅਜੇਹੀ ਬਣਤ ਬਣਾਈ ਹੈ, ਕਿ—ਇਸ ਦੇਹੀ=ਸਰੀਰ ਦੇ ਵਿਚ ਹੀ ਸਭ ਵਸਤੂਆਂ ਪਾਈਆਂ ਹੋਈਆਂ ਹਨ।

www.sikhbookclub.com

ਨਾਨਕ ਨਾਮੁ ਵਣਜਹਿ ਰੰਗਿ ਰਾਤੇ
ਗੁਰਮੁਖਿ ਕੋ ਨਾਮੁ ਪਾਇਦਾ ॥ ੧੬ ॥ ੬ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ— ਜੋ ਨਾਮ ਨੂੰ ਵਣਜਹਿ=ਖਰੀਦਦੇ ਹਨ ਉਹ ਸਦਾ ਰੰਗਿ=ਅਨੰਦ ਵਿਚ ਰੱਤੇ ਰਹਿੰਦੇ ਹਨ, ਪਰ ਕੋਈ ਵਿਰਲਾ ਗੁਰਮੁਖ ਹੀ ਗੁਰਾਂ ਦੁਆਰੇ ਨਾਮ ਨੂੰ ਪਾਉਂਦਾ ਹੈ॥ ੧੬ ॥ ੬ ॥ ੨੦ ॥

ਮਾਰੂ ਮਹਲਾ ੩ ॥
ਕਾਇਆ ਕੰਚਨੁ ਸਬਦੁ ਵੀਚਾਰਾ ॥

ਜੋ ਗੁਰ ਸ਼ਬਦ ਨੂੰ ਜਾਂ ਸਬਦੁ=ਬ੍ਰਹਮ ਨੂੰ ਵਿਚਾਰਦੀ ਹੈ, ਉਹ ਕਾਇਆ ਕੰਚਨੁ=ਸੋਨੇ ਵਾਂਗ ਪਵਿੱਤਰ ਹੈ।

ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ ॥

ਤਿਸ ਕਾਇਆਂ ਅੰਦਰ ਉਹ ਹਰੀ ਵਸਦਾ ਹੈ, ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ।

ਅਨਦਿਨੁ ਹਰਿ ਸੇਵਿਹੁ ਸਚੀ ਬਾਣੀ
ਹਰਿ ਜੀਉ ਸਬਦਿ ਮਿਲਾਇਦਾ ॥ ੧ ॥

ਸੱਚੀ ਗੁਰਬਾਣੀ ਦੁਆਰੇ ਦਿਨ ਰਾਤ ਹਰੀ ਨੂੰ ਸੇਵਨਾ ਕਰੋ, ਕਿਉਂਕਿ ਗੁਰ ਉਪਦੇਸ਼ ਵਾਲਿਆਂ ਨੂੰ ਹਰੀ ਜੀਉ ਆਪਣੇ ਨਾਲ ਮਿਲਾ ਲੈਂਦਾ ਹੈ॥ ੧ ॥

[ਪੰਨਾ ੧੦੬੫]

ਹਰਿ ਚੇਤਹਿ ਤਿਨ ਬਲਿਹਾਰੈ ਜਾਉ ॥
ਗੁਰ ਕੈ ਸਬਦਿ ਤਿਨ ਮੇਲਿ ਮਿਲਾਉ ॥

ਜੋ ਹਰੀ ਨੂੰ ਸਿਮਰਦੇ ਹਨ ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ। ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਉਹਨਾਂ ਦੇ ਮੇਲ ਵਿਚ ਮੈਂ ਆਪਣੇ ਆਪ ਨੂੰ ਮਿਲਾਉਂਦਾ ਹਾਂ।

ਤਿਨ ਕੀ ਧੂਰਿ ਲਾਈ ਮੁਖਿ ਮਸਤਕਿ
ਸਤਸੰਗਤਿ ਬਹਿ ਗੁਣ ਗਾਇਦਾ ॥ ੨ ॥

ਉਹਨਾਂ ਮੁਖੀ ਸੰਤਾਂ ਦੀ ਪਵਿੱਤਰ ਚਰਨ ਧੂੜੀ ਮੂੰਹ ਅਤੇ ਮੱਥੇ 'ਪਰ ਲਗਾਉਂਦਾ ਹਾਂ ਅਤੇ ਸੰਤਾਂ ਦੀ ਸਤਿਸੰਗਤ ਵਿਚ ਬਹਿ ਕੇ ਹਰੀ ਦੇ ਗੁਣ ਗਾਉਂਦਾ ਹਾਂ॥ ੨ ॥

ਹਰਿ ਕੇ ਗੁਣ ਗਾਵਾ ਜੇ ਹਰਿ ਪ੍ਰਭ ਭਾਵਾ ॥
ਅੰਤਰਿ ਹਰਿ ਨਾਮੁ ਸਬਦਿ ਸੁਹਾਵਾ ॥

ਹਰੀ ਦੇ ਗੁਣ ਗਾਉਂਦਾ ਹਾਂ ਜਿਸ 'ਤੇ ਮੈਂ ਹਰੀ ਪ੍ਰਭੂ ਨੂੰ ਭਾਅ ਜਾਵਾਂ। ਗੁਰ ਸ਼ਬਦ ਦੁਆਰਾ ਹਰੀ ਨਾਮ ਜਪਣ ਕਰਕੇ ਅੰਤਰਿ=ਅੰਤਹਕਰਨ ਸ਼ੋਭਨੀਕ ਹੁੰਦਾ ਹੈ।

ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥ ੩ ॥

www.sikhbookclub.com

ਚਾਰਿਆਂ ਦਿਸ਼ਾਂ ਵਿਚ ਗੁਰਬਾਣੀ ਦੀ ਮਹਿਮਾ ਸੁਣੀ ਜਾਂਦੀ ਹੈ, ਗੁਰਬਾਣੀ ਕਰਕੇ ਸੱਚੇ ਨਾਮੀ (ਪਰਮਾਤਮਾ) ਵਿਚ ਅਭੇਦ ਹੁੰਦਾ ਹੈ॥ ੩ ॥

ਸੋ ਜਨੁ ਸਾਚਾ ਜਿ ਅੰਤਰੁ ਭਾਲੇ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ॥

ਉਹ ਗੁਰਮੁਖ ਜਨ ਸੱਚਾ ਹੈ ਜੇਹੜਾ ਹਿਰਦੇ ਅੰਦਰ ਪ੍ਰਭੂ ਨੂੰ ਲੱਭਦਾ ਹੈ। ਗੁਰਾਂ ਦੇ ਉਪਦੇਸ਼ ਕਰਕੇ ਹਰੀ ਨੂੰ ਗਿਆਨ ਦ੍ਰਿਸ਼ਟੀ ਨਾਲ ਅੱਖੀਂ ਵੇਖਦਾ ਹੈ।

ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ॥ ੪ ॥

ਜੋ ਗਿਆਨ ਰੂਪ ਅੰਜਨੁ=ਸੁਰਮੇ ਨੂੰ ਗੁਰ ਸ਼ਬਦ ਦੁਆਰਾ ਮਨ ਬੁੱਧੀ ਰੂਪ ਅੱਖਾਂ ਵਿਚ ਪਾਉਂਦਾ ਹੈ, ਉਨ੍ਹਾਂ ਨੂੰ ਨਦਰੀ=ਪਰਮਾਤਮਾ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ॥ ੪ ॥

ਵਡੈ ਭਾਗਿ ਇਹੁ ਸਰੀਰੁ ਪਾਇਆ॥
ਮਾਣਸ ਜਨਮਿ ਸਬਦਿ ਚਿਤੁ ਲਾਇਆ॥

ਵਡਭਾਗੀਆਂ ਨੇ ਇਸ ਮਨੁੱਖਾ ਦੇਹ ਨੂੰ ਪਾਇਆ ਹੈ। ਜਿਸ ਨੇ ਮਨੁੱਖ ਸਰੀਰ ਪਾ ਕੇ ਗੁਰ ਉਪਦੇਸ਼ ਵਿਚ ਚਿਤ ਬਿਰਤੀ ਨੂੰ ਲਗਾਇਆ ਹੈ ਉਸ ਨੂੰ ਗਿਆਨ ਹੋਇਆ ਹੈ।

ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ॥ ੫ ॥

ਗੁਰ ਉਪਦੇਸ਼ ਤੋਂ ਬਿਨਾਂ ਸਭਨਾਂ ਦੇ ਹਿਰਦੇ ਵਿਚ ਅਗਿਆਨ ਦਾ ਹਨੇਰਾ ਹੈ, ਪਰ ਇਹ ਭੇਦ ਕਿਸੇ ਗੁਰਮੁਖ ਨੂੰ ਹੀ ਸਮਝਾਉਂਦਾ ਹੈ॥ ੫ ॥

ਇਕਿ ਕਿਤੁ ਆਏ ਜਨਮੁ ਗਵਾਏ॥ ਮਨਮੁਖ ਲਾਗੇ ਦੂਜੈ ਭਾਏ॥

*ਅੰਨਵੈ :-*ਜੋ ਮਨਮੁਖ ਦ੍ਵੈਤ ਭਾਵ ਵਿਚ ਲਗ ਕੇ ਮਨੁੱਖ ਜਨਮ ਨੂੰ ਨਿਸਫਲ ਗਵਾ ਰਹੇ ਹਨ, ਉਹ ਇਕ ਮਨਮੁਖ ਜਗਤ ਵਿਚ ਕਿਉਂ ਆਏ ਹਨ ? ਨਾ ਆਉਂਦੇ ਤਾਂ ਚੰਗਾ ਸੀ।

ਏਹ ਵੇਲਾ ਫਿਰਿ ਹਾਥਿ ਨ ਆਵੈ ਪਗਿ ਖਿਸਿਐ ਪਛੁਤਾਇਦਾ॥ ੬ ॥

ਮੁੜ ਕੇ ਇਹ ਮਨੁੱਖ ਜਨਮ ਦੀ ਪ੍ਰਾਪਤੀ ਦਾ ਵੇਲਾ ਹੱਥ ਨਹੀਂ ਆਵੇਗਾ, ਸ੍ਵਾਸਾਂ ਰੂਪੀ,
ਵਾ:-ਮਨੁੱਖ ਦੇਹ ਰੂਪੀ ਪੈਰ ਦੇ ਖਿਸਕਣੇ 'ਪਰ ਪਛਚਾਤਾਪ ਹੀ ਕਰਦਾ ਰਹੇਗਾ॥ ੬ ॥

ਗੁਰ ਕੈ ਸਬਦਿ ਪਵਿਤ੍ਰ ਸਰੀਰਾ॥ ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ॥

ਗੁਰਾਂ ਦੇ ਉਪਦੇਸ਼ ਕਰਕੇ ਜਿਸ ਦਾ ਸਰੀਰ ਪਵਿੱਤਰ ਹੋਇਆ ਹੈ। ਉਸ ਦੇ ਵਿਚ ਸ਼ੁਭ ਗੁਣਾਂ ਦਾ ਗਹੀਰਾ=ਸਮੁੰਦਰ ਸੱਚਾ ਪ੍ਰਭੂ ਵਸ ਜਾਂਦਾ ਹੈ।

ਸਚੋ ਸਚੁ ਵੇਖੈ ਸਭ ਥਾਈ ਸਚੁ ਸੁਣਿ ਮੰਨਿ ਵਸਾਇਦਾ॥ ੭ ॥

ਜੋ ਸੱਚ ਨਾਮ ਨੂੰ ਸੁਣ ਕੇ ਮੰਨਿ=ਮੰਨਣ ਕਰਦਾ ਹੈ ਤੇ ਵਸਾਇਦਾ=ਨਿਧਿਆਸਣ ਕਰਦਾ ਹੈ, ਉਹ ਸਭਨਾਂ ਜਗ੍ਹਾ 'ਪਰ ਸਚੁ=ਨਿਸਚੇ ਕਰਕੇ ਸੱਚ ਹੀ ਸੱਚ ਨੂੰ ਵੇਖਦਾ ਹੈ॥ ੭ ॥

ਹਉਮੈ ਗਣਤ ਗੁਰ ਸਬਦਿ ਨਿਵਾਰੇ॥
ਹਰਿ ਜੀਉ ਹਿਰਦੈ ਰਖਹੁ ਉਰ ਧਾਰੇ॥

ਗੁਰ ਸ਼ਬਦ ਦੁਆਰੇ ਹੰਗਤਾ ਮਮਤਾ ਤੇ ਸੰਸਾਰਕ ਗਿਣਤੀਆਂ ਨੂੰ ਦੂਰ ਕਰਕੇ। ਹਰਿ ਜੀਉ ਨੂੰ ਹਿਰਦੇ ਵਿਚ ਧਾਰਨ ਕਰ ਰਖੋ।

ਗੁਰ ਕੈ ਸਬਦਿ ਸਦਾ ਸਾਲਾਹੇ ਮਿਲਿ ਸਾਚੇ ਸੁਖੁ ਪਾਇਦਾ॥ ੮॥

ਗੁਰਾਂ ਦੇ ਉਪਦੇਸ਼ ਦੁਆਰਾ ਸਦਾ ਸਿਮਰਨ ਕਰੇ, ਤਾਂ ਸੱਚੇ ਪ੍ਰਭੂ ਨਾਲ ਮਿਲ ਕੇ ਸੁਖ ਪਾਉਂਦਾ ਹੈ॥ ੮॥

ਸੋ ਚੇਤੇ ਜਿਸੁ ਆਪਿ ਚੇਤਾਏ॥ ਗੁਰ ਕੈ ਸਬਦਿ ਵਸੈ ਮਨਿ ਆਏ॥

ਜਿਸ ਦੇ ਪਾਸੋਂ ਆਪ ਚੇਤਾਏ=ਸਿਮਰਨ ਕਰਵਾਉਂਦਾ ਹੈ ਓਹੀ ਸਿਮਰਨ ਕਰਦਾ ਹੈ। ਤੇ ਗੁਰਾਂ ਦੇ ਉਪਦੇਸ਼ ਕਰਕੇ ਮਨ ਵਿਚ ਆ ਵਸਦਾ ਹੈ।

ਆਪੇ ਵੇਖੈ ਆਪੇ ਬੂਝੈ ਆਪੈ ਆਪੁ ਸਮਾਇਦਾ॥ ੯॥

ਆਪ ਜੀਵਾਂ ਦੇ ਕਰਮਾਂ ਨੂੰ ਵੇਖਦਾ ਹੈ, ਆਪ ਹੀ ਉਹਨਾਂ ਕਰਮਾਂ ਅਨੁਸਾਰ ਫਲ ਦੇਣਾ ਬੁਝਦਾ ਹੈ, ਆਪ ਹੀ ਜਿਸ ਨੂੰ ਲਾਇਕ ਸਮਝਦਾ ਹੈ ਉਸ ਨੂੰ ਆਪਣੇ ਵਿਚ ਅਭੇਦ ਕਰਦਾ ਹੈ।

ਅਥਵਾ:-ਆਪ ਗੁਰਾਂ ਪਾਸੋਂ ਪੁਛਦਾ ਹੈ, ਫੇਰ ਆਪ ਹੀ ਸਰੂਪ ਨੂੰ ਵੇਖਦਾ ਹੈ, ਫਿਰ ਆਪ ਹੀ ਉੱਸ ਉਤਮ ਜਗਿਆਸੂ ਨੂੰ ਆਪਣੇ ਵਿਚ ਅਭੇਦ ਕਰਦਾ ਹੈ॥ ੯॥

ਜਿਨਿ ਮਨ ਵਿਚਿ ਵਥੁ ਪਾਈ ਸੋਈ ਜਾਣੈ॥
ਗੁਰ ਕੈ ਸਬਦੇ ਆਪੁ ਪਛਾਣੈ॥

ਜਿਸ ਪਰਮੇਸ਼ਰ ਨੇ ਮਨ=ਸਰੀਰ ਵਿਚ ਸਤਿਆ ਰੂਪ ਵਸਤੂ ਪਾਈ ਹੈ ਓਹੀ ਪਰਮੇਸ਼ਰ ਖਾਣ ਪਾਣ ਦੇਣਾ ਜਾਣਦਾ ਹੈ, *ਵਾ:*-ਜਿਸ ਦੇ ਮਨ ਵਿਚ ਸ਼ਰਧਾ ਰੂਪ ਵਸਤੂ ਪਾਈ ਹੈ, ਓਹੀ ਪਰਮੇਸ਼ਰ ਨੂੰ ਜਾਣਦਾ ਹੈ। ਗੁਰਾਂ ਦੇ ਉਪਦੇਸ਼ ਕਰਕੇ ਉਹ ਆਪਣੇ ਸਰੂਪ ਨੂੰ ਪਛਾਣਦਾ ਹੈ।

ਆਪੁ ਪਛਾਣੈ ਸੋਈ ਜਨੁ ਨਿਰਮਲੁ ਬਾਣੀ ਸਬਦੁ ਸੁਣਾਇਦਾ॥ ੧੦॥

ਜੋ ਆਪਣੇ ਸਰੂਪ ਨੂੰ ਪਛਾਣਦਾ ਹੈ ਓਹੀ ਨਿਰਮਲ ਪੁਰਸ਼ ਹੈ, ਅੱਗੋਂ ਹੋਰਨਾਂ ਨੂੰ ਉਹ ਉਪਦੇਸ਼ ਬਾਣੀ, *ਵਾ:*-ਸਬਦੁ=ਬ੍ਰਹਮ ਸਬੰਧੀ ਬਾਣੀ ਸੁਣਾਉਂਦਾ ਹੈ॥ ੧੦॥

ਏਹ ਕਾਇਆ ਪਵਿਤੁ ਹੈ ਸਰੀਰੁ॥ ਗੁਰ ਸਬਦੀ ਚੇਤੈ ਗੁਣੀ ਗਹੀਰੁ॥

ਸਥੂਲ ਸਰੀਰ ਤੇ ਸੂਖਮ ਸਰੀਰ ਇਹ ਦੋਵੇਂ ਉਸ ਦੇ ਪਵਿੱਤਰ ਹਨ, ਜੋ ਗੁਰ ਸ਼ਬਦ ਦੁਆਰਾ ਗੁਣੀ ਗਹੀਰੁ=ਪਰਮਾਤਮਾ ਦਾ ਚਿੰਤਨ ਕਰਦਾ ਹੈ।

ਅਥਵਾ:-ਇਸ ਸਰੀਰ ਵਿਚ ਉਹ ਕਾਇਆ=ਬੁੱਧੀ ਪਵਿੱਤਰ ਹੈ, ਜੋ ਗੁਰਾਂ ਦੇ ਉਪਦੇਸ਼ ਕਰਕੇ ਗੁਣੀ ਗਹੀਰੁ=ਪਰਮੇਸ਼ਰ ਦਾ ਚਿੰਤਨ ਕਰਦੀ ਹੈ।

ਅਨਦਿਨੁ ਗੁਣ ਗਾਵੈ ਰੰਗਿ ਰਾਤਾ ਗੁਣ ਕਹਿ ਗੁਣੀ ਸਮਾਇਦਾ॥ ੧੧॥

ਜੋ ਰਾਤ ਦਿਨ ਰੰਗਿ=ਪਰੇਮ ਵਿਚ ਰੱਤਾ ਹੋਇਆ ਗੁਣਾਂ ਨੂੰ ਗਾਉਂਦਾ ਹੈ, ਉਹ ਗੁਣਾਂ ਨੂੰ ਕਹਿਣ ਕਰਕੇ ਗੁਣੀ=ਪਰਮਾਤਮਾ ਵਿਚ ਸਮਾਅ ਜਾਂਦਾ ਹੈ॥ ੧੧॥

ਏਹੁ ਸਰੀਰੁ ਸਭ ਮੂਲੁ ਹੈ ਮਾਇਆ॥ ਦੂਜੈ ਭਾਇ ਭਰਮਿ ਭੁਲਾਇਆ॥

ਇਹ ਜਿੰਨੇ ਕੁ ਸਰੀਰ ਹਨ ਸਾਰਿਆਂ ਦਾ ਮੂਲੁ=ਮੁੱਢ ਮਾਇਆ ਹੈ। ਇਸ ਮਾਇਆ ਦੇ ਸਬੰਧ ਕਰਕੇ ਦ੍ਵੈਤ ਭਾਵ ਨੇ ਸਾਰਿਆਂ ਜੀਵਾਂ ਨੂੰ ਭਰਮ ਵਿਚ ਭੁਲਾਇਆ ਹੋਇਆ ਹੈ।

ਹਰਿ ਨ ਚੇਤੈ ਸਦਾ ਦੁਖੁ ਪਾਏ ਬਿਨੁ ਹਰਿ ਚੇਤੇ ਦੁਖੁ ਪਾਇਦਾ॥ ੧੨॥

ਜੋ ਹਰੀ ਨੂੰ ਨਹੀਂ ਸਿਮਰਦਾ ਉਹ ਸਦਾ ਦੁੱਖ ਪਾਉਂਦਾ ਹੈ, ਨਿਯਮ ਹੈ ਹਰੀ ਦੇ ਸਿਮਰਨ ਤੋਂ ਬਿਨਾਂ ਹਰ ਕੋਈ ਦੁੱਖ ਪਾਉਂਦਾ ਹੈ,

ਵਾ:-ਪਿੱਛੇ ਭੀ ਦੁੱਖ ਪਾਉਂਦਾ ਸੀ, ਹੁਣ ਭੀ ਹਰੀ ਦੇ ਸਿਮਰਨ ਤੋਂ ਬਿਨਾਂ ਦੁੱਖ ਪਾਉਂਦਾ ਹੈ॥ ੧੨॥

ਜਿ ਸਤਿਗੁਰੁ ਸੇਵੇ ਸੋ ਪਰਵਾਣੁ॥
ਕਾਇਆ ਹੰਸੁ ਨਿਰਮਲੁ ਦਰਿ ਸਚੈ ਜਾਣੁ॥

ਜੇਹੜਾ ਸਤਿਗੁਰਾਂ ਨੂੰ ਸੇਂਵਦਾ ਹੈ ਉਹ ਪ੍ਰਮਾਣੀਕ ਹੈ। ਉਸ ਦੀ ਕਾਇਆ ਤੇ ਹੰਸੁ=ਜੀਵਾਤਮਾ ਦੋਵੇਂ ਨਿਰਮਲ ਹਨ, ਏਸੇ ਕਰਕੇ ਉਹ ਦਰਗਾਹ ਵਿਚ ਸੱਚੇ ਜਾਣੇ ਜਾਂਦੇ ਹਨ।

ਅਥਵਾ:-ਜਿਸ ਨੇ ਕਾਇਆ=ਬੁੱਧੀ ਤੇ ਹੰਸੁ=ਜੀਵਾਤਮਾ ਨੂੰ ਨਿਰਮਲ ਕੀਤਾ ਹੈ, ਉਸ ਨੇ ਸੱਚੇ ਪ੍ਰਭੂ ਨੂੰ ਦਰਿ=ਅੰਦਰ ਹੀ ਜਾਣ ਲਿਆ ਹੈ।

ਹਰਿ ਸੇਵੇ ਹਰਿ ਮੰਨਿ ਵਸਾਏ ਸੋਹੈ ਹਰਿ ਗੁਣ ਗਾਇਦਾ॥ ੧੩॥

ਜੋ ਤਨ ਕਰਕੇ ਹਰੀ ਨੂੰ ਸੇਂਵਦਾ ਹੈ, ਮਨ ਵਿਚ ਹਰੀ ਨੂੰ ਵਸਾਉਂਦਾ ਹੈ ਤੇ ਰਸਨਾ ਨਾਲ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ, ਉਹ ਸੋਹੈ=ਸ਼ੋਭਨੀਕ ਹੁੰਦਾ॥ ੧੩॥

ਬਿਨੁ ਭਾਗਾ ਗੁਰੁ ਸੇਵਿਆ ਨ ਜਾਇ॥ ਮਨਮੁਖ ਭੂਲੇ ਮੁਏ ਬਿਲਲਾਇ॥

ਭਾਗਾਂ ਤੋਂ ਬਿਨਾਂ ਗੁਰਾਂ ਦੀ ਸੇਵਾ ਨਹੀਂ ਕੀਤੀ ਜਾਂਦੀ। ਮਨਮੁਖ ਵਾਹਿਗੁਰੂ ਤੋਂ ਭੁੱਲੇ ਹੋਏ ਵਿਰਲਾਪ ਕਰਦੇ ਹੀ ਮਰ ਗਏ ਹਨ।

ਜਿਨ ਕਉ ਨਦਰਿ ਹੋਵੈ ਗੁਰ ਕੇਰੀ ਹਰਿ ਜੀਉ ਆਪਿ ਮਿਲਾਇਦਾ॥ ੧੪॥

ਜਿਨ੍ਹਾਂ ਨੂੰ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਉਹਨਾਂ ਨੂੰ ਹਰਿ ਜੀਉ ਆਪਣੇ ਨਾਲ ਅਭੇਦ ਕਰ ਲੈਂਦਾ ਹੈ॥ ੧੪॥

ਕਾਇਆ ਕੋਟੁ ਪਕੇ ਹਟਨਾਲੇ॥ ਗੁਰਮੁਖਿ ਲੇਵੈ ਵਸਤੁ ਸਮਾਲੇ॥

ਕਾਇਆ ਰੂਪ ਕੋਟੁ=ਕਿਲ੍ਹੇ ਦੇ ਵਿਚ ਗਿਆਨ ਇੰਦ੍ਰੀਆਂ ਰੂਪੀ ਹਟਨਾਲੇ=ਬਜ਼ਾਰ, ਜਿਸ ਨੇ ਪਕੇ=ਦਮਨ ਕੀਤੇ ਹਨ ਉਹ ਗੁਰਮੁਖ ਜਨ ਆਤਮ ਵਸਤੂ ਨੂੰ ਸੰਭਾਲ ਲੈਂਦੇ ਹਨ।

ਹਰਿ ਕਾ ਨਾਮੁ ਧਿਆਇ ਦਿਨੁ ਰਾਤੀ ਊਤਮ ਪਦਵੀ ਪਾਇਦਾ॥ ੧੫॥

ਜੋ ਦਿਨ ਰਾਤ ਹਰੀ ਦਾ ਨਾਮ ਧਿਆਉਂਦਾ ਹੈ, ਓਹੀ ਪੁਰਸ਼ ਉੱਤਮ ਪਦਵੀ ਨੂੰ ਪਾਉਂਦਾ ਹੈ॥ ੧੫॥

ਆਪੇ ਸਚਾ ਹੈ ਸੁਖਦਾਤਾ॥ ਪੂਰੇ ਗੁਰ ਕੈ ਸਬਦਿ ਪਛਾਤਾ॥

www.sikhbookclub.com

ਜੋ ਸੱਚਾ ਪ੍ਰਭੂ ਆਪ ਹੀ ਸੁਖਾਂ ਦਾ ਦਾਤਾ ਹੈ, ਉਸ ਨੂੰ ਗੁਰਮੁਖਾਂ ਨੇ ਪੂਰਿਆਂ ਗੁਰਾਂ ਦੇ ਸ਼ਬਦ ਕਰਕੇ ਪਛਾਣ ਲਿਆ ਹੈ।

ਨਾਨਕ ਨਾਮੁ ਸਲਾਹੇ ਸਾਚਾ ਪੂਰੈ ਭਾਗਿ ਕੋ ਪਾਇਦਾ ॥ ੧੬ ॥ ੭ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ-ਕੋਈ ਵਿਰਲਾ ਹੀ ਪੂਰਿਆਂ ਭਾਗਾਂ ਵਾਲਾ ਸੱਚ ਨਾਮ ਦਾ ਸਲਾਹੁਣਾ ਪਾਉਂਦਾ ਹੈ॥ ੧੬ ॥ ੭ ॥ ੨੧ ॥

[ਪੰਨਾ ੧੦੬੬]

ਮਾਰੂ ਮਹਲਾ ੩ ॥

ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥

ਜਿਸ ਨਿਰੰਕਾਰਿ=ਅਕਾਰ ਰਹਿਤ ਪ੍ਰਭੂ ਨੇ ਆਪਣੇ ਫੁਰਨੇ ਤੋਂ ਹੀ ਇਹ ਸਾਰਾ ਆਕਾਰੁ=ਜਗਤ ਉਤਪਤ ਕੀਤਾ ਹੈ। ਓਸੇ ਨੇ ਆਪਣੇ ਹੁਕਮ ਵਿਚ ਮਾਇਆ ਦਾ ਮੋਹ ਬਣਾਇਆ ਹੈ।

ਅਥਵਾ:-ਮੋਹਣੇ ਵਾਲੀ ਮਾਇਆ ਦਾ ਹੁਕਮ ਸਭ ਦੇ ਉੱਪਰ ਓਸੇ ਪ੍ਰਭੂ ਨੇ ਬਣਾਇਆ ਹੈ।

ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮਨਿ ਵਸਾਇਦਾ ॥ ੧ ॥

ਸਾਰੇ ਖੇਲ ਨੂੰ ਉਹ ਕਰਤਾ ਪੁਰਖ ਆਪ ਹੀ ਕਰਦਾ ਹੈ, ਜੋ ਸੱਚ ਨਾਮ ਨੂੰ ਸੁਣ ਕੇ ਮਨ ਵਿਚ ਵਸਾਉਂਦਾ ਹੈ ਓਹੀ ਤਰਦਾ ਹੈ।

ਅਥਵਾ:-ਜੋ ਗੁਰਾਂ ਤੋਂ ਸੁਣ ਕੇ ਮਨ ਵਿਚ ਵਸਾਉਂਦਾ ਹੈ ਉਹ ਸੱਚਾ ਹੈ॥ ੧ ॥

ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥

ਜਿਸ ਵੇਲੇ ਮਾਇਆ ਮਾਈ=ਮਾਇਆ ਪਤੀ ਪਰਮੇਸ਼ਰ ਨਾਲ ਮਿਲੀ ਤਾਂ ਉਸ ਨੇ ਪਰਸੂਤ ਹੋ ਕੇ ਤਰੈ ਗੁਣ ਰੂਪ ਸਾਰਾ ਪ੍ਰਪੰਚ,

ਵਾ:-ਤਿੰਨ ਗੁਣ ਰੂਪ ਤਿੰਨੇ ਦੇਵਤੇ ਉਤਪਤ ਕੀਤੇ।

ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥

ਬ੍ਰਹਮੇ ਨੂੰ ਚਾਰੇ ਵੇਦ ਦੇ ਕੇ ਇਹ ਹੁਕਮ ਫੁਰਮਾਇਆ ਕਿ ਤੂੰ ਇਨ੍ਹਾਂ ਵੇਦਾਂ ਨੂੰ ਪੜ੍ਹ ਕੇ ਸੁਣਾ, ਜਿਸ ਕਰਕੇ ਜੀਵ ਕਰਮਾਂ ਧਰਮਾਂ ਵਿਚ ਪਰਵਿਰਤ ਹੋ ਜਾਣ।

ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥ ੨ ॥

ਵਰ੍ਹੇ=ਸਾਲ, (ਬਾਰਾਂ) ਮਾਹ=ਮਹੀਨੇ, (ਸੱਤ) ਵਾਰ, ਪੰਦਰਾਂ ਥਿੱਤਾਂ ਕੀਤੀਆਂ, ਫੇਰ ਆਪ ਹੀ ਜਗਤ ਵਿਚ ਜੀਵਾਂ ਦੇ ਹਿਰਦੇ ਅੰਦਰ ਇਨ੍ਹਾਂ ਥਿੱਤਾਂ, ਵਾਰਾਂ ਦੀ ਸੋਝੀ=ਗਿਆਤ ਨੂੰ ਪਾਉਂਦਾ ਹੈ॥ ੨ ॥

ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥

ਗੁਰਾਂ ਦੀ ਸੇਵਾ ਤੋਂ ਹੀ ਸ੍ਰੇਸ਼ਟ ਨਿਸ਼ਕਾਮ ਕਰਮਾਂ ਦੀ ਕਰਨੀ ਪ੍ਰਾਪਤ ਹੁੰਦੀ ਹੈ। ਗੁਰ ਸੇਵਾ ਕਰਕੇ ਰਾਮ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖੋ।

ਗੁਰਬਾਣੀ ਵਰਤੀ ਜਗ ਅੰਤਰਿ
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥ ੩ ॥

ਜੋ ਗੁਰਬਾਣੀ ਜਗਤ ਅੰਦਰ ਪ੍ਰਗਟ ਹੋਈ ਹੈ, ਇਸ ਗੁਰਬਾਣੀ ਤੋਂ ਹੀ ਹਰੀ ਨਾਮ ਪ੍ਰਾਪਤ ਹੁੰਦਾ ਹੈ॥ ੩ ॥

ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥

ਜੋ ਵੇਦਾਂ ਨੂੰ ਪੜ੍ਹ ਕੇ ਰਾਤ ਦਿਨ ਵਾਦ=ਝਗੜਿਆਂ ਨੂੰ ਸੰਭਾਲਦਾ ਹੈ। ਤੇ ਪ੍ਰਭੂ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਉਸ ਨੂੰ ਜਮਕਾਲ ਨੇ ਬੰਨ੍ਹਣਾ ਕੀਤਾ ਹੈ।

ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥ ੪ ॥

ਜੇਹੜਾ ਦ੍ਵੈਤ ਭਾਵ ਵਿਚ ਲਗ ਕੇ ਤਿੰਨਾਂ ਗੁਣਾਂ ਦੇ ਭਰਮ ਵਿਚ ਆਪਣੇ ਮਨ ਨੂੰ ਭੁਲਾਉਂਦਾ ਹੈ, ਉਹ ਸਦੀਵ ਕਾਲ ਦੁੱਖ ਪਾਉਂਦਾ ਹੈ॥ ੪ ॥

ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥

ਜੇਹੜੇ ਗੁਰਮੁਖ ਹਨ ਉਹ ਇਕ ਪ੍ਰਭੂ ਨਾਲ ਚਿਤ ਬਿਰਤੀ ਨੂੰ ਲਗਾਉਂਦੇ ਹਨ। (ਸੁਤ, ਵਿਤ, ਲੋਕ ਈਖਨਾ ਤੀਨੀ ਇਸ ਤਰ੍ਹਾਂ ਦੀ ਤਿੰਨ ਪ੍ਰਕਾਰ ਦੀ) ਮਨਸਾ=ਵਾਸ਼ਨਾ ਨੂੰ ਮਨ ਦੇ ਵਿਚ ਹੀ ਸਮਾਏ=ਅਭਾਵ ਕਰਦੇ ਹਨ।

ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥ ੫ ॥

ਜੋ ਸੱਚੇ ਗੁਰਾਂ ਦੇ ਸ਼ਬਦ ਕਰਕੇ ਮਾਇਆ ਤੇ ਮੋਹ ਨੂੰ ਚੁਕਾਇਦਾ=ਦੂਰ ਕਰ ਦੇਂਦਾ ਹੈ ਉਹ ਸਦਾ ਹੀ ਜਮਕਾਲ ਤੋਂ ਮੁਕਤਾ=ਛੁਟਕਾਰਾ ਪਾ ਲੈਂਦਾ ਹੈ।

*ਅਥਵਾ:-*ਸਦੀਵ ਕਾਲ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ॥ ੫ ॥

ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥

ਜੋ ਧੁਰ ਤੋਂ ਭਗਤੀ ਵਿਚ ਰੱਤੇ ਹੋਏ ਹਨ ਓਹੀ ਹੁਣ ਰੱਤੇ ਹੋਏ ਹਨ। ਅਤੇ ਉਹ ਗੁਰਾਂ ਦੀ ਕ੍ਰਿਪਾ ਨਾਲ ਸਹਜੇ=ਗਿਆਨ ਵਿਚ ਮਸਤ ਰਹਿੰਦੇ ਹਨ।

ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੇ ਆਪੁ ਮਿਲਾਇਦਾ ॥ ੬ ॥

ਜਿਸ ਨੇ ਸਤਿਗੁਰਾਂ ਨੂੰ ਸੇਵਿਆ ਹੈ ਉਸ ਨੇ ਸਦਾ ਪ੍ਰਭੂ ਨੂੰ ਪਾਇਆ ਹੈ ਅਤੇ ਉਹ ਆਪਣਿਆਂ ਸੇਵਕਾਂ ਨੂੰ ਆਪ ਪਰਮੇਸ਼ਰ ਨਾਲ ਮਿਲਾਉਂਦਾ ਹੈ॥ ੬ ॥

ਮਾਇਆ ਮੋਹਿ ਭਰਮਿਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥

ਮਾਇਆ ਦੇ ਮੋਹ ਕਰਕੇ ਜੀਵ ਚੁਰਾਸੀ ਲੱਖ ਜੂਨੀਆਂ ਵਿਚ "ਭਰਮਨਿ" ਭਰਮਨਾ ਪਾਉਂਦਾ ਹੈ। ਅਤੇ ਦ੍ਵੈਤ ਭਾਵ ਵਿਚ ਲਗਾ ਹੋਇਆ ਦੁੱਖ ਪਾਉਂਦਾ ਹੈ।

ਸੁਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥ ੭ ॥

ਪਦਾਰਥਾਂ ਦਾ ਅਨੰਦ ਸੁਹਾ=ਕਸੁੰਭੇ ਰੰਗ ਵਾਂਗ ਥੋੜ੍ਹੇ ਦਿਨ ਹੁੰਦਾ ਹੈ, ਇਸ ਨੂੰ ਜਾਂਦਿਆਂ ਵੇਖੀਏ ਤਾਂ ਬਿਲਮ=ਦੇਰ ਨਹੀਂ ਲਾਉਂਦਾ॥ ੭ ॥

www.sikhbookclub.com

ਏਹੁ ਮਨੁ ਭੈ ਭਾਇ ਰੰਗਾਏ॥ ਇਤੁ ਰੰਗਿ ਸਾਚੇ ਮਾਹਿ ਸਮਾਏ॥

ਇਸ ਚੰਚਲ ਮਨ ਨੂੰ ਪ੍ਰਭੂ ਦੇ ਭੈ=ਡਰ ਤੇ ਭਾਇ=ਪ੍ਰੇਮ ਰੰਗ ਵਿਚ ਰੰਗਾਵੇ, ਇਸ ਪ੍ਰੇਮ ਰੰਗ ਕਰਕੇ ਸੱਚੇ ਪ੍ਰਭੂ ਵਿਚ ਸਮਾਏ=ਅਭੇਦ ਹੁੰਦਾ ਹੈ।

ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ॥ ੮॥

ਕੋਈ ਵਿਰਲਾ ਪੂਰਿਆਂ ਭਾਗਾਂ ਵਾਲਾ ਪੁਰਸ਼ ਇਸ ਰੰਗ ਨੂੰ ਪਾਉਂਦਾ ਹੈ। ਅਤੇ ਹੋਰਨਾਂ ਸੇਵਕਾਂ ਨੂੰ ਗੁਰ ਸਿਖਿਆ ਦੇ ਕੇ ਏਹ ਪ੍ਰੇਮ ਰੰਗ ਚੜ੍ਹਾਉਂਦਾ ਹੈ॥ ੮॥

ਮਨਮੁਖੁ ਬਹੁਤੁ ਕਰੇ ਅਭਿਮਾਨੁ॥ ਦਰਗਹ ਕਬ ਹੀ ਨ ਪਾਵੈ ਮਾਨੁ॥

ਜੋ ਮਨਮੁਖ ਬਹੁਤਾ (ਵਿੱਦਿਆ ਦਾ ਜਾਂ ਜਾਤੀ ਆਦਿਕਾਂ ਦਾ) ਹੰਕਾਰ ਕਰਦਾ ਹੈ। ਉਹ ਪੁਰਸ਼ ਕਦੇ ਭੀ ਦਰਗਾਹ ਵਿਚ ਮਾਨੁ=ਮਾਣ (ਆਦਰ) ਨਹੀਂ ਪਾਉਂਦਾ।

ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੈ ਦੁਖੁ ਪਾਇਦਾ॥ ੯॥

ਦ੍ਵੈਤ ਭਾਵ ਵਿਚ ਲਗ ਕੇ ਉਸ ਨੇ ਅਮੋਲਕ ਮਨੁੱਖਾ ਜਨਮ ਵਿਅਰਥ ਗਵਾ ਦਿੱਤਾ ਹੈ ਅਤੇ ਸਮਝ ਤੋਂ ਬਿਨਾਂ ਹੋਣ ਕਰਕੇ ਦੁੱਖ ਪਾਉਂਦਾ ਹੈ॥ ੯॥

ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ॥
ਗੁਰ ਪਰਸਾਦੀ ਹਰਿ ਮਿਲੈ ਮਿਲਾਇਆ॥

ਮੇਰੇ ਪ੍ਰਭੂ ਨੇ ਸਭਨਾਂ ਅੰਦਰ ਆਪਣਾ ਆਪ ਲੁਕਾਇਆ ਹੋਇਆ ਹੈ। ਕਿਰਪਾਲੂ ਜੋ ਗੁਰੂ ਹਨ ਉਹਨਾਂ ਦੀ ਕ੍ਰਿਪਾ ਦਾ ਮਿਲਾਇਆ ਹੋਇਆ ਹਰੀ ਮਿਲਦਾ ਹੈ।

ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ॥ ੧੦॥

ਉਹ ਪ੍ਰਭੂ ਸੱਚਾ ਹੈ ਉਸ ਦਾ ਨਾਮ ਵਪਾਰ ਭੀ ਸੱਚਾ ਹੈ ਉਸ ਵਿਚ ਪ੍ਰੇਮ ਕਰਨ ਵਾਲਾ ਪੁਰਸ਼ ਅਮੋਲਕ ਨਾਮ ਨੂੰ ਪਾਉਂਦਾ ਹੈ॥ ੧੦॥

ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ॥
ਮੇਰੈ ਠਾਕੁਰਿ ਇਹੁ ਬਣਤ ਬਣਾਈ॥

ਇਸ ਕਾਇਆਂ ਦੀ ਕੀਮਤ ਕਿਸੇ ਤੋਂ ਭੀ ਨਹੀਂ ਪਾਈ ਜਾਂਦੀ। ਕਿਉਂਕਿ ਇਸ ਦੀ ਖੂਬਸੂਰਤ ਬਣਤ ਮੇਰੇ ਠਾਕੁਰਿ=ਮਾਲਕ ਨੇ ਆਪ ਬਣਾਈ ਹੈ, ਵਾ:-ਵਿਰੋਧੀ ਤੱਤਾਂ ਨੂੰ ਇਕੱਤ੍ਰ ਕਰਕੇ ਇਸ ਮਨੁੱਖਾ ਦੇਹ ਦੀ ਬਣਾਵਟ ਸੋਹਣਿਆਂ ਅੰਗਾਂ ਸਹਿਤ ਬਣਾਈ ਹੈ।

ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ॥ ੧੧॥

ਜੇਹੜਾ ਗੁਰਮੁਖ ਹੋ ਕੇ ਜਪ, ਤਪ ਆਦਿਕ ਸਾਧਨਾਂ ਦੁਆਰੇ ਇਸ ਕਾਇਆਂ ਨੂੰ ਸੋਧ ਲੈਂਦਾ ਹੈ, ਉਸ ਨੂੰ ਵਾਹਿਗੁਰੂ ਆਪ ਹੀ ਆਪਣੇ ਸਰੂਪ ਨਾਲ ਮਿਲਾ ਲੈਂਦਾ ਹੈ॥ ੧੧॥

ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥
ਗੁਰਮੁਖਿ ਖੋਜੇ ਵੇਪਰਵਾਹਾ ॥

ਵਿਸ਼ਿਆਂ ਦੇ ਭੋਗਣ ਕਰਕੇ ਇਸ ਕਾਇਆਂ ਵਿਚ ਤੋਟਾ=ਘਾਟਾ ਹੁੰਦਾ ਹੈ, ਨਾਮ ਸਿਮਰਨ ਵਿਚ ਜੁੜ ਜਾਣ ਕਰਕੇ ਇਸ ਕਾਇਆਂ ਵਿਚ ਲਾਭ ਪ੍ਰਾਪਤ ਹੁੰਦਾ ਹੈ। ਏਸੇ ਕਰਕੇ ਸੰਸਾਰ ਵਲੋਂ ਬੇ ਪਰਵਾਹ ਹੋ ਕੇ ਗੁਰਮੁਖ ਪੁਰਸ਼ ਬੇ-ਪਰਵਾਹ ਪਰਮਾਤਮਾ ਨੂੰ ਖੋਜਦੇ ਹਨ।

ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥ ੧੨ ॥

ਗੁਰਮੁਖ ਗੁਰਾਂ ਦੁਆਰੇ ਨਾਮ ਦਾ ਵਣਜ ਕਰਕੇ ਸਦਾ ਸੁਖ ਪਾਉਂਦੇ ਹਨ, ਗੁਰੂ ਇਸ ਨੂੰ ਸੁਭਾਵਕ ਹੀ ਸਹਜਿ=ਗਿਆਨ ਨਾਲ ਮਿਲਾਉਂਦੇ ਹਨ॥ ੧੨ ॥

ਸਚਾ ਮਹਲੁ ਸਚੇ ਭੰਡਾਰਾ ॥ ਆਪੇ ਦੇਵੈ ਦੇਵਣਹਾਰਾ ॥

ਉਸ ਪ੍ਰਭੂ ਦਾ ਮਹਲੁ=ਸਰੂਪ ਸੱਚਾ ਹੈ, ਮਹਾਤਮਾ ਦੇ ਅੰਤਹਕਰਨ,

ਵਾ:-ਵੇਦ ਸ਼ਾਸਤ੍ਰ ਇਤਿਆਦਕ ਉਸ ਦੇ ਭੰਡਾਰੇ ਭੀ ਸੱਚੇ ਹਨ। ਉਹ ਦੇਣ ਵਾਲਾ ਪ੍ਰਭੂ ਆਪ ਹੀ ਸਾਰਿਆਂ ਨੂੰ ਦਾਨ ਦੇਂਦਾ ਹੈ।

ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥ ੧੩ ॥

ਜੋ ਗੁਰਮੁਖ ਜਨ (ਸੁਖਦਾਤੇ) ਪ੍ਰਭੂ ਨੂੰ ਸਲਾਹੁੰਦੇ ਹਨ, ਉਹ ਮਨ ਵਿਚ ਪ੍ਰਭੂ ਦੇ ਮੇਲਾਪ ਦੀ ਕੀਮਤ ਨੂੰ ਪਾਉਂਦੇ ਹਨ, ਜਾਂ ਮਨ ਨੂੰ ਸਰੂਪ ਨਾਲ ਮੇਲ ਕੇ ਪ੍ਰਭੂ ਕੀ ਕੀਮਤਿ=ਕਦਰ ਨੂੰ ਪਾਉਂਦੇ ਹਨ॥ ੧੩ ॥

ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥
ਗੁਰਮੁਖਿ ਆਪੇ ਦੇ ਵਡਿਆਈ ॥

ਇਸ ਕਾਇਆਂ ਦੇ ਵਿਚ ਹੀ ਆਤਮ ਵਸਤੂ ਹੈ, ਜਿਸ ਦੀ ਕੀਮਤ ਗੁਰੂ ਤੋਂ ਬਿਨਾਂ ਨਹੀਂ ਪਾਈ ਜਾਂਦੀ। ਉਹ ਪ੍ਰਭੂ ਗੁਰਮੁਖਾਂ ਨੂੰ ਆਪ ਹੀ ਵਡਿਆਈ ਦੇਂਦਾ ਹੈ।

ਜਿਸਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥ ੧੪ ॥

ਜਿਸ ਪਰਮੇਸ਼ਰ ਦਾ ਮਨੁੱਖਾ ਸਰੀਰ ਰੂਪੀ ਹੱਟ ਬਣਾਇਆ ਹੋਇਆ ਹੈ ਓਹੀ ਪ੍ਰਭੂ ਵਥੁ=ਵਸਤੂਆਂ ਦੇਣੀਆਂ ਜਾਣਦਾ ਹੈ, ਭਾਵ ਖਾਣ ਪਾਣ ਦੀ ਖੁਰਾਕ ਦੇਂਦਾ ਹੈ, ਜਿਸ ਗੁਰਮੁਖ ਨੂੰ ਗੁਰਾਂ ਦੁਆਰੇ ਨਾਮ ਗਿਆਨ ਦੇਂਦਾ ਹੈ ਉਹ ਫੇਰ ਪਛਚਾਤਾਪ ਨਹੀਂ ਕਰਦਾ॥ ੧੪ ॥

ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥

ਸਾਰਿਆਂ ਜੀਵਾਂ ਵਿਚ ਹਰਿ ਜੀਉ ਸਮਾਈ ਕਰ ਰਿਹਾ ਹੈ। ਪਰ ਗੁਰਾਂ ਦੀ ਕ੍ਰਿਪਾ ਨਾਲ ਪਾਇਆ ਜਾਂਦਾ ਹੈ।

ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥ ੧੫ ॥

ਉਹ ਪ੍ਰਭੂ ਆਪ ਹੀ ਸਤਸੰਗ ਦੇ ਮੇਲ ਵਿਚ ਜਾਂ ਗੁਰਾਂ ਦੇ ਮੇਲ ਨਾਲ ਮਿਲਾਉਂਦਾ ਹੈ, ਫੇਰ ਆਪ ਹੀ ਸਹਜਿ=ਗਿਆਨ ਵਿਚ ਸਮਾਇੰਦਾ=ਅਭੇਦ ਕਰਦਾ ਹੈ॥ ੧੫ ॥

www.sikhbookclub.com

[ਪੰਨਾ ੧੦੬੭]

ਆਪੇ ਸਚਾ ਸਬਦਿ ਮਿਲਾਏ॥ ਸਬਦੇ ਵਿਚਹੁ ਭਰਮੁ ਚੁਕਾਏ॥

ਸੱਚਾ ਪ੍ਰਭੂ ਆਪ ਹੀ ਸਬਦਿ=ਗੁਰ ਉਪਦੇਸ਼ ਵਿਚ ਮਿਲਾਉਂਦਾ ਹੈ। ਫੇਰ ਗੁਰ ਉਪਦੇਸ਼ ਦੀ ਤਾਕਤ ਨਾਲ ਹਿਰਦੇ ਵਿੱਚੋਂ ਭਰਮ ਦੂਰ ਕਰ ਦੇਂਦਾ ਹੈ।

ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ॥੧੬॥੮॥੨੨॥

ਗੁਰੂ ਜੀ ਕਥਨ ਕਰਦੇ ਹਨ-ਨਾਮਿ=ਨਾਮੀ ਪਰਮੇਸ਼ਰ ਦੇ ਨਾਮ ਸਿਮਰਨ ਕਰਕੇ ਹੀ ਵਡਿਆਈ ਮਿਲਦੀ ਹੈ ਅਤੇ ਨਾਮ ਦੇ ਜਾਪ ਕਰਕੇ ਹੀ ਸੁਖ ਪਾਉਂਦਾ ਹੈ॥ ੧੬॥ ੮॥ ੨੨॥

ਮਾਰੂ ਮਹਲਾ ੩॥

ਅਗਮ ਅਗੋਚਰ ਵੇਪਰਵਾਹੇ॥ ਆਪੇ ਮਿਹਰਵਾਨ ਅਗਮ ਅਥਾਹੇ॥

ਉਹ ਬੇ-ਪਰਵਾਹ ਪ੍ਰਭੂ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹੈ। ਉਹ ਮੇਹਰਵਾਨ ਪ੍ਰਭੂ ਆਪ ਹੀ ਅਗਮ=ਸ਼ਾਸਤ੍ਰਾਂ ਕਰਕੇ ਅਥਾਹੇ=ਬੇਅੰਤ ਹੈ, ਜਾਂ ਉਹ ਅਗਮ ਰੂਪ ਪਰਮਾਤਮਾ ਆਪ ਹੀ ਅਥਾਹ ਮੇਹਰਵਾਨ ਹੈ।

ਅਪੜਿ ਕੋਇ ਨ ਸਕੈ ਤਿਸ ਨੋ ਗੁਰ ਸਬਦੀ ਮੇਲਾਇਆ॥ ੧॥

ਉਸ ਪ੍ਰਭੂ ਨੂੰ ਕੋਈ ਅਪੜਿ=ਪਹੁੰਚ ਨਹੀਂ ਸਕਦਾ, ਗੁਰ-ਉਪਦੇਸ਼ ਵਾਲਿਆਂ ਨੂੰ ਆਪਣੇ ਨਾਲ ਮਿਲਾਉਂਦਾ ਹੈ॥ ੧॥

ਤੁਧੁਨੋ ਸੇਵਹਿ ਜੋ ਤੁਧੁ ਭਾਵਹਿ॥ ਗੁਰ ਕੈ ਸਬਦੇ ਸਚਿ ਸਮਾਵਹਿ॥

ਜੋ ਉਸ ਨੂੰ ਪਾਉਂਦੇ ਹਨ ਓਹੀ ਉਸ ਪ੍ਰਭੂ ਨੂੰ ਸੇਂਵਦੇ ਹਨ। ਗੁਰਾਂ ਦੇ ਉਪਦੇਸ਼ ਕਰਕੇ ਗੁਰਮੁਖ ਸੱਚ ਸਰੂਪ ਵਿਚ ਸਮਾਉਂਦੇ ਹਨ।

ਅਨਦਿਨੁ ਗੁਣ ਰਵਹਿ ਦਿਨੁ ਰਾਤੀ ਰਸਨਾ ਹਰਿ ਰਸੁ ਭਾਇਆ॥ ੨॥

ਉਹ ਰਾਤ ਦਿਨ ਇਕ-ਰਸ ਪ੍ਰਭੂ ਦੇ ਗੁਣਾਂ ਨੂੰ ਰਵਹਿ=ਉਚਾਰਦੇ ਹਨ ਅਤੇ ਉਹਨਾਂ ਦੀ ਰਸਨਾਂ ਭੀ ਹਰੀ ਰਸ ਲੈਣਾ ਭਾਇਆ=ਚੰਗਾ ਹੈ॥ ੨॥

ਸਬਦਿ ਮਰਹਿ ਸੇ ਮਰਣੁ ਸਵਾਰਹਿ॥
ਹਰਿ ਕੇ ਗੁਣ ਹਿਰਦੈ ਉਰ ਧਾਰਹਿ॥

ਜੋ ਗੁਰਾਂ ਦੇ ਸ਼ਬਦ ਕਰਕੇ ਜੀਵਤ ਭਾਅ ਤੋਂ ਮਰਦੇ ਹਨ ਉਹ ਆਪਣਾ ਮਰਨਾ ਸਵਾਰ ਲੈਂਦੇ ਹਨ ਅਤੇ ਹਿਰਦੇ ਦੇ ਉਰ=ਵਿਚ ਹਰੀ ਦੇ ਗੁਣਾਂ ਨੂੰ ਧਾਰੀ ਰਖਦੇ ਹਨ।

ਜਨਮੁ ਸਫਲੁ ਹਰਿ ਚਰਣੀ ਲਾਗੇ ਦੂਜਾ ਭਾਉ ਚੁਕਾਇਆ॥ ੩॥

ਜਿਨ੍ਹਾਂ ਨੇ ਹਰੀ ਸਰੂਪ ਗੁਰਾਂ ਦੀ ਚਰਨੀਂ ਲੱਗ ਕੇ ਦ੍ਵੈਤ ਭਾਵ ਦੂਰ ਕਰ ਦਿੱਤਾ ਹੈ, ਉਹਨਾਂ ਦਾ ਮਨੁੱਖ ਜਨਮ ਸਫਲਾ ਹੈ॥ ੩॥

ਹਰਿ ਜੀਉ ਮੇਲੇ ਆਪਿ ਮਿਲਾਏ॥ ਗੁਰ ਕੈ ਸਬਦੇ ਆਪੁ ਗਵਾਏ॥

ਜਿਨ੍ਹਾਂ ਨੂੰ ਹਰਿ ਜੀਉ ਨੇ ਸਤਸੰਗ ਵਿਚ ਮੇਲਿਆ ਹੈ, ਉਹਨਾਂ ਨੂੰ ਆਪਣੇ ਨਾਲ ਮਿਲਾਇਆ ਹੈ। ਕਿਉਂਕਿ ਉਹਨਾਂ ਨੇ ਸਤਿਗੁਰਾਂ ਦੇ ਉਪਦੇਸ਼ ਦੁਆਰਾ ਆਪਾ ਭਾਅ ਹੰਕਾਰ ਨੂੰ ਗਵਾ ਲਿਆ ਹੈ।

ਅਨਦਿਨੁ ਸਦਾ ਹਰਿ ਭਗਤੀ ਰਾਤੇ ਇਸੁ ਜਗ ਮਹਿ ਲਾਹਾ ਪਾਇਆ॥ ੪॥

ਜੋ ਰਾਤ ਦਿਨ ਸਦਾ ਹਰੀ ਦੀ ਭਗਤੀ ਵਿਚ ਰੱਤੇ ਰਹਿੰਦੇ ਹਨ, ਉਹਨਾਂ ਨੇ ਇਸ ਜਗਤ ਵਿਚ ਆਤਮ ਲਾਭ ਪਾਇਆ ਹੈ॥ ੪॥

ਤੇਰੇ ਗੁਣ ਕਹਾ ਮੈ ਕਹਣੁ ਨ ਜਾਈ॥ ਅੰਤੁ ਨ ਪਾਰਾ ਕੀਮਤਿ ਨਹੀ ਪਾਈ॥

ਮੈਂ ਤੇਰੇ ਗੁਣ ਕਹਿੰਦਾ ਤਾਂ ਹਾਂ ਪਰ ਸਮੱਗਰ ਗੁਣ ਮੇਰੇ ਪਾਸੋਂ ਕਹੇ ਨਹੀਂ ਜਾਂਦੇ। ਆਪ ਜੀ ਦੇ ਗੁਣਾਂ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ ਇਸੀ ਤੇ ਗੁਣਾਂ ਦੀ ਕੀਮਤ ਨਹੀਂ ਪਾਈ ਜਾਂਦੀ।

ਅਥਵਾ:-ਮੈਂ ਆਪ ਜੀ ਦੇ ਕੇਹੜੇ ਗੁਣ ਕਹਾਂ ਮੈਥੋਂ ਕਹੇ ਨਹੀਂ ਜਾਂਦੇ। ਤੇਰੇ ਪਾਰ ਦਾ ਅੰਤ ਨਹੀਂ ਆਉਂਦਾ ਅਤੇ ਨਾ ਹੀ ਕੀਮਤ ਪਾਈ ਜਾਂਦੀ ਹੈ।

ਆਪੇ ਦਇਆ ਕਰੇ ਸੁਖਦਾਤਾ ਗੁਣ ਮਹਿ ਗੁਣੀ ਸਮਾਇਆ॥ ੫॥

ਹੇ ਸੁਖਦਾਤੇ ਪ੍ਰਭੂ ! ਜਿਸ ਉਤੇ ਤੂੰ ਆਪ ਕ੍ਰਿਪਾ ਦ੍ਰਿਸ਼ਟੀ ਕਰਦਾ ਹੈਂ, ਉਹ ਗੁਣੀ ਹੋ ਕੇ ਤੇਰੇ ਗੁਣਾਂ ਵਿਚ ਸਮਾ ਜਾਂਦਾ ਹੈ, ਜਾਂ ਹਿਰਦੇ ਵਿਚ ਸ਼ੁਭ-ਗੁਣ ਧਾਰ ਕੇ ਗੁਣੀ=ਪਰਮਾਤਮਾ ਵਿਚ ਅਭੇਦ ਹੁੰਦਾ ਹੈ॥ ੫॥

ਇਸੁ ਜਗ ਮਹਿ ਮੋਹੁ ਹੈ ਪਾਸਾਰਾ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ॥

ਇਸ ਜਗਤ ਵਿਚ ਸਾਰੇ ਮੋਹ ਦਾ ਹੀ ਪਸਾਰਾ ਪਸਰਿਆ ਹੋਇਆ ਹੈ ਤੇ ਅੰਨ੍ਹੇ ਅਗਿਆਨੀ ਮਨਮੁਖ ਨੂੰ ਅਗਿਆਨ ਦਾ ਹਨੇਰਾ ਹੀ ਪਿਆ ਰਹਿੰਦਾ ਹੈ।

ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ॥ ੬॥

ਧੰਦਿਆਂ ਵਿਚ ਧਾਵਤੁ=ਦੌੜਦਿਆਂ ਹੀ ਉਸ ਨੇ ਮਨੁੱਖ ਜਨਮ ਨਿਸਫਲ ਗਵਾ ਲਿਆ ਹੈ, ਨਾਮ ਸਿਮਰਨ ਤੋਂ ਬਿਨਾਂ ਦੁੱਖ ਹੀ ਪਾਇਆ ਹੈ॥ ੬॥

ਕਰਮੁ ਹੋਵੈ ਤਾ ਸਤਿਗੁਰੁ ਪਾਏ॥ ਹਉਮੈ ਮੈਲੁ ਸਬਦਿ ਜਲਾਏ॥

ਚੰਗੇ ਕਰਮ ਹੋਣ ਤਾਂ ਹੀ ਸਤਿਗੁਰਾਂ ਨੂੰ ਪਾਉਂਦਾ ਹੈ ਅਤੇ ਉਹਨਾਂ ਦੇ ਉਪਦੇਸ਼ ਨਾਲ ਹਉਮੈ ਰੂਪੀ ਮੈਲ ਨੂੰ ਜਲਾਏ=ਸਾੜ ਲੈਂਦਾ ਹੈ।

ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥ ੭॥

ਮਨ ਦੇ ਸ਼ੁਧ ਹੋਣ 'ਤੇ ਜਦ ਰਤਨ ਰੂਪ ਗਿਆਨ ਦਾ ਚਾਨਣ ਹੋਇਆ ਤਾਂ ਅਗਿਆਨ ਰੂਪ ਹਨੇਰੇ ਨੂੰ ਗੁਆਉਣਾ ਕੀਤਾ।

ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ॥ ਸਚੁ ਨਾਮੁ ਹਰਿ ਹਿਰਦੈ ਵਸਾਈ॥

ਹੇ ਹਰੀ ! ਤੇਰੇ ਬੇਅੰਤ ਨਾਮ ਹਨ ਜਿਨ੍ਹਾਂ ਨਾਮਾਂ ਦੀ ਕੀਮਤ ਨਹੀਂ ਪਾਈ ਜਾਂਦੀ। ਹੇ ਹਰੀ ! ਅਸਾਂ ਨੇ ਹਿਰਦੇ ਵਿਚ ਆਪ ਜੀ ਦੇ ਸੱਚੇ ਨਾਮ ਦੀ ਪ੍ਰੀਤੀ ਵਸਾਈ ਹੈ।

www.sikhbookclub.com

ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥ ੮ ॥

ਹੇ ਪ੍ਰਭੂ ! ਆਪ ਜੀ ਦੀ ਕੀਮਤ ਕੌਣ ਕਰ ਸਕਦਾ ਹੈ, ਤੂੰ ਆਪ ਹੀ ਸਾਰਿਆਂ ਵਿਚ ਸਹਜਿ=ਸੁਭਾਵਕ ਸਮਾਇਆ ਹੋਇਆ ਹੈ ॥ ੮ ॥

ਨਾਮੁ ਅਮੋਲਕੁ ਅਗਮ ਅਪਾਰਾ ॥ ਨਾ ਕੋ ਹੋਆ ਤੋਲਣਹਾਰਾ ॥

ਹੇ ਅਗਮ ਅਪਾਰ ਪ੍ਰਭੂ ! ਆਪ ਜੀ ਦਾ ਨਾਮ ਅਮੋਲਕ ਹੈ। ਉਸ ਨੂੰ ਕੋਈ ਭੀ ਤੋਲਣ ਵਾਲਾ ਨਹੀਂ ਹੋਇਆ।

ਆਪੇ ਤੋਲੇ ਤੋਲਿ ਤੋਲਾਏ ਗੁਰ ਸਬਦੀ ਮੇਲਿ ਤੋਲਾਇਆ ॥ ੯ ॥

ਜਿਨ੍ਹਾਂ ਨੂੰ ਗੁਰ ਸ਼ਬਦੀਆਂ ਨਾਲ ਮੇਲ ਕੇ ਪਰਮੇਸ਼ਰ ਆਪ ਤੋਲਿ ਤੋਲਾਏ=ਵਿਚਾਰ ਵਿਚਰਾਉਂਦਾ ਹੈ, ਉਹ ਪੁਰਸ਼ ਤੋਲੇ=ਵਿਚਾਰ ਕਰਦੇ ਇਸ ਤਰ੍ਹਾਂ ਨਿਸਚੇ ਕਰਦੇ ਹਨ ਕਿ ਉਹ ਪਰਮੇਸ਼ਰ ਸਾਰਿਆਂ ਵਿਚ ਤੋਲਾਇਆ= ਤੁਲ (ਇਕ ਸਮਾਨ) ਆ ਰਿਹਾ ਹੈ ॥ ੯ ॥

ਸੇਵਕ ਸੇਵਹਿ ਕਰਹਿ ਅਰਦਾਸਿ ॥ ਤੂ ਆਪੇ ਮੇਲਿ ਬਹਾਲਹਿ ਪਾਸਿ ॥

ਜੋ ਸੇਵਕ ਹੋ ਕੇ ਸੇਵਾ ਕਰਦੇ ਹਨ ਤੇ ਅਰਦਾਸਿ=ਬੇਨਤੀਆਂ ਕਰਦੇ ਹਨ। ਤੂੰ ਆਪੇ ਉਹਨਾਂ ਨੂੰ ਆਪਣੇ ਪਾਸ ਬਿਠਾ ਕੇ ਮੇਲ ਲੈਂਦਾ ਹੈਂ।

ਸਭਨਾ ਜੀਆ ਕਾ ਸੁਖਦਾਤਾ ਪੂਰੈ ਕਰਮਿ ਧਿਆਇਆ ॥ ੧੦ ॥

ਤੂੰ ਸਾਰਿਆਂ ਜੀਵਾਂ ਨੂੰ ਸੁਖਾਂ ਦਾ ਦਾਤਾ ਹੈਂ ਅਤੇ ਪੂਰਿਆਂ ਕਰਮਾਂ ਵਾਲਿਆਂ ਨੇ ਆਪ ਜੀ ਨੂੰ ਧਿਆਉਣਾ ਕੀਤਾ ਹੈ ॥ ੧੦ ॥

ਜਤੁ ਸਤੁ ਸੰਜਮੁ ਜਿ ਸਚੁ ਕਮਾਵੈ ॥
ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥

ਜੇਕਰ ਸੱਚ ਨਾਮ ਨੂੰ ਕਮਾਉਣਾ ਕਰੇ ਤਾਂ ਜਤ, ਸਤ, ਸੰਜਮ ਆਦਿਕ ਸਾਧਨ ਕੀਤੇ ਹੋਏ ਸਫਲ ਹੁੰਦੇ ਹਨ। ਏਹ ਮੈਲਾ ਮਨ ਤਾਂ ਹੀ ਨਿਰਮਲ ਹੁੰਦਾ ਹੈ ਜੇਕਰ ਹਰੀ ਦੇ ਗੁਣਾਂ ਨੂੰ ਗਾਉਣਾ ਕਰੇ।

ਇਸੁ ਬਿਖੁ ਮਹਿ ਅੰਮ੍ਰਿਤੁ ਪਰਾਪਤਿ ਹੋਵੈ ਹਰਿ ਜੀਉ ਮੇਰੇ ਭਾਇਆ ॥ ੧੧ ॥

ਇਸ ਵਿਹੁ ਰੂਪ ਸੰਸਾਰ ਵਿਚ ਆਤਮਕ ਅਨੰਦ ਰੂਪ ਅੰਮ੍ਰਿਤ ਉਸ ਨੂੰ ਪ੍ਰਾਪਤ ਹੁੰਦਾ ਹੈ, ਜੇਹੜਾ ਮਨੁੱਖ ਮੇਰੇ ਹਰਿ ਜੀਉ ਨੂੰ ਭਾਉਂਦਾ ਹੈ ॥ ੧੧ ॥

ਜਿਸ ਨੋ ਬੁਝਾਏ ਸੋਈ ਬੂਝੈ ॥ ਹਰਿ ਗੁਣ ਗਾਵੈ ਅੰਦਰੁ ਸੂਝੈ ॥

ਜਿਸ ਨੂੰ ਬੁਝਾਏ=ਸਮਝਾਉਂਦਾ ਹੈ ਓਹੀ ਪੁਰਸ਼ ਸਮਝਦਾ ਹੈ। ਜਿਸ ਦੇ ਅੰਦਰ ਸੂਝੈ=ਗਿਆਤ ਹੈ ਓਹੀ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

ਹਉਮੈ ਮੇਰਾ ਠਾਕਿ ਰਹਾਏ ਸਹਜੇ ਹੀ ਸਚੁ ਪਾਇਆ ॥ ੧੨ ॥

ਜਿਸ ਨੇ ਹੰਗਤਾ ਮਮਤਾ, ਮੇਰ ਤੇਰ ਨੂੰ ਠਾਕਿ ਰਹਾਏ=ਰੋਕ ਰਖਿਆ ਹੈ, ਉਸ ਨੇ ਸਹਜੇ=ਸੁਭਾਵਕ ਹੀ

ਸੱਚ ਸਰੂਪ ਨੂੰ, ਵਾ:-ਸਚੁ=ਸੁਖ ਨੂੰ ਪਾ ਲਿਆ ਹੈ॥ ੧੨॥

ਬਿਨੁ ਕਰਮਾ ਹੋਰ ਫਿਰੈ ਘਨੇਰੀ॥ ਮਰਿ ਮਰਿ ਜੰਮੈ ਚੁਕੈ ਨ ਫੇਰੀ॥

ਚੰਗਿਆਂ ਕਰਮਾਂ ਤੋਂ ਬਿਨਾਂ ਹੋਰ ਘਨੇਰੀ=ਬੜੀ ਦੁਨੀਆਂ ਧੱਕੇ ਖਾਂਦੀ ਫਿਰਦੀ ਹੈ, ਮੁੜ-ਮੁੜ ਕੇ ਮਰਦੀ ਜੰਮਦੀ ਹੈ, ਚੁਰਾਸੀ ਦੀ ਫੇਰੀ ਦੂਰ ਨਹੀਂ ਹੁੰਦੀ।

ਬਿਖੁ ਕਾ ਰਾਤਾ ਬਿਖੁ ਕਮਾਵੈ ਸੁਖੁ ਨ ਕਬਹੂ ਪਾਇਆ॥ ੧੩॥

ਪਿਛਲੇ ਜਨਮ ਵਿਚ ਭੀ ਵਿਸ਼ਿਆਂ ਵਿਚ ਰੱਤਾ ਹੋਇਆ ਸੀ, ਹੁਣ ਭੀ ਵਿਸ਼ਿਆਂ ਨੂੰ ਕਮਾਵੈ=ਭੋਗਦਾ ਹੈ, ਇਸ ਲਈ ਉਸ ਨੇ ਕਦੇ ਵੀ ਸੁਖ ਨਹੀਂ ਪਾਇਆ॥ ੧੩॥

ਬਹੁਤੇ ਭੇਖ ਕਰੇ ਭੇਖਧਾਰੀ॥ ਬਿਨੁ ਸਬਦੈ ਹਉਮੈ ਕਿਨੈ ਨ ਮਾਰੀ॥

ਇਹ ਭੇਖਧਾਰੀ ਜੀਵ ਭੇਖ ਧਾਰੀ=ਨਟਾਂ ਵਾਂਗ ਬਹੁਤੇ ਭੇਖ ਧਾਰਨ ਕਰਦਾ ਹੈ। ਗੁਰ-ਉਪਦੇਸ਼ ਤੋਂ ਬਿਨਾਂ ਹੰਗਤਾ ਮਮਤਾ ਕਿਸੀ ਨੇ ਭੀ ਨਹੀਂ ਮਾਰਨਾ ਕੀਤੀ।

ਜੀਵਤੁ ਮਰੈ ਤਾ ਮੁਕਤਿ ਪਾਏ ਸਚੈ ਨਾਇ ਸਮਾਇਆ॥ ੧੪॥

ਜਾਂ ਜੀਵਤ ਭਾਅ ਤੋਂ ਮਰ ਕੇ ਸੱਚੇ ਨਾਮ ਸਿਮਰਨ ਵਿਚ ਸਮਾਉਣਾ ਕਰੇ ਤਾਂ ਇਹ ਜੀਵ ਮੁਕਤੀ ਨੂੰ ਪਾਉਂਦਾ ਹੈ॥ ੧੪॥

ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ॥
ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ॥

ਅਗਿਆਨ ਕਰਕੇ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਇਸ ਸਰੀਰ ਨੂੰ ਜਲਾਏ=ਸਾੜ ਰਹੀ ਹੈ। ਉਸ ਪੁਰਸ਼ ਦੇ ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁਝਦੀ ਹੈ ਜੇਹੜਾ ਗੁਰ ਉਪਦੇਸ਼ ਨੂੰ ਕਮਾਉਂਦਾ ਹੈ।

[ਪੰਨਾ ੧੦੬੮]

ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ ਹਉਮੈ ਮਾਰਿ ਸਮਾਇਆ॥ ੧੫॥

ਕਰੋਧ ਨੂੰ ਨਵਿਰਤ ਕਰੇ ਤਾਂ ਹੀ ਤਨ, ਮਨ ਸੀਤਲ ਹੁੰਦਾ ਹੈ, ਜਿਸ ਨੇ ਹਉਮੈ ਨੂੰ ਮਾਰਿਆ ਹੈ ਉਹ ਪਰਮੇਸ਼ਰ ਵਿਚ ਅਭੇਦ ਹੋਇਆ ਹੈ॥ ੧੫॥

ਸਚਾ ਸਾਹਿਬੁ ਸਚੀ ਵਡਿਆਈ॥ ਗੁਰ ਪਰਸਾਦੀ ਵਿਰਲੈ ਪਾਈ॥

ਉਹ ਸਾਹਿਬ ਪਰਮਾਤਮਾ ਸੱਚਾ ਹੈ ਉਸ ਦੀ ਵਡਿਆਈ ਵੀ ਸੱਚੀ ਹੈ। ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਨੇ ਉਸ ਦੀ ਪ੍ਰਾਪਤੀ ਜਾਂ ਵਡਿਆਈ ਪਾਈ ਹੈ।

ਨਾਨਕੁ ਏਕ ਕਹੈ ਬੇਨੰਤੀ ਨਾਮੇ ਨਾਮਿ ਸਮਾਇਆ॥ ੧੬॥ ੧॥ ੨੩॥

ਗੁਰੂ ਜੀ ਕਥਨ ਕਰਦੇ ਹਨ-ਇਕ ਪ੍ਰਭੂ ਅੱਗੇ ਬੇਨਤੀਆਂ ਕਰੇ ਕਿ ਮੈਂਨੇ ਜਪ, ਤਪ, ਸੰਜਮ ਆਦਿਕ ਕੋਈ ਸਾਧਨ ਨਹੀਂ ਕੀਤਾ।

ਯਥਾ:-"ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥"

www.sikhbookclub.com

ਅਤੇ-ਨਾਮ ਨੂੰ ਜਪੇ ਤਾਂ ਨਾਮਿ=ਨਾਮੀ ਪਰਮਾਤਮਾ ਵਿਚ ਅਭੇਦ ਹੁੰਦਾ ਹੈ॥ ੧੬॥ ੧॥ ੨੩॥

ਮਾਰੂ ਮਹਲਾ ੩॥

ਨਦਰੀ ਭਗਤਾ ਲੈਹੁ ਮਿਲਾਏ॥ ਭਗਤ ਸਲਾਹਨਿ ਸਦਾ ਲਿਵ ਲਾਏ॥

ਹੇ ਨਦਰੀ=ਪਰਮਾਤਮਾ ! ਤੁਸੀਂ ਆਪ ਹੀ ਉਹਨਾਂ ਭਗਤਾਂ ਨੂੰ ਆਪਣੇ ਨਾਲ ਮਿਲਾ ਲੈਂਦੇ ਹੋ। ਜੋ ਭਗਤ ਸਦਾ ਹੀ ਲਿਵ ਲਗਾ ਕੇ ਆਪ ਜੀ ਨੂੰ ਸਲਾਹੁੰਦੇ ਹਨ।

ਤਉ ਸਰਣਾਈ ਉਬਰਹਿ ਕਰਤੇ ਆਪੇ ਮੇਲਿ ਮਿਲਾਇਆ॥ ੧॥

ਹੇ ਕਰਤੇ ਪੁਰਖ ! ਤੇਰੀ ਸ਼ਰਨ ਆਉਣ ਵਾਲੇ ਤਰ ਗਏ ਹਨ, ਪਰ ਤੇਰੀ ਸ਼ਰਨ ਵਿਚ ਉਹ ਪੁਰਸ਼ ਆਉਂਦੇ ਹਨ, ਜਿਨ੍ਹਾਂ ਨੂੰ ਤੂੰ ਆਪ ਹੀ ਸਤਸੰਗ ਦੇ ਮੇਲ ਵਿਚ ਮਿਲਾਇਆ ਹੈ॥ ੧॥

ਪੂਰੈ ਸਬਦਿ ਭਗਤਿ ਸੁਹਾਈ॥ ਅੰਤਰਿ ਸੁਖੁ ਤੇਰੈ ਮਨਿ ਭਾਈ॥

ਪੂਰਿਆਂ ਗੁਰਾਂ ਦੇ ਉਪਦੇਸ਼ ਕਰਕੇ ਹੀ ਸ਼ੋਭਨੀਕ ਭਗਤੀ ਪ੍ਰਾਪਤ ਹੁੰਦੀ ਹੈ, ਜਾਂ ਭਗਤੀ ਸ਼ੋਭਦੀ ਹੈ। ਭਗਤੀ ਕਰਕੇ ਹੀ ਅੰਦਰ ਸੁਖ ਹੁੰਦਾ ਹੈ, ਹੇ ਪਰਮੇਸ਼ਰ ! ਤੇਰੇ ਮਨ ਵਿਚ ਭਗਤੀ ਕਰਨੀ ਹੀ ਭਾਉਂਦੀ ਹੈ।

ਮਨੁ ਤਨੁ ਸਚੀ ਭਗਤੀ ਰਾਤਾ ਸਚੇ ਸਿਉ ਚਿਤੁ ਲਾਇਆ॥ ੨॥

ਜਿਸ ਦਾ ਮਨ, ਤਨ ਸੱਚੀ ਭਗਤੀ ਕਰਨ ਵਿਚ ਰੱਤਾ ਰਹਿੰਦਾ ਹੈ, ਓਸੇ ਨੇ ਸੱਚੇ ਪ੍ਰਭੂ ਨਾਲ ਚਿਤ ਬਿਰਤੀ ਨੂੰ ਲਗਾਇਆ ਹੈ॥ ੨॥

ਹਉਮੈ ਵਿਚਿ ਸਦ ਜਲੈ ਸਰੀਰਾ॥ ਕਰਮੁ ਹੋਵੈ ਭੇਟੇ ਗੁਰੁ ਪੂਰਾ॥

ਭਗਤੀ ਹੀਣ ਪੁਰਸ਼ ਦਾ ਸਰੀਰ ਸਦਾ ਹੀ ਹੰਗਤਾ ਮਮਤਾ ਵਿਚ ਸੜਦਾ ਰਹਿੰਦਾ ਹੈ। ਪੂਰਬਲਾ ਕਰਮ ਚੰਗਾ ਹੋਵੇ ਤਾਂ ਹੀ ਪੂਰਾ ਗੁਰੂ ਭੇਟੇ=ਮਿਲਦਾ ਹੈ।

ਅੰਤਰਿ ਅਗਿਆਨੁ ਸਬਦਿ ਬੁਝਾਏ ਸਤਿਗੁਰ ਤੇ ਸੁਖੁ ਪਾਇਆ॥ ੩॥

ਅੰਨਵੇਂ-ਸਤਿਗੁਰਾਂ ਦੇ ਸ਼ਬਦ ਦੁਆਰਾ ਜਿਸ ਨੇ ਹਿਰਦੇ ਅੰਦਰੋਂ ਅਗਿਆਨ ਨੂੰ ਬੁਝਾਏ=ਨਵਿਰਤ ਕੀਤਾ ਹੈ ਤੇ=ਉਸ ਪੁਰਸ਼ ਨੇ ਸੁਖ ਪਾਇਆ ਹੈ॥ ੩॥

ਮਨਮੁਖੁ ਅੰਧਾ ਅੰਧੁ ਕਮਾਏ॥ ਬਹੁ ਸੰਕਟ ਜੋਨੀ ਭਰਮਾਏ॥

ਅੰਨ੍ਹਾਂ ਅਗਿਆਨੀ ਮਨਮੁਖ ਅੰਨ੍ਹਿਆਂ ਕਰਮਾਂ ਨੂੰ ਕਮਾਉਂਦਾ ਹੈ। ਇਸ ਲਈ ਬਹੁਤੀਆਂ ਜੂਨੀਆਂ ਵਿਚ ਭਉਂਦਾ ਹੋਇਆ ਬੇਅੰਤ ਸੰਕਟ=ਦੁੱਖ ਭੋਗਦਾ ਹੈ।

ਜਮ ਕਾ ਜੇਵੜਾ ਕਦੇ ਨ ਕਾਟੈ ਅੰਤੇ ਬਹੁ ਦੁਖੁ ਪਾਇਆ॥ ੪॥

ਜਮਾਂ ਦਾ ਜੇਵੜਾ=ਰੱਸਾ (ਫਾਹ) ਉਸ ਦੇ ਗਲੋਂ ਕਦੇ ਭੀ ਟੁੱਟਦਾ ਨਹੀਂ, ਇਸ ਲਈ ਅੰਤ ਵੇਲੇ ਬਹੁਤ ਹੀ ਦੁੱਖ ਪਾਉਂਦਾ ਹੈ॥ ੪॥

ਆਵਣ ਜਾਣਾ ਸਬਦਿ ਨਿਵਾਰੇ॥ ਸਚੁ ਨਾਮੁ ਰਖੈ ਉਰ ਧਾਰੇ॥

ਗੁਰ ਉਪਦੇਸ਼ ਦੁਆਰਾ ਸੱਚ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰਖੇ ਤਾਂ ਆਵਣ ਜਾਣ=ਜੰਮਣਾ ਮਰਨਾ

ਨਵਿਰਤ ਹੋ ਜਾਂਦਾ ਹੈ।

ਗੁਰ ਕੈ ਸਬਦਿ ਮਰੈ ਮਨੁ ਮਾਰੇ ਹਉਮੈ ਜਾਇ ਸਮਾਇਆ ॥ ੫ ॥

ਗੁਰਾਂ ਦੇ ਉਪਦੇਸ਼ ਦੁਆਰਾ ਮਨ ਨੂੰ ਮਾਰੇ ਤਾਂ ਹੀ ਮਨ ਮਰਦਾ ਹੈ,

ਵਾ:-ਤਾਂ ਹੀ ਜੀਵਤ ਭਾਅ ਤੋਂ ਮਰਦਾ ਹੈ। *ਅਥਵਾ:*-ਗੁਰਾਂ ਦੇ ਸ਼ਬਦ ਦੁਆਰਾ ਮਨ ਨੂੰ ਮਾਰੇ ਤਾਂ ਹਉਮੈ ਮਰੈ=ਮਰ ਜਾਂਦੀ ਹੈ, ਹਉਮੈ ਦੇ ਮਰਨ ਕਰਕੇ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ॥ ੫ ॥

ਆਵਣ ਜਾਣੈ ਪਰਜ ਵਿਗੋਈ ॥ ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥

ਇਸ ਆਵਣ ਜਾਣੈ=ਜਨਮ ਮਰਨ ਨੇ ਸਾਰੀ ਪਰਜਾ ਖਰਾਬ ਕਰ ਦਿੱਤੀ ਹੈ। ਸਤਿਗੁਰਾਂ ਦੀ ਕ੍ਰਿਪਾ ਤੋਂ ਬਿਨਾਂ ਕੋਈ ਭੀ ਸਥਿਰ ਨਹੀਂ ਹੁੰਦਾ।

ਅੰਤਰਿ ਜੋਤਿ ਸਬਦਿ ਸੁਖੁ ਵਸਿਆ ਜੋਤੀ ਜੋਤਿ ਮਿਲਾਇਆ ॥ ੬ ॥

ਸਬਦਿ=ਬ੍ਰਹਮ ਜੋਤੀ ਨੂੰ ਹਿਰਦੇ ਅੰਦਰ ਜਾਣਿਆ ਤਾ ਸੁਖ ਵਿਚ ਵਸਿਆ।

ਅਥਵਾ:-ਗੁਰਾਂ ਦੇ ਸ਼ਬਦ ਦੁਆਰਾ ਸੁਖ ਸਰੂਪ ਜੋਤੀ ਪਰਮਾਤਮਾ ਅੰਦਰ ਵਸਿਆ ਤਾਂ ਜੋਤੀ=ਪਰਮਾਤਮਾ ਨੇ ਉਸ ਨੂੰ ਆਪਣੀ ਜੋਤ ਵਿਚ ਮਿਲਾ ਲਿਆ॥ ੬ ॥

ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥

ਪੰਜ (ਕਾਮ ਆਦਿਕ) ਦੂਤਾਂ ਕਰਕੇ ਏਹ ਜੀਵ ਵਿਸ਼ੇ ਵਿਕਾਰਾਂ ਨੂੰ ਹੀ ਚਿਤਵਦਾ ਹੈ। ਮਾਇਆ ਦੇ ਮੋਹ ਦਾ ਹੀ ਇਹ ਸਾਰਾ ਸੰਸਾਰ ਪਸਾਰਾ ਪਸਰਿਆ ਹੋਇਆ ਹੈ।

ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥ ੭ ॥

ਸਤਿਗੁਰਾਂ ਦੀ ਸੇਵਾ ਕਰੇ ਤਾਂ ਕਾਮ ਕਰੋਧ ਆਦਿਕ ਪੰਜ ਦੂਤ ਵਸ ਵਿਚ ਆਉਂਦੇ ਹਨ, ਪੁਨਾ ਇਹ ਜੀਵ ਮੁਕਤ ਰੂਪ ਹੁੰਦਾ ਹੈ॥ ੭ ॥

ਬਾਝੁ ਗੁਰੂ ਹੈ ਮੋਹੁ ਗੁਬਾਰਾ ॥ ਫਿਰਿ ਫਿਰਿ ਡੁਬੈ ਵਾਰੋ ਵਾਰਾ ॥

ਗੁਰੂ ਤੋਂ ਬਿਨਾਂ ਮੋਹ ਰੂਪ ਗੁਬਾਰਾ=ਹਨੇਰਾ ਬਹੁਤ ਹੋ ਰਿਹਾ ਹੈ। ਏਸੇ ਕਰਕੇ ਜੀਵ ਮੁੜ-ਮੁੜ ਕੇ ਵਾਰੰ-ਵਾਰ ਸੰਸਾਰ-ਸਮੁੰਦਰ ਵਿਚ ਡੁੱਬਦਾ ਹੈ।

ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥ ੮ ॥

ਜਿਸ ਨੂੰ ਪੂਰੇ ਸਤਿਗੁਰੂ ਮਿਲ ਕੇ ਸੱਚ ਨਾਮ ਦ੍ਰਿੜ੍ਹ ਕਰਵਾਉਂਦੇ ਹਨ, ਓਸੇ ਦੇ ਮਨ ਵਿਚ ਸੱਚਾ ਨਾਮ ਭਾਇਆ=ਚੰਗਾ ਲਗਾ ਹੈ॥ ੮ ॥

ਸਾਚਾ ਦਰੁ ਸਾਚਾ ਦਰਵਾਰਾ ॥ ਸਚੇ ਸੇਵਹਿ ਸਬਦਿ ਪਿਆਰਾ ॥

ਪਰਮੇਸ਼ਰ ਦਾ ਸਤਸੰਗ ਦਰੁ=ਦਰਵਾਜ਼ਾ ਸੱਚਾ ਹੈ, ਉਹ ਦਰਬਾਰ ਵਾਲਾ ਪਰਮੇਸ਼ਰ ਆਪ ਭੀ ਸੱਚਾ ਹੈ,

ਵਾ:-ਉਸ ਦਾ ਸਰੂਪ ਦਰਬਾਰ ਸੱਚਾ ਹੈ। ਜਿਨ੍ਹਾਂ ਨੂੰ ਗੁਰ ਉਪਦੇਸ਼ ਪਿਆਰਾ ਲਗਾ ਹੈ ਓਹੀ ਸੱਚੇ ਪ੍ਰਭੂ ਨੂੰ ਸੇਂਵਦੇ ਹਨ।

www.sikhbookclub.com

ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ ॥ ੯ ॥

ਜਿਸ ਨੇ ਸੱਚੀ ਗੁਰ ਉਪਦੇਸ਼ ਧੁਨਿ=ਬਾਣੀ ਦੁਆਰੇ ਸੱਚੇ ਗੁਣ ਗਾਉਣਾ ਕੀਤੇ ਹਨ, ਉਹ ਸੱਚੇ ਪ੍ਰਭੂ ਵਿਚ ਸਮਾਇਆ=ਅਭੇਦ ਹੋ ਜਾਂਦਾ ਹੈ॥ ੯॥

ਘਰੈ ਅੰਦਰਿ ਕੋ ਘਰੁ ਪਾਏ ॥ ਗੁਰ ਕੈ ਸਬਦੇ ਸਹਜਿ ਸੁਭਾਏ ॥

ਗੁਰਾਂ ਦੇ ਉਪਦੇਸ਼ ਦੁਆਰਾ ਜਿਸ ਦਾ ਸਹਜਿ ਸੁਭਾਏ=ਸ਼ਾਂਤੀ ਸੁਭਾਅ ਹੋਇਆ ਹੈ, ਉਹ ਕੋਈ ਵਿਰਲਾ ਹੀ ਸਰੀਰ ਘਰ ਦੇ ਅੰਦਰ ਸਰੂਪ-ਘਰ ਨੂੰ ਪਾਉਂਦਾ ਹੈ।

ਓਥੈ ਸੋਗੁ ਵਿਜੋਗੁ ਨ ਵਿਆਪੈ ਸਹਜੇ ਸਹਜਿ ਸਮਾਇਆ ॥ ੧੦ ॥

ਜੋ ਪੁਰਸ਼ ਸਹਜੇ=ਸੁਭਾਵਕ ਹੀ ਸਹਜਿ=ਆਤਮ ਪਦ ਵਿਚ ਸਮਾਇਆ ਹੈ, ਓਥੇ ਕੋਈ ਭੀ ਪਦਾਰਥਾਂ ਦਾ ਵਿਜੋਗੁ ਜਨ ਸੋਗ ਨਹੀਂ ਵਿਆਪਦਾ।

ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥

ਦੁਸਟਾ=ਬੁਰਿਆਂ ਪੁਰਸ਼ਾਂ ਦਾ ਦ੍ਵੈਤ ਭਾਵ ਵਿਚ ਨਿਵਾਸ ਹੁੰਦਾ ਹੈ। ਇਸ ਲਈ ਉਹ ਸਬੰਧੀਆਂ ਦੇ ਮੋਹ ਤੇ ਪਦਾਰਥਾਂ ਦੀ ਪਿਆਸ ਕਰਕੇ ਬਹੁਤ ਹੀ ਭਟਕਦੇ ਫਿਰਦੇ ਰਹਿੰਦੇ ਹਨ।

ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥ ੧੧ ॥

ਜੋ ਕੁਸੰਗਤਿ=ਬੁਰੀ ਸੰਗਤ ਵਿਚ ਬਹਿੰਦੇ ਹਨ ਉਹ ਸਦਾ ਦੁੱਖ ਪਾਉਂਦੇ ਹਨ, ਜਿਨ੍ਹਾਂ ਨੇ ਦੁਖਦਾਇਕ ਮੰਦ ਕਰਮਾਂ ਨੂੰ ਕਮਾਇਆ ਹੈ, ਉਹਨਾਂ ਨੂੰ ਸਦਾ ਦੁੱਖ ਹੁੰਦਾ ਹੈ।

ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥

ਸਤਿਗੁਰਾਂ ਤੋਂ ਬਿਨਾਂ (ਸੰਗਤਿ) ਸੰ+ਗਤਿ=ਭਲੀ ਪ੍ਰਕਾਰ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰ ਉਪਦੇਸ਼ ਤੋਂ ਬਿਨਾਂ ਕੋਈ ਭੀ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਨਹੀਂ ਪਾਉਂਦਾ।

ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥ ੧੨ ॥

ਜੋ ਦਿਨ ਰਾਤ ਸੁਭਾਵਕ ਜਸ ਰੂਪ ਗੁਣਾਂ ਨੂੰ ਰਵਹਿ=ਉਚਾਰਦਾ ਹੈ, ਉਹਨਾਂ ਦੀ ਜੋਤਿ=ਆਤਮਾ ਨੂੰ ਜੋਤੀ =ਪਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ॥ ੧੨॥

ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥
ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥

ਸਰੀਰ ਰੂਪੀ ਬ੍ਰਿਛ ਹੈ ਇਸ ਦੇ ਵਿਚ ਜੀਵ ਰੂਪ ਪੰਛੀ ਦਾ ਨਿਵਾਸ ਹੈ। ਜਿਸ ਦਾ ਗੁਰ ਉਪਦੇਸ਼ ਵਿਚ ਨਿਵਾਸ ਹੈ ਉਹ ਨਾਮ-ਅੰਮ੍ਰਿਤ ਰੂਪ ਚੋਗੇ ਨੂੰ ਚੁਗਦਾ ਹੈ।

ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ ॥ ੧੩ ॥

ਉਸ ਨੇ ਸਰੂਪ ਰੂਪੀ ਨਿਜ ਘਰ ਵਾਸਾ ਪਾਇਆ ਹੈ ਇਸ ਕਰਕੇ ਉਹ ਜੀਵ ਪੰਛੀ ਮੂਲੇ=ਕਦਾਚਿਤ ਉਡਦਾ ਨਹੀਂ ਹੈ, ਭਾਵ-ਕਿਸੇ ਤਰ੍ਹਾਂ ਦੇ ਖਿਆਲਾਂ ਕਰਕੇ ਭੀ ਉਦਾਸ ਨਹੀਂ ਹੁੰਦਾ, ਨ ਆਵਹਿ ਨ ਜਾਹੀ=ਨਾ

www.sikhbookclub.com

ਜੰਮਦਾ ਹੈ ਨਾ ਹੀ ਮਰਦਾ ਹੈ॥ ੧੩॥

ਕਾਇਆ ਸੋਧਹਿ ਸਬਦੁ ਵੀਚਾਰਹਿ॥ ਮੋਹ ਠਗਉਰੀ ਭਰਮੁ ਨਿਵਾਰਹਿ॥

ਜੇਹੜਾ ਪੁਰਸ਼ ਗੁਰ ਉਪਦੇਸ਼ ਵਿਚਾਰ ਕੇ ਆਪਣੀ ਕਾਇਆਂ ਨੂੰ ਸੋਧ ਲੈਂਦਾ ਹੈ ਅਤੇ ਸਬੰਧੀਆਂ ਦੇ ਮੋਹ ਤੇ ਭਰਮ ਰੂਪੀ ਠੱਗ ਬੂਟੀ ਨੂੰ ਨਵਿਰਤ ਕਰ ਲੈਂਦਾ ਹੈ।

ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ॥ ੧੪॥

ਉਸ ਉਤੇ (ਸੁਖਦਾਤਾ) ਪ੍ਰਭੂ ਆਪ ਹੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਅਤੇ ਉਸ ਨੂੰ ਆਪਣੇ ਮੇਲ ਵਿਚ ਮਿਲਾਉਂਦਾ ਹੈ॥ ੧੪॥

[ਪੰਨਾ ੧੦੬੯]

ਸਦ ਹੀ ਨੇੜੈ ਦੂਰਿ ਨ ਜਾਣਹੁ॥ ਗੁਰ ਕੈ ਸਬਦਿ ਨਜੀਕਿ ਪਛਾਣਹੁ॥

ਉਹ ਪ੍ਰਭੂ ਸਦਾ ਹੀ ਨੇੜੇ ਹੈ ਉਸ ਨੂੰ ਦੂਰ ਨਾ ਜਾਣੋ। ਸਗੋਂ-ਗੁਰਾਂ ਦੇ ਉਪਦੇਸ਼ ਦੁਆਰਾ ਉਸ ਨੂੰ ਆਪਣੇ ਕੋਲ ਪਛਾਣ ਲਵੋ।

ਬਿਗਸੈ ਕਮਲੁ ਕਿਰਣਿ ਪਰਗਾਸੈ ਪਰਗਟੁ ਕਰਿ ਦੇਖਾਇਆ॥ ੧੫॥

ਗੁਰੂ ਰੂਪ ਸੂਰਜ ਦੀਆਂ ਉਪਦੇਸ਼ ਰੂਪ ਕਿਰਣਾਂ ਦੇ ਪ੍ਰਕਾਸ਼ਣੇ ਕਰਕੇ ਜਗਿਆਸੂ ਦਾ ਹਿਰਦਾ ਕੌਲ ਬਿਗਸੈ=ਖਿੜਿਆ ਤਾਂ ਬ੍ਰਹਮ ਨੇ ਆਪਣਾ ਆਪ ਪ੍ਰਗਟ ਕਰਕੇ ਵਿਖਾਉਣਾ ਕੀਤਾ॥ ੧੫॥

ਆਪੇ ਕਰਤਾ ਸਚਾ ਸੋਈ॥ ਆਪੇ ਮਾਰਿ ਜੀਵਾਲੇ ਅਵਰੁ ਨ ਕੋਈ॥

ਸਾਰੇ ਜਗਤ ਦਾ ਕਰਤਾ ਉਹ ਪ੍ਰਭੂ ਆਪ ਸੱਚਾ ਹੈ। ਉਹ ਆਪੇ ਮਾਰਦਾ ਤੇ ਜਿਵਾਉਂਦਾ ਹੈ ਉਸ ਵਰਗਾ ਹੋਰ ਕੋਈ ਸਮਰੱਥ ਨਹੀਂ ਹੈ।

ਨਾਨਕ ਨਾਮੁ ਮਿਲੈ ਵਡਿਆਈ
ਆਪੁ ਗਵਾਇ ਸੁਖੁ ਪਾਇਆ॥ ੧੬॥ ੨॥ ੨੪॥

ਗੁਰੂ ਜੀ ਕਥਨ ਕਰਦੇ ਹਨ-ਨਾਮ ਜਪਣ ਨਾਲ ਵਡਿਆਈ ਮਿਲਦੀ ਹੈ, ਜਿਸ ਨੇ ਆਪਾ ਭਾਅ ਹੰਕਾਰ ਗੁਆ ਕੇ ਨਾਮ ਜਪਿਆ ਹੈ ਉਸ ਨੇ ਸੁਖ ਪਾਇਆ ਹੈ॥ ੧੬॥ ੨॥ ੨੪॥

ਮਾਰੂ ਸੋਲਹੇ ਮਹਲਾ ੪

ੴ ਸਤਿਗੁਰ ਪ੍ਰਸਾਦਿ॥

ਸਚਾ ਆਪਿ ਸਵਾਰਣਹਾਰਾ॥ ਅਵਰ ਨ ਸੂਝਸਿ ਬੀਜੀ ਕਾਰਾ॥

ਜੋ ਸੱਚਾ ਵਾਹਿਗੁਰੂ ਆਪ ਹੀ ਸਭ ਦੇ ਸਵਾਰਨ ਵਾਲਾ ਹੈ। ਉਸ ਦੇ ਸਿਮਰਨ ਤੋਂ ਬਿਨਾਂ ਸਾਨੂੰ ਹੋਰ ਕੋਈ ਬੀਜੀ=ਦੂਜੀ ਕਾਰ ਸੁਝਦੀ ਨਹੀਂ ਹੈ।

ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ॥ ੧॥

ਗੁਰਾਂ ਦੁਆਰੇ ਜਿਸ ਗੁਰਮੁਖ ਦੇ ਘਟ=ਹਿਰਦੇ ਅੰਦਰ ਸੱਚ ਨਾਮ ਵਸਦਾ ਹੈ, ਉਸ ਦੀ ਸਹਜੇ=ਸੁਭਾਵਕ

www.sikhbookclub.com

ਹੀ ਸੱਚ ਸਰੂਪ ਵਿਚ ਸਮਾਈ ਹੁੰਦੀ ਹੈ।

ਸਭਨਾ ਸਚੁ ਵਸੈ ਮਨ ਮਾਹੀ॥ ਗੁਰ ਪਰਸਾਦੀ ਸਹਜਿ ਸਮਾਹੀ॥

ਸਾਰਿਆਂ ਜੀਵਾਂ ਦੇ ਮਨ ਵਿਚ ਸੱਚਾ ਵਾਹਿਗੁਰੂ ਵਸ ਰਿਹਾ ਹੈ। ਗੁਰਾਂ ਦੀ ਕ੍ਰਿਪਾ ਹੋਣ ਨਾਲ ਸਹਜ ਪਦ ਵਿਚ ਸਮਾਈ ਹੁੰਦੀ ਹੈ।

ਅਥਵਾ:-ਗੁਰ ਕ੍ਰਿਪਾ ਕਰਕੇ ਸਹਜੇ ਹੀ ਉਸ ਦਾ ਸਮਾਹੀ=ਆਨੰਦ ਪ੍ਰਾਪਤ ਹੁੰਦਾ ਹੈ।

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ॥ ੨॥

ਜਿਸ ਨੇ ਗੁਰੂ ਦੇ ਚਰਨਾਂ ਨਾਲ ਚਿਤ ਦੀ ਬਿਰਤੀ ਲਗਾਈ ਹੈ, ਉਸ ਨੇ ਧੰਨ ਗੁਰੂ, ਧੰਨ ਗੁਰੂ ਕਰਦਿਆਂ ਸਦਾ=ਨਿਤ ਸੁਖ ਪਾਇਆ ਹੈ॥ ੨॥

ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥ ਸਤਿਗੁਰੁ ਸੇਵੀ ਅਵਰੁ ਨ ਦੂਜਾ॥

ਸਤਿਗੁਰੂ ਬ੍ਰਹਮ ਗਿਆਨ ਦੇ ਦਾਤੇ ਹਨ, ਸਤਿਗੁਰੂ ਹੀ ਪੂਜਾ ਕਰਨ ਦੇ ਯੋਗ ਹਨ। ਇਸ ਲਈ ਮੈਂ ਸਤਿਗੁਰਾਂ ਦੀ ਸੇਵਾ ਕਰਦਾ ਹਾਂ, ਹੋਰ ਕੋਈ ਦੂਜਾ ਸਾਧਨ ਕਰਨਾ ਨਹੀਂ ਜਾਣਦਾ।

ਅਥਵਾ:-ਗੁਰੂ ਤੋਂ ਬਿਨਾਂ ਮੁਕਤੀ ਦਾਤਾ ਹੋਰ ਕੋਈ ਦੂਜਾ ਨਹੀਂ ਹੈ।

ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ॥ ੩॥

ਸਤਿਗੁਰਾਂ ਪਾਸੋਂ ਮੈਂ ਰਤਨ=ਅਮੋਲਕ ਨਾਮ ਰੂਪ ਧਨ ਪਾਇਆ ਹੈ, ਇਸ ਲਈ ਮੇਰੇ ਮਨ ਨੂੰ ਸਤਿਗੁਰਾਂ ਦੀ ਸੇਵਾ ਕਰਨੀ ਭਾਈ=ਚੰਗੀ ਲਗੀ ਹੈ॥ ੩॥

ਬਿਨੁ ਸਤਿਗੁਰ ਜੋ ਦੂਜੈ ਲਾਗੇ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ॥

ਸਤਿਗੁਰਾਂ ਦੀ ਸੇਵਾ ਤੋਂ ਬਿਨਾਂ ਹੋ ਕੇ ਜੋ ਦ੍ਵੈਤ ਭਾਵ ਵਿਚ ਲਗੇ ਹਨ।

ਅਥਵਾ:-ਸਤਿਗੁਰੂ ਤੋਂ ਬਿਨਾਂ ਜੋ ਦੂਜੇ ਦੀ ਸੇਵਾ ਵਿਚ ਲਗੇ ਹਨ। ਉਹ ਭਾਗਾਂ ਤੋਂ ਹੀਣੇ ਮਰ ਕੇ ਆਵਹਿ ਜਾਹਿ ਭ੍ਰਮਿ=ਜਨਮ ਮਰਨ ਵਿਚ ਭਾਉਂਦੇ ਹਨ।

ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ॥ ੪॥

ਗੁਰੂ ਜੀ ਕਥਨ ਕਰਦੇ ਹਨ- ਜੇਹੜੇ ਮਨੁੱਖ ਗੁਰਾਂ ਦੀ ਸ਼ਰਨ ਵਿਚ ਆ ਕੇ ਰਹਿਣਗੇ, ਫਿਰ ਉਹਨਾਂ ਦੀ ਗਤਿ=ਮੁਕਤੀ ਹੋ ਜਾਏਗੀ॥ ੪॥

ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ॥

ਮੁਖ ਗੁਰਾਂ ਵਿਚ ਜੇਹੜੀ ਪ੍ਰੀਤੀ ਕਰਨੀ ਹੈ ਏਹ ਸਦਾ ਸੱਚੀ ਹੈ। ਇਸੇ ਲਈ ਮੈਂ ਸਤਿਗੁਰਾਂ ਪਾਸੋਂ ਅਜਾਚੀ=ਪ੍ਰਭੂ ਦਾ ਨਾਮ ਮੰਗਦਾ ਹਾਂ, ਜਿਸ ਕਰਕੇ ਮੈਂ ਫੇਰ ਹੋਰ ਕਿਸੇ ਪਾਸੋਂ ਅਜਾਚੀ=ਮੰਗਾਂ ਨਾ।

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ॥ ੫॥

ਹੇ ਕ੍ਰਿਪਾ ਦੀ ਆਕਰਿ=ਖਾਨ ਹਰਿ ਜੀਉ ! ਆਪ ਦਿਆਲੂ ਹੋ ਕੇ ਮੈਨੂੰ ਗੁਰਾਂ ਦੀ ਸ਼ਰਨ ਵਿਚ ਰੱਖ ਲੈਣਾ ਕਰੋ॥ ੫॥

www.sikhbookclub.com

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥

ਜਾਂ ਸਤਿਗੁਰਾਂ ਦੀ ਕ੍ਰਿਪਾ ਨਾਲ ਪ੍ਰਾਣਾਯਾਮ ਸਿਖਿਆ ਤਾਂ ਦਸਮ ਦੁਆਰ ਪ੍ਰਗਟ ਹੋ ਆਇਆ, ਪੁਨਾ ਦਸਮ ਦੁਆਰ ਵਿੱਚੋਂ ਹੀ ਯੋਗਾਨੰਦ ਰੂਪੀ ਅੰਮ੍ਰਿਤ ਰਸ ਚੋ ਆਇਆ।

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥ ੬ ॥

ਤਿਸ ਦਸਮ ਦੁਆਰ ਵਿਚ ਅਨਹਦ ਧੁਨੀ ਦੇ ਸਬਦ=ਵਾਜੇ ਵਜਦੇ ਹਨ, (ਤਤ, ਤੰਤੀ ਵਿਚ ਚਰਮ ਕਾ ਘਨ ਕਾਸੀ ਕੋ ਜਾਨ।) ਆਦਿਕ ਇਸ ਗੱਲ ਨੂੰ ਵੇਦ ਬਾਣੀ ਕਹਿੰਦੀ ਹੈ।

ਅਥਵਾ:-ਸਤਿਗੁਰਾਂ ਨੇ ਜਾਂ ਸਿੱਖ ਦੇ ਹਿਰਦੇ ਵਿਚ ਨਾਮ ਅੰਮ੍ਰਿਤ ਰਸ ਚੋ ਦੇਣਾ ਕੀਤਾ ਤਾਂ ਦਸਾਂ ਦੁਆਰਿਆਂ ਵਿਚ ਜੋ ਪੂਰਨ ਪ੍ਰਭੂ ਹੈ ਉਹ ਪ੍ਰਗਟ ਹੋ ਆਇਆ। ਤਿਸ ਅੰਤਹਕਰਨ ਵਿਚ ਅਨਹਦ=ਇਕਰਸ ਬੜੀ ਧੁਨ ਨਾਲ ਨਾਮ ਬਾਣੀ ਦੇ ਸਬਦ=ਵਾਜੇ ਵਜਦੇ ਹਨ ਤੇ ਸੁਭਾਵਕ ਹੀ ਉਹਨਾਂ ਦੀ ਸਹਜਿ=ਆਤਮ ਪਦ ਵਿਚ ਸਮਾਈ ਹੁੰਦੀ ਹੈ॥ ੬॥

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥

ਜਿਨ੍ਹਾਂ ਨੂੰ ਕਰਤੇ ਪੁਰਖ ਨੇ ਧੁਰ ਤੋਂ ਹੀ ਭਗਤੀ ਕਰਨੀ ਲਿਖ ਪਾਈ ਹੈ। ਉਹਨਾਂ ਦੀ ਉਮਰ ਅਨਦਿਨੁ= ਰਾਤ ਦਿਨ ਧੰਨ ਗੁਰੂ, ਧੰਨ ਗੁਰੂ ਕਰਦਿਆਂ ਵਿਹਾਈ=ਬਤੀਤ ਹੁੰਦੀ ਹੈ।

ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥ ੭ ॥

ਸਤਿਗੁਰਾਂ ਤੋਂ ਬਿਨਾਂ ਕੋਈ ਸੀਝੈ=ਮੁਕਤ ਨਹੀਂ ਹੁੰਦਾ, ਇਸ ਲਈ ਅਸਾਂ ਨੇ ਗੁਰ ਚਰਨਾਂ ਵਿਚ ਚਿਤ ਬਿਰਤੀ ਲਗਾਈ ਹੈ॥ ੭॥

ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥

ਜਿਸ ਨੂੰ ਗੁਰੂ ਦੇਣਾ ਚਾਹੁੰਦੇ ਹਨ ਉਸ ਨੂੰ ਆਪ ਹੀ ਨਾਮ ਦਾਨ ਦੇਂਦੇ ਹਨ। ਓਹੀ ਗੁਰਮੁਖ ਜਗਿਆਸੂ ਨਾਮ ਪਦਾਰਥ ਨੂੰ ਲੈਂਦਾ ਹੈ।

ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥ ੮ ॥

ਜਿਸ ਨੂੰ ਗੁਰੂ ਕ੍ਰਿਪਾ ਕਰਕੇ ਨਾਮ ਦਾਨ ਦੇਂਦੇ ਹਨ, ਗੁਰੂ ਜੀ ਕਥਨ ਕਰਦੇ ਹਨ-ਉਸ ਦੀ ਨਾਮਿ=ਨਾਮੀ (ਪਰਮਾਤਮਾ) ਵਿਚ ਅਭੇਦਤਾ ਹੋਈ ਹੈ॥ ੮॥

ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥

ਜਿਸ ਨੇ ਸੁਭਾਵਕ ਗੁਰਾਂ ਤੋਂ ਨਾਮ ਪਦਾਰਥ ਲੀਤਾ ਹੈ। ਉਸ ਦੇ ਮਨ ਵਿਚ ਸੁਤੇ ਸਿਧ ਰਤਨ ਰੂਪ ਬ੍ਰਹਮ ਗਿਆਨ ਪ੍ਰਗਟ ਹੋਇਆ ਹੈ।

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥ ੯ ॥

ਏਹ ਨਾਮ ਦੀ ਵਡਿਆਈ ਸਤਿਗੁਰਾਂ ਤੋਂ ਪ੍ਰਾਪਤ ਹੁੰਦੀ ਹੈ, ਇਸ ਲਈ ਮੈਂ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੯॥

ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥

ਜਿਵੇਂ-ਪ੍ਰਤੱਖ ਸੂਰਜ ਦੇ ਉਦੇ ਹੋਣ ਨਾਲ ਨਿਸਿ=ਰਾਤ ਤੇ ਹਨੇਰਾ ਮਿਟ ਜਾਂਦਾ ਹੈ।

ਤਿਵੇਂ-ਗ਼ਿਆਨ ਰੂਪ ਸੂਰਜ ਦੇ ਪ੍ਰਗਟ ਹੋਣ ਨਾਲ ਨਿਸਿ=ਅਵਿਦਿਆ ਰੂਪ ਹਨੇਰਾ ਮਿਟ ਗਿਆ,

ਵਾ:-ਨਿਸਿ=ਅਵਿਦਿਆ ਦੇ ਸਹਿਤ ਪਾਪਾਂ ਰੂਪੀ ਹਨੇਰਾ ਮਿਟ ਗਿਆ।

ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥

ਗੁਰਾਂ ਪਾਸੋਂ ਅਪਾਰਾ=ਸ੍ਰੇਸ਼ਟ ਰਤਨ ਰੂਪ ਗਿਆਨ ਪ੍ਰਾਪਤ ਹੋਣ ਨਾਲ ਅਗਿਆਨ ਰੂਪ ਹਨੇਰਾ ਮਿਟ ਗਿਆ।

ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥ ੧੦ ॥

ਅਤਿ ਭਾਰੀ=ਬੜਾ ਸਰੇਸ਼ਟ, ਰਤਨੁ=ਅਮੋਲਕ਼ ਗਿਆਨ ਪਦਾਰਥ ਜੇਕਰ ਕਰਮਾਂ ਵਾਲਿਆਂ ਨੂੰ ਸਤਿਗੁਰਾਂ ਪਾਸੋਂ ਮਿਲ ਜਾਵੇ ਤਾਂ ਸੁਖ ਪਾਉਂਦਾ ਹੈ॥ ੧੦॥

ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥

ਨਾਮ ਦੇ ਪ੍ਰਤਾਪ ਕਰਕੇ ਗੁਰਮੁਖਾਂ ਦੀ ਸੋਇ=ਸ਼ੋਭਾ ਪ੍ਰਗਟ ਹੋਈ ਹੈ। ਸਾਰੀ ਲੋਇ=ਲੋਕਾਈ ਵਿਚ ਚੰਗਾ ਹੋਣ ਕਰਕੇ ਉਹ ਚਾਰਿਆਂ ਜੁਗਾਂ ਵਿਚ ਨਿਰਮਲ ਹੈ।

ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥ ੧੧ ॥

ਨਾਮਿ=ਨਾਮੀ (ਪਰਮਾਤਮਾ) ਦੇ ਨਾਮ ਸਿਮਰਨ ਵਿਚ ਤਦਾਕਾਰ ਹੋਣ ਕਰਕੇ ਗੁਰਮੁਖ ਨੇ ਸੁਖ ਪਾਇਆ ਹੈ ਅਤੇ ਉਹ ਨਾਮ ਸਿਮਰਨ ਦੇ ਵਿਚ ਹੀ ਲਿਵ ਨੂੰ ਲਗਾ ਰਿਹਾ ਹੈ॥ ੧੧॥

ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥

ਜਿਸ ਗੁਰਮੁਖ ਨੂੰ ਗੁਰਾਂ ਦੁਆਰੇ ਨਾਮ ਸਿਮਰਨ ਪ੍ਰਾਪਤ ਹੁੰਦਾ ਹੈ। ਉਹ ਸੁਭਾਵਕ ਜਾਗਦਾ ਹੈ, ਸੁਭਾਵਕ ਹੀ ਸੌਂਦਾ ਹੈ ਉਸ ਦੀ ਸਾਰੀ ਕਿਰਿਆ ਸੁਭਾਵਕ ਹੁੰਦੀ ਜਾਂਦੀ ਹੈ,

ਵਾ:-ਸਹਜੇ=ਗਿਆਨ ਜਾਗ੍ਰਤ ਵਿਚ ਜਾਗਦਾ ਹੈ ਤੇ ਸਹਜੇ=ਸ਼ਾਂਤੀ ਰੂਪ ਨੀਂਦ ਵਿਚ ਸੌਂਦਾ ਹੈ।

[ਪੰਨਾ ੧੦੭੦]

ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥ ੧੨ ॥

ਗੁਰਮੁਖ ਜਨ ਗੁਰਾਂ ਦੁਆਰੇ ਨਾਮ ਸਿਮਰਨ ਦੀ ਸਮਾਇ=ਇੱਛਾ ਵਿਚ ਸਮਾਉਂਦਾ ਹੈ ਤੇ ਅੱਠੇ ਪਹਿਰ ਨਾਮ ਦਾ ਧਿਆਈ ਹੋਇਆ ਰਹਿੰਦਾ ਹੈ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ-ਜੋ ਗੁਰਮੁਖ ਨਾਮ ਨੂੰ ਧਿਆਉਂਦਾ ਹੈ, ਉਹ ਨਾਮੀ ਪਰਮਾਤਮਾ ਨਾਲ ਸਮਾਇ=ਮਿਲ ਕੇ ਓਸੇ ਵਿਚ ਸਮਾਇ=ਅਭੇਦ ਹੁੰਦਾ ਹੈ॥ ੧੨॥

ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥

ਭਗਤਾਂ ਦੇ ਮੂੰਹੋਂ ਜੋ ਬਾਣੀ ਨਿਕਲਦੀ ਹੈ ਉਹ ਅੰਮ੍ਰਿਤ ਰੂਪ ਹੈ। ਗੁਰਮੁਖ ਭਗਤ ਹਰੀ ਨਾਮ ਨੂੰ ਹੀ

www.sikhbookclub.com

ਆਖਿ=ਮੂੰਹ ਚੋਂ ਉਚਾਰਦੇ ਹਨ।

ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ॥ ੧੩॥

ਹਰਿ ਹਰਿ ਨਾਮ ਉਚਾਰਨ ਕਰਦਿਆਂ ਉਹਨਾਂ ਦਾ ਮਨ ਸਦਾ ਬਿਗਸੈ=ਪ੍ਰਸੰਨ ਹੁੰਦਾ ਹੈ, ਉਹਨਾਂ ਨੇ ਹਰੀ ਦੇ ਚਰਨਾਂ ਨਾਲ ਮਨ ਦੀ ਬਿਰਤੀ ਸਦਾ ਲਗਾਈ ਹੋਈ ਹੈ॥ ੧੩॥

ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ॥

ਅਸਾਂ ਮੂਰਖ ਅਗਿਆਨੀ ਸੀ, ਸਾਨੂੰ ਕੁਝ ਗਿਆਨ ਨਹੀਂ ਸੀ।

ਸਤਿਗੁਰ ਤੇ ਸਮਝ ਪੜੀ ਮਨ ਮਾਹੀ॥

ਹੁਣ ਸਤਿਗੁਰਾਂ ਤੋਂ ਸਮਝ ਪਈ ਹੈ ਕਿ ਉਹ ਪ੍ਰਭੂ ਮਨ ਦੇ ਵਿਚ ਹੀ ਵਸਦਾ ਹੈ।

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਸਤਿਗੁਰ ਕੀ ਸੇਵਾ ਲਾਈ ਹੇ॥ ੧੪॥

ਹੇ ਕਿਰਪਾ ਦੀ ਖਾਨ ਹਰਿ ਜੀਉ ! ਦਿਆਲੂ ਹੋਵੋ ਤੇ ਮੈਨੂੰ ਸਤਿਗੁਰਾਂ ਦੀ ਸੇਵਾ ਵਿਚ ਲਗਾਈ ਰੱਖੋ॥ ੧੪॥

ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ॥
ਸਰਬੇ ਰਵਿ ਰਹਿਆ ਸੁਖਦਾਤਾ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਜਾਤਾ=ਜਾਣਿਆ ਹੈ ਉਹਨਾਂ ਨੇ ਇਕ (ਸੁਖਦਾਤੇ) ਵਾਹਿਗੁਰੂ ਨੂੰ ਸਾਰੇ ਰਵਿ ਰਹਿਆ=ਪਰੀਪੂਰਨ ਹੋ ਰਿਹਾ ਪਛਾਣਿਆ ਹੈ।

ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ॥ ੧੫॥

ਗੁਰ ਸੇਵਾ ਕਰਨ ਵਿਚ ਜਿਨ੍ਹਾਂ ਦੀ ਸੁਰਤ ਸਮਾਈ ਹੈ, ਉਹਨਾਂ ਨੇ ਆਤਮ ਸਰੂਪ ਨੂੰ ਚੀਨਿ=ਜਾਣ ਕੇ ਪਰਮ ਪਦ ਨੂੰ ਪਾਇਆ ਹੈ॥ ੧੫॥

ਜਿਨ ਕਉ ਆਦਿ ਮਿਲੀ ਵਡਿਆਈ॥
ਸਤਿਗੁਰੁ ਮਨਿ ਵਸਿਆ ਲਿਵ ਲਾਈ॥

ਪੂਰਬ ਜਨਮ ਦੇ ਪੁੰਨ ਕਰਮਾਂ ਅਨੁਸਾਰ ਜਿਨ੍ਹਾਂ ਨੂੰ ਆਦੋਂ ਵਡਿਆਈ ਮਿਲੀ ਹੈ। ਉਹਨਾਂ ਦੇ ਮਨ ਵਿਚ ਸਤਿਗੁਰਾਂ ਦਾ ਉਪਦੇਸ਼ ਵਸਿਆ ਹੈ ਅਤੇ ਉਹਨਾਂ ਨੇ ਓਸੇ ਵਿਚ ਲਿਵ ਲਗਾਈ ਹੈ।

ਆਪਿ ਮਿਲਿਆ ਜਗਜੀਵਨੁ ਦਾਤਾ
ਨਾਨਕ ਅੰਕਿ ਸਮਾਈ ਹੇ॥ ੧੬॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਨੂੰ ਜਗਜੀਵਨ ਦਾਤਾ ਪ੍ਰਭੂ ਆਪ ਆ ਕੇ ਮਿਲਿਆ ਹੈ ਅਤੇ ਉਹਨਾਂ ਦੀ ਅੰਕਿ=ਸਰੂਪ ਵਿਚ ਸਮਾਈ ਹੋਈ ਹੈ॥ ੧੬॥ ੧॥

www.sikhbookclub.com

ਮਾਰੂ ਮਹਲਾ ੪ ॥

ਹਰਿ ਅਗਮ ਅਗੋਚਰੁ ਸਦਾ ਅਬਿਨਾਸੀ ॥

ਮਨ ਕਰਕੇ ਅਗਮ, ਇੰਦੀਆਂ ਕਰਕੇ ਅਗੋਚਰ ਜੋ ਹਰੀ ਹੈ ਉਹ ਸਦਾ ਅਬਿਨਾਸੀ=ਨਾਸ ਤੋਂ ਰਹਿਤ ਹੈ।

ਸਰਬੇ ਰਵਿ ਰਹਿਆ ਘਟ ਵਾਸੀ ॥

ਉਹ ਘਟ ਵਾਸੀ=ਪਰਮਾਤਮਾ ਸਾਰਿਆਂ ਵਿਚ ਰਵਿ ਰਹਿਆ=ਪਰੀਪੂਰਨ ਹੋ ਰਿਹਾ ਹੈ।

ਤਿਸੁ ਬਿਨੁ ਅਵਰੁ ਨ ਕੋਈ ਦਾਤਾ ਹਰਿ ਤਿਸਹਿ ਸਰੇਵਹੁ ਪ੍ਰਾਣੀ ਹੇ ॥ ੧ ॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਹੈ, ਹੇ ਪ੍ਰਾਣੀਓ ! ਉਸੇ ਹਰੀ ਨੂੰ ਸਰੇਵਹੁ=ਸਿਮਰਨਾ ਕਰੋ ॥ ੧ ॥

ਜਾ ਕਉ ਰਾਖੈ ਹਰਿ ਰਾਖਣਹਾਰਾ ॥ ਤਾ ਕਉ ਕੋਇ ਨ ਸਾਕਸਿ ਮਾਰਾ ॥

ਉਹ ਰੱਖਣ ਵਾਲਾ ਹਰੀ ਆਪ ਹੱਥ ਦੇ ਕੇ ਜਿਸ ਨੂੰ ਰੱਖਦਾ ਹੈ। ਉਸ ਨੂੰ ਕੋਈ ਭੀ ਮਾਰ ਨਹੀਂ ਸਕਦਾ।

ਸੋ ਐਸਾ ਹਰਿ ਸੇਵਹੁ ਸੰਤਹੁ ਜਾ ਕੀ ਊਤਮ ਬਾਣੀ ਹੇ ॥ ੨ ॥

ਹੇ ਸੰਤੋ ! ਉਸ ਅਜੇਹੇ ਹਰੀ ਨੂੰ ਸੇਵਹੁ=ਸਿਮਰਨਾ ਕਰੋ, ਉਸ ਹਰੀ ਦੀ ਨਾਮ ਬਾਣੀ ਸਭ ਤੋਂ ਉੱਤਮ ਹੈ ॥ ੨ ॥

ਜਾ ਜਾਪੈ ਕਿਛੁ ਕਿਥਾਊ ਨਾਹੀ ॥ ਤਾ ਕਰਤਾ ਭਰਪੂਰਿ ਸਮਾਹੀ ॥

ਜਾਂ ਇਹ ਪੁਰਸ਼ ਜਾਪੈ=ਜਾਣੇ ਕਿ ਕਿਸੇ ਥਾਂ 'ਪਰ ਭੀ ਕੋਈ ਪਦਾਰਥ ਅਚੱਲ ਨਹੀਂ ਹੈ। ਤਾਂ ਹੀ ਕਰਤਾ ਪੁਰਖ ਸਾਰੇ ਭਰਪੂਰ ਹੋ ਕੇ ਸਾਰਿਆਂ ਵਿਚ ਸਮਾਇਆ ਹੋਇਆ ਨਿਸਚੇ ਕਰਦਾ ਹੈ।

ਸੂਕੇ ਤੇ ਫੁਨਿ ਹਰਿਆ ਕੀਤੋਨੁ ਹਰਿ ਧਿਆਵਹੁ ਚੋਜ ਵਿਡਾਣੀ ਹੇ ॥ ੩ ॥

ਜਿਸ ਨੇ ਸੁੱਕੇ ਕਾਠ ਤੋਂ ਫਿਰ ਹਰਿਆ ਭਰਿਆ ਦਰਖ਼ਤ ਕੀਤਾ ਹੈ,

ਵਾ:-ਜਿਸ ਨੇ ਸੁੱਕੇ ਤੋਂ ਫਿਰ ਹਰਿਆ ਕੀਤਾ ਹੈ ਭਾਵ ਮਾਂ ਦੇ ਗਰਭ ਵਿਚ ਪ੍ਰਾਣ ਕਲਾ ਤੋਂ ਬਿਨਾਂ ਹੋਣ ਕਰਕੇ ਪਹਿਲੇ ਸੁੱਕਾ ਸੀ ਫੇਰ ਆਪਣੀ ਸੱਤਾ ਪਾ ਕੇ ਹਰਿਆ ਕੀਤਾ ਹੈ, ਉਸ ਵਿਡਾਣੀ=ਅਸਚਰਜ, ਚੋਜ=ਕੌਤਕਾਂ ਦੇ ਕਰਨ ਵਾਲੇ ਹਰੀ ਨੂੰ ਧਿਆਉਣਾ ਕਰੋ ॥ ੩ ॥

ਜੋ ਜੀਆ ਕੀ ਵੇਦਨ ਜਾਣੈ ॥ ਤਿਸੁ ਸਾਹਿਬ ਕੈ ਹਉ ਕੁਰਬਾਣੈ ॥

ਜੋ ਪ੍ਰਭੂ ਸਾਰਿਆਂ ਜੀਵਾਂ ਦੇ ਦਿਲ ਦੀ ਵੇਦਨ=ਪੀੜਾ ਨੂੰ ਜਾਣਦਾ ਹੈ। ਉਸ ਸਾਹਿਬ=ਮਾਲਕ ਪਰਮਾਤਮਾ ਤੋਂ ਹਉ=ਮੈਂ ਬਲਿਹਾਰ ਜਾਂਦਾ ਹਾਂ।

ਤਿਸੁ ਆਗੈ ਜਨ ਕਰਿ ਬੇਨੰਤੀ ਜੋ ਸਰਬ ਸੁਖਾ ਕਾ ਦਾਣੀ ਹੇ ॥ ੪ ॥

ਹੇ ਪੁਰਖ਼ਾ ! ਤੂੰ ਉਸ ਪ੍ਰਭੂ ਅੱਗੇ ਬੇਨਤੀ ਕਰ, ਜੋ ਸਾਰਿਆਂ ਸੁਖਾਂ ਦਾ ਦਾਨ ਦੇਣ ਵਾਲਾ ਹੈ ॥ ੪ ॥

ਜੋ ਜੀਐ ਕੀ ਸਾਰ ਨ ਜਾਣੈ ॥ ਤਿਸੁ ਸਿਉ ਕਿਛੁ ਨ ਕਹੀਐ ਅਜਾਣੈ ॥

ਜੇਹੜਾ ਪੁਰਸ਼ ਦੂਜੇ ਦੇ ਦਿਲ ਦੀ ਸਾਰ ਸੰਭਾਲ ਜਾਣਦਾ ਨਹੀਂ ਹੈ। ਉਸ ਅਜਾਣੈ=ਅਗਿਆਤ ਪੁਰਸ਼ ਨਾਲ ਕੁਝ ਭੀ ਨਹੀਂ ਕਹਿਣਾ ਚਾਹੀਦਾ।

ਮੂਰਖ ਸਿਉ ਨਹ ਲੂਝੁ ਪਰਾਣੀ ਹਰਿ ਜਪੀਐ ਪਦੁ ਨਿਰਬਾਣੀ ਹੇ॥ ੫॥

ਹੇ ਪ੍ਰਾਣੀ ! ਮੂਰਖ ਨਾਲ ਲੂਝੁ=ਝਗੜਨਾ ਨਾ ਕਰ ਨਿਰਬਾਣੀ=ਨਿਰਬੰਧ ਪਦਵੀ ਦੇ ਦੇਣ ਵਾਲੇ ਹਰੀ ਨੂੰ ਜਪਣਾ ਕਰ॥ ੫॥

ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥

ਤੂੰ ਚਿੰਤਾ ਨਾ ਕਰ, ਕਿਉਂਕਿ ਤੇਰੀ ਚਿੰਤਾ ਕਰਤੇ ਪੁਰਖ ਪਰਮਾਤਮਾ ਨੂੰ ਹੈ। ਜਲਾਂ ਵਿਚ ਤੇ ਥਲਾਂ ਵਿਚ ਜੋ ਭੀ ਜੀਆ ਜੰਤ ਹੈ ਉਹ ਹਰੀ ਸਭਨਾਂ ਨੂੰ ਰੋਜ਼ੀ ਦੇਂਦਾ ਹੈ।

ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ॥ ੬॥

ਪੱਥਰਾਂ ਵਿਚ ਜੋ ਪਖਾਣੀ=ਪਥਰੀਲੇ ਕੀੜੇ ਹਨ, ਉਹਨਾਂ ਨੂੰ ਭੀ ਮੇਰਾ ਪ੍ਰਭੂ ਅਚਿੰਤ=ਅਚਾਨਕ ਦਾਨ ਦੇਂਦਾ ਹੈ।

ਨਾ ਕਰਿ ਆਸ ਮੀਤ ਸੁਤ ਭਾਈ॥
ਨਾ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ॥

ਮਿੱਤਰ, ਪੁੱਤਰ ਤੇ ਭਰਾਵਾਂ ਦੀ ਆਸਾ ਨਾ ਕਰ। ਕਿਸੇ ਪਰਾਏ ਸਾਹ=ਸ਼ਾਹੂਕਾਰ ਜਾਂ ਵਿਹਾਰ ਦੀ ਭੀ ਆਸਾ ਨਾ ਕਰ।

ਬਿਨੁ ਹਰਿ ਨਾਵੈ ਕੋ ਬੇਲੀ ਨਾਹੀ ਹਰਿ ਜਪੀਐ ਸਾਰੰਗਪਾਣੀ ਹੇ॥ ੭॥

ਹਰੀ ਨਾਮ ਤੋਂ ਬਿਨਾਂ ਦਰਗਾਹ ਵਿਚ ਕੋਈ ਬੇਲੀ=ਸਹਾਇਕ ਨਹੀਂ ਹੁੰਦਾ ਤਾਂ ਤੇ ਸਹਾਇਤਾ ਕਰਨ ਵਾਲੇ ਇਕ (ਸਾਰੰਗਪਾਣੀ) ਹਰੀ ਨੂੰ ਜਪਣਾ ਕਰੀਏ॥ ੭॥

ਅਨਦਿਨੁ ਨਾਮੁ ਜਪਹੁ ਬਨਵਾਰੀ॥ ਸਭ ਆਸਾ ਮਨਸਾ ਪੂਰੈ ਥਾਰੀ॥

ਬਨਵਾਰੀ=ਸੰਸਾਰ ਬਨ ਦੇ ਮਾਲਕ ਹਰੀ ਦਾ ਨਾਮ ਰਾਤ ਦਿਨ ਜਪਣਾ ਕਰੋ। ਓਹੀ ਪਰਮਾਤਮਾ ਥਾਰੀ=ਤੁਹਾਡੀ ਆਸਾ ਇਸ ਲੋਕ ਦੀ ਮਨਸਾ ਪ੍ਰਲੋਕ ਦੀ ਸਾਰੀ ਪੂਰੀ ਕਰੇਗਾ।

ਜਨ ਨਾਨਕ ਨਾਮੁ ਜਪਹੁ ਭਵ ਖੰਡਨੁ ਸੁਖਿ ਸਹਜੇ ਰੈਣਿ ਵਿਹਾਣੀ ਹੇ॥ ੮॥

ਗੁਰੂ ਜੀ ਕਥਨ ਕਰਦੇ ਹਨ-ਭਵ ਖੰਡਨੁ=ਡਰ ਦੇ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ ਜਪਣਾ ਕਰੋ ਤਾਂ ਅਵਸਥਾ ਰੂਪੀ ਰਾਤ ਸਹਜੇ ਹੀ ਸੁਖ ਵਿਚ ਵਿਹਾਣੀ=ਬਤੀਤ ਹੁੰਦੀ ਹੈ॥ ੮॥

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥
ਸਹਜੇ ਹੀ ਹਰਿ ਨਾਮਿ ਸਮਾਇਆ॥

ਜਿਸ ਨੇ ਹਰੀ ਨੂੰ ਸੇਵਿਆ ਹੈ ਉਸ ਨੇ ਸੁਖ ਪਾਇਆ ਹੈ ਅਤੇ ਉਹ ਸਹਜੇ ਹੀ ਹਰੀ ਨਾਮੀ ਵਿਚ ਸਮਾਇਆ=ਅਭੇਦ ਹੋ ਗਿਆ ਹੈ।

www.sikhbookclub.com

ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ ਜਾਇ ਪੂਛਹੁ ਵੇਦ ਪੁਰਾਣੀ ਹੇ॥ ੯॥

ਜੋ ਪ੍ਰਭੂ ਦੀ ਸ਼ਰਨ ਵਿਚ ਪੈਂਦਾ ਹੈ ਉਸੇ ਦੀ ਉਹ ਪ੍ਰਭੂ ਇੱਜ਼ਤ ਰੱਖਦਾ ਹੈ, ਬੇਸ਼ਕ ਵੇਦਾਂ ਪੁਰਾਣਾਂ ਤੋਂ ਜਾ ਕੇ ਪੁੱਛ ਲਓ, ਭਾਵ ਗ੍ਰੰਥਾਂ ਨੂੰ ਪੜ੍ਹ ਕੇ ਨਿਸਚੇ ਕਰ ਲਓ॥ ੯॥

ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ॥
ਗੁਰ ਕੈ ਸਬਦਿ ਭਰਮ ਭਉ ਭਾਗੈ॥

ਜਿਸ ਨੂੰ ਹਰੀ ਗੁਰ ਸੇਵਾ ਵਿਚ ਲਗਾਉਂਦਾ ਹੈ ਓਹੀ ਪੁਰਸ਼ ਲਗਦਾ ਹੈ। ਗੁਰਾਂ ਦੇ ਉਪਦੇਸ਼ ਕਰ ਕੇ ਡਰ ਤੇ ਭਰਮ ਭਾਗੈ=ਦੌੜ ਜਾਂਦਾ ਹੈ।

ਵਿਚੇ ਗ੍ਰਿਹ ਸਦਾ ਰਹੈ ਉਦਾਸੀ
ਜਿਉ ਕਮਲੁ ਰਹੈ ਵਿਚਿ ਪਾਣੀ ਹੇ॥ ੧੦॥

ਉਹ ਗ੍ਰਿਹਸਤ ਦੇ ਵਿਚ ਹੀ ਸਦਾ ਇਸ ਤਰ੍ਹਾਂ ਉਦਾਸ ਰਹਿੰਦਾ ਹੈ, ਜਿਵੇਂ ਪਾਣੀ ਵਿਚ ਕੌਲ ਫੁੱਲ ਨਿਰਲੇਪ ਰਹਿੰਦਾ ਹੈ॥ ੧੦॥

[ਪੰਨਾ ੧੦੭੧]

ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਜਨਮਿ ਮਰੈ ਫਿਰਿ ਆਵੈ ਜਾਏ॥

ਹਿਰਦੇ ਵਿਚ ਹੰਗਤਾ ਮਮਤਾ ਹੋਣ ਕਰਕੇ, ਇਸ ਦੀ ਕੀਤੀ ਹੋਈ ਸੇਵਾ ਨੂੰ ਪ੍ਰਭੂ ਥਾਇ ਨ ਪਾਏ=ਕਬੂਲ ਨਹੀਂ ਪਾਉਂਦਾ। ਹੰਗਤਾ ਵਾਲਾ ਪੁਰਸ਼ ਜਨਮ ਮਰਨ ਵਿਚ ਮੁੜ ਮੁੜ ਕੇ ਆਉਂਦਾ ਜਾਂਦਾ ਹੈ।

ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ॥ ੧੧॥

ਉਹ ਤਪ ਪੂਰਾ ਹੈ, ਓਹੀ ਸੇਵਾ ਕੀਤੀ ਹੋਈ ਸਫਲ ਹੈ, ਜੋ ਮੇਰੇ ਹਰੀ ਦੇ ਮਨ ਨੂੰ ਭਾਣੀ=ਚੰਗੀ ਲਗੀ ਹੈ॥ ੧੧॥

ਹਉ ਕਿਆ ਗੁਣੁ ਤੇਰੇ ਆਖਾ ਸੁਆਮੀ॥
ਤੂ ਸਰਬ ਜੀਆ ਕਾ ਅੰਤਰਜਾਮੀ॥

ਹੇ ਸੁਆਮੀ=ਪਰਮਾਤਮਾ ! ਹਉ=ਮੈਂ ਆਪ ਜੀ ਦੇ ਕੇਹੜੇ ਕੇਹੜੇ ਗੁਣ ਕਥਨ ਕਰਾਂ। ਤੂੰ ਸਾਰਿਆਂ ਜੀਵਾਂ ਦਾ ਅੰਤਰਜਾਮੀ ਹੈਂ।

ਹਉ ਮਾਗਉ ਦਾਨੁ ਤੁਝੈ ਪਹਿ ਕਰਤੇ
ਹਰਿ ਅਨਦਿਨੁ ਨਾਮੁ ਵਖਾਣੀ ਹੇ॥ ੧੨॥

ਹੇ ਹਰੀ ਕਰਤੇ ! ਹਉ=ਮੈਂ ਰਾਤ ਦਿਨ ਨਾਮ ਦਾ ਕਥਨ ਕਰਨੇ ਰੂਪ ਦਾਨ ਹੀ ਆਪ ਜੀ ਪਾਸੋਂ ਹਰ ਵੇਲੇ ਮੰਗਦਾ ਹਾਂ॥ ੧੨॥

ਕਿਸ ਹੀ ਜੋਰੁ ਅਹੰਕਾਰ ਬੋਲਣ ਕਾ॥ ਕਿਸ ਹੀ ਜੋਰੁ ਦੀਬਾਨ ਮਾਇਆ ਕਾ॥

ਕਿਸੇ ਨੂੰ ਹੰਕਾਰ ਦੇ ਸਹਿਤ ਬੋਲਣ ਦਾ ਜ਼ੋਰ ਹੈ, ਕਿ ਮੈਂ ਚੰਗਾ ਲੈਕਚਰ ਕਰਦਾ ਹਾਂ।

ਕਿਸੇ ਨੂੰ ਮਾਇਆ ਦੇ ਦੀਬਾਨ=ਆਸਰੇ ਦਾ ਜ਼ੋਰ ਹੈ।

ਅਥਵਾ-ਕਿਸੇ ਨੂੰ ਦੀਵਾਨ=ਕਚਹਿਰੀ ਲਗਾਉਣ ਦਾ ਜ਼ੋਰ ਹੈ, ਕਿਸੇ ਨੂੰ ਮਾਇਆ ਦਾ ਜੋਰੁ=ਬਲ ਹੈ।

ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ
ਤੂ ਕਰਤੇ ਰਾਖੁ ਮੈ ਨਿਮਾਣੀ ਹੇ॥ ੧੩॥

ਮੈਂਨੇ ਹਰੀ ਤੋਂ ਬਿਨਾਂ ਹੋਰ ਕਿਸੇ ਦੀ ਟੇਕ=ਓਟ ਨੂੰ ਧਾਰਨਾ ਨਹੀਂ ਕੀਤਾ,

ਜਾਂ ਮੈਨੂੰ ਹਰੀ ਨਾਮ ਤੋਂ ਬਿਨਾਂ ਹੋਰ ਕੋਈ ਧਰ=ਸਹਾਰਾ, ਜਾਂ ਟੇਕ=ਓਟ ਨਹੀਂ ਹੈ,

ਹੇ ਕਰਤੇ ਪੁਰਖ ! ਮੈਂ ਨਿਮਾਣੀ ਨੂੰ ਇਕ ਤੂੰ ਹੀ ਰਖਣਾ ਕਰ॥ ੧੩॥

ਨਿਮਾਣੇ ਮਾਣੁ ਕਰਹਿ ਤੁਧੁ ਭਾਵੈ॥
ਹੋਰ ਕੇਤੀ ਝਖਿ ਝਖਿ ਆਵੈ ਜਾਵੈ॥

ਨਿਮਾਣਿਆਂ ਦਾ ਮਾਣ ਕਰਨਾ ਇਕ ਆਪ ਜੀ ਨੂੰ ਹੀ ਭਾਉਂਦਾ ਹੈ। ਹੋਰ ਭਾਵੇਂ ਕਿੰਨੀ ਦੁਨੀਆਂ ਉਨ੍ਹਾਂ ਦੀ ਵਿਰੋਧੀ ਹੋਵੇ ਉਹ ਸਾਰੀ ਝੱਖਾਂ ਨੂੰ ਝੱਖ ਕੇ ਆਵੈ ਜਾਵੈ=ਜੰਮਦੀ ਮਰਦੀ ਹੈ।

ਜਿਨ ਕਾ ਪਖੁ ਕਰਹਿ ਤੂ ਸੁਆਮੀ
ਤਿਨ ਕੀ ਊਪਰਿ ਗਲ ਤੁਧੁ ਆਣੀ ਹੇ॥ ੧੪॥

ਹੇ ਸੁਆਮੀ=ਪਰਮਾਤਮਾ ! ਜਿੰਨ੍ਹਾਂ ਦਾ ਤੂੰ ਪੱਖ ਕਰਦਾ ਹੈਂ, ਉਨ੍ਹਾਂ ਦੀ ਗੱਲ ਆਪ ਜੀ ਨੇ ਸਾਰਿਆਂ ਦੇ ਉੱਪਰ ਲਿਆਂਦੀ ਹੈ॥ ੧੪॥

ਹਰਿ ਹਰਿ ਨਾਮੁ ਜਿਨੀ ਸਦਾ ਧਿਆਇਆ॥
ਤਿਨੀ ਗੁਰ ਪਰਸਾਦਿ ਪਰਮ ਪਦੁ ਪਾਇਆ॥

ਜਿੰਨ੍ਹਾਂ ਨੇ ਸਦਾ ਹੀ ਹਰਿ ਹਰਿ ਨਾਮ ਧਿਆਉਣਾ ਕੀਤਾ ਹੈ।

ਉਨ੍ਹਾਂ ਨੇ ਸਤਿਗੁਰਾਂ ਦੀ ਕ੍ਰਿਪਾ ਨਾਲ ਪਰਮਪਦੁ=ਆਤਮਪਦ ਨੂੰ ਪਾਇਆ ਹੈ।

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ
ਬਿਨੁ ਸੇਵਾ ਪਛੋਤਾਣੀ ਹੇ॥ ੧੫॥

ਜਿੰਨ੍ਹਾਂ ਨੇ ਹਰੀ ਨੂੰ ਸਿਮਰਿਆ ਹੈ, ਉਨ੍ਹਾਂ ਨੇ ਸੁਖ ਪਾਇਆ ਹੈ,

ਸੇਵਾ ਤੋਂ ਬਿਨਾਂ ਜਿੰਨੀ ਭੀ ਦੁਨੀਆਂ ਹੈ ਉਹ ਪਸ਼ਚਾਤਾਪ ਕਰਦੀ ਹੈ॥ ੧੫॥

ਤੂ ਸਭ ਮਹਿ ਵਰਤਹਿ ਹਰਿ ਜਗੰਨਾਥੁ॥
ਸੋ ਹਾਂ ਜਪੈ ਜਿਸੁ ਗੁਰ ਮਸਤਕਿ ਹਾਥੁ॥

ਹੇ ਜੁਗਤ ਦੇ ਸੁਆਮੀ ਹਰੀ ! ਤੂੰ ਸਾਰਿਆਂ ਵਿਚ ਵਰਤ ਰਿਹਾ ਹੈਂ।

www.sikhbookclub.com

ਓਹੀ ਜਨ ਹਰੀ ਨਾਮ ਜਪਦਾ ਹੈ ਜਿਸ ਦੇ ਸਿਰ ਉਤੇ ਗੁਰਾਂ ਦਾ ਹੱਥ ਹੈ।

ਹਰਿ ਕੀ ਸਰਣਿ ਪਇਆ ਹਰਿ ਜਾਪੀ
ਜਨੁ ਨਾਨਕੁ ਦਾਸੁ ਦਸਾਣੀ ਹੇ॥ ੧੬॥ ੨॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਦੀ ਸਰਨੀਂ ਪਿਆ ਹੈ ਅਤੇ ਹਰੀ ਨਾਮ ਜਪਦਾ ਹੈ, ਮੈਂ ਉਸ ਦੇ ਦਾਸਾਂ ਦਾ ਦਾਸ ਹਾਂ॥ ੧੬॥ ੨॥

(ਚੌਥੇ ਗੁਰੂ ਜੀ ਦੇ ਮਾਰੂ ਸੋਲਹੇ ਸਮਾਪਤ) ਇਥੋਂ ਤੱਕ ਆਏ

ਮਾਰੂ ਰਾਗੁ ਵਿੱਚ ਸ਼ਬਦਾਂ ਦਾ ਵੇਰਵਾ-

ਸ੍ਰੀ ਗੁਰੂ ਨਾਨਕ ਦੇਵ ਜੀ ਦੇ	੧੨
ਸ੍ਰੀ ਗੁਰੂ ਅਮਰਦਾਸ ਜੀ ਦੇ	੫
ਸ੍ਰੀ ਗੁਰੂ ਰਾਮਦਾਸ ਜੀ	੮
ਸ੍ਰੀ ਗੁਰੂ ਅਰਜਨ ਦੇਵ ਜੀ ਦੇ	੩੨
ਸ੍ਰੀ ਗੁਰੂ ਤੇਗ ਬਹਾਦਰ ਜੀ ਦੇ	੩
ਜੋੜ	੬੦

ਅਸਟਪਦੀਆਂ

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ	੧੧
ਸ੍ਰੀ ਗੁਰੂ ਅਮਰਦਾਸ ਜੀ ਦੀ	੧
ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ	੮
ਜੋੜ	੨੦

ਸੋਲਹੇ

ਸ੍ਰੀ ਗੁਰੂ ਨਾਨਕ ਦੇਵ ਜੀ ਦੇ	੨੨
ਸ੍ਰੀ ਗੁਰੂ ਅਮਰਦਾਸ ਜੀ ਦੇ	੨੪
ਸ੍ਰੀ ਗੁਰੂ ਰਾਮਦਾਸ ਜੀ ਦੇ	੨
ਜੋੜ	੪੮

ੴ ਸਤਿਗੁਰ ਪ੍ਰਸਾਦਿ ॥

ਆਦਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ



ਸੈਂਚੀ ਅੱਠਵੀਂ

ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਅਠਵੀਂ

ਮਾਰੂ, ਤੁਖਾਰੀ, ਕੇਦਾਰਾ, ਭੈਰਉ ਤੇ ਬਸੰਤੁ ਰਾਗੁ ਦਾ
ਉੱਥਾਨਕਾਵਾਂ, ਸਾਖੀਆਂ ਪ੍ਰਮਾਣਾਂ ਸਹਿਤ ਵਿਸਥਾਰ ਪੂਰਬਕ ਟੀਕਾ।

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :

ਭਾ. ਜਤਿੰਦਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂ ਪੁਰਸ਼, ਸ੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-148-7
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-

(1500) ਪਹਿਲੀ ਵਾਰ ਸਤੰਬਰ 1978
(500) ਸਤਵੀਂ ਵਾਰ : ਮਾਰਚ 2004
(1000) ਅੱਠਵੀ ਵਾਰ ਅਪ੍ਰੈਲ 2005
(1000) ਨੌਵੀਂ ਐਡੀਸ਼ਨ ਦਸੰਬਰ 2007

ਭੇਟਾ : 280-00

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਟੈਲੀ-ਫੈਕਸ : (0183) 2542346, 2547974, 2557973

E-mail : csjs@vsnl.com

Visit our Website : www.csjs.com

ਇਸ ਨੌਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ *Computerised* ਜਾਂ *C.D. Player* ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। *Copy Right* ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 3094012

ੴ ਸਤਿਗੁਰ ਪ੍ਰਸਾਦਿ॥

ਸੰਪ੍ਰਦਾਈ ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਟੀਕ ਦੀ

ਸੈਂਚੀ ਅਠਵੀਂ

ਸ਼ਬਦਾਂ ਦਾ ਤਤਕਰਾ

ਰਾਗੁ ਮਾਰੂ
ਸੋਲਹੇ ਮਹਲਾ ੫

ਕਲਾ ਉਪਾਇ ---------- ੯
ਸੰਗੀ ਜੋਗੀ ਨਾਰਿ ਲਪਟਾਣੀ ---------- ੧੩
ਕਰੈ ਅਨੰਦੁ ਅਨੰਦੀ ਮੇਰਾ ---------- ੧੭
ਗੁਰੁ ਗੋਪਾਲੁ ਗੁਰੁ ਗੋਵਿੰਦਾ ---------- ੨੧
ਆਦਿ ਨਿਰੰਜਨੁ ---------- ੨੪
ਜੋ ਦੀਸੈ ਸੋ ਏਕੋ ਜੂਹੈ ---------- ੨੮
ਸੁਰਤਿ ਦੇਖਿ ਨ ਭੂਲੁ ਗਵਾਰਾ ---------- ੩੨
ਸਿਮਰੈ ਧਰਤੀ ਅਰੁ ਆਕਾਸਾ ---------- ੩੫
ਪ੍ਰਭ ਸਮਰਥ ਸਰਬ ਸੁਖ ਦਾਨਾ ---------- ੪੦
ਤੂ ਸਾਹਿਬੁ ਹਉ ਸੇਵਕੁ ਕੀਤਾ ---------- ੪੪
ਅਚੁਤ ਪਾਰਬ੍ਰਹਮ ਪਰਮੇਸੁਰ ---------- ੪੮
ਅਲਹ ਅਗਮ ਖੁਦਾਈ ਬੰਦੇ ---------- ੫੯
ਪਾਰਬ੍ਰਹਮ ਸਭ ਊਚ ਬਿਰਾਜੇ ---------- ੬੯
ਚਰਨ ਕਮਲ ਹਿਰਦੈ ਨਿਤ ਧਾਰੀ ---------- ੭੩

ਮਾਰੂ ਵਾਰ ਮਹਲਾ ੩

ਵਿਣੁ ਗਾਹਕ ਗੁਣੁ ਵੇਚੀਐ ---------- ੭੬
ਕੇਦਾਰਾ ਰਾਗਾ ਵਿਚਿ ਜਾਣੀਐ ---------- ੭੮
ਭੂਲੀ ਭੂਲੀ ਮੈ ਫਿਰੀ ---------- ੮੦
ਜਿਨਾ ਗੁਰੁ ਨਹੀ ਭੇਟਿਆ ---------- ੮੧
ਮਹਲ ਕੁਚਜੀ ਮੈਡਵੜੀ ---------- ੮੨
ਪਿਰ ਖੁਸੀਏ ਧਨ ਰਾਵੀਏ ---------- ੮੩
ਸਭਨਾ ਕਾ ਪਿਰੁ ਏਕੁ ਹੈ ---------- ੮੪
ਨਾ ਮੈਲਾ ਨਾ ਧੁੰਧਲਾ ---------- ੮੫
ਜੋਗੀ ਹੋਵਾ ਜਗਿ ਭਵਾ ---------- ੮੬
ਕਾਗਉ ਹੋਇ ਨ ਊਜਲਾ ---------- ੮੮
ਹੋਵਾ ਪੰਡਿਤੁ ਜੋਤਕੀ ---------- ੮੯
ਹੁਕਮਿ ਰਜਾਈ ਸਾਥਤੀ ---------- ੯੦
ਸਰਬੇ ਜੋਇ ਅਗਛਮੀ ---------- ੯੧
ਭੋਲਤਣਿ ਭੈ ਮਨਿ ਵਸੈ ---------- ੯੩
ਸੁਣੀਐ ਏਕੁ ਵਖਾਣੀਐ ---------- ੯੪
ਮਨਮੁਖ ਵਾਪਾਰੈ ਸਾਰ ਨ ਜਾਣਨੀ ---------- ੯੬
ਇਸੁ ਜਗ ਮਹਿ ਸੰਤੀ ਧਨੁ ਖਟਿਆ ---------- ੯੭
ਲੋਕੁ ਅਵਗਣਾ ਕੀ ਬੰਨ੍ਹੈ ਗੰਠੜੀ ---------- ੯੯
ਹਉਮੈ ਕਰੀ ਤਾਂ ਤੂ ਨਾਹੀ ---------- ੧੦੧
ਆਪੇ ਜਾਣੈ ਕਰੇ ਆਪਿ ---------- ੧੦੨
ਮਾਇਆ ਮਨਹੁ ਨ ਵੀਸਰੈ ---------- ੧੦੩
ਜਿਨ ਕਉ ਅੰਦਰਿ ਗਿਆਨੁ ਨਹੀ ---------- ੧੦੪

ਮਾਰੂ ਵਾਰ ਮਹਲਾ ੫
ਡਖਣੇ ਮ: ੫

ਤੂ ਚਉ ਸਜਣ ਮੈਡਿਆ ---------- ੧੦੭
ਜੇ ਤੂ ਮਿਤ੍ਰ ਅਸਾਡੜਾ ---------- ੧੦੯
ਜੇ ਤੂ ਵਤਹਿ ਅੰਛਣੇ ---------- ੧੧੦
ਜਾ ਮੂ ਪਸੀ ਹਠ ਮੈ ---------- ੧੧੨
ਕੁਰੀਏ ਕੁਰੀਏ ਵੈਦਿਆ ---------- ੧੧੪
ਗਹਡੜਾ ਤ੍ਰਿਣਿ ਛਾਇਆ ---------- ੧੧੭
ਆਗਾਹਾ ਕੂ ਤ੍ਰਾਘਿ ---------- ੧੨੦
ਡੇਖਣ ਕੂ ਮੁਸਤਾਕੁ ---------- ੧੨੧
ਜਿਨਾ ਪਿਛੈ ਹਉ ਗਈ ---------- ੧੨੨
ਜਾ ਛੁਟੇ ਤਾ ਖਾਕੁ ਤੂ ---------- ੧੨੪
ਜਾ ਮੂੰ ਆਵਹਿ ਚਿਤਿ ਤੂ ---------- ੧੨੬

ਲੋੜੀਦੋ ਹਭ ਜਾਇ ---------- ੧੨੭
ਮੂ ਥੀਆਊ ਤਖਤੁ ---------- ੧੨੯
ਸੋ ਨਿਵਾਹੂ ਗਡਿ ---------- ੧੩੧
ਮੁਖਹੁ ਅਲਾਏ ਹਭ ---------- ੧੩੨
ਪਰਭਾਤੇ ਪ੍ਰਭ ਨਾਮੁ ਜਪਿ ---------- ੧੩੪
ਸਚੁ ਸੁਹਾਵਾ ਕਾਢੀਐ ---------- ੧੩੫
ਡਿਠੀ ਹਭ ਢੰਢੋਲਿ ---------- ੧੩੭
ਸੈ ਨੰਗੇ ਨਹ ਨੰਗ ---------- ੧੩੮
ਜੋ ਡੁਬੰਦੋ ਆਪਿ ---------- ੧੪੦
ਲਗੜੀਆ ਪਿਰੀਅੰਨਿ ---------- ੧੪੨
ਨਾਨਕ ਕਚੜਿਆ ਸਿਉ ਤੋੜਿ ---------- ੧੪੪
ਪਹਿਲਾ ਮਰਣੁ ਕਬੂਲਿ ---------- ੧੪੬

ਭਗਤ ਬਾਣੀ
ਕਬੀਰ ਜੀਉ ਕੀ

ਪੜੀਆ ਕਵਨ ਕੁਮਤਿ ਤੁਮ ਲਾਗੇ ---------- ੧੪੯
ਬਨਹਿ ਬਸੇ ਕਿਉ ਪਾਈਐ ---------- ੧੫੧
ਰਿਧਿ ਸਿਧਿ ਜਾ ਕਉ ਫੁਰੀ ---------- ੧੫੨
ਉਦਕ ਸਮੁੰਦ ਸਲਲ ਕੀ ਸਾਖਿਆ ---------- ੧੫੪
ਜਉ ਤੁਮ੍ ਮੋਕਉ ਦੂਰਿ ਕਰਤ ਹਉ ---------- ੧੫੬
ਜਿਨਿ ਗੜ ਕੋਟ ਕੀਏ ਕੰਚਨ ਕੇ ---------- ੧੫੭
ਦੇਹੀ ਗਾਵਾ ਜੀਉ ਧਰ ਮਹਤਉ ---------- ੧੫੮
ਅਨਭਉ ਕਿਨੈ ਨ ਦੇਖਿਆ ---------- ੧੫੯
ਰਾਜਨ ਕਉਨੁ ਤੁਮਾਰੈ ਆਵੈ ---------- ੧੬੨
ਗਗਨ ਦਮਾਮਾ ਬਾਜਿਓ ---------- ੧੬੩
ਸੂਰਾ ਸੋ ਪਹਿਚਾਨੀਐ ---------- ੧੬੩

ਨਾਮਦੇਉ ਜੀ ਕੀ

ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ---------- ੧੬੫

ਕਬੀਰ ਜੀਉ

ਦੀਨੁ ਬਿਸਾਰਿਓ ਰੇ ਦਿਵਾਨੇ ---------- ੧੭੨

ਬਾਣੀ ਜੈਦੇਉ ਜੀਉ ਕੀ

ਚੰਦ ਸਤ ਭੇਦਿਆ ਨਾਦ ਸਤ ---------- ੧੭੪

ਕਬੀਰ ॥ ਮਾਰੂ

ਰਾਮੁ ਸਿਮਰੁ ---------- ੧੭੫

ਬਾਣੀ ਰਵਿਦਾਸ ਜੀਉ ਕੀ

ਐਸੀ ਲਾਲ ਤੁਝ ਬਿਨੁ ---------- ੧੮੦
ਸੁਖ ਸਾਗਰ ਸੁਰਿਤਰੁ ਚਿੰਤਾਮਨਿ ---------- ੧੮੧

ਰਾਗੁ ਤੁਖਾਰੀ
ਮਹਲਾ ੧ ਛੰਤ
(ਬਾਰਹ ਮਾਹਾ)

ਤੂ ਸੁਣਿ ਕਿਰਤ ਕਰੰਮਾ ---------- ੧੮੪
ਪਹਿਲੈ ਪਹਰੈ ਨੈਣ ਸਲੋਨੜੀਏ ---------- ੨੧੧
ਤਾਰਾ ਚੜਿਆ ਲੰਮਾ ---------- ੨੧੫
ਭੋਲਾਵੜੈ ਭੁਲੀ ---------- ੨੧੭
ਮੇਰੇ ਲਾਲ ਰੰਗੀਲੇ ---------- ੨੨੦
ਏ ਮਨ ਮੇਰਿਆ ---------- ੨੨੪

ਤੁਖਾਰੀ ਛੰਤ ਮਹਲਾ ੪

ਅੰਤਰਿ ਪਿਰੀ ਪਿਆਰੁ ---------- ੨੨੭
ਹਰਿ ਹਰਿ ਅਗਮ ਅਗਾਧਿ ---------- ੨੩੦
ਤੂ ਜਗਜੀਵਨੁ ਜਗਦੀਸੁ ---------- ੨੩੩
ਨਾਵਣੁ ਪੁਰਬੁ ਅਭੀਚੁ ---------- ੨੩੭

ਤੁਖਾਰੀ ਛੰਤ ਮਹਲਾ ੫

ਘੋਲਿ ਘੁਮਾਈ ਲਾਲਨਾ ---------- ੨੪੨

ਰਾਗੁ ਕੇਦਾਰਾ
ਮਹਲਾ ੪

ਮੇਰੇ ਮਨ ਰਾਮ ਨਾਮ ---------- ੨੪੫
ਮੇਰੇ ਮਨ ਹਰਿ ਹਰਿ ਗੁਨ ---------- ੨੪੬

ਮਹਲਾ ੫

ਮਾਈ ਸੰਤ ਸੰਗਿ ਜਾਗੀ ---------- ੨੪੭
ਦੀਨ ਬਿਨਉ ਸੁਨੁ ---------- ੨੪੮
ਸਰਨੀ ਆਇਓ ਨਾਥ ਨਿਧਾਨ ---------- ੨੪੯
ਹਰਿ ਕੇ ਦਰਸਨ ਕੋ ਮਨਿ ਚਾਉ ---------- ੨੪੯
ਪ੍ਰਿਅ ਕੀ ਪ੍ਰੀਤਿ ਪਿਆਰੀ ---------- ੨੫੦
ਹਰਿ ਹਰਿ ਹਰਿ ਗੁਨ ਗਾਵਹੁ ---------- ੨੫੧
ਹਰਿ ਬਿਨੁ ਜਨਮੁ ਅਕਾਰਥ ਜਾਤ ---------- ੨੫੨
ਹਰਿ ਬਿਨੁ ਕੋਇ ਨ ਚਾਲਸਿ ਸਾਥ ---------- ੨੫੨
ਬਿਸਰਤ ਨਾਹਿ ਮਨ ਤੇ ਹਰੀ ---------- ੨੫੩
ਪ੍ਰੀਤਮੁ ਬਸਤ ਰਿਦ ਮਹਿ ਖੋਰ ---------- ੨੫੪
ਰਸਨਾ ਰਾਮ ਰਾਮ ਬਖਾਨੁ ---------- ੨੫੪
ਹਰਿ ਕੇ ਨਾਮ ਕੋ ਆਧਾਰੁ ---------- ੨੫੫
ਹਰਿ ਕੇ ਨਾਮ ਬਿਨੁ ਧ੍ਰਿਗੁ ਸੋਭ ---------- ੨੫੬
ਸੰਤਹ ਧੂਰਿ ਲੇ ਮੁਖਿ ਮਲੀ ---------- ੨੫੬
ਹਰਿ ਕੇ ਨਾਮ ਕੀ ਮਨ ਰੁਚੈ ---------- ੨੫੭

ਕੇਦਾਰਾ ਛੰਤ ਮਹਲਾ ੫

ਮਿਲੁ ਮੇਰੇ ਪ੍ਰੀਤਮ ਪਿਆਰਿਆ ---------- ੨੫੮

ਭਗਤ ਬਾਣੀ

ਕਬੀਰ ਜੀਉ ਕੀ

ਉਸਤਤਿ ਨਿੰਦਾ ਦੋਊ ਬਿਬਰਜਿਤ ---------- ੨੬੧
ਕਿਨਹੀ ਬਨਜਿਆ ਕਾਂਸੀ ਤਾਂਬਾ ---------- ੨੬੩
ਰੀ ਕਲਵਾਰਿ ਗਵਾਰਿ ਮੂਢ ਮਤਿ ---------- ੨੬੫
ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ---------- ੨੬੭
ਟੇਢੀ ਪਾਗ ਟੇਢੇ ਚਲੇ ---------- ੨੬੯
ਚਾਰਿ ਦਿਨ ਅਪਨੀ ਨਉਬਤਿ ---------- ੨੭੦

ਬਾਣੀ ਰਵਿਦਾਸ ਜੀਉ ਕੀ

ਖਟੁ ਕਰਮ ਕੁਲ ਸੰਜੁਗਤੁ ਹੈ ---------- ੨੭੧

ਰਾਗੁ ਭੈਰਉ

ਮਹਲਾ ੧

ਤੁਝ ਤੇ ਬਾਹਰਿ ਕਿਛੂ ਨ ਹੋਇ ---------- ੨੭੪
ਗੁਰ ਕੈ ਸਬਦਿ ਤਰੇ ਮੁਨਿ ਕੇਤੇ ---------- ੨੭੫
ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ---------- ੨੭੬
ਭੂੰਡੀ ਚਾਲ ਚਰਣ ਕਰ ਖਿਸਰੇ ---------- ੨੭੭
ਸਗਲੀ ਰੈਣਿ ਸੋਵਤ ਗਲਿ ਫਾਹੀ ---------- ੨੭੮
ਗੁਰ ਕੈ ਸੰਗਿ ਰਹੈ ਦਿਨੁ ਰਾਤੀ ---------- ੨੮੦
ਹਿਰਦੈ ਨਾਮੁ ਸਰਬ ਧਨੁ ਧਾਰਣੁ ---------- ੨੮੧
ਜਗਨ ਹੋਮ ਪੁੰਨ ਤਪ ਪੂਜਾ ---------- ੨੮੨

ਮਹਲਾ ੩

ਜਾਤਿ ਕਾ ਗਰਬੁ ਨ ਕਰੀਅਹੁ ਕੋਈ ---------- ੨੮੪
ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ---------- ੨੮੫
ਜਾ ਕਉ ਰਾਖੈ ਅਪਣੀ ਸਰਣਾਈ ---------- ੨੮੬
ਮੈ ਕਾਮਣਿ ਮੇਰਾ ਕੰਤੁ ਕਰਤਾਰੁ ---------- ੨੮੭
ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ---------- ੨੮੭
ਰਾਮ ਨਾਮੁ ਜਗਤ ਨਿਸਤਾਰਾ ---------- ੨੮੯
ਨਾਮੇ ਉਧਰੇ ਸਭਿ ਜਿਤਨੇ ਲੋਅ ---------- ੨੮੯
ਗੋਵਿੰਦ ਪ੍ਰੀਤਿ ਸਨਕਾਦਿਕ ਉਧਾਰੇ ---------- ੨੯੦
ਕਲਜੁਗ ਮਹਿ ਰਾਮ ਨਾਮੁ ਉਰ ਧਾਰੁ ---------- ੨੯੧
ਕਲਜੁਗ ਮਹਿ ਬਹੁ ਕਰਮ ਕਮਾਹਿ ---------- ੨੯੨
ਦੁਬਿਧਾ ਮਨਮੁਖ ਰੋਗਿ ਵਿਆਪੇ ---------- ੨੯੩
ਮਨਮੁਖਿ ਦੁਬਿਧਾ ਸਦਾ ਹੈ ਰੋਗੀ ---------- ੨੯੪
ਦੁਖ ਵਿਚਿ ਜੰਮੈ ਦੁਖਿ ਮਰੈ ---------- ੨੯੫
ਸਬਦੁ ਬੀਚਾਰੇ ਸੋ ਜਨੁ ਸਾਚਾ ---------- ੨੯੭
ਮਨਮੁਖ ਆਸਾ ਨਹੀ ਉਤਰੈ ---------- ੨੯੮
ਕਲਿ ਮਹਿ ਪ੍ਰੇਤ ---------- ੨੯੯
ਮਨਸਾ ਮਨਹਿ ਸਮਾਇ ਲੈ ---------- ੩੦੦
ਬਾਝੁ ਗੁਰੂ ਜਗਤੁ ਬਉਰਾਨਾ ---------- ੩੦੧
ਹਉਮੈ ਮਾਇਆ ਮੋਹਿ ਖੁਆਇਆ ---------- ੩੦੩
ਮੇਰੀ ਪਟੀਆ ਲਿਖਹੁ ---------- ੩੦੪
ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ---------- ੩੦੬

ਮਹਲਾ ੪

ਹਰਿ ਜਨ ਸੰਤ ਕਰਿ ਕਿਰਪਾ ---------- ੩੦੮
ਬੋਲਿ ਹਰਿ ਨਾਮੁ ਸਫਲ ਸਾ ਘਰੀ ---------- ੩੦੯
ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ---------- ੩੧੦
ਸਭਿ ਘਟ ਤੇਰੇ ---------- ੩੧੧
ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ---------- ੩੧੨
ਤੇ ਸਾਧੂ ਹਰਿ ਮੇਲਹੁ ਸੁਆਮੀ ---------- ੩੧੩
ਸਤਸੰਗਤਿ ਸਾਈ ਹਰਿ ਤੇਰੀ ---------- ੩੧੪

ਮਹਲਾ ੫

ਸਗਲੀ ਥੀਤਿ ਪਾਸਿ ਡਾਰਿ ਰਾਖੀ ---------- ੩੧੬
ਊਠਤ ਸੁਖੀਆ ਬੈਠਤ ਸੁਖੀਆ ---------- ੩੧੭
ਵਰਤ ਨ ਰਹਉ ---------- ੩੧੮
ਦਸ ਮਿਰਗੀ ਸਹਜੇ ਬੰਧਿ ਆਨੀ ---------- ੩੨੦
ਜੇ ਸਉ ਲੋਚਿ ਲੋਚਿ ਖਾਵਾਇਆ ---------- ੩੨੨
ਜੀਉ ਪ੍ਰਾਣ ਜਿਨਿ ਰਚਿਓ ਸਰੀਰ ---------- ੩੨੪
ਆਗੈ ਦਯੁ ਪਾਛੈ ਨਾਰਾਇਣ ---------- ੩੨੫
ਕੋਟਿ ਮਨੋਰਥ ਆਵਹਿ ਹਾਥ ---------- ੩੨੫
ਲੇਪ ਨ ਲਾਗੋ ਤਿਲ ਕਾ ਮੂਲਿ ---------- ੩੨੭
ਖੂਬੁ ਖੂਬੁ ਖੂਬੁ ਖੂਬੁ ---------- ੩੨੮
ਸਾਚ ਪਦਾਰਥੁ ਗੁਰਮੁਖਿ ਲਹਹੁ ---------- ੩੩੦
ਸਤਿਗੁਰੁ ਸੇਵਿ ਸਰਬ ਫਲ ਪਾਏ ---------- ੩੩੦
ਅਪਣੇ ਦਾਸ ਕਉ ---------- ੩੩੧
ਸ੍ਰੀਧਰ ਮੋਹਨ ਸਗਲ ਉਪਾਵਨ ---------- ੩੩੨
ਬਨ ਮਹਿ ਪੇਖਿਓ ---------- ੩੩੩
ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ---------- ੩੩੫
ਜਿਸੁ ਤੂ ਰਾਖਹਿ ---------- ੩੩੬
ਤਉ ਕੜੀਐ ਜੇ ਹੋਵੈ ਬਾਹਰਿ ---------- ੩੩੭
ਬਿਨੁ ਬਾਜੇ ਕੈਸੋ ਨਿਰਤਕਾਰੀ ---------- ੩੩੮
ਹਉਮੈ ਰੋਗੁ ਮਾਨੁਖ ਕਉ ਦੀਨਾ ---------- ੩੪੦

ਚੀਤਿ ਆਵੈ ਤਾਂ ਮਹਾ ਅਨੰਦ ---------- ੩੪੧
ਬਾਪੁ ਹਮਾਰਾ ਸਦ ਚਰੰਜੀਵੀ ---------- ੩੪੨
ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ---------- ੩੪੪
ਸਤਿਗੁਰੁ ਮੇਰਾ ਬੇਮੁਹਤਾਜੁ ---------- ੩੪੬
ਨਾਮੁ ਲੈਤ ਮਨੁ ਪਰਗਟੁ ---------- ੩੪੭
ਨਮਸਕਾਰ ਤਾ ਕਉ ਲਖ ਬਾਰ ---------- ੩੪੮
ਮੋਹਿ ਦੁਹਾਗਨਿ ---------- ੩੫੦
ਚਿਤਵਤ ਪਾਪ ਨ ਆਲਕੁ ਆਵੈ ---------- ੩੫੧
ਆਪਣੀ ਦਇਆ ਕਰੇ ---------- ੩੫੨
ਨਾਮੁ ਹਮਾਰੈ ਅੰਤਰਜਾਮੀ ---------- ੩੫੩
ਤੂੰ ਮੇਰਾ ਪਿਤਾ ਤੂਹੈ ਮੇਰਾ ਮਾਤਾ ---------- ੩੫੪
ਸਭ ਤੇ ਊਚਾ ਜਾ ਕਾ ਦਰਬਾਰੁ ---------- ੩੫੬
ਰੋਵਨਹਾਰੀ ਰੋਜੁ ਬਨਾਇਆ ---------- ੩੫੭
ਸੰਤ ਕੀ ਨਿੰਦਾ ਜੋਨੀ ਭਵਨਾ ---------- ੩੫੮
ਨਾਮੁ ਹਮਾਰੈ ਬੇਦ ਅਰੁ ਨਾਦ ---------- ੩੬੦
ਨਿਰਧਨ ਕਉ ਤੁਮ ਦੇਵਹੁ ਧਨਾ ---------- ੩੬੧
ਸੰਤ ਮੰਡਲ ਮਹਿ ਹਰਿ ਮਨਿ ਵਸੈ ---------- ੩੬੨
ਰੋਗੁ ਕਵਨ ਜਾਂ ਰਾਖੈ ਆਪਿ ---------- ੩੬੩
ਤੇਰੀ ਟੇਕ ਰਹਾ ਕਲਿ ਮਾਹਿ ---------- ੩੬੫
ਪ੍ਰਥਮੇ ਛੋਡੀ ਪਰਾਈ ਨਿੰਦਾ ---------- ੩੬੬
ਸੁਖੁ ਨਾਹੀ ਬਹੁਤੈ ਧਨਿ ਖਾਟੇ ---------- ੩੬੭
ਗੁਰ ਮਿਲਿ ਤਿਆਗਿਓ ਦੂਜਾ ਭਾਉ ---------- ੩੬੮
ਸਭ ਤੇ ਊਚਾ ਜਾ ਕਾ ਨਾਉ ---------- ੩੭੦
ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ---------- ੩੭੧
ਲਾਜ ਮਰੈ ਜੋ ਨਾਮੁ ਨ ਲੇਵੈ ---------- ੩੭੨
ਗੁਰ ਸੁਪ੍ਰਸੰਨ ਹੋਏ ਭਉ ਗਏ ---------- ੩੭੩
ਕਰਣ ਕਾਰਣ ਸਮਰਥੁ ਗੁਰੁ ਮੇਰਾ ---------- ੩੭੪
ਮਨੁ ਤਨੁ ਰਾਤਾ ਰਾਮ ਰੰਗਿ ਚਰਣੇ ---------- ੩੭੬
ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ---------- ੩੭੭
ਪੰਚ ਮਜਮੀ ਜੋ ਪੰਚ ਨ ਰਾਖੈ ---------- ੩੮੧
ਨਿੰਦਕ ਕਉ ਫਿਟਕੇ ਸੰਸਾਰੁ ---------- ੩੮੩
ਦੁਇ ਕਰ ਜੋਰਿ ਕਰਉ ਅਰਦਾਸਿ ---------- ੩੮੪
ਸਤਿਗੁਰ ਅਪੁਨੇ ਸੁਨੀ ਅਰਦਾਸਿ ---------- ੩੮੬
ਪਰਤਿਪਾਲ ਪ੍ਰਭ ਕ੍ਰਿਪਾਲ ---------- ੩੮੭

ਅਸਟਪਦੀਆ

ਮਹਲਾ ੧

ਆਤਮ ਮਹਿ ਰਾਮੁ ---------- ੩੮੮

ਮਹਲਾ ੩

ਤਿਨਿ ਕਰਤੈ ਇਕੁ ਚਲਤੁ ---------- ੩੯੧
ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ---------- ੩੯੬

ਮਹਲਾ ੫

ਜਿਸੁ ਨਾਮੁ ਰਿਦੈ ---------- ੩੯੮
ਕੋਟਿ ਬਿਸਨ ਕੀਨੇ ਅਵਤਾਰ ---------- ੪੦੧
ਸਤਿਗੁਰਿ ਮੋਕਉ ਕੀਨੋ ਦਾਨੁ ---------- ੪੦੪

ਭੈਰਉ ਬਾਣੀ ਭਗਤਾ ਕੀ

ਕਬੀਰ ਜੀਉ ਕੀ

ਇਹੁ ਧਨੁ ਮੇਰੇ ਹਰਿ ਕੋ ਨਾਉ ---------- ੪੦੭
ਰਾਮੁ ਰਾਜਾ ਨਉ ਨਿਧਿ ਮੇਰੈ ---------- ੪੦੮
ਮੈਲਾ ਬ੍ਰਹਮਾ ਮੈਲਾ ਇੰਦੁ ---------- ੪੧੧
ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ---------- ੪੧੫
ਗੰਗਾ ਕੈ ਸੰਗਿ ਸਲਿਤਾ ਬਿਗਰੀ ---------- ੪੧੬
ਮਾਥੇ ਤਿਲਕੁ ਹਥਿ ਮਾਲਾ ਬਾਨਾਂ ---------- ੪੧੭
ਉਲਟਿ ਜਾਤਿ ਕੁਲ ਦੋਊ ਬਿਸਾਰੀ ---------- ੪੧੯
ਨਿਰਧਨ ਆਦਰੁ ਕੋਈ ਨ ਦੇਇ ---------- ੪੨੦
ਗੁਰ ਸੇਵਾ ਤੇ ਭਗਤਿ ਕਮਾਈ ---------- ੪੨੨
ਸਿਵ ਕੀ ਪੁਰੀ ਬਸੈ ਬੁਧਿ ਸਾਰੁ ---------- ੪੨੫
ਸੋ ਮੁਲਾਂ ਜੋ ਮਨ ਸਿਉ ਲਰੈ ---------- ੪੩੦
ਜੋ ਪਾਥਰ ਕਉ ਕਹਤੇ ਦੇਵ ---------- ੪੩੨
ਜਲ ਮਹਿ ਮੀਨ ਮਾਇਆ ਕੇ ਬੇਧੇ ---------- ੪੩੪
ਜਬ ਲਗੁ ਮੇਰੀ ਮੇਰੀ ਕਰੈ ---------- ੪੩੬
ਸਤਰਿ ਸੈਇ ਸਲਾਰ ਹੈ ਜਾ ਕੇ ---------- ੪੪੦
ਸਭੁ ਕੋਈ ਚਲਨੁ ਕਹਤ ਹੈ ਊਹਾਂ ---------- ੪੪੩
ਕਿਉ ਲੀਜੈ ਗਢੁ ਬੰਕਾ ਭਾਈ ---------- ੪੪੪

ਪੰਝੀ ਪ੍ਰਕਿਰਤੀਆਂ ਦਾ ਨਿਰਣਾ

ਗੰਗ ਗੁਸਾਇਨਿ ਗਹਿਰ ਗੰਭੀਰ ---------- ੪੪੭

ਕਬੀਰ ਜੀਉ ਅਸਟਪਦੀ

ਅਗਮ ਦੁਗਮ ਗੜਿ ਰਚਿਓ ਬਾਸ ---------- ੪੪੮
ਕੋਟਿ ਸੂਰ ਜਾ ਕੈ ਪਰਗਾਸ ---------- ੪੫੨

ਬਾਣੀ ਨਾਮਦੇਉ ਜੀਉ ਕੀ

ਰੇ ਜਿਹਬਾ ਕਰਉ ਸਤ ਖੰਡ ---------- ੪੫੫
ਪਰ ਧਨ ਪਰ ਦਾਰਾ ਪਰਹਰੀ ---------- ੪੫੬

ਬਤੀ ਲਖਸ਼ਣ ਨਿਰਣਾ

ਦੂਧੁ ਕਟੋਰੈ ਗਡਵੈ ਪਾਨੀ ---------- ੪੫੮
ਮੈ ਬਉਰੀ ਮੇਰਾ ਰਾਮੁ ਭਤਾਰੁ ---------- ੪੬੦
ਕਬਹੂ ਖੀਰਿ ਖਾਡ ਘੀਉ ਨ ਭਾਵੈ ---------- ੪੬੧
ਹਸਤ ਖੇਲਤ ਤੇਰੇ ਦੇਹੁਰੇ ਆਇਆ ---------- ੪੬੩
ਜੈਸੀ ਭੂਖੇ ਪ੍ਰੀਤਿ ਅਨਾਜ ---------- ੪੬੪
ਘਰ ਕੀ ਨਾਰਿ ਤਿਆਗੈ ਅੰਧਾ ---------- ੪੬੬
ਸੰਡਾ ਮਰਕਾ ਜਾਇ ਪੁਕਾਰੇ ---------- ੪੬੮
ਸੁਲਤਾਨੁ ਪੂਛੈ ਸੁਨੁ ਬੇ ਨਾਮਾ ---------- ੪੭੧
ਜਉ ਗੁਰਦੇਉ ਤ ਮਿਲੈ ਮੁਰਾਰਿ ---------- ੪੭੬

ਬਾਣੀ ਰਵਿਦਾਸ ਜੀਉ ਕੀ

ਬਿਨੁ ਦੇਖੇ ਉਪਜੈ ਨਹੀ ਆਸਾ ---------- ੪੮੨

ਨਾਮਦੇਵ

ਆਉ ਕਲੰਦਰ ਕੇਸਵਾ ---------- ੪੮੬

ਰਾਗੁ ਬਸੰਤੁ

ਮਹਲਾ ੧

ਮਾਹਾ ਮਾਹ ਮੁਮਾਰਖੀ ---------- ੪੮੯
ਰੁਤਿ ਆਈਲੇ ਸਰਸ ਬਸੰਤ ਮਾਹਿ ---------- ੪੯੧
ਸੁਇਨੇ ਕਾ ਚਉਕਾ ---------- ੪੯੩
ਬਸਤ੍ਰ ਉਤਾਰਿ ਦਿਗੰਬਰੁ ਹੋਗੁ ---------- ੪੯੪
ਸਗਲ ਭਵਨ ਤੇਰੀ ਮਾਇਆ ਮੋਹ ---------- ੪੯੬
ਮੇਰੀ ਸਖੀ ਸਹੇਲੀ ਸੁਨਹੁ ਭਾਇ ---------- ੪੯੭
ਆਪੇ ਕੁਦਰਤਿ ਕਰੇ ਸਾਜਿ ---------- ੪੯੮
ਸਾਹਿਬ ਭਾਵੈ ਸੇਵਕੁ ਸੇਵਾ ਕਰੈ ---------- ੫੦੦
ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ---------- ੫੦੧
ਸਾਹੁਰੜੀ ਵਥੁ ਸਭੁ ਕਿਛੁ ਸਾਝੀ ---------- ੫੦੩
ਰਾਜਾ ਬਾਲਕੁ ਨਗਰੀ ਕਾਚੀ ---------- ੫੦੫
ਸਾਚਾ ਸਾਹੁ ਗੁਰੁ ਸੁਖਦਾਤਾ ---------- ੫੦੭

ਮਹਲਾ ੩

ਮਾਹਾ ਰੁਤੀ ਮਹਿ ਸਦ ਬਸੰਤੁ ---------- ੫੦੮
ਰਾਤੇ ਸਾਚਿ ਹਰਿ ਨਾਮਿ ਨਿਹਾਲਾ ---------- ੫੦੯
ਹਰਿ ਸੇਵੇ ਸੋ ਹਰਿ ਕਾ ਲੋਗੁ ---------- ੫੧੦
ਅੰਤਰਿ ਪੂਜਾ ਮਨ ਤੇ ਹੋਇ ---------- ੫੧੧
ਭਗਤਿ ਵਛਲੁ ਹਰਿ ਵਸੈ ਮਨਿ ਆਇ ---------- ੫੧੩
ਮਾਇਆ ਮੋਹੁ ਸਬਦਿ ਜਲਾਏ ---------- ੫੧੪
ਪੂਰੈ ਭਾਗਿ ਸਚੁ ਕਾਰ ਕਮਾਵੈ ---------- ੫੧੫
ਭਗਤਿ ਕਰਹਿ ਜਨ ਦੇਖਿ ਹਜੂਰਿ ---------- ੫੧੬
ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰਿ ---------- ੫੧੭
ਬਿਨੁ ਕਰਮਾ ਸਭਿ ਭਰਮਿ ਭੁਲਾਈ ---------- ੫੧੮
ਕ੍ਰਿਪਾ ਕਰੇ ਸਤਿਗੁਰੂ ਮਿਲਾਏ ---------- ੫੨੦
ਗੁਰ ਸਬਦੀ ਹਰਿ ਚੇਤਿ ਸੁਭਾਇ ---------- ੫੨੧
ਤੇਰਾ ਕੀਆ ਕਿਰਮ ਜੰਤੁ ---------- ੫੨੨
ਬਨਸਪਤਿ ਮਉਲੀ ---------- ੫੨੩
ਸਭਿ ਜੁਗ ਤੇਰੇ ਕੀਤੇ ਹੋਏ ---------- ੫੨੪
ਤਿਨ੍ ਬਸੰਤੁ ਜੋ ਹਰਿ ਗੁਣ ਗਾਇ ---------- ੫੨੫
ਬਸੰਤੁ ਚੜਿਆ ਫੂਲੀ ਬਨਰਾਇ ---------- ੫੨੫
ਗੁਰ ਕੀ ਬਾਣੀ ਵਿਟਹੁ ਵਾਰਿਆ ---------- ੫੨੬

ਮਹਲਾ ੪

ਜਿਉ ਪਸਰੀ ਸੂਰਜ ਕਿਰਣਿ ਜੋਤਿ ---------- ੫੨੭
ਰੈਣਿ ਦਿਨਸੁ ਦੁਇ ਸਦੇ ਪਏ ---------- ੫੨੮
ਰਾਮ ਨਾਮੁ ਰਤਨ ਕੋਠੜੀ ---------- ੫੨੯
ਤੁਮ੍ ਵਡ ਪੁਰਖ ---------- ੫੩੦
ਮੇਰਾ ਇਕੁ ਖਿਨੁ ਮਨੂਆ ---------- ੫੩੨
ਮਨੁ ਖਿਨੁ ਖਿਨੁ ---------- ੫੩੩
ਆਵਣ ਜਾਣੁ ਭਇਆ ਦੁਖੁ ਬਿਖਿਆ ---------- ੫੩੫

ਮਹਲਾ ੫

ਗੁਰੁ ਸੇਵਉ ਕਰਿ ਨਮਸਕਾਰ ---------- ੫੩੬
ਹਟਵਾਣੀ ਧਨ ਮਾਲ ---------- ੫੩੭
ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ---------- ੫੩੮
ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ---------- ੫੩੯
ਪ੍ਰਭ ਪ੍ਰੀਤਮ ਮੇਰੈ ਸੰਗਿ ਗਾਇ ---------- ੫੪੦
ਮਿਲਿ ਪਾਣੀ ਜਿਉ ਹਰੇ ਬੂਟ ---------- ੫੪੨
ਤੁਮ ਬਡ ਦਾਤੇ ਦੇ ਰਹੇ ---------- ੫੪੩
ਤਿਸੁ ਤੂ ਸੇਵਿ ਜਿਨਿ ਤੂ ਕੀਆ ---------- ੫੪੪
ਜਿਸੁ ਬੋਲਤ ਮੁਖੁ ਪਵਿਤ੍ਰ ਹੋਇ ---------- ੫੪੫
ਮਨ ਤਨ ਭੀਤਰਿ ਲਾਗੀ ਪਿਆਸ ---------- ੫੪੬
ਰਾਮ ਰੰਗਿ ਸਭ ਗਏ ਪਾਪ ---------- ੫੪੭
ਸਚੁ ਪਰਮੇਸਰੁ ਨਿਤ ਨਵਾ ---------- ੫੪੮
ਗੁਰ ਚਰਣ ਸਰੇਵਤ ---------- ੫੫੦

ਸਗਲ ਇਛਾ ਜਪਿ ਪੁੰਨੀਆ ---------- ੫੫੧
ਕਿਲਬਿਖ ਬਿਨਸੇ ਗਾਇ ਗੁਨਾ ---------- ੫੫੨
ਰੋਗ ਮਿਟਾਏ ਪ੍ਰਭੁ ਆਪਿ ---------- ੫੫੨
ਹੁਕਮੁ ਕਰਿ ਕੀਨੇ ਨਿਹਾਲ ---------- ੫੫੩
ਦੇਖੁ ਫੂਲ ਫੂਲ ਫੂਲੇ ---------- ੫੫੪
ਹੋਇ ਇਕਤ੍ਰ ਮਿਲਹੁ ਮੇਰੇ ਭਾਈ ---------- ੫੫੫
ਤੇਰੀ ਕੁਦਰਤਿ ਤੂਹੈ ਜਾਣਹਿ ---------- ੫੫੭
ਮੂਲੁ ਨ ਬੂਝੈ ---------- ੫੫੮

ਮਹਲਾ ੯

ਸਾਧੋ ਇਹ ਤਨੁ ਮਿਥਿਆ ਜਾਨਉ ---------- ੫੫੯
ਪਾਪੀ ਹੀਐ ਮੈ ਕਾਮੁ ਬਸਾਇ ---------- ੫੫੯
ਮਾਈ ਮੈ ਧਨੁ ਪਾਇਓ ---------- ੬੬੦
ਮਨ ਕਹਾ ਬਿਸਾਰਿਓ ਰਾਮ ਨਾਮੁ ---------- ੬੬੧
ਕਹਾ ਭੂਲਿਓ ਰੇ ਝੂਠੇ ਲੋਭ ਲਾਗ ---------- ੬੬੨

ਬਸੰਤੁ ਮਹਲਾ ੧

ਅਸਟਪਦੀਆ

ਜਗੁ ਕਉਆ ਨਾਮੁ ਨਹੀ ਚੀਤਿ ---------- ੫੬੩
ਮਨੁ ਭੂਲਉ ਭਰਮਸਿ ---------- ੫੬੬
ਦਰਸਨ ਕੀ ਪਿਆਸ ---------- ੫੬੯
ਚੰਚਲੁ ਚੀਤੁ ਨ ਪਾਵੈ ਪਾਰਾ ---------- ੫੭੧
ਮਤੁ ਭਸਮ ਅੰਧੂਲੇ ---------- ੫੭੪
ਦੁਬਿਧਾ ਦੁਰਮਤਿ ਅਧੁਲੀ ਕਾਰ ---------- ੫੭੫
ਆਪੇ ਭਵਰਾ ਫੂਲ ਬੇਲਿ ---------- ੫੭੭
ਨਉ ਸਤ ਚਉਦਹ ਤੀਨਿ ਚਾਰਿ ---------- ੫੭੮

ਮਹਲਾ ੪

ਕਾਂਇਆ ਨਗਰਿ ਇਕੁ ਬਾਲਕੁ ---------- ੫੮੧

ਮਹਲਾ ੫

ਸੁਣਿ ਸਾਖੀ ਮਨ ---------- ੫੮੪
ਅਨਿਕ ਜਨਮ ਭ੍ਰਮੇ ਜੋਨਿ ਮਾਹਿ ---------- ੫੮੮

ਬਸੰਤੁ ਕੀ ਵਾਰ ਮਹਲਾ ੫

ਉੱਥਾਨਕਾ ---------- ੫੯੦
ਹਰਿ ਕਾ ਨਾਮੁ ਧਿਆਇ ਕੈ ---------- ੫੯੧

ਬਾਣੀ ਭਗਤਾਂ ਕੀ

ਕਬੀਰ ਜੀ

ਮਉਲੀ ਧਰਤੀ ---------- ੫੯੪
ਪੰਡਿਤ ਜਨ ਮਾਤੇ ---------- ੫੯੬
ਜੋਇ ਖਸਮੁ ਹੈ ਜਾਇਆ ---------- ੫੯੮
ਪ੍ਰਹਲਾਦ ਪਠਾਏ ਪੜਨਸਾਲ ---------- ੬੦੨
ਇਸੁ ਤਨ ਮਨ ਮਧੇ ---------- ੬੦੪
ਨਾਇਕੁ ਏਕੁ ਬਨਜਾਰੇ ਪਾਚ ---------- ੬੦੬
ਮਾਤਾ ਜੂਠੀ ਪਿਤਾ ਭੀ ਜੂਠਾ ---------- ੬੦੮

ਰਾਮਾਨੰਦ ਜੀ

ਕਤ ਜਾਈਐ ਰੇ ---------- ੬੧੦

ਬਾਣੀ ਨਾਮਦੇਵ ਜੀ ਕੀ

ਸਾਹਿਬੁ ਸੰਕਟਵੈ ---------- ੬੧੨
ਲੋਭ ਲਹਰਿ ਅਤਿ ਨੀਝਰ ਬਾਝੈ ---------- ੬੧੩
ਸਹਜ ਅਵਲਿ ਧੂੜਿ ਮਣੀ ---------- ੬੧੪

ਬਾਣੀ ਰਵਿਦਾਸ ਜੀ ਕੀ

ਤੁਝਹਿ ਸੁਝੰਤਾ ਕਛੂ ਨਾਹਿ ---------- ੬੧੬

ਕਬੀਰ ਜੀਉ

ਸੁਰਹ ਕੀ ਜੈਸੀ ਤੇਰੀ ਚਾਲ ---------- ੬੧੭

ਸਾਖੀਆਂ ਦਾ ਵੇਰਵਾ

ਲਾਹੌਰ ਸਿੰਘ ਤੇ ਮਾਲਾ ਸਿੰਘ ਦੀ ---------- ੬੬
ਰਾਜੇ ਦੁਰਯੋਧਨ ਦੀ ---------- ੧੬੧
ਰਾਜੇ ਅੰਬਰੀਕ ਦੀ ---------- ੧੬੬
ਬਲ ਰਾਜੇ ਦੀ ---------- ੧੭੦
ਸੂਰਜ ਦੀ ---------- ੪੧੧
ਬਾਬੇ ਆਦਮ ਦੀ ---------- ੪੪੧
ਨਾਮਦੇਵ ਜੀ ਦੀ ਸਿਹਜਾ
ਵਾਪਿਸ ਕਰਨ ਵਾਲੀ ---------- ੪੭੯
ਹੰਕਾਰੀ ਪੰਡਿਤ ਦੀ ---------- ੫੯੬

ਮਾਰੂ ਸੋਲਹੇ ਮਹਲਾ ੫ ॥

ਮਾਰੂ ਸੋਲਹੇ ਮਹਲਾ ੫ ॥ ੧ੴ ਸਤਿਗੁਰ ਪ੍ਰਸਾਦਿ ॥

ਕਲਾ ਉਪਾਇ ਧਰੀ ਜਿਨਿ ਧਰਣਾ ॥

ਜਿਸ ਪਰਮੇਸ਼ਰ ਨੇ ਆਪਣੀ ਕਲਾ= ਸ਼ਕਤੀ ਕਰ ਕੇ ਸਾਰੀ ਧਰਤੀ ਉਪਾਇ ਧਰੀ= ਉਤਪੰਨ ਕਰ ਰੱਖੀ ਹੈ। ਜਾਂ ਜਿਸ ਪਰੰਮੇਸ਼ਰ ਨੇ ਧਰਤੀ ਉਪਾਇ= ਉਤਪਤ ਕਰ ਕੇ ਵਿਚ ਆਪਣੀ ਕਲਾ= ਸ਼ਕਤੀ ਰੱਖੀ ਹੈ।

ਗਗਨੁ ਰਹਾਇਆ ਹੁਕਮੇ ਚਰਣਾ ॥

ਅਤੇ ਗਗਨੁ= ਅਕਾਸ਼ ਨੂੰ ਆਪਣੇ ਹੁਕਮ ਦੇ ਚਰਣਾ= ਆਸਰੇ ਰਹਾਇਆ= ਟਿਕਾਇਆ (ਇਸਥਿਤ) ਕੀਤਾ ਹੈ।

ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ ॥ ੧ ॥

ਅੱਗ ਪੈਦਾ ਕਰ ਕੇ ਈਧਨ= ਲੱਕੜਾਂ ਵਿਚ (ਭਾਵ ਸਾਰੀ ਬਨਾਸਪਤੀ ਵਿਚ) ਬੰਨ੍ਹੀ ਹੋਈ ਹੈ, ਹੇ ਭਾਈ! ਤੂੰ ਉਸ ਦਾ ਸਿਮਰਨ ਕਰ ਉਹ ਪ੍ਰਭੂ ਤੈਨੂੰ ਭੀ ਰੱਖੇਗਾ ॥ ੧ ॥

ਜੀਅ ਜੰਤ ਕਉ ਰਿਜਕੁ ਸੰਬਾਹੇ ॥ ਕਰਣ ਕਾਰਣ ਸਮਰਥ ਆਪਾਹੇ ॥

ਸਾਰਿਆਂ ਸੂਖਮ ਸਥੂਲ ਜੀਆਂ ਜੰਤਾਂ ਨੂੰ ਰੋਜ਼ੀ ਸੰਬਾਹੇ= ਪਹੁੰਚਾਉਂਦਾ ਹੈ। ਕਾਰਨ ਰੂਪ ਜੋ ਬ੍ਰਹਮਾ ਆਦਿਕ ਹਨ ਉਹਨਾਂ ਦੇ ਕਰਨ ਨੂੰ ਉਹ ਆਪਾਹੇ= ਆਪ ਹੀ ਸਮਰੱਥ ਹੈ। ਜਾਂ ਸਾਰਿਆਂ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੈ ਪੁਨਾ ਉਹ ਸਾਰਿਆਂ ਤੋਂ ਆਪਾਹੇ= ਨਿਰਲੇਪ ਹੈ।

ਖਿਨ ਮਹਿ ਥਾਪਿ ਉਥਾਪਨਹਾਰਾ ਸੋਈ ਤੇਰਾ ਸਹਾਈ ਹੇ ॥ ੨ ॥

ਜੋ ਪ੍ਰਭੂ ਇਕ ਛਿਨ ਵਿਚ ਥਾਪਿ= ਉਤਪੱਤੀ, ਪਾਲਣਾ ਤੇ ਉਥਾਪਨਹਾਰਾ= ਲੈਤਾ ਕਰਨ ਵਾਲਾ ਹੈ, ਉਹ ਪ੍ਰਭੂ ਹੀ ਤੇਰੀ ਸਹਾਇਤਾ ਕਰਨ ਵਾਲਾ ਹੈ ॥ ੨ ॥

ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ ॥

ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ ॥

ਜਿਸ ਪ੍ਰਭੂ ਨੇ ਮਾਂ ਦੇ ਗਰਭ ਵਿਚ ਤੈਨੂੰ ਪਾਲਿਆ ਹੈ। ਉਸੇ ਪ੍ਰਭੂ ਨੇ ਅੰਗ-ਸੰਗ ਸਹਾਈ ਹੋ ਕੇ ਤੈਨੂੰ ਸ੍ਵਾਸ ਲੈਂਦਿਆਂ ਤੇ ਗ੍ਰਾਸਿ= ਭੋਜਨ ਖਾਂਦਿਆਂ ਸੰਭਾਲਣਾ ਕੀਤਾ ਹੈ।

ਸਦਾ ਸਦਾ ਜਪੀਐ ਸੋ ਪ੍ਰੀਤਮੁ ਵਡੀ ਜਿਸੁ ਵਡਿਆਈ ਹੇ ॥ ੩ ॥

ਉਸ ਸਦਾ= ਨਿਤ ਰੂਪ ਪ੍ਰੀਤਮ ਨੂੰ ਸਦਾ ਹੀ ਜਪਣਾ ਕਰੀਏ, ਜਿਸ ਪ੍ਰੀਤਮੁ=ਪਰਮਾਤਮਾ ਦੀ ਵਡਿਆਈ

ਸਭ ਤੋਂ ਵੱਡੀ ਹੈ॥ ੩॥

ਸੁਲਤਾਨ ਖਾਨ ਕਰੇ ਖਿਨ ਕੀਰੇ॥ ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ॥

ਜੋ ਪਰਮਾਤਮਾ ਬਾਦਸ਼ਾਹਾਂ ਤੇ ਖਾਨ= ਸਰਦਾਰਾਂ ਨੂੰ ਇਕ ਖਿਨ ਵਿਚ ਕੀਰੇ= ਕੰਗਾਲ ਕਰ ਦੇਂਦਾ ਹੈ। ਓਹੀ ਪ੍ਰਭੂ ਗਰੀਬਾਂ ਨੂੰ ਵਡਿਆਈ ਦੇ ਕੇ ਮੀਰੇ= ਬਾਦਸ਼ਾਹ ਬਣਾ ਦੇਂਦਾ ਹੈ।

ਗਰਬ ਨਿਵਾਰਣ ਸਰਬ ਸਧਾਰਣ ਕਿਛੁ ਕੀਮਤਿ ਕਹੀ ਨ ਜਾਈ ਹੇ॥ ੪॥

ਜੋ ਗਰਬ= ਹੰਕਾਰ ਦੇ ਨਵਿਰਤ ਕਰਨ ਵਾਲਾ ਹੈ ਤੇ ਸਭ ਦੇ ਸੁਧਾਰਨੇ ਵਾਲਾ ਹੈ, ਉਸ ਪ੍ਰਭੂ ਦੀ ਕੀਮਤ ਕੁਝ ਵੀ ਕਹੀ ਨਹੀਂ ਜਾਂਦੀ॥ ੪॥

ਸੋ ਪਤਿਵੰਤਾ ਸੋ ਧਨਵੰਤਾ॥ ਜਿਸੁ ਮਨਿ ਵਸਿਆ ਹਰਿ ਭਗਵੰਤਾ॥

ਉਹ ਇੱਜ਼ਤ ਵਾਲਾ ਹੈ, ਓਹੀ ਧਨ ਵਾਲਾ ਧਨਾਢ ਹੈ। ਜਿਸ ਦੇ ਮਨ ਵਿਚ ਹਰੀ ਭਗਵੰਤ ਵਸਿਆ ਹੈ।

ਮਾਤ ਪਿਤਾ ਸੁਤ ਬੰਧਪ ਭਾਈ ਜਿਨਿ ਇਹ ਸ੍ਰਿਸਟਿ ਉਪਾਈ ਹੇ॥ ੫॥

ਜਿਸ ਪ੍ਰਭੂ ਨੇ ਇਹ ਸਾਰੀ ਦੁਨੀਆਂ ਉਤਪਤ ਕੀਤੀ ਹੈ, ਓਹੀ ਪਰਮਾਤਮਾ ਮੇਰਾ ਮਾਂ ਪਿਓ ਪੁੱਤਰ ਬੰਧਪ= ਸੰਬੰਧੀ ਅਤੇ ਭਰਾ ਹੈ॥ ੫॥

ਪ੍ਰਭ ਆਏ ਸਰਣਾ ਭਉ ਨਹੀ ਕਰਣਾ॥ ਸਾਧਸੰਗਤਿ ਨਿਹਚਉ ਹੈ ਤਰਣਾ॥

ਜੋ ਪ੍ਰਭੂ ਦੀ ਸ਼ਰਨ ਵਿਚ ਆਏ ਹਨ ਉਹਨਾਂ ਨੇ ਆਪਣੇ ਦਿਲ ਵਿਚ ਕਿਸੇ ਦਾ ਭੀ ਡਰ ਨਹੀਂ ਕਰਨਾ, ਕਿਉਂਕਿ ਸਤਸੰਗਤ ਕਰਨ ਨਾਲ ਨਿਸਚੇ ਪੂਰਬਕ ਜ਼ਰੂਰ ਹੀ ਤਰਨਾ ਹੁੰਦਾ ਹੈ।

ਮਨ ਬਚ ਕਰਮ ਅਰਾਧੇ ਕਰਤਾ ਤਿਸੁ ਨਾਹੀ ਕਦੇ ਸਜਾਈ ਹੇ॥ ੬॥

ਜੇਹੜਾ ਪੁਰਸ਼ ਮਨ ਬਚ ਕਰਮ= ਮਨ ਬਾਣੀ ਸਰੀਰ ਦੁਆਰਾ ਕਰਤੇ ਪੁਰਖ ਦੀ ਅਰਾਧਣਾ ਕਰਦਾ ਹੈ, ਉਸ ਨੂੰ ਕਦੇ ਭੀ ਜਮਾਂ ਦੀ ਸਜ਼ਾ ਨਹੀਂ ਮਿਲਦੀ॥ ੬॥

ਗੁਣ ਨਿਧਾਨ ਮਨ ਤਨ ਮਹਿ ਰਵਿਆ॥ ਜਨਮ ਮਰਣ ਕੀ ਜੋਨਿ ਨ ਭਵਿਆ॥

ਜਿਸ ਨੇ ਆਪਣੇ ਮਨ ਤਨ ਵਿਚ ਸ਼ੁਭ ਗੁਣਾਂ ਦੇ ਖਜ਼ਾਨੇ ਵਾਹਿਗੁਰੂ ਨਾਮ ਨੂੰ ਰਵਿਆ= ਉਚਾਰਿਆ ਹੈ। ਉਹ ਜਨਮ ਮਰਨ ਦੀ ਫਾਹੀ ਵਿਚ ਫਸ ਕੇ ਜੂਨੀਆਂ ਵਿਚ ਨਹੀਂ ਫਿਰਿਆ।

ਦੂਖ ਬਿਨਾਸ ਕੀਆ ਸੁਖਿ ਡੇਰਾ ਜਾ ਤ੍ਰਿਪਤਿ ਰਹੇ ਆਘਾਈ ਹੇ॥ ੭॥

ਜਾਂ ਲੋਕ ਪਰਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ ਹੋ ਕੇ ਰੱਜ ਗਏ ਤਾਂ ਦੁੱਖਾਂ ਨੂੰ ਨਾਸ ਕਰ ਕੇ ਸੁਖਾਂ ਵਿਚ ਡੇਰਾ= ਨਿਵਾਸ ਕੀਤਾ। ਜਾਂ ਸੁਖ ਸਰੂਪ ਪਰਮਾਤਮਾ ਵਿਚ ਡੇਰਾ= ਨਿਵਾਸ ਕੀਤਾ॥ ੭॥

ਮੀਤੁ ਹਮਾਰਾ ਸੋਈ ਸੁਆਮੀ॥ ਥਾਨ ਥਨੰਤਰਿ ਅੰਤਰਜਾਮੀ॥

ਉਹ ਸੁਆਮੀ=ਪਰਮਾਤਮਾ ਹੀ ਸਾਡਾ ਅਸਲ ਮਿੱਤਰ ਹੈ। ਜੋ ਹਰੇਕ ਜਗ੍ਹਾ ਅੰਦਰ ਰਹਿਣ ਵਾਲਿਆਂ ਜੀਵਾਂ ਦੀ ਅੰਤਰਜਾਮੀ=ਅੰਦਰਲੀ ਗੱਲ ਜਾਣਨ ਵਾਲਾ ਹੈ।

[ਪੰਨਾ ੧੦੭੨]

ਸਿਮਰਿ ਸਿਮਰਿ ਪੂਰਨ ਪਰਮੇਸੁਰ ਚਿੰਤਾ ਗਣਤ ਮਿਟਾਈ ਹੇ॥ ੮ ॥

ਉਸ ਪੂਰਨ ਪਰਮੇਸ਼ਰ ਨੂੰ ਸਿਮਰ-ਸਿਮਰ ਕੇ ਸਾਰੀ ਚਿੰਤਾ ਤੇ ਕਰਮਾਂ ਦੀ ਗਿਣਤੀ ਮਿਟਾਈ= ਦੂਰ ਕਰ ਦਿੱਤੀ ਹੈ॥ ੮॥

ਹਰਿ ਕਾ ਨਾਮੁ ਕੋਟਿ ਲਖ ਬਾਹਾ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ॥

ਹਰੀ ਦਾ ਨਾਮ ਲੱਖਾਂ ਕ੍ਰੋੜਾਂ ਬਾਹਾ= ਬਾਹਵਾਂ ਦੇ ਤੁਲ ਹੈ। (ਭਰਾਵਾਂ ਨੂੰ ਬਾਹਵਾਂ ਕਿਹਾ ਹੈ, ਜਿਵੇਂ ਭਰਾ, ਭਰਾ ਦੇ ਸਹਾਇਕ ਹੁੰਦੇ ਹਨ। ਤਿਵੇਂ ਪ੍ਰਭੂ ਦੇ ਨਾਮ ਜੀਵ ਦੇ ਸਹਾਇਕ ਹਨ)। ਜੋ ਹਰੀ ਜਸ ਦਾ ਕੀਰਤਨ ਕਰਨਾ ਹੈ ਏਹੋ ਪਰਲੋਕ ਵਿਚ ਉਸ ਜੀਵ ਦੇ ਨਾਲ ਰਹਿਣ ਵਾਲਾ ਅਸਲ ਧਨ ਹੈ।

ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ॥ ੯ ॥

ਜਿਸ ਵੇਲੇ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਮਨ ਰੂਪੀ ਹੱਥ ਵਿਚ ਗਿਆਨ ਰੂਪੀ ਖੜਗੁ= ਖੰਡਾ ਫੜਾ ਦਿੱਤਾ, ਤਾਂ ਧਾਵਾ ਕਰ ਕੇ ਕਾਮ ਕਰੋਧ ਆਦਿਕ ਦੂਤ ਮਾਰ ਦਿਤੇ॥ ੯॥

ਹਰਿ ਕਾ ਜਾਪੁ ਜਪਹੁ ਜਪੁ ਜਪਨੇ॥ ਜੀਤਿ ਆਵਹੁ ਵਸਹੁ ਘਰਿ ਅਪਨੇ॥

ਜਪਣੇ ਵਾਲੇ ਹੋ ਕੇ ਜਪਣੇ ਜੋਗ ਹਰੀ ਨਾਮ ਜਪ ਨੂੰ ਜਪਣਾ ਕਰੋ। ਤਾਂ ਕਾਮ ਕਰੋਧ ਆਦਿਕ ਦੂਤਾਂ ਨੂੰ ਜਿੱਤ ਆਵੋਗੇ ਅਤੇ ਆਪਣੇ ਸਰੂਪ-ਘਰ ਵਿਚ ਵਸੋਗੇ।

ਲਖ ਚਉਰਾਸੀਹ ਨਰਕ ਨ ਦੇਖਹੁ ਰਸਕਿ ਰਸਕਿ ਗੁਣ ਗਾਈ ਹੇ॥ ੧੦ ॥

ਜਦ ਰਸਕਿ= ਪ੍ਰੇਮੀ ਹੋ ਕੇ ਪ੍ਰੇਮ ਨਾਲ ਹਰੀ ਦੇ ਗੁਣ ਗਾਉਗੇ। ਵਾ :-ਰਸਕਿ= ਤਦਾਕਾਰ ਹੋ ਹੋ ਕੇ ਹਰੀ ਦੇ ਗੁਣ ਗਾਉਗੇ ਤਾਂ ਚੁਰਾਸੀ ਲੱਖ ਜੂਨ ਅਤੇ ਨਰਕ ਦੇ ਦੁੱਖ ਨੂੰ ਨਹੀਂ ਦੇਖੋਗੇ॥ ੧੦॥

ਖੰਡ ਬ੍ਰਹਮੰਡ ਉਧਾਰਣਹਾਰਾ॥ ਊਚ ਅਥਾਹ ਅਗੰਮ ਅਪਾਰਾ॥

ਉਹ ਪ੍ਰਭੂ ਖੰਡਾਂ ਬ੍ਰਹਿਮੰਡਾਂ ਦੇ ਜੀਵਾਂ ਨੂੰ ਤਾਰਨ ਵਾਲਾ ਹੈ। ਪੁਨਾ ਸਾਰਿਆਂ ਤੋਂ ਉੱਚਾ ਤੇ ਅਥਾਹ ਹੈ, ਅਗੰਮ= ਖੌਫ ਤੋਂ ਰਹਿਤ ਹੈ, ਅਪਾਰਾ= ਪਾਰਾਵਾਰ ਤੋਂ ਰਹਿਤ ਹੈ।

ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ ਸੋ ਜਨੁ ਤਿਸਹਿ ਧਿਆਈ ਹੇ॥ ੧੧ ॥

ਜਿਸ ਉਤੇ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਓਹੀ ਪੁਰਸ਼ ਉਸ ਪ੍ਰਭੂ ਨੂੰ ਧਿਆਉਂਦਾ ਹੈ॥ ੧੧॥

ਬੰਧਨ ਤੋੜਿ ਲੀਏ ਪ੍ਰਭਿ ਮੋਲੇ॥ ਕਰਿ ਕਿਰਪਾ ਕੀਨੇ ਘਰ ਗੋਲੇ॥

ਸੰਸਾਰਕ ਬੰਧਨਾਂ ਨੂੰ ਤੋੜ ਕੇ, ਜਾਂ ਮੋਹ ਦੇ ਬੰਧਨਾਂ ਨੂੰ ਤੋੜ ਕੇ ਪ੍ਰਭੂ ਨੇ ਸਾਨੂੰ ਮੁੱਲ ਲੈ ਲਿਆ ਹੈ। ਅਤੇ ਕਿਰਪਾ ਦ੍ਰਿਸ਼ਟੀ ਕਰ ਕੇ ਆਪਣੇ ਘਰ ਦੇ ਗੋਲੇ= ਦਾਸ ਕਰ ਲਿਆ ਹੈ।

ਅਨਹਦ ਰੁਣਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ॥ ੧੨ ॥

ਜਿਨ੍ਹਾਂ ਨੇ ਸੱਚੀ ਭਗਤੀ ਰੂਪੀ ਕਾਰ ਕਮਾਈ ਹੈ, ਉਹਨਾਂ ਨੂੰ ਅਨਹਦ= ਇਕ ਰਸ ਰੁਣ ਝੁਣ ਕਾਰ ਸੰਗਿਆ

ਦੀ ਸਹਿਜੇ ਧੁਨੀ ਹੋਈ ਹੈ॥ ੧੨॥ ਅਸੀਂ ਵੀ ਬੇਨਤੀਆਂ ਕਰਦੇ ਹਾਂ ਕਿ-

ਮਨਿ ਪਰਤੀਤਿ ਬਨੀ ਪ੍ਰਭ ਤੇਰੀ॥ ਬਿਨਸਿ ਗਈ ਹਉਮੈ ਮਤਿ ਮੇਰੀ॥

ਹੇ ਪ੍ਰਭੂ ! ਜਦੋਂ ਦੀ ਮੇਰੇ ਮਨ ਵਿਚ ਆਪ ਦੀ ਪਰਤੀਤੀ ਬਣੀ ਹੈ। ਤਦੋਂ ਦੀ ਮੇਰੀ ਬੁੱਧੀ ਵਿਚੋਂ ਹੰਗਤਾ ਮਮਤਾ ਬਿਨਸਿ= ਨਾਸ ਹੋ ਗਈ ਹੈ।

ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ॥ ੧੩॥

ਆਪਣੇ ਪ੍ਰਭੂ ਨੇ ਮੇਰਾ ਅੰਗੀਕਾਰੁ= ਪੱਖ ਕੀਤਾ ਹੈ, ਇਸ ਲਈ ਜਗਤ ਵਿਚ ਸੋਹਣੀ ਸੋਭਾ ਹੋ ਰਹੀ ਹੈ॥ ੧੩॥

ਜੈ ਜੈਕਾਰੁ ਜਪਹੁ ਜਗਦੀਸੈ॥ ਬਲਿ ਬਲਿ ਜਾਈ ਪ੍ਰਭ ਅਪੁਨੇ ਈਸੈ॥

ਜਗਤ ਦੇ ਮਾਲਕ ਨੂੰ ਜੈ ਜੈ ਕਾਰ ਕਰ ਕੇ ਜਪਦੇ ਹਾਂ। ਆਪਣੇ ਈਸ਼ੂਰ ਪ੍ਰਭੂ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ।

ਤਿਸੁ ਬਿਨੁ ਦੂਜਾ ਅਵਰੁ ਨ ਦੀਸੈ ਏਕਾ ਜਗਤਿ ਸਬਾਈ ਹੇ॥ ੧੪॥

ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਦਿਸਦਾ ਨਹੀਂ ਹੈ, ਸਾਰੇ ਜਗਤ ਵਿਚ ਇਕ ਪ੍ਰਭੂ ਦੀ ਚੇਤਨ ਸੱਤਾ ਆ ਰਹੀ ਹੈ॥ ੧੪॥

ਸਤਿ ਸਤਿ ਸਤਿ ਪ੍ਰਭੁ ਜਾਤਾ॥ ਗੁਰ ਪਰਸਾਦਿ ਸਦਾ ਮਨੁ ਰਾਤਾ॥

ਤਿੰਨਾਂ ਕਾਲਾਂ ਵਿਚ ਪ੍ਰਭੂ ਨੂੰ ਸੱਚ ਕਰ ਕੇ ਜਾਣਿਆ ਹੈ। *ਅਥਵਾ :-* ਮਨ ਬਾਣੀ ਸਰੀਰ ਕਰ ਕੇ ਪ੍ਰਭੂ ਨੂੰ ਸੱਚ ਕਰ ਕੇ ਜਾਣਿਆ ਹੈ। *ਅਥਵਾ :-* ਸਤਿਗੁਰਾਂ ਦੁਆਰੇ ਸਤਿਨਾਮੁ ਮੰਤ੍ਰ ਨੂੰ ਜਪਿਆ ਤਾਂ ਪ੍ਰਭੂ ਨੂੰ ਸੱਚ ਕਰ ਕੇ ਜਾਣਿਆ । ਗੁਰਾਂ ਦੀ ਕਿਰਪਾ ਨਾਲ ਉਸ ਦੇ ਪ੍ਰੇਮ ਵਿਚ ਮਨ ਸਦਾ ਰੱਤਾ ਰਹਿੰਦਾ ਹੈ।

ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ॥ ੧੫॥

ਹੇ ਏਕੰਕਾਰ ਪ੍ਰਭੂ ! ਜੋ ਨਾਮ ਨੂੰ ਸਿਮਰ-ਸਿਮਰ ਕੇ ਜੀਉਂਦੇ ਹਨ, ਉਹਨਾਂ ਪੁਰਸ਼ਾਂ ਦੀ ਤੇਰੇ ਵਿਚ ਸਮਾਈ= ਅਭੇਦਤਾ ਹੋਈ ਹੈ॥ ੧੫॥

ਭਗਤ ਜਨਾ ਕਾ ਪ੍ਰੀਤਮੁ ਪਿਆਰਾ॥ ਸਭੈ ਉਧਾਰਣੁ ਖਸਮੁ ਹਮਾਰਾ॥

ਉਹ ਪ੍ਰਭੂ ਭਗਤ ਜਨਾਂ ਦਾ ਪਿਆਰਾ ਪ੍ਰੀਤਮ ਹੈ। ਜਾਂ ਉਹ ਪਿਆਰਾ ਪ੍ਰਭੂ ਭਗਤ-ਜਨਾਂ ਦਾ ਪ੍ਰੀਤਮ ਹੈ। ਫਿਰ ਉਹ ਸਾਡਾ ਮਾਲਕ ਵਾਹਿਗੁਰੂ ਸਭਨਾਂ ਨੂੰ ਤਾਰਨ ਵਾਲਾ ਹੈ।

ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ॥ ੧੬॥ ੧॥

ਗੁਰੂ ਜੀ ਕਥਨ ਕਰਦੇ ਹਨ— ਨਾਮ ਨੂੰ ਸਿਮਰਦਿਆਂ ਸਾਡੀ ਸਾਰੀ ਇੱਛਾ ਪੁੰਨੀ= ਪੂਰੀ ਹੋਈ ਹੈ, ਉਸ ਪ੍ਰਭੂ ਨੇ ਸਤਿਗੁਰਾਂ ਦੁਆਰੇ ਮੈਂ ਸੇਵਕ ਜਨ ਦੀ ਪੈਜ= ਪਤ-ਆਬਰੋ ਰਖਾਈ ਹੈ॥ ੧੬॥ ੧॥

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਗੁਰੂ ਸਾਹਿਬ ਜੀ ਤਟੱਸਥੀ (ਨਿਰਪੱਖ) ਹੋ ਕੇ ਦੇਹ ਤੇ ਜੀਵਾਤਮਾ ਦੇ ਸੰਬਾਦ ਦੁਆਰਾ ਸਭ ਨੂੰ ਵੈਰਾਗ

ਜਨਕ ਉਪਦੇਸ਼ ਦੇਂਦੇ ਹਨ—

ਸੰਗੀ ਜੋਗੀ ਨਾਰਿ ਲਪਟਾਣੀ॥ ਉਰਝਿ ਰਹੀ ਰੰਗ ਰਸ ਮਾਣੀ॥

ਜੋਗੀ= ਜੀਵ ਨੂੰ ਆਪਣਾ ਸੰਗੀ ਜਾਣ ਕੇ ਕਿ ਹਮੇਸ਼ਾਂ ਮੇਰੇ ਨਾਲ ਰਹੇਗਾ ਨਾਰੀ= ਦੇਹ ਉਸ ਨਾਲ ਲੰਪਟ ਹੋ ਰਹੀ ਹੈ।

ਪਦਾਰਥਾਂ ਵਿਚ ਉਰਝਿ= ਫਸ ਰਹੀ ਹੈ ਤੇ ਰੰਗਾਂ ਰੰਗਾਂ ਦੇ ਰਸਾਂ ਨੂੰ ਭੋਗਦੀ ਹੈ। ਜਾਂ ਰੰਗਾਂ ਰੰਗਾਂ ਦੇ ਰਸ ਭੋਗਣ ਵਿਚ ਉਰਝਿ= ਫਸ ਰਹੀ ਹੈ।

ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ॥ ੧॥

ਪਰ ਕਿਰਤ= ਕਰਮਾਂ ਦੇ ਸੰਜੋਗ ਕਰ ਕੇ ਇਹ ਦੋਵੇਂ ਇਕੱਠੇ ਹੋਏ ਹਨ, ਆਪਸ ਵਿਚ ਮਿਲ ਕੇ ਭੋਗ-ਬਿਲਾਸ ਕਰਦੇ ਹਨ॥ ੧॥

ਜੋ ਪਿਰੁ ਕਰੈ ਸੁ ਧਨ ਤਤੁ ਮਾਨੈ॥ ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ॥

ਪਿਰੁ= ਪਤੀ-ਜੀਵ ਜੋ ਹੁਕਮ ਕਰਦਾ ਹੈ ਉਸ ਨੂੰ ਧਨ= ਇਸਤ੍ਰੀ-ਦੇਹ ਤਤੁ= ਝਟਪਟ ਮੰਨ ਲੈਂਦੀ ਹੈ। ਪਿਰੁ= ਪਤੀ-ਜੀਵ ਭੀ ਧਨਹਿ= ਇਸਤ੍ਰੀ-ਦੇਹ ਨੂੰ ਸ਼ਿੰਗਾਰ ਕੇ ਆਪਣੇ ਨਾਲ ਰੱਖਦਾ ਹੈ।

ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ॥ ੨॥

ਪਤੀ-ਜੀਵ, ਇਸਤ੍ਰੀ-ਦੇਹ ਦਿਨ ਰਾਤ ਮਿਲ ਕੇ ਇਕੱਠੇ ਹੀ ਵਸਦੇ ਹਨ, ਪ੍ਰਿਉ= ਪਤੀ-ਜੀਵ ਧਨਹਿ= ਇਸਤ੍ਰੀ-ਦੇਹ ਨੂੰ ਹਮੇਸ਼ਾਂ ਦਿਲਾਸਾ= ਧੀਰਜ ਦੇਂਦਾ ਹੈ ਕਿ ਮੈਂ ਤੇਰੇ ਲਈ ਚੰਗੇ-ਚੰਗੇ ਪਦਾਰਥ ਲਿਆਉਂਦਾ ਹਾਂ।

ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ॥ ਜੋ ਪਾਵੈ ਸੋ ਆਣਿ ਦਿਖਾਵੈ॥

ਜਿਸ ਵੇਲੇ ਧਨ= ਇਸਤ੍ਰੀ ਦੇਹ ਖਾਣ-ਪੀਣ ਲਈ ਮੰਗਦੀ ਹੈ, ਤਾਂ ਪਤੀ-ਜੀਵ ਬਹੁਤ ਤਰ੍ਹਾਂ ਨਾਲ ਧਾਵੈ= ਦੌੜਦਾ ਹੈ। ਜੋ ਵਸਤੂ ਪਾਉਂਦਾ ਹੈ ਓਹੀ ਆਣਿ= ਲਿਆ ਕੇ ਵਿਖਾਉਂਦਾ ਹੈ। ਅਰਥਾਤ ਦੇਹ ਨੂੰ ਖੁਆਉਂਦਾ ਪਿਆਉਂਦਾ ਹੈ।

ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ॥ ੩॥

ਦੋਨੋਂ ਹੀ ਇਕ ਆਤਮ-ਵਸਤੂ ਨੂੰ ਪਹੁੰਚ ਨਹੀਂ ਸਕਦੇ ਇਸ ਕਰ ਕੇ ਧਨ= ਇਸਤ੍ਰੀ-ਦੇਹ ਭੁੱਖੀ ਰਹਿੰਦੀ ਹੈ ਤੇ ਪਤੀ-ਜੀਵ ਭੀ ਪਿਆਸਾ ਰਹਿੰਦਾ ਹੈ॥ ੩॥

ਹਾਂ ਜੇਕਰ ਇਕ ਆਤਮ-ਵਸਤੂ ਨੂੰ ਪ੍ਰਾਪਤ ਕਰ ਲੈਣ ਤਾਂ ਦੋਵੇਂ ਤ੍ਰਿਪਤ ਹੋ ਜਾਣ। ਜੀਵ ਤਾਂ ਅੱਗੇ ਹੀ ਬ੍ਰਹਮ ਸਰੂਪ ਹੈ ਆਤਮ-ਵਸਤੂ ਕਰ ਕੇ ਦੇਹ ਭੀ ਸਫਲ ਹੋ ਜਾਵੇਗੀ।

ਧਨ ਕਰੈ ਬਿਨਉ ਦੋਊ ਕਰ ਜੋਰੈ॥
ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ॥

ਧਨ= ਇਸਤ੍ਰੀ-ਦੇਹ ਦੋਵੇਂ ਕਰ= ਹੱਥ ਜੋੜ ਕੇ ਬੇਨਤੀ ਕਰਦੀ ਹੈ— ਹੇ ਪ੍ਰਿਅ= ਪਤੀ-ਜੀਵ ! ਪ੍ਰਲੋਕ ਰੂਪ ਪਰਦੇਸ ਵਿਚ ਨਾ ਜਾਓ, ਮੇਰੇ ਸਰੀਰ-ਘਰ ਵਿਚ ਹੀ ਵਸਣਾ ਕਰੋ। ਅਰਥਾਤ ਏਸੇ ਸਰੀਰ ਵਿਚ ਰਹਿ ਕੇ

ਅਨੰਦ ਲਵੋ। ਅਗਲੀ ਤੁਕ ਵਿਚ ਗੁਰੂ ਜੀ ਦੋਹਾਂ ਨੂੰ ਸਮਝਾਉਂਦੇ ਹਨ-

ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ॥ ੪॥

ਅੰਤਹਕਰਨ ਰੂਪੀ ਘਰ ਵਿਚ ਤੁਸੀਂ ਦੋਵੇਂ ਮਿਲ ਕੇ ਅਜੇਹਾ ਨਾਮ ਦਾ ਵਣਜ ਕਰੋ ਜਿਸ ਨਾਮ ਵਣਜ ਕਰ ਕੇ ਇਸ ਲੋਕ ਦੇ ਪਦਾਰਥਾਂ ਦੀ ਭੁੱਖ ਅਤੇ ਪ੍ਰਲੋਕ ਦੇ ਪਦਾਰਥਾਂ ਦੀ ਪਿਆਸ ਉਤਰ ਜਾਵੇ। ਜਾਂ ਦੇਹ ਦੀ ਭੁੱਖ ਤੇ ਜੀਵ ਦੀ ਪਿਆਸਾ= ਤ੍ਰੇਹ ਉਤਰ ਜਾਵੇ॥ ੪॥

ਸਗਲੇ ਕਰਮ ਧਰਮ ਜੁਗ ਸਾਧਾ॥ ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ॥

ਨਾਮ ਤੋਂ ਬਿਨਾਂ ਹੋਰ ਸਾਰੇ ਕਰਮ ਧਰਮ ਪਿਛਲੇ ਜੁਗਾਂ ਦੇ ਸਾਧਾ= ਸਾਧਨ ਹਨ। ਕਲਜੁਗ ਵਿਚ ਹਰੀ ਨਾਮ-ਰਸ ਪ੍ਰਾਪਤ ਕੀਤੇ ਬਿਨਾਂ ਇਕ ਤਿਲ ਜਿੰਨਾ ਭੀ ਸੁਖ ਲੱਭਦਾ ਨਹੀਂ ਹੈ (ਨਾਮ ਦੀ ਪਰਾਪਤੀ ਸਤਸੰਗ ਵਿਚੋਂ ਹੁੰਦੀ ਹੈ ਤੇ ਸਤਸੰਗ ਪ੍ਰਭੂ ਦੀ ਕਿਰਪਾ ਨਾਲ ਪਰਾਪਤ ਹੁੰਦਾ ਹੈ)। ਇਸ ਗੱਲ ਨੂੰ ਸਪਸ਼ੱਟ ਕਰਦੇ ਹਨ-

ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ॥ ੫॥

ਗੁਰੂ ਜੀ ਕਥਨ ਕਰਦੇ ਹਨ—ਪ੍ਰਭੂ ਦੀ ਕਿਰਪਾ ਨਾਲ (ਜਿਸ ਵੇਲੇ) ਸਤਸੰਗ ਦੀ ਪਰਾਪਤੀ ਹੋਈ ਤੇ ਨਾਮ-ਸਿਮਰਨ ਕੀਤਾ ਤਾਂ ਧਨ= ਇਸਤ੍ਰੀ-ਦੇਹ ਨੂੰ ਅਨੰਦ ਤੇ ਪਿਰ= ਪਤੀ-ਜੀਵ ਨੂੰ ਉਲਾਸਾ= ਉਤਸ਼ਾਹ ਪਰਾਪਤ ਹੋਇਆ॥ ੫॥

[ਪੰਨਾ ੧੦੭੩]

ਧਨ ਅੰਧੀ ਪਿਰੁ ਚਪਲੁ ਸਿਆਨਾ॥ ਪੰਚ ਤਤੁ ਕਾ ਰਚਨੁ ਰਚਾਨਾ॥

ਧਨ= ਇਸਤ੍ਰੀ-ਦੇਹ ਅੰਧੀ= ਜੜ੍ਹ ਹੈ, ਪਤੀ-ਜੀਵ ਚੰਚਲ ਤੇ ਸਿਆਣਾ ਹੈ, ਜਾਂ ਸੰਸਾਰਕ ਸਿਆਣਪਾਂ ਕਰ ਕੇ ਚੰਚਲ ਹੈ। ਇਹ ਸਾਰਾ ਰਚਨੁ= ਪਰਪੰਚ ਪੰਜਾਂ ਤੱਤਾਂ ਦਾ ਰਚਿਆ ਹੋਇਆ ਹੈ।

ਜਿਸੁ ਵਖਰ ਕਉ ਤੁਮ ਆਏ ਹਹੁ ਸੋ ਪਾਇਓ ਸਤਿਗੁਰ ਪਾਸਾ ਹੇ॥ ੬॥

ਜਿਸ ਨਾਮ ਰੂਪ ਸੌਦੇ ਨੂੰ ਲੈਣ ਲਈ ਤੁਸੀਂ ਆਏ ਹੋ ਉਹ ਨਾਮ ਰੂਪ ਸੌਦਾ ਪਰਮੇਸ਼ਰ ਨੇ ਸਤਿਗੁਰਾਂ ਪਾਸ ਪਾਇਓ= ਪਾਇਆ ਭਾਵ ਰਖਿਆ ਹੋਇਆ ਹੈ। *ਅਥਵਾ :-* ਓਹ ਨਾਮ ਰੂਪ ਸੌਦਾ ਸਤਿਗੁਰਾਂ ਪਾਸੋਂ ਪਰਾਪਤ ਹੁੰਦਾ ਹੈ॥ ੬॥

ਧਨ ਕਹੈ ਤੂ ਵਸੁ ਮੈ ਨਾਲੇ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ॥

ਧਨ=ਇਸਤ੍ਰੀ-ਦੇਹ ਆਖਦੀ ਹੈ- ਹੇ ਗੁਪਾਲੇ= ਇੰਦ੍ਰੀਆਂ ਦੀ ਪਾਲਣਾ ਕਰਨ ਵਾਲੇ ! ਬਾਲ= ਨਵੀਨ ਜਾਂ ਪਿਆਰੇ ਸੁਖਵਾਸੀ ਪਤੀ-ਜੀਵ! ਤੂੰ ਸਦਾ ਮੇਰੇ ਨਾਲ ਹੀ ਵਸਣਾ ਕਰ। ਕਿਉਂਕਿ-

ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ॥ ੭॥

ਤੇਰੇ ਬਿਨਾਂ ਹਉ ਮੈਂ ਕਿਸੇ ਗਿਣਤੀ ਵਿਚ ਨਹੀਂ ਹਾਂ, ਇਸ ਲਈ ਤੂੰ ਏਹ ਬਚਨ ਦਿਹ ਕਿ ਮੈਂ ਤੈਨੂੰ ਛੱਡ ਕੇ (ਪਰਲੋਕ ਵਿਚ) ਨਹੀਂ ਜਾਵਾਂਗਾ॥ ੭॥ ਅੱਗੋਂ-

ਪਿਰਿ ਕਹਿਆ ਕਉ ਹੁਕਮੀ ਬੰਦਾ॥ ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ॥

ਪਿਰਿ= ਪਤੀ-ਜੀਵ ਨੇ ਕਿਹਾ— ਹੇ ਇਸਤ੍ਰੀ-ਦੇਹ ! ਮੈਂ ਤਾਂ ਹੁਕਮੀ ਬੰਦਾ ਹਾਂ ਮੇਰਾ ਆਉਣਾ ਜਾਣਾ

ਉਸ ਪ੍ਰਭੂ ਦੇ ਹੁਕਮ ਵਿਚ ਹੈ ਮੇਰੇ ਅਧੀਨ ਕੁਝ ਨਹੀਂ ਹੈ। (ਦੇਹ ਨੇ ਕਿਹਾ—"ਉਸ ਨੂੰ ਰਿਸ਼ਵਤ ਦੇ ਕੇ ਤੂੰ ਮੇਰੇ ਵਿਚ ਵਸਿਆ ਰਹੁ।" ਇਹ ਗੱਲ ਸੁਣ ਕੇ ਜੀਵ ਨੇ ਕਿਹਾ) ਉਹ ਠਾਕੁਰ ਸਭ ਤੋਂ ਭਾਰੋ= ਵੱਡਾ ਹੈ, ਜਿਸ ਨੂੰ ਕਿਸੇ ਦੀ ਕਾਨ ਕਨੌਡ ਨਹੀਂ ਹੈ ਨਾ ਹੀ ਕਿਸੇ ਦਾ ਛੰਦਾ= ਮੁਲਾਹਜਾ ਹੈ।

ਵਾ :- ਨਾ ਹੀ ਛਲ ਵਲ ਹੈ। ਭਾਵ ਕਿਸੇ ਪਾਸੋਂ ਰਿਸ਼ਵਤ ਨਹੀਂ ਲੈਂਦਾ।

ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ॥ ੮ ॥

ਜਿੰਨਾਂ ਚਿਰ ਰੱਖੇਗਾ ਉਨਾਂ ਚਿਰ ਮੇਰਾ ਤੇਰੇ ਨਾਲ ਰਹਿਣਾ ਬਣਦਾ ਹੈ, ਜਾਂ ਉਹ ਪ੍ਰਭੂ ਸੱਦੇਗਾ ਤਾਂ ਮੈਂ ਉੱਠ ਕੇ ਸਿਧਾਸਾ= ਚਲਿਆ ਜਾਵਾਂਗਾ॥ ੮॥

ਜਉ ਪ੍ਰਿਅ ਬਚਨ ਕਹੇ ਧਨ ਸਾਚੇ॥ ਧਨ ਕਛੂ ਨ ਸਮਝੈ ਚੰਚਲਿ ਕਾਚੇ॥

ਜਿਸ ਵੇਲੇ ਪ੍ਰਿਅ= ਪਤੀ-ਜੀਵ ਨੇ ਧਨ= ਇਸਤ੍ਰੀ-ਦੇਹ ਨੂੰ ਸੱਚੇ ਬਚਨ ਕਹੇ। ਉਸ ਵੇਲੇ ਚੰਚਲ ਤੇ ਕੱਚੀ ਧਨ= ਇਸਤ੍ਰੀ-ਦੇਹ ਨੇ ਕੁਝ ਭੀ ਨਾ ਸਮਝਿਆ। ਜਾਂ ਉਸ ਵੇਲੇ ਧਨ= ਇਸਤ੍ਰੀ-ਦੇਹ ਕੁਝ ਸਮਝਦੀ ਨਾ ਹੋਈ, ਕਚਿਆਂ ਪਦਾਰਥਾਂ ਵਿਚ ਲੱਗ ਕੇ ਇਹ ਧਨ= ਇਸਤ੍ਰੀ-ਦੇਹ ਚੰਚਲ ਹੋ ਰਹੀ ਹੈ।

ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ॥ ੯ ॥

ਬਹੁਰਿ ਬਹੁਰਿ= ਮੁੜ-ਮੁੜ ਕੇ ਪਤੀ-ਜੀਵ ਦਾ ਹੀ ਸੰਗ ਮੰਗਦੀ ਹੈ ਅਤੇ ਉਹ ਜੀਵ ਇਸ ਦੀ ਗੱਲ ਨੂੰ ਹਾਸਾ ਕਰ ਕੇ ਜਾਣਦਾ ਹੈ, ਕਿ ਇਸ ਨੂੰ ਪਤਾ ਹੀ ਨਹੀਂ ਹੈ ਕਿ ਜੋ ਕੁਝ ਹੁੰਦਾ ਹੈ, ਉਸ ਪ੍ਰਭੂ ਦੇ ਹੁਕਮ ਵਿਚ ਹੀ ਹੁੰਦਾ ਹੈ॥ ੯॥

ਆਈ ਆਗਿਆ ਪਿਰਹੁ ਬੁਲਾਇਆ॥ ਨਾ ਧਨ ਪੁਛੀ ਨ ਮਤਾ ਪਕਾਇਆ॥

ਜਿਸ ਵੇਲੇ ਪ੍ਰਭੂ ਦੀ ਆਗਿਆ ਆਈ ਤਾਂ ਧਰਮ ਰਾਜ ਨੇ ਪਿਰਹੁ= ਜੀਵ-ਪਤੀ ਨੂੰ ਬੁਲਾ ਲਿਆ। ਉਸ ਨੇ ਜਾਂਦੀ ਵਾਰੀ ਧਨ= ਇਸਤ੍ਰੀ-ਦੇਹ ਪਾਸੋਂ ਨਾ ਕੋਈ ਗੱਲ ਪੁੱਛੀ, ਨਾ ਹੀ ਉਸ ਨਾਲ ਕੋਈ ਮਤਾ ਪਕਾਇਆ= ਸਲਾਹ ਕੀਤੀ।

ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ॥ ੧੦॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਪਤੀ-ਜੀਵ ਪ੍ਰਭੂ ਦੇ ਹੁਕਮ ਨਾਲ ਉੱਠ ਕੇ ਪਰਲੋਕ ਵਿਚ ਚਲਾ ਗਿਆ ਤਾਂ ਦੇਹ ਛੂਟਰਿ= ਛੁੱਟੜ ਹੋ ਕੇ ਮਿੱਟੀ ਨਾਲ ਮਿਲ ਗਈ, ਹੇ ਭਾਈ! ਇਸ ਮੋਹਾਸਾ= ਮੋਹ ਨੂੰ ਮਿਥਿਆ ਕਰ ਕੇ ਦੇਖਣਾ ਕਰ।

ਅਥਵਾ :- ਪਦਾਰਥਾਂ ਦੀ ਆਸਾ ਤੇ ਸੰਬੰਧੀਆਂ ਦੇ ਮੋਹ ਨੂੰ ਮਿਥਿਆ ਕਰ ਕੇ ਦੇਖਣਾ ਕਰ॥ ੧੦॥

ਰੇ ਮਨ ਲੋਭੀ ਸੁਣਿ ਮਨ ਮੇਰੇ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ॥

ਹੇ ਲੋਭੀ ਮਨ ! ਤੂੰ ਮੇਰੇ ਮਨ= ਮੰਤ੍ਰ ਨੂੰ ਸੁਣਨਾ ਕਰ। *ਅਥਵਾ :-* ਹੇ ਮੇਰੇ ਲੋਭੀ ਮਨ ! ਤੂੰ ਮੇਰੀ ਗੱਲ ਸੁਣ ਕੇ ਮੰਨ ਲੈ। ਰਾਤ ਦਿਨ ਸਵੇਰੇ ਉੱਠ ਕੇ ਸਤਿਗੁਰਾਂ ਦੀ ਸੇਵਾ ਕਰ। ਵਾ :- ਸਦੇਰੇ= ਸਵੇਰੇ ਉੱਠ ਕੇ ਸਤਿਗੁਰਾਂ ਦੀ ਸੇਵਾ ਕਰ ਤਾਂ ਅਵਿਦਿਆਂ ਦੀ ਰਾਤ ਤੋਂ ਗਿਆਨ ਰੂਪੀ ਦਿਨ ਉਦੇ ਹੋਵੇਗਾ।

ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ॥ ੧੧॥

ਸਤ੍ਰਿਗੁਰੂ ਤੋਂ ਬਿਨਾਂ ਸਾਕਤ ਪੁਰਸ਼ ਨਰਕਾਂ ਦੀ ਅੱਗ ਵਿਚ ਸੜ ਮੋਏ ਹਨ, ਕਿਉਂਕਿ ਨਿਗੁਰਿਆਂ ਦੇ ਗਲ ਵਿਚ ਜਮਾਂ ਦਾ ਫਾਹ ਪਿਆ ਰਹਿੰਦਾ ਹੈ॥ ੧੧॥

ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥

ਮਨਮੁਖ ਸੰਸਾਰ ਵਿਚ ਆਵੈ= ਆਉਂਦਾ ਭਾਵ ਜੰਮਦਾ ਹੈ, ਮਨਮੁਖ ਹੀ ਮਰ ਕੇ ਪ੍ਰਲੋਕ ਵਿਚ ਜਾਂਦਾ ਹੈ। ਮਨਮੁਖ ਮੁੜ-ਮੁੜ ਕੇ ਜਮਾਂ ਦੀਆਂ ਚੋਟਾਂ ਖਾਂਦਾ ਹੈ।

ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ ੧੨॥

ਜਿੰਨੇ-ਕੁ ਨਰਕ ਹਨ ਉਹ ਸਾਰੇ ਮਨਮੁਖ ਪੁਰਸ਼ ਭੋਗਦਾ ਹੈ, ਗੁਰਮੁਖਾਂ ਨੂੰ ਮਾਸਾ ਜਿੰਨਾ ਭੀ ਲੇਪ ਨਹੀਂ ਹੁੰਦਾ॥ ੨॥

ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ॥
ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ॥

ਅਸਲ ਗੁਰਮੁਖ ਓਹੀ ਹੈ ਜੇਹੜਾ ਹਰਿ ਜੀਉ ਨੂੰ ਭਾਇਆ= ਚੰਗਾ ਲੱਗਾ ਹੈ। ਜਿਸ ਨੂੰ ਪ੍ਰਭੂ ਜੀ ਨੇ ਜਸ ਦਾ ਸਿਰੋਪਾ ਪਹਿਨਾਇਆ ਹੈ ਉਸ ਨੂੰ ਭਲਾ ਕੌਣ ਮਿਟਾ ਸਕਦਾ ਹੈ ?

ਸਦਾ ਅਨੰਦੁ ਕਰੇ ਆਨੰਦੀ ਜਿਸ ਸਿਰਪਾਉ ਪਇਆ ਗਲਿ ਖਾਸਾ ਹੇ॥੧੩॥

ਜਿਸ ਦੇ ਗਲ ਵਿਚ ਖਾਸੇ ਕਪੜੇ ਦਾ ਸਿਰੋਪਾ ਪਿਆ ਹੈ, ਜਾਂ ਜਸ ਰੂਪੀ ਖਾਸੇ ਕਪੜੇ ਦਾ ਸਿਰੋਪਾ ਪਿਆ ਹੈ। *ਅਥਵਾ :—* ਜਿਸ ਦੇ ਗਲਿ= ਹਿਰਦੇ ਵਿਚ ਸਭ ਤੋਂ ਖਾਸਾ= ਚੰਗਾ ਪ੍ਰੇਮ, *ਵਾ :-* ਗਿਆਨ ਰੂਪੀ ਸਿਰੋਪਾ ਪਿਆ ਹੈ, ਉਹ ਸਦਾ ਹੀ ਆਨੰਦੀ=ਪਰਮਾਤਮਾ ਦੇ ਅਨੰਦ ਨੂੰ ਭੋਗਣਾ ਕਰਦਾ ਹੈ॥ ੧੩॥

ਹਉ ਬਲਿਹਾਰੀ ਸਤਿਗੁਰ ਪੂਰੇ॥ ਸਰਣਿ ਕੇ ਦਾਤੇ ਬਚਨ ਕੇ ਸੂਰੇ॥

ਪੂਰਿਆਂ ਸਤਿਗੁਰਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ। ਜੋ ਗੁਰੂ ਸ਼ਰਨ ਆਇਆਂ ਦੀ ਰਖਿਆ ਕਰਨ ਦੇ ਦਾਤੇ ਹਨ, ਜਾਂ ਸਰਣਿ= ਆਸਰੇ ਦੇ ਦਾਤੇ ਹਨ ਅਤੇ ਬਚਨਾਂ ਦੇ ਸੂਰਬੀਰ ਹਨ, ਅਰਥਾਤ ਜੋ ਭੀ ਵਰ ਸਰਾਪ ਰੂਪ ਬਚਨ ਉਚਾਰਦੇ ਹਨ ਉਹ ਸਫਲ ਹੋ ਜਾਂਦੇ ਹਨ।

ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ॥ ੧੪॥

ਮੈਨੂੰ ਅਜਿਹਾ ਸੁਖ ਦਾਤਾ ਪ੍ਰਭੂ ਮਿਲਿਆ ਹੈ, ਜੋ ਕਦੇ ਭੀ ਵਿਛੁੜ ਕੇ ਕਿਤੇ ਦੂਰ ਨਹੀਂ ਜਾਂਦਾ॥ ੧੪॥

ਗੁਣ ਨਿਧਾਨ ਕਿਛੁ ਕੀਮ ਨ ਪਾਈ॥
ਘਟਿ ਘਟਿ ਪੂਰਿ ਰਹਿਓ ਸਭ ਠਾਈ॥

ਸ਼ੁਭ ਗੁਣਾਂ ਦੇ ਨਿਧਾਨ= ਖਜ਼ਾਨੇ ਪ੍ਰਭੂ ਦੀ ਕੀਮਤ ਨਹੀਂ ਪਾਈ ਜਾਂਦੀ ਉਹ ਸਭ ਜਗ੍ਹਾ ਅਤੇ ਘਟਿ ਘਟਿ= ਹਰੇਕ ਸਰੀਰ ਵਿਚ ਪੂਰਨ ਹੋ ਰਿਹਾ ਹੈ।

ਨਾਨਕ ਸਰਣਿ ਦੀਨ ਦੁਖ ਭੰਜਨ ਹਉ ਰੇਣ ਤੇਰੇ ਜੋ ਦਾਸਾ ਹੇ ॥੧੫ ॥੧ ॥੨ ॥

ਗੁਰੂ ਜੀ ਕਥਨ ਕਰਦੇ ਹਨ—ਹੇ ਦੁਖਭੰਜਨ ਪ੍ਰਭੂ ! ਮੈਂ ਦੀਨ= ਗਰੀਬ ਨੇ ਆਪ ਜੀ ਦੀ ਸ਼ਰਨ ਫੜੀ ਹੈ ਅਤੇ ਆਪ ਜੀ ਦੇ ਜੋ ਦਾਸ ਹਨ ਉਹਨਾਂ ਦੇ ਚਰਨਾਂ ਦੀ ਹਉ= ਮੈਂ ਧੂੜ ਹਾਂ।

ਅਥਵਾ :- ਹੇ ਦੀਨ ਦੁਖਭੰਜਨ ਪ੍ਰਭੂ ! ਤੇਰੇ ਜੋ ਦਾਸ ਹਨ, ਉਹਨਾਂ ਦੀ ਸ਼ਰਣੀ ਪੈ ਕੇ ਉਹਨਾਂ ਦੀ ਚਰਨ ਰੇਣ= ਧੂੜੀ ਨੂੰ ਮੈਂ ਲੋਚਦਾ ਹਾਂ॥ ੧੫॥ ੧॥ ੨॥

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥

ਅਨੰਦੀ ਜੋ ਮੇਰਾ ਸੁਆਮੀ ਪ੍ਰਭੂ ਹੈ ਉਹ ਹਰ ਜਗ੍ਹਾ ਅਨੰਦ ਲੈਣਾ ਕਰਦਾ ਹੈ।

ਹਰੇਕ ਘਟ ਵਿਚ ਪੂਰਨ ਹੈ ਤੇ ਸਿਰ ਸਿਰ ਦਾ ਫੈਸਲਾ ਕਰਦਾ ਹੈ।

ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥ ੧ ॥

ਸ਼ਾਹਾਂ ਦੇ ਸਿਰ ਉਤੇ ਉਹ ਸੱਚਾ ਸਾਹਿਬ ਹੈ, ਉਸ ਵਰਗਾ ਹੋਰ ਕੋਈ ਦੂਜਾ ਨਹੀਂ ਹੈ॥ ੧॥

ਹਰਖਵੰਤ ਆਨੰਤ ਦਇਆਲਾ ॥ ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥

ਹਰਖਵੰਤ= ਖ਼ੁਸ਼ੀਆਂ ਵਾਲਾ ਹੈ ਤੇ ਬੇਅੰਤ ਦਿਆਲੂ ਹੈ। ਓਸੇ ਪ੍ਰਭੂ ਦਾ ਉਜਾਲਾ= ਪ੍ਰਕਾਸ਼ ਸਭਨਾਂ ਵਿਚ ਪਰਗਟ ਹੋ ਰਿਹਾ ਹੈ।

ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥ ੨ ॥

ਆਪ ਹੀ ਜੀਵਾਂ ਦੇ ਰੂਪਾਂ ਨੂੰ ਬਣਾ ਬਣਾ ਕੇ ਵੇਖਦਾ ਤੇ ਪ੍ਰਸੰਨ ਹੁੰਦਾ ਹੈ, ਆਪਣੀ ਪੂਜਾ ਨੂੰ ਆਪ ਹੀ ਕਰਦਾ ਹੈ। *ਵਾ :-* ਆਪਣੇ ਬਰਾਬਰ ਆਪ ਹੀ ਪੁੱਜ ਰਿਹਾ ਹੈ॥ ੨॥

ਆਪੇ ਕੁਦਰਤਿ ਕਰੇ ਵੀਚਾਰਾ ॥ ਆਪੇ ਹੀ ਸਚੁ ਕਰੇ ਪਸਾਰਾ ॥

ਅੰਨਵੇਂ:- ਸੱਚਾ ਵਾਹਿਗੁਰੂ ਆਪ ਸੰਸਾਰ ਪਸਾਰੇ ਨੂੰ ਉਤਪੰਨ ਕਰਦਾ ਹੈ। ਫੇਰ ਉਹ ਕੁਦਰਤੀ ਪਰਮਾਤਮਾ ਆਪਣੀ ਕੁਦਰਤ ਦੁਆਰੇ ਸੰਸਾਰ ਦਾ ਵਿਚਾਰ ਕਰਦਾ ਹੈ।

ਆਪੇ ਖੇਲਿ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥ ੩ ॥

ਆਪ ਹੀ ਦਿਨ ਰਾਤ ਖੇਡਾਂ ਖਿਡਾਉਂਦਾ ਹੈ ਅਤੇ ਆਪ ਹੀ ਸੁਣ-ਸੁਣ ਕੇ ਭੀਜਾ= ਪ੍ਰਸੰਨ ਹੁੰਦਾ ਹੈ॥ ੩॥

ਸਾਚਾ ਤਖਤੁ ਸਚੀ ਪਾਤਿਸਾਹੀ ॥ ਸਚੁ ਖਜੀਨਾ ਸਾਚਾ ਸਾਹੀ ॥

ਉਸ ਦਾ ਸਤਸੰਗ, *ਵਾ :-* ਸਰੂਪ ਸੱਚਾ ਹੈ, ਹੁਕਮ ਰੂਪੀ ਤਖਤ ਸੱਚਾ ਹੈ, ਹੁਕਮ ਰੂਪੀ ਪਾਤਸ਼ਾਹੀ ਭੀ ਸੱਚੀ ਹੈ। ਮਹਾਤਮਾ ਦਾ ਅੰਤਹਕਰਨ ਜਾਂ ਵੇਦ ਸ਼ਾਸਤ੍ਰ ਰੂਪ ਖਜ਼ਾਨਾ ਸੱਚਾ ਹੈ, ਉਸ ਦੀ ਸਰਬਗਤਾ ਰੂਪੀ ਸਾਹੀ= ਵਿਭੂਤੀ ਭੀ ਸੱਚੀ ਹੈ।

[ਪੰਨਾ ੧੦੭੪]

ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ॥ ੪॥

ਉਹ ਆਪ ਸੱਚਾ ਹੈ, ਉਸ ਦਾ ਧਾਰਿਆ ਹੋਇਆ ਸਾਰਾ ਪਰਪੰਚ ਭੀ ਸੱਚਾ ਹੈ, ਸੱਚੇ ਪ੍ਰਭੂ ਦਾ ਸੱਚਾ ਹੀ ਹੁਕਮ ਸਾਰੇ ਵਰਤ ਰਿਹਾ ਹੈ॥ ੪॥

ਸਚੁ ਤਪਾਵਸੁ ਸਚੇ ਕੇਰਾ॥ ਸਾਚਾ ਥਾਨੁ ਸਦਾ ਪ੍ਰਭ ਤੇਰਾ॥

ਹੇ ਸਚੇ ਪ੍ਰਭੂ ! ਆਪ ਜੀ ਦਾ ਤਪਾਵਸੁ= ਨਿਆਉਂ ਸੱਚਾ ਹੈ। ਹੇ ਪ੍ਰਭੂ ! ਆਪ ਜੀ ਦਾ ਸਤਸੰਗ ਅਸਥਾਨ ਭੀ ਸਦਾ ਸੱਚਾ ਹੈ।

ਸਚੀ ਕੁਦਰਤਿ ਸਚੀ ਬਾਣੀ ਬਚੁ ਸਾਹਿਬ ਸੁਖੁ ਕੀਜਾ ਹੇ॥ ੫॥

ਆਪ ਜੀ ਦੀ ਕੁਦਰਤਿ= ਸ਼ਕਤੀ ਸੱਚੀ ਹੈ, ਆਪ ਜੀ ਦੀ ਬਾਣੀ= ਆਗਿਆ, ਵਾ :- ਨਾਮ ਬਾਣੀ ਭੀ ਸੱਚੀ ਹੈ, ਹੇ ਸਾਹਿਬ ! ਤੂੰ ਆਪ ਹੀ ਭਗਤਾਂ ਨੂੰ ਸੱਚਾ ਸੁਖ ਦੇਣਾ ਕੀਤਾ ਹੈ॥ ੫॥

ਏਕੋ ਆਪਿ ਤੂ ਹੈ ਵਡ ਰਾਜਾ॥ ਹੁਕਮਿ ਸਚੇ ਕੈ ਪੂਰੇ ਕਾਜਾ॥

ਇਕ ਤੂੰ ਆਪ ਹੀ ਸਭਨਾਂ ਦਾ ਵੱਡਾ ਰਾਜਾ ਹੈਂ। ਹੇ ਸਚੇ ਪ੍ਰਭੂ ! ਤੇਰੇ ਸਚੇ ਹੁਕਮ ਵਿਚ ਹੀ ਸਭ ਕਾਰਜ ਪੂਰੇ ਹੁੰਦੇ ਹਨ। *ਅਥਵਾ :-* ਹੇ ਸਚੇ ! ਤੇਰੇ ਹੁਕਮ ਮੰਨਣ ਕਰ ਕੇ ਹੀ ਸਭ ਦੇ ਕਾਰਜ ਪੂਰੇ ਹੁੰਦੇ ਹਨ।

ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ॥ ੬॥

ਅੰਦਰਲੀ ਤੇ ਬਾਹਰਲੀ ਜੋ ਭੀ ਗੱਲ-ਬਾਤ ਹੈ ਸਭ ਕੁਝ ਤੂੰ ਹੀ ਜਾਣਦਾ ਹੈਂ, ਆਪ ਹੀ ਜਗਿਆਸੂ ਰੂਪ ਹੋ ਕੇ ਆਪਣੇ ਉਪਰ ਪਤੀਜਾ= ਭਰੋਸਾ ਕਰਦਾ ਹੈਂ॥ ੬॥

ਤੂ ਵਡ ਰਸੀਆ ਤੂ ਵਡ ਭੋਗੀ॥ ਤੂ ਨਿਰਬਾਣੁ ਤੂ ਹੈ ਹੀ ਜੋਗੀ॥

ਤੂੰ ਹੀ ਵਡਿਆਂ ਰਸਾਂ ਦੇ ਉਤਪੰਨ ਕਰਨ ਵਾਲਾ ਹੈਂ, ਤੂੰ ਹੀ ਰਸਾਂ ਦਾ ਵੱਡਾ ਭੋਗੀ ਹੈਂ। ਤੂੰ ਹੀ ਨਿਰਬਾਣੁ= ਨਿਰਬੰਧ ਹੈਂ, ਤੂੰ ਹੀ ਸਭਨਾਂ ਨਾਲ ਜੋਗੀ= ਜੁੜਿਆ ਹੋਇਆ ਹੈਂ।

ਸਰਬ ਸੂਖ ਸਹਜ ਘਰਿ ਤੇਰੈ ਅਮਿਉ ਤੇਰੀ ਦ੍ਰਿਸਟੀਜਾ ਹੇ॥ ੭॥

ਤੇਰੇ ਘਰ ਵਿਚ ਸਹਜ= ਸੁਭਾਵਕ ਹੀ ਸਾਰੇ ਸੁਖ ਪ੍ਰਾਪਤ ਹਨ ਅਤੇ ਤੇਰੀ ਦ੍ਰਿਸ਼ਟੀ ਵਿਚ ਹੀ ਅੰਮ੍ਰਿਤ ਹੈ॥ ੭॥

ਤੇਰੀ ਦਾਤਿ ਤੁਝੈ ਤੇ ਹੋਵੈ॥ ਦੇਹਿ ਦਾਨੁ ਸਭਸੈ ਜੰਤ ਲੋਐ॥

ਪ੍ਰਤੱਖ ਤੇਰੀ ਦਾਤ, ਵਾ :- ਭਗਤੀ ਰੂਪੀ ਤੇਰੀ ਦਾਤ ਤੈਥੋਂ ਹੀ ਪਰਾਪਤ ਹੁੰਦੀ ਹੈ। ਚੌਦਾਂ ਲੋਐ= ਲੋਕਾਂ ਵਿਚ ਸਭਨਾ ਜੀਵਾਂ ਨੂੰ ਤੂੰ ਹੀ ਦਾਨ ਦੇਂਦਾ ਹੈਂ।

ਤੋਟਿ ਨ ਆਵੈ ਪੂਰ ਭੰਡਾਰੈ ਤ੍ਰਿਪਤਿ ਰਹੇ ਆਘੀਜਾ ਹੇ॥ ੮॥

ਆਪ ਜੀ ਦੇ ਪੂਰ= ਭਰੇ ਹੋਏ ਭੰਡਾਰਿਆਂ ਵਿਚੋਂ ਕਿਸੇ ਚੀਜ਼ ਦੀ ਤੋਟ ਨਹੀਂ ਆਉਂਦੀ, ਜਿਸ ਨੂੰ ਆਪ ਦੇਂਦੇ ਹੋ ਉਹ ਤ੍ਰਿਪਤ ਹੋ ਕੇ ਆਘੀਜਾ= ਰੱਜ ਰਹੇ ਹਨ। ਵਾ :- ਇਸ ਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ

ਤੇ ਪਰਲੋਕ ਦੇ ਪਦਾਰਥਾ ਵਲੋਂ ਉਹ ਆਘੀਜਾ= ਰੱਜ ਰਹੇ ਹਨ॥ ੮॥

ਜਾਚਹਿ ਸਿਧ ਸਾਧਿਕ ਬਨਵਾਸੀ॥ ਜਾਚਹਿ ਜਤੀ ਸਤੀ ਸੁਖਵਾਸੀ॥

ਸਿਧ, ਸਾਧਿਕ ਅਤੇ ਬਨ ਵਿਚ ਵਸਣ ਵਾਲੇ ਬਨਵਾਸੀ ਆਦਿਕ ਸਭ ਆਪ ਜੀ ਤੋਂ ਜਾਚਹਿ= ਮੰਗਦੇ ਹਨ। ਜਤੀ ਸਤੀ ਆਦਿਕ ਭੀ ਸੁਖਾਂ ਵਿਚ ਵਸਣਾ ਮੰਗਦੇ ਹਨ।

ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ॥ ੯॥

ਇਕ ਤੂੰ ਹੀ ਦਾਤਾ ਹੈਂ ਹੋਰ ਸਾਰੇ ਜੀਵ ਜਾਚਿਕ= ਮੰਗਤੇ ਹਨ, ਸਾਰੀ ਸ੍ਰਿਸ਼ਟੀ ਨੂੰ ਤੂੰ ਹੀ ਦਾਨ ਦੇਂਦਾ ਹੈਂ॥ ੯॥

ਕਰਹਿ ਭਗਤਿ ਅਰੁ ਰੰਗ ਅਪਾਰਾ॥ ਖਿਨ ਮਹਿ ਥਾਪਿ ਉਥਾਪਨਹਾਰਾ॥

ਹੇ ਅਪਾਰਾ= ਬੇਅੰਤ ਪ੍ਰਭੂ ! ਤੇਰੇ ਭਗਤ ਜਨ ਤੇਰੀ ਭਗਤੀ ਕਰਦੇ ਹਨ ਅਤੇ ਤੇਰੇ ਵਿਚ ਹੀ ਅਪਾਰ ਰੰਗ= ਪਰੇਮ ਕਰਦੇ ਹਨ। ਇਕ ਛਿਨ ਵਿਚ ਤੂੰ ਹੀ ਉਤਪਤੀ, ਪਾਲਣਾ ਤੇ ਲੈਤਾ ਦੇ ਕਰਨ ਵਾਲਾ ਹੈਂ।

ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ॥ ੧੦॥

ਹੇ ਬੇਅੰਤ ਸੁਆਮੀ ! ਤੇਰਾ ਤੋਲੁ= ਵਿਚਾਰ ਸਭਨਾਂ ਤੋਂ ਭਾਰਾ= ਵੱਡਾ ਹੈ, ਤੇਰਿਆਂ ਭਗਤਾਂ ਨੇ ਤੇਰਾ ਹੀ ਹੁਕਮ ਮੰਨਿਆ ਹੈ। *ਅਥਵਾ :-* ਤੇਰੇ ਹੁਕਮ ਦਾ ਜੇਹੜਾ ਮੰਨਣਾ ਹੈ ਏਹੋ ਤੇਰੀ ਭਗਤੀ ਹੈ॥ ੧੦॥

ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ॥ ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ॥

ਜਿਸ ਨੂੰ ਗੁਰਾਂ ਦਾ ਦਰਸ਼ਨ ਦੇਂਦਾ ਹੈਂ ਓਹੀ ਆਪ ਜੀ ਨੂੰ ਜਾਣਦਾ ਹੈ। ਉਹ ਗੁਰਾਂ ਦੇ ਉਪਦੇਸ਼ ਦੁਆਰਾ ਸਦਾ ਰੰਗ ਮਾਣੈ= ਅਨੰਦ ਭੋਗਦਾ ਹੈ।

ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ॥ ੧੧॥

ਓਹੀ ਪੁਰਸ਼ ਵਿਹਾਰ ਵਿਚ ਚਤੁਰ ਅਤੇ ਸਰੂਪ ਦੇ ਜਾਣਨ ਵਿਚ ਸਿਆਣਾ ਹੈ, ਜੋ ਤੇਰੇ ਮਨ ਵਿਚ ਭਾਵੀਜਾ= ਭਾਉਂਦਾ ਹੈ॥ ੧੧॥

ਜਿਸੁ ਚੀਤਿ ਆਵਹਿ ਸੋ ਵੇਪਰਵਾਹਾ॥ ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ॥

ਜਿਸ ਪੁਰਸ਼ ਨੂੰ ਤੂੰ ਚੇਤੇ ਆਉਂਦਾ ਹੈਂ, ਉਹ ਬੇਪਰਵਾਹ ਹੈ। ਜਿਸ ਪੁਰਸ਼ ਨੂੰ ਤੂੰ ਚੇਤੇ ਆਉਂਦਾ ਹੈਂ, ਓਹੀ ਸੱਚਾ ਸ਼ਾਹ ਹੈ।

ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ ਅਵਰੁ ਕਹਾ ਕਿਛੁ ਕੀਜਾ ਹੇ॥ ੧੨॥

ਜਿਸ ਪੁਰਸ਼ ਨੂੰ ਤੂੰ ਚੇਤੇ ਆਉਂਦਾ ਹੈਂ ਉਸ ਨੂੰ ਕਾਹਦਾ ਡਰ ਹੈ ਅਤੇ ਹੋਰ ਉਸ ਨੇ ਕੀ ਕੁਝ ਕਰਨਾ ਹੈ ? ਭਾਵ ਉਸ ਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ ਹੈ। ਜਾਂ ਉਸ ਨੇ ਆਪ ਜੀ ਤੋਂ ਬਿਨਾਂ ਹੋਰ ਕੀ ਕੁਝ ਕਰਨਾ ਹੈ?॥ ੧੨॥

ਤ੍ਰਿਸਨਾ ਬੂਝੀ ਅੰਤਰੁ ਠੰਢਾ॥ ਗੁਰਿ ਪੂਰੈ ਲੈ ਤੂਟਾ ਗੰਢਾ॥

ਤ੍ਰਿਸ਼ਨਾ ਰੂਪ ਅੱਗ ਦੇ ਬੁਝਣ ਕਰ ਕੇ ਉਸ ਦਾ ਅੰਦਰੋਂ ਅੰਤਹਕਰਨ ਠੰਡਾ ਹੋ ਗਿਆ ਹੈ। ਪੂਰਿਆਂ ਗੁਰਾਂ

ਨੇ ਟੁੱਟਾ ਹੋਇਆ ਮਨ ਲੈ ਕੇ ਪਰਮੇਸ਼ਰ ਨਾਲ਼ ਗੰਢ ਦਿੱਤਾ ਹੈ।

ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ॥ ੧੩॥

ਜਿਸ ਵੇਲੇ ਹਿਰਦੇ ਅੰਦਰ ਗੁਰ-ਉਪਦੇਸ਼ ਦੀ ਸੁਰਤ ਜਾਗੀ, ਵਾ :- ਸੁਰਤੀਆਂ ਕਰ ਕੇ ਪ੍ਰਤਿਪਾਦਿਕ ਸਬਦੁ= ਬ੍ਰਹਮ ਦੀ ਸੁਰਤ ਹਿਰਦੇ ਅੰਦਰ ਜਾਗੀ ਤਾਂ ਪੰਜਾਂ ਕੋਸ਼ਾਂ ਰੂਪੀ ਬੂਰ ਝੋਲਿ ਝੋਲਿ= ਹਟਾ ਹਟਾ ਕੇ ਬ੍ਰਹਮਾ ਨੰਦ ਰੂਪੀ ਅੰਮ੍ਰਿਤ ਪੀਣਾ ਕੀਤਾ॥ ੧੩॥

ਮਰੈ ਨਾਹੀ ਸਦ ਸਦ ਹੀ ਜੀਵੈ॥ ਅਮਰੁ ਭਇਆ ਅਬਿਨਾਸੀ ਥੀਵੈ॥

ਉਹ ਮਰਦਾ ਨਹੀਂ ਹੈ ਸਦ ਸਦ= ਹਮੇਸ਼ਾਂ ਹੀ ਜਿਉਂਦਾ ਹੈ। ਅਮਰ ਪਦ ਨੂੰ ਪਰਾਪਤ ਹੋਇਆ ਹੋਇਆ ਅਬਿਨਾਸੀ ਥੀਵੈ= ਨਾਸ ਤੋਂ ਰਹਿਤ ਹੁੰਦਾ ਹੈ।

ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ॥ ੧੪॥

ਜਿਸ ਦਾ ਭਰਮ ਗੁਰਾਂ ਨੇ ਦੂਰ ਕਰ ਦਿੱਤਾ ਹੈ, ਉਸ ਦੀ ਦ੍ਰਿਸ਼ਟੀ ਵਿਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ॥ ੧੪॥

ਪੂਰੇ ਗੁਰ ਕੀ ਪੂਰੀ ਬਾਣੀ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ॥

ਪੂਰਿਆਂ ਗੁਰਾਂ ਦੀ ਉਪਦੇਸ਼ ਬਾਣੀ ਪੂਰੀ ਹੈ। ਉਸ ਉਪਦੇਸ਼ ਬਾਣੀ ਦੁਆਰਾ ਜੋ ਪੂਰੇ ਪ੍ਰਭੂ ਦੇ ਸਿਮਰਨ ਵਿਚ ਲੱਗਾ ਹੈ, ਉਸ ਦੀ ਬਿਰਤੀ ਪੂਰੇ ਪ੍ਰਭੂ ਵਿਚ ਸਮਾਈ ਹੈ।

ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ॥ ੧੫॥

ਉਸ ਨੂੰ ਨਿਤ ਰੂਪ ਪਰਮਾਤਮਾ ਦਾ ਰੰਗਾ= ਅਨੰਦ ਨਿਤ ਹੀ ਸਵਾਏ ਤੋਂ ਸਵਾਇਆ ਚੜ੍ਹਦਾ ਹੈ, ਜੋ ਤੋਲਿਆਂ ਘਟਦਾ ਨਹੀਂ ਹੈ। ਜਾਂ ਉਸ ਦਾ ਤੋਲੀਜਾ= ਵਿਚਾਰ ਘਟਦਾ ਨਹੀਂ ਹੈ॥ ੧੫॥

ਬਾਰਹਾ ਕੰਚਨੁ ਸੁਧੁ ਕਰਾਇਆ॥ ਨਦਰਿ ਸਰਾਫ ਵੰਨੀਸ ਚੜਾਇਆ॥

(ਜਿਵੇਂ ਪ੍ਰਤਖ ਸੋਨਾਂ ਸੁਨਿਆਰੇ ਪਾਸੋਂ) ਬਾਰਾਂ ਵੰਨੀਆਂ ਦਾ ਸ਼ੁੱਧ ਕਰਾਇਆ ਜਾਂਦਾ ਹੈ। (ਫੇਰ) ਸਰਾਫ਼ ਦੀ ਨਿਗਾਹ ਪੈਣ ਨਾਲ ਵੰਨੀ= ਰੰਗਤ ਚਾੜ੍ਹੀ ਜਾਂਦੀ ਹੈ ਕਿ ਇਹ ਠੀਕ ਹੈ !

ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ॥ ੧੬॥

(ਜਾਂ ਸਰਾਫ ਨੇ ਉਸ ਸੋਨੇ ਨੂੰ) ਪਰਖ ਕੇ ਖਜ਼ਾਨੇ ਵਿਚ ਪਾ ਲਿਆ ਫਿਰ ਉਸ ਨੂੰ ਤਪਾਇਆ ਨਹੀਂ ਜਾਂਦਾ। ਇਸੇ ਤਰ੍ਹਾਂ ਪਰਮੇਸ਼ਰ ਨੇ ਕਿਰਪਾ ਕਰ ਕੇ ਸਤਿਗੁਰੂ ਰੂਪੀ ਸੁਨਿਆਰੇ ਪਾਸੋਂ ਜੀਵ ਰੂਪ ਸੋਨਾ ਬਾਰਾਂ ਵੰਨੀਆਂ ਦਾ ਸ਼ੁੱਧ ਕਰਾਇਆ ਭਾਵ ਪੰਜ ਕਰਮ ਇੰਦ੍ਰੀਏ ਪੰਜ ਗਿਆਨ ਇੰਦ੍ਰੀਏ ਤੇ ਮਨ ਬੁੱਧੀ ਸੰਸਾਰ ਵਲੋਂ ਹਟਾ ਕੇ ਸ਼ੁੱਧ ਕਰਵਾਏ ਫੇਰ ਗੁਰੂ ਰੂਪੀ ਸਰਾਫ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਚੌਥੀ ਭੂਮਿਕਾ ਰੂਪੀ ਰੰਗ ਚਾੜ੍ਹਿਆ।

ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ॥ ੧੬॥

ਜਾਂ ਗੁਰੂ ਰੂਪੀ ਸਰਾਫ਼ ਨੇ ਪਰਖ ਕੇ ਸਰੂਪ ਰੂਪੀ ਖਜ਼ਾਨੇ ਵਿਚ ਪਾ ਲਿਆ, ਤਾਂ ਫਿਰ ਸਾਧਨਾਂ ਰੂਪੀ, ਵਾ :- ਚੁਰਾਸੀ ਲੱਖ ਜੂਨੀਆਂ ਰੂਪੀ ਅੱਗ ਦੇ ਤਪਾਉ ਵਿਚ ਨਹੀਂ ਤਪਾਇਆ ਜਾਂਦਾ॥ ੧੬॥

ਅੰਮ੍ਰਿਤ ਨਾਮੁ ਤੁਮਾਰਾ ਸੁਆਮੀ॥ ਨਾਨਕ ਦਾਸ ਸਦਾ ਕੁਰਬਾਨੀ॥

ਗੁਰੂ ਜੀ ਕਥਨ ਕਰਦੇ ਹਨ- ਹੇ ਸੁਆਮੀ= ਪਰਮਾਤਮਾ ! ਆਪ ਜੀ ਦਾ ਜੋ ਨਾਮ-ਅੰਮ੍ਰਿਤ ਹੈ, ਉਸ ਦੇ ਉਪਰੋਂ ਮੈਂ (ਦਾਸ) ਸਦਾ ਕੁਰਬਾਨ ਜਾਂਦਾ ਹਾਂ।

ਸੰਤਸੰਗਿ ਮਹਾ ਸੁਖੁ ਪਾਇਆ
ਦੇਖਿ ਦਰਸਨੁ ਇਹੁ ਮਨੁ ਭੀਜਾ ਹੇ॥ ੧੭॥ ੧॥ ੩॥

ਸੰਤਾਂ ਦੀ ਸੰਗਤ ਵਿੱਚ ਬੈਠ ਕੇ ਬੜਾ ਆਤਮ-ਸੁਖ ਪਾਇਆ ਹੈ, ਆਪ ਜੀ ਦਾ ਦਰਸ਼ਨ ਦੇਖ ਕੇ ਮੇਰਾ ਏਹ ਮਨ ਪ੍ਰੇਮ ਵਿਚ ਭਿੱਜ ਗਿਆ ਹੈ॥ ੧੭॥ ੧॥ ੩॥

ਮਾਰੂ ਮਹਲਾ ੫ ਸੋਲਹੇ ੧ੴ ਸਤਿਗੁਰ ਪ੍ਰਸਾਦਿ॥

ਸਿੱਖ ਨੇ ਬੇਨਤੀ ਕੀਤੀ—ਆਪ ਜੀ ਦੇ ਗੁਰੂ ਕੈਸੇ ਹਨ? *ਉੱਤਰ-*

ਗੁਰੁ ਗੋਪਾਲੁ ਗੁਰੁ ਗੋਵਿੰਦਾ॥

ਸਾਡੇ ਗੁਰੂ ਗੋਪਾਲ ਰੂਪ ਹਨ। *ਵਾ :-* ਗੁਰੂ ਆਪਣੇ ਸਿੱਖ ਦੀ ਬੁਧੀ ਰੂਪ ਗੋ= ਪ੍ਰਿਥਵੀ ਦੇ ਪਾਲਣ ਵਾਲੇ ਹਨ, ਸਾਡੇ ਗੁਰੂ ਗੋਬਿੰਦ ਰੂਪ ਹਨ, *ਵਾ :-* ਗੋ= ਵੇਦਾਂ ਦਾ ਸਿਧਾਂਤ ਜਾਣਨ ਵਾਲੇ ਹਨ। *ਅਥਵਾ :—* ਸਾਡੇ ਗੁਰੂ ਗੋਪਾਲ ਰੂਪ ਹਨ ਤੇ ਗੋਬਿੰਦ ਹੀ ਆਪ ਆ ਕੇ ਗੁਰੂ ਰੂਪ ਹੋਇਆ ਹੈ।

ਗੁਰੁ ਦਇਆਲੁ ਸਦਾ ਬਖਸਿੰਦਾ॥

ਸਾਡੇ ਗੁਰੂ ਦਿਆਲੂ ਸੁਭਾਅ ਵਾਲੇ ਹਨ, ਪੂਰਾ ਸਿੱਖ ਦੇ ਔਗੁਣਾਂ ਨੂੰ ਸਦਾ ਬਖਸ਼ਣ ਵਾਲੇ ਹਨ।

ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ॥ ੧॥

ਸਾਡੇ ਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਛੇ ਸ਼ਾਸਤ੍ਰ[੧], ਸਤਾਈ ਸਿਮ੍ਰਿਤੀਆਂ[੨] ਦੇ ਸਿਧਾਂਤ ਨੂੰ ਜਾਣਦੇ ਹਨ।

ਸਾਖੀ-ਜਿਸ ਵੇਲੇ ਪੰਡਿਤਾਂ ਨੇ ਇਕੱਤ੍ਰ ਹੋ ਕੇ ਲਾਹੌਰ ਅਕਬਰ ਬਾਦਸ਼ਾਹ ਅੱਗੇ ਸ਼ਿਕਾਇਤ ਕੀਤੀ ਸੀ ਕਿ ਇਨ੍ਹਾਂ ਨੇ ਵੱਖਰੇ ਤੀਰਥ ਬਣਾ ਲਏ ਹਨ ਤੇ ਸਭਨਾਂ ਪਾਸੋਂ ਆਪਣੀ ਪੂਜਾ ਕਰਵਾਉਂਦੇ ਹਨ ਪਰ ਗੀਤਾ ਦਾ ਇਕ ਅੱਖਰ ਪੜ੍ਹਨਾ ਭੀ ਨਹੀਂ ਜਾਣਦੇ। ਇਹ ਗੱਲ ਸੁਣ ਕੇ ਬਾਦਸ਼ਾਹ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੁਲਵਾ ਭੇਜਿਆ। ਉਸ ਵੇਲੇ ਗੁਰੂ ਜੀ ਆਪ ਤਾਂ ਨਾ ਗਏ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਕਿਹਾ— "ਤੂੰ ਜਾਹ! ਜੋ ਕੁਝ ਭੀ ਬਾਦਸ਼ਾਹ ਪੁੱਛੇ ਉੱਤਰ ਦੇ ਕੇ ਆਉਣਾ। ਸ੍ਰੀ ਗੁਰੂ ਰਾਮਦਾਸ ਜੀ ਨੇ ਦੋ ਹੱਥ ਜੋੜ ਕੇ ਕਿਹਾ—"ਮੈਨੂੰ ਤਾਂ ਕੁਝ ਆਉਂਦਾ ਨਹੀਂ ਮੈਂ ਕੀ ਉੱਤਰ ਦਿਆਂਗਾ ?" ਗੁਰੂ ਜੀ ਨੇ ਕਿਹਾ—ਉਸ ਵੇਲੇ ਤੂੰ ਆਪਣੀ ਸੱਜੀ ਬਾਂਹ ਵੱਲ ਤਕ ਲਵੀਂ ਤੈਨੂੰ ਸਭ ਕੁਝ ਆ ਜਾਵੇਗਾ।"[੩] ਗੁਰੂ ਸਾਹਿਬ ਦੇ ਬਚਨਾਂ ਉੱਤੇ ਭਰੋਸਾ ਰੱਖ ਕੇ ਗੁਰੂ ਰਾਮਦਾਸ

---

*੧ **ਛੇ ਸ਼ਾਸਤ੍ਰ**:-ਸਾਂਖ੍ਯ ਸ਼ਾਸਤ੍ਰ, ਨਿਆਇ ਸ਼ਾਸਤ੍ਰ, ਵਿਸ਼ੇਸ਼ਕ ਸ਼ਾਸਤ੍ਰ, ਮਿਸਾਂਸਕ ਸ਼ਾਸ੍ਤ੍ਰ, ਯੋਗ ਸ਼ਾਸਤ੍ਰ, ਵੇਦਾਂਤ ਸ਼ਾਸਤ੍ਰ।*

*੨ **ਸਤਾਈ ਸਿਮਰਤੀਆਂ** :- ਮਨੂੰ ਸਿੰਮ੍ਰਤੀ, ਯਾਗਜਵਲਕ, ਵਸ਼ਿਸਟ, ਪਰਾਸ਼ਰ, ਸੰਖ, ਲਘੁ ਹਾਰੀਤ, ਬ੍ਰਿਧ ਹਾਰੀਤ, ਨਾਰਦ, ਦਖ, ਲਘੁ ਅਤ੍ਰੀ,ਬ੍ਰਿਧ ਅਤ੍ਰੀ, ਸੋਮ, ਯਮ, ਦਤ, ਬੁਧ, ਵਿਸ਼ਨ, ਸ਼ੁਕਰ, ਲਘੁ ਗੌਤਮ, ਬ੍ਰਿਧ ਗੌਤਮ, ਕਾਤਜਾਇਨ, ਕੇਵਲ, ਅਪਸਤੰਬ, ਬ੍ਰਹਸਪਤਿ, ਬਿਆਸ। ਅੰਗਿਰਸ, ਸਤਾਤਪ।*

੩ ਨਿਜ ਭੁਜ ਪਿਖਹੁ ਦਾਹਿਨੀ ਜਬੈ। ਸਭਾ ਬਿਖੈ ਫੁਰ ਆਵਹਿ ਸਬੈ।
ਚਾਰਹੁ ਬੇਦ ਭੇਦ ਕੋ ਪਾਵਹਿਂ। ਖਟ ਸਾਸਤ੍ਰ ਵਕਤਾ ਹੁਇ ਜਾਵਹਿ॥ ੧੦॥

ਜੀ ਜਿੰਸ ਵੇਲੇ ਬਾਦਸ਼ਾਹ ਦੀ ਕਚਹਿਰੀ ਵਿਚ ਪੁੱਜੇ ਤੇ ਉਧਰੋਂ ਪੰਡਿਤਾਂ ਨੂੰ ਬੁਲਾਇਆ ਗਿਆ। ਪੰਡਿਤਾਂ ਨੇ ਆਉਂਦਿਆਂ ਕਿਹਾ—"ਇਹ ਤਾਂ ਇਕ ਅੱਖਰ ਨਹੀਂ ਜਾਣਦੇ, ਅਸੀਂ ਇਨ੍ਹਾਂ ਨਾਲ ਕੀ ਬੋਲਣਾ ਹੈ? ਜੇ ਕਰ ਇਹ ਗੀਤਾ ਦਾ ਪਾਠ ਸੁਣਾਉਣਗੇ ਤਾਂ ਅਸੀਂ ਇਨ੍ਹਾਂ ਨੂੰ ਕੁਝ ਸਮਝਾਂਗੇ। ਗੁਰੂ ਜੀ ਨੇ ਇਹ ਬਚਨ ਸੁਣ ਕੇ ਜਾਂ ਆਪਣੀ ਸੱਜੀ ਬਾਂਹ ਵੱਲ ਤੱਕਿਆ ਤਾਂ ਵੇਦਾਂ ਸ਼ਾਸਤ੍ਰਾਂ ਅਤੇ ਗੀਤਾ ਦਾ ਪਾਠ ਜ਼ੁਬਾਨ ਪਰ ਸਰਲ ਹੋ ਗਿਆ* ਤੇ ਭਰੀ ਸਭਾ ਵਿਚ ਅਰਥਾਂ ਸਮੇਤ ਗੀਤਾ ਅਤੇ ਸ਼ਾਸਤ੍ਰਾਂ ਦਾ ਪਾਠ ਸੁਣਾ ਦਿੱਤਾ। ਪੰਡਿਤ ਹੱਕੇ-ਬੱਕੇ ਭਾਵ ਸ਼ਰਮਿੰਦੇ ਹੋ ਕੇ ਵਾਪਸ ਚਲੇ ਗਏ। ਇਸ ਗੱਲ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਸਾਡੇ ਗੁਰੂ ਸਭ ਵੇਦਾਂ ਸ਼ਾਸਤ੍ਰਾਂ ਤੇ ਸਿਮ੍ਰਤੀਆਂ ਦਾ ਸਿਧਾਂਤ ਜਾਣਦੇ ਹਨ।

ਅਥਵਾ :— ਸੰਧਿਆ ਆਦਿਕ ਖਟ ਕਰਮਾਂ ਨੂੰ ਭੀ ਜਾਣਦੇ ਹਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸਾਰਿਆਂ ਤੋਂ ਪਵਿੱਤਰ ਹੈ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ *(ਪੰਨਾ ੧੩੯੨)*

ਅਥਵਾ :— ਸ੍ਰੀ ਗੁਰੂ ਅਰਜਨ ਸਾਹਿਬ ਜੀ ਆਪਣਾ ਨਿਸਚਾ ਦਰਸਾਉਂਦੇ ਹਨ ਕਿ ਸਾਡਾ ਸਭ ਕੁਝ ਗੁਰੂ ਹੀ ਹੈ, ਸਾਡਾ ਸ਼ਾਸਤਰ ਗੁਰੂ ਹੈ, ਸਿੰਮ੍ਰਤੀਆਂ ਭੀ ਗੁਰੂ ਹੈ, ਸੰਧਿਆ ਆਦਿਕ ਛੇ ਤਰ੍ਹਾਂ ਦੇ ਕਰਮ ਭੀ ਗੁਰੂ ਹੀ ਹੈ, ਪਵਿੱਤਰਤਾਈ ਦਾ ਅਸਥਾਨ ਭੀ ਸਾਡਾ ਗੁਰੂ ਹੀ ਹੈ।

ਅਥਵਾ :— ਗੁਰਾਂ ਦੀ ਕਿਰਪਾ ਨਾਲ ਅਸੀਂ ਛੇ ਸ਼ਾਸਤ੍ਰ, ਸਤਾਈ ਸਿੰਮ੍ਰਤੀਆਂ ਦਾ ਸਿਧਾਂਤ ਜਾਣਿਆਂ ਹੈ ਅਤੇ ਸੰਧਿਆ ਆਦਿਕ ਛੇ ਕਰਮਾਂ* ਦਾ ਫਲ ਅਫਲ ਭੀ ਜਾਣ ਲਿਆ ਹੈ, ਗੁਰਾਂ ਦੀ ਕਿਰਪਾ ਨਾਲ ਹੀ ਅੰਤਹਕਰਨ ਰੂਪੀ ਅਸਥਾਨ ਪਵਿੱਤਰ ਹੋ ਗਿਆ ਹੈ।

[ਪੰਨਾ ੧੦੭੫]

ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ॥ਗੁਰੁ ਸਿਮਰਤ ਜਮ ਸੰਗਿ ਨ ਫਾਸਹਿ॥

ਗੁਰਾਂ ਦੁਆਰੇ ਨਾਮ-ਸਿਮਰਨ ਨਾਲ ਸਾਰੇ ਕਿਲਵਿਖ= ਪਾਪ ਨਸ ਜਾਂਦੇ ਹਨ। ਗੁਰਾਂ ਦੁਆਰੇ ਸਿਮਰਨ ਕਰਨ ਨਾਲ ਜਮਾਂ ਦੀ ਫਾਹੀ ਵਿਚ ਫਸਦਾ ਨਹੀਂ ਹੈ। ਜਾਂ ਗੁਰੂ ਦੇ ਸਿਮਰਨ ਕਰਨ ਨਾਲ ਜਮਾਂ ਦੇ ਸੰਗਿ= ਟੋਲੇ ਵਿਚ ਫਸਦਾ ਨਹੀਂ ਹੈ।

ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ॥ ੨॥

ਗੁਰਾਂ ਦੁਆਰੇ ਨਾਮ-ਸਿਮਰਨ ਨਾਲ, ਜਾਂ ਗੁਰਾਂ ਦੇ ਸਿਮਰਨ ਨਾਲ ਮਨ ਸ਼ੁੱਧ ਹੁੰਦਾ ਹੈ, ਗੁਰੂ ਸਾਹਿਬ ਜੀ ਇਸ ਦੇ ਅਪਮਾਨਾ= ਨਿਰਾਦਰ ਨੂੰ ਕੱਟ ਕੇ ਉਸਤਤੀ ਕਰਾਉਂਦੇ ਹਨ।

ਵਾ :- ਨਿਰਾਦਰ ਕਰਨ ਵਾਲੇ ਜਮਦੂਤਾਂ ਨੂੰ ਕੱਟ ਦੇਂਦੇ ਹਨ।

ਅਥਵਾ :— ਅਪ= ਨਿਰਾਦਰ ਤੇ ਮਾਨਾ= ਆਦਰ ਇਸ ਦੁੰਦਵਾਦ ਨੂੰ ਕੱਟ ਦੇਂਦੇ ਹਨ॥ ੨॥

**ਰਾਮਦਾਸ ਗੁਰ ਬਚਨ ਸੰਭਾਰਾ। ਭੁਜਾ ਦਾਹਿਨੀ ਦਿਸ਼ਾ ਨਿਹਾਰਾ॥ ੧੯॥*

ਸਭਿ ਬਿੱਦਜਾ ਪ੍ਰਾਪਤ ਭੀ ਐਸੇ। ਚਿਰੰਕਾਲ ਪਠਿ ਪਾਵਹਿ ਜੈਸੇ।

(ਗੁਰ ਪ੍ਰਤਾਪ ਸੂਰਜ, ਰਾਸਿ ੧ ਅੰਸੁ ੪੪)

**ਛੇ ਤਰ੍ਹਾਂ ਦੇ ਕਰਮ:-* ਯਗ, ਹੋਮ, ਇਸ਼ਨਾਨ, ਸੰਧਿਆ, ਅਤਿਥ ਪੂਜਾ, ਦੇਵ ਅਰਚਾ।

ਗੁਰ ਕਾ ਸੇਵਕੁ ਨਰਕਿ ਨ ਜਾਏ॥ ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ॥

ਗੁਰੂ ਦੀ ਸੇਵਾ ਕਰਨ ਵਾਲਾ ਸੇਵਕ ਨਰਕਾਂ ਵਿਚ ਨਹੀਂ ਜਾਂਦਾ। ਗੁਰੂ ਦੀ ਸੇਵਾ ਕਰਨ ਵਾਲਾ ਸੇਵਕ ਪਾਰਬ੍ਰਹਮ ਨੂੰ ਧਿਆਉਂਦਾ ਹੈ।

ਗੁਰ ਕਾ ਸੇਵਕੁ ਸਾਧਸੰਗੁ ਪਾਏ ਗੁਰੁ ਕਰਦਾ ਨਿਤ ਜੀਅ ਦਾਨਾ ਹੇ॥ ੩॥

ਗੁਰੂ ਦੀ ਸੇਵਾ ਕਰਨ ਵਾਲਾ ਸੇਵਕ ਸਤਸੰਗਤ ਨੂੰ ਜ਼ਰੂਰ ਪਾਉਂਦਾ ਹੈ? ਕਿਉਂਕਿ ਸਾਰੀਆਂ ਮੌਜਾਂ ਸਤਸੰਗ ਕਰਨ ਨਾਲ ਹੁੰਦੀਆਂ ਹਨ। ਕਿਸੇ ਕਵੀ ਬੜਾ ਸੁੰਦਰ ਕਿਹਾ ਹੈ—

ਖੋਦ ਖੋਦ ਕੇ ਮੂਸਾ ਮਰ ਗਿਆ ਮੌਜ ਕੀਤੀ ਭੁਯੰਗੇ ਨੇ।
ਸਿੰਚ ਸਿੰਚ ਕੇ ਮਾਲੀ ਮਰ ਗਿਆ ਮੌਜ ਕੀਤੀ ਭਵਰੰਗੇ ਨੇ।
ਸੰਚ ਸੰਚ ਕੇ ਕਿਰਪਨ ਮਰ ਗਿਆ ਮੌਜ ਕੀਤੀ ਵਰਤੰਗੇ ਨੇ।
ਪਲਚ ਪਲਚ ਕੇ ਸਾਰੇ ਮਰ ਗਏ ਮੌਜ ਕੀਤੀ ਸਤਸੰਗੇ ਨੇ।

ਤਥਾ:- ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ *(ਪੰਨਾ ੧੨੯੯)*

ਗੁਰੂ ਸਾਹਿਬ ਜੀ ਨਿਤ ਹੀ ਜਗਿਆਸੂ ਨੂੰ ਜੀਵਨ ਦਾਨ ਦੇਂਦੇ ਹਨ। *ਵਾ :-* ਜੀਵ ਨੂੰ ਨਾਮ ਦਾਨ ਦੇਂਦੇ ਹਨ।

ਗੁਰਦੁਆਰੈ ਹਰਿ ਕੀਰਤਨੁ ਸੁਣੀਐ॥ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥

ਸਤਿਗੁਰਾਂ ਦੁਆਰੇ ਹਰੀ ਦਾ ਕੀਰਤਨ ਸੁਣਨਾ ਕਰੀਏ। ਸਤਿਗੁਰਾਂ ਨਾਲ ਭੇਟਿ= ਮਿਲ ਕੇ ਮੂੰਹ ਨਾਲ ਹਰੀ-ਜਸ ਨੂੰ ਕਥਨ ਕਰੀਏ।

ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ॥ ੪॥

ਸਤਿਗੁਰੂ ਜੀ ਕਲਪਨਾ ਅਤੇ ਕਲੇਸ਼ ਮਿਟਾ ਕੇ ਹਰੀ ਦੀ ਦਰਗਾਹ ਦਾ ਮਾਨਾ= ਆਦਰ ਦੇਂਦੇ ਹਨ॥ ੪॥

ਅਗਮੁ ਅਗੋਚਰੁ ਗੁਰੂ ਦਿਖਾਇਆ॥ ਭੂਲਾ ਮਾਰਗਿ ਸਤਿਗੁਰਿ ਪਾਇਆ॥

ਗੁਰਾਂ ਨੇ ਆਪਣੇ ਸੇਵਕ ਨੂੰ ਅਗਮੁ ਅਗੋਚਰੁ= ਪਰਮਾਤਮਾ ਦਿਖਾਇਆ ਹੈ। ਸਤਿਗੁਰਾਂ ਨੇ ਭੁੱਲੇ ਹੋਏ ਸਿੱਖ ਨੂੰ ਪਰਮੇਸ਼ਰ ਦੇ ਗਿਆਨ-ਭਗਤੀ ਰੂਪ ਮਾਰਗਿ= ਰਸਤੇ ਵਿਚ ਪਾਇਆ ਹੈ।

ਗੁਰਿ ਸੇਵਕ ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜ੍ਹਾਇਆ ਗਿਆਨਾਂ ਹੇ॥੫॥

ਗੁਰੂ ਸਾਹਿਬ ਜੀ ਆਪਣੇ ਸੇਵਕ ਨੂੰ ਭਗਤੀ ਕਰਨ ਵਿਚ ਵਿਘਨ ਨਹੀਂ ਹੋਣ ਦਿੰਦੇ, ਗੁਰਾਂ ਨੇ ਪੂਰਨ ਹਰੀ ਦਾ ਬ੍ਰਹਮ ਗਿਆਨ ਦ੍ਰਿੜ੍ਹ ਕਰਵਾਇਆ ਹੈ॥ ੫॥

ਗੁਰਿ ਦ੍ਰਿਸਟਾਇਆ ਸਭਨੀ ਠਾਂਈ॥ ਜਲਿ ਥਲਿ ਪੂਰਿ ਰਹਿਆ ਗੋਸਾਈ॥

ਗੁਰਾਂ ਨੇ ਸਾਰੀਆਂ ਜਗ੍ਹਾ ਪਰ ਪਰਮੇਸ਼ਰ ਦਿਖਾਇਆ ਹੈ। ਕਿ ਉਹ ਗੋਸਾਈਂ= ਪ੍ਰਿਥਵੀ ਦਾ ਮਾਲਕ ਪਰਮੇਸ਼ਰ ਜਲਾਂ ਵਿਚ ਤੇ ਥਲਾਂ ਵਿਚ ਪੂਰਨ ਹੋ ਰਿਹਾ ਹੈ।

ਊਚ ਊਨ ਸਭ ਏਕ ਸਮਾਨਾਂ ਮਨਿ ਲਾਗਾ ਸਹਜਿ ਧਿਆਨਾ ਹੇ॥ ੬॥

ਉਚਿਆਂ ਤੇ ਊਨ= ਨੀਵਿਆਂ ਸਾਰਿਆਂ ਵਿਚ ਇਕ ਪਰਮੇਸ਼ਰ ਸਮਾ ਰਿਹਾ ਹੈ, ਮੇਰੇ ਮਨ ਵਿਚ ਸੁਭਾਵਕ ਹੀ ਉਸ ਦਾ ਧਿਆਨ ਲੱਗ ਗਿਆ ਹੈ॥ ੬॥

ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ॥ ਗੁਰਿ ਮਿਲਿਐ ਨਹ ਜੋਹੈ ਮਾਈ॥

ਸਤਿਗੁਰਾਂ ਨਾਲ ਮਿਲ ਕੇ ਅਸੀਂ ਸਭਨਾ ਪਦਾਰਥਾਂ ਦੀ ਤ੍ਰਿਸ਼ਨਾ ਬੁਝਾ ਦਿੱਤੀ ਹੈ। ਸਤਿਗੁਰਾਂ ਨਾਲ ਮਿਲਣ ਕਰ ਕੇ ਮਾਈ= ਮਾਇਆ ਟੇਢੀ ਨਿਗਾਹ ਨਾਲ ਜੋਹੈ= ਦੇਖਦੀ ਨਹੀਂ ਹੈ।

ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ॥ ੭॥

ਪੂਰਿਆਂ ਗੁਰਾਂ ਨੇ ਮੇਰੇ ਅੰਦਰ ਸਤ ਸੰਤੋਖ ਪਰਾਪਤ ਕਰ ਦਿੱਤਾ ਹੈ, ਤੇ ਪੀ= ਪਤੀ-ਪਰਮਾਤਮਾ ਦੇ ਨਾਮ ਅੰਮ੍ਰਿਤ ਨੂੰ ਪਾਨਾ= ਪੀਣਾ ਕੀਤਾ ਹੈ। *ਅਥਵਾ :-* ਆਪ ਪੀ= ਪੀਤਾ ਹੈ ਤੇ ਹੋਰਨਾਂ ਨੂੰ ਨਾਮ-ਅੰਮ੍ਰਿਤ ਪਾਨਾ= ਪਿਲਾਉਣਾ ਕੀਤਾ ਹੈ॥ ੭॥

ਗੁਰ ਕੀ ਬਾਣੀ ਸਭ ਮਾਹਿ ਸਮਾਣੀ॥ ਆਪਿ ਸੁਣੀ ਤੈ ਆਪਿ ਵਖਾਣੀ॥

ਗੁਰਾਂ ਦੀ ਉਪਦੇਸ਼ ਬਾਣੀ ਸਭਨਾਂ ਅਧਿਕਾਰੀਆਂ ਦੇ ਹਿਰਦੇ ਵਿਚ ਸਮਾ ਰਹੀ ਹੈ। *ਅਥਵਾ :-* ਗੁਰਾਂ ਦੀ ਉਪਦੇਸ਼ ਬਾਣੀ ਦੁਆਰਾ ਏਹ ਨਿਸਚੇ ਕੀਤਾ ਹੈ ਕਿ ਪ੍ਰਭੂ ਦੀ ਚੇਤਨ ਸੱਤਾ ਸਭਨਾਂ ਵਿਚ ਸਮਾ ਰਹੀ ਹੈ। ਪ੍ਰਭੂ ਨੇ ਆਪ ਹੀ ਗੁਰੂ ਰੂਪ ਹੋ ਕੇ ਕਥਨ ਕੀਤੀ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ ਬਾਣੀ ਸੁਣੀ ਹੈ।

ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ॥੮॥

ਜਿਨ੍ਹਾਂ ਜਿਨ੍ਹਾਂ ਨੇ ਕੰਨਾਂ ਦੁਆਰੇ ਸੁਣੀ ਹੈ ਤੇ ਜੀਭ ਨਾਲ ਜਪੀ= ਉਚਾਰੀ ਹੈ, ਉਹ ਸਾਰੇ ਤਰ ਗਏ ਹਨ; ਉਹਨਾਂ ਨੇ ਨਿਹਚਲ ਥਾਨਾਂ= ਸਰੂਪ ਨੂੰ ਪਾਇਆ ਹੈ॥ ੮॥

ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ॥ ਜੋ ਕਿਛੁ ਕਰੇ ਸੁ ਆਪਣ ਭਾਣੈ॥

ਸਤਿਗੁਰਾਂ ਦੀ ਮਹਿਮਾ ਨੂੰ ਸਤਿਗੁਰੂ ਆਪ ਹੀ ਜਾਣਦੇ ਹਨ। ਗੁਰੂ ਜੀ ਜੋ ਕੁਝ ਭੀ ਕਰਦੇ ਹਨ, ਸੋ ਆਪ ਦੇ ਭਾਣੇ ਅਨੁਸਾਰ ਹੀ ਕਰਦੇ ਹਨ।

ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾਂ ਹੇ॥ ੯॥ ੧॥ ੪॥

ਗੁਰੂ ਜੀ ਕਥਨ ਕਰਦੇ ਹਨ- ਹੇ ਪ੍ਰਭੂ ! ਮੈਂ ਤੇਰੇ ਸੰਤਾਂ ਦੀ ਚਰਨ ਧੂੜ ਮੰਗਦਾ ਹਾਂ ਅਤੇ ਸਦੀਵ ਕਾਲ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ॥ ੯॥ ੧॥ ੪॥

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ॥ ਸਭ ਮਹਿ ਵਰਤੈ ਆਪਿ ਨਿਰਾਰਾ॥

ਉਹ ਨਿਰੰਕਾਰ ਪ੍ਰਭੂ ਆਦ ਤੋਂ ਹੀ ਨਿਰੰਜਨੁ= ਮਾਇਆ-ਮਲ ਤੋਂ ਰਹਿਤ ਹੈ।

ਸਾਰਿਆਂ ਵਿਚ ਵਰਤਦਾ ਹੋਇਆ ਭੀ ਆਪ ਸਭ ਤੋਂ ਨਿਰਾਰਾ= ਅਸੰਗ ਰਹਿੰਦਾ ਹੈ।

ਵਰਨੁ ਜਾਤਿ ਚਿਹਨੁ ਨਹੀ ਕੋਈ ਸਭੁ ਹੁਕਮੇ ਸ੍ਰਿਸਟਿ ਉਪਾਇਦਾ॥ ੧॥

ਉਸ ਦਾ ਵਰਨ ਜਾਤੀ ਤੇ ਚਿੰਨ੍ਹ ਆਦਿਕ ਕੋਈ ਭੀ ਨਹੀਂ ਹੈ, ਸਾਰੀ ਸ੍ਰਿਸ਼ਟੀ ਨੂੰ ਆਪਣੇ ਹੁਕਮ ਵਿਚ

ਹੀ ਪੈਦਾ ਕਰਦਾ ਹੈ॥ ੧॥

ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥

ਸਾਰੀ ਚੁਰਾਸੀ ਲੱਖ ਜੂਨ ਪੈਦਾ ਕੀਤੀ ਹੈ। ਪਰ ਸਾਰਿਆਂ ਵਿਚੋਂ ਪ੍ਰਭੂ ਨੇ ਮਨੁੱਖ ਜਨਮ ਨੂੰ ਵਡਿਆਈ ਦਿੱਤੀ ਹੈ।

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥ ੨॥

ਇਸ (ਮਨੁੱਖ ਜਨਮ ਰੂਪ) ਪਉੜੀ ਤੋਂ ਜੇਹੜਾ ਪੁਰਸ਼ ਚੂਕੈ= ਖੁੰਝੇਗਾ ਭਾਵ ਭੁੱਲੇਗਾ, ਉਹ ਜਨਮ ਮਰਨ ਦਾ ਦੁੱਖ ਜ਼ਰੂਰ ਪਾਵੇਗਾ॥ ੨॥

ਕੀਤਾ ਹੋਵੈ ਤਿਸੁ ਕਿਆ ਕਹੀਐ॥ ਗੁਰਮੁਖਿ ਨਾਮੁ ਪਦਾਰਥੁ ਲਹੀਐ॥

ਪੈਦਾ ਕੀਤਾ ਹੋਇਆ ਜੋ ਜੀਵ ਹੈ ਇਸ ਦੇ ਪਾਸੋਂ ਕੀ ਹੋ ਸਕਦਾ ਹੈ ਇਸ ਲਈ ਇਸ ਨੂੰ ਕੀ ਕਹਿਣਾ ਹੈ ? *ਅਥਵਾ :-* ਕੀਤਾ ਹੋਇਆ ਜੋ ਜੀਵ ਹੈ ਉਸ ਦਾ ਕੀ ਗੁਣ ਕਹੀਏ ? ਤਾਂ ਤੇ ਗੁਰਮੁਖਿ= ਗੁਰਾਂ ਦੁਆਰੇ ਨਾਮ ਪਦਾਰਥ ਨੂੰ ਲੈਣਾ ਕਰੀਏ।

ਜਿਸੁ ਆਪਿ ਭੁਲਾਏ ਸੋਈ ਭੂਲੈ ਸੋ ਬੂਝੈ ਜਿਸਹਿ ਬੁਝਾਇਦਾ॥ ੩॥

ਜਿਸ ਨੂੰ ਆਪ ਭੁਲਾਉਂਦਾ ਹੈ ਓਹੀ ਪੁਰਸ਼ ਭੁਲਦਾ ਹੈ ਅਤੇ ਉਹ ਪੁਰਸ਼ ਬੂਝੈ= ਸਮਝਦਾ ਹੈ ਜਿਸ ਨੂੰ ਆਪ ਪਰਮੇਸ਼ਰ ਸਮਝਾਉਂਦਾ ਹੈ॥ ੩॥

ਹਰਖ ਸੋਗ ਕਾ ਨਗਰੁ ਇਹੁ ਕੀਆ॥ ਸੇ ਉਬਰੇ ਜੋ ਸਤਿਗੁਰ ਸਰਣੀਆ॥

(ਇਹ ਸੰਸਾਰ) ਹਰਖ ਸੋਗ ਦਾ ਸ਼ਹਿਰ ਪੈਦਾ ਕੀਤਾ ਹੋਇਆ ਹੈ। ਜੋ ਸਤਿਗੁਰਾਂ ਦੀ ਸ਼ਰਨ ਵਿਚ ਆਏ ਹਨ, ਉਹ ਪੁਰਸ਼ ਹਰਖ ਸੋਗ ਤੋਂ ਬਚ ਗਏ ਹਨ।

ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ॥ ੪॥

(ਰਜੋ, ਸਤੋ, ਤਮੋ ਰੂਪ) ਤਿੰਨਾਂ ਗੁਣਾਂ ਤੋਂ ਜੋ ਅਸੰਗ ਰਹਿੰਦਾ ਹੈ, ਓਹੀ ਗੁਰਮੁਖ ਲੋਕ ਪਰਲੋਕ ਵਿਚ ਸ਼ੋਭਾ ਪਾਉਂਦਾ ਹੈ॥ ੪॥

ਅਨਿਕ ਕਰਮ ਕੀਏ ਬਹੁਤੇਰੇ॥ ਜੋ ਕੀਜੈ ਸੋ ਬੰਧਨੁ ਪੈਰੇ॥

ਅਨੇਕ ਤਰ੍ਹਾਂ ਦੀਆਂ ਬਿਧੀਆਂ ਨਾਲ ਬਹੁਤੇਰੇ= ਬਹੁਤ ਹੀ ਕਰਮ ਕੀਤੇ ਹਨ। ਪਰ ਜੋ ਭੀ ਕਰਮ ਕੀਤੇ ਹਨ, ਉਹ ਪੈਰੇ= ਪੈਰਾਂ ਵਿਚ ਬੰਧਨ ਰੂਪ ਹੋ ਕੇ ਪੈਰੇ= ਪਏ ਹਨ।

ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ॥ ੫॥

(ਜਿਵੇਂ ਕੋਈ) ਕੁਰੁਤਾ= ਬੇ-ਮੌਸਮਾ ਬੀਜ ਬੀਜਣਾ ਕਰੇ ਤਾਂ ਉਹ ਉਗਦਾ ਨਹੀਂ, ਸਗੋਂ ਸਾਰਾ ਲਾਭ ਤੇ ਮੂਲ ਭੀ ਗਵਾ ਲੈਂਦਾ ਹੈ। ਤਿਵੇਂ ਕਲਜੁਗ ਵਿਚ ਨਾਮ ਰੂਪ ਬੀਜ ਦੇ ਬੀਜਣ ਦਾ ਸਮਾਂ ਹੈ, ਇਹ ਜੀਵ ਨਾਮ-ਬੀਜ ਨਹੀਂ ਬੀਜਦਾ ਤੇ ਸ਼ਕਾਮ ਕਰਮਾਂ ਧਰਮਾਂ ਦੇ ਕਰਨ ਰੂਪ ਕੁਰੁੱਤਾ ਬੀਜ ਬੀਜਦਾ ਹੈ, ਇਸ ਕਰ ਕੇ ਆਤਮ-ਮੁਖ ਰੂਪੀ ਲਾਭ ਅਤੇ ਮੂਲੁ= ਸੁਆਸਾਂ ਨੂੰ ਨਿਸਫਲ ਗੁਆ ਲੈਂਦਾ ਹੈ॥ ੫॥

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥

ਕਲਜੁਗ ਵਿਚ ਪ੍ਰਭੂ ਦਾ ਕੀਰਤਨ ਕਰਨਾ ਹੀ ਸਭ ਕਰਮਾਂ ਨਾਲੋਂ ਪਰਧਾਨਾ= ਮੁਖ ਕਰਮ ਹੈ। ਇਸ ਲਈ ਗੁਰਾਂ ਦੁਆਰੇ ਧਿਆਨ ਲਗਾ ਕੇ ਉਸ ਪ੍ਰਭੂ ਦਾ ਨਾਮ ਜਪਣਾ ਕਰੀਏ।

[ਪੰਨਾ ੧੦੭੬]

ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥ ੬ ॥

(ਜੋ ਪੁਰਸ਼ ਨਾਮ ਜਪਦਾ ਹੈ) ਉਹ ਆਪ ਤਰਦਾ ਹੈ ਤੇ ਕੁਲ ਦੇ ਸਾਰਿਆਂ ਜੀਵਾਂ ਨੂੰ ਤਾਰਦਾ ਹੈ ਅਤੇ ਹਰੀ ਦੀ ਦਰਗਾਹ ਵਿਚ ਪਤਿ ਸਿਉ= ਇੱਜ਼ਤ ਨਾਲ ਜਾਂਦਾ ਹੈ॥ ੬ ॥

ਖੰਡ ਪਤਾਲ ਦੀਪ ਸਭਿ ਲੋਆ ॥ ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥

(ਨੌਂ) ਖੰਡ, (ਸੱਤ) ਪਤਾਲ, (ਸੱਤ) ਦੀਪ ਆਦਿਕ ਜੋ ਸਾਰੇ ਲੋਕ ਹਨ। ਉਹਨਾਂ ਸਾਰਿਆਂ ਨੂੰ ਪ੍ਰਭੂ ਨੇ ਆਪ ਹੀ ਕਾਲ ਦੇ ਵਸ ਵਿਚ ਕੀਤਾ ਹੋਇਆ ਹੈ।

ਨਿਹਚਲੁ ਏਕੁ ਆਪਿ ਅਬਿਨਾਸੀ ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥ ੭ ॥

ਅਬਿਨਾਸ਼ੀ ਰੂਪ ਹੋਣ ਕਰ ਕੇ ਇਕ ਪ੍ਰਭੂ ਆਪ ਨਿਸਚਲ ਹੈ ਅਤੇ ਜੋ ਉਸ ਨੂੰ ਧਿਆਉਂਦਾ ਹੈ ਉਹ ਭੀ ਨਿਸਚਲ ਹੈ॥ ੭ ॥

ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥

ਜੋ ਹਰੀ ਦਾ ਸੇਵਕ ਹੈ ਉਹ ਹਰੀ ਵਰਗਾ ਹੀ ਸਮਰੱਥ ਹੈ। ਭਾਵੇਂ ਉਹ ਮਨੁੱਖ-ਦੇਹ ਵਿਚ ਹੈ ਪਰ ਉਸ ਦੇ ਵਾਸਤਵ ਸਰੂਪ ਵਿਚ ਭੇਦ ਨਾ ਜਾਣੋ।

ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥ ੮ ॥

ਜਿਵੇਂ ਪਾਣੀ ਵਿਚੋਂ ਬਹੁਤ ਹੀ ਪਰਕਾਰ ਦੇ ਤਰੰਗ ਉਠਦੇ ਹਨ ਅਤੇ ਫਿਰ ਉਹ ਸਲਲੈ= ਪਾਣੀ ਵਿਚ (ਪਾਣੀ ਰੂਪ ਹੋ ਕੇ) ਸਮਾ ਜਾਂਦੇ ਹਨ। ਤਿਵੇਂ ਪ੍ਰਭੂ ਦੇ ਸੇਵਕ ਪ੍ਰਭੂ ਤੋਂ ਪੈਦਾ ਹੋ ਕੇ ਮਨੁੱਖ ਜਨਮ ਵਿਚ ਆ ਕੇ ਅੰਤ ਨੂੰ ਫੇਰ ਓਸੇ ਪ੍ਰਭੂ ਵਿਚ ਸਮਾ ਜਾਂਦੇ ਹਨ॥ ੮ ॥

ਇਕੁ ਜਾਚਿਕੁ ਮੰਗੈ ਦਾਨੁ ਦੁਆਰੈ ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ ॥

ਹੇ ਪ੍ਰਭੂ! ਆਪ ਜੀ ਦੇ ਦੁਆਰੇ ਖੜਾ ਹੋ ਕੇ ਮੈਂ ਜਾਚਿਕੁ= ਮੰਗਣ ਵਾਲਾ ਹੋ ਕੇ ਇਕ ਦਾਨ ਮੰਗਦਾ ਹਾਂ। ਹੇ ਪ੍ਰਭੂ ! ਜਾਂ ਆਪ ਜੀ ਨੂੰ ਭਾ ਜਾਵੇ ਤਾਂ ਕਿਰਪਾ ਦ੍ਰਿਸ਼ਟੀ ਧਾਰ ਕੇ ਦੇਣਾ ਕਰੋ।

ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ ਹਰਿ ਕੀਰਤਨਿ ਮਨੁ ਠਹਰਾਇਦਾ ॥ ੯ ॥

ਉਹ ਦਰਸ਼ਨ ਦਿਓ ਜਿਸ ਕਰ ਕੇ ਮਨ ਤ੍ਰਿਪਤ ਹੋ ਜਾਵੇ, ਹੇ ਹਰੀ! ਆਪ ਜੀ ਦੇ ਕੀਰਤਨ ਕਰਨ ਵਿਚ ਹੀ ਮੈਂ ਆਪਣੇ ਮਨ ਨੂੰ ਠਹਰਾਇਦਾ=ਟਿਕਾਉਂਦਾ ਹਾਂ। ਜਾਂ ਆਪ ਜੀ ਦੇ ਕੀਰਤਨ ਕਰਨ ਨਾਲ ਹੀ ਇਹ ਚੰਚਲ ਮਨ ਠਹਿਰਦਾ ਹੈ॥ ੯ ॥

ਰੂੜੋ ਠਾਕੁਰੁ ਕਿਤੈ ਵਸਿ ਨ ਆਵੈ॥
ਹਰਿ ਸੋ ਕਿਛੁ ਕਰੇ ਜਿ ਹਰਿ ਕਿਆ ਸੰਤਾ ਭਾਵੈ॥

ਰੂੜੋ= ਸੁੰਦਰ ਸੁਆਮੀ ਕਿਸੇ ਜੁਗਤੀ ਕਰ ਕੇ ਭੀ ਵਸ ਵਿਚ ਨਹੀਂ ਆਉਂਦਾ। ਹਰੀ ਦਿਆਂ ਸੰਤਾਂ ਨੂੰ ਜੋ ਕੁਝ ਭਾਣੈ= ਭਾਉਂਦਾ ਹੈ, ਹਰੀ ਓਹੀ ਕੁਝ ਕਰਦਾ ਹੈ।

ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ॥ ੧੦॥

ਸੰਤ ਪ੍ਰਭੂ ਪਾਸੋਂ ਜੋ ਕਰਵਾਉਣਾ ਚਾਹੁੰਦੇ ਹਨ ਓਹੀ ਕਰਵਾ ਲੈਂਦੇ ਹਨ, ਪਰਮੇਸ਼ਰ ਦੇ ਦਰਿ= ਦਰਬਾਰ ਅੰਦਰ ਸੰਤਾਂ ਦੇ ਹੁਕਮ ਨੂੰ ਕੋਈ ਮੋੜਨਾ ਨਹੀਂ ਪਾਉਂਦਾ॥ ੧੦॥

ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ॥
ਤਿਥੈ ਹਰਿ ਧਿਆਈਐ ਸਾਰਿੰਗਪਾਣੀ॥

ਇਸ ਪ੍ਰਾਣੀ ਨੂੰ ਜਿਥੇ ਭੀ ਕੋਈ ਅਉਘਟੁ= ਮੁਸ਼ਕਿਲ (ਔਕੜ) ਗੱਲ ਆ ਬਣਦੀ ਹੈ। ਓਥੇ ਹੀ ਸਾਰਿੰਗ ਪਾਣੀ= ਪਰਮਾਤਮਾ ਨੂੰ ਧਿਆਈਦਾ ਹੈ।

ਜਿਥੈ ਪੁਤ੍ਰ ਕਲਤ੍ਰ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ॥ ੧੧॥

ਜਿਥੇ ਕੋਈ ਕਲਤ੍ਰ= ਇਸਤ੍ਰੀ ਪੁੱਤਰ ਆਦਿਕ ਬੇਲੀ= ਸਹਾਇਕ ਨਹੀਂ ਹੁੰਦਾ, ਓਥੇ ਹਰੀ ਆਪ ਆ ਕੇ ਛੁਡਾਉਂਦਾ ਹੈ॥ ੧੧॥

ਵਡਾ ਸਾਹਿਬੁ ਅਗਮ ਅਥਾਹਾ॥ ਕਿਉ ਮਿਲੀਐ ਪ੍ਰਭ ਵੇਪਰਵਾਹਾ॥

ਜੋ ਅਗਮ ਤੇ ਅਥਾਹ ਪ੍ਰਭੂ ਸਾਰਿਆਂ ਤੋਂ ਵੱਡਾ ਸਾਹਿਬ ਹੈ। ਉਸ ਬੇਪਰਵਾਹ ਪ੍ਰਭੂ ਨੂੰ ਕਿਸ ਤਰ੍ਹਾਂ ਮਿਲਣਾ ਕਰੀਏ?

ਕਾਟਿ ਸਿਲਕ ਜਿਸੁ ਮਾਰਗਿ ਪਾਏ ਸੋ ਵਿਚਿ ਸੰਗਤਿ ਵਾਸਾ ਪਾਇਦਾ॥੧੨॥

ਵਾਸ਼ਨਾਂ ਜਾਂ ਹੰਕਾਰ ਰੂਪੀ ਸਿਲਕ= ਫਾਹੀ ਕੱਟ ਕੇ ਜਿਸ ਨੂੰ ਸ਼ੁਭ ਰਸਤੇ ਪਾਉਂਦਾ ਹੈ, ਓਹੀ ਗੁਰਮੁਖ ਜਗਿਆਸੂ ਸਤਸੰਗਤ ਵਿਚ ਵਾਸਾ ਪਾਉਂਦਾ ਹੈ॥ ੧੨॥

ਹੁਕਮੁ ਬੂਝੈ ਸੋ ਸੇਵਕੁ ਕਹੀਐ॥ ਬੁਰਾ ਭਲਾ ਦੁਇ ਸਮਸਰਿ ਸਹੀਐ॥

ਜੋ ਪ੍ਰਭੂ ਦੇ ਹੁਕਮ ਨੂੰ ਬੁੱਝਦਾ ਹੈ ਓਹੀ ਅਸਲ ਸੇਵਕ ਕਿਹਾ ਜਾਂਦਾ ਹੈ। ਬੁਰੇ ਭਲੇ ਨੂੰ (ਦੁੱਖ ਸੁਖ) ਨੂੰ ਉਹ ਸਮਸਰਿ=ਕਰ ਕੇ ਸਹੀਐ= ਸਹਾਰਦਾ ਹੈ।

ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ॥ ੧੩॥

ਹੰਗਤਾ ਮਮਤਾ ਚਲੀ ਜਾਵੇ ਤਾਂ ਇਕ ਪ੍ਰਭੂ ਨੂੰ ਬੁੱਝਦਾ ਹੈ, ਓਹੀ ਗੁਰਮੁਖ ਸਹਜਿ= ਗਿਆਨ ਦੁਆਰਾ ਸਹਜਿ= ਆਤਮ-ਪਦ ਵਿਚ ਸਮਾਉਂਦਾ ਹੈ॥ ੧੩॥

ਹਰਿ ਕੇ ਭਗਤ ਸਦਾ ਸੁਖਵਾਸੀ॥ ਬਾਲ ਸੁਭਾਇ ਅਤੀਤ ਉਦਾਸੀ॥

ਹਰੀ ਦੇ ਭਗਤ ਸਦੀਵ ਕਾਲ ਸੁਖਾਂ ਵਿਚ ਨਿਵਾਸ ਕਰਦੇ ਹਨ। ਬਾਲਕ ਅਵਸਥਾ ਤੋਂ ਹੀ ਸੁਭਾਇ=

ਸ੍ਰੇਸ਼ਟ ਪਰੇਮ ਕਰਦੇ ਹਨ, ਅਤੀਤ= ਤਿੰਨਾਂ ਗੁਣਾਂ ਤੋਂ ਰਹਿਤ ਤੇ ਸੰਸਾਰ ਤੋਂ ਉਦਾਸ ਰਹਿੰਦੇ ਹਨ। ਅਥਵਾ- ਜਿਵੇਂ ਬੱਚੇ ਦਾ ਸੁਭਾਅ ਹਰਖ ਸੋਗ ਤੋਂ ਰਹਿਤ ਹੋਣ ਕਰਕੇ ਸਰਪ ਅਗਨਿ ਕਰ ਮੇਲੈ'' ਭਾਵ ਸੱਪ ਤੇ ਅੱਗ ਆਦਿਕਾਂ ਵਿਚ ਹੱਥ ਪਾ ਦੇਂਦਾ ਹੈ। ਤਿਵੇਂ ਉਹ ਭਗਤ ਭੀ ਹਰਖ ਸੋਗ ਤੋਂ ਅਤੀਤ= ਰਹਿਤ ਹਨ ਤੇ ਸੰਸਾਰ ਵਲੋਂ ਉਦਾਸ ਰਹਿੰਦੇ ਹਨ।

ਅਨਿਕ ਰੰਗ ਕਰਹਿ ਬਹੁ ਭਾਤੀ ਜਿਉ ਪਿਤਾ ਪੂਤੁ ਲਾਡਾਇਦਾ॥ ੧੪॥

ਭਗਤ ਲੋਕ ਬਹੁਤ ਪ੍ਰਕਾਰ ਦੇ ਅਨੇਕਾਂ ਰੰਗ= ਅਨੰਦ ਭੋਗਣਾ ਕਰਦੇ ਹਨ, ਜਿਵੇਂ ਪਿਤਾ ਪੁੱਤਰ ਨੂੰ ਲਾਡ ਕਰਾਉਂਦਾ ਹੈ, ਤਿਵੇਂ ਪਰਮੇਸ਼ਰ ਭਗਤਾਂ ਨੂੰ ਲਡਾਉਂਦਾ ਹੈ॥ ੧੪॥

ਅਗਮ ਅਗੋਚਰੁ ਕੀਮਤਿ ਨਹੀ ਪਾਈ॥ ਤਾ ਮਿਲੀਐ ਜਾ ਲਏ ਮਿਲਾਈ॥

ਉਸ ਅਗਮ ਅਗੋਚਰੁ= ਪ੍ਰਭੂ ਦੀ ਕੀਮਤ ਨਹੀਂ ਪਾਈ ਜਾਂਦੀ। ਉਹ ਤਦ ਮਿਲਦਾ ਹੈ ਜਦ ਆਪੇ ਆਪਣੇ ਨਾਲ ਮਿਲਾ ਲਵੇ।

ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ
ਜਿਨ ਧੁਰਿ ਮਸਤਕਿ ਲੇਖੁ ਲਿਖਾਇਦਾ॥ ੧੫॥

ਗੁਰਾਂ ਦੁਆਰੇ ਉਹਨਾਂ ਪੁਰਸ਼ਾਂ ਨੂੰ ਪ੍ਰਗਟ ਹੋਇਆ ਹੈ, ਜਿਨ੍ਹਾਂ ਦੇ ਮੱਥੇ ਪਰ ਧੁਰ ਤੋਂ (ਬ੍ਰਹਮਾ ਪਾਸੋਂ) ਚੰਗੇ ਲੇਖ ਲਿਖਾਉਂਦਾ ਹੈ॥ ੧੫॥

ਤੂ ਆਪੇ ਕਰਤਾ ਕਾਰਣ ਕਰਣਾ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ॥

ਹੇ ਕਰਤਾ= ਪਰਮਾਤਮਾ ! ਤੂੰ ਆਪ ਹੀ ਸਾਰਿਆਂ ਕਾਰਨਾਂ ਦੇ ਕਰਨ ਵਾਲਾ ਹੈਂ। ਸਾਰੀ ਧਰਤੀ ਪਰ ਤੂੰ ਆਪ ਹੀ ਸਾਰੀ ਸ੍ਰਿਸ਼ਟੀ ਉਪਾਇ ਧਰੀ= ਉਤਪੰਨ ਕਰ ਰੱਖੀ ਹੈ।

ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ
ਹਰਿ ਭਾਵੈ ਲਾਜ ਰਖਾਇਦਾ॥ ੧੬॥ ੧॥ ੫॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਮੈਂ ਆਪ ਜੀ ਦੇ ਦੁਆਰੇ ਦੀ ਸ਼ਰਨ ਵਿਚ ਪਿਆ ਹਾਂ, ਹੇ ਹਰੀ ! ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਤਿਵੇਂ ਤੂੰ ਸੇਵਕਾਂ ਦੀ ਲੱਜਾ ਰਖਦਾ ਆਇਆ ਹੈਂ॥ ੧੬॥ ੧॥ ੫॥

ਇਸ ਅਗਲੇ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥
ਜੋ ਦੀਸੈ ਸੋ ਏਕੋ ਤੂਹੈ॥ ਬਾਣੀ ਤੇਰੀ ਸ੍ਰਵਣਿ ਸੁਣੀਐ॥

ਜੋ ਕੁਝ ਦਿਸ ਰਿਹਾ ਹੈ ਸੋ ਇਕ ਤੂੰ ਹੀ ਹੈਂ। ਜੋ ਸ੍ਰਵਣਿ= ਕੰਨਾਂ ਵਿਚ ਬਾਣੀ ਸੁਣੀਦੀ ਹੈ, ਉਹ ਤੇਰੀ ਹੀ ਹੈ।

ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ॥ ੧॥

ਦੂਜੀ ਹੋਰ ਕੋਈ ਜਗ੍ਹਾ ਜਾਂ ਵਸਤੂ ਜਾਪਦੀ ਨਹੀਂ ਹੈ, ਸਾਰਿਆਂ ਨੂੰ ਇਕ ਆਪ ਜੀ ਦੀ ਧਾਰਣਾ= ਓਟ ਹੈ, ਵਾ :- ਸਾਰੀ ਸ੍ਰਿਸ਼ਟੀ ਆਪ ਜੀ ਦੀ ਧਾਰਣਾ= ਮਰਯਾਦਾ ਵਿਚ ਧਾਰੀ ਹੋਈ ਹੈ॥ ੧॥

ਆਪਿ ਚਿਤਾਰੇ ਅਪਣਾ ਕੀਆ ॥ ਆਪੇ ਆਪਿ ਆਪਿ ਪ੍ਰਭੁ ਥੀਆ ॥

ਹੇ ਪ੍ਰਭੂ ! ਆਪਣੇ ਕੀਤੇ ਪਰਪੰਚ ਨੂੰ ਤੂੰ ਆ ਹੀ ਚਿਤਾਰੇ= ਯਾਦ ਰੱਖਦਾ ਹੈਂ। ਹੇ ਪ੍ਰਭੂ ! ਪਿੱਛੇ ਤੂੰ ਆਪ ਸੀ, ਹੁਣ ਭੀ ਤੂੰ ਆਪ ਹੈਂ, ਅੱਗੇ ਭੀ ਤੂੰ ਆਪ ਹੀ ਥੀਆ= ਹੋਵੇਂਗਾ।

ਆਪਿ ਉਪਾਇ ਰਚਿਓਨੁ ਪਸਾਰਾ ਆਪੇ ਘਟਿ ਘਟਿ ਸਾਰਣਾ ॥ ੨ ॥

ਹੇ ਪ੍ਰਭੂ ! ਤੂੰ ਆਪੇ ਹੀ ਪੰਜਾਂ ਤੱਤਾ ਨੂੰ ਉਤਪੰਨ ਕਰ ਕੇ ਸੰਸਾਰ-ਪਸਾਰੇ ਨੂੰ ਰਚਨਾ ਕੀਤਾ ਹੈ, ਤੂੰ ਆਪ ਹੀ ਸਾਰਿਆਂ ਘਟਾਂ ਦੀ ਸਾਰਣਾ= ਸੰਭਾਲ (ਖਬਰ) ਰੱਖਦਾ ਹੈਂ॥ ੨ ॥

ਇਕਿ ਉਪਾਏ ਵਡ ਦਰਵਾਰੀ ॥ ਇਕਿ ਉਦਾਸੀ ਇਕਿ ਘਰਬਾਰੀ ॥

ਇਕ ਉਹ ਪੁਰਸ਼ ਪੈਦਾ ਕੀਤੇ ਹਨ ਜੋ ਵੱਡੇ ਦਰਬਾਰਾਂ ਵਾਲੇ ਹਨ। ਇਕ ਉਹ ਪੁਰਸ਼ ਪੈਦਾ ਕੀਤੇ ਹਨ ਜੋ ਉਦਾਸੀ=ਸਾਧੂਪੁਣੇ (ਉਪਰਾਮਤਾ) ਵਿਚ ਰਹਿੰਦੇ ਹਨ ਅਤੇ ਇਕ ਉਹ ਪੁਰਸ਼ ਪੈਦਾ ਕੀਤੇ ਹਨ ਜੋ ਘਰਬਾਰੀ= ਗ੍ਰਿਹਸਥੀ ਹੋ ਕੇ ਰਹਿੰਦੇ ਹਨ।

[ਪੰਨਾ ੧੦੭੭]

ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ ਪਾਰਣਾ ॥ ੩ ॥

ਇਕ ਉਹ ਪੁਰਸ਼ ਹਨ ਜੋ ਭੁੱਖੇ ਰਹਿੰਦੇ ਹਨ ਤੇ ਇਕ ਅਘਾਏ= ਰੱਜ ਕੇ ਤ੍ਰਿਪਤ ਹੁੰਦੇ ਹਨ, ਇਨ੍ਹਾਂ ਸਾਰਿਆਂ ਨੂੰ ਇਕ ਤੇਰਾ ਹੀ ਪਾਰਣਾ= ਆਸਰਾ ਹੈ॥ ੩ ॥

ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥

੧) ਸੱਚਾ ਪ੍ਰਭੂ ਆਪ ਪਿੱਛੇ ਸੱਤ ਸੀ, ਹੁਣ ਭੀ ਸੱਤ ਹੈ, ਅੱਗੇ ਭੀ ਸੱਚਾ ਹੋਵੇਗਾ।

੨) ਜਿਸ ਨੇ ਸਤਿ= ਸਤਿਗੁਰਾਂ ਦੁਆਰੇ ਸਤਿ= ਸਤਿਨਾਮੁ ਮੰਤਰ ਨੂੰ ਜਪਿਆ ਹੈ ਉਸ ਨੇ ਸਤ ਚਿਤ ਅਨੰਦ ਸਰੂਪ ਪ੍ਰਭੂ ਨੂੰ ਨਿਸਚੇ ਕੀਤਾ ਹੈ। ਅਤੇ ਓਤਿ ਪੋਤਿ= ਤਾਣੇ ਪੇਟੇ ਵਾਂਗ ਭਗਤਾਂ ਨਾਲ ਰਾਚਾ= ਮਿਲਿਆ ਹੋਇਆ ਹੈ।

ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ ॥ ੪ ॥

ਗੁਪਤ ਰੂਪ ਭੀ ਆਪ ਤੇ ਪਰਗਟ ਰੂਪ ਭੀ ਆਪ ਹੈ, ਭਾਵ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਆਪ ਹੀ ਹੈ, ਆਪਣੇ ਆਪ ਤੋਂ ਆਪਣਾ ਆਪ ਰੂਪ ਹੀ ਸਾਰਾ ਜਗਤ ਪਸਾਰਨਾ ਕੀਤਾ ਹੈ॥ ੪ ॥

ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥

ਤਿੰਨਾਂ ਕਾਲਾਂ ਵਿਚ ਸਦਾ ਹੋਣੇ ਵਾਲਾ ਹੈ। ਵਾ :- ਸਦਾ= ਨਿਤ ਰੂਪ ਪ੍ਰਭੂ ਸਦ= ਸ੍ਰੇਸ਼ਟ ਸਦਾ ਹੋਣੇ ਵਾਲਾ ਹੈ। ਉਹ ਅਗਮ ਰੂਪ ਪਰਮਾਤਮਾ ਸਾਰਿਆਂ ਤੋਂ ਉੱਚਾ ਹੈ ਫਿਰ ਅਥਾਹ ਰੂਪ ਪ੍ਰਭੂ ਅਪਾਰਾ= ਪਾਰਾਵਾਰ ਤੋਂ ਰਹਿਤ ਹੈ।

ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥ ੫ ॥

ਭਰਿ= ਭਲੀ ਪਰਕਾਰ ਊਣਿਆਂ ਨੂੰ ਨੱਕੋ ਨੱਕ ਭਰ ਦੇਂਦਾ ਹੈ ਤੇ ਭਰਿਆਂ ਨੂੰ ਊਣੇ= ਖਾਲੀ ਕਰ ਦੇਂਦਾ ਹੈ, ਕਾਰਨ ਰੂਪ ਸੁਆਮੀ ਦੇ ਇਹ ਅਸਚਰਜ ਚਲਤ= ਕੌਤਕ ਹਨ॥ ੫ ॥

ਮੁਖਿ ਸਾਲਾਹੀ ਸਚੇ ਸਾਹਾ ॥ ਨੈਣੀ ਪੇਖਾ ਅਗਮ ਅਥਾਹਾ ॥

ਹੇ ਸਚੇ ਸ਼ਾਹ ! ਮੂੰਹ ਨਾਲ ਮੈਂ ਆਪ ਜੀ ਨੂੰ ਸਲਾਹੁੰਦਾ ਹਾਂ। (ਅਤੇ) ਹੇ ਅਗਮ ਅਥਾਹ ਪ੍ਰਭੂ ! ਨੈਣੀ= ਅੱਖਾਂ ਨਾਲ ਆਪ ਜੀ ਨੂੰ ਵੇਖਦਾ ਹਾਂ।

ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ॥ ੬ ॥

ਹੇ ਸਾਰਿਆਂ ਨੂੰ ਉਧਾਰਨ ਵਾਲੇ ਮੇਰੇ ਸਾਹਿਬ ਪ੍ਰਭੂ ! ਆਪ ਜੀ ਦਾ ਜਸ ਕਰਨੀ= ਕੰਨੀਂ ਸੁਣ-ਸੁਣ ਕੇ ਮੇਰਾ ਮਨ ਤਨ ਹਰਿਆ ਹੋਇਆ ਹੈ॥ ੬ ॥

ਕਰਿ ਕਰਿ ਵੇਖਹਿ ਕੀਤਾ ਅਪਣਾ ॥ ਜੀਅ ਜੰਤ ਸੋਈ ਹੈ ਜਪਣਾ ॥

ਆਪਣੇ ਕੀਤੇ ਹੋਏ ਪਰਪੰਚ ਨੂੰ ਤੂੰ ਆਪ ਹੀ ਉਤਪਤ ਕਰਦਾ ਹੈਂ, ਆਪ ਹੀ ਵੇਖਹਿ= ਪਾਲਦਾ ਹੈਂ। ਜਿਤਨੇ ਕੁ ਸੂਖਮ ਸਥੂਲ ਜੀਆ ਜੰਤ ਹਨ, ਉਹ ਸਾਰੇ ਆਪ ਜੀ ਨੂੰ ਜਪਦੇ ਹਨ।

ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ ਨਿਹਾਲਣਾ ॥ ੭ ॥

ਤੂੰ ਆਪਣੀ ਸ਼ਕਤੀ ਨੂੰ ਆਪ ਹੀ ਜਾਣਦਾ ਹੈਂ, ਹੇ ਨਦਰੀ ! ਜਿਸ ਉਤੇ ਤੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ, ਉਹ ਅੱਖਾਂ ਨਾਲ ਆਪ ਜੀ ਨੂੰ ਵੇਖ ਕੇ ਨਿਹਾਲ ਹੁੰਦਾ ਹੈ॥ ੭ ॥

ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥

ਜਿਥੇ ਸੰਤ ਸਭਾ ਬੈਠਦੀ ਹੈ, ਹੇ ਪ੍ਰਭੂ ! ਤੂੰ ਉਹਨਾਂ ਦੇ ਪਾਸ ਹੀ ਬੈਠਦਾ ਹੈਂ। ਅਨੰਦ ਦਾਇਕ ਮੰਗਲਾਂ ਦੇ ਕਰਨ ਵਾਲੇ ਹੇ ਹਰੀ ! ਆਪ ਜੀ ਦੇ ਚਲਤ= ਅਸਚਰਜ ਤਮਾਸ਼ੇ ਹਨ।

ਅਥਵਾ :- ਹੇ ਹਰੀ ! ਇਸ ਤਮਾਸ਼ੇ ਰੂਪ ਸੰਸਾਰ ਵਿਚ ਤੇਰੇ ਚਲਿਤ੍ਰ ਅਨੰਦ ਦਾਇਕ ਤੇ ਮੰਗਲ ਰੂਪ ਹਨ।

ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥ ੮ ॥

ਗੁਰੂ ਜੀ ਕਥਨ ਕਰਦੇ ਹਨ—ਜਿਥੇ ਸੰਤ ਜਨ ਅਨਹਦ= ਇਕ ਰਸ ਬਾਣੀ ਦੀ ਧੁਨੀ ਕਰ ਕੇ ਤੇਰੇ ਜਸ ਰੂਪ ਗੁਣਾਂ ਨੂੰ ਗਾਉਂਦੇ ਹਨ, ਓਥੇ ਜਾ ਕੇ ਮੈਂ ਦਾਸ ਭੀ ਆਪ ਨੂੰ ਚੇਤੇ ਕਰਦਾ ਹਾਂ॥ ੮ ॥

ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥ ਕਰਿ ਕਰਿ ਦੇਖੈ ਖੇਲੁ ਅਪਾਰਾ ॥

ਸੰਸਾਰ ਵਿਚ ਜੋ ਜੀਵਾਂ ਦਾ ਆਉਂਣਾ ਜਾਣਾ ਭਾਵ ਜੰਮਣਾ ਮਰਨਾ ਹੋ ਰਿਹਾ ਹੈ, ਇਹ ਸਾਰਾ ਆਪ ਜੀ ਦਾ ਕੌਤਕ ਹੈ। ਤੂੰ ਆਪ ਹੀ ਅਪਾਰ ਖੇਲ ਕਰ-ਕਰ ਕੇ ਦੇਖਦਾ ਹੈਂ।

ਆਪਿ ਉਪਾਏ ਉਪਾਵਣਹਾਰਾ ਅਪਣਾ ਕੀਆ ਪਾਲਣਾ ॥ ੯ ॥

ਹੇ ਉਪਾਵਣਹਾਰਾ= ਸਿਰਜਣਹਾਰ ਪ੍ਰਭੂ ! ਤੂੰ ਆਪ ਹੀ ਜਗਤ ਨੂੰ ਉਤਪੰਨ ਕਰਦਾ ਹੈਂ, ਫੇਰ ਆਪਣੇ ਕੀਤੇ ਹੋਏ ਜਗਤ ਨੂੰ (ਆਪ ਹੀ) ਪਾਲਣਾ ਕਰਦਾ ਹੈਂ॥ ੯ ॥

ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਸਦਾ ਸਦਾ ਜਾਈ ਬਲਿਹਾਰੀ ॥

ਆਪ ਜੀ ਦੀ ਸੋਇ= ਸ਼ੋਭਾ ਨੂੰ ਸੁਣ-ਸੁਣ ਕੇ ਜੀਊਂਦਾ ਹਾਂ। ਮੈਂ ਸਦਾ ਸਦਾ= ਹਮੇਸ਼ਾਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।

ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ ॥੧੦॥

ਹੇ ਮੇਰੇ ਅਗਮ ਤੇ ਅਪਾਰ ਸੁਆਮੀ ! ਮੈਂ ਦੋਵੇਂ ਕਰ= ਹੱਥ ਜੋੜ ਕੇ ਆਪ ਜੀ ਨੂੰ ਸਿਮਰਦਾ ਹਾਂ॥ ੧੦॥

ਤੁਧੁ ਬਿਨੁ ਦੂਜੇ ਕਿਸੁ ਸਾਲਾਹੀ॥ ਏਕੋ ਏਕੁ ਜਪੀ ਮਨ ਮਾਹੀ॥

ਆਪ ਜੀ ਤੋਂ ਬਿਨਾਂ ਹੋਰ ਕਿਸ ਦੂਜੇ ਨੂੰ ਸਲਾਹੁਣਾ ਕਰਾਂ ? ਹੇ ਇਕ ਅਦੁਤੀ ਬ੍ਰਹਮ ! ਮੈਂ ਆਪਣੇ ਮਨ ਵਿਚ ਇਕ ਆਪ ਜੀ ਦੇ ਨਾਮ ਨੂੰ ਹੀ ਜਪਦਾ ਹਾਂ।

ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ॥ ੧੧॥

ਜਿਨ੍ਹਾਂ ਨੇ ਹੁਕਮ ਬੁਝਿਆ ਹੈ ਉਹ ਗੁਰਮੁਖ ਜਨ ਨਿਹਾਲ ਹੋਏ ਹਨ, ਭਗਤਾਂ ਦੀ ਅਸਲ ਏਹੋ ਕਮਾਈ ਹੈ, ਜੇਹੜਾ ਪ੍ਰਭੂ ਦਾ ਹੁਕਮ ਮੰਨਣਾ ਹੈ॥ ੧੧॥

ਗੁਰੁ ਉਪਦੇਸਿ ਜਪੀਐ ਮਨਿ ਸਾਚਾ॥ ਗੁਰ ਉਪਦੇਸਿ ਰਾਮ ਰੰਗਿ ਰਾਚਾ॥

ਗੁਰੂ-ਉਪਦੇਸ਼ ਦੁਆਰਾ ਮਨ ਵਿਚ ਸੱਚ ਨਾਮ ਨੂੰ ਜਪਣਾ ਕਰੀਏ। ਗੁਰੂ-ਉਪਦੇਸ਼ ਦੁਆਰਾ ਰਾਮ ਦੇ ਰੰਗਿ= ਪਰੇਮ ਵਿਚ ਤਦਾਕਾਰ ਹੋਣਾ ਕਰੀਏ।

ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ॥ ੧੨॥

ਗੁਰਾਂ ਦੇ ਉਪਦੇਸ਼ ਕਰ ਕੇ ਹੀ ਸਾਰੇ ਬੰਧਨ ਟੁੱਟ ਜਾਂਦੇ ਹਨ, ਇਹ ਗੁਰੂ-ਉਪਦੇਸ਼ ਹੀ ਭਰਮ ਅਤੇ ਮੋਹ ਆਦਿ ਵਿਕਾਰਾਂ ਨੂੰ ਪਰਜਾਲਣਾ= ਭਲੀ ਪ੍ਰਕਾਰ ਸਾੜਨਾ ਕਰਦਾ ਹੈ॥ ੧੨॥

ਜਹ ਰਾਖੈ ਸੋਈ ਸੁਖ ਥਾਨਾ॥ ਸਹਜੇ ਹੋਇ ਸੋਈ ਭਲ ਮਾਨਾ॥

ਜਿਥੇ ਪ੍ਰਭੂ ਰੱਖਦਾ ਹੈ ਭਗਤਾਂ ਨੂੰ ਓਹੀ ਸੁਖਾਂ ਦਾ ਥਾਨਾ= ਅਸਥਾਨ ਹੈ। ਜੋ ਕੁਝ ਭੀ ਸੁਭਾਵਕ ਹੁੰਦਾ ਹੈ, ਓਸੇ ਨੂੰ ਭਗਤਾਂ ਨੇ ਭਲਾ ਕਰ ਕੇ ਮੰਨਿਆ ਹੈ।

ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ॥ ੧੩॥

(ਜਿਸ ਦੇ) ਆਪਣੇ ਹਿਰਦੇ ਵਿਚੋਂ ਵੈਰ ਬਿਨਸੇ=ਖਤਮ ਹੋ ਜਾਵੇ (ਤਾਂ ਉਸ ਨੂੰ ਆਪਣਾ) ਕੋਈ ਵੈਰੀ ਨਹੀਂ ਦਿਸਦਾ, ਉਹ ਸਾਰਿਆਂ ਵਿਚ ਇਕ ਪ੍ਰਭੂ ਨੂੰ ਹੀ ਭਾਲਣਾ= ਦੇਖਦਾ ਹੈ॥ ੧੩॥

ਡਰ ਚੂਕੇ ਬਿਨਸੇ ਅੰਧਿਆਰੇ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ॥

ਅਗਿਆਨ ਰੂਪ ਹਨੇਰੇ ਦੇ ਬਿਨਸਦਿਆਂ ਹੀ ਸਾਰੇ ਡਰ ਚੂਕੇ= ਦੂਰ ਹੋ ਗਏ। ਅਤੇ ਅਸੰਗ ਪ੍ਰਭੂ ਪੁਰਖ ਆਪ ਆ ਕੇ ਪਰਗਟ ਹੋ ਗਏ।

ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ॥ ੧੪॥

ਆਪਾ ਭਾ ਹੰਕਾਰ ਨੂੰ ਛੱਡ ਕੇ, ਚਰਨਾਂ ਦੀ ਸ਼ਰਨ ਵਿਚ ਆ ਕੇ ਪਏ, ਤਾਂ ਜਿਸ (ਪ੍ਰਭੂ) ਦਾ ਦਾਸ ਸਾਂ ਉਸ ਨੂੰ ਘਾਲਣਾ= ਪਾ ਲਿਆ॥ ੧੪॥

ਐਸਾ ਕੋ ਵਡਭਾਗੀ ਆਇਆ॥ ਅਠ ਪਹਰ ਜਿਨਿ ਖਸਮੁ ਧਿਆਇਆ॥

ਅਜੇਹਾ ਵਡਿਆਂ ਭਾਗਾਂ ਵਾਲਾ ਕੋਈ ਵਿਰਲਾ ਹੀ ਪੁਰਸ਼ ਆਇਆ ਹੈ। ਜਿਸ ਨੇ ਅੱਠੇ ਪਹਿਰ ਆਪਣੇ

ਖਸਮੁ= ਮਾਲਕ (ਵਾਹਿਗੁਰੂ) ਨੂੰ ਧਿਆਇਆ ਹੈ।

ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ ॥ ੧੫ ॥

ਉਸ ਗੁਰਮੁਖ ਪੁਰਸ਼ ਦੇ ਸੰਗ ਕਰ ਕੇ ਸਭ ਕੋਈ ਜਾਂਦਾ ਹੈ ਅਤੇ ਉਹ ਆਪਣੇ ਸਾਰੇ ਪਰਵਾਰ ਨੂੰ ਭੀ ਸੁਧਾਰ ਲੈਂਦਾ ਹੈ॥ ੧੫॥

ਇਹ ਬਖਸੀਸ ਖਸਮ ਤੇ ਪਾਵਾ ॥ ਆਠ ਪਹਰ ਕਰ ਜੋੜਿ ਧਿਆਵਾ ॥

ਹੇ ਖਸਮੁ= ਪਰਮਾਤਮਾ ਆਪ ਜੀ ਤੋਂ ਮੈਂ ਏਹੋ ਬਖਸ਼ਿਸ਼ ਪਾਵਾਂ। ਕਿ ਅਠੇ ਪਹਿਰ ਹੱਥ ਜੋੜ ਕੇ ਆਪ ਜੀ ਨੂੰ ਧਿਆਉਂਦਾ ਰਹਾਂ।

ਨਾਮੁ ਜਪੀ ਨਾਮਿ ਸਹਜਿ ਸਮਾਵਾ
ਨਾਮੁ ਨਾਨਕ ਮਿਲੈ ਉਚਾਰਣਾ ॥ ੧੬ ॥ ੧ ॥ ੬ ॥

ਗੁਰੂ ਜੀ ਕਥਨ ਕਰਦੇ ਹਨ- ਮੈਨੂੰ ਨਾਮ ਦਾ ਉਚਾਰਨਾ ਮਿਲੇ, ਤਾਂ ਕਿ ਮੈਂ ਨਾਮ ਨੂੰ ਜਪ ਕੇ ਸੁਭਾਵਕ ਹੀ ਨਾਮਿ= ਨਾਮੀ (ਪਰਮਾਤਮਾ) ਵਿਚ ਸਮਾ ਜਾਵਾਂ॥ ੧੬॥ ੧॥ ੬॥

ਮਾਰੂ ਮਹਲਾ ੫ ॥

ਸੁਰਤਿ ਦੇਖਿ ਨ ਭੂਲੁ ਗਵਾਰਾ ॥ ਮਿਥਨ ਮੋਹਾਰਾ ਝੂਠੁ ਪਸਾਰਾ ॥

ਹੇ ਗਵਾਰਾ= ਮੂਰਖ ਪੁਰਸ਼ਾ ! ਤੂੰ ਆਪਣੀ ਚੰਗੀ ਸੁਰਤ ਨੂੰ ਦੇਖ ਕੇ ਨਾ ਭੁੱਲ । ਇਹ ਸੰਸਾਰ ਪਸਾਰਾ ਝੂਠਾ ਹੈ ਅਤੇ ਇਸ ਵਿਚ ਮੋਹਾਰਾ= ਮੋਹ ਕਰਨਾ ਭੀ ਮਿਥਿਆ ਹੈ।

ਜਗ ਮਹਿ ਕੋਈ ਰਹਣੁ ਨ ਪਾਏ ਨਿਹਚਲੁ ਏਕੁ ਨਾਰਾਇਣਾ ॥ ੧ ॥

ਇਸ ਜਗਤ ਵਿਚ ਕੋਈ ਭੀ ਰਹਿਣਾ ਨਹੀਂ ਪਾਉਂਦਾ, ਇਕ ਨਾਰਾਇਣਾ= ਅਕਾਲ ਪੁਰਖ ਹੀ ਅਚੱਲ ਹੈ॥ ੧॥

ਗੁਰ ਪੂਰੇ ਕੀ ਪਉ ਸਰਣਾਈ ॥ ਮੋਹੁ ਸੋਗੁ ਸਭੁ ਭਰਮੁ ਮਿਟਾਈ ॥

ਪੂਰਿਆਂ ਗੁਰਾਂ ਦੀ ਸ਼ਰਨ ਵਿਚ ਪੈਣਾ ਕਰ। ਸ਼ਰਨ ਦੀ ਤਾਕਤ ਨਾਲ ਮੋਹ, ਸੋਗ, ਭਰਮ ਆਦਿਕ ਸਾਰਿਆਂ ਵਿਕਾਰਾਂ ਨੂੰ ਮਿਟਾਈ= ਦੂਰ ਕਰ ਦੇ।

ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥ ੨ ॥

ਪੂਰੇ ਗੁਰੂ ਇਕ ਸਤਿਨਾਮੁ ਮੰਤ੍ਰ ਨੂੰ ਦ੍ਰਿੜ੍ਹ ਕਰਵਾਉਂਦੇ ਹਨ, ਜੋ ਸਾਰਿਆਂ ਰੋਗਾਂ ਦੀ ਨਵਿਰਤੀ ਦਾ ਅਉਖਧੁ= ਦਾਰੂ ਹੈ, ਇਸ ਲਈ ਗੁਰਮੁਖ ਜਨ ਆਪਣੇ ਹਿਰਦੇ ਵਿਚ ਸੱਚ ਨਾਮ ਮੰਤ੍ਰ ਨੂੰ ਹੀ ਗਾਇਣਾ= ਗਾਉਂਦੇ ਹਨ॥ ੨॥

[ਪੰਨਾ ੧੦੭੮]

ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥ ਸਗਲ ਭਗਤ ਜਾ ਕੀ ਕਰਦੇ ਸੇਵਾ ॥

ਜਿਸ ਪਰਮੇਸ਼ਰ ਦੇ ਨਾਮ ਨੂੰ ਬਹੁਤੇ ਦੇਵਤੇ ਤਰਸਦੇ ਹਨ। ਸਾਰੇ ਭਗਤ ਜਿਸ ਪਰਮੇਸ਼ਰ ਦੀ ਸੇਵਾ ਨੂੰ

ਕਰਦੇ ਹਨ।

ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ ॥ ੩ ॥

ਜੋ ਅਨਾਥਾਂ ਦਾ ਨਾਥੁ= ਸੁਆਮੀ ਹੈ ਤੇ ਦੀਨ= ਗਰੀਬਾਂ ਦੇ ਦੁੱਖ ਭੰਜਨੁ= ਨਾਸ ਕਰਨ ਵਾਲਾ ਹੈ, ਉਹ ਪ੍ਰਭੂ ਪੂਰਿਆਂ ਗੁਰਾਂ ਤੋਂ ਪਾਇਆ ਜਾਂਦਾ ਹੈ॥ ੩ ॥

ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥

ਸਤਿਗੁਰਾਂ ਤੋਂ ਬਿਨਾਂ ਹੋਰ ਕੋਈ ਦੁਆਰਾ ਸੁਝਦਾ ਨਹੀਂ ਹੈ। ਭਾਵੇਂ ਤਿੰਨਾਂ ਭਵਣਾਂ ਵਿਚ ਭੀ ਧਾਵੈ= ਦੌੜ ਲਵੇ ਤਾਂ ਭੀ ਕੁਛ ਜਾਣਿਆ ਨਹੀਂ ਜਾਂਦਾ।

ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥ ੪ ॥

ਸਤਿਗੁਰੂ ਹੀ ਸਚੇ ਸ਼ਾਹ ਹਨ ਜਿਨ੍ਹਾਂ ਕੋਲ ਨਾਮ ਰੂਪ ਭੰਡਾਰਾ ਹੈ, ਇਹ ਰਤਨੁ= ਨਾਮ ਉਹਨਾਂ ਗੁਰਾਂ ਤੋਂ ਹੀ ਪਰਾਪਤ ਹੁੰਦਾ ਹੈ॥ ੪ ॥

ਜਾ ਕੀ ਧੂਰਿ ਕਰੇ ਪੁਨੀਤਾ ॥ ਸੁਰਿ ਨਰ ਦੇਵ ਨ ਪਾਵਹਿ ਮੀਤਾ ॥

ਜਿਸ ਗੁਰੂ ਦੀ ਚਰਨ ਧੂੜੀ ਜੀਵ ਨੂੰ ਪਵਿੱਤਰ ਕਰਦੀ ਹੈ। ਹੇ ਮਿੱਤਰ ! ਜਿਸ ਚਰਨ ਧੂੜੀ ਨੂੰ ਸੁਰਿ ਨਰ= ਮਨੁੱਖ ਤੇ ਦੇਵਤੇ ਆਦਿਕ ਨਹੀਂ ਪਾ ਸਕਦੇ।

ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥ ੫ ॥

ਸੱਚੇ ਪੁਰਖ ਸਤਿਗੁਰੂ ਪਰਮੇਸ਼ਰ ਸਰੂਪ ਹਨ, ਜਿਨ੍ਹਾਂ ਨਾਲ ਭੇਟਤ= ਮਿਲਦਿਆਂ ਹੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ॥ ੫ ॥

ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥

ਹੇ ਪਿਆਰੇ ਮਨ! ਜੇਕਰ ਤੂੰ ਪਾਰਜਾਤੁ= ਕਲਪ ਬ੍ਰਿਛ ਨੂੰ ਚਾਹੁੰਦਾ ਹੈਂ। ਅਤੇ ਆਪਣੇ ਦਰਬਾਰ ਵਿਚ ਕਾਮਧੇਨ ਗਊ ਸੁਭਾਇਮਾਨ ਹੋਈ ਚਾਹੁੰਦਾ ਹੈਂ। ਵਾ :- ਜੇਕਰ ਤੂੰ ਕਾਮਧੇਨ ਗਊ ਨੂੰ ਚਾਹੁੰਦਾ ਹੈਂ ਤੇ ਦਰਬਾਰ ਦੀ ਸ਼ੋਭਾ ਨੂੰ ਚਾਹੁੰਦਾ ਹੈਂ।

ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥ ੬ ॥

ਤ੍ਰਿਪਤੀ ਅਤੇ ਸਤੋਖ ਆਦਿਕ ਗੁਣਾਂ ਨੂੰ ਭੀ ਚਾਹੁੰਦਾ ਹੈਂ ਤਾਂ ਪੂਰਿਆ ਗੁਰਾਂ ਦੀ ਸੇਵਾ ਕਰ। *ਅਥਵਾ :-* ਸੰਤੋਖ ਧਾਰ ਕੇ ਤ੍ਰਿਪਤ ਰੂਪ ਪੂਰਿਆਂ ਗੁਰਾਂ ਦੀ ਸੇਵਾ ਕਰ ਤੇ ਰਸਾਇਣਾ= ਰਸਾਂ ਦਾ ਘਰ ਜੋ ਨਾਮ ਹੈ, ਉਸ ਦੀ ਕਮਾਈ ਕਰ॥ ੬ ॥

ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾਤੂ ॥

ਸਤਿਗੁਰਾਂ ਦੇ ਸ਼ਬਦ ਕਰ ਕੇ ਪੰਜ ਧਾਤੂ= ਕਾਮ ਕਰੋਧ ਲੋਭ ਮੋਹ ਤੇ ਹੰਕਾਰ, ਜਾਂ ਸ਼ਬਦ, ਸਪਰਸ਼, ਰੂਪ ਰਸ ਤੇ ਗੰਧ ਇਹ ਪੰਜੇ ਮਰ ਜਾਂਦੇ ਹਨ। ਪਾਰਬ੍ਰਹਮ ਦੇ ਡਰ ਧਾਰਨ ਕਰ ਕੇ ਮਨ ਨਿਰਮਲਾਤੂ= ਸ਼ੁੱਧ ਹੁੰਦਾ ਹੈ। ਵਾ :- ਹੇ ਜੀਵ ! ਤੂੰ ਸ਼ੁੱਧ ਹੋਵੇਂਗਾ।

ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥ ੭ ॥

ਜਿਸ ਵੇਲੇ ਪੂਰੇ ਗੁਰੂ ਰੂਪ ਪਾਰਸ ਭੇਟੈ= ਮਿਲੇ, ਤਾਂ ਉਹਨਾਂ ਨੇ ਪਾਰਸ ਨਾਲ ਪਰਸਨ ਦਾ ਫਲ ਵਿਖਾ ਦੇਣਾ ਕੀਤਾ ॥ ੭ ॥

ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥

ਉਸ ਫਲ ਦੇ ਲੱਵੈ= ਬਰਾਬਰ ਇਕ ਕੀ, ਕਈ ਬੈਕੁੰਠ ਧਾਮ ਭੀ ਨਹੀਂ ਲੱਗਦੇ। ਗਿਆਨਵਾਨ ਤਾਂ ਵਿਚਾਰੀ ਮੁਕਤੀ ਨੂੰ ਭੀ ਤਿਆਗ ਦੇਂਦਾ ਹੈ।

ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥ ੮ ॥

ਸਤਿਗੁਰਾਂ ਤੋਂ ਇਕ ਓਅੰਕਾਰ ਪ੍ਰਭੂ ਪਾਈਦਾ ਹੈ, ਏਸੇ ਕਰ ਕੇ ਮੈਂ ਸਤਿਗੁਰਾਂ ਦੇ ਦਰਸ਼ਨ ਤੋਂ ਸਦਕੇ ਤੇ ਬਲਿਹਾਰ ਜਾਂਦਾ ਹਾਂ ॥ ੮ ॥

ਗੁਰ ਕੀ ਸੇਵ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥

ਗੁਰਾਂ ਦੀ ਪੂਰੀ ਸੇਵਾ ਕਰਨੀ ਕੋਈ ਜਾਣਦਾ ਨਹੀਂ ਹੈ। ਗੁਰੂ ਸਾਹਿਬ ਜੀ ਉਸ ਪਾਰਬ੍ਰਹਮ ਅਗੋਚਰ ਦਾ ਸਰੂਪ ਹਨ।

ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥ ੯ ॥

ਜਿਸ ਜਗਿਆਸੂ ਨੂੰ ਗੁਰੂ ਸੇਵਾ ਵਿਚ ਲਗਾ ਲੈਂਦਾ ਹੈ ਓਹੀ ਅਸਲ ਸੇਵਕ ਹੈ, ਪਰ ਸੇਵਾ ਵਿਚ ਲੱਗਦਾ ਓਹੀ ਹੈ ਜਿਸ ਦੇ ਮੱਥੇ ਦੇ ਵਡੇ ਭਾਗ ਹਨ ॥ ੯ ॥

ਗੁਰ ਕੀ ਮਹਿਮਾ ਬੇਦ ਨ ਜਾਣਹਿ ॥ ਤੁਛ ਮਾਤ ਸੁਣਿ ਸੁਣਿ ਵਖਾਣਹਿ ॥

ਗੁਰਾਂ ਦੀ ਮਹਿਮਾ ਨੂੰ ਵੇਦ ਭੀ ਨਹੀਂ ਜਾਣ ਸਕਦਾ। ਹੋਰ ਲੋਕ ਵੇਦਾਂ ਤੋਂ ਸੁਣ-ਸੁਣ ਕੇ ਤੁਛ ਮਾਤ= ਤੁਛ ਮਾਤ੍ਰ (ਥੋੜ੍ਹਾ ਜਿੰਨਾ) ਵਖਾਣਹਿ= ਕਥਨ ਕਰਦੇ ਹਨ।

ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥ ੧੦ ॥

ਅਪਰ= ਸੰਸਾਰ ਤੋਂ ਪਰਾ ਰੂਪ ਜੋ ਪਾਰਬ੍ਰਹਮ ਹੈ ਸਤਿਗੁਰ ਦੇਵ ਜੀ ਉਸ ਦਾ ਸਰੂਪ ਹਨ, ਜਿਸ ਗੁਰੂ ਦੇ ਸਿਮਰਨ ਨਾਲ ਮਨ ਸੀਤਲਤਾਈ ਦਾ ਆਇਣਾ= ਘਰ ਹੋ ਜਾਂਦਾ ਹੈ ॥ ੧੦ ॥

ਜਾ ਕੀ ਸੋਇ ਸੁਣੀ ਮਨੁ ਜੀਵੈ ॥ ਰਿਦੈ ਵਸੈ ਤਾ ਠੰਢਾ ਥੀਵੈ ॥

ਜਿਸ ਪ੍ਰਭੂ ਦੀ ਸੋਇ= ਸੋਭਾ ਨੂੰ ਸੁਣ ਕੇ ਮਨ ਜੀਉਂਦਾ ਹੈ। ਜੇ ਕਰ ਉਹ ਪ੍ਰਭੂ ਹਿਰਦੇ ਵਿਚ ਵਸ ਜਾਵੇ ਤਾਂ ਮਨ ਠੰਡਾ ਹੁੰਦਾ ਹੈ।

ਗੁਰ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ ॥ ੧੧ ॥

ਜੇਕਰ ਗੁਰਾਂ ਦੁਆਰੇ ਪ੍ਰਭੂ ਦੇ ਨਾਮ ਨੂੰ ਮੂੰਹ 'ਚੋਂ ਉਚਾਰੇ ਤਾਂ ਇਹ ਪੁਰਸ਼ ਸ਼ੋਭਾ ਨੂੰ ਪਾਉਂਦਾ ਹੈ, ਉਸ ਨੂੰ ਫਿਰ ਜਮਾਂ ਦੇ ਰਸਤੇ ਵਿਚ ਨਹੀਂ ਪਾਉਂਦਾ ॥ ੧੧ ॥

ਸੰਤਨ ਕੀ ਸਰਣਾਈ ਪੜਿਆ ॥ ਜੀਉ ਪ੍ਰਾਣ ਧਨੁ ਆਗੈ ਧਰਿਆ ॥

ਮੈਂ ਤਾਂ ਸੰਤਾਂ ਦੀ ਸ਼ਰਨ ਵਿਚ ਪਿਆ ਹਾਂ। ਜੀਅ ਪ੍ਰਾਣ ਤੇ ਧਨ ਆਦਿਕ ਸਭ ਕੁਝ ਮੈਂ ਉਹਨਾਂ ਅੱਗੇ ਭੇਟਾ ਰੱਖ ਦਿੱਤਾ ਹੈ।

ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ ॥ ੧੨ ॥

ਮੈਂ ਕੋਈ ਸੇਵਾ ਦੀ ਸੁਰਤਿ= ਗਿਆਤ ਜਾਣਦਾ ਨਹੀਂ ਹਾਂ, ਮੈਂ ਕਿਰਮਾਇਣਾ= ਨਿੱਕੇ ਜੇਹੇ ਕੀੜੇ ਦਾਸ ਉਤੇ ਆਪ ਕਿਰਪਾ ਦ੍ਰਿਸ਼ਟੀ ਕਰੋ॥ ੧੨ ॥

ਨਿਰਗੁਣ ਕਉ ਸੰਗਿ ਲੇਹੁ ਰਲਾਏ ॥ ਕਰਿ ਕਿਰਪਾ ਮੋਹਿ ਟਹਲੈ ਲਾਏ ॥

ਮੈਂ ਨਿਰਗੁਣ= ਔਗੁਣਹਾਰੇ ਨੂੰ ਸੰਤਾਂ ਦੇ ਸੰਗ ਵਿਚ ਰਲਾ ਲਓ। ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਸੰਤਾਂ ਦੀ ਟਹਲ ਵਿਚ ਲਗਾ ਲਓ ਤੇ ਅਜੇਹੀ ਸੁਮੱਤਿ ਬਖਸ਼ੋ ਜਿਸ ਕਰਕੇ ਮੈਂ-

ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥ ੧੩ ॥

ਸੰਤਾਂ ਨੂੰ ਪੱਖਾ ਝੱਲਣਾ ਕਰਾਂ ਤੇ ਚੱਕੀ ਵਿਚ ਦਾਣੇ ਪੀਸ ਕੇ ਸੰਤਾਂ ਅੱਗੇ ਆਟਾ ਲਿਆ ਰੱਖਾਂ, ਫੇਰ ਸੰਤਾਂ ਦੇ ਚਰਨ ਧੋ ਕੇ ਸੁਖ ਪਾਉਣਾ ਕਰਾਂ॥ ੧੩ ॥

ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥

ਬਹੁਤਿਆਂ ਦਰਵਾਜ਼ਿਆਂ ਵਿਚ ਭਉਂਦਾ-ਭਉਂਦਾ ਹੁਣ ਤੁਹਾਡੇ ਦਰ 'ਤੇ ਆਇਆ ਹਾਂ। ਤੁਹਾਡੀ ਕਿਰਪਾ ਨਾਲ ਹੀ ਤੁਹਾਡੀ ਸ਼ਰਨ ਵਿਚ ਆਇਆ ਹਾਂ।

ਸਦਾ ਸਦਾ ਸੰਤਹ ਸੰਗਿ ਰਾਖਹੁ ਏਹ ਨਾਮ ਦਾਨੁ ਜੇਵਾਇਣਾ ॥ ੧੪ ॥

ਸਦਾ ਸਦਾ= ਨਿਤਾ ਪ੍ਰਤੀ ਸੰਤਾਂ ਦੀ ਸੰਗਤ ਵਿਚ ਰੱਖਣਾ ਕਰੋ, ਨਾਮ ਦਾਨ ਜੇਹੜਾ ਹੈ ਏਹੋ ਮੈਨੂੰ ਸੰਤਾਂ ਪਾਸੋਂ ਦਿਵਾਉਣਾ ਕਰੋ॥ ੧੪ ॥

ਭਏ ਕ੍ਰਿਪਾਲ ਗੁਸਾਈ ਮੇਰੇ ॥ ਦਰਸਨੁ ਪਾਇਆ ਸਤਿਗੁਰ ਪੂਰੇ ॥

ਜਿਸ ਵੇਲੇ ਗੁਸਾਈ= ਪ੍ਰਿਥਵੀ ਦੇ ਮਾਲਕ ਪ੍ਰਭੂ ਮੇਰੇ ਉਤੇ ਕਿਰਪਾਲੂ ਹੋਏ। ਤਾਂ ਹੀ ਮੈਂ ਪੂਰਿਆਂ ਸਤਿਗੁਰਾਂ ਦਾ ਦਰਸ਼ਨ ਪਾਉਣਾ ਕੀਤਾ।

ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ ॥ ੧੫ ॥ ੨ ॥ ੭ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਮੈਂ ਦਾਸਾਂ ਦਾ ਦਾਸ ਹੋਇਆ ਤਾਂ ਹੀ ਸਹਜ= ਅਚੁੱਤ ਸੁਖ ਦਾ ਸਦਾ ਅਨੰਦ ਪ੍ਰਾਪਤ ਹੋਇਆ॥ ੧੫ ॥ ੨ ॥ ੭ ॥

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਸਿਮਰੈ ਧਰਤੀ ਅਰੁ ਆਕਾਸਾ ॥

(੧) ਹੇ ਪ੍ਰਭੂ ! ਪ੍ਰਤਖ ਧਰਤੀ ਅਤੇ ਅਕਾਸ਼ ਆਪ ਜੀ ਨੂੰ ਸਿਮਰਦਾ ਹੈ।

(੨) ਧਰਤੀ ਅਤੇ ਅਕਾਸ਼ ਵਿਚ ਰਹਿਣ ਵਾਲੇ ਸਾਰੇ ਜੀਆ ਜੰਤ ਆਪ ਜੀ ਨੂੰ ਸਿਮਰਦੇ ਹਨ।

(੩) ਧਰਤੀ ਅਤੇ ਅਕਾਸ਼ ਵਿਚ ਪਰੀ ਪੂਰਨ ਜਾਣ ਕੇ ਮਹਾਤਮਾ ਆਪ ਜੀ ਨੂੰ ਸਿਮਰਦੇ ਹਨ।

(੪) ਗੁਰਮੁਖਾਂ ਦੀ ਧਰਤੀ= ਬੁੱਧੀ ਅਤੇ ਆਕਾਸਾ= ਹਿਰਦਾ ਆਪ ਜੀ ਨੂੰ ਸਿਮਰਦਾ ਹੈ।

ਸਿਮਰਹਿ ਚੰਦ ਸੂਰਜ ਗੁਣਤਾਸਾ ॥

(੧) ਹੇ ਸ਼ੁਭ ਗੁਣਾਂ ਦੇ ਖਜ਼ਾਨੇ ਪ੍ਰਭੂ ! ਚੰਦ੍ਰਮਾ ਸੂਰਜ ਭੀ ਆਪ ਜੀ ਨੂੰ ਸਿਮਰਦੇ ਹਨ।

(੨) ਚੰਦ੍ਰਮਾ ਸੂਰਜ ਵਿਚ ਪਰੀਪੂਰਨ ਜਾਣ ਕੇ ਮਹਾਤਮਾ ਆਪ ਜੀ ਨੂੰ ਸਿਮਰਦੇ ਹਨ।

(੩) ਚੰਦ= ਸਤੋਗੁਣੀ ਤੇ ਸੂਰਜ= ਤਮੋਗੁਣੀ ਪੁਰਸ਼ ਭੀ ਆਪ ਜੀ ਨੂੰ ਸਿਮਰਦੇ ਹਨ।

(੪) ਚੰਦ= ਵੈਰਾਗਵਾਨ ਤੇ ਸੂਰਜ= ਗਿਆਨਵਾਨ ਪੁਰਸ਼ ਭੀ ਆਪ ਜੀ ਨੂੰ ਸਿਮਰਦੇ ਹਨ।

ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥ ੧ ॥

(੧) ਪੌਣ, ਪਾਣੀ ਤੇ ਬੈਸੰਤਰ= ਅਗਨ ਦੇਵਤਾ ਇਹ ਸਭ ਆਪ ਜੀ ਨੂੰ ਸਿਮਰਦੇ ਹਨ।

(੨) ਪਉਣ= ਰਜੋਗੁਣੀ, ਪਾਣੀ= ਸਤੋਗੁਣੀ, ਬੈਸੰਤਰ= ਤਮੋਗੁਣੀ ਸਭ ਆਪ ਜੀ ਨੂੰ ਸਿਮਰਦੇ ਹਨ। ਜਿਤਨੇ ਕੁ ਜਨ ਉਪਾਰ= ਉਤਪਤ ਕੀਤੇ ਹੋਏ ਹਨ ਉਹ ਸਾਰੇ ਤੈਨੂੰ ਸਿਮਰਦੇ ਹਨ॥ ੧ ॥

[ਪੰਨਾ ੧੦੭੬]

ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥

(ਨੌਂ) ਖੰਡਾਂ ਤੇ (ਜ਼ੱਤ)ਦੀਪਾਂ ਦੇ ਸਾਰੇ ਲੋਕ ਆਪ ਜੀ ਨੂੰ ਸਿਮਰਦੇ ਹਨ। ਹੇ ਸੱਚੇ ਹਰੀ ! ਤੇਰੀ ਸੋਆ= ਸੋਭਾ ਨੂੰ ਪਤਾਲਾਂ ਤੇ ਪੁਰੀਆਂ ਦੇ ਸਾਰੇ ਲੋਕ ਸਿਮਰਦੇ ਹਨ।

ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥ ੨ ॥

(ਅੰਡਜ, ਜੇਰਜ, ਸੇਤਜ ਤੇ ਉਤਭੁਜ ਰੂਪ ਚਾਰ) ਖਾਣੀਆਂ ਆਪ ਜੀ ਨੂੰ ਸਿਮਰਦੀਆਂ ਹਨ, (ਪਰਾ, ਪਸੰਤੀ, ਮਧਮਾ ਤੇ ਬੈਖਰੀ ਰੂਪ ਚਾਰ) ਬਾਣੀਆਂ ਭੀ ਤੈਨੂੰ ਸਿਮਰਦੀਆਂ ਹਨ, ਹੇ ਹਰੀ ! ਸਾਰੇ ਜਨ ਭੀ ਆਪ ਜੀ ਨੂੰ ਸਿਮਰਦੇ ਹਨ॥ ੨ ॥

ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥

ਸਾਰੇ ਬ੍ਰਹਮੇ, ਵਿਸ਼ਨੂੰ ਤੇ ਸ਼ਿਵ ਇਹ ਤਿੰਨੇ ਸੁਖ ਦੇਵਤੇ ਆਪ ਜੀ ਨੂੰ ਸਿਮਰਦੇ ਹਨ। ਤੇਤੀ ਕ੍ਰੋੜ ਦੇਵਤੇ ਭੀ ਆਪ ਜੀ ਨੂੰ ਸਿਮਰਦੇ ਹਨ।

ਸਿਮਰਹਿ ਜਖਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥ ੩ ॥

(ਜੋ ਕੁਮੇਰ ਦੀ ਕੁਲ 'ਚੋਂ ਪੈਦਾ ਹੋ ਕੇ ਗੰਧ ਮਾਦਨ* ਪਰਬਤ ਪਰ ਰਹਿੰਦੇ ਹਨ, ਉਹ) ਜਕਛ (ਜਕ੍ਸ਼) ਭੀ ਸਿਮਰਦੇ ਹਨ, ਸਾਰੇ ਦੈਂਤ ਭੀ ਸਿਮਰਦੇ ਹਨ ਆਪ ਜੀ ਦਾ ਜਸ ਅਣਗਿਣਤ ਹੈ ਜੋ ਕਿਸੇ ਪਾਸੋਂ ਗਿਣਿਆ ਨਹੀਂ ਜਾਂਦਾ॥ ੩ ॥

---

*ਨੋਟ:-ਗੰਧ ਮਾਦਨ ਪਰਬਤ ਸੁਮੇਰ ਪਰਬਤ ਦੇ ਸਾਹਮਣੇ ਹੈ ਤੇ ਦੋ ਹਜ਼ਾਰ ਜੋਜਨ ਉੱਚਾ ਹੈ ਤੇ ਨੌਂ ਹਜ਼ਾਰ ਜੋਜਨ ਲੰਬਾ ਹੈ ਜਕਛ ਦੇਵਤਿਆਂ ਤੋਂ ਨੀਵੀਂ ਜਾਤੀ ਹੈ।

ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥

ਪਸ਼ੂ ਪੰਛੀ ਅਤੇ ਭੂਤ ਪ੍ਰੇਤ ਆਦਿਕ ਸਾਰੇ ਆਪ ਜੀ ਨੂੰ ਸਿਮਰਦੇ ਹਨ। ਬਨ, ਪਰਬਤ ਅਤੇ ਅਉਧੂਤਾ= ਜੋਗੀ ਆਦਿਕ ਭੀ ਆਪ ਜੀ ਨੂੰ ਸਿਮਰਦੇ ਹਨ।

ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥ ੪ ॥

ਲਤਾ= ਵੇਲਾਂ, ਜੋ ਬ੍ਰਿਛਾਂ ਉਤੇ ਫੈਲਦੀਆਂ ਹਨ। ਬਲੀ= ਜੋ ਪ੍ਰਿਥਵੀ ਉਤੇ ਫੈਲਦੀਆਂ ਹਨ ਸਾਖ= ਖੇਤੀ ਆਦਿਕ ਸਭ ਆਪ ਜੀ ਨੂੰ ਸਿਮਰਦੀਆਂ ਹਨ, ਹੇ ਸੁਆਮੀ! ਤੂੰ ਸਾਰਿਆਂ ਦੇ ਮਨ ਵਿਚ ਰਵ ਰਿਹਾ ਹੈਂ ॥ ੪ ॥

ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥

ਅਸਥੂਲ ਤੇ ਸੂਖਮ ਸਾਰੇ ਜੀਆ ਜੰਤ ਆਪ ਜੀ ਨੂੰ ਸਿਮਰਦੇ ਹਨ। ਹੇ ਹਰੀ! ਚੁਰਾਸੀ ਸਿਧ ਤੇ ਸਾਧਿਕ= ਸਾਧਨਾ ਕਰਨ ਵਾਲੇ ਜਗ੍ਯਾਸੂ ਇਤਆਦਿਕ ਸਾਰੇ ਹਰੀ-ਮੰਤਰ ਨੂੰ ਸਿਮਰਦੇ ਹਨ।

ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥ ੫ ॥

ਹੇ ਮੇਰੇ ਪ੍ਰਭੂ ! ਕਈ ਗੁਪਤ ਤੇ ਕਈ ਪਰਗਟ ਬੈਠ ਕੇ ਆਪ ਜੀ ਨੂੰ ਸਿਮਰਦੇ ਹਨ।

ਅਥਵਾ :- ਕਈ ਮਨ ਦੁਆਰਾ ਗੁਪਤ ਤੇ ਕਈ ਬੈਖਰੀ ਬਾਣੀ ਦੁਆਰਾ ਪਰਗਟ ਆਪ ਜੀ ਨੂੰ ਸਿਮਰਦੇ ਹਨ, ਹੇ ਪ੍ਰਭੂ ! ਤੂੰ ਹੀ ਸਾਰਿਆਂ ਭਵਨਾਂ ਦਾ ਧਨਾ= ਮਾਲਕ ਹੈਂ ॥ ੫ ॥

ਸਿਮਰਹਿ ਨਰ ਨਾਰੀ ਆਸਰਮਾ ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥

ਸਭ ਆਸ਼ਰਮਾਂ ਦੇ ਇਸਤ੍ਰੀ ਪੁਰਸ਼ ਆਪ ਜੀ ਨੂੰ ਸਿਮਰਦੇ ਹਨ। ਹੇ ਜੋਤਿ= ਜੋਤੀ ਪਰਮਾਤਮਾ! ਚਾਰੇ ਵਰਨਾਂ ਦੇ ਸਭ ਜਾਤੀਆਂ ਦੇ ਲੋਕ ਆਪ ਜੀ ਨੂੰ ਸਿਮਰਦੇ ਹਨ।

ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥ ੬ ॥

ਗੁਣੀ ਲੋਕ, ਚਤਰ ਪੁਰਸ਼ ਤੇ ਖਟ ਸ਼ਾਸਤ੍ਰਾਂ ਦੇ ਬੇਤੇ= ਜਾਣਕਾਰ ਸਭ ਆਪ ਜੀ ਨੂੰ ਸਿਮਰਦੇ ਹਨ, ਰੈਣੀ= ਰਾਤ ਅਤੇ ਦਿਨ ਭੀ ਆਪ ਨੂੰ ਸਿਮਰਦੇ ਹਨ ॥ ੬ ॥

ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥

ਇਕ ਘੜੀ, ਮੂਰਤ= ਦੋ ਘੜੀਆਂ, ਪਲ ਤੇ ਨਿਮਖ ਆਦਿਕ ਸਾਰੇ ਸਮੇਂ ਆਪ ਜੀ ਨੂੰ ਸਿਮਰਦੇ ਹਨ, ਹੇ ਅਕਾਲ ਪੁਰਖ! ਆਪ ਜੀ ਨੂੰ ਕਾਲੁ= ਮਰਨਾ ਤੇ ਅਕਾਲੁ= ਜੰਮਣਾ ਸੁਚਿ= ਪਵਿੱਤਰਤਾ, ਸੋਚਾ= ਵਿਚਾਰਵਾਨ ਇਤਆਦਿਕ ਸਾਰੇ ਸਿਮਰਦੇ ਹਨ।

ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥ ੭ ॥

ਸਉਣ ਸਾਸਤ੍ਰ= ਜੋਤਿਸ਼ ਸ਼ਾਸਤ੍ਰ ਵਾਲੇ ਅਤੇ ਸੰਜੋਗ ਵਿਜੋਗ ਆਦਿਕ ਸਾਰੇ ਆਪ ਜੀ ਨੂੰ ਸਿਮਰਦੇ ਹਨ, ਪਰ ਤੂੰ ਅਲੱਖ ਹੈਂ ਇਕ ਖਿਨ ਮਾਤਰ ਭੀ ਲਖੀਐ= ਜਾਣਿਆ ਨਹੀਂ ਜਾਂਦਾ ॥ ੭ ॥

ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥

ਹੇ ਸੁਆਮੀ ਪਰਮਾਤਮਾ ! ਤੂੰ ਹੀ ਜੀਵਾਂ ਦੇ ਉਤਪਤ ਕਰਨ ਵਾਲਾ ਤੇ ਕਰਮਾਂ ਦੇ ਕਰਾਉਣ ਵਾਲਾ ਹੈਂ।

ਤੂੰ ਹੀ ਸਾਰਿਆਂ ਦੇ ਦਿਲਾਂ ਦੇ ਅੰਦਰ ਦੀ ਜਾਣਨ ਵਾਲਾ ਹੈਂ।

ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥ ੮ ॥

ਕਿਰਪਾ ਦ੍ਰਿਸ਼ਟੀ ਕਰ ਕੇ ਜਿਸ ਨੂੰ ਭਗਤੀ ਕਰਨ ਵਿਚ ਲਗਾਉਂਦੇ ਹੋ, ਓਹੀ ਪੁਰਸ਼ ਆਪ ਦੇ ਅਮੋਲਕ ਜਨਮ ਪਦਾਰਥ ਨੂੰ ਜਿਨਾ= ਜਿੱਤ ਲੈਂਦਾ ਹੈ॥ ੮॥

ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥

ਜਿਸ ਪੁਰਸ਼ ਦੇ ਮਨ ਵਿਚ ਆਪਣਾ ਪ੍ਰਭੂ ਮਾਲਕ ਵਾਹਿਗੁਰੂ ਵੂਠਾ= ਵਸਿਆ ਹੈ। ਉਸ ਪੂਰੇ ਕਰਮਿ= ਕਰਮਾਂ (ਭਾਗਾਂ) ਵਾਲੇ ਨੇ ਗੁਰੂ ਦਾ ਜਪ ਜਪਣਾ ਕੀਤਾ ਹੈ।

ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ॥ ਬਹੁੜਿ ਨ ਜੋਨੀ ਭਰਮਿ ਰੁਨਾ ॥ ੯ ॥

ਉਸ ਪ੍ਰਭੂ ਨੂੰ ਨਿਰੰਤਰਿ= ਇਕ ਰਸ ਸਾਰਿਆਂ ਵਿਚ ਜਾਤਾ= ਜਾਣਿਆ ਹੈ। ਉਹ ਫਿਰ ਜੂਨੀਆਂ ਵਿਚ ਭੌਂਦਾ ਹੋਇਆ ਰੋਂਦਾ ਨਹੀਂ॥ ੯॥

ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥

ਜਿਸ ਪੁਰਸ਼ ਦੇ ਮਨ ਵਿਚ ਗੁਰੂ ਦਾ ਉਪਦੇਸ਼ ਵਸਦਾ ਹੈ। ਉਸ ਦਾ ਦੁੱਖ ਜਨ ਦਰਦ ਅਤੇ ਭਰਮ ਭਾਗੈ= ਦੌੜ ਜਾਂਦਾ ਹੈ।

ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਬਹਜ ਧੁਨਾ ॥ ੧੦ ॥

ਜਿਸ ਨੇ ਰਸੁ= ਪਰੇਮ ਸਹਿਤ ਅਨਹਦ= ਇਕ ਰਸ ਨਾਮ ਬਾਣੀ ਨੂੰ ਸਹਜੇ-ਸਹਜੇ ਧੁਨਾ= ਉਚਾਰਿਆ ਹੈ, ਉਸ ਨੂੰ ਸਹਜ= ਅੱਚੁਤ ਸੁਖ ਦਾ ਅਨੰਦ ਪਰਾਪਤ ਹੋਇਆ ਹੈ। ਜਾਂ ਜਿਸ ਨੇ ਅਨਹਦ= ਇਕ ਰਸ ਗੁਰਬਾਣੀ ਦੀ ਧੁਨੀ ਸੁਭਾਵਕ ਲਗਾਈ ਹੈ, ਉਸ ਨੂੰ ਨਾਮ ਦਾ ਰਸ ਤੇ ਅੱਚੁਤ ਸੁਖ ਦਾ ਅਨੰਦ ਪਰਾਪਤ ਹੋਇਆ ਹੈ।

ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥
ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥

ਜਿਸ ਨੇ ਪ੍ਰਭੂ ਨੂੰ ਧਿਆਇਆ ਹੈ ਉਹ ਪੁਰਸ਼ ਧਨਵੰਤਾ= ਧਨ ਵਾਲਾ (ਧਨਾਢ) ਹੋਇਆ ਹੈ। ਜਿਸ ਨੇ ਸੰਤਾਂ ਦਾ ਸਤਸੰਗ ਕਰਨਾ ਪਾਇਆ ਹੈ ਉਹ ਪੁਰਸ਼ ਇੱਜ਼ਤ ਵਾਲਾ ਹੋਇਆ ਹੈ।

ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ ॥ ੧੧ ॥

ਜਿਸ ਪੁਰਸ਼ ਦੇ ਮਨ ਵਿਚ ਪਾਰਬ੍ਰਹਮ ਵੂਠਾ= ਵਸਿਆ ਹੈ ਉਹ ਪੂਰਿਆਂ ਕਰੰਮਾ= ਭਾਗਾਂ ਵਾਲਾ ਹੈ ਤੇ ਉਸ ਦੇ ਪਾਸੋਂ ਕੁਝ ਛਿਨਾ= ਲੁਕਿਆ ਹੋਇਆ ਨਹੀਂ ਹੈ। *ਅਥਵਾ :-* ਉਸ ਪਾਸੋਂ ਕੁਝ ਛਿਨਾ= ਖੋਹਿਆ ਨਹੀਂ ਜਾਂਦਾ। ਜਾਂ ਉਸ ਦੇ ਪਾਸੋਂ ਕਿਸੇ ਦਾ ਛਿਨਾ= ਨਾਸ ਨਹੀਂ ਹੁੰਦਾ॥ ੧੧॥

ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥

ਜਲਾਂ ਵਿਚ, ਥਲਾਂ ਵਿਚ, ਮਹੀ= ਪ੍ਰਿਥਵੀ, ਅਲਿ= ਅਕਾਸ਼ ਆਦਿਕਾਂ ਵਿਚ ਉਹ ਸੁਆਮੀ ਪੂਰਨ ਹੈ। ਉਸ ਵਰਗਾ ਅਵਰੁ= ਹੋਰ ਕੋਈ ਦੂਜਾ ਨਹੀਂ ਕਿਹਾ ਜਾਂਦਾ।

ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ
ਅਵਰੁ ਨ ਦੀਸੈ ਏਕ ਬਿਨਾ ॥ ੧੨ ॥

ਗੁਰੂ ਨੇ ਬੁੱਧੀ ਰੂਪ ਅੱਖਾਂ ਵਿਚ ਗਿਆਨ ਰੂਪ ਅੰਜਨਿ= ਸੁਰਮਾ ਪਾ ਕੇ ਸਾਰਾ ਭਰਮ ਰੂਪ ਤਿਮਰ-ਰੋਗ ਕੱਟ ਦਿੱਤਾ ਹੈ, ਇਸ ਕਰ ਕੇ ਇਕ ਪ੍ਰਭੂ ਤੋਂ ਬਿਨਾਂ ਹੋਰ ਕੋਈ ਦਿਸਦਾ ਨਹੀਂ ਹੈ॥ ੧੨ ॥

ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥

ਹੇ ਪ੍ਰਭੂ ! ਆਪ ਜੀ ਦਾ ਪ੍ਰਤਖ ਦਰਬਾਰ, ਵਾ :- ਸਤਸੰਗ ਦਰਬਾਰ ਉੱਚਿਆਂ ਤੋਂ ਉੱਚਾ ਹੈ। ਆਪ ਜੀ ਦੇ ਪਾਰ ਉਰਵਾਰ ਦਾ ਅੰਤ ਕਿਹਾ ਨਹੀਂ ਜਾਂਦਾ।

ਗਹਿਰ ਗੰਭੀਰ ਅਕਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥ ੧੩ ॥

ਹੇ ਸੁਆਮੀ= ਪਰਮਾਤਮਾ ! ਤੂੰ ਗਹਿਰ ਗੰਭੀਰ ਅਥਾਹ ਤੇ ਅਤੋਲ ਹੈਂ, ਤੂੰ ਤੋਲਿਆ ਨਹੀਂ ਜਾਂਦਾ, ਤੇਰੀ ਮਿਣਤੀ ਕਿਸ ਨੇ ਕਰਨੀ ਹੈ॥ ੧੩ ॥

ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥

ਤੂੰ ਕਰਤਾ ਪੁਰਖ ਹੈਂ, ਇਹ ਸਾਰਾ ਜਗਤ ਤੇਰਾ ਕੀਤਾ ਹੋਇਆ ਹੈ। ਵਾ :-ਪਿੱਛੇ ਭੀ ਤੂੰ ਸਾਰਿਆਂ ਦਾ ਕਰਤਾ ਸੀ, ਹੁਣ ਭੀ ਸਭ ਕੁਝ ਤੇਰਾ ਕੀਤਾ ਹੋਇਆ ਹੈ। ਆਪ ਜੀ ਤੋਂ ਬਿਨਾਂ ਹੋਰ ਕੋਈ ਬੀਆ= ਦੂਜਾ ਨਹੀਂ ਹੈ।

ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤਮ ਤਨਾ ॥ ੧੪ ॥

ਹੇ ਪ੍ਰਭੂ ! ਸ੍ਰਿਸ਼ਟੀ ਦੇ ਆਦਿ= ਪਹਿਲੇ ਤੂੰ ਸੀ, ਮਧਿ= ਵਿਚਕਾਰ ਭੀ ਤੂੰ ਹੀ ਹੈਂ, ਅੰਤ ਵੇਲੇ ਭੀ ਤੂੰ ਹੀ ਹੋਵੇਂਗਾ ਇਹ ਸਾਰਾ ਸੰਸਾਰ-ਪਸਾਰਾ ਤੇਰਾ ਹੀ ਤਨਾ= ਤਾਣਿਆ ਹੋਇਆ ਹੈ। ਵਾ :- ਤੇਰਾ ਹੀ ਤਨਾ= ਪੁੱਤਰ ਹੈ, ਜਾਂ ਤੇਰਾ ਹੀ ਤਨਾ= ਸਰੂਪ ਹੈ॥ ੧੪ ॥

ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧਸੰਗਿ ਹਰਿ ਕੀਰਤਨੁ ਗਾਵੈ ॥

ਉਸ ਦੇ ਨਿਕਟਿ= ਨੇੜੇ ਜਮਦੂਤ ਵੀ ਨਹੀਂ ਆਉਂਦਾ। ਜੋ ਸਤਸੰਗਤ ਵਿਚ ਬੈਠ ਕੇ ਹਰੀ ਦਾ ਕੀਰਤਨ ਗਾਉਂਦਾ ਹੈ।

ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥ ੧੫ ॥

ਉਸ ਦੇ ਸਾਰੇ ਮਨੋਰਥ= ਮਨ ਸੋਚੇ ਖਿਆਲ ਪੂਰੇ ਹੁੰਦੇ ਹਨ, ਜੋ ਪ੍ਰਭੂ ਦਾ ਜਸ ਸ੍ਰਵਣੀ= ਕੰਨੀਂ ਸੁਣਦਾ ਹੈ॥ ੧੫ ॥

ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥

ਹੇ ਗਹਿਰ= ਡੂੰਘੇ, ਗੰਭੀਰਾ= ਨਿਰਹਲ ਸੱਚੇ ਸਾਹਿਬ= ਪਰਮਾਤਮਾ ! ਤੂੰ ਸਾਰਿਆਂ ਦਾ ਮਾਲਕ ਹੈਂ ਅਤੇ ਸਭ ਕੋਈ ਤੇਰਾ ਦਾਸ ਹੈ।

[ਪੰਨਾ ੧੦੮੦]

ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥ ੧੬ ॥ ੧ ॥ ੮ ॥

ਗੁਰੂ ਜੀ ਕਥਨ ਕਰਦੇ ਹਨ—ਹੇ ਸੁਆਮੀ= ਪਰਮਾਤਮਾ ! ਜੋ ਆਪ ਜੀ ਦੇ ਮਨ ਨੂੰ ਭਾਉਂਦੇ ਹਨ, ਓਹੀ

ਉੱਤਮ ਪੁਰਸ਼ ਹਨ॥ ੧੬॥ ੧॥ ੮॥

ਮਾਰੂ ਮਹਲਾ ੫॥

ਪ੍ਰਭ ਸਮਰਥ ਸਰਬ ਸੁਖ ਦਾਨਾ॥ ਸਿਮਰਉ ਨਾਮੁ ਹੋਹੁ ਮਿਹਰਵਾਨਾ॥

ਹੇ ਸਮਰੱਥ ਪ੍ਰਭੂ ! ਤੂੰ ਹੀ ਸਾਰਿਆਂ ਸੁਖਾਂ ਦਾ ਦਾਨ ਦੇਣ ਵਾਲਾ ਹੈਂ। ਆਪ ਮੇਰੇ ਉਤੇ ਮੇਹਰਵਾਨ ਹੋਵੋ, ਜਿਸ ਕਰ ਕੇ ਮੈਂ ਤੇਰਾ ਨਾਮ ਸਿਮਰਦਾ ਰਹਾਂ।

ਹਰਿ ਦਾਤਾ ਜੀਅ ਜੰਤ ਭੇਖਾਰੀ ਜਨੁ ਬਾਂਛੈ ਜਾਚੰਗਨਾ॥ ੧॥

ਹੇ ਹਰੀ ! ਇਕ ਤੂੰ ਹੀ ਦਾਤਾ ਹੈਂ, ਸਾਰੇ ਸੂਖਮ ਸਥੂਲ ਜੀਆ ਜੰਤ ਆਪ ਜੀ ਦੇ ਮੰਗਤੇ ਹਨ, ਮੈਂ ਸੇਵਕ ਜਨ ਭੀ ਜਾਚੰਗਨਾ= ਮੰਗਣੇ ਵਾਲਾ ਹੋ ਕੇ ਆਪ ਜੀ ਪਾਸੋਂ ਨਾਮ ਦਾਨ ਮੰਗਣਾ ਬਾਂਛੈ= ਚਾਹੁੰਦਾ ਹਾਂ।

ਮਾਗਉ ਜਨ ਧੂਰਿ ਪਰਮ ਗਤਿ ਪਾਵਉ॥
ਜਨਮ ਜਨਮ ਕੀ ਮੈਲੁ ਮਿਟਾਵਉ॥

ਮੈਂ ਸੰਤ ਜਨਾਂ ਦੀ ਚਰਨ ਧੂੜੀ ਮੰਗਦਾ ਹਾਂ, ਜਿਸ ਕਰ ਕੇ ਕਈ ਜਨਮਾਂ ਦੀ ਪਾਪਾਂ ਰੂਪੀ ਮੈਲ ਨੂੰ ਮਿਟਾ ਕੇ ਪਰਮ ਗਤਿ= ਕੈਵਲ ਮੁਕਤੀ ਨੂੰ ਪਾਉਣਾ ਕਰਾਂ।

ਦੀਰਘ ਰੋਗ ਮਿਟਹਿ ਹਰਿ ਅਉਖਧਿ ਹਰਿ ਨਿਰਮਲਿ ਰਾਪੈ ਮੰਗਨਾ॥ ੨॥

ਹੇ ਹਰੀ ! ਬੜਾ ਦੀਰਘ= ਲੰਮਾ ਜੋ ਅਗਿਆਨ ਰੂਪੀ ਰੋਗ ਹੈ ਉਹ ਹਰੀ ਨਾਮ ਰੂਪ ਅਉਖਧਿ= ਦਾਰੂ ਕਰ ਕੇ ਮਿਟਦਾ ਹੈ, ਇਸ ਕਰ ਕੇ ਹੇ ਨਿਰਮਲ ਹਰੀ ! ਮੈਂ ਆਪ ਜੀ ਵਿਚ ਰਾਪੈ= ਰਪਨਾ (ਤਦਾਕਾਰ ਹੋਣਾ) ਜੁੜਨਾ ਮੰਗਦਾ ਹਾਂ।

ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ॥ ਏਕਾ ਓਟ ਤਜਉ ਬਿਖੁ ਕਾਮੀ॥

ਹੇ ਸੁਆਮੀ= ਪਰਮਾਤਮਾ ! ਆਪ ਜੀ ਦੇ ਬਿਮਲ= ਨਿਰਮਲ ਜਸ ਨੂੰ ਮੈਂ ਕੰਨੀਂ ਸੁਣਦਾ ਹਾਂ। ਇਕ ਆਪ ਜੀ ਦੀ ਓਟ ਲੈ ਕੇ ਵਿਹੁ ਰੂਪ ਕਾਮਨਾ ਨੂੰ, ਜਾਂ ਵਿਸ਼ਿਆਂ ਦੀ ਕਾਮੀ= ਕਾਮਨਾ (ਵਾਸ਼ਨਾ) ਨੂੰ ਤਜਉ= ਤਿਆਗਦਾ ਹਾਂ।

ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ॥ ੩॥

ਨਿਉਂ-ਨਿਉਂ ਕੇ ਝੁਕ-ਝੁਕ ਕੇ ਤੇਰੇ ਦਾਸਾਂ ਦੀ ਪਾਇ= ਚਰਨੀਂ ਲੱਗਦਾ ਹਾਂ ਅਤੇ ਸੁਕ੍ਰਿਤੁ= ਪੁੰਨ ਕਰਮਾਂ ਦੇ ਕਰਨ ਵਲੋਂ ਸੰਗਨਾ= ਸੰਕੋਚ ਨਹੀਂ ਕਰਦਾ॥ ੩॥

ਰਸਨਾ ਗੁਣ ਗਾਵੈ ਹਰਿ ਤੇਰੇ॥ ਮਿਟਹਿ ਕਮਾਤੇ ਅਵਗੁਣ ਮੇਰੇ॥

ਹੇ ਹਰੀ ! ਇਹ ਕਿਰਪਾ ਕਰ ਜੋ ਮੇਰੀ ਰਸਨਾ ਤੇਰੇ ਗੁਣਾਂ ਨੂੰ ਗਾਉਣਾ ਕਰੇ। ਜਿਸ ਕਰ ਕੇ ਮੇਰੇ ਕਮਾਤੇ= ਕਮਾਏ ਹੋਏ (ਕੀਤੇ ਹੋਏ) ਔਗੁਣ ਮਿਟ ਜਾਣ।

ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ॥ ੪॥

ਹੇ ਸੁਆਮੀ= ਪਰਮਾਤਮਾ ! ਆਪ ਜੀ ਦੇ ਸਿਮਰਨ ਨੂੰ ਸਿਮਰ ਕੇ ਮੇਰਾ ਮਨ ਜੀਉਂਦਾ ਹੈ, ਤੰਗਨਾ=

ਤੰਗ ਕਰਨ ਵਾਲੇ ਪੰਜ ਕਾਮ ਆਦਿਕ ਦੂਤਾਂ ਨੂੰ ਤਜਿ= ਤਿਆਗਿਆ ਹੈ। ਜਾਂ ਤੰਗੀ ਸਹਿਤ ਪੰਜ ਦੂਤਾਂ ਨੂੰ ਤਿਆਗਿਆ ਹੈ। ਵਾ :- ਜਿਸ ਵੇਲੇ ਪੰਜ ਕਾਮ ਆਦਿਕ ਦੂਤਾਂ ਨੂੰ ਤਿਆਗਿਆ ਫੇਰ ਅਸੀਂ ਤੰਗ ਨਾ= ਔਖੇ ਨਾ ਹੋਏ॥ ੪॥

ਚਰਨ ਕਮਲ ਜਪਿ ਬੋਹਿਥਿ ਚਰੀਐ॥ ਸੰਤਸੰਗਿ ਮਿਲਿ ਸਾਗਰੁ ਤਰੀਐ॥

ਸੰਤਾਂ ਦੀ ਸੰਗਤ ਵਿਚ ਮਿਲ ਕੇ ਹਰੀ ਨਾਮ ਨੂੰ ਜਪੀਏ ਤੇ ਚਰਨ ਕਮਲਾਂ ਦੇ ਧਿਆਨ ਕਰਨ ਰੂਪ ਬੋਹਿਥਿ= ਜਹਾਜ਼ ਉਤੇ ਚੜ੍ਹੀਏ ਤਾਂ ਹੀ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ।

ਅਰਚਾ ਬੰਦਨ ਹਰਿ ਸਮਤ ਨਿਵਾਸੀ ਬਾਹੁੜਿ ਜੋਨਿ ਨ ਨੰਗਨਾ॥ ੫॥

ਅਰਚਾ= ਮੂਰਤੀ ਦਾ ਪੂਜਨ ਜਾਂ ਚੰਦਨ ਦਾ ਛਿਨਕਣਾ ਭੀ ਏਹੀ ਹੈ ਤੇ ਬੰਦਨ= ਨਮਸਕਾਰ ਦਾ ਕਰਨਾ ਭੀ ਏਹੀ ਹੈ ਜੇਹੜਾ ਹਰੀ ਨੂੰ ਇਕ ਸਮਾਨ ਸਾਰੇ ਨਿਵਾਸ ਹੋਇਆ ਨਿਸਚੇ ਕਰਨਾ ਹੈ, ਇਸ ਤਰ੍ਹਾਂ ਕਰਨ ਨਾਲ ਫੇਰ ਜੂਨਾਂ ਵਿਚ ਪੈ ਕੇ ਨੰਗਾ ਭਾਵ ਸ਼ਰਮਿੰਦਾ, ਵਾ :- ਇੱਜ਼ਤ ਤੋਂ ਰਹਿਤ ਨਹੀਂ ਹੁੰਦਾ॥ ੫॥

ਦਾਸ ਦਾਸਨ ਕੋ ਕਰਿ ਲੇਹੁ ਗੁੋਪਾਲਾ॥ ਕ੍ਰਿਪਾ ਨਿਧਾਨ ਦੀਨ ਦਇਆਲਾ॥

ਹੇ ਗੋਪਾਲਾ= ਪ੍ਰਿਥਵੀ ਪਾਲਕ ਪਰਮਾਤਮਾ ! ਆਪ ਮੈਨੂੰ ਦਾਸਾਂ ਦਾ ਦਾਸ ਕਰ ਲਵੋ। ਆਪ ਕਿਰਪਾ ਦੇ ਨਿਧਾਨ= ਖਜ਼ਾਨੇ ਹੋ ਅਤੇ ਦੀਨਾਂ ਪਰ ਦਿਆਲੂ ਹੋ।

ਸਖਾ ਸਹਾਈ ਪੂਰਨ ਪਰਮੇਸੁਰ ਮਿਲੁ ਕਦੇ ਨ ਹੋਵੀ ਭੰਗਨਾ॥ ੬॥

ਹੇ ਪੂਰਨ ਪਰਮੇਸ਼ਰ ਆਪ ਸਖਾ= ਮਿੱਤਰ ਹੋ ਕੇ ਸਹਾਇਤਾ ਕਰਨ ਵਾਲੇ ਹੋ, ਆਪ ਮੈਨੂੰ ਆ੍ ਕੇ ਮਿਲੋ, ਤਾਂ ਫਿਰ ਕਦੇ ਭੀ ਭੰਗਨਾ= ਵਿਘਨ ਨਹੀਂ ਹੋਵੇਗਾ॥ ੬॥

ਮਨੁ ਤਨੁ ਅਰਪਿ ਧਰੀ ਹਰਿ ਆਗੈ॥ ਜਨਮ ਜਨਮ ਕਾ ਸੋਇਆ ਜਾਗੈ॥

ਮਨ ਭੀ ਅਰਪਿਆ ਹੈ, ਤਨੁ= ਸਰੀਰ ਭੀ ਹਰੀ ਅੱਗੇ ਭੇਟਾ ਰੱਖ ਦਿੱਤਾ ਹੈ। ਜਿਸ ਕਰ ਕੇ ਜਨਮਾਂ ਜਨਮਾਤਰਾਂ ਦਾ ਸੁੱਤਾ ਹੋਇਆ ਮਨ ਜਾਗ ਪਿਆ ਹੈ।

ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ॥ ੭॥

ਜਿਸ ਪ੍ਰਭੂ ਦਾ ਮੈਂ ਦਾਸ ਸਾਂ ਓਹੀ ਮੇਰਾ ਪ੍ਰਤਿਪਾਲਕ ਹੈ, ਜਿਸ ਕਰ ਕੇ ਹੰਤਨਾ= ਨਾਸ ਕਰਨ ਵਾਲੀ ਦੇਹ ਹੰਗਤਾ ਤੇ ਮੈਂ ਮੇਰੀ ਹਤਿ ਤਿਆਗੀ= ਤਿਆਗ ਛੱਡੀ ਹੈ॥ ੭॥

ਜਲਿ ਥਲਿ ਪੂਰਨ ਅੰਤਰਜਾਮੀ॥ ਘਟਿ ਘਟਿ ਰਵਿਆ ਅਛਲ ਸੁਆਮੀ॥

ਹੇ ਅੰਤਰਜਾਮੀ ਪ੍ਰਭੂ ! ਤੂੰ ਜਲਾਂ ਥਲਾਂ ਵਿਚ ਪੂਰਨ ਹੈਂ। ਹੇ ਅਛਲ ਸੁਆਮੀ= ਪਰਮਾਤਮਾ ! ਤੂੰ ਸਭਨਾ ਘਟਾਂ ਵਿਚ ਵਿਆਪਕ ਹੈਂ।

ਭਰਮ ਭੀਤਿ ਖੋਈ ਗੁਰਿ ਪੂਰੈ ਏਕੁ ਰਵਿਆ ਸਰਬੰਗਨਾ॥ ੮॥

ਜਿਸ ਵੇਲੇ ਪੂਰਿਆਂ ਗੁਰਾਂ ਨੇ ਭਰਮ ਰੂਪ ਭੀਤਿ= ਕੰਧ ਖੋਈ= ਨਾਸ ਕਰ ਦਿੱਤੀ, ਤਾਂ ਸਰਬੰਗਨਾ= ਸਾਰਿਆਂ ਸਰੀਰਾਂ ਵਿਚ ਇਕ ਪ੍ਰਭੂ ਨੂੰ ਰਵਿਆ ਹੋਇਆ ਨਿਸਚੇ ਕੀਤਾ॥ ੮॥

ਜਤ ਕਤ ਪੇਖਉ ਪ੍ਰਭ ਸੁਖ ਸਾਗਰ ॥ ਹਰਿ ਤੋਟਿ ਭੰਡਾਰ ਨਾਹੀ ਰਤਨਾਗਰ ॥

ਜਿਥੇ ਕਿਥੇ ਸੁਖਾਂ ਦੇ ਸਾਗਰ= ਸਮੁੰਦਰ ਪ੍ਰਭੂ ਨੂੰ ਵੇਖਦਾ ਹਾਂ। ਸ਼ੁਭ ਗੁਣਾਂ ਰੂਪੀ ਰਤਨਾਂ ਦੀ ਆਗਰ= ਖਾਨ ਜੋ ਹਰੀ ਹੈ, ਉਸ ਦੇ ਭੰਡਾਰੇ ਵਿਚੋਂ ਕਿਸੇ ਵਸਤੂ ਦੀ ਤੋਟ ਨਹੀਂ ਆਉਂਦੀ।

ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ ਸੋ ਬੂਝੈ ਜਿਸੁ ਕਿਰਪੰਗਨਾ ॥ ੯ ॥

ਅਗਹ ਅਗਾਹ= ਅਗਾਧ ਤੋਂ ਅਗਾਧ ਹਰੀ ਦੀ ਕੁਝ ਮਿਤ ਨਹੀਂ ਪਾਈ ਜਾਂਦੀ, ਜਾਂ ਪਿੱਛੇ ਵੀ ਅਗਾਧ ਸੀ, ਹੁਣ ਭੀ ਅਗਾਧ ਹੈ, ਵਾ :- ਸਮੁੰਦਰ ਵਾਂਗੂ ਅਗਾਧ ਹਰੀ ਦੀ ਕੁਝ ਮਿਤਿ= ਮਰਯਾਦਾ ਨਹੀਂ ਪਾਈ ਜਾਂਦੀ, ਜਿਸ ਉਤੇ ਉਹ ਪ੍ਰਭੂ ਕਿਰਪੰਗਨਾ= ਕਿਰਪਾ ਕਰਦਾ ਹੈ ਓਹੀ ਪੁਰਸ਼ ਉਸ ਨੂੰ ਬੁਝਦਾ ਹੈ॥ ੯ ॥

ਛਾਤੀ ਸੀਤਲ ਮਨੁ ਤਨੁ ਠੰਢਾ ॥ ਜਨਮ ਮਰਣ ਕੀ ਮਿਟਵੀ ਡੰਝਾ ॥

ਉਸ ਦੀ ਛਾਤੀ ਸੀਤਲ ਹੋਈ ਹੈ ਤਨੁ= ਨਾਲੇ ਮਨ ਭੀ ਠੰਡਾ ਹੋਇਆ ਹੈ। ਅਤੇ ਜਨਮ ਮਰਨ ਦੀ ਡੰਝਾ= ਜਲਨਤਾ ਮਿਟ ਗਈ ਹੈ।

ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ ਅਮਿਓ ਧਾਰਿ ਦ੍ਰਿਸਟੰਗਨਾ ॥ ੧੦ ॥

ਪ੍ਰਭੂ ਨੇ ਅਮਿਓ ਦ੍ਰਿਸਟੰਗਨਾ= ਕਿਰਪਾ ਦ੍ਰਿਸ਼ਟੀ ਧਾਰ ਕੇ ਆਪਣਿਆਂ ਦਾਸਾਂ ਨੂੰ ਮਨ ਬੁੱਧੀ ਰੂਪ ਕਰੁ ਗਹਿ= ਹੱਥ ਫੜ ਕੇ ਸੰਸਾਰ-ਸਮੁੰਦਰ ਵਿਚੋਂ ਕੱਢ ਲਿਆ ਹੈ॥ ੧੦ ॥

ਏਕੋ ਏਕੁ ਰਵਿਆ ਸਭ ਠਾਈ ॥ ਤਿਸੁ ਬਿਨੁ ਦੂਜਾ ਕੋਈ ਨਾਹੀ ॥

ਸਾਰਿਆਂ ਅਸਥਾਨਾਂ ਪਰ ਇਕੋ ਇਕ ਪ੍ਰਭੂ ਰਵ ਰਿਹਾ ਹੈ। ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

ਆਦਿ ਮਧਿ ਅੰਤਿ ਪ੍ਰਭੁ ਰਵਿਆ ਤ੍ਰਿਸਨ ਬੁਝੀ ਭਰਮੰਗਨਾ ॥ ੧੧ ॥

ਆਦ, ਮਧ ਤੇ ਅੰਤ (ਤਿੰਨਾਂ ਕਾਲਾਂ) ਵਿਚ ਪ੍ਰਭੂ ਰਵ ਰਿਹਾ ਹੈ, ਇਸ ਤਰ੍ਹਾਂ ਨਿਸਚੇ ਕਰਨ ਨਾਲ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ ਅਤੇ ਵਿਅਰਥ ਭਰਮਨਾ ਭੀ ਦੂਰ ਹੋ ਗਿਆ ਹੈ॥ ੧੧ ॥

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥ ਗੁਰੁ ਕਰਤਾ ਗੁਰੁ ਸਦ ਬਖਸੰਦੁ ॥

(੧) ਗੁਰੂ ਪਰਮੇਸ਼ਰ ਰੂਪ ਹਨ ਤੇ ਗੋਬਿੰਦ ਹੀ ਆ ਕੇ ਗੁਰੂ ਰੂਪ ਹੋਇਆ ਹੈ।

(੨) ਗੁਰੂ ਪਰਮੇਸ਼ਰ ਰੂਪ ਹਨ ਅਤੇ ਗੁਰੂ ਗੋ= ਵੇਦਾਂ ਦੇ ਸਿਧਾਂਤ ਦੇ ਬਿੰਦੁ= ਜਾਣਨ ਵਾਲੇ ਹਨ। ਗੁਰੂ ਗਿਆਨ ਵੈਰਾਗ ਆਦਿਕ ਸ਼ੁਭ ਗੁਣਾਂ ਦੀ ਪਰਾਪਤੀ ਕਰਤਾ= ਕਰਨ ਵਾਲੇ ਹਨ, ਗੁਰੂ ਸਦਾ ਹੀ ਸੇਵਕਾਂ ਦੇ ਔਗਣਾਂ ਨੂੰ ਬਖਸ਼ਣ ਵਾਲੇ ਹਨ।

ਗੁਰ ਜਪੁ ਜਾਪਿ ਜਪਤ ਫਲੁ ਪਾਇਆ ਗਿਆਨ ਦੀਪਕੁ ਸੰਤ ਸੰਗਨਾ ॥੧੨ ॥

ਗੁਰਾਂ ਦੁਆਰੇ ਨਾਮ ਜਪ ਨੂੰ ਜਪਦਿਆਂ ਹੋਇਆ ਕਾਮ ਕਰੋਧ ਆਦਿਕ ਆਸੁਰੀ ਸੰਪਦਾ ਦੇ ਜਪਤ ਹੋ ਜਾਣ ਦਾ ਫਲ ਪਾਇਆ ਹੈ, ਵਾ :- ਗੁਰਾਂ ਦੇ ਜਪਾਏ ਹੋਏ ਜਾਪ ਨੂੰ ਜਪਦਿਆਂ ਹੋਇਆਂ ਇਹ ਫਲ ਪਾਇਆ ਹੈ ਕਿ ਸੰਤਾਂ ਦੇ ਸਤਸੰਗ ਕਰ ਕੇ ਗਿਆਨ ਰੂਪੀ ਦੀਵਾ ਬਲਿਆ ਹੈ। ਜਾਂ ਸੰਤ= ਸ਼ਾਂਤ ਆਤਮਾ ਗੁਰਾਂ ਦੇ ਸੰਗਨਾ= ਸੰਗ ਕਰ ਕੇ ਗਿਆਨ ਰੂਪੀ ਦੀਵਾ ਬਲਿਆ ਹੈ॥ ੧੨ ॥

ਜੋ ਪੇਖਾ ਸੋ ਸਭੁ ਕਿਛੁ ਸੁਆਮੀ॥ ਜੋ ਸੁਨਣਾ ਸੋ ਪ੍ਰਭ ਕੀ ਬਾਨੀ॥

ਜੋ ਕੁਝ ਦੇਖਦਾ ਹਾਂ, ਹੇ ਸੁਆਮੀ ! ਉਹ ਸਭ ਕੁਝ ਤੇਰਾ ਰੂਪ ਹੀ ਦੇਖਦਾ ਹਾਂ। ਜੋ ਭੀ ਕੰਨਾਂ ਦੁਆਰੇ ਸੁਣਦਾ ਹਾਂ, ਹੇ ਪ੍ਰਭੂ ! ਉਹ ਤੇਰੀ ਹੀ ਬਾਣੀ ਸੁਣਦਾ ਹਾਂ।

ਜੋ ਕੀਨੋ ਸੋ ਤੁਮਹਿ ਕਰਾਇਓ ਸਰਣਿ ਸਹਾਈ ਸੰਤਹ ਤਨਾ॥ ੧੩॥

ਜੋ ਮੈਂ ਸਰੀਰ ਕਰ ਕੇ ਕੀਤਾ ਹੈ ਉਹ ਤੁਸੀਂ ਨੇ ਹੀ ਕਰਵਾਇਆ ਹੈ, *ਵਾ :-* ਜੋ ਤੁਸੀਂ ਕਰਵਾਇਆ ਹੈ ਓਹੀ ਕੰਮ ਮੈਂ ਕੀਤਾ ਹੈ, ਆਪ ਸ਼ਰਨ ਆਇਆਂ ਦੀ ਸਹਾਇਤਾ ਕਰਨ ਵਾਲੇ ਹੋ ਤੇ ਸੰਤ ਆਪ ਜੀ ਦੇ ਤਨਾ= ਪੁੱਤਰ ਹਨ। *ਵਾ :-* ਆਪ ਜੀ ਦਾ ਤਨਾ=ਸਰੂਪ ਹਨ॥ ੧੩॥

ਜਾਚਕੁ ਜਾਚੈ ਤੁਮਹਿ ਅਰਾਧੈ॥ ਪਤਿਤ ਪਾਵਨ ਪੂਰਨ ਪ੍ਰਭ ਸਾਧੈ॥

ਮੈਂ ਜਾਚਕੁ= ਮੰਗਤਾ ਹੋ ਕੇ ਆਪ ਜੀ ਪਾਸੋਂ ਆਪ ਜੀ ਦਾ ਅਰਾਧਨਾ ਮੰਗਦਾ ਹਾਂ। ਹੇ ਪ੍ਰਭੂ ! ਆਪ ਪਤਿਤ ਪਾਵਨ ਹੋ, ਸਭਨਾਂ ਵਿਚ ਪੂਰਨ ਹੋ ਅਤੇ ਸਾਰਿਆਂ ਤੋਂ ਸਾਧੈ= ਸ੍ਰੇਸ਼ਟ ਹੋ।

ਏਕੋ ਦਾਨੁ ਸਰਬ ਸੁਖ ਗੁਣਨਿਧਿ ਆਨ ਮੰਗਨ ਨਿਹਕਿੰਚਨਾ॥ ੧੪॥

ਹੇ ਸ਼ੁਭ ਗੁਣਾਂ ਦੀ ਨਿਧੀ ਪਰਮਾਤਮਾ ! ਸਾਰਿਆਂ ਸੁਖਾਂ ਦਾ ਦਾਨ ਇਕ ਤੂੰ ਹੀ ਕਰਨ ਵਾਲਾ ਹੈਂ, ਇਹ ਕਿਰਪਾ ਕਰੋ ਆਨ= ਹੋਰਨਾਂ ਪਾਸੋਂ ਮੰਗਣ ਤੋਂ ਅਤੇ ਨਿਹਕਿੰਚਨਾ= ਸੰਗ੍ਰਹ (ਇਕੱਠੇ) ਕਰਨ ਤੋਂ ਰਹਿਤ ਹੋ ਜਾਈਏ। *ਅਥਵਾ :-* ਹੇ ਸਰਬ ਗੁਣ ਨਿਧਿ=ਪਰਮਾਤਮਾ ! ਮੈਨੂੰ ਇਕ ਸੁਖਦਾਇਕ ਨਾਮ-ਸਿਮਰਨ ਦਾ ਦਾਨ ਦਿਓ, ਆਨ ਮੰਗਨ= ਹੋਰ ਪਦਾਰਥਾਂ ਦੇ ਮੰਗਣ ਦੀ ਨਿਹਕਿੰਚਨਾ= ਕੁਝ ਇੱਛਾ ਨਹੀਂ ਹੈ॥ ੧੪॥

[ਪੰਨਾ ੧੦੮੧]

ਕਾਇਆ ਪਾੜੁ ਪ੍ਰਭੁ ਕਰਣੈਹਾਰਾ॥ ਲਗੀ ਲਾਗਿ ਸੰਤ ਸੰਗਾਰਾ॥

ਹੇ ਪ੍ਰਭੂ ! ਕਾਇਆ ਰੂਪੀ ਪਾੜੁ= ਭਾਂਡੇ (ਮੱਟੀ) ਨੂੰ ਤੂੰ ਆਪ ਹੀ ਕਰਣੈਹਾਰਾ= ਬਨਾਉਣ ਵਾਲਾ ਹੈਂ।(ਮਨ ਰੂਪੀ ਕੋਰਾ ਬਸਤ੍ਰ ਹੈ) ਇਸ ਨੂੰ ਜੋ ਸੰਤਾਂ ਦਾ ਸਤਸੰਗ ਆ ਕੇ ਪਰਾਪਤ ਹੋਇਆ ਹੈ ਏਹੋ ਫਟਕੜੀ ਆਦਿਕ ਚੀਜ਼ਾਂ ਦੀ ਲਾਗ ਲੱਗੀ ਹੈ।

ਨਿਰਮਲ ਸੋਇ ਬਣੀ ਹਰਿ ਬਾਣੀ ਮਨੁ ਨਾਮਿ ਮਜੀਠੈ ਰੰਗਨਾ॥ ੧੫॥

(ਜਿਸ ਵੇਲੇ ਗੁਰੂ ਰੂਪ ਲਿਲਾਰੀ ਦੁਆਰਾ) ਹਰੀ ਨਾਮ ਬਾਣੀ ਨਾਲ ਮਨ (ਰੂਪੀ ਕੋਰੇ ਕੱਪੜੇ) ਨੂੰ ਭਗਤੀ ਰੂਪ ਮਜੀਠੈ= ਮਜੀਠ ਦੇ ਪੱਕੇ ਰੰਗ ਵਿਚ ਰੰਗਣਾ ਕੀਤਾ ਤਾਂ ਸਾਰਿਆਂ ਨਾਲੋਂ ਇਸ ਦੀ ਨਿਰਮਲ ਸੋਇ= ਸੋਭਾ ਬਣੀ॥ ੧੫॥

ਸੋਲਹ ਕਲਾ ਸੰਪੂਰਨ ਫਲਿਆ॥ ਅਨਤ ਕਲਾ ਹੋਇ ਠਾਕੁਰੁ ਚੜਿਆ॥

ਵਿਸ਼ਨੂੰ ਤਾਂ ਸੋਲਾਂ ਕਲਾਂ ਵਿਚ ਸੰਪੂਰਨ ਹੋ ਕੇ ਫਲਦਾ ਹੈ। ਪਰ ਮੇਰਾ ਸੁਆਮੀ ਗੁਰੂ ਨਾਨਕ ਬੇਅੰਤ ਕਲਾਂ ਵਿਚ ਸੰਪੂਰਨ ਹੋ ਕੇ ਚੜਿਆ= ਪਰਗਟ ਹੁੰਦਾ ਹੈ। ਅਰਥਾਤ ਵਿਸ਼ਨੂੰ ਦੇ ਜਿੰਨੇ ਭੀ ਅਵਤਾਰ ਹੋਏ ਹਨ ਸੋਲਾਂ ਕਲਾਂ ਤੋਂ ਵਧੀਕ ਕੋਈ ਨਹੀਂ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਬੇਅੰਤ ਕਲਾਂ ਸਪੰਨ ਹੋ ਕੇ ਪਰਗਟ ਹੋਏ ਹਨ। *ਅਥਵਾ :-* ਪੰਜ ਕਰਮ ਇੰਦ੍ਰੀਏ, ਪੰਜ ਗਿਆਨ ਇੰਦ੍ਰੀਏ,ਪੰਜ ਪ੍ਰਾਣ ਤੇ ਇਕ ਮਨ ਇਨ੍ਹਾਂ ਦਾ ਦਮਨ ਕਰਨ

ਰੂਪੀ ਸੋਲਾਂ ਕਲਾਂ ਕਰਕੇ ਜਿਸ ਵੇਲੇ ਸੰਪੂਰਨ ਗਿਆਨ ਰੂਪੀ ਚੰਦ੍ਰਮਾ ਫਲਿਆ। ਤਾਂ ਬੇਅੰਤ ਕਲਾ= ਸ਼ਕਤੀਆਂ ਸੰਪਨ ਜੋ ਹਰੀ ਹੈ, ਉਹ ਮੇਰਾ ਠਾਕੁਰੁ= ਸੁਆਮੀ ਬਣ, ਕੇ ਮੇਰੇ ਹਿਰਦੇ ਅਕਾਸ਼ ਵਿਚ ਆ ਚੜਿਆ= ਸਾਖਿਆਤਕਾਰ ਹੋ ਗਿਆ।

ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ
ਅੰਮ੍ਰਿਤ ਰਸੁ ਹਰਿ ਭੁੰਚਨਾ ॥ ੧੬ ॥ ੨ ॥ ੯ ॥

ਗੁਰੂ ਜੀ ਕਥਨ ਕਰਦੇ ਹਨ- ਅਨੰਦ ਦਾਇਕ ਬਿਨੋਦ= ਕੌਤਕਾਂ ਦੇ ਕਰਨ ਵਾਲਾ ਜੋ ਸੁਖ ਸਰੂਪ ਹਰੀ ਨਾਮੀ ਹੈ, ਉਸ ਹਰੀ ਦੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਨੂੰ ਭੁੰਚਨਾ= ਛਕਣਾ ਕੀਤਾ ਹੈ॥ ੧੬ ॥ ੨ ॥ ੯ ॥

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥
ਤੂ ਸਾਹਿਬੁ ਹਉ ਸੇਵਕੁ ਕੀਤਾ ॥ ਜੀਉ ਪਿੰਡੁ ਸਭੁ ਤੇਰਾ ਦੀਤਾ ॥

ਹੇ ਪ੍ਰਭੂ ! ਤੂੰ ਮਾਲਕ ਹੈਂ, ਹਉ= ਮੈਂ ਤੇਰਾ ਪੈਦਾ ਕੀਤਾ ਹੋਇਆ ਸੇਵਕ ਹਾਂ। ਜੀਵ ਤੇ ਪਿੰਡੁ= ਸਰੀਰ ਆਦਿਕ ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈ।

ਕਰਨ ਕਰਾਵਨ ਸਭੁ ਤੂਹੈ ਤੂਹੈ, ਹੈ ਨਾਹੀ ਕਿਛੁ ਅਸਾੜਾ ॥

ਹੇ ਪ੍ਰਭੂ ! ਤੂੰ ਹੀ ਕਰਨ ਵਾਲਾ ਹੈਂ ਤੇ ਜੀਵਾਂ ਪਾਸੋਂ ਸਭ ਕੁਝ ਕਰਾਉਣ ਵਾਲਾ ਭੀ ਤੂੰ ਹੀ ਹੈਂ, ਅਸਾੜਾ= ਸਾਡਾ ਤਾਂ ਕੁਝ ਭੀ ਨਹੀਂ ਹੈ। ਵਾ :- ਅਸਾਂ ਜੀਵਾਂ ਦਾ ਕੁਝ ਜ਼ੋਰ ਨਹੀਂ ਚਲ ਸਕਦਾ॥ ੧ ॥

ਤੁਮਹਿ ਪਠਾਏ ਤਾ ਜਗ ਮਹਿ ਆਏ ॥ ਜੋ ਤੁਧੁ ਭਾਣਾ ਸੇ ਕਰਮ ਕਮਾਏ ॥

ਤੁਸੀਂ ਪਠਾਏ= ਭੇਜਿਆ ਹੈ ਤਾਂ ਹੀ ਅਸੀਂ ਜਗਤ ਵਿਚ ਆਏ ਹਾਂ। ਜੋ ਤੁਹਾਨੂੰ ਭਾਉਂਦਾ ਹੈ ਓਹੀ ਕਰਮ ਅਸੀਂ ਕਮਾਏ= ਕੀਤੇ ਹਨ।

ਤੁਝ ਤੇ ਬਾਹਰਿ ਕਿਛੁ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ ॥ ੨ ॥

ਆਪ ਜੀ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੋਇਆ ਤਦੇ ਹੀ ਸਾਨੂੰ ਕੁਝ ਕਾੜਾ= ਝੋਰਾ ਨਹੀਂ ਹੈ। *ਅਥਵਾ :-* ਇਤਨਾ ਖਲਜਗਨ ਹੁੰਦਿਆਂ ਭੀ ਆਪ ਜੀ ਨੂੰ ਕੁਝ ਕਾੜਾ= ਫਿਕਰ ਨਹੀਂ ਹੈ॥ ੨ ॥

ਊਹਾ ਹੁਕਮੁ ਤੁਮਾਰਾ ਸੁਣੀਐ ॥ ਈਹਾ ਹਰਿ ਜਸੁ ਤੇਰਾ ਭਣੀਐ ॥

ਊਹਾ= ਪਰਲੋਕ ਵਿਚ ਆਪ ਜੀ ਦਾ ਹੁਕਮ ਸੁਣੀਦਾ ਹੈ। ਇਸ ਲਈ ਈਹਾ= ਇਸ ਲੋਕ ਵਿਚ ਹੇ ਹਰੀ! ਅਸੀਂ ਤੇਰਾ ਹੀ ਜਸ ਭਣੀਐ= ਕਥਨ ਕਰਦੇ ਹਾਂ।

ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ ॥ ੩ ॥

ਤੂੰ ਆਪ ਹੀ ਸੰਸਾਰੀ ਜੀਵਾਂ ਦਾ ਲੇਖਾ ਗਿਣਦਾ ਹੈਂ ਅਤੇ ਤੂੰ ਆਪ ਹੀ ਸੇਵਕਾਂ ਨਾਲ ਲੇਖੇ ਕਰਨੇ ਤੋਂ ਰਹਿਤ ਹੈਂ ਭਾਵ ਆਪਣਿਆਂ ਸੇਵਕਾਂ ਨਾਲ ਲੇਖਾ ਨਹੀਂ ਗਿਣਦਾ, ਇਸ ਲਈ ਆਪ ਜੀ ਨਾਲ ਸਾਡਾ ਕੁਝ ਝਾੜਾ= ਝਗੜਾ, ਕਰਨਾ ਨਹੀਂ ਬਣਦਾ॥ ੩ ॥

ਤੂ ਪਿਤਾ ਸਭਿ ਬਾਰਿਕ ਥਾਰੇ॥ ਜਿਉ ਖੇਲਾਵਹਿ ਤਿਉ ਖੇਲਣਹਾਰੇ॥

ਤੂੰ ਸਾਡਾ ਪਿਤਾ ਹੈਂ ਅਸੀਂ ਸਾਰੇ ਆਪ ਜੀ ਦੇ ਬਾਰਿਕ= ਬੱਚੇ ਹਾਂ। ਜਿਵੇਂ ਤੂੰ ਖਿਡਾਉਂਦਾ ਹੈਂ ਤਿਵੇਂ ਅਸੀਂ ਬਾਲਕੇ ਖੇਡਣ ਵਾਲੇ ਹਾਂ।

ਉਝੜ ਮਾਰਗੁ ਸਭੁ ਤੁਮ ਹੀ ਕੀਨਾ ਚਲੈ ਨਾਹੀ ਕੋ ਵੇਪਾੜਾ॥ ੪॥

ਸੰਸਾਰ-ਉਜਾੜ ਤੇ ਗਿਆਨ-ਭਗਤੀ ਰੂਪੀ ਰਸਤਾ, ਵਾ :- ਉਜੜ= ਕੁਰਾਹਾ ਤੇ ਰਾਹ ਤੁਸੀਂ ਸਾਰਾ ਆਪ ਹੀ ਕੀਤਾ ਹੈ, ਕੋਈ ਭੀ ਆਪ ਜੀ ਦੇ ਹੁਕਮ ਤੋਂ ਵੇਪਾੜਾ= ਉਲਟਾ ਨਹੀਂ ਚੱਲ ਸਕਦਾ॥ ੪॥

ਇਕਿ ਬੈਸਾਇ ਰਖੇ ਗ੍ਰਿਹ ਅੰਤਰਿ॥ ਇਕਿ ਪਠਾਏ ਦੇਸ ਦਿਸੰਤਰਿ॥

ਹੇ ਪਰਮੇਸ਼ਰ ! ਕਰਮਾਂ ਅਨੁਸਾਰ ਇਕ ਮਨੁੱਖ ਤਾਂ ਤੁਸੀਂ ਪ੍ਰਤਖ ਸੁੰਦਰ ਘਰਾਂ ਵਿਚ ਬਿਠਾ ਰੱਖੇ ਹਨ ਜੋ ਪਲੰਘਾਂ ਉਤੇ ਬੈਠੇ ਹੁਕਮ ਹਾਸਲ ਕਰਦੇ ਹਨ। *ਅਥਵਾ :-* ਇਕ ਗੁਰਮੁਖ ਸਤਸੰਗ ਘਰ ਵਿਚ, ਵਾ :- ਅੰਤਰਮੁਖ ਬਿਰਤੀ ਕਰਨ ਰੂਪ ਘਰ ਵਿਚ, ਵਾ :- ਸਰੂਪ-ਘਰ ਵਿਚ ਬਿਠਾ ਰੱਖੇ ਹਨ ਅਤੇ ਇਕ ਮਨੁੱਖ ਦੇਸਾਂ ਪਰਦੇਸਾਂ ਵਿਚ ਪਠਾਏ= ਭੇਜੇ ਹਨ ਜੋ ਬਾਹਰ ਜਾ ਕੇ ਨੌਕਰੀਆਂ ਤੇ ਕੰਮ ਧੰਦਾ ਕਰਦੇ ਹਨ।

ਅਥਵਾ :- ਇਕ ਮਨੁੱਖ ਚੁਰਾਸੀ ਲੱਖ ਜੂਨਾਂ ਰੂਪ ਦੇਸਾਂ ਦਿਸਾਂਤਰਾਂ ਵਿਚ ਭੇਜੇ ਹਨ।

ਵਾ :- ਸਾਧਨਾ ਦੇ ਕਰਨੇ ਰੂਪੀ ਦੇਸਾਂ ਦਿਸਾਂਤਰਾਂ ਵਿਚ ਭੇਜੇ ਹਨ।

ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ ਇਨ ਮਹਿ ਕਹੀਐ ਕਿਆ ਕੂੜਾ॥ ੫॥

ਇਕਨਾ ਨੂੰ ਘਾਹ ਖੋਤਰਨ ਵਿਚ ਲਗਾ ਕੇ ਘਾਹੀ ਬਣਾ ਦਿੱਤਾ ਹੈ, ਇਕਨਾ ਨੂੰ ਰਾਜਾ ਬਣਾ ਦਿੱਤਾ ਹੈ, *ਅਥਵਾ :-* ਇਕਨਾ ਨੂੰ ਘਾਹੀ= ਗਰੀਬ ਬਣਾ ਦਿੱਤਾ ਹੈ, ਇਕਨਾ ਨੂੰ ਰਾਜਾ= ਗਿਆਨਵਾਨ, ਵਾ :- ਪ੍ਰਕਾਸ਼ ਰੂਪ ਕਰ ਦਿੱਤਾ ਹੈ, ਇਸ ਗੱਲ ਵਿਚ ਭਲਾ ਕੀ ਝੂਠ ਕਹੀਏ, ਅਰਥਾਤ ਕੋਈ ਗੱਲ ਝੂਠੀ ਨਹੀਂ ਹੈ ਹਰ ਇਕ ਨੂੰ ਕਰਮਾਂ ਅਨੁਸਾਰ ਫਲ ਦੇਂਦਾ ਹੈ॥ ੫॥ ਅਗਲੀਆਂ ਤਿੰਨ ਤੁਕਾਂ ਵਿਚ ਅੱਠ ਪ੍ਰਸ਼ਨ ਹਨ-

ਕਵਨ ਸੁ ਮੁਕਤੀ ਕਵਨ ਸੁ ਨਰਕਾ॥ ਕਵਨੁ ਸੰਸਾਰੀ ਕਵਨੁ ਸੁ ਭਗਤਾ॥

੧. ਮੁਕਤੀ ਨੂੰ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ। ੨. ਨਰਕਾਂ ਵਿਚ ਕਿਸ ਤਰ੍ਹਾਂ ਜਾਂਦਾ ਹੈ।

੩. ਸੰਸਾਰੀ ਕਿਸ ਤਰ੍ਹਾਂ ਹੁੰਦਾ ਹੈ। ੪. ਸ੍ਰੇਸ਼ਟ ਭਗਤ ਕਿਸ ਤਰ੍ਹਾਂ ਹੁੰਦਾ ਹੈ।

ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ॥ ੬॥

੫. ਦਾਨਾ= ਦਨਾਈ ਵਾਲਾ ਕਿਸ ਤਰ੍ਹਾਂ ਹੈ। ੬. ਹੋਛੇ ਸੁਭਾਵ ਵਾਲਾ ਕਿਸ ਤਰ੍ਹਾਂ ਹੈ।

੭. ਸ੍ਰੇਸ਼ਟ ਗਿਆਤ ਗੇਯ ਕਿਸ ਤਰ੍ਹਾਂ ਹੁੰਦਾ ਹੈ। ੮. ਜੜਾ= ਮੂਰਖ ਕਿਸ ਤਰ੍ਹਾਂ ਹੁੰਦਾ ਹੈ॥ ੬॥

ਅਗਲੀਆਂ ਤਿੰਨ ਤੁਕਾਂ ਵਿਚ ਅੱਠ ਉੱਤਰ ਹਨ-

ਹੁਕਮੇ ਮੁਕਤੀ ਹੁਕਮੇ ਨਰਕਾ॥ ਹੁਕਮਿ ਸੈਸਾਰੀ ਹੁਕਮੇ ਭਗਤਾ॥

ਪਰਮੇਸ਼ਰ ਦੇ ਹੁਕਮ ਵਿਚ ਗੁਰਮੁਖ ਨੂੰ ਮੁਕਤੀ ਦੀ ਪਰਾਪਤੀ ਹੁੰਦੀ ਹੈ, ਪਰਮੇਸ਼ਰ ਦੇ ਹੁਕਮ ਵਿਚ ਹੀ ਮਨਮੁਖ ਨੂੰ ਨਰਕ ਦੀ ਪਰਾਪਤੀ ਹੁੰਦੀ ਹੈ। ਹੁਕਮ ਵਿਚ ਹੀ ਜੀਵ ਸੰਸਾਰੀ ਹੁੰਦਾ ਹੈ, ਹੁਕਮ ਦੇ ਵਿਚ ਹੀ ਪ੍ਰਭੂ

ਦਾ ਭਗਤ ਹੋ ਜਾਂਦਾ ਹੈ।

ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ ॥ ੭ ॥

ਪ੍ਰਭੂ ਦੇ ਹੁਕਮ ਵਿਚ ਹੀ (ਮਨਮੁਖ ਪੁਰਸ਼) ਹੋਛਾ= ਤੁੱਛ ਖਿਆਲਾਂ ਵਾਲਾ ਹੁੰਦਾ ਹੈ, ਪ੍ਰਭੂ ਦੇ ਹੁਕਮ ਵਿਚ ਹੀ ਗੁਰਮੁਖ ਦਨਾਈ ਵਾਲਾ ਹੁੰਦਾ ਹੈ। (ਦੋ ਪ੍ਰਸ਼ਨਾਂ ਦਾ ਉੱਤਰ ਉਪਰੋਂ ਦੇਣਾ, ਵਿਚ ਨਹੀਂ ਲਿਖਿਆ)। *ਪ੍ਰਸ਼ਨ*-ਕਵਨ ਸੁ ਸੁਰਤਾ= ਸ੍ਰੇਸ਼ਟ ਗਿਆਤ ਗੋਯ ਕਿਸ ਤਰ੍ਹਾਂ ਹੁੰਦਾ ਹੈ? *ਉੱਤਰ*-ਪਰਮੇਸ਼ਰ ਦੇ ਹੁਕਮ ਵਿਚ ਹੀ ਗੁਰਮੁਖ ਸ੍ਰੇਸ਼ਟ ਗਿਆਤ ਗੋਯ ਹੁੰਦਾ ਹੈ। *ਪ੍ਰਸ਼ਨ*-ਕਵਨੁ ਜੜਾ= ਮੂਰਖ ਕਿਸ ਤਰ੍ਹਾਂ ਹੁੰਦਾ ਹੈ? *ਉੱਤਰ*:-ਪਰਮੇਸ਼ਰ ਦੇ ਹੁਕਮ ਵਿਚ ਹੀ ਮਨਮੁਖ ਪੁਰਸ਼ ਮਨਮੁਖਤਾ ਕਰ ਕੇ ਜੜ੍ਹ ਹੈ। ਐਸਾ ਹੋਰ ਕੋਈ ਦੂਜਾ ਧੜਾ= ਪੱਖ ਨਹੀਂ ਦਿਸਦਾ ਜੋ ਉਪਰਲੇ ਕਥਨ ਨੂੰ ਖੰਡਨ ਕਰੇ॥ ੭॥

ਸਾਗਰੁ ਕੀਨਾ ਅਤਿ ਤੁਮ ਭਾਰਾ ॥
ਇਕ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥

ਹੇ ਪ੍ਰਭੂ ! ਤੁਸੀਂ ਆਪ ਹੀ ਇਸ ਸੰਸਾਰ ਨੂੰ ਬੜਾ ਭਾਰੀ ਸਾਗਰੁ= ਸਮੁੰਦਰ ਬਨਾਉਣਾ ਕੀਤਾ ਹੈ। ਇਕ ਜੋ ਮਨਮੁਖ ਗਵਾਰ ਹਨ ਉਹਨਾਂ ਨੂੰ ਰਸਾਤਲਿ= ਪਤਾਲ (ਨਰਕਾਂ) ਵਿਚ ਖੜੇ= ਖੜਨਾ (ਲਿਜਾਣਾ) ਕੀਤਾ ਹੈ। *ਅਥਵਾ* :- ਇਕ ਜੋ ਮਨੁਮਖ ਗਵਾਰ ਹਨ ਉਹਨਾਂ ਨੂੰ ਖੜਿਆਂ ਹੀ ਰਖਿਆ ਹੈ, ਬੈਠਣ ਨਹੀਂ ਦਿੱਤਾ।

ਇਕਨਾ ਪਾਰਿ ਲੰਘਾਵਹਿ ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ ॥ ੮ ॥

ਜਿਨ੍ਹਾਂ ਦਾ ਬੇੜਾ= ਨਿਬੇੜਾ ਸੱਚੇ ਸਤਿਗੁਰਾਂ ਨੇ ਕੀਤਾ ਹੈ, ਜਾਂ ਜਿਨ੍ਹਾਂ ਨੇ ਸਤਿਗੁਰਾਂ ਦੁਆਰੇ ਸੱਚੇ ਨਾਮ-ਬੇੜੇ ਪਰ ਚੜ੍ਹਨਾ ਕੀਤਾ ਹੈ, ਉਹਨਾਂ ਇਕਨਾਂ ਗੁਰਮੁਖਾਂ ਨੂੰ ਤੂੰ ਆਪ ਹੀ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦਾ ਹੈਂ॥ ੮॥

ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥
ਜੀਅ ਜੰਤ ਓਪਾਇ ਸਮਾਇਆ ॥

ਕੌਤਕੀ ਜੋ ਕਾਲ ਹੈ ਇਸ ਨੂੰ ਤੁਸੀਂ ਆਪਣੇ ਹੁਕਮ ਕਰ ਕੇ ਹੀ ਸੰਸਾਰ ਵਿਚ ਪਠਾਇਆ= ਭੇਜਿਆ ਹੈ। ਸਾਰਿਆਂ ਸੂਖਮ ਸਥੂਲ ਜੀਆਂ ਜੰਤਾਂ ਨੂੰ ਤੁਸੀਂ ਆਪ ਹੀ ਉਤਪਤ ਕਰ ਕੇ ਸਮਾਇਆ= ਲਯ ਕੀਤਾ ਹੈ।

ਵੇਧੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕੁ ਆਖਾੜਾ ॥ ੯ ॥

ਤੁਸੀਂ ਆਪ ਹੀ ਇਕ ਸੰਸਾਰ-ਅਖਾੜੇ ਨੂੰ ਰਚਨਾ ਕੀਤਾ ਹੈ, ਇਸ ਦੇ ਕੌਤਕਾਂ ਨੂੰ ਵੇਖ ਕੇ ਤੂੰ ਵਿਗਸੈ= ਪਰਸੰਨ ਹੁੰਦਾ ਹੈਂ ਤੇ ਆਪ ਹੀ ਸਾਰਿਆਂ ਰੰਗ= ਅਨੰਦਾਂ ਨੂੰ ਮਾਣੇ= ਭੋਗਦਾ ਹੈਂ॥ ੯॥

ਵਡਾ ਸਾਹਿਬੁ ਵਡੀ ਨਾਈ॥ ਵਡ ਦਾਤਾਰੁ ਵਡੀ ਜਿਸੁ ਜਾਈ॥

ਉਹ ਸਾਹਿਬੁ= ਮਾਲਕ ਪਰਮਾਤਮਾ ਸਾਰਿਆਂ ਤੋਂ ਵੱਡਾ ਹੈ, ਉਸ ਦੀ ਨਾਈ= ਵਡਿਆਈ ਭੀ ਵੱਡੀ ਹੈ। ਉਹ ਦਾਤਾਰੁ= ਦਾਤਾ ਪ੍ਰਭੂ ਸਭ ਤੋਂ ਵੱਡਾ ਹੈ, ਜਿਸ ਦੀ ਜਾਈ= ਜਗ੍ਹਾ ਭੀ ਸਭ ਤੋਂ ਵੱਡੀ ਹੈ।

ਅਗਮ ਅਗੋਚਰੁ ਬੇਅੰਤ ਅਤੋਲਾ ਹੈ ਨਾਹੀ ਕਿਛੁ ਆਹਾੜਾ ॥ ੧੦ ॥

ਮਨ ਕਰ ਕੇ ਅਗਮ ਹੈ, ਇੰਦ੍ਰੀਆਂ ਕਰ ਕੇ ਅਗੋਚਰ ਹੈ, ਬੇਅੰਤ ਗੁਣਾਂ ਵਾਲਾ ਹੈ ਤੇ ਅਤੋਲਾ= ਤੋਲਣ

ਤੋਂ ਰਹਿਤ ਹੈ, ਉਸ ਦੇ ਬਰਾਬਰ ਕੁੰਝ ਆ= ਵਿਸ਼ੇਸ਼ ਕਰੇ ਹਾੜਾ= ਮਿਣਿਆ, *ਅਥਵਾ :—* ਤੋਲਿਆ ਨਹੀਂ ਜਾਂਦਾ॥ ੧੦॥

ਕੀਮਤਿ ਕੋਇ ਨ ਜਾਣੈ ਦੂਜਾ॥ ਆਪੇ ਆਪਿ ਨਿਰੰਜਨ ਪੂਜਾ॥

ਉਸ ਪ੍ਰਭੂ ਦੀ ਕੀਮਤ ਨੂੰ ਹੋਰ ਕੋਈ ਦੂਜਾ ਨਹੀਂ ਜਾਣਦਾ। ਉਹ ਨਿਰੰਜਨ ਆਪਣੇ ਬਰਾਬਰ ਆਪ ਹੀ ਪੂਜਾ= ਪੂੱਜ ਰਿਹਾ ਹੈ। *ਵਾ :-* ਉਹ ਆਪਣੀ ਪੂਜਾ ਨੂੰ ਆਪ ਹੀ ਕਰਾਉਂਦਾ ਹੈ।

ਆਪਿ ਸੁਰਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ॥ ੧੧॥

ਆਪਣੇ ਸਰੂਪ ਦਾ ਉਹ ਆਪ ਹੀ ਸੁ= ਸ੍ਰੇਸ਼ਟ ਗਿਆਨੀ ਹੈ, ਆਪਣੇ ਸਰੂਪ ਦਾ ਉਹ ਆਪ ਹੀ ਧਿਆਨ ਲਗਾਉਣ ਵਾਲਾ ਹੈ। ਆਪ ਹੀ ਸਤਵੰਤਾ= ਸਤ ਸੰਤੋਖ ਆਦਿਕ ਗੁਣਾਂ ਵਾਲਾ ਹੈ।

ਅਥਵਾ :— ਆਪ ਹੀ ਸਤ, ਚਿਤ, ਅਨੰਦ ਰੂਪ ਲੱਛਣਾਂ ਵਾਲਾ ਹੈ, *ਵਾ :-* ਆਪ ਹੀ ਸਤ ਧਰਮ ਵਾਲਾ ਹੈ, *ਵਾ :-* ਸਭ ਨੂੰ ਸਤਵੰਤਾ= ਸੱਤਾ ਸਫੁਰਤੀ ਦੇਣ ਵਾਲਾ ਹੈ ਤੇ ਅਤਿ ਗਾੜਾ= ਬੜਾ ਗੁਝ ਹੈ॥ ੧੧॥

ਮਹਾਂ ਪਰਲੋ ਸਮੇਂ ਉਸ ਨੇ-

ਕੇਤੜਿਆ ਦਿਨ ਗੁਪਤੁ ਕਹਾਇਆ॥ ਕੇਤੜਿਆ ਦਿਨ ਸੁੰਨਿ ਸਮਾਇਆ॥

ਕਿਤਨੇ ਹੀ ਦਿਨ ਆਪਣੇ ਆਪ ਨੂੰ ਗੁਪਤ ਰੂਪ ਕਹਾਇਆ ਹੈ। ਅਤੇ ਕਿਤਨੇ ਹੀ ਦਿਨ ਉਸ ਨੇ ਸੁੰਨਿ= ਅਫੁਰ ਸਮਾਧੀ ਵਿਚ ਸਮਾਉਣਾ ਕੀਤਾ ਹੈ।

ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ॥ ੧੨॥

ਕਿਤਨੇ ਹੀ ਦਿਨ ਸੂਰਜ ਚੰਦ੍ਰਮਾ ਲੋਪ ਕਰ ਕੇ ਉਸ ਨੇ ਧੁੰਧੂਕਾਰਾ= ਹਨੇਰਾ ਕੀਤੀ ਰਖਿਆ, ਜਿਸ ਵੇਲੇ ਸੰਸਾਰ ਦੇ ਬਨਾਉਣ ਦੀ ਇੱਛਾ ਹੋਈ ਤਾਂ ਕਰਤਾ ਪੁਰਖ ਆਪ ਹੀ ਪਰਗਟ ਹੋਇਆ॥ ੧੨॥

[ਪੰਨਾ ੧੦੮੨]

ਆਪੇ ਸਕਤੀ ਸਬਲੁ ਕਹਾਇਆ॥ ਆਪੇ ਸੂਰਾ ਅਮਰੁ ਚਲਾਇਆ॥

ਉਸ ਨੇ ਫਿਰ ਆਪ ਹੀ ਸ਼ਕਤੀ ਸਬਲੁ= ਮਾਇਆ ਸਬਲ ਈਸ਼੍ਵਰ ਕਹਾਇਆ। ਅਤੇ ਆਪ ਹੀ ਸੂਰਬੀਰ ਹੋ ਕੇ ਅਮਰੁ= ਹੁਕਮ ਚਲਾਉਣਾ ਕੀਤਾ।

ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ॥ ੧੩॥

ਆਪ ਹੀ ਉਸ ਨੇ ਸਭ ਦੇ ਅੰਦਰ ਸਿਵ= ਤਮੋ ਗੁਣ ਵਰਤਾਇਆ, *ਵਾ :-* ਗੁਰਮੁਖਾਂ ਅੰਦਰ ਉਸ ਨੇ ਆਪ ਹੀ ਸਿਵ= ਕਲਿਆਣਤਾ ਵਰਤਾਉਣਾ ਕੀਤੀ, ਆਪ ਹੀ ਠਾਰੁ ਗੜਾ= ਠੰਡੇ ਗੜੇ ਵਾਂਗ ਸੀਤਲੁ= ਸ਼ਾਂਤੀ ਸਰੂਪ ਹੈ॥ ੧੩॥

ਜਿਸਹਿ ਨਿਵਾਜੇ ਗੁਰਮੁਖਿ ਸਾਜੇ॥ ਨਾਮੁ ਵਸੈ ਤਿਸੁ ਅਨਹਦ ਵਾਜੇ॥

ਜਿਸ ਗੁਰਮੁਖ ਨੂੰ ਨਿਵਾਜੇ= ਵਡਿਆਉਣਾ ਚਾਹੁੰਦਾ ਹੈ, ਉਸ ਨੂੰ ਗੁਰਾਂ ਦੁਆਰੇ ਚਾਰੇ ਸਾਧਨਾਂ ਨਾਲ ਸਾਜਦਾ ਹੈ। ਜਿਸ ਦੇ ਅੰਦਰ ਨਾਮ-ਸਿਮਰਨ ਵਸਦਾ ਹੈ, ਉਸ ਨੂੰ ਅਨਹਦ= ਪ੍ਰਭੂ-ਪਰਮਾਤਮਾ ਆਪ ਹੀ ਵਾਜੇ= ਪਰਗਟ ਹੁੰਦਾ ਹੈ।

ਤਿਸ ਹੀ ਸੁਖੁ ਤਿਸ ਹੀ ਠਕੁਰਾਈ ਤਿਸਹਿ ਨ ਆਵੈ ਜਮ ਨੇੜਾ ॥ ੧੪ ॥

ਉਸ ਨੂੰ ਸੁਖ ਪਰਾਪਤ ਹੁੰਦਾ ਹੈ ਓਸੇ ਦੀ ਸਾਰੇ ਠਕੁਰਾਈ= ਰਾਜਧਾਨੀ ਹੋ ਜਾਂਦੀ ਹੈ ਅਤੇ ਉਸ ਦੇ ਨੇੜਾ= ਕੋਲ ਜਮ ਕਦੇ ਨਹੀਂ ਆਉਂਦਾ ॥ ੧੪ ॥

ਕੀਮਤਿ ਕਾਗਦ ਕਹੀ ਨ ਜਾਈ ॥ ਕਹੁ ਨਾਨਕ ਬੇਅੰਤ ਗੁਸਾਈ ॥

ਕਾਗ਼ਜ਼ ਲੈ ਕੇ ਚਾਹੇ ਕਿਤਨਾ ਲਿਖੀਏ ਤਾਂ ਭੀ ਉਸ ਦੀ ਕੀਮਤ ਕਹੀ ਨਹੀਂ ਜਾਂਦੀ। ਗੁਰੂ ਜੀ ਕਥਨ ਕਰਦੇ ਹਨ- ਉਹ ਗੁਸਾਈ= ਪ੍ਰਿਥਵੀ ਦਾ ਮਾਲਕ ਪਰਮਾਤਮਾ ਬੇਅੰਤ ਹੈ।

ਆਦਿ ਮਧਿ ਅੰਤਿ ਪ੍ਰਭੁ ਸੋਈ ਹਾਥਿ ਤਿਸੈ ਕੈ ਨੇਬੇੜਾ ॥ ੧੫ ॥

ਆਦ, ਮਧ, ਅੰਤ (ਤਿੰਨਾਂ ਸਮਿਆਂ) ਵਿਚ ਉਹ ਪ੍ਰਭੂ ਪੂਰਨ ਹੈ ਅਤੇ ਉਸੇ ਦੇ ਹੱਥ ਵਿਚ ਸਾਰਿਆਂ ਜੀਵਾਂ ਦੇ ਕਰਮਾਂ ਦਾ ਨੇਬੇੜਾ= ਫੈਸਲਾ ਹੈ ॥ ੧੫ ॥

ਤਿਸਹਿ ਸਰੀਕੁ ਨਾਹੀ ਰੇ ਕੋਈ ॥ ਕਿਸ ਹੀ ਬੁਤੈ ਜਬਾਬੁ ਨ ਹੋਈ ॥

ਰੇ= ਹੇ ਭਾਈ! ਉਸ ਪ੍ਰਭੂ ਦਾ ਸਰੀਕੁ= ਬਰਾਬਰ ਦਾ ਕੋਈ ਨਹੀਂ ਹੈ। ਉਸ ਪ੍ਰਭੂ ਦੇ ਸਾਹਮਣੇ ਕਿਸੇ ਬੁਤੈ= ਪਾਸੋਂ ਭੀ ਜਵਾਬ ਨਹੀਂ ਹੁੰਦਾ , ਅਰਥਾਤ ਇਨਕਾਰ ਨਹੀਂ ਹੁੰਦਾ।

ਨਾਨਕ ਕਾ ਪ੍ਰਭੁ ਆਪੇ ਆਪੇ ਕਰਿ ਕਰਿ ਵੇਖੈ ਚੋਜ ਖੜਾ ॥ ੧੬ ॥ ੧ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ- ਮੈਂ ਨਾਨਕ ਦਾ ਪ੍ਰਭੂ ਆਪੇ ਚੋਜ= ਕੌਤਕ ਕਰਦਾ ਹੈ, ਫੇਰ ਆਪ ਹੀ ਖੜਾ= ਸਾਵਧਾਨ ਹੋ ਕੇ ਆਪਣੇ ਕੀਤੇ ਹੋਏ ਕੌਤਕਾਂ ਨੂੰ ਵੇਖਦਾ ਹੈ ॥ ੧੬ ॥ ੧ ॥ ੧੦ ॥

ਮਾਰੂ ਮਹਲਾ ੫ ॥

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ- "ਸਨਾਤਨ ਮੱਤ ਵਾਲੇ ਵੈਸ਼ਨਵ ਲੋਕ ਵਿਸ਼ਨ ਸਹੰਸਰ ਨਾਮੇ ਦਾ ਪਾਠ ਕਰਨ ਦਾ ਅਧਿਕ ਮਹਾਤਮ ਗਿਣਦੇ ਹਨ। ਆਪ ਕਿਰਪਾ ਦ੍ਰਿਸ਼ਟੀ ਕਰ ਕੇ ਅਜੇਹੀ ਬਾਣੀ ਉਚਾਰੋ ਜਿਸ ਬਾਣੀ ਦੇ ਪੜ੍ਹਨ ਨਾਲ ਵਿਸ਼ਨ ਸਹੰਸਰ ਨਾਮੇ ਜਿੰਨਾ ਫਲ ਪਰਾਪਤ ਹੋ ਜਾਵੇ!" ਸਿੱਖਾਂ ਦੀ ਇਹ ਬੇਨਤੀ ਪ੍ਰਵਾਨ ਕਰ ਕੇ ਗੁਰੂ ਸਾਹਿਬ ਜੀ 'ਵਿਸ਼ਨ ਸਹੰਸਰ ਨਾਮਾਂ' ਕਥਨ ਕਰਦੇ ਹਨ-

ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥ ਮਧੁਸੂਦਨ ਦਾਮੋਦਰ ਸੁਆਮੀ ॥

ਇਹ ਸਾਰੇ ਪਰਮੇਸ਼ਰ ਦੇ ਨਾਮ ਹਨ-ਉਹ ਪਰਮਾਤਮਾ ਅਚੁਤ= ਅਗਿੜ ਹੈ।*

ਸਭਨਾਂ ਤੋਂ ਪਾਰ= ਪਰੇ ਤੇ ਬ੍ਰਹਮ= ਵਿਆਪਕ ਹੈ। ਸਾਰਿਆਂ ਤੋਂ ਪਰਮੇਸੁਰ= ਵੱਡਾ ਈਸ਼੍ਵਰ ਹੈ ਤੇ ਅੰਤਰਜਾਮੀ ਹੈ। ਜਿਸ ਵੇਲੇ ਤ੍ਰਿਲੋਚਨ ਭਗਤ ਨੂੰ ਬਜ਼ਾਰ ਵਿਚ ਭਗਵਾਨ ਮਿਲਿਆ ਤਾਂ ਭਗਤ ਜੀ ਨੇ ਪੁੱਛਿਆ- ਤੂੰ ਨੌਕਰੀ ਕਰਨੀ ਹੈ? ਭਗਵਾਨ ਨੇ ਕਿਹਾ-ਹਾਂ ਜ਼ਰੂਰ ਕਰਨੀ ਹੈ। ਭਗਤ ਜੀ ਨੇ ਪੁਛਿਆ- ਤੇਰਾ ਨਾਮ ਕੀ ਹੈ? ਭਗਵਾਨ ਨੇ ਕਿਹਾ- ਮੇਰਾ ਨਾਮ "ਅੰਤਰਜਾਮੀ" ਹੈ।

ਮਧੁਸੂਦਨ= ਮਧੂ ਦੈਂਤ ਦੇ ਨਾਸ ਕਰਨ ਵਾਲਾ ਹੈ, ਜਿਸ ਦੇ ਦਾਮੋਦਰ (ਦਾਮ+ਉਦਰ)= ਉਦਰ ਵਿਚ ਦਾਮ= ਮਾਇਆ ਹੈ, *ਅਥਵਾ :—* ਦੁਆਪੁਰ ਜੁਗ ਵਿਚ ਜਿਸ ਵੇਲੇ ਕ੍ਰਿਸ਼ਨ ਅਵਤਾਰ ਧਾਰਿਆ ਸੀ ਉਸ ਵੇਲੇ

*ਯਥਾ:- ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘ ਨਾਸ ॥ (ਪੰਨਾ ੨੬੧)

ਮਾਂ ਜਸ਼ੋਧਾਂ ਨੇ ਉਦਰ ਵਿਚ ਦਾਮ= ਰੱਸੀ ਪਾ ਕੇ ਕ੍ਰਿਸ਼ਨ ਜੀ ਨੂੰ ਬੰਨ੍ਹਿਆ ਸੀ ਉਸ ਦਿਨ ਤੋਂ ਕ੍ਰਿਸ਼ਨ ਜੀ ਦਾ ਨਾਮ ਦਾਮੋਦਰ ਪੈ ਗਿਆ, ਫੇਰ ਸਾਰਿਆਂ ਦਾ ਸੁਆਮੀ ਹੈ।

ਰਿਖੀਕੇਸ ਗੋਵਰਧਨਧਾਰੀ ਮੁਰਲੀ ਮਨੋਹਰ ਹਰਿ ਰੰਗਾ ॥ ੧ ॥

ਇਹ ਭੀ ਪਰਮੇਸ਼ਰ ਦੇ ਨਾਮ ਹਨ- ਉਹ ਰਿਖੀਕੇਸ= ਰਿਖੀਆਂ ਦਾ ਈਸ਼ਵਰ ਹੈ, ਵਾ :- ਰਿਖੀਕ-ਏਸ= ਇੰਦ੍ਰੀਆਂ ਦਾ ਈਸ਼ਵਰ ਹੈ। ਗੁਵਰਧਨ ਪਰਬਤ ਦੇ ਚੁੱਕਣ ਕਰ ਕੇ ਉਸ ਦਾ ਨਾਮ ਗੁਵਰਧਨ ਧਾਰੀ ਹੈ। ਓਸੇ ਦਾ ਨਾਮ "ਮੁਰਲੀ ਮਨੋਹਰ" ਹੈ, ਜਿਸ ਨੇ ਕ੍ਰਿਸ਼ਨ ਰੂਪ ਹੋ ਕੇ ਅਜੇਹੀ ਸੁੰਦਰ ਮੁਰਲੀ ਵਜਾਈ, ਜਿਸ ਨੂੰ ਸੁਣ ਕੇ ਦਰਿਆਵਾਂ ਦੇ ਪਾਣੀ ਖਲੋ ਗਏ ਤੇ ਦਰੱਖਤਾਂ ਵਿਚੋਂ ਰਸ ਚੋਣ ਲੱਗ ਪਿਆ, ਜੜ੍ਹ ਪਦਾਰਥ ਚੇਤਨ ਅਤੇ ਚੇਤਨ ਜੀਵ ਜੜ੍ਹ ਹੋ ਗਏ।[1] ਫੇਰ ਉਹ ਪ੍ਰਭੂ ਹਰ ਰੰਗਾਂ ਵਿਚ ਰੰਗਿਆ ਹੋਇਆ ਹੈ॥ ੧ ॥

ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥

ਮੋਹਨ= ਸਭ ਦੇ ਮੋਹਣੇ ਵਾਲਾ, ਮਾਧਵ= ਮਾਇਆ ਦਾ ਪਤੀ ਹੈ, ਉਸ ਵਿਚ ਕ੍ਰਿਸ਼ਤਾਈ ਨਹੀਂ ਹੈ, ਮੁਰਾਰੇ= ਮੁਰਆਰੇ:-ਮੁਰ ਦੈਂਤ ਦਾ ਅਰੀ ਹੈ। ਉਹ ਹਰਿ ਜੀਉ ਸਾਰੇ ਜਗਤ ਦਾ ਈਸਵਰ= ਮਾਲਕ ਹੈ, ਫੇਰ ਉਹ ਅਸੁਰ= ਦੈਂਤਾਂ ਦੇ ਸੰਘਾਰੇ= ਮਾਰਨ ਵਾਲਾ ਹੈ।

ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥ ੨ ॥

ਜਗਜੀਵਨ= ਜੀਵਾਂ ਦੇ ਜਿਵਾਉਣ ਕਰ ਕੇ ਉਸ ਦਾ ਨਾਮ ਜਗ ਜੀਵਨ ਹੈ, ਅਬਿਨਾਸੀ= ਸਤ ਚਿਤ ਅਨੰਦ ਸਰੂਪ ਹੋਣ ਕਰ ਕੇ ਉਸ ਦਾ ਨਾਮ ਅਬਿਨਾਸੀ= ਨਾਸ ਤੋਂ ਰਹਿਤ ਹੈ। ਠਾਕੁਰ= ਸਾਰਿਆਂ ਦਾ ਮਾਲਕ ਹੈ[2], ਹਰ ਇਕ ਘਟ ਵਿਚ ਵਸ ਕੇ ਸਾਰਿਆਂ ਦੇ ਨਾਲ ਮਿਲ ਰਿਹਾ ਹੈ॥ ੨ ॥

ਧਰਣੀਧਰ ਈਸ ਨਰਸਿੰਘ ਨਾਰਾਇਣ ॥ ਦਾੜਾ ਅਗ੍ਰੈ ਪ੍ਰਿਥਮਿ ਧਰਾਇਣ ॥

ਧਰਣੀਧਰ= ਧਰਤੀ ਦੇ ਧਾਰਨ ਵਾਲਾ ਹੋਣ ਕਰ ਕੇ ਉਸ ਦਾ ਨਾਮ "ਧਰਣੀ ਧਰ" ਹੈ। ਈਸ= ਸਾਰਿਆਂ ਦਾ ਮਾਲਕ ਹੋਣ ਕਰ ਕੇ ਉਸ ਦਾ ਨਾਮ 'ਈਸ਼ਵਰ' ਹੈ। ਨਰਸਿੰਘ= ਪ੍ਰਹਿਲਾਦ ਭਗਤ ਦੀ ਰੱਖਿਆ ਕਰਨ ਵਾਸਤੇ ਓਸੇ ਨੇ ਨਰਸਿੰਘ ਅਵਤਾਰ ਧਾਰਿਆ ਸੀ। ਅੱਧਾ ਮਨੁਖ ਦਾ ਤੇ ਅੱਧਾ ਸ਼ੇਰ ਦਾ ਅਕਾਰ।

ਨਾਰਾਇਣ (ਨਾਰਆਇਣ)= ਜਲ ਵਿਚ ਘਰ ਹੋਣ ਕਰ ਕੇ ਉਸ ਦਾ ਨਾਮ "ਨਾਰਾਇਣ" ਹੈ। ***ਦਾੜਾ ਅਗ੍ਰੈ ਪ੍ਰਿਥਮਿ ਧਰਾਇਣ ॥*** ਇਹ ਭੀ ਪਰਮੇਸ਼ਰ ਦਾ ਨਾਮ ਹੈ। ਜਿਸ ਵੇਲੇ ਹਿਰਨਕਛਪ ਰਾਖਸ਼ ਨੇ ਵੇਦਾਂ ਸਮੇਤ ਪ੍ਰਿਥਵੀ ਦਾ ਇਕ ਹਿੱਸਾ ਲਪੇਟ ਕੇ ਹੇਠਾਂ ਪਤਾਲ ਵਿਚ ਗੰਦਗੀ ਦੇ ਢੇਰ ਵਿਚ ਜਾ ਟਿਕਾਇਆ। ਉਸ ਵੇਲੇ ਭਗਵਾਨ ਨੇ ਸੂਰ ਰੂਪ ਧਾਰ ਕੇ ਹਿਰਨਕਛਪ ਨਾਲ ਜੁੱਧ ਕਰ ਕੇ ਉਸ ਨੂੰ ਮਾਰ ਕੇ ਗੰਦਗੀ ਦੇ ਢੇਰ ਵਿਚੋਂ ਵੇਦਾਂ

---

[1]ਯਥਾ:- *ਰੂਖਨ ਤੇ ਰਸ ਚੂਵਨ ਲਾਗ ਭਰੈ ਝਰਨਾ ਗਿਰ ਤੇ ਸੁਖਦਾਈ॥*
ਘਾਸ ਚੁਗੈ ਨ ਮ੍ਰਿਗਾ ਬਨ ਕੇ ਖਗ ਰੀਝ ਰਹੇ ਧੁਨ ਜਾ ਸੁਨ ਪਾਈ॥....
ਠਾਢ ਰਹੀ ਜਮੁਨਾ ਮੁਨਿ ਕੇ ਧੁਨ ਰਾਗ ਭਲੇ ਸੁਨਬੇ ਕੋ ਚਹੇ ਹੈ॥ ੬੫੦-੫੧
(ਦਸਮ ਗ੍ਰੰਥ, ਕ੍ਰਿਸਨਾਵਤਾਰ, ਪੰਨਾ ੩੩੯)

ਤਥਾ:- ਕਾਨ੍ ਤਬੈ ਹਸਿ ਕੈ ਮੁਰਲੀ ਸੁ ਬਜਾਇ ਉਠਜੋ ਅਪਨੇ ਕਰ ਲੈ ਕੈ॥
ਠਾਢ ਭਈ ਜਮਨਾ ਸੁਨਿ ਕੈ ਧੁਨਿ ਪਉਨ ਰਹਜੋ ਸੁਨਿ ਕੈ ਉਰਝੈ ਕੈ॥ ੩੩੦॥
ਮਾਨਸ ਕੀ ਕਹ ਹੈ ਗਿਨਤੀ ਸੁਨ ਹੋਤ ਸੁਰੀ ਅਸੁਰੀ ਧੁਨ ਬਉਰੀ॥
ਸੋ ਸੁਨਿ ਕੈ ਧੁਨਿ ਸ੍ਰਉਨਨ ਮੈ, ਤਰਨੀ ਹਰਨੀ ਜਿਮ ਆਵਤ ਦਉਰੀ॥ ੩੩੧॥ (ਉਹੀ, ਪੰਨਾ ੨੮੬)

[2]ਯਥਾ :- *ਠਾਕੁਰ ਏਕੁ ਸਬਾਈ ਨਾਰਿ॥* (ਪੰਨਾ ੯੩੩)

ਸਮੇਤ ਪ੍ਰਿਥਵੀ ਨੂੰ ਕੱਢ ਕੇ ਆਪਣੀਆਂ ਦਾੜ੍ਹਾ ਅੱਗੇ ਧਰਾਇਣ= ਧਰ ਕੇ ਲਿਆਂਦਾ।

(ਦੇਖੋ ਦਸਮ ਗ੍ਰੰਥ, ਬੈਰਾਹ ਅਵਤਾਰ)

ਬਾਵਲ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ ॥ ੩ ॥

ਉਸ ਕਰਤੇ ਪੁਰਖ ਨੇ ਬਲ ਰਾਜਾ ਦੇ ਛਲਣ ਵਾਸਤੇ ਆਪ ਹੀ ਬਾਵਨ ਅਵਤਾਰ ਦਾ ਰੂਪ ਧਰਨਾ ਕੀਤਾ, ਫੇਰ ਉਹ ਸਾਰਿਆਂ ਦੇ ਨਾਲ ਚੰਗਾ ਲੱਗ ਰਿਹਾ ਹੈ, ਕਿਉਂਕਿ ਉਸ ਦਾ ਕਿਸੇ ਨਾਲ ਵੈਰ ਭਾਵ ਨਹੀਂ ਹੈ॥ ੩ ॥

ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥

ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਉਹ ਆਪ ਹੀ ਸ੍ਰੀ ਰਾਮਚੰਦ੍ਰ ਰੂਪ ਹੋਇਆ ਹੈ। ਸੰਸਾਰ-ਬਨ ਦਾ ਵਾਲੀ ਹੋਣ ਕਰ ਕੇ ਉਸ ਦਾ ਨਾਮ ''ਬਨਵਾਲੀ'' ਹੈ। ਪਾਣਿ= ਹੱਥਾਂ ਵਿਚ ਸੁਦਰਸ਼ਨ ਚੱਕਰ ਦੇ ਧਾਰਨ ਕਰ ਕੇ ਉਸ ਦਾ ਨਾਮ ''ਚਕ੍ਰ ਪਾਣਿ'' ਫੇਰ ਉਸ ਦਾ ਦਰਸ਼ਨ ਅਨੂਪਿਆ (ਅਨ+ਊਪਿਆ)= ਉਪਮਾ ਤੋਂ ਰਹਿਤ ਹੈ।

ਸਹਸ ਨੇਤ੍ਰ ਮੂਰਤਿ ਹੈ ਸਾਹਸਾ ਇਕੁ ਦਾਤਾ ਸਭ ਹੈ ਮੰਗਾ ॥ ੪ ॥

ਵੈਰਾਟ ਰੂਪ ਹੋਣ ਕਰ ਕੇ ਉਸ ਦੇ ਸਹਸ= ਹਜ਼ਾਰਾਂ ਨੇਤਰ ਹਨ ਅਤੇ ਹਜ਼ਾਰਾਂ ਹੀ ਮੂਰਤੀਆਂ ਹਨ, ਸਾਰਿਆਂ ਦਾ ਦਾਤਾ ਇਕ ਪਰਮੇਸ਼ਰ ਹੀ ਹੈ ਹੋਰ ਸਾਰੇ ਉਸ ਦੇ ਦਰ ਦੇ ਮੰਗਤੇ ਹਨ॥ ੪ ॥

ਯਥਾ:- ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ॥ *(ਪੰਨਾ ੧੪੨੮)*

ਭਗਤਿ ਵਛਲੁ ਅਨਾਥਹ ਨਾਥੇ ॥ ਗੋਪੀ ਨਾਥੁ ਸਗਲ ਹੈ ਸਾਥੇ ॥

ਉਹ ਭਗਤਾਂ ਦਾ ਵਛਲੁ= ਪਿਆਰਾ ਅਤੇ ਅਨਾਥਾਂ ਦਾ ਨਾਥੇ= ਸੁਆਮੀ ਹੈ। ਫੇਰ ਉਹ ਗੋਪੀਆਂ ਦਾ ਨਾਥੁ= ਸੁਆਮੀ ਹੈ ਤੇ ਸਭਨਾਂ ਦੇ ਨਾਲ ਹੈ।

ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ ॥ ੫ ॥

ਸਾਰਿਆਂ ਨੂੰ ਬਾਸਾ ਦੇ ਰਿਹਾ ਹੈ ਇਸ ਕਰ ਕੇ ਉਸ ਦਾ ਨਾਮ ''ਬਾਸਦੇਵ'' ਹੈ। ਮਾਇਆ ਮਲ ਤੋਂ ਰਹਿਤ ਹੋਣ ਕਰ ਕੇ ਉਸ ਦਾ ਨਾਮ ''ਨਿਰੰਜਨ'' ਹੈ। ਸਭਨਾਂ ਨੂੰ ਰਿਜ਼ਕ ਦੇਣ ਕਰ ਕੇ ਉਸ ਦਾ ਨਾਮ ''ਦਾਤਾ'' ਹੈ। ਅੰਗਾ= ਹੇ ਪਿਆਰੇ ਸੱਜਣਾ ! ਮੈਂ ਆਪਣੇ ਅੰਗਾ= ਸਰੀਰ ਕਰ ਕੇ ਉਸ ਦਾਤੇ ਦੇ ਗੁਣਾਂ ਨੂੰ ਬਰਨਿ ਨ ਸਾਕਉ= ਕਥਨ ਨਹੀਂ ਕਰ ਸਕਦਾ, ਜੋ ਆਪਣਿਆਂ ਭਗਤਾਂ ਦਾ ਅੰਗਾ= ਪੱਖ ਕਰਦਾ ਹੈ॥ ੫ ॥

ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਰਣ ॥

ਮੁਕਤੀ ਦਾ ਦਾਤਾ ਹੋਣ ਕਰ ਕੇ ਉਸ ਦਾ ਨਾਮ ''ਮੁਕੰਦ'' ਹੈ। ਮਨੋਹਰ= ਸੁੰਦਰ ਹੈ, ਵਾ :- ਹਰਇਕ ਦੇ ਮਨ ਨੂੰ ਚੁਰਾ ਲੈਂਦਾ ਹੈ, ਇਸ ਕਰ ਕੇ ਉਸ ਦਾ ਨਾਮ ''ਮਨੋਹਰ'' ਹੈ। ਲਛਮੀ ਦਾ ਪਤੀ ਹੋਣ ਕਰ ਕੇ ਉਸ ਦਾ ਨਾਮ ''ਲਖਮੀ ਨਾਰਾਇਣ'' ਹੈ।

ਦਰੋਪਤੀ ਦੀ ਲਜਿਆ ਨਵਿਰਤ ਕਰਨ ਵਾਲੇ ਜੋ ਦੁਰਜੋਧਨ ਆਦਿਕ ਸਨ, ਉਹਨਾਂ ਦੁਸ਼ਟਾਂ ਤੋਂ ਦਰੋਪਤੀ ਨੂੰ ਉਧਾਰਣ= ਬਚਾਉਣ ਕਰ ਕੇ ਉਸ ਦਾ ਨਾਮ ''ਦਰੋਪਤੀ ਉਧਾਰਣ'' ਪੈ ਗਿਆ।

ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ ॥ ੬ ॥

ਕਮਲਾਕੰਤ= ਲਛਮੀ ਦਾ ਪਤੀ-ਪਰਮਾਤਮਾ ਆਪ ਹੀ ਤਰ੍ਹਾਂ ਦੇ ਕੰਤੂਹਲ= ਕੌਤਕ ਕਰਦਾ ਹੈ, ਪੁਨਾ

ਅਨੰਦ ਦਾਇਕ ਬਿਨੋਦੀ= ਕੌਤਕੀ ਹੈ ਫੇਰ ਸਾਰਿਆਂ ਦੇ ਸੰਗਾ= ਸੰਬੰਧ ਤੋਂ ਨਿਹ= ਰਹਿਤ ਭਾਵ ਨਿਰਲੇਪ ਰਹਿੰਦਾ ਹੈ॥ ੬॥

ਅਮੋਘ ਦਰਸਨ ਆਜੂਨੀ ਸੰਭਉ ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥

ਉਸ ਦਾ ਦਰਸ਼ਨ ਅਮੋਘ= ਸਫਲ ਹੈ, ਆਜੂਨੀ= ਜੂਨੀਆਂ ਤੋਂ ਰਹਿਤ ਹੈ, ਸੰਭਉ= ਸੁਤੇ ਪ੍ਰਕਾਸ਼ ਰੂਪ ਹੈ। ਅਕਾਲ ਮੂਰਤਿ= ਅਕਾਲ ਸਰੂਪ ਹੈ, ਜਿਸ ਪਰਮਾਤਮਾ ਨੂੰ ਕਦੇ ਭੀ ਕਿਸੇ ਦਾ ਖਉ= ਖੌਫ਼ (ਡਰ) ਨਹੀਂ ਹੁੰਦਾ। *ਵਾ :-* ਜਿਸ ਪਰਮਾਤਮਾ ਦਾ ਕਦੇ ਖਉ= ਨਾਸ ਨਹੀਂ ਹੁੰਦਾ।

ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ ॥ ੭ ॥

ਅਬਿਨਾਸੀ= ਨਾਸ ਤੋਂ ਰਹਿਤ ਹੈ, ਅਬਿਗਤ= ਕਠਿਨ ਜਿਸ ਦੀ ਪਰਾਪਤੀ ਹੈ, ਅਗੋਚਰ= ਇੰਦ੍ਰੀਆਂ ਕਰ ਕੇ ਅਵਿਸ਼ੇ ਹੈ, ਉਸ ਪਰਮਾਤਮਾ ਦੇ ਨਾਲ ਸਭ ਕੁਝ ਲਗ ਰਿਹਾ ਹੈ। ਭਾਵ ਸਭ ਕੋਈ ਉਸ ਦੇ ਆਸਰੇ ਰਹਿੰਦਾ ਹੈ॥ ੭॥

ਸ੍ਰੀਰੰਗ ਬੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥

ਸ੍ਰੀ= ਲਛਮੀ ਨੂੰ ਰੰਗ= ਅਨੰਦ ਦੇਣ ਕਰ ਕੇ ਉਸ ਦਾ ਨਾਮ "ਸ੍ਰੀ ਰੰਗ" ਹੈ, ਬੈਕੁੰਠ ਧਾਮ ਦੇ ਵਿਚ ਵਸਣ ਕਰ ਕੇ ਉਸ ਦਾ ਨਾਮ "ਬੈਕੁੰਠ ਕੇ ਵਾਸੀ" ਹੈ।

ਮਛੁ= ਮੱਛ ਅਵਤਾਰ ਤੇ ਕਛੁ ਕੂਰਮੁ= ਕੱਛੂ ਕੁੰਮੇ ਨੇ ਅ= ਵਿਸ਼ੇਸ਼ ਕਰ ਕੇ ਉਸ ਦੀ ਆਗਿਆ ਵਿਚ ਹੀ ਅਉਤਰਾਸੀ= ਉਤਰਨਾ ਕੀਤਾ ਹੈ। *ਅਥਵਾ :—* ਕੂਰਮੁ= ਕਾਰਨ ਰੂਪ ਪਰਮੇਸ਼ਰ ਦੀ ਆਗਿਆ ਵਿਚ ਹੀ ਮੱਛ ਕੱਛ ਆਦਿਕ ਅਵਤਾਰਾਂ ਨੇ ਅ= ਵਿਸ਼ੇਸ਼ ਕਰ ਕੇ ਉਤਰਨਾ ਕੀਤਾ ਹੈ।

ਜਿਸ ਵੇਲੇ ਸੰਖਾਸੁਰ ਦੈਂਤ ਬ੍ਰਹਮਾ ਪਾਸੋਂ ਵੇਦ ਚੁਕ ਕੇ ਲੈ ਗਿਆ, ਤਾਂ ਬ੍ਰਹਮ ਨੇ ਭਗਵਾਨ ਅੱਗੇ ਬੇਨਤੀ ਕੀਤੀ, ਉਸ ਵੇਲੇ ਪ੍ਰਭੂ ਨੇ ਮੱਛ ਅਵਤਾਰ ਧਾਰ ਕੇ ਸੰਖਾਸੁਰ ਦੈਂਤ ਨਾਲ ਜੁਧ ਕਰ ਕੇ ਉਸ ਨੂੰ ਮਾਰ ਕੇ ਵੇਦ ਬ੍ਰਹਮਾ ਨੂੰ ਲਿਆ ਕੇ ਦਿਤੇ।

*ਯਥਾ :-*ਸੰਖਾਸੁਰ ਮਾਰੇ ਬੇਦ ਉਧਾਰੇ ਸਤ੍ਰ ਸੰਘਾਰੇ ਜਸੁ ਲੀਨੋ॥
ਦੇਵੇਸੁ ਬੁਲਾਯੋ ਰਾਜ ਬਿਠਾਯੋ, ਛਤ੍ਰ ਫਿਰਾਯੋ ਸੁਖ ਦੀਨ॥
ਕੋਟੰ ਬਜੇ ਬਾਜੇ ਅਮੁਰੇਸੁਰ ਗਾਜੇ ਸੁੰਭ ਘਰਿ ਸਾਜੇ ਸੋਕ ਹਰੇ॥
ਦੈ ਕੋਟਕ ਦੱਛਨਾ ਕੋਰ ਪ੍ਰਦਖਨਾ ਆਨ ਸੁ ਮਛ ਕੇ ਪਾਇ ਪਰੇ॥ ੫੪॥

(ਦਸਮ ਗ੍ਰੰਥ, ਪੰਨਾ ੧੫੯)

ਇਹ ਪ੍ਰਸੰਗ ਭਾਗਵਤ ਵਿਚ ਭੀ ਕਥਨ ਕੀਤਾ ਹੋਇਆ ਹੈ ਅਤੇ ਮਹਾਨ ਕੋਸ਼ ਵਾਲੇ ਨੇ ੨੮੨੫ ਪੰਨੇ ਪਰ ਲਿਖਿਆ ਹੈ ਕਿ ਭਗਵਾਨ ਨੇ ਸਤਜੁਗ ਵਿਚ ਮੱਛ ਅਵਤਾਰ ਧਾਰ ਕੇ ਹੇਠਲਾ ਧੜ ਮੱਛ ਦਾ ਅਤੇ ਉਪਰਲਾ ਹਿੱਸਾ ਮਨੁੱਖ ਦਾ ਬਣਾ ਕੇ ਵੇਦਾਂ ਨੂੰ ਲਿਆਂਦਾ ਹੈ।

ਜਿਸ ਵੇਲੇ ਦੇਵਤੇ ਦੈਂਤ ਦੋਵੇਂ ਰਲ ਕੇ ਖੀਰ ਸਮੁੰਦਰ ਰਿੜਕਨ ਲੱਗੇ, ਉਸ ਵੇਲੇ ਮੰਦਰਾਚਲ ਪਰਬਤ ਨੂੰ ਮਧਾਣੀ ਦੀ ਥਾਂ ਕੀਤਾ, ਪਰ ਉਹ ਮੰਦਰਾਚਲ ਪਰਬਤ ਰੂਪ ਮਧਾਣੀ ਇਤਨੀ ਭਾਰੀ ਸੀ ਕਿ ਹੇਠਾਂ ਹੀ ਧਸਦੀ ਜਾਵੇ ਉਸ ਵੇਲੇ ਭਗਵਾਨ ਵਿਸ਼ਨੂੰ ਨੇ ਕੱਛੂ ਦਾ ਰੂਪ ਧਾਰ ਕੇ ਆਪਣੀ ਪਿੱਠ ਮੰਦਰਾਚਲ ਪਰਬਤ ਦੇ ਹੇਠ ਦਿਤੀ, ਜਿਸ ਤੋਂ ਬੜੀ ਅਸਾਨੀ ਨਾਲ ਰਿੜਕਣ ਦਾ ਕੰਮ ਪੂਰਾ ਹੋਇਆ। (ਬਿਆਸ ਭਗਵਾਨ ਜੀ ਨੇ ਲਿਖਿਆ ਹੈ

ਕਿ ਕੱਛੂ ਦੀ ਪਿੱਠ ਇਕ ਲੱਖ ਜੋਜਨ ਦੀ ਸੀ) ਭਾਵ ਚਾਰ ਲੱਖ ਕੋਹ ਦੀ ਸੀ। ਇਹ ਸਾਰਾ ਪ੍ਰਸੰਗ ਭਾਗਵਤ ਵਿਚ ਲਿਖਿਆ ਹੋਇਆ ਹੈ। (ਮਹਾਨ ਕੋਸ਼ ਵਾਲੇ ਨੇ ਭੀ ੮੬੬ ਪੰਨੇ ਪਰ ਲਿਖਿਆ ਹੈ)

ਕੂਰਮ ਦੇ ਅਰਥ ਹੋਰ ਭੀ ਹਨ-

੧. ਕੂਰਮ= ਪ੍ਰਿਥਵੀ।

੨. ਕੂਰਮ= ਪਰਜਾ ਪਤੀ ਦਾ ਇਕ ਅਵਤਾਰ।

੩. ਕੂਰਮ= ਇਕ ਰਿਖੀ ਦਾ ਨਾਮ ਹੈ ਜਿਸ ਨੇ ਰਿਗ ਵੇਦ ਦੇ ਕਈ ਸੂਤਰਾਂ ਦਾ ਵਿਕਾਸ ਕੀਤਾ ਹੈ।

੪. ਕੂਰਮ= ਇਕ ਵਾਯੂ ਹੈ ਜਿਸ ਦਾ ਨਿਵਾਸ ਅੱਖਾਂ ਵਿਚ ਹੈ, ਏਸੇ ਦੇ ਪ੍ਰਭਾਵ ਕਰ ਕੇ ਅੱਖਾਂ ਖੁਲ੍ਹਦੀਆਂ ਤੇ ਬੰਦ ਹੁੰਦੀਆਂ ਹਨ।

੫. ਕੂਰਮ= ਨਾਭੀ ਚੱਕਰ ਦੇ ਕੋਲ ਇਕ ਨਾੜੀ ਹੈ ਜਿਸ ਦਾ ਸਿਰਾ ਪੁਰਸ਼ ਦੇ ਸੱਜੇ ਅੰਗੂਠੇ ਅਤੇ ਇਸਤ੍ਰੀ ਦੇ ਖੱਬੇ ਹੱਥ ਦੇ ਅੰਗੂਠੇ ਨਾਲ ਸੰਬੰਧ ਰੱਖਦਾ ਹੈ। ਏਸੇ ਤੋਂ ਵੈਦ ਰੋਗ ਦੀ ਪਛਾਣ ਕਰਦੇ ਹਨ।

ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥ ੮ ॥

ਕੇ= ਜਲ ਵਿਚ ਸਵ= ਸੈਨ ਕਰਨ ਵਾਲਾ ਜੋ ਕੇਸ਼ਵ ਨਾਮ ਕਰ ਕੇ ਪਰਮੇਸ਼ਰ ਹੈ ਉਹ ਨਿਰਾਲੇ ਹੀ ਚਲਤ= ਕੌਤਕ ਕਰਦਾ ਹੈ, ਆਪਣੇ ਸੰਕਲਪ ਅਨੁਸਾਰ ਜੋ ਕੁਝ, ਕੀਤਾ ਲੋੜਹਿ= ਕਰਨਾ ਚਾਹੁੰਦਾ ਹੈ, ਓਹੀ ਕੁਝ ਹੋਇਗਾ= ਹੁੰਦਾ ਹੈ॥ ੮ ॥

ਨਿਰਾਹਾਰੀ ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰਭੁਜੁ ਕਹਾਇਆ ॥

ਇਹ ਭੀ ਪ੍ਰਭੂ ਦੇ ਨਾਮ ਹਨ-ਨਿਰਾਹਾਰੀ (ਨਿਰ+ਅਹਾਰੀ)= ਭੋਜਨ ਖਾਣੇ ਤੋਂ ਰਹਿਤ ਹੈ ਤੇ ਨਿਰਵੈਰ ਸੁਭਾਅ ਵਾਲਾ ਹੈ ਅਤੇ ਸਾਰਿਆਂ ਵਿਚ ਸਮਾਇਆ ਹੋਇਆ ਹੈ। ਓਸੇ ਪ੍ਰਭੂ ਨੇ ਸੰਸਾਰ ਦਾ ਖੇਲ ਧਾਰ ਕੇ ਆਪਣੇ ਆਪ ਨੂੰ "ਚਤੁਰਭੁਜ" ਕਹਾਇਆ ਹੈ।

ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥ ੯ ॥

ਸਾਵਲੇ ਰੰਗ ਵਾਲਾ ਸੁੰਦਰ ਰੂਪ ਆਪ ਹੀ ਬਣਾਉਂਦਾ ਹੈ, ਭਾਵ ਸਾਵਲੇ ਰੰਗ ਵਾਲਾ ਕ੍ਰਿਸ਼ਨ ਅਵਤਾਰ ਰੂਪ ਆਪ ਹੀ ਹੁੰਦਾ ਹੈ, ਜਿਸ ਦੀ ਸੁੰਦਰ ਬੇਣੁ= ਬੰਸਰੀ ਸੁਣ ਕੇ ਸਭ ਕੋਈ ਮੋਹਤ ਹੁੰਦਾ ਹੈ॥ ੯ ॥

*ਯਥਾ:-*ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ ॥ *(ਪੰਨਾ ੬੦੬)*

*ਤਥਾ:-*ਧਨਿ ਧੰਨਿ ਓ ਰਾਮ ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ ॥ *(ਪੰਨਾ ੯੮੮)*

ਬਨਮਾਲਾ ਬਿਭੂਖਨ ਕਮਲ ਨੈਨ ॥ ਸੁੰਦਰ ਕੁੰਡਲ ਮੁਕਟ ਬੈਨ ॥

ਬਨਮਾਲਾ= ਬਜੰਤੀ ਮਾਲਾ* ਆਦਿਕ ਸੁੰਦਰ ਬਿਭੂਖਨ= ਗਹਿਣਿਆਂ ਦੇ ਪਹਿਰਨ ਵਾਲਾ ਹੈ, ਕੋਲ ਫੁੱਲ ਵਰਗੇ ਜਿਸ ਦੇ ਸੋਹਣੇ ਨੈਨ= ਨੇਤਰ ਹਨ—

ਉਸ ਦੇ ਕੁੰਡਲ= ਵਾਲੇ, ਸਿਰ ਦਾ ਮੁਕਟ ਅਤੇ ਬੈਨ= ਬਚਨ ਇਹ ਤਿੰਨੇ ਸੁੰਦਰ ਹਨ।

**ਹੇਠ ਲਿਖੇ ਛੇ ਮੋਤੀ ਜਿਸ ਵਿਚ ਪਰੋਤੇ ਹੋਣ ਉਸ ਨੂੰ ਬਜੰਤੀ ਮਾਲਾ ਆਖਦੇ ਹਨ:*

ਬਾਂਸੀ, ਸੀਪੀ, ਸ਼ੁਕਰੀ, ਕਰੀ ਗਿਰੀ ਮਠਸਾਲ।

ਇਹ ਖਟ ਮੋਤੀ ਪ੍ਰੋਈਐ ਬਨੇ ਬਜੰਤੀ ਮਾਲ।

ਵਾ :- ਉਸ ਦੇ ਕੁੰਡਲ= ਵਾਲੇ ਸੁੰਦਰ ਹਨ ਤੇ ਸਿਰ ਉਤੇ ਸੋਹਣਾ ਮੁਕਟ ਬੈਨ= ਬਣ ਰਿਹਾ ਹੈ।

ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ ॥ ੧੦ ॥

ਸੰਖ, ਚੱਕਰ, ਗਦਾ, ਪਦਮ ਇਹ ਚਾਰੇ ਜਿਸ ਨੇ ਆਪਣੇ ਹੱਥਾਂ ਵਿਚ ਧਾਰੇ ਹੋਏ ਹਨ, ਕ੍ਰਿਸ਼ਨ ਜੀ ਰੂਪ ਹੋ ਕੇ ਜਿਸ ਨੇ ਆਪਣੇ ਪਿਆਰੇ ਦਾ ਮਹਾ ਸਾਰਥੀ= ਬੜਾ ਰਥਵਾਹੀ-ਪਨਾ ਕੀਤਾ ਹੈ, ਉਸ ਪ੍ਰਭੂ ਦੀ ਪਰਾਪਤੀ ਸਤਸੰਗ ਕਰਨ ਨਾਲ ਹੁੰਦੀ ਹੈ॥ ੧੦ ॥

ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲੁ ਮੁਖਿ ਭਣੀ ॥

ਪੀਤੰਬਰ= ਪੀਲੇ ਰੰਗ ਦੇ ਕਪੜਿਆਂ ਦੇ ਪਹਿਰਣ ਵਿਚ ਜਿਸ ਦੀ ਪੀਤ= ਪਰੀਤੀ ਹੈ, ਫੇਰ ਉਹ ਸੁਰਗ, ਮਾਤ ਤੇ ਪਤਾਲ ਲੋਕ ਰੂਪ ਤਿੰਨਾਂ ਭਵਣਾਂ ਦਾ ਧਣੀ= ਮਾਲਕ ਹੈ। ਸਾਰੇ ਜਗੰਨਾਥੁ= ਜਗਤ ਦਾ ਸੁਆਮੀ ਹੈ, ਗੋ-ਪਾਲੁ= ਪ੍ਰਿਥਵੀ ਦਾ ਪਾਲਕ ਹੈ, ਵਾ :- ਵੇਦਾਂ ਦਾ ਪਾਲਕ ਹੈ, ਵਾ :- ਗੋ= ਇੰਦ੍ਰੀਆਂ ਦਾ ਪਾਲਕ ਹੈ, ਬ੍ਰਹਮਾ ਅਤੇ ਬਿਆਸ ਆਦਿਕ ਸਾਰਿਆਂ ਮੁਖੀਆਂ ਨੇ ਉਸ ਦੇ ਜਸ ਨੂੰ ਭਣੀ= ਕਥਨ ਕੀਤਾ ਹੈ।

ਅਥਵਾ :— ਅਸੀਂ ਆਪਣੇ ਮੂੰਹ ਨਾਲ ਜਗੰਨਾਥੁ= ਪਰਮਾਤਮਾ ਦੇ ਗੋਪਾਲ ਆਦਿਕ ਨਾਮਾਂ ਨੂੰ ਭਣੀ= ਉਚਾਰਦੇ ਹਾਂ।

ਸਾਰੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥ ੧੧ ॥

ਉਹ ਸਾਰੰਗ ਨਾਮੇ ਧਨੁਖ ਦੇ ਧਾਰਨ ਵਾਲਾ ਹੈ, *ਅਥਵਾ :—* ਸਾਰੰਗ= ਅਨਾਤਮ ਵਰਗ ਸੰਸਾਰ ਦੇ ਧਾਰਨ ਵਾਲਾ ਹੈ, ਖਟ (ਛੇ) ਭਗਾਂ ਵਾਲਾ ਹੋਣ ਕਰ ਕੇ ਉਸ ਦਾ ਨਾਮ ਭਗਵਾਨ ਹੈ:

ਧਰਮ ਸੁਜਸ ਵੈਰਾਗ ਪੁਨ ਐਸ੍ਵਰਜ ਸ੍ਰੀਯ ਵਿਗਿਆਨ।
ਇਹ ਖਟ ਭਗਾਂ, ਸਪੰਨ ਜੌ ਕਹਿਤ ਤਾਂਹਿ ਭਗਵਾਨ।

ਬੀਠੁਲਾ= ਸੰਸਾਰ ਦੀ ਉਤਪਤੀ, ਪਾਲਣਾ, ਲੈਤਾ ਕਰਨ ਨਾਲ ਉਸ ਦਾ ਨਾਮ ਬੀਠਲ ਹੈ। ਉਸ ਦੇ ਸਰਬੰਗਾ= ਸਾਰਿਆਂ ਅੰਗਾਂ ਦੀ ਗਿਣਤੀ ਮੇਰੇ ਪਾਸੋਂ ਨਹੀਂ ਹੋ ਆਉਂਦੀ। *ਅਥਵਾ :—* ਸਰਬੰਗਾ= ਸਭ ਪਰਕਾਰ ਸੇ ਉਸ ਦੀ ਗਿਣਤੀ ਮੇਰੇ ਪਾਸੋਂ ਨਹੀਂ ਹੋ ਆਉਂਦੀ॥ ੧੧ ॥

ਨਿਹਕੰਟਕੁ ਨਿਹਕੇਵਲੁ ਕਹੀਐ ॥ ਧਨੰਜੈ ਜਲਿ ਥਲਿ ਹੈ ਮਹੀਐ ॥

ਉਹ ਪਰਮਾਤਮਾ ਕੰਟਕੁ= ਦੁੱਖਾਂ ਤੋਂ ਨਿਹ= ਰਹਿਤ ਅਤੇ ਨਿਹਕੇਵਲ= ਸ਼ੁੱਧ ਸਰੂਪ ਕਿਹਾ ਜਾਂਦਾ ਹੈ ਫੇਰ ਓਹੀ ਧਨੰਜੈ= ਅਰਜਨ ਰੂਪ ਹੋ ਰਿਹਾ ਹੈ, ਵਾ :- ਧਨ ਦੇ ਜੈ ਕਰਨ ਵਾਲਾ ਹੋ ਰਿਹਾ ਹੈ, ਜਲਾਂ ਵਿਚ, ਥਲਾਂ ਵਿਚ ਤੇ ਮਹੀਐ= ਪ੍ਰਿਥਵੀ ਵਿਚ ਪੂਰਨ ਹੋ ਰਿਹਾ ਹੈ।

[ਪੰਨਾ ੧੦੮੩]

ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ ॥ ੧੨ ॥

ਮਿਰਤ= ਮਾਤ ਲੋਕ, ਪਇਆਲ= ਪਤਾਲ ਲੋਕ ਅਤੇ ਸਵਰਗ ਲੋਕ ਤਿੰਨਾਂ ਲੋਕਾਂ ਦੇ ਸਮੀਪ ਉਹ ਪ੍ਰਭੂ ਵਸ ਰਿਹਾ ਹੈ, ਜਿਸ ਪਰਮੇਸ਼ਰ ਦਾ ਸਰੂਪ ਅਸਥਾਨ ਇਸਥਿਤ ਹੋਣ ਕਰ ਕੇ ਅਭਗਾ= ਨਾਸ ਤੋਂ ਰਹਿਤ ਹੈ॥ ੧੨ ॥

ਪਤਿਤ ਪਾਵਨ ਦੁਖ ਭੈ ਭੰਜਨੁ ॥ ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥

ਉਹ ਪ੍ਰਭੂ ਪਤਿਤ ਪਾਵਨ= ਪਾਪੀਆਂ ਦੇ ਪਵਿੱਤਰ ਕਰਨ ਵਾਲਾ ਹੈ, ਸੇਵਕਾਂ ਦੇ ਦੁੱਖ ਅਤੇ ਭੈ= ਡਰ ਦੇ ਭੰਜਨੁ= ਨਾਸ ਕਰਨ ਵਾਲਾ ਹੈ। ਧਨ, ਜ਼ਾਤੀ, ਵਿਦਿਆ ਆਦਿਕਾਂ ਦੇ ਹੰਕਾਰ ਨੂੰ ਨਵਿਰਤ ਕਰਨ ਵਾਲਾ ਹੈ ਅਤੇ ਆਪਣਿਆਂ ਸੇਵਕਾਂ ਦਾ ਭਵ= ਜਨਮ ਮਰਨ ਖੰਡਨੁ= ਨਾਸ ਕਰਨ ਵਾਲਾ ਹੈ।

ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ ॥ ੧੩ ॥

ਭਗਤੀ ਤੋਖਿਤ ਤੇ ਦੀਨ ਕ੍ਰਿਪਾਲਾ ਇਹ ਭੀ ਦੋ ਓਸੇ ਦੇ ਨਾਮ ਹਨ। ਭਗਤੀ ਕਰ ਕੇ ਤੋਖਿਤ= ਪਰਸੰਨ ਹੁੰਦਾ ਹੈ ਅਤੇ ਦੀਨ= ਗਰੀਬਾਂ ਉਤੇ ਕਿਰਪਾਲੂ ਹੈ, ਭਗਤੀ ਤੋਂ ਬਿਨਾਂ ਹੋਰ ਕਿਸੇ ਗੁਣ ਕਰ ਕੇ ਉਹ ਪ੍ਰਭੂ ਭਿਗਾ= ਭਿੱਜਦਾ ਨਹੀਂ ॥ ੧੩ ॥

ਨਿਰੰਕਾਰ ਅਛਲ ਅਡੋਲੋ ॥ ਜੋਤਿ ਸਰੂਪੀ ਸਭੁ ਜਗੁ ਮਉਲੋ ॥

ਇਹ ਤਿੰਨੇ ਪਰਮੇਸ਼ਰ ਦੇ ਨਾਮ ਹਨ-ਉਹ ਪਰਮੇਸ਼ਰ ਨਿਰੰਕਾਰ= ਅਕਾਰ ਤੋਂ ਰਹਿਤ ਹੈ। ਅਛਲ= ਛਲੇ ਜਾਣ ਤੋਂ ਰਹਿਤ ਹੈ, ਅਡੋਲੋ= ਡੋਲਣ ਤੋਂ ਰਹਿਤ ਹੈ। ਉਹ ਜੋਤਿ= ਜੋਤੀ (ਪ੍ਰਕਾਸ਼) ਸਰੂਪ ਪਰਮੇਸ਼ਰ ਸਾਰੇ ਜਗਤ ਨੂੰ ਮਉਲੋ= ਖਿੜਾਉਂਦਾ ਹੈ।

ਅਥਵਾ :- ਸਾਰੇ ਜਗਤ ਵਿਚ ਉਹ ਜੋਤੀ ਸਰੂਪ ਪਰਮੇਸ਼ਰ ਮਉਲੋ= ਮਿਲ ਰਿਹਾ ਹੈ।

ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ ॥ ੧੪ ॥

ਓਹੀ ਗੁਰਮੁਖ ਉਸ ਨਾਲ ਮਿਲਦਾ ਹੈ ਜਿਸ ਨੂੰ ਆਪਣੇ ਨਾਲ ਆਪ ਮਿਲਾਉਂਦਾ ਹੈ, ਆਪਣੇ ਆਪ ਉਸ ਪ੍ਰਭੂ ਨੂੰ ਕੋਈ ਨਹੀਂ ਪਾ ਸਕਦਾ ॥ ੧੪ ॥

ਆਪੇ ਗੋਪੀ ਆਪੇ ਕਾਨਾ ॥ ਆਪੇ ਗਊ ਚਰਾਵੈ ਬਾਨਾ ॥

(੧) ਉਹ ਪਰਮੇਸ਼ਰ ਆਪੇ ਗੋਪੀਆਂ ਰੂਪ ਹੈ ਤੇ ਆਪ ਹੀ ਕਾਨਾ= ਕ੍ਰਿਸ਼ਨ ਰੂਪ ਹੈ।

(੨) ਉਹ ਪਰਮੇਸ਼ਰ ਆਪੇ ਗੋਪੀ= ਇਸਤ੍ਰੀਆਂ ਰੂਪ ਹੈ ਤੇ ਆਪ ਹੀ ਕਾਨਾ= ਪੁਰਸ਼ ਰੂਪ ਹੈ।

(੩) ਉਹ ਪਰਮੇਸ਼ਰ ਆਪੇ ਗੋਪੀ= ਇੰਦ੍ਰੀਆਂ ਰੂਪ ਹੈ, ਆਪ ਹੀ ਕਾਨਾ= ਅੰਤਹ ਕਰਨ ਰੂਪ ਹੈ। ਆਪ ਹੀ ਗਊਆਂ ਦੇ ਚਰਾਉਣ ਵਾਲਾ ਭੇਖ ਬਾਨਾ= ਬਣਾਉਂਦਾ ਹੈ।ਵਾ :- ਆਪੇ ਗਊਆਂ ਦੇ ਚਰਾਉਣ ਵਾਲਾ ਹੈ ਤੇ ਆਪ ਹੀ ਬਾਨਾ= ਬਨ ਰੂਪ ਹੈ।

ਯਥਾ:- ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥ *(ਪੰਨਾ ੬੦੬)*

ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥ ੧੫ ॥

ਉਹ ਪਰਮੇਸ਼ਰ ਆਪ ਸਾਰਿਆਂ ਨੂੰ ਉਤਪਤ ਕਰਦਾ ਹੈ, ਆਪ ਹੀ ਸਭ ਦਾ ਨਾਸ ਕਰਦਾ ਹੈ, ਉਹ ਭਾਵੇਂ ਸਾਰਿਆਂ ਵਿਚ ਰੰਗਿਆ ਹੋਇਆ ਹੈ ਪਰ ਉਸ ਨੂੰ ਇਕ ਤਿਲ ਜਿਤਨਾ ਭੀ ਲੇਪ ਨਹੀਂ ਹੈ।

ਅਥਵਾ :- ਇਹਨਾਂ ਰੰਗਾਂ ਦਾ ਉਸ ਨੂੰ ਇਕ ਤਿਲ ਜਿੰਨਾ ਭੀ ਲੇਪ ਨਹੀਂ ਹੈ ॥ ੧੫ ॥

ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥

ਇਕ ਜੀਭ ਨਾਲ ਮੈਂ ਉਸ ਦੇ ਕੇਹੜੇ-ਕੇਹੜੇ ਗੁਣ ਬਖਾਨੈ= ਕਥਨ ਕਰਾਂ। ਹਜ਼ਾਰ ਫਨਾਂ ਵਾਲਾ ਭਾਵ ਹਜ਼ਾਰ ਮੂੰਹ ਵਾਲਾ ਸ਼ੇਸ਼ਨਾਗ ਭੀ ਉਸ ਦੇ ਗੁਣਾਂ ਦਾ ਅੰਤ ਨਹੀਂ ਜਾਣਦਾ।

ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥

ਸ਼ੇਸ਼ਨਾਗ ਰਾਤ ਦਿਨ ਨਵਤਨ= ਨਵੇਂ ਤੋਂ ਨਵੇਂ ਨਾਮ ਜਪਦਾ ਹੈ। ਤਾਂ ਭੀ ਪ੍ਰਭੂ ਦਾ ਇਕ ਗੁਣ ਨਹੀਂ ਕਹਿ ਸੰਗ= ਕਹਿ ਸਕਿਆ ॥ ੧੬ ॥

*ਯਥਾ :-*ਸੇਸਨਾਗ ਸਿਰ ਸਹਸ ਬਨਾਈ ॥ ਦੈ ਸਹੰਸ ਰਸਨਾਹ ਸੁਹਾਈ ॥
ਰਟਤ ਅਬ ਲਗੇ ਨਾਮ ਅਪਾਰਾ ॥ ਤੁਮਰੋ ਤਊ ਨ ਪਾਵਤ ਪਾਰਾ ॥ ੬ ॥

(ਦਸਮ ਗ੍ਰੰਥ, ਪੰਨਾ ੪੭)

ਓਟ ਗਹੀ ਜਗਤ ਪਿਤ ਸਰਣਾਇਆ ॥
ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥

ਸਾਰੇ ਜਗਤ ਦਾ ਪਿਤਾ ਜੋ ਪਰਮੇਸ਼ਰ ਹੈ ਉਸ ਦੀ ਸ਼ਰਨ ਵਿਚ ਆ ਕੇ ਅਸੀਂ ਉਸ ਦੀ ਓਟ ਗ੍ਰਹਿਣ ਕੀਤੀ ਹੈ। *ਪ੍ਰਸ਼ਨ:-*ਉਸ ਦੀ ਓਟ ਕਿਉਂ ਗ੍ਰਹਿਣ ਕੀਤੀ ਹੈ?

*ਉੱਤਰ:-*ਭਿਆਨਕ ਜਮਦੂਤਾਂ ਦੇ ਭੈ= ਡਰ ਦੂਰ ਕਰਨ ਵਾਸਤੇ ਅਤੇ ਦੁਤਰ= ਕਠਿਨ ਜੋ ਮਾਇਆ ਹੈ, ਉਸ ਦੀ ਨਵਿਰਤੀ ਵਾਸਤੇ ਅਸੀਂ ਉਸ ਦੀ ਓਟ ਗ੍ਰਹਿਣ ਕੀਤੀ ਹੈ।

ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ ਸਾਧ ਸੰਤਨ ਕੈ ਸੰਗਿ ਸੰਗਾ ॥੧੭॥

ਮਿਲਾਪ ਦੀ ਇੱਛਾ ਕਰ ਕੇ ਮੈਂ ਬੇਨਤੀ ਕਰਦਾ ਹਾਂ ਕਿ ਆਪ ਕ੍ਰਿਪਾਲੂ ਹੋ ਕੇ ਮੈਨੂੰ ਸਾਧ= ਸ੍ਰੇਸ਼ਟ ਸੰਤਾਂ ਦੇ ਸੰਗਿ ਸੰਗਾ= ਸਮੁਦਾਅ (ਇਕੱਠ) ਦੇ ਨਾਲ ਰੱਖਣਾ ਕਰੋ ॥ ੧੭ ॥

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥

ਦ੍ਰਿਸ਼ਟੀਮਾਨ ਅਰਥਾਤ ਅੱਖਾਂ ਨਾਲ ਦਿੱਸਣ ਵਾਲਾ ਜੋ ਭੀ ਪਦਾਰਥ ਹੈ ਉਹ ਸਭ ਮਿਥਿਆ ਹੈ। ਹੇ ਗੋਬਿੰਦ ! ਆਪ ਜੀ ਪਾਸੋਂ ਮੈਂ ਇਕ ਦਾਨ ਮੰਗਦਾ ਹਾਂ, ਆਪ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਦਿਓ।

ਮਸਤਕਿ ਲਾਇ ਪਰਮ ਪਦੁ ਪਾਵਉ ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥

ਉਸ ਧੂੜੀ ਨੂੰ ਮੱਥੇ ਪਰ ਲਗਾ ਕੇ ਪਰਮ ਪਦੁ= ਉਤਮ ਪਦ ਨੂੰ ਪਾਵਾਂਗਾ, ਜਿਸ ਨੂੰ ਚਰਨ- ਧੂੜੀ ਪਰਾਪਤ ਹੋਵੇਗੀ ਓਹੀ ਆਪ ਜੀ ਨੂੰ ਪਾਵੇਗਾ। ਜਾਂ ਜਿਸ ਨੂੰ ਆਪ ਪਰਾਪਤ ਕਰਦੇ ਹੋ, ਓਹੀ ਗੁਰਮੁਖ ਚਰਨ- ਧੂੜੀ ਨੂੰ ਪਾਵੇਗਾ ॥ ੧੮ ॥

ਭਾਈ ਸਾਹਿਬ ਜੀ ਨੇ ਸਭ ਤੀਰਥਾਂ ਨਾਲੋਂ ਚਰਨ- ਧੂੜੀ ਦਾ ਮਹਾਤਮ ਉੱਚਾ ਦਰਸਾਇਆ ਹੈ:-

ਸੁਰਸਰੀ ਸੁਰਸਤੀ ਜਮੁਨਾ ਗੋਦਾਵਰੀ ਗਇਆ ਪ੍ਰਾਗ ਸੇਤੁ ਕੁਰਖੇਤ ਮਾਨਸਰ ਹੈ।
ਕਾਂਸੀ ਕਾਂਤੀ ਦੁਆਰਾਵਤੀ ਮਾਇਆ ਮਥੁਰਾ ਅਜੁਧਿਆ ਗੋਮਤੀ ਆਵੰਤਕਾ ਕੇਦਾਰ ਹਿਮਧਰ ਹੈ।
ਨਰਬਦਾ ਬਿਬਿਧਿ ਬਨ ਦੇਵ- ਸਥਲ ਕਵਲਾਸ ਨੀਲ ਮੰਦਰਾਚਲ ਸੁਮੇਰ ਗਿਰਵਰ ਹੈ।
ਤੀਰਥ ਅਰਥ ਸਤ ਦਇਆ ਧਰਮ ਸੰਤੋਖ ਸ੍ਰੀ ਗੁਰ ਚਰਨ ਰਜ ਤੁਲ ਨ ਸਗਰ ਹੈ ॥ ੪੧੬ ॥

ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥

ਹੇ ਸੁਖਦਾਤੇ ਪ੍ਰਭੂ ! ਜਿਨ੍ਹਾਂ ਉਤੇ ਆਪ ਜੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ। ਉਨ੍ਹਾਂ ਨੇ ਸਾਧੂਆਂ ਦੇ ਚਰਨਾਂ

ਦੀ ਧੂੜੀ ਲੈ ਕੇ ਹਿਰਦੇ ਵਿਚ ਸੰਤਾਂ ਦੇ ਚਰਨ ਪਰਾਤੇ= ਪਰੇਮ ਨਾਲ ਧਾਰਨ ਕੀਤੇ ਹਨ।

ਅਥਵਾ :— ਹਿਰਦੇ ਵਿਚ ਸੰਤਾਂ ਦੇ ਚਰਨਾਂ ਨੂੰ ਮੁਕਤੀ ਦਾਤਾ ਪਰਾਤੇ= ਪਛਾਣ ਕੇ ਤਿਨ ਲੈ= ਉਹਨਾਂ ਦਾ ਉਪਦੇਸ਼ ਲਿਆ ਹੈ।

ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ ॥੧੯॥

ਉਨ੍ਹਾਂ ਨੇ ਸਾਰਿਆਂ ਸੁਖਾਂ ਦਾ ਨਿਧਾਨੁ= ਖਜ਼ਾਨਾ-ਨਾਮ ਪਾਇਆ ਹੈ ਅਤੇ ਉਨ੍ਹਾਂ ਦੇ ਮਨ ਵਿਚ ਅਨਹਦ= ਇਕ ਰਸ ਸਬਦ= ਬ੍ਰਹਮ ਵਾਜੰਗਾ=, ਪਰਗਟ ਹੋਇਆ ਹੈ॥ ੧੯॥

ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥

ਹੇ ਪਰਮੇਸ਼ਰ ! ਅਸੀਂ ਜਿਹਬਾ= ਜ਼ਬਾਨ ਨਾਲ ਤੇਰੇ ਕਿਰਤਮ= ਕੀਤੇ ਹੋਏ ਨਾਮ ਕਥਨ ਕੀਤੇ ਹਨ।

ਜਿਵੇਂ ਮੁਰਦੈਂਤ ਦੇ ਮਾਰਨ ਕਰ ਕੇ ਆਪ ਜੀ ਦਾ ਮੁਰਾਰੀ ਨਾਮ ਪੈ ਗਿਆ।

ਮਧੂ ਦੈਂਤ ਦੇ ਮਾਰਨ ਕਰ ਕੇ ਆਪ ਜੀ ਦਾ ਮਧੂ ਸੂਦਨ ਨਾਮ ਪੈ ਗਿਆ।

ਗੁਵਰਧਨ ਪਰਬਤ ਦੇ ਉਠਾਉਣ ਕਰ ਕੇ ਆਪ ਜੀ ਦਾ ਗੁਵਰਧਨਧਾਰੀ ਨਾਮ ਪੈ ਗਿਆ।

ਮੁਰਲੀ ਦੇ ਵਜਾਉਣ ਕਰ ਕੇ ਆਪ ਜੀ ਦਾ ਮੁਰਲੀ ਮਨੋਹਰ ਨਾਮ ਪੈ ਗਿਆ।

ਭਗਤਾਂ ਦੀ ਸਹਾਇਤਾ ਕਰਨ ਕਰ ਕੇ ਆਪ ਜੀ ਦਾ ਭਗਤ ਵਛਲ ਨਾਮ ਪੈ ਗਿਆ।

ਜੇਹੋ ਜੇਹੀ ਕਿਰਿਆ ਕੀਤੀ ਓਹੋ ਜੇਹਾ ਆਪ ਜੀ ਦਾ ਨਾਮ ਪੈ ਗਿਆ।

ਜਿਵੇਂ ਕਪੜੇ ਸਿਉਂਣ ਕਰ ਕੇ ਮਨੁੱਖ ਦਾ ਨਾਮ ਦਰਜੀ।

ਕਪੜੇ ਰੰਗਣ ਕਰ ਕੇ ਮਨੁੱਖ ਦਾ ਨਾਮ ਲਿਲਾਰੀ।

ਕਪੜੇ ਵੇਚਣ ਕਰ ਕੇ ਮਨੁੱਖ ਦਾ ਨਾਮ ਬਜ਼ਾਜ।

ਕਪੜੇ ਧੋਣ ਕਰ ਕੇ ਮਨੁੱਖ ਦਾ ਨਾਮ ਧੋਬੀ ਪੈ ਜਾਂਦਾ ਹੈ।

ਇਤਿਆਦਿਕ ਸਾਰੇ ਦ੍ਰਿਸ਼ਟਾਂਤ ਸਮਝ ਲੈਣੇ। ਕਿਰਤਮ ਨਾਮ ਚਾਰ ਪਰਕਾਰ ਦੇ ਕਹੇ ਹਨ:-

੧.ਰਿਛਸ। ੨. ਜਦ ਰਿਛਸ। ੩. ਕਿਰਿਆ ਪਰਯੁਕਤ। ੪. ਗੁਣ ਪ੍ਰਯੁਕਤ।

੧-ਜੋ ਨਾਮ ਮਾਂ ਪਿਓ ਦਾ ਰਖਿਆ ਹੁੰਦਾ ਹੈ ਉਸ ਨੂੰ 'ਰਿਛਸ' ਆਖਦੇ ਹਨ।

੨-ਜੋ ਨਾਮ ਜ਼ਾਤੀ ਸਬੰਧ ਕਰ ਕੇ ਪੈ ਜਾਵੇ ਉਸ ਨੂੰ 'ਜਦ ਰਿਛਸ' ਆਖਦੇ ਹਨ:-

ਜਿਵੇਂ ਰਾਮਚੰਦਰ ਜੀ ਦਾ ਜੋ 'ਰਾਘਵ' ਨਾਮ ਪਿਆ ਹੈ ਏਹ ਜ਼ਾਤੀ ਸਬੰਧ ਕਰ ਕੇ ਪਿਆ ਹੈ।

ਜਿਵੇਂ ਜਨਕ ਰਾਜਾ ਦੀ ਗੱਦੀ ਪਰ ਜੋ ਭੀ ਬੈਠਾ ਹੈ, ਉਸ ਨੂੰ ਜਨਕ ਕਿਹਾ ਹੈ।

ਜਿਵੇਂ ਫਰੀਦ ਸਾਂਈ ਦੀ ਗੱਦੀ ਪਰ ਜੋ ਭੀ ਬੈਠਾ ਹੈ, ਉਸ ਨੂੰ ਫਰੀਦ ਕਿਹਾ ਹੈ।

੩-ਕਿਰਿਆ ਕਰਨ ਨਾਲ ਜੋ ਨਾਮ ਪੈ ਜਾਵੇ ਜੈਸਾ ਕਿ ਮੁਰਾਰੀ, ਮਧੁਸੂਦਨ, ਗੁਵਰਧਨਧਾਰੀ ਆਦਿਕ ਕਈ ਨਾਮ ਹਨ ਪਰ ਏਹ ਕਿਰਿਆ ਪਰਯੁਕਤ ਹਨ।

੪-ਜੋ ਨਾਮ ਗੁਣ ਕਰ ਕੇ ਪੈ ਜਾਵੇ ਉਸ ਨੂੰ ਗੁਣ ਪ੍ਰਯੁਕਤ ਆਖਦੇ ਹਨ।

ਜੈਸਾ ਕਿ-ਕਾਲਾ ਗੁੱਲਰ ਹੋਣ ਕਰ ਕੇ ਕ੍ਰਿਸ਼ਨ ਜੀ ਦਾ ਨਾਮ ਸ਼ਜਾਮ ਪੈ ਗਿਆ।

ਜਾਂ ਵਿਦਿਆ ਦਾ ਗੁਣ ਪਰਾਪਤ ਹੋਣ ਕਰ ਕੇ ਪੰਡਿਤ ਨਾਮ ਪੈ ਜਾਂਦਾ ਹੈ।

ਇਹ ਚਾਰ ਪ੍ਰਕਾਰ ਦੇ ਕਿਰਤਮ ਨਾਮ ਕਹੇ ਹਨ।

ਕਈ ਸੱਜਣ ਕਿਰਤਮ ਨਾਮ ਛੇ ਪਰਕਾਰ ਦੇ ਆਖਦੇ ਹਨ:

ਚਾਰ ਤਰ੍ਹਾਂ ਦੇ ਕਿਰਤਮ ਨਾਮ ਓਹੀ ਹਨ ਜੋ ਉੱਪਰ ਲਿਖੇ ਹਨ।

ਦੋ ਪਰਵਾਰ ਦੇ ਕਿਰਤਮ ਨਾਮ ਇਹ ਹਨ— ਸਬੰਧਕ ਨਾਮ ਤੇ ਵਿਅਕਤੀ ਨਾਮ।

ਜਿਵੇਂ ਸੀਤਾ ਨਾਲ ਮਿਲਾਪ ਹੋਣ ਕਰ ਕੇ 'ਸੀਤਾਰਾਮ' ਨਾਮ ਪੈ ਗਿਆ।

ਰਾਧਕਾਂ ਨਾਲ ਮਿਲਾਪ ਹੋਣ ਕਰ ਕੇ 'ਰਾਧਾ ਕ੍ਰਿਸ਼ਨ' ਨਾਮ ਪੈ ਗਿਆ।

ਮੱਥੇ ਨਾਲ ਮਿਲਾਪ ਹੋਣ ਕਰ ਕੇ 'ਮੱਥੇ ਮੁਰਾਰੀ' ਨਾਮ ਪੈ ਗਿਆ। ਇਹ ਸਬੰਧਕ ਨਾਮ ਹਨ।

ਵਿਅਕਤੀ ਨਾਮ ਉਹ ਹੈ: ਜਿਵੇਂ ਬਵੰਜਾ ਉੱਗਲ ਸਰੀਰ ਦੀ ਵਿਅਕਤੀ ਹੋਣ ਕਰ ਕੇ 'ਬਾਵਨ ਅਵਤਾਰ' ਨਾਮ ਪੈ ਗਿਆ।

ਸਤਿ ਨਾਮੁ ਤੇਰਾ ਪਰਾ ਪੂਰਬਲਾ।

ਆਪ ਜੀ ਦਾ ਜੋ ਸਤਿਨਾਮੁ ਮੰਤ੍ਰ ਹੈ ਏਹ ਪਰਾ= ਉਤਕ੍ਰਿਸਟ ਅਰਥਾਤ ਸਭ ਤੋਂ ਵੱਡਾ ਹੈ ਅਤੇ ਪੂਰਬਲਾ= ਅਨਾਦੀ ਕਾਲ ਦਾ ਹੈ।

ਜਿਵੇਂ ਚਾਰ ਬਾਣੀਆਂ ਵਿਚੋਂ 'ਪਰਾ' ਬਾਣੀ ਸਭ ਤੋਂ ਵੱਡੀ ਹੈ।

ਤਿਵੇਂ ਸਭ ਨਾਮਾਂ ਵਿਚੋਂ ਸਤਿ ਨਾਮ ਮੰਤ੍ਰ ਵੱਡਾ ਹੈ।

ਏਸੇ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ''੧ਓ ਸਤਿ ਨਾਮੁ'' ਮੂਲ ਮੰਤ੍ਰ ਰਖਿਆ ਹੈ।

ਤਥਾ:- ਸਤਿ ਨਾਮੁ ਪ੍ਰਭ ਕਾ ਸੁਖਦਾਈ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥

(ਸੁਖਮਨੀ ਮਹਲਾ ੫, ਪੰਨਾ ੨੮੪)

ਤਥਾ:- ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥ *(ਧਨਾਸਰੀ ਮ: ੪, ਪੰਨਾ ੬੭੦)*

ਤਥਾ:- ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥
ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥ *(ਪੰਨਾ ੧੪੨੬)*

ਤਥਾ:- ਲਗਜੋ ਹੁਮਾਊ ਪੰਖ ਜਜੋ ਸੰਗਾ। ਜਬ ਛੂਟਹਿ ਧਨੁ ਤੇ ਸੁ ਖਤੰਗਾ॥ ੯॥
ਪਰ ਕੇ ਬਲ ਕਰਿ ਹੋਤ ਉੜਾਊ। ਪਹੁੰਚੈ ਸੋ ਜਹਿ ਦੇਸ ਹੁਮਾਊ।
ਬਹੁਰ ਨ ਆਇ ਪਰੈ ਕਬ ਧਰਨੀ। ਤੈਸੀ ਰੀਤਿ ਨਾਮ ਕੀ ਬਰਨੀ॥ ੧੦॥
ਇਕ ਚਿਤ ਸਿਮਰਹਿ ਜੇ ਦਿਨ ਰਾਤੀ। ਛੂਟੇ ਦੇਹਿ ਤੇ ਹੋਇ ਸੰਗਾਤੀ।
ਜਹਿਂ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰਹਿ ਬਿਨ ਬਿਲਮ ਪੁਚਾਵਨ॥ ੧੧॥
ਬਹੁਰ ਨ ਜਗ ਮਹਿਂ ਪਾਵਹਿਂ ਦੇਹੀ। ਸਤਿ ਨਾਮ ਕੇ ਭੇ ਜੁ ਸਨੇਹੀ।

(ਨਾਨਕ ਪ੍ਰਕਾਸ਼, ਪੂਰ: ਅਧਿ: ੨੪)

ਜਿਸ ਵੇਲੇ ਛੇਵੇਂ ਪਾਤਸ਼ਾਹ ਜੀ ਨੂੰ ਬੁਖਾਰ ਚੜ੍ਹਿਆ ਹੈ ਤਾਂ ਪੰਚਮ ਪਿਤਾ ਜੀ ਨੇ ਸਤਿਨਾਮੁ ਮੰਤ੍ਰ ਦਾ ਜਾਪ ਕਰ ਕੇ ਬੁਖਾਰ ਉਤਾਰ ਦਿੱਤਾ, ਉਪਰੰਤ ਸਿੱਖਾਂ ਨੂੰ ਸਤਿਨਾਮੁ ਮੰਤ੍ਰ ਦਾ ਮਹਾਤਮ ਸੁਣਾਇਆ-

'ਇਹ ਮੰਤ੍ਰ ਮਹਾ ਸਤ ਨਾਮੁ ਅਹੈ। ਨਿਜ ਜੀਹ ਜਪੈ ਜੁ ਅਰੋਗ ਚਹੈ॥ ੧੬॥
ਤਨ ਤਾਪ ਕਹਾਂ ਇਸ ਤੇ ਜੋ ਰਹੈ। ਜਗ ਤੀਨਹੁ ਤਾਪਨਿ ਖਾਪਦ ਅਹੈ।
ਮੁਖਿ ਧੰਨ ਜਪੇ ਸਤਿ ਨਾਮੁ ਸਦਾ। ਕਿਹ ਸੰਕਟ ਹੋਨਿ ਨ ਦੇਤਿ ਕਦਾ॥ ੧੭॥
ਬਡ ਭਾਗ ਭਰੇ ਲਿਵ ਲਾਵਤਿ ਹੈਂ। ਦੁਖ ਲੋਕ ਪ੍ਰਲੋਕ ਨਸਾਵਤ ਹੈਂ।
ਕਹਿ ਸਿੱਖਜਨ ਸਾਥ ਬਿਕਾਰ ਤਜੋ। ਸਤਿ ਨਾਮੁ ਭਜੋ ਸਤਿ ਨਾਮੁ ਭਜੋ॥ ੧੮॥

(ਗੁਰ ਪ੍ਰਤਾਪ ਸੂਰਜ, ਰਾਸਿ ੩ ਅੰਸੂ ੩੦)

ਤਥਾ:- ਸੱਤਿ ਨਾਮੁ ਜੋ ਜਿਯ ਲਖਿ ਪਾਵੈ। ਤਾ ਕੇ ਕਾਲ ਨਿਕਟ ਨਹਿ ਆਵੈ।
ਬਿਨਾ ਨਾਮ ਤਾ ਕੇ ਜੋ ਰਹਿਹੈ। ਬਨ ਗਿਰ ਪੁਰ ਮੰਦਰ ਸਭ ਢਹਿਹੈ॥ ੨੧॥
ਸੱਤਿ ਨਾਮੁ ਜੋ ਪੁਰਖ ਪਛਾਨੈ। ਸੱਤਿ ਨਾਮੁ ਲੈ ਬਚਨ ਪ੍ਰਮਾਨੈ।
ਸੱਤਿ ਨਾਮੁ ਮਾਰਗ ਲੈ ਚਲਹੀ। ਤਾ ਕੋ ਕਾਲ ਨ ਕਬਹੂੰ ਦਲਹੀ॥ ੨੩॥

(ਦਸਮ ਗ੍ਰੰਥ, ਚਰਿਤ੍ਰ ੮੧, ਪੰਨਾ ੯੧੦)

ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ॥ ੨੦॥

ਗੁਰੂ ਜੀ ਕਥਨ ਕਰਦੇ ਹਨ- ਭਗਤ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਪਏ ਹਨ, ਮੇਰੇ ਮਨ ਵਿਚ ਭੀ ਆਪ ਜੀ ਦਾ ਰੰਗੁ= ਪ੍ਰੇਮ ਲੱਗ ਰਿਹਾ ਹੈ, ਆਪ ਮੈਨੂੰ ਜ਼ਰੂਰ ਦਰਸ਼ਨ ਦੇਣਾ ਕਰੋ॥ ੨੦॥

ਤੇਰੀ ਗਤਿ ਮਿਤਿ ਤੂਹੈ ਜਾਣਹਿ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ॥

(੧) ਹੇ ਪ੍ਰਭੂ ! ਤੇਰੀ ਗਤ ਦੀ ਜੋ ਮਿਤਿ= ਮਰਯਾਦਾ ਹੈ, ਉਸ ਨੂੰ ਤੂੰ ਆਪ ਹੀ ਜਾਣਦਾ ਹੈਂ। ਤੂੰ ਆਪ ਹੀ ਕਥੀ ਹੋ ਕੇ ਕਥਨ ਕਰਦਾ ਹੈਂ ਅਤੇ ਆਪ ਹੀ ਪੰਡਿਤ ਰੂਪ ਹੋ ਕੇ ਵਖਿਆਨ ਕਰਦਾ ਹੈਂ।

(੨) ਤੂੰ ਆਪ ਹੀ ਚਾਰੇ ਵੇਦਾਂ ਨੂੰ ਕਥਨ ਕਰਦਾ ਹੈਂ ਅਤੇ ਤੂੰ ਆਪ ਹੀ ਬ੍ਰਹਮਾ ਰੂਪ ਹੋ ਕੇ ਉਹਨਾਂ ਵੇਦਾਂ ਦਾ ਵਖਿਆਨ ਕਰਦਾ ਹੈਂ।

(੩) ਤੂੰ ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਕਰਦਾ ਹੈਂ ਅਤੇ ਆਪ ਹੀ ਸਿੱਖ ਰੂਪ ਹੋ ਕੇ ਹਰੀ ਨਾਮ ਨੂੰ ਵਖਾਣਹਿ= ਉਚਾਰਦਾ ਹੈਂ।

ਨਾਨਕ ਦਾਸੁ ਦਾਸਨ ਕੋ ਕਰੀਅਹੁ
ਹਰਿ ਭਾਵੈ ਦਾਸਾ ਰਾਖੁ ਸੰਗਾ॥ ੨੧॥ ੨॥ ੧੧॥

ਗੁਰੂ ਜੀ ਕਥਨ ਕਰਦੇ ਹਨ- ਹੇ ਹਰੀ ! ਜੇ ਆਪ ਜੀ ਨੂੰ ਭਾ ਜਾਵੇ ਤਾਂ ਮੈਨੂੰ ਆਪਣਿਆਂ ਦਾਸਾਂ ਦਾ ਦਾਸ ਕਰ ਲੈ ਅਤੇ ਆਪਣਿਆਂ ਦਾਸਾਂ ਦੇ ਨਾਲ ਹੀ ਰੱਖ ਲੈ॥ ੨੧॥ ੨॥ ੧੧॥

ਇਹ ਸੋਲਹਾ ਉਚਾਰਨ ਕਰ ਕੇ ਗੁਰੂ ਜੀ ਨੇ ਹੁਕਮ ਦਿੱਤਾ ਕਿ ਜੋ ਭੀ ਪ੍ਰਾਣੀ ਮਾਤਰ ਇਸ ਸੋਲਹੇ ਸਾਹਿਬ ਜੀ ਦਾ ਪਾਠ ਪਰੇਮ ਨਾਲ ਕਰੇਗਾ ਉਸ ਨੂੰ ਵਿਸ਼ਨ ਸਹੰਸਰ ਨਾਮੇ ਦੇ ਪਾਠ ਕਰਨ ਜਿਤਨਾ ਫਲ ਪਰਾਪਤ ਹੋਵੇਗਾ।

ਜਿਵੇਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਜੀ ਨੇ 'ਸ਼ਬਦ ਹਜ਼ਾਰੇ' ਦਾ ਮਹਾਤਮ ਦੱਸਿਆ ਹੈ ਕਿ ਇਕ ਇਕ ਸ਼ਬਦ ਦਾ ਪਾਠ ਕਰਨ ਨਾਲ ਹਜ਼ਾਰਾਂ ਸ਼ਬਦਾਂ ਦੇ ਪਾਠ ਕਰਨ ਜਿਤਨਾ ਫਲ ਪ੍ਰਾਪਤ ਹੁੰਦਾ ਹੈ।

ਕਿਉਂਕਿ ਛੇਵੇਂ ਪਾਤਸ਼ਾਹ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਪਹਿਲੇ ਜਪੁ ਜੀ ਤ੍ਰੇ ਫੇਰ ਸ਼ਬਦ ਹਜ਼ਾਰਿਆਂ ਦਾ ਪਾਠ ਨਿਤਨੇਮ ਨਾਲ ਕਰਦੇ ਹੁੰਦੇ ਸਨ।

ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤ ਵੇਲੇ ਜਪੁ ਜੀ ਸਾਹਿਬ ਦਾ ਪਾਠ ਕਰ ਕੇ ਜਲਦੀ ਕਿਸੇ ਪਾਸੇ ਜਾਣ ਨੂੰ ਤਿਆਰ ਹੋ ਗਏ ਤੇ ਹੁਕਮ ਦਿੱਤਾ ਅਜੇਹਾ ਕੋਈ ਪਰੇਮੀ ਹੈ ਜੇਹੜਾ ਸਾਨੂੰ ਘੋੜੇ 'ਤੇ ਅਸਵਾਰ ਹੁੰਦਿਆਂ ਹੁੰਦਿਆਂ ਇਨਾਂ ਸੱਤਾਂ ਸ਼ਬਦਾਂ ਦਾ ਪਾਠ ਸੁਣਾ ਦੇਵੇ, ਉਸ ਵੇਲੇ ਭਾਈ ਗੁਰਦਾਸ ਜੀ ਨੇ ਸੱਤਾਂ ਸ਼ਬਦਾਂ ਦੀ ਪਹਿਲੀ ਪਹਿਲੀ ਤੁਕ ਦੇ ਕੁਝ ਕੁ ਅੱਖਰ ਜੋੜ ਕੇ ਗੁਰੂ ਜੀ ਨੂੰ ਸੁਣਾ ਦਿੱਤੇ-

'ਸੁਲਤਾਨੇ ਮੀਆਂ ਕਹਾਂ, ਜੀਉ ਡਰਤ ਹੈ ਆਪਣਾ।
ਇਆਨੜੀਏ ਮਾਨੜਾ ਕਾਇ ਕਰੇ, ਇਹ ਤਨ ਮਾਇਆ ਸੁਪਨਾ।
ਮਨ ਲੋਚੈ ਗੁਰ ਦਰਸ ਕੌ, ਕਵਨ ਤਰਾਜੀ ਹੌਇ।
ਮਨ ਮੰਦਰ ਤਨ ਵੇਸ ਮੈਂ, ਪੇਖ ਰਮਈਆ ਸੋਇ।'

ਇਹ ਅੱਖਰ ਸੁਣ ਕੇ ਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਬਚਨ ਕਿਹਾ-"ਜਿਸ ਸਿੱਖ ਨੂੰ ਕੋਈ ਅਤਿਅੰਤ ਜ਼ਰੂਰੀ ਕੰਮ ਪੈ ਜਾਵੇ ਤੇ ਸੱਤਾਂ ਸ਼ਬਦਾਂ ਦਾ ਸੰਪੂਰਨ ਪਾਠ ਨਾ ਕਰ ਸਕੇ ਤਾਂ ਭਾਈ ਗੁਰਦਾਸ ਜੀ ਵਾਂਗ ਚਾਰ ਲਾਇਨਾਂ ਦਾ ਪਾਠ ਕਰ ਲਵੇ ਤਾਂ ਉਸ ਨੂੰ ਸੱਤਾਂ ਸ਼ਬਦਾਂ ਦੇ ਪਾਠ ਕਰਨ ਜਿੰਨਾ ਫਲ ਪਰਾਪਤ ਹੋਵੇਗਾ।

ਮਾਰੂ ਮਹਲਾ ੫ ॥

ਉਥਾਨਕਾ:-ਜਿਸ ਵੇਲੇ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਕਾ ਚਕ ਸਿਫਤੀ ਦਾ ਘਰ ਸ੍ਰੀ ਅੰਮ੍ਰਿਤਸਰ ਨਗਰ ਵਸਾਉਣਾ ਕੀਤਾ ਉਸ ਵੇਲੇ ਇਕ ਮੁਸਲਮਾਨ ਕਾਜ਼ੀ ਭੀ ਇਥੇ ਆ ਕੇ ਵਸ ਗਿਆ। ਗੁਰੂ ਜੀ ਪਾਸ ਸਿੱਖ ਸੰਗਤਾਂ ਦੀ ਆਵਾਜਾਈ ਦੇਖ ਕੇ ਮਨ ਵਿਚ ਵਿਚਾਰਿਆ "ਇਹ ਕੋਈ ਬੜਾ ਪਰਤਾਪੀ ਵਲੀ ਹੈ ਇਹਨਾਂ ਪਾਸੋਂ ਕੁਝ ਪ੍ਰਾਪਤ ਕਰਨਾ ਚਾਹੀਦਾ ਹੈ।" ਉਸ ਇਹ ਸੋਚ ਕੇ ਕਾਜ਼ੀ ਨੇ ਪਾਸ ਆ ਕੇ ਸਿਜ਼ਦਾ ਕੀਤਾ ਤੇ ਤਿੰਨ ਸਵਾਲ ਕੀਤੇ—

(੧) ਇਸ ਦੁਨੀਆਂ ਵਿਚ ਸਾਨੂੰ ਕਿਹੜਾ ਕਰਤਬ ਕਰਨ ਜੋਗ ਹੈ?

(੨) ਉਹ ਖੁਦਾ ਕੈਸਾ ਹੈ? ਤੇ ਉਸ ਦੀ ਪਰਾਪਤੀ ਕਿਵੇਂ ਹੁੰਦੀ ਹੈ?

(੩) ਇਹ ਜੀਵ ਸੰਸਾਰਕ ਬੰਧਨਾਂ ਤੋਂ ਕਿਵੇਂ ਛੁਟ ਸਕਦਾ ਹੈ? *ਗੁਰ ਉੱਤਰ:-*

ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥

ਹੇ ਖੁਦਾਈ ਬੰਦੇ= ਖੁਦਾ ਦੇ ਪੁਰਸ਼ਾ ! ਉਹ ਸ੍ਰਿਸ਼ਟੀ ਦਾ ਮਾਲਕ ਪਰਮੇਸ਼ਰ ਅਲਹ= ਅਲੱਖ ਅਤੇ ਅਗਮ= ਬੇਅੰਤ ਹੈ, ਵਾ :- ਖੌਫ ਤੋਂ ਰਹਿਤ ਹੈ। ਖੁਦਾ ਦੀ ਪਰਾਪਤੀ ਵਾਸਤੇ ਤੂੰ ਦੁਨਿਆਵੀ ਧੰਦਿਆਂ ਦੇ ਖਿਆਲਾਂ ਨੂੰ ਛੱਡ ਦੇ।

ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰ੍ਹ ॥ ੧ ॥

ਜਿਨ੍ਹਾਂ ਨੇ ਆਪਣੇ ਆਪ ਨੂੰ ਮੁਸਾਫਰ ਅਰਥਾਤ ਕੁਝ ਦਿਨ ਦਾ ਪ੍ਰਾਹੁਣਾ ਨਿਸਚੇ ਕੀਤਾ ਹੋਇਆ ਹੈ,ਉਹਨਾਂ ਫ਼ਕੀਰਾਂ ਦੇ ਪੈ-ਖਾਕ= ਚਰਨਾਂ ਦੀ ਧੂੜ ਹੋਣਾ ਕਰ।

*ਯਥਾ:-*ਤਿਨ ਕੀ ਰੇਨੁ ਮਿਲੈ ਤਾਂ ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ॥
ਨਾਨਕ ਤਿਨ ਕੀ ਰੇਥੁ ਪੂਰੈ ਭਾਗਿ ਪਾਈਐ ਜਿਨੀ ਰਾਮ ਨਾਮਿ ਚਿਤੁ ਲਾਇਆ ॥

(ਭੈਰਉ ਮ: ੩, ਪੰਨਾ ੧੧੩੧)

ਅਥਵਾ :- ਫ਼ਕੀਰਾਂ ਦੇ ਚਰਨਾਂ ਦੀ ਧੂੜ ਹੋ ਅਤੇ ਆਪਣੇ ਆਪ ਨੂੰ ਦੁਨੀਆਂ ਵਿਚ ਮੁਸਾਫ਼ਰ ਨਿਸਚੇ ਕਰ।

ਯਥਾ:-ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ॥ (ਪੰਨਾ ੫੦)

ਇਸ ਤਰ੍ਹਾਂ ਦੀ ਦਰਵੇਸ਼= ਫ਼ਕੀਰੀ ਧਾਰਨੀ ਖ਼ੁਦਾ ਦੇ ਦਰਵਾਜ਼ੇ ਪਰ ਮਨਜ਼ੂਰ ਹੁੰਦੀ ਹੈ॥ ੧॥

ਸਚੁ ਨਿਵਾਜ ਯਕੀਨ ਮੁਸਲਾ॥ ਮਨਸਾ ਮਾਰਿ ਨਿਵਾਰਿਹੁ ਆਸਾ॥

ਸੱਚ ਬੋਲਣਾ ਇਹ ਨਮਾਜ਼ ਪੜ੍ਹ, ਯਕੀਨ= ਭਰੋਸਾ ਧਾਰਨਾ ਇਹ ਹੇਠਾਂ ਮੁਸੱਲਾ (ਆਸਣ) ਵਿਛਾਣਾ ਕਰ। ਮਾਰਨੇ ਵਾਲੀਆਂ ਮਨਸਾ= ਵਾਸ਼ਨਾ ਦਾ ਜੇਹੜਾ ਨਵਿਰਤ ਕਰਨਾ ਹੈ ਏਹ ਹੱਥ ਵਿਚ ਆਸਾ= ਸੋਟਾ ਫੜਨਾ ਕਰ। ਨੋਟ:-"ਮੁਸਲਾ" ਨੂੰ ਅੱਧਕ ਲਾ ਕੇ ਮੁਸੱਲਾ ਪੜ੍ਹਨਾ ਹੈ।

ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥ ੨॥

ਦੇਹ= ਸਰੀਰ ਨੂੰ ਵਿਸ਼ੇ-ਵਿਕਾਰਾਂ ਤੋਂ ਰਹਿਤ ਕਰਨਾ ਏਹ ਮਸੀਤ ਕਰ, ਅਰਥਾਤ ਖ਼ੁਦਾ ਦਾ ਘਰ ਸਮਝਣਾ ਕਰ, ਮਨ ਨੂੰ ਸਾਵਧਾਨ ਕਰਨਾ ਏਹ ਵਿਚ ਮਉਲਾਣਾ= ਮੌਲਵੀ ਕਰ, ਹੇ ਖ਼ੁਦਾਈ ਬੰਦੇ ! ਜੇਹੜਾ ਖਰਾ ਖਾਕੁ= ਚੰਗਾ ਪਵਿੱਤਰ ਹੋ ਕੇ ਰਹਿਣਾ ਹੈ ਏਹੋ ਕਲਮਾ ਪੜ੍ਹਨਾ ਕਰ।

ਅਥਵਾ :- ਖ਼ੁਦਾਈ= ਖ਼ੁਦਾਵੰਦ ਪਰਮਾਤਮਾ ਨੂੰ ਚੰਗਾ ਪਵਿੱਤਰ ਸਮਝਣਾ ਇਹੋ ਕਲਮਾ ਪੜ੍ਹਨਾ ਕਰ॥ ੨॥ ਪ੍ਰਸ਼ਨ-ਸ਼ਰੀਅਤ ਕਿਤਾਬ ਦਾ ਪੜ੍ਹਨਾ ਕੇਹੜਾ ਹੈ? ਉੱਤਰ :-

ਸਰਾ ਸਰੀਅਤਿ ਲੇ ਕੰਮਾਵਹੁ॥ ਤਰੀਕਤਿ ਤਰਕ ਖੋਜਿ ਟੋਲਾਵਹੁ॥

ਜੇਹੜਾ ਸਰਾ= ਧਰਮ ਨੂੰ ਲੈ ਕੇ ਕਮਾਉਣਾ ਹੈ ਅਰਥਾਤ ਆਪਣੇ ਧਰਮ ਵਿਚ ਪੱਕਾ ਰਹਿਣਾ ਹੈ, ਏਹੋ ਸ਼ਰੀਅਤ ਕਿਤਾਬ ਦਾ ਪੜ੍ਹਨਾ ਕਰ। ਪ੍ਰਸ਼ਨ-ਤਰੀਕਤ ਕਿਤਾਬ ਦਾ ਪੜ੍ਹਨਾ ਕੇਹੜਾ ਹੈ? ਉੱਤਰ-ਜੇਹੜਾ ਤਰਕ= ਵੈਰਾਗ ਨੂੰ ਧਾਰ ਕੇ ਪਰਮੇਸ਼ਰ ਦੀ ਖੋਜ ਦੇ ਟੋਲਣ ਵਿਚ ਆਉਣਾ ਹੈ।

ਵਾ :- ਆਪ ਖੋਜਨਾ ਤੇ ਹੋਰਨਾਂ ਪਾਸੋਂ ਟੁਲਾਉਣਾ ਏਹੋ ਤਰੀਕਤ ਕਿਤਾਬ ਦਾ ਪੜ੍ਹਨਾ ਕਰ।

ਵਾ :- ਤਰਕ= ਵੈਰਾਗ ਦੇ ਖੋਜਿ= ਰਸਤੇ ਨੂੰ ਲਭਣਾ, ਏਹੋ ਤਰੀਕਤ ਕਿਤਾਬ ਦਾ ਪੜ੍ਹਨਾ ਕਰ।

ਪ੍ਰਸ਼ਨ-ਮਾਰਫਤ ਕਿਤਾਬ ਦਾ ਪੜ੍ਹਨਾ ਕੇਹੜਾ ਹੈ? ਉੱਤਰ-

ਮਾਰਫਤਿ ਮਨੁ ਮਾਰਹੁ ਅਬਦਾਲਾ॥
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥ ੩॥

ਜੇਹੜਾ ਅਬਦਾਲਾ= ਹੰਕਾਰੀ ਮਨ ਨੂੰ ਮਾਰ ਕੇ ਅਬਦਾਲਾ= ਪੂਜਨੀਕ ਹੋਣਾ ਹੈ ਏਹੋ ਮਾਰਫਤ ਕਿਤਾਬ ਦਾ ਪੜ੍ਹਨਾ ਕਰ।

ਪ੍ਰਸ਼ਨ-ਹਕੀਕਤ ਕਿਤਾਬ ਦਾ ਪੜ੍ਹਨਾ ਕੇਹੜਾ ਹੈ? ਉੱਤਰ-ਜੇਹੜਾ ਸਾਧਨਾਂ ਦੁਆਰੇ ਹਕੀਕਤਿ= ਸਚੇ ਪ੍ਰਭੂ ਨਾਮ ਮਿਲਣਾ ਹੈ ਏਹੋ ਹਕੀਕਤ ਕਿਤਾਬ ਦਾ ਪੜਨਾ ਕਰ।* ਜਿਸ ਕਰ ਕੇ ਫਿਰ ਤੇਰਾ ਮਰਨਾ ਨਾ ਹੋਵੇ।

---

*ਮੁਸਲਮਾਨੀ ਮੱਤ ਵਿਚ ਫ਼ਕੀਰੀ ਦੇ ਚਾਰ ਰਸਤੇ ਹਨ— ਜੋ ਅੱਡ-ਅੱਡ ਕਿਤਾਬਾਂ ਵਿਚ ਦਰਜ ਹਨ। ੧ ਸ਼ਰੀਅਤ=ਕਰਮ ਕਾਂਡ। ੨. ਤਰੀਕਤਿ=ਅੰਤਹਕਰਨ ਦੀ ਸ਼ੁੱਧੀ ਦਾ ਢੰਗ (ਉਪਾਸ਼ਨਾ)। ੩. ਮਾਰਫਤ=ਗਿਆਨ। ੪. ਹਕੀਕਤ=ਤਤ ਵਸਤੂ ਨੂੰ ਪਹੁੰਚਣਾ ਭਾਵ ਖ਼ੁਦਾ ਨੂੰ ਸਖਿਆਤਕਾਰ ਕਰ ਲੈਣਾ।

ਕੁਰਾਣੁ ਕਤੇਬ ਦਿਲ ਮਾਹਿ ਕਮਾਹੀ॥ ਦਸ ਅਉਰਾਤ ਰਖਹੁ ਬਦ ਰਾਹੀ॥

ਕੁਰਾਨ, ਜੰਬੂਰ, ਤਉਰੇਤ ਆਦਿਕ ਕਤੇਬਾਂ ਦੇ ਸਿਧਾਂਤ ਨੂੰ ਦਿਲ ਵਿਚ ਕਮਾਉਣਾ ਕਰ। ਦਸ ਅਉਰਾਤ= ਔਰਤਾਂ (ਇੰਦ੍ਰੀਆਂ) ਨੂੰ ਬਦ ਰਾਹੀ= ਖੋਟੇ ਰਸਤੇ ਵਲੋਂ ਰੋਕ ਰੱਖਣਾ ਕਰ।

ਅਥਵਾ :— ਦਿਲ ਵਿਚ ਸਿਮਰਨ ਦੀ ਕਮਾਈ ਕਰ, ਦਸਾਂ ਇੰਦ੍ਰੀਆਂ ਰੂਪ ਔਰਤਾਂ ਨੂੰ ਬੁਰੇ ਰਸਤੇ ਵਲੋਂ ਰੋਕ ਕੇ ਰੱਖ, ਏਹੋ ਕੁਰਾਣ ਕਤੇਬਾਂ ਦਾ ਪੜ੍ਹਨਾ ਕਰ।

ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ॥ ੪॥

ਆਪਣੇ ਮਨ ਵਿਚ ਸਿਦਕਿ= ਭਰੋਸੇ ਨੂੰ ਲੈ ਕੇ ਪੰਚ ਮਰਦ= ਪੰਜ ਕਾਮ ਕਰੋਧ ਆਦਿਕਾਂ ਬੰਨ੍ਹ ਰੱਖ,

ਵਾ :— ਮਰਦ= ਗੁਰਾਂ ਦਾ ਉਪਦੇਸ਼ ਲੈ ਕੇ ਸਿਦਕ ਵਿਚ ਪੰਜ ਕਾਮ ਆਦਿਕਾਂ ਨੂੰ ਬੰਨ੍ਹ ਰੱਖ। ਸਬੂਰੀ= ਸੰਤੋਖ ਰੂਪੀ ਖੈਰਿ= ਭਿਖਿਆ ਮੰਗ ਕੇ ਖਾਣਾ ਕਰ, ਜੇ ਤੂੰ ਇਤਿਆਦਕ ਸਾਧਨਾਂ ਨੂੰ ਕਰੇਂਗਾ ਤਾਂ ਹੀ ਖੁਦਾ ਦੇ ਦਰਵਾਜ਼ੇ ਅੰਦਰ ਕਬੂਲ ਪਰਾ= ਪਵੇਂਗਾ॥ ੪॥

ਮਕਾ ਮਿਹਰ ਰੋਜਾ ਪੈ ਖਾਕਾ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ॥

ਸਾਰਿਆਂ ਉਤੇ ਮਿਹਰ= ਦਇਆ ਕਰਨੀ ਏਹੋ ਮੱਕਾ ਸਮਝਣਾ ਕਰ ਕਿਉਂਕਿ ਦਇਆ ਕਰ ਕੇ ਸਾਰਿਆਂ ਸਾਧਨਾਂ ਦੀ ਸਫਲਤਾ ਹੋ ਜਾਂਦੀ ਹੈ। ਏਸੇ ਲਈ ਦਇਆ ਨੂੰ ਫਾਹੁਰੀ (ਫੌੜੀ ਜਿਸ ਨਾਲ ਸੁਆਹ ਕੱਠੀ ਕੀਤੀ ਜਾਂਦੀ ਹੈ) ਕਿਹਾ ਹੈ:-

*ਯਥਾ :-*ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ॥ *(ਪੰਨਾ ੪੭੭)*

*ਤਥਾ:-*ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ।
ਤੁਲਸੀ ਦਇਆ ਨ ਛੋਡੀਐ ਜਬ ਲਗ ਘਟ ਮਹਿ ਪ੍ਰਾਨ।

ਜਿਵੇਂ-ਰੈਬਾਂ ਨੇ ਮੱਕੇ ਦੀ ਯਾਤਰਾ ਕਰਦਿਆਂ ਰਾਹ ਵਿਚ ਇਕ ਖੂਹ ਉਤੇ ਨਮਾਜ਼ ਪੜ੍ਹ ਕੇ ਸਿਰ ਦੇ ਵਾਲ ਖੋਹ ਕੇ ਉਸ ਦੀ ਰੱਸੀ ਵੱਟ ਕੇ ਆਪਣਾ ਦੁਪੱਟਾ ਰੱਸੀ ਨਾਲ ਬੰਨ੍ਹ ਕੇ ਖੂਹ ਵਿਚੋਂ ਪਾਣੀ ਕੱਢ ਕੇ ਪਿਆਸ ਨਾਲ ਮਰਦੀ ਹੋਈ ਕੁੱਤੀ ਨੂੰ ਪਿਲਾ ਕੇ ਉਸ ਦੀ ਜਾਨ ਬਚਾਈ ਸੀ, ਜਿਸ ਕਰ ਕੇ ੬੦ ਕੋਹ ਮੱਕਾ ਉਸ ਨੂੰ ਉਥੇ ਹੀ ਆ ਮਿਲਿਆ ਸੀ।

*ਯਥਾ :-*ਸਿਰ ਕੀ ਸੋਭ ਉਤਾਰ ਕੇ ਚੀਨਜੋ ਆਤਮ ਰਾਮ।
ਸਾਠ ਕੋਸ ਮੱਕਾ ਮਿਲਿਓ ਦੇਖ ਦਇਆ ਕੇ ਕਾਮ*।

ਇਸ ਲਈ ਹਰ ਮਨੁੱਖ ਨੂੰ ਦਇਆ ਕਰ ਕੇ ਪ੍ਰਭੂ ਦੀ ਖੁਸ਼ੀ ਲੈਣੀ ਚਾਹੀਦੀ ਹੈ। ਰੋਜਾ ਪੈ ਖਾਕਾ= ਪੂਰਨ ਫਕੀਰਾਂ ਦੇ ਪੈ= ਚਰਨਾਂ ਦੀ ਖਾਕਾ= ਧੂੜ ਗ੍ਰਹਿਣ ਕਰਨੀ ਏਹੋ ਰੋਜ਼ਾ ਰੱਖਣਾ ਕਰ, ਜਾਂ ਏਸੇ ਨੂੰ ਰੋਜ਼ਿਆਂ ਦਾ ਮਹੀਨਾ ਰਮਜ਼ਾਨ ਦਾ ਮਹੀਨਾ ਸਮਝਣਾ ਕਰ।

ਭਿਸਤੁ ਪੀਰ ਲਫਜ ਕਮਾਇ ਅੰਦਾਜਾ= ਆਪਣੇ ਪੀਰ= ਪੂਜਨੀਕ ਪੀਰ= ਗੁਰਾਂ ਦੇ ਕਹੇ ਹੋਏ ਜੋ ਲਫਜ= ਬਚਨ ਅੰਦਾਜਾ= ਮਰਯਾਦਾ ਸਹਿਤ ਕਮਾਉਣੇ ਹਨ- ਏਸੇ ਨੂੰ ਬਹਿਸ਼ਤ ਸਮਝਣਾ ਕਰ। ਜਾਂ

**ਦੇਖੋ ਸਾਖੀ ਰੈਬਾਂ ਦੀ "ਧੌਲੁ ਧਰਮੁ ਦਇਆ ਕਾ ਪੂਤੁ" ਅਮੀਰ ਭੰਡਾਰ ਪਉੜੀ ੧੬ ਵੀਂ।*

ਮਰਯਾਦਾ ਸਹਿਤ ਪੀਰਾਂ ਦੇ ਲਫ਼ਜ਼ ਕਮਾਉਣ ਨਾਲ ਬਹਿਸ਼ਤਾਂ ਨੂੰ ਜਾਂਦਾ ਹੈ।

ਦੋ ਪ੍ਰਸ਼ਨ-ਹੂਰਾਂ ਪਰੀਆਂ ਦਾ ਤਮਾਸ਼ਾ ਵੇਖਣਾ ਕੇਹੜਾ ਹੈ? ਅਤੇ ਸਰੀਰ ਪਰ= ਸੁਗੰਧੀਆਂ ਦਾ ਲਗਾਉਣਾ ਕੇਹੜਾ ਹੈ? *ਉੱਤਰ :-*

ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥ ੫ ॥

ਜੇਹੜਾ ਅ= ਸਭ ਪਾਸੇ ਇਕ ਖੁਦਾ ਦਾ ਨੂਰ ਨਿਸਚੇ ਕਰਨਾ ਹੈ।

*ਯਥਾ:-*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ *(ਪੰਨਾ ੧੩੫੦)*

ਏਹੋ ਹੂਰਾਂ ਪਰੀਆਂ ਦਾ ਤਮਾਸ਼ਾ ਵੇਖਣਾ ਹੈ ਅਤੇ ਏਹੋ ਸੁਗੰਧੀ ਦਾ ਲਗਾਉਣਾ ਹੈ।

ਅਥਵਾ :- ਜੇਹੜਾ ਅ= ਸਭ ਪਾਸੇ ਇਕ ਖੁਦਾ ਦਾ ਨੂਰ ਨਿਸਚੇ ਕਰਨਾ ਹੈ, ਏਹੋ ਹੂਰਾਂ ਪਰੀਆਂ ਦਾ ਤਮਾਸ਼ਾ ਵੇਖਣਾ ਕਰ ਅਤੇ ਸਰੀਰ ਉਤੇ ਭਗਤੀ ਰੂਪ ਮੁਸਕੁ= ਸੁਗੰਧੀ ਲਗਾਉਣਾ ਕਰ।

ਬੰਦਗੀ ਅਲਹ ਆਲਾ ਹੁਜਰਾ ॥:- ਅਲਹ= ਅਲੱਖ ਪਰਮਾਤਮਾ ਦੀ, ਜਾਂ ਅੱਲਾ ਦੀ ਜੋ ਬੰਦਗੀ ਕਰਨੀ ਹੈ, ਏਹੋ ਆਲਾ= ਸੋਹਣਾ ਹੁਜਰਾ ਖੁਦਾ ਦਾ ਘਰ* ਨਿਸਚੇ ਕਰ॥ ੫॥

ਫੇਰ ਕਾਜ਼ੀ ਨੇ ਚਾਰ ਪ੍ਰਸ਼ਨ ਕੀਤੇ- ੧. ਕਾਜ਼ੀ ਦੇ ਕੀ ਲੱਛਣ ਹਨ, ੨. ਹਾਜੀ ਦੇ ਕੀ ਲੱਛਣ ਹਨ, ੩. ਮੁੱਲਾਂ ਦੇ ਕੀ ਲੱਛਣ ਹਨ, ੪. ਦਰਵੇਸ਼ ਕੀ ਲੱਛਣ ਹਨ। *ਗੁਰ ਉੱਤਰ :-*

[ਪੰਨਾ ੧੦੮੪]

ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਸੋਧੈ ਸੋਈ ਹਾਜੀ॥

ਜੋ ਸਚ ਨਾਮ ਨੂੰ ਕਮਾਉਂਦਾ ਹੈ ਓਹੀ ਅਸਲ ਕਾਜ਼ੀ ਹੈ। ਜੋ ਆਪਣੇ ਦਿਲ ਨੂੰ ਸੋਧੈ= ਸ਼ੁੱਧ ਕਰਦਾ ਹੈ ਓਹੀ ਹਾਜੀ ਹੈ।

ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥ ੬ ॥

ਊਣਤਾ ਰੂਪੀ ਮੈਲ ਨੂੰ ਜਾਂ ਰਾਗ ਦ੍ਵੈਸ਼ ਰੂਪੀ ਮੈਲ ਊਨ= ਨੂੰ ਜੋ ਨਵਿਰਤ ਕਰਦਾ ਹੈ ਓਹੀ ਅਸਲ ਮੁੱਲਾਂ ਹੈ।

ਜਿਸ ਨੇ ਸਿਫਤਿ= ਸਿਫਤੀ (ਪਰਮੇਸ਼ਰ) ਦੀ ਸਿਫਤ ਨੂੰ ਦਿਲ ਵਿਚ ਧਾਰਿਆ ਹੈ, ਓਹੀ ਅਸਲ ਵਿਚ ਦਰਵੇਸੁ= ਫਕੀਰ ਹੈ॥ ੬॥

ਸਭੇ ਵਖਤ ਸਭੇ ਕਰਿ ਵੇਲ° ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥

ਹੇ ਕਾਜ਼ੀ ! ਤੂੰ ਰਾਤ ਦੇ ਸਾਰੇ ਵਖਤਾਂ ਵਿਚ ਅਤੇ ਦਿਨ ਦੇ ਸਾਰੇ ਵੇਲਿਆਂ ਵਿਚ ਖਾਲਕ ਮਉਲਾ=

**ਹੁਜਰਾ ਆਲਾ ਉਸ ਨੂੰ ਆਖਦੇ ਹਨ-ਮਸੀਤ ਅੰਦਰ ਦਿਵਾਲ ਵਿਚ ਜੋ ਆਲਾ ਬਣਾਇਆ ਹੁੰਦਾ ਹੈ, ਮੁਸਲਮਾਨ ਓਸੇ ਨੂੰ ਖੁਦਾ ਦਾ ਘਰ ਆਖਦੇ ਹਨ।

°ਰਾਤ ਦੇ ਸਮੇਂ ਨੂੰ ਵਖਤ ਕਹਿੰਦੇ ਹਨ, ਦਿਨ ਦੇ ਟਾਈਮ ਨੂੰ ਵੇਲਾ ਕਹਿੰਦੇ ਹਨ।
'ਵਖਤ' ਮੁਸਲਮਾਨਾਂ ਦੀ ਬੋਲੀ ਹੈ, 'ਵੇਲਾ' ਹਿੰਦੂਆਂ ਦੀ ਬੋਲੀ ਹੈ।
ਖਾਲਕੁ=ਪਰਮੇਸ਼ਰ ਦਾ ਨਾਮ ਹੈ, ਜੋ ਖਲਕਤ ਦੇ ਕਰਨ ਵਾਲਾ ਹੋਵੇ, ਉਹ ਖਾਲਕ।
ਯਥਾ:-"ਖਲਕ ਕੁਨਿੰਦਾ ਸਾ ਖਾਲਕਾ।"

ਪਰਮੇਸ਼ਰ ਨੂੰ ਆਪਣੇ ਦਿਲ ਅੰਦਰ ਯਾਦ ਕਰ।

ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥ ੭ ॥

ਦਸ ਇੰਦ੍ਰੀਆਂ ਨੂੰ ਮਰਦਨੁ= ਮਲ ਕੇ (ਦਮਨ ਕਰ ਕੇ) ਜਿਹੜਾ ਖੁਦਾ ਨੂੰ ਯਾਦ ਕਰਨਾ ਹੈ, ਏਹੋ ਤਸਬੀ (ਮਾਲਾ) ਫੇਰਨਾ ਕਰ। ਦਸ ਇੰਦ੍ਰੀਆਂ ਦਾ ਦਮੰਨ ਕਰਨਾ ਏਸੇ ਸ਼ਬਦ ਦੀ ਚੌਥੀ ਪੌੜੀ ਵਿਚ ਆ ਚੁੱਕਾ ਹੈ।

ਦਸ ਅਉਰਾਤ ਰਖਹੁ ਬਦ ਰਾਹੀ॥

ਇਸ ਲਈ ਇਸ ਤੁਕ ਦਾ ਦੂਜਾ ਅਰਥ ਕਰਨਾ:-

ਪੰਜ ਵਿਸ਼ੇ-ਸ਼ਬਦ, ਸਪਰਸ, ਰੂਪ, ਰਸ, ਗੰਧ। ਰਾਗ ਦ੍ਵੈਸ਼, ਹਰਖ ਸੋਗ ਤੇ ਮਨ ਇਨ੍ਹਾਂ ਦਸਾਂ ਨੂੰ ਮਰਦਨੁ= ਮਲ ਕੇ ਜੇਹੜਾ ਖੁਦਾ ਨੂੰ ਯਾਦ ਕਰਨਾ ਹੈ ਏਹੋ ਤਸਬੀ (ਮਾਲਾ) ਫੇਰਨਾ ਕਰ।

ਸੁੰਨਤਿ ਸੀਲੁ ਬੰਧਾਨਿ ਬਰਾ॥

ਜੇਹੜਾ ਸੀਲੁ= ਜਤ ਦੇ ਬੰਧਾਨਿ= ਨਿਯਮ (ਪਾਬੰਦੀ) ਵਿਚ ਰਹਿਣਾ ਹੈ, ਏਹੋ ਬਰਾ= ਸ੍ਰੇਸ਼ਟ ਸੁੰਨਤ ਦਾ ਕਰਵਾਉਣਾ ਕਰ।

ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥

ਹੇ ਕਾਜ਼ੀ ! ਆਪਣੇ ਦਿਲ ਵਿਚ ਸਾਰਿਆਂ ਪਦਾਰਥਾਂ ਨੂੰ ਫਿਲਹਾਲਾ= ਮਿਥਿਆ ਕਰ ਕੇ ਜਾਣਨਾ ਕਰ।

*ਯਥਾ :-*ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ॥ *(ਪੰਨਾ ੭੨੪)*

ਖਿਲਖਾਨਾ= ਇਸਤ੍ਰੀ। *ਵਾ :—* ਘਰ, ਬਿਰਾਦਰ= ਭਰਾ ਆਦਿਕ ਹਮੂ= ਸਾਰਾ ਟੱਬਰ (ਕਬੀਲਾ) ਜੰਜ਼ਾਲ ਰੂਪ ਹੈ, *ਵਾ :—* ਫਾਹੀ ਰੂਪ ਹੈ।

ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥ ੮ ॥

ਮੀਰ= ਅਮੀਰ, *ਵਾ :-* ਬਾਦਸ਼ਾਹ, ਮਲਕ ਸੰਗਿਆ ਹੈ ਜੋ ਬਲੋਚਾਂ ਵਿਚੋਂ ਵੱਡੇ ਹੁੰਦੇ ਹਨ। ਜਾਂ ਅਜਰਾਈਲ ਨੂੰ ਭੀ ਮਲਕ ਕਹਿੰਦੇ ਹਨ।

ਯਥਾ :- ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥ *(ਸਲੋਕ ਫ਼ਰੀਦ, ਪੰਨਾ ੧੩੭੭)*

ਅਤੇ ਉਮਰਾਵ ਇਤਿਆਦਿਕ ਸਾਰੇ ਫਾਨਾਇਆ= ਫਨਾਹ (ਨਾਸਵੰਤ) ਹਨ, ਇਕ ਖੁਦਾ ਦਾ ਦਰਾ= ਦਰਬਾਰ, ਜਾਂ ਦਰਵਾਜ਼ਾ ਮੁਕਾਮ= ਇਸਥਿਤ ਹੈ।

ਅਥਵਾ :— ਇਕ ਖੁਦਾ ਹੀ ਸਭਨਾਂ ਦੇ ਦਰਾ= ਅੰਦਰ ਇਸਥਿਤ ਹੈ॥ ੮॥

ਫਿਰ ਕਾਜ਼ੀ ਨੇ ਕਿਹਾ:- "ਸਾਡੇ ਮਤ ਵਿਚ ਮੁਸਲਮਾਨ ਪੰਜ ਨਮਾਜ਼ਾਂ ਪੜ੍ਹਦੇ ਹਨ।"

ਪਹਿਲੀ ਨਮਾਜ਼-ਫ਼ਜ਼ਰ ਦੀ (ਅੰਮ੍ਰਿਤ ਵੇਲੇ) ਛੇ ਵਜੇ ਦੇ ਕਰੀਬ।

ਦੂਜੀ ਨਮਾਜ਼-ਜ਼ੁਹਰ ਦੀ (ਦੁਪਹਿਰੇ) ਸਿਆਲ ਵਿਚ ੧ ਵਜੇ, ਗਰਮੀਆਂ ਵਿਚ ੨ ਵਜੇ ਦੇ ਕਰੀਬ।

ਤੀਜੀ ਨਮਾਜ਼-ਅਸਰ ਦੀ ਸਿਆਲ ਵਿਚ ੪ ਵਜੇ, ਗਰਮੀਆਂ ਵਿਚ ੬ ਵਜੇ ਦੇ ਕਰੀਬ।

ਚੌਥੀ ਨਮਾਜ਼-ਮਗਰਬੀ ਦਿਨ ਛਿਪਣ ਵੇਲੇ।

ਪੰਜਵੀਂ ਨਮਾਜ਼-ਇਸ਼ਾ ਦੀ ਰਾਤੀਂ ਸਿਆਲ ਵਿਚ ੮ ਵਜੇ ਗਰਮੀਆਂ ਵਿਚ ਸਾਢੇ ਨੌਂ ਦੇ ਕਰੀਬ।*

ਇਨ੍ਹਾਂ ਪੰਜਾਂ ਨਮਾਜ਼ਾਂ 'ਚੋਂ ਮੈਨੂੰ ਕੇਹੜੀ ਨਮਾਜ਼ ਪੜ੍ਹਨੀ ਚਾਹੀਦੀ ਹੈ? ਗੁਰ ਉੱਤਰ-

ਅਵਲਿ ਸਿਫਤਿ ਦੂਜੀ ਸਾਬੂਰੀ॥ ਤੀਜੈ ਹਲੇਮੀ ਚਉਥੈ ਖੈਰੀ॥

ਸੱਚ ਦੀ ਜੇਹੜੀ ਸਿਫਤ ਕਰਨੀ ਹੈ ਏਹ ਅਵਲਿ= ਪਹਿਲੀ ਨਮਾਜ਼ ਪੜ੍ਹ।

ਸਾਬੂਰੀ= ਸੰਤੋਖ ਧਾਰਨਾ, ਯਥਾ ਲਾਭ ਤਥਾ ਸੰਤੁਸ਼ਟ ਰਹਿਣਾ, ਜੈਸੀ ਆ ਬਣੇ ਤਿਸੀ ਪਰ ਰਹਿਣਾ ਰਾਜ਼ੀ। ਏਹ ਦੂਜੀ ਨਮਾਜ਼ ਪੜ੍ਹ। ਹਲੇਮੀ= ਗਰੀਬੀ ਧਾਰਨੀ ਏਹ ਤੀਜੀ ਨਮਾਜ਼ ਪੜ੍ਹ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ-

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥ (ਪੰਨਾ ੬੨੮)

ਜਿਵੇਂ ਸ਼ੇਖ ਫਰੀਦ ਨੇ ਕਿਹਾ ਹੈ-ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥ ੭॥ (ਪੰਨਾ ੧੩੭੮)

ਚਉਥੈ ਖੈਰੀ= ਪਰਮੇਸ਼ਰ ਪਾਸੋਂ ਜੇਹੜੀ ਸਾਰਿਆਂ ਦੀ ਖੈਰ= ਸੁਖ ਮੰਗਣੀ ਹੈ ਏਹੋ ਚੌਥੀ ਨਮਾਜ਼ ਪੜ੍ਹ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਪਰਮੇਸ਼ਰ ਪਾਸੋਂ ਸਾਰਿਆਂ ਦੀ ਸੁਖ ਮੰਗੀ ਹੈ:-

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਪੰਨਾ ੮੫੩)

ਕਲਗੀਧਰ ਦਸਮੇਸ਼ ਪਿਤਾ ਜੀ ਨੇ ਭੀ ਸਭ ਦੀ ਸੁਖ ਮੰਗੀ ਹੈ-

ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖ ਸਭੈ ਕਰਤਾਰਾ॥ ੨॥

ਸਿੱਖ ਦੀ ਨਿਤ ਦੀ ਅਰਦਾਸ ਦਾ ਅੰਗ ਬਣ ਗਿਆ।

ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਕਾ ਭਲਾ।

ਵਾ :- ਪਰਮੇਸ਼ਰ ਪਾਸੋਂ ਜੇਹੜੀ ਆਪਣੀ ਖੈਰ= ਸੁਖ ਮੰਗਣੀ ਹੈ ਏਹੋ ਚੌਥੀ ਨਮਾਜ਼ ਪੜ੍ਹ। ਸਿੱਖ ਦੀ ਨਿਤ ਦੀ ਅਰਦਾਸ ਦਾ ਅੰਗ ਬਣ ਗਿਆ।

ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ॥ ੯॥

ਜੇਹੜਾ ਪੰਜ ਗਿਆਨ ਇੰਦ੍ਰੀਆਂ ਨੂੰ ਇਕ ਪਰਮੇਸ਼ਰ ਵਿਚ ਮੁਕਾਮੈ= ਇਸਥਿਤ ਕਰਨਾ ਹੈ।

ਅਥਵਾ :- ਪੰਜਾਂ ਤੱਤਾਂ ਦੀ ਰਹਿਣੀ ਨੂੰ, ਜਾਂ ਪੰਜ ਸਤ, ਸੰਤੋਖ, ਧੀਰਜ, ਧਰਮ, ਵਿਚਾਰ ਨੂੰ ਇਕ ਅੰਤਹਕਰਨ ਵਿਚ ਇਸਥਿਤ ਕਰਨਾ ਹੈ ਏਹੋ ਪੰਜਵੀਂ ਨਮਾਜ਼ ਪੜ੍ਹ, ਅਪਰ= ਸੰਸਾਰ ਤੋਂ ਪਰਾ ਰੂਪ ਜੋ ਪਰਮੇਸ਼ਰ ਹੈ ਤੇਰੇ= ਉਸ ਦੀ ਪਰਾਪਤੀ ਦੇ ਇਹ ਪੰਜ ਵਖਤ= ਟਾਈਮ ਹਨ, ਹੇ ਕਾਜ਼ੀ! ਤੂੰ ਇਹਨਾਂ ਸਾਧਨਾਂ ਅਨੁਸਾਰ ਚਲਣਾ ਕਰ।

**੧. ਫਜ਼ਰ ਦੀ ਨਮਾਜ਼, 'ਬਾਬੇ ਆਦਮ' ਨੇ ਪੜ੍ਹੀ ਹੈ, ਹਨੇਰੇ ਦੇ ਦੁੱਖ ਤੋਂ ਛੁੱਟ ਕੇ।*
੨. ਜ਼ੁਹਰ ਦੀ ਨਮਾਜ਼, ਇਬਰਾਹੀਮ' ਨੇ ਪੜ੍ਹੀ ਹੈ, ਅੱਗ ਬਲਦੀ ਵੇਖ ਕੇ ਨਮਾਜ਼ ਪੜ੍ਹਦਿਆਂ ਅੱਗ ਬੁਝ ਗਈ ਸੀ।
੩. ਅਸਰ ਦੀ ਨਮਾਜ਼, 'ਯੂਨਸ' ਨੇ ਪੜ੍ਹੀ ਹੈ, ਇਸ ਨੂੰ ਮੱਛੀ ਨੇ ਨਿਗਲ੍ਹ ਲਿਆ ਸੀ।
ਖੁਦਾ ਦੀ ਮੱਦਦ ਨਾਲ ਬਚ ਕੇ ਜਦੋਂ ਮੱਛੀ ਤੋਂ ਬਾਹਰ ਨਿਕਲਿਆ ਤਦ ਇਸ ਨੇ ਨਮਾਜ਼ ਪੜ੍ਹੀ ਹੈ।
੪. ਮਗਰਬੀ ਨਮਾਜ਼, 'ਈਸਾ' ਨੇ ਪੜ੍ਹੀ ਹੈ, ਆਦਮੀਆਂ ਦੇ ਘੇਰੇ ਵਿਚੋਂ ਨਿਕਲ ਕੇ।
੫. ਇਸ਼ਾ ਦੀ ਨਮਾਜ਼, 'ਮੂਸਾ' ਨੇ ਪੜ੍ਹੀ ਹੈ, ਬੱਦਲ ਤੇ ਬਿਜਲੀ ਦੇ ਡਰ ਤੋਂ ਛੁੱਟ ਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ-ਵਿਚ ਲਿਖਿਆ ਹੈ-

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥ ੩॥ *(ਪੰਨਾ ੧੪੧)*

ਸਗਲੀ ਜਾਨਿ ਕਰਹੁ ਮਉਦੀਫਾ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ॥

ਹੇ ਕਾਜ਼ੀ ! ਸਾਰੀ ਸ੍ਰਿਸ਼ਟੀ ਨੂੰ ਨਾਮ ਮਉ= ਰੂਪ ਮਿਥਿਆ ਸਮਝ ਕੇ ਦਫਾ ਕਰ। ਵਾ :- ਸਾਰੀ ਸ੍ਰਿਸ਼ਟੀ ਨੂੰ ਨਾਸ ਰੂਪ ਜਾਣਨਾ ਏਹ ਮਉਦੀਫਾ= ਹੰਦਿਆਂ ਦਾ ਕਢਣਾ ਕਰ।

ਵਾ :- ਸਾਰੀ ਸ੍ਰਿਸ਼ਟੀ ਨੂੰ ਨਾਸ ਰੂਪ ਜਾਣ ਕੇ ਮਉਣੀਫਾ= ਨਿੱਤਾ ਪ੍ਰਤੀ ਭਜਨ ਕਰ।*

ਬਦ ਅਮਲ= ਖੋਟੇ ਕਰਮਾਂ ਨੂੰ ਛੱਡ ਦੇਣਾ, ਏਹੋ ਹੱਥ ਵਿਚ ਕੂਜਾ= ਅਸਥਾਵਾ ਅਰਥਾਤ ਮਿੱਟੀ ਦਾ ਲੋਟਾ ਫੜਨਾ ਕਰ।

ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ॥ ੧੦॥

ਇਕ ਖੁਦਾ ਦਾ ਸਭਨਾਂ ਵਿਚ ਨਿਵਾਸ ਸਮਝਣਾ, ਏਹ ਬਾਂਗ ਦੇਣੀ ਕਰ।

ਮੌਲਵੀ ਮਸੀਤ ਵਿਚ ਖਲੋ ਕੇ ਜੋ ਬਾਂਗ ਦੇਂਦੇ ਹਨ ਉਹ ਅੱਖਰ ਏਹ ਹਨ-

'ਅੱਲਾ ਹੂ ਅਕਬਰ' ਇਸ ਤਰ੍ਹਾਂ ਛੇ ਵਾਰ ਆਖਦੇ ਹਨ ਅਤੇ

ਹਜ ਲਲ ਸਲਾਹ, ਹਜ ਲਲ ਫਿਲਾਹ। ਇਸ ਤਰ੍ਹਾਂ ਦੋ ਵਾਰ ਕਹਿੰਦੇ ਹਨ।

*ਅਰਥ:-*ਅੱਲਾ= ਅਲੱਖ ਪਰਮਾਤਮਾ ਹੂ= ਨਿਸਚੇ ਕਰ ਕੇ ਸਾਰਿਆਂ ਤੋਂ ਅਕਬਰ= ਵੱਡਾ ਹੈ।

ਛੇ ਵਾਰ ਆਖਣ ਦਾ ਭਾਵ ਏਹ ਹੈ ਕਿ ਉਹ ਖੁਦਾ ਛਿਆਂ ਅਰਸ਼ਾਂ ਵਿਚ ਵੱਡਾ ਹੈ ਤੇ ਸੱਤਵੇਂ ਅਰਸ਼ (ਅਕਾਸ਼) ਵਿਚ ਉਹ ਅੱਲਾ ਆਪ ਵਸ ਰਿਹਾ ਹੈ।

ਹਜ= ਆਓ, ਲਲ= ਲਈ ਹੈ, ਸਲਾਹ= ਮੁਕਤੀ। ਹਜ= ਆਓ, ਲਲ= ਲਈਏ, ਫਿਲਾਹ= ਬੰਦਗੀ। **ਬੁਰਗੂ ਬਰਖੁਰਦਾਰ ਖਰਾ॥** ਅੰਤ੍ਰੀਵ ਸਾਧਨਾਂ ਦੀ ਮਰਯਾਦਾ ਅਨੁਸਾਰ ਚੱਲਣ ਵਾਲਾ ਜੋ ਬੁਰਗੂ= ਕਾਜ਼ੀ ਹੈ, ਉਹ ਖੁਦਾ ਦਾ ਖਰਾ= ਚੰਗਾ ਬਰਖੁਰਦਾਰ= ਪਿਆਰਾ ਹੈ।

ਦੂਜਾ ਅਰਥ:-ਜਿਸ ਕਾਜ਼ੀ ਨੇ ਇਕ ਖੁਦਾ ਦੇ ਬੁੱਝਣੇ ਰੂਪ ਬਾਂਗ ਦਿੱਤੀ ਹੈ, ਉਸ ਬੁਰਗੂ= ਕਾਜ਼ੀ ਨੇ ਆਪ ਬਰ= ਸ੍ਰੇਸ਼ਟ ਗਿਆਨ ਰੂਪੀ ਫਲ ਖੁਰ= ਖਾਧਾ ਹੈ ਅਤੇ ਹੋਰਨਾਂ ਜਗਿਆਸੂਆਂ ਦੇ ਹਿਰਦੇ ਵਿਚ ਖਰਾ= ਚੰਗਾ ਗਿਆਨ ਰੂਪੀ ਫਲ ਦਾਰ= ਰੱਖਣਾ ਕੀਤਾ ਹੈ॥ ੧੦॥

ਹਕੁ ਹਲਾਲੁ ਬਖੋਰਹੁ ਖਾਣਾ॥ ਦਿਲ ਦਰੀਆਉ ਧੋਵਹੁ ਮੈਲਾਣਾ॥

ਹੇ ਕਾਜ਼ੀ ! ਤੂੰ ਹੱਕ ਹਲਾਲ ਦੇ ਖਾਣੇ ਨੂੰ ਬਖੋਰਹੁ= ਖਾਣਾ ਕਰ। ਵਾ :- ਹਕੁ= ਸੱਚ ਬੋਲਣਾ ਇਸ

---

*ਮੁਸਲਮਾਨਾਂ ਦੇ ਮਤ ਵਿਚ ਇਕ ਪਾਠ ਹੈ ਜੋ ਨਿਤ ਜਾਰੀ ਰਖਦੇ ਹਨ, ਉਸ ਦਾ ਨਾਮ ਹੀ ਵਜੀਫਾ ਹੈ, ਕਈ ਰੁਜੀਨਾ ਆਖਦੇ ਹਨ ਤੇ ਕਈ ਮਉਦੀਫਾ ਕਹਿੰਦੇ ਹਨ।

ਹਲਾਲ ਦੇ ਖਾਣੇ ਨੂੰ ਖਾਣਾ ਕਰ। ਪਰਾਇਆ ਹੱਕ ਕਦੇ ਭੀ ਨਹੀਂ ਖਾਣਾ ਚਾਹੀਦਾ। ਪਰਾਇਆ ਹੱਕ ਖਾਣਾ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਲਈ ਮਨ੍ਹਾਂ ਹੈ।

ਯਥਾ:- *ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ (ਪੰਨਾ ੧੪੧)

ਸਾਖੀ- ਲਾਹੌਰਾ ਸਿੰਘ ਤੇ ਮਾਲਾ ਸਿੰਘ ਦੀ

ਹਰ ਸਾਲ ਅਨੰਦ ਪੁਰ ਸਾਹਿਬ ਹੋਲੇ ਮਹੱਲੇ ਦਾ ਬੜਾ ਭਾਰੀ ਮੇਲਾ ਲੱਗਦਾ ਸੀ। ਬੜੇ-ਬੜੇ ਸਿੱਖ ਆ ਕੇ ਗੁਰੂ ਜੀ ਦੀਆਂ ਹਾਜ਼ਰੀਆਂ ਭਰ ਕੇ ਖੁਸ਼ੀਆਂ ਪਰਾਪਤ ਕਰਦੇ ਸਨ। ਇਕ ਸਮੇਂ ਕਲਗੀਧਰ ਜੀ ਦੇ ਸਪੁੱਤਰਾਂ ਦੇ ਖਿਡਾਵੇ ਭਾਈ ਲਾਹੌਰਾ ਸਿੰਘ ਨੇ ਭਾਈ ਮਾਲਾ ਸਿੰਘ ਤੋਂ ਇਕ ਸੌ ੧੦੦) ਰੁਪਇਆ ਉਧਾਰਾ ਮੰਗਿਆ ਤੇ ਕਿਹਾ:-'ਮੈਨੂੰ ਲੋੜ ਹੈ ਸੌ ਰੁਪਯਾ ਦੇ ਦੇ ਅਗਲੇ ਸਾਲ ਆ ਕੇ ਲੈ ਲਵੀਂ''। ਮਾਲਾ ਸਿੰਘ ਨੇ ੧੦੦) ਰੁਪਯਾ ਦੇ ਦਿੱਤਾ।

ਜਦ ਸਾਲ ਪੂਰਾ ਹੋ ਗਿਆ ਮਾਲਾ ਸਿੰਘ ਅਨੰਦ ਪੁਰ ਸਾਹਿਬ ਆਇਆ ਗੁਰੂ ਸਾਹਿਬ ਜੀ ਦਾ ਦਰਸ਼ਨ ਕਰ ਕੇ ਬੜਾ ਖੁਸ਼ ਹੋਇਆ ਤੇ ਜਦ ਉਸ ਨੇ ਲਾਹੌਰਾ ਸਿੰਘ ਤੋਂ ਸੌ ਰੁਪਇਆ ਮੰਗਿਆ ਤਾਂ ਉਸ ਨੇ ਕਿਹਾ- ''ਐਤਕਾਂ ਤਿਆਰ ਨਹੀਂ ਅਗਲੇ ਸਾਲ ਦਿਆਂਗਾ।'' ਪਰ ਦੂਜੇ ਸਾਲ ਭੀ ਨਾ ਦਿੱਤਾ, ਤੀਜੇ ਚੌਥੇ ਸਾਲ ਭੀ ਨਾ ਦਿੱਤਾ। ਮਾਲਾ ਸਿੰਘ ਨੇ ਕਿਹਾ-''ਮੈਂ ਜਦੋਂ ਭੀ ਆ ਕੇ ਤੇਰੇ ਕੋਲੋਂ ਮੰਗਦਾ ਹਾਂ ਤੂੰ ਟਾਲਮਟੋਲਾ ਕਰ ਦੇਂਦਾ ਹੈਂ ਇਹ ਚੰਗਾ ਕੰਮ ਨਹੀਂ, ਇਸ ਵਾਰ ਮੈਂ ਜ਼ਰੂਰ ਲੈ ਕੇ ਜਾਣਾ ਹੈ, ਜਿਵੇਂ ਵੀ ਹੁੰਦਾ ਹੈ ਰੁਪਇਆ ਲਿਆ ਕੇ ਦੇ।'' ਅੱਗੋਂ ਲਾਹੌਰਾ ਸਿੰਘ ਨੇ ਕਿਹਾ-

ਸਿੱਖ, ਸਿੱਖ ਦਾ ਖਾਇ ਕਰਿ ਚਿੰਤਾ ਕਰੀਅਹਿ ਦੂਰ।
ਕਹਜੋ ਦੁਖਾਵਨਿ ਹੇਤ ਇਮ ਜਿਸ ਤੇ ਰਿਸ ਹੁਇ ਭੂਰ॥ ੧੪॥
ਬਹੁਰ ਕਹੀ ਤੁਕ ਦੂਸਰੀ ਊਚੋ ਬਾਕ ਸੁਨਾਇ।
ਜੈਸਾ ਜਿਸ ਕਾ ਲੇਖ ਹੈ ਤੈਸੀ ਬਿਧਿ ਬਣਿ ਆਇ॥ ੧੫॥

ਇਹ ਤੁਕਾਂ ਸੁਣ ਕੇ ਅੱਗੋਂ ਮਾਲਾ ਸਿੰਘ ਨੇ ਕਿਹਾ-

ਦਰਗਹਿ ਹੋਨ ਸਜਾਈਆਂ ਝੂਠੇ ਅਮਲ ਜਿਨਾਹਿ।
ਜਮ ਮਾਰਾਂ ਗਹਿ ਮਾਰੀਅਹਿ ਰੋਇ ਰੋਇ ਪਛੁਤਾਹਿ॥ ੧੭॥

ਮਾਲਾ ਸਿੰਘ ਤੋਂ ਸੁਣ ਕੇ ਫੇਰ ਲਾਹੌਰਾ ਸਿੰਘ ਨੇ ਏਹ ਤੁਕ ਸੁਣਾਈ:-

ਲੇਖਾ ਕੋਇ ਨ ਪੁਛਈ ਜਾਂ ਗੁਰ ਬਖਸੰਦਾ॥

ਮਾਲਾ ਸਿੰਘ ਨੇ ਗੁਰੂ ਜੀ ਪਾਸ ਆ ਕੇ ਸਾਰੀ ਗੱਲ ਸੁਣਾਈ ਕਿ ਮੇਰੇ ਪਾਸੋਂ ਲਾਹੌਰਾ ਸਿੰਘ ਨੇ ਸੌ ਰੁਪਯਾ ਉਧਾਰ ਲਿਆ ਸੀ, ਜਿਸ ਨੂੰ ਟਾਲਮਟੋਲਾ ਕਰਦਿਆਂ ਚਾਰ ਪੰਜ ਸਾਲ ਹੋ ਗਏ ਹਨ, ਮੈਂ ਕਿਹਾ ਹੁਣ ਤਾਂ ਮੈਂ ਜ਼ਰੂਰ ਲੈ ਕੇ ਜਾਣੇ ਹਨ ਜਿਥੋਂ ਮਰਜ਼ੀ ਲਿਆ ਕੇ ਦੇ, ਅੱਗੋਂ ਆਖਦਾ ਹੈ:-

ਲੇਖਾ ਕੋਇ ਨ ਪੁਛਈ ਜਾਂ ਗੁਰ ਬਖਸੰਦਾ॥

ਉਸ ਵੇਲੇ ਕਲਗੀਧਰ ਜੀ ਨੇ ਲਾਹੌਰਾ ਸਿੰਘ ਨੂੰ ਆਪਣੇ ਪਾਸ ਬੁਲਾ ਕੇ ਸਮਝਾਇਆ ਕਿ ਭਲੇ ਮਾਣਸੀ ਨਾਲ ਇਸ ਦਾ ਰੁਪਯਾ ਦੇ ਦੇ, ਨਹੀਂ ਤਾਂ ਅਗਲੇ ਜਨਮ ਇਹ ਲੇਖਾ ਦੇਣਾ ਪਵੇਗਾ ਕਿਉਂਕਿ ਵਡਿਆਂ ਸਤਿਗੁਰਾਂ ਦਾ ਹੁਕਮ ਹੈ-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ (ਪੰਨਾ ੧੪੧)

ਨਾਲੇ ਗਲਤ ਤੁਕ ਪੜ੍ਹ ਕੇ ਝੂਠ ਦੀ ਜਗ੍ਹਾਜ ਸਾਨੂੰ ਰਖਿਆ ਹੈ ਕੁਝ ਸ਼ਰਮ ਕਰ!

ਠੀਕ ਤੁਕ ਇਸ ਤਰ੍ਹਾਂ ਹੈ- *ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥*

ਯਾਦ ਰੱਖ, ਅਸੀਂ ਤੇਰੀ ਸਹਾਇਤਾ ਕੋਈ ਨਹੀਂ ਕਰਨੀ। ਇਹ ਬਚਨ ਸੁਣ ਕੇ ਲਾਹੌਰਾ ਸਿੰਘ ਘਬਰਾ ਗਿਆ ਤੇ ਚਰਨਾਂ ਉਤੇ ਡਿੱਗ ਕੇ ਮਾਫੀ ਮੰਗਦਿਆਂ ਕਿਹਾ:-''ਗਰੀਬ ਨਿਵਾਜ਼ ਜੀਓ! ਅੱਜ ਦਾ ਦਿਨ ਠਹਿਰ ਜਾਵੇ ਕਲ੍ਹ ਇਸ ਨੂੰ ਰੁਪਏ ਦੇ ਦਿਆਂਗਾ।''

ਮਾਲਾ ਸਿੰਘ ਮੰਨ ਗਿਆ, ਉਹ ਦਿਨ ਤੇ ਰਾਤ ਬੀਤ ਗਈ ਦੂਜੇ ਦਿਨ ਕਲਗੀਧਰ ਜੀ ਦੇ ਸਾਹਮਣੇ ਲਾਹੌਰਾ ਸਿੰਘ ਮਾਲਾ ਸਿੰਘ ਨੂੰ ਸੌ ਰੁਪਏ ਦੇ ਕੇ ਸੁਰਖਰੂ ਹੋ ਗਿਆ।

ਉਸ ਵੇਲੇ ਕਲਗੀਧਰ ਜੀ ਨੇ ਫੁਰਮਾਇਆ-

ਹਸਿ ਕਰਿ ਸ਼੍ਰੀ ਮੁਖ ਤੇ ਕਹਜੋ ਨਹਿੰ ਧਰੀਐਂ ਬਿੱਪ੍ਰੀਤ।
ਗੁਰ ਕੀ ਏ ਆਗਿਆ ਸਹੀ ਬੇਦ ਧਰਮ ਕੀ ਰੀਤਿ॥ ੩੦॥
ਕਾਮ ਕ੍ਰੋਧ ਮਦ ਲੋਭ ਤੇ ਕਰਹੁ ਨਹੀਂ ਅਪਰਾਧ।
ਰਿਦਾ ਸਰਲ ਬਿਨ ਕਪਟ ਤੇ ਪੰਥ ਚਲਹਿ ਇਹੁ ਸਾਧ॥ ੩੧॥

(ਗੁਰ ਪ੍ਰਤਾਪ ਸੂਰਜ, ਰੁਤ ੩ ਅੰਸੂ ੫੦)

ਇਸ ਲਈ ਹੱਕ ਹਲਾਲ ਦੀ ਕਮਾਈ ਕਰ ਕੇ ਖਾਣਾ ਸਭ ਤੋਂ ਚੰਗਾ ਹੈ।

ਦਿਲ ਦਰੀਆਉ ਧੋਵਹੁ ਮੈਲਾਣਾ॥ ਜਿਸ ਸਤਸੰਗ ਦਰਿਆ ਵਿਚ ਨਾਮ ਰੂਪੀ ਜਲ ਦਾ ਪਰਵਾਹ ਚੱਲ ਰਿਹਾ ਹੈ, ਓਥੇ ਜਾ ਕੇ ਤੂੰ ਆਪਣੇ ਦਿਲ ਦੀਆਂ ਮੈਲਾਂ ਨੂੰ ਧੋਣਾ ਕਰ।

ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਥਾ॥ ੧੧॥

ਜੋ ਆਪਣੇ ਪੀਰੁ= ਗੁਰੂ ਨੂੰ ਪਾਰਬ੍ਰਹਮ ਰੂਪ ਪਛਾਣ ਕੇ ਸ਼ਰਧਾ ਨਾਲ ਸੇਵਾ :- ਟਹਿਲ ਕਰਦਾ ਹੈ ਓਹੀ ਪੁਰਸ਼ ਭਿਸਤੀ= ਸੁਰਗ ਵਿਚ ਵਸਦਾ ਹੈ ਅਤੇ ਉਸ ਪੁਰਸ਼ ਨੂੰ ਅਜਰਾਈਲੁ= ਜਮ ਦੋਜ= ਦੋਜ਼ਕ (ਨਰਕਾਂ) ਵਿਚ ਠਰਾ ਨ= ਠਹਿਰਾਉਂਦਾ ਨਹੀਂ॥ ੧੧॥

ਕਾਇਆ ਕਿਰਦਾਰ ਅਉਰਤ ਯਕੀਨਾ॥ ਰੰਗ ਤਮਾਸੇ ਮਾਣਿ ਹਕੀਨਾ॥

ਕਾਇਆ= ਸਰੀਰ ਨੂੰ ਕਿਰਦਾਰ= ਸ਼ੁਭ ਕਰਤੱਬਾਂ ਵਾਲਾ ਕਰਨਾ। ਵਾ :- ਕਾਇਆ= ਸਰੀਰ ਨੂੰ ਕਿਰਦਾਰ= ਕਰਮ ਜਨ ਜਾਣਨਾ ਭਾਵ ਕਰਮਾਂ ਤੋਂ ਉਤਪਤ ਹੋਣ ਵਾਲਾ ਸਮਝਣਾ, ਏਸੇ ਨੂੰ ਔਰਤ ਯਕੀਨਾ= ਨਿਸ਼ਚੇ ਕਰ । ਹਕੀਨ= ਸੱਚੇ ਪਰਮਾਤਮਾ ਦੇ ਰੰਗ= ਅਨੰਦ ਨੂੰ ਜੇਹੜਾ ਮਾਣਿ= ਭੋਗਣਾ ਹੈ, ਏਹੋ ਰੰਗਾਂ ਰੰਗਾਂ ਦੇ ਤਮਾਸ਼ਿਆਂ ਨੂੰ ਦੇਖਣਾ ਕਰ।

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥੧੨॥

ਪਰਮੇਸ਼ਰ ਦੇ ਹਦੂਰਿ= ਪਾਸ ਪਹੁੰਚਾਉਣ ਵਾਲੀ ਜੋ ਗੁਰਾਂ ਦੀ ਹਦੀਸਾ= ਬਾਣੀ (ਸਿਖਿਆ) ਹੈ, ਉਸ ਦੁਆਰੇ ਆਪਣੇ ਨਾਪਾਕੁ= ਅਪਵਿੱਤਰ ਮਨ ਬੁੱਧੀ ਨੂੰ ਪਾਕੁ= ਪਵਿੱਤਰ ਕਰ। ਕਾਜ਼ੀ ਨੰਗੇ ਸਿਰ ਆਇਆ ਸੀ ਇਸ ਕਰ ਕੇ ਉਸ ਨੂੰ ਸਮਝਾਉਂਦੇ ਹਨ-ਜਿਸ ਦੇ ਸਿਰ ਉਤੇ ਦਸਤਾਰ= ਪੱਗ ਹੈ ਉਸ ਦੀ ਸਾਬਤ ਸੂਰਤ ਹੈ

ਨੰਗੇ ਸਿਰ ਵਾਲਾ ਪੁਰਸ਼ ਕਦੇ ਸਾਬਤ ਸੂਰਤ ਨਹੀਂ ਹੋ ਸਕਦਾ)।

ਅਥਵਾ :- ਜੇਹੜਾਂ ਸਭ ਸੂਰਤਾਂ ਨਾਲ ਸਾਬਤ ਰਹਿਣਾ ਹੈ, ਅਰਥਾਤ ਸਭ ਨੂੰ ਆਪਣਾ ਆਪ ਸਮਝ ਕੇ ਕਿਸੇ ਨਾਲ ਲੜਾਈ ਝਗੜਾ ਨਹੀਂ ਕਰਨਾ, ਜਾਂ ਕਿਸੇ ਦਾ ਦਿਲ ਨਹੀਂ ਦੁਖਾਉਣਾ ਏਹੋ ਆਪਣੇ ਸਿਰ ਉਤੇ ਪੱਗ ਬੰਨ੍ਹਣੀ ਕਰ।

ਯਥਾ:- ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ੧੩੦॥ *(ਪੰਨਾ ੧੩੮੪)*

ਅਥਵਾ :- ਪਰਮੇਸ਼ਰ ਨਾਲ ਜੇਹੜੀ ਆਪਣੀ ਸੂਰਤ ਸਾਬਤ ਰੱਖਣੀ ਹੈ ਏਹੋ ਆਪਣੇ ਸਿਰ ਉਤੇ ਦਸਤਾਰ= ਪੱਗ ਬੰਨ੍ਹਣਾ ਕਰ। ਪਰਮੇਸ਼ਰ ਨਾਲ ਸਾਬਤ ਸੂਰਤ ਤਾਂ ਰਹਿ ਆਉਂਦੀ ਹੈ ਜੇ ਉਸ ਦੇ ਹੁਕਮ ਵਿਚ ਚੱਲੇ। ਉਸ ਨੇ ਜੇਹੜੀ ਸ੍ਵਾਸਾਂ ਰੂਪੀ ਪੂੰਜੀ ਦੇ ਕੇ ਮਾਤ ਲੋਕ ਵਿਚ ਭੇਜਿਆ ਹੈ ਉਸ ਪੂੰਜੀ ਅਨੁਸਾਰ ਗੁਰੂ-ਸ਼ਾਹ ਕੋਲ ਆ ਕੇ ਨਾਮ ਰੂਪ ਸੌਦੇ ਨੂੰ ਖਰੀਦਣਾ ਕਰੇ।

ਮੁਸਲਮਾਣੁ ਸੋਮ ਦਿਲਿ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥

ਅਸਲੀ ਮੁਸਲਮਾਨ ਓਹੀ ਹੈ ਜਿਸ ਦਾ ਦਿਲ ਮੋਮ ਵਰਗਾ ਨਰਮ ਹੁੰਦਾ ਹੈ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:-

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥ (ਪੰਨਾ ੧੪੧)

ਅੰਤਰ ਕੀ ਮਲੁ ਦਿਲ ਤੇ ਧੋਵੈ॥ ਅੰਦਰ ਦੀ ਰਾਗ ਦ੍ਵੈਸ਼, ਜਾਂ ਪਾਪਾਂ ਰੂਪੀ, ਵਾ :- ਕਪਟ ਰੂਪੀ ਮੈਲ ਨੂੰ ਦਿਲ ਤੋਂ ਧੋਣਾ ਕਰੇ।

ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ॥ ੧੩॥

ਜੋ ਗੁਰਮੁਖ ਜਨ ਦੁਨਿਆਵੀ ਰੰਗਾਂ ਦੇ ਨੇੜੇ ਨਹੀਂ ਆਉਂਦੇ ਉਹ ਇਸ ਤਰ੍ਹਾਂ ਪਵਿੱਤਰ ਗਿਣੀਂਦੇ ਹਨ, ਜਿਵੇਂ ਕੁਸਮ= ਫੁੱਲ ਪਾਟੁ= ਪੱਟ (ਰੇਸ਼ਮ ਦਾ ਕਪੜਾ), ਘਿਉ ਅਤੇ ਹਰਾ= ਮਿਰਗਾਣ ਪਾਕੁ= ਪਵਿੱਤਰ ਸਮਝੇ ਜਾਂਦੇ ਹਨ।

ਯਥਾ:- ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥ ੨॥
ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥ *(ਪੰਨਾ ੭੨੧)*

ਜਾ ਕਉ ਮਿਹਰ ਮਿਹਰ ਮਿਹਾਰਵਾਨਾ॥ ਸੋਈ ਮਰਦੁ ਮਰਦੁ ਮਰਦਾਨਾ॥

ਮੇਹਰ ਦੇ ਕਰਨ ਵਾਲਾ ਮੇਹਰਵਾਨ ਪਰਮੇਸ਼ਰ ਜਿਸ ਉਤੇ ਮਿਹਰ= ਦਇਆ ਕਰਦਾ ਹੈ। ਉਹ ਮਰਦਾਂ ਵਿਚੋਂ ਮਰਦਾਨਾ= ਬਲ ਵਾਲਾ ਮਰਦੁ= ਆਦਮੀ ਹੈ।

ਸੋਈ ਸੇਖ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥ ੧੪ ॥

ਸ਼ੇਖ ਭੀ ਓਹੀ ਹੈ, ਮਸਾਇਕੁ= ਮੇਹਨਤ ਦੇ ਕਰਨ ਵਾਲਾ ਭੀ ਓਹੀ ਹੈ, ਯਾਤਰਾ ਦੇ ਕਰਨ ਵਾਲਾ ਹਾਜੀ ਭੀ ਓਹੀ ਹੈ, ਅਸਲ ਬੰਦਾ ਭੀ ਓਹੀ ਹੈ, ਜਿਸ ਉਤੇ ਨਰਾ= ਨਿਯੰਤਾ (ਪ੍ਰੇਰਕ) ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ ॥ ੧੪ ॥

ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥

ਉਹ ਕੁਦਰਤਿ= ਪਰਮੇਸ਼ਰ ਕਾਦਰ= ਸਮਰੱਥ ਹੈ ਤੇ ਕਰੀਮਾ= ਕਿਰਪਾ ਦੇ ਕਰਨ ਵਾਲਾ ਹੈ। ਉਸ ਰਹਿਮ ਦਿਲ ਵਾਲੇ ਪਰਮੇਸ਼ਰ ਦੀ ਸਿਫਤ ਅਤੇ ਮੁਹੱਬਤ ਅਥਾਹ ਹੈ। *ਅਥਵਾ :-* ਹੇ ਕਾਜ਼ੀ ! ਉਸ ਅਥਾਹ ਰਹਿਮ ਦਿਲ ਵਾਲੇ ਪਰਮੇਸ਼ਰ ਦੀ ਸਿਫਤ ਵਿਚ ਤੂੰ ਮੁਹਬਤਿੰ= ਪਰੀਤੀ ਕਰ।

ਹਕੁ ਹੁਕਮੁ ਸਚੁ ਖੁਦਾਇਆ ਬੁਝਿ
ਨਾਨਕ ਬੰਦਿ ਖਲਾਸ ਤਰਾ ॥ ੧੫ ॥ ੩ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ- ਹੇ ਕਾਜ਼ੀ ! ਸੱਚੇ ਖੁਦਾ ਦੇ ਹੁਕਮ ਨੂੰ ਜੋ ਹਕੁ= ਸੱਚ ਕਰ ਕੇ ਸਮਝਣਾ, ਏਹੋ ਬੰਦੀਖਾਨੇ ਤੋਂ ਖਲਾਸ= ਛੁੱਟਣ ਦੀ ਤਰਾ= ਰੀਤੀ (ਮਰਯਾਦਾ) ਹੈ ॥ ੧੫ ॥ ੩ ॥ ੧੨ ॥

ਮਾਰੂ ਮਹਲਾ ੫ ॥

ਪਾਰਬ੍ਰਹਮ ਸਭ ਊਚ ਬਿਰਾਜੇ ॥ ਆਪੇ ਥਾਪਿ ਉਥਾਪੇ ਸਾਜੇ ॥

ਉਹ ਪਾਰਬ੍ਰਹਮ= ਪਰਮੇਸ਼ਰ ਸਭ ਤੋਂ ਉੱਚਾ ਬਿਰਾਜ ਰਿਹਾ ਹੈ। ਆਪ ਹੀ ਜੀਵਾਂ ਨੂੰ ਸਾਜੇ= ਬਣਾਉਂਦਾ ਹੈ, ਆਪ ਹੀ ਥਾਪਿ= ਇਸਥਿਤੀ ਕਰਦਾ ਹੈ, ਆਪ ਹੀ ਉਥਾਪੇ= ਲੈਤਾ ਕਰਦਾ ਹੈ।

ਪ੍ਰਭ ਕੀ ਸਰਣਿ ਗਹਤ ਸੁਖੁ ਪਾਈਐ ਕਿਛੁ ਭਉ ਨ ਵਿਆਪੈ ਬਾਲ ਕਾ ॥ ੧ ॥

ਅਜੇਹੇ ਪ੍ਰਭੂ ਦੀ ਸ਼ਰਨ ਗਹਤ= ਗ੍ਰਹਿਣ ਕਰਨ ਨਾਲ ਸੁਖ ਪਰਾਪਤ ਹੁੰਦਾ ਹੈ ਅਤੇ-(ਇਸ ਜਗਿਆਸੂ ਨੂੰ) ਬਾਲ ਕਾ= ਮਾਇਆ ਦਾ ਕੁਝ ਡਰ ਨਹੀਂ ਲੱਗਦਾ ॥ ੧ ॥

ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਰਕਤ ਕਿਰਮ ਮਹਿ ਨਹੀ ਸੰਘਾਰਿਆ ॥

ਮਾਂ ਦੇ ਗਰਭ ਵਿਚ ਜੋ ਜਠਰ-ਅਗਨੀ ਹੈ ਉਸ ਤੋਂ ਜਿਸ ਪਰਮੇਸ਼ਰ ਨੇ ਆਪ ਬਚਾਇਆ। ਮਾਂ ਦੀ ਰਕਤ ਵਿਚ ਜੋ ਪਹਿਲੇ ਕਿਰਮ ਰੂਪ ਤੋਂ ਜੀਵ ਪੈਦਾ ਹੋਇਆ ਹੈ ਉਸ ਨੂੰ ਜਿਸ ਨੇ ਸੰਘਾਰਿਆ= ਮਾਰਿਆ ਨਹੀਂ, ਸਗੋਂ ਆਪ ਉਸ ਦੀ ਰਖਵਾਲੀ ਕੀਤੀ ਹੈ।

ਅਪਨਾ ਸਿਮਰਨੁ ਦੇ ਪ੍ਰਤਿਪਾਲਿਆ ਓਹੁ ਸਗਲ ਘਟਾ ਕਾ ਮਾਲਕਾ ॥ ੨ ॥

ਉਸ ਪ੍ਰਭੂ ਨੇ ਆਪਣਾ ਸਿਮਰਨ ਦੇ ਕੇ ਹੀ ਸਭਨਾਂ ਨੂੰ ਪਾਲਿਆ ਹੈ, ਉਹ ਪ੍ਰਭੂ ਹੀ ਸਾਰਿਆਂ ਸਰੀਰਾਂ ਦਾ ਮਾਲਕ ਹੈ ॥ ੨ ॥

ਚਰਣ ਕਮਲ ਸਰਣਾਈ ਆਇਆ ॥ ਸਾਧਸੰਗਿ ਹੈ ਹਰਿ ਜਸੁ ਗਾਇਆ ॥

ਮੈਂ ਓਸੇ ਹਰੀ ਦੇ ਚਰਨ-ਕਮਲਾਂ ਦੀ ਸ਼ਰਨ ਵਿਚ ਆਇਆ ਹਾਂ। ਅਤੇ ਉਸ ਦੀ ਪ੍ਰਾਪਤੀ ਕਰਾਉਣ ਵਾਲੀ ਸਤਸੰਗਤ ਵਿਚ ਬੈਠ ਕੇ ਹਰੀ ਦਾ ਜਸ ਗਾਉਣਾ ਕੀਤਾ ਹੈ।

ਜਨਮ ਮਰਣ ਸਭਿ ਦੂਖ ਨਿਵਾਰੇ ਜਪਿ ਹਰਿ ਹਰਿ ਭਉ ਨਹੀ ਕਾਲ ਕਾ ॥੩॥

ਜਨਮ ਮਰਨ ਦੇ ਸਾਰੇ ਦੁੱਖ ਨਵਿਰਤ ਕਰ ਦਿੱਤੇ ਹਨ, ਹਰਿ ਹਰਿ ਦਾ ਨਾਮ ਜਪਣ ਕਰ ਕੇ ਕਾਲ ਦਾ ਭਉ= ਡਰ ਨਹੀਂ ਰਿਹਾ॥ ੩॥

ਸਮਰਥ ਅਕਥ ਅਗੋਚਰ ਦੇਵਾ ॥ ਜੀਅ ਜੰਤ ਸਭਿ ਤਾ ਕੀ ਸੇਵਾ ॥

ਉਹ ਦੇਵਾ= ਪ੍ਰਕਾਸ਼ ਰੂਪ ਪਰਮਾਤਮਾ ਸਰਬ ਕਲਾਂ ਸਮਰੱਥ ਹੈ, ਇੰਦ੍ਰੀਆਂ ਕਰ ਕੇ ਅਗੋਚਰ ਹੈ ਅਕਥ= ਕਥਨ ਕਰਨ ਤੋਂ ਰਹਿਤ ਹੈ। ਸੂਖਮ ਸਥੂਲ ਸਾਰੇ ਜੀਆ ਜੰਤ ਉਸੇ ਪ੍ਰਭੂ ਦੀ ਸੇਵਾ ਕਰਦੇ ਹਨ।

ਅੰਡਜ ਜੇਰਜ ਸੇਤਜ ਉਤਭੁਜ ਬਹੁ ਪਰਕਾਰੀ ਪਾਲਕਾ ॥ ੪ ॥

ਅੰਡਜ, ਜੇਰਜ, ਸੇਤਜ ਤੇ ਉਤਭੁਜ ਰੂਪ (ਜੋ ਚਾਰ ਖਾਣੀਆਂ ਹਨ, ਇਹਨਾਂ ਸਭਨਾਂ ਨੂੰ ਉਹ ਪ੍ਰਭੂ) ਬਹੁਤ ਤਰ੍ਹਾਂ ਨਾਲ ਪਾਲਦਾ ਹੈ॥ ੪॥

ਤਿਸਹਿ ਪਰਾਪਤਿ ਹੋਇ ਨਿਧਾਨਾ ॥ ਰਾਮ ਨਾਮ ਰਸੁ ਅੰਤਰਿ ਮਾਨਾ ॥

ਨਿਧੀਆਂ ਦਾ ਖ਼ਜ਼ਾਨਾ ਹਰੀ ਉਸੇ ਨੂੰ ਪਰਾਪਤ ਹੁੰਦਾ ਹੈ। ਜਿਸ ਨੇ ਹਿਰਦੇ ਅੰਦਰ ਰਾਮ ਨਾਮ ਦੇ ਰਸ ਨੂੰ ਮਾਣਨਾ ਕੀਤਾ ਹੈ।

ਕਰੁ ਗਹਿ ਲੀਨੇ ਅੰਧ ਕੂਪ ਤੇ ਵਿਰਲੇ ਕੇਈ ਸਾਲਕਾ ॥ ੫ ॥

ਮਨ ਰੂਪੀ ਕਰੁ= ਹੱਥ ਨੂੰ ਫੜ ਕੇ ਜਿਨ੍ਹਾਂ ਸੰਤਾਂ ਨੇ ਸੰਸਾਰ ਰੂਪ ਅੰਨ੍ਹੇ ਖੂਹ 'ਚੋਂ ਕੱਢ ਲਿਆ ਹੈ, ਉਹ ਕੋਈ ਵਿਰਲੇ ਹੀ ਸਾਲਕਾ= ਗਿਆਨਵਾਨ ਪੁਰਸ਼ ਹਨ॥ ੫॥

[ਪੰਨਾ ੧੦੮੫]

ਆਦਿ ਅੰਤਿ ਮਧਿ ਪ੍ਰਭੁ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥

ਆਦ, ਮਧ ਤੇ ਅੰਤ (ਤਿੰਨਾਂ ਸਮਿਆਂ) ਵਿਚ ਉਹ ਪ੍ਰਭੂ ਵਿਆਪਕ ਹੈ। ਕਰਤਾ ਪੁਰਖ ਵਾਹਿਗੁਰੂ ਜੋ ਆਪ ਕਰਦਾ ਹੈ, ਓਹੀ ਕੁਝ ਹੁੰਦਾ ਹੈ।

ਭ੍ਰਮੁ ਭਉ ਮਿਟਿਆ ਸਾਧਸੰਗ ਤੇ ਦਾਲਿਦ ਨ ਕੋਈ ਘਾਲਕਾ ॥ ੬ ॥

ਸਾਧ ਸੰਗਤ ਦੀ ਕਿਰਪਾ ਨਾਲ ਭਰਮ ਤੇ ਭਉ= ਡਰ ਮਿਟ ਗਿਆ ਹੈ, ਹੁਣ ਕੋਈ ਦਲਿਦਰ ਭੀ ਨਹੀਂ ਘਾਲਕਾ= ਪਾ ਸਕਦਾ, ਵਾ :- ਦਬਾਅ ਨਹੀਂ ਸਕਦਾ॥ ੬॥

ਊਤਮ ਬਾਣੀ ਗਾਉ ਗੋਪਾਲਾ ॥ ਸਾਧਸੰਗਤਿ ਕੀ ਮੰਗਹੁ ਰਵਾਲਾ ॥

ਗੋਪਾਲਾ= ਜਗਤ ਪਾਲਕ ਪਰਮਾਤਮਾ ਦੀ ਉੱਤਮ ਬਾਣੀ ਗਾਉਣਾ ਕਰੋ। ਅਤੇ ਸਾਧ ਸੰਗਤ ਦੀ ਰਵਾਲਾ= ਚਰਨ-ਧੂੜੀ ਮੰਗਣਾ ਕਰੋ।

ਬਾਸਨਾ ਮੇਟਿ ਨਿਬਾਸਨ ਹੋਈਐ ਕਲਮਲ ਸਗਲੇ ਜਾਲਕਾ ॥ ੭ ॥

ਮੰਦ ਵਾਸ਼ਨਾਂ ਨੂੰ ਮੇਟ ਕੇ ਵਾਸ਼ਨਾ ਤੋਂ ਰਹਿਤ ਹੋ ਰਹਿਣਾ ਕਰੀਏ ਤਾਂ ਸਾਰੇ ਕਲਮਲ= ਪਾਪ ਜਾਲਕਾ= ਸੜ ਜਾਣਗੇ। ਜਾਂ ਸਾਰਿਆਂ ਪਾਪਾਂ ਨੂੰ ਸਾੜ ਕੇ ਵਾਸ਼ਨਾ ਨੂੰ ਮੇਟ ਕੇ ਵਾਸ਼ਨਾ ਤੋਂ ਰਹਿਤ ਹੋ ਰਹੀਏ ॥ ੭ ॥

ਸੰਤਾ ਕੀ ਇਹ ਰੀਤਿ ਨਿਰਾਲੀ ॥ ਪਾਰਬ੍ਰਹਮੁ ਕਰਿ ਦੇਖਹਿ ਨਾਲੀ ॥

ਸੰਤਾਂ ਦੀ ਏਹੋ ਨਿਰਾਲੀ ਰੀਤੀ ਹੈ। ਜੇਹੜਾ ਕਿ ਪਾਰਬ੍ਰਹਮ ਨੂੰ ਆਪਣੇ ਨਾਲ ਵੇਖਣਾ ਕਰਦੇ ਹਨ।

ਸਾਸਿ ਸਾਸਿ ਆਰਾਧਨਿ ਹਰਿ ਹਰਿ ਕਿਉ ਸਿਮਰਤ ਕੀਜੈ ਆਲਕਾ ॥ ੮ ॥

ਅੰਦਰ ਬਾਹਰ ਸ੍ਵਾਸ-ਸ੍ਵਾਸ ਹਰਿ ਹਰਿ ਨੂੰ ਅਰਾਧਨਾ ਕਰਦੇ ਹਨ ਤੇ ਸਿਮਰਨ ਵੇਲੇ ਆਲਸ ਨੂੰ ਕਿਉਂ ਕਰਦੇ ਹਨ? ਅਰਥਾਤ ਨਹੀਂ ਕਰਦੇ ॥ ੮ ॥

ਜਹ ਦੇਖਾ ਤਹ ਅੰਤਰਜਾਮੀ ॥ ਨਿਮਖ ਨ ਵਿਸਰਹੁ ਪ੍ਰਭ ਮੇਰੇ ਸੁਆਮੀ।

ਜਿਥੇ ਭੀ ਦੇਖਦੇ ਹਾਂ ਓਥੇ ਹੀ ਅੰਤਰਜਾਮੀ ਪ੍ਰਭੂ ਹੈ। ਹੇ ਮੇਰੇ ਪ੍ਰਭੂ ਸੁਆਮੀ ! ਮੈਨੂੰ ਇਕ ਨਿਮਖ ਮਾਤ੍ਰ ਭੀ ਨਾ ਭੁੱਲੋ। ਜਾਂ ਅਜੇਹੇ ਮੇਰੇ ਸੁਆਮੀ ਪ੍ਰਭੂ ਨੂੰ ਇਕ ਨਿਮਖ ਮਾਤ੍ਰ ਭੀ ਭੁਲਾਉਣਾ ਨਾ ਕਰੋ।

ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ ਥਾਲਕਾ ॥ ੯ ॥

ਹੇ ਪ੍ਰਭੂ ! ਤੇਰੇ ਦਾਸ ਤੈਨੂੰ ਸਿਮਰ-ਸਿਮਰ ਕੇ ਜੀਉਂਦੇ ਹਨ, ਤੂੰ ਬਨਾਂ ਵਿਚ, ਜਲਾਂ ਵਿਚ ਤੇ ਥਲਾਂ ਵਿਚ ਪਰੀਪੂਰਨ ਹੈਂ ॥ ੯ ॥

ਤਤੀ ਵਾਉ ਨ ਤਾ ਕਉ ਲਾਗੈ ॥ ਸਿਮਰਤ ਨਾਮੁ ਅਨਦਿਨੁ ਜਾਗੈ ॥

ਉਸ ਪੁਰਸ਼ ਨੂੰ ਪ੍ਰਤੱਖ, ਵਾ :- ਪ੍ਰਸੂਤ ਪੌਣ ਰੂਪੀ, ਜਾਂ ਮਾਇਆ ਰੂਪੀ ਤੱਤੀ ਹਵਾ ਨਹੀਂ ਲੱਗਦੀ। ਜੋ ਨਾਮ-ਸਿਮਰਨ ਵਿਚ ਰਾਤ ਦਿਨ ਜਾਗਦਾ ਹੈ।

ਅਨਦ ਬਿਨੋਦ ਕਰੇ ਹਰਿ ਸਿਮਰਨੁ ਤਿਸੁ ਮਾਇਆ ਸੰਗਿ ਨ ਤਾਲਕਾ ॥੧੦ ॥

ਹਰੀ ਨਾਮ-ਸਿਮਰਨ ਕਰ ਕੇ ਉਹ ਅਨੰਦ ਦਾਇਕ ਬਿਨੋਦ= ਕੌਤਕ ਕਰਦਾ ਹੈ, ਉਸ ਦਾ ਮਾਇਆ ਦੇ ਨਾਲ ਕੋਈ ਤਾਲਕਾ= ਤਅੱਲੁਕ (ਵਾਸਤਾ) ਨਹੀਂ ॥ ੧੦ ॥

ਰੋਗ ਸੋਗ ਦੂਖ ਤਿਸੁ ਨਾਹੀ ॥ ਸਾਧਸੰਗਿ ਹਰਿ ਕੀਰਤਨੁ ਗਾਹੀ ॥

ਉਸ ਨੂੰ ਰੋਗ, ਸੋਗ ਆਦਿਕ ਕੋਈ ਦੁੱਖ ਨਹੀਂ ਹੁੰਦਾ। ਜੋ ਸਤਸੰਗਤ ਵਿਚ ਬੈਠ ਕੇ ਹਰੀ ਦਾ ਕੀਰਤਨ ਗਾਉਂਦਾ ਹੈ।

ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ ਸੁਣਿ ਬੇਨੰਤੀ ਖਾਲਕਾ ॥ ੧੧ ॥

ਹੇ ਪ੍ਰੀਤਮ ਪ੍ਰਭੂ, ਖਾਲਕਾ= ਖਲਕਤ ਦੇ ਕਰਨ ਵਾਲੇ ! ਤੂੰ ਸਾਡੀ ਬੇਨਤੀ ਸੁਣ ਕੇ ਆਪਣਾ ਨਾਮ-ਸਿਮਰਨ ਦੇਣਾ ਕਰ ॥ ੧੧ ॥

ਨਾਮ ਰਤਨੁ ਤੇਰਾ ਹੈ ਪਿਆਰੇ ॥ ਰੰਗਿ ਰਤੇ ਤੇਰੈ ਦਾਸ ਅਪਾਰੇ ॥

ਹੇ ਪਿਆਰੇ ਪ੍ਰਭੂ ! ਆਪ ਜੀ ਦਾ ਨਾਮ-ਰਤਨ ਵਾਂਗ ਅਮੋਲਕ ਹੈ। ਹੇ ਅਪਾਰੇ= ਬੇਅੰਤ ਵਾਹਿਗੁਰੂ !

ਤੇਰੇ ਦਾਸ ਤੇਰੇ ਅਪਾਰ ਰੰਗ ਵਿਚ ਰਤੇ ਹੋਏ ਹਨ।

ਤੇਰੈ ਰੰਗਿ ਰਤੇ ਤੁਧੁ ਜੇਹੇ ਵਿਰਲੇ ਕੇਈ ਭਾਲਕਾ ॥ ੧੨ ॥

ਜੋ ਤੇਰੇ ਰੰਗ ਵਿਚ ਰਤੇ ਗਏ ਹਨ ਉਹ ਤੁਧੁ ਜੇਹੇ= ਤੇਰੇ ਵਰਗੇ ਹੀ ਹਨ, ਜੇਕਰ ਭਾਲੀਏ ਤਾਂ ਉਹ ਕੋਈ ਵਿਰਲੇ ਹੀ ਹਨ॥ ੧੨ ॥

ਤਿਨ ਕੀ ਧੂੜਿ ਮਾਂਗੈ ਮਨੁ ਮੇਰਾ ॥ ਜਿਨ ਵਿਸਰਹਿ ਨਾਹੀ ਕਾਹੂ ਬੇਰਾ ॥

ਉਹਨਾਂ ਦੀ ਚਰਨ-ਧੂੜੀ ਨੂੰ ਮੇਰਾ ਮਨ ਮੰਗਦਾ ਹੈ। ਜਿਨ੍ਹਾਂ ਨੂੰ ਤੂੰ ਕਿਸੀ ਵੇਲੇ ਭੀ ਨਹੀਂ ਭੁੱਲਦਾ।

ਤਿਨ ਕੈ ਸੰਗਿ ਪਰਮ ਪਦੁ ਪਾਈ ਸਦਾ ਸੰਗਤਿ ਹਰਿ ਨਾਲਕਾ ॥ ੧੩ ॥

ਹੇ ਹਰੀ ! ਜਿਨ੍ਹਾਂ ਦੇ ਨਾਲ ਦਾ ਤੂੰ ਸਦਾ ਸੰਗੀ ਹੈਂ, ਉਹਨਾਂ ਦੇ ਸੰਗ ਕਰ ਕੇ ਪਰਮ ਪਦੁ= ਆਤਮ ਪਦਵੀ ਪਾਈ ਹੈ॥ ੧੩ ॥

ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥

ਓਹੀ ਮੇਰਾ ਪਿਆਰਾ ਸੱਜਣ ਤੇ ਮਿੱਤਰ ਹੈ। ਜੇਹੜਾ ਇਕ ਵਾਹਿਗੁਰੂ ਨਾਮ ਨੂੰ ਦ੍ਰਿੜ੍ਹਾਉਂਦਾ ਹੈ ਅਤੇ ਦੁਰ-ਮਤਿ= ਖੋਟੀ ਬੁੱਧੀ ਨੂੰ ਨਾਸ ਕਰਦਾ ਹੈ।

ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥ ੧੪ ॥

ਕਾਮ, ਕਰੋਧ, ਹੰਕਾਰ ਆਦਿਕਾਂ ਨੂੰ ਜੋ ਤਜਾਏ= ਤਿਆਗਦਾ ਹੈ, ਉਸ ਗੁਰਮੁਖ ਜਨ ਦਾ ਉਪਦੇਸ਼ ਨਿਰਮਾਲਕਾ= ਨਿਰਮਲ ਹੈ। ਜਾਂ ਜਗਿਆਸੂ ਦੇ ਮਨ ਨੂੰ ਨਿਰਮਲ ਕਰਦਾ ਹੈ।

ਅਥਵਾ :— ਨਿਰ= ਵਿਸ਼ੇਸ਼ ਕਰ ਕੇ ਮਾਲਕਾ= ਮਾਲਕ ਪ੍ਰਭੂ ਦਾ ਉਪਦੇਸ਼ ਜਿਸ ਜਨ ਨੂੰ ਪਰਾਪਤ ਹੋਇਆ ਹੈ, ਉਸ ਨੇ ਕਾਮ, ਕਰੋਧ, ਹੰਕਾਰ ਆਦਿਕਾਂ ਨੂੰ ਤਜਾਏ= ਤਿਆਗਣਾ ਕੀਤਾ ਹੈ॥ ੧੪ ॥

ਤੁਧੁ ਵਿਣੁ ਨਾਹੀ ਕੋਈ ਮੇਰਾ ॥ ਗੁਰਿ ਪਕੜਾਏ ਪ੍ਰਭ ਕੇ ਪੈਰਾ ॥

ਹੇ ਪ੍ਰਭੂ ! ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ ਹੈ। ਹੇ ਪ੍ਰਭੂ ! ਆਪ ਜੀ ਦੇ ਪਵਿੱਤਰ ਚਰਨ ਗੁਰਾਂ ਨੇ ਮੈਨੂੰ ਫੜਾਏ ਹਨ।

ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ ॥ ੧੫ ॥

ਹਉ= ਮੈਂ ਪੂਰਿਆਂ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਅਨਾਲਕਾ= ਭਿੰਨ ਕਰਨ ਵਾਲਾ,

ਵਾ :- ਅਨਾਦੀ ਕਾਲ ਦਾ ਭਰਮ ਕੱਟ ਦਿੱਤਾ ਹੈ॥ ੧੫ ॥

ਸਾਸਿ ਸਾਸਿ ਪ੍ਰਭੁ ਬਿਸਰੈ ਨਾਹੀ ॥ ਆਠ ਪਹਰ ਹਰਿ ਹਰਿ ਕਉ ਧਿਆਈ ॥

ਹੇ ਪ੍ਰਭੂ ! ਏਹ ਕਿਰਪਾ ਕਰ, ਸ੍ਵਾਸ-ਸ੍ਵਾਸ ਆਪ ਜੀ ਦਾ ਨਾਮ ਮੈਨੂੰ ਭੁੱਲੇ ਨਾ। ਹੇ ਹਰਿ ਹਰਿ ! ਮੈਂ ਅੱਠੇ ਪਹਿਰ ਆਪ ਜੀ ਨੂੰ ਧਿਆਉਂਦਾ ਰਹਾਂ।

ਨਾਨਕ ਸੰਤ ਤੇਰੈ ਰੰਗਿ ਰਾਤੇ ਤੂ ਸਮਰਥੁ ਵਡਾਲਕਾ ॥ ੧੬ ॥ ੪ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ- ਹੇ ਪ੍ਰਭੂ ! ਤੂੰ ਸਰਬ ਕਲਾਂ ਸਮਰੱਥ ਹੈਂ ਅਤੇ ਸਾਰਿਆਂ ਤੋਂ ਵਡਾਲਕਾ=

ਵੱਡਾ ਹੈਂ, ਇਸ ਲਈ ਤੇਰੇ ਸੰਤ ਤੇਰੇ ਹੀ ਰੰਗਿ= ਪ੍ਰੇਮ ਵਿਚ ਰਤੇ ਰਹਿੰਦੇ ਹਨ॥ ੧੬॥ ੪॥ ੧੩॥

ਮਾਰੂ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਚਰਨ ਕਮਲ ਹਿਰਦੈ ਨਿਤ ਧਾਰੀ॥ ਗੁਰੁ ਪੂਰਾ ਖਿਨੁ ਖਿਨੁ ਨਮਸਕਾਰੀ॥

ਹੇ ਭਾਈ ! ਤੂੰ ਨਿਤਾ ਪ੍ਰਤੀ ਹਿਰਦੇ ਵਿਚ ਚਰਨ-ਕੰਵਲਾਂ ਦੇ ਧਿਆਨ ਨੂੰ ਧਾਰਨਾ ਕਰ। ਜਿਵੇਂ ਗੁਰਮੁਖਾਂ ਨੇ ਹਿਰਦੇ ਵਿਚ ਚਰਨ-ਕਮਲਾਂ ਦੀ ਪਰੀਤੀ ਧਾਰੀ ਹੋਈ ਹੈ। ਖਿਨ ਖਿਨ ਕਾਲ ਪੂਰਿਆਂ ਗੁਰਾਂ ਨੂੰ ਨਮਸਕਾਰ ਕਰ।

ਤਨੁ ਮਨੁ ਅਰਪਿ ਧਰੀ ਸਭੁ ਆਗੈ ਜਗ ਮਹਿ ਨਾਮੁ ਸੁਹਾਵਣਾ॥ ੧॥

ਗੁਰਾਂ ਅੱਗੇ ਤਨ ਮਨ ਆਦਿਕ ਸਭ ਕੁਝ ਧਰ ਕੇ ਅਰਪਣ ਕਰ ਦੇ ਤਾਂ ਜਗਤ ਵਿਚ ਤੇਰਾ ਨਾਮ ਸ਼ੋਭਾ ਵਾਲਾ ਹੋਵੇਗਾ॥ ੧॥

ਸੋ ਠਾਕੁਰੁ ਕਿਉ ਮਨਹੁ ਵਿਸਾਰੇ॥ ਜੀਉ ਪਿੰਡੁ ਦੇ ਸਾਜਿ ਸਵਾਰੇ॥

ਉਸ ਠਾਕੁਰ= ਸੁਆਮੀ ਨੂੰ ਮਨ ਵਿਚੋਂ ਕਿਉਂ ਭੁਲਾਉਂਦਾ ਹੈਂ? ਜਿਸ ਨੇ ਪੰਜਾਂ ਤੱਤਾਂ ਨੂੰ ਸਾਜ ਕੇ ਤੇਰੇ ਪਿੰਡੁ= ਸਰੀਰ ਨੂੰ ਸਵਾਰੇ= ਬਣਾਇਆ ਹੈ ਤੇ ਵਿਚ ਜੀਵਾਤਮਾ ਪਾ ਦਿੱਤਾ ਹੈ।

ਸਾਸਿ ਗਰਾਸਿ ਸਮਾਲੇ ਕਰਤਾ ਕੀਤਾ ਅਪਣਾ ਪਾਵਣਾ॥ ੨॥

ਉਹ ਕਰਤਾ ਪੁਰਖ ਪਰਮਾਤਮਾ ਸ੍ਵਾਸ-ਸ੍ਵਾਸ ਸਭ ਜੀਵਾਂ ਨੂੰ ਸਮ੍ਹਾਲਦਾ ਹੈ ਪਰ ਏਹ ਜੀਵ ਆਪਣੇ ਹੀ ਕੀਤੇ ਕਰਮਾਂ ਦਾ ਫਲ ਪਾਉਣਾ ਕਰਦਾ ਹੈ॥ ੨॥

ਜਾ ਤੇ ਬਿਰਥਾ ਕੋਊ ਨਾਹੀ॥ ਆਠ ਪਹਰ ਹਰਿ ਰਖੁ ਮਨ ਮਾਹੀ॥

ਜਾ ਤੇ= ਜਿਸ (ਪਰਮਾਤਮਾ) ਤੋਂ ਕੋਈ ਭੀ ਬਿਰਥਾ= ਖਾਲੀ ਨਹੀਂ ਰਹਿੰਦਾ। ਓਸੇ ਹਰੀ ਨੂੰ ਅੱਠੇ ਪਹਿਰ ਮਨ ਵਿਚ ਚੇਤੇ ਰੱਖ।

[ਪੰਨਾ ੧੦੮੬]

ਸਾਧਸੰਗਿ ਭਜੁ ਅਚੁਤ ਸੁਆਮੀ ਦਰਗਹ ਸੋਭਾ ਪਾਵਣਾ॥ ੩॥

ਸਾਧ ਸੰਗਤ ਵਿਚ ਬੈਠ ਕੇ ਅਚੁਤ= ਅਗਿੜ ਸੁਆਮੀ ਦਾ ਭਜਨ ਕਰ, ਤਾਂ ਹੀ ਪਰਲੋਕ ਦਰਗਾਹ ਵਿਚ ਸ਼ੋਭਾ ਪਾਵੇਂਗਾ॥ ੩॥

ਚਾਰਿ ਪਦਾਰਥ ਅਸਟ ਦਸਾ ਸਿਧਿ॥ ਨਾਮੁ ਨਿਧਾਨੁ ਸਹਜ ਸੁਖੁ ਨਉ ਨਿਧਿ॥

ਚਾਰੇ ਪਦਾਰਥ, ਅਸਟ ਦਸਾ= ਅਠਾਰਾਂ ਸਿਧੀਆਂ ਤੇ ਨੌ ਨਿਧੀਆਂ ਅਤੇ ਸਹਜ= ਅੱਚੁਤ ਸੁਖ ਇਤਿਆਦਿਕ ਸਾਰੇ ਪਦਾਰਥ ਨਾਮ ਰੂਪ ਨਿਧਾਨੁ= ਖਜ਼ਾਨੇ ਵਿਚ ਹਨ।

ਸਰਬ ਕਲਿਆਣ ਜੇ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ ਰਾਵਣਾ॥ ੪॥

ਹੇ ਪੁਰਖ਼ਾ ! ਜੇ ਕਰ ਤੂੰ ਮਨ ਵਿਚ ਸਾਰਿਆਂ ਕਲਿਆਣ= ਸੁਖਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ ਸੰਤਾਂ ਨਾਲ ਮਿਲ ਕੇ ਸੁਆਮੀ ਦੇ ਨਾਮਾਂ ਨੂੰ ਰਾਵਣਾ= ਉਚਾਰਨਾ ਕਰ॥ ੪॥

ਸਾਸਤ ਸਿੰਮ੍ਰਿਤਿ ਬੇਦ ਵਖਾਣੀ॥ ਜਨਮੁ ਪਦਾਰਥੁ ਜੀਤੁ ਪਰਾਣੀ॥

(ਛੇ) ਸ਼ਾਸਤ੍ਰ, (ਸਤਾਈ) ਸਿੰਮ੍ਰਿਤੀਆਂ, (ਚਾਰ) ਵੇਦ ਇਸ ਗੱਲ ਨੂੰ ਕਥਨ ਕਰਦੇ ਹਨ ਕਿ ਹੇ ਪ੍ਰਾਣੀ ! ਤੂੰ ਆਪਣੇ ਜਨਮ-ਪਦਾਰਥ ਨੂੰ ਜਿੱਤ ਲੈ ਭਾਵ ਸਫਲ ਕਰ ਲੈ।

ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ॥ ੫॥

ਗੁਰੂ ਜੀ ਕਥਨ ਕਰਦੇ ਹਨ- ਕਾਮ ਕਰੋਧ ਤੇ ਨਿੰਦਿਆ ਆਦਿਕਾਂ ਨੂੰ ਪਰਹਰੀਐ= ਤਿਆਗਣਾ ਕਰ ਅਤੇ ਰਸਨਾ ਨਾਲ ਹਰੀ ਜਸ ਨੂੰ ਗਾਉਣਾ ਕਰ॥ ੫॥

ਜਿਸੁ ਰੂਪੁ ਨ ਰੇਖਿਆ ਕੁਲੁ ਨਹੀ ਜਾਤੀ॥ ਪੂਰਨ ਪੂਰਿ ਰਹਿਆ ਦਿਨੁ ਰਾਤੀ॥

ਜਿਸ ਦਾ ਕੋਈ ਰੂਪ ਰੇਖ ਨਹੀਂ ਅਤੇ ਕੁਲ, ਜ਼ਾਤੀ ਭੀ ਨਹੀਂ ਹੈ। ਉਹ ਪੂਰਨ= ਪਰਮਾਤਮਾ ਦਿਨ ਰਾਤ ਸਾਰੇ ਜਗਤ ਵਿਚ ਪਰੀਪੂਰਨ ਹੋ ਰਿਹਾ ਹੈ।

ਜੋ ਜੋ ਜਪੈ ਸੋਈ ਵਡਭਾਗੀ ਬਹੁੜਿ ਨ ਜੋਨੀ ਪਾਵਣਾ॥ ੬॥

ਜੋ ਜੋ ਪੁਰਸ਼ ਉਸ ਪ੍ਰਭੂ ਨੂੰ ਜਪਦਾ ਹੈ ਓਹੀ ਵਡਿਆਂ ਭਾਗਾਂ ਵਾਲਾ ਹੈ, ਉਸ ਨੂੰ ਫਿਰ ਚੁਰਾਸੀ ਲੱਖ ਜੂਨਾਂ ਵਿਚ ਨਹੀਂ ਪਾਉਂਦਾ॥ ੬॥

ਜਿਸ ਨੋ ਬਿਸਰੈ ਪੁਰਖੁ ਬਿਧਾਤਾ॥ ਜਲਤਾ ਫਿਰੈ ਰਹੈ ਨਿਤ ਤਾਤਾ॥

ਉਹ ਬਿਧਾਤਾ= ਫਲ ਬਰ ਦਾਤਾ (ਅਕਾਲ) ਪੁਰਖ ਜਿਸ ਨੂੰ ਭੁੱਲ ਜਾਂਦਾ ਹੈ। ਉਹ ਜਲਤਾ= ਸੜਦਾ ਫਿਰਦਾ ਹੈ ਤੇ ਨਿਤਾਪ੍ਰਤੀ ਤਾਤਾ= ਦੁਖੀ ਰਹਿੰਦਾ ਹੈ।

ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ॥ ੭॥

ਅਕਿਰਤਘਣਾਂ ਨੂੰ ਕੋਈ ਨਹੀਂ ਰੱਖਦਾ, ਸਗੋਂ ਉਹਨਾਂ ਨੂੰ ਘੋਰ= ਕੁੰਭੀ ਨਰਕ ਵਿਚ ਪਾਉਂਦਾ ਕਰਦਾ ਹੈ॥੭॥

ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ॥
ਮਾਤ ਗਰਭ ਮਹਿ ਰਾਖਿ ਨਿਵਾਜਿਆ॥

ਜਿਸ ਪਰਮੇਸ਼ਰ ਨੇ ਜੀਅ, ਪਰਾਣ ਅਤੇ ਤਨ ਧਨ ਆਦਿਕਾਂ ਸਾਜਿਆ ਹੈ। ਫੇਰ ਮਾਂ ਦੇ ਗਰਭ ਵਿਚ ਰੱਖ ਕੇ ਜਿਸ ਨੇ ਨਿਵਾਜਿਆ= ਵਡਿਆਇਆ ਹੈ।

ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨ ਲਾਵਣਾ॥ ੮॥

ਉਸ ਪ੍ਰਭੂ ਨਾਲ ਪ੍ਰੀਤੀ ਕਰਨੀ ਛੱਡ ਕੇ ਅਨ ਰਾਤਾ= ਹੋਰਨਾਂ ਨਾਲ ਤਦਾਕਾਰ ਹੋ ਕੇ ਪਰੀਤੀ ਕਰਦਾ ਹੈ, ਇਸ ਲਈ ਉਸ ਦਾ ਕੰਮ ਕਿਸੇ ਸਿਰੇ ਨਹੀਂ ਲੱਗਦਾ ਭਾਵ ਕੋਈ ਕੰਮ ਪੂਰਾ ਨਹੀਂ ਹੁੰਦਾ॥ ੮॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ॥ ਘਟਿ ਘਟਿ ਵਸਹਿ ਸਭਨ ਕੈ ਨੇਰੇ॥

ਇਸ ਤਰ੍ਹਾਂ ਬੇਨਤੀ ਕਰੋ-ਹੇ ਮੇਰੇ ਸੁਆਮੀ ! ਆਪ ਮੇਰੇ ਉਤੇ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ। ਤੂੰ ਹੀ ਘਟਾਂ ਘਟਾਂ ਵਿਚ ਸਾਰਿਆਂ ਦੇ ਨੇੜੇ ਵੱਸਦਾ ਹੈਂ।

ਹਾਥਿ ਹਮਾਰੈ ਕਛੂਐ ਨਾਹੀ ਜਿਸੁ ਜਣਾਇਹਿ ਤਿਸੈ ਜਣਾਵਣਾ ॥ ੯ ॥

ਸਾਡੇ ਹੱਥ ਵਿਚ ਕੁਝ ਭੀ ਨਹੀਂ ਹੈ, ਜਿਸ ਨੂੰ ਆਪ ਜਣਾਉਣਾ ਚਾਹੁੰਦੇ ਹੋ ਓਸੇ ਨੂੰ ਆਪ ਜਣਾਉਂਦੇ ਹੋ। ਵਾ :- ਜਿਸ ਨੂੰ ਆਪ ਜਣਾਉਂਦੇ ਹੋ ਉਸ ਨੇ ਅੱਗੇ ਹੋਰਨਾਂ ਸੇਵਕਾਂ ਨੂੰ ਜਣਾਉਣਾ ਕੀਤਾ ਹੈ॥ ੯ ॥

ਜਾ ਕੈ ਮਸਤਕਿ ਧੁਰਿ ਲਿਖਿ ਪਾਇਆ ॥ ਤਿਸ ਹੀ ਪੁਰਖ ਨ ਵਿਆਪੈ ਮਾਇਆ ॥

ਜਿਸ ਦੇ ਮੱਥੇ 'ਤੇ ਧੁਰ ਤੋਂ ਸ਼ੁਭ ਲੇਖ ਲਿਖ ਪਾਇਆ ਹੈ। ਉਸ ਪੁਰਖ ਨੂੰ ਕਦੇ ਮਾਇਆ ਨਹੀਂ ਵਿਆਪੈ= ਛੁੰਹਦੀ।

ਨਾਨਕ ਦਾਸ ਸਦਾ ਸਰਣਾਈ ਦੂਸਰ ਲਵੈ ਨ ਲਾਵਣਾ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ- ਮੈਂ ਦਾਸ ਹਮੇਸ਼ਾਂ ਆਪ ਜੀ ਦੀ ਸ਼ਰਨ ਵਿਚ ਰਹਿੰਦਾ ਹਾਂ, ਆਪ ਜੀ ਦੇ ਲਵੈ= ਸਦਰਸ (ਬਰਾਬਰ) ਹੋਰ ਕੋਈ ਦੂਜਾ ਲਗਦਾ ਨਹੀਂ ਹੈ॥ ੧੦ ॥

ਆਗਿਆ ਦੂਖ ਸੂਖ ਸਭਿ ਕੀਨੇ ॥ ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥

ਤੁਸੀਂ ਆਪਣੀ ਆਗਿਆ ਵਿਚ ਹੀ ਸਾਰੇ ਦੁੱਖ ਸੁਖ ਖੜੇ ਕੀਤੇ ਹਨ। ਆਪ ਜੀ ਦੇ ਨਾਮ-ਅੰਮ੍ਰਿਤ ਨੂੰ ਕਿਸੇ ਵਿਰਲੇ ਨੇ ਹੀ ਚੀਨੇ= ਜਾਣਿਆ ਹੈ।

ਤਾ ਕੀ ਕੀਮਤਿ ਕਹਣੁ ਨ ਜਾਈ ਜਤ ਕਤ ਓਹੀ ਸਮਾਵਣਾ ॥ ੧੧ ॥

ਉਸ ਪ੍ਰਭੂ ਦੀ ਕੀਮਤ ਕਥਨ ਨਹੀਂ ਕੀਤੀ ਜਾਂਦੀ, ਜਿਥੇ ਕਿਥੇ ਭਾਵ ਹਰ ਜਗ੍ਹਾ ਵਿਚ ਉਹ ਪ੍ਰਭੂ ਹੀ ਸਮਾ ਰਿਹਾ ਹੈ॥ ੧੧ ॥

ਸੋਈ ਭਗਤੁ ਸੋਈ ਵਡ ਦਾਤਾ ॥ ਸੋਈ ਪੂਰਨ ਪੁਰਖੁ ਬਿਧਾਤਾ ॥
ਬਾਲ ਸਹਾਈ ਸੋਈ ਤੇਰਾ ਜੋ ਤੇਰੈ ਮਨਿ ਭਾਵਣਾ ॥ ੧੨ ॥

ਹੇ ਬਾਲ ਸਹਾਈ= ਬਾਲਕ ਅਵਸਥਾ ਤੋਂ ਹੀ ਸਹਾਇਤਾ ਕਰਨ ਵਾਲੇ ਬਿਧਾਤਾ= ਫਲਬਰ ਦਾਤੇ ਅਕਾਲ ਪੁਰਖ ! ਜੋ ਤੇਰੈ ਮਨਿ ਭਾਵਣਾ= ਜੋ ਪੁਰਸ਼ ਆਪ ਦੇ ਮਨ ਵਿਚ ਭਾਉਂਦਾ ਹੈ ਓਹੀ ਆਪ ਜੀ ਦਾ ਅਸਲ ਭਗਤ ਹੈ, ਓਹ ਸਾਰਿਆਂ ਤੋਂ ਵੱਡਾ ਦਾਤਾ ਅਤੇ ਉਹ ਸ਼ੁਭ ਗੁਣਾਂ ਕਰ ਕੇ ਪੂਰਨ ਪੁਰਖ ਹੈ॥ ੧੨ ॥

ਅਥਵਾ :- ਉਹ ਪ੍ਰਭੂ ਹੀ ਬਾਲਕ ਅਵਸਥਾ ਤੋਂ ਤੇਰਾ ਸਹਾਈ ਹੈ। ਜੋ ਤੇਰੇ ਮਨ ਦੀਆਂ ਭਾਵਨਾਂ ਪੂਰੀਆਂ ਕਰਦਾ ਹੈ।

ਮਿਰਤੁ ਦੂਖ ਸੂਖ ਲਿਖਿ ਪਾਏ ॥ ਤਿਲੁ ਨਹੀ ਬਧਹਿ ਘਟਹਿ ਨ ਘਟਾਏ ॥

ਜੀਵਾਂ ਦੇ ਮੱਥੇ 'ਤੇ ਪ੍ਰਭੂ ਨੇ ਜੋ ਭੀ ਜੰਮਣਾ ਮਰਨਾ ਤੇ ਦੁੱਖ ਸੁਖ ਲਿਖ ਪਾਇਆ ਹੈ। ਉਸ ਤੋਂ ਤਿਲ ਜਿੰਨਾਂ ਵਧ ਨਹੀਂ ਸਕਦਾ, ਨਾ ਹੀ ਕਿਸੇ ਦਾ ਘਟਾਇਆ ਘਟ ਸਕਦਾ ਹੈ।

ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ ਵਞਾਵਣਾ ॥ ੧੩ ॥

ਜੋ ਕਰਤੇ ਪੁਰਖ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ, ਮੂੰਹੋਂ ਕੁਝ ਕਹਿ ਕੇ ਤਾਂ ਆਪਣੇ ਆਪ ਨੂੰ ਵਞਾਵਣਾ= ਖਰਾਬ ਹੀ ਕਰਨਾ ਹੈ॥ ੧੩ ॥

ਅੰਧ ਕੂਪ ਤੇ ਸੇਈ ਕਾਢੇ॥ ਜਨਮ ਜਨਮ ਕੇ ਟੂਟੇ ਗਾਂਢੇ॥

ਅੰਨ੍ਹੇ ਖੂਹ (ਸੰਸਾਰ) ਵਿਚੋਂ ਓਹੀ ਪੁਰਸ਼ ਕੱਢੇ ਹਨ ਅਤੇ ਜਨਮਾਂ ਜਨਮਾਂ ਦੇ ਟੂਟੇ= ਵਿਛੜਿਆਂ ਹੋਇਆਂ ਨੂੰ ਆਪਣੇ ਨਾਲ ਗਾਂਢੇ= ਮੇਲ ਲਿਆ ਹੈ।

ਕਿਰਪਾ ਧਾਰਿ ਰਖੇ ਕਰਿ ਅਪੁਨੇ ਮਿਲਿ ਸਾਧੂ ਗੋਬਿੰਦੁ ਧਿਆਵਣਾ॥ ੧੪॥

ਜਿਨ੍ਹਾਂ ਨੇ ਸੰਤਾਂ ਨਾਲ ਮਿਲ ਕੇ ਗੋਬਿੰਦ ਨਾਮ ਨੂੰ ਧਿਆਉਣਾ ਕੀਤਾ ਹੈ, ਉਹਨਾਂ ਨੂੰ ਆਪਣੇ ਸੇਵਕ ਬਣਾ ਕੇ ਕਿਰਪਾ ਦ੍ਰਿਸ਼ਟੀ ਧਾਰ ਕੇ ਦੁੱਖਾਂ ਤੋਂ ਰੱਖ ਲਿਆ ਹੈ॥ ੧੪॥

ਤੇਰੀ ਕੀਮਤਿ ਕਹਣੁ ਨ ਜਾਈ॥ ਅਚਰਜ ਰੂਪੁ ਵਡੀ ਵਡਿਆਈ॥

ਹੇ ਪ੍ਰਭੂ ! ਆਪ ਜੀ ਦੀ ਕੀਮਤਿ= ਉਪਮਾ ਕਹੀ ਨਹੀਂ ਜਾਂਦੀ। ਆਪ ਜੀ ਦਾ ਅਸਚਰਜ ਰੂਪ ਹੈ ਤੇ ਸਭ ਨਾਲੋਂ ਆਪ ਜੀ ਦੀ ਵਡਿਆਈ ਵੱਡੀ ਹੈ

ਭਗਤਿ ਦਾਨੁ ਮੰਗੈ ਜਨੁ ਤੇਰਾ

ਨਾਨਕ ਬਲਿ ਬਲਿ ਜਾਵਣਾ॥ ੧੫॥ ੧॥ ੧੪॥ ੨੨॥ ੨੪॥ ੨॥ ੧੪॥ ੬੨॥

ਗੁਰੂ ਜੀ ਕਥਨ ਕਰਦੇ ਹਨ- ਮੈਂ ਤੇਰਾ ਸੇਵਕ ਜਨ ਭਗਤੀ ਦਾ ਦਾਨ ਮੰਗਦਾ ਹਾਂ ਅਤੇ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧੫॥ ੧॥ ੧੪॥ ੨੨॥ ੨੪॥ ੨॥ ੧੪॥ ੬੨॥

ਇਸ ਸੋਲਹੇ ਦੀਆ ੧੫ ਪੌੜੀਆਂ ਆਈਆਂ ਹਨ ਇਸ ਕਰ ਕੇ ਪਹਿਲੇ ੧੫ ਅੰਕ ਲਿਖਿਆ ਹੈ। ਇਹ ਮਾਰੂ ਸੋਲਹਾ ਇਕ ਵੱਖਰਾ ਉਚਾਰਿਆ ਹੈ ਇਸ ਕਰ ਕੇ ੧ ਅੰਕ ਲਿਖਿਆ ਹੈ। ਚੌਦਾਂ ਮਾਰੂ ਸੋਲਹੇ ਗੁਰੂ ਅਰਜਨ ਸਾਹਿਬ ਜੀ ਨੇ ਕੁਲ ਉਚਾਰੇ ਹਨ ਇਸ ਕਰਕੇ ੧੪ ਅੰਕ ਲਿਖਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇਂ ੨੨ ਮਾਰੂ ਸੋਲਹੇ ਉਚਾਰੇ ਹਨ, ਇਸ ਕਰ ਕੇ ੨੨ ਅੰਕ ਲਿਖਿਆ ਹੈ।

ਸ੍ਰੀ ਗੁਰੂ ਅਮਰ ਦਾਸ ਜੀ ਨੇ ੨੪ ਮਾਰੂ ਸੋਲਹੇ ਉਚਾਰੇ ਹਨ, ਇਸ ਕਰ ਕੇ ੨੪ ਅੰਕ ਲਿਖਿਆ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ੨ ਮਾਰੂ ਸੋਲਹੇ ਉਚਾਰੇ ਹਨ, ਇਸ ਕਰ ਕੇ ੨ ਅੰਕ ਲਿਖਿਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੪ ਮਾਰੂ ਸੋਲਹੇ ਉਚਾਰੇ ਹਨ ਇਸ ਕਰ ਕੇ ੧੪ ਅੰਕ ਲਿਖਿਆ ਹੈ। ਇਹਨਾਂ ਸਾਰਿਆਂ ਸੋਲਹਿਆਂ ਦਾ ਜੋੜ ਕੁਲ ੬੨ ਅੰਕ ਲਿਖਿਆ ਹੈ। ੨੨+੨੪+੨+੧੪= ੬੨

ਮਾਰੂ ਵਾਰ ਮਹਲਾ ੩ ੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਅਮਰਦਾਸ ਜੀ ਮਾਰੂ ਰਾਗ ਵਿਚ ਪਹਿਲੀ ਵਾਰ ਉਚਾਰਨ ਕਰਦੇ ਹਨ। ਨਿਯਮ ਨਾਲ ਇਸ ਵਾਰ ਵਿਚ ਪਉੜੀਆਂ ਤੀਜੇ ਪਾਤਸ਼ਾਹ ਜੀ ਦੀਆਂ ਆਉਣਗੀਆਂ ਤੇ ਸਲੋਕ ਸਾਂਝੇ ਆਉਣਗੇ।

ਪਹਿਲੇ ਸਲੋਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਨ-ਅਧਿਕਾਰੀ ਤੇ ਅਧਿਕਾਰੀ ਦਾ ਪ੍ਰਸੰਗ ਸੁਣਾਉਂਦੇ ਹਨ। ਅਧਿਕਾਰੀ ਨੂੰ ਦਿੱਤਾ ਹੋਇਆ ਉਪਦੇਸ਼ ਸਫਲ ਹੈ ਤੇ ਅਨ-ਅਧਿਕਾਰੀ ਨੂੰ ਦਿੱਤਾ ਉਪਦੇਸ਼ ਨਿਸ਼ਫਲ ਹੈ।

ਸਲੋਕੁ ਮਃ ੧॥ ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥

ਜਿਵੇਂ:- ਗਾਹਕ ਤੋਂ ਬਿਨਾਂ ਗੁਣਾਂ ਨੂੰ ਵੇਚੀਏ ਤਾਂ ਗੁਣ ਸਹਘੋ= ਸਸਤਾ ਜਾਇ= ਜਾਂਦਾ ਹੈ। ਤਿਵੇਂ ਜੋ ਸ਼ਰਧਾ ਹੀਣ ਪੁਰਸ਼ ਹੈ, ਉਸ ਦੇ ਪਾਸ ਉਪਦੇਸ਼ ਰੂਪ ਗੁਣ ਨੂੰ ਵੇਚੀਏ ਤਾਂ ਉਹ ਉਪਦੇਸ਼ ਰੂਪ ਗੁਣ ਸਹਘੋ=

ਸਸਤਾ (ਚਲਿਆ) ਜਾਇ= ਜਾਂਦਾ ਹੈ।

[ਪੰਨਾ ੧੦੮੭]

ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥

ਜੇਕਰ ਗੁਣਾਂ ਦਾ ਗਾਹਕ ਮਿਲ ਜਾਵੇ ਤਾਂ ਓਹੀ ਗੁਣ ਲੱਖਾਂ ਦਾ ਹੋ ਕੇ ਵਿਕਦਾ ਹੈ। ਇਸੀ ਪ੍ਰਕਾਰ ਜੇਕਰ ਸ਼ਰਧਾਲੂ ਜਗਿਆਸੂ ਮਿਲ ਜਾਵੇ, ਤਾਂ ਓਹੀ ਉਪਦੇਸ਼ ਰੂਪ ਗੁਣ ਲੱਖਾਂ ਦਾ ਹੋ ਕੇ ਵਿਕਦਾ ਹੈ ਭਾਵ ਜਗਿਆਸੂ ਆਪਣਾ ਸਿਰ ਦੇਂਦਾ ਹੈ ਤਾਂ ਹੀ ਉਸ ਨੂੰ ਉਪਦੇਸ਼ ਮਿਲਦਾ ਹੈ।

ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ॥

ਜਿਹੜੇ ਸ਼ੁਭ ਗੁਣ ਸਤਿਗੁਰਾਂ ਦੇ ਹਿਰਦੇ ਵਿਚ ਸਮਾ ਰਹੇ ਹਨ ਉਹ ਸ਼ੁਭ ਗੁਣ ਤਾਂ ਮਿਲਦੇ ਹਨ, ਜੇ ਸ਼ਰਧਾ ਆਦਿਕ ਗੁਣ ਪਾਈਏ। *ਅਥਵਾ :—* ਜੇ ਸਤਿਗੁਰਾਂ ਦਾ ਉਪਦੇਸ਼ ਹਿਰਦੇ ਵਿਚ ਸਮਾਵੇ ਤਾਂ ਸਾਧਨਾਂ ਰੂਪ ਗੁਣਾਂ ਨਾਲ ਮਿਲ ਕੇ ਗਿਆਨ ਗੁਣ ਪਾਈਦਾ ਹੈ।

ਮੋਲਿ ਅਮੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ॥

ਉਹ ਗੁਣ ਮੁੱਲ ਤੋਂ ਅਮੋਲੁ= ਰਹਿਤ ਹਨ, ਬਾਹਜ (ਪ੍ਰਤਖ) ਧਨ ਕਰ ਕੇ ਨਹੀਂ ਪਾਏ ਜਾਂਦੇ।

*ਯਥਾ :-*ਕੰਚਨ ਸਿਉ ਪਾਈਐ ਨਹੀ ਤੋਲਿ॥ *(ਕਬੀਰ ਜੀ, ਪੰਨਾ ੩੨੭)*

ਨਾ ਹੀ ਕਿਸੇ ਪ੍ਰਤੱਖ ਹੱਟੀ ਤੋਂ ਮੁੱਲ ਲੀਤੇ ਜਾਂਦੇ ਹਨ। *ਵਾ :-* ਐਸੀ ਕੋਈ ਹੱਟੀ ਨਹੀਂ ਜਿਥੋਂ ਮੁੱਲ ਲੀਤੇ ਜਾਣ।

ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ॥ ੧॥

ਸਤਿਗੁਰਾਂ ਦਾ ਤੋਲੁ= ਵਿਚਾਰ ਰੂਪ ਵੱਟਾ ਪੂਰਾ ਹੈ, ਜੋ ਕਦੇ ਵੀ ਘੱਟ ਨਹੀਂ ਹੁੰਦਾ ॥ ੧॥

ਮਃ ੪॥ ਨਾਮ ਵਿਹੂਣੇ ਭਰਮ ਸਹਿ ਆਵਹਿ ਨੀਤ॥

ਜੋ ਪੁਰਸ਼ ਨਾਮ ਤੋਂ ਬਿਨਾਂ ਭਰਮ ਦੇ ਸਹਿਤ ਹਨ, ਉਹ ਨਿਤਾਪ੍ਰਤੀ ਸੰਸਾਰ ਵਿਚ ਆਉਂਦੇ ਜਾਂਦੇ ਹਨ।

ਇਕਿ ਬਾਂਧੇ ਇਕਿ ਢੀਲਿਆ ਇਕਿ ਸੁਖੀਏ ਹਰਿ ਪ੍ਰੀਤਿ॥

ਦ੍ਰਿਸ਼ਟਾਂਤ:-ਜਿਵੇਂ ਮੌਲੀ ਨੂੰ ਜਿਸ ਜਗ੍ਹਾ ਤੋਂ ਘੁੱਟਕੇ ਬੰਨ੍ਹਦੇ ਹਨ ਉਸ ਜਗ੍ਹਾ ਰੰਗ ਬਿਲਕੁਲ ਨਹੀਂ ਚੜ੍ਹਦਾ, ਜਿਥੇ ਢਿੱਲੀ ਬੰਨ੍ਹਦੇ ਹਨ ਉਹ ਡੱਬ-ਖੜੱਬੀ ਹੋ ਜਾਂਦੀ ਹੈ ਤੇ ਜਿਹੜੀ ਜਗ੍ਹਾ ਨਹੀਂ ਬੰਨ੍ਹਦੇ ਉਸ ਜਗ੍ਹਾ ਬੜਾ ਸੋਹਣਾ ਰੰਗ ਚੜ੍ਹਦਾ ਹੈ।

ਇਸੇ ਤਰ੍ਹਾਂ ਇਕ ਅਗਿਆਨੀ ਪੁਰਸ਼ ਮਾਇਆ ਦੇ ਮੋਹ ਵਿਚ ਚੰਗੀ ਤਰ੍ਹਾਂ ਬਧੇ ਹੋਏ ਹਨ, ਇਸ ਕਰ ਕੇ ਉਹਨਾਂ ਨੂੰ ਨਾਮ ਦਾ ਰੰਗ ਨਹੀਂ ਚੜ੍ਹਦਾ ਤੇ ਇਕ ਜਗਿਆਸੂ ਢਿੱਲੇ ਹਨ ਜਿਨ੍ਹਾਂ ਨੂੰ ਦੋਵੇਂ ਅਨੰਦ ਆ ਰਹੇ ਹਨ ਅਤੇ ਇਕ ਗਿਆਨਵਾਨ ਹਰੀ ਵਿਚ ਪ੍ਰੀਤੀ ਕਰ ਕੇ ਸੁਖੀ ਹਨ।

ਨਾਨਕ ਸਚਾ ਮੰਨਿ ਲੈ ਸਚੁ ਕਰਣੀ ਸਚੁ ਰੀਤਿ॥ ੨॥

ਗੁਰੂ ਜੀ ਕਥਨ ਕਰਦੇ ਹਨ- ਹੇ ਭਾਈ ! ਸੱਚੇ ਨਾਮ ਨੂੰ ਮੰਨ ਲੈਣਾ ਕਰ, ਜੋ ਸੱਚੀ ਭਗਤੀ ਰੂਪ ਕਰਣੀ ਹੈ ਏਹੋ ਇਕ ਸੱਚੀ ਰੀਤੀ ਹੈ। *ਵਾ :-* ਏਹੋ ਸੱਚ ਦੇ ਪਾਉਣ ਦੀ ਰੀਤੀ ਹੈ॥ ੨॥

ਪਉੜੀ ॥ ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥

ਗੁਰਾਂ ਦੇ ਪਾਸੋਂ ਗਿਆਨ ਨੂੰ ਅਸੀਂ ਪਾਇਆ ਹੈ, ਜੋ ਗਿਆਨ ਅਤਿਅੰਤ ਕਰਾਰਾ= ਕਰੜਾ (ਤਕੜਾ) ਖੜਗੁ= ਖੰਡਾ ਹੈ।

ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥

ਜਿਸ ਗਿਆਨ ਰੂਪ ਖੰਡੇ ਨਾਲ ਅਸੀਂ ਦ੍ਵੈਤ ਭਾਵ ਤੇ ਭਰਮ ਰੂਪ ਕਿਲ੍ਹੇ ਨੂੰ ਤੋੜਿਆ ਹੈ ਅਤੇ ਮੋਹ, ਲੋਭ ਹੰਕਾਰ ਨੂੰ ਕੱਟਿਆ ਹੈ।

ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥

ਗੁਰਾਂ ਦੇ ਸ਼ਬਦ ਦੀ ਵਿਚਾਰ ਕਰਨ ਨਾਲ ਮਨ ਵਿਚ ਹਰੀ ਦਾ ਨਾਮ ਵਸ ਗਿਆ ਹੈ।

ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥

ਸੱਚੇ ਸੰਜਮ ਕਰ ਕੇ ਉੱਤਮ ਮਤੀ ਹੋਈ ਹੈ ਤੇ ਹਰੀ ਦਾ ਨਾਮ ਪਿਆਰਾ ਲੱਗਾ ਹੈ।

ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥ ੧ ॥

ਗੁਰਾਂ ਦੀ ਕਿਰਪਾ ਨਾਲ ਅਸੀਂ ਇਹ ਨਿਸਚੇ ਕੀਤਾ ਹੈ, ਕਿ ਸੱਚ-ਮੁੱਚ ਸਾਰੇ ਸੱਚ ਹੀ ਸੱਚ ਵਰਤਦਾ ਹੈ ਅਤੇ ਉਹ ਸੱਚਾ ਹੀ ਸਭ ਦੇ ਸਿਰਜਣੇ ਵਾਲਾ ਹੈ॥ ੧ ॥

ਸਲੋਕੁ ਮਃ ੩ ॥

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥

ਹੇ ਭਾਈ ! ਗੁਰਾਂ ਦੇ ਸ਼ਬਦ ਵਿਚ ਪਿਆਰ ਧਾਰ ਕੇ ਕੇਦਾਰਾ ਰਾਗ ਨੂੰ ਗਾਇਨ ਕਰੇ, ਤਾਂ ਉਸ ਕੇਦਾਰੇ ਰਾਗ ਦੇ ਵਿਚ ਹੀ ਪਰਮੇਸ਼ਰ ਜਾਣਿਆਂ ਜਾਂਦਾ ਹੈ।

ਜਿਵੇਂ "ਨਰਸੀ ਭਗਤ ਜੀ ਹਮੇਸ਼ਾਂ ਹੀ ਭਗਵਾਨ ਦੀ ਮੂਰਤੀ ਅੱਗੇ ਬੈਠ ਕੇ ਰਾਗ ਗਾਇਨ ਕਰਦੇ ਸਨ। ਜਦ ਕੇਦਾਰਾ ਰਾਗ ਗਾਉਂਦੇ ਸਨ ਤਾਂ ਉਸੇ ਵੇਲੇ ਭਗਵਾਨ ਦੇ ਗਲ ਦਾ ਫੁੱਲਾਂ ਦਾ ਹਾਰ ਆਪੇ ਹੀ ਨਰਸੀ ਭਗਤ ਦੇ ਗਲ ਵਿਚ ਆ ਕੇ ਪੈ ਜਾਂਦਾ ਸੀ।"

ਅਥਵਾ :- ਗੁਰਾਂ ਦੇ ਸ਼ਬਦ ਵਿਚ ਪਿਆਰ ਧਾਰੇ ਤਾਂ ਪੁੱਤਰ ਦੇ ਪ੍ਰੇਮ, ਮੰਦਰ ਦੇ ਪ੍ਰੇਮ, ਪਦਾਰਥਾਂ ਦੇ ਰਾਗਾਂ= ਪ੍ਰੇਮਾਂ ਵਿਚੋਂ ਦਾਰਾ= ਇਸਤ੍ਰੀ ਦੇ ਪ੍ਰੇਮ ਨੂੰ ਕੇ= ਕੀ ਜਾਣੀਏ? ਭਾਵ ਤੁੱਛ ਕਰ ਕੇ ਜਾਣਦਾ ਹੈ।

ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥

ਹਮੇਸ਼ਾਂ ਸਤਸੰਗਤ ਦੇ ਨਾਲ ਮਿਲਦਾ ਰਹੇ ਅਤੇ ਸੱਚ ਨਾਮ ਵਿਚ ਪਿਆਰ ਨੂੰ ਧਾਰੇ।

ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥

ਆਪਣੀ ਪਾਪਾਂ ਰੂਪੀ ਮੈਲ ਨੂੰ ਹਿਰਦੇ ਵਿੱਚੋਂ ਕੱਟਣਾ ਕਰੇ ਤਾਂ ਉਹ ਪੁਰਸ਼ ਆਪਣੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ।

ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ॥

ਸ਼ੁਭ ਗੁਣਾਂ ਦੀ ਰਾਸਿ= ਪੂੰਜੀ ਇਕੱਤ੍ਰ ਕਰਦਾ ਹੈ, ਔਗੁਣਾਂ ਨੂੰ ਵਿਡਾਰਿ= ਮਾਰ ਕੇ ਬਾਹਰ ਕੱਢ ਦੇਂਦਾ ਹੈ।

ਨਾਨਕ ਮਿਲਿਆ ਸੋ ਜਾਣੀਐ
ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ॥ ੧॥

ਗੁਰੂ ਜੀ ਕਥਨ ਕਰਦੇ ਹਨ- ਕਿ ਉਹ ਪੁਰਸ਼ ਪਰਮੇਸ਼ਰ ਨਾਲ ਮਿਲਿਆ ਹੋਇਆ ਜਾਣਨਾ ਕਰੋ, ਜੋ ਆਪਣੇ ਗੁਰਾਂ ਨੂੰ ਛੱਡਦਾ ਨਹੀਂ ਅਤੇ ਦ੍ਵੈਤ ਭਾਵ ਵਿਚ ਪਿਆਰ ਨਹੀਂ ਧਾਰਦਾ॥ ੧॥

ਮਃ ੪॥ ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ॥

ਹੇ ਪਰਮੇਸ਼ਰ ! ਜਿਸ ਵੇਲੇ ਸੰਸਾਰ-ਸਾਗਰ ਵੱਲ ਦੇਖਦੇ ਹਾਂ ਤਾਂ ਡਰ ਮਰਦੇ ਹਾਂ ਕਿ ਕਿਸ ਤਰ੍ਹਾਂ ਤਰਨਾ ਹੋਵੇਗਾ ਪਰ ਜਿਸ ਵੇਲੇ ਤੇਰੇ ਭੈ ਨੂੰ ਧਾਰਦੇ ਹਾਂ ਤਾਂ ਫਿਰ ਸੰਸਾਰ ਦਾ ਡਰ ਨਹੀਂ ਰਹਿੰਦਾ।

ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ॥ ੨॥

ਗੁਰਾਂ ਦੇ ਉਪਦੇਸ਼ ਕਰ ਕੇ ਸੰਤੋਖੀਆਂ ਦਾ ਮਨ ਵਾਹਿਗੁਰੂ ਨਾਮ ਨੂੰ ਜਪ ਕੇ ਅਨੰਦ ਹੁੰਦਾ ਹੈ॥ ੨॥

ਮਃ ੪॥ ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ॥

ਜਿਸ ਵੇਲੇ ਨਾਮ-ਗਿਆਨ ਰੂਪੀ ਬੋਹਿਥੈ= ਜਹਾਜ਼ ਉਤੇ ਚੜ੍ਹ ਕੇ ਪਰਮੇਸ਼ਰ ਵੱਲ ਚਾਲਸਉ= ਚਲਦੇ ਹਨ ਤਾਂ ਸੰਸਾਰ-ਸਮੁੰਦਰ ਤ੍ਰਿਸ਼ਨਾ, ਵਾ :- ਈਰਖਾ ਬਖੀਲੀ ਰੂਪ ਲਹਿਰਾਂ ਦਿੰਦਾ ਹੈ।

ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ॥

ਜੇਕਰ ਸੱਚੇ ਗੁਰੂ (ਰੂਪ ਮਲਾਹ) ਧੀਰਕ ਦੇਇ= ਧੀਰਜ ਦੇਣ ਵਾਲੇ ਹੋਣ ਤਾਂ ਨਾਮ-ਗਿਆਨ ਰੂਪੀ ਜਹਾਜ਼ ਨੂੰ ਠਾਕ ਨ= ਰੁਕਾਵਟ ਨਹੀਂ ਪੈਂਦੀ।

ਜਿਵੇਂ ਕਲਗੀਧਰ ਜੀ ਨੇ ਹੁਸ਼ਿਆਰ ਪੁਰ ਵੇਸ਼ਵਾ ਦੇ ਦਰਵਾਜ਼ੇ ਪਰ ਚੋਬਦਾਰ ਦੇ ਰੂਪ ਵਿਚ ਖਲੋ ਕੇ ਭਾਈ ਜੋਗਾ ਸਿੰਘ ਦੀ ਸਹਾਇਤਾ ਕੀਤੀ ਸੀ।

ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ॥

ਜਿਸ ਦੇ ਗੁਰੂ ਤਾਰਨੇ ਨੂੰ ਸਾਵਧਾਨੁ= ਤਕੜੇ ਦਿੱਸਦੇ ਹਨ, ਉਹ ਜਗਿਆਸੂ ਨੂੰ ਉਸ ਪਰਮੇਸ਼ਰ ਦੇ ਗਿਆਨ- ਦਰਵਾਜ਼ੇ ਪਰ ਲਿਜਾ ਕੇ ਉਤਾਰ ਦਿੰਦੇ ਹਨ।

ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ॥ ੩॥

ਗੁਰੂ ਜੀ ਕਥਨ ਕਰਦੇ ਹਨ- ਗੁਰਾਂ ਦੀ ਨਦਰ ਕਰ ਕੇ ਹੀ ਪਰਮੇਸ਼ਰ ਪਾਈਦਾ ਹੈ ਅਤੇ ਪਰਮੇਸ਼ਰ ਦੀ ਦਰਗਾਹ ਵਿਚ ਮਾਨੁ= ਆਦਰ ਸਹਿਤ ਚਲਦਾ ਹੈ॥ ੩॥

ਪਉੜੀ॥ ਨਿਹਕੰਟਕ ਰਾਜੁ ਭੁੰਚਿ ਤੂੰ ਗੁਰਮੁਖਿ ਸਚੁ ਕਮਾਈ॥

ਹੇ ਭਾਈ ! ਨਿਹਕੰਟਕ= ਦੁੱਖਾਂ ਤੋਂ ਰਹਿਤ ਹੋ ਕੇ ਤੂੰ ਰਾਜ ਨੂੰ ਭੋਗਣਾ ਕਰ ਅਤੇ ਗੁਰਾਂ ਦੁਆਰੇ ਸੱਚੀ

ਕਮਾਈ ਨੂੰ ਕਰ। ਵਾ :- ਗੁਰਾਂ ਦੁਆਰੇ ਸੱਚ ਨਾਮ ਨੂੰ ਕਮਾ ਕੇ ਤੂੰ ਦੁੱਖਾਂ ਤੋਂ ਰਹਿਤ ਰਾਜ ਨੂੰ ਭੋਗਣਾ ਕਰ।

ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ॥

ਜੋ ਸੱਚੇ ਸੰਸਾਰ-ਤਖ਼ਤ 'ਤੇ ਬੈਠਾ ਹੋਇਆ ਜੀਆਂ ਦਾ ਨਿਆਂ ਕਰ ਰਿਹਾ ਹੈ, ਉਸ ਦੀ ਸਤਸੰਗਤ ਦੇ ਮੇਲ ਨਾਲ ਮਿਲਾਉਣਾ ਕਰ। ਵਾ :- ਸਤਸੰਗਤ ਦੇ ਮੇਲ ਨਾਲ ਮਿਲਾ ਕੇ, ਸੱਚੇ ਸਰੂਪ ਤਖਤ 'ਤੇ ਬੈਠ ਕੇ ਜਗਿਆਸੂਆਂ ਦਾ ਨਿਰਣਾ ਕਰ।

ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ॥

ਸੱਚਾ ਉਪਦੇਸ਼ ਲੈ ਕੇ ਹਰੀ ਨੂੰ ਜਪਣਾ ਕਰ ਤਾਂ ਹਰੀ ਨਾਲ ਪ੍ਰੀਤੀ ਬਣ ਆਉਂਦੀ ਹੈ।

ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ॥

ਐਥੈ= ਇਸ ਲੋਕ ਵਿਚ ਸੁਖਦਾਤਾ= ਪਰਮੇਸ਼ਰ ਮਨ ਵਿਚ ਵੱਸੇ ਤਾਂ ਅੰਤ ਨੂੰ ਸਖਾਈ= ਸਹਾਇਤਾ ਕਰਨ ਵਾਲਾ ਹੁੰਦਾ ਹੈ।

ਹਰਿ ਸਿਉ ਪ੍ਰੀਤਿ ਊਪਜੀ ਗੁਰਿ ਸੋਝੀ ਪਾਈ॥ ੨॥

ਜਿਸ ਨੂੰ ਗੁਰਾਂ ਨੇ ਸੋਝੀ= ਗਿਆਤ ਪਾਈ ਹੈ ਉਸ ਦੀ ਹਰੀ ਨਾਲ ਪ੍ਰੀਤੀ ਉਤਪੰਨ ਹੋਈ ਹੈ॥ ੨॥

ਸਲੋਕੁ ਮਃ ੧॥ ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ॥

ਭੂਲੀ= ਅਗਿਆਨ ਦੀ ਭੁਲਾਈ ਹੋਈ ਮੈਂ ਭੁੱਲੀ ਫਿਰਦੀ ਹਾਂ, ਪਰਮੇਸ਼ਰ ਦੀ ਪ੍ਰਾਪਤੀ ਦਾ ਪਾਧਰੁ= ਰਸਤਾ ਮੈਨੂੰ ਕੋਈ ਨਹੀਂ ਕਹਿੰਦਾ ਕਿ ਇਹ ਹੈ। ਪੁਨਾ ਇਹ ਵਿਚਾਰ ਆਈ ਕਿ-

ਪੂਛਹੁ ਜਾਇ ਸਿਆਣਿਆ ਦੁਖੁ ਕਾਟੈ ਮੇਰਾ ਕੋਇ॥

ਸਿਆਣਿਆਂ (ਪੰਡਿਤਾਂ) ਪਾਸੋਂ ਜਾ ਕੇ ਪੁੱਛਣਾਂ ਕਰਾਂ ਭਲਾ ਜੇ ਕੋਈ ਮੇਰਾ ਦੁੱਖ ਕੱਟ ਦੇਵੇ। ਜਦ ਮੈਂ ਉਹਨਾਂ ਦੇ ਪਾਸ ਗਈ ਤਾਂ ਉਹਨਾਂ ਨੇ ਭੀ ਮੇਰਾ ਦੁੱਖ ਦੂਰ ਨਾ ਕੀਤਾ।

ਸਤਿਗੁਰੁ ਸਾਚਾ ਮਨਿ ਵਸੈ ਸਾਜਨੁ ਓਤਹੀ ਠਾਇ॥

ਜਿਸ ਵੇਲੇ ਸਤਿਗੁਰੂ ਜੀ ਮਿਲੇ ਤੇ ਉਹਨਾਂ ਦੀ ਕਿਰਪਾ ਨਾਲ ਸੱਚਾ ਨਾਮ-ਉਪਦੇਸ਼ ਮਨ ਵਿਚ ਵਸਿਆ ਤਾਂ ਸਾਜਨੁ= ਪਰਮਾਤਮਾ ਨੂੰ ਉਸੇ ਅੰਤਹਕਰਣ ਰੂਪੀ ਥਾਂ ਵਿਚ ਦੇਖਿਆ।

ਨਾਨਕ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ॥ ੧॥

ਗੁਰੂ ਜੀ ਕਥਨ ਕਰਦੇ ਹਨ- ਸਿਫਤੀ= ਪਰਮਾਤਮਾ ਦੇ ਸੱਚੇ ਨਾਮ ਜਪਣ ਕਰ ਕੇ ਮਨ ਤ੍ਰਿਪਤ ਹੁੰਦਾ ਹੈ॥ ੧॥

ਮਃ ੩॥ ਆਪੇ ਕਰਣੀ ਕਾਰ ਆਪਿ ਆਪੇ ਕਰੇ ਰਜਾਇ॥

ਆਪ ਹੀ ਭਗਤੀ ਰੂਪੀ ਸ੍ਰੇਸ਼ਟ ਕਰਣੀ ਰੂਪ ਹੈ, ਆਪ ਹੀ ਸ੍ਰੇਸ਼ਟ ਕਾਰ ਦੇ ਕਰਨ ਵਾਲਾ ਹੈ, ਆਪ ਹੀ ਰਜਾਇ= ਤ੍ਰਿਪਤ ਕਰਦਾ ਹੈ। ਵਾ :- ਆਪ ਹੀ ਭਗਤੀ ਕਰਨ ਦੀ ਆਗਿਆ ਕਰਦਾ ਹੈ।

ਆਪੇ ਕਿਸ ਹੀ ਬਖਸਿ ਲਏ ਆਪੇ ਕਾਰ ਕਮਾਇ॥

ਆਪ ਹੀ ਕਿਸੇ ਨੂੰ ਬਖਸ਼ ਲੈਂਦਾ ਹੈ, ਆਪ ਹੀ ਭਗਤੀ ਰੂਪੀ ਕਾਰ ਨੂੰ ਕਮਾਉਂਦਾ ਹੈ।

ਨਾਨਕ ਚਾਨਣੁ ਗੁਰ ਮਿਲੇ ਦੁਖ ਬਿਖੁ ਜਾਲੀ ਨਾਇ॥ ੨॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਨਾਲ ਮਿਲ ਕੇ ਜਿਸ ਨੇ ਨਾਮ ਜਪਿਆ ਹੈ, ਉਸ ਨੂੰ ਚਾਨਣੁ= ਗਿਆਨ ਹੋਇਆ ਹੈ, ਉਸ ਨੇ ਦੁਖਦਾਈ ਵਿਸ਼ਿਆਂ ਦੀ ਪੰਗਤੀ ਜਾਲੀ= ਸਾੜੀ ਹੈ॥ ੨॥

ਪਉੜੀ॥ ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ॥

ਹੇ ਮਨਮੁਖ ਮੂਰਖਾ ! ਤੂੰ ਮਾਇਆ ਨੂੰ ਜਾਂ ਮਾਇਆ ਦੇ ਰੰਗਾਂ ਨੂੰ ਦੇਖ ਕੇ ਭੁੱਲ ਨਾ। ਕਿਉਂਕਿ-

ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ॥

ਚਲਦਿਆਂ ਦੇ ਨਾਲ ਇਹ ਮਾਇਆ ਚਲਦੀ ਨਹੀਂ; ਲੱਖਾਂ ਕਰੋੜਾਂ ਜੋ ਦਰਬੁ= ਧਨ ਹੈ, ਇਹ ਸਭ ਝੂਠੁ= ਝੂਠਾ ਹੈ।

ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ॥

ਅੰਨ੍ਹਾ ਅਗਿਆਨੀ ਸਮਝਦਾ ਨਹੀਂ ਹੈ ਕਿ ਸਿਰ ਉਤੇ ਜਮ ਖੜਗੁ= ਖੰਡਾ ਕਲਖਾ= ਖਿੱਚੀ ਖੜਾ ਹੈ।

ਗੁਰ ਪਰਸਾਦੀ ਉਬਰੇ ਜਿਨ ਹਰਿ ਰਸੁ ਚਖਾ॥

ਗੁਰਾਂ ਦੀ ਕਿਰਪਾ ਵਾਲੇ ਬਚ ਗਏ ਹਨ, ਜਿਹਨਾਂ ਨੇ ਹਰੀ ਦੇ ਨਾਮ- ਰਸ ਨੂੰ ਚਖਿਆ ਹੈ।

[ਪੰਨਾ ੧੦੮੮]

ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ॥ ੩॥

ਹਰੀ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ, ਆਪ ਹੀ ਉਹਨਾਂ ਕੋਲੋਂ ਕਰਮ ਕਰਾਉਂਦਾ ਹੈ, ਹਰੀ ਆਪ ਹੀ ਸਭ ਦਾ ਰੱਖਜਕ ਹੈ॥ ੩॥

ਸਲੋਕੁ ਮਃ ੩॥ ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ॥

ਜਿਹਨਾਂ ਨੂੰ ਗੁਰੂ ਨਹੀਂ ਮਿਲਿਆ ਅਤੇ ਪਰਮੇਸ਼ਰ ਦੇ ਭੈ ਦਾ ਕੋਈ ਬਿੰਦ ਮਾਤ੍ਰ ਭਾਵ ਰੰਚਕ ਮਾਤ੍ਰ ਵੀ ਕੋਈ ਗੱਲ ਨਹੀਂ ਜਾਣੀ।

ਆਵਣੁ ਜਾਵਣੁ ਦੁਖੁ ਘਣਾ ਕਦੇ ਨ ਚੂਕੈ ਚਿੰਦ॥

ਉਹਨਾਂ ਨੂੰ ਆਉਣ ਜਾਣ ਦਾ ਘਣਾ= ਬਹੁਤਾ ਦੁੱਖ ਹੁੰਦਾ ਹੈ, ਉਹਨਾਂ ਦੀ ਚਿੰਦ= ਚਿੰਤਾ ਕਦੇ ਦੂਰ ਨਹੀਂ ਹੁੰਦੀ।

ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ॥

(ਉਹਨਾਂ ਨੂੰ ਜਮ) ਕਪੜੇ ਦੀ ਨਿਆਈਂ ਪਟਕਾਉਂਦਾ ਹੈ, ਜਿਵੇਂ ਧੋਬੀ ਪੱਟੜੇ ਉੱਤੇ ਕਪੜੇ ਨੂੰ ਪਛਾੜਦਾ ਹੈ ਪੁਨਾ ਜਿਸ ਤਰ੍ਹਾਂ ਘੜਿਆਲ ਨੂੰ ਘੜੀ ਅਤੇ ਮੁਹਤ= ਅੱਧੀ ਘੜੀ ਨੂੰ ਸੱਟਾਂ ਪੈਂਦੀਆਂ ਹਨ। ਤਿਵੇਂ ਉਹਨਾਂ

ਮਨਮੁਖਾਂ ਨੂੰ ਚੋਟਾਂ ਪੈਂਦੀਆਂ ਹਨ।

ਯਥਾ:-ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ॥

ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ॥ ੪੦॥ (ਸ਼ੇਖ ਫ਼ਰੀਦ, ਪੰਨਾ ੧੩੭੯)

ਨਾਨਕ ਸਚੇ ਨਾਮ ਬਿਨੁ ਸਿਰਹੁ ਨ ਚੁਕੈ ਜੰਜਾਲੁ॥ ੧॥

ਗੁਰੂ ਜੀ ਕਥਨ ਕਰਦੇ ਹਨ- ਸੱਚੇ ਨਾਮ ਤੋਂ ਬਿਨਾਂ ਅਗਿਆਨੀਆਂ ਦੇ ਸਿਰ ਤੋਂ ਜਨਮ ਰੂਪ ਜੰਜਾਲੁ= ਬੰਧਨ ਦੂਰ ਨਹੀਂ ਹੁੰਦਾ॥ ੧॥

ਮਃ ੩॥ ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ॥

ਹੇ ਸੱਜਣਾ ! ਮੈਂ ਤਿੰਨਾਂ ਭਵਣਾਂ ਵਿਚ ਢੂੰਡਿਆ ਹੈ ਜਗਤ ਵਿਚ ਹਉਮੈ ਜਿਹੜੀ ਹੈ ਇਹ ਸਭ ਤੋਂ ਬੁਰੀ ਹੈ।

ਵਾ :- ਹਉਮੈ ਕਰ ਕੇ ਇਹ ਜੀਵ ਰੂਪ ਇਸਤ੍ਰੀ ਜਗਤ ਵਿਚ ਬੁਰੀ ਹੋ ਰਹੀ ਹੈ।

ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ॥ ੨॥

ਹੇ ਭਾਈ ! ਤੂੰ ਸੱਚ ਨੂੰ ਚਉ= ਉਚਾਰ ਤੇ ਹੀਅੜੇ= ਹਿਰਦੇ ਵਿਚ ਝੁਰ ਨਾ, ਉਹ ਪਰਮੇਸ਼ਰ ਸਚੁ= ਨਿਸਚੇ ਕਰ ਕੇ ਸੱਚਾ ਹੈ॥ ੨॥

ਪਉੜੀ॥ ਗੁਰਮੁਖਿ ਆਪੇ ਬਖਸਿਓਨੁ ਹਰਿ ਨਾਮਿ ਸਮਾਣੇ॥

ਹਰੀ ਨੇ ਆਪ ਹੀ ਉਹਨਾਂ ਗੁਰਮੁਖਾਂ ਨੂੰ ਬਖਸ਼ ਲੀਤਾ ਹੈ, ਜੋ ਗੁਰਮੁਖ ਹਰੀ ਨਾਮ ਵਿਚ ਸਮਾਏ ਹਨ।

ਆਪੇ ਭਗਤੀ ਲਾਇਓਨੁ ਗੁਰ ਸਬਦਿ ਨੀਸਾਣੇ॥

ਹਰੀ ਨੇ ਆਪ ਹੀ ਗੁਰੂ-ਉਪਦੇਸ਼ ਰੂਪ ਨੀਸਾਣੇ= ਪ੍ਰਵਾਨੇ ਦੁਆਰਾ ਭਗਤੀ ਵਿਚ ਲਾਇਆ ਹੈ।

ਸਨਮੁਖ ਸਦਾ ਸੋਹਣੇ ਸਚੈ ਦਰਿ ਜਾਣੇ॥

ਉਹ ਸਨਮੁਖ= ਗੁਰਮੁਖ ਸੱਚੇ ਦਰ ਵਿਚ ਸਦਾ ਸ਼ੋਭਨੀਕ ਜਾਣੇ ਜਾਂਦੇ ਹਨ।

ਐਥੈ ਓਥੈ ਮੁਕਤਿ ਹੈ ਜਿਨ ਰਾਮ ਪਛਾਣੇ॥

ਜਿਨ੍ਹਾਂ ਨੇ ਰਾਮ ਨੂੰ ਪਛਾਣਿਆਂ ਹੈ, ਉਹ ਐਥੈ ਓਥੈ= ਲੋਕ ਪਰਲੋਕ ਵਿਚ ਮੁਕਤ ਰੂਪ ਹਨ।

ਧੰਨੁ ਧੰਨੁ ਸੇ ਜਨ ਜਿਨ ਹਰਿ ਸੇਵਿਆ ਤਿਨ ਹਉ ਕੁਰਬਾਣੇ॥ ੪॥

ਜਿਹਨਾਂ ਨੇ ਹਰੀ ਨੂੰ ਸੇਵਿਆ ਹੈ ਉਹ ਪੁਰਸ਼ ਧੰਨ ਧੰਨ ਹਨ, ਉਹਨਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ।

ਸਲੋਕੁ ਮਃ ੧॥ ਮਹਲ ਕੁਚਜੀ ਮੈੜਵੜੀ ਕਾਲੀ ਮਨਹੁ ਕਸੁਧ॥

ਜੋ ਮਹਲ= ਇਸਤ੍ਰੀ ਦੇਹ ਰੂਪ ਮੜ੍ਹੀ ਨੂੰ ਵੜੀ= ਵਡਿਆਉਂਦੀ ਹੈ, ਵਾ :- ਜੋ ਦੇਹ ਰੂਪ ਮੜ੍ਹੀ ਵਿਚ ਵਸੀ ਹੋਈ ਹੈ ਉਹ ਕੁਚੱਜੀ ਹੈ, ਪਾਪਾਂ ਕਰ ਕੇ ਕਾਲੀ ਅਤੇ ਮਨ ਕਰ ਕੇ ਕਸੁਧ= ਅਪਵਿੱਤ੍ਰ ਹੈ।

ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥ ੧॥

ਜੇਕਰ ਇਸ ਵਿਚ ਸ਼ੁਭ ਗੁਣ ਹੋਣ ਤਾਂ ਇਹ ਪਤੀ ਦੇ ਅਨੰਦ ਨੂੰ ਰਵੈ= ਮਾਣਦੀ ਹੈ, ਨਹੀਂ ਤਾਂ ਇਹ ਮੁੰਧ= ਇਸਤ੍ਰੀ ਔਗੁਣਾਂ ਕਰ ਕੇ ਪਤੀ ਤੋਂ ਵਿਛੁੜੀ ਰਹਿੰਦੀ ਹੈ॥ ੧॥

ਮਃ ੧ ॥ ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ ॥

ਜਿਸ ਨੇ ਸੱਚ ਨਾਮ ਨੂੰ ਜਪਿਆ ਹੈ ਤੇ ਸੀਲ ਸੁਭਾਅ ਧਾਰਿਆ ਹੈ, ਸਚੁ ਸੰਜਮੀ= ਨਿਸ਼ਕਪਟ ਹੋ ਕੇ ਇੰਦ੍ਰੀਆਂ ਦਾ ਦਮਨ ਕੀਤਾ ਹੈ, ਸਾ ਪੂਰੀ ਪਰਵਾਰਿ= ਉਹ ਜੀਵ ਰੂਪ ਇਸਤ੍ਰੀ ਸ਼ੁਭ ਗੁਣਾਂ ਰੂਪੀ ਪਰਵਾਰ ਕਰ ਕੇ ਪੂਰਨ ਹੈ।

ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਉਹ ਜੀਵ ਰੂਪ ਇਸਤ੍ਰੀ ਰਾਤ ਦਿਨੇ ਸਦਾ ਭਲੀ ਹੈ, ਜੋ ਪਿਆਰੇ ਪਿਰੀ ਵਿਚ ਹੇਤਿ= ਪ੍ਰੇਮ ਕਰਦੀ ਹੈ॥ ੨ ॥

ਪਉੜੀ ॥ ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ ॥

ਉਸ ਨੇ ਆਪਣਾ ਆਪ ਪਛਾਣਿਆ ਹੈ, ਜਿਸ ਨੇ ਨਾਮ ਨਿਧੀਆਂ ਦਾ ਖ਼ਜ਼ਾਨਾ ਪਾਇਆ ਹੈ।

ਕਿਰਪਾ ਕਰਿ ਕੈ ਆਪਣੀ ਗੁਰ ਸਬਦਿ ਮਿਲਾਇਆ ॥

ਗੁਰਾਂ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰ ਕੇ ਉਪਦੇਸ਼ ਵਿਚ ਮਿਲਾਇਆ ਹੈ।

ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥

ਗੁਰਾਂ ਦੀ ਜੋ ਨਿਰਮਲ ਬਾਣੀ ਹੈ, ਉਸੇ ਨੇ ਜਗਿਆਸੂ ਨੂੰ ਹਰੀ-ਰਸ ਪਿਲਾਇਆ ਹੈ।

ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥

ਜਿਨ੍ਹਾਂ ਨੇ ਹਰੀ-ਰਸ ਨੂੰ ਚਖਿਆ ਹੈ, ਉਹਨਾਂ ਨੇ ਅਨ ਰਸ= ਹੋਰਨਾਂ ਰਸਾਂ ਵੱਲੋਂ ਮਨ ਨੂੰ ਠਾਕਿ ਰਹਾਇਆ= ਰੋਕ ਰੱਖਿਆ ਹੈ।

ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥ ੫ ॥

ਗੁਰਮੁਖ ਜਨ ਹਰੀ-ਰਸ ਨੂੰ ਪੀ ਕੇ ਨਿਤ ਤ੍ਰਿਪਤ ਹੋਏ ਹਨ, ਫਿਰ ਉਹਨਾਂ ਨੇ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਭੁੱਖ ਨੂੰ ਗਵਾਇਆ ਹੈ॥ ੫ ॥

ਸਲੋਕੁ ਮਃ ੩ ॥ ਪਿਰ ਖੁਸੀਏ ਧਨ ਰਾਵੀਏ ਧਨ ਉਰਿ ਨਾਮੁ ਸੀਗਾਰੁ ॥

ਜਿਸ ਧਨ= (ਜਗਿਆਸੂ ਰੂਪ) ਇਸਤ੍ਰੀ ਨੇ ਹਿਰਦੇ ਵਿਚ ਨਾਮ ਰੂਪ ਸ਼ਿੰਗਾਰ ਪਾਇਆ ਹੈ ਅਤੇ ਜੋ ਧਨ= ਔਰਤ ਉਸ ਪਤੀ ਦੇ ਨਾਮਾਂ ਨੂੰ ਰਾਵੀਏ= ਉਚਾਰਨ ਕਰਦੀ ਹੈ, ਉਸ ਧਨ= ਇਸਤ੍ਰੀ ਉਤੇ ਪਿਰੁ ਖੁਸੀਏ= ਪਤੀ-ਪਰਮਾਤਮਾ ਖੁਸ਼ ਹੁੰਦਾ ਹੈ।

ਨਾਨਕ ਧਨ ਆਗੈ ਖੜੀ ਸੋਭਾਵੰਤੀ ਨਾਰਿ ॥ ੧ ॥

ਜੋ ਧਨ= ਜੀਵ ਰੂਪੀ ਇਸਤ੍ਰੀ ਪਤੀ ਦੇ ਸਨਮੁਖ ਪ੍ਰੇਮਣ ਹੋ ਕੇ ਖੜੀ ਹੈ। ਵਾ :- ਸੇਵਾ ਵਿਚ ਹਾਜ਼ਰ ਖੜੀ ਹੈ ਉਹ ਇਸਤ੍ਰੀ ਸ਼ੋਭਾ ਵਾਲੀ ਹੈ॥ ੧ ॥

ਮਃ ੧ ॥ ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਧੰਨੁ ਸੋਹਾਗਣੀ ਜੋ ਭਾਵਹਿ ਵੇਪਰਵਾਹ ॥ ੨ ॥

ਅੰਨਵੇ:-ਜੋ (ਜਗਿਆਸੂ ਰੂਪ) ਇਸਤ੍ਰੀ ਬੇਪਰਵਾਹ ਪਰਮੇਸ਼ਰ ਨੂੰ ਭਾਉਂਦੀ ਹੈ, ਉਹ ਸੁਹਾਗਣ ਧੰਨਤਾ ਜੋਗ

ਹੈ ਅਤੇ ਸਸੁਰੈ ਪੇਈਐ= ਪ੍ਰਲੋਕ ਤੇ ਇਸ ਲੋਕ ਵਿਚ ਉਸ ਉਹ ਪਤੀ ਦੀ ਪ੍ਰੇਮਣ ਦਾਸੀ ਹੋਈ ਹੈ, ਜੋ ਪਤੀ ਪਰਮਾਤਮਾ ਅਗੰਮ ਤੇ ਅਥਾਹ ਹੈ॥ ੨॥

ਪਉੜੀ॥ ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥

ਉਹ ਰਾਜਾ ਰਾਜ-ਤਖ਼ਤ ਉੱਤੇ ਬਹਿੰਦਾ ਹੈ, ਜਿਹੜਾ ਰਾਜ-ਤਖ਼ਤ ਦੇ ਲਾਇਕ= ਯੋਗ ਹੁੰਦਾ ਹੈ। ਇਸੇ ਤਰ੍ਹਾਂ ਓਹੀ ਰਾਜਾ= ਗਿਆਨਵਾਨ ਸਰੂਪ-ਤਖ਼ਤ ਉੱਤੇ ਬਹਿੰਦਾ ਹੈ, ਜਿਹੜਾ ਸਰੂਪ-ਤਖ਼ਤ ਦੇ ਲਾਇਕ= ਯੋਗ ਹੁੰਦਾ ਹੈ।

ਜਿਨੀ ਸਚ ਪਛਾਣਿਆ ਸਚੁ ਰਾਜੇ ਸੇਈ॥

ਜਿਹਨਾਂ ਨੇ ਸੱਚ ਨੂੰ ਪਛਾਣਿਆ ਹੈ ਓਹੀ ਸੱਚੇ ਰਾਜੇ ਹਨ।

ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥

ਇਹ ਭੂਪਤਿ= ਪ੍ਰਿਥਵੀ ਦੇ ਪਤੀ ਰਾਜੇ ਨਹੀਂ ਆਖੀਦੇ, ਜਿਹਨਾਂ ਨੂੰ ਦ੍ਵੈਤ ਭਾਵ ਕਰ ਕੇ ਦੁੱਖ ਹੁੰਦਾ ਹੈ।

ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ॥

ਵਾਹਿਗੁਰੂ ਦਾ ਪੈਦਾ ਕੀਤਾ ਹੋਇਆ ਜੋ ਜੀਵ ਹੈ ਉਸ ਨੂੰ ਕੀ ਸਲਾਹੁਣਾ ਹੈ, ਜਿਸ ਦੇ ਜਾਂਦਿਆਂ ਕੁਝ ਦੇਰੀ ਨਹੀਂ ਹੁੰਦੀ।

ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ॥ ੬॥

ਇਕ ਸੱਚਾ ਪਰਮੇਸ਼ਰ ਹੀ ਨਿਸਚਲ ਹੈ, ਜੋ ਗੁਰਾਂ ਦੁਆਰੇ ਉਸ ਨੂੰ ਬੁੱਝਦਾ ਹੈ ਉਹ ਭੀ ਅਚੱਲ ਹੁੰਦਾ ਹੈ॥ ੬॥

ਸਲੋਕੁ ਮਃ ੩॥ ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ॥

ਸਭ ਜੀਵ ਰੂਪ ਇਸਤ੍ਰੀਆਂ ਦਾ ਪਤੀ ਇਕ ਵਾਹਿਗੁਰੂ ਹੈ, ਪਤੀ ਤੋਂ ਬਿਨਾਂ ਕੋਈ ਖਾਲੀ ਨਹੀਂ।

ਨਾਨਕ ਸੇ ਸੋਹਾਗਣੀ ਜਿ ਸਤਿਗੁਰ ਮਾਹਿ ਸਮਾਹਿ॥ ੧॥

ਗੁਰੂ ਜੀ ਕਥਨ ਕਰਦੇ ਹਨ- ਸੋਹਾਗਵੰਤੀਆਂ ਓਹੀ ਹਨ, ਜਿਹੜੀਆਂ ਸਤਿਗੁਰਾਂ ਦੇ ਉਪਦੇਸ਼ ਵਿਚ ਸਮਾ ਰਹੀਆਂ ਹਨ॥ ੧॥

ਮਃ ੩॥ ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ॥

ਇਸ ਮਨ ਦੇ ਵਿਚ ਅਧਿਕ ਹੀ ਤਰੰਗ= ਸੰਕਲਪ ਵਿਕਲਪ ਉੱਠਦੇ ਹਨ, ਇਸ ਦੇ ਅਨੁਸਾਰ ਤੁਰਨ ਨਾਲ ਸਾਹਿਬ ਦੇ ਦਰ ਵਿੱਚੋਂ ਇਸ ਜੀਵ ਦਾ ਕਿਵੇਂ ਛੁਟਕਾਰਾ ਹੋਵੇਗਾ? *ਉੱਤਰ:-*

ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ॥

ਜੇਕਰ ਅਪਾਰ= ਬਿਅੰਤ ਪਰਮਾਤਮਾ ਦੇ ਗੂੜ੍ਹੇ ਰੰਗਿ= ਪ੍ਰੇਮ ਕਰ ਕੇ ਸੱਚੇ ਰੰਗਿ= ਅਨੰਦ ਵਿਚ ਰਚ ਜਾਵੇ ਤਾਂ ਛੁਟਕਾਰਾ ਹੁੰਦਾ ਹੈ।

ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ॥ ੨॥

ਗੁਰੂ ਜੀ ਕਥਨ ਕਰਦੇ ਹਨ- ਗੁਰਾਂ ਦੀ ਕਿਰਪਾ ਨਾਲ ਜੇਕਰ ਚਿਤ ਸੱਚ ਵਿਚ ਲੱਗ ਜਾਵੇ ਤਾਂ ਛੁੱਟ ਜਾਈਦਾ ਹੈ॥ ੨॥

ਪਉੜੀ॥ ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ॥

ਹਰੀ ਦਾ ਨਾਮ ਸਭ ਤੋਂ ਅਮੋਲਕ ਹੈ, ਉਸ ਦਾ ਕੀਮਤਿ= ਮੁੱਲ ਕਿਵੇਂ ਕੀਤਾ ਜਾ ਸਕਦਾ ਹੈ ?

[ਪੰਨਾ ੧੦੮੯]

ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ॥

ਉਸ ਨੇ ਆਪ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ, ਫਿਰ ਇਸ ਵਿਚ ਆਪ ਹੀ ਵਰਤ ਰਿਹਾ ਹੈ।

ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ॥

ਗੁਰਾਂ ਦੁਆਰੇ ਸਦਾ ਉਸ ਨੂੰ ਸਲਾਹੀਏ ਤਾਂ ਸੱਚ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾ ਲੈਣਾ ਕਰਦਾ ਹੈ।

ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ॥

ਗੁਰ ਸ਼ਬਦੀਆਂ ਦਾ ਹਿਰਦਾ ਕੰਵਲ ਖਿੜਿਆ ਹੈ, ਜੋ ਗੁਰ ਸ਼ਬਦੀਏ ਇਸ ਪ੍ਰਕਾਰ ਨਿਸ਼ਚੇ ਨਾਲ ਹਰੀ-ਰਸ ਨੂੰ ਪੀਂਦੇ ਹਨ।

ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ॥ ੭॥

ਗੁਰ ਸ਼ਬਦੀਆਂ ਦਾ ਆਵਣ ਜਾਣਾ= ਜੰਮਣਾ ਮਰਨਾ ਠਾਕਿਆ= ਰੋਕਿਆ ਗਿਆ ਹੈ ਅਤੇ ਉਹ ਸਹਜ ਸੁਖ ਵਿਚ ਸੌਂਦੇ ਹਨ॥ ੭॥

ਸਲੋਕੁ ਮਃ ੧॥ ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ॥

ਸਚੁ= ਨਿਸਚੇ ਕਰ ਕੇ ਜੋ ਪੁਰਸ਼ ਸੱਚ ਵਿਚ ਰੱਤਾ ਹੈ, ਨਾ ਉਸ ਵਿਚ ਮੈਲਾ= ਤਮੋ ਗੁਣ ਹੈ, ਨਾ ਧੁੰਧਲਾ= ਰਜੋ ਗੁਣ ਹੈ, ਨਾ ਭਗਵਾ= ਸਤੋ ਗੁਣ ਹੈ, ਨਾ ਕਚੁ= ਨਾ ਹੀ ਮਿਸ਼ਰਤ ਰੰਗ ਹੈ, ਕਦੇ ਰਜੋ ਗੁਣ, ਕਦੇ ਸਤੋ ਗੁਣ ਤੇ ਕਦੇ ਤਮੋ ਗੁਣ ਇਹ ਉਸ ਵਿਚ ਨਹੀਂ ਹੁੰਦਾ।

ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ॥ ੧॥

ਗੁਰੂ ਜੀ ਕਹਿੰਦੇ ਹਨ- ਉਹ ਤਾਂ ਲਾਲ ਰੂਪ ਪਰਮੇਸ਼ਰ ਨੂੰ ਪਾ ਕੇ ਲਾਲ ਰੂਪ ਹੀ ਹੋਇਆ ਹੈ॥ ੧॥

ਮਃ ੩॥ ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ॥

ਸਹਜਿ= ਸ਼ਾਂਤ ਰੂਪ ਜੋ ਮਹਾਤਮਾਂ ਹਨ-ਏਹ ਬਨਾਸਪਤੀ ਹੈ, ਧਰਮ ਫੁੱਲ ਤੇ ਗਿਆਨ ਫਲ ਹੈ, ਉਹਨਾਂ ਮਹਾਤਮਾਂ ਰੂਪ ਬਨਾਸਪਤੀ ਵਿਚ ਜੋ ਜਗਿਆਸੂ ਰੂਪ ਭੌਰਾ ਵੱਸਦਾ ਹੈ, ਉਸ ਦਾ ਭੈ ਖੰਡਿ= ਡਰ ਨਾਸ ਹੋ ਜਾਂਦਾ ਹੈ। ਪੁਨਾ ਉਹ ਜਗਿਆਸੂ ਐਸੇ ਨਿਸਚੇ ਕਰਦਾ ਹੈ, ਕਿ-

ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗੁ॥ ੨॥

ਇਕੋ ਪਰਮੇਸ਼ਰ ਹੀ ਤਰਵਰੁ= ਬ੍ਰਿਛ ਰੂਪ ਹੈ, ਇਕ ਪਰਮੇਸ਼ਰ ਹੀ ਫੁੱਲ ਅਤੇ ਭਿਰੰਗੁ= ਭੌਰਾ ਰੂਪ ਹੈ।

ਵਾ :- ਇਕ ਪਰਮੇਸ਼ਰ ਹੀ ਸੰਤਾਂ ਰੂਪੀ ਤਰਵਰੁ= ਬ੍ਰਿਛ ਹੈ ਤੇ ਧਰਮ ਫੁੱਲ ਤੇ ਗਿਆਨ ਫਲ ਹੈ ਅਤੇ ਜਗਿਆਸੂ ਰੂਪ ਭੌਰਾ ਵੀ ਇਕ ਪਰਮੇਸ਼ਰ ਹੀ ਹੈ॥ ੨॥

ਪਉੜੀ॥ ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥

ਜੋ ਪੁਰਸ਼ ਮਨ ਰੂਪ ਸ਼ੱਤਰੂ ਨਾਲ ਲੂਝਹਿ= ਲੜਦੇ ਹਨ, ਉਹ ਸੂਰਬੀਰ ਤੇ ਪਰਧਾਨਾ= ਮੁਖੀ ਹਨ।

ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ॥

ਉਹ ਪੁਰਸ਼ ਹਰੀ ਦੇ ਨਾਲ ਮਿਲ ਰਹੇ ਹਨ, ਜਿਨ੍ਹਾਂ ਨੇ ਆਪਣੇ ਸਰੂਪ ਨੂੰ ਪਛਾਣ ਲਿਆ ਹੈ।

ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ॥

ਗਿਆਨਵਾਨ ਪੁਰਸ਼ਾਂ ਦਾ ਮਹਤੁ= ਮਰਾਤਬਾ ਏਹੋ ਹੈ, ਜੋ ਮਨ= ਸ਼ੁੱਧ ਸਰੂਪ ਵਿਚ ਸਮਾਉਣਾ ਕਰਦੇ ਹਨ।

ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ॥

ਉਹਨਾਂ ਨੇ ਸੱਚਾ ਧਿਆਨ ਲਗਾ ਕੇ ਹਰਿ ਜੀ ਦਾ ਮਹਲੁ= ਸਰੂਪ ਪਾਇਆ ਹੈ।

ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ॥ ੮॥

ਜਿਨ੍ਹਾਂ ਨੇ ਗੁਰਾਂ ਦੀ ਕਿਰਪਾ ਨਾਲ ਮਨ ਨੂੰ ਜਿੱਤ ਲਿਆ ਹੈ, ਉਹਨਾਂ ਨੇ ਸਾਰੇ ਜਗਤ ਨੂੰ ਜਿੱਤ ਲਿਆ ਹੈ॥ ੮॥

ਸਲੋਕੁ ਮਃ ੩॥ ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥

(ਪਖੰਡੀ ਜੋਗੀ ਨੂੰ ਉਪਦੇਸ਼ ਦਿੰਦੇ ਹਨ) ਹੇ ਭਾਈ ! ਤੂੰ ਜੋਗੀ ਹੋ ਕੇ ਜਗਤ ਵਿਚ ਭਵਾ= ਫਿਰਦਾ ਹੈਂ ਅਤੇ ਹਰੇਕ ਘਰ ਵਿੱਚੋਂ ਭਿਖਿਆ ਲੈਂਦਾ ਹੈ।

ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥

(ਜਿਸ ਵੇਲੇ ਮਰ ਕੇ ਅੱਗੇ ਜਾਏਂਗਾ ਤਾਂ ਪਰਮੇਸ਼ਰ ਦੀ) ਦਰਗਾਹ ਵਿਚ ਤੇਰੇ ਪਾਸੋਂ ਲੇਖਾ ਮੰਗਿਆ ਜਾਏਗਾ, ਤਦ ਤੂੰ ਕਿਸ ਕਿਸ ਨੂੰ ਉੱਤਰ ਦੇਉ= ਦੇਵੇਂਗਾ। ਬਾਹਜ (ਪ੍ਰਤੱਖ) ਭਿਖਿਆ ਖਾਧੀ ਹੋਈ ਤਾਂ ਤੇਰੀ ਸਫਲ ਹੈ ਜੇ ਤੂੰ ਅੰਤ੍ਰੀਵ ਭਿਖਿਆ ਵੀ ਛਕੇਂ!

ਪ੍ਰਸ਼ਨ- ਅੰਤ੍ਰੀਵ ਭਿਖਿਆ ਕਿਹੜੀ ਹੈ? *ਗੁਰ ਉੱਤਰ:-*

ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ॥

ਪਰਮੇਸ਼ਰ ਨਾਮ ਦੀ ਭਿਖਿਆ ਗੁਰਾਂ ਤੋਂ ਮੰਗ ਕੇ ਖਾਹ, ਸੰਤੋਖ ਰੂਪ ਮੜ੍ਹੀ ਉੱਤੇ ਬੈਠਣਾ ਕਰ ਤੇ ਐਸੇ ਨਿਸ਼ਚੇ ਕਰ ਕਿ ਸੱਚਾ ਵਾਹਿਗੁਰੂ ਸਦਾ ਹੀ ਮੇਰੇ ਨਾਲ ਹੈ।

ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ॥

ਭੇਖਾਂ ਦੇ ਕਰਨ ਨਾਲ ਉਹ ਪਰਮੇਸ਼ਰ ਮਨ ਰੂਪ ਹੱਥ ਵਿਚ ਨਹੀਂ ਲੱਭਦਾ, ਸਾਰੀ ਦੁਨੀਆਂ ਜਮਕਾਲ ਨੇ ਬੱਧੀ ਹੋਈ ਹੈ।

ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ॥ ੧॥

ਗੁਰੂ ਜੀ ਕਥਨ ਕਰਦੇ ਹਨ- ਨਾਮ ਤੋਂ ਬਿਨਾਂ ਹੋਰ ਸਭ ਗੱਲਾਂ ਝੂਠੀਆਂ ਹਨ, ਇਸ ਕਰ ਕੇ ਤੂੰ ਸੱਚੇ ਨਾਮ ਨੂੰ ਸੰਭਾਲਣਾ ਕਰ॥ ੧॥

ਮਃ ੩ ॥ ਜਿਤੁ ਦਰਿ ਲੇਖਾ ਮੰਗੀਐ ਸੋ ਦਰੁ ਸੇਵਿਹੁ ਨ ਕੋਇ ॥

ਜਿਸ ਦਰ ਦੀ ਸੇਵਾ ਕੀਤਿਆਂ ਲੇਖਾ ਮੰਗਿਆ ਜਾਵੇ, ਹੇ ਭਾਈ ! ਉਸ ਦਰ ਨੂੰ ਕੋਈ ਭੀ ਸੇਵਨਾ ਨਾ ਕਰੋ।

ਐਸਾ ਸਤਿਗੁਰੁ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ ॥

ਇਸ ਤਰ੍ਹਾਂ ਦਾ ਸਤਿਗੁਰੂ ਚਾਹ ਲਵੋ, ਜਿਸ (ਗੁਰੂ) ਜੇਡਾ ਹੋਰ ਕੋਈ ਨਹੀਂ ਹੈ।

ਤਿਸੁ ਸਰਣਾਈ ਛੁਟੀਐ ਲੇਖਾ ਮੰਗੈ ਨ ਕੋਇ ॥

ਉਸ ਗੁਰੂ ਦੀ ਸ਼ਰਨ ਗ੍ਰਹਿਣ ਕਰਨ ਨਾਲ ਦੁੱਖਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਲੇਖਾ ਭੀ ਕੋਈ ਨਹੀਂ ਮੰਗਦਾ।

ਸਚੁ ਦ੍ਰਿੜਾਏ ਸਚੁ ਦ੍ਰਿੜੁ ਸਚਾ ਓਹੁ ਸਬਦੁ ਦੇਇ ॥

ਗੁਰੂ ਸਾਹਿਬ ਜੀ ਆਪਣੇ ਉਪਦੇਸ਼ ਦੁਆਰਾ ਸੱਚ ਨੂੰ ਦ੍ਰਿੜ੍ਹ ਕਰਵਾਉਂਦੇ ਹਨ, ਜਿਹੜਾ ਪੁਰਸ਼ ਸੱਚ ਨੂੰ ਦ੍ਰਿੜ੍ਹ ਕਰਦਾ ਹੈ ਉਹ ਅੱਗੇ ਹੋਰਨਾਂ ਨੂੰ ਸੱਚਾ ਸ਼ਬਦ ਦਿੰਦਾ ਹੈ।

ਅਥਵਾ :- ਗੁਰੂ ਸਾਹਿਬ ਜੀ ਆਪ ਸੱਚ ਨੂੰ ਦ੍ਰਿੜ੍ਹ ਕਰ ਕੇ ਅੱਗੇ ਜਗਿਆਸੂ ਨੂੰ ਸੱਚਾ ਸ਼ਬਦ ਦੇ ਕੇ ਉਸ ਸੱਚ ਨੂੰ ਦ੍ਰਿੜ੍ਹ ਕਰਵਾਉਂਦੇ ਹਨ।

ਹਿਰਦੈ ਜਿਸ ਦੈ ਸਚੁ ਹੈ ਤਨੁ ਮਨੁ ਭੀ ਸਚਾ ਹੋਇ ॥

ਜਿਸ ਦੇ ਹਿਰਦੇ ਵਿਚ ਸੱਚ ਨਾਮ ਹੈ, ਉਸ ਦਾ ਤਨ ਮਨ ਵੀ ਸੱਚਾ= ਸਫਲਾ ਹੋ ਜਾਂਦਾ ਹੈ।

ਨਾਨਕ ਸਚੈ ਹੁਕਮਿ ਮੰਨਿਐ ਸਚੀ ਵਡਿਆਈ ਦੇਇ ॥

ਗੁਰੂ ਜੀ ਕਥਨ ਕਰਦੇ ਹਨ- ਸੱਚੇ ਪਰਮੇਸ਼ਰ ਦੇ ਹੁਕਮ ਦੇ ਮੰਨਣ ਕਰ ਕੇ ਗੁਰੂ ਜੀ ਸੱਚੀ ਵਡਿਆਈ ਦਿੰਦੇ ਹਨ।

ਸਚੇ ਮਾਹਿ ਸਮਾਵਸੀ ਜਿਸ ਨੋ ਨਦਰਿ ਕਰੇਇ ॥ ੨ ॥

ਉਹ ਸੱਚ ਸਰੂਪ ਵਿਚ ਸਮਾਉਂਦਾ ਹੈ, ਜਿਸ ਉਤੇ ਗੁਰੂ ਜੀ ਮੇਹਰ ਦੀ ਨਜ਼ਰ ਕਰਦੇ ਹਨ ॥ ੨ ॥

ਪਉੜੀ ॥ ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥

ਇਹ ਸੂਰਬੀਰ ਨਹੀਂ ਆਖੀਦੇ ਜੋ ਹੰਕਾਰ ਵਿਚ ਮਰ ਕੇ ਦੁੱਖ ਪਾਉਂਦੇ ਹਨ।

ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥

ਅੰਨ੍ਹੇ ਅਗਿਆਨੀ ਆਪਣੇ ਸਰੂਪ ਨੂੰ ਨਹੀਂ ਪਛਾਣਦੇ, ਦ੍ਵੈਤ ਭਾਵ ਵਿਚ ਪਚਿ ਜਾਵਹਿ= ਖਰਾਬ ਹੋ ਜਾਂਦੇ ਹਨ।

ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥

ਕਰੋਧ ਦੇ ਨਾਲ ਅਤਿਅੰਤ ਲੂਝਦੇ= ਸੜਦੇ ਹਨ, ਅਗੈ ਪਿਛੈ= ਲੋਕ ਪਰਲੋਕ ਵਿਚ ਦੁੱਖ ਪਾਉਂਦੇ ਹਨ।

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥

ਹਰਿ ਜੀ ਨੂੰ ਹੰਕਾਰ ਚੰਗਾ ਨਹੀਂ ਲੱਗਦਾ, ਇਸ ਗੱਲ ਨੂੰ ਵੇਦ ਸ਼ਾਸਤ੍ਰ ਕੂਕ ਕੇ ਸੁਣਾਉਂਦੇ ਹਨ।

ਅਹੰਕਾਰਿ ਮੁਏ ਸੇ ਗਿਤੀ ਗਏ ਮਰਿ ਜਨਮਹਿ ਫਿਰਿ ਆਵਹਿ ॥ ੯ ॥

ਜੋ ਹੰਕਾਰ ਕਰ ਕੇ ਮੋਏ ਹਨ, ਉਹ ਬੇ-ਗਤ ਗਏ ਹਨ, ਉਹ ਮੁੜ-ਮੁੜ ਕੇ ਜਨਮ ਮਰਨ ਦੇ ਫੇਰ ਵਿਚ ਆਉਂਦੇ ਹਨ॥ ੯ ॥

ਸਲੋਕੁ ਮਃ ੩ ॥ ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥

ਕਾਗਉ= ਕਾਂ ਕਦੇ ਊਜਲਾ= (ਸਾਫ਼) ਚਿੱਟਾ ਨਹੀਂ ਹੁੰਦਾ, ਕਿਵੇਂ ਹੋਵੇ? ਲੋਹੇ ਦੀ ਨਾਵ= ਬੇੜੀ ਕਦੇ ਪਾਰ ਨਹੀਂ ਹੁੰਦੀ, ਕਿਵੇਂ ਹੋਵੇ? ਵਾ :- ਲੋਹੇ ਨਾ ਵਨ ਪਾਰੁ= ਲੋਹਿਆ ਕਦੇ ਵਨ= ਜਲ ਤੋਂ ਪਾਰ ਨਹੀਂ ਹੁੰਦਾ, ਕਿਵੇਂ ਹੋਵੇ?

ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥

ਹੇ ਭਾਈ ! ਪਰੇਮ ਰੂਪ ਪਦਾਰਥ ਨੂੰ ਮੰਨ ਲੈਣਾ ਕਰ, ਜੋ ਪ੍ਰੇਮ ਨੂੰ ਧਾਰਦਾ ਹੈ ਉਸ ਦੇ ਸਵਾਰਨ ਵਾਲੇ ਮਾਤਾ ਪਿਤਾ ਵੀ ਧੰਨਤਾ ਦੇ ਯੋਗ ਹਨ। ਹੁਣ ਪਹਿਲੇ ਪ੍ਰਸ਼ਨ ਦਾ ਉੱਤਰ ਦਿੰਦੇ ਹਨ-

ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰੁ ॥

ਪਰਮੇਸ਼ਰ ਦੇ ਹੁਕਮ ਨੂੰ ਪਛਾਣੇ ਤਾਂ ਕਾਂ ਤੋਂ ਉੱਜਲਾ ਹੰਸ ਹੁੰਦਾ ਹੈ, ਦੂਜੇ ਪ੍ਰਸ਼ਨ ਦਾ *ਉੱਤਰ*:- ਕਾਸਟ= ਕਾਠ ਦੇ ਸਿਰ 'ਤੇ ਲੋਹਾ ਰੱਖ ਦਿਓ ਤਾਂ ਉਹ ਪਾਰ ਹੋ ਜਾਂਦਾ ਹੈ। ਇਵੇਂ ਸਤਿਸੰਗ ਵਿਚ ਰਹਿਣ ਕਰ ਕੇ ਲੋਹੇ ਵਾਂਗ ਪਾਪੀ ਜੀਵ ਸੰਸਾਰ ਤੋਂ ਪਾਰ ਹੋ ਜਾਂਦਾ ਹੈ।

ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥ ੧ ॥

ਪਦਾਰਥਾਂ ਦੀ ਤ੍ਰਿਸ਼ਨਾ ਨੂੰ ਛੱਡ ਕੇ ਜੋ ਵਾਹਿਗੁਰੂ ਦੇ ਭੈ= ਡਰ ਵਿਚ ਵਸਿਆ ਹੈ, ਉਸ ਦੀ ਕਰਣੀ ਸਾਰੁ= ਸ੍ਰੇਸ਼ਟ ਹੈ॥ ੧ ॥

ਮਃ ੩ ॥ ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥

ਜੋ ਮਨ ਦੇ ਮਾਰਨ ਲਈ ਮਾਰੂ ਥਲ= ਰੇਤਲੇ ਅਸਥਾਨ 'ਤੇ ਗਏ ਹਨ। ਵਾ :- ਮਾਰਨ ਵਾਲੇ ਹੋ ਕੇ ਜੋ ਮਨ ਨੂੰ ਮਾਰਨ ਗਏ ਹਨ, ਉਹ ਗਵਾਰ= ਮੂਰਖ (ਨਾ-ਸਮਝ) ਮਨ ਨੂੰ ਮਾਰ ਨਹੀਂ ਸਕੇ।

ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥

ਗੁਰੂ ਜੀ ਕਥਨ ਕਰਦੇ ਹਨ- ਹੇ ਭਾਈ ! ਜੇ ਕਰ ਇਸ ਮਨ ਨੂੰ ਮਾਰੀਐ= ਮਾਰਨਾ ਚਾਹੁੰਦੇ ਹੋ ਤਾਂ ਗੁਰ ਸ਼ਬਦੀਆਂ ਨਾਲ ਮਿਲ ਕੇ ਵੀਚਾਰ ਕਰੋ।

ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥

ਜੇਕਰ ਸਭ ਕੋਈ ਚਾਹਵੇ ਭੀ ਸਹੀ, ਤਾਂ ਭੀ ਇਹ ਮਨ ਸ਼ੁਭ ਵਿਚਾਰ ਤੋਂ ਬਿਨਾਂ ਮਾਰਿਆਂ ਨਹੀਂ ਮਰਦਾ।

ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥ ੨ ॥

ਗੁਰੂ ਜੀ ਕਹਿੰਦੇ ਹਨ- ਅਸ਼ੁੱਧ ਮਨ ਨੂੰ ਸ਼ੁੱਧ ਮਨ ਹੀ ਮਾਰਦਾ ਹੈ, ਵਾ :- ਗੁਰਾਂ ਦਾ ਮੰਤਰ ਹੀ ਮਨ ਨੂੰ ਮਾਰਦਾ ਹੈ। ਉਹ ਵੀ ਜੇਕਰ ਬ੍ਰਹਮ ਨੇਸ਼ਟੀ ਬ੍ਰਹਮ ਸ਼ਰੋਤਰੀ ਸਤਿਗੁਰੂ ਜੀ ਮਿਲ ਜਾਣ॥ ੨ ॥

[ਪੰਨਾ ੧੦੯੦]

ਪਉੜੀ॥ ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ॥

ਗੁਰਮੁਖ ਤੇ ਮਨਮੁਖ ਇਹ ਦੋਵੇਂ ਤਰਫ਼ਾਂ ਆਪ ਹੀ ਪਰਮੇਸ਼ਰ ਨੇ ਪੈਦਾ ਕੀਤੀਆਂ ਹਨ। ਮਨਮੁਖਾਂ ਦਾ ਸਕਤਿ= ਮਾਇਆ ਵਿਚ ਵਾਸਾ ਹੋ ਰਿਹਾ ਹੈ, ਗੁਰਮੁਖਾਂ ਦਾ ਸਿਵ= ਕਲਿਆਣ ਸਰੂਪ ਪਰਮੇਸ਼ਰ ਵਿਚ ਵਾਸਾ ਹੋ ਰਿਹਾ ਹੈ।

ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ॥

ਸਕਤੀ= ਮਾਇਆ ਵਿਚ ਲੱਗਣ ਵਾਲਿਆਂ ਵਿੱਚੋਂ ਕਿਸੇ ਨੇ ਭੀ ਪਰਮੇਸ਼ਰ ਨੂੰ ਨਹੀਂ ਪਾਇਆ, ਉਹ ਜਨਮ ਤੇ ਬਿਨਾਸਾ= ਮਰਨ ਵਿਚ ਫਿਰਦੇ ਹਨ। ਵਾ :- ਬਾਰੰ-ਬਾਰ ਜੰਮਦੇ ਮਰਦੇ ਹਨ।

ਗੁਰਿ ਸੇਵਿਐ ਸਾਤਿ ਪਾਈਐ ਜਪਿ ਸਾਸ ਗਿਰਾਸਾ॥

ਗੁਰਾਂ ਦੀ ਸੇਵਾ ਕਰਦਿਆਂ ਹੋਇਆਂ ਸਾਸ ਗਿਰਾਸਾ= ਅੰਦਰ ਬਾਹਰ ਸਵਾਸ ਆਉਂਦਿਆਂ ਜਾਂਦਿਆਂ ਹਰੀ ਨੂੰ ਜਪੀਏ ਤਾਂ ਸ਼ਾਂਤੀ ਪਾਈਦੀ ਹੈ।

ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ॥

ਸਿੰਮ੍ਰਿਤੀਆਂ ਸ਼ਾਸਤ੍ਰਾਂ ਨੂੰ ਸੋਧ ਦੇਖੋ, ਸਭ ਏਹੀ ਪੁਕਾਰਦੇ ਹਨ, ਕਿ ਹਰੀ ਦਾ ਦਾਸ ਸਭ ਤੋਂ ਉੱਤਮ ਹੈ।

ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ॥ ੧੦॥

ਹਰੀ ਨਾਮ ਤੋਂ ਬਿਨਾ ਕੋਈ ਇਸਥਿਤ ਨਹੀਂ, ਇਸ ਲਈ ਮੈਂ ਨਾਮ ਤੋਂ ਬਲਿਹਾਰ ਜਾਂਦਾ ਹਾਂ॥ ੧੦॥

ਸਲੋਕੁ ਮਃ ੩॥ ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥

ਜਗਿਆਸੂ ਬੇਨਤੀ ਕਰਦਾ ਹੈ-ਹੇ ਪ੍ਰਭੂ ! ਚਾਹੇ ਮੈਂ ਪੰਡਿਤ ਹੋਵਾਂ, ਚਾਹੇ ਮੈਂ ਜੋਤਸ਼ੀ ਹੋਵਾਂ,ਚਾਹੇ ਮੁਖ ਤੋਂ ਚਾਰੇ ਵੇਦਾਂ ਦਾ ਪਾਠ ਪੜ੍ਹਨਾ ਕਰਾਂ।

ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ॥

ਚਾਹੇ ਮੈਂ ਆਪਣੇ ਸ੍ਰੇਸ਼ਟ ਕਰਤੱਬਾਂ ਦੇ ਵਿਚਾਰ ਦੁਆਰਾ ਨੌਂ ਖੰਡਾਂ ਵਿਚ ਪੂਜਿਆਂ ਜਾਵਾਂ।

ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ॥

ਅਤੇ ਕਰਮ-ਕਾਂਡੀ ਮੈਂ ਐਸਾ ਹੋਵਾਂ ਜੋ ਕਿ ਮੇਰੇ ਚੌਕੇ ਪਰ ਕੋਈ ਆ ਕੇ ਭਿਟੈ= ਛੋਹਵੇ ਨਾ, ਪਰ ਇਤਨੀ ਕਿਰਪਾ ਜ਼ਰੂਰ ਕਰਨੀ ਕਿ ਸੱਚਾ ਨਾਮ ਰੂਪੀ ਅੱਖਰ ਮੈਨੂੰ ਮਤਾਂ ਭੁੱਲ ਜਾਵੇ ਕਿਉਂਕਿ ਜੇ ਸੱਚਾ ਅੱਖਰ ਭੁੱਲ ਗਿਆ ਤਾਂ ਮੇਰੇ ਅੰਤਹਕਰਣ ਰੂਪ ਚੌਂਕੇ ਪਰ ਕੋਈ ਸ਼ੁਭ ਗੁਣ ਨਹੀਂ ਭਿਟੇਗਾ।

ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ॥ ੧॥

ਗੁਰੂ ਜੀ ਕਥਨ ਕਰਦੇ ਹਨ- ਹੇ ਭਾਈ ! ਚੌਂਕੇ ਆਦਿਕ ਬਾਹਰਲੇ ਕਰਮ ਸਭ ਝੂਠੇ ਹਨ, ਸੱਚਾ ਜੋ ਹੈ ਉਹ ਤਾਂ ਇਕ ਵਾਹਿਗੁਰੂ ਹੈ॥ ੧॥

ਮਃ ੩॥ ਆਪਿ ਉਪਾਏ ਕਰੇ ਆਪਿ ਆਪੇ ਨਦਰਿ ਕਰੇਇ॥

ਉਹ ਪਰਮੇਸ਼ਰ ਆਪ ਹੀ ਜਗਤ ਨੂੰ ਉਤਪੰਨ ਕਰਦਾ ਹੈ, ਆਪ ਹੀ ਜੀਵ ਰੂਪ ਹੋ ਕੇ ਕਰਮ ਕਰਦਾ ਹੈ, ਆਪ ਹੀ ਸਭ ਉਤੇ ਨਿਗਾਹ ਕਰਦਾ ਹੈ। ਵਾ :- ਆਪ ਹੀ ਗੁਰੂ ਰੂਪ ਹੋ ਕੇ ਜੀਵਾਂ ਉਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ।

ਆਪੇ ਦੇ ਵਡਿਆਈਆ ਕਹੁ ਨਾਨਕ ਸਚਾ ਸੋਇ ॥ ੨ ॥

ਗੁਰੂ ਜੀ ਕਹਿੰਦੇ ਹਨ- ਉਹ ਸੱਚਾ ਪਰਮੇਸ਼ਰ ਆਪ ਹੀ ਲੋਕ ਪ੍ਰਲੋਕ ਦੀਆਂ ਵਡਿਆਈਆਂ ਦਿੰਦਾ ਹੈ॥ ੨ ॥

ਪਉੜੀ ॥ ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥

ਇਕ ਕਾਲ ਹੀ ਕੰਟਕੁ= ਦੁਖਦਾਈ ਹੈ, ਉਸ ਵਰਗਾ ਹੋਰ ਕੰਟਕੁ= ਦੁੱਖ ਦੇਣ ਵਾਲਾ ਕੋਈ ਨਹੀਂ ਸੁੱਝਦਾ।

ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥

ਜੋ ਕਾਲ ਜਗਤ ਵਿਚ ਅਫਰਿਓ= ਅਮੋੜ ਹੋ ਕੇ ਵਰਤਦਾ ਹੈ ਅਤੇ ਪਾਪੀ ਪੁਰਸ਼ ਨਾਲ ਲੂਝੈ= ਲੜਦਾ ਭਾਵ ਝਗੜਦਾ ਹੈ।

ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ ॥

ਗੁਰ ਸ਼ਬਦੀਆਂ ਨਾਲ ਮਿਲ ਕੇ ਮਨ ਦੇ ਕਠੋਰ ਸੁਭਾਅ ਨੂੰ ਭੇਦੀਐ= ਵਿੰਨ੍ਹੀਏ, ਵਾ :- ਗੁਰ ਸ਼ਬਦੀਆਂ ਨਾਲ ਭੇਦੀਐ= ਮਿਲੀਏ ਤਾਂ ਹਰਿ ਹਰਿ ਦਾ ਜਪ ਪ੍ਰਾਪਤ ਹੁੰਦਾ ਹੈ, ਜਿਸ ਜਪ ਕਰ ਕੇ ਹਰੀ ਨੂੰ ਬੁੱਝਦਾ ਹੈ।

ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥

ਜੋ ਹਰੀ ਦੀ ਸ਼ਰਨ ਨੂੰ ਗ੍ਰਹਿਣ ਕਰ ਕੇ ਮਨ ਨਾਲ ਜੂਝੈ= ਜੁੱਧ ਕਰਦਾ ਹੈ, ਉਹ ਜਮਕਾਲ ਤੋਂ ਛੁੱਟ ਜਾਂਦਾ ਹੈ।

ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥ ੧੧ ॥

ਮਨ ਵਿਚ ਵਿਚਾਰ ਕੇ ਹਰੀ ਨੂੰ ਜਪਣਾ ਕਰੇ ਤਾਂ ਹਰੀ ਦੀ ਦਰਗਾਹ ਵਿਚ ਸੀਝੈ= ਕਲਿਆਣ ਹੁੰਦੀ ਹੈ॥ ੧੧ ॥

ਸਲੋਕੁ ਮਃ ੧ ॥ ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥

ਰਜਾਈ= ਹੁਕਮ ਦੇ ਕਰਨ ਵਾਲਾ ਹੋ ਕੇ ਜੋ ਜੀਵਾਂ ਪਰ ਹੁਕਮ ਕਰਦਾ ਹੈ ਉਸ ਨੂੰ ਸਾਖਤੀ= ਤਾੜਨਾ ਹੁੰਦੀ ਹੈ, ਦਰਗਾਹ ਵਿਚ ਸੱਚ ਨਾਮ ਜਪਣ ਵਾਲਾ ਜੀਵ ਕਬੂਲ ਪੈਂਦਾ ਹੈ।

ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥

ਹੇ ਭਾਈ ! ਸਾਹਿਬੁ= ਪਰਮਾਤਮਾ ਤੇਰੇ ਪਾਸੋਂ ਜ਼ਰੂਰ ਹਿਸਾਬ ਮੰਗੇਗਾ, ਤੂੰ ਦੁਲੀਆਂ ਨੂੰ ਦੇਖ ਕੇ ਭੁੱਲ ਨਾ।

ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ ॥

ਜੋ ਪੁਰਸ਼ ਦਿਲ ਨੂੰ ਰਵਾਨੀ= ਰੋਕਣਾ ਕਰਦਾ ਹੈ, ਵਾ :- ਦਿਲ ਦੀ ਦਰਵਾਨੀ= ਰਖਵਾਲੀ ਕਰਦਾ ਹੈ ਅਤੇ ਪਰਮੇਸ਼ਰ ਦੀ ਦਰਵੇਸੀ= ਬੰਦਗੀ ਕਰਦਾ ਹੈ, ਉਸ ਦਾ ਦਿਲ ਰਾਸਿ= ਸੱਚਾ, ਵਾ :- ਸਾਫ ਹੁੰਦਾ ਹੈ।

ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਪਰਮੇਸ਼ਰ ਦੀ ਮੁਹੱਬਤ ਵਿਚ ਜਿਸ ਦਾ ਇਸਕ= ਪ੍ਰੇਮ ਹੈ, ਉਸ ਦਾ ਲੇਖਾ ਕਰਤੇ ਦੇ ਪਾਸ ਹੈ। *ਅਥਵਾ :-* ਜਿਸ ਨੇ ਮੁਹਬਤਿ= ਪਿਆਰ ਵਾਲੇ ਪ੍ਰਭੂ ਨਾਲ ਇਸਕ= ਪਰੇਮ ਲਗਾਉਣਾ ਕੀਤਾ ਹੈ, ਕਰਤੇ ਪੁਰਖ ਨੇ ਉਸ ਦਾ ਲੇਖਾ ਪਾਸਿ ਕਰ ਦਿੱਤਾ ਹੈ॥ ੧ ॥

ਮਃ ੧ ॥ ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ ॥

ਜਿਹੜਾ ਸੰਤ ਮਧੂਕੜਉ= ਮਧੂਕੜੀ ਦਾ ਅੰਨ ਖਾ ਕੇ ਸੰਸਾਰ ਤੋਂ ਅਲਗਉ= ਅਲੱਗ ਭਾਵ ਅਸੰਗ ਰਹਿੰਦਾ ਹੈ, ਉਹ ਸਾਰੰਗਪਾਣਿ= ਪਰਮਾਤਮਾ ਨੂੰ ਸਾਰੇ ਪਰੀਪੂਰਨ ਨਿਸਚੇ ਕਰਦਾ ਹੈ।

ਅਥਵਾ :- ਜੋ ਮਨ ਰੂਪੀ ਮਧੂ ਦੈਂਤ ਨੂੰ ਕੜਉ= ਦਮਨ ਕਰ ਕੇ ਸੰਸਾਰ ਤੋਂ ਅਲੱਗ ਹੋਇਆ ਹੈ, ਉਸ ਨੇ ਸਾਰੰਗਪਾਣਿ= ਪਰਮਾਤਮਾ ਨੂੰ ਸਾਰੇ ਨਿਸਚੇ ਕੀਤਾ ਹੈ, ਵਾ :- ਜੋ ਮਧੂਕੜਉ= ਭੌਰੇ ਵਾਂਗ ਸਾਰ ਗ੍ਰਾਹੀ ਹੋ ਕੇ ਸੰਸਾਰ ਤੋਂ ਅਲੱਗ ਰਹਿੰਦਾ ਹੈ, ਉਸ ਨੇ ਸਾਰਿੰਗਪਾਣਿ= ਪਰਮਾਤਮਾ ਨੂੰ ਸਾਰੇ ਪਰੀਪੂਰਨ ਜਾਣਿਆ ਹੈ।

ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥ ੨ ॥

ਜਿਸ ਨੇ ਗੁਰ ਉਪਦੇਸ਼ ਰੂਪ ਹੀਰੇ ਨਾਲ ਮਨ ਰੂਪੀ ਹੀਰਾ ਵਿੰਨ੍ਹਿਆ ਹੈ, ਉਸ ਦਾ ਕੰਠ ਸੁਭਾਇਮਾਨ ਹੋਇਆ ਹੈ, ਉਹ ਜੀਵ ਰੂਪ ਹੀਰਾ ਪਰਮੇਸ਼ਰ ਰੂਪ ਹੀਰੇ ਨਾਲ ਬੇਧਿਆ= ਮਿਲਿਆ ਹੈ॥ ੨ ॥

ਪਉੜੀ ॥ ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥

ਉਹਨਾਂ ਮਨਮੁਖਾਂ ਨੂੰ ਕਾਲ ਵਿਆਪਦਾ= ਲੱਗਦਾ ਹੈ, ਜੋ ਮਾਇਆ ਦੇ ਮੋਹ ਵਿਚ ਲੱਗ ਰਹੇ ਹਨ।

ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥

ਮਨਮੁਖਾਂ ਨੂੰ ਇਕ ਖਿਨ ਵਿਚ ਮਾਰ ਕੇ ਪਟਕਾਉਂਦਾ ਹੈ, ਜੋ ਦ੍ਵੈਤ ਭਾਵ ਕਰ ਕੇ ਠੱਗੇ ਗਏ ਹਨ।

ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ ॥

ਜਿਸ ਵੇਲੇ ਜਮ ਦਾ ਡੰਡਾ ਸਿਰ ਉਤੇ ਲੱਗਦਾ ਹੈ ਤਾਂ ਇਹ ਪਛਤਾਉਂਦਾ ਹੈ ਪਰ ਫਿਰ ਮਨੁੱਖਾ ਦੇਹ ਦੀ ਪ੍ਰਾਪਤੀ ਦਾ ਵੇਲਾ ਇਸ ਦੇ ਹੱਥ ਵਿਚ ਨਹੀਂ ਆਉਂਦਾ।

ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ ॥

ਉਹਨਾਂ ਨੂੰ ਜਮ ਦਾ ਡੰਡਾ ਨਹੀਂ ਲੱਗਦਾ, ਜੋ ਹਰੀ ਦੀ ਭਗਤੀ ਵਿਚ ਲਿਵ ਲਗਾ ਕੇ ਜਾਗੇ ਹਨ।

ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ ॥ ੧੨ ॥

ਹੇ ਹਰੀ ! ਸਾਰੀ ਸ੍ਰਿਸ਼ਟੀ ਤੇਰੀ ਹੈ, ਤੁਸੀਂ ਹੀ ਜਮਾਂ ਤੋਂ ਛੁਡਾਉਣੀ ਹੈ ਸਾਰੇ ਜੀਵ ਤੇਰੇ ਹੁਕਮ ਵਿਚ ਲੱਗੇ ਹੋਏ ਹਨ॥ ੧੨ ॥

ਸਲੋਕੁ ਮਃ ੧ ॥ ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ ॥

ਜੋ ਪੁਰਸ਼ ਸਾਰਿਆਂ ਪਦਾਰਥਾਂ ਨੂੰ ਅਗਛਮੀ= ਇਸਥਿਤ ਰੂਪ ਕਰ ਕੇ ਜੋਇ= ਦੇਖਦਾ ਹੈ, ਉਸ ਨੂੰ ਘਨੇਰੋ= ਬੜਾ ਦੁੱਖ ਹੁੰਦਾ ਆਥਿ= ਹੈ।

ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ॥ ੧॥

ਵਿਸ਼ਿਆਂ ਰੂਪੀ, ਵਾ :- ਪਾਪਾਂ ਰੂਪੀ ਕੱਲਰ ਲੱਦ ਰਿਹਾ ਹੈ, ਪਰ ਜੀਵ ਇਹ ਨਹੀਂ ਸਮਝਦਾ ਕਿ ਮੈਂ ਸੰਸਾਰ-ਸਮੁੰਦਰ ਲਾਘਣਉ= ਲੰਘਣਾ ਹੈ, ਨਾ ਮੇਰੇ ਸਾਥਿ= ਪਾਸ ਸ਼ਰਧਾ ਰੂਪੀ ਪੂੰਜੀ ਹੈ, ਨਾ ਹੀ ਆਤਮ-ਅਨੰਦ ਰੂਪ ਲਾਭ ਹੈ॥ ੧॥

ਮਃ ੧॥ ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ॥

ਹੇ ਭਾਈ ! ਅਪਾਰ ਸ਼ਰਧਾ ਰੂਪ ਪੂੰਜੀ ਕਰ ਕੇ ਨਾ ਮੁੱਕਣ ਵਾਲੇ ਸੱਚੇ ਨਾਮ ਰੂਪੀ ਧਨ ਨੂੰ ਇਕੱਠਾ ਕਰ।

ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ॥ ੨॥

ਇਹ ਨਾਮ ਰੂਪੀ ਸੌਦਾ ਨਿਰਮਲ ਹੈ, ਇਸ ਨਾਮ ਰੂਪ ਸੌਦੇ ਦੇ ਵਪਾਰ ਕਰਾਉਣ ਵਾਲੇ ਗੁਰੂ ਰੂਪ ਸ਼ਾਹ ਵੀ ਧੰਨ ਹਨ।

ਮਃ ੧॥ ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ॥

ਹੇ ਭਾਈ ! ਪੂਰਬਲੀ ਮਾਤਾ ਦੇ ਪੇਟ ਵਾਲੀ ਪ੍ਰੀਤੀ ਨੂੰ ਪਿਰਾਣਿ ਲੈ= ਪਛਾਣ ਲੈ ਅਤੇ ਸਾਰਿਆਂ ਤੋਂ ਮੋਟਉ= ਵੱਡਾ ਠਾਕੁਰ ਜੋ ਪਰਮੇਸ਼ਰ ਹੈ, ਉਸ ਦੇ ਅਨੰਦ ਨੂੰ ਮਾਣਿ= ਭੋਗਣਾ ਕਰ।

ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣੁ ਨਾਮਿ॥ ੩॥

ਨਹੀਂ ਤਾਂ ਜਮ ਸਿਰ ਉਤੇ ਊਭੈ= ਖੜਾ ਹੈ ਉਹ ਤੈਨੂੰ ਮਾਰੇਗਾ, ਇਕ ਨਾਮ ਹੀ ਪਰਮੇਸ਼ਰ ਦੇ ਨਾਲ ਮੇਲਣ ਵਾਲਾ ਹੈ॥ ੩॥

ਪਉੜੀ॥ ਆਪੇ ਪਿੰਡੁ ਸਵਾਰਿਓਨੁ ਵਿਚਿ ਨਵ ਨਿਧਿ ਨਾਮੁ॥

ਪਰਮੇਸ਼ਰ ਨੇ ਆਪ ਹੀ ਪਿੰਡੁ= ਸਰੀਰ ਨੂੰ ਬਣਾਇਆ ਹੈ ਤੇ ਇਸ ਸਰੀਰ ਦੇ ਵਿਚ ਹੀ ਨੌਂ ਨਿਧੀਆਂ ਰੂਪ ਨਾਮ ਪਾਇਆ ਹੈ।

ਇਕਿ ਆਪੇ ਭਰਮਿ ਭੁਲਾਇਅਨੁ ਤਿਨ ਨਿਹਫਲ ਕਾਮੁ॥

ਇਕਨਾਂ ਨੂੰ ਪਰਮੇਸ਼ਰ ਨੇ ਆਪ ਹੀ ਭਰਮ ਵਿਚ ਭੁਲਾਇਆ ਹੈ, ਇਸ ਲਈ ਉਹਨਾਂ ਦੇ ਕੀਤੇ ਹੋਏ ਕੰਮ ਸਾਰੇ ਨਿਸਫਲ ਹਨ।

ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮੁ॥

ਇਕਨਾਂ ਗੁਰਮੁਖਾਂ ਨੇ ਹਰੀ ਰਾਮ ਨੂੰ ਆਤਮ= ਆਪਣਾ ਆਪ ਕਰ ਕੇ ਬੁਝਿਆ= ਜਾਣ ਲਿਆ ਹੈ।

ਇਕਨੀ ਸੁਣਿ ਕੈ ਮੰਨਿਆ ਹਰਿ ਊਤਮੁ ਕਾਮੁ॥

ਇਕਨਾਂ ਗੁਰਮੁਖਾਂ ਨੇ ਗੁਰਾਂ ਤੋਂ ਸੁਣ ਕੇ ਹਰੀ ਨਾਮ ਜਪਣ ਰੂਪ ਉੱਤਮ ਕੰਮ ਨੂੰ ਮੰਨਣ ਕੀਤਾ ਹੈ।

ਅਥਵਾ:- ਜਿਨ੍ਹਾਂ ਇਕਨਾਂ ਨੇ ਗੁਰਾਂ ਪਾਸੋਂ ਹਰੀ ਨਾਮ ਸੁਣ ਕੇ ਮੰਨ ਲਿਆ ਹੈ,ਉਹਨਾਂ ਦੇ ਸਾਰੇ ਕੰਮ ਉੱਤਮ ਹਨ।

ਅੰਤਰਿ ਹਰਿ ਰੰਗੁ ਉਪਜਿਆ ਗਾਇਆ ਹਰਿ ਗੁਣ ਨਾਮੁ ॥ ੧੩ ॥

ਗੁਰਮੁਖਾਂ ਦੇ ਹਿਰਦੇ ਅੰਦਰ ਹਰੀ ਦਾ ਰੰਗੁ= ਅਨੰਦ ਉਪਜਿਆ ਹੈ ਕਿਉਂਕਿ ਉਹਨਾਂ ਨੇ ਹਰੀ ਨਾਮ ਗੁਣਾਂ ਨੂੰ ਗਾਇਆ ਹੈ॥ ੧੩ ॥

ਸਲੋਕੁ ਮਃ ੧ ॥ ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ ॥

ਭੋਲਤਣਿ= ਭੁਲੇਖੇ ਵਿਚ ਭੀ ਜੇਕਰ ਮਨ ਵਿਚ ਪਰਮੇਸ਼ਰ ਦਾ ਭੈ= ਡਰ ਵੱਸ ਜਾਵੇ ਤਾਂ ਹੇਕੈ= ਇਕ ਦੀ ਪ੍ਰਾਪਤੀ ਦਾ ਪਾਧਰੁ= ਰਸਤਾ ਹੀਡੁ= ਹਿਰਦੇ ਵਿਚ ਹੀ ਨਿਸਚੇ ਕਰਦਾ ਹੈ।

ਅਥਵਾ :- ਪਰਮੇਸ਼ਰ ਦੇ ਭੋਲਤਣਿ= ਭੁੱਲ ਜਾਣ ਕਰ ਕੇ ਜਮਾਂ ਦਾ ਭੈ ਮਨ ਵਿਚ ਵਸਦਾ ਹੈ ਅਤੇ ਇਕ ਪਰਮੇਸ਼ਰ ਦੇ ਮਿਲਣ ਦਾ ਰਸਤਾ ਹੀਡੁ= ਹਿਰਦੇ ਵਿਚ ਹੀ ਹੈ। ਜਾਂ ਉਸ ਦੀ ਪ੍ਰਾਪਤੀ ਦਾ ਰਸਤਾ ਹੇਕੈ= ਇਕ ਹੀਡੁ= ਹੈ, ਜੋ ਭਗਤੀ ਕਰਨੀ ਹੈ। ਹੀਡੁ ਦਾ ਅਰਥ 'ਹੈ' ਕੀਤਾ ਹੈ।

ਅਥਵਾ :- ਜਿਹੜਾ ਮਨ ਵਿਚ ਭੋਲਤਣਿ= ਭੋਲਾਪਨ ਤੇ ਡਰ ਵੱਸ ਜਾਣਾ ਹੈ ਏਹੋ ਇਕ ਹੀਡੁ= ਪਿਆਰੇ ਪ੍ਰਭੂ ਦੇ ਮਿਲਣ ਦਾ ਰਸਤਾ ਹੈ (ਹੀਡੁ= ਪਿਆਰਾ. (ਗੁਜਰਾਤੀ ਬੋਲੀ ਹੈ)।

[ਪੰਨਾ ੧੦੯੧]

ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ ਭਰੀਡੁ ॥ ੧ ॥

ਬਹੁਤੇ ਡਾਹਪਣਿ= ਭਟਕਣੇ ਕਰ ਕੇ ਬਹੁਤਾ ਦੁੱਖ ਹੁੰਦਾ ਹੈ ਅਤੇ ਤਿੰਨੇ ਥਾਂ ਮਨ, ਬਾਣੀ, ਸਰੀਰ ਵਿਸ਼ਿਆਂ ਕਰ ਕੇ ਭਰ ਜਾਂਦੇ ਹਨ। *ਅਥਵਾ :-* ਮਾਤ ਲੋਕ, ਸੁਰਗ ਲੋਕ, ਬੈਕੁੰਠ ਲੋਕ ਇਹਨਾਂ ਤਿੰਨਾਂ ਥਾਵਾਂ 'ਤੇ ਭਰੀਡੁ= ਭਰਿਸ਼ਟ ਹੋ ਜਾਂਦਾ ਹੈ॥ ੧ ॥

ਮਃ ੧ ॥ ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥

ਵੇਦ ਰੂਪੀ ਮਾਂਦਲੁ= ਢੋਲਿ ਸਿ= ਤਿੰਨਾਂ ਲੋਕਾਂ ਵਿਚ ਵੱਜ ਰਿਹਾ ਹੈ, ਜੋ ਘਣੋ ਧੜੀਐ= ਬਹੁਤੇ ਪੱਖਾਂ ਵਾਲਾ ਹੈ। ਵਾ :- ਜੋ ਘਣੋ= ਬਹੁਤਾ ਧੜ-ਧੜ ਕਰ ਕੇ ਵੱਜ ਰਿਹਾ ਹੈ।

ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਹੇ ਭਾਈ ! ਤੂੰ ਨਾਮ ਨੂੰ ਸੰਭਾਲਣਾ ਕਰ, ਉਸ ਤੋਂ ਬਿਨਾਂ ਸੰਸਾਰ ਤੋਂ ਤਾਰਨ ਵਾਲਾ ਬੀਜਉ ਅਵਰੁ ਨ ਕੋਇ= ਦੂਜਾ ਹੋਰ ਕੋਈ ਨਹੀਂ ਹੈ॥ ੨ ॥

ਮਃ ੧ ॥ ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ ॥

ਓਹ ਪਰਮੇਸ਼ਰ ਅਥਾਹ ਗੁਣਾਂ ਦਾ ਸਮੁੰਦਰ ਹੈ, ਉਸ ਦਾ ਹਾਥਾਲਾ= ਥਾਹ ਭਾਵ ਅੰਤ ਭਲਾ ਕਿਨਿ= ਕਿਸ ਨੇ ਦੇਖਿਆ ਹੈ? ਭਾਵ ਕਿਸੇ ਨਹੀਂ ਦੇਖਿਆ।

ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ ॥

ਉਹ ਵੱਡਾ ਬੇ-ਪਰਵਾਹ ਹੈ, ਗੁਰੂ ਜੀ ਮਿਲਣ ਤਾਂ ਸੰਸਾਰ= ਸਮੁੰਦਰ ਤੋਂ ਪਾਰ ਪੈ ਜਾਂਦਾ ਹੈ।

ਮਝ ਭਰਿ ਦੁਖ ਬਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥ ੩ ॥

ਮਝ= ਹਿਰਦਾ ਦੁੱਖ ਹੀ ਦੁੱਖ ਵਿਚ ਭਰਿਆ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ- ਸੱਚੇ ਨਾਮ ਤੋਂ ਬਿਨਾਂ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਭੁੱਖ ਕਿਸੇ ਦੀ ਲਥੀ= ਉਤਰਦੀ ਨਹੀਂ ॥ ੩ ॥

ਪਉੜੀ ॥ ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥

ਗੁਰਾਂ ਦੇ ਸੁਹਾਵੈ= ਸੋਹਣੇ ਉਪਦੇਸ਼ ਦੁਆਰਾ ਜਿਨ੍ਹਾਂ ਨੇ ਹਿਰਦੇ ਅੰਦਰੋਂ ਭਾਲਿਆ= ਢੂੰਡਿਆ ਹੈ, ਉਹਨਾਂ ਨੂੰ ਉਸ ਦੀ ਪ੍ਰਾਪਤੀ ਹੋਈ ਹੈ।

ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥

ਹਰੀ ਨਾਮ ਨੂੰ ਧਿਆਉਣ ਵਾਲੇ ਗੁਰਮੁਖ ਜੋ ਚਿਤ ਵਿਚ ਇੱਛਾ ਕਰਦੇ ਹਨ, ਓਹੀ ਫਲ ਪਾਉਂਦੇ ਹਨ।

ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥

ਜਿਸ 'ਤੇ ਪਰਮੇਸ਼ਰ ਕਿਰਪਾ ਕਰਦਾ ਹੈ, ਉਸ ਨੂੰ ਗੁਰੂ ਮਿਲਦਾ ਹੈ ਅਤੇ ਉਹ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥

ਧਰਮ ਰਾਜਾ ਉਹਨਾਂ ਦਾ ਮਿੱਤਰ ਹੈ, ਉਹਨਾਂ ਨੂੰ ਜਮ ਰਸਤੇ ਵਿਚ ਨਹੀਂ ਪਾਉਂਦਾ।

ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥ ੧੪ ॥

ਜੋ ਦਿਨੇ ਰਾਤ ਹਰੀ ਨਾਮ ਨੂੰ ਧਿਆਉਂਦਾ ਹੈ, ਉਹ ਹਰੀ ਨਾਮੀ ਵਿਚ ਅਭੇਦ ਹੁੰਦਾ ਹੈ॥ ੧੪ ॥

ਸਲੋਕੁ ਮਃ ੧ ॥ ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ ॥

ਇਕ ਪਰਮੇਸ਼ਰ ਦੇ ਨਾਮਾਂ ਨੂੰ ਸੁਣੀਐ= ਸੁਣਦਾ ਹੈ ਅਤੇ ਇਕ ਦੀ ਸਿਫਤ ਨੂੰ ਹੀ ਆਖਦਾ ਹੈ, ਸੁਰਗ ਲੋਕ, ਮਿਰਤਿ= ਮਾਤ ਲੋਕ, ਪਇਆਲਿ= ਪਾਤਾਲ ਲੋਕ ਵਿਚ ਪਰੀਪੂਰਨ ਜਾਣ ਕੇ, *ਅਥਵਾ :-* ਸੁਰਗ ਵਿਚ, ਮਾਤ ਲੋਕ ਵਿਚ, ਪਾਤਾਲ ਵਿਚ ਇਕੋ ਸੁਣੀਦਾ ਹੈ ਅਤੇ ਇਕ ਹੀ ਕਥਨ ਕੀਤਾ ਜਾਂਦਾ ਹੈ।

ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ ॥

ਉਸ ਵਾਹਿਗੁਰੂ ਦਾ ਹੁਕਮ ਮੇਟਿਆ= ਉਲੰਘਿਆ ਨਹੀਂ ਜਾਂਦਾ, ਜੋ ਉਸ ਨੇ ਲਿਖਿਆ ਹੈ ਉਹ ਜੀਵ ਦੇ ਨਾਲ ਹੀ ਵਰਤਦਾ ਹੈ। ਅੱਗੋਂ ਜਗਿਆਸੂ ਛੇ ਪ੍ਰਸ਼ਨ ਕਰਦਾ ਹੈ-

ਕਉਣੁ ਮੂਆ ਕਉਣੁ ਮਾਰਸੀ ਕਉਣੁ ਆਵੈ ਕਉਣੁ ਜਾਇ ॥

੧. ਕੌਣ ਮਰਿਆ ਹੈ? ੨. ਕੌਣ ਮਾਰਦਾ ਹੈ? ੩. ਕੌਣ ਆਉਂਦਾ ਹੈ? ੪. ਕੌਣ ਜਾਂਦਾ ਹੈ?

ਕਉਣੁ ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ੫. ਕੌਣ ਇਸਥਿਤ ਰਹਿੰਦਾ ਹੈ? ਅਤੇ ੬. ਕਿਸ ਦੀ ਸੁਰਤ ਉਸ ਵਿਚ ਸਮਾ ਰਹੀ ਹੈ? ॥ ੧ ॥ *ਉੱਤਰ-*

ਮਃ ੧ ॥ ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥

ਹੰਗਤਾ ਵਾਲਾ ਪੁਰਸ਼ ਮਰਿਆ ਹੈ, ਮਮਤਾ ਵਾਲੇ ਨੂੰ ਕਾਲ ਮਾਰਦਾ ਹੈ। ਪਉਣੁ= ਵਾਸ਼ਨਾ ਵਾਲਾ ਜੀਵ ਸੰਸਾਰ ਦਰਿਆ ਵਿਚ ਵਹੈ= ਰੁੜ੍ਹਦਾ ਭਾਵ ਆਉਂਦਾ ਜਾਂਦਾ ਹੈ।

ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥

ਜਿਸ ਵੇਲੇ ਮਨ ਹਰੀ ਨਾਮ ਵਿਚ ਤਦਾਕਾਰ ਹੋਇਆ ਤਾਂ ਸਭ ਪਦਾਰਥਾਂ ਦੀ ਤ੍ਰਿਸ਼ਨਾ ਥੱਕ ਗਈ, ਜਿਸ ਦੀ ਤ੍ਰਿਸ਼ਨਾ ਥੱਕੀ ਹੈ, ਓਹੀ ਪੁਰਸ਼ ਇਸਥਿਤ ਰਹਿੰਦਾ ਹੈ।

ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥

ਜਿਸ ਦੇ ਲੋਇਣ= ਨੇਤਰ ਲੋਇਣੀ= ਪਰਮਾਤਮਾ ਵਿਚ ਰਤੇ ਹਨ ਤੇ ਕੰਨ ਵਾਹਿਗੁਰੂ ਦਾ ਜਸ ਸੁਣਦੇ ਹਨ ਉਸ ਦੀ ਸੁਰਤ ਪਰਮੇਸ਼ਰ ਵਿਚ ਸਮਾਈ ਹੈ।

ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥

ਉਸ ਦੀ ਜੀਭ ਰਸਾਇਣਿ= ਪਰਮਾਤਮਾ ਦੇ ਰਸ ਨੂੰ ਚੂਨੜੀ= ਚੂਸਦੀ ਭਾਵ ਲੈ ਰਹੀ ਹੈ ਤੇ ਲਾਲ= ਪਿਆਰੇ ਪਰਮਾਤਮਾ ਦੇ ਲਵਾਇ= ਉਚਾਰਨ ਵਿਚ ਰੱਤੀ ਹੋਈ ਹੈ।

ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥ ੨ ॥

ਜਿਸ ਨੇ ਅੰਦਰੋਂ ਮਨ ਭਗਤੀ ਰੂਪ ਮੁਸ਼ਕ ਵਿਚ ਝਕੋਲਿਆ= ਤਦਾਕਾਰ ਕੀਤਾ ਹੈ, ਉਸ ਦੇ ਗੁਣਾਂ ਦੀ ਕੀਮਤ ਕਹੀ ਨਹੀਂ ਜਾਂਦੀ ॥ ੨ ॥

ਪਉੜੀ ॥ ਇਸੁ ਜੁਗ ਮਹਿ ਨਾਮੁ ਨਿਧਾਨੁ ਹੈ ਨਾਮੋ ਨਾਲਿ ਚਲੈ ॥

ਇਸ ਕਲਜੁਗ ਵਿਚ ਪਰਮੇਸ਼ਰ ਦਾ ਨਾਮ ਨਿਧੀਆਂ ਦਾ ਖ਼ਜ਼ਾਨਾ ਹੈ ਅਤੇ ਨਾਮ ਹੀ ਜੀਵ ਦੇ ਨਾਲ ਸਹਾਈ ਹੋ ਕੇ ਚੱਲਦਾ ਹੈ।

ਏਹੁ ਅਖੁਟੁ ਕਦੇ ਨ ਨਿਖੁਟਈ ਖਾਇ ਖਰਚਿਉ ਪਲੈ ॥

ਇਹ ਨਾਮ ਅਖੁੱਟ ਖ਼ਜ਼ਾਨਾ ਹੈ ਕਦੇ ਭੀ ਨਿਖੁਟਈ= ਮੁੱਕਦਾ ਨਹੀਂ, ਤਾਂ ਤੇ ਇਸ ਖ਼ਜ਼ਾਨੇ ਨੂੰ ਬੁੱਧੀ ਰੂਪ ਪੱਲੇ ਵਿਚ ਪਾ ਕੇ ਆਪ ਖਾਵੋ ਹੋਰਨਾਂ ਪਾਸ ਖਰਚਣਾ ਕਰੋ। ਭਾਵ ਆਪ ਜਪੋ ਹੋਰਨਾਂ ਪਾਸੋਂ ਜਪਵਾਓ।

ਹਰਿਜਨ ਨੇੜਿ ਨ ਆਵਈ ਜਮਕੰਕਰ ਜਮਕਲੈ ॥

ਹਰਿ ਦੇ ਸੇਵਕ ਜਨ ਦੇ ਨੇੜੇ ਜਮਕਲੈ= ਧਰਮਰਾਜ ਦੇ ਜਮਕੰਕਰ= ਜਮਦੂਤ ਨਹੀਂ ਆਉਂਦੇ। ਵਾ :- ਜਮ ਦੇ ਕੰਕਰ= ਦੂਤ ਅਤੇ ਜਮ ਕਲੈ= ਜੰਮਣਾ ਤੇ ਮਰਨਾ ਇਹ ਨੇੜੇ ਨਹੀਂ ਆਉਂਦਾ ।

ਸੇ ਸਾਹ ਸਚੇ ਵਣਜਾਰਿਆ ਜਿਨ ਹਰਿ ਧਨੁ ਪਲੈ ॥

ਉਹ ਸ਼ਾਹ (ਗੁਰੂ) ਤੇ ਵਣਜਾਰੇ (ਜਗਿਆਸੂ) ਸੱਚੇ ਹਨ, ਜਿਨ੍ਹਾਂ ਦੇ ਬੁੱਧੀ ਰੂਪੀ ਪੱਲੇ ਵਿਚ ਹਰੀ ਨਾਮ ਧਨ ਹੈ।

ਹਰਿ ਕਿਰਪਾ ਤੇ ਹਰਿ ਪਾਈਐ ਜਾ ਆਪਿ ਹਰਿ ਘਲੈ ॥ ੧੫ ॥

੧. ਜਾਂ ਆਪ ਹਰੀ ਗੁਰਾਂ ਪਾਸ ਘਲੈ= ਭੇਜੇ ਤਾਂ ਉਹਨਾਂ ਦੀ ਕਿਰਪਾ ਨਾਲ ਹਰਿ ਹਰਿ ਨਾਮ ਪਾਇਆ

ਜਾਂਦਾ ਹੈ। ੨. ਹਰੀ ਦੀ ਆਪਣੀ ਕਿਰਪਾ ਨਾਲ ਹੀ ਹਰੀ ਪਾਇਆ ਜਾਂਦਾ ਹੈ, ਜਾਂ ਹਰੀ ਆਪ ਪਹਿਲੇ ਸਤਸੰਗ ਵਿਖੇ ਭੇਜਣਾ ਕਰੇ॥ ੧੫॥

ਸਲੋਕੁ ਮਃ ੩ ॥ ਮਨਮੁਖ ਵਾਪਾਰੈ ਸਾਰ ਨ ਜਾਣਨੀ
ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ ॥

ਮਨਮੁਖ ਪੁਰਸ਼ ਨਾਮ ਦੇ ਵਾਪਾਰ ਦੀ ਸਾਰ= ਸੰਭਾਲ ਨਹੀਂ ਜਾਣਦੇ, ਵਿਸ਼ਿਆਂ ਨੂੰ ਵਿਹਾਝਹਿ= ਖਰੀਦਦੇ ਹਨ, ਵਿਸ਼ਿਆਂ ਨੂੰ ਹੀ ਸੰਗ੍ਰਹਹਿ= ਇਕੱਠਾ ਕਰਦੇ ਹਨ ਅਤੇ ਵਿਸ਼ਿਆਂ ਨਾਲ ਹੀ ਪ੍ਰੇਮ ਧਾਰਦੇ ਹਨ।

ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ ॥

ਬਾਹਰੋਂ ਭਾਂ ਆਪਣੇ ਆਪ ਨੂੰ ਪੰਡਿਤ ਕਹਾਉਂਦੇ ਹਨ ਅਤੇ ਮਨ ਕਰ ਕੇ ਗਾਵਾਰ ਮੂਰਖ ਭਾਵ ਮਹਾਂ ਮੂਰਖ ਹਨ।

ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ ॥

ਹਰੀ ਨਾਲ ਚਿਤ ਨੂੰ ਨਹੀਂ ਲਗਾਉਂਦੇ ਅਤੇ ਵਾਦੀ= ਝਗੜਿਆਂ ਵਿਚ ਪਿਆਰ ਧਾਰਦੇ ਹਨ।

ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ ॥

ਵਾਦਾ ਕੀਆ= ਝਗੜਿਆਂ ਦੀਆਂ ਹੀ ਕਹਾਣੀਆਂ ਕਰਦੇ ਹਨ, ਕੂੜੁ= ਝੂਠ ਬੋਲਣ ਰੂਪੀ ਆਹਾਰੁ= ਭੋਜਨ ਨੂੰ ਛਕਣਾ ਕਰਦੇ ਹਨ।

ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ ਮੈਲਾ ਸਭੁ ਆਕਾਰੁ ॥

ਜਗਤ ਵਿਚ ਇਕ ਹਰੀ ਰਾਮ ਦਾ ਨਾਮ ਨਿਰਮਲ ਹੈ, ਹੋਰ ਸਭ ਆਕਾਰੁ= ਸੰਸਾਰ ਮੈਲਾ ਹੈ।

ਯਥਾ:- ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥ ੧ ॥
ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥ ੧ ॥

(ਕਬੀਰ ਜੀ, ਪੰਨਾ ੧੧੫੮)

ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਜੋ ਪੁਰਸ਼ ਨਾਮ ਨੂੰ ਯਾਦ ਨਹੀਂ ਕਰਦੇ, ਉਹ ਗਵਾਰ ਮੈਲੇ ਹੋ ਕੇ ਮਰਦੇ ਹਨ। *ਵਾ :-* ਉਹਨਾਂ ਗਵਾਰਾਂ ਦਾ ਮੈਲਾਂ ਵਿਚ ਹੀ ਮਰਨਾ ਹੁੰਦਾ ਹੈ॥ ੧ ॥

ਮਃ ੩ ॥ ਦੁਖੁ ਲਗਾ ਬਿਨੁ ਸੇਵਿਐ ਹੁਕਮੁ ਮੰਨੇ ਦੁਖੁ ਜਾਇ ॥

ਗੁਰੂ ਦੀ ਸੇਵਾ ਕੀਤੇ ਤੋਂ ਬਿਨਾਂ ਦੁੱਖ ਲੱਗਦਾ ਹੈ ਅਤੇ ਹੁਕਮ ਦੇ ਮੰਨਿਆਂ ਦੁੱਖ ਚਲਿਆ ਜਾਂਦਾ ਹੈ।

ਆਪੇ ਦਾਤਾ ਸੁਖੇ ਦਾ ਆਪੇ ਦੇਇ ਸਜਾਇ ॥

ਉਹ ਪਰਮੇਸ਼ਰ ਆਪ ਹੀ ਸੁਖਾਂ ਦਾ ਦਾਤਾ ਹੈ ਅਤੇ ਆਪ ਹੀ ਸਜ਼ਾ ਦਿੰਦਾ ਹੈ।

ਨਾਨਕ ਏਵੈ ਜਾਣੀਐ ਸਭੁ ਕਿਛੁ ਤਿਸੈ ਰਜਾਇ ॥ ੨ ॥

ਗੁਰੂ ਜੀ ਕਹਿੰਦੇ ਹਨ-ਹੇ ਭਾਈ ! ਇਸ ਪ੍ਰਕਾਰ ਜਾਣਨਾ ਕਰੋ, ਜੋ ਕੁਝ ਭੀ ਹੋ ਰਿਹਾ ਹੈ, ਸਭ ਕੁਝ ਉਸ ਦੀ ਰਜਾਇ= ਆਗਿਆ ਵਿਚ ਹੋ ਰਿਹਾ ਹੈ॥ ੨ ॥

ਪਉੜੀ॥

ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ॥

ਹਰੀ ਨਾਮ ਤੋਂ ਬਿਨਾਂ ਜਗਤ ਨਿਰਧਨੁ= ਕੰਗਾਲ ਹੈ, ਕਿਉਂਕਿ ਨਾਮ ਜਪੇ ਤੋਂ ਬਿਨਾਂ ਤ੍ਰਿਪਤੀ ਨਹੀਂ ਹੁੰਦੀ।

ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ॥

ਦ੍ਵੈਤ ਭਾਵ ਨੇ ਜੀਵ ਨੂੰ ਭਰਮ ਵਿਚ ਭੁਲਾਇਆ ਹੋਇਆ ਹੈ, ਇਸ ਲਈ ਉਹ ਹਉਮੈ ਕਰ ਕੇ ਦੁੱਖ ਪਾਉਂਦਾ ਹੈ।

[ਪੰਨਾ ੧੦੯੨]

ਬਿਨੁ ਕਰਮਾ ਕਿਛੁ ਨ ਪਾਈਐ ਜੇ ਬਹੁਤੁ ਲੋਚਾਹੀ॥

ਜੇਕਰ ਇਹ ਜੀਵ ਬਹੁਤ ਸਾਰਾ ਚਾਹੁੰਦਾ ਭੀ ਰਹੇ ਤਾਂ ਭੀ ਕਰਮਾਂ ਤੋਂ ਬਿਨਾਂ ਕੁਝ ਨਹੀਂ ਪਾ ਸਕਦਾ।

ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ॥

ਆਉਣ ਜਾਣ ਅਤੇ ਜੰਮਣ ਮਰਨ ਵਲੋਂ ਗੁਰਾਂ ਦਾ ਸ਼ਬਦ ਹੀ ਛੁਡਾਉਂਦਾ ਹੈ।

ਆਪਿ ਕਰੈ ਕਿਸੁ ਆਖੀਐ ਦੂਜਾ ਕੋ ਨਾਹੀ॥ ੧੬॥

ਜਾਂ ਪਰਮੇਸ਼ਰ ਆਪ ਹੀ ਸਭ ਕੁਝ ਕਰ ਰਿਹਾ ਹੈ ਤਾਂ ਫਿਰ ਹੋਰ ਕਿਸ ਨੂੰ ਆਖੀਏ ? ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ॥ ੧੬॥

ਸਲੋਕੁ ਮਃ ੩॥

ਇਸੁ ਜਗ ਮਹਿ ਸੰਤੀ ਧਨੁ ਖਟਿਆ
ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ॥

ਇਸ ਜਗਤ ਵਿਚ ਉਹਨਾਂ ਸੰਤਾਂ ਨੇ ਹਰੀ ਨਾਮ-ਧਨ ਖੱਟਿਆ ਹੈ, ਜਿਨ੍ਹਾਂ ਨੂੰ ਪ੍ਰਭੂ ਸਰੂਪ ਸਤਿਗੁਰੂ ਆ ਕੇ ਮਿਲਿਆ ਹੈ।

ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ॥

ਸਤਿਗੁਰਾਂ ਨੇ ਜੋ ਸੱਚ ਨਾਮ ਦ੍ਰਿੜ੍ਹ ਕਰਵਾਇਆ ਹੈ, ਇਸ ਨਾਮ-ਧਨ ਦੀ ਕੀਮਤ ਕਹੀ ਨਹੀਂ ਜਾਂਦੀ।

ਇਤੁ ਧਨੁ ਪਾਇਐ ਭੁਖ ਲਥੀ ਸੁਖੁ ਵਸਿਆ ਮਨਿ ਆਇ॥

ਇਸ ਨਾਮ-ਧਨ ਦੇ ਪਾਇਆਂ ਤ੍ਰਿਸ਼ਨਾ ਰੂਪ ਭੁੱਖ ਲਹਿ ਜਾਂਦੀ ਹੈ ਤੇ ਮਨ ਵਿਚ ਸੁਖ ਆ ਕੇ ਵਸਦਾ ਹੈ।

ਜਿੰਨ੍ਹਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ॥

ਜਿਨ੍ਹਾਂ ਨੂੰ ਧੁਰ ਤੋਂ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ, ਉਹਨਾਂ ਨੇ ਸੰਸਾਰ ਵਿਚ ਆ ਕੇ,
ਅਥਵਾ :- ਉਹਨਾਂ ਨੇ ਸਤਿਸੰਗ ਵਿਚ ਆ ਕੇ ਨਾਮ-ਧਨ ਪਾਇਆ ਹੈ।

ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥

ਮਨਮੁਖ ਪੁਰਸ਼ ਜਗਤ ਵਿਚ ਨਿਰਧਨੁ= ਧਨ ਹੀਣ ਭਾਵ ਕੰਗਾਲ ਹੈ, ਜੋ ਮਾਇਆ ਲਈ ਰੋਂਦਾ ਕੁਰਲਾਉਂਦਾ ਤੇ ਵਿਰਲਾਪ ਕਰਦਾ ਫਿਰਦਾ ਹੈ।

ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥

ਰਾਤ ਦਿਨੇ ਸਦਾ ਫਿਰਦਾ ਰਹਿੰਦਾ ਹੈ ਪਰ ਮਾਇਆ ਦੀ ਭੁਖ= ਤ੍ਰਿਸ਼ਨਾ ਕਦੇ ਜਾਂਦੀ ਨਹੀਂ।

ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ॥

ਉਹਨੂੰ ਸ਼ਾਂਤੀ ਕਦੇ ਨਹੀਂ ਆਉਂਦੀ, ਨਾ ਹੀ ਉਸ ਦੇ ਮਨ ਵਿਚ ਸੁਖ ਆ ਕੇ ਵਸਦਾ ਹੈ।

ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ॥

ਸਦਾ ਹੀ ਚਿੰਤਾਵਾਂ ਨੂੰ ਚਿਤਵਦਾ=ਸੋਚਦਾ (ਕਰਦਾ) ਰਹਿੰਦਾ ਹੈ ਅਤੇ ਉਸ ਦੇ ਮਨ ਵਿਚੋਂ ਸੰਸਾ ਕਦੇ ਨਹੀਂ ਜਾਂਦਾ।

ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ॥

ਗੁਰੂ ਜੀ ਕਥਨ ਕਰਦੇ ਹਨ- ਸਤਿਗੁਰਾਂ ਤੋਂ ਬਿਨਾਂ ਉਸ ਦੀ ਮਤਿ= ਬੁੱਧੀ ਸੰਸਾਰ ਦੀ ਤਰਫ਼ ਭਵੀ= ਫਿਰ ਰਹੀ ਹੈ, ਸਤਿਗੁਰਾਂ ਨੂੰ ਮਿਲੇ ਤਾਂ ਗੁਰਾਂ ਦਾ ਉਪਦੇਸ਼ ਕਮਾਉਂਦਾ ਹੈ।

ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ॥ ੧॥

ਜੋ ਸੱਚੇ ਨਾਮ ਵਿਚ ਸਮਾ ਰਹਿੰਦਾ ਹੈ, ਉਹ ਸਦਾ= ਹਮੇਸ਼ਾਂ ਸਦਾ ਸੁਖ ਵਿਚ ਰਹਿੰਦਾ ਹੈ॥ ੧॥

ਮਃ ੩॥ ਜਿਨਿ ਉਪਾਈ ਮੇਦਨੀ ਸੋਈ ਸਾਰ ਕਰੇਇ॥

ਜਿਸ ਪਰਮੇਸ਼ਰ ਨੇ ਮੇਦਨੀ= ਸ੍ਰਿਸ਼ਟੀ ਉਪਾਈ= ਪੈਦਾ ਕੀਤੀ ਹੈ, ਓਹੀ ਖਾਣ ਪਾਣ ਦੀ ਸੰਭਾਲ ਕਰਦਾ ਹੈ।

ਏਕੋ ਸਿਮਰਹੁ ਭਾਇਰਹੁ ਤਿਸੁ ਬਿਨੁ ਅਵਰੁ ਨ ਕੋਇ॥

ਹੇ ਭਾਇਰਹੁ= ਭਾਈਓ ! ਇਕ ਨੂੰ ਸਿਮਰਨਾ ਕਰੋ, ਵਾ :- ਭਾਇ ਰਹੁ= ਪਰੇਮ ਵਿਚ ਰਹਿ ਕੇ ਇਕ ਨੂੰ ਸਿਮਰੋ, ਉਸ ਤੋਂ ਬਿਨਾਂ ਅਵਰੁ ਨ ਕੋਇ= ਹੋਰ ਕੋਈ ਰਖਜਕ ਨਹੀਂ ਹੈ।

ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ॥

ਗੁਰੂ- ਉਪਦੇਸ਼ ਰੂਪ ਚੰਗਿਆਈਆ= ਭੱਲਿਆਂ ਨੂੰ ਖਾਣਾ ਕਰੋ, ਵਾ :- ਚੰਗਿਆਈਆਂ ਦੇ ਸਹਿਤ ਗੁਰ ਉਪਦੇਸ਼ ਨੂੰ ਖਾਣਾ= ਧਾਰਨਾ ਕਰੋ, ਜਿਸ ਦੇ ਖਾਧਿਆਂ ਸਦਾ ਤ੍ਰਿਪਤੀ ਹੋਵੇ।

ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ ਓਹੁ ਊਜਲਾ ਮੈਲਾ ਕਦੇ ਨ ਹੋਇ॥

ਹੇ ਭਾਈ ! ਵਾਹਿਗੁਰੂ ਦੀ ਸਿਫ਼ਤ ਸਨਾਇ= ਪਛਾਣਨ ਰੂਪੀ ਕਪੜੇ ਨੂੰ ਜੋ ਪਹਿਰਦਾ ਹੈ, ਉਹ ਸਦਾ ਸਦਾ ਉੱਜਲ ਹੁੰਦਾ ਹੈ, ਉਸ ਦਾ ਅੰਤਹਕਰਨ ਕਦੇ ਮੈਲਾ ਨਹੀਂ ਹੁੰਦਾ।

ਸਹਜੇ ਸਚੁ ਧਨੁ ਖਟਿਆ ਥੋੜਾ ਕਦੇ ਨ ਹੋਇ॥

ਗੁਰਮੁਖਾਂ ਨੇ ਸਹਜੇ ਸੱਚਾ ਆਤਮ-ਧਨ ਖੱਟਿਆ ਹੈ, ਜੋ ਕਦੇ ਭੀ ਥੋੜ੍ਹਾ ਨਹੀਂ ਹੁੰਦਾ।

ਦੇਹੀ ਨੋ ਸਬਦੁ ਸੀਗਾਰੁ ਹੈ ਜਿਤੁ ਸਦਾ ਸਦਾ ਸੁਖੁ ਹੋਇ॥

ਇਸ ਦੇਹ ਨੂੰ ਗੁਰ ਉਪਦੇਸ਼ ਰੂਪੀ ਸ਼ਿੰਗਾਰ ਕਰੇ, ਜਿਸ ਕਰ ਕੇ ਸਦਾ ਹੀ ਨਿਤ ਸੁਖ ਦੀ ਪਰਾਪਤੀ ਹੋਵੇ।

ਨਾਨਕ ਗੁਰਮੁਖਿ ਬੁਝੀਐ ਜਿਸ ਨੋ ਆਪਿ ਵਿਖਾਲੇ ਸੋਇ॥ ੨॥

ਗੁਰੂ ਜੀ ਕਥਨ ਕਰਦੇ ਹਨ- ਉਹ ਗੁਰਮੁਖ ਗੁਰਾਂ ਦੁਆਰੇ ਪਰਮੇਸ਼ਰ ਨੂੰ ਬੁੱਝਦਾ ਹੈ, ਜਿਸ ਗੁਰਮੁਖ ਨੂੰ ਉਹ ਆਪ ਪਰਮੇਸ਼ਰ ਵਿਖਾਲਦਾ ਹੈ॥ ੨॥

ਪਉੜੀ॥

ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ॥

(੧) ਜਪੁ, ਤਪੁ, ਸੰਜਮ ਆਦਿਕ ਸਭ ਸਾਧਨ ਹੈਨ ਤਾਂ ਹਿਰਦੇ ਅੰਦਰ, ਪਰ ਗੁਰਾਂ ਦੇ ਉਪਦੇਸ਼ ਦੁਆਰਾ ਜਾਪੈ= ਜਾਣੇ ਜਾਂਦੇ ਹਨ।

(੨) ਜਿਸ ਪ੍ਰਭੂ ਨੂੰ ਪਾਉਣ ਵਾਸਤੇ, ਜਪ ਤਪ ਤੇ ਸੰਜਮ ਆਦਿਕ ਸਾਧਨ ਕਰਦੇ ਹਨ, ਉਹ ਪ੍ਰਭੂ ਅੰਦਰ ਹੀ ਹੈ, ਪਰ ਗੁਰਾਂ ਦੇ ਉਪਦੇਸ਼ ਕਰ ਕੇ ਜਾਣਿਆਂ ਜਾਂਦਾ ਹੈ।

ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ॥

ਹਰਿ ਹਰਿ ਨਾਮ ਨੂੰ ਧਿਆਉਣਾ ਕਰੀਏ, ਜਿਸ ਕਰ ਕੇ ਹਉਮੈ ਤੇ ਅਗਿਆਨ ਗਵਾਪੈ= ਦੂਰ ਹੋਵੇ।

ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ॥

ਹਿਰਦੇ ਅੰਦਰ ਨਾਮ-ਅੰਮ੍ਰਿਤ ਭਰਪੂਰ ਹੈ, ਪਰ ਚੱਖਣ ਨਾਲ ਹੀ ਉਸ ਦਾ ਸਾਦੁ= ਸੁਆਦ ਭਾਵ ਅਨੰਦ ਜਾਪੈ= ਜਾਣਿਆ ਜਾਂਦਾ ਹੈ।

ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ॥

ਜਿਨ੍ਹਾਂ ਨੇ ਨਾਮ-ਅੰਮ੍ਰਿਤ ਚੱਖਿਆ ਹੈ ਉਹ ਨਿਰਖੌਫ਼ ਹੋਏ ਹਨ ਅਤੇ ਉਹ ਹਰੀ ਨਾਮ-ਰਸ ਕਰ ਕੇ ਧ੍ਰਾਪੈ= ਤ੍ਰਿਪਤ ਹੋ ਗਏ ਹਨ।

ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ॥ ੧੭॥

ਹਰੀ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ ਜਿਸ ਨੂੰ ਨਾਮ ਅੰਮ੍ਰਿਤ ਪਿਲਾਇਆ ਹੈ, ਉਸ ਨੂੰ ਮੁੜ ਕੇ ਕਾਲ ਨਹੀਂ ਵਿਆਪਦਾ॥ ੧੭॥

ਸਲੋਕੁ ਮਃ ੩॥

ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ॥

ਸੰਸਾਰੀ ਲੋਕ ਤਾਂ ਔਗੁਣਾਂ ਦੀ ਗੰਠੜੀ= ਗੰਢ ਬੰਨ੍ਹਦੇ ਹਨ, ਭਾਵ ਅਭਗਤੀ ਕਰਦੇ ਹਨ, ਪ੍ਰਭ ਗੁਣਾਂ ਨੂੰ ਕੋਈ ਭੀ ਨਹੀਂ ਖ਼ਰੀਦਦਾ।

ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥

ਗੁਰੂ ਜੀ ਕਥਨ ਕਰਦੇ ਹਨ- ਕੋਈ ਵਿਰਲਾ ਹੀ ਸ਼ੁਭ ਗੁਣਾਂ ਦਾ ਗਾਹਕ ਹੁੰਦਾ ਹੈ।

ਗੁਰ ਪਰਸਾਦੀ ਗੁਣ ਪਾਈਅਨਿ ਜਿਸ ਨੋ ਨਦਰਿ ਕਰੇਇ ॥ ੧ ॥

ਗੁਰਾਂ ਦੀ ਕਿਰਪਾ ਕਰ ਕੇ ਹੀ ਸ਼ੁਭ ਗੁਣ ਪਾਏ ਜਾਂਦੇ ਹਨ, ਪਰ ਗੁਰਾਂ ਦੀ ਪਰਾਪਤੀ ਉਸ ਨੂੰ ਹੁੰਦੀ ਹੈ, ਜਿਸ ਨੂੰ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ॥ ੧ ॥

ਮਃ ੩ ॥ ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ ॥

(ਉਹਨਾਂ ਦੀ ਨਿਗਾਹ ਵਿਚ) ਗੁਣ ਤੇ ਔਗੁਣ ਜੀਵ ਦੇ ਬੰਨ੍ਹਣ ਵਿਚ ਇਕ ਸਮਾਨ ਭਾਵ ਇਕੋ ਜਿਹੇ ਹਨ, ਗੁਣ ਸੋਨੇ ਦੀ ਬੇੜੀ ਤੇ ਔਗੁਣ ਲੋਹੇ ਦੀ ਬੇੜੀ ਹੈ। ਵਾ :- ਉਹਨਾਂ ਦੇ ਗੁਣ ਤੇ ਔਗੁਣ ਸਮਾਨਿ ਹਹਿ= ਸਮਾ ਹੀ ਗਏ ਹਨ, ਜਿਹੜੇ ਪੁਰਸ਼ ਕਰਤਾਰ ਨੇ ਆਪਣੀ ਤਰਫ਼ ਕੀਤੇ ਹਨ।

ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰ ਕੇ ਵਾਹਿਗੁਰੂ ਦਾ ਹੁਕਮ ਮੰਨੀਏ ਤਾਂ ਸੁਖ ਪਾਈਦਾ ਹੈ॥ ੨ ॥

ਪਉੜੀ ॥ ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ .

(੧) ਅੰਤਹਕਰਨ ਰੂਪੀ ਤਖ਼ਤ ਦੇ ਅੰਦਰ ਰਾਜਾ= ਸਾਖੀ ਚੇਤਨ ਹੈ, ਉਹ ਆਪ ਹੀ ਨਿਆਂ ਕਰਦਾ ਹੈ ਭਾਵ ਇੰਦ੍ਰੀਆਂ ਨੂੰ ਸੱਤਾ ਸਫੁਰਤੀ ਦੇ ਕੇ ਆਪੋ ਆਪਣੇ ਵਿਸ਼ਿਆਂ ਵੱਲ ਚਲਾਉਂਦਾ ਹੈ।

(੨) ਆਪ ਹੀ ਸੰਸਾਰ-ਤਖ਼ਤ ਅੰਦਰ ਰਾਜਾ ਰੂਪ ਹੋ.ਕੇ ਇਸਥਿਤ ਹੋ ਰਿਹਾ ਹੈ, ਆਪ ਹੀ ਜੀਵਾਂ ਦੇ ਕੀਤੇ ਕਰਮਾਂ ਦਾ ਨਿਆਂ ਕਰਦਾ ਹੈ।

ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥

ਸਰੀਰ ਦੇ ਅੰਦਰ ਜੋ ਮਹਲੁ= ਸਾਖੀ ਚੇਤਨ (ਪਰਮਾਤਮਾ) ਅਸਰਾਉ= ਆਸਰਾ ਰੂਪ ਹੈ, ਉਹ ਗੁਰੂ ਸ਼ਬਦ ਦੁਆਰਾ ਹਿਰਦੇ ਅੰਦਰ ਹੀ ਜਾਣਿਆਂ ਜਾਂਦਾ ਹੈ।

ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥

ਖਰੇ ਆਦਮੀ ਪਰਖ ਕੇ ਸਰੂਪ ਰੂਪੀ ਖ਼ਜ਼ਾਨੇ ਵਿਚ ਪਾਈਦੇ ਹਨ, ਖੋਟਿਆਂ ਨੂੰ ਕੋਈ ਜਗ੍ਹਾ ਨਹੀਂ ਮਿਲਦੀ।

ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥

ਸਾਰਿਆਂ ਵਿਚ ਸੱਚ ਹੀ ਸੱਚ ਵਰਤ ਰਿਹਾ ਹੈ, ਉਸ ਦਾ ਨਿਆਂ ਸਦਾ ਹੀ ਸੱਚਾ ਹੈ।

ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥ ੧੮ ॥

ਜਿਸ ਦੇ ਮਨ ਵਿਚ ਵਾਹਿਗੁਰੂ ਨਾਮ ਵਸਿਆ ਹੈ, ਉਸ ਨੂੰ ਬ੍ਰਹਮਾਨੰਦ ਰੂਪੀ ਅੰਮ੍ਰਿਤ ਦਾ ਰਸੁ= ਅਨੰਦ ਆਇਆ ਹੈ॥ ੧੮ ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਸਤਿਗੁਰੂ ਜੀ ਕਥਨ ਕਰਦੇ ਹਨ। ਜਗਿਆਸੂ ਕਹਿੰਦਾ ਹੈ-

ਸਲੋਕ ਮਃ ੧ ॥ ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥

ਹੇ ਵਾਹਿਗੁਰੂ ! ਜਦ ਮੈਂ ਹੰਗਤਾ ਕਰਦਾ ਹਾਂ, ਤਦੋਂ ਤੂੰ ਮੇਰੇ ਅੰਦਰ ਪ੍ਰਗਟ ਨਹੀਂ ਹੁੰਦਾ ਅਤੇ ਜਦ ਤੂੰ ਪ੍ਰਾਪਤ ਹੁੰਦਾ ਹੈਂ ਤਾਂ ਮੇਰੇ ਵਿਚ ਹੰਗਤਾ ਨਹੀਂ ਰਹਿੰਦੀ।

[ਪੰਨਾ ੧੦੯੩]

ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥

ਇਸ ਅਕੱਥ ਪ੍ਰਭੂ ਦੀ ਕਥਾ ਦਾ ਮਨ ਦੇ ਵਿਚ ਬੂਝਣਾ= ਸਮਝਣਾ ਗਿਆਨੀਆਂ ਨਾਲ ਮਿਲ ਕੇ ਬੂਝਹੁ= ਸਮਝੋ।

ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥

ਅਲਖੁ= ਪਰਮਾਤਮਾ ਭਾਵੇਂ ਸਾਰਿਆਂ ਵਿਚ ਵਸ ਰਿਹਾ ਹੈ, ਉਹ ਸਿਧਾਂਤ ਰੂਪ ਪਰਮਾਤਮਾ ਗੁਰੂ ਤੋਂ ਬਿਨਾਂ ਪਾਇਆ ਨਹੀਂ ਜਾਂਦਾ।

ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥

ਸਤਿਗੁਰੂ ਮਿਲ ਜਾਵੇ ਤੇ ਜਾਂ ਉਹਨਾਂ ਦਾ ਉਪਦੇਸ਼ ਮਨ ਵਿਚ ਵੱਸ ਜਾਵੇ ਤਾਂ ਪਰਮੇਸ਼ਰ ਜਾਣਿਆਂ ਜਾਂਦਾ ਹੈ।

ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥

ਜਿਨ੍ਹਾਂ ਦਾ ਆਪੁ= ਹੰਕਾਰ ਦੂਰ ਹੋ ਗਿਆ ਹੈ, ਉਹਨਾਂ ਦਾ ਭਰਮ ਤੇ ਭਉ= ਡਰ ਵੀ ਚਲਾ ਗਿਆ ਹੈ ਅਤੇ ਜੰਮਣ ਮਰਨ ਦਾ ਦੁੱਖ ਵੀ ਜਾਂਦਾ ਰਿਹਾ ਹੈ।

ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥

ਗੁਰਾਂ ਦੀ ਸਿਖਿਆ ਦੁਆਰੇ ਅਲਖੁ= ਪਰਮਾਤਮਾ ਨੂੰ ਆਪ ਜਾਣੀਏ ਹੋਰਨਾਂ ਨੂੰ ਲਖਾਈਐ= ਜਣਾਈਏ, ਕਿਉਂਕਿ ਉੱਤਮ ਮਤਿ= ਸਿਖਿਆ ਹੀ ਸੰਸਾਰ ਤੋਂ ਜੀਵ ਨੂੰ ਤਾਰਦੀ ਹੈ।

ਨਾਨਕ ਸੋ ਹੰ ਹੰ ਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ (ਕਿ ਪ੍ਰਹਿਲਾਦ ਭਗਤ ਵਾਂਗ ਐਹੋ ਜਿਹਾ) — ਸੋ ਹੰ, ਹੰ ਸਾ= ਅਭੇਦ ਚਿੰਤਨ ਰੂਪ ਜਪ ਨੂੰ ਜਪਣਾ ਕਰੋ, ਕਿ ਉਹ ਬ੍ਰਹਮ ਹੰ= ਮੈਂ ਹਾਂ ਤੇ ਹੰ= ਮੈਂ ਸਾ= ਉਹ ਬ੍ਰਹਮ ਸਰੂਪ ਹਾਂ।* ਅਤੇ ਤਿੰਨੇ ਭਵਣ= ਲੋਕ ਉਸ ਪਰਮੇਸ਼ਰ ਵਿਚ ਹੀ ਸਮਾਏ ਹੋਏ ਨਿਸਚੇ ਕਰੋ।

ਮਃ ੩ ॥ ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥

੧) ਜਿਨ੍ਹਾਂ ਨੇ ਗੁਰ-ਉਪਦੇਸ਼ ਦੀ ਵੀਚਾਰ ਕਰ ਕੇ ਮਨ ਨੂੰ ਮਾਣਕ ਵਾਂਗ ਸ਼ੁੱਧ ਕਰ ਕੇ ਪਰਖ ਲਿਆ ਹੈ।

੨) ਗੁਰ- ਸ਼ਬਦ ਦੀ ਵੀਚਾਰ ਕਰ ਕੇ ਮਾਣਕ ਰੂਪ ਪਰਮਾਤਮਾ ਨੂੰ ਮਨ ਵਿਚ ਹੀ ਪਰਖ ਲਿਆ ਹੈ; ਭਾਵ ਉਸ ਦੇ ਯਥਾਰਥ ਗਿਆਨ ਨੂੰ ਨਿਸਚੇ ਕੀਤਾ ਹੈ।

---

*ਯਥਾ-*ਸੋ ਹੰ ਸੋ ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥* (ਭੈਰਉ ਕਬੀਰ, ਪੰਨਾ ੧੧੬੨)

ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ॥

ਉਹ ਪੁਰਸ਼ ਕਲਜੁਗ ਰੂਪ ਸੰਸਾਰ ਵਿਚ ਵਿਰਲੇ ਜਾਣੀਦੇ ਹਨ ਭਾਵ ਬਹਤੁ ਘੱਟ ਵੇਖੀਦੇ ਹਨ।

ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ॥

ਉਹ ਆਪਣੇ ਸਰੂਪ ਵਿਚ ਆਪ ਮਿਲ ਰਿਹਾ ਹੈ, ਜਿਸ ਨੇ ਹਉਮੈ, ਦੁਬਿਧਾ ਆਦਿਕਾਂ ਨੂੰ ਮਾਰਿਆ ਹੈ।

ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ॥ ੨॥

ਗੁਰੂ ਜੀ ਕਥਨ ਕਰਦੇ ਹਨ- ਜੋ ਪੁਰਸ਼ ਨਾਮ ਵਿਚ ਰਤੇ= ਰੰਗੇ ਹਨ, ਉਹ ਆਪਣੇ ਆਪ ਨਾ ਤਰੇ ਜਾਣ ਵਾਲੇ ਦੁਤਰੁ= ਕਠਿਨ ਸੰਸਾਰ- ਸਮੁੰਦਰ ਤੋਂ ਤਰ ਜਾਂਦੇ ਹਨ, ਕਿਉਂਕਿ ਇਹ ਸੰਸਾਰ ਭਉਜਲੁ= ਸਮੁੰਦਰ ਤਰਨਾ ਬਹੁਤ ਹੀ ਬਿਖਮੁ= ਕਠਿਨ ਭਾਵ ਔਖਾ ਹੈ॥ ੨॥

ਪਉੜੀ॥ ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰ ਮਤੇ॥

ਮਨਮੁਖ ਪੁਰਸ਼ ਹਿਰਦੇ ਅੰਦਰ ਪਰਮੇਸ਼ਰ ਨੂੰ ਨਹੀਂ ਢੂੰਡਦੇ, ਕਿਉਂਕਿ ਹੰਕਾਰ ਵਿਚ ਮਸਤ ਹੋਏ ਹੋਏ ਮੁਠੇ= ਲੁੱਟੇ ਗਏ ਹਨ।

ਚਾਰੇ ਕੁੰਡਾ ਭਵਿ ਥਕੇ ਅੰਦਰਿ ਤਿਖ ਤਤੇ॥
ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ॥

ਚਾਰੇ ਕੁੰਡਾ= ਚਾਰੇ ਦਿਸ਼ਾਂ ਵਿਚ ਫਿਰ ਕੇ ਥੱਕ ਗਏ ਪਰ ਨਾ ਲੱਭਾ, ਹਿਰਦੇ ਅੰਦਰ ਪਦਾਰਥਾਂ ਦੀ ਤ੍ਰਿਖਾ ਕਰ ਕੇ ਤਤੇ= ਤਮੋ ਗੁਣੀ ਹਨ, ਮਨਮੁਖ ਪੁਰਸ਼ ਮਨ ਦੇ ਪਿੱਛੇ ਤੁਰ ਕੇ ਵਿਗੁਤੇ= ਖਰਾਬ ਹੋਏ ਹੋਏ ਸਿੰਮ੍ਰਿਤੀਆਂ ਸ਼ਾਸਤ੍ਰਾਂ ਦੇ ਸਿਧਾਂਤ ਨੂੰ ਨ ਸੋਧਨੀ= ਵਿਚਾਰਦੇ ਨਹੀਂ ਹਨ।

ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ॥

ਹਰਿ ਹਰਿ ਦੇ ਸਤਿਨਾਮੁ ਮੰਤ੍ਰ ਨੂੰ ਗੁਰੂ ਤੋਂ ਬਿਨਾਂ ਕਿਸੇ ਨੇ ਨਹੀਂ ਪਾਇਆ।

ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ॥ ੧੯॥

ਜਿਸ ਵੇਲੇ ਹਰਿ ਹਰਿ ਨਾਮ ਨੂੰ ਜਪ ਕੇ ਤਤੁ ਗਿਆਨੁ= ਯਥਾਰਥ ਗਿਆਨ ਨੂੰ ਵਿਚਾਰਿਆ ਤਾਂ ਗਤੇ= ਮੁਕਤੀ ਹੋਈ॥ ੧੯॥

ਸਲੋਕ ਮਃ ੨॥ ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥

ਜੋ ਪਰਮੇਸ਼ਰ ਆਪ ਜੀਵਾਂ ਨੂੰ ਉਤਪੰਨ ਕਰਦਾ ਹੈ, ਉਹ ਆਪ ਹੀ ਖਾਣ ਪਾਣ ਦੇਣਾ ਜਾਣਦਾ ਹੈ। *ਅਥਵਾ :-* ਆਪ ਹੀ ਜੀਵਾਂ ਦੇ ਕਰਮਾਂ ਨੂੰ ਜਾਣਦਾ ਹੈ ਤੇ ਆਪ ਹੀ ਫਲ ਦੇਣਾ ਕਰਦਾ ਹੈ ਅਤੇ ਜੋ ਆਪੇ ਆਣੈ ਰਾਸਿ = ਸੱਚ ਭਾਈ ਵਿਖੇ ਲਿਆਉਂਦਾ ਹੈ। *ਅਥਵਾ :—* ਕੰਮ ਨੂੰ ਪੂਰਨਤਾ ਵਿਚ ਲਿਆਉਂਦਾ ਹੈ।

ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥ ੧॥

ਸਤਿਗੁਰੂ ਜੀ ਕਥਨ ਕਰਦੇ ਹਨ- ਉਸ ਪਰਮੇਸ਼ਰ ਦੇ ਅੱਗੇ ਖੜੋ ਕੇ ਅਰਦਾਸ ਕਰਨੀ ਚਾਹੀਦੀ ਹੈ॥ ੧॥

ਮਃ ੧ ॥ ਜਿਨਿ ਕੀਆ ਤਿਨਿ ਦੇਖਿਆ ਆਪੇ ਜਾਣੈ ਸੋਇ ॥

ਜਿਸ ਪਰਮੇਸ਼ਰ ਨੇ ਜਗਤ ਨੂੰ ਪੈਦਾ ਕੀਤਾ ਹੈ, ਉਸੇ ਨੇ ਦੇਖਿਆ= ਪਾਲਿਆ ਹੈ ਅਤੇ ਉਹ ਆਪ ਹੀ ਲੈਤਾ ਕਰਨੀ ਜਾਣਦਾ ਹੈ।

ਕਿਸ ਨੋ ਕਹੀਐ ਨਾਨਕਾ ਜਾ ਘਰਿ ਵਰਤੈ ਸਭੁ ਕੋਇ ॥ ੨ ॥

ਜਾਂ ਸਭ ਕਿਸੀ ਦੇ ਘਰਿ= ਹਿਰਦੇ ਵਿਚ ਉਹ ਪਰਮੇਸ਼ਰ ਵਰਤ ਰਿਹਾ ਹੈ ਤਦ ਹੋਰ ਕਿਸ ਨੂੰ ਆਪਣਾ ਦੁਖਦਾਈ ਹਾਲ ਕਹੀਐ= ਕਹਿਣਾ ਹੈ॥ ੨ ॥

ਪਉੜੀ ॥ ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥

ਹੇ ਭਾਈ ! ਸਾਰਿਆਂ ਥੋਕ= ਪਦਾਰਥਾਂ ਦਾ ਮੋਹ ਵਿਸਾਰਿ= ਭੁਲਾ ਕੇ ਇਕ ਪਰਮੇਸ਼ਰ ਨੂੰ ਆਪਣਾ ਮਿੱਤਰ ਬਣਾ ਲੈਣਾ ਕਰ।

ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ ॥

ਤਦ ਤੇਰਾ ਮਨ ਤਨ ਨਿਹਾਲ ਹੋਵੇਗਾ, ਉਹ ਹਰੀ ਕੈਸਾ ਹੈ ? ਉੱਤਰ ਉਹ ਪਾਪਾਂ ਦੇ ਦਹੈ= ਸਾੜਨ ਵਾਲਾ ਹੈ। *ਅਥਵਾ :-* ਹਰੀ ਤੇਰੇ ਪਾਪਾਂ ਨੂੰ ਦਹੈ= ਸਾੜ ਦੇਵੇਗਾ ਤੇ ਤੂੰ ਮਨ ਤਨ ਕਰ ਕੇ ਨਿਹਾਲੁ= ਸੁਖੀ ਹੋ ਜਾਵੇਂਗਾ।

ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ ॥

ਤਦ ਤੇਰਾ ਆਉਣਾ ਜਾਣਾ ਚੁਕੈ= ਦੂਰ ਹੋ ਜਾਵੇਗਾ ਅਤੇ ਜਨਮ ਮਰਨ ਵਿਚ ਨਹੀਂ ਜਾਏਂਗਾ।

ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ ॥

ਸੱਚ ਨਾਮ ਦਾ ਆਸਰਾ ਗ੍ਰਹਿਣ ਕਰੇ ਤਾਂ ਸੋਗਿ= ਚਿੰਤਾ ਅਤੇ ਮੋਹ ਵਿਚ ਨ ਜਰਿ= ਨਹੀਂ ਸੜੇਂਗਾ।

ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ- ਪਰਮੇਸ਼ਰ ਦਾ ਨਾਮ ਜੋ ਨਿਧੀਆਂ ਦਾ ਖ਼ਜ਼ਾਨਾ ਹੈ, ਉਸ ਨੂੰ ਧਾਰ ਕੇ ਮਨ ਵਿਚ ਸੰਜਿ= ਇਕੱਠਾ ਕਰ॥ ੨੦ ॥

***ਸਲੋਕ ਮਃ ੫ ॥ ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ॥**

ਜੀਵ ਦੇ ਮਨ ਵਿਚੋਂ ਮਾਇਆ ਭੁੱਲਦੀ ਨਹੀਂ ਹੈ, ਦੰਮਾ ਦੰਮ= ਦਮ-ਬ-ਦਮ ਭਾਵ ਸੁਆਸ-ਸੁਆਸ ਮਾਇਆ ਹੀ ਮੰਗਦਾ ਹੈ। *ਵਾ :-* ਦੰਮਾ ਦੰਮ= ਦਮੜੇ ਮੰਗਦਾ ਹੈ।

ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ ॥ ੧ ॥

ਉਹ ਪ੍ਰਭੁ= ਪਰਮਾਤਮਾ ਇਸ ਨੂੰ ਚਿਤ ਵਿਚ ਚੇਤੇ ਨਹੀਂ ਆਉਂਦਾ, ਜਾਣੋ ਇਸ ਜੀਵ ਦੇ ਸ੍ਰੇਸ਼ਟ ਕਰਮ ਨਹੀਂ ਹਨ। *ਵਾ :-* ਪਰਮੇਸ਼ਰ ਦੀ ਕਰੰਮ= ਕਿਰਪਾ ਨਹੀਂ ਹੈ॥ ੧ ॥

**ਇਹ ਸੋਲਕ ੧੪੨੬ ਪੰਨੇ ਪਰ ਭੀ ਆਵੇਗਾ।*

ਮਃ ੫ ॥ ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ ॥

ਹੇ ਭਾਈ ! ਇਹ ਮਾਇਆ ਤਾਂ ਕਦੇ ਕਿਸੇ ਦੇ ਨਾਲ ਨਹੀਂ ਚਲਈ= ਜਾਂਦੀ, ਤੂੰ ਅੰਧਤਾਈ ਕਰ ਕੇ ਇਸ ਮਾਇਆ ਵਿਚ ਮੁੜ-ਮੁੜ ਕੇ ਕਿਉਂ ਲੰਪਟ ਹੋ ਰਿਹਾ ਹੈਂ?

ਗੁਰ ਕੇ ਚਰਣ ਧਿਆਇ ਤੂ ਤੁਟਹਿ ਮਾਇਆ ਬੰਧ ॥ ੨ ॥

ਤੂੰ ਗੁਰਾਂ ਦੇ ਚਰਨਾਂ ਨੂੰ ਧਿਆਉਣਾ ਕਰ ਤਾਂ ਮਾਇਆਵਕੀ ਬੰਧਨ ਟੁੱਟ ਜਾਣਗੇ॥ ੨ ॥

ਪਉੜੀ ॥ ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥

ਉਹ ਪਰਮੇਸ਼ਰ ਆਪਣੇ ਭਾਣੇ ਵਿਚ ਹੀ ਹੁਕਮ ਮਨਾਉਂਦਾ ਹੈ, ਭਾਣੇ ਦੇ ਮੰਨਣ ਕਰ ਕੇ ਹੀ ਜੀਵ ਨੇ ਸੁਖ ਪਾਇਆ ਹੈ।

ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥

ਉਸ ਨੇ ਆਪਣੇ ਭਾਣੇ ਵਿਚ ਹੀ ਸਤਿਗੁਰਾਂ ਨਾਲ ਮੇਲਿਆ ਹੈ, ਭਾਣੇ ਵਿਚ ਹੀ ਜੀਵ ਨੇ ਸੱਚ ਨਾਮ ਨੂੰ ਧਿਆਇਆ ਹੈਂ।

ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥

ਭਾਣੇ ਦੇ ਮੰਨਣ ਜੇਡੀ ਹੋਰ ਕੋਈ ਦਾਤ ਨਹੀਂ, ਇਹ ਸੱਚਾ ਬਚਨ ਆਖ ਕੇ ਸੁਣਾਇਆ ਹੈ।

ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ ॥

ਜਿਨ੍ਹਾਂ ਨੂੰ ਪੂਰਬਲਾ ਸ੍ਰੇਸ਼ਟ ਕਰਮਾਂ ਦਾ ਲੇਖ ਲਿਖਿਆ ਪ੍ਰਾਪਤ ਹੋਇਆ ਹੈ, ਉਨ੍ਹਾਂ ਨੇ ਸੱਚ ਨਾਮ ਨੂੰ ਕਮਾਇਆ ਹੈ।

ਨਾਨਕ ਤਿਸੁ ਸਰਣਾਗਤੀ ਜਿਨਿ ਜਗਤੁ ਉਪਾਇਆ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ- ਉਸ ਦੀ ਸ਼ਰਨ ਵਿਚ ਪ੍ਰਾਪਤ ਹੋ, ਜਿਸ (ਪਰਮੇਸ਼ਰ) ਨੇ ਇਸ ਸੰਸਾਰ ਨੂੰ ਉਤਪੰਨ ਕੀਤਾ ਹੈ॥ ੨੧ ॥

ਸਲੋਕ ਮਃ ੩ ॥ ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ ॥

ਜਿਨ੍ਹਾਂ ਨੂੰ ਹਿਰਦੇ ਅੰਦਰ ਗਿਆਨ ਪ੍ਰਾਪਤ ਨਹੀਂ ਹੋਇਆ ਅਤੇ ਬਿੰਦ= ਰੰਚਕ ਮਾਤ੍ਰ ਵੀ ਪਰਮੇਸ਼ਰ ਦੇ ਭੈ= ਡਰ ਦੀ ਕੋਈ ਗੱਲ ਨਹੀਂ। ਵਾ :- ਭੈ ਦੀ ਕੋਈ ਬਿੰਦ= ਗਿਆਨ ਨਹੀਂ ਹੈ।

ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ ॥ ੧ ॥

(ਉਹ ਮੁਰਦੇ ਭੁੱਲ ਹਨ) ਉਹਨਾਂ ਮਰਿਆਂ ਹੋਇਆਂ ਦਾ ਇਸ ਤੋਂ ਵਧੀਕ ਕਿਸੇ ਹੋਰ ਨੇ ਕੀ ਮਾਰਨਾ ਹੈ? ਜਿਹੜੇ ਗੋਵਿੰਦ= ਪਰਮਾਤਮਾ ਨੇ ਆਪ ਮਾਰੇ ਹਨ॥ ੧ ॥

ਮਃ ੩ ॥

ਉਥਾਨਕਾ:-ਕੋਈ ਬ੍ਰਾਹਮਣ ਪੱਤ੍ਰੀ ਪੜ੍ਹ ਕੇ ਆਪਣੇ ਜਜਮਾਨ ਨੂੰ ਬਿੱਤਾਂ ਦਾ ਹਿਸਾਬ ਦੱਸ ਰਿਹਾ ਸੀ, ਉਸ ਨੂੰ ਉਪਦੇਸ਼ ਕਰਦੇ ਹਨ-

ਮਨ ਕੀ ਪਤ੍ਰੀ ਵਾਚਣੀ ਸੁਖੀ ਹੂੰ ਸੁਖੁ ਸਾਰੁ ॥

ਹੇ ਭਾਈ ! ਆਪਣੇ ਮਨ ਦੀ ਪਤ੍ਰੀ ਗੁਰਾਂ ਪਾਸ ਵਾਚਣੀ= ਪੜ੍ਹਨੀ ਕਰ। ਅਰਥਾਤ ਆਪਣੇ ਮਨ ਦਾ ਸਾਰਾ ਹਾਲ ਗੁਰਾਂ ਨੂੰ ਸੁਣਾਉਣਾ ਕਰ ਤਾਂ ਸੁਖਾਂ ਵਿਚੋਂ ਸਾਰੁ= ਸ੍ਰੇਸ਼ਟ ਸੁਖ ਪ੍ਰਾਪਤ ਹੋਵੇਗਾ।

ਅਥਵਾ :- ਮਨ= ਸ਼੍ਰੋਮਣ ਪਰਮੇਸ਼ਰ ਦੀ ਪ੍ਰਾਪਤੀ ਲਈ ਵੇਦਾਂ ਰੂਪੀ ਪੱਤ੍ਰੀ ਵਾਚਣੀ= ਪੜ੍ਹਨੀ ਕਰ।

ਅਥਵਾ :- ਮਨ ਕੀ ਪਤ੍ਰੀ ਵਾਚਣੀ= ਮਨ ਦਾ ਪਤ੍ਰਾ ਹੀ ਵਾਚ ਦੇ ਅਰਥਾਤ ਮਨ ਦੇ ਖਿਆਲਾਂ ਨੂੰ ਛੱਡ ਦੇ ਤਾਂ ਸੁਖਾਂ ਵਿਚੋਂ ਸਾਰ ਸੁਖ (ਆਤਮਕ- ਸੁਖ) ਪ੍ਰਾਪਤ ਹੋਵੇਗਾ।

ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥

ਉਹ ਬ੍ਰਾਹਮਣ ਭਲਾ= ਚੰਗਾ ਆਖਣਾ ਕਰੋ ਜਿਹੜਾ ਬ੍ਰਹਮ ਦੀ ਪ੍ਰਾਪਤੀ ਦੇ ਵਿਚਾਰ ਨੂੰ ਗੁਰਾਂ ਤੋਂ ਪੁੱਛਦਾ ਹੈ। ਅਤੇ

ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥

ਗੁਰਾਂ ਦੇ ਉਪਦੇਸ਼ ਨੂੰ ਵਿਚਾਰ ਕੇ ਹਰੀ ਨੂੰ ਸਲਾਹੁੰਦਾ ਹੈ ਅਤੇ ਹਰੀ ਸੰਬੰਧੀ ਗ੍ਰੰਥਾਂ ਨੂੰ ਪੜ੍ਹਦਾ ਹੈ।

(ਪੰਨਾ ੧੦੯੪)

ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥

ਸੰਸਾਰ ਵਿਚ ਉਹ ਪੁਰਸ਼ ਆਇਆ ਹੋਇਆ ਪ੍ਰਮਾਣੀਕ ਹੈ, ਜਿਹੜਾ ਆਪਣੀ ਕੁਲ ਦਾ ਉਧਾਰ ਕਰਦਾ ਹੈ।

ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥

ਅੱਗੇ ਪ੍ਰਲੋਕ ਵਿਚ ਉੱਚੀ ਜ਼ਾਤੀ ਦੀ ਪੁੱਛ- ਗਿੱਛ ਨਹੀਂ ਹੁੰਦੀ, ਉਥੇ ਤਾਂ ਗੁਰ ਉਪਦੇਸ਼ ਦੇ ਕਮਾਉਣ ਰੂਪ ਕਰਣੀ ਸਾਰੁ= ਸ੍ਰੇਸ਼ਟ ਮੰਨੀ ਜਾਂਦੀ ਹੈ।

ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥

ਨਾਮ ਤੋਂ ਬਿਨਾਂ ਹੋਰ ਪੜ੍ਹਨਾ ਭੀ ਝੂਠਾ ਹੈ ਅਤੇ ਕਮਾਉਣਾ ਭੀ ਝੂਠਾ ਹੈ, ਜਿਸ ਕਰ ਕੇ ਬਿਖਿਆ= ਮਾਇਆ, ਵਾ :- ਵਿਸ਼ਿਆਂ ਨਾਲ ਪ੍ਰੇਮ ਕਰਦਾ ਹੈ।

ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥

ਹਿਰਦੇ ਅੰਦਰ ਸੁਖ ਨਹੀਂ ਹੁੰਦਾ, ਇਸ ਕਰ ਕੇ ਮਨਮੁਖਾਂ ਦਾ ਜਨਮ ਖੁਆਰੁ= ਵਿਅਰਥ ਹੈ।

ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ॥ ੨ ॥

ਗੁਰਾਂ ਵਿਚ ਅਪਾਰ ਹੇਤਿ= ਬਿਅੰਤ ਪ੍ਰੇਮ ਕਰ ਕੇ ਜੋ ਨਾਮੀ ਦੇ ਨਾਮ ਵਿਚ ਰਤੇ= ਰੰਗੇ ਗਏ ਹਨ, ਉਹ ਉਬਰੇ= ਬਚ ਜਾਂਦੇ ਹਨ ॥ ੨ ॥

ਪਉੜੀ ॥ ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥

ਸੱਚਾ ਪਰਮੇਸ਼ਰ ਆਪ ਹੀ ਜਗਤ ਨੂੰ ਉਤਪੰਨ ਕਰ ਕੇ ਫੇਰ ਆਪ ਹੀ ਸਾਰੇ ਜੀਵਾਂ ਦੇ ਕਰਤੱਬਾਂ ਨੂੰ ਵੇਖਦਾ ਹੈ।

ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥

ਜੋ ਪੁਰਸ਼ ਖਸਮ= ਪਰਮਾਤਮਾ ਦਾ ਹੁਕਮ ਨਹੀਂ ਬੁੱਝਦਾ, ਉਹ ਪੁਰਸ਼ ਕੱਚਾ ਭਾਵ ਸਾਧਨਾਂ ਤੋਂ ਰਹਿਤ ਹੈ।

ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥

ਗੁਰਮੁਖ ਜਾਣਦੇ ਹਨ ਕਿ ਹਰੀ ਸੱਚਾ ਜਿਸ ਪਾਸੇ ਲਾਉਣਾ ਚਾਹੁੰਦਾ ਹੈ, ਉਸੇ ਪਾਸੇ ਲਗਾਉਂਦਾ ਹੈ।

ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ ॥

ਜੋ ਗੁਰ ਸ਼ਬਦੀਆ ਗੁਰ ਸ਼ਬਦ ਵਿਚ ਰਚਿਆ ਹੈ, ਉਹ ਇਸ ਤਰ੍ਹਾਂ ਨਿਸਚੇ ਕਰਦਾ ਹੈ ਕਿ ਸਾਰਿਆਂ ਦਾ ਮਾਲਕ ਇਕ ਪਰਮੇਸ਼ਰ ਹੈ।

ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ॥

ਗੁਰਾਂ ਦੁਆਰੇ ਸਦਾ ਉਸ ਨੂੰ ਸਲਾਹੁਣਾ ਕਰੀਏ, ਸਾਰੇ ਜੀਵ ਉਸ ਪਾਸੋਂ ਹੀ ਜਚਾ= ਮੰਗਦੇ ਹਨ। ਵਾ :- ਸਾਰੇ ਜੀਵ ਉਸ ਦੇ ਜਚਾ= ਜਾਚੇ ਹੋਏ ਹਨ।

ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ॥ ੨੨ ॥ ੧ ॥ ਸੁਧੁ ॥

ਜਿਵੇਂ ਜੀਵਾਂ ਨੂੰ ਆਪ ਨਚਾਉਂਦਾ ਹੈ ਸਭ ਕੋਈ ਉਸੇ ਤਰ੍ਹਾਂ ਨੱਚਦਾ ਭਾਵ ਕਰਤੱਬ ਕਰਦਾ ਹੈ॥ ੨੨ ॥ ੧ ॥ ਸੁਧੁ= ਇਹ ਬਚਨ ਸ਼ੁੱਧ ਹਨ।

ਮਾਰੂ ਵਾਰ ਮਹਲਾ ੫

ਮਾਰੂ ਵਾਰ ਮਹਲਾ ੫ ਡਖਣੇ ਮਃ ੫ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਮਾਰੂ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੂਜੀ ਵਾਰ ਆਪਣੀ ਕਥਨ ਕਰਦੇ ਹਨ। ਇਸ ਵਾਰ ਵਿਚ ਪਉੜੀਆਂ ਪੰਚਮ ਪਾਤਸ਼ਾਹ ਜੀ ਦੀਆਂ ਆਪਣੀਆਂ ਆਉਣਗੀਆਂ ਅਤੇ ਸਲੋਕ ਵੀ ਉਹਨਾਂ ਦੇ ਆਪਣੇ ਹੀ ਆਉਣਗੇ।

੧-ਡਖਣੇ ਛੰਦ ਦੀ ਚਾਲ ਹੈ।

੨-ਦੱਖਣ ਦੇਸ਼ ਦੀ ਸੰਗਤ ਨੇ ਆ ਕੇ ਬੇਨਤੀ ਕੀਤੀ-"ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?"

ਗੁਰ ਉੱਤਰ:-ਹੇ ਭਾਈ ! ਉਸ ਦੀ ਪ੍ਰਾਪਤੀ ਦਾ ਮੁਖ ਸਾਧਨ ਸ਼ਰਧਾ, ਪ੍ਰੇਮ ਹੈ। ਸ਼ਰਧਾ ਵਿਚ ਆ ਕੇ ਇਉਂ ਬੇਨਤੀ ਕਰੋ:-

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥

ਹੇ ਮੈਡਿਆ= ਮੇਰੇ ਸੱਜਣ ! ਜੇਕਰ ਤੂੰ ਚਉ= ਉਚਾਰੇਂ ਤਾਂ ਮੈਂ ਆਪਣਾ ਸਿਸੁ= ਸਿਰ ਉਤਾਰਿ= ਲਾਹ ਕੇ ਡੇਈ= ਦੇ ਦੇਵਾਂ, ਭਾਵ ਨਿਰ-ਹੰਕਾਰ ਹੋ ਕੇ ਤੇਰੀ ਸੇਵਾ ਕਰਾਂ। ਕਿਉਂਕਿ:-

ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ ੧॥

ਮਹਿੰਜੇ ਨੈਣ= ਮੇਰੇ ਨੇਤਰ ਤਰਸਦੇ ਹਨ, ਕਿ ਆਪ ਜੀ ਦਾ ਦੀਦਾਰੁ= ਦਰਸ਼ਨ ਕਦਿ ਪਸੀ= ਕਦੋਂ ਵੇਖਾਂ॥ ੧॥

ਮਃ ੫॥ ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ॥

ਮਹਿੰਜਾ= ਮੇਰਾ, ਨੀਹੁ= ਪਰੇਮ, ਤਉ= ਆਪ ਜੀ ਦੇ ਨਾਲ ਹੈ, ਆਪ ਜੀ ਤੋਂ ਬਿਨਾਂ ਬਿਆ= ਦੂਜੇ ਨੇਹੁ= ਪ੍ਰੇਮ (ਇਸਤ੍ਰੀ ਪੁੱਤਰ ਆਦਿਕਾਂ ਦੇ) ਝੂਠੇ ਡੇਖੁ= ਦੇਖਦਾ ਹਾਂ।

ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ॥ ੨॥

ਹੇ ਪਿਰੀ= ਪਰਮਾਤਮਾ ! ਜਿਚਰੁ= ਜਿੰਨਾ ਚਿਰ ਮੈਂ ਤੈਨੂੰ ਨਹੀਂ ਡੇਖੁ= ਦੇਖਦਾ, ਭਾਵ ਜਿੰਨਾ ਚਿਰ ਮੈਂ ਤੈਨੂੰ ਦੇਖ ਨਹੀਂ ਲੈਂਦਾ। ਓਨਾਂ ਚਿਰ ਇਹ ਕਪੜੇ ਆਦਿਕ ਭੋਗ= ਪਦਾਰਥ ਸਭ ਡਰਾਵਣੇ= ਭੈ ਦਾਇਕ ਮਲੂਮ ਹੁੰਦੇ ਹਨ॥ ੨॥

ਮਃ ੫॥ ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ॥

ਹੇ ਝਾਲੂ= ਆਸਰਾ ਰੂਪ ਕੰਤੜੇ= ਪਤੀ! ਜਿਸ ਵੇਲੇ ਬਿਰਤੀ ਉੱਠੇ ਤਾਂ ਮੈਂ ਆਪ ਜੀ ਦੇ ਦਰਸ਼ਨ ਨੂੰ

ਪਸੀ= ਦੇਖਾਂ। ਵਾ :- ਹੇ ਕੰਤੜੇ=.ਪਤੀ, ਝਾਲੂ= ਝਾਲਾਂਗੇ (ਭਾਵ ਅੰਮ੍ਰਿਤ ਵੇਲੇ) ਉੱਠ ਕੇ, ਹਉ= ਮੈਂ ਤਉ ਦੀਦਾਰੁ= ਆਪ ਜੀ ਦਾ ਦਰਸ਼ਨ ਦੇਖਾਂ।

ਕਾਜਲੁ ਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ ॥ ੩ ॥

ਜਿਵੇਂ ਪ੍ਰਤਖ ਪਤੀ ਦੇ ਵੇਖੇ ਬਿਨਾਂ ਔਰਤ ਦਾ ਅੱਖਾਂ ਵਿਚ ਕੱਜਲ, ਗਲ ਵਿਚ ਹਾਰ ਪਾਉਣਾ, ਤਮੋਲ= ਪਾਨਾਂ ਦੇ ਬੀੜੇ ਖਾਣੇ ਤੇ ਰਸ ਦਾਇਕ ਪਦਾਰਥ ਖਾਣੇ ਇਤਿਆਦਿਕ ਸਾਰੇ ਰਸ ਛਾਰੁ= ਨਿਸਫਲ ਹਨ। ਤਿਵੇਂ ਆਪ ਜੀ ਦੇ ਦਰਸ਼ਨ ਪਸੇ ਬਿਨੁ= ਦੇਖੇ ਤੋਂ ਬਿਨਾਂ, ਕਾਜਲੁ= ਸਮਾਧੀ ਲਗਾਉਣੀ, ਹਾਰੁ= ਹਰਿ ਹਰਿ ਕਰਨਾ, ਤਮੋਲ= ਮਹਾਂ ਵਾਕ ਉਚਾਰਣੇ, ਰਸੁ= ਪ੍ਰੇਮ ਦੀਆਂ ਗੱਲਾਂ ਕਰਨੀਆਂ, ਵਾ :- ਕਾਵਜ ਦੇ ਰਸ ਇਤਿਆਦਿਕ ਹਭਿ= ਸਾਰੇ ਰਸ ਛਾਰੁ= ਸੁਆਹ ਵਰਗੇ ਭਾਸਦੇ ਭਾਵ ਪ੍ਰਤੀਤ ਹੁੰਦੇ ਹਨ॥ ੩ ॥

ਪਉੜੀ ॥ ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥

ਹੇ ਪਰਮੇਸ਼ਰ ! ਸਚੁ= ਨਿਸਚੇ ਕਰ ਕੇ ਤੂੰ ਸੱਚਾ ਸਾਹਿਬੁ= ਮਾਲਕ ਹੈਂ, ਜੋ ਜਗਤ ਤੁਸਾਂ ਨੇ ਧਾਰਿਆ= ਬਣਾਇਆ ਹੈ ਇਹ ਵੀ ਸਭ ਸੱਚਾ ਹੈ।

ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥

ਸੰਸਾਰ ਨੂੰ ਸਿਰਜਿ= ਪੈਦਾ ਕਰ ਕੇ ਇਸ ਵਿਚ ਤੂੰ ਆਪ ਹੀ ਗੁਰਮੁਖਾਂ ਦਾ ਥਾਟੁ= ਬਣਾ ਬਣਾਇਆ ਹੈ।

ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥

ਹੇ ਹਰੀ ! ਤੇਰੀ ਆਗਿਆ ਵਿਚ ਹੀ ਵੇਦ ਹੋਏ ਹਨ, ਜਿਹਨਾਂ ਦੁਆਰੇ ਪਾਪਾਂ ਪੁੰਨਾਂ ਦਾ ਵਿਚਾਰ ਹੁੰਦਾ ਹੈ।

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥

ਬ੍ਰਹਮਾ, ਵਿਸ਼ਨੂੰ, ਸ਼ਿਵ (ਇਨ੍ਹਾਂ ਦੇਵਤਿਆਂ) ਦੁਆਰੇ ਤ੍ਰੈ ਗੁਣ ਰੂਪ ਜਗਤ ਦਾ ਬਿਸਥਾਰਿਆ= ਵਿਸਥਾਰ (ਫੈਲਾਅ) ਕੀਤਾ ਹੈ।

ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥

ਨੌਂ ਖੰਡਾਂ ਵਾਲੀ ਪ੍ਰਿਥਮੀ= ਧਰਤੀ ਸਾਜਿ= ਬਣਾ ਕੇ, ਉਸ ਨੂੰ ਹਰੇਕ ਤਰ੍ਹਾਂ ਦੇ ਰੰਗਾਂ ਨਾਲ ਸਵਾਰਿਆ ਹੈ।

ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥

ਵੇਕੀ= ਭਿੰਨ ਭਿੰਨ ਭਾਵ ਵੱਖੋ-ਵੱਖਰੇ ਜੀਵ ਪੈਦਾ ਕਰ ਕੇ ਸਭ ਦੇ ਅੰਦਰ ਕਲ= ਸ਼ਕਤੀ ਨੂੰ ਧਾਰਿਆ ਹੈ।

ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥

ਹੇ ਸੱਚੇ ਸਿਰਜਣਹਾਰਿਆ= ਵਾਹਿਗੁਰੂ ਸੰਸਾਰ ਦੇ ਬਣਾਉਣ ਵਾਲੇ ! ਤੇਰਾ ਅੰਤ ਕੋਈ ਨਹੀਂ ਜਾਣ ਸਕਦਾ।

ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥ ੧ ॥

ਸਭ ਬਿਧੀਆਂ ਨੂੰ ਤੂੰ ਆਪ ਹੀ ਜਾਣਦਾ ਹੈਂ, ਗੁਰਮੁਖਾਂ ਨੂੰ ਆਪ ਨੇ ਸੰਸਾਰ-ਸਮੁੰਦਰ ਤੋਂ ਨਿਸਤਾਰਿਆ=

ਤਾਰਨਾ ਕੀਤਾ ਹੈ।

ਡਖਣੇ ਮਃ ੫ ॥ ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ* ਨਾ ਵੇਛੋੜਿ ॥

ਹੇ ਵਾਹਿਗੁਰੂ ! ਜੇਕਰ ਤੂੰ ਅਸਾਡੜਾ= ਸਾਡਾ ਮਿੱਤਰ ਹੈਂ, ਤਾਂ ਮੈਨੂੰ ਭੋਰੀ= ਥੋੜ੍ਹਾ ਜਿੰਨਾਂ ਵੀ ਨਾ ਵਿਛੋੜ। ਕਿਉਂ? *ਉੱਤਰ:-*

ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥ ੧ ॥

ਮਹਿੰਜਾ= ਮੇਰਾ ਜੀਉ= ਜੀਅ (ਦਿਲ) ਆਪ ਜੀ ਉੱਤੇ ਮੋਹਿਆ= ਮੋਹਤ ਹੋ ਗਿਆ ਹੈ। ਵਾ :- ਮੇਰਾ ਜੀਅ ਤੁਸਾਂ ਨੇ ਮੋਹ ਲਿਆ ਹੈ, ਹੇ ਜਾਨੀ= ਪਿਆਰੇ (ਵਾਹਿਗੁਰੂ) ! ਮੈਂ ਆਪ ਨੂੰ ਕਦਿ ਪਸੀ= ਕਦੋਂ ਵੇਖਾਂਗਾ ॥ ੧ ॥

ਮਃ ੫ ॥ ਦੁਰਜਨ ਤੂ ਜਲੁ ਭਾਹੜੀ ਵਿਛੋੜੇ ਮਰਿ ਜਾਹਿ ॥

ਹੇ ਦੁਰਜਨ= ਖੋਟੇ ਪੁਰਸ਼ਾ ! ਤੂੰ ਭਾਹੜੀ= ਅੱਗ ਵਿਚ ਸੜ ਜਾਹ ਅਤੇ ਹੇ ਵਿਛੋੜੇ ਤੂੰ ਭੀ ਮਰ ਜਾਹ।

ਕੰਤਾ ਤੂ ਸਉ ਸੇਜੜੀ ਮੈਡਾ ਹਭੋ ਦੁਖੁ ਉਲਾਹਿ ॥ ੨ ॥

ਹੇ ਕੰਤਾ= ਪਤੀ ! ਤੂੰ ਮੇਰੀ ਅੰਤਹਕਰਨ ਰੂਪੀ ਸੇਜਾ ਉੱਤੇ ਸੌਂ, ਭਾਵ ਸਖਿਆਤਕਾਰ ਹੋ ਤਾਂ ਮੇਰਾ ਸਾਰਾ ਦੁਖ ਉਲਾਹਿ= ਲਹਿ ਜਾਏਗਾ। ਵਾ :- ਤੂੰ ਮੇਰਾ ਸਾਰਾ ਦੁੱਖ ਲਾਹ ਦੇ ॥ ੨ ॥

ਪ੍ਰਸ਼ਨ:- ਦੁਰਜਨ ਕਿਸ ਨੂੰ ਕਿਹਾ ਹੈ? ਤੇ ਵਿਛੋੜਾ ਕਿਸ ਨੂੰ ਕਿਹਾ ਹੈ? *ਗੁਰ ਉੱਤਰ:-*

ਮਃ ੫ ॥ ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥

ਦ੍ਵੈਤ ਭਾਵ ਹੀ ਖੋਟਾ ਪੁਰਸ਼ ਹੈ ਅਤੇ ਹੰਗਤਾ ਮਮਤਾ ਦਾ ਰੋਗ ਹੀ ਵਿਛੋੜਾ ਹੈ।

ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ ॥ ੩ ॥

ਸੱਚਾ ਪਾਤਿਸਾਹੁ= ਪਰਮੇਸ਼ਰ ਹੀ ਸੱਜਣ ਭਾਵ ਪਤੀ ਹੈ, ਜਿਸ ਨਾਲ ਮਿਲ ਕੇ ਅਭੇਦਤਾ ਦਾ ਭੋਗੁ= ਅਨੰਦ ਕਰੀਦਾ ਹੈ ॥ ੩ ॥

ਪਉੜੀ ॥ ਤੂ ਅਗਮ ਦਇਆਲੁ ਬੇਅੰਤੁ ਤੇਰੀ ਕੀਮਤਿ ਕਹੈ ਕਉਣੁ ॥

ਹੇ ਅਗਮ ਰੂਪ ਪਰਮਾਤਮਾ ! ਤੂੰ ਬਿਅੰਤੁ= ਬੜਾ ਦਿਆਲੂ ਹੈਂ, ਤੇਰੀ ਕੀਮਤ ਨੂੰ ਕੌਣ ਕਹਿ ਸਕਦਾ ਹੈ? ਭਾਵ ਕੋਈ ਨਹੀਂ ਕਹਿ ਸਕਦਾ।

ਤੁਧੁ ਸਿਰਜਿਆ ਸਭੁ ਸੰਸਾਰੁ ਤੂ ਨਾਇਕੁ ਸਗਲ ਭਉਣ ॥

ਆਪ ਜੀ ਨੇ ਹੀ ਸਾਰੇ ਸੰਸਾਰ ਨੂੰ ਸਿਰਜਿਆ ਹੈ, ਸਾਰਿਆਂ ਭਉਣ= ਲੋਕਾਂ ਦਾ ਤੂੰ ਹੀ ਨਾਇਕੁ= ਸੁਆਮੀ (ਮਾਲਕ) ਹੈਂ।

ਤੇਰੀ ਕੁਦਰਤਿ ਕੋਇ ਨ ਜਾਣੈ ਮੇਰੇ ਠਾਕੁਰ ਸਗਲ ਰਉਣ ॥

ਤੇਰੀ ਕੁਦਰਤਿ= ਸ਼ਕਤੀ ਨੂੰ ਕੋਈ ਨਹੀਂ ਜਾਣਦਾ, ਕਿਉਂਕਿ ਹੇ ਮੇਰੇ ਠਾਕੁਰ ! ਤੂੰ ਸਾਰਿਆਂ ਵਿਚ ਰਉਣ= ਰਵ ਰਿਹਾ ਹੈਂ।

**ਸੰਪ੍ਰਦਾਇਕ ਨਿਯਮ ਅਨੁਸਾਰ ਭੋਰੀ ਦੇ ਤਿੰਨ ਅਰਥ ਹਨ- ਭੋਰੀ=ਭੋਲੀ, ਰੰਚਕ ਮਾਤ੍ਰ (ਥੋੜ੍ਹਾ ਜਿਹਾ), ਭੋਰੀ=ਗਿਆਨ ਰੂਪੀ ਦਿਨ।*

ਤੁਧੁ ਅਪੜਿ ਕੋਇ ਨ ਸਕੈ ਤੂ ਅਬਿਨਾਸੀ ਜਗ ਉਧਰਣ॥

ਆਪ ਜੀ ਦੇ ਸਦਰਸ ਹੋਰ ਕੋਈ ਅਪੜਿ= ਪਹੁੰਚ ਨਹੀਂ ਸਕਦਾ, ਕਿਉਂਕਿ ਤੂੰ ਅਬਿਨਾਸੀ= ਨਾਸ ਤੋਂ ਰਹਿਤ ਹੈਂ ਤੇ ਜਗਤ ਨੂੰ ਤਾਰਨ ਵਾਲਾ ਹੈਂ।

[ਪੰਨਾ ੧੦੯੫]

ਤੁਧੁ ਥਾਪੇ ਚਾਰੇ ਜੁਗ ਤੂੰ ਕਰਤਾ ਸਗਲ ਧਰਣ॥

ਤੂੰ ਆਪ ਹੀ ਚਾਰ ਜੁਗ ਬਣਾਏ ਹਨ, ਤੂੰ ਹੀ ਸਾਰੀ ਧਰਤੀ ਦੇ ਉਤਪੰਨ ਕਰਨ ਵਾਲਾ ਹੈਂ।

ਤੁਧੁ ਆਵਣ ਜਾਣਾ ਕੀਆ ਤੁਧੁ ਲੇਪੁ ਨ ਲਗੈ ਤ੍ਰਿਣ॥

ਤੂੰ ਹੀ ਸੰਸਾਰ ਦਾ ਆਉਣਾ ਜਾਣਾ ਕੀਤਾ ਹੈ, ਤੈਨੂੰ ਤ੍ਰਿਣ= ਕੱਖ ਜਿੰਨਾਂ ਵੀ ਦੁੱਖ ਦਾ ਕੋਈ ਲੇਪ ਨਹੀਂ ਲੱਗਦਾ।

ਜਿਸੁ ਹੋਵਹਿ ਆਪਿ ਦਇਆਲੁ ਤਿਸੁ ਲਾਵਹਿ ਸਤਿਗੁਰ ਚਰਣ॥

ਜਿਸ ਉੱਤੇ ਆਪ ਦਿਆਲੂ ਹੁੰਦੇ ਹੋ, ਉਸ ਨੂੰ ਸਤਿਗੁਰਾਂ ਦੀ ਚਰਨੀਂ ਲਾਵਹਿ= ਲਾਉਂਦੇ ਹੋ।

ਤੂ ਹੋਰਤੁ ਉਪਾਇ ਨ ਲਭਹੀ ਅਬਿਨਾਸੀ ਸ੍ਰਿਸਟਿ ਕਰਣ॥ ੨॥

ਹੇ ਸਾਰੀ ਸ੍ਰਿਸ਼ਟੀ ਦੇ ਕਰਨ ਵਾਲੇ ਅਬਿਨਾਸੀ= ਪ੍ਰਭੂ ! ਗੁਰੂ ਤੋਂ ਬਿਨਾਂ ਤੂੰ ਹੋਰਤੁ= ਹੋਰ ਕਿਸੇ ਉਪਾਇ= ਜਤਨ ਕਰ ਕੇ ਨਹੀਂ ਲੱਭਦਾ॥ ੨॥

ਡਖਣੇ ਮਃ ੫॥ ਜੇ ਤੂ ਵਤਹਿ ਅੰਞਣੇ ਹਭ ਧਰਤਿ ਸੁਹਾਵੀ ਹੋਇ॥

(ਪਹਿਲੇ ਦ੍ਰਿਸ਼ਟਾਂਤ ਜਿਵੇਂ ਪਤੀਬ੍ਰਤ ਧਰਮ ਵਾਲੀ ਇਸਤ੍ਰੀ ਆਖਦੀ ਹੈ)- ਹੇ ਪਤੀ ! ਜੇ ਕਰ ਤੂੰ ਘਰ ਦੇ ਅੰਞਣੇ= ਵਿਹੜੇ ਵਿਚ ਵਤਹਿ= ਫਿਰੇਂ ਤਾਂ ਹਭ= ਸਾਰੀ ਧਰਤੀ ਸੋਭਨੀਕ ਹੁੰਦੀ ਹੈ।

ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥ ੧॥

ਹੇ ਪਤੀ ! ਹਿਕਸੁ= ਇਕ ਤੈਥੋਂ ਬਿਨਾਂ, ਮੈਡੀ= ਮੇਰੀ ਤਾਂ ਕੋਈ ਵਾਤ=ਬਾਤ ਹੀ ਨਹੀਂ ਪੁੱਛਦਾ॥ ੧॥

ਅਗਲੇ ਸਲੋਕ ਦਾ ਅਰਥ ਵੀ ਨਾਲ ਹੀ ਕਰ ਲੈਣਾ:-

ਮਃ ੫॥ ਹਭੇ ਟੋਲ ਸੁਹਾਵਣੇ ਸਹੁ ਬੈਠਾ ਅੰਞਣੁ ਮਲਿ॥

ਉਸ ਔਰਤ ਦੇ ਹਭੇ ਟੋਲ= ਸਾਰੇ ਪਦਾਰਥ, ਸ਼ਿੰਗਾਰ ਵਗੈਰਾ ਕੀਤੇ ਹੋਏ ਸੋਭਨੀਕ ਹਨ, ਜਿਸ ਦੇ ਅੰਞਣੁ= ਵਿਹੜੇ ਨੂੰ ਪਤੀ ਮੱਲ ਕੇ ਬੈਠਾ ਹੈ। ਕਿਉਂਕਿ-

ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ॥ ੨॥

ਪਤੀ ਦੇ ਹੋਣ ਕਰ ਕੇ ਜੋ ਵੀ ਪਹੀ= ਪ੍ਰਾਹੁਣਾ ਘਰ ਵਿਚ ਚੱਲ ਕੇ ਆਉਂਦਾ ਹੈ, ਉਹ ਬਿਰਥੜਾ ਵੰਞੈ ਨ= ਖਾਲੀ ਨਹੀਂ ਜਾਂਦਾ। ਇਸੇ ਪ੍ਰਕਾਰ ਜਗਿਆਸੂ ਬੇਨਤੀ ਕਰਦਾ ਹੈ-

ਜੇ ਤੂ ਵਤਹਿ ਅੰਞਣੇ ਹਭ ਧਰਤਿ ਸੁਹਾਵੀ ਹੋਇ॥

ਹੇ ਪਤੀ-ਪਰਮਾਤਮਾ ! ਜੇ ਕਰ ਤੂੰ ਮੇਰੇ ਹਿਰਦੇ ਰੂਪੀ ਅੰਙਣੇ= ਵਿਹੜੇ ਵਿਚ ਵਤਹਿ= ਫਿਰੇਂ ਭਾਵ ਸਖਿਆਤਕਾਰ ਹੋਵੇਂ ਤਾਂ ਮੇਰੀ ਸਾਰੀ ਬੁੱਧੀ ਰੂਪ ਧਰਤੀ ਸੋਭਨੀਕ ਹੁੰਦੀ ਹੈ।

ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥

ਹੇ ਕੰਤ= ਪਤੀ-ਪਰਮਾਤਮਾ ! ਇਕ ਤੈਥੋਂ ਬਿਨਾਂ ਮੇਰੀ ਗੱਲ ਕੋਈ (ਦੇਵੀ ਦੇਵਤਾ) ਨਹੀਂ ਪੁੱਛਦਾ॥ ੧॥

ਮ: ੫॥ ਹਭੇ ਟੋਲ ਸੁਹਾਵਣੇ ਸਹੁ ਬੈਠਾ ਅੰਙਣੁ ਮਲਿ॥

ਉਸ ਮਹਾਤਮਾ ਦੇ ਸਾਰੇ ਟੋਲ= ਪਦਾਰਥ, ਵਾ :- ਸਾਧਨ ਸੋਭਨੀਕ ਹਨ, ਜਿਸ ਦੇ ਹਿਰਦੇ ਰੂਪ ਵਿਹੜੇ ਨੂੰ ਸਹੁ= ਪਤੀ- ਪਰਮਾਤਮਾ ਮੱਲ ਕੇ ਬੈਠਾ ਹੈ।

ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ॥

ਉਸ ਮਹਾਤਮਾ ਦੇ ਘਰ ਵਿਚ ਜੋ ਭੀ ਜਗਿਆਸੂ ਰੂਪ ਪ੍ਰਾਹੁਣਾ ਉਪਦੇਸ਼ ਲੈਣ ਵਾਸਤੇ ਚੱਲ ਕੇ ਆਉਂਦਾ ਹੈ, ਉਹ ਬਿਰਥਾੜਾ ਨ ਵੰਞੈ= ਖਾਲੀ ਨਹੀਂ ਜਾਂਦਾ ॥ ੨॥

ਮਃ ੫॥ ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ॥

ਕੰਤ ਕੂ= ਪਤੀ ਨੂੰ ਮਿਲਣ ਵਾਸਤੇ ਸ਼ਰਧਾ ਸਹਿਤ ਬੁੱਧੀ ਰੂਪੀ ਸੇਜਾ ਵਿਛਾਈ ਅਤੇ ਸਾਧਨਾਂ ਰੂਪੀ ਹਭੁ= ਸਾਰਾ ਸ਼ਿੰਗਾਰ ਭੀ ਕੀਤਾ।

ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ॥ ੩॥

ਪਰ ਜਿਸ ਵੇਲੇ ਪਤੀ-ਪਰਮਾਤਮਾ ਮਿਲਿਆ ਤਾਂ ਫਿਰ ਇਤਨੀ ਗੱਲ ਵੀ ਮੰਝਿ= ਵਿਚ ਨਹੀਂ ਸਮਾਉਂਦੀ, ਜੋ ਗਲ ਵਿਚ ਹਰਿ ਹਰਿ ਕਰਨੇ ਰੂਪ ਹਾਰ ਪਹਿਰਨਾ ਕਰਾਂ। *ਅਥਵਾ :—* ਅਹਾਰ ਦੇ ਖਾਣ ਦੀਆਂ ਜੋ ਗੱਲਾਂ ਹਨ ਉਨ੍ਹਾਂ ਨੂੰ ਮੈਂ ਪਹਿਰਾ= ਕਰਾਂ। ਕਿਉਂਕਿ ਇਹ ਨਿਯਮ ਜੋ ਹੋਇਆ ਜਦ ਉਸ ਪਤੀ ਦੀ ਪ੍ਰਾਪਤੀ ਹੋ ਜਾਵੇ ਤਾਂ ਆਪ ਵਖਰਿਆਂ ਨਹੀਂ ਰਹੀਦਾ, ਜਦ ਵੱਖ ਹੀ ਨਾ ਰਹੇ ਤਾਂ ਫਿਰ ਹਰਿ ਹਰਿ ਕਿਸ ਨੇ ਕਰਨਾ ਹੈ ਤੇ ਅਹਾਰੁ= ਭੋਜਨ ਖਾਣ ਦੀਆਂ ਗੱਲਾਂ ਕਿਸ ਕਰਨੀਆਂ ਹਨ॥ ੩॥

ਪਉੜੀ॥ ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ॥

ਹੇ ਪਰਾ ਰੂਪ ਬ੍ਰਹਮੁ= ਵਿਆਪਕ ਪਰਮ ਈਸ਼ਵਰ ! ਤੂੰ ਜੂਨੀਆਂ ਵਿਚ ਨਹੀਂ ਆਉਂਦਾ।

ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ॥

ਹੇ ਹੁਕਮੀ ! ਤੂੰ ਆਪਣੇ ਹੁਕਮ ਵਿਚ ਹੀ ਸ੍ਰਿਸ਼ਟੀ ਨੂੰ ਸਾਜਦਾ ਹੈਂ, ਸਾਜ ਕੇ ਫਿਰ ਆਪਣੇ ਵਿਚ ਹੀ ਸਮਾਵਹੀ= ਲੈ ਕਰਦਾ ਹੈਂ, *ਅਥਵਾ :—* ਸਾਜ ਕੇ ਇਸ ਵਿਚ ਤੂੰ ਆਪ ਹੀ ਸਮਾ ਰਿਹਾ ਹੈਂ।

ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ॥

ਤੇਰਾ ਸਰੂਪ ਲਖਿਆ= ਜਾਣਿਆ ਨਹੀਂ ਜਾਂਦਾ, ਇਸ ਲਈ ਆਪ ਨੂੰ ਕਿਵੇਂ ਧਿਆਉਣਾ ਕਰਾਂ?

ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ॥

ਸਾਰਿਆਂ ਵਿਚ ਤੂੰ ਆਪ ਵਰਤ ਰਿਹਾ ਹੈਂ, ਇਹ ਗੱਲ ਕੁਦਰਤ ਦੁਆਰੇ ਦਿਖਾਉਂਦਾ ਹੈਂ।

ਤੇਰੀ ਭਗਤਿ ਭਰੇ ਭੰਡਾਰ ਤੋਟਿ ਨ ਆਵਹੀ॥

ਤੇਰੀ ਭਗਤੀ ਦੇ ਇਤਨੇ ਭੰਡਾਰੇ ਭਰੇ ਪਏ ਹਨ, ਜੋ ਖਾਂਦਿਆਂ ਤੋਟਿ= ਘਾਟਾ ਨਹੀਂ ਆਉਂਦਾ।

ਏਹਿ ਰਤਨ ਜਵੇਹਰ ਲਾਲ ਕੀਮ ਨ ਪਾਵਹੀ॥

ਇਸ ਭਗਤੀ ਰੂਪ ਖਜ਼ਾਨੇ ਵਿਚ ਜੋ ਰਤਨ= ਵੈਰਾਗ, ਜਵੇਹਰ= ਗਿਆਨ, ਲਾਲ= ਪ੍ਰੇਮ ਆਦਿਕ ਸ਼ੁਭ ਗੁਣ ਹਨ, ਉਹਨਾਂ ਦੀ ਕੀਮਤ ਨੂੰ ਕੋਈ ਨਹੀਂ ਪਾਉਂਦਾ।

ਜਿਸੁ ਹੋਵਹਿ ਆਪਿ ਦਇਆਲੁ ਤਿਸੁ ਸਤਿਗੁਰ ਸੇਵਾ ਲਾਵਹੀ॥

ਜਿਸ ਉੱਤੇ ਪਰਮੇਸ਼ਰ ਆਪ ਦਿਆਲੂ ਹੁੰਦਾ ਹੈ, ਉਸ ਨੂੰ ਸਤਿਗੁਰਾਂ ਦੀ ਸੇਵਾ ਵਿਚ ਲਾਉਂਦਾ ਹੈ।

ਤਿਸੁ ਕਦੇ ਨ ਆਵੈ ਤੋਟਿ ਜੋ ਹਰਿ ਗੁਣ ਗਾਵਹੀ॥ ੩॥

ਉਸ ਨੂੰ ਕਦੇ ਵੀ ਤੋਟਿ= ਘਾਟਾ ਨਹੀਂ ਆਉਂਦਾ ਜੋ ਹਰੀ ਦੇ ਗੁਣ ਗਾਵਹੀ= ਗਾਉਂਦਾ ਹੈ॥ ੩॥

ਡਖਣੇ ਮਃ ੫॥

ਉਥਾਨਕਾ:-ਕਿਸੇ ਪ੍ਰੇਮੀ-ਸਿੱਖ ਨੇ ਗੁਰੂ ਸਾਹਿਬ ਜੀ ਦੇ ਕੋਲ ਦੋ ਹੱਥ ਜੋੜ ਕੇ ਬੇਨਤੀ ਕੀਤੀ-''ਸਤਿਗੁਰੂ ਸੱਚੇ ਪਾਤਸ਼ਾਹ ਜੀ ! ਕੋਈ ਆਖਦਾ ਹੈ, ਪਰਮੇਸ਼ਰ ਬੈਕੁੰਠ ਵਾਸੀ ਹੈ, ਕੋਈ ਕਹਿੰਦਾ ਹੈ ਬਿੰਦਰਾਬਨ ਵਾਸੀ ਹੈ, ਆਪ ਦੱਸੋ, ਪਰਮਾਤਮਾ ਕਿਥੇ ਰਹਿੰਦਾ ਹੈ?'' *ਉੱਤਰ-*

ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ॥

ਜਾ ਮੂ= ਜਿਸ ਵੇਲੇ ਮੈਂ ਵਿਚਾਰ ਦੁਆਰਾ ਹਠ ਮੈ= ਹਿਰਦੇ ਵਿਚ ਪਸੀ= ਦੇਖਿਆ ਅੰਤਰ ਮੁੱਖ ਬਿਰਤੀ ਕਰ ਕੇ ਤਾਂ ਨਿਸਚੇ ਹੋ ਗਿਆ ਕਿ ਪਿਰੀ= ਪਰਮਾਤਮਾ ਮਹਿਜੈ= ਮੇਰੇ ਨਾਲ ਹੀ ਹੈ।

ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ॥ ੧॥

ਗੁਰੂ ਜੀ ਕਥਨ ਕਰਦੇ ਹਨ- ਪਤੀ ਨੇ ਨਿਹਾਲਿ ਨਦਰਿ= ਕਿਰਪਾ ਦ੍ਰਿਸ਼ਟੀ ਨਾਲ ਦੇਖ ਕੇ ਮੇਰੇ ਹਭੇ ਡੁਖ= ਸਾਰੇ ਦੁੱਖ ਉਲਾਹਿਅਮੁ= ਲਾਹ ਦਿੱਤੇ ਹਨ॥ ੧॥

ਮਃ ੫॥ ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ॥

ਗੁਰੂ ਸਾਹਿਬ ਜੀ ਜਗਿਆਸੂ ਵੱਲੋਂ ਕਥਨ ਕਰਦੇ ਹਨ- ਹੇ ਪਰਮੇਸ਼ਰ ! ਮੈਂ ਆਪ ਜੀ ਦੀਆਂ ਵਾਉ= ਕੰਨਸੋਆਂ ਹੀ ਭਖੇ= ਲੈਂਦਾ ਬੈਠਾ ਹਾਂ ਕਿ ਆਪ ਜੀ ਨੇ ਕੋਡੇ ਰਾਖਸ਼ ਨੂੰ ਤਾਰਿਆ, ਫਲਾਣੇ ਦੈਂਤ ਨੂੰ ਤਾਰਿਆ, ਅਮਕੇ ਨੂੰ ਤਾਰਿਆ ਹੈ ਅਤੇ ਲੰਮੇ= ਵੱਡਾ ਦਰ ਜੋ ਸਤਸੰਗ ਹੈ, ਉਸ ਦੀ ਸੇਵਾ ਵਿਚ ਖੜਾ ਹਾਂ।

ਵਾ :- ਵਾਉ= ਵਾਸ਼ਨਾ ਨੂੰ ਭਖੇ= ਨਾਸ ਕਰਦਾ ਬੈਠਾ ਹਾਂ ਬਹਿੰਦਿਆਂ ਖਲੋਂਦਿਆਂ ਅਤੇ ਲੰਮੇ ਪਿਆਂ ਤੇਰੇ ਦਰ ਨੂੰ ਸੇਂਵਦਾ ਹਾਂ।

ਪਿਰੀਏ ਤੂ ਜਾਣੁ ਮਹਿਜਾ ਸਾਉ ਜੋਈ ਸਾਈ ਮੁਹੁ ਖੜਾ॥ ੨॥

ਹੇ ਪਿਰੀਏ= ਪਤੀ-ਪਰਮਾਤਮਾ ! ਮਹਿਜਾ ਸਾਉ= ਮੇਰੇ ਪ੍ਰਯੋਜਨ ਨੂੰ ਤੂੰ ਹੀ ਜਾਣਦਾ ਹੈਂ, ਤਾਂ ਤੇ ਇਹ ਕਿਰਪਾ ਕਰ ਕਿ ਮੈਂ ਖੜਾ ਹੋ ਕੇ ਤੇਰੇ ਮੁਖੜੇ ਨੂੰ ਜੋਈ= ਦੇਖਾਂ ॥ ੨॥

ਮਃ ੫ ॥ ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥

ਹੇ ਭੂਛ= ਮੂਰਖਾ ਇਹ ਭੂਛ= ਮੋਟਾ ਬਚਨ ਤੂੰ ਕੀ ਗਾਲਾਇਓ= ਉਚਾਰਿਆ ਹੈ, ਕਿ ਮੈਂ ਸਾਈਂ ਦੇ ਮੁਖੜੇ ਨੂੰ ਦੇਖਾਂ ਸਾਈਂ ਕੋਈ ਤੇਰੇ ਨਾਲੋਂ ਵੱਖ ਨਹੀਂ ਪਰ ਵੇਲਿ ਨ ਜੋਹੇ= ਪਰਾਈਆਂ ਔਰਤਾਂ ਵੱਲ ਖੋਟੀ ਦ੍ਰਿਸ਼ਟੀ ਕਰ ਕੇ ਨਾ ਦੇਖ ਤੂੰ ਤਾਂ ਕੰਤ= ਪਤੀ- ਪਰਮਾਤਮਾ ਆਪ ਹੀ ਹੈਂ।

ਸਤਿਗੁਰੂ ਪੰਜਵੇਂ ਪਾਤਸ਼ਾਹ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਫੁਰਮਾਉਂਦੇ ਹਨ:-

ਪਰ ਤ੍ਰਿਅ ਰੂਪ ਨ ਪੇਖੈ ਨੇਤ੍ਰ ॥ (ਪੰਨਾ ੨੭੪)

ਭਾਵ ਪਰਾਈ ਇਸਤ੍ਰੀ ਨੂੰ ਇਸਤ੍ਰੀ ਭਾਵ ਨਾਲ ਜੋ ਨਹੀਂ ਦੇਖਦਾ।

ਗੁਰੂ ਕਲਗੀਧਰ ਜੀ ਨੇ ਫੁਰਮਾਨ ਕੀਤਾ ਹੈ:-

ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥ ੫੧ ॥

(ਦਸਮ, ਪੰਨਾ ੯੪੨)

ਭਾਈ ਸਾਹਿਬ ਭਾ: ਗੁਰਦਾਸ ਜੀ ਆਪਣੀ ਰਚਨਾ (ਵਾਰਾਂ) ਵਿਚ ਇਉਂ ਲਿਖਦੇ ਹਨ:-

—ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ। (ਵਾਰ ੬, ਪੌ: ੮)
—ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ। (ਵਾਰ ੨੯/੧੧)

ਭਾਈ ਸਾਹਿਬ ਜੀ ਲਿਖਦੇ ਹਨ:-ਗੁਰਸਿੱਖ ਐਹੋ ਜਿਹਾ ਹੋਣਾ ਚਾਹੀਦਾ ਹੈ ਇਕ ਆਪਣੀ ਬਿਆਹੁਤਾ ਇਸਤ੍ਰੀ ਤੇ ਸ਼ਾਕਰ ਰਹੇ ਬਾਕੀ ਦੂਜੀਆਂ ਨੂੰ ਆਪਣੇ ਤੋਂ ਵੱਡੀ ਉਮਰ ਵਾਲੀਆਂ ਨੂੰ ਮਾਂ ਬਰਾਬਰ ਜਾਣੇ, ਮਾਂ ਕਿੰਨੀ ਸੋਹਣੀ ਹੋਵੇ ਉਸ ਉਤੇ ਪੁੱਤਰ ਦੀ ਮਾੜੀ ਨਿਗਾਹ ਨਹੀਂ ਹੁੰਦੀ। ਭੈਣ ਨੇ ਕਿੰਨੇ ਹਾਰ ਸ਼ਿੰਗਾਰ ਕੀਤੇ ਹੋਏ ਹੋਣ ਪਰ ਭਰਾ ਦੀ ਦ੍ਰਿਸ਼ਟੀ ਵਿਚ ਫ਼ਰਕ ਨਹੀਂ ਆਉਂਦਾ। ਧੀ ਭਾਵੇਂ ਕਿੰਨੀ ਸੋਹਣੀ ਤੇ ਜਵਾਨ ਹੋਵੇ ਗਹਿਣਿਆਂ ਨਾਲ ਸਜੀ ਹੋਵੇ ਪਰ ਪਿਓ ਦਾ ਦਿਲ ਬੇਈਮਾਨ ਨਹੀਂ ਹੁੰਦਾ। ਇਸੇ ਤਰ੍ਹਾਂ ਇਕੋ ਜੇਹੀ ਉਮਰ ਵਾਲੀਆਂ ਨੂੰ ਭੈਣਾਂ ਦੇ ਸਦਰਸ਼, ਛੋਟੀਆਂ ਨੂੰ ਧੀ ਦੇ ਤੁੱਲ ਜਾਣੇ। ਇਨ੍ਹਾਂ ਗੁਣਾਂ ਵਾਲਾ ਅਸਲ ਗੁਰਸਿੱਖ ਹੁੰਦਾ ਹੈ।

ਅਥਵਾ :- ਪਰ ਵੇਲਿ= ਪਰਾਏ ਵਸਤ-ਵਲੇਵੇ ਵੱਲ ਤੂੰ ਨਾ ਤੱਕ ਤਾਂ ਪਤੀ ਤੂੰ ਆਪ ਹੀ ਹੈਂ।

ਅਹਿਰਖ ਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥

(ਕਬੀਰ ਜੀ, ਪੰਨਾ ੪੭੯)

ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥ ੩ ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ— ਫੁੱਲਾਂ ਸੰਦੀ= ਦੀ ਵਾੜਿ= ਬਗੀਚੀ ਵਾਂਗ ਹਭੁ= ਸਾਰਾ ਸੰਸਾਰ ਖਿੜਿਆ ਹੋਇਆ ਹੈ। ਜਿਵੇਂ ਬਗੀਚੀ ਦੇ ਫੁੱਲ ਸਮੇਂ ਅਨੁਸਾਰ ਕੋਈ ਦਿਨ ਰਹਿੰਦੇ ਹਨ। ਤਿਵੇਂ ਸੰਸਾਰ ਕੋਈ ਦਿਨ ਦਾ ਮੇਲਾ ਹੈ।

ਦੂਜਾ ਭਾਵ ਇਹ ਭੀ ਸੁਣਾਉਂਦੇ ਹਨ- ਜਿਵੇਂ ਬਗੀਚੀ ਵਿਚ ਫੁੱਲ ਤੋੜਨ ਜਾਂ ਛੇੜਨ ਦਾ ਹੁਕਮ ਨਹੀਂ ਹੁੰਦਾ, ਉਸ ਦੀ ਕੇਵਲ ਸੁਗੰਧੀ ਜਾਂ ਸੁੰਦਰਤਾ ਵੇਖਣ ਦਾ ਹੱਕ ਹਰ ਕਿਸੇ ਦਾ ਹੁੰਦਾ ਹੈ। ਇਸੇ ਤਰ੍ਹਾਂ ਇਸ ਸੰਸਾਰ ਵਿਚ ਪਰਾਏ ਵਸਤ-ਵਲੇਵੇ ਜਾਂ ਪਰਾਈ ਔਰਤ ਨੂੰ ਲਿਜਾਣ ਦਾ ਹੁਕਮ ਨਹੀਂ। ਸਗੋਂ ਬਗੀਚੀ ਦੇ ਫੁੱਲਾਂ ਵਾਂਗ ਵੇਖ ਕੇ ਖੁਸ਼ ਹੋਵੇ ਕਿ ਕੁਦਰਤ ਨੇ ਕੀ ਕੀ ਰੰਗ ਖੇਡੇ ਹੋਏ ਹਨ ॥ ੩ ॥

ਪਉੜੀ॥ ਸੁਘੜੁ ਸੁਜਾਣੁ ਸਰੂਪੁ ਤੂ ਸਭ ਮਹਿ ਵਰਤੰਤਾ॥

ਹੇ ਸੁਘੜੁ= ਸ੍ਰੇਸ਼ਟ ਘਾੜਤ ਦੇ ਘੜਨ ਵਾਲੇ ਸੁਜਾਣੁ= ਚਤੁਰ ਸੁੰਦਰ ਸਰੂਪ ਵਾਲੇ ਵਾਹਿਗੁਰੂ ! ਤੂੰ ਸਾਰਿਆਂ ਵਿਚ ਵਰਤ ਰਿਹਾ ਹੈਂ।

ਤੂ ਆਪੇ ਠਾਕੁਰੁ ਸੇਵਕੋ ਆਪੇ ਪੂਜੰਤਾ॥

ਤੂੰ ਆਪ ਹੀ ਠਾਕੁਰ ਰੂਪ ਹੋ ਰਿਹਾ ਹੈਂ ਅਤੇ ਆਪ ਹੀ ਸੇਵਕ ਰੂਪ ਹੋ ਕੇ ਪੂਜਾ ਕਰ ਰਿਹਾ ਹੈਂ। ਵਾ :- ਤੂੰ ਆਪ ਹੀ ਪੂਜੰਤਾ= ਪੂਜਨੀਕ ਹੈਂ।

ਦਾਨਾ ਬੀਨਾ ਆਪਿ ਤੂ ਆਪੇ ਸਤਵੰਤਾ॥

ਤੂੰ ਆਪ ਹੀ ਦਾਨਾ= ਦਨਾ ਹੈਂ, ਬੀਨਾ= ਦ੍ਰਿਸ਼ਟਾ ਹੈਂ ਅਤੇ ਤੂੰ ਆਪ ਹੀ ਸਤਵੰਤਾ= ਸੱਤ ਪ੍ਰਤੱਗੀ ਹੈਂ।

ਜਤੀ ਸਤੀ ਪ੍ਰਭੁ ਨਿਰਮਲਾ ਮੇਰੇ ਹਰਿ ਭਗਵੰਤਾ ॥

ਹੇ ਪ੍ਰਭੂ ! ਜਤੀ ਵੀ ਤੂੰ ਹੀ, ਸਤੀ ਵੀ ਤੂੰ ਹੀ ਹੈਂ, ਹੇ ਮੇਰੇ ਹਰੀ ਭਗਵੰਤ ! ਨਿਰਮਲ ਸਰੂਪ ਭੀ ਤੂੰ ਹੀ ਹੈਂ।

ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ॥

ਹੇ ਬ੍ਰਹਮ ! ਤੂੰ ਆਪ ਹੀ ਇਹ ਸਾਰਾ ਪਸਾਰਾ ਪਸਾਰਿਆ ਹੋਇਆ ਹੈ ਅਤੇ ਤੂੰ ਆਪ ਹੀ ਇਸ ਵਿਚ ਖੇਡਦਾ ਹੈਂ।

ਇਹੁ ਆਵਾ ਗਵਣੁ ਰਚਾਇਓ ਕਰਿ ਚੋਜ ਦੇਖੰਤਾ॥

ਇਹ ਆਉਣ ਜਾਣ ਵਾਲਾ ਪ੍ਰਪੰਚ ਤੂੰ ਰਚਾਇਆ ਹੈ, ਆਪ ਹੀ ਤਮਾਸ਼ਾ ਰੂਪ ਚੋਜ= ਕੌਤਕ ਕਰ ਕੇ ਦੇਖ ਰਿਹਾ ਹੈਂ।

ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰ ਮੰਤਾ॥

ਜਿਸ ਨੂੰ ਤੂੰ ਗੁਰ-ਮੰਤ੍ਰ ਦੇਂਦਾ ਹੈਂ, ਉਸ ਨੂੰ ਫਿਰ ਬਾਹੁੜਿ= ਮਾਤਾ ਦੇ ਗਰਭ ਵਿਚ ਨਹੀਂ ਪਾਵਹੀ= ਪਾਉਂਦਾ।

ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ॥ ੪॥

ਜਿਵੇਂ ਤੂੰ ਆਪ ਚਲਾਉਂਦਾ ਹੈਂ ਤਿਵੇਂ ਸਭ ਜੀਵ ਚਲਦੇ ਹਨ, ਇਨ੍ਹਾਂ ਜੀਵਾਂ ਦੇ ਵਸਿ= ਇਖਤਿਆਰ ਕੁਝ ਨਹੀਂ॥ ੪॥

ਡਖਣੇ ਮਃ ੫॥

ਕੋਈ ਦਰਿਆ ਦੇ ਕਿਨਾਰੇ ਕਿਨਾਰੇ ਜਾ ਰਿਹਾ ਸੀ, ਉਸ ਨੂੰ ਉਥੋਂ ਦਾ ਵਾਕਫ ਪੁਰਸ਼ ਕਹਿੰਦਾ ਹੈ:

ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹ ਰੇਰੁ॥

ਹੇ ਕੁਰੀਏ ਕੁਰੀਏ= ਡੰਡੀ-ਡੰਡੀ ਉੱਤੇ ਵੈਦਿਆ= ਚੱਲਣ ਵਾਲੇ ਪੁਰਸ਼ਾ ! ਇਸ ਮਹ= ਪ੍ਰਿਥਵੀ ਦੇ ਤਲਿ= ਹੇਠਾਂ ਗਾੜਾ= ਤਕੜਾ ਰੇਰੁ= ਡੂੰਘਾ ਢਾਹ ਲੱਗ ਰਿਹਾ ਹੈ।

ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ ॥ ੧ ॥

ਜਾਮਿ= ਜਿਸ ਵੇਲੇ, ਤੇਰਾ ਪੇਰੁ= ਪੈਰ, ਖਿਸੰਦੋ= ਖਿਸਕ ਗਿਆ ਤਾਂ ਵਿਚੇ ਰੁੜ੍ਹ ਜਾਵੇਂਗਾ, ਨਹੀਂ ਤਾਂ ਵੇਖੀਂ ਛਿੱਟਾਂ ਵਾਲਾ ਤਾਂ ਜ਼ਰੂਰ ਹੋ ਜਾਏਂਗਾ। ਇਹ ਹੈ ਦ੍ਰਿਸ਼ਟਾਂਤ।

ਇਸੇ ਤਰ੍ਹਾਂ ਹੇ ਵੈਰਾਗ ਰੂਪੀ ਡੰਡੀ- ਡੰਡੀ 'ਤੇ ਚਲਣ ਵਾਲੇ ਜਗਿਆਸੂ ਪੁਰਸ਼ਾ! ਬੁੱਧੀ ਰੂਪੀ ਧਰਤੀ ਦੇ ਤਲਿ= ਹੇਠਾਂ ਕਾਮ ਆਦਿਕਾਂ ਦਾ ਗਾੜਾ ਰੇਰੁ= ਤਕੜਾ ਢਾਹ ਲੱਗ ਰਿਹਾ ਹੈ*, ਵੇਖੀਂ ਕਿਧਰੇ ਮਨ ਰੂਪੀ ਪੈਰ ਨਾ ਖਿਸਕ ਜਾਵੇ ਕਿਉਂਕਿ ਜਿਸ ਵੇਲੇ ਮਨ ਰੂਪੀ ਪੈਰ ਖਿਸਕ ਗਿਆ ਤਾਂ ਛਿਟੜ ਥੀਵਦੋ= ਛਿੱਟਾਂ ਵਾਲਾ ਭਾਵ ਕਲੰਕੀ ਜ਼ਰੂਰ ਹੋ ਜਾਏਂਗਾ ॥ ੩ ॥

ਵਾ :- ਕੁਰੀਏ ਕੁਰੀਏ ਵੈਦਿਆ= ਹੇ ਸੰਸਾਰ ਰੂਪ ਡੰਡੀ- ਡੰਡੀ 'ਤੇ ਚਲਣ ਵਾਲੇ ਪੁਰਸ਼ਾ! ਸਰੀਰ ਰੂਪ ਮਹ= ਪ੍ਰਿਥਵੀ ਦੇ ਤਲਿ= ਹੇਠਾਂ ਤਕੜਾ ਢਾਹ ਲੱਗ ਰਿਹਾ ਹੈ, ਰੋਜ਼ ਦੇ ਰੋਜ਼ ਚਵੀ ਹਜ਼ਾਰ ਸਵਾਸ ਨਿਕਲਦੇ ਜਾਂਦੇ ਹਨ :

ਨਾਮ ਜਪਣ ਕੌ ਜਿਹਵਾ ਦੀਨੀ ਹਰਿ ਦਰਸਨ ਕੌ ਅੱਖੀਂ।
ਇਕ ਇਕ ਸਵਾਸ ਅਮੋਲਕ ਜਾਂਦਾ ਹੱਥ ਨ ਆਵੇ ਲੱਖੀਂ।
ਚਵੀ ਹਜ਼ਾਰ ਖਰਚ ਬੰਦੇ ਦਾ ਆਮਦ ਮੂਲ ਨ ਥੀਵੇ।
ਜਿਸ ਬੰਦੇ ਨੂੰ ਇਤਨਾ ਘਾਟਾ ਸੋ ਬੰਦਾ ਕਿਉਂ ਜੀਵੇ।

ਜਾਮਿ ਖਿਸੰਦੋ ਪੇਰੁ= ਜਿਸ ਵੇਲੇ ਸਵਾਸਾਂ ਰੂਪੀ ਪੇਰੁ= ਪੈਰ ਖਿਸਕ ਗਿਆ ਤਾਂ ਵੇਖੀਂ ਛਿੱਟਾਂ ਵਾਲਾ ਜ਼ਰੂਰ ਹੋ ਜਾਏਂਗਾ। ਭਾਵ ਨਾਮ ਤੋਂ ਬਿਨਾਂ ਹੋਣ ਕਰ ਕੇ ਜਮਦੂਤਾਂ ਨਾਲ ਰਲ ਕੇ ਜਮ- ਰਸਤੇ ਵਿਚ ਜਾਏਂਗਾ ॥ ੧ ॥

ਮਃ ੫ ॥ ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੇ ਸਲਵੇ ॥

ਹੇ ਭਾਈ ! ਜਿਹਨਾਂ ਪਦਾਰਥਾਂ ਨੂੰ ਤੂੰ ਸੱਚਾ ਜਾਣਦਾ ਹੈਂ, ਉਹ ਇਹ ਕੱਚ ਵਾਂਗ ਖਿਨ ਭੰਗਰ ਤੇ ਵੈਦਿਓ= ਚਲੇ ਜਾਣ ਵਾਲੇ ਹਨ, ਪਰ ਤੂੰ ਆਘੂ ਆਘੇ= ਅੱਗੇ- ਅੱਗੇ ਹੋ ਕੇ ਪਦਾਰਥਾਂ ਨੂੰ ਸਲਵੇ= ਇਕੱਤ੍ਰ ਕਰਦਾ ਹੈਂ।

ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ ॥ ੨ ॥

ਪਦਾਰਥਾਂ ਦੇ ਅਭਾਵ ਵਿਖੇ ਦੋ ਦ੍ਰਿਸ਼ਟਾਂਤ ਹੋਰ ਦੇਂਦੇ ਹਨ ਕਿ ਜਿਵੇਂ ਕੋਈ ਆਤਸੜੀ= ਅੱਗ ਵਿਚ ਨੈਣੂ= ਮੱਖਣ ਰੱਖ ਦੇਵੇ ਤਾਂ ਉਹ ਝੱਟ ਪਿਘਲ ਜਾਂਦਾ ਹੈ (ਇਸੇ ਤਰ੍ਹਾਂ ਪਦਾਰਥ ਨਾਸਵੰਤ ਹਨ)। ਬਿਆ= ਦੂਜਾ ਹੋਰ ਦ੍ਰਿਸ਼ਟਾਂਤ ਸੁਣੋ:-ਜਿਵੇਂ ਜਲ ਦੇ ਢਲਣ ਕਰ ਕੇ ਪਬਣਿ= ਚੌਪੱਤੀ ਜੁੰਮਿਓ= ਨਾਸ ਹੋ ਜਾਂਦੀ ਹੈ, ਇਸੇ ਤਰ੍ਹਾਂ ਹੀ ਪੁੰਨਾਂ ਰੂਪ ਜਲ ਦੇ ਮੁੱਕਣ ਕਰ ਕੇ ਸਭ ਪਦਾਰਥਾਂ ਦਾ ਇਕੱਠਾ ਹੀ ਅਭਾਵ ਹੋ ਜਾਂਦਾ ਹੈ ॥ ੨ ॥

ਮਃ ੫ ॥ ਭੋਰੇ ਭੋਰੇ ਰੂਹੜੇ ਸੇਵੇ ਦੇ ਆਲਕੁ ॥

ਹੇ ਮਨ ਕਰ ਕੇ ਭੋਲੇ, ਬਾਣੀ ਕਰ ਕੇ ਭੋਲੇ, ਤਨ ਕਰ ਕੇ ਰੂਹੜੇ= ਅਪਾਵਨ।

ਅਥਵਾ :- ਹੇ ਮਨ ਕਰ ਕੇ ਭੋਲੇ, ਬਾਣੀ ਕਰ ਕੇ ਭੋਰੇ= ਭੋਲੇ, ਰੂਹੜੇ= ਸੁੰਦਰ ਪਰਮਾਤਮਾ ਦੇ ਸੇਵਨ ਵਲੋਂ ਤੂੰ ਆਲਕੁ= ਆਲਸ ਕਰ ਰਿਹਾ ਹੈਂ। *ਅਥਵਾ :-* ਪਰਮੇਸ਼ਰ ਦੇ ਸੇਵਨ ਵਲੋਂ ਤੂੰ ਆਲਕੁ= ਆਲਸ ਕਰ ਰਿਹਾ ਹੈਂ ਇਸ ਕਰ ਕੇ ਤੇਰਾ ਰੂਹੜੇ= ਰੂਹ ਭੋਰੇ ਭੋਰੇ= ਰੰਚਕ-ਰੰਚਕ ਹੋ ਰਿਹਾ ਹੈ।

**ਮਣਾਂ ਡਿੱਗ ਰਹੀਆਂ ਹਨ ਬੜੇ-ਬੜੇ ਆਸਰਾ ਰੂਪ ਜੋ ਰਿਖੀ ਸਨ (ਸੋਰਭ ਰਿਖੀ, ਸ੍ਰਿੰਙੀ ਰਿਖੀ, ਜੈਮੁਨੀ ਰਿਖੀ) ਉਹ ਸਭ ਇਨ੍ਹਾਂ ਵਿਚ ਰੁੜ੍ਹ ਗਏ ਹਨ। ਹੋਰ ਕੀ ਕਹਿਣਾ ਹੈ ਬ੍ਰਹਮਾ ਜੀ, ਸ਼ਿਵ ਜੀ ਵਰਗੇ ਹਰੀਹਰ ਹੋ ਗਏ ਹਨ।*

[ਪੰਨਾ ੧੦੯੬]

ਮੁਦਤਿ ਪਈ ਚਿਰਾਣੀਆ ਫਿਰਿ ਕਛੂ ਆਵੈ ਰੁਤਿ ॥ ੩ ॥

ਵਾਹਿਗੁਰੂ ਤੋਂ ਵਿਛੜੇ ਹੋਏ ਜੀਵ ਨੂੰ ਬਹੁਤ ਹੀ ਚਿਰਾਣੀਆ= ਚਿਰ ਦੀ ਮੁੱਦਤ ਪੈ ਗਈ ਹੈ, ਜੇ ਹੁਣ ਵੀ ਯਾਦ ਨਾ ਕੀਤਾ ਤਾਂ ਫਿਰ ਇਸ ਮਨੁੱਖਾ ਦੇਹ ਦੀ ਪ੍ਰਾਪਤੀ ਰੂਪ ਰੁੱਤ ਕਦੋਂ ਆਵੇਗੀ ?

ਅਥਵਾ :- ਜੂਨੀਆਂ ਦੇ ਦੁੱਖਾਂ ਵਿਚ ਚਿਰਾਣੀਆਂ= ਚੀਰੰਦਿਆਂ ਚੀਰੰਦਿਆਂ ਮੁੱਦਤ ਪੈ ਗਈ ਹੈ, ਫਿਰ ਇਸ ਮਨੁੱਖਾ ਦੇਹ ਦੀ ਪ੍ਰਾਪਤੀ ਦੀ ਰੁੱਤ ਕਦੋਂ ਆਵੇਗੀ ?

ਅਥਵਾ :- ਵੇਦਾਂ ਰੂਪੀ ਇਕ ਚਿਰਾਣੀਆ= ਚਿੱਠੀ ਪਈ ਹੋਈ ਨੂੰ ਮੁੱਦਤ ਹੋ ਗਈ ਹੈ ਤੂੰ ਉਸ ਦੇ ਸਿਧਾਂਤ ਨੂੰ ਗ੍ਰਹਿਣ ਨਹੀਂ ਕਰਦਾ, ਇਹ ਮਨੁੱਖ ਦੇਹ ਦੀ ਪ੍ਰਾਪਤੀ ਦੀ ਰੁੱਤ ਫਿਰ ਕਛੂ= ਕਦੋਂ ਆਵੇਗੀ॥ ੩ ॥

ਪਉੜੀ॥ ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ ॥

ਹੇ ਪਰਮੇਸ਼ਰ ! ਤੇਰਾ ਰੂਪ (ਮੱਛ ਕੱਛ ਆਦਿਕ), ਰੇਖ, ਜ਼ਾਤੀ ਵਗੈਰਾ ਕੋਈ ਨਹੀਂ ਹੈ, ਪੁਨਾ ਤੂੰ ਵਰਨਾਂ ਤੋਂ ਵੀ ਬਾਹਰ ਹੈਂ।

ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ॥

ਇਹ ਮਨੁੱਖ ਤੈਨੂੰ ਦੂਰ ਜਾਣਦੇ ਹਨ, ਪਰ ਤੂੰ ਸਾਰੇ ਜਾਹਰਾ= ਪ੍ਰਸਿੱਧ ਹੀ ਵਰਤ ਰਿਹਾ ਹੈਂ।

ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ ਲਾਹਰਾ ॥

ਤੂੰ ਆਪ ਹੀ ਸਭ ਸਰੀਰਾਂ ਵਿਚ ਇਸਥਿਤ ਹੋ ਕੇ ਭੋਗਾਂ ਨੂੰ ਭੋਗਦਾ ਹੈਂ, ਪਰ ਤੈਨੂੰ ਕਿਸੇ ਕਿਸਮ ਦਾ ਲੇਪ ਨਹੀਂ ਲਾਹਰਾ= ਲੱਗਦਾ। ਵਾ :- ਆਪ ਜੀ ਨੂੰ ਲਾਹਰਾ= ਲਹਿਰਾਂ ਦਾ ਕੋਈ ਲੇਪ ਨਹੀਂ।

ਤੂ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ ॥

ਹੇ ਅਨੰਤ= ਬਿਅੰਤ ਰੂਪ ਪਰਮਾਤਮਾ ! ਤੂੰ ਅਨੰਦੀ ਪੁਰਖ ਹੈਂ, ਸਾਰਿਆਂ ਵਿਚ ਆਪ ਜੀ ਦੀ ਜੋਤ ਸਮਾਹਰਾ= ਸਮਾ ਰਹੀ ਹੈ।

ਤੂ ਸਭ ਦੇਵਾ ਮਹਿ ਦੇਵ ਬਿਧਾਤੇ ਨਰਹਰਾ ॥

ਹੇ ਬਿਧਾਤੇ= ਫਲਬਰ ਦਾਤੇ ਵਾਹਿਗੁਰੂ ! ਨਰਾਂ ਨੂੰ ਹਰੇ ਕਰਨ ਵਾਲੇ, ਤੂੰ ਸਭ ਦੇਵਤਿਆਂ ਵਿੱਚੋਂ ਵੱਡਾ ਦੇਵਤਾ ਹੈਂ।

ਕਿਆ ਆਰਾਧੇ ਜਿਹਵਾ ਇਕ ਤੂ ਅਬਿਨਾਸੀ ਅਪਰਪਰਾ ॥

ਮੇਰੀ ਜਿਹਵਾ= ਜ਼ਬਾਨ ਇਕ ਹੈ, ਤੈਨੂੰ ਕਿਆ= ਕਿਵੇਂ ਅਰਾਧ ਸਕੇ, ਹੇ ਅਬਿਨਾਸੀ ! ਤੂੰ ਅਪਰ= ਬ੍ਰਹਮਾ ਆਦਿਕਾਂ ਤੋਂ ਭੀ ਪਰੇ ਹੈਂ।

ਜਿਸੁ ਮੇਲਹਿ ਸਤਿਗੁਰੁ ਆਪਿ ਤਿਸ ਕੇ ਸਭਿ ਕੁਲ ਤਰਾ ॥

ਜਿਸ ਨੂੰ ਤੂੰ ਆਪ ਸਤਿਗੁਰੂ ਨਾਲ ਮੇਲਦਾ ਹੈਂ ਉਸ ਦੀ ਕੁਲ ਦੇ ਸਾਰੇ ਜੀਵ ਤਰ ਜਾਂਦੇ ਹਨ।

ਸੇਵਕ ਸਭਿ ਕਰਦੇ ਸੇਵ ਦਰਿ ਨਾਨਕੁ ਜਨੁ ਤੇਰਾ ॥ ੫ ॥

ਗੁਰੂ ਜੀ ਕਹਿੰਦੇ ਹਨ— ਸਾਰੇ ਸੇਵਕ ਤੇਰੀ ਸੇਵਾ ਕਰਦੇ ਹਨ, ਮੈਂ ਭੀ ਤੇਰੇ ਦਰ ਦਾ ਇਕ ਜਨੁ= ਦਾਸ ਹਾਂ ॥ ੫ ॥

ਡਖਣੇ ਮਃ ੫ ॥ ਗਹਡੜੜਾ ਤ੍ਰਿਣਿ ਛਾਇਆ ਗਾਫਲ ਜਲਿਓਹੁ ਭਾਹਿ ॥

ਜਿਵੇਂ ਤ੍ਰਿਣਿ= ਕੱਖਾਂ ਦਾ ਗਹਡੜੜਾ= ਛੱਪਰ ਛਾਇਆ= ਬਣਾਇਆ ਹੋਇਆ ਹੋਵੇ ਤੇ ਉਸ ਦੇ ਹੇਠਾਂ ਗਾਫਲ= ਮੂਰਖ ਨੇ ਭਾਇ= ਅੱਗ ਜਲਿਓਹੁ= ਬਾਲੀ ਹੋਈ ਹੋਵੇ ਤਾਂ ਸਮਝੋ ਉਸ ਛੱਪਰ ਨੇ ਜ਼ਰੂਰ ਸੜ ਜਾਣਾ ਹੈ।

ਇਸੇ ਤਰ੍ਹਾਂ ਇਹ ਸਰੀਰ ਰੂਪੀ ਗਹਡੜੜਾ= ਛੱਪਰ ਹੱਡੀਆਂ ਨਾੜੀਆਂ ਆਦਿਕ ਕੱਖਾਂ ਦਾ ਛਾਇਆ= ਬਣਾਇਆ ਹੋਇਆ ਹੈ, ਇਸ ਵਿਚ ਮੂਰਖ ਨੇ ਤ੍ਰਿਸ਼ਨਾ ਰੂਪੀ ਅੱਗ ਬਾਲੀ ਹੋਈ ਹੈ।

ਅਥਵਾ :- ਸੰਸਾਰ ਰੂਪੀ ਛੱਪਰ ਪਦਾਰਥਾਂ ਰੂਪ ਕੱਖਾਂ ਨਾਲ ਛਾਇਆ= ਬਣਿਆ ਹੋਇਆ ਹੈ, ਇਸ ਵਿਚ ਗਾਫਲ= ਮੂਰਖ ਪੁਰਸ਼ ਕਾਲ ਰੂਪੀ ਅਗਨੀ ਕਰ ਕੇ ਜਲਿਓਹੁ= ਸੜਦਾ ਹੈ।

ਜਿਨਾ ਭਾਗ ਮਥਾਹੜੈ ਤਿਨ ਉਸਤਾਦ ਪਨਾਹਿ ॥ ੧ ॥

ਜਿਨ੍ਹਾਂ ਦੇ ਮੱਥੇ ਦੇ ਉੱਤਮ ਭਾਗ ਹਨ, ਉਨ੍ਹਾਂ ਨੇ ਆਪਣੇ ਉਸਤਾਦ= ਗੁਰਾਂ ਦੀ ਪਨਾਹਿ= ਸ਼ਰਨ ਗ੍ਰਹਿਣ ਕੀਤੀ ਹੈ ॥ ੧ ॥

ਮਃ ੫ ॥ ਨਾਨਕ ਪੀਠਾ ਪਕਾ ਸਾਜਿਆ ਧਰਿਆ ਆਣਿ ਮਉਜੂਦੁ ॥

ਗੁਰੂ ਜੀ ਕਥਨ ਕਰਦੇ ਹਨ— ਪਹਿਲੇ ਕਣਕ ਨੂੰ ਪੀਠਾ= ਪੀਸਿਆ, ਫੇਰ ਪਕਾ= ਪਕਾਇਆ, ਚੋਪੜ ਕੇ ਥਾਲ ਵਿਚ ਸਾਜਿਆ= ਸਜਾਇਆ, ਫਿਰ ਛਕਣ ਵਾਲੇ ਦੇ ਮਉਜੂਦੁ= ਸਾਹਮਣੇ ਲਿਆ ਰੱਖਿਆ।

ਬਾਝਹੁ ਸਤਿਗੁਰ ਆਪਣੇ ਬੈਠਾ ਝਾਕੁ ਦਰੂਦ ॥ ੨ ॥

ਪਰ ਪਰਸ਼ਾਦਾ ਛਕਣ ਵੇਲੇ ਆਪਣੇ ਸਤਿਗੁਰਾਂ ਨੂੰ ਮਨਾਏ ਤੋਂ ਬਿਨਾਂ ਅਰਥਾਤ ਭੋਗ ਲਗਾਏ ਤੋਂ ਬਿਨਾਂ ਜਾਂ ਸਤਿਨਾਮੁ ਵਾਹਿਗੁਰੂ ਉਚਾਰੇ ਤੋਂ ਬਿਨਾਂ ਜੋ ਰੋਟੀ ਖਾਂਦਾ ਹੈ ਉਹ ਕਦੇ ਤ੍ਰਿਪਤ ਨਹੀਂ ਹੁੰਦਾ, ਦਰੂਦ ਦੀਆਂ ਟਿੱਕੀਆਂ ਵਾਂਗ ਬੈਠਾ ਝਾਕਦਾ ਰਹਿੰਦਾ ਹੈ।

ਦੂਜਾ ਅਰਥ :- ਪੀਠਾ= ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ, ਜਿਵੇਂ ਪੀਹਣਾ ਔਖਾ ਹੈ। ਤਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬੜੀ ਕਠਿਨ ਹੈ। ਪਕਾ= ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ, ਸਾਜਿਆ= ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ। ਧਰਿਆ ਆਣਿ ਮਉਜੂਦੁ= ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਬਾਣੀ। ਜਿਵੇਂ-ਪਰੋਸਿਆ ਹੋਇਆ ਥਾਲ ਚੁੱਕ ਕੇ ਅੱਗੇ ਲਿਆ ਰੱਖਣਾ ਬੜਾ ਮੁਸ਼ਕਲ ਹੁੰਦਾ ਹੈ ਕਿਉਂਕਿ ਸਲੂਣਿਆਂ (ਸਬਜ਼ੀ-ਭਾਜੀ) ਦੇ ਡੁੱਲ੍ਹਣ ਦਾ ਡਰ ਹੁੰਦਾ ਹੈ। ਤਿਵੇਂ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵੀ ਮੁਸ਼ਕਲ ਹੈ- ਜਿਥੇ ਜਿਥੇ ਵੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਬਾਣੀ ਚਲਦੀ ਹੈ, ਬੜੀਆਂ ਲੰਬੀਆਂ ਤੁਕਾਂ ਆਉਂਦੀਆਂ ਹਨ ਪਰ ਆਪਣੇ ਸਤਿਗੁਰਾਂ ਦੀ ਬਾਣੀ ਵਿਚ ਸ਼ਰਧਾ ਕੀਤੇ ਤੋਂ ਬਿਨਾਂ ਭੇਦ-ਵਾਦ ਰੂਪੀ ਦਰੂਦ ਨੂੰ ਝਾਕਦਾ ਬੈਠਦਾ ਹੈ। ਅਰਥਾਤ ਸਭ ਤੁਕਾਂ ਭੇਦ-ਵਾਦ ਵਿਚ ਸਿੱਧ ਕਰਦਾ ਹੈ! ਜਿਵੇਂ-ਸੰਤ ਜੋਗਾ ਸਿੰਘ ਜੀ ਦੇ ਡੇਰੇ ਗਿਆਨੀ ਸਰੂਪ ਸਿੰਘ ਜੀ ਹੋਏ ਹਨ ਜਿਨ੍ਹਾਂ ਨੇ ਜਫ਼ਰਨਾਮੇ ਦਾ ਟੀਕਾ ਵੀ ਕੀਤਾ ਹੈ। ਉਹ ਜਦ ਕਥਾ ਕਰਦੇ

ਸਨ ਤਾਂ ਭੇਦਵਾਦ ਨੂੰ ਹੀ ਸਿੱਧ ਕਰਦੇ ਸਨ ਕਿ ਬ੍ਰਹਮ ਗਿਆਨੀ ਆਪ ਪਰਮੇਸ਼ਰ। ਆਪ ਹੀ ਬ੍ਰਹਮ ਗਿਆਨੀ ਹੈ ਹੋਰ ਕੋਈ ਬ੍ਰਹਮ ਗਿਆਨੀ ਨਹੀਂ।

ਤੀਜਾ ਅਰਥ :- ਪੀਠਾ= ਜਿਨ੍ਹਾਂ ਨੇ ਸ੍ਰਵਨ ਕੀਤਾ ਹੈ। ਪਕਾ= ਮੰਨਣ ਕੀਤਾ ਹੈ। ਸਾਜਿਆ= ਨਿਧਿਆਸਣ ਕੀਤਾ ਹੈ, ਧਰਿਆ ਆਣਿ ਮਉਜੂਦੁ= ਉਹਨਾਂ ਦੇ ਸਾਹਮਣੇ ਲਿਆ ਕੇ ਗੁਰਾਂ ਨੇ ਧਰ ਦਿੱਤਾ ਭਾਵ ਸਖਿਆਤਕਾਰ ਕਰ ਦਿੱਤਾ ਹੈ। *ਅਥਵਾ :-* ਏਸੇ ਅਰਥ ਦੀ ਥੋੜੀ ਕੁ ਬਦਲ ਹੈ— ਪੀਠਾ= ਜਿਹੜਾ ਕਹਿੰਦਾ ਹੈ ਕਿ ਮੈਂ ਸ੍ਰਵਨ ਕਰ ਲਿਆ ਹੈ, ਪਕਾ= ਮੈਂ ਮੰਨਣ ਵੀ ਕਰ ਲਿਆ ਹੈ, ਸਾਜਿਆ= ਨਿਧਿਆਸਣ ਵੀ ਕਰ ਲਿਆ ਹੈ। ਧਰਿਆ ਆਣਿ ਮਉਜੂਦੁ= ਜਿਹੜਾ ਆਖਦਾ ਹੈ ਕਿ ਮੈਨੂੰ ਸਖਿਆਤਕਾਰ ਹੋ ਗਿਆ ਹੈ। ਐਸਾ ਜੋ ਹੰਕਾਰੀ ਪੁਰਸ਼ ਹੈ ਉਹ ਆਪਣੇ ਸਤਿਗੁਰਾਂ ਦੀ ਪ੍ਰਸੰਨਤਾ ਤੋਂ ਬਿਨਾਂ ਜੂਨੀਆਂ ਰੂਪੀ ਦਰੂਦ ਨੂੰ ਬੈਠਾ ਝਾਕਦਾ ਰਹਿੰਦਾ ਹੈ॥ ੨॥

ਮਃ ੫ ॥ ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥
ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥ ੩ ॥

ਪਹਿਲਾ ਅਰਥ :- ਸਤਿਗੁਰੂ ਜੀ ਕਥਨ ਕਰਦੇ ਹਨ— ਫੁਲਕੇ, ਪਰਸ਼ਾਦੇ, ਉਪਰਾਠੇ ਅਤੇ ਭੁਸਰੀਆਂ ਪਕਾਉਣਾ ਕੀਤੀਆਂ ਹਨ ਤੇ ਥਾਲ ਵਿਚ ਪਾਉਣਾ ਕੀਤੀਆਂ ਜਿਨ੍ਹਾਂ ਨੇ ਛਕਣ ਵੇਲੇ ਆਪਣੇ ਗੁਰਾਂ ਨੂੰ ਮਨਾਇਆ ਹੈ ਭਾਵ ਅੰਤਰ ਧਿਆਨ ਹੋ ਕੇ 'ਸਤਿਨਾਮੁ ਵਾਹਿਗੁਰੂ' ਕਹਿ ਕੇ ਭੋਗ ਲਗਾਇਆ ਹੈ ਉਹ ਪੁਰਸ਼ ਰੱਜ-ਰੱਜ ਖਾਂਦੇ ਹਨ, ਭਾਵ ਉਹਨਾਂ ਦਾ ਖਾਧਾ ਸਫਲ ਹੈ। ਜਿਹੜੇ ਨਾਸਤਕ ਪੁਰਸ਼ ਰੋਟੀ ਖਾਣ ਵੇਲੇ ਪਰਮੇਸ਼ਰ ਨੂੰ ਯਾਦ ਨਹੀਂ ਕਰਦੇ ਉਸ ਦਾ ਖਾਧਾ ਨਿਸਫਲ ਹੈ। ਸਮਝੋ ਉਹ ਪੁਰਸ਼ ਕੀੜੇ ਖਾਂਦੇ ਹਨ।

ਦੂਜਾ ਅਰਥ :- ਜਿਵੇਂ ਭੁਸਰੀ ਵਿਚ ਤਿੰਨ ਚੀਜ਼ਾਂ ਹੁੰਦੀਆਂ ਹਨ— ਮੈਦਾ, ਘਿਉ, ਖੰਡ। ਇਸੀ ਤਰ੍ਹਾਂ ਮੈਦਾ= ਗਿਆਨ, ਘਿਉ= ਪਰੇਮ, ਖੰਡ= ਭਗਤੀ । ਇਸ ਕਿਸਮ ਦੀਆਂ ਭੁਸਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਪਕਾ ਪਾਈਆਂ ਹਨ। ਜਿਨ੍ਹਾਂ ਨੇ ਸ਼ਰਧਾ ਭਾਵ ਨਾਲ ਆਪਣੇ ਗੁਰਾਂ ਨੂੰ ਮਨਾਇਆ ਹੈ ਉਹ ਰੱਜ-ਰੱਜ ਕੇ ਖਾਹਿ= ਖਾਂਦੇ ਹਨ ਭਾਵ ਸਿਧਾਂਤ ਨੂੰ ਧਾਰਦੇ ਹਨ।

ਤੀਜਾ ਅਰਥ :- ਭੁਸਰੀਆ= ਵੇਦ ਦੀਆਂ ਸੁਰਤੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ ਥਾਲ ਵਿਚ ਪਕਾ ਪਾਈਆਂ ਹਨ। ਭਾਵ ਹਰ ਇਕ ਤੁਕ ਵੇਦਾਂ ਦੀਆਂ ਸੁਰਤੀਆਂ ਅਨੁਸਾਰ ਚਲਦੀ ਹੈ। ਸੁਰਤੀ ਅਨੁਸਾਰ ਪਹਿਲੇ ਸ਼ੁਰੂ ਵਿਚ ਏਕਾ ਕਥਨ ਕੀਤਾ ਹੈ ਏਕੋ ਅਹੰ ਬਹੁ ਸਯਾਮ ਪ੍ਰਜਾ ਯੇਯ। ਸੁਆਮੀ ਕੇਸਵਾ ਨੰਦ ਜੀ ਹੋਏ ਹਨ ਉਹ ਇਕ-ਇਕ ਤੁਕ ਨਾਲ ਵੇਦਾਂ ਦੀ ਸੁਰਤੀ ਪੜ੍ਹਦੇ ਹੁੰਦੇ ਸਨ*।

ਜਿਨ੍ਹਾਂ ਨੇ ਗੁਰਾਂ ਨੂੰ ਸ਼ਰਧਾ ਭਾਵ ਨਾਲ ਮਨਾ ਕੇ ਪਾਠ ਕੀਤਾ ਹੈ ਉਹ ਰੱਜ ਕੇ ਇਸ ਗੁਰਬਾਣੀ ਦੇ ਅਨੰਦ ਖਾਹਿ= ਮਾਣਦੇ ਹਨ।

ਚੌਥਾ ਅਰਥ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ ਥਾਲ ਵਿਚ ਇਕ ਪਦੇ ਦੁਪਦੇ ਸ਼ਬਦ ਫੁਲਕੇ ਹਨ, ਤਿਪਦੇ ਸ਼ਬਦ ਪ੍ਰਸ਼ਾਦੇ ਹਨ। ਚਉਪਦੇ ਤੇ ਪੰਚ ਪਦੇ ਸ਼ਬਦ ਪਰਾਉਂਠੇ ਹਨ। ਅਸ਼ਟਪਦੀਆਂ ਤੇ ਛੰਤ ਇਹ ਭੁਸਰੀਆਂ ਹਨ ਮਾਰੂ ਸੋਲਹੇ ਤਹਿਤੋੜ ਹਨ, ਤਹਿਤੋੜ ਸ੍ਰੀ ਹਜੂਰ ਸਾਹਿਬ ਪੱਕਦਾ ਸੀ ਜੋ ਵੱਡਾ ਮਨ ਹੁੰਦਾ ਹੈ। ਜਿਨ੍ਹਾਂ ਨੇ ਆਪਣੇ ਗੁਰਾਂ ਨੂੰ ਮਨਾਇਆ ਹੈ ਉਹ ਰੱਜ-ਰੱਜ ਕੇ ਅਨੰਦ ਮਾਣਦੇ ਹਨ।

**ਸੁਆਮੀ ਕੇਸਵਾ ਨੰਦ ਜੀ ਦਾ ਅਸਥਾਨ ਕਨਖਲ ਮੋਨੀ ਮੰਡਲ ਅਸਥਾਨ ਹੈ, ਉਹਨਾਂ ਦੇ ਚੇਲੇ ਅਚਲਾਨੰਦ ਜੀ ਹੋਏ ਹਨ, ਉਹਨਾਂ ਦੇ ਅੱਗੇ ਹੁਣ ਸੁਰੇਸਰਾਨੰਦ ਜੀ ਬੜੇ ਮੰਡਲੇਸ਼ਵਰ ਹਨ।*

ਪੰਜਵਾਂ ਅਰਥ :- ਜਿਸ ਨੇ ਅੰਤਹਕਰਨ ਰੂਪੀ ਥਾਲ ਵਿਚ ਭੁਸਰੀਆਂ= ਕਰੁਣਾ, ਮੈਤ੍ਰੀ, ਮੁੱਦਤਾ ਪਕਾ ਪਾਈਆਂ ਹਨ ਭਾਵ ਧਾਰੀਆਂ ਹਨ ਤੇ ਆਪਣੇ ਗੁਰਾਂ ਨੂੰ ਮਨਾਇਆ ਹੈ ਉਹ ਰੱਜ-ਰੱਜ ਕੇ ਬ੍ਰਹਮਾਨੰਦ ਨੂੰ ਮਾਣਦੇ ਹਨ।

ਛੇਵਾਂ ਅਰਥ :- ਜਿਨ੍ਹਾਂ ਨੇ ਸਰੀਰ ਰੂਪ ਥਾਲ ਵਿਚ ਭੁਸਰੀਆਂ= ਇੰਦ੍ਰੀਆਂ ਪਕਾ ਪਾਈਆ= ਭਾਵ ਦਮਨ ਕੀਤੀਆਂ ਹਨ ਤੇ ਆਪਣੇ ਗੁਰਾਂ ਨੂੰ ਮਨਾਇਆ ਹੈ, ਉਹ ਰੱਜ-ਰੱਜ ਕੇ ਬ੍ਰਹਮਾਨੰਦ ਨੂੰ ਖਾਹਿ= ਮਾਣਦੇ ਹਨ॥ ੩॥

ਪਉੜੀ॥ ਤੁਧੁ ਜਗ ਹਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ॥

ਹੇ ਪਰਮਾਤਮਾ ! ਤੁਸਾਂ ਨੇ ਜਗਤ ਵਿਚ ਐਸਾ ਖੇਲ ਰਚਾਇਆ ਹੈ, ਜੋ ਸਾਰਿਆਂ ਵਿਚ ਹਉਮੈ ਪਾ ਦਿੱਤੀ ਹੈ।

ਏਕੁ ਮੰਦਰੁ ਪੰਚ ਚੋਰ ਮਹਿ ਨਿਤ ਕਰਹਿ ਬੁਰਿਆਈਆ॥

ਸਰੀਰ ਰੂਪ ਇਕ ਮੰਦਰ ਵਿਚ ਪੰਜ ਕਾਮ ਆਦਿਕ ਚੋਰ ਹਨ, ਜੋ ਨਿਤਾਪ੍ਰਤੀ ਬੁਰਿਆਈਆਂ ਕਰਦੇ ਹਨ।

ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ॥

ਇਕ ਜੀਵ ਰੂਪ ਪੁਰਖ ਦੀਆਂ ਦਸ ਇੰਦ੍ਰੀਆਂ ਰੂਪ ਦਸ ਇਸਤਰੀਆਂ ਕੀਤੀਆਂ ਹਨ, ਜੋ ਦਸੇ ਹੀ ਆਪੋ ਆਪਣੇ ਸੁਆਦਾਂ ਵਿਚ ਲੁਭਾਇਮਾਨ ਹਨ।

ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ॥

ਕਿਉਂਕਿ ਇਸ ਮੋਹਣੀ ਮਾਇਆ ਨੇ ਉਹਨਾਂ ਨੂੰ ਮੋਹ ਲਿਆ ਹੈ, ਇਸ ਕਰ ਕੇ ਉਹ ਸਦਾ ਹੀ ਭਉਂਦੀਆਂ ਫਿਰੀਆਂ ਹਨ।

ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ॥

(ਗੁਰਮੁਖ ਤੇ ਮਨਮੁਖ ਇਹ) ਦੋ ਹਾਠਾ= ਤਰਫਾਂ ਪੈਦਾ ਕੀਤੀਆਂ ਹਨ, (ਗੁਰਮੁਖਾਂ ਵਿਚ) ਸਿਵ= ਕਲਿਆਣ ਸਰੂਪ ਪਰਮਾਤਮਾ ਅਤੇ (ਮਨਮੁਖਾਂ ਵਿਖੇ) ਸਕਤਿ= ਮਾਇਆ ਵਰਤਾਈ ਹੈ।

ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ॥

ਸਿਵ= ਕਲਿਆਣ ਸਰੂਪ ਵਾਹਿਗੁਰੂ ਦਾ ਪਿਆਰਾ ਜੋ ਗੁਰਮੁਖ ਹੈ, ਉਸ ਅੱਗੇ ਸਕਤੀ= ਮਾਇਆ ਦੇ ਪਿਆਰ ਵਾਲਾ ਮਨਮੁਖ ਹਾਰ ਗਿਆ ਹੈ, ਕਿਉਂਕਿ ਹਰੀ ਨੂੰ ਏਵੈ= ਇਸ ਪ੍ਰਕਾਰ ਹੀ ਭਾਉਂਦਾ ਹੈ।

ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ॥

ਇਕਨਾਂ ਗੁਰਮੁਖਾਂ ਨੂੰ ਸੰਸਾਰ ਦੇ ਵਿੱਚੋਂ ਰੱਖ ਲੀਤਾ ਹੈ, ਜੋ ਸਤਸੰਗ ਵਿਚ ਮਿਲਾਇਆ ਹੈ।

ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ॥ ੬॥

ਉਹ ਗੁਰਮੁਖ ਪਰਮੇਸ਼ਰ ਵਿਚ ਇਸ ਤਰ੍ਹਾਂ ਅਭੇਦ ਹੋਏ ਹਨ, ਜਿਵੇਂ ਪਾਣੀ ਵਿੱਚੋਂ ਬਿੰਬੁ= ਬੁਦਬੁਦਾ ਉੱਠਦਾ ਹੈ ਪੁਨਾ ਜਲ ਦੇ ਵਿਚ ਹੀ ਸਮਾ ਜਾਂਦਾ ਹੈ॥ ੬॥

ਭਖਣੇ ਮਃ ੫ ॥ ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡ੍ਹਾ ॥

ਹੇ ਭਾਈ ! ਆਗਾਹਾ= ਪਰਮਾਤਮਾ ਦੀ ਤਰਫ ਤ੍ਰਾਘਿ= ਚੱਲਣਾ ਕਰ, ਪਿੱਛੇ ਸੰਸਾਰ ਦੀ ਤਰਫ਼ ਮੁਹਡ੍ਹਾ= ਮੋਢਾ ਨਾ ਫੇਰ ਭਾਵ ਸੰਸਾਰ ਵਿਚ ਨਾ ਲੱਗ।

ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥ ੧ ॥

ਸਤਿਗੁਰੂ ਜੀ ਕਥਨ ਕਰਦੇ ਹਨ— ਇਵੇਹਾ= ਇਸ ਮਨੁੱਖਾ ਦੇਹ ਰੂਪ ਵਾਰੀ ਦੇ ਵਿਚ ਹੀ ਸਿਝਿ= ਕਲਿਆਨ ਹੋ, ਬਹੁੜਿ= ਫਿਰ ਤੇਰਾ ਮਨੁੱਖਾ ਜਨਮ ਨਹੀਂ ਹੋਵੇਗਾ।

ਮਃ ੫ ॥ ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤ੍ਰ ॥

ਮੈਡਾ= ਮੇਰਾ ਸੱਜਣ ਪਰਮਾਤਮਾ ਚਾਈਆ= ਚਾਅ ਵਾਲਾ ਹੈ, ਵਾ :- ਸਜਣੁ=ਪਰਮਾਤਮਾ ਮੈਡਾ= ਮੈਨੂੰ ਪ੍ਰਾਪਤ ਹੋਣਾ ਚਾਹੀਦਾ ਹੈ, ਜੋ ਸਭ ਕਿਸੇ ਦਾ ਮਿੱਤਰ ਹੈ।

ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤ੍ਰ ॥ ੨ ॥

ਹਭੇ= ਸਾਰੇ ਹੀ ਉਸ ਨੂੰ ਆਪਣਾ ਜਾਣਦੇ ਹਨ, ਉਹ ਕਿਸੇ ਦੇ ਚਿਤ ਨੂੰ ਠਾਹੇ ਨ= ਢਾਹੁੰਦਾ ਨਹੀਂ ॥ ੨ ॥

ਮਃ ੫ ॥ ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ ॥

ਗੁਝੜਾ= ਗੁੱਝਾ (ਗੁਪਤ) ਲਾਲੁ= ਪਿਆਰਾ ਜੋ ਪਰਮੇਸ਼ਰ ਹੈ, ਉਹ ਲਧਮੁ= ਲੱਭ ਲਿਆ ਹੈ ਪ੍ਰੰਤੂ ਮੱਥੇ ਦੇ ਸ੍ਰੇਸ਼ਟ ਭਾਗਾਂ ਅਨੁਸਾਰ ਪਰਗਟੁ ਥਿਆ= ਪਰਤੱਖ ਹੋਇਆ ਹੈ। ਵਾ :- ਮੱਥੇ ਦੇ ਅਗਰ ਭਾਗ ਪ੍ਰਗਟ ਹੋਇਆ ਹੈ।

ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂੰ ਵੁਠਿਆ ॥ ੩ ॥

ਸਤਿਗੁਰੂ ਜੀ ਕਥਨ ਕਰਦੇ ਹਨ— ਓਹੀ ਥਾਂ ਸ਼ੋਭਨੀਕ ਹੈ, ਹੇ ਪਿਰੀਏ ਜੀ ! ਜਿਸ ਅੰਤਹਕਰਨ ਰੂਪੀ ਜਗ੍ਹਾ ਪਰ ਤੂੰ ਆ ਕੇ ਵੁਠਿਆ= ਵੱਸਿਆ ਹੈਂ ॥ ੩ ॥

ਪਉੜੀ ॥ ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥

ਹੇ ਪਰਮੇਸ਼ਰ ! ਜਾ ਤੂੰ ਮੇਰੀ ਤਰਫ ਹੈਂ ਤਾਂ ਮੈਨੂੰ ਕਿਸੇ ਦੀ ਕੀ ਮੁਹਛੰਦਾ= ਅਧੀਨਗੀ ਹੈ?

ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥

ਜਦ ਮੈਂ ਤੇਰਾ ਬੰਦਾ= ਦਾਸ ਹੋਇਆ ਤਦ ਤੂੰ ਸਭ ਕੁਝ ਮੈਨੂੰ ਸੌਂਪ ਦਿੱਤਾ।

ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥

ਹੁਣ ਮੈਂ ਰਾਤ ਦਿਨੇ ਆਪ ਖਾਂਦਾ ਹਾਂ ਤੇ ਹੋਰਨਾਂ ਨੂੰ ਖਰਚਦਾ ਹਾਂ, ਪਰ ਮਾਇਆ ਦਾ ਫਿਰ ਵੀ ਤੋਟਿ= ਘਾਟਾ ਨਹੀਂ ਆਉਂਦਾ।

ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥

ਚੁਰਾਸੀ ਲੱਖ ਜੋ ਮੇਦਨੀ= ਸ੍ਰਿਸ਼ਟੀ ਹੈ, ਇਹ ਸਭ ਸੇਵਾ ਕਰਦੀ ਹੈ।

ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥

ਇਹ ਜਿੰਨੇ- ਕੁ ਵੈਰੀ ਸਨ, ਸਭ ਆਪ ਨੇ ਮਿੱਤਰ ਕਰ ਦਿੱਤੇ ਹਨ, ਹੁਣ ਸਾਡਾਂ ਕੋਈ ਮੰਦਾ= ਬੁਰਾ ਨਹੀਂ ਮੰਗਦਾ।

ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥

ਹੇ ਹਰੀ ! ਜਾਂ ਤੂੰ ਬਖਸ਼ਣ ਵਾਲਾ ਹੈਂ ਤਾਂ ਮੇਰੇ ਪਾਸੋਂ ਕੋਈ ਭੀ ਲੇਖਾ ਨਹੀਂ ਪੁੱਛਦਾ। ਏਹੀ ਤੁਕ ਪੜ੍ਹ ਕੇ ਭਾਈ ਲਾਹੌਰਾ ਸਿੰਘ ਭਾਈ ਮਾਲਾ ਸਿੰਘ ਪਾਸੋਂ ੧੦੦) ਰੁਪਯਾ ਉਧਾਰਾ ਲੈ ਕੇ ਮੁਕਰ ਗਿਆ ਸੀ।

ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥

ਹੇ ਗੋਬਿੰਦ ! ਗੁਰਾਂ ਦੁਆਰੇ ਤੈਨੂੰ ਮਿਲ ਕੇ ਅਨੰਦ ਹੋਇਆ ਹੈ ਜਾਂ ਅਨੰਦ ਹੋਇਆ ਤਾਂ ਹੀ ਸੁਖ ਪਾਇਆ ਹੈ।

ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥ ੭॥

ਜਾਂ ਆਪ ਨੂੰ ਭਾਇਆ ਤਾਂ ਆਪ ਨੇ ਮੇਰੇ ਸਾਰੇ ਕੰਮ ਸੁਆਰ ਦਿਤੇ ਹਨ॥ ੭॥

ਡਖਣੇ ਮਃ ੫॥ ਡੇਖਣ ਕੂ ਮੁਸਤਾਕੁ ਮੁਖੁ ਕਿਜੇਹਾ ਤਉ ਧਣੀ॥

ਹੇਂ ਧਣੀ= ਮਾਲਕ (ਪਰਮਾਤਮਾ !) ਤੇਰਾ ਮੂੰਹ ਕਿ ਜੇਹਾ= ਕਿਹੋ ਜਿਹਾ ਹੈ, ਉਸ ਦੇ ਡੇਖਣ= ਦੇਖਣ ਨੂੰ ਮੈਂ ਮੁਸਤਾਕੁ= ਮੋਹਤ ਹੋ ਗਈ ਹਾਂ।

[ਪੰਨਾ ੧੦੯੭]

ਫਿਰਦਾ ਕਿਤੈ ਹਾਲਿ ਜਾ ਡਿਠਮੁ ਤਾ ਮਨੁ ਧ੍ਰਾਪਿਆ॥ ੧॥

ਆਪ ਜੀ ਦੇ ਦਰਸ਼ਨ ਦੇਖੇ ਤੋਂ ਬਿਨਾਂ ਮੈਂ ਕਿਤੈ ਹਾਲਿ= ਬੁਰੇ ਹਾਲਾਂ ਵਿਚ ਫਿਰਦਾ ਸੀ, ਜਾਂ ਮੈਂ ਆਪ ਜੀ ਦੇ ਦਰਸ਼ਨ ਨੂੰ ਦੇਖਿਆ ਤਾ ਮੇਰਾ ਮਨ ਧ੍ਰਾਪਿਆ= ਤ੍ਰਿਪਤ ਹੋ ਗਿਆ॥ ੧॥

ਮਃ ੫॥ ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ॥

ਅਸਾਂ ਦੁਖੀਆਂ ਨੂੰ ਘਣੇ ਦਰਦ= ਬਹੁਤੇ ਦੁੱਖ ਹਨ, ਹੇ ਧਣੀ= (ਪਰਮਾਤਮਾ) ! ਸਾਡੀ ਵੇਦਨ= ਪੀੜਾ ਨੂੰ ਤੂੰ ਹੀ ਜਾਣਦਾ ਹੈਂ।

ਜਾਣਾ ਲਖ ਭਵੇ ਪਿਰੀ ਡਿਖੰਦੋ ਤਾ ਜੀਵਸਾ॥ ੨॥

ਜਾਣਨਾ ਕਰੋ ਮੈਂ ਲੱਖਾਂ ਪਦਾਰਥ ਭਵੇ= ਵੱਟ ਲਏ ਹਨ, ਹੇ ਪਿਰੀ ! ਜਦ ਮੈਂ ਤੈਨੂੰ ਦੇਖਾਂ, ਤਦ ਹੀ ਮੇਰਾ ਜੀਊਣਾ ਹੁੰਦਾ ਹੈ॥ ੨॥

ਮਃ ੫॥ ਢਹਦੀ ਜਾਇ ਕਰਾਰਿ ਵਹਣਿ ਵਹੰਦੇ ਮੈ ਡਿਠਿਆ॥

ਕਰਾਰਿ= ਤਕੜੀ ਦੁਨੀਆਂ ਢਹਿਦੀ= ਡਿਗਦੀ ਜਾਂਦੀ ਹੈ, ਇਸ ਸੰਸਾਰ ਵਹਣਿ= ਪਰਵਾਹ ਵਿਚ ਵਹੰਦੇ= ਰੁੜ੍ਹਦੇ ਹੋਇਆਂ ਨੂੰ ਮੈਂ ਦੇਖਿਆ ਹੈ।

ਸੇਈ ਰਹੇ ਅਮਾਣ ਜਿਨਾ ਸਤਿਗੁਰੁ ਭੇਟਿਆ ॥ ੩ ॥

ਪਰ ਜਿਨ੍ਹਾਂ ਨੂੰ ਪੂਰਾ ਸਤਿਗੁਰੂ ਮਿਲਿਆ ਹੈ, ਓਹੀ ਪੁਰਸ਼ ਅਮਾਣ= ਇਸਥਿਤ ਰਹੇ ਹਨ॥ ੩ ॥

ਪਉੜੀ ॥ ਜਿਸੁ ਜਨ ਤੇਰੀ ਭੁਖ ਹੈ ਤਿਸੁ ਦੁਖੁ ਨ ਵਿਆਪੈ ॥

ਹੇ ਪਰਮੇਸ਼ਰ ! ਜਿਸ ਪੁਰਸ਼ ਨੂੰ ਤੇਰੀ ਪ੍ਰਾਪਤੀ ਦੀ ਭੁਖ= ਚਾਹ ਹੈ, ਉਸ ਨੂੰ ਕੋਈ ਦੁੱਖ ਨਹੀਂ ਵਿਆਪੈ= ਲੱਗਦਾ।

ਜਿਨਿ ਜਨਿ ਗੁਰਮੁਖਿ ਬੁਝਿਆ ਸੁ ਚਹੁ ਕੁੰਡੀ ਜਾਪੈ ॥

ਜਿਸ ਪੁਰਸ਼ ਨੇ ਗੁਰਾਂ ਦੁਆਰੇ ਤੇਰੇ ਹੁਕਮ ਨੂੰ ਬੁੱਝਿਆ ਹੈ, ਉਹ ਚਾਰੇ ਕੁੰਡੀ= ਦਿਸ਼ਾਂ ਵਿਚ ਪਰਗਟ ਜਾਪੈ= ਜਾਣਿਆ ਜਾਂਦਾ ਹੈ।

ਜੋ ਨਰੁ ਉਸ ਕੀ ਸਰਣੀ ਪਰੈ ਤਿਸੁ ਕੰਬਹਿ ਪਾਪੈ ॥

ਜਿਹੜਾ ਪੁਰਸ਼ ਉਸ ਵਾਹਿਗੁਰੂ ਦੀ ਸ਼ਰਨ ਵਿਚ ਪੈਂਦਾ ਹੈ, ਉਸ ਦੇ ਸਾਰੇ ਪਾਪ ਕੰਬਦੇ ਹਨ। ਭਾਵ ਕੰਬ ਕੇ ਦੂਰ ਚਲੇ ਜਾਂਦੇ ਹਨ।

ਜਨਮ ਜਨਮ ਕੀ ਮਲੁ ਉਤਰੈ ਗੁਰ ਧੂੜੀ ਨਾਪੈ ॥

ਜੋ ਗੁਰਾਂ ਦੀ ਚਰਨ- ਧੂੜੀ ਵਿਚ ਨਾਪੈ= ਇਸ਼ਨਾਨ ਕਰਦਾ ਹੈ, ਉਸ ਦੇ ਜਨਮਾਂ ਜਨਮਾਂਤਰਾਂ ਦੀ ਪਾਪਾਂ ਰੂਪੀ ਮੈਲ ਉਤਰੈ= ਲਹਿ ਜਾਂਦੀ ਹੈ।

ਜਿਨਿ ਹਰਿ ਭਾਣਾ ਮੰਨਿਆ ਤਿਸੁ ਸੋਗੁ ਨ ਸੰਤਾਪੈ ॥

ਜਿਸ ਨੇ ਹਰੀ ਦੇ ਭਾਣੇ ਨੂੰ ਮੰਨਿਆਂ ਹੈ, ਉਸ ਨੂੰ ਪਦਾਰਥਾਂ ਦਾ ਵਿਜੋਗ ਜਨ ਸੋਗ ਅਤੇ ਸੰਬੰਧੀਆਂ ਵੱਲੋਂ ਕੋਈ ਸੰਤਾਪ ਨਹੀਂ ਹੁੰਦਾ।

ਹਰਿ ਜੀਉ ਤੂ ਸਭਨਾ ਕਾ ਮਿਤੁ ਹੈ ਸਭਿ ਜਾਣਹਿ ਆਪੈ ॥

ਹੇ ਹਰਿ ਜੀ ! ਤੂੰ ਸਾਰਿਆਂ ਦਾ ਮਿੱਤਰ ਹੈਂ ਅਤੇ ਸਾਰੇ ਜੀਵ ਤੈਨੂੰ ਆਪਣਾ ਜਾਣਦੇ ਹਨ।

ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ ॥

ਹੇ ਹਰੀ ! ਜੇਡਾ-ਕੁ ਤੇਰਾ ਪਰਤਾਪ ਹੈ, ਏਸੇ ਤਰ੍ਹਾਂ ਦੀ ਸੋਭਾ ਤੇਰੇ ਸੇਵਕ ਜਨਾਂ ਦੀ ਹੈ। ਕਿਉਂਕਿ-

ਸਭ ਅੰਤਰਿ ਜਨ ਵਰਤਾਇਆ ਹਰਿ ਜਨ ਤੇ ਜਾਪੈ ॥ ੮ ॥

ਸਭ ਸੇਵਕ ਜਨਾਂ ਦੇ ਅੰਦਰ ਤੁਸਾਂ ਨੇ ਆਪਣਾ ਆਪ ਵਰਤਾਇਆ ਹੋਇਆ ਹੈ ਅਤੇ ਹੇ ਹਰੀ ! ਤੂੰ ਸੇਵਕ ਜਨਾਂ ਦੁਆਰੇ ਹੀ ਜਾਪੈ= ਜਾਣਿਆ ਜਾਂਦਾ ਹੈ॥ ੮ ॥

ਯਥਾ:- ਪ੍ਰਭ ਤੇ ਜਨੁ ਜਾਨੀਐ ਜਨ ਤੇ ਸੁਆਮੀ ॥ *(ਰਵਿਦਾਸ ਜੀ, ਪੰਨਾ ੯੩)*

ਹੁਣ ਸਤਿਗੁਰੂ ਜੀ ਸੇਵਾ ਤੇ ਨਾਮ-ਭਜਨ ਦਾ ਪਰਤਾਪ ਦੱਸਦੇ ਹਨ:-

ਡਖਣੇ ਮਃ ੫ ॥ ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ ਰਵਿਆਸੁ ॥

ਜਿਨ੍ਹਾਂ (ਪਦਾਰਥਾਂ) ਦੇ ਪਿੱਛੇ ਮੈਂ ਜਾਂਦੀ ਸੀ,ਉਹ (ਪਦਾਰਥ) ਹੁਣ ਨਾਮ ਜਪਣ ਦੇ ਪਰਤਾਪ ਕਰ ਕੇ

ਮੇਰੇ ਪਿੱਛੇ ਰਵਿਆਸੁ= ਫਿਰਦੇ ਹਨ ਕਿ ਸਾਨੂੰ ਆਪ ਗ੍ਰਹਿਣ ਕਰ ਕੇ ਸਫਲਿਆਂ ਕਰੋ।

ਜਿਨਾ ਕੀ ਮੈ ਆਸੜੀ ਤਿਨਾ ਮਹਿਜੀ ਆਸ ॥ ੧ ॥

ਜਿਨ੍ਹਾਂ ਸੰਬੰਧੀਆਂ, ਵਾ :- ਮਿੱਤਰਾਂ ਦੀ ਮੈਂ ਆਸਾ ਕਰਦੀ ਸੀ, ਉਹਨਾਂ ਸਬੰਧੀਆਂ, ਵਾ :- ਮਿੱਤਰਾਂ ਨੂੰ ਹੁਣ ਮੇਰੀ ਆਸਾ ਲੱਗ ਰਹੀ ਹੈ॥ ੧ ॥

ਮਃ ੫ ॥ ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ ॥
ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ ॥ ੨ ॥

(ਦ੍ਰਿਸ਼ਟਾਂਤ :-) ਜਿਵੇਂ ਗਿੱਲੀ-ਗਿੱਲੀ ਗੁੜ ਦੀ ਰੋੜੀ ਉੱਤੇ ਭਉਦੀ= ਮੱਖੀ ਭਵਿ ਭਵਿ ਆਇ= ਫਿਰ-ਫਿਰ ਕੇ ਆਉਂਦੀ ਹੈ। ਜੋ ਮੱਖੀ ਗਿੱਲੀ ਗੁੜ ਦੀ ਰੋੜੀ ਉੱਤੇ ਬੈਠੀ ਹੈ ਉਹ ਤਾਂ ਫਸ ਗਈ, ਜਿਸ ਦੇ ਮੱਥੇ ਦੇ ਚੰਗੇ ਭਾਗ ਹਨ, ਉਹ ਬਚ ਜਾਂਦੀ ਹੈ।

ਇਸੀ ਪ੍ਰਕਾਰ ਮਾਇਆ ਰੂਪੀ ਗੁੜ ਦੀ ਗਿੱਲੀ-ਗਿੱਲੀ ਰੋੜੀ ਉੱਤੇ ਜੀਵ ਰੂਪੀ ਭਉਦੀ= ਮੱਖੀ ਭਵਿ= ਸੰਸਾਰ ਵਿਚ ਭਵਿ= ਉਤਪੰਨ ਹੋ ਕੇ, ਵਾ :- ਭਟਕ ਕਰ ਕੇ ਆ ਬੈਠਦੀ ਹੈ। ਮਾਇਆ ਵਿਚ ਗਿੱਲਾ-ਪਣ ਏਹੀ ਹੈ ਜਿਹੜੀ ਕਿ ਉਸ ਵਿਚ ਮੋਹਣ ਸ਼ਕਤੀ ਹੈ। ਜਿਹੜੇ ਜੀਵ ਮਾਇਆ ਰੂਪੀ ਰੋੜੀ ਉੱਤੇ ਬੈਠੇ ਹਨ ਉਹ ਫਸ ਗਏ ਹਨ, ਜਿਨ੍ਹਾਂ ਦੇ ਮੱਥੇ ਦੇ ਚੰਗੇ ਭਾਗ ਹਨ ਉਹ ਬਚ ਗਏ ਹਨ॥ ੨ ॥

ਮਃ ੫ ॥ ਡਿਠਾ ਹਭ ਮਝਾਹਿ ਖਾਲੀ ਕੋਇ ਨ ਜਾਣੀਐ ॥

ਹਭ= ਸਾਰਿਆਂ ਮਝਾਹਿ= ਵਿਚ ਉਸ ਵਾਹਿਗੁਰੂ ਨੂੰ ਡਿਠਾ= ਵੇਖਿਆ ਹੈ, ਉਸ ਤੋਂ ਬਿਨਾਂ ਕੋਈ ਭੀ ਖਾਲੀ ਨਹੀਂ ਜਾਣੀਦਾ।

ਤੈ ਸਖੀ ਭਾਗ ਮਥਾਹਿ ਜਿਨੀ ਮੇਰਾ ਸਜਣੁ ਰਾਵਿਆ ॥ ੩ ॥

ਤੈ= ਉਹਨਾਂ ਸਖੀਆਂ ਦੇ ਮੱਥੇ ਦੇ ਉੱਤਮ ਭਾਗ ਹਨ, ਜਿਨ੍ਹਾਂ ਸਖੀਆਂ ਨੇ ਮੇਰੇ ਸਜਣੁ= ਪਰਮਾਤਮਾ ਨੂੰ ਰਾਵਿਆ= ਉਚਾਰਿਆ ਹੈ॥ ੩ ॥

ਪਉੜੀ ॥ ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ ॥

ਹੇ ਹਰੀ- ਪ੍ਰਭੂ ! ਮੈਂ ਤੇਰੇ ਦਰ ਦਾ ਢਾਡੀ ਤੇਰੇ ਹੀ ਗੁਣਾਂ ਨੂੰ ਗਾਉਂਦਾ ਹਾਂ, ਜੇ ਤੈਨੂੰ ਭਾਵੇ ਤਾਂ ਤੂੰ ਸੁਣ।

ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ ॥

ਹੇ ਮੇਰੇ ਪ੍ਰਭੂ ! ਤੂੰ ਥਿਰ= ਕਾਇਮ (ਅਚੱਲ) ਥਾਂ ਵਾਲਾ ਹੈਂ, ਹੋਰ ਸਭ ਖਲਕਤ ਆਉਂਦੀ ਜਾਂਦੀ ਹੈ।

ਸੋ ਮੰਗਾ ਦਾਨੁ ਗੁੋਸਾਈਆ ਜਿਤੁ ਭੁਖ ਲਹਿ ਜਾਵੈ ॥

ਹੇ ਗੁਸਾਈਆ= ਪਰਮਾਤਮਾ ! ਮੈਂ ਉਹ ਦਾਨ ਮੰਗਦਾ ਹਾਂ, ਜਿਸ ਕਰ ਕੇ ਮੇਰੀ ਤ੍ਰਿਸ਼ਨਾ ਰੂਪੀ ਭੁੱਖ ਲੱਥ ਜਾਵੇ।

ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ ॥

ਹੇ ਪ੍ਰਭੂ ਜੀ ! ਤੁਸੀਂ ਆਪਣਾ ਦਰਸ਼ਨ ਦਿਓ ਜਿਸ ਕਰ ਕੇ ਮੈਂ ਢਾਡੀ ਤ੍ਰਿਪਤ ਹੋਵਾਂ।

ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ॥

ਜਿਸ ਵੇਲੇ ਦਾਤਾਰਿ= ਦਾਤੇ ਪ੍ਰਭੂ ਨੇ ਮੇਰੀ ਬੇਨਤੀ ਸੁਣੀ ਤਾਂ ਮੈਂ ਢਾਡੀ ਨੂੰ ਮਹਲਿ= ਸਰੂਪ ਵਿਚ ਬੁਲਵਾ ਲਿਆ।

ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ॥

ਪ੍ਰਭੂ ਦੇ ਦੇਖਦਿਆਂ ਹੀ ਦੁੱਖ ਭੁੱਖ ਚਲੀ ਗਈ ਹੈ, ਉਸ ਵੇਲੇ ਮੈਂ ਢਾਡੀ ਨੂੰ ਮੰਗਣਾ ਯਾਦ ਹੀ ਨਾ ਆਇਆ।

ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ॥

ਪ੍ਰਭੂ ਦੇ ਪਾਵੈ= ਚਰਨਾਂ ਵਿਚ ਲਗਦਿਆਂ ਹੀ ਸਭ ਇੱਛਾਂ ਪੂਰੀਆਂ ਹੋ ਗਈਆਂ ਹਨ।

ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥ ੯॥

ਪ੍ਰਭੂ ਜੋ ਵੇਦਾਵੈ= ਅਸੰਗ ਪੁਰਖ ਹੈ, ਉਸ ਨੇ ਮੈਂ ਨਿਰਗੁਣੁ= ਗੁਣ ਹੀਣ ਢਾਡੀ ਨੂੰ ਬਖਸ਼ ਲੀਤਾ ਹੈ॥ ੯॥ ਕੋਈ ਦੇਹ ਜੀਵਾਤਮਾ ਤੋਂ ਬਿਨਾਂ ਖਾਲੀ ਪਈ ਸੀ ਉਸ ਨੂੰ ਦੇਖ ਕੇ ਕਥਨ ਕਰਦੇ ਹਨ :-

ਡਖਣੇ ਮਃ ੫॥ ਜਾ ਛੁਟੇ ਤਾ ਖਾਕੁ ਤੂ ਸੁੰਞੀ ਕੰਤੁ ਨ ਜਾਣਹੀ॥

ਹੇ ਦੇਹ ! ਜਾਂ ਤੂੰ ਛੁੱਟੜ ਹੋਈ ਤਾਂ ਤੂੰ ਖਾਕ ਰੂਪ ਹੋ ਗਈ, ਤੂੰ ਸੁੰਞੀ= ਖਾਲੀ ਹੋਈ ਹੋਈ ਜੀਵਾਤਮਾ ਪਤੀ ਨੂੰ ਜਾਣਦੀ ਨਹੀਂ ਹੈਂ।

ਦੁਰਜਨ ਸੇਤੀ ਨੇਹੁ ਤੂ ਕੈ ਗੁਣਿ ਹਰਿ ਰੰਗੁ ਮਾਣਹੀ॥ ੧॥

ਦੁਰਜਨ ਸੇਤੀ= ਖੋਟੇ ਪੁਰਸ਼ਾਂ ਨਾਲ ਤੂੰ ਨੇਹੁ= ਪਰੇਮ ਕਰਦੀ ਹੈਂ ਤਾਂ ਤੇ ਹਰੀ ਦੇ ਰੰਗੁ= ਅਨੰਦ ਨੂੰ ਕਿਸ ਗੁਣ ਕਰ ਕੇ ਮਾਣੇਗੀ ? *ਅਥਵਾ :-* ਦ੍ਵੈਤ ਭਾਵ ਰੂਪੀ ਦੁਰਜਨ ਨਾਲ ਤੂੰ ਪ੍ਰੇਮ ਕਰਦੀ ਹੈਂ॥ ੧॥

ਯਥਾ :- ਦੁਰਜਨੁ ਦੂਜਾ ਭਾਉ ਹੈ, ਵੇਛੋੜਾ ਹਉਮੈ ਰੋਗੁ॥ *(ਮਃ ੫, ਪੰਨਾ ੧੦੯੪)*

ਮਃ ੫॥ ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ॥

ਸਤਿਗੁਰੂ ਜੀ ਕਥਨ ਕਰਦੇ ਹਨ-ਹੇ ਮਨ! ਜਿਸ ਤੋਂ ਬਿਨਾਂ ਘੜੀ ਮਾਤਰ ਵੀ ਜਿਉਣਾ ਨਹੀਂ ਹੁੰਦਾ, ਜੇ ਵਿਸਰ ਜਾਵੇ, ਵਾ :- ਵਿਛੜ ਜਾਵੇ ਤਾਂ ਬਿੰਦ ਮਾਤਰ ਵੀ ਸਮਾਂ ਨਹੀਂ ਸਰਦਾ।

ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ॥ ੨॥*

ਹੇ ਮਨ ! ਉਸ ਨਾਲ ਕਿਉਂ ਰੁੱਸਣਾ ਹੈਂ ਜਿਸ ਪਰਮਾਤਮਾ ਨੂੰ ਸਾਡੀ ਚਿੰਦ= ਚਿੰਤਾ ਹੈ॥ ੨॥

ਮਃ ੫॥ ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ॥

ਜੋ ਗੁਰਮੁਖ ਪਾਰਬ੍ਰਹਮ ਦੇ ਰੰਗਿ= ਪ੍ਰੇਮ ਵਿਚ ਰਤੇ= ਰੰਗੇ ਗਏ ਹਨ, ਉਨ੍ਹਾਂ ਦਾ ਮਨ ਤਨ ਅਤਿਅੰਤ ਗੁਲਾਲੁ= ਗਾਹੜੇ ਰੰਗ ਵਾਲਾ ਹੋਇਆ ਹੈ।

**ਇਹੋ ਸਲੋਕ ਅੱਗੇ ਪੰਨਾ ੧੨੫੦ ਉਤੇ ਭੀ ਆਵੇਗਾ।*

ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥ ੩ ॥

ਸਤਿਗੁਰੂ ਜੀ ਕਥਨ ਕਰਦੇ ਹਨ-ਪਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰ ਜਿਤਨੇ-ਕੁ ਖਿਆਲ ਹਨ, ਉਹ ਸਭ ਆਲੂਦਿਆ= ਗੰਦੇ ਹਨ।

ਜਿਵੇਂ ਪੀਲ੍ਹੋ ਨੇ ਕਿਹਾ ਸੀ :-

''ਪੀਲ੍ਹੋ! ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੁ ਮੁਏ। ਉਨ੍ਹਾਂ ਚਿੱਕੜ ਪਾਵ ਨ ਬੋੜਿਆ ਨ 'ਆਲੂਦ' ਭਏ।''

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩ ਅੰਸੂ ੪੭)

ਪਵੜੀ ॥ ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ ਤਾ ਕਿਆ ਮੈ ਕਾੜਾ ॥

ਹੇ ਹਰਿ ਜੀ ! ਜਦ ਤੂੰ ਮੇਰਾ ਮਿੱਤਰ ਹੈਂ ਤਾਂ ਮੈਨੂੰ ਕਾਹਦਾ ਕਾੜਾ= ਝੋਰਾ ਹੈ।

ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ ॥

ਜਿਨ੍ਹਾਂ ਕਾਮ ਆਦਿਕ ਠੱਗਾਂ ਨੇ ਸਾਰੇ ਜਗਤ ਨੂੰ ਠਗਿਆ= ਠੱਗ ਲਿਆ ਹੈ, ਸੇ= ਉਹਨਾਂ ਠੱਗਾਂ ਨੂੰ ਆਪ ਨੇ ਮਾਰ ਕੇ ਮੇਰੇ ਮਗਰੋਂ ਨਿਵਾੜਾ= ਦੂਰ ਕਰ ਦਿੱਤਾ ਹੈ।

ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ ॥

ਜਿਸ ਵੇਲੇ ਕਾਮ ਆਦਿਕਾਂ ਦਾ ਪੁਆੜਾ ਜਿੱਤਿਆ, ਤਾਂ ਗੁਰਾਂ ਨੇ ਕਿਰਪਾ ਕਰ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ।

ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ ॥

ਵੱਡਾ ਅਖਾੜਾ ਜੋ ਸੰਸਾਰ ਹੈ ਇਸ ਵਿਚ ਗੁਰਮਤੀਆ ਹੀ ਸਭ ਤਰ੍ਹਾਂ ਦੇ ਰਸਾਂ ਨੂੰ, ਵਾ :- ਅਨੰਦ ਨੂੰ ਭੋਗਦਾ ਹੈ।

ਸਭਿ ਇੰਦ੍ਰੀਆਂ ਵਸਿ ਕਰਿ ਦਿਤੀਓ ਸਤਵੰਤਾ ਸਾੜਾ ॥

ਸ਼ਤਵੰਤਾ= ਸੱਤ, ਚਿੱਤ, ਅਨੰਦ ਸਰੂਪ ਵਾਲਾ ਜੋ ਪ੍ਰਭੂ ਸਾੜਾ= ਸਾਡਾ ਰੱਖਜਕ ਹੈ, ਉਸ ਨੇ ਸਭ ਇੰਦ੍ਰੀਆਂ ਵਸੀਕਾਰ ਕਰ ਦਿੱਤੀਆਂ ਹਨ।

[ਪੰਨਾ ੧੦੯੮]

ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥

ਹੁਣ ਇੰਦ੍ਰੀਆਂ ਜਿਸ ਪਾਸੇ ਲਾਈਦੀਆਂ ਹਨ, ਓਸੇ ਪਾਸੇ ਲਗਦੀਆਂ ਹਨ, ਆਪੋ ਆਪਣੀ ਖਿਜੋਤਾੜਾ= ਖਿੱਚੋਤਾਣ ਨਹੀਂ ਕਰਦੀਆਂ।

ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ ॥

ਹੁਣ ਜੋ ਇੱਛਾ ਕਰਦਾ ਹਾਂ ਉਹ ਫਲ ਪਾਉਂਦਾ ਹਾਂ, ਕਿਉਂਕਿ ਗੁਰਾਂ ਨੇ ਆਪਣੀ ਮੇਹਰ ਕਰ ਕੇ ਮਨ ਨੂੰ ਅੰਦਰ ਵਾੜ ਦਿੱਤਾ ਹੈ, ਭਾਵ ਅੰਤਰ ਮੁਖ ਕਰ ਦਿੱਤਾ ਹੈ। ਵਾ :- ਗੁਰਾਂ ਨੇ ਆਪਣਾ ਉਪਦੇਸ਼ ਅੰਦਰਿ ਵਾੜਾ= ਪ੍ਰਵੇਸ਼ ਕਰ ਦਿੱਤਾ ਹੈ।

ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ ॥ ੧੦ ॥

ਭਾਇਰਹੁ= ਹੇ ਭਾਈਓ ! ਪਰੇਮ ਵਿਚ ਰਹਿਣ ਕਰ ਕੇ ਜਿਸ ਵੇਲੇ ਗੁਰੂ ਤੁਠਾ= ਪ੍ਰਸੰਨ ਹੋਇਆ ਤਾਂ ਹਰੀ ਨੂੰ ਨੇੜੇ ਵੱਸਦਾ ਨਿਸਚੇ ਕੀਤਾ ॥ ੧੦ ॥

ਡਖਣੇ ਮਃ ੫ ॥ ਜਾ ਮੂੰ ਆਵਹਿ ਚਿਤਿ ਤੂ ਤਾ ਹਭੇ ਸੁਖ ਲਹਾਉ ॥

(ਜਗਿਆਸੂ ਰੂਪ ਸਖੀ ਬੇਨਤੀ ਕਰਦੀ ਹੈ- ਹੇ ਪਿਰੀ !) ਜਾ ਮੂੰ= ਜਦ ਮੈਨੂੰ ਤੂੰ ਚੇਤੇ ਆਵੇਂ ਤਾਂ ਮੈਂ ਹਭੇ= ਸਾਰੇ ਸੁਖ ਲਵਾਂ।

ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ ਤਹਿਜਾ ਨਾਉ ॥ ੧ ॥

(ਸਤਿਗੁਰੂ ਜੀ ਕਥਨ ਕਰਦੇ ਹਨ— ਹੇ) ਪਿਰੀ ! ਤਹਿਜਾ= ਆਪ ਜੀ ਦਾ ਨਾਉ= ਨਾਮ ਹੀ ਮੇਰੇ ਮਨ ਵਿਚ ਰੰਗਾਵਲਾ= ਅਨੰਦ ਦੇਣ ਵਾਲਾ ਹੈ ॥ ੧ ॥

ਮਃ ੫ ॥ ਕਪੜ ਭੋਗ ਵਿਕਾਰ ਏ ਹਭੇ ਹੀ ਛਾਰ ॥

ਸੋਹਣੇ ਕਪੜਿਆਂ ਦਾ ਪਾਉਣਾ ਅਤੇ ਵਿਸ਼ੇ-ਵਿਕਾਰਾਂ ਦਾ ਭੋਗਣਾ, ਇਹ ਹਭੇ= ਸਾਰੇ ਹੀ ਛਾਰ= ਖੇਹ ਰੂਪ ਹਨ।

ਖਾਕੁ ਲੋੜੇਦਾ ਤੰਨਿ ਖੇ ਜੋ ਰਤੇ ਦੀਦਾਰ ॥ ੨ ॥

ਜੋ (ਗੁਰਮੁਖ ਵਾਹਿਗੁਰੂ ਦੇ) ਦੀਦਾਰ= ਸਰੂਪ ਵਿਚ ਰਤੇ ਹਨ, ਤੰਨਿ ਖੇ= ਉਹਨਾਂ ਦੇ ਚਰਨਾਂ ਦੀ ਧੂੜੀ ਮੈਂ ਲੋੜੇਦਾ= ਚਾਹੁੰਦਾ ਹਾਂ। *ਅਥਵਾ :-* ਖੇ= ਚਿਦਾਕਾਸ਼ ਵਿਚ ਵਿਚਰਨ ਵਾਲੇ ਜੋ ਗੁਰਮੁਖ ਹਨ, ਉਹਨਾਂ ਦੇ ਤੰਨਿ= ਸਰੀਰ ਦੀ ਧੂੜੀ ਚਾਹੁੰਦਾ ਹਾਂ ॥ ੨ ॥

ਮਃ ੫ ॥ ਕਿਆ ਤਕਹਿ ਬਿਆ ਪਾਸ ਕਰਿ ਹੀਅੜੇ ਹਿਕੁ ਅਧਾਰੁ ॥

(ਹੇ ਪੁਰਖਾ !) ਬਿਆ= ਦੂਜੇ ਪਾਸ= ਪਾਸੇ ਕੀ ਤਕਹਿ= ਤੱਕਦਾ ਹੈਂ, ਹੀਅੜੇ= ਹਿਰਦੇ ਵਿਚ ਹਿਕੁ= ਇਕ ਵਾਹਿਗੁਰੂ ਦਾ ਅਧਾਰੁ= ਆਸਰਾ ਫੜਨਾ ਕਰ।

ਥੀਉ ਸੰਤਨ ਕੀ ਰੇਣੁ ਜਿਤੁ ਲਭੀ ਸੁਖ ਦਾਤਾਰੁ ॥ ੩ ॥

ਸੰਤਾਂ ਦੇ ਚਰਨਾਂ ਦੀ ਧੂੜ ਥੀਉ= ਹੋ ਜਾਹ, ਜਿਤੁ= ਜਿਸ ਕਰ ਕੇ ਸੁਖਾਂ ਦਾ ਦਾਤਾ (ਪਰਮੇਸ਼ਰ) ਲੱਭ ਜਾਵੇ ॥ ੩ ॥

ਪਉੜੀ ॥

ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ ਲਗੈ ॥

ਚੰਗੇ ਕਰਮਾਂ ਤੋਂ ਬਿਨਾਂ ਸਤਿਗੁਰੂ ਨਾ ਪਾਈਏ, ਸਤਿਗੁਰੂ ਤੋਂ ਬਿਨਾਂ ਮਨੂਆ= ਮਨ ਨਹੀਂ ਲੱਗਦਾ , ਮਨ ਲੱਗੇ ਤੋਂ ਬਿਨਾਂ ਹਰਿ ਜੀਉ ਨਾ ਪਾਈਏ। *ਅਥਵਾ :-* ਸ੍ਰੇਸ਼ਟ ਕਰਮਾਂ ਤੋਂ ਬਿਨਾਂ ਸਤਿਗੁਰੂ ਨਾ ਪਾਈਏ ਤੇ ਸਤਿਗੁਰੂ ਤੋਂ ਬਿਨਾਂ ਹਰਿ ਜੀ ਵਿਚ ਮਨ ਨਹੀਂ ਲੱਗਦਾ।

ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਰੈ॥

ਕਲਜੁਗ ਦੇ ਅੰਦਰ ਧਰਮ ਵਾਲਾ ਪੁਰਖ਼ ਹੀ ਧੀਰਾ= ਟਿਕਦਾ ਹੈ, ਜੋ ਪਾਪੀ ਪੁਰਸ਼ ਹੈ ਉਹ ਮੂਲਿ= ਕਦਾਚਿਤ ਤਰੈ= ਇਸਥਿਤ ਨਹੀਂ ਹੁੰਦਾ। ਵਾ :- ਤਰੈ= ਗਿਆਨਵਾਨ ਨਹੀਂ ਹੁੰਦਾ।

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਇਕ ਘੜੀ ਮੁਹਤੁ ਨ ਲਗੈ॥

ਜੋ ਕੰਮ ਅਹਿ= ਇਹ ਕਰੁ= ਹੱਥ ਕਰੇਗਾ ਉਸ ਦਾ ਫਲ ਅਹਿ= ਇਹੋ ਕਰੁ= ਹੱਥ ਪਾਏਗਾ, ਫਲ ਮਿਲਦਿਆਂ ਇਕ ਘੜੀ, ਮੁਹਤੁ= ਅੱਧੀ ਘੜੀ ਭੀ ਨਹੀਂ ਲੱਗਦੀ।

ਚਾਰੇ ਜੁਗ ਮੈ ਸੋਧਿਆ ਵਿਣੁ ਸੰਗਤਿ ਅਹੰਕਾਰੁ ਨ ਭਗੈ॥

ਮੈਂ ਚੰਗੀ ਤਰ੍ਹਾਂ ਸੋਧਿਆ= ਵਿਚਾਰਿਆ ਹੈ ਕਿ ਚਾਰੇ ਜੁਗਾਂ ਵਿਚੋਂ ਜੁਗ ਚਾਹੇ ਕੋਈ ਭੀ ਹੋਵੇ ਪਰ ਸਤਿਸੰਗਤ ਕੀਤੇ ਤੋਂ ਬਿਨਾਂ ਹੰਕਾਰ ਨਹੀਂ ਭਗੈ= ਟੁੱਟਦਾ।

ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੇ॥

ਸੰਤਾਂ ਦੀ ਸਤਿਸੰਗਤ (ਕੀਤੇ ਤੋਂ) ਬਿਨਾਂ, ਹਉਮੈ ਮੂਲਿ= ਕਦਾਚਿਤ ਨਹੀਂ ਛੁਟਦੀ।

ਤਿਚਰੁ ਥਾਹ ਨ ਪਾਵਈ ਜਿਚਰੁ ਸਾਹਿਬ ਸਿਉ ਮਨ ਭੰਗੇ॥

ਜਿਚਰੁ= ਜਦ ਤੱਕ ਸਾਹਿਬ= ਪਰਮਾਤਮਾ ਨਾਲੋਂ ਮਨ ਭੰਗੈ= ਵਿਘਨ ਵਾਲਾ ਹੈ, ਤਿਚਰੁ= ਤਦ ਤੱਕ ਥਾਹ= ਸੰਸਾਰ ਦਾ ਅੰਤ ਨਹੀਂ ਪਾਉਂਦਾ। ਵਾ :- ਓਨਾ ਚਿਰ ਚੁਰਾਸੀ ਲੱਖ ਜੂਨਾਂ ਦੇ ਭੋਗਣ ਦਾ ਥਾਹ= ਅੰਤ ਨਹੀਂ ਪੈਂਦਾ।

ਜਿਨਿ ਜਨਿ ਗੁਰਮੁਖਿ ਸੇਵਿਆ ਤਿਸੁ ਘਰਿ ਦੀਬਾਣੁ ਅਭਗੈ॥

ਜਿਸ ਪੁਰਸ਼ ਨੇ ਗੁਰਾਂ ਦੁਆਰੇ ਪਰਮੇਸ਼ਰ ਨੂੰ ਸੇਵਿਆ ਹੈ, ਉਸ ਦੇ ਘਰ ਵਿਚ ਅਭਗੈ= ਪਰਮਾਤਮਾ ਦਾ ਦੀਬਾਣੁ= ਆਸਰਾ ਹੈ।

ਹਰਿ ਕਿਰਪਾ ਤੇ ਸੁਖੁ ਪਾਇਆ ਗੁਰ ਸਤਿਗੁਰ ਚਰਣੀ ਲਗੈ॥ ੧੧॥

ਗੁਰ= ਪੂਜਨੀਕ ਸਤਿਗੁਰਾਂ ਦੀ ਚਰਨੀਂ ਜੋ ਪੁਰਸ਼ ਲੱਗੇ ਹਨ, ਉਹਨਾਂ ਨੇ ਹਰੀ ਦੀ ਕਿਰਪਾ ਨਾਲ ਆਤਮ-ਸੁਖ ਪਾਇਆ ॥ ੧੧॥

ਡਖਣੇ ਮਃ ੫॥

ਜਗਿਆਸੂ ਨੇ ਬੇਨਤੀ ਕੀਤੀ-"ਪਰਮਾਤਮਾ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?" ਉੱਤਰ:-

ਲੋੜੀਦੋ ਹਭ ਜਾਇ ਸੋ ਮੀਰਾ ਮੀਰੰਨ ਸਿਰਿ॥

ਉਹ ਮੀਰੰਨ= ਪਾਤਸ਼ਾਹਾਂ ਦਾ ਸਿਰਿ ਮੀਰਾ= ਸ਼ਰੋਮਣੀ ਪਾਤਸ਼ਾਹ (ਵਾਹਿਗੁਰੂ) ਹਭ ਜਾਇ ਲੋੜੀਦੋ= ਜਗ੍ਹਾ ਪ੍ਰਾਪਤ ਹੋਣਾ ਚਾਹੀਦਾ ਹੈ।

ਹਠ ਮੰਝਾਹੂ ਸੋ ਧਣੀ ਚਉਦੋ ਮੁਖਿ ਅਲਾਇ॥ ੧॥

ਉਹ ਧਣੀ ਪਰਮਾਤਮਾ ਹਠ= ਹਿਰਦੇ ਮੰਝਾਹੂ= ਵਿਚ ਹੈ, ਜਿਨ੍ਹਾਂ ਨੇ ਉਸ ਪਰਮਾਤਮਾ ਨੂੰ ਚਉਦੋ=

ਉਚਾਰਿਆ ਹੈ, ਉਹਨਾਂ ਦੁਆਰੇ ਹੇ ਪੁਰਸ਼ਾ ! ਤੂੰ ਭੀ ਮੁਖਿ= ਮੁਖ ਨਾਲ ਅਲਾਇ= ਕਥਨ ਕਰ॥ ੧॥

ਮਃ ੫॥ ਮਾਣਿਕੁ ਮੋਹਿ ਮਾਉ ਡਿੰਨਾ ਧਣੀ ਅਪਾਹਿ॥

ਮਾਉ= ਹੇ ਭਾਈ ! ਮਾਣਕ ਰੂਪ ਜੋ ਨਾਮ ਹੈ, ਉਹ ਮੋਹਿ= ਮੈਨੂੰ ਅਪਾਹਿ= ਨਿਰਲੇਪ ਧਣੀ ਨੇ ਅਪਾਹਿ= ਆਪ ਡਿੰਨਾ= ਦਿੱਤਾ ਹੈ। ਇਸ ਕਰ ਕੇ-

ਹਿਆਉ ਮਹਿਜਾ ਠੰਢੜਾ ਮੁਖਹੁ ਸਚੁ ਅਲਾਇ॥ ੨॥

ਮਹਿਜਾ= ਮੇਰਾ ਹਿਆਉ= ਹਿਰਦਾ ਠੰਡਾ ਹੋ ਗਿਆ ਹੈ, ਤਾਂ ਤੇ ਹੇ ਭਾਈ ! ਤੂੰ ਭੀ ਮੂੰਹ ਨਾਲ ਸੱਚ ਨਾਮ ਨੂੰ ਅਲਾਇ= ਕਥਨ ਕਰ॥ ੨॥

ਮਃ ੫॥ ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ॥

ਉਸ ਵਾਹਿਗੁਰੂ ਦੀ ਪ੍ਰਾਪਤੀ ਲਈ ਮੂ= ਮੈਂ ਸੇਜਾ ਥੀਆਊ= ਹੁੰਦੀ ਹਾਂ ਅਤੇ ਨੈਣਾਂ=ਅੱਖਾਂ ਨੂੰ ਪਿਰੀ= ਪਤੀ ਦਾ ਵਿਛਾਉਣਾ ਵਿਛਾਉਂਦੀ ਹਾਂ।

ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾਹੂ ਬਾਹਰੇ॥ ੩॥

ਜੇਕਰ ਉਹ ਪਤੀ-ਪਰਮਾਤਮਾ ਮੇਰੇ ਵੱਲ ਇਕ ਵਾਰੀ ਭੀ ਡੇਖੈ= ਦੇਖ ਲਵੇ ਤਾਂ ਕੀਮਾਹੂ= ਕੀਮਤ ਤੋਂ ਬਾਹਰ ਭਾਵ ਬੇ-ਕੀਮਤੇ ਸੁਖ ਪ੍ਰਾਪਤ ਹੋਣਗੇ॥ ੩॥

ਪਉੜੀ॥ ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥

ਮਨ ਹਰੀ ਨੂੰ ਮਿਲਣਾ ਲੋਚੈ= ਲੋਚਦਾ ਭਾਵ ਚਾਹੁੰਦਾ ਹੈ ਪਰ ਮੈਂ ਦਰਸ਼ਨ ਕਿਵੇਂ ਪਾਵਾਂ?

ਮੈ ਲਖ ਵਿਚਤੇ ਸਾਹਿਬਾ ਜੇ ਬਿੰਦ ਬੋਲਾਈਆ॥

ਹੇ ਸਾਹਿਬਾ= ਮਾਲਕਾ ! ਜੇਕਰ ਤੂੰ ਮੈਨੂੰ ਬਿੰਦ= ਰੰਚਕ ਮਾਤ੍ਰ ਭੀ ਬੁਲਾਵੇਂ ਤਾਂ ਮੈਂ ਲੱਖਾਂ ਪਦਾਰਥ ਵਿਚਤੇ= ਵੱਟ ਲਏ ਸਮਝਾਂਗੀ।

ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ॥

ਮੈਂ ਚਾਰੇ ਦਿਸ਼ਾਂ ਵਿਖੇ ਢੂੰਡਿਆ ਹੈ, ਪਰ ਹੇ ਸਾਈਆਂ ! ਤੇਰੇ ਜੇਡਾ ਵੱਡਾ ਹੋਰ ਕੋਈ ਨਹੀਂ ਹੈ।

ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥

ਹੇ ਸੰਤੋ ! ਮੈਨੂੰ ਰਾਹ ਦੱਸੋ, ਮੇਰਾ ਪ੍ਰਭੂ-ਪਰਮਾਤਮਾ ਨਾਲ ਮਿਲਾਪ ਕਿਵੇਂ ਹੋਵੇ?

ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ॥

ਮਨ ਨੂੰ ਅਰਪੋ ਅਤੇ ਹਉਮੈ ਨੂੰ ਤਜਹੁ= ਤਿਆਗੋ, ਹੇ ਭਾਈ ! ਇਸ ਰਸਤੇ ਵਿਚ ਜੁਲਾਈਆ= ਚੱਲਣਾ ਕਰੋ।

ਯਥਾ:- ਹਉਮੈਂ ਤਜਿਨਿ ਨਾਮ ਲਿਵ ਲਾਵਨ। ਭਾਣਾ ਮਨਨ ਪੰਥ ਇਹ ਪਾਵਨ।

(ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ, ਆਧਿ ੨੭, ਅੰਕ ੭੨)

ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ ॥

ਸਤਸੰਗ ਵਿਚ ਆਪਣੇ ਆਪ ਨੂੰ ਮਿਲਾ ਕੇ ਨਿਤਾਪ੍ਰਤੀ ਆਪਣੇ ਸਾਹਿਬੁ= ਪਰਮਾਤਮਾ ਨੂੰ ਸੇਵਨਾ ਕਰੋ।

ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ ॥

ਜਦ ਗੁਰਾਂ ਨੇ ਮਹਲਿ= ਸਰੂਪ ਵਿਚ ਬੁਲਾਇਆ ਤਾਂ ਮਨ ਦੀਆਂ ਸਭ ਆਸਾਂ ਪੂਰਨ ਹੋ ਗਈਆਂ।

ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ ॥ ੧੨ ॥

ਹੇ ਮੇਰੇ ਮਿੱਤਰ ਗੋਸਾਈਆ= ਪ੍ਰਿਥਵੀ ਦੇ ਮਾਲਕ! ਤੇਰੇ ਜੇਡਾ ਉਪਕਾਰੀ ਹੋਰ ਕੋਈ ਸੁੱਝਦਾ ਨਹੀਂ ॥ ੧੨ ॥

ਡਖਣੇ ਮਃ ੫ ॥ ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ ॥

ਮੇਰੇ ਵਿਚ ਇਤਨੀ ਸ਼ਰਧਾ ਹੈ ਜੇਕਰ ਮਹਿੰਜੇ= ਮੇਰੇ ਪਿਰੀ ਪਾਤਸ਼ਾਹ ਹੋਣ ਤਾਂ ਮੈਂ ਤਖਤ ਥੀਆਊ= ਹੁੰਦੀ ਹਾਂ, ਜਿਸ ਕਰ ਕੇ ਮੇਰੇ ਵਿਚ ਆ ਕੇ ਨਿਵਾਸ ਕਰਨ।

ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ ॥ ੧ ॥

ਜੇਕਰ ਪਿਰੀ- ਪਰਮਾਤਮਾ ਆਪਣੇ ਪਾਵ= ਚਰਨਾਂ ਦੇ ਕੋਲ ਮਿਲਾਵੇ ਭਾਵ ਚਰਨਾਂ ਦਾ ਧਿਆਨ ਬਖਸ਼ੇ ਤਾਂ ਕੌਲ ਫੁੱਲ ਦੀ ਨਿਆਈਂ ਮੇਰਾ ਹਿਰਦਾ ਬਿਗਸਾਵਦੋ= ਖਿੜ ਜਾਵੇਗਾ ॥ ੧ ॥

ਮਃ ੫ ॥ ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ ॥

ਜਦ ਪਿਰੀ ਨੂੰ ਭੁੱਖ ਲਗੇ ਤਾਂ ਪਿਰੀ ਸੰਦੜੀ= ਦੀ ਭੁੱਖ ਦਾ ਮੈਂ ਲਾਵਣ= ਸਲੂਣਾ, ਥੀ ਵਿਥਰਾ= ਹੋਰ ਰਹਾਂ। ਵਾ :- ਜਿਨ੍ਹਾਂ ਨੂੰ ਪਿਰੀ ਸੰਦੜੀ= ਦੀ ਭੁੱਖ ਹੈ ਉਹਨਾਂ ਦਾ ਮੈਂ ਲਾਵਣ= ਸਲੂਣਾ ਹੋ ਰਵ੍ਹਾਂ। ਅਰਥਾਤ ਅਤਿਅੰਤ ਪਿਆਰਾ ਲੱਗਾਂ।

ਜਾਣੁ ਮਿਠਾਈ ਇਖ ਬੇਈ ਪੀੜੇ ਨ ਹੁਟੈ ॥ ੨ ॥

ਜਾਣੋ ਮਿਠਾਈ= ਮਿਠਾਸਤਾ ਇਖ= ਗੰਨੇ ਵਿਚ ਹੈ, ਜੋ ਬੇਈ ਪੀੜੇ= ਦੂਜੀ ਵਾਰ ਪੀੜਣੇ ਕਰ ਕੇ ਭੀ ਰਸ ਦੇਣ ਤੋਂ ਹੁਟੈ= ਹਟਦਾ ਨਹੀਂ।

ਇਸੇ ਪ੍ਰਕਾਰ ਹੀ ਆਤਮ-ਰਸ ਦੀ ਮਿਠਾਸਤਾ ਮਹਾਤਮਾਂ ਦੇ ਵਿਚ ਹੈ, ਦੂਜੀ ਵਾਰ ਪੀੜਣੇ ਭਾਵ ਪ੍ਰਸ਼ਨ ਕਰਨ ਨਾਲ ਭੀ ਉਹ ਮਹਾਤਮਾਂ ਉੱਤਰ ਦੇਣ ਤੋਂ ਹਟਦੇ ਨਹੀਂ, ਐਨ ਚੰਗੀ ਤਰ੍ਹਾਂ ਸਮਝਾ ਕੇ ਦਿਲ ਪਸੰਦੀ ਉੱਤਰ ਦਿੰਦੇ ਹਨ। ਅਥਵਾ ਜਾਣੋ ਮਿਠਾਸਤਾ ਇਖ= ਗੰਨੇ ਵਿਚ ਹੀ ਹੈ, ਬੇਈ= ਦੂਜੇ ਸ਼ਕਲ ਦੇ ਜੋ ਕਾਨੇ ਹਨ ਉਨ੍ਹਾਂ ਨੂੰ ਪੀੜ ਕੇ ਹੁਟ ਰਹੇ ਭਾਵ ਥੱਕ ਰਹੇ ਪਰ ਰਸ ਨਹੀਂ ਨਿਕਲਦਾ। ਇਸੇ ਤਰ੍ਹਾਂ ਜਾਣੋ ਆਤਮਾ-ਸੁਖ ਜੋ ਹੈ ਸੋ ਮਹਾਤਮਾਂ ਵਿਚ ਹੈ, ਬੇਈ= ਦੂਜੀ ਜਗ੍ਹਾ ਪਰ ਪੀੜੇ ਨ ਹੁਟੈ= ਪੀੜ ਨਹੀਂ ਹੱਟਦੀ ॥ ੨ ॥

ਮਃ ੫ ॥ ਠਗਾ ਨੀਹੁ* ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ ॥

---

*ਨੋਟ-ਠਗਾ ਨੀਹੁ 'ਮਤ੍ਰੋੜਿ' ਪਾਠ ਟੀਕਾ ਫਰੀਦ ਵਿਚ ਕੀਤਾ ਹੈ ਤੇ ਸ਼੍ਰੋਮਣੀ ਗੁਰਦਵਾਰਾ ਕਮੇਟੀ ਵਲੋਂ ਛਪੀ ਪਾਵਨ ਪਦ-ਛੇਦ ਬੀੜ ਵਿਚ ਵੀ ਇਹੋ 'ਮਤ੍ਰੋੜਿ' ਪਾਠ ਕੀਤਾ ਹੈ।

(ਸੰਸਾਰਕ ਜਿਤਨੇ- ਕੁ ਸੰਬੰਧੀ ਹਨ ਇਹ ਸਭ ਠੱਗ ਹਨ, ਇਨ੍ਹਾਂ ਸੰਬੰਧੀਆਂ ਰੂਪ) ਠੱਗਾਂ ਨਾਲ ਜੋ ਤੂੰ ਨੀਹੁ= ਪ੍ਰੇਮ ਕਰਦਾ ਹੈਂ ਇਸ ਨੂੰ ਤੂੰ ਮਤ੍ਰੋੜਿ= ਤੋੜਦੇ, ਇਨ੍ਹਾਂ ਨੂੰ ਗੰਧ੍ਰਬਾ ਨਗਰੀ= ਹਰੀ ਚੰਦ ਦੀ ਨਗਰੀ ਵਾਂਗ ਝੂਠਾ ਜਾਣ!

ਸੁਖ ਘਟਾਊ ਡੁਇ ਇਸੁ ਪੰਧਾਣੂ ਘਰ ਘਣੇ॥ ੩॥

ਇਨ੍ਹਾਂ ਦਾ ਸੁਖ ਡੁਇ= ਦੋ ਘਟਾਊ= ਘੜੀਆਂ ਦਾ ਹੈ, ਵਾ :- ਦੋ ਲੋਕਾਂ ਦੇ ਸੁਖ ਨੂੰ ਘਟਾਊ= ਘਟਾਉਣ ਵਾਲੇ ਹਨ, ਇਸ ਪੰਧਾਣੂ= ਰਸਤੇ ਚਲਣ ਕਰ ਕੇ ਘਣੇ= ਬਹੁਤ ਸਾਰੇ ਜੂਨੀਆਂ ਰੂਪੀ ਘਰਾਂ ਦੀ ਪ੍ਰਾਪਤੀ ਹੁੰਦੀ ਹੈ, ਭਾਵ ਚੁਰਾਸੀ ਲੱਖ ਜੂਨ ਭੋਗਣੀ ਪੈਂਦੀ ਹੈ॥ ੩॥

ਪਉੜੀ॥ ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ॥

ਉਹ ਪਰਮਾਤਮਾ ਚਾਰ ਕਲਾਂ ਕਰ ਕੇ, ਵਾ :- ਕਲਪਣਾਂ ਤੋਂ ਅਕਲ= ਰਹਿਤ ਹੈ, ਆਪਣੇ ਆਪ ਨਹੀਂ ਪਾਇਆ ਜਾਂਦਾ। ਉਹ ਪ੍ਰਭੂ ਅਲਖ ਹੈ ਅਤੇ ਅਲੇਖੰ= ਲੇਖਾਂ ਤੋਂ ਰਹਿਤ ਹੈ। *ਅਥਵਾ :-* ਆਪਣੀ ਅਕਲ ਦੀ ਕਲਾ= ਚਤੁਰਾਈ ਕਰ ਕੇ ਉਹ ਨਹੀਂ ਪਾਇਆ ਜਾਂਦਾ, ਉਹ ਪ੍ਰਭੂ ਅਲੱਖ ਹੈ ਤੇ ਲੇਖਾਂ ਤੋਂ ਰਹਿਤ ਹੈ।

[ਪੰਨਾ ੧੦੬੯]

ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ॥

ਖਟੁ ਦਰਸਨ= ਛੇ ਭੇਖਾਂ ਵਾਲੇ ਭੀ ਭਉਂਦੇ ਫਿਰਦੇ ਹਨ, ਪਰ ਉਹ ਭੇਖਾਂ ਦੇ ਧਾਰਨ ਕਰ ਕੇ ਭੀ ਮਿਲਦਾ ਨਹੀਂ।

ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ॥

ਭਾਵੇਂ ਚੰਦ੍ਰਾਇਣ* ਆਦਿਕ ਵਰਤ ਭੀ ਰੱਖਣਾ ਕਰਦੇ ਹਨ, ਪਰ ਉਹ ਕਿਸੇ ਲੇਖੇ ਵਿਚ ਨਹੀਂ।

ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ॥

ਸੰਪੂਰਨ ਵੇਦਾਂ ਦੇ ਪਾਠ ਨੂੰ ਪੜ੍ਹਦੇ ਹਨ ਪਰ ਤਤੁ= ਉਸ ਦੇ ਸਾਰ= ਸਿਧਾਂਤ ਨੂੰ ਨਾ ਵੇਖਿਆ, ਵਾ :- ਸਾਰੁ= ਸ੍ਰੇਸ਼ਟ ਤਤੁ= ਸਿਧਾਂਤ ਨੂੰ ਨਾ ਵੇਖਿਆ।

ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ॥

ਬਾਹਰੋਂ ਇਸ਼ਨਾਨ ਕਰ ਕੇ ਮੱਥੇ ਪਰ ਤਿਲਕ ਕੱਢਦੇ ਹਨ, ਪਰ ਹਿਰਦੇ ਅੰਦਰ ਪਾਪਾਂ ਰੂਪੀ ਕਾਲਖ ਹੈ।

ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥

ਗੁਰਾਂ ਦੀ ਸੱਚੀ ਸਿੱਖਿਆ ਤੋਂ ਬਿਨਾਂ ਭੇਖਾਂ ਦੇ ਧਾਰਨ ਨਾਲ ਪਰਮਾਤਮਾ ਨਹੀਂ ਲੱਭਦਾ।

ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ॥

ਉਹ ਜੀਵ ਭੁੱਲਾ ਹੋਇਆ (ਸ੍ਰੇਸ਼ਟ) ਰਸਤੇ ਵਿਚ ਪੈਂਦਾ ਹੈ, ਜਿਸ ਦੇ ਮੱਥੇ ਤੇ ਧੁਰੋਂ (ਸ੍ਰੇਸ਼ਟ) ਲੇਖ ਲਿਖਿਆ ਹੋਇਆ ਹੈ।

***ਚੰਦ੍ਰਾਇਣ ਵਰਤ** *ਚੰਦਰਮਾ ਦੀ ਕਲਾ ਅਨੁਸਾਰ ਗ੍ਰਾਸ ਪਹਿਲੇ ਵਧਾਈ ਜਾਣਾ, ਏਕਮ ਨੂੰ ਇਕ ਗ੍ਰਾਸ, ਪੂਰਨਮਾਸ਼ੀ ਨੂੰ ਪੰਦਰਾਂ ਗ੍ਰਾਸ, ਫੇਰ ਜਿਵੇਂ-ਜਿਵੇਂ ਕਲਾ ਘਟਦੀ ਹੈ, ਤਿਵੇਂ-ਤਿਵੇਂ ਗ੍ਰਾਸ ਘਟਾਈ ਜਾਣਾ, ਇਸ ਨੂੰ ਚੰਦ੍ਰਾਇਣ ਵਰਤ ਕਹਿੰਦੇ ਹਨ।*

ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥ ੧੩ ॥

ਜਿਸ ਨੇ ਅੱਖਾਂ ਨਾਲ ਗੁਰਾਂ ਦਾ ਦਰਸ਼ਨ ਦੇਖਿਆ ਹੈ, ਉਸ ਨੇ ਆਪਣੇ ਮਨੁੱਖਾ ਜਨਮ ਨੂੰ ਸਵਾਰ ਲਿਆ ਹੈ॥ ੧੩ ॥

ਡਖਣੇ ਮਃ ੫ ॥ ਸੋ ਨਿਵਾਹੂ ਗਡਿ, ਜੋ ਚਲਾਊ ਨ ਥੀਐ ॥

ਹੇ ਪੁਰਖਾ ! ਉਸ ਨਿਵਾਹੂ= ਨਿਰਬਾਹ ਕਰਨ ਵਾਲੇ ਪਰਮਾਤਮਾ ਵਿਚ ਤੂੰ ਆਪਣੇ ਮਨ ਨੂੰ ਗਡਿ= ਦ੍ਰਿੜ੍ਹ ਕਰ, ਜੋ ਪਰਮਾਤਮਾ ਕਦੇ ਚਲਾਇਮਾਨ ਨਹੀਂ ਹੁੰਦਾ ਭਾਵ ਜੋ ਹਮੇਸ਼ਾਂ ਅਟੱਲ ਰਹਿੰਦਾ ਹੈ।

ਕਾਰ ਕੂੜਾਵੀ ਛਡਿ ਸੰਮਲੁ ਸਚੁ ਧਣੀ ॥ ੧ ॥

ਕੂੜਾਵੀ= ਝੂਠੀ ਕਾਰ ਨੂੰ ਛੱਡ ਦੇ ਅਤੇ ਸੱਚੇ ਧਣੀ= ਮਾਲਕ (ਵਾਹਿਗੁਰੂ) ਨੂੰ ਸੰਭਾਲ॥ ੧ ॥

ਮਃ ੫ ॥ ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥

(ਉਸ ਵਾਹਿਗੁਰੂ ਦੀ) ਜੋਤ ਹਭ= ਸਾਰਿਆਂ ਵਿਚ ਇਸ ਤਰ੍ਹਾਂ ਸਮਾਈ ਹੋਈ ਹੈ, ਜਿਵੇਂ ਜਲ ਵਾਲੇ ਘੜਿਆਂ ਵਿਚ ਚੰਦਰਮਾ ਦਾ ਪ੍ਰਤਿਬਿੰਬ ਸਮਾਉਂਦਾ ਹੈ।

ਪਰਗਟੁ ਥੀਆ ਆਪਿ ਨਾਨਕ ਮਸਤਕਿ ਲਿਖਿਆ ॥ ੨ ॥

ਉਹਨਾਂ ਨੂੰ ਪਰਮੇਸ਼ਰ ਆਪ ਪ੍ਰਗਟ ਹੋਇਆ ਹੈ ਜਿਨ੍ਹਾਂ ਦੇ ਮਸਤਕਿ= ਮੱਥੇ ਪਰ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ॥ ੨ ॥

ਮਃ ੫ ॥ ਮੁਖ ਸੁਹਾਵੇ ਨਾਮੁ ਚਉ ਆਠ ਪਹਰ ਗੁਣ ਗਾਉ ॥

੧) ਜੋ ਪੁਰਸ਼ ਮੂੰਹ ਨਾਲ ਸ਼ੋਭਨੀਕ ਨਾਮ ਨੂੰ ਚਉ= ਉਚਾਰਦੇ ਹਨ ਅਤੇ ਅੱਠੇ ਪਹਿਰ ਪ੍ਰਭੂ ਦੇ ਗੁਣਾਂ ਨੂੰ ਗਾਉਂਦੇ ਹਨ ਉਹ ਪੁਰਸ਼ ਪ੍ਰਲੋਕ ਦਰਗਾਹ ਵਿਚ ਮਾਨਨੀਕ ਹੁੰਦੇ ਹਨ ਅਤੇ ਉਨ੍ਹਾਂ ਨਿਥਾਵਿਆਂ ਨੂੰ ਸਰੂਪ ਥਾਂ ਮਿਲਦੀ ਹੈ।

੨) ਜੋ ਅੱਠੇ ਪਹਿਰ ਗੁਣਾਂ ਨੂੰ ਗਾਉਂਦੇ ਹਨ ਅਤੇ ਪਰਮੇਸ਼ਰ ਦੇ ਨਾਮ ਨੂੰ ਉਚਾਰਦੇ ਹਨ, ਉਹ ਮੂੰਹ ਸ਼ੋਭਨੀਕ ਹਨ।

ਨਾਨਕ ਦਰਗਹ ਮੰਨੀਅਹਿ ਮਿਲੀ ਨਿਥਾਵੇ ਥਾਉ ॥ ੩ ॥

ਜਿਨ੍ਹਾਂ ਨਿਥਾਵਿਆਂ ਨੂੰ ਸਰੂਪ ਥਾਂ ਮਿਲੀ ਹੈ, ਉਹ ਪ੍ਰਲੋਕ ਦਰਗਾਹ ਵਿਚ ਮਾਨਨੀਕ ਹੁੰਦੇ ਹਨ॥ ੩ ॥

ਪਉੜੀ ॥ ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ ॥

ਉਹ ਅੰਤਰਜਾਮੀ ਪ੍ਰਭੂ ਬਾਹਰਲੇ ਭੇਖਾਂ ਕਰ ਕੇ ਨਹੀਂ ਪਾਈਦਾ।

ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ ॥

ਇਕਸੁ= ਇਕ ਹਰਿ ਜੀ ਤੋਂ ਬਾਹਰ ਹੋ ਕੇ ਸਾਰੀ ਦੁਨੀਆਂ ਨਿਕਾਮੀ= ਨਿਕੰਮੀ ਫਿਰੈ= ਫਿਰਦੀ ਹੈ।

ਮਨੁ ਰਤਾ ਕੁਟੰਬ ਸਿਉ ਨਿਤ ਗਰਬਿ ਫਿਰਾਮੀ॥

ਸਾਰਿਆਂ ਦਾ ਮਨ ਕੁਟੰਬ= ਪਰਿਵਾਰ ਦੇ ਮੋਹ ਨਾਲ ਹੀ ਰਤਾ= ਜੁੜਿਆ ਹੋਇਆ ਹੈ, ਇਸ ਲਈ ਸਾਰੀ ਦੁਨੀਆਂ ਨਿਤਾਪ੍ਰਤੀ ਹੰਕਾਰ ਵਿਚ ਫਿਰਦੀ ਹੈ।

ਫਿਰਹਿ ਗੁਮਾਨੀ ਜਗ ਮਹਿ ਕਿਆ ਗਰਬਹਿ ਦਾਮੀ॥

ਜਗਤ ਵਿਚ ਹੰਕਾਰ ਦੇ ਸਹਿਤ ਹੋਈ ਫਿਰਦੀ ਹੈ, ਇਸ ਕਰ ਕੇ ਹੇ ਭਾਈ ! ਦਾਮੀ= ਦਮੜਿਆਂ ਦਾ ਕੀ ਹੰਕਾਰ ਕਰਨਾ ਹੈ?

ਚਲਦਿਆ ਨਾਲਿ ਨ ਚਲਈ ਖਿਨ ਜਾਇ ਬਿਲਾਮੀ॥

(ਅੰਤਮ ਸਮੇਂ ਪ੍ਰਲੋਕ ਵਿਚ) ਚਲਦਿਆ= ਜਾਂਦਿਆਂ ਹੋਇਆਂ ਇਹ ਮਾਇਆ ਨਾਲ ਚਲਦੀ ਨਹੀਂ ਹੈ, ਇਕ ਖਿਨ ਵਿਚ ਨਾਸ ਹੋ ਜਾਂਦੀ ਹੈ।

ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ॥

ਹਰਿ ਜੀ ਦੇ ਹੁਕਮ ਅਨੁਸਾਰ ਇਹ ਸਾਰੇ ਮਾਇਆਧਾਰੀ- ਜੀਵ ਸੰਸਾਰ ਵਿਚ ਭੁਰਦੇ- ਫਿਰਦੇ ਹਨ।

ਕਰਮੁ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ॥

(ਪੂਰਬਲੇ) ਕਰਮ (ਦਾ ਦਰਵਾਜ਼ਾ) ਖੁਲ੍ਹਿਆ ਤਾਂ ਗੁਰਾਂ ਨੂੰ ਪਾਇਆ, ਜਾਂ ਗੁਰਾਂ ਨੂੰ ਪਾਇਆ ਤਾਂ ਹੀ ਹਰੀ ਸੁਆਮੀ= ਪਰਮਾਤਮਾ ਮਿਲਿਆ।

ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ॥ ੧੪॥

ਜੋ ਮਨੁੱਖ ਹਰੀ ਦਾ ਸੇਵਕ ਹੋ ਗਿਆ ਹੈ ਹਰੀ ਉਸ ਦੇ ਸਾਰੇ ਕੰਮ ਪੂਰੇ ਕਰਦਾ ਹੈ। ਵਾ :- ਉਸ ਦੀਆਂ ਕਾਮਨਾਂ ਪੂਰੀਆਂ ਕਰਦਾ ਹੈ॥ ੧੪॥

ਡਖਣੇ ਮਃ ੫॥ ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ॥

ਮੂੰਹੋਂ ਤਾਂ ਸਭ ਕੋਈ ਮਰਨਾ ਅਲਾਏ= ਆਖਦਾ ਹੈ (ਪਰ ਅਸਲ) ਮਰਨ ਨੂੰ ਕੋਈ ਵਿਰਲਾ ਹੀ ਪਛਾਣਦਾ ਹੈ।

ਨਾਨਕ ਤਿਨਾ ਖਾਕੁ ਜਿਨਾ ਯਕੀਨਾ ਹਿਕ ਸਿਉ॥ ੧॥

ਗੁਰੂ ਜੀ ਕਥਨ ਕਰਦੇ ਹਨ— ਉਨ੍ਹਾਂ ਗੁਰਮੁਖਾਂ ਦੀ ਚਰਨ-ਧੂੜੀ ਗ੍ਰਹਿਣ ਕਰ, ਜਿਨ੍ਹਾਂ ਦਾ ਇਕ ਨਾਲ ਯਕੀਨਾ= ਭਰੋਸਾ ਹੈ॥ ੧॥

ਮਃ ੫॥ ਜਾਣੁ ਵਸੰਦੋ ਮੰਝਿ ਪਛਾਣੂ ਕੋ ਹੇਕੜੋ॥

ਜਾਣਨਾ ਕਰੋ ਉਹ ਪ੍ਰਭੂ ਹਿਰਦੇ ਵਿਚ ਹੀ ਵੱਸਦਾ ਹੈ, ਪ੍ਰੰਤੂ ਉਸ ਦੇ ਪਛਾਣਨ ਵਾਲਾ ਕੋਈ ਇਕ ਵਿਰਲਾ ਹੀ ਹੈ।

ਤੈ ਤਨਿ ਪੜਦਾ ਨਾਹਿ ਨਾਨਕ ਜੈ ਗੁਰੁ ਭੇਟਿਆ॥ ੨॥

ਗੁਰੂ ਜੀ ਕਥਨ ਕਰਦੇ ਹਨ- ਜੈ= ਜਿਸ ਨੂੰ ਪੂਰੇ ਗੁਰੂ ਮਿਲੇ ਹਨ, ਤੈ ਤਨਿ= ਉਸ ਦੇ ਅੰਤਹਕਰਨ ਵਿੱਚ ਅਗਿਆਨ ਦਾ ਪੜਦਾ ਨਹੀਂ ਰਿਹਾ॥ ੨॥

ਮਃ ੫ ॥ ਮਤੜੀ ਕਾਂਢ* ਕੁਆਹ ਪਾਵ ਧੋਵੰਦੋ ਪੀਵਸਾ ॥

ਗੁਰੂ ਸਾਹਿਬ ਕੁ-ਮਤੜੀ= ਖੋਟੀ ਮਤ ਨੂੰ ਬਾਹਰ ਕੱਢਣ ਵਾਲੇ ਆਹ= ਹਨ। *ਅਥਵਾ :-* ਜੋ ਗੁਰੂ ਸ਼ੁਭ ਮਤੀ ਦੇ ਉਚਾਰਨ ਵਾਲੇ ਹਨ, ਮੈਂ ਉਨ੍ਹਾਂ ਗੁਰਾਂ ਦੇ ਪਾਵ= ਚਰਨਾਂ ਨੂੰ ਧੋ ਕੇ ਪੀਂਦਾ ਹਾਂ।

ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ ॥ ੩ ॥

ਸੱਚੇ ਧਣੀ= ਪਰਮਾਤਮਾ ਦੇ ਪਸਣ ਕੂ= ਵੇਖਣ ਨੂੰ, ਮੂ= ਮੇਰੇ ਤਨ ਵਿਖੇ ਅਥਾਹ= ਬਿਅੰਤ ਪਰੇਮ ਹੈ॥ ੩ ॥

ਪਉੜੀ ॥ ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥

ਜਿਸ ਨੇ ਨਿਰਭਉ= ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ ਤੇ ਮਾਇਆ ਨਾਲ ਰਚਿਆ ਹੋਇਆ ਹੈ।

ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥

ਉਹ ਆਉਣ ਜਾਣ ਵਿਚ ਭੁਆਇਆਂ ਜਾਂਦਾ ਹੈ ਅਤੇ ਬਹੁਤੀਆਂ ਜੂਨੀਆਂ ਵਿਚ ਨੱਚਦਾ ਹੈ।

ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥

ਜੋ ਭੀ ਬਚਨ ਉਚਾਰਨ ਕਰਦਾ ਹੈ ਉਸ ਤੋਂ ਖਿਸਕ ਜਾਂਦਾ ਹੈ, ਸਾਰੇ ਕਚਾ= ਝੂਠੇ ਹੀ ਬਚਨ ਬੋਲਦਾ ਹੈ।

ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥

ਉਹ ਝੂਠਾ ਮਨੁੱਖ ਅੰਦਰੋਂ ਸ਼ੁਭ ਗੁਣਾਂ ਤੋਂ ਖਾਲੀ ਹੈ, ਸਾਰੀਆਂ ਝੂਠੀਆਂ ਹੀ ਖਚਾ= ਗੱਪਾਂ ਮਾਰਦਾ ਹੈ।

ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥

ਝੂਠਿਆਂ ਪਦਾਰਥਾਂ ਦੇ ਲਾਲਚ ਕਰ ਕੇ ਨਿਰਵੈਰ= ਮਹਾਤਮਾਂ ਨਾਲ ਵੈਰ ਭਾਵ ਕਰਦਾ ਹੈ।

ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥

ਧੁਰ ਤੋਂ ਹੀ ਖੋਟੇ ਕਰਮ ਕਰਦਾ ਵੇਖ ਕੇ ਸੱਚੇ ਪਾਤਸ਼ਾਹ ਨੇ ਮਾਰਨਾ ਕੀਤਾ ਹੈ।

ਜਮਦੂਤੀ ਹੈ ਹੇਰਿਆ ਦੁਖੁ ਹੀ ਮਹਿ ਪਚਾ ॥

ਜਿਸ ਵੇਲੇ ਜਮਦੂਤਾਂ ਨੇ ਕਰੜੀ ਨਿਗਾਹ ਨਾਲ ਉਸ ਨੂੰ ਹੇਰਿਆ= ਦੇਖਿਆ ਤਾਂ ਦੁੱਖਾਂ ਵਿਚ ਹੀ ਪਚਾ= ਸੜਦਾ ਹੈ।

ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ— ਉਸ ਪ੍ਰਭੂ ਦੇ ਸੱਚੇ ਦਰਬਾਰ ਵਿਚ ਧਰਮ ਦਾ ਹੀ ਤਪਾਵਸੁ= ਨਿਆਂ ਹੋ ਰਿਹਾ ਹੈ॥ ੧੫ ॥

**ਸੰਪ੍ਰਦਾਈ ਪਾਠ-'ਮਤੜੀ ਕਾਂਢ ਕੁਆਹ' ਠੀਕ ਹੈ। ਗਿਆਨੀ ਨਰੈਣ ਸਿੰਘ ਜੀ ਨੇ ਭਾਈ ਵਾਰਾਂ ਦੇ ਟੀਕੇ ਵਿਚ 'ਮਤੜੀ ਕਾਂਢ ਕੁਆਹ' ਹੀ ਲਿਖਿਆ ਹੈ।*

ਮਹਾਨ ਕੋਸ਼ ਵਾਲੇ ਨੇ ਇੰਵ ਲਿਖਿਆ ਹੈ-ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ। ਸ਼ੁਭ ਮਤੀ, ਨਵੀਂ ਜੁਗਤ ਦੇ ਕੱਢਣ ਵਾਲਾ ਜੋ ਗੁਰੂ ਹੈ ਉਸ ਦੇ ਚਰਨਾਂ ਨੂੰ ਧੋ ਕੇ ਮੈਂ ਪੀਂਦਾ ਹਾਂ। (ਦੇਖੋ ਸ਼ਬਦ "ਕਾਂਢਕ")

ਫਰੀਦਕੋਟ ਵਾਲੇ ਟੀਕੇ ਵਿਚ ਮੂਲ ਪਾਠ ਮਤੜੀ ਕਾਂਢਕੁ ਆਹ ਲਿਖਿਆ ਹੈ। ਅਰਥ ਕੀਤਾ ਹੈ- ਕੁਮਤੀ ਭਾਵ ਖੋਟੀ ਮਤ ਦੇ ਕੱਢਣ ਵਾਲੇ ਜੋ ਸੰਤ ਜਨ ਆਹ=ਹੈਂ।

ਵਾ:-ਮਤੜੀ=ਸ੍ਰੇਸ਼ਟ ਬੁੱਧੀ ਕੇ ਕਾਂਢਕੁ=ਪਰਗਟ ਕਰਨ ਵਾਲੇ ਜੋ ਹੈਂ ਤਿਨ ਕੇ ਪੈਰ ਧੋਇ ਕੇ ਮੈਂ ਪੀਵੋਂ।

ਡਖਣੇ ਮਃ ੫ ॥ ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥

ਹੇ ਭਾਈ ! ਪਰਭਾਤੇ= ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਦੇ ਨਾਮ ਨੂੰ ਜਪਣਾ ਕਰ ਅਤੇ ਗੁਰਾਂ ਦੇ ਚਰਨਾਂ ਨੂੰ ਧਿਆਉਣਾ ਕਰ। ਕਿਉਂਕਿ-

ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥ ੧ ॥

ਸੱਚੇ ਦੇ ਗੁਣ ਗਾਉਣ ਕਰ ਕੇ ਜਨਮ ਮਰਨ ਦੇ ਦੇਣ ਵਾਲੀ ਪਾਪਾਂ ਰੂਪੀ ਮੈਲ ਉਤਰ ਜਾਏਗੀ ॥ ੧ ॥

ਮਃ ੫ ॥ ਦੇਹ ਅੰਧਾਰੀ ਅੰਧੁ ਸੁੰਞੀ ਨਾਮ ਵਿਹੂਣੀਆ ॥

ਅੰਨ੍ਹੇ ਅਗਿਆਨੀਆਂ ਦੀ ਦੇਹ ਅੰਧਾਰੀ= ਅੰਨ੍ਹੀ ਹੋ ਰਹੀ ਹੈ, ਵਾਹਿਗੁਰੂ ਨਾਮ ਅਤੇ ਸ਼ੁਭ ਗੁਣਾਂ ਤੋਂ ਸੁੰਞੀ= ਖਾਲੀ ਹੈ।

ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਉਸ ਦਾ ਮਨੁੱਖਾ ਜਨਮ ਧਾਰਿਆ ਸਫਲਾ ਹੈ, ਜੈ= ਜਿਸ ਦੇ ਹਿਰਦੇ ਵਿੱਚ ਸੱਚਾ ਧਣੀ= ਪਰਮਾਤਮਾ ਆਪ ਵੁਠਾ= ਵਸਿਆ ਹੈ ॥ ੨ ॥

ਮਃ ੫ ॥ ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥

ਲੋਈ= ਪ੍ਰਕਾਸ਼ ਰੂਪ ਪਰਮਾਤਮਾ ਨੂੰ ਮੈਂ ਲੋਇਣ= ਅੱਖਾਂ ਨਾਲ ਦੇਖਿਆ ਹੈ, ਪਰ ਦਰਸ਼ਨ ਦੀ ਪਿਆਸ ਬੁਝੀ ਨਹੀਂ, ਸਗੋਂ ਦਰਸਨਾਂ ਦੀ ਪਿਆਸ ਮੂ= ਮੈਨੂੰ ਘਣੀ= ਬਹੁਤ ਲੱਗ ਰਹੀ ਹੈ।

[ਪੰਨਾ ੧੧੦੦]

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਉਹ ਅਖੜੀਆ= ਅੱਖਾਂ ਬਿਅੰਨਿ= ਹੋਰ ਹੀ ਹਨ, ਜਿਨੀ= ਜਿਨ੍ਹਾਂ ਸ਼ੁੱਧ ਬੁੱਧੀ, ਵਾ :- ਗਿਆਨ ਵੈਰਾਗ ਰੂਪੀ ਅੱਖਾਂ ਨਾਲ ਮੇਰਾ ਪਤੀ-ਪਰਮਾਤਮਾ ਡਿਸੰਦੋ= ਦਿੱਸਦਾ ਹੈ ॥ ੩ ॥

ਪਉੜੀ ॥ ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥

ਜਿਸ ਗੁਰਮੁਖ ਜਨ ਨੇ ਗੁਰਾਂ ਦੁਆਰੇ ਪ੍ਰਭੂ ਨੂੰ, ਵਾ :- ਸਤਸੰਗ ਨੂੰ ਸੇਵਿਆ ਹੈ, ਤਿਸ ਨੇ ਸਾਰੇ ਸੁਖ ਪਾਉਣਾ ਕੀਤੇ ਹਨ। ਵਾ :- ਸਾਰਿਆਂ ਸੁਖਾਂ ਦੇ ਦੇਣ ਵਾਲੀ ਜੋ ਆਤਮ-ਵਸਤੂ ਹੈ ਉਹ ਪਾਈ ਹੈ।

ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥

ਉਹ ਆਪ ਸਾਰੇ ਕੁਟੰਬ ਨਾਲ ਤਰ ਗਿਆ ਹੈ ਅਤੇ ਉਪਦੇਸ਼ ਦੇ ਕੇ ਸਾਰੇ ਜਗਤ ਨੂੰ ਭੀ ਤਾਰਨਾ ਕੀਤਾ ਹੈ।

ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ ॥

ਉਸ ਨੇ ਅਮੋਲਕ ਹਰੀ ਨਾਮ- ਧਨ ਨੂੰ ਸੰਚਿਆ= ਇਕੱਠਾ ਕੀਤਾ ਹੈ ਅਤੇ (ਜਿਸ ਨਾਮ-ਧਨ ਨੇ ਪਦਾਰਥਾਂ ਦੀ) ਸਾਰੀ ਤਰੇਹ ਬੁਝਾ ਦਿੱਤੀ ਹੈ।

ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥

ਉਸ ਨੇ ਦੁਨੀਆਂ ਦੇ ਸਾਰੇ ਲਾਲਚ ਛੱਡ ਦਿੱਤੇ ਹਨ ਅਤੇ ਅੰਦਰੋਂ ਮਨ ਕਰ ਕੇ ਪ੍ਰਭੂ ਵਿਚ ਬਿਰਤੀ

ਲਗਾਈ ਹੈ।

ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ॥

ਉਸ ਦੇ ਘਰ ਵਿਚ ਸਦਾ ਸਦਾ= ਹਮੇਸ਼ਾਂ ਅਨੰਦ ਹੀ ਹੋ ਰਿਹਾ ਹੈ ਕਿਉਂਕਿ ਹਰੀ- ਮਿੱਤਰ ਉਸ ਦੀ ਸਹਾਇਤਾ ਕਰਨ ਵਾਲਾ ਹੋਇਆ ਹੈ।

ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ॥

ਉਸ ਨੇ ਜਿਤਨੇ- ਕੁ ਵੈਰੀ ਤੇ ਮਿੱਤਰ ਹਨ, ਉਹਨਾਂ ਸਭਨਾਂ ਨਾਲ ਸਮ ਸੁਭਾਈ= ਸਮਦ੍ਰਿਸ਼ਟੀ ਸੁਭਾਅ ਨਾਲ ਵਰਤਣਾ ਕੀਤਾ ਹੈ।

ਹੋਆ ਓਹੀ ਅਲੁ ਜਗ ਮਹਿ ਗੁਰ ਗਿਆਨੁ ਜਪਾਈ॥

ਜਿਸ ਨੂੰ ਗੁਰਾਂ ਦੁਆਰੇ ਗਿਆਨ ਤੇ ਜਪ ਦੀ ਰੀਤੀ ਆਈ ਹੈ, ਉਹ ਗੁਰਮੁਖ ਜਗਤ ਵਿਚ ਅਲੁ= ਤ੍ਰਿਪਤ ਹੋਇਆ ਹੈ। *ਅਥਵਾ :-* ਉਹ ਸਾਰੇ ਜਗਤ ਵਿਚ ਓਹੀਅਲੁ= ਪਰਗਟ ਹੋਇਆ ਹੈ।

ਪੂਰਬਿ ਲਿਖਿਆ ਪਾਇਆ ਹਰਿ ਸਿਉ ਬਣਿ ਆਈ॥ ੧੬॥

ਜਿਸ ਵੇਲੇ ਪੂਰਬਲੇ ਲਿਖੇ ਕਰਮਾਂ ਦਾ ਫਲ ਪਾਇਆ ਤਾਂ ਹਰੀ ਨਾਲ ਪ੍ਰੀਤੀ ਬਣ ਆਈ॥ ੧੬॥

ਡਖਣੇ ਮਃ ੫॥ ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ॥

ਸੱਚ ਨਾਮ ਜਪਣ ਵਾਲਾ ਮਨੁੱਖ ਸੁਹਾਵਾ= ਸੁੰਦਰ ਕਥਨ ਕਰੀਦਾ ਹੈ ਅਤੇ ਝੂਠੇ ਦੀ ਝੂਠੀ ਹੀ ਸੋਇ= ਸੋਭਾ ਹੈ।

ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ॥ ੧॥

ਗੁਰੂ ਜੀ ਕਥਨ ਕਰਦੇ ਹਨ- ਉਹ ਗੁਰਮੁਖ ਵਿਰਲੇ ਹੀ ਜਾਣੀਦੇ ਹਨ, ਜਿਨ੍ਹਾਂ ਦੇ ਬੁੱਧੀ ਰੂਪ ਪੱਲੇ ਵਿਚ ਸੱਚ ਨਾਮ ਹੁੰਦਾ ਹੈ॥ ੧॥

ਮਃ ੫॥ ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ॥

ਸਜਣ= ਪਰਮਾਤਮਾ ਦੇ ਅਨੂਪੁ= ਸੁੰਦਰ ਮੁੱਖੜੇ ਨੂੰ ਅੱਠੇ ਪਹਿਰ ਨਿਹਾਲਸਾ= ਦੇਖਦੀ ਹਾਂ।

ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ॥ ੨॥

ਸੁਤੜੀ= ਸੁੱਤੀ ਪਈ ਨੇ ਉਸ ਸਹੁ= ਪਤੀ- ਪਰਮਾਤਮਾ ਨੂੰ ਡਿਠੁ= ਵੇਖਿਆ ਹੈ, ਇਸ ਲਈ ਮੈਂ ਉਸ ਸੁਪਨੇ ਤੋਂ ਖੰਨੀਐ= ਕੁਰਬਾਨ ਜਾਂਦੀ ਹਾਂ।

ਯਥਾ:- ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥ *(ਪੰਨਾ ੮੧੬)*

ਅਥਵਾ :- ਮੈਂ ਅੱਠੇ ਪਹਿਰ ਚਾਹੁੰਦੀ ਹਾਂ ਕਿ ਸਜਣ= ਪਰਮਾਤਮਾ ਦੇ ਸੁੰਦਰ ਮੁੱਖ ਨੂੰ ਦੇਖਾਂ, ਜਿਸ ਵੇਲੇ ਮੈਂ ਸਮਾਧੀ ਰੂਪ ਨੀਂਦ ਵਿਚ ਸੁੱਤੀ ਤਾਂ ਚਿਤ ਬਿਰਤੀ ਦੀ ਇਕਾਗਰਤਾ ਰੂਪ ਸੁਪਨੇ ਵਿਚ ਉਸ ਪਤੀ ਨੂੰ ਦੇਖਿਆ, ਇਸ ਲਈ ਉਸ ਇਕਾਗਰਤਾ ਰੂਪ ਸੁਪਨੇ ਤੋਂ ਮੈਂ ਬਲਿਹਾਰ ਜਾਂਦੀ ਹਾਂ॥ ੨॥

ਮਃ ੫ ॥ ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥

ਹੇ ਭਾਈ ! ਸੱਚੇ ਸਜਣ (ਪਰਮਾਤਮਾ) ਦੀ ਪਰਖਿ= ਪਛਾਣ ਕਰ, ਧਾਰਨਾ ਤੋਂ ਬਿਨਾਂ ਮੂੰਹੋਂ ਨਾਮ ਕਥਨ ਕਰਨਾ ਥੋਥਰਾ= ਖਾਲੀ ਹੈ।

ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥ ੩ ॥

ਆਪਣੇ ਮਨ ਦੇ ਮਝਾਹੂ= ਵਿਚ ਹੀ ਸੱਚੇ ਸੱਜਣ ਨੂੰ ਜਾਣ ਲੈ ਕਿਉਂਕਿ ਉਹ ਪਤੀ- ਪਰਮਾਤਮਾ ਤੈਥੋਂ ਦੂਰ ਨਹੀਂ ਹੈ॥ ੩ ॥

ਪਉੜੀ ॥ ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥

ਧਰਤੀ, ਅਕਾਸ਼, ਪਤਾਲ ਤੇ ਸੂਰਜ, ਚੰਦਰਮਾ ਆਦਿਕ ਸਭ ਨਾਸ ਹੋਣ ਵਾਲੇ ਹਨ।

ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥

ਬੜੇ- ਬੜੇ ਬਾਦਸ਼ਾਹ, ਸਾਹ= ਸ਼ਾਹੂਕਾਰ (ਅਮੀਰ) ਉਮਰਾਵ= ਸੂਬੇਦਾਰ, ਖਾਨ= ਸਰਦਾਰ, ਵਾ :- ਪੰਜ ਹਜ਼ਾਰੀ ਤੇ ਦਸ ਹਜ਼ਾਰੀ ਇਤਿਆਦਿਕ ਸਾਰੇ ਡੇਰੇ ਢਾਹ ਕੇ ਚਲੇ ਜਾਣਗੇ।

ਰੰਗ ਤੁੰਗ* ਗਰੀਬ ਮਸਤ ਸਭੁ ਲੋਕੁ ਸਿਧਾਸੀ ॥

ਕਾਲੇ ਪੀਲੇ ਆਦਿਕ ਸਾਰੇ ਰੰਗ, ਤੁੰਗ= ਉਤਕ੍ਰਿਸ਼ਟ ਧਨਾਢ ਲੋਕ, ਗਰੀਬ ਤੇ ਅਲਮਸਤ ਇਤਿਆਦਿਕ ਸਾਰੇ ਲੋਕ ਚਲੇ ਜਾਣਗੇ।

ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥

ਕਾਜ਼ੀ, ਸ਼ੇਖ ਅਤੇ ਮਸਾਇਕਾ= ਮਿਹਨਤਾਂ ਕਰਨ ਵਾਲੇ ਸਾਰੇ ਹੀ ਉੱਠ ਕੇ ਚਲੇ ਜਾਣਗੇ।

ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥

(ਮੁਸਲਮਾਨਾਂ ਦੇ) ਪੀਰ= ਗੁਰੂ, ਖੁਦਾ ਦਾ ਪੈਗਾਮ ਲਿਆਉਣ ਵਾਲੇ ਪੈਕੰਬਰ ਅਤੇ ਅਉਲਿਆਵਾਂ ਵਿੱਚੋਂ ਕੋਈ ਭੀ ਅਚੱਲ ਨਹੀਂ ਰਹੇਗਾ।

ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥

ਰੋਜਾ ਰੱਖਣ ਵਾਲੇ, ਬਾਂਗਾਂ ਦੇਣ ਵਾਲੇ, ਨਮਾਜ਼ਾਂ ਪੜ੍ਹਨ ਵਾਲੇ, ਕਤੇਬਾਂ ਉਚਾਰਨ ਵਾਲੇ ਇਤਿਆਦਿਕ ਵਿਣੁ ਬੁਝੇ= ਗਿਆਨ ਤੋਂ ਬਿਨਾਂ ਹੋਣ ਕਰ ਕੇ ਸਾਰੇ ਹੀ ਚਲੇ ਜਾਣਗੇ।

ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥

ਚੁਰਾਸੀ ਲੱਖ ਭਰ੍ਹਾਂ ਦੀ ਜਿੰਨੀ ਮੇਦਨੀ= ਸ੍ਰਿਸ਼ਟੀ ਹੈ, ਸਭ ਜੰਮਦੀ ਮਰਦੀ ਰਹੇਗੀ।

ਨਿਹਚਲੁ ਸਚੁ ਖੁਦਾਇ ਏਕੁ, ਖੁਦਾਇ ਬੰਦਾ ਅਬਿਨਾਸੀ ॥ ੧੭ ॥

ਇਕ ਸੱਚਾ ਖੁਦਾ ਨਿਹਚਲੁ= ਅਚੱਲ ਹੈ, ਜਾਂ ਖੁਦਾ ਦਾ ਬੰਦਾ= ਬੰਦਗੀ ਕਰਨ ਵਾਲਾ ਭਗਤ

---

*ਤੁੰਗ ਦੀ ਜਗ੍ਹਾ 'ਤੁਰੰਗ' ਪਾਠ ਵੀ ਹੁੰਦਾ ਹੈ, ਤੁਰੰਗ ਦਾ ਅਰਥ ਹੈ ਘੋੜਾ। ਭਾਵ— ਰੰਗਾਂ- ਰੰਗਾਂ ਦੇ ਤੁਰੰਗ=ਘੋੜੇ, ਗਰੀਬ ਲੋਕ ਤੇ ਮਸਤ ਲੋਕ ਜੋ ਭੀ ਹਨ, ਸਭਨਾਂ ਨੇ ਇਸ ਸੰਸਾਰ ਤੋਂ ਸਿਧਾਸੀ=ਚਲਿਆਂ ਜਾਣਾ ਹੈ।

ਅਬਿਨਾਸੀ= ਨਾਸ ਤੋਂ ਰਹਿਤ ਹੈ॥ ੧੭॥

ਡਖਣੇ ਮਃ ੫ ॥ ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥

ਸਾਰੀ ਦੁਨੀਆਂ ਢੂੰਡ ਕੇ ਦੇਖੀ ਹੈ, ਪਰ ਇਕ ਪ੍ਰਭੂ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ ਹੈ।

ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ ॥ ੧ ॥

ਹੇ ਸਜਣ= ਪਰਮਾਤਮਾ ! ਤੂੰ ਆ ਕੇ ਮੇਰੇ ਮੂੰਹ ਲੱਗ ਭਾਵ ਦਰਸ਼ਨ ਦੇਣਾ ਕਰ, ਜਿਸ ਕਰ ਕੇ ਮੇਰਾ ਤਨ ਮਨ ਠੰਢਾ= ਸੀਤਲ ਹੋ ਜਾਵੇ॥ ੧॥

ਮਃ ੫ ॥ ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ ॥

੧) ਜਿਸ ਦਾ ਮੈਂ ਆਸ਼ਕ ਹਾਂ ਉਹ ਗੁਰੂ ਰਾਮਦਾਸ ਤਾਂ ਮੇਰੀ ਆਸਾ ਤੋਂ ਬਾਹਰ ਹੈ ਤੇ ਮੇਰੇ ਮਨ ਵਿਚ ਉਹਨਾਂ ਦੀ ਵੱਡੀ ਆਸਾ ਲੱਗ ਰਹੀ ਹੈ।

੨) ਪਰਮੇਸ਼ਰ ਦੇ ਜਿਹੜੇ ਆਸ਼ਕ ਹਨ ਉਹ ਤਾਂ ਆਸਾਂ ਤੋਂ ਬਾਹੱਰ ਹਨ ਤੇ ਮੇਰੇ ਮਨ ਵਿਚ ਉਸ ਦੀ ਪਰਾਪਤੀ ਦੀ ਵੱਡੀ ਆਸਾ ਲੱਗ ਰਹੀ ਹੈ।

੩) ਮੈਂ ਆਸ਼ਕ ਨੂੰ ਬਾਹਰਾ= ਬਾਹਲੀ (ਬਹੁਤੀ) ਆਸਾ ਲੱਗ ਰਹੀ ਹੈ, ਕਹੇ ਨੂੰ ਸਪਸ਼ਟ ਕਰਦੇ ਹਨ- ਮੇਰੇ ਮਨ ਵਿਚ ਵੱਡੀ ਆਸਾ ਲੱਗ ਰਹੀ ਹੈ।

ਆਸ ਨਿਰਾਸਾ ਹਿਕੁ ਤੂ ਹਉ ਬਲਿ ਬਲਿ ਬਲਿ ਗਈਆਸ ॥ ੨ ॥

ਹੇ ਪਰਮੇਸ਼ਰ ! ਇਕ ਤੂੰ ਹੀ ਆਸਾ ਤੋਂ ਨਿਰਾਸ ਹੈਂ, *ਅਥਵਾ :-* ਹੇ ਪਰਮੇਸ਼ਰ ! ਇਕ ਤੂੰ ਹੀ ਨਿਰਾਸਿਆਂ ਦੀ ਆਸਾ ਪੂਰਨ ਕਰਨ ਵਾਲਾ ਹੈਂ, ਜਾਂ ਇਕ ਤੂੰ ਹੀ ਆਸਾ ਵਾਲੇ ਨੂੰ ਨਿਰਾਸਾ= ਆਸਾ ਤੋਂ ਰਹਿਤ ਕਰਨ ਵਾਲਾ ਹੈਂ, ਇਸ ਲਈ ਤੁਹਾਡੇ ਉਪਰੋਂ ਮਨ, ਬਾਣੀ, ਸਰੀਰ ਕਰ ਕੇ ਬਲਿਹਾਰ ਜਾਂਦਾ ਹਾਂ॥ ੨॥

ਮਃ ੫ ॥ ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥

ਪ੍ਰਭੂ ਦਾ ਵਿਛੋੜਾ ਸੁਣ ਕੇ ਦੁੱਖ ਪਰਾਪਤ ਹੁੰਦਾ ਹੈ ਅਤੇ ਦਰਸ਼ਨ ਦੇਖੇ ਤੋਂ ਬਿਨਾਂ ਮਰਿਓਦਿ= ਮਰਨਾ ਹੁੰਦਾ ਹੈ।

ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ ॥ ੩ ॥

ਆਪਣੇ ਪਿਆਰੇ ਪ੍ਰਭੂ ਨੂੰ ਮਿਲੇ ਤੋਂ ਬਿਨਾਂ ਬਿਰਹੀ= ਪ੍ਰੇਮੀ ਪੁਰਸ਼ ਧੀਰੋਦਿ= ਧੀਰਜ ਨਹੀਂ ਧਰ ਸਕਦਾ॥ ੩॥

ਪਉੜੀ ॥ ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥

ਤਟ= ਕਿਨਾਰਿਆਂ ਦੇ ਸਹਿਤ, ਕੇਦਾਰ ਨਾਥ, ਮਥਰਾ ਤੇ ਕਾਂਸ਼ੀ ਆਦਿਕ ਜੋ ਭੀ ਤੀਰਥ ਹਨ ਸਭ ਨਾਸ ਰੂਪ ਹਨ, ਦੇਵ= ਦੇਵਤੇ ਤੇ ਦੇਵਾਲਿਆ= ਮੰਦਰ ਆਦਿਕ ਸਭ ਨਾਸਵੰਤ ਹਨ।

ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥

ਤੇਤੀ ਕ੍ਰੋੜ ਦੇਵਤਿਆਂ ਦੇ ਸਣੁ= ਸਹਿਤ ਇੰਦਰ ਨੇ ਭੀ ਚਲਿਆਂ ਜਾਣਾ ਹੈ।

ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ॥

(ਸਤਾਈ) ਸ੍ਮ੍ਰਿਤੀਆਂ, (ਛੇ) ਸ਼ਾਸਤ੍ਰ, (ਚਾਰ) ਵੇਦ, ਖਟੁ ਦਰਸ= ਛੇ ਭੇਖਾਂ ਨੇ ਭੀ ਸਮਾ ਜਾਣਾ ਹੈ।

ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ॥

ਪੋਥੀਆਂ, ਪੰਡਿਤ= ਵਿਦਵਾਨ ਲੋਕ, ਗੀਤ, ਕਵਿਤ= ਕਬਿਤ (ਦੋਹਰੇ, ਚੌਪਈਆਂ ਆਦਿਕ) ਕਵਤੇ= ਕਵਿਤਾ ਦੇ ਉਚਾਰਨ ਵਾਲੇ ਕਵੀ ਲੋਕ ਭੀ ਚਲੇ ਜਾਣਗੇ।

ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ॥

(ਸਮੇਂ ਅਨੁਸਾਰ) ਜਤੀ, ਸਤੀ ਤੇ ਸੰਨਿਆਸੀ ਆਦਿਕ ਸਭ ਕਾਲ ਦੇ ਵਸੀਕਾਰ ਹੋ ਜਾਣਗੇ।

ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ॥

ਮੁਨੀ, ਜੋਗੀ ਤੇ ਦਿਗੰਬਰਾ= ਨਾਂਗੇ ਆਦਿਕ ਸਭਨਾ ਨੇ ਜਮਾਂ ਦੇ ਸਣੁ= ਨਾਲ ਚਲਿਆਂ ਜਾਣਾ ਹੈ।

ਵਾ :- ਜਮ ਦੇ ਸਣੁ= ਸਹਿਤ ਸਭ ਨੇ ਚਲਿਆਂ ਜਾਣਾ ਹੈ।

ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ॥

੧) ਜੋ ਦਿਸਦਾ ਹੈ ਉਹ ਵਿਣਸਣਾ= ਨਾਸ ਹੋਣ ਵਾਲਾ ਹੈ, ਇਸ ਲਈ ਬਿਨਸਨਹਾਰ ਸਭ ਕੁਝ ਬਿਨਸ ਜਾਏਗਾ।

੨) ਵਰਤਮਾਨ ਵਿਚ ਜੋ ਦਿਸ ਰਿਹਾ ਹੈ, ਉਹ ਸਭ ਵਿਣਸਣਾ= ਨਾਸ ਹੋ ਰਿਹਾ ਹੈ, ਪਿੱਛੇ ਭੂਤਕਾਲ ਵਿਚ ਭੀ ਸਭ ਕੁਝ ਬਿਨਸਿ= ਨਾਸ ਹੋ ਚੁੱਕਾ ਹੈ, ਅੱਗੇ ਭਵਿੱਖਤ ਵਿਚ ਭੀ ਸਭ ਕੁਝ ਬਿਨਾਸੀ= ਨਾਸ ਹੋ ਜਾਏਗਾ।

੩) ਜੋ ਕੁਝ ਦਿਸ ਰਿਹਾ ਹੈ ਸਭ ਨਾਸ ਹੋ ਜਾਣਾ ਹੈ ਪਰ ਤੂੰ ਬਿਨਸਿ= ਸ਼ੀਘਰ (ਜਲਦੀ) ਇਸ ਦੀ ਬਿਨਾਸੀ= ਆਸਾ ਤੋਂ ਬਿਨਾਂ ਹੋ ਜਾਹ।

ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥੧੮॥

ਇਕ ਪਾਰਬ੍ਰਹਮ ਪਰਮੇਸ਼ਰ ਹੀ ਥਿਰੁ= ਅਚੱਲ ਹੈ, ਜਾਂ ਉਸ ਪਰਮੇਸ਼ਰ ਦਾ ਅਸਲ ਸੇਵਕ ਥਿਰੁ= ਇਸਥਿਤ ਹੋਵੇਗਾ॥ ੧੮॥

ਸਲੋਕ ਡਖਣੇ ਮਃ ੫॥ ਸੈ ਨੰਗੇ ਨਹ ਨੰਗ ਭੁਖੇ ਲਖ ਨ ਭੁਖਿਆ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਵੱਲ ਪਿਰੀ= ਪਰਮਾਤਮਾ ਸੁਭ ਦਿਸਟਿ= ਚੰਗੀ ਕਿਰਪਾ ਦ੍ਰਿਸ਼ਟੀ ਨਾਲ ਦੇਖਦਾ ਹੈ, ਉਹ ਗੁਰਮੁਖ ਭਾਵੇਂ ਸੌ ਤਰ੍ਹਾਂ ਕਰ ਕੇ ਨੰਗੇ ਹਨ ਪਰ ਫਿਰ ਭੀ ਨੰਗੇ ਨਹੀਂ ਹਨ, ਕਿਉਂਕਿ ਉਹਨਾਂ ਦੀ ਮਾਨਤਾ ਬੜੀ ਹੈ। ਭਾਵੇਂ ਉਹਨਾਂ ਦੇ ਲਖ= ਲੱਖਾਂ ਅਰਥਾਤ ਬਹੁਤੇ ਦਿਨ ਭੁੱਖਿਆਂ ਬੀਤਦੇ ਹਨ ਪਰ ਫਿਰ ਭੀ ਉਹ ਭੁੱਖੇ ਨਹੀਂ ਹਨ, ਕਿਉਂਕਿ ਉਹ ਸੰਤੋਖੀ ਹਨ।

ਭੁਖੇ ਕੋੜਿ ਨ ਭੁਖ ਨਾਨਕ ਪਿਰੀ ਪਿਖੰਦੋ ਸੁਭ ਦਿਸਟਿ॥੧॥

ਭਾਵੇਂ ਉਹਨਾਂ ਨੂੰ ਕਰੋੜਾਂ ਭੁਖੇ= ਦੁੱਖ ਮਿਲਦੇ ਹਨ, ਪਰ ਫਿਰ ਭੀ ਉਹ ਦੁੱਖ ਨਹੀਂ ਮੰਨਦੇ, ਕਿਉਂਕਿ

ਇਕ ਤਾਂ ਪ੍ਰਭੂ ਦੀ ਕਿਰਪਾ ਹੈ, ਦੂਜਾ ਉਹਨਾਂ ਦੇ ਅੰਦਰ ਗਿਆਨ ਹੈ ਤੇ ਗਿਆਨਵਾਨ ਕਦੇ ਭੀ ਦੁੱਖ ਨਹੀਂ ਮੰਨਦਾ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ (ਪੰਨਾ ੬੩੩)

[ਪੰਨਾ ੧੧੦੧]

ਮਃ ੫॥ ਸੁਖ ਸਮੂਹਾ ਭੋਗ ਭੂਮਿ ਸਬਾਈ ਕੋ ਧਣੀ॥

ਭਾਵੇਂ ਸਾਰੇ ਦੁਨਿਆਵੀ ਸੁਖਾਂ ਨੂੰ ਭੋਗਦਾ ਹੋਵੇ ਅਤੇ ਭਾਵੇਂ ਸਾਰੀ ਧਰਤੀ ਦਾ ਧਣੀ= ਮਾਲਕ (ਰਾਜਾ) ਭੀ ਹੋਵੇ।

ਨਾਨਕ ਹਭੋ ਰੋਗੁ ਮਿਰਤਕ ਨਾਮ ਵਿਹੂਣਿਆ॥ ੨॥

ਗੁਰੂ ਜੀ ਕਥਨ ਕਰਦੇ ਹਨ— ਜੇਕਰ ਨਾਮ-ਸਿਮਰਨ ਤੋਂ ਵਿਹੂਣਿਆ= ਬਿਨਾਂ ਹੈ ਤਾਂ ਉਸ ਨੂੰ ਹਭੋ= ਸਾਰੇ ਰੋਗ ਆ ਕੇ ਚੰਮੜਦੇ ਹਨ ਤੇ ਉਹ ਮਿਰਤਕ= ਮੁਰਦੇ ਤੁਲ ਹੈ॥ ੨॥

ਮਃ ੫॥ ਹਿਕਸ ਕੂੰ ਤੂ ਆਹਿ ਪਛਾਣੂ ਭੀ ਹਿਕੁ ਕਰਿ॥

ਹੇ ਭਾਈ ! ਤੂੰ ਹਿਕਸ= ਇਕ ਪ੍ਰਭੂ ਦੀ ਪਰਾਪਤੀ ਕੂੰ ਨੂੰ ਆਹਿ= ਚਾਹੁਣਾ ਕਰ ਅਤੇ ਪਛਾਣੂ ਭੀ ਇਕ ਨੂੰ ਬਣਾ ਲੈਣਾ ਕਰ।

ਨਾਨਕ ਆਸੜੀ ਨਿਬਾਹਿ ਮਾਨੁਖ ਪਰਥਾਈ ਲਜੀਵਦੋ॥ ੩॥

ਗੁਰੂ ਜੀ ਕਥਨ ਕਰਦੇ ਹਨ— ਉਹ ਪਰਮੇਸ਼ਰ ਹੀ ਆਸਾ ਦੇ ਪੂਰਨ ਕਰਨ ਵਾਲਾ ਹੈ, ਮਨੁੱਖ ਜਾਂ ਦੇਵੀ ਦੇਵਤਿਆਂ ਦੇ ਪਰਥਾਈ= ਪਾਸੋਂ ਮੰਗਣਾ ਲਜੀਵਦੋ= ਸ਼ਰਮ ਦਾ ਕੰਮ ਹੈ, ਜਾਂ ਸ਼ਰਮਿੰਦੇ ਹੋਈਦਾ ਹੈ॥ ੩॥

ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ-

ਸਚੁ ਦਾਤਾਰੁ ਵਿਸਾਰ ਕੈ ਮੰਗਤਿਆਂ ਨੋ ਮੰਗਣ ਜਾਹੀ॥ (ਵਾਰ ੧੫/੬)

ਪਉੜੀ॥ ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ॥

ਅਗਮ ਅਗਾਧ ਜੋ ਇਕ ਹਰੀ ਨਰਾਇਣ ਹੈ, ਓਹੀ ਨਿਹਚਲੁ= ਅਚੱਲ ਹੈ।

ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ॥

ਨਾਮ ਰੂਪ ਨਿਧਾਨੁ= ਖਜ਼ਾਨਾ ਨਿਹਚਲੁ= ਅਚੱਲ ਹੈ, ਜਿਸ ਨਾਮ ਦੇ ਸਿਮਰਨ ਕਰ ਕੇ ਹਰੀ ਲਾਧਾ= ਲਭਦਾ (ਪਰਾਪਤ) ਹੁੰਦਾ ਹੈ।

ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ॥

੧) ਗੁਰਮੁਖ ਲੋਕ ਹਮੇਸ਼ਾਂ ਨਿਸਚਲ ਗੋਬਿੰਦ ਦੇ ਗੁਣਾਂ ਦਾ ਕੀਰਤਨ ਗਾਵਾਧਾ= ਗਾਉਂਦੇ ਹਨ।

੨) ਗੋਬਿੰਦ ਦੇ ਗੁਣਾਂ ਦਾ ਕੀਰਤਨ ਗਾਉਣ ਵਾਲੇ ਗੁਰਮੁਖ ਭੀ ਨਿਹਚਲੁ= ਅਚੱਲ ਹਨ।

ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ॥

੧) ਸੱਚ ਬੋਲਣ ਰੂਪ ਧਰਮ ਤੇ ਦਿਨ ਰਾਤ ਅਰਾਧਾ= ਸਿਮਰਨ ਰੂਪ ਤਪ ਅਚੱਲ ਹੈ।

੨) ਜਿਸ ਨੇ ਦਿਨ ਰਾਤ ਸੱਚ ਨਾਮ ਨੂੰ ਅਰਾਧਿਆ ਹੈ, ਸ੍ਵੈ ਧਰਮ ਨੂੰ ਦ੍ਰਿੜ੍ਹ ਕੀਤਾ ਹੈ ਤੇ ਗੁਰ ਸੇਵਾ ਕਰਨ ਰੂਪ ਤਪ ਕੀਤਾ ਹੈ' ਉਹ ਗੁਰਮੁਖ ਭੀ ਨਿਹਚਲੋ= ਅਚੱਲ ਹੈ।

ਯਥਾ:- ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥ *(ਪੰਨਾ ੪੨੩)*

ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ॥

ਜਿਸ ਦੇ ਕਰਮਾਂ ਵਿਚ ਲਿਖਿਆ ਹੋਇਆ ਹੈ, ਉਸ ਜੀਵ ਨੂੰ ਅਚੱਲ ਕਰਨ ਵਾਲੇ ਦਇਆ, ਧਰਮ ਤੇ ਤਪ ਆਦਿਕ ਸ਼ੁਭ ਗੁਣ ਪਰਾਪਤ ਹੁੰਦੇ ਹਨ।

ਨਿਹਚਲੁ ਮਸਤਕਿ ਲੇਖੁ ਲਿਖਿਆ ਸੋ ਟਲੈ ਨ ਟਲਾਧਾ॥

ਪ੍ਰਭੂ ਨੇ ਜੀਵਾਂ ਦੇ ਮੱਥੇ ਪਰ ਜੋ ਲੇਖ ਲਿਖ ਦਿੱਤਾ ਹੈ ਉਹ ਨਿਹਚਲੁ= ਅਚੱਲ ਹੈ, ਭੋਗੇ ਤੋਂ ਬਿਨਾਂ ਉਹ ਲੇਖ ਕਿਸੇ ਦਾ ਟਲਾਧਾ= ਟਾਲਿਆ (ਹਟਾਇਆ) ਹੋਇਆ ਟਲੈ ਨ= ਹਟਦਾ ਨਹੀਂ।

ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ॥

ਸੰਤ ਜਨਾਂ ਦੀ ਸੰਗਤ ਨਿਸਚਲ ਹੈ ਅਤੇ ਗੁਰਾਂ ਦਾ ਤੇ ਸੰਤਾਂ ਦਾ ਬਚਨ ਭੀ ਅੱਚਲ ਹੈ, ਗੁਰੂ ਤੇ ਸੰਤ ਜੋ ਭੀ ਬਚਨ ਆਖਦੇ ਹਨ ਉਹ ਪੂਰੇ ਹੁੰਦੇ ਹਨ।

ਯਥਾ:- ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥ ੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਅਗਾਧਾ॥ ੩॥

(ਸਾਰਗ ਮ: ੫, ਪੰਨਾ ੧੨੦੪)

ਜਿਨ ਕਉ ਪੂਰਬਿ ਲਿਖਿਆ ਤਿਨ ਸਦਾ ਸਦਾ ਆਰਾਧਾ॥ ੧੯॥

ਜਿਨ੍ਹਾਂ ਨੂੰ ਪੂਰਬਿ= ਪਿਛਲੇ ਕਰਮਾਂ ਦਾ ਲੇਖ ਲਿਖਿਆ ਹੋਇਆ ਫਲ ਦੇਣ ਨੂੰ ਪਰਾਪਤ ਹੋਇਆ ਹੈ, ਉਹਨਾਂ ਨੇ ਸਦਾ= ਨਿਤ ਰੂਪ ਹਰੀ ਨੂੰ ਸਦਾ ਸਦਾ ਆਰਾਧਣਾ ਕੀਤਾ ਹੈ॥ ੧੯॥

ਸਲੋਕ ਡਖਣੇ ਮਃ ੫॥ ਜੋ ਡੁਬੰਦੋ ਆਪਿ, ਸੋ ਤਰਾਏ ਕਿਨ੍ ਖੇ॥

ਜੋ ਪੱਥਰ ਆਪ ਡੁੱਬ ਜਾਂਦਾ ਹੈ ਉਹ ਭਲਾ (ਹੋਰ) ਕਿਸ ਨੂੰ ਤਾਰ ਸਕਦਾ ਹੈ?

ਏਸੇ ਤਰ੍ਹਾਂ- ਜੋ ਅਗਿਆਨੀ ਪਾਪੀ ਗੁਰੂ ਆਪ ਸੰਸਾਰ-ਸਮੁੰਦਰ ਵਿਚ ਡੁੱਬ ਰਿਹਾ ਹੈ, ਉਸ ਨੇ ਭਲਾ ਕਿਨ੍ ਖੇ= ਕਿਸ ਨੂੰ ਤਾਰਨਾ ਹੈ?

ਤਾਰੇਦੜੋ ਭੀ ਤਾਰਿ, ਨਾਨਕ ਪਿਰ ਸਿਉ ਰਤਿਆ॥ ੧॥

ਗੁਰੂ ਜੀ ਕਥਨ ਕਰਦੇ ਹਨ- ਜੋ ਆਪਣੇ ਪਿਰ= ਪਤੀ- ਪਰਮਾਤਮਾ ਦੇ ਪ੍ਰੇਮ ਨਾਲ ਰਤਿਆ= ਰੰਗਿਆ

ਰਹਿੰਦਾ ਹੈ ਜਾਂ ਤਦਾਕਾਰ ਰਹਿੰਦਾ ਹੈ, ਉਹ ਤਾਰੇਦੜੋ= ਤਾਰਨ ਵਾਲਾ ਹੀ ਸਭ ਨੂੰ ਤਾਰ ਸਕਦਾ ਹੈ॥ ੧॥

ਮਃ ੫॥ ਜਿਥੈ ਕੋਇ ਕਥੰਨਿ, ਨਾਉ ਸੁਣੰਦੋ ਮਾ ਪਿਰੀ॥

ਜਿਸ ਜਗ੍ਹਾ ਕੋਈ ਕਥਨ ਵਾਲਾ ਬੈਠਾ ਹੋਵੇ ਤੇ ਉਸ ਕੋਲੋਂ ਮਾ ਪਿਰੀ= ਮੇਰੇ ਪਿਆਰੇ ਪਿਰੀ- ਪਰਮਾਤਮਾ ਦਾ ਨਾਮ ਸੁਣੀਦਾ ਹੋਵੇ।

ਮੂੰ ਜੁਲਾਊਂ ਤਥਿ, ਨਾਨਕ ਪਿਰੀ ਪਸੰਦੋ ਹਰਿਓ ਥੀਓਸਿ॥ ੨॥

ਮੂੰ= ਮੈਂ ਤਥਿ= ਤਿਸ ਥਾਂ ਪਰ ਜੁਲਾਊਂ= ਚਲ ਕੇ ਜਾਂਦੀ ਹਾਂ, ਕਿਉਂਕਿ ਪਿਰੀ ਦੇ ਪਿਆਰਿਆਂ ਦਾ ਦਰਸ਼ਨ ਕਰਨ ਨਾਲ ਮਨ ਸ਼ੁਭ ਗੁਣਾਂ ਨਾਲ ਹਰਿਆ ਥੀਓਸਿ= ਹੁੰਦਾ ਹੈ॥ ੨॥

ਮਃ ੫॥ ਮੇਰੀ ਮੇਰੀ ਕਿਆ ਕਰਹਿ ਪੁਤ੍ਰ ਕਲਤ੍ਰ ਸਨੇਹ॥

ਹੇ ਭਾਈ ! ਪੁੱਤਰ ਤੇ ਕਲਤ੍ਰ= ਇਸਤ੍ਰੀ ਦੇ ਸਨੇਹ= ਪਰੇਮ ਵੱਸ ਹੋ ਕੇ ਤੂੰ ਮੇਰੀ ਮੇਰੀ ਕੀ ਕਰ ਰਿਹਾ ਹੈਂ?

ਨਾਨਕ ਨਾਮ ਵਿਹੂਣਿਆ ਨਿ ਮੁਣੀਆਦੀ ਦੇਹ॥ ੩॥

ਗੁਰੂ ਜੀ ਕਥਨ ਕਰਦੇ ਹਨ— ਹੇ ਨਾਮ-ਸਿਮਰਨ ਤੋਂ ਵਿਹੂਣਿਆ= ਹੀਣਿਆਂ ਪੁਰਸ਼ਾ ! ਤੇਰੀ ਏਹ ਦੇਹ ਮੁਨਿਆਦ ਤੋਂ ਨਿ= ਬਿਨਾਂ ਹੈ ਇਸ ਦੇ ਨਾਸ ਹੋਣ ਦਾ ਕੋਈ ਪਤਾ ਨਹੀਂ ਹੈ, ਇਸ ਲਈ (ਤੂੰ) ਇਸ ਨੂੰ ਸਫਲ ਕਰਨ ਦਾ ਯਤਨ ਕਰ ਲੈ॥ ੮॥ ਆਪਣੀ ਸ਼ਰਧਾ ਦੱਸਦੇ ਹਨ-

ਪਉੜੀ॥ ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ॥

ਨੈਣੀ= ਅੱਖਾਂ ਨਾਲ ਮੈਂ ਆਪਣੇ ਗੁਰੂ ਦਾ ਦਰਸ਼ਨ ਵੇਖਦਾ ਹਾਂ ਅਤੇ ਮਥਾ= ਸਿਰ ਗੁਰੂ ਦੇ ਚਰਨਾਂ ਪਰ ਰੱਖਦਾ ਹਾਂ।

ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ॥

ਪੈਰਾਂ ਨਾਲ ਗੁਰਾਂ ਦੇ ਰਸਤੇ ਚਲਦਾ ਹਾਂ ਅਤੇ ਹੱਥਾਂ ਨਾਲ ਪੱਖਾ ਫੇਰੀ= ਫੇਰਦਾ (ਝੱਲਦਾ) ਹਾਂ।

ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ॥

ਅਕਾਲ ਮੂਰਤਿ= ਅਕਾਲ ਸਰੂਪ ਪਰਮਾਤਮਾ ਨੂੰ ਹਿਰਦੇ ਵਿਚ ਧਿਆਉਂਦਾ ਹਾਂ ਤੇ ਦਿਨ ਰਾਤ ਇਕ ਰਸ ਨਾਮ ਜਪਦਾ ਹਾਂ।

ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ॥

ਸਮਰੱਥ ਗੁਰੂ ਦੇ ਭਰੋਸੇ ਰਹਿ ਕੇ ਮੈਂ ਸਾਰਾ ਅਪਾਇਣੋ= ਹੰਕਾਰ ਛੱਡ ਦਿੱਤਾ ਹੈ।

ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ॥

ਗੁਰੂ ਨੇ ਮੈਨੂੰ ਨਾਮ ਰੂਪ ਨਿਧਾਨੁ= ਖਜ਼ਾਨਾ ਬਖਸ਼ਿਆ ਹੈ, ਜਿਸ ਕਰ ਕੇ ਮੇਰਾ ਸਾਰਾ ਦੁੱਖ ਲਥਾ= ਲਹਿ ਗਿਆ ਹੈ।

ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ॥

ਹੇ ਭਾਈਓ ! ਬੁੱਧੀ ਰੂਪ ਪੱਲੇ ਵਿਚ ਅਗਥਾ= ਅਕੱਥ ਹਰੀ ਦਾ ਨਾਮ ਸੰਭਾਲ ਕੇ ਭੋਗਹੁ ਭੁੰਚਹੁ= ਖਾਵੋ

ਖਰਚੋ, ਭਾਵ ਆਪ ਜਪੋ ਤੇ ਹੋਰਨਾਂ ਪਾਸੋਂ ਜਪਵਾਓ।

ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ ॥

ਨਾਮ, ਦਾਨ ਤੇ ਇਸ਼ਨਾਨ ਆਦਿਕ ਸ਼ੁਭ ਕਰਮਾਂ ਨੂੰ ਦ੍ਰਿੜ੍ਹ ਕਰ ਕੇ, ਸਦਾ ਹੀ ਗੁਰੂ ਦੀ ਕਥਾ ਕਰੋ !

ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ ॥ ੨੦ ॥

ਜਿਸ ਨੂੰ ਇਸ ਤਰ੍ਹਾਂ ਦਾ ਸਹਜੁ= ਗਿਆਨ ਹੋਇਆ ਹੈ, ਉਸ ਨੇ ਪ੍ਰਭੂ ਨੂੰ ਪਾ ਲਿਆ ਹੈ ਅਤੇ ਜਮਾਂ ਦਾ ਭਉ= ਡਰ ਲਹਿ ਗਿਆ ਹੈ॥ ੨੦॥

ਸਲੋਕ ਡਖਣੇ ਮਃ ੫ ॥ ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ ॥

(ਗੁਰਮੁਖਾਂ ਦੀਆਂ ਅੱਖਾਂ) ਪਿਆਰੇ ਪਿਰੀ (ਪਰਮਾਤਮਾ) ਦੇ ਦੇਖਣ ਵਿਚ ਲਗੜੀਆ= ਲਗੀਆਂ ਹੋਈਆਂ ਹਨ, (ਦਰਸ਼ਨ ਦੇਖਦੀਆਂ ਹੋਈਆਂ ਅੱਖਾਂ) ਤਿਪੀਆ ਨਾ= ਰੱਜ ਦੀਆਂ ਨਹੀਂ।

ਯਥਾ:- ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ॥ *(ਪੰਨਾ ੧੧੦੦)*

ਏਸੇ ਤਰ੍ਹਾਂ ਆਸ਼ਕ ਲੋਕ ਉਸ ਦੇ ਦੇਖਣ ਵਿਚ ਤੜਫਦੇ ਰਹਿੰਦੇ ਹਨ। ਰੱਬੀ- ਆਸ਼ਕਾਂ ਦੀ ਵਿਦਵਾਨਾਂ ਨੇ ਨੌਂ ਨਿਸ਼ਾਨੀਆਂ ਦੱਸੀਆਂ ਹਨ—

ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ! ਆਹ ਸ਼ਰਦੋ[੧], ਰੰਗ ਜ਼ਰਦੋ[੨], ਚਸ਼ਮ-ਤਰ[੩]।
ਕਮ ਗੁਫਤਨੋ[੪], ਕਮ ਖੁਰਦਨੋ[੫], ਖੁਆਬਸ਼ ਹਰਾਮ[੬]। ਇੰਤਜਾਰੀ, ਬੇਕਰਾਰੀ, ਦਸਤ-ਸਰ।

(ਹਰੀ ਨਰਾਇਣ, ਪੰਨਾ ੪੬੦)

ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ ॥ ੧ ॥

ਸੋ ਧਣੀ= ਉਹ ਮਾਲਕ (ਪਰਮਾਤਮਾ) ਹਭ ਮਝਾਹੂ= ਸਾਰਿਆਂ ਦੇ ਹਿਰਦੇ ਵਿਚ ਹੈ, ਉਸ ਤੋਂ ਬਿਨਾਂ ਹੋਰ ਕੋਈ ਬਿਆ= ਦੂਜਾ (ਅੱਖਾਂ ਨੇ) ਦੇਖਿਆ ਨਹੀਂ ਹੈ॥ ੧॥

ਮਃ ੫ ॥ ਕਥੜੀਆ ਸੰਤਾਹ ਤੇ ਸੁਖਾਊ ਪੰਧੀਆ ॥

(ਪੂਰਨ ਸੰਤਾਂ ਦੀਆਂ ਜੋ) ਕਥੜੀਆ= ਕਥਾਵਾਂ ਹਨ ਤੇ= ਉਹ (ਕਥਾਵਾਂ) ਸੁਖਾਊ ਪੰਧੀਆ= ਸੁਖਾਂ ਦੀਆਂ ਗਲੀਆਂ ਹਨ।

ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਦੇ ਮਥਾਹੜੈ= ਮੱਥੇ ਦੇ (ਉੱਤਮ) ਭਾਗ ਹਨ ਤਿੰਨਾਹ= ਉਹਨਾਂ (ਗੁਰਮੁਖਾਂ) ਨੂੰ (ਉਹ ਗਲੀਆਂ) ਲਧੜੀਆ= ਲਭੀਆਂ ਹਨ॥ ੨॥

ਮਃ ੫ ॥ ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ ॥

ਡੂੰਗਰਿ= ਪਹਾੜਾਂ ਵਿਚ, ਜਲਾਂ ਵਿਚ, ਥਲਾਂ ਵਿਚ ਭੂਮਿ= ਧਰਤੀ ਵਿਚ, ਬਨਾ= ਜੰਗਲਾਂ ਵਿਚ (ਪੱਤੇ, ਫੁੱਲ) ਤੇ ਫਲ (ਆਦਿਕਾਂ ਵਿਚ) ਅਤੇ (ਪਹਾੜਾਂ ਦੀਆਂ) ਕੰਦਰਾ= ਗੁਫਾਂ ਵਿਚ ਉਹ ਪੂਰਨ ਹੈ।

---

੧. ਠੰਡੇ ਸਾਹ ਲੈਣੇ। ੨. ਮੂੰਹ ਦਾ ਰੰਗ ਪੀਲਾ ਹੋ ਜਾਣਾ। ੩. ਅੱਖਾਂ ਭਿੱਜੀਆਂ ਰਹਿਣੀਆਂ। ੪. ਬਹੁਤ ਘੱਟ ਬੋਲਣਾ। ੫. ਭੁੱਖ ਘਟ ਜਾਣੀ। ੬. ਨੀਂਦ ਹਰਾਮ ਹੋ ਜਾਣੀ ਭਾਵ ਨੀਂਦ ਨਾ ਆਉਣੀ। ੭. ਇੰਤਜ਼ਾਰ ਵਿਚ ਬੈਠੇ ਰਹਿਣਾ। ੮. ਬੇਚੈਨੀ ਬਣੀ ਰਹਿਣੀ। ੯. ਹੱਥਾਂ ਵਿਚ ਸਿਰ ਫੜ ਕੇ ਬੈਠੇ ਰਹਿਣਾ।

ਪਾਤਾਲਾ ਆਕਾਸ ਪੂਰਨੁ ਹਭ ਘਟਾ ॥

(ਸੱਤਾਂ) ਪਤਾਲਾਂ ਵਿਚ, (ਸੱਤਾਂ) ਅਕਾਸ਼ਾਂ ਵਿਚ ਅਤੇ ਹਭ= ਸਾਰਿਆਂ ਘਟਾ= ਸਰੀਰਾਂ (ਵਿਚ ਉਹ ਪਰਮੇਸ਼ਰ ਪਰੀ) ਪੂਰਨ ਹੈ।

ਨਾਨਕ ਪੇਖਿ ਜੀਓ ਇਕਤੁ ਸੂਤਿ ਪਰੋਤੀਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ— (ਮੈਂ ਉਸ ਨੂੰ) ਦੇਖ ਕੇ ਜੀਓ= ਜੀਉਂਦਾ ਹਾਂ, (ਜਿਸ ਪ੍ਰਭੂ ਨੇ ਸਾਰੀਆਂ ਦੇਹਾਂ) ਇਕ (ਚੇਤਨ ਸੱਤਾ ਰੂਪੀ) ਸੂਤਰ ਵਿਚ ਪਰੋਤੀਆਂ ਹੋਈਆਂ ਹਨ॥ ੩ ॥

ਅਗਲੀ ਪੌੜੀ ਵਿਚ ਦਸਦੇ ਹਨ ਕਿ ਮੇਰਾ ਸਭ ਕੁਝ ਹਰੀ ਹੀ ਹੈ—

ਪਉੜੀ ॥ ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥

ਹਰੀ ਜੀ ਮਾਂ ਹੈ, ਹਰੀ ਜੀ ਪਿਉ ਹੈ ਅਤੇ ਹਰਿ ਜੀਉ ਹੀ ਸਭਨਾਂ ਦੀ ਪ੍ਰਤਿਪਾਲਕ= ਪਾਲਣਾ ਕਰਨ ਵਾਲਾ ਹੈ।

ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥

ਹਰਿ ਜੀਉ ਹੀ ਮੇਰੀ ਸਾਰ= ਸੰਭਾਲ ਕਰਦਾ ਹੈ, ਅਸੀਂ ਹਰੀ ਦੇ ਪੁੱਤਰ ਹਾਂ।

ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥

ਸਹਜੇ= ਸੁਭਾਵਕ ਹੀ ਸਹਜਿ= ਗਿਆਨ ਰੂਪ ਦਿਨ ਵਿਚ ਖਿਡਾਉਂਦਾ ਹੈ, ਆਲਕ= ਆਲਸ ਬਿਲਕੁਲ ਨਹੀਂ ਕਰਦਾ।

ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥

ਔਗੁਣ ਤਾਂ ਬਹੁਤ ਕੀਤੇ ਹਨ ਪਰ ਉਹ ਪ੍ਰਭੂ ਕੋਈ ਭੀ ਚਿਤਾਰਦਾ= ਵੇਖਦਾ ਨਹੀਂ ਹੈਂ, ਵਾ :- ਯਾਦ ਨਹੀਂ ਕਰਦਾ ਤੇ ਆਪਣੇ ਗਲ ਨਾਲ ਲਾਇਕ= ਲਾ ਲੈਂਦਾ ਹੈ।

ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖ ਦਾਇਕ ॥

ਜੋ ਮੂੰਹੋਂ ਮੰਗਦਾ ਹਾਂ ਓਹੀ ਪਦਾਰਥ ਦੇ ਦੇਂਦਾ ਹੈ, ਹਰੀ- ਪਿਤਾ ਇਸ ਤਰ੍ਹਾਂ ਦਾ ਸੁਖ ਦਾਇਕ= ਦੇਣ ਵਾਲਾ ਹੈ।

ਯਥਾ:- ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥ ੨॥ *(ਪੰਨਾ ੬੮੧)*

ਪੰਨਾ ੧੧੦੨

ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥

ਬ੍ਰਹਮ ਗਿਆਨ ਦੀ ਰਾਸਿ= ਪੂੰਜੀ ਤੇ ਨਾਮ- ਧਨ ਮੈਨੂੰ ਸੌਂਪ ਦਿੱਤਾ ਹੈ, ਵਾ :- ਸ਼ਰਧਾ ਰੂਪ ਪੂੰਜੀ ਕਰ ਕੇ ਨਾਮ- ਗਿਆਨ ਰੂਪ ਧਨ ਮੈਨੂੰ ਸੌਂਪ ਦਿੱਤਾ ਹੈ ਤੇ ਇਸ ਉਤਮ ਸੌਦੇ ਦੇ ਲਾਇਕ= ਯੋਗ ਮੈਨੂੰ ਕਰ ਦਿੱਤਾ ਹੈ।

ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥

ਸਾਝੀ= ਭਾਈਵਾਲ ਕਰ ਕੇ ਮੈਨੂੰ ਗੁਰਾਂ ਨਾਲ ਬਿਠਾ ਦਿੱਤਾ ਹੈ, ਇਸ ਲਈ ਮੈਂ ਦਾਸ ਨੇ ਸਾਰੇ ਸੁਖ

ਪਾਇਕ*= ਪਾਉਣਾ ਕੀਤੇ ਹਨ।

ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥ ੨੧॥

ਉਹ ਹਰੀ- ਪਿਤਾ ਮੇਰੇ ਨਾਲੋਂ ਕਦੇ ਵਿਛੁੜਦਾ ਨਹੀਂ ਹੈ, ਕਿਉਂਕਿ ਹਰੀ- ਪਿਤਾ ਸਾਰੀਆਂ ਗੱਲਾਂ ਦੇ ਕਰਨੇ ਲਾਇਕ ਹੈ। ਭਾਵ ਸਭ ਗੱਲਾਂ ਕਰਨ ਨੂੰ ਸਮਰੱਥ ਹੈ॥ ੨੧॥

ਸਲੋਕ ਡਖਣੇ ਮਃ ੫॥

ਨਾਨਕ ਕਚੜਿਆ ਸਿਉ ਤੋੜਿ ਢੂੰਢਿ ਸਜਣ ਸੰਤ ਪਕਿਆ॥

ਗੁਰੂ ਜੀ ਕਥਨ ਕਰਦੇ ਹਨ— ਸੰਬੰਧੀਆਂ ਰੂਪ ਕੱਚਿਆਂ (ਮਿੱਤਰਾਂ) ਨਾਲੋਂ ਪਰੀਤੀ ਤੋੜ ਕੇ ਸਾਧਨਾਂ ਵਿਚ ਪੱਕੇ ਜੋ ਸੰਤ ਸਜਣ ਹਨ, ਉਹਨਾਂ ਨੂੰ ਢੂੰਢਿ= ਲੱਭ ਲੈ।

*ਯਥਾ :-*ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਹੀ ਵਹੰਨ੍ਹਿ॥

ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥ ੮੯॥ *(ਪੰਨਾ ੧੩੮੨)*

ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥ ੧॥

ਉਹ (ਸੰਬੰਧੀ ਤਾਂ) ਜੀਉਂਦੇ (ਹੀ) ਵਿਛੜ ਜਾਂਦੇ ਹਨ °(ਪਰ) ਉਹ (ਪੱਕੇ ਸੰਤ ਮਿੱਤਰ ਅਜਿਹੇ ਹਨ, ਚਾਹੇ) ਮਰ ਭੀ ਜਾਵੇ ਤਾਂ ਵੀ ਛੱਡ ਨਹੀਂ ਜਾਂਦੇ। (ਮਗਰੋਂ ਅਖੰਡਪਾਠ ਤੇ ਭੰਡਾਰਾ ਕਰ ਦੇਂਦੇ ਹਨ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਨ ਕਿ ਇਸ ਪ੍ਰਾਣੀ ਦੀ ਆਤਮਾ ਨੂੰ ਸ਼ਾਂਤੀ ਪਰਾਪਤ ਹੋਵੇ ਤੇ ਕੱਚੇ ਸੰਬੰਧੀ ਮਿੱਤਰ ਆਦਿਕ ਜੀਉਂਦਿਆਂ ਹੀ ਬਿਪਤਾ ਸਮੇਂ ਵਿਚ ਛੱਡ ਜਾਂਦੇ ਹਨ।

ਮਃ ੫॥ ਨਾਨਕ ਬਿਜੁਲੀਆ ਚਮਕੰਨਿ ਘੁਰਨ੍ਹਿ ਘਟਾ ਅਤਿ ਕਾਲੀਆ॥

ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ॥ ੨॥

ਗੁਰੂ ਜੀ ਕਥਨ ਕਰਦੇ ਹਨ— ਜਿਵੇਂ ਅਕਾਸ਼ ਵਿਚ ਬਿਜਲੀਆਂ ਚਮਕਦੀਆਂ ਹਨ ਅਤੇ ਅਤਿ= ਬਹੁਤ ਹੀ ਕਾਲੀਆਂ ਘਟਾਂ ਆ ਕੇ ਘੁਰਨ੍ਹਿ= ਗਰਜਦੀਆਂ ਹਨ। ਫੇਰ ਅਪਾਰ= ਬੇਅੰਤ ਬੱਦਲ ਆ ਕੇ ਵਰਸਦੇ ਹਨ ਪਰ ਅਜਿਹੇ ਡਰਾਉਣੇ ਸਮੇਂ ਵਿਚ ਭੀ ਜੋ ਇਸਤ੍ਰੀਆਂ ਆਪਣੇ ਪਤੀ ਦੇ ਨਾਲ ਹਨ ਉਹ ਸ਼ੋਭਾ ਵਾਲੀਆਂ ਹਨ। ਤਿਵੇਂ ਬਿਜੁਲੀਆ ਵਾਂਗ ਮਾਇਆ ਕਈ ਤਰ੍ਹਾਂ ਦੇ ਹਾਵ-ਭਾਵ ਕਰ ਕੇ ਚਮਕ ਰਹੀ ਹੈ, ਅਤਸੇ ਕਰ ਕੇ ਮੋਹ ਰੂਪ ਕਾਲੀਆਂ ਘਟਾਂ ਭੀ ਗਰਜ ਰਹੀਆਂ ਹਨ। ਕਰਮਾਂ ਰੂਪੀ ਬੱਦਲ ਬੇਅੰਤ ਪਦਾਰਥਾਂ ਰੂਪੀ ਜਲ ਦੀ ਵਰਖਾ ਭੀ ਕਰਦੇ ਹਨ, ਇਸ ਤਰ੍ਹਾਂ ਦੇ ਡਰਾਉਣੇ ਸਮੇਂ ਵਿਚ ਜੋ ਜਗਿਆਸੂ ਰੂਪ ਇਸਤ੍ਰੀਆਂ ਆਪਣੇ ਪਤੀ-ਪਰਮਾਤਮਾ ਦੇ ਸੰਗਮਿ= ਨਾਲ ਹਨ ਉਹ ਸੁਹੰਦੀਆ= ਸ਼ੋਭਾ ਵਾਲੀਆਂ ਹਨ॥ ੨॥

ਮਃ ੫॥ ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ॥

ਜਲ ਦੇ ਥਲ= ਅਸਥਾਨ ਤਲਾਵ ਨੀਰਿ= ਪਾਣੀ ਨਾਲ ਭਰੇ ਹੋਏ ਹਨ ਅਤੇ ਸੀਤਲ= ਠੰਡੀ ਹਵਾ ਦੇ ਬੁੱਲੇ ਭੀ ਆਉਂਦੇ ਹਨ।

**ਜਾਂ ਸਾਰੇ ਸੁਖ ਮੇਰੇ ਪਾਇਕ=ਦਾਸ ਹੋ ਗਏ ਹਨ।*

°*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥*
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ ੧॥ *(ਪੰਨਾ ੬੩੪)*

ਸੇਜੜੀਆ ਸੋਇੰਨ ਹੀਰੇ ਲਾਲ ਜੁੜੰਦੀਆ ॥

ਸੋਇੰਨ= ਸੋਹਣੀਆਂ ਸੇਜਾਂ ਭੀ ਵਿਛੀਆਂ ਹੋਈਆਂ ਹਨ, ਹੀਰੇ ਤੇ ਲਾਲਾਂ ਦੇ ਜੜਾਊ ਗਹਿਣੇ ਭੀ ਪਹਿਨੇ ਹੋਏ ਹਨ। ਵਾ :- ਪਲੰਘਾਂ ਦੇ ਨਾਲ ਹੀਰੇ ਲਾਲ ਆਦਿਕ ਜੜਤਕਾਰੀ ਕੀਤੇ ਹੋਏ ਹਨ।

ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਸੋਹਣੇ-ਸੋਹਣੇ ਕੱਪੜੇ ਤੇ ਭੋਗ= ਪਦਾਰਥ ਭੀ ਆਪਣੇ ਪਾਸ ਭਰਪੂਰ ਹਨ, ਪਰ ਇਤਨੇ ਪਦਾਰਥਾਂ ਦੇ ਹੁੰਦਿਆਂ ਭੀ ਇਸਤ੍ਰੀ ਆਪਣੇ ਪਤੀ ਦੀ ਪਰਾਪਤੀ ਤੋਂ ਬਿਨਾਂ ਤਤੀਆ= ਦੁਖੀ ਹੈ।

ਏਸੇ ਤਰ੍ਹਾਂ- *ਜਲ ਥਲ ਨਾਰਿ ਭਰੇ ਸੀਤਲ ਪਵਣ ਝੁਲਾਰਦੇ ॥*

ਜਲ ਦੇ ਅਸਥਾਨ ਅੰਤਹਕਰਨ ਵਿਚ ਸ਼ਾਸਤ੍ਰ ਗਿਆਨ ਰੂਪੀ ਜਲ ਭਰਿਆ ਹੋਇਆ ਹੈ, ਵੇਦਾਂ ਦੇ ਮਹਾਂ ਵਾਕਾਂ ਰੂਪੀ ਠੰਡੀ ਹਵਾ ਭੀ ਚਲਦੀ ਹੈ।

ਸੇਜੜੀਆ ਸੋਇੰਨ ਹੀਰੇ ਲਾਲ ਜੁੜੰਦੀਆ ॥

(ਕਰੁਣਾ, ਮੈਤ੍ਰੀ, ਮੁੱਦਤਾ ਆਦਿਕ) ਸ਼ੁਭ ਗੁਣਾਂ ਰੂਪੀ ਸ਼ੋਭਨੀਕ ਸੇਜਾ ਹੈ, ਗਿਆਨ ਵੈਰਾਗ ਰੂਪੀ ਜੜਾਊ ਗਹਿਣੇ ਭੀ ਹਨ।

ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ ॥

ਸਾਧਨਾਂ ਰੂਪੀ ਸ੍ਰੇਸ਼ਟ ਕਪੜਿਆਂ ਦੇ ਭੋਗ= ਪਦਾਰਥ ਭੀ ਹਨ, ਇਤਨੇ ਪਦਾਰਥਾਂ ਦੇ ਹੁੰਦਿਆਂ ਹੋਇਆਂ ਭੀ ਜਗਿਆਸੂ ਰੂਪ ਇਸਤਰੀ ਪਤੀ ਤੋਂ ਬਿਨਾਂ ਤਤੀਆ= ਦੁਖੀ ਰਹਿੰਦੀ ਹੈ।

ਗੁਰੂ ਜੀ ਕਥਨ ਕਰਦੇ ਹਨ— **ਜਲ ਥਲ ਨੀਰਿ ਭਰੇ**= ਨਾਮ ਰੂਪ ਜਲ ਦੇ ਅਸਥਾਨ ਵੇਦ ਸ਼ਾਸਤਰ ਪੜ੍ਹੇ ਹੋਏ ਹਨ, **ਸੀਤਲ ਪਵਣ ਝੁਲਾਰਦੇ**= ਕਥਾ ਕੀਰਤਨ ਦੇ ਉਚਾਰਨ ਰੂਪ ਠੰਡੇ ਹਵਾ ਦੇ ਬੁੱਲੇ ਭੀ ਆਉਂਦੇ ਹਨ। **ਸੇਜੜੀਆ ਸੋਇੰਨ**= ਸ਼ਰਧਾ ਸਹਿਤ ਬੁੱਧੀ ਰੂਪ ਸੇਜਾ ਭੀ ਸ਼ੋਭਨੀਕ ਹੈ। **ਹੀਰੇ**= ਨਾਮ, **ਲਾਲ**= ਪਰੇਮ ਆਦਿਕ ਜੜਾਊ ਗਹਿਣੇ ਭੀ ਹਨ। **ਸੁਭਰ**= ਭਗਤੀ ਰੂਪ ਸੁਗੰਧੀ, **ਕਪੜ**= ਪ੍ਰੇਮ ਰੂਪ ਕਪੜੇ। ਵਾ :- ਪਟ ਪਰਮੇਸਰ ਲੇਈ। ਇਤਿਆਦਿਕ ਭਾਵੇਂ ਬਹੁਤੇ ਸਾਧਨਾਂ ਰੂਪ ਪਦਾਰਥ ਭੀ ਹਨ ਪਰ **ਪਿਰੀ ਵਿਹੂਣੀ ਤਤੀਆ ॥ ੩ ॥** ਪਤੀ- ਪਰਮਾਤਮਾ ਦੀ ਪਰਾਪਤੀ ਹੋਏ ਤੋਂ ਬਿਨਾਂ ਏਹ ਜਗਿਆਸੂ ਰੂਪ ਇਸਤ੍ਰੀ ਤਤੀਆ= ਦੁਖੀ ਹੈ॥ ੩ ॥

ਪਉੜੀ ॥ ਕਾਰਣੁ ਕਰਤੇ ਜੋ ਕੀਆ ਸੋਈ ਹੈ ਕਰਣਾ ॥

ਕਰਤੇ ਪੁਰਖ ਪਰਮਾਤਮਾ ਨੇ ਜੋ ਕਾਰਨ ਕੀਤਾ ਹੈ, ਓਹੀ ਕਾਰਜ ਜੀਵਾਂ ਨੇ ਕਰਨਾ ਹੈ।

ਜੇ ਸਉ ਧਾਵਹਿ ਪ੍ਰਾਣੀਆ ਪਾਵਹਿ ਧੁਰਿ ਲਹਣਾ ॥

ਹੇ ਪ੍ਰਾਣੀਆ= ਪੁਰਸ਼ਾ ! ਜੇਕਰ ਤੂੰ ਸਉ= ਸੈਂਕੜੇ ਕੋਹਾਂ ਤੱਕ ਭੀ ਦੌੜਦਾ ਜਾਏਂ, ਪਰ ਧੁਰ ਤੋਂ ਜੋ ਪੂਰਬਲੇ ਜਨਮ ਦਾ ਲਹਿਣਾ ਲਿਖਿਆ ਹੈ ਓਹੀ ਤੂੰ ਪਾਵੇਂਗਾ।

ਯਥਾ- ਕਹਿਣਾ ਉਸੀ ਪਹਿ ਜੋ ਮਾਨਹਿ ਕਹਿਣਾ, ਨ ਮਾਨਹਿ ਕਹਿਣਾ ਤਾਂ ਕਿਆ ਕਹਿਣਾ।
ਬਹਿਣਾ ਉਸੀ ਪਹਿ ਜੋ ਲਖੇ ਗੁਣ ਕੋ, ਨ ਲਖੇ ਗੁਣ ਕੋ ਤਾਂ ਕਿਆ ਬਹਿਣਾ।
ਰਹਿਣਾ ਉਸੀ ਪਹਿ, ਜੋ ਰਖੇ ਹਿਤ ਸਿਉਂ, ਨ ਰਖੇ ਹਿਤ ਸਿਉਂ ਤਾਂ ਕਿਆ ਰਹਿਣਾ।
ਲਹਿਣਾ ਓਹੀ ਜੋ ਲਿਖਾ ਲਿਲਾਰ ਮੇਂ, ਨਾ ਲਿਖਾ ਲਿਲਾਰ ਮੇਂ ਤਾਂ ਕਿਆ ਲਹਿਣਾ।

ਬਿਨੁ ਕਰਮਾ ਕਿਛੁ ਨ ਲਭਈ ਜੇ ਫਿਰਹਿ ਸਭ ਧਰਣਾ ॥

ਜੇਕਰ ਸਾਰੀ ਧਰਣਾ= ਧਰਤੀ ਪਰ ਫਿਰ ਭੀ ਲਵੇਂ, ਤਾਂ ਭੀ ਕਰਮਾਂ ਤੋਂ ਬਿਨਾਂ ਕੁਝ ਨਹੀਂ ਲੱਭਦਾ।

ਯਥਾ:- ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ *(ਜਪੁ ਜੀ, ਪੰਨਾ ੨)*

ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ ॥

ਜਿਸ ਨੇ ਗੁਰਾਂ ਨਾਲ ਮਿਲ ਕੇ ਗੋਬਿੰਦ ਦਾ ਭਉ= ਡਰ ਹਿਰਦੇ ਵਿਚ ਧਾਰਿਆ ਹੈ, ਉਸ ਨੇ ਜਮਾਂ ਦਾ ਭੈ ਤੇ ਮਰਨ ਦਾ ਡਰ ਦੂਰ ਕਰ ਦਿੱਤਾ ਹੈ। *ਅਥਵਾ :-* ਡਰੁ= ਡਰਾਉਣੇ ਜਮ ਦਾ ਭੈ ਦੂਰ ਕਰ ਦਿੱਤਾ ਹੈ।

ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ ॥

ਪਰਮੇਸ਼ਰ ਦੇ ਭੈ= ਡਰ ਤੋਂ ਹੀ ਵੈਰਾਗ ਪੈਦਾ ਹੁੰਦਾ ਹੈ ਤੇ ਵੈਰਾਗ ਦੇ ਹੋਣ ਕਰ ਕੇ ਹੀ ਇਹ ਜੀਵ ਹਰੀ ਨੂੰ ਢੂੰਡਦਾ ਫਿਰਦਾ ਹੈ।

ਖੋਜਤ ਖੋਜਤ ਸਹਜੁ ਉਪਜਿਆ ਫਿਰਿ ਜਨਮਿ ਨ ਮਰਣਾ ॥

ਢੂੰਡਦਿਆਂ ਢੂੰਡਦਿਆਂ ਜਿਸ ਨੂੰ ਸਹਜੁ= ਗਿਆਨ ਪੈਦਾ ਹੋਇਆ ਹੈ, ਉਹ ਫਿਰ ਜੰਮਦਾ ਮਰਦਾ ਨਹੀਂ ਹੈ।

ਹਿਆਇ ਕਮਾਇ ਧਿਆਇਆ ਪਾਇਆ ਸਾਧ ਸਰਣਾ ॥

ਜਿਸ ਨੇ ਸੰਤਾਂ ਦੀ ਸ਼ਰਨ ਨੂੰ ਪਾਇਆ ਹੈ ਉਸ ਨੇ ਹਿਆਇ= ਹਿਰਦੇ ਵਿਚ ਨਾਮ ਨੂੰ ਧਿਆਇਆ ਹੈ ਤੇ ਉਸ ਦੀ ਕਮਾਈ ਕੀਤੀ ਹੈ।

ਬੋਹਿਥੁ ਨਾਨਕ ਦੇਉ ਗੁਰੁ, ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ ॥੨੨ ॥

ਦੇਉ= ਪ੍ਰਕਾਸ਼ ਰੂਪ ਹਰੀ ਜਿਸ ਜਗਿਆਸੂ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਰੂਪ ਬੋਹਿਥੁ= ਜਹਾਜ਼ ਉੱਤੇ ਚੜ੍ਹਾਉਂਦਾ ਹੈ, ਉਸ ਨੇ ਸੰਸਾਰ-ਸਮੁੰਦਰ ਤੋਂ ਤਰਨਾ ਕੀਤਾ ਹੈ॥ ੨੨ ॥

ਉਥਾਨਕਾ:-ਇਕ ਸਿੱਖ ਨੇ ਆ ਕੇ ਬੇਨਤੀ ਕੀਤੀ-"ਮੈਨੂੰ ਸਿੱਖੀ ਦਾਨ ਬਖਸ਼ੋ।"

ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਉਸ ਨੂੰ ਆਖਦੇ ਹਨ-

ਸਲੋਕ ਮਃ ੫ ॥ ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥

ਹੇ ਭਾਈ ! ਸਭ ਤੋਂ ਪਹਿਲਾ ਜੀਊਣ ਦੀ ਆਸਾ ਛੱਡ ਕੇ ਮਰਨੇ ਨੂੰ ਮਨਜ਼ੂਰ ਕਰ।

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥

ਸਾਰਿਆਂ ਦੇ ਚਰਨਾਂ ਦੀ ਰੇਣੁਕਾ= ਧੂੜੀ ਹੋ ਜਾ ਤਾਂ ਫਿਰ (ਸਿੱਖੀ ਲੈਣ ਵਾਸਤੇ) ਸਾਡੇ ਪਾਸ ਆਉਣਾ ਕਰ॥ ੧ ॥

ਮਃ ੫ ॥ ਮੁਆ ਜੀਵੰਦਾ ਪੇਖੁ, ਜੀਵੰਦੇ ਮਰਿ ਜਾਨਿ ॥

ਜੋ ਜੀਵਤ ਭਾਵ ਤੋਂ ਮਰ ਗਿਆ ਹੈ ਉਸ ਨੂੰ ਜੀਊਂਦਾ ਵੇਖੋ ਅਤੇ ਜੋ ਜੀਵਤ ਭਾਵ ਵਿਚ ਜੀਊਂਦੇ ਹਨ ਉਹਨਾਂ ਨੂੰ ਮਰਿਆ ਜਾਣੋ।

ਜਿਨ੍ਹਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥ ੨॥

ਜਿਨ੍ਹਾਂ ਦੀ ਇਕ ਵਾਹਿਗੁਰੂ ਨਾਲ ਪ੍ਰੀਤੀ ਹੈ, ਉਹ ਪਰਧਾਨ ਪੁਰਖ ਹਨ॥ ੨॥

ਮਃ ੫॥ ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ॥

ਜਿਸ ਦੇ ਮਨ ਵਿਚ ਪਾਰਬ੍ਰਹਮ ਵਸਦਾ ਹੈ, ਉਸ ਦੇ ਨੇੜੇ ਕੋਈ ਪੀਰ= ਪੀੜ ਨਹੀਂ ਆਉਂਦੀ। ਅਤੇ-

ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀ ਆਵੈ ਨੀਰ॥ ੩॥

ਉਸ ਨੂੰ ਪਦਾਰਥਾਂ ਦੀ ਭੁੱਖ ਤਰੇਹ ਭੀ ਨਹੀਂ ਵਿਆਪਦੀ= ਲੱਗਦੀ, ਵਾ :- ਭਰਮ ਰੂਪ ਭੁੱਖ ਤੇ ਤ੍ਰਿਸ਼ਨਾ ਰੂਪੀ ਤਰੇਹ ਨਹੀਂ ਲੱਗਦੀ ਅਤੇ ਜਮਕਾਲ ਭੀ ਉਸ ਦੇ ਨੀਰ= ਨੇੜੇ ਨਹੀਂ ਆਉਂਦਾ॥ ੩॥

ਪਉੜੀ॥ ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ॥

ਹੇ ਸੱਚੇ ਅਡੋਲ ਸਾਹ= ਪਰਮਾਤਮਾ ! ਆਪ ਜੀ ਦੀ ਕੀਮਤ ਸਾਥੋਂ ਕਹੀ ਨਹੀਂ ਜਾਂਦੀ।

ਯਥਾ:-ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ ੪॥ ੨॥ *(ਮਹਲਾ ੧, ਪੰਨਾ ੧੪)*

ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ॥

ਸਿਧਾਂ, ਸਾਧਿਕਾਂ, ਗਿਆਨੀਆਂ ਤੇ ਧਿਆਨੀਆਂ ਵਿਚੋਂ ਭੀ ਆਪ ਜੀ ਦਾ ਤੋਲੈ= ਵਿਚਾਰ ਕੌਣ ਕਰ ਸਕਦਾ ਹੈ ? ਭਾਵ ਕੋਈ ਨਹੀਂ ਕਰ ਸਕਦਾ।

ਯਥਾ :- ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥
(ਮਹਲਾ ੧, ਪੰਨਾ ੩੪੯)

ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ॥

ਸਰੀਰਾਂ ਰੂਪ ਭਾਂਡਿਆਂ ਦੇ ਘੜਨ ਤੇ ਭੰਨਣ= ਤੋੜਨ ਨੂੰ ਤੂੰ ਸਮਰੱਥ ਹੈਂ, ਸਾਰੇ ਸੰਸਾਰ ਦੀ ਉਤਪੱਤੀ ਤੇ ਪਰਲੋ ਕਰਨੀ ਆਪ ਜੀ ਦੇ ਹੱਥ ਵਿਚ ਹੈ।

ਕਰਣ ਕਾਰਣ ਸਮਰਥੁ ਹੈ ਘਟਿ ਘਟਿ ਸਭ ਬੋਲੈ॥

ਸਾਰਿਆਂ ਕਾਰਨਾਂ ਕਾਰਜਾਂ ਦੇ ਕਰਨ ਨੂੰ ਤੂੰ ਸਮਰੱਥ ਹੈਂ ਅਤੇ ਸਭ ਦੇ ਸਰੀਰ ਵਿਚ ਤੂੰਹੀਂ ਬੋਲ ਰਿਹਾ ਹੈਂ!

ਰਿਜਕੁ ਸਮਾਹੇ ਸਭਸੈ ਕਿਆ ਮਾਣਸੁ ਡੋਲੈ॥

(ਜਦ) ਤੂੰਹੀ ਸਭ ਕਿਸੇ ਨੂੰ ਰਿਜਕੁ= ਖਾਨ ਪਾਨ ਸਮਾਹੇ= ਪਹੁੰਚਾ ਰਿਹਾ ਹੈਂ, ਇਹ ਮਨੁੱਖ ਕਿਸ ਵਾਸਤੇ ਡੋਲੈ= ਭਟਕਦਾ ਫਿਰਦਾ ਹੈ।

ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ॥

ਹੇ ਪ੍ਰਭੂ ! ਤੂੰ ਗਹਿਰੁ= ਡੂੰਘਾ, ਗੰਭੀਰੁ= ਨਿਰਹਲ ਤੇ ਅਥਾਹੁ= ਬੇਅੰਤ ਹੈਂ, ਤੇਰੇ ਗੁਣਾਂ ਦਾ ਗਿਆਨ ਅਮੋਲਕ ਹੈ, ਜਾਂ ਗਿਆਨ ਆਦਿਕ ਗੁਣ ਤੇਰੇ ਅਮੋਲਕ ਹਨ। *ਅਥਵਾ :-* ਆਪ ਜੀ ਦੇ ਗੁਣ ਅਮੋਲਕ ਗਿਆਨ= ਜਾਣੀਦੇ ਹਨ।

ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੈ॥

ਹੇ ਮਉਲੈ= ਮੌਲਾ (ਪਰਮਾਤਮਾ) ! ਜੋ ਤੁਸਾਂ ਨੇ ਧੁਰ ਤੋਂ ਹੁਕਮ ਕੀਤਾ ਹੈ ਅਸੀਂ ਓਹੀ ਕੰਮ ਕਮਾਉਣਾ ਕਰਦੇ ਹਾਂ।

ਤੁਧਹੁ ਬਾਹਰਿ ਕਿਛੁ ਨਹੀ ਨਾਨਕੁ ਗੁਣ ਬੋਲੈ॥ ੨੩॥ ੧॥ ੨॥

ਗੁਰੂ ਜੀ ਕਥਨ ਕਰਦੇ ਹਨ- ਆਪ ਜੀ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੁੰਦਾ, ਇਸ ਲਈ ਮੈਂ ਆਪ ਜੀ ਦੀ ਉਸਤਤੀ ਰੂਪ ਗੁਣਾਂ ਨੂੰ ਬੋਲਦਾ ਹਾਂ॥ ੨੩॥ ੧॥ ੨॥

ਰਾਗੁ ਮਾਰੂ ਭਗਤ ਬਾਣੀ

ਰਾਗੁ ਮਾਰੂ ਬਾਣੀ ਕਬੀਰ ਜੀਉ ਕੀ ੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਇਕ ਵਾਮ ਮਾਰਗੀਆ ਪੰਡਿਤ (ਮੱਛੀ, ਮਦਰਾ (ਸ਼ਰਾਬ), ਮਾਸ, ਮੁਦ੍ਰਾ, ਮੈਥਨ, ਇਨ੍ਹਾਂ) ਪੰਜਾਂ ਮਕਾਰਾਂ ਦਾ ਉਪਦੇਸ਼ ਦੇ ਰਿਹਾ ਸੀ। ਉਸ ਦੇ ਪ੍ਰਤੀ ਭਗਤ ਕਬੀਰ ਜੀ ਉਪਦੇਸ਼ ਦਿੰਦੇ ਹਨ-

ਪਡੀਆ ਕਵਨ ਕੁਮਤਿ ਤੁਮ ਲਾਗੇ ॥

ਹੇ ਪੰਡਿਤ ! ਤੁਸੀਂ ਕਿਸ ਖੋਟੀ ਮਤ ਵਿਚ ਲੱਗ ਰਹੇ ਹੋ, ਜੋ ਹਰ ਇਕ ਨੂੰ ਉਲਟਾ ਉਪਦੇਸ਼ ਦੇਂਦੇ ਹੋ।

ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥ ੧ ॥ ਰਹਾਉ ॥

ਆਪਣੇ ਪ੍ਰਤੱਖ ਪਰਿਵਾਰ, ਵਾ :- ਸਿੱਖੀ ਸੇਵਕੀ ਰੂਪੀ ਪਰਿਵਾਰ, ਵਾ :- ਇੰਦੀਆਂ ਰੂਪੀ ਸਾਰੇ ਪਰਿਵਾਰ ਸਹਿਤ ਸੰਸਾਰ-ਸਮੁੰਦਰ ਅਥਵਾ ਨਰਕਾਂ ਵਿਚ ਡੁੱਬ ਜਾਓਗੇ।' ਹੇ ਅਭਾਗੇ= ਖੋਟੇ ਭਾਗਾਂ ਵਾਲੇ, ਕਰਮ- ਜਾਲ ਵਿਚ ਫਸ ਕੇ ਰਾਮ ਨਾਮ ਤਾਂ ਜਪਦੇ ਨਹੀਂ ਹੋ। ਪੰਡਿਤ ਨੇ ਕਿਹਾ- "ਮੈਂ ਚਾਰ ਵੇਦ, ੧੮ ਪੁਰਾਣ ਪੜ੍ਹਿਆ ਹੋਇਆ ਹਾਂ, ਰਾਮ ਨਾਮ ਜਪ ਕੇ ਕੀ ਕਰਨਾ ਹੈ?" ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

[ਪੰਨਾ ੧੧੦੩]

ਬੇਦ ਪੁਰਾਨ ਪੜੇ ਕਾ ਕਿਆ ਗੁਨੁ, ਖਰ ਚੰਦਨ ਜਸ ਭਾਰਾ ॥

ਵੇਦਾਂ ਪੁਰਾਣਾਂ ਦੇ ਪੜ੍ਹਨ ਦਾ ਭਲਾ ਕਿਆ ਗੁਨੁ= ਕੀ ਲਾਭ ਹੈ? ਭਾਵ ਕੁਛ ਲਾਭ ਨਹੀਂ, ਜੇਕਰ ਨਾਮ ਨਾ ਜਪਿਆ। ਜਿਵੇਂ ਖਰ= ਗਧੇ ਉੱਤੇ ਚੰਦਨ ਦਾ ਭਾਰ ਲੱਦਿਆ ਹੋਵੇ ਤਾਂ ਗਧੇ ਨੂੰ ਕੋਈ ਲਾਭ ਨਹੀਂ। ਕਿਉਂਕਿ ਚੰਦਨ ਦੇ ਭਾਰ ਕਰ ਕੇ ਉਸ ਨੇ ਕੋਈ ਸੀਤਲ ਥੋਹੜਾ ਹੋ ਜਾਣਾ ਹੈ। ਜਿਵੇਂ ਗਧੇ ਉਤੇ ਚੰਦਨ ਰਖਿਆ ਨਿਸਫਲ ਹੈ, ਇਸੇ ਤਰ੍ਹਾਂ ਧਾਰਨਾ ਅਤੇ ਰਾਮ ਨਾਮ-ਸਿਮਰਨ ਤੋਂ ਬਿਨਾਂ ਵੇਦਾਂ ਪੁਰਾਣਾਂ ਦਾ ਪੜ੍ਹਨਾ ਨਿਸਫਲ ਹੈ। ਏਸੇ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:

ੳ) ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ (ਮਾਰੂ ਮ: ੧, ਪੰਨਾ ੧੦੦੮)

ਅ) ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥ ੧ ॥

(ਮ: ੯, ਪੰਨਾ ੨੨੦)

ੲ) ਬੇਦ ਪੁਰਾਣ ਪੜੈ ਸੁਣਿ ਥਾਟਾ ॥ ਬਿਨੁ ਰਸ ਮਾਤੇ ਮਨੁ ਬਹੁ ਨਾਟਾ ॥ ੭ ॥

(ਮ: ੧, ਪੰਨਾ ੨੨੬)

ਬੇਦ ਪੁਰਾਣ ਪੜ੍ਹਨੇ ਤਾਂ ਹੀ ਸਫਲੇ ਹਨ ਜੇਕਰ ਪਰਮੇਸ਼ਰ ਦਾ ਸਿਮਰਨ ਕਰੇ :

ਵੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥ (ਮ: ੯, ਪੰਨਾ ੨੨੦)

ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥ ੧ ॥

ਰਾਮ ਨਾਮ-ਸਿਮਰਨ ਦੀ ਗਤਿ= ਰੀਤੀ (ਮਰਯਾਦਾ) ਤਾਂ, ਤੂੰ ਜਾਣੀ ਨਹੀਂ ਤਾਂ ਇਹ ਦੱਸ, ਸੰਸਾਰ-ਸਮੁੰਦਰ ਤੋਂ ਪਾਰ ਕਿਵੇਂ ਉਤਰੇਂਗਾ? ॥ ੧ ॥

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥

(ਜਨੇਊ ਪਾਉਣ ਵੇਲੇ, ਵਿਵਾਹ ਕਰਨ ਸਮੇਂ ਅਤੇ ਯੱਗ ਆਦਿਕਾਂ ਵੇਲੇ ਜਿਹਵਾ ਦੇ ਸੁਆਦ ਲਈ ਬੱਕਰੇ, ਘੋੜੇ ਆਦਿ) ਜੀਆਂ ਨੂੰ ਬਧਹੁ= ਮਾਰ ਕੇ ਉਸ ਨੂੰ ਸ੍ਰੇਸ਼ਟ ਧਰਮ ਕਰ ਕੇ ਥਾਪਦੇ ਹੋ, ਹੇ ਭਾਈ ! ਤਾਂ ਫਿਰ ਅਧਰਮ ਕਤ= ਕਿਸ ਨੂੰ ਕਹਿੰਦੇ ਹੋ?

ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ ੨ ॥

(ਜੀਵ ਹਿੰਸਿਆਂ ਕਰਨੀ ਪਰਮ ਧਰਮ ਸਮਝ ਕੇ) ਆਪਣੇ ਆਪ ਨੂੰ ਮੁਨਿਵਰ= ਸ੍ਰੇਸ਼ਟ ਮੁਨੀ ਥਾਪਣਾ ਕਰਦੇ ਹੋ ਤਾਂ ਫਿਰ ਕਸਾਈ ਕਿਸ ਨੂੰ ਕਹੋਗੇ? (ਸਾਡੇ ਖਿਆਲ ਅਨੁਸਾਰ ਤਾਂ ਅਸਲੀ ਕਸਾਈ ਤੁਸੀਂ ਹੀ ਹੋ।)

ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥

ਹੇ ਮਨ ਦੇ ਅੰਨ੍ਹੇ ਪੰਡਿਤ ! ਤੁਸੀਂ ਆਪ ਸਿਧਾਂਤ ਨੂੰ ਬੁੱਝਦੇ ਨਹੀਂ ਹੋ ਤੇ ਹੇ ਭਾਈ! ਹੋਰਨਾਂ ਨੂੰ ਕਿਸ ਵਾਸਤੇ ਸਮਝਾਉਂਦੇ ਹੋ?

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥ ੩ ॥

ਮਾਇਆ ਦੀ ਪ੍ਰਾਪਤੀ ਕਾਰਨ= ਵਾਸਤੇ, ਵਿਦਿਆ ਨੂੰ ਵੇਚਦੇ ਹੋ, ਭਾਵ ਚੁਕਾਵਾ ਚੁੱਕ ਕੇ ਕਥਾ ਕਰਦੇ ਹੋ, ਇਸ ਕਰ ਕੇ ਤੇਰਾ ਮਨੁੱਖਾ ਜਨਮ ਅਬਿਰਥਾ= ਨਿਸਫਲ ਜਾ ਰਿਹਾ ਹੈ॥ ੩ ॥

ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥

(ਜੇਕਰ ਮੇਰੇ ਬਚਨਾਂ ਉੱਪਰ ਤੇਰਾ ਭਰੋਸਾ ਨਹੀਂ ਹੈ ਤਾਂ ਬੜੇ-ਬੜੇ ਵਿਦਿਆ ਦੇ ਭੰਡਾਰ) ਬਿਆਸ ਆਦਿਕ ਜੋ ਸ੍ਰਿਸ਼ਟੀ ਦੇ ਅਚਾਰੀਆ ਹੋਏ ਹਨ ਉਹਨਾਂ ਪਾਸੋਂ ਪੁੱਛ ਲੈ।

ਅਰਥਾਤ-ਵਿਸ਼ਨੂੰ ਜੀ ਨੇ ਬ੍ਰਹਮਾ ਨੂੰ ਰਾਮ ਨਾਮ ਦਾ ਉਪਦੇਸ਼ ਦਿੱਤਾ, ਬ੍ਰਹਮਾ ਨੇ ਨਾਰਦ ਨੂੰ ਦਿੱਤਾ ਹੈ। ਨਾਰਦ ਨੇ ਆਪਣਾ ਬਚਨ= ਉਪਦੇਸ਼ ਬਿਆਸ ਭਗਵਾਨ ਨੂੰ ਕਥਨ ਕੀਤਾ ਹੈ, ਕਿਉਂਕਿ ਬਿਆਸ ਜੀ ਨੇ ਭਾਵੇਂ ਚਾਰ ਵੇਦਾਂ ਦਾ ਟੀਕਾ ਕੀਤਾ ਹੈ ਪਰ ਮਨ ਨੂੰ ਸ਼ਾਂਤੀ ਨਹੀਂ ਆਈ, ਜਿਸ ਵੇਲੇ ਬਿਆਸ ਜੀ ਨੂੰ ਰਾਮ ਨਾਮ-ਸਿਮਰਨ ਦਾ ਉਪਦੇਸ਼ ਦਿੱਤਾ ਤਾ ਉਨ੍ਹਾਂ ਨੂੰ ਸ਼ਾਂਤੀ ਆਈ।

*ਯਥਾ :-*ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ।
ਕਥਨੀ ਬਦਨੀ ਬਾਹਰਾ ਆਪੇ ਅਪਣਾ ਬ੍ਰਹਮੁ ਜਣਾਇਆ।
ਨਦਰੀ ਕਿਸੈ ਨ ਲਿਆਵਈ ਹਉਮੈ ਅੰਦਰਿ ਭਰਮਿ ਭੁਲਾਇਆ।
ਆਪੁ ਪੁਜਾਇ ਜਗਤ ਵਿਚਿ ਭਾਉ ਭਗਤਿ ਦਾ ਮਰਮੁ ਨ ਪਾਇਆ।
ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।

ਮਾਇਆ ਡੰਡ ਨ ਉਤਰੇ ਜਮ ਡੰਡੈ ਬਹੁ ਦੁਖਿ ਰੁਆਇਆ।
ਨਾਰਦਿ ਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।
ਬਿਨੁ ਸਰਨੀ ਨਹਿ ਕੋਇ ਤਰਾਇਆ॥ ੧੧॥

(ਭਾਈ ਗੁਰਦਾਸ ਜੀ, ਵਾਰ ੧)

ਬਿਆਸ ਜੀ ਨੇ ਆਪਣੇ ਪੁੱਤਰ ਸੁਕਦੇਵ ਨੂੰ ਰਾਮ ਨਾਮ-ਸਿਮਰਨ ਦਾ ਉਪਦੇਸ਼ ਦਿੱਤਾ। ਸੁਕਦੇਵ ਨੇ ਅੱਗੋਂ ਰਾਜਾ ਪ੍ਰੀਛਤ ਨੂੰ ਉਪਦੇਸ਼ ਦਿੱਤਾ ਹੈ। ਇਸ ਲਈ ਸੁਕਦੇਵ ਰਿਖੀ ਜੀ ਪਾਸੋਂ ਜਾ ਕੇ ਪੁੱਛਣਾ ਕਰ ਅਰਥਾਤ ਸੁਕਦੇਵ ਰਚਿਤ ਗ੍ਰੰਥਾਂ ਨੂੰ ਪੜ੍ਹ ਕੇ ਵੇਖ!

ਕਹਿ ਕਬੀਰ ਰਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥ ੪॥ ੧॥

ਕਬੀਰ ਜੀ ਕਹਿੰਦੇ ਹਨ— ਹੇ ਪੰਡਿਤ ! ਇਹ ਨਿਯਮ ਸਮਝ ਲੈ, ਰਾਮ ਹੀ ਰਾਮ ਨੂੰ ਰਮਿ= ਜਪੋਗੇ ਤਾਂ ਛੁੱਟ ਜਾਓਗੇ, ਨਹੀਂ ਤਾਂ ਹੇ ਭਾਈ ! ਨਰਕਾਂ ਵਿਚ ਹੀ ਡੁੱਬ ਜਾਓਗੇ॥ ੪॥ ੧॥

ਉਥਾਨਕਾ:-ਕੋਈ ਪਖੰਡੀ ਸਾਧੂ ਸਿਰ 'ਤੇ ਜਟਾਵਾਂ ਰੱਖ ਕੇ ਸਰੀਰ ਤੇ ਭਸਮ ਮਲ ਕੇ ਆਖਦਾ ਫਿਰਦਾ ਸੀ-'ਜੰਗਲ ਵਿਚ ਰਹਿਣ ਕਰ ਕੇ ਹੀ ਪਰਮੇਸ਼ਰ ਪ੍ਰਾਪਤ ਹੁੰਦਾ ਹੈ, ਘਰਾਂ ਵਿਚ ਨਹੀਂ।' ਇਹ ਗੱਲ ਸੁਣ ਕੇ ਭਗਤ ਕਬੀਰ ਜੀ ਉਸ ਨੂੰ ਉਪਦੇਸ਼ ਦੇਂਦੇ ਹਨ-

ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ॥

ਸਿਰਫ ਬਨਹਿ= ਜੰਗਲ ਵਿਚ ਵਸਣ ਨਾਲ ਪਰਮੇਸ਼ਰ ਕਿਵੇਂ ਪ੍ਰਾਪਤ ਹੋ ਸਕਦਾ ਹੈ? ਜਉ ਲਉ= ਜਦ ਤਕ ਇਹ ਪੁਰਸ਼ ਆਪਣੇ ਮਨ 'ਚੋਂ ਕਾਮ ਆਦਿ ਵਿਕਾਰਾਂ ਨੂੰ ਤਿਆਗਣਾ ਨਾ ਕਰੇ।

ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ॥ ੧॥

ਜਿਸ ਪੁਰਸ਼ ਨੇ ਸ਼ੁੱਧ ਮਨ ਨਾਲ ਘਰ ਤੇ ਬਨੁ= ਜੰਗਲ ਨੂੰ ਇਕ ਬਰਾਬਰ ਜਾਣਨਾ ਕੀਤਾ ਹੈ, ਉਹ ਸੰਸਾਰ ਵਿਚ ਪੂਰਨ ਜੋਗੀ ਹੈ।

ਯਥਾ:-ਰੇ ਮਨ ਐਸੋ ਕਰਿ ਸੰਨਿਆਸਾ॥
ਬਨ ਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥ ੧॥

(ਰਾਮਕਲੀ ਪਾਤਸ਼ਾਹੀ ੧੦)

ਸਾਰ ਸੁਖੁ ਪਾਈਐ ਰਾਮਾ॥ ਰੰਗਿ ਰਵਹੁ ਆਤਮੈ ਰਾਮ॥ ੧॥ ਰਹਾਉ॥

ਰਾਮ ਦੇ ਉਚਾਰਨ ਨਾਲ ਸਾਰ= ਸ੍ਰੇਸ਼ਟ ਆਤਮ-ਸੁਖ ਪ੍ਰਾਪਤ ਹੁੰਦਾ ਹੈ। ਰੰਗਿ= ਪਰੇਮ ਨਾਲ ਆਤਮ-ਰਾਮ ਨੂੰ ਰਵਹੁ= ਉਚਾਰਨਾ ਕਰੋ। *ਅਥਵਾ :-* ਆਤਮੈ= ਮਨ ਵਿਚ ਰੰਗਿ= ਪ੍ਰੇਮ ਧਾਰ ਕੇ ਰਾਮ ਨੂੰ ਉਚਾਰਨਾ ਕਰੋ॥ ੧॥ ਰਹਾਉ॥

ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ॥

ਸਿਰ 'ਤੇ ਜਟਾਵਾਂ ਰੱਖ ਕੇ, ਸਰੀਰ ਉੱਤੇ ਭਸਮ= ਸੁਆਹ ਦਾ ਲੇਪਨ ਕਰ ਲਿਆ ਅਤੇ ਪਹਾੜ ਦੀ ਗੁਫਾ ਵਿਚ ਨਿਵਾਸ ਕਰ ਲਿਆ ਤਾਂ ਕੀ ਹੋ ਗਿਆ? ਇਹਨਾਂ ਕਰਤਬਾਂ ਦੇ ਕਰਨ ਨਾਲ ਕੁਝ ਲਾਭ ਨਹੀਂ ਹੈ।

ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥ ੨ ॥

ਜਿਸ ਨੇ ਮਨ (ਰੂਪੀ ਸ਼ੱਤਰੂ) ਨੂੰ ਜਿੱਤਿਆ ਹੈ, ਉਸ ਨੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ।*

ਪ੍ਰਸ਼ਨ- ਇਸ ਗੱਲ ਦਾ ਪਤਾ ਕਿਵੇਂ ਲਗ ਸਕਦਾ ਹੈ ਕਿ ਇਸ ਨੇ ਮਨ ਨੂੰ ਜਿੱਤ ਲਿਆ ਹੈ? *ਉੱਤਰ-* ਕਾਰਜ ਦੁਆਰਾ ਕਾਰਨ ਦਾ ਅਨੁਮਾਨ ਹੁੰਦਾ ਹੈ, ਜੇਕਰ ਮਨ ਵਿਸ਼ੇ-ਵਿਕਾਰਾਂ ਵਲੋਂ ਉਦਾਸ ਹੋ ਗਿਆ ਹੈ ਤਾਂ ਸਮਝੋ ਮਨ ਜਿੱਤਿਆ ਗਿਆ ਹੈ।

ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥

ਗਿਆਨ ਰੂਪੀ ਅੰਜਨੁ= ਸੁਰਮਾ ਸਭ ਕੋਈ ਦੇਂਦਾ ਹੈ, ਭਾਵ ਗਿਆਨ ਦੀਆਂ ਗੱਲਾਂ ਤਾਂ ਸਭ ਕੋਈ ਸੁਣਾਉਂਦਾ ਹੈ ਪਰ ਹਿਰਦੇ ਵਿਚ ਪਦਾਰਥਾਂ ਦੀ ਟੁਕੁ= ਥੋੜੀ ਜੇਹੀ ਜਿਹੜੀ ਚਾਹਨ= ਇੱਛਾ ਹੈ, ਏਹੀ ਬਿਡਾਨੁ= ਅਸਚਰਜ ਭਾਵ ਦੁਖਦਾਇਕ ਹੈ। ਇਸੇ ਕਰ ਕੇ ਸਰੂਪ ਦਾ ਬੋਧ ਨਹੀਂ ਹੁੰਦਾ।

ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥ ੩ ॥

ਜਿਨ੍ਹਾਂ ਨੇ ਗੁਰ-ਉਪਦੇਸ਼ ਦੁਆਰਾ ਕ੍ਰਮ ਪੂਰਬਕ ਨਿਸ਼ਕਪਟ ਸਾਧਨ ਕਰ ਕੇ ਯਥਾਰਥ ਗਿਆਨ ਰੂਪੀ ਅੰਜਨੁ= ਸੁਰਮਾ ਪਾਇਆ ਹੈ ਤੇ= ਉਹ ਮਨ ਬੁੱਧੀ ਰੂਪੀ ਨੇਤਰ ਪ੍ਰਮਾਣੀਕ ਹਨ ॥ ੩ ॥

ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥

ਕਬੀਰ ਜੀ ਕਹਿੰਦੇ ਹਨ— ਮੈਂ ਹੁਣ ਸ੍ਵੈ ਸਰੂਪ ਨੂੰ ਜਾਣ ਲਿਆ ਹੈ ਕਿਉਂਕਿ ਗੁਰਾਂ ਨੇ ਮੈਨੂੰ ਯਥਾਰਥ ਗਿਆਨ ਸਮਝਾ ਦਿੱਤਾ ਹੈ

ਅੰਤਰ ਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥ ੪ ॥ ੨ ॥

ਅੰਤਰ= ਅੰਤਹਕਰਨ ਵਿਚ ਗਤਿ= ਪ੍ਰਾਪਤ ਰੂਪ ਹਰੀ ਭੇਟਿਆ= ਮਿਲ ਗਿਆ ਹੈ, ਇਸ ਕਰ ਕੇ ਹੁਣ ਮੇਰਾ ਮਨ ਉਸ ਨੂੰ ਛੱਡ ਕੇ ਹੋਰ ਕਿਸੇ ਵਲ ਨਹੀਂ ਜਾਂਦਾ। ਵਾ :- ਅੰਤਰਾ ਭੇਦ ਗਤਿ= ਨਾਸ ਹੋਣ ਕਰ ਕੇ ਹਰੀ ਮਿਲ ਗਿਆ ਹੈ, ਇਸ ਲਈ ਹੁਣ ਮੇਰਾ ਮਨ ਹੋਰ ਕਿਸੇ ਤਰਫ਼ ਨਹੀਂ ਜਾਂਦਾ ॥ ੪ ॥ ੨ ॥

ਉਥਾਨਕਾ:-ਕੋਈ ਸੰਤਾਂ ਦਾ ਭੇਖ ਬਣਾ ਕੇ ਮੰਗਦਾ ਫਿਰਦਾ ਸੀ, ਲੋਕਾਂ ਨੂੰ ਆਖੇ-"ਮੈਨੂੰ ਰੋਟੀ ਖੁਆਓ ਮੈਂ ਤੁਹਾਨੂੰ ਰਿਧੀਆਂ ਸਿਧੀਆਂ ਦੇਵਾਂਗਾ।" ਜਦ ਕਬੀਰ ਜੀ ਪਾਸੋਂ ਵੀ ਉਸ ਨੇ ਆ ਕੇ ਮੰਗਿਆ ਤਾਂ ਉਸ ਦੇ ਪ੍ਰਥਾਇ ਕਬੀਰ ਜੀ ਉਪਦੇਸ਼ ਦੇਂਦੇ ਹਨ :-

ਰਿਧਿ ਸਿਧਿ ਜਾ ਕਉ ਫੁਰੀ ਤਬ ਕਾਹੂ ਸਿਉ ਕਿਆ ਕਾਜ ॥

ਜਿਸ ਨੂੰ ਰਿਧੀ ਸਿਧੀ ਫੁਰੀ= ਸਫੁਰਨ ਭਾਵ ਪਰਗਟ ਹੋਈ ਹੈ ਤਾਂ ਉਸ ਦਾ ਕਿਸੇ ਪਾਸੋਂ ਮੰਗਣ ਦਾ ਕੀ ਕੰਮ ਹੈ?

ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈ ਬੋਲਤ ਹੀ ਬਡ ਲਾਜ ॥ ੧ ॥

(ਜਿਹੜਾ ਮੈਨੂੰ ਰੋਟੀ ਖਵਾਏਗਾ ਉਸ ਨੂੰ ਮੈਂ ਰਿਧੀ ਸਿਧੀ ਦੇਵਾਂਗਾ, ਇਸ ਤਰ੍ਹਾਂ) ਤੇਰੇ ਕਹਿਣ ਦੀ ਗਤਿ= ਰੀਤੀ ਸੁਣ ਕੇ ਮੈਂ ਤੈਨੂੰ ਕੀ ਕਹਾਂ ? ਤੈਂ ਮਿਥਿਆ ਵਾਦੀ ਨਾਲ ਬੋਲਣ ਕਰ ਕੇ ਹੀ ਮੈਨੂੰ ਬੜੀ ਲਾਜ= ਸ਼ਰਮ ਆਉਂਦੀ ਹੈ ॥ ੧ ॥

**ਯਥਾ :- ਮਨਿ ਜੀਤੈ ਜਗੁ ਜੀਤੁ ॥* (ਜਪੁ ਜੀ, ਪੰਨਾ ੬)

ਅੱਗੋਂ ਉਸ ਨੇ ਕਿਹਾ-"ਮੈਂ ਰਾਮ ਨੂੰ ਪਾਇਆ ਹੈ।" ਤਾਂ ਕਬੀਰ ਜੀ ਨੇ ਕਿਹਾ-

ਰਾਮੁ ਜਿਹ ਪਾਇਆ ਰਾਮ॥ ਤੇ ਭਵਹਿ ਨ ਬਾਰੈ ਬਾਰ॥ ੧॥ ਰਹਾਉ॥

ਰਾਮ= ਹੇ ਭਾਈ ! ਜਿਸ ਨੇ ਰਾਮੁ= ਪਰਮਾਤਮਾ ਨੂੰ ਪਾਉਣਾ ਕੀਤਾ ਹੈ, ਉਹ ਪੁਰਸ਼ ਬਾਰੈ ਬਾਰ= ਮੁੜ-ਮੁੜ ਕੇ ਹਰ ਇਕ ਦੇ ਬੂਹੇ ਅੱਗੇ ਨਹੀਂ ਫਿਰਦਾ।

ਝੂਠਾ ਜਗੁ ਡਹਕੈ ਘਨਾ ਦਿਨ ਦੁਇ ਬਰਤਨ ਕੀ ਆਸ॥

ਝੂਠਾ ਜੋ ਸੰਸਾਰ ਹੈ ਇਸ ਵਿਚ ਤੂੰ ਘਨਾ= ਬਹੁਤਾ ਡਹਕੈ= ਭਟਕਦਾ ਫਿਰਦਾ ਹੈਂ।

ਯਥਾ:- ਦੁਆਰਹਿ ਦੁਆਰਿ ਸੁਆਨ ਜਿਉ ਡੋਲਤ, ਨਹ ਸੁਧ ਰਾਮ ਭਜਨ ਕੀ॥ ੧॥
ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥ ੧॥

(ਆਸਾ ਮਹਲਾ ੯, ਪੰਨਾ ੪੧੧)

ਜਿਨ੍ਹਾਂ ਪਦਾਰਥਾਂ ਦੇ ਵਰਤਣ ਦੀ ਤੂੰ ਬਹੁਤੀ ਆਸਾ ਕਰਦਾ ਹੈਂ, ਇਹ ਇਕ ਦੋ ਦਿਨ ਰਹਿਣ ਵਾਲੇ ਹਨ :

ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ॥

(ਆਸਾ ਮਹਲਾ ੫, ਪੰਨਾ ੪੦੧)

ਰਾਮ ਉਦਕੁ ਜਿਹ ਜਨ ਪੀਆ ਤਿਹਿ ਬਹੁਰਿ ਨ ਭਈ ਪਿਆਸ॥ ੨॥

ਜਿਸ (ਗੁਰਮੁਖ ਜਗਿਆਸੂ) ਜਨ ਨੇ ਗੁਰਾਂ ਦੁਆਰੇ ਰਾਮ ਨਾਮ ਰੂਪੀ ਉਦਕੁ= ਜਲ ਪੀਣਾ ਕੀਤਾ ਹੈ, ਉਸ ਨੂੰ ਫਿਰ ਪਦਾਰਥਾਂ ਅਤੇ ਵਿਸ਼ੇ-ਵਿਕਾਰਾਂ ਦੀ ਪਿਆਸ= ਤਰੇਹ ਨਹੀਂ ਹੁੰਦੀ॥ ੨॥

ਗੁਰ ਪ੍ਰਸਾਦਿ ਜਿਹ ਬੂਝਿਆ ਆਸਾ ਤੇ ਭਇਆ ਨਿਰਾਸੁ॥

ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਨੇ ਨਾਮ ਦਾ ਚਿੰਤਨ ਕਰਨਾ, *ਅਥਵਾ :-* ਸ੍ਵੈ ਸਰੂਪ ਨੂੰ ਬੁੱਝਣਾ ਕੀਤਾ ਹੈ, ਉਹ ਆਸਾ ਰੂਪ ਪ੍ਰਪੰਚ ਤੋਂ ਨਿਰਾਸ ਹੋ ਗਿਆ ਹੈ ਅਤੇ ਤੂੰ ਕਈ ਤਰ੍ਹਾਂ ਦੀ ਆਸ ਕਰਦਾ ਫਿਰਦਾ ਹੈਂ, ਇਸ ਤੋਂ ਮਾਲੂਮ ਹੁੰਦਾ ਹੈ ਤੂੰ ਪਖੰਡੀ ਹੈਂ।

ਸਭੁ ਸਚੁ ਨਦਰੀ ਆਇਆ ਜਉ ਆਤਮ ਭਇਆ ਉਦਾਸੁ॥ ੩॥

ਉਨ੍ਹਾਂ ਨੂੰ ਸੱਚਾ (ਪਰਮਾਤਮਾ) ਹੀ ਸਾਰੇ ਪਰੀ ਪੂਰਨ ਨਿਗਾਹ ਆਇਆ ਹੈ, ਜਉ= ਜਿਸ ਵੇਲੇ ਆਤਮ= ਮਨ ਸੰਸਾਰ ਤੋਂ ਉਦਾਸੀਨ ਹੋਇਆ॥ ੩॥

ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ॥

ਮਨ ਦੇ ਉਦਾਸੀਨ ਹੋਣ ਨਾਲ ਰਾਮ ਨਾਮ ਰੂਪੀ ਰਸ ਚਖਣਾ ਕੀਤਾ ਹੈ ਅਤੇ ਹਰਿ ਹਰਿ ਨਾਮ ਵਿਚ ਉਨ੍ਹਾਂ ਨੇ ਤਾਰਿ= ਤੇਲ ਧਾਰਾ ਵਾਂਗ ਬਿਰਤੀ ਲਗਾਉਣਾ ਕੀਤੀ ਹੈ। *ਅਥਵਾ :-* ਹਰਿ ਹਰਿ ਦਾ ਨਾਮ ਜੋ ਤਾਰਨ ਵਾਲਾ ਹੈ, ਉਸ ਹਰੀ ਦੇ ਰਾਮ ਨਾਮ-ਰਸ ਨੂੰ ਜਿਨ੍ਹਾਂ ਨੇ ਚਖਿਆ ਹੈ।

ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ॥ ੪॥ ੩॥

ਕਬੀਰ ਜੀ ਕਰਦੇ ਹਨ— ਉਹ ਸੋਨੇ ਵਾਂਗ ਸ਼ੁੱਧ ਹੋ ਗਿਆ, ਉਸ ਦਾ ਭਰਮ ਸਮੁੰਦਰ ਤੋਂ ਪਾਰ ਚਲਾ

ਗਿਆ, ਭਾਵ ਅਤਿਅੰਤ ਦੂਰ ਹੋ ਗਿਆ। ਵਾ :- ਭਰਮ ਦੇ ਨਵਿਰਤ ਹੋਣ ਨਾਲ ਇਹ ਜੀਵ ਸੰਸਾਰ-ਸਮੁੰਦਰ ਤੋਂ ਪਾਰ ਹੋ ਗਿਆ। ਵਾ :- ਸਮੁਦ੍ਰੈ (ਸਮ+ਉਦਰੈ)= ਭਲੀ ਪ੍ਰਕਾਰ ਮਾਤਾ ਦੇ ਪੇਟ ਵਿਚ ਆਉਣ ਜਾਣ ਤੋਂ ਪਾਰ ਹੋ ਗਿਆ ਹੈ॥ ੪॥ ੩॥

ਉਥਾਨਕਾ:-ਬਹੁਤ ਸਾਰੇ ਕਾਂਸ਼ੀ ਨਿਵਾਸੀ ਪੰਡਿਤਾਂ ਨੇ ਇਕੱਠਿਆਂ ਹੋ ਕੇ ਕਬੀਰ ਜੀ ਨੂੰ ਆ ਕੇ ਕਿਹਾ ਕਿ ਤੂੰ ਜੁਲਾਹਿਆ ਸਭ ਤੋਂ ਨੀਚ ਜ਼ਾਤ ਵਾਲਾ ਹੈਂ ਅਤੇ ਗ੍ਰਿਹਸਤੀ ਹੋ ਕੇ ਤੂੰ ਸੰਤਾਂ ਮਹਾਤਮਾਂ ਨੂੰ ਭੀ ਉਪਦੇਸ਼ ਕਰਦਾ ਹੈਂ ਤੇ ਹਰ ਇਕ ਮਤ ਦੀ ਨਖੇਧੀ ਕਰਦਾ ਹੈਂ, ਇਸ ਕਰ ਕੇ ਤੂੰ ਮੁਕਤ ਨਹੀਂ ਹੋਵੇਂਗਾ। ਸੰਸਾਰ ਵਿਚ ਆਉਣ ਜਾਣ ਦਾ ਚੱਕਰ ਤੇਰਾ ਬਣਿਆਂ ਹੀ ਰਹੇਗਾ।

ਇਹ ਗੱਲ ਸੁਣ ਕੇ ਕਬੀਰ ਜੀ ਫੁਰਮਾਉਂਦੇ ਹਨ-

(ਪਹਿਲੇ ਰਹਾਉ ਦੀ ਪੰਗਤੀ ਦਾ ਅਰਥ ਕਰਨਾ)

ਬਹੁਰਿ ਹਮ ਕਾਹੇ ਆਵਹਿਗੇ॥

ਜਦ ਬ੍ਰਹਮ ਗਿਆਨ ਦੁਆਰਾ ਇਕ ਵਾਰੀ ਅਸੀਂ ਪਰਮਾਤਮਾ ਨਾਲ ਮਿਲ ਗਏ ਤਾਂ ਫਿਰ ਸੰਸਾਰ ਵਿਚ ਅਸੀਂ ਕਿਸ ਵਾਸਤੇ ਆਵਾਂਗੇ? ਭਾਵ ਫਿਰ ਨਹੀਂ ਆਵਾਂਗੇ।

ਪੰਡ੍ਰਿਤਾਂ ਆਖਿਆ- "ਤੂੰ ਜੀਵ ਜੁਲਾਹਿਆ, ਨੀਚ ਉਪਾਧੀ ਵਾਲਾ ਤੇਰਾ ਪਰਮਾਤਮਾ ਨਾਲ ਮਿਲਾਪ ਕਿਵੇਂ ਹੋ ਗਿਆ? *ਉੱਤਰ :-*

ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ॥

(ਦ੍ਰਿਸ਼ਟਾਂਤ-ਇਹ) ਸਮੁੰਦਰ ਦਾ ਉਦਕ= ਜਲ ਹੈ, (ਇਹ ਤਲਾਬ ਦਾ) ਸਲਲ= ਜਲ ਹੈ, ਇਹ ਨਦੀ ਦਾ ਤਰੰਗ= ਜਲ ਚਲ ਰਿਹਾ ਹੈ, ਉਪਾਧੀ ਭੇਦ ਕਰ ਕੇ ਇਹ ਸਭ ਜਲ ਦੀਆਂ ਸਾਖਿਆ= ਸੰਗਿਆਂ ਹੋ ਰਹੀਆਂ ਹਨ। ਅਰਥਾਤ ਵੱਖਰੇ-ਵੱਖਰੇ ਅਸਥਾਨ 'ਤੇ ਪਾਣੀ ਹੋਣ ਉਸ ਦੇ ਨਾਮ ਭੀ ਵੱਖਰੇ ਵੱਖਰੇ ਲਏ ਜਾਂਦੇ ਹਨ। ਪਰ ਜਿਸ ਵੇਲੇ ਉਪਾਧੀ ਦੂਰ ਹੋ ਜਾਵੇ ਤਾਂ ਸਾਰਾ ਜਲ ਕੇਵਲ ਜਲ ਵਿਚ ਹੀ ਸਮਾ ਜਾਂਦਾ ਹੈ। ਏਸੇ ਤਰ੍ਹਾਂ ਅੰਤਹਕਰਨ, ਅਵਿਦਿਆ ਉਪਾਧੀ ਕਰ ਕੇ ਸਭ ਕੁਝ ਬ੍ਰਹਮ ਤੋਂ ਭਿੰਨ ਪ੍ਰਤੀਤ ਹੋ ਰਿਹਾ ਹੈ ਕਿ ਇਹ ਉਦਕ ਸਮੁੰਦ= ਈਸ਼ਵਰ ਹੈ, ਇਹ ਨਦੀ ਤਰੰਗ= ਜੀਵ ਹੈ, ਪਰ ਵੇਲੇ ਅੰਤਹਕਰਨ ਅਤੇ ਅਵਿਦਿਆ ਉਪਾਧੀ ਦੂਰ ਕਰ ਦਿੱਤੀ ਤਾਂ ਜੀਵ ਈਸ਼ਵਰ ਸਭ ਬ੍ਰਹਮ ਦੇ ਨਾਲ ਅਭੇਦ ਹੋ ਜਾਂਦੇ ਹਨ।

ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ॥ ੧॥

ਸਮਦਰਸੀ= ਸਮਦ੍ਰਿਸ਼ਟੀ ਹੋ ਕੇ ਅਫੁਰ ਰੂਪ ਪਰਮਾਤਮਾ ਨਾਲ ਅਫੁਰ ਰੂਪ ਹੋ ਕੇ ਮਿਲ ਗਿਆ ਹਾਂ।

ਯਥਾ :- ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ॥ *(ਆਸਾ ਮ: ੧, ਪੰਨਾ ੪੪੨)*

ਅਤੇ ਮੈਂ ਪਾਵਨ ਰੂਪ ਅਰਥਾਤ ਪਵਿੱਤਰ ਰੂਪ ਹੋ ਗਿਆ ਹਾਂ, ਜੇ ਤੁਸੀਂ ਵੀ ਨਿਰਸੰਕਲਪ ਹੋ ਕੇ ਅਫੁਰ ਨਾਲ ਮਿਲੋਗੇ ਤਾਂ ਤੁਸੀਂ ਵੀ ਪਵਿੱਤਰ ਰੂਪ ਹੋ ਜਾਓਗੇ।

ਬਹੁਰਿ ਹਮ ਕਾਹੇ ਆਵਹਿਗੇ॥

(ਸੰਸਾਰ ਵਿਚ ਉਹ ਪੁਰਸ਼ ਬਾਰ-ਬਾਰ ਆਉਂਦਾ ਹੈ, ਜਿਸ ਦੇ ਸੰਚਿਤ ਕਰਮ ਰਹਿੰਦੇ ਹੋਣ, ਪਰ ਮੇਰੇ ਤਾਂ ਸੰਚਿਤ ਕਰਮ ਅਤੇ ਕਿਰੇਮਾਨ ਕਰਮ ਸਾਰੇ ਹੀ ਗਿਆਨ-ਅਗਨੀ ਵਿਚ ਸੜ ਗਏ ਅਰਥਾਤ ਅਭਾਵ ਹੋ ਗਏ

ਹਨ) ਇਸ ਕਰ ਕੇ ਅਸੀਂ ਫਿਰ ਸੰਸਾਰ ਵਿਚ ਕਿਸ ਵਾਸਤੇ ਆਵਾਂਗੇ? (ਭਾਵ ਫਿਰ ਨਹੀਂ ਆਵਾਂਗੇ, ਕਿਉਂਕਿ ਮੁੜ ਕੇ ਜਨਮ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ)।

ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥ ੧ ॥ ਰਹਾਉ ॥

ਸੰਸਾਰ ਵਿਚ ਆਉਣਾ ਜਾਣਾ ਅਗਿਆਨੀਆਂ ਦਾ ਹੁੰਦਾ ਹੈ, ਇਹ ਅਕਾਲ ਪੁਰਖ ਦਾ ਹੁਕਮ ਹੈ। ਜਾਂ- ਉਸ ਪਰਮਾਤਮਾ ਦਾ ਹੁਕਮ ਨਾ ਮੰਨਣ ਕਰ ਕੇ ਸੰਸਾਰ ਵਿਚ ਆਉਣਾ ਜਾਣਾ ਹੁੰਦਾ ਹੈ। ਪਰ ਅਸੀਂ ਤਾਂ ਹੁਕਮ ਬੁਝਿ= ਸਮਝ ਕੇ ਉਸ ਪਰਮਾਤਮਾ ਦੇ ਵਿਚ ਹੀ ਸਮਾਵਹਿਗੇ= ਸਮਾ ਗਏ ਹਾਂ ॥ ੧ ॥ ਰਹਾਉ ॥

ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥

(ਤੁਸੀਂ ਇਉਂ ਨਿਸਚੇ ਕਰੋ) ਜਿਸ ਵੇਲੇ ਪੰਜਾਂ ਤੱਤਾਂ ਦੀ ਰਚਨਾ ਸੰਸਾਰ ਫੁਰਨਾ ਚੂਕੈ= ਦੂਰ ਹੋ ਜਾਵੇ ਤਾਂ ਭਰਮ ਦੂਰ ਹੋ ਜਾਂਦਾ ਹੈ। ਵਾ :- ਪੰਚ ਧਾਤੁ= ਕਾਮ ਆਦਿਕਾਂ ਦੀ ਰਚਨਾ ਜਦ ਦੂਰ ਹੋ ਜਾਵੇ ਤਾਂ ਇਸ ਤਰ੍ਹਾਂ ਸਾਧਨ ਦੇ ਹੋਣ ਨਾਲ ਭਰਮ ਦੂਰ ਹੋ ਜਾਂਦਾ ਹੈ।

ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥ ੨ ॥

ਛਿਆਂ ਦਰਸਨੁ= ਭੇਖਾਂ ਦੇ ਅਭਿਮਾਨ ਨੂੰ ਛੱਡ ਕੇ, *ਅਥਵਾ :-* ਛੇ ਦਰਸਨੁ= ਸ਼ਾਸਤ੍ਰਾਂ ਦੇ ਪੜ੍ਹਨ ਦਾ ਹੰਕਾਰ ਛੱਡ ਕੇ ਸਮਦਰਸੀ= ਸਮਦ੍ਰਿਸ਼ਟੀ ਹੋਏ ਹਾਂ ਅਤੇ ਇਕ ਪਰਮਾਤਮਾ ਦੇ ਨਾਮ ਨੂੰ ਹੀ ਧਿਆਉਂਦੇ ਹਾਂ ॥ ੨ ॥

ਜਿਤ ਹਮ ਲਾਏ ਤਿਤ ਹੀ ਲਾਗੇ ਤੈਸੇ ਕਰਮ ਕਮਾਵਹਿਗੇ ॥

ਜਿਸ ਪਾਸੇ ਪਰਮੇਸ਼ਰ ਨੇ ਪਰੇਰ ਕੇ ਸਾਨੂੰ ਲਾਇਆ ਹੈ, ਉਸੇ ਪਾਸੇ ਲੱਗ ਰਹੇ ਹਾਂ, ਜਿਸ ਤਰ੍ਹਾਂ ਉਹ ਹੁਕਮ ਕਰਦਾ ਹੈ ਉਸੇ ਤਰ੍ਹਾਂ ਹੀ ਕਰਮ ਕਮਾਉਂਦੇ ਹਾਂ।

ਅਥਵਾ :- ਜਿਸ ਪਾਸੇ ਪਰੇਰ ਕੇ ਅਸਾਂ ਨੇ ਇੰਦ੍ਰੀਏ ਲਗਾਏ ਹਨ ਉਸੇ ਤਰਫ ਲਗ ਰਹੇ ਹਨ, ਜਿਵੇਂ ਹੁਕਮ ਦੇਂਦੇ ਹਾਂ, ਇੰਦਰੇ ਤਿਵੇਂ ਹੀ ਕਰਮ ਕਮਾਉਂਦੇ ਹਨ।

ਕਬੀਰ ਜੀ ਤੋਂ ਇਹ ਗੱਲਾਂ ਸੁਣ ਕੇ ਪੰਡਿਤਾਂ ਨੇ ਕਿਹਾ-"ਸਾਡਾ ਜਨਮ ਮਰਨ ਕਿਵੇਂ ਨਵਿਰਤ ਹੋਵੇ?" ਤਾਂ ਕਬੀਰ ਜੀ ਨੇ ਕਿਹਾ-

ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ ॥ ੩ ॥

ਜੇਕਰ ਹਰਿ ਜੀ= ਅਕਾਲ ਪੁਰਖ ਆਪਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਤੁਹਾਡਾ ਗੁਰਾਂ ਦੇ ਉਪਦੇਸ਼ ਵਿਚ ਸਮਾਉਣਾ ਹੋਵੇਗਾ ॥ ੩ ॥

[ਪੰਨਾ ੧੧੦੪]

ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥

ਜਿਸ ਸੰਸਾਰ ਦੀ ਤਰਫ ਤੁਸੀਂ ਜੀਉਂਦੇ ਹੋ, ਉਧਰੋਂ ਮਰ ਜਾਓ ਅਤੇ ਜਿਸ ਪਰਮਾਤਮਾ ਦੇ ਭਜਨ-ਸਿਮਰਨ ਵਲੋਂ ਮਰੇ ਹੋਏ ਹੋ, ਉਸ ਤਰਫ ਜੀਅ ਪਵੋ ਪੁਨਾ ਅਪਿ= ਨਿਸਚੇ ਕਰ ਕੇ ਤੁਹਾਡਾ ਜਨਮ ਮਰਨ ਨਹੀਂ ਹੋਵੇਗਾ।

ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ ॥ ੪ ॥ ੪ ॥

ਕਬੀਰ ਜੀ ਕਹਿੰਦੇ ਹਨ— ਜੋ ਪੁਰਸ਼ ਨਾਮ ਜਪਣ ਵਿਚ ਸਮਾਏ ਹਨ, ਓਹੀ ਸੁੰਨ= ਅਫੁਰ (ਪਰਮਾਤਮਾ)

ਵਿਚ ਲਿਵ ਲਗਾ ਰਹੇ ਹਨ॥ ੪॥ ੪॥

ਉਥਾਨਕਾ:-ਇਕ ਸਮੇਂ ਭਗਤ ਕਬੀਰ ਜੀ ਨੇ ਬਹੁਤ ਪਰੇਮਾ ਭਗਤੀ ਕੀਤੀ, ਜਿਸ ਦੇ ਪ੍ਰਤਾਪ ਕਰ ਕੇ ਭਗਵਾਨ ਜੀ ਰਹਿ ਨਾ ਸਕੇ ਝਟ ਆ ਕੇ ਦਰਸ਼ਨ ਦੇ ਦਿੱਤਾ। ਭਗਤ ਕਬੀਰ ਜੀ ਉੱਠ ਕੇ ਜਦ ਚਰਨਾਂ ਪਰ ਨਮਸਕਾਰ ਕਰਨ ਲੱਗੇ ਤਾਂ ਕੌਤਕ ਕਰਨ ਵਾਸਤੇ ਭਗਵਾਨ ਜੀ ਨੇ ਕਿਹਾ-"ਅਸੀਂ ਛੱਤ੍ਰੀ ਮਹਾਰਾਜੇ ਹਾਂ, ਤੂੰ ਪਾਵਲੀ ਭਾਵ ਜੁਲਾਹਿਆ ਹੈਂ। ਇਸ ਕਰ ਕੇ ਤੂੰ ਸਾਡੇ ਨਾਲ ਛੋਹ ਨਾ, ਪਰੇ ਹਟ ਜਾਹ।" ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ, ਹੇ ਭਗਵਾਨ!

ਜਉ ਤੁਮ੍ ਮੋਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ॥

ਜੇਕਰ ਆਪ ਮੈਨੂੰ ਦੂਰ ਹਟਾਉਣਾ ਕਰਦੇ ਹੋ, ਤਾਂ ਤੁਸੀਂ ਮੁਕਤੀ ਦਾ ਸਰੂਪ ਮੈਨੂੰ ਦੱਸੋ, ਮੁਕਤੀ ਕਿਸ ਨੂੰ ਆਖਦੇ ਹੋ? (ਮੁਕਤੀ ਦਾ ਸਰੂਪ ਤਾਂ ਏਹੀ ਹੈ ਪਰਮਾਨੰਦ ਦੀ ਪ੍ਰਾਪਤੀ ਸੰਸਾਰ ਅਨਰਥ ਦੁੱਖ ਦੀ ਨਵਿਰਤੀ ਫਿਰ ਆਪ ਮੈਨੂੰ ਕਿਵੇਂ ਦੂਰ ਕਰ ਸਕਦੇ ਹੋ?)

ਭਗਵਾਨ ਨੇ ਕਿਹਾ-"ਹੇ ਕਬੀਰ ! ਤੂੰ ਮੈਨੂੰ ਜਾਣਦਾ ਭੀ ਹੈਂ ਕਿ ਨਹੀਂ?" ਤਾਂ ਕਬੀਰ ਜੀ ਨੇ ਅਖਿਆ-

ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ॥ ੧॥

ਹੇ ਭਗਵਾਨ ! ਇਕ ਆਪ ਹੀ ਅਨੇਕ ਰੂਪ ਹੋ ਕੇ ਸਾਰਿਆਂ ਵਿਚ ਪਰੀ ਪੂਰਨ ਹੋ ਰਹੇ ਹੋ, ਐਸੇ ਅਡੋਲ ਨਿਸ਼ਚੇ ਦੇ ਹੁੰਦਿਆਂ ਹੁਣ ਆਪ ਮੈਨੂੰ ਕਿਵੇਂ ਭਰਮਾ ਸਕਦੇ ਹੋ? ਵਾ :- ਹੁਣ ਮੈਨੂੰ ਕਿਵੇਂ ਭਰਮਾਉਂਦੇ ਹੋ ਕਿ ਸਾਡੇ ਨਾਲ ਛੋਹ ਨਾ॥ ੧॥

ਭਗਵਾਨ ਨੇ ਆਖਿਆ-"ਤੂੰ ਫਿਕਰ ਨਾ ਕਰ ਮੈਂ ਤੈਨੂੰ ਸੰਸਾਰ-ਸਾਗਰ ਤੋਂ ਜ਼ਰੂਰ ਤਾਰ ਲਵਾਂਗਾ।"

ਤਾਂ ਕਬੀਰ ਜੀ ਨੇ ਕਿਹਾ-

ਰਾਮ ਮੋਕਉ ਤਾਰਿ ਕਹਾਂ ਲੈ ਜਈਹੈ॥

ਹੇ ਰਾਮ ! ਮੈਨੂੰ ਤਾਰ ਕੇ ਕਿਥੇ ਲੈ ਜਾਓਗੇ?

ਸੋਧਉ, ਮੁਕਤਿ ਕਹਾ ਦੇਉ ਕੈਸੀ, ਕਰਿ ਪ੍ਰਸਾਦੁ ਮੋਹਿ ਪਾਈ ਹੈ॥ ੧॥ ਰਹਾਉ॥

ਮੈਂ ਆਪਣੇ ਦਿਲ ਵਿਚ ਸੋਧਦਾ ਹਾਂ ਮੁਕਤੀ ਕਿਥੇ ਹੈ ਅਤੇ ਕੈਸੀ ਮੁਕਤੀ ਦਿਓਗੇ? (ਸਾਲੋਕ, ਸਰੂਪ, ਸਮੀਪ, ਸਾਯੁਜ ਇਨ੍ਹਾਂ ਚਾਰ ਮੁਕਤੀਆਂ ਦੀ ਤਾਂ ਮੈਨੂੰ ਇੱਛਾ ਹੀ ਨਹੀਂ ਹੈ)। ਆਪ ਦੀ, ਵਾ :- ਗੁਰਾਂ ਦੀ ਕਿਰਪਾ ਕਰ ਕੇ ਮੈਂ 'ਕੈਵਲ ਮੁਕਤੀ' ਪਾ ਲਈ ਹੋਈ ਹੈ॥ ੧॥

ਭਗਵਾਨ ਨੇ ਕਿਹਾ-"ਭਾਵੇਂ ਤੂੰ ਮੁਕੰਤੀ ਪਾ ਲਈ ਫਿਰ ਵੀ ਮੈਂ ਤਾਰਨੇ ਵਾਲਾ ਹਾਂ, ਤੂੰ ਤਰਨ ਵਾਲਾ ਹੈਂ।" ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ-

ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ॥

ਤਾਰਨੇ ਵਾਲਾ ਤੇ ਤਰਨ ਵਾਲਾ ਉਸ ਵੇਲੇ ਤੱਕ ਕਹੀਦਾ ਹੈ, ਜਿੰਨਾ ਚਿਰ ਤਕ ਤਤੁ= ਸਿਧਾਂਤ ਨਹੀਂ ਜਾਣਿਆ ਜਾਂਦਾ।

ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ॥ ੨॥ ੫॥

ਕਬੀਰ ਜੀ ਕਹਿੰਦੇ ਹਨ— ਹੁਣ ਤਾਂ ਸਰੀਰ ਦੇ ਵਿਚ ਹੀ ਬਿਮਲ= ਨਿਰਮਲ ਹੋ ਗਏ ਹਾਂ, ਜਿਸ ਵੇਲੇ

ਗੁਰਾਂ ਦੇ ਮਨੁ= ਮੰਤਰ ਨੂੰ ਮਾਨਿਆ= ਮੰਨਣਾ ਕੀਤਾ॥ ੨॥ ੫॥

ਉਥਾਨਕਾ:-ਕੋਈ ਵੇਸ਼ਵਾ ਗਾਮੀ ਪੁਰਸ਼ ਕਈ ਤਰ੍ਹਾਂ ਦੇ ਮੰਦ ਕਰਮਾਂ ਨੂੰ ਕਰ ਰਿਹਾ ਸੀ, ਉਸ ਨੂੰ ਵੈਰਾਗ ਜਨਕ ਉਪਦੇਸ਼ ਦੇਂਦੇ ਹਨ। (ਪਹਿਲੇ ਰਹਾਉ ਦੀ ਤੁਕ ਦਾ ਅਰਥ ਕਰਨਾ-)

ਕਾਹੇ ਕੀਜਤੁ ਹੈ ਮਨਿ ਭਾਵਨੁ॥

ਹੇ ਪੁਰਸ਼ਾ ! ਕਿਸ ਵਾਸਤੇ ਮਨ ਭਾਉਂਦੀਆਂ ਗੱਲਾਂ ਕਰਦਾ ਹੈਂ। ਵਿਚਾਰ ਕੇ ਦੇਖ ਲੈ-

ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ॥ ੧॥

ਜਿਸ ਰਾਵਨ ਨੇ ਸੋਨੇ ਦੇ ਕਿਲ੍ਹੇ ਤੇ ਕੋਟ= ਫਸੀਲਾਂ (ਕੰਧਾਂ) ਬਣਾਈਆਂ ਹਨ ਤੇ ਸਾਰੇ ਦੇਵਤੇ ਆਪਣੇ ਆਗਿਆਕਾਰੀ ਕੀਤੇ ਸਨ, ਉਹ ਰਾਵਣ ਅੰਤ ਨੂੰ ਆਪਣੀ ਸਾਰੀ ਦੌਲਤ ਛੱਡ ਕੇ (ਪ੍ਰਲੋਕ ਵਿਚ ਖਾਲੀ ਹੱਥੀਂ) ਚਲਿਆ ਗਿਆ॥ ੧॥

ਕਾਹੇ ਕੀਜਤੁ ਹੈ ਮਨਿ ਭਾਵਨੁ॥

ਹੇ ਪੁਰਸ਼ਾ ! ਤੂੰ ਕਿਸ ਵਾਸਤੇ ਮਨ ਭਾਉਂਦੀਆਂ ਗੱਲਾਂ ਕਰਦਾ ਹੈਂ ?

ਜਬ ਜਮੁ ਆਇ ਕੇਸ ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ॥ ੧॥ ਰਹਾਉ॥

ਜਿਸ ਵੇਲੇ ਜਮ ਆ ਕੇ ਤੈਨੂੰ ਕੇਸਾਂ ਤੇ= ਤੋਂ ਫੜੇਗਾ, ਤਹ= ਉਸ ਵੇਲੇ ਹਰੀ ਦਾ ਨਾਮ ਹੀ ਛੁਡਾਉਣੇ ਵਾਲਾ ਹੋਵੇਗਾ॥ ੧॥ ਰਹਾਉ॥

ਕਾਲੁ ਅਕਾਲੁ ਖਸਮ ਕਾ ਕੀਨ੍ਹਾ ਇਹੁ ਪਰਪੰਚੁ ਬਧਾਵਨੁ॥

(ਕਿਉਂਕਿ ਇਹ ਜਮ) ਕਾਲ, ਅਕਾਲ ਪੁਰਖ ਜੋ ਖਸਮ ਹੈ, ਉਸ ਦਾ ਕੀਤਾ ਹੋਇਆ ਹੈ, ਇਸ ਸੰਸਾਰ ਦੇ ਬੰਨ੍ਹਣ ਲਈ। *ਵਾ :-* ਕਾਲ ਅਕਾਲ= ਮਰਨਾ ਜੰਮਣਾ ਖਸਮ= ਪਰਮਾਤਮਾ ਦਾ ਕੀਤਾ ਹੋਇਆ ਹੈ, ਇਸ ਪ੍ਰਪੰਚ ਦੇ ਵਧਾਉਣ ਵਾਸਤੇ। *ਅਥਵਾ :-* ਇਹ ਜੀਵ ਉਸ ਨੂੰ ਭੁਲਾ ਕੇ ਪਰਪੰਚ= ਛਲ-ਵਲ ਵਧਾਉਣਾ ਕਰਦਾ ਹੈ।

ਕਹਿ ਕਬੀਰ ਤੇ ਅੰਤੇ ਮੁਕਤੇ ਜਿਨ੍ ਹਿਰਦੈ ਰਾਮ ਰਸਾਇਨੁ॥ ੨॥ ੬॥

ਕਬੀਰ ਜੀ ਕਹਿੰਦੇ ਹਨ— ਉਹ ਪੁਰਸ਼ ਅੰਤ ਨੂੰ ਮੋਖਸ਼ ਰੂਪ ਹਨ, ਜਿਨ੍ਹਾਂ ਦੇ ਹਿਰਦੇ ਵਿਚ ਰਸਾਇਨੁ ਰਸ+ਆਇਨੁ= ਰਸਾਂ ਦੇ ਘਰ (ਮਾਲਕ ਦਾ) ਰਾਮ ਨਾਮ ਹੈ॥ ੨॥ ੬॥

ਉਥਾਨਕਾ:-ਸੰਤ ਮੰਡਲੀ ਨੇ ਆ ਕੇ ਭਗਤ ਕਬੀਰ ਜੀ ਦੇ ਪਾਸ ਬੇਨਤੀ ਕੀਤੀ-"ਆਪ ਨੂੰ ਕਿਹੜੇ ਸਾਧਨ ਕਰਨ ਨਾਲ ਪਰਮੇਸ਼ਰ ਦੀ ਪ੍ਰਾਪਤੀ ਹੋਈ ਹੈ ਤੇ ਸਾਨੂੰ ਕਿਵੇਂ ਹੋਵੇ?"

ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ (ਪਹਿਲੇ ਰਹਾਉ ਦੀ ਪੰਗਤੀ ਦਾ ਅਰਥ ਕਰਨਾ)—

ਬਾਬਾ ਅਬ ਨ ਬਸਉ ਇਹ ਗਾਉ॥

ਬਾਬਾ- ਹੇ ਭਾਈ ! ਜਿਸ ਸਰੀਰ ਰੂਪੀ ਗਾਉ= ਪਿੰਡ ਵਿਚ ਮੈਂ ਵਸਦਾ ਨਹੀਂ ਹਾਂ, ਭਾਵ ਦੇਹ ਅਧਿਆਸ ਨਹੀਂ ਕਰਦਾ। ਅਰਥਾਤ ਦੇਹ ਅਧਿਆਸ ਤੋਂ ਰਹਿਤ ਹੋਣ ਕਰ ਕੇ ਪ੍ਰਭੂ ਦੀ ਪ੍ਰਾਪਤੀ ਹੋਈ ਹੈ।

ਜਿਹੜੇ ਪੁਰਸ਼ ਦੇਹ ਅਧਿਆਸ ਕਰਦੇ ਹਨ, ਹੁਣ ਉਹਨਾਂ ਦੀ ਗੱਲ ਸੁਣੋ-

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥

ਦੇਹ ਰੂਪੀ ਇਕ ਗਾਵਾ= ਪਿੰਡ ਹੈ, ਜੀਵ ਮਹਤਉ= ਨੰਬਰਦਾਰ (ਮੁਖੀਆ) ਹੈ। (ਸ਼ੁਭਾਸ਼ੁਭ ਕਰਮਾਂ ਰੂਪੀ) ਧਰ= ਪ੍ਰਿਥਵੀ ਹੈ, (ਇਸ ਪਿੰਡ ਵਿਚ ਪੰਜ ਗਿਆਨ ਇੰਦ੍ਰੀਏ) ਕਿਰਸਾਨਾ= ਜ਼ਿਮੀਂਦਾਰ (ਵਸ ਰਹੇ) ਹਨ।

ਪ੍ਰਸ਼ਨ- ਉਹਨਾਂ ਜ਼ਿਮੀਂਦਾਰਾਂ ਦਾ ਨਾਮ ਕੀ ਹੈ? *ਉੱਤਰ-*

ਨੈਨੂ ਨਕਟੂ ਸ੍ਰਵਨੂ ਰਸ ਪਤਿ ਇੰਦ੍ਰੀ ਕਹਿਆ ਨ ਮਾਨਾ ॥ ੧ ॥

ਨੈਨੂ= ਨੇਤਰ, ਨਕਟੂ= ਨੱਕ, ਸ੍ਰਵਨੂ= ਕੰਨ, ਰਸ= ਰਸਨਾ, ਪਤਿ= ਤ੍ਵਚਾ (ਇਹ ਪੰਜ ਗਿਆਨ ਇੰਦ੍ਰੀਏ ਰੂਪ ਜ਼ਿਮੀਂਦਾਰ ਜੀਵ ਰੂਪ ਨੰਬਰਦਾਰ ਦਾ) ਕਿਹਾ ਨਹੀਂ ਮੰਨਦੇ॥ ੧॥

ਬਾਬਾ ਅਬ ਨ ਬਸਉ ਇਹ ਗਾਉ ॥

ਹੇ ਭਾਈ ! ਇਸ ਦੇਹ ਰੂਪ ਪਿੰਡ ਵਿਚ ਹੁਣ ਮੈਂ ਵਸਦਾ ਨਹੀਂ, ਭਾਵ ਦੇਹ ਅਧਿਆਸ ਨਹੀਂ ਕਰਦਾ।

ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ ॥ ੧ ॥ ਰਹਾਉ ॥

ਘੜੀ-ਘੜੀ ਦਾ ਹਿਸਾਬ ਮੰਗਦੇ ਹਨ ਕਾਇਥੁ= ਮੁਨਸ਼ੀ ਚੇਤੂ= ਚਿਤਰ ਗੁਪਤ (ਜਿਨ੍ਹਾਂ ਦਾ) ਨਾਮ ਹੈ॥ ੧॥

ਸੱਜੇ ਮੋਢੇ 'ਤੇ ਬੈਠਾ ਚਿਤਰ ਦਿਨ ਦੀਆਂ ਸਾਰੀਆਂ ਗੱਲਾਂ ਲਿਖਦਾ ਹੈ, ਖੱਬੇ ਮੋਢੇ 'ਤੇ ਬੈਠਾ ਗੁਪਤ ਰਾਤ ਦੀ ਸਾਰੀ ਗੱਲ ਲਿਖਦਾ ਹੈ।

ਯਥਾ:- ਜਮਦੂਤ ਮਹਾ ਭਇਆਨ॥ ਚਿਤ ਗੁਪਤ ਕਰਮਹਿ ਜਾਨ॥
ਦਿਨੁ ਰੈਨਿ ਸਾਖਿ ਸੁਨਾਇ॥ ਨਾਨਕਾ ਹਰਿ ਸਰਨਾਇ॥ ੩॥ *(ਪੰਨਾ ੮੩੮)*

ਤਥਾ:- ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਨੁ ਪੜਦਾ ਤੇਰਾ ਢਾਕੈ॥ ੩॥ *(ਪੰਨਾ ੬੧੬)*

ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥

ਜਿਸ ਵੇਲੇ ਧਰਮਰਾਜ ਨੇ ਹਿਸਾਬ ਮੰਗਿਆ ਤਾਂ ਪਾਪਾਂ ਦੀ ਬਾਕੀ ਭਾਰੀ= ਬਹੁਤ ਸਾਰੀ ਨਿਕਲ ਪਈ।

ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥ ੨ ॥

(ਉਸ ਵੇਲੇ ਪੰਜ ਗਿਆਨ ਇੰਦ੍ਰੀਆਂ ਰੂਪੀ) ਜ਼ਿਮੀਦਾਰ ਭਾਗਿ ਗਏ= ਦੌੜ ਗਏ ਤੇ ਸਰੂਪ ਦਰਬਾਰ ਵਾਲੇ ਜੀਵ ਨੂੰ ਲੈ ਕੇ ਬੰਨ੍ਹਣਾ ਕੀਤਾ। ਯਾਨੇ ਗ੍ਰਿਫਤਾਰ ਕਰ ਲਿਆ। ਵਾ :- ਪਰਲੋਕ ਦਰਬਾਰ ਵਾਲੇ ਜਮਦੂਤਾਂ ਨੇ ਇਸ ਜੀਵ ਨੂੰ ਲੈ ਕੇ ਬੰਨ੍ਹ ਲੈਣਾ ਕੀਤਾ।

ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥

ਕਬੀਰ ਜੀ ਕਹਿੰਦੇ ਹਨ— ਹੇ ਸੰਤ ਜੀ ! ਸੁਣਨਾ ਕਰੋ, ਛੇਤੀ ਤੋਂ ਛੇਤੀ ਭਜਨ-ਸਿਮਰਨ ਕਰ ਕੇ ਇਸ ਮਨੁੱਖਾ ਦੇਹ ਰੂਪੀ ਖੇੜ ਹੀ= ਖੇਤ (ਵਿਚੋਂ ਪਾਪਾਂ ਦਾ) ਨਿਬੇੜਾ ਕਰੋ ਅਤੇ ਵਾਹਿਗੁਰੂ ਅੱਗੇ ਇਸ ਤਰ੍ਹਾਂ ਬੇਨਤੀ ਕਰੋ-

ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥ ੩ ॥ ੭ ॥

ਹੇ ਅਕਾਲ ਪੁਰਖ! ਹੁਣ ਦੀ ਵਾਰੀ ਇਸ ਮਨੁੱਖਾ ਦੇਹ ਵਿਖੇ ਬੰਦੇ= ਦਾਸ ਨੂੰ ਬਖਸ਼ ਲੈਣਾ ਕਰ, ਜਿਸ

ਕਰ ਕੇ ਮੁੜ ਸੰਸਾਰ ਵਿਚ ਫੇਰਾ ਨਾ ਹੋਵੇ ਅਰਥਾਤ ਜਨਮ ਨਾ ਲੈਣਾ ਪਵੇ॥ ੩॥ ੭॥

ਰਾਗੁ ਮਾਰੂ ਬਾਣੀ ਕਬੀਰ ਜੀਉ ਕੀ ੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ:-ਬਾਂਗਰ ਦੇਸ਼ ਦੇ ਰਹਿਣ ਵਾਲਾ ਇਕ ਬੈਰਾਗੀ ਸਾਧੂ ਦੁਆਰਕਾ, ਰਾਮੇਸ਼ਵਰ, ਪ੍ਰਯਾਗਰਾਜ, ਬਿੰਦ੍ਰਾਬਨ, ਜਗਨਨਾਥ ਆਦਿ ਤੀਰਥ ਯਾਤਰਾ ਕਰਦਾ ਹੋਇਆ ਕਾਂਸ਼ੀ ਵਿਚ ਕਬੀਰ ਜੀ ਪਾਸ ਆ ਕੇ ਪੁੱਜਾ। ਕਬੀਰ ਜੀ ਨੂੰ ਦੇਖ ਕੇ ਕਹਿੰਦਾ ਹੈ ਕਿ ਤੀਰਥ ਯਾਤਰਾ ਕਰਨ ਨਾਲ ਪਰਮਾਤਮਾ ਦਾ ਦਰਸ਼ਨ ਹੁੰਦਾ ਹੈ, ਜੇਕਰ ਆਪ ਨੂੰ ਭੀ ਦਰਸ਼ਨ ਦੀ ਇੱਛਾ ਹੈ ਤਾਂ ਆਪ ਤੀਰਥ ਯਾਤਰਾ ਕਰੋ। ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ॥

ਹੇ ਬੈਰਾਗੀਅੜੇ= ਬੈਰਾਗੀ ! ਅਨਭਉ= ਭੈ ਰਹਿਤ, ਵਾ :- ਪ੍ਰਕਾਸ਼ ਰੂਪ ਪਰਮਾਤਮਾ ਨੂੰ ਬ੍ਰਹਮ ਗਿਆਨ ਤੋਂ ਬਿਨਾਂ ਕੇਵਲ ਤੀਰਥ ਯਾਤਰਾ ਕਰਨ ਨਾਲ ਕਿਸੀ ਨੇ ਭੀ ਨਹੀਂ ਦੇਖਿਆ।

ਬਿਨੁ ਭੈ ਅਨਭਉ ਹੋਇ ਵਣਾਹੰਬੈ॥ ੧॥

ਭੈ ਧਾਰੇ ਬਿਨਾਂ ਅਨਭਉ= ਨਿਰਖੌਫ ਪਰਮਾਤਮਾ ਕਿਵੇਂ ਪ੍ਰਾਪਤ ਹੋ ਸਕਦਾ ਹੈ? ਤਾਂ ਬੈਰਾਗੀ ਨੇ ਕਿਹਾ, ਵਣਾਹੰਬੈ= ਠੀਕ ਹੈ, ਜੋ ਕੁਝ ਆਪ ਕਹਿ ਰਹੇ ਹੋ, ਸਤ ਹੈ। *ਪ੍ਰਸ਼ਨ-* ਭੈ ਕਿਵੇਂ ਪਰਾਪਤ ਹੋਵੇ? *ਉੱਤਰ-*

ਸਹੁ ਹਦੂਰਿ ਦੇਖੈ ਤਾਂ ਭਉ ਪਵੈ ਬੈਰਾਗੀਅੜੇ॥

ਹੇ ਬੈਰਾਗੀਅੜੇ= ਬੈਰਾਗੀ! ਸਹੁ= ਅਕਾਲ ਪੁਰਖ ਨੂੰ ਸਾਰੇ ਹਾਜ਼ਰਾ ਹਜ਼ੂਰ ਵੇਖੇ ਤਾਂ ਦਿਲ ਵਿਚ ਭਉ= ਖੌਫ ਪੈਂਦਾ ਹੈ।

ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ॥ ੨॥

ਡਰ ਧਾਰ ਕੇ ਪਰਮਾਤਮਾ ਦੇ ਹੁਕਮ ਨੂੰ ਬੁੱਝਣਾ ਕਰੇ, ਤਾਂ ਜਮਾਂ ਦੇ, ਵਾ :- ਜੰਮਣ ਮਰਨ ਦੇ ਭੈ ਤੋਂ ਰਹਿਤ ਹੁੰਦਾ ਹੈ (ਬੈਰਾਗੀ ਨੇ ਕਿਹਾ)— ਵਣਾਹੰਬੈ= ਠੀਕ ਹੈ॥ ੨॥

ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ॥

ਹੇ ਬੈਰਾਗੀ ! ਹਰ ਇਕ ਨਾਲ ਪਖੰਡ ਨਹੀਂ ਕਰਨਾ ਚਾਹੀਦਾ। ਵਾ :- ਹਰੀ ਨਾਲ ਪਖੰਡ ਨਾ ਕਰੀਏ। *ਪ੍ਰਸ਼ਨ-* ਹਰੀ ਨਾਲ ਕਿਹੜਾ ਪਖੰਡ ਕਰਨਾ ਹੈ? *ਉੱਤਰ-*

ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ ਲੋਗਨ ਰਾਮੁ ਖਿਲਉਨਾ ਜਾਨਾਂ॥ ੧॥

(ਕਬੀਰ ਜੀ, ਪੰਨਾ ੧੧੫੮)

ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ॥ ੩॥

ਸਾਰੇ ਲੋਕ ਪਖੰਡ ਵਿਚ ਰਤਾ= ਤਦਾਕਾਰ ਹਨ (ਤਾਂ ਬੈਰਾਗੀ ਨੇ ਕਿਹਾ) ਵਣਾਹੰਬੈ= ਠੀਕ ਹੈ॥ ੩॥

ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ॥

ਹੇ ਬੈਰਾਗੀ! ਮਾਇਆ ਦੀ ਤ੍ਰਿਸ਼ਨਾ ਰੂਪ ਪਾਸੁ= ਫਾਹੀ ਇਸ ਜੀਵ ਨੂੰ ਛੱਡਦੀ ਨਹੀਂ, ਇਸ ਕਰ ਕੇ ਸਾਰੇ ਲੋਕ ਪਖੰਡ ਕਰਦੇ ਹਨ।

ਮਮਤਾ ਜਾਲਿਆ ਪਿੰਡੁ ਵਣਾਹੰਬੈ ॥ ੪ ॥

ਮਮਤਾ ਨੇ ਹੀ ਪਿੰਡੁ= ਸੂਖਮ ਸਰੀਰ ਭਾਵ ਅੰਤਹਕਰਨ ਨੂੰ ਜਾਲਿਆ= ਸਾੜਿਆ ਹੋਇਆ ਹੈ (ਤਾਂ ਬੈਰਾਗੀ ਨੇ ਕਿਹਾ—) ਵਣਾਹੰਬੈ= ਠੀਕ ਹੈ (ਆਪ ਜੀ ਦਾ ਕਹਿਣਾ ਯਥਾਰਥ ਹੈ)॥ ੪ ॥

ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥

ਹੇ ਬੈਰਾਗੀ ! ਚਿੰਤਾ ਰੂਪੀ ਜਾਲਿ= ਜ੍ਵਾਲਾ (ਅੱਗ) ਨੇ ਤਨੁ= ਅੰਤਹਕਰਨ ਨੂੰ ਸਾੜ ਰਖਿਆ ਹੈ।

ਵਾ :- ਜਾਲਿ= ਸਮੂਹ ਚਿੰਤਾ ਨੇ ਤਨ ਨੂੰ ਜਾਲਿਆ= ਸਾੜਿਆ ਹੋਇਆ ਹੈ।

ਜੇ ਮਨੁ ਮਿਰਤਕੁ ਹੋਇ ਵਣਾਹੰਬੈ ॥ ੫ ॥

ਜੇਕਰ ਮਨ (ਜੀਵਤ ਭਾਵ ਤੋਂ) ਮਿਰਤਕੁ ਹੋਇ= ਮਰ ਜਾਵੇ (ਤਾਂ ਹੀ ਚਿੰਤਾ ਦੀ ਲਾਟ ਤੋਂ ਬਚ ਸਕਦਾ ਹੈ ਤਾਂ ਬੈਰਾਗੀ ਨੇ ਕਿਹਾ) ਵਣਾਹੰਬੈ= ਠੀਕ ਹੈ॥ ੫ ॥

ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥

ਹੇ ਬੈਰਾਗੀ ! ਪੂਰਨ ਸਤਿਗੁਰਾਂ ਦੀ ਕਿਰਪਾ ਬਿਨਾਂ ਪੂਰਾ ਵੈਰਾਗ ਉਤਪੰਨ ਨਹੀਂ ਹੁੰਦਾ।

ਜੇ ਲੋਚੈ ਸਭੁ ਕੋਇ ਵਣਾਹੰਬੈ ॥ ੬ ॥

ਜੇਕਰ ਭਾਵੇਂ ਸਭ ਕੋਈ ਲੋਚੈ= ਚਾਹੁੰਦਾ ਭੀ ਰਹੇ (ਤਾਂ ਬੈਰਾਗੀ ਨੇ ਕਿਹਾ—) ਵਣਾਹੰਬੈ= ਠੀਕ ਹੈ॥ ੬ ॥

ਬੈਰਾਗੀ ਨੇ ਕਿਹਾ, "ਪੂਰਨ ਗੁਰਾਂ ਦੀ ਪਰਾਪਤੀ ਕਿਵੇਂ ਹੋਵੇ?" ਤਾਂ ਕਬੀਰ ਜੀ ਨੇ ਕਿਹਾ-

ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥
ਸਹਜੇ ਪਾਵੈ ਸੋਇ ਵਣਾਹੰਬੈ ॥ ੭ ॥

ਹੇ ਬੈਰਾਗੀ ! ਪੂਰਬ ਜਨਮ ਦੇ ਸ੍ਰੇਸ਼ਟ ਕਰਮ ਕੀਤੇ ਹੋਏ ਹੋਣ ਤਾਂ (ਪੂਰਨ) ਸਤਿਗੁਰੂ ਜੀ ਇਸ ਨੂੰ ਮਿਲਦੇ ਹਨ। (ਜਿਸ ਨੂੰ ਪੂਰਨ ਗੁਰੂ ਮਿਲੇ ਹਨ) ਓਹੀ ਸਹਜੇ= ਯਥਾਰਥ ਗਿਆਨ ਨੂੰ ਪਾਉਂਦਾ ਹੈ (ਤਾਂ ਬੈਰਾਗੀ ਨੇ ਕਿਹਾ—) ਵਣਾਹੰਬੈ= ਠੀਕ ਹੈ।

ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ ॥

ਕਬੀਰ ਜੀ ਆਖਦੇ ਹਨ— ਹੇ ਬੈਰਾਗੀ ! ਤੂੰ ਪਰਮਾਤਮਾ ਅੱਗੇ ਇਕ ਬੇਨਤੀ ਕਹੁ ਕਿ ਹੇ ਪ੍ਰਭੂ!

ਮੋਕਉ ਭਉਜਲੁ ਪਾਰਿ ਉਤਾਰਿ ਵਣਾਹੰਬੈ ॥ ੮ ॥ ੧ ॥ ੮ ॥

ਮੈਨੂੰ ਭਉਜਲੁ= ਸੰਸਾਰ-ਸਮੁੰਦਰ ਤੋਂ ਪਾਰ ਉਤਾਰਨਾ ਕਰ (ਇਹ ਗੱਲ ਸੁਣ ਕੇ ਬੈਰਾਗੀ ਨੇ ਕਿਹਾ) ਵਣਾਹੰਬੈ= ਠੀਕ ਹੈ (ਜੋ ਕੁਛ ਵੀ ਆਪ ਜੀ ਨੇ ਕਿਹਾ ਹੈ ਸਭ ਸੱਚ ਕਥਨ ਕੀਤਾ ਹੈ)॥ ੮ ॥ ੧ ॥ ੮ ॥

ਉਥਾਨਕਾ:-ਕਾਂਸ਼ੀ ਨਿਵਾਸੀ ਬ੍ਰਾਹਮਣਾਂ ਨੇ ਕਿਹਾ— "ਹੇ ਕਬੀਰ ! ਤੂੰ ਨੀਚ ਹੈਂ ਕਿਉਂਕਿ ਤੇਰੀ ਜੁਲਾਹਾ ਜ਼ਾਤਿ ਹੈ, ਇਸ ਕਰ ਕੇ ਤੈਨੂੰ ਪਰਮਾਤਮਾ ਦੀ ਪ੍ਰਾਪਤੀ ਕਦੇ ਨਹੀਂ ਹੋਣੀ ਚਾਹੇ ਕਿਤਨੇ ਸਾਧਨ ਕਰ ਲੈ, ਪਰਮਾਤਮਾ ਦੀ ਪ੍ਰਾਪਤੀ ਉੱਚੀ ਜ਼ਾਤੀ ਵਾਲਿਆਂ ਨੂੰ ਹੈ।"

ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ-"ਤੁਹਾਡੇ ਦਿਲ ਵਿਚ ਜੋ ਉੱਚੀ ਜ਼ਾਤੀ ਦਾ ਮਾਣ ਹੈ, ਇਹ ਪਰਮਾਤਮਾ ਦੀ ਦਰਗਾਹ ਵਿਚ ਕਬੂਲ ਨਹੀਂ ਹੈ। ਜਿਵੇਂ:-

ਸਾਖੀ- ਰਾਜੇ ਦੁਰਯੋਧਨ ਦੀ

ਜਿਸ ਵੇਲੇ ਪਾਂਡਵ ਕੌਰਵਾਂ ਅੱਗੇ ਹਾਰ ਗਏ ਤੇ ਆਪਣਾ ਆਪ ਸਭ ਗੁਆ ਬੈਠੇ ਤਾਂ ਕ੍ਰਿਸ਼ਨ ਜੀ ਮਹਾਰਾਜ ਦੇ ਦਿਲ ਵਿਚ ਤਰਸ ਆਇਆ ਕਿ ਇਹ ਬਾਦਸ਼ਾਹ ਸਨ, ਹੁਣ ਸਭ ਕੁਝ ਹਰਾ ਬੈਠੇ ਹਨ ਤੇ ਦੁਰਯੋਧਨ ਪਾਸੋਂ ਇਨ੍ਹਾਂ ਨੂੰ ਪੰਜ ਪਿੰਡਾਂ ਦਾ ਮਾਮਲਾ ਦਿਵਾ ਆਈਏ ਤੇ ਖੁਦ ਆਪ ਵਕੀਲ ਬਣ ਕੇ ਚਲ ਪਏ।

ਚਲਦਿਆਂ-ਚਲਦਿਆਂ ਜਿਸ ਵੇਲੇ ਹਸਤਨਾਪੁਰ ਦੇ ਪਾਸ ਪਹੁੰਚੇ ਤਾਂ ਦੁਰਯੋਧਨ ਨੂੰ ਕਿਸੇ ਆਦਮੀ ਨੇ ਪਹਿਲੇ ਹੀ ਖ਼ਬਰ ਪਹੁੰਚਾ ਦਿੱਤੀ, ਕਿ ਤੇਰੇ ਪਾਸ ਕ੍ਰਿਸ਼ਨ ਮਹਾਰਾਜ ਜੀ ਆ ਰਹੇ ਹਨ।

ਇਹ ਗੱਲ ਸੁਣ ਕੇ ਦੁਰਯੋਧਨ ਵਿਚਾਰਾਂ ਵਿਚ ਪੈ ਗਿਆ ਕਿ ਕ੍ਰਿਸ਼ਨ ਜੀ ਅੱਗੇ ਜੇ ਮੈਂ ਨਾ ਉਠਿਆ ਤਾਂ ਕੋਈ ਸਰਾਪ ਨਾ ਦੇ ਦੇਣ ਤੇ ਜੇ ਮੈਂ ਉੱਠਦਾ ਹਾਂ ਤਾਂ ਓਹ ਗੁੱਜਰ ਹੈ ਤੇ ਮੈਂ ਰਾਜਾ ਹਾਂ। ਗੁੱਜਰ ਦੇ ਸਾਹਮਣੇ ਖਲੋਵਾਂ ਤਾਂ ਮੇਰੀ ਹੱਤਕ ਹੈ। ਇਹ ਗੱਲ ਵਿਚਾਰ ਕੇ ਘੋੜਿਆਂ ਦੇ ਵੇਖਣ ਦਾ ਬਹਾਨਾ ਕਰ ਕੇ ਆਪ ਹਾਥੀ ਘੋੜਿਆਂ ਦੇ ਤਬੇਲੇ ਵੱਲ ਉਠ ਕੇ ਚਲਾ ਗਿਆ। ਅੰਤਰਜਾਮੀ ਕ੍ਰਿਸ਼ਨ ਭਗਵਾਨ ਜੀ ਉਸ ਦੇ ਦਿਲ ਦੀ ਖੁਟਿਆਈ ਸਮਝ ਕੇ ਅਤੇ ਹੰਕਾਰੀ ਜਾਣ ਕੇ ਉਸ ਵੱਲ ਨਾ ਗਏ। ਆਪਣੇ ਪ੍ਰੇਮੀ ਬਿਦਰ ਦੇ ਘਰ ਚਲੇ ਗਏ, ਦਰਵਾਜ਼ੇ ਪਰ ਖੜੋ ਕੇ ਬੂਹਾ ਖੜਕਾਇਆ।*

ਉਸ ਵੇਲੇ ਬਿਦਰ ਆਪ ਘਰ ਨਹੀਂ ਸੀ, ਉਸ ਦੀ ਔਰਤ ਇਸ਼ਨਾਨ ਕਰ ਰਹੀ ਸੀ। ਉਸ ਨੇ ਜਦ ਸ੍ਰੀ ਕ੍ਰਿਸ਼ਨ ਜੀ ਦੀ ਅਵਾਜ਼ ਸੁਣੀ ਤਾਂ ਇਸ਼ਨਾਨ ਕਰਨਾ ਤਾਂ ਕਿਧਰੇ ਰਿਹਾ ਕਪੜੇ ਪਾਉਣੇ ਭੀ ਭੁੱਲ ਗਏ ਨੰਗੀ ਨੇ ਹੀ ਝਟਪਟ ਬੂਹਾ ਖੋਲ੍ਹ ਦਿੱਤਾ, ਉਸ ਵੇਲੇ ਕ੍ਰਿਸ਼ਨ ਜੀ ਨੇ ਆਪਣਾ ਪੀਤੰਬਰ ਲਾਹ ਕੇ ਉਸ ਉਤੇ ਪਾ ਦਿੱਤਾ।

ਘਰ ਬਿਠਾ ਕੇ ਬੜਾ ਸਤਿਕਾਰ ਕੀਤਾ, ਘਰ ਵਿਚ ਹੋਰ ਤਾਂ ਕੁਝ ਨਹੀਂ ਸੀ, ਕੇਲਿਆਂ ਦੀਆਂ ਫਲੀਆਂ ਪਈਆਂ ਸਨ ਓਹੋ ਹੀ ਛਿਲ-ਛਿਲ ਕੇ ਖਵਾਈ ਜਾਵੇ। ਪਰੇਮ ਵਿਚ ਮਸਤ ਹੋ ਕੇ ਗੁਲਫਾ ਬਾਹਰ ਸੁੱਟੀ ਜਾਵੇ ਤੇ ਛਿੱਲੜ ਅੱਗੇ ਰੱਖੀ ਜਾਵੇ ਪਰ ਕ੍ਰਿਸ਼ਨ ਜੀ ਉਸ ਦਾ ਪਰੇਮ ਵੇਖ ਕੇ ਓਹੀ ਕਬੂਲ ਕਰ ਗਏ।

ਇਤਨੇ ਨੂੰ ਬਿਦਰ ਵੀ ਬਾਹਰੋਂ ਆ ਗਿਆ ਤੇ ਆ ਕੇ ਕੀ ਵੇਖਦਾ ਹੈ ਕਿ ਕ੍ਰਿਸ਼ਨ ਭਗਵਾਨ ਜੀ ਘਰ ਆਏ ਬੈਠੇ ਹਨ। ਅਗਾਂਹ ਹੋ ਕੇ ਬੜੇ ਪ੍ਰੇਮ ਅਤੇ ਨਿਮਰਤਾ ਸਹਿਤ ਮੱਥਾ ਟੇਕ ਕੇ ਪਾਸ ਬੈਠ ਗਿਆ, ਆਪਣੀ ਘਰ ਵਾਲੀ ਨੂੰ ਛਿੱਲੜ ਖਵਾਂਦਿਆਂ ਵੇਖ ਕੇ ਆਖਦਾ ਹੈ:-

"ਹੇ ਪਾਪਾਤਮੇ ! ਇਹ ਤੂੰ ਕੀ ਕਰ ਰਹੀ ਹੈਂ, ਗੁੱਦਾ ਬਾਹਰ ਸੁੱਟੀ ਜਾ ਰਹੀ ਹੈਂ ਤੇ ਛਿੱਲੜ ਭਗਵਾਨ ਨੂੰ ਖੁਆ ਰਹੀ ਹੈਂ?" ਇਤਨੀ ਗੱਲ ਕਹਿ ਕੇ ਉਸ ਦੇ ਹੱਥੋਂ ਫਲੀਆਂ ਖੋਹ ਕੇ ਆਪ ਛਿਲ ਕੇ ਜਦ ਗੁੱਦਾ ਖੁਆਉਣ ਲੱਗਾ ਤਾਂ ਕ੍ਰਿਸ਼ਨ ਭਗਵਾਨ ਨੇ ਕਿਹਾ "ਹੇ ਬਿਦਰ ! ਜੋ ਸੁਆਦ ਛਿੱਲੜਾਂ ਵਿਚ ਸੀ, ਉਹ ਸ੍ਵਾਦ ਇਸ ਗੁੱਦੇ ਵਿਚ ਨਹੀਂ ਹੈ!"

ਹੁਣ ਰਾਤ ਨੂੰ ਰੋਟੀ ਤਿਆਰ ਕਰ ਕੇ ਭਗਵਾਨ ਨੂੰ ਖਵਾਉਣੀ ਸੀ। ਔਰਤ ਨੂੰ ਆਖਦਾ ਹੈ— "ਭਾਗਵਾਨੇ ! ਤੂੰ ਛਿੱਲੜ ਖੁਆ ਕੇ ਭਗਵਾਨ ਦੀ ਬੜੀ ਨਿਰਾਦਰੀ ਕੀਤੀ ਹੈ, ਹੁਣ ਤੂੰ ਬੈਠ ਤੇ ਮੈਂ ਆਪ ਸਾਗ ਧਰ ਕੇ ਰੋਟੀ

---

*ਯਥਾ:- *ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ॥*

(ਬਸੰਤੁ ਮਹਲਾ ੪, ਪੰਨਾ ੧੧੯੧)

ਖਵਾਉਂਦਾ ਹਾਂ।'' ਇਤਨੀ ਗੱਲ ਆਖ ਕੇ ਬਿਦਰ ਆਪ ਰੋਟੀ ਤਿਆਰ ਕਰਨ ਲੱਗ ਪਿਆ। ਸਾਗ ਚੀਰਨ ਲਗਿਆਂ ਕੀ ਕਰਦਾ ਹੈ ਕਿ ਪੱਤੇ ਤੋੜ ਕੇ ਬਾਹਰ ਸੁਟ ਦਿੱਤੇ ਤੇ ਡੰਡਲ ਚੀਰ ਕੇ ਕੁੰਨੀ ਵਿਚ ਪਾ ਕੇ ਧਰ ਦਿਤੇ ਤੇ ਲੂਣ ਵੀ ਨਾ ਪਾਇਆ, ਰੋਟੀ ਪਕਾ ਕੇ ਕ੍ਰਿਸ਼ਨ ਜੀ ਅੱਗੇ ਧਰ ਦਿੱਤੀ। ਉਹ ਤਾਂ ਪਰੇਮ ਵਿਚ ਮਸਤ ਹੋ ਕੇ ਖਾ ਗਏ। ਜਿਸ ਵੇਲੇ ਉਸ ਦੀ ਔਰਤ ਬੈਠ ਕੇ ਸ਼ੀਤ ਪ੍ਰਸ਼ਾਦ ਛਕਣ ਲੱਗੀ ਤਾਂ ਡੰਡਲਾ ਵਾਲਾ ਮੋਟਾ ਤੇ ਅਲੂਣਾ ਸਾਗ ਜਾਣ ਕੇ ਹਸਦੀ ਹੋਈ ਪਤੀ ਨੂੰ ਆਖਦੀ ਹੈ ਕਿ ਮੈਂ ਤਾਂ ਪੁੱਠਾ ਕੰਮ ਕੀਤਾ ਸੀ ਪਰ ਤੁਸਾਂ ਕਿਹੜਾ ਸਿੱਧਾ ਕਰ ਦਿੱਤਾ ਹੈ? ਅਲੂਣਾ ਸਾਗ ਬਣਾ ਕੇ ਭਗਵਾਨ ਨੂੰ ਖਵਾਇਆ ਹੈ। ਬਸ ਏਸ ਤਰ੍ਹਾਂ ਪਰੇਮ ਦੀਆਂ ਕਹਾਣੀਆਂ ਕਰਦਿਆਂ ਹੋਇਆਂ ਨੇ ਸਾਰੀ ਰਾਤ ਕ੍ਰਿਸ਼ਨ ਜੀ ਦੀ ਸੇਵਾ ਵਿਚ ਹੀ ਬਿਤਾ ਦਿੱਤੀ। ਦਿਨ ਚੜ੍ਹਦਿਆਂ ਨਾਲ ਦੁਰਯੋਧਨ ਦਾ ਭੇਜਿਆ ਹੋਇਆ ਆਦਮੀ ਆ ਕੇ ਆਖਦਾ ਹੈ ਕਿ ਮਹਾਰਾਜ ਜੀ ! ਆਪ ਜੀ ਨੂੰ ਰਾਜਾ ਸਾਹਿਬ ਬੁਲਾਉਂਦੇ ਹਨ। ਦੂਤ ਦੀ ਗੱਲ ਸੁਣ ਕੇ ਕ੍ਰਿਸ਼ਨ ਜੀ ਤਿਆਰ ਹੋ ਕੇ ਰਾਜ ਸਭਾ ਵਿਚ ਜਦ ਪਹੁੰਚੇ ਤਾਂ ਦੁਰਯੋਧਨ ਨੇ ਕਿਹਾ, ''ਤੁਹਾਨੂੰ ਮੇਰੇ ਘਰ ਆਉਣਾ ਚਾਹੀਦਾ ਸੀ ਗੋਲੇ ਦੇ ਘਰ ਕਿਉਂ ਗਏ?'' ਇਹ ਗੱਲ ਸੁਣ ਕੇ ਕ੍ਰਿਸ਼ਨ ਜੀ ਨੇ ਕਿਹਾ—

[ਪੰਨਾ ੧੧੦੫]

ਰਾਜਨ ਕਉਨੁ ਤੁਮਾਰੈ ਆਵੈ॥

ਹੇ ਹੰਕਾਰੀ ਰਾਜਨ ! ਤੇਰੇ ਘਰ ਵਿਚ ਕੌਣ ਆਵੇ?

ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ ੧॥ ਰਹਾਉ॥

ਬਿਦਰ ਭਗਤ ਦਾ ਭਾਉ= ਪਰੇਮ ਅਜੇਹਾ ਵੇਖਿਆ ਹੈ, ਭਾਵੇਂ ਉਹ ਗਰੀਬ ਸੀ ਤਾਂ ਭੀ ਮੈਨੂੰ ਭਾ ਗਿਆ। ਭਾਵ ਚੰਗਾ ਲੱਗਾ ਹੈ (ਸਾਰੀ ਰਾਤ ਪਰੇਮ ਨਾਲ ਮੇਰੀ ਸੇਵਾ ਕਰਦਾ ਰਿਹਾ ਹੈ)॥ ੧॥ ਰਹਾਉ॥

ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥

ਤੂੰ ਭਰਮ* ਵਿਚ ਭੁੱਲਾ ਹੋਇਆ, ਸਾਡਾ ਆਉਣਾ ਸੁਣ ਕੇ ਹਾਥੀ ਘੋੜਿਆਂ ਦੇ ਵੇਖਣ ਲਈ ਤਬੇਲੇ ਚਲਾ ਗਿਆ ਅਤੇ ਮੈਨੂੰ ਸੰਪੂਰਨ ਜਗਤ ਦੇ ਐਸ਼ਵਰਜ ਦਾ ਮਾਲਕ ਸ੍ਰੀ ਭਗਵਾਨੁ= ਪਰਮਾਤਮਾ ਰੂਪ ਕਰ ਕੇ ਨਾ ਜਾਣਿਆਂ। ਤਾਂ ਦੁਰਯੋਧਨ ਨੇ ਕਿਹਾ-''ਮੈਂ ਆਪ ਜੀ ਵਾਸਤੇ ਗਿਰੀਆਂ, ਛੁਹਾਰੇ, ਪਿਸਤਾ ਵਗੈਰਾ ਪਾ ਕੇ ਦੁੱਧ ਗਰਮ ਕਰ ਰੱਖਿਆ ਸੀ।'' ਇਹ ਗੱਲ ਸੁਣ ਕੇ ਕ੍ਰਿਸ਼ਨ ਜੀ ਨੇ ਆਖਿਆ:-

ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥ ੧॥

ਹੇ ਰਾਜਨ ! ਭਾਵਨਾ ਤੋਂ ਬਿਨਾਂ ਤੇਰਾ ਦੁੱਧ ਕਿਸੇ ਕੰਮ ਦਾ ਨਹੀਂ ਹੈ ਤੇ ਬਿਦਰ ਦਾ ਪਰੇਮ ਨਾਲ ਪਿਲਾਇਆ ਹੋਇਆ ਜਿਹੜਾ ਪਾਣੀ ਹੈ ਉਹ ਮੈਂ ਤੇਰੇ ਦੁੱਧ ਨਾਲੋਂ ਵੀ ਅੰਮ੍ਰਿਤ ਰੂਪ ਕਰਕੇ ਮੰਨਣਾ ਕੀਤਾ ਹੈ। ਭਾਵ ਤੇਰੇ ਦੁੱਧ ਨਾਲੋਂ ਮੈਨੂੰ ਬਿਦਰ ਦਾ ਪਾਣੀ ਚੰਗਾ ਲੱਗਾ ਹੈ।

ਫਿਰ ਦੁਰਯੋਧਨ ਨੇ ਕਿਹਾ-''ਮੈਂ ਆਪ ਜੀ ਵਾਸਤੇ ਖੀਰ ਬਣਵਾਈ ਸੀ।'' ਤਾਂ ਕ੍ਰਿਸ਼ਨ ਜੀ ਨੇ ਕਿਹਾ-

---

*ਭਰਮ ਦਾ ਸਰੂਪ ਹੀ ਇਹੋ ਹੈ, ਅਸਲ ਨੂੰ ਹੋਰ ਰੂਪ ਸਮਝਣਾ, ਜਿਵੇਂ ਕ੍ਰਿਸ਼ਨ ਜੀ ਛੜੀ ਸਨ ਪਰ ਉਹਨਾਂ ਨੂੰ ਗੁੱਜਰ ਰੂਪ ਸਮਝਦਾ ਰਿਹਾ।

ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥

ਖੀਰ ਵਾਂਗ (ਮਿੱਠਾ) ਸਾਗ ਮੈਂ (ਬਿਦਰ ਪਾਸੋਂ) ਪਾਇਆ ਭਾਵ ਖਾਧਾ ਹੈ (ਜਿਵੇਂ ਖੀਰ ਵਿਚ ਲੂਣ ਨਹੀਂ ਪਾਈਦਾ, ਤਿਵੇਂ ਸਾਗ ਵਿਚ ਵੀ ਲੂਣ ਨਹੀਂ ਸੀ, ਇਸ ਵਾਸਤੇ ਉਹ ਸਾਰਾ ਸਾਗ ਖੀਰ ਵਾਂਗ ਮਿੱਠਾ ਸੀ, ਫੇਰ ਮੇਰੇ) ਗੁਣ ਗਾਉਂਦਿਆਂ-ਗਾਉਂਦਿਆਂ ਦੋਹਾਂ ਦੀ ਰਾਤ ਬਤੀਤ ਹੋਈ ਹੈ।

ਵਾ :- ਸਾਗ ਦੇ ਗੁਣ ਗਾਉਂਦਿਆਂ ਹੋਇਆਂ ਮੇਰੀ ਰਾਤ ਬਤੀਤ ਹੋਈ ਹੈ।

ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥ ੨ ॥ ੯ ॥

ਕਬੀਰ ਜੀ ਕਹਿੰਦੇ ਹਨ- ਮੈਂ ਕਬੀਰ ਦਾ ਠਾਕੁਰ= ਸੁਆਮੀ (ਪਰਮਾਤਮਾ) ਅਨੰਦ ਦਾਇਕ ਬਿਨੋਦੀ= ਕੌਤਕਾਂ ਦੇ ਕਰਨ ਵਾਲਾ ਹੈ, ਜਿਸ ਨੇ ਕਿਸੇ ਦੀ ਵੀ ਜ਼ਾਤ ਪਾਤ ਨਹੀਂ ਮੰਨੀ (ਉਹ ਤਾਂ ਕੇਵਲ ਪਰੇਮ ਦਾ ਭੁੱਖਾ ਹੈ)।

ਯਥਾ:-ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।
ਹਸਿ ਬੋਲੈ ਭਗਵਾਨ ਜੀ ਸੁਣਿ ਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
ਗੋਬਿੰਦ ਭਾਉ ਭਗਤਿ ਦਾ ਭੁਖਾ॥ ੭॥ *(ਭਾਈ ਗੁਰਦਾਸ ਜੀ, ਵਾਰ ੧੦)*

ਸਲੋਕ ਕਬੀਰ॥

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥

ਪਹਿਲਾ ਅਰਥ- (ਦ੍ਰਿਸ਼ਟਾਂਤ) ਜਿਸ ਵੇਲੇ ਗਗਨ= ਉਤਕ੍ਰਿਸ਼ਟ-ਅਕਾਸ਼ਮਈ ਦਮਾਮਾ= ਧੌਂਸਾ, ਨਗਾਰਾ ਬਾਜਿਓ= ਵਜਦਾ ਹੈ ਤਾਂ ਲੜਾਈ ਕਰਨ ਵਾਸਤੇ ਸੂਰਮਿਆਂ ਦੇ ਚਿਤ ਰੂਪੀ ਨਿਸ਼ਾਨੇ ਪਰ ਜੋਸ਼ (ਕਰੋਧ) ਰੂਪੀ ਘਾਉ= ਜ਼ਖਮ ਪੈ ਜਾਂਦਾ ਹੈ।

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥ ੧ ॥

ਸੂਰਮਿਆਂ ਨੇ ਜਿਹੜਾ ਖੇਤੁ= ਜੁੱਧ ਭੂਮਿਕਾ ਨੂੰ ਮਾਂਡਿਓ= ਬਣਾਇਆ ਹੈ, ਉਸ ਵਿਚ ਆਹਮੋ ਸਾਹਮਣੇ ਖਲੋ ਕੇ ਆਖਦੇ ਹਨ-ਹੁਣ ਜੂਝਨ= ਲੜਨ ਦਾ ਦਾਉ= ਸਮਾਂ ਯਾਨੇ ਅਵਸਰ ਹੈ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਅਸਲੀ ਸੂਰਮਾ ਓਹੀ ਜਾਣਿਆਂ ਜਾਂਦਾ ਹੈ ਜਿਹੜਾ ਆਪਣੇ ਦੀਨ ਹੇਤ= ਧਰਮ ਵਾਸਤੇ ਲੜਦਾ ਹੈ।

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ੨ ॥ ੨ ॥

ਵੈਰੀਆਂ ਨੂੰ ਪੁਰਜਾ ਪੁਰਜਾ= ਰਤਾ ਰਤਾ ਕੱਟ ਕੇ ਮਾਰਨਾ ਕਰੇ, *ਅਥਵਾ :-* ਵੈਰੀਆਂ ਨੂੰ ਪੁਰਜਾ ਪੁਰਜਾ=

ਰੰਚਕ ਰੰਚਕ ਕੱਟ ਕੇ ਆਪ ਭੀ ਵਿਚੇ ਮਰ ਜਾਵੇ ਪਰ ਖੇਤੁ= ਰਣਿਭੂਮਿਕਾ ਨੂੰ ਕਦੇ ਛੱਡੇ ਨਾ॥ ੨॥ ੨॥

*ਯਥਾ :-*ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਿਆਰੈ॥
ਗਜਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤੁਰਤਾ ਕੁਤਵਾਰ ਬੁਹਾਰੈ॥ ੨੪੯੨॥

(ਦਸਮ ਗ੍ਰੰਥ, ਪੰਨਾ ੫੭੦)

ਤਥਾ:- ਦੇਹਿ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿਖ ਹੌ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮਹਿ ਤਬ ਜੂਝ ਮਰੋਂ॥ ੨੩੧॥

(ਦਸਮ ਗ੍ਰੰਥ, ਚੰਡੀ ਚਰਿਤ੍ਰ, ਪੰਨਾ ੯੯)

ਦੂਜਾ ਅਰਥ-

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥

(ਦਾਰ੍ਸ਼ਟਾਂਤ) ਜਿਸ ਵੇਲੇ ਚੇਤਨ ਦੇਵ ਰੂਪ ਆਕਾਸ਼ ਵਿਚ ਵਿਚਰਨ ਵਾਲੇ ਪੂਰਨ ਮਹਾਤਮਾਂ ਨੇ ਉਪਦੇਸ਼ ਰੂਪੀ ਦਮਾਮਾ= ਨਗਾਰਾ ਵਜਾਇਆ, ਤਾਂ ਉਤਮ ਜਗਿਆਸੂਆਂ ਦੇ ਹਿਰਦੇ ਰੂਪ ਨਿਸ਼ਾਨੇ ਪਰ ਵੈਰਾਗ ਰੂਪੀ ਘਾਉ= ਜ਼ਖ਼ਮ ਪੈ ਗਿਆ।

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥ ੧॥

ਜਿਨ੍ਹਾਂ ਸੂਰਮਿਆਂ ਨੇ ਭਾਵ ਉੱਤਮ ਜਗਿਆਸੂਆਂ ਨੇ ਖੇਤੁ= ਸਤਸੰਗ ਵਿਚ ਆਪਣੇ ਆਪ ਨੂੰ ਮਾਂਡਿਓ= ਇਸਥਿਤ ਕੀਤਾ ਹੈ ਉਹ ਇਓਂ ਕਹਿੰਦੇ ਹਨ— ਕਾਮ ਆਦਿਕਾਂ ਰੂਪ ਸ਼ਤਰੂਆਂ ਨਾਲ ਲੜਨ ਦਾ ਸਮਾਂ ਅਬ= ਹੁਣ ਹੀ ਹੈ ਜੋ ਮਨੁੱਖਾ ਦੇਹ ਪ੍ਰਾਪਤ ਹੋਈ ਹੈ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਉੱਤਮ ਜਗਿਆਸੂ ਓਹੋ ਹੀ ਜਾਣੀਦਾ ਹੈ, ਜਿਹੜਾ ਦੀਨ= ਧਰਮ ਰੂਪ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਕਾਮ ਆਦਿਕਾਂ ਨਾਲ ਲੜਦਾ ਹੈ। *ਅਥਵਾ :—* ਦੀਨ= ਧਰਮ ਦੀ ਸਫਲਤਾ ਵਾਸਤੇ ਜੋ ਕਾਮ ਆਦਿਕਾਂ ਨਾਲ ਲੜਦਾ ਹੈ।

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ੨॥ ੨॥

ਕਾਮ ਆਦਿਕਾਂ ਨੂੰ ਰਤਾ ਰਤਾ ਕੱਟ ਕੇ ਮਾਰ ਦੇਵੇ, *ਵਾ :-* ਕਾਮ ਆਦਿਕਾਂ ਨੂੰ ਰਤਾ ਰਤਾ ਕੱਟ ਕੇ ਜੀਵਤ ਭਾਵ ਤੋਂ ਮਰਨਾ ਕਰੇ, ਖੇਤੁ= ਸਤਸੰਗ ਨੂੰ ਕਦੇ ਵੀ ਨਾ ਛੱਡੇ। *ਵਾ :-* ਅੰਤਰ ਮੁਖ ਬਿਰਤੀ ਰੂਪੀ ਖੇਤ ਨੂੰ ਕਦੇ ਵੀ ਨਾ ਛੱਡੇ॥ ੨॥ ੨॥

ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ

੧ਓ ਸਤਿਗੁਰ ਪ੍ਰਸਾਦਿ॥

ਅੱਗੇ ਬਾਣੀ ਨਾਮਦੇਵ ਜੀ ਦੀ ਚਲੀ ਹੈ, ਨਾਮਦੇਵ ਜੀ ਦਾ ਸ਼ਬਦ ਕਹਿ ਕੇ ਪਿਛੋਂ ਇਕ ਸ਼ਬਦ ਕਬੀਰ

ਜੀ ਦਾ *ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ॥* ਵਾਲਾ ਆਵੇਗਾ।

ਉਥਾਨਕਾ:-ਭਗਤ ਨਾਮਦੇਵ ਜੀ ਇਸ ਸ਼ਬਦ ਦੁਆਰਾ ਨਾਮ ਦਾ ਪ੍ਰਤਾਪ ਕਥਨ ਕਰਦੇ ਹਨ-

ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ॥

ਚਾਰ ਮੁਕਤੀਆਂ (ਸਾਲੋਕ, ਸਰੂਪ, ਸਮੀਪ, ਸਾਯੁਜ) ਅਤੇ ਚਾਰ ਸਿਧੀਆਂ ਮਿਲ ਕੇ ਉਸ ਦੇ ਬੂਹੇ 'ਤੇ ਪੁਕਾਰਦੀਆਂ ਹਨ, ਜਿਹੜਾ ਪੁਰਸ਼ ਦੂਲਹ= ਪਤੀ-ਪਰਮਾਤਮਾ ਦੀ ਸ਼ਰਨ ਵਿਚ ਪਿਆ ਹੈ।

ਵਾ :- ਚਾਰ ਤੇ ਚਾਰ ਅੱਠ, ਸਿਧੀਆਂ* ਤੇ ਕੈਵਲ ਮੁਕਤੀ ਉਸ ਨੂੰ ਮਿਲਿ ਕੈ= ਪ੍ਰਾਪਤ ਹੁੰਦੀਆਂ ਹਨ, ਜੋ ਦੂਲਹ= ਅਨੰਦੀ ਪ੍ਰਭੂ ਦੀ ਸ਼ਰਨ ਪਿਆ ਹੈ।

ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ॥੧॥

ਉਹ ਪੁਰਸ਼ ਚੌਹਾਂ ਹੀ ਜੁਗਾਂ ਵਿਚ ਮੁਕਤ ਹੋਇਆ ਜਾਣਿਆਂ ਜਾਂਦਾ ਹੈ। ਵਾ :- ਚਾਰ ਜੁਗ ਜਿਸ ਵਿਚ ਵਰਤਣ, ਉਸ ਸੰਸਾਰ ਵਿਚ ਮੁਕਤ ਰੂਪ ਹੋਇਆ ਜਾਣਿਆਂ ਜਾਂਦਾ ਹੈ (ਜਿਸ ਨੇ ਵਾਹਿਗੁਰੂ ਦੇ) ਜਸ ਕੀ= ਕਰਨ ਵਿਚ ਰਤਿ= ਪਰੀਤੀ ਰੂਪ ਛਤਰ ਆਪਣੇ ਮਾਥੈ= ਸਿਰ 'ਤੇ ਧਾਰਨ ਕੀਤਾ ਹੈ।

ਵਾ :- ਜਿਸ ਨੇ ਬਾਣੀ ਦੁਆਰਾ ਜਸ ਕਰਨਾ ਤੇ ਰਾਗ ਦੁਆਰੇ ਕੀਰਤਿ= ਕੀਰਤਨ ਭਗਤੀ ਕਰਨ ਰੂਪ ਛਤਰ ਆਪਣੇ ਸਿਰ 'ਤੇ ਧਾਰਨ ਕੀਤਾ ਹੈ।

ਰਾਜਾ ਰਾਮ ਜਪਤ ਕੋ ਕੋ ਨ ਤਰਿਓ॥

ਰਾਜਾ= ਪ੍ਰਕਾਸ਼ ਰੂਪ ਵਾਹਿਗੁਰੂ ਦਾ ਨਾਮ ਜਪਦਿਆਂ ਹੋਇਆਂ ਕੌਣ-ਕੌਣ ਨਹੀਂ ਤਰਿਆ? ਭਾਵ ਸਭ ਤਰ ਗਏ ਹਨ।

ਯਥਾ:-ਹਰਿ ਕੈ ਭਜਨਿ ਕਉਨ ਕਉਨ ਨ ਤਾਰੇ॥

ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ, ਸਾਧੂ ਸੰਗਿ ਉਧਾਰੇ॥ ੧॥ ਰਹਾਉ॥

ਦੇਵ ਕੁਲ ਦੈਤ ਕੁਲ ਜਖ੍ਹ ਕਿੰਨਰ ਨਰ ਸਾਗਰ ਉਤਰੇ ਪਾਰੇ॥

ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾ ਕੇ ਦੂਖ ਬਿਦਾਰੇ॥ ੧॥ *(ਮਲਾਰ ਮ: ੫, ਪੰਨਾ ੧੨੬੯)*

ਵਾ :- ਕੋਕੋ= ਕਾਗ ਭਸੁੰਡ, ਗਰੁੜ, ਜਟਾਊ, ਬਾਂਦਰ ਇਤਿਆਦੀ ਸਭ ਤਰ ਗਏ ਹਨ ਤੇ ਤੂੰ ਕਿਉਂ ਨਾ ਤਰੇਂਗਾ ?

ਗੁਰ ਉਪਦੇਸਿ ਸਾਧ ਕੀ ਸੰਗਤਿ
ਭਗਤੁ ਭਗਤੁ ਤਾ ਕੋ ਨਾਮੁ ਪਰਿਓ॥੧॥ਰਹਾਉ॥

ਜਿਸ ਨੇ ਗੁਰਾਂ ਦਾ ਉਪਦੇਸ਼ ਲੈ ਕੇ ਸੰਤਾਂ ਦੀ ਸੰਗਤ ਵਿਚ ਬੈਠ ਕੇ ਨਾਮ ਜਪਿਆ ਹੈ, ਉਸ ਦਾ ਨਾਮ ਸੰਸਾਰ ਵਿਚ ਭਗਤ ਭਗਤ ਪੈ ਗਿਆ ਹੈ।

ਯਥਾ:-ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ॥ ੧੭॥

(ਭਾਈ ਗੁਰਦਾਸ ਜੀ, ਵਾਰ ੧੦)

**ਅੱਠ ਸਿਧੀਆਂ ਦੇ ਨਾਮ— ਅਣਿਮਾ, ਮਹਿਮਾ, ਗਰਿਮਾ, ਲਘਿਮਾ, ਪ੍ਰਾਪਤ, ਪ੍ਰਾਕਾਮਯ, ਈਖਤਾ, ਵਸੀਕਰਨ।*

ਤਥਾ:-ਜਾ ਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥

(ਗਉੜੀ ਸੁਖਮਨੀ ਮ: ੫, ਪੰਨਾ ੨੮੩)

ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ॥

(ਜਿਨ੍ਹਾਂ ਭਗਤਾਂ ਦੇ ਸਰੀਰ ਉੱਤੇ ਅੰਤ ਸਮੇਂ ਵਿਸ਼ਨੂੰ ਭਗਵਾਨ ਵਾਲੇ ਚਿੰਨ੍ਹ) ਸੰਖ, ਚੱਕਰ, ਬਜੰਤੀ ਮਾਲਾ ਤੇ ਮੱਥੇ ਪਰ ਤਿਲਕ ਵਗੈਰਾ ਬਿਰਾਜਦੇ ਹਨ।

ਯਥਾ :-ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ॥

(ਮਲਾਰ ਮ: ੪, ਪੰਨਾ ੧੨੬੪)

ਉਹਨਾਂ ਦੇ ਪ੍ਰਤਾਪ ਨੂੰ ਵੇਖ ਕੇ ਧਰਮ ਰਾਜ ਵੀ ਡਰ ਜਾਂਦਾ ਹੈ।

ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ॥ ੨॥

ਉਹ ਭਗਤ ਨਿਰਭੈ ਹੋਏ ਹੋਏ ਰਾਮ ਦੇ ਬਲ ਕਰ ਕੇ ਗਜਦੇ ਹਨ ਅਤੇ ਜਨਮ ਮਰਨ ਦਾ ਸੰਤਾਪ= ਕਲੇਸ਼ ਉਹਨਾਂ ਨੇ ਹਿਰਿਓ= ਦੂਰ ਕੀਤਾ ਹੈ॥ ੨॥

ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ॥

ਜਿਸ ਪਰਮਾਤਮਾ ਨੇ ਅੰਬਰੀਕ ਰਾਜੇ ਨੂੰ ਨਿਰਭੈ ਪਦ ਦਿੱਤਾ ਹੈ, ਉਸੇ ਦੀ ਕਿਰਪਾ ਨਾਲ ਭਭੀਖਨ ਨੇ ਲੰਕਾ ਦਾ ਰਾਜ ਰਾਵਣ ਨਾਲੋਂ ਭੀ ਅਧਿਕ ਕੀਤਾ ਹੈ।

ਯਥਾ :- ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ॥
ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ॥ ੨॥

(ਕਾਨੜਾ ਮ: ੪, ਪੰਨਾ ੧੩੧੧)

ਅੰਬਰੀਕ ਰਾਜੇ ਨੂੰ ਦੁਰਬਾਸ਼ਾ ਰਿਖੀ ਤੋਂ ਕਿਸ ਤਰ੍ਹਾਂ ਨਿਰਭੈ ਪਦ ਦਿੱਤਾ ਹੈ?

ਸਾਖੀ- ਰਾਜੇ ਅੰਬਰੀਕ ਦੀ

ਮਧ ਭਾਰਤ ਨਾਗਪੁਰ ਦੇ ਰਾਜੇ ਨਾਭਾਗ ਦੇ ਪੁੱਤਰ ਰਾਜਾ ਅੰਬਰੀਕ ਹੋਏ ਹਨ। ਇਹ ਸ਼ੁਰੂ ਤੋਂ ਹੀ ਸੰਤਾਂ ਦੀ ਸੰਗਤ ਦੇ ਕਾਰਨ ਉੱਚ ਖਿਆਲਾਂ ਵਾਲੇ ਦਰਸਾਏ ਗਏ ਹਨ। ਇਹ ਹਰ ਵੇਲੇ ਪੂਜਾ ਭਗਤੀ ਵਿਚ ਨਿਮਗਨ ਰਹਿੰਦੇ ਸਨ ਅਤੇ ਆਏ ਗਏ ਸੰਤਾਂ ਰਿਖੀਆਂ ਅਭਿਆਗਤਾਂ ਦੀ ਸੇਵਾ ਕਰਦੇ ਰਹਿੰਦੇ ਸਨ, ਕਿਉਂਕਿ ਇਨ੍ਹਾਂ ਦੇ ਮਨ ਵਿਚ ਇਕ ਪ੍ਰਪੱਕ ਨਿਸਚਾ ਹੋ ਚੁਕਾ ਸੀ, ਕਿ ਇਸ ਮਨੁੱਖ ਜਨਮ ਦੀ ਸਫਲਤਾ ਸੰਤ ਸੇਵਾ ਤੇ ਸਿਮਰਨ ਭਗਤੀ ਤੋਂ ਬਗੈਰ ਨਹੀਂ ਹੋ ਸਕਦੀ। ਇਸੇ ਕਾਰਨ ਰਾਜ-ਭਾਗ ਵੱਲ ਖਿਆਲ ਘਟ ਦੇਂਦੇ ਸਨ, ਬਹੁਤੀ ਰੁਚੀ ਸੰਤ ਸੇਵਾ ਤੇ ਸਿਮਰਨ ਭਗਤੀ ਵਿਚ ਦਿੱਤੀ ਰਖਦੇ ਸਨ। ਇਨ੍ਹਾਂ ਦੀ ਪ੍ਰਮਾਰਥਕ ਰੁਚੀ ਨੂੰ ਵੇਖ ਕੇ ਵਿਸ਼ਨੂੰ ਭਗਵਾਨ ਜੀ ਬੜੇ ਪ੍ਰਸੰਨ ਹੋਏ ਤੇ ਇਨ੍ਹਾਂ ਦੀ ਸਹਾਇਤਾ ਵਾਸਤੇ ਆਪਣਾ ਸੁਦਰਸ਼ਨ ਚੱਕਰ ਅੰਬਰੀਕ ਜੀ ਦੇ ਰਾਜ-ਮਹਲ ਭਾਵ ਸ਼ਾਹੀ ਮੰਦਰ ਦੇ ਬਾਹਰਲੇ ਬੂਹੇ ਅੱਗੇ ਟੰਗ ਦਿੱਤਾ ਅਤੇ ਉਸ ਨੂੰ ਇਹ ਹੁਕਮ ਦਿੱਤਾ ਕਿ ਇਥੋਂ ਦਾ ਸਾਰਾ ਕੰਮ ਤੂੰ ਭੁਗਤਾਣਾ ਹੋਵੇਗਾ। ਬਲਕਿ ਜੇ ਕੋਈ ਬਿਪਤਾ ਭੀ ਆ ਜਾਵੇ ਜਾਂ ਕੋਈ ਦੁਸ਼ਮਣ ਸਾਹਮਣੇ ਆਵੇ ਤਾਂ ਉਸ ਵੇਲੇ ਹਰ ਤਰ੍ਹਾਂ ਨਾਲ ਅੰਬਰੀਕ ਦੀ ਰਖਿਆ ਕਰਨੀ ਹੈ। ਪਰ ਇਸ ਗੱਲ ਦਾ ਅੰਬਰੀਕ

ਜੀ ਨੂੰ ਕੋਈ ਪਤਾ ਨਹੀਂ ਸੀ ਕਿ ਮੇਰੀ ਸਹਾਇਤਾ ਵਾਸਤੇ ਭਗਵਾਨ ਨੇ ਮੇਰੇ ਦਰਵਾਜ਼ੇ ਪਰ ਸੁਦਰਸ਼ਨ ਚੱਕਰ ਪਹਿਰੇਦਾਰ ਵਾਂਗ ਖੜਾ ਕੀਤਾ ਹੋਇਆ ਹੈ, ਕਿਉਂਕਿ ਇਹ ਹਰ ਵੇਲੇ ਆਪਣੇ ਅਨੰਦ ਵਿਚ ਮਗਨ ਰਹਿੰਦੇ ਸਨ। ਇਸ ਲਈ ਭਗਵਾਨ ਨੇ ਇਹ ਦਸਿਆ ਭੀ ਨਹੀਂ ਸੀ, ਨਾਲੇ ਭਗਵਾਨ ਨੇ ਆਪਣੇ ਬਿਰਦ ਦੀ ਪਾਲਣਾ ਆਪ ਹੀ ਕਰਨੀ ਹੈ, ਦੱਸਣ ਦੀ ਲੋੜ ਭੀ ਨਹੀਂ ਸੀ।

ਅੰਬਰੀਕ ਜੀ ਆਪਣੇ ਨਿਯਮ ਦੇ ਅਨੁਸਾਰ ਇਕਾਦਸ਼ੀ ਦਾ ਵਰਤ ਭੀ ਰੱਖਿਆ ਕਰਦੇ ਹਨ। ਇਕਾਦਸ਼ੀ ਵਰਤ ਰਖਦਿਆਂ-ਰਖਦਿਆਂ ਕਾਫੀ ਸਮਾਂ ਗੁਜ਼ਰ ਗਿਆ, ਕੋਈ ਵਿਘਨ ਨਾ ਪਿਆ। ਇਕ ਸਮੇਂ ਸਾਲ ਪਿੱਛੋਂ ਜੋ ਨਿਰਜਲਾ ਇਕਾਦਸ਼ੀ ਆਉਂਦੀ ਹੈ, ਉਸ ਦਾ ਵਰਤ ਅੰਬਰੀਕ ਜੀ ਨੇ ਰਖਿਆ ਹੋਇਆ ਸੀ ਤੇ ਰਾਤ ਨੂੰ ਇਨ੍ਹਾਂ ਦੀ ਪ੍ਰੀਖਿਆ ਲੈਣ ਵਾਸਤੇ ਦੁਰਬਾਸ਼ਾ ਰਿਖੀ ਜੀ ਇਨ੍ਹਾਂ ਦੇ ਘਰ ਆ ਗਏ (ਕਿਉਂਕਿ ਪੁੰਨਾਤਮਾ ਹੋਣ ਕਰ ਕੇ ਅੰਬਰੀਕ ਰਾਜੇ ਦੀ ਸਾਰੇ ਸਾਧੂਆਂ ਮਹਾਤਮਾਂ ਵਿਖੇ ਉਪਮਾ ਹੋ ਰਹੀ ਸੀ, ਜਿਸ ਨੂੰ ਸੁਣ ਕੇ ਦੁਰਬਾਸ਼ਾ ਰਿਖੀ ਜੀ ਬਰਦਾਸ਼ਤ ਨਾ ਕਰ ਸਕੇ)। ਅੱਗੋਂ ਇਨ੍ਹਾਂ ਨੇ ਉਹਨਾਂ ਦਾ ਬੜਾ ਸੁਆਗਤ ਕੀਤਾ। ਜੀ ਆਇਆਂ ਨੂੰ ਆਖ ਕੇ ਪਲੰਘ ਵਿਛਾ ਦਿੱਤਾ ਅਤੇ ਦੁਰਬਾਸ਼ਾ ਰਿਖੀ ਜੀ ਬਿਰਾਜ ਗਏ।

ਜਦ ਅੰਮ੍ਰਿਤ ਵੇਲੇ ਰਿਖੀ ਜੀ ਇਸ਼ਨਾਨ ਕਰਨ ਚਲੇ ਤਾਂ ਰਾਜਾ ਜੀ ਨੇ ਹੱਥ ਜੋੜ ਕੇ ਨਿਮੰਤ੍ਰਣ ਵਾਸਤੇ ਕਿਹਾ। ਦੁਰਬਾਸ਼ਾ ਰਿਖੀ ਜੀ ਨੇ ਪਰਵਾਨ ਕਰ ਲਿਆ ਤੇ ਕਿਹਾ-"ਹੁਣ ਤਾਂ ਇਸ਼ਨਾਨ ਕਰਨ ਜਾ ਰਹੇ ਹਾਂ, ਆ ਕੇ ਛਕ ਲਵਾਂਗੇ।" ਇਤਨੀ ਗੱਲ ਕਹਿ ਕੇ ਉਹ ਜਮਨਾ ਵੱਲ ਚੱਲੇ ਗਏ ਤੇ ਅੰਬਰੀਕ ਜੀ ਪਿਛੋਂ ਆਪਣੇ ਆਸਣ ਪਰ ਬੈਠ ਕੇ ਨੇਤਰਾਂ ਨੂੰ ਜੋੜ ਕੇ ਭਗਵਾਨ ਦੇ ਅਨੰਦ ਵਿਚ ਨਿਮਗਨ ਹੋ ਗਏ। ਨਿਤ ਨਿਯਮ ਅਨੁਸਾਰ ਸਿਮਰਨ ਭਗਤੀ ਕਰ ਕੇ ਜਦ ਉਠ ਖਲੋਤੇ ਤਦ ਰਿਖੀ ਜੀ ਵੱਲ ਤਕਦੇ ਹਨ ਕਿ ਹੁਣ ਭੀ ਆਉਂਦੇ ਹਨ, ਹੁਣ ਭੀ ਆ ਜਾਂਦੇ ਹਨ ਪਰ ਦੁਰਬਾਸ਼ਾ ਰਿਖੀ ਜੀ ਕੋਈ ਨਾ ਆਏ। ਫਿਰ ਮਨ ਵਿਚ ਵਿਚਾਰਦੇ ਹਨ ਕਿ ਦੁਆਦਸ਼ੀ ਬੀਤਣ ਵਿਚ ਥੋੜ੍ਹਾ ਸਮਾਂ ਰਹਿੰਦਾ ਜਾਂਦਾ ਹੈ ਤੇ ਮੈਂ ਵਰਤ ਖੋਲ੍ਹਣਾ ਹੈ ਜੇਕਰ ਨਾ ਆਏ ਤਾਂ ਮੇਰਾ ਨਿਯਮ ਟੁੱਟਦਾ ਹੈ ਤੇ ਜੇਕਰ ਉਹਨਾਂ ਨੂੰ ਭੋਜਨ ਛਕਾਏ ਤੋਂ ਬਿਨਾਂ ਮੈਂ ਆਪ ਕੁਝ ਖਾ ਲਵਾਂ ਤਾਂ ਬੜਾ ਭਾਰੀ ਪਾਪ ਹੈ, ਕਿਉਂਕਿ ਸੰਤਾਂ ਨੂੰ ਭੋਜਨ ਵਰਜ ਕੇ ਜਿਹੜਾ ਆਪ ਪਹਿਲੇ ਖਾਣਾ ਹੈ, ਇਸ ਵਿਚ ਬੜਾ ਭਾਰੀ ਦੋਸ਼ ਹੈ। ਪਰ (ਦੁਰਬਾਸ਼ਾ) ਰਿਖੀ ਜੀ ਜਾਣ-ਬੁੱਝ ਕੇ ਦੇਰ ਕਰ ਰਹੇ ਸਨ ਕਿਉਂਕਿ ਦੁਆਦਸ਼ੀ ਦੇ ਬੀਤਣ ਵਿਚ ਸਮਾਂ ਥੋੜ੍ਹਾ ਸੀ। ਰਿਖੀ ਜੀ ਨੇ ਵਿਚਾਰਿਆ ਕਿ ਮੇਰੇ ਜਾਣ ਤੋਂ ਪਹਿਲਾਂ ਜੇ ਇਸ ਨੇ ਵਰਤ ਖੋਲ੍ਹ ਲਿਆ ਤਾਂ ਮੈਂ ਇਸ ਨੂੰ ਸਰਾਪ ਦੇਵਾਂਗਾ ਤੇ ਜੇਕਰ ਇਸ ਨੇ ਵਰਤ ਨਾ ਖੋਲ੍ਹਿਆ ਤਾਂ ਇਸ ਦਾ ਪਿਛਲਾ ਨਿਯਮ ਸਾਰਾ ਭੰਗ ਹੋ ਜਾਵੇਗਾ।

ਪਰ ਉਸ ਵੇਲੇ ਰਾਜੇ ਨੇ ਬੜੇ-ਬੜੇ ਪੰਡਿਤਾਂ ਨੂੰ ਸਦ ਕੇ ਧਾਰਮਿਕ ਨਿਯਮ ਪੁੱਛੇ ਕਿ ਸੰਤਾਂ ਨੂੰ ਭੋਜਨ ਵਰਜਿਆ ਹੋਇਆ ਹੋਵੇ ਤੇ ਉਹ ਵੇਲੇ ਸਿਰ ਨਾ ਆਉਣ ਤੇ ਵਰਤ ਭੀ ਖੋਲ੍ਹਣਾ ਹੋਵੇ ਤਾਂ ਕਿਵੇਂ ਖੋਲ੍ਹਿਆ ਜਾਵੇ?

ਪੰਡਿਤਾਂ ਨੇ ਸੋਚ-ਵਿਚਾਰ ਕੇ ਕਿਹਾ-"ਹੇ ਰਾਜਨ ! ਅੰਨ ਮੂੰਹ ਲਗਾ ਕੇ ਵਰਤ ਖੋਲ੍ਹਣ ਦੀ ਥਾਂ ਆਪ ਜਲ ਨਾਲ ਵਰਤ ਖੋਲ੍ਹ ਸਕਦੇ ਹੋ ਕਿਉਂਕਿ ਜਲ ਅੰਨ ਹੈ ਵੀ ਤੇ ਨਹੀਂ ਵੀ।

ਇਹ ਗੱਲ ਸੁਣ ਕੇ ਅੰਬਰੀਕ ਨੇ ਠਾਕੁਰ ਜੀ ਦੇ ਚਰਨਾਂ ਦਾ ਜਲ (ਭਾਵ ਚਰਨਾਮ੍ਰਿਤ) ਲੈ ਕੇ ਵਰਤ ਖੋਲ੍ਹ ਲਿਆ, ਇਤਨੇ ਨੂੰ ਦੁਰਬਾਸ਼ਾ ਰਿਖੀ ਆ ਗਿਆ। ਆਉਂਦਿਆਂ ਸਾਰ ਹੀ ਪੁਛਿਆ-"ਹੇ ਰਾਜਨ ! ਤੂੰ ਵਰਤ ਖੋਲ੍ਹਿਆ ਹੈ ਕਿ ਨਹੀਂ?" ਤਾਂ ਰਾਜੇ ਕਿਹਾ-"ਹਾਂ ਜੀ, ਠਾਕੁਰ ਜੀ ਦਾ ਚਰਨਾਂਮ੍ਰਿਤ ਪੀ ਕੇ ਖੋਲ੍ਹ ਲਿਆ ਹੈ।" ਬਸ ਇਹ ਗੱਲ ਸੁਣ ਕੇ ਦੁਰਬਾਸ਼ਾ ਰਿਖੀ ਲੋਹਾ-ਲਾਖਾ ਹੋ ਗਿਆ ਤੇ ਬੁਰੇ ਭਲੇ ਸ਼ਬਦ ਕਹਿਣ ਲੱਗ ਪਿਆ ਕਿ ਤੂੰ ਬੜਾ ਹੰਕਾਰੀ ਹੋ ਗਿਆ ਹੈਂ। ਸ਼ਾਸਤ੍ਰਾਂ ਦੇ ਨਿਯਮਾਂ ਦੀ ਵਿਰੋਧਤਾ ਕੀਤੀ ਹੈ, ਅਥਿਤੀ ਨੂੰ ਭੋਜਨ ਛਕਾਏ

ਤੋਂ ਬਿਨਾਂ ਵਰਤ ਖੋਲ੍ਹ ਲੈਣਾ ਕਿਹੜੇ ਸ਼ਾਸਤ੍ਰ ਵਿਚ ਲਿਖਿਆ ਹੈ? ਤੂੰ ਮੇਰਾ ਬੜਾ ਭਾਰੀ ਨਿਰਾਦਰ ਕੀਤਾ ਹੈ ਇਸ ਲਈ ਮੈਂ ਤੈਨੂੰ ਸਰਾਪ ਦੇਂਦਾ ਹਾਂ।

ਦੁਰਬਾਸ਼ਾ ਰਿਖੀ ਦੇ ਕ੍ਰੋਧ ਭਰੇ ਬਚਨ ਸੁਣ ਕੇ ਅੰਬਰੀਕ ਜੀ ਨੇ ਹੱਥ ਜੋੜ ਕੇ ਖਿਮਾ ਮੰਗੀ ਤੇ ਕਿਹਾ-''ਮੈਂ ਨਿਰਦੋਸ਼ ਹਾਂ, ਕਿਉਂਕਿ ਮੈਂ ਆਪ ਜੀ ਦੀ ਬੜੀ ਇੰਤਜ਼ਾਰ ਕੀਤੀ ਹੈ, ਪਰ ਆਪ ਆਏ ਨਹੀਂ। ਇਧਰੋਂ ਤਰੋਦਸ਼ੀ ਲੱਗ ਰਹੀ ਸੀ ਤੇ ਮੇਰਾ ਨਿਯਮ ਜੋ ਕਈ ਸਾਲਾਂ ਤੋਂ ਲਗਾਤਾਰ ਚਲਿਆ ਆ ਰਿਹਾ ਸੀ, ਉਸ ਨੂੰ ਭੰਗ ਹੁੰਦਾ ਵੇਖ ਕੇ ਮੈਂ ਠਾਕੁਰ ਜੀ ਦੇ ਚਰਨਾਂਮ੍ਰਿਤ ਨਾਲ ਵਰਤ ਖੋਲ੍ਹ ਲੀਤਾ ਹੈ, ਪਰੰਤੂ ਅੰਨ ਨਹੀਂ ਛਕਿਆ, ਆਪ ਕਿਰਪਾ ਕਰੋ ਤੇ ਪਹਿਲੇ ਭੋਜਨ ਪਾਓ, ਫਿਰ ਮੈਂ ਛਕਾਂਗਾ।''

ਇਹ ਗੱਲ ਸੁਣ ਕੇ ਭੀ ਦੁਰਬਾਸ਼ਾ ਰਿਖੀ ਦਾ ਮਨ ਸ਼ਾਂਤ ਨਾ ਹੋਇਆ ਸਗੋਂ ਹੋਰ ਕ੍ਰੋਧ ਵਧ ਗਿਆ। ਜਦ ਸਰਾਪ ਦੇਣ ਲੱਗਾ ਤਾਂ ਉਸ ਵੇਲੇ ਸੁਦਰਸ਼ਨ ਚੱਕਰ ਹਮਲਾ ਕਰ ਕੇ ਦੁਰਬਾਸ਼ਾ ਰਿਖੀ ਦੇ ਉੱਪਰ ਡਿੱਗਣ ਲੱਗਾ ਤਾਂ ਦੁਰਬਾਸ਼ਾ ਰਿਖੀ ਜੀ ਭੈ ਭੀਤ ਹੋ ਕੇ ਉਠ ਦੌੜੇ। ਰਿਖੀ ਜੀ ਅੱਗੇ-ਅੱਗੇ ਤੇ ਸੁਦਰਸ਼ਨ ਚੱਕਰ ਪਿੱਛੇ-ਪਿੱਛੇ। ਜਦ ਰਿਖੀ ਨੂੰ ਇਸ ਲੋਕ ਵਿਚ ਠਾਹਰ ਨਾ ਮਿਲੀ ਤਾਂ ਦੇਵ ਲੋਕ ਵਿਚ ਚਲੇ ਗਏ। ਪਹਿਲੇ ਇੰਦ੍ਰ ਪਾਸ ਗਏ, ਫਿਰ ਬ੍ਰਹਿਸਪਤੀ ਜੀ ਪਾਸ ਤੇ ਬ੍ਰਹਮਾ ਜੀ ਸ਼ਿਵ ਜੀ ਕੋਲ ਗਏ ਪਰ ਕਿਸੇ ਨੇ ਭੀ ਸਹਾਇਤਾ ਨਾ ਕੀਤੀ।

ਸਾਰਿਆਂ ਨੇ ਕਿਹਾ-''ਤੂੰ ਸੰਤ ਦੋਖੀ ਹੈਂ, ਇਸ ਕਰ ਕੇ ਅਸੀਂ ਤੇਰੀ ਸਹਾਇਤਾ ਨਹੀਂ ਕਰ ਸਕਦੇ।'' ਫਿਰ ਦੁਰਬਾਸ਼ਾ ਰਿਖੀ ਵਿਸ਼ਨੂੰ ਜੀ ਪਾਸ ਆ ਕੇ ਕਹਿੰਦਾ ਹੈ-''ਆਪ ਮੇਰੀ ਰਖਿਆ ਕਰੋ ਕਿਉਂਕਿ ਆਪ ਬ੍ਰਾਹਮੰਨ ਹੋ, ਫਿਰ ਆਪ ਸ਼ਰਨ ਪਾਲ ਹੋ ਅਤੇ ਆਰਤ ਹਰਨ ਹੋ (ਦੁੱਖਾਂ ਦੇ ਅਭਾਵ ਕਰਨ ਵਾਲੇ ਹੋ) ਤੇ ਮੈਂ ਬ੍ਰਾਹਮਣ ਹਾਂ ਅਤੇ ਦੁਖੀ ਹੋ ਕੇ ਆਪ ਜੀ ਦੀ ਸ਼ਰਨ ਆਇਆ ਹਾਂ ਆਪ ਕਿਰਪਾ ਕਰੋ।''

ਇਹ ਗੱਲ ਸੁਣ ਕੇ ਵਿਸ਼ਨੂੰ ਭਗਵਾਨ ਜੀ ਨੇ ਕਿਹਾ-''ਇਸ ਵੇਲੇ ਭਗਤ ਵਛਲ ਜੋ ਮੇਰਾ ਬਿਰਦ ਹੈ ਇਸ ਨੇ ਤਿੰਨੇ ਨਾਮ ਹਰੀਹਰ ਕਰ ਦਿਤੇ ਹਨ। ਹੁਣ ਨਾ ਮੈਂ ਨਾ ਬ੍ਰਾਹਮੰਨ ਹਾਂ, ਨਾ ਆਰਤ ਹਰਨ ਹਾਂ, ਨਾ ਹੀ ਸ਼ਰਨ ਪਾਲ ਹਾਂ, ਕਿਉਂਕਿ ਤੂੰ ਸੰਤ ਦੋਖੀ ਹੈਂ,* ਇਸ ਲਈ ਹੁਣ ਮੈਂ ਤੇਰੀ ਸਹਾਇਤਾ ਨਹੀਂ ਕਰ ਸਕਦਾ।

ਫਿਰ ਦੁਰਬਾਸ਼ਾ ਰਿਖੀ ਨੇ ਕਿਹਾ-''ਆਪ ਕਿਰਪਾ ਕਰ ਕੇ ਕੋਈ ਰਾਹ ਦੱਸੋ ਜਿਸ ਕਰ ਕੇ ਮੇਰਾ ਇਹ ਗੁਨਾਹ ਬਖਸ਼ਿਆ ਜਾਵੇ ?'' ਤਾਂ ਭਗਵਾਨ ਨੇ ਕਿਹਾ-''ਜਿਸ ਦਾ ਤੂੰ ਵਿਰੋਧੀ ਹੋ ਕੇ ਭੱਜਿਆ ਆਇਆ ਹੈਂ ਓਸੇ ਮਹਾਂ ਪੁਰਸ਼ ਦੀ ਸ਼ਰਨ ਵਿਚ ਜਾ ਕੇ ਡਿਗ ਪਉ ਤਾਂ ਤੇਰਾ ਬਚਾਉ ਹੋ ਸਕਦਾ ਹੈ।''

ਇਹ ਗੱਲ ਸੁਣ ਕੇ ਦੁਰਬਾਸ਼ਾ ਰਿਖੀ ਵਾਪਸ ਹਟ ਕੇ ਅੰਬਰੀਕ ਜੀ ਦੀ ਸ਼ਰਨ ਆ ਪਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ-''ਮੇਰੇ ਪਾਸੋਂ ਬੜਾ ਭਾਰੀ ਗੁਨਾਹ ਹੋ ਗਿਆ ਹੈ ਆਪ ਕਿਰਪਾ ਕਰ ਕੇ ਬਖਸ਼ ਲਓ।'' ਦੁਰਬਾਸ਼ਾ ਰਿਖੀ ਦੀ ਨਿੰਮ੍ਰਤਾ ਨੂੰ ਵੇਖ ਕੇ ਅੰਬਰੀਕ ਜੀ ਨੇ ਸੁਦਰਸ਼ਨ ਚੱਕਰ ਵੱਲ ਇਸ਼ਾਰਾ ਕਰ ਦਿੱਤਾ ਕਿ ਬਸ ਇਸ ਨੂੰ ਕੁਝ ਨਾ ਕਹੁ। ਅੰਬਰੀਕ ਜੀ ਦੇ ਇਸ਼ਾਰੇ ਨੂੰ ਵੇਖ ਦੇ ਸੁਦਰਸ਼ਨ ਚੱਕਰ ਆਪਣੇ ਟਿਕਾਣੇ ਜਾ ਬੈਠਾ।

ਇਸ ਵਜ੍ਹਾ ਕਰ ਕੇ ਦੁਰਬਾਸ਼ਾ ਰਿਖੀ ਨੂੰ ਸੁਦਰਸ਼ਨ ਚੱਕਰ ਤੋਂ ਛੁਡਾਉਣਾ ਕੀਤਾ ਹੈ ਅਤੇ ਐਸੇ ਭਿਆਨਕ ਸਮੇਂ ਤੋਂ ਪਰਮਾਤਮਾ ਨੇ ਅੰਬਰੀਕ ਨੂੰ ਨਿਰਭੈ ਪਦ ਦੇਣਾ ਕੀਤਾ ਹੈ।

---

*ਯਥਾ-ਸੰਤ ਦੋਖੀ ਕਾ ਥਾਉ ਕੋ ਨਾਹਿ॥ (ਪੰਨਾ ੨੭੯)

ਇਹ ਅੰਬਰੀਕ ਜੀ ਦਾ ਤੇ ਦੁਰਬਾਸ਼ਾ ਰਿਖੀ ਦਾ ਪ੍ਰਸੰਗ ਭਾਈ ਗੁਰਦਾਸ ਜੀ ਨੇ ਭੀ ਲਿਖਿਆ ਹੈ:-

ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।
ਭੀੜਾ[1] ਓਸੁ ਉਪਾਰਣਾ[2] ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ[3]।
ਚਰਣੋਦਕੁ[4] ਲੈ ਪੋਖਿਆ ਓਹੁ ਸਰਾਪੁ ਦੇਣ ਨੋ ਧਾਇਆ।
ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ[5] ਗਰਬੁ ਗਵਾਇਆ।
ਬਾਮ੍ਹਣੁ ਭੰਨਾ[6] ਜੀਉ ਲੈ ਰਖਿ ਨ ਹੰਘਨਿ[7] ਦੇਵ ਸਬਾਇਆ।
ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ।
ਦੇਵਤਿਆਂ ਭਗਵਾਨੁ ਸਣੁ[8] ਸਿਖਿ ਦੇਇ ਸਭਨਾਂ ਸਮਝਾਇਆ।
ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ।
ਭਗਤਿ ਵਛਲੁ[9] ਜਗਿ ਬਿਰਦੁ[10] ਸਦਾਇਆ॥ ੪॥ *(ਵਾਰ ੧੦)*

ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ॥ ੩॥

ਠਾਕੁਰਿ= ਪਰਮਾਤਮਾ ਨੇ (ਕ੍ਰਿਸ਼ਨ ਰੂਪ ਹੋ ਕੇ ਦਲਿੱਦ੍ਰੀ) ਸੁਦਾਮੇ ਨੂੰ ਨੌ ਨਿਧੀਆਂ ਦੇ ਦਿੱਤੀਆਂ ਤੇ ਉਸ ਦਾ ਦਲਿੱਦ੍ਰ ਹਟਾ ਦਿੱਤਾ।

ਯਥਾ:-ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ॥ ੪॥

(ਬਸੰਤੁ ਮ: ੪, ਪੰਨਾ ੧੧੯੧)

ਉਸੇ ਦੀ ਕਿਰਪਾ ਨਾਲ ਧ੍ਰੂਅ ਭਗਤ ਅਟੱਲ ਪਦਵੀ 'ਤੇ ਇਸਥਿਤ ਹੈ, ਅਜੇ ਤਕ ਵੀ ਆਪਣੀ ਜਗ੍ਹਾ ਤੋਂ ਹਿਲਿਆ ਨਹੀਂ।

ਯਥਾ:- ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥

(ਮਾਰੂ ਮਹਲਾ ੫, ਪੰਨਾ ੯੯੯)

ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ॥

ਆਪਣੇ ਭਗਤ (ਪ੍ਰਹਿਲਾਦ ਦੀ ਰਖਿਆ) ਵਾਸਤੇ ਨਰਸਿੰਘ= ਅੱਧਾ ਆਦਮੀ ਦਾ ਅੱਧਾ ਸ਼ੇਰ ਦਾ ਰੂਪ ਹੋ ਕੇ ਐਸੀ ਭਿਆਨਕ ਦੇਹ ਧਾਰ ਕੇ ਹਰਨਾਖਸ਼ ਦੈਂਤ ਨੂੰ ਮਾਰਿਆ ਹੈ।

ਯਥਾ:- ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ॥

(ਮਾਰੂ ਮ: ੫, ਪੰਨਾ ੯੯੯)

ਤਥਾ:- ਅਬ ਰਾਖਹੁ ਦਾਸ ਭਾਟ ਕੀ ਲਾਜ॥

ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥ *(ਪੰਨਾ ੧੪੦੦)*

ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥ ੪॥ ੧॥

ਨਾਮਦੇਵ ਜੀ ਕਹਿੰਦੇ ਹਨ— ਉਹ ਕੇਸਵ= ਪਰਮਾਤਮਾ ਭਗਤਾਂ ਦੇ ਵਸੀਕਾਰ ਹੈ, ਜੋ ਅਜੇ ਤਕ ਬਲ ਰਾਜਾ ਦੇ ਦੁਆਰ= ਦਰਵਾਜ਼ੇ ਪਰ ਪਹਿਰੇਦਾਰ ਹੋ ਕੇ ਖਰੋ= ਖੜਾ ਹੈ ॥ ੪॥ ੧॥

---

੧ ਵਰਤ। ੨ ਖੋਲ੍ਹਣਾ। ੩ ਚਲਾ ਗਿਆ। ੪ ਚਰਨਾਂ ਦਾ ਜਲ ਭਾਵ ਚਰਨਾਂਮ੍ਰਿਤ। ੫ ਭਿਆਨਕ। ੬ ਦੌੜ ਗਿਆ। ੭ ਸਕਦੇ। ੮ ਸਹਿਤ। ੯ ਭਗਤਾਂ ਦਾ ਪਿਆਰਾ। ੧੦ ਧਰਮ।

ਸਾਖੀ- ਬਲ ਰਾਜੇ ਦੀ

ਪ੍ਰਹਿਲਾਦ ਜੀ ਦਾ ਪੋਤਰਾ ਬਲ ਰਾਜਾ ਆਪਣੀ ਰਾਜਧਾਨੀ ਮੁਲਤਾਨ ਸ਼ਹਿਰ ਵਿਖੇ ਇੰਦ੍ਰ ਪਦਵੀ ਦੀ ਇੱਛਾ ਨੂੰ ਰੱਖ ਕੇ ਅਸੁਮੇਧ ਯੱਗ ਕਰਾਉਣ ਲੱਗਾ। ਜਦੋਂ ਇਕ ਸੌ ਅਸੁਮੇਧ ਯੱਗ ਆਪਣੇ ਗੁਰੂ ਸ਼ੁਕਰ ਪੁਰੋਹਤ ਦੇ ਅਨੁਸਾਰ ਹੋ ਕੇ ਕਰਵਾ ਚੁੱਕਾ ਅਤੇ ਕੇਵਲ ਬਾਕੀ ਇਕੋ ਹੀ ਯੱਗ ਰਹਿ ਗਿਆ*।

ਤਾਂ ਇੰਦ੍ਰ ਨੂੰ ਫਿਕਰ ਪੈ ਗਿਆ ਕਿ ਹੁਣ ਮੇਰੇ ਪਾਸੋਂ ਸੁਰਗ ਦਾ ਰਾਜ ਖੋਹਿਆ ਜਾਵੇਗਾ। ਉਸ ਨੇ ਆਪਣੇ ਬਚਾਓ ਵਾਸਤੇ ਬੜੇ ਜਤਨ ਕੀਤੇ। ਸਾਰੇ ਦੇਵਤਿਆਂ ਦੇ ਪਾਸ ਬੇਨਤੀ ਕੀਤੀ ਕਿ ਮੇਰੀ ਰਖਿਆ ਕਰੋ, ਪਰ ਦੇਵਤੇ ਤਾਂ ਆਪ ਹੀ ਇੰਦ੍ਰ ਦੇ ਅਧੀਨ ਸਨ ਅਤੇ ਜੋ ਯੱਗ ਕਰ ਕੇ ਦੇਵ ਲੋਕ ਨੂੰ ਆ ਰਿਹਾ ਹੈ, ਉਸ ਨੂੰ ਕੋਈ ਰੋਕ ਭੀ ਨਹੀਂ ਸੀ ਸਕਦਾ। ਅਖੀਰ ਨੂੰ ਇੰਦ੍ਰ ਨੇ ਵਿਸ਼ਨੂੰ ਮਹਾਰਾਜ ਜੀ ਦੇ ਪਾਸ ਜਾ ਕੇ ਬੇਨਤੀ ਕੀਤੀ ਕਿ ਦੈਂਤਾਂ ਦਾ ਰਾਜਾ ਸੁਰਗ ਦਾ ਰਾਜ ਲੈਣ ਵਾਸਤੇ ਯੱਗ ਕਰਵਾ ਰਿਹਾ ਹੈ। ਕੇਵਲ ਇਕੋ ਹੀ ਯੱਗ ਬਾਕੀ ਹੈ, ਉਸ ਦਾ ਏਥੇ ਆਉਣਾ ਸਾਨੂੰ ਤੁਹਾਨੂੰ ਸਭਨਾਂ ਨੂੰ ਹੀ ਦੁਖਦਾਈ ਹੋ ਜਾਵੇਗਾ। ਉਸ ਦੇ ਏਥੇ ਆਉਣ ਨਾਲ ਸਾਰੇ ਹੀ ਸ੍ਰੇਸ਼ਟਾਚਾਰ ਬੰਦ ਹੋ ਜਾਵਣਗੇ ਅਤੇ ਮੁੜ ਸੁਰਗ ਦੀ ਰਾਜਧਾਨੀ ਪਰ ਦੈਂਤਾ ਦਾ ਕਬਜ਼ਾ ਹੋ ਜਾਵੇਗਾ।

ਦੁਖੀ ਹੋਏ ਇੰਦ੍ਰ ਦੀ ਬੇਨਤੀ ਨੂੰ ਸੁਣ ਕੇ ਭਗਵਾਨ ਵਿਸ਼ਨੂੰ ਜੀ ਨੇ ਧੀਰਜ ਦਿੱਤਾ ਕਿ ਤੂੰ ਕੋਈ ਚਿੰਤਾ ਨਾ ਕਰ ਮੈਂ ਤੇਰੀ ਸਹਾਇਤਾ ਕਰਾਂਗਾ।

ਇਸ ਪ੍ਰਕਾਰ ਇੰਦ੍ਰ ਦੀ ਰਖਿਆ ਵਾਸਤੇ ਵਿਸ਼ਨੂੰ ਮਹਾਰਾਜ ਜੀ 'ਬਾਵਨ ਅਵਤਾਰ' ਧਾਰ ਕੇ (ਭਾਵ ਬਵੰਜਾ ਉਂਗਲਾਂ ਦਾ ਸਰੀਰ ਬਣਾ ਕੇ) ਬਲ ਰਾਜੇ ਦੇ ਮੰਦਰਾਂ ਅੱਗੇ, ਜਿਥੇ ਉਹ ਸ਼ੁਕਰ ਪੁਰੋਹਤ ਦੇ ਸਮੇਤ ਬੈਠਾ ਯੱਗ ਕਰਵਾ ਰਿਹਾ ਸੀ ਉਥੇ ਪੁੱਜੇ ਅਤੇ ਆਪਣੇ ਮੁਖੋਂ ਮਿੱਠੀ ਸੁਰ ਨਾਲ ਵੇਦਾਂ ਦੀਆਂ ਸ਼ੁਰਤੀਆਂ ਪੜ੍ਹਨ ਲੱਗ ਪਏ। ਬਲ ਰਾਜੇ ਨੇ ਬਾਲਕ ਬ੍ਰਾਹਮਣ ਦੇ ਮੁੰਹੋਂ ਜਦ ਵੇਦਾਂ ਦੀ ਧੁਨੀ ਸੁਣੀ ਤਾਂ ਇਉਂ ਮੋਹਤ ਹੋ ਗਏ (ਜਿਵੇਂ ਬੀਨ 'ਤੇ ਸੱਪ ਮਸਤ ਹੁੰਦਾ ਹੈ, ਉੱਠ ਕੇ ਬੜਾ ਸੁਆਗਤ ਕੀਤਾ ਅਤੇ ਬੇਨਤੀ ਕੀਤੀ-''ਮਹਾਰਾਜ ! ਮੰਗੋ, ਜੋ ਤੁਹਾਡੇ ਹਿਰਦੇ ਵਿਚ ਇੱਛਾ ਹੈ ਮੈਂ ਸੇਵਾ ਕਰ ਕੇ ਪ੍ਰਸੰਨਤਾ ਲਵਾਂ।'' ਭਗਵਾਨ ਜੀ ਕਹਿਣ ਲਗੇ-''ਰਾਜਨ ! ਸੰਤੋਖੀ ਬ੍ਰਾਹਮਣ ਹਾਂ ਇਸ ਵਾਸਤੇ ਕਿਸੇ ਵੀ ਪਦਾਰਥ ਦੀ ਮੈਨੂੰ ਲੋੜ ਨਹੀਂ ਹੈ।'' ਬਲ ਰਾਜੇ ਨੇ ਫਿਰ ਬੇਨਤੀ ਕੀਤੀ-''ਮਹਾਰਾਜ ਮੇਰੀ ਪ੍ਰਸੰਨਤਾ ਤਦੇ ਹੀ ਹੋਵੇਗੀ ਜੇਕਰ ਆਪ ਮੇਰੇ ਪਾਸੋਂ ਕੋਈ ਸੇਵਾ ਲਵੋਗੇ।''

ਬਾਵਨ ਜੀ ਨੇ ਕਿਹਾ-''ਮੈਂ ਸ੍ਵੈ ਇੱਛਾ ਅਨੁਸਾਰ ਸਾਰੇ ਵਿਚਰ ਰਿਹਾ ਹਾਂ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ।'' ਬਲ ਰਾਜੇ ਦੇ ਬਾਰ-ਬਾਰ ਬੇਨਤੀ ਕਰਨ 'ਤੇ ਬਾਵਨ ਨੇ ਆਖਿਆ-''ਜੇ ਤੁਹਾਡੇ ਮਨ ਵਿਚ ਸੇਵਾ ਕਰਨ ਦੀ ਬਹੁਤ ਇੱਛਾ ਹੈ ਤਾਂ ਮੇਰੀਆਂ ਢਾਈ ਕਰਮਾਂ ਧਰਤੀ ਦਾਨ ਦਾ ਸੰਕਲਪ ਕਰ ਦਿਓ, ਮੈਂ ਛੱਪਰੀ ਬਣਾ ਕੇ ਤੁਹਾਡੇ ਬੂਹੇ ਅੱਗੇ ਹੀ ਖੜਾ ਵੇਦਾਂ ਦੀਆਂ ਰਿਚਾਂ ਸੁਣਾਉਂਦਾ ਰਹਾਂਗਾ, ਹੋਰ ਮੈਨੂੰ ਕਿਸੇ ਪਦਾਰਥ ਦੀ ਇੱਛਾ ਨਹੀਂ।''

ਇਹ ਗੱਲ ਸੁਣ ਕੇ ਬਲ ਰਾਜਾ ਕਹਿਣ ਲੱਗਾ-''ਮਹਾਰਾਜ ! ਮੈਂ ਚੱਕ੍ਰਵਰਤੀ ਬਾਦਸ਼ਾਹ ਅਤੇ ਬੜੇ-ਬੜੇ ਅਸੁਮੇਧ ਯੱਗਾਂ ਦੇ ਕਰਨ ਵਾਲਾ ਆਪ ਨੇ ਮੇਰੇ ਪਾਸੋਂ ਇਹ ਕੀ ਦਾਨ ਮੰਗਿਆ ਹੈ? ਮੈਨੂੰ ਤਾਂ ਦਿੰਦਿਆਂ ਹੀ ਸ਼ਰਮ ਆਉਂਦੀ ਹੈ।'' ਭਗਵਾਨ ਜੀ ਕਹਿਣ ਲੱਗੇ- ''ਨਹੀਂ ਰਾਜਨ ! ਮੈਨੂੰ ਇਤਨਾ ਹੀ ਦਾਨ ਬੜਾ ਹੈ ਮੈਂ ਸੰਤੋਖੀ ਜੋ ਹੋਇਆ, ਆਪ ਢਾਈ ਕਰਮਾਂ ਧਰਤੀ ਦੇ ਦਾਨ ਦਾ ਸੰਕਲਪ ਕਰ ਦਿਓ।'' ਬਹੁਤ ਸਾਰੇ ਬਚਨ ਬਿਲਾਸ ਹੋਣ ਤੋਂ ਪਿਛੋਂ ਜਦ ਬਲ ਰਾਜਾ ਸੰਕਲਪ ਕਰਨ ਲੱਗਾ ਤਾਂ ਪਾਸ ਬੈਠੇ ਸ਼ੁੱਕਰ ਪੁਰੋਹਤ ਨੇ ਰੋਕ ਕੇ ਕਿਹਾ-

---

*ਇਹ ਸ਼ਾਸਤ੍ਰ ਦਾ ਕਥਨ ਹੈ, ੧੦੧ ਅਸੁਮੇਧ ਯੱਗ ਕਰਵਾਉਣ ਵਾਲਾ ਦਾਨੀ ''ਦੇਵ-ਲੋਕ'' ਵਿਖੇ ਜਾ ਕੇ ਦੇਵਤਿਆਂ ਦਾ ਰਾਜਾ ਬਣਦਾ ਹੈ।

"ਹੇ ਰਾਜਨ ! ਇਸ ਨੂੰ ਤੂੰ ਗਰੀਬ ਤੇ ਸੰਤੋਖੀ ਬ੍ਰਾਹਮਣ ਨਾ ਸਮਝ, ਇਹ ਛਲੀਆ ਵਿਸ਼ਨੂੰ ਤੈਨੂੰ ਛਲਣ ਵਾਸਤੇ ਆਇਆ ਹੈ ਤੂੰ ਦਾਨ ਦੇਣ ਦਾ ਸੰਕਲਪ ਨਾ ਕਰ।

ਆਪਣੇ ਗੁਰੂ ਸ਼ੁੱਕਰ ਦੇ ਪਾਸੋਂ ਸੁਣ ਕੇ ਬਲ ਰਾਜਾ ਬੋਲਿਆ,"ਕੋਈ ਚਿੰਤਾ ਵਾਲੀ ਗੱਲ ਨਹੀਂ, ਜੇ ਕਰ ਆਪ ਵਿਸ਼ਨੂੰ ਭਗਵਾਨ ਮੰਗਤਾ ਬਣ ਕੇ ਆਇਆ ਹੈ ਤਾਂ ਮੈਨੂੰ ਦਾਨ ਦੇਣ ਦਿਓ, ਤੁਸੀਂ ਮੈਨੂੰ ਰੋਕੋ ਨਾ।"

ਇਹ ਕਹਿ ਕੇ ਬਲ ਰਾਜਾ ਜਲ ਲੈ ਕੇ ਜਦ ਸੰਕਲਪ ਕਰਨ ਲੱਗਾ ਤਾਂ ਸ਼ੁੱਕਰ ਨੇ ਆਪਣਾ ਧਰਮ ਵਿਚਾਰ ਕੇ ਕਿ ਜਿਥੋਂ ਤੱਕ ਹੋ ਸਕੇ ਮੈਨੂੰ ਇਸ ਦੀ ਰਖਿਆ ਕਰਨੀ ਚਾਹੀਦੀ ਹੈ, ਆਪਣੇ ਸੇਵਕ ਦੀ ਰਖਿਆ ਵਾਸਤੇ ਸ਼ੁੱਕਰ ਨੇ ਗੰਗਾ ਸਾਗਰ ਦੀ ਨਾਲੀ, ਜਿਸ ਦੁਆਰੇ ਜਲ ਆਉਣਾ ਸੀ, ਨਿੱਕਾ ਜਿਹਾ ਰੂਪ ਧਾਰ ਕੇ ਵਿਚ ਬੈਠ ਕੇ ਬੰਦ ਕਰ ਦਿੱਤੀ। ਜਦੋਂ ਪਾਣੀ ਨਾ ਆਇਆ ਤਾਂ ਭਗਵਾਨ ਜੀ ਸ਼ੁੱਕਰ ਦੀ ਸ਼ੈਤਾਨੀ ਸਮਝ ਗਏ ਅਤੇ ਬਲ ਰਾਜੇ ਨੂੰ ਕਿਹਾ ਕਿ ਪਾਣੀ ਕਿਉਂ ਬੰਦ ਹੋ ਗਿਆ ਹੈ? ਤਾਂ ਬਲ ਰਾਜੇ ਨੇ ਇਕ ਤੀਲ੍ਹਾ ਲੈ ਕੇ ਜਦ ਨਾਲੀ ਵਿਚ ਮਾਰਿਆ ਤਾਂ ਸ਼ੁੱਕਰ ਦੀ ਅੱਖ ਵਿਚ ਜਾ ਵੱਜਾ, ਉਸ ਦਿਨ ਤੋਂ ਸ਼ੁੱਕਰ ਕਾਣਾ ਹੋ ਗਿਆ ਤੇ ਸ਼ੁਕਰ ਦੀ ਅੱਖ 'ਚੋਂ ਜੇਹੜਾ ਪਾਣੀ ਨਿਕਲਿਆ ਉਸ ਜਲ ਨਾਲ ਸੰਕਲਪ ਕਰ ਦਿੱਤਾ। ਸੰਕਲਪ ਹੋ ਜਾਣ ਤੋਂ ਪਿਛੋਂ ਭਗਵਾਨ ਵਿਸ਼ਨੂੰ ਜੀ ਨੇ ਆਪਣਾ ਸਰੀਰ ਇਤਨਾ ਵਧਾਇਆ ਕਿ ਦੋ ਕਰਮਾਂ ਵਿਚ ਦੋਵੇਂ ਲੋਕ ਮਾਪ ਲਏ ਅਤੇ ਅੱਧਾ ਕਰਮ ਬਾਕੀ ਰਹਿ ਗਿਆ।*

ਤਾਂ ਬਲ ਰਾਜੇ ਨੂੰ ਫਿਕਰ ਪੈ ਗਿਆ ਕਿ ਸ਼ੁੱਕਰ ਵਾਲੀ ਗੱਲ ਸੱਚੀ ਹੋਈ ਪਰ ਉਸ ਵੇਲੇ ਕੀ ਹੋ ਸਕਦਾ ਸੀ? ਸੰਕਲਪ ਜੋ ਪਹਿਲਾਂ ਕਰ ਚੁਕਿਆ ਸੀ ਤਾਂ ਕਿਹਾ— "ਮਹਾਰਾਜ ! ਹੁਣ ਤਾਂ ਮੇਰਾ ਸਰੀਰ ਹੀ ਕੇਵਲ ਬਾਕੀ ਹੈ, ਇਹ ਮਾਪ ਲਓ।

ਭਗਵਾਨ ਵਿਸ਼ਨੂੰ ਨੇ ਆਪਣਾ ਚਰਨ ਬਲ ਰਾਜੇ ਦੇ ਛਾਤੀ 'ਤੇ ਰੱਖ ਕੇ ਉਸ ਨੂੰ ਪਤਾਲ ਵਿਚ ਭੇਜ ਦਿੱਤਾ ਅਤੇ ਕਿਹਾ-"ਇਥੋਂ ਦਾ ਰਾਜ ਕਰ ਤੇ ਏਥੇ ਹੀ ਰਹਿਣਾ ਕਰ।" ਜਦੋਂ ਭਗਵਾਨ ਵਿਸ਼ਨੂੰ ਜੀ ਵਾਪਸ ਆਉਣ ਲੱਗੇ ਤਾਂ ਸਤਪ੍ਰਤੱਗੀ ਬਲ ਰਾਜੇ ਨੇ ਭਗਵਾਨ ਦਾ ਚਰਨ ਫੜ ਲਿਆ ਤੇ ਕਿਹਾ-"ਮਹਾਰਾਜ ! ਜਿਵੇਂ ਮੈਂ ਆਪਣੇ ਬਚਨ 'ਤੇ ਪੱਕਾ ਰਿਹਾ ਹਾਂ, ਤਿਵੇਂ ਆਪ ਭੀ ਆਪਣੇ ਬਚਨ ਤੇ ਪੱਕਿਆਂ ਰਹੋ, ਤੁਸਾਂ ਕਿਹਾ ਸੀ ਕਿ ਤੇਰੇ ਬੂਹੇ ਪਰ ਛੱਪਰੀ ਪਾ ਕੇ ਖੜਾ ਰਹਾਂਗਾ, ਹੁਣ ਉਹ ਆਪਣਾ ਬਚਨ ਪੂਰਾ ਕਰੋ।" ਇਹ ਗੱਲ ਸੁਣ ਕੇ ਵਿਸ਼ਨੂੰ ਭਗਵਾਨ ਜੀ ਨੂੰ ਮੰਨਣਾ ਪਿਆ।

ਉਸ ਗੱਲ ਨੂੰ ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਭਗਤਾਂ ਦਾ ਪਿਆਰਾ ਪਰਮੇਸ਼ਰ ਅੰਤਰਜਾਮੀ ਅਜੇ ਤੱਕ ਬਲ ਰਾਜੇ ਦੇ ਬੂਹੇ ਅੱਗੇ ਪਹਿਰੇਦਾਰ ਹੋ ਕੇ ਖੜਾ ਹੈ।

ਯਥਾ :-ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗਿ ਕਰਾਵੈ।
ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।
ਰਾਜੇ ਅੰਦਰਿ ਸਦਿਆ ਮੰਗੁ ਸੁਆਮੀ ਜੋ ਤੁਧੁ ਭਾਵੈ।
ਅਛਲੁ ਛਲਣਿ ਤੁਧੁ ਆਇਆ ਸੁਕ੍ ਪੁਰੋਹਿਤੁ ਕਹਿ ਸਮਝਾਵੈ।
ਕਰੋਂ ਅਢਾਈ ਧਰਤਿ ਮੰਗਿ ਪਿਛਹੁਦੇ ਤ੍ਰਿਹੁ ਲੋਅ ਨ ਮਾਵੈ।
ਦੁਇ ਕਰਵਾਂ ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰੁ ਮਿਣਾਵੈ।

ਜਦੋਂ ਭਗਵਾਨ ਜੀ ਦਾ ਚਰਨ ਬ੍ਰਹਮ ਲੋਕ ਵਿਖੇ ਪੂਜਾ ਤਾਂ ਬ੍ਰਹਮਾ ਜੀ ਨੇ ਚਰਨ ਧੋ ਕੇ ਉਸ ਜਲ ਨੂੰ ਗੰਗਾ ਸਾਗਰ ਵਿਚ ਪਾ ਲਿਆ ਜਿਸ ਤੋਂ ਗੰਗਾ ਬਣੀ ਅਤੇ ਰਾਜੇ ਭਗੀਰਥ ਨੇ ਮਾਤ ਲੋਕ ਦੀ ਧਰਤੀ ਪਰ ਆਪਣੇ ਪਿਤਰਾਂ ਦੀ ਕਲਿਆਣ ਵਾਸਤੇ ਬ੍ਰਹਮਾ ਦੀ ਤਪੱਸਿਆ ਕਰ ਕੇ ਲਿਆਂਦੀ।

ਬਲਿ ਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ।
ਦਿੱਤਾ ਰਾਜੁ ਪਤਾਲ ਦਾ ਹੋਇ ਅਧੀਨ ਭਗਤ ਜਸੁ ਗਾਵੈ।
ਹੋਇ ਦਰਵਾਨ ਮਹਾਂ ਸੁਖੁ ਪਾਵੈ॥ ੩॥' *(ਭਾਈ ਗੁਰਦਾਸ ਜੀ, ਵਾਰ ੧੦)*

ਤਥਾ:-ਬਲਿ ਪੋਤਾ ਪ੍ਰਹਿਲਾਦ ਦਾ ਇੰਦਰਪੁਰੀ ਦੀ ਇਛ ਇਛੰਦਾ।
ਕਰਿ ਸੰਪੂਰਨੁ ਜਗੁ ਸਉ ਇਕ ਇਕੋਤਰੁ ਜਗੁ ਕਰੰਦਾ।
ਬਾਵਨ ਰੂਪੀ ਆਇ ਕੈ ਗਰਬ ਨਿਵਾਰਿ ਭਗਤ ਉਧਰੰਦਾ।
ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲਿ ਸੁ ਹੁਕਮੀ ਬੰਦਾ।
ਬਲਿ ਛਲਿ ਆਪੁ ਛਲਾਇਓਨੁ ਦਰਵਾਜੇ ਦਰਵਾਨ ਹੋਵੰਦਾ।

(ਭਾਈ ਗੁਰਦਾਸ ਜੀ, ਵਾਰ ੨੫/੭)

ਮਾਰੂ ਕਬੀਰ ਜੀਉ॥

ਉਥਾਨਕਾ-ਇਕ ਆਦਮੀ ਬਹੁਤ ਪਾਪਾਤਮਾ ਸੀ। ਜਿਸ ਨੂੰ ਨਾ ਆਪਣੇ ਧਰਮ ਦਾ ਕੁਝ ਪਤਾ ਸੀ ਅਤੇ ਨਾ ਹੀ ਕਿਸੇ ਵੇਲੇ ਸਿਮਰਨ ਕਰਦਾ ਸੀ, ਸਾਧ ਸੰਗਤ ਤੋਂ ਬਾਰਾਂ ਬਾਰਾਂ ਕੋਹ ਪਰੇ ਹਟ ਕੇ ਰਹਿੰਦਾ ਸੀ, ਭਗਤ ਕਬੀਰ ਜੀ ਉਸ ਨੂੰ ਤਾੜ ਕੇ ਉਪਦੇਸ਼ ਕਰਦੇ ਹਨ-

ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ॥

ਰੇ ਦਿਵਾਨੇ= ਹੇ ਝੱਲੇ ਪੁਰਸ਼ਾ ! ਤੂੰ ਆਪਣੇ ਦੀਨੁ= ਧਰਮ ਨੂੰ ਵਿਸਾਰ ਦਿੱਤਾ ਹੈ, ਹੇ ਝੱਲੇ ਪੁਰਸ਼ਾ! ਤੂੰ ਆਪਣੇ ਧਰਮ ਨੂੰ ਵਿਸਾਰ ਦਿੱਤਾ ਹੈ। *ਵਾ :-* ਜਿਨ੍ਹਾਂ ਨੇ ਆਪਣੇ ਧਰਮ ਨੂੰ ਵਿਸਾਰਿਆ ਹੈ, ਉਹਨਾਂ ਨਾਲ ਮਿਲ ਕੇ ਉਹ ਝਲਿਆ ! ਤੂੰ ਭੀ ਆਪਣੇ ਧਰਮ ਨੂੰ ਭੁਲਾ ਦਿੱਤਾ ਹੈ। *ਅਥਵਾ :-* ਹੇ ਝੱਲੇ ਪੁਰਸ਼ਾ ! ਤੂੰ ਆਪਣੇ ਦੀਨੁ= ਧਰਮ ਨੂੰ ਵਿਸਾਰ ਦਿੱਤਾ ਹੈ ਅਤੇ ਦੀਨੁ= ਪ੍ਰਲੋਕ ਨੂੰ ਭੀ ਭੁਲਾ ਦਿੱਤਾ ਹੈ, ਪ੍ਰਲੋਕ ਵਿਖੇ ਜਿਹੜੇ ਦੁੱਖ ਮਿਲਦੇ ਹਨ, ਉਹਨਾਂ ਦਾ ਤੈਨੂੰ ਕੋਈ ਖਿਆਲ ਨਹੀਂ ਹੈ।

ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ॥੧॥ਰਹਾਉ॥

ਪਸ਼ੂਆਂ ਵਾਂਗ ਪੇਟ ਭਰ ਕੇ ਸੁੱਤਾ ਰਹਿੰਦਾ ਹੈਂ, ਤੂੰ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਹਾਰ ਦਿੱਤਾ ਹੈ।

ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥

(ਸ਼ਾਸਤ੍ਰ ਅਨੁਸਾਰ ਚਾਰ **ਘੜੀਆਂ** ਸਾਧ ਸੰਗਤ ਕਰਨੀ ਸੀ, ਪਰ) ਸੰਤਾਂ ਦੀ ਸੰਗਤ ਕਦੇ ਭੀ ਨਹੀਂ ਕੀਤੀ, ਬਸ ਝੂਠਿਆਂ ਧੰਦਿਆਂ ਵਿਚ ਹੀ ਰਚਿਓ= ਤਦਾਕਾਰ ਭਾਵ ਲੱਗਾ ਹੋਇਆ ਹੈਂ।

ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ॥੧॥

ਸੁਆਨ= ਕੁੱਤਾ। ਸੂਕਰ= ਸੂਰ। ਬਾਇਸ= ਕਾਂ। ਜਿਵੈ= ਵਾਂਗ।

ਕੁੱਤੇ, ਸੂਰ, ਕਾਂ ਵਾਂਗ ਭਟਕਣ ਵਾਲਾ ਹੋ ਕੇ ਉਠ ਕੇ ਚਾਲਿਓ= ਤੁਰਦਾ-ਫਿਰਦਾ ਹੈਂ। ਭਾਵ ਜਿਵੇਂ ਕੁੱਤੇ, ਸੂਰ, ਕਾਂ ਆਦਿ ਸਾਰੇ ਗੰਦੀ ਥਾਂ ਬੈਠ ਕੇ ਵਿਸ਼ਟਾ ਖਾਂਦੇ ਹਨ, ਤਿਵੇਂ ਤੂੰ ਭੀ ਵਿਸ਼ਿਆਂ ਰੂਪ ਗੰਦਗੀ ਨੂੰ ਤੇ ਭੈੜੇ-ਭੈੜੇ ਪਦਾਰਥਾਂ ਨੂੰ ਖਾਂਦਾ ਫਿਰਦਾ ਹੈਂ।

ਦੂਜਾ ਅਰਥ- ਜਿਵੇਂ ਕੁੱਤਾ ਕਦੇ ਰੱਜਦਾ ਨਹੀਂ, ਤਿਵੇਂ ਤੂੰ ਭੀ ਕੁੱਤੇ ਦੀ ਤਰ੍ਹਾਂ ਲੋਭੀ ਹੋਇਆ ਪਰ ਪੁਰਸ਼ਾਂ ਦੇ ਬੂਹਿਆਂ ਪਰ ਭਟਕਦਾ ਫਿਰਦਾ ਹੈਂ।

ਯਥਾ- ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥

(ਮਹਲਾ ੯, ਪੰਨਾ ੪੧੧)

ਅਥਵਾ :— ਕੁੱਤੇ ਦੀ ਨਿਆਈਂ ਕਾਮੀ ਹੈਂ ਤੇ ਸੂਰ ਦੀ ਨਿਆਈਂ ਵਿਸ਼ਿਆਂ ਰੂਪੀ ਗੰਦਗੀ ਨੂੰ ਖਾਂਦਾ ਹੈਂ ਅਤੇ ਕਾਂ ਵਾਂਗ ਤੇਰਾ ਅੰਤਹਕਰਨ ਅੰਦਰੋਂ ਬਾਹਰੋਂ ਪਾਪਾਂ ਨਾਲ ਕਾਲਾ ਹੈ।

ਯਥਾ :- ਕਬਹੁ ਨ ਸੂਚਾ ਕਾਲਾ ਕਾਉ॥ (ਬਿਲਾਵਲੁ ਮ: ੧, ਪੰਨਾ ੮੩੯)

ਇਸ ਤੇ ਅੰਤ ਨੂੰ ਇਨ੍ਹਾਂ ਵਾਂਗ ਨਿਸਫਲ ਹੀ ਉੱਠ ਕੇ ਚਲਾ ਜਾਏਂਗਾ। ਵਾ :- ਊਂਠ ਆਦਿ ਜੂਨੀਆਂ ਵਿਚ ਪਏਂਗਾ।

ਆਪਸ ਕੌ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ॥

ਤੂੰ ਆਪਣੇ ਆਪ ਨੂੰ ਦੀਰਘ= ਵੱਡਾ ਕਰ ਕੇ ਜਾਣਦਾ ਹੈਂ ਅਤੇ ਅਉਰਨ= ਹੋਰਨਾਂ ਨੂੰ ਲਗ ਮਾਤ= ਛੋਟਾ ਜਿਹਾ ਸਮਝਦਾ ਹੈਂ।

ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ॥ ੨॥

ਮਨਸਾ= ਮਨ। ਬਾਚਾ= ਬਾਣੀ। ਕਰਮਨਾ= ਸਰੀਰ। ਦੋਜਕ= ਨਰਕ ਜਾਤ= ਜਾਂਦੇ।

ਅਰਥ :- ਮਨ, ਬਾਣੀ, ਸਰੀਰ ਕਰ ਕੇ ਜਿਹੜੇ ਆਦਮੀ ਹੰਕਾਰ ਕਰਦੇ ਹਨ, ਉਹ ਨਰਕਾਂ ਵਿਚ ਜਾਂਦੇ ਹੋਏ ਮੈਂ ਵੇਖਣਾ ਕੀਤੇ ਹਨ। ਵਾ :- ਜਿਹੜੇ ਆਦਮੀ ਮਨ ਕਰ ਕੇ ਖੋਟੇ ਸੰਕਲਪ ਕਰਦੇ ਹਨ, ਬਾਣੀ ਦੁਆਰਾ ਨਿੰਦਿਆ ਚੁਗਲੀ ਅਤੇ ਕੌੜੇ ਬਚਨ ਕਹਿੰਦੇ ਹਨ ਤੇ ਸਰੀਰ ਕਰ ਕੇ ਪਰ-ਨਾਰੀ ਗਮਨ ਕਰਦੇ ਹਨ, ਉਹ ਨਰਕ ਵਿਚ ਜਾਂਦੇ ਹੋਏ ਮੈਂ ਵੇਖਣਾ ਕੀਤੇ ਹਨ।

ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ॥

ਕਾਮੀ= ਵਿਸ਼ਈ ਪੁਰਸ਼, ਕ੍ਰੋਧੀ= ਗੁੱਸੇ ਰਹਿਣ ਵਾਲੇ, ਬਹੁਤੀਆਂ ਚਾਤੁਰੀ= ਚਤੁਰਾਈਆਂ ਕਰਨ ਵਾਲੇ ਬਾਜੀਗਰ ਵਾਂਗ ਮਸ਼ਕਰੀ ਵਾ :- ਠੱਗੀ ਕਰਨ ਵਾਲੇ, ਬੇਕਾਮ= ਬਿਅਰਥ ਕੰਮ ਕਰਨ ਵਾਲੇ। ਅਤੇ-

ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ॥ ੩॥

ਨਿੰਦਿਆ ਕਰਨ ਵਾਲੇ, ਇਨ੍ਹਾਂ ਸਭਨਾਂ ਦਾ ਅਮੋਲਕ ਮਨੁੱਖਾ ਜਨਮ ਨਿਸਫਲ ਹੀ ਸਿਰਾਨੋ= ਬਿਤੀਤ ਹੋ ਗਿਆ ਹੈ, ਕਿਉਂਕਿ ਇਨ੍ਹਾਂ ਨੇ ਕਦੇ ਵੀ ਰਾਮ ਦਾ ਨਾਮ ਨਹੀਂ ਸਿਮਰਿਆ॥ ੩॥

ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ॥

ਕਬੀਰ ਜੀ ਕਹਿੰਦੇ ਹਨ- ਹੇਂ ਮੂਰਖ, ਮੁਗਧ, ਗਵਾਰ ! ਤੂੰ ਵਾਹਿਗੁਰੂ ਨੂੰ ਚੇਤਦਾ ਨਹੀਂ ਹੈਂ।

ਅਥਵਾ :— ਮਨ, ਬਾਣੀ, ਸਰੀਰ ਕਰ ਕੇ ਤੂੰ ਮੂਰਖ ਮੁਗਧ ਗਵਾਰ ਹੋ ਰਿਹਾ ਹੈਂ।

ਅਥਵਾ :— ਵਿਹਾਰਕ ਗਿਆਤ ਤੋਂ ਰਹਿਤ ਹੋਣ ਕਰ ਕੇ ਤੂੰ ਮੂਰਖ ਹੈਂ, ਸ਼ਾਸਤ੍ਰ ਗਿਆਤ ਤੋਂ ਰਹਿਤ ਹੋਣ ਕਰ ਕੇ ਮੁਗਧ ਹੈਂ, ਪਰਮਾਰਥ ਗਿਆਤ ਤੋਂ ਰਹਿਤ ਹੋਣ ਕਰ ਕੇ ਤੂੰ ਗਵਾਰ ਹੈਂ।

ਰਾਮ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ॥ ੪॥ ੧॥

ਰਾਮ ਨਾਮ ਦਾ ਸਿਮਰਨ ਕਰਨਾ ਜਾਣਿਆਂ ਨਹੀਂ ਤੇ ਸੰਸਾਰ-ਸਮੁੰਦਰ ਤੋਂ ਕਿਵੇਂ ਪਾਰ ਉਤਰੇਂਗਾ?

ਦੂਜਾ ਅਰਥ-

ਕਬੀਰ ਜੀ ਕਹਿੰਦੇ ਹਨ- ਹੇ ਮੂਰਖ, ਮੁਗਧ, ਗਵਾਰ! ਤੈਨੂੰ ਮਾਤਾ ਦੇ ਉਦਰ ਵਿਚ ਕੀਤੇ ਹੋਏ ਇਕਰਾਰ ਚੇਤੇ ਨਹੀਂ ਹਨ, ਕਿਉਂਕਿ ਤੂੰ ਰਾਮ ਨਾਮ ਦਾ ਸਿਮਰਨ ਕਰਨਾ ਜਾਣਿਆਂ ਨਹੀਂ ਹੈ ਤਾਂ ਦੱਸ ਖਾਂ, ਸੰਸਾਰ ਤੋਂ ਕਿਵੇਂ ਪਾਰ ਉਤਰੇਂਗਾ? ॥ ੪ ॥ ੧ ॥

[ਪੰਨਾ ੧੧੦੬]

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ ੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਇਕ ਜੋਗੀ ਨੇ ਆ ਕੇ ਭਗਤ ਜੈਦੇਵ ਜੀ ਤੋਂ ਪੁਛਿਆ-"ਪ੍ਰਾਣਾਂ ਦੇ ਚਾੜ੍ਹਨ, ਉਤਾਰਨ, ਠਹਿਰਾਉਣ ਦਾ ਕੀ ਤਰੀਕਾ ਹੈ?"

ਜੈਦੇਵ ਜੀ ਨੇ ਆਖਿਆ- ਪ੍ਰਾਣਾਯਾਮ ਦੇ ਦੋ ਤਰੀਕੇ ਹਨ, ਇਕ ਸਾਗਰਬ ਜੋਗ ਦੂਜਾ ਅਗਰਬ ਜੋਗ ਹੈ। ਜੋ ਮੰਤਰ ਦੇ ਸਹਿਤ ਕੀਤਾ ਜਾਵੇ ਉਸ ਨੂੰ ਸਾਗਰਬ ਯੋਗ ਕਹਿੰਦੇ ਹਨ। ਜੋ ਮੰਤਰ ਤੋਂ ਰਹਿਤ ਕੀਤਾ ਜਾਵੇ ਉਸ ਨੂੰ ਅਗਰਬ ਜੋਗ ਕਹਿੰਦੇ ਹਨ, ਜਿਸ ਨੂੰ ਬਾਜੀਗਰ ਵੀ ਕਰਦੇ ਹਨ। ਅਗਰਬ ਜੋਗ ਨਾਲ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

ਇਸ ਸ਼ਬਦ ਦੁਆਰਾ ਭਗਤ ਜੈ ਦੇਵ ਜੀ ਸਾਗਰਬ ਜੋਗ ਦੀ ਰੀਤੀ ਅਨੁਸਾਰ ਪ੍ਰਾਣਾਯਾਮ ਦਾ ਤਰੀਕਾ ਦਸਦੇ ਹਨ :-

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥

(ਖਿਆਲ ਰੱਖਣਾ, ਅੱਖਰਾਂ ਦੀ ਲਵੈਂਤਾ ਅੰਨਵੇ ਲੱਗਣੀ ਹੈ।)

ਸੂਰ ਸਤ ਖੋੜਸਾ ਦਤੁ ਕੀਆ ॥

ਖੋੜਸਾ= ਸੋਲਾਂ ਵਾਰੀ ਓਅੰ ਸੋਹੰ ਮੰਤਰ ਉਚਾਰ ਕੇ ਸੂਰ= ਸੂਰਜ ਦੀ ਸਤ= ਸੁਰ ਦੁਆਰਾ ਪ੍ਰਾਣਾਂ ਨੂੰ ਦਤੁ= ਦੇਣਾ ਕੀਤਾ, ਭਾਵ ਚਾੜ੍ਹਨਾ ਕੀਤਾ।

ਨਾਦ ਸਤ ਪੂਰਿਆ

੬੪ ਵਾਰੀ ਓਅੰ ਸੋ ਹੰ ਮੰਤਰ ਉਚਾਰ ਕੇ ਨਾਦ= ਕੁੰਭਕ ਸਤ= ਸੁਰ ਦੁਆਰਾ ਪ੍ਰਾਣਾਂ ਨੂੰ ਪੂਰਿਆ= ਠਹਿਰਾਉਣਾ ਕੀਤਾ।

ਚੰਦ ਸਤ ਭੇਦਿਆ

ਬੱਤੀ ਵਾਰੀ ਓਅੰ ਸੋ ਹੰ ਮੰਤਰ ਉਚਾਰ ਕੇ ਚੰਦ= ਚੰਦਰਮਾ ਦੀ ਸਤ= ਸੁਰ ਦੁਆਰਾ ਪ੍ਰਾਣਾਂ ਨੂੰ ਭੇਦਿਆ= ਉਤਾਰਨਾ ਕੀਤਾ।

ਅਬਲ ਬਲੁ ਤੋੜਿਆ ਅਚਲ ਚਲੁ ਥਪਿਆ

ਬਲ ਵਾਲੇ ਸਰੀਰ ਦੇ ਬਲ ਨੂੰ ਤੋੜ ਕੇ ਅਬਲ= ਨਿਰਬਲ, ਭਾਵ ਕਮਜ਼ੋਰ ਕੀਤਾ, ਚੱਲਣ ਵਾਲੇ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਥਾਪ ਕੇ ਅਚਲ= ਇਸਥਿਤ ਕੀਤਾ।

ਅਘੜੁ ਘੜਿਆ ਤਹਾ ਅਪਿਉ ਪੀਆ ॥ ੧ ॥

ਆਪਣੇ ਆਪ ਅਘੜੁ= ਨਾ ਘੜੇ ਜਾਣ ਵਾਲੇ ਮਨ ਨੂੰ ਘੜਨਾ, ਭਾਵ ਵਸੀਕਾਰ ਕੀਤਾ ਤਾਂ ਜੋਗਾ ਨੰਦ

ਰੂਪ ਅੰਮ੍ਰਿਤ ਨੂੰ ਪੀਣਾ ਕੀਤਾ॥ ੧॥

ਮਨ ਆਦਿ ਗੁਣ ਆਦਿ ਵਖਾਣਿਆ॥

ਜਿਸ ਵੇਲੇ ਮਨ ਆਦਿ (ਅਤੇ ਰਜੋ, ਸਤੋ, ਤਮੋ ਤਿੰਨਾਂ) ਗੁਣਾਂ ਦੀ ਆਦਿ ਰੂਪ ਪਰਮੇਸ਼ਰ ਦੇ ਜਸ ਨੂੰ ਵਖਾਣਿਆ= ਉਚਾਰਿਆ, ਵਾ :- ਮਨ ਦੀ ਆਦਿ ਜੋ ਪਰਮਾਤਮਾ ਹੈ, ਉਸ ਦੇ ਆਦੀ ਗੁਣਾਂ ਨੂੰ ਜਿਸ ਵੇਲੇ ਉਚਾਰਿਆ। ਤਾਂ-

ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ॥ ੧॥ ਰਹਾਉ॥

ਉਸ ਵੇਲੇ ਤੇਰੀ ਮੇਰੀ ਕਰਨ ਵਾਲੀ ਦੁਬਿਧਾ ਵਾਲੀ ਦ੍ਰਿਸ਼ਟੀ ਸਮਾ ਗਈ ਅਰਥਾਤ ਅਭਾਵ ਹੋ ਗਈ।

ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ
ਸਲਲ ਕਉ ਸਲਲਿ ਸੰਮਾਨਿ ਆਇਆ॥

ਅਰਧਿ= ਅਰਾਧਣ ਯੋਗ ਵਾਹਿਗੁਰੂ ਨੂੰ ਅਰਾਧਿਆ, ਸ਼ਰਧਾ ਕਰਨ ਯੋਗ ਗੁਰਾਂ ਉਪਰ ਸ਼ਰਧਾ ਕੀਤੀ ਤਾਂ ਪਰਮੇਸ਼ਰ ਵਿਚ ਆ ਕੇ ਇਸ ਤਰ੍ਹਾਂ ਸੰਮਾਨਿ= ਅਭੇਦ ਹੋ ਗਏ, ਜਿਸ ਤਰ੍ਹਾਂ ਸਲਲ ਕਉ ਸਲਲਿ= ਜਲ ਵਿਚ ਜਲ ਮਿਲ ਕੇ ਇਕ ਰੂਪ ਹੋ ਜਾਂਦਾ ਹੈ।

ਯਥਾ:- ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ॥ ੬॥ *(ਪੰਨਾ ੧੦੯੬)*

ਬਦਤਿ ਜੈਦੇਉ ਜੈਦੇਵ ਕਉ ਰੰਮਿਆ
ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ॥ ੨॥ ੧॥

ਭਗਤ **ਜੈਦੇਵ**-ਜੀ ਬਦਤਿ= ਉਚਾਰਦੇ ਹਨ-ਜਿਸ ਦੇਵ= ਪ੍ਰਕਾਸ਼ ਰੂਪ ਪਰਮਾਤਮਾ ਦੀ ਸਾਰੇ ਜੈ ਹੋ ਰਹੀ ਹੈ, ਉਸ ਨੂੰ ਬਾਣੀ ਦੁਆਰਾ ਰੰਮਿਆ= ਉਚਾਰਿਆ ਤੇ ਮਨ ਦੀ ਲਿਵ= ਬਿਰਤੀ ਨੂੰ ਲਗਾਇਆ, ਤਾਂ ਨਿਰਬੰਧ ਬ੍ਰਹਮ ਦੇ ਵਿਚ ਲੀਣ ਹੋਣਾ ਪਾਇਆ। **ਦੂਜਾ ਅਰਥ** ਇਸ ਤਰ੍ਹਾਂ ਵੀ ਕਰ ਲੈਂਦੇ ਹਨ-

ਭਗਤ ਜੈਦੇਵ ਜੀ ਕਥਨ ਕਰਦੇ ਹਨ— ਜਿਸ ਦੇਵ= ਪ੍ਰਕਾਸ਼ ਰੂਪ ਪਰਮਾਤਮਾ ਦੀ ਸਾਰੇ ਜੈ ਹੋ ਰਹੀ ਹੈ, ਤਿਸ ਨੂੰ ਜਿਸ ਨੇ ਰੰਮਿਆ= ਉਚਾਰਿਆ ਹੈ, ਉਸ ਨੇ ਦੁੱਖਾਂ ਤੋਂ ਰਹਿਤ ਅਕਾਲ ਪੁਰਖ ਵਿਚ ਬਿਰਤੀ ਦਾ ਲੀਣ ਹੋਣਾ ਪਾਇਆ ਹੈ॥ ੨॥ ੧॥

ਕਬੀਰੁ॥ ਮਾਰੂ॥

ਉਥਾਨਕਾ:-ਨਾਮ ਹੀਣ ਹੰਕਾਰੀ ਪੁਰਸ਼ ਨੂੰ ਉਪਦੇਸ਼ ਦੇਂਦੇ ਹਨ-

ਰਾਮੁ ਸਿਮਰੁ ਪਛੁਤਾਹਿਗਾ ਮਨ॥

ਹੇ ਮਨ ! ਵਾਹਿਗੁਰੂ ਨੂੰ ਸਿਮਰਨਾ ਕਰ, ਨਹੀਂ ਤਾਂ ਅੰਤ ਨੂੰ ਪਸ਼ਚਾਤਾਪ ਹੀ ਕਰਦਾ ਰਹੇਂਗਾ।

ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ॥ ੧॥ ਰਹਾਉ॥

ਹੇ ਪਾਪੀ ਜੀਵ ! ਤੂੰ ਪਦਾਰਥਾਂ ਦੇ ਇਕੱਤਰ ਕਰਨ ਦਾ ਲੋਭ ਕਰਦਾ ਹੈਂ, ਪਰੰਤੂ ਆਪਣੀ ਮੌਤ ਦਾ ਤੈਨੂੰ ਕੋਈ ਪਤਾ ਨਹੀਂ ਹੈ, ਇਹ ਨਿਯਮ ਸਮਝ ਲੈ, ਅੱਜ ਜਾਂ ਕਲ੍ਹ ਉੱਠ ਕੇ ਤੁਰ ਜਾਏਂਗਾ, ਭਾਵ ਮਰ ਜਾਏਂਗਾ।

ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥

(ਅਫਸੋਸ ਹੈ! ਦੁਨੀਆਂ ਦੇ) ਲਾਲਚ ਵਿਚ ਲੱਗ ਕੇ ਤੂੰ ਮਨੁੱਖਾ ਜਨਮ ਬਿਅਰਥ ਗਵਾ ਲਿਆ ਹੈ, ਜੇ ਅਜੇ ਵੀ ਨਾਮ ਨਾ ਜਪੇਂਗਾ ਤਾਂ ਮਾਇਆ ਦੇ ਭਰਮ ਵਿਚ ਹੀ ਭੁੱਲਾ ਰਹੇਂਗਾ।

ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥ ੧ ॥

ਧਨ ਅੰਤੇ ਜੁਆਨੀ (ਅਵਸਥਾ) ਦਾ ਹੰਕਾਰ ਨਾ ਕਰ, ਜੇ ਹੰਕਾਰ ਕਰੇਂਗਾ ਤਾਂ ਕਾਗਦ ਵਾਂਗ ਗਲ ਜਾਵੇਂਗਾ।

*ਯਥਾ:-*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥ *(ਸਿਰੀਰਾਗੁ ਮ: ੧, ਪੰਨਾ ੨੩)*

ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥

ਜਿਸ ਦਿਨ ਜਮ ਆ ਕੇ ਤੈਨੂੰ ਕੇਸਾਂ ਤੋਂ ਫੜ ਕੇ ਭੁੰਜੇ ਸੁੱਟੇਗਾ, ਉਸ ਦਿਨ ਤੇਰਾ ਕੁਝ ਵੱਸ ਭਾਵ ਜ਼ੋਰ ਨਹੀਂ ਚਲੇਗਾ।

ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥ ੨ ॥

ਪਰਮੇਸ਼ਰ ਦਾ ਭਜਨ-ਸਿਮਰਨ ਅਤੇ ਦੁਖੀ ਜੀਵਾਂ ਉੱਤੇ ਦਇਆ ਨਹੀਂ ਕੀਤੀ, ਇਸ ਲਈ ਤੂੰ ਜਮਾਂ ਦੀਆਂ ਚੋਟਾਂ= ਸੱਟਾਂ ਤਾਵ ਚਪੇੜਾਂ ਖਾਵੇਂਗਾ॥ ੨ ॥

ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥

ਜਦੋਂ ਧਰਮ ਰਾਜਾ ਤੇਰੇ ਪਾਸੋਂ ਹਿਸਾਬ ਮੰਗੇਗਾ, (ਉਦੋਂ) ਤੂੰ ਕੀ ਮੂੰਹ ਲੈ ਕੇ ਜਾਵੇਂਗਾ? ਭਾਵ ਸਾਹਮਣੇ ਖਲੋ ਕੇ ਕੀ ਆਖੇਂਗਾ?

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥ ੩ ॥ ੧ ॥

ਕਬੀਰ ਜੀ ਕਹਿੰਦੇ ਹਨ- ਹੇ ਸੰਤੋ ! ਸੁਣਨਾ ਕਰੋ, ਵਾ :- ਹੇ ਭਾਈ ! ਸੁਨਣਾ ਕਰ, ਸੰਤਾਂ ਦੀ ਸਾਧ ਸੰਗਤ ਕਰਨ ਨਾਲ ਤੂੰ ਤਰ ਜਾਵੇਂਗਾ। ਸਾਰਿਆਂ ਸਾਧਨਾਂ ਤੋਂ ਇਹ ਸੁਖੈਨ ਸਾਧਨ ਹੈ, ਜਿਹੜੀ ਸੰਤਾਂ ਦੀ ਸਤ ਸੰਗਤ ਕਰਨੀ ਹੈ॥ ੩ ॥ ੧ ॥

ਸੰਤਾਂ ਦੀ ਸੰਗਤ ਕਰਨ ਨਾਲ ਫਿਰ ਜਮ ਨੇੜੇ ਨਹੀਂ ਆਉਂਦਾ। ਪੰਚਮ ਪਿਤਾ ਜੀ ਨੇ ਕਥਨ ਕੀਤਾ ਹੈ—

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥ ੧ ॥ *(ਪੰਨਾ ੨੫੬)*

ਮਹਾਤਮਾ ਪਰਸਰਾਮ ਜੀ ਕਹਿੰਦੇ ਹਨ—

"ਮਿਲਿਆ ਚਾਹੇਂ ਸਿੰਧ ਕੋ, ਕਰ ਸਰਿਤਾ ਕੋ ਸੰਗ।
ਪਰਸਰਾਮ ਹਰੀ ਮਿਲਨ ਕੋ, ਮਾਰਗ ਹੈ ਸਤਿਸੰਗ।

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:-ਰਵਿਦਾਸ ਜੀ ਚਮਿਆਰ ਜ਼ਾਤੀ ਕਰ ਕੇ ਤਾਂ ਨੀਚ ਸਦੀਂਦੇ ਸਨ, ਪਰ ਇਨ੍ਹਾਂ ਦਾ ਆਚਰਨ

ਸਭ ਤੋਂ ਉੱਚਾ ਤੇ ਸੁੱਚਾ ਸੀ। ਇਨ੍ਹਾਂ ਦੇ ਅਸਥਾਨ ਪਰ ਦੋ ਵੇਲੇ ਸਵੇਰੇ ਸ਼ਾਮ ਨੂੰ ਪਰਮੇਸ਼ਰ ਸਬੰਧੀ ਵਿਚਾਰ ਤੇ ਕੀਰਤਨ ਹੁੰਦਾ ਸੀ, ਜਿਸ ਕਰ ਕੇ ਲੋਕਾਂ ਦੀ ਆਵਾ ਜਾਈ ਬਹੁਤ ਹੋ ਗਈ । ਪਰਮੇਸ਼ਰ ਸਬੰਧੀ ਵਿਚਾਰ ਸੁਣਨ ਨਾਲ ਕਈਆਂ ਦੇ ਆਚਰਨ ਉੱਚੇ ਹੋ ਗਏ ਤੇ ਲੋਕ ਆਉਂਦੇ ਜਾਂਦੇ 'ਧੰਨ ਰਵਿਦਾਸ, ਧੰਨ ਰਵਿਦਾਸ ਜੀ' ਕਹਿੰਦੇ ਹੋਏ ਉਸਤਤੀ ਕਰਨ ਲੱਗ ਪਏ। ਇਕ ਕਾਂਸ਼ੀ ਵਿਚ ਕੀ ਰਵਿਦਾਸ ਜੀ ਦੀ ਸੋਭਾ ਤਾਂ ਸੁਗੰਧੀ ਵਾਂਗ ਦੂਰ-ਦੂਰ ਤਕ ਫੈਲ ਗਈ। ਏਥੋਂ ਤੱਕ ਕਿਸੇ ਕਿਸੇ ਸ਼ਰਧਾਲੂ ਨੇ ਚਿਤੌੜਗੜ੍ਹ ਦੇ ਕਿਲ੍ਹੇ ਵਿਚ ਜਾ ਕੇ ਰਵਿਦਾਸ ਜੀ ਦੀ ਉਪਮਾ ਕਰਨੀ ਸ਼ੁਰੂ ਕਰ ਦਿੱਤੀ ਕਿ-'ਰਵਿਦਾਸ ਜੀ ਪ੍ਰਭੂ ਦੇ ਪੂਰਨ ਭਗਤ ਹਨ।'।

ਜਿਸ ਵੇਲੇ ਚਿਤੌੜਗੜ੍ਹ ਦੇ ਰਾਜੇ ਦੀ ਧਰਮ ਪਤਨੀ 'ਝਾਲੀ' ਨੇ ਰਵਿਦਾਸ ਜੀ ਦੀ ਉਪਮਾ ਸੁਣੀ ਤਾਂ ਉਸ ਦੇ ਮਨ ਵਿਚ ਭਗਤ ਜੀ ਦੇ ਦਰਸ਼ਨ ਕਰਨ ਦੀ ਲਗਨ ਲੱਗ ਗਈ ਤੇ ਵਿਚਾਰਨ ਲੱਗੀ ਕਿ ਕਿਸੇ ਬਹਾਨੇ ਨਾਲ ਜਾ ਕੇ ਮੈਂ ਉਹਨਾਂ ਦੇ ਦਰਸ਼ਨ ਕਰਾਂ (ਸੋਚ- ਵਿਚਾਰ ਕੇ ਰਾਣੀ ਨੇ ਆਪਣੇ ਪਤੀ ਦੇਵ ਤੋਂ ਤੀਰਥ ਯਾਤਰਾ ਕਰਨ ਦੀ ਆਗਿਆ ਮੰਗੀ, ਜਦ ਰਾਜੇ ਨੇ ਜਾਣ ਦਾ ਹੁਕਮ ਦੇ ਦਿੱਤਾ। ਉਸ ਵੇਲੇ ਰਾਣੀ ਆਪਣੇ ਨਾਲ ਆਦਮੀਆਂ ਨੂੰ ਲੈ ਕੇ ਤੀਰਥ ਯਾਤਰਾ ਦੇ ਬਹਾਨੇ ਕਾਂਸ਼ੀ ਆ ਪੁੱਜੀ। ਨਾ ਪਹਿਲੇ ਗੰਗਾ ਇਸ਼ਨਾਨ ਕੀਤਾ, ਨਾ ਹੀ ਕਿਸੇ ਮੰਦਰ ਵਿਚ ਜਾ ਕੇ ਦੇਵਤੇ ਦਾ ਪੂਜਨ ਕੀਤਾ, ਸਗੋਂ ਸਿੱਧੀ ਰਵਿਦਾਸ ਜੀ ਦੇ ਮੰਦਰ ਆ ਪੁੱਜੀ, ਅੱਗੇ ਹਰੀ ਨਾਮ ਦਾ ਕੀਰਤਨ ਹੋ ਰਿਹਾ ਸੀ। ਕਿਉਂਕਿ-

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥ *(ਮਾਰੂ ਸੋਲਹੇ ਮ: ੫)*

ਪਰਮੇਸ਼ਰ ਦੇ ਸਨਮੁਖ ਰਵਿਦਾਸ ਜੀ ਬੇਨਤੀਆਂ ਕਰ ਰਹੇ ਸਨ-

ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥ ੧॥
ਮਾਧਵੇ ਤੁਮਨ ਤੋਰਹੁ ਤਉ ਹਮ ਨਹੀ ਤੋਰਹਿ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥ ੧॥ ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ॥ ਜਉ ਤੁਮ ਤੀਰਥ ਤਉ ਹਮ ਜਾਤੀ॥ ੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥
ਜਹ ਜਹ ਜਾਉ ਤਹਾ ਤੇਰੀ ਸੇਵਾ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ੪॥
ਤੁਮਰੇ ਭਜਨ ਕਟਹਿ ਜਮ ਫਾਸਾ॥ ਭਗਤਿ ਹੇਤ ਗਾਵੈ ਰਵਿਦਾਸਾ॥ ੫॥ ੫॥ *(ਪੰਨਾ ੬੫੮)*

ਇਸ ਸ਼ਬਦ ਤੋਂ ਪਿਛੋਂ ਰਵਿਦਾਸ ਜੀ ਨੇ ਸੰਗਤ ਨੂੰ ਸਮਝਾਉਣ ਲਈ ਇਹ ਸ਼ਬਦ ਉਚਾਰਿਆ-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ ੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥ ੧॥ ਰਹਾਉ॥
ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥ ੨॥
ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥
ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥ ੪॥
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥ ੫॥ ੬॥

(ਪੰਨਾ ੬੫੯)

ਰਵਿਦਾਸ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਇਸ ਤਰ੍ਹਾਂ ਦੀ ਬਾਣੀ ਸੁਣਦਿਆਂ-ਸਾਰ ਝਾਲੀ ਰਾਣੀ ਦਾ ਅੰਦਰ ਇਸ ਤਰ੍ਹਾਂ ਵਿੰਨ੍ਹਿਆ ਗਿਆ, ਜਿਵੇਂ ਕਬੀਰ ਸਾਹਿਬ ਜੀ ਨੇ ਕਿਹਾ ਹੈ-

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥ ੧੯੪॥

(ਸਲੋਕ ਕਬੀਰ ਜੀ, ਪੰਨਾ ੧੩੭੪)

ਜਿਸ ਵੇਲੇ ਕੀਰਤਨ ਦੀ ਸਮਾਪਤੀ ਹੋਈ, ਉਸ ਵੇਲੇ ਰਾਣੀ ਰਵਿਦਾਸ ਜੀ ਦੀ ਚਰਨੀਂ ਪੈ ਕੇ ਬੇਨਤੀ ਕਰਨ ਲੱਗੀ ਕਿ ਹੇ ਪ੍ਰਭੂ ! ਮੈਂ ਆਪ ਜੀ ਦੀ ਚਰਨੀਂ ਪਈ ਹਾਂ ਮੇਰੇ 'ਤੇ ਕਿਰਪਾ ਕਰੋ ਮੈਨੂੰ ਭੀ ਪਰਮੇਸ਼ਰ ਦੇ ਰਸਤੇ ਲਗਾਓ। ਮੈਂ ਤਾਂ ਰਾਜਸੀ ਪਦਾਰਥਾਂ ਵਿਚ ਲੱਗ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ।

ਰਾਣੀ ਦੀ ਬੇਨਤੀ ਸੁਣ ਕੇ ਰਵਿਦਾਸ ਜੀ ਨੇ ਰਾਮ ਨਾਮ ਦਾ ਉਪਦੇਸ਼ ਦੇ ਕੇ ਇਸ ਨੂੰ ਆਪਣੀ ਚੇਲੀ ਬਣਾ ਲਿਆ।

ਉਸ ਵੇਲੇ ਰਾਣੀ ਨੇ ਤੀਰਥ ਯਾਤਰਾ ਕਰਨ ਵਾਸਤੇ ਜਿੰਨਾ- ਕੁ ਧਨ- ਪਦਾਰਥ ਤੇ ਕੱਪੜਾ ਵਗੈਰਾ ਲਿਆਂਦਾ ਸੀ। ਉਹ ਸਾਰੇ ਦਾ ਸਾਰਾ ਹੀ ਰਵਿਦਾਸ ਜੀ ਦੇ ਚਰਨਾਂ 'ਤੇ ਰੱਖ ਕੇ ਮੱਥਾ ਟੇਕ ਦਿੱਤਾ। ਰਾਣੀ ਦੀ ਆਤਮਾ ਸ਼ਾਂਤਿ ਹੋ ਗਈ ਤੇ ਸਾਰੀ ਭਟਕਣਾ ਮਿਟ ਗਈ। ਹਰੀ ਨਾਮ-ਸਿਮਰਨ ਵਿਚ ਅਜਿਹਾ ਮਨ ਜੁੜਿਆ ਜੋ ਸਾਰੇ ਵੇਖ ਕੇ ਹੈਰਾਨ ਹੋ ਗਏ। ਕੁਝ ਚਿਰ ਰਹਿ ਕੇ ਆਪਣੇ ਗੁਰੂ ਰਵਿਦਾਸ ਜੀ ਦੀ ਪ੍ਰਸੰਨਤਾ ਲੈ ਕੇ ਰਾਣੀ ਵਾਪਿਸ ਆਪਣੇ ਦੇਸ਼ ਚਿਤੌੜਗੜ੍ਹ ਨੂੰ ਚਲੀ ਗਈ।

ਉਸ ਵੇਲੇ ਸਾਰੇ ਕਾਂਸ਼ੀ ਸ਼ਹਿਰ ਵਿਚ ਚਰਚਾ ਸ਼ੁਰੂ ਹੋ ਗਈ ਕਿ ਚਿਤੌੜਗੜ੍ਹ ਦੇ ਰਾਜੇ ਦੀ ਰਾਣੀ ਰਵਿਦਾਸ ਦੀ ਚੇਲੀ ਬਣ ਗਈ ਹੈ। ਬ੍ਰਾਹਮਣਾਂ ਨੇ ਸੁਣ ਕੇ ਅਫਸੋਸ ਕੀਤਾ ਕਿ ਇਹ ਕੰਮ ਚੰਗਾ ਨਹੀਂ ਹੋਇਆ ਜੋ ਕਿ ਰਾਣੀ ਨੇ ਇਥੇ ਆ ਕੇ ਬ੍ਰਾਹਮਣਾਂ ਨੂੰ ਕੁਝ ਨਹੀਂ ਦਿੱਤਾ ਤੇ ਚਮਿਆਰ ਨੂੰ ਸਭ ਕੁਝ ਦੇ ਗਈ ਹੈ।

ਉਸ ਵੇਲੇ ਕੁਝ-ਕੁ ਬ੍ਰਾਹਮਣ ਚਿਤੌੜਗੜ੍ਹ ਰਾਜੇ ਦੇ ਪਾਸ ਪੁੱਜ ਕੇ ਰੋਣ ਪਿੱਟਣ ਲੱਗ ਪਏ ਤੇ ਆਖਿਆ, "ਰਾਜੇ ਲੋਕ ਪਰਜਾ ਅਤੇ ਧਰਮ ਦੇ ਰਖਜਕ ਹੁੰਦੇ ਹਨ, ਜੇਕਰ ਰਾਜੇ ਲੋਕ ਹੀ ਧਰਮ ਦੀ ਮਰਯਾਦਾ ਨੂੰ ਤੋੜਨ ਲੱਗ ਪਏ ਤਾਂ ਧਰਮ ਕਿਵੇਂ ਬਚੇਗਾ?"

ਇਹ ਗੱਲ ਸੁਣ ਕੇ ਰਾਜੇ ਨੇ ਕਿਹਾ-"ਕੇਹੜੀ ਅਧਰਮ ਦੀ ਗੱਲ ਹੋਈ ?"

ਪੰਡਿਤਾਂ ਨੇ ਕਿਹਾ-ਆਪ ਜੀ ਦੀ ਧਰਮ ਪਤਨੀ ਜੋ ਝਾਲੀ ਰਾਣੀ ਤੀਰਥ ਯਾਤਰਾ ਕਰਨ ਗਈ ਸੀ। ਉਹ ਕਾਂਸ਼ੀ ਦੇ ਰਹਿਣ ਵਾਲੇ ਚਮਿਆਰ ਨੂੰ ਆਪਣਾ ਗੁਰੂ ਧਾਰਨ ਕਰ ਆਈ ਹੈ ਅਤੇ ਤੀਰਥਾਂ ਪਰ ਦਾਨ ਕਰਨ ਵਾਸਤੇ ਜੋ ਧਨ-ਪਦਾਰਥ ਲੈ ਗਈ ਸੀ ਉਹ ਸਾਰਾ ਇਕੱਲੇ ਚਮਿਆਰ ਦੀ ਭੇਟਾ ਕਰ ਆਈ ਹੈ। ਇਸ ਨੇ ਜੋ ਕੁਝ ਭੀ ਕੀਤਾ ਹੈ ਧਰਮ ਤੋਂ ਉਲਟ ਕੀਤਾ ਹੈ ਇਸ ਨੇ ਇਹ ਨਾ ਸੋਚਿਆ ਕਿ ਮੈਂ ਕਿਸ ਕੁਲ ਦੀ ਰਾਜ ਕੁਮਾਰੀ ਹਾਂ ਅਤੇ ਕਿਸ ਰਾਜੇ ਦੀ ਪਟਰਾਣੀ ਹਾਂ। ਚਮਿਆਰ ਦੇ ਲੰਗਰ 'ਚੋਂ ਪ੍ਰਸ਼ਾਦ ਛਕ ਕੇ ਆਪਣਾ ਜਨਮ ਭ੍ਰਸ਼ਟ ਕਰ ਆਈ ਹੈ, ਉਸ ਘੋਰ ਪਾਪ ਦੀ ਨਵਿਰਤੀ ਲਈ ਹੁਣ ਇਸ ਨੂੰ ਕੋਈ ਪ੍ਰਾਸਚਿਤ ਕਰਨਾ ਚਾਹੀਦਾ ਹੈ।

ਇਹ ਗੱਲਾਂ ਸੁਣ ਕੇ ਰਾਜਾ ਬੜਾ ਕ੍ਰੋਧਵਾਨ ਹੋਇਆ ਹੋਇਆ ਅੰਦਰ ਰਾਣੀ ਤੋਂ ਪੁੱਛਣ ਗਿਆ ਪਰ ਅੰਦਰ ਜਾ ਕੇ ਕੀ ਵੇਖਦਾ ਹੈ ਕਿ ਰਾਣੀ ਤਾਂ ਹਰੀ-ਜਸ ਗਾ ਰਹੀ ਹੈ।

ਜਿਸ ਵੇਲੇ ਕੀਰਤਨ ਕਰ ਕੇ ਉੱਠੀ ਤਾਂ ਆਪਣੇ ਪਿੱਛੇ ਪਤੀ ਦੇਵ ਨੂੰ ਖਲੋਤਾ ਵੇਖ ਕੇ ਪਤੀ ਦੇ ਸਤਿਕਾਰ ਲਈ ਉੱਠ ਕੇ ਖਲੋ ਗਈ। ਉਸ ਵੇਲੇ ਰਾਜੇ ਨੇ ਕਿਹਾ-"ਮੈਂ ਸੁਣਿਆ ਹੈ ਕਿ ਤੂੰ ਰਵਿਦਾਸ ਚਮਾਰ ਨੂੰ ਗੁਰੂ ਧਾਰਨ ਕਰ ਆਈ ਹੈਂ?

ਰਾਣੀ ਨੇ ਕਿਹਾ— "ਹਾਂ ਜੀ ! ਇਸ ਵਿਚ ਕੋਈ ਝੂਠ ਨਹੀਂ।"

ਰਾਜੇ ਨੇ ਕਿਹਾ— "ਇਹ ਤੂੰ ਬਹੁਤ ਬੁਰਾ ਕੀਤਾ ਹੈ ਕਿਉਂਕਿ ਸਾਡੀ ਰੀਤ ਬ੍ਰਾਹਮਣਾਂ ਨੂੰ ਗੁਰੂ ਧਾਰਨ ਦੀ ਹੈ ਕੋਈ ਚਮਿਆਰ ਗੁਰੂ ਧਾਰਨ ਦੀ ਰੀਤ ਨਹੀਂ ਸੀ। ਬਾਹਰ ਜਾ ਕੇ ਵੇਖ ਕਾਂਸ਼ੀ ਦੇ ਬ੍ਰਾਹਮਣ ਚੱਲ ਕੇ ਆਏ ਬੈਠੇ ਹਨ, ਉਹ ਆਖਦੇ ਹਨ ਕਿ ਸਾਰੀ ਕਾਂਸ਼ੀ ਵਿਚ ਇਹ ਚਰਚਾ ਹੋ ਰਹੀ ਹੈ। ਸਾਰੇ ਲੋਕ ਤੇਰੀ ਅਤੇ ਮੇਰੀ ਨਿੰਦਿਆ ਪਏ ਕਰਦੇ ਹਨ।"

ਪੰਡਿਤ ਆਖਦੇ ਹਨ "ਹੁਣ ਰਾਣੀ ਪਾਸੋਂ ਪ੍ਰਾਸਚਿਤ ਕਰਾਓ ਤਾਂ ਕਿ ਇਹ ਪਾਪ ਨਵਿਰਤ ਹੋ ਜਾਏ।"

ਇਹ ਗੱਲ ਸੁਣ ਕੇ ਰਾਣੀ ਨੇ ਕਿਹਾ-"ਪ੍ਰਾਸਚਿਤ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਮੈਂ ਕੋਈ ਮਾੜਾ ਜਾਂ ਪਾਪ ਕਰਮ ਨਹੀਂ ਕੀਤਾ । ਇਹ ਪੰਡਿਤ ਤਾਂ ਝੂਠੇ ਤੇ ਲਾਲਚੀ ਹਨ, ਇਹ ਰਵਿਦਾਸ ਜੀ ਦੀ ਰੀਸ ਨਹੀਂ ਕਰ ਸਕਦੇ ਭਗਵਾਨ ਤਾਂ ਹਰ ਵੇਲੇ ਰਵਿਦਾਸ ਜੀ ਦੇ ਪਾਸ ਬੈਠਾ ਰਹਿੰਦਾ ਹੈ। ਪੁਛੋ, ਕਦੇ ਇਹਨਾਂ ਨੇ ਭਗਵਾਨ ਦਾ ਦਰਸ਼ਨ ਕੀਤਾ ਹੈ? ਮੇਰੇ ਗੁਰੂ ਠੀਕ ਰਵਿਦਾਸ ਜੀ ਹਨ ਉਹਨਾਂ ਨੇ ਮੇਰਾ ਜੀਵਨ ਬੜਾ ਉੱਚਾ ਕਰ ਦਿੱਤਾ ਹੈ ਅਤੇ ਭਗਵਾਨ ਮੈਨੂੰ ਭੀ ਰੋਜ਼ ਦਰਸ਼ਨ ਦੇਂਦਾ ਹੈ ਇਹ ਸਭ ਉਹਨਾਂ ਦੀ ਕਿਰਪਾ ਹੈ, ਮੈਂ ਉਹਨਾਂ ਦੀ ਨਿੰਦਿਆ ਨਹੀਂ ਸੁਣ ਸਕਦੀ। ਆਪ ਜਾਓ, ਬ੍ਰਾਹਮਣਾਂ ਨੂੰ ਕਹਿ ਦਿਓ, ਬੇਸ਼ੱਕ ਜਿੰਨੀ ਚਾਹੁਣ ਨਿੰਦਿਆ ਕਰ ਲੈਣ ਮੈਂ ਠੀਕ ਰਵਿਦਾਸ ਜੀ ਦੀ ਚੇਲੀ ਹਾਂ, ਮੈਂ ਇਸ ਤੋਂ ਮੁਕਰਦੀ ਨਹੀਂ।"

ਰਾਣੀ ਦੇ ਇਹ ਵਾਕ ਸੁਣ ਕੇ ਰਾਜਾ ਆਪ ਭੀ ਠਠੰਬਰ ਗਿਆ। ਰਾਣੀ ਦੀ ਸੱਚੀ ਭਗਤੀ ਅੱਗੇ ਰਾਜਾ ਬੋਲ ਨਾ ਸਕਿਆ। ਜਿਸ ਵੇਲੇ ਰਾਜਾ ਪਿਛੇ ਮੁੜਨ ਲੱਗਾ ਤਾਂ ਰਾਣੀ ਨੇ ਕਿਹਾ-"ਠਹਿਰੋ! ਮੈਂ ਭੀ ਤੁਹਾਡੇ ਨਾਲ ਚੱਲ ਕੇ ਪੰਡਿਤਾਂ ਪਾਸੋਂ ਪੁੱਛਦੀ ਹਾਂ ਕਿ ਤੁਸੀਂ ਕਿਹੜਾ ਮੂੰਹ ਲੈ ਕੇ ਰਵਿਦਾਸ ਜੀ ਦੀ ਵਿਰੋਧਤਾ ਕਰਦੇ ਹੋ?"

ਜਿਸ ਵੇਲੇ ਰਾਣੀ ਨੇ ਆ ਕੇ ਕਿਹਾ-"ਹੇ ਪੰਡਿਤੋ! ਤੁਹਾਨੂੰ ਏਹੋ ਦੁੱਖ ਹੈ ਕਿ ਮੈਂ ਰਵਿਦਾਸ ਜੀ ਨੂੰ ਸਭ ਕੁਝ ਅਰਪਨ ਕਰ ਆਈ ਹਾਂ ਤੇ ਤੁਹਾਨੂੰ ਕੁਝ ਦਾਨ ਨਹੀਂ ਦਿੱਤਾ ਜਾਂ ਕੋਈ ਹੋਰ ਦੁੱਖ ਹੈ?"

ਪੰਡਿਤਾਂ ਨੇ ਕਿਹਾ-"ਹਾਂ ਜੀ, ਏਹੀ ਦੁੱਖ ਹੈ ਕਿਉਂਕਿ ਅਸਾਂ ਨੂੰ ਦਾਨ ਜ਼ਰੂਰ ਮਿਲਣਾ ਚਾਹੀਦਾ ਹੈ।"

ਰਾਣੀ ਨੇ ਕਿਹਾ-ਹੱਛਾ ਹੁਣ ਤੁਸੀਂ ਜਾਓ। ਕੋਈ ਦਿਨ ਮਿਥ ਕੇ ਯੱਗ ਕਰਾਂਗੇ ਤੁਹਾਨੂੰ ਬੁਲਾ ਕੇ ਸਭਨਾਂ ਨੂੰ ਦਾਨ ਦਿੱਤਾ ਜਾਏਗਾ। ਇਹ ਗੱਲ ਸੁਣ ਕੇ ਬ੍ਰਾਮਹਣ ਚਲੇ ਗਏ। ਪਿੱਛੋਂ ਰਾਣੀ ਨੇ ਆਪਣੇ ਪਤੀ ਦੇਵ ਨੂੰ ਪ੍ਰਸੰਨ ਕਰ ਕੇ ਯੱਗ ਕਰਨ ਦੀ ਵਿਓਂਤ ਬਣਾਈ ਤੇ ਆਪਣੇ ਗੁਰੂ ਰਵਿਦਾਸ ਜੀ ਨੂੰ ਸੱਦ ਲਿਆ ਤੇ ਕਿਹਾ- "ਮਹਾਰਾਜ ਜੀ ! ਸਮਸ਼ਟੀ ਭੰਡਾਰਾ ਕਰਨ ਦੀ ਸਲਾਹ ਹੈ ਆਪ ਹੁਕਮ ਦਿਓ ਤਾਂ ਕਰ ਦੇਈਏ ਪਰ ਆਪ ਜੀ ਨੇ ਦਰਸ਼ਨ ਜ਼ਰੂਰ ਦੇਣਾ ਹੋਵੇਗਾ ਜੇ ਆਪ ਨਾ ਆਏ ਤਾਂ ਸਾਡਾ ਯੱਗ ਸਫਲ ਨਹੀਂ ਹੋਵੇਗਾ।"

ਰਵਿਦਾਸ ਜੀ ਨੇ ਕਿਹਾ, "ਜੇ ਮੈਂ ਆਇਆ ਤਾਂ ਬ੍ਰਾਹਮਣ ਲੋਕ ਨਹੀਂ ਆਉਣਗੇ ਸਾਡੀ ਪ੍ਰਸੰਨਤਾ ਹੀ ਪ੍ਰਸੰਨਤਾ ਹੈ ਜੇ ਅਸੀਂ ਨਾ ਆਏ ਤਾਂ ਕੀ ਹੋਇਗਾ? ਤੂੰ ਭੰਡਾਰਾ ਛਕਾ ਕੇ ਬ੍ਰਾਹਮਣਾਂ ਨੂੰ ਪ੍ਰਸੰਨ ਕਰ।"

ਰਾਣੀ ਨੇ ਕਿਹਾ, "ਜੇ ਕਰ ਆਪ ਨਹੀਂ ਆਓਗੇ ਤਾਂ ਮੈਂ ਕਰਨਾ ਹੀ ਨਹੀਂ।"

ਰਾਣੀ ਦੇ ਪਰੇਮ ਨੂੰ ਵੇਖ ਕੇ ਰਵਿਦਾਸ ਜੀ ਨੇ ਕਿਹਾ-"ਹੱਛਾ ਅਸੀਂ ਜਰੂਰ ਪਹੁੰਚਾਂਗੇ।"

ਰਾਣੀ ਨੇ ਆਪਣੇ ਗੁਰੂ ਰਵਿਦਾਸ ਜੀ ਨੂੰ ਭੋਜਨ ਮਨਾ ਕੇ ਯੱਗ ਦੀਆ ਸਮਗ੍ਰੀਆਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਯੱਗ ਵਾਲਾ ਦਿਨ ਨੀਯਤ ਕਰ ਕੇ ਸਭ ਬ੍ਰਾਹਮਣਾਂ ਵੱਲ ਨਿਮੰਤ੍ਰਣ ਭੇਜ ਦਿੱਤਾ, ਉਸ ਮੋਕੇ ਜਦ ਸਾਰੇ ਬ੍ਰਾਹਮਣ ਆ ਕੇ ਇਕੱਠੇ ਹੋ ਗਏ ਤੇ ਪੰਗਤਾਂ ਲੱਗ ਗਈਆਂ, ਤਾਂ ਇਤਨੇ ਨੂੰ ਰਵਿਦਾਸ ਜੀ

ਭੀ ਆ ਪਹੁੰਚੇ, ਬਸ ਇਨ੍ਹਾਂ ਨੂੰ ਵੇਖ ਕੇ ਬ੍ਰਾਹਮਣਾਂ ਨੇ ਰੌਲਾ ਪਾ ਦਿੱਤਾ। ਰੌਲਾ ਸੁਣ ਕੇ ਰਵਿਦਾਸ ਜੀ ਨੇ ਕਿਹਾ :-

"ਰਾਣੀ ! ਮੈਂ ਤੈਨੂੰ ਕਿਹਾ ਸੀ ਕਿ ਤੂੰ ਮੈਨੂੰ ਨਾ ਸੱਦ, ਵੇਖ ਲੈ ਇਨ੍ਹਾਂ ਨੇ ਵੇਖ ਕੇ ਫਿਰ ਰੌਲਾ ਪਾ ਦਿੱਤਾ ਹੈ। ਇਤਨੀ ਗੱਲ ਆਖ ਕੇ ਰਵਿਦਾਸ ਜੀ ਪਾਸੇ ਹੋ ਗਏ। ਬ੍ਰਾਹਮਣਾਂ ਨੂੰ ਕਹਿ ਕੇ ਫਿਰ ਪੰਗਤਾਂ ਲਗਾ ਦਿਤੀਆਂ। ਜਿਸ ਵੇਲੇ ਪਹਿਲੇ ਹੱਥ ਧੁਆ ਕੇ ਸਭ ਅੱਗੇ ਅੰਨ ਪ੍ਰੋਸਿਆ ਗਿਆ ਤੇ ਬ੍ਰਾਹਮਣ ਲੋਕ ਸਲੋਕ ਪੜ੍ਹਕੇ ਭੋਜਨ ਛਕਣ ਲੱਗੇ ਤਾਂ ਭਗਵਾਨ ਆਪ ਹੀ ਰਵਿਦਾਸ ਜੀ ਦੀ ਪਤ ਰੱਖਣ ਵਾਸਤੇ ਰਵਿਦਾਸ ਜੀ ਦੇ ਕਈ ਰੂਪ ਧਾਰ ਕੇ ਦੋ ਦੋ ਬ੍ਰਾਹਮਣਾਂ ਵਿਚਕਾਰ ਜਾ ਬੈਠੇ। ਜਿਸ ਵੇਲੇ ਸਾਰਿਆਂ ਨੇ ਨਿਗਾਹ ਮਾਰ ਕੇ ਵੇਖਿਆ ਤਾਂ ਸ਼ਾਰੇ ਹੈਰਾਨ ਹੋ ਕੇ ਆਖਣ ਲੱਗ ਪਏ— "ਇਹ ਕੀ ਕੌਤਕ ਬਣ ਗਿਆ ਹੈ ਜੋ ਸਾਰਿਆਂ ਦੇ ਨਾਲ ਰਵਿਦਾਸ ਕਈ ਰੂਪ ਧਾਰ ਕੇ ਬੈਠਾ ਹੈ।" ਵਰਤਾਵੇ ਅੰਨ ਵਰਤਾਉਣ ਲਈ ਫਿਰ ਰਹੇ ਹਨ ਪਰ ਉਨ੍ਹਾਂ ਪਾਸੋਂ ਲੈਂਦਾ ਕੋਈ ਨਹੀਂ ਉਨ੍ਹਾਂ ਨੇ ਕਿਹਾ— "ਕੀ ਸਬੱਬ ਹੈ?"

ਪੰਡਿਤਾਂ ਨੇ ਆਖਿਆ— "ਸਾਡੇ ਸਾਰਿਆਂ ਦੇ ਨਾਲ ਰਵਿਦਾਸ਼ ਬੈਠਾ ਹੋਇਆ ਹੈ।"

ਇਹ ਗੱਲ ਸੁਣ ਕੇ ਵਰਤਾਵਿਆਂ ਨੇ ਕਿਹਾ— "ਤੁਹਾਨੂੰ ਭੁਲੇਖਾ ਹੈ ਤੁਸੀਂ ਐਵੇਂ ਕਿਉਂ ਝੂਠ ਬੋਲਦੇ ਹੋ? ਉਹ ਤਾਂ ਅੰਦਰ ਬੈਠੇ ਹੋਏ ਹਨ, ਨਾਲੇ ਹਜ਼ਾਰ ਪੁਰਸ਼ਾਂ ਨਾਲ ਉਹ ਕਿਵੇਂ ਬੈਠ ਸਕਦੇ ਹਨ?"

ਉਸ ਵੇਲੇ ਸਿਆਣੇ ਪੰਡਿਤਾਂ ਨੇ ਖਲੋ ਕੇ ਕਿਹਾ— ਭਾਈ ! ਇਹ ਤਾਂ ਰਾਮ ਦੀ ਕੋਈ ਮਾਇਆ ਹੀ ਪ੍ਰਬਲ ਹੈ ਜਿਸ ਨਾਲ ਸਾਡੀ ਕੋਈ ਪੇਸ਼ ਨਹੀਂ ਜਾ ਸਕਦੀ, ਛੱਡੋ ਈਰਖਾ ਤੇ ਉਸ ਨੂੰ ਆਪਣੇ ਵਿਚ ਬੁਲਾ ਲਓ।

ਇਹ ਗੱਲ ਆਖ ਕੇ ਰਵਿਦਾਸ ਨੂੰ ਬੁਲਵਾ ਕੇ ਆਪਣੀ ਪੰਗਤ ਵਿਚ ਬਿਠਾ ਲਿਆ ਤੇ ਸਾਰਿਆਂ ਨੇ ਰਲ ਕੇ ਅੰਨ ਛਕਿਆ ਜਦ ਅੰਨ ਛਕ ਚੁੱਕੇ ਤਾਂ ਰਾਣੀ ਨੇ ਸਾਰੇ ਬ੍ਰਾਹਮਣਾਂ ਨੂੰ ਦੋ ਦੋ ਸੋਨੇ ਦੀਆਂ ਮੋਹਰਾਂ ਦੇ ਕੇ ਪ੍ਰਸੰਨ ਕਰ ਕੇ ਭੇਜ ਦਿੱਤਾ।

ਉਪਰੰਤ ਰਵਿਦਾਸ ਜੀ ਨੇ ਭਗਵਾਨ ਦੇ ਸਨਮੁਖ ਇਹ ਸ਼ਬਦ ਉਚਾਰਿਆ-

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥

ਹੇ ਮੇਰੇ ਲਾਲ= ਪਿਆਰੇ ਪਰਮਾਤਮਾ! ਇਸ ਤਰ੍ਹਾਂ ਦੀ ਗੱਲ ਤੇਰੇ ਬਿਨਾਂ ਕੌਣ ਕਰ ਸਕਦਾ ਹੈ?

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ੧ ॥ ਰਹਾਉ॥

ਹੇ ਗਰੀਬਾਂ ਦੇ ਨਿਵਾਜੁ= ਵਡਿਆਉਣ ਵਾਲੇ ਪਰਮਾਤਮਾ ! ਤੂੰ ਹੀ ਮੇਰਾ ਗੁਸਈਆ= ਮਾਲਕ ਹੈਂ, ਤੁਸਾਂ ਨੇ ਮੇਰੇ ਮੱਥੇ 'ਤੇ ਜਸ ਰੂਪੀ ਛਤਰ ਧਰਿਆ ਹੈ॥ ੧ ॥

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹਾਂ ਢਰੈ॥

ਜਿਨ੍ਹਾਂ ਨੀਚਾਂ ਦੀ ਛੂਹ ਸਾਰੇ ਸੰਸਾਰ ਨੂੰ ਲਗਦੀ ਹੈ, ਉਨ੍ਹਾਂ ਉਪਰ ਤੂੰ ਆਪ ਹੀ ਢਰੈ= ਕਿਰਪਾਲੂ ਹੁੰਦਾ ਹੈਂ।

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ ੧ ॥

ਮੇਰਾ ਗੋਬਿੰਦੁ= ਪਰਮਾਤਮਾ ਨੀਚਾਂ ਤੋਂ ਉਚ ਕਰ ਦੇਂਦਾ ਹੈ, ਕਿਸੇ ਕੋਲੋਂ ਡਰਦਾ ਨਹੀਂ॥ ੧ ॥

ਜਿਵੇਂ ਦਸਮੇਸ਼ ਪਿਤਾ ਜੀ ਨੇ ਛੀਂਬੇ, ਨਾਈ, ਤਰਖਾਣਾਂ ਆਦਿ ਨੂੰ ਅੰਮ੍ਰਿਤ ਛਕਾ ਕੇ ਨੀਚਾਂ ਤੋਂ ਉਚ ਕਰ ਦਿੱਤਾ, ਪਹਾੜੀਏ ਰਾਜੇ ਬਹੁਤੇਰਾ ਰੌਲਾ ਪਾਉਂਦੇ ਚੀਕਦੇ ਚੀਕਾਂਦੇ ਰਹੇ, ਪਰ ਦਸਮੇਸ਼ ਪਿਤਾ ਜੀ ਕਿਸੇ ਪਾਸੋਂ ਡਰੇ ਨਹੀਂ।

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥

ਨਾਮਦੇਵ (ਛੀਂਬਾ), ਕਬੀਰ (ਜੁਲਾਹਾ), ਤ੍ਰਿਲੋਚਨ (ਬਾਣੀਆਂ), ਸਧਨਾ (ਕਸਾਈ) ਅਤੇ ਸੈਨ (ਨਾਈ) ਆਦਿ ਸਾਰੇ ਨੀਚ ਪੁਰਸ਼ ਤਰ ਗਏ ਹਨ। *ਯਥਾ-*

ਮਹਲਾ ੫॥
ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ ੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੈ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥ ੩॥

(ਆਸਾ ਬਾਣੀ ਧੰਨੇ ਕੀ, ਪੰਨਾ ੪੮੭)

ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥ ੨॥ ੧॥

ਰਵਿਦਾਸ ਭਗਤ ਜੀ ਕਹਿੰਦੇ ਹਨ- ਹੇ ਸੰਤੋ! ਸੁਣਨਾ ਕਰੋ, ਵਾਹਿਗੁਰੂ ਪਾਸੋਂ ਸਭ ਗੱਲਾਂ ਸਰੈ= ਬਣ ਆਉਂਦੀਆਂ ਹਨ, ਉਹ ਜੋ ਚਾਹੇ ਕਰ ਸਕਦਾ ਹੈ॥ ੨॥ ੧॥

ਮਾਰੂ॥

ਉਥਾਨਕਾ:-ਇਕ ਆਦਮੀ ਮੂਲ ਰੂਪ ਪਰਮਾਤਮਾ ਦੀ ਉਪਾਸ਼ਨਾ ਕਰਨੀ ਛੱਡ ਕੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪ ਡਾਲੀਆਂ ਵਿਚ ਲੱਗਾ ਫਿਰਦਾ ਸੀ, ਉਸ ਨੂੰ ਦੇਖ ਕੇ ਰਵਿਦਾਸ ਜੀ ਉਪਦੇਸ਼ ਦੇਂਦੇ ਹਨ-

ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ॥

ਪਦ ਅਰਥ:- ਸੁਖ ਸਾਗਰ= ਸੁਖਾਂ ਦਾ ਸਮੁੰਦਰ। ਸੁਰਿਤਰੁ= ਕਲਪ ਬ੍ਰਿਛ। ਕਾਮਧੇਨ= ਕਾਮਧੇਨ ਗਊ। ਜਾ ਕੇ= ਜਿਸ (ਪਰਮਾਤਮਾ) ਦੇ। ਰੇ= ਹੇ (ਭਾਈ)।

ਅਰਥ :- (ਅੰਨਵੇਂ ਅੱਖਰਾਂ ਵਲ ਖਿਆਲ ਰੱਖਣਾ।) ਹੇ ਭਾਈ ! ਕਲਪ ਬ੍ਰਿਛ, ਚਿੰਤਾਮਣੀ, ਕਾਮਧੇਨ ਗਊ ਇਹ ਸਾਰੇ ਹੀ ਜਿਸ ਸੁਖਾਂ ਦੇ ਸਮੁੰਦਰ ਪਰਮਾਤਮਾ ਦੇ ਵਸ ਵਿਚ ਹਨ।

ਯਥਾ :- ਇਛਾ ਪੂਰਕੁ ਸਰਬ ਸੁਖਦਾਤਾ ਹਰਿ, ਜਾ ਕੈ ਵਸਿ ਹੈ ਕਾਮਧੇਨਾ॥

(ਧਨਾਸਰੀ ਮਹਲਾ ੪, ਪੰਨਾ ੬੬੯)

ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ॥ ੧॥

ਚੰਾਰ ਪਦਾਰਥ, ਅੱਠ (ਵੱਡੀਆਂ) ਸਿਧੀਆਂ ਅਤੇ ਨੌ ਨਿਧੀਆਂ ਏਹ ਸਭ ਉਸ ਪਰਮਾਤਮਾ ਦੇ ਕਰ ਤਲ= ਹੱਥ ਦੀ ਹਥੇਲੀ 'ਤੇ ਹਨ। *ਵਾ :-* ਇਹ ਚੀਜ਼ਾਂ ਭਗਤਾਂ ਦੇ ਹੱਥ ਦੀ ਤਲੀ ਪਰ ਰੱਖੀਆਂ ਹੋਈਆਂ ਹਨ॥ ੧॥

*ਯਥਾ:-*ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ॥
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ॥ ੧॥

(ਸੋਰਠਿ ਰਵਿਦਾਸ ਜੀ, ਪੰਨਾ ੬੫੮)

ਹਰਿ ਹਰਿ ਹਰਿ ਨ ਜਪਸਿ ਰਸਨਾ॥

ਐਸੇ ਹਰੀ ਦੇ ਹਰਿ ਹਰਿ ਨਾਮ ਨੂੰ ਰਸਨਾ ਕਰ ਕੇ ਤੂੰ ਕਿਉਂ ਨਹੀਂ ਜਪਦਾ?

ਅਵਰ ਸਭ ਛਾਡਿ ਬਚਨ ਰਚਨਾ॥ ੧॥ ਰਹਾਉ॥

ਜੇ ਬਚਣਾ ਹਈ ਤਾਂ ਦੁਨੀਆਂ ਦੀ ਹੋਰ ਸਭ ਰਚਨਾ ਛੱਡ ਦੇ ਤੇ ਇਕ ਨੂੰ ਯਾਦ ਕਰ!

ਵਾ :- ਹੋਰ ਬਚਨ= ਬਾਣੀ ਦੀ ਰਚਨਾ ਛੱਡ ਦੇ ਭਾਵ ਵਿਅਰਥ ਬਾਣੀ ਕੋਈ ਨਾ ਬੋਲ॥ ੧॥ ਰਹਾਉ।

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥

ਨਾਨਾ ਖਿਆਨ= ਅਨੇਕਾਂ ਪ੍ਰਸੰਗ (ਮਹਾਂਭਾਰਤ)। ਬਿਧਿ= ਵਿਧੀਆਂ। ਚਉਤੀਸ= ੩੪। ਅਛਰ= ਅੱਖਰ।

ਮਹਾਂ ਭਾਰਤ, (ਅਠਾਰਾਂ) ਪੁਰਾਣ ਅਤੇ ਵੇਦ ਦੀਆਂ ਵਿਧੀਆਂ, ਇਹ ਸਭ ਚੌਂਤੀ ਅੱਖਰਾਂ ਵਿਚ ਹਨ। ਗੁਰਮੁਖੀ ਦੇ ਪੈਂਤੀ ਅੱਖਰ ਹਨ, ਉੜਾ ਮੰਗਲ ਵਿਚ ਹੈ ਬਾਕੀ ੩੪ ਅੱਖਰ ਹਨ।

ਵਾ :- ਇਹ ਸਾਰੇ ਗ੍ਰੰਥ ਚਉਤੀਸ= ਚੁਤਾਲੀ ਅੱਖਰਾਂ ਵਿਚ ਹਨ।

ਪੈਂਤੀ ਅੱਖਰ ਗੁਰਮੁਖੀ ਦੇ ਅਤੇ ਨੌ ਅੰਕ (ਪੈਂਤੀ ਤੇ ਨੌਂ) ਚੌਤਾਲੀ ਬਣਦੇ ਸਨ।

ਵਾ :- ਚਉਤੀਸ= ਚਉ= ਉਚਾਰੇ ਹੋਏ ਜੋ ਤੀਸ= ੩੦ ਸੁਧਾਰੇ ਹਨ, ਏਹ ਵੀ ਸਭ ਅੱਖਰਾਂ ਵਿਚ ਹਨ।

ਅਥਵਾ :- ੧੮ ਪੁਰਾਣ, ੬ ਸ਼ਾਸਤ੍ਰ, ੬ ਵੇਦ ਦੇ ਅੰਗ, ੪ ਵੇਦ, ਏਹ ਚੌਂਤੀ ਸਭ ਅੱਖਰਾਂ ਦੇ ਵਿਚ ਹਨ।

ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥ ੨॥

ਇਹਨਾਂ ਸਾਰਿਆਂ ਗ੍ਰੰਥਾਂ ਨੂੰ ਵੀਚਾਰ ਕੇ ਬਿਆਸ ਭਗਵਾਨ ਜੀ ਨੇ ਏਹੋ ਪਰਮ ਅਰਥੁ= ਸਿਧਾਂਤ ਕਿਹਾ ਹੈ, ਕਿ ਰਾਮ ਨਾਮ ਦੇ ਸਰਿ= ਬਰਾਬਰ ਹੋਰ ਕੋਈ ਸਾਧਨ ਨਹੀਂ॥ ੨॥

ਯਥਾ:- ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ॥ ਕੀਨੇ ਰਾਮ ਨਾਮ ਇਕ ਆਖ੍ਰ॥

(ਗਉੜੀ ਸੁਖਮਨੀ ਮ : ੫, ਪੰਨਾ ੨੬੨)

*ਤਥਾ:-*ਨਾਮ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ੮॥ ੨॥

(ਗਉੜੀ ਸੁਖਮਨੀ ਮ: ੫, ਪੰਨਾ ੨੬੫)

ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ॥

ਸਭ ਉਪਾਧੀਆਂ ਤੋਂ ਰਹਿਤ ਹੋ ਕੇ, ਵੱਡੇ ਭਾਗਾਂ ਵਾਲਿਆਂ ਦੀ ਸਹਜ ਸਮਾਧਿ= ਨਿਰ-ਵਿਕਲਪ ਸਮਾਧੀ ਵਿਚ ਲਿਵ= ਬਿਰਤੀ ਲਗਦੀ ਹੈ।

ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ॥੩॥੨॥੧੫॥*

(ਭਗਤ) ਰਵਿਦਾਸ ਜੀ ਕਹਿੰਦੇ ਹਨ— ਮੈਂ ਦਾਸ ਦੀ ਬੁੱਧੀ ਸੰਸਾਰ ਤੋਂ ਉਦਾਸ ਹੈ, ਇਸ ਲਈ ਜਨਮ

**ਇਹ ਸ਼ਬਦ ਪਿੱਛੇ ਸੋਰਠਿ ਰਾਗੁ ਪੰਨਾ ੬੫੮ 'ਤੇ ਭੀ ਆ ਚੁੱਕਾ ਹੈ।*

ਮਰਨ ਦਾ ਡਰ ਅਤੇ ਪੀੜਾ ਸਭ ਭਾਗੀ= ਦੂਰ ਹੋ ਗਈ ਹੈ॥ ੩॥ ੨॥ ੧੫॥

ਮਾਰੂ ਰਾਗ ਵਿਖੇ :—

੧੨ ਸ਼ਬਦ ਕਬੀਰ ਜੀ ਦੇ ਹਨ।
੧ ਸ਼ਬਦ ਨਾਮਦੇਵ ਜੀ ਦਾ ਹੈ।
੧ ਸ਼ਬਦ ਜੈਦੇਵ ਜੀ ਦਾ ਹੈ।
੨ ਸ਼ਬਦ ਰਵਿਦਾਸ ਜੀ ਦੇ ਹਨ।

ਕੁਲ ਸ਼ਬਦ ੧੬ ਹਨ

ਮਾਰੂ ਰਾਗ ਸਮਾਪਤੰ

ਰਾਗੁ ਤੁਖਾਰੀ

ਉਥਾਨਕਾ:-ਜਿਸ ਵੇਲੇ ਕਰੋੜੀਏ ਖੱਤਰੀ ਨੇ ਆਪਣੀ ਜ਼ਮੀਨ ਵਿਚ ਧਰਮਸਾਲਾ ਬਣਵਾ ਕੇ ਬੇਦੀ ਕੁਲ ਦਿਵਾਕਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਬੇਨਤੀ ਕਰ ਕੇ ਉਸ ਧਰਮਸਾਲਾ ਵਿਚ ਬਿਰਾਜਮਾਨ ਕੀਤਾ ਹੈ। ਤਾਂ-

ਸੰਗਤਾਂ ਨੂੰ ਪਤਾ ਲੱਗਣ 'ਤੇ ਸੰਗਤਾਂ ਦੀ ਓਥੇ ਹੀ ਆਵਾ ਜਾਈ ਸ਼ੁਰੂ ਹੋ ਗਈ ਮਹੀਨਾ ਨੇੜੇ ਆਉਣ ਕਰ ਕੇ ਪ੍ਰੇਮੀ ਸਿੱਖਾਂ ਨੇ ਬੇਨਤੀ ਕੀਤੀ:

''ਗਰੀਬ ਨਿਵਾਜ ਜੀਉ ! ਪਹਿਲੇ ਤਾਂ ਅਸੀਂ ਬ੍ਰਾਹਮਣਾਂ ਪਾਸੋਂ ਜਾ ਕੇ ਮਹੀਨੇ ਦਾ ਨਾਂ ਸੁਣਦੇ ਸਾਂ ਉਹ ਸੰਸਕ੍ਰਿਤ ਵਿਚ ਸੁਣਾਉਂਦੇ ਸਨ ਤੇ ਸਾਨੂੰ ਕੁਝ ਭੀ ਪਤਾ ਨਹੀਂ ਸੀ ਲਗਦਾ, ਹੁਣ ਆਪ ਜੀ ਦੇ ਚਰਨੀਂ ਲੱਗੇ ਹੋਏ ਹਾਂ ਆਪ ਹੀ ਕਿਰਪਾ ਕਰ ਕੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਅਜਿਹੀ ਬਾਣੀ ਉਚਾਰੋ ਜਿਸ ਵਿਚ ਬਾਰਾਂ ਮਹੀਨਿਆਂ ਦੇ ਨਾਮ ਆ ਜਾਣ ਅਤੇ ਜਿਸ ਦੇ ਪੜ੍ਹਨ-ਸੁਣਨ ਨਾਲ ਬਾਰਾਂ ਮਹੀਨੇ ਸਫਲੇ ਹੋ ਜਾਣ ਤੇ ਮਨ ਵਿਚ ਸ਼ਾਂਤੀ ਆ ਜਾਵੇ।''

ਇਸ ਤਰ੍ਹਾਂ ਸਿੱਖਾਂ ਦੀ ਬੇਨਤੀ ਸੁਣ ਕੇ ਹਜ਼ੂਰ ਨੇ ਤੁਖਾਰੀ ਰਾਗ ਵਿਚ ਬਾਰਾਂ ਮਹੀਨੇ ਸੰਗਤਾਂ ਨੂੰ ਸ੍ਰਵਨ ਕਰਵਾਏ ਹਨ। ਪਹਿਲੀਆਂ ਚਾਰ ਪਉੜੀਆਂ ਮੰਗਲ ਰੂਪ ਉਚਾਰਨ ਕੀਤੀਆਂ ਹਨ ਤੇ ਪੰਜਵੀਂ ਪਉੜੀ ਤੋਂ ਚੇਤਰ ਦਾ ਮਹੀਨਾ ਅਰੰਭ ਕੀਤਾ ਹੈ।

[ਪੰਨਾ ੧੧੦੭]

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ੧ੴ ਸਤਿਗੁਰ ਪ੍ਰਸਾਦਿ ॥

ਸੰਸਾਰ ਵਿਚ ਕੋਈ ਅਮੀਰ ਹੈ ਕੋਈ ਗਰੀਬ। ਕੋਈ ਸੁਖੀ ਹੈ ਕੋਈ ਦੁਖੀ। ਇਸ ਤਰ੍ਹਾਂ ਦੀ ਲੀਲ੍ਹਾ ਵੇਖ ਕੇ ਇਕ ਸਿੱਖ ਨੇ ਕਿਹਾ— ''ਗੁਰੂ ਜੀ ਉਹ ਪਰਮੇਸ਼ਰ ਕਿਸੇ ਨੂੰ ਸੁਖ ਤੇ ਕਿਸੇ ਨੂੰ ਦੁੱਖ ਦੇ ਰਿਹਾ ਹੈ, ਇਹ ਉਸ ਵਿਚ ਬੜਾ ਭਾਰੀ ਦੋਸ਼ ਹੈ?''

ਇਹ ਗੱਲ ਸੁਣ ਕੇ ਗੁਰੂ ਜੀ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹੋਏ ਸਿੱਖ ਨੂੰ ਸਮਝਾਉਂਦੇ ਹਨ :-

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥

ਹੇ ਪ੍ਰਭੂ ਤੂੰ ਸੁਣ ! ਜੋ ਜੋ ਜੀਵਾਂ ਨੇ ਪੂਰਬਲੇ ਜਨਮ ਵਿਚ ਕਰਮ ਕਮਾਏ ਹਨ।

ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥

(ਉਹਨਾਂ ਕੀਤੇ ਕਰਮਾਂ ਅਨੁਸਾਰ ਜੀਵਾਂ) ਨੂੰ ਸਿਰਿ ਸਿਰਿ= ਸਿਰ-ਬ-ਸਿਰ, *ਅਥਵਾ :-* ਸਿਰਜ-ਸਿਰਜ ਕੇ ਸੁਖ ਅਤੇ *ਸਹੰਮਾ= ਦੁੱਖ ਦੇ ਰਿਹਾ ਹੈਂ ਸੁ= ਇਸ ਕਰ ਕੇ ਤੂੰ ਭਲਾ= ਚੰਗਾ ਹੈਂ, ਭਾਵ ਨਿਰਦੋਸ਼ ਹੈਂ।

---

*ਸਹੰਮਾ ਦਾ ਅਰਥ ਦੁੱਖ ਹੈ:

ਯਥਾ:- *ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ ॥*
ਕਿਤੀ ਲਹਾ 'ਸਹੰਮ' ਜਾ ਬਖਸੇ ਤਾ ਧਕਾ ਨਹੀ ॥ (ਸੂਹੀ ਕੀ ਵਾਰ, ਪੰਨਾ ੭੬੯)

ਯਥਾ:- ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ ੨੧॥

(ਆਸਾ ਮਹਲਾ ੧ ਪਟੀ, ਪੰਨਾ ੪੩੩)

ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ॥

ਜਗਿਆਸੂ ਰੂਪ ਇਸਤ੍ਰੀ ਕਥਨ ਕਰਦੀ ਹੈ— ਹੇ ਹਰੀ ! ਮੈਂ ਤੇਰੀ ਸੰਸਾਰ-ਰਚਨਾ ਵਿਚ ਲੱਗ ਰਹੀ ਹਾਂ, ਇਸ ਤੇ ਮੇਰੀ ਕੀ ਗਤੀ ਹੋਵੇਗੀ? ਹੇ ਹਰੀ ! ਆਪ ਜੀ ਦੀ ਪ੍ਰਾਪਤੀ ਤੋਂ ਬਿਨਾਂ, ਅਥਵਾ :- ਹਰੀ ਨਾਮ ਜਪੇ ਤੋਂ ਬਿਨਾਂ ਇਕ ਘੜੀ ਮਾਤ੍ਰ ਭੀ ਜੀਊਂਦੀ ਨਹੀਂ ਰਹਿ ਸਕਦੀ। ਅਰਥਾਤ ਆਪ ਜੀ ਤੋਂ ਬਿਨਾਂ ਮੇਰਾ ਮਰਨਾ ਹੋ ਰਿਹਾ ਹੈ।

ਯਥਾ:- ਆਖਾ ਜੀਵਾ ਵਿਸਰੈ ਮਰਿ ਜਾਉ॥ (ਪੰਨਾ ੭੪੯)

ਤਥਾ:- ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥ (ਪੰਨਾ ੧੧੦੮)

ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥

ਹੇ ਪਿਰੀ-ਪਰਮਾਤਮਾ! ਆਪ ਦੇ ਨਾਮ ਤੋਂ ਬਿਨਾਂ, ਅਥਵਾ :- ਆਪ ਜੀ ਦੀ ਪ੍ਰਾਪਤੀ ਤੋਂ ਬਿਨਾਂ ਮੈਂ ਬਹੁਤ ਦੁਹੇਲੀ= ਦੁਖੀ ਹੋ ਰਹੀ ਹਾਂ, ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਮਿੱਤਰ ਨਹੀਂ ਹੈ, ਇਸ ਤੇ ਆਪ ਇਹ ਕਿਰਪਾ ਕਰੋ ਜੋ ਗੁਰ-ਮੁਖਿ= ਗੁਰਾਂ ਦੁਆਰੇ ਨਾਮ-ਅੰਮ੍ਰਿਤ ਨੂੰ ਪੀਵਾਂ, ਕਿਉਂਕਿ ਅੰਮ੍ਰਿਤ ਇਕ ਨਾਮ ਹੀ ਹੈ।

ਯਥਾ:- ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥
ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥ ੧॥

(ਸਾਰੰਗ ਕੀ ਵਾਰ, ਪੰਨਾ ੧੨੩੮)

ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ॥

ਹੇ ਨਿਰੰਕਾਰ ਪ੍ਰਭੂ ! ਅਸੀਂ ਤਾਂ ਆਪ ਜੀ ਦੀ ਸੰਸਾਰ-ਰਚਨਾ ਵਿਚ ਤਦਾਕਾਰ ਹੋ ਰਹੇ ਹਾਂ,

ਯਥਾ :- ਦਾਤਿ ਪਿਆਰੀ ਵਿਸਰਿਆ ਦਾਤਾਰਾ॥
ਜਾਣੈ ਨਾਹੀ ਮਰਣੁ ਵਿਚਾਰਾ॥ ੨॥

(ਧਨਾਸਰੀ ਮਹਲਾ ੫, ਪੰਨਾ ੬੭੬)

ਪਰ ਹੇ ਪ੍ਰਭੂ ! ਮੇਰੇ ਜੋ ਸਮਾਨ ਕਰਮ ਸਨ, ਉਹ ਆਪ ਜੀ ਨੇ ਸ੍ਰੇਸ਼ਟ ਕਰਮ ਕਰ ਕੇ ਮੰਨੇ ਹਨ।

ਅਥਵਾ :- ਹੇ ਪ੍ਰਭੂ ! ਆਪ ਜੀ ਦੇ ਨਾਮ ਦਾ ਜੋ ਮਨਿ= ਮੰਨਨ ਕਰਨਾ ਹੈ, ਇਹ ਕਰਮਾਂ ਵਿੱਚੋਂ ਸ੍ਰੇਸ਼ਟ ਕਰਮ ਹੈ।

ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥ ੧॥

ਗੁਰੂ ਜੀ ਕਥਨ ਕਰਦੇ ਹਨ— ਸਾ= ਮੈਂ ਧਨ= ਇਸਤ੍ਰੀ ਆਪ ਜੀ ਦੇ ਪ੍ਰੇਮ, ਅਥਵਾ :- ਗਿਆਨ-ਭਗਤੀ ਰੂਪੀ ਪੰਥੁ= ਰਸਤੇ ਨੂੰ ਨਿਹਾਲੇ= ਦੇਖ ਰਹੀ ਹਾਂ, ਹੇ ਆਤਮ ਰਾਮਾ= ਪਰਮਾਤਮਾ ! ਤੂੰ ਮੇਰੀ ਬੇਨਤੀ ਸੁਣ ਕੇ

ਮੈਨੂੰ ਪ੍ਰਾਪਤ ਹੋ॥ ੧॥

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥

ਜਿਸ ਜਗਿਆਸੂ ਰੂਪ ਇਸਤ੍ਰੀ ਦਾ ਚਿਤ ਰੂਪੀ ਪਪੀਹਾ ਪਿਰੀ-ਪਿਰੀ (ਐਸੇ ਬਚਨਾਂ ਨੂੰ) ਬੋਲਦਾ ਹੈ ਅਤੇ ਕੋਕਿਲ= ਜੀਭ ਵੀ ਮਿੱਠੀ ਬਾਣੀ ਨੂੰ ਬੋਲਦੀ ਹੈ। *ਅਥਵਾ :-* ਕੋਕਿਲ= ਜਿਹਵਾ ਨਾਮ-ਬਾਣੀ ਨੂੰ ਬੋਲਦੀ ਹੈ।

ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥

ਸਾ= ਉਹ ਜਗਿਆਸੂ ਰੂਪ ਇਸਤ੍ਰੀ ਅੰਕਿ= ਸਰੂਪ ਵਿਚ ਸਮਾਈ ਹੈ, ਜਿਹੜੀ ਸਰੂਪ ਵਿਚ ਸਮਾਈ ਹੈ ਉਸ ਨੇ ਸਭ ਰਸਾਂ ਨੂੰ ਚੋ ਲਿਆ ਅਰਥਾਤ ਧਾਰਨ ਕਰ ਲਿਆ ਹੈ।

ਅਥਵਾ :- ਸਰੀਰ-ਚੋਲੇ ਵਿਚ ਸਭ ਰਸਾਂ ਨੂੰ ਪਾ ਲਿਆ ਹੈ। ਅਥ਼ਵਾ :- ਸਭ ਰਸਾਂ ਦੇ ਮਾਲਕ ਪ੍ਰਭੂ ਨੂੰ ਚੋ ਲਿਆ ਹੈ ਅਰਥਾਤ ਆਪਣਾ ਆਪ ਰੂਪ ਨਿਸਚੇ ਕਰ ਲਿਆ ਹੈ।

ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ॥

ਜਾਂ ਪ੍ਰਭੂ ਦੇ ਭਾਣੇ ਨੂੰ ਮੰਨਿਆਂ, *ਅਥਵਾ :-* ਜਾਂ ਪ੍ਰਭੂ ਨੂੰ ਭਾ ਗਈ ਤਾਂ ਹਰੀ ਦੇ ਅੰਕਿ= ਸਰੂਪ ਵਿਚ ਸਮਾ ਗਈ, ਜਾਂ ਸਰੂਪ ਵਿਚ ਸਮਾਈ ਸਾ= ਓਹੀ ਇਸਤ੍ਰੀ ਸੁਹਾਗਵੰਤੀ ਹੋਈ ਹੈ।

ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ॥

ਨੌਂ ਗੋਲਕਾਂ ਵਾਲੇ ਸਰੀਰ-ਘਰ ਨੂੰ ਥਾਪ ਕੇ ਭਾਵ ਰਚ ਕੇ ਮਹਲ= ਪਰਮਾਤਮਾ ਨੇ ਆਪਣੇ ਲਈ ਦਸਮ ਦੁਆਰ ਰੂਪੀ ਉੱਚਾ ਘਰ ਬਣਾਇਆ ਹੈ, ਤਿਸ ਦਸਮ ਦੁਆਰ ਰੂਪੀ ਨਿਜ ਘਰ ਵਿਚ ਮੁਰਾਰੀ ਆਪ ਵਸ ਰਿਹਾ ਹੈ। *ਅਥਵਾ :-* ਨੌਂ ਗੋਲਕਾਂ ਵਾਲੇ ਸਰੀਰ- ਘਰ ਨੂੰ ਰਚ ਕੇ ਮਹਲ= ਪਰਮਾਤਮਾ ਨੇ ਅੰਤਹਕਰਨ ਰੂਤੀ ਉੱਚਾ ਘਰ ਬਣਾਇਆ ਹੈ। ਤਿਸ ਅੰਤਹਕਰਨ ਰੂਪੀ ਨਿਜ ਘਰ ਵਿਚ ਮੁਰਾਰੀ ਆਪ ਵਸ ਰਿਹਾ ਹੈ।

ਅਥਵਾ :- ਪੁਰਖ, ਪ੍ਰਕਿਰਤੀ , ਮਹਤਤ, ਤ੍ਰਿਧਾ ਹੰਕਾਰ ਅਤੇ ਪੰਜ ਤਨ ਮਾਤ੍ਰਾਂ ਇਨ੍ਹਾਂ ਨੌਂ ਕਰ ਕੇ ਜੋ ਸੰਸਾਰ- ਘਰ ਥਾਪਿਆ ਹੈ ਉਸ ਉਪਰ ਮਹਲ= ਪਰਮਾਤਮਾ ਨੇ ਉੱਚਾ ਘਰਿ= ਸਤਿਸੰਗ ਬਣਾਇਆ ਹੈ, ਤਿਸ ਸਤਿਸੰਗ ਰੂਪੀ ਨਿਜ ਘਰ ਵਿਚ ਮੁਰਾਰੀ ਆਪ ਵਸ ਰਿਹਾ ਹੈ।

ਪ੍ਰਸ਼ਨ :- ਉਸ ਮੁਰਾਰੀ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਗੁਰ ਉੱਤਰ-* ਨੌਂ ਗੋਲਕਾਂ ਵਾਲੇ ਸਰੀਰ- ਘਰ ਨੂੰ ਜਿਸ ਨੇ ਥਾਪਿ= ਵਸੀਕਾਰ ਕੀਤਾ ਹੈ, *ਅਥਵਾ :-* ਨੌਂ ਗੋਲਕਾਂ ਵਿਖੇ ਦਸ ਇੰਦ੍ਰੀਆਂ ਨੂੰ ਜਿਸ ਨੇ ਥਾਪਿ= ਰੋਕਿਆ ਹੈ, ਉਹ ਮਹਲ= ਜਗਿਆਸੂ ਦੇ ਅੰਤਹਕਰਨ ਰੂਪੀ ਉੱਚੇ ਘਰ ਵਿਚ ਨਿਜ ਘਰਿ= ਸਰੂਪ- ਘਰ ਵਾਲੇ ਮੁਰਾਰੀ ਨੇ ਵਾਸਾ ਕੀਤਾ ਹੈ।

ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥

ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਤੇਰੀ ਰਚੀ ਹੋਈ ਹੈ, *ਅਥਵਾ :-* ਸਾਰੀ ਸ੍ਰਿਸ਼ਟੀ ਤੇਰੀ ਆਗਿਆ ਵਿਚ ਹੈ, ਤੂੰਹੀ ਮੇਰਾ ਪ੍ਰੀਤਮ ਹੈਂ, ਇਹ ਕਿਰਪਾ ਕਰ ਜੋ ਨਿਸਿ ਬਾਸੁਰ= ਰਾਤ ਦਿਨ ਰੰਗਿ= ਪ੍ਰੇਮ ਸਹਿਤ ਆਪ ਜੀ ਦੇ ਨਾਮਾਂ ਨੂੰ ਰਾਵੈ= ਉਚਾਰਾਂ।

ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥ ੨॥

ਗੁਰੂ ਜੀ ਕਥਨ ਕਰਦੇ ਹਨ— ਮੇਰਾ ਚਿਤ ਰੂਪੀ ਪਪੀਹਾ ਪਿਰੀ- ਪਿਰੀ ਕਰ ਕੇ ਚਵੈ= ਉਚਾਰਦਾ ਹੈ ਅਤੇ ਕੋਕਿਲ= ਜਿਹਵਾ ਭੀ ਸੋਭਨੀਕ ਸ਼ਬਦਾਂ ਨੂੰ ਉਚਾਰਦੀ ਹੈ॥ ੨॥

ਮਹਾਰਾਜ ਜੀ ਆਪਣੇ ਆਪ ਨੂੰ ਜਗਿਆਸੂ ਰੂਪ ਕਰ ਕੇ ਕ਼ਥਨ ਕਰਦੇ ਹਨ:-

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥

ਹੇ ਹਰੀ ਆਪਣੇ ਪ੍ਰੀਤਮ! ਤੂੰ ਸਾਡੀ ਬੇਨਤੀ ਸੁਣਨਾ ਕਰ, ਅਸੀਂ ਤੇਰੇ ਨਾਮ- ਰਸ ਵਿਚ ਭਿੰਨੇ= ਭਿੱਜ ਰਹੇ ਹਾਂ।

ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥

ਹੇ ਰਵੰਨੇ= ਸੁੰਦਰ ਪ੍ਰਭੂ ਮਨ ਤਨ ਵਿਚ ਅਸੀਂ ਆਪ ਜੀ ਨੂੰ ਰਵਤ= ਉਚਾਰਦੇ ਹਾਂ, ਇਕ ਘੜੀ ਭਰ ਵੀ ਆਪ ਜੀ ਦਾ ਨਾਮ ਸਾਨੂੰ ਭੁੱਲਦਾ ਨਹੀਂ ਹੈ। *ਅਥਵਾ :-* ਇਕ ਘੜੀ ਭਰ ਵੀ ਸਾਨੂੰ ਭੁਲਾਓ ਨਾ।

ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥

ਮੈਂ ਆਪ ਜੀ ਨੂੰ ਇਕ ਘੜੀ ਭਰ ਵੀ ਕਿਉਂ ਭੁਲਾਵਾਂ, ਮੈਂ ਬਲਿਹਾਰ ਜਾਂਦਾ ਹਾਂ, ਮੈਂ ਤਾਂ ਆਪ ਜੀ ਦੇ ਗੁਣਾਂ ਨੂੰ ਗਾ ਕੇ ਜੀਉਂਦਾ ਹਾਂ।

ਯਥਾ:- ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ *(ਮਾਝ ਮਹਲਾ ੫, ਪੰਨਾ ੯੬)*

ਤਥਾ:- ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ॥
ਮਨੁ ਨ ਰਹੈ ਕੈਸੇ ਮਿਲਉ ਪਿਆਰੇ॥ ੧॥ *(ਆਸਾ ਮਹਲਾ ੫, ਪੰਨਾ ੩੭੪)*

ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ॥

ਜੇ ਕਰ ਸੰਸਾਰ ਵਿਚ ਮੇਰਾ ਕੋਈ ਸਹਾਈ ਨਹੀਂ ਹੈ, ਤਾਂ ਮੈਂ ਭੀ ਕਿਸੇ ਦਾ ਨਹੀਂ ਹਾਂ, ਹੇ ਹਰੀ ! ਆਪ ਜੀ ਤੋਂ ਬਿਨਾਂ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ।

ਯਥਾ:- ਕਬੀਰਾ ਹਮਰਾ ਕੋ ਨਹੀ ਹਮ ਕਿਸਹੂ ਕੇ ਨਾਹਿ॥
ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ॥ ੨੧੪॥ *(ਪੰਨਾ ੧੩੭੫)*

ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥

ਹੇ ਹਰੀ ! ਬਾਣੀ ਕਰ ਕੇ ਆਪ ਜੀ ਦੀ ਓਟ ਫੜੀ ਹੈ ਤੇ ਮਨ ਕਰ ਕੇ ਆਪ ਜੀ ਦੇ ਚਰਨਾਂ ਵਿਚ ਨਿਵਾਸ ਕੀਤਾ ਹੈ ਅਤੇ ਸੇਵਾ ਵਿਚ ਲੱਗ ਕੇ ਅਸਥੂਲ ਸਰੀਰ ਵੀ ਪਵਿੱਤ੍ਰ ਹੋ ਗਿਆ ਹੈ।

ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥ ੩॥

ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਜਾਂ ਆਪ ਜੀ ਨੇ ਦੀਰਘ ਦ੍ਰਿਸਟਿ= ਕਿਰਪਾ ਦ੍ਰਿਸ਼ਟੀ ਕੀਤੀ ਤਾਂ ਗੁਰਾਂ ਦੀ ਪ੍ਰਾਪਤੀ ਹੋਈ, ਸੇਵਾ- ਟਹਲ ਕਰਨ ਨਾਲ ਜਾਂ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਗੁਰ- ਸ਼ਬਦ ਨੂੰ ਧਾਰਿਆ, ਜਾਂ ਗੁਰ- ਉਪਦੇਸ਼ ਨੂੰ ਧਾਰਿਆ ਤਾਂ ਮਨ ਨੂੰ ਧੀਰਾ= ਧੀਰਜ ਹੋਇਆ, ਮਨ ਨੂੰ ਧੀਰਜ ਹੋਣ ਕਰ

ਕੇ ਦੀਰਘ ਦ੍ਰਿਸਟਿ= ਗਿਆਨ- ਦ੍ਰਿਸ਼ਟੀ ਹੋਈ ਤਾਂ ਆਤਮ- ਸੁਖ ਪਾਉਣਾ ਕੀਤਾ॥ ੩॥

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥

ਜਿਵੇਂ ਪ੍ਰਤੱਖ ਬੱਦਲ ਸਮਾਨ ਕਰ ਕੇ ਤਾਂ ਸਾਰੇ ਵਰਖਾ ਕਰਦਾ ਹੈ ਪਰ ਸ੍ਵਾਂਤੀ ਬੂੰਦ ਚਾਤ੍ਰਿਕ ਨੂੰ ਦੇਂਦਾ ਹੈ। ਤਿਵੇਂ ਗੁਰੂ ਸਾਹਿਬ ਜੀ ਰੂਪ ਬੱਦਲ ਸੁਤੇ ਸਿਧ ਉਪਦੇਸ਼ ਰੂਪ ਅੰਮ੍ਰਿਤ ਧਾਰਾ ਦੀ ਵਰਖਾ ਤਾਂ ਸਾਰੇ ਕਰਦੇ ਹਨ ਪਰ ਨਾਮ, *ਅਥਵਾ :-* ਅਭੇਦ ਬੋਧ ਰੂਪੀ ਸ੍ਵਾਂਤੀ ਬੂੰਦ ਜਿਸ ਵੇਲੇ ਜਗਿਆਸੂ ਰੂਪ ਪਪੀਹੇ ਨੂੰ ਦੇਂਦੇ ਹਨ ਤਦ ਉਸ ਦੀ ਬੁੱਧੀ ਸੁਹਾਵਣੀ= ਸੋਭਨੀਕ ਹੁੰਦੀ ਹੈ।

ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥

ਜਿਸ ਵੇਲੇ ਸਹਜਿ ਸੁਭਾਇ= ਸ਼ਾਂਤੀ ਸੁਭਾਅ ਵਾਲੇ ਗੁਰੂ- ਸੱਜਣ ਮਿਲੇ, ਤਿਸ ਵੇਲੇ ਹੇ ਹਰੀ ! ਆਪ ਜੀ ਨਾਲ ਸੁਤੇ ਸਿਧ ਪ੍ਰੀਤੀ ਬਣ ਆਈ।

ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥

ਹੇ ਹਰੀ ਪ੍ਰਭੂ ! ਜਾਂ ਤੈਨੂੰ ਭਾ ਜਾਵੇ ਤਾਂ ਤੂੰ ਮੰਦਰਿ= ਅੰਦਰ ਆਉਂਦਾ ਭਾਵ ਸਾਖਿਆਤਕਾਰ ਹੁੰਦਾ ਹੈਂ, ਏਸੇ ਕਰ ਕੇ ਮੈਂ ਧਨ= ਇਸਤ੍ਰੀ ਊਭੀ= ਖੜੀ ਅਰਥਾਤ ਸਮਾਹਤ (ਪ੍ਰੇਮਣ) ਚਿਤ ਹੋ ਕੇ ਆਪ ਜੀ ਦੇ ਗੁਣਾਂ ਨੂੰ ਸੰਭਾਲਦੀ ਹਾਂ।

ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥

ਘਰਿ ਘਰਿ= ਸਰੀਰ- ਸਰੀਰ ਪ੍ਰਤੀ ਸੁਹਾਗਣਾਂ ਨੂੰ ਕੰਤੁ= ਪਤੀ ਰਾਉਂਦਾ ਹੈ ਤੇ ਹਉ= ਮੈਨੂੰ ਪਤੀ- ਪਰਮਾਤਮਾ ਨੇ ਕਿਉਂ ਵਿਸਾਰ ਦਿੱਤਾ ਹੈ? *ਅਥਵਾ :-* ਸਨਮੁਖ ਬੇਨਤੀ ਕਰਦੇ ਹਨ :- ਹੇ ਪਤੀ- ਪਰਮਾਤਮਾ ! ਤੂੰ ਸੁਹਾਗਣਾਂ ਦੇ ਘਰਾਂ- ਘਰਾਂ ਵਿਚ ਆਨੰਦ ਭੋਗਦਾ ਹੈਂ, ਪਰ ਹੇ ਪਤੀ! ਮੈਨੂੰ ਤੁਸਾਂ ਕਿਉਂ ਭੁਲਾ ਦਿੱਤਾ ਹੈ ?

ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥

ਜਿਸ ਵੇਲੇ ਗੁਰੂ ਰੂਪ ਘਨ= ਬੱਦਲ ਨੇ ਸਤ ਸੰਗਤ ਵਿਚ, *ਅਥਵਾ :-* ਚਿਦਾਕਾਸ਼ ਵਿਚ ਛਾਏ= ਇਸਥਿਤ ਹੋ ਕੇ ਅਤੇ ਉਨਵਿ= ਝੁਕ ਕੇ ਭਾਵ ਅਤੀ ਕ੍ਰਿਪਾਲੂ ਹੋ ਕੇ ਸੁਭਾਵਕ ਹੀ ਉਪਦੇਸ਼-ਜਲ ਦੀ ਵਰਖਾ ਕੀਤੀ ਤਾਂ ਹੀ ਮੇਰੇ ਮਨ ਤਨ ਵਿਚ ਪ੍ਰਭੂ ਦਾ ਪ੍ਰੇਮ ਸੁਖਾਉਂਦਾ ਭਇਆ।

ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥ ੪॥

ਗੁਰੂ ਜੀ ਕਥਨ ਕਰਦੇ ਹਨ- ਇਹ ਨਿਯਮ ਹੈ ਜਿਸ ਵੇਲੇ ਭੀ ਗੁਰੂ ਰੂਪ ਬੱਦਲ ਨਾਮ- ਅੰਮ੍ਰਿਤ ਬਾਣੀ ਰੂਪ ਜਲ ਦੀ ਵਰਖਾ ਕਰਦੇ ਹਨ, ਉਸੀ ਵੇਲੇ ਪ੍ਰਭੂ- ਪਰਮਾਤਮਾ ਕਿਰਪਾ ਦ੍ਰਿਸ਼ਟੀ ਕਰ ਕੇ ਅੰਤਹਕਰਨ ਰੂਪੀ ਘਰ ਵਿਚ ਆਉਂਦਾ ਹੈ॥ ੪॥ (ਇਥੋਂ ਤਕ ਚਾਰ ਪਉੜੀਆਂ ਮੰਗਲ ਦੀਆਂ ਸਮਾਪਤ ਹਨ।)

[ਪੰਨਾ ੧੧੦੮]

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥

ਜਿਸ ਤਰ੍ਹਾਂ ਬਸੰਤ ਰੁੱਤ ਵਿਚ ਚੇਤ੍ਰ ਦਾ ਮਹੀਨਾ ਸਭ ਤੋਂ ਭਲਾ= ਚੰਗਾ ਹੈ, ਉਸ ਸਮੇਂ ਭੌਰੇ ਫੁੱਲਾਂ ਉੱਪਰ ਫਿਰਦੇ ਸੁਹਾਵੜੇ= ਸੋਭਨੀਕ ਹੁੰਦੇ ਹਨ।

ਇਸੇ ਤਰ੍ਹਾਂ ਮਨੁੱਖਾ ਦੇਹ ਰੂਪੀ ਬਸੰਤ ਰੁੱਤ ਵਿਚ ਸ਼ੌਕ ਅਵਸਥਾ ਰੂਪੀ ਚੇਤ੍ਰ ਦਾ ਮਹੀਨਾ ਸਭ ਤੋਂ ਚੰਗਾ ਹੈ, ਕਿਉਂਕਿ ਏਸੇ ਵਿਚ ਪ੍ਰਭੂ ਦੀ ਪ੍ਰਾਪਤੀ ਹੈ।

ਯਥਾ:- ਭਈ ਪਰਾਪਤਿ ਮਾਨੁਖ ਦੇਹੁਰੀਆ ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ *(ਪੰਨਾ ੧੨)*

ਇਸ ਸਮੇਂ ਉਤਮ ਜਗਿਆਸੂ ਰੂਪ ਭੌਰੇ ਸ਼ੁਭਗੁਣਾਂ ਰੂਪੀ ਸੁਗੰਧੀ ਨੂੰ ਲੈ ਕੇ ਸੋਭਨੀਕ ਹੋ ਰਹੇ ਹਨ।

ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥

ਜਿਵੇਂ ਬਾਰਿ= ਉਜਾੜ ਵਿਚ ਬਨ= ਬਾਗ਼ ਫੁੱਲਾਂ ਕਰ ਕੇ ਪ੍ਰਫੁੱਲਤ ਹੁੰਦੇ ਹਨ, ਅਜਿਹੇ ਸਮੇਂ ਵਿਚ ਵਿਜੋਗ-ਵਤੀ ਇਸਤ੍ਰੀ ਆਖਦੀ ਹੈ ਕਿ ਮੇਰੇ ਘਰ ਵਿਚ ਮੇਰਾ ਪਤੀ ਬਾਹੁੜੈ= ਪ੍ਰਾਪਤ ਹੋਵੇ। ਤਿਵੇਂ ਸੰਸਾਰ ਰੂਪ ਬਾਰਿ ਮੰਝ= ਉਜਾੜ ਵਿਚ ਸੰਤਾਂ ਰੂਪੀ ਬਨ= ਬਾਗ਼, ਧਰਮ ਤਪ ਰੂਪ ਫੁੱਲਾਂ ਕਰ ਕੇ ਤੇ ਗਿਆਨ-ਫਲਾਂ ਕੇ ਪ੍ਰਫੁੱਲਤ ਹਨ।

ਜਗਿਆਸੂ ਰੂਪੀ ਇਸਤ੍ਰੀ ਆਖਦੀ ਹੈ ਕਿ ਅਜਿਹੇ ਸਮੇਂ ਵਿਚ ਮੈਨੂੰ ਬਹੁਤ ਉਤਕੰਠਾ ਲੱਗ ਰਹੀ ਹੈ, ਇਸ ਕਰ ਕੇ ਮੇਰੇ ਅੰਤਹਕਰਨ ਰੂਪੀ ਘਰ ਵਿਚ ਪਤੀ-ਪਰਮਾਤਮਾ ਬਾਹੁੜੈ= ਪ੍ਰਾਪਤ ਹੋਵੇ।

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ ॥

ਵਿਜੋਗਵਤੀ ਇਸਤ੍ਰੀ ਆਖਦੀ ਹੈ, ਪਤੀ ਘਰ ਵਿਚ ਨਹੀਂ ਆਉਂਦਾ ਇਸ ਕਰ ਕੇ ਹੇ ਸਖੀ! ਮੈਂ ਧਨ ਕਿਸ ਤਰ੍ਹਾਂ ਸੁਖ ਪਾਉਣਾ ਕਰਾਂ ? ਬਿਰਹਿ= ਵਿਛੋੜਾ ਪਾਉਣ ਵਾਲੀਆਂ ਜੋ ਬਿਰੋਧ= ਵਿਰੋਧਣਾਂ ਹਨ, ਉਹਨਾਂ ਕਰ ਕੇ ਮੇਰਾ ਸਰੀਰ ਛੀਜੈ= ਕਮਜ਼ੋਰ ਹੋ ਰਿਹਾ ਹੈ।

ਇਸੇ ਤਰ੍ਹਾਂ ਜਗਿਆਸੂ ਰੂਪੀ ਇਸਤ੍ਰੀ ਆਖਦੀ ਹੈ- ਹੇ ਸੰਤੋ ! ਪਤੀ-ਪਰਮਾਤਮਾ ਮੇਰੇ ਅੰਤਹਕਰਨ ਰੂਪੀ ਘਰ ਵਿਚ ਨਹੀਂ ਆਉਂਦਾ ਭਾਵ ਸਖਿਆਤਕਾਰ ਨਹੀਂ ਹੁੰਦਾ, ਇਸ ਕਰ ਕੇ ਮੈਂ ਧਨ= ਇਸਤ੍ਰੀ ਕਿਸ ਤਰ੍ਹਾਂ ਸੁਖ ਪਾਉਣਾ ਕਰਾਂ। ਬਿਰਹਿ= ਵਿਛੋੜਾ ਪਾਉਣ ਵਾਲੇ ਬਿਰੋਧੀ ਜੋ ਕਾਮ ਆਦਿਕ ਹਨ, ਉਹਨਾਂ ਕਰ ਕੇ ਮੇਰਾ ਸਰੀਰ ਛੀਜੈ= ਕਮਜ਼ੋਰ ਹੋ ਰਿਹਾ ਹੈ। *ਅਥਵਾ :-* ਵਿਛੋੜਾ ਜੋ ਵਿਰੋਧੀ ਹੈ, ਉਸ ਕਰ ਕੇ ਮੇਰਾ ਤਨੁ= ਸਰੀਰ ਲਿੱਸਾ ਹੋ ਰਿਹਾ ਹੈ।

ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥

ਜਿਵੇਂ ਬਸੰਤ ਰੁਤ ਵਿਚ ਅੰਬਾਂ ਦੇ ਬ੍ਰਿਛਾਂ ਉਪਰ ਕੋਇਲਾਂ ਸੁਹਾਵੀ= ਸੋਹਣੀਆਂ ਬੋਲਦੀਆਂ ਹਨ, ਉਹਨਾਂ ਬੋਲਾਂ ਨੂੰ ਸੁਣ ਕੇ ਵਿਜੋਗਵਤੀ ਇਸਤ੍ਰੀ ਆਖਦੀ ਹੈ- ਮੈਂ ਆਪਣੇ ਪਤੀ ਦੇ ਵਿਛੋੜੇ ਦਾ ਦੁੱਖ ਅੰਕਿ= ਹਿਰਦੇ ਵਿਚ ਕਿਵੇਂ ਸਹਾਰਨਾ ਕਰਾਂ?

ਤਿਵੇਂ ਜਗਿਆਸੂ ਆਖਦਾ ਹੈ-ਨਾਮਰਸੀਏ ਸੰਤ ਹੀ ਇਕ ਸੁੰਦਰ ਅੰਬਾਂ ਦਾ ਬਾਗ਼ ਹਨ, ਉਸ ਵਿਚ ਸੰਤਾਂ ਦੀ ਕੋਕਿਲ= ਜਿਹਵਾ ਨਾਮ ਰੂਪ ਸੋਹਣੇ ਬਚਨਾਂ ਨੂੰ ਬੋਲ ਰਹੀ ਹੈ।

ਪ੍ਰਸ਼ਨ- ਸੰਤਾਂ ਦੀ ਜ਼ਬਾਨ ਨੂੰ ਕੋਇਲ ਕਿਉਂ ਕਿਹਾ ਹੈ? *ਉੱਤਰ-*

ਸੰਤਾਂ ਦੀ ਬਾਣੀ ਬਿਹਤਰ ਹੈ ਭਾਵ ਸੰਤਾਂ ਦੀ ਬੋਲ-ਬਾਣੀ ਵਿਚ ਏਨੀ ਮਿਠਾਸ ਹੈ ਕਿ ਹਰੇਕ ਦਾ ਦਿਲ ਮੋਹ ਲੈਂਦੇ ਹਨ।

ਉਪਕਾਰੀ ਪਿਆਰੀ ਗਿਰਾ ਕਰੈ ਅਕਿਰਤਮ ਪ੍ਰੀਤਿ।
ਸੰਤਨ ਇਹੀ ਸੁਭਾਵ ਸਸਿ ਸੀਤਲ ਕਿਨ ਕੀਤ।।

(ਸਾਰੁਕਤਾਵਲੀ ਅਧਿ. ੧੧

ਇਸੇ ਕਰ ਕੇ ਸੰਤਾਂ ਦੀ ਬਾਣੀ ਪਿਕ ਕਹੀ ਹੈ ਜਿਸ ਤੇ ਪਿਕ ਹੈ ਇਸ ਤੇ ਕੋਇਲ ਕਹੀ ਹੈ। ਅਜਿਹੇ ਸਮੇਂ ਵਿਚ ਜਗਿਆਸੂ ਆਖਦਾ ਹੈ- ਹੇ ਹਰੀ ! ਮੈਂ ਆਪ ਜੀ ਦੇ ਵਿਛੋੜੇ ਦਾ ਦੁੱਖ ਅੰਕਿ= ਹਿਰਦੇ ਵਿਚ ਕਿਸ ਤਰ੍ਹਾਂ ਸਹਾਰਾਂ?

ਭਵਰ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥

(ਜਿਵੇਂ ਫੁੱਲੀਆਂ ਹੋਈਆਂ ਡਾਲਾਂ ਉੱਤੇ) ਭੌਰੇ ਗੁੰਜਾਰ ਸ਼ਬਦ ਕਰਦੇ ਹਨ, (ਅਜਿਹੇ ਸਮੇਂ ਵਿਜੋਗਵਤੀ ਇਸਤ੍ਰੀ ਆਖਦੀ ਹੈ) ਹੇ ਮਾਏ= ਸੰਤੋ! ਮੈਂ ਪਤੀ ਤੋਂ ਬਿਨਾਂ ਕਿਵੇਂ ਜੀਵਾਂ? ਮੇਰਾ ਤਾਂ ਪਤੀ ਤੋਂ ਬਿਨਾਂ ਮਰਨਾ ਹੋ ਰਿਹਾ ਹੈ।

ਇਸੇ ਤਰ੍ਹਾਂ- ਕਰੁਣਾ, ਮੈਤ੍ਰੀ ਤੇ ਮੁੱਦਤਾ ਰੂਪ ਫੁੱਲੀਆਂ ਹੋਈਆਂ ਡਾਲਾਂ ਉਪਰ ਜਗਿਆਸੂ ਰੂਪ ਭੌਰੇ ਭਵੰਤਾ= ਗੁੰਜਾਰ ਸ਼ਬਦ ਕਰਦੇ ਹਨ ਭਾਵ ਆਨੰਦ ਲੈਂਦੇ ਹਨ। *ਅਥਵਾ :-* ਧਰਮ ਰੂਪ ਫੁੱਲਾਂ ਕੇ ਫੁੱਲੀਆਂ ਹੋਈਆਂ ਜੋ ਵੇਦ ਸ਼ਾਖਾਂ ਰੂਪ ਡਾਲਾਂ ਹਨ, ਜਿਸ ਵਿਖੇ ਸੰਤਾਂ ਦੇ ਗੁਣ ਰੂਪ ਬਹੁਤ ਭਵੰਤਾ= ਪ੍ਰਕਾਰ ਦੇ ਬਚਨ ਹੰਨ ਉਹਨਾਂ ਉਤੇ ਜਗਿਆਸੂ ਰੂਪ ਭੌਰੇ ਵਿਚਰ ਰਹੇ ਹਨ। ਅਜਿਹੇ ਸਮੇਂ ਪਰ ਮੈਂ ਪਤੀ-ਪਰਮਾਤਮਾ ਤੋਂ ਬਿਨਾਂ ਕਿਵੇਂ ਜੀਵਾਂ? ਹੇ ਮਾਏ= ਸੰਤੋ ! ਮੇਰਾ ਤਾਂ ਪਤੀ ਤੋਂ ਬਿਨਾਂ ਮਰਨਾ ਹੋ ਰਿਹਾ ਹੈ।

ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥ ੫॥

ਗੁਰੂ ਜੀ ਕਥਨ ਕਰਦੇ ਹਨ—ਹੇ ਧਨ ! ਜੇ ਤੂੰ ਘਰ ਵਿਚ ਆਪਣੇ ਪਤੀ ਨੂੰ ਪਾ ਲਵੇਂ ਤਾਂ ਤੂੰ ਚੇਤਰ ਦੇ ਮਹੀਨੇ ਵਿਚ ਸੁਭਾਵਕ ਹੀ ਸੁਖ ਪਾਵੇਂਗੀ।

ਇਸੇ ਤਰ੍ਹਾਂ ਹੇ ਜਗਿਆਸੂ ਰੂਪ ਇਸਤ੍ਰੀ ! ਜੇ ਤੂੰ ਹਿਰਦੇ-ਘਰ ਵਿਚ ਆਪਣੇ ਪਰਮੇਸ਼ਰ ਰੂਪ ਪਤੀ ਨੂੰ ਪਾ ਲਵੇਂ ਤਾਂ ਮਨੁੱਖਾ ਦੇਹ ਰੂਪ ਬਸੰਤ ਰੁੱਤ ਵਿਚ ਜੋ ਸ਼ੋਂਕ ਅਵਸਥਾ ਰੂਪ ਚੇਤਰ ਦਾ ਮਹੀਨਾ ਹੈ ਉਸ ਵਿਚ ਸਹਜਿ= ਅੱਚੁਤ ਸੁਖ ਨੂੰ ਪਾ ਲਵੇਂਗੀ॥ ੫॥

ਵਿਜੋਗਵਤੀ ਪਤੀਬ੍ਰਤ ਧਰਮ ਵਾਲੀ ਇਸਤ੍ਰੀ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਸਾਹਿਬ ਜੀ ਵੈਸਾਖ ਮਹੀਨੇ ਵਿਚ ਜਗਿਆਸੂ ਦੀ ਵਿਵਸਥਾ ਕਥਨ ਕਰਦੇ ਹਨ:

ਵੈਸਾਖੁ ਭਲਾ ਸਾਖਾ ਵੇਸ ਕਰੇ॥

ਜਿਸ ਵੇਲੇ ਵੈਸਾਖ ਦਾ ਮਹੀਨਾ ਆਉਂਦਾ ਹੈ ਤਾਂ ਬ੍ਰਿਛਾਂ ਦੀਆਂ ਸਾਖਾ= ਟਾਹਣੀਆਂ ਭਲਾ ਵੇਸ ਕਰਦੀਆਂ ਭਾਵ ਪ੍ਰਫੁੱਲਤ ਹੁੰਦੀਆਂ ਹਨ। ਐਸੀ ਸੁੰਦਰ ਬਹਾਰ ਦੇ ਆਉਣ ਕਰ ਕੇ।

ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥

ਵਿਜੋਗਵਤੀ ਧਨੁ= ਇਸਤ੍ਰੀ ਆਪਣੇ ਘਰ ਦੇ ਦੁਆਰਿ= ਬੂਹੇ ਵਿਚ ਖੜੀ ਹੋਈ ਹੋਈ ਆਪਣੇ ਹਰਿ= ਪਤੀ ਨੂੰ ਵੇਖਦੀ ਹੈ ਤੇ ਬੇਨਤੀ ਕਰਦੀ ਹੈ ਕਿ ਹੇ ਪਤੀ ਦੇਵ ਜੀ ! ਦਇਆ ਦ੍ਰਿਸ਼ਟੀ ਕਰ ਕੇ ਘਰ ਵਿਚ ਆ ਕੇ ਪ੍ਰਾਪਤ ਹੋਵੋ।

ਯਥਾ:-ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥

(ਗਉੜੀ ਕਬੀਰ ਜੀ, ਪੰਨਾ ੩੩੭)

ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥

ਹੇ ਪਿਆਰੇ ਪਤੀ ਜੀਓ ! ਘਰ ਵਿਚ ਆਵੋ, ਆ ਕੇ ਮੈਨੂੰ ਦੁਤਰ ਤਾਰੇ= ਮੁਸ਼ਕਲਾਂ ਤੋਂ ਤਾਰਨਾ ਕਰੋ, ਆਪ ਜੀ ਤੋਂ ਬਿਨਾਂ ਮੇਰਾ ਅਢੁ ਨ ਮੋਲੋ= ਅੱਧੀ ਕੌਡੀ ਵੀ ਮੁੱਲ ਨਹੀਂ ਹੈ।

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥

(ਵਿਜੋਗਣ ਪਤੀਬ੍ਰਤ ਧਰਮ ਵਾਲੀ ਇਸਤ੍ਰੀ ਆਖਦੀ ਹੈ- ਹੇ ਪਤੀ! ਜੇ ਕਰ ਮੈਂ ਤੁਧੁ ਭਾਵਾ= ਆਪ ਜੀ ਨੂੰ ਭਾ ਜਾਵਾਂ ਤਾਂ ਮੇਰੀ ਕੀਮਤ ਨੂੰ ਕੌਣ ਕਰ ਸਕਦਾ ਹੈ ? ਹੇ ਢੋਲੋ= ਪਿਆਰੇ ਪਤੀ ! ਤੂੰ ਮੇਰੇ ਵੱਲ ਵੇਖ ਤੇ ਆਪਣਾ ਦਰਸ਼ਨ ਮੈਨੂੰ ਵਿਖਾਉਣਾ ਕਰ।

ਇਸੇ ਤਰ੍ਹਾਂ ਹੁਣ ਜਗਿਆਸੂ ਦੀ ਬਿਵਸਥਾ ਸੁਣਨਾ ਕਰੋ-

ਵੈਸਾਖੁ ਭਲਾ ਸਾਖਾ ਵੇਸ ਕਰੇ॥

ਵੈਸਾਖੁ (ਵੈ ਸਾਖੁ)= ਉਗਾਹੀ ਦੇ ਦੇਣ ਵਾਲੇ ਜੋ ਗੁਰੂ ਹਨ ਵੈ= ਉਹ ਗੁਰੂ ਸਾਹਿਬ ਜੀ ਵੈਸਾਖ ਮਹੀਨੇ ਦੁਆਰਾ ਕਥਨ ਕਰਦੇ ਹਨ, ਵੇਦਾਂ ਦੀਆਂ ਜੋ ਸਾਖਾਂ ਹਨ, ਉਨ੍ਹਾਂ ਦੁਆਰੇ ਜਗਿਆਸੂ ਭਜਨ-ਸਿਮਰਨ ਰੂਪੀ ਭਲਾ ਵੇਸ ਕਰਦਾ ਹੈ।

ਅਥਵਾ :- ਵੈ= ਉਹ ਵੇਦ ਪ੍ਰਤਿਪਾਦਜ ਸਾਖੁ= ਤਤ ਮਿਥਿਆ ਦਾ ਵਿਵੇਚਨ ਸੋ ਕਹੀਏ ਵੈਸਾਖ ਤਾਂ ਮਹਿ ਸੰਤ ਰਸਾਲ ਬਾਗ ਸੰਸਾਰ ਰੂਪ ਜੰਗਲ ਵਿਚ ਧਰਮ ਰੂਪ ਫੁੱਲਾਂ ਕਰ ਕੇ ਪ੍ਰਫੁੱਲਤ ਤਿਨ ਸੰਬੰਧੀ ਜੋ ਵੇਦ ਸ਼ਾਖਾਂ ਹਨ ਉਨ੍ਹਾਂ ਦੁਆਰੇ ਜਗਿਆਸੂ ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਭਲਾ ਵੇਸ ਕਰਦਾ ਹੈ, ਭਾਵ ਸਾਧਨਾਂ ਦੇ ਸੰਯੁਗਤ ਹੁੰਦਾ ਹੈ।

ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥

(ਜਗਿਆਸੂ ਰੂਪ) ਧਨੁ= ਇਸਤ੍ਰੀ ਆਖਦੀ ਹੈ, ਹੇ ਹਰੀ ! ਮੈਂ ਆਪ ਜੀ ਦੇ ਸਤ ਸੰਗਤ ਰੂਪ ਦਰਵਾਜ਼ੇ 'ਤੇ ਇਸਥਿਤ ਹੋ ਕੇ ਆਪ ਜੀ ਨੂੰ ਵੇਖ ਰਹੀ ਹਾਂ ਭਾਵ ਆਪ ਜੀ ਦੀ ਆਸਾ ਕਰ ਰਹੀ ਹਾਂ, ਆਪ ਦਇਆ ਦ੍ਰਿਸ਼ਟੀ ਕਰ ਕੇ ਅੰਤਹਕਰਨ ਰੂਪੀ ਘਰ ਵਿਚ ਆ ਕੇ ਸਖਿਆਤਕਾਰ ਹੋਵੋ।

ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥

ਹੇ ਪਿਆਰੇ ਪਤੀ ! ਮੇਰੇ ਅੰਤਹਕਰਨ ਰੂਪ ਘਰ ਵਿਚ ਆ ਕੇ ਪ੍ਰਾਪਤ ਹੋਵੋ, ਪ੍ਰਾਪਤ ਹੋ ਕੇ ਮੈਨੂੰ ਦੁਤਰ ਤਾਰੇ= ਕਠਿਨ ਸੰਸਾਰ- ਸਮੁੰਦਰ ਤੋਂ ਤਾਰਨਾ ਕਰੋ, ਆਪ ਜੀ ਦੇ ਮਿਲੇ ਤੋਂ ਬਿਨਾਂ ਮੇਰਾ ਅਢੁ= ਅੱਧੀ ਕੌਡੀ ਵੀ ਮੁੱਲ ਨਹੀਂ ਹੈ।

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥

ਹੇ ਪਤੀ-ਪਰਮਾਤਮਾ ! ਜੇਕਰ ਮੈਂ ਆਪ ਜੀ ਨੂੰ ਭਾ ਜਾਵਾਂ ਤਾਂ ਮੇਰੀ ਕੀਮੰਤ ਨੂੰ ਕੌਣ ਕਰ ਸਕਦਾ ਹੈ ?

ਭਗਵਾਨ ਨੇ ਕਿਹਾ- "ਮੇਰਾ ਪ੍ਰਾਪਤ ਹੋਣਾ ਕੀ ਹੈ, ਮੈਂ ਤਾਂ ਤੇਰੇ ਅੰਦਰ ਅੱਗੇ ਹੀ ਪ੍ਰਾਪਤ ਹਾਂ।" ਇਹ ਗੱਲ ਸੁਣ ਕੇ ਜਗਿਆਸੂ ਨੇ ਕਿਹਾ- ਹੇ ਢੋਲੋ= ਪਿਆਰੇ ਪਤੀ- ਪਰਮਾਤਮਾ ! ਭਾਵੇਂ ਆਪ ਹਿਰਦੇ ਅੰਦਰ ਹੀ ਹੋ, ਪਰ ਫੇਰ ਭੀ ਆਪ ਜੀ ਦਾ ਵੇਖਣਾ ਤਾਂ ਹੁੰਦਾ ਹੈ ਜੇਕਰ ਆਪ ਦੇਖਿ= ਗਿਆਨ- ਦ੍ਰਿਸ਼ਟੀ ਨਾਲ ਵਿਖਾਉਣਾ ਕਰੋ।

ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥

(ਜਗਿਆਸੂ ਰੂਪ ਇਸਤ੍ਰੀ ਨੇ ਕਿਹਾ)- ਹੇ ਪਿਆਰੇ ਪਤੀ-ਪਰਮਾਤਮਾ! ਇਹ ਕਿਰਪਾ ਕਰ ਕਿ ਮੈਂ ਆਪ ਜੀ ਨੂੰ ਦੂਰ ਨਾ ਜਾਣਨਾ ਕਰਾਂ।

ਪ੍ਰਭੂ ਨੇ ਕਿਹਾ-"ਘਟ ਵਾਂਗ ਸਮੀਪ ਜਾਣਨ ਦੀ ਇੱਛਾ ਹੈ ?"

ਤਾਂ ਜਗਿਆਸੂ ਨੇ ਕਿਹਾ-ਜੇ ਘਟ ਵਾਂਗ ਨੇੜੇ ਜਾਣਾ ਤਾਂ ਉਪਾਧੀ ਬਣੀ ਰਹੇਗੀ, ਉਪਾਧੀ ਭੇਦ ਕਰ ਕੇ ਹੀ ਸਾਰੇ ਦੁੱਖ ਪ੍ਰਾਪਤ ਹੁੰਦੇ ਹਨ। ਮੈਂ ਆਪ ਜੀ ਸਰੀਰ ਦੇ ਅੰਤਰਿ ਮਾਨਾ= ਅੰਦਰ ਹੀ ਮੰਨਣਾ ਕਰਾਂ।

ਤਾਂ ਭਗਵਾਨ ਨੇ ਕਿਹਾ-"ਅੰਦਰ ਤਾਂ ਅੰਤਹਕਰਨ ਹੈ ਉਸ ਦੇ ਜਾਣਨ ਦੀ ਇੱਛਾ ਹੈ?"

ਜਗਿਆਸੂ ਰੂਪ ਇਸਤ੍ਰੀ ਨੇ ਕਿਹਾ-"ਨਹੀਂ, ਅੰਤਹਕਰਨ ਤਾਂ ਜੜ੍ਹ ਹੈ।"

ਮੈਂ ਤਾਂ- ਹਰਿ ਕਾ ਮਹਲੁ ਪਛਾਨਾ= ਹੇ ਹਰੀ ! ਆਪ ਜੀ ਦਾ ਜੋ ਸਰੂਪ ਹੈ, ਉਸ ਨੂੰ ਪਛਾਣਨਾ ਚਾਹੁੰਦੀ ਹਾਂ।

ਹੁਣ ਗੁਰੂ ਸਾਹਿਬ ਜੀ ਵੈਸਾਖ ਮਹੀਨੇ ਨੂੰ ਸਮਾਪਤ ਕਰਦੇ ਹੋਏ ਅੰਤ ਨੂੰ ਮਹਿਲ ਦੇ ਪਛਾਣਨ ਵਿਚ ਫਲ ਵਿਸ਼ਿਸ਼ਟ ਸਾਧਨ ਕਥਨ ਕਰਦੇ ਹਨ :-

ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥ ੬॥

(ਅੰਨਵੇ :-) ਗੁਰੂ ਜੀ ਕਥਨ ਕਰਦੇ ਹਨ- ਗੁਰਾਂ ਦੇ ਸਬਦਿ= ਉਪਦੇਸ਼ ਵਿਚ ਜਿਸ ਦਾ ਮਨ ਸੁਰਤਿ= ਗਿਆਤ,

ਅਥਵਾ :- ਸ੍ਰੇਸ਼ਟ ਪ੍ਰੀਤੀ ਪੂਰਬਕ ਮੰਨਿਆ ਗਿਆ ਹੈ, ਵੈ= ਉਹ ਗਿਆਨੀ, ਵੈ= ਨਿਸਚੇ ਸਹਿਤ, ਵੈ ਸਾਖੀਂ= ਉਸ ਪ੍ਰੇਰਕ ਪ੍ਰਭੂ ਨੂੰ ਪਾ ਲੈਂਦਾ ਹੈ॥ ੬॥

ਵਿਜੋਗਣ ਪਤੀਬ੍ਰਤ ਧਰਮ ਵਾਲੀ ਇਸਤ੍ਰੀ ਦਾ ਦ੍ਰਿਸ਼ਟਾਂਤ ਦੇ ਕੇ ਜਗਿਆਸੂ ਰੂਪ ਇਸਤ੍ਰੀ ਨੂੰ ਸ਼ੁਭ ਸਿਖਿਆ ਦਿੰਦੇ ਹਨ :-

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥

ਜੇਠ ਦੇ ਮਾਹੁ= ਮਹੀਨੇ ਵਿਚ ਭਲਾ ਪ੍ਰੀਤਮ ਜੋ ਪਤੀ ਹੈ, ਉਹ ਇਸਤ੍ਰੀ ਨੂੰ ਕਿਵੇਂ ਭੁੱਲ ਸਕਦਾ ਹੈ? ਅਰਥਾਤ ਨਹੀਂ ਭੁੱਲਦਾ।

ਇਸੇ ਤਰ੍ਹਾਂ ਗੁਰੂ ਜੀ ਜੇਠ ਮਹੀਨੇ ਦੁਆਰਾ ਕਥਨ ਕਰਦੇ ਹਨ, ਜਗਿਆਸੂ ਰੂਪ ਇਸਤ੍ਰੀ ਨੂੰ ਭਲਾ ਪ੍ਰੀਤਮੁ= ਪਰਮਾਤਮਾ ਕਿਵੇਂ ਭੁੱਲ ਸਕਦਾ ਹੈ ? ਅਰਥਾਤ ਨਹੀਂ ਭੁੱਲਦਾ।

ਅਥਵਾ :- ਮਾਹੁ= ਉਤਕ੍ਰਿਸ਼ਟ ਸਾਰਿਆਂ ਤੋਂ ਜੇਠੁ= ਵੱਡਾ ਜੋ ਤੀਬਰ ਵੈਰਾਗ ਹੈ ਏਹੋ ਇਕ ਜੇਠ ਦਾ ਮਹੀਨਾ ਹੈ, ਇਸ ਵਿਚ ਭਲਾ ਪ੍ਰੀਤਮੁ= ਪਰਮਾਤਮਾ ਕਿਵੇਂ ਭੁੱਲ ਸਕਦਾ ਹੈ? ਅਰਥਾਤ ਨਹੀਂ ਭੁੱਲਦਾ।

ਮੰਦ ਵੈਰਾਗ ਵਿਚ ਭਲਾ ਪ੍ਰੀਤਮੁ= ਪਰਮਾਤਮਾ ਭੁੱਲ ਜਾਵੇ ਤਾਂ ਕੋਈ ਅਸਚਰਜ ਨਹੀਂ।

ਪ੍ਰਸ਼ਨ- "ਮੰਦ ਵੈਰਾਗ ਕਿਸ ਨੂੰ ਕਹਿੰਦੇ ਹਨ?" ਉੱਤਰ-

ਇਸਤ੍ਰੀ ਆਦਿਕਾਂ ਦੇ ਮਰਨ ਪਰ, ਜਾਂ ਬਿਭੂਤੀ ਦੇ ਅਭਾਵ ਹੋ ਜਾਣ ਭਾਵ ਦਿਵਾਲਾ ਨਿਕਲਣ ਪਰ ਆਪਣੇ ਘਰ-ਬਾਰ ਨੂੰ ਛੱਡ ਕੇ ਸਿਰ ਮੂੰਹ ਮੁਨਾ ਕੇ ਸੰਨਿਆਸੀ ਬਣ ਜਾਣਾ, ਇਸੇ ਨੂੰ ਮੰਦ ਵੈਰਾਗ ਆਖਦੇ ਹਨ। ਜਿਵੇ:-

ਨਾਰਿ ਮੁਈ ਗ੍ਰਿਹ ਸੰਪਤਿ ਨਾਸੀ। ਮੂੰਡ ਮੁੰਡਾਇ ਹੋਹਿਂ ਸੰਨਯਾਸੀ।....੧੦੦॥

(ਰਾਮ ਚਰਿਤ੍ਰ ਮਾਨਸ, ਤੁਲਸੀ ਰਮਾਇਣ, ਉਤਰਾ ਕਾਂਡ)

ਤਥਾ:- "ਪੁਤ੍ਰ ਦਾਰਾਦਿ ਵਿਸ਼ੇ ਵਿਜੋਗੇ ਪਿ ਧਿਕ ਸੰਸਾਰ
ਇਤਿ ਬੁਧਜਾ ਵਿਸ਼ੇ ਜਿਹਾਸਾ ਮੰਦ ਵੈਰਾਗ॥

ਅਰਥ- ਪੁਤ੍ਰ ਇਸਤ੍ਰੀ ਆਦਿਕ ਵਿਸ਼ਿਆਂ ਦੇ ਵਿਜੋਗ ਹੋਣ ਕਰ ਕੇ ਸੰਸਾਰ ਨੂੰ ਧ੍ਰਿਗਕਾਰ ਅਰਥਾਤ ਦੁਖ ਰੂਪ ਕਹਿਣਾ ਅਜਿਹੀ ਬੁੱਧੀ ਕਰ ਕੇ ਜੋ ਵਿਸ਼ਿਆਂ ਦਾ ਤਿਆਗ ਕਰਨਾ, ਏਹੀ ਮੰਦ ਵੈਰਾਗ ਹੈ।

ਤਥਾ:- ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥ *(ਪੰਨਾ ੩੨੨)*

ਤਥਾ:- ਪੂੰਅਰ ਤਾਪ ਗੇਰੀ ਕੇ ਬਸਤ੍ਰਾ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥
ਦੇਸੁ ਛੋਡਿ ਪਰਦੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥ ੪॥

(ਪ੍ਰਭਾਤੀ ਮਹਲਾ ੫, ਪੰਨਾ ੧੩੪੮)

ਤਥਾ:- ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ॥

(ਮ: ੪, ਪੰਨਾ ੮੩੫)

ਇਤਿਆਦਿਕ ਸਾਰੇ ਮੰਦ ਵੈਰਾਗੀ ਦੇ ਲਖਸ਼ਣ ਕਥਨ ਕੀਤੇ ਹਨ।

ਵੈਰਾਗ ਚਾਰ ਪ੍ਰਕਾਰ ਦਾ ਹੈ:-

੧. ਯਤਮਾਨ। ੨. ਵਿਤਰੇਕ। ੩. ਏਕ ਇੰਦ੍ਰੀਏ। ੪. ਵਸੀਕਰਨ ਵੈਰਾਗ। ਭਾਵ-

੧- ਰਾਗ ਦ੍ਵੈਸ਼ ਆਦਿਕ ਦੋਸ਼ਾਂ ਦੇ ਤਿਆਗ ਦੀ ਇੱਛਾ ਕਰ ਕੇ ਜੋ ਪ੍ਰਯਤਨ ਕਰਨਾ ਹੈ, ਇਸ ਨੂੰ 'ਯਤਮਾਨ ਵੈਰਾਗ' ਆਖਦੇ ਹਨ।

੨- ਇਸ ਦੇ ਪਿੱਛੋਂ ਮੇਰੇ ਹਿਰਦੇ ਵਿੱਚੋਂ ਇਤਨੇ ਦੋਸ਼ ਨਿਕਲ ਚੁੱਕੇ ਹਨ ਤੇ ਇਤਨੇ ਬਾਕੀ ਰਹਿੰਦੇ ਹਨ, ਇਸ ਵਿਚਾਰ ਦਾ ਨਾਂ 'ਵਿਤਰੇਕ ਵੈਰਾਗ' ਹੈ।

੩- ਇੰਦ੍ਰੀਆਂ ਨੂੰ ਬਾਹਰਲੇ ਵਿਸ਼ਿਆਂ ਵੱਲੋਂ ਰੋਕਣਾ ਤੇ ਮਨ ਵਿਚ ਵਿਸ਼ੇ ਦੀ ਕੁਝ ਸੂਖਮ ਇੱਛਾ ਬਣੀ ਰਹਿਣੀ, ਇਸ ਦਾ ਨਾਂ 'ਏਕ ਇੰਦ੍ਰੇ' ਵੈਰਾਗ ਹੈ।

੪- ਅਚਾਨਕ ਪ੍ਰਾਪਤ ਹੋਏ ਵਿਸ਼ੇ ਦਾ ਤਿਆਗ ਕਰਨਾ, ਇਸ ਦਾ ਨਾਂ 'ਵਸੀਕਰਨ ਵੈਰਾਗ' ਹੈ।

ਅੱਗੋਂ ਫਿਰ ਵੈਰਾਗ ਦੇ ਤਿੰਨ ਭੇਦ ਹਨ:

੧. ਮੰਦ ਵੈਰਾਗ। ੨. ਤੀਬਰ ਵੈਰਾਗ। ੩. ਤੀਬਰ ਤਰ ਵੈਰਾਗ।

੧-ਮੰਦ ਵੈਰਾਗ ਦਾ ਸਰੂਪ ਪਹਿਲੇ ਲਿਖ ਦਿੱਤਾ ਹੈ।

੨-ਤੀਬਰ ਵੈਰਾਗ:-'ਅਸਮਿਤ ਜਨਮਨਿ ਪੁਤ੍ਰ ਦਾਰਾਦਿ ਮਾਸਤੁ

ਇਤਿ ਬੁਧਜਾ ਵਿਸ਼ੇ ਜਿਹਾਸਾ ਤੀਬਰ ਵੈਰਾਗੰ।

ਅਰਥ- ਅਸਮਿਤ ਜਨਮਨਿ= ਇਸ ਜਨਮ ਵਿਚ ਪੁਤਰ ਤੇ ਦਾਰਾਦਿ= ਇਸਤ੍ਰੀ ਆਦਿਕ ਵਿਸ਼ੇ ਮੈਨੂੰ ਮਾਸਤੂ= ਮਤਾਂ ਪ੍ਰਾਪਤ ਹੋਣ। ਇਸ ਤਰ੍ਹਾਂ ਦੀ ਬੁੱਧੀ ਕਰ ਕੇ ਜੋ ਵਿਸ਼ਿਆਂ ਦਾ ਜਿਹਾਸਾ= ਤਿਆਗ ਕਰਨਾ ਹੈ ਇਸ ਦਾ ਨਾਂ 'ਤੀਬਰ ਵੈਰਾਗ' ਹੈ।

੩-ਤੀਬਰ ਤਰ ਵੈਰਾਗ- ਪੁਨਰਾ ਬਿਰਤੀ ਬ੍ਰਹਮ ਲੋਕਾਦਿ ਪ੍ਰਯੰਤ ਮਾਸਤੂ

ਇਤਿ ਬੁਧਜਾ ਵਿਸ਼ੇ ਜਿਹਾਸਾ ਤੀਬਰ ਤਰ ਵੈਰਾਗ।

ਅਰਥ- ਜਿਨ੍ਹਾਂ ਲੋਕਾਂ ਵਿਚ ਜਾ ਕੇ ਫਿਰ ਮੁੜ ਆਵੇ ਉਸ ਨੂੰ ਪੁਨਰਾ ਬਿਰਤੀ ਕਹਿੰਦੇ ਹਨ। ਇਉਂ ਸ਼ਿਵ ਲੋਕ, ਬ੍ਰਹਮ ਲੋਕ, ਆਦਿਕ ਜਿਤਨੇ ਭੀ ਲੋਕ ਹਨ ਉਹ ਮੈਨੂੰ ਮਤਾਂ ਪ੍ਰਾਪਤ ਹੋਣ ਅਜਿਹੀ ਇੱਛਾ ਕਰ ਕੇ ਜੋ ਵਿਸ਼ਿਆਂ ਦਾ ਤਿਆਗ ਹੈ ਅਰਥਾਤ ਦੋਹਾਂ ਲੋਕਾਂ ਦੇ ਸੁਖ ਦੀ ਇੱਛਾ ਦਾ ਅਭਾਵ ਕਰਨਾ, ਇਸ ਨੂੰ 'ਤੀਬਰ ਤਰ ਵੈਰਾਗ' ਕਹਿੰਦੇ ਹਨ।

ਉਸ ਪਰਮੇਸ਼ਰ ਨੂੰ ਭਲਾ ਪ੍ਰੀਤਮ ਇਸ ਵਾਸਤੇ ਕਿਹਾ ਹੈ, ਉਹ ਲੋਕ ਪ੍ਰਲੋਕ ਵਿਚ ਜੀਵ ਦੀ ਹਰ ਵੇਲੇ ਰਖਿਆ ਕਰਦਾ ਹੈ।

ਦੂਜਾ ਕਾਰਨ ਇਹ ਭੀ ਹੈ- ਦੁਨੀਆਂ ਦੇ ਲੋਕ ਇਸ ਪੁਰਸ਼ ਦੇ ਔਗੁਣ ਵੇਖ ਕੇ ਬੋਲ ਕੁਬੋਲ ਬੋਲਦੇ ਹੋਏ ਇੰਜ ਆਖਦੇ ਹਨ ਕਿ ਇਸ ਨੂੰ ਓਥੇ ਮਾਰੀਏ ਜਿਥੇ ਪਾਣੀ ਭੀ ਨਾ ਮਿਲੇ ਪਰ ਉਹ ਪਰਮਾਤਮਾ ਧੰਨ ਹੈ ਜੋ ਜੀਵਾਂ ਦੇ ਔਗੁਣ ਵੇਖਦਾ ਹੋਇਆ ਭੀ ਅੰਨ- ਜਲ ਦਿੱਤੀ ਜਾਂਦਾ ਹੈ।

ਯਥਾ:- ਰੋਜੀ ਹੀ ਰਾਜ ਬਿਲੋਕਤ ਰਾਜਕ, ਰੋਖ ਰੂਹਾਨ ਕੀ ਰੋਜੀ ਨ ਟਾਰੈ॥

(ਦਸਮ, ਪੰਨਾ ੩੪)

ਤਥਾ:-ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ॥

ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ॥ ੨॥ (ਪੰਨਾ ੫੧੮)

(ਸਾਖੀ— ਹਜਰਤ ਮੂਸਾ ਦੀ)

ਪ੍ਰਭੂ ਦੇ ਮਿਲੇ ਬਿਨਾਂ ਜੋ ਦੁੱਖ ਹੋ ਰਿਹਾ ਹੈ ਉਹ ਕਥਨ ਕਰਦੇ ਹਨ-

ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥

ਹੇ ਪ੍ਰਭੂ ! ਆਪ ਜੀ ਦੇ ਵਿਜੋਗ ਰੂਪ ਅੱਗ ਕਰ ਕੇ ਮੈਂ ਦਾਸੀ ਦਾ ਅੰਤਹਕਰਨ ਰੂਪ ਥਲ= ਅਸਥਾਨ ਭਾਰ= ਭਠ ਦੇ ਸਰ= ਸਦਰਸ ਤਪ ਰਿਹਾ ਹੈ, ਇਸ ਕਰ ਕੇ ਸਾ= ਮੈਂ ਧਨ= ਇਸਤ੍ਰੀ ਆਪ ਜੀ ਅੱਗੇ ਬਿਨਉ ਕਰੈ= ਬੇਨਤੀ ਕਰਦੀ ਹਾਂ।

ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥

ਮੈਂ ਧਨ= ਇਸਤ੍ਰੀ ਬਾਣੀ ਕਰ ਕੇ ਆਪ ਦੇ ਅੱਗੇ ਬਿਨਉ= ਬੇਨਤੀ ਕਰਦੀ ਹਾਂ ਅਤੇ ਮਨ ਕਰ ਕੇ ਆਪ ਜੀ ਦੇ ਗੁਣਾਂ ਨੂੰ ਸਾਰੇਦੀ= ਸੰਭਾਲਦੀ ਹਾਂ, ਕਿਉਂਕਿ ਆਪ ਜੀ ਦੇ ਗੁਣਾਂ ਨੂੰ ਸਾਰੀ= ਸੰਭਾਲਾਂਗੀ ਤਾਂ ਹੀ ਹੇ ਪ੍ਰਭੂ ! ਆਪ ਜੀ ਨੂੰ ਭਾਵਾਂਗੀ।

ਇਹ ਗੱਲ ਸੁਣ ਕੇ ਭਗਵਾਨ ਨੇ ਕਿਹਾ— "ਜਦ ਤੂੰ ਗੁਣਾਂ ਨੂੰ ਸੰਭਾਲ ਲਿਆ ਤਾਂ ਤੇਰੀ ਭਗਤੀ ਸਿਧ

ਹੋ ਗਈ ਫਿਰ ਕਿਸ ਗੱਲ ਦੀ ਕਸਰ ਹੈ?'' ਤਾਂ ਜਗਿਆਸੂ ਰੂਪ ਇਸਤ੍ਰੀ ਨੇ ਕਿਹਾ-

ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥

ਹੇ ਪੂਰਨ ਬੈਰਾਗੀ= ਵੈਰਾਗਵਾਨ* ਅਥਵਾ :- ਨਿਰਲੇਪ ਪਰਮਾਤਮਾ ਸਚੇ ਮਹਲਿ= ਸਰੂਪ *ਅਥਵਾ :-* ਸਤਸੰਗ ਵਿਚ ਰਹਿਣ ਵਾਲੇ ! ਇਹ ਘਰ ਦੇ ਸਮੂਹ ਬਿਘਨ ਭਾਵ ਘਰ ਦੇ ਧੰਦੇ *ਅਥਵਾ :-* ਕਾਮ ਆਦਿਕ ਦੁਸ਼ਮਣ ਆਉਣ ਦੇਣ ਤਾਂ ਮੈਂ ਆਪ ਜੀ ਦੀ ਤਰਫ ਆਵਾਂ, ਪਰ ਇਹ ਮੈਨੂੰ ਆਉਣ ਨਹੀਂ ਦਿੰਦੇ, ਏਹੋ ਕਸਰ ਹੈ।

ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥

ਜਿਵੇਂ ਪ੍ਰਤੱਖ ਇਸਤ੍ਰੀ ਦਾ ਮਾਣ ਤਾਣ ਆਪਣੇ ਪਤੀ ਕਰ ਕੇ ਹੀ ਹੁੰਦਾ ਹੈ, ਪਤੀ ਤੋਂ ਬਿਨਾਂ ਕੋਈ ਮਾਣ ਤਾਣ ਨਹੀਂ। ਤਿਵੇਂ ਹੇ ਹਰੀ ! ਆਪ ਜੀ ਦੀ ਪ੍ਰਾਪਤੀ ਹੋਏ ਤੋਂ ਬਿਨਾਂ ਮੈਂ ਮਨ ਕਰ ਕੇ ਨਿਮਾਣੀ ਹਾਂ, ਤਨ ਕਰ ਕੇ ਨਿਤਾਣੀ ਹਾਂ ਅਰਥਾਤ ਆਪ ਜੀ ਤੋਂ ਬਿਨਾਂ ਮੇਰਾ ਕਿਸੇ ਉੱਪਰ ਮਾਣ-ਤਾਣ ਨਹੀਂ ਹੈ।

੧) ਹੇ ਹਰੀ ! ਆਪ ਜੀ ਤੋਂ ਬਿਨਾਂ ਮੈਂ ਮਹਲੀ= ਜਗਿਆਸੂ ਕਿਵੇਂ ਸੁਖਾਂ ਨੂੰ ਪਾਉਣਾ ਕਰਾਂ?

੨) ਹੇ ਹਰੀ ! ਆਪ ਜੀ ਤੋਂ ਬਿਨਾਂ ਮੈਂ ਮਹਲੀ= ਸਰੂਪ ਸੁਖ ਨੂੰ ਕਿਵੇਂ ਪਾਉਣਾ ਕਰਾਂ?

੩) ਹੇ ਮਹਲੀ= ਮਹਿਲਾਂ ਵਾਲੇ ਪ੍ਰਭੂ ! ਆਪ ਦੀ ਪ੍ਰਾਪਤੀ ਰੂਪ ਸੁਖ ਨੂੰ ਮੈਂ ਕਿਵੇਂ ਪਾਉਣਾ ਕਰਾਂ?

ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥ ੭॥

ਗੁਰੂ ਜੀ ਕਥਨ ਕਰਦੇ ਹਨ- ਜਿਹੜੀ ਜਗਿਆਸੂ ਰੂਪ ਇਸਤਰੀ ਜੇਠਿ= ਤੀਬਰ ਵੈਰਾਗ ਧਾਰ ਕੇ ਉਸ ਪਰਮਾਤਮਾ ਨੂੰ ਜਾਣਦੀ ਹੈ, ਉਹ ਤਿਸੁ= ਉਸ ਪਰਮਾਤਮਾ ਜੈਸੀ= ਵਰਗੀ (ਹੋ ਜਾਂਦੀ) ਹੈ।

ਯਥਾ:- ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥ *(ਦਸਮ, ਪੰਨਾ ੫੯)*

ਤੇ ਜਿਹੜੀ ਇਸਤ੍ਰੀ ਕਰਮ ਕਾਂਡੀਆਂ ਦੇ ਮੱਤ ਅਨੁਸਾਰ ਸ਼ਕਾਮ ਕਰਮਾਂ ਦੇ ਕਰਨ ਵਿਚ ਮਿਲੀ ਹੈ ਉਸ ਨੂੰ ਤਿੰਨਾਂ ਗੁਣਾਂ ਨੇ ਗਹਿਲੀ= ਗ੍ਰਸ ਲਿਆ ਹੈ, ਜੋ ਤਿੰਨਾਂ ਗੁਣਾਂ ਕਰ ਕੇ ਗ੍ਰਸੀ ਗਈ ਹੈ ਓਹੀ ਜੰਮਦੀ ਮਰਦੀ ਹੈ, ਕਿਉਂਕਿ ਸ਼ਾਸਤ੍ਰਾਂ ਦਾ ਇਹ ਨਿਯਮ ਹੈ ਕਰਮਾਂ ਦੇ ਕਰਨ ਨਾਲ ਸਰੀਰ ਰੂਪ ਕਪੜੇ ਦੀ ਪ੍ਰਾਪਤੀ ਹੈ-

ਯਥਾ:- ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ *(ਜਪੁ ਜੀ, ਪੰਨਾ ੨)*

ਅਥਵਾ :- ਗੁਰੂ ਜੀ ਕਥਨ ਕਰਦੇ ਹਨ- ਜਿਹੜੀ ਜਗਿਆਸੂ ਰੂਪ ਇਸਤ੍ਰੀ ਸਾਰਿਆਂ ਤੋਂ ਜੇਠਿ= ਵੱਡੇ ਪ੍ਰਭੂ ਨੂੰ ਜਾਣਦੀ ਹੈ, ਉਹ ਉਸ ਪ੍ਰਭੂ ਜੈਸੀ ਹੋ ਗਈ ਹੈ ਤੇ ਜਿਹੜੀ ਜਗਿਆਸੂ ਰੂਪ ਇਸਤ੍ਰੀ ਕਰਮਿ ਮਿਲੈ= ਨਿਸ਼ਕਾਮ ਕਰਮਾਂ ਦੇ ਕਰਨ ਵਿਚ ਮਿਲੀ ਹੈ, ਉਸ ਉਤੇ ਪ੍ਰਭੂ ਦੀ ਕਰਮਿ= ਕਿਰਪਾ ਹੋਈ ਹੈ, ਪ੍ਰਭੂ ਦੀ ਕਿਰਪਾ ਦਾ ਫਲ ਗੁਰਾਂ ਦੀ ਪ੍ਰਾਪਤੀ ਹੋਈ ਜਾਂ ਗੁਰਾਂ ਦੀ ਸੇਵਾ- ਟਹਲ ਕੀਤੀ ਤਾਂ ਗੁਰਾਂ ਦੀ ਕਰਮਿ= ਕਿਰਪਾ ਨਾਲ ਸ਼ਬਦ ਦੀ ਪ੍ਰਾਪਤੀ ਹੋਈ, ਸ਼ਬਦ ਕਰ ਕੇ ਸ਼ੁਭ ਗੁਣਾਂ ਦੇ ਧਾਰਨ ਵਿਚ ਮਿਲੀ, ਸ਼ੁਭ ਗੁਣਾਂ ਦੇ ਮਿਲਣ ਕਰ ਕੇ ਪ੍ਰਭੂ ਨੇ ਇਸ ਨੂੰ ਬੁੱਧੀ ਰੂਪੀ ਬਾਂਹ ਤੋਂ ਗਹਿ-ਲੀ= ਫੜ ਲਿਆ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਫਿਰ ਆਪਣੇ ਵਿਚ ਲੀ= ਲੀਣ ਅਰਥਾਤ ਅਭੇਦ ਕਰ ਲਿਆ॥ ੭॥

**ਕਿਸੇ ਦੇ ਘਰ ਵਿਚ ਇਕ ਜਣਾ ਕਦੀ ਮਰ ਜਾਵੇ ਤਾਂ ਕਈ ਸਾਲ ਸ਼ੋਕ ਨਿਕਲਦਾ ਨਹੀਂ ਨਾ ਹੀ ਰੋਣਾ- ਪਿੱਟਣਾ ਬੰਦ ਹੁੰਦਾ ਹੈ। ਪਰਮੇਸ਼ਰ ਅਜਿਹਾ ਵੈਰਾਗੀ ਹੈ ਕਿ ਭਾਵੇਂ ਸਾਰਾ ਸੰਸਾਰ ਖਤਮ ਹੋ ਜਾਵੇ ਪਰ ਉਸ ਨੂੰ ਕੋਈ ਸ਼ੋਕ ਨਹੀਂ ਹੁੰਦਾ।*

ਆਸਾੜੁ ਭਲਾ ਸੂਰਜੁ ਗਗਨਿ ਤਪੈ॥

ਆਸਾੜੁ= ਹਾੜ ਦੇ ਮਹੀਨੇ ਵਿਚ ਗਗਨਿ= ਅਕਾਸ਼ ਵਿਖੇ ਸੂਰਜ ਭਲਾ= ਚੰਗਾ ਤਪਦਾ ਹੈ।

ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥

(ਜਿਸ ਵੇਲੇ ਸੂਰਜ) ਅੱਗ ਵਾਂਗ ਭਖੈ= ਤਪਦਾ ਹੈ ਤਾਂ ਜਲ ਦੇ ਸੋਖੈ= ਸੁੱਕਣ ਕਰ ਕੇ ਧਰਤੀ ਦੁੱਖਾਂ ਨੂੰ ਸਹੈ= ਸਹਾਰਦੀ ਹੈ।

ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥

(ਜਿਸ ਵੇਲੇ ਅਕਾਸ਼ ਵਿਚ ਸੂਰਜ ਅੱਗ ਵਾਂਗ ਤਪਦਾ ਹੈ ਤਾਂ ਧਰਤੀ ਵਿਚੋਂ) ਰਸੁ= ਜਲ ਨੂੰ ਸੋਖੈ= ਸੁਕਾ ਦੇਂਦਾ ਹੈ, (ਵਿਜੋਗਵਤੀ ਇਸਤ੍ਰੀ ਆਖਦੀ ਹੈ, ਇਸ) ਧੋਖੈ= ਸੰਸੇ ਕਰ ਕੇ ਮੇਰਾ ਮਰਨਾ ਹੋ ਰਿਹਾ ਹੈ, ਕਿਉਂਕਿ ਇਕ ਤਾਂ ਪਤੀ ਦਾ ਵਿਛੋੜਾ ਤਪਾ ਰਿਹਾ ਹੈ, ਦੂਜਾ ਉਪਰੋਂ ਸੂਰਜ ਤਪਾ ਰਿਹਾ ਹੈ, ਭੀ= ਪੁਨਾ ਸੋ= ਉਹ (ਸੂਰਜ ਆਪਣੇ ਤਪਾਉਣ ਦੀ) ਕਿਰਤ ਨੂੰ ਹਾਰਦਾ ਨਹੀਂ (ਧਰਤੀ ਨੂੰ ਤਪਾਈ ਜਾਂਦੀ ਹੈ)।

ਅਥਵਾ :— ਉਹ ਧਰਤੀ ਆਪਣੀ ਕਿਰਤ ਨੂੰ ਹਾਰਦੀ ਨਹੀਂ ਭਾਵੇਂ ਸੂਰਜ ਤਪ ਕੇ ਧਰਤੀ ਉੱਤੇ ਪੈਦਾ ਹੋਏ ਬੂਟਿਆਂ ਨੂੰ ਸਾੜਦਾ ਹੈ ਪਰ ਧਰਤੀ ਵਿਚ ਜੋ ਸੂਖਮ ਅੰਗੂਰੀ ਹੈ ਉਸ ਨੂੰ ਧਰਤੀ ਆਪਣੇ ਵਿਚ ਛਪਾ ਕੇ ਰੱਖਦੀ ਹੈ, ਜਿਸ ਵੇਲੇ ਬੱਦਲ ਆ ਕੇ ਵਰਖਾ ਕਰਦੇ ਹਨ ਤਾਂ ਧਰਤੀ ਆਪਣੇ ਵਿਚੋਂ ਉਸ ਸੂਖਮ ਅੰਗੂਰੀ ਨੂੰ ਬਾਹਰ ਪ੍ਰਗਟ ਕਰਦੀ ਹੈ।

ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥

(ਜਿਸ ਵੇਲੇ ਸੂਰਜ ਦਾ) ਰੱਥ ਹਾੜ ੧੩* ਨੂੰ ਦਖਨੈਣ ਦੀ ਤਰਫ ਫਿਰ ਜਾਂਦਾ ਹੈ ਤਾਂ ਧਨ= ਇਸਤ੍ਰੀਆਂ ਤੇ ਮੁਸਾਫਰ ਬ੍ਰਿਛਾਂ ਦੀ ਛਾਇਆ ਤਾਕੈ= ਤੱਕਦੇ ਹਨ ਅਤੇ ਟੀਡੁ= ਬਿੰਡੇ ਬਾਰੇ= ਉਜਾੜ ਮੰਝਿ= ਵਿਚ ਲਵੈ= ਬੋਲਦੇ ਹਨ। ਇਥੋਂ ਤਕ ਦ੍ਰਿਸ਼ਟਾਂਤ ਕਥਨ ਕਰ ਕੇ ਹੁਣ ਦਾਦਿਸ਼ਟਾਂਤ ਆਖਦੇ ਹਨ-

ਆਸਾੜੁ ਭਲਾ ਸੂਰਜੁ ਗਗਨਿ ਤਪੈ॥

ਆਸਾ ਰੂਪੀ ਹਾੜ ਦੇ ਮਹੀਨੇ ਵਿਚ ਹਿਰਦੇ ਰੂਪ ਆਕਾਸ਼ ਵਿਚ ਰਾਗ ਦ੍ਵੈਸ਼ ਰੂਪੀ ਕਿਰਣਾਂ ਦੇ ਸਹਿਤ ਅਗਿਆਨ ਰੂਪ ਸੂਰਜ ਭਲਾ= ਚੰਗਾ ਤਪ ਰਿਹਾ ਹੈ।

ਪ੍ਰਸ਼ਨ :- ਸੂਰਜ ਪਦ ਦਾ ਅਰਥ ਗਿਆਨ ਹੁੰਦਾ ਹੈ, ਆਪ ਜੀ ਨੇ ਸੂਰਜ ਦਾ ਅਰਥ ਅਗਿਆਨ ਇਥੇ ਹੀ ਕਿਹਾ ਹੈ ਯਾਂ ਹੋਰ ਕਿਸੇ ਜਗ੍ਹਾ ਪਰ ਭੀ ਕਿਹਾ ਹੈ?

ਉੱਤਰ :- ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਗੌਂਡ ਰਾਗ ਵਿਚ ਲਿਖਿਆ ਹੈ:

ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ॥ ੧॥

(ਗੌਂਡ ਮਹਲਾ ੪, ਪੰਨਾ ੮੬੦)

ਅਰਥ :- ਜਿਸ ਤਰ੍ਹਾਂ ਸੂਰੁ= ਸੂਰਜ ਕਰ ਕੇ ਸਕਤਿ= ਰੇਤਾ ਬਹੁਤ ਹੀ ਜਲਤਾ= ਸੜਦਾ ਹੈ ਤੇ ਸਸਿ=

**ਜਿਸ ਵੇਲੇ ਹਾੜ ੧੩ ਨੂੰ ਸੂਰਜ ਦਾ ਰੱਥ ਦਖਨੈਣ ਹੁੰਦਾ ਹੈ ਤਾਂ ਸੁਰਗ ਦੇ ਬੂਹੇ ਬੰਦ ਹੋ ਜਾਂਦੇ ਹਨ, ਜਿਸ ਵੇਲੇ ੯ ਪੋਹ ਨੂੰ ਸੂਰਜ ਦਾ ਰਥ ਉਤਰੈਣ ਹੁੰਦਾ ਹੈ ਤਾਂ ਸੁਰਗ ਦੇ ਬੂਹੇ ਖੁਲ੍ਹ ਜਾਂਦੇ ਹਨ, ਇਸੇ ਕਾਰਨ ਕਰਕੇ ਜੋਗੀ ਸਮੇਂ ਦਾ ਵਿਚਾਰ ਕਰ ਕੇ ਪ੍ਰਾਣ ਤਿਆਗ਼ਦੇ ਹਨ ਇਹ ਪੁਰਾਣਕ ਮਤ ਅਨੁਸਾਰ ਹੈ।*

ਭੀਸ਼ਮ ਪਿਤਾਮਾ ਦੀ ਸਾਖੀ ਯਾਦ ਰੱਖਣੀ।

ਚੰਦ੍ਰਮਾ ਦੇ ਦੇਖਣ ਕਰਕੇ ਸਾਰੀ ਤਪਸ਼ਤਾ ਦੂਰ ਹੋ ਜਾਂਦੀ ਹੈ। ਇਸੇ ਤਰ੍ਹਾਂ ਅਗਿਆਨ ਰੂਪ ਸੂਰਜ ਕਰ ਕੇ ਜੀਵ ਰੂਪ ਰੇਤਾ ਬਹੁਤ ਹੀ ਸੜਦਾ ਹੈ ਤੇ ਗੁਰੂ ਸਾਹਿਬ ਰੂਪ ਚੰਦ੍ਰਮਾ ਦੇ ਦੇਖਣ ਕਰ ਕੇ ਸਾਰੀ ਤਪਸ਼ਤਾ ਦੂਰ ਹੋ ਜਾਂਦੀ ਹੈ।

ਗੁਸਾਈਂ ਤੁਲਸੀ ਦਾਸ ਜੀ ਨੇ ਭੀ ਅਗਿਆਨ ਨੂੰ ਸੂਰਜ ਕਥਨ ਕੀਤਾ ਹੈ:-

ਸੰਸਾਰ ਪਤੰਗੋ ਘੋਰ ਕਿਰਣਹ ਨੌ ਦਹੰਤੀ ਮਾਨਵਹ।

ਜਿਹੜਾ ਪੁਰਸ਼ ਤੁਲਸੀ ਰਾਮਾਇਣ ਰੂਪ ਮਾਨਵਹ= ਮਾਨ ਸਰੋਵਰ ਵਿਚ ਇਸ਼ਨਾਨ ਕਰਦਾ ਹੈ, ਉਹ ਪੁਰਸ਼ ਰਾਗ ਦ੍ਵੈਸ਼ ਰੂਪੀ ਭਿਆਨਕ ਕਿਰਣਾਂ ਦੇ ਸਹਿਤ ਜੋ ਸੰਸਾਰ= ਅਗਿਆਨ ਰੂਪੀ ਪਤੰਗੋ= ਸੂਰਜ ਹੈ, ਉਸ ਕਰ ਕੇ ਸੜਦਾ ਨਹੀਂ ਹੈ।

ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥

ਜਿਸ ਵੇਲੇ ਅਗਿਆਨ ਰੂਪ ਸੂਰਜ ਜਗਿਆਸੂ ਦੇ ਹਿਰਦੇ ਰੂਪ ਅਕਾਸ਼ ਵਿਚ ਅੱਗ ਵਾਂਗ ਤਪਦਾ ਹੈ ਤੇ ਸ਼ੁਭ ਗੁਣਾਂ ਰੂਪੀ ਜਲ ਨੂੰ ਸੁਕਾ ਦਿੰਦਾ ਹੈ ਤਾਂ ਜਗਿਆਸੂ ਦੀ ਬੁੱਧੀ ਰੂਪ ਧਰਤੀ ਦੁੱਖਾਂ ਨੂੰ ਸਹਾਰਦੀ ਹੈ।

ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥

ਜਿਸ ਵੇਲੇ ਅਗਿਆਨ ਰੂਪ ਸੂਰਜ ਅੱਗ ਵਾਂਗ ਤਪ ਕੇ ਜਗਿਆਸੂ ਦੀ ਬੁੱਧੀ ਰੂਪੀ ਧਰਤੀ ਵਿਚੋਂ ਸ਼ੁਭ ਗੁਣਾਂ ਰੂਪੀ ਰਸੁ= ਜਲ ਨੂੰ ਸੋਖੈ= ਸੁਕਾ ਦਿੰਦਾ ਹੈ, ਤਾਂ ਉਸ ਵੇਲੇ ਜਗਿਆਸੂ ਰੂਪੀ ਸਖੀ ਆਖਦੀ ਹੈ- ਹੇ ਸੰਤੋ ! ਇਸ ਧੋਖੈ= ਸੰਸੇ ਕਰ ਕੇ ਮੇਰਾ ਮਰਨਾ ਹੋ ਰਿਹਾ ਹੈ, ਭੀ= ਪੁਨਾ ਓਹੀ ਅਗਿਆਨ ਰੂਪ ਸੂਰਜ ਤਪਾਉਣ ਦੀ ਕਿਰਤ ਨੂੰ ਹਾਰਦਾ ਨਹੀਂ।

ਅਥਵਾ :- ਜਗਿਆਸੂ ਦੀ ਬੁੱਧੀ ਰੂਪੀ ਧਰਤੀ ਪ੍ਰਭੂ-ਪ੍ਰਾਪਤੀ ਦੀ ਚਾਹ ਰੂਪ ਅੰਗੂਰੀ ਨੂੰ ਆਪਣੇ ਵਿਚ ਛਿਪਾ ਕੇ ਰੱਖਦੀ ਹੈ, ਜਿਸ ਵੇਲੇ ਗੁਰੂ-ਬੱਦਲ ਉਪਦੇਸ਼ ਦੁਆਰਾ ਨਾਮ-ਜਲ ਦੀ ਵਰਖਾ ਕਰਦੇ ਹਨ ਤਾਂ ਜਗਿਆਸੂ ਦੀ ਬੁੱਧੀ ਰੂਪ ਧਰਤੀ ਬਾਹਰ ਹਰਿਆਵਲਤਾ ਪੈਦਾ ਕਰਦੀ ਹੈ, ਅਰਥਾਤ ਭਜਨ-ਸਿਮਰਨ ਕਰਨ ਲੱਗ ਜਾਂਦੀ ਹੈ।

ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥

ਜਿਸ ਵੇਲੇ ਅਗਿਆਨ ਰੂਪ ਸੂਰਜ ਦਾ ਅਸੱਤਵਾ ਪਾਦਿਕ ਰੂਪ* ਰਥ (ਸੱਤਜੰ ਗਿਆਨ ਮਨੰਤੰ ਬ੍ਰਹਮ ਰੂਪ) ਪ੍ਰੋਖ ਗਿਆਨ ਕਰ ਕੇ ਫਿਰਿਆ, ਤਾਂ ਜਗਿਆਸੂ ਰੂਪ ਇਸਤ੍ਰੀ ਸ਼ਾਂਤੀ, *ਅਥਵਾ :-* ਬੁੱਧੀ ਦੀ ਇਕਾਗਰਤਾ

**ਨੋਟ-ਅਗਿਆਨ ਰੂਪ ਸੂਰਜ ਦੀਆਂ ਦੋ ਸ਼ਕਤੀਆਂ ਹਨ— ਇਕ ਅਵਰਨ ਸ਼ਕਤੀ ਹੈ, ਦੂਜੀ ਵਿਖੇਪ ਸ਼ਕਤੀ ਹੈ। ਫਿਰ ਅਵਰਨ ਸ਼ਕਤੀ ਦੋ ਪ੍ਰਕਾਰ ਦੀ ਹੈ— ਅਸੱਤਵਾ ਪਾਦਿਕ ਤੇ ਅਭਾਨਾ ਪਾਦਿਕ। ਨਾ ਅਸਤਿ ਨ ਭਾਂਤਿ ਇਤਿ ਵਿਵਹਾਰ ਹੇਤੂ ਅਵਰਨ ਸ਼ਕਤੀ। ਪਰਮਾਤਮਾ ਨਾ ਅਸਤਿ=ਨਹੀਂ ਹੈ, ਇਸ ਦੇ ਪਾਦਿਕ=ਜਨਾਉਣੇ ਵਾਲੀ ਨੂੰ ਅਸੱਤਵਾ ਪਾਦਿਕ ਕਹਿੰਦੇ।*

ਪਰਮਾਤਮਾ ਦੀ ਨ ਭਾਂਤਿ=ਪ੍ਰਤੀਤੀ ਨਾ ਹੋਣੀ ਇਸ ਨੂੰ ਅਭਾਨਾ ਪਾਦਿਕ ਆਖਦੇ ਹਨ। (ਪ੍ਰੋਖ) ਪ੍ਰੋਖ ਗਿਆਨ ਕਰ ਕੇ ਅਵਰਨ ਦੀ ਅਸੱਤਵਾ ਪਾਦਿਕ ਸ਼ਕਤੀ ਦੂਰ ਹੁੰਦੀ ਹੈ। (ਅਪ੍ਰੋਖ) ਅਪ੍ਰੋਖ ਗਿਆਨ ਕਰ ਕੇ ਅਵਰਨ ਦੀ ਅਭਾਨਾ ਪਾਦਿਕ ਸ਼ਕਤੀ ਦੂਰ ਹੁੰਦੀ ਹੈ। ਪ੍ਰਸ਼ਨ-ਪ੍ਰੋਖ ਗਿਆਨ ਤੇ ਅਪ੍ਰੋਖ ਗਿਆਨ ਕਿਸ ਨੂੰ ਕਹਿੰਦੇ ਹਨ? ਉੱਤਰ-"ਸਤਜੰ ਗਿਆਨ ਮਨੰਤੰ ਬ੍ਰਹਮ" ਇਹ ਪ੍ਰੋਖ ਗਿਆਨ ਹੈ। "ਅਹੰ ਬ੍ਰਹਮਾਸਮੀ" ਇਹ ਅਪ੍ਰੋਖ ਗਿਆਨ ਹੈ। ਪ੍ਰਸ਼ਨ-ਪ੍ਰੋਖ ਗਿਆਨ ਤੇ ਅਪ੍ਰੋਖ ਗਿਆਨ ਕਿਵੇਂ ਪ੍ਰਾਪਤ ਹੁੰਦੇ ਹਨ? ਉੱਤਰ-ਗੁਰਾਂ ਵਿਚ ਤੇ ਵੇਦ ਸ਼ਾਸਤ੍ਰਾਂ ਵਿਚ ਵਿਸ਼ਵਾਸ ਕਰਨ ਨਾਲ ਪ੍ਰੋਖ ਗਿਆਨ ਹੁੰਦਾ ਹੈ ਤੇ ਗੁਰੂ ਮੁਖ ਦੁਆਰਾ ਅਹੰ ਬ੍ਰਹਮਾਸਮੀ, ਤਤ੍ਵਮਸੀ, ਮਹਾਂ ਵਾਕ ਸ੍ਰਵਨ ਕਰਨ ਨਾਲ ਅਪ੍ਰੋਖ ਗਿਆਨ ਹੁੰਦਾ ਹੈ

ਰੂਪੀ ਛਾਇਆ ਨੂੰ ਤਾਕੈ= ਤੱਕਦੀ ਹੈ, ਹਿਰਦੇ ਰੂਪ ਬਾਰੇ= ਉਜਾੜ ਵਿਚ ਕਾਮ ਆਦਿਕ, *ਅਥਵਾ :-* ਇੰਦ੍ਰਿਆਂ ਰੂਪ ਬਿੰਡੇ ਬੋਲਦੇ ਹਨ, ਅਰਥਾਤ ਆਪੋ ਆਪਣੇ ਵਿਸ਼ਿਆਂ ਵੱਲ ਖਿੱਚਦੇ ਹਨ, ਇਸ ਕਰ ਕੇ ਸ਼ਾਂਤੀ ਤੇ ਇਕਾਗਰਤਾ ਹੋਣ ਨਹੀਂ ਦਿੰਦੇ, ਇਕਾਗਰਤਾ ਤੋਂ ਬਿਨਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥

ਜਿਹੜੀ ਜੀਵ ਰੂਪ ਇਸਤ੍ਰੀ ਬੁੱਧੀ ਰੂਪ ਪੱਲੇ ਵਿਚ ਅਉਗਣਾਂ ਨੂੰ ਬੰਨ੍ਹ ਕੇ ਸੰਸਾਰ ਵੱਲ ਚਲਦੀ ਹੈ, ਉਸ ਨੂੰ ਆਗੈ= ਅੱਗੇ ਪ੍ਰਲੋਕ ਵਿਚ ਗਿਆਂ ਦੁੱਖ ਪ੍ਰਾਪਤ ਹੁੰਦਾ ਹੈ, ਜਿਹੜੀ ਇਸਤ੍ਰੀ ਸੱਚ ਨਾਮ ਨੂੰ ਸੰਭਾਲਦੀ ਹੈ, ਤਿਸ ਨੂੰ ਸੁਖ ਪ੍ਰਾਪਤ ਹੁੰਦਾ ਹੈ।

ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥ ੮॥

ਗੁਰੂ ਜੀ ਕਥਨ ਕਰਦੇ ਹਨ- ਜਿਸ ਪ੍ਰਭੂ ਨੂੰ ਅਸਾਂ ਨੇ ਇਹ ਆਪਣਾ ਮਨ ਦਿੱਤਾ ਹੈ, ਉਸ ਪ੍ਰਭੂ ਦੇ ਨਾਲ ਹੀ ਸਾਡਾ ਜਿਉਣਾ ਤੇ ਮਰਨਾ ਹੈ॥ ੮॥

ਯਥਾ:- ਆਖਾ ਜੀਵਾ ਵਿਸਰੈ ਮਰਿ ਜਾਉ॥ *(ਪੰਨਾ ੯)*

ਤਥਾ:- ਮਰਣੰ ਬਿਸਰਣੰ ਗੋਬਿਦਹ॥ ਜੀਵਣੰ ਹਰਿ ਨਾਮ ਧ੍ਯਾਵਣਹ॥

(ਮਹਲਾ ੫ ਗਾਥਾ, ਪੰਨਾ ੧੩੬੧)

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥

ਜਿਵੇਂ ਪ੍ਰਤੱਖ ਸਾਵਣ ਦੇ ਮਹੀਨੇ ਵਿਚ ਘਣ= ਬੱਦਲ ਆ ਕੇ ਜਲ ਦੀ ਵਰਖਾ ਕਰਦੇ ਹਨ, ਐਸੀ ਰੁੱਤ ਦੇ ਆਇਆਂ ਸਾਰਿਆਂ ਦੇ ਮਨ ਵਿਚ ਸਰਸ= ਅਧਿਕ ਸਾਵਣਿ= ਅਨੰਦ ਹੁੰਦਾ ਹੈ।

ਯਥਾ:- ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥ *(ਪੰਨਾ ੧੨੭੯)*

ਤਿਵੇਂ ਨਰ ਦੇਹ ਹੀ ਇਕ ਸਾਵਣ ਦਾ ਮਹੀਨਾ ਹੈ ਜੋ ਸਰਸ= ਪ੍ਰੇਮ ਦੇ ਸਹਿਤ ਹੈ, ਐਸੀ ਰੁੱਤ ਦੇ ਆਇਆਂ ਗੁਰੂ ਰੂਪ ਬੱਦਲ ਉਪਦੇਸ਼-ਜਲ ਦੀ ਵਰਖਾ ਕਰਦੇ ਹਨ, ਇਸ ਤੇ ਮਨ ਵਿਚ ਸਰਸ= ਅਧਿਕ ਸਾਵਣਿ= ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥

(ਵਿਜੋਗਣ ਇਸਤ੍ਰੀ ਆਖਦੀ ਹੈ-) ਮੇਰੇ ਮਨ ਤਨ ਵਿਚ ਸਹੁ= ਪਤੀ ਭਾਉਂਦਾ ਹੈ ਪਰ ਪਤੀ ਪਰਦੇਸ ਵਿਚ ਸਿਧਾਏ= ਗਿਆ ਹੋਇਆ ਹੈ।

ਇਸੇ ਤਰ੍ਹਾਂ ਜਗਿਆਸੂ ਰੂਪ ਸਖੀ ਆਖਦੀ ਹੈ ਕਿ ਮੇਰੇ ਮਨ ਤਨ ਵਿਚ ਪਤੀ-ਪਰਮਾਤਮਾ ਚੰਗਾ ਲੱਗਦਾ ਹੈ, ਪਰ ਪਤੀ-ਪਰਮਾਤਮਾ ਪਰਦੇਸ ਗਿਆ ਹੋਇਆ ਹੈ ਭਾਵ ਅਸਖਿਆਤਕਾਰ ਹੈ।

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥

(ਵਿਜੋਗਣ ਇਸਤ੍ਰੀ ਆਖਦੀ ਹੈ-) ਮੇਰੇ ਘਰ ਵਿਚ ਪਤੀ ਆਉਂਦਾ ਨਹੀਂ ਹੈ, ਇਸ ਹਾਵੈ= ਝੋਰੇ ਕਰ ਕੇ ਮੈਂ ਮਰ ਰਹੀ ਹਾਂ, ਇਕ ਤਾਂ ਪਤੀ ਦੇ ਵਿਛੋੜੇ ਦਾ ਦੁੱਖ ਹੈ, ਦੂਜਾ ਦੁੱਖ ਇਹ ਹੈ ਜੋ ਉਪਰੋਂ ਦਾਮਨਿ= ਬਿਜਲੀ ਚਮਕ ਕੇ ਡਰਾ ਰਹੀ ਹੈ।

ਇਸੇ ਤਰ੍ਹਾਂ ਜਗਿਆਸੂ ਰੂਪੀ ਸਖੀ ਆਖਦੀ ਹੈ- ਹੇ ਸੰਤੋ ! ਪਤੀ-ਪਰਮਾਤਮਾ ਮੇਰੇ ਅੰਤਹਕਰਨ ਰੂਪੀ ਘਰ ਵਿਚ ਆ ਕੇ ਪ੍ਰਾਪਤ ਨਹੀਂ ਹੁੰਦਾ, ਇਸ ਹਾਵੈ= ਝੋਰੇ ਕਰ ਕੇ ਮੈਂ ਮਰ ਰਹੀ ਹਾਂ ਅਤੇ ਮਾਇਆ ਰੂਪੀ ਦਾਮਨਿ= ਬਿਜਲੀ ਚਮਕ ਕੇ ਅਰਥਾਤ ਨਾਨ੍ਹਾ ਪ੍ਰਕਾਰ ਦੇ ਹਾਵ- ਭਾਵ ਦਿਖਾ ਕੇ ਡਰਾ ਰਹੀ ਹੈ।

ਯਥਾ :- ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥ *(ਪੰਨਾ ੧੧੬੦)*

ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥

(ਵਿਜੋਗਣ ਇਸਤ੍ਰੀ ਆਖਦੀ ਹੈ- ਪਤੀ ਤੋਂ ਬਿਨਾਂ ਮੇਰੀ) ਸੇਜਾ ਇਕੱਲੀ ਹੈ ਇਸ ਤੇ ਮੈਂ ਖਰੀ ਦੁਹੇਲੀ= ਚੰਗੀ ਦੁਖੀ ਹੋ ਰਹੀ ਹਾਂ, ਹੇ ਮਾਏ= ਸਖੀ ! ਪਤੀ ਤੋਂ ਬਿਨਾਂ ਮੈਨੂੰ ਤਾਂ ਮਰਨ ਦਾ ਦੁੱਖ ਹੋ ਰਿਹਾ ਹੈ।

ਇਸੇ ਤਰ੍ਹਾਂ ਜਗਿਆਸੂ ਰੂਪੀ ਸਖੀ ਆਖਦੀ ਹੈ- ਮੇਰੀ ਅੰਤਹਕਰਨ ਰੂਪੀ ਸੇਜਾ ਇਕੱਲੀ ਹੈ ਅਰਥਾਤ ਪਰਮੇਸ਼ਰ- ਪਤੀ ਦੀ ਪ੍ਰਾਪਤੀ ਨਹੀਂ ਹੈ ਇਸ ਤੇ ਮੈਂ ਚੰਗੀ ਦੁਖੀ ਹੋ ਰਹੀ ਹਾਂ, ਹੇ ਮਾਏ= ਸੰਤੋ! ਪਤੀ- ਪਰਮੇਸ਼ਰ ਦੀ ਪ੍ਰਾਪਤੀ ਹੋਏ ਤੋਂ ਬਿਨਾਂ ਮੈਨੂੰ ਤਾਂ ਮਰਨ ਦਾ ਦੁੱਖ ਹੋ ਰਿਹਾ ਹੈ।

ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥

ਹੇ ਹਰੀ ! ਆਪ ਜੀ ਦੀ ਪ੍ਰਾਪਤੀ ਹੋਏ ਤੋਂ ਬਿਨਾਂ ਕਹੁ= ਦੱਸੋ ਖਾਂ ਨੀਂਦ ਕੈਸੇ ਆਵੇ ? ਤੇ ਭੁੱਖ ਕਿਵੇਂ ਲੱਗੇ? ਤੇ ਸਰੀਰ ਉੱਤੇ ਕਪੜੇ ਪਹਿਰਨੇ ਕਿਵੇਂ ਸੁਖਾਉਣ? ਅਰਥਾਤ ਨਹੀਂ ਸੁਖਾਉਂਦੇ। ਕੱਪੜਾ ਪਹਿਰਨਾ ਤ੍ਵਚਾ (ਚਮੜੀ) ਦਾ ਧਰਮ ਹੈ ਕਿਉਂਕਿ ਸਪਰਸ਼ ਧਰਮ ਤ੍ਵਚਾ ਦਾ ਹੈ। ਜਦ ਤ੍ਵਚਾ ਨੂੰ ਕੱਪੜਾ ਪਹਿਰਨਾ ਨਹੀਂ ਸੁਖਾਉਂਦਾ ਤਾਂ ਨੀਂਦ ਧਰਮ ਜੀਵ ਦਾ ਹੈ ਤੇ ਭੁਖ ਧਰਮ ਪ੍ਰਾਣਾਂ ਦਾ ਹੈ ਉਹ ਉਨ੍ਹਾਂ ਨੂੰ ਕਿਵੇਂ ਸੁਖਾ ਸਕਦਾ ਹੈ?

ਅਥਵਾ :- ਤਨਿ= ਅੰਤਹਕਰਨ ਵਿਚ ਪ੍ਰੇਮ ਰੂਪ ਕੱਪੜਾ, ਸ਼ਾਂਤੀ ਰੂਪ ਨਿੰਦ੍ਰਾ, ਇੱਛਾ ਰੂਪੀ ਭੁੱਖ ਕਿਵੇਂ ਸੁਖਾਉਂਦੀ ਹੈ ਭਾਵ ਚੰਗੀ ਨਹੀਂ ਲੱਗਦੀ।

ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥ ੯॥

ਗੁਰੂ ਜੀ ਕਥਨ ਕਰਦੇ ਹਨ- ਜੋ ਪਤੀ-ਪਰਮਾਤਮਾ ਦੇ ਅੰਕਿ= ਸਰੂਪ ਵਿਚ ਸਮਾਉਂਦੀ ਹੈ, ਉਹ ਪਤੀ-ਪਰਮਾਤਮਾ ਦੀ ਜਗਿਆਸੂ ਰੂਪੀ ਇਸਤ੍ਰੀ ਸੁਹਾਗਵੰਤੀ ਹੈ॥ ੯॥

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥

ਗੁਰੂ ਸਾਹਿਬ ਜੀ ਭਾਦਰੋਂ ਮਹੀਨੇ ਦੁਆਰਾ ਕਥਨ ਕਰਦੇ ਹਨ- ਜਿਵੇਂ ਪ੍ਰਤੱਖ ਇਸਤ੍ਰੀ ਭਰਮ ਵਿਚ ਭੁੱਲੀ ਹੋਈ, ਜੁਆਨੀ ਨੂੰ ਭਰ ਕੇ ਅਰਥਾਤ ਜੁਆਨੀ ਦਾ ਹੰਕਾਰ ਕਰ ਕੇ ਪਸ਼ਚਾਤਾਪ ਕਰਦੀ ਹੈ।

ਇਸੇ ਤਰ੍ਹਾਂ ਭਾ ਦਉ= ਦ੍ਵੈਤ ਰੂਪੀ ਜੋ ਭਾਦਰੋਂ ਦਾ ਮਹੀਨਾ ਹੈ ਇਸ ਵਿਚ ਬੁੱਧੀ ਭਰਮ ਵਿਚ ਭੁੱਲੀ ਹੋਈ ਹੈ, ਭਰਿ ਜੋਬਨਿ= ਜੁਆਨੀ ਦਾ ਭਰਨਾ ਏਹੋ ਹੈ ਜੋ ਆਸੁਰੀ ਸੰਪਦਾ ਦਾ ਇਕੱਠ ਹੋਇਆ ਹੈ, ਉਸ ਦਾ ਨਵਿਰਤ ਕਰਨਾ ਕਠਿਨ ਜਾਣ ਕੇ ਜਗਿਆਸੂ ਰੂਪੀ ਇਸਤ੍ਰੀ ਪਸ਼ਚਾਤਾਪ ਕਰਦੀ ਹੈ।

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥

(ਜਿਸ ਵੇਲੇ ਬੱਦਲ ਵਰਖਾ ਕਰਦੇ ਹਨ ਤਾਂ ਪ੍ਰਤੱਖ) ਜਲ ਦਾ ਥਲ= ਅਸਥਾਨ ਜੋ ਸਰੋਵਰ ਹਨ, ਉਹ ਨੀਰਿ= ਜਲ ਨਾਲ ਭਰ ਜਾਂਦੇ ਹਨ ਐਸੀ ਵਰਖਾ ਰੁੱਤ ਦੇ ਆਇਆਂ ਇਸਤ੍ਰੀ ਆਪਣੇ ਪਤੀ ਦੇ ਰੰਗੁ ਮਾਣੈ= ਅਨੰਦ ਨੂੰ ਭੋਗਦੀ ਹੈ। ਇਸੇ ਤਰ੍ਹਾਂ ਵਿਸ਼ਿਆਂ ਰੂਪੀ ਜਲ ਦਾ ਥਲ= ਅਸਥਾਨ ਜੋ ਇੰਦ੍ਰੀਏ ਹਨ, ਇਹ (ਸ਼ਬਦ,

ਸਪਰਸ਼, ਰੂਪ ਰਸ, ਗੰਧ ਆਦਿਕ) ਵਿਸ਼ਿਆਂ ਰੂਪੀ ਜਲ ਨਾਲ ਭਰ ਜਾਂਦੇ ਹਨ। ਮੋਹ ਰੂਪੀ, ਵਾ :- ਅਦ੍ਰਿਸ਼ਟਾਂ (ਸ਼ਕਾਮ ਕਰਮਾਂ) ਰੂਪੀ ਬੱਦਲ ਪਦਾਰਥਾਂ ਰੂਪ ਜਲ ਦੀ ਵਰਖਾ ਕਰਦੇ ਹਨ, ਐਸੀ ਵਰਖਾ ਰੁੱਤ ਦੇ ਆਇਆਂ ਅੰਤਹਕਰਨ ਉਸ ਦੇ ਵਿਚ ਫਸ ਕੇ ਸੰਸਾਰਕ ਰੰਗੁ ਮਾਣੀ= ਅਨੰਦ ਨੂੰ ਭੋਗਦਾ ਹੈ।

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥

ਇਕ ਤਾਂ ਮੋਹ, ਵਾ :- ਸ਼ਕਾਮ ਕਰਮਾਂ ਰੂਪੀ ਬੱਦਲ ਪਦਾਰਥਾਂ ਰੂਪੀ ਜਲ ਦੀ ਵਰਖਾ ਕਰ ਰਹੇ ਹਨ,

ਦੂਜੀ- ਨਿਸਿ ਕਾਲੀ= ਕਾਲੀ ਰਾਤ ਅਵਿਦਿਆ ਹੈ, *ਅਥਵਾ :—* ਅਵਸਥਾ ਰੂਪੀ ਨਿਸਿ= ਰਾਤ ਪਾਪਾਂ ਕਰ ਕੇ ਕਾਲੀ ਹੈ।

ਤੀਜਾ- ਰਾਗ ਦ੍ਵੈਸ਼ ਰੂਪੀ ਦਾਦਰ= ਡੱਡੂ ਬੋਲ ਰਹੇ ਹਨ।

ਚੌਥਾ- ਸੰਕਲਪਾਂ ਵਿਕਲਪਾਂ ਰੂਪੀ ਮੋਰ ਭੋਗਾਂ (ਪਦਾਰਥਾਂ) ਰੂਪੀ ਸੱਪਾਂ ਦੇ ਖਾਣ ਲਈ ਲੰਵਤੇ= ਬੋਲ ਰਹੇ ਹਨ, ਇਸ ਤਰ੍ਹਾਂ ਦੇ ਸਮੇਂ ਵਿਚ ਕਿਉਂ ਸੁਖੁ ਬਾਲੀ= ਜਗਿਆਸੂ ਰੂਪੀ ਇਸਤ੍ਰੀ ਨੂੰ ਕਿਵੇਂ ਸੁਖ ਪ੍ਰਾਪਤ ਹੋ ਸਕਦਾ ਹੈ?

ਹਾਂ, ਜੇ ਕਰ ਜਗਿਆਸੂ ਨੂੰ ਪਰਮੇਸ਼ਰ- ਪਤੀ ਦੀ ਇੱਛਾ ਨਾ ਹੋਵੇ ਤਾਂ ਸੁਖ ਹੋ ਸਕਦਾ ਹੈ, ਜੇ ਇੱਛਾ ਹੈ ਤਾਂ ਕਿਵੇਂ ਸੁਖ ਹੋ ਸਕਦਾ ਹੈ? ਕਿਉਂਕਿ ਸੰਸਾਰ ਵਿਚ ਦੋ ਪੁਰਸ਼ ਸੁਖੀ ਹਨ, ਇਕ ਗਿਆਨੀ ਦੂਜਾ ਅਗਿਆਨੀ। ਜਗਿਆਸੂ ਤਾਂ ਹਮੇਸ਼ਾਂ ਸਾਧਨਾਂ ਦੇ ਕਰਨ ਵਿਚ ਦੁਖੀ ਰਹਿੰਦਾ ਹੈ। ਕਬੀਰ ਜੀ ਉਪ੍ਰੋਕਤ ਪੁਰਸ਼ਾਂ ਬਾਰੇ ਇੰਓ ਲਿਖਦੇ ਹਨ:-

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥
ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥ ੧੮੧॥ *(ਪੰਨਾ ੧੩੭੪)*

ਪ੍ਰਸ਼ਨ- ਸੁਖ ਦੀ ਪ੍ਰਾਪਤੀ ਕਿਵੇਂ ਹੋਵੇ? *ਉੱਤਰ-*

ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥

ਜਿਸ ਤਰ੍ਹਾਂ ਪ੍ਰਤਖ ਪਪੀਹਾ ਪਿਰੀ-ਪਿਰੀ ਬੋਲਦਾ (ਰਹਿੰਦਾ) ਹੈ। ਇਸੇ ਤਰ੍ਹਾਂ ਜਿਸ ਦਾ ਚਿਤ ਰੂਪੀ ਪਪੀਹਾ ਪਿਰੀ-ਪਿਰੀ ਬੋਲਦਾ (ਰਹਿੰਦਾ) ਹੈ, ਉਸ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਭਾਦਰੋਂ ਦੇ ਮਹੀਨੇ ਵਿਚ ਧਰਤੀ ਵਿਚੋਂ ਸੱਪ ਨਿਕਲ ਕੇ ਡੰਗ ਮਾਰਦੇ ਫਿਰਦੇ ਹਨ, ਤਿਵੇਂ ਦ੍ਵੈਸ਼ ਭਾਵ ਰੂਪੀ ਭਾਦਰੋਂ ਦੇ ਮਹੀਨੇ ਵਿਚ ਬੁੱਧੀ ਰੂਪੀ ਧਰਤੀ 'ਤੇ ਕਾਮ ਆਦਿਕਾਂ ਰੂਪੀ ਸੱਪ ਜੀਵ ਨੂੰ ਡੰਗ ਮਾਰਦੇ ਫਿਰਦੇ ਹਨ।

ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥

ਜਿਵੇਂ ਭਾਦਰੋਂ ਦੇ ਮਹੀਨੇ ਵਿਚ ਮੱਛਰ ਡੰਗ ਮਾਰਦੇ ਹਨ ਤੇ ਸਾਇਰ= ਸਮੁੰਦ੍ਰ ਪਾਣੀ ਨਾਲ ਸੁਭਰ= ਲਬਾ ਲਬ ਭਰ ਜਾਂਦਾ ਹੈ, ਐਹੋ ਜਿਹੇ ਸਮੇਂ ਵਿਚ ਵਿਜੋਗਵਤੀ ਇਸਤ੍ਰੀ ਹਰਿ= ਪਤੀ ਤੋਂ ਬਿਨਾਂ ਕਿਵੇਂ ਸੁਖ ਪਾ ਸਕਦੀ ਹੈ?

ਤਿਵੇਂ ਦ੍ਵੈਸ਼ ਰੂਪੀ ਭਾਦਰੋਂ ਦੇ ਮਹੀਨੇ ਵਿਚ ਈਰਖਾ ਰੂਪੀ ਮੱਛਰ ਡੰਗਦਾ ਹੈ ਤੇ ਸੰਸਾਰ-ਸਮੁੰਦਰ ਜਨਮ ਮਰਨ ਰੂਪੀ ਜਲ ਨਾਲ ਸੁਭਰ= ਲਬਾ ਲਬ ਭਰਿਆ ਹੋਇਆ ਹੈ, ਹੇ ਸੰਤੋ! ਇਸ ਤਰ੍ਹਾਂ ਦੇ ਸਮੇਂ ਵਿਚ ਅਰਥਾਤ ਦੁਖਦਾਈ ਸੰਸਾਰ ਵਿਚ ਹਰੀ-ਪਤੀ ਤੋਂ ਬਿਨਾਂ ਮੈਂ ਕਿਵੇਂ ਸੁਖ ਪਾਵਨਾ ਕਰਾਂ।

ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥ ੧੦॥

ਗੁਰੂ ਜੀ ਕਥਨ ਕਰਦੇ ਹਨ- ਆਪਣੇ ਗੁਰਾਂ ਪਾਸੋਂ ਉਪਦੇਸ਼ ਪੁੱਛ ਕੇ ਪ੍ਰਭੂ ਵੱਲ ਚੱਲਣਾ ਕਰੋ। ਜਿਸ ਸਾਧਨ ਦੇ ਕਰਨ ਵਿਚ ਪ੍ਰਭੂ ਦੀ ਪ੍ਰਾਪਤੀ ਦੱਸਣ, ਉਸੇ ਸਾਧਨ ਦੇ ਕਰਨ ਵਿਚ ਜਾਣਾ ਕਰੀਏ॥ ੧੦॥

ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥

ਵਿਜੋਗਵਤੀ ਇਸਤ੍ਰੀ ਆਖਦੀ ਹੈ— ਅਸੁਨਿ= ਅੱਸੂ ਦੇ ਮਹੀਨੇ ਵਿਚ ਹੇ ਪਤੀ ਜੀਉ! ਘਰ ਵਿਚ ਆਉ, ਆਪ ਦੇ ਮਿਲੇ ਬਿਨਾਂ ਸਾ= ਮੈਂ ਧਨ= ਇਸਤ੍ਰੀ ਝੁਰ- ਝੁਰ ਕੇ ਮਰ ਰਹੀ ਹਾਂ। ਇਸੇ ਤਰ੍ਹਾਂ ਜਗਿਆਸੂ ਰੂਪ ਸਖੀ ਆਖਦੀ ਹੈ— ਆਪ ਜੀ ਦੀ ਪ੍ਰਾਪਤੀ ਦੀ ਜੋ ਆਸਾ ਲੱਗ ਰਹੀ ਹੈ, ਏਹੀ ਅੱਸੂ ਦਾ ਮਹੀਨਾ ਹੈ। *ਅਥਵਾ :-* ਜਿਹੜਾ ਸਤ ਸੰਗਤ ਵਿਚ ਅ-ਸੁਨਿ= ਆ ਕੇ ਜਸ ਸੁਣਿਆ ਹੈ ਏਹੀ ਇਕ ਅੱਸੂ ਦਾ ਮਹੀਨਾ ਹੈ, ਇਸ ਅੱਸੂ ਦੇ ਮਹੀਨੇ ਵਿਚ, ਹੇ ਪਤੀ- ਪਰਮਾਤਮਾ! ਆਪ ਆ ਕੇ ਮੈਨੂੰ ਪ੍ਰਾਪਤ ਹੋਵੋ ਆਪ ਜੀ ਦੇ ਮਿਲੇ ਤੋਂ ਬਿਨਾਂ ਸਾ ਧਨ= ਮੈਂ ਜਗਿਆਸੂ ਰੂਪ ਇਸਤ੍ਰੀ ਝੂਰਿ ਮੁਈ= ਝੁਰ- ਝੁਰ ਕੇ ਮਰ ਰਹੀ ਹਾਂ।

ਉਤਮ ਮਹਾਤਮਾ ਰੂਪੀ ਸਖੀ ਜਗਿਆਸੂ ਰੂਪ ਸਖੀ ਨੂੰ ਆਖਦੀ ਹੈ-

ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥

ਜੇਕਰ ਪ੍ਰਭੂ ਆਪ ਕਿਰਪਾ ਦ੍ਰਿਸ਼ਟੀ ਕਰ ਕੇ ਆਪਣੇ ਨਾਲ ਮੇਲੇ ਤਾਂ ਹੀ ਪ੍ਰਭੂ- ਪਤੀ ਨਾਲ ਮਿਲਾਪ ਹੁੰਦਾ ਹੈ, ਜਿਹੜੀ ਇਸਤ੍ਰੀ ਦ੍ਵੈਸ਼ ਵਿਚ ਲੱਗੀ ਰਹਿੰਦੀ ਹੈ,ਉਹ ਪ੍ਰਭੂ ਤੋਂ ਖੁਈ= ਭੁੱਲ ਗਈ ਹੈ।

ਪ੍ਰਸ਼ਨ- ਪਰਮੇਸ਼ਰ-ਪਤੀ ਨੇ ਇਸ ਨੂੰ ਛੁੱਟੜ ਕਿਉਂ ਕੀਤਾ ਹੈ? *ਉੱਤਰ-*

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥

ਝੂਠ ਨੇ ਇਸ ਨੂੰ ਵਿਗੁਤੀ= ਖ਼ਰਾਬ ਕੀਤਾ ਹੈ ਤਾਂ ਹੀ ਪਤੀ- ਪਰਮਾਤਮਾ ਨੇ ਇਸ ਨੂੰ ਮੁਤੀ= ਛੁੱਟੜ ਕੀਤਾ ਹੈ ਭਾਵ ਛੱਡ ਦਿੱਤਾ ਹੈ। ਜਿਵੇਂ ਅੱਸੂ ਦੇ ਮਹੀਨੇ ਵਿਚ ਕੁਕਹ= ਪਿਲਛੀ ਤੇ ਕਾਹ= ਕਾਹੀ ਸਿ= ਇਹ ਦੋਵੇਂ ਫੁੱਲ ਜਾਂਦੀਆਂ ਹਨ। ਤਿਵੇਂ ਬੁਢੇਪੇ ਦੇ ਆਉਣ ਕਰ ਕੇ ਪਿਲਛੀ ਦੀ ਤਰ੍ਹਾਂ ਦਾੜ੍ਹੀ ਦੇ ਰੋਮ ਤੇ ਕਾਹੀ ਦੀ ਤਰ੍ਹਾਂ ਸਿਰ ਦੇ ਰੋਮ (ਵਾਲ) ਚਿੱਟੇ ਹੋ ਗਏ ਹਨ ਪਰ ਇਸ ਜੀਵ ਰੂਪ ਇਸਤ੍ਰੀ ਨੇ ਪ੍ਰਭੂ ਦਾ ਸਿਮਰਨ ਨਹੀਂ ਕੀਤਾ।

ਯਥਾ:- ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ॥ ੨॥
ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥

(ਭੈਰਉ ਕਬੀਰ ਜੀ, ਪੰਨਾ ੧੧੫੯)

[ਪੰਨਾ ੧੧੦੯]

ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥

ਘਾਮ= ਤਪਸ਼ਤਾ ਵਾਲੀ ਅਰਥਾਤ ਜੇਠ- ਹਾੜ ਦੀ ਗ੍ਰੀਖਮ ਰੁੱਤ ਤਾਂ ਅੱਗੇ ਚਲੀ ਗਈ ਅਰਥਾਤ ਬਤੀਤ ਹੋ ਗਈ ਹੈ ਤੇ ਪਿਛੋਂ ਜਾਡਾ= ਪਾਲੇ ਦੀ ਅਰਥਾਤ ਅੱਸੂ- ਕੱਤਕ ਦੀ ਸਰਦ ਰੁੱਤ ਆ ਗਈ ਹੈ, ਇਸ ਤਰ੍ਹਾਂ ਦੇ ਚਲਤ= ਕੌਤਕ ਨੂੰ ਵੇਖ ਕੇ ਮਨ ਡੋਲ ਰਿਹਾ ਹੈ।

ਇਸੇ ਤਰ੍ਹਾਂ ਗ੍ਰੀਖਮ ਰੁੱਤ ਦੀ ਨਿਆਈਂ ਧੁੱਪ ਵਾਂਗੂ ਤੇਜੱਸਵੀ ਜੋਬਨ ਅਵੱਸਥਾ ਉਹ ਤਾਂ ਅੱਗੇ ਚਲੀ ਗਈ ਅਰਥਾਤ ਬਤੀਤ ਹੋ ਗਈ ਹੈ, ਹੁਣ ਉਸ ਤੋਂ ਪਿਛੋਂ ਰੁਤਿ ਜਾਡਾ= ਸਰਦ ਰੁੱਤ ਦੀ ਨਿਆਈਂ ਬਿਰਧ ਅਵਸਥਾ ਆ ਗਈ ਹੈ ਅਜਿਹੇ ਕੌਤਕ ਨੂੰ ਵੇਖ ਕੇ ਮੇਰਾ ਮਨ ਡੋਲ ਰਿਹਾ ਹੈ ਕਿ ਇਸ ਬਿਰਧ ਅਵਸਥਾ ਵਿਚ ਹੁਣ ਤਾਂ ਮੇਰੇ ਪਾਸੋਂ ਕੋਈ ਸਾਧਨ ਨਹੀਂ ਹੋ ਸਕਣੇ।

ਯਥਾ:-ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ ੨੦॥ *(ਪੰਨਾ ੧੩੭੮)*

ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥

ਜਿਵੇਂ ਪ੍ਰਤੱਖ ਦਸੋਂ ਦਿਸ਼ਾਂ ਵਿਚ ਹਰੀਆਂ ਸ਼ਾਖਾਂ ਦੀ ਹਰਿਆਵਲਤਾ ਹੁੰਦੀ ਹੈ? ਪਰ ਉਹਨਾਂ ਵਿੱਚੋਂ ਜੋ ਅੰਨ ਜਾਂ ਕਮਾਦ ਆਦਿਕ ਸਹਜਿ ਪਕੈ= ਹੌਲੀ-ਹੌਲੀ ਪੱਕਦਾ ਹੈ ਉਸ ਵਿਚ ਮਿੱਠਾ ਰਸ ਹੁੰਦਾ ਹੈ।

ਤਿਵੇਂ ਸ਼ਾਮ ਵੇਦ, ਰਿਗ ਵੇਦ, ਯਜੁਰ ਵੇਦ, ਅਥਰਬਣ ਵੇਦ ਇਹ ਹਰੀ ਦੀਆਂ ਸ਼ਾਖਾਂ ਹਨ, ਇਨ੍ਹਾਂ ਦੀ ਦਸੋਂ ਦਿਸ਼ਾਂ ਵਿਚ ਹਰਿਆਵਲਤਾ ਹੋ ਰਹੀ ਹੈ ਅਰਥਾਤ ਜਿਥੇ ਕਿਥੇ ਵੇਦਾਂ ਦੇ ਪਾਠ ਹੋ ਰਹੇ ਹਨ, ਪਰ ਜਿਹੜਾ ਪੁਰਸ਼ ਸਹਿਜੇ ਵੇਦਾਂ ਦੇ ਪਾਠ ਨੂੰ ਪਕੈ= ਪਕਾਉਂਦਾ ਹੈ, ਅਰਥਾਤ ਅਭਿਆਸ ਕਰ ਕੇ ਯਾਦ ਕਰਦਾ ਹੈ, ਉਸ ਨੂੰ (ਮਿੱਠਾ) ਅਨੰਦ ਪ੍ਰਾਪਤ ਹੁੰਦਾ ਹੈ।

ਅਥਵਾ :- ਦਸੋਂ ਦਿਸ਼ਾਂ ਵਿਚ ਹਰੀ ਦੀਆਂ ਹਰਿਆਵਲ ਸ਼ਾਖਾਂ ਇਹ ਹਨ ਜੋ ਉਸ ਨੇ ਅਵਤਾਰ ਧਾਰ ਕੇ ਸੇਵਕਾਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੇ ਸਾਰੇ ਕੰਮ ਸਵਾਰਨਾ ਕੀਤੇ ਹਨ, ਜਿਹੜਾ ਪੁਰਸ਼ ਉਨ੍ਹਾਂ ਅਵਤਾਰਾਂ ਦੀ ਉਪਾਸ਼ਨਾਂ ਨੂੰ ਸਹਿਜੇ-ਸਹਿਜੇ ਪਕਾਉਂਦਾ ਹੈ ਅਰਥਾਤ ਉਹਨਾਂ ਦੇ ਮਹਿਮਾ ਆਦਿਕ ਗੁਣਾਂ ਨੂੰ ਗਾਉਂਦਾ ਹੈ, ਉਸ ਨੂੰ ਮਿੱਠਾ ਆਤਮ- ਰਸ ਪ੍ਰਾਪਤ ਹੁੰਦਾ ਹੈ।

ਅਥਵਾ :- ਸੰਸਾਰ ਤਾਂ ਇਕ ਉਜਾੜ ਰੂਪ ਹੈ ਇਸ ਦੇ ਦਸੋਂ ਦਿਸ਼ਾਂ ਵਿਚ ਹਰੀ ਦੀ ਹਰਿਆਵਲ ਸ਼ਾਖ ਸੰਤ ਸੰਗਤ ਹੈ, ਤਿਸ ਸਤਸੰਗ ਦੁਆਰਾ ਜਿਹੜਾ ਪੁਰਸ਼ ਸਹਜਿ ਪਕੈ= ਗਿਆਨ ਨੂੰ ਪ੍ਰਪੱਕ ਕਰਦਾ ਹੈ, ਉਸ ਨੂੰ ਬ੍ਰਹਮਾਨੰਦ ਰੂਪੀ ਮਿੱਠਾ ਰਸ ਪ੍ਰਾਪਤ ਹੁੰਦਾ ਹੈ।

ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥ ੧੧॥

ਗੁਰੂ ਜੀ ਕਥਨ ਕਰਦੇ ਹਨ— (ਜਗਿਆਸੂ ਰੂਪ ਸਖੀ ਆਖਦੀ ਹੈ) ਹੇ ਹਰੀ ! ਆਪ ਜੀ ਦੀ ਪ੍ਰਾਪਤੀ ਦੀ ਜੋ ਆਸਾ ਲੱਗ ਰਹੀ ਹੈ ਏਹੀ ਅੱਸੂ ਦਾ ਮਹੀਨਾ ਹੈ, ਇਸ ਵਿਚ ਹੇ ਪਿਆਰੇ ਪ੍ਰਭੂ ! ਆਪ ਆ ਕੇ ਮਿਲਣਾ ਕਰੋ, ਹੁਣ ਤਾਂ ਆਪ ਜੀ ਦੀ ਪ੍ਰਾਪਤੀ ਵਿਚ ਬ੍ਰਹਮ ਨੇਸਠੀ ਬ੍ਰਹਮ ਸਰੋਤਰੀ ਪੂਰੇ ਸਤਿਗੁਰੂ ਬਸੀਠਾ= ਵਕੀਲ ਰੂਪ ਪ੍ਰਾਪਤ ਹੋਏ ਹਨ॥ ੧੧॥

ਯਥਾ:- ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥

(ਰਾਮਕਲੀ ਵਾਰ, ਪੰਨਾ ੯੫੭)

ਸਿੱਖਾਂ ਨੇ ਬੇਨਤੀ ਕੀਤੀ— "ਕੱਤਕ ਦੇ ਮਹੀਨੇ ਵਿਚ ਲੋਕ ਦੀਵੇ ਬਾਲ ਕੇ ਜਲ ਉੱਤੇ ਤਰਾਉਂਦੇ ਹਨ, ਸਾਨੂੰ ਕੀ ਹੁਕਮ ਹੈ ਅਸੀਂ ਭੀ ਦੀਵੇ ਤਰਾਈਏ ਕਿ ਨਾ।" ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ- "ਇਹ ਰੀਤੀ ਕਰਮ- ਕਾਂਡ ਦੇ ਅੰਦਰ ਹੈ, ਗੁਰਮਤ ਅਨੁਸਾਰ ਕੋਈ ਭੀ ਨਹੀਂ ਹੈ, ਗੁਰਮਤ ਅਨੁਸਾਰ ਗਿਆਨ ਰੂਪ ਦੀਵਾ ਬਾਲਣਾ ਚਾਹੀਦਾ ਹੈ।"

ਯਥਾ:- ਐਸਾ ਦੀਵਾ ਨੀਰਿ ਤਰਾਇ॥ ਜਿਤੁ ਦੀਵੈ ਸਭ ਸੋਝੀ ਪਾਇ॥ ੧॥

(ਰਾਮਕਲੀ ਮਹਲਾ ੧, ਪੰਨਾ ੮੭੮)

ਫਿਰ ਸਿੱਖਾਂ ਨੇ ਕਿਹਾ-"ਇਹ ਗਿਆਨ ਰੂਪ ਦੀਵਾ ਕਿਸ ਨੂੰ ਪ੍ਰਾਪਤ ਹੁੰਦਾ ਹੈ?"

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥

ਗੁਰੂ ਜੀ ਕੱਤਕ ਮਹੀਨੇ ਦੁਆਰਾ ਕਥਨ ਕਰਦੇ ਹਨ- ਕਰਮਾਂ ਦੇ ਕਤਕਿ= ਕੱਤਣ ਵਾਲਾ ਅਰਥਾਤ ਕਰਮਾਂ ਦੇ ਕਰਨ ਵਾਲਾ ਜੋ ਜੀਵ ਹੈ, ਜਿਸ ਕਤਕਿ= ਜੀਵ ਦੇ ਮੱਥੇ ਪਰ ਉੱਤਮ ਕਰਮਾਂ ਦਾ ਲੇਖ ਪਿਆ ਹੈ ਉਸ ਨੂੰ ਗਿਆਨ ਰੂਪ ਦੀਵਾ ਪ੍ਰਾਪਤ ਹੁੰਦਾ ਹੈ, ਪਰ ਗਿਆਨ ਰੂਪ ਦੀਵੇ ਦੇ ਪ੍ਰਾਪਤ ਹੋਣ ਦਾ ਲੇਖ ਓਸ ਦੇ ਮੱਥੇ ਪਰ ਪਿਆ ਹੈ ਜੋ ਪ੍ਰਭੂ ਨੂੰ ਭਾ ਗਿਆ ਹੈ।

ਦੀਪਕੁ ਸਹਜਿ ਬਲੈ ਤਤਿ ਜਲਾਇਆ॥

ਜਿਹੜੇ ਜੀਵ ਪ੍ਰਭੂ ਨੂੰ ਭਾ ਗਏ ਹਨ ਉਨ੍ਹਾਂ ਦੇ ਅੰਤਹਕਰਨ ਵਿਚ ਸਹਜਿ ਬਲੈ= ਗਿਆਨ ਰੂਪ ਦੀਵਾ ਬਲਿਆ ਹੈ।

ਪ੍ਰਸ਼ਨ :- ਪ੍ਰਤੱਖ ਦੀਵਾ ਤੇਲ ਬੱਤੀ ਕਰ ਕੇ ਬਲਦਾ ਹੈ, ਏਧਰ ਤੇਲ ਬੱਤੀ ਕਿਹੜੀ ਹੈ?

ਗੁਰ ਉੱਤਰ:- ਤਤ ਮਿਥਿਆ ਦਾ ਵਿਵੇਚਨ ਕਰਨ ਰੂਪ ਤੇਲ ਪਾਇਆ ਹੈ ਤੇ ਭੈ (ਡਰ) ਰੂਪ ਬੱਤੀ ਪਾਈ ਹੈ।

ਯਥਾ:- ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜਾਰਾ॥ (ਪੰਨਾ ੧੩੫੦)

ਅਤੇ ਸਚੁ ਬੂਝਣੁ ਆਣਿ *ਜਲਾਈਐ= ਜਿਹੜਾ ਸਚ ਦਾ ਬੁੱਝਣਾ ਹੈ ਏਹੀ ਤੀਲ੍ਹੀ ਲਗਾ ਕੇ ਗਿਆਨ ਰੂਪ ਦੀਵਾ ਜਲਾਇਆ= ਜਗਾਇਆ, ਭਾਵ ਪ੍ਰਕਾਸ਼ਿਆ ਹੈ।

ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥

ਜਿਸ ਨੇ ਭੈ ਰੂਪ ਬੱਤੀ, *ਰਸ= ਸਿਧਾਂਤ ਅਰਥਾਤ ਤਤ ਮਿਥਿਆ ਦਾ ਵਿਵੇਵਨ ਕਰਨ ਰੂਪ ਤੇਲ ਪਾ ਕੇ ਗਿਆਨ ਰੂਪ ਦੀਵਾ ਜਗਾਇਆ ਹੈ, ਉਸ ਜਗਿਆਸੂ ਰੂਪੀ ਧਨ= ਇਸਤ੍ਰੀ ਦਾ ਪਿਰ= ਪਤੀ- ਪਰਮਾਤਮਾ ਨਾਲ ਮੇਲ ਹੋਇਆ ਹੈ; ਪਤੀ ਨਾਲ ਮੇਲ ਹੋਣ ਕਰ ਕੇ ਉਸ ਜਗਿਆਸੂ ਰੂਪੀ ਧਨ= ਇਸਤ੍ਰੀ ਨੂੰ ਓਮਾਹੈ ਸਰਸੀ= ਬਹੁਤਾ ਉਤਸ਼ਾਹ ਹੁੰਦਾ ਹੈ।

ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥

ਜਿਸ ਜੀਵ ਰੂਪੀ ਇਸਤ੍ਰੀ ਨੂੰ ਕਾਮ ਕ੍ਰੋਧ ਆਦਿਕ ਔਗੁਣਾਂ ਨੇ ਮਾਰਿਆ ਹੈ, ਉਹ ਜੀਵਤ ਭਾ ਤੋਂ ਮਰਦੀ ਨਹੀਂ ਜੋ ਜੀਵਤ ਭਾ ਤੋਂ ਨਹੀਂ ਮਰਦੀ ਉਹ ਨ ਸੀਝੈ= ਕਲਿਆਣ ਨੂੰ ਪ੍ਰਾਪਤ ਨਹੀਂ ਹੁੰਦੀ, ਜਾਂ ਸਤ ਸੰਤੋਖ ਆਦਿਕ ਸ਼ੁਭ ਗੁਣਾਂ ਨੇ ਇਸ ਦੀ ਬੁੱਧੀ ਸੰਸਾਰ ਵਲੋਂ ਮਾਰੀ ਹੈ ਤਾਂ ਹੀ ਉਹ ਜੀਵਤ ਭਾ ਤੋਂ ਮਰਦੀ ਹੈ, ਜਾਂ ਜੀਵਤ ਭਾ ਤੋਂ ਮਰੀ ਤਾਂ ਹੀ ਕਲਿਆਣ ਨੂੰ ਪ੍ਰਾਪਤ ਹੋਈ।

---

*ਸਿਰੀਰਾਗੁ ਮਹਲਾ ੧ ਪੰਨਾ ੨੫ ।

*ਰਸ ਤੇ ਤਤ ਇਹ ਦੋਵੇਂ ਪ੍ਰਿਆਇ ਸ਼ਬਦ ਹਨ, ਪ੍ਰਿਆਇ ਸ਼ਬਦ ਉਸ ਨੂੰ ਕਹਿੰਦੇ ਹਨ, ਸ਼ਬਦ ਵੱਖ- ਵੱਖ ਹੋਣ ਤੇ ਦੋਹਾਂ ਸ਼ਬਦਾਂ ਦਾ ਅਰਥ ਇਕੋ ਹੋਵੇ- ਯਥਾ:-"ਸ਼ਬਦ ਭਿੰਨੜੇ ਸਤੀ ਏਕ ਅਰਥ ਬੋਧਕੜੇ ਪ੍ਰਜਾਯੜੇ।"

ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥

(ਜਗਿਆਸੂ ਰੂਪ ਇਸਤ੍ਰੀ ਆਖਦੀ ਹੈ- ਹੇ ਪ੍ਰਭੂ ! ਜਿਨ੍ਹਾਂ ਗੁਰਮੁਖਾਂ ਨੂੰ ਆਪ ਜੀ ਨੇ) ਨਾਮ- ਭਗਤੀ ਦਿੱਤੀ ਹੈ, ਉਹ ਗੁਰਮੁਖ ਨਿਜ ਘਰਿ= ਆਪਣੇ ਸਰੂਪ ਰੂਪ ਘਰ ਵਿਚ ਬੈਠੇ ਹਨ ਭਾਵੇਂ ਮੇਰੀ ਬਿਰਧ ਅਵਸਥਾ ਹੋ ਗਈ ਹੈ ਤਾਂ ਭੀ ਮੈਨੂੰ ਅਜੇ ਤਕ ਤਿਨਾੜੀ= ਤਿਨ੍ਹਾਂ ਮਹਾਤਮਾਂ ਦੀ ਆਸਾ ਲੱਗ ਰਹੀ ਹੈ ਕਿ ਇਹ ਮੈਨੂੰ ਜ਼ਰੂਰ ਤਾਰਨਗੇ।

ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥ ੧੨॥

ਗੁਰੂ ਜੀ ਕਥਨ ਕਰਦੇ ਹਨ (ਜਗਿਆਸੂ ਰੂਪ ਸਖੀ ਆਖਦੀ ਹੈ- ਹੇ ਪ੍ਰਭੋ ! ਆਪ ਜੀ ਤੇ ਮੇਰੇ) ਦਰ= ਅੰਦਰ ਪੰਜਾਂ ਕੋਸ਼ਾਂ ਰੂਪੀ ਕਪਟ= ਤਖਤੇ ਜੜੇ ਹੋਏ ਹਨ ਉਹਨਾਂ ਤਖਤਿਆਂ ਨੂੰ ਖੋਲ੍ਹ ਕੇ ਮੈਨੂੰ ਜਲਦੀ ਮਿਲਣਾ ਕਰੋ, ਕਿਉਂਕਿ ਆਪ ਜੀ ਦੇ ਮਿਲੇ ਤੋਂ ਬਿਨਾਂ ਇਕ ਘੜੀ ਵੀ ਜਿਹੜੀ ਬਤੀਤ ਹੋ ਰਹੀ ਹੈ, ਇਹ ਖਟੁ ਮਾਸਾ= ਛੇ ਮਹੀਨਿਆਂ ਦੇ ਬਰਾਬਰ ਹੈ॥ ੧੨॥

ਯਥਾ:- ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ *(ਮਾਝ ਮਹਲਾ ੫, ਪੰਨਾ ੯੬)*

ਤਥਾ:- ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ॥
ਮਨੁ ਨ ਰਹੈ ਕੈਸੇ ਮਿਲਉ ਪਿਆਰੇ॥ ੧॥
ਇਕ ਪਲੁ ਦਿਨਸੁ ਮੋਕਉ ਕਬਹੁ ਨ ਬਿਹਾਵੈ॥
ਦਰਸਨ ਕੀ ਮਨਿ ਆਸ ਘਨੇਰੀ,
ਕੋਈ ਐਸਾ ਸੰਤੁ ਮੋਕਉ ਪਿਰਹਿ ਮਿਲਾਵੈ॥ ੧॥ ਰਹਾਉ॥
ਚਾਰਿ ਪਹਰ ਚਹੁ ਜੁਗਹ ਸਮਾਨੇ॥
ਰੈਣਿ ਭਈ ਤਬ ਅੰਤੁ ਨ ਜਾਨੇ॥ ੨॥

(ਆਸਾ ਮਹਲਾ ੫, ਪੰਨਾ ੩੭੪)

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥

ਗੁਰੂ ਸਾਹਿਬ ਜੀ ਮੱਘਰ ਮਹੀਨੇ ਦੁਆਰਾ ਕਥਨ ਕਰਦੇ ਹਨ— ਮੱਘਰ ਦਾ ਮਾਹੁ= ਮਹੀਨਾ ਉਨ੍ਹਾਂ ਨੂੰ ਚੰਗਾ ਹੈ, ਜਿਨ੍ਹਾਂ ਦੇ ਅੰਕਿ= ਹਿਰਦੇ ਵਿਚ ਹਰੀ- ਪ੍ਰਾਪਤੀ ਦੇ ਸ਼ੁਭ ਗੁਣ ਸਮਾਏ ਹਨ।

ਅਥਵਾ :- ਮੰ-ਘਰ= ਮੇਰਾ ਸਰੀਰ ਰੂਪੀ ਘਰ ਸਾਰੀਆਂ ਜੂਨਾਂ ਤੋਂ ਮਾਹੁ= ਉਤਕ੍ਰਿਸਟ ਅਰਥਾਤ ਸ੍ਰੇਸ਼ਟ ਹੈ।

ਯਥਾ:- ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

(ਆਸਾ ਮਹਲਾ ੫, ਪੰਨਾ ੩੭੪)

ਤੇ ਭਲਾ ਇਸ ਕਰ ਕੇ ਹੈ ਕਿ ਜੋ ਹਰੀ ਦੇ ਗੁਣ ਅੰਕਿ= ਹਿਰਦੇ ਵਿਚ ਸਮਾ ਰਹੇ ਹਨ।

ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥

ਸ਼ੁਭ ਗੁਣਾਂ ਵਾਲੀਆਂ ਜੋ ਮਹਾਤਮਾਂ ਰੂਪ ਸਖੀਆਂ ਹਨ ਉਹ ਸ਼ੁਭ ਗੁਣਾਂ ਨੂੰ ਉਚਾਰਦੀਆਂ ਹਨ,

ਅਥਵਾ :- ਸ਼ੁਭ ਗੁਣਾਂ ਕਰ ਕੇ ਆਪਣੇ ਪਤੀ-ਪਰਮਾਤਮਾ ਦੇ ਅਨੰਦ ਨੂੰ ਰਵੈ= ਭੋਗਦੀਆਂ ਹਨ, ਉਨ੍ਹਾਂ ਵੱਲ ਵੇਖ ਕੇ ਜਗਿਆਸੂ ਕਹਿੰਦਾ ਹੈ, ਮੈਨੂੰ ਵੀ ਨਿਸਚਲ ਪਤੀ-ਪਰਮਾਤਮਾ ਭਾਉਂਦਾ ਹੈ। ਅਰਥਾਤ ਉਹ ਪਰਮਾਤਮਾ-ਪਤੀ ਮੈਨੂੰ ਪ੍ਰਾਪਤ ਹੋਣਾ ਚਾਹੀਦਾ ਹੈ।

ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥

ਉਹ ਪਰਮਾਤਮਾ ਕਿਰਿਆ ਤੋਂ ਰਹਿਤ ਹੋਣ ਕਰ ਨਿਸਚਲ ਹੈ, ਸੰਸਾਰਕ ਰਚਨਾ ਦੇ ਬਨਾਉਣ ਨੂੰ ਚਤਰ ਹੈ, ਸਾਰਿਆਂ ਦੇ ਹਿਰਦੇ ਦੀ ਗੱਲ ਜਾਣਨ ਨੂੰ ਉਹ ਸੁਜਾਣ ਹੈ।

ਯਥਾ:- ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥

(ਦਸਮ ਗ੍ਰੰਥ, ਪੰਨਾ ੧੩੮੬)

ਜੀਵਾਂ ਦੇ ਕੀਤੇ ਹੋਏ ਕਰਮਾਂ ਦਾ ਫਲ ਦੇਣ ਲਈ ਬਿਧਾਤਾ= ਫਲ ਵਰ ਦਾਤਾ ਹੈ, ਉਸ ਪ੍ਰਭੂ ਤੋਂ ਬਿਨਾਂ ਹੋਰ ਸਾਰਾ ਜਗਤੁ= ਸੰਸਾਰ (ਅਕਾਸ਼ੀ) ਬਿਜਲੀ ਵਾਂਗ ਚੰਚਲ ਹੈ।

ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥

ਗਿਆਨ ਧਿਆਨ ਆਦਿਕ ਸ਼ੁਭ ਗੁਣ ਜਿਨ੍ਹਾਂ ਮਹਾਤਮਾਂ ਦੇ ਅੰਕਿ= ਹਿਰਦੇ ਵਿਚ ਸਮਾਏ ਹਨ, ਉਹ ਮਹਾਤਮਾਂ ਪ੍ਰਭੂ ਨੂੰ ਭਾਏ ਹਨ ਤੇ ਪ੍ਰਭੂ ਉਹਨਾਂ ਨੂੰ ਭਾ ਗਿਆ ਹੈ। ਅਥਵਾ :- ਜਾ ਅੰਕਿ= ਹਿਰਦੇ ਵਿਚ ਗਿਆਨ ਧਿਆਨ ਆਦਿਕ ਸ਼ੁਭ ਗੁਣ ਸਮਾਏ ਤੇ ਪ੍ਰਭੂ ਦੇ ਭਾਣੇ ਨੂੰ ਮੰਨਿਆ ਤਾਂ ਉਸ ਨੂੰ ਭਾ ਗਏ।

ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥

(ਸੰਸਾਰਕ) ਗੀਤ ਸੁਣਨ ਕਰ ਕੇ, ਨਾਦ= ਵਾਜਿਆਂ ਦੇ ਸ਼ਬਦ ਸੁਣਨ ਕਰ ਕੇ, ਕਵੇ= ਕਵੀਆਂ ਦੇ— ਕਬਿਤ, ਸਵੱਯੇ, ਦੋਹਰੇ, ਚੌਪਈਆਂ ਦੇ— ਸੁਣਨ ਕਰ ਕੇ ਜਨਮ ਮਰਨ ਦਾ ਦੁੱਖ ਦੂਰ ਨਹੀਂ ਹੁੰਦਾ, ਰਾਮ ਨਾਮਿ ਦੁਖੁ ਭਾਗੈ= ਰਾਮ ਨਾਮ ਦੇ ਜਪਣ ਕਰ ਕੇ ਜਨਮ ਮਰਨ ਦਾ ਦੁੱਖ ਨਵਿਰਤ ਹੁੰਦਾ ਹੈ।

ਯਥਾ:-ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥ ੧ ॥ ਰਹਾਉ ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥
ਚਰਨ ਬਧਿਕ ਜਨ ਤੇਊ ਮੁਕਤਿ ਭਏ ॥ ਹਉ ਬਲਿ ਬਲਿ ਜਿਨ ਰਾਮ ਕਹੇ ॥ ੧ ॥

(ਗਉੜੀ ਨਾਮਦੇਵ, ਪੰਨਾ ੩੪੫)

ਤਥਾ:-ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥

(ਪੰਨਾ ੬੨੬)

ਤਥਾ:-ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ ॥ ਕੀਨੇ ਰਾਮ ਨਾਮ ਇਕ ਆਖ੍ਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥

(ਗਉੜੀ ਸੁਖਮਨੀ, ਪੰਨਾ ੨੬੨)

ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ- ਜਿਵੇਂ ਪ੍ਰਤੱਖ ਜਿਹੜੀ ਇਸਤ੍ਰੀ ਆਪਣੇ ਪਤੀ ਅੱਗੇ ਹੱਥ ਜੋੜ ਕੇ ਮਨੋਂ ਤਨੋਂ ਹੋ ਕੇ ਸੇਵਾ ਕਰਦੀ ਹੈ, ਉਹ ਇਸਤ੍ਰੀ ਆਪਣੇ ਨਾਹ= ਪਤੀ ਨੂੰ ਪਿਆਰੀ ਲੱਗਦੀ ਹੈ। ਤਿਵੇਂ ਜਿਹੜੀ ਜਗਿਆਸੂ

ਰੂਪ ਇਸਤ੍ਰੀ ਆਪਣੇ ਪਤੀ- ਪਰਮਾਤਮਾ ਅੱਗੇ ਅਭ ਭਗਤੀ= ਹਿਰਦੇ ਕਰ ਕੇ। ਅਰਥਾਤ ਮਾਨਸਕ ਭਗਤੀ ਕਰਦੀ ਹੈ, ਅਥਵਾ :- ਪ੍ਰੇਮਾ ਭਗਤੀ ਕਰਦੀ ਹੈ। *ਵਾ :-* ਆਗਿਆ ਦੇ ਮੰਨਣ ਰੂਪ ਭਗਤੀ ਕਰਦੀ ਹੈ ਸਾ ਧਨ= ਉਹ ਜਗਿਆਸੂ ਰੂਪੀ ਇਸਤ੍ਰੀ ਆਪਣੇ ਪਤੀ- ਪਰਮਾਤਮਾ ਨੂੰ ਪਿਆਰੀ ਲਗਦੀ ਹੈ।॥ ੧੩॥

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥

ਜਿਸ ਤਰ੍ਹਾਂ ਪੋਖਿ= ਪੋਹ ਦੇ ਮਹੀਨੇ ਵਿਚ ਤੁਖਾਰੁ= ਬਰਫ ਪੈਂਦੀ ਹੈ, ਬਰਫ ਦੇ ਪੈਣ ਕਰ ਕੇ ਵਣੁ= ਬ੍ਰਿਛਾਂ ਤੇ ਤ੍ਰਿਣੁ= ਕੱਖਾਂ ਵਿਚੋਂ ਰਸ ਸੁੱਕ ਜ਼ਾਂਦਾ ਹੈ।

ਇਸੇ ਤਰ੍ਹਾਂ ਬਿਰਧ ਅਵਸਥਾ ਰੂਪੀ ਪੋਹ ਦਾ ਮਹੀਨਾ ਹੈ, ਇਸ ਵਿਚ ਜੜ੍ਹਤਾ ਰੂਪੀ ਤੁਖਾਰਿ= ਬਰਫ ਪੈਂਦੀ ਹੈ, ਜੜ੍ਹਤਾ ਦੇ ਹੋਣ ਕਰ ਕੇ ਵਣੁ= ਸਰੀਰ* ਤੇ ਤ੍ਰਿਣੁ= ਇੰਦ੍ਰੀਆਂ ਵਿਚੋਂ ਰਸੁ= ਸ਼ਕਤੀ ਸੋਖੈ= ਸੁੱਕ ਜਾਂਦੀ ਹੈ ਅਰਥਾਤ ਸਰੀਰ ਇੰਦ੍ਰੀਏ ਕਮਜ਼ੋਰ× ਹੋ ਜਾਂਦੇ ਹਨ।

ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥

ਹੇ ਪ੍ਰਭੂ ! ਐਸੀ ਅਵਸਥਾ ਵਿਚ ਮੇਰੇ ਪਾਸ ਆਉਂਦੇ ਕਿਉਂ ਨਹੀਂ ਹੋ, ਆਪ ਦੂਰ ਵੀ ਨਹੀਂ ਹੋ, ਮਨ ਤਨ ਵਿਚ ਅਤੇ ਮੁਖ ਉਪਲਖਤ ਬਾਣੀ ਵਿਚ ਵੀ ਵਸ ਰਹੇ ਹੋ, ਭਾਵ ਆਪ ਹੀ ਸਾਰਿਆਂ ਨੂੰ ਸੱਤਾ ਦੇ ਰਹੇ ਹੋ।

ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥

ਹੇ ਜਗਜੀਵਨੁ= ਪਰਮਾਤਮਾ ! ਤੂੰ ਮਨ ਤਨ ਦੇ ਵਿਚ ਰਵਿ ਰਹਿਆ= ਭਰਪੂਰ ਹੋ ਰਿਹਾ ਹੈਂ, ਪਰ ਜਿਸ ਨੇ ਗੁਰ- ਉਪਦੇਸ਼ ਨੂੰ ਗ੍ਰਹਿਣ ਕੀਤਾ ਹੈ,ਉਹ ਜਗਿਆਸੂ ਰੂਪ ਇਸਤ੍ਰੀ ਰੰਗੁ ਮਾਣੀ= ਅਨੰਦ ਨੂੰ ਭੋਗਦੀ ਹੈ।

ਪ੍ਰਸ਼ਨ- ਜੇ ਕਰ ਮਨ ਤਨ ਮੁਖ ਵਿਚ ਵਸ ਰਿਹਾ ਹੈ। ਅਰਥਾਤ ਜੇਕਰ ਵਿਅਸ਼ਟੀ ਵਿਚ ਵਸ ਰਿਹਾ ਹੈ ਤਾਂ ਸਮੱਸ਼ਟੀ ਸ੍ਰਿਸ਼ਟੀ ਵਿਚ ਤਾਂ ਨਹੀਂ ਵਸਦਾ ਹੋਏਗਾ? *ਗੁਰ ਉੱਤਰ-*

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥

ਹੇ ਪ੍ਰਭੂ! ਅੰਡਜ, ਜੇਰਜ, ਸੇਤਜ, ਉਤਭੁਜ (ਰੂਪ ਚਾਰ ਖਾਣੀਆਂ ਦੇ) ਘਟਾਂ ਘਟਾਂ ਵਿਚ ਆਪ ਜੀ ਦੀ ਜੋਤਿ= ਚੇਤਨ ਸੱਤਾ ਸਮਾ ਰਹੀ ਹੈ।

ਅਥਵਾ :- ਅੰਡਜ= ਅੰਡਿਆਂ ਤੋਂ ਪੈਦਾ ਹੋਣ ਵਾਲੇ ਜੀਆਂ ਦੇ ਘਟਾਂ ਵਿਚ, ਜੇਰਜ= ਜ਼ੇਰ ਤੋਂ ਪੈਦਾ ਹੋਣ ਵਾਲੇ ਜੀਆਂ ਦੇ ਘਟਾਂ ਵਿਚ, ਸੇਤਜ= ਪਸੀਨੇ ਤੋਂ ਪੈਦਾ ਹੋਣ ਵਾਲੇ ਜੂਆਂ ਲੀਖਾਂ ਦੇ ਘਟਾਂ ਵਿਚ, ਉਤਭੁਜ= ਬ੍ਰਿਛ ਪਹਾੜ ਆਦਿਕ ਪੱਥਰਾਂ ਦੇ ਵਿਚ, ਇਤਿਆਦਿਕ ਸਮੱਸ਼ਟੀ ਭਾਵ ਸਾਰਿਆਂ ਵਿਚ ਆਪ ਜੀ ਦੀ ਜੋਤਿ= ਸੱਤਾ ਸਮਾ ਰਹੀ ਹੈ।

ਦਰਸਨੁ ਦੇਹੁ ਦਇਆ ਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥

ਹੇ ਦਇਆ ਪਤੀ ਦਾਤੇ (ਪਰਮਾਤਮਾ) ! ਆਪ ਦਇਆ ਦੇ ਸਹਿਤ ਹੋ ਕੇ ਸਾਰਿਆਂ ਨੂੰ ਦਾਨ ਦੇਹੋ= ਦੇਂਦੇ ਹੋ, ਮੈਨੂੰ ਵੀ ਕਿਰਪਾ ਕਰ ਕੇ ਮਤਿ ਦੇਹੋ= ਆਤਮ ਵਿਸ਼ੈਣੀ ਬੁੱਧੀ ਦਿਓ ਜਿਸ ਕਰ ਕੇ ਮੈਂ ਭੀ ਆਪ

---

*ਯਥਾ:- *ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥*
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥ ੧੧॥

×ਤਥਾ:- *ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥*
ਚਾਰੇ ਕੁੰਡਾ ਢੂਢੀਆਂ ਰਹਣੁ ਕਿਥਾਊ ਨਾਹਿ॥ ੧੦੨॥

ਜੀ ਦੇ ਦਰਸਨੁ ਗਤਿ ਪਾਵਉ= ਦਰਸ਼ਨ ਦੀ ਪ੍ਰਾਪਤੀ ਪਾਵਾਂ।

ਅਥਵਾ :- ਹੇ ਦਇਆ ਪਤੀ ਦਾਤੇ ਪਰਮਾਤਮਾ ਇਕ ਤਾਂ ਗੁਰਾਂ ਦਾ ਦਰਸ਼ਨ ਦਿਓ ਫਿਰ ਉਹਨਾਂ ਦੁਆਰੇ ਆਤਮ ਵਿਸ਼ੈਣੀ ਮਤੀ ਦਿਓ ਜਿਸ ਕਰ ਕੇ ਮੈਂ ਆਪ ਜੀ ਦੀ ਗਤਿ ਪਾਵਉ= ਪ੍ਰਾਪਤੀ ਪਾਵਾਂ।

ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ ਹੇ ਰਸਿ ਰਸੀਆ= ਸਾਰਿਆਂ ਰਸਾਂ ਵਿਚ ਰਸੇ ਹੋਏ ਪਰਮਾਤਮਾ ! ਮੇਰੇ 'ਤੇ ਇਹ ਕਿਰਪਾ ਕਰੋ ਕਿ ਮੇਰਾ ਮਨ ਗਿਆਨ ਨੂੰ ਪਾ ਕੇ ਭੀ ਆਪ ਜੀ ਦੇ ਰੰਗਿ= ਪ੍ਰੇਮ ਵਿਚ ਰਹੇ।

ਅਥਵਾ :- ਪ੍ਰੇਮ ਵਿਚ ਰਹਿ ਕੇ ਬਾਣੀ ਦੁਆਰਾ ਆਪ ਜੀ ਦੇ ਨਾਮਾਂ ਨੂੰ ਰਵੈ= ਉਚਾਰੇ, ਹੇ ਹਰੀ! ਤਨ ਕਰ ਕੇ ਆਪ ਜੀ ਨਾਲ ਪ੍ਰੀਤੀ ਕਰੇ ਅਤੇ ਇੰਦ੍ਰੀਆਂ ਕਰ ਕੇ ਭੀ ਆਪ ਜੀ ਨਾਲ ਸਨੇਹੋ= ਪ੍ਰੇਮ ਕਰੇ॥ ੧੪ ॥

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥

ਜਿਸ ਵੇਲੇ ਮਾਘ ਨੇ ਮਹੀਨੇ ਮਕਰ ਰਾਸ਼ੀ ਵਿਚ ਸੂਰਜ ਗ੍ਰਹਿਣ ਲੱਗਦਾ ਹੈ ਉਸ ਵੇਲੇ ਪ੍ਰਯਾਗ ਰਾਜ ਤੀਰਥ ਪਰ ਜਿਸ ਨੇ ਵਿਧੀ ਪੂਰਬਕ ਇਸ਼ਨਾਨ ਕਰਨਾ ਜਾਣਿਆਂ ਹੈ, ਉਹ ਜੀਵ ਰੂਪੀ ਇਸਤ੍ਰੀ ਪੁਨੀਤ ਭਈ= ਪਵਿੱਤਰ ਹੋਈ ਹੈ।

ਯਥਾ:- ''ਮਾਘ ਮਕਰ ਰਵਿ ਗਤਿ ਜਬ ਹੋਈ। ਤੀਰਥ ਪਤਹ ਆਵ ਸਭ ਕੋਈ।''

(ਤੁਲਸੀ ਰਾਮਾਇਣ, ਬਾਲ ਕਾਂਡ)

ਇਸੀ ਪ੍ਰਕਾਰ- ਸਤੋ ਗੁਣ ਰੂਪੀ ਮਾਘ ਦਾ ਮਹੀਨਾ ਹੈ, ਸ਼ਰਧਾ ਰੂਪੀ ਮਕਰ ਰਾਸ਼ੀ ਹੈ, ਗਿਆਨ ਰੂਪੀ ਸੂਰਜ ਦਾ ਹਮੇਸ਼ਾ ਪਰਬ ਲੱਗਾ ਰਹਿੰਦਾ ਹੈ। ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਤੀਰਥ ਹੈ। ਸ਼ਾਸਤ੍ਰ ਦਾ ਇਹ ਨਿਯਮ ਹੈ ਜਿਵੇਂ ਮਕਰ ਰਾਸ਼ੀ ਵਿਚ ਸੂਰਜ ਗ੍ਰਹਿਣ ਲੱਗਦਾ ਹੈ, ਤਿਵੇਂ ਸ਼ਰਧਾ ਰੂਪੀ ਮਕਰ ਰਾਸ਼ੀ ਵਿਚ ਗਿਆਨ ਰੂਪ ਸੁਰਜ ਦੀ ਪ੍ਰਾਪਤੀ ਹੁੰਦੀ ਹੈ।

ਯਥਾ:- ਸਰਧਾ ਬਿਹੀਨ ਛੀਨ ਕੈਸੇ ਕੈ ਤਰਤ ਹੈ।''

ਤਥਾ:- ਸ੍ਰਧਾਵਾਨ੍ ਲਭਤੇ ਗਜਾਨਮ੍ ਤਤਪਰ ਸੰਯਤੇ ਇੰਦ੍ਰਯ : । ੩੯।

(ਗੀਤਾ ਅਧਿ. ੪)

ਸੰਸਕ੍ਰਿਤੀ :- **श्रद्धावान् लभते ज्ञानम् तत्परः संयतेन्द्रियः।**

(ਗੀਤਾ ਅਧ੍ਯਾਯ ੪)

ਸਤੋ ਗੁਣ ਰੂਪੀ ਮਾਘ ਦੇ ਮਹੀਨੇ, ਸ਼ਰਧਾ ਰੂਪੀ ਮਕਰ ਰਾਸ਼ੀ ਵਿਚ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਰੂਪੀ ਤੀਰਥ ਪਰ ਨਾਮ- ਜਲ ਵਿਚ ਜਿਸ ਨੇ ਇਸ਼ਨਾਨ ਕਰਨਾ ਜਾਣਿਆਂ ਹੈ, ਉਸ ਦੀ ਬੁੱਧੀ ਪੁਨੀਤ ਭਈ= ਪਵਿਤਰ ਹੋਈ ਹੈ।

ਪ੍ਰਤੱਖ ਪ੍ਰਯਾਗ ਰਾਜ ਤੀਰਥ ਪਰ ਜਾਣਾ ਬਹੁਤ ਮੁਸ਼ਕਿਲ ਹੈ ਕਿਉਂਕਿ ਮਨੁੱਖ ਦੇ ਪਾਸ ਮਾਇਆ ਹੋਵੇ ਤਾਂ ਜਾ ਸਕਦਾ ਹੈ ਦੂਜਾ ਮੁਸਾਫਰੀ ਦਾ ਦੁੱਖ ਸਹਾਰਨਾ ਪੈਂਦਾ ਹੈ ਤੇ ਅੰਤ੍ਰੀਵ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਤੀਰਥ ਸੁਲਭ ਹੈ, ਕਿਉਂਕਿ ਇਸ ਤੀਰਥ ਪਰ ਨਾ ਮਾਇਆ ਦਾ ਕੋਈ ਖਰਚ ਨਹੀਂ ਨਾ ਹੀ ਮੁਸਾਫਰੀ ਦਾ ਦੁੱਖ ਹੈ। ਪ੍ਰਤੱਖ ਪ੍ਰਯਾਗ ਰਾਜ ਤੀਰਥ ਇਕ ਦੇਸੀ ਹੈ। ਅਰਥਾਤ ਇਕ ਅਸਥਾਨ ਪਰ ਹੀ ਹੈ ਤੇ ਅੰਤ੍ਰੀਵ ਸੰਤ ਸਮਾਗਮ

ਰੂਪੀ ਪ੍ਰਯਾਗ ਰਾਜ ਤੀਰਥ ਸਰਬ ਦੇਸੀ ਹੈ। ਅਰਥਾਤ ਹਰ ਦੇਸ਼, ਹਰ ਨਗਰ, ਹਰ ਮਹੱਲੇ ਵਿਚ ਥੋੜ੍ਹਾ ਬਹੁਤ ਸਤਸੰਗ ਹੁੰਦਾ ਹੀ ਰਹਿੰਦਾ ਹੈ। ਇਸ ਕਰ ਕੇ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਤੀਰਥ ਉੱਤਮ ਹੈ।

ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥

(ਪ੍ਰਤੱਖ ਪ੍ਰਯਾਗ ਰਾਜ ਤੀਰਥ ਨਾਲੋਂ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਤੀਰਥ ਸੁਲਭ ਹੈ, ਕਿਉਂਕਿ) ਸਾਜਨ= ਮਹਾਤਮਾ ਸਹਜਿ= ਸੁਭਾਵਕ ਹੀ ਭਾਵ ਨਿਰਯਤਨ ਹੀ ਮਿਲ ਜਾਂਦੇ ਹਨ, ਪ੍ਰਤੱਖ ਪ੍ਰਯਾਗ ਰਾਜ ਤੀਰਥ ਪਰ ਇਸ਼ਨਾਨ ਕਰਨ ਦਾ ਫਲ ਮਰ ਜਾਣ ਤੋਂ ਪਿੱਛੋਂ ਮਿਲਦਾ ਹੈ ਤੇ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਤੀਰਥ ਪਰ ਨਾਮ- ਜਲ ਵਿਚ ਇਸ਼ਨਾਨ ਕਰਨ ਨਾਲ ਜੀਉਂਦਿਆਂ-ਜੀਉਂਦਿਆਂ ਫਲ ਮਿਲ ਜਾਂਦਾ ਹੈ।

ਜਿਨ੍ਹਾਂ ਨੇ ਪ੍ਰਭੂ ਦੀ ਪ੍ਰਾਪਤੀ ਦੇ ਸ਼ੁਭ ਗੁਣ ਹਿਰਦੇ ਵਿਚ ਗ੍ਰਹਿਣ ਕੀਤੇ ਹਨ, ਉਹ ਮਨੁੱਖ ਪ੍ਰਭੂ ਦੇ ਅੰਕਿ= ਸਰੂਪ ਵਿਚ ਸਮਾ ਗਏ ਹਨ।

ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥

ਹੇ ਮੇਰੇ ਬੰਕੇ= ਸੁੰਦਰ ਪ੍ਰੀਤਮ ਪ੍ਰਭੂ ! ਮੇਰੀ ਬੇਨਤੀ ਨੂੰ ਸੁਣ, ਮੈਂ ਤੇਰੀ ਪ੍ਰਾਪਤੀ ਦੇ ਸ਼ੁਭ ਗੁਣ ਅੰਕਿ= ਹਿਰਦੇ ਵਿਚ ਧਾਰੇ ਹਨ ਅਤੇ ਸ਼ਾਸਤ੍ਰਾਂ ਦੁਆਰੇ ਵੀ ਮੈਂ ਇਸ ਅੰਤ੍ਰੀਵ ਤੀਰਥ ਦੀ ਮਹਿਮਾ ਨੂੰ ਸੁਣਿਆ ਹੈ। ਇਸ ਤੇ ਤੂੰ ਮੇਰੇ ਪਰ ਕਿਰਪਾ ਕਰ ਜੋ ਮੈਂ ਇਸ ਸੰਤ ਸਮਾਗਮ ਰੂਪੀ ਸਰਿ ਨਾਵਾ= ਸਰੋਵਰ ਵਿਚ ਇਸ਼ਨਾਨ ਕਰਾਂ ਜਿਸ ਕਰ ਕੇ ਮੈਂ ਤੈਨੂੰ ਭਾਵਾ= ਚੰਗੀ ਲੱਗਾਂ।

ਜਿਵੇਂ ਪ੍ਰਤੱਖ ਪ੍ਰਯਾਗ ਰਾਜ ਤੀਰਥ ਪਰ ਗੰਗਾ, ਜਮੁਨਾ, ਸੁਰੱਸਤੀ ਰੂਪ ਤ੍ਰਿਬੇਣੀ ਦਾ ਮੇਲ ਹੁੰਦਾ ਹੈ। ਫਿਰ ਪ੍ਰਤੱਖ ਪ੍ਰਯਾਗ ਰਾਜ ਤੀਰਥ ਪਰ ਇਸ਼ਨਾਨ ਕਰਨ ਨਾਲ ਸੱਤਾਂ ਸਮੁੰਦਰਾਂ ਵਿਚ ਇਸ਼ਨਾਨ ਕਰਨ ਜਿਤਨਾ ਫਲ ਪ੍ਰਾਪਤ ਹੋ ਜਾਂਦਾ ਹੈ।

ਇਸ ਤਰਫ ਸੰਤ ਸਮਾਗਮ ਰੂਪ ਪ੍ਰਯਾਗ ਰਾਜ ਤੀਰਥ ਪਰ ਗੰਗਾ, ਜਮੁਨਾ, ਸੁਰੱਸਤੀ ਰੂਪ ਤ੍ਰਿਬੇਣੀ ਦਾ ਮੇਲ ਕਿਹੜਾ ਹੈ? ਅਤੇ ਸੰਤ ਸਮਾਗਮ ਰੂਪ ਪ੍ਰਯਾਗ ਰਾਜ ਤੀਰਥ ਪਰ ਇਸ਼ਨਾਨ ਕਰਨ ਨਾਲ ਸੱਤਾਂ ਸਮੁੰਦਰਾਂ ਦੇ ਇਸ਼ਨਾਨ ਕਰਨ ਦਾ ਫਲ ਕਿਹੜਾ ਹੈ? *ਗੁਰ ਉੱਤਰ:-*

ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥

ਗੰਗਾ= ਭਗਤੀ, ਜਮੁਨਾ= ਕਰਮ ਕਥਾ, ਸੁਰੱਸਤੀ= ਬ੍ਰਹਮ ਵਿਦਿਆ ਇਸ ਤ੍ਰਿਬੇਣੀ ਦਾ ਸੰਗਮ= ਸਬੰਧ (ਮੇਲ) ਸਦਾ ਹੀ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਵਿਚ ਹੋ ਰਿਹਾ, ਕਿਉਂਕਿ ਕਦੇ ਭਗਤੀ ਦਾ ਉਪਦੇਸ਼ ਚਲ ਪੈਂਦਾ ਹੈ। ਕਦੇ ਸ਼ਕਾਮ ਕਰਮਾਂ ਦਾ ਉਪਦੇਸ਼ ਚਲ ਪੈਂਦਾ ਹੈ ਤੇ ਕਦੇ ਬ੍ਰਹਮ ਵਿਦਿਆ ਦਾ ਪ੍ਰਸੰਗ ਤੁਰ ਪੈਂਦਾ ਹੈ ਅਤੇ ਸੰਤ ਸਮਾ਼ਗਮ ਰੂਪ ਪ੍ਰਯਾਗ ਰਾਜ ਤੀਰਥ ਪਰ ਨਾਮ- ਜਲ ਵਿਚ ਇਸ਼ਨਾਨ ਕਰਨ ਨਾਲ ਸਾਤ ਸਮੁੰਦ ਸਮਾਵਾ= ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ, ਸ੍ਰਵਨ, ਮੰਨਨ, ਨਿਧਿਆਸਣ ਰੂਪ ਸੱਤਾਂ ਸਾਧਨਾਂ ਦੀ ਪ੍ਰਾਪਤੀ ਰੂਪ ਸੱਤਾਂ ਸਮੁੰਦਰਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਅਥਵਾ :- ਸਤ, ਸੰਤੋਖ, ਧੀਰਜ, ਧਰਮ, ਵਿਚਾਰ, ਵੈਰਾਗ ਤੇ ਗਿਆਨ ਇਹਨਾਂ ਸੱਤਾਂ ਗੁਣਾਂ ਦੀ ਪ੍ਰਾਪਤੀ ਰੂਪ ਸੱਤਾਂ ਸਮੁੰਦਰਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਪ੍ਰਸ਼ਨ- ਪ੍ਰਤੱਖ ਪ੍ਰਯਾਗ ਰਾਜ ਤੀਰਥ ਪਰ ਇਸ਼ਨਾਨ ਕਰ ਕੇ ਕਈ ਪੁਰਸ਼ ਪੁੰਨ, ਕਈ ਦਾਨ ਤੇ ਕਈ ਪੁਰਸ਼ ਪੂਜਾ ਆਦਿਕ ਕਰਦੇ ਹਨ।

ਇਸ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਤੀਰਥ ਪਰ ਨਾਮ-ਜਲ ਵਿਚ ਇੰਸ਼ਨਾਨ ਕਰ ਕੇ ਪੁੰਨ ਦਾਨ ਤੇ ਪੂਜਾ ਕਿਹੜੀ ਕਰੇ? *ਗੁਰ ਉੱਤਰ:-*

ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥

ਜਿਹੜਾ ਇਕ ਪਰਮੇਸ਼ਰ ਨੂੰ ਜੁਗਾਂ ਜੁਗਾਂ ਵਿਚ ਭਾਵ ਚਾਰਿਆਂ ਜੁਗਾਂ ਵਿਚ ਪਰੀਪੂਰਨ ਜਾਣਨਾ ਹੈ, ਏਹੀ ਪੁੰਨ ਸਮੇਂ ਪੁੰਨ ਤੇ ਦਾਨ ਹਮੇਸ਼ਾਂ ਤੇ ਪੂਜਾ ਆਦਿਕ ਕਰਮ ਕਰੇ।

ਪ੍ਰਸ਼ਨ- ਕਈ ਲੋਕ ਪ੍ਰਤੱਖ ਪ੍ਰਯਾਗ ਰਾਜ ਤੀਰਥ ਪਰ ਇਸ਼ਨਾਨ ਕਰ ਕੇ ਕਿਨਾਰੇ 'ਤੇ ਬੈਠ ਕੇ ਜਪ ਕਰਦੇ ਹਨ, ਪੁਨਾ ਪ੍ਰਯਾਗ ਰਾਜ ਤੀਰਥ ਪਰ ਇਸ਼ਨਾਨ ਕਰਨ ਨਾਲ ਅਠਾਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ। ਇਸ ਤਰਫ ਜਪ ਕਿਹੜਾ ਕਰਨਾ ਹੈ? ਤੇ ਅਠਾਠ ਤੀਰਥਾਂ ਦਾ ਫਲ ਕਿਹੜਾ ਹੈ? *ਗੁਰ ਉੱਤਰ:-*

ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ— ਸਤੋ ਗੁਣ ਰੂਪੀ ਮਾਘ ਦੇ ਮਹੀਨੇ ਸ਼ਰਧਾ ਰੂਪੀ ਮਕਰ ਰਾਸ਼ੀ ਕਰ ਕੇ ਸੰਤ ਸਮਾਗਮ ਰੂਪੀ ਪ੍ਰਯਾਗ ਰਾਜ ਤੀਰਥ ਪਰ ਨਾਮ ਰੂਪੀ ਜਲ ਵਿਚ ਇਸ਼ਨਾਨ ਕਰ ਕੇ ਜਿਹੜਾ ਹਰੀ ਨੂੰ ਮਹਾ ਰਸੁ= ਅਨੰਦ ਰੂਪ ਨਿਸਚੇ ਕਰਨਾ ਹੈ, ਏਹੀ ਜਪ ਕਰੇ। ਨਾਮ ਰੂਪ ਜਲ ਵਿਚ ਇਸ਼ਨਾਨ ਕਰਨ ਨਾਲ ਅਠਸਠਿ= ਅਠਾਠ ਤੀਰਥਾਂ ਦੇ ਨਾਤਾ= ਇਸ਼ਨਾਨ ਦਾ ਫਲ ਆਪ ਹੀ ਪ੍ਰਾਪਤ ਹੋ ਜਾਂਦਾ ਹੈ॥ ੧੫॥

ਯਥਾ:- ਸੁਣਿਐ ਅਠਸਠਿ ਕਾ ਇਸਨਾਨੁ॥ *(ਜਪੁ ਜੀ, ਪੰਨਾ ੩)*

ਤਥਾ:- ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ
ਜਨ ਕੇ ਚਰਨ ਤੀਰਥ ਕੋਟਿ ਗੰਗਾ॥ *(ਬਿਲਾਵਲੁ ਮਹਲਾ ੫, ਪੰਨਾ ੮੨੮)*

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥

ਫਲਗੁਨਿ= ਫੱਗਣ ਮਹੀਨੇ ਦੁਆਰਾ ਕਥਨ ਕਰਦੇ ਹਨ— ਜਿਸ ਦੇ ਮਨ ਵਿਚ ਪ੍ਰਭੂ ਦਾ ਪ੍ਰੇਮ ਭਾਇਆ ਹੈ, ਉਸ ਦੇ ਮਨ ਵਿਚ ਰਹਸੀ= ਅਨੰਦ ਦੀ ਪ੍ਰਾਪਤੀ ਹੋਈ ਹੈ।

ਅਥਵਾ :- ਸ਼ੁਭ ਗੁਣਾਂ ਦਾ ਫਲ ਜੋ ਗਿਆਨ ਹੈ ਉਸ ਗਿਆਨ ਰੂਪ ਫੱਗਣ ਦੇ ਮਹੀਨੇ ਵਿਚ ਜਿਸ ਨੂੰ ਪ੍ਰਭੂ ਦਾ ਪ੍ਰੇਮ ਚੰਗਾ ਲੱਗਾ ਹੈ, ਉਸ ਦੇ ਮਨ ਵਿਚ ਰਹਸੀ= ਅਨੰਦ ਦੀ ਪ੍ਰਾਪਤੀ ਹੋਈ ਹੈ।

ਅਥਵਾ :- ਜਿਸ ਵੇਲੇ ਦੈਵੀ ਸੰਪਦਾ ਰੂਪ ਸ਼ੁਭ ਗੁਣਾਂ ਦਾ ਫਲ ਪ੍ਰਾਪਤ ਹੋਇਆ ਤੇ ਪ੍ਰਭੂ ਦਾ ਪ੍ਰੇਮ ਚੰਗਾ ਲੱਗਾ, ਤਿਸ ਵੇਲੇ ਮਨਿ= ਮੰਨਨ ਕਰ ਕੇ ਰਹਸੀ= ਅਨੰਦ ਦੀ ਪ੍ਰਾਪਤੀ ਹੋਈ।

ਪ੍ਰਸ਼ਨ- ਉਹ ਅਨੰਦ ਥੋੜ੍ਹਾ ਸਮਾਂ ਰਹਿਣ ਵਾਲਾ ਹੋਵੇਗਾ? *ਉੱਤਰ-*

ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥

ਉਹ ਰਹਸੁ= ਅਨੰਦ ਅਨਦਿਨੁ= ਰਾਤ ਦਿਨ ਇਕ ਰਸ ਪ੍ਰਾਪਤ ਹੋਇਆ ਹੈ।

ਪ੍ਰਸ਼ਨ- ਉਹ ਅਨੰਦ ਕਿਸ ਤਰ੍ਹਾਂ ਪ੍ਰਾਪਤ ਹੋਇਆ ਹੈ? *ਉੱਤਰ-*

ਆਪੁ ਗਵਾਇਆ= ਜਿਸ ਵੇਲੇ ਆਪੁ= ਹੰਕਾਰ ਗਵਾਇਆ= ਦੂਰ ਕੀਤਾ ਤਾਂ ਰਾਤ ਦਿਨੇ ਅਨੰਦ ਪ੍ਰਾਪਤ ਹੋਇਆ।

ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥

ਜਾਂ ਮਨ ਵਿੱਚੋਂ ਮੋਹ ਨੂੰ ਚੁਕਾਇਆ= ਦੂਰ ਕੀਤਾ ਤਾਂ ਤਿਸ ਪਰਮਾਤਮਾ ਨੂੰ ਭਾ ਗਿਆ ਅਤੇ ਇਸ ਤਰ੍ਹਾਂ ਬੇਨਤੀ ਕੀਤੀ— "ਹੇ ਪ੍ਰਭੂ ! ਕਿਰਪਾ ਕਰ ਕੇ ਆਪ ਮੇਰੇ ਅੰਤਹਕਰਨ ਰੂਪ ਘਰ ਵਿਚ ਆ ਕੇ ਪ੍ਰਾਪਤ ਹੋਵੋ।"

ਪਰਮਾਤਮਾ ਨੇ ਅਕਾਸ਼ ਬਾਣੀ ਦੁਆਰੇ ਕਿਹਾ-"ਮੇਰੀ ਪ੍ਰਸੰਨਤਾ ਵਾਸਤੇ ਤੂੰ ਕੋਈ ਸਾਧਨ ਭੀ ਕੀਤਾ ਹੈ ਜਾਂ ਨਹੀਂ?"

ਇਹ ਗੱਲ ਸੁਣ ਕੇ ਜਗਿਆਸੂ ਰੂਪ ਸਖੀ ਨੇ ਕਿਹਾ-

ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥

ਹੇ ਪਤੀ-ਪਰਮਾਤਮਾ ! ਤੇਰੀ ਕਿਰਪਾ ਤੋਂ ਬਿਨਾਂ ਮੈਂ ਵੇਸ= ਸਾਧਨ ਤਾਂ ਬਹੁਤ ਕੀਤੇ ਹੱਨ ਪਰ ਹੰਗਤਾ ਦੇ ਸਹਿਤ ਕੀਤੇ ਹਨ, ਇਸ ਕਰ ਕੇ ਮੈਂ ਮਹਲੀ= ਜਗਿਆਸੂ ਨੇ ਮਹਲੀ= ਸਰੂਪ ਵਿਚ ਥਾਂ ਨਹੀਂ ਲੀਤੀ।

ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥

ਜਿਸ ਵੇਲੇ ਮੈਂ ਪਿਰਿ= ਪਤੀ-ਪਰਮਾਤਮਾ ਨੂੰ ਲੋੜੀ= ਚਾਹਿਆ। *ਅਥਵਾ :-* ਪਤੀ-ਪਰਮਾਤਮਾ ਨੇ ਮੈਨੂੰ ਚਾਹਿਆ ਤਾਂ ਹਰਿ ਹਰਿ ਦੇ ਉਚਾਰਨ ਰੂਪ ਹਾਰ, ਡੋਰ= ਬਿਰਤੀ ਲਗਾਉਣੀ, ਰਸ ਪਾਟ= ਪ੍ਰੇਮ ਰੂਪੀ ਬਸਤ੍ਰ ਤੇ ਗਿਆਨ ਰੂਪੀ ਪਟੰਬਰ= ਰੇਸ਼ਮੀ ਬਸਤ੍ਰ ਇਤਿਆਦਿਕ ਸ਼ਿੰਗਾਰਾਂ ਨਾਲ ਮੈਨੂੰ ਸ਼ਿੰਗਾਰਨਾ ਕੀਤਾ।

ਯਥਾ:- ਸੁਨਿ ਰੀ ਸਖੀ, ਇਹ ਹਮਰੀ ਘਾਲ ॥
ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥ *(ਪੰਨਾ ੩੮੪)*

ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਆਪਣੇ ਪੂਰਿਆਂ ਗੁਰਾਂ ਨੇ ਮੈਂ ਨਾਰੀ ਨੂੰ ਆਪਣੇ ਨਾਲ ਮੇਲ ਲਿਆ, ਤਾਂ ਮੈਂ ਨਾਰੀ ਨੇ ਆਪਣੇ ਅੰਤਹਕਰਨ ਰੂਪ ਘਰ ਦੇ ਵਿਚ ਹੀ ਵਰੁ= ਪਤੀ-ਪਰਮਾਤਮਾ ਨੂੰ ਪਾ ਲਿਆ ॥ ੧੬ ॥

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥

ਜਿਸ ਵਲੇ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸਹਜਿ= ਸੁਤੇ ਸਿਧ, *ਅਥਵਾ :-* ਸਹਜਿ= ਗਿਆਨ ਦੁਆਰਾ ਪ੍ਰਭੂ-ਪਰਮਾਤਮਾ ਆ ਕੇ ਮਿਲੇ ਤਾਂ ਬੇ= ਦੋ ਤੇ ਦਸ= ਬਾਰਾਂ (ਮਾਹ) ਮਹੀਨੇ, (ਬਸੰਤ, ਗ੍ਰੀਖਮ, ਪਾਵਸ, ਸਰਦ ਆਦਿਕ ਛੇ) ਰੁੱਤਾਂ, (ਏਕਮ ਦੂਜ, ਤੀਜ, ਆਦਿਕ ਪੰਦਰਾਂ) ਥਿੱਤਾਂ, (ਸੋਮ, ਮੰਗਲ, ਬੁੱਧ ਆਦਿਕ ਸੱਤ) ਵਾਰ, (ਇਕ) ਘੜੀ, ਮੂਰਤ= ਦੋ ਘੜੀਆਂ ਤੇ ਪਲ ਇਤਿਆਦਿਕ ਸਾਰੇ ਸਮੇਂ ਭਲੇ= ਚੰਗੇ ਹੋ ਗਏ।

ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥

ਜਿਸ ਵੇਲੇ ਪਿਆਰੇ ਪ੍ਰਭੂ ਪਰਮਾਤਮਾ ਮਿਲੇ ਤਾਂ ਉਸ ਨੇ ਸਾਡੇ ਸਾਰੇ ਕਾਰਜ ਸਵਾਰ ਦਿੱਤੇ, ਇਸ ਵਿਚ ਕੋਈ ਅਸਚਰਜ ਨਹੀਂ ਹੈ ਕਿਉਂਕਿ ਉਹ ਕਰਤਾ ਪੁਰਖ ਪਰਮਾਤਮਾ ਸਭ ਬਿਧੀਆਂ ਨੂੰ ਆਪ ਹੀ ਜਾਣਦਾ ਹੈ।

ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥

ਜਿਸ ਪਤੀ-ਪਰਮਾਤਮਾ ਨੇ ਸਾਧਨਾਂ ਰੂਪ ਸ਼ਿੰਗਾਰਾਂ ਨਾਲ ਸ਼ਿੰਗਾਰਿਆ ਹੈ ਇਹ ਜਗਿਆਸੂ ਰੂਪੀ ਇਸਤ੍ਰੀ ਤਿਸਹਿ= ਓਸੇ ਪਤੀ-ਪਰਮਾਤਮਾ ਨੂੰ ਪਿਆਰੀ ਲੱਗੀ ਹੈ। ਜਾਂ ਪਿਆਰੀ ਲੱਗੀ ਤਾਂ ਹੀ ਪਤੀ-ਪਰਮਾਤਮਾ ਨਾਲ ਮੇਲ ਹੋ ਗਿਆ, ਜਾਂ ਮੇਲ- ਮਿਲਾਪ ਹੋਇਆ ਤਾਂ ਹੀ ਉਸ ਦੇ ਅਭੇਦਤਾ ਦੇ ਰੰਗੁ= ਅਨੰਦ ਨੂੰ ਮਾਣੈ= ਭੋਗਣਾ ਕੀਤਾ।

ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥

ਜਿਸ ਗੁਰਮੁਖ ਸਖੀ ਦੇ ਮੱਥੇ ਦੇ ਚੰਗੇ ਭਾਗ ਹਨ ਉਸ ਨੇ ਪਤੀ-ਪਰਮਾਤਮਾ ਦੇ ਅਨੰਦ ਨੂੰ ਰਾਵਿਆ ਹੈ ਜਾਂ ਪਤੀ ਦੇ ਅਨੰਦ ਨੂੰ ਰਾਵਿਆ ਤਾਂ ਇਸ ਦੇ ਸਰੀਰ- ਘਰ ਵਿਚ ਸ਼ਰਧਾ ਵਿਸ਼ਿਸ਼ਟ ਅੰਤਹਕਰਨ ਰੂਪ ਸੇਜਾ ਸੁਹਾਵੀ= ਸੋਭਨੀਕ ਹੋਈ।

ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥ ੧੭॥ ੧॥

ਗੁਰੂ ਜੀ ਕਥਨ ਕਰਦੇ ਹਨ— ਜਿਹੜੀ ਜਗਿਆਸੂ ਰੂਪੀ ਇਸਤ੍ਰੀ ਸਾਧਨਾਂ ਦੁਆਰੇ ਅਹਿਨਿਸਿ= ਦਿਨ ਰਾਤ ਆਪਣੇ ਪ੍ਰੀਤਮੁ= ਪਰਮਾਤਮਾ ਨੂੰ ਰਾਂਵਦੀ ਹੈ, ਉਸ ਨੂੰ ਹਰੀ ਰੂਪ ਵਰੁ= ਪਤੀ ਦਾ ਸੋਹਾਗੋ= ਅਨੰਦ ਹਮੇਸ਼ਾਂ ਵਾਸਤੇ ਥਿਰੁ= ਇਸਥਿਤ ਹੋਇਆ ਹੈ॥ ੧੭॥ ੧॥

[ਪੰਨਾ ੧੧੧੦]

ਤੁਖਾਰੀ ਮਹਲਾ ੧॥

ਇਸ ਛੰਤ ਵਿਚ ਅਵਸਥਾ ਰੂਪੀ ਰਾਤ ਦੇ ਚਾਰ ਪਹਿਰਾਂ ਰਾਹੀਂ ਉਪਦੇਸ਼ ਦੇਂਦੇ ਹਨ:

ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ॥

ਅਵਸਥਾ ਰੂਪੀ ਰਾਤ ਦੇ ਬਾਲਕ ਉਮਰਾ ਰੂਪ ਪਹਿਲੇ ਪਹਿਰੇ ਵਿਚ ਹੇ ਸਲੋਨੜੀਏ= ਸੁੰਦਰ ਅੱਖਾਂ ਵਾਲੀ ਜੀਵ ਰੂਪ ਇਸਤ੍ਰੀਏ ! ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਜੜ੍ਹਤਾ ਭਾਵ ਅਗਿਆਤ ਰੂਪ ਹਨੇਰਾ ਹੈ।

ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ॥

ਹੇ ਮੁਈਏ= ਪਿਆਰੀਏ! ਰਾਮ ਨਾਮ ਰੂਪੀ ਵੱਖਰ ਨੂੰ ਹਿਰਦੇ ਵਿਚ ਰੱਖਣਾ ਕਰ, ਕਿਉਂਕਿ ਮਰਨੇ ਦੀ ਵਾਰੀ ਆ ਰਹੀ ਹੈ। *ਅਥਵਾ :-* ਰਾਮ ਦੀ ਕਿਰਪਾ ਬਿਨਾਂ ਏਹ ਮਨੁੱਖਾ ਦੇਹ ਦੀ ਪ੍ਰਾਪਤੀ ਰੂਪ ਵਾਰੀ ਆਵੇਗੀ? ਕਿਤੂੰ ਨਹੀਂ ਆਵੇਗੀ।

ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ॥

ਜੇ ਕਰ ਮਨੁੱਖਾ ਦੇਹ ਰੂਪ ਵਾਰੀ ਆ ਭੀ ਗਈ ਤਾਂ ਮੋਹ ਜਾਂ ਅਵਿਦਿਆ ਦੀ ਨੀਂਦ ਵਿਚ ਤੈਨੂੰ ਕੌਣ ਜਗਾਵੇਗਾ? ਅਵਿਦਿਆ ਦੀ ਨੀਂਦ ਵਿਚ ਸੁੱਤੀ ਪਈ ਦਾ ਪ੍ਰਾਣਾਂ ਰੂਪੀ ਰਸ ਜਮ ਚੂਸ ਲਵੇਗਾ। ਭਾਵ ਪ੍ਰਾਣ ਕੱਢ ਕੇ ਤੈਨੂੰ ਲੈ ਜਾਵੇਗਾ।

ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ॥

ਤੇਰੀ ਅਵਸਥਾ ਰੂਪੀ ਰੈਣਿ= ਰਾਤ ਪਾਪਾਂ ਕਰ ਕੇ ਹਨੇਰੀ ਹੈ, ਇਸ ਵਿਚ ਤੇਰੀ ਕੀ ਪਤਿ= ਇੱਜ਼ਤ ਰਹੇਗੀ,

ਕਾਮ ਕਰੋਧ ਆਦਿਕ ਚੋਰ ਪੈ ਕੇ ਤੇਰੇ ਘਰ ਨੂੰ ਮੁਸਏ= ਲੁੱਟੀ ਜਾ ਰਹੇ ਹਨ, ਭਾਵ ਸ਼ੁਭ ਗੁਣਾਂ ਨੂੰ ਚੁਰਾ ਰਹੇ ਹਨ।

ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥

ਉਹ ਅਗਮ ਅਪਾਰ ਪ੍ਰਭੂ ਹੀ (ਇਨ੍ਹਾਂ ਚੋਰਾਂ ਤੋਂ) ਰੱਖਣ ਵਾਲਾ ਹੈ, (ਉਸ ਨੂੰ ਕਹੋ ਕਿ ਹੇ ਪ੍ਰਭੂ !) ਮੇਰੀ ਬੇਨਤੀ ਸੁਣ ਕੇ ਮੈਨੂੰ ਆਪਣੇ ਨਾਲ ਮੇਰੀਆ= ਮੇਲਣਾ ਕਰ।

ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਮੂਰਖ ਪੁਰਸ਼ ਕਦੇ ਭੀ ਵਾਹਿਗੁਰੂ ਨੂੰ ਚੇਤਦਾ ਨਹੀਂ ਹੈ, ਇਸ ਲਈ ਮੋਹ ਰੂਪ ਹਨੇਰੀ ਰਾਤ ਵਿਚ ਇਸ ਨੂੰ ਕੀ ਸੂਝੈ= ਸੁੱਝੇਗਾ? ॥ ੧ ॥

ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥

ਅਵਸਥਾ ਰੂਪੀ ਰਾਤ ਦਾ ਜੋਬਨ ਅਵਸਥਾ ਰੂਪੀ ਦੂਜਾ ਪਹਿਰਾ ਹੋ ਗਿਆ ਹੈ, ਹੇ ਅਚੇਤੀ= ਅਗਿਆਤ ਜੀਵ ਰੂਪ ਇਸਤ੍ਰੀਏ ! ਹੁਣ ਤਾਂ ਰਾਮ ਦੇ ਚੇਤਨੇ ਵਿਚ ਜਾਗ।

ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥

ਹੇ ਮੁਈਏ= ਪਿਆਰੀਏ ! ਰਾਮ ਨਾਮ ਰੂਪੀ ਵਖਰੁ= ਸੌਦੇ ਨੂੰ ਹਿਰਦੇ ਵਿਚ ਸੰਭਾਲ ਕੇ ਰੱਖ, ਰਾਮ ਦੀ ਪ੍ਰਾਪਤੀ ਬਿਨਾਂ ਸ਼ੁਭ ਗੁਣਾਂ ਰੂਪੀ ਖੇਤੀ ਨੂੰ ਕਾਮ ਆਦਿਕ ਖਾਜੈ= ਅਭਾਵ ਕੀਤੀ ਜਾ ਰਹੇ ਹਨ।

ਅਥਵਾ :- ਸ੍ਵਾਸਾਂ ਰੂਪੀ ਖੇਤੀ ਨੂੰ ਕਾਲ ਰੂਪ ਪਸ਼ੂ ਖਾਈ ਜਾਂਦਾ ਹੈ।

ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥

ਹਰੀ ਵਿਚ ਤੇ ਗੁਰਾਂ ਵਿਚ ਹੇਤੀ= ਪਰੇਮ ਕਰ ਕੇ, *ਵਾ :-* ਹਰੀ ਸਰੂਪ ਗੁਰਾਂ ਵਿਚ ਪਰੇਮ ਕਰ ਕੇ, *ਅਥਵਾ-* ਗੁਰਾਂ ਦੁਆਰੇ ਹਰੀ ਵਿਚ ਹੇਤੀ= ਪਰੇਮ ਕਰ ਕੇ ਸ਼ੁਭ ਗੁਣਾਂ, *ਵਾ :-* ਸ੍ਵਾਸਾਂ ਰੂਪੀ ਖੇਤੀ ਨੂੰ ਰੱਖ ਲੈ, ਹਰੀ ਵੱਲ ਜਾਗਣ ਕਰ ਕੇ ਜਮ ਰੂਪੀ ਚੋਰ ਤੇਰੇ ਮਗਰ ਨਹੀਂ ਲਗੇਗਾ।

ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥

ਜਮ-ਰਸਤੇ ਵਿਚ ਨਹੀਂ ਜਾਓਗੇ, ਨਾ ਹੀ ਨਰਕਾਂ ਦਾ ਦੁੱਖ਼ ਪਾਓਗੇ, ਜਮਾਂ ਦਾ ਡਰ ਤੇ ਨਰਕਾਂ ਦਾ ਭਉ ਜਾਂ ਹੋਰਨਾਂ ਪੁਰਸ਼ਾਂ ਦਾ ਭਉ ਭਾਗੈ= ਨਾਸ ਹੋ ਜਾਏਗਾ।

ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥

ਜਿਸ ਪਰਮੇਸ਼ਰ ਨੇ ਸੰਸਾਰ ਦੁਆਰੇ ਪਰ ਰਵਿ ਸਸਿ= ਸੂਰਜ ਚੰਦ੍ਰਮਾ ਰੂਪ ਦੋ ਦੀਵੇ ਪ੍ਰਕਾਸ਼ੇ ਹਨ, ਉਸ ਪਰਮੇਸ਼ਰ ਨੂੰ ਗੁਰ-ਸਿਖਿਆ ਦੁਆਰੇ ਮਨ ਵਿਚ ਧਿਆਉਣਾ ਕਰ ਤੇ ਮੂੰਹ ਤੋਂ ਸੱਚ ਨਾਮ ਉਚਾਰਨਾ ਕਰ ਤਾਂ ਤੇਰੇ ਅੰਤਹਕਰਣ ਰੂਪ ਦੁਆਰੇ ਪਰ ਗਿਆਨ ਵੈਰਾਗ ਰੂਪੀ ਦੋ ਦੀਵੇ ਪ੍ਰਕਾਸ਼ਨਗੇ।

ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਮੂਰਖ ਪੁਰਸ਼ ਅਜੇ ਵੀ ਪਰਮਾਤਮਾ ਨੂੰ ਚੇਤਦਾ ਨਹੀਂ ਹੈ, ਦੂਜੈ= ਦ੍ਵੈਸ਼ ਭਾਵ ਕਰ ਕੇ, *ਵਾ :-* ਜੋਬਨ ਅਵਸਥਾ ਰੂਪੀ ਦੂਜੇ ਪਹਿਰੇ ਵਿਚ ਕਿਵੇਂ ਸੁਖ ਪਾਏਗਾ? ॥ ੨ ॥

ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ॥
ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ॥

ਜਿਸ ਵੇਲੇ ਅਵਸਥਾ ਰੂਪੀ ਰਾਤ ਦਾ ਅਧਖੜ ਉਮਰਾ ਰੂਪ ਤੀਜਾ ਪਹਿਰ ਹੋ ਗਿਆ ਤਾਂ ਰਾਮ ਨਾਮ-ਸਿਮਰਨ ਤੋਂ ਬਿਨਾਂ ਮਮਤਾ ਰੂਪ ਨੀਂਦ ਵਿਆਪੀ= ਆ ਲੱਗੀ। ਇਹ ਮਾਇਆ= ਦੌਲਤ ਮੇਰੀ ਹੈ, ਇਹ ਮੇਰਾ ਸੁਤ= ਪੁੱਤਰ ਹੈ, ਇਹ ਮੇਰੀ ਦਾਰਾ= ਇਸਤ੍ਰੀ ਹੈ, ਇਨ੍ਹਾਂ ਦੇ ਦੁੱਖ ਵਿਚ ਹੀ ਹੇ ਭਾਈ ! ਇਹ ਜੀਵ ਬੜਾ ਸੰਤਾਪੀ= ਦੁਖੀ ਹੁੰਦਾ ਹੈ।

ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ॥

ਜਗਤ ਵਿਚ ਮਾਇਆ, ਸੁਤ= ਪੁੱਤਰ ਤੇ ਦਾਰਾ= ਇਸਤ੍ਰੀ ਦਾ ਪਿਆਰਾ ਹੋ ਕੇ ਵਿਸ਼ਿਆਂ ਰੂਪ ਚੋਗ ਨੂੰ ਚੁਗਦਾ ਹੋਇਆ ਨਿਤਾਪ੍ਰਤੀ ਜਮਾਂ ਦੇ ਜਾਲ ਵਿਚ ਫਸਦਾ ਹੈ।

ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ॥

ਜਾਂ ਗੁਰ-ਸਿਖਿਆ ਦੁਆਰੇ ਨਾਮ ਨੂੰ ਧਿਆਵੇ ਤਾਂ ਸੁਖਾਂ ਪਾਉਂਦਾ ਹੈ, ਗੁਰ-ਸਿਖਿਆ ਪ੍ਰਾਪਤ ਹੋਣ ਕਰ ਕੇ ਇਸ ਨੂੰ ਕਾਲ ਗ੍ਰਸਦਾ ਨਹੀਂ ਹੈ।

ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ॥

ਜਨਮ ਕਾਲ ਤੇ ਮਰਨ ਕਾਲ ਇਸ ਨੂੰ ਛੱਡਦਾ ਨਹੀਂ ਹੈ ਨਾਮ ਤੋਂ ਬਿਨਾਂ ਬੁੱਧੀ ਸੰਤਾਪੀ= ਦੁਖਿਤ ਰਹਿੰਦੀ ਹੈ।

ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ॥ ੩॥

ਗੁਰੂ ਜੀ ਕਥਨ ਕਰਦੇ ਹਨ- ਅਵਸਥਾ ਰੂਪੀ ਰਾਤ ਦੇ ਤੀਜੇ ਪਹਿਰੇ ਅਧ-ਖੜ ਉਮਰ ਦੇ ਆਇਆਂ ਭੀ ਲੋਕਾਂ ਦੀ ਬੁੱਧੀ ਤ੍ਰਿਬਿਧਿ= ਤ੍ਰਿਗੁਣ ਰੂਪ ਮਾਇਆ ਦੇ ਮੋਹ ਵਿਚ ਵਿਆਪੀ= ਲੱਗ ਰਹੀ ਹੈ॥ ੩॥

ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ॥

ਰਾਮ= ਹੇ ਭਾਈ ! ਜਿਸ ਵੇਲੇ ਅਵਸਥਾ ਰੂਪੀ ਰਾਤ ਦਾ ਬਿਰਧ ਅਵਸਥਾ ਰੂਪੀ ਚੌਥਾ ਪਹਿਰ ਹੋਇਆ ਤਾਂ ਕਾਲ ਰੂਪੀ ਬਿਹਾਗੈ= ਦਿਨ ਦਉਤੁ= ਚੜ੍ਹਿਆ।

ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ॥

ਉਹਨਾਂ ਨੇ ਆਪਣਾ ਸਰੀਰ-ਘਰ (ਕਾਮ ਕਰੋਧ ਆਦਿਕ ਚੋਰਾਂ ਤੋਂ) ਰੱਖ ਲਿਆ ਹੈ। ਵਾ :- ਉਹਨਾਂ ਨੇ ਆਪਣੇ ਸਰੀਰ-ਘਰ ਨੂੰ ਸਫਲ ਕਰ ਰਖਿਆ ਹੈ ਜੋ ਰਾਮ ਦੇ ਸਿਮਰਨ ਵਿਚ ਰਾਤ ਦਿਨ ਜਾਗੇ ਹਨ।

ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ॥

ਜੋ ਗੁਰਾਂ ਨੂੰ ਪੁੱਛ ਕੇ ਮੋਹ ਰੂਪ ਨੀਂਦ ਵੱਲੋਂ ਜਾਗੇ ਹਨ ਤੇ ਨਾਮ-ਸਿਮਰਨ ਵਿਚ ਲੱਗੇ ਹਨ, ਉਹਨਾਂ ਦੀ ਅਵਸਥਾ (ਉਮਰ) ਰੂਪੀ ਰਾਤ ਸੁਹੇਲੀਆ= ਸੁਖਦਾਈ ਹੈ।

ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ॥

ਜੋ ਗੁਰ-ਉਪਦੇਸ਼ ਨੂੰ ਕਮਾਉਂਦੇ ਹਨ ਉਹ ਜਨਮ ਮਰਨ ਵਿਚ ਨਹੀਂ ਆਉਂਦੇ, ਉਹਨਾਂ ਦਾ ਹਰੀ- ਪ੍ਰਭੂ

ਬੇਲੀਆ= ਮਿੱਤਰ ਹੋ ਜਾਂਦਾ ਹੈ।

ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ॥

ਕਰ= ਹੱਥ ਕੰਪਿ= ਕੰਬਦੇ ਹਨ, ਚਰਣ= ਪੈਰ ਡੋਲਦੇ ਤੇ ਸਾਰਾ ਸਰੀਰ ਕੰਪੈ= ਕੰਬਦਾ ਹੈ; ਨੈਣ= ਨੇਤਰ ਅੰਧੁਲੇ= ਅੰਨ੍ਹੇ ਹੋ ਜਾਂਦੇ ਹਨ ਭਾਵ ਅੱਖਾਂ ਦੀ ਜੋਤ ਘਟ ਜਾਂਦੀ ਹੈ ਅਤੇ ਸਰੀਰ ਭਸਮ= ਸ੍ਵਾਹ ਸੇ= ਵਰਗਾ ਖੁਸ਼ਕ ਹੋ ਜਾਂਦਾ ਹੈ।

ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ॥ ੪॥

ਗੁਰੂ ਜੀ ਕਥਨ ਕਰਦੇ ਹਨ- ਮਨ ਵਿਚ ਹਰੀ ਨਾਮ ਦੇ ਵਸੇ ਤੋਂ ਬਿਨਾਂ ਜੀਵ ਚਾਰਿਆਂ ਜੁਗਾਂ ਵਿਚ ਦੁਖੀ ਹੁੰਦਾ ਹੈ॥ ੪॥

ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ॥

ਜਿਸ ਵੇਲੇ ਰਾਮ ਦਾ ਲਿਖਿਆ ਹੋਇਆ ਹੁਕਮ ਆਇਆ ਤਾਂ ਜਮਦੂਤਾਂ ਨੇ ਆ ਕੇ ਕਿਹਾ— "ਉੱਠੋ!" ਉਸ ਵੇਲੇ ਪ੍ਰਾਣ ਅਪਾਣ ਦੀ ਗੰਢ ਖੁੱਲ੍ਹ ਗਈ।

ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ॥

ਰਾਮ= ਹੇ ਭਾਈ ! ਉਸ ਵੇਲੇ ਸਾਰੇ ਰਸ ਕਸ ਤੇ ਸੁਖ ਠਾਕੇ= ਰੁਕ ਜਾਂਦੇ ਹਨ ਤੇ ਜਮਦੂਤਾਂ ਨੇ ਬੰਨ੍ਹ ਕੇ ਜਮ- ਰਸਤੇ ਵਿਚ ਚਲਾਉਣਾ ਕੀਤਾ।

ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ॥

ਜਾਂ ਪ੍ਰਭੂ ਦਾ ਭਾਇਆ= ਭਾਣਾ (ਹੁਕਮ) ਹੋਇਆ ਤਾਂ ਜਮਦੂਤਾਂ ਨੇ ਜੀਵ ਨੂੰ ਬੰਨ੍ਹ ਕੇ ਤੋਰਿਆ, ਕਿਉਂਕਿ ਜ਼ਿੰਦਗੀ ਦੇ ਕਿਸੇ ਸਮੇਂ ਵਿਚ ਭੀ ਨਾ ਇਸ ਨੇ ਗੁਰਾਂ ਦਾ ਦਰਸ਼ਨ ਦੇਖਿਆ, ਨਾ ਹੀ ਪ੍ਰਭੂ ਦਾ ਨਾਮ ਸੁਣਿਆ।

੨) ਉਸ ਵੇਲੇ ਪਾਪੀ ਜੀਵ ਨੂੰ ਇਤਨੀ ਮਾਰ ਪੈਂਦੀ ਹੈ ਨਾ ਇਸ ਨੂੰ ਕੁਝ ਦਿੱਸਦਾ ਹੈ ਨਾ ਸੁਣਦਾ ਹੈ।

੩) ਉਸ ਵੇਲੇ ਨਾ ਕੋਈ ਮਿੱਤਰ ਦਿਸਦਾ ਹੈ ਤੇ ਨਾ ਹੀ ਕੋਈ ਇਸ ਪਾਪੀ ਜੀਵ ਦੀ ਪੁਕਾਰ ਨੂੰ ਸੁਣਦਾ ਹੈ।

ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ॥

ਆਪੋ ਆਪਣੀ ਵਾਰੀ ਅਨੁਸਾਰ ਸਭ ਕਿਸੇ ਦੀ ਮੌਤ ਆਵੇਗੀ, ਜਿਵੇਂ ਨਿਯਮ ਅਨੁਸਾਰ ਪੱਕੀ ਖੇਤੀ ਜ਼ਰੂਰ ਹੀ ਲੁਣੀਐ= ਕੱਟੀ ਜਾਂਦੀ ਹੈ, ਤਿਵੇਂ ਜਮਦੂਤ ਪਕੀ ਖੇਤੀ= ਬੁਢੇਪੇ ਵਿਚ ਜ਼ਰੂਰ ਹੀ ਮਾਰ ਕੇ ਲੈ ਜਾਂਦੇ ਹਨ।

ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥

ਪਰਲੋਕ ਵਿਚ ਜੀਵ ਪਾਸੋਂ ਹਰ ਇਕ ਘੜੀ, ਚਸੇ ਤੇ ਪਲ ਦਾ ਲੇਖਾ ਲਿਆ ਜਾਂਦਾ ਹੈ ਅਤੇ ਬੁਰੇ ਭਲੇ ਕਰਮਾਂ ਦਾ ਫਲ ਇਹ ਜੀਵ ਸਹੁ= ਸਹਾਰਦਾ ਹੈ।

ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ॥ ੫॥ ੨॥

ਗੁਰੂ ਜੀ ਕਥਨ ਕਰਦੇ ਹਨ— ਉਸ ਪ੍ਰਭੂ ਨੇ ਅਜਿਹਾ ਜੀ ਕਾਰਨ ਕੀਤਾ ਹੈ, ਚਾਹੇ ਕੋਈ ਸੁਰਿ= ਦੇਵਤਾ

ਹੈ ਚਾਹੇ ਕੋਈ ਨਰ= ਮਨੁੱਖ ਹੈ, ਸਭ ਦਾ ਗੁਰ- ਸ਼ਬਦ ਕਰ ਕੇ ਪ੍ਰਭੂ ਨਾਲ ਮਿਲਾਪ ਹੁੰਦਾ ਹੈ।

ਅਥਵਾ :- ਗੁਰ- ਉਪਦੇਸ਼ ਵਾਲੇ ਸੁਰਿ ਨਰ= ਸ੍ਰੇਸ਼ਟ ਪੁਰਸ਼ਾਂ ਨੂੰ ਪ੍ਰਭੂ ਨੇ ਆਪਣੇ ਨਾਲ ਮਿਲਾਇਆ ਹੈ ਕਿਉਂਕਿ ਉਸ ਨੇ ਆਪਣੇ ਮਿਲਣ ਦਾ ਕਾਰਣ= ਸਾਧਨ ਹੀ ਗੁਰ- ਸ਼ਬਦ ਕੀਤਾ ਹੈ॥ ੫॥ ੨॥

ਤੁਖਾਰੀ ਮਹਲਾ ੧ ॥

ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥

ਲੰਮਾ= ਦੇਸ਼ ਕਾਲ ਵਸਤੂ ਦੇ ਭੇਦ ਤੋਂ ਰਹਿਤ ਜੋ ਪਰਮਾਤਮਾ ਰੂਪ ਤਾਰਾ ਸਾਰੇ ਚੜ੍ਹਿਆ ਹੋਇਆ ਹੈ, ਅਰਥਾਤ ਪ੍ਰਕਾਸ਼ ਰਿਹਾ ਹੈ; ਉਹ ਰਾਮ ਰੂਪੀ ਲੰਮਾ ਤਾਰਾ ਕਿਵੇਂ ਨਦਰਿ= ਅੱਖੀਂ ਨਿਹਾਲਿਆ= ਦੇਖਿਆ ਜਾ ਸਕਦਾ ਹੈ? *ਉੱਤਰ:-*

ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥

ਜੋ ਪੂਰਿਆਂ ਕਰਮਾਂ ਵਾਲਾ ਸੇਵਕ ਹੈ, ਉਸ ਨੂੰ ਸਤਿਗੁਰੂ ਨੇ ਉਪਦੇਸ਼ ਦੇ ਕੇ ਰਾਮ ਰੂਪੀ ਲੰਮਾ ਤਾਰਾ ਦਿਖਾਇਆ ਹੈ।

ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥

ਜਿਸ ਨੂੰ ਗੁਰਾਂ ਨੇ ਸ਼ਬਦ ਦੇ ਕੇ ਦਿਖਾਇਆ ਹੈ, ਉਸੇ ਨੇ ਸੱਚ ਨੂੰ ਸੰਭਾਲਿਆ ਅਤੇ ਦਿਨ ਰਾਤ ਇਕ ਰਸ ਵਿਚਾਰ ਕੇ ਦੇਖਿਆ ਹੈ। ਅਥਵਾ :- ਜਿਸ ਨੇ ਦਿਨ ਰਾਤ ਗੁਰ-ਸ਼ਬਦ ਨੂੰ ਵਿਚਾਰਿਆ ਹੈ, ਉਸ ਨੂੰ ਗੁਰਾਂ ਨੇ ਦਿਖਾਇਆ ਹੈ ਅਤੇ ਓਸੇ ਨੇ ਸੱਚ ਨੂੰ ਸੰਭਾਲਦਿਆਂ ਹੋਇਆਂ ਸਰੂਪ ਨੂੰ ਦੇਖਿਆ ਹੈ।

ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥

ਜਦ ਸਰੂਪ-ਘਰ ਨੂੰ ਜਾਣਿਆਂ ਤਾਂ ਜੋ ਪੰਜ ਇੰਦ੍ਰੀਏ ਧਾਵਤ= ਦੌੜ ਰਹੇ ਸਨ ਉਹ ਵਿਸ਼ਿਆਂ ਵੱਲੋਂ ਇਸਥਿਤ ਹੋ ਗਏ ਅਤੇ ਕਾਮ ਕਰੋਧ ਆਦਿਕਾਂ ਦੀ ਵਾਸ਼ਨਾ ਨੂੰ ਭੀ ਮਾਰ ਦਿੱਤਾ।

ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥

ਜਿਸ ਵੇਲੇ ਗੁਰਾਂ ਦੀ ਸਾਖੀ= ਸਿਖਿਆ ਦੁਆਰੇ ਅੰਤਹਕਰਨ ਵਿਚ ਜੋਤਿ= ਗਿਆਤ ਪ੍ਰਾਪਤ ਹੋਈ ਤਾਂ ਕਰੰਮਾ= ਕਿਰਪਾਲੂ ਰਾਮ ਨੂੰ ਚੀਨੇ= ਜਾਣ ਲਿਆ।

[ਪੰਨਾ ੧੧੧੧]

ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ— (ਜਦ) ਹੰਗਤਾ ਮਮਤਾ ਨੂੰ ਮਾਰ ਕੇ ਪਤੀਣੇ= ਭਰੋਸੇ ਵਾਲੇ ਹੋਏ ਤਾਂ ਹਿਰਦੇ ਰੂਪ ਅਕਾਸ਼ ਵਿਚ ਲੰਮਾ ਤਾਰਾ= ਪਰਮੇਸ਼ਰ ਚੜ੍ਹਿਆ= ਸਖਿਆਤਕਾਰ ਹੋਇਆ॥ ੧ ॥

ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥

ਜੋ ਗੁਰਮੁਖ ਗੁਰਾਂ ਦੁਆਰੇ ਰਾਮ ਦੇ ਨਾਮ-ਸਿਮਰਨ ਵਿਚ ਜਾਗ ਰਹੇ ਹਨ, ਉਹਨਾਂ ਦੀ ਅਭਿਮਾਨਤਾ ਚੁੱਕ ਗਈ ਹੈ। ਅਥਵਾ :- ਰਾਮ ਦੀ ਕਿਰਪਾ ਕਰ ਕੇ ਜਿਨ੍ਹਾਂ ਦੀ ਅਭਿਮਾਨਤਾ ਚੂਕੀ= ਦੂਰ ਹੋਈ ਹੈ, ਉਹ ਗੁਰਮੁਖ

ਗਿਆਨ- ਜਾਗ੍ਰਤ ਵਿਚ ਜਾਗ ਰਹੇ ਹਨ।

ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥

ਰਾਤ ਦਿਨ ਗਿਆਨ ਰੂਪੀ ਭੋਰੁ= ਦਿਨ ਚੜ੍ਹਨ ਕਰ ਕੇ ਉਹਨਾਂ ਦੀ ਸੱਚੇ ਰਾਮ ਵਿਚ ਸਮਾਈ ਹੋਈ ਹੈ।

ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥

ਮੁਖ ਗੁਰਾਂ ਦੇ ਮਨ ਵਿਚ ਭਾਨੀ= ਭਾਉਣ ਕਰ ਕੇ ਸੱਚ ਵਿਚ ਸਮਾਈ ਹੋਈ ਹੈ, ਭਜਨ-ਸਿਮਰਨ ਵਿਚ ਜਾਗਣ ਕਰ ਕੇ ਗੁਰਮੁਖ ਸਾਬਤ ਹਨ।

ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥

ਜਿਸ ਨੂੰ ਗੁਰਾਂ ਨੇ ਸੱਚ ਨਾਮ- ਅੰਮ੍ਰਿਤ ਦਿੱਤਾ ਹੈ, ਉਸੇ ਦੀ ਲਿਵ ਹਰੀ ਦੇ ਚਰਨਾਂ ਵਿਚ ਲੱਗੀ ਹੈ।

ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥

ਜਿਸ ਪ੍ਰਭੂ ਦੀ ਜੋਤ ਸਾਰੇ ਪਰਗਟ ਹੋ ਰਹੀ ਹੈ ਉਸ ਜੋਤੀ ਨੂੰ ਗੁਰਮੁਖਾਂ ਨੇ ਹਿਰਦੇ ਵਿਚ ਜਾਤਾ= ਜਾਣਿਆਂ ਹੈ। ਵਾ :- ਗੁਰਮੁਖਾਂ ਦੇ ਹਿਰਦੇ ਵਿਚ ਜੋਤਿ= ਗਿਆਤ ਪ੍ਰਗਟੀ ਹੈ.ਇਸ ਕਰ ਕੇ ਉਹਨਾਂ ਨੇ ਜੋਤਿ= ਜੋਤੀ (ਪਰਮਾਤਮਾ) ਨੂੰ ਜਾਣਿਆਂ ਹੈ, ਮਨਮੁਖਾਂ ਦੀ ਬੁੱਧੀ ਭਰਮ ਵਿਚ ਭੁੱਲ ਰਹੀ ਹੈ।

ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥ ੨॥

ਗੁਰੂ ਜੀ ਕਥਨ ਕਰਦੇ ਹਨ— ਜਾਂ ਗੁਰਾਂ ਦੇ ਮਨੁ= ਮੰਤ੍ਰ ਨੂੰ ਮੰਨਿਆਂ ਤਾਂ ਗਿਆਨ ਰੂਪ ਭੋਰੁ= ਦਿਨ (ਸੂਰਜ) ਭਇਆ= ਹੋਇਆ (ਚੜ੍ਹਿਆ), ਇਸ ਲਈ ਭਜਨ ਵਿਚ ਜਾਗਦਿਆਂ ਹੀ ਉਹਨਾਂ ਦੀ ਉਮਰਾ ਰੂਪ ਰਾਤ ਬਿਤੀਤ ਹੋ ਗਈ ਹੈ। ਵਾ :- ਗਿਆਨ-ਜਾਗ੍ਰਤ ਵਿਚ ਜਾਗਣ ਕਰ ਕੇ ਅਵਿਦਿਆ ਰੂਪੀ ਰਾਤ ਬਿਤੀਤ ਹੋ ਗਈ॥ ੨॥

ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ॥

ਰਾਮ= ਹੇ ਭਾਈ ! ਰਾਮ ਜੋ ਗੁਣੀ ਹੈ ਉਸ ਵਿਚ ਜਦ ਘਰ ਕੀਆ= ਨਿਵਾਸ ਕੀਤਾ ਤਾਂ ਸਾਰੇ ਔਗੁਣ ਭੁੱਲ ਗਏ ਤੇ ਇਸ ਤਰ੍ਹਾਂ ਜਾਣਿਆਂ—

ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ॥

ਜੋ ਸਭਨਾਂ ਵਿਚ ਇਕ ਰਾਮ ਹੀ ਰਵਿ ਰਹਿਆ= ਪੂਰਨ ਹੋ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕੋਈ ਬੀਆ= ਦੂਜਾ ਨਹੀਂ ਹੈ।

ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ॥

ਇਕ ਓਹੀ ਰਵਿ= ਪੂਰਨ ਹੋ ਰਿਹਾ ਹੈ ਉਸ ਵਰਗਾ ਹੋਰ ਕੋਈ ਨਹੀਂ ਹੈ, ਗੁਰਾਂ ਦੇ ਮਨ ਹੀ= ਮੰਤ੍ਰ ਕਰ ਕੇ ਹੀ ਉਸ ਉੱਤੇ ਮਨ ਮੰਨਿਆ ਗਿਆ ਹੈ।

ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ॥

ਜਿਸ ਪ੍ਰਭੂ ਨੇ ਜਲ ਥਲ ਤੇ ਤਿੰਨਾਂ ਲੋਕਾਂ ਵਿਚ ਘਟੁ ਘਟੁ= ਹਰੇਕ ਸਰੀਰ ਨੂੰ ਥਾਪਿਆ= ਬਣਾਇਆ ਹੈ, ਉਸ ਪ੍ਰਭੂ ਨੂੰ ਗੁਰਾਂ ਦੁਆਰੇ ਜਾਣ ਲਿਆ ਹੈ।

ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ॥

(ਰਜੋ, ਸਤੋ, ਤਮੋ ਰੂਪ) ਤ੍ਰਿਬਿਧਿ= ਤਿੰਨ ਪ੍ਰਾਰ ਦੇ ਗੁਣਾਂ ਨੂੰ ਮੇਟ ਕੇ, ਜੋ ਅਪਾਰ ਪ੍ਰਭੂ ਸਭ ਕਾਰਣਾਂ ਦੇ ਕਰਨ ਨੂੰ ਸਮਰੱਥ ਹੈ, ਉਸ ਵਿਚ ਸਮਾਈ ਕੀਤੀ ਹੈ।

ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ॥ ੩॥

ਗੁਰੂ ਜੀ ਕਥਨ ਕਰਦੇ ਹਨ— ਅਜਿਹੀ ਗੁਰ-ਸਿਖਿਆ ਪਾਈ ਹੈ ਜਿਸ ਕਰ ਕੇ ਸ਼ੁਭ ਗੁਣ ਪ੍ਰਾਪਤ ਹੋਏ ਹਨ ਤੇ ਔਗੁਣ ਸਮਾਣੇ= ਨਾਸ ਹੋ ਗਏ ਹਨ॥ ੩॥

ਆਵਣ ਜਾਣ ਰਹੇ ਚੂਕਾ ਭੋਲਾ ਰਾਮ॥

ਜਿਸ ਵੇਲੇ ਰਾਮ ਵਲੋਂ ਭੋਲਾ= ਭੁਲੇਖਾ ਚੁੱਕ ਗਿਆ ਤਾਂ ਆਉਣ ਜਾਣ ਦੀ ਤਰਫੋਂ ਰਹਿ ਗਏ ਹਾਂ

ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ॥

ਹੰਗਤਾ-ਮਮਤਾ ਨੂੰ ਮਾਰ ਕੇ ਰਾਮ ਨਾਲ ਮਿਲੇ ਹਾਂ, ਏਸੇ ਕਰ ਕੇ ਸਰੀਰ ਰੂਪ ਚੋਲਾ ਸਾਚਾ= ਸਫਲ ਹੋ ਗਿਆ।

ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ॥

ਜਾਂ ਗੁਰਾਂ ਨੇ ਹੰਗਤਾ ਮਮਤਾ ਖੋਈ= ਦੂਰ ਕੀਤੀ ਤਾਂ ਸਾਰੇ ਸੰਸਾਰ ਵਿਚ ਪਰਗਟ ਹੋ ਗਈ।

ਵਾ :- ਪ੍ਰਭੂ ਦੀ ਜੋਤ ਪਰਗਟ ਹੋ ਗਈ ਅਤੇ ਸੋਗ ਸੰਤਾਪ ਸਾਰੇ ਚੂਕੇ= ਨਵਿਰਤ ਹੋ ਗਏ।

ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥

ਸੂਰਜ ਚੰਦ੍ਰਮਾ ਰੂਪ ਛੇ ਜੋਤੀਆਂ ਅੰਦਰ ਜਿਸ ਪ੍ਰਭੂ ਦੀ ਜੋਤ ਸਮਾ ਰਹੀ ਹੈ, ਉਸ ਨੂੰ ਆਪਣਾ ਆਪ ਰੂਪ ਕਰ ਕੇ ਪਛਾਣਿਆਂ। ਵਾ :- ਜਿਸ ਵੇਲੇ ਜੋਤੀ= ਪਰਮਾਤਮਾ ਅੰਦਰ ਜੋਤਿ= ਗਿਆਤ ਸਮਾਈ ਤਾਂ ਆਪਣੇ ਸ਼ੁੱਧ ਨ ਅੰਤਹਕਰਨ ਦੁਆਰੇ ਆਪਣੇ ਸਰੂਪ ਨੂੰ ਪਛਾਣ ਲਿਆ।

ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ॥

ਜਿਸ ਨੇ ਸੰਸਾਰ ਰੂਪ ਪੇਕੇ ਘਰ ਵਿਚ ਰਹਿ ਕੇ ਗੁਰ-ਸ਼ਬਦ ਵਿਚ ਪਤੀਣੀ= ਭਰੋਸਾ ਕੀਤਾ, ਉਹ ਪਰਲੋਕ ਰੂਪ ਸਹੁਰੇ ਘਰ ਵਿਚ ਪਤੀ ਨੂੰ ਭਾਣੀ= ਚੰਗੀ ਲੱਗੀ ਹੈ।

ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੂੰ ਸਤਿਗੁਰਾਂ ਨੇ ਸਤਸੰਗ ਵਿਚ ਮੇਲ ਕੇ ਵਾਹਿਗੁਰੂ ਨਾਲ ਮਿਲਾਇਆ ਹੈ, ਉਸ ਨੂੰ ਲੋਕਾਂ ਦੀ ਕਾਣ ਚੂਕੀ= ਨਵਿਰਤ ਹੋ ਗਈ ਹੈ॥ ੪॥ ੩॥

ਤੁਖਾਰੀ ਮਹਲਾ ੧॥ ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ॥

ਭੋਲਾਵੜੈ= ਅਗਿਆਨ ਕਰ ਕੇ ਮਨਮੁਖਾਂ ਦੀ ਬੁੱਧੀ ਭੁੱਲੀ ਹੋਈ ਹੈ, ਬਾਰ- ਬਾਰ ਭੁੱਲ- ਭੁੱਲ ਕੇ ਪਸ਼ਚਾਤਾਪ ਕਰਦੀ ਹੈ। ਅਥਵਾ :- ਭੁੱਲ ਵਿਚ ਭੁਲਾਉਣ ਵਾਲਾ ਜੋ ਭੋਲਾਵੜੈ= ਅਗਿਆਨ ਹੈ, ਉਸ ਦੀ ਭੁਲਾਈ ਹੋਈ ਪਸ਼ਚਾਤਾਪ ਕਰਦੀ ਹੈ।

ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ॥

ਪਤੀ-ਪਰਮਾਤਮਾ ਨੇ ਉਸ ਨੂੰ ਮੋਹ-ਨੀਂਦ ਵਿਚ ਸੁੱਤੀ ਪਈ ਵੇਖ ਕੇ ਛੋਡਿਅੜੀ= ਛੱਡ ਦਿੱਤਾ ਹੈ, ਇਸ ਲਈ ਉਸ ਨੇ ਪਤੀ-ਪਰਮਾਤਮਾ ਦੀ ਸਾਰ ਨਹੀਂ ਜਾਣੀ।

ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ॥

ਜੋ ਪਤੀ-ਪਰਮਾਤਮਾ ਦੇ ਪਿਆਰ ਨੂੰ ਛੱਡ ਕੇ ਮੋਹ-ਨੀਂਦ ਵਿਚ ਸੁੱਤੀ ਹੈ, ਇਸ ਔਗੁਣ ਕਰ ਕੇ ਉਹ ਮੁਤੀ= ਛੁੱਟੜ ਹੋਈ ਹੈ, ਇਸ ਲਈ ਉਸ ਇਸਤ੍ਰੀ ਦੀ ਅਵਸਥਾ ਰੂਪੀ ਰਾਤ ਵਿਧਣ= ਦੁੱਖਾਂ ਵਿਚ ਬਤੀਤ ਹੁੰਦੀ ਹੈ?

ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ॥

ਕਾਮ ਕਰੋਧ ਤੇ ਹੰਕਾਰ ਕਰ ਕੇ ਵਿਗੁਤੀ= ਖਰਾਬ ਹੋ ਰਹੀ ਹੈ ਅਤੇ ਉਸ ਨੂੰ ਹੌਮੈ ਦੀ ਤਾਤੇ= ਚਾਹ, ਵਾ :- ਤਪਸ਼ਤਾ (ਸੜਨ) ਲੱਗ ਰਹੀ ਹੈ।

ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ॥

ਜਿਸ ਵੇਲੇ ਪ੍ਰਭੂ ਨੇ ਹੁਕਮ ਫੁਰਮਾਇਆ ਤਾਂ ਹੰਸੁ= ਜੀਵਾਤਮਾ ਨਿਕਲ ਤੁਰਿਆ, ਮਗਰੋਂ ਦੇਹ ਸ੍ਵਾਹ ਰੂਪ ਹੋ ਕੇ ਭਸਮ ਸਮਾਣੀ= ਸ੍ਵਾਹ ਵਿਚ ਸਮਾ ਗਈ।

ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ॥ ੧॥

ਗੁਰੂ ਜੀ ਕਥਨ ਕਰਦੇ ਹਨ— ਸੱਚੇ ਨਾਮ-ਸਿਮਰਨ ਤੋਂ ਹੀਣੀ ਜੀਵ- ਇਸਤ੍ਰੀ ਭੁੱਲ ਵਿਚ ਭੁੱਲ ਕੇ ਪਛਤਾਉਂਦੀ॥ ੧॥

ਜਿਸ ਵੇਲੇ ਜੀਵ ਨਿਕਲ ਤੁਰਦਾ ਹੈ ਪਿਛੋਂ ਦੇਹ ਆਪਣੇ ਪਤੀ-ਜੀਵ ਨੂੰ ਆਖਦੀ ਹੈ:-

ਸੁਣਿ ਨਾਹ ਪਿਆਰੇ, ਇਕ ਬੇਨੰਤੀ ਮੇਰੀ॥

ਹੇ ਪਿਆਰੇ ਨਾਹ= ਪਤੀ- ਜੀਵ ! ਤੂੰ ਮੇਰੀ ਇਕ ਬੇਨਤੀ ਸੁਣ।

ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ॥

ਤੂੰ ਤਾਂ ਆਪਣੇ ਸਰੂਪ-ਘਰ ਵਿਚ, ਯਾਂ ਕਿਸੇ ਜੂਨ ਵਿਚ ਜਾ ਵਸੇਂਗਾ ਤੇ ਮੈਂ ਤੈਥੋਂ ਵਿਛੁੜ ਕੇ ਰੁਲ ਕੇ ਸ੍ਵਾਹ ਦੀ ਢੇਰੀ ਹੋ ਜਾਵਾਂਗੀ। ਗੁਰੂ ਜੀ ਵਿਚੋਲੇ ਬਣ ਕੇ ਆਖਦੇ ਹਨ-

ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ॥

ਆਪਣੇ ਨਾਹੈ= ਪਤੀ ਤੋਂ ਬਿਨਾਂ ਇਸ ਦੇਹ ਨੂੰ ਹੋਰ ਕੋਈ ਨਹੀਂ ਚਾਹੁੰਦਾ, ਇਸ ਜੀਵ ਨੂੰ ਕੀ ਕਹੀਏ ਅਤੇ ਇਹ ਜੀਵ ਕਰ ਹੀ ਕੀ ਸਕਦਾ ਹੈ? *ਅਥਵਾ :-* ਦੇਹ ਆਖਦੀ ਹੈ- ਹੇ ਆਪਣੇ ਪਤੀ-ਜੀਵ! ਤੈਥੋਂ ਬਿਨਾਂ ਮੈਨੂੰ ਕੋਈ ਨਹੀਂ ਚਾਹੁੰਦਾ, ਇਸ ਲਈ ਮੈਂ ਕੀ ਕਹਾਂ ਅਤੇ ਕੀ ਉਪਾਵ ਕਰਾਂ?

ਗੁਰੂ ਜੀ ਸਾਖੀ ਰੂਪ ਹੋ ਕੇ ਕਥਨ ਕਰਦੇ ਹਨ-

ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ॥

ਗੁਰ- ਸ਼ਬਦ ਦੁਆਰਾ ਸੰਸਾਰਕ ਰਸਾਂ ਤੋਂ ਨਿਰੱਸ ਹੋ ਕੇ ਨਾਮ- ਅੰਮ੍ਰਿਤ- ਰਸ ਨੂੰ ਰਸਨਾ ਨਾਲ ਪੀਜੈ= ਪੀਣਾ ਕਰ। (ਕਿਉਂਕਿ ਪ੍ਰਲੋਕ ਦਰਗਾਹ ਵਿਚ-)

ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ॥

ਨਾਮ- ਸਿਮਰਨ ਤੋਂ ਬਿਨਾਂ ਕੋਈ ਸੰਗ ਦਾ ਸਾਥੀ ਨਹੀਂ ਹੈ, ਘਨੇਰੀ= ਬਹੁਤੀ ਦੁਨੀਆਂ ਨਾਮ ਤੋਂ ਬਿਨਾਂ ਜੰਮਦੀ ਮਰਦੀ ਹੈ।

ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ॥ ੨॥

ਗੁਰੂ ਜੀ ਕਥਨ ਕਰਦੇ ਹਨ— ਹੇ ਜੀਵ ! ਜੇ ਤੂੰ ਸਚੁ= ਨਿਸ਼ਚੇ ਸਹਿਤ ਸੱਚ ਨਾਮ ਦਾ ਲਾਭ ਲੈ ਕੇ ਪਰਲੋਕ ਘਰ ਵਿਚ ਜਾਏਂਗਾ, ਤਾਂ ਹੀ ਤੇਰੀ ਸਚੀ ਮਤਿ= ਅਕਲ ਹੈ।

ਅਥਵਾ :- ਨਾਮ ਦਾ ਲਾਭ ਲੈ ਕੇ ਸਰੂਪ- ਘਰ ਵਿਚ ਜਾਈਏ, ਸਚੁ= ਨਿਸਚੇ ਕਰ ਕੇ ਤੇਰੀ ਪ੍ਰਾਪਤੀ ਦੀ ਮਤੀ ਸੱਚੀ ਹੈ॥ ੨॥

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ॥

ਸਾਜਨ= ਪਰਮਾਤਮਾ ਮੇਰੇ ਅੰਤਹਕਰਨ ਰੂਪੀ ਦੇਸ਼ ਤੋਂ ਵਿਦੇਸੀਅੜੇ= ਪਰਦੇਸ ਭਾਵ ਆਸਖਿਆਤਕਾਰ ਹੈ, ਉਸ ਦੀ ਪ੍ਰਾਪਤੀ ਦੇ ਮੈਂ ਸਾਨੇਹੜੇ= ਸੰਦੇਸੇ ਦੇਂਦੀ= ਪੁੱਛਦੀ ਹਾਂ। *ਵਾ :-* ਸਾਜਨ= ਪਰਮਾਤਮਾ ਦੇਸ਼ ਤੋਂ ਪ੍ਰਦੇਸ ਹੋ ਗਿਆ ਹੈ, ਉਸ ਨੂੰ ਸੁਨੇਹੇ ਦੇਂਦੀ ਹਾਂ ਅਰਥਾਤ ਅੰਤਹਕਰਨ ਵਿਚ ਪਰਤੱਖ ਨਹੀਂ ਹੈ, ਪਰਤੱਖ ਹੋਣ ਵਾਸਤੇ ਬੇਨਤੀਆਂ ਕਰਦੀ ਹਾਂ।

ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ॥

ਉਨ੍ਹਾਂ ਸੱਜਣਾਂ ਦੀ ਸਾਰਿ= ਸੰਭਾਲ ਕਰ ਕੇ ਮੈਂ ਮੁੰਧ= ਨਿਮਾਣੀ ਦਾਸੀ ਪਰਤੱਖ ਅੱਖਾਂ ਵਿਚ ਜਲ ਭਰਦੀ ਹਾਂ। *ਵਾ :-* ਮਨ ਬੁੱਧੀ ਰੂਪ ਅੱਖਾਂ ਵਿਚ ਵੈਰਾਗ ਰੂਪੀ ਜਲ ਭਰਦੀ ਹਾਂ।

ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ॥

ਮੈਂ ਨਿਮਾਣੀ ਦਾਸੀ ਅੱਖਾਂ ਵਿਚ ਜਲ ਭਰਦੀ ਹਾਂ ਤੇ ਉਸ ਦੇ ਗੁਣਾਂ ਨੂੰ ਸੰਭਾਲਦੀ ਹਾਂ, ਉਸ ਪਿਆਰੇ ਪ੍ਰਭੂ ਨੂੰ ਕਿਵੇਂ ਮਿਲਣਾ ਕਰਾਂ?

ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ॥

ਮਾਰਗਾਂ ਵਿਚੋਂ ਪਰਮੇਸ਼ਰ ਦੀ ਪ੍ਰਾਪਤੀ ਦਾ ਪੰਥੁ= ਰਸਤਾ ਵਿਖੜਾ= ਕਠਿਨ ਹੈ ਮੈਂ ਜਾਣਦੀ ਨਹੀਂ ਹਾਂ।

ਅਥਵਾ :- ਸੰਸਾਰ- ਮਾਰਗ ਵਿਚ ਪਰਮੇਸ਼ਰ- ਪ੍ਰਾਪਤੀ ਦਾ ਪੰਥੁ= ਰਸਤਾ ਕਠਿਨ ਹੈ ਉਸ ਉੱਤੇ ਤੁਰਨਾ ਜਾਣਦੀ ਨਹੀਂ ਹਾਂ, ਮੈਂ ਉਰਵਾਰ ਹਾਂ ਪਿਰੀ ਪਾਰ ਹੈ, ਉਸ ਨੂੰ ਕਿਵੇਂ ਪਾਈਦਾ ਹੈ? *ਗੁਰ ਉੱਤਰ-*

ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ॥

ਇਹ ਵਿਛੁੜੀ ਹੋਈ ਜੀਵ- ਇਸਤ੍ਰੀ ਸਤਿਗੁਰਾਂ ਦੇ ਉਪਦੇਸ਼ ਕਰ ਕੇ ਮਿਲਦੀ ਹੈ, ਆਪਣਾ ਤਨ ਮਨ

ਗੁਰੂ ਅੱਗੇ ਰੱਖ ਦੇਵੇ ਤਾਂ ਗੁਰੂ ਪ੍ਰਸੰਨ ਹੋ ਕੇ ਸ਼ਬਦ ਦੇਂਦੇ ਹਨ।

ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਸਤਿਗੁਰੂ ਹੀ ਇਕ ਅੰਮ੍ਰਿਤ ਦੇ ਬ੍ਰਿਛ ਹਨ, ਜਿਨ੍ਹਾਂ ਨਾਲ ਗਿਆਨ ਰੂਪੀ ਫਲ ਹੈ। ਜਿਵੇਂ ਫਲ ਵਿਚ ਰਸ ਹੁੰਦਾ ਹੈ, ਤਿਵੇਂ ਇਹ ਗਿਆਨ- ਫਲ ਮਹਾਂ ਆਤਮ-ਰਸ ਨਾਲ ਫਲਿਆ ਹੋਇਆ ਹੈ, ਅਜਿਹੇ ਪ੍ਰੀਤਮ ਗੁਰਾਂ ਨਾਲ ਮਿਲ ਕੇ ਬ੍ਰਹਮਾਨੰਦ ਰੂਪੀ ਰਸ ਨੂੰ ਚੱਖਣਾ ਕਰੇ॥ ੩ ॥

ਪੰਨਾ ੧੧੧੨

ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥
ਅਨਦਿਨੁ ਰਤੜੀਏ ਸਹਜਿ ਮਿਲੀਜੈ ॥

ਹੇ ਜਗਿਆਸੂ ਰੂਪ ਇਸਤ੍ਰੀਏ ! ਜੇ ਕਰ ਗੁਰੂ ਤੈਨੂੰ ਮਹਲਿ= ਸਰੂਪ ਵਿਚ ਬੁਲਾਉਣ ਤਾਂ ਤੂੰ ਬਿਲਮੁ= ਦੇਰ ਨਾ ਕਰੀਂ। ਹੇ ਰਾਤ ਦਿਨ ਪ੍ਰੇਮ ਵਿਚ ਜਾਂ ਸਿਮਰਨ ਵਿਚ ਰਤੜੀਏ= ਮਿਲੀ ਹੋਈਏ ਤੂੰ ਸਹਜਿ= ਗਿਆਨ ਦੁਆਰੇ ਪਤੀ-ਪਰਮੇਸ਼ਰ ਨੂੰ ਮਿਲਣਾ ਕਰ।

ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥

ਸਹਜਿ= ਗਿਆਨ ਦੁਆਰੇ ਸੁਖ ਸਰੂਪ ਪਰਮੇਸ਼ਰ ਨਾਲ ਮਿਲਣਾ ਕਰ, ਰੋਸੁ= ਗੁੱਸਾ ਨਾ ਕਰ, ਜਿਸ ਨੇ ਗਰਬੁ= ਹੰਕਾਰ ਦੂਰ ਕੀਤਾ ਹੈ, ਓਹੀ ਸਰੂਪ ਵਿਚ ਸਮਾਉਂਦੀ ਹੈ।

ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥

ਜੋ ਸੱਚੇ ਨਾਮ ਵਿਚ ਰਾਤੀ= ਮਿਲ ਗਈ ਹੈ ਓਹੀ ਗੁਰਾਂ ਦੀ ਮਿਲਾਈ ਹੋਈ ਪਰਮੇਸ਼ਰ ਨਾਲ ਮਿਲਦੀ ਹੈ ਅਤੇ ਮਨਮੁਖ- ਇਸਤ੍ਰੀ ਆਵਣ ਜਾਣੀ= ਜੰਮਦੀ ਮਰਦੀ ਰਹਿੰਦੀ ਹੈ।

ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ ॥

ਜਦ ਪਰਮੇਸ਼ਰ ਦੀ ਤਰਫ ਨੱਚਣ ਲੱਗ ਪਈ ਭਾਵ ਪਰਵਿਰਤ ਹੋਣ ਲੱਗ ਪਈ ਤਾਂ ਫਿਰ ਲੋਕ ਮੁਲਾਹਜੇ ਰੂਪ ਘੁੰਢ ਕੱਢਣਾ ਕੈਸਾ ਹੈ, ਦੇਹ ਅਧਿਆਸ ਰੂਪ ਮਟਕੀ ਭੰਨ ਕੇ ਨਿਰਾਰੀ= ਅਸੰਗ ਹੋ ਗਈ ਹਾਂ।

ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ- ਜਿਸ ਗੁਰਮੁਖ ਨੇ ਗੁਰਾਂ ਦੁਆਰੇ ਤਤੁ= ਸਿਧਾਂਤ ਨੂੰ ਵਿਚਾਰਿਆ ਹੈ, ਉਸ ਨੇ ਆਪਣੇ ਸਰੂਪ ਨੂੰ ਆਪ ਹੀ ਪਛਾਣ ਲਿਆ ਹੈ॥ ੪ ॥ ੪ ॥

ਤੁਖਾਰੀ ਮਹਲਾ ੧ ॥ ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥

ਹੇ ਮੇਰੇ ਲਾਲ ਪਿਆਰੇ ਪ੍ਰਭੂ ਰੰਗੀਲੇ= ਅਨੰਦ ਵਾਲੇ ! ਅਸੀਂ ਆਪ ਜੀ ਦੇ ਲਾਲਨ ਲਾਲੇ= ਦਾਸਾਂ ਦੇ ਦਾਸ ਹਾਂ।

ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥

ਹੇ ਅਲੱਖ ਸਰੂਪ ਪਰਮਾਤਮਾ ! ਆਪ ਜੀ ਦਾ ਗਿਆਨ ਗੁਰਾਂ ਨੇ ਲਖਾਇਆ= ਜਣਾ ਦਿੱਤਾ ਹੈ, ਇਸ

ਲਈ, ਮੈਂ ਹੋਰ ਕਿਸੇ ਦੂਜੇ ਨੂੰ ਨਹੀਂ ਭਾਲੇ= ਭਾਲਦੀ।

ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ॥

ਹੇ ਪ੍ਰਭੂ ! ਜਾਂ ਤੂੰ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਗੁਰਾਂ ਨਾਲ ਮਿਲਾਇਆ, ਜਾਂ ਉਸ ਗੁਰੂ ਨੂੰ ਮੇਰਾ ਪ੍ਰੇਮ ਭਾ ਗਿਆ ਤਾਂ ਹੀ ਉਸ ਗੁਰੂ ਨੇ ਮੈਨੂੰ ਤੇਰਾ ਅਲੱਖ ਸਰੂਪ ਲਖਾਇਆ= ਜਣਾ ਦਿੱਤਾ।

ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ॥

ਹੇ ਜਗਜੀਵਨ ਦਾਤੇ ਪ੍ਰਭੂ ! ਤੂੰ ਫਲ ਬਰ ਦਾਤਾ ਪੁਰਖ ਹੈਂ, ਹੇ ਬਨਵਾਰੀ= ਸੰਸਾਰ-ਬਨ ਦੇ ਮਾਲਕਾ! ਤੂੰ ਸਹਜਿ= ਗਿਆਨ ਕਰ ਕੇ ਮਿਲਦਾ ਹੈਂ।

ਨਦਰਿ ਕਰਹਿ ਤੂੰ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ॥

ਹੇ ਦੀਨ ਦਿਆਲ ਪ੍ਰਭੂ ! ਤੂੰ ਹੀ ਕਿਰਪਾ ਦ੍ਰਿਸ਼ਟੀ ਕਰ ਕੇ ਤਾਰੇਂ ਤਾਂ ਤਰਨਾ ਹੁੰਦਾ ਹੈ, ਮੈਨੂੰ ਆਪਣਾ ਸੱਚਾ ਨਾਮ ਦਾਨ ਦੇਣਾ ਕਰੋ।

ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ॥ ੧॥

ਗੁਰੂ ਜੀ ਕਥਨ ਕਰਦੇ ਹਨ- ਮੈਂ ਤੇਰੇ ਦਾਸਾਂ ਦਾ ਦਾਸ ਹਾਂ, ਤੂੰ ਹੀ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ= ਪਾਲਣਾ ਕਰਨਾ ਵਾਲਾ ਹੈਂ॥ ੧॥

ਭਰਿਪੁਰਿ ਧਾਰਿ ਰਹੇ ਅਤਿ ਪਿਆਰੇ॥
ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ॥

ਹੇ ਅਤਿ= ਡਾਢੇ ਪਿਆਰੇ ਪ੍ਰਭੂ ! ਆਪ ਸ੍ਰਿਸ਼ਟੀ ਨੂੰ ਧਾਰ ਕੇ ਸਾਰਿਆਂ ਵਿਚ ਭਰਪੂਰ ਹੋ ਰਹੇ ਹੋ। ਹੇ ਗੁਰੂ ਰੂਪ ਧਾਰਨ ਵਾਲੇ ਮੁਰਾਰੀ ! ਤੂੰ ਹੀ ਸਾਰੇ ਸਬਦੇ= ਸੰਸਾਰ ਵਿਚ ਰਵਿ ਰਹਿਆ= ਮਿਲ ਰਿਹਾ ਹੈਂ।

ਅਥਵਾ :- ਗੁਰ- ਸ਼ਬਦ ਦੁਆਰਾ ਏਹ ਜਾਣਿਆ ਕਿ ਹੇ ਮੁਰਾਰੀ ! ਗੁਰ ਰੂਪਿ= ਪੂਜਜ ਸਰੂਪ ਤੂੰ ਹੀ ਸਾਰੇ ਰਵਿ ਰਹਿਆ= ਪਰੀ ਪੂਰਨ ਹੋ ਰਿਹਾ ਹੈਂ।

ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ॥

ਹੇ ਗੁਰੂ ਰੂਪ ਮੁਰਾਰੇ ! ਜਿਸ ਆਪ ਜੀ ਨੇ ਤਿੰਨੇ ਲੋਕ ਬਣਾਏ ਹਨ, ਤਿਸ ਆਪ ਜੀ ਦਾ ਅੰਤ ਨਹੀਂ ਪਾਇਆ ਜਾਂਦਾ।

ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ॥

ਆਪ ਜੀ ਨੇ ਅਨੇਕ ਰੰਗਾਂ ਤੇ ਜਿਨਸਾਂ ਦੇ ਜੀਵ ਪੈਦਾ ਕੀਤੇ ਹਨ ਅਤੇ ਉਹਨਾਂ ਨੂੰ ਨਿਤ ਹੀ ਸਵਾਇਆ ਚੜ੍ਹ ਕੇ ਅੰਨ ਧਨ ਦੇਂਦਾ ਹੈਂ। *ਅਥਵਾ :-* ਰੰਗਾਂ ਰੰਗਾਂ ਦੀ ਸ੍ਰਿਸ਼ਟੀ ਵਿਚ ਅਨੇਕਾਂ ਜਿਨਸਾਂ ਅਤੇ ਜੀਵ ਪੈਦਾ ਕੀਤੇ ਹਨ, ਜਿਸ ਨੂੰ ਤੂੰ ਨਾਮ-ਦਾਨ ਦੇਂਦਾ ਹੈਂ ਉਸ ਦਾ ਸਵਾਇਆ ਜਸ ਚੜ੍ਹਦਾ ਹੈ।

ਅਪਰੰਪਰੁ ਆਪੇ ਥਾਪਿ ਉਥਾਪੇ ਤਿਸੁ ਭਾਵੈ ਸੋ ਹੋਵੈ॥

ਅਪਰੰਪਰੁ= ਸੰਸਾਰ ਤੋਂ ਪਰਾ ਰੂਪ ਪਰਮਾਤਮਾ ਆਪ ਹੀ ਜੀਵਾਂ ਨੂੰ ਥਾਪਿ= ਉਤਪਤ ਕਰਦਾ ਹੈ, ਆਪ

ਹੀ ਉਥਾਪੇ= ਲਯ ਕਰਦਾ ਹੈ, ਜੋ ਉਸ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ।

ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਦਾ ਮਨ ਰੂਪ ਹੀਰਾ ਗੁਰ— ਉਪਦੇਸ਼ ਰੂਪੀ ਹੀਰੇ ਨਾਲ ਬੇਧਿਆ= ਵਿੰਨ੍ਹਿਆ ਗਿਆ ਹੈ, ਉਸ ਨੇ ਸ਼ੁਭ ਗੁਣਾਂ ਦੇ ਹਾਰ ਨੂੰ ਆਪਣੇ ਗਲ ਵਿਚ ਪਰੋ ਲੀਤਾ ਹੈ, ਜਿਸ ਨੇ ਸ਼ੁਭ ਗੁਣਾਂ ਦੇ ਹਾਰ ਨੂੰ ਪਰੋ ਲਿਆ ਹੈ, ਉਹ ਜੀਵ ਰੂਪ ਹੀਰਾ ਪਰਮੇਸ਼ਰ ਰੂਪ ਹੀਰੇ ਨਾਲ ਬੇਧਿਆ= ਮਿਲ ਗਿਆ ਹੈ॥ ੨ ॥

ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥

ਜਿਸ ਦੇ ਮੱਥੇ ਪਰ ਨਾਮ ਜਪਣ ਦਾ ਨੀਸਾਣੋ= ਲੇਖ ਪਿਆ ਹੋਇਆ ਹੈ, ਉਸ ਦੇ ਬਲ ਕਰ ਕੇ ਸ਼ੁਭ ਗੁਣਾਂ ਦੇ ਪ੍ਰਾਪਤ ਹੋਣ ਨਾਲ ਉਸ ਦੇ ਗੁਣ ਸਮਾਣੇ= ਔਗੁਣ ਨਾਸ ਹੋ ਗਏ ਹਨ।

ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥

ਉਹ ਸਚੁ= ਨਿਸਚੇ ਕਰ ਕੇ ਸੱਚ ਸਰੂਪ ਵਿਚ ਸਮਾ ਗਿਆ ਹੈ ਅਤੇ ਉਸ ਦਾ ਆਵਣ ਜਾਣੋ= ਜੰਮਣਾ ਮਰਨਾ ਦੂਰ ਹੋ ਗਿਆ ਹੈ।

ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥

ਜੋ ਸੱਚੇ ਨਾਮ ਵਿਚ ਰਾਤਾ= ਲੀਣ ਹੋਇਆ ਹੈ ਉਸ ਨੇ ਸਾਚਿ= ਨਿਸਚੇ ਪੂਰਬਕ ਸੱਚ ਸਰੂਪ ਨੂੰ ਪਛਾਣ ਲਿਆ ਹੈ, ਜਿਹੜੇ ਸੱਚ ਨਾਮ ਵਿਚ ਮਿਲੇ ਹਨ ਉਹਨਾਂ ਦੇ ਮਨ ਵਿਚ ਓਹੀ ਭਾਉਂਦਾ ਹੈ।

ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥

ਸੱਚੇ ਪਰਮਾਤਮਾ ਤੋਂ ਉੱਪਰ ਉਹਨਾਂ ਨੂੰ ਹੋਰ ਕੋਈ ਨਹੀਂ ਦਿੱਸਦਾ, ਇਸ ਲਈ ਉਹ ਸੱਚੇ ਨਾਮ ਨੂੰ ਜਪ ਕੇ ਸੱਚ ਸਰੂਪ ਵਿਚ ਸਮਾ ਗਏ ਹਨ।

ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥

ਮੋਹਨਿ= ਪਰਮਾਤਮਾ ਨੇ ਮੇਰੇ ਮਨ ਨੂੰ ਮੋਹ ਲਿਆ ਹੈ ਅਤੇ ਮੋਹ ਦੇ ਬੰਧਨ ਖੋਲ੍ਹ ਕੇ ਜਨਮ ਮਰਨ ਤੋਂ ਨਿਰਾਰੇ= ਅਸੰਗ ਕਰ ਦਿੱਤਾ ਹੈ।

ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਜਦ ਅਤਿ= ਵਡੇ ਪਿਆਰੇ ਗੁਰੂ ਨੂੰ ਮਿਲਿਆ ਤਾਂ ਮੇਰੀ ਜੋਤ, ਜੋਤੀ (ਪਰਮਾਤਮਾ) ਵਿਚ ਸਮਾ ਗਈ॥ ੩ ॥ ਜਗਿਆਸੂ ਨੂੰ ਚਾਹੀਦਾ ਹੈ-

ਸਚੁ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥

ਗੁਰਾਂ ਦੇ ਸੱਚੇ ਸਤਸੰਗ ਅਸਥਾਨ ਪਰ ਬੈਠ ਕੇ ਸੱਚੇ ਸਰੂਪ-ਘਰ ਨੂੰ ਖੋਜ ਲਵੇ। *ਵਾ :-* ਸੱਚੇ ਨੂੰ ਘਰੁ= ਅੰਤਹਕਰਨ ਵਿੱਚੋਂ ਹੀ ਲੱਭ ਲਵੇ।

ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥

ਗੁਰਮੁਖਾਂ ਵਾਲੇ ਬ੍ਰਹਮ ਗਿਆਨ ਨੂੰ ਮਨਮੁਖ ਪੁਰਸ਼ ਨਹੀਂ ਪਾਉਂਦੇ। *ਅਥਵਾ :-* ਮਨਮੁਖ ਪੁਰਸ਼ ਮਨਮੁਖਤਾ

ਕਰ ਕੇ ਨਹੀਂ ਪਾਉਂਦੇ, ਗੁਰਮੁਖਾਂ ਨੂੰ ਗੁਰਾਂ ਦੁਆਰੇ ਗਿਆਨ ਪ੍ਰਾਪਤ ਹੁੰਦਾ ਹੈ।

ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ॥

ਜੋ ਪ੍ਰਭੂ ਵੱਡੀ ਦਨਾਈ ਵਾਲਾ ਤੇ ਸਦਾ ਦਾਤਾ ਹੈ, ਉਹ ਜਿਸ ਨੂੰ ਆਪਣਾ ਸੱਚ ਨਾਮ ਦਾਨ ਦੇਂਦਾ ਹੈ, ਉਹ ਪੁਰਸ਼ ਪ੍ਰਮਾਨੀਕ ਹੁੰਦਾ ਹੈ।

ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ॥

ਜੋ ਪ੍ਰਭੂ ਅਮਰ ਅਜੋਨੀ ਤੇ ਅਸਥਿਰੁ= ਅਚੱਲ ਜਾਪਦਾ ਹੈ, ਉਹ ਸੱਚਾ ਪ੍ਰਭੂ ਚਿਰਾਣਾ ਮਹਲੁ= ਅਨਾਦੀ ਸਰੂਪ ਹੈ।

ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ॥

ਜਿਸ ਨੂੰ ਉਸ ਮੁਰਾਰੀ ਦੀ ਜੋਤ ਪਰਗਟ ਹੋਈ ਹੈ ਉਸ ਦੇ ਕਰਮਾਂ ਦੀ ਜੋ ਉਚਾਪਤਿ ਦੋਤਿ= ਉੱਠੀ ਹੈ ਉਸ ਦਾ ਲੇਖਾ ਨਹੀਂ ਲਿਖਿਆ ਜਾਂਦਾ। ਜਿਵੇਂ ਕੋਈ ਰਾਜਾ ਜਾਂ ਸ਼ਾਹੂਕਾਰ ਆਪਦੇ ਖਜ਼ਾਨੇ ਵਿੱਚੋਂ ਕਿਸੇ ਨੂੰ ਧਨ ਦੀ ਬਖਸ਼ਿਸ਼ ਕਰ ਦੇਵੇ ਤਾਂ ਮੁੜ ਉਸ ਕੋਲੋਂ ਹਿਸਾਬ ਨਹੀਂ ਪੁੱਛਦਾ ਨਾ ਹੀ ਉਸ ਦਾ ਰੋਜ਼ਨਾਮਚਾ ਲਿਖਿਆ ਜਾਂਦਾ ਹੈ। ਤਿਵੇਂ ਗਿਆਨਵਾਨਾਂ ਦੇ ਕਰਮਾਂ ਦਾ ਉਚਾਪਤਿ= ਰੋਜ਼ਨਾਮਚਾ ਨਹੀਂ ਲਿਖਿਆ ਜਾਂਦਾ, ਕਿਉਂਕਿ ਉਹਨਾਂ ਦੇ ਗਿਆਨ-ਅਗਨੀ ਕਰ ਕੇ ਸਾਰੇ ਕਰਮ ਸੜ ਜਾਂਦੇ ਹਨ।

यस्य सर्वे समारम्भाः काम संकल्प वर्जिताः।
ज्ञानाग्नि कर्माणम् तमाहुः पण्डितम् बुधाः।। १६।।
''ਯਸਜ ਸ੍ਵੇ ਸਮਾਰੰਭਾ: ਕਾਮ ਸੰਕਲਪ ਵਰਜਿਤਾ:।
ਗਜਾਨਾਗਨਿ ਦਗਧ ਕਰਮਾਣੰ ਤਮਾਹੂ ਪੰਡਿਤੰ ਬੁਧਾ: ॥'' *(ਗੀਤਾ ਧਿਆ ੪, ਸਲੋਕ ੧੯)*

ਪਦ ਅਰਥ:-ਯਸਜ= ਜਿਸ ਦੇ। ਸ੍ਵੇ= ਸੰਪੂਰਨ । ਸਮਾਰੰਭਾ:-ਕਾਰਜ (ਕੰਮ)। ਕਾਮ ਸੰਕਲਪ= ਕਾਮਨਾ ਅਤੇ ਸੰਕਲਪ ਤੋਂ। ਵਰਜਿਤ:-ਰਹਿਤ ਹਨ। ਤਮ= ਉਸ। ਗਜਾਨਾਗਨਿ= ਗਿਆਨ ਰੂਪ ਅੱਗ। ਦਗਧ= ਸੜ ਗਏ ਹਨ। ਕਰਮਾਣੰ= ਕਰਮਾਂ ਵਾਲੇ ਪੁਰਸ਼ ਨੂੰ। ਬੁਧਾ:-ਗਿਆਨਵਾਨ (ਸਿਆਣੇ ਲੋਕ)। ਪੰਡਿਤੰ= ਪੰਡਿਤ। ਤਮਾਹੂ:= ਕਹਿੰਦੇ ਹਨ।

ਅਰਥ:- ਜਿਸ ਦੇ ਸੰਪੂਰਨ ਕੰਮ, ਕਾਮਨਾ ਅਤੇ ਸੰਕਲਪ ਤੋਂ ਰਹਿਤ ਹਨ। (ਇਸ ਤਰ੍ਹਾਂ) ਉਸ ਗਿਆਨ ਰੂਪ ਅੱਗ ਨਾਲ ਸੜੇ ਹੋਏ ਕਰਮਾਂ ਵਾਲੇ ਪੁਰਸ਼ ਨੂੰ ਗਿਆਨਵਾਨ (ਭੀ) ਪੰਡਿਤ ਕਹਿੰਦੇ ਹਨ।

ਤਥਾ:-ਗਿਆਨੈ ਕਾਰਨ ਕਰਮ ਅਭਿਆਸ॥ ਗਿਆਨੁ ਭਇਆ ਤਹ ਕਰਮਹ ਨਾਸ॥ *(ਪੰਨਾ ੧੧੬੭)*

ਗਿਆਨਵਾਨ ਦੇ ਪੁੰਨ ਕਰਮ ਕੀਤੇ ਹੋਏ ਸੇਵਕ ਲੈ ਜਾਂਦੇ ਹਨ ਤੇ ਪਾਪ ਕਰਮ ਕੀਤੇ ਹੋਏ ਨਿੰਦਕ-ਲੋਕ ਲੈ ਜਾਂਦੇ ਹਨ। ਗਿਆਨ ਤੋਂ ਪਿੱਛੋਂ ਕਿਸੇ ਕਰਮ ਦਾ ਫਲ ਨਹੀਂ ਮਿਲਦਾ:-

ਹਨੇ ਕੋਟ ਬਿਪਰੰ ਨਹੀਂ ਪਾਪ ਤਾ ਕੋ। ਕਰੇ ਯਗ ਕੋਟੰ ਨਹੀਂ ਪੁੰਨ ਤਾ ਕੋ।
ਜਿਨੈ ਗਜਾਨ ਹੋਏ ਤਿਨੈ ਦੁੱਖ ਖੋਏ। ਨਹੀਂ ਲਾਭ ਜਾਗੇ ਨਹੀਂ ਹਾਨਿ ਸੋਏ।
ਨਹੀਂ ਪੁਨਜ ਪਾਪੰ ਤਿਸੇ ਏਕ ਲਾਗੇ। ਹਨੇ ਵਿਪ੍ਰ ਲਾਖੰ ਕਰੇ ਕੋਟ ਯਾਗੇ॥ ੫੦੦॥

(ਮੋਖਸ਼ ਪੰਥ ਤੀਜਾ ਨਿਵਾਸ

ਜਿਨੈ ਜ੍ਞਾਨ ਹੋਯੇ, ਤਿਨੈ ਦੁ:ਖ ਖੋਯੇ। ਨਹੀਂ ਲਾਭ ਜਾਗੇ, ਨਹੀਂ ਹਾਨਿ ਸੋਯੇ।
ਨਹੀਂ ਪ੍ਰਯ ਧਾਪਂ ਤਿਸੇ ਏਕ ਲਾਗੇ। ਹਨੇ ਵਿਪ੍ਰ ਲਾਖਂ ਕਰੇ ਕੋਟ ਯਾਗੇ।। ੫੦੦।।

ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ— ਜੋ ਸੱਚ ਨਾਮ ਵਿਚ ਰਚਦਾ ਹੈ ਉਹ ਸੱਚਾ ਹੈ, ਤਾਂ ਤੇ ਗੁਰਾਂ ਦੁਆਰੇ ਭਗਤੀ ਰੂਪੀ ਤਾਰੀ= ਨੌਕਾ ਲੈ ਕੇ ਤਰਨਾ ਕਰੀਏ॥ ੪॥ ੫॥

ਤੁਖਾਰੀ ਮਹਲਾ ੧॥

ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ॥

ਹੇ ਮੇਰਿਆ ਮਨਾ ! ਇਆਣਿਆ= ਬਾਲਕ ਦੀ ਨਿਆਈਂ ਅਚੇਤ= ਅਗਿਆਤ ਤੇ ਬੇ-ਸਮਝ ਤੂੰ ਰਾਮ ਨਾਮ ਨੂੰ ਸਮਝ ਲੈ।

ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ॥

ਹੇ ਮੇਰਿਆ ਮਨਾ ! ਔਗੁਣਾਂ ਨੂੰ ਛੱਡ ਕੇ ਗੁਣਾਂ ਵਾਲੇ ਰਾਮ ਵਿਚ ਸਮਾਉਣਾ ਕਰ।

ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ॥

ਕਿਰਤ= ਕਰਮਾਂ ਦੇ ਕਮਾਏ ਅਨੁਸਾਰ ਜੋ ਬਹੁਤੇ ਸਵਾਦਾਂ ਵਿਚ ਲੁਭਾਏਮਾਨ ਹਨ, ਉਹਨਾਂ ਵਿਛੜਿਆਂ ਹੋਇਆਂ ਦਾ ਕਦੇ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ।

ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ॥

ਨਾਮ-ਸਿਮਰਨ ਤੋਂ ਬਿਨਾਂ ਦੁਤਰੁ= ਕਠਿਨ ਸੰਸਾਰ ਤੋਂ ਕਿਵੇਂ ਤਰਨਾ ਹੋਵੇਗਾ? ਬੇਮੁਖਾਂ ਦਾ ਜਮਾਂ ਦੇ ਡਰ ਵਿਚ ਹੀ ਮਰਨਾ ਹੋਵੇਗਾ ਅਤੇ ਬੇਮੁਖਾਂ ਨੂੰ ਦੁਹੇਲਾ= ਦੁਖਦਾਈ ਜਮਾਂ ਦੇ ਰਸਤੇ ਵਿੱਚੋਂ ਲੰਘਣਾ ਪਵੇਗਾ।

ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ॥

ਸਾਝ= ਸੰਧਿਆ ਤੇ ਪ੍ਰਭਾਤਾ= ਸਵੇਰ ਦੋਨੋਂ ਟਾਈਮ ਤੂੰ ਮਨ ਵਿਚ ਰਾਮ ਨਾਮ ਦਾ ਸਿਮਰਨ ਕਰਨਾ ਨਹੀਂ ਜਾਣਿਆਂ, ਜਿਸ ਵੇਲੇ ਤੂੰ ਅਵਘਟਿ= ਕਠਿਨ ਜਮ- ਰਸਤੇ ਵਿਚ ਜਾਂਦਾ ਹੋਇਆ ਰੁਧਾ= ਰੁਕੇਂਗਾ ਉਸ ਵੇਲੇ ਕੀ ਕਰੇਂਗਾ?

ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ॥ ੧॥

ਜਿਨ੍ਹਾਂ ਸੰਸਾਰਕ ਬੰਧਨਾਂ ਵਿਚ ਤੂੰ ਬਧਾ ਹੋਇਆ ਹੈਂ ਉਹਨਾਂ ਤੋਂ ਇਸ ਵਿਧੀ ਨਾਲ ਛੁੱਟੇਂਗਾ ਜੇਕਰ ਤੂੰ ਗੁਰੂ ਦੁਆਰੇ ਨਰਹਰੇ= ਪਰਮਾਤਮਾ ਦੀ ਸਿਮਰਨ ਰੂਪ ਸੇਵਾ ਨੂੰ ਕਰੇਂ॥ ੧॥

ਏ ਮਨ ਮੇਰਿਆ ਤੂੰ ਛੋਡਿ ਆਲ ਜੰਜਾਲਾ ਰਾਮ॥

ਹੇ ਮੇਰਿਆ ਮਨਾਂ ! ਤੂੰ ਆਲ= ਸਾਰਿਆਂ ਜੰਜਾਲਾਂ ਨੂੰ ਛੱਡ ਕੇ ਰਾਮ ਨੂੰ ਜਪਣਾ ਕਰ

[ਪੰਨਾ ੧੧੧੩]

ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ॥

ਹੇ ਮੇਰਿਆ ਮਨਾਂ ! ਸਾਰਿਆਂ ਤੋਂ ਨਿਰਾਲਾ= ਨਿਰਲੇਪ ਜੋ ਹਰੀ ਰਾਮ ਪੁਰਖ ਹੈ, ਉਸ ਨੂੰ ਸੇਵਹੁ= ਸਿਮਰਨਾ ਕਰ।

ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿਨਿ ਉਪਾਇਆ ॥

ਉਸ ਏਕੰਕਾਰ ਹਰੀ ਸੱਚੇ ਦਾ ਸਿਮਰਨ ਕਰ, ਜਿਸ ਨੇ ਸਾਰਾ ਜਗਤ ਉਪਾਇਆ= ਪੈਦਾ ਕੀਤਾ ਹੈ।

ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥

ਹਵਾ, ਪਾਣੀ ਤੇ ਅੱਗ ਆਦਿਕ ਤੱਤਾਂ ਨੂੰ ਬਾਧੇ= ਬੰਨ੍ਹ ਕੇ ਭਾਵ ਇਕੱਠਾ ਕਰ ਕੇ ਗੁਰਿ= ਪੂਜਨੀਕ ਪਰਮਾਤਮਾ ਨੇ ਜਗਤ ਰੂਪੀ ਇਕ ਗੁਰਿ= ਵੱਡਾ ਖੇਲ ਦਿਖਾਇਆ ਹੈ।

ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥

ਹੇ ਜੀਵ ! ਤੂੰ ਆਪ ਹੀ ਆਚਾਰਿ= ਸ੍ਰੇਸ਼ਟ ਵਿਚਾਰ ਨੂੰ ਕਰ। *ਵਾ :-* ਤੂੰ ਆਪ ਹੀ ਸ੍ਰੇਸ਼ਟ ਕਰਤੱਬ ਕਰ, ਆਪ ਹੀ ਵਿਚਾਰ ਕਰ, ਸੰਜਮ= ਇੰਦ੍ਰੀਆਂ ਦਾ ਦਮਨ ਕਰ ਕੇ ਜਪ ਤਪ ਦੇ ਸਹਿਤ ਹਰੀ ਨਾਮ ਜਪਣਾ ਕਰ!

ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥ ੨ ॥

ਜੋ ਹਰੀ ਇਸ ਲੋਕ ਵਿਚ ਸੈਨੁ= ਸਾਥੀ ਹੋ ਕੇ ਸਖਾ= ਮਿਤ੍ਰਤਾ ਨਿਭਾਉਂਦਾ ਹੈ ਤੇ ਪ੍ਰਲੋਕ ਦਾ ਭੀ ਪਿਆਰਾ ਪ੍ਰੀਤਮ ਹੈ, ਉਸ ਹਰੀ ਦੇ ਨਾਮ-ਜਪ ਨੂੰ ਜਪਣਾ ਕਰ। *ਅਥਵਾ :-* ਜੋ ਸਖਿਆਂ ਵਾਂਗ ਸੈਨੁ= ਸਾਥ ਦਾ ਪਿਆਰਾ ਪ੍ਰੀਤਮ ਹੈ, ਉਸ ਹਰੀ ਦੇ ਨਾਮ- ਜਪ ਨੂੰ ਜਪਣਾ ਕਰ ॥ ੨ ॥

ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥

ਹੇ ਮੇਰਿਆ ਮਨਾ ! ਤੂੰ ਰਾਮ ਦੇ ਸਿਮਰਨ ਵਿਚ ਥਿਰੁ= ਅਚੱਲ ਹੋ ਰਹੇਂ ਤਾਂ ਜਮਾਂ ਦੀ ਮਾਰ ਨਹੀਂ ਖਾਵੇਂਗਾ।

ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥

ਹੇ ਮਰਿਆ ਮਨਾਂ ! ਜੇ ਤੂੰ ਪ੍ਰਭੂ ਦੇ ਗੁਣ ਗਾਵੇਂਗਾ ਤਾਂ ਰਾਮ ਵਿਚ ਸਹਜੇ ਸਮਾ ਜਾਵੇਂਗਾ।

ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥

ਮਨ ਨੂੰ , *ਵਾ :-* ਜਿਹਵਾ ਨੂੰ ਰਸਾ ਕੇ ਰਸੀਏ ਰਾਮ ਦੇ ਗੁਣ ਗਾਉਣਾ ਕਰ ਅਤੇ ਗੁਰਾਂ ਦੁਆਰੇ ਮਨ ਬੁੱਧੀ ਰੂਪ ਅੱਖਾਂ ਵਿਚ ਗਿਆਨ ਰੂਪ ਅੰਜਨੁ= ਸੁਰਮੇ ਨੂੰ ਸਾਰਹੇ= ਪਾਉਣਾ ਕਰ ਅਤੇ-

ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥

ਕਾਮ ਕਰੋਧ ਆਦਿਕ ਪੰਜ ਦੂਤਾਂ ਨੂੰ ਸੰਘਾਰਹੇ= ਮਾਰਨਾ ਕਰ ਤਾਂ ਤਿੰਨਾਂ ਲੋਕਾਂ ਦੇ ਦੀਪਕੁ= ਪ੍ਰਕਾਸ਼ ਕਰਨ ਵਾਲੇ ਸਬਦਿ= ਬ੍ਰਹਮ ਦਾ ਚਾਨਣ ਹੋਵੇਗਾ। *ਅਥਵਾ :-* ਤਿੰਨਾਂ ਲੋਕਾਂ ਵਿਚ ਜਿਸ ਦਾ ਦੀਪਕੁ= ਪ੍ਰਕਾਸ਼ ਹੈ ਗੁਰ-ਸ਼ਬਦ ਦੁਆਰੇ ਉਸ ਬ੍ਰਹਮ ਦਾ ਤੇਰੇ ਹਿਰਦੇ ਵਿਚ ਚਾਨਣ ਹੋਵੇਗਾ। *ਵਾ :-* ਤਿੰਨਾਂ ਲੋਕਾਂ ਵਿਚ ਗੁਰਾਂ ਦਾ ਸ਼ਬਦ ਰੂਪ ਦੀਪਕ ਹੀ ਚਾਨਣ ਕਰਨ ਵਾਲਾ ਹੈ।

ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥

ਡਰ ਨੂੰ ਕੱਟ ਕੇ ਨਿਰ-ਭਉ= ਡਰ ਤੋਂ ਰਹਿਤ ਹੋ ਜਾਏਂਗਾ, ਦੁਤਰੁ= ਕਠਿਨ ਤਰੇ ਜਾਣ ਵਾਲੇ ਸੰਸਾਰ

ਤੋਂ ਤਰ ਜਾਏਂਗਾ, ਪਰ ਗੁਰੂ ਦੇ ਮਿਲਿਆਂ ਹੀ ਸਾਰੇ ਕੰਮ ਸਾਰਏ= ਸੋਰਦੇ ਹਨ।/ ਵਾ :- ਮੋਖਸ਼ ਰੂਪੀ ਕੰਮ ਸੋਰਦਾ ਹੈ।

ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥ ੩ ॥

ਜੋ ਹਰੀ ਸਾਰਿਆਂ ਵਿਚ ਰੰਗਿਆ ਹੋਇਆ ਹੈ ਉਸ ਨਾਲ ਪਿਆਰ ਕਰ। *ਅਥਵਾ :—* ਹਰ ਰੰਗ ਵਿਚ ਹਰੀ ਦੇ ਰੂਪ ਨਾਲ ਪਿਆਰ ਕਰ, ਵਾ :- ਜਿਸ ਨੇ ਰੰਗਾਂ-ਰੰਗਾਂ ਦੇ ਰੂਪ ਬਣਾਏ ਹਨ, ਉਸ ਹਰੀ ਨਾਲ ਪਿਆਰ ਕਰ ਤਾਂ ਹਰੀ ਆਪ ਤੇਰੇ ਉੱਤੇ ਕਿਰਪਾ ਦ੍ਰਿਸ਼ਟੀ ਧਾਰਏ= ਕਰੇਗਾ ॥ ੩ ॥

ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥

ਹੇ ਮੇਰਿਆ ਮਨਾ ! ਰਾਮ ਤੋਂ ਬਿਨਾਂ ਤੂੰ ਕੇਹੜੀ ਚੀਜ਼ ਲੈ ਕੇ ਆਇਆ ਹੈਂ ਤੇ ਕੇਹੜੀ ਚੀਜ਼ ਲੈ ਕੇ ਜਾਵੇਂਗਾ? ਭਾਵ ਨਾ ਕੁਝ ਲੈ ਕੇ ਆਇਆ ਹੈਂ ਤੇ ਨਾ ਹੀ ਕੁਝ ਲੈ ਕੇ ਜਾਵੇਂਗਾ। *ਅਥਵਾ :—* ਤੂੰ ਕੀ ਲੈ ਕੇ ਆਇਆ ਹੈਂ ਅਰਥਾਤ ਅਮੋਲਕ ਸਵਾਸ ਲੈ ਕੇ ਆਇਆ ਹੈਂ ਅਤੇ ਕੀ ਲੈ ਕੇ ਜਾਵੇਂਗਾ? ਭਾਵ ਪਾਪਾਂ ਦਾ ਭਾਰ ਬੰਨ੍ਹ ਕੇ ਲੈ ਜਾਵੇਂਗਾ।

ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥

ਹੇ ਮੇਰਿਆ ਮਨਾ ! ਤਾਂ ਤੂੰ ਜਮਾਂ ਤੋਂ ਛੁੱਟੇਂਗਾ, ਜਾਂ ਤੂੰ ਭਰਮ ਨੂੰ ਦੂਰ ਕਰ ਦੇਵੇਂਗਾ।

ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥

ਗੁਰ- ਸ਼ਬਦ ਦੁਆਰੇ ਧੰਨਤਾ ਜੋਗ ਹਰਿ ਹਰਿ ਰੂਪੀ ਵਖਰੁ= ਸੌਦੇ ਨੂੰ ਸੰਚਿ= ਇਕੱਠਾ ਕਰ ਤਾਂ ਤੂੰ ਪਰਮੇਸ਼ਰ ਦੇ ਭਾਉ= ਗਿਆਨ, ਵਾ :- ਸਰੂਪ ਨੂੰ ਪਛਾਣੇਂਗਾ।

ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥

ਨਿਰਮਲ ਗੁਰਾਂ ਦੇ ਉਪਦੇਸ਼ ਦੁਆਰਾ ਰਾਗ ਦ੍ਵੈਸ਼ ਰੂਪੀ ਮੈਲ ਨੂੰ ਪਰਹਰਿ= ਤਿਆਗਣਾਂ ਕਰ ਤਾਂ ਸਰੀਰ-ਘਰ ਦੇ ਵਿਚ ਹੀ ਸੱਚੇ ਮਹਲੁ= ਸਰੂਪ ਨੂੰ ਜਾਣ ਲਵੇਂਗਾ।

ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥

ਜੇ ਤੂੰ ਗੁਰਾਂ ਪਾਸੋਂ ਨਾਮ ਸਿਮਰਨ ਨੂੰ ਪਾਵੇਂਗਾ ਤਾਂ ਪਤਿ= ਇੱਜ਼ਤ ਨਾਲ ਪ੍ਰਲੋਕ ਘਰ ਵਿਚ ਜਾਵੇਂਗਾ, ਇਸ ਕਰ ਕੇ ਹੰਗਤਾ ਮਮਤਾ, ਵਾ :- ਵਿਸ਼ਿਆਂ ਰੂਪੀ ਬੂਰ ਨੂੰ ਝੋਲਿ= ਪਰੇ ਹਟਾ ਕੇ ਨਾਮ ਅੰਮ੍ਰਿਤ-ਰਸ ਨੂੰ ਪੀਣਾ ਕਰ!

ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ
ਵਡਭਾਗਿ ਜਪੀਐ ਹਰਿ ਜਸੋ ॥ ੪ ॥

ਗੁਰ-ਸ਼ਬਦ ਦੁਆਰਾ ਹਰੀ ਨਾਮ ਨੂੰ ਧਿਆਈਏ ਤਾਂ ਸਬਦਿ ਰਸੁ= ਬ੍ਰਹਮ-ਰਸ ਪਾਈਦਾ ਹੈ, ਪਰ ਵੱਡਿਆਂ ਭਾਗਾਂ ਕਰ ਕੇ ਹਰੀ ਦਾ ਜਸ ਜਪਿਆ ਜਾਂਦਾ ਹੈ ॥ ੪ ॥

ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ॥

ਹੇ ਮੇਰਿਆ ਮਨਾ ! ਜਿਵੇਂ ਪ੍ਰਤੱਖ ਪੌੜੀਆਂ ਤੋਂ ਬਿਨਾਂ ਮੰਦਰਿ= ਮਕਾਨ ਉੱਤੇ ਕਿਵੇਂ ਕੋਈ ਚੜ੍ਹ ਸਕਦਾ ਹੈ। ਤਿਵੇਂ, ਸ਼ਰਧਾ, ਭਗਤੀ ਚਤਰਥ ਭੂਮਿਕਾ ਰੂਪ ਪਉੜੀਆਂ ਤੋਂ ਬਿਨਾਂ ਰਾਮ ਰੂਪ ਮੰਦਰ ਉੱਤੇ ਕਿਵੇਂ ਕੋਈ ਚੜ੍ਹ ਸਕਦਾ ਹੈ?

ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ॥

ਹੇ ਮੇਰਿਆ ਮਨਾ ! ਜਿਵੇਂ ਬੇੜੀ ਤੋਂ ਬਿਨਾਂ ਕੋਈ ਭੀ ਨਦੀ ਤੋਂ ਪਾਰ ਨਹੀਂ ਪਹੁੰਚ ਸਕਦਾ। ਤਿਵੇਂ ਰਾਮ ਦੀ ਭਗਤੀ ਰੂੰਪ ਬੇੜੀ ਤੋਂ ਬਿਨਾਂ ਆਸਾ ਤ੍ਰਿਸ਼ਨਾ ਰੂਪ ਨਦੀ ਤੋਂ ਕੋਈ ਭੀ ਪਾਰ ਨਹੀਂ ਪਹੁੰਚ ਸਕਦਾ।

ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ॥

ਸੱਜਣ ਇਸ ਲੋਕ ਦਾ, ਪ੍ਰੀਤਮ ਪ੍ਰਲੋਕ ਦਾ ਅਪਾਰ ਪ੍ਰਭੂ ਪਾਰ ਹੈ, *ਅਥਵਾ :—* ਅਪਾਰ ਸੱਜਣ ਪਰਮਾਤਮਾ ਪਾਰ ਹੈ ਤੇ ਪ੍ਰੀਤਮੁ= ਜੀਵ ਉਰਵਾਰ ਹੈ, ਕਿਵੇਂ ਮਿਲਾਪ ਹੋ ਸਕਦਾ ਹੈ? ਇਕ ਗੁਰੂ ਜੀ ਸਮਰੱਥ ਹਨ ਜੋ ਸ਼ਬਦ ਦੀ ਸੁਰਤਿ= ਗਿਆਤ ਦੇ ਕੇ ਪਾਰ ਲੰਘਾਉਂਦੇ ਹਨ।

ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ॥

ਜੋ ਪੁਰਸ਼ ਸਤਸੰਗਤ ਵਿਚ ਮਿਲ ਕੇ ਨਾਮ-ਸਿਮਰਨ ਦੁਆਰਾ ਰਲੀਆ= ਖੁਸ਼ੀਆਂ ਪ੍ਰਾਪਤ ਕਰਦੇ ਹਨ, ਉਹ ਫ਼ਿਰ ਪਛੁਤਾਉਂਦੇ ਨਹੀਂ।

ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ॥

ਹੇ ਸੱਚੇ ਦਿਆਲੂ ! ਦਇਆ ਦ੍ਰਿਸ਼ਟੀ ਕਰ ਕੇ ਏਹ ਦਾਨ ਦਿਓ, ਜੋ ਸਤਸੰਗਤ ਵਿੱਚੋਂ ਮੈਂ ਹਰੀ ਨਾਮ-ਸਿਮਰਨ ਪਾਉਣਾ ਕਰਾਂ।

ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ॥ ੫॥ ੬॥

ਗੁਰੂ ਜੀ ਪਇਅੰਪੈ= ਕਹਿੰਦੇ ਹਨ— ਹੇ ਪ੍ਰੀਤਮ= ਭਾਈ ! ਮੇਰਾ ਬਚਨ ਸੁਣੋ, ਗੁਰ-ਸ਼ਬਦ ਦੁਆਰਾ ਆਪਣੇ ਮਨ ਨੂੰ ਸਮਝਾਉਣਾ ਕਰ। *ਅਥਵਾ :—* ਗੁਰੂ ਜੀ ਕਹਿੰਦੇ ਹਨ- ਇਸ ਤਰ੍ਹਾਂ ਆਖੋ, ਹੇ ਪ੍ਰੀਤਮ ਪ੍ਰਭੂ ! ਮੇਰਾ ਬੇਨਤੀ ਸੁਣੋ, ਆਪ ਗੁਰ-ਸ਼ਬਦ ਦੁਆਰੇ ਮੇਰੇ ਮਨ ਨੂੰ ਸਮਝਾਉਣਾ ਕਰੋ॥ ੫॥ ੬॥

ਤੁਖਾਰੀ ਛੰਤ ਮਹਲਾ ੪ ੧ੴ ਸਤਿਗੁਰ ਪ੍ਰਸਾਦਿ॥

ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ॥

ਹੇ ਪਿਰੀ= ਪਰਮਾਤਮਾ! ਮੇਰੇ ਅੰਦਰ ਆਪ ਜੀ ਦਾ ਪਿਆਰ ਹੈ, ਹੇ ਰਾਮ ਪਿਰੀ ! ਆਪ ਜੀ ਤੋਂ ਬਿਨਾਂ ਮੈਂ ਕਿਵੇਂ ਜੀਊਣਾ ਕਰਾਂ।

ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ॥

ਜਦ ਤੱਕ ਆਪ ਜੀ ਦਾ ਦਰਸ਼ਨ ਪ੍ਰਾਪਤ ਨਾ ਹੋਵੇ, ਤਦ ਤਕ ਹੇ ਰਾਮ ! ਆਪ ਜੀ ਦੇ ਨਾਮ-ਅੰਮ੍ਰਿਤ ਨੂੰ, ਵਾ :- ਆਪ ਜੀ ਦੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ ਕਿਵੇਂ ਪੀਣਾ ਕਰਾਂ ?

ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ ਤਿਸੁ ਬਿਨੁ ਰਹਨੁ ਨ ਜਾਏ ॥

ਕਿਵੇਂ ਨਾਮ-ਅੰਮ੍ਰਿਤ ਨੂੰ ਪੀਣਾ ਕਰਾਂ ਅਤੇ ਹੇ ਹਰੀ ! ਆਪ ਜੀ ਤੋਂ ਬਿਨਾਂ ਕਿਵੇਂ ਜੀਊਣਾ ਕਰਾਂ? ਤਿਸੁ= ਆਪ ਜੀ ਤੋਂ ਬਿਨਾਂ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ।

ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ ॥

ਅਨਦਿਨੁ= ਇਕ ਰਸ ਮੇਰਾ ਚਿਤ ਰੂਪ ਪਪੀਹਾ ਦਿਨ ਰਾਤ ਪਿਰੀ-ਪਿਰੀ ਕਰਦਾ ਹੈ। ਅਰਥਾਤ ਨਾਮਾਂ ਨੂੰ ਉਚਾਰਦਾ ਹੈ, ਹੇ ਪਿਰੀ (ਪਰਮਾਤਮਾ) ! ਆਪ ਜੀ ਦੇ ਦੱਰਸ਼ਨਾਂ ਤੋਂ ਬਿਨਾਂ ਮੇਰੀ ਤਰੇਹ ਨਹੀਂ ਜਾਂਦੀ।

ਅਪਨੀ ਕ੍ਰਿਪਾ ਕਰਹੁ ਹਰਿ ਪਿਆਰੇ ਹਰਿ ਹਰਿ ਨਾਮੁ ਸਦ ਸਾਰਿਆ ॥

ਹੇ ਪਿਆਰੇ ਹਰੀ ! ਤੁਸੀਂ ਮੇਰੇ ਉੱਤੇ ਆਪਣੀ (ਇਹ) ਕਿਰਪਾ ਦ੍ਰਿਸ਼ਟੀ ਕਰੋ, ਜੋ ਮੈਂ ਸਦ= ਹਮੇਸ਼ਾਂ ਆਪ ਜੀ ਦੇ ਹਰਿ ਹਰਿ ਨਾਮ ਨੂੰ ਸਾਰਿਆ= ਸੰਭਾਲਣਾ ਕਰਾਂ।

ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ ਹਉ ਸਤਿਗੁਰ ਵਿਟਹੁ ਵਾਰਿਆ ॥ ੧ ॥

ਜਿਨ੍ਹਾਂ ਗੁਰਾਂ ਦੇ ਉਪਦੇਸ਼ ਕਰ ਕੇ ਹੇ ਪ੍ਰੀਤਮ ਪ੍ਰਭੂ ! ਤੂੰ ਮੈਨੂੰ ਮਿਲਿਆ ਹੈਂ, ਮੈਂ ਉਹਨਾਂ ਸਤਿਗੁਰਾਂ ਦੇ ਵਿਟਹੁ= ਉਤੋਂ ਬਲਿਹਾਰ-ਕੁਰਬਾਨ ਜਾਂਦਾ ਹਾਂ॥ ੧ ॥

ਜਬ ਦੇਖਾਂ ਪਿਰੁ ਪਿਆਰਾ ਹਰਿ ਗੁਣ ਰਸਿ ਰਵਾ ਰਾਮ ॥

ਜਿਸ ਵੇਲੇ ਰਸਿ= ਪਰੇਮ ਕਰ ਕੇ ਹੇ ਹਰੀ ਰਾਮ ! ਆਪ ਜੀ ਦੇ ਗੁਣਾਂ ਨੂੰ ਰਵਾ= ਉਚਾਰਨ ਕਰਾਂ, ਤਿਸ ਵੇਲੇ ਹੇ ਪਿਆਰੇ ਪਿਰੀ ! ਆਪ ਜੀ ਦਾ ਵੇਖਣਾ ਹੁੰਦਾ ਹੈ।

[ਪੰਨਾ ੧੧੧੪]

ਮੇਰੈ ਅੰਤਰਿ ਹੋਇ ਵਿਗਾਸੁ ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ ॥

ਮੇਰੇ ਦਿਲ ਅੰਦਰ ਤਦ ਹੀ ਵਿਗਾਸੁ= ਪ੍ਰਕਾਸ਼, ਵਾ :- ਅਨੰਦ ਹੁੰਦਾ ਹੈ, ਜੇ ਕਰ ਨਿਤਾਪ੍ਰਤੀ ਹੇ ਸੱਚੇ ਰਾਮ ! ਮੈਂ ਪਿਰੀ-ਪਿਰੀ ਸ਼ਬਦ ਚਵਾ= ਉਚਾਰਨ ਕਰਾਂ।

ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ ਬਿਨੁ ਦੇਖੇ ਤ੍ਰਿਪਤਿ ਨ ਆਵਏ ॥

ਹੇ ਸਬਦਿ= ਸੰਸਾਰ ਤੋਂ ਤਾਰਨ ਵਾਲੇ ਪਿਆਰੇ ਪਿਰੀ ! ਮੈਂ ਆਪ ਜੀ ਦੇ ਗੁਣਾਂ ਨੂੰ ਚਵਾ= ਉਚਾਰਦਾ ਹਾਂ, ਆਪ ਜੀ ਦੇ ਦੇਖੇ ਤੋਂ ਬਿਨਾਂ ਮੇਰੇ ਮਨ ਨੂੰ ਤ੍ਰਿਪਤੀ ਨਹੀਂ ਆਉਂਦੀ।

ਸਬਦਿ ਸੀਗਾਰੁ ਹੋਵੈ ਨਿਤ ਕਾਮਣਿ ਹਰਿ ਹਰਿ ਨਾਮੁ ਧਿਆਵਏ ॥

ਇਹ ਕਿਰਪਾ ਕਰੋ ਮੈਂ ਕਾਮਣਿ= ਇਸਤ੍ਰੀ ਦੇ ਸਰੀਰ ਉੱਤੇ ਨਿਤਾਪ੍ਰਤੀ ਗੁਰ-ਸ਼ਬਦ ਦਾ ਸ਼ਿੰਗਾਰ ਹੋਵੇ ਅਤੇ ਸਦਾ ਹਰਿ ਹਰਿ ਨਾਮ ਨੂੰ ਧਿਆਉਣਾ ਕਰਾਂ।

ਦਇਆ ਦਾਨੁ ਮੰਗਤ ਜਨ ਦੀਜੈ ਮੈ ਪ੍ਰੀਤਮੁ ਦੇਹੁ ਮਿਲਾਏ ॥

ਮੈਂ ਮੰਗਤੇ ਜਨ ਨੂੰ ਦਇਆ ਦੇ ਸਹਿਤ ਹੋ ਕੇ ਏਹ ਦਾਨ ਦੇਣਾ ਕਰੋ ਕਿ ਮੈਨੂੰ ਪ੍ਰੀਤਮੁ= ਗੁਰਾਂ ਨਾਲ ਮਿਲਾ ਦਿਓ। *ਅਥਵਾ :—* ਹੇ ਪ੍ਰੀਤਮੁ= ਪਰਮਾਤਮਾ ! ਇਸ ਦੇਹੁ= ਸਰੀਰ ਦੇ ਹੁੰਦਿਆਂ ਹੀ ਮੈਨੂੰ ਆਪਣੇ ਨਾਲ ਮਿਲਾ ਲਓ।

ਅਨਦਿਨੁ ਗੁਰੁ ਗੋਪਾਲੁ ਧਿਆਈ ਹਮ ਸਤਿਗੁਰ ਵਿਟਹੁ ਘੁਮਾਏ ॥ ੨ ॥

ਜਿਨ੍ਹਾਂ ਗੁਰਾਂ ਦੁਆਰੇ ਹੇ ਗੋਪਾਲ ! ਮੈਂ ਰਾਤ ਦਿਨ ਆਪ ਜੀ ਨੂੰ ਧਿਆਉਂਦਾ ਹਾਂ, ਉਹਨਾਂ ਸਤਿਗੁਰਾਂ ਵਿਟਹੁ= ਉਪਰੋਂ ਮੈਂ ਘੁਮਾਏ= ਬਲਿਹਾਰ ਜਾਂਦਾ ਹਾਂ॥ ੨ ॥

ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ॥

ਅਸੀਂ ਪੱਥਰ ਵਾਂਗ ਪਾਪਾਂ ਕਰ ਕੇ ਭਾਰੀ ਹਾਂ, ਗੁਰੂ ਸਾਹਿਬ ਜੀ ਨਾਵ= ਬੇੜੀ ਸਮਾਨ ਹਨ, ਉਹਨਾਂ ਗੁਰਾਂ ਦੁਆਰੇ ਹੇ ਰਾਮ ! ਵਿਖ ਰੂਪ ਸੰਸਾਰ-ਸਮੁੰਦਰ ਤੋਂ ਤਾਰਨਾ ਕਰ।

ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ ॥

ਹੇ ਰਾਮ ! ਮੈਨੂੰ ਗੁਰੂ ਦੇ ਸ਼ਬਦ ਦਾ ਸੁਭਾਇ= ਸ੍ਰੇਸ਼ਟ ਪਰੇਮ ਦੇਵੋ ਅਤੇ ਮੈਂ ਮੂਰਖ ਨੂੰ ਸੰਸਾਰ-ਸਮੁੰਦਰ ਤੋਂ ਪਾਰ ਉਤਾਰ ਦਿਓ।

ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ ॥

ਮੈਂ ਜੜ੍ਹ ਮੂਰਖ ਨੇ ਤੇਰੀ ਕੁਝ ਮਿਤਿ= ਮਰਯਾਦਾ ਨਹੀਂ ਪਾਈ ਤੂੰ ਅਗੰਮ ਤੇ ਸਭ ਤੋਂ ਵੱਡਾ ਜਾਣਿਆ ਜਾਂਦਾ ਹੈਂ।

ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ ॥

ਹੇ ਦਿਆਲੂ ! ਪਰਮਾਤਮਾ ਤੂੰ ਦਇਆ ਦ੍ਰਿਸ਼ਟੀ ਕਰ ਕੇ ਅਸੀਂ ਗੁਣਾਂ ਤੋਂ ਹੀਣੇ ਨਿਮਾਣਿਆਂ ਨੂੰ ਆਪਣੇ ਨਾਲ ਮੇਲ ਲੈਂਦਾ ਹੈਂ।

ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥

ਪਾਪ ਕਰਮ ਕਰ ਕੇ ਅਨੇਕ ਜਨਮਾਂ ਵਿਚ ਭਰਮੇ= ਫਿਰਦੇ ਰਹੇ, ਹੁਣ ਆਪ ਜੀ ਦੀ ਸਰਣਾਗਤਿ= ਸ਼ਰਨ ਵਿਚ ਆ ਕੇ ਪ੍ਰਾਪਤ ਹੋਏ ਹਾਂ।

ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ ॥ ੩ ॥

ਹੇ ਹਰਿ ਜੀਉ ! ਦਇਆ ਦ੍ਰਿਸ਼ਟੀ ਕਰ ਕੇ ਸਾਨੂੰ ਰੱਖ ਲੈਣਾ ਕਰੋ, ਅਸੀਂ ਸਤਿਗੁਰਾਂ ਦੀ ਪਾਏ= ਚਰਨੀਂ ਲੱਗੇ ਹਾਂ॥ ੩ ॥

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥

ਰਾਮ= ਹੇ ਭਾਈ ! ਮੈਂ ਲੋਹੇ ਵਾਂਗ ਨਿਕੰਮਾ ਸੀ, ਗੁਰੂ-ਪਾਰਸ ਨਾਲ ਛੋਹ ਕੇ ਕੰਚਨੁ= ਸੋਨੇ ਦੀ ਤਰ੍ਹਾਂ ਸ਼ੁੱਧ ਹੋ ਗਿਆ ਹਾਂ।

ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥

ਗੁਰੂ ਨੇ ਜੋਤੀ= ਪ੍ਰਕਾਸ਼ ਰੂਪ ਰਾਮ ਨਾਲ ਮੇਰੀ ਜੋਤ ਮਿਲਾ ਦਿੱਤੀ ਹੈ, ਇਸ ਲਈ ਮੇਰਾ ਦੇਹ ਰੂਪ ਗੜ੍ਹ= ਕਿਲ੍ਹਾ ਸ਼ੋਭਾ ਵਾਲਾ ਹੋਇਆ ਹੈ।

ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ
ਕਿਉ ਸਾਸਿ ਗਿਰਾਸਿ ਵਿਸਾਰੀਐ॥

ਜਿਸ ਪ੍ਰਭੂ ਨੇ ਮੇਰੇ ਮਨ ਨੂੰ ਮੋਹ ਲਿਆ ਹੈ ਅਤੇ ਕਾਇਆ= ਦੇਹ ਰੂਪ ਕਿਲ੍ਹੇ ਨੂੰ ਸ਼ੋਭਾ ਵਾਲਾ ਕੀਤਾ ਹੈ, ਸਵਾਸ ਲੈਂਦਿਆਂ ਗਿਰਾਸਿ= ਭੋਜਨ ਖਾਂਦਿਆਂ ਉਸ ਪ੍ਰਭੂ ਦੇ ਨਾਮ ਨੂੰ ਕਿਉਂ ਭੁਲਾਉਣਾ ਕਰੀਏ?

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ॥

ਜਿਨ੍ਹਾਂ ਗੁਰਾਂ ਦੇ ਸ਼ਬਦ ਦੁਆਰਾ ਅਦ੍ਰਿਸ਼ਟ ਅਗੋਚਰ ਪ੍ਰਭੂ ਨੂੰ ਮੈਂ ਪਕੜਿਆ= ਪ੍ਰਾਪਤ ਕੀਤਾ ਹੈ, ਹਉ= ਮੈਂ ਉਹਨਾਂ ਸਤਿਗੁਰ ਤੋਂ ਬਲਿਹਾਰ ਜਾਂਦਾ ਹਾਂ।

ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥

ਜੇ ਕਰ ਸੱਚਿਆਂ ਸਤਿਗੁਰਾਂ ਨੂੰ ਭਾ ਜਾਵੇ ਤਾਂ ਮੈਂ ਉਹਨਾਂ ਸਤਿਗੁਰਾਂ ਅੱਗੇ ਆਪਣਾ ਸਿਰ ਭੇਟਾ ਰੱਖ ਦੇਂਦਾ ਹਾਂ।

ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ॥ ੪॥ ੧॥

ਗੁਰੂ ਜੀ ਆਖਦੇ ਹਨ— ਹੇ ਪ੍ਰਭੂ ਦਾਤੇ! ਜਿਸ ਉੱਤੇ ਤੁਸੀਂ ਆਪਣੀ ਕਿਰਪਾ ਦ੍ਰਿਸ਼ਟੀ ਕਰਦੇ ਹੋ, ਉਹ ਆਪ ਜੀ ਦੇ ਅੰਕਿ= ਸਰੂਪ ਵਿਚ ਸਮਾਉਂਦਾ ਹੈ॥ ੪॥ ੧॥

ਤੁਖਾਰੀ ਮਹਲਾ ੪॥

ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ॥

ਹੇ ਹਰਿ ਹਰਿ ! ਤੂੰ ਅਗੰਮ ਤੇ ਅਗਾਧ ਹੈਂ, ਅਪਰੰਪਰ= ਸੰਸਾਰ ਤੋਂ ਪਰੇ, ਅਪਰ= ਬ੍ਰਹਮਾ ਆਦਿਕਾਂ ਤੋਂ ਭੀ ਪਰੇ ਹੈਂ।

ਜੋ ਤੁਮ ਧਿਆਵਹਿ ਜਗਦੀਸ ਤੇ ਜਨ ਭਉ ਬਿਖਮੁ ਤਰਾ॥

ਹੇ ਜਗਤ ਦੇ ਮਾਲਕ ਪ੍ਰਭੂ ! ਜੋ ਆਪ ਜੀ ਨੂੰ ਧਿਆਉਂਦੇ ਹਨ, ਉਹ ਪੁਰਸ਼ ਭੈ ਦਾਇਕ ਬਿਖਮੁ= ਕਠਿਨ ਸੰਸਾਰ-ਸਮੁੰਦਰ ਤੋਂ ਸੌਖੇ ਤਰ ਜਾਂਦੇ ਹਨ।

ਬਿਖਮ ਭਉ ਤਿਨ ਤਰਿਆ ਸੁਹੇਲਾ ਜਿਨ ਹਰਿ ਹਰਿ ਨਾਮੁ ਧਿਆਇਆ॥

ਕਠਿਨ ਭੈਦਾਇਕ ਸੰਸਾਰ-ਸਮੁੰਦਰ ਉਹਨਾਂ ਨੇ ਸੁਹੇਲਾ= ਸੌਖਾ ਤਰਿਆ ਹੈ, ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ।

ਗੁਰ ਵਾਕਿ ਸਤਿਗੁਰ ਜੋ ਭਾਇ ਚਲੇ ਤਿਨ ਹਰਿ ਹਰਿ ਆਪਿ ਮਿਲਾਇਆ॥

(੧) ਜਿਹੜੇ ਪੁਰਸ਼ ਭਾਇ= ਪਰੇਮ ਨਾਲ ਗੁਰ= ਪੂਜਨੀਕ ਸਤਿਗੁਰਾਂ ਦੇ ਵਾਕਿ= ਬਚਨਾਂ ਅਨੁਸਾਰ

ਚਲਦੇ ਹਨ, ਉਹਨਾਂ ਨੂੰ ਹਰਿ ਹਰਿ ਨੇ ਆਪਣੇ ਨਾਲ ਮਿਲਾਇਆ ਹੈ।

੨) ਜਿਹੜੇ ਪੁਰਸ਼ ਗੁਰ ਵਾਕਿ= ਗੁਰਬਾਣੀ ਦੇ ਆਸ਼ੇ ਅਨੁਸਾਰ ਤੇ ਸਤਿਗੁਰਾਂ ਦੇ ਪਰੇਮ ਵਿੱਚ ਚਲਦੇ ਹਨ, ਉਹਨਾਂ ਨੂੰ ਹਰ ਤਰ੍ਹਾਂ ਹਰੀ ਨੇ ਆਪਣੇ ਨਾਲ ਮਿਲਾ ਲਿਆ ਹੈ।

ਜੋਤੀ ਜੋਤਿ ਮਿਲਿ ਜੋਤਿ ਸਮਾਣੀ ਹਰਿ ਕ੍ਰਿਪਾ ਕਰਿ ਧਰਣੀਧਰਾ ॥

ਜਿਸ ਉੱਤੇ ਧਰਣੀਧਰ ਹਰੀ ਨੇ ਕਿਰਪਾ ਕੀਤੀ ਹੈ, ਉਸ ਦੀ ਜੋਤ, ਜੋਤਿ= ਪ੍ਰਕਾਸ਼ ਰੂਪ ਜੋਤੀ ਨਾਲ ਮਿਲ ਕੇ ਵਿਚੇ ਸਮਾ ਗਈ ਹੈ। ਵਾ :- ਜਿਸ ਜੋਤੀ ਦੀ ਚੇਤਨ ਸੱਤਾ ਸਾਰਿਆਂ ਵਿਚ ਮਿਲ ਰਹੀ ਹੈ ਉਸ ਦੇ ਵਿਚ ਉਸ ਪੁਰਸ਼ ਦੀ ਜੋਤ ਸਮਾ ਗਈ ਹੈ, ਜਿਸ ਉੱਤੇ ਧਰਣੀਧਰ ਹਰੀ ਨੇ ਆਪਣੀ ਕਿਰਪਾ ਕੀਤੀ ਹੈ।

ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ ॥ ੧ ॥

ਹਰੀ ਪਿੱਛੇ ਅਗੰਮ ਸੀ, ਹਰੀ ਹੁਣ ਭੀ ਅਗਾਧ ਹੈ, ਅਪਰੰਪਰ= ਸੰਸਾਰ ਤੋਂ ਪਰੇ, ਅਪਰ= ਬ੍ਰਹਮਾ ਆਦਿਕ ਦੇਵਤਿਆਂ ਤੋਂ ਭੀ ਪਰੇ ਹੈ॥ ੧ ॥

ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥

ਹੇ ਅਗੰਮ ਸੁਆਮੀ ! ਤੂੰ ਅਥਾਹ ਹੈਂ ਅਤੇ ਤੂੰ ਸਾਰਿਆਂ ਘਟਾਂ ਘਟਾਂ ਵਿਚ ਪੂਰਨ ਹੋ ਰਿਹਾ ਹੈਂ।

ਤੂ ਅਲਖ ਅਭੇਉ ਅਗੰਮੁ ਗੁਰ ਸਤਿਗੁਰ ਬਚਨਿ ਲਹਿਆ ॥

ਤੂੰ ਅਲੱਖ, ਅਭੇਉ= ਭੇਦਾਂ ਤੋਂ ਰਹਿਤ, ਅਗੰਮੁ= ਪੋਹ ਤੋਂ ਰਹਿਤ ਹੈਂ, ਗੁਰ= ਪੂਜਨੀਕ ਸਤਿਗੁਰਾਂ ਦੇ ਬਚਨਾਂ ਦੁਆਰੇ ਅਧਿਕਾਰੀਆਂ ਨੇ ਆਪ ਜੀ ਨੂੰ ਲਹਿਆ= ਲਖਿਆ ਅਰਥਾਤ ਜਾਣਿਆਂ ਹੈ।

ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥

ਉਹ ਪੂਰੇ ਪੁਰਸ਼ ਧੰਨਤਾ ਦੇ ਜੋਗ ਹਨ, ਜਿਨ੍ਹਾਂ ਪੁਰਸ਼ਾਂ ਨੇ ਗੁਰੂ ਤੇ ਸੰਤਾਂ ਦੀ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਜਸ ਰੂਪ ਗੁਣ ਰਵੇ= ਉਚਾਰੇ ਹਨ।

ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥

ਬਿਬੇਕ ਬੁੱਧੀ ਵਾਲੇ ਜੋ ਗੁਰਮੁਖ ਹਨ ਉਹ ਗੁਰ ਸ਼ਬਦ ਦੀ ਵੀਚਾਰ ਕਰ ਕੇ ਨਿਤਾਪ੍ਰਤੀ ਖਿਨ ਖਿਨ ਦੇ ਸਮੇਂ ਵਿਚ ਹਰੀ-ਜਸ ਨੂੰ ਚਵੇ= ਉਚਾਰਦੇ ਹਨ।

ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ॥

ਜਾ= ਜਦ ਗੁਰਮੁਖ ਬਹਿੰਦੇ ਹਨ ਤਾਂ ਭੀ ਹਰੀ ਨਾਮ ਬੋਲਦੇ ਹਨ, ਜਦ ਗੁਰਮੁਖ ਖੜੇ ਹੁੰਦੇ ਹਨ ਤਾਂ ਭੀ ਹਰਿ ਹਰਿ ਦਾ ਨਾਮ ਕਹਿੰਦੇ ਹਨ।

ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥ ੨ ॥

ਹੇ ਅਗਮ ਸੁਆਮੀ ਤੂੰ ਅਥਾਹ ਹੈਂ ਅਤੇ ਤੂੰ ਹੀ ਸਾਰਿਆਂ ਘਟਾਂ ਘਟਾਂ ਵਿਚ ਪਰੀਪੂਰਨ ਹੋ ਰਿਹਾ ਹੈਂ॥ ੨ ॥

ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ॥

ਜੇਹੜੇ ਪੁਰਸ਼ ਸੇਵਕ ਹੋ ਕੇ ਸੇਵਾ ਕਰਦੇ ਹਨ ਉਹ ਪਰਵਾਣ ਹਨ, ਪਰ ਜਿਨ੍ਹਾਂ ਨੇ ਗੁਰਮਤ ਲੈ ਕੇ ਹਰੀ ਨੂੰ ਸੇਵਿਆ ਹੈ।

ਤਿਨ ਕੇ ਕੋਟਿ ਸਭਿ ਪਾਪ, ਖਿਨੁ ਪਰਹਰਿ ਹਰਿ ਦੂਰਿ ਕਰੇ॥

ਉਹਨਾਂ ਦੇ ਜੋ ਕ੍ਰੋੜਾਂ ਪਾਪ ਸਨ ਪਰਹਰਿ= ਪ੍ਰਹਾਰ ਕਰਨ ਵਾਲੇ, ਉਹ ਹਰੀ ਨੇ ਇਕ ਖਿਨ ਵਿਚ ਸਾਰੇ ਹੀ ਦੂਰ ਕਰ ਦਿੱਤੇ ਹਨ।

[ਪੰਨਾ ੧੧੧੫]

ਤਿਨ ਕੇ ਪਾਪ ਦੋਖ ਸਭਿ ਬਿਨਸੇ ਜਿਨ ਮਨਿ ਚਿਤਿ ਇਕੁ ਅਰਾਧਿਆ॥

ਉਹਨਾਂ ਪੁਰਸ਼ਾਂ ਦੇ ਸਾਰੇ ਪਾਪ ਤੇ ਦੋਸ਼ ਬਿਨਸ ਗਏ ਹਨ, ਜਿਨ੍ਹਾਂ ਨੇ ਆਪਣੇ ਮਨ ਚਿਤ ਵਿਚ ਇਕ ਪ੍ਰਭੂ ਨੂੰ ਅਰਾਧਿਆ ਹੈ। ਜਾਂ ਜਿਨ੍ਹਾਂ ਨੇ ਇਕਾਗਰ ਮਨ ਹੋ ਕੇ ਚਿਤ ਵਿਚ ਇਕ ਨੂੰ ਆਰਾਧਣਾ ਕੀਤਾ ਹੈ।

ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ
ਜਿਨ ਗੁਰ ਬਚਨੀ ਸਚੁ ਭਾਖਿਆ॥

ਕਰਤੇ ਪੁਰਖ ਪਰਮਾਤਮਾ ਨੇ ਉਹਨਾਂ ਦਾ ਸਾਰਾ ਮਨੁੱਖਾ ਜਨਮ ਸਫਲ ਕਰ ਦਿੱਤਾ ਹੈ, ਜਿਨ੍ਹਾਂ ਨੇ ਗੁਰੂ ਦੇ ਬਚਨਾਂ ਦੁਆਰੇ ਸੱਚ ਨਾਮ ਨੂੰ ਭਾਖਿਆ= ਉਚਾਰਿਆ ਹੈ।

ਤੇ ਧੰਨੁ ਜਨ ਵਡ ਪੁਰਖ ਪੂਰੇ, ਜੋ ਗੁਰਮਤਿ ਹਰਿ ਜਪਿ, ਭਉ ਬਿਖਮੁ ਤਰੇ॥

ਉਹ ਪੂਰੇ ਪੁਰਖ ਬੜੇ ਧੰਨਤਾ ਦੇ ਜੋਗ ਹਨ, ਜੇਹੜੇ ਜਨ ਗੁਰਮਤ ਅਨੁਸਾਰ ਹਰੀ ਨਾਮ ਨੂੰ ਜਪ ਕੇ ਭੈ ਦਾਇਕ ਬਿਖਮੁ= ਕਠਿਨ ਸੰਸਾਰ-ਸਮੁੰਦਰ ਤੋਂ ਤਰੇ ਹਨ।

ਸੇਵਕ ਜਨ ਸੇਵਹਿ ਤੇ ਪਰਵਾਣੁ, ਜਿਨ ਸੇਵਿਆ ਗੁਰਮਤਿ ਹਰੇ॥ ੩॥

ਜੋ ਸੇਵਕ ਜਨ ਹੋ ਕੇ ਸੇਵਾ ਕਰਦੇ ਹਨ ਉਹ ਪਰਵਾਣ ਹਨ, ਪਰ ਜਿਨ੍ਹਾਂ ਨੇ ਗੁਰਮਤ ਅਨੁਸਾਰ ਹਰੀ ਨੂੰ ਸੇਵਿਆ= ਸਿਮਰਿਆ ਹੈ॥ ੩॥

ਤੂ ਅੰਤਰਜਾਮੀ ਹਰਿ ਆਪਿ, ਜਿਉ ਤੂ ਚਲਾਵਹਿ ਪਿਆਰੇ, ਹਉ ਤਿਵੈ ਚਲਾ॥

ਹੇ ਹਰੀ ! ਤੂੰ ਆਪ ਅੰਤਰਜਾਮੀ ਹੈਂ, ਪਿਆਰੇ ਹਰੀ ! ਜਿਵੇਂ ਤੂੰ ਚਲਾਉਂਦਾ ਹੈ, ਤਿਵੇਂ ਮੈਂ ਤੁਰਦਾ ਹਾਂ।

ਹਮਰੈ ਹਾਥਿ ਕਿਛੁ ਨਾਹਿ, ਜਾ ਤੂ ਮੇਲਹਿ, ਤਾ ਹਉ ਆਇ ਮਿਲਾ॥

ਸਾਡੇ ਹੱਥ ਵਿਚ ਕੁਝ ਭੀ ਨਹੀਂ ਹੈ, ਜਦ ਤੂੰ ਮੇਲੇਂਗਾ ਤਦ ਹੀ ਮੈਂ ਤੈਨੂੰ ਆ ਕੇ ਮਿਲਾਂਗਾ।

ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ ਛੁਟਕਿ ਗਇਆ॥

ਹੇ ਹਰੀ ਸੁਆਮੀ ! ਜਿਨ੍ਹਾਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈ, ਉਹਨਾਂ ਦਾ ਸਾਰਾ ਲੇਖਾ ਛੁੱਟ ਗਿਆ ਹੈ। ਧਰਮਰਾਜਾ ਆਪਣੇ ਜਮਦੂਤਾਂ ਨੂੰ ਇਉਂ ਕਹਿੰਦਾ ਹੈ:-

ਤਿਨ ਕੀ ਗਣਤ ਨ ਕਰਿਅਹੁ ਕੋ ਭਾਈ, ਜੋ ਗੁਰ ਬਚਨੀ ਹਰਿ ਮੇਲਿ ਲਇਆ ॥

ਹੇ ਭਾਈ ! ਉਹਨਾਂ ਦੀ ਗਿਣਤੀ ਕੋਈ ਭੀ ਨਾ ਕਰੋ, ਜਿਨ੍ਹਾਂ ਨੂੰ ਗੁਰੂ ਦੇ ਬਚਨਾਂ ਦੁਆਰੇ ਹਰੀ ਨੇ ਆਪਣੇ ਨਾਲ ਮੇਲ ਲੀਤਾ।

ਨਾਨਕ ਦਇਆਲੁ ਹੋਆ ਤਿਨ ਊਪਰਿ, ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥

ਗੁਰੂ ਜੀ ਕਥਨ ਕਰਦੇ ਹਨ— ਉਹਨਾਂ ਉੱਤੇ ਪ੍ਰਭੂ ਆਪ ਦਿਆਲੂ ਹੋਇਆ ਹੈ, ਜਿਨ੍ਹਾਂ ਨੇ ਗੁਰੂ ਦਾ ਭਾਣਾ ਭਲਾ ਕਰ ਕੇ ਮੰਨਿਆ ਹੈ (ਭਾਈ ਭਿਖਾਰੀ ਜੀ ਵਾਂਗ)।

ਤੂ ਅੰਤਰਜਾਮੀ ਹਰਿ ਆਪਿ
ਜਿਉ ਤੂੰ ਚਲਾਵਹਿ ਪਿਆਰੇ, ਹਉ ਤਿਵੈ ਚਲਾ ॥ ੪ ॥ ੨ ॥

ਹੇ ਹਰੀ ! ਤੂੰ ਆਪ ਅੰਤਰਜਾਮੀ ਹੈਂ, ਹੇ ਪਿਆਰੇ ਹਰੀ ! ਜਿਵੇਂ ਤੂੰ ਚਲਾਵਹਿ= ਤੋਰਦਾ ਹੈਂ, ਤਿਵੈ= ਓਵੇਂ ਹੀ ਮੈਂ ਚਲਦਾ ਹਾਂ॥ ੪॥ ੨॥

ਤੁਖਾਰੀ ਮਹਲਾ ੪ ॥

ਤੂ ਜਗਜੀਵਨੁ ਜਗਦੀਸੁ, ਸਭ ਕਰਤਾ ਸ੍ਰਿਸਟਿ ਨਾਥੁ ॥

ਹੇ ਜਗਜੀਵਨ ਪ੍ਰਭੂ ! ਤੂੰ ਜਗਤ ਦਾ ਮਾਲਕ ਹੈਂ, ਸਾਰੀ ਸ੍ਰਿਸ਼ਟੀ ਦਾ ਕਰਤਾ ਤੇ ਸਭਨਾਂ ਦਾ ਨਾਥੁ= ਸੁਆਮੀ ਹੈਂ।

ਤਿਨ ਤੂ ਧਿਆਇਆ ਮੇਰਾ ਰਾਮੁ ਜਿਨ ਕੈ ਧੁਰਿ ਲੇਖੁ ਮਾਥੁ ॥

ਹੇ ਮੇਰੇ ਰਾਮ ! ਉਹਨਾਂ ਨੇ ਆਪ ਜੀ ਨੂੰ ਧਿਆਉਣਾ ਕੀਤਾ ਹੈ, ਜਿਨ੍ਹਾਂ ਦੇ ਮੱਥੇ ਉੱਤੇ ਧੁਰ ਤੋਂ ਚੰਗਾ ਲੇਖ ਲਿਖਿਆ ਹੈ।

ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ ਤਿਨ ਹਰਿ ਹਰਿ ਨਾਮੁ ਅਰਾਧਿਆ ॥

ਹੇ ਹਰੀ ਸੁਆਮੀ ! ਜਿਨ੍ਹਾਂ ਨੂੰ ਧੁਰ ਤੋਂ ਚੰਗਾ ਲੇਖ ਲਿਖਿਆ ਹੈ, ਉਹਨਾਂ ਨੇ ਤੇਰੇ ਹਰਿ ਹਰਿ ਨਾਮ ਨੂੰ ਅਰਾਧਣਾ ਕੀਤਾ ਹੈ।

ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ ਜਿਨ ਗੁਰ ਬਚਨੀ ਹਰਿ ਜਾਪਿਆ ॥

ਹੇ ਹਰੀ ! ਇਕ ਨਿਮਖ ਵਿਚ ਉਹਨਾਂ ਦੇ ਸਾਰੇ ਪਾਪ ਲੱਥ ਗਏ ਹਨ, ਜਿਨ੍ਹਾਂ ਨੇ ਗੁਰੂ ਦੇ ਬਚਨਾਂ ਅਨੁਸਾਰ ਹਰੀ-ਨਾਮ ਨੂੰ ਜਪਿਆ ਹੈ।

ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ ਤਿਨ ਦੇਖੇ ਹਉ ਭਇਆ ਸਨਾਥੁ ॥

ਉਹ ਪੁਰਸ਼ ਧੰਨਤਾ ਦੇ ਜੋਗ ਹਨ, ਵਾ :- ਪਿੱਛੇ ਧੰਨ ਸਨ, ਹੁਣ ਭੀ ਧੰਨ ਹਨ, ਜਿਨ੍ਹਾਂ ਨੇ ਹਰੀ ਨਾਮ ਨੂੰ ਜਪਿਆ ਹੈ, ਉਹਨਾਂ ਦੇ ਦਰਸ਼ਨ ਨੂੰ ਵੇਖ ਕੇ ਹਉ= ਮੈਂ ਸਨਾਥੁ= ਕਿਰਤਾਰਥ (ਕਲਿਆਣ) ਹੋਇਆ ਹਾਂ।

ਤੂ ਜਗਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ ॥ ੧ ॥

ਹੇ ਪ੍ਰਭੂ ! ਤੂੰ ਜਗਤ ਦਾ ਜੀਵਨ ਰੂਪ ਅਤੇ ਸੰਸਾਰ ਦਾ ਮਾਲਕ ਤੇ ਸਾਰਿਆਂ ਦਾ ਕਰਤਾ ਹੈਂ ਅਤੇ ਸ੍ਰਿਸ਼ਟੀ

ਦਾ ਨਾਥੁ= ਸੁਆਮੀ ਹੈਂ॥ ੧॥

ਤੂ ਜਲਿ ਥਲਿ ਮਹੀਅਲਿ ਭਰਪੂਰਿ, ਸਭ ਊਪਰਿ ਸਾਚੁ ਧਣੀ॥

ਜਲਾਂ ਵਿਚ, ਥਲਾਂ ਵਿਚ, ਮਹੀ= ਪ੍ਰਿਥਵੀ, ਅਲਿ= ਅਕਾਸ਼ ਆਦਿਕਾਂ ਵਿਚ ਤੂੰ ਭਰਪੂਰ ਹੈਂ ਅਤੇ ਹੇ ਸੱਚੇ ਧਣੀ ! ਤੂੰ ਸਾਰਿਆਂ ਤੋਂ ਊਪਰਿ= ਉੱਚਾ ਹੈਂ।

ਜਿਨ ਜਪਿਆ ਹਰਿ ਮਨਿ ਚੀਤਿ, ਹਰਿ ਜਪਿ ਜਪਿ ਮੁਕਤੁ ਘਣੀ॥

ਜਿਨ੍ਹਾਂ ਨੇ ਮਨ ਚਿਤ ਕਰ ਕੇ ਹਰੀ ਨਾਮ ਨੂੰ ਜਪਿਆ ਹੈ, ਉਨ੍ਹਾਂ ਦੀ ਕੀ ਉਪਮਾ ਕਹਾਂ? ਕਿਉਂਕਿ ਹਰੀ ਨਾਮ ਨੂੰ ਜਪ ਜਪ ਕੇ ਘਣੀ= ਬਹੁਤੀ ਦੁਨੀਆਂ ਮੁਕਤ ਹੋਈ ਹੈ।

ਜਿਨ ਜਪਿਆ ਹਰਿ ਤੇ ਮੁਕਤੁ ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ॥

ਜਿਨ੍ਹਾਂ ਨੇ ਹਰੀ ਨੂੰ ਜਪਿਆ ਹੈ ਉਹ ਪ੍ਰਾਣੀ ਮੁਕਤ ਰੂਪ ਹੋਏ ਹਨ ਅਤੇ ਹਰੀ ਦੇ ਦਰਬਾਰ ਵਿਚ ਉਹਨਾਂ ਦੇ ਮੂੰਹ ਉੱਜਲੇ ਹੋਏ ਹਨ।

ਓਇ ਹਲਤਿ ਪਲਤਿ ਜਨ ਭਏ ਸੁਹੇਲੇ ਹਰਿ ਰਾਖਿ ਲੀਏ ਰਖਨਹਾਰਿ॥

ਉਹ ਪੁਰਸ਼ ਹਲਤਿ ਪਲਤਿ= ਲੋਕ ਪਰਲੋਕ ਵਿਚ ਸੁਹੇਲੇ= ਸੁਖੀ ਹੋਏ ਹਨ, ਰੱਖਣ ਵਾਲੇ ਹਰੀ ਨੇ ਆਪ ਉਹਨਾਂ ਨੂੰ ਰੱਖ ਲਿਆ ਹੈ।

ਹਰਿ ਸੰਤ ਸੰਗਤਿ ਜਨ ਸੁਣਹੁ ਭਾਈ ਗੁਰਮੁਖਿ ਹਰਿ ਸੇਵਾ ਸਫਲ ਬਣੀ॥

ਹੇ ਭਾਈ ! ਹਰੀ ਦੇ ਜੋ ਸੰਤ ਹਨ ਉਹਨਾਂ ਦੀ ਸੰਗਤ ਵਿਚ ਬੈਠ ਕੇ ਸ਼ੁਭ ਬਚਨਾਂ ਨੂੰ ਸੁਣੋ, ਗੁਰਮੁਖਾਂ ਨੇ ਜੋ ਹਰੀ ਦੀ ਸੇਵਾ ਕੀਤੀ ਹੈ, ਉਹ ਸਫਲ ਬਣੀ ਹੈ। *ਅਥਵਾ :—* ਹੇ ਭਾਈ ਜਨੋ! ਸੁਣੋ, ਹਰੀ ਦੀ ਸਤ ਸੰਗਤ ਵਿਖੇ ਗੁਰਮੁਖਾਂ ਨੇ ਜੋ ਹਰੀ ਦੀ ਸੇਵਾ ਕੀਤੀ ਹੈ, ਉਹ ਸਫਲ ਬਣੀ ਹੈ।

ਤੂ ਜਲਿ ਥਲਿ ਮਹੀਅਲਿ ਭਰਪੂਰਿ, ਸਭ ਊਪਰਿ ਸਾਚੁ ਧਣੀ॥ ੨॥

ਜਲਾਂ ਵਿਚ, ਥਲਾਂ ਵਿਚ, ਮਹੀ= ਪ੍ਰਿਥਵੀ, ਅਲਿ= ਆਕਾਸ਼ ਆਦਿਕਾਂ ਵਿਚ ਤੂੰ ਭਰਪੂਰ ਹੈਂ ਅਤੇ ਹੇ ਸੱਚੇ ਧਣੀ ! ਤੂੰ ਸਾਰਿਆਂ ਤੋਂ ਊਪਰਿ= ਉੱਚਾ ਹੈਂ॥ ੨॥

ਤੂ ਥਾਨ ਥਨੰਤਰਿ ਹਰਿ ਏਕੁ, ਹਰਿ ਏਕੋ ਏਕੁ ਰਵਿਆ॥

ਸਾਰਿਆਂ ਅਸਥਾਨਾਂ ਅੰਦਰ ਹੇ ਹਰੀ ! ਇਕ ਤੂੰਹੀ ਹੈਂ ਅਤੇ ਸਾਰਿਆਂ ਥਨੰਤਰਿ= ਜੀਵਾਂ ਵਿਚ ਵੀ ਇਕੋ-ਇਕ ਤੂੰ ਹੀ ਰਵਿਆ= ਪਰੀ ਪੂਰਨ ਹੋ ਰਿਹਾ ਹੈਂ।

ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ॥

ਵਣਾਂ ਵਿਚ , ਤ੍ਰਿਣਾਂ ਵਿਚ, ਤਿੰਨਾਂ ਲੋਕਾਂ ਵਿਚ ਬਲਕਿ ਸਾਰੀ ਸ੍ਰਿਸ਼ਟੀ ਵਿਚ ਤੂੰਹੀ ਹੈਂ, ਇਸ ਤਰ੍ਹਾਂ ਨਿਸਚੇ ਕਰ ਕੇ ਮੁਖੀਆਂ ਨੇ ਹੇ ਹਰਿ ਹਰਿ ! ਤੇਰੇ ਨਾਮਾਂ ਨੂੰ ਚਵਿਆ= ਉਚਾਰਿਆ ਹੈ।

ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਦੇ॥

ਹੇ ਕਰਤੇ ਪੁਰਖ ! ਤੇਰੇ ਹਰਿ ਹਰਿ ਨਾਮ ਨੂੰ ਸਾਰੇ ਲੋਕ ਚਵਹਿ= ਉਚਾਰਦੇ ਹਨ ਅਤੇ ਹੇ ਅਸੰਖ ਹਰੀ ! ਅਨਗਿਣਤ ਲੋਕ ਤੈਨੂੰ ਧਿਆਉਂਦੇ ਹਨ।

ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ ॥

ਹੇ ਹਰੀ ! ਉਹ ਸਾਧੂ= ਸਾਧਨਾਂ ਦੇ ਕਰਨ ਵਾਲੇ ਸਾਧੂ= ਸ੍ਰੇਸ਼ਟ ਸੰਤ ਧੰਨ ਧੰਨ ਹਨ, ਹੇ ਹਰੀ ਪ੍ਰਭੂ ਕਰਤੇ! ਜੋ ਆਪ ਜੀ ਨੂੰ ਭਾਉਂਦੇ ਹਨ।

ਸੋ ਸਫਲੁ ਦਰਸਨੁ ਦੇਹੁ ਕਰਤੇ ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥

ਹੇ ਕਰਤੇ ਪੁਰਖ ! ਉਹ ਆਪਣਾ ਸਫਲ ਦਰਸ਼ਨ ਦਿਓ, ਜਿਸ ਦਰਸ਼ਨ ਕਰ ਕੇ ਹੇ ਹਰੀ ! ਮੈਂ ਸਦਾ ਹਿਰਦੇ ਵਿਚ ਤੇਰੇ ਨਾਮ ਨੂੰ ਉਚਾਰਦਾ ਰਹਾਂ।

ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥ ੩ ॥

ਸਾਰਿਆਂ ਅਸਥਾਨਾਂ ਅੰਦਰ ਹੇ ਹਰੀ ! ਇਕ ਤੂੰ ਹੈਂ ਤੇ ਸਾਰਿਆਂ ਥਨੰਤਰਿ= ਥਨੰਤਰੀ ਜੀਵਾਂ ਦੇ ਅੰਦਰ ਭੀ ਇਕੋ ਇਕ ਤੂੰ ਹੀ ਰਵ ਰਿਹਾ ਹੈਂ॥ ੩ ॥

ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥

ਹੇ ਮੇਰੇ ਸੁਆਮੀ ! ਤੇਰੀ ਭਗਤੀ ਦੇ ਅਸੰਖਾਂ ਭੰਡਾਰੇ ਹਨ, (ਪਰ ਇਹ ਭਗਤੀ ਦੇ ਭੰਡਾਰੇ) ਜਿਸ ਨੂੰ ਤੂੰ ਦੇਂਦਾ ਹੈਂ, ਓਸੇ ਨੂੰ ਮਿਲਹਿ= ਮਿਲਦੇ ਹਨ।

ਜਿਸ ਕੈ ਮਸਤਕਿ ਗੁਰ ਹਾਥੁ ਤਿਸੁ ਹਿਰਦੈ ਹਰਿ ਗੁਣ ਟਿਕਹਿ ॥

ਜਿਸ ਦੇ ਮੱਥੇ ਉਤੇ ਗੁਰੂ ਦਾ ਹੱਥ ਹੈ, ਉਸ ਦੇ ਹਿਰਦੇ ਵਿਚ ਹੇ ਹਰੀ ! ਆਪ ਜੀ ਦੇ ਸ਼ੁਭ ਗੁਣ ਟਿਕਦੇ ਹਨ।

ਹਰੀ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥

ਉਸ ਦੇ ਹਿਰਦੇ ਵਿਚ ਹਰੀ ਦੇ ਗੁਣ ਟਿਕਦੇ ਹਨ, ਜਿਸ ਪੁਰਸ਼ ਦੇ ਹਿਰਦੇ ਅੰਦਰ ਭਉ= ਡਰ ਤੇ ਭਾਵਨੀ= ਸ਼ਰਧਾ ਹੁੰਦੀ ਹੈ।

[ਪੰਨਾ ੧੧੧੬]

ਬਿਨੁ ਭੈ ਕਿਨੈ ਨ ਪ੍ਰੇਮ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥

ਡਰ ਧਾਰੇ ਤੋਂ ਬਿਨਾਂ ਕਿਸੇ ਨੇ ਪਰੇਮ ਪਾਇਆ ਨਹੀਂ ਹੈ ਅਤੇ ਡਰ ਧਾਰੇ ਤੋਂ ਬਿਨਾਂ ਕੋਈ ਭੀ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਉਤਰਿਆ।

ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ ॥

ਗੁਰੂ ਜੀ ਆਖਦੇ ਹਨ— ਭਉ= ਡਰ, ਭਾਉ= ਪਰੇਮ ਅਤੇ ਪ੍ਰੀਤੀ ਓਸੇ ਨੂੰ ਲਗਦੀ ਹੈ, ਜਿਸ ਉੱਤੇ ਤੂੰ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈਂ।

ਤੇਰੀ ਭਗਤਿ ਭੰਡਾਰ ਅਸੰਖ
ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥ ੪ ॥ ੩ ॥

ਹੇ ਮੇਰੇ ਸੁਆਮੀ ! ਤੇਰੀ ਭਗਤੀ ਦੇ ਅਸੰਖਾਂ ਭੰਡਾਰੇ ਹਨ, ਜਿਸ ਨੂੰ ਦੇਂਦਾ ਹੈਂ ਉਸ ਨੂੰ ਮਿਲਦੇ ਹਨ॥ ੪॥ ੩॥

ਤੁਖਾਰੀ ਮਹਲਾ ੪॥

ਉਥਾਨਕਾ:-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅੱਗੇ ਸਿੱਖਾਂ ਨੇ ਬੇਨਤੀ ਕੀਤੀ— "ਆਪ ਜੀ ਦੇ ਗੁਰਦੇਵ ਗੁਰਤਾ-ਗੱਦੀ ਪਰ ਬੈਠ ਕੇ ਫੇਰ ਤੀਰਥ-ਯਾਤਰਾ ਕਰਨ ਕਿਉਂ ਗਏ? ਤੇ ਰਾਹ ਵਿਚ ਕੀ ਕੀ ਕੌਤਕ ਹੋਏ?"

ਸਿੱਖਾਂ ਤੋਂ ਇਹ ਗੱਲ ਸੁਣ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ- "ਇਕ ਵਾਰ ਸਾਰਿਆਂ ਬ੍ਰਾਹਮਣਾਂ ਨੇ ਅਕਬਰ ਬਾਦਸ਼ਾਹ ਪਾਸ ਗੁਰੂ ਅਮਰਦਾਸ ਜੀ ਦੇ ਵਿਰੁੱਧ ਦਰਖਾਸਤ ਦਿੱਤੀ, ਜਿਸ ਵਿਚ ਲਿਖਿਆ-'ਗੁਰੂ ਅਮਰਦਾਸ ਜੀ ਖੱਤ੍ਰੀ ਹੋ ਕੇ ਆਪਣੇ ਚਰਨ ਪੁਜਾਉਂਦੇ ਹਨ, ਤੀਰਥ-ਯਾਤਰਾ ਤਿਆਗ ਚੁੱਕੇ ਹਨ, ਗਾਯਤ੍ਰੀ ਆਦਿਕ ਮੰਤਰਾਂ ਤੋਂ ਹਟਾ ਕੇ ਸਿੱਖਾਂ ਤੋਂ ਗੁਰਬਾਣੀ ਦੇ ਪਾਠ ਕਰਾਉਂਦੇ ਹਨ ਅਤੇ ਚਾਰਿਆਂ ਵਰਨਾਂ ਦੇ ਮਨੁੱਖਾਂ ਨੂੰ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦਾ ਛਕਾਉਂਦੇ ਹਨ; ਏਹ ਸਾਰੇ ਕਰਮ ਹਿੰਦੂ ਧਰਮ ਦੇ ਵਿਰੁੱਧ ਹਨ, ਆਪ ਸਾਡੇ ਹਿੰਦੂ ਧਰਮ ਦੀ ਮਰਯਾਦਾ ਕਾਇਮ ਰੱਖਣ ਵਾਸਤੇ ਉਨ੍ਹਾਂ ਨੂੰ ਇਨ੍ਹਾਂ ਕੰਮਾਂ ਤੋਂ ਹਟਾਓ।'

ਉਨ੍ਹਾਂ ਦੀ ਇਹ ਦਰਖਾਸਤ ਸੁਣ ਕੇ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਪਾਸ ਬੇਨਤੀ-ਪੱਤਰ ਲਿਖ ਕੇ ਭੇਜਿਆ ਕਿ ਆਪ ਲਾਹੌਰ ਮੇਰੇ ਪਾਸ ਪੁੱਜ ਕੇ ਇਨ੍ਹਾਂ ਬ੍ਰਾਹਮਣਾਂ ਦੇ ਪ੍ਰਸ਼ਨਾਂ ਦਾ ਉੱਤਰ ਦੇ ਕੇ ਇਨ੍ਹਾਂ ਨੂੰ ਝੂਠਾ ਕਰੋ।

ਬਾਦਸ਼ਾਹ ਦੀ ਇਹ ਚਿੱਠੀ ਪੜ੍ਹ ਕੇ ਗੁਰੂ ਜੀ ਨੇ ਮੈਨੂੰ ਕਿਹਾ ਕਿ ਪੁਰਖਾ ! ਤੂੰ ਬਾਦਸ਼ਾਹ ਦੀ ਕਚਹਿਰੀ ਵਿਚ ਜਾ ਕੇ ਬ੍ਰਾਹਮਣਾਂ ਦੇ ਪ੍ਰਸ਼ਨਾਂ ਦਾ ਜਥਾ-ਯੋਗ ਉੱਤਰ ਦੇ ਕੇ ਉਨ੍ਹਾਂ ਨੂੰ ਝੂਠਾ ਕਰ ਕੇ ਆ। ਉਸ ਵੇਲੇ ਮੈਂ ਬੇਨਤੀ ਕੀਤੀ— "ਗਰੀਬ ਨਿਵਾਜ਼ ਜੀਉ ! ਉਥੇ ਤਾਂ ਬੜੇ-ਬੜੇ ਭਾਰੀ ਵਿਦ੍ਵਾਨ ਪੰਡਿਤ ਹਨ ਤੇ ਮੈ ਤਾਂ ਕੁਝ ਪੜ੍ਹਿਆ ਹੋਇਆ ਨਹੀਂ, ਉਨ੍ਹਾਂ ਬ੍ਰਾਹਮਣਾਂ ਨੂੰ ਉੱਤਰ ਮੈਂ ਕਿਵੇਂ ਦਿਆਂਗਾ ?" ਤਾਂ ਗੁਰੂ ਜੀ ਨੇ ਕਿਹਾ— "ਜਿਸ ਵੇਲੇ ਬ੍ਰਾਹਮਣ ਪ੍ਰਸ਼ਨ ਕਰਨਗੇ ਤੂੰ ਆਪਣੀ ਸੱਜੀ ਬਾਂਹ ਵੱਲ ਦੇਖੀਂ ਤੈਨੂੰ ਚਾਰੇ ਵੇਦ, ਛੇ ਸ਼ਾਸਤ੍ਰ ਤੇ ਗੀਤਾ ਅਤੇ ਗਾਇਤ੍ਰੀ ਮੰਤਰ ਆਦਿਕ ਸਭ ਕੰਠ ਹੋ ਜਾਣਗੇ।" ਇਹ ਗੱਲ ਸੁਣ ਕੇ ਅਸੀਂ ਮੱਥਾ ਟੇਕ ਕੇ ਗੁਰੂ ਜੀ ਦੀ ਆਗਿਆ ਅਨੁਸਾਰ ਲਾਹੌਰ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਜਾ ਪਹੁੰਚੇ। ਅੱਗੋਂ ਬਾਦਸ਼ਾਹ ਨੇ ਬੜਾ ਸਨਮਾਨ ਦੇ ਕੇ ਬਿਠਾਇਆ। ਦੂਜੇ ਪਾਸਿਓਂ ਆਦਮੀ ਭੇਜ ਕੇ ਬ੍ਰਾਹਮਣਾਂ ਨੂੰ ਭੀ ਬੁਲਵਾ ਲਿਆ । ਉਸ ਵੇਲੇ ਅਕਬਰ ਬਾਦਸ਼ਾਹ ਨੇ ਕਿਹਾ— 'ਇਹ ਬ੍ਰਾਹਮਣ ਗੁਰੂ ਅਮਰਦਾਸ ਜੀ ਉਤੇ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੇ ਗਾਇਤ੍ਰੀ ਮੰਤ੍ਰ ਆਦਿਕ ਹਿੰਦੂ ਧਰਮ ਦੇ ਸਭ ਕਰਮ ਛੱਡ ਦਿੱਤੇ ਹਨ, ਇਨ੍ਹਾਂ ਨੂੰ ਕੁਝ ਭੀ ਯਾਦ ਨਹੀਂ ਹੈ।' ਇਹ ਗੱਲ ਸੁਣ ਕੇ ਅਸੀਂ ਆਪਣੀ ਸੱਜੀ ਬਾਂਹ ਵੱਲ ਦੇਖਿਆ ਤਾਂ ਸਾਨੂੰ ਚਾਰੇ ਵੇਦ, ਛੇ ਸ਼ਾਸਤ੍ਰ, ਗੀਤਾ ਤੇ ਗਾਇਤ੍ਰੀ ਮੰਤ੍ਰ ਆਦਿਕ ਸਭ ਕੰਠ ਹੋ ਗਏ। ਉਸ ਵੇਲੇ ਅਸਾਂ ਨੇ ਕਿਹਾ, "ਇਸ ਸਭਾ ਵਿਚ ਗਾਇਤ੍ਰੀ ਮੰਤ੍ਰ ਦੇ ਪਾਠ ਕਰਨ ਦਾ ਜੋ ਪਾਪ ਹੈ ਉਹ ਕਿਸ ਨੂੰ ਲੱਗੇਗਾ ?" ਬ੍ਰਾਹਮਣਾਂ ਨੇ ਕਿਹਾ— "ਤੁਸੀਂ ਸੁਣਾਓ ਤਾਂ ਸਹੀ ਜੋ ਭੀ ਪਾਪ ਹੈ ਉਹ ਸਾਨੂੰ ਲੱਗ ਜਾਵੇ!" ਬ੍ਰਾਹਮਣਾਂ ਤੋਂ ਇਹ ਗੱਲ ਸੁਣ ਕੇ ਭਰੀ ਕਚਹਿਰੀ ਵਿਚ ਅਸਾਂ ਨੇ ਗਾਇਤ੍ਰੀ ਮੰਤਰ ਦਾ ਪਾਠ ਅਰਥਾਂ ਸਹਿਤ ਸੁਣਾ ਦਿੱਤਾ। ਬ੍ਰਾਹਮਣਾਂ ਨੇ ਹੋਰ ਭੀ ਜੋ ਜੋ ਪ੍ਰਸ਼ਨ ਕੀਤੇ, ਉਨ੍ਹਾਂ ਦੇ ਮੂੰਹ-ਤੋੜਵੇਂ ਉੱਤਰ ਦੇ ਕੇ ਬ੍ਰਾਹਮਣਾਂ ਨੂੰ ਲਾ-ਜਵਾਬ ਕਰ ਦਿੱਤਾ (ਜੋ ਇਤਿਹਾਸ ਵਿਚ ਲਿਖੇ ਹੋਏ ਹਨ) ਉਸ ਵੇਲੇ ਸਭ ਬ੍ਰਾਹਮਣ ਸ਼ਰਮਿੰਦੇ ਹੋ ਕੇ ਚਲੇ ਗਏ।

ਸਮੇਂ ਅਨੁਸਾਰ ਗੁਰੂ ਅਮਰਦਾਸ ਜੀ ਨੇ ਤੀਰਥ-ਯਾਤਰਾ ਆਰੰਭ ਕੀਤੀ। ਅਕਬਰ ਬਾਦਸ਼ਾਹ ਨੇ ਗੁਰੂ ਜੀ ਦੀ ਤੀਰਥ-ਯਾਤਰਾ ਸੁਣ ਕੇ ਤੀਰਥਾਂ ਪਰ ਆਪਣਿਆਂ ਆਦਮੀਆਂ ਨੂੰ ਹੁਕਮਨਾਮੇ ਲਿਖ ਭੇਜੇ ਕਿ ਸ੍ਰੀ ਗੁਰੂ ਅਮਰਦਾਸ ਜੀ ਸੰਗਤ ਸਮੇਤ ਤੀਰਥ-ਯਾਤਰਾ ਨੂੰ ਆ ਰਹੇ ਹਨ ਇਨ੍ਹਾਂ ਪਾਸੋਂ ਕੋਈ ਯਾਤਰਾ-ਕਰ (ਟੈਕਸ) ਨਾ ਲਿਆ ਜਾਵੇ। ਗੁਰੂ ਜੀ ਦੀ ਤੀਰਥ-ਯਾਤਰਾ ਦੇ ਮੁਖ ਕਾਰਨ ਇਹ ਸਨ-

੧-ਅਕਬਰ ਬਾਦਸ਼ਾਹ ਦੀ ਬੇਨਤੀ ਪਰਵਾਨ ਕਰ ਕੇ।

੨-ਸ੍ਰੇਸ਼ਟਾਚਾਰ ਵਾਸਤੇ।

੩-ਤੀਰਥਾਂ ਦੇ ਆਰਾਧਣ ਕਰ ਕੇ ਗੁਰੂ ਅਮਰਦਾਸ ਜੀ ਤੀਰਥ-ਯਾਤਰਾ ਗਏ।

੪-ਲੋਕਾਂ ਦੇ ਉਧਾਰ ਲਈ ਗੁਰੂ ਜੀ ਨੇ ਤੀਰਥ-ਯਾਤਰਾ ਕੀਤੀ।

ਗੁਰੂ-ਫ਼ੁਰਮਾਨ ਹੈ :- ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥

ਜਿਸ-ਜਿਸ ਤੀਰਥ ਪਰ ਗੁਰੂ ਜੀ ਗਏ ਤੇ ਜੋ ਜੋ ਕਾਰਨਾਮੇ ਕੀਤੇ ਓਹ ਇਸ ਸ਼ਬਦ ਵਿਚ ਗੁਰੂ ਜੀ ਸਰਵਣ ਕਰਾਉਂਦੇ ਹਨ :-

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥

ਜਿਸ ਵੇਲੇ ਗੁਰੂ ਅਮਰਦਾਸ ਜੀ ਤੀਰਥ-ਯਾਤਰਾ ਕਰਨ ਚਲੇ, ਉਸ ਵੇਲੇ ਅਭੀਚੁ= ਅਭੀਜਿੱਤ (ਨਛੱਤਰ ਦੇ ਹੋਣ ਕਰ ਕੇ ਕੁਰਛੇਤਰ ਵਿਚ ਸੂਰਜ ਗ੍ਰਹਿਣ ਦਾ ਭਾਰੀ) ਪੁਰਬ ਲੱਗਾ ਹੋਇਆ ਸੀ, ਓਥੇ ਇਸ਼ਨਾਨ ਕਰਨ ਵਾਸਤੇ ਤੁਰ ਪਏ, ਓਥੇ ਸਾਰਿਆਂ ਨੂੰ ਗੁਰ= ਪੂਜਨੀਕ ਸਤਿਗੁਰਾਂ ਦਾ ਦਰਸ਼ਨ ਹੋਇਆ।

ਨੋਟ:- ਅਮਾਵਸ ਵਿਚ ਏਕਮ ਲੱਗ ਜਾਵੇ ਤਾਂ ਅਭਿਜਿਤ ਨੱਛਤ੍ਰ ਵਿਚ ਸੂਰਜ ਗ੍ਰਹਿਣ ਲੱਗਦਾ ਹੈ। ਜਿਨ੍ਹਾਂ ਜਿਨ੍ਹਾਂ ਨੇ ਗੁਰੂ ਜੀ ਦਾ ਦਰਸ਼ਨ ਕੀਤਾ ਉਨ੍ਹਾਂ ਦੀ-

ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥

ਦੁਰਮਤਤਾ ਰੂਪੀ ਮੈਲ, ਵਾ :- ਖੋਟੀ ਮਤੀ ਦੀ ਰਾਗ ਦ੍ਵੈਸ਼ ਰੂਪੀ ਮੈਲ ਹਰੀ= ਨਾਸ ਹੋ ਗਈ ਤੇ ਅਗਿਆਨ ਰੂਪ ਹਨੇਰਾ ਮਿਟ ਗਿਆ।

ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥

ਜਿਨ੍ਹਾਂ ਨੇ ਗੁਰੂ ਜੀ ਦਾ ਦਰਸ਼ਨ ਪਾਇਆ ਉਨ੍ਹਾਂ ਨੇ ਅਗਿਆਨ ਰੂਪ ਹਨੇਰਾ ਗਵਾ ਲਿਆ, ਕਿਉਂਕਿ ਉਨ੍ਹਾਂ ਦੇ ਅੰਤਹਕਰਣ ਵਿਚ ਜੋਤੀ ਪਰਮਾਤਮਾ ਦੀ ਜੋਤ ਦਾ ਪ੍ਰਕਾਸ਼ ਹੋਇਆ।

ਜਨਮ ਮਰਣੁ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ॥

ਅਬਿਨਾਸੀ= ਨਾਸ ਤੋਂ ਰਹਿਤ ਹਰੀ-ਪ੍ਰਭੂ ਦੇ ਪਾਉਣ ਕਰ ਕੇ ਉਹਨਾਂ ਦੇ ਇਕ ਖਿਨ ਵਿਚ ਜਨਮ ਮਰਨ ਦੇ ਦੁੱਖ ਬਿਨਸੇ= ਨਾਸ ਹੋ ਗਏ।

ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ॥

ਹਰੀ ਕਰਤੇ ਨੇ ਆਪ ਹੀ ਏਹ ਪੁਰਬ ਦਾ ਸਮਾਂ ਲਿਆਉਣਾ ਕੀਤਾ ਹੈ, ਜਿਸ ਤੇ ਸਤਿਗੁਰੂ ਜੀ ਕੁਰਛੇਤਰ ਪਰ ਇਸ਼ਨਾਨ ਕਰਨ ਗਏ। *ਅਥਵਾ :—* ਹਰੀ ਕਰਤੇ ਨੇ ਆਪ ਹੀ ਸਤਿਗੁਰੂ ਅਮਰਦਾਸ ਜੀ ਰੂਪ ਹੋ ਕੇ ਸੂਰਜ

ਗ੍ਰਹਿਣ ਦਾ ਪੁਰਬ ਹੋਣ ਕਰ ਕੇ ਕੁਰਛੇਤਰ ਪਰ ਇਸ਼ਨਾਨ ਕਰਨ ਲਈ ਜਾਣਾ ਕੀਤਾ।

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ੧ ॥

ਜਿਸ ਵੇਲੇ ਅਭੀਚੁ= ਅਭਿਜੱਤ (ਨਛੱਤਰ ਵਿਚ ਸੂਰਜ ਗ੍ਰਹਿਣ ਦੇ ਪੁਰਬ ਸਮੇਂ ਗੁਰੂ ਜੀ ਕੁਰਛੇਤਰ ਤੀਰਥ ਪਰ ਨ੍ਹਾਉਣ ਵਾਸਤੇ ਆਏ ਤਾਂ ਗੁਰ= ਪੂਜਨੀਕ ਸਤਿਗੁਰਾਂ ਦਾ ਦਰਸ਼ਨ ਸਾਰਿਆਂ ਨੂੰ ਹੋਇਆ ॥ ੧ ॥

ਪ੍ਰਸ਼ਨ- ਜਿਸ ਵੇਲੇ ਗੁਰੂ ਜੀ ਤੀਰਥ-ਯਾਤਰਾ ਨੂੰ ਤੁਰੇ ਤਾਂ ਇਕੱਲੇ ਗਏ ਸਨ ਜਾਂ ਹੋਰ ਭੀ ਕੋਈ ਨਾਲ ਸੀ? *ਉੱਤਰ-*

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥

ਜਿਸ ਵਲੇ ਗੁਰ= ਪੂਜਨੀਕ ਸਤਿਗੁਰੂ ਜੀ ਕੁਰਛੇਤਰ ਦੇ ਮਾਰਗਿ= ਰਸਤੇ ਚਲੇ ਤਾਂ ਉਹਨਾਂ ਦੇ ਪੰਥਿ= ਪਿੱਛੇ ਸਿੱਖਾਂ ਦੇ ਸੰਗਿ= ਸਮਦਾਅ ਚੱਲ ਪਏ। *ਅਥਵਾ :—* ਗੁਰ= ਪੂਜਨੀਕ ਸਤਿਗੁਰੂ ਜੀ ਜਿਸ ਰਸਤੇ ਤੁਰੇ, ਉਸੇ ਪੰਥਿ= ਰਸਤੇ ਵਿਚ ਸੰਗਿ= ਨਾਲ ਸਿੱਖ ਭੀ ਚੱਲ ਪਏ।

ਵਾ :- ਮਾਰਗਿ= ਰਾਹ ਵਿੱਚੋਂ ਪੰਥਿ= ਰਾਹੀ ਭੀ ਗੁਰਸਿੱਖਾਂ ਦੇ ਸੰਗ ਵਿਚ ਮਿਲ ਕੇ ਸਤਿਗੁਰਾਂ ਦੇ ਨਾਲ ਚੱਲ ਪਏ।

ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥

ਰਾਤ ਦਿਨ ਭਗਤੀ ਬਣੀ ਰਹਿੰਦੀ ਸੀ, ਖਿਨ-ਖਿਨ ਸਮੇਂ ਅਤੇ ਨਿਮਖ-ਨਿਮਖ ਦੇ ਸਮੇਂ ਵਿਚ ਵਿਖਾ= ਕਦਮ-ਕਦਮ ਉੱਤੇ ਹਰ ਕੋਈ ਸਿਮਰਨ ਕਰਦਾ ਸੀ।

ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥

ਹਰ ਵੇਲੇ, ਹਰ ਥਾਂ ਉੱਤੇ ਹਰੀ-ਪ੍ਰਭੂ ਦੀ ਭਗਤੀ ਬਣੀ ਰਹਿੰਦੀ ਸੀ ਅਤੇ ਸਾਰੇ ਲੋਕ ਦਰਸ਼ਨ ਵੇਖਣ ਵਾਸਤੇ ਆਇਆ ਕਰਦੇ ਸਨ।

ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥

ਜਿਨ੍ਹਾਂ ਨੇ ਸਾਡੇ ਗੁਰੂ= ਪੂਜਨੀਕ ਸਤਿਗੁਰੂ ਅਮਰਦਾਸ ਜੀ ਦਾ ਦਰਸ਼ਨ ਕੀਤਾ ਹੈ, ਉਹਨਾਂ ਨੂੰ ਹਰੀ ਨੇ ਆਪਣੇ ਨਾਲ ਮਿਲਾ ਲਿਆ ਹੈ।

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥

ਸਾਰਿਆਂ ਲੋਕਾਂ ਦੇ ਉਧਾਰਨ ਅਰਥਾ= ਵਾਸਤੇ ਹੀ ਸਤਿਗੁਰੂ ਅਮਰਦਾਸ ਜੀ ਨੇ ਤੀਰਥ-ਯਾਤਰਾ ਕਰਨ ਦਾ ਉੱਦਮ ਕੀਤਾ ਸੀ।

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ੨ ॥

ਜਿਸ ਵੇਲੇ ਗੁਰ= ਪੂਜਨੀਕ ਸਤਿਗੁਰੂ ਜੀ ਕੁਰਛੇਤਰ ਦੇ ਮਾਰਗਿ= ਰਸਤੇ ਪਰ ਚਲੇ ਤਾਂ ਉਹਨਾਂ ਦੇ ਪੰਥਿ= ਪਿੱਛੇ ਸਿੱਖਾਂ ਦੇ ਸੰਗਿ= ਸਮਦਾਅ ਭੀ ਚੱਲ ਪਏ ॥ ੨ ॥

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥

ਪਹਿਲੇ ਸਤਿਗੁਰੂ ਜੀ ਕੁਲਖੇਤਿ= ਕੁਰਛੇਤਰ ਪਰ ਆਏ ਤਾਂ ਗੁਰ= ਬੜਾ ਭਾਰੀ ਪੁਰਬੁ= ਮੇਲਾ ਹੋਇਆ।

ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥

ਜਾਂ ਗੁਰੂ ਜੀ ਦੇ ਆਉਣ ਦੀ ਖਬਰ ਸੰਸਾਰੀਆਂ ਵਿਚ ਹੋਈ ਤਾਂ ਤਿੰਨਾਂ ਲੋਕਾਂ ਦੇ ਜੀਵ ਆਏ।

ਅਥਵਾ :— ਤਿੰਨ ਤਰ੍ਹਾਂ ਦੇ ਲੋਕ ਰਾਜਸੀ, ਤਾਮਸ਼ੀ ਤੇ ਸ਼ਾਂਤਕੀ ਆਏ।

ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥

ਤਿੰਨ ਲੋਕਾਂ ਦੇ ਜੀਵ, ਤਾਂ ਤਿੰਨ ਤਰ੍ਹਾਂ ਦੇ ਲੋਕ ਦਰਸ਼ਨ ਦੇਖਣ ਵਾਸਤੇ ਆਏ, ਸੁਰਿ= ਦੇਵਤੇ, ਨਰ= ਮਨੁੱਖ ਅਤੇ ਮੁਨੀ ਜਨ ਸਾਰੇ ਦਰਸ਼ਨ ਦੇਖਣ ਵਾਸਤੇ ਆਏ।

ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥

ਜਿਨ੍ਹਾਂ ਨੇ ਪੂਰਿਆਂ ਸਤਿਗੁਰਾਂ ਦੇ ਚਰਨਾਂ ਨੂੰ ਪਰਸਿਆ ਹੈ, ਗੁਰੂ ਨੇ ਕਿਰਪਾ ਕਰ ਕੇ ਉਹਨਾਂ ਦੇ ਨਾਸ ਕਰਨ ਵਾਲੇ ਸਾਰਿਆਂ ਪਾਪਾਂ ਨੂੰ ਗੁਆ ਦਿੱਤਾ ਹੈ।

ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥

ਜੋਗੀ, ਦਿਗੰਬਰ= ਨਾਂਗੇ ਅਤੇ ਸੰਨਿਆਸੀ ਆਦਿਕ ਖਟੁ ਦਰਸਨ= ਛੇ ਭੇਖ ਭੀ ਢੋਆ= ਢੁਕ ਕਰ ਕੇ ਢੋਆ= ਭੇਟਾ ਅੱਗੇ ਰੱਖ ਕੇ ਗੁਰੂ ਜੀ ਨਾਲ ਗੋਸਟਿ= ਚਰਚਾ ਤੇ ਮਿਲਾਪ ਕਰ ਕੇ ਚਲੇ ਗਏ।

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥ ੩ ॥

ਜਦ ਸਤਿਗੁਰੂ ਜੀ ਪਹਿਲੇ ਕੁਰਛੇਤਰ ਵਿਚ ਆਏ ਤਾਂ ਗੁਰ= ਬੜਾ ਭਾਰੀ ਪੁਰਬੁ= ਮੇਲਾ ਹੋਇਆ ॥ ੩ ॥

ਦੁਤੀਆ ਜਮੁਨ ਗਏ ਗੁਰ ਹਰਿ ਹਰਿ ਜਪਨੁ ਕੀਆ ॥

ਦੂਜਾ ਜਮਨਾ ਨਦੀ ਤੋਂ ਪਾਰ ਹੋਣ ਵਾਸਤੇ ਜਮਨਾ ਨਦੀ ਪਰ ਗਏ (ਜੋ ਕਿ ਜਗਾਧਰੀ ਦੇ ਪਾਸ ਚਲਦੀ ਹੈ, ਰਾਹ ਵਿਚ ਹੋਰ ਕੋਈ ਜਮਨਾ ਤੀਰਥ ਜਾਂ ਕੋਈ ਘਾਟ ਨਹੀਂ ਬਣਿਆ ਹੋਇਆ ਇਸ ਲਈ ਇਹੋ ਅਰਥ ਠੀਕ ਸਮਝਣਾ ਕਿ ਜਗਾਧਰੀ ਦੇ ਪਾਸ ਜਮਨਾ ਪਰ ਬੇੜੀਆਂ ਚਲਦੀਆਂ ਹਨ ਪਾਰ ਹੋਣ ਵਾਸਤੇ ਸਾਰੇ ਲੋਕ ਉਥੇ ਹੀ ਜਾਂਦੇ ਹਨ ਇਸ ਲਈ ਗੁਰੂ ਜੀ ਭੀ ਓਥੇ ਗਏ ਹਨ) ਗੁਰਾਂ ਨੇ ਅਤੇ ਸਾਰੀ ਸੰਗਤ ਨੇ ਹਰਿ ਹਰਿ ਨਾਮ ਜਪਣਾ ਕੀਤਾ।*

ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥

ਅੱਗੋਂ ਜਗਾਤੀਏ ਸਗੋਂ ਗੁਰੂ ਜੀ ਨੂੰ ਭੇਟਾ ਦੇ ਕੇ ਬੜੇ ਸਤਿਕਾਰ ਨਾਲ ਮਿਲੇ ਅਤੇ ਗੁਰੂ ਜੀ ਦੇ ਪਿੱਛੇ ਸਾਰੀ ਸੰਗਤ ਨੂੰ ਟੈਕਸ ਲੀਤੇ ਤੋਂ ਬਿਨਾਂ ਹੀ ਲੰਘਾ ਦਿੱਤਾ (ਕਿਉਂਕਿ ਗੁਰੂ ਜੀ ਨੇ ਜਗਾਤੀਆਂ ਨੂੰ ਕਹਿ ਦਿੱਤਾ

** ਜੇ ਅਸੀਂ ਜਮਨਾ ਦਾ ਅਰਥ ਮਥਰਾ ਕਰੀਏ ਤਾਂ ਬਣਦਾ ਨਹੀਂ ਕਿਉਂਕਿ ਮਥਰਾ ਦੂਰ ਹੈ ਦਿੱਲੀਓਂ ਪਾਰ ਜਾ ਕੇ ਜਮਨਾ ਦੇ ਕਿਨਾਰੇ ਮਥਰਾ ਹੈ ਜਿਥੇ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰਿਆ ਹੈ ਓਥੇ ਗੁਰੂ ਜੀ ਦਾ ਕੋਈ ਭੀ ਗੁਰਦੁਆਰਾ ਨਹੀਂ ਹੈ ਕਿਉਂਕਿ ਓਥੇ ਗੁਰੂ ਜੀ ਨਹੀਂ ਗਏ।*

ਹਾਂ, ਜਮਨਾ ਦੇ ਕਿਨਾਰੇ ਇਕ ਹੀ ਗੁਰਦੁਆਰਾ ਪਾਉਂਟਾ ਸਾਹਿਬ ਹੈ ਗੁਰਦੁਆਰੇ ਦੇ ਨਾਲ ਹੀ ਜਮਨਾ ਚਲਦੀ ਹੈ ਪਰ ਉਹ ਗੁਰਦੁਆਰਾ ਦਸਮੇਸ਼ ਪਤਾ ਜੀ ਦਾ ਹੈ ਓਥੇ ਦਸਮ ਪਿਤਾ ਜੀ ਨੇ ਬੈਠ ਕੇ ਕ੍ਰਿਸ਼ਨਾ ਅਵਤਾਰ ਦਾ ਪ੍ਰਸੰਗ ਉਚਾਰਿਆ ਜੋ ਕਿ ਦਸਮ ਗ੍ਰੰਥ ਵਿਚ ਦਰਜ ਹੈ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਓਥੇ ਨਹੀਂ ਗਏ ਇਸ ਵਾਸਤੇ 'ਦੁਤੀਆ ਜਮੁਨ ਗਏ' ਦਾ ਅਰਥ ਪਾਉਂਟਾ ਸਾਹਿਬ ਵੀ ਨਹੀਂ ਕਰ ਸਕਦੇ, ਜਮਨਾ ਦੇ ਕਿਨਾਰੇ ਹੋਰ ਕੋਈ ਗੁਰਦੁਆਰਾ ਨਹੀਂ ਹੈ।

ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨ ਵਾਲਾ ਜੋ ਵੀ ਸਾਡਾ ਸਿੱਖ ਹੈ ਉਸ ਨੂੰ ਤੁਸਾਂ ਨੇ ਤੰਗ ਨਹੀਂ ਕਰਨਾ)।

ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥

ਜਿਨ੍ਹਾਂ ਨੇ ਵਾਹਿਗੁਰੂ-ਵਾਹਿਗੁਰੂ ਨਾਮ ਸਿਮਰਿਆ ਸੀ, ਉਹ ਸਾਰੀ ਖਲਕਤ ਸਤਿਗੁਰਾਂ ਦੇ ਪਿੱਛੇ ਲੱਗ ਕੇ (ਜਗਾਤੀਆਂ ਦੇ ਮਸੂਲ ਤੋਂ) ਛੁੱਟ ਗਈ।

ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥

੧) ਗੁਰਾਂ ਦੇ ਬਚਨ ਸੁਣਨ ਵਾਸਤੇ ਜੋ ਗੁਰਾਂ ਦੇ ਮਾਰਗ ਦੇ ਪੰਥਿ= ਪਿੱਛੇ ਚੱਲੇ ਹਨ।

੨) ਜੇਹੜੇ ਪੁਰਸ਼ ਗੁਰ-ਉਪਦੇਸ਼ ਰੂਪ ਮਾਰਗ ਦੇ ਪੰਥਿ= ਪਿੱਛੇ ਚੱਲੇ ਹਨ।

੩) ਜੇਹੜੇ ਪੁਰਸ਼ ਗੁਰ-ਉਪਦੇਸ਼ ਦੇ ਮਾਰਗਿ= ਰਾਹ ਵਿਚ ਪੰਥਿ= ਰਾਹੀ ਹੋ ਕੇ ਤੁਰੇ ਹਨ, ਉਹਨਾਂ ਦੇ ਨੇੜੇ ਜਮ ਰੂਪ ਜਗਾਤੀਆ ਭੀ ਨਹੀਂ ਆਉਂਦਾ।

ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥

ਹਰ ਕੋਈ ਜਗਤੁ= ਜੀਵ ਧੰਨ ਗੁਰੂ ਧੰਨ ਗੁਰੂ, ਵਾ :- ਵਾਹਿਗੁਰੂ-ਵਾਹਿਗੁਰੂ ਬੋਲਣ ਲੱਗ ਪਿਆ ਅਤੇ ਗੁਰੂ ਦੇ ਦੱਸੇ ਹੋਏ ਨਾਮ ਦੇ ਲੈਣ ਕਰ ਕੇ ਸਾਰੇ (ਲੋਕ ਜਗਾਤੀਆਂ ਦੇ ਮਸੂਲ ਤੋਂ) ਛੁੱਟ ਗਏ।

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ ੪ ॥

ਜਿਸ ਵੇਲੇ ਗੁਰੂ ਜੀ ਦੂਜੇ ਤੀਰਥ ਜਮਨਾ ਪਰ ਗਏ ਤਾਂ ਸਾਰੀ ਖਲਕਤ ਨੇ ਹਰਿ ਹਰਿ= ਵਾਹਿਗੁਰੂ-ਵਾਹਿਗੁਰੂ ਨਾਮ ਜਪਣਾ ਕੀਤਾ ॥ ੪ ॥

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥

ਜਿਸ ਵੇਲੇ ਤ੍ਰਿਤੀਆ= ਤੀਜੇ ਤੀਰਥ ਸੁਰਸਰੀ= ਗੰਗਾ ਪਰ ਆਏ ਤਾਂ ਓਥੇ ਇਕ ਕਉਤਕ ਚਲਤੁ ਭਇਆ= ਅਸਚਰਜ ਚਰਿਤ੍ਰ ਹੋਇਆ (ਜੋ ਕਿ ਮਹਾਰਾਜ ਜੀ ਨੇ ਕਈ ਰੂਪ ਧਾਰ ਲਏ, ਜਾਂ ਅਜੇਹਾ ਰੂਪ ਧਾਰਿਆ ਜੋ ਸਭ ਨੇ ਏਹੋ ਸਮਝਿਆ ਕਿ ਗੁਰੂ ਜੀ ਦਾ ਮੂੰਹ ਮੇਰੇ ਵੱਲ ਹੀ ਹੈ)।

ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥

ਸੰਤ= ਸ਼ਾਂਤੀ ਸਰੂਪ ਜੀ ਦਾ ਦਰਸ਼ਨ ਦੇਖ ਕੇ ਸਾਰੀ ਖਲਕਤ ਮੋਹੀ ਗਈ ਅਤੇ ਜਗਾਤੀਆਂ ਵਿੱਚੋਂ ਭੀ ਕਿਸੇ ਮਸੂਲੀਏ ਨੇ ਕਿਸੇ ਮਨੁੱਖ ਦੇ ਪਾਸੋਂ ਆਢੁ ਦਾਮੁ= ਅੱਧਾ ਪੈਸਾ ਅਰਥਾਤ ਧੇਲਾ ਦਮੜੀ ਭੀ ਮਸੂਲ ਨਾ ਲੀਤਾ।

ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥

੧) ਜਾਗਾਤੀਆ= ਮਸੂਲੀਆਂ ਨੂੰ ਮੋਹਣ= ਮੋਨ ਭਾਵ ਚੁੱਪ ਹੋਣੇ ਰੂਪ ਮੁੰਦਣਿ= ਦੰਦਲ ਪੈ ਗਈ।

੨) ਮੋਹਣ= ਮੂੰਹ ਵਿਚ ਮੁੰਦਣ ਹੀ ਪੈ ਗਈ।

੩) ਮੋਹਣੀ ਸਰੂਪ ਸਤਿਗੁਰਾਂ ਨੂੰ ਦੇਖਦਿਆਂ ਹੀ ਮੁੰਦਣ ਪੈ ਗਈ ਭਾਵ ਅਜੇਹੇ ਮਸਤ ਹੋਏ ਕਿ ਕੁਝ ਬੋਲ ਹੀ ਨਾ ਸਕੇ, ਇਸ ਲਈ ਆਢੁ ਦਾਮੁ= ਅੱਧਾ ਪੈਸਾ (ਭਾਵ ਧੇਲਾ ਦਮੜੀ ਕੁਝ) ਭੀ ਬੋਲਕ= ਗੋਲਕ ਵਿਚ ਨਾ ਪਿਆ। ਕਿਸੇ ਨੇ ਕਿਹਾ-'ਭਾਈ ! ਤੁਸੀਂ ਸਭਨਾਂ ਤੋਂ ਮੰਗ ਲੈਂਦੇ।' ਤਾਂ ਮਸੂਲੀਏ ਆਖਦੇ ਹਨ-

ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ
ਸਭ ਭਾਗਿ ਸਤਿਗੁਰ ਪਿਛੈ ਪਈ॥

ਹੇ ਭਾਈ ! ਅਸੀਂ ਕੀ ਕਰੀਏ? ਅਤੇ ਕਿਸ ਦੇ ਪਾਸੋਂ ਮੰਗੀਏ, ਸਾਰੀ ਖਲਕਤ ਤਾਂ ਭੱਜ ਕੇ ਸਤਿਗੁਰਾਂ ਦੇ ਪਿੱਛੇ ਜਾ ਪਈ ਹੈ।

[ਪੰਨਾ ੧੧੧੭]

ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ॥

ਜਗਾਤੀਆਂ ਨੇ ਤਨ ਕਰ ਕੇ ਕਈ ਉਪਾਵ ਕੀਤੇ, ਬਾਣੀ ਦੀ ਸਿਆਣਪ ਭੀ ਕੀਤੀ, ਮਨ ਦੁਆਰਾ ਭੀ ਵਿਚਾਰ ਕੇ ਦੇਖਿਆ ਪਰ ਕੋਈ ਪੇਸ਼ ਨਾ ਗਈ। *ਅਥਵਾ :—* ਸਿਆਣਪ= ਸਿਆਣਿਆਂ ਨਾਲ ਮਿਲ ਕੇ ਵੀਚਾਰ ਪੂਰਬਕ ਕਈ ਉਪਾਵ= ਜਤਨ ਕਰ ਦੇਖੇ, ਪਰ ਕੋਈ ਪੇਸ਼ ਨਾ ਗਈ। ਜਦ ਕੁਝ ਭੀ ਹਾਸਲ ਨਾ ਹੋਇਆ ਤਦ ਸਾਰੇ ਜਗਾਤੀ ਬੋਲਕਾ= ਗੋਲਕਾਂ ਭੰਨ ਕੇ, ਉਠ ਕੇ ਚਲੇ ਗਏ।

ਗੋਲਕਾਂ ਭੰਨਣ ਦਾ ਇਹ ਮਤਲਬ ਸੀ ਕਿ ਬਾਦਸ਼ਾਹ ਅੱਗੇ ਬੇਨਤੀ ਕਰ ਕੇ ਠੇਕਾ ਮਾਫ ਕਰਵਾ ਲਵਾਂਗੇ, ਜੇਕਰ ਗੋਲਕਾਂ ਸਾਬਤ ਹੋਣਗੀਆਂ ਤਾਂ ਠੇਕਾ ਮਾਫ ਨਹੀਂ ਹੋਵੇਗਾ।

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥ ੫॥

ਤ੍ਰਿਤੀਆ= ਤੀਜੇ ਤੀਰਥ ਸੁਰਸਰੀ= ਗੰਗਾ ਪਰ ਆਏ ਗੁਰੂ ਜੀ ਤਾਂ ਉਥੇ ਕਉਤਕੁ= ਅਸਚਰਜ ਚਰਿਤ੍ਰ ਹੋਇਆ ਜੋ ਕਿ ਸਭਨਾਂ ਨੇ ਦਰਸ਼ਨ ਕਰ ਕੇ ਏਹੋ ਕਿਹਾ ਕਿ ਸਤਿਗੁਰਾਂ ਦਾ ਮੂੰਹ ਸਾਡੇ ਵੱਲ ਹੀ ਹੈ॥ ੫॥

ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ॥

ਜਿਸ ਵੇਲੇ ਗੁਰੂ ਜੀ ਕਨਖਲ ਪਹੁੰਚੇ ਤਾਂ ਕਨਖਲ ਨਗਰ ਦੇ ਅਤੇ ਜੁਆਲਾਪੁਰ ਨਗਰ ਦੇ ਸਾਰੇ ਮਹਾਜਨ ਲੋਕ ਆ ਕੇ ਮਿਲੇ, ਉਨ੍ਹਾਂ ਸਭਨਾਂ ਨੇ ਆ ਕੇ ਗੁਰ= ਪੂਜਨੀਕ ਸਤਿਗੁਰਾਂ ਦੀ ਓਟ ਫੜੀ।

ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ॥

ਸਿਮ੍ਰਿਤੀਆਂ ਤੋਂ ਪੁੱਛ ਕੇ ਭਾਵ ਪੜ੍ਹ ਕੇ ਯਾਂ ਸਿਮ੍ਰਤੀਆਂ ਦੇ ਪੜ੍ਹਨ ਵਾਲੇ ਵਿਦ੍ਵਾਨ ਪੰਡਿਤਾਂ ਤੋਂ ਪੁੱਛ ਕੇ ਸਭਨਾਂ ਨੇ ਇਹ ਸਹੀ= ਨਿਸਚੇ ਕਰ ਲਿਆ ਕਿ ਸਾਰਿਆਂ ਤੋਂ ਗੁਰੁ= ਵੱਡਾ ਜੋ ਗੋਬਿੰਦ ਹੈ ਓਹੀ ਜੀਵਾਂ ਦੀ ਕਲਿਆਣ ਕਰਨ ਵਾਸਤੇ ਗੁਰੁ= ਪੂਜਨੀਕ ਸਤਿਗੁਰੂ ਰੂਪ ਹੋਇਆ ਹੈ।

ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ,
ਸੁਕਿ ਪ੍ਰਹਿਲਾਦਿ ਸ੍ਰੀਰਾਮ ਕਰਿ, ਗੁਰ ਗੋਵਿਦੁ ਧਿਆਇਆ॥

ਸਿਮ੍ਰਿਤੀਆਂ ਸ਼ਾਸਤ੍ਰਾਂ ਦੁਆਰੇ ਸਾਰਿਆਂ ਨੇ ਸਹੀ= ਨਿਸਚੇ ਕਰ ਲਿਆ, ਕਿ ਸੁਕਦੇਵ, ਪ੍ਰਹਿਲਾਦ ਆਦਿਕਾਂ ਨੇ ਜਿਸ ਸ੍ਰੀ ਰਾਮ ਗੋਬਿੰਦ ਨੂੰ ਧਿਆਉਣਾ ਕੀਤਾ ਹੈ, ਉਹ ਗੋਬਿੰਦ ਹੀ ਗੁਰੂ ਰੂਪ ਹੋ ਕੇ ਆਇਆ ਹੈ। *ਅਥਵਾ :—* ਏਹ ਪ੍ਰਸੰਗ ਸਭਨਾਂ ਸਿਮ੍ਰਤੀਆਂ ਸ਼ਾਸਤ੍ਰਾਂ ਨੇ ਸਹੀ ਕੀਤਾ ਹੈ ਅਤੇ ਸੁਕਦੇਵ, ਪ੍ਰਹਿਲਾਦ ਤੇ

ਸ੍ਰੀ ਰਾਮ ਚੰਦ੍ਰ ਜੀ ਨੇ ਭੀ ਗੁਰੂ ਜੀ ਨੂੰ ਗੋਬਿੰਦ ਰੂਪ ਜਾਣ ਕੇ ਧਿਆਉਣਾ ਕੀਤਾ ਹੈ।

ਕਿਸੇ ਨੇ ਕਿਹਾ-'ਉਨ੍ਹਾਂ ਨੂੰ ਗੁਰਾਂ ਦੇ ਦਰਸ਼ਨਾਂ ਦਾ ਕੀ ਫਲ ਮਿਲਿਆ ਹੈ?' ਉੱਤਰ-

ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥

ਅਸਥੂਲ ਦੇਹੀ ਰੂਪ ਨਗਰੀ ਦੇ ਅੰਤਹਕਰਨ ਰੂਪ ਕੋਟਿ= ਕਿਲ੍ਹੇ ਅੰਦਰ ਜੋ ਕਾਮ ਕ੍ਰੋਧ ਆਦਿਕ ਪੰਜ ਚੋਰ ਵਟਮਾਰੇ= ਧਾੜੇ ਮਾਰ ਹਨ, ਉਨ੍ਹਾਂ ਦਾ ਗੁਰੂ ਜੀ ਨੇ ਥਾਉ ਥੇਹੁ= ਥਾਂ-ਟਿਕਾਣਾ ਹੀ ਗੁਆ ਦਿੱਤਾ, ਭਾਵ ਨਾਸ ਕਰ ਦਿੱਤਾ ਹੈ।

ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥

ਗੁਰੂ ਜੀ ਕਥਨ ਕਰਦੇ ਹਨ- ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਨਿਤ ਹੀ ਕੀਰਤਨ ਦੁਆਰਾ ਹਰੀ ਜਸ, ਪੁਰਾਣਾਂ ਦੀ ਕਥਾ, *ਵਾ :-* ਪੁਰਾਣ= ਪੁਰਾਤਨ (ਪਰਮੇਸ਼ਰ) ਦੀ ਕਥਾ ਅਤੇ ਦਾਨ ਪੁੰਨ ਹੁੰਦੇ ਹਨ, ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਨੂੰ ਮੰਨ ਕੇ ਸਭਨਾਂ ਨੇ ਹਰੀ ਦੀ ਭਗਤੀ ਲੈਣਾ ਕੀਤਾ ਹੈ।

ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ ॥ ੬ ॥ ੪ ॥ ੧੦ ॥

(ਕਨਖਲ) ਨਗਰ ਦੇ ਮਹਾਜਨ ਲੋਕ ਆ ਕੇ ਮਿਲੇ ਤੇ ਸਾਰਿਆਂ ਨੇ ਗੁਰ= ਪੂਜਨੀਕ ਸਤਿਗੁਰੂ ਅਮਰਦਾਸ ਜੀ ਦੀ ਓਟ ਗਹੀ= ਫੜਨਾ ਕੀਤੀ ॥ ੬ ॥ ੪ ॥ ੧੦ ॥

ਤੁਖਾਰੀ ਛੰਤ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ ॥

ਹੇ ਲਾਲਨਾ= ਪਿਆਰੇ ਪ੍ਰਭੂ ! ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਆਪ ਜੀ ਦੀ ਪ੍ਰਾਪਤੀ ਵਾਸਤੇ ਮੈਂ ਆਪਣਾ ਮਨ ਤਨ ਗੁਰਾਂ ਨੂੰ ਅਰਪਣ ਕਰ ਦਿੱਤਾ ਹੈ।

ਅਥਵਾ :— ਗੁਰਾਂ ਨੇ ਆਪ ਜੀ ਦੀ ਪ੍ਰਾਪਤੀ ਦਾ ਮਨੁ= ਮੰਤ੍ਰ ਮੈਨੂੰ ਦਿੱਤਾ ਹੈ।

ਅਥਵਾ :— ਗੁਰਾ ਨੇ ਆਪ ਜੀ ਦਾ ਮਨੁ= ਮੰਨਣ ਕਰਨਾ ਦਿੱਤਾ ਹੈ।

ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ ॥

ਜਿਸ ਵੇਲੇ ਆਪ ਜੀ ਦੀ ਪ੍ਰਾਪਤੀ ਦਾ ਸ਼ਬਦ ਸੁਣਿਆ ਤਾਂ ਮੇਰਾ ਮਨ ਉਸ ਵਿਚ ਭਿੱਜ ਗਿਆ।

ਇਹੁ ਮਨੁ ਭੀਨਾ ਜਿਉ ਜਲ ਮੀਨਾ ਲਾਗਾ ਰੰਗੁ ਮੁਰਾਰਾ ॥

ਮੇਰਾ ਇਹ ਮਨ ਇਸ ਤਰ੍ਹਾਂ ਭਿੱਜ ਗਿਆ ਹੈ, ਜਿਵੇਂ ਪਾਣੀ ਨਾਲ ਮੱਛੀ ਦਾ ਦਿਲ ਭਿੱਜਾ ਹੁੰਦਾ ਹੈ, ਇਸ ਲਈ ਹੇ ਮੁਰਾਰੀ (ਪਰਮਾਤਮਾ) ! ਆਪ ਜੀ ਦਾ ਰੰਗੁ= ਪਰੇਮ ਲੱਗ ਰਿਹਾ ਹੈ।

ਕੀਮਤਿ ਕਹੀ ਨ ਜਾਈ ਠਾਕੁਰ ਤੇਰਾ ਮਹਲੁ ਅਪਾਰਾ ॥

ਹੇ ਮੇਰੇ ਠਾਕੁਰ= ਸੁਆਮੀ (ਪਰਮਾਤਮਾ) ! ਮੇਰੇ ਪਾਸੋਂ ਆਪ ਜੀ ਦੀ ਕੀਮਤਿ= ਉਪਮਾ ਕਹੀ ਨਹੀਂ ਜਾਂਦੀ, ਕਿਉਂਕਿ ਆਪ ਜੀ ਦਾ ਮਹਲੁ= ਸਰੂਪ ਅਪਾਰਾ= ਬੇਅੰਤ ਹੈ।

ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ ॥

ਹੇ ਸੁਆਮੀ ! ਆਪ ਸਾਰਿਆਂ ਗੁਣਾਂ ਦੇ ਦਾਤੇ ਹੋ, ਮੈਂ ਦੀਨਾ= ਗਰੀਬ (ਸੇਵਕ) ਦੀ ਇਕ ਬਿਨਉ= ਬੇਨਤੀ ਸੁਣਨਾ ਕਰੋ।

ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਮੈਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ, ਮੈਂ ਆਪਣਾ ਜੀਅ ਕੁਰਬਾਨ ਕੀਤਾ ਹੈ ਅਤੇ ਆਪਣੇ ਪ੍ਰਾਣਾਂ ਨੂੰ ਭੀ ਕੁਰਬਾਨ ਕੀਤਾ ਹੈ, ਆਪ ਕਿਰਪਾ ਕਰ ਕੇ ਮੈਨੂੰ ਆਪਣਾ ਦਰਸ਼ਨ ਦੇਣਾ ਕਰੋ॥ ੧ ॥

ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ ॥ ਖੰਨੀਐ ਵੰਞਾ ਦਰਸਨ ਤੇਰੇ ॥

ਏਹ ਸਰੀਰ ਤੇ ਮਨ ਆਪ ਜੀ ਦਾ ਦਿੱਤਾ ਹੋਇਆ ਹੈ ਅਤੇ ਸਾਰੇ ਗੁਣ ਭੀ ਤੇਰੇ ਦਿੱਤੇ ਹੋਏ ਹਨ। ਮੈਂ ਆਪ ਜੀ ਦੇ ਦਰਸ਼ਨ ਉਤੋਂ ਖੰਨੀਐ ਵੰਞਾਂ= ਟੁਕੜੇ ਭਾਵ ਕੁਰਬਾਨ ਜਾਂਦਾ ਹਾਂ।

ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ ॥

ਹੇ ਮੇਰੇ ਪ੍ਰਭੂ ! ਸੁਣ, ਮੈਂ ਤੇਰੇ ਦਰਸ਼ਨਾਂ ਤੋਂ ਕੁਰਬਾਨ ਜਾਂਦਾ ਹਾਂ, ਜੇ ਇਕ ਨਿਮਖ ਮਾਤ੍ਰ ਭੀ ਕਿਰਪਾ ਦ੍ਰਿਸ਼ਟੀ ਨਾਲ ਦੇਖੇ ਤਾਂ ਮੇਰਾ ਜੀਉਣਾ ਹੁੰਦਾ ਹੈ।

ਅੰਮ੍ਰਿਤ ਨਾਮੁ ਸੁਨੀਜੈ ਤੇਰਾ ਕਿਰਪਾ ਕਰਹਿ ਤ ਪੀਵਾ ॥

(ਸ਼ਾਸਤ੍ਰਾਂ ਦੁਆਰੇ) ਸੁਣੀਦਾ ਹੈ ਕਿ ਆਪ ਜੀ ਦਾ ਨਾਮ-ਅੰਮ੍ਰਿਤ ਰੂਪ ਹੈ, ਜੇ ਤੂੰ ਕਿਰਪਾ ਕਰੇਂਗਾ ਤਾਂ ਮੈਂ ਉਸ ਨਾਮ-ਅੰਮ੍ਰਿਤ ਨੂੰ ਪੀਵਾਂਗਾ।

ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ ॥

ਹੇ ਪਿਰੀ-ਪਰਮਾਤਮਾ! ਮੈਂ ਪਿਆਸੀ ਆਪ ਜੀ ਦੇ ਦਰਸ਼ਨ ਦੀ ਆਸ ਕਰ ਕੇ ਇਉਂ ਵਿਲ੍ਹਕਦੀ ਹਾਂ, ਜਿਵੇਂ ਚਾਤ੍ਰਿਕੁ= ਪਪੀਹਾ ਸ੍ਵਾਂਤੀ ਬੂੰਦ ਤਾਈ= ਵਾਸਤੇ ਵਿਲ੍ਹਕਦਾ ਹੈ।

ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਮੇਰਾ ਜੀਅ ਬਲਿਹਾਰੀ ਕੁਰਬਾਨ ਜਾਂਦਾ ਹੈ, ਹੇ ਮੇਰੇ ਪ੍ਰਭੂ ! ਆਪ ਕਿਰਪਾ ਕਰ ਕੇ ਮੈਨੂੰ ਆਪਣਾ ਦਰਸ਼ਨ ਦੇਣਾ ਕਰੋ॥ ੨ ॥

ਤੂੰ ਸਾਚਾ ਸਾਹਿਬੁ ਸਾਹੁ ਅਮਿਤਾ ॥ ਤੂ ਪ੍ਰੀਤਮੁ ਪਿਆਰਾ ਪ੍ਰਾਨ ਹਿਤ ਚਿਤਾ ॥

ਹੇ ਵਾਹਿਗੁਰੂ ! ਤੂੰ ਸੱਚਾ ਸਾਹਿਬ ਹੈਂ ਅਤੇ ਅਮਿਤ ਸ਼ਾਹ ਹੈਂ। ਤੂੰ ਮੇਰੇ ਪ੍ਰਾਣਾਂ ਦਾ ਪਿਆਰਾ ਪ੍ਰੀਤਮ ਹੈਂ, ਮੇਰੇ ਚਿਤ ਦਾ ਹਿਤ= ਪ੍ਰੇਮ ਤੇਰੇ ਵਿਚ ਲੱਗ ਰਿਹਾ ਹੈ। *ਅਥਵਾ :-* ਤੂੰ ਮੇਰਾ ਪਿਆਰਾ ਪ੍ਰੀਤਮ ਹੈਂ ਇਸ ਲਈ ਮੈਂ ਪ੍ਰਾਣਾਂ ਦੇ ਹਿਤ ਕਰ ਕੇ ਤੈਨੂੰ ਚਿਤਾ= ਚਿਤਵਦਾ ਹਾਂ।

ਪ੍ਰਾਨ ਸੁਖ ਦਾਤਾ ਗੁਰਮੁਖਿ ਜਾਤਾ ਸਗਲ ਰੰਗ ਬਨਿ ਆਏ ॥

ਹੇ ਪ੍ਰਾਣਾਂ ਨੂੰ ਸੁਖ ਦੇਣ ਵਾਲੇ ਪ੍ਰਭੂ ! ਜਿਸ ਗੁਰਮੁਖ ਨੇ ਗੁਰਾਂ ਦੁਆਰੇ ਆਪ ਜੀ ਨੂੰ ਜਾਤਾ= ਜਾਣਿਆ ਹੈ, ਉਸ ਨੂੰ ਸਾਰੇ ਰੰਗ= ਅਨੰਦ ਬਣ ਆਏ ਹਨ।

ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ ॥

ਹੇ ਪ੍ਰਭੂ ! ਜੈਸਾ ਹੁਕਮ ਤੂੰ ਫੁਰਮਾਉਂਦਾ ਹੈਂ ਏਹ ਪ੍ਰਾਣੀ ਓਹੋ ਜੇਹੇ ਕਰਮ ਕਮਾਉਂਦਾ ਹੈ।

ਜਾ ਕਉ ਕ੍ਰਿਪਾ ਕਰੀ ਜਗਦੀਸੁਰਿ ਤਿਨਿ ਸਾਧਸੰਗਿ ਮਨੁ ਜਿਤਾ ॥

ਹੇ ਜਗਤ ਦੇ ਮਾਲਕ ਪ੍ਰਭੂ ! ਜਿਨ੍ਹਾਂ ਉੱਤੇ ਆਪ ਜੀ ਨੇ ਕਿਰਪਾ ਕੀਤੀ ਹੈ, ਉਨ੍ਹਾਂ ਨੇ ਸਤਸੰਗ ਕਰ ਕੇ ਮਨ ਨੂੰ ਜਿੱਤ ਲਿਆ ਹੈ।

ਕਹੁ ਨਾਨਕ ਜੀਅੜਾ ਬਲਿਹਾਰੀ ਜੀਉ ਪਿੰਡੁ ਤਉ ਦਿਤਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਮੇਰਾ ਜੀਅ ਆਪ ਜੀ ਤੋਂ ਬਲਿਹਾਰ ਜਾਂਦਾ ਹੈ, ਇਹ ਜੀਅ= ਜਿੰਦ ਤੇ ਪਿੰਡੁ ਸਰੀਰ, ਪ੍ਰਾਣ ਆਦਿਕ ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈ॥ ੩ ॥

ਨਿਰਗੁਣ ਰਾਖਿ ਲੀਆ ਸੰਤਨ ਕਾ ਸਦਕਾ ॥

ਹੇ ਵਾਹਿਗੁਰੂ ! ਸੰਤਾਂ ਦੇ ਸਦਕਾ= ਆਸਰੇ ਕਰ ਕੇ, ਵਾ :- ਸੰਤਾਂ ਦੇ ਨਮਿੱਤ ਮੈਂ ਨਿਰਗੁਣ= ਗੁਣ ਹੀਣੇ ਨੂੰ ਸੰਸਾਰਕ ਦੁੱਖਾਂ ਤੋਂ ਰੱਖ ਲਿਆ ਹੈ।

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥

ਆਪ ਜੀ ਦੀ ਕਿਰਪਾ ਨਾਲ ਸਤਿਗੁਰਾਂ ਨੇ ਮੈਂ ਪਾਪੀ ਦਾ ਪੜਦਾ ਢਕ ਲਿਆ ਹੈ।

ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖ ਦਾਤੇ ॥

ਹੇ ਸਾਡੇ ਪ੍ਰਭੂ ! ਆਪ ਹੀ ਪੜਦਿਆਂ ਦੇ ਢਕਣ ਵਾਲੇ ਹੋ ਅਤੇ ਆਪ ਹੀ ਜੀਅ ਤੇ ਪ੍ਰਾਣਾਂ ਨੂੰ ਸੁਖ ਦੇਣ ਵਾਲੇ ਹੋ।

ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ ॥

ਹੇ ਸੁਆਮੀ ! ਆਪ ਅਬਿਨਾਸੀ= ਨਾਸ ਤੋਂ ਰਹਿਤ ਅਬਿਗਤ= ਕਠਿਨ ਪ੍ਰਾਪਤੀ ਵਾਲੇ ਪੂਰਨ ਪੁਰਖ ਬਿਧਾਤੇ= ਫਲਬਰ ਦਾਤੇ ਹੋ।

ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ ॥

ਆਪ ਜੀ ਦੀ ਉਸਤਤੀ ਕਿਸੇ ਪਾਸੋਂ ਭੀ ਕਹੀ ਨਹੀਂ ਜਾਂਦੀ ਅਤੇ ਇਹ ਗੱਲ ਭੀ ਕੌਣ ਕਹਿ ਸਕਦਾ ਹੈ ਕਿ ਤੂੰ ਕਦੋਂ ਦਾ ਹੈਂ? ਭਾਵ ਆਪ ਜੀ ਦੇ ਆਦ ਅੰਤ ਨੂੰ ਕੋਈ ਨਹੀਂ ਜਾਣ ਸਕਦਾ।

ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ ॥੪ ॥੧ ॥੧੧ ॥

ਗੁਰੂ ਜੀ ਕਥਨ ਕਰਦੇ ਹਨ- ਮੈਂ ਦਾਸ ਤਿਸ ਆਪ ਜੀ ਦੇ ਉੱਤੋਂ ਬਲਿਹਾਰ ਜਾਂਦਾ ਹਾਂ, ਹੋਰ ਸਾਧਨ ਭਾਂ ਰਸੋਈ ਵਾਂਗ ਹਨ ਉਨ੍ਹਾਂ ਨੂੰ ਸ੍ਵਾਦਿਸ਼ਟ ਕਰਨ ਵਾਸਤੇ ਹੇ ਹਰੀ ! ਆਪ ਜੀ ਦਾ ਨਾਮ ਨਿਮਕਾ= ਲੂਣ ਦੇ ਸਮਾਨ ਹੈ, ਇਸ ਲਈ ਹੇ ਹਰੀ ! ਨਾਮ ਰੂਪੀ ਲੂਣ ਮੈਨੂੰ ਮਿਲਣਾ ਚਾਹੀਦਾ ਹੈ।

ਅਥਵਾ :- ਨਿਮਕਾ= ਨਿਮਖ-ਨਿਮਖ ਸਮੇਂ ਵਿਚ ਹੇ ਹਰੀ ! ਆਪ ਜੀ ਦਾ ਨਾਮ ਜਪਣਾ ਮਿਲੇ॥ ੪ ॥ ੧ ॥ ੧੧ ॥

(ਤੁਖਾਰੀ ਰਾਗ ਸਮਾਪਤੰ)

ਰਾਗੁ ਕੇਦਾਰਾ

[ਪੰਨਾ ੧੧੧੮]

ਕੇਦਾਰਾ* ਮਹਲਾ ੪ ਘਰੁ ੧ ੧ੴ ਸਤਿਗਰ ਪ੍ਰਸਾਦਿ॥

ਇਕ ਪਰੇਮੀ ਨੇ ਬੇਨਤੀ ਕੀਤੀ— "ਕਿਸ ਦੇ ਨਾਮਾਂ ਨੂੰ ਗਾਉਣਾ ਕਰੀਏ?' ਉੱਤਰ-

ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ॥

ਰੇ= ਹੇ ਮੇਰੇ ਮਨ ! ਨਿਤਾਪ੍ਰਤੀ ਤੂੰ ਰਾਮ ਨਾਮ ਨੂੰ ਗਾਉਣਾ ਕਰ।

ਅਗਮ ਅਗੋਚਰੁ ਨ ਜਾਈ ਹਰਿ ਲਖਿਆ
ਗੁਰੁ ਪੂਰਾ ਮਿਲੈ ਲਖਾਵੀਐ ਰੇ॥ ੧॥ ਰਹਾਉ॥

ਉਹ ਅਗਮ ਅਗੋਚਰ ਪ੍ਰਭੂ ਆਪਣੇ ਆਪ ਲਖਿਆ= ਜਾਣਿਆਂ ਨਹੀਂ ਜਾਂਦਾ, ਪੂਰੇ ਗੁਰੂ ਮਿਲਣ ਤਾਂ ਉਹ ਲਖਾਵੀਐ= ਜਣਾ ਦਿੰਦੇ ਹਨ॥ ੧॥ ਰਹਾਉ॥

ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ
ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ॥

ਮੇਰਾ ਸੁਆਮੀ= ਪਰਮਾਤਮਾ ਜਿਸ ਉੱਤੇ ਆਪੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਗੁਰਮੁਖ ਜਨ ਨੂੰ ਹਰੀ ਆਪਣੀ ਲਿਵ ਵਿਚ ਲਗਾਉਂਦਾ ਹੈ।

ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਇ ਪਾਵੀਐ ਰੇ॥ ੧॥

ਸਭ ਕੋਈ ਹਰੀ ਕੇਰੀ= ਦੀ ਭਗਤੀ ਕਰਦਾ ਹੈ, ਜਿਸ ਦੀ ਹਰੀ (ਥਾਂ ਪਾਉਣੀ) ਚਾਹੁੰਦਾ ਹੈ,ਉਸ ਦੀ ਕੀਤੀ ਹੋਈ ਭਗਤੀ ਨੂੰ ਥਾਂ ਪਾ ਲੈਂਦਾ ਹੈ॥ ੧॥

ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ਹਰਿ ਦੇਵੈ ਤਾ ਨਾਮੁ ਧਿਆਵੀਐ ਰੇ॥

ਹਰਿ ਹਰਿ ਦਾ ਅਮੋਲਕ ਨਾਮ ਹਰੀ ਦੇ ਪਾਸ ਹੈ, ਜੇ ਹਰੀ ਆਪੇ ਦੇਵੇ ਤਾਂ ਏਹ ਜੀਵ ਨਾਮ ਨੂੰ ਧਿਆਉਂਦਾ ਹੈ।

---

*ਪਾਵਸ ਤੇ ਮਲਾਰ ਮਿਲ ਕੇ ਕੇਦਾਰਾ ਬਣਦਾ ਹੈ, ਸੰਧਿਆ ਵੇਲੇ ਗਾਇਆ ਜਾਂਦਾ ਹੈ, ਰਾਗ ਮਾਲਾ ਵਿਚ ਇਸ ਨੂੰ ਮੇਘ ਰਾਗ ਦਾ ਪੁੱਤਰ ਲਿਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ੨੩ਵਾਂ ਨੰਬਰ ਹੈ।

ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ ॥ ੨ ॥

ਮੇਰਾ ਸੁਆਮੀ= ਪਰਮਾਤਮਾ ਆਪ ਜਿਸ ਨੂੰ ਨਾਮ ਦਾਨ ਦੇਂਦਾ ਹੈ, ਉਸ ਦੇ ਕਰਮਾਂ ਦਾ ਸਾਰਾ ਲੇਖਾ= ਹਿਸਾਬ ਛੁਡਾ ਦੇਂਦਾ ਹੈ॥ ੨ ॥

ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ
ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥

ਜੋ ਹਰੀ ਨਾਮ ਨੂੰ ਅਰਾਧਦੇ ਹਨ ਉਹ ਪੁਰੁਸ਼ ਧੰਨ ਕਹੀਦੇ ਹਨ, ਉਨ੍ਹਾਂ ਦੇ ਮੱਥੇ ਪਰ ਧੁਰ ਤੋਂ ਹੀ ਚੰਗੇ ਭਾਗਾਂ ਦਾ ਲੇਖ ਲਿਖ ਪਾਇਆ ਹੈ।

ਤਿਨ ਦੇਖੇ ਮੇਰਾ ਮਨੁ ਬਿਗਸੈ ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥ ੩ ॥

ਉਨ੍ਹਾਂ ਦਾ ਦਰਸ਼ਨ ਦੇਖ ਕੇ ਮੇਰਾ ਮਨ ਇਉਂ ਅਨੰਦ ਹੋ ਜਾਂਦਾ ਹੈ, ਜਿਵੇਂ ਸੁਤੁ= ਪੁੱਤਰ ਨੂੰ ਮਿਲ ਕੇ ਮਾਂ ਆਪਣੇ ਗਲ ਨਾਲ ਲਾਉਂਦੀ ਹੈ ਤੇ ਅਨੰਦ ਹੋ ਜਾਂਦੀ॥ ੩ ॥ ਹੇ ਭਾਈ ! ਤੂੰ ਭੀ ਇਉਂ ਬੇਨਤੀ ਕਰ-

ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥

ਹੇ ਹਰੀ ਪ੍ਰਭੂ ! ਆਪ ਮੇਰੇ ਪਿਤਾ ਰੂਪ ਹੋ ਅਸੀਂ ਆਪ ਜੀ ਦੇ ਬੱਚੇ ਹਾਂ, ਹੇ ਹਰੀ ! ਮੈਨੂੰ ਉਹ ਮਤੀ= ਸਿਖਿਆ ਦਿਓ ਜਿਸ ਕਰ ਕੇ ਮੈਂ ਆਪ ਜੀ ਨੂੰ ਪਾਉਣਾ ਕਰਾਂ।

ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ
ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥ ੪ ॥ ੧ ॥

ਜਿਵੇਂ ਵੱਛਾ ਗਊ ਨੂੰ ਦੇਖ ਕੇ ਸੁਖ ਮੰਨਦਾ ਹੈ, ਤਿਵੇਂ ਮੈ ਆਪ ਜੀ ਨੂੰ ਵੇਖ ਕੇ ਸੁਖ ਮੰਨਦਾ ਹਾਂ, ਇਸ ਲਈ ਹੇ ਹਰੀ ! ਤੂੰ ਆਪਣੇ ਗਲ ਨਾਲ ਮੈਨੂੰ ਲਾਉਣਾ ਕਰ॥ ੪ ॥ ੧ ॥

ਕੇਦਾਰਾ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥
ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥

ਹੇ ਮੇਰੇ ਮਨ ! ਤੂੰ ਹਰ ਵੇਲੇ ਹਰਿ ਹਰਿ ਦੇ ਗੁਣ ਕਥਨ ਕਰ।

ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ
ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥

ਸਤਿਗੁਰਾਂ ਦੇ ਪਵਿੱਤਰ ਚਰਨਾਂ ਨੂੰ ਧੋ ਧੋ ਕੇ ਪੂਜਣਾ ਕਰ, ਤਾਂ ਇਸ ਵਿਧੀ ਕਰ ਕੇ ਤੂੰ ਮੇਰੇ ਹਰੀ-ਪ੍ਰਭੂ ਨੂੰ ਲੱਭ ਲੈਣਾ ਕਰੇਂਗਾ। ਵਾ :- ਧੋਣੇ ਜੋਗ ਸਤਿਗੁਰਾਂ ਦੇ ਚਰਨਾਂ ਨੂੰ ਧੋ ਕੇ ਪੂਜਣਾ ਕਰ॥ ਰਹਾਉ ॥

ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥

ਕਾਮ, ਕਰੋਧ, ਲੋਭ, ਮੋਹ, ਹੰਕਾਰ ਤੇ ਵਿਸ਼ੇ-ਰਸ ਇਨ੍ਹਾਂ ਦੁਸ਼ਟਾਂ ਦੀ ਸੰਗਤ ਵਲੋਂ ਤੂੰ ਰਹਿ ਜਾਹ, ਅਰਥਾਤ ਇਨ੍ਹਾਂ ਦੀ ਸੰਗਤ ਨਾ ਕਰ।

ਮਿਲਿ ਸਤ ਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ

ਸਾਧੂਆਂ ਦੀ ਸਤਸੰਗਤ ਨਾਲ ਮਿਲ ਕੇ ਸੰਸਾਰਕ ਗੋਸਟਾਂ ਵਿਚੋਂ ਤਨ ਕਰ ਕੇ ਕੀਜੈ ਹਰਿ ਗੋਸਟਿ= ਹਰੀ ਦੀ ਚਰਚਾ ਕਰ।

ਹਰਿ ਪ੍ਰੇਮ ਰਸਾਇਣੁ ਰਾਮ ਨਾਮੁ ਰਸਾਇਣੁ

ਰਸਾਇਣਾਂ ਵਿਚੋਂ ਉੱਤਮ ਰਸਾਇਣ ਜੋ ਹਰੀ ਰਾਮ ਦਾ ਨਾਮ ਹੈ, ਉਸ ਵਿਚ ਮਨ ਕਰ ਕੇ ਪਰੇਮ ਕਰ। ਅਤੇ

ਹਰਿ ਰਾਮ ਨਾਮ ਰਾਮ ਰਮਹੁ ਰੇ॥ ੧॥

ਰੇ= ਹੇ ਭਾਈ ਨੂੰ ਹਰੀ ਰਾਮ ਦਾ ਜੋ ਰਾਮ ਨਾਮ ਹੈ, ਉਸ ਨੂੰ ਬਾਣੀ ਦੁਆਰੇ ਰਮਹੁ= ਉਚਾਰਨ ਕਰੋ।

[ਪੰਨਾ ੧੧੧੯]

ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ
ਇਹੁ ਦੂਰਿ ਕਰਹੁ ਆਪਨ ਗਹੁ ਰੇ॥

ਹੇ ਭਾਈ ! ਅੰਦਰਲੇ ਗੁਣਾਂ ਦਾ ਜੋ ਤੂੰ ਕੁਝ ਹੰਕਾਰ ਜਾਣਦਾ ਹੈਂ ਅਤੇ ਸਰੀਰ ਦਾ ਜੋ ਕੁਝ ਬਲ ਜਾਣਦਾ ਹੈਂ ਤੇ ਬਾਣੀ ਦੀ ਚਤੁਰਾਈ ਜੋ ਕੁਝ ਤੂੰ ਜਾਣਦਾ ਹੈਂ, ਇਨ੍ਹਾਂ ਸਾਰਿਆਂ ਨੂੰ ਤੂੰ ਦੂਰ ਕਰ ਦੇ ਤੇ ਆਪਨ ਗਹੁ ਰੇ= ਹੇ ਭਾਈ ! ਆਪਣੇ ਸਰੂਪ ਨੂੰ ਤੂੰ ਗ੍ਰਹਿਣ ਕਰ। *ਅਥਵਾ :—* ਆਪਨ ਗਹੁਰੇ= ਹੰਕਾਰ ਨੂੰ ਨਾ ਗ੍ਰਹਿਣ ਕਰ।

ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ
ਹਰਿ ਸੰਤਨ ਕੀ ਧੂਰਿ ਕਰਿ ਹਰੇ॥ ੨॥ ੧॥ ੨॥

ਗੁਰੂ ਜੀ ਕਥਨ ਕਰਦੇ ਹਨ— ਹੇ ਮੇਰੇ ਸੁਆਮੀ ਮੈਂ ਸੇਵਕ ਜਨ ਉੱਤੇ ਆਪ ਦਿਆਲੂ ਹੋਵੋ, ਹੇ ਸਭ ਦੇ ਹਰਿਆਂ ਕਰਨ ਵਾਲੇ ਹਰੀ ! ਮੈਨੂੰ ਸੰਤਾਂ ਦੀ ਚਰਨ-ਧੂੜ ਦੇਣਾ ਕਰ॥ ੨॥ ੧॥ ੨॥

ਕੇਦਾਰਾ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ॥
ਮਾਈ ਸੰਤ ਸੰਗਿ ਜਾਗੀ॥

ਹੇ ਮਾਈ= ਭਾਈ ! ਸੰਤਾਂ ਦੇ ਸੰਗ ਕਰ ਕੇ ਭਜਨ ਕਰਨ ਵਿਚ ਬੁੱਧੀ ਜਾਗੀ ਹੈ, *ਵਾ :-* ਗਿਆਨ-ਜਾਗ੍ਰਤ ਵਿਚ ਜਾਗੀ ਹੈ।

ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ॥ ਰਹਾਉ॥

ਨਾਮ ਜੋ ਨਿਧੀਆਂ ਦਾ ਖਜ਼ਾਨਾ ਹੈ ਉਸ ਨੂੰ ਜਪਦਿਆਂ-ਜਪਦਿਆਂ ਰੰਗ= ਅਨੰਦ ਰੂਪ ਪਿਰੀ-ਪਰਮਾਤਮਾ ਨੂੰ ਦੇਖਿਆ ਹੈ॥ ਰਹਾਉ॥

ਦਰਸਨ ਪਿਆਸ ਲੋਚਨ ਤਾਰ ਲਾਗੀ ਬਿਸਰੀ ਤਿਆਸ ਬਿਡਾਨੀ॥ ੧॥

ਦਰਸ਼ਨ ਦੀ ਪਿਆਸ ਕਰ ਕੇ ਲੋਚਨ= ਅੱਖਾਂ ਦੀ ਤਾਰ ਲੱਗ ਗਈ ਭਾਵ ਬੱਝ ਗਈ ਹੈ, ਬਿਡਾਨੀ= ਪਰਾਈ ਤ੍ਰਿਖਾ ਅਰਥਾਤ ਹੋਰਨਾਂ ਦੀ ਇੱਛਾ ਭੁੱਲ ਗਈ ਹੈ॥ ੧॥

ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ॥

ਹੁਣ ਸਹਜ= ਆਤਮ-ਸੁਖ ਦੇਣ ਵਾਲਾ ਗੁਰੂ ਪਾਇਆ ਹੈ ਅਤੇ ਉਸ ਦੀ ਕਿਰਪਾ ਨਾਲ ਦਰਸ਼ਨ ਵੇਖਦਿਆਂ ਹੀ ਮਨ ਓਸੇ ਨਾਲ ਲਪਟ ਗਿਆ ਹੈ। ਯਾਂ ਮਨ ਦੀ ਬਿਰਤੀ ਓਸੇ ਨਾਲ ਲੰਪਟ ਹੋ ਗਈ ਹੈ।

ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ॥੨॥੧॥

ਗੁਰੂ ਜੀ ਕਥਨ ਕਰਦੇ ਹਨ— ਦਮੋਦਰ= ਪਰਮਾਤਮਾ ਨੂੰ ਦੇਖਿਆ ਤਾਂ ਮਨ ਵਿਚ ਰਹਸੁ= ਅਨੰਦ ਪੈਦਾ ਹੋਇਆ, ਉਸ ਪਿਰੀ ਦੀ ਪ੍ਰਤਖ ਬਾਣੀ ਅੰਮ੍ਰਿਤ ਵਾਂਗ ਮਿੱਠੀ ਹੈ, *ਅਥਵਾ :—* ਪਿਰੀ ਦੀ ਨਾਮ-ਬਾਣੀ ਅੰਮ੍ਰਿਤ ਰੂਪ ਹੈ॥ ੨॥ ੧॥

ਕੇਦਾਰਾ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਦੀਨ ਬਿਨਉ ਸੁਨੁ ਦਇਆਲ॥

ਹੇ ਦਿਆਲੂ ਪਰਮਾਤਮਾ ! ਮੈਂ ਦੀਨ ਦੀ ਬੇਨਤੀ ਸੁਣੋ।

ਪੰਚ ਦਾਸ ਤੀਨਿ ਦੋਖੀ,

ਏਕ ਮਨੁ ਅਨਾਥ, ਨਾਥ ਰਾਖੁ ਹੋ ਕਿਰਪਾਲ॥ ਰਹਾਉ॥

ਪੰਚ ਕਾਮ ਕਰੋਧ ਆਦਿਕ, ਦਾਸ= ਦਸ ਇੰਦ੍ਰੀਏ (ਰਜੋ, ਸਤੋ, ਤਮੋ ਰੂਪ) ਤਿੰਨ ਗੁਣ, ਏਹ ਸਾਰੇ ਮੇਰੇ ਦੋਖੀ ਹਨ, *ਅਥਵਾ :—* ਪੰਜ ਕਾਮ ਆਦਿਕ ਤਿੰਨ ਗੁਣ ਏਹ ਅੱਠੇ ਦਾਸ ਦੇ ਦੋਖੀ ਹਨ, ਇਨ੍ਹਾਂ ਸਾਰਿਆਂ ਵਿਚ ਇਕ ਮੇਰਾ ਮਨ ਅਨਾਥ ਹੈ, ਹੇ ਨਾਥ= ਸੁਆਮੀ ! ਆਪ ਕਿਰਪਾਲੂ ਹੋ ਕੇ ਇਨ੍ਹਾਂ ਤੋਂ ਰੱਖ ਲਓ॥ ਰਹਾਉ॥

ਅਨਿਕ ਜਤਨ ਗਵਨੁ ਕਰਉ॥ ਖਟੁ ਕਰਮ ਜੁਗਤਿ ਧਿਆਨੁ ਧਰਉ॥

ਅਨੇਕ ਤਰ੍ਹਾਂ ਦੇ ਜਤਨ ਤੇ ਰਾਗ ਗੌਣ ਕਰਦਾ ਹਾਂ, *ਅਥਵਾ :—* ਅਨੇਕਾਂ ਜਤਨ ਕਰ ਕੇ ਧਰਤੀ ਪਰ ਗਵਨੁ= ਚੱਲਣਾ ਕਰਦਾ ਹਾਂ, *ਵਾ :-* ਗਵਨੁ= ਯਾਤਰਾ ਕਰਦਾ ਹਾਂ। ਸੰਧਿਆ ਤਰਪਣ ਆਦਿਕ ਖਟੁ= ਛੇ ਤਰ੍ਹਾਂ ਦੇ ਕਰਮਾਂ ਸਹਿਤ ਹੋ ਕੇ ਦੇਵਤਿਆਂ ਦਾ ਧਿਆਨ ਭੀ ਧਾਰਦਾ ਹਾਂ।

ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ॥ ੧॥

ਸਾਰੇ ਉਪਾਵ= ਜਤਨ ਕਰ ਕੇ ਥੱਕ ਗਿਆ ਹਾਂ, ਏਹ ਭਿਆਨਕ ਦੋਖੀ ਨਾ ਉਪਾਵਾਂ ਕਰ ਕੇ ਹਟਦੇ ਹਨ, ਨਾ ਹੀ ਤੀਰਥ ਯਾਤਰਾ ਤੇ ਛੇ ਤਰ੍ਹਾਂ ਦੇ ਕਰਮਾਂ ਕਰ ਕੇ ਹਟਦੇ॥ ੧॥

ਸਰਨਿ ਬੰਦਨ ਕਰੁਣਾਪਤੇ॥ ਭਵ ਹਰਣ ਹਰਿ ਹਰਿ ਹਰਿ ਹਰੇ॥

ਹੇ ਕਿਰਪਾ- ਪਤੀ-ਪਰਮਾਤਮਾ ! ਆਪ ਜੀ ਦੀ ਸ਼ਰਨ ਗ੍ਰਹਿਣ ਕਰ ਕੇ ਮੈਂ ਆਪ ਜੀ ਨੂੰ ਬੰਦਨ= ਨਮਸਕਾਰ ਕਰਦਾ ਹਾਂ। ਹੇ ਹਰਿ ਹਰਿ ! ਆਪ ਭਵ= ਜਨਮ, ਹਰਣ= ਮਰਨ ਦੇ ਹਰਿ= ਨਾਸ ਕਰਨ ਵਾਲੇ ਹੋ, *ਵਾ :-* ਜਨਮ ਦੇ ਹਰਣ= ਨਾਸ ਕਰਨ ਵਾਲੇ ਹੋ ਤੇ ਹਰ ਇਕ ਸ਼ੁਭ ਗੁਣਾਂ ਨਾਲ ਹਰਿਆਂ ਕਰਨ ਵਾਲੇ ਹੋ।

ਏਕ ਤੂਹੀ ਦੀਨ ਦਇਆਲ॥ ਪ੍ਰਭ ਚਰਨ ਨਾਨਕ ਆਸਰੋ॥

ਹੇ ਪ੍ਰਭੂ ! ਇਕ ਤੂੰ ਹੀ ਦੀਨ= ਗਰੀਬਾਂ ਪਰ ਦਇਆ ਕਰਨ ਵਾਲਾ ਹੈਂ। ਗੁਰੂ ਜੀ ਕਥਨ ਕਰਦੇ ਹਨ-

ਹੇ ਪ੍ਰਭੂ ! ਇਕ ਆਪ ਜੀ ਦੇ ਚਰਨਾਂ ਦਾ ਆਸਰਾ ਹੈ।

ਉਧਰੇ ਭ੍ਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥ ੨ ॥ ੧ ॥ ੨ ॥

ਉਹ ਭਰਮ ਅਤੇ ਮੋਹ ਰੂਪ ਸਮੁੰਦਰ ਤੋਂ ਤਰ ਗਏ ਹਨ। ਜੋ ਸੰਤਾਂ ਦੇ ਚਰਨਾਂ ਰੂਪ ਪਾਲ= ਪੱਲੇ (ਲੜ) ਨਾਲ ਲੱਗੇ ਹਨ। *ਅਥਵਾ :—* ਸੰਤਾਂ ਦੇ ਚਰਨਾਂ ਨਾਲ ਲੱਗ ਕੇ ਇਕ ਪਾਲ= ਪਲ ਵਿਚ ਭਰਮ ਅਤੇ ਮੋਹ ਰੂਪ ਸਮੁੰਦਰ ਤੋਂ ਉਧਰੇ= ਤਰ (ਬਚ) ਗਏ ॥ ੨ ॥ ੧ ॥ ੨ ॥ (ਇਹ ਅਰਥ ਸੰਪ੍ਰਦਾਈ ਛੋਟੇ ਪ੍ਰਿਆਵਾਂ ਵਿਚ ਹਨ)।

ਕੇਦਾਰਾ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਸਰਨੀ ਆਇਓ ਨਾਥ ਨਿਧਾਨ ॥

ਹੇ ਨਿਧੀਆਂ ਦੇ ਖਜ਼ਾਨੇ ਨਾਥ= ਸੁਆਮੀ (ਪਰਮਾਤਮਾ) ! ਮੈਂ ਆਪ ਜੀ ਸਰਨੀ= ਸ਼ਰਨ ਵਿਚ ਆਇਆ ਹਾਂ।

ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥ ੧ ॥ ਰਹਾਉ ॥

ਮੇਰੇ ਮਨ ਵਿਚ ਹਰੀ ਨਾਮ ਦੀ ਪ੍ਰੀਤੀ ਲੱਗੀ ਹੈ, ਮੈਂ ਏਹੋ ਦਾਨ ਮੰਗਣ ਲਈ ਆਪ ਜੀ ਦੀ ਸ਼ਰਨੀ ਆਇਆ ਹਾਂ ॥ ੧ ॥ ਰਹਾਉ ॥

ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥

ਹੇ ਪੂਰਨ ਪਰਮੇਸ਼ਰ ! ਆਪ ਹੀ ਸੁਖਾਂ ਦੇ ਦੇਣ ਵਾਲੇ ਹੋ, ਕਿਰਪਾ ਦ੍ਰਿਸ਼ਟੀ ਕਰ ਕੇ ਮੇਰਾ ਮਾਨ= ਆਦਰ ਰੱਖੋ। *ਅਥਵਾ :-* ਮੇਰਾ ਮਨ ਕਾਬੂ ਕਰ ਕੇ ਰੱਖੋ।

ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥ ੧ ॥

ਹੇ ਹਰੀ ਸੁਆਮੀ ! ਅਜੇਹੀ ਪਰੀਤੀ ਦਿਓ ਜੋ ਸੰਤਾਂ ਦੇ ਸਤਸੰਗ ਵਿਚ ਬੈਠ ਕੇ ਰਸਨਾ ਨਾਲ ਆਪ ਜੀ ਦੇ ਗੁਣਾਂ ਨੂੰ ਬਖਾਨ= ਕਥਨ ਕਰਾਂ ॥ ੧ ॥

ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥

ਹੇ ਗੋਬਿੰਦ ਗੋਪਾਲ, ਦੀਨ ਦਿਆਲ ਦਮੋਦਰ ਪ੍ਰਭੂ ! ਆਪ ਜੀ ਦੀ ਨਿਰਮਲ ਕਥਾ ਤੋਂ ਹੀ ਗਿਆਨ ਪ੍ਰਾਪਤ ਹੁੰਦਾ ਹੈ। *ਅਥਵਾ :-* ਹੇ ਗੋ-ਪਾਲ= ਪ੍ਰਿਥਵੀ ਦੇ ਪਾਲਕ, ਦੀਨ ਦਿਆਲ ਗੋਬਿੰਦ= ਵੇਦਾਂ ਕਰ ਕੇ ਜਾਣਨੇ ਜੋਗ ਦਮੋਦਰ ਪ੍ਰਭੂ ! ਆਪ ਜੀ ਦੇ ਗਿਆਨ ਦੀ ਕਥਾ ਨਿਰਮਲ ਹੈ। ਯਾਂ ਆਪ ਜੀ ਦੀ ਨਿਰਮਲ ਕਥਾ ਸੁਣਦਿਆਂ ਸਰੂਪ-ਗਿਆਨ ਪ੍ਰਾਪਤ ਹੁੰਦਾ ਹੈ।

ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥ ੨ ॥ ੧ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਹੇ ਹਰੀ ! ਮੇਰੇ ਮਨ ਨੂੰ ਆਪਣੇ ਰੰਗਿ= ਪਰੇਮ-ਰੰਗ ਵਿਚ ਰੰਗਣਾ ਕਰੋ ਅਤੇ ਚਰਨ ਕਮਲਾਂ ਦੇ ਧਿਆਨ ਨਾਲ ਜੋੜੀ ਰੱਖੋ ॥ ੨ ॥ ੧ ॥ ੩ ॥

ਕੇਦਾਰਾ ਮਹਲਾ ੫ ॥ ਹਰਿ ਕੇ ਦਰਸਨ ਕੋ ਮਨਿ ਚਾਉ ॥

ਹੇ ਹਰੀ! ਆਪ ਜੀ ਦੇ ਦਰਸ਼ਨਾਂ ਦਾ ਮੇਰੇ ਮਨ ਵਿਚ ਚਾਉ= ਉਤਸ਼ਾਹ ਹੈ।

[ਪੰਨਾ ੧੧੨੦]

ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥

ਕਿਰਪਾ ਕਰ ਕੇ ਮੈਨੂੰ ਸਤਸੰਗ ਵਿਚ ਮਿਲਾਵੋ ਅਤੇ ਤੁਸੀਂ ਆਪਣਾ ਨਾਮ ਦਾਨ ਮੈਨੂੰ ਦੇਣਾ ਕਰੋ॥ ਰਹਾਉ॥

ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ ॥

ਹੇ ਪਿਆਰੇ ਵਾਹਿਗੁਰੂ ! ਸਤ= ਸ੍ਰੇਸ਼ਟ ਪੁਰਖ ਮਹਾਤਮਾਂ ਦੀ ਸੇਵਾ ਮੈਂ ਕਰਦਾ ਹੀ ਰਹਾਂ, ਕਿਉਂਕਿ ਜਦੋਂ ਜਸ ਉਨ੍ਹਾਂ ਮਹਾਤਮਾਂ ਤੋਂ ਸੁਣਦਾ ਹਾਂ, ਤਦ= ਤਦੋਂ ਹੀ ਮੇਰੇ ਮਨ ਵਿਚ ਰਹਸਾਉ= ਅਨੰਦ ਹੁੰਦਾ ਹੈ।

ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ ॥ ੧ ॥

ਮੈਂ ਮਨ ਬਾਣੀ ਕਰ ਕੇ ਸਦਾ ਵਾਰੀ ਫੇਰੀ= ਬਲਿਹਾਰ ਕੁਰਬਾਨ ਜਾਂਦਾ ਹਾਂ, ਤਨ ਕਰ ਕੇ ਭੀ ਸਦਾ ਘੁਮਾਈ= ਘੋਲੀ ਜਾਂਦਾ ਹਾਂ, ਉਹ ਆਪ ਜੀ ਦਾ ਅਨੂਪੁ= ਮਹਾਨ ਸੁੰਦਰ ਅਸਥਾਨ ਕੇਹੜਾ ਹੈ ਜਿੱਥੇ ਤੂੰ ਨਿਵਾਸ ਕਰਦਾ ਹੈਂ? *ਉੱਤਰ-* ਇਦੰਤਾ ਕਰ ਕੇ ਕਿ ਏਹੋ ਹੈ ਐਸਾ ਕੋਈ ਅਸਥਾਨ ਨਹੀਂ ਹੈ।

ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ ॥

ਤੂੰ ਸਭਨਾਂ ਦੀ ਪ੍ਰਤਿਪਾਲਾ ਕਰਦਾ ਤੇ ਸਾਰਿਆਂ ਦੀ ਸੰਭਾਲ ਭੀ ਰਖਦਾ ਹੈਂ ਅਤੇ ਸਾਰਿਆਂ ਨੂੰ ਇਕ ਤੇਰੀ ਹੀ ਛਾਉ= ਓਟ ਹੈ, *ਵਾ :-* ਸਾਰਿਆਂ ਵਿਚ ਇਕ ਤੇਰੀ ਛਾਉ= ਸੱਤਾ ਹੈ।

ਨਾਨਕ ਕੇ ਪ੍ਰਭ ਪੁਰਖ ਬਿਧਾਤੇ ਘਟਿ ਘਟਿ ਤੁਝਹਿ ਦਿਖਾਉ ॥ ੨ ॥ ੨ ॥ ੪ ॥

ਗੁਰੂ ਜੀ ਕਥਨ ਕਰਦੇ ਹਨ— ਹੇ ਫਲਬਰ ਦਾਤੇ ਅਕਾਲ ਪੁਰਖ ! ਮੈਂ ਦਾਸ ਦੇ ਪ੍ਰਭ= ਸੁਆਮੀ ਆਪ ਹੋ ਪਰ ਇਹ ਕਿਰਪਾ ਕਰੋ ਕਿ ਸਾਰਿਆਂ ਘਟਾਂ ਵਿਚ ਇਕ ਆਪ ਜੀ ਨੂੰ ਦੇਖਾਂ ਅਤੇ ਹੋਰਨਾਂ ਜਗਿਆਸੂਆਂ ਨੂੰ ਪਰੀ ਪੂਰਨ ਦਿਖਾਵਾਂ॥ ੨॥ ੨॥ ੪॥

ਕੇਦਾਰਾ ਮਹਲਾ ੫ ॥ ਪ੍ਰਿਅ ਕੀ ਪ੍ਰੀਤਿ ਪਿਆਰੀ ॥

ਹੇ ਪਿਰੀ-ਪਰਮਾਤਮਾ ! ਆਪ ਜੀ ਦੀ ਪਰੀਤੀ ਮੈਨੂੰ ਪਿਆਰੀ ਲੱਗ ਰਹੀ ਹੈ।

ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ ॥ ਰਹਾਉ ॥

ਮਨ ਵਿਚ ਮਗਨ= ਮਸਤ ਹਾਂ, ਚਿਤ ਵਿਚ ਆਪ ਜੀ ਦੀ ਆਸਾ ਹੈ ਅਤੇ ਨੈਨਹੁ= ਅੱਖਾਂ ਵਿਚ ਆਪ ਜੀ ਦੀ ਤਾਰ ਬੱਝੀ ਹੋਈ ਹੈ। *ਅਥਵਾ :—* ਮਨ ਵਿਚ ਮਸਤ ਹੋ ਕੇ ਆਸਾ ਪੂਰਬਕ ਆਪ ਜੀ ਨੂੰ ਚਿਤਵ ਰਿਹਾ ਹਾਂ, ਅੱਖਾਂ ਵਿਚ ਭੀ ਆਪ ਜੀ ਦੀ ਪ੍ਰੀਤੀ ਰੂਪੀ ਤਾਰ ਲੱਗ ਰਹੀ ਹੈ॥ ਰਹਾਉ॥

ਓਇ ਦਿਨ ਪਹਰ ਮੂਰਤ ਪਲ ਕੈਸੇ ਓਇ ਪਲ ਘਰੀ ਕਿਹਾਰੀ ॥

ਉਹ ਦਿਨ, ਪਹਰ, ਮੂਰਤ= ਦੋ ਘੜੀਆਂ ਦਾ ਸਮਾਂ, *ਵਾ :-* ਮਹੂਰਤ ਤੇ ਪਲ ਕੈਸਾ ਹੋਵੇਗਾ ਤੇ? ਉਹ ਨੇਤ੍ਰਾਂ ਦੀਂ ਪਲ= ਪਲਕ ਤੇ ਘੜੀ ਕਿਹਾਰੀ= ਕੇਹੋ ਜੇਹੀ ਹੋਵੇਗੀ? ਅਰਥਾਤ ਬੜੀ ਉਤਮ ਹੋਵਗੀ। ਜਿਸ ਘੜੀ ਪਲ ਵਿਚ-

ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ॥ ੧ ॥

ਪੰਜਾਂ ਕੋਸ਼ਾਂ ਰੂਪੀ ਕਪਟ= ਤਖਤੇ ਖੁਲ੍ਹ ਜਾਣਗੇ ਅਤੇ ਤ੍ਰਿਸ਼ਨਾ ਰੂਪੀ ਅੱਗ ਧਪਟ= ਸ਼ੀਘਰ (ਝਟਪਟ) ਬੁਝ ਜਾਵੇਗੀ, ਮੈਂ ਤਾਂ ਆਪ ਜੀ ਦੇ ਦਰਸ਼ਨ ਨੂੰ ਦੇਖ ਕੇ ਜੀਉਂਦਾ ਹਾਂ॥ ੧॥

ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ॥

ਇਸ ਗੱਲ ਦਾ ਯਤਨ ਕੇਹੜਾ ਹੈ? ਉਪਾਉ ਕੇਹੜਾ ਹੈ? ਅਤੇ ਕਿਹੋ ਜੇਹੀ ਸੇਵਾ ਵਿਚਾਰੀ ਜਾਵੇ?

ਉੱਤਰ:-

ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ॥ ੨ ॥ ੩ ॥ ੫ ॥

ਗੁਰੂ ਜੀ ਕਥਨ ਕਰਦੇ ਹਨ— ਹੇ ਨਾਨਕ ! ਸੰਤਾਂ ਦਾ ਸਤਸੰਗ ਕਰ ਕੇ, ਮਾਨ ਤੇ ਅਭਿਮਾਨ= ਅਪਮਾਨ ਅਤੇ ਮੋਹ ਆਦਿਕਾਂ ਨੂੰ ਤਿਆਗਣਾ ਕਰ ਤਾਂ ਤੇਰਾ ਉਧਾਰ ਹੋਵੇਗਾ। *ਅਥਵਾ :-* ਸਤਸੰਗ ਤੋਂ ਬਿਨਾਂ, ਬਾਣੀ ਦੁਆਰਾ ਉਹ ਕੇਹੜਾ ਜਤਨ ਕਰਨਾ ਹੈ, ਮਨ ਕਰ ਕੇ ਉਹ ਕਿਹੜਾ ਉਪਾਵ ਕਰਨਾ ਹੈ, ਤਨ ਕਰ ਕੇ ਉਹ ਕਿਸ ਤਰ੍ਹਾਂ ਦੀ ਸੇਵਾ ਵਿਚਾਰਨੀ ਹੈ, ਭਾਵ ਸਤਸੰਗ ਤੋਂ ਬਿਨਾਂ ਸਭ ਨਿਸਫਲ ਹਨ। ਗੁਰੂ ਜੀ ਕਥਨ ਕਰਦੇ ਹਨ-ਸਤਸੰਗ ਵਿਚ ਬੈਠ ਕੇ ਮਾਨੁ ਅਭਿਮਾਨੁ= ਮਾਨ ਤੇ ਅਪਮਾਨ ਨੂੰ ਅਤੇ ਮੋਹ ਆਦਿਕਾਂ ਨੂੰ ਤਿਆਗਣਾ ਕਰ, ਸੰਤਾਂ ਦੇ ਸੰਗ ਕਰ ਕੇ ਹੀ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੨॥ ੩॥ ੫॥

ਕੇਦਾਰਾ ਮਹਲਾ ੫ ॥ ਹਰਿ ਹਰਿ ਹਰਿ ਗੁਨ ਗਾਵਹੁ ॥

(ਹੇ ਹਰੀ ! ਏਹ ਕਿਰਪਾ ਕਰੋ) ਜੋ ਮਨ ਕਰ ਕੇ ਹਰੀ ਗੁਣਾਂ ਨੂੰ, ਤਨ ਕਰ ਕੇ ਹਰੀ ਗੁਣਾਂ ਨੂੰ, ਬਾਣੀ ਦੁਆਰਾ ਹਰੀ ਗੁਣਾਂ ਨੂੰ ਗਾਉਂਦਾ ਰਹਾਂ। *ਅਥਵਾ-* ਹੇ ਹਰੀ ! ਹਰ ਇਕ ਜੀਵਾ ਨੂੰ ਹਰਿਆ ਕਰਨ ਵਾਲੇ ਮੈਂ ਕੇਵਲ ਆਪ ਜੀ ਦੇ ਗੁਣ ਗਾਉਂਦਾ ਰਹਾਂ।

ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ ॥ ਰਹਾਉ ॥

ਹੇ ਗੋਬਿੰਦ ਗੋਪਾਲ ਮੇਰੇ ਪਰ ਅਜੇਹੀ ਕਿਰਪਾ ਕਰੋ, ਜੋ ਮੇਰੇ ਪਾਸੋਂ ਆਪਣਾ ਨਾਮ ਜਪਵਾਈ ਜਾਓ॥ ਰਹਾਉ॥

ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧਸੰਗਿ ਮਨੁ ਲਾਵਹੁ ॥

ਹੇ ਪ੍ਰਭੂ ! ਤੁਸਾਂ ਨੇ ਆਨ= ਆ ਕੇ ਜਿਨ੍ਹਾਂ ਸੰਤਾਂ ਨੂੰ ਵਿਸ਼ਿਆਂ ਵਿਚੋਂ ਕੱਢ ਲੀਤਾ ਹੈ, ਉਨ੍ਹਾਂ ਸੰਤਾਂ ਦੇ ਸੰਗ ਵਿਚ ਮੇਰਾ ਮਨ ਲਗਾਉਣਾ ਕਰੋ।

ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥ ੧ ॥

ਗੁਰ ਬਚਨੀ= ਗੁਰ-ਉਪਦੇਸ਼ ਨੇ ਮੇਰੇ ਅੰਦਰੋਂ ਭਰਮ, ਡਰ ਤੇ ਮੋਹ ਆਦਿਕਾਂ ਨੂੰ ਕੱਟ ਦਿੱਤਾ ਹੈ ਹੁਣ ਤਾਂ ਆਪਣਾ ਦਰਸ਼ਨ ਮੈਨੂੰ ਦਿਖਾਉਣਾ ਕਰੋ॥ ੧॥

ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥

ਅਹੰ ਬੁਧਿ= ਹੰਗਤਾ ਵਾਲੀ ਬੁੱਧੀ ਦੂਰ ਕਰੋ, ਤਾਂ ਕਿ ਮੇਰਾ ਮਨ ਸਭਨਾਂ ਦੇ ਚਰਨਾਂ ਦੇ ਰੇਨ= ਖ਼ਾਕ ਹੋ ਜਾਵੇ।

ਅਪਨੀ ਭਗਤਿ ਦੇਹਿ ਦਇਆਲਾ
ਵਡਭਾਗੀ ਨਾਨਕ ਹਰਿ ਪਾਵਹੁ ॥ ੨ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ, ਹੇ ਦਿਆਲੂ ! ਮੈਨੂੰ ਆਪਣੀ ਭਗਤੀ ਕਰਨੀ ਦਿਓ, ਜਿਸ ਤੇ ਹੇ ਹਰੀ ! ਆਪ ਜੀ ਨੂੰ ਪਾ ਕੇ ਮੈਂ ਵਡਭਾਗੀ ਹੋ ਜਾਵਾਂ ॥ ੨ ॥ ੪ ॥ ੬ ॥

ਕੇਦਾਰਾ ਮਹਲਾ ੫ ॥ ਹਰਿ ਬਿਨੁ ਜਨਮੁ ਅਕਾਰਥ ਜਾਤ ॥

ਹਰੀ ਨਾਮ-ਸਿਮਰਨ ਤੋਂ ਬਿਨਾਂ ਮਨੁੱਖਾਂ ਜਨਮ ਅਕਾਰਥ ਜਾਤ= ਨਿਸਫਲ ਬਤੀਤ ਹੁੰਦਾ ਜਾਂ ਰਿਹਾ ਹੈ।

ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ ॥ ਰਹਾਉ ॥

ਗੋਪਾਲ ਨਾਮ ਨੂੰ ਤਿਆਗ ਕੇ ਜੋ ਆਨ= ਹੋਰ ਦੁਨਿਆਵੀ ਰੰਗਿ= ਅਨੰਦਾਂ ਵਿਚ ਤਦਾਕਾਰ ਹੈ, ਉਸ ਦਾ ਖਾਣਾ ਤੇ ਪਹਿਰਨਾ ਮਿਥਿਆ= ਫਜ਼ੂਲ ਹੈ ॥ ਰਹਾਉ ॥

ਧਨੁ ਜੋਬਨੁ ਸੰਪੈ ਸੁਖੁ ਭੋਗਵੈ ਸੰਗਿ ਨ ਨਿਬਹਤ ਮਾਤ ॥

ਧਨ ਜੁਆਨੀ ਤੇ ਸੰਪਦਾ ਦੇ ਸੁਖਾਂ ਨੂੰ ਭੋਗਦਾ ਭਾਂ ਹੈ ਪਰ ਉਹ ਪਦਾਰਥ ਇਸ ਦੇ ਨਾਲਮਾਤ= ਤਿਲ ਮਾਤ੍ਰ ਭੀ ਨਹੀਂ ਨਿਭਦੇ। ੨-ਮਾਤਾ ਪਿਤਾ ਆਦਿਕ ਜਿਨ੍ਹਾਂ ਸਬੰਧੀਆਂ ਵਿਚ ਮਾਤ= ਮਸਤ ਰਹਿੰਦਾ ਹੈ ਉਹ ਭੀ ਨਾਲ ਨਹੀਂ ਨਿਭਦੇ ਹਨ। ੩-ਚਾਹੇ ਕਿਤਨੇ ਮਾਤ= ਮਰਾਤਬੇ ਮਿਲ ਜਾਣ ਪਰ ਨਾਲ ਨਹੀਂ ਨਿਭਦੇ।

ਮ੍ਰਿਗਤ੍ਰਿਸਨਾ ਦੇਖਿ ਰਚਿਓ ਬਾਵਰ ਦ੍ਰੁਮ ਛਾਇਆ ਰੰਗਿ ਰਾਤ ॥ ੧ ॥

ਏਹ ਬਾਵਰ= ਝੱਲਾ ਜੀਵ ਮ੍ਰਿਗ ਤ੍ਰਿਸ਼ਨਾ ਦੇ ਜਲ ਵਾਂਗ ਝੂਠੇ ਪਦਾਰਥਾਂ ਨੂੰ ਦੇਖ ਕੇ ਤਦਾਕਾਰ ਹੋ ਰਿਹਾ ਹੈ, ਅਤੇ ਮੋਹ ਦੀ ਬਾਵਰ= ਫਾਹੀ ਵਿਚ ਫਸਾ ਰਿਹਾ ਹੈ, ਅਤੇ ਦ੍ਰੁਮ= ਬ੍ਰਿਛ ਦੀ ਛਾਂ ਵਰਗੇ ਅਨਿਸਥਿਰ ਪਦਾਰਥਾਂ ਦੇ ਰੰਗਿ= ਅਨੰਦ ਵਿਚ ਤਦਾਕਾਰ ਹੋ ਰਿਹਾ ਹੈ। ਯਾਂ ਸੁਖਾਂ ਦੇ ਰੰਗਿ= ਪਰੇਮ ਵਿਚ ਰਾਤ= ਤਦਾਕਾਂਰ ਹੋ ਰਿਹਾ ਹੈ ॥ ੧ ॥

ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ ॥

ਮਾਨ ਮੋਹ ਤੇ ਮਹਾ ਮਦ= ਬੜੇ ਹੰਕਾਰ ਵਿਚ ਮਸਤ ਹੋ ਕੇ ਕਾਮ ਕਰੋਧ ਦੇ ਖਾਤ= ਖਾਤੇ (ਟੋਏ) ਵਿਚ ਡਿੱਗ ਰਿਹਾ ਹੈ। *ਅਥਵਾ :-* ਇਸ ਜੀਵ ਨੂੰ ਕਾਮ ਕਰੋਧ ਆਦਿਕ ਵਿਸ਼ੇ ਖਾਤ= ਖਾਈ ਜਾਂਦੇ ਹਨ।

ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ ॥ ੨ ॥ ੫ ॥ ੭ ॥

ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ ਜੀ ! ਸਹਾਤ= ਸਹਾਈ ਹੋ ਕੇ ਦਾਸ ਨੂੰ ਮਨ ਰੂਪੀ ਕਰੁ ਗਹਿ ਲੇਹੁ= ਹੱਥ ਤੋਂ ਫੜ ਲੈਣਾ ਕਰੋ, ਤੇ ਇਨ੍ਹਾਂ ਮਾਨ ਮੋਹ ਆਦਿਕਾਂ ਤੋਂ ਬਚਾ ਲਓ ॥ ੨ ॥ ੫ ॥ ੭ ॥

ਕੇਦਾਰਾ ਮਹਲਾ ੫ ॥ ਹਰਿ ਬਿਨੁ ਕੋਇ ਨ ਚਾਲਸਿ ਸਾਥ ॥

ਹੇ ਭਾਈ ! ਹਰੀ ਦੇ ਨਾਮ ਤੋਂ ਬਿਨਾ ਪਰਲੋਕ ਵਿਚ ਜੀਵ ਦੇ ਨਾਲ ਕੋਈ ਨਹੀਂ ਚਾਲਸਿ= ਚਲਦਾ।

ਦੀਨਾ ਨਾਥ ਕਰੁਣਾ ਪਤਿ ਸੁਆਮੀ ਅਨਾਥਾ ਕੇ ਨ·ਥ ॥ ਰਹਾਉ ॥

ਉਹ ਹਰੀ ਸੁਆਮੀ ਗਰੀਬਾਂ ਦਾ ਨਾਥ ਹੈ, ਕਰੁਣਾ= ਕਿਰਪਾ ਦਾ ਪਤੀ ਹੈ, ਅਨਾਥਾਂ ਦਾ ਨਾਥ ਹੈ।

ਸੁਤ ਸੰਪਤਿ ਬਿਖਿਆ ਰਸ ਭੋਗਵਤ ਨਹ ਨਿਬਹਤ ਜਮ ਕੈ ਪਾਥ॥

ਸੁਤ= ਪੁੱਤਰ ਆਦਿਕ ਜੋ ਭੀ ਸਬੰਧੀ ਹਨ, ਸੁਖ ਸੰਪਦਾ, ਵਿਸ਼ੇ ਰਸਾਂ ਦਾ ਭੋਗਣਾ, ਏਹ ਸਭ ਇਥੇ ਰਹਿ ਜਾਂਦੇ ਹਨ, ਜਮਾਂ ਦੇ ਪਾਥ= ਰਾਹ ਵਿਚ ਜੀਵ ਦੇ ਨਾਲ ਨਹੀਂ ਨਿਭਦੇ।

ਨਾਮੁ ਨਿਧਾਨੁ ਗਾਉ ਗੁਨ ਗੋਬਿੰਦ ਉਧਰੁ ਸਾਗਰ ਕੇ ਖਾਤ॥ ੧॥

ਜਿਸ ਦਾ ਨਾਮ ਨਿਧੀਆਂ ਦਾ ਖਜ਼ਾਨਾ ਹੈ ਉਸ ਗੋਬਿੰਦ ਦੇ ਗੁਣ ਗਾਉਣਾ ਕਰ, ਸਾਗਰ= ਸੰਸਾਰ-ਖਾਤੇ ਵਿਚੋਂ ਆਪਣੇ ਆਪ ਨੂੰ ਉਧਰੁ= ਉਧਾਰ ਭਾਵ ਬਚਾਉਣਾ ਕਰ।

ਸਰਨਿ ਸਮਰਥ ਅਕਥ ਅਗੋਚਰ ਹਰਿ ਸਿਮਰਤ ਦੁਖ ਲਾਥ॥

ਜੋ ਸ਼ਰਨ ਆਇਆਂ ਦੀ ਰਖਿਆ ਕਰਨ ਨੂੰ ਸਮਰੱਥ ਹੈ, ਕਥਨ ਤੋਂ ਰਹਿਤ ਹੈ, ਅਗੋਚਰ= ਇੰਦ੍ਰੀਆਂ ਦੇ ਅਵਿਸ਼ੇ ਹੈ, ਉਸ ਹਰੀ ਦਾ ਸਿਮਰਨ ਕਰਨ ਨਾਲ ਸਾਰੇ ਦੁੱਖ ਲਾਥ= ਲੱਥ ਜਾਂਦੇ ਹਨ।

ਨਾਨਕ ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ॥ ੨॥ ੬॥ ੮॥

ਗੁਰੂ ਜੀ ਕਥਨ ਕਰਦੇ ਹਨ— ਮੈਂ ਦੀਨ ਸੇਵਕ ਜਨ ਸੰਤ ਜਨਾਂ ਦੀ ਚਰਨ-ਧੂੜੀ ਬਾਂਛਤ= ਚਾਹੁੰਦਾ ਹਾਂ, ਪਰ ਧੁਰ ਤੋਂ ਮੱਥੇ 'ਤੇ ਚੰਗੇ ਲੇਖਾਂ ਦੇ ਲਿਖੇ ਅਨੁਸਾਰ ਉਹ ਧੂੜੀ ਮਿਲਦੀ ਹੈ॥ ੨॥ ੬॥ ੮॥

ਕੇਦਾਰਾ ਮਹਲਾ ੫ ਘਰੁ ੫ ੧ੴ ਸਤਿਗੁਰ ਪ੍ਰਸਾਦਿ॥

ਬਿਸਰਤ ਨਾਹਿ ਮਨ ਤੇ ਹਰੀ॥

ਮੇਰੇ ਮਨ ਵਿਚੋਂ ਹਰੀ ਨਾਮ ਬਿਸਰਤ ਨਾਹਿ= ਭੁੱਲਦਾ ਨਹੀਂ ਹੈ।

ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥ ਰਹਾਉ॥

ਹੁਣ ਇਹ ਪ੍ਰੀਤਿ ਵੱਡੀ ਪਰਬਲ ਹੋ ਗਈ ਹੈ, ਆਨ= ਹੋਰ ਵਿਸ਼ਿਆਂ ਦੀ ਪ੍ਰੀਤੀ ਜਰੀ= ਸੜ ਗਈ ਹੈ। *ਅਥਵਾ :—* ਹੋਰ ਵਿਸ਼ੇ ਵਾਸ਼ਨਾ ਜਰੀ= ਸੜ ਗਈ ਹੈ।

ਪ੍ਰੀਤੀ ਦੇ ਸਿਧ ਕਰਨ ਵਾਸਤੇ ਦ੍ਰਿਸ਼ਟਾਂਤ ਦੇਂਦੇ ਹਨ-

ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ॥

ਸ੍ਵਾਂਤੀ ਬੂੰਦ ਨੂੰ ਚਾਤ੍ਰਿਕ= ਪਪੀਹਾ ਕਦ ਤਿਆਗ ਸਕਦਾ ਹੈ ਅਤੇ ਮੱਛੀ ਪਾਣੀ ਤੋਂ ਵਿੱਛੜ ਕੇ ਘੜੀ ਭਰ ਵੀ ਜੀਉਂਦੀ ਨਹੀਂ ਰਹਿ ਸਕਦੀ।

[ਪੰਨਾ ੧੧੨੧]

ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ॥ ੧॥

ਮੈਂ ਭੀ ਪ੍ਰੀਤੀ ਸਹਿਤ ਗੋਪਾਲ ਦੇ ਗੁਣਾਂ ਨੂੰ ਰਸਨਾ ਨਾਲ ਉਚਾਰਦਾ ਹਾਂ, ਇਸ ਤਰ੍ਹਾਂ ਦੀ ਟੇਵ= ਖੋਹ, (ਆਦਤ) ਅਰਥਾਤ ਵਾਦੀ ਪੈ ਗਈ ਹੈ॥ ੧॥

ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ॥

ਜਿਵੇਂ ਕੁਰੰਕ= ਹਿਰਨ ਨਾਦ= ਘੰਡੇ-ਹੇੜੇ ਦੇ ਸ਼ਬਦ ਨੂੰ ਸੁਣ ਕੇ ਮਹਾ ਮੋਹਿਓ= ਬੜਾ ਮਸਤ ਹੋ ਕੇ

ਤਿੱਖੇ ਸਰੀ= ਬਾਣ ਨਾਲ ਬੇਧਿ= ਵਿੰਨ੍ਹਿਆਂ ਜਾਂਦਾ ਹੈ। ਤਿਵੇਂ ਜਗਿਆਸੂ ਰੂਪ ਹਿਰਨ ਗੁਰ-ਉਪਦੇਸ਼ ਰੂਪ ਘੰਡੇ-ਹੇੜੇ ਦੇ ਸ਼ਬਦ ਨੂੰ ਸੁਣ ਕੇ ਬੜਾ ਮਸਤ ਹੋ ਕੇ ਪਰੇਮ ਰੂਪੀ ਤਿੱਖੇ ਬਾਣ ਨਾਲ ਬੇਧਿ= ਵਿੰਨ੍ਹਿਆਂ ਜਾਂਦਾ ਹੈ।

ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ॥ ੨॥ ੧॥ ੯॥

ਗੁਰੂ ਜੀ ਕਥਨ ਕਰਦੇ ਹਨ— ਰਸਾਲ= ਸੁੰਦਰ ਪ੍ਰਭੂ ਨੇ ਸੁੰਦਰ ਚਰਨ-ਕੰਵਲਾਂ ਦੀ ਪ੍ਰੀਤੀ ਰੂਪੀ ਗੰਢ ਬੰਨ੍ਹ ਕੇ ਹਿਰਦੇ ਵਿਚ ਧਰੀ ਹੈ, ਅਰਥਾਤ ਦ੍ਰਿੜ੍ਹ ਪ੍ਰੀਤੀ ਕੀਤੀ ਹੈ॥ ੨॥ ੧॥ ੯॥

ਕੇਦਾਰਾ ਮਹਲਾ ੫॥ ਪ੍ਰੀਤਮ ਬਸਤ ਰਿਦ ਮਹਿ ਖੋਰ॥

ਹੇ ਪ੍ਰੀਤਮ=ਪਰਮਾਤਮਾ! ਤੂੰ ਮੇਰੇ ਹਿਰਦੇ ਰੂਪੀ ਖੋਰ= ਖੁੱਡ, ਵਾ :- ਗੁਫਾ ਵਿਚ ਵਸ ਰਿਹਾ ਹੈਂ।

ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ॥ ੧॥ ਰਹਾਉ॥

ਹੇ ਠਾਕੁਰ ! ਭਰਮ ਰੂਪੀ ਭੀਤਿ= ਕੰਧ (ਪੜਦੇ) ਨੂੰ ਦੂਰ ਕਰ ਕੇ ਮੇਰੇ ਮਨ ਨੂੰ ਗਹਿ= ਫੜ ਕੇ ਆਪਣੀ ਤਰਫ ਖਿੱਚ ਲਓ॥ ੧॥ ਰਹਾਉ॥

ਅਧਿਕ ਗਰਤ ਸੰਸਾਰ ਸਾਗਰ ਕਰਿ ਦਇਆ ਚਾਰਹੁ ਧੋਰ॥

ਸੰਸਾਰ-ਸਮੁੰਦਰ ਵਿਚ ਜੋ ਅਧਿਕ= ਬੜਾ ਮੋਹ ਰੂਪੀ ਗਰਤ= ਟੋਆ ਹੈ, ਯਾਂ ਅਧਿਕ ਗਰਤ= ਬੜਾ ਡੂੰਘਾ ਜੋ ਸੰਸਾਰ-ਸਮੁੰਦਰ ਹੈ, ਦਇਆ ਦ੍ਰਿਸ਼ਟੀ ਕਰ ਕੇ ਇਸ ਦੇ ਧੋਰ= ਕੰਢੇ ਚੜ੍ਹਾਓ, ਅਰਥਾਤ ਪਾਰ ਲੰਘਾਓ।

ਸੰਤ ਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ ਮੋਰ॥ ੧॥

ਹੇ ਚਰਨ= ਪੂਜਨੀਕ ਹਰੀ ! ਸੰਤਾਂ ਦੇ ਸੰਗ ਵਿਚੋਂ ਨਾਮ ਰੂਪੀ ਬੋਹਿਥ= ਜਹਾਜ਼ ਦੇ ਕੇ ਮੈਨੂੰ ਉਧਾਰ ਲੈਣਾ ਕਰੋ। *ਅਥਵਾ :-* ਹੇ ਹਰੀ ! ਸੰਤਾਂ ਦੇ ਸਤਸੰਗ ਵਿਚੋਂ ਗੁਰੂ ਦੇ ਚਰਨ-ਕੰਵਲਾਂ ਦਾ ਧਿਆਨ ਰੂਪੀ ਜਹਾਜ਼ ਦੇ ਕੇ ਮੈਨੂੰ ਉਧਾਰ ਲੈਣਾ ਕਰੋ॥ ੧॥

ਗਰਭ ਕੁੰਟ ਮਹਿ ਜਿਨਹਿ ਧਾਰਿਓ ਨਹੀ ਬਿਧੇ ਬਨ ਮਹਿ ਹੋਰ॥

ਜਿਸ ਪਰਮੇਸ਼ਰ ਨੇ ਮਾਂ ਦੇ ਗਰਭ ਰੂਪ ਕੁੰਟ= ਤਲਾਅ ਵਿਚ ਧਾਰਿਓ= ਆਸਰਾ ਦੇ ਕੇ ਬਚਾਇਆ ਸੀ, ਵਿਸ਼ੇ ਰੂਪ ਸੰਸਾਰ-ਬਨ ਵਿਚ ਭੀ ਓਹੀ ਰਖੱਜਕ ਹੈ, ਉਸ ਤੋਂ ਬਿਨਾਂ ਹੋਰ ਕੋਈ ਸਹਾਇਤਾ ਕਰਨ ਵਾਲਾ ਨਹੀਂ ਹੈ।

ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ॥ ੨॥ ੨॥ ੧੦॥

ਗੁਰੂ ਜੀ ਕਥਨ ਕਰਦੇ ਹਨ— ਸਰਬ ਸ਼ਕਤੀਆਂ ਸਪੰਨ ਜੋ ਹਰੀ ਹੈ, ਸ਼ਰਨ ਆਇਆਂ ਦੀ ਰਖਿਆ ਕਰਨ ਨੂੰ ਸਮਰੱਥ, ਉਸ ਤੋਂ ਬਿਨਾਂ ਆਨ= ਹੋਰ ਅੱਗੇ ਨਿਹੋਰ= ਬੇਨਤੀਆਂ ਨਾ ਕਰ। ਵਾ :- ਹੋਰ ਦੇ ਨਿਹੋਰ= ਅਹਿਸਾਨ ਨੂੰ ਨਾ ਝੱਲ॥ ੨॥ ੨॥ ੧੦॥

ਕੇਦਾਰਾ ਮਹਲਾ ੫॥ ਰਸਨਾ ਰਾਮ ਰਾਮ ਬਖਾਨੁ॥

ਹੇ ਭਾਈ ! ਜੀਭ ਨਾਲ ਰਾਮ ਰਾਮ ਨੂੰ ਬਖਾਨੁ= ਕਥਨ ਕਰ। ਅਤੇ-

ਗੁਨ ਗੋਪਾਲ ਉਚਾਰੁ ਦਿਨੁ ਰੈਨਿ ਭਏ ਕਲਮਲ ਹਾਨ॥ ਰਹਾਉ॥

ਦਿਨ ਰਾਤ ਗੋਪਾਲ ਦੇ ਗੁਣਾਂ ਨੂੰ ਉਚਾਰਨਾ ਕਰ, ਤਾਂ ਤੇਰੇ ਜਨਮਾਂ ਜਨਮਾਂਤਰਾਂ ਦੇ ਸਾਰੇ ਕਲਮਲ= ਪਾਪ

ਹਾਨ= ਨਾਸ ਹੋ ਜਾਣਗੇ॥ ਰਹਾਉ॥

ਤਿਆਗਿ ਚਲਨਾ ਸਗਲ ਸੰਪਤ ਕਾਲੁ ਸਿਰ ਪਰਿ ਜਾਨੁ॥

ਸਾਰੀ ਸੰਪਦਾ ਤਿਆਗ ਕੇ ਚਲਿਆਂ ਜਾਣਾ ਹੈ, ਸਿਰ ਉੱਤੇ ਕਾਲ ਨੂੰ ਖਲੋਤਾ ਹੀ ਜਾਣ।

ਮਿਥਨ ਮੋਹ ਦੁਰੰਤ ਆਸਾ ਝੂਠੁ ਸਰਪਰ ਮਾਨੁ॥ ੧॥

ਮੋਹ ਕਰ ਕੇ ਜੋ ਮਿਥਿਆ ਪਦਾਰਥਾਂ ਦੀ ਦੁਰੰਤ= ਬੇਅੰਤ ਆਸਾ ਲੱਗ ਰਹੀ ਹੈ, ਇਸ ਨੂੰ ਸਰਪਰ= ਜ਼ਰੂਰ ਹੀ ਝੂਠ ਕਰ ਕੇ ਮੰਨਣਾ ਕਰ॥ ੧॥

ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ॥

ਜੋ ਅਕਾਲ ਸਰੂਪ ਸਤਿ ਪੁਰਖ ਪਰਮਾਤਮਾ ਹੈ, ਉਸ ਦੇ ਧਿਆਨ ਨੂੰ ਹਿਰਦੇ ਵਿਚ ਧਾਰ ਲੈ।

ਨਾਮੁ ਨਿਧਾਨੁ ਲਾਭੁ ਨਾਨਕ ਬਸਤੁ ਇਹ ਪਰਵਾਨੁ॥ ੨॥ ੩॥ ੧੧॥

ਗੁਰੂ ਜੀ ਕਥਨ ਕਰਦੇ ਹਨ— ਲਾਭਦਾਇਕ ਜੋ ਪ੍ਰਭੂ ਦਾ ਨਾਮ ਨਿਧੀਆਂ ਦਾ ਖਜ਼ਾਨਾ ਹੈ, ਏਹੋ ਵਸਤੂ ਪ੍ਰਮਾਨੀਕ ਹੈ। ਵਾ :- ਪ੍ਰਲੋਕ ਵਿਚ ਜੀਵ ਨੂੰ ਪ੍ਰਮਾਨੀਕ ਕਰਨ ਵਾਲੀ ਏਹੋ ਅਸਲ ਵਸਤੂ ਹੈ॥ ੨॥ ੩॥ ੧੧॥

ਕੇਦਾਰਾ ਮਹਲਾ ੫॥ ਹਰਿ ਕੇ ਨਾਮ ਕੋ ਆਧਾਰੁ॥

ਹੇ ਹਰੀ ! ਮੈਨੂੰ ਆਪ ਜੀ ਦੇ ਨਾਮ ਦਾ ਆਧਾਰੁ= ਆਸਰਾ ਹੈ।

ਕਲਿ ਕਲੇਸ ਨ ਕਛੁ ਬਿਆਪੈ ਸੰਤਸੰਗਿ ਬਿਉਹਾਰ॥ ਰਹਾਉ॥

ਇਸ ਲਈ ਕਲਪਣਾ ਕਲੇਸ਼ ਆਦਿਕ ਕੁਝ ਭੀ ਵਿਆਪਦਾ ਨਹੀਂ ਹੈ, ਸੰਤਾਂ ਦੇ ਸਤਸੰਗ ਵਿਚ ਬੈਠ ਕੇ ਮੈਂ ਨਾਮ ਦਾ ਸ਼ੁਭ ਵਿਹਾਰ ਕੀਤਾ ਹੈ।

ਕਰਿ ਅਨੁਗ੍ਰਹੁ ਆਪਿ ਰਾਖਿਓ ਨਹ ਉਪਜਤਉ ਬੇਕਾਰੁ॥

ਆਪ ਜੀ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਕਾਮ ਕਰੋਧ ਆਦਿਕ ਦੁਸ਼ਟਾਂ ਤੋਂ ਰੱਖ ਲਿਆ ਹੈ, ਇਸ ਲਈ ਮੇਰੇ ਹਿਰਦੇ ਵਿਚ ਕੋਈ ਮੰਦ ਵਿਕਾਰ ਮੈਦਾ ਨਹੀਂ ਹੁੰਦਾ।

ਜਿਸੁ ਪਰਾਪਤਿ ਹੋਇ ਸਿਮਰੈ ਤਿਸੁ ਦਹਤ ਨਹ ਸੰਸਾਰੁ॥ ੧॥

ਜਿਸ ਨੂੰ ਨਾਮ ਪ੍ਰਾਪਤ ਹੋਣਾ ਲਿਖਿਆ ਹੈ ਓਹੀ ਸਿਮਰਦਾ ਹੈ, ਉਸ ਨੂੰ ਫਿਰ ਸੰਸਾਰ ਅੱਗ ਰੂਪ ਹੋ ਕੇ ਨਹ ਦਹਤ= ਸਾੜਦਾ ਨਹੀਂ॥ ੧॥

ਸੁਖ ਮੰਗਲ ਆਨੰਦ ਹਰਿ ਹਰਿ ਪ੍ਰਭ ਚਰਨ ਅੰਮ੍ਰਿਤ ਸਾਰੁ॥

ਹੇ ਹਰਿ ਹਰਿ ! ਆਪ ਜੀ ਦੇ ਸਿਮਰਨ ਨਾਲ ਸੁਖਦਾਇਕ ਮੰਗਲਾਂ ਦਾ ਅਨੰਦ ਹੁੰਦਾ ਹੈ, ਹੇ ਪ੍ਰਭੂ ! ਆਪ ਜੀ ਦੇ ਚਰਨਾਂ ਦਾ ਧਿਆਨ ਹੀ ਸਾਰੁ= ਸ੍ਰੇਸ਼ਟ ਅੰਮ੍ਰਿਤ ਹੈ। ਵਾ :- ਅੰਮ੍ਰਿਤ ਨਾਲੋਂ ਵੀ ਸਾਰੁ= ਸ੍ਰੇਸ਼ਟ ਹੈ।

ਨਾਨਕ ਦਾਸ ਸਰਨਾਗਤੀ ਤੇਰੇ ਸੰਤਨਾ ਕੀ ਛਾਰੁ॥ ੨॥ ੪॥ ੧੨॥

ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਮੈਂ ਦਾਸ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਅਤੇ ਆਪ

ਜੀ ਦੇ ਸੰਤਾਂ ਦੇ ਚਰਨਾਂ ਦੀ ਛਾਰੁ= ਧੂੜੀ ਚਾਹੁੰਦਾ ਹਾਂ॥ ੨॥ ੪॥ ੧੨॥

ਕੇਦਾਰਾ ਮਹਲਾ ੫॥ ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ॥

ਹਰੀ ਦੇ ਨਾਮ ਸੁਣੇ ਬਿਨਾਂ, ਸ੍ਰੋਤ= ਕੰਨ ਇੰਦ੍ਰੀਏ ਧ੍ਰਿਕਾਰ ਰੂਪ ਹਨ।

ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ॥ ਰਹਾਉ॥

ਜੋ ਜੀਵਣ ਰੂਪ ਪਰਮਾਤਮਾ ਨੂੰ ਭੁਲਾ ਕੇ ਜੀਊਂਦੇ ਹਨ, ਉਨ੍ਹਾਂ ਪੁਰਸ਼ਾਂ ਦਾ ਜੀਉਣਾ ਕਤ= ਕਿਸ ਤਰ੍ਹਾਂ ਦਾ ਹੁੰਦਾ ਹੈ ? ਅਰਥਾਤ ਉਹ ਜਿੰਦਾ ਭੀ ਮੁਰਦੇ ਤੁੱਲ ਹਨ॥ ਰਹਾਉ॥

ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ॥

ਜੋ ਅਨੇਕ ਤਰ੍ਹਾਂ ਦੇ ਸ੍ਵਾਦੀਕ ਬਿੰਜਨ= ਸਲੂਣਿਆਂ ਨੂੰ ਖਾਂਦੇ ਹਨ ਤੇ ਦੁੱਧ ਸ਼ਰਦਾਈਆਂ ਆਦਿਕ ਪੀਂਦੇ ਹਨ, ਉਹ ਇਸ ਤਰ੍ਹਾਂ ਹਨ ਜਿਵੇਂ ਭਾਰ ਚੁੱਕਣ ਵਾਲਾ ਖੋਤਾ ਬਾਹਰੋਂ ਅਰੂੜੀ ਤੋਂ ਖਾ ਕੇ ਪੇਟ ਭਰਦਾ ਹੈ। ਜਾਂ ਭੁਰ-ਫਿਰ ਕੇ ਜਿਥੋਂ ਭੀ ਮਿਲੇ ਉਥੋਂ ਖਾ ਕੇ ਪੇਟ ਭਰ ਲੈਂਦਾ ਹੈ।

ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ॥ ੧॥

ਉਨ੍ਹਾਂ ਮਨਮੁਖ ਜੀਵਾਂ ਨੇ ਅੱਠੇ ਪਹਰ ਵਿਹਾਰਾਂ ਵਿਚ ਲੱਗ ਕੇ ਇਸ ਤਰ੍ਹਾਂ ਬੜਾ ਭਾਰੀ ਸ੍ਰਮੁ= ਕਸ਼ਟ ਪਾਇਆ ਹੈ, ਜਿਵੇਂ ਬਿਰਖ= ਬ੍ਰਿਖਭ (ਬੈਲਦ) ਜੰਤਾ= ਕੋਹਲੂ ਨਾਲ ਜੋਤ= ਜੁੱਤਾ ਹੋਇਆ ਬੜਾ ਦੁੱਖ ਉਠਾਉਂਦਾ ਹੈ।

ਤਜਿ ਗੋਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ॥

ਜੇਹੜੇ ਪੁਰਸ਼ ਗੋਪਾਲ ਦਾ ਸਿਮਰਨ ਤਿਆਗ ਕੇ ਆਨ= ਹੋਰਨਾਂ ਕੰਮਾਂ ਵਿਚ ਲੱਗੇ ਹਨ, ਉਹ ਬਹੁਤ ਤਰ੍ਹਾਂ ਨਾਲ ਰੋਂਦੇ ਹਨ।

ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ॥ ੨॥ ੫॥ ੧੩॥

ਗੁਰੂ ਜੀ ਕਥਨ ਕਰਦੇ ਹਨ— ਹੇ ਹਰੀ ! ਮੈਂ ਦੋਨੋਂ ਹੱਥ ਜੋੜ ਕੇ ਏਹੋ ਦਾਨ ਮੰਗਦਾ ਹਾਂ, ਕਿ ਮੈਨੂੰ ਆਪ ਆਪਣੇ ਗਲ ਨਾਲ ਪਰੋਈ ਰੱਖੋ ਅਰਥਾਤ ਗਲ ਨਾਲ ਲਾਈ ਰੱਖੋ। *ਅਥਵਾ :-* ਆਪ ਜੀ ਦੇ ਨਾਮ ਨੂੰ ਮੈਂ ਗਲ ਵਿਚ ਪਰੋਈ ਰੱਖਾਂ॥ ੨॥ ੫॥ ੧੩॥

ਕੇਦਾਰਾ ਮਹਲਾ ੫॥ ਸੰਤਹ ਧੂਰਿ ਲੇ ਮੁਖਿ ਮਲੀ॥

ਸੰਤਾਂ ਦੀ ਚਰਨ-ਧੂੜੀ ਲੈ ਕੇ ਜਿਸ ਨੇ ਆਪਣੇ ਮੂੰਹ 'ਤੇ ਮਲੀ ਹੈ।

ਗੁਣਾ ਅਚੁਤ ਸਦਾ ਪੂਰਨ ਨਹ ਦੋਖ ਬਿਆਪਹਿ ਕਲੀ॥ ਰਹਾਉ॥

ਉਹ ਪੁਰਸ਼ ਅੱਚੁਤ ਪਰਮੇਸ਼ਰ ਦੇ ਗੁਣਾਂ ਕਰ ਕੇ ਸਦਾ ਪੂਰਨ ਹੈ, ਕਲਜੁਗ ਦੇ ਦੋਸ਼ ਉਸ ਨੂੰ ਕਦੇ ਨਹੀਂ ਬਿਆਪਹਿ= ਲੱਗਦੇ (ਛੋਂਹਦੇ)॥ ਰਹਾਉ॥

ਗੁਰ ਬਚਨਿ ਕਾਰਜ ਸਰਬ ਪੂਰਨ ਈਤ ਊਤ ਨ ਹਲੀ॥

ਗੁਰੂ ਦੇ ਬਚਨਾਂ ਕਰ ਕੇ ਉਸ ਦੇ ਸਾਰੇ ਕਾਰਜ= ਕੰਮ ਪੂਰੇ ਹੁੰਦੇ ਹਨ, ਉਸ ਦੀ ਬਿਰਤੀ ਏਧਰ-ਉਧਰ ਨਹੀਂ ਹਿਲਦੀ। *ਅਥਵਾ :-* ਈਤ ਊਤ= ਲੋਕ ਪ੍ਰਲੋਕ ਦੇ ਪਦਾਰਥਾਂ ਪਿੱਛੇ ਉਹ ਨਹੀਂ ਡੋਲਦਾ। ਉਸ ਨੇ ਏਹ

ਨਿਸਚੇ ਕੀਤਾ ਹੈ ਕਿ-

ਪ੍ਰਭ ਏਕ ਅਨਿਕ ਸਰਬਤ ਪੂਰਨ ਬਿਧੈ ਅਗਨਿ ਨ ਜਲੀ॥ ੧ ॥

ਇਕ ਪ੍ਰਭੂ ਅਨੇਕ ਰੂਪ ਹੋ ਕੇ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ, ਇਸ ਲਈ ਉਸ ਦੀ ਬੁੱਧੀ ਵਿਸ਼ਿਆਂ ਦੀ ਅੱਗ ਵਿਚ ਨਹੀਂ ਸੜਦੀ॥ ੧॥

ਗਹਿ ਭੁਜਾ ਲੀਨੋ ਦਾਸੁ ਅਪਨੋ ਜੋਤਿ ਜੋਤੀ ਰਲੀ॥

ਵਾਹਿਗੁਰੂ ਨੇ ਉਸ ਆਪਣੇ ਦਾਸ ਨੂੰ ਬੁੱਧੀ ਰੂਪ ਭੁਜਾ= ਬਾਂਹ ਤੋਂ ਫੜ ਲੀਤਾ ਹੈ, ਇਸ ਲਈ ਉਸ ਦੀ ਜੋਤ ਜੋਤੀ= ਪਰਮਾਤਮਾ ਨਾਲ ਮਿਲ ਗਈ ਹੈ।

ਪ੍ਰਭ ਚਰਨ ਸਰਨ ਅਨਾਥੁ ਆਇਓ ਨਾਨਕ ਹਰਿ ਸੰਗਿ ਚਲੀ॥੨ ॥੬ ॥੧੪ ॥

ਗੁਰੂ ਜੀ ਕਥਨ ਕਰਦੇ ਹਨ— ਜੋ ਅਨਾਥ ਮਨ ਹੋ ਕੇ ਪ੍ਰਭੂ ਦੀ ਚਰਨ ਸ਼ਰਨ ਵਿਚ ਆਇਆ ਹੈ, ਉਸ ਦੀ ਸਹਾਇਤਾ ਕਰਨ ਵਾਸਤੇ ਉਸ ਦੇ ਨਾਲ ਹਰੀ ਦੀ ਪ੍ਰੀਤੀ ਚੱਲੀ ਹੈ। *ਅਥਵਾ :-* ਉਹ ਜੀਵ ਰੂਪ ਇਸਤ੍ਰੀ ਹਰੀ ਨਾਲ ਅਭੇਦ ਹੋ ਚੱਲੀ ਹੈ॥ ੨॥ ੬॥ ੧੪॥

[ਪੰਨਾ ੧੧੨੨]

ਕੇਦਾਰਾ ਮਹਲਾ ੫॥ ਹਰਿ ਕੇ ਨਾਮ ਕੀ ਮਨ ਰੁਚੈ॥

ਜਿਸ ਦੇ ਮਨ ਵਿਚ ਹਰੀ ਦੇ ਨਾਮ ਦੀ ਰੁਚੈ= ਪ੍ਰੀਤੀ ਲੱਗ ਰਹੀ ਹੈ।

ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ॥ ਰਹਾਉ॥

ਉਹ ਕ੍ਰੋੜ ਤਰ੍ਹਾਂ ਦੀ ਸ਼ਾਂਤੀ ਤੇ ਅਨੰਦ ਕਰ ਕੇ ਪੂਰਨ ਹੈ ਅਤੇ ਈਰਖਾ ਤੇ ਤ੍ਰਿਸ਼ਨਾ ਦੀ ਅੱਗ ਨਾਲ ਸੜਦੀ ਹੋਈ ਛਾਤੀ= ਬੁੱਧੀ ਬੁਝੈ= ਬੁਝ ਜਾਂਦੀ ਹੈ, ਅਰਥਾਤ ਸ਼ਾਂਤ ਹੋ ਜਾਂਦੀ ਹੈ॥ ਰਹਾਉ॥

ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ॥

ਸੰਤਾਂ ਦੇ ਰਸਤੇ ਵਿਚ ਚਲਦੇ ਹੋਏ ਮੁਚੈ= ਬਹੁਤੇ ਹੀ ਪਤਿਤ= ਪਾਪੀ ਪੁਰਸ਼ ਤਰ ਗਏ ਹਨ।

ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ॥ ੧॥

ਜੋ ਸੰਤਾਂ ਦੀ ਚਰਨ-ਧੂੜੀ ਮੱਥੇ ਪਰ ਲੱਗੀ ਹੈ, ਉਹ ਅਨੇਕਾਂ ਤੀਰਥਾਂ ਨਾਲੋਂ ਭੀ ਸੁਚੈ= ਪਵਿੱਤਰ ਹੈ। *ਵਾ :-* ਸੰਤਾਂ ਦੀ ਚਰਨ-ਧੂੜੀ ਜਿਸ ਦੇ ਮੱਥੇ ਪਰ ਲੱਗੀ ਹੈ, ਉਹ ਅਨੇਕ ਤੀਰਥਾਂ ਨੂੰ ਪਵਿੱਤਰ ਕਰਨ ਵਾਲਾ ਹੋ ਜਾਂਦਾ ਹੈ॥ ੧॥

ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ॥

ਸੰਤਾਂ ਦੇ ਚਰਨ ਕਮਲਾਂ ਦਾ ਧਿਆਨ ਮਨ ਵਿਚ ਕਰਨ ਨਾਲ ਘਟ ਘਟ ਵਿਚ ਸੁਆਮੀ= ਪਰਮਾਤਮਾ ਸੁਝੈ= ਦਿੱਸ ਪੈਂਦਾ ਹੈ।

ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ॥ ੨॥ ੭॥ ੧੫॥

ਗੁਰੂ ਜੀ ਕਥਨ ਕਰਦੇ ਹਨ— ਅਪਾਰ ਦੇਵ= ਪਰਮਾਤਮਾ ਦੀ ਸ਼ਰਨ ਵਿਚ ਜੋ ਪੈਂਦਾ ਹੈ? ਉਸ ਨਾਲ ਫਿਰ ਜਮ ਲੁਝੈ= ਲੜਦਾ ਨਹੀਂ ਹੈ॥ ੨॥ ੭॥ ੧੫॥

ਕੇਦਾਰਾ ਛੰਤ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਮਿਲੁ ਮੇਰੇ ਪ੍ਰੀਤਮ ਪਿਆਰਿਆ॥ ਰਹਾਉ॥

(ਜਗਿਆਸੂ ਬੇਨਤੀ ਕਰਦਾ ਹੈ-) ਹੇ ਮੇਰੇ ਪਿਆਰੇ ਪ੍ਰੀਤਮ= ਪਰਮਾਤਮਾ ਤੂੰ ਮੈਨੂੰ ਆ ਕੇ ਮਿਲ॥ ਰਹਾਉ॥

ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ॥

ਤੂੰ ਸਾਰਿਆਂ ਵਿਚ ਪਰੀ ਪੂਰਨ ਹੋ ਰਿਹਾ ਹੈਂ ਸੋ ਤੂੰ ਫਲਬਰ ਦਾਤਾ ਪੁਰਖ ਹੈਂ ਭਾਵ ਜੀਵਾਂ ਨੂੰ ਕੀਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈਂ।

ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ॥

ਹੇ ਹਰੀ ਪ੍ਰਭ ! ਆਪ ਜੀ ਦੀ ਪ੍ਰਾਪਤੀ ਦਾ ਰਸਤਾ ਸੰਤਾਂ ਦਾ ਸਤਸੰਗ ਹੀ ਕੀਤਾ ਹੋਇਆ ਹੈ, ਇਹ ਮੈਂ ਗੁਰਾਂ ਦੁਆਰੇ ਜਾਤਾ= ਜਾਣਿਆਂ ਹੈ। *ਅਥਵਾ :-* ਹੇ ਹਰੀ-ਪ੍ਰਭੂ ! ਤੇਰੇ ਮਿਲਣ ਦਾ ਰਸਤਾ ਏਹ ਨਿਸਚੇ ਕੀਤਾ ਹੈ ਕਿ ਸੰਤਾਂ ਦੇ ਸੰਗ ਕਰ ਕੇ ਹੀ ਤੂੰ ਜਾਣਿਆਂ ਜਾਂਦਾ ਹੈਂ।

ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ॥

ਹੇ ਵਿਧਾਤੇ ਪੁਰਖ ਪਰਮਾਤਮਾ ! ਸੰਤਾਂ ਦੇ ਸੰਗ ਕਰ ਕੇ ਆਪ ਜੀ ਨੂੰ ਜਾਣਿਆਂ ਹੈ, ਹੇ ਪਰਮਾਤਮਾ! ਗਿਆਨ-ਦ੍ਰਿਸ਼ਟੀ ਨਾਲ ਮੈਂ ਘਟ ਘਟ ਵਿਚ ਆਪ ਜੀ ਨੂੰ ਨਿਹਾਲਿਆ= ਦੇਖਿਆ ਹੈ।

ਜੋ ਸਰਨੀ ਆਵੈ ਸਰਬ ਸੁਖ ਪਾਵੈ ਤਿਲੁ ਨਹੀ ਭੰਨੈ ਘਾਲਿਆ॥

ਜੇਹੜਾ ਪੁਰਸ਼ ਆਪ ਜੀ ਦੀ ਸ਼ਰਨ ਵਿਚ ਆਉਂਦਾ ਹੈ ਉਹ ਸਾਰਿਆਂ ਸੁਖਾਂ ਨੂੰ ਪਾਉਂਦਾ ਹੈ, ਤੂੰ ਕਿਸੇ ਦੀ ਘਾਲਿਆ= ਕਮਾਈ ਨੂੰ ਤਿਲ ਮਾਤ੍ਰ ਭੀ ਨਹੀਂ ਭੰਨਦਾ।

ਹਰਿ ਗੁਣ ਨਿਧਿ ਗਾਏ ਸਹਜ ਸੁਭਾਏ ਪ੍ਰੇਮ ਮਹਾ ਰਸ ਮਾਤਾ॥

ਹੇ ਸਭ ਗੁਣਾਂ ਦੀ ਨਿਧੀ ਰੂਪ ਹਰੀ ! ਜਿਸ ਨੇ ਪਰੇਮ ਰੂਪੀ ਮਹਾਂ ਰਸ ਵਿਚ ਮਾਤਾ= ਮਸਤ ਹੋ ਕੇ ਆਪ ਜੀ ਦੇ ਗੁਣ ਗਾਏ ਹਨ, ਉਹ ਸਹਜੇ ਸੁਭਾਏ= ਸੋਭਨੀਕ ਹੋਏ ਹਨ।

ਨਾਨਕ ਦਾਸ ਤੇਰੀ ਸਰਣਾਈ ਤੂ ਪੂਰਨ ਪੁਰਖੁ ਬਿਧਾਤਾ॥ ੧॥

ਗੁਰੂ ਜੀ ਕਥਨ ਕਰਦੇ ਹਨ— ਮੈਂ ਦਾਸ ਨੇ ਆਪ ਜੀ ਦੀ ਸ਼ਰਨ ਵਿਚ ਆਉਣਾ ਕੀਤਾ ਹੈ, ਤੂੰ ਪੂਰਨ ਪੁਰਖ ਤੇ ਬਿਧਾਤਾ= ਫਲ-ਬਰ ਦਾਤਾ ਹੈਂ॥ ੧॥

ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ॥

ਹੇ ਹਰੀ ! ਆਪ ਜੀ ਦੀ ਪਰੇਮਾ-ਭਗਤੀ ਵਿਚ ਜੇਹੜਾ ਪੁਰਸ਼ ਤਦਾਕਾਰ ਹੋਇਆ ਹੈ, ਉਹ ਆਪ ਜੀ ਨੂੰ ਛੱਡ ਕੇ ਆਨ= ਹੋਰ ਕਿੱਥੇ ਜਾ ਸਕਦਾ ਹੈ, ਭਾਵ ਨਹੀਂ ਜਾਂਦਾ।

ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥

ਜਿਵੇਂ ਮੀਨੁ= ਮੱਛੀ ਪਾਣੀ ਦਾ ਵਿਛੋੜਾ ਸਹਾਰ ਨਹੀਂ ਸਕਦੀ, ਪਾਣੀ ਤੋਂ ਬਿਨਾਂ ਹੁੰਦਿਆਂ ਹੀ ਮਰ

ਪਾਹੀ= ਪੈਂਦੀ ਹੈ।

ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ ॥

ਹੇ ਹਰੀ ! ਆਪ ਜੀ ਤੋਂ ਬਿਨਾਂ ਕਿਵੇਂ ਰਹੀਏ ਅਤੇ ਆਪ ਜੀ ਤੋਂ ਬਿਨਾਂ ਵਿਛੋੜੇ ਦਾ ਦੁੱਖ ਕਿਵੇਂ ਸਹਾਰੀਏ ? ਯਾਂ ਕਿਸ ਨੇ ਸਹਾਰਿਆ ਹੈ ? ਜਿਵੇਂ ਸ੍ਵਾਂਤੀ ਬੂੰਦ ਦਾ ਪਿਆਸਾ ਚਾਂਤ੍ਰਿਕ ਸ੍ਵਾਂਤੀ ਬੂੰਦ ਤੋਂ ਬਿਨਾਂ ਕਿਵੇਂ ਰਹਿ ਸਕਦਾ ਹੈ ? ਵਿਲ੍ਹਕਦਾ ਹੀ ਰਹਿੰਦਾ ਹੈ।

ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ ॥

(ਜਿਵੇਂ ਚਕਵੀ ਪੁਕਾਰਦੀ ਹੈ ਕਦੋਂ ਸੂਰਜ ਦੀਆਂ ਕਿਰਣਾਂ ਪ੍ਰਕਾਸ਼ ਕਰਨ, ਤੇ ਰਾਤ ਬਿਤੀਤ ਹੋਵੇ ਤਾਂ ਮੈ ਚਕਵੇ ਨਾਲ ਮਿਲ ਕੇ ਸੁਖ ਪਾਵਾਂ। ਤਿਵੇਂ ਜਗਿਆਸੂ ਰੂਪ ਚਕਵੀ ਪੁਕਾਰਦੀ ਹੈ ਕਦੋਂ ਗੁਰੂ ਰੂਪ ਸੂਰਜ ਉਪਦੇਸ਼ ਰੂਪ ਕਿਰਣਾਂ ਦਾ ਪ੍ਰਕਾਸ਼ ਕਰਨ ਤੇ ਅਵਿਦਿਆ-ਰਾਤ ਬਿਤੀਤ ਹੋਵੇ ਤਾਂ ਮੈਂ ਬ੍ਰਹਮ ਰੂਪ ਚਕਵੇ ਨਾਲ ਮਿਲ ਕੇ ਸੁਖ ਪਾਵਾਂ।

੨. ਦੁਖੀ ਚਕਵੀ ਵਾਸਤੇ ਕਦੋਂ ਰਾਤ ਬੀਤੇਗੀ ਤੇ ਉਹ ਪਤੀ-ਚਕਵੇ ਨਾਲ ਮਿਲ ਕੇ ਕਦੋਂ ਸੁਖ ਪਾਵੇਗੀ ? ਉਹ ਤਾਂ ਹਰ ਵੇਲੇ ਸੂਰਜ ਦੀਆਂ ਕਿਰਣਾਂ ਦਾ ਉਜਾਲਾ ਤੱਕ ਰਹੀ ਹੈ।

ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ ਹਰਿ ਗੁਣ ਗਾਹੀ ॥

ਜਿਸ ਦਿਨ ਹਰੀ ਦੇ ਦਰਸ਼ਨ ਦੀ ਸਿੱਕ ਵਿਚ ਮਨ ਲੱਗਾ ਓਹੀ ਦਿਨ ਸ੍ਰੇਸ਼ਟ ਭਾਗਾਂ ਵਾਲਾ ਹੈ, ਹੁਣ ਮੇਰਾ ਮਨ ਹਰੀ ਦੇ ਗੁਣਾਂ ਨੂੰ ਗਾਹੀ= ਗਾਉਂਦਾ ਹੈ।

ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਬੇਨਤੀ ਸਹਿਤ ਮੈਂ ਦਾਸ ਏਹੋ ਕਹਿੰਦਾ ਹਾਂ ਕਿ ਹੇ ਹਰੀ ! ਆਪ ਜੀ ਤੋਂ ਬਿਨਾਂ ਮੇਰੇ ਪ੍ਰਾਣ ਕਿਸ ਤਰ੍ਹਾਂ ਟਿਕ ਸਕਦੇ ? ॥ ੨ ॥

ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ॥

ਜਿਵੇਂ ਸ੍ਵਾਸਾਂ ਤੋਂ ਬਿਨਾਂ ਏਹ ਦੇਹ ਕਿਸ ਤਰ੍ਹਾਂ ਸ਼ੋਭਾ ਪਾ ਸਕਦੀ ਹੈ ? ਭਾਵ ਨਹੀਂ ਪਾਉਂਦੀ।

ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ॥

ਤਿਵੇਂ ਸੰਤ ਜਨਾਂ ਦੇ ਦਰਸ਼ਨ ਕੀਤੇ ਤੋਂ ਬਿਨਾਂ ਇਸ ਮਨ ਨੂੰ ਇਕ ਖਿਨ ਮਾਤ੍ਰ ਵੀ ਟਿੱਕਣਾ ਨਹੀਂ ਆਉਂਦਾ।

੨. ਪਰਮੇਸ਼ਰ ਦੇ ਦਰਸ਼ਨ ਕੀਤੇ ਬਿਨਾਂ ਸੰਤ ਜਨ ਨੂੰ ਖਿਨ ਮਾਤ੍ਰ ਟਿਕਣਾ ਨਹੀਂ ਆਉਂਦਾ।

ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ॥

ਹਰੀ ਤੋਂ ਬਿਨਾਂ ਜੋ ਰਹਿਣਾ ਹੈ ਉਹ ਨਰਕ ਦੇ ਦੁੱਖ ਦਾ ਹੀ ਸਹਾਰਨਾ ਹੈ, ਇਸ ਲਈ ਚਰਨ ਕਮਲਾਂ ਦੇ ਧਿਆਨ ਵਿਚ ਮੇਰਾ ਮਨ ਤਦਾਕਾਰ ਹੋ ਰਿਹਾ ਹੈ।

ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ ॥

ਹਰੀ ਦਾ ਰਸਿਕ= ਪਰੇਮੀ ਹੋ ਕੇ ਜੋ ਸੰਸਾਰ ਤੋਂ ਵੈਰਾਗਵਾਨ ਹੋਇਆ ਹੈ, ਉਸ ਦੀ ਨਾਮ-ਸਿਮਰਨ ਵਿਚ

ਲਿਵ ਲੱਗੀ ਹੈ, ਉਹ ਫਿਰ ਕਿਸੇ ਤਰ੍ਹਾਂ ਵੀ ਸਮਾਜ ਵਿਚੋਂ। ਵਾ :- ਪ੍ਰਭੂ ਦੇ ਦਰਬਾਰ ਵਿਚੋਂ ਨਿਖੇਧਿਆ ਨਹੀਂ ਜਾਂਦਾ।

ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ॥

ਜੇਹੜਾ ਪੁਰਸ਼ ਸਤਸੰਗ ਵਿਚ ਰਹਿਣਾ ਕਰਦਾ ਹੈ ਉਹ ਹਰੀ ਨਾਲ ਜਾ ਕੇ ਮਿਲਦਾ ਹੈ, ਉਸ ਨੂੰ ਉਹ ਆਤਮ-ਸੁਖ ਆ ਕੇ ਪ੍ਰਾਪਤ ਹੁੰਦਾ ਹੈ ਜੋ ਅੰਕਿ= ਹਿਰਦੇ ਵਿਚ ਸਮਾਉਂਦਾ ਨਹੀਂ ਹੈ।

ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ॥ ੩॥

ਗੁਰੂ ਜੀ ਕਥਨ ਕਰਦੇ ਹਨ— ਹੇ ਦਾਸ ਦੇ ਸੁਆਮੀ ਹਰੀ ! ਆਪ ਮੇਰੇ ਪਰ ਕਿਰਪਾਲੂ ਹੋਵੋ, ਜੋ ਆਪ ਜੀ ਦੇ ਚਰਨਾਂ ਦੇ ਧਿਆਨ ਨਾਲ ਮੇਰਾ ਮਨ ਸਮਾ ਜਾਵੇ॥ ੩॥

ਖੋਜਤ ਖੋਜਤ ਪ੍ਰਭ ਮਿਲੇ ਹਰਿ ਕਰੁਣਾ ਧਾਰੇ॥

ਖੋਜਦਿਆਂ-ਖੋਜਦਿਆਂ-ਹਰੀ ਪ੍ਰਭੂ ਆਪ ਹੀ ਕਰੁਣਾ= ਕਿਰਪਾ ਧਾਰੇ= ਕਰ ਕੇ ਮਿਲ ਪਏ।

ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ॥

ਮੈਂ ਨਿਰਗੁਣ= ਸ਼ੁਭ ਗੁਣਾਂ ਤੋਂ ਰਹਿਤ ਸਾਂ, ਨੀਚ ਜ਼ਾਤੀ ਵਾਲਾ, ਵਾ :- ਨੀਚ ਸੰਕਲਪਾਂ ਵਾਲਾ ਸੀ, ਪੁਨਾ ਅਨਾਥ ਸੀ ਪਰ ਉਸ ਪ੍ਰਭੂ ਨੇ ਮੇਰਾ ਕੋਈ ਦੋਸ਼ ਨਹੀਂ ਵਿਚਾਰਨਾ ਕੀਤਾ।

ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ ਬਖਾਨਿਆ॥

ਉਸ ਨੇ ਮੇਰੇ ਦੋਸ਼ ਨਹੀਂ ਵਿਚਾਰਨਾ ਕੀਤੇ, ਉਸ ਵਿਚ ਸਾਰੇ ਸੁਖ ਪੂਰਨ ਹਨ ਅਤੇ ਉਸ ਦਾ ਬਿਰਦੁ= ਧਰਮ ਪਤਿਤ ਪਾਵਨ ਕਥਨ ਕੀਤਾ ਗਿਆ ਹੈ।

ਭਗਤਿ ਵਛਲੁ ਸੁਨਿ ਅੰਚਲੁ ਗਹਿਆ ਘਟਿ ਘਟਿ ਪੂਰ ਸਮਾਨਿਆ॥

ਭਗਤਾਂ ਦਾ ਵਛਲੁ= ਪਿਆਰਾ ਸੁਣ ਕੇ ਮੈਂ ਉਸ ਦਾ ਅੰਚਲੁ= ਪੱਲਾ ਫੜਿਆ ਹੈ, ਉਹ ਘਟਾਂ ਘਟਾਂ ਵਿਚ ਇਕ ਸਮਾਨ ਪੂਰਨ ਹੈ।

ਸੁਖ ਸਾਗਰੁ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ॥

ਜਿਸ ਵੇਲੇ ਸਹਜ ਸੁਭਾਇਆ= ਸ਼ਾਂਤੀ ਸੁਭਾਅ ਨਾਲ ਸੁਖ ਸਾਗਰੁ= ਸੁਖਾਂ ਦੇ ਸਮੁੰਦਰ-ਪਰਮੇਸ਼ਰ ਨੂੰ ਪਾਇਆ ਤਾਂ ਜਨਮ ਮਰਨ ਦੇ ਦੁੱਖ ਹਾਰੇ= ਖਤਮ ਹੋ ਗਏ।

ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਮੈਂ ਗਲ ਵਿਚ ਰਾਮ ਨਾਮ ਰੂਪੀ ਹਾਰ ਨੂੰ ਪਹਿਰਿਆ ਤਾਂ ਆਪਣਾ ਦਾਸ ਜਾਣ ਕੇ ਪ੍ਰਭੂ ਨੇ ਮਨ ਰੂਪੀ ਹੱਥ ਤੋਂ ਫੜ ਲਿਆ॥ ੪॥ ੧॥

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ-ਭਗਤ ਕਬੀਰ ਜੀ ਪਾਸ ਇਕ ਪ੍ਰੇਮੀ ਨੇ ਆ ਕੇ ਪੁੱਛਿਆ-''ਭਗਵਾਨ ਦਾ ਸਰੂਪ ਕੌਣ ਹਨ?'' ਇਹ ਗੱਲ ਸੁਣ ਕੇ ਕਬੀਰ ਜੀ ਜੀਵਨ-ਮੁਕਤ ਅਵਸਥਾ ਵਾਲੇ ਮਹਾਤਮਾਂ ਦੇ ਲੱਖਣ ਦੱਸਦੇ ਹਨ :-

ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥

ਜਿਨ੍ਹਾਂ ਨੇ ਉਸਤਤੀ ਤੇ ਨਿੰਦਿਆ ਦੋਹਾਂ ਨੂੰ ਬਿਬਰਜਿਤ= ਤਿਆਗਿਆ ਹੈ ਅਤੇ ਮਾਨ ਅਪਮਾਨ ਨੂੰ ਵੀ ਤਿਆਗਿਆ ਹੈ।

ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥ ੧॥

ਜੋ ਲੋਹੇ ਅਤੇ ਸੋਨੇ ਨੂੰ ਸਮ ਕਰਿ= ਇਕ ਬਰਾਬਰ ਜਾਣਦੇ ਹਨ ਤੇ= ਉਹ ਭਗਵਾਨ ਦਾ ਮੂਰਤਿ= ਸਰੂਪ ਹੀ ਹਨ॥ ੧॥

ਯਥਾ :- ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥

(ਭੈਰਉ ਮਹਲਾ ੪, ਪੰਨਾ ੧੧੩੪)

ਭਾਵ- ਜਿਸ ਦੇ ਹਿਰਦੇ ਵਿਚ ਮੁਰਾਰੀ ਦਾ ਨਾਮ ਹੈ, ਓਹ ਹਰੀ ਦਾ ਸੰਤ ਹਰਿ ਹਰਿ ਦੀ ਮੂਰਤੀ ਹੈ।

ਤਥਾ:- ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ ੭॥

(ਗਉੜੀ ਸੁਖਮਨੀ, ਪੰਨਾ ੨੭੫)

ਤੇਰਾ ਜਨੁ ਏਕੁ ਆਧੁ ਕੋਈ॥

ਹੇ ਵਾਹਿਗੁਰੂ ! ਏਹੋ ਜੇਹੀ ਸਮ ਦ੍ਰਿਸ਼ਟੀ ਵਾਲਾ ਆਪ ਜੀ ਦਾ ਕੋਈ ਇਕ ਅੱਧਾ ਭਾਵ ਵਿਰਲਾ ਹੀ ਦਾਸ ਹੈ। *ਅਥਵਾ :-* ਇਕ ਬ੍ਰਹਮ ਗਿਆਨੀ ਤੇ ਅੱਧਾ ਜਗਿਆਸੂ ਹੈ।

ਯਥਾ :- ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ॥ ੨॥ ੩॥

(ਗਉੜੀ ਮਹਲਾ ੯, ਪੰਨਾ ੨੧੯)

ਤਥਾ:- ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨੁ ਭਗਤੁ ਚਿਰਾਨੋ॥ ੧॥

(ਮਲਾਰ ਮ: ੪, ਪੰਨਾ ੧੨੬੯)

ਤਥਾ:- ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ ੧੨॥

(ਮ: ੧, ਪੰਨਾ ੧੪੧੧)

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ
ਹਰਿ ਪਦੁ ਚੀਨੈ ਸੋਈ॥ ੧॥ ਰਹਾਉ॥

ਜਿਹੜਾ ਪੁਰਸ਼ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਬਿਬਰਜਿਤ= ਰੋਕਦਾ ਹੈ, ਉਹ ਹਰੀ ਪਦੁ= ਆਤਮ-ਪਦ ਨੂੰ ਚੀਨੈ= ਜਾਣਦਾ ਹੈ॥ ੧॥ ਰਹਾਉ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਏਹ ਤੇਰੀ ਸਭ ਮਾਇਆ॥

ਰਜੋ ਗੁਣ, ਤਮੋ ਗੁਣ, ਸਤੋ ਗੁਣ (ਜੋ ਤਿੰਨ ਗੁਣ ਕਥਨ ਕੀਤੇ ਹਨ) ਇਹ ਸਭ ਉਸ ਦੀ ਮਾਇਆ ਹੀ ਹੈ, ਭਾਵ ਮਾਇਆ ਤੋਂ ਉਤਪੰਨ ਹੋਣ ਕਰ ਕੇ ਮਾਇਆ ਰੂਪ ਹੀ ਹਨ, ਕਿਉਂਕਿ ਮਾਇਆ ਹੀ ਤ੍ਰਿਗੁਣ ਆਤਮਕ ਰੂਪ ਹੋ ਰਹੀ ਹੈ। ਐਸੀ ਮਾਇਆ ਨੂੰ ਤਿਆਗ ਕੇ-

ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ॥ ੨॥

ਜਿਹੜਾ ਆਦਮੀ ਚਉਥੇ ਪਦ ਕਉ= ਚਤੁਰਥ ਭੂਮਿਕਾ ਰੂਪ ਤੁਰੀਆ ਪਦ ਨੂੰ ਚੀਨੈ= ਜਾਣਦਾ ਹੈ, ਓਸੇ ਨੇ ਪਰਮ ਪਦੁ= ਆਤਮਕ-ਪਦ ਪਾਇਆ ਹੈ॥ ੨॥

ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ॥

(ਸ੍ਰੇਸ਼ਟਾਚਾਰ ਲਈ) ਤੀਰਥ-ਯਾਤਰਾ, (ਸਤ ਨਰਾਇਣ, ਇਕਾਦਸ਼ੀ ਆਦਿ) ਵਰਤ, ਸੱਚ ਬੋਲਣ ਦਾ ਨੇਮ, ਸੁਚਿ= ਪਵਿੱਤ੍ਰਤਾ, ਸੰਜਮ= ਇੰਦ੍ਰੀਆਂ ਦਾ ਦਮਨ, ਇਤਿਆਦਿਕ ਸਾਧਨ ਕਰਦਾ ਹੋਇਆ ਇਨ੍ਹਾਂ ਦੇ ਫਲਾਂ ਦੀ ਇੱਛਾ ਤੋਂ ਹਮੇਸ਼ਾਂ ਨਿਹਕਾਮਾ= ਨਿਰਿਛਤ ਰਹਿੰਦਾ ਹੈ।

ਯਥਾ :- ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (ਪੰਨਾ ੨੮੬)

ਜਿਵੇਂ ਕ੍ਰਿਸ਼ਨ ਜੀ ਨੇ ਅਰਜਨ ਨੂੰ ਕਿਹਾ ਹੈ:-

ਕਰਮਣੈਵ ਹੀ ਸੰਸਿਧੀ ਮਾਇਸਥਿਤਾ ਜਨਕਾਦ੍ਹ।
ਲੋਕ ਸੰਗ੍ਰਹਮ੍ ਏਵ ਸੰਪਸ਼ਜਨ੍ ਕ੍ਰਤੁਮ੍ ਅ੍ਹਸੀ॥ ੨੦॥ (ਗੀਤਾ ਅਧਿ: ੩)

ਅਰਥ :- ਜਨਕ ਆਦਿਕ ਗਿਆਨੀ ਜਨ ਭੀ ਕਾਮਨਾ ਰਹਿਤ ਹੋ ਕੇ ਕਰਮਾਂ ਦੁਆਰਾ ਹੀ ਪਰਮ ਸਿਧੀ ਨੂੰ ਪ੍ਰਾਪਤ ਹੋਏ ਹਨ। ਹੀ= ਇਸ ਵਾਸਤੇ ਹੇ ਅਰਜਨ ! ਵਡਿਆਂ ਲੋਕਾਂ ਵੱਲ ਸੰ= ਭਲੀ ਪ੍ਰਕਾਰ ਪਸ਼ਜਨ੍= ਵੇਖ ਕੇ ਤੂੰ ਭੀ ਕਰਮ ਕਰਨੇ ਯੋਗ ਹੋ।

कर्मणा एव हि संसद्धिम् आस्थिताः जनकादय।
लोक संग्रहम् एव अपि संपश्यन् कर्तुम् अर्हसि।। २०।। (गीता, अध्याय ३)

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ॥ ੩॥

ਪਦਾਰਥਾਂ ਦੀ ਤ੍ਰਿਸ਼ਨਾ ਅਤੇ ਮਾਇਆ= ਛਲਵਲ ਤੇ ਪੰਜ ਪ੍ਰਕਾਰ ਦਾ *ਭਰਮ, ਇਹ ਸਭ ਦੂਰ ਹੋ ਗਿਆ ਹੈ, ਪੁਨਾ ਉਹ ਆਤਮ= ਆਪਣੇ ਆਪ ਨੂੰ ਰਾਮ ਰੂਪ ਜਾਣ ਕੇ ਚਿਤਵਦਾ ਰਹਿੰਦਾ ਹੈ, ਅਰਥਾਤ ਅਭੇਦ ਚਿੰਤਨ ਕਰਦਾ ਹੈ॥ ੩॥

ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥

(ਦ੍ਰਿਸ਼ਟਾਂਤ- ਜਿਵੇਂ ਇਹ ਨਿਯਮ ਹੈ-) ਜਿਸ ਮੰਦਰ ਵਿਚ ਦੀਵਾ ਜਗਦਾ ਹੈ, ਉਸ ਮੰਦਰ 'ਚੋਂ ਹਨ੍ਹੇਰਾ ਦੂਰ ਹੋ ਜਾਂਦਾ ਹੈ।

(ਦਾ ਦ੍ਰਿਸ਼ਟਾਂਤ-) ਏਸੇ ਤਰ੍ਹਾਂ ਜਿਸ ਜਗਿਆਸੂ ਦੇ ਅੰਤਹਕਰਨ ਰੂਪ ਮੰਦਰ ਵਿਚ ਗਿਆਨ ਰੂਪੀ ਦੀਵਾ ਬਲਿਆ ਹੈ, ਉਸ ਅੰਤਹਕਰਨ 'ਚੋਂ ਅਗਿਆਨ ਰੂਪ ਹਨ੍ਹੇਰਾ ਨਸ ਜਾਂਦਾ ਹੈ।

ਯਥਾ :- ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥ *(ਪੰਨਾ ੭੯੧)*

ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥ ੪॥ ੧॥

ਕਬੀਰ ਦਾਸ ਜਨ ਜੀ ਕਹਿੰਦੇ ਹਨ— ਭਰਮ ਦੇ ਭਾਗਾ ਦੂਰ= ਹੋਣ ਕਰ ਕੇ ਨਿਰਭ੍ਹਉ= ਪਰਮਾਤਮਾ ਨੂੰ ਸਾਰੇ ਪਰੀਪੂਰਨ ਹੋ ਰਿਹਾ ਨਿਸਚੇ ਕੀਤਾ ਹੈ॥ ੪॥ ੧॥

ਉਥਾਨਕਾ-ਇਕ ਪਰੇਮੀ ਨੇ ਆ ਕੇ ਕਿਹਾ-''ਸੰਸਾਰੀ ਜੀਵਾਂ ਨੇ ਕੀ ਖਰੀਦਿਆ ਹੈ? ਤੇ ਸੰਤਾਂ ਨੇ ਕੀ ਖਰੀਦਿਆ ਹੈ? ਅਤੇ ਆਪ ਨੇ ਕੀ ਖਰੀਦਿਆ ਹੈ?''

ਇਹ ਗੱਲ ਸੁਣ ਕੇ ਕਬੀਰ ਜੀ ਦੱਸਦੇ ਹਨ-

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥

ਕਿਸੇ ਪੁਰਸ਼ ਨੇ ਕੈਂਹਾਂ ਤੇ ਤਾਂਬਾ ਖਰੀਦਿਆ ਹੈ, ਕਿਸੇ ਨੇ ਲੌਂਗ ਤੇ ਸੁਪਾਰੀ ਖਰੀਦੀ ਹੈ।

ਅਥਵਾ :- ਕਿਸੇ ਨੇ ਕਾਂਸੀ= ਪੁਰਾਣਾਂ ਨੂੰ ਪੜ੍ਹਨਾ ਕੀਤਾ ਹੈ, ਤਾਂਬਾ= ਵੇਦਾਂ ਨੂੰ ਪੜ੍ਹਨਾ ਕੀਤਾ ਹੈ, ਕਿਸੇ ਨੇ ਲਉਗ= ਸ਼ਾਸਤਰ ਤੇ ਸੁਪਾਰੀ= ਸਿਮ੍ਰਤੀਆਂ ਨੂੰ ਪੜ੍ਹਨਾ ਕੀਤਾ ਹੈ।

ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥ ੧॥

ਪਰ ਸੰਤਾਂ ਨੇ ਪਰਮਾਤਮਾ ਦਾ ਨਾਮ ਖਰੀਦਿਆ ਹੈ ਅਤੇ ਸਾਡੀ ਵੀ ਅਜੇਹੀ ਖੇਪ ਹੈ। ਭਾਵ ਮੈਂ ਵੀ ਪਰਮਾਤਮਾ ਦਾ ਨਾਮ ਖਰੀਦਿਆ ਹੈ॥ ੧॥

ਹਰਿ ਕੇ ਨਾਮ ਕੇ ਬਿਆਪਾਰੀ॥

ਅਸੀਂ ਪਰਮਾਤਮਾ ਦੇ ਨਾਮ ਦੇ ਹੀ ਬਿਆਪਾਰੀ= ਵਾਪਾਰੀ (ਖਰੀਦਦਾਰ) ਹਾਂ।

**ਦੋਹਿਰਾ॥ ਭੇਦ ਭਰਮ ਕਰਤਤ ਭਰਮ ਪੁਨ ਸੰਗ ਭਰਮ ਵਿਕਾਰ।*
ਬ੍ਰਹਮ ਇਤਰ ਜਗ ਸਤ ਹੈ ਯੇ ਪਾਂਚੋਂ ਭਰਮ ਸੰਸਾਰ।
ਭਰਮ ਨਵਿਰਤੀ ਸਾਧਨ- ਬਿੰਬ ਪ੍ਰਤਿਬਿੰਬ ਲੌਹ ਸਫੱਟਕ ਘਾਟ ਕਾਸ ਗੁਨ ਮਾਰ।
ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੋਂ ਭਰਮ ਨਿਵਾਰ।

ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥ ੧॥ ਰਹਾਉ॥

ਭਜਨ-ਸਿਮਰਨ ਕਰਦਿਆਂ-ਕਰਦਿਆਂ ਨਿਰਮੋਲਕੁ ਹੀਰਾ= ਪਰਮਾਤਮਾ, ਮਨ ਰੂਪੀ ਹੱਥ ਉੱਤੇ ਚੜ੍ਹਿਆ= ਪ੍ਰਾਪਤ ਹੋਇਆ ਹੈ, ਇਸ ਲਈ ਸਾਥੋਂ ਸੰਸਾਰੀ ਕਿਰਿਆ ਛੁੱਟ ਗਈ ਹੈ॥ ੧॥ ਰਹਾਉ॥

*ਯਥਾ :-*ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ॥

ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥ ੧੬੨॥ *(ਪੰਨਾ ੧੩੭੩)*

ਤਥਾ:- ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥ *(ਪੰਨਾ ੧੩੭੭)*

ਪ੍ਰਸ਼ਨ- ਐਸਾ ਨਾਮ ਦਾ ਵਣਜ ਕਰਨਾ ਆਪ ਨੂੰ ਕਿਸ ਦੁਆਰਾ ਪ੍ਰਾਪਤ ਹੋਇਆ ਹੈ? *ਉੱਤਰ-*

ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ॥

ਸਾਚੇ= ਪਰਮੇਸ਼ਰ ਨੇ ਪ੍ਰੇਰ ਕੇ ਸਾਨੂੰ ਲਾਇਆ ਹੈ ਤਾਂ ਅਸੀਂ ਸੱਚ ਨਾਮ ਵੱਲ ਲੱਗੇ ਹਾਂ, ਹੁਣ ਅਸੀਂ ਸੱਚੇ ਨਾਮ ਦੇ ਹੀ ਵਪਾਰੀ ਹਾਂ।

ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ॥ ੨॥

ਸੱਚੀ ਨਾਮ-ਵਸਤੂ, *ਵਾ :-* ਸ਼ੁਭ ਗੁਣ, *ਵਾ :-* ਆਤਮ-ਵਸਤੂ ਦੇ ਭਾਰ ਅੰਤਹਕਰਨ ਵਿਚ ਚਲਾਏ ਹਨ। ਭਾਵ ਨਾਮ ਦਾ ਬੋਝ ਜਿਸ ਵੇਲੇ ਅੰਤਹਕਰਨ ਨੇ ਝੱਲ ਲੀਤਾ।

ਅਥਵਾ :— ਸੱਚੀ ਨਾਮ-ਵਸਤੂ ਦੇ ਭਾਰ ਨੂੰ ਚੁੱਕ ਕੇ ਜਦ ਆਪਣੇ ਆਪ ਨੂੰ ਪਰਮੇਸ਼ਰ ਵੱਲ ਚਲਾਇਆ। ਤਾਂ ਭੰਡਾਰੀ= ਪਰਮਾਤਮਾ ਪਾਸ ਜਾ ਪਹੁੰਚੇ॥ ੨॥

ਉਸ ਦੇ ਪਾਸ ਪਹੁੰਚਣ ਨਾਲ ਇਹ ਨਿਰ੍ਹਾ ਹੋ ਗਈ ਕਿ ਆਪ ਹੀ ਪਰਮਾਤਮਾ ਸਭ ਰੂਪ ਹੋ ਰਿਹਾ ਹੈ-

ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ॥

ਆਪ ਹੀ ਪਰਮਾਤਮਾ ਰਤਨ, ਜਵਾਹਰ, ਮਾਣਿਕ ਰੂਪ ਹੈ, ਆਪ ਹੀ ਰਤਨ= ਹੀਰੇ ਸਬਜ਼ੇ ਪੰਨੇ ਮਾਣਿਕ ਆਦਿ ਪਸਾਰੇ ਵਾਲਾ, ਜੌਹਰੀ ਹੈ।

ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ॥ ੩॥

ਆਪ ਹੀ ਦਸੋ ਦਿਸ਼ਾ* ਰੂਪ ਹੋ ਰਿਹਾ ਹੈ, ਆਪ ਹੀ ਜੀਵਾਂ ਨੂੰ (ਉਹਨਾਂ ਦਿਸ਼ਾਵਾਂ ਵਿਚ ਕੰਮਾਂ-ਕਾਰਾਂ ਲਈ) ਤੋਰਦਾ ਹੈ, ਆਪ ਵਾਪਾਰੀ ਰੂਪ ਪਰਮਾਤਮਾ ਨਿਹਚਲੁ= ਇਕ ਜਗ੍ਹਾ ਟਿਕਿਆ ਰਹਿੰਦਾ ਹੈ।

ਦੂਜਾ ਅਰਥ- ਆਪ ਹੀ ਰਤਨ= ਵੈਰਾਗ, ਜਵਾਹਰ= ਗਿਆਨ, ਮਾਨਿਕ= ਸਰਵਣ, ਮੰਨਨ ਨਿਧਿਆਸਣ ਰੂਪ ਹੋ ਰਿਹਾ ਹੈ, ਆਪ ਹੀ ਭਗਤੀ ਪਸਾਰੇ ਵਾਲਾ ਗੁਰੂ ਰੂਪ ਜੌਹਰੀ ਹੈ।

ਆਪ ਹੀ ਦਹ ਦਿਸ= ਦਸ ਇੰਦ੍ਰੀਆਂ ਨੂੰ ਸੱਤਾ ਦੇ ਕੇ ਚਲਾਉਂਦਾ ਹੈ, ਆਪ ਹੀ ਸ਼ੁਭ ਗੁਣਾਂ ਰੂਪੀ ਮਾਲ ਦੇ ਖਰੀਦਣ ਵਾਲਾ ਨਿਸਚਲ ਬੁੱਧੀ ਵਾਲਾ ਬਿਆਪਾਰੀ= ਵਪਾਰੀ (ਜਗਿਆਸੂ) ਹੈ॥ ੩॥

ਪ੍ਰਸ਼ਨ- ਐਸੇ ਪਰਮਾਤਮਾ ਦੀ ਪ੍ਰਾਪਤੀ ਲਈ ਆਪ ਜੀ ਨੇ ਕਿਹੜਾ ਸਾਧਨ ਕੀਤਾ ਹੈ ? *ਉੱਤਰ-*

**ਪੂਰਬ, ਪੱਛਮ, ਉੱਤਰ, ਦੱਖਣ, ਈਸਾਨ, ਨੈਰਤ, ਵਾਯਵ, ਅਗਨਿ, ਅਧੋ (ਧਰਤੀ), ਉਰਧ (ਅਕਾਸ਼)।*

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ॥

ਸ਼ੁੱਧ ਮਨ ਨੂੰ ਬੈਲ ਕੀਤਾ ਹੈ, ਸੁਰਤਿ= ਗਿਆਤ, ਵਾ :- ਪਰੇਮ ਇਹ ਪੈਡਾ= ਰਸਤਾ ਕੀਤਾ ਹੈ, ਗਿਆਨ ਰੂਪੀ ਗੋਨਿ= ਛੱਟ ਭਰ ਪਾਈ ਹੈ। ਵਾ :- ਅੰਤਹਕਰਨ ਰੂਪ ਗੋਨਿ= ਬੋਰੀ ਵਿਚ ਗਿਆਨ ਰੂਪ ਵਸਤੂ ਭਰ ਪਾਈ ਹੈ। ਵਾ :- ਗਿਆਨ ਰੂਪ ਬੋਰੀ ਵਿਚ ਆਤਮ- ਵਸਤੂ ਭਰ ਪਾਈ ਹੈ।

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ॥ ੪॥ ੨॥

ਕਬੀਰ ਜੀ ਕਥਨ ਕਰਦੇ ਹਨ- ਹੇ ਸੰਤ ਜੀ! ਸੁਣਨਾ ਕਰੋ, ਇਸ ਤਰ੍ਹਾਂ ਸਾਡੀ ਜਪ ਤਪ, ਵਾ :- ਭਗਤੀ ਰੂਪੀ ਖੇਪ ਨਿਭ ਗਈ ਹੈ। ਭਾਵ ਤੋੜ ਚੜ੍ਹ ਗਈ॥ ੪॥ ੨॥

ਉਥਾਨਕਾ-ਇਕ ਜੋਗੀ ਨੇ ਆ ਕੇ ਕਿਹਾ-''ਕਬੀਰ ਜੀ ! ਆਪ ਸ਼ਰਾਬ ਪੀਆ ਕਰੋ ਤਾਂ ਦਸਮ ਦੁਆਰ ਦਾ ਰਸਤਾ ਸੌਖਾ ਹੋ ਜਾਵੇਗਾ।''

ਇਹ ਗੱਲ ਸੁਣ ਕੇ ਕਬੀਰ ਜੀ ਜੋਗੀ ਨੂੰ ਉੱਤਰ ਦੇਂਦੇ ਹਨ-

ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ॥

ਰੀ= ਹੇ ! ਕਲਵਾਰਿ= ਕਲਹ ਵਾਲੇ, ਗਵਾਰਿ= ਮੂਰਖ ਜੜ੍ਹ ਬੁੱਧੀ ਵਾਲੇ ਜੋਗੀ ! ਅਪਾਨ ਵਾਯੂ ਤੇ ਪ੍ਰਾਣਾਂ ਨੂੰ ਉਲਟਾ ਕੇ ਦਸਮ ਦੁਆਰ ਵੱਲ ਫੇਰਨਾ ਕਰ।

ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚਆਵਉ॥ ੧॥

ਮਨ ਨੂੰ ਮਤਵਾਲਾ ਕਰਨ ਵਾਸਤੇ ਮੇਰ= ਸ਼੍ਰੋਮਣੀ ਦਸਮ ਦੁਆਰ ਨੂੰ ਭੱਠੀ ਦੇ ਸਰ= ਸਦਰਸ ਕਰ, ਇੜਾ ਪਿੰਗਲਾ ਦੋ ਨਾਲਾਂ ਕਰ, ਇਸ ਰੀਤੀ ਨਾਲ ਜੋਗਾਨੰਦ ਰੂਪੀ ਅੰਮ੍ਰਿਤ ਧਾਰਾ ਚੁਆਉਣਾ ਕਰ!

ਦੂਜਾ ਅਰਥ- (ਭਗਤੀ ਮਾਰਗ ਦੀ ਰੀਤੀ ਅਨੁਸਾਰ-)

ਹੇ ਕਲਹ ਵਾਲੇ, ਜੜ੍ਹ ਬੁੱਧੀ ਵਾਲੇ, ਮੂਰਖ ਜੋਗੀ ! ਸੰਸਾਰ ਵੱਲ ਲੱਗੇ ਹੋਏ ਪਵਨੁ= ਸਵਾਸਾਂ ਨੂੰ ਉਲਟਾ ਕੇ ਪਰਮਾਤਮਾ ਵੱਲ ਫੇਰ।

ਮੇਰ ਸਰ= ਸੁਮੇਰ ਪਰਬਤ ਵਾਂਗ ਅਚੱਲ ਜੋ ਚੇਤਨ ਹੈ, ਉਸ ਨੂੰ ਭੱਠੀ ਕਰ ਤੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਧਾਰਾ ਚੋ ਕੇ ਮਨੁ ਮਤਵਾਰ= ਮਨ ਨੂੰ ਮਸਤ ਕਰ।

ਬੋਲਹੁ ਭਈਆ ਰਾਮ ਕੀ ਦੁਹਾਈ॥

ਹੇ ਭਾਈ ! ਰਾਮ ਨਾਮ ਬੋਲਣਾ ਕਰ, ਜੇ ਨਾ ਬੋਲੇਂਗਾ ਤਾਂ ਰਾਮ ਦੀ ਦੁਹਾਈ= ਸੌਂਹ ਹੈ।

ਵਾ :- ਦੁਹਾਈ ਮਚਾ ਕੇ ਰਾਮ ਨਾਮ ਦੀ ਕੀਰਤੀ ਬੋਲੋ, ਤਾਂ ਕਿ ਹੋਰ ਵੀ ਸੁਣ ਕੇ ਤਰ ਜਾਣ।

ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ॥ ੧॥ ਰਹਾਉ॥

ਜੋ ਜੋਗਾਨੰਦ ਅਤੇ ਬ੍ਰਹਮਾਨੰਦ ਰੂਪੀ ਮਤ (ਸ਼ਰਾਬ) ਆਪਣੇ ਆਪ ਪ੍ਰਾਪਤ ਹੋਣਾ ਬੜਾ ਦੁਰਲਭ= ਕਠਿਨ ਹੈ, ਸੰਤਾਂ ਦੁਆਰੇ ਉਸ ਨੂੰ ਹਮੇਸ਼ਾਂ ਬੁੱਧੀ ਵਿਚ ਪੀਣਾ ਕਰੋ ਤਾਂ ਸਹਿਜੇ ਹੀ ਤੁਹਾਡੀ ਪਿਆਸ= ਤ੍ਰੇਹ ਬੁਝ ਜਾਵੇਗੀ, ਕਿਉਂਕਿ ਇਸ ਅੰਮ੍ਰਿਤ ਨੇ ਮੇਰੀ ਪਿਆਸ ਸੁਤੇ ਹੀ ਬੁਝਾ ਦਿੱਤੀ ਹੈ।

ਯਥਾ :- ਕਹਿ ਕਬੀਰ ਭਜੁ ਸਾਰਿੰਗਪਾਨੀ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ॥ ੪॥

(ਗਉੜੀ ਕਬੀਰ ਜੀ, ਪੰਨਾ ੩੨੩)

ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ॥

ਪਰਮਾਤਮਾ ਦੇ ਖੌਫ ਵਿਚ ਹੀ ਭਾਉ= ਗਿਆਨ ਦੀ ਪ੍ਰਾਪਤੀ ਹੈ, ਪਰ ਇਸ ਗੱਲ ਨੂੰ ਭਾਇ= ਪ੍ਰੇਮ ਨਾਲ ਕੋਈ ਵਿਰਲਾ ਹੀ ਸਮਝਦਾ ਹੈ, ਜਿਹੜਾ ਸਮਝਦਾ ਹੈ, ਹੇ ਭਾਈ ! ਉਹ ਹਰੀ ਦੇ ਰਸੁ= ਅਨੰਦ ਨੂੰ ਪਾਉਂਦਾ ਹੈ।

ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ॥ ੨॥

ਜਿੰਨੇ-ਕੁ ਸਰੀਰਾਂ ਰੂਪ ਘੜੇ ਹਨ, ਤਿਨ੍ਹਾਂ ਸਾਰਿਆਂ ਵਿਚ ਚੇਤਨ ਦੇਵ ਰੂਪੀ ਅੰਮ੍ਰਿਤ ਹੈ, ਪਰ ਵਾਹਿਗੁਰੂ ਜਿਸ ਨੂੰ ਚਾਹੇ ਉਸ ਨੂੰ ਪਿਲਾਉਂਦਾ ਹੈ। ਭਾਵ ਆਪਣਾ ਅਨੰਦ ਬਖਸ਼ਦਾ ਹੈ॥ ੨॥

ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ॥

ਸਰੀਰ ਰੂਪੀ ਇਕ ਨਗਰੀ ਹੈ, ਨੌਂ ਗੋਲਕਾਂ ਹੀ ਉਸ ਦੇ ਨੌਂ ਬੂਹੇ ਹਨ, ਉਹਨਾਂ ਨਵਾਂ ਗੋਲਕਾਂ ਰੂਪੀ ਬੂਹਿਆਂ ਥਾਣੀ ਦੌੜਦੇ ਮਨ ਨੂੰ ਬਰਜਿ ਰਹਾਈ= ਰੋਕ ਰੱਖ।

ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ॥ ੩॥

ਤ੍ਰਿਕੁਟੀ ਛੂਟੈ= (ਇੜਾ, ਪਿੰਗਲਾ, ਸੁਖਮਨਾ ਰੂਪੀ) ਤ੍ਰਿਕੁਟੀ ਛੁੱਟ ਜਾਵੇ ਤਾਂ ਦਸਵਾਂ ਦੁਆਰ ਖੁੱਲ੍ਹ ਜਾਂਦਾ ਹੈ, ਹੇ ਭਾਈ ! ਤਾਂ ਹੀ ਮਨ ਜੋਗਾਨੰਦ ਵਿਚ ਖੀਵਾ= ਮਸਤ ਹੁੰਦਾ ਹੈ।

ਅਥਵਾ :- (ਰਜੋ, ਸਤੋ, ਤਮੋ, ਵਾ :- ਧਿਆਤਾ, ਧਿਆਨ, ਧੇਅ ਰੂਪ) ਤ੍ਰਿਕੁਟੀ ਛੁੱਟ ਜਾਵੇ ਤਾਂ ਦਸਾਂ ਦੁਆਰਿਆਂ ਵਿਚ ਪੂਰਨ ਪਰਮਾਤਮਾ ਖੂਲ੍ਹੈ= ਪ੍ਰਾਪਤ ਹੁੰਦਾ ਹੈ, ਹੇ ਭਾਈ ! ਤਾਂ ਹੀ ਮਨ ਖੀਵਾ= ਮਸਤ ਹੁੰਦਾ ਹੈ॥ ੩॥

ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ॥

ਕਬੀਰ ਜੀ ਇਹ ਗੱਲ ਵਿਚਾਰ ਕੇ ਕਹਿੰਦੇ ਹਨ— ਜਿਨ੍ਹਾਂ ਨੇ ਅਭੈ ਪਦ= ਵਾਹਿਗੁਰੂ ਨੂੰ ਪੂਰਨ ਜਾਣਿਆਂ ਹੈ, ਤਿਨ੍ਹਾਂ ਦੇ (ਆਧਿ ਬਿਆਧਿ, ਉਪਾਧਿ ਰੂਪ ਤਿੰਨੇ) ਤਾਪ ਨਸ ਗਏ ਹਨ।

ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ॥ ੪॥ ੩॥

ਜਿਸ ਵੇਲੇ ਪ੍ਰਾਣ ਉਬਟ= ਉਲਟ ਕੇ ਦਸਮ ਦੁਆਰ ਵਿਚ ਚਲੇ ਤਾਂ ਇਹ ਜੋਗਾਨੰਦ ਰੂਪੀ ਸ਼ਰਾਬ ਨੂੰ ਪਾਇਆ, ਇਸ ਦੀ ਮਸਤੀ ਇਸ ਤਰ੍ਹਾਂ ਚੜ੍ਹੀ, ਜਿਵੇਂ ਸ਼ਰਾਬ ਦੇ ਖੋਂਦ= ਪਿਆਲੇ ਪੀਣ ਨਾਲ ਖੁਮਾਰੀ= ਮਸਤੀ ਚੜ੍ਹਦੀ ਹੈ।

ਦੂਜਾ ਅਰਥ-

ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ॥

ਜਿਸ ਵੇਲੇ ਸਵਾਸ ਸੰਸਾਰ ਵੱਲੋਂ ਉਲਟ ਕੇ ਪਰਮਾਤਮਾ ਦੇ ਭਜਨ ਵੱਲ ਚੱਲੇ ਤਾਂ ਇਹ ਮਦੁ*= ਆਤਮ-ਪਦ ਪਾਉਣਾ ਕੀਤਾ, ਉਸ ਦੀ ਐਸੀ ਮਸਤੀ ਹੋਈ, ਜਿਸ ਤਰ੍ਹਾਂ ਪ੍ਰਿਥਵੀ ਦੇ ਖੋਂਦ= ਪੁੱਟਣ ਨਾਲ ਧਨ ਦੀ

*ਦੂਜੇ ਅਰਥ ਵਿਚ 'ਮਦੁ ਦੀ ਜਗ੍ਹਾ 'ਪਦੁ' ਸ਼ਬਦ ਵਰਤਿਆ ਹੈ ਸੁਵਰਨੀ ਅੱਖਰ ਹੋਣ ਕਰ ਕੇ।

ਦੇਗ ਲੱਭਣੇ ਦੀ ਮਸਤੀ ਚੜ੍ਹਦੀ ਹੈ॥ ੪॥ ੩॥

ਉਥਾਨਕਾ-ਕਿਸੇ ਹੰਕਾਰੀ ਆਦਮੀ ਨੂੰ ਉਪਦੇਸ਼ ਦੇਂਦੇ ਹਨ-

ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ॥

ਹੇ ਕਾਮ ਕ੍ਰੋਧ ਤ੍ਰਿਸ਼ਨਾ ਦੇ ਵਿਚ ਲੀਣ ਹੋਏ ਪੁਰਸ਼ਾ ! ਤੂੰ ਇਕ ਵਾਹਿਗੁਰੂ ਦੀ ਗਤਿ= ਪ੍ਰਾਪਤੀ ਜਾਣਨਾ ਨਹੀਂ ਕੀਤੀ।

ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ॥ ੧॥

ਮਾਇਆ ਦੀ ਮਸਤੀ ਕਰ ਕੇ ਤੇਰੀਆਂ ਅੱਖਾਂ ਫੁੱਟ ਗਈਆਂ ਹਨ, ਇਸ ਲਈ ਤੈਨੂੰ ਕੁਝ ਦਿੱਸਦਾ ਨਹੀਂ।

ਅਥਵਾ :- ਸ਼ੁੱਧ ਬੁਧੀ, *ਵਾ :-* ਵਿਚਾਰ ਅਤੇ ਗਿਆਨ ਵੈਰਾਗ ਰੂਪੀ ਅੱਖਾਂ ਫੁੱਟ ਗਈਆਂ ਹਨ, ਇਸ ਲਈ ਤੈਨੂੰ ਕੁਝ ਭਲਾ ਬੁਰਾ ਨਹੀਂ ਸੁਝਦਾ, ਨਾਮ-ਜਲ ਤੋਂ ਬਿਨਾਂ ਸੰਸਾਰ-ਸਮੁੰਦਰ ਵਿਚ ਡੁੱਬ ਮਰਦੇ ਹੋ॥ ੧॥

[ਪੰਨਾ ੧੧੨੪]

ਚਲਤ ਕਤ ਟੇਢੇ ਟੇਢੇ ਟੇਢੇ॥

ਮਨ, ਬਾਣੀ, ਸ਼ਰੀਰ ਕਰ ਕੇ ਕਿਸ ਲਈ ਟੇਢੇ ਚਲਦੇ ਹੋ ?

ਵਾ :- ਟੇਢੇ= ਸੰਸਾਰ ਵਿਚ ਟੇਢੇ= ਪਦਾਰਥਾਂ ਲਈ ਕਿਉਂ ਟੇਢੇ ਹੋ ਕੇ ਚਲਦੇ ਹੋ?

ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ॥ ੧॥ ਰਹਾਉ॥

ਜਿਸ ਦੇਹ ਦਾ ਹੰਕਾਰ ਕਰਦੇ ਹੋ ਇਹ ਦੇਹ-ਅਸਤਿ= ਹੱਡੀਆਂ, ਬਿਸਟਾ= ਵਿਸ਼ਟਾ (ਗੰਦਗੀ), ਦੁਰਗੰਧ= ਲਹੂ ਪਾਕ ਨਾਲ ਮੂੰਦੇ= ਭਰੀ ਹੋਈ ਹੈ ਤੇ ਉਪਰੋਂ ਚਰਮ= ਚੰਮ ਨਾਲ ਬੇਢੇ= ਲਪੇਟੀ ਹੋਈ ਹੈ।

*ਯਥਾ :-*ਵਾਰੀ ਤੇ ਬਲਿਹਾਰੀ ਨਿਤ ਜਾਈਏ ਉਹਦੀ ਸ਼ਾਨ ਉਤੋਂ,
ਜਿਸ ਦੀਆਂ ਕੁਦਰਤਾਂ ਬਣਾਇਆ ਤੁਛ ਬੰਦਾ ਹੈ।
ਅੱਡੋ ਅੱਡੀ ਹੱਡੀਆਂ ਦੇ ਜੋੜ ਜੋੜੇ ਜੁਗਤਿ ਨਾਲ,
ਕੀਤੀ ਸੁ ਸਫਾਈ ਸੋਹਣਾ ਫੇਰ ਫੇਰ ਰੰਦਾ ਹੈ।
ਉਤੋਂ ਚਿੱਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ,
ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।
ਬੰਦਾ ਉਸ ਦਾ ਹੋ ਕੇ ਕਰੇ ਬੰਦਗੀ ਤਾਂ ਬੰਦਾ ਚੰਗਾ,
ਬੰਦਗੀ ਤੋਂ ਬਿਨਾ ਬੰਦਾ ਗੰਦੇ ਤੋਂ ਭੀ ਗੰਦਾ ਹੈ। *(ਆਸਾ ਵਰੀਆਂ)*

ਤਥਾ:- ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ ੧॥ *(ਸੋਰਠਿ ਰਵਿਦਾਸ ਜੀ, ਪੰਨਾ ੬੫੯)*

ਤਥਾ:- ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ॥
ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ॥ ੩੭॥ *(ਪੰਨਾ ੧੩੬੬)*

ਰਾਮ ਨ ਜਪਹੁ ਕਵਨ ਭ੍ਰਮ ਭੂਲੇ ਤੁਮ ਤੇ ਕਾਲੁ ਨ ਦੂਰੇ॥

ਹੇ ਭਾਈ ! ਵਾਹਿਗੁਰੂ ਨੂੰ ਜਪਦੇ ਨਹੀਂ ਕਿਸ ਭਰਮ ਵਿਚ ਲੱਗ ਕੇ ਭੁੱਲ ਰਹੇ ਹੋ, ਤੁਹਾਡੇ ਕੋਲੋਂ ਕਾਲ ਦੂਰ ਨਹੀਂ।

ਅਨਿਕ ਜਤਨ ਕਰਿ ਇਹ ਤਨੁ ਰਾਖਹੁ ਰਹੈ ਅਵਸਥਾ ਪੂਰੇ॥ ੨॥

ਤੁਸੀਂ ਅਨੇਕ ਹੀ ਪ੍ਰਕਾਰ ਦੇ ਜਤਨ ਕਰ ਕੇ ਇਸ ਸਰੀਰ ਨੂੰ ਰੱਖਦੇ ਹੋ। ਭਾਵ ਕਲਫ ਲਗਾਉਂਦੇ ਹੋ ਤੇ ਕੁਸ਼ਤੇ ਖਾਂਦੇ ਹੋ ਪਰ ਰਹਿਣਾ ਇਸ ਨੇ ਆਪਣੀ ਪੂਰਨ ਅਵੱਸਥਾ ਤਕ ਹੀ ਹੈ।

*ਯਥਾ :-*ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥

ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥ *(ਮ: ੫, ਪੰਨਾ ੨੫੪)*

ਜਿਸ ਵੇਲੇ ਅਵਸਥਾ ਪੂਰੀ ਹੋ ਗਈ ਫੇਰ ਇਕ ਮਿੰਟ ਕੋਈ ਨਹੀਂ ਰੱਖਦਾ।

ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ॥

ਆਪਣਾ ਕੀਤਾ ਕੁਝ ਨਹੀਂ ਹੁੰਦਾ, ਇਹ ਪ੍ਰਾਣੀ ਕੀ ਕੁਝ ਕਰ ਸਕਦਾ ਹੈ?

ਜਾ ਤਿਸੁ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ ਬਖਾਨੀ॥ ੩॥

ਜਾਂ ਤਿਸੁ= ਉਸ ਪਰਮਾਤਮਾ ਨੂੰ ਭਾਵੇ ਤਾਂ ਸਤਿਗੁਰੂ ਮਿਲਦੇ ਹਨ, ਗੁਰਾਂ ਦੇ ਮਿਲਣ ਕਰ ਕੇ ਫਿਰ ਜੀਵ ਇਕ ਨਾਮ ਨੂੰ ਹੀ ਬਖਾਨੀ= ਕਥਨ ਕਰਦਾ ਹੈ॥ ੩॥

ਬਲੂਆ ਕੇ ਘਰੂਆ ਮਹਿ ਬਸਤੇ ਫੂਲ ਵਤ ਦੇਹ ਅਇਆਨੇ॥

ਬਲੂਆ ਨਾਮ ਰੇਤੇ* ਦਾ ਹੈ।

ਰੇਤੇ ਦਾ ਘਰ ਜੋ ਸਰੀਰ ਹੈ, ਜਿਸ ਵਿਚ ਤੁਸੀਂ ਵੱਸਦੇ ਹੋ, ਵਾ :- ਪੰਜਾਂ ਤੱਤਾਂ ਰੂਪੀ ਰੇਤੇ ਦੇ ਰਚੇ ਹੋਏ ਸਰੀਰ-ਘਰ ਵਿਚ ਵੱਸਦੇ ਹੋ ਪਰ ਹੇ ਮੂਰਖਾ ! ਇਹ ਸਰੀਰ ਫੁੱਲ ਵਾਂਗ ਖਿਨ ਭੰਗਰ ਹੈ।

*ਯਥਾ :-*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥ *(ਮ: ੧, ਪੰਨਾ ੨੩)*

ਕਹੁ ਕਬੀਰ ਜਿਹ ਰਾਮੁ ਨ ਚੇਤਿਓ ਬੂਡੇ ਬਹੁਤੁ ਸਿਆਨੇ॥ ੪॥ ੪॥

ਕਬੀਰ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਵਾਹਿਗੁਰੂ ਨੂੰ ਯਾਦ ਨਹੀਂ ਕੀਤਾ, ਓਹ ਬੜੇ-ਬੜੇ (ਅਫਲਾਤੂ ਵਰਗੇ) ਸਿਆਣੇ ਆਦਮੀ ਡੁੱਬ ਗਏ ਹਨ॥ ੪॥ ੪॥

ਯਥਾ :- ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥

(ਗਉੜੀ ਸੁਖਮਨੀ, ਪੰਨਾ ੨੮੮)

ਯਥਾ:-* *ੳ) ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥*
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ *(ਬਿਲਾਵਲੁ ਮਹਲਾ ੫, ਪੰਨਾ ੮੦੮)*
ਅ) ਘਰੁ ਬਾਲੂ ਕਾ ਘੂਮਨ ਘੇਰਿ॥ *(ਬਸੰਤੁ ਮ: ੧, ਪੰਨਾ ੧੧੮੭)*
ੲ) ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥ ੧॥ *(ਜੈਜਾਵੰਤੀ ਮ: ੯, ਪੰਨਾ ੧੩੫੨)*

ਤਥਾ:- ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ॥
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ॥ (ਪੰਨਾ ੬੫੪)

ਉਥਾਨਕਾ:-ਇਕ ਹੰਕਾਰੀ ਆਦਮੀ ਟੇਢੀ ਪੱਗ ਬੰਨ੍ਹ ਕੇ ਪਾਨ ਖਾਂਦਾ ਚਲਾ ਆ ਰਿਹਾ ਸੀ, ਉਸ ਨੂੰ ਵੇਖ ਕੇ ਭਗਤ ਕਬੀਰ ਜੀ ਉਪਦੇਸ਼ ਦੇਂਦੇ ਹਨ:-

ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ॥

ਹੇ ਭਾਈ ! ਤੂੰ ਟੇਢੀ ਪੱਗ ਬੰਨ੍ਹੀ ਹੋਈ ਹੈ ਤੇ ਟੇਢਾ ਹੋ ਕੇ, ਭਾਵ ਮਨ ਮਰਜ਼ੀ ਅਨੁਸਾਰ ਚਲਦਾ ਹੈਂ ਅਤੇ ਪਾਨਾਂ ਦੇ ਬੀੜੇ ਖਾਣ ਵਿਚ ਲੱਗਾ ਹੋਇਆ ਹੈਂ। ਵਾ :- ਸੁੰਦਰ ਪੁਸ਼ਾਕੇ ਪਾ ਕੇ ਇਸ ਤਰ੍ਹਾਂ ਟੇਢੇ ਚਲਦੇ ਹੋ, ਜੋ ਖਾਨਬੀਰ ਨਿਕ੍ਹਾ ਆਉਣ ਲੱਗ ਪਏ ਹੋ।

ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ॥ ੧॥

ਤੇਰਾ ਪਰਮਾਤਮਾ ਦੀ ਭਗਤੀ ਨਾਲ ਕੁਝ ਕੰਮ ਨਹੀਂ, ਜੇ ਕੋਈ ਆਖੇ ਕਿ ਸਤਿਸੰਗ ਵਿਚ ਜ਼ਰੂਰ ਚੱਲਣਾ ਹੈ ਤਾਂ ਅੱਗੋਂ ਤੂੰ ਇਹ ਗੱਲ ਕਹਿੰਦਾ ਹੈਂ, ਕਿ ਮੇਰਾ ਤਾਂ ਅੱਜ ਦੀਵਾਨ= ਕਚਹਿਰੀ ਵਿਚ ਕੰਮ ਹੈ, ਓਥੇ ਜ਼ਰੂਰ ਪੁੱਜਣਾ ਹੈ। ਵਾ :- ਜਿਸ ਵੇਲੇ ਸਤਿਸੰਗ ਕਰਨ ਲਈ ਕੋਈ ਆਖੇ ਤਾਂ ਅੱਗੋਂ ਤੂੰ ਇਹ ਜਵਾਬ ਦੇਂਦਾ ਹੈਂ ਕਿ ਇਹ ਕੰਮ ਮੇਰਾ ਨਹੀਂ, ਇਹ ਕੰਮ ਤਾਂ ਦਿਵਾਨਿਆਂ ਦਾ ਹੈ, ਭਾਵ ਝੱਲਿਆਂ ਦਾ ਹੈ॥ ੧॥

ਰਾਮੁ ਬਿਸਾਰਿਓ ਹੈ ਅਭਿਮਾਨਿ॥

ਹੇ ਹੰਕਾਰੀ ਪੁਰਸ਼ਾ ! ਤੂੰ ਰਾਮ ਨਾਮ ਬਿਸਾਰਿਓ= ਭੁਲਾ ਦਿੱਤਾ ਹੈ।

ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ॥ ੧॥ ਰਹਾਉ॥

ਕਨਿਕ= ਸੋਨੇ ਦੇ ਗਹਿਣਿਆਂ ਨੂੰ ਅਤੇ ਬੜੀਆਂ ਸੁੰਦਰ ਕਾਮਨੀ= ਇਸਤ੍ਰੀਆਂ ਨੂੰ ਵੇਖ-ਵੇਖ ਕੇ ਤੂੰ ਸਚੁ ਮਾਨਿ= ਸੁਖ ਮੰਨਦਾ ਹੈਂ।

ਯਥਾ :-ਕਨਿਕ ਕਾਮਨੀ ਸਿਉ ਹੇਤੁ ਵਧਾਇਹਿ,
ਕੀ ਨਾਮੁ ਵਿਸਾਰਹਿ ਭਰਮਿ ਗਇਆ॥ (ਰਾਮਕਲੀ ਮ: ੧, ਪੰਨਾ ੯੦੬)

ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ॥

ਪਦਾਰਥਾਂ ਦਾ ਲਾਲਚ, ਝੂਠ ਬੋਲਣਾ, ਵਿਸ਼ੇ-ਵਿਕਾਰ ਭੋਗਣੇ ਮਹਾ ਮਦ= ਬੜਾ ਹੰਕਾਰ ਕਰਨਾ, ਇਸ ਢੰਗ ਨਾਲ ਤੇਰੀ ਅਉਧ ਬਿਹਾਨਿ= ਉਮਰਾ ਗੁਜ਼ਰਦੀ ਜਾ ਰਹੀ ਹੈ।

ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ॥ ੨॥ ੫॥

ਕਬੀਰ ਜੀ ਕਹਿੰਦੇ ਹਨ— ਹੇ ਨਿਦਾਨ= ਮੂਰਖ ਪੁਰਸ਼ਾ ! ਅੰਤ ਵੇਲੇ ਕਾਲ ਆ ਕੇ ਤੈਨੂੰ ਮਾਰਨ ਲੱਗ ਜਾਏਗਾ, ਇਸ ਲਈ ਤੂੰ ਕਾਲ ਨੂੰ ਚੇਤੇ ਰੱਖ (ਉਸ ਵੇਲੇ ਤੇਰੀ ਕਿਸ ਨੇ ਸਹਾਇਤਾ ਨਹੀਂ ਕਰਨੀ)।

ਯਥਾ :-ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥ ੧॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥ ੨॥ ੧॥ (ਪੰਨਾ ੬੩੧)

ਉਥਾਨਕਾ-ਵੈਰਾਗ ਜਨਕ ਉਪਦੇਸ਼ ਦੇਂਦੇ ਹਨ-

ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥

ਨਉਬਤਿ= ਨਗਾਰੇ ਨੂੰ ਕਹਿੰਦੇ ਹਨ। ਸਭ ਆਦਮੀ ਆਪੋ ਆਪਣੀ ਹੁਕਮ ਰੂਪੀ ਨੌਬਤ ਚਾਰ ਦਿਨ ਵਜਾ ਕੇ ਚਲੇ ਜਾਂਦੇ ਹਨ, ਕੋਈ ਚੰਗੀ ਵਜਾ ਕੇ ਚਲਦਾ ਹੈ, ਕੋਈ ਮਾੜੀ।

ਯਥਾ :-ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥
ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ॥ ੮੦ ॥ *(ਪੰਨਾ ੧੩੬੮)*

ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥੧ ॥ਰਹਾਉ ॥

ਪਹਿਲਾ ਅਰਥ-ਜੀਵ ਹਮੇਸ਼ਾਂ ਆਪਣੇ ਚਿਤ ਵਿਚ ਇਸ ਤਰ੍ਹਾਂ ਵਿਚਾਰਦਾ ਰਹਿੰਦਾ ਹੈ ਕਿ ਐਨੀ-ਕੁ ਮੇਰੀ ਰੋਜ਼ ਦੀ ਖਟੀਆ= ਖੱਟੀ ਕਮਾਈ ਹੈ, ਐਨੀ-ਕੁ ਗਠੀਆ= ਗੰਢ ਵਿਚ ਮਾਇਆ ਬੱਧੀ ਹੋਈ ਹੈ, ਐਨੀ-ਕੁ ਮਟੀਆ= ਮਿੱਟੀ ਭਾਵ ਪ੍ਰਿਥਵੀ ਵਿਚ ਮਾਇਆ ਦੱਬੀ ਪਈ ਹੈ।

ਦੂਜਾ ਅਰਥ- ਐਨੇ-ਕੁ ਮੇਰੇ ਖਟੀਆ= ਮੰਜੇ ਪਲੰਘ ਹਨ, ਐਨੇ-ਕੁ ਮੇਰੇ ਗਠੀਆ= ਕਪੜਿਆਂ ਦੇ ਬੁਚਕੇ ਭਾਵ ਕਪੜਿਆਂ ਦੀਆਂ ਗਠੜੀਆਂ ਬੱਧੀਆਂ ਹਨ, ਐਨੀਆਂ-ਕੁ ਮੇਰੀਆਂ ਮਟੀਆ= ਜ਼ਮੀਨਾਂ ਭਾਵ ਜਗੀਰਾਂ ਹਨ। ਪਰ ਅੰਤ ਸਮੇਂ ਜੀਵ ਆਪਣੇ ਨਾਲ ਕੁਝ ਵੀ ਲੈ ਕੇ ਨਹੀਂ ਜਾਂਦਾ ਹੋਰ ਭਲਾ ਕੀ ਆਖਣਾ ਹੈ, ਨਿਜ ਦੇ ਸੰਗੀ ਸੰਬੰਧੀ ਵੀ ਉਸ ਵੇਲੇ ਸਹਾਇਤਾ ਨਹੀਂ ਕਰ ਸਕਦੇ।

ਦੇਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ ॥

ਘਰ ਦੀ *ਦੇਹਰੀ= ਦਿਲੀਜ਼ 'ਤੇ ਬੈਠੀ ਮਿਹਰੀ= ਇਸਤ੍ਰੀ ਰੋਂਦੀ ਹੈ (ਕਿਉਂਕਿ ਪੂਰਬ ਦਾ ਰਿਵਾਜ ਹੈ ਇਸਤ੍ਰੀ ਸ਼ਮਸ਼ਾਨ ਭੂਮੀ ਵਿਚ ਪਤੀ ਦੀ ਲਾਸ਼ ਨਾਲ ਨਹੀਂ ਜਾਂਦੀ) ਤੇ ਸ਼ਹਿਰ ਦੇ ਦੁਆਰੈ= ਦਰਵਾਜ਼ੇ ਤਕ ਮਾਇ= ਮਾਂ ਨਾਲ (ਰੋਂਦੀ) ਜਾਂਦੀ ਹੈ।

ਮਰਹਟ ਲਗਿ, ਸਭੁ ਲੋਗੁ ਕੁਟੰਬੁ ਮਿਲਿ, ਹੰਸੁ ਇਕੇਲਾ ਜਾਇ ॥ ੧ ॥

ਮਰਹਟ= ਸ਼ਮਸ਼ਾਣ ਭੂਮਿਕਾ ਤਕ ਸਾਰੇ ਕੁਟੰਬ ਦੇ ਲੋਕ ਮਿਲ ਕੇ ਜਾਂਦੇ ਹਨ, ਅੱਗੇ ਹੰਸੁ= ਜੀਵ-ਆਤਮਾ ਇਕੱਲਾ ਜਾਂਦਾ ਹੈ। ਜਿਸ ਵੇਲੇ ਸਾੜ ਕੇ ਬਾਹਰ ਨਿਕਲਦੇ ਹਨ ਤਾਂ ਕੱਖ ਭੰਨ ਕੇ ਸਿਰ ਤੋਂ ਪਿਛਾਂ ਸੁੱਟ ਕੇ ਇਹੋ ਆਖ ਕੇ ਤੁਰ ਪੈਂਦੇ ਹਨ ਕਿ- "ਜਤ੍ਰ ਆਇਆ ਤਤ੍ਰ ਗਤਾ।"

ਗੁਰਬਾਣੀ ਦਾ ਫੁਰਮਾਨ ਹੈ:-

ਯਥਾ :-ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥
ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥ ੩ ॥ *(ਪੰਨਾ ੬੫੪)*

ਤਥਾ:- ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥ ੩ ॥ *(ਪੰਨਾ ੪੭੮)*

ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ॥

ਵੈ ਸੁਤ= ਓਹ ਪੁੱਤਰ, ਵੈ ਬਿਤ= ਓਹ ਧਨ, ਵੈ ਪੁਰ= ਓਹ ਨਗਰ ਅਤੇ ਵੱਡੇ-ਵੱਡੇ ਪਾਟਨ= ਸ਼ਹਿਰ,

---

**ਨੋਟ-ਦਮਦਮਾ ਸਾਹਿਬ ਵਾਲੀ ਬੀੜ ਵਿਚ ਪਾਠ 'ਦੇਹਰੀ' ਹੈ ਤੇ ਕਰਤਾਰ ਪੁਰ ਵਾਲੀ ਬੀੜ ਵਿਚ 'ਦਿਹੁਰੀ' ਪਾਠ ਹੈ।*

ਇਨ੍ਹਾਂ ਸਾਰਿਆਂ ਨੂੰ ਫਿਰ ਨਹੀਂ ਆ ਕੇ ਵੇਖਦਾ।

ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥ ੨ ॥ ੬ ॥

ਕਬੀਰ ਜੀ ਕਹਿੰਦੇ ਹਨ— ਵਾਹਿਗੁਰੂ ਨੂੰ ਯਾਦ ਕਿਉਂ ਨਹੀਂ ਕਰਦੇ ? ਤੁਹਾਡਾ ਅਮੋਲਕ ਮਨੁੱਖਾ ਜਨਮ ਅਕਾਰਥ= ਨਿਸਫਲ ਜਾ ਰਿਹਾ ਹੈ॥ ੨ ॥ ੬ ॥

ਯਥਾ :- ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥ *(ਪੰਨਾ ੧੪੨੬)*

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ-ਪਰਮੇਸ਼ਰ-ਭਗਤੀ ਦੀ ਵਿਸ਼ੇਸ਼ਤਾ ਦੱਸਦੇ ਹਨ-

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥

(ਸੰਧਿਆ, ਜਪ, ਹੋਮ, ਇਸ਼ਨਾਨ, ਦੇਵ ਅਰਚਾ, ਅਥਿਤ ਪੂਜਾ, ਭਾਵੇਂ ਇਨ੍ਹਾਂ) ਛੇ ਕਰਮਾਂ ਦੇ ਸਹਿਤ ਹੈ ਤੇ ਚਾਹੇ ਉੱਚੀ ਕੁਲ ਵਾਲਾ ਭੀ ਹੈ ਪਰ ਜੇ ਹਿਰਦੇ ਵਿਚ ਹਰੀ ਦੀ ਭਗਤੀ ਨਹੀਂ ਤਾਂ ਪੂਰਬੋਕਤ ਜੋ ਸਾਧਨ ਕਥਨ ਕੀਤੇ ਹਨ, ਉਹ ਕਿਸੇ ਅਰਥ ਨਹੀਂ।

*ਯਥਾ :-*ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ॥ ੩ ॥ *(ਪੰਨਾ ੬੫੪)*

ਚਰਨਾਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥ ੧ ॥

ਤੇ ਵਾਹਿਗੁਰੂ ਦੇ ਚਰਨ-ਕਮਲਾਂ ਦੀ ਕਥਾ ਚੰਗੀ ਨਹੀਂ ਲੱਗਦੀ ਤਾਂ ਉਸ ਨੂੰ ਅਸਾਂ ਨੇ ਸੁਪਚ ਸਮਾਨਿ= ਚੰਡਾਲ ਦੇ ਸਦਰਸ ਤੁਲਿ= ਵਿਚਾਰਨਾ ਕੀਤਾ ਹੈ। *ਵਾ :-* ਸਮਾਨ ਚੰਡਾਲ ਦੇ ਤੁੱਲ ਹੈ। ਅਰਥਾਤ ਸ਼ਹਿਰਾਂ ਵਾਲੇ ਚੰਡਾਲ ਦੇ ਬਰਾਬਰ ਹੈ, ਕਿਉਂਕਿ ਪਿੰਡਾਂ ਦੇ ਚੰਡਾਲ ਸ਼ਹਿਰਾਂ ਵਾਲੇ ਚੰਡਾਲਾਂ ਨੂੰ ਨਾਤਾ ਨਹੀਂ ਦੇਂਦੇ, ਕਾਰਣ ਸ਼ਹਿਰਾਂ ਵਾਲੇ ਚੰਡਾਲ ਟੱਟੀਆਂ ਸਾਫ ਕਰਦੇ ਹਨ ਤੇ ਪਿੰਡਾਂ ਵਾਲੇ ਟਟੀਆਂ ਸਾਫ ਨਹੀਂ ਕਰਦੇ।

*ਯਥਾ :-*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਛਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ੧ ॥ *(ਮਹਲਾ ੫, ਪੰਨਾ ੨੫੩)*

ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥

ਹੇ ਅਚੇਤ ਚਿਤ ! ਮੈਂ ਤੈਨੂੰ ਚੇਤਾ ਕਰਾਉਂਦਾ ਹਾਂ ਤੂੰ ਵਾਹਿਗੁਰੂ ਨੂੰ ਚੇਤਨਾ ਕਰ।

*ਯਥਾ :-*ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ॥
ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ॥ *(ਪੰਨਾ ੩੧੮)*

ਵਾ :- ਹੇ ਚਿਤ ! ਤੂੰ ਚੇਤਨੇ ਵਾਲਾ ਹੋ ਕੇ ਵਾਹਿਗੁਰੂ ਨੂੰ ਚੇਤੇ ਕਰ। ਬਾਲਮੀਕ ਦੀ ਅਵਸਥਾ ਵੱਲ ਤੂੰ ਕਿਉਂ ਨਹੀਂ ਦੇਖਦਾ, ਜਿਸ ਨੇ ਪਾਂਡਵਾਂ ਦਾ ਯੱਗ ਸੰਪੂਰਨ ਕੀਤਾ ਹੈ।

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥

ਕਿਸ ਨਿਕੰਮੀ ਨੀਚ ਜ਼ਾਤ ਤੋਂ ਕਿਸ ਪਦ ਨੂੰ ਅਮਰਿਓ= ਪਹੁੰਚ ਗਿਆ ਹੈਂ।

ਕ੍ਰਿਸ਼ਨ ਜੀ ਨੇ ਧਰਮ ਪੁੱਤਰ ਰਾਜੇ ਯੁਧਿਸ਼ਟਰ ਨੂੰ ਕਿਹਾ ਸੀ-

''ਅੰਕ ਭਰ ਭਾਈ ਹੇ'' ਬਾਲਮੀਕ ਤੇਰਾ ਭਰਾ ਹੈ ਇਸ ਨੂੰ ਜੱਫੀ ਵਿਚ ਭਰ ਕੇ ਗਲ ਨਾਲ ਲਾ ਕੇ ਮਿਲਣਾ ਕਰ। ਇਹ ਰਾਮ ਦੀ ਭਗਤੀ ਦਾ ਫਲ ਹੈ ਕਿਉਂਕਿ- ''ਰਾਮ ਭਗਤਿ ਬਿਸੇਖ'' ਰਾਮ ਦੀ ਭਗਤੀ ਸਭ ਸਾਧਨਾਂ ਤੋਂ ਵਿਸ਼ੇਸ਼ ਹੈ।

੧. ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ॥
ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ॥ ੨॥ *(ਪੰਨਾ ੯੯੯)*

੨. ਛੰਡਾ ਖਟੁ ਸਾਸਤ੍ਰ ਹੋਇ ਛਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥
ਛਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥
ਉਆ ਤੇ ਊਤਮੁ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥ ੧੬॥
(ਗਉੜੀ ਬਾਵਨ ਅਖਰੀ, ਪੰਨਾ ੨੫੩)

੩. ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥ ੧॥
ਦਰਸਨੁ ਮਾਗਉ ਦੇਹਿ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥ ੧॥ ਰਹਾਉ॥
ਜਾ ਕੈ ਨਿਕਟਿ ਨ ਆਵੈ ਕੋਈ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ॥ ੨॥
(ਆਸਾ ਮਹਲਾ ੫, ਪੰਨਾ ੩੮੬)

੪. ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥ ੧॥ *(ਪੰਨਾ ੭੩੩)*

ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ॥

ਸੁਆਨ= ਕੁੱਤਾ। ਸਤ੍ਰੂ= ਵੈਰੀ। ਕੁੱਤਿਆਂ ਨੂੰ ਮਾਰਨ ਵਾਲਾ, *ਅਥਵਾ :-* ਕੁੱਤਿਆਂ ਦੀ ਜੂਠ ਖਾਣ ਵਾਲਾ। ਜੋ ਬਾਲਮੀਕ ਕੁੱਤਿਆਂ ਦਾ ਵੈਰੀ, ਅਤੇ ਸਭ ਤੋਂ ਨੀਚ ਜ਼ਾਤ ਵਾਲਾ ਸੀ, ਪਰ ਸਾਰਿਆਂ ਨੂੰ ਛੱਡ ਕੇ ਕ੍ਰਿਸ਼ਨ ਮਹਾਰਾਜ ਜੀ ਨੇ ਓਸੇ ਨਾਲ ਪ੍ਰੇਮ ਲਗਾਉਣਾ ਕੀਤਾ। ਇਹ ਸਭ ਭਗਤੀ ਦਾ ਪ੍ਰਤਾਪ ਹੈ।

ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥ ੨॥

ਲੋਕਾਂ ਵਿਚਾਰਿਆਂ ਨੇ ਉਸ ਨੂੰ ਕੀ ਸਲਾਹੁਣਾ ਸੀ, ਪਰਮੇਸ਼ਰ ਦੀ ਕਿਰਪਾ ਨਾਲ ਤਿੰਨਾਂ ਲੋਕਾਂ ਵਿਚ ਉਸ ਦਾ ਜਸ ਪ੍ਰਵੇਸ਼ ਹੋ ਗਿਆ॥ ੨॥

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥

ਸਭ ਤੋਂ ਵੱਡਾ ਪਾਪੀ ਅਜਾਮਲ, ਪਿੰਗਲਾ ਨਾਂ ਵਾਲੀ ਵੇਸ਼ਵਾ ਜੋ ਜਨਕਪੁਰੀ ਵਿਚ ਰਹਿੰਦੀ ਸੀ, ਇਹ ਸਾਰੀ ਰਾਤ ਹਾਰ ਸ਼ਿੰਗਾਰ ਕਰ ਕੇ ਬੈਠੀ ਰਹੀ, ਕੋਈ ਪੁਰਸ਼ ਨਾ ਆਇਆ। ਤਾਂ ਉਸ ਨੇ ਆਪਣੇ ਮਨ ਨੂੰ ਫਿਟਕਾਰਾਂ ਪਾਈਆਂ ਕਿ ਜੇ ਮੈਂ ਪਰਮਾਤਮਾ ਵਿਖੇ ਬਿਰਤੀ ਜੋੜਦੀ ਤੇ ਏਹੋ ਸਮਾਂ ਸਿਮਰਨ ਕਰਦੀ ਗੁਜ਼ਾਰਦੀ ਤਾਂ ਪਰਮਾਤਮਾ ਮਿਲ ਜਾਣਾ ਸੀ। ਏਸੇ ਲਟਕ ਵਿਚ ਉਸ ਨੇ ਬਿਰਤੀ ਸੰਸਾਰ ਤੋਂ ਹਟਾ ਕੇ ਰਾਮ ਨਾਮ ਵਿਚ ਜੋੜ ਦਿੱਤੀ ਜਿਸ ਤੇ ਕਲਿਆਣ ਹੋ ਗਈ। ਲੋਦੀ ਨਾਂ ਵਾਲਾ ਲੁਭਤੁ= ਫੰਧਕ ਅਤੇ ਕੁੰਚਰੁ= ਹਾਥੀ ਇਹ ਸਭ ਨਾਮ

ਜਪ ਕੇ ਹਰੀ ਦੇ ਪਾਸ ਗਏ ਹਨ।

ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥ ੩ ॥ ੧ ॥

ਇਸ ਭਰ੍ਮਾਂ ਦੇ ਖੋਟੀ ਬੁੱਧੀ ਵਾਲੇ ਸਾਰੇ ਤਰ ਗਏ ਹਨ, ਹੇ ਰਵਿਦਾਸ ! ਜੇ ਤੂੰ ਇਕਾਗਰ ਮਨ ਹੋ ਕੇ ਪ੍ਰਭੂ ਦੀ ਭਗਤੀ ਕਰੇਂਗਾ ਤਾਂ ਤੂੰ ਭਲਾ ਕਿਉਂ ਨਾ ਤਰੇਂਗਾ? ਭਾਵ ਜ਼ਰੂਰ ਤਰੇਂਗਾ॥ ੩ ॥ ੧ ॥

ਸਾਰੀ ਗੱਲ ਨਿਸਚੇ ਦੀ ਹੁੰਦੀ ਹੈ, ਜਿਹੜਾ ਵੀ ਮਨੁੱਖ ਪ੍ਰਭੂ ਦੇ ਚਰਨਾਂ ਵਿਚ ਨਿਸਚਾ ਕਰ ਲਵੇ ਓਹੀਓ ਤਰ ਜਾਂਦਾ ਹੈ।

*ਯਥਾ:-*ਮਹਲਾ ੫ ॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧ ॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧ ॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ ੨ ॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥ ੩ ॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ ੪ ॥ ੨ ॥

(ਆਸਾ ਧੰਨਾ ਜੀ, ਪੰਨਾ ੪੮੭)

ਕੇਦਾਰ ਰਾਗੁ ਵਿਖੇ-

੬ ਸ਼ਬਦ ਕਬੀਰ ਜੀ ਦੇ ਹਨ। ੧ ਸ਼ਬਦ ਰਵਿਦਾਸ ਜੀ ਦਾ ਹੈ ਕੁਲ ੭ ਸ਼ਬਦ ਹਨ।

ਦੋਹਰਾ-ਰਾਮ ਕਿਦਾਰਾ ਕੇ ਵਿਖੇ, ਭਗਤ ਗਿਰਾ ਅਲੰ ਵਾਕ।
ਪ੍ਰੜੇ ਸੁਣੇ ਹਿਤ ਲਾਇ ਜੋ, ਪੇਖੇ ਰੂਪ ਪਰਾਕ।

ਕੇਦਾਰਾ ਰਾਗੁ ਸਮਾਪਤੰ

ਰਾਗੁ ਭੈਰਉ

[ਪੰਨਾ ੧੧੨੫]

ਰਾਗੁ ਭੈਰਉ* ਮਹਲਾ ੧ ਘਰੁ ੧ ਚਉਪਦੇ

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਵੱਡਾ ਮੰਗਲ ਉਚਾਰਨ ਕਰ ਕੇ ਪਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹਨ-

ਤੁਝ ਤੇ ਬਾਹਰਿ ਕਿਛੁ ਨ ਹੋਇ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ॥੧॥

ਹੇ ਪ੍ਰਭੂ ! ਆਪ ਜੀ ਦੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੁੰਦਾ। ੧. ਤੂੰ ਆਪ ਜੀਵਾਂ ਦੀ ਕਰਿ= ਉਤਪੱਤੀ ਕਰਨੀ ਤੇ ਦੇਖਹਿ= ਪਾਲਣਾ ਅਤੇ ਲੈਤਾ ਕਰਨੀ ਜਾਣਦਾ ਹੈਂ। ੨. ਤੂੰ ਆਪ ਹੀ ਉਤਪੱਤੀ ਕਰ ਕੇ ਜੀਵਾਂ ਦੇ ਕਰਮਾਂ ਨੂੰ ਦੇਖ ਰਿਹਾ ਹੈਂ, ਆਪ ਹੀ ਫਲ ਦੇਣਾ ਜਾਣਦਾ ਹੈਂ॥ ੧॥

ਕਿਆ ਕਹੀਐ ਕਿਛੁ ਕਹੀ ਨ ਜਾਇ॥ ਜੋ ਕਿਛੁ ਅਹੈ ਸਭ ਤੇਰੀ ਰਜਾਇ॥੧॥ ਰਹਾਉ॥

ਆਪ ਜੀ ਦੀ ਕੀ ਉਪਮਾ ਕਹੀਏ ਮੂੰਹ ਤੋਂ ਕੁਝ ਕਹੀਂ ਜਾਂਦੀ। ਜਾਂ ਕੀ ਗੱਲ ਕਹੀਏ, ਕੁਝ ਕਹੀ ਨਹੀਂ ਜਾਂਦੀ। ਜੋ ਕੁਝ ਹੋ ਰਿਹਾ ਹੈ ਸਭ ਆਪ ਜੀ ਦੀ ਰਜਾਇ= ਆਗਿਆ ਵਿਚ ਹੋ ਰਿਹਾ ਹੈ॥ ੧॥ ਰਹਾਉ॥

ਜੋ ਕਿਛੁ ਕਰਣਾ ਸੁ ਤੇਰੈ ਪਾਸਿ॥ ਕਿਸੁ ਆਗੈ ਕੀਚੈ ਅਰਦਾਸਿ॥੨॥

ਅਸਾਂ ਨੇ ਬੇਨਤੀ ਆਦਿਕ ਜੋ ਕੁਝ ਭੀ ਕਰਨਾ ਹੈ ਉਹ ਆਪ ਜੀ ਦੇ ਪਾਸ ਹੀ ਕਰਨਾ ਹੈ। ਆਪ ਜੀ ਤੋਂ ਬਿਨਾ ਅਸਾਂ ਨੇ ਹੋਰ ਕਿਸੇ ਦੇ ਅੱਗੇ ਜਾ ਕੇ ਅਰਦਾਸਿ= ਬੈਨਤੀ ਨੂੰ ਕਰਨਾ ਹੈ॥ ੨॥

ਆਖਣੁ ਸੁਨਣਾ ਤੇਰੀ ਬਾਣੀ॥ ਤੂ ਆਪੇ ਜਾਣਹਿ ਸਰਬ ਵਿਡਾਣੀ॥੩॥

ਗੁਰਮੁਖ, ਤੇਰੀ ਨਾਮ-ਬਾਣੀ ਦਾ ਆਖਣਾ ਤੇ ਤੇਰੀ ਨਾਮ-ਬਾਣੀ ਦਾ ਸੁਣਨਾ ਕਰਦੇ ਹਨ। ਹੇ ਵਿਡਾਣੀ=

---

*ਰਾਮਕਲੀ ਟੋਡੀ ਤੇ ਗੌਰੀ ਮਿਲ ਕੇ ਭੈਰਉ ਰਾਗ ਬਣਦਾ ਹੈ ਧੈਵਤ ਨਾਲ ਇਸ ਦੀ ਬਹੁਤ ਪ੍ਰੀਤੀ ਹੈ। ਸੁਰ ਤਾਲ ਸਮੂਹ ਵਿਚ ਲਿਖਿਆ ਹੈ ਸੁਰ ਗੁਰ ਇਸ ਦਾ ਧੈਵਤ ਹੈ, ਇਸ ਦਾ ਉਚਾਰ ਧੈਵਤ ਤੋਂ ਹੁੰਦਾ ਹੈ।

ਗਾਉਣ ਦਾ ਸਮਾਂ- ਚਾਰ ਘੜੀ ਰਾਤ ਤੋਂ ਲੈ ਕੇ ਸੂਰਜ ਚੜ੍ਹਨ ਤਕ ਗਾਈਦਾ ਹੈ।

ਮੌਸਮ- ਸਰਦ ਰੁੱਤ ਹੈ, ਖੁਸ਼ੀ ਪੈਦਾ ਕਰਦਾ ਹੈ। ਇਸ ਦੇ ਹੋਰ ਭੀ ਕਈ ਭੇਦ ਗ੍ਰੰਥਾਂ ਵਿਚ ਲਿਖੇ ਹਨ ਇਸ ਦੇ ਅਲਾਪਣ ਨਾਲ ਬੈਲਾਂ ਤੋਂ ਬਿਨਾਂ ਕੋਹਲੂ ਚੱਲਣ ਲੱਗ ਪੈਂਦਾ ਹੈ ਤੇ ਤੇਲ ਨਿਕਲ ਆਉਂਦਾ ਹੈ। ਰਾਗਮਾਲਾ ਵਿਚ ਪਹਿਲਾਂ ਭੈਰਉ ਰਾਗ ਹੈ:

"ਪ੍ਰਥਮ ਰਾਗ "ਭੈਰਉ" ਵੈ ਕਰਹੀ॥" (ਪੰਨਾ ੧੪੨੯)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ੨੪ ਵਾਂ ਨੰਬਰ ਹੈ।

ਅਸਚਰਜ ਰੂਪ ਪਰਮਾਤਮਾ ਤੂੰ ਆਪ ਹੀ ਸਾਰਿਆਂ ਦਾ ਬਿਰਤਾਂਤ ਜਾਣਦਾ ਹੈਂ॥ ੩॥

ਕਰੇ ਕਰਾਏ ਜਾਣੈ ਆਪਿ॥ ਨਾਨਕ ਦੇਖੈ ਥਾਪਿ ਉਥਾਪਿ॥ ੪॥ ੧॥

ਤੂੰ ਆਪ ਹੀ ਕਰਨਾ ਜਾਣਦਾ ਹੈਂ ਆਪ ਹੀ ਕਰਾਉਣਾ ਜਾਣਦਾ ਹੈਂ। ਵਾ :- ਤੂੰ ਆਪੇ ਜੀਵ ਜੂਪ ਜੋ ਕੇ ਕਰਮ ਕਰਦਾ ਹੈਂ, ਪਰੇਰਕ ਹੋ ਕੇ ਕਰਾਉਂਦਾ ਹੈਂ ਅਤੇ ਜਾਣੀ ਜਾਣ ਹੋ ਕੇ ਜਾਣਦਾ ਹੈਂ। ਗੁਰੂ ਜੀ ਕਥਨ ਕਰਦੇ ਹਨ— ਤੂੰ ਆਪ ਜੀਵਾਂ ਨੂੰ ਥਾਪਿ= ਉਤਪੰਨ ਕਰਦਾ ਹੈਂ, ਆਪ ਹੀ ਦੇਖੈ= ਪਾਲਦਾ ਹੈਂ ਅਤੇ ਅੰਤ ਨੂੰ ਉਥਾਪਿ= ਢਾਉਂਦਾ (ਲਯ) ਕਰਦਾ ਹੈਂ॥ ੪॥ ੧॥

ੴ ਸਤਿਗੁਰ ਪ੍ਰਸਾਦਿ॥ ਰਾਗੁ ਭੈਰਉ ਮਹਲਾ ੧ ਘਰੁ ੨॥

ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ॥

ਗੁਰਾਂ ਦੇ ਸਬਦਿ= ਉਪਦੇਸ਼ ਕਰ ਕੇ ਕਿਤਨੇ ਹੀ ਮੁਨੀ ਸੰਸਾਰ-ਸਮੁੰਦਰ ਤੋਂ ਤਰੇ ਹਨ, ਇੰਦਰ ਆਦਿਕ ਰਾਜੇ ਤੇ ਬ੍ਰਹਮਾ ਆਦਿਕ ਵੇਦ ਪਾਠੀ ਭੀ ਗੁਰਾਂ ਦੇ ਉਪਦੇਸ਼ ਕਰ ਕੇ ਹੀ ਤਰੇ ਹਨ।

ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ॥ ੧॥

ਸਨਕ, ਸਨੰਦਨ (ਸਨਾਤਨ ਤੇ ਸਨਤ ਕੁਮਾਰ ਆਦਿਕ) ਕੇਤੇ= ਕਿਤਨੇ ਹੀ ਤਪੱਸ੍ਵੀ ਜਨ ਗੁਰੂ ਦੀ ਕਿਰਪਾ ਨਾਲ ਸੰਸਾਰ-ਸਮੁੰਦਰ ਤੋਂ ਪਾਰ ਉਤਰੇ ਹਨ॥ ੧॥

ਭਵਜਲੁ ਬਿਨੁ ਸਬਦੈ ਕਿਉ ਤਰੀਐ॥

ਗੁਰ-ਉਪਦੇਸ਼ ਤੋਂ ਬਿਨਾਂ ਸੰਸਾਰ-ਸਮੁੰਦਰ ਤੋਂ ਕਿਵੇਂ ਤਰੀਦਾ ਹੈ?

ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥੧॥ਰਹਾਉ॥

ਨਾਮ-ਸਿਮਰਨ ਤੋਂ ਬਿਨਾਂ ਜਗੁ= ਜੀਵ ਹਉਮੈ ਰੂਪੀ ਰੋਗ ਵਿਚ ਬਿਆਪਿਆ= ਲੱਗਾ ਹੋਇਆ ਹੈ, ਏਸੇ ਦੁਬਿਧਾ= ਦ੍ਵੈਤ ਕਰ ਕੇ ਹੀ ਡੁੱਬ-ਡੁੱਬ ਕੇ ਮਰਦਾ ਹੈ॥ ੧॥ ਰਹਾਉ॥

ਗੁਰੁ ਦੇਵਾ ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ॥

ਗੁਰੂ ਦੇਵਾ= ਪ੍ਰਕਾਸ਼ ਰੂਪ ਹਨ, ਗੁਰੂ ਅਲਖ ਅਭੇਵਾ= ਪਰਮਾਤਮਾ ਦਾ ਸਰੂਪ ਹਨ, ਗੁਰੂ ਦੀ ਸੇਵਾ ਕਰਨ ਵਾਲੇ ਨੂੰ ਤਿੰਨਾਂ ਲੋਕਾਂ ਦੀ ਮਿਥਿਆ ਰੂਪ, ਵਾ :- ਬ੍ਰਹਮ ਰੂਪਤਾ ਦੀ ਸੋਝੀ ਹੋ ਜਾਂਦੀ ਹੈ।

ਆਪੇ ਦਾਤਿ ਕਰੀ ਗੁਰਿ ਦਾਤੈ ਪਾਇਆ ਅਲਖ ਅਭੇਵਾ॥ ੨॥

ਗੁਰੂ ਦਾਤਿਆਂ ਨੇ ਜਿਸ ਨੂੰ ਆਪ ਨਾਮ ਦੀ ਦਾਤ ਦੇਣਾ ਕੀਤੀ ਹੈ, ਉਸੇ ਨੇ ਅਲਖ ਅਭੇਵਾ= ਪਰਮਾਤਮਾ ਨੂੰ ਪਾਇਆ ਹੈ॥ ੨॥

ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ॥

ਜਿਸ ਵੇਲੇ ਗੁਰਾਂ ਦੇ ਮਨ ਤੇ= ਮੰਤਰ ਉੱਤੇ ਮਨ ਮੰਨਿਆ ਗਿਆ ਤੇ ਮਨਸਾ= ਵਾਸ਼ਨਾਂ ਮਨਹਿ ਸਮਾਈ= ਮਨ ਦੇ ਵਿਚ ਹੀ ਅਭਾਵ ਹੋ ਗਈਆਂ ਤਾਂ ਫਿਰ ਮਨ ਸਭ ਦਾ ਰਾਜਾ= ਸ਼ਰੋਮਣੀ ਹੋ ਗਿਆ।

ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ॥ ੩ ॥

ਮਨ ਜੋਗੀਆਂ ਨਾਲ ਮਿਲ ਕੇ ਕਲਿਆਣ ਸਰੂਪ ਹੋ ਰਿਹਾ ਹੈ, ਬਿਓਗੀਆਂ ਨਾਲ ਮਿਲ ਕੇ ਬਿਨਸਨੇ ਵਾਲਾ ਹੋ ਰਿਹਾ ਹੈ, ਜਾਂ ਗੁਣਾਂ ਨੂੰ ਗਾਵੇ ਤਾਂ ਹੀ ਮਨ ਸਮਝਦਾ ਹੈ।

੨) ਮਨ ਹੀ ਪਰਮੇਸ਼ਰ ਨਾਲ ਜੋਗੀ= ਜੋੜਦਾ ਹੈ, ਮਨ ਹੀ ਉਸ ਤੋਂ ਬਿਓਗੀ= ਵਿਛੁੜ ਕੇ ਬਿਨਸਿ= (ਜੰਮਦਾ) ਮਰਦਾ ਹੈ. ਇਸ ਗੱਲ ਨੂੰ ਮਨ ਸਮਝੇ ਤਾਂ ਹਰੀ ਦੇ ਗੁਣ ਗਾਉਂਦਾ ਹੈ॥ ੩ ॥

ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ॥

ਜਿਨ੍ਹਾਂ ਨੇ ਗੁਰ-ਸ਼ਬਦ ਨੂੰ ਵਿਚਾਰਿਆ ਤੇ ਮਨ ਨੂੰ ਮਾਰਿਆ ਹੈ, ਉਹ ਪੁਰਸ਼ ਸੰਸਾਰ ਵਿਚ ਵਿਰਲੇ ਹਨ।

ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ॥ ੪ ॥ ੧ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਉਹ ਸਾਹਿਬੁ= ਪਰਮਾਤਮਾ ਭਰਪੂਰ ਹੋ ਕੇ ਸਾਰਿਆਂ ਵਿਚ ਲੀਣਾ= ਮਿਲ ਰਿਹਾ ਹੈ, ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਉਸ ਨੂੰ ਜਾਣੀਏ ਤਾਂ ਪਾਰ ਉਤਾਰਾ ਹੁੰਦਾ ਹੈ॥ ੪ ॥ ੧ ॥ ੨ ॥

ਭੈਰਉ ਮਹਲਾ ੧ ॥

ਇਸ ਸ਼ਬਦ ਵਿਚ ਬੁਢੇਪੇ ਦੀ ਹਾਲਤ ਦੱਸਦੇ ਹਨ-

ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ॥

ਨੈਨੀ ਦ੍ਰਿਸਟਿ ਨਹੀ= ਅੱਖਾਂ ਵਿੱਚੋਂ ਦਿੱਸਦਾ ਨਹੀਂ ਹੈ, ਤਨ ਹੀਨਾ= ਸਰੀਰ ਕ੍ਰਿਸ (ਕਮਜ਼ੋਰ) ਹੋ ਜਾਂਦਾ ਹੈ, ਜਿਸ ਵੇਲੇ ਜਰਿ= ਬੁਢੇਪੇ ਨੇ ਬਲ ਨੂੰ ਜੀਤਿਆ= ਜਿੱਤ ਲਿਆ, (ਉਸ ਵੇਲੇ) ਸਿਰ (ਉੱਤੇ) ਕਾਲ ਆ ਕੇ ਖੜੋ ਜਾਂਦਾ ਹੈ।

[ਪੰਨਾ ੧੧੨੬]

ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ॥ ੧ ॥

ਸਾਰਿਆਂ ਰੂਪਾਂ ਵਿਚ ਰੰਗਿਆ ਹੋਇਆ ਜੋ ਪ੍ਰਭੂ ਹੈ, ਉਸ ਦਾ ਸੱਚਾ ਰਹਸੁ= ਅਨੰਦ ਨਹੀਂ ਤੂੰ ਲਿਆ।

੨) ਤੇਰੇ ਵਿਚ ਨਾ ਸਫਾਈ ਰੂਪੀ ਰੂਪ ਹੈ, ਨਾ ਰੰਗੁ= ਪਰੇਮ ਹੈ, ਨਾ ਹੀ ਸੱਚਾ ਅਨੰਦ ਹੈ, ਇਸ ਲਈ ਜਮ ਆਪਣੇ ਜਾਲ ਵਿੱਚੋਂ ਤੈਨੂੰ ਕਿਵੇਂ ਛੱਡੇਗਾ? ॥ ੧ ॥

ਪ੍ਰਾਣੀ, ਹਰਿ ਜਪਿ, ਜਨਮੁ ਗਇਓ॥

ਹੇ ਪ੍ਰਾਣੀ !ਤੂੰ ਹਰੀ ਨੂੰ ਜਪ ਤੇਰਾ ਮਨੁੱਖਾ ਜਨਮ ਬਹੁਤਾ (ਸਿਮਰਨ ਤੋਂ ਬਿਨਾਂ) ਨਿਸਫਲ ਚਲਾ ਗਿਆ ਹੈ।

ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ॥ ੧ ॥ ਰਹਾਉ॥

ਸੱਚੇ ਗੁਰੂ ਦੇ ਸ਼ਬਦ ਤੋਂ ਬਿਨਾਂ ਜਮਾਂ ਤੋਂ ਕਦੇ ਭੀ ਨਹੀਂ ਛੁੱਟੇਂਗਾ, (ਦੇਖ !) ਤੇਰਾ ਜਨਮ, ਦੁਨਿਆਵੀ ਧੰਦਿਆਂ ਵਿਚ ਬਿਅਰਥ ਹੋ ਗਿਆ ਹੈ।

ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ॥

ਤੇਰੇ ਸਰੀਰ ਵਿਚ ਕਾਮ-ਕਰੋਧ ਤੇ ਹੰਗਤਾ-ਮਮਤਾ ਹੋਣ ਕਰੇ ਕੇ ਅਤਿ= ਬੜੀ ਭਾਰੀ ਕਠਿਨ ਪੀਰ= ਪੀੜਾ ਮਿਲੇਗੀ।

ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ॥ ੨॥

ਹੇ ਭਾਈ ! ਗੁਰਾਂ ਦੁਆਰੇ ਰਸੁ= ਪ੍ਰੇਮ ਸਹਿਤ ਰਸਨਾ ਨਾਲ ਰਾਮ ਨਾਮ ਨੂੰ ਜਪ, ਇਸ ਵਿਧੀ ਕਰ ਕੇ ਤੂੰ ਸੰਸਾਰ ਰੂਪੀ= ਨਦੀ ਤੋਂ ਤਰ ਜਾਏਂਗਾ। ਵਾ :- ਇਸ ਬਿਧਿ= ਜੁਗਤੀ ਕਰ ਕੇ ਤੂੰ ਭਗਤੀ ਰੂਪੀ ਤਾਰੀ= ਨੌਕਾ (ਬੇੜੀ) ਲੈ ਕੇ ਤਰਨਾ ਕਰਾ॥ ੨॥

ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ॥

ਕਰਨ= ਕੰਨ ਬਹਰੇ= ਬੋਲ਼ੇ ਹੋ ਗਏ ਹਨ, ਅਕਲ ਭੀ ਹੋਛੀ= ਤੁੱਛ ਹੋ ਗਈ ਹੈ, ਗੁਰ-ਸ਼ਬਦ ਦੁਆਰਾ ਤੂੰ ਸਹਜ-ਪਦ ਨੂੰ ਨਹੀਂ ਬੁਝਿਆ। ਵਾ :- ਸਹਜੁ= ਗਿਆਨ ਦੀ ਪ੍ਰਾਪਤੀ ਕਰਨ ਵਾਲੇ ਗੁਰ-ਸ਼ਬਦ ਨੂੰ ਨਹੀਂ ਬੁਝਿਆ।

ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ॥ ੩॥

ਮਨਮੁਖ ਨੇ ਅਮੋਲਕ ਜਨਮ ਪਦਾਰਥ ਨੂੰ ਹਾਰ ਦਿੱਤਾ ਹੈ, ਗੁਰੂ ਤੋਂ ਬਿਨਾਂ ਹੋਣ ਕਰ ਕੇ ਇਸ ਅੰਨ੍ਹੇ ਨੂੰ ਕੁਝ ਨਹੀਂ ਸੁਝਿਆ॥ ੩॥

ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ॥

ਜੇਹੜਾ ਜਗਤ ਤੋਂ ਉਦਾਸ ਤੇ ਪਦਾਰਥਾਂ ਦੀ ਆਸਾ ਤੋਂ ਨਿਰਾਸ ਰਹਿੰਦਾ ਹੈ ਅਤੇ ਵੈਰਾਗੀ ਹੋ ਕੇ ਸਹਜੇ ਧਿਆਨ ਵਿਚ ਜੁੜਿਆ ਰਹਿੰਦਾ ਹੈ।

ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ॥੪॥੨॥੩॥

ਗੁਰੂ ਜੀ ਪ੍ਰਣਵਤਿ= ਕਥਨ ਕਰਦੇ ਹਨ— ਉਹ ਗੁਰਮੁਖ ਜਮਾਂ ਦੇ ਦੁੱਖਾਂ ਤੋਂ ਛੁਟਦਾ ਹੈ, ਜਿਸ ਦੀ ਰਾਮ ਨਾਮ ਦੇ ਜਾਪ ਵਿਚ ਲਿਵ ਲੱਗੀ ਰਹਿੰਦੀ ਹੈ॥ ੪॥ ੨॥ ੩॥

ਅਗਲੇ ਸ਼ਬਦ ਵਿਚ ਭੀ ਬੁਢੇਪੇ ਦਾ ਪ੍ਰਸੰਗ ਕਹਿੰਦੇ ਹਨ-

ਭੈਰਉ ਮਹਲਾ ੧॥

ਭ੍ਰੂਂਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ॥

(ਬੁਢੇਪੇ ਦੇ ਆਉਣ ਕਰ ਕੇ-) ਚਾਲ ਭ੍ਰੂਂਡੀ= ਭੈੜੀ ਹੋ ਗਈ, ਪੈਰ ਖਿਸਰੇ= ਖਿੜਕਣ ਲੱਗ ਪਏ, ਕਰ= ਹੱਥ ਕੰਬਣੇ ਸ਼ੁਰੂ ਹੋ ਗਏ, ਦੇਹ ਦੀ ਤੁਚਾ= ਚਮੜੀ ਭੀ ਕੁਮਲਾ ਗਈ।

ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ॥ ੧॥

ਅੱਖਾਂ ਵਿਚ ਧੁੰਦ ਹੋ ਗਈ, (ਭਾਵ ਨਿਗ੍ਹਾ ਕਮਜ਼ੋਰ ਹੋ ਗਈ) ਕਰਨ= ਕੰਨ ਬਹਰੇ= ਬੋਲੇ ਹੋ ਗਏ, ਅਜੇਹੀ ਹਾਲਤ ਦੇ ਹੋਣ ਤੇ ਭੀ ਮਨਮੁਖ ਨੇ ਨਾਮ ਵਿਚ ਪ੍ਰੀਤੀ ਕਰਨੀ ਨਾ ਜਾਣੀ॥ ੧॥

ਅੰਧੁਲੇ ਕਿਆ ਪਾਇਆ ਜਗਿ ਆਇ॥

ਹੇ ਅੰਨ੍ਹੇ! ਜਗਤ ਵਿਚ ਆ ਕੇ ਤੂੰ ਕੀ ਪਾਇਆ ਹੈ? ਦੱਸ ਤਾਂ ਸਹੀ!

ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ॥ ੧॥ ਰਹਾਉ॥

ਤੇਰੇ ਹਿਰਦੇ ਵਿਚ ਰਾਮ ਦਾ ਧਿਆਨ ਨਹੀਂ ਹੈ, ਤੂੰ ਗੁਰੂ ਦੀ ਸੇਵਾ ਭੀ ਨਹੀਂ ਕੀਤੀ, ਤੁਸੀਂ ਤਾਂ ਮੂਲ ਰੂਪ ਸਵਾਸਾਂ ਨੂੰ ਨਿਸਫਲ ਗੁਆ ਚੱਲੇ ਹੋ॥ ੧॥ ਰਹਾਉ॥

ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ॥

ਤੇਰੀ ਜੀਭ ਭੀ ਹਰੀ ਦੇ ਰੰਗਿ= ਪਰੇਮ ਵਿਚ ਨਹੀਂ ਰਾਤੀ= ਮਿਲੀ, ਜਦੋਂ ਬੋਲਦਾ ਹੈਂ ਤਦੋਂ ਫਿੱਕੇ ਹੀ ਬਚਨ ਬੋਲਦਾ ਹੈਂ।

ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ॥ ੨॥

ਸੰਤ ਜਨਾਂ ਦੀ ਨਿੰਦਿਆ ਵਿਚ ਲੱਗਾ ਰਹਿੰਦਾ ਹੈਂ, ਤੂੰ ਤਾਂ ਪਸੂਆਂ ਵਾਂਗ ਬੇ-ਸਮਝ ਹੋ ਰਿਹਾ ਹੈਂ, ਤੇਰੇ ਪਾਸੋਂ ਕਦੇ ਭੀ ਚੰਗੇ ਕੰਮ ਨਹੀਂ ਹੁੰਦੇ॥ ੨॥

ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ॥

ਜਿਨ੍ਹਾ ਨੂੰ ਪਰਮਾਤਮਾ ਨੇ ਸਤਿਗੁਰਾਂ ਦੇ ਮੇਲ ਵਿਚ ਮਿਲਾਇਆ ਹੈ, ਉਹਨਾਂ ਵਿਰਲਿਆਂ ਨੇ ਹੀ ਨਾਮ-ਅੰਮ੍ਰਿਤ ਦਾ ਰਸ ਪਾਇਆ ਹੈ।

ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ॥ ੩॥

ਜਦ ਤੱਕ ਗੁਰ-ਸ਼ਬਦ ਦਾ ਭੇਦ ਜੀਵ ਨੂੰ ਆ ਕੇ ਪ੍ਰਾਪਤ ਨਹੀਂ ਹੁੰਦਾ, ਤਦ ਤੱਕ ਇਸ ਜੀਵ ਨੂੰ ਜਮ ਕਾਲ ਸਤਾਉਂਦਾ ਹੈ॥ ੩॥

ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ॥

ਜੋ ਪੁਰਸ਼ ਕਦੇ ਭੀ ਅਨ= ਹੋਰ ਕਿਸੇ ਦਰ-ਘਰ ਨੂੰ ਜਾਣਦਾ ਨਹੀਂ ਅਤੇ ਇਕ ਸੱਚੇ ਪ੍ਰਭੂ ਦੇ ਸਤਿਸੰਗ ਦੁਆਰੇ ਨੂੰ ਜਾਣਦਾ ਹੈ।

ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ॥ ੪॥ ੩॥ ੪॥

ਗੁਰੂ ਜੀ ਕਥਨ ਕਰਦੇ ਹਨ— ਅਸਾਂ ਨੇ ਵਿਚਾਰ ਕੇ ਕਿਹਾ ਹੈ, (ਉਸ ਨੇ) ਗੁਰੂ ਦੀ ਪਰਸਾਦਿ= ਕਿਰਪਾ ਨਾਲ ਆਤਮ-ਪਦ ਪਾਇਆ ਹੈ॥ ੪॥ ੩॥ ੪॥

ਭੈਰਉ ਮਹਲਾ ੧॥

ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ॥

ਗਲ਼ ਵਿਚ ਇਸਤ੍ਰੀ, ਵਾ :- ਨੀਂਦ ਦੀ ਫਾਹੀ ਹੋਣ ਕਰ ਕੇ ਸਾਰੀ ਰਾਤ ਸੁੱਤਿਆਂ ਬਿਤਾ ਦਿੱਤੀ ਹੈ ਅਤੇ ਸਾਰਾ ਦਿਨ ਜੰਜਾਲਿ= ਧੰਦਿਆਂ ਵਿਚ ਗੁਆ ਦਿੱਤਾ ਹੈ।

ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ ਉਪਾਇਆ ॥੧ ॥

ਜਿਸ ਪ੍ਰਭੂ ਨੇ ਇਸ ਜਗਤ ਨੂੰ ਪੈਦਾ ਕੀਤਾ ਹੈ, ਉਸ ਪ੍ਰਭੂ ਨੂੰ ਪਲ ਦਾ ਖਿਨ ਮਾਤ੍ਰ ਤੇ ਘੜੀ ਭਰ ਵੀ ਨਹੀਂ ਜਾਣਿਆ। ਭਾਵ ਉਸ ਵਾਹਿਗੁਰੂ ਨੂੰ ਕਿਸੇ ਸਮੇਂ ਭੀ ਯਾਦ ਨਾ ਕੀਤਾ।

ਮਨ ਰੇ ਕਿਉ ਛੂਟਸਿ ਦੁਖੁ ਭਾਰੀ॥

ਹੇ ਮਨ ! ਜਮਾਂ ਦੇ ਭਾਰੀ ਦੁੱਖ ਤੋਂ ਤੂੰ ਕਿਵੇਂ ਛੁਟੇਂਗਾ?

ਕਿਆ ਲੇ ਆਵਸਿ ਕਿਆ ਲੇ ਜਾਵਸਿ ਰਾਮ ਜਪਹੁ ਗੁਣਕਾਰੀ ॥੧ ॥ਰਹਾਉ ॥

ਤੂੰ ਇਥੇ ਕੀ ਲੈ ਕੇ ਆਇਆ ਹੈਂ ਅਤੇ ਕੀ ਲੈ ਕੇ ਜਾਏਂਗਾ ? ਪਰਉਪਕਾਰ ਆਦਿਕ ਗੁਣਾਂ ਦੇ ਜੋ ਕਰਨ ਵਾਲਾ ਹੈਂ। ਵਾ :- ਜਿਸ ਦੇ ਗੁਣ ਕਾਰੀ= ਔਸ਼ਧੀ ਰੂਪ ਹਨ, ਉਸ ਰਾਮ ਨੂੰ ਜਪਣਾ ਕਰ॥ ੧ ॥

ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥

ਹੇ ਮਨਮੁਖ ! ਤੇਰਾ ਹਿਰਦਾ ਕਮਲ ਊਂਧਉ= ਮੂੰਧਾ ਹੈ, ਤੇਰੀ ਅਕਲ ਭੀ ਤੁੱਛ ਹੈ, ਹੇ ਮਨ ਦੇ ਅੰਨ੍ਹਿਆਂ ਪੁਰਸ਼ਾ ! ਤੂੰ ਆਪਣਾ ਸਿਰ ਭੀ ਧੰਦਿਆਂ ਵਿਚ ਲਗਾਇਆ ਹੋਇਆ ਹੈ। ਜਾਂ ਸਿਰ ਉੱਤੇ ਧੰਦਿਆਂ ਦਾ ਭਾਰ ਉਠਾਇਆ ਹੋਇਆ ਹੈ।

ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥ ੨ ॥

ਕਾਲ ਬਿਕਾਲੁ= ਮਰਨਾ ਜੰਮਣਾ ਸਦਾ ਤੇਰੇ ਸਿਰ ਪਰ ਸਵਾਰ ਰਹਿੰਦਾ ਹੈ, ਨਾਮ ਤੋਂ ਬਿਨਾਂ ਹੋਣ ਕਰ ਕੇ ਗਲ ਵਿਚ ਜਮਾਂ ਦਾ ਫਾਹ ਪੈਂਦਾ ਹੈ॥ ੨ ॥

ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ॥

(ਬੁਢੇਪੇ ਦੇ ਆਉਣ ਕਰ ਕੇ) ਸਰੀਰ ਦੀ ਚਾਲ ਡਗਰੀ= ਡਾਵਾਂ-ਡੋਲ ਹੋ ਗਈ ਹੈ, ਪੁਨਾ ਅੱਖਾਂ ਤੋਂ ਭੀ ਅੰਨ੍ਹਾਂ ਹੋ ਗਿਆ ਹੈਂ, ਫਿਰ ਭੀ ਸ਼ਬਦ ਦੀ ਸੁਰਤ ਭਾਈ= ਚੰਗੀ ਨਹੀਂ ਲੱਗੀ।

ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ॥ ੩ ॥

(ਛੇ) ਸ਼ਾਸਤ੍ਰ, (ਚਾਰੇ) ਵੇਦ ਪੜ੍ਹਦਾ ਹੋਇਆ ਭੀ ਤ੍ਰਿਗੁਣ ਆਤਮਕ ਜੋ ਮਾਇਆ ਹੈ, ਉਸ ਦੀ ਵਾਸ਼ਨਾ ਕਰ ਕੇ ਅੰਨ੍ਹਾਂ ਜੀਵ ਧੰਦਿਆਂ ਦੀ ਕਮਾਈ ਕਰਦਾ ਹੈ। ਵਾ :- ਸ਼ਾਸਤ੍ਰ ਵੇਦ ਪੜ੍ਹ ਕੇ ਭੀ ਅੰਨ੍ਹਾ ਹੈ, ਕਿਉਂਕਿ ਮਾਇਆ ਦੇ ਤਿੰਨ ਗੁਣਾਂ ਵਿਚ ਲੱਗ ਕੇ ਧੰਦਿਆਂ ਦੀ ਕਮਾਈ ਕਰਦਾ ਹੈ॥ ੩ ॥

ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ॥

ਹੇ ਸਰੂਪ ਗਿਆਨ ਤੋਂ ਹੀਣੇ ਦੁਰਮਤਿ= ਖੋਟੀ ਮਤ ਵਾਲੇ ਪੁਰਸ਼ਾ ! ਤੂੰ ਤਾਂ ਸਵਾਸਾਂ ਰੂਪੀ ਮੂਲ ਨੂੰ ਗੁਆ ਬੈਠਾ ਹੈ, ਹੁਣ ਮੁਕਤੀ ਰੂਪ ਲਾਭ ਨੂੰ, ਜਾਂ ਆਤਮ-ਲਾਭ ਨੂੰ ਕਿਥੋਂ ਪਾਏਂਗਾ?

ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ॥ ੪ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ— ਗੁਰ-ਸ਼ਬਦ ਨੂੰ ਵਿਚਾਰ ਕੇ ਜਿਨ੍ਹਾਂ ਨੇ ਰਾਮ-ਰਸ ਨੂੰ ਚਖਿਆ ਹੈ, ਉਹ

ਸੱਚ ਸਰੂਪ ਵਿਚ ਭਰੋਸੇ ਵਾਲੇ ਹੋਏ ਹਨ॥ ੪॥ ੪॥ ੫੦॥

ਭੈਰਉ ਮਹਲਾ ੧॥

ਕਿਸੀ ਨੇ ਕਿਹਾ-"ਗੁਰੂ ਦੇ ਸੇਵਕਾਂ ਦੇ ਕੀ ਲੱਛਣ ਹਨ?" ਉੱਤਰ-

ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ॥

ਜੋ ਗੁਰੂ ਦਾ ਸੇਵਕ ਹੈ ਉਹ ਦਿਨ ਰਾਤ ਗੁਰੂ ਦੇ ਨਾਲ ਰਹਿੰਦਾ ਹੈ ਅਤੇ ਰੰਗਿ= ਪਰੇਮ ਵਿਚ ਰੱਤਾ ਹੋਇਆ ਜੀਭਾ ਨਾਲ ਰਾਮ ਰਾਮ ਜਪਦਾ ਹੈ।

ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ॥ ੧॥

ਅਵਰੁ= ਹੋਰ ਕੋਈ ਗੱਲ ਨਹੀਂ ਜਾਣਦਾ ਇਕ ਗੁਰ-ਉਪਦੇਸ਼ ਨੂੰ ਪਛਾਣਦਾ ਹੈ, ਜਾਣਨ ਜੋਗ ਬ੍ਰਹਮ ਨੂੰ ਹਿਰਦੇ ਅੰਦਰ ਹੀ ਪਛਾਣਦਾ ਹੈ॥ ੧॥

ਸੋ ਜਨੁ ਐਸਾ ਮੈ ਮਨਿ ਭਾਵੈ॥

ਜੋ ਐਸਾ ਪੁਰਸ਼ ਹੈ, ਓਹੀ ਮੇਰੇ ਮਨ ਵਿਚ ਭਾਉਂਦਾ ਹੈ।

ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ॥ ੧॥ ਰਹਾਉ॥

ਜੋ ਆਪੁ= ਹੰਕਾਰ ਨੂੰ ਮਾਰ ਕੇ ਅਪਰੰਪਰਿ= ਪਰਮੇਸ਼ਰ ਵਿਚ ਰੱਤਾ ਰਹਿੰਦਾ ਹੈ ਅਤੇ ਗੁਰਾਂ ਦੀ ਦੱਸੀ ਹੋਈ ਕਾਰ ਨੂੰ ਕਮਾਉਂਦਾ ਹੈ॥ ੧॥ ਰਹਾਉ॥

ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖੁ ਆਦੇਸੋ॥

ਜੋ ਨਿਰੰਜਨੁ-ਪਰਮਾਤਮਾ ਸਭ ਦੇ ਅੰਦਰ ਬਾਹਰ ਪੁਰਖੁ= ਪੂਰਨ ਹੈ, ਉਸ ਆਦ ਪੁਰਖ ਨੂੰ ਨਮਸਕਾਰ ਕਰਦਾ ਹੈ ਅਤੇ ਇਸ ਤਰ੍ਹਾਂ ਜਾਣਦਾ ਹੈ ਕਿ-

ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ॥ ੨॥

ਸਾਚੁ ਵੇਸੋ= ਸੱਚੇ ਸਰੂਪ ਵਾਲਾ ਪ੍ਰਭੂ ਸਾਰਿਆਂ ਘਟਾਂ ਦੇ ਅੰਦਰ ਨਿਰੰਤਰਿ= ਇਕ ਰਸ ਰਵਿ ਰਹਿਆ= ਵਿਆਪਕ ਹੋ ਰਿਹਾ ਹੈ॥ ੨॥

ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ॥

ਜੋ ਹਰ ਵੇਲੇ ਸੱਚ ਨਾਮ ਵਿਚ ਤਦਾਕਾਰ ਰਹਿੰਦਾ ਹੈ ਤੇ ਜੀਭ ਨਾਲ ਭੀ ਸੱਚ ਨਾਮ-ਅੰਮ੍ਰਿਤ ਨੂੰ ਪੀਂਦਾ ਹੈ, ਉਸ ਦੀ ਜੀਭ ਪਰ ਮਿਥਿਆ= ਝੂਠੇ ਬਚਨਾਂ ਦੇ ਬੋਲਣ ਰੂਪੀ ਮੈਲ ਰਾਈ ਮਾਤ੍ਰ ਭੀ ਨਹੀਂ ਹੈ।

[ਪੰਨਾ ੧੧੨੭]

ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ॥ ੩॥

ਜਿਨ੍ਹਾਂ ਨੇ ਗੁਰ-ਸ਼ਬਦ ਵਿਚ ਰਤੇ= ਤਦਾਕਾਰ ਹੋ ਕੇ ਨਿਰਮਲ ਨਾਮ ਰੂਪੀ ਅੰਮ੍ਰਿਤ-ਰਸ ਨੂੰ ਚੱਖਿਆ ਹੈ, ਉਹਨਾਂ ਨੇ ਪਤਿ= ਇੱਜ਼ਤ ਪਾਈ ਹੈ॥ ੩॥

ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ॥

ਸ਼ਰਧਾ ਆਦਿਕ ਗੁਣੀ= ਗੁਣਾਂ ਵਾਲਾ ਜਗਿਆਸੂ ਜਨ ਗੁਣੀ= ਸਤ ਸੰਤੋਖ ਆਦਿਕ ਗੁਣਾਂ ਵਾਲੇ ਮਹਾਤਮਾਂ ਨਾਲ ਮਿਲ ਕੇ ਲਾਭ ਪਾਉਂਦਾ ਹੈ, ਫਿਰ ਉਹ ਗੁਰਮੁਖ ਨਾਮੀ ਦੇ ਨਾਮ ਨੂੰ ਜਪ ਕੇ ਸੰਸਾਰ ਵਿਚ ਵਡਿਆਈ ਹਾਸਲ ਕਰਦਾ ਹੈ।

ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ॥ ੪॥ ੫॥ ੬॥

ਗੁਰੂ ਜੀ ਕਥਨ ਕਰਦੇ ਹਨ— ਗੁਰੂ ਦੀ ਸੇਵਾ ਕਰਨ ਨਾਲ ਸਾਰੇ ਦੁੱਖ ਮਿਟ ਜਾਂਦੇ ਹਨ ਅਤੇ ਪ੍ਰਭੂ ਦਾ ਨਾਮ ਦਰਗਾਹ ਦਾ ਸਾਥੀ ਹੋ ਕੇ ਸਖਾਈ= ਮਿੱਤਰਤਾ, ਵਾ :- ਸਹਾਇਤਾ ਕਰਦਾ ਹੈ॥ ੪॥ ੫॥ ੬॥

ਭੈਰਉ ਮਹਲਾ ੧॥

ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ॥

ਸਰਬ ਧਾਰਣੁ= ਸਭ ਸ੍ਰਿਸ਼ਟੀ ਦੇ ਧਾਰਨ ਵਾਲੇ ਪ੍ਰਭੂ ਦਾ ਨਾਮ-ਧਨ ਹਿਰਦੇ ਵਿਚ ਗੁਰੂ ਦੀ ਪਰਸਾਦੀ= ਕਿਰਪਾ ਨਾਲ ਪਾਈਦਾ ਹੈ।

ਅਮਰ ਪਦਾਰਥ ਤੇ ਕਿਰਤਾਰਥ ਸਹਜ ਧਿਆਨਿ ਲਿਵ ਲਾਈਐ॥ ੧॥

ਅਮਰ ਪਦਾਰਥ= ਨਾਮ, ਵਾ :- ਗਿਆਨ ਕਰ ਕੇ ਹੀ ਕਿਰਤਾਰਥ= ਕਲਿਆਣ ਹੋਈਦਾ ਹੈ, ਤਾਂ ਤੇ ਸਹਜ= ਸ਼ਾਂਤੀ ਸਹਿਤ ਪ੍ਰਭੂ ਦੇ ਧਿਆਨ ਵਿਚ ਲਿਵ ਲਗਾਉਣਾ ਕਰੀਏ।

ਅਥਵਾ :— ਜਿਨ੍ਹਾਂ ਨੇ ਨਾਮ ਰੂਪ ਅਮਰ ਪਦਾਰਥ ਨੂੰ ਪਾ ਕੇ ਸਹਜ ਪਦ ਦੇ ਧਿਆਨ ਵਿਚ ਲਿਵ ਨੂੰ ਲਗਾਉਣਾ ਕੀਤਾ ਹੈ ਤੇ ਕਿਰਤਾਰਥ= ਉਹ ਕਲਿਆਣ ਹੋਏ ਹਨ।

ਮਨ ਰੇ ਰਾਮ ਭਗਤਿ ਚਿਤੁ ਲਾਈਐ॥

ਹੇ ਮਨ ! ਰਾਮ ਦੀ ਭਗਤੀ ਵਿਚ ਬਿਰਤੀ ਨੂੰ ਲਗਾਉਣਾ ਕਰ।

ਗੁਰਮੁਖਿ ਰਾਮ ਨਾਮੁ ਜਪਿ ਹਿਰਦੈ
ਸਹਜ ਸੇਤੀ ਘਰਿ ਜਾਈਐ॥ ੧॥ ਰਹਾਉ॥

ਗੁਰਾਂ ਦੁਆਰੇ ਰਾਮ ਦਾ ਨਾਮ ਹਿਰਦੇ ਵਿਚ ਜਪ ਕੇ ਸਹਜ ਸੇਤੀ= ਸ਼ਾਤੀ ਤੇ ਗਿਆਨ ਦੇ ਨਾਲ ਹੋ ਕੇ ਸਰੂਪ-ਘਰ ਵਿਚ ਜਾਣਾ ਕਰ॥ ੧॥ ਰਹਾਉ॥

ਭਰਮੁ ਭੇਦੁ ਭਉ ਕਬਹੁ ਨ ਛੂਟਸਿ ਆਵਤ ਜਾਤ ਨ ਜਾਨੀ॥

ਜਿਸ ਨੇ ਪਰੀਤੀ ਜਾਂ ਭਗਤੀ ਕਰਨੀ ਨਹੀਂ ਜਾਣੀ ਉਸ ਦਾ ਪੰਜ ਪ੍ਰਕਾਰ ਦਾ ਭਰਮ*ਤੇ ਭਉ= ਡਰ ਕਦੇ ਨਹੀਂ ਛੁਟਦਾ ਅਤੇ ਉਹ ਸਦਾ ਜੰਮਦਾ ਮਰਦਾ ਰਹਿੰਦਾ ਹੈ। ਵਾ :- ਜਿਸ ਨੇ ਭਗਤੀ ਕਰਨੀ ਨਹੀਂ ਜਾਣੀ ਹੈ, ਉਸ ਦਾ ਭੇਦ ਭਰਮ ਤੇ ਆਵਤ ਜਾਵਤ= ਜਨਮ ਮਰਨ ਦਾ ਭਉ= ਡਰ ਕਦੇ ਛੁੱਟਦਾ ਨਹੀਂ।

ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ਡੂਬਿ ਮੁਏ ਬਿਨੁ ਪਾਨੀ॥ ੨॥

---

*ਭੇਦ ਭਰਮ, ਕਰਤਤ ਭਰਮ ਪੁਨ ਸੰਗ ਭਰਮ ਵਿਕਾਰ।
ਬ੍ਰਹਮ ਇਤਰ ਜਗ ਸਤ ਹੈ ਪਾਂਚਉ ਭਰਮ ਸੰਸਾਰ।

ਹਰੀ ਨਾਮ ਤੋਂ ਬਿਨਾਂ ਕੋਈ ਭੀ ਮੁਕਤੀ ਨੂੰ ਨਹੀਂ ਪਾਉਂਦਾ, ਨਾਮ-ਪਾਣੀ ਤੋਂ ਹੀਣੇ ਪੁਰਸ਼ ਸੰਸਾਰ-ਸਮੁੰਦਰ ਵਿਚ ਡੁੱਬ ਮੋਏ ਹਨ। ਵਾ :- ਪਦਾਰਥਾਂ ਰੂਪ ਪਾਣੀ ਦੇ ਮਿਲੇ ਤੋਂ ਬਿਨਾਂ ਹੀ ਹਾਏ ਮਾਇਆ ਹਾਏ ਮਾਇਆ ਕਰਦੇ ਹੋਏ ਸੰਸਾਰ ਦੇ ਵਿਚੇ ਡੁੱਬ ਮੋਏ॥ ੨॥

ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ॥

ਏਹ ਜੀਵ ਸੰਸਾਰਕ ਧੰਦਾ ਕਰਦਿਆਂ ਹੀ ਸਾਰੀ ਇੱਜ਼ਤ ਗੁਆ ਲੈਂਦਾ ਹੈ, ਗਵਾਰਾ= ਮੂਰਖਾਂ ਦਾ ਭਰਮ ਕਦੇ ਭੀ ਮਿਟਦਾ ਨਹੀਂ ਹੈ।

ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ ਅੰਧੁਲੇ ਧੰਧੁ ਪਸਾਰਾ॥ ੩॥

ਗੁਰ-ਸ਼ਬਦ ਤੋਂ ਬਿਨਾਂ ਕਦੇ ਇਸ ਨੂੰ ਮੁਕਤੀ ਨਹੀਂ ਮਿਲਦੀ, ਇਸ ਅੰਨ੍ਹੇ ਜੀਵ ਨੇ ਧੰਦਿਆਂ ਨੂੰ ਹੀ ਪਸਾਰਿਆ ਹੋਇਆ ਹੈ। *ਅਥਵਾ :-* ਅੰਨ੍ਹੇ ਅਗਿਆਨੀ ਨੇ ਜੋ ਧੰਦਿਆਂ ਦਾ ਪਸਾਰਾ ਕੀਤਾ ਹੋਇਆ ਹੈ, ਗੁਰ-ਸ਼ਬਦ ਤੋਂ ਬਿਨਾਂ ਇਨ੍ਹਾਂ ਧੰਦਿਆਂ ਤੋਂ ਕਦੇ ਭੀ ਮੁਕਤਿ= ਛੁਟਕਾਰਾ ਨਹੀਂ ਪਾਉਂਦਾ ॥ ੩॥

ਅਕੁਲ ਨਿਰੰਜਨ ਸਿਉ ਮਨੁ ਮਾਨਿਆ ਮਨ ਹੀ ਤੇ ਮਨੁ ਮੂਆ॥

ਕੁਲਾਂ ਤੋਂ ਰਹਿਤ ਜੋ ਨਿਰੰਜਨ= ਪਰਮਾਤਮਾ ਹੈ ਉਸ ਨਾਲ ਉਸ ਜੀਵ ਦਾ ਮਨ ਮੰਨਿਆ ਗਿਆ ਹੈ, ਗੁਰਾਂ ਦੇ ਮਨ ਹੀ= ਮੰਤ੍ਰ ਨਾਲ ਜਿਸ ਦਾ ਮਨ ਜੀਵਤ ਭਾਵ ਤੋਂ ਮਰਿਆ ਹੈ।

ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ॥ ੪॥ ੬॥ ੭॥

ਗੁਰੂ ਜੀ ਕਥਨ ਕਰਦੇ ਹਨ— ਉਸ ਨੇ ਇਕ ਅਦੁਤੀ ਪਰਮਾਤਮਾ ਨੂੰ ਹੀ ਅੰਦਰ ਬਾਹਰ ਜਾਣ ਲਿਆ ਹੈ, ਅਵਰੁ= ਹੋਰ ਕਿਸੇ ਦੂਆ= ਦੂਜੇ ਨੂੰ ਨਹੀਂ ਵੇਖਿਆ ॥ ੪॥ ੬॥ ੭॥

ਭੈਰਉ ਮਹਲਾ ੧॥

ਨਾਮ-ਸਿਮਰਨ ਤੋਂ ਬਿਨਾਂ ਸਾਰਿਆਂ ਸਾਧਨਾਂ ਦੀ ਨਿਸਫਲਤਾ ਦੱਸਦੇ ਹਨ-

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥

ਚਾਹੇ ਕਿਤਨੇ ਰਾਜਸੂ ਤੇ ਅਸ੍ਵਮੇਧ ਆਦਿਕ ਯੱਗ ਕਰ ਲਵੇ, ਚਾਹੇ ਅੱਗ ਵਿਚ ਹੋਮ= ਹਵਨ ਪੀ ਕਰ ਲਵੇ, ਚਾਹੇ ਦਾਨ ਪੁੰਨ ਆਦਿਕ ਕਰਮ ਭੀ ਕਰ ਲਵੇ, (ਜਲ ਧਾਰਾ ਸਹਾਰਨੀ, ਪੰਜ ਧੂਣੀਆਂ ਤਪਣੀਆਂ ਆਦਿਕ) ਤਪ ਭੀ ਕਰ ਲਵੇ, ਠਾਕੁਰ ਪੂਜਾ ਭੀ ਕਰ ਲਵੇ, ਇਨ੍ਹਾਂ ਸਾਧਨਾਂ ਦੇ ਕਰਨ ਨਾਲ ਦੇਹ ਭੀ ਦੁਖੀ ਰਹਿੰਦੀ ਹੈ ਤੇ ਮਨ ਭੀ ਦੁੱਖ ਸਹਾਰਦਾ ਹੈ, ਵਾ :- ਅੱਗੇ ਪ੍ਰਲੋਕ ਵਿਚ ਜਾ ਕੇ ਜੀਵ ਭੀ ਦੁੱਖ ਝੱਲਦਾ ਹੈ। ਕਿਉਂਕਿ-

ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥ ੧॥

ਰਾਮ ਦੇ ਨਾਮ ਸਿਮਰੇ ਤੋਂ ਬਿਨਾਂ ਜੀਵ ਮੁਕਤੀ ਨੂੰ ਨਹੀਂ ਪਾਉਂਦਾ, ਗੁਰਮੁਖ ਲੋਕ ਗੁਰਾਂ ਦੁਆਰੇ ਰਾਮ ਦੇ ਨਾਮ ਨੂੰ ਜਪ ਕੇ ਮੁਕਤੀ ਲੈਂਦੇ ਹਨ॥ ੧॥

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥

ਰਾਮ ਨਾਮ ਦੇ ਸਿਮਰਨ ਕੀਤੇ ਤੋਂ ਬਿਨਾਂ ਜਗਤ ਵਿਚ ਜੰਮਣਾ ਹੀ ਬਿਅਰਥ ਹੈ।

ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥ ੧ ॥ ਰਹਾਉ ॥

ਨਾਮ ਹੀਣੇ ਪੁਰਸ਼ ਦਾ ਖਾਣਾ ਭੀ ਵਿਹੁ ਦਾ ਹੈ, ਬੋਲੀ= ਬਚਨਾਂ ਦਾ ਬੋਲਣਾ ਵੀ ਜ਼ਹਿਰ ਰੂਪ ਹੈ। *ਅਥਵਾ :-* ਵਿਸ਼ਿਆਂ ਨੂੰ ਖਾਂਦਾ ਹੈ, ਵਿਸ਼ਿਆਂ ਦੀਆਂ ਹੀ ਬੋਲੀਆਂ ਬੋਲਦਾ ਹੈ, ਨਾਮ ਤੋਂ ਬਿਨਾਂ ਸਾਰਾ ਜੀਵਨ ਨਿਸਫਲ ਹੈ, ਉਹ ਅੰਤ ਨੂੰ ਮਰ ਕੇ ਜੂਨੀਆਂ ਵਿਚ ਭਉਂਦਾ ਹੈ॥ ੧ ॥ ਰਹਾਉ ॥

ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥

ਭਾਵੇਂ ਪੁਸਤਕਾਂ ਦੇ ਪਾਠ ਵਿਆਕਰਣ ਦੀ ਰੀਤੀ ਅਨੁਸਾਰ ਕਥਨ ਕਰਦਾ ਹੈ ਅਤੇ ਤਿਕਾਲ= ਤਿੰਨ ਵੇਲੇ ਸੰਧਿਆ ਆਦਿਕ ਕਰਮ ਭੀ ਕਰਦਾ ਹੈ। ਤਦ ਭੀ-

ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥ ੨ ॥

ਗੁਰ-ਸ਼ਬਦ ਤੋਂ ਬਿਨਾਂ ਏਹ ਪ੍ਰਾਣੀ ਕਦ ਮੁਕਤੀ ਪਾ ਸਕਦਾ ਹੈ, ਰਾਮ ਨਾਮ-ਸਿਮਰਨ ਤੋਂ ਬਿਨਾਂ ਏਹ ਜੀਵ ਕਰਮ-ਜਾਲ ਵਿਚ ਹੀ ਉਰਝ ਕੇ, *ਵਾ :-* ਜਮਾਂ ਦੇ ਜਾਲ ਵਿਚ ਫਸ ਕੇ ਮਰਦਾ ਹੈ॥ ੨ ॥

ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥

ਭਾਵੇਂ ਹੱਥ ਵਿਚ ਡੰਡਾ ਤੇ ਕਰਮੰਡਲ ਫੜਨਾ ਕਰੇ, ਸਿਰ ਪਰ ਸਿਖਾ= ਬੋਦੀ ਰੱਖ ਲਵੇ, ਗਲ ਵਿਚ ਸੂਤੁ= ਜਨੇਊ ਪਾ ਲਵੇ, ਲੱਕ ਨਾਲ ਧੋਤੀ ਬੰਨ੍ਹ ਲਵੇ, ਚਾਹੇ ਤੀਰਥਿ ਗਵਨੁ= ਤੀਰਥ-ਯਾਤਰਾ ਕਰ ਲਵੇ ਤੇ ਧਰਤੀ 'ਤੇ ਪੈਦਲ ਹੀ ਅਤਿ= ਬੜਾ ਫਿਰਨਾ ਕਰੇ। ਤਾਂ ਭੀ-

ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥ ੩ ॥

ਰਾਮ ਦੇ ਨਾਮ-ਸਿਮਰਨ ਤੋਂ ਬਿਨਾਂ ਸ਼ਾਂਤੀ ਨਹੀਂ ਆਉਂਦੀ, ਜਿਸ ਨੇ ਹਰਿ ਹਰਿ ਨਾਮ ਨੂੰ ਜਪਿਆ ਹੈ, ਓਹੀ ਸੰਸਾਰ-ਸਮੁੰਦਰ ਤੋਂ ਪਾਰ ਉਤਰਦਾ ਹੈ॥ ੩ ॥

ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥

ਭਾਵੇਂ ਸਿਰ 'ਤੇ ਜਟਾਵਾਂ ਦਾ ਮੁਕਟ ਬੰਨ੍ਹ ਕੇ ਸਰੀਰ ਉੱਤੇ ਭਸਮ= ਸਵਾਹ ਲਾਈ ਫਿਰੇ ਤੇ ਕੱਪੜੇ ਛੱਡ ਕੇ ਚਾਹੇ ਸਰੀਰੋਂ ਨੰਗਾ ਹੋ ਗਿਆ ਹੋਵੇ। ਤਾਂ ਭੀ-

ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥ ੪ ॥

ਰਾਮ ਨਾਮ ਤੋਂ ਬਿਨਾਂ ਮਨ ਨੂੰ ਤ੍ਰਿਪਤੀ ਨਹੀਂ ਆਉਂਦੀ, ਪਿਛਲੇ ਕਰਮਾਂ ਦੇ ਬੱਧੇ ਅਨੁਸਾਰ ਇਹ ਜੀਵ ਭੇਖੀ ਹੋ ਗਿਆ ਹੈ। ਪਿਛਲੇ ਜਨਮ ਵਿਚ ਕਿਸੇ ਨੂੰ ਕੱਪੜਾ ਦਾਨ ਨਹੀਂ ਦਿੱਤਾ ਸੀ ਇਸ ਕਰ ਕੇ ਹੁਣ ਨੰਗਾ ਹੋ ਗਿਆ ਹੈ।

ਯਥਾ- ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥ *(ਪੰਨਾ ੪੬੭)*

ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ ॥

ਜਿੰਨੇ ਭੀ ਜਲਾਂ ਵਿਚ, ਥਲਾਂ ਵਿਚ ਮਹੀ= ਪ੍ਰਿਥਵੀ ਤੇ ਅਲਿ= ਅਕਾਸ਼ ਵਿਚ ਜੀਆ ਜੰਤੂ ਹਨ, ਹੇ

ਵਾਹਿਗੁਰੂ ! ਤੂੰ ਹੀ ਜਿਥੇ ਕਿਥੇ ਉਹਨਾਂ ਸਭਨਾਂ ਜੀਵਾਂ ਦੀ ਪਾਲਣਾ ਕਰਦਾ ਹੈਂ।

ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥੫ ॥੭ ॥੮ ॥

ਜਿਨ੍ਹਾਂ ਗੁਰਮੁਖਾਂ ਨੇ ਗੁਰੂ ਕਿਰਪਾ ਦੁਆਰੇ ਪੰਜਾਂ ਕੋਸ਼ਾਂ ਰੂਪੀ ਬੂਰ ਨੂੰ, ਵਾ :- ਹੰਗਤਾ ਮਮਤਾ ਰੂਪੀ ਬੂਰ ਨੂੰ ਝੋਲਿ= ਹਟਾ ਕੇ ਹਰੀ ਨਾਮ-ਰਸ ਪੀਤਾ ਹੈ, ਉਹਨਾਂ ਗੁਰਮੁਖ ਜਨਾਂ ਨੂੰ ਤੂੰ ਰੱਖ ਲੈਂਦਾ ਹੈਂ, ਤਿਵੇਂ ਮੈਂ ਸੇਵਕ ਜਨ ਨੂੰ ਭੀ ਰੱਖ ਲੈਣਾ ਕਰ॥ ੫॥ ੭॥ ੮॥

[ਪੰਨਾ ੧੧੨੮]

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਇਕ ਬ੍ਰਾਹਮਣ ਨੇ ਆ ਕੇ ਕਿਹਾ-''ਬ੍ਰਾਹਮਣ ਸਭ ਤੋਂ ਵੱਡੇ ਹਨ, ਇਸ ਲਈ ਸਭ ਤੋਂ ਵਿਸ਼ੇਸ਼ ਬ੍ਰਾਹਮਣਾਂ ਦੀ ਪੂਜਾ ਹੋਣੀ ਚਾਹੀਦੀ ਹੈ।'' ਬ੍ਰਾਹਮਣ ਤੋਂ ਏਹ ਗੱਲ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਸ਼ਬਦ ਉਚਾਰਨ ਕਰ ਕੇ ਉਸ ਦੇ ਅੰਦਰੋਂ ਬ੍ਰਾਹਮਣ ਜ਼ਾਤੀ ਦਾ ਹੰਕਾਰ ਦੂਰ ਕਰਦੇ ਹਨ-

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥ ੧ ॥

ਹੇ ਭਾਈ ! ਆਪਣੀ ਜ਼ਾਤੀ ਦਾ ਕੋਈ ਹੰਕਾਰ ਨਾ ਕਰੋ। ਅਸਲ ਬ੍ਰਾਹਮਣ ਓਹੀ ਹੁੰਦਾ ਹੈ, ਜੇਹੜਾ ਬ੍ਰਹਮ ਨੂੰ ਬਿੰਦੇ= ਜਾਣਦਾ ਹੈ।

ਯਥਾ :- ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੪॥ *(ਪੰਨਾ ੩੨੪)*

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥

ਹੇ ਮੂਰਖ ਗਵਾਰਾ= ਮਹਾਂ ਮੂਰਖਾ ! ਤੂੰ ਬ੍ਰਾਹਮਣ ਜ਼ਾਤੀ ਦਾ ਹੰਕਾਰ ਨਾ ਕਰ। ਕਿਉਂਕਿ-

ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ ੧ ॥ ਰਹਾਉ ॥

ਇਸ ਗਰਬ= ਹੰਕਾਰ ਕਰ ਕੇ ਸਰੀਰ ਵਿਚ ਬਹੁਤ ਸਾਰੇ ਵਿਕਾਰ ਪੈਦਾ ਹੋ ਜਾਂਦੇ ਹਨ॥ ੧॥ ਰਹਾਉ॥

ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ ਸਭੁ ਓਪਤਿ ਹੋਈ ॥ ੨ ॥

ਸਭ ਕੋਈ ਇਸ ਤਰ੍ਹਾਂ ਆਖਦਾ ਹੈ (ਕਿ ਸੰਸਾਰ ਵਿਚ ਬ੍ਰਾਹਮਣ, ਖਤ੍ਰੀ, ਸ਼ੂਦਰ, ਵੈਸ਼ ਏਹੋ) ਚਾਰੇ ਵਰਨ ਹਨ। ਪਰ ਬ੍ਰਹਮਾ ਦੇ ਬੀਰਜ ਤੋਂ ਸਭ ਦੀ ਉਤਪੱਤੀ ਹੋਈ ਹੈ। ਵਾ :- ਬਿੰਦ= ਜਾਣਨਾ ਕਰ ਸਭ ਦੀ ਉਤਪੱਤੀ ਬ੍ਰਹਮ ਤੋਂ ਹੋਈ ਹੈ ਇਸ ਤੇ ਵੱਡਾ ਛੋਟਾ ਕੋਈ ਨਹੀਂ॥ ੨॥

ਮਾਟੀ ਏਕ ਸਗਲ ਸੰਸਾਰਾ ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥ ੩ ॥

ਜਿਵੇਂ ਸਾਰੇ ਸੰਸਾਰ ਵਿਚ ਮਿੱਟੀ ਇਕੋ ਹੈ, ਉਸ ਮਿੱਟੀ ਤੋਂ ਹੀ ਘੁਮਿਆਰ ਨੇ ਬਹੁਤ ਤਰ੍ਹਾਂ ਦੇ ਭਾਂਡੇ ਘੜੇ ਹਨ। ਤਿਵੇਂ ਸਾਰੇ ਸੰਸਾਰ ਵਿਚ ਉਪਾ ਦਾਨ ਕਾਰਨ ਰੂਪ ਮਿੱਟੀ ਇਕੋ ਹੈ, ਬ੍ਰਹਮ ਰੂਪ ਘੁਮਿਆਰ ਨੇ ਉਸ ਮਿੱਟੀ ਤੋਂ ਬਹੁਤ ਤਰ੍ਹਾਂ ਦੇ ਸਰੀਰਾਂ ਰੂਪੀ ਭਾਂਡੇ ਘੜਨਾ ਕੀਤੇ ਹਨ॥ ੩॥ ਫੇਰ ਉਸ ਬ੍ਰਹਮ ਨੇ-

ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥
ਘਟਿ ਵਧਿ ਕੋ ਕਰੈ ਬੀਚਾਰਾ ॥ ੪ ॥

ਪੰਜਾਂ ਤੱਤਾਂ ਨੂੰ ਮਿਲਾ ਕੇ ਦੇਹਾਂ ਦੇ ਅਕਾਰ ਰਚਨਾ ਕੀਤੇ ਹਨ, ਐਸਾ ਕੌਣ ਹੈ ਜੋ ਇਨ੍ਹਾਂ ਤੱਤਾਂ ਦੇ ਘਟ ਵਧ ਕਰਨ ਦਾ ਵਿਚਾਰ ਕਰ ਸਕੇ ? ॥ ੪ ॥

ਯਥਾ :- ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥

(ਪੰਨਾ ੭੩੬)

ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥

ਗੁਰੂ ਜੀ ਕਥਨ ਕਰਦੇ ਹਨ— ਸਰੀਰ ਵਿਚ ਏਹ ਜੀਵ ਕਰਮਾਂ ਦਾ ਬੱਧਾ ਹੋਇਆ ਹੈ।

ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ੫ ॥ ੧ ॥

ਸਤਿਗੁਰਾਂ ਨੂੰ ਮਿਲੇ ਤੋਂ ਬਿਨਾਂ ਕਦੇ ਭੀ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ ॥ ੫ ॥ ੧ ॥

ਭੈਰਉ ਮਹਲਾ ੩ ॥

ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥ ੧ ॥

ਜੋਗੀ, ਗ੍ਰਿਹਸਤੀ, ਪੰਡਿਤ ਅਤੇ ਭੇਖਧਾਰੀ ਏਹ ਸਭ ਆਪੋ ਆਪਣੇ ਹੰਕਾਰ ਵਿਚ ਸੁੱਤੇ ਹੋਏ ਹਨ।

ਅਥਵਾ :— ਏਹ ਸਭ ਆਪਣੇ ਹੰਕਾਰ ਨਾਲ ਹੰਕਾਰੀ ਹੋ ਕੇ ਮੋਹ ਰੂਪ ਨੀਂਦ ਵਿਚ ਸੁੱਤੇ ਹੋਏ ਹਨ॥ ੧ ॥

ਮਾਇਆ ਮਦਿ ਮਾਤਾ ਰਹਿਆ ਸੋਇ ॥
ਜਾਗਤੁ ਰਹੈ ਨ ਮੂਸੈ ਕੋਇ ॥ ੧ ॥ ਰਹਾਉ ॥

ਮਾਇਆ ਦੇ ਮਦ ਵਿਚ ਮਸਤ ਹੋ ਕੇ ਅਵਿਦਿਆ ਦੀ ਨੀਂਦ ਵਿਚ ਸੋਂ ਰਿਹਾ ਹੈ। ਜੇਹੜਾ ਕੋਈ ਜਾਗਦਾ ਰਹਿੰਦਾ ਹੈ, ਉਹ ਕੋਈ ਮੂਸੈ ਨ= ਲੁਟੀਦਾ ਨਹੀਂ ਹੈ॥ ੧ ॥ ਰਹਾਉ ॥

ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥ ੨ ॥

ਉਹ ਜਾਗਦਾ ਹੈ, ਜਿਸ ਨੂੰ ਸਤਿਗੁਰੂ ਮਿਲਦਾ ਹੈ। ਕਿਉਂਕਿ ਸਤਿਗੁਰਾਂ ਦੀ ਸੇਵਾ ਕਰ ਕੇ ਉਹ ਪੰਜ ਕਾਮ ਆਦਿਕ ਦੂਤਾਂ ਨੂੰ ਵਸਗਤਿ= ਕਾਬੂ ਕਰ ਲੈਂਦਾ ਹੈ॥ ੨ ॥

ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥ ੩ ॥

ਉਹ ਜਾਗਦਾ ਹੇ ਜੋ ਤਤੁ= ਸਿਧਾਂਤ ਰੂਪ ਪਰਮੇਸ਼ਰ ਦਾ ਵਿਚਾਰ ਕਰਦਾ ਹੈ। ਉਹ ਆਪ ਮਰ ਜਾਂਦਾ ਹੈ, ਹੋਰਨਾਂ ਨੂੰ ਨਹੀਂ ਮਾਰਦਾ। ਅਰਥਾਤ ਆਪ ਦੁੱਖ ਸਹਾਰ ਲੈਂਦਾ ਹੈ ਹੋਰਨਾਂ ਨੂੰ ਦੁੱਖ ਨਹੀਂ ਦੇਂਦਾ ॥ ੩ ॥

ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥ ੪ ॥

ਉਹ ਪੁਰਸ਼ ਜਾਗਦਾ ਹੈ ਜੋ ਇਕ ਵਾਹਿਗੁਰੂ ਨੂੰ ਜਾਣਦਾ ਹੈ। ਜੇਹੜਾ ਪੁਰਸ਼ ਪਰਕਿਰਤਿ= ਮਾਇਆ ਨੂੰ ਛੱਡਦਾ ਹੈ, ਓਹੀ ਤਤੁ= ਸਿਧਾਂਤ ਨੂੰ ਪਛਾਣਦਾ ਹੈ॥ ੪ ॥

ਚਹੁ ਵਰਨਾ ਵਿਚਿ ਜਾਗੈ ਕੋਇ॥ ਜਮੈ ਕਾਲੈ ਤੇ ਛੂਟੈ ਸੋਇ॥ ੫॥

ਚੌਂਹ ਵਰਨਾਂ ਵਿੱਚੋਂ ਜੇਹੜਾ ਕੋਈ ਜਾਗਦਾ ਹੈ। ਉਹ ਜਮੈ ਕਾਲੈ= ਜੰਮਣ ਮਰਨ ਤੋਂ ਛੁੱਟ ਜਾਂਦਾ ਹੈ। *ਅਥਵਾ :-* ਕਾਲ ਕਰਨ ਵਾਲਾ ਜੋ ਜਮ ਹੈ, ਉਸ ਤੋਂ ਉਹ ਛੁੱਟ ਜਾਂਦਾ ਹੈ॥ ੫॥

ਕਹਤ ਨਾਨਕ ਜਨੁ ਜਾਗੈ ਸੋਇ॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ॥ ੬॥ ੨॥

ਗੁਰੂ ਜੀ ਕਥਨ ਕਰਦੇ ਹਨ— ਉਹ ਪੁਰਸ਼ ਜਾਗਦਾ ਹੈ। ਜਿਸ ਦੀਆਂ ਮਨ ਬੁੱਧੀ ਰੂਪ ਅੱਖਾਂ ਵਿਚ ਗਿਆਨ ਰੂਪੀ ਅੰਜਨੁ= ਸੁਰਮਾ ਪਾਇਆ ਹੋਇਆ ਹੈ॥ ੬॥ ੨॥

ਭੈਰਉ ਮਹਲਾ ੩॥
ਜਾ ਕਉ ਰਾਖੈ ਅਪਣੀ ਸਰਣਾਈ॥ ਸਾਚੇ ਲਾਗੈ ਸਾਚਾ ਫਲੁ ਪਾਈ॥ ੧॥

ਜਿਸ ਪੁਰਸ਼ ਨੂੰ ਪਰਮਾਤਮਾ ਆਪਣੀ ਸ਼ਰਨ ਵਿਚ ਰੱਖਦਾ ਹੈ। ਉਹ ਪੁਰਸ਼ ਸੱਚੇ ਨਾਮ ਵਿਚ ਲੱਗ ਕੇ ਸਰੂਪ-ਗਿਆਨ ਰੂਪ ਸੱਚਾ ਫਲ ਪਾ ਲੈਂਦਾ ਹੈ॥ ੧॥

ਰੇ ਜਨ ਕੈ ਸਿਉ ਕਰਹੁ ਪੁਕਾਰਾ॥
ਹੁਕਮੇ ਹੋਆ ਹੁਕਮੇ ਵਰਤਾਰਾ॥ ੧॥ ਰਹਾਉ॥

ਰੇ ਜਨ= ਹੇ ਭਾਈ ! ਪਰਮੇਸ਼ਰ ਨੂੰ ਛੱਡ ਕੇ ਹੋਰ ਕਿਸ ਦੇ ਪਾਸ ਪੁਕਾਰਾਂ ਕਰੇਂਗਾ? ਕਿਉਂਕਿ ਸਭ ਕੁਝ ਪ੍ਰਭੂ ਦੇ ਹੁਕਮ ਵਿਚ ਹੋਇਆ ਹੈ ਅਤੇ ਪ੍ਰਭੂ ਦੇ ਹੁਕਮ ਵਿਚ ਹੀ ਵਰਤ ਰਿਹਾ ਹੈ॥ ੧॥ ਰਹਾਉ॥

ਏਹੁ ਆਕਾਰੁ ਤੇਰਾ ਹੈ ਧਾਰਾ॥
ਖਿਨ ਮਹਿ ਬਿਨਸੈ ਕਰਤ ਨ ਲਾਗੈ ਬਾਰਾ॥ ੨॥

ਏਹ ਤੇਰਾ ਆਕਾਰੁ= ਸਰੀਰ ਓਸੇ ਨੇ ਧਾਰਿਆ ਹੈ। ਇਸ ਸਰੀਰ ਨੂੰ ਇਕ ਖਿਨ ਵਿਚ ਬਿਨਾਸ ਤੇ ਉਤਪੰਨ ਕਰਦਿਆਂ ਉਸ ਨੂੰ ਕੋਈ ਬਾਰਾ= ਦੇਰ ਨਹੀਂ ਲੱਗਦੀ॥ ੨॥

ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ॥
ਗੁਰ ਕਿਰਪਾ ਤੇ ਪਰਮ ਪਦੁ ਪਾਇਆ॥ ੩॥

ਉਸ ਪ੍ਰਭੂ ਨੇ ਹੀ ਕਿਰਪਾ ਕਰ ਕੇ ਇਕ ਸੰਸਾਰ ਦਾ ਖੇਲ ਦਿਖਾਇਆ ਹੈ। ਗੁਰਮੁਖਾਂ ਨੇ ਗੁਰ ਕਿਰਪਾ ਨਾਲ ਉਸ ਦਾ ਨਾਮ ਜਪ ਕੇ ਆਤਮ-ਪਦ ਪਾਇਆ ਹੈ॥ ੩॥

ਕਹਤ ਨਾਨਕੁ ਮਾਰਿ ਜੀਵਾਲੇ ਸੋਇ॥
ਐਸਾ ਬੂਝਹੁ ਭਰਮਿ ਨ ਭੂਲਹੁ ਕੋਇ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ— ਉਹ ਪਰਮੇਸ਼ਰ ਹੀ ਜੀਵਾਂ ਨੂੰ ਮਾਰਦਾ ਤੇ ਜਿਵਾਉਂਦਾ ਹੈ। ਇਸ ਤਰ੍ਹਾਂ ਬੁੱਝਣਾ ਕਰੋ ਅਤੇ ਕਿਸੇ ਭਰਮ ਵਿਚ ਨਾ ਭੁੱਲਣਾ ਕਰੋ॥ ੪॥ ੩॥

ਭੈਰਉ ਮਹਲਾ ੩ ॥

ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥ ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥ ੧ ॥

ਮੈਂ ਕਾਮਣਿ= ਇਸਤ੍ਰੀ ਹਾਂ, ਮੇਰਾ ਪਤੀ ਕਰਤਾਰ ਹੈ। ਜੇਹੋ ਜੇਹਾ ਉਹ ਕਰਾਉਂਦਾ ਹਾਂ ਤੇਹਾ ਮੈਂ ਸਾਧਨਾਂ ਰੂਪੀ ਸ਼ਿੰਗਾਰ ਕਰੀ= ਕਰਦੀ ਹਾਂ॥ ੧ ॥

ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥
ਤਨੁ ਮਨੁ ਸਾਚੇ ਸਾਹਿਬ ਜੋਗੁ ॥ ੧ ॥ ਰਹਾਉ ॥

ਜਾਂ ਉਸ ਪ੍ਰਭੂ ਨੂੰ ਭਾਵੇਗਾ ਤਾਂ ਹੀ ਭੋਗੁ= ਅਭੇਦ ਕਰੇਗਾ। ਮੈਂ ਆਪਣਾ ਤਨ, ਮਨ, ਧਨ ਆਦਿਕ ਸਭ ਕੁਝ ਸੱਚੇ ਸਾਹਿਬ ਦੇ ਜੋਗੁ= ਲਾਇਕ ਅਰਥਾਤ ਅਰਪਣ ਕਰ ਦਿੱਤਾ ਹੈ।

੨) ਜੇ ਉਹ ਚਾਹੇਗਾ ਤਾਂ ਮੇਰੇ ਨਾਲ ਭੋਗ ਕਰੇਗਾ? ਮੇਰਾ ਤਾਂ ਤਨ ਮਨ ਸੱਚੇ ਸਾਹਿਬ= ਮਾਲਕ ਜੋਗਾ ਹੈ॥ ੧ ॥

ਉਸਤਤਿ ਨਿੰਦਾ ਕਰੇ ਕਿਆ ਕੋਈ ॥ ਜਾਂ ਆਪੇ ਵਰਤੈ ਏਕੋ ਸੋਈ ॥ ੨ ॥

ਕੋਈ ਪੁਰਸ਼ ਉਸਤਤੀ ਤੇ ਨਿੰਦਿਆ ਕੀ ਕਰੇਗਾ ? ਜਾਂ ਸਭਨਾਂ ਵਿਚ ਉਹ ਇਕ ਆਪ ਹੀ ਵਰਤੈ= ਵਰਤ ਰਿਹਾ ਹੈ॥ ੨ ॥

ਗੁਰ ਪਰਸਾਦੀ ਪਿਰਮ ਕਸਾਈ ॥
ਮਿਲਉਗੀ ਦਇਆਲ ਪੰਚ ਸਬਦ ਵਜਾਈ ॥ ੩ ॥

ਗੁਰੂ ਦੀ ਕਿਰਪਾ ਨਾਲ ਪਿਰਮ= ਪਰੇਮ ਦੀ ਕਸਾਈ= ਖਿੱਚ ਆਈ ਹੈ। ਪੰਚ= ਸ੍ਰੇਸ਼ਟ ਮਹਾਤਮਾਂ ਦੇ ਸ਼ਬਦ ਨੂੰ ਵਜਾ ਕੇ ਭਾਵ ਉਚਾਰ ਕੇ ਮੈਂ ਦਿਆਲੂ ਪਰਮਾਤਮਾ ਨੂੰ ਮਿਲਾਂਗੀ। ਵਾ :- ਹੁਣ ਮੈਂ ਪੰਚ ਸਬਦ= ਚੰਗੇ ਵਾਜੇ ਵਜਾ ਕੇ ਅਰਥਾਤ ਗੱਜ-ਵੱਜ ਕੇ (ਪ੍ਰਗਟ) ਹੋ ਕੇ ਦਿਆਲੂ ਪਰਮਾਤਮਾ ਨੂੰ ਮਿਲਾਂਗੀ॥ ੩ ॥

ਭਨਤਿ ਨਾਨਕੁ ਕਰੇ ਕਿਆ ਕੋਇ ॥
ਜਿਸ ਨੋ ਆਪਿ ਮਿਲਾਵੈ ਸੋਇ ॥ ੪ ॥ ੪ ॥

ਗੁਰੂ ਜੀ ਭਨਤਿ= ਕਥਨ ਕਰਦੇ ਹਨ— ਉਸ ਦੇ ਮਿਲਾਪ ਵਿਚ ਕੋਈ ਕੀ ਵਿਘਨ ਕਰੇਗਾ ? ਜਿਸ ਨੂੰ ਉਹ ਪਰਮੇਸ਼ਰ ਆਪਣੇ ਨਾਲ ਮਿਲਾਉਂਦਾ ਹੈ, ਉਹ ਜ਼ਰੂਰ ਮਿਲ ਜਾਂਦਾ ਹੈ॥ ੪ ॥ ੪ ॥

ਭੈਰਉ ਮਹਲਾ ੩ ॥

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥ ੧ ॥

ਉਹ ਅਸਲ ਮੁਨੀ ਹੈ, ਜੇਹੜਾ ਮਨ ਦੀ ਦੁਬਿਧਾ= ਦ੍ਵੈਤ ਨੂੰ ਮਾਰਦਾ ਹੈ। ਦੁਬਿਧਾ= ਦ੍ਵੈਤ ਨੂੰ ਮਾਰ ਕੇ ਬ੍ਰਹਮ ਨੂੰ ਵਿਚਾਰਦਾ ਰਹਿੰਦਾ ਹੈ॥ ੧ ॥

[ਪੰਨਾ ੧੧੨੯]

ਇਸੁ ਮਨ ਕਉ ਕੋਈ ਖੋਜਹੁ ਭਾਈ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ॥ ੧ ॥ ਰਹਾਉ ॥

ਹੇ ਭਾਈ ! ਇਸ ਮਨ ਨੂੰ ਵਸ ਕਰਨ ਦੀ ਕੋਈ ਜੁਗਤੀ ਖੋਜੋ।

੨) ਇਸ ਮਨ= ਸ਼੍ਰੋਮਣੀ ਪਰਮਾਤਮਾ ਦੀ ਪ੍ਰਾਪਤੀ ਲਈ ਕੋਈ ਜੁਗਤੀ ਖੋਜੋ। ਮਨ ਦੇ ਵਸੀਕਾਰ ਕਰਨ ਦੇ ਤਰੀਕੇ ਨੂੰ ਖੋਜਦਿਆਂ ਹੀ। ਜਾਂ ਮਨੁ= ਸ਼੍ਰੋਮਣੀ ਪਰਮਾਤਮਾ ਦੇ ਖੋਜਦਿਆਂ ਹੀ ਅਸਾਂ ਨੇ ਨਾਮ, ਵਾ :- ਨਾਮੀ ਰੂਪ ਨੌਂ ਨਿਧੀ ਪਾਈ ਹੈ॥ ੧ ॥ ਰਹਾਉ ॥

ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥
ਮਮਤਾ ਲਾਇ ਭਰਮਿ ਭੁਲਾਇਆ॥ ੨ ॥

ਮੋਹ ਦਾ ਮੂਲੁ= ਮੁੱਢ ਜੋ ਅਗਿਆਨ ਹੈ, ਉਸ ਕਰ ਕੇ ਕਰਤੇ ਪੁਰਖ ਨੇ ਸੰਸਾਰ ਨੂੰ ਪੈਦਾ ਕੀਤਾ ਹੈ। ਫੇਰ ਮਮਤਾ ਲਗਾ ਕੇ ਭਰਮ ਵਿਚ ਪਾ ਕੇ ਆਪਣੀ ਤਰਫੋਂ ਭੁਲਾ ਦਿੱਤਾ ਹੈ॥ ੨ ॥

ਇਸੁ ਮਨ ਤੇ ਸਭ ਪਿੰਡੁ ਪਰਾਣਾ॥
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ॥ ੩ ॥

ਇਸ ਮਨ= ਸ਼੍ਰੋਮਣੀ ਪਰਮਾਤਮਾ ਤੋਂ ਸਾਰੇ ਪਿੰਡੁ= ਸਰੀਰ, ਇੰਦ੍ਰੀਏ ਤੇ ਪ੍ਰਾਣ ਆਦਿਕ ਹੋਏ ਹਨ। ਜਿਸ ਨੇ ਮਨ= ਸ਼੍ਰੋਮਣੀ ਪਰਮਾਤਮਾ ਦਾ ਵਿਚਾਰ ਕੀਤਾ ਹੈ, ਉਹ ਹੁਕਮ ਨੂੰ ਬੁੱਝ ਕੇ ਉਸ ਵਿਚ ਸਮਾ ਗਿਆ ਹੈ। *ਅਥਵਾ :-* ਇਸ ਮਨ ਦੇ ਫੁਰਨੇ ਤੋਂ ਹੀ ਪਿੰਡ ਤੇ ਪਰਾਣ ਆਦਿਕ ਸਭ ਕੁਝ ਹੋਏ ਹਨ।

ਯਥਾ :- ਮਨ ਉਨਮੇਖ ਜਗ ਭਇਓ। *(ਵਿਚਾਰ ਮਾਲਾ)*

ਜਿਸ ਨੇ ਮਨ ਨੂੰ ਵਸੀਕਾਰ ਕਰਨਾ ਵਿਚਾਰਿਆ ਹੈ, ਉਹ ਹੁਕਮ ਨੂੰ ਬੁੱਝ ਕੇ ਪਰਮੇਸ਼ਰ ਵਿਚ ਸਮਾ ਗਿਆ ਹੈ॥ ੩ ॥

ਕਰਮੁ ਹੋਵੈ ਗੁਰੁ ਕਿਰਪਾ ਕਰੈ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ॥ ੪ ॥

ਜਿਸ ਦਾ ਪੂਰਬਲਾ ਕਰਮ ਚੰਗਾ ਹੁੰਦਾ ਹੈ ਉਸ ਉੱਤੇ ਗੁਰੂ ਕਿਰਪਾ ਕਰਦਾ ਹੈ। ਇਹ ਮਨ (ਭਜਨ ਵਿਚ) ਜਾਗੇ ਤਾਂ ਹੀ ਇਸ ਮਨ ਦੀ ਦੁਬਿਧਾ ਮਰਦੀ ਹੈ। ਜਾਂ ਇਸ ਮਨ ਦੀ ਦੁਬਿਧਾ= ਦਵੈਤ ਮਰ ਜਾਵੇ ਤਾਂ ਏਹੋ ਮਨ ਗਿਆਨ-ਜਾਗ੍ਰਤ ਵਿਚ ਜਾਗਦਾ ਹੈ॥ ੪ ॥

ਮਨ ਕਾ ਸੁਭਾਉ ਸਦਾ ਬੈਰਾਗੀ॥ ਸਭ ਮਹਿ ਵਸੈ ਅਤੀਤੁ ਅਨਰਾਗੀ॥ ੫ ॥

ਮਨ= ਅੰਤਹਕਰਨ ਅਵਛਿੰਨ ਜੋ ਸਾਖੀ ਚੇਤਨ ਹੈ, ਉਸ ਦਾ ਸੁਭਾਉ= ਸੁਭਾਵ (ਸਰੂਪ) ਸਦਾ ਬੈਰਾਗੀ= ਨਿਰਲੇਪ ਹੈ। ਅਨਰਾਗੀ= ਪ੍ਰੀਤੀ ਪੂਰਬਕ ਸਾਰਿਆਂ ਵਿਚ ਵਸਦਾ ਹੋਇਆ ਭੀ ਅਤੀਤੁ= ਅਸੰਗ ਹੈ। ਨੋਟ- ਅਵਛਿੰਨ ਦਾ ਅਰਥ ਮਿਲਿਆ ਹੋਇਆ।

ਕਹਤ ਨਾਨਕੁ ਜੋ ਜਾਣੈ ਭੇਉ ॥
ਆਦਿ ਪੁਰਖੁ ਨਿਰੰਜਨ ਦੇਉ ॥ ੬ ॥ ੫ ॥

ਗੁਰੂ ਜੀ ਕਥਨ ਕਰਦੇ ਹਨ— ਜੋ ਇਸ ਤਰ੍ਹਾਂ ਦੇ ਭੇਦ ਨੂੰ ਜਾਣਦਾ ਹੈ, ਉਹ ਆਦ ਪੁਰਖ ਨਿਰੰਜਨ ਦੇਉ ਦਾ ਸਰੂਪ ਹੁੰਦਾ ਹੈ॥ ੬ ॥ ੫ ॥

ਭੈਰਉ ਮਹਲਾ ੩ ॥
ਰਾਮ ਨਾਮੁ ਜਗਤ ਨਿਸਤਾਰਾ ॥ ਭਵਜਲੁ ਪਾਰਿ ਉਤਾਰਣਹਾਰਾ ॥ ੧ ॥

ਰਾਮ ਨਾਮ ਹੀ ਜਗਤ ਦਾ ਨਿਸਤਾਰਾ ਕਰਨ ਵਾਲਾ ਹੈ ਅਤੇ ਸੰਸਾਰ= ਸਮੁੰਦਰ ਤੋਂ ਪਾਰ ਉਤਾਰਨ ਵਾਲਾ ਹੈ। ਦੂਜਾ ਅਰਥ ਇੰਜ ਕਰਨਾ ਕਿ ਗੁਰਾਂ ਦੁਆਰੇ ਰਾਮ ਨਾਮ ਜਪਿਆ ਹੋਇਆ ਭਵਜਲੁ= ਸੰਸਾਰ-ਸਮੁੰਦਰ ਤੋਂ ਪਾਰ ਉਤਾਰਨ ਵਾਲਾ ਹੈ॥ ੧ ॥

ਗੁਰ ਪਰਸਾਦੀ ਹਰਿ ਨਾਮੁ ਸਮ੍ਹਾਲਿ ॥
ਸਦ ਹੀ ਨਿਬਹੈ ਤੇਰੈ ਨਾਲਿ ॥ ੧ ॥ ਰਹਾਉ ॥

ਹੇ ਭਾਈ ! ਗੁਰੂ-ਕਿਰਪਾ ਪ੍ਰਾਪਤ ਕਰ ਕੇ ਹਰੀ ਨਾਮ ਨੂੰ ਚੇਤੇ ਕਰ। ਏਹ ਸਦ ਹੀ= ਹਮੇਸ਼ਾਂ ਤੇਰੇ ਨਾਲ ਨਿਭੇਗਾ॥ ੧ ॥ ਰਹਾਉ ॥

ਨਾਮੁ ਨ ਚੇਤਹਿ ਮਨਮੁਖ ਗਾਵਾਰਾ ॥
ਬਿਨੁ ਨਾਵੈ ਕੈਸੇ ਪਾਵਹਿ ਪਾਰਾ ॥ ੨ ॥

ਹੇ ਮਨਮੁਖ ਗਵਾਰ! ਤੂੰ ਨਾਮ ਨੂੰ ਕਿਉਂ ਨਹੀਂ ਸਿਮਰਦਾ? ਨਾਮ-ਸਿਮਰਨ ਤੋਂ ਬਿਨਾਂ ਕਿਵੇਂ ਪਾਰ ਉਤਰਨਾ ਪਾਵਹਿ= ਪਾਵੇਂਗਾ? ॥ ੨ ॥

ਆਪੇ ਦਾਤਿ ਕਰੇ ਦਾਤਾਰੁ ॥ ਦੇਵਣਹਾਰੇ ਕਉ ਜੈਕਾਰੁ ॥ ੩ ॥

ਉਹ ਦਾਤਾਰੁ= ਪਰਮੇਸ਼ਰ ਆਪ ਹੀ ਸਾਰਿਆਂ ਨੂੰ ਦਾਤਾਂ ਦੇਣਾ ਕਰਦਾ ਹੈ। ਉਸ ਦਾਤਾਂ ਦੇ ਦੇਣ ਵਾਲੇ ਪ੍ਰਭੂ ਨੂੰ ਤੂੰ ਸਦਾ ਜੈਕਾਰੁ= ਨਮਸਕਾਰ ਕਰ॥ ੩ ॥

ਨਦਰਿ ਕਰੇ ਸਤਿਗੁਰੁ ਮਿਲਾਏ ॥
ਨਾਨਕ ਹਿਰਦੈ ਨਾਮੁ ਵਸਾਏ ॥ ੪ ॥ ੬ ॥

ਪਰਮੇਸ਼ਰ ਕਿਰਪਾ ਕਰੇ ਤਾਂ ਸਤਿਗੁਰੂ ਨਾਲ ਮਿਲਾਉਂਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਫੇਰ ਗੁਰੂ ਕਿਰਪਾ ਕਰ ਕੇ ਸਿੱਖ ਦੇ ਹਿਰਦੇ ਵਿਚ ਨਾਮ ਵਸਾਉਂਦੇ ਹਨ॥ ੪ ॥ ੬ ॥

ਭੈਰਉ ਮਹਲਾ ੩ ॥
ਨਾਮੇ ਉਧਰੇ ਸਭਿ ਜਿਤਨੇ ਲੋਅ ॥ ਗੁਰਮੁਖਿ ਜਿਨਾ ਪਰਾਪਤਿ ਹੋਇ ॥ ੧ ॥

ਜਿਤਨੇ ਲੋਕ ਉਧਰੇ ਹਨ ਸਾਰੇ ਨਾਮ ਜਪ ਕੇ ਤਰੇ ਹਨ। (ਪਰ) ਜਿਨ੍ਹਾਂ ਨੂੰ ਗੁਰਾਂ ਦੁਆਰੇ ਨਾਮ ਜਪਣਾ

ਪ੍ਰਾਪਤ ਹੋਇਆ ਹੈ॥ ੧॥

ਹਰਿ ਜੀਉ ਅਪਣੀ ਕ੍ਰਿਪਾ ਕਰੇਇ॥
ਗੁਰਮੁਖਿ ਨਾਮੁ ਵਡਿਆਈ ਦੇਇ॥ ੧॥ ਰਹਾਉ॥

ਹਰਿ ਜੀਉ ਪਰਮਾਤਮਾ ਆਪਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਗੁਰਮੁਖਾਂ ਨੂੰ ਗੁਰਾਂ ਦੀ ਰਾਹੀਂ ਨਾਮ ਦੀ ਵਡਿਆਈ ਦੇਂਦਾ ਹੈ॥ ੧॥ ਰਹਾਉ॥

ਰਾਮ ਨਾਮਿ ਜਿਨ ਪ੍ਰੀਤਿ ਪਿਆਰੁ॥
ਆਪਿ ਉਧਰੇ ਸਭਿ ਕੁਲ ਉਧਾਰਣਹਾਰੁ॥ ੨॥

ਪਿਆਰੇ ਰਾਮ ਦੇ ਨਾਮ ਵਿਚ ਜਿਨ੍ਹਾਂ ਦੀ ਪ੍ਰੀਤੀ ਹੈ। *ਅਥਵਾ :-* ਜਿਨ੍ਹਾਂ ਦੀ ਰਾਮ ਨਾਮ ਵਿਚ ਮਨ ਦੀ ਪ੍ਰੀਤੀ ਹੈ, ਤਨ ਕਰ ਕੇ ਪਿਆਰ ਹੈ। ਉਹ ਆਪ ਤਰੇ ਹਨ ਅਤੇ ਸਾਰੀ ਕੁਲ ਨੂੰ ਤਾਰਨ ਵਾਲੇ ਹੋਏ ਹਨ॥ ੨॥

ਬਿਨੁ ਨਾਵੈ ਮਨਮੁਖ ਜਮ ਪੁਰਿ ਜਾਹਿ॥ ਅਉਖੇ ਹੋਵਹਿ ਚੋਟਾ ਖਾਹਿ॥ ੩॥

ਨਾਮ-ਸਿਮਰਨ ਤੋਂ ਬਿਨਾਂ ਮਨਮੁਖ ਜਮਪੁਰੀ ਵਿਚ ਜਾਂਦੇ ਹਨ। (ਅਤੇ ਜਮਾਂ ਦੀਆਂ) ਚੋਟਾਂ= ਸੱਟਾਂ ਖਾਂਦੇ ਹੋਏ ਔਖੇ ਹੁੰਦੇ ਹਨ॥ ੩॥

ਆਪੇ ਕਰਤਾ ਦੇਵੈ ਸੋਇ॥ ਨਾਨਕ ਨਾਮੁ ਪਰਾਪਤਿ ਹੋਇ॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ— ਉਹ ਕਰਤਾ ਪੁਰਖ ਜਿਸ ਨੂੰ ਆਪ ਨਾਮ ਦਾਨ ਦੇਂਦਾ ਹੈ। ਉਸ ਪੁਰਸ਼ ਨੂੰ ਨਾਮ-ਸਿਮਰਨ ਪ੍ਰਾਪਤ ਹੁੰਦਾ ਹੈ॥ ੪॥ ੭॥

ਭੈਰਉ ਮਹਲਾ ੩॥
ਗੋਵਿੰਦ ਪ੍ਰੀਤਿ ਸਨਕਾਦਿਕ ਉਧਾਰੇ॥
ਰਾਮ ਨਾਮ ਸਬਦਿ ਬੀਚਾਰੇ॥ ੧॥

ਗੋਵਿੰਦ ਦੀ ਪ੍ਰੀਤੀ ਅਜੇਹੀ ਸਮਰੱਥ ਹੈ ਜਿਸ ਨੇ ਸਨਕ ਆਦਿ ਰਿਖੀ ਤਾਰ ਦਿੱਤੇ ਹਨ। ਫਿਰ ਭੀ ਉਹ ਰਿਖੀ ਗੁਰ-ਸ਼ਬਦ ਦੁਆਰਾ ਰਾਮ ਨਾਮ ਦੀ ਵਿਚਾਰ ਕਰਦੇ ਰਹਿੰਦੇ ਹਨ॥ ੧॥

ਹਰਿ ਜੀਉ ਅਪਣੀ ਕਿਰਪਾ ਧਾਰੁ॥
ਗੁਰਮੁਖਿ ਨਾਮੇ ਲਗੈ ਪਿਆਰੁ॥ ੧॥ ਰਹਾਉ॥

(ਜਾਂ) ਹਰਿ ਜੀਉ ਆਪਣੀ ਕਿਰਪਾ ਦ੍ਰਿਸ਼ਟੀ ਧਾਰੇ। ਤਾਂ ਗੁਰਮੁਖਿ= ਗੁਰਾਂ ਦੁਆਰੇ ਜੀਵ ਦਾ ਨਾਮ-ਸਿਮਰਨ ਵਿਚ ਪਿਆਰ ਲੱਗਦਾ ਹੈ॥ ੧॥ ਰਹਾਉ॥

ਅੰਤਰਿ ਪ੍ਰੀਤਿ ਭਗਤਿ ਸਾਚੀ ਹੋਇ॥ ਪੂਰੈ ਗੁਰਿ ਮੇਲਾਵਾ ਹੋਇ॥ ੨॥

੧) ਜਿਸ ਦੇ ਅੰਦਰ ਪ੍ਰੀਤੀ ਹੈ, ਉਸ ਦੀ ਭਗਤੀ ਕੀਤੀ ਹੋਈ ਸੱਚੀ ਹੁੰਦੀ ਹੈ। ਹਿਰਦੇ ਅੰਦਰ ਪ੍ਰੀਤੀ ਤੇ ਭਗਤੀ ਤਾਂ ਹੁੰਦੀ ਹੈ, ਜੇ ਕਰ ਪੂਰਿਆਂ ਗੁਰਾਂ ਨਾਲ ਮਿਲਾਪ ਹੋਵੇ।

੨) ਜਿਸ ਦਾ ਪੂਰਿਆਂ ਗੁਰਾਂ ਨਾਲ ਮਿਲਾਪ ਹੁੰਦਾ ਹੈ, ਉਸ ਦੇ ਦਿਲ ਅੰਦਰ ਪ੍ਰੀਤੀ ਤੇ ਭਗਤੀ ਸੱਚੀ ਹੁੰਦੀ ਹੈ॥ ੨॥

ਨਿਜ ਘਰਿ ਵਸੈ ਸਹਜਿ ਸੁਭਾਇ॥
ਗੁਰਮੁਖਿ ਨਾਮੁ ਵਸੈ ਮਨਿ ਆਇ॥ ੩॥

ਜਿਸ ਗੁਰਮੁਖ ਦੇ ਮਨ ਵਿਚ ਗੁਰਮੁਖਿ= ਮੁਖ ਗੁਰਾਂ ਦੁਆਰੇ ਰਾਮ ਨਾਮ ਆ ਕੇ ਵਸਦਾ ਹੈ। ਉਹ ਗੁਰਮੁਖ ਸਹਜਿ ਸੁਭਾਇ= ਸ਼ਾਂਤੀ ਸੁਭਾਵ ਨਾਲ ਸੁਤੇ ਸਿਧ ਆਪਣੇ ਸਰੂਪ-ਘਰ ਵਸਦਾ ਹੈ॥ ੩॥

ਆਪੇ ਵੇਖੈ ਵੇਖਣਹਾਰੁ॥ ਨਾਨਕ ਨਾਮੁ ਰਖਹੁ ਉਰ ਧਾਰਿ॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ— (ਤੁਸੀਂ ਵਾਹਿਗੁਰੂ) ਨਾਮ ਨੂੰ ਉਰ= ਹਿਰਦੇ ਵਿਚ ਧਾਰੀ ਰੱਖੋ, ਤਾਂ ਫਿਰ ਦੇਖਣ ਵਾਲਾ ਪ੍ਰਭੂ ਕਿਰਪਾ ਦ੍ਰਿਸ਼ਟੀ ਕਰ ਕੇ ਤੁਹਾਡੇ ਵੱਲ ਵੇਖੇਗਾ॥ ੪॥ ੮॥

ਭੈਰਉ ਮਹਲਾ ੩॥

ਕਲਜੁਗ ਮਹਿ ਰਾਮ ਨਾਮੁ ਉਰ ਧਾਰੁ॥
ਬਿਨੁ ਨਾਵੈ ਮਾਥੈ ਪਾਵੈ ਛਾਰੁ॥ ੧॥

ਹੇ ਭਾਈ ! ਇਸ ਕਲਜੁਗ ਵਿਚ ਰਾਮ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖ। ਨਾਮ-ਸਿਮਰਨ ਤੋਂ ਬਿਨਾਂ ਮਾਥੈ= ਸਿਰ ਉੱਤੇ ਪ੍ਰਤੱਖ, ਵਾ :- ਲ਼ਾਨਤਾ ਰੂਪੀ ਛਾਰੁ= ਸ੍ਵਾਹ ਪੈਂਦੀ ਹੈ॥ ੧॥

ਰਾਮ ਨਾਮੁ ਦੁਲਭੁ ਹੈ ਭਾਈ॥
ਗੁਰ ਪਰਸਾਦਿ ਵਸੈ ਮਨਿ ਆਈ॥ ੧॥ ਰਹਾਉ॥

ਹੇ ਭਾਈ ! ਰਾਮ ਨਾਮ ਰੂਪ ਵਸਤੂ ਬੜੀ ਦੁਰਲਭ ਹੈ। ਗੁਰੂ ਦੀ ਕਿਰਪਾ ਨਾਲ ਇਹ ਰਾਮ ਨਾਮ ਰੂਪੀ ਅਮੋਲਕ ਵਸਤੂ ਮਨ ਵਿਚ ਆ ਕੇ ਵਸਦੀ ਹੈ॥ ੧॥ ਰਹਾਉ॥

ਰਾਮ ਨਾਮੁ ਜਨ ਭਾਲਹਿ ਸੋਇ॥ ਪੂਰੇ ਗੁਰ ਤੇ ਪ੍ਰਾਪਤਿ ਹੋਇ॥ ੨॥

ਜਿਨ੍ਹਾਂ ਨੂੰ ਪੂਰਿਆਂ ਗੁਰਾਂ ਤੋਂ ਪ੍ਰਾਪਤ ਹੋਣਾ ਲਿਖਿਆ ਹੈ। ਉਹ ਗੁਰਮੁਖ ਜਨ ਰਾਮ ਨਾਮ ਨੂੰ ਭਾਲਹਿ- ਲੱਭ ਲੈਂਦੇ ਹਨ॥ ੨॥

ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ॥
ਗੁਰ ਕੈ ਸਬਦਿ ਨਾਮ ਨੀਸਾਣੁ॥ ੩॥

ਜੋ ਹਰੀ ਦਾ ਭਾਣਾ ਮੰਨਦੇ ਹਨ ਉਹ ਗੁਰਮੁਖ ਜਨ ਪ੍ਰਵਾਣ ਹਨ।

੧-(ਉਹਨਾਂ ਨੂੰ) ਗੁਰਾਂ ਦੇ ਸ਼ਬਦ ਦੁਆਰਾ ਨਾਮ ਰੂਪ ਨੀਸਾਣੁ= ਪਰਵਾਨਾ ਮਿਲਦਾ ਹੈ।

੨-ਗੁਰਾਂ ਦੇ ਸ਼ਬਦ ਦੁਆਰਾ ਜੋ ਨਾਮ ਜਪਦਾ ਹੈ, ਉਹ ਨੀਸਾਣੁ= ਪਰਗਟ ਹੁੰਦਾ ਹੈ।

ਸੋ ਸੇਵਹੁ ਜੋ ਕਲ ਰਹਿਆ ਧਾਰਿ॥
ਨਾਨਕ ਗੁਰਮੁਖਿ ਨਾਮੁ ਪਿਆਰਿ॥ ੪॥ ੯॥

ਸੋ ਸੇਵਹੁ= ਉਸ ਨੂੰ ਸਿਮਰਨਾ ਕਰੋ ਜੋ ਕਲ= ਸ਼ਕਤੀ ਨੂੰ ਧਾਰਨ ਕਰ ਰਿਹਾ ਹੈ। ਗੁਰੂ ਜੀ ਆਖਦੇ ਹਨ— ਗੁਰਾਂ ਦੁਆਰੇ ਨਾਮ ਦੇ ਪਿਆਰੇ ਬਣੋ॥ ੪॥ ੯॥

ਭੈਰਉ ਮਹਲਾ ੩॥

ਕਲਜੁਗ ਮਹਿ ਬਹੁ ਕਰਮ ਕਮਾਹਿ॥

ਨਾ ਰੁਤਿ ਨ ਕਰਮ ਥਾਇ ਪਾਹਿ॥ ੧॥

ਏਹ ਜੀਵ ਕਲਜੁਗ ਵਿਚ ਬਹੁਤ ਸਾਰੇ ਕਰਮਾਂ ਨੂੰ ਕਮਾਉਂਦੇ ਹਨ। ਪਰ ਕਰਮਾਂ ਦੇ ਕਮਾਉਣ ਦੀ ਏਹ ਰੁੱਤ ਨਹੀਂ ਹੈ (ਸਤਜੁਗ, ਤ੍ਰੇਤਾ, ਦੁਆਪੁਰ ਦੇ ਨਾ ਹੋਣ ਕਰ ਕੇ), ਇਸ ਲਈ ਕਰਮ ਕੀਤੇ ਹੋਏ ਥਾਂ ਨਹੀਂ ਪੈਂਦੇ ਭਾਵ ਸਫਲ ਨਹੀ ਹੁੰਦੇ ॥ ੧॥

ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥

ਗੁਰਮੁਖਿ ਸਾਚਾ ਲਗੈ ਪਿਆਰੁ॥ ੧॥ ਰਹਾਉ॥

ਕਲਜੁਗ ਵਿਚ ਇਕ ਰਾਮ ਨਾਮ ਹੀ ਸਾਰੁ= ਸ੍ਰੇਸ਼ਟ ਹੈ। ਪਰ ਗੁਰਮੁਖਿ= ਗੁਰਾਂ ਦੁਆਰੇ ਸੱਚੇ ਨਾਮ ਵਿਚ ਪਰੇਮ ਲੱਗਦਾ ਹੈ॥ ੧॥ ਰਹਾਉ॥

ਤਨੁ ਮਨੁ ਖੋਜਿ ਘਰੈ ਮਹਿ ਪਾਇਆ॥

ਗੁਰਮੁਖਿ ਰਾਮ ਨਾਮਿ ਚਿਤੁ ਲਾਇਆ॥ ੨॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਰਾਮ ਨਾਮ ਵਿਚ ਚਿਤ ਬਿਰਤੀ ਨੂੰ ਲਗਾਇਆ ਹੈ। ਉਸ ਨੇ ਤਨ ਮਨ ਦੇ ਵਿਚ ਖੋਜ ਕੇ ਘਰ ਦੇ ਵਿਚ ਹੀ ਪਰਮਾਤਮਾ ਪਾ ਲਿਆ ਹੈ॥ ੨॥

[ਪੰਨਾ ੧੧੩੦]

ਗਿਆਨ ਅੰਜਨੁ ਸਤਿਗੁਰ ਤੇ ਹੋਇ॥

ਰਾਮ ਨਾਮੁ ਰਵਿ ਰਹਿਆ ਤਿਹੁ ਲੋਇ॥ ੩॥

ਜਿਸ ਨੂੰ ਸਤਿਗੁਰਾਂ ਪਾਸੋਂ ਗਿਆਨ ਰੂਪ ਅੰਜਨੁ= ਸੁਰਮਾ ਪ੍ਰਾਪਤ ਹੋਇਆ ਹੈ। ਉਸ ਨੇ ਇੰਜ ਨਿਸਚੇ ਕੀਤਾ ਹੈ ਕਿ ਰਾਮ ਹੈ ਨਾਮ ਜਿਸ ਦਾ ਉਹ ਪ੍ਰਭੂ ਤਿੰਨਾਂ ਲੋਕਾਂ ਵਿਚ ਰਵਿ ਰਹਿਆ= ਪਰੀ-ਪੂਰਨ ਹੋ ਰਿਹਾ ਹੈ॥ ੩॥

ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ॥

ਕਲਜੁਗ ਵਿਚ ਇਕ ਹਰਿ ਜੀਉ ਦਾ ਨਾਮ ਹੀ ਮੁਕਤੀ ਦਾਤਾ ਹੈ, ਹੋਰ ਕਿਸੇ ਕਰਮ ਧਰਮ ਦੇ ਕਰਨ ਦੀ ਰੁੱਤ ਨਹੀਂ ਹੈ।

ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥ ੪॥ ੧੦॥

ਗੁਰੂ ਜੀ ਕਥਨ ਕਰਦੇ ਹਨ— ਇਸ ਲਈ ਗੁਰਾਂ ਦੁਆਰੇ ਹਿਰਦੇ ਵਿਚ ਰਾਮ ਨਾਮ ਨੂੰ ਜਮਾ ਲਓ

ਅਰਥਾਤ ਦ੍ਰਿੜ੍ਹ ਨਿਸਚੇ ਕਰ ਲਵੋ॥ ੪॥ ੧੦॥

ਭੈਰਉ ਮਹਲਾ ੩ ਘਰੁ ੨ ੧ਓ ਸਤਿਗੁਰ ਪ੍ਰਸਾਦਿ॥

ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ॥

ਮਨਮੁਖ ਪੁਰਸ਼ ਦੁਬਿਧਾ ਰੂਪੀ ਰੋਗ ਵਿਚ ਵਿਆਪੇ= ਘਿਰੇ ਹੋਏ ਹਨ, *ਅਥਵਾ :-* ਦੁਬਿਧਾ ਦੇ ਵਿਆਪੇ= ਲੱਗਣ ਕਰ ਕੇ ਮਨਮੁਖ ਪੁਰਸ਼ ਰੋਗੀ ਹਨ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਬਹੁਤਾ ਜਲਹਿ= ਸੜ ਰਹੇ ਹਨ।

ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ॥ ੧॥

ਉਹ ਮੁੜ-ਮੁੜ ਕੇ ਮਰਦੇ ਜੰਮਦੇ ਰਹਿੰਦੇ ਹਨ, ਸਰੂਪ ਵਿਚ ਠਹਿਰਨਾ ਨਹੀਂ ਪਾਉਂਦੇ, ਮਨੁੱਖ ਜਨਮ ਦੀ ਵਾਰੀ ਉਨ੍ਹਾਂ ਨੇ ਵਿਅਰਥ ਗੁਆ ਲਈ ਹੈ॥ ੧॥

ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ॥

ਹੇ ਮੇਰੇ ਪ੍ਰੀਤਮਾ ! ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਤਾਂ ਰੋਗ ਨਵਿਰਤੀ ਦਾ ਦਾਰੂ ਸਮਝਾ ਦਿਓ।

ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ॥ ੧॥ ਰਹਾਉ॥

ਹੌਮੇ ਰੂਪੀ ਰੋਗ ਦਾ ਗ੍ਰਸਿਆ ਹੋਇਆ ਹੋਣ ਕਰ ਕੇ ਸਾਰਾ ਸੰਸਾਰ ਰੋਗੀ ਪੈਦਾ ਕੀਤਾ ਹੈ, ਪਰ ਗੁਰ-ਸ਼ਬਦ ਤੋਂ ਬਿਨਾਂ ਇਹ ਹੌਮੇ ਰੂਪੀ ਰੋਗ ਨਹੀਂ ਜਾਂਦਾ॥ ੧॥ ਰਹਾਉ॥

ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ॥

ਭਾਵੇਂ ਕਿਤਨੇ ਹੀ ਮੁਨੀ (ਛੇ) ਸ਼ਾਸਤ੍ਰ, (ਚਾਰ) ਵੇਦ, (ਸਤਾਈ) ਸਿਮ੍ਰਿਤੀਆਂ ਨੂੰ ਪੜ੍ਹਦੇ ਹਨ, ਪਰ ਗੁਰ-ਸ਼ਬਦ ਤੋਂ ਬਿਨਾਂ ਕਿਸੇ ਨੇ ਪ੍ਰਭੂ ਦੀ ਸੁਰਤ ਨਹੀਂ ਪਾਈ।

ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ॥ ੨॥

ਤ੍ਰੈ ਗੁਣੀ ਜੀਵ ਸਾਰੇ ਹੌਮੇ ਦੇ ਰੋਗ ਵਿਚ ਵਿਆਪੇ= ਲੱਗੇ ਹੋਏ ਹਨ, ਵਾ :- ਸਾਰੇ ਜੀਵ ਤਿੰਨਾਂ ਗੁਣਾਂ ਦੇ ਰੋਗ ਵਿਚ ਫਸੇ ਹੋਏ ਹਨ, ਪਦਾਰਥਾਂ ਦੀ ਮਮਤਾ ਨੇ ਇਨ੍ਹਾਂ ਦੀ ਸੁਰਤ ਮਾਰ ਦਿੱਤੀ ਹੈ॥ ੨॥

ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ॥

ਇਕਨਾਂ ਨੂੰ ਪ੍ਰਭਿ= ਸਮਰੱਥ ਗੁਰਾਂ ਦੀ ਸੇਵਾ ਵਿਚ ਲਗਾ ਕੇ ਪ੍ਰਭਿ= ਪਰਮਾਤਮਾ ਨੇ ਆਪ ਹੀ ਹੱਥ ਦੇ ਕੇ ਕੱਢ ਲਿਆ ਹੈ।

ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ॥ ੩॥

ਜਿਸ ਨੇ ਗੁਰਾਂ ਪਾਸੋਂ ਹਰੀ ਦਾ ਨਾਮ ਰੂਪ ਨਿਧਾਨੋ= ਖਜ਼ਾਨਾ ਪਾਇਆ ਹੈ, ਉਸ ਦੇ ਮਨ ਵਿਚ ਆ ਕੇ ਸੁਖ ਵਸਿਆ ਹੈ॥ ੩॥

ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ॥

ਜੇਹੜੇ ਗੁਰਮੁਖ ਚਉਥੀ ਪਦਵੀ= ਤੁਰੀਆ ਪਦ ਵਿਚ ਵਰਤਦੇ ਹਨ, ਉਨ੍ਹਾਂ ਨੇ ਆਪਣੇ ਸਰੂਪ-ਘਰ ਵਿਚ ਨਿਵਾਸ ਪਾਇਆ ਹੈ।

ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥ ੪ ॥

ਜਿਨਾਂ ਉੱਤੇ ਪੂਰਿਆਂ ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਨ੍ਹਾਂ ਨੇ ਹਿਰਦੇ ਵਿਚੋਂ ਆਪੁ= ਹੰਕਾਰ ਗੁਆ ਦਿੱਤਾ ਹੈ॥ ੪॥

ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥

ਇਕ ਅਦੁਤੀ ਪਰਮਾਤਮਾ ਦੀ ਸਾਰਿਆਂ ਦੇ ਸਿਰ ਉੱਤੇ ਇਕ ਹੁਕਮ ਰੂਪੀ ਕਾਰ ਹੈ। *ਅਥਵਾ :-* ਸਾਰੀ ਦੁਨੀਆਂ ਇਕ ਪ੍ਰਭੂ ਦੀ ਸਿਰਿਕਾਰ= ਰੱਯਤ ਹੈ, ਜਿਸ ਇਕ ਨੇ ਬ੍ਰਹਮਾ, ਵਿਸ਼ਨੂੰ ਤੇ ਰੁਦ੍ਰ= ਸ਼ਿਵ ਜੀ ਨੂੰ ਪੈਦਾ ਕੀਤਾ ਹੈ।

ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥ ੫ ॥ ੧ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ— ਇਕ ਸੱਚਾ ਪ੍ਰਭੂ ਹੀ ਨਿਹਚਲੁ= ਅਚੱਲ ਹੈ, ਉਹ ਪ੍ਰਭੂ ਨਾ ਜਾਇਆ= ਜੰਮਦਾ ਹੈ, ਨਾ ਮਰਦਾ ਹੈ॥ ੫॥ ੧॥ ੧੧॥

ਭੈਰਉ ਮਹਲਾ ੩ ॥

ਮਨਮੁਖਿ ਦੁਬਿਧਾ ਸਦਾ ਹੈ ਰੋਗੀ, ਰੋਗੀ ਸਗਲ ਸੰਸਾਰਾ ॥

ਮਨਮੁਖ ਪੁਰਸ਼ ਦ੍ਵੈਤ ਕਰ ਕੇ ਸਦਾ ਰੋਗੀ ਹੈ, ਇਸ ਲਈ ਉਸ ਨੂੰ ਸਾਰਾ ਸੰਸਾਰ ਹੀ ਰੋਗੀ ਮਲੂਮ ਹੁੰਦਾ ਹੈ (ਵਿਚਾਰ ਦ੍ਰਿਸ਼ਟੀ ਨਾਲ ਵੇਖੀਏ ਤਾਂ) ਸਾਰਾ ਸੰਸਾਰ ਰੋਗੀ ਹੈ।

ਯਥਾ :- ਹਉਮੈ ਰੋਗੁ ਮਾਨੁਖ ਕਉ ਦੀਨਾ॥ ਕਾਮ ਰੋਗਿ ਮੈਗਲੁ ਬਸਿ ਲੀਨਾ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥ ਨਾਦ ਰੋਗਿ ਖਪਿ ਗਏ ਕੁਰੰਗਾ॥ ੧॥
ਸੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ੧॥

(ਮਹਲਾ ੫, ਪੰਨਾ ੧੧੪੦)

ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥ ੧ ॥

ਜਿਹੜੇ ਗੁਰਮੁਖ ਗੁਰ-ਸ਼ਬਦ ਦੀ ਵੀਚਾਰ ਦੁਆਰਾ ਬੂਝਹਿ= ਸਮਝਦੇ ਹਨ, ਉਹ ਹਉਮੈ ਰੂਪੀ ਰੋਗ ਨੂੰ ਗੁਆ ਲੈਂਦੇ ਹਨ॥ ੧॥

*ਯਥਾ :-*ਪਾਰਬ੍ਰਹਮਿ ਜਿਸੁ ਕੀਨੀ ਦਇਆ॥ ਬਾਹ ਪਕੜਿ ਰੋਗਹੁ ਕਢਿ ਲਇਆ॥
ਤੂਟੇ ਬੰਧਨ ਸਾਧਸੰਗੁ ਪਾਇਆ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ॥ ੪॥ *(ਪੰਨਾ ੧੧੪੦)*

ਹਰਿ ਜੀਉ ਸਤਸੰਗਤਿ ਮੇਲਾਇ ॥

ਹੇ ਭਾਈ ! ਹਰਿ ਜੀਉ ਦੀ ਸਤਸੰਗਤ ਵਿਚ ਤੂੰ ਆਪਣੇ ਆਪ ਨੂੰ ਮਿਲਾਉਣਾ ਕਰ।

ਨਾਨਕ ਤਿਸ ਨੋ ਦੇਇ ਵਡਿਆਈ
ਜੋ ਰਾਮ ਨਾਮਿ ਚਿਤੁ ਲਾਇ ॥ ੧ ॥ ਰਹਾਉ ॥

ਨਾਨਕ= ਪਰਮੇਸ਼ਰ ਉਸ ਨੂੰ ਵਡਿਆਈ ਦੇਂਦਾ ਹੈ, ਜੋ ਰਾਮ ਨਾਮ ਵਿਚ ਚਿਤ ਬਿਰਤੀ ਨੂੰ ਲਗਾਉਂਦਾ ਹੈ॥ ੧॥ ਰਹਾਉ॥

ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥

ਮਮਤਾ ਤੇ ਕਾਲ ਇਨ੍ਹਾਂ ਰੋਗਾਂ ਵਿਚ ਸਾਰੇ ਵਿਆਪੇ= ਫਸੇ ਹੋਏ ਹਨ। *ਅਥਵਾ :-* ਜਿਨ੍ਹਾਂ ਨੂੰ ਹੰਗਤਾ ਮਮਤਾ ਰੂਪੀ ਰੋਗ ਲੱਗਾ ਹੋਇਆ ਹੈ, ਉਹਨਾਂ ਸਭਨਾਂ ਨੂੰ ਕਾਲ ਵਿਆਪ ਰਿਹਾ ਹੈ, ਉਹਨਾਂ ਦੇ ਸਿਰ ਉੱਤੇ ਜਮ ਦੀ ਕਾਰ ਹੈ। *ਅਥਵਾ :-* ਉਹ ਜਮਾਂ ਦੀ ਸਿਰਿਕਾਰਾ= ਰੱਯਤ ਹਨ।

ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿ ਧਾਰਾ ॥੨॥

ਉਹਨਾਂ ਗੁਰਮੁਖ ਪੁਰਸ਼ਾਂ ਦੇ ਨੇੜੇ ਜਮ ਨਹੀਂ ਆਉਂਦਾ, ਜਿਨ੍ਹਾਂ ਨੇ ਹਿਰਦੇ ਵਿਚ ਹਰੀ ਨੂੰ ਧਾਰਨ ਕਰ ਰਖਿਆ ਹੈ॥ ੨॥

ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ ਸੇ ਜਗ ਮਹਿ ਕਾਹੇ ਆਇਆ ॥

ਜਿਸ ਨੇ ਗੁਰਮੁਖਿ=, ਗੁਰੂ ਦੁਆਰਾ ਹਰੀ ਦਾ ਨਾਮ ਨਹੀਂ ਜਾਣਿਆ, ਉਹ ਜਗਤ ਵਿਚ ਕਿਸ ਲਈ ਆਇਆ ਹੈ ? ਨਾ ਆਉਂਦਾ ਤਾਂ ਚੰਗਾ ਸੀ।

ਗੁਰ ਕੀ ਸੇਵਾ ਕਦੇ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੩ ॥

ਜਿਸ ਨੇ ਕਦੇ ਭੀ ਗੁਰੂ ਦੀ ਸੇਵਾ ਨਹੀਂ ਕੀਤੀ, ਉਸ ਨੇ ਆਪਣੇ ਅਮੋਲਕ ਮਨੁੱਖ ਜਨਮ ਨੂੰ ਵਿਅਰਥ ਗੁਆ ਲਿਆ ਹੈ॥ ੩॥

ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥

ਗੁਰੂ ਜੀ ਕਥਨ ਕਰਦੇ ਹਨ— ਉਹ ਪੂਰੇ ਵਡਭਾਗੀ ਪੁਰਸ਼ ਹਨ, ਜਿਨ੍ਹਾਂ ਨੇ ਸਤਿਗੁਰਾਂ ਦੀ ਸੇਵਾ ਵਿਚ ਮਨ ਨੂੰ ਲਗਾਇਆ ਹੈ।

ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ ॥ ੪ ॥ ੨ ॥ ੧੨ ॥

ਉਹ ਜੋ ਚਾਹੁੰਦੇ ਹਨ ਓਹੀ ਫਲ ਪਾਉਂਦੇ ਹਨ, ਗੁਰਬਾਣੀ ਦੇ ਅਭਿਆਸ ਕਰ ਕੇ ਉਹਨਾਂ ਨੇ ਸਾਰੇ ਸੁਖ ਪਾਏ ਹਨ॥ ੪॥ ੨॥ ੧੨॥

ਭੈਰਉ ਮਹਲਾ ੩ ॥

ਇਸ ਵਿੱਚ ਸ਼ਬਦ ਵਿਚ ਮਨਮੁਖ ਦੀ ਦਸ਼ਾ ਦੱਸਦੇ ਹਨ-

ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ ॥

ਮਨਮੁਖ ਦੁੱਖ ਵਿਚ ਜੰਮਦਾ ਹੈ, ਦੁੱਖਾਂ ਵਿਚ ਹੀ ਮਰਦਾ ਹੈ ਅਤੇ ਜਿਸ ਕੰਮ-ਕਾਰ ਵਿਚ ਦੁੱਖ ਹੋਣਾ ਹੈ ਓਹੀ ਦੁਖਦਾਈ ਕਾਰ ਕਮਾਉਂਦਾ ਹੈ।

ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਇ ਸਮਾਇ ॥ ੧ ॥

ਮਾਤਾ ਦੀ ਗਰਭ ਜੋਨੀ ਵਿੱਚੋਂ ਕਦੇ ਭੀ ਨਿਕਲਦਾ ਨਹੀਂ, ਹਮੇਸ਼ਾਂ ਬਿਸਟਾ= ਗੰਦਗੀ ਵਿਚ ਸਮਾਇਆ ਰਹਿੰਦਾ ਹੈ॥ ੧॥

ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥

ਮਨਮੁਖ ਨੇ ਮਨਮੁਖਤਾਈਆਂ ਵਿਚ ਮਨੁੱਖਾ ਜਨਮ ਵਿਅਰਥ ਗੁਆ ਲਿਆ ਹੈ, ਇਸ ਲਈ ਉਸ ਨੂੰ ਧ੍ਰਿਕਾਰ ਹੈ, ਧ੍ਰਿਕਾਰ ਹੈ।

ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥ ੧ ॥ ਰਹਾਉ ॥

ਉਸ ਨੇ ਪੂਰਿਆਂ ਗੁਰਾਂ ਦੀ ਸੇਵਾ ਨਹੀਂ ਕੀਤੀ ਅਤੇ ਨਾ ਉਸ ਨੂੰ ਹਰੀ ਦਾ ਨਾਮ ਭਾਇਆ= ਚੰਗਾ ਲੱਗਾ ਹੈ॥ ੧ ॥ ਰਹਾਉ ॥

ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥

ਗੁਰਾਂ ਦਾ ਉਪਦੇਸ਼ ਹੀ ਸਾਰਿਆਂ ਰੋਗਾਂ ਨੂੰ ਗੁਆਉਂਦਾ ਹੈ, ਪਰ ਗੁਰ-ਸ਼ਬਦ ਵਿਚ ਲੱਗਦਾ ਉਹ ਹੈ, ਜਿਸ ਨੂੰ ਹਰਿ ਜੀ ਆਪ ਲਗਾਉਂਦਾ ਹੈ।

[ਪੰਨਾ ੧੧੩੧]

ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥ ੨ ॥

ਨਾਮਿ= ਨਾਮੀ (ਪਰਮਾਤਮਾ) ਦੇ ਨਾਮੇ= ਨਾਮ-ਸਿਮਰਨ ਕਰ ਕੇ ਹੀ ਵਡਿਆਈ ਮਿਲਦੀ ਹੈ, ਪਰ ਜਿਸ ਦੇ ਮਨ ਵਿਚ ਨਾਮ ਵਸਾਉਂਦਾ ਹੈ ਓਸੇ ਨੂੰ ਵਡਿਆਈ ਮਿਲਦੀ ਹੈ॥ ੨ ॥

ਸਤਿਗੁਰੁ ਭੇਟੈ ਤਾ ਫਲੁ ਪਾਏ ਸਚੁ ਕਰਣੀ ਸੁਖ ਸਾਰੁ ॥

੧- ਪੂਰੇ ਸਤਿਗੁਰੂ ਮਿਲਣ ਤਾਂ ਗਿਆਨ-ਫਲ ਪਾਉਂਦਾ ਹੈ, ਸੱਚੀ ਭਗਤੀ ਰੂਪ ਕਰਣੀ ਦੇ ਕਰਨ ਨਾਲ ਸਾਰੁ= ਸ੍ਰੇਸ਼ਟ ਸੁਖ ਹੁੰਦਾ ਹੈ। ੨- ਸਤਿਗੁਰਾਂ ਨਾਲ ਮਿਲ ਕੇ ਸੱਚ ਨਾਮ ਰੂਪ ਕਰਣੀ ਕਰੇ ਤਾਂ ਗਿਆਨ-ਫਲ ਤੇ ਸ੍ਰੇਸ਼ਟ ਸੁਖ ਨੂੰ ਪਾਉਂਦਾ ਹੈ।

ਸੇ ਜਨ ਨਿਰਮਲ ਜੋ ਹਰਿ ਲਾਗੇ ਹਰਿ ਨਾਮੇ ਧਰਹਿ ਪਿਆਰੁ ॥ ੩ ॥

ਉਹ ਪੁਰਸ਼ ਨਿਰਮਲ= ਪਵਿੱਤਰ ਹਨ, ਜੋ ਮਨ ਕਰ ਕੇ ਹਰੀ ਦੇ ਧਿਆਨ ਵਿਚ ਲੱਗੇ ਹਨ ਅਤੇ ਤਨ ਕਰ ਕੇ ਹਰੀ ਨਾਮ-ਸਿਮਰਨ ਵਿਚ ਪਿਆਰ ਧਾਰਦੇ ਹਨ॥ ੩ ॥

ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ
ਜਿਨ ਸਤਿਗੁਰੁ ਪੂਰਾ ਧਿਆਇਆ ॥

ਜਿਨ੍ਹਾਂ ਪੂਰਿਆਂ ਸਤਿਗੁਰਾਂ ਨੂੰ ਧਿਆਇਆ ਹੈ, ਉਹਨਾਂ ਦੀ ਚਰਨ-ਧੂੜੀ ਮਿਲੇ ਤਾਂ ਮੱਥੇ ਪਰ ਲਗਾਵਾਂ।

ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ
ਜਿਨੀ ਰਾਮ ਨਾਮਿ ਚਿਤੁ ਲਾਇਆ ॥ ੪ ॥ ੩ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ— ਉਹਨਾਂ ਦੀ ਚਰਨ-ਧੂੜੀ ਪੂਰਿਆਂ ਭਾਗਾਂ ਕਰ ਕੇ ਪਾਈਦੀ ਹੈ, ਜਿਨ੍ਹਾਂ ਨੇ ਰਾਮ ਨਾਮ ਵਿਚ ਚਿਤ ਬਿਰਤੀ ਨੂੰ ਲਗਾਇਆ ਹੈ॥ ੪ ॥ ੩ ॥ ੧੩ ॥

ਭੈਰਉ ਮਹਲਾ ੩ ॥

ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥

ਜੋ ਗੁਰ-ਸ਼ਬਦ ਨੂੰ ਵੀਚਾਰਦਾ ਹੈ ਉਹ ਪੁਰਸ਼ ਸੱਚਾ ਹੈ ਅਤੇ ਜਿਸ ਦੇ ਹਿਰਦੇ ਵਿਚ ਉਹ ਸੱਚਾ ਵਾਹਿਗੁਰੂ ਵਸਦਾ ਹੇ। ੨- ਗੁਰ ਸ਼ਬਦ ਨੂੰ ਵਿਚਾਰਦਿਆਂ ਜਿਸ ਦੇ ਹਿਰਦੇ ਵਿਚ ਉਹ ਸੱਚਾ ਨਾਮ ਦ੍ਰਿੜ੍ਹ ਹੋ ਗਿਆ ਹੈ, ਓਹੀ ਜਨ ਸੱਚਾ ਹੈ।

ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥ ੧ ॥

ਦਿਨ ਰਾਤ ਸੱਚੀ ਭਗਤੀ ਕਰੇ ਤਾਂ ਸਰੀਰ ਵਿਚ ਕੋਈ ਦੁੱਖ ਨਹੀਂ ਹੁੰਦਾ।

ਭਗਤੁ ਭਗਤੁ ਕਹੈ ਸਭੁ ਕੋਈ ॥

ਭਾਵੇਂ ਸਭ ਕੋਈ ਆਪਣੇ ਆਪ ਨੂੰ ਭਗਤ ਭਗਤ ਕਹਿੰਦਾ ਹੈ।

ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ
ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥ ੧ ॥ ਰਹਾਉ ॥

ਪਰ ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਭਗਤੀ ਨਹੀਂ ਪਾਈਦੀ ਅਤੇ ਪੂਰਿਆਂ ਭਾਗਾਂ ਕਰ ਕੇ ਉਸ ਪ੍ਰਭੂ ਦੀ ਭਗਤੀ ਮਿਲਦੀ ਹੈ। ਜਾਂ ਉਹ ਪ੍ਰਭੂ ਪੂਰਿਆਂ ਭਾਗਾਂ ਨਾਲ ਮਿਲਦਾ ਹੈ॥ ੧ ॥ ਰਹਾਉ ॥

ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥

੧- ਮਨਮੁਖ ਪੁਰਸ਼ ਮੂਲ ਰੂਪ ਸਵਾਸਾਂ ਨੂੰ ਗੁਆ ਕੇ ਨਾਮ ਜਪਣ ਦਾ ਲਾਭ ਮੰਗਦੇ ਹਨ।

੨- ਮੂਲ ਰੂਪ ਨਾਮ ਨੂੰ ਗੁਆ ਕੇ ਆਤਮ-ਵਸਤੂ ਦੀ ਪ੍ਰਾਪਤੀ ਰੂਪ ਲਾਭ ਮੰਗਦੇ ਹਨ।

੩- ਮੂਲ ਰੂਪ ਪੁੰਨਾਂ ਨੂੰ ਗੁਆ ਕੇ ਮੁਖ ਦੀ ਪਰਾਪਤੀ ਰੂਪ ਲਾਭ ਮੰਗਦੇ ਹਨ। ਪਰ ਇਸ ਤਰ੍ਹਾਂ ਲਾਭਦਾਇਕ ਲਾਹਾ ਕਿਵੇਂ ਹੋ ਸਕਦਾ ਹੈ ? *ਅਥਵਾ :-* ਲਾਭ ਦਾ ਲਭਣਾ ਕਿਵੇਂ ਹੋ ਸਕਦਾ ਹੈ ?

ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ ॥ ੨ ॥

ਉਸ ਦੇ ਸਿਰ ਉੱਤੇ ਜਮਕਾਲ ਹਮੇਸ਼ਾਂ ਖੜਾ ਰਹਿੰਦਾ ਹੈ। *ਵਾ :-* ਉਸ ਦੇ ਸਿਰ ਉੱਤੇ ਜਮ= ਜੰਮਣਾ ਤੇ ਕਾਲ= ਮਰਨਾ ਸਦਾ ਸਵਾਰ ਰਹਿੰਦਾ ਹੈ, ਉਸ ਨੇ ਦ੍ਵੈਤ ਭਾਵ ਵਿਚ ਲੱਗ ਕੇ ਪਤਿ= ਇੱਜ਼ਤ ਗਵਾ ਲਈ ਹੈ॥ ੨ ॥

ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥

ਜੋ ਬਹਲੇ= ਬਹੁਤੇ ਭੇਖ ਧਾਰਨ ਕਰ ਕੇ ਦਿਨੇ ਰਾਤੀਂ ਭਵਹਿ= ਭੌਂਦਾ ਹੈ, ਉਸ ਦਾ ਹੌਮੇ ਰੂਪੀ ਰੋਗ ਦੂਰ ਨਹੀਂ ਹੁੰਦਾ।

ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥ ੩ ॥

ਜੋ ਪੁਸਤਕਾਂ ਨੂੰ ਪੜ੍ਹ-ਪੜ੍ਹ ਕੇ ਲੂਝਹਿ= ਝਗੜਦੇ ਹਨ ਅਤੇ ਬਾਦੁ= ਝਗੜਿਆਂ ਨੂੰ ਹੀ ਕਥਨ ਕਰਦੇ

ਹਨ। ਅਥਵਾ :— ਬਾਦ-ਬਿਬਾਦ ਕਥਨ ਕਰਦੇ ਹਨ, ਉਹਨਾਂ ਨੇ ਮਾਇਆ ਵਿਚ ਮਿਲ ਕੇ ਪਰਮੇਸ਼ਰ ਦੀ ਸੁਰਤਿ= ਗਿਆਤ। ਵਾ :- ਸ੍ਰੇਸ਼ਟ ਪ੍ਰੀਤੀ ਗਵਾ ਲਈ ਹੈ॥ ੩॥

ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ ਨਾਮਿ ਮਿਲੈ ਵਡਿਆਈ॥

ਜੋ ਸਤਿਗੁਰਾਂ ਨੂੰ ਸੇਂਵਦੇ ਹਨ ਉਹਨਾਂ ਨੂੰ ਨਾਮੀ ਦੇ ਨਾਮ-ਸਿਮਰਨ ਦੀ ਵਡਿਆਈ ਮਿਲਦੀ ਹੈ ਅਤੇ ਓਹੀ ਪੁਰਸ਼ ਪਰਮ ਗਤਿ= ਕੈਵਲ ਮੁਕਤੀ ਨੂੰ ਪਾਉਂਦੇ ਹਨ।

ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ ਸਾਚੈ ਪਤਿ ਪਾਈ॥੪॥੪॥੧੪॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਦੇ ਮਨ ਵਿਚ ਨਾਮ ਵਸਿਆ ਹੈ, ਉਹਨਾਂ ਨੇ ਸੱਚੇ ਦਰਬਾਰ ਵਿਚ ਪਤਿ ਪਾਈ= ਇੱਜ਼ਤ ਪ੍ਰਾਪਤ ਕੀਤੀ ਹੈ॥ ੪॥ ੪॥ ੧੪॥

ਭੈਰਉ ਮਹਲਾ ੩॥ ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ॥

ਜੋ ਦ੍ਵੈਤ ਭਾਵ ਵਿਚ ਖੁਆਏ= ਭੁੱਲੇ ਹੋਏ ਹਨ, ਉਹਨਾਂ ਮਨਮੁਖਾਂ ਦੇ ਅੰਦਰੋਂ ਪਦਾਰਥਾਂ ਦੀ ਆਸਾ ਨਹੀਂ ਉਤਰਦੀ।

ਉਦਰੁ ਨੈਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ॥੧॥

ਉਹਨਾਂ ਦਾ ਪੇਟ ਰੂਪੀ ਨੈਸਾਣੁ= ਟੋਆ ਕਦੇ ਭੀ ਨਹੀਂ ਭਰਦਾ। ਵਾ :- ਉਹਨਾਂ ਦਾ ਨੈ ਸਾਣੁ= ਨਦੀ ਵਰਗਾ ਪੇਟ ਕਦੇ ਭੀ ਨਹੀਂ ਭਰਦਾ। ਵਾ :- ਉਹਨਾਂ ਦਾ ਪੇਟ ਨੈ ਸਾਣੁ= ਅਕਾਸ਼ ਸਦਰਸ਼ ਕਦੇ ਭੀ ਨਹੀਂ ਭਰਦਾ। ਅਥਵਾ :- ਨੈਸਾਣੁ= ਪਰਗਟ ਉਹਨਾਂ ਦਾ ਪੇਟ ਕਦੇ ਨਹੀਂ ਭਰਦਾ, ਉਹ ਅੱਠੇ ਪਹਿਰ ਤ੍ਰਿਸ਼ਨਾ ਦੀ ਅੱਗ ਵਿਚ ਪਚਾਏ= ਖਰਾਬ ਹੁੰਦੇ ਹਨ। ਵਾ :- ਸੜਦੇ ਹਨ॥ ੧॥

ਸਦਾ ਅਨੰਦੁ ਰਾਮ ਰਸਿ ਰਾਤੇ॥

ਉਹ ਹਮੇਸ਼ਾਂ ਅਨੰਦ ਸਰੂਪ ਹਨ, ਜੋ ਰਾਮ-ਰਸ ਵਿਚ ਰਾਤੇ= ਰੰਗੇ (ਲੀਣ ਹੋਏ) ਰਹਿੰਦੇ ਹਨ।

ਹਿਰਦੈ ਨਾਮੁ ਦੁਬਿਧਾ ਮਨਿ ਭਾਗੀ
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ॥੧॥ ਰਹਾਉ॥

ਜਿਨ੍ਹਾਂ ਦੇ ਹਿਰਦੇ ਵਿਚ ਨਾਮ-ਸਿਮਰਨ ਹੈ ਉਹਨਾਂ ਦੇ ਮਨ ਵਿੱਚੋਂ ਦ੍ਵੈਤ ਦੌੜ ਗਈ ਹੈ ਅਤੇ ਹਰਿ ਹਰਿ ਨਾਮ-ਅੰਮ੍ਰਿਤ ਨੂੰ ਪੀ ਕੇ ਉਹ ਤ੍ਰਿਪਤ ਹੋਏ ਹਨ॥ ੧॥ ਰਹਾਉ॥

ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ ਸਿਰਿ ਸਿਰਿ ਧੰਧੈ ਲਾਏ॥

ਜਿਸ ਪਾਰਬ੍ਰਹਮ ਨੇ ਆਪ ਹੀ ਸਾਰੀ ਸ੍ਰਿਸ਼ਟੀ ਸਾਜੀ ਹੈ, ਓਸੇ ਨੇ ਸਿਰ-ਬਸਿਰ ਭਾਵ ਹਰ ਇਕ ਜੀਵ ਨੂੰ ਧੰਦਿਆਂ ਵਿਚ ਲਗਾਇਆ ਹੈ।

ਮਾਇਆ ਮੋਹੁ ਕੀਆ ਜਿਨਿ ਆਪੇ, ਆਪੇ ਦੂਜੈ ਲਾਏ॥੨॥

ਜਿਸ ਪ੍ਰਭੂ ਨੇ ਆਪ ਹੀ ਮਾਇਆ ਦਾ ਮੋਹ ਕੀਤਾ ਹੈ, ਉਸ ਨੇ ਆਪ ਹੀ ਜੀਵਾਂ ਨੂੰ ਦ੍ਵੈਤ ਭਾਵ ਵਿਚ ਲਗਾਇਆ ਹੈ॥ ੨॥

ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ ਸਭਿ ਤੁਧੈ ਮਾਹਿ ਸਮਾਏ॥

ਪਰਮੇਸ਼ਰ ਤੋਂ ਬਿਨਾਂ ਜੇ ਕੋਈ ਦੂਜਾ ਹੋਵੇ ਤਾਂ ਉਸ ਨੂੰ ਜਾ ਕੇ ਕੁਝ ਕਹੀਏ, ਸਾਰੇ ਜੀਵ ਉਸ ਪ੍ਰਭੂ ਦੇ ਵਿਚ ਸਮਾ ਰਹੇ ਹਨ।

ਗੁਰਮੁਖਿ ਗਿਆਨੁ ਤਤੁ ਬੀਚਾਰਾ ਜੋਤੀ ਜੋਤਿ ਮਿਲਾਏ॥ ੩॥

ਗੁਰਮੁਖ ਜਨ ਤੱਤ ਗਿਆਨ ਨੂੰ ਵੀਚਾਰ ਕੇ ਜੋਤੀ ਵਿਚ ਆਪਣੀ ਜੋਤ ਨੂੰ ਮਿਲਾਉਂਦੇ ਹਨ॥ ੩॥

ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ॥

ਉਹ ਪ੍ਰਭੂ ਪਿੱਛੇ ਸੱਚਾ ਸੀ, ਹੁਣ ਭੀ ਸਦਾ ਸੱਚਾ ਹੈ, ਉਸ ਦਾ ਕੀਤਾ ਹੋਇਆ ਸਾਰੇ ਜਗਤ ਦਾ ਅਕਾਰ ਭੀ ਸੱਚਾ ਹੈ।

ਨਾਨਕ ਸਤਿਗੁਰਿ ਸੋਝੀ ਪਾਈ
ਸਚਿ ਨਾਮਿ ਨਿਸਤਾਰਾ॥ ੪॥ ੫॥ ੧੫॥

ਗੁਰੂ ਜੀ ਕਥਨ ਕਰਦੇ ਹਨ— ਸਤਿਗੁਰਾਂ ਤੋਂ ਏਹ ਸੋਝੀ= ਗਿਆਤ ਪਾਈ ਹੈ ਕਿ, ਸੱਚੇ ਨਾਮੀ ਦੇ ਨਾਮ ਜਪਣ ਕਰ ਕੇ ਹੀ ਸੰਸਾਰ ਤੋਂ ਨਿਸਤਾਰਾ ਹੁੰਦਾ ਹੈ॥ ੪॥ ੫॥ ੧੫॥

ਭੈਰਉ ਮਹਲਾ ੩॥

ਉਥਾਨਕਾ-ਇਕ ਸਿੱਖ ਨੇ ਗੋਇੰਦਵਾਲ ਆ ਕੇ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਬੇਨਤੀ ਕੀਤੀ, "ਸਤਜੁਗੀ ਜੀਵ ਕਿਹੋ ਜਿਹੇ ਸਨ? ਦੁਆਪਰ ਤੇ ਤਰੇਤੇ ਜੁਗ ਵਿਚ ਜੀਵ ਕੀ ਕਰਤਬ ਕਰਦੇ ਸਨ? ਅਤੇ ਹੁਣ ਕਲਜੁਗੀ ਜੀਵ ਕਿਸ ਤਰ੍ਹਾਂ ਦੇ ਹਨ?" *ਗੁਰ ਉੱਤਰ-*

ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ॥

ਜਿਨ੍ਹਾਂ ਨੇ ਰਾਮ ਨਾਮ ਨੂੰ ਨਹੀਂ ਪਛਾਣਿਆਂ ਉਹ ਪੁਰਸ਼ ਕਲਜੁਗ ਵਿਚ ਪ੍ਰੇਤ ਹਨ, ਜਿਵੇਂ-ਹੰਸ, ਦੁੱਧ ਤੇ ਪਾਣੀ ਨੂੰ ਵਖੋ-ਵੱਖ ਕਰ ਦੇਂਦੇ ਹਨ ਦੁੱਧ ਪੀ ਲੈਂਦੇ ਹਨ ਤੇ ਪਾਣੀ ਛੱਡ ਦੇਂਦੇ ਹਨ। ਤਿਵੇਂ ਸਤਿਜੁਗ ਵਿਖੇ ਤਤ ਮਿਥਿਆ ਦਾ ਵਿਚਾਰ ਕਰਨ ਵਾਲੇ ਅਤੇ ਸ਼ੁਭ ਵਿਚਾਰ ਦੇ ਕਰਨ ਵਾਲੇ ਪੁਰਸ਼ ਪਰਮਹੰਸ ਕਹੇ ਜਾਂਦੇ ਸਨ ਕਿਉਂਕਿ ਅਨਾਤਮ-ਵਸਤੂ ਦਾ ਤਿਆਗ ਕਰ ਕੇ ਆਤਮ-ਵਸਤੂ ਦਾ ਗ੍ਰਹਿਣ ਕਰਦੇ ਸਨ।

ਦੁਆਪਰਿ ਤ੍ਰੈਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥ ੧॥

ਦੁਆਪੁਰ ਤੇ ਤਰੇਤੇ ਜੁਗ ਵਿਚ ਲੋਕ ਮਾਣਸ= ਮਾਣ ਦੇ ਸਹਿਤ ਹੋ ਕੇ ਵਰਤਣ ਲੱਗ ਪਏ ਪਰ ਮਾਣ ਨੂੰ ਬੁਰਾ ਕਿਹਾ ਹੈ—

*ਯਥਾ :-*ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ ੧੫੬॥ *(ਪੰਨਾ ੧੩੭੨)*

ਹਉਮੈ= ਹੰਗਤਾ ਮਮਤਾ ਤਾਂ ਕਿਸੇ ਵਿਰਲੇ ਨੇ ਹੀ ਮਾਰੀ ਹੈ॥ ੧॥

ਕਲਿ ਮਹਿ ਰਾਮ ਨਾਮਿ ਵਡਿਆਈ॥

ਕਲਜੁਗ ਵਿਚ ਕੇਵਲ ਰਾਮ ਨਾਮ-ਸਿਮਰਨ ਦੀ ਵਡਿਆਈ ਹੈ।

ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ॥੧॥ਰਹਾਉ॥

ਹਰੇਕ ਜੁਗ ਵਿਚ ਗੁਰਮੁਖਾਂ ਨੇ ਇਕ ਵਾਹਿਗੁਰੂ ਨੂੰ ਹੀ ਜਾਤਾ= ਜਾਣਿਆਂ ਹੈ, ਕਿਉਂਕਿ ਨਾਮ ਤੋਂ ਬਿਨਾਂ ਕਦੇ ਭੀ ਕਿਸੇ ਨੇ ਮੁਕਤੀ ਨਹੀਂ ਪਾਈ॥ ੧॥ ਰਹਾਉ॥

ਹਿਰਦੈ ਨਾਮੁ ਲਧੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ॥

ਉਹ ਗੁਰਮੁਖ ਜਨ ਹਿਰਦੇ ਵਿਚ ਨਾਮੁ= ਪ੍ਰਸਿੱਧ ਸੱਚੇ ਪਰਮਾਤਮਾ ਨੂੰ ਲਧੈ= ਜਾਣ ਲੈਂਦਾ ਹੈ, ਜਿਸ ਨੇ ਗੁਰਮੁਖਿ= ਗੁਰਾਂ ਦੁਆਰੇ ਮਨ ਵਿਚ ਭਗਤੀ, ਜਾਂ ਪ੍ਰੀਤੀ ਵਸਾਈ ਹੈ।

ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ॥ ੨॥

ਜਿਨ੍ਹਾਂ ਨੇ ਰਾਮ ਨਾਮ ਦੇ ਜਾਪ ਵਿਚ ਲਿਵ ਲਗਾਈ ਹੈ, ਉਹ ਆਪ ਤਰਦੇ ਹਨ ਅਤੇ ਕੁਲ ਦੇ ਸਾਰਿਆਂ ਜੀਵਾਂ ਨੂੰ ਲੈਂਦੇ ॥ ੨॥

ਮੇਰਾ ਪ੍ਰਭੁ ਹੈ ਗੁਣ ਕਾ ਦਾਤਾ ਅਵਗਣ ਸਬਦਿ ਜਲਾਏ॥

ਮੇਰਾ ਪ੍ਰਭੂ ਸੁਭ ਗੁਣਾਂ ਦਾ ਦਾਤਾ ਹੈ ਅਤੇ ਗੁਰ-ਸ਼ਬਦ ਦੁਆਰਾ ਔਗੁਣਾਂ ਨੂੰ ਸਾੜ ਦੇਂਦਾ ਹੈ।

[ਪੰਨਾ ੧੧੩੨]

ਜਿਨ ਮਨਿ ਵਸਿਆ ਸੇ ਜਨ ਸੋਹੇ ਹਿਰਦੈ ਨਾਮੁ ਵਸਾਏ॥ ੩॥

ਹਿਰਦੇ ਵਿਚ ਨਾਮ ਦੇ ਵਸਾਉਣ ਕਰ ਕੇ ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਧਿਆਨ ਵਸਿਆ ਹੈ, ਸੇ ਜਨ ਸੋਹੇ= ਉਹ ਪੁਰਸ਼ ਸੋਭਾ ਵਾਲੇ ਹਨ॥ ੩॥

ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ ਰੰਗ ਸਿਉ ਰਲੀਆ ਮਾਣੈ॥

ਜਿਸ ਨੂੰ ਸਤਿਗੁਰਾਂ ਨੇ ਸਰੀਰ-ਘਰ ਦੇ ਅੰਦਰ ਮਹਲੁ= ਸਰੂਪ ਦਿਖਾਇਆ ਹੈ, ਉਹ ਰੰਗ ਸਿਉ= ਪ੍ਰੇਮ ਨਾਲ ਰਲੀਆ= ਖੁਸ਼ੀਆਂ ਮਾਣੈ= ਮਾਣਦਾ ਹੈ।

ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ
ਨਾਨਕ ਨਾਮੁ ਵਖਾਣੈ॥ ੪॥ ੬॥ ੧੬॥

ਗੁਰੂ ਜੀ ਕਥਨ ਕਰਦੇ ਹਨ— ਜੋ ਕੁਝ (ਵਾਹਿਗੁਰੂ) ਕਹਿੰਦਾ ਹੈ, ਉਸ ਨੂੰ ਉਹ ਭਲਾ ਕਰ ਕੇ ਮੰਨਦਾ ਹੈ ਅਤੇ ਪ੍ਰਭੂ ਦੇ ਨਾਮ ਨੂੰ ਵਖਾਣੈ= ਕਥਨ ਕਰਦਾ ਹੈ॥ ੪॥ ੬॥ ੧੬॥

ਭੈਰਉ ਮਹਲਾ ੩॥ ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ॥

ਹੇ ਭਾਈ ! ਗੁਰ-ਸ਼ਬਦ ਦੀ ਵੀਚਾਰ ਕਰ ਕੇ ਮਨਸਾ= ਵਾਸ਼ਨਾਂ ਨੂੰ ਮਨਹਿ ਸਮਾਇ ਲੈ= ਮਨ ਦੇ ਵਿਚ ਹੀ ਅਭਾਵ ਕਰ ਲੈ।

ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ॥ ੧॥

ਜੇ ਕਰ ਪੂਰਿਆਂ ਗੁਰਾਂ ਤੋਂ ਸੋਝੀ= ਗਿਆਤ ਪ੍ਰਾਪਤ ਹੋ ਜਾਵੇ ਤਾਂ ਫਿਰ ਮੁੜ-ਮੁੜ ਕੇ ਨਹੀਂ ਮਰੇਂਗਾ॥ ੧॥

ਮਨ ਮੇਰੇ ਰਾਮ ਨਾਮੁ ਆਧਾਰੁ॥
ਗੁਰ ਪਰਸਾਦਿ ਪਰਮ ਪਦੁ ਪਾਇਆ
ਸਭ ਇਛ ਪੁਜਾਵਣਹਾਰੁ॥ ੧॥ ਰਹਾਉ॥

ਹੇ ਮੇਰੇ ਮਨ ! ਗੁਰਾਂ ਦੀ ਕਿਰਪਾ ਨਾਲ ਜਿਸ ਨੇ ਰਾਮ ਨਾਮ ਦਾ ਆਧਾਰੁ= ਆਸਰਾ ਗ੍ਰਹਿਣ ਕੀਤਾ ਹੈ। ਉਸ ਨੇ ਪਰਮ-ਪਦ ਰੂਪ ਪਰਮਾਤਮਾ ਪਾਇਆ ਹੈ, ਜੋ ਪਰਮਾਤਮਾ ਸਭ ਇੱਛਾਵਾਂ ਦੇ ਪੁਜਾਵਣਹਾਰੁ= ਪੂਰਨ ਕਰਨ ਵਾਲਾ ਹੈ॥ ੧॥ ਰਹਾਉ॥

ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ॥

ਸਾਰਿਆਂ ਵਿਚ ਇਕ ਪ੍ਰਭੂ ਵਿਆਪਕ ਹੋ ਰਿਹਾ ਹੈ, ਪਰ ਗੁਰੂ ਤੋਂ ਬਿਨਾਂ ਉਸ ਦੀ ਸਮਝ ਨਹੀਂ ਪੈਂਦੀ।

ਗੁਰਮੁਖਿ ਪਰਗਟੁ ਹੋਆ ਮੇਰਾ ਹਰਿ ਪ੍ਰਭੁ
ਅਨਦਿਨੁ ਹਰਿ ਗੁਣ ਗਾਇ॥ ੨॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਰਾਤ ਦਿਨ ਹਰੀ ਦੇ ਗੁਣ ਗਾਏ ਹਨ, ਉਹਨਾਂ ਨੂੰ ਮੇਰਾ ਹਰੀ-ਪ੍ਰਭੂ ਪ੍ਰਗਟ ਹੋਇਆ ਹੈ॥ ੨॥

ਸੁਖ ਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ॥

ਸੁਖਾਂ ਦਾ ਦਾਤਾ ਇਕ ਹਰੀ ਹੈ, ਹੋਰ ਥਾਂ ਤੋਂ ਸੁਖ ਪ੍ਰਾਪਤ ਨਹੀਂ ਹੁੰਦਾ।

ਸਤਿਗੁਰੁ ਜਿਨੀ ਨ ਸੇਵਿਆ ਦਾਤਾ ਸੇ ਅੰਤਿ ਗਏ ਪਛੁਤਾਹਿ॥ ੩॥

ਜਿਨ੍ਹਾਂ ਨੇ ਨਾਮ ਦੇ ਦਾਤੇ ਸਤਿਗੁਰਾਂ ਦੀ ਸੇਵਾ ਨਹੀਂ ਕੀਤੀ, ਉਹ ਅੰਤ ਦੇ ਸਮੇਂ ਪਛਤਾਉਂਦੇ ਗਏ ਹਨ॥ ੩॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਫਿਰਿ ਦੁਖੁ ਨ ਲਾਗੈ ਧਾਇ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਸੇਵਿਆ ਹੈ ਉਨ੍ਹਾਂ ਨੇ ਸਦਾ= ਨਿਤ ਸੁਖ ਪਾਇਆ ਹੈ, ਉਨ੍ਹਾਂ ਨੂੰ ਮੁੜ ਕੇ ਦੁੱਖ ਨਹੀਂ ਆ ਕੇ ਲੱਗਦਾ, ਨਾ ਹੀ ਧਾਇ= ਦੌੜ ਕੇ ਕਿਸੇ ਜੂਨ ਵਿਚ ਜਾਂਦੇ ਹਨ।

ਨਾਨਕ ਹਰਿ ਭਗਤਿ ਪਰਾਪਤਿ ਹੋਈ
ਜੋਤੀ ਜੋਤਿ ਸਮਾਇ॥ ੪॥ ੭॥ ੧੭॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੂੰ ਗੁਰਾਂ ਪਾਸੋਂ ਹਰੀ ਦੀ ਭਗਤੀ ਪ੍ਰਾਪਤ ਹੋਈ ਹੈ, ਅੰਤ ਨੂੰ ਜੋਤੀ= ਪਰਮਾਤਮਾ ਵਿਚ ਉਸ ਦੀ ਜੋਤ ਸਮਾ ਜਾਂਦੀ ਹੈ॥ ੪॥ ੭॥ ੧੭॥

ਭੈਰਉ ਮਹਲਾ ੩॥ ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾ ਖਾਈ॥

ਗੁਰਾਂ ਤੋਂ ਬਿਨਾਂ ਸਾਰਾ ਜਗਤ ਬਉਰਾਨਾ= ਝੱਲਾ (ਪਾਗਲ) ਹੈ, ਨਾਮ-ਸਿਮਰਨ ਤੋਂ, ਵਾ :- ਸਰੂਪ ਤੋਂ

ਭੁੱਲਾ ਹੋਇਆ ਜਮਾਂ ਦੀਆਂ ਚੋਟਾ= ਸੱਟਾਂ ਖਾਂਦਾ ਹੈ।

ਮਰਿ ਮਰਿ ਜੰਮੈ ਸਦਾ ਦੁਖੁ ਪਾਏ ਦਰ ਕੀ ਖਬਰਿ ਨ ਪਾਈ॥ ੧॥

ਮੁੜ-ਮੁੜ ਕੇ ਮਰਦਾ ਜੰਮਦਾ ਤੇ ਸਦਾ ਹੀ ਦੁੱਖ ਪਾਉਂਦਾ ਹੈ, ਕਿਉਂਕਿ ਉਸ ਨੇ ਦਰ= ਅੰਦਰ ਬੈਠੇ ਪ੍ਰਭੂ ਦੀ ਖ਼ਬਰ ਨਹੀਂ ਪਾਈ॥ ੧॥

ਮੇਰੇ ਮਨ ਸਦਾ ਰਹਹੁ ਸਤਿਗੁਰ ਕੀ ਸਰਣਾ॥

ਹੇ ਮੇਰੇ ਮਨ ! ਤੂੰ ਸਦਾ ਹੀ ਸਤਿਗੁਰਾਂ ਦੀ ਸ਼ਰਨ ਵਿਚ ਪਿਆ ਰਹੁ।

ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ
ਗੁਰ ਸਬਦੇ ਭਵਜਲੁ ਤਰਣਾ॥ ੧॥ ਰਹਾਉ॥

ਗੁਰਾਂ ਦੇ ਸ਼ਬਦ ਦੁਆਰਾ ਜਿਨ੍ਹਾਂ ਦੇ ਹਿਰਦੇ ਵਿਚ ਸਦਾ ਹਰੀ ਨਾਮ ਮਿੱਠਾ ਲੱਗਦਾ ਹੈ, ਉਨ੍ਹਾਂ ਦਾ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੧॥ ਰਹਾਉ॥

ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ॥

ਬਾਹਰੋਂ ਤਨ ਉੱਤੇ ਬਹੁਤਿਆਂ ਭੇਖਾਂ ਦੇ ਕਰਨ ਨਾਲ ਮਾਇਆ ਵਾਸਤੇ ਚਿਤ ਡੋਲਦਾ ਹੈ ਤੇ ਅੰਤਰਿ-ਅੰਤਹਕਰਨ ਵਿਚ ਕਾਮ, ਕਰੋਧ, ਹੰਕਾਰ(ਆਦਿਕ) ਵਧਦੇ ਹਨ।

ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ॥ ੨॥

ਅੰਤਹਕਰਨ ਅੰਦਰ ਤ੍ਰਿਸ਼ਨਾ ਰੂਪੀ ਭੁੱਖ ਬਹੁਤ ਤੋਂ ਬਹੁਤ ਲੱਗ ਰਹੀ ਹੈ, ਇਸ ਲਈ ਦਰ ਬਾਰੁ= ਦਰ-ਦਰ ਉੱਤੇ ਭੌਂਕਦਾ ਫਿਰਦਾ ਹੈ, ਵਾ :- ਦਰਬਾਰੁ= ਕਚਹਿਰੀਆਂ ਵਿਚ ਭਟਕਦਾ ਫਿਰਦਾ ਹੈ॥ ੨॥

ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ ਤਿਨ ਕਉ ਮੁਕਤਿ ਦੁਆਰਿ॥

ਜੋ ਗੁਰਾਂ ਦੇ ਸ਼ਬਦ ਕਰ ਕੇ ਜੀਵਤ ਭਾਵ ਤੋਂ ਮਰ ਕੇ ਫਿਰ ਪਰਮੇਸ਼ਰ ਵੱਲ ਜੀਵੇ ਹਨ, ਉਨ੍ਹਾਂ ਨੂੰ ਮੁਕਤੀ ਦਾ ਦੁਆਰਾ ਗਿਆਨ ਪ੍ਰਾਪਤ ਹੋਇਆ ਹੈ।

ਅੰਤਰਿ ਸਾਂਤਿ ਸਦਾ ਸੁਖੁ ਹੋਵੈ ਹਰਿ ਰਾਖਿਆ ਉਰ ਧਾਰਿ ॥ ੩॥

ਜਿਨ੍ਹਾਂ ਨੇ ਹਿਰਦੇ ਵਿਚ ਹਰੀ ਨੂੰ ਧਾਰਨ ਕਰ ਰੱਖਿਆ ਹੈ, ਉਨ੍ਹਾਂ ਦੇ ਹਿਰਦੇ ਅੰਦਰ ਸਦਾ ਸ਼ਾਂਤੀ ਸੁਖ ਹੁੰਦਾ ਹੈ॥ ੩॥

ਜਿਉ ਤਿਸੁ ਭਾਵੈ ਤਿਵੈ ਚਲਾਵੈ ਕਰਣਾ ਕਿਛੂ ਨ ਜਾਈ॥

ਜਿਵੇਂ ਉਸ ਪਰਮੇਸ਼ਰ ਨੂੰ ਭਾਉਂਦਾ ਹੈ ਤਿਵੇਂ ਤੋਰਦਾ ਹੈ, ਉਸ ਪਰਮੇਸ਼ਰ ਅੱਗੇ ਆਪਣਾ ਕੁਝ ਬਲ ਕੀਤਾ ਨਹੀਂ ਜਾਂਦਾ।

ਨਾਨਕ ਗੁਰਮੁਖਿ ਸਬਦੁ ਸਮ੍ਹਾਲੇ ਰਾਮ ਨਾਮਿ ਵਡਿਆਈ॥ ੪॥ ੮॥ ੧੮॥

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖ ਜਨ ਮੁਖ ਗੁਰਾਂ ਦੇ ਸ਼ਬਦ ਨੂੰ ਸੰਮ੍ਹਾਲਦੇ ਹਨ, ਇਸ ਲਈ ਉਨ੍ਹਾਂ ਨੂੰ ਰਾਮ ਨਾਮ ਦੀ ਵਡਿਆਈ ਮਿਲਦੀ ਹੈ॥ ੪॥ ੮॥ ੧੮॥

ਭੈਰਉ ਮਹਲਾ ੩ ॥

ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥

ਏਹ ਜੀਵ ਹੰਗਤਾ ਮਮਤਾ ਕਰ ਕੇ ਮਾਇਆ ਦੇ ਮੋਹ ਵਿਚ ਭੁੱਲ ਰਿਹਾ ਹੈ, *ਅਥਵਾ :-*ਮਾਇਆ ਦੇ ਮੋਹ ਕਰ ਕੇ ਤੇ ਹੰਗਤਾ ਮਮਤਾ ਕਰ ਕੇ ਜੀਵ ਨੇ ਆਪਣਾ ਸਰੂਪ ਖੁਆਇਆ= ਭੁਲਾ ਦਿੱਤਾ ਹੈ, ਦੁਖਦਾਈ ਕਰਮਾਂ ਨੂੰ ਖਟੇ= ਕਰਦਾ ਹੈ, ਇਸ ਲਈ ਦੁੱਖਾਂ ਨੂੰ ਹੀ ਖਾਇ= ਭੋਗਦਾ ਹੈ।

ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥ ੧ ॥

(ਇਸ ਦੇ) ਅੰਦਰ ਲੋਭ ਰੂਪੀ ਹਲਕ ਦਾ ਭਾਰੀ ਦੁੱਖ ਹੈ, ਇਸ ਲਈ ਬਿਬੇਕ= ਬਿਚਾਰ ਤੋਂ ਬਿਨਾਂ ਹੋ ਕੇ ਭੱਜਾ ਫਿਰਦਾ ਹੈ॥ ੧ ॥

ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥

ਮਨਮੁਖ ਦਾ ਸੰਸਾਰ ਵਿਚ ਜੀਉਣਾ ਹੀ ਧ੍ਰਿਕਾਰ ਰੂਪ ਹੈ।

ਰਾਮ ਨਾਮੁ ਸੁਪਨੈ ਨਹੀ ਚੇਤਿਆ
ਹਰਿ ਸਿਉ ਕਦੇ ਨ ਲਾਗੈ ਪਿਆਰੁ ॥ ੧ ॥ ਰਹਾਉ ॥

ਉਸ ਨੇ ਸੁਪਨੇ ਵਿਚ ਭੀ, *ਵਾ :-* ਸੁਪਨੇ= ਕਦਾਚਿਤ ਰਾਮ ਨਾਮ ਨੂੰ ਚੇਤਿਆ= ਸਿਮਰਿਆ ਨਹੀਂ ਅਤੇ ਹਰੀ ਨਾਲ ਭੀ ਕਦੇ ਪਿਆਰ ਨਹੀਂ ਲੱਗਾ॥ ੧ ॥ ਰਹਾਉ ॥

ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥

ਪਸ਼ੂਆ ਵਰਗੇ ਕਰਮ ਕਰਦਾ ਹੈ, ਸਮਝਾਇਆਂ ਭੀ ਨਹੀਂ ਸਮਝਦਾ, ਝੂਠੇ ਸ਼ਕਾਮ ਕਰਮਾਂ ਨੂੰ ਕਮਾਉਂਦਾ ਹੈ, ਇਸ ਲਈ ਸੰਸਾਰਕ ਸੁਖ ਰੂਪੀ ਕੋਈ ਝੂਠਾ ਹੀ ਫਲ ਪ੍ਰਾਪਤ ਹੁੰਦਾ ਹੈ।

[ਪੰਨਾ ੧੧੩੩]

ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥ ੨ ॥

ਸਤਿਗੁਰਾਂ ਨੂੰ ਮਿਲੇ ਤਾਂ ਉਨ੍ਹਾਂ ਦੀ ਕਿਰਪਾ ਨਾਲ ਸੰਸਾਰ ਵਲੋਂ ਬਿਰਤੀ ਉਲਟੀ ਹੁੰਦੀ ਹੈ, ਪਰ ਕੋਈ ਵਿਰਲਾ ਹੀ ਪੁਰਸ਼ ਇਸ ਵਿਚਾਰ ਨੂੰ ਖੋਜ ਕੇ ਲੱਭ ਲੈਂਦਾ ਹੈ।

ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀਨਿਧਾਨੁ ॥

ਜਿਨ੍ਹਾਂ ਦੇ ਹਿਰਦੇ ਵਿਚ ਸਦਾ ਹਰਿ ਹਰਿ ਨਾਮ ਵਸਿਆ ਰਹਿੰਦਾ ਹੈ, ਉਨ੍ਹਾਂ ਨੇ ਸ਼ੁਭ-ਗੁਣਾਂ ਦੇ ਖਜ਼ਾਨੇ ਹਰੀ ਨੂੰ ਪਾਇਆ ਹੈ।

ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥ ੩ ॥

ਗੁਰੂ ਦੀ ਕਿਰਪਾ ਨਾਲ ਜਿਸ ਦੇ ਮਨ ਵਿਚੋਂ ਹੰਕਾਰ ਦੂਰ ਹੋਇਆ ਹੈ, ਉਸ ਨੇ ਪੂਰਾ ਗਿਆਨ, ਜਾਂ ਪੂਰਾ ਪ੍ਰਭੂ ਪਾਇਆ ਹੈ॥ ੩ ॥

ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ॥

ਕਰਤਾ ਪੁਰਖ (ਵਾਹਿਗੁਰੂ) ਜੀਵ ਰੂਪ ਹੋ ਕੇ ਆਪ ਕਰਮ ਕਰਦਾ ਹੈ, ਈਸ਼ੁਰ ਰੂਪ ਹੋ ਕੇ ਆਪ ਕਰਾਉਂਦਾ ਹੈ ਅਤੇ ਗੁਰੂ ਰੂਪ ਹੋ ਕੇ ਆਪ ਹੀ ਜੀਵਾਂ ਨੂੰ ਸ਼ੁਭ ਰਸਤੇ ਪਾਉਂਦਾ ਹੈ।

ਆਪੇ ਗੁਰਮੁਖਿ ਦੇ ਵਡਿਆਈ
ਨਾਨਕ ਨਾਮਿ ਸਮਾਏ॥ ੪॥ ੯॥ ੧੯॥

ਗੁਰੂ ਜੀ ਕਥਨ ਕਰਦੇ ਹਨ-- ਜੋ ਨਾਮ ਵਿਚ ਸਮਾਏ ਹਨ, ਉਨ੍ਹਾਂ ਗੁਰਮੁਖਾਂ ਨੂੰ ਆਪ ਹੀ ਵਡਿਆਈ ਦੇਂਦਾ ਹੈ॥ ੪॥ ੯॥ ੧੯॥

ਭੈਰਉ ਮਹਲਾ ੩॥

ਜਿਸ ਵੇਲੇ ਪ੍ਰਹਿਲਾਦ ਦੀ ਉਮਰ ਪੰਜ ਸਾਲ ਦੀ ਹੋਈ ਤਾਂ ਪਿਤਾ ਹਰਨਾਖਸ਼ ਨੇ ਸ਼ਾਸਤ੍ਰ ਮਰਯਾਦਾ ਅਨੁਸਾਰ ਮਿਠਿਆਈ ਤੇ ਕੁਝ ਰੁਪਏ ਉੱਪਰ ਰੱਖ ਕੇ ਨੌਕਰਾਂ ਪਾਸੋਂ ਚੁਕਾ ਕੇ ਸਕੂਲ ਵੱਲ ਚੱਲ ਪਿਆ। ਸੰਡੇ ਮਰਕੇ ਪਾਸ ਪਹੁੰਚ ਕੇ ਮਿਠਿਆਈ ਅੱਗੇ ਰੱਖ ਕੇ ਕਿਹਾ-"ਇਸ ਮੇਰੇ ਪੁੱਤਰ ਪ੍ਰਹਿਲਾਦ ਨੂੰ ਚੰਗੀ ਤਰ੍ਹਾਂ ਪੜ੍ਹਾ ਕੇ ਸਿਆਣਾ ਬਣਾ ਦਿਓ!" ਰਾਜ-ਪੁੱਤਰ ਨੂੰ ਆਪਣੇ ਪਾਸ ਖੜਾ ਦੇਖ ਕੇ ਦੋਹਾਂ ਉਸਤਾਦਾਂ ਨੇ ਬੜੀ ਖੁਸ਼ੀ ਮਨਾਈ। ਸਕੂਲ ਦੇ ਬੱਚਿਆਂ ਨੂੰ ਮਿਠਿਆਈ ਵੰਡ ਕੇ ਪੱਟੀ ਉੱਤੇ ਪੰਜ ਅੱਖਰ ਲਿਖ ਦਿਤੇ। ਕੁਝ ਚਿਰ ਤਾਂ ਉਸਤਾਦਾਂ ਦੇ ਕਹੇ ਅਨੁਸਾਰ ਪ੍ਰਹਿਲਾਦ ਜੀ ਪੜ੍ਹਦੇ ਰਹੇ। ਜਦ ਉਨ੍ਹਾਂ ਨੇ ਆਪਣੀ ਰਾਜਨੀਤਕ ਰਾਖਸ਼ੀ ਵਿਦਿਆ ਪੜ੍ਹਾਉਣੀ ਸ਼ੁਰੂ ਕੀਤੀ ਤਾਂ ਉਸ ਵੇਲੇ ਪ੍ਰਹਿਲਾਦ ਜੀ ਨੇ ਕਿਹਾ-

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥

ਮੇਰੀ ਇਸ ਪੱਟੀ ਉੱਤੇ ਹਰੀ ਗੋਬਿੰਦ ਗੋਪਾਲ ਦਾ ਨਾਮ ਲਿਖ ਦਿਓ, ਕਿਉਂਕਿ ਇਨ੍ਹਾਂ ਅੱਖਰਾਂ ਦੇ ਪੜ੍ਹੇ ਬਿਨਾਂ ਜੀਵ ਦੀ ਕਲਿਆਣ ਨਹੀਂ ਹੁੰਦੀ। ਇਕ ਪਰਮੇਸ਼ਰ ਦੇ ਨਾਮਾਂ ਤੋਂ ਬਿਨਾਂ-

ਦੂਜੈ ਭਾਇ ਫਾਥੇ ਜਮ ਜਾਲਾ॥

ਦੂਜੇ ਅੱਖਰਾਂ ਨਾਲ ਭਾਇ= ਪਰੇਮ ਕਰਨ ਕਰ ਕੇ ਜਮਾਂ ਦੇ ਜਾਲ ਵਿਚ ਫਸਣਾ ਹੁੰਦਾ ਹੈ।

੨- ਦ੍ਵੈਤ ਭਾਵ ਸਬੰਧੀ ਵਿਦਿਆ ਦੇ ਪੜ੍ਹਨ ਵਾਲੇ ਮਨੁੱਖ ਜਮਾਂ ਦੇ ਜਾਲ ਵਿਚ ਫਸਦੇ ਹਨ।

ਅੱਗੋਂ ਪਾਂਧੇ ਨੇ ਕਿਹਾ-'ਇਨ੍ਹਾਂ ਨਾਮਾਂ ਦੇ ਪੜ੍ਹਨ ਕਰ ਕੇ ਤੇਰਾ ਪਿਤਾ ਤੈਨੂੰ ਮਾਰੇਗਾ।'

ਏਹ ਗੱਲ ਸੁਣ ਕੇ ਪ੍ਰਹਿਲਾਦ ਨੇ ਕਿਹਾ-

ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ॥ ਹਰਿ ਸੁਖ ਦਾਤਾ ਮੇਰੈ ਨਾਲਾ॥ ੧॥

੧- ਮੇਰਾ ਸਤਿਗੁਰੂ (ਨਾਰਦ ਮੁਨੀ) ਮੇਰੀ ਪ੍ਰਤਿਪਾਲਾ ਕਰੇਗਾ। ੨- ਮੇਰਾ ਸਤਿਗੁਰੂ= ਪਰਮੇਸ਼ਰ ਹੀ ਮੇਰੀ ਪਾਲਣਾ ਕਰੇਗਾ। ਉਹ ਸੁਖ ਦਾਤਾ ਹਰੀ, ਹਰ ਵੇਲੇ ਮੇਰੇ ਨਾਲ ਹੈ, ਮੇਰਾ ਭਰੋਸਾ ਉਸ ਉੱਤੇ ਹੈ, ਉਹ ਪਰਮਾਤਮਾ ਮੇਰੀ ਜ਼ਰੂਰ ਰਖਿਆ ਕਰੇਗਾ॥ ੧॥

ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ॥
ਸਾਸਨਾ ਤੇ ਬਾਲਕੁ ਗਮੁ ਨ ਕਰੈ॥ ੧॥ ਰਹਾਉ॥

ਗੁਰੂ (ਨਾਰਦ ਮੁਨੀ ਜੀ) ਦੇ ਉਪਦੇਸ਼ ਦੁਆਰਾ ਪ੍ਰਹਿਲਾਦ ਹਰੀ ਦਾ ਸਿਮਰਨ ਕਰਦਾ ਹੈ। (ਪਿਤਾ ਹਰਨਾਖਸ਼ ਦੀ) ਸਾਸਨਾ= ਤਾੜਨਾ ਦਾ ਬਾਲਕੁ (ਪ੍ਰਹਿਲਾਦ) ਗਮੁ= ਖੌਫ, ਜਾਂ ਫਿਕਰ ਨਹੀਂ ਕਰਦਾ।

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥
ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ॥

ਫਿਰ ਮਾਂ ਨੇ ਉਪਦੇਸ਼ ਦਿੱਤਾ— ਹੇ ਪਿਆਰੇ ਪੁੱਤਰ-ਪ੍ਰਹਿਲਾਦ! ਰਾਮ ਦਾ ਨਾਮ ਛੱਡ ਦੇ, ਆਪਣੇ ਜੀਅ ਨੂੰ ਬਚਾ ਲੈ, ਨਹੀਂ ਤਾਂ ਤੇਰਾ ਪਿਤਾ ਤੈਨੂੰ ਮਾਰ ਦੇਵੇਗਾ। ਇਹ ਗੱਲ ਸੁਣ ਕੇ-

ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ॥
ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥ ੨॥

ਪ੍ਰਹਿਲਾਦ ਨੇ ਕਿਹਾ-ਹੇ ਮੇਰੀ ਮਾਂ ਸੁਣ, ਮੈਂ ਰਾਮ ਦਾ ਨਾਮ ਨਹੀਂ ਛੱਡਾਂਗਾ ਕਿਉਂਕਿ ਮੈਨੂੰ ਇਸ ਨਾਮ ਦਾ ਪਰਤਾਪ ਗੁਰੂ (ਨਾਰਦ ਜੀ) ਨੇ ਸਮਝਾ ਦਿੱਤਾ ਹੈ॥ ੨॥

ਸੰਡਾ ਮਰਕਾ ਸਭਿ ਜਾਇ ਪੁਕਾਰੇ॥

(ਸ਼ੁੱਕਰ ਦੇ ਪੁੱਤਰ) ਸੰਡਾ ਤੇ ਮਰਕਾ ਦੋਵੇਂ ਸਭਿ= ਸਭਾ ਵਿਚ ਜਾ ਪੁਕਾਰੇ= ਫਰਿਆਦੀ ਹੋਏ (ਤੇ ਇਸ ਤਰ੍ਹਾਂ ਕਿਹਾ-ਹੇ ਰਾਜਨ!)

ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ॥

(ਤੇਰਾ ਪੁੱਤਰ) ਪ੍ਰਹਿਲਾਦ ਆਪ ਤਾਂ ਵਿਗੜਿਆ ਹੋਇਆ ਹੈ ਅਤੇ ਨਾਲ ਹੀ ਉਸ ਨੇ ਸਾਡੇ ਸਾਰੇ ਚਾਟੜੇ= ਬੱਚੇ (ਵਿਦਿਆਰਥੀ) ਭੀ ਵਿਗਾੜ ਦਿੱਤੇ ਹਨ। ਏਹ ਗੱਲ ਸੁਣ ਕੇ-

ਦੁਸਟ ਸਭਾ ਮਹਿ ਮੰਤ੍ਰੁ ਪਕਾਇਆ॥
ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ॥ ੩॥

(ਜ਼ਾਲਮ ਹਰਨਾਖਸ਼ ਨੇ) ਸਭਾ ਵਿਚ (ਬੈਠ ਕੇ ਪ੍ਰਹਿਲਾਦ ਦੇ ਮਾਰਨ ਦਾ) ਦੁਸਟ= ਖੋਟਾ ਮੰਤ੍ਰੁ= ਮਤਾ ਪਕਾਇਆ= ਕੀਤਾ, ਭਾਵ ਪ੍ਰਹਿਲਾਦ ਦੇ ਮਾਰਨ ਦੀ ਪੱਕੀ ਸਲਾਹ ਕਰ ਲਈ। ਪਰ ਪ੍ਰਹਿਲਾਦ ਦਾ ਰਾਖਾ ਰਘੁਰਾਇਆ= ਸਮੂਹ ਇੰਦ੍ਰੀਆਂ ਦਾ ਮਾਲਕ ਪ੍ਰਭੂ ਆਪ ਆ ਕੇ ਹੋਇਆ॥ ੩॥

ਹਾਥਿ ਖੜਗੁ ਕਰਿ ਧਾਇਆ, ਅਤਿ ਅਹੰਕਾਰਿ॥
ਹਰਿ ਤੇਰਾ ਕਹਾ, ਤੁਝੁ ਲਏ ਉਬਾਰਿ॥

ਅਤਿ= ਵੱਡਾ ਹੰਕਾਰੀ (ਹਰਨਾਖਸ਼ ਦੈਂਤ) ਹੱਥ ਵਿਚ ਖੜਗੁ= ਖੰਡਾ (ਤਲਵਾਰ) ਲੈ ਕੇ (ਪ੍ਰਹਿਲਾਦ ਨੂੰ ਮਾਰਨ) ਦੌੜਿਆ। ਅਤੇ ਕਹਿੰਦਾ ਹੈ-ਛੇਤੀ ਦੱਸ! ਤੇਰਾ ਹਰੀ ਕਹਾ= ਕਿਥੇ ਹੈ? (ਉਸ ਨੂੰ ਸਦ ਲੈ, ਜੋ ਹੁਣ ਆ ਕੇ) ਤੈਨੂੰ ਮੇਰੀ ਮਾਰ ਤੋਂ ਉਬਾਰਿ= ਬਚਾ ਲਵੇ।

ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ਹ ਉਪਾੜਿ॥

ਓਸੇ ਖਿਨ ਵਿਚ ਥੰਮ੍ਹ ਨੂੰ ਭੰਨ ਕੇ ਵਿਚੋਂ ਭਿਆਨਕ ਰੂਪ (ਵਾਲਾ ਨਰਸਿੰਘ ਅਵਤਾਰ) ਨਿਕਲ ਆਇਆ।

ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥ ੪॥

ਹਰਨਾਖਸ਼ ਦੈਂਤ ਨੂੰ ਨਖੀਂ= ਨੋਹਾਂ ਨਾਲ ਚੀਰ ਕੇ ਪਾੜ ਦਿੱਤਾ ਅਤੇ ਆਪਣੇ ਪਿਆਰੇ ਭਗਤ ਪ੍ਰਹਿਲਾਦ ਨੂੰ ਉਬਾਰਿ= ਬਚਾ ਲਿਆ॥ ੪॥

ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ॥

ਸੰਤ ਜਨਾਂ ਦੇ ਸਾਰੇ ਕੰਮ ਹਰਿ ਜੀ ਨੇ ਆਪ ਸਵਾਰੇ ਹਨ। ਅਤੇ-

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥

ਪ੍ਰਹਿਲਾਦ ਜਨ ਦੀਆਂ ਇੱਕੀ ਕੁਲਾਂ* ਤਾਰੀਆਂ ਹਨ। ਵਾ :- ਇਕੀਹ= ਇਕੋ ਪ੍ਰਹਿਲਾਦ ਨੇ ਆਪਣੀ ਕੁਲ ਦੇ ਸਾਰੇ ਪੁਰਸ਼ ਤਾਰ ਲਏ ਹਨ।

ਗੁਰ ਕੈ ਸਬਦਿ ਹਉਮੈ ਬਿਖੁ ਮਾਰੇ॥

ਗੁਰਾਂ ਦੇ ਸ਼ਬਦ ਦੁਆਰਾ ਹੰਗਤਾ ਮਮਤਾ ਦੇ ਸਹਿਤ ਵਿਸ਼ਿਆਂ ਨੂੰ ਮਾਰ ਕੇ ਨਾਮ ਜਪਣਾ ਕਰੇ। ਕਿਉਂਕਿ-

ਨਾਨਕ ਰਾਮ ਨਾਮਿ ਸੰਤ ਨਿਸਤਾਰੇ॥ ੫॥ ੧੦॥ ੨੦॥

ਗੁਰੂ ਜੀ ਕਥਨ ਕਰਦੇ ਹਨ-ਰਾਮ ਨਾਮ ਦੇ ਜਾਪ ਨੇ ਹੀ ਸੰਤ ਤਾਰੇ ਹਨ॥ ੫॥ ੧੦॥ ੨੦॥

ਏਸੇ ਪ੍ਰਸੰਗ ਦੀ ਪ੍ਰੌਢਤਾ ਲਈ ਅਗਲੇ ਸ਼ਬਦ ਵਿਚ ਭੀ ਓਹੀ ਗੱਲ ਆਖਦੇ ਹਨ :-

ਭੈਰਉ ਮਹਲਾ ੩॥

ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ॥

ਹੇ ਵਾਹਿਗੁਰੂ ! ਤੁਸਾਂ ਨੇ ਆਪ ਹੀ ਸੰਤ ਜਨਾਂ ਦੇ ਮਗਰ ਪ੍ਰਤੱਖ ਦੈਂਤ। ਵਾ :- ਕਾਮ ਆਦਿਕ ਦੈਂਤ ਲਗਾ ਦਿੱਤੇ ਹਨ ਅਤੇ ਆਪ ਹੀ ਤੂੰ ਉਹਨਾਂ ਦਾ ਰਾਖਾ ਹੋਇਆ ਹੈਂ (ਵਡਿਆਈ ਵਧਾਉਣ ਆਈ)।

ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ॥ ੧॥

ਜੋ ਪੁਰਸ਼ ਸਦਾ ਆਪ ਜੀ ਦੀ ਸ਼ਰਨ ਵਿਚ ਪਿਆ ਰਹਿੰਦਾ ਹੈ, ਉਸ ਦੇ ਮਨ ਵਿੱਚ ਕੋਈ ਦੁੱਖ ਨਹੀਂ ਹੁੰਦਾ॥ ੧॥

---

*ਸੱਤ ਨਾਨਕਿਆਂ ਦੀਆਂ, ਸੱਤ ਦਾਦਕਿਆਂ ਦੀਆਂ, ਸੱਤ ਸਹੁਰਿਆਂ ਦੀਆਂ।

ਅਸਾਨਿਤ੍ਵਾਦਿ ਸ਼ੰਪਨ੍ਨੋ ਸੁਮੁਖ੍ਖੁ ਏਕ ਵਿੰਸ਼ਤਿ ਕੁਲੰ ਤਾਰਯਤਿ।
ਬ੍ਰਹ੍ਮ ਵਿਤ੍ਮਾਤ੍ਰੇਣ ਕੁਲ ਏਕੋਤ੍ਤਰ ਸ਼ਤੰ ਤਾਰਯਤਿ॥ (ਪੈਂਗਲੋਪਨਿਸ਼ਦ)

ਪੰਜਾਬੀ ਅਨੁਵਾਦ-'ਅਮਨਿਤ੍ਵਾਦਿ ਸਪੰਨੋ ਮੁਮੁਖ੍ਖੁ, ਏਕ ਵਿਸ਼ੰਤਿ ਕੁਲੰ ਤਾਰਯਤੀ।
ਬ੍ਰਹਮ ਵਿਤ ਮਾਤ੍ਰੇਣ ਕੁਲ ਏਕੋਤ੍ਰ ਸ਼ਤੰ ਤਾਰਯਤੀ।'

ਅਰਥ ਭਾਵ-ਨਿਰਮਾਣਤਾ ਆਦਿ ਗੁਣਾਂ ਦੇ ਸਹਿਤ ਜੋ ਜਗਿਆਸੂ ਹੈ, ਉਹ ਆਪਣੀਆਂ ਏਕ ਵਿਸ਼ੰਤਿ=ਇੱਕੀ ਕੁਲਾਂ ਤਾਰਦਾ ਹੈ। ਬ੍ਰਹਮ ਦੇ ਵਿਤ=ਜਾਣਨ ਵਾਲਾ ਜੋ ਬ੍ਰਹਮ ਵੇਤਾ ਹੈ, ਉਹ ਬ੍ਰਹਮ ਦੇ ਮਾਤ੍ਰੇਣ=ਜਾਣਨ ਨਾਲ ਹੀ ਆਪਣੀਆਂ ੧੦੧ ਕੁਲਾਂ ਤਾਰ ਲੈਂਦਾ ਹੈ।

ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥

ਹਰੇਕ ਜੁਗ ਵਿਚ ਤੂੰ ਭਗਤਾਂ ਦੀ (ਇੱਜ਼ਤ) ਰੱਖਦਾ ਹੀ ਆਇਆ ਹੈਂ।

ਦੈਤ ਪੁਤ੍ਰ ਪ੍ਰਹਲਾਦੁ, ਗਾਇਤ੍ਰੀ ਤਰਪਣੁ ਕਿਛੁ ਨ ਜਾਣੈ;
ਸਬਦੇ ਮੇਲਿ ਮਿਲਾਇਆ ॥ ੧ ॥ ਰਹਾਉ ॥

(ਹਰਨਾਖਸ਼) ਦੈਂਤ ਦਾ ਪੁੱਤਰ, ਪ੍ਰਹਿਲਾਦ, ਗਾਇਤ੍ਰੀ ਮੰਤਰ ਅਤੇ ਤਰਪਣ ਆਦਿਕ ਕੁਛ ਕਰਮ ਕਰਨੇ ਨਹੀਂ ਜਾਣਦਾ ਸੀ, ਪਰ ਗੁਰਾਂ ਦਾ ਸ਼ਬਦ (ਪ੍ਰਾਪਤ ਹੋਣ) ਕਰ ਕੇ (ਤੁਸਾਂ ਨੇ ਉਸ ਨੂੰ ਆਪਣੇ) ਮੇਲ ਵਿਚ ਮਿਲਾ ਲਿਆ ਹੈ॥ ੧ ॥ ਰਹਾਉ ॥

ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥

ਜੋ ਰਾਤ ਦਿਨ ਇਕ-ਰਸ ਭਗਤੀ ਕਰਦੇ ਹਨ, ਉਹਨਾਂ ਨੇ ਗੁਰ-ਸ਼ਬਦ ਕਰ ਕੇ ਦੁਬਿਧਾ ਖੋਈ= ਨਾਸ ਕਰ ਦਿੱਤੀ ਹੈ।

ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥ ੨ ॥

ਜੋ ਸੱਚ ਨਾਮ ਵਿਚ ਰਾਤੇ= ਰੰਗੇ ਗਏ ਹਨ ਉਹ ਸਦਾ ਨਿਰਮਲ ਹਨ, ਉਹਨਾਂ ਦੇ ਮਨ ਵਿਚ ਸੱਚ ਸਰੂਪ ਪਰਮਾਤਮਾ ਵਸਿਆ ਹੈ॥ ੨ ॥

ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ ॥

ਜੋ ਮੂਰਖ ਪੁਰਸ਼ ਦੁਬਿਧਾ (ਸਬੰਧੀ ਗ੍ਰੰਥਾਂ ਨੂੰ) ਪੜ੍ਹਦੇ ਹਨ, ਮੂਲੁ= ਮੁੱਢ ਰੂਪ ਪਰਮਾਤਮਾ ਨੂੰ ਨਹੀਂ ਪਛਾਣਦੇ, ਉਹਨਾਂ ਨੇ ਅਮੋਲਕ ਜਨਮ ਨੂੰ ਵਿਅਰਥ ਗੁਆ ਲਿਆ ਹੈ।

ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ ॥ ੩ ॥

ਮੂਰਖ ਪੁਰਸ਼ ਸੰਤ ਜਨਾਂ ਦੀ ਨਿੰਦਿਆ ਕਰਦਾ ਹੈ ਜਿਵੇਂ ਸੰਡੇ ਮਰਕੇ ਨੇ ਪ੍ਰਹਿਲਾਦ ਦੀ ਨਿੰਦਿਆ ਕੀਤੀ ਹੈ ਤੇ ਦੁਸ਼ਟ ਦੈਂਤ ਜੋ ਹਰਨਾਖਸ਼ ਹੈ, ਉਸ ਨੂੰ ਚਿੜਾਇਆ= ਖਿਝਾਇਆ ਅਰਥਾਤ ਕਰੋਧੀ ਕਰ ਦਿੱਤਾ॥ ੩ ॥

ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ ॥

ਪ੍ਰਹਿਲਾਦ ਦੁਬਿਧਾ (ਸਬੰਧੀ ਗ੍ਰੰਥਾਂ ਨੂੰ) ਨਹੀਂ ਪੜ੍ਹਦਾ ਸੀ। ਵਾ :- ਦੁਬਿਧਾ ਵਿਚ ਨਹੀਂ ਪੈਂਦਾ ਸੀ, ਹਰਿ ਨਾਮ ਨੂੰ ਨਹੀਂ ਛੱਡਦਾ ਸੀ ਅਤੇ ਕਿਸੇ ਦਾ ਡਰਾਇਆ ਹੋਇਆ ਭੀ ਨਹੀਂ ਡਰਦਾ ਸੀ।

ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ ॥ ੪ ॥

ਹਰਿ ਜੀ ਆਪ ਸੰਤ ਜਨਾ= ਭਗਤ ਜਨ ਪ੍ਰਹਿਲਾਦ ਦਾ ਰਾਖਾ ਹੋਇਆ ਅਤੇ ਦੈਂਤ ਹਰਨਾਖਸ਼ ਦਾ ਕਾਲ ਨੇੜੇ ਆ ਗਿਆ। ਜਾਂ ਦੈਤੈ= ਹਰਨਾਖਸ਼ ਦੇ ਮਰਨੇ ਦਾ ਕਾਲੁ= ਸਮਾਂ ਨੇੜੇ ਆ ਗਿਆ॥ ੪ ॥

ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ ॥

ਪਰਮਾਤਮਾ ਆਪਣੀ ਇੱਜ਼ਤ ਆਪ ਰੱਖਦਾ ਹੈ ਅਤੇ ਜਗਤ ਵਿਚ ਭਗਤਾਂ ਨੂੰ ਵਡਿਆਈ ਦੇਂਦਾ ਹੈ।

ਨਾਨਕ ਹਰਣਾਖਸੁ ਨਖੀ ਬਿਦਾਰਿਆ
ਅੰਧੈ ਦਰ ਕੀ ਖਬਰਿ ਨ ਪਾਈ॥ ੫॥ ੧੧॥ ੨੧॥

ਗੁਰੂ ਜੀ ਕਥਨ ਕਰਦੇ ਹਨ— (ਪਰਮੇਸ਼ਰ ਨੇ ਨਰਸਿੰਘ ਅਵਤਾਰ ਧਾਰ ਕੇ) ਹਰਨਾਖਸ਼ ਦੈਂਤ ਨੂੰ ਨਖੀ= ਨੌਹਾਂ ਨਾਲ ਪਾੜ ਪਰ ਉਸ ਅੰਨ੍ਹੇ ਹਰਨਾਖਸ਼ ਨੇ ਪਰਮੇਸ਼ਰ ਦੇ ਦਰਿ= ਦਰਵਾਜ਼ੇ (ਦਰਗਾਹ) ਦੀ ਖ਼ਬਰ ਨਹੀਂ ਪਾਈ॥ ੫॥ ੧੧॥ ੨੧॥

ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ॥
ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ॥

੧- ਸੰਤ ਜਨ ਕਿਰਪਾ ਦ੍ਰਿਸ਼ਟੀ ਕਰ ਕੇ ਹਰੀ ਦੇ ਪਗਿ= ਚਰਨਾਂ ਨਾਲ ਲਗਾ ਦੇਂਦੇ ਹਨ।

੨- ਹੇ ਪੁਰਸ਼ਾ ! ਕਿਰਪਾ ਕਰਨ ਵਾਲੇ ਜੋ ਹਰੀ ਦੇ ਸੰਤ ਜਨ ਹਨ, ਉਹਨਾਂ ਦੀ ਚਰਨੀਂ ਤੂੰ ਆਪਣੇ ਆਪ ਨੂੰ ਲਗਾਉਣਾ ਕਰ।

[ਪੰਨਾ ੧੧੩੪]

ਗੁਰ ਸਬਦੀ ਹਰਿ ਭਜੁ ਸੁਰਤਿ ਸਮਾਇਣੁ॥ ੧॥

ਗੁਰ-ਸ਼ਬਦੀਆਂ ਦੁਆਰੇ ਹਰੀ ਦਾ ਸਿਮਰਨ ਕਰ ਤਾਂ ਤੇਰੀ ਸੁਰਤਿ= ਗਿਆਤ ਪਰਮੇਸ਼ਰ ਵਿਚ ਸਮਾਵੇਗੀ। *ਅਥਵਾ :-* ਗੁਰ-ਸ਼ਬਦ ਦੁਆਰੇ ਸੁਰਤਿ ਸਮਾਇਣੁ= ਬਿਰਤੀ ਲਗਾ ਕੇ ਹਰੀ ਨੂੰ ਯਾਦ ਕਰ॥ ੧॥

ਮੇਰੇ ਮਨ ਹਰਿ ਭਜੁ ਨਾਮੁ ਨਰਾਇਣੁ॥

ਹੇ ਮੇਰੇ ਮਨ ! ਤੂੰ ਹਰੀ ਨਰਾਇਣ ਦੇ ਨਾਮ ਨੂੰ ਸਿਮਰਨਾ ਕਰ। *ਵਾ :-* ਹਰਿ ਹਰਿ ਨਾਮ ਨੂੰ ਤੇ ਨਰਾਇਣ ਨਰਾਇਣ ਨਾਮ ਨੂੰ ਸਿਮਰਨਾ ਕਰ। *ਪ੍ਰਸ਼ਨ-* ਫਲ ਕੀ ਮਿਲੇਗਾ? *ਉੱਤਰ-*

ਹਰਿ ਹਰਿ ਕ੍ਰਿਪਾ ਕਰੇ ਸੁਖ ਦਾਤਾ,
ਗੁਰਮੁਖਿ ਭਵਜਲੁ ਹਰਿ ਨਾਮਿ ਤਰਾਇਣੁ॥ ੧॥ ਰਹਾਉ॥

ਜੇ ਗੁਰਮੁਖਿ= ਗੁਰਾਂ ਦੁਆਰੇ ਤੂੰ ਹਰੀ ਨਾਮ ਦਾ ਸਿਮਰਨ ਕਰੇਂਗਾ ਤਾਂ ਸੁਖ ਦਾਤਾ= ਸੁਖਾਂ ਦੇ ਦੇਣ ਵਾਲਾ ਹਰਿ ਹਰਿ ਕਿਰਪਾ ਕਰ ਕੇ ਤੈਨੂੰ ਸੰਸਾਰ-ਸਮੁੰਦਰ ਤੋਂ ਤਾਰ ਦੇਵੇਗਾ॥ ੧॥ ਰਹਾਉ॥

ਸੰਗਤਿ ਸਾਧ ਮੇਲਿ, ਹਰਿ ਗਾਇਣੁ॥
ਗੁਰਮਤੀ ਲੇ ਰਾਮ ਰਸਾਇਣੁ॥ ੨॥

ਸੰਤਾਂ ਦੀ ਸੰਗਤ ਵਿਚ ਆਪਣੇ ਮਨ ਨੂੰ ਮੇਲ ਕੇ ਤੂੰ ਹਰੀ ਗੁਣਾਂ ਨੂੰ ਗਾਉਣਾ ਕਰ। ਰਸਾਇਣੁ= ਰਸਾਂ ਦਾ ਘਰ ਜੋ ਰਾਮ ਹੈ, ਉਸ ਨੂੰ ਗੁਰ-ਸਿਖਿਆ ਦੁਆਰੇ ਲੈਣਾ ਕਰ॥ ੨॥

ਗੁਰ ਸਾਧੂ, ਅੰਮ੍ਰਿਤ ਗਿਆਨ ਸਰਿ ਨਾਇਣੁ॥

ਨਾਮ-ਅੰਮ੍ਰਿਤ ਦੇ ਸਰਿ= ਸਰੋਵਰ, ਜੋ ਸਾਧੂ= ਸ੍ਰੇਸ਼ਟ ਗੁਰੂ ਹਨ, ਉਹਨਾਂ ਦੁਆਰੇ ਜੋ ਗਿਆਨ ਦੀ ਪ੍ਰਾਪਤੀ ਕਰਨੀ ਹੈ, ਏਹੋ ਉਸ ਸਰੋਵਰ ਵਿਚ ਨਾਇਣੁ= ਇਸ਼ਨਾਨ ਕਰ।

ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥ ੩ ॥

੧- ਤਾਂ ਚਾਰੇ ਕਿਲਵਿਖ ਤੇ ਸਾਰੇ ਪਾਰ ਗਏ ਗਵਾਤੇ ਹੋ ਜਾਣਗੇ।

੨- ਜੋ ਪਾਪ ਗੁਆਉਣ ਜੋਗ ਹਨ, ਉਹ ਚਲੇ ਜਾਣਗੇ।

੩- ਚਾਰੇ ਕਿਲਵਿਖ ਗਏ= ਚਲੇ ਜਾਣਗੇ ਤੇ ਸਾਰੇ ਪਾਪ ਭੀ ਗਾਵਾਇਣੁ= ਗੁਆਚ ਜਾਣਗੇ।

੪- ਜਿਸ ਵੇਲੇ ਗੁਰੂ ਰੂਪ ਸਰੋਵਰ ਵਿਚ ਇਸ਼ਨਾਨ ਕਰਨ ਗਏ ਤਾਂ ਵੱਡੇ ਛੋਟੇ ਸਾਰੇ ਪਾਪ ਦੂਰ ਹੋ ਗਏ।

ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥

ਹੇ ਕਰਤਾ ਪੁਰਖ (ਵਾਹਿਗੁਰੂ) ! ਤੂੰ ਆਪੇ ਸਾਰੀ ਸ੍ਰਿਸ਼ਟੀ ਦਾ ਕਰਤਾ ਹੈਂ ਅਤੇ ਆਪ ਹੀ ਮਰਯਾਦਾ ਦੇ ਧਾਰਨ ਵਾਲਾ ਹੈਂ।

ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਜਨ ਦਾਸਾਂ ਦਾ ਦਾਸ ਹਾਂ, ਮੈਨੂੰ ਆਪਣੇ ਨਾਲ ਮੇਲ ਲੈਣਾ ਕਰ ॥ ੪ ॥ ੧ ॥

ਭੈਰਉ ਮਹਲਾ ੪ ॥ ਬੋਲਿ ਹਰਿ ਨਾਮੁ ਸਫਲ ਸਾ ਘਰੀ ॥

ਏਹ ਜੀਵ ਜਿਸ ਘੜੀ ਵਿਚ ਹਰੀ ਨਾਮ ਬੋਲਦਾ ਹੈ, ਉਹ ਘੜੀ ਸਫਲ ਹੈ।

ਗੁਰ ਉਪਦੇਸਿ ਸਭਿ ਦੁਖ ਪਰਹਰੀ ॥ ੧ ॥

ਗੁਰਾਂ ਦਾ ਉਪਦੇਸ਼ ਸਾਰਿਆਂ ਦੁੱਖਾਂ ਦੇ ਪਰਹਰੀ= ਨਾਸ ਕਰਨ ਵਾਲਾ ਹੈ।

ਮੇਰੇ ਮਨ ਹਰਿ ਭਜੁ ਨਾਮੁ ਨਰਹਰੀ ॥

ਹੇ ਮੇਰੇ ਮਨ ! ਨਰਾਂ ਦੇ ਹਰੇ ਕਰਨ ਵਾਲੇ ਹਰੀ ਦੇ ਨਾਮ ਨੂੰ ਭਜਣਾ ਕਰ ਅਤੇ ਇਸ ਤਰ੍ਹਾਂ ਬੇਨਤੀ ਕਰ-

ਕਰਿ ਕਿਰਪਾ ਮੇਲਹੁ ਗੁਰੁ ਪੂਰਾ
ਸਤਸੰਗਤਿ ਸੰਗਿ ਸਿੰਧੁ ਭਉ ਤਰੀ ॥ ੧ ॥ ਰਹਾਉ ॥

ਹੇ ਪ੍ਰਭੂ ! ਕਿਰਪਾ ਕਰ ਕੇ ਪੂਰੇ ਗੁਰਾਂ ਨਾਲ ਮੇਲਣਾ ਕਰ, ਜਿਨ੍ਹਾਂ ਦੀ ਸਤਸੰਗਤ ਦੇ ਸੰਗਿ= ਨਾਲ ਮਿਲ ਕੇ ਭੈ ਦਾਇਕ ਸੰਸਾਰ-ਸਮੁੰਦਰ ਤੋਂ ਤਰਨਾ ਕਰਾਂ ॥ ੧ ॥ ਰਹਾਉ ॥

ਜਗਜੀਵਨੁ ਧਿਆਇ ਮਨਿ ਹਰਿ ਸਿਮਰੀ ॥

ਹੇ ਭਾਈ! ਜਗਜੀਵਨੁ= ਪ੍ਰਭੂ ਦੇ ਧਿਆਨ ਨੂੰ ਧਾਰਨਾ ਕਰ ਅਤੇ ਮਨ ਵਿਚ ਹਰੀ ਨਾਮ ਨੂੰ ਸਿਮਰਨਾ ਕਰ।

ਕੋਟ ਕੋਟੰਤਰ ਤੇਰੇ ਪਾਪ ਪਰਹਰੀ ॥ ੨ ॥

ਤਾਂ ਤੇਰੇ ਅੰਦਰ ਦੇ ਕੋਟਾਨ ਕੋਟ ਪਾਪ ਪਰਹਰੀ= ਨਵਿਰਤ ਹੋ ਜਾਣਗੇ ॥ ੨ ॥

ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥
ਇਸਨਾਨੁ ਕੀਓ ਅਠਸਠਿ ਸੁਰਸਰੀ ॥ ੩ ॥

ਜਿਸ ਦੇ ਮੂੰਹ ਉੱਤੇ ਸਤਸੰਗਤ ਅਤੇ ਸਾਧੂਆਂ ਦੀ ਚਰਨ-ਧੂੜਿ ਪਈ ਹੈ। ਸਮਝੋ, ਉਸ ਨੇ ਸੁਰਸਰੀ= ਗੰਗਾ ਆਦਿਕ ਅਠਾਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ॥ ੩॥

ਹਮ ਮੂਰਖ ਕਉ ਹਰਿ ਕਿਰਪਾ ਕਰੀ॥
ਜਨੁ ਨਾਨਕੁ ਤਾਰਿਓ ਤਾਰਣ ਹਰੀ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ— ਮੈਂ ਮੂਰਖ ਉੱਤੇ ਹਰੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ ਅਤੇ ਤਾਰਨ ਵਾਲੇ ਹਰੀ ਨੇ ਦਾਸ ਨੂੰ ਤਾਰ ਲਿਆ ਹੈ॥ ੪॥ ੨॥

ਭੈਰਉ ਮਹਲਾ ੪॥

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈ ਫੇਰਿ ਚਲੈ ਤੁਧੁ ਨਾਲੀ॥ ੧॥

ਸੁਕ੍ਰਿਤੁ= ਪੁੰਨ ਰੂਪ ਜੋ ਸ੍ਰੇਸ਼ਟ ਕਰਣੀ ਹੈ ਏਹੋ ਇਕ ਸਾਰੁ= ਸ੍ਰੇਸ਼ਟ ਮਾਲਾ ਹੈ। ਪੁੰਨ ਕਰਨੀ ਨੂੰ ਜੋ ਹਿਰਦੇ ਵਿਚ ਯਾਦ ਰੱਖਣਾ ਹੈ ਏਹੋ ਉਸ ਮਾਲਾ ਦਾ ਫੇਰਨਾ ਹੈ। ਏਹੋ ਮਾਲਾ ਪਰਲੋਕ ਵਿਚ ਤੇਰੇ ਨਾਲ ਚੱਲਣ ਵਾਲੀ ਹੈ॥ ੧॥

ਹਰਿ ਹਰਿ ਨਾਮੁ ਜਪਹੁ ਬਨਵਾਲੀ॥

ਹੇ ਭਾਈ ! ਬਨਵਾਲੀ= ਸੰਸਾਰ ਬਨ ਦਾ ਮਾਲਕ ਜੋ ਹਰਿ ਹਰਿ ਹੈ, ਉਸ ਦਾ ਨਾਮ ਜਪਣਾ ਕਰ। ਅਤੇ-

ਕਰਿ ਕਿਰਪਾ ਮੇਲਹੁ ਸਤਸੰਗਤਿ
ਤੂਟਿ ਗਈ ਮਾਇਆ ਜਮ ਜਾਲੀ॥ ੧॥ ਰਹਾਉ॥

ਕਿਰਪਾ ਕਰਨ ਵਾਲਾ ਜੋ ਪ੍ਰਭੂ ਹੈ ਉਸ ਦੀ ਸਤਸੰਗਤ ਵਿਚ ਤੂੰ ਆਪਣੇ ਆਪ ਨੂੰ ਮੇਲਣਾ ਕਰ, ਜਿਸ ਨੇ ਆਪਣੇ ਆਪ ਨੂੰ ਸਤਸੰਗ ਨਾਲ ਮੇਲਿਆ ਹੈ ਉਹਨਾਂ ਦੀ ਜਮ ਦੇ ਘਰ ਪਹੁੰਚਾਉਣ ਵਾਲੀ ਮਾਇਆ ਰੂਪੀ ਜਾਲੀ= ਫਾਹੀ ਟੁੱਟ ਗਈ ਹੈ। *ਅਥਵਾ :-* ਉਹਨਾਂ ਦੇ ਗਲੋਂ ਜਮਾਂ ਦੀ ਫਾਹੀ ਰੂਪ ਮਾਇਆ ਕੱਟੀ ਗਈ ਹੈ।

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ॥
ਤਿਸੁ ਘੜੀਐ ਸਬਦੁ ਸਚੀ ਟਕਸਾਲੀ॥ ੨॥

ਜਿਸ ਪੁਰਸ਼ ਨੇ ਮੁਖ ਗੁਰਾਂ ਦੀ ਸੇਵਾ ਰੂਪ ਘਾਲ= ਕਮਾਈ ਘਾਲੀ= ਕੀਤੀ ਹੈ।

੧- ਸਤਸੰਗਤ ਰੂਪ ਸੱਚੀ ਟਕਸਾਲ ਵਿਚ ਉਸ ਦਾ ਸ਼ਬਦ ਘੜਿਆ ਜਾਂਦਾ ਹੈ, ਭਾਵ ਉਸ ਦੀ ਬਾਣੀ ਸੁਧਰ ਜਾਂਦੀ ਹੈ। ੨- ਸਤਸੰਗਤ ਰੂਪ ਸੱਚੀ ਟਕਸਾਲ ਵਿਚ ਉਸ ਨੂੰ ਸਬਦੁ= ਬ੍ਰਹਮ ਦੀ ਪ੍ਰਾਪਤੀ ਘੜੀ ਜਾਂਦੀ ਹੈ ਭਾਵ ਬ੍ਰਹਮ ਦੀ ਪ੍ਰਾਪਤ ਹੋ ਜਾਂਦੀ ਹੈ॥ ੨॥

ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ॥

ਜਿਸ ਵੇਲੇ ਗੁਰਾਂ ਨੇ ਕਿਰਪਾ ਕਰ ਕੇ ਅਗਮ ਅਗੋਚਰ ਹਰੀ ਦੀ ਅਗੰਮਤਾ ਦਿਖਾਈ।

ਵਿਚਿ ਕਾਇਆ ਨਗਰ ਲਧਾ ਹਰਿ ਭਾਲੀ॥ ੩॥

ਤਾਂ ਸਰੀਰ ਰੂਪ ਨਗਰੀ ਦੇ ਵਿਚ ਹੀ ਹਰੀ ਨੂੰ ਭਾਲੀ= ਢੂੰਡ ਕੇ ਲੱਭ ਲਿਆ॥ ੩॥

ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ॥
ਜਨ ਨਾਨਕ ਤਾਰਹੁ ਨਦਰਿ ਨਿਹਾਲੀ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਹੇ ਸਭ ਦੀ ਪ੍ਰਤਿਪਾਲੀ= ਪਾਲਣਾ ਕਰਨ ਵਾਲੇ ਹਰੀ ! ਆਪ ਪਿਤਾ ਰੂਪ ਹੋ, ਅਸੀਂ ਆਪ ਜੀ ਦੇ ਬਾਰਿਕ= ਬੱਚੇ ਹਾਂ। ਆਪ ਕਿਰਪਾ ਦ੍ਰਿਸ਼ਟੀ ਕਰ ਕੇ ਸਾਨੂੰ ਤਾਰਨਾ ਕਰੋ॥ ੪ ॥ ੩ ॥

ਭੈਰਉ ਮਹਲਾ ੪ ॥
ਸਭਿ ਘਟ ਤੇਰੇ ਤੂ ਸਭਨਾ ਮਾਹਿ॥
ਤੁਝ ਤੇ ਬਾਹਰਿ ਕੋਈ ਨਾਹਿ॥ ੧ ॥

ਹੇ ਪ੍ਰਭੂ ! ਸਾਰੇ ਘਟ ਤੇਰੇ ਹਨ ਤੂੰ ਸਾਰਿਆਂ ਵਿਚ (ਅਕਾਸ਼ ਦੀ ਨਿਆਈਂ) ਵਿਆਪਕ ਹੈਂ। ਆਪ ਜੀ ਦੇ ਹੁਕਮ ਤੋਂ ਬਾਹਰ ਕੋਈ ਭੀ ਨਹੀਂ ਹੈ॥ ੧ ॥

ਹਰਿ ਸੁਖ ਦਾਤਾ ਮੇਰੇ ਮਨ ਜਾਪੁ॥

ਹੇ ਸੁਖ ਦਾਤਾ ਹਰੀ ਮੇਰੇ ਸੁਆਮੀ ! ਸਭ ਤੋਂ ਮਨ= ਸ਼੍ਰੋਮਣੀ ਮੈਂ ਤੇਰੇ ਨਾਮ ਨੂੰ ਜਪਦਾ ਹਾਂ।

ਹਉ ਤੁਧੁ ਸਾਲਾਹੀ ਤੂ ਮੇਰਾ ਹਰਿ ਪ੍ਰਭੁ ਬਾਪੁ॥ ੧ ॥ ਰਹਾਉ॥

ਹਉ= ਮੈਂ ਆਪ ਜੀ ਨੂੰ ਸਲਾਹੁੰਦਾ ਹਾਂ, ਹੇ ਹਰੀ-ਪ੍ਰਭੂ ! ਤੂੰ ਹੀ ਮੇਰਾ ਪਿਤਾ ਹੈਂ॥ ੧ ॥ ਰਹਾਉ॥

ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ॥

ਜਿੱਥੇ-ਜਿੱਥੇ ਵੀ ਦੇਖਦੇ ਹਾਂ ਉਥੇ ਹੇ ਪ੍ਰਭੂ ! ਤੇਰੀ ਹੀ ਸੋਇ= ਸੋਭਾ, ਵਾ :- ਕੰਨਸੋਆਂ ਸੁਣਦਾ ਹਾਂ। ਵਾ:- ਉਥੇ ਹੀ ਤੂੰ ਸੋਇ= ਸੋਭ ਰਿਹਾ ਹੈਂ।

ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ॥ ੨ ॥

ਸਭ ਕੋਈ ਤੇਰੇ ਵਸਿ= ਅਧੀਨ ਹੈ, ਆਪ ਜੀ ਤੋਂ ਬਿਨਾਂ ਇਨ੍ਹਾਂ ਦੇ ਸਿਰ ਉੱਤੇ ਹੋਰ ਕੋਈ ਨਹੀਂ ਹੈ। ੨।

ਜਿਸ ਕਉ ਤੁਮ ਹਰਿ ਰਾਖਿਆ ਭਾਵੈ॥
ਤਿਸ ਕੈ ਨੇੜੈ ਕੋਇ ਨ ਜਾਵੈ॥ ੩ ॥

ਹੇ ਹਰੀ ! ਜਿਸ ਨੂੰ ਤੂੰ ਰੱਖਣਾ ਭਾਵੈ= ਚਾਹੁੰਦਾ ਹੈਂ। ਉਸ ਦੇ ਨੇੜੇ ਕੋਈ ਭੀ (ਦੁਸ਼ਮਣ ਦੁੱਖ ਦੇਣ ਲਈ) ਨਹੀਂ ਜਾਂਦਾ॥ ੩ ॥

ਤੂ ਜਲਿ ਥਲਿ ਮਹੀਅਲਿ ਸਭ ਤੈ ਭਰਪੂਰਿ॥

ਹੇ ਪ੍ਰਭੂ ! ਤੂੰ ਜਲਾਂ ਵਿਚ, ਥਲਾਂ ਵਿਚ, ਮਹੀ= ਪ੍ਰਿਥਵੀ ਤੇ ਅਲਿ= ਅਕਾਸ਼ ਦੇ ਸਾਰਿਆਂ ਜੀਆਂ ਜੰਤਾਂ ਵਿਚ ਭਰਪੂਰ ਹੈਂ।

ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ— ਹੇ ਹਰੀ-ਪ੍ਰਭੂ ! ਆਪ ਜੀ ਦੇ ਸੇਵਕ ਜਨ ਆਪ ਜੀ ਨੂੰ ਹਾਜਰਾ ਹਜੂਰਿ=

ਨੇੜੇ ਤੋਂ ਨੇੜੇ ਵੇਖਦੇ ਹੋਏ ਨਾਮ ਨੂੰ ਜਪਦੇ ਹਨ॥ ੪॥ ੪॥

ਭੈਰਉ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥

ਜਿਸ ਦੇ ਹਿਰਦੇ ਵਿਚ ਮੁਰਾਰਿ= ਮੁਰਦੈਂਤ ਦੇ ਅਰੀ, ਹਰੀ ਦਾ ਨਾਮ ਹੈ, ਉਹ ਹਰੀ ਦਾ ਸੰਤ, ਹਰਿ ਹਰਿ ਦੀ ਮੂਰਤੀ ਹੈ, ਅਰਥਾਤ ਹਰਿ ਹਰਿ ਦਾ ਸਰੂਪ ਹੈ।

ਮਸਤਕਿ ਭਾਗੁ ਹੋਵੈ ਜਿਸੁ ਲਿਖਿਆ
ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰਿ॥ ੧॥

ਜਿਸ ਦੇ ਮੱਥੇ ਪਰ ਸ੍ਰੇਸ਼ਟ ਭਾਗਾਂ ਦਾ ਲੇਖ ਲਿਖਿਆ ਹੁੰਦਾ ਹੈ, ਉਹ ਪੁਰਸ਼ ਗੁਰਾਂ ਦੀ ਮਤਿ= ਸਿਖਿਆ ਨੂੰ ਲੈ ਕੇ ਹਿਰਦੇ ਵਿਚ ਹਰੀ ਨਾਮ ਨੂੰ ਸੰਭਾਲਦਾ ਹੈ॥ ੧॥

[ਪੰਨਾ ੧੧੩੫]

ਮਧੁਸੂਦਨੁ ਜਪੀਐ ਉਰ ਧਾਰਿ॥

ਮਧੁਸੂਦਨੁ= ਪ੍ਰਭੂ ਦੇ ਨਾਮਾਂ ਨੂੰ ਜਪਣਾ ਕਰੀਏ ਅਤੇ ਹਿਰਦੇ ਵਿਚ ਧਿਆਨ ਭੀ ਧਾਰਨਾ ਕਰੀਏ।

ਦੇਹੀ ਨਗਰਿ ਤਸਕਰ ਪੰਚ ਧਾਤੂ
ਗੁਰ ਸਬਦੀ ਹਰਿ ਕਾਢੇ ਮਾਰਿ॥ ੧॥ ਰਹਾਉ॥

ਸਰੀਰ ਰੂਪ ਨਗਰੀ ਵਿਚ ਜੋ ਵਿਸ਼ਿਆਂ ਵੱਲ ਧਾਤੂ= ਦੌੜਨ ਵਾਲੇ ਕਾਮ ਆਦਿਕ ਪੰਜ ਤਸਕਰ= ਚੋਰ ਸਨ, ਗੁਰ-ਸ਼ਬਦੀਆਂ ਨੇ ਹਰੀ ਨਾਮ ਨੂੰ ਜਪ ਕੇ ਉਹਨਾਂ ਚੋਰਾਂ ਨੂੰ ਮਾਰ ਕੇ ਬਾਹਰ ਕੱਢ ਦਿੱਤਾ ਹੈ॥ ੧॥

ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰਿ॥

ਜਿਨ੍ਹਾਂ ਦਾ ਹਰੀ ਨਾਲ ਮਨ ਮੰਨਿਆ ਗਿਆ ਹੈ, ਉਹਨਾਂ ਦੇ ਕੰਮ ਹਰੀ ਆਪ ਸਵਾਰਦਾ ਹੈ।

ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ ਕੀਆ ਕਰਤਾਰਿ॥ ੨॥

ਉਹਨਾਂ ਦੇ ਅੰਦਰੋਂ ਆਮ ਲੋਕਾਂ ਦੀ ਮੁਹਤਾਜੀ= ਮੁਥਾਜੀ ਕਰਨੀ ਚੂਕੀ= ਦੂਰ ਹੋ ਗਈ ਹੈ, ਕਿਉਂਕਿ ਹਰੀ ਕਰਤਾਰ ਨੇ ਉਹਨਾਂ ਦਾ ਹਰ ਤਰ੍ਹਾਂ ਨਾਲ ਅੰਗੀਕਾਰੁ= ਪੱਖ ਕੀਤਾ ਹੈ॥ ੨॥

ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ॥

ਮਤਾ= ਸਲਾਹ (ਚਾਰ ਆਦਮੀਆਂ ਨਾਲ) ਮਸੂਰਤਿ= ਮਸ਼ਵਰਾ (ਬਹੁਤਿਆਂ ਆਦਮੀਆਂ ਨਾਲ ਮਿਲ ਕੇ) ਤਾਂ ਕੁਝ ਕਰੀਏ, ਜੇ ਕੁਝ ਹਰੀ ਦੇ ਹੁਕਮ ਤੋਂ ਬਾਹਰ ਹੁੰਦਾ ਹੋਵੇ।

ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ॥ ੩॥

ਉਹ ਪ੍ਰਭੂ ਜੋ ਕੁਝ ਕਰਦਾ ਹੈ ਉਹ ਚੰਗਾ ਹੀ ਹੁੰਦਾ ਹੈ, ਇਹ ਜਾਣ ਕੇ ਅਨਦਿਨੁ= ਰਾਤ ਦਿਨ ਹਰੀ

ਮੁਰਾਰੀ ਦੇ ਨਾਮ ਨੂੰ ਧਿਆਉਣਾ ਕਰੋ॥ ੩॥

ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ॥

ਹਰੀ ਜੋ ਕੁਝ ਭੀ ਕਰਦਾ ਹੈ ਉਹ ਆਪਣੇ ਆਪ ਹੀ ਕਰਦਾ ਹੈ, ਉਹ ਕਿਸੇ ਕੋਲੋਂ ਪੁੱਛ ਕੇ ਕੋਈ ਵਿਚਾਰ ਨਹੀਂ ਕਰਦਾ। ਜਾਂ ਉਹ ਕਿਸੇ ਕੋਲੋਂ ਕੋਈ ਵਿਚਾਰ ਨਹੀਂ ਪੁੱਛਦਾ।

ਨਾਨਕ ਸੋ ਪ੍ਰਭੁ ਸਦਾ ਧਿਆਈਐ
ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ॥ ੪॥ ੧॥ ੫॥

ਗੁਰੂ ਜੀ ਕਥਨ ਕਰਦੇ ਹਨ— ਉਸ ਪ੍ਰਭੂ ਨੂੰ ਸਦਾ ਧਿਆਉਣਾ ਕਰੀਏ, ਜਿਸ ਨੇ ਕਿਰਪਾ ਦ੍ਰਿਸ਼ਟੀ ਧਾਰਿ= ਕਰ ਕੇ ਪੂਰੇ ਸਤਿਗੁਰੂ ਨਾਲ ਮੇਲਿਆ ਹੈ॥ ੪॥ ੧॥ ੫॥

ਭੈਰਉ ਮਹਲਾ ੪॥

ਇਸ ਸ਼ਬਦ ਵਿਚ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਤੇ ਸਾਧੂ ਹਰਿ ਮੇਲਹੁ ਸੁਆਮੀ, ਜਿਨ ਜਪਿਆ ਗਤਿ ਹੋਇ ਹਮਾਰੀ॥

ਹੇ ਹਰੀ ਸੁਆਮੀ ! ਉਹਨਾਂ ਸੰਤਾਂ ਨਾਲ ਸਾਨੂੰ ਮੇਲੋ, ਜਿਨ੍ਹਾਂ ਦੁਆਰੇ ਨਾਮ ਜਪਦਿਆਂ-ਜਪਦਿਆਂ ਸਾਡੀ ਗਤਿ ਹੋਇ= ਮੁਕਤੀ ਹੋ ਜਾਵੇ।

ਤਿਨ ਕਾ ਦਰਸੁ ਦੇਖਿ ਮਨੁ ਬਿਗਸੈ
ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ॥ ੧॥

ਉਹਨਾਂ ਸੰਤਾਂ ਦਾ ਦਰਸ਼ਨ ਦੇਖ ਕੇ ਮੇਰਾ ਮਨ ਪ੍ਰਸੰਨ ਹੁੰਦਾ ਹੈ, ਹਉ= ਮੈਂ ਉਹਨਾਂ ਸੰਤਾਂ ਤੋਂ ਖਿਨ ਖਿਨ ਦੇ ਸਮੇਂ ਵਿਚ ਬਲਿਹਾਰ ਜਾਂਦਾ ਹਾਂ॥ ੧॥

ਹਰਿ ਹਿਰਦੈ ਜਪਿ ਨਾਮੁ ਮੁਰਾਰੀ॥

ਹੇ ਮੁਰਾਰੀ ! ਮੈਂ ਹਿਰਦੇ ਵਿਚ ਆਪ ਜੀ ਦਾ ਹਰੀ ਨਾਮ ਜਪਦਾ ਹਾਂ।

ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ
ਹਮ ਦਾਸਨਿ ਦਾਸ ਕੀਜੈ ਪਨਿਹਾਰੀ॥ ੧॥ ਰਹਾਉ॥

ਹੇ ਕਿਰਪਾ ਦੀ ਆਕਰਿ= ਖਾਣ ਸਾਰੇ ਜਗਤ ਦੇ ਪਿਤਾ ਰੂਪ ਮੇਰੇ ਸੁਆਮੀ= ਪਰਮਾਤਮਾ ! ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਆਪਣੇ ਦਾਸਾਂ ਦੇ ਦਾਸ ਦਾ ਪਨਿਹਾਰੀ= ਪਾਣੀ ਭਰਨ ਵਾਲਾ ਦਾਸ ਬਣਾ ਲਓ॥ ੧॥

ਤਿਨ ਮਤਿ ਊਤਮ ਤਿਨ ਪਤਿ ਊਤਮ
ਜਿਨ ਹਿਰਦੈ ਵਸਿਆ ਬਨਵਾਰੀ॥

ਉਹਨਾਂ ਦੀ ਬੁੱਧੀ ਭੀ ਊਤਮ= ਸ੍ਰੇਸ਼ਟ ਹੈ, ਉਹਨਾਂ ਦੀ ਇੱਜ਼ਤ ਭੀ ਉੱਤਮ ਹੈ, ਹੇ ਬਨਵਾਰੀ= ਪਰਮਾਤਮਾ ਜਿਨ੍ਹਾਂ ਦੇ ਹਿਰਦੇ ਵਿਚ ਤੂੰ ਵਸਿਆ ਹੈਂ।

ਤਿਨ ਕੀ ਸੇਵਾ ਲਾਇ ਹਰਿ ਸੁਆਮੀ
ਤਿਨ ਸਿਮਰਤ ਗਤਿ ਹੋਇ ਹਮਾਰੀ॥ ੨ ॥

ਹੇ ਹਰੀ ਸੁਆਮੀ ! ਮੈਨੂੰ ਉਹਨਾਂ ਦੀ ਸੇਵਾ ਵਿਚ ਲਗਾਈ ਰੱਖ, ਕਿਉਂਕਿ ਤਿਨ ਸਿਮਰਤ= ਉਹਨਾਂ ਦੀ ਸੇਵਾ ਕਰਦਿਆਂ ਹੀ, ਜਾਂ ਉਹਨਾਂ ਦੀ ਯਾਦ ਵਿਚ ਰਹਿਣ ਕਰ ਕੇ ਹੀ ਸਾਡੀ ਗਤਿ= ਮੁਕਤੀ (ਕਲਿਆਣ) ਹੋਣੀ ਹੈ॥ ੨ ॥

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ
ਤੇ ਹਰਿ ਦਰਗਹ ਕਾਢੇ ਮਾਰੀ॥

ਜਿਨ੍ਹਾਂ ਨੇ ਸਾਧੁ= ਸ੍ਰੇਸ਼ਟ ਅਜੇਹਾ ਪੂਰਾ ਸਤਿਗੁਰੂ ਨਹੀਂ ਪਾਇਆ, *ਅਥਵਾ :—* ਨਾ ਸਤਿਗੁਰਾਂ ਦਾ ਦਰਸ਼ਨ ਪਾਇਆ ਹੈ, ਨਾ ਹੀ ਸੰਤਾਂ ਦਾ ਦਰਸ਼ਨ ਪਾਇਆ ਹੈ, ਉਹਨਾਂ ਨੂੰ ਹਰੀ ਪ੍ਰਲੋਕ-ਦਰਗਾਹ ਵਿੱਚੋਂ ਮਾਰ ਕੇ ਬਾਹਰ ਕੱਢ ਦੇਂਦਾ ਹੈ। *ਵਾ :-* ਹਰੀ ਦੀ ਦਰਗਾਹ ਵਿੱਚੋਂ ਹਰਿ= ਧਰਮਰਾਜਾ ਮਾਰ ਕੇ ਕੱਢ ਦੇਂਦਾ ਹੈ ਅਰਥਾਤ ਚੁਰਾਸੀ ਦੇ ਗੇੜ ਵਿਚ ਪਾ ਦੇਂਦਾ ਹੈ।

ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ॥ ੩ ॥

ਉਹ ਨਿੰਦਕ ਪੁਰਸ਼ ਲੋਕ ਪਰਲੋਕ ਵਿਚ ਸ਼ੋਭਾ ਨਹੀਂ ਪਾਉਂਦੇ, ਕਿਉਂਕਿ ਸਿਰਜਨਹਾਰੀ= ਪਰਮੇਸ਼ਰ ਨੇ ਆਪ ਜਾਂ ਸ਼ਿਰਜਣਹਾਰ ਦੀ ਮਾਇਆ ਨੇ ਉਹਨਾਂ ਦੇ ਜਸ ਰੂਪ ਨੱਕ ਕੱਟ ਦਿੱਤੇ ਹਨ॥ ੩ ॥

ਹਰਿ ਆਪਿ ਬੁਲਾਵੈ ਆਪੇ ਬੋਲੈ
ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ॥

ਹੇ ਹਰੀ ! ਤੂੰ ਚੇਤਨ ਸੱਤਾ ਦੇ ਕੇ ਆਪ ਜੀ ਜੀਵਾਂ ਨੂੰ ਬੁਲਾਉਂਦਾ ਹੈਂ, ਆਪ ਹੀ ਜੀਵ ਰੂਪ ਹੋ ਕੇ ਬੋਲਦਾ ਹੈਂ, ਹੇ ਹਰੀ ! ਤੂੰ ਆਪ ਨਿਰੰਜਨੁ= ਮਾਇਆ ਮਲ ਅਵਿਦਿਆ ਤੋਂ ਰਹਿਤ ਹੈਂ, ਨਿਰੰਕਾਰੁ= ਅਕਾਰ ਤੋਂ ਰਹਿਤ ਹੈਂ, ਨਿਰਾਹਾਰੀ= ਹਾਰ ਤੋਂ ਰਹਿਤ ਹੈਂ, ਕਿਸੇ ਅੱਗੇ ਹਾਰਦਾ ਨਹੀਂ ਹੈਂ, *ਵਾ :-* ਅਹਾਰੁ= ਭੋਜਨ ਖਾਣ ਤੋਂ ਰਹਿਤ ਹੈਂ।

ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ
ਜਨ ਨਾਨਕ ਕਿਆ ਏਹਿ ਜੰਤ ਵਿਚਾਰੀ॥ ੪ ॥ ੨ ॥ ੬ ॥

ਹੇ ਹਰੀ ! ਜਿਸ ਨੂੰ ਤੂੰ ਆਪਣੇ ਨਾਲ ਮੇਲਦਾ ਹੈਂ ਓਹੀ ਆਪ ਜੀ ਨਾਲ ਮਿਲਦਾ ਹੈ, ਗੁਰੂ ਜੀ ਕਥਨ ਕਰਦੇ ਹਨ— ਏਹ ਵਿਚਾਰਾ ਜੀਵ ਆਪਣੇ ਆਪ ਕੀ ਕਰ ਸਕਦਾ ਹੈ॥ ੪॥ ੨ ॥ ੬ ॥

ਭੈਰਉ ਮਹਲਾ ੪ ॥

ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ॥

ਹੇ ਹਰੀ! ਆਪ ਜੀ ਦੀ ਅਸਲ ਸਤਸੰਗਤ ਉਹੀ ਹੈ। ਜਿਸ ਅਸਥਾਨ 'ਤੇ ਹਰ ਵੇਲੇ ਹਰੀ-ਕੀਰਤਨ ਸੁਣੀਦਾ ਹੈ। ਵਾ:- ਹਰਿ ਹਰਿ ਦੀ ਕੀਰਤੀ ਦੇ ਬਚਨ ਸੁਣੇ ਜਾਂਦੇ ਹਨ।

ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ ਤਿਨ ਹਮ ਸੇ੍ਵਹ ਨਿਤ ਚਰਣੇ ॥ ੧ ॥

ਜਿਨ੍ਹਾਂ ਨੇ ਹਰੀ ਨਾਮ ਸੁਣਿਆ ਹੈ ਅਤੇ ਜਿਨ੍ਹਾਂ ਦਾ ਮਨ ਹਰੀ ਨਾਮ ਵਿਚ ਭਿੱਜਾ ਰਹਿੰਦਾ ਹੈ, ਅਸੀਂ ਉਹਨਾਂ ਦੇ ਚਰਨਾਂ ਦੀ ਸੇਵਾ ਨਿਤਾਪ੍ਰਤੀ ਕਰਦੇ ਹਾਂ॥ ੧ ॥

ਜਗਜੀਵਨੁ ਹਰਿ, ਧਿਆਇ ਤਰਣੇ ॥

ਹੇ ਜਗਜੀਵਨ ਹਰੀ ! ਸੰਸਾਰ ਤੋਂ ਤਰਨ ਵਾਸਤੇ ਅਸੀਂ ਆਪ ਜੀ ਨੂੰ ਧਿਆਉਂਦੇ ਹਾਂ।

ਅਨੇਕ ਅਸੰਖ ਨਾਮ ਹਰਿ ਤੇਰੇ ਨ ਜਾਹੀ ਜਿਹਵਾ ਇਤੁ ਗਨਣੇ ॥੧ ॥ਰਹਾਉ ॥

ਹੇ ਹਰੀ ! ਆਪ ਜੀ ਦੇ ਨਾਮ ਬੇਅੰਤ ਤੋਂ ਬੇਅੰਤ ਹਨ, ਇਸ ਜੀਭ ਤੋਂ ਆਪ ਜੀ ਦੇ ਨਾਮ ਗਿਣੇ ਨਹੀਂ ਜਾਂਦੇ ॥ ੧ ॥ ਰਹਾਉ ॥

ਗੁਰਸਿਖ ਹਰਿ ਬੋਲਹੁ ਹਰਿ ਗਾਵਹੁ ਲੇ ਗੁਰਮਤਿ ਹਰਿ ਜਪਣੇ ॥

ਹੇ ਗੁਰਸਿੱਖੋ ! ਗੁਰ-ਸਿਖਿਆ ਲੈ ਕੇ ਹਰੀ-ਜਸ ਬੋਲੋ, ਹਰੀ ਨਾਮ ਨੂੰ ਗਾਵੋ ਅਤੇ ਗੁਰ-ਸਿਖਿਆ ਦੁਆਰੇ ਹਰੀ ਨਾਮ ਨੂੰ ਜਪਣਾ ਕਰੋ।

ਜੋ ਉਪਦੇਸੁ ਸੁਣੇ ਗੁਰ ਕੇਰਾ ਸੋ ਜਨੁ ਪਾਵੈ ਹਰਿ ਸੁਖ ਘਣੇ ॥ ੨ ॥

ਜੋ ਪੁਰਸ਼ ਗੁਰਾਂ ਦਾ ਉਪਦੇਸ਼ ਸੁਣਦਾ ਹੈ, ਉਹ ਜਨ ਹਰੀ ਪਾਸੋਂ ਘਣੇ ਸੁਖ ਪਾਉਂਦਾ ਹੈ॥ ੨ ॥

ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥

੧- ਉਹਨਾਂ ਦੀ ਉਹ ਵੰਸ਼= ਕੁਲ ਧੰਨਤਾ ਯੋਗ ਹੈ, ਉਹਨਾਂ ਦਾ ਪਿਤਾ ਧੰਨ ਹੈ, ਉਹ ਮਾਂ ਭੀ ਧੰਨ ਹੈ, ਜਿਸ ਨੇ ਅਜੇਹੇ ਲਾਇਕ ਜਨ= ਪੁੱਤਰ ਨੂੰ ਜਣੇ= ਜੰਮਿਆ ਹੈ। ੨- ਉਹ ਭੱਲਿਆਂ ਦੀ ਵੰਸ਼ ਧੰਨ ਹੈ, ਉਹ ਪਿਤਾ ਬਾਬਾ ਤੇਜ ਭਾਨ ਧੰਨਤਾ ਜੋਗ ਹੈ, ਉਹ ਮਾਤਾ ਖੇਮ ਕੌਰ ਧੰਨ ਹੈ, ਜਿਸ ਮਾਤਾ ਖੇਮ ਕੌਰ ਨੇ ਗੁਰੂ ਅਮਰਦਾਸ ਜੀ ਨੂੰ ਜਣਿਆ ਹੈ ਭਾਵ ਪੈਦਾ ਕੀਤਾ ਹੈ।

ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ
ਸੇ ਸਾਚੀ ਦਰਗਹ ਹਰਿ ਜਨ ਬਣੇ ॥ ੩ ॥

ਮੇਰਾ ਪਿਆਰਾ ਹਰਿ ਹਰਿ ਨਾਮ ਜਿਨ੍ਹਾਂ ਨੇ ਸ੍ਵਾਸ ਲੈਂਦਿਆ ਤੇ ਗਿਰਾਸਿ= ਭੋਜਨ ਖਾਂਦਿਆਂ ਧਿਆਇਆ ਹੈ। ਵਾ :- ਬਾਹਰ ਸ੍ਵਾਸ ਲੈਂਦਿਆਂ ਹਰੀ ਨਾਮ ਧਿਆਇਆ ਹੈ ਤੇ ਗਿਰਾਸਿ= ਅੰਦਰ ਸ੍ਵਾਸ ਜਾਂਦਿਆਂ ਭੀ ਹਰੀ ਨਾਮ ਧਿਆਇਆ ਹੈ, ਉਹ ਪੁਰਸ਼ ਹਰੀ ਦੀ ਦਰਗਾਹ ਵਿਚ ਸੱਚੀ ਸ਼ੋਭਾ ਵਾਲੇ ਬਣੇ ਹਨ॥ ੩ ॥

[ਪੰਨਾ ੧੧੩੬]

ਹਰਿ ਹਰਿ ਅਗਮ ਨਾਮ ਹਰਿ ਤੇਰੇ ਵਿਚਿ ਭਗਤਾ ਹਰਿ ਧਰਣੇ ॥

ਹਰ ਇਕ ਜੀਵਾ ਨੂੰ ਹਰਿਆਂ ਕਰਨ ਵਾਲੇ ਹੇ ਹਰੀ! ਤੇਰੇ ਨਾਮ ਅਗਮ= ਬੇਅੰਤ ਹਨ, ਵਾ :- ਹੇ ਹਰਿ ਹਰਿ ! ਤੂੰ ਆਪ ਬੇਅੰਤ ਹੈਂ, ਹੇ ਹਰੀ ! ਤੇਰੇ ਨਾਮ ਭੀ ਅੰਗਮ= ਬੇਅੰਤ ਹਨ, ਹੇ ਹਰੀ ! ਉਹ ਨਾਮ ਆਪ ਜੀ ਨੇ ਭਗਤਾਂ ਦੇ ਹਿਰਦੇ ਵਿਚ ਧਰੇ ਹੋਏ ਹਨ।

ਨਾਨਕ ਜਨਿ ਪਾਇਆ ਮਤਿ ਗੁਰਮਤਿ,
ਜਪਿ ਹਰਿ ਹਰਿ ਪਾਰਿ ਪਵਣੇ ॥ ੪ ॥ ੩ ॥ ੭ ॥

ਗੁਰੂ ਜੀ ਕਥਨ ਕਰਦੇ ਹਨ— ਸੇਵਕ ਜਨਾਂ ਨੇ ਗੁਰਾਂ ਦੀ ਸਿਖਿਆ ਕਰ ਕੇ ਮਤਿ= ਬੁੱਧੀ ਵਿੱਚੋਂ ਹੀ ਹਰੀ ਨਾਮ ਪਾਇਆ ਹੈ ਅਤੇ ਹਰੀ ਨਾਮ ਨੂੰ ਜਪ ਕੇ ਸੰਸਾਰ ਤੋਂ ਪਾਰ ਪਏ ਹਨ।

੨- ਸੇਵਕ ਜਨਾਂ ਨੇ ਮਤੀ ਵਿਚ ਗੁਰ-ਸਿਖਿਆ ਨੂੰ ਪਾਇਆ ਹੈ ਅਤੇ ਉਹ ਹਰਿ ਹਰਿ ਨਾਮ ਨੂੰ ਜਪ ਕੇ ਸੰਸਾਰ-ਸਮੁੰਦਰ ਤੋਂ ਪਾਰ ਪਵਣੇ= ਪਏ ਹਨ॥ ੪ ॥ ੩ ॥ ੭ ॥

ਭੈਰਉ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ–ਭਾਦਰੋਂ ਵਦੀ ਸਤਵੀਂ ਨੂੰ ਇਕ ਪਖੰਡੀ ਬ੍ਰਾਹਮਣ ਨੇ ਗੁਰੂ ਜੀ ਨੂੰ ਆ ਕੇ ਕਿਹਾ- ''ਕਲ੍ਹ ਜਨਮ ਅਸ਼ਟਮੀ ਹੈ, ਠਾਕੁਰ ਜੀ ਦਾ ਜਨਮ ਹੋਵੇਗਾ, ਇਸ ਭਾਰੀ ਉਤਸ਼ਵ ਸਮੇਂ ਹਿੰਡੋਲੇ ਪੈਣਗੇ, ਆਤਸ਼ਬਾਜੀ ਚਲੇਗੀ, ਵਾਜੇ ਵੱਜਣਗੇ, ਆਪ ਭੀ ਵਰਤ ਰੱਖਣਾ, ਸਿੱਖਾਂ ਪਾਸੋਂ ਭੀ ਵਰਤ ਰਖਾਉਣਾ ਅਤੇ ਮੰਦਰ ਵਿਚ ਆ ਕੇ ਠਾਕੁਰ ਜੀ ਦੇ ਦਰਸ਼ਨ ਕਰਨੇ।'' ਉਸ ਦੀਆਂ ਅਜੇਹੀਆਂ ਗੱਲਾਂ ਸੁਣ ਕੇ ਗੁਰੂ ਜੀ ਨੇ ਕਿਹਾ, ''ਪੰਡਿਤ ਜੀ ! ਤਰਬੂਜ ਵਿਚ ਠਾਕੁਰ ਜੀ ਦੀ ਮੂਰਤੀ ਰੱਖ ਕੇ ਜਨਮ ਅਸ਼ਟਮੀ ਵਾਲੇ ਦਿਨ ਉਸ ਵਿੱਚੋਂ ਠਾਕੁਰ ਦੀ ਮੂਰਤੀ ਕੱਢ ਕੇ ਆਖਦੇ ਹੋ ਕਿ ਅੱਜ ਠਾਕੁਰ ਜੀ ਜਨਮੇ ਹਨ, ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਠੀਕ ਨਹੀਂ ਹਨ; ਕਿਉਂਕਿ ਉਹ ਠਾਕੁਰ ਤਾਂ ਜਨਮ ਮਰਨ ਤੋਂ ਰਹਿਤ ਹੈ।''

ਸਗਲੀ ਥੀਤਿ ਪਾਸਿ ਡਾਰਿ ਰਾਖੀ ॥
ਅਸਟਮ ਥੀਤਿ ਗੋਵਿੰਦ ਜਨਮਾਸੀ ॥ ੧ ॥

ਤੁਸਾਂ ਨੇ ਹੋਰ ਸਾਰੀਆਂ ਥਿੱਤਾਂ ਤਾਂ ਪਾਸੇ ਰੱਖ ਛੱਡੀਆਂ ਹਨ ਅਤੇ ਇਕ ਅਸ਼ਟਮੀ ਥਿਤ ਵਿਚ ਹੀ ਗੋਬਿੰਦ ਜੰਮਿਆ ਸੀ, ਏਸੇ ਥਿਤ ਨੂੰ ਤੁਸਾਂ ਨੇ ਸਾਰੀਆਂ ਥਿਤਾਂ ਤੋਂ ਚੰਗਾ ਕਰ ਕੇ ਮੰਨ ਲਿਆ ॥ ੧ ॥

ਭਰਮਿ ਭੂਲੇ, ਨਰ ਕਰਤ ਕਚਰਾਇਣ ॥

ਤੇਰੇ ਵਰਗੇ ਭਰਮ ਵਿਚ ਭੁੱਲੇ ਹੋਏ ਪੁਰਸ਼ ਹੀ ਅਜੇਹੀਆਂ ਕਚਰਾਇਣ= ਕੱਚੀਆਂ ਗੱਲਾਂ ਕਰਦੇ ਹਨ। ਵਾ :- ਖੱਚਰਤਾਈਆਂ ਕਰਦੇ ਹਨ, ਜੋ ਕਿ ਕਚਰੇ ਵਿਚ ਭਾਵ ਤਰਬੂਜ ਵਿਚ ਠਾਕੁਰ ਜੀ ਨੂੰ ਰੱਖ ਕੇ ਦੂਜੇ ਦਿਨ ਕੱਢ ਕੇ ਆਖਦੇ ਹਨ- 'ਅੱਜ ਠਾਕੁਰ ਜੀ ਜੰਮ ਪਏ ਹਨ।' ਪਰ ਸੱਚੀ ਗੱਲ ਤਾਂ ਏਹ ਹੈ ਕਿ-

ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ ਰਹਾਉ ॥

ਉਹ ਨਰਾਇਣ ਪ੍ਰਭੂ ਜਨਮ ਮਰਨ ਤੋਂ ਰਹਿਤ ਹੈ॥ ੧ ॥ ਰਹਾਉ ॥

ਕਰਿ ਪੰਜੀਰੁ ਖਵਾਇਓ ਚੋਰ ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥

(ਜਿਸ ਲੜਕੇ ਨੂੰ ਮਾਂ ਜਸ਼ੋਧਾਂ ਬਣਾਉਂਦੇ ਹੋ, ਉਸ ਨੂੰ ਪੰਜੀਰੀ ਬਣਾ ਕੇ ਚੋਰੀਂ ਚੋਰੀਂ ਖੁਆਉਂਦੇ ਹੋ। ਜਾਂ ਚੋਰ ਲੋਕ ਜਿਸ ਨੂੰ ਚੋਰੀਂ ਪੰਜੀਰੀ ਬਣਾ ਕੇ ਖੁਆਉਂਦੇ ਹਨ। ਹੇ ਸਾਕਤ ਢੋਰ= ਪਸ਼ੂ ! ਵਾ :- ਹੇ ਪਸ਼ੂਆਂ ਦੇ ਘਾਹ ਢੋਣ ਵਾਲੇ ਢੋਰ= ਗਧੇ ਸਾਕਤ ! ਉਹ ਨਿਰੰਕਾਰ ਨਾ ਜੰਮਦਾ ਹੈ ਨਾ ਮਰਦਾ ਹੈ।

ਸਗਲ ਪਰਾਧ ਦੇਹਿ ਲੋਰੋਨੀ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ ੩ ॥

ਜੇਹੜੇ ਮਨੁੱਖ ਠਾਕੁਰ ਜੀ ਨੂੰ ਲੋਰੋਨੀ= ਲੋਰੀਆਂ ਦੇਂਦੇ ਹਨ। ਸਮਝੋ, ਉਨ੍ਹਾਂ ਸਾਰੇ ਅਪਰਾਧ ਕਰ ਲੀਤੇ ਹਨ। ਜਾਂ ਉਨ੍ਹਾਂ ਨੂੰ ਸਾਰੇ ਪਾਪ ਲਗਦੇ ਹਨ। ਉਹ ਮੂੰਹ ਜਲਉ= ਸੜ ਜਾਵੇ, ਜਿਸ ਮੂੰਹ ਨਾਲ ਕਹਿੰਦਾ ਹੈ— ਅੱਜ ਠਾਕੁਰ ਜੀ ਜੂਨੀ ਵਿਚ ਆਏ ਹਨ ਭਾਵ ਜੰਮੇ ਹਨ॥ ੩ ॥

ਜਨਮਿ ਨ ਮਰੈ ਨ ਆਵੈ ਨ ਜਾਇ॥
ਨਾਨਕ ਕਾ ਪ੍ਰਭੁ ਰਹਿਓ ਸਮਾਇ॥ ੪ ॥ ੧ ॥

ਉਹ ਠਾਕੁਰ ਜੰਮਦਾ ਮਰਦਾ ਨਹੀਂ ਹੈ, ਨਾ ਆਉਂਦਾ ਹੈ ਨਾ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਮੈਂ ਨਾਨਕ ਦਾ ਪ੍ਰਭੂ ਸਾਰਿਆਂ ਵਿਚ ਸਮਾ ਰਿਹਾ ਹੈ॥ ੪ ॥ ੧ ॥

ਯਥਾ:- ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥ ੨ ॥ *(ਪੰਨਾ ੩੩੯)*

ਭੈਰਉ ਮਹਲਾ ੫ ॥

ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ॥ ੧ ॥
ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥ ੧ ॥ ਰਹਾਉ ॥

(ਅੰਨਵੇਂ ਤੁਕਾਂ ਵੱਲ ਧਿਆਨ ਰੱਖਣਾ-) ਇਕ ਮੇਰਾ ਸੁਆਮੀ ਹੀ ਸਭ ਜਗ੍ਹਾ ਰਖਿਆ ਕਰਨ ਵਾਲਾ ਹੈ ਅਤੇ ਓਹੀ ਸਾਰਿਆਂ ਦੇ ਦਿਲ ਦੇ ਅੰਦਰ ਦੀ ਜਾਣਨ ਵਾਲਾ ਹੈ। ਜਾਂ ਐਸੇ ਬੂਝੀਆ= ਜਿਸ ਵੇਲੇ ਇਸ ਤਰ੍ਹਾਂ ਬੁਝ ਲੈਣਾ ਕੀਤਾ ਤਾਂ ਉਠਣ ਸਮੇਂ ਭੀ ਸੁਖ ਹੈ ਤੇ ਬਹਿਣ ਵੇਲੇ ਭੀ ਸੁਖ ਦੀ ਪ੍ਰਾਪਤੀ ਹੈ। ਉਸ ਨੂੰ ਫਿਰ ਕਿਸੇ ਕਿਸਮ ਦਾ ਭਉ= ਡਰ ਨਹੀਂ ਲੱਗਦਾ॥ ੧ ॥ ਰਹਾਉ ॥

ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥ ੨ ॥

ਹੇ ਪ੍ਰਭੂ ! ਜਿਥੇ ਇਕ ਤੂੰ ਹੀ ਵਰਤ ਰਿਹਾ ਹੈਂ ਤਾਂ ਫਿਰ ਮੈਨੂੰ ਕਾਹਦਾ ਫਿਕਰ ਹੈ। ਹੁਣ ਮੈਂ ਬੇ-ਫਿਕਰ ਹੋ ਕੇ ਸੋਇ= ਸੌਂਦਾ ਹਾਂ ਅਤੇ ਜਾਗ ਕੇ ਭੀ ਅਚਿੰਤਾ= ਨਿਸਚਿੰਤ ਰਹਿੰਦਾ ਹਾਂ॥ ੨ ॥

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥ ੩ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਗੁਰਾਂ ਨੇ ਮੰਤ੍ਰ ਦ੍ਰਿੜ੍ਹ ਕਰਵਾ ਦਿੱਤਾ ਹੈ। ਜਿਸ ਕਰ ਕੇ ਪਰਤੱਖ ਘਰ ਵਿਚ ਸੁਖੀ ਵਸਿਆ ਹਾਂ ਅਤੇ ਬਾਹਰ ਭੀ ਸੁਖ ਪਾਇਆ ਹੈ। *ਅਥਵਾ :—* ਜਿਸ ਕਰ ਕੇ ਸਰੂਪ-ਘਰ ਵਿਚ ਸੁਖੀ ਵਸਦਾ ਹਾਂ ਅਤੇ ਬਾਹਰ ਦਾ ਭੀ ਸਾਰਾ ਸੁਖ ਪਾ ਲਿਆ ਹੈ॥ ੩ ॥ ੨ ॥

ਭੈਰਉ ਮਹਲਾ ੫ ॥

ਉਥਾਨਕਾ-ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਉਚਾਰਨ ਕਰ ਕੇ ਕਬੀਰ ਜੀ ਨੂੰ ਸਿਰੋਪਾ

ਦਿੱਤਾ ਹੈ। ਸਿਰੋਪਾ ਜਿਸ ਨੂੰ ਦਿੱਤਾ ਜਾਵੇ ਉਹ ਓਸੇ ਦਾ ਹੋ ਜਾਂਦਾ ਹੈ। ਇਸ ਕਰ ਕੇ ਸ਼ਬਦ ਦੇ ਅਰੰਭ ਵਿਚ 'ਭੈਰਉ ਮਹਲਾ ੫' ਹੈ ਤੇ ਅਖੀਰ ਸਮਾਪਤੀ ਦੀਆਂ ਤੁਕਾਂ ਵਿਚ ਕਬੀਰ ਜੀ ਦਾ ਨਾਮ ਸਿਖਿਆ ਹੈ, ਇਕ ਕਾਰਣ ਏਹ ਯਾਦ ਰੱਖਣਾ।

ਦੂਜਾ ਕਾਰਣ ਏਹ ਹੈ :- ਕਬੀਰ ਜੀ ਦੀ ਬਾਣੀ ਨੂੰ ਆਪਣੀ ਬਾਣੀ ਨਾਲ ਅਭੇਦ ਨਿਸਚੇ ਕਰਾਉਣ ਵਾਸਤੇ ਏਥੇ ਅਖੀਰ 'ਤੇ ਕਬੀਰ ਜੀ ਦਾ ਨਾਮ ਲਿਖਿਆ ਹੈ।

ਤੀਜਾ ਕਾਰਣ ਏਹ ਹੈ :- ਅੱਗੇ ਭੈਰਉਂ ਦੀ ਭਗਤ ਬਾਣੀ ਵਿਚ ਸੱਤਵਾਂ ਸ਼ਬਦ ਜੋ ਕਿ ਪੰਡਿਤ ਤੇ ਮੁੱਲਾਂ ਨਾਲ ਕਬੀਰ ਜੀ ਦਾ ਸੰਬਾਦ ਲਿਖਿਆ ਹੈ :-

ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥ ੧॥ *(ਪੰਨਾ ੧੧੫੮)*

ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ *(ਪੰਨਾ ੧੧੫੯)*

ਇਹਨਾਂ ਤੁਕਾਂ ਵਿਚ ਕਬੀਰ ਜੀ ਨੇ ਖੋਲ੍ਹ ਕੇ ਨਹੀਂ ਦਸਿਆ ਕਿ ਪੰਡਿਤਾਂ ਨੇ ਕੀ ਕਿਹਾ ਹੈ ਤੇ ਮੁੱਲਾਂ ਨੇ ਕੀ ਕਿਹਾ ਹੈ। ਗੋਹਜ ਗੱਲ ਰੱਖ ਗਏ ਹਨ ਪਰ ਉਹਨਾਂ ਨੇ ਜੋ ਕੁਝ ਭੀ ਕਿਹਾ ਹੈ, ਉਹ ਖੁਲਾਸਾ ਹਾਲ ਇਥੇ ਗੁਰੂ ਜੀ ਆਪਣੇ ਸ਼ਬਦ ਵਿਚ ਸਪਸ਼ਟ ਕਰਦੇ ਹਨ।

ਪੰਡਿਤਾਂ ਨੇ ਕਿਹਾ ਸੀ- ''ਜੇ ਕਰ ਤੂੰ ਹਿੰਦੂ ਹੈਂ ਤਾਂ ਹਿੰਦੂਆਂ ਵਾਲੇ ਕਰਮ, ਵਰਤ ਆਦਿਕ ਰੱਖਿਆ ਕਰ।'' ਮੁੱਲਾਂ ਨੇ ਕਿਹਾ ਸੀ-''ਜੇ ਕਰ ਤੂੰ ਮੁਸਲਮਾਨ ਹੈਂ ਤਾਂ ਉਸ ਮੁਸਲਮਾਨੀ ਮਜ਼ਹਬ ਦੇ ਅਨੁਸਾਰ ਰੋਜ਼ੇ ਆਦਿਕ ਰਖਿਆ ਕਰ।'' ਉਸ ਉੱਤਰ ਵਿਚ ਜੋ ਕਬੀਰ ਜੀ ਨੇ ਕਿਹਾ ਸੀ, ਓਹੀ ਗੱਲ ਗੁਰੂ ਜੀ ਕਥਨ ਕਰਦੇ ਹਨ-

ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ॥ ੧॥

(ਹਿੰਦੂਆਂ ਦੇ ਮੱਤ ਅਨੁਸਾਰ ਮੈਂ ਇਕਾਦਸ਼ੀ ਆਦਿਕ) ਵਰਤਾਂ ਵਿਚ ਨਹੀਂ ਰਹਿਣਾ ਕਰਦਾ, (ਮੁਸਲਮਾਨਾਂ ਦੇ ਮੱਤ ਅਨੁਸਾਰ) ਰਮਦਾਨਾ= ਰਮਜ਼ਾਨ ਦੇ ਮਹ= ਮਹੀਨੇ ਵਿਚ ਰੋਜ਼ਿਆਂ ਨੂੰ ਭੀ ਨਹੀਂ ਰੱਖਦਾ ਹਾਂ। ਅੱਗੋਂ ਉਹਨਾਂ ਨੇ ਕਿਹਾ-''ਜੇ ਤੂੰ ਕਿਸੇ ਨੂੰ ਨਹੀਂ ਮੰਨਦਾ ਫਿਰ ਤਾਂ ਪੱਕਾ ਨਾਸਤਕ ਹੋਇਆ?'' ਕਬੀਰ ਜੀ ਨੇ ਕਿਹਾ— ਮੈਂ ਤਾਂ ਉਸ ਪ੍ਰਭੂ ਨੂੰ ਸੇਂਵਦਾ ਹਾਂ (ਅਰਾਧਦਾ ਹਾਂ) ਜੋ ਨਿਦਾਨਾ= ਅੰਤ ਵੇਲੇ ਰੱਖਦਾ ਹੈ॥ ੧॥

ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥ ੧॥ ਰਹਾਉ॥

ਮੇਰਾ ਗੁਸਾਈਂ ਭੀ ਅਤੇ ਮੇਰਾ ਅੱਲ੍ਹਾ ਭੀ ਇਕ ਪਰਮਾਤਮਾ ਹੀ ਹੈ। ਹਿੰਦੂ ਅਤੇ ਮੁਸਲਮਾਨ ਇਹਨਾਂ ਦੋਹਾਂ ਵੱਲੋਂ ਮੇਰਾ ਨੇਬੇਰਾ= ਫੈਸਲਾ ਹੋ ਚੁੱਕਾ ਹੈ ਜੋ ਕਿ ਕਿਸੇ ਦੀ ਸ਼ਰ੍ਹਾ ਵਿਚ ਭੀ ਨਹੀਂ ਰਹਿੰਦਾ ਹਾਂ।

ਅਥਵਾ :— ਜੋ ਪਰਮਾਤਮਾ ਹਿੰਦੂ ਅਤੇ ਮੁਸਲਮਾਨ ਇਨ੍ਹਾਂ ਦੋਹਾਂ ਦਾ ਨੇਬੇਰਾ= ਨਿਆਉਂ ਕਰਨ ਵਾਲਾ ਹੈ, ਮੈਂ ਉਸ ਪਰਮੇਸ਼ਰ ਨੂੰ ਮੰਨਦਾ ਹਾਂ॥ ੧॥ ਰਹਾਉ॥

ਮੁੱਲਾਂ ਨੇ ਕਿਹਾ-'' ਜੇ ਕਰ ਤੂੰ ਰੋਜ਼ੇ ਨਹੀਂ ਰੱਖਦਾ ਤਾਂ ਕਾਬੇ ਦੀ ਹੱਜ ਕਰਨ ਲਈ ਚਲਿਆ ਜਾਹ।'' ਪੰਡਿਤ ਨੇ ਕਿਹਾ-''ਜੇ ਕਰ ਤੂੰ ਵਰਤ ਨਹੀਂ ਰੱਖਦਾ ਤਾਂ ਤੀਰਥ-ਯਾਤਰਾ ਹੀ ਕਰ ਆ।''

ਦੋਹਾਂ ਦੀਆਂ ਏਹ ਗੱਲਾਂ ਸੁਣ ਕੇ ਦੋਹਾਂ ਨੂੰ ਉੱਤਰ ਦੇਂਦੇ ਹਨ-

ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥ ੨॥

ਨਾ ਕਾਬੇ ਦੀ ਹੱਜ ਕਰਨ ਲਈ ਜਾਂਦਾ ਹਾਂ ਅਤੇ ਨਾ ਹੀ ਤੀਰਥ-ਯਾਤਰਾ ਲਈ ਤੀਰਥਾਂ ਉੱਤੇ ਪੂੱਜਦਾ ਹਾਂ।

ਵਾ :- ਨਾ ਹੀ ਠਾਕੁਰ ਪੂਜਾ ਕਰਦਾ ਹਾਂ। ਇਕ ਪਰਮੇਸ਼ਰ ਦੀ ਸੇਵਾ ਕਰਦਾ ਹਾਂ ਹੋਰ ਕਿਸੇ ਨੂੰ ਨਹੀਂ ਮੰਨਦਾ ਹਾਂ॥ ੨॥

ਪੰਡਿਤ ਨੇ ਕਿਹਾ-''ਜੇ ਕਰ ਤੂੰ ਆਪਣੇ ਆਪ ਨੂੰ ਹਿੰਦੂ ਕਹਾਉਂਦਾ ਹੈਂ ਤਾਂ ਤੈਨੂੰ ਪੂਜਾ ਜ਼ਰੂਰ ਕਰਨੀ ਚਾਹੀਦੀ ਹੈ।'' ਮੁੱਲਾਂ ਨੇ ਕਿਹਾ-''ਜੇ ਕਰ ਤੂੰ ਆਪਣੇ ਆਪ ਨੂੰ ਮੁਸਲਮਾਨ ਕਹਾਉਂਦਾ ਹੈਂ ਤਾਂ ਤੈਨੂੰ ਨਮਾਜ਼ ਜ਼ਰੂਰ ਪੜ੍ਹਨੀ ਚਾਹੀਦੀ ਹੈ।'' ਅੱਗੋਂ ਕਬੀਰ ਨੇ ਕਿਹਾ-

ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥ ੩॥

ਨਾ ਮੈਂ ਪੂਜਾ ਕਰਦਾ ਹਾਂ, ਨਾ ਹੀ ਮੈਂ ਨਮਾਜ਼ ਨੂੰ ਗੁਜਾਰਉ= ਗੁਜ਼ਾਰਦਾ ਭਾਵ ਪੜ੍ਹਦਾ ਹਾਂ, ਇਕ ਨਿਰੰਕਾਰ ਦਾ ਨਾਮ ਲੈ ਕੇ ਉਸ ਨੂੰ ਹਿਰਦੇ ਕਰ ਕੇ ਨਮਸਕਾਰ ਕਰਦਾ ਹਾਂ॥ ੩॥

ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ ੪॥

ਨਾ ਮੈਂ ਹਿੰਦੂ ਹਾਂ, ਨਾ ਹੀ ਮੁਸਲਮਾਨ ਹਾਂ। ਮੇਰੇ ਪਾਸ ਪਿੰਡ ਅਤੇ ਪ੍ਰਾਣ ਆਦਿਕ ਜੋ ਕੁਝ ਭੀ ਹੈ ਉਹ ਅੱਲ੍ਹਾ ਰਾਮ ਜੋ ਦੋਵੇਂ ਅਭੇਦ ਰੂਪ ਹਨ ਉਸ ਦੇ ਦਿੱਤੇ ਹੋਏ ਹਨ। *ਅਥਵਾ :—* ਉਸ ਅਲਹ= ਅਲੱਖ ਰਾਮ ਨੂੰ ਮੈਂ ਪਿੰਡ ਅਤੇ ਪ੍ਰਾਣਾਂ ਨੂੰ ਸੱਤਾ ਦੇਣ ਵਾਲਾ ਮੰਨਿਆ ਹੈ।

ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥ ੫॥ ੩॥

ਕਬੀਰ ਜੀ ਆਖਦੇ ਹਨ— ਏਹ ਬਚਨ ਕਥਨ ਕਰ ਕੇ ਮੈਂ ਸਭ ਨੂੰ ਸੁਣਾਉਣਾ ਕੀਤਾ ਹੈ। ਕਿ ਪੀਰ= ਪੂਜਨੀਕ ਗੁਰਾਂ ਨਾਲ ਮਿਲ ਕੇ ਮੈਂ ਖੁਦਿ= ਆਪ ਖਸਮੁ= ਪਰਮਾਤਮਾ ਨੂੰ ਪਛਾਣ ਲਿਆ ਹੈ॥ ੫॥ ੩॥

ਇਸ ਤਰ੍ਹਾਂ ਦੀ ਅਭੇਦਤਾ ਦੇ ਸ਼ਬਦ ਇਕ ਜਗ੍ਹਾ ਨਹੀਂ ਬਹੁਤ ਜਗ੍ਹਾ ਪਰ ਆਉਂਦੇ ਹਨ:

੧- ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫॥
ਐਸੋ ਅਚਰਜੁ ਦੇਖਿਓ ਕਬੀਰ॥ *(ਪੰਨਾ ੩੨੬)*

੨- ਮਹਲਾ ੫॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਨਾ॥ *(ਆਸਾ, ਪੰਨਾ ੪੮੭)*

੩- ਸਾਰੰਗ ਮਹਲਾ ੫ ਸੂਰਦਾਸ॥ ਹਰਿ ਕੇ ਸੰਗ ਬਸੇ ਹਰਿ ਲੋਕ॥ *(ਪੰਨਾ ੧੨੫੩)*

ਭੈਰਉ ਮਹਲਾ ੫॥

ਉਥਾਨਕਾ-ਇਕ ਦਿਨ ਸੁਕੇਤ ਮੰਡੀ ਵਾਲਾ ਰਾਜਾ ਚੱਲ ਕੇ ਆਇਆ। ਦੀਵਾਨ ਸਜਿਆ ਹੋਇਆ ਸੀ ਸੰਗਤ ਵਿਚ ਆ ਕੇ ਬੈਠ ਗਿਆ। ਭੋਗ ਪੈਣ ਪਿਛੋਂ ਗੁਰੂ ਜੀ ਅੱਗੇ ਭੇਟਾ ਰੱਖ ਕੇ ਨਮਸਕਾਰ ਕੀਤੀ ਤੇ ਬਚਨ-ਬਿਲਾਸ ਕਰਦਿਆਂ ਆਖਣ ਲੱਗਾ-'ਆਪ ਸ਼ਿਕਾਰ ਖੇਡਣ ਵਾਸਤੇ ਚੱਲੋ।' ਗੁਰੂ ਜੀ ਨੇ ਕਿਹਾ-''ਰਾਜਨ ! ਅਸੀਂ ਤਾਂ ਅੱਗੇ ਕਈ ਵਾਰ ਸ਼ਿਕਾਰ ਖੇਡਿਆ ਹੈ, ਹੁਣ ਭੀ ਖੇਡ ਕੇ ਆਏ ਹਾਂ।'' ਰਾਜੇ ਨੇ ਕਿਹਾ- ''ਆਪ ਜੀ ਤਾਂ ਬਾਹਰ

ਗਏ ਹੀ ਨਹੀਂ ਆਪ ਨੇ ਸ਼ਿਕਾਰ ਕਿਵੇਂ ਖੇਡਿਆ ਹੈ? ਅਤੇ ਸ਼ਿਕਾਰੀ ਦੇ ਨਾਲ ਤਾਂ ਬਾਜ ਕੁੱਤੇ ਵਗੈਰਾ ਹੁੰਦੇ ਹਨ ਆਪ ਜੀ ਦੇ ਨਾਲ ਬਾਜ ਕੁੱਤੇ ਆਦਿ ਸ਼ਿਕਾਰੀ ਜਾਨਵਰ ਕੇਹੜੇ ਹਨ?''

ਗੁਰ ਉੱਤਰ—ਸੰਤਸੰਗਿ ਲੇ ਚੜਿਓ ਸਿਕਾਰ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥ ੧॥ ਰਹਾਉ॥

ਜੇਹੜਾ ਸੰਤਾਂ ਦਾ ਸੰਗ ਕਰਦੇ ਹਾਂ ਏਹੋ ਅਸੀਂ ਬਾਜ ਆਦਿਕ ਸ਼ਿਕਾਰ ਲੈ ਕੇ ਚੜ੍ਹੇ ਹਾਂ।

ਹੁਣ ਸਾਰਾ ਪ੍ਰਸੰਗ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਦੇ ਹਨ ਕਿ ਅਸਾਂ ਨੇ ਕੀ ਕੀ ਸ਼ਿਕਾਰ ਮਾਰਿਆ ਤੇ ਕਿਵੇਂ ਮਾਰਿਆ-

ਦਸ ਮਿਰਗੀ ਸਹਜੇ ਬੰਧਿ ਆਨੀ॥

(ਦਸ ਇੰਦ੍ਰੀਆਂ ਰੂਪ) ਦਸ ਹਿਰਨੀਆਂ ਸੁਤੇ ਹੀ ਬੰਨ੍ਹ ਕੇ ਲੈ ਆਂਦੀਆਂ ਹਨ। ਜੋ ਸੰਸਾਰ-ਉਜਾੜ ਵਿਚ ਭੌਂਦੀਆਂ ਹੋਈਆਂ ਵਿਸ਼ਿਆਂ ਵਿਚ ਤਤਪਰ ਹੋ ਰਹੀਆਂ ਸਨ।

*ਯਥਾ :-*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ। *(ਵਾਰ ੨੭/੯)*

ਅਤੇ ਕੰਨ ਸੰਸਾਰਕ ਗੱਲਾਂ ਨੂੰ ਤੇ ਰੇਡੀਓ ਆਦਿਕਾਂ ਨੂੰ ਤੇ ਫਿਲਮੀ ਗਾਣਿਆਂ ਨੂੰ ਸੁਣ ਰਹੇ ਸਨ। ਜੀਭ ਚੰਗੇ-ਚੰਗੇ ਸ੍ਵਾਦੀਕ ਪਦਾਰਥ ਖਾ ਰਹੀ ਸੀ। ਨੱਕ ਸੁਗੰਧੀ ਆਦਿਕਾਂ ਨੂੰ ਲੈਂਦਾ ਸੀ। ਹੱਥ ਚੋਰੀ ਕਰਦੇ ਸਨ। ਇਨ੍ਹਾਂ ਮੰਦ ਕੰਮਾਂ ਵਲੋਂ ਹਟਾ ਕੇ ਸਭ ਇੰਦ੍ਰੀਆਂ ਬੰਨ੍ਹ ਕੇ ਪਰਮੇਸ਼ਰ ਵੱਲ ਲਿਆਉਣਾ ਕੀਤੀਆਂ।

ਅੱਖਾਂ ਨੂੰ ਕਿਹਾ- ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥ *(ਪੰਨਾ ੯੨੨)*

ਕੰਨਾਂ ਨੂੰ ਸਮਝਾਇਆ-

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥ *(ਪੰਨਾ ੯੨੨)*

ਪਾਂਚ ਮਿਰਗ ਬੇਧੇ ਸਿਵ ਕੀ ਬਾਨੀ॥ ੧॥

ਸਿਵ= ਕਲਿਆਣ ਸਰੂਪ ਸਤਿਗੁਰਾਂ ਦੀ ਬਾਣੀ ਦੇ ਅਭਿਆਸ ਰੂਪ ਤੀਰਾਂ ਨਾਲ ਕਾਮ ਕਰੋਧ ਆਦਿਕ ਪੰਜ ਹਿਰਨ ਬੇਧੇ= ਵਿੰਨ੍ਹ ਦਿੱਤੇ ਭਾਵ ਮਾਰ ਦਿੱਤੇ ਹਨ।

ਗੁਰੂ ਅਤੇ ਪ੍ਰਭੂ-ਕਿਰਪਾ ਬਿਨਾਂ ਏਹ ਪੰਜ (ਕਾਮ, ਕਰੋਧ, ਆਦਿਕ) ਵਸੀਕਾਰ ਨਹੀਂ ਹੋ ਸਕਦੇ। ਏਸੇ ਕਰ ਕੇ ਰਵਿਦਾਸ ਜੀ ਨੇ ਕਿਹਾ ਹੈ-

ਨਾਥ ਕਛੂਅ ਨ ਜਾਨਉ॥ ਮਨੁ ਮਾਇਆ ਕੈ ਹਾਥਿ ਬਿਕਾਨਉ॥ ੧॥ ਰਹਾਉ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥ ਹਮ ਕਹੀਅਤ ਕਲਿਜੁਗ ਕੇ ਕਾਮੀ॥ ੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ ੨॥
ਜਤ ਦੇਖਉ ਤਤ ਦੁਖ ਕੀ ਰਾਸੀ॥ ਅਜੌਂ ਨ ਪਤ੍ਰਾਇ ਨਿਗਮ ਭਏ ਸਾਖੀ॥ ੩॥
ਗੌਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸੁ ਧਰਨਿ ਸਹਸ ਭਗ ਗਾਮੀ॥ ੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ॥ ਬਡੋ ਨਿਲਾਜੁ ਅਜਹੁ ਨਹੀ ਹਾਰਿਓ॥ ੫॥

(ਜੈਤਸਰੀ, ਪੰਨਾ ੭੧੦)

ਏਸੇ ਤਰ੍ਹਾਂ- ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ॥

ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ॥ ੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥ ੧॥ ਰਹਾਉ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ॥
ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ॥ ੨॥

(ਆਸਾ ਮਹਲਾ ੫, ਪੰਨਾ ੪੦੪)

ਰਾਜੇ ਨੇ ਕਿਹਾ— ਇਨ੍ਹਾਂ ਨੂੰ ਫੜਨ ਵਾਸਤੇ ਆਪ ਜੀ ਨੇ ਬੜੇ-ਬੜੇ ਹਥਿਆਰ ਫੜੇ ਹੋਣਗੇ? *ਗੁਰ ਉੱਤਰ-*

ਸੰਤ ਸੰਗਿ ਲੇ ਚੜਿਓ ਸਿਕਾਰ॥
ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥ ੧॥ ਰਹਾਉ॥

ਸੰਤਾਂ ਦਾ ਸੰਗ ਹੀ ਨਾਲ ਸ਼ਿਕਾਰ ਲੈ ਕੇ ਚੜ੍ਹੇ ਹਾਂ। ਘੋਰ= ਕਠਿਨ ਸਾਧਨਾਂ ਰੂਪੀ ਹਥਿਆਰਾਂ ਦੇ ਫੜੇ ਤੋਂ ਬਿਨਾਂ ਹੀ (ਅਰਥਾਤ ਜਲਧਾਰਾ ਦੇ ਸਹਾਰੇ ਤੋਂ ਬਿਨਾਂ ਹੀ, ਪੰਜ ਧੂਣੀਆਂ ਤਪੇ ਤੋਂ ਬਿਨਾਂ ਹੀ, ਕਪਾਲੀ ਆਸਣ ਲਗਾਏ ਤੋਂ ਬਿਨਾਂ ਹੀ ਇਸ ਤਰ੍ਹਾਂ ਦੇ ਕਠਿਨ ਸਾਧਨਾਂ ਦੇ ਕੀਤੇ ਤੋਂ ਬਿਨਾਂ ਹੀ) ਸਤਸੰਗ ਅਤੇ ਗੁਰੂ ਕਿਰਪਾ ਨਾਲ ਪੰਜ ਕਾਮ ਕਰੋਧ ਆਦਿਕ ਹਿਰਨ ਫੜ ਲਏ ਹਨ॥ ੧॥ ਰਹਾਉ॥

ਆਖੇਰ ਬਿਰਤਿ ਬਾਹਰਿ ਆਇਓ ਧਾਇ॥
ਅਹੇਰਾ ਪਾਇਓ ਘਰ ਕੈ ਗਾਂਇ॥ ੨॥

ਜਿਹੜਾ ਬਾਹਰ ਦੌੜਦਾ ਹੋਇਆ ਮਨ ਵਿਚ ਆ ਗਿਆ ਹੈ ਏਹੋ ਸਾਡੀ ਆਖੇਰ= ਸ਼ਿਕਾਰ ਬਿਰਤੀ ਹੈ। ਸਰੀਰ ਰੂਪੀ ਘਰ ਦੀ ਗਾਂਇ= ਜਗ੍ਹਾ ਵਿੱਚੋਂ ਹੀ ਇਸ ਮਨ ਰੂਪੀ ਅਹੇਰਾ= ਸ਼ਿਕਾਰ ਨੂੰ ਪਾਇਆ ਹੈ। ਭਾਵ ਮਨ ਨੂੰ ਮਾਰਨਾ ਕੀਤਾ ਹੈ।

ਪ੍ਰਸ਼ਨ- ਕਈ ਸ਼ਿਕਾਰ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਜੀਉਂਦਿਆਂ ਫੜ ਲਿਆਉਂਦੇ ਹਨ ਉਹ ਕੇਹੜਾ ਹੈ?

ਉੱਤਰ- ਅੰਤਹਕਰਨ ਰੂਪੀ ਘਰ ਦੀ ਜਗ੍ਹਾ ਵਿੱਚੋਂ ਆਤਮਾ ਰੂਪੀ ਸ਼ਿਕਾਰ ਨੂੰ ਭਾਵ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ ਹੈ॥ ੨॥

ਮ੍ਰਿਗ ਪਕਰੇ ਘਰਿ ਆਣੇ ਹਾਟਿ॥
ਚੁਖ ਚੁਖ ਲੇ ਗਏ ਬਾਂਢੇ ਬਾਟਿ॥ ੩॥

ਜਿਸ ਵੇਲੇ ਸੰਸਾਰ ਵੱਲੋਂ ਹਾਟਿ= ਹਟਾ ਕੇ ਕਾਮ ਆਦਿਕ ਹਿਰਨ ਫੜ ਕੇ ਸਰੀਰ-ਘਰ ਵਿਚ ਆਣੇ= ਲਿਆਂਦੇ ਤਾਂ ਬਾਂਢੇ= ਵਾਂਢੇ (ਪ੍ਰਦੇਸ ਬਾਟਿ= ਰਸਤੇ ਵਿਚ ਜੋ ਦੈਵੀ ਸੰਪਦਾ ਦੇ ਗੁਣ ਗਏ ਹੋਏ ਸਨ, ਉਹ ਜਿਸ ਵੇਲੇ ਆਏ ਤਾਂ ਉਹ ਕਾਮ ਆਦਿਕ ਦੁਸ਼ਮਣਾਂ ਨੂੰ ਚੁਖ ਚੁਖ= ਰੰਚਕ-ਰੰਚਕ ਭਾਵ ਕੀਮਾ ਕਰ ਕੇ ਬਾਟਿ= ਵੰਡੀਆਂ ਪਾ ਕੇ ਲੈ ਗਏ।

ਕਾਮ ਨੂੰ ਵਸਤੂ ਵਿਚਾਰ, ਕਰੋਧ ਨੂੰ ਖਿਮਾ, ਲੋਭ ਨੂੰ ਸੰਤੋਖ, ਮੋਹ ਨੂੰ ਬਿਬੇਕ ਅਤੇ ਹੰਕਾਰ ਨੂੰ ਧੀਰਜ ਲੈ ਗਿਆ ਜਾਂ ਖਾ ਗਿਆ।

ਇਸ ਤਰ੍ਹਾਂ ਦੇ ਸ਼ਿਕਾਰ ਖੇਡਣ ਦੀ ਸਾਰੀ ਗੱਲ ਸੁਣ ਕੇ ਰਾਜੇ ਦਾ ਚਿਤ ਗਦ-ਗਦ ਹੋ ਗਿਆ, ਦੋਵੇਂ ਹੱਥ

ਜੋੜ ਕੇ ਬੇਨਤੀ ਕੀਤੀ- "ਇਸ ਤਰ੍ਹਾਂ ਦਾ ਸ਼ਿਕਾਰ ਖੇਡਣਾ ਆਪ ਜੀ ਨੂੰ ਕਿਸ ਨੇ ਦੱਸਿਆ ਹੈ?" ਗੁਰ ਉੱਤਰ-

ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥ ੪ ॥ ੪ ॥

ਇਸ ਤਰ੍ਹਾਂ ਦਾ ਅਹੇਰਾ= ਸ਼ਿਕਾਰ ਖੇਡਣਾ ਸਾਨੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਦਾਨੁ= ਜਨਾਉਣਾ ਕੀਤਾ ਹੈ। ਗੁਰੂ ਜੀ ਕਥਨ ਕਰਦੇ ਹਨ— ਏਸੇ ਕਰ ਕੇ ਹੁਣ ਮੇਰੇ ਅੰਤਹਕਰਨ ਰੂਪ ਘਰ ਵਿਚ ਕੇਵਲ ਨਾਮ ਹੀ ਵਸਦਾ ਹੈ॥ ੪॥ ੪॥

ਭੈਰਉ ਮਹਲਾ ੫ ॥

ਪਹਿਲਾ ਪ੍ਰਸ਼ਨ- ਜੀਵ ਜੰਮਦਾ ਮਰਦਾ ਕਿਉਂ ਹੈ?

ਦੂਜਾ ਪ੍ਰਸ਼ਨ- ਇਸ ਦੇ ਜਨਮ ਮਰਨ ਦੀ ਨਵਿਰਤੀ ਕਿਵੇਂ ਹੁੰਦੀ ਹੈ?

ਗੁਰ ਉੱਤਰ- ਸਾਕਤਾਂ ਦੇ ਸੰਗ ਕਰ ਕੇ ਜਨਮ ਮਰਨ ਦੀ ਪ੍ਰਾਪਤੀ ਹੁੰਦੀ ਹੈ।
ਅਤੇ ਸਤਸੰਗ ਦੇ ਕਰਨ ਨਾਲ ਜਨਮ ਮਰਨ ਦੀ ਨਵਿਰਤੀ ਹੁੰਦੀ ਹੈ।

ਪ੍ਰਸ਼ਨ- ਸਾਕਤਾਂ ਦੇ ਲੱਛਣ ਕੀ ਹਨ, ਸਾਕਤ ਕਿਸ ਨੂੰ ਕਹਿੰਦੇ ਹਨ? ਗੁਰ ਉੱਤਰ-

ਜੇ ਸਉ ਲੋਚਿ ਲੋਚਿ ਖਾਵਾਇਆ ॥
ਸਾਕਤ ਹਰਿ ਹਰਿ ਚੀਤਿ ਨ ਆਇਆ ॥ ੧ ॥

ਜੇਕਰ ਸਉ= ਸੈਂਕੜੇ ਪਦਾਰਥ ਭੀ ਲੋਚਿ ਲੋਚਿ= ਚਾਹ ਚਾਹ ਕੇ ਖੁਆਉਣਾ ਕਰੀਏ।

ਵਾ :- ਲੋਚਿ= ਬੁਧੀ ਵਿਚ ਲੋਚਿ= ਚਾਹ (ਉਤਸ਼ਾਹ) ਨਾਲ ਭੀ ਸਉ= ਸੈਂਕੜੇ ਪਦਾਰਥ ਬਣਾ ਕੇ ਖੁਆਉਣਾ ਕਰੀਏ ਤਾਂ ਭੀ ਸਾਕਤ= ਦੁਸ਼ਟ ਪੁਰਸ਼ ਨੂੰ ਹਰਿ ਹਰਿ ਦਾ ਨਾਮ ਚੇਤੇ ਨਹੀਂ ਆਉਂਦਾ॥ ੧॥

ਏਸੇ ਕਰ ਕੇ ਕਬੀਰ ਜੀ ਨੇ ਲਿਖਿਆ ਹੈ-

ੳ) ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੌਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥ ੧੭॥ (ਪੰਨਾ ੧੩੬੫)

ਅ) ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ॥
ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ॥ (ਪੰਨਾ ੧੪੧੧)

ੲ) ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ ੧੩੧॥ (ਪੰਨਾ ੧੩੭੧)

ਸ) ਦੁਸਟ ਸੰਗ ਨ ਦੇਈਂ ਬਿਧਾਤਾ। ਤਾਂ ਤੇ ਭਲੋ ਨਰਕ ਮਹਿ ਵਾਸਾ। (ਤੁਲਸੀ ਰਮਾਇਣ)

ਏਸੇ ਕਰ ਕੇ ਕਿਹਾ ਹੈ-

ੳ) ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥
ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥ ੧੪੩॥ (ਪੰਨਾ ੧੩੭੨)

ਅ) ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥
ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ॥ ੯੯॥ (ਪੰਨਾ ੧੩੬੯)

ੲ) ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ॥
ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ॥ ੧੦੦॥ (ਪੰਨਾ ੧੩੬੯)

ਸ) ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥ ੮੮॥ (ਪੰਨਾ ੧੩੬੯)

ਸੰਤ ਜਨਾ ਕੀ ਲੇਹੁ ਮਤੇ॥
ਸਾਧਸੰਗਿ ਪਾਵਹੁ ਪਰਮ ਗਤੇ॥ ੧॥ ਰਹਾਉ॥

ਸਤ ਸੰਗਤ ਵਿਚ ਜਾ ਕੇ ਸੰਤ ਜਨਾਂ ਦੀ ਮਤੇ= ਸਿਖਿਆ ਲਵੋ ਤਾਂ ਹੀ ਪਰਮਗਤੀ ਨੂੰ ਪਾਉਣਾ ਕਰੋਗੇ ਜਨਮ ਮਰਨ ਦੀ ਨਵਿਰਤੀ ਦਾ ਤੇ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ਹੀ ਸਤਸੰਗ ਹੈ॥ ੧॥ ਰਹਾਉ॥

ਯਥਾ :-ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ (ਪੰਨਾ ੧੦)

ਤਥਾ:- ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥ ੧॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥

(ਮਹਲਾ ੫, ਪੰਨਾ ੮੦੯)

ਪਾਥਰ ਕਉ ਬਹੁ ਨੀਰੁ ਪਵਾਇਆ॥ ਨਹ ਭੀਗੈ ਅਧਿਕ ਸੂਕਾਇਆ॥ ੨॥

ਜਿਵੇਂ ਪੱਥਰ ਨੂੰ ਬਹੁਤ ਸਾਰਾ ਜਲ ਭੀ ਪਵਾਇਆ ਜਾਵੇ ਜਾਂ ਬਹੁਤਾ ਚਿਰ ਪਾਣੀ ਵਿਚ ਪਾਇਆ ਜਾਵੇ ਤਾਂ ਭੀ ਉਹ ਭਿੱਜਦਾ ਨਹੀਂ, ਅਧਿਕ= ਬਹੁਤਾ ਸੁੱਕਾ ਹੀ ਰਹਿੰਦਾ ਹੈ।

ਯਥਾ :- ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥ (ਮਹਲਾ ੧, ਪੰਨਾ ੪੧੯)

ਤਿਵੇਂ ਪੱਥਰ ਵਾਂਗ ਕਠੋਰ ਹਿਰਦੇ ਵਾਲਾ ਜੋ ਸਾਕਤ ਹੈ ਉਸ ਨੂੰ ਚਾਹੇ ਬਹੁਤ ਸਾਰਾ ਨਾਮ ਰੂਪੀ ਜਲ ਭੀ ਪਾਉਣਾ ਕਰੀਏ ਭਾਵ ਨਾਮ ਦਾ ਉਪਦੇਸ਼ ਚਾਹੇ ਕਿਤਨਾ ਦੇਂਦੇ ਰਹੀਏ ਤਾਂ ਭੀ ਉਸ ਦਾ ਅੰਤਹਕਰਨ ਨਹੀਂ ਭਿੱਜਦਾ ਵਧੇਰੇ ਕਰਕੇ ਸੁੱਕਾ ਹੀ ਰਹਿੰਦਾ ਹੈ॥ ੨॥

[ਪੰਨਾ ੧੧੩੭]

ਖਟੁ ਸਾਸਤ੍ਰ ਮੂਰਖੈ ਸੁਨਾਇਆ॥ ਜੈਸੇ ਦਹ ਦਿਸ ਪਵਨੁ ਝੁਲਾਇਆ॥ ੩॥

ਮੂਰਖ ਮਨੁੱਖ ਨੂੰ ਛੇ ਸ਼ਾਸਤ੍ਰਾਂ ਦਾ ਉਪਦੇਸ਼ ਸੁਨਾਉਣਾ ਇਸ ਤਰ੍ਹਾਂ ਹੈ, ਜਿਵੇਂ ਦਸੋਂ ਦਿਸ਼ਾਂ ਵਿਚ ਹਵਾ ਦਾ ਝੁਲਣਾ ਹੁੰਦਾ ਹੈ। ਇਕ ਪਾਸਿਓ ਹਵਾ ਦਾ ਬੁਲਾ ਆਉਂਦਾ ਹੈ ਦੂਜੇ ਪਾਸੇ ਨਿਕਲ ਜਾਂਦਾ ਹੈ। ਤਿਵੇਂ ਮੂਰਖ ਮਨੁੱਖ ਇਕ ਕੰਨ (ਛੇ ਸ਼ਾਸਤ੍ਰ ਦਾ ਉਪਦੇਸ਼) ਸੁਣਦਾ ਹੈ ਤੇ ਦੂਜੇ ਕੰਨ ਕੱਢ ਦੇਂਦਾ ਹੈ॥ ੩॥

ਯਥਾ :-ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ॥ ਕਹਾ ਸਾਕਤ ਪਹਿ ਹਰਿ ਗੁਨ ਗਾਏ॥

(ਕਬੀਰ ਜੀ, ਪੰਨਾ ੪੮੧

ਤਥਾ:- ਕਬੀਰ ਸਾਚਾਂ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥ ੧੫੮॥ (ਪੰਨਾ ੧੩੭੨)

ਬਿਨੁ ਕਣ ਖਲਹਾਨੁ ਜੈਸੇ ਗਾਹ ਨ ਪਾਇਆ॥

ਜਿਵੇਂ ਕਣ= ਕਣਕ ਤੋਂ ਬਿਨਾਂ ਖਲਹਾਨੁ= ਖਲਵਾੜਿਆਂ ਨੂੰ ਗਾਹੁਣ ਨਾਲ ਕੁਝ ਵੀ ਫਲ ਪ੍ਰਾਪਤ ਨਹੀਂ

ਹੁੰਦਾ। ਤਿਵੇਂ ਮੋਖਸ਼ ਰੂਪੀ ਕਣਕ ਤੋਂ ਬਿਨਾਂ ਫਜ਼ੂਲ ਸਾਧਨਾਂ ਦੇ ਕਰਨ ਨਾਲ ਕੁਝ ਫਲ ਪ੍ਰਾਪਤ ਨਹੀਂ ਹੁੰਦਾ।

ਤਿਉ ਸਾਕਤ ਤੇ ਕੋ ਨ ਬਰਾਸਾਇਆ ॥ ੪ ॥

ਤਿਵੇਂ ਸਾਕਤਾਂ ਪਾਸੋਂ ਕੋਈ ਭੀ ਨਹੀਂ ਵਰੋਸਾਂਦਾ ਅਰਥਾਤ ਮੋਖ ਦੀ ਪ੍ਰਾਪਤੀ ਰੂਪ ਇੱਛਾ ਨੂੰ ਕੋਈ ਪੂਰਾ ਨਹੀਂ ਕਰ ਸਕਦਾ, ਕਿਉਂਕਿ ਸਾਕਤਾਂ ਪਾਸੋਂ ਕਿਸੇ ਦਾ ਭਲਾ ਨਹੀਂ ਹੁੰਦਾ॥ ੪॥

ਤਿਤ ਹੀ ਲਾਗਾ ਜਿਤੁ ਕੋ ਲਾਇਆ ॥
ਕਹੁ ਨਾਨਕ ਪ੍ਰਭਿ ਬਣਤ ਬਣਾਇਆ ॥ ੫ ॥ ੫ ॥

ਗੁਰੂ ਜੀ ਕਥਨ ਕਰਦੇ ਹਨ- ਕਰਮਾਂ ਅਨੁਸਾਰ ਪ੍ਰਭੂ ਨੇ ਜਿਧਰ ਕੋਈ ਲਗਾਇਆ ਹੈ, ਉਸ ਤਰਫ ਲੱਗ ਰਿਹਾ ਹੈ (ਇਸ ਕਰ ਕੇ ਕਿਸੇ ਵਿਚ ਦੋਸ਼ ਨਹੀਂ, ਕਰਮਾਂ ਵਿਚ ਹੀ ਦੋਸ਼ ਹੈ)। ਪ੍ਰਭੂ ਨੇ ਸਾਰਾ ਬਣਾਓ ਹੀ ਐਸਾ ਬਣਾਇਆ ਹੋਇਆ ਹੈ॥ ੫॥ ੫॥

ਭੈਰਉ ਮਹਲਾ ੫ ॥

ਜੀਉ ਪ੍ਰਾਣ ਜਿਨਿ ਰਚਿਓ ਸਰੀਰ ॥ ਜਿਨਹਿ ਉਪਾਏ ਤਿਸ ਕਉ ਪੀਰ ॥ ੧ ॥

ਜਿਸ ਪਰਮੇਸ਼ਰ ਨੇ ਸਰੀਰ ਨੂੰ ਰਚ ਕੇ ਵਿਚ ਜੀਵ ਤੇ ਪ੍ਰਾਣਾਂ ਨੂੰ ਟਿਕਾਇਆ ਹੈ। ਜਿਸ ਨੇ ਜੀਵਾਂ ਨੂੰ ਪੈਦਾ ਕੀਤਾ ਹੈ, ਓਸੇ ਨੂੰ ਆਪਣਾ ਪੀਰ= ਗੁਰੂ ਬਣਾ। *ਅਥਵਾ :—* ਜਿਸ ਨੇ ਜੀਵ ਲਈ ਪ੍ਰਾਣਾਂ ਨੂੰ ਤੇ ਸਰੀਰ ਨੂੰ ਰਚਿਆ ਹੈ। ਜਿਸ ਨੇ ਜੀਵਾਂ ਨੂੰ ਪੈਦਾ ਕੀਤਾ ਹੈ, ਉਸੇ ਨੂੰ ਇਨ੍ਹਾਂ ਦੀ ਪੀਰ= ਪੀੜਾ ਹੈ ਅਰਥਾਤ ਪਾਲਣ ਦੀ ਚਿੰਤਾ ਹੈ॥ ੧॥

ਗੁਰੁ ਗੋਬਿੰਦੁ ਜੀਅ ਕੈ ਕਾਮ ॥
ਹਲਤਿ ਪਲਤਿ ਜਾ ਕੀ ਸਦ ਛਾਮ ॥ ੧ ॥ ਰਹਾਉ ॥

ਗੁਰਾਂ ਦੁਆਰੇ ਗੋਬਿੰਦ ਦਾ ਨਾਮ ਜਪਿਆ ਹੋਇਆ ਜੀਅ ਦੇ ਕੰਮ ਆਉਣ ਵਾਲਾ ਹੈ। ਹਲਤਿ ਪਲਤਿ= ਲੋਕ ਪਰਲੋਕ ਵਿਖੇ ਜਿਸ ਦੀ ਸਦਾ ਸਾਰਿਆਂ ਨੂੰ ਛਾਮ= ਛਾਇਆ ਭਾਵ ਸੱਤਾ ਹੈ।

ਪ੍ਰਭੂ ਆਰਾਧਨ ਨਿਰਮਲ ਰੀਤਿ ॥ ਸਾਧਸੰਗਿ ਬਿਨਸੀ ਬਿਪਰੀਤਿ ॥ ੨ ॥

ਜੋ ਪ੍ਰਭੂ ਦੇ ਨਾਮਾਂ ਦਾ ਅਰਾਧਣਾ ਹੈ ਏਹੋ ਇਕ ਨਿਰਮਲ ਰੀਤੀ ਹੈ। ਸਤਸੰਗਤ ਦੇ ਕਰਨ ਨਾਲ ਸਾਡੀ ਬਿਪਰੀਤਿ ਭਵਨਾ ਬਿਨਸੀ= ਨਾਸ ਹੋ ਗਈ ਹੈ॥ ੨॥

ਮੀਤ ਹੀਤ ਧਨੁ ਨਹ ਪਾਰਣਾ ॥ ਧੰਨਿ ਧੰਨਿ ਮੇਰੇ ਨਾਰਾਇਣਾ ॥ ੩ ॥

ਭਾਵੇਂ ਕੋਈ ਮਿੱਤਰ ਹੈ, ਭਾਵੇਂ ਕੋਈ ਹਿਤੂ ਹੈ ਅਤੇ ਧਨ ਆਦਿ ਕੋਈ ਭੀ ਪਾਰਣਾ= ਆਸਰਾ ਰੂਪ ਨਹੀਂ ਹੈ। ਮੇਰੇ ਮਨ ਵਿਚ ਜਿਸ ਦਾ ਆਸਰਾ ਹੈ ਉਹ ਨਰਾਇਣ ਧੰਨ ਧੰਨ ਹੈ। *ਵਾ :-* ਧੰਨਤਾ ਦੇ ਜੋਗ ਹੈ॥ ੩॥

ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਏਕ ਬਿਨਾ ਦੂਜਾ ਨਹੀ ਜਾਣੀ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ— ਅਸੀਂ ਤਾਂ ਇਕ ਨਾਮ-ਅੰਮ੍ਰਿਤ ਬਾਣੀ ਨੂੰ ਬੋਲਦੇ ਹਾਂ। ਇਕ ਤੋਂ ਬਿਨਾਂ ਕਿਸੇ ਹੋਰ ਦੂਜੇ ਨੂੰ ਜਾਣਦੇ ਨਹੀਂ ਹਾਂ॥ ੪॥ ੬॥

ਭੈਰਉ ਮਹਲਾ ੫ ॥

ਆਗੈ ਦਯੁ ਪਾਛੈ ਨਾਰਾਇਣ ॥ ਮਧਿ ਭਾਗਿ ਹਰਿ ਪ੍ਰੇਮ ਰਸਾਇਣ ॥ ੧ ॥

ਜੋ ਨਰਾਇਣ ਆਗੈ= ਪਹਿਲੇ ਆਦ ਵਿਚ ਸਭ ਦਾ ਦਯੁ= ਪ੍ਰੇਰਕ ਸੀ, ਪਾਛੈ= ਅੰਤ ਨੂੰ ਸਭ ਦਾ ਪ੍ਰੇਰਕ ਹੋਵੇਗਾ। ਮਧਿ ਭਾਗਿ= ਵਰਤਮਾਨ ਸਮੇਂ ਵਿਚ ਭੀ ਜੋ ਹਰੀ ਸਭ ਦਾ ਪ੍ਰੇਰਕ ਹੈ, ਉਸ ਰਸਾਇਣ= ਰਸਾਂ ਦੇ ਘਰ ਹਰੀ ਵਿਚ ਤੂੰ ਪ੍ਰੇਮ ਕਰ ॥ ੧ ॥

ਪ੍ਰਭੂ ਹਮਾਰੈ ਸਾਸਤ੍ਰ ਸਉਣ ॥
ਸੁਖ ਸਹਜ ਆਨੰਦ ਗ੍ਰਿਹ ਭਉਣ ॥ ੧ ॥ ਰਹਾਉ ॥

ਉਹ ਪ੍ਰਭੂ ਹੀ ਸਾਡਾ ਸਾਸਤ੍ਰ ਸਉਣ= ਜੋਤਿਸ਼ ਸ਼ਾਸਤ੍ਰ ਹੈ। ਵਾ :- ਸ਼ਾਸਤ੍ਰ ਭੀ ਓਹੀ ਹੈ, ਸਉਣ= ਸ਼ਗਨ ਭੀ ਓਹੀ ਹੈ। ਅੱਚੁਤ ਸੁਖ ਦੇ ਅਨੰਦ ਦਾ ਘਰ ਜੋ ਪ੍ਰਭੂ ਹੈ ਉਸ ਵਿਚ ਅਸਾਂ ਨੇ ਭਉਣ= ਘਰ ਕੀਤਾ ਹੈ। ਵਾ :- ਭਉਣ= ਸੰਸਾਰ ਵਿਚ ਅੱਚੁਤ ਸੁਖ ਦੇ ਅਨੰਦ ਦਾ ਘਰ ਹੋਏ ਹਾਂ। ਵਾ :- ਜਿਸ ਵੇਲੇ ਅੱਚੁਤ ਸੁਖ ਦੇ ਅਨੰਦ ਦਾ ਘਰ ਹੋਏ ਤਾਂ ਕੋਈ ਭਉਣ= ਡਰ ਨਾ ਰਿਹਾ। *ਅਥਵਾ :—* ਘਰ ਤੇ ਭਉਣ= ਬਾਹਰ ਦੋਹਾਂ ਥਾਵਾਂ ਪਰ ਸਹਜੇ ਸੁਖ ਅਨੰਦ ਹੀ ਰਿਹਾ ॥ ੧ ॥ ਰਹਾਉ ॥

ਰਸਨਾ ਨਾਮੁ ਕਰਨ ਸੁਣਿ ਜੀਵੇ ॥
ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥ ੨ ॥

ਗੁਰਮੁਖ ਜਨ ਰਸਨਾ ਨਾਲ ਨਾਮ ਜਪ ਕੇ ਅਤੇ ਕਰਨ= ਕੰਨਾਂ ਨਾਲ ਸੁਣ ਕੇ ਜਿਉਂਦੇ ਹਨ। ਪ੍ਰਭੂ ਨੂੰ ਸਿਮਰ-ਸਿਮਰ ਕੇ। ਵਾ :- ਸਿਮਰਨ ਜੋਗ ਪ੍ਰਭੂ ਨੂੰ ਸਿਮਰ ਕੇ ਅਮਰ ਤੇ ਅਚੱਲ ਥੀਵੇ= ਹੁੰਦੇ ਹਨ ॥ ੨ ॥

ਜਨਮ ਜਨਮ ਕੇ ਦੂਖ ਨਿਵਾਰੇ ॥ ਅਨਹਦ ਸਬਦ ਵਜੇ ਦਰਬਾਰੇ ॥ ੩ ॥

ਜਿਸ ਵੇਲੇ ਸਤਸੰਗ ਦਰਬਾਰ ਵਿਚ ਬੈਠ ਕੇ ਅਨਹਦ= ਇਕਰਸ ਗੁਰਬਾਣੀ ਦੇ ਸ਼ਬਦ, ਵਾ :- ਨਾਮਾਂ ਦੇ ਸ਼ਬਦ ਵਜੇ= ਉਚਾਰੇ ਤਾਂ ਜਨਮਾਂ ਜਨਮਾਂਤ੍ਰਾਂ ਦੇ ਦੁੱਖ ਦੂਰ ਕਰ ਦਿਤੇ ॥ ੪ ॥

ਕਰਿ ਕਿਰਪਾ ਪ੍ਰਭ ਲੀਏ ਮਿਲਾਏ ॥ ਨਾਨਕ ਪ੍ਰਭ ਸਰਣਾਗਤਿ ਆਏ ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ- ਜੋ ਪ੍ਰਭੂ ਦੀ ਸ਼ਰਨ ਵਿਚ ਆ ਕੇ ਪ੍ਰਾਪਤ ਹੋਏ ਹਨ। ਉਹਨਾਂ ਨੂੰ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਆਪਣੇ ਨਾਲ ਮਿਲਾ ਲਿਆ ॥ ੪ ॥ ੭ ॥

ਭੈਰਉ ਮਹਲਾ ੫ ॥

ਕੋਟਿ ਮਨੋਰਥ ਆਵਹਿ ਹਾਥ ॥ ਜਮ ਮਾਰਗ ਕੈ ਸੰਗੀ ਪਾਂਥ ॥ ੧ ॥

ਨਾਮ ਜਪਣ ਕਰ ਕੇ ਕ੍ਰੋੜਾਂ ਸੰਕਲਪਾਂ ਦੇ ਫਲ ਹੱਥ ਵਿਚ ਆ ਕੇ ਪ੍ਰਾਪਤ ਹੁੰਦੇ ਹਨ। ਪੁਨਾ ਜਮ-ਰਸਤੇ ਵਿਚ ਜੀਵ ਦਾ ਸੰਗੀ ਹੋ ਕੇ ਪਾਂਥ= ਰਖਿਆ ਕਰਦਾ ਹੈ। ਵਾ :- ਜਮ-ਰਸਤੇ ਵਿਚ ਜੀਵ ਦਾ ਸੰਗੀ ਭੀ ਹੈ ਅਤੇ ਪਾਂਥ= ਜਲ ਵਾਂਗ ਠੰਡ ਪਾਉਣ ਵਾਲਾ ਹੈ। ਵਾ :- ਜਮ-ਰਸਤੇ ਵਿਚ ਜੀਵ ਦਾ ਸੰਗੀ ਭੀ ਹੈ ਅਤੇ ਅਗਿਆਨ ਰੂਪ ਰੋਗ ਦੀ ਨਵਿਰਤੀ ਕਰਨ ਲਈ ਪਾਂਥ= ਪੱਥ ਰੂਪ ਹੈ। ਵਾ :- ਜਮ-ਰਸਤੇ ਵਿਚ ਪਾਂਥ= ਰਾਹੀ

ਜੋ ਜੀਵ ਹੈ, ਉਸ ਦਾ ਸੰਗੀ ਹੈ॥ ੧॥

ਗੰਗਾ ਜਲੁ ਗੁਰ ਗੋਬਿੰਦ ਨਾਮ॥

ਗੁਰ= ਪੂਜਨੀਕ ਗੋਬਿੰਦ ਦਾ ਨਾਮ ਗੰਗਾ-ਜਲ ਹੈ। ਵਾ :- ਗੰਗਾ-ਜਲ ਵਾਂਗ ਮਨ ਨੂੰ ਨਿਰਮਲ ਕਰਨ ਵਾਲਾ ਹੈ। ਵਾ :- ਗੁਰਾਂ ਦੁਆਰੇ ਗੋਬਿੰਦ ਦਾ ਨਾਮ ਜਪਿਆ ਹੋਇਆ ਗੰਗਾ= ਬਿਰਤੀ ਨੂੰ ਜਲ ਸਮਾਨ ਸੀਤਲ ਕਰਨ ਵਾਲਾ ਹੈ।

ਜੋ ਸਿਮਰੈ ਤਿਸ ਕੀ ਗਤਿ ਹੋਵੈ
ਪੀਵਤ ਬਹੁੜਿ ਨ ਜੋਨਿ ਭ੍ਰਮਾਮ॥ ੧॥ ਰਹਾਉ॥

ਜੇਹੜਾ ਪੁਰਸ਼ ਗੋਬਿੰਦ ਨਾਮ ਨੂੰ ਸਿਮਰਦਾ ਹੈ ਉਸ ਦੀ ਕਲਿਆਣ ਹੁੰਦੀ ਹੈ, ਗੋਬਿੰਦ ਨਾਮ ਨੂੰ ਪੀਵਤ= ਹਿਰਦੇ ਵਿਚ ਧਾਰਨ ਵਾਲਾ ਪੁਰਸ਼ ਫਿਰ ਜੂਨੀਆਂ ਵਿਚ ਨਹੀਂ ਭੌਂਦਾ॥ ੧॥ ਰਹਾਉ॥

ਪੂਜਾ ਜਾਪ ਤਾਪ ਇਸਨਾਨ॥ ਸਿਮਰਤ ਨਾਮ ਭਏ ਨਿਹਕਾਮ॥ ੨॥

ਉਸ ਪੁਰਸ਼ ਨੇ ਪੂਜਾ, ਜਪ, ਤਪ ਅਤੇ ਇਸ਼ਨਾਨ ਆਦਿਕ ਕਰਮ ਕਰ ਲਏ ਹਨ। ਜੋ ਪੁਰਸ਼ ਨਿਹਕਾਮ= ਨਿਸ਼ਕਾਮ ਹੋ ਕੇ ਨਾਮ ਸਿਮਰਦੇ ਹਨ॥ ੨॥

ਰਾਜ ਮਾਲ ਸਾਦਨ ਦਰਬਾਰ॥ ਸਿਮਰਤ ਨਾਮ ਪੂਰਨ ਆਚਾਰ॥ ੩॥

ਜੋ ਨਾਮ ਨੂੰ ਸਿਮਰਦੇ ਰਹਿੰਦੇ ਹਨ, ਉਹਨਾਂ ਦੇ ਸਾਦਨ= ਘਰ, ਮਾਲ ਨਾਲ ਭਰੇ ਰਹਿੰਦੇ ਹਨ ਅਤੇ ਰਾਜ-ਦਰਬਾਰ ਦੇ ਜੋ ਭੀ ਆਚਾਰ= ਕਰਤੱਬ (ਕੰਮ) ਹਨ, ਉਹ ਆਪੇ ਪੂਰਨ= ਪੂਰੇ ਹੁੰਦੇ ਜਾਂਦੇ ਹਨ।

ਨਾਨਕ ਦਾਸ ਇਹੁ ਕੀਆ ਬੀਚਾਰੁ॥
ਬਿਨੁ ਹਰਿ ਨਾਮ ਮਿਥਿਆ ਸਭ ਛਾਰੁ॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ— ਮੈਂ ਦਾਸ ਨੇ ਏਹ ਵਿਚਾਰ ਕੀਤਾ ਹੈ, ਕਿ ਹਰੀ ਨਾਮ ਤੋਂ ਬਿਨਾਂ ਸਾਰੇ ਮਿਥਿਆ= ਝੂਠੇ ਪਦਾਰਥ ਛਾਰੁ= ਸਵਾਹ ਰੂਪ ਹਨ॥ ੪॥ ੮॥

ਭੈਰਉ ਮਹਲਾ ੫॥

ਉਥਾਨਕਾ:-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਛੋਟੀ ਅਵਸਥਾ ਵਿਚ ਇਕ ਬ੍ਰਾਹਮਣ ਖਿਡਾਉਂਦਾ ਅਤੇ ਸਵੇਰੇ ਦਹੀਂ ਖੁਆਉਂਦਾ ਸੀ। ਇਕ ਦਿਨ ਪ੍ਰਿਥੀ ਚੰਦ ਨੇ ਉਸ ਨੂੰ ਪੰਜ ਸੌ (੫੦੦) ਰੁਪਯਾ ਦੇ ਕੇ ਕਿਹਾ-"ਸਾਹਿਬਜ਼ਾਦੇ ਨੂੰ ਜ਼ਹਿਰ ਦੇ ਕੇ ਮਾਰ ਦੇ ਤੇ ੫੦੦) ਰੁਪਯਾ ਪਿਛੋਂ ਹੋਰ ਦਿਆਂਗਾ।"

ਹਜ਼ਾਰ ਰੁਪਏ ਦੇ ਲਾਲਚ ਵਿਚ ਆ ਕੇ ਇਕ ਦਿਨ ਉਹ ਬ੍ਰਾਹਮਣ ਮਾਤਾ ਜੀ ਪਾਸੋਂ ਦਹੀਂ ਦਾ ਛੰਨਾ ਲੈ ਕੇ ਛੇਵੇਂ ਪਾਤਸ਼ਾਹ ਜੀ ਨੂੰ ਕੋਠੇ ਉੱਤੇ ਲੈ ਗਿਆ। ਦਹੀਂ ਵਿਚ ਜ਼ਹਿਰ ਪਾ ਕੇ ਮਹਾਰਾਜ ਜੀ ਨੂੰ ਖੁਆਉਣ ਲੱਗਾ ਤਾਂ ਉਹਨਾਂ ਨੇ ਮੂੰਹ ਦੂਜੇ ਪਾਸੇ ਕਰ ਲਿਆ। ਜਦ ਬ੍ਰਾਹਮਣ ਬਦੋ-ਬਦੀ ਦਹੀਂ ਉਹਨਾਂ ਦੇ ਮੂੰਹ ਵਿਚ ਪਾਉਣ ਲੱਗਾ ਤਾਂ ਛੇਵੇਂ ਪਾਤਸ਼ਾਹ ਜੀ ਨੇ ਬੜੀ ਉੱਚੀ ਚੀਕ ਮਾਰੀ। ਮਾਤਾ ਗੰਗਾ ਜੀ ਨੇ ਸੁਣ ਕੇ ਗੁਰੂ ਅਰਜਨ ਸਾਹਿਬ ਜੀ ਨੂੰ ਆ ਕੇ ਕਿਹਾ-"ਅੱਜ ਦਿਨ ਤਕ ਸਾਹਿਬਜ਼ਾਦਾ ਕਦੇ ਨਹੀਂ ਰੋਇਆ, ਹੁਣ ਉਸ ਨੇ ਬੜੀ ਭਿਆਨਕ ਚੀਕ ਮਾਰੀ ਹੈ ਜਲਦੀ ਪਤਾ ਮੰਗਵਾਓ।" ਗੁਰੂ ਜੀ ਨੇ ਉਸੇ ਵੇਲੇ ਸਿੱਖ ਨੂੰ ਭੇਜ ਕੇ ਬ੍ਰਾਹਮਣ ਨੂੰ

ਸਦਵਾ ਲਿਆ ਤੇ ਪੁਛਿਆ-''ਕੀ ਗੱਲ ਹੈ, ਸਾਹਿਬਜ਼ਾਦਾ ਕਿਉਂ ਰੋਇਆ ਹੈ ?''

ਬ੍ਰਾਹਮਣ ਨੇ ਕਿਹਾ— ''ਜੀ, ਮੈਂ ਦਹੀਂ ਖੁਆਉਂਦਾ ਹਾਂ ਏਹ ਖਾਂਦੇ ਨਹੀਂ ਇਸ ਲਈ ਰੋਏ ਹਨ, ਹੋਰ ਕੋਈ ਕਾਰਨ ਨਹੀਂ।'' ਉਸ ਵੇਲੇ ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਆਪਣੀ ਝੋਲੀ ਵਿਚ ਲੈ ਕੇ ਓਹੀ ਦਹੀਂ ਦਾ ਕਟੋਰਾ ਜਦ ਮੂੰਹ ਅੱਗੇ ਕੀਤਾ ਤਾਂ ਸਾਹਿਬਜ਼ਾਦੇ ਨੇ ਮੂੰਹ ਦੂਜੇ ਪਾਸੇ ਕਰ ਲਿਆ। ਅੰਤਰਜਾਮੀ ਗੁਰੂ ਜੀ ਜਾਣ ਗਏ ਤੇ ਸੰਗਤ ਵਿਚ ਇਉਂ ਕਿਹਾ- ''ਇਸ ਦਹੀਂ ਵਿਚ ਕੁਝ ਹੈ ਜਿਸ ਕਰ ਕੇ ਏਹ ਨਹੀਂ ਖਾਧਾ।'' ਮਹਾਰਾਜ ਜੀ ਦੇ ਪਲੰਘ ਹੇਠਾਂ ਇਕ ਕੁੱਤੀ ਬੈਠੀ ਰਹਿੰਦੀ ਸੀ ਉਸ ਦੇ ਅੱਗੇ ਰੱਖੀ ਤਾਂ ਉਸ ਨੇ ਭੀ ਨਾ ਖਾਧੀ।'' ਮਹਾਰਾਜ ਜੀ ਨੇ ਕਿਹਾ-''ਸਾਡਾ ਬਚਨ ਮੰਨ ਕੇ ਖਾ ਲੈ ਤਾਂ ਕਿ ਇਸ ਬ੍ਰਾਹਮਣ ਦਾ ਮੂੰਹ ਕਾਲਾ ਹੋ ਜਾਵੇ।'' ਜਾਂ ਗੁਰੂ ਜੀ ਦਾ ਬਚਨ ਮੰਨ ਕੇ ਉਸ ਕੁੱਤੀ ਨੇ ਦਹੀਂ ਚੱਟੀ ਉਹ ਤਾਂ ਮਰ ਕੇ ਮੁਕਤ ਹੋ ਗਈ। ਪਰ ਉਸ ਵੇਲੇ ਗੁਰੂ ਜੀ ਨੇ ਕਿਹਾ-''ਪੰਡਿਤਾ ! ਇਹ ਕੀ ਕਾਰਨ ਹੈ?'' ਗੁਰੂ ਜੀ ਦਾ ਇਹ ਕਹਿਣਾ ਹੀ ਸੀ ਉਸ ਬ੍ਰਾਹਮਣ ਨੂੰ ਸੂਲ ਸ਼ੁਰੂ ਹੋ ਗਿਆ ਤੇ ਤੜਫਦਾ-ਤੜਫਦਾ ਮਰ ਗਿਆ, ਉਸ ਵੇਲੇ ਗੁਰੂ ਜੀ ਨੇ ਏਹ ਸ਼ਬਦ ਉਚਾਰਿਆ-

ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧ ॥

(ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਜ਼ਹਿਰ ਵਾਲੀ ਦਹੀਂ ਦੇ ਖਾਣ ਦਾ) ਮੂਲਿ= ਕਦਾਚਿਤ ਤਿਲ ਮਾਤਰ ਲੇਪ ਨਹੀਂ ਲੱਗਾ। ਸਪੇਰੇ ਪਾਸੋਂ ਸੱਪ ਛੁਡਵਾਇਆ ਤਾਂ ਭੀ ਕੋਈ ਤਿਲ ਮਾਤ੍ਰ ਜ਼ਹਿਰ ਦਾ ਲੇਪ ਨਾ ਲੱਗਾ। ਤੀਜੀ ਵਾਰ ਪੂਤਨਾ ਅਸਥਣਾਂ ਪਰ ਵਿਹੁ ਲਗਾ ਕੇ ਆਈ ਤੇ ਕਹਿਣ ਲੱਗੀ-''ਜੋ ਮੇਰਾ ਦੁੱਧ ਪੀਵੇਗਾ ਉਸ ਦੀ ਉਮਰ ਬੜੀ ਲੰਮੀ ਹੋਵੇਗੀ।'' ਮਾਤਾ ਜੀ ਨੇ ਉਮਰ ਦੇ ਲਾਲਚ ਵਿਚ ਆ ਕੇ ਸਾਹਿਬਜ਼ਾਦੇ ਨੂੰ ਪੂਤਨਾ ਦੀ ਝੋਲੀ ਪਾ ਦਿੱਤਾ ਜਿਸ ਵੇਲੇ ਉਸ ਨੇ ਆਪਣਾ ਦੁੱਧ ਚੁੰਘਾਣ ਵਾਸਤੇ ਮੰਮਾ ਮੂੰਹ ਵਿਚ ਪਾਇਆ ਤਾਂ ਅੰਤਰਜਾਮੀ ਗੁਰਾਂ ਨੇ ਵਿਹੁ ਲੱਗੀ ਹੋਈ ਸਮਝ ਕੇ ਦੰਦੀਆਂ ਨਾਲ ਘੁੱਟ ਕੇ ਉਸ ਦੀ ਜਾਨ ਕੱਢ ਦਿਤੀ* ਪਰ ਮਹਾਰਾਜ ਜੀ ਨੂੰ ਉਸ ਵਿਹੁ ਦਾ ਤਿਲ ਮਾਤ੍ਰ ਭੀ ਕੋਈ ਲੇਪ ਨਾ ਲੱਗਾ।

੨- ਬ੍ਰਾਹਮਣ ਗੁਰੂ-ਘਰ ਵਿਚ ਰਹਿ ਕੇ ਰੋਜ਼ ਕਥਾ ਸੁਣਦਾ ਰਿਹਾ ਪਰ ਕਥਾ ਦੇ ਸੁਣਨ ਦਾ ਉਸ ਨੂੰ ਤਿਲ ਮਾਤ੍ਰ ਕੋਈ ਲੇਪ ਨਾ ਲੱਗਾ। ਅਰਥਾਤ ਕੋਈ ਅਸਰ ਨਾ ਹੋਇਆ। ਸੂਲ ਦੇ ਸਹਿਤ ਹੋ ਕੇ ਉਹ ਲੂਣ ਹਰਾਮੀ ਦੁਸ਼ਟ ਬ੍ਰਾਹਮਣ ਮਰ ਗਿਆ ॥ ੧ ॥

ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥

ਹਰੀ ਪਾਰਬ੍ਰਹਮ ਨੇ ਆਪਣੇ ਭਗਤ ਜਨ ਨੂੰ ਆਪ ਹੀ ਰੱਖ ਲਿਆ ਹੈ। ਗੁਰੂ (ਨਾਨਕ ਦੇਵ ਜੀ) ਦੇ ਪ੍ਰਤਾਪ ਨਾਲ ਪਾਪੀ (ਬ੍ਰਾਹਮਣ) ਮਰ ਗਿਆ ਹੈ ॥ ੧ ॥ ਰਹਾਉ ॥

ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ। ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ ਨਵਹਾਣਿ ਨਵੇਲੀ। ਕੁਛੜਿ ਲਏ ਗੋਵਿੰਦ ਰਾਇ ਕਰਿ ਚੇਟਕੁ ਚਤੁਰੰਗ ਮਹੇਲੀ। ਮੋਹਣੁ ਮੰਮੇ ਪਾਇਓਨੁ ਬਾਹਰਿ ਆਈ ਗਰਬ ਗਹੇਲੀ। ਦੇਹ ਵਧਾਇ ਉਚਾਇਅਨੁ ਤਿਹ ਚਰਿਆਰਿ ਨਾਰਿ ਅਠਿਖੇਲੀ। ਤਿਹੁੰ ਲੋਆਂ ਦਾ ਭਾਰੁ ਦੇ ਚੰਬੜਿਆ ਗਲਿ ਹੋਇ ਦੁਹੇਲੀ। ਖਾਇ ਪਛਾੜ ਪਹਾੜ ਵਾਂਗਿ ਜਾਇ ਪਈ ਉਜਾੜਿ ਧਕੇਲੀ। ਕੀਤੀ ਮਾਊ ਤੁਲਿ ਸਹੇਲੀ॥ ੨੨ ॥

(ਭਾ. ਗੁਰਦਾਸ ਜੀ, ਵਾਰ ੧੦)

ਅਪਣਾ ਖਸਮੁ ਜਨਿ ਆਪਿ ਧਿਆਇਆ ॥
ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥

ਦਾਸਾਂ ਨੇ ਆਪਣੇ ਮਾਲਕ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਧਿਆਇਆ ਹੈ। ਉਸ ਨੇ ਆਪ ਹੀ ਮੂਰਖ ਪਾਪੀ ਨੂੰ ਮਾਰ ਦਿੱਤਾ ਹੈ (ਇਆਣਿਆਂ ਬੱਚਿਆਂ ਦੇ ਮਾਰਨ ਕਰ ਕੇ ਉਸ ਨੂੰ ਇਆਣਾ ਪਾਪੀ ਕਿਹਾ ਹੈ)।

ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥ ੩ ॥

ਪ੍ਰਭੂ ਮਾਂ ਪਿਓ ਵਾਂਗ ਆਪਣੇ ਸੇਵਕਾਂ ਦੀ ਰਾਖੀ ਕਰਨ ਵਾਲਾ ਦਾਸਾਂ ਦਾ ਰਖਵਾਲਾ ਹੈ। ਇਸ ਲਈ ਨਿੰਦਕ ਦਾ ਮੂੰਹ ਲੋਕ ਪ੍ਰਲੋਕ ਵਿਚ ਕਾਲਾ ਹੁੰਦਾ ਹੈ॥ ੩ ॥

ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥ ੪ ॥ ੯ ॥

ਗੁਰੂ ਜੀ ਕਥਨ ਕਰਦੇ ਹਨ— ਪਰਮੇਸ਼ਰ ਨੇ ਮੈਂ ਸੇਵਕ ਜਨ ਦੀ ਅਰਦਾਸ ਸੁਣੀ= ਸੁਣ ਲਈ ਹੈ, ਉਹ ਪਾਪੀ ਬ੍ਰਾਹਮਣ ਨਿਰਾਸ ਹੋ ਕੇ ਮਲੇਛੁ= ਪਾਪ ਇੱਛਾ ਵਿਚ ਹੀ ਮਰ ਗਿਆ ਹੈ॥ ੪ ॥ ੯ ॥

ਮਾਤਾ ਗੰਗਾ ਜੀ ਨੇ ਕਿਹਾ— "ਮਹਾਰਾਜ ! ਇਸ ਬ੍ਰਾਹਮਣ ਨੂੰ ਜਿਉਂਦਾ ਕਰ ਦਿਓ ਨਹੀਂ ਤਾਂ ਲੋਕ ਕਹਿਣਗੇ ਗੁਰੂ ਜੀ ਬ੍ਰਾਹਮਣਘਾਤੀ ਹਨ, ਨਾਲੇ ਇਸ ਦੇ ਪਾਸੋਂ ਪੁੱਛਣਾ ਕਿ ਤੂੰ ਸਾਰੀ ਉਮਰ ਇਥੋਂ ਦਾ ਲੂਣ ਖਾਂਦਾ ਰਿਹਾਂ ਹੈਂ ਤੇ ਸਾਹਿਬਜ਼ਾਦੇ ਨੂੰ ਕਿਉਂ ਮਾਰਨ ਲੱਗਾ ਸੀ ?" ਮਾਤਾ ਗੰਗਾ ਜੀ ਦਾ ਬਚਨ ਮੰਨ ਕੇ ਗੁਰੂ ਜੀ ਨੇ ਪਹਿਲੀ ਪੌੜੀ ਦਾ ਪਾਠ ਕਰ ਕੇ ਸਤਿਨਾਮ ਆਖ ਕੇ ਜਲ ਦਾ ਛਿੱਟਾ ਮਾਰ ਕੇ ਬ੍ਰਾਹਮਣ ਨੂੰ ਜਿਵਾ ਕੇ ਪੁਛਿਆ-"ਏਹ ਘੋਰਪਾਪ ਤੂੰ ਕਿਉਂ ਕਰਨ ਲੱਗਾ ਸੈਂ।" ਬ੍ਰਾਹਮਣ ਨੇ ਕਿਹਾ, "ਪ੍ਰਿਥੀਚੰਦ ਨੇ ਕਰਵਾਇਆ ਹੈ ੫੦੦) ਰੁਪਯਾ ਉਸ ਨੇ ਪਹਿਲੇ ਦਿੱਤਾ ਹੈ ੫੦੦) ਪਿੱਛੋਂ ਦੇਣਾ ਸੀ ਹਜ਼ਾਰ ਰੁਪਏ ਦੇ ਲੋਭ ਵਿਚ ਆ ਕੇ ਮੈਂ ਏਹ ਬੁਰਾ ਕੰਮ ਕਰਨ ਲੱਗਾ ਸੀ।" ਗੁਰੂ ਜੀ ਨੇ ਕਿਹਾ-"ਤੈਨੂੰ ਸ਼ਰਮ ਨਾ ਆਈ ਸਾਡੇ ਸਾਹਿਬਜ਼ਾਦੇ ਦਾ ਮੁੱਲ ਤੂੰ ਹਜ਼ਾਰ ਰੁਪਯਾ ਪਾਇਆ ਹੈ ?"

ਭੈਰਉ ਮਹਲਾ ੫ ॥ ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥

੧- ਖੂਬੁ= ਚੰਗੇ ਰੂਪ ਵਾਲੇ ਪ੍ਰਭੂ ! ਆਪ ਜੀ ਦਾ ਨਾਮ ਚਾਰਿਆਂ ਜੁਗਾਂ ਵਿਚ ਖੂਬੁ= ਚੰਗਾ ਹੈ।

੨- ਆਪ ਜੀ ਦਾ ਨਾਮ ਪਿੱਛੇ ਖੂਬੁ ਖੂਬੁ= ਚੰਗੇ ਤੋਂ ਚੰਗਾ ਸੀ, ਹੁਣ ਭੀ ਚੰਗੇ ਤੋਂ ਚੰਗਾ ਹੈ, ਅੱਗੇ ਭੀ ਚੰਗੇ ਤੋਂ ਚੰਗਾ ਹੋਵੇਗਾ।

੩- ਹੇ ਖੂਬੁ= ਮਾਇਆ ਨੂੰ ਖੂਬ ਕਰਨ ਵਾਲੇ ਭਾਵ ਸੱਤਾ ਸਫੁਰਤੀ ਦੇਣ ਵਾਲੇ ਪ੍ਰਭੂ ! ਖੂਬੁ= ਚੰਗਿਆਂ ਗੁਰਾਂ ਦੁਆਰੇ ਤੇਰੇ ਖੂਬੁ= ਚੰਗੇ ਨਾਮ ਨੂੰ ਜਿਸ ਨੇ ਜਪਿਆ ਹੈ, ਉਹ ਖੂਬੁ= ਚੰਗਾ ਹੋ ਗਿਆ ਹੈ।

੪- ਹੇ ਖੂਬੁ= ਪਰਮਾਤਮਾ! ਸਭਨਾਂ ਨੂੰ ਖੂਬੁ= ਚੰਗਿਆਂ ਕਰਨ ਵਾਲੇ ਤੇਰੇ ਖੂਬੁ= ਚੰਗੇ ਨਾਮ ਨੂੰ ਜਿਸ ਨੇ ਖੂਬੁ= ਚੰਗਿਆਂ ਹੋ ਕੇ ਭਾਵ ਇਸ਼ਨਾਨ ਵਗੈਰਾ ਕਰ ਕੇ ਪਵਿੱਤਰਤਾ ਦੇ ਸਹਿਤ ਪਰੇਮ ਭਾਵ ਨਾਲ ਜਪਿਆ ਹੈ, ਉਹ ਸਭ ਤੋਂ ਖੂਬੁ= ਚੰਗਾ ਹੋ ਗਿਆ ਹੈ।

ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ ੧ ॥ ਰਹਾਉ ॥

੧- ਦੁਨੀਆਂ ਦਾ ਗੁਮਾਨੁ= ਹੰਕਾਰ ਕਰਨਾ ਚਾਰਿਆਂ ਜੁਗਾਂ ਵਿਚ ਝੂਠਾ ਹੈ।

੨- ਝੂਠੀ ਦੁਨੀਆਂ ਦਾ ਗੁਮਾਨ ਤਿੰਨਾਂ ਸਮਿਆਂ ਵਿਚ ਝੂਠਾ ਹੈ।

੩- ਜੇਹੜੇ ਝੂਠੇ ਜੀਵ ਝੂਠਿਆਂ ਪਦਾਰਥਾਂ ਵਾਸਤੇ ਝੂਠ ਬੋਲਦੇ ਹਨ ਦੁਨੀਆਂ ਵਿਚ ਜੋ ਮਾਇਆ ਦਾ ਗੁਮਾਨੁ= ਹੰਕਾਰ ਕਰਨਾ ਹੈ, ਉਹ ਉਹਨਾਂ ਦਾ ਝੂਠਾ ਹੈ॥ ੧ ॥ ਰਹਾਉ ॥

[ਪੰਨਾ ੧੧੩੮]

ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥ ਨਾਮ ਬਿਨਾ ਸਭ ਦੁਨੀਆ ਛਾਰੁ ॥ ੧ ॥

ਹੇ ਅਪਾਰੁ= ਬੇਅੰਤ ਸਰੂਪ ਪ੍ਰਭੂ ! ਤੇਰਿਆਂ ਬੰਦੇ= ਦਾਸਾਂ ਦਾ ਦੀਦਾਰੁ= ਦਰਸ਼ਨ ਕਰਨਾ ਨਗਜ= ਸ੍ਰੇਸ਼ਟ ਹੈ। *ਅਥਵਾ :—* ਹੇ ਅਪਾਰ ਸਰੂਪ ਪ੍ਰਭੂ ! ਜੇਹੜੇ ਬੰਦੇ ਆਪ ਜੀ ਦਾ ਦਰਸ਼ਨ ਕਰਦੇ ਹਨ, ਉਹ ਨਗਜ- ਅਸਚਰਜ ਹਨ, ਤੇਰੇ ਨਾਮ ਤੋਂ ਬਿਨਾਂ ਸਾਰੀ ਦੁਨੀਆਂ ਛਾਰੁ= ਖੇਹ ਰੂਪ ਹੈ॥ ੧ ॥

ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥

ਆਪ ਜੀ ਦੀ ਕੁਦਰਤ ਅਸਚਰਜ ਹੈ, ਸਰਗੁਣ ਮੂਰਤੀ ਵੇਲੇ ਆਪ ਜੀ ਦੇ ਕਦਮ= ਚਰਨ ਸ਼ਲਾਘਾ ਕਰਨ ਜੋਗ ਹਨ।

ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥ ੨ ॥

੧- ਹੇ ਸੱਚੇ ਪਾਤਸ਼ਾਹ ! ਆਪ ਜੀ ਦੀ ਸਿਫਤ ਧਨਾਢ ਹੈ, ਅਰਥਾਤ ਸ਼ੁਭਗੁਣਾਂ ਰੂਪ ਧਨ ਵਾਲੀ ਹੈ।

੨- ਹੇ ਸੱਚੇ ਪਾਤਸ਼ਾਹ ! ਜੋ ਪੁਰਸ਼ ਆਪ ਜੀ ਦੀ ਸਿਫਤ ਕਰਦੇ ਹਨ, ਉਹ ਗਨੀਵ= ਧਨਾਢ ਹੁੰਦੇ ਹਨ।

੩- ਹੇ ਸੱਚੇ ਪਾਤਸ਼ਾਹ ! ਆਪ ਜੀ ਦੀ ਸਿਫਤ ਸਭ ਤੋਂ ਗਨੀਵ= ਵੱਡੀ ਹੈ। ਯਾਂ ਗਨੀਵ= ਗ਼ਨੀਮਤ ਹੈ, ਅਰਥਾਤ ਅਸਚਰਜ ਹੈ॥ ੨ ॥

ਨੀਧਰਿਆ ਧਰ ਪਨਹ ਖੁਦਾਇ ॥
ਗਰੀਬ ਨਿਵਾਜੁ ਦਿਨੁ ਰੈਣਿ ਧਿਆਇ ॥ ੩ ॥

ਹੇ ਨਿਆਸਰਿਆਂ ਦੇ ਧਰ= ਆਸਰੇ ਖੁਦਾਇ= ਪ੍ਰਭੂ ਅਸਾਂ ਨੇ ਆਪ ਜੀ ਦੀ ਪਨਹ= ਸ਼ਰਨ ਗ੍ਰਹਿਣ ਕੀਤੀ ਹੈ। *ਵਾ :-* ਨਿਆਸਰਿਆਂ ਨੂੰ ਹੇ ਖੁਦਾਇ ! ਤੇਰੀ ਪਨਹ= ਸ਼ਰਨ ਦਾ ਧਰ= ਆਸਰਾ ਹੈ। ਹੇ ਗਰੀਬ ਨਿਵਾਜ਼ ਪ੍ਰਭੂ ! ਮੈਂ ਦਿਨ ਰਾਤ ਆਪ ਨੂੰ ਧਿਆਉਂਦਾ ਹਾਂ॥ ੩ ॥

ਨਾਨਕ ਕਉ ਖੁਦਿ ਖਸਮ ਮਿਹਰਵਾਨ ॥

ਹੇ ਖਸਮ= ਮਾਲਕ ਪ੍ਰਭੂ ! ਖੁਦਿ= ਆਪ ਮੇਹਰਵਾਨ ਹੋ ਕੇ ਮੈਂ ਨਾਨਕ ਨੂੰ ਇਹ ਦਾਨ ਦਿਓ।

ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥ ੪ ॥ ੧੦ ॥

ਜੋ ਕਿ ਮੇਰੇ ਦਿਲ, ਜੀਅ ਅਤੇ ਪ੍ਰਾਣਾਂ ਵਿਚੋਂ ਆਪ ਜੀ ਦਾ ਅਲਹੁ= ਅਲੱਖ ਨਾਮ ਨਾ ਭੁੱਲੇ।

ਅਥਵਾ :— ਹੇ ਅਲੱਖ ਵਾਹਿਗੁਰੂ ! ਜੀਵਾਂ ਦੇ ਪ੍ਰਾਣ ਦਾਤਾ, ਮੇਰੇ ਦਿਲ ਵਿਚੋਂ ਆਪ ਜੀ ਦਾ ਨਾਮ

ਨਾ ਭੁੱਲੇ॥ ੪॥ ੧੦॥

ਭੈਰਉ ਮਹਲਾ ੫॥

ਸਾਚ ਪਦਾਰਥੁ ਗੁਰਮੁਖਿ ਲਹਹੁ॥

ਪ੍ਰਭ ਕਾ ਭਾਣਾ ਸਤਿ ਕਰਿ ਸਹਹੁ॥ ੧॥

ਹੇ ਭਾਈ ! ਗੁਰਾਂ ਦੁਆਰੇ ਸੱਚਾ ਨਾਮ। ਵਾ :- ਗਿਆਨ-ਪਦਾਰਥ ਲੈਣਾ ਕਰੋ। ਪ੍ਰਭੂ ਦਾ ਭਾਣਾ ਸੱਚ ਕਰ ਕੇ ਸਹਹੁ= ਸਹਾਰੋ, ਭਾਵ ਮੰਨੋ॥ ੧॥

ਜੀਵ ਤਜੀਵਤ ਜੀਵਤ ਰਹਹੁ॥ ਰਾਮ ਰਸਾਇਣੁ ਨਿਤ ਉਠਿ ਪੀਵਹੁ॥

ਜੀਵਤ ਭਾਵ ਨੂੰ ਤਜੀਵਤ= ਤਿਆਗ ਕੇ ਜੀਉਂਦੇ ਰਹੋ। ਵਾ :- ਤਿੰਨਾਂ ਸਮਿਆਂ ਵਿਚ ਜੀਉਂਦੇ ਰਹੋ। ਵਾ :- ਜੀਵਤ ਭਾਵ ਨੂੰ ਤਿਆਗ ਕੇ, ਜੀਵਨ ਰੂਪ ਪ੍ਰਭੂ ਨੂੰ ਪਾ ਕੇ ਜੀਉਂਦੇ ਰਹੋ। ਨਿਤਾਪ੍ਰਤੀ ਸਵੇਰੇ ਉੱਠ ਕੇ ਰਸਾਂ ਦਾ ਘਰ ਜੋ ਰਾਮ ਹੈ, ਉਸ ਦੇ ਨਾਮ-ਅੰਮ੍ਰਿਤ ਨੂੰ ਪੀਣਾ ਕਰੋ।

ਹਰਿ ਹਰਿ ਹਰਿ ਹਰਿ ਰਸਨਾ ਕਹਹੁ॥ ੧॥ ਰਹਾਉ॥

ਜੋ ਹਰੀ ਹਰ-ਇਕ ਜੀਵ ਨੂੰ ਹਰਿਆਂ ਕਰਨ ਵਾਲਾ ਹੈ, ਉਸ ਹਰੀ ਦੇ ਨਾਮ ਨੂੰ ਰਸਨਾ= ਜ਼ਬਾਨ ਨਾਲ ਕਹਿਣਾ ਕਰੋ॥ ੧॥

ਕਲਿਜੁਗ ਮਹਿ ਇਕ ਨਾਮਿ ਉਧਾਰੁ॥

ਨਾਨਕੁ ਬੋਲੈ ਬ੍ਰਹਮ ਬੀਚਾਰੁ॥ ੨॥ ੧੧॥

ਕਲਜੁਗ ਵਿਚ ਇਕ ਨਾਮੀ ਦੇ ਨਾਮ-ਸਿਮਰਨ ਕਰਨ ਨਾਲ ਹੀ ਉਧਾਰ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਅਸੀਂ ਤਾਂ ਬ੍ਰਹਮ ਦੀ ਪ੍ਰਾਪਤੀ ਦੇ ਵਿਚਾਰ ਨੂੰ ਹੀ ਬੋਲਦੇ ਹਾਂ। ਜਾਂ ਅਸਾਂ ਨੇ ਜੋ ਵਿਚਾਰ ਕੇ ਬਚਨ ਬੋਲੇ ਹਨ, ਏਹੋ ਬ੍ਰਹਮ ਦੀ ਪ੍ਰਾਪਤੀ ਕਰਨ ਵਾਲੇ ਹਨ॥ ੨॥ ੧੧॥

ਭੈਰਉ ਮਹਲਾ ੫॥

ਸਤਿਗੁਰੁ ਸੇਵਿ ਸਰਬ ਫਲ ਪਾਏ॥

ਜਨਮ ਜਨਮ ਕੀ ਮੈਲੁ ਮਿਟਾਏ॥ ੧॥

ਹੇ ਪ੍ਰਭੂ ! ਜਿਸ ਨੇ ਸਤਿਗੁਰਾਂ ਨੂੰ ਸੇਵਿਆ ਹੈ, ਉਸ ਨੇ ਸਾਰੇ ਫਲ ਪਾਏ ਹਨ ਅਤੇ ਜਨਮਾਂ ਜਨਮਾਂ ਦੀ ਪਾਪਾਂ ਰੂਪੀ ਮੈਲ ਨੂੰ ਦੂਰ ਕਰ ਦਿੱਤਾ ਹੈ॥ ੧॥

ਪਤਿਤ ਪਾਵਨ ਪ੍ਰਭ ਤੇਰੋ ਨਾਉ॥

ਪੂਰਬਿ ਕਰਮ ਲਿਖੇ ਗੁਣ ਗਾਉ॥ ੧॥ ਰਹਾਉ॥

ਹੇ ਪ੍ਰਭੂ ! ਆਪ ਜੀ ਦਾ ਨਾਮ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ਪੂਰਬਲੇ ਸ਼ੁਭ ਕਰਮਾਂ ਦੇ ਲਿਖੇ ਅਨੁਸਾਰ ਆਪ ਜੀ ਦੇ ਗੁਣਾਂ ਦਾ ਗਾਉਣਾ ਹੁੰਦਾ ਹੈ॥ ੧॥ ਰਹਾਉ॥

ਸਾਧੂ ਸੰਗਿ ਹੋਵੈ ਉਧਾਰੁ॥ ਸੋਭਾ ਪਾਵੈ ਪ੍ਰਭ ਕੈ ਦੁਆਰ॥ ੨॥

ਸਾਧੂਆਂ ਦੇ ਸਤਸੰਗ ਕਰ ਕੇ ਜੀਵ ਦਾ ਸੰਸਾਰ ਤੋਂ ਤਰਨਾ ਹੁੰਦਾ ਹੈ ਅਤੇ ਪ੍ਰਭੂ ਦੇ ਦਰਵਾਜ਼ੇ ਪਰ ਜਾ ਕੇ ਏਹ ਜੀਵ ਸੋਭਾ ਪਾਉਂਦਾ ਹੈ॥ ੨॥

ਸਰਬ ਕਲਿਆਣ ਚਰਣ ਪ੍ਰਭ ਸੇਵਾ॥
ਧੂਰਿ ਬਾਛਹਿ ਸਭਿ ਸੁਰਿ ਨਰ ਦੇਵਾ॥ ੩॥

ਹੇ ਪ੍ਰਭੂ ! ਤੇਰੇ ਚਰਨਾਂ ਦੀ ਸੇਵਾ ਕਰ ਕੇ ਹੀ ਸਾਰੇ ਕਲਿਆਣ= ਸੁਖ ਮਿਲਦੇ ਹਨ। ਇਸ ਲਈ ਸੁਰ, ਮਨੁੱਖ ਅਤੇ ਦੇਵਤੇ ਆਦਿਕ ਸਾਰੇ ਆਪ ਜੀ ਦੇ ਚਰਨਾਂ ਦੀ ਧੂੜੀ ਚਾਹੁੰਦੇ ਹਨ॥ ੩॥

ਨਾਨਕ ਪਾਇਆ ਨਾਮ ਨਿਧਾਨੁ॥
ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ॥ ੪॥ ੧੨॥

ਗੁਰੂ ਜੀ ਕਥਨ ਕਰਦੇ ਹਨ— ਅਸਾਂ ਨੇ ਉਹ ਨਾਮ ਰੂਪ ਨਿਧਾਨੁ= ਖ਼ਜ਼ਾਨਾ ਪਾਇਆ ਹੈ। ਜਿਸ ਹਰੀ ਨਾਮ ਨੂੰ ਜਪ-ਜਪ ਕੇ ਸਾਰਾ ਜਹਾਨ ਤਰਿਆ ਹੈ॥ ੪॥ ੧੨॥

ਭੈਰਉ ਮਹਲਾ ੫॥

ਉਥਾਨਕਾ :- ਜਿਸ ਵੇਲੇ ਸੁਲਹੀ ਦਿੱਲੀ ਤੋਂ ਚੱਲ ਕੇ ਪ੍ਰਿਥੀ ਚੰਦ ਪਾਸ ਪਹੁੰਚਿਆ ਤਾਂ ਉਸ ਨੇ ਬੜਾ ਸਵਾਗਤ ਕੀਤਾ ਤੇ ਕਿਹਾ— "ਮਿੱਤਰ ! ਮੈਂ ਆਵੇ ਲਗਾਏ ਹਨ ਤੂੰ ਚਲ ਕੇ ਵੇਖ ਤਾਂ ਸਹੀ।" ਉਸ ਨੇ ਕਿਹਾ- "ਚੰਗਾ", ਜਦ ਆਵੇ ਦੇਖਣ ਗਏ ਪ੍ਰਿਥੀ ਚੰਦ ਰਾਹ ਵਿਚ ਪਿਸ਼ਾਬ ਕਰਨ ਬੈਠ ਗਿਆ ਤੇ ਏਹ ਘੋੜੇ ਪਰ ਚੜ੍ਹਿਆ ਹੋਇਆ ਸਿੱਧਾ ਆਵੇ ਉੱਤੇ ਚੜ੍ਹ ਗਿਆ ਜਿਉਂ ਘੋੜੇ ਦਾ ਪੈਰ ਥਿੜਕਿਆ ਤੇ ਸੁਲਹੀ ਡਿਗ ਪਿਆ, ਡਿਗਦਿਆਂ ਸਾਰ ਅੱਗ ਨਾਲ ਝੁਲਸ ਕੇ ਮਰ ਗਿਆ। ਅੰਮ੍ਰਿਤਸਰ ਖ਼ਬਰ ਪਹੁੰਚਣ ਤੇ ਗੁਰੂ ਜੀ ਨੇ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਏਹ ਸ਼ਬਦ ਉਚਾਰਨ ਕੀਤਾ-

ਅਪਣੇ ਦਾਸ ਕਉ ਕੰਠਿ ਲਗਾਵੈ॥
ਨਿੰਦਕ ਕਉ ਅਗਨਿ ਮਹਿ ਪਾਵੈ॥ ੧॥

ਧੰਨ ਉਹ ਪਰਮੇਸ਼ਰ ਹੈ ਜੋ ਆਪਣੇ ਦਾਸ ਨੂੰ ਗਲ ਨਾਲ ਲਗਾ ਕੇ ਰੱਖਦਾ ਹੈ ਅਤੇ ਨਿੰਦਕ ਪੁਰਸ਼ ਨੂੰ ਅੱਗ ਵਿਚ ਪਾਉਂਦਾ ਹੈ (ਜਿਵੇਂ ਸੁਲਹੀ ਨੂੰ ਅੱਗ ਵਿਚ ਸਾੜਿਆ ਹੈ)। *ਅਥਵਾ :-* ਨਿੰਦਕ ਪੁਰਸ਼ ਨੂੰ ਨਰਕਾਂ ਦੀ ਅੱਗ ਵਿਚ ਪਾਉਂਦਾ ਹੈ॥ ੧॥

ਪਾਪੀ ਤੇ ਰਾਖੇ ਨਾਰਾਇਣ॥

ਉਹ ਨਰਾਇਣ-ਪ੍ਰਭੂ ਪਾਪੀ ਤੋਂ ਆਪਣੇ ਦਾਸ ਦੀ ਆਪ ਰਖਿਆ ਕਰਦਾ ਹੈ।

ਪਾਪੀ ਕੀ ਗਤਿ ਕਤਹੂ ਨਾਹੀ
ਪਾਪੀ ਪਚਿਆ ਆਪ ਕਮਾਇਣ॥ ੧॥ ਰਹਾਉ॥

ਪਾਪੀ ਦੀ ਕਦੇ ਭੀ ਮੁਕਤੀ ਨਹੀਂ ਹੁੰਦੀ, ਆਪਣੇ ਕਮਾਏ ਹੋਏ ਕਰਮਾਂ ਅਨੁਸਾਰ ਪਾਪੀ ਪੁਰਸ਼ ਪਚਿਆ=

ਦੁਖੀ ਹੁੰਦਾ ਹੈ॥ ੧॥ ਰਹਾਉ॥

ਦਾਸ ਰਾਮ ਜੀਉ ਲਾਗੀ ਪ੍ਰੀਤਿ॥ ਨਿੰਦਕ ਕੀ ਹੋਈ ਬਿਪਰੀਤਿ॥ ੨॥

ਦਾਸ ਦੀ ਤਾਂ ਰਾਮ ਜੀ ਨਾਲ ਪ੍ਰੀਤੀ ਲੱਗੀ ਹੈ। ਭਾਵ ਅਸੀਂ ਤਾਂ ਦਾਸਾ ਭਾਵ ਨਾਲ ਪ੍ਰਭੂ ਅੱਗੇ ਹੀ ਬੇਨਤੀਆਂ ਕਰਦੇ ਹਾਂ ਅਤੇ ਨਿੰਦਕ ਸੁਲਹੀ ਦੀ ਬਿਪਰੀਤਿ= ਉਲਟੀ ਰੀਤ ਹੋਈ ਹੈ ਜੋ ਕਿ ਆਵੇ ਵਿਚ ਅੱਗ ਨਾਲ ਝੁਲਸ ਕੇ ਕੁਮੌਤੇ ਮਰਿਆ ਹੈ। ਵਾ :- ਨਿੰਦਕ ਦੀ ਜਗਤ ਵਿਚ ਬਿਪਰੀਤਿ= ਬੇ-ਪਰਤੀਤੀ ਹੋਈ॥ ੨॥

ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ॥
ਦੋਖੀ ਅਪਣਾ ਕੀਤਾ ਪਾਇਆ॥ ੩॥

ਪਾਰਬ੍ਰਹਮ ਨੇ ਆਪਣਾ ਭਗਤ ਵਛਲ ਬਿਰਦ ਪ੍ਰਗਟ ਕੀਤਾ ਹੈ। ਦੋਖੀ= ਸੁਲਹੀ ਨੇ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਪਾ ਲਿਆ ਹੈ॥ ੩॥

ਆਇ ਨ ਜਾਈ ਰਹਿਆ ਸਮਾਈ॥
ਨਾਨਕ ਦਾਸ ਹਰਿ ਕੀ ਸਰਣਾਈ॥ ੪॥ ੧੩॥

ਜੋ ਕਦੇ ਆਉਂਦਾ ਜਾਂਦਾ ਨਹੀਂ ਹੈ, ਸਾਰਿਆਂ ਵਿਚ ਸਮਾਈ ਕਰ ਰਿਹਾ ਹੈ। ਗੁਰੂ ਜੀ ਕਥਨ ਰਦੇ ਹਨ— ਦਾਸ ਨੇ ਉਸ ਹਰੀ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥ ੧੩॥

ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨ ੧ੴ ਸਤਿਗੁਰ ਪ੍ਰਸਾਦਿ॥
ਸ੍ਰੀਧਰ ਮੋਹਨ ਸਗਲ ਉਪਾਵਨ ਨਿਰੰਕਾਰ ਸੁਖ ਦਾਤਾ॥

ਜੋ ਸ੍ਰੀ= ਮਾਇਆ, ਵਾ :- ਸੋਭਾ ਦੇ ਧਾਰਨ ਵਾਲਾ, ਮਨ ਨੂੰ ਮੋਹਣ ਵਾਲਾ, ਸਭ ਨੂੰ ਪੈਦਾ ਕਰਨ ਵਾਲਾ, ਨਿਰੰਕਾਰ= ਅਕਾਰ ਤੋਂ ਰਹਿਤ ਅਤੇ ਸੁਖਾਂ ਦਾ ਦਾਤਾ ਹੈ।

ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ॥ ੧॥

ਹੇ ਪੁਰਸ਼ਾ ! ਤੂੰ ਅਜੇਹੇ ਪ੍ਰਭੂ ਨੂੰ ਛੱਡ ਕੇ ਅਨ= ਹੋਰਨਾਂ ਦੀ ਸੇਵਾ ਕਰਦਾ ਹੈਂ ਅਤੇ ਕਿਹੜੇ ਵਿਸ਼ੇ ਵਿਚ ਤੂੰ ਮਾਤਾ= ਮਸਤ ਹੋ ਰਿਹਾ ਹੈਂ? ॥ ੧॥

ਰੇ ਮਨ ਮੇਰੇ ਤੂ ਗੋਵਿਦ ਭਾਜੁ॥

ਹੇ ਮੇਰੇ ਮਨ ! ਤੂੰ ਗੋਬਿੰਦ ਦਾ ਭਜਨ-ਸਿਮਰਨ ਕਰ।

ਅਵਰ ਉਪਾਵ ਸਗਲ ਮੈ ਦੇਖੇ
ਜੋ ਚਿਤਵੀਐ ਤਿਤੁ ਬਿਗਰਸਿ ਕਾਜ॥ ੧॥ ਰਹਾਉ॥

ਹੋਰ ਜਿਤਨੇ-ਕੁ ਉਪਾਵ ਹਨ ਉਹ ਸਾਰੇ ਮੈਂ ਕਰ ਡਿੱਠੇ ਹਨ, ਪਰਮੇਸ਼ਰ ਤੋਂ ਬਿਨਾਂ ਜੇਹੜਾ ਹੋਰਨਾਂ ਨੂੰ ਚਿਤਵਨਾ ਹੈ ਉਸ ਨਾਲ ਮੋਖ ਰੂਪੀ ਕੰਮ ਵਿਗੜ ਜਾਂਦਾ ਹੈ। ਜਾਂ ਜੋ ਭੀ ਕੋਈ ਉਪਾਵ ਚਿਤਵੀਐ= ਸੋਚੀਦਾ ਹੈ, ਉਸ ਨਾਲ ਹੀ ਕੰਮ ਵਿਗੜਦਾ ਹੈ॥ ੧॥ ਰਹਾਉ॥

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥

ਜੋ ਠਾਕੁਰ= ਪਰਮੇਸ਼ਰ ਨੂੰ ਛੱਡ ਕੇ ਦਾਸੀ= ਮਾਇਆ ਨੂੰ ਸਿਮਰਦੇ ਹਨ, ਉਹ ਮਨਮੁਖ ਅਗਿਆਨ ਕਰ ਕੇ ਅੰਨ੍ਹੇ ਹਨ।

ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥ ੨ ॥

ਜੋ ਹਰੀ ਦੀ ਭਗਤੀ ਕਰਦੇ ਹਨ, ਉਹਨਾਂ ਗੁਰਮੁਖਾਂ ਦੀ ਜੋ ਨਿੰਦਿਆਂ ਕਰਦੇ ਹਨ, ਉਹ ਨਿਗੁਰੇ ਪੁਰਸ਼ ਪਸੂਆਂ ਦੇ ਸਮਾਨ ਹਨ॥ ੨ ॥

ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥

ਜੀਵ ਨੂੰ ਪਿੰਡੁ= ਅਸਥੂਲ ਸਰੀਰ, ਤਨੁ= ਸੂਖਮ ਸਰੀਰ, ਧਨ ਆਦਿਕ ਸਭ ਕੁਝ ਪ੍ਰਭੂ ਦਾ ਦਿੱਤਾ ਹੋਇਆ ਹੈ ਪਰ ਸਾਕਤ ਪੁਰਸ਼ ਕਹਿੰਦੇ ਹਨ ਏਹ ਸਭ ਕੁਝ ਮੇਰਾ ਹੈ।

[ਪੰਨਾ ੧੧੩੯]

ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥ ੩ ॥

ਦੁਰਮਤੀਏ ਪੁਰਸ਼ ਦੀ ਬੁੱਧੀ ਹੰਗਤਾ ਕਰ ਕੇ ਮੈਲੀ ਹੈ ਗੁਰੂ ਤੋਂ ਬਿਨਾਂ ਹੋਣ ਕਰ ਕੇ ਉਸ ਦੁਰਮਤੀਏ ਦਾ ਸੰਸਾਰ ਵਿਚ ਆਉਣ ਜਾਣ ਦਾ ਫੇਰਾ= ਚੱਕਰ ਬਣਿਆ ਰਹਿੰਦਾ ਹੈ॥ ੩ ॥

ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥

ਅੱਗ ਵਿਚ ਹਮਨ ਕਰਨਾ, ਅਸ੍ਵਮੇਧ ਆਦਿਕ ਯੱਗ, ਜਪ ਤਪ ਆਦਿਕ ਸਾਧਨ, ਸਾਰੀਆਂ ਇੰਦ੍ਰੀਆਂ ਦਾ ਸੰਜਮ= ਦਮਨ ਕਰਨਾ, ਤੀਰਥਾਂ ਦੇ ਤਟਿ= ਕਿਨਾਰੇ ਪਰ ਰਹਿਣਾ, ਇਸ ਤਰ੍ਹਾਂ ਦੇ ਉਪਾਵ ਕਰਨ ਨਾਲ ਕਿਸੇ ਨੇ ਭੀ ਪ੍ਰਭੂ ਨੂੰ ਨਹੀਂ ਪਾਇਆ।

ਮਿਟਿਆ ਆਪੁ ਪਏ ਸਰਣਾਈ
ਗੁਰਮੁਖਿ ਨਾਨਕ ਜਗਤੁ ਤਰਾਇਆ ॥ ੪ ॥ ੧ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ— ਗੁਰਾਂ ਦੀ ਸ਼ਰਨ ਵਿਚ ਪੈਣ ਨਾਲ ਜਿਨ੍ਹਾਂ ਦੇ ਅੰਦਰੋਂ ਆਪੁ= ਹੰਕਾਰ ਮਿਟਿਆ ਹੈ, ਉਹਨਾਂ ਗੁਰਮੁਖਾਂ ਨੂੰ ਪ੍ਰਭੂ ਨੇ ਜਗਤ ਤੋਂ ਤਰਾਇਆ ਹੈ॥ ੪ ॥ ੧ ॥ ੧੪ ॥

ਭੈਰਉ ਮਹਲਾ ੫ ॥

ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ ॥

ਉਸ ਪਰਮੇਸ਼ਰ ਨੂੰ ਬਨ= ਜੰਗਲਾਂ ਵਿਚ ਦੇਖਿਆ ਹੈ, ਘਾਹ ਵਿਚ ਭੀ ਦੇਖਿਆ ਹੈ, ਗ੍ਰਿਹਿ= ਗ੍ਰਿਹਸਤੀਆਂ ਵਿਚ ਭੀ ਤੇ ਉਦਾਸਾਏ= (ਉਦਾਸੀ) ਸਾਧੂਆਂ ਵਿਚ ਭੀ ਪਰਮੇਸ਼ਰ ਨੂੰ ਪਰੀਪੂਰਨ ਦੇਖਿਆ ਹੈ।

ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ ॥ ੧ ॥

ਦੰਡ= ਤ੍ਰਿਦੰਡੀ ਦੇ ਧਾਰਨ ਵਾਲੇ ਸੰਨਿਆਸੀਆਂ ਵਿਚ, ਜਟ= ਜਟਾਵਾਂ ਦੇ ਧਾਰਨ ਵਾਲਿਆਂ ਵਿਚ ਭੀ ਪਰਮੇਸ਼ਰ ਨੂੰ ਦੇਖਿਆ ਹੈ, ਵਰਤ ਰੱਖਣ ਵਾਲਿਆਂ ਵਿਚ, ਨੇਮ ਨਿਭਾਉਣ ਵਾਲਿਆਂ ਵਿਚ ਅਤੇ ਤੀਰਥਾਂ ਪਰ

ਨਿਵਾਸ ਕਰਨ ਵਾਲਿਆਂ ਵਿਚ ਭੀ ਪਰਮੇਸ਼ਰ ਨੂੰ ਪੂਰਨ ਦੇਖਿਆ ਹੈ॥ ੧॥

ਸੰਤਸੰਗਿ ਪੇਖਿਓ ਮਨ ਮਾਏਂ॥

ਪਰ ਸੰਤਾਂ ਦੇ ਸੰਗ ਕਰ ਕੇ ਮਾਏਂ= ਹੇ ਭਾਈ! ਆਪਣੇ ਮਨ ਵਿਚ ਭੀ ਉਸ ਪਰਮਾਤਮਾ ਨੂੰ ਦੇਖਿਆ ਹੈ।

ਊਭ ਪਇਆਲ ਸਰਬ ਮਹਿ ਪੂਰਨ
ਰਸਿ ਮੰਗਲ ਗੁਣ ਗਾਏ॥ ੧॥ ਰਹਾਉ॥

ਰਸਿ= ਪਰੇਮ ਸਹਿਤ ਮੰਗਲ ਰੂਪ ਪ੍ਰਭੂ ਦੇ ਮੰਗਲ ਦਾਇਕ ਗੁਣ ਗਾਉਣਾ ਕੀਤੇ ਤਾਂ ਊਭ= ਅਕਾਸ਼ ਅਤੇ ਪਇਆਲ= ਪਤਾਲ ਆਦਿ ਸਾਰਿਆਂ ਵਿਚ ਉਸ ਪ੍ਰਭੂ ਨੂੰ ਪਰੀਪੂਰਨ ਦੇਖਿਆ॥ ੧॥

ਬੇਸ਼ੱਕ ਪਹਿਲੇ ਏਸੇ ਰਹਾਉ ਦੀ ਪੰਗਤੀ ਦਾ ਅਰਥ ਕਰ ਕੇ ਫੇਰ ਆਦ ਤੋਂ ਆਰੰਭ ਕਰਨਾ—

ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ॥

ਜੋਗੀ, ਸੰਨਿਆਸੀ, ਜਤੀ, ਜੰਗਮ ਅਤੇ ਕਾਪੜੀਏ ਇਤਆਦਿਕ ਸਾਰਿਆਂ ਭੇਖਾਂ ਵਿਚ ਉਸ ਪਰਮੇਸ਼ਰ ਨੂੰ ਪੂਰਨ ਦੇਖਿਆ।

ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ॥ ੨॥

ਤਪੀਆਂ, ਤਪੀਸ਼ਰਾਂ ਤੇ ਮੁਨੀਆਂ ਆਦਿਕਾਂ ਵਿਚ ਭੀ ਪਰਮਾਤਮਾ ਨੂੰ ਦੇਖਿਆ ਹੈ, ਨਟ= ਬਾਜੀਗਰ, ਨਾਟਿਕ= ਹੱਥਾਂ ਦੀਆਂ ਨਾੜੀਆਂ ਦੇਖਣ ਵਾਲੇ ਡਾਕਟਰ, ਹਕੀਮ ਤੇ ਨਿਰਤਾਏ= ਨਿਰਤਕਾਰੀ ਕਰਨ ਵਾਲੇ ਇਤਆਦਿਕ ਸਭਨਾਂ ਵਿਚ ਪਰਮੇਸ਼ਰ ਨੂੰ ਦੇਖਿਆ॥ ੨॥

ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ॥

ਚਾਰੇ ਵੇਦਾਂ ਵਿਚ ਭੀ ਦੇਖਿਆ ਹੈ, ਖਟ= ਛੇ ਸ਼ਾਸਤ੍ਰਾਂ ਵਿਚ ਭੀ ਦੇਖਿਆ ਹੈ, ਦਸ-ਅਸਟੀ= ਅਠਾਰਾਂ ਪੁਰਾਣਾਂ ਵਿਚ ਅਤੇ (੨੭) ਸਿੰਮ੍ਰਿਤੀਆਂ ਵਿਚ ਭੀ ਦੇਖਿਆ ਹੈ।

ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ॥ ੩॥

ਸਾਰੇ ਮਿਲ ਕੇ ਇਕੋ ਇਕ ਪ੍ਰਭੂ ਨੂੰ ਕਥਨ ਕਰਦੇ ਹਨ ਤਾਂ ਮੈਂ ਕਿਸ ਦੇ ਪਾਸੋਂ ਦੁਰਾਏ= ਛੁਪਾ ਕੇ ਕਹਾਂ। ਜਾਂ ਸਾਰਿਆਂ ਵਿਚ ਮਿਲਿਆ ਹੋਇਆ ਇਕੋ ਇਕ ਹੀ ਕਹੀਦਾ ਹੈ ਤਾਂ ਕਿਸ ਤੋਂ ਲੁਕਾ ਕੇ ਕਹਿਣਾ ਹੈ॥ ੩॥

ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ॥

ਉਹ ਬੇਅੰਤ ਸੁਆਮੀ ਮਨ ਕਰ ਕੇ ਅਗਹ= ਅਪਕੜ ਹੈ, ਤਨ ਕਰ ਕੇ ਵੀ ਅਪਕੜ ਹੈ, ਤਿੰਨਾਂ ਸਮਿਆਂ ਵਿਚ ਕਿਸੇ ਤੋਂ ਭੀ ਉਸ ਦੀ ਕੀਮਤ ਨਹੀਂ ਹੋ ਆਈ। *ਅਥਵਾ :—* ਜੇ ਕਰ ਕੀਮਾਏ= ਜੋਤਸ਼ੀ ਭੀ ਕੀਮਤ ਪਾਉਣ ਤਾਂ ਕੀਮਤ ਨਹੀਂ ਪਾ ਸਕਦੇ।

ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ
ਜਿਹ ਘਟਿ ਪਰਗਟੀ ਆਏ॥ ੪॥ ੨॥ ੧੫॥

ਗੁਰੂ ਜੀ ਕਥਨ ਕਰਦੇ ਹਨ— ਮੈਂ ਜਨ ਉਹਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਦੇ ਘਟ=

ਹਿਰਦੇ ਵਿਚ ਉਹ ਪ੍ਰਭੂ ਆ ਕੇ ਪਰਗਟ ਹੋਇਆ ਹੈ॥ ੪॥ ੨॥ ੧੫॥

ਭੈਰਉ ਮਹਲਾ ੫॥

ਨਿਕਟਿ ਬੁਝੈ ਸੋ ਬੁਰਾ ਕਿਉ ਕਰੈ॥ ਬਿਖੁ ਸੰਚੈ ਨਿਤ ਡਰਤਾ ਫਿਰੈ॥

ਜੋ ਪੁਰਸ਼ ਪ੍ਰਭੂ ਨੂੰ ਨੇੜੇ ਬੁੱਝਦਾ ਹੈ ਉਹ ਬੁਰਾ ਕਰਮ ਕਿਸ ਵਾਸਤੇ ਕਰਦਾ ਹੈ? ਭਾਵ ਨਹੀਂ ਕਰਦਾ। ਜੋ ਬਿਖ ਰੂਪ ਮਾਇਆ ਨੂੰ ਸੰਚੈ= ਕੱਠਾ ਕਰਦਾ ਹੈ ਉਹ ਹਮੇਸ਼ਾਂ ਡਰਦਾ ਫਿਰਦਾ ਹੈ।

ਹੈ ਨਿਕਟੇ ਅਰੁ ਭੇਦੁ ਨ ਪਾਇਆ॥

ਬਿਨੁ ਸਤਿਗੁਰ ਸਭ ਮੋਹੀ ਮਾਇਆ॥ ੧॥

ਉਹ ਪਰਮੇਸ਼ਰ ਸਭ ਦੇ ਨੇੜੇ ਵਸਦਾ ਹੈ, ਪਰ ਏਹ ਭੇਦ ਕਿਸੇ ਨੇ ਪਾਉਣਾ ਨਹੀਂ ਕੀਤਾ। ਸਤਿਗੁਰੂ ਤੋਂ ਬਿਨਾਂ ਸਾਰੀ ਦੁਨੀਆਂ ਮਾਇਆ ਕਰ ਕੇ ਮੋਹੀ ਗਈ ਹੈ॥ ੧॥ ਰਹਾਉ॥

ਨੇੜੈ ਨੇੜੈ ਸਭੁ ਕੋ ਕਹੈ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ॥ ੧॥ ਰਹਾਉ॥

ਪਰਮੇਸ਼ਰ ਨੇੜੇ ਹੈ, ਪਰਮੇਸ਼ਰ ਨੇੜੇ ਹੈ, ਇਹ ਗੱਲ ਤਾਂ ਸਭ ਕੋਈ ਕਹਿੰਦਾ ਹੈ। ਪਰ ਉਸ ਦੀ ਪ੍ਰਾਪਤੀ ਦਾ ਭੇਦ ਗੁਰਾਂ ਦੁਆਰੇ ਕੋਈ ਵਿਰਲਾ ਹੀ ਲੈਂਦਾ ਹੈ॥ ੧॥ ਰਹਾਉ॥

ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ॥ ਦਰਬੁ ਹਿਰੈ ਮਿਥਿਆ ਕਰਿ ਖਾਇ॥

ਜੋ ਪਰਮਾਤਮਾ ਨੂੰ ਨੇੜੇ ਨਹੀਂ ਦੇਖਦਾ, ਉਹ ਪਰ ਗ੍ਰਿਹਿ ਜਾਇ= ਪਰ ਇਸਤ੍ਰੀ ਵੱਲ ਜਾਂਦਾ ਹੈ। ਦਰਬੁ ਹਿਰੈ= ਧਨ ਚੁਰਾਉਂਦਾ ਹੈ ਤੇ ਮਿਥਿਆ= ਝੂਠ ਬੋਲ ਕੇ ਖਾਂਦਾ ਹੈ।

ਪਈ ਠਗਉਰੀ ਹਰਿ ਸੰਗਿ ਨ ਜਾਨਿਆ॥

ਬਾਝੁ ਗੁਰੂ ਹੈ ਭਰਮਿ ਭੁਲਾਨਿਆ॥ ੨॥

ਜਿਸ ਉੱਤੇ ਮੋਹ ਰੂਪੀ ਠੱਗ-ਬੂਟੀ ਪਈ ਹੈ ਉਸ ਨੇ ਹਰੀ ਨੂੰ ਆਪਣੇ ਨਾਲ ਨਹੀਂ ਜਾਣਿਆ। ਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਭਰਮ ਵਿਚ ਭੁੱਲਿਆ ਫਿਰਦਾ ਹੈ॥ ੨॥

ਨਿਕਟਿ ਨ ਜਾਨੈ ਬੋਲੈ ਕੂੜੁ॥ ਮਾਇਆ ਮੋਹਿ ਮੂਠਾ ਹੈ ਮੂੜੁ॥

ਪਰਮੇਸ਼ਰ ਨੂੰ ਨੇੜੇ ਨਹੀਂ ਜਾਣਦਾ ਇਸ ਕ਼ਰ ਕੇ ਏਹ ਜੀਵ ਝੂਠ ਬੋਲਦਾ ਹੈ। ਮਾਇਆ ਦੇ ਮੋਹ ਕਰ ਕੇ ਏਹ ਮੂੜ= ਮੂਰਖ ਮੂਠਾ= ਲੁੱਟਿਆ (ਠੱਗਿਆ) ਹੋਇਆ ਹੈ।

ਅੰਤਰਿ ਵਸਤੁ ਦਿਸੰਤਰਿ ਜਾਇ॥ ਬਾਝੁ ਗੁਰੂ ਹੈ ਭਰਮਿ ਭੁਲਾਇ॥ ੩॥

ਆਤਮ-ਵਸਤੂ ਹੈ ਤਾਂ ਅੰਤਹਕਰਨ ਦੇ ਅੰਦਰ ਪਰ ਗੁਰਾਂ ਤੋਂ ਬਿਨਾਂ ਏਹ ਭਰਮ ਵਿਚ ਭੁੱਲ ਕੇ ਉਸ ਨੂੰ ਲੱਭਣ ਲਈ ਦਿਸੰਤਰਿ ਜਾਇ= ਪ੍ਰਦੇਸਾਂ ਵਿਚ ਜਾਂਦਾ ਹੈ॥ ੩॥

ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ॥

ਜਿਸ ਦੇ ਲਿਲਾਟ= ਮੱਥੇ ਪਰ ਮਸਤਕਿ= ਸ਼੍ਰੋਮਣੀ (ਉੱਤਮ) ਕਰਮਾਂ ਦਾ ਲੇਖ ਲਿਖਿਆ ਹੋਇਆ ਹੈ। ਉਹ ਪੂਰਿਆਂ ਸਤਿਗੁਰਾਂ ਨੂੰ ਸੇਂਵਦਾ ਹੈ ਜੋ ਸੇਂਵਦਾ ਹੈ, ਉਸ ਦੇ ਪੰਜਾਂ ਕੋਸ਼ਾਂ ਰੂਪੀ ਕਪਾਟ= ਤਖ਼ਤੇ ਖੁਲ੍ਹ ਗਏ ਹਨ।

ਅੰਤਰਿ ਬਾਹਰਿ ਨਿਕਟੇ ਸੋਇ॥
ਜਨ ਨਾਨਕ ਆਵੈ ਨ ਜਾਵੈ ਕੋਇ॥ ੪॥ ੩॥ ੧੬॥

ਜੇਹੜਾ ਪੁਰਸ਼ ਉਸ ਪਰਮਾਤਮਾ ਨੂੰ ਅੰਦਰ ਬਾਹਰ ਆਪਣੇ ਨੇੜੇ ਜਾਣਦਾ ਹੈ? ਗੁਰੂ ਜੀ ਕਥਨ ਕਰਦੇ ਹਨ— ਉਹ ਫਿਰ ਜੰਮਦਾ ਮਰਦਾ ਨਹੀਂ ਹੈ॥ ੪॥ ੩॥ ੧੬॥

ਭੈਰਉ ਮਹਲਾ ੫॥
ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ॥
ਸਭੁ ਤੁਝ ਹੀ ਅੰਤਰਿ ਸਗਲ ਸੰਸਾਰੈ॥

ਹੇ ਵਾਹਿਗੁਰੂ ! ਜਿਸ ਨੂੰ ਤੂੰ ਹੱਥ ਦੇ ਕੇ ਰੱਖਦਾ ਹੈਂ ਉਸ ਨੂੰ ਕੌਣ ਮਾਰ ਸਕਦਾ ਹੈ?ਸਾਰਾ ਸੰਸਾਰ ਸਭ ਤਰ੍ਹਾਂ ਨਾਲ ਆਪ ਜੀ ਦੇ ਹੁਕਮ ਅੰਦਰ ਹੀ ਹੈ।

ਕੋਟਿ ਉਪਾਵ ਚਿਤਵਤ ਹੈ ਪ੍ਰਾਣੀ॥
ਸੋ ਹੋਵੈ ਜਿ ਕਰੈ ਚੋਜ ਵਿਡਾਣੀ॥ ੧॥

ਇਹ ਪੁਰਸ਼ ਆਪਣੇ ਲਾਭ ਵਾਸਤੇ ਤਾਂ ਕਰੋੜਾਂ ਹੀ ਉਪਾਵਾਂ ਨੂੰ ਚਿਤਵਦਾ ਹੈ। ਪਰ ਹੁੰਦਾ ਉਹ ਕੁਝ ਹੈ, ਹੇ ਵਿਡਾਣੀ= ਅਸਚਰਜ ਕੌਤਕਾਂ ਦੇ ਕਰਨ ਵਾਲੇ ਪ੍ਰਭੂ ! ਜੋ ਕੁਝ ਤੂੰ ਕਰਦਾ ਹੈਂ॥ ੧॥

ਰਾਖਹੁ ਰਾਖਹੁ ਕਿਰਪਾ ਧਾਰਿ॥
ਤੇਰੀ ਸਰਣਿ ਤੇਰੈ ਦਰਵਾਰਿ॥ ੧॥ ਰਹਾਉ॥

ਹੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਧਾਰ ਕੇ ਰੱਖ ਲੈ ਰੱਖ ਲੈ। ਆਪ ਜੀ ਦੇ ਸਤਸੰਗ ਦਰਬਾਰ ਵਿਚ ਆ ਕੇ ਮੈਂ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ॥ ੧॥ ਰਹਾਉ॥

ਜਿਨਿ ਸੇਵਿਆ ਨਿਰਭਉ ਸੁਖ ਦਾਤਾ॥
ਤਿਨਿ ਭਉ ਦੂਰਿ ਕੀਆ ਏਕੁ ਪਰਾਤਾ॥

ਹੇ ਨਿਰਭਉ ਸੁਖ ਦਾਤੇ ਪ੍ਰਭੂ ! ਜਿਸ ਨੇ ਆਪ ਨੂੰ ਸੇਵਿਆ= ਸਿਮਰਿਆ ਹੈ। ਉਸ ਨੇ ਜਨਮ ਮਰਨ ਦਾ ਭਉ= ਡਰ ਦੂਰ ਕੀਤਾ ਹੈ ਅਤੇ ਇਕ ਆਪ ਜੀ ਨੂੰ ਪਰਾਤਾ= ਪਛਾਣ ਲਿਆ ਹੈ।

ਜੋ ਤੂ ਕਰਹਿ ਸੋਈ ਫੁਨਿ ਹੋਇ॥ ਮਾਰੈ ਨ ਰਾਖੈ ਦੂਜਾ ਕੋਇ॥ ੨॥

ਹੇ ਵਾਹਿਗੁਰੂ ! ਜੋ ਤੂੰ ਕਰਦਾ ਹੈਂ ਫਿਰ ਓਹੀ ਕੁਝ ਹੁੰਦਾ ਹੈ। ਹੋਰ ਕੋਈ ਦੂਜਾ ਮਾਰਨ ਤੇ ਰੱਖਣ ਵਾਲਾ ਨਹੀਂ ਹੈ॥ ੨॥

ਕਿਆ ਤੂੰ ਸੋਚਹਿ ਮਾਣਸ ਬਾਣਿ॥ ਅੰਤਰਜਾਮੀ ਪੁਰਖੁ ਸੁਜਾਣੁ॥

ਨਾਮ ਨੂੰ ਛੱਡ ਕੇ ਤੂੰ ਕੀ ਸੋਚਦਾ ਫਿਰਦਾ ਹੈਂ, ਮਨੁੱਖ ਬਣ, ਪਸ਼ੂ ਨਾ ਬਣ। *ਅਥਵਾ :-* ਮਾਣਸ ਬਾਣਿ= ਮਨੁੱਖੀ ਸੁਭਾਅ ਕਰ ਕੇ ਤੂੰ ਕੀ ਸੋਚਦਾ ਰਹਿੰਦਾ ਹੈਂ? ਉਹ ਸੁਜਾਣ ਪੁਰਖ ਪਰਮਾਤਮਾ ਤੇਰੇ ਅੰਦਰ ਦੀ ਸਾਰੀ

ਗੱਲ ਜਾਣਦਾ ਹੈ।

ਏਕ ਟੇਕ ਏਕੋ ਆਧਾਰੁ ॥ ਸਭ ਕਿਛੁ ਜਾਣੈ ਸਿਰਜਣਹਾਰੁ ॥ ੩ ॥

ਮਨ ਕਰ ਕੇ ਇਕ ਪ੍ਰਭੂ ਦੀ ਟੇਕ= ਓਟ ਰੱਖ ਅਤੇ ਤਨ ਕਰ ਕੇ ਭੀ ਇਕ ਦਾ ਆਸਰਾ ਫੜ। ਉਹ ਸਿਰਜਣਹਾਰੁ= ਪ੍ਰਭੂ ਸਭ ਕੁਝ ਜਾਣਦਾ ਹੈ॥ ੩ ॥

[ਪੰਨਾ ੧੧੪੦]

ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥ ਤਿਸੁ ਜਨ ਕੇ ਸਭਿ ਕਾਜ ਸਵਾਰਿ ॥

ਉਹ ਕਰਤਾਰੁ= ਪ੍ਰਭੂ ਜਿਸ ਉੱਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ। ਉਸ ਪੁਰਸ਼ ਦੇ ਸਾਰੇ ਕੰਮ ਸਵਾਰਦਾ ਹੈ।

ਤਿਸ ਕਾ ਰਾਖਾ ਏਕੋ ਸੋਇ ॥
ਜਨ ਨਾਨਕ ਅਪੜਿ ਨ ਸਾਕੈ ਕੋਇ ॥ ੪ ॥ ੪ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ— ਉਹ ਇਕ ਪ੍ਰਭੂ ਦੀ ਰੱਖਿਆ ਕਰਨ ਵਾਲਾ ਹੁੰਦਾ ਹੈ। ਉਸ ਗੁਰਮੁਖ ਜਨ ਦੇ ਪਾਸ ਕੋਈ ਭੀ ਦੁਸ਼ਮਣ ਦੁੱਖ ਦੇਣ ਵਾਸਤੇ ਪਹੁੰਚ ਨਹੀਂ ਸਕਦਾ। ਜਾਂ ਉਸ ਦੇ ਬਰਾਬਰ ਹੋਰ ਕੋਈ ਨਹੀਂ ਪਹੁੰਚ ਸਕਦਾ॥ ੪॥ ੪॥ ੧੭॥

ਭੈਰਉ ਮਹਲਾ ੫ ॥
ਤਉ ਕੜੀਐ ਜੇ ਹੋਵੈ ਬਾਹਰਿ ॥ ਤਉ ਕੜੀਐ ਜੇ ਵਿਸਰੈ ਨਰਹਰਿ ॥

ਜੇਕਰ ਪ੍ਰਭੂ ਦੇ ਹੁਕਮ ਤੋਂ ਬਾਹਰ ਹੋਵੇ ਤਾਂ ਝੁਰਨਾ ਕਰੀਏ। ਜੇਕਰ ਨਰਾਂ ਦੇ ਹਰੇ ਕਰਨ ਵਾਲਾ ਪ੍ਰਭੂ ਭੁੱਲ ਜਾਏ ਤਾਂ ਝੁਰਨਾ ਕਰੀਏ।

ਤਉ ਕੜੀਐ ਜੇ ਦੂਜਾ ਭਾਏ ॥ ਕਿਆ ਕੜੀਐ ਜਾਂ ਰਹਿਆ ਸਮਾਏ ॥ ੧ ॥

ਜੇਕਰ ਹਿਰਦੇ ਵਿਚ ਦ੍ਵੈਤ ਭਾਵ ਆ ਜਾਵੇ ਤਾਂ ਝੁਰਨਾ ਕਰੀਏ। ਜਾਂ ਉਹ ਪ੍ਰਭੂ ਹੀ ਸਾਰੇ ਸਮਾ ਰਿਹਾ ਹੈ ਤਾਂ ਕਿਸ ਲਈ ਝੁਰਨਾ ਹੈ॥ ੧ ॥

ਮਾਇਆ ਮੋਹਿ ਕੜੇ ਕੜਿ ਪਚਿਆ ॥
ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ ੧ ॥ ਰਹਾਉ ॥

ਏਹ ਜੀਵ ਮਾਇਆ ਦੇ ਮੋਹ ਵਿਚ ਬੱਝ-ਬੱਝ ਕੇ, ਵਾ :- ਝੁਰ-ਝੁਰ ਕੇ ਪਚਿਆ= ਖ਼ਰਾਬ ਹੁੰਦਾ ਹੈ। ਨਾਮ-ਸਿਮਰਨ ਤੋਂ ਬਿਨਾਂ ਭਰਮ ਦਾ ਭਰਮਾਇਆ ਹੋਇਆ ਚੁਰਾਸੀ ਦੇ ਗੇੜ ਵਿਚ ਭਰਮ ਕੇ ਖਪਦਾ ਹੈ। ਵਾ :- ਮਨ, ਬਾਣੀ, ਸਰੀਰ ਦੁਆਰਾ ਭ੍ਰਮਿ ਭ੍ਰਮਿ= ਫਿਰ-ਫਿਰ ਕੇ ਖਪਦਾ ਹੈ॥ ੧ ॥ ਰਹਾਉ ॥

ਤਉ ਕੜੀਐ ਜੇ ਦੂਜਾ ਕਰਤਾ ॥
ਤਉ ਕੜੀਐ ਜੇ ਅਨਿਆਇ ਕੋ ਮਰਤਾ ॥

ਪ੍ਰਭੂ ਤੋਂ ਬਿਨਾਂ ਜੇ ਕੋਈ ਦੂਜਾ ਕਰਤਾ ਹੋਵੇ ਤਾਂ ਝੁਰਨਾ ਕਰੀਏ। ਜੇ ਕਰ ਪ੍ਰਭੂ ਅਨਿਆਇ= ਬੇ-ਇਨਸਾਫ਼ੀ ਨਾਲ ਮਾਰਦਾ ਹੋਵੇ ਤਾਂ ਝੁਰਨਾ ਕਰੀਏ।

ਤਉ ਕੜੀਐ ਜੇ ਕਿਛੁ ਜਾਣੈ ਨਾਹੀ॥
ਕਿਆ ਕੜੀਐ ਜਾਂ ਭਰਪੂਰਿ ਸਮਾਹੀ॥ ੨॥

ਜੇ ਪਰਮਾਤਮਾ ਕੁਝ ਜਾਣਦਾ ਨਾ ਹੋਵੇ ਤਾਂ ਝੁਰਨਾ ਕਰੀਏ। ਜਾਂ ਉਹ ਪਰਮਾਤਮਾ ਭਰਪੂਰ ਹੋ ਕੇ ਸਾਰੇ ਸਮਾ ਰਿਹਾ ਹੈ ਤਾਂ ਫਿਰ ਕੀ ਝੁਰਨਾ ਹੈ॥ ੨॥

ਤਉ ਕੜੀਐ ਜੇ ਕਿਛੁ ਹੋਇ ਧਿਙਾਣੈ॥ ਤਉ ਕੜੀਐ ਜੇ ਭੂਲਿ ਰੰਞਾਣੈ॥

ਜੇ ਕੁਝ ਗੁਨਾਹ ਕੀਤੇ ਤੋਂ ਬਗੈਰ ਹੀ ਧਿਙਾਣੈ= ਬਦੋ-ਬਦੀ ਧੱਕੇ ਵਾਲੀ ਗੱਲ ਹੋਵੇ ਤਾਂ ਝੁਰਨਾ ਭੀ ਕਰੀਏ। ਜੇ ਕਰ ਉਹ ਭੱਲ ਕੇ ਰੰਞਾਣੈ= ਦੁੱਖ ਦੇਂਦਾ ਹੋਵੇ ਤਾਂ ਕੜੀਐ= ਝੁਰਨਾ ਭੀ ਕਰੀਏ।

ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ॥
ਤਬ ਕਾੜਾ ਛੋਡਿ ਅਚਿੰਤ ਹਮ ਸੋਤੇ॥ ੩॥

ਗੁਰਾਂ ਨੇ ਕਿਹਾ ਹੈ, ਜੋ ਕੁਝ ਹੋ ਰਿਹਾ ਹੈ; ਉਹ ਸਭ ਪ੍ਰਭੂ ਦੇ ਹੁਕਮ ਵਿਚ ਹੋ ਰਿਹਾ ਹੈ। ਤਦ ਕਾੜਾ= ਝੁਰਨਾ ਛੱਡ ਕੇ ਅਸੀਂ ਅਚਿੰਤ= ਬੇ-ਫਿਕਰ ਹੋ ਕੇ ਸੌਂਦੇ ਹਾਂ॥ ੩॥

ਪ੍ਰਭ ਤੂਹੈ ਠਾਕੁਰੁ ਸਭੁ ਕੋ ਤੇਰਾ॥ ਜਿਉ ਭਾਵੈ ਤਿਉ ਕਰਹਿ ਨਿਬੇਰਾ॥

ਹੇ ਪ੍ਰਭੂ ! ਸਾਰਿਆਂ ਦਾ ਠਾਕੁਰ= ਸੁਆਮੀ ਤੂੰਹੀ ਹੈਂ, ਸਭ ਕੋਈ ਤੇਰਾ ਦਾਸ ਹੈ। ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਤਿਵੇਂ ਆਪ ਨਿਬੇਰਾ= ਫੈਸਲਾ (ਨਿਆਂ) ਕਰਦੇ ਹੋ।

ਦੁਤੀਆ ਨਾਸਤਿ ਇਕੁ ਰਹਿਆ ਸਮਾਇ॥
ਰਾਖਹੁ ਪੈਜ ਨਾਨਕ ਸਰਣਾਇ॥ ੪॥ ੫॥ ੧੮॥

ਦੁਤੀਆ ਨਾਸਤਿ= ਦ੍ਵੈਤ ਭਾਵ ਦੇ ਨਾਸ ਹੋ ਜਾਣ ਤੇ ਇਕ ਆਪ ਜੀ ਨੂੰ ਸਾਰੇ ਸਮਾ ਰਿਹਾ ਨਿਸਚੇ ਕੀਤਾ ਹੈ। ਵਾ :- ਆਪ ਜੀ ਤੋਂ ਬਿਨਾਂ ਦੁਤੀਆ ਨਾਸਤਿ= ਦੂਜਾ ਹੋਰ ਕੋਈ ਨਹੀਂ ਹੈ, ਇਕ ਤੂੰ ਹੀ ਸਾਰੇ ਸਮਾ ਰਿਹਾ ਹੈਂ। ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਸ਼ਰਨ ਆਏ ਦੀ ਪੈਜ (ਲੱਜਾ) ਰੱਖਣਾ ਕਰੋ॥ ੪॥ ੫॥ ੧੮॥

ਭੈਰਉ ਮਹਲਾ ੫॥

ਮਿਸਾਲਾਂ ਦੇ ਕੇ ਆਖਦੇ ਹਨ, ਨਾਮ-ਸਿਮਰਨ ਤੋਂ ਬਿਨਾਂ ਕੋਈ ਭੀ ਤਰ ਨਹੀਂ ਸਕਦਾ—

ਬਿਨੁ ਬਾਜੇ ਕੈਸੋ ਨਿਰਤਕਾਰੀ॥ ਬਿਨੁ ਕੰਠੈ ਕੈਸੇ ਗਾਵਨਹਾਰੀ॥

ਜਿਵੇਂ ਵਾਜੇ ਵਜਾਏ ਤੋਂ ਬਿਨਾਂ ਨਿਰਤਕਾਰੀ= ਨਾਚ ਕਿਵੇਂ ਹੋ ਸਕਦਾ ਹੈ? ਕੰਠੈ= ਗਲੇ ਤੋਂ ਬਿਨਾਂ ਗਾਉਣ ਵਾਲੀ ਰਾਗ ਨੂੰ ਕਿਵੇਂ ਗਾ ਸਕਦੀ ਹੈ ? ਵਾ :- ਵਿਦਿਆ ਕੰਠ ਕੀਤੇ ਤੋਂ ਬਿਨਾਂ ਗਾਉਣ ਵਾਲੀ ਕਿਵੇਂ ਗਾ ਸਕਦੀ ਹੈ ?

ਜੀਲ ਬਿਨਾ ਕੈਸੇ ਬਜੈ ਰਬਾਬ॥ ਨਾਮ ਬਿਨਾ ਬਿਰਥੇ ਸਭਿ ਕਾਜ॥ ੧॥

ਰਬਾਬ ਕੀ ਪੰਚਮ ਸੁਰ ਜੋ ਜੀਲ* ਹੈ ਉਸ ਤੋਂ ਬਿਨਾਂ ਰਬਾਬ ਕਿਵੇਂ ਵੱਜ ਸਕਦਾ ਹੈ? ਤਿਵੇਂ ਨਾਮ-ਸਿਮਰਨ

*ਜੀਲ, ਵਾਮ ਤੇ ਸੁਰ ਏਹ ਤਿੰਨ ਤਾਰਾਂ ਹੁੰਦੀਆਂ ਹਨ, ਪੰਚਮ ਸੁਰ ਨੂੰ ਜੀਲ ਕਹਿੰਦੇ ਹਨ, ਹੇਠਲੇ ਸਾ ਨੂੰ ਵਾਮ ਤੇ ਖਰਜ ਨੂੰ ਸੁਰ ਕਹਿੰਦੇ ਹਨ।

ਤੋਂ ਬਿਨਾਂ ਸਾਰੇ ਕੰਮ ਨਿਸਫਲ ਹਨ, ਨਾਮ ਤੋਂ ਬਿਨਾਂ ਕੋਈ ਕੰਮ ਸਿਧ ਨਹੀਂ ਹੋ ਸਕਦਾ ॥ ੧ ॥

ਨਾਮ ਬਿਨਾ ਕਹਹੁ ਕੋ ਤਰਿਆ ॥
ਬਿਨੁ ਸਤਿਗੁਰ ਕੈਸੇ ਪਾਰਿ ਪਰਿਆ ॥ ੧ ॥ ਰਹਾਉ ॥

ਕਹਹੁ= ਦੱਸੋ ਖਾਂ, ਨਾਮ-ਸਿਮਰਨ ਤੋਂ ਬਿਨਾਂ ਕਿਹੜਾ ਸੰਸਾਰ ਤੋਂ ਤਰਿਆ ਹੈ ਅਤੇ ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ ਕਿਵੇਂ ਕੋਈ ਸੰਸਾਰ-ਸਮੁੰਦਰ ਤੋਂ ਪਾਰ ਉਤਰਿਆ ਹੈ ? ॥ ੧ ॥ ਰਹਾਉ ॥

ਬਿਨੁ ਜਿਹਵਾ ਕਹਾ ਕੋ ਬਕਤਾ ॥ ਬਿਨੁ ਸ੍ਰਵਨਾ ਕਹਾ ਕੋ ਸੁਨਤਾ ॥

ਜੀਭ ਤੋਂ ਬਿਨਾਂ ਕੋਈ ਕਿਵੇਂ ਬਕਤਾ= ਬੋਲ ਸਕਦਾ ਹੈ ? ਸ੍ਰਵਨਾ= ਕੰਨਾਂ ਤੋਂ ਬਿਨਾਂ ਕੋਈ ਕਿਵੇਂ ਸੁਣ ਸਕਦਾ ਹੈ?

ਬਿਨੁ ਨੇਤ੍ਰਾ ਕਹਾ ਕੋ ਪੇਖੈ ॥ ਨਾਮ ਬਿਨਾ ਨਰੁ ਕਹੀ ਨ ਲੇਖੈ ॥ ੨ ॥

ਨੇਤ੍ਰਾਂ= ਅੱਖਾਂ ਤੋਂ ਬਿਨਾਂ ਕੋਈ ਕਿਵੇਂ ਦੇਖ ਸਕਦਾ ਹੈ? ਇਸੇ ਤਰ੍ਹਾਂ ਨਾਮ ਤੋਂ ਬਿਨਾਂ ਮਨੁੱਖ ਕਿਸੇ ਭੀ ਲੇਖੇ ਵਿਚ ਨਹੀਂ ਭਾਵ ਕਿਸੇ ਵੀ ਗਿਣਤੀ ਵਿਚ ਨਹੀਂ ਹੈ॥ ੨ ॥

ਬਿਨੁ ਬਿਦਿਆ ਕਹਾ ਕੋਈ ਪੰਡਿਤ ॥ ਬਿਨੁ ਅਮਰੈ ਕੈਸੇ ਰਾਜ ਮੰਡਿਤ ॥

ਵਿਦਿਆ ਪੜ੍ਹੇ ਤੋਂ ਬਿਨਾਂ ਕੋਈ ਕਿਵੇਂ ਪੰਡਿਤ= ਵਿਦਵਾਨ ਬਣ ਸਕਦਾ ਹੈ? ਅਮਰੈ= ਹੁਕਮ ਚੱਲੇ ਤੋਂ ਬਿਨਾਂ ਕੋਈ ਰਾਜ ਤਖਤ ਉੱਤੇ ਬੈਠ ਕੇ ਕਿਵੇਂ ਮੰਡਿਤ= ਸੋਭਾ ਪਾ ਸਕਦਾ ਹੈ ? ਵਾ :- ਰਾਜ-ਭਾਗ ਨੂੰ ਕਿਵੇਂ ਅਸਥਾਪਨ ਕਰ ਸਕਦਾ ਹੈ ?

ਯਥਾ :- ਅਮਰ ਹੀਣੰ ਜਥਾ ਰਾਜਨਹ ॥ *(ਪੰਨਾ ੧੩੫੯)*

ਬਿਨੁ ਬੂਝੇ ਕਹਾ ਮਨੁ ਠਹਰਾਨਾ ॥ ਨਾਮ ਬਿਨਾ ਸਭੁ ਜਗੁ ਬਉਰਾਨਾ ॥ ੩ ॥

ਪਰਮਾਤਮਾ ਦੇ ਬੁੱਝੇ ਬਿਨਾਂ, ਜਾਂ ਗਿਆਨ ਤੋਂ ਬਿਨਾਂ ਮਨ ਕਿਵੇਂ ਟਿਕੇਗਾ ? ਤਿਵੇਂ ਨਾਮ-ਸਿਮਰਨ ਤੋਂ ਬਿਨਾ ਸਾਰਾ ਸੰਸਾਰ ਬਉਰਾਨਾ= ਝੱਲਾ (ਪਾਗ਼ਲ) ਹੈ।

ਬਿਨੁ ਬੈਰਾਗ ਕਹਾ ਬੈਰਾਗੀ ॥ ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥

ਵੈਰਾਗ ਧਾਰਨ ਕੀਤੇ ਤੋਂ ਬਿਨਾਂ ਬੈਰਾਗੀ ਕਿਵੇਂ ਹੋਵੇਗਾ ? ਹਉ= ਹੰਗਤਾ ਦੇ ਤਿਆਗੇ ਤੋਂ ਬਿਨਾਂ ਕੋਈ ਤਿਆਗੀ ਕਿਵੇਂ ਹੋਵੇਗਾ ?

ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥ ੪ ॥

ਪੰਜਾਂ (ਕਾਮ ਕਰੋਧ ਆਦਿਕਾਂ) ਦੇ ਵਸੀਕਾਰ ਕੀਤੇ ਬਿਨਾਂ ਮਨ ਕਿਵੇਂ ਚੂਰੇ= ਚੂਰਨ (ਵਸੀਕਾਰ) ਹੋ ਸਕਦਾ ਹੈ ? ਵਾ :- ਕਿਵੇਂ ਚੂਰੇ= ਗਦ-ਗਦ ਹੋ ਸਕਦਾ ਹੈ? ਤਿਵੇਂ ਏਹ ਜੀਵ ਨਾਮ-ਸਿਮਰਨ ਕੀਤੇ ਬਿਨਾਂ ਸਦ ਸਦ= ਹਮੇਸ਼ਾਂ ਹੀ ਝੁਰਦਾ ਰਹਿੰਦਾ ਹੈ॥ ੪ ॥

ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥

ਗੁਰ ਦੀਖਿਆ= ਗੁਰ-ਸਿਖਿਆ ਲਏ ਤੋਂ ਬਿਨਾਂ ਗਿਆਨ ਕਿਵੇਂ ਪ੍ਰਾਪਤ ਸਕਦਾ ਹੈ ? ਪੇਖੇ= ਦੇਖੇ ਤੋਂ ਬਿਨਾਂ ਦੱਸੋ ਖਾਂ, ਧਿਆਨ ਵਿਚ ਕਿਵੇਂ ਜੁੜੇਗਾ?

ਬਿਨੁ ਭੈ ਕਥਨੀ ਸਰਬ ਬਿਕਾਰ॥
ਕਹੁ ਨਾਨਕ ਦਰ ਕਾ ਬੀਚਾਰ॥ ੫॥ ੬॥ ੧੯॥

ਪਰਮੇਸ਼ਰ ਦੇ ਭੈ= ਡਰ ਧਾਰੇ ਤੋਂ ਬਿਨਾਂ ਸਭ ਕਥਨੀਆਂ ਵਿਕਾਰ ਰੂਪ ਹਨ। ਗੁਰੂ ਜੀ ਕਥਨ ਕਰਦੇ ਹਨ— ਅਸਾਂ ਨੇ ਇਸ ਸ਼ਬਦ ਵਿਚ ਪਰਮੇਸ਼ਰ ਦੇ ਦਰ ਦਾ ਵਿਚਾਰ ਕਥਨ ਕੀਤਾ ਹੈ॥ ੫॥ ੬॥ ੧੯॥

ਭੈਰਉ ਮਹਲਾ ੫॥

ਪ੍ਰਸ਼ਨ:- ਕੋਈ ਰੋਗਾਂ ਤੋਂ ਰਹਿਤ ਭੀ ਹੈ? *ਉੱਤਰ—* ਰੋਗਾਂ ਤੋਂ ਰਹਿਤ ਕੋਈ ਨਹੀਂ।

''ਜੋ ਜੋ ਦੀਸੈ ਸੋ ਸੋ ਰੋਗੀ॥'' ਏਹ ਗੱਲ ਸਪਸ਼ਟ ਕਰਦੇ ਹਨ-

ਹਉਮੈ ਰੋਗੁ ਮਾਨੁਖ ਕਉ ਦੀਨਾ॥ ਕਾਮ ਰੋਗਿ ਮੈਗਲੁ ਬਸਿ ਲੀਨਾ॥

ਇਸ ਮਨੁੱਖ ਨੂੰ ਹਉਮੈ ਰੂਪੀ ਰੋਗ ਲਗਾ ਦਿੱਤਾ ਹੈ। ਕਾਮ ਰੂਪ ਰੋਗ ਨੇ ਮੈਗਲੁ= ਹਾਥੀ ਨੂੰ ਵੱਸ ਵਿਚ ਕਰ ਲਿਆ ਹੈ।

ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥ ਨਾਦ ਰੋਗਿ ਖਪਿ ਗਏ ਕੁਰੰਗਾ॥ ੧॥

ਦ੍ਰਿਸ਼ਟੀ ਰੋਗ ਕਰ ਕੇ ਅਰਥਾਤ ਅੱਖਾਂ ਦੇ ਰੂਪ ਰੋਗ ਕਰ ਕੇ ਪਤੰਗੇ ਦੀਵੇ ਉੱਤੇ ਪਚਿ ਮੁਏ= ਸੜ ਕੇ ਮਰ ਜਾਂਦੇ ਹਨ। ਘੰਡੇਹੇੜੇ ਦੇ ਨਾਦ= ਸ਼ਬਦ ਦੇ ਸੁਣਨੇ ਰੂਪ ਰੋਗ ਨਾਲ ਕੁਰੰਗਾ= ਹਿਰਨ ਖਪ ਗਏ ਹਨ॥ ੧॥

ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ੧॥ ਰਹਾਉ॥

(ਗੁਰੂ ਦੀ ਮੱਤ ਧਾਰੇ ਤੋਂ ਬਿਨਾਂ, ਸਿਮਰਨ-ਭਗਤੀ ਕੀਤੇ ਤੋਂ ਬਗੈਰ) ਜੋ ਭੀ ਦਿੱਸਦਾ ਹੈ ਸੋ ਸੋ= ਓਹੀ ਰੋਗੀ ਹੈ। ਕੇਵਲ ਮੇਰਾ ਸਤਿਗੁਰੂ ਹੀ ਪਰਮਾਤਮਾ ਵਿਚ (ਜੋਗੀ) ਜੁੜਨ ਕਰਕੇ ਜੋਗੀ ਹੀ ਰੋਗ ਤੋਂ ਰਹਿਤ ਹੈ॥ ੧॥ ਰਹਾਉ॥

ਜਿਹਵਾ ਰੋਗਿ ਮੀਨੁ ਗ੍ਰਸਿ ਆਨੋ॥ ਬਾਸਨ ਰੋਗਿ ਭਵਰੁ ਬਿਨਸਾਨੋ॥

ਜੀਭ ਦੇ ਰੋਗ ਨੇ ਮੱਛੀ ਨੂੰ ਜਲ ਵਿੱਚੋਂ ਗ੍ਰਸਿਆਨੋ= ਫੜ ਕੇ ਬਾਹਰ ਲੈ ਆਂਦਾ ਹੈ। ਬਾਸਨ= ਵਾਸ਼ਨਾ (ਸੁਗੰਧੀ) ਦੇ ਰੋਗ ਕਰ ਕੇ ਭੌਰਾ ਨਾਸ ਹੋ ਜਾਂਦਾ ਹੈ।

ਹੇਤ ਰੋਗ ਕਾ ਸਗਲ ਸੰਸਾਰਾ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥ ੨॥

ਸਾਰੇ ਸੰਸਾਰ ਨੂੰ ਹੇਤ= ਮੋਹ ਦਾ ਰੱਗ ਹੈ। ਵਾ :- ਸੰਪੂਰਨ ਰੋਗਾਂ ਦਾ ਹੇਤ= ਕਾਰਨ ਏਹ ਸੰਸਾਰ ਹੈ। ਤ੍ਰਿਬਿਧਿ= ਤ੍ਰਿਗੁਣ ਆਤਮਕ ਮਾਇਆ ਦੇ ਰੋਗ ਵਿਚੋਂ ਹੀ ਸਾਰੇ ਵਿਕਾਰ ਵਧੇ ਹਨ। ਵਾ :- ਤਿੰਨ ਪ੍ਰਕਾਰ ਦੇ ਰੋਗ ਹਨ :- ਰਾਜਸੀ ਸ਼ਾਂਤਕੀ, ਤਾਮਸੀ। ਵਾ :- 'ਸੁਤ, ਵਿਤ, ਲੋਕ ਈਖਨਾ ਤੀਨੀ।' ਇਨ੍ਹਾਂ ਰੋਗਾਂ ਵਿਚੋਂ ਸਾਰੇ ਵਿਕਾਰ ਵਧਦੇ ਹਨ॥ ੨॥

[ਪੰਨਾ ੧੧੪੧]

ਰੋਗੇ ਮਰਤਾ ਰੋਗੇ ਜਨਮੈ॥ ਰੋਗੇ ਫਿਰਿ ਫਿਰਿ ਜੋਨੀ ਭਰਮੈ॥

ਅਗਿਆਨ ਰੂਪੀ ਰੋਗ ਵਿਚ ਮਰਦਾ ਹੈ, ਅਗਿਆਨ ਰੋਗ ਵਿਚ ਹੀ ਜੰਮਦਾ ਹੈ।

ਅਥਵਾ :- ਹੌਮੇ ਰੂਪੀ ਰੋਗ ਵਿਚ ਮਰਦਾ ਹੈ, ਹੌਮੇ ਰੂਪੀ ਰੋਗ ਵਿਚ ਜੰਮਦਾ ਹੈ।

ਅਗਿਆਨ, ਵਾ :- ਹੌਮੇ ਰੂਪੀ ਰੋਗ ਕਰ ਕੇ ਹੀ ਮੁੜ-ਮੁੜ ਕੇ ਜੂਨਾਂ ਵਿਚ ਫਿਰਦਾ ਹੈ।

ਰੋਗ ਬੰਧ ਰਹਨੁ ਰਤੀ ਨ ਪਾਵੈ॥
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥ ੩॥

ਰੋਗ ਵਿਚ ਬੱਧਾ ਹੋਇਆ ਜੀਵ ਰੋਗਾਂ ਤੋਂ ਰਹਨੁ= ਰਿਹਾਈ (ਰਹਿਤ ਹੋਣਾ) ਰਤੀ ਮਾਤਰ ਭੀ ਨਹੀਂ ਪਾਉਂਦਾ। ਸਤਿਗੁਰਾਂ ਦੀ ਕਿਰਪਾ ਤੋਂ ਬਿਨਾਂ ਏਹ ਹੌਮੇ, ਵਾ :- ਅਗਿਆਨ ਰੂਪੀ ਰੋਗ ਹੋਰ ਕਤਹਿ= ਕਿਸੇ ਪਾਸੋਂ ਭੀ, ਵਾ :- ਕਿਸੇ ਤਰ੍ਹਾਂ ਭੀ ਨਹੀਂ ਜਾ ਸਕਦਾ॥ ੩॥

ਪਾਰਬ੍ਰਹਮਿ ਜਿਸੁ ਕੀਨੀ ਦਇਆ॥ ਬਾਹ ਪਕੜਿ ਰੋਗਹੁ ਕਢਿ ਲਇਆ॥

ਜਿਸ ਪੁਰਸ਼ ਉੱਤੇ ਪਾਰਬ੍ਰਹਮ ਨੇ ਦਇਆ ਦ੍ਰਿਸ਼ਟੀ ਕੀਤੀ ਹੈ। ਉਸ ਨੂੰ ਬੁੱਧੀ ਰੂਪੀ ਬਾਂਹ ਤੋਂ ਫੜ ਕੇ ਹਉਮੈ ਰੂਪੀ ਰੋਗ ਵਿਚੋਂ ਕੱਢ ਲਿਆ ਹੈ।

ਤੂਟੇ ਬੰਧਨ ਸਾਧਸੰਗੁ ਪਾਇਆ॥
ਕਹੁ ਨਾਨਕ ਗੁਰਿ ਰੋਗੁ ਮਿਟਾਇਆ॥ ੪॥ ੭॥ ੨੦॥

ਜਿਸ ਨੇ ਸੰਤਾਂ ਦਾ ਸੰਗ ਕਰਨਾ ਪਾਇਆ ਹੈ ਉਸ ਦੇ ਅੰਦਰੋਂ ਮੋਹ ਦੇ ਬੰਧਨ ਟੁੱਟ ਗਏ ਹਨ। ਗੁਰੂ ਜੀ ਕਥਨ ਕਰਦੇ ਹਨ— ਗੁਰਾਂ ਨੇ ਉਸ ਦਾ ਹਉਮੈ ਰੂਪੀ ਰੋਗ ਮਿਟਾ ਦਿੱਤਾ ਹੈ॥ ੪॥ ੭॥ ੨੦॥

ਭੈਰਉ ਮਹਲਾ ੫॥
ਚੀਤਿ ਆਵੈ ਤਾਂ ਮਹਾ ਅਨੰਦ॥ ਚੀਤਿ ਆਵੈ ਤਾਂ ਸਭਿ ਦੁਖ ਭੰਜ॥

ਵਾਹਿਗੁਰੂ ਚੇਤੇ ਆਵੇ ਤਾਂ ਮਹਾ= ਬੜਾ ਅਨੰਦ ਪ੍ਰਾਪਤ ਹੁੰਦਾ ਹੈ। ਵਾਹਿਗੁਰੂ-ਨਾਮ ਚੇਤੇ ਆਵੇ ਤਾਂ ਸਾਰੇ ਦੁੱਖ ਭੰਜ= ਨਾਸ ਹੋ ਜਾਂਦੇ ਹਨ।

ਚੀਤਿ ਆਵੈ ਤਾਂ ਸਰਧਾ ਪੂਰੀ॥ ਚੀਤਿ ਆਵੈ ਤਾਂ ਕਬਹਿ ਨ ਝੂਰੀ॥ ੧॥

ਵਾਹਿਗੁਰੂ ਚੇਤੇ ਆਵੇ ਤਾਂ ਸਾਰੀ ਸਰਧਾ= ਇੱਛਾ ਪੂਰੀ ਹੁੰਦੀ ਹੈ। ਵਾਹਿਗੁਰੂ ਚੇਤੇ ਆਵੇ ਤਾਂ ਫਿਰ ਕਦੇ ਭੀ ਝੁਰਨਾ ਨਹੀਂ ਹੁੰਦਾ॥ ੧॥

ਅੰਤਰਿ ਰਾਮ ਰਾਇ ਪ੍ਰਗਟੇ ਆਇ॥
ਗੁਰਿ ਪੂਰੈ ਦੀਓ ਰੰਗੁ ਲਾਇ॥ ੧॥ ਰਹਾਉ॥

ਉਸ ਦੇ ਅੰਤਰਿ= ਅੰਤਹਕਰਨ ਵਿਚ ਰਾਜਾ ਰੂਪ ਰਾਮ ਆ ਕੇ ਪਰਗਟ ਹੋਏ ਹਨ। ਜਿਸ ਨੂੰ ਪੂਰਿਆਂ ਗੁਰਾਂ ਨੇ ਰਾਮ ਦਾ ਰੰਗੁ= ਪਰੇਮ ਲਗਾ ਦਿੱਤਾ ਹੈ॥ ੧॥ ਰਹਾਉ॥

ਚੀਤਿ ਆਵੈ ਤਾਂ ਸਰਬ ਕੋ ਰਾਜਾ॥ ਚੀਤਿ ਆਵੈ ਤਾਂ ਪੂਰੇ ਕਾਜਾ॥

ਜਿਸ ਨੂੰ ਵਾਹਿਗੁਰੂ ਚੇਤੇ ਆਉਂਦਾ ਹੈ ਉਹ ਤਾਂ ਸਾਰੇ ਜਗਤ ਦਾ ਰਾਜਾ ਹੋ ਜਾਂਦਾ ਹੈ। ਜਿਸ ਨੂੰ ਵਾਹਿਗੁਰੂ

ਚੇਤੇ ਆਉਂਦਾ ਹੈ, ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ।

ਚੀਤਿ ਆਵੈ ਤਾਂ ਰੰਗਿ ਗੁਲਾਲ॥ ਚੀਤਿ ਆਵੈ ਤਾਂ ਸਦਾ ਨਿਹਾਲ॥ ੨॥

ਜੇ ਕਰ ਵਾਹਿਗੁਰੂ ਚੇਤੇ ਆਵੇ ਤਾਂ ਇਸ ਨੂੰ ਗੁਲਾਲ ਰੰਗਿ=ਗਾੜ੍ਹਾ ਅਨੰਦ ਪ੍ਰਾਪਤ ਹੁੰਦਾ ਹੈ। ਜਾਂ ਵਾਹਿਗੁਰੂ ਚੇਤੇ ਆਵੇ ਤਾਂ ਇਹ ਜੀਵ ਸਦਾ ਹੀ ਨਿਹਾਲ= ਦੁਖਾਂ ਤੋਂ ਰਹਿਤ ਹੁੰਦਾ ਹੈ॥ ੨॥

ਚੀਤਿ ਆਵੈ ਤਾਂ ਸਦ ਧਨਵੰਤਾ॥ ਚੀਤਿ ਆਵੈ ਤਾਂ ਸਦ ਨਿਭਰੰਤਾ॥

ਜਾਂ ਵਾਹਿਗੁਰੂ ਚੇਤੇ ਆਵੇ ਤਾਂ ਏਹ ਸਦਾ ਧਨਵੰਤਾ= ਧਨਾਢ ਹੁੰਦਾ ਹੈ। ਜਾਂ ਵਾਹਿਗੁਰੂ ਚੇਤੇ ਆਵੇ ਤਾਂ ਏਹ ਜੀਵ ਸਦਾ ਭਰਾਂਤੀ ਤੋਂ ਰਹਿਤ ਹੁੰਦਾ ਹੈ।

ਚੀਤਿ ਆਵੈ ਤਾਂ ਸਭਿ ਰੰਗ ਮਾਣੇ॥ ਚੀਤਿ ਆਵੈ ਤਾਂ ਚੂਕੀ ਕਾਣੇ॥ ੩॥

ਜਾਂ ਵਾਹਿਗੁਰੂ ਚੇਤੇ ਆਵੇ ਤਾਂ ਸਾਰਿਆਂ ਰੰਗ= ਅਨੰਦਾ ਨੂੰ ਭੋਗਦਾ ਹੈ। ਜਾਂ ਵਾਹਿਗੁਰੂ ਚੇਤੇ ਆਵੇ ਤਾਂ ਲੋਕਾਂ ਦੀ ਕਾਣੇ= ਕਾਨ- ਕਨੌਡ ਚੁੱਕ ਜਾਂਦੀ ਹੈ। ਅਰਥਾਤ ਕਿਸੇ ਦੇ ਮੁਥਾਜ ਨਹੀਂ ਹੁੰਦਾ॥ ੩॥

ਚੀਤਿ ਆਵੈ ਤਾਂ ਸਹਜ ਘਰੁ ਪਾਇਆ॥
ਚੀਤਿ ਆਵੈ ਤਾਂ ਸੁੰਨਿ ਸਮਾਇਆ॥

ਜਾਂ ਵਾਹਿਗੁਰੂ ਚੇਤੇ ਆਵੇ ਤਾਂ ਸੁਭਾਵਕ ਹੀ ਜਾਂ ਗਿਆਨ ਦੁਆਰਾ ਸਰੂਪ-ਘਰ ਨੂੰ ਪਾ ਲੈਂਦਾ ਹੈ। ਜਾਂ ਵਾਹਿਗੁਰੂ ਚੇਤੇ ਆਵੇ ਤਾਂ ਸੁੰਨਿ= ਅਫੁਰ ਬ੍ਰਹਮ ਵਿਚ ਸਮਾਇਆ= ਅਭੇਦ ਹੁੰਦਾ ਹੈ।

ਚੀਤਿ ਆਵੈ ਸਦ ਕੀਰਤਨੁ ਕਰਤਾ॥
ਮਨੁ ਮਾਨਿਆ ਨਾਨਕ ਭਗਵੰਤਾ॥ ੪॥ ੮॥ ੨੧॥

ਜਾਂ ਵਾਹਿਗੁਰੂ ਚੇਤੇ ਆਵੇ ਤਾਂ ਏਹ ਜੀਵ ਸਦਾ ਹੀ ਉਸ ਦੀ ਕੀਰਤਨੁ= ਸਿਫਤ-ਸ਼ਾਲਾਘਾ ਕਰਦਾ ਰਹਿੰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਉਸ ਦਾ ਭਗਵੰਤ ਉੱਤੇ ਮਨ ਮੰਨਿਆ ਜਾਂਦਾ ਹੈ॥ ੪॥ ੮॥ ੨੧॥

ਭੈਰਉ ਮਹਲਾ ੫॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-

ਬਾਪੁ ਹਮਾਰਾ ਸਦ ਚਰੰਜੀਵੀ॥ ਭਾਈ ਹਮਾਰੇ ਸਦ ਹੀ ਜੀਵੀ॥

ਸਾਡੇ ਪਿਤਾ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਸਦਾ ਚਿਰੰਜੀਵੀ ਹਨ। ਸਾਡੇ ਭਰਾ ਮਹਾਂਦੇਵ ਜੀ ਜੋਗਾ ਅਭਿਆਸੀ ਹੋਣ ਕਰ ਕੇ ਸਦਾ ਹੀ ਜੀਵਨ ਅਵਸਥਾ ਵਾਲੇ ਹਨ।

ਮੀਤ ਹਮਾਰੇ ਸਦਾ ਅਬਿਨਾਸੀ॥ ਕੁਟੰਬੁ ਹਮਾਰਾ ਨਿਜ ਘਰਿ ਵਾਸੀ॥ ੧॥

ਸਾਡੇ ਮਿੱਤਰ (ਬਾਬਾ ਬੁੱਢਾ ਸਾਹਿਬ ਜੀ) ਸਦਾ ਨਾਸ ਤੋਂ ਰਹਿਤ ਹਨ। ਸਾਡਾ ਪਰਤੱਖ ਕੁਟੰਬੁ= ਪਰਿਵਾਰ, ਵਾ :- ਸਿੱਖੀ ਸੇਵਕੀ ਰੂਪ ਕੁਟੰਬ ਸਰੂਪ ਰੂਪੀ ਨਿਜ ਘਰ ਵਿਚ ਵਸ ਰਿਹਾ ਹੈ। ਵਾ :- ਆਪੋ ਆਪਣੇ ਘਰ ਵਿਚ ਸੁਖੀ ਵਸ ਰਿਹਾ ਹੈ॥ ੧॥

ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ॥
ਗੁਰਿ ਪੂਰੈ ਪਿਤਾ ਸੰਗਿ ਮੇਲੇ॥ ੧॥ ਰਹਾਉ॥

ਹਮ= ਅਸਾਂ ਨੇ ਸੁਖ ਪਾਇਆ ਹੈ ਤਾਂ ਸਾਰੇ ਸੁਹੇਲੇ= ਸੁਖੀ ਹੋ ਗਏ। ਪੂਰੇ ਗੁਰੂ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਮੇਰੇ ਪਿਤਾ ਰੂਪ ਉਹਨਾਂ ਦੇ ਨਾਲ ਮੈਨੂੰ ਪਰਮੇਸ਼ਰ ਨੇ ਮੇਲਿਆ ਹੈ॥ ੧॥ ਰਹਾਉ॥

ਮੰਦਰ ਮੇਰੇ ਸਭ ਤੇ ਊਚੇ॥ ਦੇਸ ਮੇਰੇ ਬੇਅੰਤ ਅਪੂਛੇ॥

ਮੇਰੇ ਪਰਤੱਖ ਮੰਦਰ ਵਾ :- ਸ੍ਰੀ ਹਰਿਮੰਦਰ ਸਾਹਿਬ ਸਭ ਤੋਂ ਉੱਚੇ ਹਨ। ਮੇਰੇ ਦੇਸ਼ (ਮਾਝਾ, ਮਾਲਵਾ ਆਦਿਕ) ਬੇਅੰਤ ਅਪੂਛੇ= ਬੇਅੰਤ ਤੋਂ ਬੇਅੰਤ ਹਨ।

ਰਾਜੁ ਹਮਾਰਾ ਸਦ ਹੀ ਨਿਹਚਲੁ॥ ਮਾਲੁ ਹਮਾਰਾ ਅਖੂਟੁ ਅਬੇਚਲੁ॥ ੨॥

ਸਾਡਾ ਗੁਰਿਆਈ ਗੱਦੀ ਰਾਜ, ਵਾ :- ਹੁਕਮ ਸਦਾ ਅਚੱਲ ਹੈ। ਸਾਡਾ ਪਰਤੱਖ ਮਾਲ ਜੋ ਲੰਗਰ ਲਈ ਕੱਠਾ ਹੁੰਦਾ ਹੈ, ਉਹ ਅਖੂਟੁ= ਮੁੱਕਦਾ ਨਹੀਂ ਤੇ ਅਬੇਚਲੁ= ਚਲਾਏਮਾਨ ਤੋਂ ਰਹਿਤ ਹੈ॥ ੨॥

ਸੋਭਾ ਮੇਰੀ ਸਭ ਜੁਗ ਅੰਤਰਿ॥ ਬਾਜ ਹਮਾਰੀ ਥਾਨ ਥਨੰਤਰਿ॥

ਸਾਰਿਆਂ ਜੁਗਾਂ ਅੰਤਰਿ= ਵਿਚ ਮੇਰੀ ਸ਼ੋਭਾ ਹੋ ਰਹੀ ਹੈ। ਥਾਨ ਥਨੰਤਰਾਂ ਵਿਚ ਸਾਡੀ ਬਾਜ= ਪਰਗਟਤਾ ਹੋ ਰਹੀ ਹੈ।

ਕੀਰਤਿ ਹਮਰੀ ਘਰਿ ਘਰਿ ਹੋਈ॥ ਭਗਤਿ ਹਮਾਰੀ ਸਭਨੀ ਲੋਈ॥ ੩॥

ਘਰਿ ਘਰਿ= ਹਰੇਕ ਘਰ ਵਿਚ ਸਾਡੀ ਕੀਰਤੀ ਹੋ ਰਹੀ ਹੈ। ਸਾਰਿਆਂ ਲੋਕਾਂ ਵਿਚ ਸਾਡੀ ਭਗਤੀ ਹੋ ਰਹੀ ਹੈ॥ ੩॥

ਪਿਤਾ ਹਮਾਰੇ ਪ੍ਰਗਟੇ ਮਾਝ॥ ਪਿਤਾ ਪੂਤ ਰਲਿ ਕੀਨੀ ਸਾਂਝ॥

ਸਾਡੇ ਪਿਤਾ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਮਾਝੇ ਦੇਸ਼ ਵਿਚ ਲਾਹੌਰ ਸ਼ਹਿਰ ਅੰਦਰ ਪਰਗਟ ਹੋਏ ਹਨ। ਮੈਂ ਪੁੱਤਰ ਨੇ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਮਿਲ ਕੇ ਸਾਂਝ= ਭਾਈਵਾਲੀ ਕੀਤੀ ਹੈ।

ਕਹੁ ਨਾਨਕ ਜਉ ਪਿਤਾ ਪਤੀਨੇ॥
ਪਿਤਾ ਪੂਤ ਏਕੈ ਰੰਗਿ ਲੀਨੇ॥ ੪॥ ੯॥ ੨੨॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਪਿਤਾ ਜੀ ਉੱਤੇ ਭਰੋਸੇ ਵਾਲੇ ਹੋਏ ਤਾਂ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਤੇ ਮੈਂ ਪੁੱਤਰ ਅਸੀਂ ਦੋਵੇਂ ਇਕੋ ਪ੍ਰੇਮ ਵਿਚ ਲੀਣ ਹੋ ਗਏ ਤੇ ਉਹਨਾਂ ਨੇ ਪ੍ਰਸੰਨ ਹੋ ਕੇ ਮੈਨੂੰ ਗੁਰਿਆਈ-ਗੱਦੀ ਬਖਸ਼ ਦਿੱਤੀ॥ ੪॥ ੯॥ ੨੨॥

ਦੂਸਰਾ ਅਰਥ :-

ਜਗਿਆਸੂ ਕਥਨ ਕਰਦਾ ਹੈ :—

ਬਾਪੁ ਹਮਾਰਾ ਸਦ ਚਰੰਜੀਵੀ॥ ਭਾਈ ਹਮਾਰੇ ਸਦ ਹੀ ਜੀਵੀ॥

ਸਾਡਾ ਪਿਤਾ (ਪਰਮਾਤਮਾ), ਜਾਂ ਹਮਾਰਾ= ਤਮਾਮ ਦਾ ਅਰਥਾਤ ਸਾਰਿਆਂ ਦਾ ਪਿਤਾ ਪਰਮਾਤਮਾ ਬ੍ਰਹਮ ਸਦਾ ਚਿਰੰਜੀਵੀ ਹੈ। ਸਾਡੇ ਭਾਈ= ਭਰਾ ਮਹਾਤਮਾ ਸਦਾ ਹੀ ਜੀਵਨ ਅਵਸਥਾ ਵਿਚ ਰਹਿੰਦੇ ਹਨ।

ਮੀਤ ਹਮਾਰੇ ਸਦਾ ਅਬਿਨਾਸੀ॥ ਕੁਟੰਬੁ ਹਮਾਰਾ ਨਿਜ ਘਰਿ ਵਾਸੀ॥ ੧॥

ਸਾਡੇ ਮਿੱਤਰ ਭਗਤ ਜਨ ਵੀ ਸਦਾ ਨਾਸ ਤੋਂ ਰਹਿਤ ਹਨ। ਸਾਡਾ ਇੰਦ੍ਰੀਆਂ ਰੂਪ ਕੁਟੰਬੁ= ਪ੍ਰਵਾਰ ਨਿਜ= ਆਪਣੇ ਘਰ-ਸਰੂਪ ਵਿਚ ਵਸ ਰਿਹਾ ਹੈ॥ ੧॥

ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ॥ ਗੁਰਿ ਪੂਰੈ ਪਿਤਾ ਸੰਗਿ ਮੇਲੇ॥ ੧॥ ਰਹਾਉ॥

ਜਗਿਆਸੂ ਆਖਦਾ ਹੈ— ਅਸਾਂ ਨੇ ਆਤਮ-ਸੁਖ ਪਾਇਆ ਤਾਂ ਸਾਰੇ ਹੀ ਸੁਹੇਲੇ= ਸੁਖੀ ਹੋ ਗਏ।

ਯਥਾ :- ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ *(ਪੰਨਾ ੬੧੦)*

ਪੂਰਿਆਂ ਗੁਰਾਂ ਨੇ ਪਿਤਾ= ਪਰਮੇਸ਼ਰ ਨਾਲ ਮੇਲਣਾ ਕੀਤਾ ਹੈ॥ ੧॥ ਰਹਾਉ॥

ਮੰਦਰ ਮੇਰੇ ਸਭ ਤੇ ਊਚੇ॥ ਦੇਸ ਮੇਰੇ ਬੇਅੰਤ ਅਪੂਛੇ॥

ਮੇਰੇ ਪਰੇਮ ਰੂਪ ਮੰਦਰ ਸਭ ਤੋਂ ਉੱਚੇ ਹਨ। ਮੇਰੇ ਸਾਧਨਾਂ ਰੂਪੀ ਦੇਸ਼ ਬੇਅੰਤ ਤੋਂ ਬੇਅੰਤ ਹਨ।

ਰਾਜੁ ਹਮਾਰਾ ਸਦ ਹੀ ਨਿਹਚਲੁ॥ ਮਾਲੁ ਹਮਾਰਾ ਅਖੁਟੁ ਅਬੇਚਲੁ॥ ੨॥

ਸਾਡਾ ਸਰੂਪ ਰਾਜ ਸਦਾ ਹੀ ਅਚੱਲ ਹੈ। ਸਾਡਾ ਸ਼ੁਭ ਗੁਣਾਂ ਰੂਪੀ ਮਾਲ ਅਖੁੱਟ ਹੈ ਤੇ ਅਬੇਚਲੁ= ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲਾ ਹੈ।

ਸੋਭਾ ਮੇਰੀ ਸਭ ਜੁਗ ਅੰਤਰਿ॥ ਬਾਜ ਹਮਾਰੀ ਥਾਨ ਥਨੰਤਰਿ॥

(ਜਗਿਆਸੂ ਵਲੋਂ ਗੁਰੂ ਜੀ ਕਹਿੰਦੇ ਹਨ-) ਭਗਤੀ ਦੇ ਪ੍ਰਤਾਪ ਕਰ ਕੇ ਸਾਰਿਆਂ ਜੁਗਾਂ ਅੰਦਰ ਮੇਰੀ ਸੋਭਾ ਹੋ ਰਹੀ ਹੈ ਅਤੇ ਥਾਨ ਥਨੰਤਰਿ= ਜਗ੍ਹਾ ਜਗ੍ਹਾ ਅੰਦਰ ਮੇਰੀ ਬਾਜ= ਪਰਗਟਤਾ (ਮਸ਼ਹੂਰੀ) ਹੋ ਰਹੀ ਹੈ।

ਕੀਰਤਿ ਹਮਰੀ ਘਰਿ ਘਰਿ ਹੋਈ॥ ਭਗਤਿ ਹਮਾਰੀ ਸਭਨੀ ਲੋਈ॥ ੩॥

ਸਾਡੀ ਉਪਮਾ ਘਰ-ਘਰ ਵਿਚ ਹੋ ਰਹੀ ਹੈ। ਸਾਡੀ ਭਗਤੀ ਕੀਤੀ ਹੋਈ ਸਾਰਿਆਂ ਲੋਕਾਂ ਵਿਚ ਜਾਣੀ ਗਈ ਹੈ॥ ੩॥

ਪਿਤਾ ਹਮਾਰੇ ਪ੍ਰਗਟੇ ਮਾਝ॥ ਪਿਤਾ ਪੂਤ ਗਲਿ ਕੀਨੀ ਸਾਂਝ॥

ਸਭ ਦੇ ਪਿਤਾ, ਵਾ :- ਸਾਡੇ ਪਿਤਾ ਰੂਪ ਪਰਮਾਤਮਾ ਮੇਰੇ ਹਿਰਦੇ ਮਾਝ= ਵਿਚ ਆ ਕੇ ਪਰਗਟ ਹੋਏ ਹਨ। ਪੁੱਤਰ-ਜਗਿਆਸੂ ਨੇ ਪਿਤਾ ਰੂਪ ਗੁਰਾਂ ਨਾਲ ਮਿਲ ਕੇ ਸਾਂਝ ਭਾਈਵਾਲੀ ਕੀਤੀ ਹੈ। (ਸ਼ਰਧਾ ਦੇ ਕੇ ਸ਼ੁਭ ਗੁਣ ਲੀਤੇ ਹਨ)।

ਕਹੁ ਨਾਨਕ ਜਉ ਪਿਤਾ ਪਤੀਨੇ॥ ਪਿਤਾ ਪੂਤ ਏਕੈ ਰੰਗਿ ਲੀਨੇ॥ ੪॥ ੯॥ ੨੨॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਜਗਿਆਸੂ ਨੇ ਪਿਤਾ= ਪਰਮਾਤਮਾ ਉੱਤੇ ਪਤੀਨੇ= ਭਰੋਸਾ ਕੀਤਾ। ਤਾਂ ਪਿਤਾ= ਪਰਮਾਤਮਾ ਪੂਤ= ਜਗਿਆਸੂ ਇਕ ਅਭੇਦਤਾ ਦੇ ਰੰਗਿ= ਅਨੰਦ ਵਿਚ ਲੀਣ ਹੋ ਗਏ॥ ੪॥ ੯॥ ੨੨॥

ਭੈਰਉ ਮਹਲਾ ੫॥

ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ॥ ਹਮ ਅਪਰਾਧੀ ਤੁਮ੍ ਬਖਸਾਤੇ॥

ਹੇ ਨਿਰਵੈਰ ਪੁਰਖ ਸਤਿ= ਤਿੰਨਾਂ ਸੰਮਿਆਂ ਵਿਚ ਨਾਸ ਤੋਂ ਰਹਿਤ, ਗੁਰ= ਚੇਤਨ ਪ੍ਰਭੂ ਦਾਤੇ! ਅਸੀਂ

ਤਾਂ ਅਪਰਾਧੀ= ਪਾਪੀ ਗੁਨਾਹਗਾਰ ਹਾਂ, ਆਪ ਬਖਸ਼ਣ ਵਾਲੇ ਹੋ।

ਜਿਸੁ ਪਾਪੀ ਕਉ ਮਿਲੈ ਨ ਢੋਈ॥
ਸਰਣਿ ਆਵੈ ਤਾਂ ਨਿਰਮਲੁ ਹੋਈ॥ ੧॥

ਜਿਸ ਪਾਪੀ ਪੁਰਸ਼ ਨੂੰ ਕਿਧਰੇ ਭੀ ਕੋਈ ਢੋਈ= ਆਸਰਾ, ਜਗ੍ਹਾ ਮਿਲਦੀ ਨਹੀਂ। ਜੇਕਰ ਉਹ ਆਪ ਜੀ ਦੀ ਸ਼ਰਨ ਵਿਚ ਆ ਜਾਵੇ ਤਾਂ ਉਸ ਦਾ ਮਨ ਨਿਰਮਲ ਹੋ ਜਾਂਦਾ ਹੈ॥ ੧॥

ਸੁਖੁ ਪਾਇਆ ਸਤਿਗੁਰੂ ਮਨਾਇ॥
ਸਭ ਫਲ ਪਾਏ ਗੁਰੂ ਧਿਆਇ॥ ੧॥ ਰਹਾਉ॥

ਸਤਿਗੁਰਾਂ ਨੂੰ ਮਨਾ ਕੇ ਸੁਖ ਪਾਇਆ ਹੈ ਅਤੇ ਗੁਰੂ ਦਾ ਧਿਆਨ ਧਾਰ ਕੇ ਸਾਰੇ ਫਲ ਪਾਏ ਹਨ॥ ੧॥ ਰਹਾਉ॥

ਪਾਰਬ੍ਰਹਮ ਸਤਿਗੁਰ ਆਦੇਸੁ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ॥

ਹੇ ਪਾਰਬ੍ਰਹਮ ਸਤਿ= ਤਿੰਨਾਂ ਸਮਿਆਂ ਵਿਚ ਨਾਸ ਤੋਂ ਰਹਿਤ ਗੁਰ= ਚੇਤਨ, ਵਾ :- ਪੂਜਨੀਕ ਆਪ ਜੀ ਨੂੰ ਮੇਰੀ ਆਦੇਸੁ= ਨਮਸਕਾਰ ਹੈ। ਮੇਰਾ ਮਨ ਤਨ ਤੇਰਾ ਹੈ ਅਤੇ ਸਾਰੇ ਦੇਸੁ= ਇੰਦ੍ਰੀਏ ਭੀ ਤੇਰੇ ਹਨ।

ਚੂਕਾ ਪੜਦਾ ਤਾਂ ਨਦਰੀ ਆਇਆ॥ ਖਸਮੁ ਤੂਹੈ ਸਭਨਾ ਕੇ ਰਾਇਆ॥ ੨॥

ਜਿਸ ਵੇਲੇ ਭਰਮ ਵਾ :- ਅਗਿਆਨ ਰੂਪ ਪੜਦਾ ਚੁੱਕ ਗਿਆ ਤਾਂ ਏਹ ਨਿਗਾਹ ਆਇਆ ਹੈ ਕਿ ਹੇ ਰਾਜਨ! ਤੂੰ ਹੀ ਸਾਰਿਆਂ ਦਾ ਖਸਮੁ= ਮਾਲਕ ਹੈਂ॥ ੨॥

ਤਿਸੁ ਭਾਣਾ ਸੂਕੇ ਕਾਸਟ ਹਰਿਆ॥
ਤਿਸੁ ਭਾਣਾ ਤਾਂ ਥਲ ਸਿਰਿ ਸਰਿਆ॥

ਉਸ ਪ੍ਰਭੂ ਦਾ ਭਾਣਾ ਮੰਨਿਆ ਜਾਂ ਉਸ ਪ੍ਰਭੂ ਨੂੰ ਭਾ ਗਿਆ ਤਾਂ ਸੂਕੇ ਕਾਸਟ= ਸ਼ੂਲੀ ਹਰੀ ਹੋ ਗਈ।

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ *(ਪੰਨਾ ੧੦)*

ਵਾ :- ਸੂਕੇ ਕਾਸਟ= ਸੁੱਕੀ ਲੱਕੜ ਵਾਂਗ ਅੰਤਹਕਰਨ ਸ਼ੁਭ ਗੁਣਾਂ ਨਾਲ ਹਰਿਆ ਹੋ ਗਿਆ। ਉਸ ਪਰਮੇਸ਼ਰ ਨੂੰ ਭਾ ਗਿਆ ਤਾਂ ਥਲਾਂ ਦੇ ਸਿਰ 'ਤੇ ਪਰਤਖ ਸਰਿਆ= ਨਦੀਆਂ ਦੇ ਪਰਵਾਹ ਚੱਲ ਪਏ। ਵਾ :- ਉਸ ਪਰਮੇਸ਼ਰ ਨੂੰ ਭਾ ਗਿਆ ਤਾਂ ਥਲਿ= ਰੇਤ ਦੇ ਟਿਬਿਆਂ ਸਮਾਨ ਖੁਸ਼ਕ ਤੇ ਹੰਕਾਰੀ ਜਿਨ੍ਹਾਂ ਦੇ ਅੰਤਹਕਰਨ ਸਨ, ਉਹਨਾਂ ਦੇ ਸਿਰ 'ਤੇ ਪਰੇਮ ਰੂਪ ਨਦੀਆਂ ਦੇ ਪਰਵਾਹ ਚੱਲ ਪਏ।

ਤਿਸੁ ਭਾਣਾ ਤਾਂ ਸਭਿ ਫਲ ਪਾਏ॥
ਚਿੰਤ ਗਈ ਲਗਿ ਸਤਿਗੁਰ ਪਾਏ॥ ੩॥

ਜਾਂ ਉਸ ਪ੍ਰਭੂ ਦਾ ਭਾਣਾ ਮੰਨਿਆ ਤਾਂ (ਧਰਮ, ਅਰਥ, ਕਾਮ, ਮੋਖ ਰੂਪ) ਸਾਰੇ ਫਲ ਪਾਏ ਹਨ। ਸਤਿਗੁਰਾਂ ਦੀ ਪਾਏ= ਚਰਣੀ ਲੱਗਣ ਕਰ ਕੇ ਸਾਰੀ ਚਿੰਤਾ ਚਲੀ ਗਈ ਹੈ॥ ੩॥

[ਪੰਨਾ ੧੧੪੨]

ਹਰਾਮਖੋਰ ਨਿਰਗੁਣ ਕਉ ਤੂਠਾ ॥
ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ ॥

ਜਿਸ ਵੇਲੇ ਮੈਂ ਗੁਣਾਂ ਤੋਂ ਹੀਣੇ ਹਰਾਮਖੋਰ ਉੱਤੇ ਆਪ ਪ੍ਰਭੂ ਤੂਠਾ= ਪਰਸੰਨ ਹੋਇਆ ਤੇ ਉਸ ਦਾ ਨਾਮ-ਅੰਮ੍ਰਿਤ ਮਨ ਵਿਚ ਵਸਿਆ ਤਾਂ ਮਨ ਤਨ ਸੀਤਲ ਹੋ ਗਿਆ।

ਪਾਰਬ੍ਰਹਮ ਗੁਰ ਭਏ ਦਇਆਲਾ ॥
ਨਾਨਕ ਦਾਸ ਦੇਖਿ ਭਏ ਨਿਹਾਲਾ ॥ ੪ ॥ ੧੦ ॥ ੨੩ ॥

ਜਿਸ ਵੇਲੇ ਪਾਰਬ੍ਰਹਮ ਰੂਪ ਗੁਰੂ ਦਿਆਲੂ ਹੋਏ। ਗੁਰੂ ਜੀ ਕਥਨ ਕਰਦੇ ਹਨ— ਉਸ ਵੇਲੇ ਮੈਂ ਦਾਸ ਉਸ ਨੂੰ ਦੇਖ ਕੇ ਨਿਹਾਲ ਹੋ ਗਿਆ ॥ ੪ ॥ ੧੦ ॥ ੨੩ ॥

ਭੈਰਉ ਮਹਲਾ ੫ ॥
ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥

ਮੇਰਾ ਸਤਿਗੁਰੂ ਬੇ-ਮੁਥਾਜ ਹੈ। ਮੇਰੇ ਸਤਿਗੁਰਾਂ ਦਾ ਸਾਰਾ ਸ਼ੁਭ ਗੁਣਾਂ ਦਾ ਸਾਜੁ= ਬਣਾਉ ਸੱਚਾ ਹੈ।

ਵਾ :- ਸੱਚ ਦੇ ਸਜਾਉਣ ਵਾਲੇ ਅਰਥਾਤ ਪਰਾਪਤ ਕਰਨ ਵਾਲੇ ਹਨ।

ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥ ੧ ॥

ਮੇਰਾ ਸਤਿਗੁਰੂ ਸਭ ਪਦਾਰਥਾਂ ਦਾ ਦਾਤਾ ਹੈ। ਮੇਰਾ ਸਤਿਗੁਰੂ ਫਲਬਰ ਦਾਤਾ ਪੁਰਖ ਹੈ। ਅਰਥਾਤ ਜੀਵ ਦੇ ਕੀਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈ ॥ ੧ ॥

ਗੁਰ ਜੈਸਾ ਨਾਹੀ ਕੋ ਦੇਵ ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥ ੧ ॥ ਰਹਾਉ ॥

ਗੁਰੂ ਵਰਗਾ ਹੋਰ ਕੋਈ ਦੇਵਤਾ ਨਹੀਂ ਹੈ। ਜਿਸ ਦੇ ਮੱਥੇ ਦੇ ਭਾਗ ਚੰਗੇ ਹਨ, ਓਹੀ ਗੁਰਾਂ ਦੀ ਸੇਵਾ ਵਿਚ ਲੱਗਾ ਹੈ ॥ ੧ ॥ ਰਹਾਉ ॥

ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥

ਮੇਰਾ ਸਤਿਗੁਰੂ ਹੀ ਸਭ ਦੀ ਪ੍ਰਤਿਪਾਲੈ= ਪਾਲਣਾ ਕਰਦਾ ਹੈ। ਮੇਰਾ ਸਤਿਗੁਰੂ ਮਾਰਨ ਤੇ ਜਿਵਾਉਣ ਨੂੰ ਸਮੱਰਥ ਹੈ, ਵਾ :- ਮਰਿਆਂ ਹੋਇਆਂ ਨੂੰ ਜਿਵਾਉਣ ਵਾਲਾ ਹੈ।

ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥ ੨ ॥

ਮੇਰੇ ਸਤਿਗੁਰੂ ਦੀ ਵਡਿਆਈ। ਸਾਰੀਆਂ ਜਗ੍ਹਾਂ 'ਤੇ ਪਰਗਟ ਹੋ ਰਹੀ ਹੈ ॥ ੨ ॥

ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ ॥

ਮੇਰਾ ਸਤਿਗੁਰੂ ਹੀ ਨਿਤਾਣਿਆਂ ਦਾ ਤਾਣ ਰੂਪ ਹੈ, ਵਾ :- ਮੈਂ ਨਿਤਾਣੇ ਦਾ ਤਾਣੁ= ਬਲ ਰੂਪ ਹੈ। ਸਤਿਗੁਰੂ ਹੀ ਮੇਰਾ ਘਰ ਤੇ ਦੀਬਾਣੁ= ਆਸਰਾ ਰੂਪ ਹੈ, ਵਾ :- ਮੇਰੇ ਘਰ ਦਾ ਆਸਰਾ ਰੂਪ ਹੈ।

ਸਤਿਗੁਰ ਕੈ ਹਉ ਸਦ ਬਲਿ ਜਾਇਆ ॥

ਹਉ= ਮੈਂ ਸਤਿਗੁਰਾਂ ਤੋਂ ਸਦਾ ਬਲਿਹਾਰ ਜਾਇਆ= ਜਾਂਦਾ ਹਾਂ।

ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥ ੩ ॥

ਜਿਸ ਗੁਰੂ ਨੇ ਮੈਨੂੰ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ= ਰਾਹ ਪਰਗਟ ਕਰ ਕੇ ਵਿਖਾ ਦਿੱਤਾ ਹੈ॥ ੩ ॥

ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥

ਜਿਸ ਨੇ ਗੁਰੂ ਦੀ ਸੇਵਾ ਕੀਤੀ ਹੈ, ਉਸ ਨੂੰ ਕੋਈ ਡਰ ਨਹੀਂ ਬਿਆਪੈ= ਲੱਗਦਾ।

ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥

ਜਿਸ ਨੇ ਗੁਰੂ ਦੀ ਸੇਵਾ ਕੀਤੀ ਹੈ, ਉਸ ਨੂੰ ਦੁੱਖ ਸਤਾਉਂਦਾ ਨਹੀਂ ਹੈ।

ਨਾਨਕ ਸੋਧੇ ਸਿੰਮ੍ਰਿਤਿ ਬੇਦ ॥

ਪਾਰਬ੍ਰਹਮ ਗੁਰ ਨਾਹੀ ਭੇਦ ॥ ੪ ॥ ੧੧ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ— ਅਸਾਂ ਨੇ (ਚਾਰੇ) ਵੇਦ ਤੇ (ਸਤਾਈ) ਸਿੰਮ੍ਰਿਤੀਆਂ ਨੂੰ ਸੋਧ ਕੇ ਜਾਣਿਆਂ ਹੈ ਕਿ ਪਾਰਬ੍ਰਹਮ ਤੇ ਗੁਰੂ ਵਿਚ ਕੋਈ ਭੇਦ= ਫ਼ਰਕ ਨਹੀਂ ਹੈ, ਅਰਥਾਤ ਦੋਵੇਂ ਇਕ ਸਰੂਪ ਹੀ ਹਨ॥ ੪ ॥ ੧੧ ॥ ੨੪ ॥

ਭੈਰਉ ਮਹਲਾ ੫ ॥

ਪ੍ਰਭੂ ਦੇ ਨਾਮ-ਸਿਮਰਨ ਦਾ ਮਹਾਤਮ ਦੱਸਦੇ ਹਨ-

ਨਾਮੁ ਲੈਤ ਮਨੁ ਪਰਗਟੁ ਭਇਆ ॥ ਨਾਮੁ ਲੈਤ ਪਾਪੁ ਤਨ ਤੇ ਗਇਆ ॥

ਵਾਹਿਗੁਰੂ-ਨਾਮ ਲੈਣ ਕਰ ਕੇ ਮਨ ਵਿਚ ਪਰਮਾਤਮਾ ਪਰਗਟ ਹੋਇਆ ਹੈ। ਵਾ :- ਮਨ= ਜੀਵ ਸੰਸਾਰ ਵਿਚ ਪਰਗਟ ਹੋਇਆ ਹੈ। ਵਾਹਿਗੁਰੂ ਨਾਮ ਲੈਂਦਿਆਂ ਹੀ ਪਾਪਾਂ ਦਾ ਸਮੁਦਾਅ ਸਰੀਰ 'ਚੋਂ ਨਿਕਲ ਗਿਆ ਹੈ।

ਨਾਮੁ ਲੈਤ ਸਗਲ ਪੁਰਬਾਇਆ ॥

ਨਾਮੁ ਲੈਤ ਅਠਸਠਿ ਮਜਨਾਇਆ ॥ ੧ ॥

ਵਾਹਿਗੁਰੂ-ਨਾਮ ਲੈਣ ਨਾਲ ਸਾਰਿਆਂ ਪੁਰਬਾਂ ਦਾ ਫਲ ਪਰਾਪਤ ਹੁੰਦਾ ਹੈ। ਵਾਹਿਗੁਰੂ-ਨਾਮ ਲੈਣ ਨਾਲ ਅਠਾਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ॥ ੧ ॥

ਤੀਰਥੁ ਹਮਰਾ ਹਰਿ ਕੋ ਨਾਮੁ ॥

ਗੁਰਿ ਉਪਦੇਸਿਆ ਤਤੁ ਗਿਆਨ ॥ ੧ ॥ ਰਹਾਉ ॥

ਹਰੀ ਦਾ ਨਾਮ ਹੀ ਸਾਡਾ ਅਸਲ ਤੀਰਥ ਹੈ। ਗੁਰਾਂ ਨੇ ਸਾਨੂੰ ਯਥਾਰਥ ਗਿਆਨ ਦਾ ਉਪਦੇਸ਼ ਦੇਣਾ

ਕੀਤਾ ਹੈ॥ ੧॥ ਰਹਾਉ॥

ਨਾਮੁ ਲੈਤ ਦੁਖੁ ਦੂਰਿ ਪਰਾਨਾ॥ ਨਾਮੁ ਲੈਤ ਅਤਿ ਮੂੜ ਸੁਗਿਆਨਾ॥

ਵਾਹਿਗੁਰੂ ਨਾਮ ਲੈਂਦਿਆਂ ਸਾਰਾ ਦੁੱਖ ਦੂਰ ਪਰਾਨਾ= ਦੌੜ ਗਿਆ। ਵਾਹਿਗੁਰੂ ਨਾਮ ਲੈਣ ਨਾਲ ਵੱਡਾ ਮੂਰਖ ਭੀ ਸ੍ਰੇਸ਼ਟ ਗਿਆਨਵਾਨ ਹੁੰਦਾ ਹੈ।

ਨਾਮੁ ਲੈਤ ਪਰਗਟਿ ਉਜੀਆਰਾ॥ ਨਾਮੁ ਲੈਤ ਛੁਟੇ ਜੰਜਾਰਾ॥ ੨॥

ਵਾਹਿਗੁਰੂ ਨਾਮ ਲੈਂਦਿਆਂ ਪਰਗਟਿ= ਜ਼ਾਹਿਰ ਹੀ ਅੰਤਹਕਰਨ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਵਾਹਿਗੁਰੂ ਨਾਮ ਲੈਂਦਿਆਂ ਸਾਰੇ ਜੰਜਾਲ ਛੁੱਟ ਜਾਂਦੇ ਹਨ॥ ੨॥

ਨਾਮੁ ਲੈਤ ਜਮੁ ਨੇੜਿ ਨ ਆਵੈ॥ ਨਾਮੁ ਲੈਤ ਦਰਗਹ ਸੁਖੁ ਪਾਵੈ॥

ਵਾਹਿਗੁਰੂ ਨਾਮ ਲੈਂਦਿਆਂ ਜਮ ਨੇੜੇ ਨਹੀਂ ਆਉਂਦਾ। ਵਾਹਿਗੁਰੂ ਨਾਮ ਲੈਂਦਿਆਂ ਜੀਵ ਪ੍ਰਲੋਕ ਦਰਗਾਹ ਵਿਚ ਸੁਖ ਪਾਉਂਦਾ ਹੈ।

ਨਾਮੁ ਲੈਤ ਪ੍ਰਭੁ ਕਹੈ ਸਾਬਾਸਿ॥ ਨਾਮੁ ਹਮਾਰੀ ਸਾਚੀ ਰਾਸਿ॥ ੩॥

ਪ੍ਰਭੂ ਦਾ ਨਾਮ ਲੈਂਦਿਆਂ ਸਭ ਕੋਈ ਧੰਨ ਧੰਨ ਕਹਿੰਦਾ ਹੈ। ਵਾ :- ਨਾਮ ਲੈਂਦਿਆਂ ਪ੍ਰਭੂ ਵੀ ਧੰਨ ਕਹਿੰਦਾ ਹੈ। ਪਰਮੇਸ਼ਰ ਦਾ ਨਾਮ ਹੀ ਸਾਡੀ ਸੱਚੀ ਰਾਸਿ= ਪੂੰਜੀ ਹੈ॥ ੩॥

ਗੁਰਿ ਉਪਦੇਸੁ ਕਹਿਓ ਇਹੁ ਸਾਰੁ॥ ਹਰਿ ਕੀਰਤਿ ਮਨ ਨਾਮੁ ਅਧਾਰੁ॥

ਏਹ ਸਾਰੁ= ਸ੍ਰੇਸ਼ਟ ਉਪਦੇਸ਼ ਗੁਰਾਂ ਨੇ ਕਿਹਾ ਹੈ ਕਿ ਹਰੀ ਦੀ ਕੀਰਤੀ ਕਰ। ਅਤੇ ਮਨ ਵਿਚ ਨਾਮ ਦਾ ਅਧਾਰੁ= ਆਸਰਾ ਗ੍ਰਹਿਣ ਕਰ।

ਨਾਨਕ ਉਧਰੇ ਨਾਮ ਪੁਨਹਚਾਰ॥
ਅਵਰਿ ਕਰਮ ਲੋਕਹ ਪਤੀਆਰ॥ ੪॥ ੧੨॥ ੨੫॥

ਗੁਰੂ ਜੀ ਕਥਨ ਕਰਦੇ ਹਨ— ਅਸੀਂ ਨਾਮ ਰੂਪੀ ਪੁਨਹਚਾਰ= ਪ੍ਰਾਸਚਿਤ ਕਰ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਾਂ। ਨਾਮ ਤੋਂ ਬਿਨਾਂ ਅਵਰੁ= ਹੋਰ ਜੇਹੜੇ ਕਰਮ ਕਰਨੇ ਹਨ, ਏਹ ਲੋਕਹ= ਲੋਕਾਂ ਦੇ ਪਤੀਆਰ= ਭਰੋਸੇ ਵਾਸਤੇ ਹਨ॥ ੪॥ ੧੨॥ ੨੫॥

ਭੈਰਉ ਮਹਲਾ ੫॥

ਨਮਸਕਾਰ ਤਾ ਕਉ ਲਖ ਬਾਰ॥ ਇਹੁ ਮਨੁ ਦੀਜੈ ਤਾ ਕਉ ਵਾਰਿ॥

ਹੇ ਭਾਈ ! ਉਸ ਪਰਮਾਤਮਾ ਨੂੰ ਲੱਖਾਂ ਵੇਰੀ ਨਮਸਕਾਰ ਕਰ। ਏਹ ਆਪਣਾ ਮਨ ਉਸ ਤੋਂ ਕੁਰਬਾਨ ਕਰ ਦੇ।

ਸਿਮਰਨਿ ਤਾ ਕੈ ਮਿਟਹਿ ਸੰਤਾਪ॥
ਹੋਇ ਅਨੰਦੁ ਨ ਵਿਆਪਹਿ ਤਾਪ॥ ੧॥

ਉਸ ਦੇ ਨਾਮ-ਸਿਮਰਨ ਕਰ ਕੇ ਸਾਰੇ ਦੁੱਖ ਮਿਟ ਜਾਂਦੇ ਹਨ ਅਤੇ ਅਨੰਦ ਪ੍ਰਾਪਤ ਹੁੰਦਾ ਹੈ, ਫਿਰ ਕਦੇ

ਭੀ ਤਾਪ= ਦੁੱਖ ਵਿਆਪਦਾ ਨਹੀਂ॥ ੧॥

ਐਸੋ ਹੀਰਾ ਨਿਰਮਲ ਨਾਮ॥
ਜਾਸੁ ਜਪਤ ਪੂਰਨ ਸਭਿ ਕਾਮ॥ ੧॥ ਰਹਾਉ॥

ਉਸ ਪ੍ਰਭੂ ਦਾ ਨਾਮ ਅਜੇਹਾ ਨਿਰਮਲ ਹੀਰਾ ਹੈ। ਜਿਸ ਨਾਮ ਦੇ ਜਪਦਿਆਂ ਸਾਰੇ ਕੰਮ ਪੂਰਨ ਹੁੰਦੇ ਹਨ॥ ੧॥ ਰਹਾਉ॥

ਜਾ ਕੀ ਦ੍ਰਿਸਟਿ ਦੁਖ ਡੇਰਾ ਢਹੈ॥ ਅੰਮ੍ਰਿਤ ਨਾਮੁ ਸੀਤਲੁ ਮਨਿ ਗਹੈ॥

ਜਿਸ ਦੀ ਕਿਰਪਾ ਦ੍ਰਿਸ਼ਟੀ ਨਾਲ ਦੁੱਖਾਂ ਦਾ ਡੇਰਾ (ਅਗਿਆਨ) ਢਹਿ ਜਾਂਦਾ ਹੈ। ਉਸ ਦੇ ਨਾਮ-ਅੰਮ੍ਰਿਤ ਦੀ ਪ੍ਰਾਪਤੀ ਹੋਣ ਕਰ ਕੇ ਮਨ ਸੀਤਲੁ= ਸ਼ਾਂਤੀ ਨੂੰ ਗ੍ਰਹਿਣ ਕਰਦਾ ਹੈ।

ਅਨਿਕ ਭਗਤ ਜਾ ਕੇ ਚਰਨ ਪੂਜਾਰੀ॥
ਸਗਲ ਮਨੋਰਥ ਪੂਰਨਹਾਰੀ॥ ੨॥

ਅਨੇਕਾਂ ਭਗਤ ਜਿਸ ਪਰਮੇਸ਼ਰ ਦੇ ਚਰਨਾਂ ਦੇ ਪੁਜਾਰੀ ਹਨ। ਉਹ ਸਾਰਿਆਂ ਮਨੋਰਥਾਂ ਦੇ ਪੂਰਨ ਕਰਨ ਵਾਲਾ ਹੈ। ਵਾ :- ਉਸ ਦੀ ਭਗਤੀ ਸਾਰਿਆਂ ਸੰਕਲਪਾਂ ਦੇ ਪੂਰਨ ਕਰਨ ਵਾਲੀ ਹੈ॥ ੨॥

ਖਿਨ ਮਹਿ ਊਣੇ ਸੁਭਰ ਭਰਿਆ॥ ਖਿਨ ਮਹਿ ਸੂਕੇ ਕੀਨੇ ਹਰਿਆ॥

ਜਿਸ ਪਰਮਾਤਮਾ ਨੇ ਇਕ ਛਿਨ ਵਿਚ ਊਣਿਆਂ ਨੂੰ ਸੁਭਰ= ਲਬਾ ਲਬ ਭਰ ਦਿੱਤਾ ਹੈ ਅਤੇ ਇਕ ਖਿਨ ਵਿਚ ਸੁੱਕੇ ਅੰਤਹਕਰਨ ਨੂੰ ਸ਼ੁਭ ਗੁਣਾਂ ਨਾਲ ਹਰਾ ਕਰ ਦਿੱਤਾ ਹੈ।

ਖਿਨ ਮਹਿ ਨਿਥਾਵੇ ਕਉ ਦੀਨੋ ਥਾਨੁ॥
ਖਿਨ ਮਹਿ ਨਿਮਾਣੇ ਕਉ ਦੀਨੋ ਮਾਨੁ॥ ੩॥

ਜਿਸ ਨੇ ਇਕ ਖਿਨ ਵਿਚ ਨਿਥਾਵੇਂ ਪੁਰਸ਼ ਨੂੰ ਬੈਠਣ ਲਈ ਪ੍ਰਤਖ, ਵਾ :- ਸਰੂਪ ਥਾਂ ਦਿੱਤਾ ਹੈ ਅਤੇ ਜਿਸ ਨੇ ਇਕ ਖਿਨ ਵਿਚ ਨਿਮਾਣੇ ਪੁਰਸ਼ ਨੂੰ ਮਾਣ ਦਿੱਤਾ ਹੈ॥ ੩॥

[ਪੰਨਾ ੧੧੪੩]

ਸਭ ਮਹਿ ਏਕੁ ਰਹਿਆ ਭਰਪੂਰਾ॥ ਸੋ ਜਾਪੈ ਜਿਸੁ ਸਤਿਗੁਰੁ ਪੂਰਾ॥

ਉਹ ਇਕੋ ਹਰੀ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ। ਉਸ ਨੂੰ ਓਹੀ ਪੁਰਸ਼ ਜਾਪੈ= ਜਾਣਦਾ ਹੈ, ਜਿਸ ਨੂੰ ਪੂਰੇ ਸਤਿਗੁਰੂ ਮਿਲੇ ਹਨ।

ਹਰਿ ਕੀਰਤਨੁ ਤਾ ਕੋ ਆਧਾਰੁ॥
ਕਹੁ ਨਾਨਕ ਜਿਸੁ ਆਪਿ ਦਇਆਰੁ॥ ੪॥ ੧੩॥ ੨੬॥

ਉਸ ਨੂੰ ਹਰੀ ਦੇ ਕੀਰਤਨ ਦਾ ਅਧਾਰੁ= ਆਸਰਾ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਜਿਸ ਉੱਤੇ ਪਰਮੇਸ਼ਰ ਆਪ ਦਿਆਲੂ ਹੁੰਦਾ ਹੈ॥ ੪॥ ੧੩॥ ੨੬॥

ਭੈਰਉ ਮਹਲਾ ੫ ॥

ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ ॥

ਮੈਂ ਦੁਹਾਗਨਿ=ਛੁੱਟੜ ਨੂੰ ਪ੍ਰਭੂ ਨੇ ਆਪ ਹੀ ਸ਼ੁਭ ਗੁਣਾਂ ਰੂਪੀ ਸ਼ਿੰਗਾਰਾਂ ਨਾਲ ਸ਼ਿੰਗਾਰਿਆ ਹੈ। ਨਾਮਿ= ਪਰਮਾਤਮਾ ਨੇ ਸਫਾਈ ਰੂਪੀ ਰੂਪ ਤੇ ਰੰਗ= ਪਰੇਮ ਦੇ ਕੇ ਆਪ ਹੀ ਮੇਰੀ ਬੁੱਧੀ ਸਵਾਰੀ ਹੈ।

ਮਿਟਿਓ ਦੁਖੁ ਅਰੁ ਸਗਲ ਸੰਤਾਪ ॥ ਗੁਰ ਹੋਏ ਮੇਰੇ ਮਾਈ ਬਾਪ ॥ ੧ ॥

ਸਾਰੇ ਦੁੱਖ ਅਤੇ ਸੰਤਾਪ ਮਿਟ ਗਏ ਹਨ। ਮਾਂ ਬਾਪ ਦੀ ਤਰ੍ਹਾਂ ਗੁਰੂ ਹੀ ਮੇਰੇ ਸਹਾਈ ਹੋਏ ਹਨ॥ ੧ ॥

ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ ॥

ਕਰਿ ਕਿਰਪਾ ਭੇਟੇ ਮੋਹਿ ਕੰਤ ॥ ੧ ॥ ਰਹਾਉ ॥

ਸਖੀ ਸਹੇਰੀ= ਹੇ ਪਿਆਰੀ ਸਖੀ ! ਜਿਸ ਵੇਲੇ ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਪਤੀ ਮਿਲੇ ਤਾਂ ਗ੍ਰਿਹਸਤ ਦੇ ਵਿਚ ਹੀ ਮੈਨੂੰ ਅਨੰਦ ਪ੍ਰਾਪਤ ਹੋ ਗਿਆ॥ ੧ ॥ ਰਹਾਉ ॥

ਤਪਤਿ ਬੁਝੀ ਪੂਰਨ ਸਭ ਆਸਾ ॥ ਮਿਟੇ ਅੰਧੇਰ ਭਏ ਪਰਗਾਸਾ ॥

ਈਰਖਾ ਰੂਪ ਤਪਸ਼ਤਾ ਬੁਝ ਗਈ ਹੈ ਅਤੇ ਸਭ ਆਸਾ ਪੂਰਨ ਹੋ ਗਈ ਹੈ। ਗਿਆਨ ਦਾ ਪ੍ਰਕਾਸ਼ ਹੋਣ ਨਾਲ ਅਗਿਆਨਤਾ ਦੇ ਹਨੇਰੇ ਦੂਰ ਹੋ ਗਏ ਹਨ।

ਅਨਹਦ ਸਬਦ ਅਚਰਜ ਬਿਸਮਾਦ ॥ ਗੁਰੁ ਪੂਰਾ ਪੂਰਾ ਪਰਸਾਦ ॥ ੨ ॥

ਜਿਸ ਵੇਲੇ ਪੂਰਿਆਂ ਗੁਰਾਂ ਦਾ ਪੂਰਨ ਪਰਸਾਦ= ਅਨਿਗ੍ਰਹੁ ਹੋਇਆ ਤਾਂ ਅਸਚਰਜ ਤੋਂ ਅਸਚਰਜ, ਜੋ ਅਨ-ਹਦ ਤੋਂ ਰਹਿਤ ਸਬਦ= ਬ੍ਰਹਮ ਹੈ, ਉਸ ਦੀ ਪਰਾਪਤੀ ਹੋਈ॥ ੨ ॥

ਜਾ ਕਉ ਪ੍ਰਗਟ ਭਏ ਗੋਪਾਲ ॥ ਤਾ ਕੈ ਦਰਸਨਿ ਸਦਾ ਨਿਹਾਲ ॥

ਜਿਸ ਨੂੰ ਗੋਪਾਲ ਜੀ ਪਰਗਟ ਹੋਏ ਹਨ। ਉਸ ਗੁਰਮੁਖ ਦੇ ਦਰਸ਼ਨ ਕਰਨ ਨਾਲ ਹੋਰ ਜੀਵ ਭੀ ਸਦਾ ਨਿਹਾਲ= ਕ੍ਰਿਤ ਕ੍ਰਿਤ, ਵਾ :- ਦੁੱਖਾਂ ਤੋਂ ਰਹਿਤ ਹੁੰਦੇ ਹਨ।

ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥

ਜਾ ਕਉ ਸਤਿਗੁਰਿ ਦੀਓ ਨਾਮ ॥ ੩ ॥

ਸਾਰੇ ਸ਼ੁਭ ਗੁਣ ਅਤੇ ਬਹੁਤ ਸਾਰੇ ਉਸ ਨੂੰ ਨਿਧਾਨ= ਖਜ਼ਾਨੇ ਪ੍ਰਾਪਤ ਹੋਏ ਹਨ। ਜਿਸ ਪੁਰਸ਼ ਨੂੰ ਸਤਿਗੁਰਾਂ ਨੇ ਨਾਮ ਦਾਨ ਦਿੱਤਾ ਹੈ॥ ੩ ॥

ਜਾ ਕਉ ਭੇਟਿਓ ਠਾਕੁਰੁ ਅਪਨਾ ॥

ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥

ਜਿਸ ਪੁਰਸ਼ ਨੂੰ ਆਪਣਾ ਸੁਆਮੀ ਪਰਮਾਤਮਾ ਮਿਲਿਆ ਹੈ। ਹਰਿ ਹਰਿ ਨਾਮ ਜਪਣ ਕਰ ਕੇ ਉਸ ਦਾ ਆਪਣਾ ਮਨ ਤਨ ਸੀਤਲ ਹੋਇਆ ਹੈ।

ਕਹੁ ਨਾਨਕ ਜੋ ਜਨ ਪ੍ਰਭ ਭਾਏ॥
ਤਾ ਕੀ ਰੇਨੁ ਬਿਰਲਾ ਕੋ ਪਾਏ॥ ੪॥ ੧੪॥ ੨੭॥

ਗੁਰੂ ਜੀ ਕਥਨ ਕਰਦੇ ਹਨ-ਜੋ ਭਗਤ ਜਨ ਪ੍ਰਭੂ ਨੂੰ ਭਾ ਗਏ ਹਨ। ਕੋਈ ਵਿਰਲਾ ਪੁਰਸ਼ ਹੀ ਉਹਨਾਂ ਦੀ ਚਰਨ-ਧੂੜੀ ਨੂੰ ਪਾਉਂਦਾ ਹੈ॥ ੪॥ ੧੪॥ ੨੭॥

ਭੈਰਉ ਮਹਲਾ ੫॥

ਚਿਤਵਤ ਪਾਪ ਨ ਆਲਕੁ ਆਵੈ॥ ਬੇਸੁਆ ਭਜਤ ਕਿਛੁ ਨਹ ਸਰਮਾਵੈ॥

ਏਹ ਜੀਵ ਅਜੇਹਾ ਪਰਮਾਦੀ ਹੈ, ਪਾਪ ਕਰਮ ਚਿਤਵਦਿਆਂ ਅਰਥਾਤ ਭੈੜੇ ਖਿਆਲ ਕਰਦਿਆਂ ਕਦੇ ਇਸ ਨੂੰ ਆਲਕੁ= ਆਲਸ ਨਹੀਂ ਆਉਂਦਾ। ਵੇਸ਼ਵਾ ਨਾਲ ਭਜਤ= ਵਿਸ਼ੇ-ਭੋਗ ਭੋਗਦਿਆਂ ਭੀ ਕੁਝ ਸ਼ਰਮ ਨਹੀਂ ਕਰਦਾ।

ਸਾਰੋ ਦਿਨਸੁ ਮਜੂਰੀ ਕਰੈ॥ ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ॥ ੧॥

(ਇਸਤ੍ਰੀ ਪੁੱਤਰ ਆਦਿਕ ਸਬੰਧੀਆਂ ਲਈ) ਸਾਰਾ ਦਿਨ ਮਜੂਰੀ ਕਰਦਾ ਰਹਿੰਦਾ ਹੈ। ਅਰਥਾਤ ਸੰਸਾਰਕ ਧੰਦਿਆਂ ਵਿਚ ਲੱਗਾ ਰਹਿੰਦਾ ਹੈ ਤੇ ਹਰੀ ਦੇ ਸਿਮਰਨ ਕਰਨ ਵੇਲੇ ਸਿਰ ਉੱਤੇ ਆਲਸ, ਵਾ :- ਨੀਂਦ ਆਉਣੇ ਰੂਪ ਬੱਜਰ ਪੈਂਦਾ ਹੈ*।

ਮਾਇਆ ਲਗਿ ਭੂਲੋ ਸੰਸਾਰੁ॥

ਮਾਇਆ ਦੇ ਲਾਲਚ ਵਿਚ ਲੱਗ ਕੇ ਸਾਰਾ ਸੰਸਾਰ ਪਰਮੇਸ਼ਰ ਤੋਂ ਭੁੱਲਾ ਹੋਇਆ ਹੈ।

ਆਪਿ ਭੁਲਾਇਆ ਭੁਲਾਵਣਹਾਰੈ
ਰਾਚਿ ਰਹਿਆ ਬਿਰਥਾ ਬਿਉਹਾਰ॥ ੧॥ ਰਹਾਉ॥

ਭੁਲਾਉਣ ਵਾਲੇ ਪਰਮੇਸ਼ਰ ਨੇ ਕਰਮਾਂ ਅਨੁਸਾਰ ਜਿਸ ਨੂੰ ਆਪ ਭੁਲਾਇਆ ਹੈ, ਓਹੀ ਪੁਰਸ਼ ਵਿਅਰਥ ਵਿਹਾਰਾਂ ਵਿਚ ਰਾਚਿ= ਤਦਾਕਾਰ ਹੋ ਰਿਹਾ ਹੈ॥ ੧॥ ਰਹਾਉ॥

ਪੇਖਤ ਮਾਇਆ ਰੰਗ ਬਿਹਾਇ॥ ਗੜਬੜ ਕਰੈ ਕਉਡੀ ਰੰਗੁ ਲਾਇ॥

ਮਨੁੱਖ ਦੇਖਦਾ ਭੀ ਹੈ ਮਾਇਆ ਦਾ ਰੰਗਿ= ਅਨੰਦ ਬਿਹਾਇ= ਨਾਸ ਹੋ ਜਾਣ ਵਾਲਾ ਹੈ। ਜਾਂ ਮਨੁੱਖ ਦੇ ਦੇਖਦਿਆਂ-ਦੇਖਦਿਆਂ ਹੀ ਮਾਇਆ ਦਾ ਅਨੰਦ ਨਾਸ ਹੁੰਦਾ ਜਾਂਦਾ ਹੈ। ਫਿਰ ਭੀ ਇਹ ਜੀਵ ਕਉਡੀ= ਮਾਇਆ ਵਿਚ ਰੰਗੁ= ਪਰੇਮ ਲਗਾ ਕੇ ਗੜਬੜ ਕਰਦਾ ਹੈ ਅਰਥਾਤ ਕਈ ਤਰ੍ਹਾਂ ਦੇ ਝਗੜੇ ਪਾਉਂਦਾ ਹੈ।

ਅੰਧ ਬਿਉਹਾਰ ਬੰਧ ਮਨੁ ਧਾਵੈ॥ ਕਰਣੈਹਾਰੁ ਨ ਜੀਅ ਮਹਿ ਆਵੈ॥ ੨॥

ਅੰਨ੍ਹਾਂ ਮਨ ਬੰਧਨ ਰੂਪ ਵਿਹਾਰਾਂ ਵਿਚ ਧਾਵੈ= ਦੌੜਦਾ ਹੈ। ਸਭ ਦੇ ਕਰਣੈਹਾਰੁ= ਪੈਦਾ ਕਰਨ ਵਾਲਾ ਪ੍ਰਭੂ ਕਦੇ ਭੀ ਇਸ ਦੇ ਦਿਲ ਵਿਚ ਚੇਤੇ ਨਹੀਂ ਆਉਂਦਾ॥ ੨॥

---

*ਇੰਦਰ ਦੇ ਸ਼ਸਤ੍ਰ ਦਾ ਨਾਮ ਬੱਜਰ ਹੈ, ਇਥੇ ਬੱਜਰ ਤੋਂ ਭਾਵ ਪਹਾੜ ਦਾ ਹੈ। ਸਿਮਰਨ ਵੇਲੇ ਸਿਰ ਉੱਤੇ ਪਹਾੜ ਡਿੱਗ ਪੈਂਦਾ ਹੈ। ਹਿੰਦੀ ਮੁਹਾਵਰੇ ਵਿਚ ਬੱਜਰ ਪਵੇ ਤੋਂ ਭਾਵ ਬਿਜਲੀ ਦਾ ਡਿੱਗਣਾ ਆਖਦੇ ਹਨ ਕਿ ਹਰੀ ਦੇ ਸਿਮਰਨ ਵੇਲੇ ਸਿਰ ਉੱਤੇ ਬਿਜਲੀ ਡਿੱਗ ਪੈਂਦੀ ਹੈ।

ਕਰਤ ਕਰਤ ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ ਕਾਰਜ ਮਾਇਆ ॥

ਇਸ ਤਰ੍ਹਾਂ ਦੇ ਧੰਦਿਆਂ ਨੂੰ ਕਰਦਿਆਂ-ਕਰਦਿਆਂ ਜੀਵ ਨੇ ਦੁੱਖ ਪਾਇਆ ਹੈ। ਏਹ ਮਾਇਆ ਦੇ ਕੰਮ ਕਦੇ ਭੀ ਪੂਰੇ ਨਹੀਂ ਹੁੰਦੇ।

ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥
ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥ ੩ ॥

ਕਾਮ, ਕ੍ਰੋਧ, ਲੋਭ ਆਦਿਕਾਂ ਵਿਚ ਜੀਵ ਦਾ ਮਨ ਲੀਣ ਹੋ ਰਿਹਾ ਹੈ। ਵਿਸ਼ਿਆਂ ਦੇ ਵਿਜੋਗ ਕਰ ਕੇ ਇਸ ਤਰ੍ਹਾਂ ਤੜਫ ਕੇ ਮਰਦਾ ਹੈ, ਜਿਵੇਂ ਜਲ ਤੋਂ ਬਿਨਾਂ ਮੱਛੀ ਤੜਫ ਕੇ ਮਰਦੀ ਹੈ॥ ੩ ॥

ਜਿਸ ਕੇ ਰਾਖੇ ਹੋਏ ਹਰਿ ਆਪਿ ॥ ਹਰਿ ਹਰਿ ਨਾਮੁ ਸਦਾ ਜਪੁ ਜਾਪਿ ॥

ਜਿਸ ਪੁਰਸ਼ ਦੇ ਰਾਖੇ ਆਪ ਹਰੀ ਜੀ ਹੋਏ ਹਨ। ਉਹ ਹਰਿ ਹਰਿ ਨਾਮ ਦੇ ਜਪ ਨੂੰ ਸਦਾ ਹੀ ਜਪਣਾ ਕਰਦਾ ਹੈ।

ਸਾਧਸੰਗਿ ਹਰਿ ਕੇ ਗੁਣ ਗਾਇਆ ॥
ਨਾਨਕ ਸਤਿਗੁਰੁ ਪੂਰਾ ਪਾਇਆ ॥ ੪ ॥ ੧੫ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੇ ਸਤਸੰਗਤ ਵਿਚ ਬੈਠ ਕੇ ਹਰੀ ਦੇ ਗਾਉਣਾ ਨੂੰ ਗੈਣ ਕੀਤਾ ਹੈ। ਉਸ ਨੇ ਪੂਰਿਆਂ ਸਤਿਗੁਰਾਂ ਨੂੰ ਪਾਉਣਾ ਕੀਤਾ ਹੈ। ਵਾ :- ਸਤਿਗੁਰਾਂ ਦੁਆਰੇ ਪੂਰਾ ਗਿਆਨ ਪਾਇਆ ਹੈ॥ ੪ ॥ ੧੫ ॥ ੨੬ ॥

ਭੈਰਉ ਮਹਲਾ ੫ ॥

ਅਪਣੀ ਦਇਆ ਕਰੇ ਸੋ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥

ਜਿਸ ਉੱਤੇ ਪਰਮੇਸ਼ਰ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਓਹੀ ਪੂਰਿਆਂ ਗੁਰਾਂ ਤੋਂ ਉਪਦੇਸ਼ ਪਾਉਂਦਾ ਹੈ ਅਤੇ ਹਰੀ ਦਾ ਨਾਮ ਮਨ ਵਿਚ ਵਸਾਉਂਦਾ ਹੈ।

ਸਾਚ ਸਬਦੁ ਹਿਰਦੇ ਮਨ ਮਾਹਿ ॥ ਜਨਮ ਜਨਮ ਕੇ ਕਿਲਵਿਖ ਜਾਹਿ ॥ ੧ ॥

ਜਿਸ ਦੇ ਹਿਰਦੇ ਤੇ ਮਨ ਵਿਚ ਸੱਚੇ ਗੁਰਾਂ ਦਾ ਉਪਦੇਸ਼ ਹੈ। ਵਾ: ਜਿਸ ਨੇ ਹਿਰਦੇ ਵਿਚ ਸੱਚੇ ਗੁਰ ਉਪਦੇਸ਼ ਦਾ ਮਨ= ਮੰਨਨ ਕੀਤਾ ਹੈ। ਜਾਂ ਮਨ= ਸ਼੍ਰੋਮਣੀ ਪਰਮੇਸ਼ਰ ਦੀ ਪ੍ਰਾਪਤੀ ਕਰਨ ਵਾਲਾ ਸੱਚਾ ਉਪਦੇਸ਼ ਜਿਸ ਦੇ ਹਿਰਦੇ ਵਿਚ ਹੈ। ਉਸ ਦੇ ਜਨਮਾਂ ਜਨਮਾਂ ਦੇ ਕਿਲਵਿਖ= ਬੜੇ ਪਾਪ ਮਿਟ ਜਾਂਦੇ ਹਨ॥ ੧ ॥

ਰਾਮ ਨਾਮੁ ਜੀਅ ਕੋ ਆਧਾਰੁ ॥

ਰਾਮ ਦਾ ਨਾਮ ਹੀ ਜੀਵ ਦਾ ਆਧਾਰੁ= ਆਸਰਾ ਰੂਪ ਹੈ।

ਗੁਰ ਪਰਸਾਦਿ ਜਪਹੁ ਨਿਤ ਭਾਈ ਤਾਰਿ ਲਏ ਸਾਗਰ ਸੰਸਾਰੁ ॥ ੧ ॥ ਰਹਾਉ ॥

ਹੇ ਭਾਈ ! ਉਸ ਨਾਮ ਨੂੰ ਤੁਸੀਂ ਨਿਤਾਪ੍ਰਤੀ ਜਪਣਾ ਕਰੋ ਤਾਂ ਗੁਰੂ ਕਿਰਪਾ ਕਰ ਕੇ ਸੰਸਾਰ-ਸਮੁੰਦਰ ਤੋਂ ਤਾਰ ਲਏਗਾ॥ ੧ ॥ ਰਹਾਉ ॥

ਜਿਨ ਕਉ ਲਿਖਿਆ ਹਰਿ ਇਹੁ ਨਿਧਾਨੁ ॥ ਸੇ ਜਨ ਦਰਗਹ ਪਾਵਹਿ ਮਾਨੁ ॥

ਜਿਨ੍ਹਾਂ ਨੂੰ ਏਹ ਹਰੀ ਨਾਮ ਰੂਪ ਨਿਧਾਨੁ= ਖਜ਼ਾਨਾ ਪ੍ਰਾਪਤ ਹੋਣਾ ਧੁਰ ਤੋਂ ਲਿਖਿਆ ਹੋਇਆ ਹੈ। ਓਹੀ ਪੁਰਸ਼ ਹਰੀ ਦੀ ਦਰਗਾਹ ਵਿਚ ਮਾਨੁ= ਆਦਰ ਪਾਉਂਦੇ ਹਨ।

ਸੁਖ ਸਹਜ ਆਨੰਦ ਗੁਣ ਗਾਉ ॥ ਆਗੈ ਮਿਲੈ ਨਿਥਾਵੇ ਥਾਉ ॥ ੨ ॥

ਗੁਣਾਂ ਦੇ ਗਾਉਣ ਕਰ ਕੇ ਸਹਜ ਸੁਖ= ਅੱਚੁਤ ਸੁਖ ਦਾ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਆਗੈ= ਪਰਲੋਕ ਵਿਚ ਨਿਥਾਵੇਂ ਪੁਰਸ਼ ਨੂੰ ਸਰੂਪ-ਥਾਂ ਮਿਲਦਾ ਹੈ॥ ੨ ॥

ਜੁਗਹ ਜੁਗੰਤਰਿ ਇਹੁ ਤਤੁ ਸਾਰੁ ॥ ਹਰਿ ਸਿਮਰਣੁ ਸਾਚਾ ਬੀਚਾਰੁ ॥

ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਤਤੁ= ਸਿਧਾਂਤ ਰੂਪ ਜੋ ਨਾਮ ਹੈ, ਏਹੋ ਜੁਗਾਂ ਜੁਗਾਂ ਦੇ ਅੰਦਰ ਸਾਰੁ= ਸ੍ਰੇਸ਼ਟ ਹੈ। ਜੋ ਹਰੀ ਦਾ ਸਿਮਰਨ ਕਰਨਾ ਹੈ, ਏਹੋ ਸੱਚਾ ਵਿਚਾਰ ਹੈ।

[ਪੰਨਾ ੧੧੪੪]

ਜਿਸੁ ਲੜਿ ਲਾਏ ਲਏ ਸੋ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥ ੩ ॥

ਜਿਸ ਨੂੰ ਵਾਹਿਗੁਰੂ ਆਪਣੇ ਸਿਮਰਨ ਰੂਪ ਲੜਿ= ਪੱਲੇ ਨਾਲ ਲਗਾ ਲੈਂਦਾ ਹੈ ਓਹੀ ਲੱਗਦਾ ਹੈ ਅਤੇ ਉਹ ਜਨਮਾਂ ਜਨਮਾਂ ਦਾ ਸੁੱਤਾ ਹੋਇਆ ਗਿਆਨ-ਜਾਗ੍ਰਤ ਵਿਚ ਜਾਗ ਪੈਂਦਾ ਹੈ॥ ੩ ॥

ਤੇਰੇ ਭਗਤ ਭਗਤਨ ਕਾ ਅੰਪਿ ॥ ਅਪਣੀ ਮਹਿਮਾ ਆਪੇ ਜਾਪਿ ॥

ਹੇ ਵਾਹਿਗੁਰੂ ! ਭਗਤ ਤੇਰੇ ਦਾਸ ਹਨ, ਤੂੰ ਆਪ ਭਗਤਾਂ ਦਾ ਸਹਾਈ ਹੈਂ। ਤੂੰ ਆਪਣੀ ਮਹਿਮਾ ਨੂੰ ਆਪ ਹੀ ਜਾਪਿ= ਜਾਣਦਾ ਹੈਂ।

ਜੀਅ ਜੰਤ ਸਭਿ ਤੇਰੈ ਹਾਥਿ ॥
ਨਾਨਕ ਕੇ ਪ੍ਰਭ ਸਦ ਹੀ ਸਾਥਿ ॥ ੪ ॥ ੧੬ ॥ ੨੯ ॥

ਸੂਖਮ ਅਸਥੂਲ ਜੀਆ ਜੰਤ ਸਭ ਆਪ ਜੀ ਦੇ ਹਾਥਿ= ਅਧੀਨ ਹਨ। ਗੁਰੂ ਜੀ ਕਥਨ ਕਰਦੇ ਹਨ— ਹੇ ਮੇਰੇ ਪ੍ਰਭੂ ! ਤੂੰ ਹੀ ਮੇਰਾ ਨਿਤ ਦਾ ਸਾਥੀ ਹੈਂ॥ ੪॥ ੧੬॥ ੨੯॥

ਭੈਰਉ ਮਹਲਾ ੫ ॥

ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥

ਘਟ ਘਟ ਦੀ ਜਾਣਨ ਵਾਲੇ ਅੰਤਰਜਾਮੀ= ਪਰਮਾਤਮਾ ਦਾ ਨਾਮ ਸਾਡੇ ਅੰਗ-ਸੰਗ ਹੈ। ਪ੍ਰਭੂ ਦਾ ਨਾਮ ਹੀ ਸਾਡੇ ਕਾਮੀ= ਕੰਮ ਆਉਣ ਵਾਲਾ ਹੈ।

ਰੋਮਿ ਰੋਮਿ ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥ ੧ ॥

ਹਨੂੰਮਾਨ ਵਾਂਗ ਮੇਰੇ ਰੋਮ-ਰੋਮ ਵਿਚ ਹਰੀ ਦਾ ਨਾਮ ਰਵਿਆ ਹੋਇਆ ਹੈ। ਅਥਵਾ= ਮੈਂ ਰੋਮ-ਰੋਮ ਕਰਕੇ ਹਰੀ ਨਾਮ ਨੂੰ ਰਵਿਆ= ਉਚਾਰਿਆ ਹੈ। ਪਰ ਏਹ ਨਾਮ ਦਾਨ ਪੂਰਿਆਂ ਸਤਿਗੁਰਾਂ ਨੇ ਮੈਨੂੰ ਦੇਣਾ ਕੀਤਾ ਹੈ॥ ੧ ॥

ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥ ੧ ॥ ਰਹਾਉ ॥

ਮੇਰੇ ਹਿਰਦੇ ਰੂਪ ਭੰਡਾਰੇ ਵਿਚ ਰਤਨ ਰੂਪ ਨਾਮ ਹੈ। ਉਹ ਨਾਮ ਮਨ ਕਰ ਕੇ ਅਗਮ ਹੈ ਤੇ ਅਮੋਲਾ= ਮੁੱਲ ਤੋਂ ਰਹਿਤ ਹੈ* ਅਪਰ ਅਪਾਰ= ਬਿਅੰਤ ਤੋਂ ਬੇਅੰਤ ਹੈ॥ ੧ ॥ ਰਹਾਉ ॥

ਨਾਮੁ ਹਮਾਰੈ ਨਿਹਚਲ ਧਨੀ ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥

ਨਿਸਚਲ ਧਨੀ= ਪਰਮਾਤਮਾ ਦਾ ਨਾਮ ਮੇਰੇ ਹਿਰਦੇ ਵਿਚ ਹੈ। ਸਾਰੇ ਸੰਸਾਰ ਵਿਚ, ਵਾ :- ਸਾਰਿਆਂ ਗ੍ਰੰਥਾਂ ਵਿਚ ਨਾਮ ਦੀ ਮਹਿਮਾ ਬਣ ਰਹੀ ਹੈ।

ਨਾਮੁ ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ ਬੇਪਰਵਾਹੁ ॥ ੨ ॥

ਸਾਡੇ ਹਿਰਦੇ ਵਿਚ ਨਾਮ ਹੀ ਪੂਰਾ ਸ਼ਾਹ ਹੈ। ਵਾ :- ਨਾਮ ਕਰ ਕੇ ਸਾਡੇ ਹਿਰਦੇ ਵਿਚ ਪੂਰਾ ਸਾਹੁ= ਪਰਮੇਸ਼ਰ ਪ੍ਰਾਪਤ ਹੋਇਆ ਹੈ। ਬੇ-ਪਰਵਾਹ ਪ੍ਰਭੂ ਦਾ ਨਾਮ ਹੀ ਸਾਡੇ ਪਾਸ ਹੈ। ਵਾ :- ਸਾਡੇ ਪਾਸ ਨਾਮ ਹੋਣ ਕਰ ਕੇ ਦੁਨੀਆਂ ਵਿਚ ਅਸੀਂ ਬੇ-ਪਰਵਾਹ ਫਿਰਦੇ ਹਾਂ॥ ੨ ॥

ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥

ਪ੍ਰਭੂ ਦਾ ਨਾਮ ਹੀ ਸਾਡੇ ਪਾਸ ਛੱਤੀ ਭਾਉ= ਪਰਕਾਰ ਦਾ ਭੋਜਨ ਹੈ। ਵਾ :- ਸਾਡੇ ਪਾਸ ਨਾਮ ਰੂਪ ਭੋਜਨ ਤੇ ਨਾਮ ਦਾ ਹੀ ਭਾਉ= ਪਰੇਮ ਹੈ। ਵਾ :- ਭਾਉ= ਗਿਆਨ ਰੂਪ ਭੋਜਨ ਦੀ ਪ੍ਰਾਪਤੀ ਕਰਨ ਵਾਲਾ ਨਾਮ ਸਾਡੇ ਪਾਸ ਹੈ। ਨਾਮ ਹੀ ਸਾਡੇ ਮਨ ਦਾ ਅਸਲ ਸੁਆਉ= ਪਰਯੋਜਨ (ਮਕਸਦ) ਹੈ।

ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥ ਨਾਮੁ ਲੈਤ ਅਨਹਦ ਪੂਰੇ ਨਾਦ ॥ ੩ ॥

ਸੰਤਾਂ ਦੀ ਪ੍ਰਸਾਦਿ= ਕਿਰਪਾ ਕਰ ਕੇ ਮੈਨੂੰ ਨਾਮ ਭੁੱਲਦਾ ਨਹੀਂ। ਨਾਮ ਦੇ ਲੈਣ ਨਾਲ ਹੀ ਅਨਹਦ= ਇਕ ਰਸ ਪੂਰੇ ਨਾਦ= ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ॥ ੩ ॥

ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥
ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥

ਪ੍ਰਭੂ ਦੀ ਕਿਰਪਾ ਕਰ ਕੇ ਗੁਰਾਂ ਪਾਸੋਂ ਨਾਮ ਰੂਪ ਨੌ ਨਿਧੀ ਪਾਈ ਹੈ ਅਤੇ ਗੁਰਾਂ ਦੀ ਕਿਰਪਾ ਕਰ ਕੇ ਹੀ ਨਾਮ ਨਾਲ ਪ੍ਰੀਤੀ ਬਣ ਆਈ ਹੈ।

ਧਨਵੰਤੇ ਸੇਈ ਪਰਧਾਨ ॥ ਨਾਨਕ ਜਾ ਕੈ ਨਾਮੁ ਨਿਧਾਨ ॥ ੪ ॥ ੧੭ ॥ ੩੦ ॥

ਸੰਸਾਰ ਵਿਚ ਧਨਵੰਤੇ= ਧਨਾਢ ਅਤੇ ਪਰਧਾਨ= ਮੁਖੀ ਓਹੀ ਪੁਰਸ਼ ਹਨ। ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਦੇ ਪਾਸ ਨਾਮ ਰੂਪੀ ਨਿਧਾਨ= ਖਜ਼ਾਨਾ ਹੈ॥ ੪ ॥ ੧੭ ॥ ੩੦ ॥

ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ :

ਤੂੰ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖ ਦਾਤਾ ॥

---

*ਯਥਾ:- *ਕੰਚਨ ਸਿਉ ਪਾਈਐ ਨਹੀ ਤੋਲਿ ॥* (ਪੰਨਾ ੩੨੭)

ਹੇ ਠਾਕੁਰ ! ਮੇਰਾ ਪਿਤਾ ਭੀ ਤੂੰਹੀ ਹੈਂ, ਮੇਰੀ ਮਾਂ ਭੀ ਤੂੰਹੀ ਹੈਂ। ਮੇਰੇ ਜੀਅ ਅਤੇ ਪ੍ਰਾਣਾਂ ਨੂੰ ਤੂੰ ਹੀ ਸੁਖ ਦੇਣ ਵਾਲਾ ਹੈਂ।

ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥ ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥ ੧ ॥

ਤੂੰ ਮੇਰਾ ਠਾਕੁਰ= ਸੁਆਮੀ ਹੈਂ ਤੇ ਮੈਂ ਆਪ ਜੀ ਦਾ ਦਾਸ ਹਾਂ। ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਰਾਖਾ ਨਹੀਂ ਹੈ॥ ੧ ॥

ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥
ਤੁਮ੍ਰੀ ਉਸਤਤਿ ਕਰਉ ਦਿਨ ਰਾਤਿ ॥ ੧ ॥ ਰਹਾਉ ॥

ਹੇ ਪ੍ਰਭੂ ! ਕਿਰਪਾ ਕਰ ਕੇ ਮੈਨੂੰ ਏਹ ਦਾਤ ਦੇਣਾ ਕਰੋ। ਜੋ ਕਿ ਮੈਂ ਦਿਨ ਰਾਤ ਆਪ ਜੀ ਦੀ ਉਸਤਤੀ ਕਰਦਾ ਰਹਾਂ॥ ੧ ॥ ਰਹਾਉ ॥

ਹਮ ਤੇਰੇ ਜੰਤ ਤੂ ਬਜਾਵਨਹਾਰਾ ॥
ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥

ਅਸੀਂ ਆਪ ਜੀ ਦੇ ਜੰਤ= ਵਾਜੇ ਹਾਂ, ਆਪ ਹੀ ਸਾਨੂੰ ਵਜਾਉਣ ਵਾਲੇ ਹੋ। ਭਾਵ ਸੱਤਾ ਸਫੁਰਤੀ ਦੇ ਕੇ ਕੰਮ-ਕਾਰ ਕਰਵਾਉਂਦੇ ਹੋ। ਅਸੀਂ ਆਪ ਜੀ ਦੇ ਭਿਖਾਰੀ= ਮੰਗਤੇ ਹਾਂ, ਹੇ ਦਾਤਾਰ ਵਾਹਿਗੁਰੂ ! ਆਪ ਹੀ ਦਾਨ ਦੇਂਦੇ ਹੋ।

ਤਉ ਪਰਸਾਦਿ ਰੰਗ ਰਸ ਮਾਣੇ ॥ ਘਟ ਘਟ ਅੰਤਰਿ ਤੁਮਹਿ ਸਮਾਣੇ ॥ ੨ ॥

ਆਪ ਜੀ ਦੀ ਪਰਸਾਦਿ= ਕਿਰਪਾ ਕਰ ਕੇ ਰੰਗਾਂ ਰੰਗਾਂ ਦੇ ਰਸ, ਵਾ :- ਅਨੰਦ ਭੋਗਦੇ ਹਾਂ। ਸਾਰਿਆਂ ਘਟਾਂ ਵਿਚ ਆਪ ਹੀ ਸਮਾਏ ਹੋਏ ਹੋ॥ ੨ ॥

ਤੁਮ੍ਰੀ ਕ੍ਰਿਪਾ ਤੇ ਜਪੀਐ ਨਾਉ ॥ ਸਾਧਸੰਗਿ ਤੁਮਰੇ ਗੁਣ ਗਾਉ ॥

ਤੁਹਾਡੀ ਕਿਰਪਾ ਕਰ ਕੇ ਹੀ ਆਪ ਜੀ ਦਾ ਨਾਮ ਜਪਿਆ ਜਾਂਦਾ ਹੈ। ਸੰਤਾਂ ਦੇ ਸੰਗ ਵਿਚ ਬੈਠ ਕੇ ਆਪ ਜੀ ਦੇ ਹੀ ਗੁਣ ਗਾਉਂਦੇ ਹਾਂ।

ਤੁਮ੍ਰੀ ਦਇਆ ਤੇ ਹੋਇ ਦਰਦ ਬਿਨਾਸੁ ॥
ਤੁਮਰੀ ਮਇਆ ਤੇ ਕਮਲ ਬਿਗਾਸੁ ॥ ੩ ॥

ਆਪ ਜੀ ਦੀ ਦਇਆ ਕਰ ਕੇ ਹੀ ਦਰਦ= ਦੁੱਖਾਂ ਦਾ ਨਾਸ ਹੁੰਦਾ ਹੈ। ਆਪ ਜੀ ਦੀ ਮਇਆ= ਕਿਰਪਾ ਨਾਲ ਹੀ ਹਿਰਦਾ-ਕੌਲ ਖਿੜਦਾ ਹੈ॥ ੩ ॥

ਹਉ ਬਲਿਹਾਰਿ ਜਾਉ ਗੁਰਦੇਵ ॥
ਸਫਲ ਦਰਸਨੁ ਜਾ ਕੀ ਨਿਰਮਲ ਸੇਵ ॥

ਹਉ= ਮੈਂ ਉਹਨਾਂ ਗੁਰਦੇਵਾਂ ਤੋਂ ਬਲਿਹਾਰ ਜਾਂਦਾ ਹਾਂ। ਜਿਨ੍ਹਾਂ ਗੁਰਦੇਵਾਂ ਦਾ ਦਰਸ਼ਨ ਸਫਲ ਹੈ ਅਤੇ ਜਿਨ੍ਹਾਂ ਦੀ ਕੀਤੀ ਹੋਈ ਸੇਵਾ, ਮਨ ਨੂੰ ਨਿਰਮਲ ਕਰਨ ਵਾਲੀ ਹੈ।

ਦਇਆ ਕਰਹੁ ਠਾਕੁਰ ਪ੍ਰਭ ਮੇਰੇ॥
ਗੁਣ ਗਾਵੈ ਨਾਨਕੁ ਨਿਤ ਤੇਰੇ॥ ੪॥ ੧੮॥ ੩੧॥

ਗੁਰੂ ਜੀ ਕਥਨ ਕਰਦੇ ਹਨ— ਹੇ ਮੇਰੇ ਪ੍ਰਭੂ ਠਾਕੁਰ ! ਮੇਰੇ ਉੱਤੇ ਦਇਆ ਦ੍ਰਿਸ਼ਟੀ ਕਰੋ। ਜੋ ਕਿ ਮੈਂ ਨਿਤ ਆਪ ਜੀ ਦੇ ਗੁਣ ਗਾਉਂਦਾ ਰਹਾਂ॥ ੪॥ ੧੮॥ ੩੧॥

ਭੈਰਉ ਮਹਲਾ ੫॥

ਸਭ ਤੇ ਊਚ ਜਾ ਕਾ ਦਰਬਾਰੁ॥ ਸਦਾ ਸਦਾ ਤਾ ਕਉ ਜੋਹਾਰੁ॥

ਜਿਸ ਪਰਮਾਤਮਾ ਦਾ ਸਤਸੰਗੁ, ਵਾ :- ਸਰੂਪ ਵਾ :- ਹਰਿਮੰਦਰ ਸਾਹਿਬ ਰੂਪੀ ਦਰਬਾਰ ਸਾਰਿਆਂ ਤੋਂ ਉੱਚਾ ਹੈ। ਮੈਂ ਉਸ ਨੂੰ ਸਦਾ ਸਦਾ ਜੋਹਾਰੁ= ਨਮਸਕਾਰ ਕਰਦਾ ਹਾਂ।

ਊਚੇ ਤੇ ਊਚਾ ਜਾ ਕਾ ਥਾਨ॥ ਕੋਟਿ ਅਘਾ ਮਿਟਹਿ ਹਰਿ ਨਾਮ॥ ੧॥

ਜਿਸ ਪ੍ਰਭੂ ਦਾ ਸਤਸੰਗ ਅਸਥਾਨ ਉੱਚਿਆਂ ਤੋਂ ਉੱਚਾ ਹੈ। ਉਸ ਹਰੀ ਦੇ ਨਾਮ ਜਪਣ ਕਰ ਕੇ ਕਰੋੜਾਂ ਅਘਾ= ਪਾਪ ਮਿਟ ਜਾਂਦੇ ਹਨ॥ ੧॥

ਤਿਸੁ ਸਰਣਾਈ ਸਦਾ ਸੁਖੁ ਹੋਇ॥
ਕਰਿ ਕਿਰਪਾ ਜਾ ਕਉ ਮੇਲੈ ਸੋਇ॥ ੧॥ ਰਹਾਉ॥

ਉਸ ਪ੍ਰਭੂ ਦੀ ਸ਼ਰਨ ਲੈਣ ਕਰ ਕੇ ਸਦਾ= ਨਿਤ ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਹ ਪ੍ਰਭੂ ਕਿਰਪਾ ਕਰ ਕੇ ਜਿਸ ਨੂੰ ਮੇਲਣਾ ਚਾਹੁੰਦਾ ਹੈ, ਓਹੀ ਉਸ ਨਾਲ ਮਿਲਦਾ ਹੈ॥ ੧॥ ਰਹਾਉ॥

ਜਾ ਕੇ ਕਰਤਬ ਲਖੇ ਨ ਜਾਹਿ॥ ਜਾ ਕਾ ਭਰਵਾਸਾ ਸਭ ਘਟ ਮਾਹਿ॥

ਜਿਸ ਪਰਮੇਸ਼ਰ ਦੇ ਕਰਤੱਬ ਲਖੇ= ਜਾਣੇ ਨਹੀਂ ਜਾਂਦੇ। ਜਿਸ ਦਾ ਭਰੋਸਾ ਸਾਰਿਆਂ ਘਟ= ਸਰੀਰਾਂ ਵਿਚ ਹੈ।

ਪ੍ਰਗਟ ਭਇਆ ਸਾਧੂ ਕੈ ਸੰਗਿ॥ ਭਗਤ ਅਰਾਧਹਿ ਅਨਦਿਨੁ ਰੰਗਿ॥ ੨॥

ਉਹ ਪ੍ਰਭੂ ਜਿਸ ਨੂੰ ਭੀ ਪਰਗਟ ਹੋਇਆ ਹੈ ਉਸ ਨੂੰ ਸੰਤਾਂ ਦੇ ਸੰਗ ਕਰ ਕੇ ਪਰਗਟ ਹੋਇਆ ਹੈ। ਭਗਤ ਲੋਕ ਉਸ ਨੂੰ ਰਾਤ ਦਿਨ ਪਰੇਮ ਨਾਲ ਅਰਾਧਦੇ ਹਨ॥ ੨॥

ਦੇਦੇ ਤੋਟਿ ਨਹੀ ਭੰਡਾਰ॥ ਖਿਨ ਮਹਿ ਥਾਪਿ ਉਥਾਪਨਹਾਰ॥

(ਪਦਾਰਥ) ਦੇਂਦਿਆਂ (ਉਸ ਦੇ) ਭੰਡਾਰੇ ਵਿਚ ਤੋਟਾ ਨਹੀਂ ਆਉਂਦਾ। ਉਹ ਪ੍ਰਭੂ (ਇਕ) ਖਿਨ ਵਿਚ ਉਤਪਤੀ (ਪਾਲਣਾ) ਤੇ ਉਥਾਪਨਹਾਰ= ਲੈਤਾ ਦੇ ਕਰਨ ਵਾਲਾ ਹੈ।

ਜਾ ਕਾ ਹੁਕਮੁ ਨ ਮੇਟੈ ਕੋਇ॥ ਸਿਰਿ ਪਾਤਿਸਾਹਾ ਸਾਚਾ ਸੋਇ॥ ੩॥

ਜਿਸ ਪ੍ਰਭੂ ਦੇ ਹੁਕਮ ਨੂੰ ਕੋਈ ਮੇਟ ਨਹੀਂ ਸਕਦਾ। ਉਹ ਸੱਚਾ ਪ੍ਰਭੂ ਪਾਤਸ਼ਾਹਾਂ ਦਾ ਸਿਰਿ= ਸ਼੍ਰੋਮਣੀ ਪਾਤਸ਼ਾਹ ਹੈ। ਜਾਂ ਪਾਤਸ਼ਾਹਾਂ ਦੇ ਸਿਰ ਉੱਤੇ ਉਹ ਸੱਚਾ ਪਾਤਸ਼ਾਹ ਹੈ॥ ੩॥

ਜਿਸ ਕੀ ਓਟ ਤਿਸੈ ਕੀ ਆਸਾ ॥

[ਪੰਨਾ ੧੧੪੫] ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥

ਜਿਸ ਦੀ ਓਟ ਅਸਾਂ ਨੇ ਫੜੀ ਹੈ, ਉਸੇ ਦੀ ਮਨ ਵਿਚ ਆਸਾ ਲੱਗ ਰਹੀ ਹੈ। ਸਾਡਾ ਦੁੱਖ ਤੇ ਸੁਖ ਉਸੇ ਦੇ ਹੀ ਕੋਲ ਹੈ।

ਰਾਖਿ ਲੀਨੋ ਸਭੁ ਜਨ ਕਾ ਪੜਦਾ ॥

ਨਾਨਕੁ ਤਿਸ ਕੀ ਉਸਤਤਿ ਕਰਦਾ ॥ ੪ ॥ ੧੯ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ— ਮੈਂ ਸੇਵਕ ਜਨ ਦਾ ਪੜਦਾ ਸਭ ਤਰ੍ਹਾਂ ਨਾਲ ਉਸ ਪ੍ਰਭੂ ਨੇ ਰੱਖ ਲੀਤਾ ਹੈ। ਮੈਂ ਉਸ ਪ੍ਰਭੂ ਦੀ ਹੀ ਉਸਤਤਿ= ਸ਼ਲਾਘਾ ਕਰਦਾ ਹਾਂ ॥ ੪ ॥ ੧੯ ॥ ੩੨ ॥

ਭੈਰਉ ਮਹਲਾ ੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਕੇ ਮਹਿਲਾਂ ਚੋਂ ਉਠ ਕੇ ਤਿਆਰ ਹੋ ਕੇ ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਉਂਦੇ ਸਨ ਤਾਂ ਰਾਹ ਵਿਚ ਇਕ ਮਾਈ ਰੋਜ਼ਾਨਾ ਰੋਇਆ ਕਰਦੀ, ਉਸ ਨੇ ਹੋਰ ਕੰਮ-ਕਾਰ ਛੱਡ ਕੇ ਇਕ ਰੋਣ ਦਾ ਹੀ ਵਿਹਾਰ ਬਣਾ ਲਿਆ ਸੀ। ਗੁਰੂ ਜੀ ਕਈ ਦਿਨ ਤਾਂ ਸੁਣ ਕੇ ਲੰਘ ਜਾਂਦੇ ਰਹੇ, ਪਰ ਇਕ ਦਿਨ ਉਸ ਦੇ ਰੋਣ ਦੀ ਆਵਾਜ਼ ਨੂੰ ਸੁਣ ਕੇ ਗਰੀਬ ਨਿਵਾਜ਼ ਨੇ ਖਲੋ ਕੇ ਇਸ ਸ਼ਬਦ ਰਾਹੀਂ ਸਿੱਖਾਂ ਨੂੰ ਉਪਦੇਸ਼ ਸੁਨਾਉਣਾ ਕੀਤਾ-

ਰੋਵਨਹਾਰੀ ਰੋਜੁ ਬਨਾਇਆ ॥

ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ ॥

(ਇਸ) ਰੋਣ ਵਾਲੀ (ਮਾਈ) ਨੇ ਨਿਤਾਪ੍ਰਤੀ ਰੋਣ ਦਾ ਇਕ ਰੋਜੀਨਾ (ਵਿਉਹਾਰ) ਹੀ ਬਣਾ ਲਿਆ ਹੈ, ਬਲਨ ਬਰਤਨ= ਵਰਤਨ ਵਲੇਵੇ ਨੂੰ ਚੇਤੇ ਕਰ ਕੇ ਆਪਣਾ ਸਨਬੰਧ ਚੇਤੇ ਆ ਜਾਂਦਾ ਹੈ ਕਿ ਖੱਟ ਕੇ ਫਲਾਣੀ ਚੀਜ਼ ਲਿਆਂਦਾ ਸੀ, ਅਮਕੀ ਵਸਤੂ ਲਿਆਂਦਾ ਸੀ।

ਬੂਝਿ ਬੈਰਾਗੁ ਕਰੇ ਜੇ ਕੋਇ ॥ ਜਨਮ ਮਰਣ ਫਿਰਿ ਸੋਗੁ ਨ ਹੋਇ ॥ ੧ ॥

ਜੇ ਕੋਈ ਮਰਨ ਨੂੰ ਸੱਚਾ ਬੂਝਿ= ਸਮਝ ਕੇ ਸੰਸਾਰ ਵੱਲੋਂ ਵੈਰਾਗ ਧਾਰਨਾ ਕਰੇ। *ਅਥਵਾ :—* ਪਰਮੇਸ਼ਰ ਦੇ ਬੁਝਣੇ ਵਿਚ ਜੇ ਕੋਈ ਬੈਰਾਗੁ= ਰੋਣਾ ਕਰੇ ਤਾਂ ਫਿਰ ਉਸ ਨੂੰ ਜਨਮ ਮਰਨ ਦਾ ਸੋਗ ਨਹੀਂ ਹੁੰਦਾ ॥ ੧ ॥

ਬਿਖਿਆ ਕਾ ਸਭੁ ਧੰਧੁ ਪਸਾਰੁ ॥

ਵਿਰਲੈ ਕੀਨੋ ਨਾਮ ਅਧਾਰੁ ॥ ੧ ॥ ਰਹਾਉ ॥

ਇਹ ਸਭ ਧੰਦਾ ਬਿਖਿਆ= ਮਾਇਆ ਦਾ ਪਸਾਰਿਆ ਹੋਇਆ ਹੈ। ਪਰ ਨਾਮ ਦਾ ਅਧਾਰੁ= ਆਸਰਾ ਕਿਸੇ ਵਿਰਲੇ ਨੇ ਕੀਤਾ (ਲਿਆ) ਹੈ ॥ ੧ ॥ ਰਹਾਉ ॥

ਤ੍ਰਿਬਿਧਿ ਮਾਇਆ ਰਹੀ ਬਿਆਪਿ ॥ ਜੋ ਲਪਟਾਨੋ ਤਿਸੁ ਦੂਖ ਸੰਤਾਪ ॥

(ਰਾਜਸੀ, ਤਾਮਸੀ, ਸ਼ਾਂਤਕੀ ਰੂਪ) ਤ੍ਰਿਗੁਣ ਆਤਮਕ ਮਾਇਆ ਸਭ ਨੂੰ ਬਿਆਪ ਰਹੀ ਹੈ। ਜੋ ਇਸ

ਮਾਇਆ ਵਿਚ ਲਪਟਿਆ ਹੈ, ਉਸ ਨੂੰ ਦੁੱਖ ਸੰਤਾਪ= ਸਤਾਉਂਦੇ ਹਨ। ਵਾ :- ਉਸ ਨੂੰ ਦੁੱਖ ਤੇ ਕਈ ਤਰ੍ਹਾਂ ਦੇ ਸੰਤਾਪ= ਕਲੇਸ਼ ਹੁੰਦੇ ਹਨ।

ਸੁਖੁ ਨਾਹੀ ਬਿਨੁ ਨਾਮ ਧਿਆਏ ॥ ਨਾਮ ਨਿਧਾਨੁ ਬਡਭਾਗੀ ਪਾਏ ॥ ੨ ॥

ਨਾਮ ਦੇ ਧਿਆਏ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ। ਕੋਈ ਵਡਭਾਗੀ ਪੁਰਸ਼ ਹੀ ਨਾਮ ਰੂਪ ਨਿਧਾਨੁ= ਖਜ਼ਾਨੇ ਨੂੰ ਪਾਉਂਦਾ ਹੈ॥ ੨ ॥

ਸ੍ਵਾਂਗੀ ਸਿਉ ਜੋ ਮਨੁ ਰੀਝਾਵੈ ॥ ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ॥

ਸ੍ਵਾਂਗ ਧਾਰਨ ਵਾਲੇ ਪੁਰਸ਼ ਦੇ ਸ੍ਵਾਂਗ ਨਾਲ ਜੋ ਮਨ ਨੂੰ ਪ੍ਰਸੰਨ ਕਰਦਾ ਹੈ ਉਹ ਠੀਕ ਨਹੀਂ, ਕਿਉਂਕਿ ਜਿਸ ਵੇਲੇ ਉਹ ਸ੍ਵਾਂਗ ਉਤਾਰ ਦੇਂਦਾ ਹੈ ਤਾਂ ਉਹ ਮਨ ਰੀਝਾਉਣ ਵਾਲਾ ਪੁਰਸ਼ ਫਿਰ ਪਛਤਾਉਂਦਾ ਹੈ।

ਏਸੇ ਤਰ੍ਹਾਂ ਸ੍ਵਾਂਗੀ— ਪਰਮਾਤਮਾ ਨੇ ਇਹ ਸੰਸਾਰ ਦਾ ਸ੍ਵਾਂਗ ਬਣਾਇਆ ਹੈ ਜੋ ਇਸ ਨਾਲ ਮਨ ਨੂੰ ਪ੍ਰਸੰਨ ਕਰਦਾ ਹੈ ਉਹ ਨਿਸਫਲ ਹੈ। ਕਿਉਂਕਿ ਪਰਮੇਸ਼ਰ ਸ੍ਵਾਂਗ ਨੂੰ ਉਤਾਰਦਾ ਹੈ ਭਾਵ ਸਬੰਧੀਆਂ ਵਿਚੋਂ ਕਿਸੇ ਇਕ ਨੂੰ ਮਾਰ ਦੇਂਦਾ ਹੈ ਤਾਂ ਇਹ ਮਨ ਪ੍ਰਸੰਨ ਕਰਨ ਵਾਲਾ ਮਨੁੱਖ ਫਿਰ ਪਛਤਾਉਂਦਾ ਹੈ।

ਮੇਘ ਕੀ ਛਾਇਆ ਜੈਸੇ ਬਰਤਨਹਾਰ ॥ ਤੈਸੋ ਪਰਪੰਚੁ ਮੋਹ ਬਿਕਾਰ ॥ ੩ ॥

ਜਿਵੇਂ ਕੋਈ ਬੱਦਲਾਂ ਦੀ ਛਾਂ ਹੇਠਾਂ ਬੈਠ ਕੇ ਉਸ ਦੇ ਵਰਤਣੇ ਵਾਲਾ ਮਨੁੱਖ ਹੈ ਭਾਵ ਬੱਦਲਾਂ ਦੀ ਛਾਂ ਹੇਠਾਂ ਬੈਠ ਕੇ ਕੋਈ ਕੰਮ-ਕਾਰ ਕਰਦਾ ਹੈ ਤਾਂ ਛਾਂ ਦੇ ਨਾਸ ਹੋਣ ਮਗਰੋਂ ਦੁਖੀ ਹੁੰਦਾ ਹੈ। ਉਸੇ ਤਰ੍ਹਾਂ ਜਗਤ ਦਾ ਮੋਹ ਤੇ ਵਿਕਾਰ ਇਸ ਨੂੰ ਦੁੱਖ ਦੇਣ ਵਾਲੇ ਹਨ॥ ੩ ॥

ਏਕ ਵਸਤੁ ਜੇ ਪਾਵੈ ਕੋਇ ॥ ਪੂਰਨ ਕਾਜੁ ਤਾਹੀ ਕਾ ਹੋਇ ॥

ਜੇ ਕੋਈ ਇਕ ਆਤਮ-ਵਸਤੂ ਨੂੰ ਪਾਵੇ ਤਾਂ ਉਸੇ ਦਾ ਕੰਮ ਪੂਰਾ ਹੋ ਜਾਂਦਾ ਹੈ।

ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥
ਨਾਨਕ ਆਇਆ ਸੋ ਪਰਵਾਨੁ ॥ ੪ ॥ ੨੦ ॥ ੩੩ ॥

ਜਿਸ ਨੇ ਗੁਰੂ ਦੀ ਕਿਰਪਾ ਨਾਲ ਨਾਮ ਪਾਇਆ ਹੈ। ਗੁਰੂ ਜੀ ਕਥਨ ਕਰਦੇ ਹਨ— ਉਹ ਪੁਰਸ਼ ਦੁਨੀਆਂ ਵਿਚ ਆਇਆ ਹੋਇਆ ਪ੍ਰਮਾਨੀਕ ਹੈ॥ ੪ ॥ ੨੦ ॥ ੩੭ ॥

ਭੈਰਉ ਮਹ੍ਹਲਾ ੫ ॥

ਸੰਤ ਕੀ ਨਿੰਦਾ ਜੋਨੀ ਭਵਨਾ ॥ ਸੰਤ ਕੀ ਨਿੰਦਾ ਰੋਗੀ ਕਰਨਾ ॥

ਸੰਤਾਂ ਦੀ ਨਿੰਦਿਆ ਕਰਨ ਵਾਲਾ ਪੁਰਸ਼ ਜੂਨੀਆਂ ਵਿਚ ਭਵਨਾ= ਫਿਰਦਾ ਹੈ। ਸੰਤਾਂ ਦੀ ਨਿੰਦਿਆ ਨੇ ਦੇਹ ਨੂੰ ਰੋਗੀ ਹੀ ਕਰਨਾ ਹੈ।

ਸੰਤ ਕੀ ਨਿੰਦਾ ਦੂਖ ਸਹਾਮ ॥ ਡਾਨੁ ਦੈਤ ਨਿੰਦਕ ਕਉ ਜਾਮ ॥ ੧ ॥

ਸੰਤਾਂ ਦੀ ਨਿੰਦਿਆ ਕਰਨ ਵਾਲਾ ਪੁਰਸ਼ ਦੁੱਖ ਹੀ ਸਹਾਮ= ਸਹਾਰਦਾ ਹੈ। ਨਿੰਦਕ ਪੁਰਸ਼ ਨੂੰ ਜਮ ਹਮੇਸ਼ਾਂ ਡਾਨੁ= ਡੰਡ ਦੇਂਦਾ ਹੈ॥ ੧ ॥

ਸੰਤ ਸੰਗਿ ਕਰਹਿ ਜੋ ਬਾਦੁ ॥
ਤਿਨ ਨਿੰਦਕ ਨਾਹੀ ਕਿਛੁ ਸਾਦੁ ॥ ੧ ॥ ਰਹਾਉ ॥

ਜੋ ਪੁਰਸ਼ ਸੰਤਾਂ ਨਾਲ ਮਿਲ ਕੇ ਬਾਦੁ= ਝਗੜੇ (ਹੁੱਜਤਾਂ ਆਦਿਕ) ਕਰਦਾ ਹੈ। ਉਸ ਨਿੰਦਕ ਨੂੰ ਜੀਉਣ ਦਾ ਕੁਝ ਸਵਾਦ ਨਹੀਂ ਹੈ॥ ੧ ॥ ਰਹਾਉ ॥

ਭਗਤ ਕੀ ਨਿੰਦਾ ਕੰਧੁ ਛੇਦਾਵੈ ॥ ਭਗਤੀ ਕੀ ਨਿੰਦਾ ਨਰਕੁ ਭੁੰਚਾਵੈ ॥

ਭਗਤਾਂ ਦੀ ਨਿੰਦਿਆ ਕੀਤੀ ਹੋਈ ਇਸ ਦੇ ਕੰਧੁ= ਸਰੀਰ ਨੂੰ ਛੇਦਾਵੈ= ਛੇਦਨ (ਕੱਟਣਾ) ਕਰਦੀ ਹੈ, ਜਿਵੇਂ ਹਰਨਾਖਸ਼ ਦੇ ਸਰੀਰ ਨੂੰ ਕੱਟਿਆ ਸੀ।

ਭਗਤਾਂ ਦੀ ਕੀਤੀ ਹੋਈ ਨਿੰਦਿਆ, ਨਰਕ ਦਾ ਦੁੱਖ ਭੁਗਾਵੈ= ਭੁਗਾਉਂਦੀ ਹੈ।

ਭਗਤ ਦੀ ਨਿੰਦਾ ਗਰਭ ਮਹਿ ਗਲੈ ॥
ਭਗਤ ਕੀ ਨਿੰਦਾ ਰਾਜ ਤੇ ਟਲੈ ॥ ੨ ॥

ਭਗਤਾਂ ਦੀ ਨਿੰਦਿਆ ਕਰ ਕੇ ਮਾਂ ਦੇ ਗਰਭ ਵਿਚ ਗਲਦਾ ਹੈ। ਭਗਤਾਂ ਦੀ ਨਿੰਦਿਆ ਕਰ ਕੇ ਪਰਤੱਖ ਰਾਜ-ਗੱਦੀ ਤੋਂ ਟਲੈ= ਉਤਰ ਜਾਂਦਾ ਹੈ। ਵਾ :- ਰਾਜ= ਸਰੂਪ ਤੋਂ ਟਲ ਜਾਂਦਾ ਹੈ॥ ੨ ॥

ਨਿੰਦਕ ਕੀ ਗਤਿ ਕਤਹੂ ਨਾਹਿ ॥ ਆਪਿ ਬੀਜਿ ਆਪੇ ਹੀ ਖਾਹਿ ॥

ਨਿੰਦਕ ਦੀ ਕਿਤੇ ਭੀ ਗਤਿ= ਮੁਕਤੀ ਨਹੀਂ ਹੁੰਦੀ। ਉਹ ਆਪਣੇ ਬੀਜੇ ਹੋਏ (ਕਰਮਾਂ ਰੂਪ ਬੀਜ ਦੇ ਅਨੁਸਾਰ ਫਲ) ਨੂੰ ਆਪ ਹੀ ਖਾਂਦਾ ਹੈ।

ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਦਾ ਭਾਰੁ ਨਿੰਦਕਿ ਸਿਰ�ि ਧਰਾ ॥ ੩ ॥

ਚੋਰ, ਇਸਤ੍ਰੀਆਂ ਦੇ ਯਾਰ ਅਤੇ ਜੂਆ ਖੇਡਣ ਵਾਲੇ ਜੁਆਰੀਏ ਇਨ੍ਹਾਂ ਸਾਰਿਆਂ ਤੋਂ ਨਿੰਦਕ ਪੁਰਸ਼ ਬੁਰਾ ਹੈ। ਚੋਰ ਅਤੇ ਜੁਆਰੀਆਂ ਨੂੰ ਤਾਂ ਭਾਵੇਂ ਕੁਝ ਮਿਲ ਹੀ ਜਾਂਦਾ ਹੈ ਪਰ ਨਿੰਦਕਾਂ ਨੂੰ ਕੁਝ ਭੀ ਨਹੀਂ ਮਿਲਦਾ, ਉਹ ਸਗੋਂ, "ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥*" ਨਿੰਦਕਾਂ ਨੇ ਆਪਣੇ ਸਿਰ ਉੱਤੇ ਅਣਹੋਂਦਾ ਪਾਪਾਂ ਦਾ ਭਾਰ ਚੁੱਕ ਲਿਆ ਹੈ। ਅਰਥਾਤ ਆਪਣੇ ਪਾਪ ਤਾਂ ਨਹੀਂ ਹਨ ਤੇ ਨਿੰਦਿਆ ਕਰ ਕੇ ਦੂਜਿਆਂ ਦੇ ਪਾਪਾਂ ਦਾ ਭਾਰ ਚੁੱਕ ਲਿਆ ਹੈ।

ਪਾਰਬ੍ਰਹਮ ਕੇ ਭਗਤ ਨਿਰਵੈਰ ॥ ਸੋ ਨਿਸਤਰੈ ਜੋ ਪੂਜੈ ਪੈਰ ॥

ਪਾਰਬ੍ਰਹਮ ਦੇ ਭਗਤ ਨਿਰਵੈਰ ਸੁਭਾਅ ਵਾਲੇ ਹਨ, ਉਹ ਕਿਸੇ ਨਾਲ ਵੈਰ ਨਹੀਂ ਕਰਦੇ। ਜੋ ਉਹਨਾਂ ਭਗਤਾਂ ਦੇ ਚਰਨਾਂ ਨੂੰ ਪੂਜਦਾ ਹੈ, ਉਹ ਸੰਸਾਰ ਤੋਂ ਤਰ ਜਾਂਦਾ ਹੈ।

ਆਦਿ ਪੁਰਖਿ ਨਿੰਦਕੁ ਭੋਲਾਇਆ ॥
ਨਾਨਕ ਕਿਰਤੁ ਨ ਜਾਇ ਮਿਟਾਇਆ ॥ ੪ ॥ ੨੧ ॥ ੩੪ ॥

ਗੁਰੂ ਜੀ ਕਥਨ ਕਰਦੇ ਹਨ— ਆਦਿ ਪੁਰਖਿ= ਪਰਮਾਤਮਾ ਨੇ ਆਪ ਹੀ ਨਿੰਦਕ ਨੂੰ ਭੁਲਾਉਣਾ ਕੀਤਾ ਹੈ।

---

*ਮਾਝ ਮਹਲਾ ੪, ਪੰਨਾ ੧੧੮

ਕਿਉਂਕਿ ਕਿਸੇ ਦਾ ਕੀਤਾ ਹੋਇਆ ਕਰਮ, ਫਲ ਭੋਗੇ ਤੋਂ ਬਿਨਾਂ ਮਿਟਾਇਆ ਨਹੀਂ ਜਾਂਦਾ॥ ੪॥ ੨੧॥ ੩੪॥

ਭੈਰਉ ਮਹਲਾ ੫ ॥

ਪਰਮੇਸ਼ਰ ਦੇ ਨਾਮ ਦੀ ਮਹਿਮਾ ਇਸ ਸ਼ਬਦ ਦੁਆਰੇ ਸ੍ਰਵਣ ਕਰਾਉਂਦੇ ਹਨ-

ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥

ਸਾਡੇ ਪਾਸ ਪ੍ਰਭੂ ਦਾ ਨਾਮ ਵੇਦ ਪਾਠ ਹੈ ਅਤੇ ਪ੍ਰਭੂ ਦਾ ਨਾਮ ਹੀ ਨਾਦ= ਸੰਖ ਆਦਿਕ ਵਾਜਿਆਂ ਦਾ ਵਜਾਉਣਾ ਹੈ। ਅਰਥਾਤ ਪ੍ਰਭੂ ਦਾ ਨਾਮ ਹੀ ਬੇਦ= ਵਰਨ ਆਤਮਕ ਸ਼ਬਦ ਹੈ, ਨਾਮ ਹੀ ਨਾਦ= ਧੁੰਨ ਆਤਮਕ ਸ਼ਬਦ ਹੈ। *ਅਥਵਾ :—* ਸਾਡੇ ਪਾਸ ਪ੍ਰਭੂ ਦਾ ਨਾਮ ਹੀ ਵੇਦਾਂ ਦਾ ਨਾਦ= ਤਾਤਪਰਯ ਹੈ, ਵਾ :- ਵੇਦਾਂ ਦਾ ਨਾਦ= ਸ਼ਬਦ ਹੈ। ਪ੍ਰਭੂ ਦਾ ਨਾਮ ਹੀ ਸਾਡੇ ਸਾਰੇ ਕੰਮਾਂ ਨੂੰ ਪੂਰੇ= ਸਵਾਰਦਾ ਹੈ।

ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥ ੧ ॥

ਸਾਡੇ ਪਾਸ ਜੋ ਪ੍ਰਭੂ ਦਾ ਨਾਮ ਹੈ ਏਹੋ ਦੇਵਤੇ ਦੀ ਪੂਜਾ ਹੈ। ਸਾਡੇ ਪਾਸ ਜੋ ਨਾਮ-ਸਿਮਰਨ ਹੈ ਏਹੋ ਗੁਰੂ ਦੀ ਸੇਵਾ ਹੈ॥ ੧॥

ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥
ਸਭ ਤੇ ਊਤਮੁ ਹਰਿ ਹਰਿ ਕਾਮੁ ॥ ੧ ॥ ਰਹਾਉ ॥

ਪੂਰਿਆਂ ਗੁਰਾਂ ਕਰ ਕੇ ਅਸਾਂ ਨੇ ਹਰੀ ਨਾਮ ਨੂੰ ਦ੍ਰਿੜ੍ਹ ਕੀਤਾ ਹੈ ਅਤੇ ਏਹ ਨਿਸਚੇ ਕੀਤਾ ਹੈ ਕਿ ਹਰਿ ਹਰਿ ਨਾਮ ਦਾ ਸਿਮਰਨ ਕਰਨਾ ਹੀ ਸਭ ਤੋਂ ਉੱਤਮ ਕੰਮ ਹੈ॥ ੧॥ ਰਹਾਉ॥

ਨਾਮੁ ਹਮਾਰੈ ਮਜਨ ਇਸਨਾਨੁ ॥ ਨਾਮੁ ਹਮਾਰੈ ਪੂਰਨ ਦਾਨੁ ॥

ਸਾਡੇ ਪਾਸ ਜੋ ਨਾਮ ਹੈ, ਏਹੋ ਮਜਨ= ਪਰਬਾਂ ਦਾ ਇਸ਼ਨਾਨ ਹੈ। ਸਾਡੇ ਪਾਸ ਜੋ ਨਾਮ ਹੈ, ਏਹੋ ਪੂਰਨ= ਸੰਪੂਰਨ ਦਾਨ ਦਾ ਦੇਣਾ ਕਰਦੇ ਹਾਂ।

ਨਾਮੁ ਲੈਤ ਤੇ ਸਗਲ ਪਵੀਤ ॥ ਨਾਮੁ ਜਪਤ ਮੇਰੇ ਭਾਈ ਮੀਤ ॥ ੨ ॥

ਜੋ ਨਾਮ ਜਪਦੇ ਹਨ ਉਹ ਸਾਰੇ ਪਵੀਤ= ਪਵਿੱਤਰ ਹਨ। ਨਾਮ ਜਪਣ ਵਾਲੇ ਮਨੁੱਖ ਮੇਰੇ ਭਰਾ ਤੇ ਮਿੱਤਰ ਹਨ॥ ੨॥

ਨਾਮੁ ਹਮਾਰੈ ਸਉਣ ਸੰਜੋਗ ॥ ਨਾਮੁ ਹਮਾਰੈ ਤ੍ਰਿਪਤਿ ਸੁਭੋਗ ॥

ਸਾਡੇ ਪਾਸ ਜੋ ਨਾਮ ਹੈ ਏਹੋ ਸਉਣ ਸੰਜੋਗ= ਸ਼ੁਭ ਸ਼ਗਨਾਂ ਦਾ ਮਿਲਾਪ ਹੈ। ਵਾ :- ਸਉਣ= ਸ਼ਾਸਤ੍ਰਾਂ ਦਾ ਸੰਜੋਗ= ਮਿਲਾਪ ਹੈ। ਨਾਮ-ਸਿਮਰਨ ਹੀ ਮੈਨੂੰ ਤ੍ਰਿਪਤੀ ਕਰਨ ਕਾਲਾ ਸ੍ਰੇਸ਼ਟ ਭੋਗ= ਪਦਾਰਥ ਹੈ।

ਨਾਮੁ ਹਮਾਰੈ ਸਗਲ ਆਚਾਰ ॥ ਨਾਮੁ ਹਮਾਰੈ ਨਿਰਮਲ ਬਿਉਹਾਰ ॥ ੩ ॥

ਇਕ ਨਾਮ-ਸਿਮਰਨ ਦੇ ਵਿਚ ਹੀ ਸਾਡੇ ਸਾਰੇ ਆਚਾਰ= ਕਰਤੱਬ ਹਨ। ਸਾਡੇ ਪਾਸ ਜੋ ਨਾਮ-ਸਿਮਰਨ ਹੈ, ਏਹੋ ਸਾਡਾ ਨਿਰਮਲ ਵਿਹਾਰ ਹੈ॥ ੩॥

ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ ਸਗਲ ਜਨਾ ਕੀ ਹਰਿ ਹਰਿ ਟੇਕ ॥

ਜਿਨ੍ਹਾਂ ਦੇ ਮਨ ਵਿਚ ਇਕ ਪ੍ਰਭੂ (ਦਾ ਨਾਮ-ਸਿਮਰਨ) ਵਸਿਆ ਹੈ। ਉਹਨਾਂ ਸਾਰਿਆਂ ਜਨਾਂ ਦੀ ਹਰਿ ਹਰਿ ਨਾਮ ਹੀ ਓਟ ਰੂਪ ਹੈ। ਵਾ :-ਜਿਸ ਦੇ ਮਨ ਵਿਚ ਇਕ ਪ੍ਰਭੂ ਵਸਿਆ ਹੈ। ਹਰਿ ਹਰਿ ਨਾਮ ਦੇ ਪਰਤਾਪ ਕਰ ਕੇ ਉਹ ਸਾਰਿਆਂ ਜਨਾਂ ਦੀ ਟੇਕ= ਓਟ ਰੂਪ ਹੋਇਆ ਹੈ।

ਮਨਿ ਤਨਿ ਨਾਨਕ ਹਰਿ ਗੁਣ ਗਾਉ ॥

[ਪੰਨਾ ੧੧੪੬]

ਸਾਧਸੰਗਿ ਜਿਸੁ ਦੇਵੈ ਨਾਉ ॥ ੪ ॥ ੨੨ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ— ਉਹ ਪਰਮੇਸ਼ਰ ਸਤਸੰਗ ਦੁਆਰਾ ਜਿਸ ਨੂੰ ਨਾਮ ਦਾਨ ਦੇਂਦਾ ਹੈ। ਉਹ ਮਨੋਂ ਤਨੋਂ ਹੋ ਕੇ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

ਭੈਰਉ ਮਹਲਾ ੫ ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਨਿਰਧਨ ਕਉ ਤੁਮ ਦੇਵਹੁ ਧਨਾ ॥ ਅਨਿਕ ਪਾਪ ਜਾਹਿ ਨਿਰਮਲ ਮਨਾ ॥

ਜਿਸ ਨਾਮਹੀਣ ਨਿਰਧਨ ਨੂੰ ਆਪ ਨਾਮ-ਧਨ ਦੇਂਦੇ ਹੋ। ਉਸ ਦੇ ਅਨੇਕਾਂ ਪਾਪ ਮਿਟ ਜਾਂਦੇ ਹਨ ਅਤੇ ਮਨ ਸ਼ੁੱਧ ਹੋ ਜਾਂਦਾ ਹੈ।

ਸਗਲ ਮਨੋਰਥ ਪੂਰਨ ਕਾਮ ॥ ਭਗਤ ਅਪੁਨੇ ਕਉ ਦੇਵਹੁ ਨਾਮ ॥ ੧ ॥

ਜਿਸ ਆਪਣੇ ਭਗਤ ਜਨ ਨੂੰ ਨਾਮ ਦਾਨ ਦੇਂਦੇ ਹੋ। ਉਸ ਦੇ ਸਾਰੇ ਮਨੋਰਥ= ਸੰਕਲਪ ਅਤੇ ਕੰਮ ਪੂਰੇ ਹੋ ਜਾਂਦੇ ਹਨ।

ਸਫਲ ਸੇਵਾ ਗੋਪਾਲ ਰਾਇ ॥

ਹੇ ਗੋਪਾਲ ਰਾਜੇ ! ਆਪ ਜੀ ਦੀ ਸੇਵਾ ਕੀਤੀ ਹੋਈ ਸਫਲ ਹੈ।

ਕਰਨ ਕਰਾਵਨਹਾਰ ਸੁਆਮੀ ਤਾ ਤੇ ਬਿਰਥਾ ਕੋਇ ਨ ਜਾਇ ॥ ੧ ॥ ਰਹਾਉ ॥

ਹੇ (ਸਭ ਕੁਝ) ਕਰਨ ਕਰਾਉਣ ਵਾਲੇ ਸੁਆਮੀ ! ਤੇਰੇ ਪਾਸੋਂ ਬਿਰਥਾ= ਖਾਲੀ ਕੋਈ ਭੀ ਨਹੀਂ ਜਾਂਦਾ ॥ ੧ ॥ ਰਹਾਉ ॥

ਰੋਗੀ ਕਾ ਪ੍ਰਭ ਖੰਡਹੁ ਰੋਗ ॥ ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥

ਪਰਤੱਖ ਰੋਗੀ ਦਾ, ਵਾ :- ਅਗਿਆਨ ਰੂਪ ਰੋਗ ਕਰ ਕੇ ਜੋ ਰੋਗੀ ਹੈ, ਉਸ ਦਾ ਅਗਿਆਨ ਰੂਪ ਰੋਗ ਹੇ ਪ੍ਰਭੂ ! ਆਪ ਖੰਡਨ ਕਰਦੇ ਹੋ। ਹੇ ਪ੍ਰਭੂ ! ਦੁਖੀਏ ਪੁਰਸ਼ ਦਾ ਆਪ ਸੋਗੁ=ਗੰਮ ਭੀ ਮਿਟਾ ਦੇਂਦੇ ਹੋ।

ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ ॥
ਦਾਸ ਅਪਨੇ ਕਉ ਭਗਤੀ ਲਾਵਹੁ ॥ ੨ ॥

ਨਿਥਾਵੇਂ (ਮਨੁੱਖ) ਨੂੰ ਪਰਤੱਖ ਥਾਂ ਉੱਤੇ (ਆਦਰ-ਮਾਣ ਨਾਲ) ਤੁਸੀਂ ਬਿਠਾਉਂਦੇ ਹੋ। ਵਾ :- ਨਿਥਾਵੇਂ

ਨੂੰ ਆਪ ਸਰੂਪ ਥਾਂ ਪਰ ਬਿਠਾਉਂਦੇ ਹੋ। ਆਪਣੇ ਦਾਸ ਨੂੰ ਭਗਤੀ ਕਰਨ ਵਿਚ ਲਾ ਲੈਂਦੇ ਹੋ॥ ੨॥

ਨਿਮਾਣੇ ਕਉ ਪ੍ਰਭ ਦੇਤੋ ਮਾਨੁ॥ ਮੂੜ ਮੁਗਧੁ ਹੋਇ ਚਤੁਰ ਸੁਗਿਆਨੁ॥

ਹੇ ਪ੍ਰਭੂ ! ਆਪ ਨਿਮਾਣੇ ਪੁਰਸ਼ ਨੂੰ ਮਾਨੁ= ਇੱਜ਼ਤ ਦੇਂਦੇ ਹੋ। ਹੇ ਪ੍ਰਭੂ ! ਆਪ ਮੂਰਖ ਨੂੰ ਚਤਰ ਕਰ ਦੇਂਦੇ ਹੋ ਅਤੇ ਮੁਗਧੁ= ਮਹਾ ਮੂਰਖ ਨੂੰ ਸੁਗਿਆਨੁ= ਸ੍ਰੇਸ਼ਟ ਗਿਆਨਵਾਨ ਕਰ ਦੇਂਦੇ ਹੋ।

ਸਗਲ ਭਇਆਨ ਕਾ ਭਉ ਨਸੈ॥ ਜਨ ਅਪਨੇ ਕੈ ਹਰਿ ਮਨਿ ਬਸੈ॥ ੩॥

ਹੇ ਹਰੀ ! ਜਿਸ ਆਪਣੇ ਸੇਵਕ ਜਨ ਦੇ ਮਨ ਵਿਚ ਆਪ ਵਸਦੇ ਹੋ। ਉਸ ਦੇ ਮਨ ਵਿਚੋਂ ਭਿਆਨਕ ਕਾਮ ਆਦਿਕਾਂ ਦਾ ਸਾਰਾ ਭਉ= ਡਰ ਨੱਸ ਜਾਂਦਾ ਹੈ॥ ੩॥

ਪਾਰਬ੍ਰਹਮ ਪ੍ਰਭ ਸੁਖ ਨਿਧਾਨ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ॥

ਹੇ ਪਾਰਬ੍ਰਹਮ ਪ੍ਰਭੂ ! ਆਪ ਸਾਰਿਆਂ ਸੁਖਾਂ ਦੇ ਨਿਧਾਨ= ਖਜ਼ਾਨੇ ਹੋ। ਹੇ ਹਰੀ ! ਆਪ ਜੀ ਦੇ ਨਾਮ ਅੰਮ੍ਰਿਤ ਕਰ ਕੇ ਤਤੁ= ਯਥਾਰਥ-ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਕਰਿ ਕਿਰਪਾ ਸੰਤ ਟਹਲੈ ਲਾਏ॥
ਨਾਨਕ ਸਾਧੂ ਸੰਗਿ ਸਮਾਏ॥ ੪॥ ੨੩॥ ੩੬॥

ਗੁਰੂ ਜੀ ਕਥਨ ਕਰਦੇ ਹਨ— ਆਪ ਜੀ ਨੇ ਕਿਰਪਾ ਕਰ ਕੇ ਜਿਨ੍ਹਾਂ ਨੂੰ ਸੰਤਾਂ ਦੀ ਸੇਵਾ ਵਿਚ ਲਗਾਇਆ ਹੈ। ਉਹ ਸੰਤਾਂ ਦੇ ਸੰਗ ਕਰ ਕੇ ਆਪ ਜੀ ਦੇ ਸਰੂਪ ਵਿਚ ਸਮਾਏ ਹਨ॥ ੪॥ ੨੩॥ ੩੬॥

ਭੈਰਉ ਮਹਲਾ ੫॥

ਇਕ ਸਿੱਖ ਨੇ ਆ ਕੇ ਕਿਹਾ-''ਸੰਤ ਸਭਾ ਵਿਚ ਨਿਵਾਸ ਕਰਨ ਨਾਲ ਕਿਸ ਕਿਸ ਫਲ ਦੀ ਪ੍ਰਾਪਤੀ ਹੁੰਦੀ ਹੈ ?'' *ਗੁਰ ਉੱਤਰ-*

ਸੰਤ ਮੰਡਲ* ਮਹਿ ਹਰਿ ਮਨਿ ਵਸੈ॥ ਸੰਤ ਮੰਡਲ ਮਹਿ ਦੁਰਤੁ ਸਭੁ ਲਸੈ॥

ਸੰਤਾਂ ਦੇ ਮੰਡਲ= ਅਸਥਾਨ ਵਿਚ ਨਿਵਾਸ ਕਰਨ ਨਾਲ ਹਰੀ ਆਪ ਮਨ ਵਿਚ ਵਸਦਾ ਹੈ। ਸੰਤ ਮੰਡਲ ਵਿਚ ਨਿਵਾਸ ਕਰਨ ਨਾਲ ਸਾਰੇ ਦੁਰਤੁ= ਪਾਪ ਨੱਸ ਜਾਂਦੇ ਹਨ।

ਸੰਤ ਮੰਡਲ ਮਹਿ ਨਿਰਮਲ ਰੀਤਿ॥ ਸੰਤਸੰਗਿ ਹੋਇ ਏਕ ਪਰੀਤਿ॥ ੧॥

ਸੰਤ ਮੰਡਲ ਵਿਚ ਨਿਵਾਸ ਕਰਨ ਨਾਲ ਨਿਰਮਲ ਰੀਤੀ ਦੀ ਪ੍ਰਾਪਤੀ ਹੁੰਦੀ ਹੈ। ਸੰਤਾਂ ਦੇ ਸੰਗ ਕਰ ਕੇ ਇਕ ਪ੍ਰਭੂ ਦੇ ਨਾਲ ਪ੍ਰੀਤੀ ਹੁੰਦੀ ਹੈ॥ ੧॥

ਸੰਤ ਮੰਡਲੁ ਤਹਾ ਕਾ ਨਾਉ॥ ਪਾਰਬ੍ਰਹਮ ਕੇਵਲ ਗੁਣ ਗਾਉ॥ ੧॥ ਰਹਾਉ॥

ਉਸ ਦਾ ਨਾਮ ਸੰਤ ਅਸਥਾਨ। ਜਿਥੇ ਕੇਵਲ ਪਾਰਬ੍ਰਹਮ ਦੇ ਗੁਣ ਗਾਏ ਜਾਂਦੇ ਹਨ॥ ੧॥ ਰਹਾਉ॥

**ਮੰਡਲ ਦਾ ਅਰਥ— ਅਸਥਾਨ, ਦਿਵਾਨ ਜਾਂ ਸਭਾ ਅਰਥਾਤ ਸੰਤਾਂ ਦੇ ਸਤਸੰਗ ਅਸਥਾਨ ਪਰ ਬੈਠਣ ਨਾਲ ਸਭ ਕੁਝ ਪ੍ਰਾਪਤ ਹੁੰਦਾ ਹੈ।

ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥ ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥

ਸੰਤ ਮੰਡਲ ਵਿਚ ਜਾਣ ਵਾਲਾ ਪੁਰਸ਼ ਜਨਮ ਮਰਨ ਤੋਂ ਰਹਿ ਜਾਂਦਾ ਹੈ। ਸੰਤ ਮੰਡਲ ਵਿਚ ਜਾਣ ਵਾਲੇ ਪੁਰਸ਼ ਨੂੰ ਜਮ ਕੁਝ ਨਹੀਂ ਕਹਿੰਦਾ।

ਸੰਤ ਸੰਗਿ ਹੋਇ ਨਿਰਮਲ ਬਾਣੀ ॥ ਸੰਤ ਮੰਡਲ ਮ੍ਹਿ ਨਾਮੁ ਵਖਾਣੀ ॥ ੨ ॥

ਸੰਤਾਂ ਦੇ ਸੰਗ ਕਰ ਕੇ ਜੀਵ ਦੀ ਆਪਣੀ ਬਾਣੀ ਨਿਰਮਲ ਹੋ ਜਾਂਦੀ ਹੈ। ਸੰਤ ਮੰਡਲ ਵਿਚ ਨਾਮ ਦੀ ਪਰਸੰਸਾ ਕਥਨ ਕੀਤੀ ਜਾਂਦੀ ਹੈ॥ ੨ ॥

ਸੰਤ ਮੰਡਲ ਕਾ ਨਿਹਚਲ ਆਸਨੁ ॥ ਸੰਤ ਮੰਡਲ ਮਹਿ ਪਾਪ ਬਿਨਾਸਨੁ ॥

ਸੰਤ ਮੰਡਲ ਦਾ ਆਸਣ ਅਚੱਲ ਹੈ, ਕਿਉਂਕਿ ਉਥੇ ਟਿਕ ਕੇ ਬੈਠਣਾ ਪੈਂਦਾ ਹੈ। ਸੰਤ ਮੰਡਲ ਵਿਚ ਬੈਠਣ ਕਰ ਕੇ ਜੀਵ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ।

ਸੰਤ ਮੰਡਲ ਮਹਿ ਨਿਰਮਲ ਕਥਾ ॥ ਸੰਤ ਸੰਗਿ ਹਉਮੈ ਦੁਖ ਨਸਾ ॥ ੩ ॥

ਸੰਤ ਮੰਡਲ ਵਿਚ ਨਿਰਮਲ= ਪਰਮਾਤਮਾ ਦੀ ਕਥਾ ਹੁੰਦੀ ਹੈ, ਵਾ :- ਮਨ ਨੂੰ ਨਿਰਮਲ ਕਰਨ ਵਾਲੀ ਕਥਾ ਹੁੰਦੀ ਹੈ। ਸੰਤਾਂ ਦੇ ਸੰਗ ਕਰ ਕੇ ਹਉਮੈ ਦਾ ਦੁੱਖ ਨੱਸ ਜਾਂਦਾ ਹੈ॥ ੩ ॥

ਸੰਤ ਮੰਡਲ ਕਾ ਨਹੀ ਬਿਨਾਸੁ ॥ ਸੰਤ ਮੰਡਲ ਮਹਿ ਹਰਿ ਗੁਣਤਾਸੁ ॥

ਸੰਤ ਮੰਡਲ= ਸਮਾਜ ਦਾ ਕਦੇ ਨਾਸ ਨਹੀਂ ਹੁੰਦਾ। ਸੰਤ ਮੰਡਲ ਵਿਚ ਸ਼ੁਭ ਗੁਣਾਂ ਦਾ ਤਾਸੁ= ਖਜ਼ਾਨਾ ਹਰੀ ਆਪ ਵਸਦਾ ਹੈ।

ਸੰਤ ਮੰਡਲ ਠਾਕੁਰ ਬਿਸ੍ਰਾਮੁ ॥
ਨਾਨਕ ਓਤਿ ਪੋਤਿ ਭਗਵਾਨੁ ॥ ੪ ॥ ੨੪ ॥ ੩੭ ॥

ਸੰਤ ਸਮਾਜ ਠਾਕੁਰ ਵਿਚ ਨਿਵਾਸ ਕਰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਉਹ ਭਗਵਾਨ ਤੇ ਸੰਤ ਮੰਡਲ ਓਤਿ ਪੋਤਿ= ਤਾਣੇ ਪੇਟੇ ਵਾਂਗ ਆਪਸ ਵਿਚ ਅਭੇਦ ਰੂਪ ਹਨ ਅਰਥਾਤ ਇਕਮਿਕ॥ ੪ ॥ ੨੪ ॥ ੩੭ ॥

ਭੈਰਉ ਮਹਲਾ ੫ ॥

ਰੋਗੁ ਕਵਨੁ ਜਾਂ ਰਾਖੈ ਆਪਿ ॥ ਤਿਸੁ ਜਨ ਹੋਇ ਨ ਦੂਖੁ ਸੰਤਾਪੁ ॥

ਜਾਂ ਪ੍ਰਭੂ ਆਪ ਰਖਿਆ ਕਰਨ ਵਾਲਾ ਹੋਵੇ ਤਾਂ ਪ੍ਰਤੱਖ ਰੋਗ, ਵਾ :- ਅਗਿਆਨ ਰੂਪੀ ਰੋਗ, ਵਾ :- ਜਨਮ ਮਰਨ ਰੂਪੀ ਰੋਗ ਕੀ ਚੀਜ਼ ਹੈ, ਜੋ ਆ ਕੇ ਦੁੱਖ ਦੇਵੇ ਅਰਥਾਤ ਉਸ ਨੂੰ ਕੋਈ ਵੀ ਰੋਗ ਆ ਕੇ ਦੁੱਖ ਨਹੀਂ ਦੇਂਦਾ। ਉਸ ਪੁਰਸ਼ ਨੂੰ ਦੁੱਖਾਂ ਕਰ ਕੇ ਕੋਈ ਸੰਤਾਪ ਨਹੀਂ ਹੁੰਦਾ।

ਜਿਸੁ ਊਪਰਿ ਪ੍ਰਭੁ ਕਿਰਪਾ ਕਰੈ ॥ ਤਿਸੁ ਊਪਰ ਤੇ ਕਾਲੁ ਪਰਹਰੈ ॥ ੧ ॥

ਜਿਸ ਉੱਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ। ਉਸ ਦੇ ਸਿਰ ਤੋਂ ਕਾਲ ਨੂੰ ਭੀ ਦੂਰ ਕਰ ਦੇਂਦਾ ਹੈ। ਜਾਂ ਉਸ ਦੇ ਸਿਰ ਤੋਂ ਕਾਲ ਪਰਹਰੈ= ਦੂਰ ਹੋ ਜਾਂਦਾ (ਟਲ ਜਾਂਦਾ) ਹੈ॥ ੧ ॥

ਸਦਾ ਸਖਾਈ ਹਰਿ ਹਰਿ ਨਾਮੁ॥

ਹਰਿ ਹਰਿ ਨਾਮ ਸਦਾ ਹੀ ਜੀਵ ਦੀ ਸਖਾਈ= ਸਹਾਇਤਾ ਕਰਨ ਵਾਲਾ ਹੈ। ਵਾ :- ਪਰਲੋਕ ਦਾ ਸਖਾਈ= ਮਿੱਤਰ ਹੈ।

ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ
ਨਿਕਟਿ ਨ ਆਵੈ ਤਾ ਕੈ ਜਾਮੁ॥ ੧॥ ਰਹਾਉ॥

ਜਿਸ ਨੂੰ ਹਰੀ ਨਾਮ ਚੇਤੇ ਆਉਂਦਾ ਹੈ ਉਸ ਨੂੰ ਸਦਾ ਸੁਖ ਹੁੰਦਾ ਹੈ, ਫਿਰ ਉਸ ਦੇ ਨੇੜੇ ਜਾਮੁ= ਜਮ ਨਹੀਂ ਆਉਂਦਾ॥ ੧॥ ਰਹਾਉ॥

ਜਬ ਇਹੁ ਨ ਸੋ ਤਬ ਕਿਨਹਿ ਉਪਾਇਆ॥
ਕਵਨ ਮੂਲ ਤੇ ਕਿਆ ਪ੍ਰਗਟਾਇਆ॥

ਜਿਸ ਵੇਲੇ ਮਾਂ ਦੇ ਗਰਭ ਵਿਚ ਏਹ ਕੁਝ ਭੀ ਨਹੀਂ ਸੀ, ਉਸ ਵੇਲੇ ਇਸ ਨੂੰ ਚੇਤਨ ਸੱਤਾ ਦੇ ਕੇ ਕਿਸ ਨੇ ਪੈਦਾ ਕੀਤਾ ਸੀ ? ਅਤੇ ਰਕਤਬਿੰਦ ਦੇ ਗੰਦੇ ਪਾਣੀ ਰੂਪ ਕਿਸ ਮੂਲ ਤੋਂ ਕੀ ਸੋਹਣਾ ਸਰੂਪ ਪਰਗਟ ਕਰ ਦਿੱਤਾ ਹੈ।

ਆਪਹਿ ਮਾਰਿ ਆਪਿ ਜੀਵਾਲੈ॥
ਅਪਨੇ ਭਗਤ ਕਉ ਸਦਾ ਪ੍ਰਤਿਪਾਲੈ॥ ੨॥

ਉਹ ਆਪੇ ਮਾਰਦਾ ਹੈ ਆਪ ਹੀ ਜੀਵਾਉਂਦਾ ਹੈ। *ਅਥਵਾ :—* ਪਰਮੇਸ਼ਰ ਆਪ ਹੀ ਸੰਸਾਰ ਵਲੋਂ ਮਾਰ ਕੇ ਆਪਣੀ ਤਰਫ ਜੀਵਾਉਂਦਾ ਹੈ। ਆਪਣੇ ਭਗਤ ਦੀ ਹਮੇਸ਼ਾਂ ਪ੍ਰਤਿਪਾਲੈ= ਪਾਲਣਾ ਕਰਦਾ ਰਹਿੰਦਾ ਹੈ॥ ੨॥

ਸਭ ਕਿਛੁ ਜਾਣਹੁ ਤਿਸ ਕੈ ਹਾਥ॥ ਪ੍ਰਭੁ ਮੇਰੋ ਅਨਾਥ ਕੋ ਨਾਥ॥

ਏਹ ਜਾਣ ਲਵੋ! ਕਿ ਸਭ ਕੁਝ ਉਸ ਪ੍ਰਭੂ ਦੇ ਹੱਥ ਵਿਚ ਹੈ। ਉਹ ਮੇਰਾ ਪ੍ਰਭੂ ਅਨਾਥਾਂ ਦਾ ਨਾਥ= ਸੁਆਮੀ ਹੈ।

ਦੁਖ ਭੰਜਨੁ ਤਾ ਕਾ ਹੈ ਨਾਉ॥ ਸੁਖ ਪਾਵਹਿ ਤਿਸ ਕੇ ਗੁਣ ਗਾਉ॥ ੩॥

ਉਸ ਦਾ ਨਾਮ ਦੁੱਖ ਭੰਜਨ ਹੈ ਅਰਥਾਤ ਦੁੱਖਾਂ ਦੇ ਨਾਸ ਕਰਨ ਵਾਲਾ ਹੈ। ਜੋ ਪੁਰਸ਼ ਉਸ ਦੇ ਗੁਣ ਗਾਉਂਦਾ ਹੈ, ਓਹੀ ਸੁਖ ਪਾਉਂਦਾ ਹੈ॥ ੩॥

ਸੁਣਿ ਸੁਆਮੀ ਸੰਤਨ ਅਰਦਾਸਿ॥ ਜੀਉ ਪ੍ਰਾਨ ਧਨ ਤੁਮ੍ਰੈ ਪਾਸਿ॥

ਹੇ ਸੁਆਮੀ ! ਤੂੰ ਸੰਤਾਂ ਦੀ ਅਰਦਾਸ ਸੁਣਦਾ ਹੈਂ ਜਿਨ੍ਹਾਂ ਸੰਤਾਂ ਦਾ ਜੀਅ, ਪ੍ਰਾਣ ਅਤੇ ਧਨ ਆਦਿਕ ਸਭ ਕੁਝ ਆਪ ਜੀ ਦੇ ਪਾਸ ਅਰਪਣ ਹੈ।

ਇਹੁ ਜਗੁ ਤੇਰਾ ਸਭ ਤੁਝਹਿ ਧਿਆਏ॥

[ਪੰਨਾ ੧੧੪੭]

ਕਰਿ ਕਿਰਪਾ ਨਾਨਕ ਸੁਖੁ ਪਾਏ ॥ ੪ ॥ ੨੫ ॥ ੩੮ ॥

ਏਹ ਜਗਤ ਆਪ ਜੀ ਦਾ ਹੈ, ਸਾਰੇ ਜੀਵ ਆਪ ਜੀ ਨੂੰ ਧਿਆਉਂਦੇ ਹਨ। ਗੁਰੂ ਜੀ ਕਥਨ ਕਰਦੇ ਹਨ— ਜਿਸ ਉੱਤੇ ਆਪ ਕਿਰਪਾ ਕਰਦੇ ਹੋ, ਓਹੀ ਸੁਖਾਂ ਨੂੰ ਪਾਉਂਦਾ ਹੈ॥ ੪॥ ੨੫॥ ੩੮॥

ਭੈਰਉ ਮਹਲਾ ੫ ॥

ਤੇਰੀ ਟੇਕ ਰਹਾ ਕਲਿ ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥

ਕਲਜੁਗ ਵਿਚ, ਵਾ :- ਕਲਿ= ਕਲਾ ਰੂਪ ਸੰਸਾਰ ਵਿਚ ਹੇ ਪ੍ਰਭੂ ! ਮੈਂ ਤੇਰੀ ਟੇਕ= ਓਟ ਵਿਚ ਰਹਿੰਦਾ ਹਾਂ। ਵਾ :- ਤੇਰੀ ਓਟ ਕਰ ਕੇ ਸੁਖੀ ਰਹਿੰਦਾ ਹਾਂ। ਤੇਰੀ ਟੇਕ= ਓਟ ਵਿਚ ਰਹਿ ਕੇ ਤੇਰੇ ਹੀ ਗੁਣ ਗਾਉਂਦਾ ਹਾਂ।

ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ ਬਿਨਸੈ ਜੰਜਾਲੁ ॥ ੧ ॥

ਆਪ ਜੀ ਦੀ ਟੇਕ= ਓਟ ਲੈਣ ਨਾਲ ਜਮਕਾਲ ਪੋਹੇ= ਛੋਂਹਦਾ ਨਹੀਂ ਹੈ। ਆਪ ਜੀ ਦੀ ਟੇਕ= ਓਟ ਲੈਣ ਨਾਲ ਜਨਮ ਮਰਨ ਰੂਪ ਜੰਜਾਲੁ= ਧੰਦਾ ਮਿਟ ਜਾਂਦਾ ਹੈ॥ ੧॥

ਦੀਨ ਦੁਨੀਆ ਤੇਰੀ ਟੇਕ ॥

ਸਭ ਮਹਿ ਰਵਿਆ ਸਾਹਿਬੁ ਏਕ ॥ ੧ ॥ ਰਹਾਉ ॥

ਹੇ ਸਾਹਿਬ ! ਦੀਨ ਦੁਨੀਆ= ਲੋਕ ਪਰਲੋਕ ਵਿਚ ਆਪ ਜੀ ਦੀ ਓਟ ਹੈ। ਕਿਉਂਕਿ ਇਕ ਤੂੰ ਹੀ ਸਾਰਿਆਂ ਵਿਚ ਰਵਿਆ= ਪੂਰਨ ਹੋ ਰਿਹਾ ਹੈਂ॥ ੧॥ ਰਹਾਉ॥

ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰ ਮੰਤ ॥

ਹੇ ਪ੍ਰਭੂ ! ਤੇਰੀ ਓਟ ਕਰ ਕੇ ਮੈਂ ਅਨੰਦ ਭੋਗਣਾ ਕਰਦਾ ਹਾਂ। ਹੇ ਪ੍ਰਭੂ ! ਤੇਰੀ ਓਟ ਕਰ ਕੇ ਹੀ ਮੈਂ ਗੁਰੂ ਦਾ ਮੰਤ= ਉਪਦੇਸ਼ ਜਪਦਾ ਹਾਂ।

ਤੇਰੀ ਟੇਕ ਤਰੀਐ ਭਉ ਸਾਗਰੁ ॥ ਰਾਖਣਹਾਰੁ ਪੂਰਾ ਸੁਖ ਸਾਗਰੁ ॥ ੨ ॥

ਹੇ ਪ੍ਰਭੂ ! ਤੇਰੀ ਓਟ ਕਰ ਕੇ ਹੀ ਭੈ ਦਾਇਕ(ਸੰਸਾਰ) ਸਮੁੰਦਰ ਤੋਂ ਤਰਨਾ ਹੁੰਦਾ ਹੈ। ਹੇ ਪ੍ਰਭੂ ! ਤੂੰ ਹੀ ਰਖਿਆ ਕਰਨ ਵਾਲਾ ਹੈਂ ਅਤੇ ਤੂੰ ਹੀ ਪੂਰਾ ਸੁਖਾਂ ਦਾ ਸਮੁੰਦਰ ਹੈਂ॥ ੨॥

ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥

ਆਪ ਜੀ ਦੀ ਓਟ ਵਿਚ ਰਹਿਣ ਵਾਲੇ ਨੂੰ ਕੋਈ ਡਰ ਨਹੀਂ ਹੁੰਦਾ। ਸੋ ਤੂੰ ਆਪ ਹੀ ਅੰਤਰਜਾਮੀ= ਅੰਦਰ ਦੀਆਂ ਜਾਣਨ ਵਾਲਾ ਹੈਂ ਅਤੇ ਸੋਇ= ਸੋਭਾ ਵਾਲਾ ਹੈਂ।

ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ ॥ ੩ ॥

ਤਨ ਵਿਚ ਆਪ ਜੀ ਦੀ ਟੇਕ= ਓਟ ਹੈ ਤੇ ਮਨ ਵਿਚ ਭੀ ਆਪ ਜੀ ਦਾ ਤਾਣੁ= ਬਲ ਹੈ। ਈਹਾਂ ਊਹਾਂ= ਲੋਕ ਪ੍ਰਲੋਕ ਵਿਚ ਤੂੰ ਹੀ ਮੇਰਾ ਦੀਬਾਣੁ= ਆਸਰਾ ਰੂਪ ਹੈਂ॥ ੩॥

ਤੇਰੀ ਟੇਕ ਤੇਰਾ ਭਰਵਾਸਾ ॥ ਸਗਲ ਧਿਆਵਹਿ ਪ੍ਰਭ ਗੁਣਤਾਸਾ ॥

ਮੈਨੂੰ ਭੀ ਤੇਰੀ ਓਟ ਹੈ ਅਤੇ ਸਾਰਿਆਂ ਜੀਵਾਂ ਨੂੰ ਭੀ ਆਪ ਜੀ ਦਾ ਭਰੋਸਾ ਹੈ। ਹੇ ਗੁਣਾਂ ਦੇ ਖਜ਼ਾਨੇ ਪ੍ਰਭੂ ! ਸਾਰੇ ਜੀਵ ਆਪ ਜੀ ਨੂੰ ਧਿਆਉਂਦੇ ਹਨ।

ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥
ਸਿਮਰਿ ਨਾਨਕ ਸਾਚੇ ਗੁਣਤਾਸਾ ॥ ੪ ॥ ੨੬ ॥ ੩੯ ॥

ਤੇਰੇ ਦਾਸ ਤੇਰੇ ਨਾਮ ਨੂੰ ਜਪ-ਜਪ ਕੇ ਅਨੰਦ ਮਾਣਦੇ ਹਨ। ਗੁਰੂ ਜੀ ਕਥਨ ਕਰਦੇ ਹਨ— ਹੇ ਗੁਣਾਂ ਦੇ ਸਮੁੰਦਰ ਸੱਚੇ ਵਾਹਿਗੁਰੂ ! ਮੈਂ ਭੀ ਅੱਠੇ ਪਹਰ ਆਪ ਜੀ ਨੂੰ ਸਿਮਰਦਾ ਹਾਂ॥ ੪॥ ੨੬॥ ੩੯॥

ਭੈਰਉ ਮਹਲਾ ੫ ॥

ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥

ਜਿਸ ਨੇ ਪਹਿਲੇ ਪਰਾਈ= ਦੂਜਿਆਂ ਦੀ ਨਿੰਦਿਆ ਕਰਨੀ ਛੱਡ ਦਿੱਤੀ ਹੈ। ਉਸ ਦੇ ਮਨ ਦੀ ਸਾਰੀ ਚਿੰਦਾ= ਚਿੰਤਾ ਉਤਰ ਗਈ ਹੈ।

ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥ ੧ ॥

ਜਿਸ ਨੇ ਪਦਾਰਥਾਂ ਦਾ ਲੋਭ ਅਤੇ ਸਾਰਿਆਂ ਸਬੰਧੀਆਂ ਦਾ ਮੋਹ ਦੂਰ ਕੀਤਾ ਹੈ। ਉਹ ਪਰਮ ਬੈਸਨੋ= ਵਿਸ਼ਨੂੰ ਦਾ ਵੱਡਾ ਭਗਤ ਹੈ ਅਤੇ ਪ੍ਰਭੂ ਨੂੰ ਹਾਜ਼ਰਾ ਹਜ਼ੂਰ ਵੇਖਦਾ ਹੈ॥ ੧॥

ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥ ੧ ॥ ਰਹਾਉ ॥

ਅਜੇਹਾ ਤਿਆਗੀ ਕੋਈ ਵਿਰਲਾ ਹੀ ਪੁਰਸ਼ ਹੈ। ਉਹ ਗੁਰਮੁਖ ਜਨ ਹਰਿ ਹਰਿ ਨਾਮ ਨੂੰ ਜਪਦਾ ਹੈ॥ ੧॥ ਰਹਾਉ॥

ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥

ਜਿਸ ਨੇ ਹੰਗਤਾ ਵਾਲੀ ਬੁੱਧੀ ਦਾ ਸੰਗੁ= ਸਾਥ ਛੱਡ ਦਿੱਤਾ ਹੈ। ਉਸ ਦੇ ਮਨ ਤੋਂ ਕਾਮ ਕ੍ਰੋਧ ਦਾ ਰੰਗ ਉਤਰ ਗਿਆ ਹੈ।

ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥ ੨ ॥

ਜੋ ਮਨ ਕਰ ਕੇ ਹਰੀ ਨਾਮ ਨੂੰ, ਬਾਣੀ ਦੁਆਰਾ ਹਰੀ ਨਾਮ ਨੂੰ, ਤਨ ਕਰ ਕੇ ਹਰੀ ਨਾਮ ਨੂੰ ਧਿਆਉਂਦੇ ਹਨ। ਵਾ :- ਹਰਇਕ ਜੀਵਾਂ ਨੂੰ ਹਰਿਆਂ ਕਰਨ ਵਾਲੇ ਹਰੀ ਦੇ ਨਾਮ ਨੂੰ ਜੋ ਧਿਆਉਂਦੇ ਹਨ, ਉਹ ਸੰਤ ਜਨਾਂ ਦੇ ਸੰਗ ਕਰ ਕੇ ਸੰਸਾਰ ਤੋਂ ਪਾਰ ਉਤਰ ਗਏ ਹਨ॥ ੨॥

ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥

ਉਨ੍ਹਾਂ ਦੀ ਦ੍ਰਿਸ਼ਟੀ ਵਿਚ ਵੈਰੀ ਤੇ ਮਿੱਤਰ ਇਕ ਸਮਾਨ ਹੋਏ ਹਨ। ਅਤੇ ਉਹ ਸਾਰਿਆਂ ਵਿਚ ਭਗਵਾਨ ਨੂੰ ਪੂਰਨ ਦੇਖਦੇ ਹਨ।

ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ੩ ॥

ਉਨ੍ਹਾਂ ਨੇ ਪ੍ਰਭ ਦੀ ਆਗਿਆ ਨੂੰ ਮੰਨ ਕੇ ਸੁਖ ਪਾਇਆ ਹੈ। ਜਿਨ੍ਹਾਂ ਨੂੰ ਪੂਰਿਆਂ ਗੁਰਾਂ ਨੇ ਹਰੀ ਨਾਮ ਦ੍ਰਿੜ੍ਹ ਕਰਵਾਇਆ ਹੈ॥ ੩ ॥

ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥

ਪਰਮੇਸ਼ਰ ਆਪ ਕਿਰਪਾ ਦ੍ਰਿਸ਼ਟੀ ਕਰ ਕੇ ਜਿਸ ਨੂੰ ਰੱਖਦਾ ਹੈ। ਓਹੀ ਪੂਰਨ ਭਗਤ ਹੈ, ਓਹੀ 'ਸਤਿ ਨਾਮ' ਜਪ ਨੂੰ ਜਪਦਾ ਹੈ।

ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥
ਕਹੁ ਨਾਨਕ ਤਾ ਕੀ ਪੂਰੀ ਪਈ ॥ ੪ ॥ ੨੭ ॥ ੪੦ ॥

ਜਿਸ ਨੇ ਸਤਿਗੁਰਾਂ ਤੋਂ ਮਤਿ= ਸਿਖਿਆ ਲਈ ਹੈ ਉਸ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋਇਆ ਹੈ। ਗੁਰੂ ਜੀ ਕਥਨ ਕਰਦੇ ਹਨ— ਉਸ ਦੀ ਪੂਰੀ ਪਤਿ= ਇੱਜ਼ਤ ਪਈ ਹੈ। ਯਾਂ ਉਸ ਦੀ ਹਰ ਕੰਮ ਵਿਚ ਪੂਰੀ ਪਈ ਹੈ॥ ੪ ॥ ੨੭ ॥ ੪੦ ॥

ਭੈਰਉ ਮਹਲਾ ੫ ॥

ਉਥਾਨਕਾ:-ਇਕ ਸਿੱਖ ਨੇ ਹਜ਼ੂਰ ਦੇ ਪਾਸ ਆ ਕੇ ਮੱਥਾ ਟੇਕ ਕੇ ਬੇਨਤੀ ਕੀਤੀ— "ਕੋਈ ਆਖਦਾ ਹੈ : ਧਨ ਵਿਚ ਸੁਖ ਹੈ, ਕੋਈ ਕਹਿੰਦਾ ਹੈ: ਨਿਰਤਕਾਰੀ ਵੇਖਣ ਵਿਚ ਸੁਖ ਹੈ, ਕੋਈ ਆਖਦਾ ਹੈ: ਬਹੁਤਿਆਂ ਦੇਸ਼ਾਂ ਵਿਚ ਫਿਰਨ ਨਾਲ ਹੀ ਸੁਖ ਹੈ: ਆਪ ਕਿਰਪਾ ਕਰ ਕੇ ਦੱਸੋ ਸੁਖ ਕਿਸ ਵਿਚ ਹੈ?" ਸਿੱਖ ਤੋਂ ਇਹ ਗੱਲਾਂ ਸੁਣ ਕੇ ਗੁਰੂ ਜੀ ਇਸ ਸ਼ਬਦ ਦੁਆਰਾ ਉਸ ਨੂੰ ਸਮਝਾਉਂਦੇ ਹਨ :-

ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥

ਬਹੁਤੇ ਧਨ ਦੇ ਖੱਟਣ ਵਿਚ ਭੀ ਸੁਖ ਨਹੀਂ ਹੈ।* ਨਿਰਤਕਾਰੀਆਂ ਤੇ ਨਕਲਾਂ ਤਮਾਸ਼ੇ (ਨਾਚ ਤੇ ਮੁਜਰੇ) ਦੇਖਣ ਵਿਚ ਭੀ ਸੁਖ ਨਹੀਂ ਹੈ। ਯਾਂ ਨਟਾਂ ਦੀਆਂ ਨਿਰਤਕਾਰੀਆਂ ਦੇਖਣ ਵਿਚ ਭੀ ਸੁਖ ਨਹੀਂ ਹੈ।

ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥ ੧ ॥

ਬਹੁਤੇ ਦੇਸ਼ਾਂ ਦੇ ਰਾਜ ਕਮਾਉਣ ਵਾਲੇ ਨੂੰ ਭੀ ਸੁਖ ਨਹੀਂ ਹੁੰਦਾ। *ਪ੍ਰਸ਼ਨ:* ਜੀ, ਫੇਰ ਸੁਖ ਕਿਵੇਂ ਪ੍ਰਾਪਤ ਹੋਵੇ? *ਉੱਤਰ :-* ਹਰਿ ਹਰਿ ਦੇ ਗੁਣ ਗਾਉਣ ਨਾਲ ਹੀ ਸਾਰੇ ਸੁਖ ਪ੍ਰਾਪਤ ਹੁੰਦੇ ਹਨ॥ ੧ ॥

ਸੂਖ ਸਹਜ ਆਨੰਦ ਲਹਹੁ ॥

ਨਾਮ ਜਪ ਕੇ ਅੱਚੁਤ ਸੁਖ ਦੇ ਅਨੰਦ ਨੂੰ ਲੈਣਾ ਕਰੋ।

ਸਾਧਸੰਗਤਿ ਪਾਈਐ ਵਡਭਾਗੀ

---

*ਯਥਾ :- ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥ (ਪੰਨਾ ੧੦੧੯)

ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥ ੧ ॥ ਰਹਾਉ ॥

ਵੱਡਿਆਂ ਭਾਗਾਂ ਨਾਲ ਸਤਸੰਗਤ ਪ੍ਰਾਪਤ ਹੁੰਦੀ ਹੈ, ਸਤਸੰਗਤ ਵਿਚ ਜਾ ਕੇ ਗੁਰਮੁਖਿ= ਗੁਰਾਂ ਦੁਆਰੇ ਹਰਿ ਹਰਿ ਨਾਮ ਨੂੰ ਲਵੋ ॥ ੧ ॥ ਰਹਾਉ ॥

ਬੰਧਨ ਮਾਤ ਪਿਤਾ ਸੁਤ ਬਨਿਤਾ ॥
ਬੰਧਨ ਕਰਮ ਧਰਮ ਹਉ ਕਰਤਾ ॥

ਸੰਸਾਰ ਵਿਚ ਮਾਂ, ਪਿਉ, ਪੁੱਤਰ ਅਤੇ ਬਨਿਤਾ= ਇਸਤ੍ਰੀ ਆਦਿਕ ਸਭ ਸਬੰਧੀ ਬੰਧਨ ਰੂਪ ਹਨ। ਹਉ= ਹੰਗਤਾ ਦੇ ਸਹਿਤ ਹੋ ਕੇ ਜੋ ਕਰਮ ਧਰਮ ਕਰਦਾ ਹੈ, ਇਹ ਭੀ ਬੰਧਨ ਰੂਪ ਹਨ।

ਬੰਧਨ ਕਾਟਨਹਾਰੁ ਮਨਿ ਵਸੈ ॥
ਤਉ ਸੁਖੁ ਪਾਵੈ ਨਿਜ ਘਰਿ ਬਸੈ ॥ ੨ ॥

ਬੰਧਨਾਂ ਦੇ ਕੱਟਣ ਵਾਲਾ ਵਾਹਿਗੁਰੂ ਦਾ ਨਾਮ ਮਨ ਵਿਚ ਵੱਸ ਜਾਵੇ। ਤਾਂ ਹੀ ਆਪਣੇ ਸਰੂਪ-ਘਰ ਵਿਚ ਵਸ ਕੇ ਸੁਖਾਂ ਨੂੰ ਪਾਉਂਦਾ ਹੈ ॥ ੨ ॥

ਸਭਿ ਜਾਚਿਕ ਪ੍ਰਭ ਦੇਵਨਹਾਰ ॥ ਗੁਣ ਨਿਧਾਨ ਬੇਅੰਤ ਅਪਾਰ ॥

ਸਾਰੇ ਜਾਚਿਕ= ਮੰਗਣ ਵਾਲੇ ਹਨ ਇਕ ਪ੍ਰਭੂ ਹੀ ਸਭ ਨੂੰ ਦੇਣ ਵਾਲਾ ਹੈ। ਉਹ ਅਪਾਰ ਪ੍ਰਭੂ ਬੇਅੰਤ ਗੁਣਾਂ ਦਾ ਨਿਧਾਨ= ਖਜ਼ਾਨਾ ਹੈ ॥

ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥
ਹਰਿ ਹਰਿ ਨਾਮੁ ਤਿਨੈ ਜਨਿ ਜਪਨਾ ॥ ੩ ॥

ਆਪਣਾ ਦਾਸ ਜਾਣ ਕੇ ਜਿਸ ਉੱਤੇ ਪ੍ਰਭੂ ਕਰਮੁ= ਕਿਰਪਾ ਕਰਦਾ ਹੈ। ਉਸ ਜਨਿ= ਪੁਰਸ਼ ਨੇ ਹਰਿ ਹਰਿ ਨਾਮ ਜਪਣਾ ਕੀਤਾ ਹੈ ॥ ੩ ॥

ਗੁਰ ਅਪਨੇ ਆਗੈ ਅਰਦਾਸਿ ॥ ਕਰਿ ਕਿਰਪਾ ਪੁਰਖ ਗੁਣਤਾਸਿ ॥

ਮੈਂ ਤਾਂ ਆਪਣੇ ਗੁਰਾਂ ਅੱਗੇ ਅਰਦਾਸਿ= ਬੇਨਤੀ ਕਰਦਾ ਹਾਂ। ਹੇ ਸ਼ੁਭ ਗੁਣਾਂ ਦੇ ਖਜ਼ਾਨੇ ਅਕਾਲ ਪੁਰਖ! ਤੂੰ ਹੀ ਮੇਰੇ ਉੱਤੇ ਕਿਰਪਾ ਕਰ।

ਕਹੁ ਨਾਨਕ ਤੁਮਰੀ ਸਰਣਾਈ ॥
ਜਿਉ ਭਾਵੈ ਤਿਉ ਰਖਹੁ ਗੁਸਾਈ ॥ ੪ ॥ ੨੮ ॥ ੪੧ ॥

ਗੁਰੂ ਜੀ ਕਥਨ ਕਰਦੇ ਹਨ— ਮੈਂ ਆਪ ਜੀ ਦੀ ਸ਼ਰਨ ਆਇਆ ਹਾਂ। ਹੇ ਗੁਸਾਈ= ਸੁਆਮੀ ਜੀ ! ਜਿਵੇਂ ਭਾਵੇ ਆਪ ਓਵੇਂ ਹੀ ਮੈਨੂੰ ਰੱਖ ਲਓ ॥ ੪ ॥ ੨੮ ॥ ੪੧ ॥

ਭੈਰਉ ਮਹਲਾ ੫ ॥
ਗੁਰ ਮਿਲਿ ਤਿਆਗਿਓ ਦੂਜਾ ਭਾਉ ॥

[ਪੰਨਾ ੧੧੪੮]

ਗੁਰਮੁਖਿ ਜਪਿਓ ਹਰਿ ਕਾ ਨਾਉ ॥

ਅਸਾਂ ਨੇ ਗੁਰਾਂ ਨਾਲ ਮਿਲ ਕੇ ਦ੍ਵੈਤ ਭਾਵ ਨੂੰ ਛੱਡਿਆ ਹੈ। ਗੁਰਾਂ ਦੁਆਰੇ ਅਸਾਂ ਨੇ ਹਰੀ ਨਾਮ ਨੂੰ ਜਪਿਆ ਹੈ।

ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥
ਜਨਮ ਜਨਮ ਕਾ ਸੋਇਆ ਜਾਗਾ ॥ ੧ ॥

ਨਾਮ-ਸਿਮਰਨ ਵਿਚ ਰੰਗੁ= ਪਰੇਮ ਲੱਗਣ ਕਰ ਕੇ ਸਭ ਚਿੰਤਾ ਬਿਸਰੀ= ਭੁੱਲ ਗਈ ਹੈ। ਅਨੇਕਾਂ ਜਨਮਾਂ ਦਾ ਸੁੱਤਾ ਹੋਇਆ ਮਨ ਗਿਆਨ-ਜਾਗ੍ਰਤ ਵਿਚ ਜਾਗ ਪਿਆ ਹੈ॥ ੧ ॥

ਕਰਿ ਕਿਰਪਾ ਅਪਨੀ ਸੇਵਾ ਲਾਏ ॥
ਸਾਧੂ ਸੰਗਿ ਸਰਬ ਸੁਖ ਪਾਏ ॥ ੧ ॥ ਰਹਾਉ ॥

ਜਿਨ੍ਹਾਂ ਨੂੰ ਕਿਰਪਾ ਕਰ ਕੇ ਪ੍ਰਭੂ ਨੇ ਆਪਣੀ ਸੇਵਾ ਵਿਚ ਲਗਾਇਆ ਹੈ। ਉਨ੍ਹਾਂ ਨੇ ਸੰਤਾਂ ਦਾ ਸੰਗ ਕਰ ਕੇ ਸਾਰੇ ਸੁਖ ਪਾਏ ਹਨ॥ ੧ ॥ ਰਹਾਉ ॥

ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨ ਭੀਤਰਿ ਸਾਰੇ ॥

ਅਸਾਂ ਨੇ ਗੁਰ-ਸ਼ਬਦ ਦੁਆਰਾ ਅਗਿਆਨ ਰੂਪੀ ਰੋਗ ਅਤੇ ਕਾਮ ਕ੍ਰੋਧ ਆਦਿਕ ਦੋਖ= ਦੋਸ਼ ਨਵਿਰਤ ਕੀਤੇ ਹਨ। ਸਤਿਨਾਮ ਰੂਪ ਅਉਖਧੁ= ਦਵਾਈ ਨੂੰ ਮਨ ਦੇ ਵਿਚ ਸਾਰੇ= ਸੰਭਾਲ ਲਿਆ ਹੈ।

ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥ ੨ ॥

ਗੁਰੂ ਨੂੰ ਮਿਲਦਿਆਂ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ। ਕਿਉਂਕਿ ਸਾਰੇ ਨਿਧਾਨ= ਖ਼ਜ਼ਾਨੇ ਦੇਣ ਵਾਲਾ ਭਗਵੰਤ ਦਾ ਨਾਮ ਗੁਰੂ ਤੋਂ ਪ੍ਰਾਪਤ ਹੋਇਆ ਹੈ।

ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥ ਸਾਧਸੰਗਤਿ ਊਂਧ ਕਮਲ ਬਿਗਾਸ ॥

ਜਨਮ ਮਰਨ ਦੀ ਫੇਰੀ, ਵਾ :- ਪੀੜ ਤੇ ਜਮਾਂ ਦੀ ਤ੍ਰਾਸ= ਖੌਫਤਾਈ ਮਿਟ ਗਈ ਹੈ। ਸਾਧ ਸੰਗਤ ਕਰ ਕੇ ਊਂਧ= ਉਲਟਾ ਹਿਰਦਾ-ਕੌਲ ਖਿੜ ਪਿਆ ਹੈ।

ਗੁਣ ਗਾਵਤ ਨਿਹਚਲੁ ਬਿਸ੍ਰਾਮ ॥ ਪੂਰਨ ਹੋਏ ਸਗਲੇ ਕਾਮ ॥ ੩ ॥

ਗੁਣ ਗਾਉਂਦਿਆਂ ਨਿਹਚਲੁ= ਪਰਮਾਤਮਾ ਵਿਚ ਮਨ ਇਸਥਿਤ ਹੋਇਆ ਹੈ। ਅਤੇ ਸਾਰੇ ਕੰਮ ਪੂਰੇ ਹੋ ਗਏ ਹਨ॥ ੩ ॥

ਦੁਲਭ ਦੇਹ ਆਈ ਪਰਵਾਨੁ ॥ ਸਫਲ ਹੋਈ ਜਪਿ ਹਰਿ ਹਰਿ ਨਾਮੁ ॥

ਸਭ ਤੋਂ ਪ੍ਰਮਾਨੀਕ ਦੁਰਲਭ ਮਨੁੱਖਾ ਦੇਹ ਆਈ ਹੋਈ। ਹਰਿ ਹਰਿ ਨਾਮ ਜਪਣ ਕਰ ਕੇ ਸਫਲ ਹੋਈ ਹੈ।

ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥

ਸਾਸਿ ਗਿਰਾਸਿ ਜਪਉ ਹਰਿ ਹਰੀ ॥ ੪ ॥ ੨੯ ॥ ੪੨ ॥

ਗੁਰੂ ਜੀ ਕਥਨ ਕਰਦੇ ਹਨ— ਪ੍ਰਭੂ ਨੇ ਮੇਰੇ ਉੱਤੇ ਕਿਰਪਾ ਦ੍ਰਿਸ਼ਟੀ ਕੀਤੀ ਹੈ। ਏਸੇ ਕਰ ਕੇ ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਹਰਿ ਹਰਿ ਨਾਮ ਨੂੰ ਜਪਦਾ ਹਾਂ ॥ ੪ ॥ ੨੯ ॥ ੪੨ ॥

ਭੈਰਉ ਮਹਲਾ ੫ ॥

ਸਭ ਤੇ ਊਚਾ ਜਾ ਕਾ ਨਾਉ ॥ ਸਦਾ ਸਦਾ ਤਾ ਕੇ ਗੁਣ ਗਾਉ ॥

ਜਿਸ ਪ੍ਰਭੂ ਦਾ ਨਾਮ ਸਾਰਿਆਂ ਤੋਂ ਉੱਚਾ ਹੈ। ਸਦੀਵ ਕਾਲ ਉਸ ਦੇ ਗੁਣ ਗਾਉਣਾ ਕਰ।

ਜਿਸੁ ਸਿਮਰਤ ਸਗਲਾ ਦੁਖੁ ਜਾਇ ॥ ਸਰਬ ਸੁਖ ਵਸਹਿ ਮਨਿ ਆਇ ॥ ੧ ॥

ਜਿਸ ਪ੍ਰਭੂ ਦੇ ਸਿਮਰਨ ਨਾਲ ਸੰਪੂਰਨ ਦੁੱਖ ਚਲਿਆ ਜਾਂਦਾ ਹੈ। ਅਤੇ ਸਾਰੇ ਸੁਖ ਮਨ ਵਿਚ ਆ ਕੇ ਵਸਦੇ ਹਨ।

ਸਿਮਰਿ ਮਨਾ ਤੂ ਸਾਚਾ ਸੋਇ ॥
ਹਲਤਿ ਪਲਤਿ ਤੁਮਰੀ ਗਤਿ ਹੋਇ ॥ ੧ ॥ ਰਹਾਉ ॥

ਹੇ ਮਨਾ= ਪਿਆਰੇ ! ਤੂੰ ਉਸ ਸੱਚੇ ਪਰਮਾਤਮਾ ਦਾ ਸਿਮਰਨ ਕਰ। ਭਾਂ ਹਲਤਿ ਪਲਤਿ= ਲੋਕ ਪ੍ਰਲੋਕ ਵਿਚ ਤੇਰੀ ਮੁਕਤੀ ਹੋਵੇਗੀ ॥ ੧ ॥ ਰਹਾਉ ॥

ਪੁਰਖ ਨਿਰੰਜਨ ਸਿਰਜਨਹਾਰ ॥ ਜੀਅ ਜੰਤ ਦੇਵੈ ਆਹਾਰ ॥

ਉਹ ਨਿਰੰਜਨ ਪੁਰਖ ਸਭ ਦੇ ਸਿਰਜਣ ਵਾਲਾ ਹੈ। ਅਤੇ ਸੂਖਮ ਅਸਥੂਲ ਜੀਆਂ ਜੰਤਾਂ ਨੂੰ ਆਹਾਰ= ਭੋਜਨ (ਰੋਜ਼ੀ) ਦੇਂਦਾ ਹੈ।

ਕੋਟਿ ਖਤੇ ਖਿਨ ਬਖਸਨਹਾਰ ॥ ਭਗਤਿ ਭਾਇ ਸਦਾ ਨਿਸਤਾਰ ॥ ੨ ॥

ਕਰੋੜਾਂ ਖਤੇ= ਗੁਨਾਹ ਇਕ ਖਿਨ ਵਿਚ ਬਖਸ਼ਣ ਵਾਲਾ ਹੈ। ਉਸ ਦੀ ਭਾਇ ਭਗਤਿ= ਪਰੇਮਾ ਭਗਤੀ ਕਰਨ ਨਾਲ ਸਦਾ ਤਰਨਾ ਹੁੰਦਾ ਹੈ ॥ ੨ ॥

ਸਾਚਾ ਧਨੁ ਸਾਚੀ ਵਡਿਆਈ ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥

ਸੱਚਾ ਨਾਮ-ਧਨ ਤੇ ਪ੍ਰਭੂ ਦੀ ਸੱਚੀ ਵਡਿਆਈ ਉਸ ਨੂੰ ਪ੍ਰਾਪਤ ਹੋਈ ਹੈ। ਜਿਸ ਨੇ ਪੂਰਿਆਂ ਗੁਰਾਂ ਤੋਂ ਅਚੱਲ ਮਤਿ= ਸਿਖਿਆ ਪਾਈ ਹੈ।

ਕਰਿ ਕਿਰਪਾ ਜਿਸੁ ਰਾਖਨਹਾਰਾ ॥ ਭਾ ਕਾ ਸਗਲ ਮਿਟੇ ਅੰਧਿਆਰਾ ॥ ੩ ॥

ਰੱਖਣ ਵਾਲਾ ਪ੍ਰਭੂ ਜਿਸ ਉੱਤੇ ਕਿਰਪਾ ਕਰਦਾ ਹੈ। ਉਸ ਦਾ ਅਗਿਆਨ ਰੂਪ ਹਨੇਰਾ ਅੰਭਹਕਰਨ ਵਿਚੋਂ ਸਾਰਾ ਮਿਟ ਜਾਂਦਾ ਹੈ ॥ ੩ ॥

ਪਾਰਬ੍ਰਹਮ ਸਿਉ ਲਾਗੋ ਧਿਆਨ ॥ ਪੂਰਨ ਪੂਰਿ ਰਹਿਓ ਨਿਰਬਾਨ ॥

ਜਿਸ ਦਾ ਪਾਰਬ੍ਰਹਮ ਦੇ ਨਾਲ ਧਿਆਨ ਲੱਗਾ ਹੈ। ਉਸ ਨੇ ਪੂਰਨ= ਸੰਪੂਰਨ ਸੰਸਾਰ ਵਿਚ ਨਿਰਬਾਨ=

ਦੁੱਖਾਂ ਤੋਂ ਰਹਿਤ ਪਰਮਾਤਮਾ ਨੂੰ ਪੂਰਨ ਹੋ ਰਿਹਾ ਨਿਸਚੇ ਕੀਤਾ ਹੈ।

ਭ੍ਰਮ ਭਉ ਮੇਟਿ ਮਿਲੇ ਗੋਪਾਲ॥
ਨਾਨਕ ਕਉ ਗੁਰ ਭਏ ਦਇਆਲ॥ ੪॥ ੩੦॥ ੪੩॥

ਗੁਰੂ ਜੀ ਕਥਨ ਕਰਦੇ ਹਨ— ਜਿਸ 'ਤੇ ਗੁਰੂ ਦਿਆਲੂ ਹੋਏ ਹਨ। ਉਹ ਪੁਰਸ਼ ਭਰਮ ਤੇ ਭਉ= ਡਰ ਨੂੰ ਮੇਟ ਕੇ ਗੋਪਾਲ ਨਾਲ ਮਿਲ ਗਏ ਹਨ॥ ੪॥ ੩੦॥ ੪੩॥

ਭੈਰਉ ਮਹਲਾ ੫॥
ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ॥
ਮਿਟਹਿ ਕਲੇਸ ਸੁਖ ਸਹਜਿ ਨਿਵਾਸੁ॥

ਹੇ ਭਾਈ ! ਜਿਸ ਪਰਮੇਸ਼ਰ ਦੇ ਨਾਮ-ਸਿਮਰਨ ਨਾਲ ਮਨ ਵਿਚ ਬ੍ਰਹਮ ਗਿਆਨ ਹੁੰਦਾ ਹੈ ਤੇ ਕਲਪਣਾ ਕਲੇਸ਼ ਮਿਟ ਜਾਂਦੇ ਹਨ ਅਤੇ ਸਹਜਿ= ਅੱਚੁਤ ਸੁਖ ਵਿਚ ਨਿਵਾਸ ਹੁੰਦਾ ਹੈ॥

ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ॥ ਪੂਰੇ ਗੁਰ ਕੀ ਪਾਏ ਸੇਵ॥ ੧॥

ਉਹ ਨਾਮ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੂੰ ਪ੍ਰਭੂ ਦੇਂਦਾ ਹੈ। ਅਤੇ ਪੂਰਿਆਂ ਗੁਰਾਂ ਦੀ ਸੇਵਾ ਕਰ ਕੇ ਗੁਰਮੁਖ ਜਗਿਆਸੂ ਨਾਮ ਨੂੰ ਪਾਉਂਦੇ ਹਨ॥ ੧॥

ਸਰਬ ਸੁਖਾ ਪ੍ਰਭ ਤੇਰੋ ਨਾਉ॥ ਆਠ ਪਹਰ ਮੇਰੇ ਮਨ ਗਾਉ॥ ੧॥ ਰਹਾਉ॥

ਤੈਨੂੰ ਸਾਰੇ ਸੁਖ ਦੇਣ ਵਾਲਾ ਪ੍ਰਭੂ ਦਾ ਨਾਮ ਹੀ ਹੈ। ਇਸ ਲਈ ਹੇ ਮੇਰੇ ਮਨ ! ਤੂੰ ਅੱਠੇ ਪਹਰ ਉਸ ਦੇ ਗੁਣ ਗਾਉਣਾ ਕਰ॥ ੧॥ ਰਹਾਉ॥

ਜੋ ਇਛਹਿ ਸੋਈ ਫਲੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥

ਤੂੰ ਹਰੀ ਦਾ ਨਾਮ ਆਪਣੇ ਮਨ ਵਿਚ ਵਸਾਉਣਾ ਕਰ। ਤਾਂ, ਜੋ ਇੱਛਾ ਕਰੇਂਗਾ, ਓਹੀ ਫਲ ਪਾਵੇਂਗਾ।

ਆਵਣ ਜਾਣ ਰਹੇ ਹਰਿ ਧਿਆਇ॥
ਭਗਤਿ ਭਾਇ ਪ੍ਰਭ ਕੀ ਲਿਵ ਲਾਇ॥ ੨॥

ਜੇ ਤੂੰ ਹਰੀ ਨਾਮ ਨੂੰ ਧਿਆਵੇਂ ਤਾਂ ਆਵਣ ਜਾਣ= ਜਨਮ ਮਰਨ ਤੋਂ ਰਹਿ ਜਾਵੇਂਗਾ। ਲਿਵ ਲਗਾ ਕੇ ਤੂੰ ਪ੍ਰਭੂ ਵੀ ਪਰੇਮਾ ਭਗਤੀ ਕਰ॥ ੨॥

ਬਿਨਸੇ ਕਾਮ ਕ੍ਰੋਧ ਅਹੰਕਾਰ॥ ਝੂਠੇ ਮਾਇਆ ਮੋਹ ਪਿਆਰ॥

ਉਸ ਦੇ ਅੰਦਰੋਂ ਕਾਮ, ਕ੍ਰੋਧ, ਮੋਹ ਅਤੇ ਹੰਕਾਰ ਆਦਿਕ ਬਿਨਸ ਜਾਂਦੇ ਹਨ ਅਤੇ ਮੋਹਣ ਵਾਲੀ ਮਾਇਆ ਦੇ ਸੰਕਲਪ ਤੇ ਸਬੰਧੀਆਂ ਦਾ ਪਿਆਰ ਭੀ ਟੁੱਟ ਜਾਂਦਾ ਹੈ।

ਪ੍ਰਭ ਕੀ ਟੇਕ ਰਹੈ ਦਿਨੁ ਰਾਤਿ॥ ਪਾਰਬ੍ਰਹਮੁ ਖਰੋ ਜਿਸੁ ਦਾਤਿ॥ ੩॥

ਜੋ ਪੁਰਸ਼ ਦਿਨ ਰਾਤ ਪ੍ਰਭੂ ਦੀ ਟੇਕ= ਓਟ ਵਿਚ ਰਹਿੰਦਾ ਹੈ ਅਤੇ ਜਿਸ ਉੱਤੇ ਪਾਰਬ੍ਰਹਮ ਬਖਸ਼ਿਸ਼

ਦੀ ਦਾਤ ਕਰਦਾ ਹੈ।

ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥

ਹੇ ਸੁਆਮੀ ! ਤੂੰ ਹੀ ਸਭ ਦੇ (ਪੈਦਾ) ਕਰਨ ਵਾਲਾ ਅਤੇ ਸਭ ਤੋਂ ਕਰਮਾਂ ਦੇ ਕਰਾਉਣ ਵਾਲਾ ਹੈਂ। ਤੁਸੀਂ ਆਪ ਹੀ ਸਾਰਿਆਂ ਘਟਾਂ ਦੇ ਅੰਤਰਜਾਮੀ ਹੋ।

ਕਰਿ ਕਿਰਪਾ ਅਪਨੀ ਸੇਵਾ ਲਾਇ ॥
ਨਾਨਕ ਦਾਸ ਤੇਰੀ ਸਰਣਾਇ ॥ ੪ ॥ ੩੧ ॥ ੪੪ ॥

ਕਿਰਪਾ ਕਰ ਕੇ ਮੈਨੂੰ ਆਪਣੀ ਸੇਵਾ ਵਿਚ ਲਾਈ ਰੱਖ। ਗੁਰੂ ਜੀ ਕਥਨ ਕਰਦੇ ਹਨ— ਮੈਂ ਦਾਸ ਨੇ ਆਪ ਜੀ ਦੀ ਸ਼ਰਨ ਵਿਚ ਆਉਣਾ ਕੀਤਾ ਹੈ॥ ੪॥ ੩੧॥ ੪੪॥

ਭੈਰਉ ਮਹਲਾ ੫ ॥

ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥

ਜੋ ਪੁਰਸ਼ ਸੰਸਾਰਕ ਲਾਜ= ਸ਼ਰਮ ਵਿਚ ਮਰਦਾ ਹੋਇਆ ਪ੍ਰਭੂ ਦਾ ਨਾਮ ਨਹੀਂ ਲੈਂਦਾ। ਉਹ ਨਾਮ ਤੋਂ ਬਿਨਾਂ ਸੁਖੀ ਹੋ ਕੇ ਕਿਵੇਂ ਸਵੇਂਗਾ? *ਵਾ :-* ਉਹ ਨਾਮ ਤੋਂ ਬਿਨਾਂ ਸੁਖਾਂ ਵਿਚ ਕਿਵੇਂ ਇਸਥਿਤ ਹੋਵੇਗਾ?

ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥
[ਪੰਨਾ ੧੧੪੯] **ਮੂਲ ਬਿਨਾ ਸਾਖਾ ਕਤ ਆਹੈ ॥ ੧ ॥**

ਜੋ ਹਰੀ ਸਿਮਰਨ ਨੂੰ ਛੱਡ ਕੇ ਕੇਵਲ ਮੁਕਤੀ ਨੂੰ ਚਾਹੁੰਦਾ ਹੈ। ਉਸ ਨੂੰ ਪੁੱਛੋ ਮੂਲ= ਮੁੱਢ ਤੋਂ ਬਿਨਾਂ ਸਾਖਾ= ਟਾਹਣੀਆਂ ਕਿਵੇਂ ਹੋ ਸਕਦੀਆਂ ਹਨ ? ਤਿਵੇਂ ਹਰੀ-ਸਿਮਰਨ ਤੋਂ ਬਿਨਾਂ ਸੁਖ ਅਤੇ ਮੁਕਤੀ ਦੀ ਪ੍ਰਾਪਤੀ ਕਿਸ ਤਰ੍ਹਾਂ ਹੋ ਸਕਦੀ ਹੈ? ॥ ੧ ॥

ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥

ਹੇ ਮੇਰੇ ਮਨ ! ਤੂੰ ਗੁਰਾਂ ਦੁਆਰੇ ਗੋਬਿੰਦ ਨਾਮ ਨੂੰ ਧਿਆਉਣਾ ਕਰ। *ਅਥਵਾ :—* ਗੋਬਿੰਦ ਰੂਪ ਗੁਰਾਂ ਨੂੰ ਤੂੰ ਧਿਆਉਣਾ ਕਰ। ਜੋ ਕਿ-

ਜਨਮ ਜਨਮ ਕੀ ਮੈਲੁ ਉਤਾਰੈ
ਬੰਧਨ ਕਾਟਿ ਹਰਿ ਸੰਗਿ ਮਿਲਾਇ ॥ ੧ ॥ ਰਹਾਉ ॥

ਜਨਮਾਂ ਜਨਮਾਂ ਦੀ ਪਾਪਾਂ ਰੂਪੀ ਮੈਲ ਨੂੰ ਉਤਾਰ ਦੇਣਗੇ ਅਤੇ ਸੰਸਾਰਕ ਬੰਧਨਾਂ ਨੂੰ ਕੱਟ ਕੇ ਹਰੀ ਨਾਲ ਤੈਨੂੰ ਮਿਲਾ ਦੇਣਗੇ॥ ੧ ॥ ਰਹਾਉ॥

ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥

ਤੀਰਥਾਂ ਉੱਤੇ ਨਹਾਉਣ ਨਾਲ ਸੈਲੁ ਸੁਚਿ= ਭਾਰੀ ਪਵਿਤ੍ਰਤਾ ਕਿਵੇਂ ਹੋਵੇਗੀ? *ਵਾ :-* ਸੁਚਿ= ਪਵਿਤ੍ਰਤਾ

ਤੇ ਸੈਲੁ= ਸੁਖ ਕਿਵੇਂ ਹੋਵੇਗਾ ? ਜਦ ਕਿ ਮਨ ਨੂੰ ਹਉਮੈ ਰੂਪੀ ਮੈਲ ਵਿਆਪੈ= ਲੱਗ ਰਹੀ ਹੈ।

ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥ ੨ ॥

ਨਾਮ ਤੋਂ ਬਿਨਾਂ ਅਨੇਕਾਂ ਕਰਮਾਂ ਦਾ ਜੋ ਕਰਨਾ ਹੈ, ਏਹੋ ਬੰਧਨ ਦਾ ਮੂਲੁ= ਕਾਰਨ ਹਨ। ਹਰੀ ਦੇ ਭਜਨ ਕੀਤੇ ਬਿਨਾਂ ਪੂਲੁ= ਸਮੂਹ ਕਰਮ ਬਿਅਰਥ ਹਨ। ਵਾ :- ਉਹ ਸਾਰੇ ਕਰਮ ਘਾਹ ਦੇ ਪੂਲੁ= ਪੂਲੇ ਵਾਂਗ ਵਿਅਰਥ ਹਨ॥ ੨ ॥

ਬਿਨੁ ਖਾਏ ਬੂਝੈ ਨਹੀ ਭੂਖ ॥ ਰੋਗੁ ਜਾਇ ਤਾਂ ਉਤਰਹਿ ਦੂਖ ॥

ਨਾਮ ਰੂਪ ਭੋਜਨ ਖਾਧੇ ਤੋਂ ਬਿਨਾਂ ਭੂਖ= ਤ੍ਰਿਸ਼ਨਾ ਨਹੀਂ ਬੁਝਦੀ। ਅਗਿਆਨ ਰੂਪੀ ਰੋਗ ਚਲਿਆ ਜਾਏ ਤਾਂ ਜਨਮ ਮਰਨ ਦਾ ਦੁੱਖ ਉਤਰ ਜਾਂਦਾ ਹੈ।

ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥
ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥ ੩ ॥

ਕਾਮ, ਕ੍ਰੋਧ, ਲੋਭ ਅਤੇ ਮੋਹ ਆਦਿਕਾਂ ਵਿਚ ਵਿਆਪਿਆ= ਲੱਗ ਰਿਹਾ ਹੈ। ਜਿਸ ਪ੍ਰਭੂ ਨੇ ਪੈਦਾ ਕੀਤਾ ਹੈ, ਉਸ ਪ੍ਰਭੂ ਨੂੰ ਨਹੀਂ ਜਪਿਆ॥ ੩ ॥

ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ ॥

ਸੰਤ ਧਨੁ ਧਨੁ= ਧੰਨਤਾ ਦੇ ਜੋਗ ਹਨ, ਹਰੀ ਨਾਮ ਭੀ ਧੰਨ ਹੈ। ਜੋ ਅੱਠੇ ਪਹਿਰ ਹਰੀ ਦੇ ਗੁਣਾਂ ਦਾ ਕੀਰਤਨ ਗਾਉਂਦੇ ਹਨ, ਉਹ ਭੀ ਧੰਨ ਹਨ।

ਧਨੁ ਹਰਿ ਭਗਤਿ ਧਨੁ ਕਰਣੈਹਾਰ ॥
ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥ ੪ ॥ ੩੨ ॥ ੪੫ ॥

ਹਰੀ ਦੀ ਭਗਤੀ ਧੰਨ ਹੈ, ਭਗਤੀ ਦੇ ਕਰਨ ਵਾਲੇ ਭੀ ਧੰਨ ਹਨ। ਗੁਰੂ ਜੀ ਕਥਨ ਕਰਦੇ ਹਨ— ਅਪਾਰ ਗੁਣਾਂ ਵਾਲੇ ਅਕਾਲ ਪੁਰਖ ਪ੍ਰਭੂ ਦੀ ਸ਼ਰਨ ਲਈ ਹੈ॥ ੪ ॥ ੩੨ ॥ ੪੫ ॥

ਭੈਰਉ ਮਹਲਾ ੫ ॥

ਗੁਰ ਸੁਪ੍ਰਸੰਨ ਹੋਏ ਭਉ ਗਏ ॥ ਨਾਮ ਨਿਰੰਜਨ ਮਨ ਮਹਿ ਲਏ ॥

ਜਿਸ ਵੇਲੇ ਸ੍ਰੇਸ਼ਟ ਗੁਰੂ ਪ੍ਰਸੰਨ ਹੋਏ ਤੇ ਨਿਰੰਜਨ ਦੇ ਨਾਮ ਮਨ ਵਿਚ ਲੈਣਾ ਕੀਤੇ ਤਾਂ ਸਾਰੇ ਡਰ ਨਵਿਰਤ ਹੋ ਗਏ।

ਦੀਨ ਦਇਆਲ ਸਦਾ ਕਿਰਪਾਲ ॥ ਬਿਨਸਿ ਗਏ ਸਗਲੇ ਜੰਜਾਲ ॥ ੧ ॥

ਦੀਨ ਦਿਆਲ= ਗੁਰੂ ਸਦਾ ਕਿਰਪਾਲੂ ਹਨ ਉਹਨਾਂ ਦੀ ਕਿਰਪਾ ਨਾਲ ਸਾਰੇ ਜੰਜਾਲ ਬਿਨਸ ਗਏ ਹਨ। ਜਾਂ ਦੀਨ ਦਿਆਲ= ਪਰਮਾਤਮਾ ਸਦਾ ਕਿਰਪਾਲੂ ਹੋਇਆ ਤਾਂ ਘਰ ਦੇ ਸਾਰੇ ਜੰਜਾਲ ਬਿਨਸ ਗਏ॥ ੧ ॥

ਸੂਖ ਸਹਜ ਆਨੰਦ ਘਨੇ ॥

ਸਹਜ= ਅੱਚੁਤ ਸੁਖ ਦੇ ਘਣੇ ਅਨੰਦ ਪ੍ਰਾਪਤ ਹੋਏ।

ਸਾਧਸੰਗਿ ਮਿਟੇ ਭੈ ਭਰਮਾ ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥ ੧ ॥ ਰਹਾਉ ॥

ਸਤਸੰਗਤ ਕਰਨ ਨਾਲ ਡਰ ਅਤੇ ਭਰਮ ਮਿਟ ਗਏ ਹਨ ਅਤੇ ਰਸਨਾਂ ਤੋਂ ਹਰਿ ਹਰਿ ਨਾਮ-ਅੰਮ੍ਰਿਤ ਨੂੰ ਭਨੇ= ਉਚਾਰਨਾ ਕੀਤਾ ॥ ੧ ॥ ਰਹਾਉ ॥

ਚਰਨ ਕਮਲ ਸਿਉ ਲਾਗੋ ਹੇਤੁ ॥ ਖਿਨ ਮਹਿ ਬਿਨਸਿਓ ਮਹਾ ਪਰੇਤੁ ॥

ਜਿਸ ਵੇਲੇ ਗੁਰੂ ਦੇ ਚਰਨ-ਕਮਲਾਂ ਨਾਲ ਹੇਤੁ= ਪਰੇਮ ਲੱਗਾ ਤਾਂ ਇਕ ਖਿਨ ਦੇ ਵਿਚ ਮਹਾਂ ਪਰੇਤੁ= ਖੋਟਾ ਸੁਭਾਅ, ਵਾ :-ਨੀਚਪਨ ਬਿਨਸਿਓ= ਨਾਸ ਹੋ ਗਿਆ।

ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿਦ ਗੁਰ ਆਪਿ ॥ ੨ ॥

ਅੱਠੇ ਪਹਿਰ ਹਰਿ ਹਰਿ ਦੇ ਨਾਮ ਜਪ ਨੂੰ ਜਪਣਾ ਕਰ। ਗੋਬਿੰਦ ਰੂਪ ਗੁਰੂ ਆਪ ਹੀ ਰਖਿਆ ਕਰਨ ਵਾਲਾ ਹੈ।

ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥ ਭਗਤ ਜਨਾ ਕੇ ਸਾਸ ਨਿਹਾਰੈ ॥

ਉਹ ਪ੍ਰਭੂ ਆਪਣੇ ਸੇਵਕ ਦੀ ਸਦਾ ਪਰਵਰਸ਼ ਕਰਦਾ ਹੈ। ਅਤੇ ਭਗਤ ਜਨਾਂ ਦੇ ਸ੍ਵਾਸਾਂ ਨੂੰ ਨਿਹਾਰੈ= ਦੇਖਦਾ ਰਹਿੰਦਾ ਹੈ ਕਿ ਕੋਈ ਇਨ੍ਹਾਂ ਨੂੰ ਦੁੱਖ ਨਾ ਦੇਵੇ।

ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥ ੩ ॥

ਦੱਸੋ ਖਾਂ, ਮਨੁੱਖ ਤੋਂ ਬਚਾਉਣ ਦੀ ਭਲਾ ਕਿੰਨੀ-ਕੁ ਔਖੀ ਗੱਲ ਹੈ। ਉਹ ਤਾਂ ਆਪਣਿਆਂ ਭਗਤਾਂ ਨੂੰ ਹੱਥ ਦੇ ਕੇ ਜਮਾਂ ਤੋਂ ਬਚਾਈ ਰੱਖਦਾ ਹੈ ॥ ੩ ॥

ਨਿਰਮਲ ਸੋਭਾ ਨਿਰਮਲ ਰੀਤਿ ॥ ਪਾਰਬ੍ਰਹਮੁ ਆਇਆ ਮਨਿ ਚੀਤਿ ॥

ਜਿਸ ਪਰਮਾਤਮਾ ਦੀ ਸੋਭਾ ਨਿਰਮਲ ਹੈ, ਪੁਨਾ ਰੀਤੀ ਭੀ ਨਿਰਮਲ ਹੈ। ਉਹ ਪਾਰਬ੍ਰਹਮ ਮੇਰੇ ਮਨ ਵਿਚ ਚੇਤੇ ਆਇਆ ਹੈ। *ਅਥਵਾ :—* ਜਿਸ ਮਨ ਵਿਚ ਪਾਰਬ੍ਰਹਮ ਚੇਤੇ ਆਇਆ ਹੈ, ਉਸ ਪੁਰਸ਼ ਦੀ ਸੋਭਾ ਨਿਰਮਲ ਹੈ, ਉਸ ਦੀ ਰੀਤੀ ਭੀ ਨਿਰਮਲ ਹੈ।

ਕਰਿ ਕਿਰਪਾ ਗੁਰਿ ਦੀਨੋ ਦਾਨੁ ॥
ਨਾਨਕ ਪਾਇਆ ਨਾਮੁ ਨਿਧਾਨੁ ॥ ੪ ॥ ੩੩ ॥ ੪੬ ॥

ਗੁਰੂ ਨੇ ਕਿਰਪਾ ਕਰ ਕੇ ਜਿਸ ਨੂੰ ਉਪਦੇਸ਼ ਦਾ ਦਾਨ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ— ਉਸ ਨੇ ਨਾਮ ਰੂਪ ਨਿਧਾਨੁ= ਖ਼ਜ਼ਾਨਾ ਪਾਇਆ ਹੈ ॥ ੪ ॥ ੩੩ ॥ ੪੬ ॥

ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਗੁਰੂ ਤੇ ਪਰਮੇਸ਼ਰ ਨੂੰ ਅਭੇਦ ਰੂਪ ਦਸਦਿਆਂ ਉਸਤਤੀ ਕਰਦੇ ਹਨ :-

ਕਰਣ ਕਾਰਣ ਸਮਰਥੁ ਗੁਰੁ ਮੇਰਾ ॥ ਜੀਅ ਪ੍ਰਾਣ ਸੁਖ ਦਾਤਾ ਨੇਰਾ ॥

ਮੇਰਾ ਗੁਰੂ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ। ਜੀਅ ਤੇ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਅਤੇ ਨੇਰਾ= ਨਜ਼ਦੀਕ ਹੈ। ਵਾ :- ਸੁਖ ਦਾਤਾ ਗੁਰੂ ਯਾਂ ਉਹ ਪਰਮੇਸ਼ਰ ਜੀਅ ਤੇ ਪ੍ਰਾਣਾਂ ਨਾਲੋਂ ਭੀ ਨੇੜੇ ਹੈ।

ਭੈ ਭੰਜਨ ਅਬਿਨਾਸੀ ਰਾਇ ॥ ਦਰਸਨਿ ਦੇਖਿਐ ਸਭੁ ਦੁਖੁ ਜਾਇ ॥ ੧ ॥

ਗੁਰੂ ਸਾਹਿਬ ਜੀ, ਡਰ ਦੇ ਨਾਸ ਕਰਨ ਵਾਲੇ ਅਬਿਨਾਸੀ ਰਾਜੇ ਦਾ ਸਰੂਪ ਹਨ। ਉਸ ਗੁਰੂ ਦੇ ਦਰਸ਼ਨ ਦੇਖਣ ਨਾਲ ਸਾਰੇ ਦੁੱਖ ਚਲੇ ਜਾਂਦੇ ਹਨ॥ ੧ ॥

ਜਤ ਕਤ ਪੇਖਉ ਤੇਰੀ ਸਰਣਾ ॥
ਬਲਿ ਬਲਿ ਜਾਈ ਸਤਿਗੁਰ ਚਰਣਾ ॥ ੧ ॥ ਰਹਾਉ ॥

ਹੇ ਗੁਰੂ ! ਜਿਥੇ ਕਿੱਥੇ ਮੈਂ ਤੇਰੀ ਹੀ ਸਰਣਾ= ਓਟ ਦੇਖਦਾ ਹਾਂ। ਅਤੇ ਆਪ ਜੀ ਦੇ ਚਰਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧ ॥ ਰਹਾਉ॥

ਪੂਰਨ ਕਾਮ ਮਿਲੇ ਗੁਰਦੇਵ ॥ ਸਭਿ ਫਲ ਦਾਤਾ ਨਿਰਮਲ ਸੇਵ ॥

ਗੁਰਦੇਵਾਂ ਦੇ ਮਿਲਣ ਨਾਲ ਸਾਰੇ ਕੰਮ ਪੂਰੇ ਹੋਏ ਹਨ। ਗੁਰੂ ਸਾਰਿਆਂ ਫਲਾਂ ਦਾ ਦਾਤਾ ਹੈ ਅਤੇ ਗੁਰਾਂ ਦੀ ਸੇਵਾ ਮਨ ਨੂੰ ਨਿਰਮਲ ਕਰਨ ਵਾਲੀ ਹੈ।

ਕਰੁ ਗਹਿ ਲੀਨੇ ਅਪੁਨੇ ਦਾਸ ॥ ਰਾਮ ਨਾਮੁ ਰਿਦ ਦੀਓ ਨਿਵਾਸ ॥ ੨ ॥

ਆਪਣਿਆਂ ਦਾਸਾਂ ਨੂੰ ਕਰੁ= ਹੱਥ ਤੋਂ ਫੜ ਲੀਤਾ ਹੈ। ਅਤੇ ਉਨ੍ਹਾਂ ਦੇ ਹਿਰਦੇ ਵਿਚ ਰਾਮ ਦਾ ਨਾਮ ਪਰਵੇਸ਼ ਕਰ ਦਿੱਤਾ ਹੈ॥ ੨ ॥

ਸਦਾ ਅਨੰਦੁ ਨਾਹੀ ਕਿਛੁ ਸੋਗੁ ॥ ਦੂਖੁ ਦਰਦੁ ਨਹ ਬਿਆਪੈ ਰੋਗੁ ॥

ਹੁਣ ਸਦਾ ਅਨੰਦ ਰਹਿੰਦਾ ਹੈ, ਕੁਝ ਸੋਗ ਨਹੀਂ ਹੁੰਦਾ। ਨਾ ਹੀ ਦੁੱਖ ਜਨ ਦਰਦ ਤੇ ਨਾ ਹੀ ਕੋਈ ਰੋਗ ਬਿਆਪੈ= ਲੱਗਦਾ ਹੈ। *ਅਥਵਾ :—* ਜਨਮ ਮਰਨ ਦਾ ਦੁੱਖ, ਜਮਾਂ ਦਾ ਦਰਦ ਅਤੇ ਅਗਿਆਨ ਰੂਪੀ ਰੋਗ ਇਨ੍ਹਾਂ ਵਿਚੋਂ ਕੁਝ ਭੀ ਵਿਆਪਦਾ ਨਹੀਂ ਹੈ।

ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥ ਪਾਰਬ੍ਰਹਮ ਗੁਰ ਅਗਮ ਅਪਾਰ ॥ ੩ ॥

ਸਭ ਕੁਝ ਤੇਰਾ ਹੈ ਤੂੰ ਹੀ ਕਰਨੇ ਵਾਲਾ ਹੈਂ। ਪਾਰਬ੍ਰਹਮ ਅਗਮ ਹੈ, ਗੁਰੂ ਭੀ ਅਪਾਰ ਗੁਣਾਂ ਵਾਲਾ ਹੈ॥ ੩ ॥

ਨਿਰਮਲ ਸੋਭਾ ਅਚਰਜ ਬਾਣੀ ॥ ਪਾਰਬ੍ਰਹਮ ਪੂਰਨ ਮਨਿ ਭਾਣੀ ॥

ਹੇ ਪੂਰਨ ਪਾਰਬ੍ਰਹਮ ! ਆਪ ਜੀ ਦੀ ਨਿਰਮਲ ਸੋਭਾ ਤੇ ਅਸਚਰਜ ਨਾਮ ਬਾਣੀ ਮੇਰੇ ਮਨ ਵਿਚ ਭਾਈ ਹੈ।

ਜਲਿ ਥਲਿ ਮਹੀਅਲਿ ਰਵਿਆ ਸੋਇ ॥
ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥ ੪ ॥ ੩੪ ॥ ੪੭ ॥

ਹੇ ਨਿਰਮਲ ਸੋਇ= ਸੋਭਾ ਵਾਲੇ ਪ੍ਰਭੂ ! ਤੂੰ ਜਲਾਂ ਵਿਚ, ਥਲਾਂ ਵਿਚ, ਮਹੀ= ਪ੍ਰਿਥਵੀ ਤੇ ਅਲਿ= ਅਕਾਸ਼ ਵਿਚ ਵਿਆਪਕ ਹੈਂ। ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਸਭ ਕੁਝ ਆਪ ਜੀ ਤੋਂ ਹੀ ਹੋ ਰਿਹਾ ਹੈ॥ ੪ ॥ ੩੪ ॥ ੪੭ ॥

[ਪੰਨਾ ੧੧੫੦]

ਭੈਰਉ ਮਹਲਾ ੫ ॥

ਮਨੁ ਤਨੁ ਰਾਤਾ ਰਾਮ ਰੰਗਿ ਚਰਣੇ ॥ ਸਰਬ ਮਨੋਰਥ ਪੂਰਨ ਕਰਣੇ ॥

ਵਡਭਾਗੀ ਪੁਰਸ਼ਾਂ ਦਾ ਮਨ ਤਨ ਰਾਮ ਦੇ ਚਰਨਾਂ ਦੇ ਰੰਗਿ= ਪਰੇਮ ਵਿਚ ਰਾਤਾ= ਲੀਣ ਰਹਿੰਦਾ ਹੈ। ਜੋ ਰਾਮ ਮਨ ਦੇ ਸਾਰਿਆਂ ਸੰਕਲਪਾਂ ਦੇ ਪੂਰਨ ਕਰਨ ਵਾਲਾ ਹੈ।

ਆਠ ਪਹਰ ਗਾਵਤ ਭਗਵੰਤੁ ॥ ਸਤਿਗੁਰਿ ਦੀਨੋ ਪੂਰਾ ਮੰਤੁ ॥ ੧ ॥

ਵਡਭਾਗੀ ਪੁਰਸ਼ ਅੱਠੇ ਪਹਿਰ ਭਗਵੰਤ ਦੇ ਗੁਣ ਗਾਉਂਦੇ ਰਹਿੰਦੇ ਹਨ। ਕਿਉਂਕਿ- ਸਤਿਗੁਰਾਂ ਨੇ ਏਹ ਪੂਰਾ ਗੁਰ-ਮੰਤਰ ਦਿੱਤਾ ਹੈ॥ ੧ ॥

ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥
ਤਿਸ ਕੈ ਸੰਗਿ ਤਰੈ ਸੰਸਾਰੁ ॥ ੧ ॥ ਰਹਾਉ ॥

ਉਹ ਵਡਭਾਗੀ ਪੁਰਸ਼ ਹੈ ਜਿਸ ਦਾ ਨਾਮ-ਸਿਮਰਨ ਵਿਚ ਪਿਆਰ ਹੈ, ਉਸ ਦੇ ਸੰਗ ਕਰ ਕੇ ਸੰਸਾਰ (ਸਮੁੰਦਰ) ਤੋਂ ਤਰਨਾ ਹੁੰਦਾ ਹੈ॥ ੧ ॥ ਰਹਾਉ ॥

ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥

ਅਸਲ ਗਿਆਨੀ ਓਹੀ ਹੈ ਜੇਹੜਾ ਇਕ ਪ੍ਰਭੂ ਨੂੰ ਸਿਮਰਦਾ ਹੈ। ਓਹੀ ਅਸਲ ਧਨ ਵਾਲਾ (ਧਨਾਢ) ਪੁਰਸ਼ ਹੈ, ਜਿਸ ਦੀ ਬੁੱਧੀ ਵਿਚ ਬਿਬੇਕ= ਵਿਚਾਰ ਹੈ।

ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥ ਸੋ ਪਤਿਵੰਤਾ ਜਿ ਆਪੁ ਪਛਾਨੀ ॥ ੨ ॥

ਉਹ ਉੱਚੀ ਕੁਲ ਵਾਲਾ ਹੈ ਜੇਹੜਾ ਸੁਆਮੀ ਨੂੰ ਸਿਮਰਦਾ ਹੈ। ਓਹੀ ਪਤਿਵੰਤਾ= ਇੱਜ਼ਤ ਵਾਲਾ ਹੈ, ਜੇਹੜਾ ਆਪਣੇ ਸਰੂਪ ਨੂੰ ਪਛਾਣਦਾ ਹੈ॥ ੨ ॥

ਗੁਰ ਪਰਸਾਦਿ ਪਰਮ ਪਦੁ ਪਾਇਆ ॥
ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥

ਗੁਰਾਂ ਦੀ ਕਿਰਪਾ ਦੁਆਰੇ ਜਿਸ ਨੇ ਗੋਪਾਲ ਦੇ ਗੁਣਾਂ ਨੂੰ ਰਾਤ ਦਿਨ ਧਿਆਉਣਾ ਕੀਤਾ ਹੈ, ਉਸ ਨੇ ਪਰਮ ਪਦ ਨੂੰ ਪਾਇਆ ਹੈ।

ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥ ੩ ॥

ਉਸ ਦੇ ਮੋਹ ਰੂਪ ਸਾਰੇ ਬੰਧਨ ਟੁੱਟ ਗਏ ਹਨ ਅਤੇ ਆਸਾ ਪੂਰਨ ਹੋ ਗਈ ਹੈ। ਜਿਸ ਦੇ ਹਿਰਦੇ ਵਿਚ ਹਰੀ ਦੇ ਚਰਨਾਂ ਦਾ ਨਿਵਾਸ ਹੋਇਆ ਹੈ॥ ੩ ॥

ਕਹੁ ਨਾਨਕ ਜਾ ਕੇ ਪੂਰਨ ਕਰਮਾ ॥ ਸੋ ਜਨੁ ਆਇਆ ਪ੍ਰਭ ਕੀ ਸਰਨਾ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਦੇ ਕਰਮ (ਭਾਗ) ਪੂਰਨ ਹਨ। ਉਹ ਪੁਰਸ਼ ਪ੍ਰਭੂ ਦੀ ਸ਼ਰਨ ਵਿਚ ਆਇਆ ਹੈ।

ਆਪਿ ਪਵਿਤ੍ਰ ਪਾਵਨ ਸਭਿ ਕੀਨੇ॥
ਰਾਮ ਰਸਾਇਣੁ ਰਸਨਾ ਚੀਨੇ॥ ੪ ॥ ੩੫ ॥ ੪੮ ॥

ਉਸ ਨੇ ਆਪ ਪਵਿੱਤਰ ਹੋ ਕੇ ਸਾਰੇ ਸਬੰਧੀ ਪਾਵਨ= ਪਵਿੱਤਰ ਕੀਤੇ ਹਨ ਅਤੇ ਉਸ ਦੀ ਰਸਨਾ ਨੇ ਰਾਮ ਜੋ ਰਸਾਂ ਦਾ ਘਰ ਹੈ, ਉਸ ਨੂੰ ਚੀਨੇ= ਜਾਣ ਲਿਆ ਹੈ॥ ੪॥ ੩੫॥ ੪੮॥

ਭੈਰਉ ਮਹਲਾ ੫ ॥
ਨਾਮੁ ਲੈਤ ਕਿਛੁ ਬਿਘਨੁ ਨ ਲਾਗੈ॥ ਨਾਮੁ ਸੁਣਤ ਜਮੁ ਦੂਰਹੁ ਭਾਗੈ॥

ਪ੍ਰਭੂ ਦਾ ਨਾਮ ਲੈਂਦਿਆਂ ਕੁਝ ਬਿਘਨ ਨਹੀਂ ਲੱਗਦਾ। ਨਾਮ ਨੂੰ ਸੁਣਦਿਆਂ ਹੀ ਜਮ ਦੂਰ ਤੋਂ ਭੱਜ ਜਾਂਦਾ ਹੈ।

ਨਾਮੁ ਲੈਤ ਸਭ ਦੂਖਹ ਨਾਸੁ॥ ਨਾਮੁ ਜਪਤ ਹਰਿ ਚਰਣ ਨਿਵਾਸੁ॥

ਵਾਹਿਗੁਰੂ-ਨਾਮ ਲੈਂਦਿਆਂ ਹੀ ਸਾਰੇ ਦੁੱਖ ਨਾਸ ਹੋ ਜਾਂਦੇ ਹਨ। ਵਾਹਿਗੁਰੂ ਨਾਮ ਜਪਦਿਆਂ ਹੀ ਚਰਣ= ਪੂਜਨੀਕ ਹਰੀ ਵਿਚ ਨਿਵਾਸ ਹੁੰਦਾ ਹੈ।

ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ॥

ਹੇ ਭਾਈ ! ਹਰਿ ਹਰਿ ਨਾਮ ਨੂੰ ਭਜੁ= ਚੇਤੇ ਕਰ ਏਹੋ ਇਕ ਨਿਰਬਿਘਨ= ਇਕ-ਰਸ ਭਗਤੀ ਹੈ। ਵਾ :- ਹਰਿ ਹਰਿ ਨਾਮ ਨੂੰ ਭਜ ਕੇ ਭਗਤ ਲੋਕ ਵਿਘਨਾਂ ਤੋਂ ਰਹਿਤ ਹੋਏ ਹਨ।.

ਰਸਕਿ ਰਸਕਿ ਹਰਿ ਕੇ ਗੁਣ ਗਾਉ॥ ੧ ॥ ਰਹਾਉ॥

ਰਸਕਿ= ਤਦਾਕਾਰ ਹੋ ਕੇ ਰਸਿਕ ਹਰੀ ਦੇ ਗੁਣ ਗਾਉਣਾ ਕਰ, ਵਾ :- ਰਸਕਿ= ਪਰੇਮੀ ਪੁਰਸ਼ ਰਸਕਿ= ਪਰੇਮ ਕਰ ਕੇ ਹਰੀ ਦੇ ਗੁਣ ਗਾਉਂਦੇ ਹਨ॥ ੧॥ ਰਹਾਉ॥

ਹਰਿ ਸਿਮਰਤ ਕਿਛੁ ਚਾਖੁ ਨ ਜੋਹੈ॥
ਹਰਿ ਸਿਮਰਤ ਦੈਤ ਦੇਉ ਨ ਪੋਹੈ॥

ਹਰੀ ਨਾਮ ਦੇ ਸਿਮਰਨ ਕਰ ਕੇ ਕੋਈ ਚਖੁ= ਡੈਣ ਨਹੀਂ ਤੱਕ ਸਕਦੀ । ਵਾ :- ਮਾਇਆ ਰੂਪੀ ਡੈਣ ਨਹੀਂ ਤੱਕ ਸਕਦੀ। ਵਾ :- ਚਾਖੁ= ਦ੍ਰਿਸ਼ਟੀ ਭਰ ਕੇ ਕੋਈ ਨਹੀਂ ਦੇਖ ਸਕਦਾ।

ਹਰੀ ਨਾਮ ਦੇ ਸਿਮਰਨ ਕਰ ਕੇ ਦੈਂਤ ਅਤੇ ਦੇਉ ਭੀ ਨਹੀਂ ਪੋਂਹਦੇ। ਅਰਥਾਤ ਨਾਮ ਜਪਣ ਵਾਲੇ ਨੂੰ ਕਿਸੇ ਜਿੰਨ ਭੂਤ ਜਾਂ ਦੇਉ, ਪਰੀਆਂ ਆਦਿਕਾਂ ਦਾ ਪਰਛਾਵਾਂ ਨਹੀਂ ਹੁੰਦਾ। ਵਾ :- ਹਰੀ ਨਾਮ ਦੇ ਸਿਮਰਨ ਕਰ ਕੇ 'ਦੈਤ ਦੇਉ ਨ ਪੋਹੈ= ਮਾਨ ਅਪਮਾਨ ਨੇੜੇ ਨਹੀਂ ਆਉਂਦੇ। ਵਾ :- ਦੇਉ= ਪ੍ਰਕਾਸ਼ ਰੂਪ ਹੋਣ ਕਰ ਕੇ ਕਾਮ ਕ੍ਰੋਧ ਆਦਿਕ ਦੈਂਤ ਨਹੀਂ ਪੋਂਹਦੇ।

ਹਰਿ ਸਿਮਰਤ ਮੋਹੁ ਮਾਨੁ ਨ ਬਧੈ॥
ਹਰਿ ਸਿਮਰਤ ਗਰਭ ਜੋਨਿ ਨ ਰੁਧੈ॥ ੨ ॥

ਹਰੀ ਨਾਮ ਦੇ ਸਿਮਰਨ ਨਾਲ ਮੋਹ ਤੇ ਮਾਨੁ= ਹੰਕਾਰ ਵਿਚ ਬੱਝਦਾ ਨਹੀਂ ਹੈ। ਹਰੀ ਨਾਮ ਦੇ ਸਿਮਰਨ

ਕਰ ਕੇ ਜੂਨੀਆਂ ਦੁਆਰੇ ਮਾਂ ਦੇ ਗਰਭ ਵਿਚ ਨਹੀਂ ਰੁਧੈ= ਰੁਕਦਾ॥ ੨॥

ਹਰਿ ਸਿਮਰਨ ਕੀ ਸਗਲੀ ਬੇਲਾ॥ ਹਰਿ ਸਿਮਰਨੁ ਬਹੁ ਮਾਹਿ ਇਕੇਲਾ॥

ਸਾਰੀ ਉਮਰ ਹੀ ਹਰੀ ਨਾਮ-ਸਿਮਰਨ ਦਾ ਵੇਲਾ ਹੈ। ਹਰੀ ਨਾਮ-ਸਿਮਰਨ ਹੀ ਬਹੁਤਿਆਂ ਸਾਧਨਾਂ ਵਿਚੋਂ ਇਕੱਲਾ ਹੀ ਮੁਕਤੀ ਦੇਣ ਨੂੰ ਸਮਰੱਥ ਹੈ। *ਅਥਵਾ :—* ਬਹੁਤਿਆਂ ਵਿਚ ਵਸਦੇ ਹੋਏ ਨੂੰ ਇਕੇਲਾ= ਨਿਰਲੇਪ ਕਰਨ ਵਲਾ ਹੈ।

ਜਾਤਿ ਅਜਾਤਿ ਜਪੈ ਜਨੁ ਕੋਇ॥ ਜੋ ਜਾਪੈ ਤਿਸ ਕੀ ਗਤਿ ਹੋਇ॥ ੩॥

ਭਾਵੇਂ ਉੱਚੀ ਜ਼ਾਤੀ ਵਾਲਾ, ਭਾਵੇਂ ਅਜਾਤਿ= ਨੀਚ ਜ਼ਾਤੀ ਵਾਲਾ, ਅਥਵਾ:= ਚਾਹੇ ਜਾਤਿ= ਗਿਆਤ ਪੂਰਬਕ, ਚਾਹੇ ਅਜਾਤਿ= ਅਗਿਆਤ ਪੂਰਬਕ ਕੋਈ ਪੁਰਸ਼ ਜਪ ਲੈਣਾ ਕਰੇ। ਜੇਹੜਾ ਪੁਰਸ਼ ਜਪਦਾ ਹੈ, ਉਸ ਦੀ ਗਤਿ= ਮੁਕਤੀ ਹੁੰਦੀ ਹੈ॥ ੩॥

ਹਰਿ ਕਾ ਨਾਮੁ ਜਪੀਐ ਸਾਧਸੰਗਿ॥ ਹਰਿ ਕੇ ਨਾਮ ਕਾ ਪੂਰਨ ਰੰਗੁ॥

ਸਾਧਸੰਗਤ ਵਿਚ ਬੈਠ ਕੇ ਹਰੀ ਦਾ ਨਾਮ ਜਪਣਾ ਕਰੀਏ। ਤਾਂ ਹਰੀ ਦੇ ਨਾਮ ਦਾ ਪੂਰਨ ਰੰਗੁ= ਅਨੰਦ ਪ੍ਰਾਪਤ ਹੁੰਦਾ ਹੈ।

ਨਾਨਕ ਕਉ ਪ੍ਰਭ ਕਿਰਪਾ ਧਾਰਿ॥
ਸਾਸਿ ਸਾਸਿ ਹਰਿ ਦੇਹੁ ਚਿਤਾਰਿ॥ ੪॥ ੩੬॥ ੪੯॥

ਗੁਰੂ ਜੀ ਕਥਨ ਕਰਦੇ ਹਨ— (ਇਸ ਤਰ੍ਹਾਂ ਬੇਨਤੀ ਕਰ) ਹੇ ਪ੍ਰਭੂ ! ਮੈਂ ਸੇਵਕ ਉੱਤੇ ਕਿਰਪਾ ਦ੍ਰਿਸ਼ਟੀ ਧਾਰਨਾ ਕਰ। ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਹਰੀ ਨਾਮ ਦਾ ਚਿਤਾਰਿ= ਚਿੰਤਨ ਕਰਨਾ ਦਿਓ॥ ੪॥ ੩੬॥ ੪੯॥

ਭੈਰਉ ਮਹਲਾ ੫॥
ਆਪੇ ਸਾਸਤੁ ਆਪੇ ਬੇਦੁ॥ ਆਪੇ ਘਟਿ ਘਟਿ ਜਾਣੈ ਭੇਦੁ॥

ਉਹ ਪਰਮੇਸ਼ਰ ਆਪੇ ਸ਼ਾਸਤ੍ਰ ਰੂਪ ਹੈ ਅਤੇ ਆਪ ਵੇਦ ਰੂਪ ਹੈ। ਅਤੇ ਉਹ ਆਪ ਹੀ ਘਟ ਘਟ ਵਿਚ ਵੱਸ ਕੇ ਸਾਰਿਆਂ ਦੇ ਭੇਦ ਨੂੰ ਜਾਣਦਾ ਹੈ।

ਜੋਤਿ ਸਰੂਪ ਜਾ ਕੀ ਸਭ ਵਥੁ॥ ਕਰਣ ਕਾਰਣ ਪੂਰਨ ਸਮਰਥੁ॥ ੧॥

ਜਿਸ ਜੋਤੀ ਸਰੂਪ ਪਰਮਾਤਮਾ ਦੀਆਂ ਸਭ ਵਸਤੂਆਂ ਬਣਾਈਆਂ ਹੋਈਆਂ ਹਨ। *ਵਾ :-* ਜਿਸ ਜੋਤੀ ਸਰੂਪ ਪ੍ਰਭੂ ਦੀ ਚੇਤਨ ਸੱਤਾ ਰੂਪ ਵਸਤੂ ਸਭ ਦੇ ਅੰਦਰ ਹੈ। ਉਹ ਪੂਰਨ= ਪਰਮਾਤਮਾ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ॥ ੧॥

ਪ੍ਰਭ ਕੀ ਓਟ ਗਹਹੁ ਮਨ ਮੇਰੇ॥

ਹੇ ਮੇਰੇ ਮਨ= ਪਿਆਰੇ ਭਾਈ ! ਉਸ ਪ੍ਰਭੂ ਦੀ ਓਟ ਗਹਹੁ= ਫੜ।

ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੇ॥੧॥ਰਹਾਉ॥

ਮੁਖ ਗੁਰਾਂ ਦੇ ਚਰਨ-ਕੰਵਲਾਂ ਨੂੰ ਅਰਾਧਣਾ ਕਰੋ, ਤਾਂ ਤੁਹਾਡੇ ਨੇੜੇ ਕੋਈ ਦੁਸ਼ਮਣ ਅਤੇ ਦੁੱਖ ਨਹੀਂ

ਆਵੇਗਾ ॥ ੧ ॥ ਰਹਾਉ ॥

ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥ ਜਾ ਕੈ ਸੂਤਿ ਪਰੋਇਆ ਸੰਸਾਰੁ ॥

ਉਹ ਪ੍ਰਭੂ ਆਪ ਹੀ ਬਣ ਤ੍ਰਿਣ ਤੇ ਤਿੰਨਾਂ ਲੋਕਾਂ ਦੀ ਸਾਰ= ਖਬਰ ਰੱਖਦਾ ਹੈ। *ਅਥਵਾ :—* ਉਹ ਪ੍ਰਭੂ ਆਪ ਹੀ ਵਣੁ= ਅੰਤਹਕਰਨ, ਤ੍ਰਿਣੁ= ਇੰਦ੍ਰੀਏ, ਤ੍ਰਿਭਵਣ= ਤਿੰਨੇ ਸਰੀਰ, ਇਨ੍ਹਾਂ ਦੀ ਸੰਭਾਲ ਰੱਖਦਾ ਹੈ। ਜਿਸ ਦੇ ਚੇਤਨ ਸੱਤਾ ਰੂਪੀ, *ਵਾ :-* ਪ੍ਰਾਣਾਂ ਰੂਪੀ, *ਵਾ :-* ਹੁਕਮ ਰੂਪੀ ਸੂਤ੍ਰ ਵਿਚ ਸਾਰਾ ਸੰਸਾਰ ਪ੍ਰੋਤਾ ਹੋਇਆ ਹੈ।

ਆਪੇ ਸਿਵ ਸਕਤੀ ਸੰਜੋਗੀ ॥ ਆਪਿ ਨਿਰਬਾਣੀ ਆਪੇ ਭੋਗੀ ॥ ੨ ॥

ਉਹ ਆਪ ਹੀ ਸਿਵ ਸਕਤੀ ਸੰਜੋਗੀ= ਮਾਇਆ ਾਥਲ ਰੂਪ ਹੋ ਰਿਹਾ ਹੈ। ਉਹ ਆਪ ਹੀ ਨਿਰਬਾਣੀ= ਵਿਰਕਤ ਮਹਾਤਮਾ ਰੂਪ ਤੇ ਆਪ ਹੀ ਭੋਗੀ= ਗ੍ਰਿਹਸਤੀ ਰੂਪ ਹੋ ਰਿਹਾ ਹੈ॥ ੨ ॥

ਜਤ ਕਤ ਪੇਖਉ ਤਤ ਤਤ ਸੋਇ ॥ ਤਿਸੁ ਬਿਨੁ ਦੂਜਾ ਨਾਹੀ ਕੋਇ ॥

ਜਿੱਥੇ ਕਿੱਥੇ ਦੇਖਦਾ ਹਾਂ ਉਥੇ ਉਥੇ ਉਹੀ (ਪਰਮਾਤਮਾ) ਹੈ। ਉਸ ਤੋਂ ਬਿਨਾਂ ਦੂਸਰਾ (ਉਹਦੇ ਵਰਗਾ ਸਰਬ ਸ਼ਕਤੀਵਾਨ) ਕੋਈ ਨਹੀਂ ਹੈ।

ਸਾਗਰੁ ਤਰੀਐ ਨਾਮ ਕੈ ਰੰਗਿ ॥ ਗੁਣ ਗਾਵੈ ਨਾਨਕੁ ਸਾਧਸੰਗਿ ॥ ੩ ॥

ਹਰੀ ਨਾਮ ਦੇ ਰੰਗਿ= ਪਰੇਮ ਕਰ ਕੇ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਸਾਧਸੰਗਤ ਵਿਚ ਬੈਠ ਕੇ ਤੂੰ ਪ੍ਰਭੂ ਦੇ ਗੁਣਾਂ ਨੂੰ ਗਾਉਣਾ ਕਰ॥ ੩ ॥

ਮੁਕਤਿ ਭੁਗਤਿ ਜੁਗਤਿ ਵਸਿ ਜਾ ਕੈ ॥ ਊਣਾ ਨਾਹੀ ਕਿਛੁ ਜਨ ਤਾ ਕੈ ॥

ਮੁਕਤੀ ਦੀ ਜੁਗਤੀ ਤੇ ਭੁਗਤੀ ਦੀ ਜੁਗਤੀ ਜਿਸ ਦੇ ਵਸੀਕਾਰ ਹੈ। ਹੇ ਪੁਰਸ਼ਾ ! ਉਸ ਦੇ ਘਰ ਵਿਚ ਕਿਸੇ ਵੀ ਪਦਾਰਥਾ ਦਾ ਰੰਚਕ ਮਾਤ੍ਰ ਭੀ ਊਣਾ= ਘਾਟਾ ਨਹੀਂ ਹੈ।

ਕਰਿ ਕਿਰਪਾ ਜਿਸੁ ਹੋਇ ਸੁਪ੍ਰਸੰਨ ॥
ਨਾਨਕ ਦਾਸ ਸੇਈ ਜਨ ਧੰਨ ॥ ੪ ॥ ੩੭ ॥ ੫੦ ॥

ਉਹ ਪ੍ਰਭੂ ਕਿਰਪਾ ਕਰ ਕੇ ਜਿਸ ਉੱਤੇ ਪ੍ਰਸੰਨ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਓਹੀ ਸੇਵਕ ਜਨ ਧੰਨ ਹੈ॥ ੪ ॥ ੩੭ ॥ ੫੦ ॥

ਭੈਰਉ ਮਹਲਾ ੫ ॥

ਭਗਤਾ ਮਨਿ ਆਨੰਦੁ ਗੋਬਿੰਦ ॥ ਅਸਥਿਤਿ ਭਏ ਬਿਨਸੀ ਸਭ ਚਿੰਦ ॥

ਭਗਤਾਂ ਦੇ ਮਨ ਸਦਾ ਗੋਬਿੰਦ ਦਾ ਅਨੰਦ ਬਣਿਆ ਰਹਿੰਦਾ ਹੈ। ਵਾਹਿਗੁਰੂ ਨਾਮ ਵਿਚ ਇਸਥਿਤ ਹੋਣ ਕਰ ਕੇ ਸਾਰੀ ਚਿੰਤਾ ਬਿਨਸੀ= ਨਾਸ ਹੋ ਗਈ ਹੈ।

[ਪੰਨਾ ੧੧੫੧]

ਭੈ ਭ੍ਰਮ ਬਿਨਸਿ ਗਏ ਖਿਨ ਮਾਹਿ ॥ ਪਾਰਬ੍ਰਹਮੁ ਵਸਿਆ ਮਨਿ ਆਇ ॥ ੧ ॥

ਇਕ ਖਿਨ ਵਿਚ ਹੀ ਉਹਨਾਂ ਦੇ ਅੰਦਰੋਂ ਭੈ ਤੇ ਭਰਮ ਬਿਨਸਿ= ਖ਼ਤਮ ਹੋ ਗਏ ਹਨ। ਜਿਨ੍ਹਾਂ ਦੇ ਮਨ ਵਿਚ ਪਾਰਬ੍ਰਹਮ ਆਪ ਆ ਕੇ ਵਸਿਆ ਹੈ॥ ੧॥

ਰਾਮ ਰਾਮ ਸੰਤ ਸਦਾ ਸਹਾਇ॥

ਰਾਮ= ਰਮਿਆ ਹੋਇਆ ਰਾਮ ਸੰਤਾਂ ਦੀ ਸਦਾ ਸਹਾਇਤਾ ਕਰਦਾ ਹੈ।

ਘਰਿ ਬਾਹਰਿ ਨਾਲੇ ਪਰਮੇਸਰੁ ਰਵਿ ਰਹਿਆ ਪੂਰਨ ਸਭ ਠਾਇ॥੧॥ਰਹਾਉ॥

ਉਹ ਪੂਰਨ ਪਰਮੇਸ਼ਰ ਘਰ ਤੇ ਬਾਹਰ ਉਹਨਾਂ ਸੰਤਾਂ ਦੇ ਨਾਲ ਹੀ ਰਹਿੰਦਾ ਹੈ, ਜੋ ਸਭ ਜਗ੍ਹਾ ਵਿਚ ਰਵਿ ਰਹਿਆ= ਮਿਲ ਰਿਹਾ ਹੈ॥ ੧॥ ਰਹਾਉ॥

ਧਨੁ ਮਾਲੁ ਜੋਬਨੁ ਜੁਗਤਿ ਗੋਪਾਲ॥ ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ॥

ਉਹ ਗੋਪਾਲ ਧਨ ਮਾਲ ਦੇਂਦਾ ਹੈ ਤੇ ਜੋਬਨ ਦੇ ਜੁਗਤਿ= ਸਹਿਤ ਭੀ ਕਰਦਾ ਹੈ। ਜੀਵਾਂ ਨੂੰ ਪ੍ਰਾਣ ਤੇ ਸੁਖ ਦੇ ਕੇ ਨਿਤਾ ਪ੍ਰਤੀ ਪਾਲਣਾ ਕਰਦਾ ਹੈ।

ਅਪਨੇ ਦਾਸ ਕਉ ਦੇ ਰਾਖੈ ਹਾਥ॥ ਨਿਮਖ ਨ ਛੋਡੈ ਸਦ ਹੀ ਸਾਥ॥ ੨॥

ਉਹ ਗੋਪਾਲ ਆਪਣੇ ਦਾਸ ਨੂੰ ਹੱਥ ਦੇ ਕੇ ਰਖਦਾ ਹੈ, ਇਕ ਨਿਮਖ ਭਰ ਵੀ ਨਹੀਂ ਛੱਡਦਾ, ਸਦਾ ਹੀ ਨਾਲ ਰਹਿੰਦਾ ਹੈ॥ ੨॥

ਹਰਿ ਸਾ ਪ੍ਰੀਤਮੁ ਅਵਰੁ ਨ ਕੋਇ॥ ਸਾਰਿ ਸਮ੍ਹਾਲੇ ਸਾਚਾ ਸੋਇ॥

ਹਰੀ ਸਾ= ਵਰਗਾ ਪ੍ਰੀਤਮ ਹੋਰ ਕੋਈ ਨਹੀਂ ਹੈ। ਓਹੀ ਸੱਚਾ ਸਾਰਿਆਂ ਦੀ ਸੰਭਾਲ ਕਰਦਾ ਹੈ।

ਮਾਤ ਪਿਤਾ ਸੁਤ ਬੰਧੁ ਨਰਾਇਣੁ॥
ਆਦਿ ਜੁਗਾਦਿ ਭਗਤ ਗੁਣ ਗਾਇਣੁ॥ ੩॥

ਮਾਂ, ਪਿਉ, ਪੁੱਤਰ ਸੰਬੰਧੀ ਇਨ੍ਹਾਂ ਸਾਰਿਆਂ ਤੋਂ ਉਹ ਨਰਾਇਣ ਪਿਆਰਾ ਹੈ। *ਅਥਵਾ :—* ਉਹ ਨਰਾਇਣ ਹੀ ਮਾਂ ਪਿਉ ਪੁੱਤਰ ਤੇ ਸਬੰਧੀ ਹੈ। ਇਸ ਕਰ ਕੇ ਭਗਤ ਜਨ ਆਦ ਜੁਗਾਦ ਤੋਂ, *ਵਾ :-* ਸਦਾ ਸਦਾ ਉਸ ਦੇ ਹੀ ਗੁਣ ਗਾਉਂਦੇ ਹਨ॥ ੩॥

ਤਿਸ ਕੀ ਧਰ ਪ੍ਰਭ ਕਾ ਮਨਿ ਜੋਰੁ॥ ਏਕ ਬਿਨਾ ਦੂਜਾ ਨਹੀ ਹੋਰੁ॥

ਸਰੀਰ ਨੂੰ ਉਸ ਪ੍ਰਭੂ ਦੀ ਧਰ= ਓਟ ਹੈ ਅਤੇ ਮਨ ਵਿਚ ਭੀ ਪ੍ਰਭੂ ਦਾ ਜੋਰੁ= ਬਲ ਹੈ। ਭਗਤਾਂ ਨੂੰ ਇਕ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਦਿਸਦਾ ਨਹੀਂ ਹੈ।

ਨਾਨਕ ਕੈ ਮਨਿ ਇਹੁ ਪੁਰਖਾਰਥੁ॥
ਪ੍ਰਭੂ ਹਮਾਰਾ ਸਾਰੇ ਸੁਆਰਥੁ॥ ੪॥ ੩੮॥ ੫੧॥

ਗੁਰੂ ਜੀ ਕਥਨ ਕਰਦੇ ਹਨ— ਮੇਰੇ ਮਨ ਵਿਚ ਅਤੇ ਭਗਤਾਂ ਦੇ ਮਨ ਵਿਚ ਏਹੋ ਪੁਰਖਾਰਥੁ= ਉੱਦਮ ਹੈ ਕਿ ਪ੍ਰਭੂ ਹੀ ਸਾਡੇ ਕੰਮ ਪੂਰੇ ਕਰੇਗਾ॥ ੪॥ ੩੮॥ ੫੧॥

ਭੈਰਉ ਮਹਲਾ ੫॥ ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ॥

ਹਰੀ ਨਾਮ ਦੇ ਸਿਮਰਨ ਕਰ ਕੇ ਡਰ ਦੇਣ ਵਾਲੇ ਜਮਾਂ ਨੂੰ ਡਰ ਪੈ ਗਿਆ।

ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ
ਦਾਸ ਕੇ ਹੋਏ ਪੂਰਨ ਕਾਮ ॥ ੧ ॥ ਰਹਾਉ ॥

ਤ੍ਰਿਗੁਣ ਆਤਮਕ ਮਾਇਆ ਦੀ ਸਾਰੀ ਬਿਆਧਿ= ਪੀੜਾ, ਵਾ :- ਉਪਾਧੀ ਮਿਟ ਗਈ ਹੈ, ਨਾਮ ਜਪਣ ਕਰ ਕੇ ਦਾਸ ਦੇ ਸਾਰੇ ਕੰਮ ਪੂਰੇ ਹੋ ਗਏ ਹਨ॥ ੧ ॥ ਰਹਾਉ ॥

ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ ॥

ਜੋ ਹਰੀ ਦੇ ਭਗਤ ਲੋਕ ਸਦਾ ਗੁਣਾਂ ਨੂੰ ਗਾਉਂਦੇ ਹਨ, ਉਹਨਾਂ ਨੂੰ ਪੂਰਨ ਧਾਮ= ਪਰਮਾਤਮਾ ਮਿਲਿਆ ਹੈ, ਵਾ :- ਉਹਨਾਂ ਨੂੰ ਪੂਰਨ ਧਾਮ= ਪ੍ਰਕਾਸ਼ (ਗਿਆਨ) ਮਿਲਿਆ ਹੈ।

ਜਨ ਕਾ ਦਰਸੁ ਬਾਂਛੈ ਦਿਨ ਰਾਤੀ ਹੋਇ ਪੁਨੀਤ ਧਰਮ ਰਾਇ ਜਾਮ ॥ ੧ ॥

ਪਵਿੱਤਰ ਹੋਣ ਵਾਸਤੇ ਧਰਮ ਰਾਜਾ ਤੇ ਉਸ ਦੇ ਜਾਮ= ਜਮ ਭੀ ਦਿਨ ਰਾਤ ਸੰਤ ਜਨਾਂ ਦਾ ਦਰਸ਼ਨ ਬਾਂਛੈ= ਚਾਹੁੰਦੇ ਹਨ। *ਅਥਵਾ :—* ਧਰਮ ਰਾਜਾ ਅੱਠੇ ਜਾਮ= ਪਹਰ ਉਹਨਾਂ ਸੰਤ ਜਨਾਂ ਦਾ ਦਰਸ਼ਨ ਚਾਹੁੰਦਾ ਹੈ ਜਿਸ ਕਰ ਕੇ ਮੇਰੇ ਦਿਨ ਰਾਤ ਪੁਨੀਤ= ਪਵਿੱਤਰ ਹੋ ਜਾਣ।

ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ ॥

ਜਿਨ੍ਹਾਂ ਦਾ ਸਾਧ ਸੰਗਤ ਕਰ ਕੇ ਕਾਮ, ਕਰੋਧ, ਲੋਭ, ਵਿਦਿਆ ਦਾ ਮਦ, ਨਿੰਦਿਆ ਤੇ ਜ਼ਾਤੀ ਹੰਕਾਰ ਆਦਿਕਾਂ ਦਾ ਸਮੁਦਾਅ ਮਿਟ ਗਿਆ ਹੈ।

ਐਸੇ ਸੰਤ ਭੇਟਹਿ ਵਡਭਾਗੀ
ਨਾਨਕ ਤਿਨ ਕੈ ਸਦ ਕੁਰਬਾਨ ॥ ੨ ॥ ੩੯ ॥ ੫੨ ॥

ਗੁਰੂ ਜੀ ਕਥਨ ਕਰਦੇ ਹਨ— ਅਜੇਹੇ ਸੰਤ ਵਡਿਆਂ ਭਾਗਾਂ ਨਾਲ ਮਿਲਦੇ ਹਨ, ਮੈਂ ਉਹਨਾ ਤੋਂ ਸਦਾ ਕੁਰਬਾਨ ਜਾਂਦਾ ਹਾਂ॥ ੨ ॥ ੩੯ ॥ ੫੨ ॥

ਭੈਰਉ ਮਹਲਾ ੫ ॥

ਪੰਚ ਮਜਮੀ ਜੋ ਪੰਚ ਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥

ਜੋ ਪੁਰਸ਼ ਪੰਜਾਂ (ਕਾਮ ਆਦਿਕਾਂ) ਨੂੰ ਗੁਰਾਂ ਦੁਆਰੇ ਨਹੀਂ ਰੋਕ ਰੱਖਦਾ, ਵਾ :- ਜੋ ਪੁਰਸ਼ ਪੰਜ ਗਿਆਨ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਨਹੀਂ ਰੋਕ ਰਖਦਾ, ਵਾ :- ਜੋ ਪੁਰਸ਼ ਪੰਜ ਸਤ ਸੰਤੋਖ ਆਦਿਕ ਗੁਣਾਂ ਨੂੰ ਹਿਰਦੇ ਵਿਚ ਨਹੀਂ ਧਾਰਨ ਕਰ ਰੱਖਦਾ, ਉਹ ਪੁਰਸ਼ ਪੰਚ-ਮਜਮੀ= ਪੰਜ ਪੀਰੀਆ ਹੈ।

ਅਰਥਾਤ— ਪੰਜ ਪੀਰੀਆ ਉਸ ਨੂੰ ਕਹਿੰਦੇ ਹਨ ਜੇਹੜਾ ਪਦਾਰਥਾਂ ਦੇ ਮੰਗਣ ਵਾਸਤੇ ਬਹੁਤਿਆਂ ਦੇਵੀ ਦੇਵਤਿਆਂ ਨੂੰ ਮੰਨਦਾ ਹੋਵੇ। ਜਿਵੇਂ ਇਕ ਫਕੀਰ ਡੰਡੇ ਨਾਲ ਕਈ ਟਿੰਡਾਂ ਬੰਨ੍ਹ ਕੇ ਮੰਗਣ ਲਈ ਤੁਰ ਪਿਆ। ਜੇ ਉਹ ਕਹਿਣ ਅਸੀਂ ਦੇਵੀ ਨੂੰ ਮੰਨਦੇ ਹਾਂ ਤਾਂ ਇਸ ਨੇ ਕਹਿਣਾ ਦੇਵੀ ਦੀ ਟਿੰਡ ਏਹ ਹੈ, ਇਸ ਵਿਚ ਪਾ ਦਿਓ। ਦੂਜੇ ਘਰ ਗਿਆ ਉਹਨਾਂ ਨੇ ਕਿਹਾ—'ਅਸੀਂ ਤਾਂ ਰਾਮ ਨੂੰ ਮੰਨਦੇ ਹਾਂ।' ਇਸ ਨੇ ਕਿਹਾ—'ਏਹ ਰਾਮ

ਦੀ ਟਿੰਡ ਹੈ ਇਸ ਵਿਚ ਪਾ ਦਿਓ। ਇਸ ਤਰ੍ਹਾਂ ਪੰਜ ਪੀਰੀਆ ਬਣ ਕੇ ਸਭ ਤੋਂ ਮੰਗੀ ਜਾਣਾ, ਛੱਡਣਾ ਕਿਸੇ ਨੂੰ ਨਹੀਂ।

ਅਥਵਾ :— ਪੰਚ= ਸ੍ਰੇਸ਼ਟ ਮਜ਼ਬ ਵਾਲਾ ਉਹ ਪੁਰਸ਼ ਹੈ ਜੇਹੜਾ ਪੰਜ (ਸਤ ਸੰਤੋਖ ਆਦਿਕ) ਗੁਣਾਂ ਨੂੰ ਆਪਣੇ ਹਿਰਦੇ ਵਿਚ ਧਾਰਨ ਕਰ ਰੱਖਦਾ ਹੈ।

ਪਹਿਲੇ ਅਰਥ ਦੇ ਅਨੁਸਾਰ ਪੰਜ ਪੀਰੀਆ ਪੁਰਸ਼ ਨਿਤਾਪ੍ਰਤੀ ਸਵੇਰੇ ਉੱਠ ਕੇ ਮਿਥਿਆ= ਝੂਠ ਬੋਲਦਾ ਹੈ ਅਤੇ ਮਿਥਿਆ ਪਦਾਰਥਾਂ ਨੂੰ ਰਸਨਾ ਨਾਲ ਖਾਂਦਾ ਹੈ।

ਚਕ੍ਰ ਬਣਾਇ ਕਰੈ ਪਾਖੰਡ ॥ ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥ ੧ ॥

ਸਰੀਰ ਉੱਤੇ ਚੱਕਰ ਬਣਾ ਕੇ ਕਈ ਤਰ੍ਹਾਂ ਦੇ ਪਖੰਡ ਕਰਦਾ ਹੈ। *ਵਾ :-* ਗਣੇਸ਼ ਚਕ੍ਰ ਬਣਾ ਕੇ ਪਖੰਡ ਕਰਦਾ ਹੈ। ਉਹ ਪਖੰਡੀ ਪੁਰਸ਼ ਰੰਡੀ ਇਸਤ੍ਰੀ ਵਾਂਗ ਝੁਰ-ਝੁਰ ਕੇ ਪਚੇ= ਖਰਾਬ ਹੁੰਦਾ ਹੈ। ਜਿਵੇਂ ਰੰਡੀ ਤੀਵੀਂ ਨੂੰ ਪਤੀ ਦਾ ਸੁਖ ਨਹੀਂ ਮਿਲਦਾ। ਤਿਵੇਂ ਪਖੰਡੀ ਜਾਂ ਨਿਗੁਰੇ, ਸਰੂਪ-ਸੁਖ ਦੀ ਪ੍ਰਾਪਤੀ ਨਹੀਂ ਹੁੰਦੀ॥ ੧ ॥

ਹਰਿ ਕੇ ਨਾਮ ਬਿਨਾ ਸਭ ਝੂਠੁ ॥

ਹਰੀ ਦੇ ਨਾਮ-ਸਿਮਰਨ ਤੋਂ ਬਿਨਾਂ ਬਾਹਰਲੇ ਸਾਰੇ ਕਰਮ ਝੂਠੇ ਹਨ।

ਬਿਨੁ ਗੁਰ ਪੂਰੇ ਮੁਕਤਿ ਨ ਪਾਈਐ
ਸਾਚੀ ਦਰਗਹਿ ਸਾਕਤ ਮੂਠੁ ॥ ੧ ॥ ਰਹਾਉ ॥

ਪੂਰਿਆਂ ਗੁਰਾਂ ਤੋਂ ਬਿਨਾਂ ਮੁਕਤੀ ਨਹੀਂ ਪਾਈਦੀ, ਸਾਕਤ ਨਿਗੁਰਾ ਪੁਰਸ਼ ਸੱਚੀ ਦਰਗਾਹ ਵਿਚ ਜਾ ਕੇ ਮੂਠੁ= ਲੁੱਟਿਆ ਜਾਂਦਾ ਹੈ॥ ੧॥ ਰਹਾਉ॥

ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥
ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥

ਉਹ ਪੁਰਸ਼ ਕੁਚੀਲੁ= ਅਪਵਿੱਤਰ (ਮੰਦਾ) ਹੈ, ਜੇਹੜਾ ਕੁਦਰਤਿ= ਕੁਦਰਤ ਵਾਲੇ ਪ੍ਰਭੂ ਨੂੰ ਜਾਣਦਾ ਨਹੀਂ ਹੈ। ਬਾਹਰੋਂ ਗੋਬਰ ਨਾਲ ਲਿਪਿਆ ਹੋਇਆ ਥਾਂ ਵੇਖ ਕੇ ਹਰੀ ਇਸ ਦੀ ਸੁਚਿ= ਪਵਿੱਤਰਤਾ ਨਹੀਂ ਮੰਨਦਾ।

ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥
ਸਾਚੀ ਦਰਗਹਿ ਅਪਨੀ ਪਤਿ ਖੋਵੈ ॥ ੨ ॥

ਜਿਸ ਦਾ ਅੰਤਰੁ= ਅੰਤਹਕਰਨ ਮੰਦ ਖਿਆਲਾਂ ਕਰ ਕੇ ਮੈਲਾ ਹੈ ਭੈ ਬਾਹਰੋਂ ਭਾਵੇਂ ਨਿਭਾਪ੍ਰਭੀ ਸਰੀਰ ਨੂੰ ਧੋਂਦਾ ਹੈ ਅਰਥਾਤ ਇਸ਼ਨਾਨ ਕਰਦਾ ਹੈ। ਉਹ ਸੱਚੀ ਦਰਗਾਹ ਵਿਚ ਜਾ ਕੇ ਆਪਣੀ ਇੱਜ਼ਤ ਨੂੰ ਖੋਵੈ= ਗੁਆ ਲੈਂਦਾ ਹੈ॥ ੨ ॥

ਮਾਇਆ ਛਾਰਹਿ ਛਾਰੇ ਲੁਪਾਵੈ ॥ ਅਬਹਿ ਨ ਘਾਲੈ ਸੀਧਾ ਪਾਵੈ ॥

ਮਾਇਆ ਵੀ ਪ੍ਰਾਪਤੀ ਵਾਸਤੇ ਭਾਂ ਅਨੇਕਾਂ ਹੀ ਲੁਪਾਵੈ= ਜਤਨ ਕਰਦਾ ਹੈ। ਪਰ ਮਨ ਰੂਪੀ ਪੈਰ ਨੂੰ ਕਦੇ ਭੀ ਸਿੱਧੇ ਰਾਹ ਨਹੀਂ ਪਾਵੈਂਦਾ, ਭਾਵ ਪ੍ਰਭੂ ਦੇ ਸਭਸੰਗ ਰੂਪ ਰਸਤੇ ਵੱਲ ਨਹੀਂ ਚਲਦਾ।

ਜਿਨਿ ਕੀਆ ਤਿਸੁ ਚੀਤਿ ਨ ਆਣੈ॥
ਕੂੜੀ ਕੂੜੀ ਮੁਖਹੁ ਵਖਾਣੈ॥ ੩॥

ਜਿਸ ਪ੍ਰਭੂ ਨੇ ਪੈਦਾ ਕੀਤਾ ਹੈ ਉਸ ਨੂੰ ਕਦੇ ਭੀ ਚਿਤ ਵਿਚ ਨਹੀਂ ਲਿਆਉਂਦਾ। ਕੂੜੀ ਕੂੜੀ= ਝੂਠੀਆਂ ਝੂਠੀਆਂ ਗੱਲਾਂ, ਵਾ :- ਕੁੜੀਆਂ ਮੁੰਡਿਆਂ ਵਾਸਤੇ ਝੂਠੀਆਂ ਗੱਲਾਂ ਮੂੰਹੋਂ ਕਥਨ ਕਰਦਾ ਹੈ। ਵਾ :- ਝੂਠੀ ਮਾਇਆ ਵਾਸਤੇ ਝੂਠੀਆਂ ਹੀ ਗੱਲਾਂ ਮੂੰਹੋਂ ਕਥਨ ਕਰਦਾ ਹੈ॥ ੩॥

ਜਿਸ ਨੋ ਕਰਮੁ ਕਰੇ ਕਰਤਾਰੁ॥ ਸਾਧਸੰਗਿ ਹੋਇ ਤਿਸੁ ਬਿਉਹਾਰੁ॥

ਜਿਸ ਉੱਤੇ ਕਰਤਾਰ ਪ੍ਰਭੂ ਕਰਮੁ= ਕਿਰਪਾ ਕਰਦਾ ਹੈ। ਉਸ ਦਾ ਸਾਧ ਸੰਗਤ ਨਾਲ ਵਿਹਾਰ ਹੁੰਦਾ ਹੈ।

ਹਰਿ ਨਾਮ ਭਗਤਿ ਸਿਉ ਲਾਗਾ ਰੰਗੁ॥
ਕਹੁ ਨਾਨਕ ਤਿਸੁ ਜਨ ਨਹੀ ਭੰਗੁ॥ ੪॥ ੪੦॥ ੫੩॥

ਗੁਰੂ ਜੀ ਕਥਨ ਕਰਦੇ ਹਨ— ਜਿਸ ਦਾ ਹਰੀ ਨਾਮ-ਸਿਮਰਨ ਨਾਲ ਅਤੇ ਭਗਤੀ ਨਾਲ ਰੰਗੁ= ਪਰੇਮ ਲੱਗਾ ਹੈ। ਉਸ ਪੁਰਸ਼ ਨੂੰ ਕਿਸੇ ਕੰਮ ਵਿਚ ਕਦੇ ਭੰਗੁ= ਵਿਘਨ ਨਹੀਂ ਹੁੰਦਾ॥ ੪॥ ੪੦॥ ੫੩॥

ਭੈਰਉ ਮਹਲਾ ੫॥

ਕਿਸੇ ਨੇ ਆ ਕੇ ਪੁਛਿਆ— ਨਿੰਦਕਾਂ ਦਾ ਕੀ ਹਾਲ ਹੁੰਦਾ ਹੈ?

ਗੁਰੂ ਜੀ ਇਸ ਸ਼ਬਦ ਦੁਆਰਾ ਨਿੰਦਕਾਂ ਦਾ ਜੋ ਹਾਲ ਹੁੰਦਾ ਹੈ, ਉਹ ਦੱਸਦੇ ਹਨ-

ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥

ਨਿੰਦਕ ਪੁਰਸ਼ ਨੂੰ ਸਾਰਾ ਸੰਸਾਰ ਹੀ ਫਿਟਕਾਰਾਂ ਦੇਂਦਾ ਹੈ। ਨਿੰਦਕ ਪੁਰਸ਼ ਦਾ ਸਾਰਾ ਵਿਹਾਰ ਹੀ ਝੂਠਾ ਹੈ।

ਨਿੰਦਕ ਕਾ ਮੈਲਾ ਆਚਾਰੁ॥ ਦਾਸ ਅਪੁਨੇ ਕਉ ਰਾਖਨਹਾਰ॥ ੧॥

ਨਿੰਦਕ ਪੁਰਸ਼ ਜੋ ਭੀ ਕਰਤਬ ਕਰਦਾ ਹੈ ਉਸ ਦਾ ਸਾਰਾ ਆਚਾਰੁ= ਕਰਤਬ ਮੈਲਾ ਹੈ। ਉਹ ਪ੍ਰਭੂ ਆਪਣੇ ਦਾਸ ਨੂੰ ਆਪ ਰੱਖਣ ਵਾਲਾ ਹੈ॥ ੧॥

ਨਿੰਦਕੁ ਮੁਆ ਨਿੰਦਕ ਕੈ ਨਾਲਿ॥

ਨਿੰਦਕ ਆਪ ਭੀ ਮਰਿਆ ਹੈ, ਉਸ ਨਿੰਦਕ ਵੇ ਨਾਲ ਜੋ ਮਿਲਿਆ ਹੈ, ਉਹ ਭੀ ਮਰਿਆ ਹੈ। ਵਾ :- ਨਿੰਦਿਆ ਵੇ ਨਾਲ ਲੱਗ ਕੇ ਨਿੰਦਕ ਮਰਿਆ ਹੈ।

ਪਾਰਬ੍ਰਹਮ ਪਰਮੇਸਰਿ ਜਨ ਰਾਖੇ
ਨਿੰਦਕ ਖੇ ਸਿਰਿ ਖਡ੍ਹਿਓ ਖਾਲ੍ਹ॥ ੧॥ ਰਹਾਉ॥

ਪਰਾ ਰੂਪ ਬ੍ਰਹਮ= ਵਿਆਪਕ ਪਰਮੇਸ਼ਰ ਨੈ ਆਪਣੈ ਸੇਵਕ ਜਨ ਰੱਖ ਲਏ ਹਨ ਅਤੇ ਨਿੰਦਕ ਵੇ ਸਿਰ ਉੱਤੇ ਕਾਲ ਕੜਕਿਆ ਹੈ॥ ੧॥ ਰਹਾਉ॥

[ਪੰਨਾ ੧੧੫੨]

ਨਿੰਦਕ ਕਾ ਕਹਿਆ ਕੋਇ ਨ ਮਾਨੈ॥ ਨਿੰਦਕ ਝੂਠੁ ਬੋਲਿ ਪਛੁਤਾਨੇ॥

ਨਿੰਦਕ ਪੁਰਸ਼ ਦਾ ਕਿਹਾ ਹੋਇਆ ਬਚਨ ਕੋਈ ਨਹੀਂ ਮੰਨਦਾ। ਨਿੰਦਕ ਪੁਰਸ਼ ਝੂਠ ਬੋਲ ਕੇ ਪਛਤਾਉਂਦਾ ਹੈ।

ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥
ਨਿੰਦਕ ਕਉ ਦਈ ਛੋਡੈ ਨਾਹਿ॥ ੨॥

ਧਰਤੀ ਉੱਤੇ ਹੱਥ ਪਛੋਰਹਿ= ਮਾਰਦਾ ਹੈ ਅਤੇ ਸਿਰ ਨੂੰ ਭੀ ਧਰਤੀ ਨਾਲ ਲਗਾਉਂਦਾ ਹੈ ਭਾਵ ਮੱਥਾ ਭੰਨਦਾ ਹੈ। ਵਾ :- ਹੱਥਾਂ ਨੂੰ ਸਿਰ ਉੱਤੇ ਮਾਰਦਾ ਹੈ ਅਤੇ ਧਰਤੀ ਉੱਤੇ ਭੀ ਹੱਥ ਲਗਾਉਂਦਾ ਹੈ ਭਾਵ ਮਾਰਦਾ ਹੈ। ਦਈ= ਪ੍ਰੇਰਕ ਪਰਮਾਤਮਾ ਨਿੰਦਕ ਨੂੰ ਕਿਸੇ ਤਰ੍ਹਾਂ ਭੀ ਛੱਡਦਾ ਨਹੀਂ ਹੈ॥ ੨॥

ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ॥ ਨਿੰਦਕ ਕਉ ਲਾਗੈ ਦੁਖ ਸਾਂਗੈ॥

ਹਰੀ ਦਾ ਦਾਸ ਕਿਸੇ ਦਾ ਕੁਝ ਬੁਰਾ ਨਹੀਂ ਮੰਗਦਾ। ਪਰ ਨਿੰਦਕ ਪੁਰਸ਼ ਨੂੰ ਨਿੰਦਿਆਂ ਦੇ ਸਾਂਗੈ= ਸੰਗ ਕਰ ਕੇ ਦੁੱਖ ਲੱਗਦਾ ਹੈ। ਵਾ :- ਨਿੰਦਕ ਪੁਰਸ਼ ਨੂੰ ਸਾਂਗੈ= ਬਰਛੇ ਦਾ ਦੁੱਖ ਲੱਗਦਾ ਹੈ। ਵਾ :- ਨਿੰਦਕ ਦੇ ਸੰਗ ਕਰ ਕੇ ਨਿੰਦਕ ਪੁਰਸ਼ ਨੂੰ ਦੁੱਖ ਲਗਦਾ ਹੈ।

ਬਗੁਲੇ ਜਿਉ ਰਹਿਆ ਪੰਖ ਪਸਾਰਿ॥
ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥ ੩॥

ਬਗਲੇ ਵਾਂਗ ਖੰਭ ਖਿਲਾਰ ਰਿਹਾ ਹੈ ਅਰਥਾਤ ਪਖੰਡ ਕਰ ਬਹਿੰਦਾ ਹੈ ਅੰਦਰੋਂ ਮਨ ਮੈਲਾ ਹੈ ਤੇ ਉਪਰੋਂ ਉੱਜਲ ਕਰਮ ਕਰਦਾ ਨਿਗਾਹ ਆਉਂਦਾ। ਜਿਸ ਵੇਲੇ ਮੂੰਹ 'ਚੋਂ ਨਿੰਦਿਆਂ ਦੇ ਬਚਨ ਬੋਲਿਆ ਤਾਂ ਚੰਗਿਆਂ ਪੁਰਸ਼ਾਂ ਨੇ ਵਿਚਾਰ ਕੇ ਬਾਹਰ ਕੱਢ ਦਿੱਤਾ। ਜਾਂ ਉਸ ਦਾ ਸੰਗ ਕਰਨਾ ਛੱਡ ਦਿੱਤਾ। ਜਾਂ ਉਸ ਦਾ ਮਤਲਬ ਸਮਝ ਲੀਤਾ॥ ੩॥

ਅੰਤਰਜਾਮੀ ਕਰਤਾ ਸੋਇ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ॥

ਉਹ ਕਰਤਾ ਪੁਰਖ ਅੰਤਰਜਾਮੀ= ਦਿਲਾਂ ਦੀਆਂ ਜਾਣਨ ਵਾਲਾ ਹੈ। ਉਹ ਹਰੀ ਜਿਸ ਨੂੰ ਆਪਣਾ ਸੇਵਕ ਜਨ (ਬਨਾਉਣਾ) ਕਰਦਾ ਹੈ, ਉਸ ਦਾ ਮਨ ਅਚੱਲ ਹੁੰਦਾ ਹੈ।

ਹਰਿ ਕਾ ਦਾਸੁ ਸਾਚਾ ਦਰਬਾਰਿ॥
ਜਨ ਨਾਨਕ ਕਹਿਆ ਤਤੁ ਬੀਚਾਰਿ॥ ੪॥ ੪੧॥ ੫੪॥

ਜੋ ਹਰੀ ਦਾ ਦਾਸ ਹੈ, ਓਹੀ ਦਰਬਾਰ ਵਿਚ ਸੱਚਾ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਏਹ ਅਸਾਂ ਨੇ ਤਤੁ= ਸਿਧਾਂਤ ਰੂਪ ਬਚਨ ਵਿਚਾਰ ਕੇ ਕਿਹਾ ਹੈ॥ ੪॥ ੪੧॥ ੫੪॥

ਭੈਰਉ ਮਹਲਾ ੫॥

ਦੁਇ ਕਰ ਜੋਰਿ ਕਰਉ ਅਰਦਾਸਿ॥ ਜਿਉ ਪਿੰਡੁ ਧਨੁ ਤਿਸ ਕੀ ਰਾਸਿ॥

ਮੈਂ ਤਾਂ ਦੋਵੇਂ ਹੱਥ ਜੋੜ ਕੇ ਪ੍ਰਭੂ ਅੱਗੇ ਅਰਦਾਸਿ= ਬੇਨਤੀ ਕਰਦਾ ਹਾਂ। ਜੀਉ ਪਿੰਡੁ= ਸਰੀਰ ਤੇ ਧਨ ਆਦਿਕ ਸਾਰੀ ਰਾਸਿ= ਮੂੜੀ (ਪੂੰਜੀ) ਮੇਰੇ ਕੋਲ ਉਸ ਵਾਹਿਗੁਰੂ ਦੀ ਦਿੱਤੀ ਹੋਈ ਹੈ।

ਸੋਈ ਮੇਰਾ ਸੁਆਮੀ ਕਰਨੈਹਾਰੁ ॥ ਕੋਟਿ ਬਾਰ ਜਾਈ ਬਲਿਹਾਰ ॥ ੧ ॥

ਓਹੀ ਮੇਰਾ ਸੁਆਮੀ ਪੈਦਾ ਕਰਨ ਵਾਲਾ ਹੈ। ਕਰੋੜਾਂ ਵਾਰੀ ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ ॥ ੧ ॥

ਸਾਧੂ ਧੂਰਿ ਪੁਨੀਤ ਕਰੀ ॥

ਸੰਤਾਂ ਦੀ ਚਰਨ-ਧੂੜੀ (ਤੀਰਥਾਂ ਅਤੇ ਮਨ ਨੂੰ ਭੀ) ਪਵਿੱਤਰ ਕਰੀ= ਕਰਨ ਵਾਲੀ ਹੈ।

ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ
ਜਨਮ ਜਨਮ ਕੀ ਮੈਲੁ ਹਰੀ ॥ ੧ ॥ ਰਹਾਉ ॥

ਪ੍ਰਭੂ ਦੇ ਸਿਮਰਨ ਨਾਲ ਮਨ ਦੇ ਵਿਕਾਰ ਮਿਟ ਜਾਂਦੇ ਹਨ ਅਤੇ ਅਨੇਕਾਂ ਜਨਮਾਂ ਦੀ ਪਾਪਾਂ ਰੂਪੀ ਮੈਲ ਹਰੀ= ਨਾਸ ਹੋ ਜਾਂਦੀ ਹੈ ॥ ੧ ॥ ਰਹਾਉ ॥

ਜਾ ਕੈ ਗ੍ਰਿਹ ਮਹਿ ਸਗਲ ਨਿਧਾਨ ॥ ਜਾ ਕੀ ਸੇਵਾ ਪਾਈਐ ਮਾਨੁ ॥

ਜਿਸ ਪ੍ਰਭੂ ਦੇ ਘਰ ਵਿਚ ਸਾਰੇ ਨਿਧਾਨ= ਖਜ਼ਾਨੇ ਹਨ। ਜਿਸ ਪ੍ਰਭੂ ਦੀ ਸੇਵਾ ਕਰਨ ਨਾਲ ਮਾਨੁ= ਆਦਰ ਪਾਈਦਾ ਹੈ।

ਸਗਲ ਮਨੋਰਥ ਪੂਰਨਹਾਰ ॥ ਜੀਅ ਪ੍ਰਾਨ ਭਗਤਨ ਆਧਾਰ ॥ ੨ ॥

ਜੋ ਪ੍ਰਭੂ ਸਾਰਿਆਂ ਸੰਕਲਪਾਂ ਦੇ ਪੂਰਨ ਕਰਨ ਵਾਲਾ ਹੈ ਅਤੇ ਭਗਤਾਂ ਦੇ ਜੀਅ ਅਤੇ ਪ੍ਰਾਣਾਂ ਦਾ ਆਧਾਰ= ਆਸਰਾ ਰੂਪ ਹੈ ॥ ੨ ॥

ਘਟ ਘਟ ਅੰਤਰਿ ਸਗਲ ਪ੍ਰਗਾਸ ॥
ਜਪਿ ਜਪਿ ਜੀਵਹਿ ਭਗਤ ਗੁਣਤਾਸ ॥

ਜਿਸ ਦਾ ਸਾਰਿਆਂ ਘਟਾਂ ਦੇ ਅੰਦਰ ਪ੍ਰਕਾਸ਼ ਹੈ। ਉਸ ਸ਼ੁਭ ਗੁਣਾਂ ਦੇ ਖਜ਼ਾਨੇ ਪ੍ਰਭੂ ਦੇ ਨਾਮ ਜਪ ਨੂੰ ਜਪ ਕੇ ਭਗਤ ਜੀਉਂਦੇ ਹਨ। ਜਾਂ ਤਾਸ= ਉਸ ਦੇ ਗੁਣਾਂ ਨੂੰ ਜਪ-ਜਪ ਕੇ ਭਗਤ ਜੀਉਂਦੇ ਹਨ।

ਜਾ ਕੀ ਸੇਵ ਨ ਬਿਰਥੀ ਜਾਇ ॥
ਮਨ ਤਨ ਅੰਤਰਿ ਏਕੁ ਧਿਆਇ ॥ ੩ ॥

ਜਿਸ ਦੀ ਕੀਤੀ ਹੋਈ ਸੇਵਾ ਬਿਰਥੀ= ਖਾਲੀ ਨਹੀਂ ਜਾਂਦੀ। ਉਸ ਇਕ (ਪਰਮਾਤਮਾ) ਨੂੰ ਮਨ ਤਨ ਦੇ ਅੰਦਰ ਧਿਆਉਣਾ ਕਰ ॥ ੩ ॥

ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥

ਸਭ ਉੱਤੇ ਦਇਆ ਕਰਨੀ, ਸਤ ਸੰਤੋਖ ਆਦਿਕ ਸ਼ੁਭ ਗੁਣ, ਨਿਰਮਲ ਜੋ ਨਾਮ ਰੂਪ ਖਜ਼ਾਨਾ ਹੈ ਇਤ ਆਦਿਕ ਇਹ ਸਾਰੇ ਥੋਕੁ= ਪਦਾਰਥ ਗੁਰ ਉਪਦੇਸਿ= ਸਤਿਗੁਰਾਂ ਦੇ ਉਪਦੇਸ਼ ਦੁਆਰਾ ਪਰਾਪਤ ਹੁੰਦੇ ਹਨ।

ਜਾਂ ਗੁਰਾਂ ਦੇ ਉਪਦੇਸ਼ ਕਰ ਕੇ ਦਇਆ ਤੇ ਸੰਤੋਖ ਆਦਿਕ ਗੁਣ ਪਰਾਪਤ ਹੁੰਦੇ ਹਨ। ਜੇਹੜਾ ਨਾਮ ਰੂਪ ਖਜ਼ਾਨਾ ਹੈ, ਏਹੋ ਨਿਰਮਲ ਥੋਕੁ= ਪਦਾਰਥ ਹੈ।

ਕਰਿ ਕਿਰਪਾ ਲੀਜੈ ਲੜਿ ਲਾਇ ॥
ਚਰਨ ਕਮਲ ਨਾਨਕ ਨਿਤ ਧਿਆਇ ॥ ੪ ॥ ੪੨ ॥ ੫੫ ॥

ਗੁਰੂ ਜੀ ਕਥਨ ਕਰਦੇ ਹਨ— ਹੇ ਪ੍ਰਭੂ ! ਕਿਰਪਾ ਕਰ ਕੇ ਆਪਣੇ ਲੜਿ= ਪੱਲੇ ਨਾਲ ਲਾ ਲਓ ਤਾਂ ਕਿ ਆਪ ਜੀ ਦੇ ਚਰਨ ਕਮਲਾਂ ਨੂੰ ਨਿਤਾਪ੍ਰਤੀ ਧਿਆਉਂਦੇ ਰਹੀਏ॥ ੪॥ ੪੨॥ ੫੫॥

ਭੈਰਉ ਮਹਲਾ ੫ ॥

ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥

ਆਪਣਿਆਂ ਸਤਿਗੁਰਾਂ ਨੇ ਮੇਰੀ ਅਰਦਾਸ ਸੁਣ ਲਈ ਹੈ। ਇਸ ਕਰ ਕੇ ਸਾਰਾ ਕੰਮ ਰਾਸ ਆ ਗਿਆ ਹੈ।

ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ ॥ ੧ ॥

ਜਾਂ ਮਨ ਤਨ ਦੇ ਅੰਦਰ ਆਪਣੇ ਪ੍ਰਭੂ ਨੂੰ ਧਿਆਉਣਾ ਕੀਤਾ ਤਾਂ ਪੂਰਿਆਂ ਗੁਰਾਂ ਨੇ ਸਾਰਾ ਡਰ ਚੁਕਾ ਦਿੱਤਾ॥ ੧ ॥

ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥

ਸਾਡੇ ਗੁਰਦੇਵ ਜੀ ਸਭ ਤੋਂ ਵੱਡੀ ਸਮਰੱਥਾ ਵਾਲੇ ਹਨ। ਉਸ ਗੁਰੂ ਦੀ ਸੇਵਾ ਕਰ ਕੇ ਸਾਰਿਆਂ ਸੁਖਾਂ ਦੀ ਪਰਾਪਤੀ ਪਾਈ ਹੈ॥ ਰਹਾਉ॥

ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥

ਜਿਸ ਪ੍ਰਭੂ ਦਾ ਕੀਤਾ ਹੋਇਆ ਸਭ ਕੁਝ ਹੁੰਦਾ ਹੈ। ਉਸ ਦਾ ਅਮਰੁ= ਹੁਕਮ ਕੋਈ ਹਟਾ ਨਹੀਂ ਸਕਦਾ।

ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥ ੨ ॥

ਐਸਾ ਜੋ ਪਾਰਬ੍ਰਹਮ ਪਰਮੇਸ਼ਰ ਸਭ ਤੋਂ ਅਨੂਪੰ ਹੈ। ਜਿਸ ਦੀ ਮੂਰਤੀ ਸਫਲ ਹੈ, ਗੁਰੂ ਸਾਹਿਬ ਜੀ ਉਸ ਪਰਮੇਸ਼ਰ ਦਾ ਰੂਪੁ= ਸਰੂਪ ਹਨ।

ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥

ਜਿਸ ਦੇ ਹਿਰਦੇ ਅੰਦਰ ਹਰੀ ਨਾਮ ਵੱਸਦਾ ਹੈ। ਉਹ ਗਿਆਨ ਦੁਆਰਾ ਜੋ ਜੋ ਭੀ ਦੇਖਦਾ ਹੈ, ਸੋ ਬ੍ਰਹਮ ਨੂੰ ਹੀ ਦੇਖਦਾ ਹੈ।

ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥ ੩ ॥

ਜਿਸ ਪੁਰਸ਼ ਦੇ ਮਨ ਵਿਚ ਬੀਸ ਬਿਸੁਏ= ਨਿਸਚੇ ਕਰ ਕੇ ਪੂਰਾ-ਪੂਰਾ ਪਰਗਾਸੁ= ਬ੍ਰਹਮ ਗਿਆਨ ਹੈ। ਉਸ ਪੁਰਸ਼ ਦੇ ਹਿਰਦੇ ਵਿਚ ਪਾਰਬ੍ਰਹਮ ਦਾ ਨਿਵਾਸ ਹੈ॥ ੩॥

ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥

ਤਿਸੁ ਗੁਰ ਕਉ ਸਦ ਜਾਉ ਬਲਿਹਾਰ॥

ਉਸ ਗੁਰੂ ਨੂੰ ਮੈਂ ਸਦਾ ਨਮਸਕਾਰ ਕਰਦਾ ਹਾਂ। ਉਸ ਗੁਰੂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ।

ਸਤਿਗੁਰ ਕੇ ਚਰਨ ਧੋਇ ਧੋਇ ਪੀਵਾ॥
ਗੁਰ ਨਾਨਕ ਜਪਿ ਜਪਿ ਸਦ ਜੀਵਾ॥ ੪॥ ੪੩॥ ੫੬॥

ਸਤਿਗੁਰਾਂ ਦੇ ਚਰਨਾਂ ਨੂੰ ਧੋ-ਧੋ ਕੇ ਪੀਂਦਾ ਹਾਂ। ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਜਪ-ਜਪ ਕੇ ਸਦਾ ਜੀਊਂਦਾ ਹਾਂ॥ ੪॥ ੪੩॥ ੫੬॥

[ਪੰਨਾ ੧੧੫੩]

ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩ ੧ੴ ਸਤਿਗੁਰ ਪ੍ਰਸਾਦਿ॥
ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ॥

ਹਰ-ਇਕ ਦੀ ਪ੍ਰਤੀਪਾਲਾ ਕਰਨ ਵਾਲੇ, ਕ੍ਰਿਪਾਲੂ ਪ੍ਰਭੂ ਦੇ ਕੇਹੜੇ-ਕੇਹੜੇ ਗੁਣ ਗਿਣਨਾ ਕਰੀਏ?

ਅਨਿਕ ਰੰਗ ਬਹੁਤ ਰੰਗ ਸਰਬ ਕੋ ਧਨੀ॥ ੧॥ ਰਹਾਉ॥

ਜੋ ਅਨੇਕਾਂ ਰੰਗ ਹਨ ਤੇ ਜੋ ਬਹੁਤੇ ਮਿਸ੍ਰਤ ਰੰਗ ਹਨ, *ਅਥਵਾ :—* ਜੋ ਅਨੇਕਾਂ ਰੰਗ ਬਹੁਤ ਹੀ ਰੰਗ= ਅਨੰਦ ਦੇ ਦੇਣ ਵਾਲੇ ਹਨ, ਇਨ੍ਹਾਂ ਸਭਨਾਂ ਦਾ ਉਹ ਧਨੀ= ਮਾਲਕ ਹੈ॥ ੧॥ ਰਹਾਉ॥

ਅਨਿਕ ਗਿਆਨ ਅਨਿਕ ਧਿਆਨ ਅਨਿਕ ਜਾਪ ਜਾਪ ਤਾਪ
ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ॥ ੧॥

ਘਟ ਪਟ ਆਦਿਕ ਵਸਤੂਆਂ ਦਾ ਅਨੇਕ ਤਰ੍ਹਾਂ ਦਾ ਗਿਆਨ ਹੈ, *ਵਾ :-* ਬਹੁਤੇ ਸ਼ਾਸਤ੍ਰ ਹੋਣ ਕਰ ਕੇ ਸ਼ਾਸਤ੍ਰ ਗਿਆਨ ਭੀ ਅਨੇਕ ਤਰ੍ਹਾਂ ਦਾ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ, ਸੂਰਜ, ਗਨੇਸ਼, ਦੇਵੀ ਦੇਵਤੇ ਸਭ ਦਾ ਵੱਖੋ ਵੱਖਰਾ ਧਿਆਨ ਭੀ ਅਨੇਕ ਪ੍ਰਕਾਰ ਦਾ ਹੈ। ਅਨੇਕ ਪ੍ਰਕਾਰ ਦਾ ਜਾਪ ਹੈ, ਅਨੇਕਾਂ ਹੀ ਜਾਪ ਦੇ ਕਰਨ ਵਾਲੇ ਪੁਰਸ਼ ਹਨ, ਅਨੇਕ ਹੀ ਪ੍ਰਕਾਰ ਦਾ ਤਪ ਹੈ, ਅਨੇਕਾਂ ਹੀ ਤਪ ਦੇ ਤਪਣ ਵਾਲੇ ਹਨ। ਅਨੇਕਾਂ ਹੀ ਗੁਨਿਤ= ਵਿਚਾਰ ਕਰਨ ਵਾਲੇ ਹਨ, ਅਨੇਕਾਂ ਹੀ ਲਲਿਤ= ਸੁੰਦਰ ਸ਼ਬਦਾਂ ਨੂੰ ਧੁਨਿਤ= ਉਚਾਰਦੇ ਹਨ, ਅਨੇਕਾਂ ਹੀ ਮੌਨ ਦੇ ਧਾਰਨ ਵਾਲੇ ਹਨ। *ਵਾ :-* ਲਲਿਤ ਰਾਗਣੀ ਦੁਆਰੇ ਲਲਿਤ= ਸੁੰਦਰ ਗੁਨਿਤ= ਗੁਣਾਂ ਨੂੰ ਲਲਿਤ= ਜੀਭ ਨਾਲ ਅਨੇਕਾਂ ਹੀ ਪੁਰਸ਼ ਧੁਨਿਤ= ਉਚਾਰਦੇ ਹਨ ਅਤੇ ਅਨੇਕਾਂ ਮੁਨੀ ਉਹਨਾਂ ਗੁਣਾਂ ਨੂੰ ਧਾਰਦੇ ਹਨ, ਕਿਉਂਕਿ ਮੁਨੀਆਂ ਦੀ ਇਹ ਧਾਰ= ਧਾਰਨਾ ਜੋ ਹੋਈ॥ ੧॥

ਅਨਿਕ ਨਾਦ ਅਨਿਕ ਬਾਜ ਨਿਮਖ ਨਿਮਖ ਅਨਿਕ ਸ੍ਵਾਦ
ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ॥

ਅਨੇਕਾਂ ਨਾਦ= ਸ਼ਬਦ, ਅਨੇਕਾਂ ਬਾਜ= ਘੋੜੇ, *ਵਾ :-* ਵਾਜੇ ਵੱਜਦੇ ਹਨ, ਨਿਮਖ-ਨਿਮਖ ਕਾਲ ਵਿਚ ਅਨੇਕਾਂ ਸੁਆਦ ਆ ਕੇ ਪਰਾਪਤ ਹੁੰਦੇ ਹਨ, ਹਰੀ ਜਸ ਦੇ ਸੁਣਨ ਨਾਲ ਅਨੇਕਾਂ ਦੋਖ= ਦੋਸ਼ (ਪਾਪ) ਤੇ ਅਨੇਕ ਤਰ੍ਹਾਂ ਦੇ ਰੋਗ ਮਿਟ ਜਾਂਦੇ ਹਨ।

ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ॥ ੨ ॥ ੧ ॥ ੫੭ ॥ ੮ ॥ ੨੧ ॥ ੭ ॥ ੫੭ ॥ ੯੩ ॥*

ਤਟਹ= ਤੀਰਥਾਂ ਦੇ ਕਿਨਾਰਿਆਂ ਪਰ ਰਹਿਣਾ ਜਾਂ ਫਿਰਨਾ, ਖਟਹ= ਛੇ ਸ਼ਾਸਤ੍ਰ ਪੜ੍ਹਨੇ, ਛੇ ਭੇਖ ਧਾਰਨੇ, ਛੇ ਪ੍ਰਕਾਰ ਦੇ ਸੰਧਯਾ ਆਦਿਕ ਕਰਮ ਕਰਨੇ, ਬਰਤ= ਇਕਾਦਸ਼ੀ ਆਦਿਕ ਵਰਤ ਰੱਖਣੇ, ਠਾਕੁਰ ਪੂਜਾ ਕਰਨੀ, ਗਵਨ= ਚਲਣੇ ਵਾਲਾ ਹੋ ਕੇ ਭਵਨ= ਮੰਦਰਾਂ ਦੀ ਜਾਤ੍ਰ ਕਰਨ= ਯਾਤਰਾ ਕਰਨੀ, ਵਾ :- ਕਾਂਸ਼ੀ ਆਦਿਕ ਜੋ ਚਾਰ ਭਵਨ= ਧਾਮ ਹਨ ਉਹਨਾਂ ਵੱਲ ਗਮਨ ਕਰਨਾ ਅਤੇ ਹੋਰਨਾਂ ਤੀਰਥਾਂ ਦੀ ਭੀ ਯਾਤਰਾ ਕਰਨੀ ਤੇ ਸਾਰਿਆਂ ਪੁੰਨ ਕਰਮਾਂ ਦਾ ਫਲ ਆਦਿ ਸਭ ਚੀਜ਼ਾਂ ਅਪਾਰ ਦੇਵ= ਪਰਮਾਤਮਾ ਦੀ ਸੇਵਾ ਕਰਨ ਨਾਲ ਪਰਾਪਤ ਹੁੰਦੀਆਂ ਹਨ॥ ੨ ॥ ੧ ॥ ੫੭ ॥ ੮ ॥ ੨੧ ॥ ੭ ॥ ੫੭ ॥ ੯੩ ॥

ਭੈਰਉ ਅਸਟਪਦੀਆ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ॥

ਇਕ ਸਿੱਖ ਨੇ ਆ ਕੇ ਬੇਨਤੀ ਕੀਤੀ— ਜੀਵਾਤਮਾ ਤੇ ਰਾਮ ਦੋਹਾਂ ਨੂੰ ਅਭੇਦ ਰੂਪ ਕੌਣ ਨਿਸਚੇ ਕਰਦਾ ਹੈ? *ਗੁਰ ਉੱਤਰ-*

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨ੍ਹਸਿ ਗੁਰ ਬੀਚਾਰਾ॥

ਜੀਵਾਤਮਾ ਵਿਚ ਰਾਮ ਅਤੇ ਰਾਮ ਵਿਚ ਜੀਵਾਤਮਾ ਦੋਵੇਂ ਆਪਸ ਵਿਚ ਅਭੇਦ ਰੂਪ ਹਨ ਗੁਰ-ਉਪਦੇਸ਼ ਦੇ ਵਿਚਾਰਨ ਵਾਲਾ ਉਤਮ ਜਗਿਆਸੂ ਹੀ ਇਸ ਅਭੇਦਤਾ ਦੀ ਗੱਲ ਨੂੰ ਚੀਨ੍ਹਸਿ= ਜਾਣਦਾ ਹੈ।

ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ॥ ੧ ॥

ਜਿਸ ਨੇ ਗੁਰ-ਉਪਦੇਸ਼ ਰੂਪ ਅੰਮ੍ਰਿਤ ਬਾਣੀ ਪਛਾਣੀ ਹੈ, ਉਸ ਨੇ ਹੰਗਤਾ ਨੂੰ ਮਾਰ ਕੇ ਜਨਮ ਮਰਨ ਰੂਪ ਦੁੱਖ ਕੱਟ ਦਿੱਤਾ ਹੈ॥ ੧ ॥

ਨਾਨਕ ਹਉਮੈ ਰੋਗ ਬੁਰੇ॥

ਗੁਰੂ ਜੀ ਕਥਨ ਕਰਦੇ ਹਨ— ਹਉਮੈ ਆਦਿਕ ਰੋਗ ਬਹੁਤ ਬੁਰੇ ਹਨ। ਵਾ :- ਹੌਮੇ ਰੂਪੀ ਰੋਗ ਕਰ ਕੇ ਤਮਾਮ ਜੀਵ ਬੁਰੇ ਹੋ ਰਹੇ ਹਨ।

ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ॥ ੧ ॥ ਰਹਾਉ॥

ਜਿਥੇ ਵੀ ਦੇਖਦੇ ਹਾਂ ਓਥੇ ਏਹੋ ਇਕ ਹਉਮੈ ਦੀ ਬੇਦਨ= ਪੀੜਾ ਹੈ, ਧੁਰੇ= ਆਦ ਰੂਪ ਪਰਮਾਤਮਾ ਧੁਰ ਤੋਂ ਜਿਸ ਨੂੰ ਗੁਰ-ਉਪਦੇਸ਼ ਬਖਸ਼ਦਾ ਹੈ, ਉਸ ਦੀ ਪੀੜਾ ਦੂਰ ਹੁੰਦੀ ਹੈ॥ ੧ ॥ ਰਹਾਉ॥

ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ॥

ਪਰਖਣ ਵਾਲਾ ਪ੍ਰਭੂ ਜਿਸ ਨੂੰ ਆਪ ਪਰਖਦਾ ਹੈ, ਉਸ ਨੂੰ ਮੁੜ ਕੇ ਸੂਲਾਕੁ= ਦੁੱਖ ਨਹੀਂ ਹੁੰਦਾ।

**ਭੈਰਉ ਰਾਗ ਵਿਚ ਹੁਣ ਤਕ ਚਾਰ ਗੁਰੂ ਸਾਹਿਬਾਨ ਦੀ ਆਈ ਬਾਣੀ ਦਾ ਵੇਰਵਾ :-*

ਗੁਰੂ ਨਾਨਕ ਸਾਹਿਬ ਦੇ	*੧+੭*	*= ੮*	*ਸ਼ਬਦ*
ਗੁਰੂ ਅਮਰਦਾਸ ਜੀ ਦੇ	*੧੦+੧੧*	*= ੨੧*	*ਸ਼ਬਦ*
ਗੁਰੂ ਰਾਮਦਾਸ ਸਾਹਿਬ ਜੀ ਦੇ	*੪+੩*	*= ੭*	*ਸ਼ਬਦ*
ਗੁਰੂ ਅਰਜਨ ਸਾਹਿਬ ਜੀ ਦੇ	*੧੩+੧+੪੩*	*= ੫੭*	*ਸ਼ਬਦ*

ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ॥ ੨॥

ਜਿਨ੍ਹਾਂ 'ਤੇ ਕਿਰਪਾ ਦ੍ਰਿਸ਼ਟੀ ਹੋਈ ਹੈ ਉਨ੍ਹਾਂ ਨੂੰ ਗੁਰਾਂ ਨਾਲ ਮੇਲਦਾ ਹੈ ਅਤੇ ਓਹੀ ਸੱਚ-ਮੁਚ ਪ੍ਰਭੂ ਨੂੰ ਭਾਣਾ= ਚੰਗੇ ਲੱਗੇ ਹਨ। ਜਾਂ ਜਿਨ੍ਹਾਂ ਉੱਤੇ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ, ਉਨ੍ਹਾਂ ਨੂੰ ਗੁਰਾਂ ਨਾਲ ਮੇਲਦਾ ਹੈ, ਜਿਨ੍ਹਾਂ ਨੂੰ ਗੁਰਾਂ ਨਾਲ ਮੇਲਦਾ ਹੈ, ਉਨ੍ਹਾਂ ਨੂੰ ਸਚੁ= ਨਿਸਚੇ ਕਰ ਕੇ ਪ੍ਰਭੂ ਦਾ ਭਾਣਾ ਚੰਗਾ ਲੱਗਦਾ ਹੈ॥ ੨॥

ਪਉਣੁ ਪਾਣੀ ਬੈਸੰਤਰੁ ਰੋਗੀ, ਰੋਗੀ ਧਰਤਿ ਸ ਭੋਗੀ॥

ਪੌਣ, ਪਾਣੀ ਤੇ ਅੱਗ ਇਹ ਤਿੰਨੇ ਹੌਮੇ ਰੂਪੀ ਰੋਗ ਕਰ ਕੇ ਰੋਗੀ ਹਨ। ਵਾ :- ਉਤਪਤੀ, ਬਿਨਾਸਤਾ ਰੂਪੀ ਰੋਗ ਕਰ ਕੇ ਰੋਗੀ ਹਨ। ਵਾ :- ਇਹ ਚੰਚਲਤਾ ਰੂਪੀ ਰੋਗ ਕਰ ਕੇ ਰੋਗੀ ਹਨ। ਸਭੋਗੀ= ਭੋਗਾਂ ਦੇ ਸਹਿਤ ਜੋ ਧਰਤੀ ਹੈ ਉਹ ਭੀ ਰੋਗੀ, ਹੈ ਧਰਤੀ ਨੂੰ ਦੈਂਤਾਂ ਦਾ ਭੈ ਰੂਪੀ ਰੋਗ ਹੈ। ਵਾ :- ਹਤਿਆ ਰੂਪੀ ਰੋਗ ਹੈ ਕਿਉਂਕਿ ਧਰਤੀ ਪਰ ਅਨੇਕ ਤਰ੍ਹਾਂ ਦੀ ਹਤਿਆ ਹੋ ਰਹੀ ਹੈ। ਵਾ :- ਸ-ਭੋਗੀ= ਸਹਿਤ ਰਾਜਿਆਂ ਦੇ ਧਰਤੀ ਰੋਗੀ ਹੈ। ਵਾ :- ਸਭੋਗੀ ਸ਼ੇਸ਼ਨਾਗ ਦੇ ਸਹਿਤ ਧਰਤੀ ਰੋਗੀ ਹੈ। ਭੋਗੀ ਦਾ ਅਰਥ ਸ਼ੇਸ਼ਨਾਗ ਭੀ ਹੈ। ਸ਼ੇਸ਼ਨਾਗ ਨੂੰ ਭੀ ਹੰਕਾਰ ਰੂਪੀ ਰੋਗ ਹੈ ਉਹ ਆਖਦਾ ਹੈ ਮੇਰੇ ਬਗੈਰ ਕੋਈ ਧਰਤੀ ਉਠਾ ਨਹੀਂ ਸਕਦਾ।

ਮਾਤ ਪਿਤਾ ਮਾਇਆ ਦੇਹ ਸਿ ਰੋਗੀ, ਰੋਗੀ ਕੁਟੰਬ ਸੰਜੋਗੀ॥ ੩॥

ਮਾਇਆ ਰਚਤ ਜੋ ਮਾਂ ਪਿਓ ਦੀਆਂ ਦੇਹਾਂ ਹਨ ਉਹ ਭੀ ਰੋਗੀ ਹਨ ਅਤੇ ਕੁਟੰਬ ਦੇ ਜੋ ਭੀ ਸੰਜੋਗੀ ਹਨ ਉਹ ਸਭ ਰੋਗੀ ਹਨ।

ਰੋਗੀ ਬ੍ਰਹਮਾ ਬਿਸਨ ਸ ਰੁਦ੍ਰਾ, ਰੋਗੀ ਸਗਲ ਸੰਸਾਰਾ॥

ਸ ਰੁਦ੍ਰਾ= ਸਹਿਤ ਸ਼ਿਵਾਂ ਦੇ ਬ੍ਰਹਮਾ ਵਿਸ਼ਨੂੰ ਭੀ ਰੋਗੀ ਹਨ, ਇਨ੍ਹਾਂ ਨੂੰ ਉਤਪਤੀ ਤੇ ਬਿਨਾਸਤਾ ਰੂਪੀ ਰੋਗ ਹੈ। ਵਾ:-ਕਾਮ ਰੂਪੀ ਰੋਗ ਹੈ। ਬ੍ਰਹਮਾ ਆਪਣੀ ਪੁੱਤਰੀ ਪਿੱਛੇ ਪੰਜਵਾਂ ਸਿਰ ਕਢਿਆ, ਵਿਸ਼ਨੂੰ ਨੇ (ਜਲੰਧਰ ਦੈਂਤ ਦੇ ਘਰ ਵਾਲੀ) ਬਿੰਦਰਾ ਦੇ ਸੱਤ ਨੂੰ ਤੋੜਿਆ, ਜਿਸ ਤੋਂ ਪੱਥਰ ਹੋਣ ਦਾ ਸਰਾਪ ਮਿਲਿਆ। ਸ਼ਿਵ ਮੋਹਣੀ ਅਵਤਾਰ ਪਿੱਛੇ ਦੌੜਦਾ ਰਿਹਾ। ਇਸ ਤਰ੍ਹਾਂ ਤਿੰਨਾਂ ਦੇਵਤਿਆਂ ਨੂੰ ਕਾਮ ਰੂਪੀ ਰੋਗ ਹੈ। ਸਾਰਾ ਸੰਸਾਰ ਹੀ ਆਪੋ ਆਪਣੇ ਰੋਗਾਂ ਕਰ ਕੇ ਰੋਗੀ ਹੈ।

ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ॥ ੪॥

ਜਿਨ੍ਹਾਂ ਨੇ ਗੁਰਾਂ ਦਾ ਉਪਦੇਸ਼ ਵਿਚਾਰ ਕੇ ਹਰੀ ਪਦ ਨੂੰ ਚੀਨਿ= ਜਾਣਿਆ ਹੈ, ਉਹ ਗੁਰਮੁਖ ਜਗਿਆਸੂ ਮੁਕਤ ਰੂਪ ਹੋਏ ਹਨ॥ ੪॥

ਰੋਗੀ ਸਾਤ ਸਮੁੰਦ ਸ ਨਦੀਆ ਖੰਡ ਪਤਾਲ ਸਿ ਰੋਗਿ ਭਰੇ॥

ਨਦੀਆਂ ਦੇ ਸ= ਸਹਿਤ ਸੱਤ ਸਮੁੰਦਰ ਭੀ ਰੋਗੀ ਹਨ (ਰਿਖੀਆਂ ਅੱਗੇ ਸਮੁੰਦਰ ਨੇ ਹੰਕਾਰ ਕੀਤਾ ਸੀ ਕਿ ਮੈਂ ਤੁਹਾਡੇ ਅੱਗੇ ਪਾਣੀ ਭਰਨ ਦੀ ਸੇਵਾ ਨਹੀਂ ਕਰਾਂਗਾ), ਸਮੁੰਦਰ ਨੂੰ ਹੰਕਾਰ ਰੂਪੀ ਰੋਗ ਹੈ। ਨੌ ਖੰਡ ਤੇ ਪਤਾਲ ਆਦਿਕ ਜੋ ਭੀ ਹਨ ਸਭ ਰੋਗ ਦੇ ਭਰੇ ਹੋਏ ਹਨ।

ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ॥ ੫॥

ਜੋ ਹਰੀ ਦੇ ਭਗਤ ਲੋਕ ਹਨ ਉਹ ਸੱਚ ਨੂੰ ਪਾ ਕੇ ਸੱਚੇ ਸੁਹੇਲੇ= ਸੁਖੀ ਹਨ, ਉਹ ਸਾਰਿਆਂ ਅਸਥਾਨਾਂ ਨੂੰ ਬ੍ਰਹਮ ਦ੍ਰਿਸ਼ਟੀ ਨਾਲ ਦੇਖਣਾ ਕਰਦੇ ਹਨ॥ ੫॥

ਰੋਗੀ ਖਟ ਦਰਸਨ ਭੇਖਧਾਰੀ, ਨਾਨਾ ਹਠੀ ਅਨੇਕਾ ॥

ਖਟ ਦਰਸ਼ਨੀ ਤੇ ਅਨੇਕਾਂ ਭੇਖ ਧਾਰੀ ਪੁਰਸ਼ ਨਾਨ੍ਹਾਂ ਤਰ੍ਹਾਂ ਦਾ ਹਠ ਕਰਨ ਵਾਲੇ ਹਠੀਏ ਸਭ ਹਉਮੈ ਰੂਪੀ ਕਰ ਕੇ ਰੋਗੀ ਹਨ।

ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥ ੬ ॥

ਜੇਕਰ ਇਕੋ ਇਕ ਅਦੁਤੀ ਬ੍ਰਹਮ ਨੂੰ ਨਹੀਂ ਬੁਝਣਗੇ ਤਾਂ ਏਹ ਬਪੁਰੇ= ਵਿਚਾਰੇ ਜੀਵ ਵੇਦਾਂ ਕਤੇਬਾਂ ਨੂੰ ਪੜ੍ਹ ਕੇ ਕਹ= ਕੀ ਕਰਹਿ= ਕਰਨਗੇ? ॥ ੬ ॥

ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥

ਜੋ ਖੱਟੇ ਮਿੱਠੇ ਰਸਾਂ ਨੂੰ ਖਾਂਦੇ ਹਨ ਉਹ ਭੀ ਹੌਮੇ ਦੇ ਰੋਗ ਵਿਚ ਭਰੇ ਹੋਏ ਹਨ ਅਤੇ ਜਿਮੀਕੰਦ ਤੇ ਮੂਲੀ ਆਦਿਕਾਂ ਦੇ ਖਾਣ ਵਿਚ ਭੀ ਸੁਖ ਨਹੀਂ ਹੈ।

ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥ ੭ ॥

ਜੋ ਵਾਹਿਗੁਰੂ ਨਾਮ ਨੂੰ ਭੁਲਾ ਕੇ ਅਨ ਮਾਰਗਿ= ਹੋਰਨਾਂ ਰਸਤਿਆਂ ਵਿਚ ਚਲੇ ਹਨ, ਉਹ ਅੰਤ ਦੇ ਸਮੇਂ ਪਛੁਤਾਉਂਦੇ ਹਨ ॥ ੭ ॥

ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥

ਤੀਰਥਾਂ ਉੱਤੇ ਭੌਂਦਿਆਂ ਭੀ ਏਹ ਹੌਮੇ ਰੂਪੀ ਰੋਗ ਨਹੀਂ ਛੁੱਟਦਾ, ਪੜ੍ਹਿਆਂ ਹੋਇਆਂ ਨੂੰ ਭੀ ਬਾਦੁ ਬਿਬਾਦੁ= ਆਪਣੇ ਮਤ ਦਾ ਮੰਡਨ ਪਰ ਮਤ ਦਾ ਖੰਡਨ ਕਰਨ ਰੂਪੀ ਰੋਗ ਹੋ ਗਿਆ ਹੈ। ਵਾ :- ਬਾਦੁ= ਵਿਅਰਥ ਬਿਬਾਦੁ= ਝਗੜਿਆਂ ਵਿਚ ਪਰਵਿਰਤ ਹੋਣ ਰੂਪੀ ਰੋਗ ਹੋ ਗਿਆ ਹੈ।

ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥ ੮ ॥

ਜੋ ਦਵੈਤ ਭਾਵ ਰੂਪੀ ਰੋਗ ਹੈ ਉਹ ਬਹੁਤ ਵਧ ਗਿਆ ਹੈ ਇਸ ਕਰ ਕੇ ਜੀਵ ਮਾਇਆ ਦਾ ਮੁਹਤਾਜੁ= ਮੁਥਾਜ (ਅਧੀਨ) ਹੋ ਗਿਆ ਹੈ ॥ ੮ ॥

ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥

ਜੋ ਗੁਰਮੁਖ ਜਨ ਗੁਰਾਂ ਦੁਆਰੇ ਸੱਚੇ ਸ਼ਬਦ ਨੂੰ ਸਲਾਹੁੰਦਾ ਹੈ, ਉਸ ਦੇ ਮਨ ਵਿਚ ਸੱਚਾ ਵਸਦਾ ਹੈ, ਇਸ ਲਈ ਉਸ ਦਾ ਹੌਮੇ ਰੂਪੀ ਰੋਗ ਚਲਾ ਗਿਆ ਹੈ।

ਨਾਨਕ ਹਰਿ ਜਨ ਅਨਦਿਨੁ ਨਿਰਮਲ
ਜਿਨ ਕਉ ਕਰਮਿ ਨੀਸਾਣੁ ਪਇਆ ॥ ੯ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਉਹ ਹਰੀ ਦੇ ਸੇਵਕ ਜਨ ਰਾਤ ਦਿਨ ਨਿਰਮਲ ਹਨ, ਜਿਨ੍ਹਾਂ ਨੂੰ ਸ਼ੁਭ ਕਰਮਾਂ ਦਾ ਨਿਸ਼ਾਨ ਧੁਰ ਤੋਂ ਪਿਆ ਹੋਇਆ ਹੈ। ਵਾ :- ਜਿਨ੍ਹਾਂ ਨੂੰ ਪਰਮੇਸ਼ਰ ਦੀ ਕਿਰਪਾ ਦਾ ਨੀਸਾਣੁ= ਚਿੰਨ੍ਹ ਪਿਆ ਹੈ ॥ ੯ ॥ ੧ ॥

[ਪੰਨਾ ੧੧੫੪]

ਭੈਰਉ ਮਹਲਾ ੩ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਤਿਨਿ ਕਰਤੈ ਇਕੁ ਚਲਤੁ ਉਪਾਇਆ॥

ਅਨਹਦ ਬਾਣੀ ਸਬਦੁ ਸੁਣਾਇਆ॥

ਅਨਹਦ= ਇਕ ਰਸ ਸਤਿਗੁਰਾਂ ਨੇ ਸਬਦੁ= ਉਪਦੇਸ਼ ਬਾਣੀ ਦੁਆਰੇ ਏਹ ਸੁਣਾਇਆ ਹੈ, ਕਿ- ਉਸ ਕਰਤੇ ਪੁਰਖ ਨੇ ਇਕ ਚਲਤੁ= ਚਰਿਤ੍ਰ (ਕੌਤਕ) ਉਪਾਇਆ ਹੈ।

ਅਥਵਾ :— ਅਨਹਦ= ਇਕ ਰਸ ਜੋ ਸਬਦੁ= ਬ੍ਰਹਮ ਹੈ ਉਸ ਦੀ ਵੇਦ ਬਾਣੀ ਨੇ ਏਹ ਸੁਣਾਇਆ ਹੈ, ਕਿ ਉਸ ਕਰਤੇ ਪੁਰਖ ਪਰਮਾਤਮਾ ਨੇ ਇਕ ਅਜੇਹਾ ਚਰਿਤ੍ਰ ਉਤਪੰਨ ਕੀਤਾ ਹੈ।

ਪ੍ਰਸ਼ਨ- ਕੇਹੜਾ ਚਰਿਤ੍ਰ ਉਤਪੰਨ ਕੀਤਾ ਹੈ? ਅਗਲੀ ਤੁਕ ਵਿਚ ਦੱਸਦੇ ਹਨ ਕਿ-

ਮਨਮੁਖਿ ਭੂਲੇ ਗੁਰਮੁਖਿ ਬੁਝਾਇਆ॥

ਮਨਮੁਖਾਂ ਨੂੰ ਭੁਲਾ ਦਿੱਤਾ ਤੇ ਗੁਰਮੁਖਾਂ ਨੂੰ ਬੁਝਾ ਦਿੱਤਾ ਹੈ।

ਪ੍ਰਸ਼ਨ- ਕਿਸ ਮਨਮੁਖ ਨੂੰ ਭੁਲਾਇਆ? ਤੇ ਕਿਸ ਗੁਰਮੁਖ ਨੂੰ ਬੁਝਾਇਆ ਹੈ?

ਉੱਤਰ- ਮਨਮੁਖ ਹਰਨਾਖਸ਼ ਨੂੰ ਭੁਲਾਇਆ ਤੇ ਗੁਰਮੁਖ ਪ੍ਰਹਿਲਾਦ ਨੂੰ ਬੁਝਾਇਆ ਹੈ।

ਅੱਗੇ ਏਹੋ ਪਰਸੰਗ ਸਾਰਾ ਚੱਲਣਾ ਹੈ।

ਕਾਰਣੁ ਕਰਤਾ ਕਰਦਾ ਆਇਆ॥ ੧॥

ਉਹ ਕਰਤਾ ਪੁਰਖ ਨਿੱਮਿਤ ਕਾਰਨ ਨੂੰ ਕਰਦਾ ਹੀ ਆਇਆ ਹੈ। ਜਿਵੇਂ ਪ੍ਰਹਿਲਾਦ ਦੀ ਰਖਿਆ ਵਾਸਤੇ ਤੇ ਹਰਨਾਖਸ਼ ਨੂੰ ਮਾਰਨ ਲਈ ਨਰਸਿੰਘ ਅਵਤਾਰ ਧਾਰਨ ਕੀਤਾ॥ ੧॥

ਜਿਸ ਵੇਲੇ ਪ੍ਰਹਿਲਾਦ ਨੂੰ ਹਰਨਾਖਸ਼ ਨੇ ਕਿਹਾ— "ਤੂੰ ਹਰੀ ਨਾਮ ਛੱਡ ਦੇ!" ਤਾਂ ਪ੍ਰਹਿਲਾਦ ਨੇ ਕਿਹਾ-

ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ॥

ਮੇਰੇ ਹਿਰਦੇ ਅੰਦਰ ਗੁਰਾਂ ਦੇ ਉਪਦੇਸ਼ ਦਾ ਧਿਆਨ ਲੱਗਾ ਹੋਇਆ ਹੈ।

ਹਉ ਕਬਹੁ ਨ ਛੋਡਉ ਹਰਿ ਕਾ ਨਾਮੁ॥ ੧॥ ਰਹਾਉ॥

ਹਉ= ਮੈਂ ਹਰੀ ਦਾ ਨਾਮ-ਸਿਮਰਨ ਕਦੇ ਭੀ ਨਹੀਂ ਛੱਡ ਸਕਦਾ॥ ੧॥ ਰਹਾਉ॥

ਪਿਤਾ ਪ੍ਰਹਲਾਦੁ ਪੜਣ ਪਠਾਇਆ॥ ਲੈ ਪਾਟੀ ਪਾਧੇ ਕੈ ਆਇਆ॥

(ਜਿਸ ਵੇਲੇ ਹਰਨਾਖਸ਼) ਪਿਤਾ ਨੇ ਪੁੱਤਰ ਪ੍ਰਹਿਲਾਦ ਨੂੰ ਪੜ੍ਹਨ ਵਾਸਤੇ ਪਠਾਇਆ= ਭੇਜਿਆ ਤਾਂ ਪ੍ਰਹਿਲਾਦ ਪੱਟੀ ਲੈ ਕੇ ਪਾਂਧੇ ਦੇ ਪਾਸ ਆ ਗਿਆ ਤੇ ਆਪਣੇ ਉਸਤਾਦ ਸੰਡੇ ਮਰਕੇ ਨੂੰ ਕਿਹਾ-

ਨਾਮ ਬਿਨਾ ਨਹ ਪੜਉ ਅਚਾਰ॥

ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ॥ ੨॥

ਹੇ ਪਾਂਧਾ ਜੀ! ਮੈਂ ਨਾਮ ਤੋਂ ਬਿਨਾਂ ਹੋਰ ਨੌ ਵੀ ਮੈਂ ਹੋਰ ਕੋਈ ਅਚਾਰ= ਕਰਤਬਾਂ ਵਾਲੀ ਵਿਦਿਆ ਨਹੀਂ ਪੜ੍ਹਾਂਗਾ। ਇਸ ਲਈ ਮੇਰੀ ਪੱਟੀ ਉਤੇ ਗੋਬਿੰਦ ਮੁਰਾਰੀ ਦਾ ਨਾਮ ਲਿਖ ਦੇਣਾ ਕਰੋ॥ ੨॥

ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ॥
ਪਰਵਿਰਤਿ ਨ ਪੜਹੁ ਰਹੀ ਸਮਝਾਇ॥

ਮਾਂ ਨੇ ਪ੍ਰਹਿਲਾਦ ਨੂੰ ਕਿਹਾ— ਹੇ ਪੁੱਤਰ ! ਪਰ ਵਿਰਤਿ= ਪਰਾਈ ਵਿਰਤ ਨਾ ਪੜ੍ਹ ਭਾਵ ਪਰਮੇਸ਼ਰ ਦਾ ਨਾਮ ਨਾ ਜਪ ਕਿਉਂਕਿ ਏਹ ਨਾਮ ਪਰਾਈ ਦੇਵਤਿਆਂ ਦੀ ਵਿਰਤ ਹੈ, ਇੰਜ ਕਹਿ ਕੇ ਬਥੇਰਾ ਸਮਝਾ ਰਹੀ ਕਿ ਜੇ ਤੂੰ ਨਾਮ ਨਹੀਂ ਛੱਡੇਂਗਾ ਤਾਂ ਤੇਰਾ ਪਿਤਾ ਤੈਨੂੰ ਮਾਰੇਗਾ। ਇਹ ਗੱਲ ਸੁਣ ਕੇ ਅੱਗੋਂ ਪ੍ਰਹਿਲਾਦ ਨੇ ਕਿਹਾ-

ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ॥
ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ॥ ੩॥

ਉਹ ਨਿਰਭਉ ਦਾਤਾ ਹਰਿ ਜੀਉ ਮੇਰੇ ਨਾਲ ਹੈ ਹਰ ਵੇਲੇ ਮੇਰਾ ਸਾਥੀ ਬਣ ਕੇ ਮੇਰੀ ਰੱਖਿਆ ਕਰੇਗਾ। ਜੇਕਰ ਤੇਰੇ ਕਹਿਣ ਨਾਲ ਹਰੀ ਨਾਮ ਛੱਡ ਦਿਆਂ ਤਾਂ ਕੁਲ ਵਿਚ ਗਾਲ ਲੱਗੇਗੀ, ਵਾ :- ਕਲੰਕ ਲੱਗੇਗਾ॥ ੩॥

ਇਕ ਦਿਨ ਪਾਂਧੇ ਨੇ ਰਾਜੇ ਹਰਨਾਖਸ਼ ਨੂੰ ਜਾ ਕੇ ਕਿਹਾ-

ਪ੍ਰਹਲਾਦਿ ਸਭਿ ਚਾਟੜੇ ਵਿਗਾਰੇ॥
ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ॥

(ਤੇਰੇ ਪੁੱਤਰ) ਪ੍ਰਹਿਲਾਦ ਨੇ (ਸਕੂਲ ਦੇ) ਸਾਰੇ ਚਾਟੜੇ= ਵਿਦਿਆਰਥੀ ਵਿਗਾੜ ਦਿਤੇ ਹਨ। ਸਾਡਾ ਕਿਹਾ ਬਚਨ ਤਾਂ ਸੁਣਦਾ ਹੀ ਨਹੀਂ ਹੈ, ਆਪਣੇ ਮਨ ਆਏ ਕਾਰਜ ਸਵਾਰੇ= ਕੰਮ ਕਰਦਾ ਹੈ।

ਸਭ ਨਗਰੀ ਮਹਿ ਭਗਤਿ ਦ੍ਰਿੜਾਈ॥
ਦੁਸਟ ਸਭਾ ਕਾ ਕਿਛੁ ਨ ਵਸਾਈ॥ ੪॥

(ਪ੍ਰਹਿਲਾਦ ਨੇ ਤਾਂ) ਸਾਰੀ ਨਗਰੀ ਵਿਚ ਪ੍ਰਭੂ ਦੀ ਭਗਤੀ ਦ੍ਰਿੜ੍ਹ ਕਰਵਾ ਦਿੱਤੀ। ਪਰ ਦੁਸ਼ਟ ਸਭਾ ਦਾ ਪ੍ਰਹਿਲਾਦ ਉੱਤੇ ਵਸ ਨਾ ਚਲਿਆ। *ਅਥਵਾ :—* ਹਰਨਾਖਸ਼ ਨੇ ਸਾਰੀ ਨਗਰੀ ਵਿਚ ਆਪਣੀ ਰਾਖਸ਼ੀ ਵਿਦਿਆ ਵਾਲੀ ਭਗਤੀ ਦ੍ਰਿੜਾਈ= ਪੱਕੀ ਕਰਾਈ ਹੋਈ ਸੀ ਪਰ ਉਸ ਦੁਸ਼ਟ ਦੀ ਸਭਾ ਦਾ ਪ੍ਰਹਿਲਾਦ ਉੱਤੇ ਕੁਝ ਭੀ ਵੱਸ ਨਾ ਚਲਿਆ॥ ੪॥

ਸੰਡੈ ਮਰਕੈ ਕੀਈ ਪੂਕਾਰ॥ ਸਭੇ ਦੈਤ ਰਹੇ ਝਖ ਮਾਰਿ॥

ਜਿਸ ਵੇਲੇ ਸੰਡੇ ਮਰਕੇ ਨੇ ਰਾਜੇ ਕੋਲ ਆ ਕੇ ਪੂਕਾਰ= ਫਰਯਾਦ ਕੀਤੀ ਤਾਂ ਸਾਰੇ ਦੈਂਤ ਪ੍ਰਹਿਲਾਦ ਨੂੰ ਸਮਝਾਉਣ ਵਾਸਤੇ ਝੱਖਾਂ ਮਾਰ ਰਹੇ। ਪਰ ਪ੍ਰਹਿਲਾਦ ਨੇ ਕਿਸੇ ਦੀ ਪਰਵਾਹ ਨਾ ਕੀਤੀ।

ਭਗਤ ਜਨਾ ਕੀ ਪਤਿ ਰਾਖੈ ਸੋਈ॥ ਕੀਤੇ ਕੈ ਕਹਿਐ ਕਿਆ ਹੋਈ॥ ੫॥

ਉਹ ਪਰਮਾਤਮਾ ਆਪ ਹੀ ਭਗਤ ਜਨਾਂ ਦੀ ਪਤਿ= ਇੱਜ਼ਤ ਰੱਖਦਾ ਹੈ। ਪੈਦਾ ਕੀਤੇ ਹੋਏ ਜੀਵ ਦੇ ਆਖਿਆਂ ਕੀ ਹੋਣਾ ਹੈ ?॥ ੫॥

ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ ॥
ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥

ਕਿਰਤਿ= ਕਰਮਾਂ ਦੇ ਸੰਜੋਗ ਕਰ ਦੇ ਦੈਂਤ ਹਰਨਾਖਸ਼ ਨੇ ਰਾਜ ਚਲਾਉਣਾ ਕੀਤਾ। ਵਾ :- ਰਾਜੁ= ਹੁਕਮ ਚਲਾਇਆ। ਹਰੀ ਨੂੰ ਨਾ ਬੁਝਦਾ ਹੋਇਆ, ਕਿਉਂਕਿ ਉਸ ਨੂੰ ਹਰੀ ਨੇ ਆਪਣੇ ਵਲੋਂ ਭੁਲਾਇਆ ਹੋਇਆ ਸੀ।

ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥
ਅੰਧਾ ਨ ਬੂਝੈ, ਕਾਲੁ ਨੇੜੈ ਆਇਆ ॥ ੬ ॥

(ਹਰਨਾਖਸ਼ ਨੇ ਆਪਣੇ) ਪੁੱਤਰ ਪ੍ਰਹਿਲਾਦ ਨਾਲ ਵਾਦੁ= ਝਗੜਾ ਖੜਾ ਕਰ ਲਿਆ। ਪਰ ਰਾਜ-ਮਦ ਵਿਚ ਅੰਨ੍ਹਾ ਹੋਇਆ ਹਰਨਾਖਸ਼ ਏਹ ਨਾ ਸਮਝਿਆ ਹੋਇਆ ਕਿ ਮੇਰਾ ਕਾਲੁ= ਮਰਨਾ ਮੇਰੇ ਨੇੜੇ ਆ ਗਿਆ ਹੈ॥ ੬ ॥

ਇਕ ਕੋਠੇ ਵਿਚ ਪ੍ਰੇਤ ਰਹਿੰਦਾ ਸੀ ਹਰਨਾਖਸ਼ ਨੇ ਵਿਚਾਰਿਆ ਜੇ ਇਸ ਵਿਚ ਇਸ ਨੂੰ ਬੰਦ ਕਰਦਿਆਂ ਤਾਂ ਉਹ ਪ੍ਰੇਤ ਇਸ ਨੂੰ ਖਾ ਜਾਵੇਗਾ, ਇੰਜ ਵਿਚਾਰ ਕੇ ਹਰਨਾਖਸ਼ ਨੇ-

ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥

ਪ੍ਰਹਿਲਾਦ ਨੂੰ ਪ੍ਰੇਤਾਂ ਵਾਲੇ ਸੁੰਞੇ ਕੋਠੇ ਵਿਚ ਰੱਖ ਦਿੱਤਾ ਅਰਥਾਤ ਬਿਠਾ ਦਿੱਤਾ ਤੇ ਬਾਹਰੋਂ ਬਾਰਿ= ਦਰਵਾਜ਼ੇ ਨੂੰ ਤਾਲਾ= ਜੰਦਰਾ ਲਗਾ ਦਿੱਤਾ। ਪਰ-

ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ॥

ਨਿਰਭਉ ਬਾਲਕ ਪ੍ਰਹਿਲਾਦ ਮੂਲਿ= ਮੂਲੋਂ ਹੀ ਨਾ ਡਰਿਆ, ਸਗੋਂ (ਨਿਰਭਉ) ਨਿਡਰ ਹੋ ਕੇ ਆਖਦਾ ਹੈ ਮੇਰੇ ਹਿਰਦੇ ਅੰਦਰ ਗੁਰ= ਵੱਡਾ, ਵਾ :- ਸਾਰਿਆਂ ਦਾ ਪੂਜਨੀਕ ਗੋਪਾਲ ਦਾ ਨਾਮ ਹੈ। ਫਿਰ ਮੈਨੂੰ ਕਿਸ ਦਾ ਡਰ ਹੈ, ਉਹ ਆਪ ਹੀ ਮੇਰੀ ਰਖਿਆ ਕਰੇਗਾ।

ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ ॥

(ਗੁਰੂ ਜੀ ਕਥਨ ਕਰਦੇ ਹਨ-) ਪੈਦਾ ਕੀਤਾ ਹੋਇਆ ਮਨੁੱਖ ਜੇਕਰ ਉਸੇ ਪ੍ਰਭੂ ਨਾਲ ਹੀ ਸ਼ਰੀਕਾ ਕਰਨ ਲੱਗ ਜਾਵੇ, ਅਰਥਾਤ ਬਰਾਬਰੀ ਕਰੇ ਤਾਂ ਉਸ ਮਨੁੱਖ ਦਾ ਆਪਣਾ ਉੱਚਾ ਨਾਮ ਧਰਾਇਆ ਹੋਇਆ ਅਨਹੋਦਾ= ਵਿਅਰਥ ਚਲਿਆ ਜਾਂਦਾ ਹੈ।

ਜੋ ਧੁਰਿ ਲਿਖਿਆ ਸੁ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ ॥ ੭ ॥

(ਹਰਨਾਖਸ਼ ਦੇ ਮਰਨ ਦਾ ਕਾਰਨ) ਜੋ ਧੁਰ ਤੋਂ ਲਿਖਿਆ ਹੋਇਆ ਸੀ ਉਹ ਸਮਾਂ ਆ ਪਹੁਤਾ= ਪੁੱਜਾ, (ਇਸ ਲਈ ਹਰਨਾਖਸ਼ ਨੇ ਭਗਤ) ਜਨ ਦੇ ਨਾਲ ਵਾਦੁ= ਝਗੜਾ ਰਚਾਉਣਾ ਕੀਤਾ ॥ ੭ ॥

ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ ॥
ਕਹਾਂ ਤੁਮ੍ਹਾਰਾ ਜਗਦੀਸ ਗੁਸਾਈ ॥

ਪਿਓ ਹਰਨਾਖਸ਼ ਨੇ ਗੁਰਜ ਉਠਾ ਕੇ ਪ੍ਰਹਿਲਾਦ ਨੂੰ ਕਿਹਾ— ਤੇਰਾ ਜਗਦੀਸ਼ ਗੁਸਾਈਂ ਕਹਾਂ= ਕਿਥੇ

ਹੈ? ਉਸ ਨੂੰ ਬੁਲਾ ਕੇ ਲਿਆ ਜੇ ਤੇਰੀ ਸਹਾਇਤਾ ਕਰ ਸਕਦਾ ਹੈ ?

ਅੱਗੋਂ ਪ੍ਰਹਿਲਾਦ ਨੇ ਕਿਹਾ-

ਜਗਜੀਵਨੁ ਦਾਤਾ ਅੰਤਿ ਸਖਾਈ॥
ਜਹ ਦੇਖਾ ਤਹ ਰਹਿਆ ਸਮਾਈ॥ ੮ ॥

ਉਹ ਜਗਤ ਦਾ ਜੀਵਨ ਦਾਤਾ ਅੰਤ ਵੇਲੇ ਦਾ ਸਖਾਈ= ਸਹਾਇਕ ਹੈ। ਮੈਂ ਜਿਥੇ ਵੇਖਦਾ ਹਾਂ ਉਹ ਉਥੇ ਹੀ ਸਮਾਈ ਕਰ ਰਿਹਾ ਹੈ। ਜਿਸ ਵੇਲੇ ਥੰਮ੍ਹ ਨੂੰ ਤਪਾ ਕੇ ਪ੍ਰਹਿਲਾਦ ਨੂੰ ਉਸ ਨਾਲ ਬੰਨ੍ਹਣ ਲੱਗਾ ਤਾਂ ਹਰਨਾਖਸ਼ ਨੇ ਕਿਹਾ— "ਤੇਰਾ ਗੁਸਾਈਂ ਇਸ ਵਿਚ ਤਾਂ ਨਹੀਂ ਹੈ।" ਪ੍ਰਹਲਾਦ ਨੇ ਕਿਹਾ— "ਇਸ ਵਿਚ ਭੀ ਹੈ।" ਜਾਂ ਉਸ ਥੰਮ੍ਹ ਨਾਲ ਪ੍ਰਹਿਲਾਦ ਨੂੰ ਬੰਨ੍ਹਣ ਲੱਗਾ ਤਾਂ-

ਥੰਮ੍ਰੁ ਉਪਾੜਿ ਹਰਿ ਆਪੁ ਦਿਖਾਇਆ॥
ਅਹੰਕਾਰੀ ਦੈਤੁ ਮਾਰਿ ਪਚਾਇਆ॥

ਥੰਮ੍ਹ ਨੂੰ ਪਾੜ ਕੇ ਹਰੀ ਨੇ ਆਪਣਾ ਰੂਪ ਦਿਖਾ ਦਿੱਤਾ। ਨਰਸਿੰਘ ਅਵਤਾਰ ਧਾਰ ਕੇ ਹੰਕਾਰੀ ਦੈਂਤ ਹਰਨਾਖਸ਼ ਨੂੰ ਮਾਰ ਕੇ ਨਾਸ ਕਰ ਦਿੱਤਾ।

ਭਗਤਾ ਮਨਿ ਆਨੰਦੁ ਵਜੀ ਵਧਾਈ॥
ਅਪਨੇ ਸੇਵਕ ਕਉ ਦੇ ਵਡਿਆਈ॥ ੯ ॥

ਭਗਤਾਂ ਦੇ ਮਨ ਵਿਚ ਖੂਬ ਅਨੰਦ ਦੀ ਵਧਾਈ ਵਜੀ= ਪਰਗਟ ਹੋਈ। ਅਰਥਾਤ ਬੜੀ ਖੁਸ਼ੀ ਹੋਈ ਕਿਉਂਕਿ ਉਸ ਪ੍ਰਭੂ ਨੇ ਆਪਣੇ ਸੇਵਕ ਨੂੰ ਵਡਿਆਈ ਦਿੱਤੀ ਹੈ॥ ੯॥

ਜੰਮਣੁ ਮਰਣਾ ਮੋਹੁ ਉਪਾਇਆ॥
ਆਵਣੁ ਜਾਣਾ ਕਰਤੈ ਲਿਖਿ ਪਾਇਆ॥

ਮਾਇਆ ਦੇ ਮੋਹ ਨੇ ਜਨਮ ਮਰਨ ਪੈਦਾ ਕੀਤਾ ਹੈ ਅਤੇ ਸੰਸਾਰ ਵਿਚ ਆਉਣ ਜਾਣ ਦਾ ਲੇਖ ਕਰਤੇ ਪੁਰਖ ਨੇ ਕਰਮਾਂ ਅਨੁਸਾਰ ਲਿਖ ਪਾਇਆ ਹੈ।

ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ॥

ਪ੍ਰਹਿਲਾਦ ਭਗਤ ਦੇ ਕੰਮ ਸਵਾਰਨ ਵਾਸਤੇ ਰੱਖਿਆ ਕਰਨ ਲਈ ਹਰੀ ਨੇ ਆਪਣਾ ਆਪ ਨਰਸਿੰਘ ਰੂਪ ਕਰ ਕੇ ਦਿਖਾਉਣਾ ਕੀਤਾ।

ਭਗਤਾ ਕਾ ਬੋਲੁ ਆਗੈ ਆਇਆ॥ ੧੦ ॥

ਭਗਤਾਂ ਦਾ ਬੋਲੁ= ਬਚਨ ਬੋਲਿਆ ਹੋਇਆ ਅੱਗੇ ਆ ਕੇ ਪਰਤੱਖ ਹੋਇਆ, ਜੋ ਪ੍ਰਹਿਲਾਦ ਦੇ ਬਚਨ ਕਿਹਾ ਸੀ ਕਿ ਥੰਮ੍ਹ ਵਿਚ ਹੀ ਹਰੀ ਹੈ ਉਹ ਬੋਲ ਭਗਵਾਨ ਨੇ ਪੂਰਾ ਕੀਤਾ। ਥੰਮ੍ਹ ਨੂੰ ਪਾੜ ਕੇ ਹੀ ਬਾਹਰ ਨਿਕਲੇ।

ਅਥਵਾ :— ਜੋ ਬ੍ਰਹਮਾ ਨੇ ਵਰ ਦਿੱਤੇ ਸਨ ਕਿ ਮੇਰੀ ਰਚੀ ਹੋਈ ਸ੍ਰਿਸ਼ਟੀ ਵਿਚੋਂ ਤੈਨੂੰ ਕੋਈ ਨਹੀਂ ਮਾਰੇਗਾ, ਨਾ ਦਿਨੇ ਮਰੇਂਗਾ, ਨਾ ਰਾਤੀਂ, ਨਾ ਅੰਦਰ ਮਰੇਂਗਾ ਨਾ ਬਾਹਰ, ਨਾ ਕਿਸੇ ਸ਼ਸਤ੍ਰ ਨਾਲ ਮਰੇਂਗਾ, ਨਾ ਕਿਸੇ

ਅਸਤਰ ਨਾਲ। ਏਹੋ ਬੋਲ ਅੱਗੇ ਆਇਆ। ਅਰਥਾਤ ਜੋ ਬਚਨ ਬ੍ਰਹਮਾ ਨੇ ਕਹੇ ਸਨ ਉਹ ਬਚਨ ਸਾਰੇ ਭਗਵਾਨ ਨੇ ਪੂਰੇ ਕੀਤੇ। ਬ੍ਰਹਮਾ ਨੇ ਅਜੇਹਾ ਕੋਈ ਸਰੀਰ ਪੈਦਾ ਨਹੀਂ ਕੀਤਾ ਜੋ ਅੱਧਾ ਸ਼ੇਰ ਤੇ ਅੱਧਾ ਮਨੁੱਖ ਦਾ ਹੋਵੇ। ਇਸੇ ਕਰ ਕੇ ਭਗਵਾਨ ਨੇ ਨਰਸਿੰਘ ਅਜਿਹਾ ਰੂਪ ਧਾਰਿਆ ਜੋ ਅੱਧਾ ਮਨੁੱਖ ਤੇ ਅੱਧਾ ਸ਼ੇਰ ਸੀ। ਫੇਰ ਸ਼ਸਤ੍ਰਾਂ ਅਸਤ੍ਰਾਂ ਨਾਲ ਨਹੀਂ ਮਾਰਿਆ, ਆਪਣਿਆਂ ਨਖਾਂ ਨਾਲ ਚੀਰਿਆ। ਨਾ ਅੰਦਰ ਨਾ ਬਾਹਰ ਮਾਰਿਆ, ਦਲੀਜ਼ ਉੱਤੇ ਬੈਠ ਕੇ ਮਾਰਿਆ। ਨਾ ਦਿਨੇ ਮਾਰਿਆ ਨਾ ਰਾਤੀਂ, ਸ਼ਾਮ ਵੇਲੇ ਮਾਰਿਆ ਸੀ। ਇਤ ਆਦਿਕ ਭਗਤਾਂ ਦੇ ਸਾਰੇ ਬੋਲ ਪੂਰੇ ਕੀਤੇ ਹਨ। ਆਖਿਰ ਹਰਨਾਖਸ਼ ਨੂੰ ਮਾਰ ਕੇ ਉਸ ਦੀਆਂ ਆਂਦਰਾਂ ਕੱਢ ਕੇ ਆਪਣੇ ਗਲ ਵਿਚ ਪਾ ਲਈਆਂ ਤੇ ਬੜੇ ਗੁੱਸੇ 'ਚ ਲਾਲ ਅੱਖਾਂ ਕੀਤੀਆਂ ਤੇ ਡਰਾਉਣੀ ਸ਼ਕਲ ਬਣਾ ਕੇ ਬੈਠ ਗਏ, ਤਾਂ ਡਰਦੇ ਮਾਰੇ ਕੋਈ ਵੀ ਦੇਵਤਾ ਉਹਨਾਂ ਦੇ ਪਾਸ ਨਾ ਜਾ ਸਕਿਆ।

ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ॥

ਉਸ ਵੇਲੇ ਕੁਲੀ= ਸਾਰੇ ਹੀ ਦੇਵਤੇ, ਵਾ :- ਦੇਵਤਿਆਂ ਦੀ ਕੁਲ ਲਛਿਮੀ ਨੂੰ ਜਾ ਕੇ ਜੈਕਾਰੁ= ਨਮਸਕਾਰ ਕਰਦੇ ਹਨ ਤੇ ਹੱਥ ਜੋੜ ਕੇ ਕਹਿੰਦੇ ਹਨ-

ਮਾਤਾ, ਨਰਸਿੰਘ ਕਾ ਰੂਪੁ ਨਿਵਾਰੁ॥

ਹੇ ਮਾਤਾ ! ਵਿਸ਼ਨੂੰ ਮਹਾਰਾਜ ਜੀ ਨੇ ਹਰਨਾਖਸ਼ ਨੂੰ ਮਾਰਨ ਵਾਸਤੇ ਜੋ ਨਰਸਿੰਘ ਦਾ ਰੂਪ ਧਾਰਨ ਕੀਤਾ ਹੈ ਤੇ ਉਸ ਨੂੰ ਮਾਰ ਕੇ ਉਸ ਦੀਆਂ ਆਂਦਰਾਂ ਕੱਢ ਕੇ ਆਪਣੇ ਗਲ ਵਿਚ ਪਾ ਕੇ ਭਿਆਨਕ ਰੂਪ ਧਾਰੀ ਬੈਠੇ ਹਨ, ਏਹ ਨਵਿਰਤ ਕਰਵਾ ਦੇ।

ਲਖਿਮੀ ਭਉ ਕਰੈ ਨ ਸਾਕੈ ਜਾਇ॥

ਉਸ ਵੇਲੇ ਦੇਵਤਿਆਂ ਦੇ ਆਖੇ ਲੱਗ ਕੇ ਲਛਮੀ ਕੁਝ-ਕੁ ਅੱਗੇ ਵਧੀ, ਪਰ ਲਛਮੀ ਵੀ ਭਿਆਨਕ ਰੂਪ ਤੋਂ ਡਰ ਕੇ ਅੱਗੇ ਨਾ ਜਾ ਸਕੀ। ਫੇਰ ਦੇਵਤਿਆਂ ਨੇ ਪ੍ਰਹਿਲਾਦ ਨੂੰ ਜਾ ਕਿਹਾ ਕਿ ਤੇਰੇ ਵਾਸਤੇ ਭਗਵਾਨ ਨੇ ਇਹ ਰੂਪ ਧਾਰਿਆ ਹੈ, ਤੂੰ ਹੀ ਜਾ ਕੇ ਨਵਿਰਤ ਕਰਵਾ।

ਪ੍ਰਹਲਾਦੁ ਜਨੁ ਚਰਣੀ ਲਾਗਾ ਆਇ॥ ੧੧॥

ਉਸ ਵੇਲੇ ਪ੍ਰਹਿਲਾਦ ਭਗਤ ਦੌੜ ਕੇ ਚਰਨਾਂ ਨਾਲ ਆ ਕੇ ਲੱਗ ਗਿਆ ਤੇ ਬੇਨਤੀ ਕੀਤੀ— 'ਭਗਵਾਨ ਜੀ ਏਹ ਰੂਪ ਆਪ ਛੁਪਾ ਲਓ।' ਭਗਵਾਨ ਨੇ ਉਸੇ ਵੇਲੇ ਉਹ ਭਿਆਨਕ ਰੂਪ ਛੁਪਾ ਕੇ ਸੁੰਦਰ ਰੂਪ ਵਿਚ ਬੈਠ ਕੇ ਕਿਹਾ, ਪ੍ਰਹਿਲਾਦ ਹੁਣ ਤੂੰ ਨਿਹਕੰਟਕ ਰਾਜ-ਭਾਗ ਕਮਾਉਣਾ ਕਰ।

ਇਹ ਗੱਲ ਸੁਣ ਕੇ ਪ੍ਰਹਿਲਾਦ ਨੇ ਕਿਹਾ-

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ॥
ਰਾਜੁ ਮਾਲੁ ਝੂਠੀ ਸਭ ਮਾਇਆ॥

ਮੈਨੂੰ ਤਾਂ ਸਤਿਗੁਰਾਂ ਨੇ ਨਾਮ ਰੂਪ ਨਿਧਾਨੁ= ਖਜ਼ਾਨਾ ਦ੍ਰਿੜਾਇਆ= ਪੱਕਾ ਧਾਰਨ ਕਰਵਾ ਦਿੱਤਾ ਹੈ। ਜਿਸ ਕਰ ਕੇ ਮੈਂ ਇਹ ਜਾਣ ਲਿਆ ਹੈ ਕਿ ਰਾਜੁ ਮਾਲੁ= ਰਾਜ-ਸੰਪਦਾ ਦੀ ਸਾਰੀ ਮਾਇਆ ਝੂਠੀ ਹੈ।

[ਪੰਨਾ ੧੧੫੫]

ਲੋਭੀ ਨਰ ਰਹੇ ਲਪਟਾਇ॥
ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ॥੧੨॥

ਜੇਹੜੇ ਲੋਭੀ ਪੁਰਸ਼ ਇਸ ਵਿਚ ਲਪਟਾਇ= ਫਸ ਰਹੇ ਹਨ। ਹਰੀ ਦੇ ਨਾਮ-ਸਿਮਰਨ ਤੋਂ ਬਿਨਾਂ ਉਹਨਾਂ ਨੂੰ ਪ੍ਰਲੋਕ ਦਰਗਾਹ ਵਿਚ ਬੜੀ ਭਾਰੀ ਸਜ਼ਾ ਮਿਲੇਗੀ।

ਕਹੈ ਨਾਨਕੁ ਸਭੁ ਕੋ ਕਰੇ ਕਰਾਇਆ॥

ਗੁਰੂ ਜੀ ਕਥਨ ਕਰਦੇ ਹਨ— ਸਭ ਕੋਈ ਉਸ ਦਾ ਕਰਾਇਆ ਹੋਇਆ ਕਰਦਾ ਹੈ। ਪਰ-

ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ॥

ਉਹ ਪੁਰਸ਼ ਪ੍ਰਮਾਣੀਕ ਹਨ ਜਿਨ੍ਹਾਂ ਨੇ ਹਰੀ ਨਾਮ ਨਾਲ ਚਿਤੁ= ਦਿਲ ਨੂੰ ਲਗਾਇਆ ਹੈ।

ਭਗਤਾ ਕਾ ਅੰਗੀਕਾਰੁ ਕਰਦਾ ਆਇਆ॥
ਕਰਤੈ ਅਪਣਾ ਰੂਪੁ ਦਿਖਾਇਆ॥੧੩॥੧॥੨॥

ਉਹ ਪ੍ਰਭੂ ਧੁਰ ਤੋਂ ਹੀ ਭਗਤਾਂ ਦਾ ਅੰਗੀਕਾਰੁ= ਪੱਖ ਕਰਦਾ ਆਇਆ ਹੈ। ਕਰਤੇ ਪੁਰਖ ਨੇ ਪ੍ਰਹਿਲਾਦ ਦੇ ਪੱਖ ਲਈ ਆਪਣਾ ਨਰਸਿੰਘ ਰੂਪ ਵਿਖਾਇਆ॥ ੧੩॥ ੧॥ ੨॥

ਭੈਰਉ ਮਹਲਾ ੩॥
ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ॥

ਜਿਨ੍ਹਾਂ ਗੁਰਮੁਖਾਂ ਨੇ ਗੁਰੂ ਦੀ ਸੇਵਾ ਤੇ= ਕਰ ਕੇ ਨਾਮ-ਗਿਆਨ ਰੂਪੀ ਅੰਮ੍ਰਿਤ ਫਲ ਪਾਇਆ ਹੈ, ਉਨ੍ਹਾਂ ਨੇ ਆਪਣੇ ਅੰਦਰੋਂ ਹੰਗਤਾ ਮਮਤਾ ਤੇ ਤ੍ਰਿਸ਼ਨਾ ਰੂਪੀ ਅੱਗ ਬੁਝਾ ਦਿੱਤੀ ਹੈ।

ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ॥੧॥

ਹਰੀ ਦਾ ਨਾਮ ਮੇਰੇ ਮਨ ਹ੍ਰਿਦੈ= ਵਿੱਚ ਵੱਸ ਗਿਆ ਹੈ, *ਅਥਵਾ :—* ਮਨਿ= ਸ਼੍ਰੋਮਣ ਹਰੀ ਦਾ ਨਾਮ ਹਿਰਦੇ ਵਿਚ ਵੱਸ ਗਿਆ ਹੈ, ਜਿਸ ਕਰ ਕੇ ਮਨਸਾ= ਵਾਸ਼ਨਾਂ ਮਨ ਦੇ ਵਿਚ ਹੀ ਸਮਾਈ= ਅਭਾਵ ਹੋ ਗਈਆਂ ਹਨ॥ ੧॥

ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ॥

ਹੇ ਮੇਰੇ ਪਿਆਰੇ ਹਰਿ ਜੀਉ! ਆਪ ਮੇਰੇ ਉੱਤੇ ਕਿਰਪਾ ਦ੍ਰਿਸ਼ਟੀ ਕਰੋ।

ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ ਗੁਰ ਕੈ ਸਬਦਿ ਉਧਾਰੇ॥੧॥ਰਹਾਉ॥

ਮੈਂ ਦੀਨ ਜਨ ਰਾਤ ਦਿਨ ਹਰੀ ਦੇ ਗੁਣਾਂ ਦਾ ਗਾਉਣਾ ਮੰਗਦਾ ਹਾਂ, ਗੁਰਾਂ ਦੇ ਸ਼ਬਦ ਦੁਆਰਾ ਆਪ ਜੀ ਨੇ ਕਈ ਜੀਵ ਤਾਰੇ ਹਨ (ਮੈਨੂੰ ਭੀ ਤਾਰ ਲਓ)॥ ੧॥ ਰਹਾਉ॥

ਸੰਤ ਜਨਾ ਕਉ ਜਮੁ ਜੋਹਿ ਨ ਸਾਕੈ ਰਤੀ ਅੰਚ ਦੂਖ ਨ ਲਾਈ॥

ਸੰਤ ਜਨਾਂ ਨੂੰ ਜਮ ਦੇਖ ਭੀ ਨਹੀਂ ਸਕਦਾ, ਉਹਨਾਂ ਨੂੰ ਰੱਤੀ ਭਰ ਵੀ ਦੁੱਖ ਦੀ ਅੰਚ= ਆਂਚ ਨਹੀਂ ਲਗਾਉਂਦਾ।

ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ॥ ੨॥

ਜੇਹੜੇ ਪੁਰਸ਼ ਆਪ ਜੀ ਦੀ ਸ਼ਰਨ ਵਿਚ ਆਏ ਹਨ, ਉਹ ਆਪ ਤਰਦੇ ਹਨ ਅਤੇ ਕੁਲ ਦੇ ਸਾਰਿਆਂ ਪੁਰਸ਼ਾਂ ਨੂੰ ਤਾਰ ਲੈਂਦੇ ਹਨ॥ ੨॥

ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ॥

ਹੇ ਵਾਹਿਗੁਰੂ ! ਤੂੰ ਆਪ ਹੀ ਭਗਤਾਂ ਦੀ ਇੱਜ਼ਤ ਰੱਖਦਾ ਹੈਂ, ਏਹ ਸਭ ਤੇਰੀ ਹੀ ਵਡਿਆਈ ਹੈ।

ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ॥ ੩॥

ਜਿਨ੍ਹਾਂ ਦੇ ਮਨ ਵਿਚ ਰਾਈ ਦੇ ਦਾਣੇ ਜਿੰਨੀ ਰੱਤੀ ਭਰ ਵੀ ਦੁਬਿਧਾ= ਦਵੈਤ ਨਹੀਂ ਹੈ, ਉਹਨਾਂ ਦੇ ਜਨਮਾਂ ਜਨਮਾਂਤਰਾਂ ਦੇ ਕਿਲਵਿਖ= ਪਾਪ ਅਤੇ ਦੁੱਖ ਕੱਟ ਦੇਂਦਾ ਹੈ॥ ੩॥

ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ॥

ਅਸੀਂ ਮਹਾਂ ਮੂਰਖ ਜੜ੍ਹ ਕੁਝ ਭੀ ਸਮਝਦੇ ਨਹੀਂ ਹਾਂ, ਤੂੰ ਆਪ ਹੀ ਸਮਝਾ ਦੇਂਦਾ ਹੈਂ।

ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ॥ ੪॥

ਜੋ ਆਪ ਜੀ ਨੂੰ ਭਾਉਂਦਾ ਹੈ ਏਹ ਜੀਵ ਓਹੀ ਕੁਝ ਕਰਦਾ ਹੈ, ਆਪ ਜੀ ਦੇ ਹੁਕਮ ਤੋਂ ਬਿਨਾਂ ਅਵਰੁ= ਹੋਰ ਕੁਝ ਨਹੀਂ ਕੀਤਾ ਜਾਂਦਾ॥ ੪॥

ਜਗਤੁ ਉਪਾਇ ਤੁਧੁ ਧੰਧੈ ਲਾਇਆ ਭੁੰਡੀ ਕਾਰ ਕਮਾਈ॥

ਜਗਤ ਨੂੰ ਉਪਾਇ= ਪੈਦਾ ਕਰ ਕੇ ਤੁਸਾਂ ਨੇ ਧੰਧੈ= ਧੰਦਿਆਂ(ਕੰਮ-ਕਾਰਾਂ, ਵਿਚ ਲਗਾਇਆ ਹੈ, ਇਥੇ ਆ ਕੇ ਜੀਵ ਨੇ ਭੁੰਡੀ= ਭੈੜੀ ਕਾਰ ਕਮਾਉਣਾ ਕੀਤੀ ਹੈ।

ਜਨਮ ਪਦਾਰਥੁ ਜੂਐ ਹਾਰਿਆ ਸਬਦੈ ਸੁਰਤਿ ਨ ਪਾਈ॥ ੫॥

ਜਿਸ ਨੇ ਗੁਰ-ਸ਼ਬਦ ਦੀ ਸੁਰਤਿ= ਗਿਆਤ ਨਹੀਂ ਪਾਈ, ਉਸ ਨੇ ਸੰਸਾਰ ਜੂਏ ਵਿਚ ਆਪਣੇ ਅਮੋਲਕ ਜਨਮ ਪਦਾਰਥ ਨੂੰ ਹਾਰ ਦਿੱਤਾ ਹੈ॥ ੫॥

ਮਨਮੁਖਿ ਮਰਹਿ ਤਿਨ ਕਿਛੁ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ॥

ਜਿਨ੍ਹਾਂ ਦੁਰਮਤਿ= ਖੋਟੀ ਮਤ ਵਾਲਿਆਂ ਦੇ ਅੰਦਰ ਅਗਿਆਨ ਰੂਪ ਹਨੇਰਾ ਹੈ, ਉਹਨਾਂ ਨੂੰ ਭਲਾ ਬੁਰਾ ਕੁਝ ਨਹੀਂ ਸੁੱਝਦਾ ਇਸ ਕਰ ਕੇ ਉਹ ਮਨਮੁਖ ਜੰਮਦੇ ਮਰਦੇ ਹਨ।

ਭਵਜਲੁ ਪਾਰਿ ਨ ਪਾਵਹਿ ਕਬਹੀ
ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ॥ ੬॥

ਉਹ ਸੰਸਾਰ-ਸਮੁੰਦਰ ਤੋਂ ਕਦੇ ਪਾਰ ਹੋਣਾ ਨਹੀਂ ਪਾਉਂਦੇ, ਗੁਰ-ਉਪਦੇਸ਼ ਤੋਂ ਬਿਨਾਂ ਹੋਣ ਕਰ ਕੇ ਉਹ ਸਿਰਿ ਭਾਰਾ= ਸਿਰ ਪਰਨੇ, ਵਾ :- ਪਾਪਾਂ ਨਾਲ ਸਿਰ ਭਾਰਾ ਹੋਣ ਕਰ ਕੇ ਡੁੱਬ ਮਰਦੇ ਹਨ॥ ੬॥

ਸਾਚੈ ਸਬਦਿ ਰਤੇ ਜਨ ਸਾਚੇ ਹਰਿ ਪ੍ਰਭਿ ਆਪਿ ਮਿਲਾਏ॥

ਜੋ ਸੱਚੇ ਗੁਰਾਂ ਦੇ ਸ਼ਬਦ ਵਿਚ ਰਤੇ= ਲੀਨ ਹੋਏ ਹਨ ਉਹ ਜਨ ਸੱਚੇ ਹਨ, ਉਹਨਾਂ ਨੂੰ ਹਰੀ-ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ, ਅਰਥਾਤ ਅਭੇਦ ਕਰ ਲਿਆ।

ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ॥ ੭॥

ਜਿਨ੍ਹਾਂ ਨੇ ਸਬਦਿ= ਸੰਸਾਰ ਵਿਚ ਆ ਕੇ ਗੁਰਾਂ ਦੀ ਸਬਦਿ= ਉਪਦੇਸ਼ ਬਾਣੀ ਪਛਾਣੀ ਹੈ, ਉਹ ਗੁਰਮੁਖ ਜਨ ਸੱਚ ਵਿਚ ਲਿਵ ਲਗਾ ਰਹੇ ਹਨ॥ ੭॥

ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ ਗੁਰ ਕੈ ਸਬਦਿ ਵੀਚਾਰੇ॥

ਹੇ ਭਗਵਾਨ ! ਤੂੰ ਆਪ ਨਿਰਮਲ ਹੈਂ, ਤੇਰੇ ਉਹ ਸੇਵਕ ਜਨ ਵੀ ਨਿਰਮਲ ਹਨ, ਜੋ ਗੁਰਾਂ ਦੇ ਸ਼ਬਦ ਨੂੰ ਵਿਚਾਰਦੇ ਰਹਿੰਦੇ ਹਨ।

ਨਾਨਕੁ ਤਿਨ ਕੈ ਸਦ ਬਲਿਹਾਰੈ ਰਾਮ ਨਾਮੁ ਉਰਿ ਧਾਰੇ॥ ੮॥ ੨॥ ੩॥

ਗੁਰੂ ਜੀ ਕਥਨ ਕਰਦੇ ਹਨ— ਮੈਂ ਉਹਨਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ? ਜਿਨ੍ਹਾਂ ਨੇ ਰਾਮ ਨਾਮ ਨੂੰ ਹਿਰਦੇ ਵਿਚ ਧਾਰਿਆ ਹੈ॥ ੮॥ ੨॥ ੩॥

ਭੈਰਉ ਮਹਲਾ ੫ ਅਸਟਪਦੀਆ ਘਰੁ ੨ ੴ ਸਤਿਗੁਰ ਪ੍ਰਸਾਦਿ॥

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥

ਜਿਸ ਪੁਰਸ਼ ਦੇ ਹਿਰਦੇ ਵਿਚ ਨਾਮ ਹੈ, ਓਹੀ ਵੱਡਾ ਰਾਜਾ ਹੈ। ਜਿਸ ਦੇ ਹਿਰਦੇ ਵਿਚ ਨਾਮ-ਸਿਮਰਨ ਹੈ, ਉਸ ਦੇ ਸਾਰੇ ਕੰਮ ਪੂਰੇ ਹਨ।

ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ॥
ਨਾਮ ਬਿਨਾ ਜਨਮੁ ਬਿਰਥਾ ਜਾਏ॥ ੧॥

ਜਿਸ ਪੁਰਸ਼ ਦੇ ਹਿਰਦੇ ਵਿਚ ਨਾਮ ਹੈ, ਉਸ ਨੇ ਧਨ ਆਦਿਕ ਕਰੋੜਾਂ ਪਦਾਰਥ ਪਾਏ ਹਨ। ਜੇਹੜਾ ਪੁਰਸ਼ ਨਾਮ-ਸਿਮਰਨ ਤੋਂ ਬਿਨਾਂ ਹੈ, ਉਸ ਦਾ ਜਨਮ ਵਿਅਰਥ ਜਾਂਦਾ ਹੈ॥ ੧॥

ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ॥

ਮੈਂ ਉਸ ਦੀ ਸ਼ਲਾਘਾ ਕਰਦਾ ਹਾਂ, ਜਿਸ ਦੇ ਪਾਸ ਰਾਸਿ= ਸੱਚਾ ਹਰੀ ਨਾਮ-ਧਨ ਹੈ। ਜਾਂ ਜਿਸ ਦੇ ਪਾਸ ਹਰੀ ਨਾਮ-ਧਨ ਦੀ ਰਾਸਿ= ਪੂੰਜੀ ਹੈ।

ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ॥ ੧॥ ਰਹਾਉ॥

ਉਹ ਵੱਡਿਆਂ ਭਾਗਾਂ ਵਾਲਾ ਪੁਰਸ਼ ਹੈ, ਜਿਸ ਦੇ ਮੱਥੇ ਉੱਤੇ ਗੁਰੂ ਦਾ ਹੱਥ ਹੈ॥ ੧॥ ਰਹਾਉ॥

ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ॥

ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਹੈ ਭਾਵੇਂ ਉਹ ਇਕੱਲਾ ਹੈ ਪਰ ਉਸ ਦੇ ਪਾਸ ਕਈ ਕਰੋੜ ਸੈਨਾਂ ਸਮਝੋ। ਵਾ :- ਉਸ ਦੇ ਅੰਦਰ ਕਈ ਕਰੋੜ ਸੈਨਾ ਜਿਤਨਾ ਬਲ ਪ੍ਰਾਪਤ ਹੋ ਜਾਂਦਾ ਹੈ।

ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥

ਜਿਸ ਪੁਰਸ਼ ਦੇ ਹਿਰਦੇ ਵਿਚ ਨਾਮ ਹੈ, ਉਸ ਨੂੰ ਸਹਜ= ਸੁਭਾਵਕ (ਨਿਰਯਤਨ) ਹੀ ਸੁਖੈਨਾ= ਸੁਖ ਪ੍ਰਾਪਤ ਹੁੰਦਾ ਹੈ।

ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥
ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥ ੨ ॥

ਜਿਸ ਪੁਰਸ਼ ਦੇ ਹਿਰਦੇ ਵਿਚ ਨਾਮ-ਸਿਮਰਨ ਹੈ, ਉਸ ਦਾ ਮਨ ਸ਼ਾਂਤ ਸਰੂਪ ਹੁੰਦਾ ਹੈ। ਜੋ ਨਾਮ-ਸਿਮਰਨ ਤੋਂ ਬਿਨਾਂ ਹੈ, ਉਸ ਦੇ ਜੀਉਣੇ ਨੂੰ ਧ੍ਰਿਕਾਰ ਹੈ, ਉਸ ਨੂੰ ਮੂਆ= ਮੁਰਦਾ ਸਮਝੋ ॥ ੨ ॥

[ਪੰਨਾ ੧੧੫੬]

ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥
ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥

ਜਿਸ ਦੇ ਹਿਰਦੇ ਵਿਚ ਨਾਮ ਹੈ, ਉਹ ਪੁਰਸ਼ ਜੀਵਨ ਮੁਕਤ ਅਵਸਥਾ ਵਾਲਾ ਹੈ। ਜਿਸ ਦੇ ਹਿਰਦੇ ਵਿਚ ਨਾਮ ਹੈ, ਉਸ ਨੂੰ ਸਾਰੀਆਂ ਜੁਗਤੀਆਂ ਪ੍ਰਾਪਤ ਹਨ।

ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥
ਨਾਮ ਬਿਨਾ ਭ੍ਰਮਿ ਆਵੈ ਜਾਈ ॥ ੩ ॥

ਜਿਸ ਦੇ ਹਿਰਦੇ ਵਿਚ ਨਾਮ ਹੈ, ਉਸ ਨੇ ਨੌ ਨਿਧੀ ਪਾਈ ਹੈ। ਨਾਮ-ਸਿਮਰਨ ਤੋਂ ਬਿਨਾਂ ਆਵੈ ਜਾਈ= ਜਨਮ ਮਰਨ ਵਿਚ ਭ੍ਰਮਿ= ਭੌਂਦਾ (ਫਿਰਦਾ) ਹੈ ॥ ੩ ॥

ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥
ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥

ਜਿਸ ਦੇ ਹਿਰਦੇ ਵਿਚ ਨਾਮ ਹੈ, ਉਹ ਪੁਰਸ਼ ਬੇ-ਪਰਵਾਹ ਹੈ, ਜਿਸ ਦੇ ਹਿਰਦੇ ਵਿਚ ਨਾਮ ਹੈ, ਉਸ ਪੁਰਸ਼ ਨੂੰ ਸਦਾ ਲਾਭ (ਨਫ਼ਾ) ਪ੍ਰਾਪਤ ਹੁੰਦਾ ਹੈ।

ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥
ਨਾਮੁ ਬਿਨਾ ਮਨਮੁਖ ਗਾਵਾਰਾ ॥ ੪ ॥

ਜਿਸ ਦੇ ਹਿਰਦੇ ਵਿਚ ਨਾਮ ਹੈ ਉਹ ਪਰਤੱਖ ਵੱਡੇ ਪਰਿਵਾਰ ਵਾਲਾ ਹੈ। *ਅਥਵਾ :—* ਸ਼ੁਭ ਗੁਣਾਂ ਰੂਪੀ ਵੱਡੇ ਪਰਿਵਾਰ ਵਾਲਾ ਹੈ। ਜੋ ਨਾਮ-ਸਿਮਰਨ ਤੋਂ ਬਿਨਾਂ ਹੈ, ਉਹ ਮਨਮੁਖ ਗਵਾਰਾ= ਚੰਡਾਲ ਹੈ। ਵਾ :-ਮਨਮੁਖ ਗਾਵਾਰਾ= ਵੱਡਾ ਮਨਮੁਖ ਹੈ ॥ ੪ ॥

ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥

ਜਿਸ ਦੇ ਹਿਰਦੇ ਵਿਚ ਸਤਿਨਾਮੁ ਹੈ, ਉਸ ਦਾ ਆਸਣ ਨਿਸਚਲ ਹੈ। ਵਾ :- ਨਿਸਚਲ-ਪਰਮਾਤਮਾ ਵਿਚ ਉਸ ਦਾ ਆਸਣ ਹੈ।

ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥

ਜਿਸ ਦੇ ਹਿਰਦੇ ਵਿਚ ਸਤਿਨਾਮੁ ਹੈ, ਉਸ ਦਾ ਪਰਤੱਖ ਰਾਜ ਤਖ਼ਤ ਉੱਤੇ ਨਿਵਾਸ ਹੁੰਦਾ ਹੈ। ਵਾ :- ਉਸ ਦਾ ਸਰੂਪ ਤਖ਼ਤ ਉੱਤੇ ਨਿਵਾਸ ਹੁੰਦਾ ਹੈ।

ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥
ਨਾਮ ਹੀਣ ਨਾਹੀ ਪਤਿ ਵੇਸਾਹੁ ॥ ੫ ॥

ਜਿਸ ਦੇ ਹਿਰਦੇ ਵਿਚ ਸਤਿਨਾਮੁ ਹੈ, ਉਹ ਸੱਚਾ ਸ਼ਾਹ ਹੈ। ਜੋ ਪੁਰਸ਼ ਨਾਮ-ਸਿਮਰਨ ਤੋਂ ਹੀਣ= ਰਹਿਤ ਹੈ, ਨਾ ਉਸ ਦੀ ਪਤਿ= ਇੱਜ਼ਤ ਹੁੰਦੀ ਹੈ, ਨਾ ਹੀ ਉਸ ਉੱਤੇ ਕੋਈ ਭਰੋਸਾ ਕਰਦਾ ਹੈ॥ ੫ ॥

ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥

ਜਿਸ ਦੇ ਹਿਰਦੇ ਵਿਚ ਨਾਮ-ਸਿਮਰਨ ਹੈ ਉਹ ਸਾਰਿਆਂ ਵਿਚ ਪਰਗਟ ਜਾਣਿਆਂ ਜਾਂਦਾ ਹੈ। ਜਿਸ ਦੇ ਹਿਰਦੇ ਵਿਚ ਨਾਮ-ਸਿਮਰਨ ਹੈ, ਉਹ ਬਿਧਾਤਾ= ਫਲਬਰ ਦਾਤੇ ਅਰਥਾਤ ਕਰਮਾਂ ਅਨੁਸਾਰ ਫਲ ਦੇਣ ਵਾਲੇ ਅਕਾਲ ਪੁਰਖ ਦਾ ਸਰੂਪ ਹੈ।

ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥
ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥ ੬ ॥

ਜਿਸ ਦੇ ਹਿਰਦੇ ਵਿਚ ਨਾਮ-ਸਿਮਰਨ ਹੈ, ਉਹ ਪੁਰਸ਼ ਸਾਰਿਆਂ ਤੋਂ ਉੱਚਾ ਹੈ। ਜੋ ਨਾਮ-ਸਿਮਰਨ ਤੋਂ ਬਿਨਾਂ ਹੈ, ਉਹ ਮੂਚਾ= ਬਹੁਤੀਆਂ ਜੂਨੀਆਂ ਵਿਚ ਭੌਂਦਾ ਹੈ॥ ੬ ॥

ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥
ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥

ਜਿਸ ਦੇ ਹਿਰਦੇ ਵਿਚ ਨਾਮ ਹੈ, ਉਸ ਦਾ ਜਸ ਪਹਾਰਾ= ਸੰਸਾਰ ਵਿਚ ਪਰਗਟ ਹੁੰਦਾ ਹੈ; ਵਾ :- ਉਸ ਦਾ ਪਹਾਰਾ= ਪਰਤਾਪ ਪਰਗਟ ਹੁੰਦਾ ਹੈ। ਜਿਸ ਦੇ ਹਿਰਦੇ ਵਿਚ ਨਾਮ ਹੈ, ਉਸ ਦਾ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ।

ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥
ਨਾਮ ਬਿਨਾ ਫਿਰਿ ਆਵਣ ਜਾਣੁ ॥ ੭ ॥

ਜਿਸ ਦੇ ਹਿਰਦੇ ਵਿਚ ਨਾਮ-ਸਿਮਰਨ ਹੈ, ਉਹ ਪੁਰਸ਼ ਸਾਰੇ ਪ੍ਰਮਾਨੀਕ ਹੈ। ਜੋ ਨਾਮ-ਸਿਮਰਨ ਤੋਂ ਬਿਨਾਂ ਹੈ ਉਸ ਦਾ ਫਿਰ ਆਉਣਾ ਜਾਣਾ ਅਰਥਾਤ ਜੰਮਣਾ ਮਰਨਾ ਹੁੰਦਾ ਹੈ। *ਅਥਵਾ :—* ਉਹ ਆਉਣ ਜਾਣ ਵਿਚ

ਹੀ ਫਿਰਦਾ ਹੈ॥ ੭॥

ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ॥
ਸਾਧਸੰਗਤਿ ਮਹਿ ਲਧੇ ਗੋਪਾਲ॥

ਜਿਸ ਉੱਤੇ ਗੁਰੂ ਕ੍ਰਿਪਾਲੂ ਹੋਇਆ ਹੈ, ਉਸ ਨੇ ਨਾਮ-ਸਿਮਰਨ ਪਾਇਆ ਹੈ ਅਤੇ ਓਸੇ ਨੇ ਸਾਧਸੰਗਤਿ ਵਿਚ ਬੈਠ ਕੇ ਗੋਪਾਲ= ਪਰਮਾਤਮਾ ਨੂੰ ਜਾਣ ਲਿਆ ਹੈ।

ਆਵਣ ਜਾਣ ਰਹੇ ਸੁਖੁ ਪਾਇਆ॥
ਕਹੁ ਨਾਨਕ ਤਤੈ ਤਤੁ ਮਿਲਾਇਆ॥ ੮॥ ੧॥ ੪॥

ਜੂਨੀਆਂ ਵਿਚ ਆਉਣ ਜਾਣ ਦੇ ਚੱਕਰ ਰਹਿ ਗਏ ਹਨ ਅਤੇ ਉਸ ਨੇ ਆਤਮਕ-ਸੁਖ ਪਾਇਆ ਹੈ। ਗੁਰੂ ਜੀ ਕਥਨ ਕਰਦੇ ਹਨ—(ਵਾਚ ਵਾਚ ਭਾਗ ਤਿਆਗ ਕੇ ਲਖਸ਼ ੨ ਭਾਗ ਦੀ ਏਕਤਾ ਕਰ ਕੇ) ਤਤਰੂਪ ਹੋ ਕੇ ਆਪਣੇ ਆਪ ਨੂੰ ਤਤੁ= ਸਿਧਾਂਤ ਰੂਪ ਬ੍ਰਹਮ ਨਾਲ ਮਿਲਾ ਲਿਆ ਹੈ (ਅਰਥਾਤ ਜੀਵ ਬ੍ਰਹਮ ਦੀ ਏਕਤਾ ਕਰ ਲਈ ਹੈ) ॥ ੮॥ ੧॥ ੪॥

ਭੈਰਉ ਮਹਲਾ ੫॥

ਰਹਾਉ ਦੀਆਂ ਤੁਕਾਂ ਦਾ ਅਰਥ ਪਹਿਲੇ ਕਰਨਾ:

"ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ" ॥ ੧॥

ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥

ਜਿਸ ਨੇ ਕਰੋੜਾਂ ਹੀ ਵਿਸ਼ਨੂੰ ਦੇ ਅਵਤਾਰ ਬਨਾਉਣਾ ਕੀਤੇ ਹਨ। ਕਰੋੜਾਂ ਹੀ ਬ੍ਰਹਿਮੰਡ ਜਿਸ ਦੇ ਧ੍ਰਮਸਾਲ= ਧਰਮ ਦੇ ਅਸਥਾਨ ਹਨ। ਵਾ :- ਬ੍ਰਹਮੰਡ ਵਿਚ ਜਿਸ ਦੀਆਂ ਕਰੋੜਾਂ ਧਰਮਸ਼ਾਲਾਂ ਹਨ। ਵਾ :- ਜਿਸ ਦੇ ਕਰੋੜਾਂ ਬ੍ਰਹਮੰਡ ਹਨ ਤੇ ਭਾਰਥ ਖੰਡ ਦੀ ਭੂਮੀ ਰੂਪ ਧਰਮਸ਼ਾਲਾ ਹੈ।

ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ੧॥

ਕਰੋੜਾਂ ਹੀ ਮਹੇਸ= ਸ਼ਿਵ ਉਸ ਨੇ ਉਪਾਇ= ਉਤਪੰਨ ਕਰ ਕੇ ਸਮਾਏ= ਅਭਾਵ ਕੀਤੇ ਹਨ।

ਯਥਾ :-ਏਕ ਸਿਵ ਭਏ ਏਕ ਗਏ ਏਕ ਫੇਰ ਭਏ ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ॥

(ਦਸਮ ਗ੍ਰੰਥ, ਪੰਨਾ ੧੮)

ਅਥਵਾ :— ਸੰਸਾਰ ਦੀ ਸਮਾਏ= ਲੈਤਾ ਕਰਨ ਵਾਸਤੇ ਕਰੋੜਾਂ ਸ਼ਿਵ ਉਤਪਤ ਕੀਤੇ ਹਨ ਅਤੇ ਜਗਤ ਨੂੰ ਸਾਜਣ= ਬਨਾਉਣ ਲਈ ਕਰੋੜਾਂ ਹੀ ਬ੍ਰਹਮੇਂ ਲਗਾਉਣਾ ਕੀਤੇ ਹਨ॥ ੧॥

ਐਸੋ ਧਣੀ ਗੁਵਿੰਦੁ ਹਮਾਰਾ॥
ਬਰਨਿ ਨ ਸਾਕਉ ਗੁਣ ਬਿਸਥਾਰਾ॥ ੧॥ ਰਹਾਉ॥

ਹਮਾਰਾ ਧਣੀ= ਸਾਡਾ ਮਾਲਕ ਗੋਬਿੰਦ ਐਸੋ= ਅਜੇਹਾ ਹੈ। ਜਿਸ ਦੇ ਗੁਣਾਂ ਦਾ ਵਿਸਥਾਰ ਮੈਂ ਬਰਨਿ= ਕਥਨ ਨਹੀਂ ਕਰ ਸਕਦਾ॥ ੧॥ ਰਹਾਉ॥

ਕੋਟਿ ਮਾਇਆ ਜਾ ਕੈ ਸੇਵਕਾਇ ॥ ਕੋਟਿ ਜੀਅ ਜਾ ਕੀ ਸਿਹਜਾਇ ॥

ਕਰੋੜਾਂ ਹੀ ਮਾਇਆ= ਲਛਮੀਆਂ ਜਿਸ ਦੀਆਂ ਸੇਵਕਾਇ= ਦਾਸੀਆਂ ਹਨ। ਵਾ :- ਮਾਇਆ ਕਰੋੜਾਂ ਰੂਪ ਧਾਰ ਕੇ ਜਿਸ ਦੀ ਸੇਵਾ ਕਰਦੀ ਹੈ। ਕਰੋੜਾਂ ਜੀਵਾਂ ਦੇ ਅੰਤਹਕਰਨ ਜਿਸ ਦੀਆਂ ਸਿਹਜਾਇ= ਸੇਜਾਂ ਹਨ।

ਕੋਟਿ ਉਪਾਰਜਨਾ ਤੇਰੈ ਅੰਗਿ ॥ ਕੋਟਿ ਭਗਤ ਬਸਤ ਹਰਿ ਸੰਗਿ ॥ ੨ ॥

ਹੇ ਪ੍ਰਭੂ ! ਏਹ ਕਰੋੜਾਂ ਹੀ ਜੀਵ ਤੇਰੇ ਅੰਗ ਤੋਂ ਉਪਾਰਜਨਾ= ਪੈਦਾ ਹੋਏ ਹਨ। *ਅਥਵਾ :—* ਕਰੋੜਾਂ ਜਨ ਜੋ ਉਤਪਤ ਕੀਤੇ ਹੋਏ ਹਨ ਹੇ ਭਗਵਾਨ ! ਏਹੋ ਤੇਰੇ ਅੰਗ ਹਨ। ਕਰੋੜਾਂ ਭਗਤ ਹੇ ਹਰੀ ! ਤੇਰੇ ਨਾਲ ਵਸ ਰਹੇ ਹਨ, ਵਾ :- ਹੇ ਭਗਵਾਨ ! ਤੂੰ ਕਰੋੜਾਂ ਭਗਤਾਂ ਦੇ ਨਾਲ ਵਸ ਰਿਹਾ ਹੈਂ ॥ ੨ ॥

ਕੋਟਿ ਛਤ੍ਰਪਤਿ ਕਰਤ ਨਮਸਕਾਰ ॥ ਕੋਟਿ ਇੰਦ੍ਰ ਠਾਢੇ ਹੈ ਦੁਆਰ ॥

ਕਰੋੜਾਂ ਛਤ੍ਰ ਪਤੀ ਰਾਜੇ ਹੇ ਭਗਵਾਨ ! ਆਪ ਜੀ ਨੂੰ ਨਮਸਕਾਰਾਂ ਕਰਦੇ ਹਨ। ਕਰੋੜਾਂ ਇੰਦ੍ਰ ਆਪ ਜੀ ਦੇ ਦੁਆਰੇ ਪਰ ਠਾਢੇ= ਖੜੇ ਹਨ।

ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥
ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥ ੩ ॥

ਹੇ ਭਗਵਾਨ ! ਜਿਸ ਆਪ ਜੀ ਦੀ ਦ੍ਰਿਸ਼ਟੀ ਵਿਚ ਕਰੋੜਾਂ ਬੈਕੁੰਠ ਹਨ ਅਤੇ ਕਰੋੜਾਂ ਹੀ ਆਪ ਜੀ ਦੇ ਨਾਮ ਹਨ, ਜਿਨ੍ਹਾਂ ਨਾਮਾਂ ਦੀ ਕੀਮਤ ਨਹੀਂ ਪੈਂਦੀ ॥ ੩ ॥

ਕੋਟਿ ਪੂਰੀਅਤ ਹੈ ਜਾ ਕੈ ਨਾਦ ॥ ਕੋਟਿ ਅਖਾਰੇ ਚਲਿਤ ਬਿਸਮਾਦ ॥

ਜਿਸ ਆਪ ਜੀ ਦੇ ਘਰ ਵਿਚ ਕਰੋੜਾਂ ਨਾਦ= ਸ਼ਬਦ ਪੂਰੀਅਤ= ਉਚਾਰੇ ਜਾਂਦੇ ਹਨ, ਭਾਵ ਕੀਰਤਨ ਦੀ ਧੁਨ ਹੁੰਦੀ ਹੈ। ਵਾ :- ਜਿਸ ਆਪ ਜੀ ਦੇ ਦੁਆਰੇ ਪਰ ਨਾਦ= ਸੰਖ ਆਦਿਕ ਪੂਰੇ ਜਾਂਦੇ ਹਨ। ਬਿਸਮਾਦ= ਅਸਚਰਜ ਚਲਿਤ= ਕੌਤਕਾਂ ਵਾਲੇ ਕਰੋੜਾਂ ਅਖਾੜੇ ਹੋ ਰਹੇ ਹਨ।

ਕੋਟਿ ਸਕਤਿ ਸਿਵ ਆਗਿਆਕਾਰ ॥ ਕੋਟਿ ਜੀਅ ਦੇਵੈ ਆਧਾਰ ॥ ੪ ॥

ਕਰੋੜਾਂ ਸ਼ਕਤੀਆਂ ਅਤੇ ਸ਼ਿਵ ਏਹ ਆਗਿਆਕਾਰ ਹਨ, ਅਰਥਾਤ ਆਪ ਜੀ ਦੇ ਹੁਕਮ ਵਿਚ ਹਨ। ਆਪ ਕਰੋੜਾਂ ਹੀ ਜੀਵਾਂ ਨੂੰ ਆਧਾਰ= ਆਸਰਾ ਦੇਂਦੇ ਹੋ ॥ ੪ ॥

ਕੋਟਿ ਤੀਰਥ ਜਾ ਕੇ ਚਰਨ ਮਝਾਰ ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥

ਕਰੋੜਾਂ ਤੀਰਥ ਜਿਸ ਆਪ ਜੀ ਦੇ ਚਰਨਾਂ ਦੇ ਵਿਚ ਹਨ। ਆਪ ਜੀ ਦੇ ਪਵਿੱਤਰ ਤੇ ਚਾਰ= ਸੁੰਦਰ ਨਾਮ ਨੂੰ ਕਰੋੜਾਂ ਪੁਰਸ਼ ਜਪਦੇ ਹਨ। ਵਾ :- ਚਾਰੇ ਵੇਦ ਜਿਸ ਨਾਮ ਦੀ ਮਹਿਮਾ ਕਥਨ ਕਰਦੇ ਹਨ, ਉਸ ਪਵਿੱਤਰ ਨਾਮ ਨੂੰ ਕਰੋੜਾਂ ਪੁਰਸ਼ ਜਪਦੇ ਹਨ। ਵਾ :- ਆਪ ਜੀ ਦਾ ਚਾਰ= ਸੁੰਦਰ ਨਾਮ ਜਪਦਿਆਂ ਕਰੋੜਾਂ ਪਵਿਤ੍ਰਤਾਵਾਂ ਪ੍ਰਾਪਤ ਹੁੰਦੀਆਂ ਹਨ।

ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥ ੫ ॥

ਕਰੋੜਾਂ ਪੁਰਸ਼ ਪੁਜਾਰੀ ਹੋ ਕੇ ਆਪ ਜੀ ਦੀ ਪੂਜਾ ਕਰਦੇ ਹਨ। ਆਪ ਹੀ ਕਰੋੜਾਂ ਬ੍ਰਹਮੰਡਾਂ ਦੇ ਵਿਸਥਾਰ

ਕਰਨ ਵਾਲੇ ਹੋ, ਆਪ ਜੀ ਤੋਂ ਬਿਨਾ ਹੋਰ ਕੋਈ ਦੂਜਾ ਨਹੀਂ ਹੈ॥ ੫॥

ਕੋਟਿ ਮਹਿਮਾ ਜਾ ਕੀ ਨਿਰਮਲ ਹੰਸ॥
ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ॥

ਕਰੋੜਾਂ ਹੰਸ= ਸੂਰਜਾਂ ਵਰਗੀ, ਵਾ :- ਕਰੋੜਾਂ ਹੰਸਾਂ ਵਰਗੀ ਜਿਸ ਆਪ ਜੀ ਦੀ ਨਿਰਮਲ ਮਹਿਮਾ ਹੈ। ਵਾ :- ਕਰੋੜਾਂ ਹੀ ਹੰਸ= ਤਤਵੇਤਾ ਮਹਾਤਮਾਂ ਜਿਸ ਆਪ ਜੀ ਦੀ ਨਿਰਮਲ ਮਹਿਮਾ ਨੂੰ ਉਚਾਰਦੇ ਹਨ। ਬ੍ਰਹਮੰਸ= ਬ੍ਰਹਮਾ ਦੀ ਅੰਸ਼ ਨਾਰਦ ਮੁਨੀ ਜੀ, ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਅਤੇ ਭ੍ਰਿਗੂ ਜੀ ਆਦਿਕ ਸਾਰੇ ਹੇ ਭਗਵਾਨ! ਜਿਸ ਆਪ ਦੀ ਉਸਤਤੀ ਕਰੋੜ ਤਰ੍ਹਾਂ ਨਾਲ ਕਰਦੇ ਹਨ।

ਕੋਟਿ ਪਰਲਉ ਓਪਤਿ ਨਿਮਖ ਮਾਹਿ॥
ਕੋਟਿ ਗੁਣਾ ਤੇਰੇ ਗਣੇ ਨ ਜਾਹਿ॥ ੬॥

ਹੇ ਭਗਵਾਨ ! ਇਕ ਨਿਮਖ ਵਿਚ ਅਰਥਾਤ ਅੱਖ ਦੇ ਪਲਕਾਰੇ ਵਿਚ ਕਰੋੜਾਂ ਜੀਵਾਂ ਦੀ ਉਤਪਤੀ ਤੇ ਪਰਲੋ ਕਰ ਦੇਂਦੇ ਹੋ। ਤੇਰੇ ਕਰੋੜਾਂ ਗੁਣ ਹਨ ਜੋ ਮੇਰੇ ਪਾਸੋਂ ਗਿਣੇ ਨਹੀਂ ਜਾਂਦੇ॥ ੬॥

ਕੋਟਿ ਗਿਆਨੀ ਕਥਹਿ ਗਿਆਨੁ॥ ਕੋਟਿ ਧਿਆਨੀ ਧਰਤ ਧਿਆਨੁ॥

ਕਰੋੜਾਂ ਗਿਆਨੀ ਆਪ ਜੀ ਦੇ ਗਿਆਨ ਨੂੰ ਕਥਨ ਕਰਦੇ ਹਨ। ਕਰੋੜਾਂ ਧਿਆਨੀ ਪੁਰਸ਼ ਆਪ ਜੀ ਦੇ ਧਿਆਨ ਨੂੰ ਧਾਰਦੇ ਹਨ।

ਕੋਟਿ ਤਪੀਸਰ ਤਪ ਹੀ ਕਰਤੇ॥
[ਪੰਨਾ ੧੧੫੭] ਕੋਟਿ ਮੁਨੀਸਰ ਮੋਨਿ ਮਹਿ ਰਹਤੇ॥ ੭॥

ਕਰੋੜਾਂ ਤਪੀਸ਼੍ਵਰ ਲੋਕ ਆਪ ਜੀ ਨੂੰ ਮਿਲਣ ਵਾਸਤੇ ਤਪ ਹੀ ਕਰਦੇ ਰਹਿੰਦੇ ਹਨ। ਕਰੋੜਾਂ ਮੁਨੀਸ਼੍ਵਰ ਲੋਕ ਆਪ ਜੀ ਨੂੰ ਮਿਲਣ ਲਈ ਮੋਨ ਵਿਚ ਹੀ ਰਹਿੰਦੇ ਹਨ॥ ੭॥

ਅਵਿਗਤ ਨਾਥ ਅਗੋਚਰ ਸੁਆਮੀ॥
ਪੂਰਿ ਰਹਿਆ ਘਟਿ ਅੰਤਰਜਾਮੀ॥

ਹੇ ਸੁਆਮੀ ! ਤੂੰ ਅਵਗਤ ਨਾਥ ਹੈਂ ਤੇ ਅਗੋਚਰ= ਇੰਦ੍ਰੀਆਂ ਦੇ ਅਵਿਸ਼ੇ ਹੈਂ। ਹੇ ਅੰਤਰਜਾਮੀ= ਪਰਮਾਤਮਾ! ਤੂੰ ਸਾਰਿਆਂ ਘਟਾਂ ਵਿਚ ਪੂਰਨ ਹੋ ਰਿਹਾ ਹੈਂ।

ਜਤ ਕਤ ਦੇਖਉ ਤੇਰਾ ਵਾਸਾ॥
ਨਾਨਕ ਕਉ ਗੁਰਿ ਕੀਓ ਪ੍ਰਗਾਸਾ॥ ੮॥ ੨॥ ੫॥

ਜਿਥੇ ਕਿਥੇ ਮੈਂ ਤੇਰਾ ਹੀ ਨਿਵਾਸ ਦੇਖਦਾ ਹਾਂ। ਗੁਰੂ ਜੀ ਕਥਨ ਕਰਦੇ ਹਨ— ਮੈਂ ਸੇਵਕ ਨੂੰ ਪੂਰਿਆਂ ਗੁਰਾਂ ਨੇ ਏਹ ਪ੍ਰਕਾਸ਼ ਦੇਣਾ ਕੀਤਾ ਹੈ॥ ੮॥ ੨॥ ੫॥

ਭੈਰਉ ਮਹਲਾ ੫ ॥

ਸਤਿਗੁਰਿ ਮੋਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥

ਸਤਿਗੁਰਾਂ ਨੇ ਕਿਰਪਾ ਕਰ ਕੇ ਮੈਨੂੰ ਦਾਨ ਦਿੱਤਾ ਹੈ। *ਪ੍ਰਸ਼ਨ-* ਜੀ ਕੇਹੜਾ ਦਾਨ ਦਿੱਤਾ ਹੈ? *ਉੱਤਰ-* ਅਮੋਲਕ ਹਰੀ ਨਾਮ ਰੂਪ ਰਤਨ ਦਾ ਦਾਨ ਦਿੱਤਾ ਹੈ।

ਸਹਜ ਬਿਨੋਦ ਚੋਜ ਆਨੰਤਾ ॥
ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥ ੧ ॥

ਸਹਜ= ਸੁਭਾਵਕ ਹੀ ਚੋਜ= ਅਸਚਰਜ ਬਿਨੋਦ= ਕੌਤਕਾਂ ਦੇ ਕਰਨ ਵਾਲਾ ਜੋ ਆਨੰਤਾ= ਬੇਅੰਤ ਪਰਮਾਤਮਾ ਹੈ। ਗੁਰੂ ਜੀ ਕਥਨ ਕਰਦੇ ਹਨ— ਉਹ ਪ੍ਰਭੂ ਮੈਂ ਨਾਨਕ ਨੂੰ ਅਚਿੰਤਾ= ਅਚਾਨਕ (ਸੁਤੇ ਸਿਧ) ਮਿਲ ਪਿਆ ਹੈ॥ ੧ ॥

ਕਹੁ ਨਾਨਕ ਕੀਰਤਿ ਹਰਿ ਸਾਚੀ ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥ ੧ ॥ ਰਹਾਉ ॥

ਗੁਰੂ ਜੀ ਕਥਨ ਕਰਦੇ ਹਨ—ਹਰੀ ਦੀ ਜੋ ਸੱਚੀ ਕੀਰਤੀ ਹੈ। ਮੇਰਾ ਮਨ ਬਹੁਰਿ ਬਹੁਰਿ= ਮੁੜ-ਮੁੜ ਕੇ ਉਸ ਦੇ ਨਾਲ ਰਾਚੀ= ਰਚ ਰਿਹਾ (ਤਦਾਕਾਰ ਹੋ ਰਿਹਾ) ਹੈ।

ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥

ਅਚਿੰਤ= ਅਚਾਨਕ ਹੀ ਸਾਨੂੰ ਭਾਉ= ਗਿਆਨ ਰੂਪੀ ਭੋਜਨ ਪ੍ਰਾਪਤ ਹੋਇਆ ਹੈ। ਵਾ :- ਅਚਿੰਤ= ਪਰਮਾਤਮਾ ਦਾ ਭਾਉ= ਪ੍ਰੇਮ ਰੂਪੀ ਭੋਜਨ ਸਾਨੂੰ ਪ੍ਰਾਪਤ ਹੋਇਆ ਹੈ।

ਵਾ :- ਭਾਉ= ਗਿਆਨ ਰੂਪ ਭੋਜਨ ਪ੍ਰਾਪਤ ਹੋਣ ਨਾਲ ਸਾਡੇ ਮਨ ਬੁਧ ਆਦਿਕ ਚਿੰਤਾ ਤੋਂ ਰਹਿਤ ਹੋ ਗਏ। ਅਚਾਨਕ ਹੀ ਸਾਡੇ ਪਾਸੋਂ ਤਾਂ ਅਚਿੰਤ= ਪਰਮਾਤਮਾ ਦਾ ਨਾਮ ਲੀਤਾ ਜਾਂਦਾ ਹੈ।

ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥ ੨ ॥

ਸਾਡੇ ਹਿਰਦੇ ਵਿਚ ਗੁਰ-ਸ਼ਬਦ ਦੀ ਪ੍ਰਾਪਤੀ ਹੋਣ ਕਰ ਕੇ ਅਚਾਨਕ ਹੀ ਸਬਦਿ= ਸੰਸਾਰ ਤੋਂ ਉਧਾਰ ਹੋ ਗਿਆ ਹੈ। ਅਚਿੰਤ= ਅਚਾਨਕ ਹ ਸਾਡੇ ਅੰਤਹਕਰਨ ਰੂਪ ਭੰਡਾਰੇ ਸ਼ੁਭ ਗੁਣਾਂ ਨਾਲ ਭਰੇ ਗਏ ਹਨ।

ਵਾ :- ਅੰਤਹਕਰਨ ਰੂਪ ਭੰਡਾਰੇ ਸ਼ੁਭ ਗੁਣਾਂ ਨਾਲ ਭਰ ਜਾਣ ਕਰ ਕੇ ਅਸੀਂ ਅਚਿੰਤ= ਚਿੰਤਾ ਤੋਂ ਰਹਿਤ ਹੋ ਗਏ ਹਾਂ॥ ੨ ॥

ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ ॥

ਅਚਿੰਤ= ਅਚਾਨਕ ਹੀ ਸਾਡੇ ਸਾਰੇ ਕੰਮ ਪੂਰੇ ਹੋ ਗਏ ਹਨ। ਵਾ :- ਸਾਰੇ ਕੰਮ ਪੂਰੇ ਹੋ ਜਾਣ ਤੇ ਅਸੀਂ ਅਚਿੰਤ= ਚਿੰਤਾ ਤੋਂ ਰਹਿਤ ਹੋ ਗਏ ਹਾਂ। ਅਚਾਨਕ ਹੀ ਆਪਣੇ ਆਪ ਸਾਡੇ ਸਾਰੇ ਵਿਸੂਰੇ= ਝੋਰੇ ਲਹਿ ਗਏ ਹਨ।

ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥ ੩ ॥

ਅਚਿੰਤ= ਅਚਾਨਕ ਹੀ ਸਾਡੇ ਪ੍ਰਤਖ ਸਾਰੇ ਵੈਰੀ ਮਿੱਤਰ ਹੋ ਗਏ ਹਨ। ਵਾ :- ਕਾਮ ਕ੍ਰੋਧ ਆਦਿਕ ਵੈਰੀ ਮਿੱਤਰ ਹੋ ਗਏ ਹਨ। ਅਚਿੰਤੋ= ਅਚਾਨਕ ਹੀ ਇਸ ਆਪਣੇ ਚੰਚਲ ਮਨ ਨੂੰ ਵੱਸ ਵਿਚ ਕਰ ਲਿਆ ਹੈ॥ ੩ ॥

ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ ਪੂਰਨ ਆਸਾ ॥

ਅਚਿੰਤ= ਅਚਾਨਕ (ਆਪਣੇ ਆਪ) ਹੀ ਪ੍ਰਭੂ ਨੇ ਮੈਨੂੰ ਧੀਰਜ ਦਿੱਤਾ ਹੈ। ਅਚਿੰਤ= ਅਚਾਨਕ (ਸੁਤੇ ਸਿਧ) ਹੀ ਸਾਡੀ ਆਸਾ ਪੂਰੀ ਹੋ ਗਈ ਹੈ।

ਅਚਿੰਤ ਹਮ੍ਹਾ ਕਉ ਸਗਲ ਸਿਧਾਂਤੁ ॥
ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥ ੪ ॥

ਅਚਿੰਤ= ਅਚਾਨਕ (ਆਪਣੇ ਆਪ) ਹੀ ਹਮ੍ਹਾ ਕਉ= ਮੈਨੂੰ ਸਾਰੇ ਸਿਧਾਂਤ ਮਿਲ ਗਏ ਹਨ ਅਤੇ ਅਚਿੰਤੁ= ਅਚਾਨਕ (ਆਪਣੇ ਆਪ) ਹੀ ਮੈਨੂੰ ਗੁਰਾਂ ਨੇ ਮੰਤਰ ਦਿੱਤਾ ਹੈ॥ ੪ ॥

ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥

ਅਚਿੰਤ= ਅਚਾਨਕ (ਆਪਣੇ ਆਪ) ਹੀ ਮੇਰੇ ਹਿਰਦੇ ਵਿਚੋਂ ਵੈਰ ਭਾਵ ਨਾਸ ਹੋ ਗਏ ਹਨ। ਅਚਿੰਤ= ਅਚਾਨਕ (ਆਪਣੇ ਆਪ) ਹੀ ਮੇਰੇ ਹਿਰਦੇ ਵਿਚੋਂ ਅੰਧੇਰ= ਅਗਿਆਨ ਦੇ ਸਹਿਤ ਸਾਰੇ ਪਾਪ ਮਿਟ ਗਏ ਹਨ।

ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥
ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥ ੫ ॥

ਅਚਿੰਤੋ= ਅਚਾਨਕ (ਆਪਣੇ ਆਪ) ਹੀ ਮਨ ਵਿਚ ਪ੍ਰਭੂ ਦਾ ਕੀਰਤਨ ਮੀਠਾ= ਪਿਆਰਾ ਲੱਗਾ ਹੈ। ਅਚਿੰਤੋ= ਅਚਾਨਕ (ਆਪਣੇ ਆਪ) ਹੀ ਪ੍ਰਭੂ ਨੂੰ ਘਟ-ਘਟ ਵਿਚ ਵਿਆਪਕ ਦੇਖਿਆ ਹੈ॥ ੫ ॥

ਅਚਿੰਤ ਮਿਟਿਓ ਹੈ ਸਗਲੋ ਭਰਮਾ ॥
ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥

ਅਚਿੰਤ=ਅਚਾਨਕ (ਆਪਣੇ ਆਪ) ਹੀ ਸਾਰਾ ਭਰਮ ਮਿਟਿਓ= ਮਿਟ ਗਿਆ ਹੈ। ਅਚਿੰਤ= ਪਰਮਾਤਮਾ ਮਨ ਵਿਚ ਵਸਿਆ ਤਾਂ ਸੁਖਾਂ ਵਿਚ ਬਿਸ੍ਰਾਮਾ= ਵਾਸਾ ਹੋਇਆ।

ਵਾ :- ਅਚਿੰਤ= ਅਚਾਨਕ (ਸੁਤੇ ਸਿਧ) ਹੀ ਮਨ ਸੁਖ ਰੂਪੀ ਬਿਸ੍ਰਾਮ= ਘਰ ਵਿਚ ਜਾ ਵਸਿਆ।

ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥ ੬ ॥

ਅਚਿੰਤ= ਅਚਾਨਕ ਹੀ ਸਾਡੇ ਘਰ ਵਿਚ ਅਨਹਤ= ਇਕ-ਰਸ ਅਚਿੰਤ= ਪਰਮਾਤਮਾ ਦੇ ਨਾਮਾਂ ਰੂਪੀ ਵਾਜੇ ਵੱਜੇ ਤਾਂ ਅਚਿੰਤ= ਅਚਾਨਕ ਹੀ ਮੇਰੇ ਹਿਰਦੇ ਵਿਚ ਗੋਬਿੰਦ ਗਾਜੈ= ਪਰਗਟ ਹੋ ਗਿਆ॥ ੬ ॥

ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥

ਅਚਿੰਤ= ਅਚਾਨਕ (ਆਪਣੇ ਆਪ) ਜਦ ਸਾਡੇ ਮਨ ਨੂੰ ਪੂਰਨ ਪਤੀਆਨਾ= ਭਰੋਸਾ ਹੋਇਆ ਤਾਂ

ਅਚਿੰਤੁ= ਸੁਤੇ ਸਿਧ ਨਿਹਚਲ ਧਨੀ= ਪਰਮਾਤਮਾ ਨੂੰ ਪਛਾਣ ਲਿਆ।

ਅਚਿੰਤੋ ਉਪਜਿਓ ਸਗਲ ਬਿਬੇਕਾ ॥
ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥ ੭ ॥

ਜਿਸ ਵੇਲੇ ਅਚਿੰਤੋ= ਅਚਾਨਕ ਹੀ ਸੰਪੂਰਨ ਬਿਬੇਕ ਹਿਰਦੇ ਵਿਚ ਪੈਦਾ ਹੋਇਆ ਤਾਂ ਅਚਿੰਤ= ਅਚਾਨਕ ਹੀ ਹਰਿ ਹਰਿ ਦੀ ਟੇਕਾ= ਓਟ ਮਨ ਰੂਪੀ ਹੱਥ ਵਿਚ ਚਰੀ= ਪ੍ਰਾਪਤ ਹੋ ਗਈ॥ ੭॥

ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥

ਅਚਿੰਤ ਪ੍ਰਭੂ ਨੇ ਮੁੱਢ ਤੋਂ ਹੀ ਸਾਡੇ ਮੱਥੇ ਪਰ ਚੰਗਾ ਲੇਖ ਲਿਖਿਆ ਹੈ। (ਇਸ ਲਈ) ਅਚਿੰਤ= ਅਚਾਨਕ (ਆਪਣੇ ਆਪ) ਹੀ ਇਕ ਪ੍ਰਭੂ ਸੁਆਮੀ ਆ ਮਿਲਿਆ ਹੈ।

ਚਿੰਤ ਅਚਿੰਤਾ ਸਗਲੀ ਗਈ ॥
ਪ੍ਰਭ ਨਾਨਕ ਨਾਨਕ ਨਾਨਕ ਮਈ ॥ ੮ ॥ ੩ ॥ ੬ ॥

ਚਿੰਤ ਅਚਿੰਤ= ਫ਼ਿਕਰ ਤੇ ਬੇ-ਫ਼ਿਕਰੀ ਮੇਰੀ ਸਾਰੀ ਦੂਰ ਹੋ ਗਈ ਹੈ। ਅਚਿੰਤਾ ਦੀ ਅਪੇਖਿਆ ਨੂੰ ਲੈ ਕੇ ਚਿੰਤਾ ਹੁੰਦੀ ਹੈ। ਇਸ ਕਰ ਕੇ ਦੋਵੇਂ ਚਲੀਆਂ ਗਈਆਂ ਹਨ ਤੇ ਇਸ ਤਰ੍ਹਾਂ ਨਿਸਚੇ ਹੋ ਗਿਆ ਹੈ-

ਪ੍ਰਭੂ ਹੀ ਗੁਰੂ ਨਾਨਕ ਹੈ ਤੇ ਗੁਰੂ ਨਾਨਕ 'ਨਾਨਕ ਮਈ'= ਪ੍ਰਭੂ ਰੂਪ ਹੈ

ਕਿਉਂਕਿ-ਅਨਿਕ ਰਹਿਤ ਪ੍ਰਮਾਤਮ ਜੋਈ। ਨਾਨਕ ਨਾਮ ਕਹਾਵੈ ਸੋਈ।

ਜਾਂ—ਅਨਕੰ ਨ ਬਿਦਤੇ ਜਸ ਮਨਸਾ ਸਾ ਨਾਨਕਾ।

ਅਥਵਾ :— ਨਾਨਕ ਗਦੀ ਦਾ ਵਾਚਕ ਹੈ, ਇਸ ਲਈ ਪਹਿਲੇ ਨਾਨਕ ਦਾ ਅਰਥ ਸ੍ਰੀ ਗੁਰੂ ਅਰਜਨ ਦੇਵ ਜੀ ਕਰਨਾ। ਨਾਨਕ= ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ— ਨਾਨਕ= ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਹ ਪ੍ਰਭ ਨਾਨਕ ਮਈ= ਪਰਮੇਸ਼ਰ ਦਾ ਸਰੂਪ ਹਨ॥ ੮ ॥ ੩ ॥ ੬ ॥

ਨੋਟ— ਤੀਜਾ ਨਾਨਕ ਪਰਮੇਸ਼ਰ ਦਾ ਵਾਚਕ ਹੈ।

ਭੈਰਉ ਬਾਣੀ ਭਗਤਾ ਕੀ

ਕਬੀਰ ਜੀਉ ਘਰੁ ੧ ॥ ੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ- ਭਗਤ ਕਬੀਰ ਜੀ ਪਾਸ ਪੰਡਿਤਾਂ ਨੇ ਆ ਕੇ ਕਿਹਾ— "ਬੇਰੁਜ਼ਗਾਰੀ ਦੇ ਕਾਰਨ ਤੂੰ ਇਕ ਬੜਾ ਗਰੀਬ ਪੁਰਸ਼ ਹੈਂ, ਤੇਰੇ ਨਾਲ ਸੰਬਾਦ ਕਰਨਾ ਕੋਈ ਅਰਥ ਨਹੀਂ ਰੱਖਦਾ।"

ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ :-

ਇਹੁ ਧਨੁ ਮੇਰੇ ਹਰਿ ਕੋ ਨਾਉ ॥
ਗਾਂਠਿ ਨ ਬਾਧਉ ਬੇਚਿ ਨ ਖਾਉ ॥ ੧ ॥ ਰਹਾਉ ॥

(ਜਿਵੇਂ ਅਵਧੂਤ ਗੁਰੂ ਕਿਸੇ ਨੂੰ ਉਪਦੇਸ਼ ਨਹੀਂ ਦੇਂਦੇ, ਉਨ੍ਹਾਂ ਦੀ ਨਿਆਈ ਮੈਂ ਆਪਣੀ) ਬੁੱਧੀ ਰੂਪ ਗੰਢ ਵਿਚ ਨਾਮ ਰੂਪ ਧਨ ਬੰਨ੍ਹ ਕੇ ਨਹੀਂ ਰੱਖਦਾ, ਭਾਵ ਅਧਿਕਾਰੀ ਜਗਿਆਸੂ ਨੂੰ ਜ਼ਰੂਰ ਹੀ ਮੈਂ ਨਾਮ-ਧਨ ਦਾ ਉਪਦੇਸ਼ ਦੇਂਦਾ ਹਾਂ ਅਤੇ (ਜਿਵੇਂ ਪੰਡਿਤ ਲੋਕ ਚੁਕਾਵਾ ਚੁੱਕ ਕੇ, ਪਹਿਲੇ ਆਪਣੇ ਰੁਪਏ ਖਰੇ ਕਰ ਕੇ ਫਿਰ ਕਥਾ ਕਰਦੇ ਹਨ ਉਹਨਾਂ ਵਾਂਗ ਮੈਂ) ਵੇਚ ਕੇ ਨਹੀਂ ਖਾਂਦਾ ਭਾਵ ਅਨ-ਅਧਿਕਾਰੀ ਨੂੰ ਮੈਂ ਉਪਦੇਸ਼ ਨਹੀਂ ਦੇਂਦਾ* ॥ ੧ ॥ ਰਹਾਉ ॥

ਫੇਰ ਪੰਡਿਤ ਨੇ ਕਿਹਾ-"ਜੇ ਹੋਰ ਕੁਝ ਨਹੀਂ ਕਰ ਸਕਦਾ ਤਾਂ ਖੇਤੀ ਬਾੜੀ ਦਾ ਕੰਮ ਜ਼ਰੂਰ ਕਰਿਆ ਕਰ ਕਿਉਂਕਿ ਤੇਰੇ ਪਾਸ ਬਹੁਤ ਸਾਰੇ ਸਾਧੂ ਆਉਂਦੇ ਹਨ, ਉਹਨਾਂ ਦੇ ਲੰਗਰ ਪਾਣੀ ਲਈ ਸੌਖਾ ਹੋ ਜਾਏਂਗਾ!" ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ—

ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥

ਪਰਮਾਤਮਾ ਦਾ ਨਾਮ ਹੀ ਮੇਰੀ ਖੇਤੀ ਹੈ ਤੇ ਨਾਮ ਹੀ ਮੇਰੀ ਬਾਰੀ= ਬਗੀਚੀ ਹੈ। ਵਾ :- ਨਾਉ= ਪ੍ਰਸਿਧ ਮੇਰੇ ਸ਼ੁਭ ਗੁਣਾਂ ਰੂਪੀ ਖੇਤੀ ਹੈ ਅਤੇ ਨਾਉ= ਪ੍ਰਸਿਧ ਹੀ ਮੇਰੇ ਸਤਸੰਗਤਿ, ਵਾ :- ਧਰਮ ਦਇਆ ਰੂਪੀ ਬਾਰੀ= ਬਗੀਚੀ ਹੈ।

ਹੇ ਵਾਹਿਗੁਰੂ ! ਮੈਂ ਜਨੁ= ਦਾਸ ਆਪ ਜੀ ਦੀ ਸ਼ਰਨ ਲੈ ਕੇ ਤੁਹਾਡੀ ਭਗਤੀ ਕਰਦਾ ਹਾਂ ॥ ੧ ॥

ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥
ਤੁਮਹਿ ਛੋਡਿ ਜਾਨਉ ਨਹੀ ਦੂਜੀ ॥ ੨ ॥

ਪਰਮੇਸ਼ਰ ਦਾ ਨਾਮ ਹੀ ਮੇਰੇ ਪਾਸ ਦੌਲਤ ਹੈ, ਨਾਮ ਹੀ ਮੇਰੇ ਪਾਸ ਪੂੰਜੀ= ਰਾਸ ਹੈ, ਸੌਦਾ ਖਰੀਦਣ

---

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ ੨੩ ॥ (ਪੰਨਾ ੧੩੬੫)

ਲਈ। ਹੇ ਅਕਾਲ ਪੁਰਖ! ਤੁਹਾਨੂੰ ਛੱਡ ਕੇ ਮੈਂ ਹੋਰ ਕੋਈ ਦੂਜੀ ਗੱਲ ਨਹੀਂ ਜਾਣਦਾ॥ ੨॥

ਨਾਉ ਮੇਰੇ ਬੰਧਪ ਨਾਉ ਮੇਰੇ ਭਾਈ॥
ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ॥ ੩॥

ਪਰਮੇਸ਼ਰ ਦਾ ਨਾਮ ਹੀ ਮੇਰੇ ਸਨਬੰਧੀ ਹਨ, ਨਾਮ ਹੀ ਮੇਰੇ ਸਕੇ ਭਾਈ= ਭਰਾ ਹਨ।

ਪਰਮੇਸ਼ਰ ਦਾ ਨਾਮ ਹੀ ਮੇਰੇ ਨਾਲ ਅੰਤ ਨੂੰ ਸਹਾਇਤਾ ਕਰਨ ਵਾਲਾ ਹੋਵੇਗਾ।

ਜਿਵੇਂ ਭਗਤ ਕਬੀਰ ਜੀ ਨੇ ਇਸ ਸ਼ਬਦ ਵਿਚ ਪਰਮੇਸ਼ਰ ਦੇ ਨਾਮ ਨੂੰ ਹੀ ਸਭ ਕਥਨ ਕੀਤਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਮੇਸ਼ਰ ਦੇ ਨਾਮ ਨੂੰ ਹੀ ਸਭ ਕੁਝ ਦਰਸਾਇਆ ਹੈ :

ਨਾਮੁ ਹਮਾਰੈ ਬੇਦ ਅਰੁ ਨਾਦ॥ ਨਾਮੁ ਹਮਾਰੈ ਪੂਰੇ ਕਾਜ॥
ਨਾਮੁ ਹਮਾਰੈ ਪੂਜਾ ਦੇਵ॥ ਨਾਮੁ ਹਮਾਰੈ ਗੁਰ ਕੀ ਸੇਵ॥ ੧॥
ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ॥ ਸਭ ਤੇ ਊਤਮੁ ਹਰਿ ਹਰਿ ਕਾਮੁ॥ ੧॥ ਰਹਾਉ॥
ਨਾਮੁ ਹਮਾਰੈ ਮਜਨ ਇਸਨਾਨੁ॥ ਨਾਮੁ ਹਮਾਰੈ ਪੂਰਨ ਦਾਨੁ॥
ਨਾਮੁ ਲੈਤ ਤੇ ਸਗਲ ਪਵੀਤ॥ ਨਾਮੁ ਜਪਤ ਮੇਰੇ ਭਾਈ ਮੀਤ॥ ੨॥
ਨਾਮੁ ਹਮਾਰੈ ਸਉਣ ਸੰਜੋਗ॥ ਨਾਮੁ ਹਮਾਰੈ ਤ੍ਰਿਪਤਿ ਸੁ ਭੋਗ॥
ਨਾਮੁ ਹਮਾਰੈ ਸਗਲ ਆਚਾਰ॥ ਨਾਮੁ ਹਮਾਰੈ ਨਿਰਮਲ ਬਿਉਹਾਰ॥ ੩॥

(ਭੈਰਉ ਮਹਲਾ ੫, ਪੰਨਾ ੧੧੪੫)

ਮਾਇਆ ਮਹਿ ਜਿਸੁ ਰਖੈ ਉਦਾਸੁ॥
ਕਹਿ ਕਬੀਰ ਹਉ ਤਾ ਕੋ ਦਾਸੁ॥ ੪॥ ੧॥

ਪ੍ਰਤੱਖ ਮਾਇਆ ਵਿਚੋਂ ਜਿਸ ਨੂੰ ਪਰਮਾਤਮਾ ਉਦਾਸ ਰੱਖਦਾ ਹੈ। ਕਬੀਰ ਜੀ ਕਹਿੰਦੇ ਹਨ— ਮੈਂ ਉਸ ਮਹਾਂ ਪੁਰਸ਼ ਦਾ ਦਾਸ ਹਾਂ॥ ੪॥ ੧॥

ਉਥਾਨਕਾ- ਇਕ ਰਾਜਾ ਸਭਾ ਵਿਚ ਬੈਠਾ ਹੋਇਆ ਸੀ 'ਮਾਇਆ ਮਹਿ ਜਿਸੁ ਰਖੈ ਉਦਾਸੁ॥ ਕਹਿ ਕਬੀਰ ਹਉ ਤਾ ਕੋ ਦਾਸੁ॥' ਇਹ ਦੋ ਤੁਕਾਂ ਸੁਣ ਕੇ ਉਸ ਨੇ ਕਬੀਰ ਜੀ ਦੀ ਪ੍ਰੀਖਿਆ ਲੈਣ ਵਾਸਤੇ ਰੁਪਯਾਂ ਦਾ ਇਕ ਥਾਲ ਭਰ ਕੇ ਅੱਗੇ ਰੱਖ ਦਿੱਤਾ। ਹੱਥ ਜੋੜ ਕੇ ਬੇਨਤੀ ਕੀਤੀ- ''ਭਗਤ ਜੀ ! ਆਪ ਇਸ ਨੂੰ ਅੰਗੀਕਾਰ ਕਰ ਲਵੋ ਆਪ ਦਾ ਗੁਜ਼ਾਰਾ ਹੱਛਾ ਚਲਦਾ ਰਹੇਗਾ, ਕਿਉਂਕਿ ਇਸ ਤੋਂ ਬਿਨਾਂ ਭੋਜਨ, ਬਸਤ੍ਰ ਆਦਿ ਦਾ ਗੁਜ਼ਾਰਾ ਨਹੀਂ ਹੁੰਦਾ।''

ਇਹ ਗੱਲ ਸੁਣ ਕੇ ਕਬੀਰ ਜੀ ਨੇ ਆਖਿਆ— ''ਮੇਰੇ ਪਾਸ ਤਾਂ ਅੱਗੇ ਹੀ ਬਹੁਤ ਸਾਰਾ ਧਨ ਹੈ, ਤੇਰੇ ਇਸ ਧਨ ਦੀ ਮੈਨੂੰ ਕੋਈ ਲੋੜ ਨਹੀਂ ਤੂੰ ਆਪਣਾ ਧਨ ਉਠਾ ਲੈ।'' ਇਹ ਬਚਨ ਸੁਣ ਕੇ ਰਾਜੇ ਨੇ ਕਿਹਾ— ''ਆਪ ਜੀ ਪਾਸ ਕਿਹੜਾ ਧਨ ਹੈ।'' ਕਬੀਰ ਜੀ ਉੱਤਰ ਦੇਂਦੇ ਹਨ- (ਰਹਾਉ ਦੀਆਂ ਪੰਗਤੀਆਂ ਦਾ ਅਰਥ ਪਹਿਲੇ ਕਰਨਾ)

ਰਾਮੁ ਰਾਜਾ ਨਉ ਨਿਧਿ ਮੇਰੈ॥
ਸੰਪੈ ਹੇਤੁ ਕਲਤੁ ਧਨੁ ਤੇਰੈ॥ ੧॥ ਰਹਾਉ॥

ਹੇ ਰਾਜਨ ! ਰਾਮੁ ਰਾਜਾ= ਸਾਰੇ ਪਰੀਪੂਰਨ ਹੋਇਆ ਅਤੇ ਸਭ ਦਾ ਰਾਜਾ ਜੋ ਪਰਮੇਸ਼ਰ ਹੈ, ਓਹੀ ਮੇਰੇ ਪਾਸ ਨੌ ਨਿਧੀ ਰੂਪ ਧਨ ਹੈ।

ਰਾਜਸੀ ਸੰਪਦਾ ਤੇ ਇਸਤ੍ਰੀ ਆਦਿਕਾਂ ਵਿਖੇ ਜਿਹੜਾ ਹੇਤੁ= ਪ੍ਰੇਮ ਕਰਨਾ ਹੈ, ਤੇਰੇ ਪਾਸ ਤਾਂ ਏਹੀ ਧਨ ਹੈ। *ਅਥਵਾ :-* ਰਾਜ-ਭਾਗ ਸੰਪਦਾ ਅਤੇ ਕਲਤ੍ਰ= ਇਸਤ੍ਰੀ ਪੁੱਤਰ ਆਦਿ ਪ੍ਰਵਾਰ ਤੇ ਧਨ ਇਸ ਵਿਚ ਤੇਰੇ ਚਿਤ ਦਾ ਹੇਤੁ= ਪ੍ਰੇਮ ਲੱਗ ਰਿਹਾ ਹੈ। ਇਹ ਨਿਯਮ ਸਮਝ ਲੈ ਇਸ ਵਿਚ ਲੱਗਣ ਕਰ ਕੇ ਅਨੇਕਾਂ ਹੀ ਦੁੱਖ ਸਹਾਰਨੇ ਪੈਂਦੇ ਹਨ।

(ਹੁਣ ਆਦ ਦੀਆਂ ਦੋ ਤੁਕਾਂ ਲੈਣੀਆਂ)

ਨਾਂਗੇ ਆਵਨੁ ਨਾਂਗੇ ਜਾਨਾ ॥ ਕੋਇ ਨ ਰਹਿਹੈ ਰਾਜਾ ਰਾਨਾ ॥ ੧ ॥

ਨੰਗੇ ਹੀ ਆਉਣਾ ਹੈ ਨੰਗੇ ਹੀ ਚਲੇ ਜਾਣਾ ਹੈ।

ਯਥਾ:- ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥ (ਪੰਨਾ ੭੪)
ਤਥਾ:- ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥
ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥ ੧ ॥ (ਪੰਨਾ ੨੦੬)

ਚਾਹੇ ਕੋਈ ਰਾਜਾ ਹੈ, ਚਾਹੇ ਕੋਈ ਰਾਣਾ, ਦੁਨੀਆਂ ਵਿਚ ਸਰੀਰ ਕਰ ਕੇ ਕਿਸੇ ਨਹੀਂ ਰਹਿਣਾ।*

ਯਥਾ :- ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥ (ਪੰਨਾ ੧੪੧)
ਤਥਾ:- ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥ (ਪੰਨਾ ੯੩੬)
ਤਥਾ:-ਰਾਣਾ ਰਾਉ ਸਭੈ ਕੋਊ ਚਾਲੈ ਝੂਠ ਛੋਡਿ ਜਾਇ ਪਾਸਾਰੁ ॥ (ਪੰਨਾ ੧੨੦੦)

ਪੁਨਾ ਇਹ ਮਾਇਆ ਐਸੀ ਹੈ :-

[ਪੰਨਾ ੧੧੫੮]

ਆਵਤ ਸੰਗ ਨ ਜਾਤ ਸੰਗਾਤੀ ॥

ਨਾ ਆਉਂਦਿਆਂ ਸੰਗੀ ਅਤੇ ਨਾ ਹੀ ਜਾਂਦਿਆਂ ਸੰਗਾਤੀ= ਸਾਥੀ ਹੁੰਦੀ ਹੈ।

ਵਾ :- ਨਾ ਕੋਈ ਨਾਲ ਆਉਂਦਾ ਹੈ, ਨਾ ਹੀ ਕੋਈ ਨਾਲ ਜਾਂਦਾ ਹੈ।

ਕਹਾ ਭਇਓ ਦਰਿ ਬਾਂਧੇ ਹਾਥੀ ॥ ੨ ॥

ਕ਼ਹਾ= ਕੀ ਹੋਇਆ, ਜੇ ਬੂਹੇ ਉੱਤੇ (ਦੋ ਚਾਰ ਹਾਥੀ) ਬੰਨ੍ਹੇ ਹੋਏ ਹਨ ॥ ੨ ॥

ਯਥਾ :-ਸਰਬ ਸੁੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥ ੩ ॥ (ਪੰਨਾ ੬੯੩)

ਹੇ ਰਾਜਨ ! ਦੇਖ, ਰਾਵਣ ਨਾਲੋਂ ਬਹੁਤੀ ਬਿਭੂਤੀ ਕਿਸੇ ਦੀ ਨਹੀਂ-

ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥ ੩ ॥

(ਜਿਸ ਰਾਵਣ ਦੀ) ਲੰਕਾ ਦਾ ਕਿਲ੍ਹਾ ਸੋਨੇ ਦਾ ਸਾਰਾ ਬਣਿਆਂ ਹੋਇਆ ਸੀ, ਉਹ ਮੂਰਖ ਰਾਵਣ ਨਾਲ

**ਨੋਟ-ਰਾਜਾ ਵੱਡਾ ਹੁੰਦਾ ਹੈ, ਰਾਣਾ ਛੋਟਾ ਹੁੰਦਾ ਹੈ।*

ਕੀ ਲੈ ਗਿਆ? ਭਾਵ ਕੁਝ ਨਹੀਂ (ਹੋਰ ਕੀ ਕਹਿਣਾ ਹੈ ਅੰਤ ਨੂੰ ਮਰਨ ਵੇਲੇ ਰਤਾ ਭਰ ਮੂੰਹ ਵਿਚ ਸੋਨਾ ਪਾਉਣਾ ਵੀ ਨਹੀਂ ਮਿਲਿਆ)।

ਪ੍ਰਸ਼ਨ- ਰਾਵਣ ਤਾਂ ਜ਼ਾਤੀ ਦਾ ਬ੍ਰਾਹਮਣ ਅਤੇ ਬੜਾ ਵਿਦਵਾਨ ਸੀ, ਜਿਸ ਨੇ ਵੇਦਾਂ ਦਾ ਟੀਕਾ ਕੀਤਾ ਸੀ, ਫਿਰ ਉਸ ਨੂੰ ਮੂਰਖ ਕਿਉਂ ਕਿਹਾ?

ਉੱਤਰ- ਜੋਗੀ ਦਾ ਭੇਖ ਧਾਰ ਕੇ ਭਿਖਿਆ ਮੰਗਣ ਦੇ ਬਹਾਨੇ ਪਰ ਇਸਤ੍ਰੀ (ਸੀਤਾ) ਨੂੰ ਚੁਰਾ ਕੇ ਲੈ ਗਿਆ ਸੀ, ਇਸ ਕਰ ਕੇ ਮੂਰਖ ਪਦ ਰਾਵਣ ਨੂੰ ਦਿੱਤਾ ਹੈ।

ਜੇ ਕੋਈ ਸ਼ੰਕਾ ਵਾਦੀ ਕਹੇ-ਕਿ ਰਾਵਣ ਦੀ ਭਵਿਛਤ ਹੀ ਐਸੀ ਲਿਖੀ ਹੋਈ ਸੀ ਉਸ ਨੇ ਤਾਂ ਕੇਵਲ ਆਪਣੀ ਮੋਖਸ਼ ਵਾਸਤੇ ਸੀਤਾ ਚੁਰਾ ਕੇ ਸ੍ਰੀ ਰਾਮਚੰਦ੍ਰ ਜੀ ਨਾਲ ਵਿਗਾੜ ਪਾਇਆ ਸੀ ਤਾਂ ਇਸ ਤੁਕ ਦਾ ਅਰਥ ਇਉਂ ਕਰਨਾ-

ਮੂਰਖੁ ਰਾਵਨੁ ਕਿਆ ਲੇ ਗਇਆ॥ ੩॥

ਹੇ ਮੂਰਖ ਰਾਜਨ! ਦੇਖ ਇਤਨੀ ਵਿਭੂਤੀ ਵਾਲਾ ਰਾਵਣ ਆਪਣੇ ਨਾਲ ਕੀ ਲੈ ਗਿਆ? ॥ ੩॥

ਯਥਾ :- ਲੰਕਾ ਸਾ ਕੋਟੁ ਸਮੁੰਦ ਸੀ ਖਾਈ॥ ਤਿਹ ਰਾਵਨ ਘਰ ਖਬਰਿ ਨ ਪਾਈ॥ ੧॥
ਕਿਆ ਮਾਗਉ ਕਿਛੁ ਥਿਰੁ ਨ ਰਹਾਈ॥ ਦੇਖਤ ਨੈਨ ਚਲਿਓ ਜਗੁ ਜਾਈ॥ ੧॥ ਰਹਾਉ॥
ਇਕੁ ਲਖੁ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥ ੨॥
ਚੰਦੁ ਸੂਰਜੁ ਜਾ ਕੇ ਤਪਤ ਰਸੋਈ॥ ਬੈਸੰਤਰੁ ਜਾ ਕੇ ਕਪਰੇ ਧੋਈ॥ ੩॥ (ਪੰਨਾ ੪੯੧)

ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ਚਲੇ ਜੁਆਰੀ ਦੁਇ ਹਥ ਝਾਰਿ ॥੪ ॥੨ ॥

ਕਬੀਰ ਜੀ ਕਹਿੰਦੇ ਹਨ— ਹੇ ਰਾਜਨ ! ਸਤ ਸੰਤੋਖ ਆਦਿ ਸ਼ੁਭ ਗੁਣਾਂ ਦਾ ਕੁਝ ਵੀਚਾਰ ਕਰ।

ਜੁਆਰੀ= ਸੰਸਾਰੀ ਜੀਵ ਜਿਨ੍ਹਾਂ ਨੇ ਆਪਣੇ ਅਮੋਲਕ ਸ੍ਵਾਸਾਂ ਰੂਪੀ ਧਨ ਨੂੰ ਪਦਾਰਥਾਂ ਵਿਚ ਲਗਾ ਕੇ ਹਰਾ ਦਿੱਤਾ ਹੈ, ਓਹ ਆਪਣੇ ਮਨ ਬੁੱਧੀ ਰੂਪੀ ਦੋਵੇਂ ਹੱਥ ਝਾੜ ਕੇ ਪ੍ਰਲੋਕ ਨੂੰ ਖਾਲੀ ਚਲੇ ਹਨ॥ ੪॥ ੨੦॥

ਉਥਾਨਕਾ- ਕਿਸੇ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ— "ਸੰਸਾਰ ਕੈਸਾ ਹੈ ਅਤੇ ਜਿਸ ਨੇ ਸੰਸਾਰ ਨੂੰ ਆਪਣੇ ਫੁਰਨੇ ਦੁਆਰਾ ਰਚਿਆ, ਉਹ ਪ੍ਰਭੂ ਕੈਸਾ ਹੈ?

*ਉੱਤਰ- **ਮੈਲਾ ਮਲਤਾ ਇਹੁ ਸੰਸਾਰੁ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ॥***

ਇਹ ਸਾਰਾ ਸੰਸਾਰ ਹੀ ਮੈਲਾਂ ਕਰ ਕੇ ਮੈਲਾ ਹੈ। ਇਕ ਪਰਮਾਤਮਾ ਹੀ ਨਿਰਮਲ ਹੈ, ਜਿਸ ਦੇ ਪਾਰਾਵਾਰ ਦਾ ਅੰਤ ਨਹੀਂ ਆਉਂਦਾ।

ਯਥਾ:-ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ ਮੈਲਾ ਸਭੁ ਆਕਾਰੁ॥ (ਪੰਨਾ ੧੦੯੧)
ਤਥਾ:-ਮੈਲਾ ਹਰਿ ਕੇ ਨਾਮ ਬਿਨੁ ਜੀਉ॥
ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ॥ ੧॥ (ਪੰਨਾ ੧੨੨੪)
ਤਥਾ:-ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ॥
ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ॥ ੨॥

(ਸ਼ਾਰਗ ਮਹਲਾ ੩, ਪੰਨਾ ੧੨੩੪)

ਹੁਣ ਕਮੁੱਤਕ ਨਿਆਂ ਨਾਲ ਕਬੀਰ ਜੀ ਕਥਨ ਕਰਦੇ ਹਨ ਕਿ ਜਿਤਨੇ-ਕੁ ਜੜ੍ਹ ਪਦਾਰਥ ਹਨ ਉਹ ਪਰਮੇਸ਼ਰ ਅਰਥ ਲਗਾਏ ਬਿਨਾਂ ਅਤੇ ਚੇਤਨ ਜੀਵ ਪਰਮੇਸ਼ਰ ਦੀ ਸਮਝ ਤੋਂ ਬਿਨਾਂ ਸਭ ਮੈਲੇ ਹਨ।

ਮੈਲਾ ਬ੍ਰਹਮਾ

(ਸੰਸਾਰ ਦੀ ਉਤਪੱਤੀ ਕਰਨ ਵਾਲਾ) ਬ੍ਰਹਮਾ ਮੈਲਾ[੧] ਹੈ, ਜਿਸ ਦੇ ਕਾਮ ਅਧੀਨ ਹੋ ਕੇ ਆਪਣੀ ਪੁੱਤਰੀ ਸੁਰੱਸਤੀ ਪਿੱਛੇ ਪੰਜਵਾਂ ਸਿਰ ਕੱਢ ਲਿਆ ਸੀ। ਭਾਈ ਗੁਰਦਾਸ ਜੀ ਨੇ ਕਿਹਾ ਹੈ :

ਚਾਰੇ ਬੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
ਲੋਕਾਂ ਨੋ ਸਮਝਾਇੰਦਾ ਦੇਖਿ ਸੁਰਸਤੀ ਰੂਪ ਲੋਭਾਣਾ। (ਵਾਰ ੧੨/੭)

ਮੈਲਾ ਇੰਦ੍ਰ॥

(ਅਤੇ ਤੇਤੀ ਕਰੋੜ ਦੇਵਤਿਆਂ ਦਾ ਰਾਜਾ) ਇੰਦਰ ਵੀ ਮੈਲਾ ਹੈ[੨], ਜਿਸ ਨੇ ਸੁਰਗ ਪੁਰੀ ਦੀਆਂ ਸਭ ਅਪੱਛਰਾਂ ਛੱਡ ਕੇ ਚੰਦ੍ਰਮਾ ਦੀ ਮੱਦਦ ਨਾਲ ਗੌਤਮ ਰਿਖੀ ਦੇ ਘਰ ਜਾ ਕੇ ਉਸ ਦੀ ਇਸਤ੍ਰੀ ਅਹਿਲਿਆ ਦਾ ਸਤ ਭੰਗ ਕੀਤਾ ਅਤੇ ਗੌਤਮ ਰਿਖੀ ਦੇ ਸਰਾਪ ਕਰ ਕੇ ਉਹ ਹਜ਼ਾਰ ਭਗਾਂ ਵਾਲਾ ਹੋ ਗਿਆ :

—ਗੌਤਮੁ ਤਪਾ ਅਹਿਲਿਆ ਇਸਤ੍ਰੀ, ਤਿਸੁ ਦੇਖਿ ਇਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧॥ (ਪੰਨਾ ੧੩੪੪)
—ਗੌਤਮ ਨਾਰਿ ਅਹਿਲਿਆ ਤਿਸ ਨੋ ਦੇਖਿ ਇੰਦ੍ਰ ਲੋਭਾਣਾ।
ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।
ਸੁੰਞਾ ਹੋਇਆ ਇੰਦ੍ਰ ਲੋਕੁ ਲੁਕਿਆ ਸਰਵਰਿ ਮਨਿ ਸਰਮਾਣਾ।

(ਭਾਈ ਗੁਰਦਾਸ ਜੀ, ਵਾਰ ੧੦/੧੮)

ਰਵਿ ਮੈਲਾ

ਪ੍ਰਕਾਸ਼ ਕਰ ਕੇ ਦੁਨੀਆ ਦੇ ਸਾਰੇ ਵਿਹਾਰ ਚਲਾਉਣ ਵਾਲਾ ਅਤੇ ਖੇਤੀਆਂ ਦੇ ਪਕਾਉਣ ਵਾਲਾ ਰਵਿ= ਸੂਰਜ ਵੀ ਮੈਲਾ ਹੈ।

ਸਾਖੀ- ਸੂਰਜ ਦੀ

ਕੱਛਪ ਰਿਖੀ ਦੀਆਂ ਚਾਰ ਇਸਤ੍ਰੀਆਂ ਹੋਈਆਂ ਹਨ:

੧) ਦਿਤੀ। ੨) ਅਦਿਤੀ। ੩) ਬਨਿਤਾ। ੪) ਕਦਰੂ।

ਜਨੇ ਦਿਤੀ ਨੇ ਦੈਤ ਕਰਾਲਾ। —

ਦਿਤੀ ਤੋਂ ਦੈਂਤ ਪੈਦਾ ਹੋਏ ਹਨ।

ਬਨਿਤਾ ਤੇ ਖਗਪਤਿ ਜਨਮਾਯੋ। —

ਬਨਿਤਾ ਤੋਂ ਗਰੁੜ ਪੈਦਾ ਹੋਇਆ।

ਕੱਦ੍ਰੂ ਨੇ ਪੰਨਗ ਉਪਜਾਏ। —

ਕਦਰੂ ਨੇ ਸੱਪ ਪੈਦਾ ਕੀਤੇ।

ਅਦਿਤੀ ਤੇ ਸਭਿ ਦੇਵ ਭਏ ਹੈਂ। —

ਅਦਿਤੀ ਤੋਂ ਸਾਰੇ ਦੇਵਤੇ ਹੋਏ ਹਨ।

---

੧ ਬ੍ਰਹਮਾ ਦੀ ਸਾਖੀ ਏਸੇ ਭਗਤ ਬਾਣੀ ਸਟੀਕ ਦੇ ਪਹਿਲੇ ਭਾਗ ਦੇ ੫੭੧ ਸਫੇ 'ਤੇ ਪੜ੍ਹੋ।
੨ ਇੰਦਰ ਦੀ ਸਾਖੀ ਏਸੇ ਭਗਤ ਬਾਣੀ ਸਟੀਕ ਦੇ ਪਹਿਲੇ ਭਾਗ ਦੇ ੪੯੪ ਸਫੇ ਤੇ ਪੜ੍ਹੋ।

ਅਦਿਤੀ ਨੇ ਅਜੇ ਗਰਭ ਧਾਰਨ ਕੀਤਾ ਹੋਇਆ ਸੀ, ਗਰਭ ਵਿਖੇ ਸੂਰਜ ਨੇ ਆਪਣਾ ਸਰੀਰ ਧਾਰਿਆਂ ਹੋਇਆ ਸੀ। ਇਕ ਦਿਨ ਚੰਦ੍ਰਮਾ ਦਾ ਪੁਤਰ ਬੁਧ ਬ੍ਰਹਮਚਾਰੀ ਦਾ ਭੇਖ ਬਣਾ ਕੇ ਭਿਖਿਆ ਮੰਗਣ ਵਾਸਤੇ ਅਦਿਤੀ ਦੇ ਘਰ ਆ ਪਹੁੰਚਿਆ ਤੇ ਆ ਕੇ ਭਿਖਿਆ ਮੰਗੀ। ਪਰੰਤੂ ਅਦਿਤੀ ਨੇ ਗਰਭ ਸਹਿਤ ਹੋਣ ਕਰ ਕੇ ਉਠਣ ਦਾ ਆਲਸ ਕੀਤਾ। ਜਦ ਕਿਤਨਾ ਚਿਰ ਖਲੋਤਿਆਂ ਹੋ ਗਿਆ ਤੇ ਭਿਖਿਆ ਨਾ ਮਿਲੀ ਤਾਂ ਬੁਧ ਰਿਖੀ ਨੇ ਗੁੱਸੇ ਵਿਚ ਆ ਕੇ ਸਰਾਪ ਦੇ ਦਿੱਤਾ ਕਿ ਜਿਸ ਗਰਭ ਨੂੰ ਧਾਰ ਕੇ ਤੂੰ ਆਲਸ ਕੀਤਾ ਹੈ ਤੇ ਮੈਨੂੰ ਭਿਖਿਆ ਨਹੀਂ ਦਿੱਤੀ ਉਹ ਤੇਰਾ ਗਰਭ ਗਲ ਜਾਵੇ।

ਜਿਸ ਗ੍ਰਭ ਧਰਿ, ਤੈਂ ਆਲਸ ਕੀਨਾ। ਭਿੱਖਜਾ ਮੋਹਿ ਤੁਰਤ ਨਹਿ ਦੀਨਾ॥ ੭॥
ਸੋ ਤਵ ਗਰਭ ਗਰਹੁ ਨਹਿ ਬਾਚੇ। ਇਮ ਕਹਿ ਗਯੋ ਆਨ ਘਰ ਜਾਚੇ।

ਉਸ ਵੇਲੇ ਭੈ ਭੀਤ ਹੋ ਕੇ ਅਦਿਤੀ ਆਪਣੇ ਪਤੀ ਕਛਪ ਰਿਖੀ ਪਾਸ ਗਈ ਤੇ ਸਰਾਪ ਵਾਲਾ ਸਾਰਾ ਜ਼ਿਕਰ ਸੁਣਾਇਆ ਅਰ ਬੇਨਤੀ ਕੀਤੀ ਕਿ ਆਪ ਕਿਰਪਾ ਕਰੋ ਜਿਸ ਤੇ ਗਰਭ ਨਾਸ ਨਾ ਹੋਵੇ।

ਸੁਨਿ ਕੱਸਜਪ ਨੇ ਬਰ ਕੋ ਦਯੋ। ਬਚੇ ਗਰਭ ਤਵ ਹੋਹਿ ਨ ਛਯੋ॥ ੯॥

ਇਹ ਭੀ ਨਾਲ ਕਿਹਾ ਕਿਰਿਖੀ ਦੇ ਸਰਾਪ ਕਰ ਕੇ ਉਪਰਲਾ ਸਰੀਰ ਤਾਂ ਮਰ ਜਾਏਗਾ ਪਰੰਤੂ ਮੇਰੇ ਵਰ ਕਰ ਕੇ ਅੰਦਰੋਂ ਹੋਰ ਦੂਜਾ ਸਰੀਰ ਹੋ ਜਾਏਗਾ।

ਦੇਵਨੇਤ ਨਾਲ ਓਸੇ ਤਰ੍ਹਾਂ ਹੀ ਹੋਇਆ। ਬੁਧ ਦੇ ਸਰਾਪ ਕਰ ਕੇ ਉਪਰਲਾ ਸਰੀਰ ਮ੍ਰਿਤੂ ਜੇਹਾ ਹੋ ਗਿਆ ਤੇ ਕੱਛਪ ਰਿਖੀ ਜੀ ਦੇ ਵਰ ਕਰ ਕੇ ਅੰਦਰੋਂ ਸੁੰਦਰ ਸਰੀਰ ਹੋ ਗਿਆ:

ਇਮ ਬਰ ਪਾਇ ਰਹਯੋ ਬਚ ਸੋਇ। ਮ੍ਰਿਤੁ ਤਨ ਮਹਿ ਨੌਤਨ ਤਨ ਹੋਇ।
ਜਨਮਯੋ ਸੂਰਜ ਤਨ ਦੈ ਰਹੇ। ਧੂਮ੍ਰ ਬਰਨ ਕੋ ਯਾਂ ਤੇ ਲਹੇ॥ ੧੧॥
ਤਨ ਊਪਰ ਕੋ ਸ਼ੁਸ਼ਕ ਰਹਯੋ ਹੈ। ਬਿਚ ਕੋ ਸੁੰਦਰ ਦੇਹਿ ਲਹਯੋ ਹੈ।

(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸਿ ੧ ਅੰਸੂ ੪੯)

ਇਸ ਕਰ ਕੇ ਰਵਿ ਮੈਲਾ ਕਿਹਾ ਹੈ।

ਐਸੇ ਭਿਆਨਕ ਸਰੀਰ ਦੇ ਹੋਣ ਕਰ ਕੇ ਇਸ ਦੀ ਇਸਤ੍ਰੀ **ਸੁਬ੍ਰਚਲਾ** ਜੋ ਵਿਸ਼ਕਰਮਾ ਦੀ ਪੁੱਤਰੀ ਸੀ, ਕੁਲ ਦੀ ਲੱਜਾ ਕਰ ਕੇ ਕਿਤਨਾ-ਕੁ ਸਮਾਂ ਔਖਿਆਂ ਹੋ ਕੇ ਘਰ ਵਿਚ ਰਹੀ ਜਿਸ ਤੋਂ "ਮਨੂ" ਤੇ "ਧਰਮ-ਰਾਜਾ" ਇਹ ਦੋ ਪੁੱਤਰ ਤੇ "ਜਮਨਾ" ਨਾਮ ਕਰ ਕੇ ਪੁੱਤਰੀ ਪੈਦਾ ਹੋਈ।

ਬਾਅਦ ਵਿਚ ਪਤੀ ਦੀ ਡਰਾਉਣੀ ਸ਼ਕਲ ਤੋਂ ਘਬਰਾ ਕੇ, ਆਪਣੀ ਛਾਯਾ ਦੀ ਇਸਤ੍ਰੀ ਬਣਾ ਕੇ ਉਸ ਨੂੰ ਘਰ ਵਿਚ ਬਿਠਾ ਕੇ ਆਪ ਪਿਤਾ (ਵਿਸ਼ਕਰਮਾ) ਦੇ ਘਰ ਚਲੀ ਗਈ। ਪਿਤਾ ਨੇ ਪੁਛਿਆ-"ਤੂੰ ਬੁਲਾਏ ਤੋਂ ਬਿਨਾਂ ਕਿਵੇਂ ਆਈ ਹੈ?" ਤਾਂ ਉਸ ਨੇ ਸਾਰਾ ਹਾਲ ਸੁਣਾਇਆ। ਉਸ ਦੀਆਂ ਗੱਲਾਂ ਸੁਣ ਕੇ ਪਿਤਾ ਨੇ ਗੁੱਸੇ ਹੋ ਕੇ ਕਿਹਾ-"ਤੂੰ ਆਪਣੇ ਮਾਲਕ ਤੋਂ ਚੋਰੀ ਆਈ ਹੈਂ ਇਸ ਕਰ ਕੇ ਤੂੰ ਇਥੇ ਮੇਰੇ ਘਰ ਨਹੀਂ ਰਹਿ ਸਕਦੀ, ਜਾਹ ਜਿਥੇ ਮਰਜੀ ਆਵੇ ਚਲੀ ਜਾਹ।" ਪਿਤਾ ਦੇ ਬਚਨ ਸੁਣ ਕੇ ਇਹ ਠਠੰਬਰ ਗਈ, ਘਰੋਂ ਨਿਕਲ ਕੇ ਬਾਹਰ ਜਾ ਕੇ ਘੋੜੀ ਦਾ ਰੂਪ ਧਾਰ ਕੇ ਜੰਗਲਾ ਵਿਚ ਫਿਰਦੀ ਰਹੀ। ਪਰ ਇਸ ਦੇ ਘਰੋਂ ਨਿਕਲਣ ਦਾ ਸੂਰਜ ਨੂੰ ਕੋਈ ਪਤਾ ਨਾ ਲੱਗਾ, ਉਹ ਛਾਯਾ ਨੂੰ ਹੀ ਇਸਤ੍ਰੀ ਜਾਣ ਕੇ ਉਸ ਨਾਲ ਪ੍ਰੀਤੀ ਕਰਦਾ ਰਿਹਾ।

ਉਸ ਛਾਯਾ ਤੋਂ ਭੀ ਸ਼ਨਿਚਰ ਆਦਿ ਦੋ ਪੁੱਤਰ ਤੇ ਤਪਤੀ ਨਾਮ ਕਰ ਕੇ ਲੜਕੀ ਹੋਈ (ਜੋ ਦੱਖਣ ਦਿਸ਼ਾ ਵਿਚ ਨਦੀ ਰੂਪ ਹੋ ਕੇ ਚਲ ਰਹੀ ਹੈ)।

ਇਸ ਕਰ ਕੇ ਭੀ ਰਵਿ= ਸੂਰਜ ਮੈਲਾ ਹੈ ਜਿਸ ਨੂੰ ਇਹ ਨਹੀਂ ਪਤਾ ਲੱਗਾ ਕਿ ਮੇਰੀ ਇਸਤ੍ਰੀ ਹੈ ਕਿ ਛਾਇਆ?

ਫੇਰ ਇਕ ਦਿਨ ਛਾਇਆ ਦੇ ਨਾਲ ਜਮ-ਪੁੱਤਰ ਲੜ ਪਿਆ ਖੂਬ ਆਪੋ ਵਿਚ ਲੜੇ ਜਮ ਨੇ ਆਪਣਾ ਪੈਰ ਛਾਇਆ ਨੂੰ ਮਾਰਿਆ ਤਾਂ ਛਾਇਆ ਨੇ ਸਰਾਪ ਦੇ ਦਿੱਤਾ ਕਿ ਇਹ ਤੇਰਾ ਪੈਰ ਗਲ ਜਾਵੇ।

ਜਿਸ ਵੇਲੇ ਸੂਰਜ ਨੇ ਇਨ੍ਹਾਂ ਦੇ ਲੜਨ ਦੀ ਤੇ ਜਮ ਪੁੱਤਰ ਨੂੰ ਸਰਾਪ ਦੇਣ ਦੀ ਗੱਲ ਸੁਣੀ ਤਾਂ ਸੂਰਜ ਨੇ ਵਿਚਾਰਿਆ, 'ਪੁੱਤਰ ਭਾਵੇਂ ਕਿਤਨੇ ਭੀ ਕਸੂਰ ਕਰੇ ਪਰ ਮਾਂ ਸਰਾਪ ਨਹੀਂ ਦੇਂਦੀ, ਇਸ ਨੇ ਜੋ ਸਰਾਪ ਦਿੱਤਾ ਹੈ ਇਹ ਮਾਂ ਨਹੀਂ ਹੋ ਸਕਦੀ।' ਇਸ ਸੰਸੇ ਕਰ ਕੇ ਸੂਰਜ ਨੇ ਪੁੱਛਿਆ-'ਸਚ ਦੱਸ ਤੂੰ ਕੌਣ ਹੈਂ?' ਤਾਂ ਉਸ ਨੇ ਕਿਹਾ-'ਤੇਰੀ ਇਸਤ੍ਰੀ ਆਪਣੇ ਪਿਤਾ ਦੇ ਘਰ ਚਲੀ ਗਈ ਹੈ ਤੇ ਮੈਨੂੰ ਇਥੇ ਬਿਠਾ ਗਈ ਹੈ।' ਸ਼ਨਿਚਰ ਵਗੈਰਾ ਮੇਰੀ ਸੰਤਾਨ ਹੈ। 'ਮਨੂ ਤੇ ਜਮ ਇਹ ਉਸ ਦੀ ਸੰਤਾਨ ਹੈ। ਉਹ ਤਾਂ ਬਹੁਤ ਦੇਰ ਦੀ ਗਈ ਹੋਈ ਹੈ ਇਨ੍ਹਾਂ ਚਾਰੇ ਭਰਾਵਾਂ ਦੀ ਪਾਲਣਾ ਮੈਂ ਕੀਤੀ ਹੈ।' ਇਹ ਗੱਲ ਸੁਣ ਕੇ ਸੂਰਜ ਓਸੇ ਵੇਲੇ ਵਿਸ਼ਕਰਮਾ ਪਾਸ ਆਇਆ ਤੇ ਕਿਹਾ-'ਤੇਰੀ ਪੁੱਤਰੀ ਬਹੁਤ ਚਿਰ ਦੀ ਤੇਰੇ ਘਰ ਆਈ ਹੋਈ ਹੈ ਮੈਨੂੰ ਤਾਂ ਹੁਣ ਪਤਾ ਲੱਗਾ ਹੈ ਦੱਸ ਉਹ ਕਿਥੇ ਹੈ?' ਵਿਸ਼ਕਰਮਾ ਨੇ ਕਿਹਾ-'ਆਈ ਤਾਂ ਠੀਕ ਸੀ ਪਰ ਮੈਂ ਉਸ ਨੂੰ ਰਹਿਣ ਨਹੀਂ ਦਿੱਤਾ ਉਹ ਕਿਧਰੇ ਬਾਹਰ ਫਿਰਦੀ ਹੋਣੀ ਹੈ ਪਰ ਇਕ ਗੱਲ ਹੈ ਕਿ ਉਹ ਤੇਰੀ ਡਰਾਉਣੀ ਸ਼ਕਲ ਨੂੰ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਦੀ ਜਿਸ ਕਰ ਕੇ ਉਹ ਬਾਹਰ ਭੱਜੀ ਫਿਰਦੀ ਹੈ। ਜੇਕਰ ਤੂੰ ਮੇਰਾ ਕਿਹਾ ਮੰਨ ਲਵੇਂ ਤਾਂ ਚੰਗੀ ਗੱਲ ਹੋ ਜਾਏਗੀ, ਤੇਰਾ ਰੰਗ ਧੂੰਏਂ ਵਰਗਾ ਕਾਲਾ ਤੇ ਤਪਸ਼ ਭਰਿਆ ਹੈ, ਜੋ ਉਸ ਤੋਂ ਜ਼ਰਿਆ ਨਹੀਂ ਜਾਂਦਾ। ਜੇ ਕਰ ਤੂੰ ਇਕ ਵਾਰ ਮੇਰੇ ਚਰਖ (ਖਰਾਦ) ਉਪਰ ਚੜ੍ਹ ਜਾਵੇਂ ਤਾਂ ਤੇਰਾ ਉਪਰਲਾ ਭਿਆਨਕ ਰੰਗ ਛਿਲ ਕੇ ਤੈਨੂੰ ਸਵਾਰ ਦੇਵਾਂ ਇੰਜ ਕਰਨ ਨਾਲ ਇਕ ਤਾਂ ਤੇਰਾ ਪ੍ਰਕਾਸ਼ ਚੰਗਾ ਹੋ ਜਾਏਗਾ ਦੂਜਾ ਤਪਸ਼ਤਾ ਵਾਲਾ ਤੇਜ ਮਿਟ ਜਾਏਗਾ।'

ਵਿਸ਼ਕਰਮਾ ਦੀ ਇਹ ਗੱਲ ਸੁਣ ਕੇ ਸੂਰਜ ਮੰਨ ਗਿਆ ਤੇ ਉਸ ਦੇ ਚਰਖ 'ਪਰ ਚੜ੍ਹ ਗਿਆ।

ਵਿਸ਼ਕਰਮਾ ਨੇ ਤਿੱਖਾ ਹਥਿਆਰ ਲੈ ਕੇ ਉਸ ਨੂੰ ਫੇਰ ਕੇ ਖਰਾਦਿਆ ਤੇ ਉਪਰਲਾ ਸਰੀਰ ਛਿਲ ਦਿੱਤਾ ਜੋ ''ਬੁਧ ਰਿਖੀ'' ਦੇ ਸਰਾਪ ਕਰ ਕੇ ਮਰਿਆ ਹੋਇਆ ਸੀ।

ਬਿਸ਼ੁਕਰਮੇ ਲੈ ਤੀਖਨ ਸਾਧਨਿ। ਫੇਰਿ ਤਿਸੀ ਕੌ ਕੀਨਿ ਖਰਾਦਨਿ।
ਉਪਰ ਕੌ ਤਨ ਛੋਲਨਿ ਕੀਨਾ। ਨਿਕਸਜੋ ਸੁੰਦਰ ਰੂਪ ਨਵੀਨਾ॥੩੭॥
ਧੂਮ੍ਰਾਕਾਰ ਸੁ ਤੇਜ ਜਿਤੇਕ। ਛੋਲਜੋ ਧਰਜੋ ਖਰਾਦ ਤਿਤੇਕ।
ਨਿਜ ਤਨ ਦੇਖਿ ਹਰਖ ਰਵਿ ਭਰਜੋ। ਬਿਸ਼ੁਕਰਮੇ ਸੁ ਬਤਾਵਨ ਕਰਜੋ॥੩੮॥

(ਗੁਰ ਪ੍ਰਤਾਪ ਸੂਰਜ, ਰਾਸਿ ੧ ਅੰਸੂ ੪੮)

ਤੇਰੀ ਇਸਤ੍ਰੀ ਫਲਾਣੇ ਜੰਗਲ ਵਿਚ ਘੋੜੀ ਦਾ ਰੂਪ ਧਾਰ ਕੇ ਫਿਰ ਰਹੀ ਹੈ, ਜਾਹ ਉਸ ਨੂੰ ਆਪਣੇ ਘਰ ਲੈ ਜਾ।

ਇਹ ਗੱਲ ਸੁਣ ਕੇ ਸੂਰਜ ਆਪ ਘੋੜਾ ਬਣ ਕੇ ਉਸ (ਘੋੜੀ) ਨੂੰ ਜਾ ਮਿਲਿਆ ਤੇ ਉਸ ਵਿਚੋਂ ਭੀ ਦੋ ਪੁੱਤਰ ਪੈਦਾ ਕੀਤੇ 'ਅਸ੍ਵਨੀ ਤੇ ਕੁਮਾਰ' ਫਿਰ ਉਹਨਾਂ ਨੂੰ ਆਪਣੇ ਘਰ ਲਿਆ ਵਸਾਇਆ। ਇਨ੍ਹਾਂ ਕਾਰਨਾਂ ਕਰ ਕੇ ਸੂਰਜ ਨੂੰ ਮੈਲਾ ਕਿਹਾ ਹੈ।

ਮੈਲਾ ਹੈ ਚੰਦੁ॥੧॥

ਸਾਰੇ ਠੰਢ ਪਾਉਣ ਵਾਲਾ ਅਤੇ ਖੇਤੀਆਂ ਵਿਚ ਰਸ ਭਰਨ ਵਾਲਾ ਜੋ ਚੰਦ੍ਰਮਾ ਹੈ, ਉਹ ਵੀ ਮੈਲਾ ਹੈ। ਜਿਸ

ਨੇ ਇੰਦਰ ਦੇ ਆਖੇ ਲੱਗ ਕੇ ਕੁੱਕੜ ਦਾ ਰੂਪ ਧਾਰ ਕੇ ਅੱਧੀ ਰਾਤ ਨੂੰ ਗੌਤਮ ਰਿਖੀ ਦੇ ਘਰ ਜਾ ਕੇ ਬਾਂਗ ਦਿੱਤੀ। *ਅਥਵਾ :—* ਆਪਣੇ ਗੁਰੂ ਬ੍ਰਹਮਪਤੀ ਦੀ ਇਸਤ੍ਰੀ ਤਾਰਾ ਨਾਲ ਸਰੀਰਕ ਸੰਬੰਧ ਕਾਇਮ ਕਰ ਕੇ ਬੁੱਧ ਨਾਮੇ ਲੜਕਾ ਪੈਦਾ ਕੀਤਾ ਤਾਂ ਗੁਰੂ ਬ੍ਰਹਸਪਤੀ ਜੀ ਨੇ ਇਸ ਨੂੰ ਵਧਣ ਘਟਣ ਦਾ ਸਰਾਪ ਦਿੱਤਾ ਸੀ ਇਸ ਕਰ ਕੇ ਚੰਦ੍ਰਮਾ ਅਤਿਅੰਤ ਮੈਲਾ ਹੈ।*

ਮੈਲਾ ਮਲਤਾ ਇਹੁ ਸੰਸਾਰੁ॥

(ਇਤਿਆਦਿ) ਇਹ ਸਾਰਾ ਸੰਸਾਰ ਹੀ ਦੋਸ਼ਾਂ ਰੂਪ ਮੈਲ ਕਰ ਕੇ ਮੈਲਾ ਹੈ।

ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ॥ ੧ ॥ ਰਹਾਉ॥

ਇਕ ਪਰਮਾਤਮਾ ਨਿਰਮਲ ਹੈ, ਜਿਸ ਦੇ ਪਾਰਾਵਾਰ ਦਾ ਅੰਤ ਨਹੀਂ ਆਉਂਦਾ।

ਮੈਲੇ ਬ੍ਰਹਮੰਡਾਇ ਕੈ ਈਸ॥ ਮੈਲੇ ਨਿਸਿ ਬਾਸੁਰ ਦਿਨ ਤੀਸ। ੨ ॥

ਸਾਰੇ ਬ੍ਰਹਮੰਡ ਵੀ ਮੈਲੇ ਹਨ, ਬ੍ਰਹਮੰਡਾਂ ਵਿਚ ਆਇ ਹੋਏ ਜੀਵ ਵੀ ਮੈਲੇ ਹਨ, ਬ੍ਰਹਮੰਡਾਂ ਦੇ ਈਸ= ਰਾਜੇ ਵੀ ਮੈਲੇ ਹਨ। ਸਿਮਰਨ ਤੋਂ ਬਿਨਾਂ ਨਿਸਿ= ਰਾਤ, ਬਾਸੁਰ= ਦਿਨ, ਦਿਨ ਤੀਸ= ਮਹੀਨੇ ਸਭ ਮੈਲੇ ਹਨ।

ਯਥਾ :-ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥ (ਮਾਰੂ ਮਹਲਾ ੧, ਪੰਨਾ ੯੯੦)

ਅਥਵਾ :— ਰਾਤ ਦਿਨ ਦੇ ਅਭਿਮਾਨੀ ਦੇਵਤੇ ਵੀ ਮੈਲੇ ਹਨ। *ਵਾ :-* ਇਨ੍ਹਾਂ ਵਿਚ ਉਤਪਤੀ ਤੇ ਬਿਨਾਸਤਾ ਰੂਪੀ ਮੈਲ ਹੈ।

ਮੈਲਾ ਮੋਤੀ ਮੈਲਾ ਹੀਰੁ॥ ਮੈਲਾ ਪਵਨੁ+ ਪਾਵਕੁ ਅਰੁ ਨੀਰੁ॥ ੩ ॥

ਮੋਤੀ ਵੀ ਮੈਲਾ ਹੈ ਹੀਰਾ ਵੀ ਮੈਲਾ ਹੈ। ਕੀਮਤ ਭਾਵੇਂ ਇਨ੍ਹਾਂ ਦੀ ਬਹੁਤ ਹੁੰਦੀ ਹੈ ਪਰ ਇਨ੍ਹਾਂ ਵਿਚ ਪੱਥਰ ਰੂਪ ਹੋਣ ਕਰ ਕੇ ਜੜ੍ਹਤਾ ਰੂਪੀ ਮੈਲ ਹੈ। ਹਵਾ, ਅਗਨੀ ਅਤੇ ਪਾਣੀ ਵੀ ਮੈਲਾ ਹੈ ਕਿਉਂਕਿ ਇਨ੍ਹਾਂ ਸਾਰਿਆਂ ਵਿਚ ਕਈ ਜੀਅ ਜੰਤ ਜੰਮਦੇ ਮਰਦੇ ਰਹਿੰਦੇ ਹਨ॥ ੩ ॥

ਮੈਲੇ ਸਿਵ ਸੰਕਰਾ ਮਹੇਸ॥

ਸ਼ਿਵ, ਸ਼ੰਕਰਾ, ਮਹੇਸ਼ (ਤਿੰਨ ਨਾਮ ਵਿਚ ਲਿਖੇ ਹਨ ਅੱਠ ਉਪਰੋਂ ਹੋਰ ਗਿਣ ਲੈਣੇ: ਮਨਯ, ਅਪ੍ਰ, ਕ੍ਰਿਤਧੁਜ, ਭਵ, ਰੁਦ੍ਰ, ਉਗ੍ਰਰੇਤ, ਸਾਭਦੇਵ, ਕਾਲ, ਇਤਿਆਦਿਕ ਯਾਰਾਂ ਸ਼ਿਵ) ਵੀ ਮੈਲੇ ਹਨ।

ਵਾ :- ਸੰ= ਭਲੀ ਪ੍ਰਕਾਰ ਸਿਵ= ਕਲਿਆਣ ਦੇ ਕਰਨ ਵਾਲਾ ਜੋ ਮਹੇਸ= ਪ੍ਰਿਥਵੀ ਦਾ ਈਸ਼੍ਵਰ ਸ਼ਿਵ ਹੈ ਉਸ ਵੀ ਮੈਲਾ ਹੈ। ਜੋ ਕਾਮ ਨਾਲ ਵਿਆਕੁਲ ਹੋਇਆ ਮੋਹਨੀ ਅਵਤਾਰ ਪਿੱਛੇ ਦੌੜ ਪਿਆ ਸੀ।

ਅਥਵਾ :— ਕਪਾਲੀ ਹੱਥਾਂ ਪਰ ਅਮਿਟ ਹੋਣ ਕਰ ਕੇ ਵੀ ਸ਼ਿਵ ਜੀ ਮੈਲੇ ਹਨ।**

ਮੈਲੇ ਸਿਧ ਸਾਧਿਕ ਅਰੁ ਭੇਖ॥ ੪ ॥

ਚੁਰਾਸੀ ਸਿੱਧ, ਸਾਧਿਕ= ਸਾਧਨਾਂ ਦੇ ਕਰਨ ਵਾਲੇ ਜਗਿਆਸੂ ਅਤੇ ਛੇ ਭੇਖ, ਇਹ ਸਭ ਹੰਕਾਰ ਰੂਪੀ ਮੈਲ ਕਰ ਕੇ ਮੈਲੇ ਹਨ॥ ੪ ॥

**ਚੰਦ੍ਰਮਾ ਦੀ ਸਾਖੀ ਭਗਤ ਬਾਣੀ ਸਟੀਕ ਦੇ ਪਹਿਲੇ ਭਾਗ ਦੇ ੪੮੭ ਤੋਂ ੪੯੭ ਪੰਨੇ ਤਕ ਪੜ੍ਹੋ। ਦੂਜੀ ਐਡੀਸ਼ਨ ਦੇ ੫੫੯ ਪੰਨੇ' ਪਰ ਵੇਖੋ।*

** ਨੋਟ-ਪਵਨੁ' ਦੀ ਜਗ੍ਹਾ ਕਈ ਬੀੜਾਂ ਵਿਚ 'ਪਉਣ' ਪਾਠ ਭੀ ਹੈ।*

***ਇਸ ਦੀ ਸਾਖੀ ਭਗਤ ਬਾਣੀ ਸਟੀਕ ਦੇ ਪਹਿਲੇ ਭਾਗ ਦੇ ਪੰਨਾ ੪੯੯ 'ਪਰ ਪੜ੍ਹੋ।*

ਸਿਧਾਂ ਦਾ ਵੱਡਾ ਗੁਰੂ ਮਛਿੰਦ੍ਰ ਨਾਥ ਪਦਮਨੀਆਂ ਦੇ ਲਾਲਚ ਕਰ ਕੇ ਸੰਗਲਾ ਦੀਪ ਦੇ ਕਿਸੇ ਟਾਪੂ ਦੇ ਰਾਜੇ ਦੀ ਮੁਰਦਾ ਦੇਹ ਵਿਚ ਪ੍ਰਵੇਸ਼ ਕਰ ਕੇ ਵਿਸ਼ੇ ਲੰਪਟ ਕਾਫੀ ਚਿਰ ਰਿਹਾ ਇਸ ਕਰ ਕੇ ਸਿਧ ਵੀ ਮੈਲੇ ਹਨ।*

ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥ ੫ ॥

ਜਟਾ ਸਹੇਤਿ=ਜੜਾਵਾਂ ਸਹਿਤ ਯੋਗੀ ਅਤੇ ਟਲੀਆਂ ਖੜਕਾਉਣ ਵਾਲੇ ਜੰਗਮ ਇਹ ਭੀ ਸਭ ਹੰਕਾਰ ਕਰ ਕੇ ਮੈਲੇ ਹਨ। ਕਾਇਆ= ਦੇਹ ਵੀ ਹੰਸ= ਜੀਵ-ਆਤਮਾ ਸਮੇਤ ਮੈਲੀ ਹੈ॥ ੫॥

ਪ੍ਰਸ਼ਨ- ਨਿਰਮਲ ਕਿਹੜੇ ਹਨ? *ਉੱਤਰ-*

ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥ ੬ ॥ ੩ ॥

ਕਬੀਰ ਜੀ ਕਹਿੰਦੇ ਹਨ— ਉਹ ਗੁਰਮੁਖ ਜਨ ਪਰਵਾਨ= ਕਬੂਲ ਅਤੇ ਨਿਰਮਲ= ਪਵਿੱਤਰ ਆਤਮਾ ਹਨ, ਜੋ ਪਰਮਾਤਮਾ ਦਾ ਸਿਮਰਨ ਕਰਨਾ ਜਾਣਦੇ ਹਨ॥ ੬ ॥ ੩ ॥

ੳ) ਏਕ ਵਸਤੁ ਜੇ ਪਾਵੈ ਕੋਇ॥ ਪੂਰਨ ਕਾਜੁ ਤਾਹੀ ਕਾ ਹੋਇ॥
ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ॥ ਨਾਨਕ ਆਇਆ ਸੋ ਪਰਵਾਨੁ॥ ੪ ॥ ੨੦॥

(ਭੈਰਉ ਮਹਲਾ ੫, ਪੰਨਾ ੧੧੪੫)

ਅ) ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ॥
ਭਗਤਾ ਕਾ ਅੰਗੀਕਾਰੁ ਕਰਦਾ ਆਇਆ॥

(ਭੈਰਉ ਮਹਲਾ ੩, ਪੰਨਾ ੧੧੫੫)

ਏ) ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ॥
ਨਾਮ ਬਿਨਾ ਫਿਰਿ ਆਵਣ ਜਾਣੁ॥੭॥

(ਭੈਰਉ ਮਹਲਾ ੫, ਪੰਨਾ ੧੧੫੬)

ਉਥਾਨਕਾ- ਹਿੰਦੂ ਮਤ ਦੇ ਸਭ ਦੇਵੀ ਦੇਵਤਿਆਂ ਨੂੰ ਮੈਲਾ ਕਹਿਣ ਕਰ ਕੇ ਸਭਾ ਵਿਚ ਬੈਠੇ ਕਾਜ਼ੀਆਂ ਨੇ ਕਿਹਾ-''ਆਪ ਫਿਰ ਮੱਕੇ ਹੋ ਆਓ ਤਾਂ ਬਹੁਤ ਸ਼ਵਾਬ (ਪੁੰਨ) ਹੋਵੇਗਾ।''

ਇਹ ਗੱਲ ਸੁਣ ਕੇ ਕਬੀਰ ਜੀ ਕਥਨ ਕਰਦੇ ਹਨ-

ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥ ਬੋਲਨਹਾਰੁ ਪਰਮ ਗੁਰੁ ਏਹੀ ॥ ੧ ॥

ਸ਼ੁੱਧ ਮਨ ਮਕਾ= ਕਾਬਾ (ਖ਼ੁਦਾ ਦਾ ਘਰ) ਕਰ, ਅਸਥੂਲ ਦੇਹ ਨੂੰ ਕਿਬਲਾ= ਚਾਰ ਦੀਵਾਰੀ ਕਰ। ਅਸਥੂਲ ਦੇਹ ਅੰਦਰ ਬੋਲਣ ਵਾਲਾ ਜੋ ਚੇਤਨ ਹੈ ਇਸ ਨੂੰ ਤੂੰ ਪਰਮ= ਵੱਡਾ ਗੁਰੂ ਕਰ॥ ੧॥

ਕਹੁ ਰੇ ਮੁਲਾਂ ਬਾਂਗ ਨਿਵਾਜ ॥ ਏਕ ਮਸੀਤਿ ਦਸੈ ਦਰਵਾਜ ॥ ੧ ॥ ਰਹਾਉ ॥

ਹੇ ਮੁੱਲਾਂ ! ਨਾਮ ਜਪਣਾ ਇਹ ਬਾਂਗ ਦੇ ਨਿੰਮ੍ਰਤਾ ਧਾਰਨੀ ਇਹ ਨਮਾਜ਼ ਪੜ੍ਹ।* ਦਸ ਦਰਵਾਜ਼ਿਆਂ ਵਾਲੀ ਜੋ ਦੇਹ ਹੈ ਏਹੋ ਇਕ ਮਸੀਤ ਨਿਸਚੇ ਕਰ।** ਦਸ ਇੰਦ੍ਰੀਏ ਹੀ ਦਸ ਦਰਵਾਜ਼ੇ ਹਨ।

**ਇਸ ਪ੍ਰਸੰਗ ਨੂੰ ਦੇਖਣ ਵਾਸਤੇ ਏਸੇ ਕਲਮ ਦਾ ਅਮੀਰ ਭੰਡਾਰ ਗ੍ਰੰਥ ਜਪੁ ਜੀ ਸਾਹਿਬ ਪੌੜੀ ੧੫ ਤੁਕ ''ਮੰਨੈ ਤਰੈ ਤਾਰੇ ਗੁਰੁ ਸਿਖ॥''*

**ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ॥ ੧੦॥* *(ਪੰਨਾ ੧੦੮੪)*

***ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥ ੨॥* *(ਪੰਨਾ ੧੦੮੩)*

ਮਿਸਿਮਿਲਿ ਤਾਮਸੁ ਭਰਮੁ ਕਦੂਰੀ॥ ਭਾਖਿ ਲੇ ਪੰਚੈ ਹੋਇ ਸਬੂਰੀ॥ ੨॥

ਤਾਮਸੁ= ਤਮੋ ਗੁਣ ਰੂਪੀ ਬੱਕਰੇ ਨੂੰ ਮਿਸਿਮਿਲਿ= ਹਲਾਲ ਕਰ ਅਤੇ ਭਰਮ ਦਾ ਜਿਹੜਾ ਕਦੂਰੀ= ਕੱਟਣਾ ਹੈ ਏਹੋ ਹਲਾਲ ਦਾ ਕਦੂਰੀ= ਖਾਣਾ ਕਰ। ਵਾ :- ਉਪਰ ਕਦੂਰੀ= ਰੁਮਾਲ ਪਾਉਣਾ ਕਰ* ਪੰਜਾਂ ਕਾਮ ਆਦਿਕਾਂ ਨੂੰ ਖਾ ਲਓ, ਭਾਵ ਨਾਸ ਕਰ ਦਿਓ ਤਾਂ ਸਬੂਰੀ= ਸੰਤੋਖ ਹੋਵੇਗਾ॥ ੨॥

ਹਿੰਦੂ ਤੁਰਕ ਕਾ ਸਾਹਿਬੁ ਏਕ॥ ਕਹ ਕਰੈ ਮੁਲਾਂ ਕਹ ਕਰੈ ਸੇਖ॥ ੩॥

ਹਿੰਦੂਆਂ ਅਤੇ ਤੁਰਕਾਂ ਦਾ ਮਾਲਕ ਇਕੋ ਹੀ ਪਰਮਾਤਮਾ ਹੈ। ਮੁੱਲਾਂ ਆਪਣੇ ਆਪ ਕੀ ਕਰ ਸਕਦਾ ਹੈ ਅਤੇ ਸ਼ੇਖ ਕੀ ਕਰ ਸਕਦਾ ਹੈ?**

ਕਹਿ ਕਬੀਰ ਹਉ ਭਇਆ ਦਿਵਾਨਾ॥

ਕਬੀਰ ਜੀ ਕਹਿੰਦੇ ਹਨ— ਮੈਂ ਤੁਹਾਡੇ ਦੀਨ ਦੇ ਸਭ ਝਗੜੇ ਛੱਡ ਕੇ ਪਰਮਾਤਮਾ ਦੀ ਭਗਤੀ ਕਰਨ ਵਿਚ ਦਿਵਾਨਾ= ਮਸਤਾਨਾ ਹੋ ਰਿਹਾ ਹਾਂ।

ਮੁਸਿ ਮੁਸਿ ਮਨੂਆ ਸਹਜਿ ਸਮਾਨਾ॥ ੪॥ ੪॥

ਮੁਸਿ ਮੁਸਿ= ਹੌਲੀ-ਹੌਲੀ ਮੇਰਾ ਮਨ ਸਹਜ ਪਦ ਵਿਚ ਸਮਾ ਗਿਆ ਹੈ। ਵਾ :- ਪਦਾਰਥਾਂ ਵਲੋਂ ਮੁਸਿ ਮੁਸਿ= ਰੋਕ-ਰੋਕ ਕੇ ਮਨ ਨੂੰ, ਸਹਜ ਪਦ ਵਿਚ ਸਮਾਇਆ ਹੈ॥ ੪॥ ੪॥

ਉਥਾਨਕਾ- ਜਿਸ ਵੇਲੇ ਕਬੀਰ ਜੀ ਨੇ ਦੋਹਾਂ ਮਜ਼ਹਬਾਂ ਨੂੰ ਰੱਦ ਕਰ ਦਿੱਤਾ ਤਾਂ ਸਭਾ ਵਿਚ ਬੈਠੇ ਬ੍ਰਾਹਮਣਾਂ ਨੇ ਕਿਹਾ—"ਤੂੰ ਬੜਾ ਵਿਗੜਿਆ ਹੋਇਆ ਹੈਂ!"

ਕਬੀਰ ਜੀ ਨੇ ਕਿਹਾ-"ਕਿਥਾਈਂ ਵਿਗੜੇ ਹੋਏ ਵੀ ਚੰਗੇ ਹੁੰਦੇ ਹਨ।" ਜਿਵੇਂ-

ਗੰਗਾ ਕੈ ਸੰਗਿ ਸਲਿਤਾ ਬਿਗਰੀ॥ ਸੋ ਸਲਿਤਾ ਗੰਗਾ ਹੋਇ ਨਿਬਰੀ॥ ੧॥

ਜਿਹੜੀ ਸਲਿਤਾ=ਨਦੀ ਗੰਗਾ ਦੇ ਨਾਲ ਵਿਗੜੀ ਹੈ, ਭਾਵ ਆਪਣੇ ਅਸਥਾਨ ਨੂੰ ਛੱਡ ਕੇ ਗੰਗਾ ਦੇ ਪ੍ਰਵਾਹ ਨਾਲ ਆ ਮਿਲੀ ਹੈ। ਉਹ ਸਲਿਤਾ= ਨਦੀ ਗੰਗਾ ਦਾ ਰੂਪ ਹੀ ਹੋ ਨਿਬੜਦੀ ਹੈ॥ ੧॥

ਜਿਉ ਮੀਹਿ ਵੁਠੈ, ਗਲੀਆ ਨਾਲਿਆ ਟੋਭਿਆ ਕਾ ਜਲੁ;
ਜਾਇ ਪਵੈ ਵਿਚਿ ਸੁਰਸਰੀ; ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ॥ (ਪੰਨਾ ੮੫੫)

ਬਿਗਰਿਓ ਕਬੀਰਾ ਰਾਮ ਦੁਹਾਈ॥

ਕਬੀਰ ਜੀ ਕਹਿੰਦੇ ਹਨ— ਰਾਮ ਦੀ ਦੁਹਾਈ= ਸਹੁੰ ਹੈ ਜੇ ਮੈਂ ਝੂਠ ਬੋਲਾਂ, ਠੀਕ ਮੈਂ ਵਿਗੜ ਗਿਆ ਹਾਂ।

ਸਾਚੁ ਭਇਓ ਅਨ ਕਤਹਿ ਨ ਜਾਈ॥ ੧॥ ਰਹਾਉ॥

ਸਤਸੰਗ ਨਾਲ ਮਿਲ ਕੇ (ਮੈਂ) ਸੱਚੇ ਦਾ ਰੂਪ ਹੀ ਹੋ ਗਿਆ ਹਾਂ, ਹੁਣ ਮੈਂ ਅਨ= ਹੋਰ ਕਿਸੇ ਦੇਵੀ ਦੇਵਤੇ ਵੱਲ ਨਹੀਂ ਜਾਂਦਾ॥ ੧॥ ਰਹਾਉ॥

**ਕਦੂਰੀ ਸ਼ਬਦ ਦੇ ਤਿੰਨ ਅਰਥ ਹਨ: ਕੱਟਣਾ, ਖਾਣਾ, ਰੁਮਾਲ ਪਾਉਣਾ।*

***ਮਸੀਤ ਵਿਚ ਲੜਕਿਆਂ ਦੇ ਪੜ੍ਹਾਉਣ ਵਾਲੇ ਨੂੰ ਮੁੱਲਾਂ ਆਖਦੇ ਹਨ ਅਤੇ ਸ਼ੇਖ ਮੁਸਲਮਾਨਾਂ ਵਿਚੋਂ ਵੱਡੀ ਕੌਮ ਦਾ ਨਾਂ ਹੈ, ਜਿਵੇਂ ਹਿੰਦੂਆਂ 'ਚੋਂ ਬ੍ਰਾਹਮਣ ਵੱਡੇ ਹਨ।*

ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥
ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥ ੨ ॥

ਚੰਦਨ ਦੇ ਨਾਲ ਮਿਲ ਕੇ ਜੋ ਬ੍ਰਿਛ ਵਿਗੜਿਆ ਹੈ। ਉਹ ਬ੍ਰਿਛ ਚੰਦਨ ਦਾ ਰੂਪ ਹੀ ਨਿਬਰਿਓ= ਪ੍ਰਾਪਤ ਹੋਇਆ ॥ ੨ ॥

ਯਥਾ:- ਕਬੀਰ ਚੰਦਨ ਕਾ ਬਿਰਵਾ ਭਲਾ ਬੇੜਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥ ੧੧ ॥ (ਪੰਨਾ ੧੩੬੫)

ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥ ੩ ॥

ਪਾਰਸ ਦੇ ਨਾਲ ਲੱਗ ਕੇ ਜੋ ਤਾਂਬਾ ਵਿਗੜਿਆ ਹੈ। ਉਹ ਤਾਂਬਾ ਸੋਨੇ ਦਾ ਰੂਪ ਹੀ ਨਿਬਰਿਓ= ਪ੍ਰਾਪਤ ਹੋਇਆ ਹੈ ॥ ੩ ॥

ਯਥਾ:- ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ ॥
ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ ॥੭੭ ॥

(ਪੰਨਾ ੧੩੬੮)

ਸੰਤਨ ਸੰਗਿ ਕਬੀਰਾ ਬਿਗਰਿਓ ॥
ਸੋ ਕਬੀਰੁ ਰਾਮੈ ਹੋਇ ਨਿਬਰਿਓ ॥ ੪ ॥ ੫ ॥

(ਏਸੇ ਤਰ੍ਹਾਂ) ਸੰਤਾਂ ਨਾਲ ਮਿਲ ਕੇ (ਮੈਂ) ਕਬੀਰ ਵਿਗੜ ਗਿਆ (ਹਾਂ), ਪਰੰਤੂ ਉਹ ਕਬੀਰ ਰਾਮ ਰੂਪ ਹੋ ਕੇ ਨਿਬਰਿਓ= ਪ੍ਰਾਪਤ ਹੋਇਆ ਹੈ ਇਸ ਕਰ ਕੇ ਮੇਰਾ ਤੇ ਰਾਮ ਦਾ ਹੁਣ ਕੋਈ ਭੇਦ ਨਹੀਂ ਹੈ ॥ ੪ ॥ ੫ ॥

ਰਾਮ ਕਬੀਰੈ ਭੇਦੁ ਨ ਭਾਈ ॥ ੧੫ ॥ (ਭਾਈ ਗੁਰਦਾਸ ਜੀ, ਵਾਰ ੧੦)

ਉਥਾਨਕਾ- ਸਭਾ ਵਿਚ ਬੈਠੇ ਬ੍ਰਾਹਮਣਾਂ ਨੇ ਕਿਹਾ- 'ਨਾਮ ਤਾਂ ਮਿਲਦਾ ਹੈ ਜੇ ਭਗਤਾਂ ਵਾਲਾ ਭੇਖ ਬਣਾਵੇਂ, ਮੱਥੇ ਤੇ ਤਿਲਕ ਹੱਥ ਵਿਚ ਮਾਲਾ ਫੜੇਂ।'

ਇਹ ਗੱਲ ਸੁਣ ਕੇ ਕਬੀਰ ਜੀ ਪਖੰਡ ਦੀ ਨਿਖੇਧੀ ਕਰਦੇ ਹਨ-

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥ ੧ ॥

ਮੱਥੇ 'ਤੇ ਤਿਲਕ, ਹੱਥ ਵਿਚ ਮਾਲਾ ਇਸ ਤਰ੍ਹਾਂ ਦਾ ਭੇਖ ਬਾਨਾਂ= ਬਣਾ ਕੇ, ਲੋਕਾਂ ਨੇ ਰਾਮ ਨੂੰ ਖਿਲਉਨਾ= ਬਾਲਕਾ ਜਾਣਿਆਂ ਹੈ। ਜਿਸ ਤਰ੍ਹਾਂ ਬੱਚੇ ਨੂੰ ਮਾਮੂਲੀ ਚੀਜ਼ ਦੇ ਕੇ ਪਰਚਾਅ ਲਈਦਾ ਹੈ, ਇਸੇ ਤਰ੍ਹਾਂ ਟਿੱਕੇ ਲਾ ਕੇ, ਹੱਥਾਂ ਵਿਚ ਮਾਲਾ ਫੜ ਕੇ, ਰਾਮ ਨੂੰ ਠੱਗ ਲਵਾਂਗੇ, ਪਰ ਅਜਿਹੇ ਲੋਕਾਂ ਨੂੰ ਰਾਮ ਨੇ ਖਿਲਉਨਾ= ਮੂਰਖ ਸਮਝਿਆ ਹੈ।

ਯਥਾ:- ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥
ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥
ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥
ਭੇਖੀ ਪ੍ਰਭੁ ਨ ਲਭਈ ਵਿਣੁ ਸਚੀ ਸਿਖੰ ॥ (ਪੰਨਾ ੧੦੯੯)

ਤਥਾ :-*ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥* *(ਪੰਨਾ ੪੭੬)*

ਬ੍ਰਾਹਮਣ ਨੇ ਕਿਹਾ— ਤੂੰ ਤਾਂ ਬਉਰਾ ਹੈਂ!'' ਕਬੀਰ ਜੀ ਆਖਦੇ ਹਨ-

ਜਉ ਹਉ ਬਉਰਾ ਤਉ ਰਾਮ ਤੋਰਾ॥

ਹੇ ਵਾਹਿਗੁਰੂ ! ਜੇਕਰ ਮੈਂ ਬਉਰਾ ਹਾਂ, ਤਾਂ ਵੀ ਤੇਰਾ ਹੀ ਹਾਂ? ਜਿਸ ਤਰ੍ਹਾਂ ਪ੍ਰੱਤਖ ਬਾਦਸ਼ਾਹ ਦੇ ਰਾਜ ਦਰਬਾਰਾਂ ਵਿਚ ਬਉਰੇ ਹੁੰਦੇ ਹਨ, ਤਿਵੇਂ ਮੈਂ ਆਪ ਜੀ ਦੇ ਦਰਬਾਰ ਵਿਚ ਬਉਰਾ ਹਾਂ, ਵਾ :- ਜੇ ਮੈਂ ਬਉਰਾ ਹਾਂ ਤਾਂ ਵੀ ਹੇ ਰਾਮ ! ਮੈਂ ਤੇਰਾ= ਆਪ ਜੀ ਦਾ ਦਾਸ ਹਾਂ।

ਲੋਗੁ ਮਰਮੁ ਕਹ ਜਾਨੈ ਮੋਰਾ॥ ੧॥ ਰਹਾਉ॥

ਲੋਕ ਵਿਚਾਰੇ ਮੇਰਾ ਭੇਦ ਕੀ ਜਾਣ ਸਕਦੇ ਹਨ? ਇਹ ਦੁਨੀਆਂ ਦੇ ਲੋਕ ਤਾਂ ਚਾਹੁੰਦੇ ਹਨ ਕਿ ਇਸ ਦੀ ਪ੍ਰੀਤੀ ਰਾਮ ਨਾਲੋਂ ਟੁੱਟ ਜਾਏ ਪਰ ਮੇਰੇ ਨਿਸਚੇ ਮੁਤਾਬਿਕ ਨਹੀਂ ਟੁੱਟ ਸਕਦੀ।

ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥
ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥ ੨੧੭॥ (ਪੰਨਾ ੧੩੭੬)

ਬ੍ਰਾਹਮਣ ਨੇ ਕਿਹਾ-''ਤੁਲਸੀ ਦੇ ਪੱਤੇ ਲੈ ਕੇ ਤੈਨੂੰ ਠਾਕੁਰਾਂ ਦੀ ਪੂਜਾ ਜ਼ਰੂਰ ਕਰਨੀ ਚਾਹੀਦੀ ਹੈ!'' ਅੱਗੋਂ ਕਬੀਰ ਜੀ ਉੱਤਰ ਦਿੰਦੇ ਹਨ-

ਤੋਰਉ ਨ ਪਾਤੀ ਪੂਜਉ ਨ ਦੇਵਾ॥
ਰਾਮ ਭਗਤਿ ਬਿਨੁ ਨਿਹਫਲ ਸੇਵਾ॥ ੨॥

(ਤੁਲਸੀ ਦੇ) ਪਾਤੀ= ਪੱਤਿਆਂ ਨੂੰ ਮੈਂ ਨਹੀਂ ਤੋੜਦਾ, ਨਾ ਹੀ ਠਾਕੁਰਾਂ ਦੀ ਪੂਜਾ ਕਰਦਾ ਹਾਂ, ਕਿਉਂਕਿ ਵਾਹਿਗੁਰੂ ਦੀ ਭਗਤੀ ਤੋਂ ਬਿਨਾਂ ਹੋਰ ਸਭ ਸੇਵਾ ਬਿਅਰਥ ਹੈ॥ ੨॥

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥ ੧॥ (ਪੰਨਾ ੪੭੯)
ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥ ੩॥ (ਪੰਨਾ ੧੨੬੪)

ਪ੍ਰਸ਼ਨ- ''ਤੂੰ ਸਾਰਾ ਦਿਨ ਕੀ ਕੰਮ ਕਰਦਾ ਰਹਿੰਦਾ ਹੈਂ?'' *ਉੱਤਰ-*

ਸਤਿਗੁਰੁ ਪੂਜਉ ਸਦਾ ਸਦਾ ਮਨਾਵਉ॥
ਐਸੀ ਸੇਵ ਦਰਗਹ ਸੁਖੁ ਪਾਵਉ॥ ੩॥

ਪੂਜਣ ਜੋਗ ਸਤਿਗੁਰਾਂ ਨੂੰ ਸਦਾ ਸਦਾ= ਨਿਤਾਪ੍ਰਤੀ ਮਨਾਉਂਦਾ ਹਾਂ ਭਾਵ ਪੂਜਦਾ ਹਾਂ।

ਵਾ :- ਹਰ ਵਕਤ ਸਤਿਗੁਰਾਂ ਨੂੰ ਪੂਜਦਾ ਹਾਂ ਅਤੇ ਹਮੇਸ਼ਾਂ ਹੀ ਵਾਹਿਗੁਰੂ ਨੂੰ ਮਨਾਉਂਦਾ ਹਾਂ। ਇਸ ਤਰ੍ਹਾਂ ਦੀ ਸੇਵਾ ਕਰਨ ਨਾਲ ਸੰਸਾਰ-ਦਰਗਾਹ ਵਿਚ ਸੁਖ ਪਾਉਂਦਾ ਹਾਂ। ਵਾ :- ਪਰਲੋਕ ਦਰਗਾਹ ਵਿਚ ਸੁਖ ਪਾਵਾਂਗਾ॥ ੩॥

ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ॥
ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ॥ ੨॥

(ਮਲਾਰ ਮ: ੪, ਪੰਨਾ ੧੨੬੪)

ਲੋਗੁ ਕਹੈ ਕਬੀਰੁ ਬਉਰਾਨਾ॥
ਕਬੀਰ ਕਾ ਮਰਮੁ ਰਾਮ ਪਹਿਚਾਨਾਂ॥ ੪॥ ੬॥

ਸੰਸਾਰੀ ਲੋਕ ਕਹਿੰਦੇ ਹਨ— ਕਬੀਰ ਬਉਰਾਨਾ= ਝੱਲਾ (ਹੋ ਗਿਆ) ਹੈ। ਪਰੰਤੂ ਕਬੀਰ ਜੀ ਦਾ ਮਰਮੁ= ਭੇਦ ਵਾਹਿਗੁਰੂ ਨੇ ਜਾਣਨਾ ਕੀਤਾ ਹੈ।

ਉਥਾਨਕਾ-ਜਿਸ ਵੇਲੇ ਤਾਣੀ ਦੇ ਤਣਨ ਬੁਣਨ ਦਾ ਕੰਮ ਕਬੀਰ ਜੀ ਛੱਡ ਬੈਠੇ ਤਾਂ ਲੋਕਾਂ ਆਖਿਆ— "ਭਗਤ ਜੀ ! ਹੁਣ ਆਪ ਜੀ ਨੇ ਹਰ ਇਕ ਨਾਲ ਝਗੜੇ ਕਰਨੇ ਹੀ ਸ਼ੁਰੂ ਕਰ ਦਿੱਤੇ ਹਨ?" ਤਾਂ ਕਬੀਰ ਜੀ ਨੇ ਉੱਤਰ ਦਿੱਤਾ—

ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥ ੧॥ ਰਹਾਉ॥

ਸਾਡਾ ਤਾਂ ਕੋਈ ਝਗੜਾ ਨਹੀਂ ਰਿਹਾ। ਕਿਉਂਕਿ— ਝਗੜੇ ਕਰਨ ਵਾਲੇ ਤਾਂ ਪੰਡਿਤ ਜਾਂ ਮੁੱਲਾਂ ਲੋਕ ਹੀ ਹਨ, ਉਹ ਮੈਂ ਇਨ੍ਹਾਂ ਦੋਨਾਂ ਦਾ ਸੰਗ ਕਰਨਾ ਛੱਡ ਦਿੱਤਾ ਹੈ।

ਉਲਟਿ ਜਾਤਿ ਕੁਲ ਦੋਊ ਬਿਸਾਰੀ॥
ਸੁੰਨ ਸਹਜ ਮਹਿ ਬੁਨਤ ਹਮਾਰੀ॥ ੧॥

ਸੰਸਾਰ ਵਲੋਂ ਬਿਰਤੀ ਉਲਟਾ ਕੇ ਜ਼ਾਤੀ ਅਤੇ ਕੁਲ ਦੋਹਾਂ ਦੀ ਹੰਗਤਾ ਭੁਲਾ ਦਿਤੀ ਹੈ। ਸੁੰਨਿ= ਅਫਰੁ ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲਾ ਜੋ ਸਹਜ= ਬ੍ਰਹਮ ਗਿਆਨ ਹੈ, ਉਸ ਬ੍ਰਹਮ ਗਿਆਨ ਰੂਪੀ ਬਸਤ੍ਰ ਦੀ ਬੁਨਤ ਮੇਰੇ ਹਿਰਦੇ ਰੂਪੀ ਘਰ ਵਿਚ ਹੋ ਰਹੀ ਹੈ। ਬਿਬੇਕ ਰੂਪੀ ਤਾਣੇ, ਸ੍ਰਵਨ ਮੰਨਣ, ਨਿਧਿਆਸਨ ਰੂਪੀ ਪੇਟੇ, ਗੁਰ-ਉਪਦੇਸ਼ ਰੂਪੀ ਨਾਲੀ ਦੁਆਰਾ।

ਅਥਵਾ :— ਸੁਤੇ ਹੀ ਅਫੁਰ ਪਰਮਾਤਮਾ ਵਿਚ ਮੇਰੀ ਬੁਨਤ= ਬਿਰਤੀ ਲੱਗ ਰਹੀ ਹੈ॥ ੧੦॥

ਹਮਰਾ ਝਗਰਾ ਰਹਾ ਨ ਕੋਊ॥
ਪੰਡਿਤ ਮੁਲਾਂ ਛਾਡੇ ਦੋਊ॥ ੧॥ ਰਹਾਉ॥

੧- ਹੁਣ ਸਾਡਾ ਕੋਈ ਝਗੜਾ ਨਹੀਂ ਰਿਹਾ। ਕਿਉਂਕਿ ਪੰਡਿਤ ਤੇ ਮੁੱਲਾਂ ਇਨ੍ਹਾਂ ਦੋਨਾਂ ਦਾ ਸੰਗ ਕਰਨਾ ਮੈਂ ਛੱਡ ਦਿੱਤਾ ਹੈ।

੨- ਪੰਡਿਤਾਂ ਦਾ ਮਾਰਗ ਜੋ ਕਰਮ-ਕਾਂਡ ਹੈ ਅਤੇ ਮੁੱਲਾਂ ਦਾ ਮਾਰਗ ਜੋ ਸ਼ਰ੍ਹਾ ਦਾ ਹੈ, ਇਨ੍ਹਾਂ ਦੋਨਾਂ ਰਸਤਿਆਂ ਨੂੰ ਛੱਡ ਦਿੱਤਾ ਹੈ॥ ੧॥

ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ॥ ੧॥
ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥ ੧॥ ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥ ੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥ ੩॥
ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ ੪॥
ਕਹੁ ਕਬੀਰ ਇਹੁ ਕੀਆ ਵਖਾਨਾ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥ ੫॥ ੩॥

(ਭੈਰਉ ਮਃ ੫, ਪੰਨਾ ੧੧੩੬)

[ਪੰਨਾ ੧੧੫੯]

ਬੁਨਿ ਬੁਨਿ ਆਪ ਆਪੁ ਪਹਿਰਾਵਉ ॥
ਜਹ ਨਹੀ ਆਪੁ ਤਹਾ ਹੋਇ ਗਾਵਉ ॥ ੨ ॥

ਬਿਬੇਕ ਰੂਪ ਤਾਣੇ ਅਤੇ ਸ੍ਰਵਨ, ਮੰਨਨ, ਨਿਧਿਆਸਨ ਰੂਪ ਪੇਟੇ ਕਰ ਕੇ ਤੇ ਗੁਰ-ਉਪਦੇਸ਼ ਨਾਲੀ ਦੁਆਰਾ ਬ੍ਰਹਮ ਗਿਆਨ ਰੂਪੀ ਬਸਤ੍ਰ ਉਣ-ਉਣ ਕੇ ਆਪਣੇ ਆਪ ਨੂੰ ਪਹਿਰਾਉਂਦਾ ਹਾਂ। ਭਾਵ ਆਪਣੇ ਸ੍ਵੈ ਸਰੂਪ ਦਾ ਅਨੰਦ ਲੈਂਦਾ ਹਾਂ। ਵਾ :- ਬਿਰਤੀ ਨੂੰ ਬੁਨਿ ਬੁਨਿ= ਲਗਾ ਲਗਾ ਕੇ ਆਪਣੇ ਆਪ ਦੇ ਅਨੰਦ ਲੈਣ ਲਈ ਬ੍ਰਹਮ ਗਿਆਨ ਰੂਪੀ ਬਸਤ੍ਰ ਪਾਉਂਦਾ ਹਾਂ। ਜਿਥੇ ਸਤਿਸੰਗ ਵਿਚ ਆਪੁ= ਹੰਕਾਰ ਨਹੀਂ ਹੈ? ਓਥੇ ਮੈਂ ਟਿਕ ਕੇ ਈਸ਼ਵਰ ਜਸ ਨੂੰ ਗਾਉਂਦਾ ਹਾਂ॥ ੨ ॥

ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥ ੩ ॥

ਪੰਡਿਤਾਂ ਨੇ ਕਰਮ-ਕਾਂਡ ਅਤੇ ਮੌਲਾਣਿਆਂ ਨੇ ਸ਼ਰ੍ਹਾ ਦਾ ਮਾਰਗ ਜੋ ਲਿਖ ਦਿੱਤਾ ਹੈ- ਉਸ ਵਿੱਚੋਂ ਅਸਾਂ ਕੁਝ ਨਹੀਂ ਲਿਆ, ਉਹਨਾਂ ਦੋਹਾਂ ਦੇ ਖਿਆਲਾਂ ਨੂੰ ਅਸੀਂ ਇਥੇ ਹੀ ਛੱਡ ਚੱਲੇ ਹਾਂ। ਵਾ :- ਛੱਡ ਕੇ ਬ੍ਰਹਮ ਗਿਆਨ ਵੱਲ ਚਲੇ ਹਾਂ॥ ੩ ॥

ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥
ਆਪੁ ਖੋਜਿ ਖੋਜਿ ਮਿਲੇ ਕਬੀਰਾ ॥ ੪ ॥ ੭ ॥

ਹਿਰਦੇ ਦੇ ਇਖਲਾਸੁ= ਨਿਸ਼ਕਪਟ ਪ੍ਰੇਮ ਨਾਲ ਮੀਰਾ= ਪਾਤਸ਼ਾਹ ਪਰਮੇਸ਼ਰ ਨੂੰ ਨਿਰਖ ਲੇ= ਵੇਖ ਲਿਆ ਹੈ।

ਕਬੀਰ ਜੀ ਕਹਿੰਦੇ ਹਨ— (ਨਾ ਮੈਂ ਅੰਨ-ਮਯ ਕੋਸ਼ ਹਾਂ, ਨਾ ਮੈਂ ਮਨੋ-ਮਯ ਕੋਸ਼ ਹਾਂ, ਨਾ ਮੈਂ ਵਿਗਿਆਨ ਮਯ ਕੋਸ਼ ਹਾਂ, ਨਾ ਮੈਂ ਪ੍ਰਾਣ-ਮਯ ਕੋਸ਼ ਹਾਂ ਅਤੇ ਨਾ ਹੀ ਮੈਂ ਅਨੰਦ-ਮਯ ਕੋਸ਼ ਹਾਂ, ਇਸ ਤਰ੍ਹਾਂ) ਆਪਣੇ ਆਪ ਨੂੰ ਖੋਜ-ਖੋਜ ਕੇ ਪਰਮਾਤਮਾ ਨਾਲ ਮਿਲਿਆ ਹਾਂ॥ ੪ ॥ ੭ ॥

ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ॥ (ਵਾਰ ਗਉੜੀ, ਮਹਲਾ ੪, ਪੰਨਾ ੩੧੩)

ਉਥਾਨਕਾ- ਇਸ ਸ਼ਬਦ ਵਿਚ ਗ਼ਰੀਬਾਂ ਤੇ ਅਮੀਰਾਂ ਦੀ ਦਸ਼ਾ ਕਹਿੰਦੇ ਹਨ-

ਨਿਰਧਨ ਆਦਰੁ ਕੋਈ ਨ ਦੇਇ ॥

੧-(ਸੰਸਾਰ ਵਿਚ ਜੋ) ਨਿਰਧਨ= ਧਨ ਤੋਂ ਬਿਨਾਂ ਹੈ, ਉਸ ਪੁਰਸ਼ ਨੂੰ ਕੋਈ ਭੀ ਆਦਰ ਨਹੀਂ ਦੇਂਦਾ।

ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥ ੧ ॥ ਰਹਾਉ ॥

ਚਾਹੇ ਗਰੀਬ ਆਦਮੀ ਅਮੀਰ ਦੀ ਖੁਸ਼ੀ ਵਾਸਤੇ ਚਿਤ ਵਿਚ ਲੱਖਾਂ ਯਤਨ ਵੀ ਕਰੇ ਤਾਂ ਭੀ ਓਹ ਧਨਾਢ ਆਪਣੇ ਚਿਤ ਵਿਚ ਇਕ ਖਿਆਲ ਵੀ ਨਹੀਂ ਧਰਦਾ॥ ੧ ॥ ਰਹਾਉ ॥

ਜਉ ਨਿਰਧਨ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ ॥ ੧ ॥

ਜਉ ਨਿਰਧਨੁ= ਜੇ ਕਰ ਗਰੀਬ ਆਦਮੀ ਸਰਧਨ ਕੈ= ਧਨ ਵਾਲੇ ਪਾਸ ਚਲਾ ਵੀ ਜਾਵੇ ਤਾਂ ਅੱਗੇ ਗੱਦੀ 'ਤੇ ਬੈਠਾ ਹੋਇਆ ਧਨ ਵਾਲਾ ਪਿਠ ਮੋੜ ਬੈਠਦਾ ਹੈ ਕਿ ਇਹ ਕੰਗਲਾ ਕੋਈ ਸੁਆਲ ਨਾ ਕਰ ਦੇਵੇ।

ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ ਲੀਆ ਬੁਲਾਇ ॥ ੨ ॥

ਜੇ ਕਦੇ ਅਮੀਰ ਆਦਮੀ ਗ਼ਰੀਬ ਦੇ ਘਰ ਚਲਿਆ ਜਾਵੇ (ਤਾਂ ਉਹ ਆਪਣੇ ਧੰਨ ਭਾਗ ਸਮਝ ਕੇ) ਮਾਣ ਆਦਰ ਦੇ ਕੇ ਧਨਾਢ ਨੂੰ ਅੱਗੇ ਬੁਲਾ ਲੈਂਦਾ ਹੈ॥ ੨ ॥

ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥ ੩ ॥

(ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਇਕ ਪਿਤਾ-ਪਰਮਾਤਮਾ ਦੇ ਬਣਾਏ ਹੋਣ ਕਰ ਕੇ) ਗ਼ਰੀਬ ਤੇ ਸਰਧਨੁ= ਧਨ ਵਾਲਾ (ਅਮੀਰ) ਦੋਨੋਂ ਹੀ ਭਰਾ ਹਨ। ਪਰ ਪਰਮਾਤਮਾ ਦੀ ਕਲਾ= ਸ਼ਕਤੀ ਮੇਟੀ= ਹਟਾਈ ਨਹੀਂ ਜਾਂਦੀ (ਜੋ ਉਸ ਨੇ ਕਈ ਗ਼ਰੀਬ ਤੇ ਕਈ ਅਮੀਰ ਕਰਮਾਂ ਅਨੁਸਾਰ ਪੈਦਾ ਕਰ ਦਿਤੇ ਹਨ॥ ੩ ॥

ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥ ੪ ॥ ੮ ॥

ਕਬੀਰ ਜੀ ਕਹਿੰਦੇ ਹਨ—ਮੈਂ ਨਿਸਚੇ ਕਹਿੰਦਾ ਹਾਂ, ਪਰਮੇਸ਼ਰ-ਨਾਮ ਦੇ ਅੱਗੇ ਇਹ ਧਨ ਵੀ ਅਧਨ ਹੈ, ਇਸ ਤੇ ਕੰਗਾਲ ਪੁਰਸ਼ ਓਹੀ ਹੈ।

ਕਉਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥ (ਪੰਨਾ ੧੮੮)

ਜਿਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਨਹੀਂ ਹੁੰਦਾ-

ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ ॥

(ਮਾਰੂ ਵਾਰ, ਪੰਨਾ ੧੦੯੧)

-ਦੂਜਾ ਅਰਥ-

ਨਿਰਧਨ ਆਦਰੁ ਕੋਈ ਨ ਦੇਇ ॥ ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ॥ ੧ ॥ ਰਹਾਉ ॥

ਨਾਮ-ਹੀਣ ਆਦਮੀ ਆਤਮ-ਧਨ ਵਾਲੇ ਮਹਾਤਮਾ ਦੀ ਪ੍ਰਸੰਨਤਾ ਲਈ ਚਾਹੇ ਲੱਖਾਂ ਕਰੋੜਾਂ ਯਤਨ ਵੀ ਕਰੇ ਤਾਂ ਵੀ ਮਹਾਤਮਾ ਉਸ ਦੀ ਕੋਈ ਗੱਲ ਆਪਣੇ ਚਿਤ ਵਿਚ ਨਹੀਂ ਧਾਰਦੇ।

ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ ॥ ੧ ॥

ਜੇ ਨਾਮ-ਹੀਣ ਆਦਮੀ ਆਤਮ-ਧਨ ਵਾਲੇ ਮਹਾਤਮਾ ਪਾਸ ਚਲਾ ਵੀ ਜਾਵੇ। ਤਾਂ- ਅੱਗੇ ਮਹਾਤਮਾ ਬੈਠਾ ਹੋਇਆ ਪਿੱਠ ਫੇਰ ਦਿੰਦਾ ਹੈ। ਦਿਲ ਵਿਚ ਕਹਿੰਦਾ ਹੈ ਇਸ ਵਿਸ਼ਈ ਪਾਮਰ ਨਾਲ ਬੋਲਣ ਕਰ ਕੇ ਕੁਝ ਲਾਭ ਨਹੀਂ।

ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ ਲੀਆ ਬੁਲਾਇ ॥ ੨ ॥

ਜੇ ਆਤਮ-ਧਨ ਵਾਲਾ (ਧਨਾਢ ਮਹਾਤਮਾ ਨਾਮ-ਹੀਣ) ਕੰਗਾਲ ਦੇ ਘਰ ਚਲਿਆ ਜਾਵੇ ਤਾਂ ਕੰਗਾਲ ਆਦਮੀ ਮਾਣ-ਆਦਰ ਦੇ ਕੇ ਮਹਾਤਮਾ ਨੂੰ ਬੁਲਾ ਲੈਂਦਾ ਹੈ॥ ੨ ॥

ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥ ੩ ॥

ਨਾਮ-ਹੀਣ ਨਿਰਧਨ, ਆਤਮ-ਧਨ ਵਾਲੇ ਮਹਾਤਮਾ ਦੋਨੋਂ ਆਪਸ ਵਿਚ ਭਰਾ ਹਨ, ਚੇਤਨ ਦੀ ਅੰਸ਼

ਹੋਣ ਕਰ ਕੇ। ਲੇਕਿਨ ਪ੍ਰਭੂ ਦੀ ਸ਼ਕਤੀ ਹਟਾਈ ਨਹੀਂ ਜਾਂਦੀ, ਉਸ ਨੇ ਆਪ ਹੀ ਕਰਮਾਂ ਅਨੁਸਾਰ ਕਈ ਪਾਪੀ ਤੇ ਕਈ ਪੁੰਨੀ ਬਣਾ ਦਿਤੇ ਹਨ।

ਕਹਿ ਕਬੀਰ ਨਿਰਧਨੁ ਹੈ ਸੋਈ॥ ਜਾ ਕੇ ਹਿਰਦੈ ਨਾਮੁ ਨ ਹੋਈ॥ ੪॥ ੮॥

ਕਬੀਰ ਜੀ ਕਹਿੰਦੇ ਹਨ— ਅਸਲ ਵਿਚ ਕੰਗਾਲ ਓਹੀ ਆਦਮੀ ਹੈ। ਜਿਸ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਨਹੀਂ ਹੁੰਦਾ॥ ੪॥ ੮॥

ੳ) ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ॥
ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ॥ (ਮਃ ੧, ਪੰਨਾ ੧੨੪੪)

ਅ) ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥
ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥ ੧॥ (ਪੰਨਾ ੧੨੮੭)

ਉਥਾਨਕਾ- ਜਗਿਆਸੂ ਨੇ ਬੇਨਤੀ ਕੀਤੀ ਕਿ ਮਨੁੱਖਾ ਦੇਹ ਪਾਈ ਹੋਈ ਸਫਲ ਕਿਵੇਂ ਹੋਵੇ? *ਉੱਤਰ-*

ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥

ਪੂਰਨ ਗੁਰਾਂ ਦੀ ਸੇਵਾ- ਕਰੇ ਅਤੇ ਵਾਹਿਗੁਰੂ ਦੀ ਭਗਤੀ ਕਮਾਵੇ। ਤਦ ਇਹ ਮਨੁੱਖਾ ਦੇਹ ਪਾਈ ਹੋਈ ਸਫਲ ਹੁੰਦੀ ਹੈ।

ਪ੍ਰਸ਼ਨ- ਮਨੁਖਾ ਦੇਹ ਪ੍ਰਾਪਤ ਕਿਵੇਂ ਹੁੰਦੀ ਹੈ? *ਉੱਤਰ-* ਪਹਿਲੇ ਕਿਸੇ ਜਨਮ ਵਿਚ ਗੁਰਾਂ ਦੀ ਸੇਵਾ ਅਤੇ ਪਰਮਾਤਮਾ ਦੀ ਭਗਤੀ ਕਮਾਈ ਹੋਵੇ ਤਦ ਇਹ ਮਨੁੱਖਾ ਦੇਹ ਪ੍ਰਾਪਤ ਹੁੰਦੀ ਹੈ?

ਪਹਿਲਾ ਜਨਮ ਚਾਹੇ ਘੋੜੇ ਦਾ ਹੋਵੇ, ਚਾਹੇ ਹਾਥੀ ਦਾ, ਚਾਹੇ ਬਾਜ਼ ਦਾ ਹੋਵੇ, ਚਾਹੇ ਕੁੱਤੇ ਦਾ, ਸੇਵਾ ਦੀ ਜ਼ਰੂਰਤ ਹੈ ਚਾਹੇ ਕਿਸੇ ਜੂਨ ਵਿਚ ਸੇਵਾ ਕਰ ਲਵੇ।

ਜਿਵੇਂ ਕਈ ਘੋੜਿਆਂ ਨੂੰ ਸਾਹਿਬਾਂ ਦੀ ਤੇ ਮਹਾਂ ਪੁਰਸ਼ਾਂ ਦੀ ਸੇਵਾ ਕਰਦਿਆਂ ਮਨੁੱਖ ਜਨਮ ਦੀ ਪ੍ਰਾਪਤੀ ਹੋਈ ਹੈ। ਦਿਲਬਾਗ ਤੇ ਗੁਲਬਾਗ ਦੋਹਾਂ ਘੋੜਿਆਂ ਨੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਕੀਤੀ ਅਤੇ ਦਲ ਸ਼ਿੰਗਾਰ ਘੋੜੇ ਤੇ ਪ੍ਰਸਾਦੀ ਹਾਥੀ ਨੇ ਅਤਿਅੰਤ ਸੇਵਾ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਪ੍ਰਸੰਨਤਾ ਲੀਤੀ ਹੈ ਤੇ ਕੁੱਤੀ ਨੇ ਆਗਿਆ ਮੰਨ ਕੇ ਪੰਚਮ ਪਿਤਾ ਗੁਰੂ ਅਰਜਨ ਸਾਹਿਬ ਜੀ ਦੀ ਪ੍ਰਸੰਨਤਾ ਦੁਆਰੇ ਸੱਚ-ਖੰਡ ਦੀ ਪ੍ਰਾਪਤੀ ਕੀਤੀ।

ਇਸ ਤਰ੍ਹਾਂ ਪਹਿਲੇ ਜਨਮ ਵਿਚ ਪੁੰਨ ਕਰਮ ਕਮਾਉਣ ਕਰ ਕੇ ਮਨੁੱਖ ਜਨਮ ਦੀ ਪ੍ਰਾਪਤੀ ਹੁੰਦੀ ਹੈ। ਇਸ ਕਰ ਕੇ ਆਗਿਆ ਮੰਨਣੀ ਹੀ ਸਭ ਤੋਂ ਵੱਡੀ ਭਗਤੀ ਹੈ।

ੳ) ਪੂਰਬਿ ਜਨਮਿ ਪਰਚੂਨ ਕਮਾਏ ਹਰਿ ਹਰਿ ਹਰਿ ਨਾਮਿ ਪਿਆਰੇ॥
(ਨਟ ਮਹਲਾ ੪, ਪੰਨਾ ੯੮੨)

ਅ) ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥ (ਸੋਰਠਿ ਵਾਰ, ਪੰਨਾ ੬੪੮)

ਇਸ ਦੇਹੀ ਕਉ ਸਿਮਰਹਿ ਦੇਵ॥

ਇਸ ਮਨੁੱਖਾ ਦੇਹੀ ਨੂੰ ਦੇਵਤੇ ਵੀ ਯਾਦ ਕਰਦੇ ਹਨ, ਕਿ ਸਾਨੂੰ ਮਿਲੇ ਤਾਂ ਅਸੀਂ ਭਜਨ-ਸਿਮਰਨ ਕਰ ਕੇ ਕੇਵਲ ਮੁਕਤੀ ਨੂੰ ਪ੍ਰਾਪਤ ਹੋਈਏ। ਕਿਉਂਕਿ ਦੇਵਤਿਆਂ ਨੂੰ ਕਰਮਾਂ ਦਾ ਫਲ ਨਹੀਂ ਹੁੰਦਾ, ਪੁੰਨ ਖਤਮ ਹੋ

ਜਾਣ ਤੋਂ ਬਾਅਦ ਫਿਰ ਧੱਕੇ ਜਾਂਦੇ ਹਨ।

ਚੁਰਾਸੀ ਲੱਖ ਜੂਨ 'ਚੋਂ ਇਸ ਦੇਹੀ ਨੂੰ ਹੀ ਉੱਚ ਪਦਵੀ ਗੁਰੂ ਅਰਜਨ ਸਾਹਿਬ ਜੀ ਨੇ ਦਿੱਤੀ ਹੈ:

ੳ) ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

(ਮਹਲਾ ੫, ਪੰਨਾ ੩੭੪)

ਅ) ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥''

(ਮ: ੫, ਪੰਨਾ ੧੦੭੫)

ਭਾਈ ਗੁਰਦਾਸ ਜੀ ਲਿਖਦੇ ਹਨ:-

ੲ) ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ ਬੋਲਣਿ ਬਚਨ ਸਨੇਹੀ। (ਵਾਰ ੧, ਪਉੜੀ ੩)

ਸੋ ਦੇਹੀ ਭਜੁ ਹਰਿ ਕੀ ਸੇਵ॥ ੧॥

ਸੋ= ਇਸ ਮਨੁੱਖਾ ਦੇਹੀ ਨੂੰ ਪਾ ਕੇ ਹਰੀ ਦੀ ਸੇਵਾ ਕਰ ਤਾਂ ਇਹ ਮਨੁੱਖਾ ਦੇਹ ਸਫਲ ਹੋਵੇਗੀ॥ ੧॥

ਭਜਹੁ ਗੋਬਿੰਦ ਭੂਲਿ ਮਤ ਜਾਹੁ॥
ਮਾਨਸ ਜਨਮ ਕਾ ਏਹੀ ਲਾਹੁ॥ ੧॥ ਰਹਾਉ॥

ਪਰਮਾਤਮਾ ਨੂੰ ਜ਼ਰੂਰ ਭਜਹੁ= ਚੇਤੇ ਕਰੋ, ਪਦਾਰਥਾਂ ਵਿਚ ਲੱਗ ਕੇ ਉਸ ਨੂੰ ਮਤਾਂ ਭੁੱਲ ਜਾਣਾ। ਕਿਉਂਕਿ ਮਨੁੱਖਾ ਦੇਹ ਪਾਉਣ ਦਾ ਏਹੀ ਲਾਭ ਹੈ, ਜਿਹੜਾ ਭਜਨ-ਸਿਮਰਨ ਕਰਨਾ ਹੈ॥ ੧॥

ਜਬ ਲਗੁ ਜਰਾ ਰੋਗੁ ਨਹੀ ਆਇਆ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥

ਜਿੰਨਾ ਚਿਰ ਬ੍ਰਿਧ ਅਵਸਥਾ ਰੂਪੀ ਰੋਗ ਆ ਕੇ ਪ੍ਰਾਪਤ ਨਹੀਂ ਹੋਇਆ ਅਤੇ ਜਿੰਨਾ ਚਿਰ ਕਾਲਿ= ਮੌਤ ਨੇ ਕਾਇਆ= ਦੇਹ ਨਹੀਂ ਗ੍ਰਸੀ= ਪਕੜੀ ਭਾਵ ਜਦ ਤੱਕ ਮੌਤ ਨੇ ਆ ਕੇ ਘੇਰਿਆ ਨਹੀਂ।

ਜਬ ਲਗੁ ਬਿਕਲ ਭਈ ਨਹੀ ਬਾਨੀ॥
ਭਜਿ ਲੇਹਿ ਰੇ ਮਨ ਸਾਰਿਗਪਾਨੀ॥ ੨॥

ਜਿੰਨਾ ਚਿਰ ਬਾਣੀ ਬਿਕਲ= ਥਥਲਾਉਂਦੀ (ਥਿੜਕਦੀ) ਨਹੀਂ, ਭਾਵ ਜ਼ੁਬਾਨ ਕਮਜ਼ੋਰ ਨਹੀਂ ਹੁੰਦੀ, ਉੱਨਾਂ ਚਿਰ ਹੇ ਮਨਾ! ਤੂੰ ਸਾਰਿਗਪਾਨੀ= ਪਰਮਾਤਮਾ ਨੂੰ ਭਜ ਲੈਣਾ ਕਰ॥ ੨॥

ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥

ਹੇ ਭਾਈ ! ਹੁਣ ਨਾ ਯਾਦ ਕਰੋਗੇ ਤਾਂ ਫਿਰ ਕਦੋਂ ਯਾਦ ਕਰੋਗੇ। ਜਿਸ ਵੇਲੇ ਸਰੀਰ ਦੇ ਅੰਤ ਹੋਣ ਦਾ ਸਮਾਂ ਆਇਆ ਉਸ ਵੇਲੇ ਤਾਂ ਯਾਦ ਨਹੀਂ ਕੀਤਾ ਜਾਣਾ।

ਭਾਈ ਗੁਰਦਾਸ ਜੀ ਨੇ ਕਥਨ ਕੀਤਾ ਹੈ:-

ਜੈਸੇ ਘਰਿ ਲਾਗੈ ਆਗਿ ਜਾਗਿ ਕੂਪ ਖੋਦਿਓ ਚਾਹੈ,
ਕਾਰਜੁ ਨ ਸਿਧਿ ਹੋਇ ਰੋਇ ਪਛੁਤਾਈਐ।

ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ,
ਅਨਥਾ ਉਦਮ ਜੈਤ ਮੋਖ ਪਦਵੀ ਨ ਪਾਈਐ।
ਜੈਸੇ ਨਿਸਿ ਸੋਵਤ ਸੰਗਾਤੀ ਚਲਿ ਜਾਤਿ ਪਾਛੈ,
ਭੋਰ ਭਏ ਭਾਰ ਬਾਧ ਚਲੇ ਕਤ ਜਾਈਐ।
ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ,
ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ॥੪੯੫॥

ਜੋ ਕਿਛੁ ਕਰਹਿ ਸੋਈ ਅਬ ਸਾਰੁ॥
ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ੩॥

ਜੋ ਕੁਝ ਵੀ ਸਾਧਨ (ਜਪ, ਤਪ, ਸੰਜਮ ਭਜਨ-ਸਿਮਰਨ ਵਗੈਰਾ) ਕਰਨਾ ਚਾਹੁੰਦਾ ਹੈਂ। ਸੋਈ ਅਬ ਸਾਰੁ= ਓਹੀ ਹੁਣ ਕਰ ਸਕਦਾ ਹੈਂ। ਵਾ :- ਜੋ ਕੁਛ ਭਜਨ-ਸਿਮਰਨ ਹੁਣ ਕਰ ਲਵੇਂ ਓਹੀ ਸਾਰੁ= ਸ੍ਰੇਸ਼ਟ ਹੈ।

(ਜਿਸ ਵੇਲੇ ਬੁਢੇਪਾ ਆ ਗਿਆ) ਫਿਰ ਤੂੰ ਪਛਤਾਵੇਂਗਾ, ਜਿਸ ਪਛਤਾਵੇ ਦਾ ਤੂੰ ਪਾਰੁ= ਅਖੀਰ ਨਹੀਂ ਪਾਵੇਂਗਾ।

ਫਰੀਦ ਸਾਈਂ ਨੇ ਬੁਢੇਪੇ ਦਾ ਦੁੱਖ ਆਪਣੇ 'ਤੇ ਅਜਮਾਇਸ਼ ਕਰ ਕੇ ਕਥਨ ਕੀਤਾ ਹੈ:

ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥੨੦॥ (ਪੰਨਾ ੧੩੭੮)

ਭਰਥਰੀ ਹਰੀ ਜੀ ਕਹਿੰਦੇ ਹਨ:

ਜਰਾ ਉਪਾਇ ਨ ਹੋ ਸਕੇ, ਜਰਾ ਆਯੁ ਕੇ ਮਾਹਿ।
ਭ੍ਰਵ ਸਾਗਰ ਕੇ ਤਰਨ ਕਉ, ਤਰਨ ਅਵਸਥਾ ਆਹਿ। (ਵੈਰਾਗ ਸ਼ੱਤਕ)

ਅਥਵਾ:- ਫਿਰ ਤੂੰ ਅਫਸੋਸ ਹੀ ਕਰੇਂਗਾ ਸੰਸਾਰ-ਸਮੁੰਦਰ ਤੋਂ ਪਾਰ ਹੋਣਾ ਨਹੀਂ ਪਾਵੇਂਗਾ॥ ੩॥

ਸੋ ਸੇਵਕੁ ਜੋ ਲਾਇਆ ਸੇਵ॥ ਤਿਨ ਹੀ ਪਾਏ ਨਿਰੰਜਨ ਦੇਵ॥

ਅਸਲੀ ਸੇਵਾਦਾਰ ਓਹੀ ਹੈ, ਜਿਸ ਨੂੰ ਵਾਹਿਗੁਰੂ ਨੇ ਆਪਣੀ ਭਗਤੀ ਰੂਪ ਸੇਵਾ ਵਿਚ ਲਾਇਆ ਹੈ। ਉਸ ਨੇ ਹੀ ਮਾਇਆ ਤੋਂ ਰਹਿਤ ਪ੍ਰਕਾਸ਼ ਰੂਪ ਪਰਮਾਤਮਾ ਨੂੰ ਪਾਇਆ ਹੈ।

ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ॥ ਬਹੁਰਿ ਨ ਆਵੈ ਜੋਨੀ ਬਾਟ॥ ੪॥

ਪੂਰਨ ਗੁਰਾਂ ਨਾਲ ਮਿਲਣ ਕਰ ਕੇ ਉਸ ਦੇ ਪੰਜਾਂ ਕੋਸ਼ਾਂ ਰੂਪੀ ਕਪਾਟ= ਤਖ਼ਤੇ ਖੁੱਲ੍ਹ ਗਏ ਹਨ। ਫਿਰ ਉਹ ਜੂਨੀਆਂ ਦੇ ਬਾਟ= ਰਸਤੇ ਨਹੀਂ ਆਉਂਦਾ॥ ੪॥

ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖੁ ਬਿਚਾਰਿ॥

ਇਹੋ ਮਨੁੱਖਾ ਜਨਮ ਹੀ ਤੇਰੇ ਤਰਨ ਦਾ ਅਉਸਰੁ= ਸਮਾਂ ਹੈ ਅਤੇ ਏਹੋ ਜੋਬਨ ਅਵਸਥਾ ਹੀ ਤੇਰੇ ਭਜਨ ਸਿਮਰਨ ਕਰਨ ਦੀ ਵਾਰੀ ਹੈ। ਵਾ :- ਇਹ ਕਲਜੁਗ ਦਾ ਅਉਸਰੁ= ਸਮਾਂ ਤੇਰਾ ਸਭ ਤੋਂ ਉਤਮ ਹੈ ਅਤੇ

ਇਹ ਮਨੁੱਖਾ ਦੇਹ ਰੂਪ ਵਾਰੀ ਪ੍ਰਭੂ ਨਾਲ ਮਿਲਣ ਦੀ ਹੈ।* ਆਪਣੇ ਹਿਰਦੇ ਅੰਦਰ ਤੂੰ ਵਿਚਾਰ ਕੇ ਦੇਖ!

ਕਹਤ ਕਬੀਰੁ ਜੀਤਿ ਕੈ ਹਾਰਿ॥
ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥ ੫॥ ੧॥ ੯॥

ਕਬੀਰ ਜੀ ਕਹਿੰਦੇ ਹਨ— ਹੇ ਭਾਈ ! ਤੂੰ ਕਰਮਾਂ ਦੇ ਕਰਨ ਨੂੰ ਸੁਤੰਤਰ ਹੈਂ ਜੋ ਚਾਹਵੇਂ ਕਰ ਸਕਦਾ ਹੈਂ, ਅਸਾਂ ਤੈਨੂੰ ਸਮਝਾ ਦਿੱਤਾ ਤੂੰ ਹੁਣ ਭਾਵੇਂ ਜਿੱਤ ਕੈ= ਅਥਵਾ ਹਾਰ। ਅਸਾਂ ਆਪਣਾ ਫਰਜ਼ ਲਾਹੁਣ ਵਾਸਤੇ ਤੈਨੂੰ ਬਹੁਤ ਹੀ ਤਰ੍ਹਾਂ ਪੁਕਾਰ ਕੇ ਕਿਹਾ ਹੈ॥ ੫॥ ੧॥ ੯॥

ੳ) *ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ॥ ੨॥ ੨॥* (ਪੰਨਾ ੧੩੫੨)
ਅ) *ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗੁ ਪਸਾਰੁ॥*
ਸਿਮਰਤ ਨਹ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ॥ ੨॥ ੩॥ (ਪੰਨਾ ੧੩੫੨)
ੲ) *ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥ ੩॥ ੩॥* (ਪੰਨਾ ੭੨੭)
ਸ) *ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥*
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥ ੪॥ ੧॥ (ਪੰਨਾ ੨੧੪)

ਉਥਾਨਕਾ-ਇਕ ਜੋਗੀ ਨੇ ਭਗਤ ਕਬੀਰ ਜੀ ਪਾਸ ਆ ਕੇ ਪੁਛਿਆ—"ਪਰਮਾਤਮਾ ਦੀ ਪ੍ਰਾਪਤੀ ਦੇ ਕਿਤਨੇ ਰਾਹ ਹਨ?"

ਕਬੀਰ ਜੀ ਨੇ ਕਿਹਾ—"ਦੋ ਰਾਹ ਹਨ, ਇਕ ਹਠ ਜੋਗ, ਦੂਜਾ ਭਗਤੀ ਜੋਗ।"

ਹੁਣ ਦੋਨੋਂ ਤਰੀਕੇ ਉਸ ਨੂੰ ਸੁਣਾਉਂਦੇ ਹਨ-

ਸਿਵ ਕੀ ਪੁਰੀ ਬਸੈ ਬੁਧਿ ਸਾਰੁ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥

ਪਹਿਲਾ ਅਰਥ- ਸਿਵ= ਕਲਿਆਣਰੂਪ ਪਰਮਾਤਮਾ ਦੀ ਦਸਮ ਦੁਆਰ ਰੂਪੀ 'ਪੁਰੀ' ਵਿਚ ਸਾਰੁ= ਸ੍ਰੇਸ਼ਟ ਬੁੱਧੀ ਵਾਲੇ ਜੋਗੀ ਜਨ ਵਸਦੇ ਹਨ। ਉਨ੍ਹਾਂ ਜੋਗੀਆਂ ਨਾਲ ਮਿਲ ਕੇ ਹੇ ਜੋਗੀ ਸਾਹਿਬ ਜੀ! ਤੁਸੀਂ ਪ੍ਰਾਣਾਂ ਦੇ ਚਾੜ੍ਹਨ ਦਾ ਵਿਚਾਰ ਕਰੋ।

ਈਤ ਊਤ ਕੀ ਸੋਝੀ ਪਰੈ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ॥

ਜਿਸ ਵੇਲੇ ਈਤ ਊਤ= ਹੇਠਲੇ ਉਪਰਲੇ ਚੱਕਰਾਂ ਦੀ। *ਵਾ :-* ਇੜਾ ਪਿੰਗਲਾ ਦੋ ਸੁਰਾਂ ਦੀ ਸੋਝੀ= ਸਮਝ ਪੈ ਜਾਵੇਗੀ। ਤਾਂ ਮੇਰਾ ਤੇਰਾ ਆਦਿ ਕਰਮਾਂ ਨੂੰ ਕਰ ਕਰ ਕੇ ਕੌਣ ਮਰੇਗਾ? ਭਾਵ ਕੋਈ ਨਹੀਂ ਮਰੇਗਾ। ਕਿਉਂਕਿ ਜਿਸ ਵੇਲੇ ਹੇਠਲੇ ਉਪਰਲੇ ਚੱਕਰਾਂ ਦੀ ਸੋਝੀ ਹੋਣ ਕਰ ਕੇ ਦਸਮ ਦੁਆਰ ਵਿਚ ਪ੍ਰਾਣ ਟਿਕਦੇ ਹਨ ਤਾਂ ਫਿਰ ਕਰਮਾਂ ਦੇ ਕਰਨ ਵਿਚ ਮੇਰ-ਤੇਰ ਕੋਈ ਨਹੀਂ ਕਰਦਾ॥ ੧॥

ਨਿਜ ਪਦ ਊਪਰਿ ਲਾਗੋ ਧਿਆਨੁ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥ ੧॥ ਰਹਾਉ॥

---

* ੳ) *ਭਈ ਪਰਾਪਤਿ ਮਾਨੁਖ ਦੇਹੁਰੀਆ॥*
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਆਸਾ ਮਹਲਾ ੩, ਪੰਨਾ ੧੨)
ਅ) *ਮਿਲੁ ਜਗਦੀਸ ਮਿਲਨ ਕੀ ਬਰੀਆ॥*
ਚਿਰੰਕਾਲ ਇਹ ਦੇਹ ਸੰਜਰੀਆ॥ ੧॥ (ਗਉੜੀ ਮ: ੫, ਪੰਨਾ ੧੭੬)

ਜਦ ਮੇਰਾ ਨਿਜ ਪਦ= ਦਸਮ ਦੁਆਰ ਉਪਰ ਧਿਆਨ ਲੱਗ ਗਿਆ ਤਾਂ ਮੇਰਾ ਸੁਆਮੀ ਜੋ ਰਾਜਾ= ਪ੍ਰਕਾਸ਼ ਰੂਪ ਰਾਮ= ਪਰਮਾਤਮਾ ਹੈ, ਨਾਮੁ= ਪ੍ਰਸਿੱਧ ਹੀ ਤਿਸ ਦਾ ਮੈਨੂੰ ਬ੍ਰਹਮ ਗਿਆਨ ਹੋਇਆ।

ਜੋਗੀ ਨੇ ਕਿਹਾ— ਦਸਮ ਦੁਆਰ ਵਿਚ ਪ੍ਰਾਣ ਚੜ੍ਹਾਉਣ ਵੇਲੇ ਆਪ ਜੀ ਨੇ ਪਹਿਲੇ ਕੀ ਸਾਧਨ ਕੀਤਾ? ਉੱਤਰ- ਗੁਰਾਂ ਪਾਸੋਂ ਉਪਦੇਸ਼ ਲੈ ਕੇ ਪਹਿਲੇ ਪ੍ਰਾਣ ਚੜ੍ਹਾਉਣ ਵਾਸਤੇ-

ਮੂਲ ਦੁਆਰੈ ਬੰਧਿਆ ਬੰਧੁ ॥

ਮੂਲਾ ਚੱਕਰ ਦੁਆਰੇ ਜੋ ਅਪਾਨ ਵਾਯੂ ਜਾ ਰਹੀ ਸੀ, ਉਸ ਨੂੰ ਖੱਬੇ ਪੈਰ ਦੀ ਅੱਡੀ ਦਾ ਬੰਧੁ= ਬੰਨ੍ਹ (ਰੋਕਾ) ਦੇ ਕੇ ਬੰਨ੍ਹਿਆਂ, ਅਰਥਾਤ ਰੋਕਣਾ ਕੀਤਾ। ਵਾ :- ਮੂਲਾ ਚੱਕਰ ਦੁਆਰੇ ਜਾ ਰਹੀ ਅਪਾਨ ਵਾਯੂ ਨੂੰ ਰੋਕ ਕੇ ਬੰਧੁ= ਪ੍ਰਾਣਾਂ ਨੂੰ ਦਸਮ ਦੁਆਰ ਵਿਚ ਬੰਨ੍ਹਣਾ ਕੀਤਾ। ਭਾਵ ਮੇਰਡੰਡ ਦੇ ਰਸਤੇ ਪ੍ਰਾਣ ਚੜ੍ਹਾਉਣੇ ਸ਼ੁਰੂ ਕੀਤੇ।

ਰਵਿ ਊਪਰਿ ਗਹਿ ਰਾਖਿਆ ਚੰਦੁ ॥

ਰਵਿ= ਸੂਰਜ ਦੀ ਸੁਰ ਉਪਰ ਚੰਦ੍ਰਮਾ ਦੀ ਸੁਰ ਨੂੰ ਫੜ ਰੱਖਿਆ । ਭਾਵ ਸੂਰਜ ਦੀ ਸੁਰ ਬੜੀ ਗਰਮ ਸੀ, ਚੰਦ੍ਰਮਾ ਦੀ ਸੁਰ ਨਾਲ ਉਸ ਨੂੰ ਠੰਡੀ ਕੀਤਾ।

ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥ ੨ ॥

ਪਛਮ= ਪਿੱਠ ਪਿੱਛੇ ਜੋ ਪੁਰੀਤਤ ਨਾੜੀ ਹੈ, ਉਸ ਦੁਆਰੇ ਸੂਰਜ ਦੀ ਸੁਰ ਪਿੰਗਲਾ ਨੂੰ ਤਪਾਵੇ, ਭਾਵ ਪ੍ਰਾਣ ਚਾੜ੍ਹੇ। ਤਾਂ ਫਿਰ ਡੰਡ= ਸਰੀਰ ਤੇ ਉਪਰ ਮੇਰ= ਉਤਕ੍ਰਿਸ਼ਟ (ਬੜਾ) ਸਿਰੁ= ਸ਼ਰੋਮਣੀ ਜੋ ਦਸਮ ਦੁਆਰ ਹੈ, ਉਸ ਵਿਚ ਵਸਦਾ ਹੈ। *ਅਥਵਾ :—* ਮੇਰ ਡੰਡ ਨਾਮੇ ਨਾੜੀ ਦੇ ਸਿਰੇ 'ਤੇ ਜੋ ਦਸਮ ਦੁਆਰ ਹੈ, ਉਸ ਵਿਚ ਵਸਦਾ ਹੈ।

ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥

ਪਸਚਮ ਦੁਆਰੇ= ਪਿੱਠ ਪਿੱਛੇ ਜੋ ਪੁਰੀਤਤ ਨਾੜੀ ਹੈ, ਉਸ ਦੀ ਓੜ= ਤਰਫ ਇਕ ਮਾਸ ਦੀ ਬੋਟੀ ਰੂਪ ਸਿਲਾ ਹੈ। ਤਿਸ ਮਾਸ ਦੀ ਬੋਟੀ ਰੂਪ ਸਿਲਾ ਉੱਤੇ ਅਉਰ= ਹੋਰ ਛੋਟੀਆਂ ਛੋਟੀਆਂ ਮਾਸ ਦੀਆਂ ਬੋਟੀਆਂ ਰੂਪ ਖਿੜਕੀਆਂ ਹਨ।

ਖਿੜਕੀ ਊਪਰਿ ਦਸਵਾ ਦੁਆਰੁ ॥
ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥ ੩ ॥ ੨ ॥ ੧੦ ॥

ਉਹਨਾਂ ਮਾਸ ਦੀਆਂ ਬੋਟੀਆਂ ਰੂਪ ਖਿੜਕੀਆਂ ਉਪਰ ਦਸਮ ਦੁਆਰ ਹੈ। ਕਬੀਰ ਜੀ ਕਹਿੰਦੇ ਹਨ— ਉਸ ਦਸਮ ਦੁਆਰ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ ॥ ੩ ॥ ੨ ॥ ੧੦ ॥

ਨੋਟ-ਪ੍ਰਾਣ ਚੜ੍ਹਾਉਣ ਦੇ ਦੋ ਰਾਹ ਦੱਸੇ ਹਨ- ਇਕ ਕੁੰਡਲਨੀ ਮਾਰਗ ਦੁਆਰਾ। ਦੂਜਾ ਮੇਰਡੰਡ ਦੁਆਰਾ।

੧) ਥੋੜ੍ਹਾ ਸਮਾਂ ਸਮਾਧੀ ਲਾਉਣ ਵਾਲੇ ਯੋਗੀ ਜਨ 'ਕੁੰਡਲਨੀ' ਨਾੜੀ ਦੁਆਰੇ ਪ੍ਰਾਣਾਂ ਨੂੰ ਚੜ੍ਹਾਉਂਦੇ ਹਨ। ਜੋ ਕੁੰਡਲਨੀ ਨਾੜੀ ਛੇ ਚੱਕਰਾਂ ਵਿੱਚੋਂ ਹੋ ਕੇ ਉੱਪਰ ਨੂੰ ਗਈ ਹੈ।

ਏਸ ਕਰ ਕੇ ਕੁੰਡਲਨੀ ਰਸਤੇ ਪ੍ਰਾਣ ਚੜ੍ਹਾਉਣ ਵਾਲਿਆਂ ਨੂੰ ਛੇ ਚੱਕਰਾਂ ਥਾਣੀ ਲੰਘਣਾ ਪੈਂਦਾ ਹੈ।

ਯਥਾ :- ਉਲਟਤ ਪਵਨ ਚਕ੍ਰ ਖਟ ਭੇਦੇ ਸੁਰਤਿ ਸੁੰਨ ਅਨਰਾਗੀ॥ (ਪੰਨਾ ੩੩੩)

ਤਥਾ:-ਬੰਧਚਿ ਬੰਧਨੁ ਪਾਇਆ॥ ਮੁਕਤੈ ਗੁਰਿ ਅਨਲੁ ਬੁਝਾਇਆ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ॥ ਤਬ ਅੰਤਰਿ ਮਜਨੁ ਕੀਨ੍ਹਾ॥ ੧॥
ਪਵਨ ਪਤਿ ਉਨਮਨਿ ਰਹਨੁ ਖਰਾ॥ ਨਹੀ ਮਿਰਤੁ ਨ ਜਨਮੁ ਜਰਾ॥੧॥ ਰਹਾਉ॥
ਉਲਟੀ ਲੇ ਸਕਾਂਤ ਸਹਾਰੰ॥ ਪੈਸੀਲੇ ਗਗਨ ਮਝਾਰੰ॥
ਬੇਧੀਅਲੇ ਚਕ੍ਰ ਭੁਅੰਗਾ॥ ਭੇਟੀਅਲੇ ਰਾਇ ਨਿਸੰਗਾ॥ ੨॥ (ਪੰਨਾ ੯੭੧)

ਇਤਿਆਦਿਕ ਕੁੰਡਲਨੀ ਮਾਰਗ ਦੁਆਰਾ ਪ੍ਰਾਣ ਚੜ੍ਹਾਉਣ ਦੇ ਸਬੰਧ ਵਿਚ ਬਹੁਤ ਸਾਰੇ ਸ਼ਬਦ ਕਥਨ ਕੀਤੇ ਹੋਏ ਹਨ।

੨) ਬਹੁਤਾ ਸਮਾਂ ਅਡੋਲ ਸਮਾਧੀ ਲਗਾਉਣ ਵਾਲੇ ਜੋਗੀ 'ਮੇਰਡੰਡ'* ਦੁਆਰਾ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਚੜ੍ਹਾਉਂਦੇ ਹਨ।

ਇਸ ਰਸਤੇ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਕੋਈ ਕੋਈ ਚੜ੍ਹਾਉਂਦਾ ਹੈ, ਇਹ ਰਸਤਾ ਏਸੇ ਸ਼ਬਦ ਵਿਚ ਹੀ ਵਰਣਨ ਕੀਤਾ ਗਿਆ ਹੈ।

ਜੋਗੀ ਜਨ ਸਮਾਧੀ ਲਾਉਣ ਵੇਲੇ ਪਹਿਲੇ ਗੁਦਾ ਵਿਚ ਖੱਬੇ ਪੈਰ ਦੀ ਅੱਡੀ ਦੇ ਕੇ, ਪਾਨ ਅਪਾਨ ਦੋਨੋਂ ਮਿਲਵੀਆਂ ਹਵਾਵਾਂ ਨੂੰ ਉਪਰ ਚੜ੍ਹਾਉਂਦੇ ਹਨ।

ਸਰੀਰ ਦੀਆਂ ਸਭ ਅਸਥੀਆਂ (ਹੱਡੀਆਂ) ਅੰਦਰ ਮਿੱਝ ਧਾਤੂ ਰਹਿੰਦੀ ਹੈ ਤੇ ਮੇਰਡੰਡ ਵੀ ਮਿੱਝ ਨਾਲ ਭਰੀ ਹੋਈ ਹੁੰਦੀ ਹੈ, ਓਹ ਮਿੱਝ ਹਵਾ ਨੂੰ ਉਪਰ ਜਾਣ ਨਹੀਂ ਦੇਂਦੀ।

ਇਸ ਲਈ ਜੋਗੀ ਪਹਿਲੇ ਸੂਰਜ ਦੀ ਸੁਰ ਨਾਲ ਪ੍ਰਾਣ ਚੜ੍ਹਾਉਂਦੇ ਹਨ, ਉਸ ਦੀ ਗਰਮਾਈ ਨਾਲ ਮਿੱਝ ਢਲਕੇ ਥਲੇ ਨਿਕਲਦੀ ਹੈ ਫੇਰ ਪ੍ਰਾਣ ਉੱਪਰ ਨੂੰ ਚੜ੍ਹਦੇ ਹਨ।

ਸੂਰਜ ਦੀ ਸੁਰ ਨਾਲ ਜਦ ਸਰੀਰ ਵਿਚ ਗਰਮੀ ਬਹੁਤ ਵਧ ਜਾਂਦੀ ਹੈ ਤਾਂ ਫਿਰ ਚੰਦਰਮਾ ਦੀ ਸੁਰ ਨੂੰ ਚਲਾਉਂਦੇ ਹਨ, ਇਸ ਲਈ ਏਹ ਤੁਕ ਲਿਖੀ ਹੈ।

ਰਵਿ ਊਪਰਿ ਗਹਿ ਰਾਖਿਆ ਚੰਦੁ॥

ਚੰਦ੍ਰਮਾ ਦੀ ਸੁਰ ਚਲਣ ਕਰ ਕੇ ਇਤਨੀ ਸਰਦੀ ਹੋ ਜਾਂਦੀ ਹੈ ਕਿ ਫੇਰ ਮਿੱਝ (ਕੰਗਰੋੜ ਨਾਲ ਲੱਗੀ ਹੋਈ ਸੁਖਮਨਾ ਨਾੜੀ) ਜੰਮ ਜਾਂਦੀ ਹੈ ਤੇ ਪ੍ਰਾਣ ਉਪਰ ਚੜ੍ਹਨ ਤੋਂ ਰੁਕ ਜਾਂਦੇ ਹਨ। ਉਸ ਦੀ ਨਵਿਰਤੀ ਲਈ-

ਪਛਮ ਦੁਆਰੈ ਸੂਰਜੁ ਤਪੈ॥

ਪਿੱਠ ਪਿਛੇ ਜੋ ਮੇਰਡੰਡ ਨਾੜੀ ਹੈ ਉਸ ਨੂੰ ਸੂਰਜ ਦੀ ਸੁਰ ਦੁਆਰਾ ਤਪਾਉਂਦੇ ਹਨ ਤਾਂ ਮਿੱਝ ਢਲਣੀ ਸ਼ੁਰੂ ਹੋ ਜਾਂਦੀ ਹੈ ਤੇ-

ਮੇਰਡੰਡ ਸਿਰ ਊਪਰਿ ਬਸੈ॥ ੨॥

ਮੇਰਡੰਡ ਦਾ ਸਿਰਾ ਜੋ ਦਿਮਾਗ ਨਾਲ ਲੱਗਾ ਹੋਇਆ ਹੈ, ਉਸ ਉੱਤੇ ਪ੍ਰਾਣ ਜਾ ਠਹਿਰਦੇ ਹਨ।

ਪਸਚਮ ਦੁਆਰੇ ਕੀ ਸਿਲ ਓੜ॥

ਪਸਚਮ ਦੁਆਰੇ= ਪਿੱਠ ਪਿੱਛੇ ਜੋ ਵੱਡੀ ਨਾੜੀ ਮੇਰਡੰਡ ਹੈ ਉਸ ਦਾ ਉਪਰਲਾ ਸਿਰਾ ਜੋ ਦਿਮਾਗ ਨਾਲ

*ਗੁਦਾ ਤੋਂ ਲੈ ਕੇ ਕਪਾਲ ਨਾਲ ਲੱਗੀ ਹੋਈ ਜੋ ਵੱਡੀ ਅਸਥੀ ਹੈ ਉਸ ਨੂੰ ਮੇਰਡੰਡ ਕਹਿੰਦੇ ਹਨ, ਜਿਸ ਦੇ ਨਾਲ ਵੱਖੀ ਸਥਲ ਦੀਆਂ ਸਭ ਅਸਥੀਆਂ ਲੱਗੀਆਂ ਹੋਈਆਂ ਹਨ। ਵਿਚੋਂ ਉਹ ਪੋਲੀ ਹੁੰਦੀ ਹੈ।

ਲੱਗਾ ਹੋਇਆ ਹੈ ਉਸ ਤੋਂ ਜਰਾ ਕੁ ਉਪਰ ਇਕ ਸਿਲਾ= ਮਾਸ ਦੀ ਬੋਟੀ ਹੈ, ਜੋ ਪ੍ਰਾਣਾ ਨੂੰ ਰੋਕਦੀ ਹੈ। ਪਰੰਤੂ ਉਪਰ ਨੂੰ ਚਲਦੀ ਹੋਈ ਹਵਾ ਆਪਣੇ ਜ਼ੋਰ ਨਾਲ ਉਸ ਸਿਲਾ ਨੂੰ ਉਠਾਉਂਦੀ ਹੈ।

ਤਿਹ ਸਿਲ ਊਪਰਿ ਖਿੜਕੀ ਅਉਰ॥

ਉਸ ਸਿਲਾ ਦੇ ਨੇੜੇ ਉਪਰਲੇ ਪਾਸੇ ਪ੍ਰਾਣਾਂ ਨੂੰ ਰੋਕਣ ਵਾਲੀ ਇਕ ਹੋਰ ਖਿੜਕੀ ਭਾਵ ਦੂਜੀ ਮਾਸ ਦੀ ਬੋਟੀ ਹੈ। ਪ੍ਰਾਣ ਉਸ ਨੂੰ ਵੀ ਹਟਾ ਕੇ-

ਖਿੜਕੀ ਊਪਰਿ ਦਸਵਾ ਦੁਆਰੁ॥ ਕਹਿ ਕਬੀਰੁ ਤਾ ਕਾ ਅੰਤੁ ਨ ਪਾਰੁ॥ ੩॥ ੨॥ ੧੦॥

ਓਸ ਮਾਸ ਦੀ ਬੋਟੀ ਉਪਰ ਜੋ ਦਸਮ ਦੁਆਰ ਹੈ ਉਸ ਵਿਚ ਪ੍ਰਾਣ ਅਚੱਲ ਹੋ ਕੇ ਟਿਕ ਜਾਂਦੇ ਹਨ। ਕਬੀਰ ਜੀ ਆਖਦੇ ਹਨ— ਦਸਮ ਦੁਆਰ ਵਿਚ ਪ੍ਰਾਣਾਂ ਦੇ ਟਿਕਣ ਦਾ ਜੋ ਆਨੰਦ ਪ੍ਰਾਪਤ ਹੁੰਦਾ ਹੈ, ਉਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ॥ ੩॥ ੨॥ ੧੦॥

ਦੂਜਾ ਅਰਥ-

ਸਿਵ ਕੀ ਪੁਰੀ ਬਸੈ ਬੁਧਿ ਸਾਰੁ॥

ਜਿਸ ਸਿਵ= ਕਲਿਆਣ ਰੂਪ ਪਰਮਾਤਮਾ ਦੀ ਸਤਿਸੰਗ ਪੁਰੀ ਵਿਚ ਸਾਰੁ= ਸ੍ਰੇਸ਼ਟ ਬੁੱਧੀ ਵਾਲੇ ਮਹਾਤਮਾਂ ਜਨ ਵਸਦੇ ਹਨ।

ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥

ਉਨ੍ਹਾਂ ਮਹਾਤਮਾਂ ਨਾਲ ਮਿਲ ਕੇ ਤੁਸੀਂ ਸੱਤ ਅਸੱਤ ਦੇ ਨਿਰਣੇ ਦਾ ਵਿਚਾਰ ਕਰੋ।

ਈਤ ਊਤ ਕੀ ਸੋਝੀ ਪਰੈ॥

ਤਾਂ ਈਤ ਊਤ= ਜੀਵ-ਈਸ਼ਵਰ ਦੇ ਅਭੇਦਤਾ ਦੀ ਸੋਝੀ= ਗਿਆਤ ਪਵੇਗੀ। ਵਾ :- ਈਤ ਊਤ= ਲੋਕ -ਪ੍ਰਲੋਕ ਦੀ ਗਿਆਤ ਪਵੇਗੀ। ਵਾ :- ਈਤ ਊਤ= ਚਤੁਰ ਤੇ ਮੂਰਖ ਹੋਣ ਦੀ ਗਿਆਤ ਪਵੇਗੀ।

ਕਉਨੁ ਕਰਮ ਮੇਰਾ ਕਰਿ ਕਰਿ ਮਰੈ॥ ੧॥

ਜੀਵ ਈਸ਼ਵਰ ਦੀ ਅਭੇਦਤਾ ਦਾ ਗਿਆਨ ਹੋਣ ਨਾਲ ਫਿਰ ਇਹ ਨਿਸਚੇ ਹੋ ਜਾਂਦਾ ਹੈ ਕਿ ਮੇਰਾ ਕੌਣ ਹੈ, ਸ਼ਕਾਮ ਕਰਮਾਂ ਨੂੰ ਕਰ ਕੇ ਮਰਨਾ ਕਰੇ।

ਨਿਜ ਪਦ ਊਪਰਿ ਲਾਗੋ ਧਿਆਨੁ॥

ਨਿਜ ਪਦ= ਆਤਮ ਪਦ ਉੱਤੇ ਧਿਆਨ ਲੱਗਣ ਨਾਲ-

ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥ ੧॥ ਰਹਾਉ॥

ਰਾਜਾ ਰਾਮ ਜਿਸ ਦਾ ਨਾਮ ਹੈ, ਉਸ ਦਾ ਬ੍ਰਹਮ ਗਿਆਨ ਮੈਨੂੰ ਪ੍ਰਾਪਤ ਹੋਇਆ ਹੈ॥ ੧॥

ਮੂਲ ਦੁਆਰੈ ਬੰਧਿਆ ਬੰਧੁ॥

ਮੂਲ= ਅਵਿਦਿਆ ਦੁਆਰੇ ਸੰਸਾਰ ਵੱਲ ਜਾਂਦੇ ਹੋਏ ਮਨ ਨੂੰ ਵਿਚਾਰ ਰੂਪ ਬੰਨ੍ਹ ਪਾ ਕੇ ਬੰਨ੍ਹਣਾ ਕੀਤਾ ਹੈ।

ਰਵਿ ਊਪਰਿ ਗਹਿ ਰਾਖਿਆ ਚੰਦੁ॥

ਰਵਿ= ਤਮੋ ਗੁਣ ਉਪਰ ਚੰਦੁ= ਸਤੋ ਗੁਣ ਨੂੰ ਗ੍ਰਹਿਣ ਕਰ ਰਖਿਆ ਹੈ। ਵਾ :- ਰਵਿ= ਅਗਿਆਨ ਉਪਰ ਚੰਦੁ= ਪਰਮਾਤਮਾ ਨੂੰ ਗ੍ਰਹਿਣ ਕਰ ਰਖਿਆ ਹੈ।

ਪਛਮ ਦੁਆਰੈ ਸੂਰਜੁ ਤਪੈ॥

ਸਭ ਸਾਧਨਾਂ ਦੇ *ਪਛਮ= ਪਸਚਾਤ (ਬਾਅਦ) ਅੰਤਹਕਰਨ ਰੂਪ ਦੁਆਰੇ ਵਿਚ ਗਿਆਨ ਰੂਪੀ ਸੂਰਜ ਦੇ ਤਪਣ ਨਾਲ-

ਮੇਰ ਡੰਡ ਸਿਰ ਊਪਰਿ ਬਸੈ॥ ੨॥

ਮੇਰ= ਉਤਕ੍ਰਿਸ਼ਟ। ਡੰਡ= ਸਰੀਰ। ਸਿਰ= ਸ਼ਰੋਮਣੀ।

ਸਭ ਸਰੀਰਾਂ ਦਾ ਸ਼ਰੋਮਣੀ ਜੋ ਉਤਕ੍ਰਿਸ਼ਟ ਪਰਮਾਤਮਾ ਹੈ, ਉਸ ਉਪਰ ਜਾ ਵਸਦਾ ਹੈ।

ਵਾ :- ਸਭ ਸਰੀਰਾਂ ਤੋਂ ਊਪਰਿ= ਉਪਰਾਮ ਹੋ ਕੇ ਤਿਸ ਵਿਚ ਜਾ ਵਸਦਾ ਹੈ।

ਪਸਚਮ ਦੁਆਰੇ ਕੀ ਸਿਲ ਓੜ॥

ਪਸਚਮ ਦੁਆਰਾ ਅਗਿਆਨ, ਉਸ ਦੀ ਓੜ= ਤਰਫ ਆਸਾ ਤ੍ਰਿਸ਼ਨਾ ਰੂਪ ਸਿਲਾਂ ਹਨ।

ਤਿਹ ਸਿਲ ਊਪਰਿ ਖਿੜਕੀ ਅਉਰ॥

ਉਨ੍ਹਾਂ ਆਸਾ ਤ੍ਰਿਸ਼ਨਾ ਰੂਪ ਸਿਲਾਂ ਉਪਰ ਸੂਖਮ ਵਾਸ਼ਨਾਂ ਰੂਪ ਖਿੜਕੀਆਂ ਹੋਰ ਹਨ

ਖਿੜਕੀ ਊਪਰਿ ਦਸਵਾ ਦੁਆਰੁ॥

ਖਿੜਕੀ= ਸੂਖਮ ਵਾਸ਼ਨਾ। ਊਪਰਿ= ਉਪ੍ਰਾਮ। ਦਸਵਾ= ਦਸ।

ਸੂਖਮ ਵਾਸ਼ਨਾਂ ਤੋਂ ਉਪਰਾਮ ਹੋਵੇ ਤਾਂ ਦਸ ਦੁਆਰਿਆਂ ਵਿਚ ਪੂਰਨ ਜੋ ਅਕਾਲ ਪੁਰਖ ਹੈ, ਉਸ ਦੀ ਪ੍ਰਾਪਤੀ ਹੁੰਦੀ ਹੈ।

ਕਹਿ ਕਬੀਰੁ ਤਾ ਕਾ ਅੰਤੁ ਨ ਪਾਰੁ॥ ੩॥ ੨॥ ੧੦॥

ਕਬੀਰ ਜੀ ਕਹਿੰਦੇ ਹਨ— ਉਸ ਪਰਮਾਤਮਾ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ॥ ੩॥ ੨॥ ੧੦॥

ਉਥਾਨਕਾ- ਭਾਵੇਂ ਸਭਾ ਵਿਚ ਮੁੱਲਾਂ ਕਾਜ਼ੀ, ਜੋਗੀ ਆਦਿ ਬੈਠੇ ਹੋਏ ਸਨ ਪਰ ਬਾਦਸ਼ਾਹ ਨੇ ਕਿਹਾ- "ਉਹ ਪਰਮਾਤਮਾ ਦੂਰ ਸਤਵੇਂ ਅਕਾਸ਼ ਵਿਖੇ ਰਹਿੰਦਾ ਹੈ। ਇਸ ਤੇ ਦਸਮ ਦੁਆਰ ਵਿਚ ਕਿਸ ਤਰ੍ਹਾਂ ਮਿਲ ਸਕਦਾ ਹੈ? ਜੇ ਤੁਸੀਂ ਮਿਲਣਾ ਚਾਹੁੰਦੇ ਹੋ ਤਾਂ ਜਿਸ ਰਸਤੇ ਇਹ ਕਾਜ਼ੀ ਮੁੱਲਾਂ ਚਲਾਉਣ ਓਸੇ ਰਸਤੇ ਚਲੋ।" ਕਬੀਰ ਜੀ ਨੇ ਕਿਹਾ— ਇਹਨਾਂ ਕਾਜ਼ੀ ਮੁੱਲਾਂ ਕਰ ਕੇ ਤਾਂ ਉਹ ਪਰਮਾਤਮਾ ਪ੍ਰਾਪਤ ਨਹੀਂ ਹੁੰਦਾ। ਅੰਤ੍ਰੀਵ ਲਖਸ਼ਣਾਂ ਵਾਲੇ ਜੋ ਕਾਜ਼ੀ ਤੇ ਮੌਲਾਣੇ ਹਨ, ਉਹਨਾਂ ਦੁਆਰੇ ਮਿਲਦਾ ਹੈ। ਭਗਤ ਕਬੀਰ ਜੀ ਉਹਨਾਂ ਦੇ ਲਖਸ਼ਣ ਦਸਦੇ ਹੋਏ ਸਾਰਿਆਂ ਨੂੰ ਸਾਂਝਾ ਉਪਦੇਸ਼ ਦੇਂਦੇ ਹਨ-

---

**ਪੱਛਮ ਦੁਆਰੈ= ਅਵਿਦਿਆ ਵਿਚ ਸੂਰਜ= ਗਿਆਨ ਦੇ ਤਪੈ= ਪ੍ਰਕਾਸ਼ ਨਾਲ। ਮੇਰ= ਸੁਮੇਰ ਪਰਬਤ ਵਾਂਗ ਅਚਲ ਜੋ ਸਿਰ= ਸ਼੍ਰੋਮਣੀ ਪ੍ਰਮਾਤਮਾ ਹੈ, ਉਸ ਵਿਚ ਵਸਦਾ ਹੈ। ਉਸ ਵਿਚ ਵਸਣ ਨਾਲ ਰਿਖੀ ਦੰਡ, ਪਿਤਰ ਦੰਡ, ਜਮ ਦੰਡ ਆਦਿਕਾਂ ਤੋਂ ਉੱਪਰ ਹੋ ਜਾਂਦਾ ਹੈ।*

ਸੋ ਮੁਲਾਂ ਜੋ ਮਨ ਸਿਉ ਲਰੈ॥ ਗੁਰ ਉਪਦੇਸਿ ਕਾਲ ਸਿਉ ਜੁਰੈ॥

ਮੁੱਲਾਂ ਓਹ ਹੈ, ਜਿਹੜਾ ਮਨ ਨਾਲ ਲੜਦਾ ਹੈ। ਭਾਵ ਮਨ ਨੂੰ ਬਾਹਰ ਮੁਖੀ ਨਹੀਂ ਹੋਣ ਦੇਂਦਾ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਕਾਲ= ਅਕਾਲ ਪੁਰਖ ਦੇ ਭਜਨ-ਸਿਮਰਨ ਨਾਲ ਜੁਰੈ= ਜੁੜਦਾ ਹੈ।

ਕਾਲ ਪੁਰਖ ਕਾ ਮਰਦੈ ਮਾਨੁ॥ ਤਿਸੁ ਮੁਲਾ ਕਉ ਸਦਾ ਸਲਾਮੁ॥ ੧॥

ਸਭ ਪੁਰਸ਼ਾਂ ਦੇ ਕਾਲ ਕਰਨ ਵਾਲੇ ਧਰਮਰਾਜਾ ਦੇ ਮਾਨੁ= ਹੰਕਾਰ ਨੂੰ ਜੋ ਮਰਦੈ= ਮਲਦਾ ਹੈ। ਉਸ ਮੁੱਲਾਂ ਨੂੰ ਮੇਰੀ ਸਦਾ ਹੀ ਸਲਾਮੁ= ਨਮਸਕਾਰ ਹੈ॥ ੧॥

[ਪੰਨਾ ੧੧੬੦]

ਹੈ ਹਜੂਰਿ ਕਤ ਦੂਰਿ ਬਤਾਵਹੁ॥
ਦੁੰਦਰ ਬਾਧਹੁ ਸੁੰਦਰ ਪਾਵਹੁ॥ ੧॥ ਰਹਾਉ॥

(ਉਹ ਪਰਮਾਤਮਾ) ਪਾਸ ਹੀ ਹੈ, (ਤੁਸੀਂ) ਦੂਰ (ਸਤਵੇਂ ਅਕਾਸ਼ ਵਿਚ) ਕਿਸ ਵਾਸਤੇ ਦਸਦੇ ਹੋ?

ਦੁੰਦ ਪਾਉਣ ਵਾਲੇ ਕਾਮ ਆਦਿਕ, ਵਾ :- ਰਾਗ ਦ੍ਵੈਖ, ਹਰਖ ਸ਼ੋਕ, ਇਨ੍ਹਾਂ ਨੂੰ ਬੰਨ੍ਹ ਲਵੋ ਤਾਂ ਸੁੰਦਰ ਪਰਮਾਤਮਾ ਨੂੰ ਅਥਵਾ ਸੁੰਦਰ (ਸੰ)= ਭਲੀ ਪ੍ਰਕਾਰ ਆਪਣੇ ਉਦਰ= ਹਿਰਦੇ ਵਿਚ ਹੀ ਪਾ ਲਓਗੇ॥ ੧॥

ਕਾਜੀ ਸੋ ਜੁ ਕਾਇਆ ਬੀਚਾਰੈ॥

ਕਾਜ਼ੀ ਓਹ ਹੈ ਜਿਹੜਾ ਕਾਂਇਆ ਨੂੰ ਵਿਚਾਰੇ ਕਿ ਇਹ ਕਾਂਇਆ ਕੀ ਚੀਜ਼ ਹੈ?

ੳ) ਭਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧॥ (ਪੰਨਾ ੩੩੬)

ਅ) ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥ (ਮ:੧, ਪੰਨਾ ੬੩)

ੲ) ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਮਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ ੧॥ (ਰਵਿਦਾਸ ਜੀ, ਪੰਨਾ ੬੫੯)

ਫਿਰ ਕਾਂਇਆ ਦਾ ਇਹ ਵਿਚਾਰ ਕਰੇ ਕਿ ਅਸਤ, ਜੜ੍ਹ, ਦੁੱਖ ਰੂਪ ਹੈ।

ਵਾ :- ਕਾਇਆ= ਬੁੱਧੀ ਵਿਚ ਪਰਮਾਤਮਾ ਦਾ ਵਿਚਾਰ ਕਰੇ।

ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ॥

ਬ੍ਰਹਮ ਦ੍ਰਿਸ਼ਟੀ ਰੂਪ ਅਗਨੀ ਨਾਲ ਕਾਇਆ= ਦੇਹ ਅਧਿਆਸ ਨੂੰ ਪਰ= ਭਲੀ ਪ੍ਰਕਾਰ ਜਾਰੈ= ਸਾੜੇ। ਫੇਰ ਐਹੋ ਜਿਹਾ ਜਤੀ ਹੋਵੇ-

ਸੁਪਨੈ ਬਿੰਦੁ ਨ ਦੇਈ ਝਰਨਾ॥
ਤਿਸੁ ਕਾਜੀ ਕਉ ਜਰਾ ਨ ਮਰਨਾ॥ ੨॥

ਸੁਪਨੇ ਵਿਚ ਵੀ ਬਿੰਦੁ= ਬੀਰਜ ਨੂੰ ਝਰਨਾ= ਡਿਗਣ ਨਾ ਦੇਵੇ। ਵਾ :- ਸੁਪਨੈ= ਸੰਸਾਰ ਵਿਚ ਬਿੰਦੁ= ਬਿਰਤੀ ਨੂੰ ਨ ਦੇਈ ਝਰਨਾ= ਨਾ ਲੱਗਣ ਦੇਵੇ। ਭਾਵ ਸੰਸਾਰ ਵਲੋਂ ਬਿਤੀ ਉਲਟਾ ਕੇ ਰੱਖੇ। ਉਸ ਕਾਜ਼ੀ ਨੂੰ ਜਰਾ ਬੁਢੇਪੇ ਦਾ ਦੁੱਖ ਅਤੇ ਨਾ ਹੀ ਮਰਨ ਦਾ ਦੁੱਖ ਹੁੰਦਾ ਹੈ। *ਅਥਵਾ :-* ਜਰਾ= ਰੰਚਕ ਮਾਤ੍ਰ ਵੀ ਮਰਨ ਦਾ

ਦੁੱਖ ਨਹੀਂ ਹੁੰਦਾ॥ ੨॥

ਓ) ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਸੋਧੈ ਸੋਈ ਹਾਜੀ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ॥ ੬॥ (ਪੰਨਾ ੧੦੮੪)
ਅ) ਕਾਜੀ ਸੋ, ਜੋ ਉਲਟੀ ਕਰੈ॥ ਗੁਰ ਪਰਸਾਦੀ ਜੀਵਤੁ ਮਰੈ॥ (ਮਹਲਾ ੧, ਪੰਨਾ ੬੬੨)

ਸੋ ਸੁਰਤਾਨੁ, ਜੁ ਦੁਇ ਸਰ ਤਾਨੈ॥ ਬਾਹਰਿ ਜਾਤਾ ਭੀਤਰਿ ਆਨੈ॥

(ਪਹਿਲਾ ਅਰਥ)— ਅਸਲੀ ਸੁਰਤਾਨੁ= ਬਾਦਸ਼ਾਹ ਓਹ ਹੈ ਜਿਹੜਾ ਦੋ ਸਰ= ਬਾਣਾਂ ਨੂੰ ਧਨੁਖ ਵਿਚ ਤਾਨੈ= ਖਿੱਚੀ ਰੱਖੇ। ਭਾਵ ਤਿਆਰ-ਬਰ-ਤਿਆਰ ਰਹੇ। ਬਾਹਰ ਜਾਂਦੇ ਹੋਏ ਸੈਨਾ ਦੇ ਦਲ ਨੂੰ ਰਣ-ਭੂਮਿਕਾ ਵਿਚ ਆਨੈ= ਲਿਆਵੇ।

ਗਗਨ ਮੰਡਲ ਮਹਿ ਲਸਕਰੁ ਕਰੈ॥ ਸੋ ਸੁਰਤਾਨੁ ਛਤ੍ਰੁ ਸਿਰਿ ਧਰੈ॥ ੩॥

ਗਗਨ ਮੰਡਲ= ਮੈਦਾਨਿ-ਜੰਗ ਵਿਚ ਲਸਕਰੁ= ਫੌਜ ਖੜੀ ਕਰੇ। ਭਾਵ ਸਨਮੁਖ ਹੋ ਕੇ ਲੜਾਈ ਕਰੇ। ਉਹ ਬਾਦਸ਼ਾਹ ਆਪਣੇ ਸਿਰ 'ਤੇ ਜਸ ਰੂਪੀ ਭਾਵ ਫਤਿਹ ਰੂਪ ਛਤ੍ਰ ਧਾਰਦਾ ਹੈ॥ ੩॥

ਦੂਜਾ ਅਰਥ-

ਸੋ ਸੁਰਤਾਨੁ, ਜੁ ਦਇ ਸਰ ਤਾਨੈ॥

ਜੋਗੀ ਰੂਪ ਬਾਦਸ਼ਾਹ ਓਹ ਹੈ ਜਿਹੜਾ ਇੜਾ ਪਿੰਗਲਾ ਰੂਪ ਦੋ ਸੁਰਾਂ ਨੂੰ ਤਾਣੀ ਰੱਖੇ।

ਬਾਹਰਿ ਜਾਤਾ ਭੀਤਰਿ ਆਨੈ॥

ਸਰੀਰ ਤੋਂ ਬਾਹਰ ਜਾਂਦੇ ਹੋਏ ਸ੍ਵਾਸਾਂ ਨੂੰ ਦਸਮ ਦੁਆਰ ਵਿਚ ਲਿਆਵੇ।

ਗਗਨ ਮੰਡਲ ਮਹਿ ਲਸਕਰੁ ਕਰੈ॥ ਸੋ ਸੁਰਤਾਨੁ ਛਤ੍ਰੁ ਸਿਰਿ ਧਰੈ॥ ੩॥

ਦਸਮ ਦੁਆਰ ਵਿਚ ਲਸਕਰੁ= ਪ੍ਰਾਣਾਂ ਨੂੰ ਇਕਤ੍ਰ ਕਰੇ। ਉਹ ਜੋਗੀ ਰੂਪ ਬਾਦਸ਼ਾਹ ਆਪਣੇ ਸਿਰ ਤੇ ਜਸ ਰੂਪੀ ਛਤ੍ਰ ਧਾਰਦਾ ਹੈ।

ਤੀਜਾ ਅਰਥ-

ਸੋ ਸੁਰਤਾਨੁ, ਜੁ ਦੁਇ ਸਰ ਤਾਨੈ॥ ਬਾਹਰਿ ਜਾਤਾ ਭੀਤਰਿ ਆਨੈ॥

ਬ੍ਰਹਮ ਗਿਆਨੀ ਰੂਪ ਬਾਦਸ਼ਾਹ ਉਹ ਹੈ ਜਿਹੜਾ ਆਪਣੀ ਬੁਧੀ ਰੂਪ ਕਮਾਣ ਵਿਚ ਰਕਾਰ ਮਕਾਰ (ਰਕਾਰ ਮਕਾਰ ਤੋਂ ਮੁਰਾਦ ਰਾਮ ਨਾਮ ਦੀ ਹੈ)।

ਅਥਵਾ :— ਪ੍ਰੋਖ ਅਪ੍ਰੋਖ ਗਿਆਨਾ ਰੂਪੀ ਦੋ ਬਾਣਾਂ ਨੂੰ ਤਾਣੀ ਰੱਖਦਾ ਹੈ।

ਅਗਿਆਨ ਦੇ ਬਲ ਨਾਲ ਬਾਹਰ ਜਾਂਦੇ ਹੋਏ ਮਨ ਨੂੰ ਅੰਦਰ ਲਿਆਵੇ ਭਾਵ ਜੀਵਨ ਮੁਕਤੀ ਦੇ ਅਨੰਦ ਲਈ ਅੰਤਰਮੁਖ ਬਿਰਤੀ ਕਰੇ।

ਗਗਨ ਮੰਡਲ ਮਹਿ ਲਸਕਰੁ ਕਰੈ॥ ਸੋ ਸੁਰਤਾਨੁ ਛਤ੍ਰੁ ਸਿਰਿ ਧਰੈ॥ ੩॥

ਗਗਨ ਮੰਡਲ= ਹਿਰਦੇ ਅਸਥਾਨ ਵਿਚ ਲਸਕਰੁ= ਸ਼ੁਭ ਗੁਣਾਂ ਨੂੰ ਇਕਤ੍ਰ ਕਰੇ।

ਉਹ (ਬ੍ਰਹਮ ਗਿਆਨੀ ਰੂਪੀ) ਬਾਦਸ਼ਾਹ ਆਪਣੇ ਸਿਰ 'ਤੇ (ਜਸ ਰੂਪੀ) ਛਤ੍ਰ ਧਾਰਦਾ ਹੈ।

ਅਥਵਾ :- ਛਤਰ ਦੀ ਨਿਆਈਂ ਸ਼੍ਰੋਮਣੀ ਪਰਮਾਤਮਾ ਨੂੰ ਹਿਰਦੇ ਵਿਚ ਧਾਰਦਾ ਹੈ॥ ੩॥

ਯਥਾ :- ਸੋਈ ਗਿਆਨੀ ਜਿ ਸਿਮਰੈ ਏਕ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ॥
ਸੋ ਕੁਲਵੰਤਾ ਜਿ ਸਿਮਰੈ ਸੁਆਮੀ॥ ਸੋ ਪਤਿਵੰਤਾ ਜਿ ਆਪੁ ਪਛਾਨੀ॥ ੨॥

(ਭੈਰਉ ਮਹਲਾ ੫, ਪੰਨਾ ੧੧੫੦)

ਜੋਗੀ ਗੋਰਖੁ ਗੋਰਖੁ ਕਰੈ॥ ਹਿੰਦੂ ਰਾਮ ਨਾਮੁ ਉਚਰੈ॥

ਜੋਗੀ ਗੋਰਖ-ਗੋਰਖ ਹੀ ਉਚਾਰਨ ਕਰਦਾ ਹੈ। ਹਿੰਦੂ ਕੇਵਲ ਰਾਮ ਨਾਮ ਹੀ ਉਚਾਰਦਾ ਹੈ।

ਮੁਸਲਮਾਨ ਕਾ ਏਕੁ ਖੁਦਾਇ॥
ਕਬੀਰ ਕਾ ਸੁਆਮੀ ਰਹਿਆ ਸਮਾਇ॥ ੪॥ ੩॥ ੧੧॥

ਮੁਸਲਮਾਨਾਂ ਦਾ ਇਕ ਖੁਦਾ ਹੀ ਹੈ। ਭਾਵ ਮੁਸਲਮਾਨ ਖੁਦਾ ਖੁਦਾ ਕੱਹਿੰਦੇ ਹਨ।* ਮੈਂ ਕਬੀਰ ਦਾ ਸੁਆਮੀ (ਵਾਹਿਗੁਰੂ) ਸਾਰੇ ਹੀ ਸਮਾ ਰਿਹਾ ਹੈ। ਭਾਵ ਸਭ ਲੋਕ ਆਪੋ ਆਪਣੇ ਮਤ ਅਨੁਸਾਰ ਵਾਹਿਗੁਰੂ ਨੂੰ ਵੱਖੋ ਵੱਖਰਾ ਅਤੇ ਇਕ ਦੇਸੀ ਸਮਝੀ ਬੈਠੇ ਹਨ ਪਰ ਮੈਂ ਤਾਂ ਸਾਰੇ ਵਿਆਪਕ ਮੰਨਿਆ ਹੈ॥ ੪॥ ੩॥ ੧੧॥

ਮਹਲਾ ੫॥

ਉਥਾਨਕਾ–ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਸ਼ਬਦ ਉਚਾਰ ਕੇ, ਕਬੀਰ ਜੀ ਨੂੰ ਸਿਰੋਪਾ ਦੇਂਦੇ ਹੋਏ ਪਖੰਡ ਦੀ ਨਖੇਧੀ ਕਰਦੇ ਹਨ-

ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥

ਜਿਹੜੇ ਆਦਮੀ ਪੱਥਰ ਨੂੰ ਦੇਵ= ਪਰਮਾਤਮਾ ਆਖਦੇ ਹਨ। ਉਨ੍ਹਾਂ ਦੀ ਸੇਵਾ ਕੀਤੀ ਹੋਈ ਬਿਰਥਾ= ਨਿਸਫਲ ਹੁੰਦੀ ਹੈ।

ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥ ੧॥

ਜਿਹੜਾ ਆਦਮੀ ਪੱਥਰ ਦੀਆਂ ਬਣੀਆਂ ਹੋਈਆਂ ਮੂਰਤੀਆਂ ਦੀ ਪਾਂਈ= ਪੈਰੀਂ ਪੈਂਦਾ ਹੈ। ਉਸ ਮਨੁੱਖ ਦੀ ਘਾਲ= ਕਮਾਈ ਕੀਤੀ ਬਿਅਰਥ ਚਲੀ ਜਾਂਦੀ ਹੈ॥ ੧॥

ੳ) ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥ ੧੩੯॥ (ਪੰਨਾ ੧੩੭੧)

ਅ) ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ ੨॥ (ਪੰਨਾ ੫੫੬)

ਠਾਕੁਰੁ ਹਮਰਾ ਸਦ ਬੋਲੰਤਾ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥ ੧॥ ਰਹਾਉ॥

ਸਾਡਾ ਠਾਕੁਰ= ਵਾਹਿਗੁਰੂ ਸਦਾ ਹੀ ਬੋਲਦਾ ਹੈ ਅਤੇ ਸਾਰੇ ਜੀਆਂ ਨੂੰ ਪ੍ਰਭੁ= ਪਰਮਾਤਮਾ ਦਾਨੁ ਦੇਤਾ= ਖਾਣ ਪਾਣ ਦੇਂਦਾ ਹੈ॥ ੧॥ ਰਹਾਉ॥

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥ ੧॥ (ਰਾਮਕਲੀ ਮਹਲਾ ੫, ਪੰਨਾ ੮੮੫)*

ਓ) ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ॥
ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ॥ ੧॥ (ਪੰਨਾ ੧੨੮੩)
ਅ) ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ॥ (ਪੰਨਾ ੧੨੮੪)

ਅੰਤਰਿ ਦੇਉ, ਨ ਜਾਨੈ ਅੰਧੁ॥ ਭ੍ਰਮ ਕਾ ਮੋਹਿਆ ਪਾਵੈ ਫੰਧੁ॥

ਦੇਉ= ਪ੍ਰਕਾਸ਼ ਰੂਪ ਪਰਮਾਤਮਾ ਹਿਰਦੇ ਅੰਦਰ ਹੈ, ਪਰ ਅੰਧਾ ਅਗਿਆਨੀ ਪੁਰਸ਼ ਉਸ ਦੀ ਉਪਾਸ਼ਨਾ ਕਰਨੀ ਨਹੀਂ ਜਾਣਦਾ। ਭਰਮ ਦਾ ਮੋਹਿਆ ਹੋਇਆ, ਕਈ ਤਰ੍ਹਾਂ ਦੇ ਕਰਮਾਂ ਰੂਪੀ ਫਾਹ ਆਪਣੇ ਗਲ ਵਿਚ ਪਾਉਂਦਾ ਹੈ।

ਨ ਪਾਥਰੁ ਬੋਲੈ ਨਾ ਕਿਛੁ ਦੇਇ॥ ਫੋਕਟ ਕਰਮ ਨਿਹਫਲ ਹੈ ਸੇਵ॥ ੨॥

(ਬਾਰਾਂ ਵਰ੍ਹੇ ਕੀ, ਚਾਹੇ ਸਾਰੀ ਉਮਰ ਲੱਗਾ ਰਹੇ) ਨਾ ਪੱਥਰ ਬੋਲਦਾ ਹੈ ਅਤੇ ਨਾ ਕੁਝ ਦੇਂਦਾ ਹੈ। ਪੱਥਰ ਦੀ ਪੂਜਾ ਰੂਪ ਕਰਮਾਂ ਦੇ ਕਰਨ ਵਾਲਾ ਮਨੁੱਖ ਫੋਕਟ= ਨਿਸਫਲ ਹੈ ਅਤੇ ਬਿਲ ਪੱਤੇ ਚੜ੍ਹਾਉਣ, ਘੰਟੇ ਵਜਾਉਣ ਆਦਿ ਪੱਥਰ ਦੀ ਸੇਵਾ ਭੀ ਨਿਸਫਲ ਹੈ॥ ੨॥

ਇਸ ਪਰ ਦ੍ਰਿਸ਼ਟਾਂਤ ਦੇਂਦੇ ਹਨ-

ਜੇ ਮਿਰਤਕ ਕਉ ਚੰਦਨੁ ਚੜਾਵੈ॥ ਉਸ ਤੇ ਕਹਹੁ ਕਵਨ ਫਲ ਪਾਵੈ॥

ਜੇ ਮੁਰਦੇ ਉੱਤੇ (ਅਗਰ) ਚੰਦਨ, (ਕੇਸਰ, ਕਸਤੂਰੀ ਆਦਿ ਛਿਣਕੇ, ਤਾਂ ਤੁਸੀਂ ਦੱਸੋ) ਉਸ ਤੋਂ ਕੀ ਫਲ ਪਾ ਸਕਦਾ ਹੈ? ਭਾਵ ਕੁਝ ਨਹੀਂ।

ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥
ਤਾਂ ਮਿਰਤਕ ਕਾ ਕਿਆ ਘਟਿ ਜਾਈ॥ ੩॥

ਜੇ ਮੁਰਦੇ ਨੂੰ ਵਿਸ਼ਟਾ ਵਿਚ ਰੁਲਾਈਏ ਤਾਂ ਮੁਰਦੇ ਦਾ ਕੀ ਘਟ ਜਾਂਦਾ ਹੈ? ਏਸੇ ਤਰ੍ਹਾਂ ਮੁਰਦੇ ਵਾਂਗ ਪੱਥਰ ਜੜ੍ਹ ਹੈ. ਉਸ ਦੀ ਸੇਵਾ ਦਾ ਕੁਝ ਲਾਭ ਨਹੀਂ ਹੈ॥ ੩॥

ਕਹਤ ਕਬੀਰ ਹਉ ਕਹਉ ਪੁਕਾਰਿ॥ ਸਮਝਿ ਦੇਖੁ ਸਾਕਤ ਗਾਵਾਰ॥

ਕਬੀਰ ਜੀ ਕਹਿੰਦੇ ਹਨ—ਮੈਂ ਪੁਕਾਰ ਕੇ ਕਹਿੰਦਾ ਹਾਂ- ਹੇ ਸਾਕਤ ਗਵਾਰ ! ਤੂੰ ਆਪ ਹੀ ਸਮਝ ਕੇ ਵੇਖ, ਭਾਵ ਵਿਚਾਰ ਕਰ ਕੇ ਦੇਖ।

ਦੂਜੈ ਭਾਇ ਬਹੁਤੁ ਘਰ ਗਾਲੇ॥
ਰਾਮ ਭਗਤ ਹੈ ਸਦਾ ਸੁਖਾਲੇ॥ ੪॥ ੪॥ ੧੨॥

ਦ੍ਵੈਤ ਭਾਵ ਨੇ ਬਹੁਤ ਹੀ ਘਰ= ਸਰੀਰ ਗਾਲ ਸੁੱਟੇ ਹਨ। ਜੋ ਪੱਥਰ ਪੂਜਾ ਤੋਂ ਰਹਿਤ ਹੋ ਕੇ ਕੇਵਲ ਰਾਮ ਦੀ ਭਗਤੀ ਕਰਨ ਵਾਲੇ ਪਰਮਾਤਮਾ ਦੇ ਭਗਤ ਹਨ, ਉਹ ਹਮੇਸ਼ਾਂ ਹੀ ਸੁਖਾਲੇ= ਸੁਖੀ ਰਹਿੰਦੇ ਹਨ॥ ੪॥ ੪॥ ੧੨॥

ਜਿਵੇਂ ਧੰਨੇ ਭਗਤ ਨੂੰ, ਪਰਮਾਤਮਾ ਭਗਤੀ ਕਰ ਕੇ ਹੀ ਮਿਲਿਆ ਹੈ:

ਕਹੁ ਕਬੀਰ ਭਗਤਿ ਕਰਿ ਪਾਇਆ॥
ਭੋਲੇ ਭਾਇ ਮਿਲੇ ਰਘੁਰਾਇਆ॥ ੪॥ ੬॥ (ਗਉੜੀ ਕਬੀਰ ਜੀ, ਪੰਨਾ ੩੨੪)

ਉਥਾਨਕਾ- ਕਿਸੇ ਨੇ ਕਬੀਰ ਪਾਸ ਆ ਕੇ ਪ੍ਰਸ਼ਨ ਕੀਤਾ, "ਮਾਇਆ ਕੈਸੀ ਹੈ?"

ਇਹ ਗੱਲ ਸੁਣ ਕੇ ਇਸ ਸ਼ਬਦ ਦੁਆਰਾ ਮਾਇਆ ਦੀ ਪ੍ਰਬਲਤਾ ਦੱਸਦੇ ਹਨ:

(ਰਹਾਉ ਵਾਲੀ ਪੰਗਤੀ ਦਾ ਅਰਥ ਪਹਿਲੇ ਕਰਨਾ)

ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥

ਹੇ ਭਾਈ ! ਮਾਇਆ ਇਸ ਤਰ੍ਹਾਂ ਦੀ ਮੋਹਣੀ ਹੈ। ਸੰਸਾਰ ਵਿਚ ਜਿਤਨੇ-ਕੁ ਜੀਵ ਹਨ, ਉਤਨੇ ਹੀ ਇਸ ਮਾਇਆ ਨੇ ਵੱਖੋ ਵੱਖ ਰੂਪ ਹੋ ਕੇ ਡਹਕਾਈ= ਭਰਮਾਉਣਾ ਕੀਤੇ ਹਨ।

ੳ) ਬਿਆਪਤ ਹਰਖ ਸੋਗ ਬਿਸਥਾਰ॥ ਬਿਆਪਤ ਸੁਰਗ ਨਰਕ ਅਵਤਾਰ॥
ਬਿਆਪਤ ਧਨ ਨਿਰਧਨ ਪੇਖਿ ਸੋਭਾ॥ ਮੂਲੁ ਬਿਆਧੀ ਬਿਆਪਸਿ ਲੋਭਾ॥ ੧॥
ਮਾਇਆ ਬਿਆਪਤ ਬਹੁ ਪਰਕਾਰੀ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ॥ ੧॥

(ਗਉੜੀ ਮਹਲਾ ੫, ਪੰਨਾ ੧੮੨)

ਅ) ਮਾਖੀ ਰਾਮ ਕੀ ਤੂ ਮਾਖੀ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ॥ ੧॥ ਰਹਾਉ॥
ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ॥
ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿੰਦ ਕੀ ਪਾਖੀ॥ ੧॥
ਜੀਅ ਜੰਤ ਸਗਲੇ ਤੈ ਮੋਹੇ.....॥ ੨॥ *(ਸਾਰਗ ਮ: ੫, ਪੰਨਾ ੧੨੨੭)*

ਜਲ ਮਹਿ ਮੀਨ ਮਾਇਆ ਕੇ ਬੇਧੇ॥ ਦੀਪਕ ਪਤੰਗ ਮਾਇਆ ਕੇ ਛੇਦੇ॥

ਪਾਣੀ ਵਿਚ ਰਹਿਣ ਵਾਲੇ ਮੀਨ= ਮੱਛ (ਕੱਛ ਸੰਸਾਰ ਆਦਿ ਸਾਰੇ ਜੀਵ) ਜਲ ਰੂਪੀ ਮਾਇਆ ਦੇ ਬੇਧੇ ਵਿੰਨ੍ਹੇ ਹੋਏ ਹਨ। ਭਾਵ ਮੱਛ ਕੱਛ ਆਦਿਕ ਜਲ ਤੋਂ ਬਿਨਾਂ ਨਹੀਂ ਰਹਿ ਸਕਦੇ। ਮਾਇਆ ਦੇ ਛੇਦੇ= ਕਟੇ ਹੋਏ ਪਤੰਗੇ, ਦੀਵੇ ਉਤੇ ਸੜ ਮਰਦੇ ਹਨ। ਭਾਵ ਪਤੰਗਿਆਂ ਨੂੰ, ਮਾਇਆ ਦੀਵਾ ਰੂਪ ਹੋ ਕੇ ਮਾਰਦੀ ਹੈ।

ਕਾਮ ਮਾਇਆ ਕੁੰਚਰ ਕਉ ਬਿਆਪੈ॥
ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ॥ ੧॥

ਕੁੰਚਰ= ਹਾਥੀ ਨੂੰ ਕਾਮ ਰੂਪ ਹੋਈ ਮਾਇਆ ਬਿਆਪੈ= ਲੱਗ ਰਹੀ ਹੈ। ਜੋ ਕਾਗਜ਼ਾਂ ਦੀ ਬਣੀ ਹੋਈ ਹਥਣੀ* ਨੂੰ ਦੂਰੋਂ ਦੇਖ ਕੇ ਦੌੜਿਆ ਆਉਂਦਾ ਹੈ। ਭੁਇਅੰਗਮ= ਸੱਪ ਬੀਨ ਵੱਜਣ ਰੂਪ ਮਾਇਆ ਵਿਚ ਅਤੇ ਭ੍ਰਿੰਗ= ਭੌਰੇ ਸੁਗੰਧੀ ਰੂਪ ਮਾਇਆ ਵਿਚ ਖਪਦੇ ਜਾਂਦੇ ਹਨ॥ ੧॥

ਯਥਾ- ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥ *(ਮ: ੫, ਪੰਨਾ ੭੦੮)*

ਮਾਇਆ ਐਸੀ ਮੋਹਨੀ ਭਾਈ॥
ਜੇਤੇ ਜੀਅ ਤੇਤੇ ਡਹਕਾਈ॥ ੧॥ ਰਹਾਉ॥

ਹੇ ਭਾਈ ! ਮਾਇਆ ਅਜੇਹੀ ਮੋਹਣ ਸ਼ਕਤੀ ਵਾਲੀ ਹੈ, ਜਿਤਨੇ-ਕੁ ਸੰਸਾਰੀ ਜੀਵ ਹਨ, ਉਤਨਿਆਂ ਨੂੰ ਇਸ ਨੇ ਡਹਕਾਈ= ਭਟਕਾਣਾ ਕੀਤਾ ਹੈ।

**कालबूत की हसतनी मन बउरा रे चलतु रचिओ जगदीस॥*
काम सुआइ गज बसि परे मन बउरा रे अंकसु सहिओ सीस॥ १॥ (ਗਉੜੀ ਕਬੀਰ ਜੀ, ਪੰਨਾ ੩੩੫)

ਕਰਤ ਕੇਲ ਬਿਬੈ ਮੇਲ ਚੰਦ੍ ਸੂਰ ਮੋਹੇ॥ ਉਪਜਤਾ ਬਿਕਾਰ ਦੁੰਦਰ ਨਉਪਰੀ
ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ॥ ਰਹਾਉ॥
ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ,
ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ॥ ੧॥ *(ਸਾਰਗ ਮ: ੫, ਪੰਨਾ ੧੨੩੧)*

ਪੰਖੀ ਮ੍ਰਿਗ ਮਾਇਆ ਮਹਿ ਰਾਤੇ॥ ਸਾਕਰ ਮਾਖੀ ਅਧਿਕ ਸੰਤਾਪੇ॥

ਪੰਛੀ ਚੋਗ ਰੂਪ ਮਾਇਆ ਵਿਚ ਅਤੇ ਹਿਰਨ ਘੰਡੇ ਹੇੜੇ ਦੇ ਸ਼ਬਦ ਰੂਪੀ ਮਾਇਆ ਵਿਚ ਰਾਤੇ= ਫਸੇ ਹੋਏ ਹਨ। ਮੱਖੀਆਂ ਨੂੰ (ਗੁੜ) ਸ਼ੱਕਰ ਰੂਪ ਹੋ ਕੇ ਮਾਇਆ ਅਧਿਕ ਸੰਤਾਪੇ= ਬਹੁਤ ਦੁੱਖ ਦਿੰਦੀ ਹੈ।

ਤੁਰੇ ਉਸਟ ਮਾਇਆ ਮਹਿ ਭੇਲਾ॥
ਸਿਧ ਚਉਰਾਸੀਹ ਮਾਇਆ ਮਹਿ ਖੇਲਾ॥ ੨॥

ਤੁਰੇ= ਘੋੜੇ ਅਤੇ ਉਸਟ= ਊਠ ਸਭ ਮਾਇਆ ਵਿਚ ਭੇਲਾ= ਮਿਲ ਰਹੇ ਹਨ। ਘੋੜਿਆਂ ਨੂੰ ਘੋੜੀ ਰੂਪ, ਉਠਾਂ ਨੂੰ ਊਠਣੀਆਂ ਰੂਪ ਮਾਇਆ ਲੱਗ ਰਹੀ ਹੈ। 'ਗੋਰਖ' ਆਦਿ ਚੁਰਾਸੀ ਸਿਧ ਵੀ ਰਿਧੀਆਂ ਸਿਧੀਆਂ ਰੂਪ ਮਾਇਆ ਵਿਚ ਖੇਲ ਰਹੇ ਹਨ॥ ੨॥

ਛਿਅ ਜਤੀ ਮਾਇਆ ਕੇ ਬੰਦਾ॥ ਨਵੇ ਨਾਥ ਸੂਰਜ ਅਰੁ ਚੰਦਾ

(ਹਨੂੰਮਾਨ, ਲਛਮਣ ਆਦਿਕ) ਛੇ ਜਤੀ ਅਤੇ ਨੌਂ ਨਾਥ*, ਸੂਰਜ ਅਤੇ ਚੰਦ੍ਰਮਾ ਇਹ ਸਾਰੇ ਮਾਇਆ ਦੇ ਬੰਦਾ= ਦਾਸ ਹਨ। ਕਿਉਂਕਿ ਸਾਰਿਆਂ ਦੇ ਸਰੀਰ ਮਾਇਆ ਰਚਿਤ ਹਨ।

ਅਥਵਾ- ਛੇ ਜਤੀਆਂ ਨੂੰ ਬੀਰਜ ਰੋਕਣ ਰੂਪ ਮਾਇਆ, ਨੌਂ ਨਾਥਾਂ ਨੂੰ ਬਹੁਤੇ ਚੇਲੇ ਬਨਾਉਣ ਰੂਪ ਮਾਇਆ ਅਤੇ ਸੂਰਜ ਚੰਦ੍ਰਮਾ ਨੂੰ ਕਾਮ ਰੂਪ ਮਾਇਆ ਲੱਗ ਰਹੀ ਹੈ।

ਤਪੇ ਰਖੀਸਰ ਮਾਇਆ ਮਹਿ ਸੂਤਾ॥
ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥ ੩॥

(ਪੰਜ ਧੂਣੀਆਂ ਤੇ ਜਲ ਧਾਰਾ ਆਦਿਕ ਕਠਿਨ ਤਪਸਿਆ ਕਰਨ ਵਾਲੇ) ਤਪੱਸ੍ਵੀ ਮਹਾਤਮਾਂ ਅਤੇ (ਵੇਦ ਮੰਤ੍ਰਾਂ ਦੀ ਵਿਆਖਿਆ ਕਰਨ ਵਾਲੇ) ਰਿਖੀਸ਼ਰ ਇਹ ਸਭ ਹੰਕਾਰ ਰੂਪੀ ਮਾਇ੍ਆ ਵਿਚ ਸੁੱਤੇ ਹੋਏ ਹਨ।

(ਭੂਤ, ਭਵਿਖਤ, ਵਰਤਮਾਨ, ਇਹ) ਕਾਲੁ= ਤਿੰਨੇ ਸਮੇਂ ਅਤੇ (ਕਾਮ, ਕ੍ਰੋਧ, ਆਦਿ) ਪੰਜ ਦੂਤ ਸਭ ਮਾਇਆ ਵਿਚ ਗਲਤਾਨ ਹਨ॥ ੩॥

ਸੁਆਨ ਸਿਆਲ ਮਾਇਆ ਮਹਿ ਰਾਤਾ॥ ਬੰਤਰ ਚੀਤੇ ਅਰੁ ਸਿੰਘਾਤਾ॥

ਸੁਆਤ= ਕੁੱਤੇ, ਸਿਆਲ= ਗਿੱਦੜ (ਵਗੈਰਾ ਸਭ) ਮਾਇਆ ਵਿਚ ਤਦਾਕਾਰ ਹਨ। ਕੁੱਤਿਆਂ ਨੂੰ ਕਾਮ ਰੂਪ ਮਾਇਆ, ਗਿੱਦੜਾਂ ਨੂੰ ਬਹੁਤਾ ਬੋਲਣ ਰੂਪ ਮਾਇਆ ਲੱਗ ਰਹੀ ਹੈ।

ਬੰਤਰ= ਬਾਂਦਰਾਂ ਨੂੰ ਚੰਚਲਤਾ ਰੂਪ ਮਾਇਆ, ਚੀਤੇ= ਚਿਤਰਿਆਂ ਨੂੰ ਸ਼ਿਕਾਰ ਖੇਡਣ ਰੂਪ ਮਾਇਆ ਲੱਗੀ

***ਨੌਂ ਨਾਥ-** *ਗੋਰਖ ਨਾਥ, ਮਛਿੰਦ੍ ਨਾਥ, ਮੰਗਲ ਨਾਥ, ਚਰਪਟ ਨਾਥ, ਪ੍ਰਾਣ ਨਾਥ, ਗੋਪੀ ਨਾਥ, ਚੰਬਾ ਨਾਥ, ਧੂਰਤ ਨਾਥ ਤੇ ਘੁੱਘੂ ਨਾਥ।*

ਹੋਈ ਹੈ ਅਤੇ ਸਿੰਘਾਤਾ= ਸ਼ੇਰ ਨੂੰ ਹਰ ਇਕ ਜਾਨਵਰਾਂ ਦੇ ਮਾਰਨ ਰੂਪ ਮਾਇਆ ਲੱਗ ਰਹੀ ਹੈ। ਅਥਵਾ:- ਸਿੰਘਾਤਾ= ਸ਼ੇਰ ਦੇ ਅੰਤ ਕਰਨ ਵਾਲਾ ਜੋ ਸਲਭਾ ਹੈ, ਉਸ ਨੂੰ ਭੀ ਮਾਇਆ ਲੱਗੀ ਹੋਈ ਹੈ।*

ਮਾਂਜਾਰ ਗਾਡਰ ਅਰੁ ਲੂਬਰਾ ॥ ਬਿਰਖ ਮੂਲ ਮਾਇਆ ਮਹਿ ਪਰਾ ॥ ੪ ॥

ਮਾਂਜਾਰ= ਬਿੱਲਾ, ਗਾਡਰ= ਭੇਡ ਅਤੇ ਲੂਬਰਾ= ਲੂੰਬੜ, ਇਹਨਾਂ ਨੂੰ ਵੀ ਮਾਇਆ ਲੱਗ ਰਹੀ ਹੈ। ਬ੍ਰਿਛ ਦਾ ਮੁੱਢ ਵੀ ਜਲ ਰੂਪੀ ਮਾਇਆ ਵਿਚ ਪਿਆ ਹੋਇਆ ਹੈ॥ ੪॥

ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥

ਛੋਟੇ ਵੱਡੇ ਸਭ ਦੇਵਤੇ, ਸਾਗਰ= ਸਮੁੰਦ੍ਰ, ਇੰਦ੍ਰਾ= ਲਛਿਮੀ ਅਤੇ ਧਰਤੇਵ= (ਧਰਤ+ਏਵ) ਧਰਤੀ ਏਵ= ਨਿਸਚੇ ਕਰ ਕੇ ਸਭ ਮਾਇਆ ਅੰਦਰ ਭਿੱਜੇ ਹੋਏ ਹਨ। ਮੁੱਕਦੀ ਗੱਲ ਕੀ-

ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥
ਤਬ ਛੂਟੇ ਜਬ ਸਾਧੂ ਪਾਇਆ ॥ ੫ ॥ ੫ ॥ ੧੩ ॥

੧) ਕਬੀਰ ਜੀ ਕਹਿੰਦੇ ਹਨ— ਜਿਸ ਨੂੰ ਪੇਟ ਹੈ ਉਸ ਨੂੰ ਅਵੱਸ਼ਜ ਹੀ ਮਾਇਆ ਲੱਗੀ ਹੋਈ ਹੈ।

੨) ਜਿਸ ਨੂੰ ਮਾਇਆ ਦੀ ਇੱਛਾ ਲੱਗੀ ਹੋਈ ਹੈ, ਉਸ ਨੂੰ ਮਾਂ ਦੇ ਉਦਰ ਵਿਚ ਪਾਇਆ ਜਾਂਦਾ ਹੈ।

ਇਹ ਜੀਵ ਮਾਇਆ ਤੋਂ ਤਦ ਛੁੱਟ ਸਕਦਾ ਹੈ, ਜਦ ਪੂਰਨ ਸਾਧੂ ਦਾ ਉਪਦੇਸ਼ ਪਾਵੇ॥ ੫ ॥ ੫ ॥ ੧੩ ॥

ਸੰਤਨ ਕੇ ਬੰਧਨ ਕਾਟੇ ਹਰਿ ਰਾਇ॥ ਤਾ ਕਉ ਕਹਾ ਬਿਆਪੈ ਮਾਇ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥ ਤਾ ਕੈ ਨਿਕਟਿ ਨ ਆਵੈ ਮਾਈ॥ ੫॥

(ਪੰਨਾ ੧੮੨)

ਏਸੇ ਸ਼ਬਦ ਦੇ ਆਸ਼ੇ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਕਿਹਾ ਹੈ:

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥ ਬੋਲੈ ਕਉੜਾ ਜਿਹਬਾ ਕੀ ਫੂੜਿ॥
ਸਦਾ ਭੂਖੀ ਪਿਰੁ ਜਾਨੈ ਦੂਰਿ॥ ੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥ ਰਹਾਉ॥
ਪਾਇ ਠਗਉਲੀ ਸਭੁ ਜਗੁ ਜੋਹਿਆ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ॥ ੨॥ ਵਰਤ ਨੇਮ ਕਰਿ ਥਾਕੇ ਪੁਨਹਚਰਨਾ॥
ਤਟ ਤੀਰਥ ਭਵੇ ਸਭ ਧਰਨਾ॥ ਸੇ ਉਬਰੇ ਜਿ ਸਤਿਗੁਰ ਕੀ ਸਰਨਾ॥ ੩॥
ਮਾਇਆ ਮੋਹਿ ਸਭੋ ਜਗੁ ਬਾਧਾ॥ ਹਉਮੈ ਪਚੈ ਮਨਮੁਖ ਮੂਰਾਖਾ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥

(ਆਸਾ ਮਹਲਾ ੫, ਪੰਨਾ ੩੯੪

ਉਥਾਨਕਾ- ਇਕ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ— ਮੈਂ ਬਹੁਤ ਸਾਧਨ ਕੀਤੇ ਹਨ ਅਤੇ ਕਰ ਵੀ ਰਿਹਾ ਹਾਂ, ਪਰ ਮੇਰੇ ਕੰਮ ਵਿਚ ਪ੍ਰਭੂ ਸਹਾਇਤਾ ਨਹੀਂ ਕਰਦਾ, ਇਸ ਦਾ ਕੀ ਕਾਰਨ ਹੈ?'' ਉੱਤਰ-

ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥

***ਸਲਭਾ,** *ਸ਼ੇਰ ਨੂੰ ਜਦ ਵੀ ਮਾਰਦਾ ਹੈ ਤਾਂ ਆਪਣੇ ਪਿਸ਼ਾਬ ਨਾਲ ਪੂੰਛ ਨੂੰ ਭਿਉਂ ਕੇ ਸ਼ੇਰ ਉਪਰ ਛਿਣਕਦਾ ਹੈ, ਉਸੀ ਵੇਲੇ ਸ਼ੇਰ ਨੂੰ ਅੱਗ ਲੱਗ ਜਾਂਦੀ ਹੈ ਤੇ ਸ਼ੇਰ ਮਰ ਜਾਂਦਾ ਹੈ।*

ਜਿਤਨਾ ਚਿਰ (ਇਹ ਆਦਮੀ) ਮੇਰੀ ਜ਼ਮੀਨ, ਮੇਰੀ ਦੌਲਤ (ਆਦਿ ਹੰਗਤਾ) ਕਰਦਾ ਹੈ।

ਉਤਨਾ ਚਿਰ ਇਸ ਮਨੁੱਖ ਦਾ ਇਕ ਵੀ ਕੰਮ ਨਹੀਂ ਸਰੈ=ਸੌਰਦਾ ਭਾਵ ਪੂਰਾ ਨਹੀਂ ਹੁੰਦਾ। ਵਾ:- ਏਕਤਾ ਰੂਪੀ ਕਾਰਜ ਪੂਰਾ ਨਹੀਂ ਹੁੰਦਾ।

[ਪੰਨਾ ੧੧੬੧]

ਜਬ ਮੇਰੀ ਮੇਰੀ ਮਿਟਿ ਜਾਇ॥ ਤਬ ਪ੍ਰਭ ਕਾਜੁ ਸਵਾਰਹਿ ਆਇ॥ ੧॥

ਜਦੋਂ ਇਸ ਮਨੁੱਖ ਦੇ ਹਿਰਦੇ 'ਚੋਂ ਮੇਰੀ ਜ਼ਮੀਨ, ਮੇਰੀ ਦੌਲਤ (ਆਦਿ ਹੰਗਤਾ) ਮਿਟ ਜਾਂਦੀ ਹੈ। ਤਦੋਂ ਵਾਹਿਗੁਰੂ (ਆਪ ਹੀ) ਆ ਕੇ (ਇਸ ਆਦਮੀ ਦੇ ਸਾਰੇ) ਕੰਮ ਸਵਾਰਦਾ ਹੈ॥ ੧॥

ਐਸਾ ਗਿਆਨੁ ਬਿਚਾਰੁ ਮਨਾ॥
ਹਰਿ ਕੀ ਨ ਸਿਮਰਹੁ ਦੁਖ ਭੰਜਨਾ॥ ੧॥ ਰਹਾਉ॥

ਹੇ ਮਨ ! ਇਸ ਤਰ੍ਹਾਂ ਦੇ ਗਿਆਨ ਨੂੰ ਵਿਚਾਰ ਕਰ ਕੇ, ਦੁੱਖਾਂ ਦੇ ਨਾਸ ਕਰਨ ਵਾਲੇ ਵਾਹਿਗੁਰੂ ਨੂੰ ਤੂੰ ਕਿਉਂ ਨਹੀਂ ਸਿਮਰਦਾ? ॥ ੧॥ ਰਹਾਉ॥ ਇਹ ਨਿਯਮ ਸਮਝ ਲੈ-

ਜਬ ਲਗੁ ਸਿੰਘੁ ਰਹੈ ਬਨ ਮਾਹਿ॥ ਤਬ ਲਗੁ ਬਨੁ ਫੂਲੈ ਹੀ ਨਾਹਿ॥

ਦ੍ਰਿਸ਼ਟਾਂਤ:- ਜਿਤਨਾ ਚਿਰ ਸਿੰਘੁ= ਸ਼ੇਰ ਬਨ= ਜੰਗਲ ਵਿਚ ਰਹਿੰਦਾ ਹੈ। ਉਨਾ ਚਿਰ ਬਨੁ= ਜੰਗਲ ਪ੍ਰਫੁੱਲਤ ਨਹੀਂ ਹੁੰਦਾ। ਭਾਵ ਜੰਗਲ ਵਿਚ ਰਹਿਣ ਵਾਲੀ ਮ੍ਰਿਗਾਵਲੀ ਪ੍ਰਸੰਨ ਨਹੀਂ ਹੁੰਦੀ (ਇਹ ਅਰਥ ਅਜਹਿਤੀ ਲਖਸ਼ਣਾ ਦੁਆਰਾ ਸਿਧ ਹੁੰਦਾ ਹੈ, ਕਿਉਂਕਿ- ਲਖਸ਼ਣਾ ਤਿੰਨ ਪ੍ਰਕਾਰ ਦੀ ਹੈ-

੧- ਜਹਿਤੀ ਲਖਸ਼ਣਾ ਹੈ। ੨- ਅਜਹਿਤੀ ਲਖਸ਼ਣਾ ਹੈ। ੩- ਭਾਗ ਤਿਆਗ ਲਖਸ਼ਣਾ ਹੈ।

ਪ੍ਰਸ਼ਨ- ਜਹਿਤੀ ਕਿਸ ਨੂੰ ਕਹਿੰਦੇ ਹਨ?

ਉੱਤਰ- ਜਿਸ ਜਗ੍ਹਾ ਸਾਰੇ ਵਾਚ ਅਰਥ ਦਾ ਤਿਆਗ ਕਰ ਕੇ ਤੇ ਵਾਚ ਅਰਥ ਦੇ ਸਬੰਧੀ ਦਾ ਗ੍ਰਹਿਣ ਹੋਵੇ ਉਸ ਨੂੰ ਜਹਿਤੀ ਲਖਸ਼ਣਾ ਕਹਿੰਦੇ ਹਨ। ਜਿਸ ਤਰ੍ਹਾਂ ਕਿਸੇ ਨੇ ਕਿਹਾ- 'ਗੰਗਾ ਅਯੰ ਗ੍ਰਾਮ' ਕਿ ਗੰਗਾ ਵਿਖੇ ਘਰ ਹੈ।

ਇਸ ਜਗ੍ਹਾ ਗੰਗਾ ਪਦ ਤੇ ਤੀਰ= ਕਿਨਾਰੇ ਵਿਖੇ ਜਹਿਤੀ ਲਖਸ਼ਣਾ ਹੈ ਕਿਉਂਕਿ ਗੰਗਾ ਪਦ ਦਾ ਵਾਚ ਅਰਥ 'ਦੇਵ ਨਦੀ' ਦਾ ਪ੍ਰਵਾਹ ਹੈ।

ਉਸ ਵਿੱਚ ਗਰਾਮ ਦੀ ਸਥਿਤੀ ਦਾ ਅਸੰਭਵ ਹੈ ਭਾਵ ਨਹੀਂ ਬਣ ਸਦਾ। ਇਸ ਵਾਸਤੇ ਸਾਰੇ ਵਾਚ ਅਰਥ ਨੂੰ ਤਿਆਗ ਕੇ ਤੀਰ ਯਾਨੇ ਕਿਨਾਰੇ ਵਿਖੇ ਗੰਗਾ ਪਦ ਦੀ 'ਜਹਿਤੀ' ਲਖਸ਼ਣਾ ਹੈ।

ਵਾਚ ਦੇ ਸਬੰਧ ਦਾ ਨਾਮ ਲਖਸ਼ਣਾ ਹੈ। ਇਸ ਅਸਥਾਨ ਵਿਚ ਗੰਗਾ ਪਦ ਦਾ ਵਾਚ ਜੋ ਪ੍ਰਵਾਹ ਹੈ, ਉਸ ਦਾ ਕਿਨਾਰੇ ਨਾਲ ਸੰਜੋਗ ਸਬੰਧ ਹੈ, ਇਸ ਲਈ ਗੰਗਾ ਪਦ ਦੇ ਵਾਚ ਦਾ ਜੋ ਕਿਨਾਰੇ ਨਾਲ ਸਬੰਧ ਹੈ ਉਹ ਲਖਸ਼ਣਾ ਹੈ। ਵਾਸਤਵ ਵਿਚ ਜਹਿਤ ਦਾ ਅਰਥ ਹੈ: ਤਿਆਗ।

ਪ੍ਰਸ਼ਨ- ਅਜਹਿਤੀ ਲਖਸ਼ਣਾ ਕਿਸ ਨੂੰ ਕਹਿੰਦੇ ਹਨ?

ਉੱਤਰ- ਵਾਚ ਅਰਥ ਸਹਿਤ ਵਾਚ ਦੇ ਸਬੰਧੀ ਦਾ ਜਿਸ ਪਦ ਕਰ ਕੇ ਗਿਆਨ ਹੁੰਦਾ ਹੈ, ਉਸ ਪਦ

ਵਿਚ ਅਜਹਿਤੀ ਲਖਸ਼ਣਾ ਮੰਨੀ ਜਾਂਦੀ ਹੈ। ਜਿਸ ਤਰ੍ਹਾਂ ਕਿਸੇ ਨੇ ਕਿਹਾ— 'ਸ਼ਰੋਣੋਂ ਧਾਵਤੀ' ਇਸ ਜਗ੍ਹਾ ਸ਼ਰੋਣ ਪਦ ਦੀ ਲਾਲ ਰੰਗ ਵਾਲੇ ਘੋੜੇ ਵਿਚ ਅਜਹਿਤੀ ਲਖਸ਼ਣਾ ਹੈ। ਕਿਉਂਕਿ ਸ਼ਰੋਣ ਨਾਮ ਲਾਲ ਰੰਗ ਦਾ ਹੈ। ਇਸ ਵਾਸਤੇ ਸ਼ਰੋਣ ਪਦ ਦਾ ਵਾਚ ਲਾਲ ਰੰਗ ਹੈ। ਕੇਵਲ ਲਾਲ ਰੰਗ ਦਾ ਦੌੜਨਾ ਅਸੰਭਵ ਹੈ ਕਿਉਂਕਿ ਜੜ੍ਹ ਪਦਾਰਥ ਹੈ। ਇਸ ਵਾਸਤੇ ਸਰੋਣ ਪਦ ਦਾ ਵਾਚ ਜੋ ਲਾਲ ਰੰਗ ਹੈ ਤਾਂ ਸਹਿਤ ਘੋੜੇ ਵਿਖੇ ਸ਼ਰੋਣ ਪਦ ਦੀ ਅਜਹਿਤੀ ਲਖਸ਼ਣਾ ਹੈ। ਗੁਣ ਦਾ ਅਤੇ ਗੁਣੀ ਦਾ ਤਾਦਾਤਮ ਸਬੰਧ ਕਥਨ ਕੀਤਾ ਹੈ ਅਤੇ ਲਾਲ ਰੰਗ ਭੀ ਰੂਪ ਦਾ ਭੇਦ ਹੋਣ ਕਰ ਕੇ ਗੁਣ ਹੈ ਇਸ ਵਾਸਤੇ ਸ਼ਰੋਣ ਪਦ ਦਾ ਵਾਚ ਜੋ ਲਾਲ ਰੰਗ ਗੁਣ ਹੈ ਤਿਸ ਦਾ ਗੁਣੀ ਜੋ ਅਸ਼੍ਵ (ਘੋੜਾ) ਹੈ, ਉਸ ਨਾਲ ਜੋ 'ਤਦਾਤਮ ਸਬੰਧ' ਹੈ ਸੋ ਲਖਸ਼ਣਾ ਹੈ। ਵਾਚ ਦਾ ਤਿਆਗ ਨਹੀਂ ਤੇ ਅਧਿਕ ਦਾ ਗ੍ਰਹਿਣ ਹੈ ਇਸ ਵਾਸਤੇ ਅਜਹਿਤੀ ਲਖਸ਼ਣਾ ਹੈ।

ਪ੍ਰਸ਼ਨ- ਭਾਗ ਤਿਆਗ ਲਖਸ਼ਣਾ ਕਿਸ ਨੂੰ ਕਹਿੰਦੇ ਹਨ?

ਉੱਤਰ- ਜਿਥੇ ਪਦ ਦੇ 'ਵਾਚ ਅਰਥ' ਵਿਚੋਂ ਇਕ ਭਾਗ ਦਾ ਤਿਆਗ ਹੋਵੇ ਅਤੇ ਇਕ ਭਾਗ ਦਾ ਗ੍ਰਹਿਣ ਹੋਵੇ ਉਥੇ 'ਭਾਗ ਤਿਆਗ' ਲਖਸ਼ਣਾ ਕਹਿੰਦੇ ਹਨ।

ਭਾਗ ਤਿਆਗ ਲਖਸ਼ਣਾ ਨੂੰ ਹੀ ਜਹਿਤੀ ਅਜਹਿਤੀ ਲਖਸ਼ਣਾ ਭੀ ਕਹਿੰਦੇ ਹਨ। ਜਿਸ ਤਰ੍ਹਾਂ ਪਹਿਲੇ ਦੇਖੇ ਹੋਏ ਪਦਾਰਥ ਨੂੰ ਹੋਰ ਦੇਸ਼ ਵਿਚ ਦੇਖ ਕੇ ਕਿਸੇ ਨੇ ਕਿਹਾ- 'ਅਯੰ ਦੇਵ ਦੱਤੰ' 'ਸੋ ਯਹ ਹੈ' ਉਥੇ ਭਾਗ ਤਿਆਗ ਲਖਸ਼ਣਾ ਹੈ, ਕਿਉਂਕਿ ਬਤੀਤ ਹੋਏ ਹੋਏ ਸਮੇਂ ਵਿਖੇ ਅਤੇ ਅਨਜ= ਹੋਰ ਦੇਸ਼ ਵਿਖੇ ਸਥਿਤ ਵਸਤੂ 'ਸੋ' ਕਹਿਦੇ ਹਨ।

ਇਸ ਕਰ ਕੇ ਬੀਤੇ ਹੋਏ ਸਮੇਂ ਸਹਿਤ ਅਤੇ ਹੋਰ ਦੇਸ਼ ਸਹਿਤ ਵਸਤੂ "ਸੋ" ਪਦ ਦਾ ਵਾਚ ਅਰਥ ਹੈ ਅਤੇ ਵਰਤਮਾਨ ਸਮੇਂ ਸਮੀਪ ਦੇਸ਼ ਵਿਚ ਸਥਿਤ ਵਸਤੂ ਨੂੰ "ਯੇਹ" ਕਹਿੰਦੇ ਹਨ। ਇਸ ਵਾਸਤੇ ਵਰਤਮਾਨ ਸਮੇਂ ਸਹਿਤ ਅਤੇ ਸਮੀਪ ਦੇਸ਼ ਸਹਿਤ ਵਸਤੂ "ਯੇਹ" ਪਦ ਦਾ ਵਾਚ ਅਰਥ ਹੈ ਅਤੇ ਬੀਤਿਆ ਸਮਾਂ ਅਤੇ ਹੋਰ ਦੇਸ਼ ਸਹਿਤ ਜੋ ਵਸਤੂ ਹੈ ਓਹੀ ਵਰਤਮਾਨ ਸਮਾਂ ਅਤੇ ਸਮੀਪ ਦੇਸ ਸਹਿਤ ਹੈ। ਇਹ ਸਮੁਦਾਇ ਦਾ ਵਾਚ ਅਰਥ ਹੈ ਸੋ ਸੰਭਵੈ ਨਹੀਂ, ਕਿਉਂਕਿ ਬਤੀਤ ਹੋਏ ਸਮੇਂ ਦਾ ਤੇ ਵਰਤਮਾਨ ਸਮੇਂ ਦਾ ਵਿਰੋਧ ਹੈ।

ਓਵੇਂ ਹੀ ਹੋਰ ਦੇਸ਼ ਦਾ ਅਤੇ ਨੇ ਨੇੜਲੇ ਦੇਸ਼ ਦਾ ਵਿਰੋਧ ਹੈ। ਇਸ ਕਰਕੇ ਦੋਨਾਂ ਪਦਾਂ ਵਿਚ ਦੇਸ਼ ਕਾਲ ਜੋ ਵਾਚ ਭਾਗ ਹੈ, ਉਸ ਨੂੰ ਤਿਆਗ ਕੇ ਵਸਤੂ ਮਾਤ੍ਰ ਵਿਖੇ ਦੋਨਾਂ ਪਦਾਂ ਦੀ ਭਾਗ ਤਿਆਗ ਲਖਸ਼ਣਾ ਹੈ।

ਕਬਿੱਤ-

ਸ਼ਕਜ ਕੋ ਸੰਬੰਧ ਜੋ ਸ੍ਵਰੂਪ ਜਾਨਿ ਲਖਸ਼ਣ ਕੋ, ਲਖਸ਼ਣਾ ਸੋ ਭਾਨ ਜਾ ਕੋ ਲਖਸ਼ਜ ਸੁ ਪਿਛਾਨੀਏ।
ਵਾਚਜ ਅਰਥ ਸਾਰੋ ਤਜਾਗਿ ਵਾਚਜ ਕੋ ਸੰਬੰਧ ਜਹਾਂ, ਹੋਈ ਪ੍ਰਤੀਤਿ ਤਹਾਂ ਜਹਤੀ ਬਖਾਨੀਏ।
ਵਾਚਜ ਯੁਤ ਵਾਚਜ ਕੇ ਸੰਬੰਧੀ ਕਾ ਜੁ ਗਜਾਨਿ ਹੋਏ, ਤਾਹਿ ਠੌਰ ਲਖਸ਼ਣਾ ਅਜਹਤਿਹੀ ਮਾਨੀਏ।
ਏਕ ਵਾਚਜ ਭਾਗ ਤਜਾਗ ਹੋਤ ਤਹਾਂ ਭਾਗ ਤਜਾਗ, ਦੂਜੋ ਨਾਮ ਜਹਤੀ ਅਜਹਤੀ ਪ੍ਰਮਾਨੀਏ॥ ੩੬॥

(ਵਿਚਾਰ ਸਾਗਰ ਪਿਤਾਂਬਰੀ ਪੰਨਾ ੨੬੬, ਤਰੰਗ ੬ਵਾਂ)

ਭਾਗ ਤਿਆਗ ਲਛਣਾ ਪਰ ਅਧਿਆਤਮ ਪ੍ਰਕਾਸ਼ ਵਿਚ ਲਿਖਿਆ ਹੈ-

ਵਹ ਸਮੇ ਕੀ ਵਿਛੋ ਤਜ, ਅਬ ਕੀ ਤਜੇ ਵਿਪਤ।
ਦ੍ਰਸ਼ਟ ਕਰੇ ਜੋ ਦੇਹ ਪਰ, ਪੁਰਸ਼ ਓਹੀ ਹੈ ਸਤ॥ ੧੫੨॥

ਜਬ ਹੀ ਸਿਆਰੁ ਸਿੰਘ ਕਉ ਖਾਇ ॥
ਫੂਲਿ ਰਹੀ ਸਗਲੀ ਬਨਰਾਇ ॥ ੨ ॥

ਜਦੋਂ ਸਿਆਰੁ= ਸਲਭਾ, ਸਿੰਘ= ਸ਼ੇਰ ਨੂੰ ਖਾ ਜਾਵੇ (ਭਾਵ ਆਪਣੇ ਪਿਸ਼ਾਬ ਨਾਲ ਸ਼ੇਰ ਨੂੰ ਮਾਰ ਦੇਵੇ) ਤਾਂ ਸਾਰੀ ਬਨਰਾਇ= ਬਨਾਸਪਤੀ ਭਾਵ ਮ੍ਰਿਗਾਵਲੀ ਫੂਲਿ ਰਹੀ= ਪ੍ਰਫੁਲਤ, ਭਾਵ ਪ੍ਰਸੰਨ ਹੋ ਜਾਂਦੀ ਹੈ। (**ਦਾਰ੍ਸ਼ਟਾਂਤ:-**) ਇਸੀ ਪ੍ਰਕਾਰ ਜਿਤਨਾ ਚਿਰ ਹੰਕਾਰ ਰੂਪੀ ਸ਼ੇਰ ਅੰਤਹਕਰਨ ਰੂਪ ਜੰਗਲ ਵਿਚ ਰਹਿੰਦਾ ਹੈ, ਉਤਨਾ ਚਿਰ ਅੰਤਹਕਰਨ ਜੰਗਲ ਵਿਚ ਰਹਿਣ ਵਾਲੀ ਸ਼ੁਭ ਗੁਣਾਂ ਰੂਪੀ ਮ੍ਰਿਗਾਵਲੀ ਫੁਲਦੀ ਨਹੀਂ, ਜਿਸ ਵੇਲੇ ਵਿਚਾਰ ਰੂਪੀ ਸਲਭਾ, ਹੰਕਾਰ ਰੂਪੀ ਸ਼ੇਰ ਨੂੰ ਮਾਰ ਦੇਂਦਾ ਹੈ ਤਾਂ ਸ਼ੁਭ ਗੁਣਾਂ ਰੂਪੀ ਬਨਰਾਇ= ਬਨਾਸਪਤੀ ਭਾਵ ਮ੍ਰਿਗਾਵਲੀ ਪ੍ਰਫੁਲਤ ਹੋ ਰਹਿੰਦੀ ਹੈ॥ ੨ ॥

ਜੀਤੋ ਬੂਡੈ ਹਾਰੋ ਤਿਰੈ ॥ ਗੁਰ ਪਰਸਾਦੀ ਪਾਰਿ ਉਤਰੈ ॥

ਜਿਹੜਾ ਆਦਮੀ ਹੰਕਾਰ ਕਰ ਕੇ ਆਪਣੇ ਆਪ ਨੂੰ ਜਿਤਿਆ ਹੋਇਆ ਮੰਨਦਾ ਹੈ ਓਹ (ਸੰਸਾਰ-ਸਮੁੰਦਰ ਵਿਚ) ਡੁੱਬ ਜਾਂਦਾ ਹੈ ਅਤੇ ਜਿਹੜਾ ਆਪਣੇ ਆਪ ਨੂੰ ਹਾਰਿਆ ਮੰਨਦਾ ਹੈ ਨਿੰਮ੍ਰਤਾ ਗੁਣ ਸਹਿਤ ਹੈ, ਓਹ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ*। ਗੁਰਾਂ ਦੀ ਕਿਰਪਾ ਵਾਲਾ ਆਦਮੀ ਸੰਸਾਰ ਤੋਂ ਪਾਰ ਉਤਰ ਜਾਂਦਾ ਹੈ।

ਦਾਸੁ ਕਬੀਰੁ ਕਹੈ ਸਮਝਾਇ ॥
ਕੇਵਲ ਰਾਮ ਰਹਹੁ ਲਿਵ ਲਾਇ ॥ ੩ ॥ ੬ ॥ ੧੪ ॥

ਕਬੀਰ ਜੀ ਕਹਿੰਦੇ ਹਨ— ਹੇ ਭਾਈ ! (ਮੈਂ) ਦਾਸਾ ਭਾਵ ਨਾਲ ਸਮਝਾ ਕੇ ਕਹਿੰਦਾ ਹਾਂ। (ਹੰਕਾਰ ਨੂੰ ਤਿਆਗ ਕੇ) ਕੇਵਲ= ਫਕਤ ਵਾਹਿਗੁਰੂ ਵਿਚ ਹੀ ਬਿਰਤੀ ਲਗਾ ਰਹਿਣਾ ਕਰੋ॥ ੩ ॥ ੬ ॥ ੧੪ ॥

ਉਥਾਨਕਾ- ਦੁਸ਼ਟ ਅੰਤਹਕਰਨ ਵਾਲੇ ਹੰਕਾਰੀ ਪੁਰਸ਼ਾਂ ਨੇ ਕਿਹਾ- ''ਕਬੀਰ ਨੂੰ ਫੜ ਕੇ ਚਾਹਟਾ ਛਕਾਓ, ਕਿਉਂਕਿ ਇਹ ਹੋਰ ਹੀ ਉਪਦੇਸ਼ ਦੇ ਕੇ ਲੋਕਾਂ ਨੂੰ ਆਪਣੇ ਵਰਗਾ ਕਰਨਾ ਚਾਹੁੰਦਾ ਹੈ।'' ਇਤਨੀ ਗੱਲ ਸੁਣ ਕੇ ਹੁਣ ਕਬੀਰ ਜੀ ਪਰਮੇਸ਼ਰ ਅੱਗੇ ਨਿੰਮ੍ਰਤਾ ਸਹਿਤ ਬੇਨਤੀ ਕਰਦੇ ਹਨ-

(ਰਹਾਉ ਦੀ ਤੁਕ ਦਾ ਅਰਥ ਪਹਿਲੇ ਕਰਨਾ)

ਮੋ ਗਰੀਬ ਕੀ ਕੋ ਗੁਜਰਾਵੈ ॥
ਮਜਲਸਿ ਦੂਰਿ ਮਹਲੁ ਕੋ ਪਾਵੈ ॥ ੧ ॥ ਰਹਾਉ ॥

ਐਹੋ ਜਿਹਾ ਕੌਣ ਹੈ, ਜੇਹੜਾ ਮੈਂ ਗਰੀਬ ਦੀ ਬੇਨਤੀ ਉਸ ਪਾਸ ਪਹੁੰਚਾਉਣਾ ਕਰੇ। ਕਿਉਂਕਿ ਉਸ ਪਰਮਾਤਮਾ ਦੀ ਸਭਾ ਦੂਰ ਤਕ ਲੱਗੀ ਹੋਈ ਹੈ, ਉਸ ਮਹਲੁ= ਸਰੂਪ ਭਾਵ ਪਰਮਾਤਮਾ ਨੂੰ ਕੌਣ ਪਾਉਣਾ ਕਰੇ?

ਪ੍ਰਸ਼ਨ- ਪਰਮੇਸ਼ਰ ਦੀ ਸਭਾ ਵਿਚ ਕੌਣ-ਕੌਣ ਬੈਠੇ ਹਨ? *ਉੱਤਰ-*

**ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥*

(ਧਨਾਸਰੀ ਮਹਲਾ ੧, ਪੰਨਾ ੬੬੨)

ਸਤਰਿ ਸੈਇ ਸਲਾਰ ਹੈ ਜਾ ਕੇ॥ ਸਵਾ ਲਾਖੁ ਪੈਕਾਬਰ ਤਾ ਕੇ॥

ਜਿਸ ਪਰਮਾਤਮਾ ਦੇ ਦਰਬਾਰ ਵਿਚ ੭੦ ਸੌ ਸਲਾਰ= ਸਰਦਾਰ ਹੈ* ਅਤੇ ਸਵਾ ਲੱਖ ਪੈਗੰਬਰ ਉਸ ਪਰਮਾਤਮਾ ਦੇ ਪਾਸ ਹੈ**।

ਸੇਖ ਜੁ ਕਹੀਅਹਿ ਕੋਟਿ ਅਠਾਸੀ॥ ਛਪਨ ਕੋਟਿ ਜਾ ਕੇ ਖੇਲ ਖਾਸੀ॥ ੧॥

ਜਿਸ ਪਰਮਾਤਮਾ ਦੇ ਦਰਬਾਰ ਵਿਚ ਅਠਾਸੀ ਕਰੋੜ ਸੇਖ= ਬੜੇ-ਬੜੇ ਬਜ਼ੁਰਗ ਕਹੀਦੇ ਹਨ ਅਤੇ ਜਿਸ ਦੇ ਪਾਸ ੫੬ ਕਰੋੜ ਜਾਦਵ ਖਾਸ-ਖਾਸ ਨਾਲ ਖੇਲਣ ਵਾਲੇ ਲੜਕੇ ਹਨ॥ ੧॥

ਮੋ ਗਰੀਬ ਕੀ ਕੋ ਗੁਜਰਾਵੈ॥
ਮਜਲਸਿ ਦੂਰਿ ਮਹਲੁ ਕੋ ਪਾਵੈ॥ ੧॥ ਰਹਾਉ॥

ਐਹੋ ਜਿਹਾ ਕੌਣ ਹੈ ਜਿਹੜਾ ਮੈਂ ਗਰੀਬ ਦੀ ਬੇਨਤੀ ਪਹੁੰਚਾਉਣਾ ਕਿਉਂਕਿ ਪਰਮੇਸ਼ਰ ਦੀ ਸਭਾ ਦੂਰ ਤੱਕ ਲੱਗੀ ਹੋਈ ਹੈ, ਉਸ ਮਹਲੁ= ਪਰਮੇਸ਼ਰ ਨੂੰ ਕੌਣ ਪਾਉਣਾ ਕਰੇ?

ਤੇਤੀਸ ਤਰੋੜੀ ਹੈ ਖੇਲ ਖਾਨਾ॥ ਚਉਰਾਸੀ ਲਖ ਫਿਰੈ ਦਿਵਾਨਾਂ॥

ਤੇਤੀ ਕਰੋੜ ਦੇਵਤੇ, ਨਾਲ ਖੇਲ ਖਾਨਾ= ਰਸੋਈ ਦੇ ਖਾਣ ਵਾਲੇ ਹਨ। ਕਿਉਂਕਿ ਬਾਦਸ਼ਾਹ ਪਹਿਲੇ ਹੋਰਨਾਂ ਨੂੰ ਰੋਟੀ ਖੁਆ ਕੇ ਪਿਛੋਂ ਆਪ ਖਾਂਦੇ ਹਨ।

ਅਥਵਾ:- ਖੇਲਖਾਨਾ= ਸੇਵਕਾਂ ਦੇ ਸਮੁਦਾਅ ਹਨ। ਜਿਸ ਤਰ੍ਹਾਂ ਬਾਦਸ਼ਾਹਾਂ ਦੇ ਦਰਬਾਰ ਵਿਚ ਮਸਤਾਨੇ ਹੁੰਦੇ ਹਨ, ਏਸ ਤਰ੍ਹਾਂ ਚੁਰਾਸੀ ਲੱਖ ਜੂਨਾਂ ਦੇ ਜੀਵ ਮਸਤਾਨੇ ਹੋਏ ਫਿਰਦੇ ਹਨ*।

ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ॥

---

*ਜਿ ਵੇਲੇ ਮੁਹੰਮਦ ਸਾਹਿਬ ਪਾਸ ਅਜਰਾਈਲ ਦੇ ਹੱਥੀਂ ਕਤੇਬਾਂ ਭੇਜੀਆਂ ਸਨ ਉਸ ਵੇਲੇ ਇਹ ਸੌ ਸਰਦਾਰ ਨਾਲ ਭੇਜਿਆ ਸੀ ਕਿ ਰਾਹ ਵਿਚ ਅਜਰਾਈਲ ਮੇਰਾ ਹੁਕਮ ਬਦਲ ਨਾ ਦੇਵੇ।

**ਭਾਈ ਨੰਦ ਲਾਲ ਜੀ ਨੇ ਕਥਨ ਕੀਤਾ ਹੈ:

'ਹਯਦਹ ਹਜ਼ਾਰ ਸਜਦਾ ਬਸੂਏ ਤੋ ਮੇ ਕੁਨੰਦ।
ਹਰ ਦਮ ਤਵਾਫ਼ਿ ਕਾਅਬਾ-ਇ ਕੂਏ ਤੋ ਮੇ ਕੁਨੰਦ।(ਗਜ਼ਲ ੨੨)

ਭਾਵ-ਅਠਾਰ੍ਹਾਂ ਹਜ਼ਾਰ (ਪ੍ਰਕਾਰ ਦੇ ਜੀਵ-ਜੰਤ) ਤੇਰੇ ਵੱਲ ਬੰਦਨਾ ਕਰਦੇ ਹਨ। (ਪਰ ਤੇਰੇ ਆਸ਼ਕ) ਹਰ ਵੇਲੇ ਤੇਰੇ ਕੂਚੇ ਦੇ ਕਾਅਬੇ ਦੀ ਪ੍ਰਕਰਮਾ ਕਰਦੇ ਹਨ।

ਭਾਈ ਬੰਨੋ ਜੀ ਵਾਲੀ ਬੀੜ ਵਿਚ ਲਿਖਿਆ ਹੈ-

ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ। ਲਖ ਲਖ ਰਾਮ ਵਡੀਰੀਅਹਿਲਖ ਰਾਹੀ ਲਖ ਵੇਸ।
ਲਖ ਲਖ ਓਥੇ ਜਤੀ ਹੈ ਸਤੀਅਹੁ ਤੇ ਸੰਨਿਆਸ। ਲਖ ਲਖ ਓਥੇ ਗੋਰਖਾ ਲਖ ਲਖ ਨਾਥਾ ਨਾਥ।
ਲਖ ਲਖ ਓਥੇ ਆਸਨਾ ਗੁਰ ਚੇਲ ਰਹਰਾਸਿ। ਲਖ ਲਖ ਦੇਵੀ ਦੇਵਤੇ ਦਾਨੂੰ ਲਖ ਨਿਵਾਸ।
ਲਖ ਪੀਰ ਪੈਕਾਂਬਰ ਅਉਲੀਏ ਲਖ ਕਾਜੀ ਮੁਲਾਂ ਸੇਖ।'

*ਚੁਰਾਸੀ ਲੱਖ ਜੂਨ ਦਾ ਵੇਰਵਾ:-

ਜਲ ਚਰ ਨੌ ਲਖ ਕਿਸਮ ਦੇ, ਵੀਹ ਲਖ ਬ੍ਰਿਛ ਪਹਾੜ। ਕ੍ਰਿਮ ਭੇਦ ਗਿਆਰਾਂ ਲਖੋ, ਦਸ ਲੱਖ ਪੰਛੀ ਵਾੜਿ।
ਤੀਸ ਲਖ ਕਿਸਮਾਂ ਪਸੂ ਹੈ, ਮਨੁਖ ਕਹੈ ਲਖ ਚਾਰ। ਏਹ ਚੌਰਾਸੀ-ਲਖ ਲਖੋ, ਸਤਿਗੁਰ ਕਰਨ ਉਧਾਰਿ।

ਉਨਿ ਭੀ ਭਿਸਤਿ ਘਨੇਰੀ ਪਾਈ॥ ੨ ॥

ਬਾਬਾ ਆਦਮ= ਸ਼ਿਵ ਜੀ ਨੂੰ ਕੁਝ ਕੁ ਗਿਆਨ ਦ੍ਰਿਸ਼ਟੀ ਦਿਖਾਈ, ਤਾਂ ਉਸ ਨੇ ਵੀ ਬਹੁਤ ਸਾਰੀ ਭਾਵ ਚਿਰੰਕਾਲ ਤਕ ਭਿਸਤਿ= ਸੁਰਗ ਦੀ ਪ੍ਰਾਪਤੀ ਪਾਈ ਪਰ ਅਨਾਜ਼ ਦੇ ਖਾਣ ਕਰ ਕੇ ਫਿਰ 'ਅਦਨ ਟਾਪੂ' ਵਿਚ ਡੇਗਿਆ ਗਿਆ।

ਬਰਾਏ ਗਰਦਾ-ਇ ਨਾਂ ਗਿਰਦ ਹਰ ਦੂਨਾਂ ਚਿ: ਮੇ ਗਰਦੀ।
ਤਸਾਅ ਦੀਦੀ ਕਿ: ਆਦਮ ਰਾ ਅਸੀਰਿ ਦਾਨਾ ਮੇ ਸਾਜ਼ਦ॥ ੪॥

(ਭਾਈ ਨੰਦ ਲਾਲ ਜੀ, ਗਜ਼ਲ ੨੧)

ਅਰਥ- ਰੋਟੀ ਦੇ ਟੁਕੜੇ ਲਈ ਤੂੰ ਹਰ ਕਮੀਨੇ ਦੇ ਆਲੇ- ਦੁਆਲੇ ਕਿਉਂ ਘੁੰਮਦਾ ਹੈਂ (ਕੀ) ਤੂੰ ਵੇਖਿਆ ਕਿ ਆਦਮ ਨੂੰ ਲੋਭ ਨੇ ਦਾਣੇ ਦਾ ਕੈਦੀ ਬਣਾ ਦਿੱਤਾ ਸੀ (ਜਿਸ ਦੇ ਫਲ ਸਰੂਪ ਉਹ ਸਵਰਗ ਵਿੱਚੋਂ ਕਢਿਆ ਗਿਆ ਸੀ)।

ਪੰਜਾਬੀ ਉਲਥਾ:- ਰੋਟੀ ਲਈ ਕਮੀਨਿਆਂ ਅੱਗੇ ਮੂੰਹ ਨ ਮੰਗਣ ਆਯਾ, ਗੁਰ ਫ਼ੁਰਮਾਯਾ।
ਲੋਭ ਨੇ ਬਾਬੇ ਆਦਮ ਨੂੰ ਇਕ ਦਾਣੇ ਆਣ ਫਸਾਯਾ, ਸੁਰਗ ਗਵਾਯਾ।
ਤਥਾ- ਇਕ ਰੋਟੀ ਦੇ ਟੁਕੜੇ ਬਦਲੇ, ਹਥ ਕੀ ਅਡਦਾ ਫਿਰਨਾ ਏਂ।
ਇਸ ਟੁੱਕਰ ਦੀ ਇਛਾ ਆਦਮ, ਸੁਰਗੋਂ ਹੇਠ ਡਿਗਾਂਦੀ ਏ।

ਸਾਖੀ- ਬਾਬੇ ਆਦਮ ਦੀ

ਜਿਸ ਸਮੇਂ 'ਬਾਬਾ ਆਦਮ' ਤੇ ''ਅੰਮਾ ਹੱਵਾ'' ਸੁਰਗ ਵਿਚ ਰਹਿੰਦੇ ਸਨ ਉਸ ਸਮੇਂ ਇਹਨਾਂ ਨੂੰ ਆਪਣੇ ਸਰੀਰ ਦੀ ਸੋਝੀ ਨਹੀਂ ਹੁੰਦੀ ਸੀ ਅਵਧੂਤਾਂ ਵਾਂਗੂ ਅਲਫ ਨੰਗੇ ਰਹਿੰਦੇ ਤੇ ਹਰ ਰੋਜ਼ ਖੁਦਾ ਦੇ ਖੁਲ੍ਹੇ ਦੀਦਾਰ ਕਰਦੇ ਸਨ। ਇਉਂ ਕਾਫੀ ਸਮਾ ਲੰਘ ਜਾਣ ਤੋਂ ਬਾਅਦ ਇਕ ਦਿਨ ਸ਼ੈਤਾਨ (ਕਾਮਦੇਵ) ਨਿੱਕੇ ਜੇਹੇ ਬਾਲਕ ਦਾ ਰੂਪ ਧਾਰ ਕੇ ਅੰਮਾ ਹੱਵਾ ਦੇ ਪਾਸ ਆ ਕੇ ਰੋਣ ਲੱਗ ਪਿਆ। ਅੰਮਾ ਹੱਵਾ ਨੂੰ ਤਰਸ ਆਇਆ ਤੇ ਰੋਣ ਦਾ ਕਾਰਣ ਪੁਛਿਆ। ਉਸ ਵੇਲੇ ਸ਼ੈਤਾਨ ਨੇ ਕਿਹਾ, ''ਤੁਸੀਂ ਕਲ੍ਹ ਨੂੰ ਇਸ ਜਗ੍ਹਾ ਤੋਂ ਅਰਥਾਤ ਸੁਰਗ ਵਿਚੋਂ ਡੇਗੇ ਜਾਵੋਗੇ ਕਿਉਂਕਿ ਇਕ ਫਲ ਹੈ, ਜੋ ਖੁਦਾ ਦਾ ਸਭਨਾ ਨੂੰ ਖਾਣ ਵਾਸਤੇ ਹੁਕਮ ਹੋਇਆ ਹੈ ਉਹ ਤੁਸਾਂ ਖਾਣਾ ਨਹੀਂ ਜਿਸ ਕਰ ਕੇ ਤੁਹਾਨੂੰ ਮਾਤ ਲੋਕ ਵਿਚ ਭੇਜਿਆ ਜਾਵੇਗਾ।

''ਹੱਵਾ ਨੇ ਕਿਹਾ- ''ਓਹ ਕਿਹੜਾ ਫਲ ਹੈ? ਤੂੰ ਦਸ, ਅਸੀਂ ਖਾ ਲਵਾਂਗੇ।

''ਸ਼ੈਤਾਨ ਨੇ ਕਣਕ ਦਾ ਸਿੱਟਾ ਅੱਗੇ ਰੱਖ ਕੇ ਆਖਿਆ,

''ਇਹ ਫਲ ਹੈ!''

ਅੰਮਾ ਹੱਵਾ ਨੇ ਬਾਬੇ ਆਦਮ ਨੂੰ ਵੀ ਉਸ ਦੇ ਖਾਣ ਵਾਸਤੇ ਮਜ਼ਬੂਰ ਕੀਤਾ।

ਜਿਸ ਵੇਲੇ ਦੋਹਾਂ ਨੇ ਕਣਕ ਖਾ ਲਈ ਤਾਂ ਇਹਨਾਂ ਨੂੰ ਆਪਣੇ ਸਰੀਰ ਦੀ ਸੋਝੀ ਹੋ ਗਈ ਕਿ ਅਸੀਂ ਤਾਂ ਨੰਗੇ ਹਾਂ। ਜਦੋਂ ਖੁਦਾ ਇਹਨਾਂ ਦੇ ਪਾਸ ਦਰਸ਼ਨ ਦੇਣ ਵਾਸਤੇ ਆਇਆ ਤਾਂ ਇਹ ਸ਼ਰਮਸਾਰ ਹੋ ਕੇ ਕੇਲਿਆਂ ਦੇ ਪੱਤਿਆਂ ਓਹਲੇ ਲੁਕ ਗਏ। ਖੁਦਾ ਨੇ ਸਾਰੀ ਗੱਲ ਜਾਣ ਕੇ ਕਿਹਾ—''ਮੈਂ ਤੁਹਾਨੂੰ ਦਰਸ਼ਨ ਦੇਣ ਵਾਸਤੇ ਆਇਆ ਸੀ ਪਰ ਤੁਸੀਂ ਮੈਨੂੰ ਦੇਖ ਕੇ ਛੁਪ ਬੈਠੇ ਹੋ, ਤੁਹਾਨੂੰ ਦੇਹ ਅਧਿਆਸ ਹੋ ਗਿਆ ਹੈ ਇਸ ਲਈ ਤੁਸੀਂ ਏਥੇ ਰਹਿਣ ਦੇ ਲਾਇਕ ਨਹੀਂ ਹੋ।''

ਦੂਜਾ ਕਾਰਨ ਇਹ ਸੀ- ਇਹਨਾਂ ਦਾ ਸਰੀਰ ਮੁਸ਼ਕ ਗਿਆ ਸੀ ਕਿਉਂਕਿ ਦੇਵ ਲੋਕ ਵਿਚ ਅੰਨ ਦੇ ਖਾਣ ਵਾਲਾ ਮਨੁੱਖ ਰਹਿ ਨਹੀਂ ਸਕਦਾ। ਦੇਵਤੇ ਤਾਂ ਅੰਨ ਦੀ ਵਾਸ਼ਨਾ ਨਾਲ ਹੀ ਤ੍ਰਿਪਤ ਹੁੰਦੇ ਹਨ, ਇਸ ਕਾਰਨ ਕਰ ਕੇ ਇਹਨਾਂ ਨੂੰ ਮਾਤ- ਲੋਕ ਦੀ ਧਰਤੀ ਤੇ 'ਅਦਨ ਟਾਪੂ' ਪਰ ਡੇਗਿਆ ਗਿਆ।

ਬਾਈਬਲ ਵਿਚ ਇਸ ਦੀ ਕਥਾ ਇਉਂ ਲਿਖੀ:- "ਜਿਸ ਵੇਲੇ ਆਦਮ ਸੌਂ ਗਿਆ, ਉਸ ਵੇਲੇ ਖੁਦਾ ਨੇ ਉਸ ਦੀ ਇਕ ਪਸਲੀ ਕੱਢ ਕੇ ਉਸ ਤੋਂ ਨਾਰੀ ਰਚੀ। ਜੋ 'ਹੱਵਾ' ਅਖਵਾਈ। ਰੱਬ ਨੇ ਇਸ ਜੋੜੇ ਨੂੰ 'ਅਦਨ' ਬਾਗ ਵਿਚ ਰੱਖ ਕੇ ਹੁਕਮ ਦਿੱਤਾ ਕਿ ਤੁਸੀਂ ਏਥੇ ਆਨੰਦ ਨਾਲ ਰਹੋ ਅਤੇ ਫਲ ਆਦਿ ਪਦਾਰਥ ਖਾਓ।

ਪਰ ਇਕ ਖਾਸ ਬੂਟਾ ਦੱਸ ਕੇ ਹਦਾਇਤ ਕੀਤੀ ਕਿ ਇਸ ਦਾ ਫਲ ਕਦੇ ਨਾ ਖਾਣਾ। ਸ਼ੈਤਾਨ (ਕਾਮਦੇਵ) ਨੇ ਆ ਕੇ ਆਦਮ ਅਤੇ ਹੱਵਾ ਨੂੰ ਭੁਲੇਖੇ ਵਿਚ ਪਾ ਦਿੱਤਾ। ਜਿਸ ਕਰ ਕੇ ਇਹਨਾਂ ਦੋਹਾਂ ਨੇ ਖੁਦਾ ਦੇ ਹੁਕਮ ਨੂੰ ਭੁਲਾ ਕੇ ਵਰਜਿਤ ਫਲ ਖਾ ਲਿਆ, ਏਸੇ ਅਪਰਾਧ ਕਰ ਕੇ ਇਨ੍ਹਾਂ ਦੋਹਾਂ ਨੂੰ 'ਅਦਨ' ਬਾਗ 'ਚੋਂ ਸੁਟਿਆ ਗਿਆ ਅਤੇ ਖੁਦਾ ਨੇ ਸਰਾਪ ਦੇ ਦਿੱਤਾ ਕਿ ਆਦਮ ਦੀ ਔਲਾਦ ਮਿਹਨਤ ਕਰ ਕੇ ਗੁਜ਼ਾਰਾ ਕਰੇ ਅਤੇ ਮੌਤ ਦਾ ਸ਼ਿਕਾਰ ਹੋਵੇ।" ਬਾਈਬਲ ਵਿਚ ਆਦਮ ਦੀ ਉਮਰ ੯੩੦ ਵਰ੍ਹੇ ਦੀ ਲਿਖੀ ਹੈ।

ਇਸਲਾਮ ਦੀ ਡਿਕਸ਼ਨਰੀ (ਕੋਸ਼) ਵਿਚ ਲਿਖਿਆ ਹੈ- "ਜਦ ਆਦਮ ਤੇ ਹਵਾ ਸੁਰਗੋਂ ਡਿਗੇ ਹਨ ਤਦ ਆਦਮ ਤਾਂ ਲੰਕਾ ਅਤੇ ਹੱਵਾ ਅਰਬ ਵਿਚ ਜਦਾਹ ਦੇ ਪਾਸ ਡਿੱਗੀ ਹੈ।

ਦੋ ਸੌ ਵਰ੍ਹੇ ਦੋਵੇਂ ਜੁਦਾ ਰਹੇ ਹਨ। ਫੇਰ ਜਬਰਾਈਲ ਫਰਿਸ਼ਤੇ ਨੇ ਆਦਮ ਨੂੰ ਮੱਕੇ ਪਾਸ 'ਅਰਫਾਹ' ਪਹਾੜ ਤੇ ਲਿਆ ਕੇ 'ਹੱਵਾ' ਮਿਲਾਈ ਹੈ। ਆਦਮ ਆਪਣੀ ਔਰਤ ਨੂੰ ਲੈ ਕੇ ਫੇਰ ਲੰਕਾ ਵਿਚ ਚਲਾ ਗਿਆ*।"

ਕਈ ਗੁਣੀ ਜਨ ਇਹ ਭੀ ਆਖਦੇ ਹਨ- "ਰਾਮ ਆਦਮ ਹੈ , ਸੀਤਾ ਹੱਵਾ ਹੈ। ਇਸ ਤਰ੍ਹਾਂ ਭੀ ਕਹਿੰਦੇ ਹਨ ਕਿ ਸ਼ਿਵ ਆਦਮ ਹੈ ਅਤੇ ਪਾਰਬਤੀ ਹਵਾ ਹੈ।"

ਵਾ:- ਜਿਸ ਵੇਲੇ ਸ਼ਿਵ ਜੀ ਨੂੰ ਗਿਆਨ ਦ੍ਰਿਸ਼ਟੀ ਦਿਖਾਈ ਤਾਂ ਉਸ ਨੇ ਕਾਂਸ਼ੀ ਪੁਰੀ ਰਚ ਕੇ ਤਾਰਕਾ ਮੰਤ੍ਰ ਦੁਆਰਾ ਜੀਵਾਂ ਦੀ ਮੁਕਤੀ ਕਰ ਕੇ ਘਨੇਰੀ= ਬਹੁਤ ਸਾਰੀ ਸ੍ਰਿਸ਼ਟੀ ਸੁਰਗ ਵਿਚ ਪਾਈ= ਪਹੁੰਚਾਈ ਹੈ॥ ੨॥

ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ॥ ਛੋਡਿ ਕਤੇਬ ਕਰੈ ਸੈਤਾਨੀ॥

ਜਿਨ੍ਹਾਂ ਦੇ ਦਿਲ ਵਿਚ ਖਲਹਲੁ= ਕਾਮ ਆਦਿਕ, ਵਾ:- ਰਾਗ ਦਵੈਸ਼ ਆਦਿਕ ਹਨ ਉਹਨਾਂ ਦੇ ਰੂ= ਮੂੰਹ ਦੀ ਬਾਨੀ= ਵੰਨੀ (ਰੰਗਤ) ਜਰਦ= ਪੀਲੀ ਹੁੰਦੀ ਹੈ। ਉਹ ਪੁਰਸ਼ ਕਤੇਬਾਂ ਦੇ ਸਿਧਾਂਤ ਨੂੰ ਛੱਡ ਕੇ ਸੈਤਾਨੀ= ਚੰਚਲਤਾਈਆਂ ਕਰਦੇ ਹਨ।

ਦੁਨੀਆ ਦੋਸੁ ਰੋਸੁ ਹੈ ਲੋਈ॥ ਅਪਨਾ ਕੀਆ ਪਾਵੈ ਸੋਈ॥ ੩॥

ਕਈ ਤਰ੍ਹਾਂ ਦੇ ਦੋਸ਼ ਤਾਂ ਦੁਨੀਆਂ ਦੇ ਲੋਕਾਂ ਵਿਚ ਹਨ ਤੇ ਰੋਸੁ= ਗੁੱਸਾ ਲੋਈ= ਪ੍ਰਕਾਸ਼ ਰੂਪ ਪਰਮਾਤਮਾ ਵਿਚ ਕਰਦੇ ਹਨ ਕਿ ਪਰਮੇਸ਼ਰ ਨੇ ਸਾਡੇ ਪਾਸੋਂ ਭੈੜਾ ਕੰਮ ਕਰਾਇਆ ਹੈ, ਤਾਂ ਹੀ ਅਸੀਂ ਕੀਤਾ ਹੈ। ਐਸੇ ਨਿਸਚਾ ਕਰਨ ਵਾਲੇ ਜੋ ਆਦਮੀ ਹਨ, ਉਹ ਆਪਣੇ ਕੀਤੇ ਕਰਮਾਂ ਦਾ ਫਲ ਆਪ ਹੀ ਪਾਉਂਦੇ ਹਨ॥ ੩॥

ਹੁਣ ਕਬੀਰ ਜੀ ਸ਼ਬਦ ਦੀ ਸਮਾਪਤੀ ਵਿਚ ਪਰਮੇਸ਼ਰ ਅੱਗੇ ਆਪਣੀ ਪ੍ਰਾਰਥਨਾ ਕਰਦੇ ਹਨ-

---

*ਲੰਕਾ ਵਿਚ ਆਦਮ ਦੀ ਪਹਾੜੀ ਹੈ ਜਿਸ ਦੀ ਉਚਾਈ ੭੪੨੬ ਫੁੱਟ ਹੈ ਅਤੇ ਉਸ ਦੇ ਨਾਂ ਦਾ ਪੁਲ ਹੁਣ ਤੀਕ ਪ੍ਰਸਿਧ ਹੈ। ਰਾਮਾਇਣ ਵਿਚ ਇਹ ਪੁਲ ਸ੍ਰੀ ਰਾਮਚੰਦਰ ਤੋਂ ਬਣਿਆਂ ਲਿਖਿਆ ਹੈ।

ਤੁਮ ਦਾਤੇ ਹਮ ਸਦਾ ਭਿਖਾਰੀ॥ ਦੇਉ ਜਬਾਬੁ ਹੋਇ ਬਜਗਾਰੀ॥

ਹੇ ਅਕਾਲ ਪੁਰਖ ! ਤੁਸੀਂ ਦਾਤੇ ਹੋ, ਅਸੀਂ ਸਦਾ ਆਪ ਦੇ ਦਰ ਦੇ ਭਿਖਾਰੀ= ਮੰਗਤੇ ਹਾਂ।*

(ਆਪਣੇ ਬੂਹੇ 'ਤੇ ਬਿਠਾ ਬਿਠਾ ਕੇ ਜੇ ਆਪ ਖਾਲੀ) ਜਵਾਬ ਦਿਓਗੇ ਤਾਂ ਆਪ ਦੋਸ਼ੀ ਹੋਵੋਗੇ ਅਤੇ ਜੇ ਅਸੀਂ ਤੈਨੂੰ ਅੱਗੋਂ ਜਵਾਬ ਦੇਈਏ ਭਾਵ ਸਾਹਮਣੇ ਬੋਲੀਏ ਅਤੇ ਤੇਰੀ ਭਗਤੀ ਨਾ ਕਰੀਏ ਤਾਂ ਅਸੀਂ ਬਜਗਾਰੀ= ਦੋਸ਼ੀ ਹੋਵਾਂਗੇ।

ਦਾਸੁ ਕਬੀਰੁ ਤੇਰੀ ਪਨਹ ਸਮਾਨਾਂ॥
ਭਿਸਤੁ ਨਜੀਕਿ ਰਾਖੁ ਰਹਮਾਨਾ॥ ੪॥ ੭॥ ੧੫॥

(ਮੈਂ) ਕਬੀਰ ਦਾਸ ਆਪ ਜੀ ਦੀ ਪਨਹ= ਸ਼ਰਨ ਵਿਚ ਸਮਾਇਆ ਭਾਵ ਪਿਆ ਹਾਂ। ਹੇ ਰਹਿਮ ਦਿਲ ਵਾਲੇ ਅਕਾਲ ਪੁਰਖ ! ਮੈਨੂੰ ਆਪਣੇ ਪਾਸ ਰੱਖ, ਮੇਰੇ ਵਾਸਤੇ ਏਹੋ ਭਿਸਤੁ= ਸਵਰਗ ਹੈ॥ ੪॥ ੭॥ ੧੫॥

ਉਥਾਨਕਾ- ਸਭਾ ਵਿਚ ਬੈਠੇ ਹੋਏ ਬ੍ਰਾਹਮਣਾਂ ਨੇ "ਭਿਸਤੁ ਨਜੀਕਿ ਰਾਖੁ ਰਹਮਾਨਾ॥" ਵਾਲੀ ਗੱਲ ਸੁਣ ਕੇ ਕਿਹਾ— ਹੇ ਕਬੀਰ ! ਤੂੰ ਸਵਰਗ ਵਿਚ ਨਹੀਂ ਜਾਣਾ ਅਸਾਂ ਨੇ ਸਵਰਗ ਵਿਚ ਜਾਣਾ ਹੈ ਕਿਉਂਕਿ ਸਵਰਗ ਦੀ ਪ੍ਰਾਪਤੀ ਉੱਚ ਜ਼ਾਤੀ ਵਾਲਿਆਂ ਨੂੰ ਹੁੰਦੀ ਹੈ ਨੀਵੀਂ ਜ਼ਾਤ ਵਾਲਿਆਂ ਨੂੰ ਨਹੀਂ ਹੁੰਦੀ। ਇਹ ਗੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ-

ਸਭੁ ਕੋਈ ਚਲਨ ਕਹਤ ਹੈ ਊਹਾਂ॥
ਨਾ ਜਾਨਉ ਬੈਕੁੰਠੁ ਹੈ ਕਹਾਂ॥ ੧॥ ਰਹਾਉ॥

ਤੁਸੀਂ ਸਭ ਕੋਈ ਓਥੇ ਸੁਰਗ ਵਿਚ ਜਾਣਾ ਕਹਿੰਦੇ ਹੋ, ਪਰ ਇਹ ਨਹੀਂ ਜਾਣਦੇ ਕਿ ਬੈਕੁੰਠ ਕਿਥੇ ਹੈ? ਅਤੇ ਕੇਹੜਿਆਂ ਕਰਮਾਂ ਕਰ ਕੇ ਪ੍ਰਾਪਤ ਹੁੰਦਾ ਹੈ?

ਆਪ ਆਪ ਕਾ ਮਰਮੁ ਨ ਜਾਨਾਂ॥ ਬਾਤਨ ਹੀ ਬੈਕੁੰਠੁ ਬਖਾਨਾਂ॥ ੧॥

ਤੁਸਾਂ ਨੇ ਆਪਣੇ ਆਪ ਦਾ, ਭਾਵ ਸਰੂਪ ਦੀ ਪ੍ਰਾਪਤੀ ਦਾ ਮਰਮੁ= ਭੇਦ ਨਹੀਂ ਜਾਣਿਆਂ ਅਤੇ ਗੱਲਾਂ ਕਰ ਕੇ ਹੀ ਬੈਕੁੰਠ ਵਿਚ ਜਾਣਾ ਕਹਿੰਦੇ ਹੋ। ਵਾ:- ਬਾ ਤਨ= ਸਾਥ ਤਨ ਦੇ ਬੈਕੁੰਠ ਵਿਚ ਜਾਣਾ ਕਹਿੰਦੇ ਹੋ॥ ੧॥

ਜਬ ਲਗੁ ਮਨ ਬੈਕੁੰਠ ਕੀ ਆਸ॥ ਤਬ ਲਗੁ ਨਾਹੀ ਚਰਨ ਨਿਵਾਸ॥ ੨॥

ਜਿੰਨਾਂ ਚਿਰ ਮਨ ਵਿਚ ਬੈਕੁੰਠ ਜਾਣ ਦੀ ਆਸਾ ਹੁੰਦੀ ਹੈ, ਉੱਨਾ ਚਿਰ ਚਰਨ= ਪੂਜਜ, ਵਾ:- ਵੇਦ ਪ੍ਰਤਿਪਾਦਜ ਰੂਪ ਪਰਮਾਤਮਾ ਵਿਚ ਨਿਵਾਸ ਨਹੀਂ ਹੁੰਦਾ॥ ੨॥

ਖਾਈ ਕੋਟੁ ਨ ਪਰਲਪ ਗਾਰਾ॥ ਨਾ ਜਾਨਉ ਬੈਕੁੰਠ ਦੁਆਰਾ॥ ੩॥

ਤੁਸਾਂ ਨੇ ਜੋ ਬੈਕੁੰਠ ਕਲਪਿਆ ਹੈ ਉਸ ਦੇ ਆਲੇ-ਦੁਆਲੇ ਨਾ ਕੋਈ ਖਾਈ ਹੈ ਨਾ ਹੀ ਕੋਈ ਕੋਟੁ= ਕਿਲ੍ਹਾ ਦਿਖਾਈ ਦੇਂਦਾ ਹੈ। ਨਾ ਉਹ ਪਰ= ਭਲੀ ਪ੍ਰਕਾਰ ਗਾਰੇ ਨਾਲ ਲਪ= ਲਿੰਬਿਆ ਹੋਇਆ ਹੈ। ਮੈਂ ਨਹੀਂ ਜਾਣਦਾ ਜੋ ਤੁਹਾਡਾ ਬੈਕੁੰਠ ਦਰਵਾਜ਼ਾ ਕਿਥੇ-ਕੁ ਹੈ॥ ੩॥

---

*ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ॥ ੪੦॥ (ਪੰਨਾ ੧੪੨੮)

ਬ੍ਰਾਹਮਣਾਂ ਨੇ ਕਿਹਾ— ਤੁਹਾਡੇ ਮਤ ਵਿਚ ਫਿਰ ਬੈਕੁੰਠ ਕੋਈ ਨਹੀਂ ?

ਕਹਿ ਕਮੀਰ ਅਬ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥ ੪ ॥ ੮ ॥ ੧੬ ॥

ਕਬੀਰ ਜੀ ਕਹਿੰਦੇ ਹਨ— ਹੁਣ ਇਹ ਗੱਲ ਕੀ ਕਹਿਣੀ ਹੈ ਕਿ 'ਤੁਹਾਡੇ ਮਤ ਵਿਚ ਬੈਕੁੰਠ ਹੀ ਨਹੀਂ।' ਸਾਡੇ ਮਤ ਵਿਚ ਤਾਂ ਸਾਧਸੰਗਤਿ ਹੀ ਬੈਕੁੰਠ ਹੈ॥ ੪ ॥ ੮ ॥ ੧੬ ॥

ੳ) ਜੋ ਜਨ ਪਰ ਮਿਤਿ ਪਰ ਮਨੁ ਜਾਨਾ॥ ਬਾਤਨ ਹੀ ਬੈਕੁੰਠ ਸਮਾਨਾ॥ ੧॥
ਨਾ ਜਾਨਾ ਬੈਕੁੰਠ ਕਹਾ ਹੀ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥ ੧॥ ਰਹਾਉ॥
ਕਹਨ ਕਹਾਵਨ ਨਹ ਪਤੀਅਈ ਹੈ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥ ੨॥
ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ ੩॥
ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥ ੪॥ ੧੦॥

(ਪੰਨਾ ੩੨੫)

ਅ) ਹਰਿ ਜਨ ਰਾਮ ਰਾਮ ਰਾਮ ਧਿਆਏ॥
ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ॥ ੧॥

(ਸਾਰਗ ਮਹਲਾ ੫, ਪੰਨਾ ੧੨੦੮)

ੲ) ਤਹ ਬੈਕੁੰਠੁ ਜਹ ਨਾਮੁ ਉਚਰਹਿ॥ *(ਮਹਲਾ ੫, ਪੰਨਾ ੮੬੦)*

ਸ) ਬੈਕੁੰਠ ਨਗਰੁ ਜਹਾ ਸੰਤ ਵਾਸਾ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥ ੧॥

(ਸੂਹੀ ਮਹਲਾ ੫, ਪੰਨਾ ੭੪੨)

ਹ) ਤਹਾ ਬੈਕੁੰਠੁ ਜਹ ਕੀਰਤਨੁ ਤੇਰਾ, ਤੂੰ ਆਪੇ ਸਰਧਾ ਲਾਇਹਿ॥ ੨॥

(ਸੂਹੀ ਮਹਲਾ ੫, ਪੰਨਾ ੭੪੯)

ਉਥਾਨਕਾ- ਇਕ ਦਿਨ ਪ੍ਰੇਮੀਆਂ ਨੇ ਭਗਤ ਕਬੀਰ ਜੀ ਪਾਸੋਂ ਪੁਛਿਆ — ਤੁਸਾਂ ਨੇ ਅਗਿਆਨ ਤੇ ਕਾਮ ਆਦਿਕ ਸ਼ੱਤਰੂਆਂ ਨੂੰ ਕਿਸ ਤਰ੍ਹਾਂ ਜਿੱਤਣਾ ਕੀਤਾ ਹੈ?

ਉੱਤਰ- ਆਪਣੇ ਗੁਰਾਂ ਦੀ ਕਿਰਪਾ ਕਰ ਕੇ ਜਿਤਿਆ ਹੈ। ਮੈਂ ਇਕ ਦਿਨ ਆਪਣੇ ਗੁਰੂ ਰਾਮਾਨੰਦ ਜੀ ਪਾਸ ਜਾ ਕੇ ਬੇਨਤੀ ਕੀਤੀ, ਕਿ-

ਕਿਉ ਲੀਜੈ ਗਢੁ ਬੰਕਾ ਭਾਈ॥
ਦੋਵਰ ਕੋਟ ਅਰੁ ਤੇਵਰ ਖਾਈ॥ ੧ ॥ ਰਹਾਉ ॥

(ਪਹਿਲਾ ਅਰਥ) ਹੇ ਗੁਰੋ ! ਮੈਨੂੰ ਇਹ ਗੱਲ ਪੁੱਛਣੀ ਭਾਈ ਹੈ ਕਿ ਬੰਕਾ ਗਢੁ= ਕਾਰਨ ਦੇਹ ਅਗਿਆਨ ਨੂੰ ਕਿਸ ਤਰ੍ਹਾਂ ਢਾਹ ਲੈਣਾ ਕਰੀਏ? ਜਿਸ ਅਗਿਆਨ ਰੂਪ ਕਿਲ੍ਹੇ ਦੇ ਦੁਆਲੇ ਸੰਸੇ ਵਿਪ੍ਰਜੇ ਰੂਪੀ ਦੁਹਰਾ ਕੋਟ ਅਤੇ (ਰਜੋ, ਸਤੋ, ਤਮੋ ਇਹ) ਤਿੰਨਾਂ ਗੁਣਾਂ ਰੂਪੀ ਤੇਹਰੀ ਖਾਈ ਹੈ। ਕਿਉਂਕਿ ਸੁਭਾਵ ਬਦਲਣੇ ਬਹੁਤ ਮੁਸ਼ਕਲ ਹਨ। ਜਿਵੇਂ ਗਿਆਨ ਪ੍ਰਾਪਤ ਹੋਣ ਤੇ ਭੀ ਦੁਰਬਾਸ਼ਾ ਦਾ ਸੁਭਾਵ ਤਮੋ ਗੁਣੀ ਰਿਹਾ ਹੈ। ਵਿਸ਼ਵਾ ਮਿੱਤਰ ਦਾ ਸੁਭਾਵ ਰਾਜਸੀ ਰਿਹਾ ਹੈ। ਵਸ਼ਿਸ਼ਟ ਜੀ ਦਾ ਸੁਭਾਵ ਸ਼ਾਂਤਕੀ ਰਿਹਾ ਹੈ।

(ਦੂਜਾ ਅਰਥ) ਹੇ ਗੁਰੋ! ਮੈਨੂੰ ਇਹ ਗੱਲ ਪੁੱਛਣੀ ਭਾਈ ਹੈ ਕਿ ਬੰਕਾ ਗਢੁ= ਸੁੰਦਰ ਕਿਲ੍ਹਾ ਜੋ ਸਰੀਰ ਹੈ, ਇਸ ਦੇ ਦੇਹ ਅਧਿਆਸ ਨੂੰ ਕਿਸ ਤਰ੍ਹਾਂ ਢਾਹ ਲੈਣਾ ਕਰੀਏ?

ਜਿਸ ਦੇਹ ਅਧਿਆਸ ਰੂਪ ਕਿਲ੍ਹੇ ਦੇ ਦੁਆਲੇ ਰਾਗ ਦ੍ਵੈਸ਼ ਰੂਪੀ ਦੂਹਰਾ ਕੋਟ ਅਤੇ 'ਸੁਤ ਵਿਤ ਲੋਕ ਈਖਨਾ ਤੀਨੀ' ਇਹ ਤੇਹਰੀ ਖਾਈ ਹੈ॥ ੧॥ ਰਹਾਉ॥

ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥

ਪੰਜ ਤਤ, ਪੰਝੀ ਪ੍ਰਕਿਰਤੀਆਂ, ਮੋਹ ਮਦ= ਹੰਕਾਰ, ਮਤਸਰ= ਈਰਖਾ ਇਹ ਸੂਰਮੇ ਹਨ। ਵਾ :- ਪੰਜਾਂ ਤੋਂ ਪੰਝੀ ਪਰਕਿਰਤੀਆਂ ਹੋਈਆਂ ਹਨ, ਉਨ੍ਹਾਂ ਕਰ ਕੇ ਰਚਿਆ ਹੋਇਆ ਜੋ ਸਰੀਰ ਹੈ, ਇਸ ਸਰੀਰ ਵਿਚ ਜੋ ਮੋਹ, ਹੰਕਾਰ, ਈਰਖਾ ਆਦਿਕ ਆਸੁਰੀ ਸੰਪਦਾਅ ਦੇ ਗੁਣ ਹਨ, ਇਹ ਸੂਰਮੇ ਹਨ। ਪਰ= ਭਲੀ ਪ੍ਰਕਾਰ ਬਲ ਵਾਲੀ ਜੋ ਮਾਇਆ ਹੈ, ਇਹ ਆਡੀ= ਛਵੀ* ਹੈ।

ਐਸੇ ਸੂਰਮਿਆਂ ਨੂੰ ਕਾਬੂ ਕਰਨ ਵਾਸਤੇ-

ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥ ੧॥

ਮੈਂ ਗਰੀਬ ਜਨ ਦਾ ਜੋਰੁ= ਬਲ ਨਹੀਂ ਪਹੁੰਚਦਾ। ਹੇ ਰਘੁਰਾਇਆ= ਪਰਮੇਸ਼ਰ ਰੂਪ ਗੁਰੋ ! ਮੈਂ ਹੁਣ ਕੀ ਕਰਾਂ?॥ ੧॥

ਪੰਜ ਤਤ ਅਤੇ ਪੰਝੀ ਪ੍ਰਕਿਰਤੀਆਂ ਦਾ ਨਿਰਣਾ

ਪੰਜ ਤਤ	ਆਪੋ ਆਪਣਾ ਮੁਖ ਭਾਗ		ਹੋਰੰਨਾ ਤਤਾਂ ਦੇ ਭਾਗ (ਹਿੱਸੇ)		
੧ **ਅਕਾਸ਼**	ਮੁਖ ਭਾਗ	ਵਾਯੂ ਕਾ ਭਾਗ	ਅਗਨੀ ਕਾ ਭਾਗ	ਜਲ ਕਾ ਭਾਗ	ਪ੍ਰਿਥਵੀ ਕਾ ਭਾਗ
	ਸ਼ੋਕ	ਕਾਮ	ਕ੍ਰੋਧ	ਮੋਹ	ਭੈ
੨ **ਵਾਯੂ**	ਮੁਖ ਭਾਗ	ਅਕਾਸ਼ ਕਾ ਭਾਗ	ਅਗਨੀ ਕਾ ਭਾਗ	ਜਲ ਕਾ ਭਾਗ	ਪ੍ਰਿਥਵੀ ਕਾ ਭਾਗ
	ਧਾਵਨਾ(ਦੌੜਨਾ)	ਪਸਾਰਨ	ਬਲਨ	ਚਲਣਾ	ਸੰਕੋਚਣਾ
੩ **ਅਗਨੀ**	ਮੁਖ ਭਾਗ	ਅਕਾਸ਼ ਕਾ ਭਾਗ	ਵਾਯੂ ਕਾ ਭਾਗ	ਜਲ ਕਾ ਭਾਗ	ਪ੍ਰਿਥਵੀ ਕਾ ਭਾਵ
	ਭੁੱਖ	ਨਿੰਦ੍ਰਾ	ਤ੍ਰਿਖਾ	ਕ੍ਰਾਂਤੀ	ਆਲਸ
੪ **ਜਲ**	ਮੁਖ ਭਾਗ	ਅਕਾਸ਼ ਕਾ ਭਾਗ	ਵਾਯੂ ਕਾ ਭਾਗ	ਅਗਨੀ ਕਾ ਭਾਗ	ਪ੍ਰਿਥਵੀ ਕਾ ਭਾਗ
	ਸ਼ੁਕ੍ਰ (ਬੀਰਜ)	ਲਾਰ (ਲਾਲਾਂ)	ਸਵੇਤ (ਪਸੀਨਾ)	ਮੂਤਰ	ਲਹੂ
੫ **ਪ੍ਰਿਥਵੀ**	ਮੁੱਖ ਭਾਗ	ਅਕਾਸ਼ ਕਾ ਭਾਗ	ਵਾਯੂ ਕਾ ਭਾਗ	ਅਗਨੀ ਕਾ ਭਾਗ	ਜਲ ਕਾ ਭਾਗ
	ਅਸਤੀ (ਹੱਡੀਆਂ)	ਰੋਮ	ਤ੍ਵਚਾ (ਚਮੜੀ)	ਨਾੜੀ	ਮਾਸ

ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥

ਕਾਮਨਾ ਰੂਪੀ ਕਿਵਾਰੀ= ਤਖਤੇ ਲੱਗੇ ਹੋਏ ਹਨ, ਦੁੱਖ ਸੁਖ ਇਹ ਦੋ ਦਰਵਾਨਚੀ ਹਨ, ਇਹ ਜੀਵ ਨੂੰ

*ਛਵੀ ਮੋਰਚੇ ਨੂੰ ਕਹਿੰਦੇ ਹਨ, ਆਪਣੇ ਬਚਾਅ ਵਾਸਤੇ ਜ਼ਮੀਨ ਪੁੱਟ ਕੇ ਜਿਸ ਵਿਚ ਸੂਰਮੇ ਬੈਠਦੇ ਹਨ। ਅਥਵਾ- ਆਡੀ ਦਾ ਅਰਥ ਛਾਉਣੀ ਵੀ ਕਰਦੇ ਹਨ।

ਲੰਘਣ ਨਹੀਂ ਦੇਂਦੇ, ਪਾਪ ਪੁੰਨ ਰੂਪ ਦਰਵਾਜ਼ਾ ਹੈ।

ਕ੍ਰੋਧੁ ਪ੍ਰਧਾਨੁ ਮਹਾ ਬਡ ਦ੍ਵੰਦਰ ਤਹ ਮਨੁ ਮਾਵਾਸੀ ਰਾਜਾ ॥ ੨ ॥

ਤਹ= ਉਸ ਅਸਥੂਲ ਦੇਹ ਰੂਪ ਕਿਲ੍ਹੇ ਵਿਚ ਮਨ ਵੱਡਾ ਮਾਵਾਸੀ= ਆਕੀ ਰਾਜਾ ਹੈ। ਬਡ ਦ੍ਵੰਦਰ= ਬੜਾ ਡੰਡ-ਰੌਲਾ ਪਾਉਣ ਵਾਲਾ ਜੋ ਕ੍ਰੋਧ ਹੈ ਇਹ ਉਸ ਮਨ ਰੂਪੀ ਰਾਜੇ ਦਾ ਮਹਾ ਪ੍ਰਧਾਨੁ= ਸ਼ਰੋਮਣੀ ਵਜ਼ੀਰ ਹੈ। ਹੋਰਨਾਂ ਜਗ੍ਹਾਂ 'ਤੇ ਵੀ ਮਨ ਨੂੰ ਰਾਜਾ ਕਥਨ ਕੀਤਾ ਹੈ-

ੳ) ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ ੪ ॥ *(ਪੰਨਾ ੬੧)*

ਅ) ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ *(ਪੰਨਾ ੧੧੭੧)*

ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥

ਮਨ ਰੂਪੀ ਰਾਜੇ ਨੇ ਵਿਸ਼ੇ ਸਵਾਦਾਂ ਰੂਪੀ ਸਨਾਹ= ਸੰਜੋਅ ਪਹਿਰੀ ਹੋਈ ਹੈ ਤੇ ਮਮਤਾ ਰੂਪੀ ਟੋਪ ਸਿਰ 'ਤੇ ਰਖਿਆ ਹੋਇਆ ਹੈ, ਖੋਟੀ ਬੁੱਧੀ ਰੂਪੀ ਕਮਾਨ ਚੜ੍ਹਾਈ ਹੋਈ ਹੈ।

ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥ ੩ ॥

ਬਿਬੇਕ ਰੂਪੀ ਰਾਜੇ ਦੇ ਸ਼ਸਤਰਾਂ ਤੋਂ ਬਚਾਉ ਵਾਸਤੇ ਹਿਰਦੇ ਰੂਪੀ ਭਥ੍ਥ ਵਿਚ ਤ੍ਰਿਸ਼ਨਾ ਰੂਪੀ ਬਾਣ ਭਰੇ ਹੋਏ ਹਨ, ਇਸ ਰੀਤੀ ਦੇ ਹੋਣ ਕਰ ਕੇ ਸਰੀਰ। ਵਾ:- ਅਗਿਆਨ ਰੂਪੀ ਕਿਲ੍ਹਾ, ਲੀਓ ਨ ਜਾਈ= ਜਿਤਿਆ ਨਹੀਂ ਜਾਂਦਾ ॥ ੩ ॥

ਪਰ, ਧੰਨ ਗੁਰੂ ਜੀ ਹਨ, ਜਿਨ੍ਹਾਂ ਦੇ ਦੱਸੇ ਹੋਏ ਰਸਤੇ ਅਨੁਸਾਰ :-

ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥

ਸ੍ਰੇਸ਼ਟ ਬੁੱਧੀ ਰੂਪੀ ਤੋਪ ਵਿਚ ਪ੍ਰੇਮ ਰੂਪੀ ਪਲੀਤਾ ਤੇ ਸ੍ਰੇਸ਼ਟ ਗਿਆਤ ਰੂਪੀ ਹਵਾਈ* ਕਰ ਕੇ ਬ੍ਰਹਮ ਗਿਆਨ ਰੂਪੀ ਗੋਲਾ ਮੈਂ ਚਲਾਇਆ ਹੈ।

ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥ ੪ ॥

ਸਹਜੇ ਹੀ ਬ੍ਰਹਮ ਦ੍ਰਿਸ਼ਟੀ ਰੂਪੀ ਅਗਨੀ ਪਰ= ਭਲੀ ਪ੍ਰਕਾਰ ਪ੍ਰਜ੍ਵਲਤ ਕੀਤੀ, ਤਾਂ ਇਕ ਹੀ ਚੋਟ ਨਾਲ ਸਰੀਰ, ਵਾ:- ਅਗਿਆਨ ਰੂਪੀ ਕਿਲ੍ਹਾ ਸਿਝ ਆਇਆ ਭਾਵ ਫਤਿਹ ਹੋ ਗਿਆ ॥ ੪ ॥

ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥

ਦੈਵੀ ਸੰਪਦਾ ਰੂਪ ਫੌਜ 'ਚੋਂ ਸਤ, ਸੰਤੋਖ, ਧਰਮ, ਧੀਰਜ ਤੇ ਵਸਤ ਵਿਚਾਰ ਰੂਪ ਸੂਰਮੇ ਨਾਲ ਲੈ ਕੇ ਕਾਮ ਆਦਿਕ ਰੂਪ ਸ਼ਤਰੂਆਂ ਨਾਲ ਲੜਨ ਲੱਗਾ।

ਤਾਂ ਵਸਤੁ ਵਿਚਾਰ ਨੇ ਕਾਮ ਨੂੰ ਜਿਤਿਆ। ਖਿਮਾ ਨੇ ਕ੍ਰੋਧ ਨੂੰ ਜਿਤਿਆ। ਸੰਤੋਖ ਨੇ ਲੋਭ ਨੂੰ ਜਿਤਿਆ। ਬਿਬੇਕ ਨੇ ਮੋਹ ਨੂੰ ਮਾਰਿਆ। ਨਿਮਰਤਾ ਨੇ ਹੰਕਾਰ ਨੂੰ ਜਿਤਿਆ ਸਮਤਾ ਨੇ ਈਰਖਾ ਨੂੰ ਜਿਤਿਆ ਅਤੇ ਦੋ ਪਾਪ

**ਹਵਾਈ, ਮਤਾਬੀ ਨੂੰ ਕਹਿੰਦੇ ਹਨ ਜੋ ਪੁਰਾਤਨ ਸਮੇਂ ਤੋਪ ਦਾ ਪਲੀਤਾ ਹਵਾਈ ਨਾਲ ਦਾਗਦੇ ਸਨ।*

(ਮਹਾਨ ਕੋਸ਼ ਦਾ ੮੦੪ ਪੰਨਾ ਵੇਖੋ)

ਅਥਵਾ- ਗੁਰਾਂ ਨੇ ਜੋ ਸੁਰਤ= ਸ੍ਰੇਸ਼ਟ ਗਿਆਤ ਬਖਸ਼ੀ ਹੈ ਉਹ ਹਵਾਈ= ਤੋਪ ਹੈ। ਪਰਮੇਸ਼ਰ ਵਿਖੇ ਜੋ ਪ੍ਰੇਮ ਕਰਨਾ ਹੈ, ਇਹ ਪਲੀਤਾ ਹੈ ਤੇ ਬ੍ਰਹਮ ਗਿਆਨ ਰੂਪ ਗੋਲਾ ਚਲਾਇਆ।

ਪੁੰਨ ਰੂਪ ਜੋ ਦਰਵਾਜ਼ੇ ਸਨ ਉਹਨਾਂ ਨੂੰ ਤੋੜ ਦਿੱਤਾ ਅਰਥਾਤ ਪ੍ਰਾਰਬਧ ਕਰਮ ਭੋਗਣ ਕਰ ਕੇ ਨਾਸ ਹੋ ਗਏ ਤੇ ਕਿਰੇਮਾਨ ਕਰਮਾਂ ਦੀ ਹੰਗਤਾ ਨਾ ਰਹੀ ਅਤੇ ਸੰਚਤ ਕਰਮ ਬ੍ਰਹਮ ਗਿਆਨ ਕਰ ਕੇ ਨਸ਼ਟ ਹੋ ਗਏ।

ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥ ੩॥

(ਰਵਿਦਾਸ ਜੀ, ਪੰਨਾ ੧੧੯੭)

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥ ੫॥

ਸਾਧ ਸੰਗਤ ਅਤੇ ਪੂਰਨ ਗੁਰਾਂ ਦੀ ਕਿਰਪਾ ਨਾਲ ਸਰੀਰ ਰੂਪੀ ਕਿਲ੍ਹੇ ਦਾ ਮਨ ਰੂਪੀ ਰਾਜਾ ਪਕੜ ਲਿਆ॥ ੫॥

[ਪੰਨਾ ੧੧੯੨]

ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥

ਮੈਂ ਭੀਰਿ= ਕਾਇਰ ਨੇ ਭਗਵੰਤ ਦੇ ਸਿਮਰਨ ਦੀ ਸ਼ਕਤੀ ਕਰ ਕੇ, ਵਾ:- ਸਤਸੰਗਤ ਦੀ ਭੀੜ ਵਿਚੋਂ ਭਗਵੰਤ ਦੇ ਸਿਮਰਨ ਦੀ ਸ਼ਕਤੀ ਪ੍ਰਾਪਤ ਹੋਣ ਕਰ ਕੇ ਭੈਦਾਇਕ ਕਾਲ ਦੀ ਹੰਗਤਾ ਰੂਪ ਫਾਹੀ ਕੱਟ ਦਿੱਤੀ ਹੈ।

ੳ) ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ॥ *(ਪੰਨਾ ੭੮੩)*

ਅ) ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ॥ *(ਪੰਨਾ ੭੮੧)*

ਦਾਸੁ ਕਮੀਰੁ ਚੜਿਓ ਗੜ ਊਪਰਿ ਰਾਜੁ ਲੀਓ ਅਬਿਨਾਸੀ॥੬॥੯॥੧੭॥

(ਮੈਂ) ਕਬੀਰ ਦਾਸ ਨੇ ਇਸ ਰੀਤੀ ਨਾਲ ਸਰੀਰ, ਵਾ:- ਅਗਿਆਨ ਰੂਪੀ ਕਿਲ੍ਹੇ ਉਪਰ ਚੜ੍ਹ ਕੇ ਭਾਵ ਉਪਰਾਮ ਹੋ ਕੇ ਅਬਿਨਾਸ਼ੀ ਰਾਜ ਲੀਤਾ ਹੈ॥ ੬॥ ੯॥ ੧੭॥

ਉਥਾਨਕਾ- ਕਬੀਰ ਜੀ ਦੇ ਮੂੰਹੋਂ 'ਰਾਜੁ ਲੀਓ ਅਬਿਨਾਸੀ' ਵਾਲੀ ਤੁਕ ਸੁਣ ਕੇ ਵਿਰੋਧੀ ਬ੍ਰਾਹਮਣਾਂ ਤੇ ਕਾਜ਼ੀਆਂ ਨੇ ਬਾਦਸ਼ਾਹ ਪਾਸ ਜਾ ਕੇ ਸ਼ਿਕਾਇਤ ਕੀਤੀ, ਕਿ ਜੁਲਾਹਿਆ ਕਬੀਰ ਹੁਣ ਆਪ ਜੀ ਦਾ ਰਾਜ ਲੈਣਾ ਚਾਹੁੰਦਾ ਹੈ, ਆਪ ਇਸ ਦਾ ਕੋਈ ਬੰਦੋਬਸਤ ਕਰੋ।

ਇਹ ਗੱਲ ਸੁਣ ਕੇ ਬਾਦਸ਼ਾਹ ਨੇ ਕੁਝ ਸੋਚਿਆ ਸਮਝਿਆ ਨਾ, ਝਟ ਹੁਕਮ ਦੇ ਦਿੱਤਾ ਕਿ ਇਸ ਨੂੰ ਜੰਜੀਰ ਨਾਲ ਬੰਨ੍ਹ ਕੇ ਗੰਗਾ ਦੇ ਪ੍ਰਵਾਹ ਵਿਚ ਰੋੜ੍ਹ ਦਿਓ।

ਕਾਜ਼ੀਆਂ ਨੇ ਉਸੇ ਤਰ੍ਹਾਂ ਹੀ ਕੀਤਾ ਪਰ ਪਰਮੇਸ਼ਰ ਦੀ ਕਿਰਪਾ ਨਾਲ ਗੰਗਾ ਦੀ ਅਜਿਹੀ ਲਹਿਰ ਆਈ ਜਿਸ ਕਰ ਕੇ ਜੰਜੀਰ ਟੁੱਟ ਗਈ ਤੇ ਕਬੀਰ ਜੀ ਸੁਖ ਅਨੰਦ ਨਾਲ ਬਾਹਰ ਨਿਕਲ ਆਏ। ਪ੍ਰੇਮੀਆਂ ਦੇ ਪੁੱਛਣ ਤੇ ਕਬੀਰ ਜੀ ਆਪਣਾ ਸਾਰਾ ਹਾਲ ਸੁਣਾਉਂਦੇ ਹਨ-

ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥

ਵਿਸ਼ਨੂੰ ਮਹਾਰਾਜ ਜੀ ਦੀ *ਗੁਸਾਇਨਿ ਜੋ ਗੰਗਾ ਹੈ ਗਹਿਰ= ਡੂੰਘੀ ਗੰਭੀਰ= ਨਿਰਹਲ ਉਸ ਵਿਚ

**ਕਿਉਂਕਿ ਔਰਤ ਦੀ ਜ਼ਾਤ ਪਤੀ ਪਿੱਛੇ ਹੁੰਦੀ ਹੈ ਵਿਸ਼ਨੂੰ ਜੀ ਗੁਸਾਈਂ ਹਨ, ਇਸ ਕਰ ਕੇ ਗੰਗਾ ਦਾ ਨਾਂ 'ਗੁਸਾਇਨਿ' ਪੈ ਗਿਆ। ਔਰਤ ਭਾਵੇਂ ਇਕ ਅੱਖਰ ਭੀ ਨਾ ਪੜ੍ਹੀ ਹੋਈ ਹੋਵੇ ਪਰ ਤਸੀਲਦਾਰ ਨਾਲ ਵਿਵਾਹੁਣ ਕਰ ਕੇ ਤਸੀਲਦਾਰਨੀ, ਥਾਣੇਦਾਰ ਨਾਲ ਵਿਵਾਹੁਣ ਕਰ ਕੇ ਥਾਣੇਦਾਰਨੀ, ਪਟਵਾਰੀ ਨਾਲ ਵਿਵਾਹੁਣ ਕਰ ਕੇ ਪਟਵਾਰਨ ਹੋ ਜਾਂਦੀ ਹੈ।*

ਜੰਜੀਰ ਨਾਲ ਬੰਨ੍ਹ ਕੇ (ਮੈਂ) ਕਬੀਰ ਨੂੰ ਖੜਾ ਕਰ ਦਿੱਤਾ। ਵਾ:- ਡੋਬਣ ਵਾਸਤੇ ਮੈਨੂੰ ਖਰੇ= ਲੈ ਗਏ।

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥
ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥

ਉਸ ਵੇਲੇ ਮੇਰਾ ਮਨ ਡਾਵਾਂ-ਡੋਲ ਨਾ ਹੋਇਆ, ਤਾਂ ਤਨ ਨੂੰ ਕਿਸ ਵਾਸਤੇ ਡਰ ਆਉਣਾ ਸੀ? ਕਿਉਂਕਿ ਵਾਹਿਗੁਰੂ ਦੇ ਚਰਨ ਕੰਵਲਾਂ ਵਿਚ ਮੇਰਾ ਚਿਤ ਸਮਾ ਰਿਹਾ ਸੀ।

ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥ ੨ ॥

ਵਾਹਿਗੁਰੂ ਦੀ ਕਿਰਪਾ ਨਾਲ ਗੰਗਾ ਦੀ ਐਸੀ ਛਲ ਆਈ ਜਿਸ ਨਾਲ ਮੇਰੀਆਂ ਜੰਜੀਰਾਂ ਟੁੱਟ ਗਈਆਂ। ਦੇਵਨੇਤ ਨਾਲ ਇਕ ਮ੍ਰਿਗਛਾਲਾ ਰੁੜ੍ਹੀ ਆਉਂਦੀ ਸੀ, ਕਬੀਰ ਜੀ ਕਹਿੰਦੇ ਹਨ— ਉਸ ਉਤੇ ਅਸੀਂ ਬੈਠ ਗਏ ॥ ੨ ॥

ਕਹਿ ਕੰਬੀਰ ਕੋਊ ਸੰਗ ਨ ਸਾਥ ॥
ਜਲ ਥਲ ਰਾਖਨ ਹੈ ਰਘੁਨਾਥ ॥ ੩ ॥ ੧੦ ॥ ੧੮ ॥

ਕਬੀਰ ਜੀ ਕਹਿੰਦੇ ਹਨ— ਜੀਵ ਦੇ ਸੰਗ ਦਾ ਸਾਥੀ ਕੋਈ ਵੀ ਨਹੀਂ ਹੈ। ਜਲਾਂ ਥਲਾਂ ਵਿਚ ਇਕ ਪਰਮਾਤਮਾ ਹੀ ਰਖਿਆ ਕਰਨ ਵਾਲਾ ਹੈ ॥ ੩ ॥ ੧੦ ॥ ੧੮ ॥

ਭੈਰਉ ਕਬੀਰ ਜੀਉ ਅਸਟਪਦੀ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ- ਜੋ ਪਰਮਾਤਮਾ ਹਰ ਜਗ੍ਹਾ ਰਖਿਆ ਕਰਨ ਵਾਲਾ ਹੈ, ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਅਤੇ ਉਹ ਰਹਿੰਦਾ ਕਿਸ ਜਗ੍ਹਾ 'ਤੇ ਹੈ? *ਉੱਤਰ-*

ਅਗਮ ਦੂਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥

ਮਨ ਬਾਣੀ ਦੀ ਗੰਮਤਾ ਤੋਂ ਰਹਿਤ ਜੋ ਅਗਮ= ਪਰਮਾਤਮਾ ਹੈ ਤਿਸ ਨੇ ਆਪਣੇ ਬਾਸ= ਨਿਵਾਸ ਵਾਸਤੇ ਦੁਰਗਮ= ਕਠਿਨ ਸਰੀਰ, ਵਾ:- ਅੰਤਹਕਰਨ, ਵਾ:- ਦਸਮ ਦੁਆਰ ਰੂਪੀ ਗੜਿ= ਕਿਲ੍ਹਾ ਰਚਿਓ= ਬਨਾਉਣਾ ਕੀਤਾ ਹੈ। ਜਾ ਮਹਿ= ਜਿਸ ਅੰਤਹਕਰਨ, ਵਾ:- ਦਸਮ ਦੁਆਰ ਵਿਚ ਜੋਤੀ ਪਰਮਾਤਮਾ ਪ੍ਰਕਾਸ਼ ਕਰਦਾ ਹੈ।

ਬਿਜੁਲੀ ਚਮਕੈ ਹੋਇ ਅਨੰਦੁ ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥ ੧ ॥

ਗੋ= ਵੇਦਾਂ ਕਰ ਕੇ ਬਿੰਦ= ਜਾਣਨੇ ਯੋਗ ਬਾਲ= ਬਾਲਾਨ ਬਾਲ ਵਡਿਆਂ ਤੋਂ ਵੱਡਾ ਪ੍ਰਭੂ, ਸ਼ੂਖਮ ਰੂਪ ਹੋ ਕੇ ਜਿਸ ਅੰਤਹਕਰਨ, ਵਾ:- ਦਸਮ ਦੁਆਰ ਵਿਚ ਪਉੜੇ= ਬਿਰਾਜਮਾਨ ਹੋ ਰਿਹਾ ਹੈ। ਤਿਸ ਅੰਤਹਕਰਨ, ਵਾ:- ਦਸਮ ਦੁਆਰ ਵਿਚ ਬਿਜਲੀ ਵਾਂਗ ਚਮਤਕਾਰਾ ਹੋ ਰਿਹਾ ਹੈ; ਤਿਸ ਦੇ ਚਾਨਣ ਕਰ ਕੇ ਯੋਗੀ ਜਨਾਂ ਨੂੰ ਬੜਾ ਅਨੰਦ ਹੁੰਦਾ ਹੈ ॥ ੧ ॥

ਇਥੋਂ ਤਕ ਉਸ ਦੇ ਰਹਿਣ ਦਾ ਅਸਥਾਨ ਦੱਸ ਕੇ ਅੱਗੋਂ ਉਸ ਦੀ ਪ੍ਰਾਪਤੀ ਦਾ ਸਾਧਨ ਕਹਿੰਦੇ ਹਨ-

ਇਹੁ ਜੀਉ ਰਾਮ ਨਾਮ ਲਿਵ ਲਾਗੈ ॥
ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥ ੧ ॥ ਰਹਾਉ ॥

ਇਹ ਜੀਵ ਪਰਮਾਤਮਾ ਦੇ ਨਾਮ ਜਪਣ ਵਿਚ ਬਿਰਤੀ ਲਾਵੇ ਤਾਂ ਭਰਮ ਦੂਰ ਹੋ ਜਾਂਦਾ ਹੈ। ਭਰਮ ਦੂਰ ਹੋਣ ਨਾਲ ਬੁਢੇਪੇ ਅਤੇ ਮਨ ਦੇ ਦੁੱਖਾਂ ਤੋਂ ਛੁੱਟ ਜਾਂਦਾ ਹੈ।

ਪ੍ਰਸ਼ਨ- ਉਸ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ? ਉੱਤਰ-

ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ ਗੀਤ ॥

(ਪਹਿਲਾ ਅਰਥ) ਕਿਸੇ ਦੀ ਨੀਵੀਂ ਜਾਤੀ ਵਾਲਿਆਂ ਨਾਲ ਅਤੇ ਕਿਸੇ ਦੀ ਉੱਚ ਜਾਤੀ ਵਾਲਿਆਂ ਨਾਲ ਪ੍ਰੀਤੀ ਹੈ। ਭਾਵ ਕੋਈ ਉੱਚਤਾ ਤੇ ਕੋਈ ਨੀਚਤਾ ਵਿਚ ਫਸੇ ਹੋਏ ਹਨ ! ਪਰ ਆਪੋ ਆਪਣੀ ਜ਼ਾਤ ਹਰ ਇਕ ਨੂੰ ਪਿਆਰੀ ਲੱਗ ਰਹੀ ਹੈ ਅਤੇ ਗਾਉਣ ਵਾਲੇ ਹੋ ਕੇ ਹਉਮੈ ਦੇ ਸਹਿਤ ਗੀਤਾਂ ਨੂੰ ਗਾਉਂਦੇ ਹਨ, ਇਸ ਕਰ ਕੇ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ।

(ਦੂਜਾ ਅਰਥ) ਚਾਰੇ ਵਰਨਾਂ ਤੋਂ ਅਬਰਨ= ਰਹਿਤ ਵਾਹਿਗੁਰੂ ਨਾਲ ਮਨ ਦੀ ਪ੍ਰੀਤੀ ਕਰੇ, ਤਾਂ ਹਉਮੈ ਸਹਿਤ ਗਾਵਣ ਵਾਲਾ ਹੋ ਕੇ ਗੀਤਾਂ ਨੂੰ ਗਾਉਂਦਾ ਹੈ? ਕਿਤੂੰ ਨਹੀਂ ਗਾਉਂਦਾ।

ਅਨਹਦ ਸਬਦ ਹੋਤ ਝੁਨਕਾਰ ॥ ਜਿਹ ਪਉੜੇ ਪ੍ਰਭ ਸ੍ਰੀ ਗੋਪਾਲ ॥ ੨ ॥

ਤਿਸ ਅੰਤਹਕਰਨ ਵਿਚ ਅਨਹਦ= ਇਕਰਸ ਪੰਜ ਸ਼ਬਦਾਂ ਦਾ ਝੁਣਕਾਰ ਹੁੰਦਾ ਹੈ। ਜਿਸ ਅੰਤਹਕਰਨ, ਵਾ:- ਦਸਮ ਦੁਆਰ ਵਿਚ ਸ੍ਰੀ ਗੋਪਾਲ ਪ੍ਰਭੂ ਆਪ ਪਉੜੇ= ਬਿਰਾਜਮਾਨ ਹੋ ਰਿਹਾ ਹੈ॥ ੨ ॥

ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥

(ਪਦ ਅਰਥ) ਖੰਡਲ= ਨੌਂ ਖੰਡ। ਮੰਡਲ= ਦੇਸ਼, ਵਾ:- ਚੌੜੇ ਅਸਥਾਨ। ਮੰਡਲ= ਸਮੂਹ।

ਮੰਡਾ= ਬਣਾਏ। ਤ੍ਰਿਅ ਅਸਥਾਨ= ਤਿੰਨ ਲੋਕ (ਸੁਰਗ, ਮਾਤ ਲੋਕ, ਪਤਾਲ)। ਤੀਨਿ= ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ, ਸ਼ਿਵ)। ਤ੍ਰਿਅ ਖੰਡਾ= ਤਿੰਨ ਗੁਣ, (ਰਜੋ, ਸਤੋ, ਤਮੋ)।

ਅਰਥ :- ਜਿਸ ਪਰਮਾਤਮਾ ਨੇ ਨੌਂ ਖੰਡ ਤੇ ਸਮੂਹ ਦੇਸ਼ ਬਣਾਏ ਹਨ ਅਤੇ ਤਿੰਨ ਲੋਕ, ਤਿੰਨ ਦੇਵਤੇ, ਤਿੰਨ ਹਿੱਸੇ (ਰਜੋ, ਸਤੋ, ਤਮੋ) ਬਨਾਉਣਾ ਕੀਤੇ ਹਨ। ਵਾ:- ਤ੍ਰਿਅ ਅਸਥਾਨ (ਜਾਗ੍ਰਤ, ਸੁਪਨ, ਸਖੋਪਤ), ਤੀਨਿ= ਤਿੰਨ ਇੱਛਾਵਾਂ (ਸੁਤ ਵਿਤ ਲੋਕ ਈਖਣਾ), ਤ੍ਰਿਅ ਖੰਡਾ= ਤਿੰਨ ਤਰ੍ਹਾਂ ਦੇ (ਉਤਮ, ਮਧਮ, ਅਧਮ) ਜੀਵ ਬਣਾਏ ਹਨ।

ਅਗਮ ਅਗੋਚਰੁ ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥ ੩ ॥

ਅਗਮ= ਮਨ ਤੋਂ ਪਰੇ, ਅਗੋਚਰੁ= ਇੰਦ੍ਰੀਆਂ ਤੋਂ ਪਰੇ ਜੋ ਪਰਮਾਤਮਾ ਹੈ, ਉਹ ਅਭ ਅੰਤ= ਹਿਰਦੇ ਅੰਦਰ ਇਸਥਿਤ ਹੋ ਰਿਹਾ ਹੈ। ਉਸ ਧਰਨੀਧਰ*= ਪਰਮਾਤਮਾ ਦੇ ਪਾਰਾਵਾਰ ਦਾ ਮੰਤ= ਅੰਤ ਕੋਈ ਨਹੀਂ ਪਾ ਸਕਦਾ॥ ੩ ॥

ਕਦਲੀ ਪੁਹਪ ਧੂਪ ਪਰਗਾਸ ॥ ਰਜ ਪੰਕਜ ਮਹਿ ਲੀਓ ਨਿਵਾਸ ॥

ਪਦ ਅਰਥ :- ਕਦਲੀ= ਕੇਲਾ। ਪੁਹਪ= ਫੁੱਲ। ਪਰਗਾਸ= ਸੂਰਜ। ਰਜ= ਧੂੜੀ। ਪੰਕਜ (ਪੰਕ-ਜ)= ਚਿੱਕੜ (ਜ) ਪੈਦਾ ਹੋਇਆ। ਚਿੱਕੜ ਤੋਂ ਪੈਦਾ ਹੋਇਆ ਕਮਲ।

**ਸੱਤਾ ਦੇ ਕੇ ਧਰਤੀ ਨੂੰ ਮਰਯਾਦਾ ਵਿਚ ਧਾਰਨ ਕਰ ਰਿਹਾ ਹੈ, ਇਸ ਕਰ ਕੇ ਉਸ ਦਾ ਨਾਮ ਧਰਨੀਧਰ ਹੈ।*

ਅਰਥ- ਕੇਲੇ, ਫੁੱਲ , ਧੂੱਪ, ਸੂਰਜ, ਧੂੜੀ, ਕਮਲ ਚਿੱਕੜ ਇਤਿਆਦੀ ਸਾਰੀਆਂ ਚੀਜ਼ਾਂ ਵਿਚ ਉਸ ਨੇ ਨਿਵਾਸ ਲਿਆ ਹੋਇਆ ਹੈ। ਵਾ:- ਕੇਲੇ ਦੇ ਫੁੱਲ ਵਾਂਗ ਜਿਸ ਦਾ ਸ਼ਜਾਮ ਰੰਗ ਹੈ, ਧੂੱਪ ਦੀ ਤਰ੍ਹਾਂ ਜਸ ਪੂਰਨ ਹੈ ਤੇ ਸੂਰਜ ਸਮਾਨ ਪ੍ਰਕਾਸ਼ ਹੈ। ਵਾ:- ਧੂੱਪ ਦੀ ਤਰ੍ਹਾਂ ਪ੍ਰਕਾਸ਼ ਹੈ। ਉਸ ਦੇ ਚਰਨ ਕਮਲਾਂ ਦੀ ਧੂੜੀ ਵਿਚ ਗੁਰਮੁਖਾਂ ਨੇ ਨਿਵਾਸ ਲੀਤਾ ਹੋਇਆ ਹੈ। ਵਾ:- ਕੇਲੇ ਆਦਿ ਫਲ ਤੇ ਫੁੱਲ ਲੈ ਕੇ ਧੂਪ ਧੁਖਾ ਕੇ ਪਰਗਾਸ= ਦੀਵੇ ਬਾਲ ਕੇ ਆਰਤੀ ਕਰੇ ਅਤੇ ਵਾਹਿਗੁਰੂ ਦੇ ਚਰਨਾਂ ਕਮਲਾਂ ਦੀ ਧੂੜੀ ਵਿਚ ਨਿਵਾਸ ਲੈਣਾ ਕਰੇ।

ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾ ਕੰਤ ॥ ੪ ॥

ਜਿਸ ਅੰਤਹਕਰਨ ਵਿਚ ਸ੍ਰੀ ਸੁਭਾਇਮਾਨ ਲੱਛਮੀ ਦੇ ਪਤੀ ਵਿਸ਼ਨੂੰ ਮਹਾਰਾਜ ਜੀ ਬਿਰਾਜਮਾਨ ਹਨ, ਉਸ ਦੁਆਦਸ ਦਲ= ਬਾਰਾਂ ਪੰਖੜੀਆਂ ਵਾਲੇ ਹਿਰਦੇ ਅੰਦਰ ਗੁਰਾਂ ਦਾ ਮੰਤ੍ਰ ਧਾਰਨ ਕਰੇ।

ਵਾ:- ਦੁਆਦਸ ਦਲ= ਬਾਰਾਂ ਅੱਖਰਾਂ ਵਾਲਾ ਮੰਤ੍ਰ ਜੋ "ਓਅੰ ਨਮੋ ਭਗਵਤੇ ਵਾਸਦੇਵਾ।"

ਵਾ:- ੧ਓ ਸਤਿ ਨਾਮੁ ਗੁਰ ਪ੍ਰਸਾਦਿ" ਹੈ, ਉਸ ਨੂੰ ਆਪਣੇ ਅਭ= ਹਿਰਦੇ ਅੰਦਰ ਧਾਰਨ ਕਰੇ।

ਅਰਧ ਉਰਧ ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ॥

ਅਰਧ= ਨੀਵਾਂ ਜੋ ਪਤਾਲ ਅਤੇ ਮਾਤ ਲੋਕ, ਉਰਧ= ਉੱਚਾ ਜੋ ਸਵਰਗ ਲੋਕ ਹੈ, ਇਹਨਾਂ ਤਿਨਾਂ ਲੋਕਾਂ ਵਿਚ ਸਾਰਿਆਂ ਦਾ ਮੁਖੀ ਚਿਦਾਕਾਸ਼ ਲਾਗੋ= ਮਿਲ ਹੈ।

ਅਥਵਾ :- ਅਰਧ= ਅਰਾਧਣ ਜੋਗ ਉਰਧ= ਉਤਕ੍ਰਿਸ਼ਟ ਸਾਰਿਆਂ 'ਚੋਂ ਮੁਖੀ ਜੋ ਪਰਮਾਤਮਾ ਹੈ, ਉਹ ਅਕਾਸ਼ ਦੀ ਨਿਆਈਂ ਸਾਰੇ ਲਾਗੋ= ਮਿਲ ਰਹਿਆ ਹੈ। ਵਾ:- ਅਰਧ= ਇਹ ਲੋਕ, ਉਰਧ= ਪਰਲੋਕ, ਇਨ੍ਹਾਂ ਦੋਹਾਂ ਲੋਕਾਂ ਵਿਚ ਮੁਖਿ= ਮੁਖੀ (ਚਿਦਾਕਾਸ਼) ਮਿਲ ਰਿਹਾ ਹੈ ਅਤੇ ਸੁੰਨ= ਅਫੁਰ (ਪਰਮਾਤਮਾ) ਸਭ ਮੰਡਲਾਂ ਵਿਚ *ਅਥਵਾ :-* ਮੰਡਲ= ਦਸਮ ਦੁਆਰ ਵਿਚ ਪ੍ਰਕਾਸ਼ ਕਰ ਰਿਹਾ ਹੈ।

ਊਹਾਂ ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ ਕਰੈ ਅਨੰਦ ॥ ੫ ॥

ਉਥੇ ਦਸਮ ਦੁਆਰ ਵਿਚ ਨਾ ਸੂਰਜ ਹੈ ਨਾ ਚੰਦ੍ਰਮਾ। ਮਾਇਆ ਮਲ ਤੋਂ ਰਹਿਤ ਸਾਰਿਆਂ ਦੀ ਆਦਿ ਰੂਪ ਪਰਮਾਤਮਾ ਹੀ ਓਥੇ ਅਨੰਦ ਕਰਦਾ ਹੈ॥ ੫॥

ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥ ਮਾਨ ਸਰੋਵਰਿ ਕਰਿ ਇਸਨਾਨੁ ॥

ਜਿਹੜਾ ਪਰਮਾਤਮਾ ਬ੍ਰਹਮੰਡਾਂ ਵਿਚ ਹੈ ਓਸੇ ਨੂੰ ਪਿੰਡਿ= ਸਰੀਰਾਂ ਵਿਚ ਜਾਣਨਾ ਕਰ। ਉਸ ਦੀ ਪ੍ਰਾਪਤੀ ਲਈ ਨਾਮ- ਜਲ ਨਾਲ ਭਰਿਆ ਹੋਇਆ ਜੋ ਸਤਿਸੰਗਤ ਰੂਪ ਮਾਨ ਸਰੋਵਰ ਵਿਚ ਇਸ਼ਨਾਨ ਕਰ। *ਪ੍ਰਸ਼ਨ-* ਸਰੋਵਰ ਵਿਚ ਜਲ ਹੁੰਦਾ ਹੈ, ਆਤਮਾ ਤੇ ਦਸਮ ਦੁਆਰ ਰੂਪੀ ਸਰੋਵਰ ਵਿਚ ਕਿਹੜਾ ਜਲ ਹੈ? *ਉੱਤਰ-*

ਸੋ ਹੰ ਸੋ ਜਾ ਕਉ ਹੈ ਜਾਪ ॥
ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥ ੬ ॥

ਸੋ, ਅਹੰ, ਅਹੰ ਸਾ= ਓਹ ਪਰਮਾਤਮਾ ਮੈਂ ਹੂੰ ਤੇ ਮੈਂ ਓਹ ਪਰਮਾਤਮਾ ਹੂੰ ਇਸ ਤਰ੍ਹਾਂ ਦਾ ਅਭੇਦ ਚਿੰਤਨ ਰੂਪ ਜਿਸ ਵਾਹਿਗੁਰੂ ਦਾ ਜਾਪ ਹੈ, ਏਹੀ ਦਸਮ ਦੁਆਰ ਰੂਪੀ ਮਾਨ ਸਰੋਵਰ ਵਿਚ ਜਲ ਹੈ, ਇਸ ਵਿਚ ਇਸ਼ਨਾਨ ਕਰ। ਜਾ ਕਉ= ਜਿਸ ਪਰਮਾਤਮਾ ਨੂੰ ਪੁੰਨ ਅਤੇ ਪਾਪ ਲਿਪਾਇਮਾਨ ਨਹੀਂ ਹੁੰਦੇ॥ ੬॥

ਅਬਰਨ ਬਰਨ ਘਾਮ ਨਹੀ ਛਾਮ॥ ਅਵਰ ਨ ਪਾਈਐ ਗੁਰ ਕੀ ਸਾਮ॥

ਜਿਸ ਪਰਮਾਤਮਾ ਵਿਚ ਨੀਵੇਂ ਉੱਚੇ ਅਬਰਨ ਬਰਨਾਂ ਦੀ ਕਲਪਣਾ ਨਹੀਂ ਅਤੇ ਨਾ ਧੁੱਪ ਹੈ, ਨਾ ਛਾਂ। ਭਾਵ ਦੁੰਦਵਾਦ ਨਹੀਂ। *ਅਥਵਾ:-* ਬ੍ਰਾਹਮਣ, ਖੱਤ੍ਰੀ, ਸ਼ੂਦਰ ਵੈਸ਼ ਆਦਿ ਬਰਨਾਂ ਤੋਂ ਅਬਰਨ= ਰਹਿਤ ਹੈ, ਨਾ ਜਿਸ ਵਿਚ ਘਾਮ= ਤਮੋ ਗੁਣ ਹੈ ਅਤੇ ਨਾ ਹੀ ਛਾਮ= ਜੜ੍ਹਤਾ। ਉਹ ਪਰਮਾਤਮਾ ਹੋਰ ਕਿਸੇ ਜਤਨ ਨਾਲ ਨਹੀਂ ਪਾ ਸਕੀਦਾ, ਕੇਵਲ ਇਕ ਗੁਰੂ ਦੀ ਸਾਮ= ਸ਼ਰਨ ਗ੍ਰਹਿਣ ਕਰਨ ਨਾਲ ਪ੍ਰਾਪਤ ਹੁੰਦਾ ਹੈ।

ਟਾਰੀ ਨ ਟਰੈ ਆਵੈ ਨ ਜਾਇ॥ ਸੁੰਨ ਸਹਜ ਮਹਿ ਰਹਿਓ ਸਮਾਇ॥ ੭॥

(ਗੁਰਾਂ ਦੀ ਸ਼ਰਨ ਗ੍ਰਹਿਣ ਕਰ ਕੇ ਜਿਸ ਦੀ ਬਿਰਤੀ ਬ੍ਰਹਮਾਕਾਰ ਹੋਈ ਹੈ, ਫਿਰ ਉਸ ਆਦਮੀ ਦੀ) ਬਿਰਤੀ ਓਥੋਂ ਹਟਾਈ ਹੋਈ ਹਟਦੀ ਨਹੀਂ। ਬ੍ਰਹਮਾਕਾਰ ਬਿਰਤੀ ਦੇ ਪ੍ਰਤਾਪ ਕਰ ਕੇ ਉਹ ਆਦਮੀ ਨਾ ਆਉਂਦਾ ਹੈ, ਨਾ ਜਾਂਦਾ ਹੈ, ਭਾਵ ਜੰਮਦਾ ਮਰਦਾ ਨਹੀਂ। ਸੁੰਨ= ਅਫੁਰ (ਪਰਮਾਤਮਾ) ਵਿਚ ਉਹ ਪੁਰਸ਼ ਸਹਜੇ ਹੀ ਸਮਾ ਰਹਿੰਦਾ ਹੈ॥ ੭॥

ਮਨ ਮਧੇ ਜਾਨੈ ਜੇ ਕੋਇ॥ ਜੋ ਬੋਲੈ ਸੋ ਆਪੈ ਹੋਇ॥

ਜਿਹੜਾ ਕੋਈ ਆਦਮੀ ਮਨ ਦੇ ਵਿਚ ਉਸ ਪਰਮਾਤਮਾ ਨੂੰ ਜਾਣਦਾ ਹੈ, ਉਹ ਆਦਮੀ ਆਪਣੇ ਮੂੰਹੋਂ ਜੋ ਬੋਲਦਾ ਹੈ ਸੋ= ਉਹ ਆਪੇ ਆਪ ਠੀਕ ਹੁੰਦਾ ਜਾਂਦਾ ਹੈ।

ਅਥਵਾ:- ਉਹ ਪਰਮਾਤਮਾ ਹੈ ਤਾਂ ਮਨ ਮਧੇ= ਮਨ ਦੇ ਵਿਚ ਹੀ, ਪਰ ਜੇ ਕੋਈ ਉਸ ਨੂੰ ਜਾਣੇ ਅਤੇ ਜੇ ਉਸ ਦੇ ਜਸ ਨੂੰ ਬੋਲੇ ਤਾਂ ਉਹ ਉਸ ਦਾ ਆਪਣਾ ਸਰੂਪ ਹੀ ਹੋ ਜਾਂਦਾ ਹੈ।

ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ॥ ਕਹਿ ਕਬੀਰ ਸੋ ਪ੍ਰਾਨੀ ਤਰੈ॥ ੮॥ ੧॥

ਜਿਹੜਾ ਪੁਰਸ਼ ਗੁਰਾਂ ਦੇ ਮੰਤ੍ਰ ਦੁਆਰਾ ਜੋਤੀ ਸਰੂਪ ਵਿਚ ਆਪਣਾ ਮਨ ਇਸਥਿਤ ਕਰਦਾ ਹੈ। ਕਬੀਰ ਜੀ ਕਹਿੰਦੇ ਹਨ— ਉਹ ਪ੍ਰਾਨੀ= ਪ੍ਰਾਣਧਾਰੀ ਪੁਰਸ਼ ਤਰ ਜਾਂਦਾ ਹੈ॥ ੮॥ ੧॥

ਉਥਾਨਕਾ- ਕਬੀਰ ਜੀ ਪਾਸ ਇਕ ਪੰਡਿਤ ਨੇ ਆ ਕੇ ਕਿਹਾ— "ਪਰਮਾਤਮਾ ਦੀ ਉਪਾਸ਼ਨਾ ਕਰਨ ਨਾਲ ਆਪ ਦਾ ਗੁਜ਼ਾਰਾ ਵੀ ਚੰਗੀ ਤਰ੍ਹਾਂ ਨਹੀਂ ਹੁੰਦਾ, ਇਸ ਕਰ ਕੇ ਪ੍ਰਭੂ-ਭਗਤੀ ਨੂੰ ਛੱਡ ਕੇ ਆਪ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਕਰ ਕੇ ਉਸ ਪਾਸੋਂ ਮੰਗੋ ਤਾਂ ਤੁਹਾਡੀ ਗਰੀਬੀ ਦੂਰ ਹੋ ਜਾਵੇਗੀ।" ਇਹ ਗੱਲ ਸੁਣ ਕੇ ਕਬੀਰ ਜੀ ਕਹਿੰਦੇ ਹਨ-

ਜਉ ਜਾਚਉ ਤਉ ਕੇਵਲ ਰਾਮ॥ ਆਨ ਦੇਵ ਸਿਉ ਨਾਹੀ ਕਾਮ॥ ੧॥

ਅਸੀਂ ਜਦ ਵੀ ਮੰਗਦੇ ਹਾਂ ਤਾਂ ਕੇਵਲ ਰਾਮ= ਰਮੇ ਹੋਏ ਵਾਹਿਗੁਰੂ ਪਾਸੋਂ ਹੀ ਮੰਗਦੇ ਹਾਂ। *ਵਾ:-* ਜਦ ਵੀ ਮੰਗਾਂਗੇ ਤਾਂ ਕੇਵਲ ਰਾਮ ਪਾਸੋਂ ਹੀ ਮੰਗਾਂਗੇ। ਹੋਰ ਦੇਵੀ ਦੇਵਤਿਆਂ ਨਾਲ ਮੇਰਾ ਕੋਈ ਕੰਮ ਨਹੀਂ। ਕਿਉਂਕਿ ਹੋਰ ਦੇਵਤਿਆਂ ਦੀ ਉਪਾਸ਼ਨਾ ਕਰਨ ਨਾਲ ਚੰਚਲਤਾ ਗੁਣ ਪੈਦਾ ਹੁੰਦਾ ਹੈ ਅਤੇ ਸਤਸੰਗ ਵਿਚ ਪ੍ਰਮਾਣੀਕ ਨਹੀਂ ਹੁੰਦਾ*।

ਪ੍ਰਸ਼ਨ- ਜਿਸ ਪਰਮਾਤਮਾ ਦੀ ਉਪਾਸ਼ਨਾ ਆਪ ਕਰਦੇ ਹੋ, ਉਹ ਕੈਸਾ ਹੈ? *ਉੱਤਰ-*

**ਭਾਈ ਗੁਰਦਾਸ ਜੀ ਦੇ ੪੪੫, ੪੪੬ ਤੇ ੪੫੨ ਕਬਿੱਤ ਪੜ੍ਹ ਕੇ ਵੇਖੋ*

ਕੋਟਿ ਸੂਰ ਜਾ ਕੈ ਪਰਗਾਸ॥ ਕੋਟਿ ਮਹਾਂਦੇਵ ਅਰੁ ਕਬਿਲਾਸ॥

ਜਿਸ ਪਰਮਾਤਮਾ ਦੇ ਸੰਸਾਰ-ਦਰਬਾਰ ਵਿਚ ਕਰੋੜਾਂ ਹੀ ਸੂਰਜ ਪ੍ਰਕਾਸ਼ ਕਰ ਰਹੇ ਹਨ। ਕਰੋੜਾਂ ਹੀ ਮਹਾਦੇਵ= ਸ਼ਿਵ ਜੀ ਅਤੇ ਕੈਲਾਸ਼ ਪਰਬਤ ਹਨ।

ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥ ਬ੍ਰਹਮਾ ਕੋਟਿ ਬੇਦ ਉਚਰੈ॥ ੧॥

ਕਰੋੜਾਂ ਹੀ ਦੁਰਗਾ= ਦੇਵੀਆਂ ਜਿਸ ਦੇ ਚਰਨਾਂ ਨੂੰ ਮਰਦਨੁ= ਝਸਣਾ ਕਰਦੀਆਂ ਹਨ ਅਤੇ ਕਰੋੜਾਂ ਹੀ ਬ੍ਰਹਮਾਂ ਜਿਸ ਦੇ ਸੰਸਾਰ-ਦਰਬਾਰ ਵਿਚ ਵੇਦਾਂ ਨੂੰ ਉਚਾਰ ਰਹੇ ਹਨ॥ ੧॥

ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ॥ *(ਕਬੀਰ ਜੀ, ਪੰਨਾ ੧੩੫੦)*

ਜਉ ਜਾਚਉ ਤਉ ਕੇਵਲ ਰਾਮ॥
ਆਨ ਦੇਵ ਸਿਉ ਨਾਹੀ ਕਾਮ॥ ੧॥ ਰਹਾਉ॥

ਜਦ ਵੀ ਜਾਚਉ= ਮੰਗਦੇ ਹਾਂ ਤਾਂ ਕੇਵਲ= ਫਕਤ ਰਾਮ= ਰਮੇ ਹੋਏ ਵਾਹਿਗੁਰੂ ਪਾਸੋਂ ਹੀ ਮੰਗਦੇ ਹਾਂ। ਹੋਰ (ਦੇਵੀ) ਦੇਵਤਿਆਂ ਨਾਲ ਸਾਡਾ ਕੋਈ ਕੰਮ ਨਹੀਂ ਹੈ॥ ੧॥ ਰਹਾਉ॥

[ਪੰਨਾ ੧੧੯੩]

ਕੋਟਿ ਚੰਦ੍ਰਮੇ ਕਰਹਿ ਚਰਾਕ॥ ਸੁਰ ਤੇਤੀਸ ਉਜੇਵਹਿ ਪਾਕ॥

ਜਿਸ ਦੇ ਦਰਬਾਰ ਵਿਚ ਕਰੋੜਾਂ ਹੀ ਚੰਦ੍ਰਮੇ ਚਰਾਕ= ਪ੍ਰਕਾਸ਼ ਕਰਦੇ ਹਨ।* ਸੁਰ ਤੇਤੀਸ= ਤੇਤੀ ਕਰੋੜ ਦੇਵਤੇ ਯੱਗਾਂ ਦੀਆਂ ਬਲੀਆਂ ਦੀ ਪਾਕ= ਰਸੋਈ ਉ= ਵਿਸ਼ੇਸ਼ ਕਰ ਕੇ ਜੇਵਹਿ= ਛਕਣਾ, ਅਰਥਾਤ ਖਾਣਾ ਕਰ ਕੇ ਹਨ।

ਨਵ ਗ੍ਰਹ ਕੋਟਿ ਠਾਢੇ ਦਰਬਾਰ॥ ਧਰਮ ਕੋਟਿ ਜਾ ਕੈ ਪ੍ਰਤਿਹਾਰ॥ ੨॥

ਨੌਂ ਗ੍ਰਹ (ਸੂਰਜ ਆਦੀ) ਕਰੋੜਾਂ ਹੀ ਜਿਸ ਦੇ ਦਰਬਾਰ ਵਿਚ ਹੱਥ ਬੰਨ੍ਹ ਕੇ ਖੜੇ ਹਨ ਅਤੇ ਕਰੋੜਾਂ ਹੀ ਧਰਮਰਾਜੇ ਜਿਸ ਦੇ ਦਰਬਾਰ ਵਿਚ ਅਦਾਲਤ ਕਰਨ ਵਾਲੇ ਪ੍ਰਤਿਹਾਰ= ਦਾਸ ਹਨ॥ ੨॥

ਪਵਨ ਕੋਟਿ ਚਉਬਾਰੇ ਫਿਰਹਿ॥ ਬਾਸਕ ਕੋਟਿ ਸੇਜ ਬਿਸਥਰਹਿ॥

ਕਰੋੜਾਂ ਹੀ ਪੌਣ ਦੇਵਤੇ ਜਿਸ਼ ਪਰਮਾਤਮਾ ਦੇ ਸੱਚ-ਖੰਡ ਚਉਬਾਰੇ ਦੇ ਆਲੇ-ਦੁਆਲੇ ਫਿਰਦੇ ਹਨ। ਕਰੋੜਾਂ ਹੀ ਸ਼ੇਸ਼ਨਾਗ ਜਿਸ ਦੀਆਂ ਸੇਜਾਂ ਵਿਛੀਆਂ ਹੋਈਆਂ ਹਨ ਅਤੇ ਕਰੋੜਾਂ ਹੀ ਬਾਸ਼ਕ ਨਾਗ ਸੇਜਬੰਦ ਹਨ।

ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲ੍ਹੁਆ॥ *(ਨਾਮਦੇਵ, ਪੰਨਾ ੧੨੯੨)*

ਸਮੁੰਦ ਕੋਟਿ ਜਾ ਕੇ ਪਾਨੀਹਾਰ॥ ਰੋਮਾਵਲਿ ਕੋਟਿ ਅਠਾਰਹ ਭਾਰ॥ ੩॥

ਕਰੋੜਾਂ ਹੀ ਸਮੁੰਦ੍ਰ ਜਿਸ ਦੇ ਪਾਣੀ ਭਰਨ ਵਾਲੇ (ਝੀਵਰ) ਹਨ। ਕਰੋੜਾਂ ਹੀ ਅਠਾਰਾਂ ਭਾਰ** ਬਨਾਸਪਤੀ

---

*ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁਕਰਾ ਸਿਰੀ॥
ਸੁ ਐਸਾ ਰਾਜਾ ਸ੍ਰੀ ਨਰਹਰੀ॥ ੧॥ *(ਮਲਾਰ ਨਾਮਦੇਵ, ਪੰਨਾ ੧੨੯੨)*

**ਤੋਲੇ ਦਾ ਇਕ ਭਾਰ ਹੁੰਦਾ ਹੈ।

ਜਿਸ ਦੀ ਰੋਮਾਵਲਿ= ਰੋਮਾਂ ਦੀ ਪੰਗਤੀ ਹੈ॥ ੩॥

ਅਠਾਰਹ ਭਾਰ ਬਨਾਸਪਤੀ ਮਾਲਣੀ, ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ॥

(ਮਲਾਰ, ਪੰਨਾ ੧੨੯੨)

ਕੋਟਿ ਕਮੇਰ ਭਰਹਿ ਭੰਡਾਰ॥ ਕੋਟਿਕ ਲਖਿਮੀ ਕਰੈ ਸੀਗਾਰ॥

ਕਰੋੜਾਂ ਹੀ ਕੁਬੇਰ ਦੇਵਤੇ ਜਿਸ ਦੇ ਖਜ਼ਾਨੇ ਭਰ ਰਹੇ ਹਨ ਅਤੇ ਕਰੋੜਾਂ ਹੀ ਲਛਮੀਆਂ ਜਿਸ ਦੀ ਪ੍ਰਸੰਨਤਾ ਵਾਸਤੇ ਅੰਗਾਂ ਨੂੰ ਸਵਾਰ ਕੇ ਸ਼ਿੰਗਾਰ ਕਰ ਰਹੀਆਂ ਹਨ।

ਕੋਟਿਕ ਪਾਪ ਪੁੰਨ ਬਹੁ ਹਿਰਹਿ॥ ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ॥ ੪॥

ਕਰੋੜਾਂ ਹੀ ਪਾਪ ਪੁੰਨ ਬਹੁਤ ਵਾਰੀ ਜਿਸ ਪਰਮਾਤਮਾ ਵਲ ਹਿਰਹਿ= ਵੇਖ ਰਹੇ ਹਨ, ਕਿ ਕਿਸ ਵੇਲੇ ਸਾਨੂੰ ਆਗਿਆ ਮਿਲੇ ਤੇ ਅਸੀਂ ਜੀਵਾਂ ਦੇ ਦੁਆਲੇ ਹੋਈਏ* ਅਤੇ ਕਰੋੜਾਂ ਹੀ ਇੰਦਰ** ਜਿਸ ਦੀ ਸੇਵਾ ਕਰਦੇ ਹਨ॥ ੪॥

ਛਪਨ ਕੋਟਿ ਜਾ ਕੈ ਪ੍ਰਤਿਹਾਰ॥ ਨਗਰੀ ਨਗਰੀ ਖਿਅਤ ਅਪਾਰ॥

ਛਪਨ= ਛਿਪੰਜਾ ਕਰੋੜ ਮੇਘ ਮਾਲਾ ਇਹ ਪਾਣੀ ਛਿਣਕਨ ਵਾਲੇ ਜਿਸ ਦੇ ਦਾਸ ਹਨ। *ਵਾ:-* ਛਿਪੰਜਾ ਕਰੋੜ ਜਾਦਵ ਜਿਸ ਦੇ ਪਾਸ ਹਨ ਅਤੇ ਪ੍ਰਤਖ ਨਗਰੀ-ਨਗਰੀ ਵਿਚ, *ਵਾ:-* ਸਰੀਰਾਂ ਰੂਪ ਨਗਰੀ-ਨਗਰੀ ਵਿਚ ਜਿਸ ਅਪਾਰ= ਪਰਮਾਤਮਾ ਦੀ ਖਿਅਤ= ਪ੍ਰਗਟਤਾ ਹੈ, *ਅਥਵਾ-* ਖਿਅਤ= ਖੇਤੀ ਹੈ।

ਲਟ ਛੂਟੀ ਵਰਤੈ ਬਿਕਰਾਲ॥ ਕੋਟਿ ਕਲਾ ਖੇਲੈ ਗੋਪਾਲ॥ ੫॥

ਜਿਸ ਮਹਾਂ ਕਾਲ ਦੀਆਂ ਭਿਆਨਕ ਲਟਾਂ ਛੁੱਟੀਆਂ ਹੋਈਆਂ ਹਨ, ਉਹ ਭੀ ਜਿਸ ਦੇ ਦਰਬਾਰ ਵਿਚ ਹੁਕਮ ਮੰਨਣੇ ਨੂੰ ਵਰਤ ਰਿਹਾ ਹੈ। *ਵਾ:-* ਜਿਸ ਕਾਲੀ ਜਾਂ ਕੁਲਖਮੀ* ਦੀਆਂ ਭਿਆਨਕ ਲਟਾਂ ਛੁੱਟੀਆਂ ਹੋਈਆਂ ਹਨ, ਉਹ ਕੁਲਖਮੀ ਵੀ ਦਰਬਾਰ ਵਿਚ ਵਰਤ ਰਹੀ ਹੈ। ਇਤਿਆਦਿਕ ਕਰੋੜਾਂ ਸ਼ਕਤੀਆਂ ਦੇ ਸਹਿਤ ਗੋਪਾਲ= ਪਰਮਾਤਮਾ ਖੇਡ ਰਿਹਾ ਹੈ॥ ੫॥

ਕੋਟਿ ਜਗ ਜਾ ਕੈ ਦਰਬਾਰ॥ ਗੰਧ੍ਰਬ ਕੋਟਿ ਕਰਹਿ ਜੈਕਾਰ॥

ਜਿਸ ਦੇ ਦਰਬਾਰ ਵਿਚ ਕਰੋੜਾਂ ਯੱਗ ਹੋ ਰਹੇ ਹਨ, ਗੰਧ੍ਰਬ= ਦੇਵਤਿਆਂ ਦੇ ਰਾਗੀ ਕਰੋੜਾਂ ਹੀ ਜਿਸ ਦੇ ਅੱਗੇ ਖੜੋਤੇ ਰਾਗਾਂ ਵਿਚ ਜੈ ਜੈਕਾਰ ਕਰ ਰਹੇ ਹਨ। ਅਥਵਾ:- ਜੈਕਾਰ= ਨਮਸਕਾਰ ਕਰਦੇ ਹਨ।

ਬਿਦਿਆ ਕੋਟਿ ਸਭੈ ਗੁਨ ਕਹੈ॥ ਤਊ ਪਾਰਬ੍ਰਹਮ ਕਾ ਅੰਤੁ ਨ ਲਹੈ॥ ੬॥

ਕਰੋੜਾਂ ਹੀ ਬਿਦਿਆ= ਸੁਰਤੀਆਂ, *ਵਾ:-* ਵੇਦ, *ਵਾ:-* ਵਿਦਿਆਧਾਰੀ ਜਿਸ ਦੇ ਸਭੈ= ਸੰਪੂਰਨ ਗੁਣ ਕਹਿ ਰਹੇ ਹਨ, ਪਰ ਤਾਂ ਭੀ ਪਰਮਾਤਮਾ ਦਾ ਅੰਤ ਨਹੀਂ ਲੈ ਸਕਦੇ॥ ੬॥

ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ੧॥

**ਪਾਪੁ ਪੁੰਨੁ ਜਾਂ ਚੈ ਭਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ॥ (ਮਲਾਰ, ਪੰਨਾ ੧੨੯੨*

***ਬ੍ਰਹਮਾ ਦੇ ਇਕ ਦਿਨ ਵਿਚ ਚੌਦਾਂ ਇੰਦਰ ਰਾਜ ਭਾਗ ਕਰ ਕੇ ਮਰ-ਖਪ ਜਾਂਦੇ ਹਨ।*

**ਲਛਮੀ ਦੀ ਭੈਣ ਹੈ ਕੁਲਖਮੀ, ਇਹ ਭੀ ਸਮੁੰਦਰ ਵਿਚੋਂ ਨਿਕਲੀ ਹੈ, ਇਸ ਦੀ ਗਿਣਤੀ ਉਪਰਤਨਾਂ ਵਿਚ ਹੈ।*

ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ॥ ੧॥ ਰਹਾਉ॥
ਕੋਟਿ ਮਾਇਆ ਜਾ ਕੈ ਸੇਵਕਾਇ॥ ਕੋਟਿ ਜੀਅ ਜਾ ਕੀ ਸਿਹਜਾਇ॥
ਕੋਟਿ ਉਪਾਰਜਨਾ ਤੇਰੈ ਅੰਗਿ॥ ਕੋਟਿ ਭਗਤ ਬਸਤ ਹਰਿ ਸੰਗਿ॥ ੨॥
ਕੋਟਿ ਛਤ੍ਰਪਤਿ ਕਰਤ ਨਮਸਕਾਰ॥ ਕੋਟਿ ਇੰਦ੍ਰ ਠਾਢੇ ਹੈ ਦੁਆਰ॥
ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ॥ ਕੋਟਿ ਨਾਮ ਜਾ ਕੀ ਕੀਮਤਿ ਨਾਹਿ॥ ੩॥
ਕੋਟਿ ਪੂਰੀਅਤ ਹੈ ਜਾ ਕੈ ਨਾਦ॥ ਕੋਟਿ ਅਖਾਰੇ ਚਲਿਤ ਬਿਸਮਾਦ॥
ਕੋਟਿ ਸਕਤਿ ਸਿਵ ਆਗਿਆਕਾਰ॥ ਕੋਟਿ ਜੀਅ ਦੇਵੈ ਆਧਾਰ॥ ੪॥
ਕੋਟਿ ਤੀਰਥ ਜਾ ਕੇ ਚਰਨ ਮਝਾਰ॥ ਕੋਟਿ ਪਵਿਤ੍ਰ ਜਪਤ ਨਾਮ ਚਾਰ॥
ਕੋਟਿ ਪੂਜਾਰੀ ਕਰਤੇ ਪੂਜਾ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ॥ ੫॥
ਕੋਟਿ ਮਹਿਮਾ ਜਾ ਕੀ ਨਿਰਮਲ ਹੰਸ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ॥
ਕੋਟਿ ਪਰਲਉ ਓਪਤਿ ਨਿਮਖ ਮਾਹਿ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ॥ ੬॥
ਕੋਟਿ ਗਿਆਨੀ ਕਥਹਿ ਗਿਆਨੁ॥ ਕੋਟਿ ਧਿਆਨੀ ਧਰਤ ਧਿਆਨੁ॥
ਕੋਟਿ ਤਪੀਸਰ ਤਪ ਹੀ ਕਰਤੇ॥ ਕੋਟਿ ਮੁਨੀਸਰ ਮੋਨਿ ਮਹਿ ਰਹਤੇ॥ ੭॥
ਅਵਿਗਤ ਨਾਥੁ ਅਗੋਚਰ ਸੁਆਮੀ॥ ਪੂਰਿ ਰਹਿਆ ਘਟ ਅੰਤਰਜਾਮੀ॥
ਜਤ ਕਤ ਦੇਖਉ ਤੇਰਾ ਵਾਸਾ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ॥ ੮॥ ੨॥ ੫॥

(ਭੈਰਉ ਮਹਲਾ ੫, ਪੰਨਾ ੧੧੫੬)

ਬਾਵਨ ਕੋਟਿ ਜਾ ਕੈ ਰੋਮਾਵਲੀ॥ ਰਾਵਨ ਸੈਨਾ ਜਹ ਤੇ ਛਲੀ॥

ਕਰੋੜਾਂ ਹੀ ਬਾਵਨ ਅਵਤਾਰ ਜਿਸ ਦੇ ਰੋਮਾਂ ਦੀ ਆਵਲੀ= ਪੰਗਤੀ ਹੈ। ਵਾ:- ਅਠਾਰਾਂ ਭਾਰ ਬਨਾਸਪਤੀ ਜਿਸ ਦੀ ਰੋਮਾਵਲੀ ਹੈ, ਉਸ ਦੇ ਦਰਬਾਰ ਵਿਚ ਕਰੋੜਾਂ ਬਾਵਨ ਅਵਤਾਰ ਖੜੇ ਹਨ। ਵਾ:- (ਅੰਨਵੇਂ ਅੱਖਰ ਲਾਉਣੇ-)

ਜਿਸ ਰਾਮਚੰਦਰ ਜੀ ਨੇ ਬਾਵਨ ਕੋਟਿ= ਬਵੰਜਾ ਕਰੋੜ ਰੋਮਾਵਲੀ= ਰਿਛ, ਬਾਦਰਾਂ ਦੀ ਸੈਨਾ ਨਾਲ ਲੈ ਕੇ ਰਾਵਣ ਦੀ ਸੈਨਾ ਨੂੰ ਛਲਣਾ ਕੀਤਾ। ਉਹ ਰਾਮਚੰਦਰ ਜੀ ਵੀ ਜਿਸ ਦੇ ਦਰਬਾਰ ਵਿਚ ਖੜੇ ਹਨ। *ਅਥਵਾ:-* ਜਿਸ ਕ੍ਰਿਸ਼ਨ ਮਹਾਰਾਜ ਜੀ ਨੇ ਰਾਵਣ ਸੈਨਾ= ਰਾਜਿਆਂ ਦੀ ਸੈਨਾਂ ਛਲਣਾ ਕੀਤੀ ਹੈ।

ਸਹਸ ਕੋਟਿ ਬਹੁ ਕਹਤ ਪੁਰਾਨ॥ ਦੁਰਜੋਧਨ ਕਾ ਮਥਿਆ ਮਾਨੁ॥ ੭॥

ਹਜ਼ਾਰਾਂ ਕਰੋੜਾਂ ਗ੍ਰੰਥ ਅਤੇ ਪੁਰਾਣ ਬਹੁਤ ਵਾਰੀ ਜਿਸ ਪ੍ਰਭੂ ਦਾ ਜਸ ਕਥਨ ਕਰਦੇ ਹਨ। ਫਿਰ ਜਿਸ ਭਗਵਾਨ ਕ੍ਰਿਸ਼ਨ ਜੀ ਨੇ ਰਾਜੇ ਦੁਰਜੋਧਨ ਦਾ ਹੰਕਾਰ ਮਲਨਾ ਕੀਤਾ। ਉਹ ਕ੍ਰਿਸ਼ਨ ਭਗਵਾਨ ਵੀ ਉਸ ਅਕਾਲ ਪੁਰਖ ਦੇ ਦਰਬਾਰ ਵਿਚ ਕਿਤਨੇ ਖੜੇ ਹਨ॥ ੭॥

ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ॥ ਅੰਤਰ ਅੰਤਰਿ ਮਨਸਾ ਹਰਹਿ॥

ਜੋ ਜੀਆਂ ਅੰਦਰ ਵੜ ਕੇ ਅੰਦਰਲੀ ਸ਼ੁਭ ਵਾਸ਼ਨਾ ਨੂੰ ਹਰਹਿ= ਦੂਰ ਕਰਦੇ ਹਨ। ਐਸੇ ਕਰੋੜਾਂ ਹੀ ਕੰਦ੍ਰਪ= ਕਾਮਦੇਵ ਜਿਸ ਕ੍ਰਿਸ਼ਨ ਜੀ ਦੀ ਲਵੈ=ਬਰਾਬਰੀ (ਸਦ੍ਰਸਤਾ) ਨੂੰ ਨਹੀਂ ਧਾਰਦੇ, ਉਹ ਕ੍ਰਿਸ਼ਨ ਜੀ ਵੀ ਉਸ ਦੇ ਦਰਬਾਰ ਵਿਚ ਖੜੇ ਹਨ। *ਅਥਵਾ:-* ਕਰੋੜਾਂ ਹੀ ਕੰਦ੍ਰਪ= ਕਾਮਦੇਵ ਜਿਸ ਪਰਮਾਤਮਾ ਦੀ ਲਵੈ= ਸਦ੍ਰਸਤਾ ਨੂੰ ਨਹੀਂ ਕਰ ਸਕਦੇ, ਉਹ ਪਰਮਾਤਮਾ ਭਗਤਾਂ ਦੇ ਅੰਤਰ= ਹਿਰਦੇ ਅੰਦਰੋਂ ਅੰਦਰੋਂ ਭੈੜੀਆਂ ਵਾਸ਼ਨਾਂ ਨੂੰ ਹਰਹਿ= ਦੂਰ ਕਰਦਾ ਹੈ।

ਕਹਿ ਕਬੀਰ ਸੁਨਿ ਸਾਰਿਗਪਾਨ॥
ਦੇਹਿ ਅਭੈ ਪਦੁ ਮਾਂਗਉ ਦਾਨ॥ ੮॥ ੨॥ ੧੮॥ ੨੦॥

ਕਬੀਰ ਜੀ ਕਹਿੰਦੇ ਹਨ— ਹੇ ਸਾਰਿਗਪਾਨ= ਪਰਮਾਤਮਾ ! ਤੂੰ ਮੇਰੀ ਬੇਨਤੀ ਸੁਣ ਕੇ ਨਿਰਭੈ ਪਦ ਦੇਹ, ਮੈਂ ਤੁਹਾਡੇ ਪਾਸੋਂ ਇਹ ਦਾਨ ਮੰਗਦਾ ਹਾਂ॥ ੮॥ ੨॥ ੧੮॥ ੨੦॥

ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧ ੴ ਸਤਿਗੁਰ ਪ੍ਰਸਾਦਿ॥
ਰੇ ਜਿਹਬਾ ਕਰਉ ਸਤ ਖੰਡ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ॥ ੧॥

ਹੇ ਜਿਹਵਾ ! ਮੈਂ ਤੇਰੇ ਸਤ ਖੰਡ= ਸੌ ਟੁਕੜੇ ਕਰ ਦਿਆਂਗਾ।
ਜੇ ਤੂੰ ਸ੍ਰੀ ਗੋਬਿੰਦ= ਪਰਮਾਤਮਾ ਦੇ ਨਾਮ ਨੂੰ ਨਾ ਉਚਾਰੇਂਗੀ॥ ੧॥

ਰੰਗੀ ਲੇ ਜਿਹਬਾ ਹਰਿ ਕੈ ਨਾਇ॥
ਸੁਰੰਗ ਰੰਗੀਲੇ ਹਰਿ ਹਰਿ ਧਿਆਇ॥ ੧॥ ਰਹਾਉ॥

ਹੇ ਜਿਹਬੇ ! ਹਰੀ ਦੇ ਨਾਮ ਨਾਲ ਤੂੰ ਰੰਗੀਲੇ= ਅਨੰਦ ਵਾਲੀ ਹੋਵੇਂਗੀ। ਇਸ ਕਰ ਕੇ ਸਾਰਿਆਂ ਵਿਚ ਰੰਗੀਲੇ= ਰੰਗਿਆ ਹੋਇਆ ਜੋ ਹਰਿ ਹਰਿ ਹੈ, ਉਸ ਨੂੰ ਸੁ ਰੰਗ= ਸ੍ਰੇਸ਼ਟ ਪ੍ਰੇਮ ਨਾਲ ਧਿਆਉਣਾ ਕਰ॥ ੧॥ ਰਹਾਉ॥

ਮਿਥਿਆ ਜਿਹਬਾ ਅਵਰੇਂ ਕਾਮ॥

ਹੇ ਜਿਹਵਾ ! ਨਾਮ ਤੋਂ ਬਿਨਾਂ ਹੋਰ ਕੰਮ ਜਿਹੜੇ ਤੇਰੇ ਰਸਾਂ ਦੇ ਸਵਾਦ ਲੈਣ ਦੇ ਹਨ, ਉਹ ਸਭ ਨਿਸਫਲ ਹਨ।

ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।

(ਭਾਈ ਗੁਰਦਾਸ ਜੀ, ਵਾਰ ੨੭/੩੦)

ਅਥਵਾ:- ਨਾਮ ਤੋਂ ਬਿਨਾਂ ਹੋਰ ਜਿਹੜੇ ਨਿੰਦਿਆ ਚੁਗਲੀ ਦੇ ਕੰਮ ਕਰਨੇ ਹਨ, ਉਹ ਸਾਰੇ ਮਿਥਿਆ= ਝੂਠੇ ਹਨ।

ੳ) ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥ *(ਪੰਨਾ ੧੩੬੨)*
ਅ) ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨ ਪਾਇਆ॥.....
ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ॥
ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕਾ ਨਾਇ ਪਿਆਰਿਆ॥ *(ਪੰਨਾ ੫੫੦)*
ਅ) ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ॥
ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ॥ ੩॥ *(ਪੰਨਾ ੫੫੮)*

ਨਿਰਬਾਣ ਪਦੁ ਇਕੁ ਹਰਿ ਕੋ ਨਾਮੁ॥ ੨॥

ਇਕ ਹਰੀ ਦਾ ਨਾਮ ਹੀ ਨਿਰਬੰਧ ਪਦਵੀ ਦੇ ਦੇਣ ਵਾਲਾ ਹੈ, ਭਾਵ ਦੁੱਖਾਂ ਤੋਂ ਰਹਿਤ ਕਰਨ ਵਾਲਾ ਹੈ॥ ੨॥

ਅਸੰਖ ਕੋਟਿ ਅਨ ਪੂਜਾ ਕਰੀ॥ ਏਕ ਨ ਪੂਜਸਿ ਨਾਮੈ ਹਰੀ॥ ੩॥

ਅਸੰਖ= ਅਨਗਿਣਤ ਕਰੋੜਾਂ ਵਾਰੀ ਜੇ ਤੂੰ ਅਨ= ਹੋਰ (ਦੇਵੀ ਦੇਵਤਿਆਂ) ਦੀ ਪੂਜਾ ਕਰੇਂ, ਤਦ ਭੀ

ਇਕ ਹਰੀ ਨੇ ਨਾਮ ਜਪਣ ਬਰਾਬਰ ਨਹੀਂ ਪੁੱਜ ਸਕਦੀ॥ ੩॥

ੳ) ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥ ੨॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥ ੩॥

(ਸਿਰੀਰਾਗੁ ਮਹਲਾ ੧, ਪੰਨਾ ੬੨)

ਅ) ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ੧॥

(ਗਉੜੀ ਸੁਖਮਨੀ ਮ: ੫, ਪੰਨਾ ੨੬੫)

ਏ) ਕੰਚਨਾ ਬਹੁ ਦਤ ਕਰਾ॥ ਭੂਮਿ ਦਾਨੁ ਅਰਪਿ ਧਰਾ॥
ਮਨ ਅਨਿਕ ਸੋਚ ਪਵਿਤ੍ਰ ਕਰਤ॥
ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ॥ ੧॥ ਰਹਾਉ॥
ਚਾਰਿ ਬੇਦ ਜਿਹਵ ਭਨੇ॥ ਦਸ ਅਸਟ ਖਸਟ ਸ੍ਰਵਨ ਸੁਨੇ॥
ਨਹੀ ਤੁਲਿ ਗੋਬਿਦ ਨਾਮ ਧੁਨੇ॥ ਮਨ ਚਰਨ ਕਮਲ ਲਾਗੇ॥ ੧॥
ਬਰਤ ਸੰਧਿ ਸੋਚਚਾਰ॥ ਕ੍ਰਿਆ ਕੁੰਟ ਨਿਰਾਹਾਰ॥
ਅਪਰਸ ਕਰਤ ਪਾਕਸਾਰ॥ ਨਿਵਲੀ ਕਰਮ ਬਹੁ ਬਿਸਥਾਰ॥
ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ॥ ੨॥

(ਸਾਰਗ ਮਹਲਾ ੫, ਪੰਨਾ ੧੨੨੯)

ਪ੍ਰਣਵੈ ਨਾਮਦੇਉ ਇਹੁ ਕਰਣਾ॥ ਅਨੰਤ ਰੂਪ ਤੇਰੇ ਨਾਰਾਇਣਾ॥ ੪॥ ੧॥

ਨਾਮਦੇਵ ਜੀ ਕਥਨ ਕਰਦੇ ਹਨ— ਹੇ ਜਿਹਵਾ ! ਤੂੰ ਇਹ ਕਰਤਬ ਕਰ, ਭਾਵ ਇਸ ਤਰ੍ਹਾਂ ਬੇਨਤੀ ਕਰ ਕਿ ਹੇ ਨਾਰਾਇਣ ! ਇਹ ਬਿਅੰਤ ਰੂਪ ਤੇਰੇ ਆਪਣੇ ਹੀ ਹਨ। ਅਰਥਾਤ ਸਾਰਿਆਂ ਵਿਚ ਵਾਹਿਗੁਰੂ ਵਿਆਪਕ ਸਮਝ ਕੇ ਕਿਸੇ ਨੂੰ ਦੁਖਾਵਾਂ ਬਚਨ ਨਾ ਆਖ ਤੇ ਨਾਮ ਜਪਣਾ ਕਰ॥ ੪॥ ੧॥

ਉਥਾਨਕਾ- ਕਿਸੇ ਨੇ ਆ ਕੇ ਬੇਨਤੀ ਕੀਤੀ ਕਿ ਉਸ ਵਾਹਿਗੁਰੂ ਪਰਮੇਸ਼ਰ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ? ਭਗਤ ਨਾਮਦੇਵ ਜੀ ਉੱਤਰ ਦੇਂਦੇ ਹਨ-

ਪਰ ਧਨ ਪਰ ਦਾਰਾ ਪਰਹਰੀ॥ ਤਾ ਕੈ ਨਿਕਟਿ ਬਸੈ ਨਰਹਰੀ॥ ੧॥

ਪਰਾਇਆ ਧਨ ਤੇ ਪਰਾਈ ਦਾਰਾ= ਇਸਤ੍ਰੀ ਜਿਸ ਨੇ ਪਰਹਰੀ= ਤਿਆਗੀ ਹੈ। ਤਾ ਕੈ ਨਿਕਟਿ= ਉਸ ਦੇ ਪਾਸ ਨਰਹਰੀ= ਪਰਮਾਤਮਾ ਵਸਦਾ ਹੈ। ਏਸੇ ਵਾਸਤੇ ਪੰਚਮ ਪਿਤਾ ਜੀ ਨੇ ਕਿਹਾ ਹੈ-

ਪਰ ਧਨ ਪਰ ਦ੍ਰਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ॥
ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ॥ ੩॥ *(ਪੰਨਾ ੩੭੯)*

ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥ ੧॥ ਰਹਾਉ॥

ਜੇਹੜੇ ਆਦਮੀ ਪਰਮਾਤਮਾ ਨੂੰ ਯਾਦ ਨਹੀਂ ਕਰਦੇ, ਮੈਂ ਉਹਨਾਂ ਦਾ ਦਰਸ਼ਨ ਕਰਨਾ ਨਹੀਂ ਚਾਹੁੰਦਾ॥ ੧॥

ਜਿਨ ਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ॥ ੨॥

ਜਿਨ੍ਹਾਂ ਦੇ ਅੰਦਰ ਪਰਮੇਸ਼ਰ ਵਲੋਂ ਅੰਤਰਾ= ਭੇਦ ਪਿਆ ਹੋਇਆ ਹੈ। ਜਿਸ ਤਰ੍ਹਾਂ ਦੇ ਪਸ਼ੂ ਹਨ, ਤੈਸੇ ਹੀ ਉਹ ਆਦਮੀ ਹਨ॥ ੨॥

ੳ) ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥

(ਪੰਨਾ ੨੬੭)

ਅ) ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ॥ (ਮਲਾਰ ਵਾਰ, ਪੰਨਾ ੧੨੮੪)

ਤੁਲਸੀ ਦਾਸ ਜੀ ਨੇ ਲਿਖਿਆ ਹੈ:-

ਪਸੂ ਘੜਤੇ ਬਿਧ ਨਰ ਕੀਏ ਬਿਸਰੇ ਸਿੰਙ ਅਰ ਪੂਛ।
ਤੁਲਸੀ ਹਰਿ ਕੇ ਭਜਨ ਬਿਨ ਧ੍ਰਿਗ ਦਾੜ੍ਹੀ ਧ੍ਰਿਗ ਮੂਛ।

ਨਾਮ ਤੋਂ ਹੀਣ ਮਨੁੱਖ ਪਸ਼ੂ ਸਮਾਨ ਹੈ, ਦਾੜ੍ਹੀ ਪੂਛ ਦੀ ਨਿਆਈਂ ਹੈ, ਮੁੱਛਾ ਸਿੰਗਾਂ ਦੀ ਨਿਆਈਂ ਹਨ।

ਪ੍ਰਣਵਤਿ ਨਾਮਦੇਉ ਨਾਕਹਿ ਬਿਨਾ॥
ਨਾ ਸੋਹੈ ਬਤੀਸ ਲਖਨਾ॥ ੩॥ ੨॥

ਨਾਮਦੇਵ ਜੀ ਕਹਿੰਦੇ ਹਨ— ਜਿਸ ਤਰ੍ਹਾਂ ਸਰੇਸ਼ਟ ੩੨ ਲਖਸ਼ਣ* ਵਾਲਾ ਆਦਮੀ ਨੱਕ ਤੋਂ ਬਿਨਾਂ ਸੋਭਦਾ ਨਹੀਂ। ਤੈਸੇ ਚਾਹੇ ਕਿਤਨੇ ਸਾਧਨ ਕਰ ਲਵੇ ਪਰ ਨਾਮ ਤੋਂ ਬਿਨਾਂ ਆਦਮੀ ਸੋਭਾ ਨਹੀਂ ਪਾਉਂਦਾ।

---

*ਬਤੀ ਲਖਸ਼ਣ ਇਹ ਹਨ—

ਕਬਿਤ-੧, ਸੁਕ੍ਰਿਤ, ੨. ਪ੍ਰਮਾਣ,. ੩. ਕੁਲ, ੪. ਰੂਪ, ੫. ਕਿਰਿਆਵੰਤ ਸਦਾ, ੬. ਸੱਜਣ, ੭. ਸਬੁਧਿ, ੮. ਸਤ, ੯. ਸੀਲ, ੧੦. ਬ੍ਰਤਧਾਰੀ ਹੈ। ੧੧. ਵਿਚਛਨ, ੧੨. ਵਿਨਈ, ੧੩. ਜਪੀ, ੧੪. ਵਿਸ੍ਵਾਸਿ, ੧੫. ਬੰਦਨੀਯ, ੧੬. ਕਵਿ, ੧੭. ਨਿਰਲੋਭ ੧੮. ਦਯਾ, ੧੯. ਦਾਨੀ, ੨੦. ਉਪਕਾਰੀ ਹੈ। ੨੧. ਤੁਛ ਨਿੰਦ੍ਰਾ, ੨੨. ਇੰਦ੍ਰੇਜਿਤ, ੨੩. ਸੁਚਿ, ੨੪. ਪ੍ਰਕਾਸ਼ ਬੁਧਿ, ੨੫. ਹਰਿ, ੨੬. ਗੁਰੁ, ੨੭. ਮਾਤ, ੨੮. ਪਿਤਾ ਭਗਤਿ ਪਿਆਰੀ ਹੈ। ੨੯. ਸ਼ਸਤ੍ਰਗਜ, ੩੦. ਧਰਮਗਜ, ੩੧. ਮਿਤਭੁਕ, ੩੨. ਬਸਕਾਮ, ਲਛਨ ਬਤੀਸ ਨਰ ਜਗਤ ਮਝਾਰੀ ਹੈ।

(ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਵਿਚੋਂ)

ਇਹ ਬਤੀ ਲਖਸ਼ਣ ਸਰੀਰਕ ਅੰਗਾਂ ਦੇ ਹਨ—

ਨੇਤ੍ਰ, ਜਬਾੜੇ, ਨੱਕ, ਵੱਖੀ, ਭੁਜਾ	ਇਹ ਪੰਜ ਦੀਰਘ ਹੋਣ	੫
ਤੁਚਾ, ਕੇਸ, ਅੰਗੁਲੀਆਂ, ਦੰਦ, ਅੰਗੁਲੀਆਂ ਦੀਆਂ ਗੰਢਾਂ	ਇਹ ਪੰਜ ਸੂਖਮ ਹੋਣ	੫
ਹਥੇਲੀ, ਪੈਰ ਤੇ ਤਲੇ, ਅੱਖਾਂ ਦੇ ਕੋਹਿ, ਤਾਲੂ, ਜੀਭ, ਹੋਠ, ਨਹੁ	ਇਹ ਸਤ ਲਾਲ ਹੋਣ	੭
ਕਮਰ ਦੀ ਹੱਡੀ , ਪੇਟ, ਪਸਲੀ, ਮੋਢੇ, ਹੱਥ ਦੇ ਉਪਰਲੇ ਪਾਸੇ , ਮੂੰਹ	ਇਹ ਛੇ ਉੱਚੇ ਹੋਣ	੬
ਮੱਥਾ, ਛਾਤੀ, ਕਮਰ,	ਇਹ ਤਿੰਨ ਚੌੜੇ ਹੋਣ	੩
ਗਰਦਨ, ਲੱਤਾਂ, ਲਿੰਗ	ਇਹ ਤਿੰਨ ਲਘੂ ਹੋਣ	੩
ਸ੍ਵਰ, ਨਾਭੀ, ਸੁਭਾਉ	ਇਹ ਤਿੰਨ ਗੰਭੀਰ ਹੋਣ	੩
ਸਕੰਦ ਪੁਰਾਣ ਕਾਂਸ਼ੀ ਖੰਡ ਵਿਚ ਇਹ ਬੱਤੀ ਲਖਸ਼ਣ ਕਥਨ ਕੀਤੇ ਹਨ।	ਜੋੜ	੩੨

(ਚਲਦਾ)

ਓ) ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ॥
ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ ਨਕਟੇ ਨਕ ਕੀਕ॥ ੩॥

(ਪ੍ਰਭਾਤੀ ਮਹਲਾ ੪, ਪੰਨਾ ੧੩੩੬)

ਅ) ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ, ਤਿਸੁ ਨਾਮੁ ਪਰਿਓ ਹੈ ਧ੍ਰਕਟੀ॥ ੧॥

(ਦੇਵਗੰਧਾਰੀ, ਪੰਨਾ ੫੨੮)

ਉਥਾਨਕਾ- ਇਕ ਵੇਰੀ ਭਗਤ ਨਾਮਦੇਵ ਜੀ ਦਾ ਨਾਨਾ ਕਿਸੇ ਕੰਮ ਨੂੰ ਬਾਹਰ ਗਿਆ। ਜਾਣ ਲਗਿਆਂ ਨਾਮਦੇਵ ਜੀ ਨੂੰ ਆਖਿਆ ਕਿ ਹੇ ਪੁਤਰ ! ਅੱਜ ਤੂੰ ਠਾਕਰ ਜੀ ਨੂੰ ਭੋਗ ਲਵਾਈਂ। ਨਾਨੇ ਦੇ ਕਹੇ ਅਨੁਸਾਰ-

ਦੂਧੁ ਕਟੋਰੈ ਗਡਵੈ ਪਾਨੀ॥
ਕਪਲ ਗਾਇ ਨਾਮੇ ਦੁਹਿ ਆਨੀ॥ ੧॥

ਕਟੋਰੇ ਵਿਚ ਦੁੱਧ ਤੇ ਗੜਵੇ ਵਿਚ ਪਾਣੀ ਪਾ ਕੇ, ਠਾਕੁਰ ਜੀ ਦੇ ਅੱਗੇ ਲਿਆ ਰਖਿਆ ਤੇ ਬੇਨਤੀ ਕੀਤੀ- ਮੈਂ ਨਾਮਦੇਵ ਨੇ ਕਪਲ ਗਊ ਚੋ ਕੇ ਲਿਆਂਦੀ ਹੈ॥ ੧॥

ਪਿਛਲੇ ਫੁਟਨੋਟ ਦੀ ਬਾਕੀ

ਰਾਜਿਆਂ ਦੇ ਬੱਤੀ ਲਖਸ਼ਣ ਇਹ ਹਨ-

ਕਬਿਤ- ਸੁੰਦਰ ਸੁਲਜ ਸੁਧੀ ਸਾਹਸੀ ਸੁਰਿਦ ਸਾਚੋ, ਸੂਰੋ ਸੁਚਿ ਸਾਵਧਾਨ ਸ਼ਾਸਤ੍ਰਗਜ ਜਾਨੀਏ।
ਉਦਮੀ ਉਦਾਰ ਗੁਣਗ੍ਰਾਹੀ ਔ ਗੰਭੀਰ ਲਾਲ, ਸ਼ੁਧ ਮਨ ਧਰਮੀ ਛਮੀ ਸੁ ਤਤ ਗਿਆਨੀਏ।
ਇੰਦ੍ਰਜਜਿਤ ਸਤਜਵ੍ਰਤ ਸੁਕ੍ਰਿਤੀ ਧ੍ਰਿਤੀ ਵਿਨੀਤ, ਤੇਜੱਸ੍ਵੀ ਦਯਾਲੁ ਪ੍ਰੀਤਿ ਹਰਿ ਸੋਂ ਪ੍ਰਮਾਨੀਏ।
ਲੋਭ ਛੋਭ ਹਿੰਸਾ ਕਾਮ ਕਪਟ ਗਰੁਰਤਾ ਨ, ਲੱਛਨ ਬਤੀਸ ਏ ਛਿਤੀਸ ਕੇ ਬਖਾਨੀਏ।

(ਇਹ ਕਵੀ ਲਾਲ ਨੇ ੩੨ ਲਖਸ਼ਣ ਲਿਖੇ ਹਨ)

ਇਸਤ੍ਰੀਆਂ ਦੇ ਬੱਤੀ ਲਖਸ਼ਣ ਇਹ ਹਨ-

੧.ਸੁੰਦਰਤਾ, ੨.ਸ਼ੁਛਤਾ, ੩.ਲਜਾ, ੪. ਚਤੁਰਾਈ, ੫.ਵਿਦਿਆ, ੬. ਪਤਿਭਗਤੀ, ੭. ਸੇਵਾ, ੮. ਦਇਆ, ੯.ਸਤਜ, ੧੦.ਪ੍ਰਿਯਾਬਾਣੀ, ੧੧. ਪ੍ਰਸੰਨਤਾ, ੧੨. ਨਿੰਮ੍ਰਤਾ, ੧੩. ਨਿਸ਼ਕਪਟਤਾ, ੧੪.ਏਕਤਾ, ੧੫.ਧੀਰਜ, ੧੬.ਧਰਮ ਨਿਸ਼ਟਾ, ੧੭. ਸੰਜਮ, ੧੮.ਉਦਾਰਤਾ, ੧੯.ਗੰਭੀਰਤਾ, ੨੦.ਉਦਮ, ੨੧. ਸੂਰਬੀਰਤਾ, ੨੨.ਰਾਗ, ੨੩.ਕਾਵਜ, ੨੪.ਚਿੱਤਰ, ੨੫. ਔਸ਼ਧੀ, ੨੬. ਰਸੋਈ, ੨੭.ਸਿਉਣ ਪਰੋਣ ਦੀ ਵਿਦਿਆ, ੨੮.ਘਰ ਦੀਆਂ ਵਸਤੂਆਂ ਦਾ ਯਥਾ ਯੋਗ ਸ਼ਿੰਗਾਰਣਾ, ੨੯.ਬਜ਼ੁਰਗਾਂ ਦਾ ਮਾਣ, ੩੦.ਘਰ ਆਏ ਪ੍ਰਾਹੁਣੇ ਦਾ ਆਦਰ, ੩੧. ਸੰਤਾਨ ਦਾ ਪਾਲਣ, ੩੨. ਫੁਲਵਾੜੀ।

(ਮਹਾਨ ਕੋਸ਼)

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ ਤਾਂ ਉਸ ਵੇਲੇ ਬ੍ਰਾਹਮਣ ਨੇ ਬਾਬਾ ਕਾਲੂ ਜੀ ਨੂੰ ਕਿਹਾ- ਤੁਹਾਡੇ ਪੁੱਤਰ ਵਿਖੇ ਬਤੀ ਲਖਸ਼ਣ ਹਨ :-

ਸੁਨਿ ਕਾਲੂ ਸੁਤ ਤੋਹਿ ਬਿਚੱਛਨ। ਇਸ ਮਹਿ ਲਖਿਯਤ ਬੱਤਿਸ ਲੱਛਨ॥ ੩੦॥

੧. ਸੁੰਦਰ, ੨. ਸੁਹਿਰਦ, ੩. ਸਚਾ, ੪. ਸੂਰਮਾ, ੫. ਸਾਵਧਾਨ, ੬. ਸ਼ਾਸਤ੍ਰ ਦਾ ਗਯਾਤਾ, ੭. ਉਦਮੀ, ੮. ਉਦਾਰਤਾ, ੯. ਗੁਣਗ੍ਰਾਹੀ, ੧੦. ਗੰਭੀਰ. ੧੧. ਸੁਧਮਨ, ੧੨. ਧਰਮੀ, ੧੩. ਖਿਮਾਵਾਨ, ੧੪. ਇੰਦਰੇ ਜਿਤ, ੧੫. ਪਵਿਤ੍ਰ, ੧੬. ਨਿੰਮ੍ਰਤਾਵਾਨ, ੧੭. ਤੇਜਸ੍ਵੀ, ੧੮.ਦਯਾਲੂ, ੧੯. ਵਾਹਿਗੁਰੂ ਦਾ ਪਰੇਮੀ, ੨੦. ਸੀਲਵਾਨ, ੨੧. ਸੰਤੋਖੀ, ੨੨. ਉਪਕਾਰੀ, ੨੩. ਚਿਤੁਰ, ੨੪. ਸ੍ਰੇਸ਼ਟਮਤੀ, ੨੫. ਜਪੀ, ੨੬. ਤਪੀ, ੨੭. ਨਿੰਦ੍ਰਾਜਿਤ, ੨੮. ਸਾਹਸੀ, ੨੯. ਸੰਜਮੀ, ੩੦. ਮਾਤਾ ਪਿਤਾ ਦਾ ਭਗਤ, ੩੧. ਜਤੀ, ੩੨. ਗਜਾਨੀ।

(ਨਾਨਕ ਪ੍ਰਕਾਸ਼ ਪੂਰਬਾਰਧ, ਧਿਆਇ ੪)

ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥

ਹੇ ਗੋਬਿੰਦ ਰਾਇ! ਆਪ ਦੁੱਧੁ ਪੀਣਾ ਕਰੋ।* ਆਪ ਦੁੱਧ ਪੀਓਗੇ ਤਾਂ ਹੀ ਮੇਰਾ ਮਨ ਪਤੀਆਇ= ਭਰੋਸੇ ਵਾਲਾ ਹੋਵੇਗਾ। ਭਾਵ ਪ੍ਰਸੰਨ ਹੋਵੇਗਾ।

ਨਾਹੀ ਤ ਘਰ ਕੋ ਬਾਪੁ ਰਿਸਾਇ॥ ੧॥ ਰਹਾਉ॥

ਨਹੀਂ ਤਾਂ ਅਰਥਾਤ ਜੇ ਆਪ ਦੁੱਧ ਨਾ ਪੀਓਗੇ ਤਾਂ ਘਰ ਦਾ ਬਾਪੁ= ਨਾਨਾ ਮੇਰਾ ਰਿਸਾਇ= ਗੁੱਸੇ ਹੋਵੇਗਾ॥ ੧॥ ਰਹਾਉ॥

ਜਦ ਠਾਕੁਰ ਜੀ ਨੇ ਦੁੱਧ ਨਾ ਪੀਤਾ ਤਾਂ ਕਹੇਂ ਦਾ ਕਟੋਰਾ ਅਪਵਿੱਤ੍ਰ ਸਮਝ ਕੇ ਨਾਮਦੇਵ ਜੀ ਨੇ-

ਸੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥ ੨॥

ਸੋਨੇ ਦੀ ਕਟੋਰੀ ਅੰਮ੍ਰਿਤ= ਦੁੱਧ ਨਾਲ ਭਰੀ= ਭਰ ਕੇ, ਨਾਮਦੇਵ ਜੀ ਨੇ ਲਿਆ ਕੇ ਠਾਕੁਰ ਜੀ ਅੱਗੇ ਰੱਖੀ, ਤਾਂ ਵੀ ਭਗਵਾਨ ਨੇ ਦੁੱਧ ਨਾ ਪੀਤਾ॥ ੨॥

ਫਿਰ ਨਾਮਦੇਵ ਜੀ ਨੇ ਕਿਹਾ-

ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥ ੩॥

ਮੇਰੇ ਹਿਰਦੇ ਵਿਚ ਤਾਂ ਇਕ ਤੁਹਾਡੀ ਭਗਤੀ ਵਸ ਰਹੀ ਹੈ। ਆਪ ਫਿਰ ਵੀ ਦੁੱਧ ਨਹੀਂ ਪੀਂਦੇ।* ਇਹ ਗੱਲ ਸੁਣ ਕੇ ਨਾਮਦੇਵ ਜੀ ਨੂੰ ਵੇਖ ਕੇ ਭਗਵਾਨ ਜੀ ਹੱਸ ਪਏ ਤੇ ਕਿਹਾ—ਕਦੇ ਪੱਥਰ ਨੇ ਵੀ ਦੁੱਧ ਪੀਤਾ ਹੈ? ਨਾਮਦੇਵ ਜੀ ਨੇ ਕਿਹਾ— ਜੇ ਪੱਥਰ ਨੇ ਕਦੇ ਦੁੱਧ ਨਹੀਂ ਪੀਤਾ ਤਾਂ "ਪੱਥਰ ਕਦੇ ਬੋਲਿਆ ਤੇ ਹੱਸਿਆ ਭੀ ਨਹੀਂ, ਜਿਸ ਤਰ੍ਹਾਂ ਆਪ ਬੋਲੇ ਤੇ ਹੱਸੇ ਹੋ, ਓਵੇਂ ਹੀ ਹੁਣ ਆਪ ਦੁੱਧ ਵੀ ਪੀ ਲਓ।" ਤਦ ਭਗਵਾਨ ਨੇ ਦੁੱਧ ਪੀ ਲਿਆ। ਜਦ ਸਾਰਾ ਹੀ ਪੀ ਜਾਣ ਲੱਗੇ ਤਾਂ ਨਾਮਦੇਵ ਜੀ ਨੇ ਬਾਂਹ ਤੋਂ ਫੜ ਕੇ ਕਿਹਾ— "ਥੋੜ੍ਹਾ ਜਿਹਾ ਆਪਣਾ ਸੀਤ ਪ੍ਰਸ਼ਾਦ ਤਾਂ ਮੇਰੇ ਪੀਣ ਲਈ ਰਹਿਣ ਦਿਓ ਕਿਉਂਕਿ ਮੇਰੇ ਨਾਨਾ ਜੀ ਤਾਂ ਰੋਜ਼ ਭੋਗ ਲਵਾ ਕੇ ਸੀਤ ਪ੍ਰਸ਼ਾਦ ਛਕਦੇ ਹੁੰਦੇ ਸਨ।"**

---

*ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋਂ ਆਖਿ ਸਿਧਾਇਆ।
ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।
ਨਾਮਦੇਉ ਇਸਨਾਨ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।
ਠਾਕੁਰ ਨੋਂ ਨ੍ਹਾਵਾਲਿ ਕੈ ਚਰਣੋਦਕ ਲੈ ਤਿਲਕੁ ਚੜ੍ਹਾਇਆ।
ਹੱਥ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।
ਨਿਹਚਉ ਕਰਿ ਆਰਾਧਿਆ ਹੋਇ ਦਇਆਲ ਦਰਸ ਦਿਖਲਾਇਆ।
ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੁਧੁ ਪੀਆਇਆ।
ਗਾਇ ਮੁਈ ਜਿਵਾਲਿਓਨੁ ਨਾਮਦੇਵ ਦਾ ਛਪਰੁ ਛਾਇਆ।
ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।
ਭਗਤ ਜਨਾ ਦਾ ਕਰੇ ਕਰਾਇਆ॥ ੧੧॥ (ਭਾਈ ਗੁਰਦਾਸ ਜੀ, ਵਾਰ ੧੦)

***ਦੂਜਾ ਅਰਥ :**-ਉਸ ਵੇਲੇ ਵਿਸ਼ਨੂੰ ਮਹਾਰਾਜ ਜੀ ਲਛਮੀ ਨੂੰ ਕਹਿਣ ਲੱਗੇ: "ਇਕ ਭਗਤ ਮੇਰੇ ਦਿਲ ਵਿਚ ਵਸਦਾ ਹੈ ਮੈਂ ਉਥੇ ਜਾਂਦਾ ਹਾਂ।" ਭਗਤ ਨਾਮਦੇਵ ਜੀ ਦੀ ਦ੍ਰਿੜ੍ਹ ਪ੍ਰੀਤੀ (ਪੱਕਾ ਵਿਸ਼੍ਵਾਸ) ਵੇਖ ਕੇ ਪ੍ਰਤੱਖ ਹੋ ਕੇ ਹੱਸਣ ਲੱਗ ਪਏ।

**ਅਸਲੋਂ ਨਾਮਦੇਵ ਜੀ ਨੂੰ ਇਹ ਪਤਾ ਨਹੀਂ ਸੀ ਕਿ ਨਾਨਾ ਜੀ ਤਾਂ ਐਵੇਂ ਭੋਗ ਲਗਾ ਕੇ ਦੁੱਧ ਆਪ ਪੀ ਲੈਂਦੇ ਸਨ।

[ਪੰਨਾ ੧੧੬੪]

ਦੂਧੁ ਪੀਆਇ ਭਗਤੁ ਘਰਿ ਗਇਆ ॥
ਨਾਮੇ ਹਰਿ ਕਾ ਦਰਸਨੁ ਭਇਆ ॥ ੪ ॥ ੩ ॥

ਉਸ ਵੇਲੇ ਦੁੱਧ ਪਿਲਾ ਕੇ ਭਗਤ ਨਾਮਦੇਵ ਆਪਣੇ ਘਰ ਨੂੰ ਚਲਾ ਗਿਆ, ਇਸ ਤਰ੍ਹਾਂ ਨਾਮਦੇਵ ਜੀ ਨੂੰ ਪਹਿਲੇ ਹਰੀ ਦਾ ਦਰਸ਼ਨ ਹੋਇਆ ਹੈ॥ ੪ ॥ ੩ ॥

ਉਥਾਨਕਾ- ਪ੍ਰਭੂ ਦੇ ਨਾਮ ਜਾਪ ਕਰਨ ਕਰ ਕੇ ਜਿਸ ਵੇਲੇ ਨਾਮਦੇਵ ਜੀ ਦਾ ਪ੍ਰਤਾਪ ਦੇਸ਼ਾਂ ਪਰਦੇਸਾਂ ਵਿਚ ਫੈਲ ਗਿਆ ਤਾਂ ਬ੍ਰਾਹਮਣ ਲੋਕਾਂ ਨੂੰ ਬੜੀ ਈਰਖਾ ਹੋਈ ਤੇ ਭੰਡੀ-ਪ੍ਰਚਾਰ ਕਰਨ ਲੱਗ ਪਏ ਕਿ ਇਹ ਹਰਾਮਦਾ ਹੈ, ਇਸ ਦਾ ਪਿਤਾ ਕੋਈ ਨਹੀਂ, ਇਹ ਰੰਡੀ ਦੇ ਪੇਟੋਂ ਹੋਇਆ ਹੈ। ਏਹ ਗੱਲ ਸੁਣ ਕੇ ਨਾਮਦੇਵ ਜੀ ਨੇ ਕਿਹਾ-

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥ ਤਨੁ ਮਨੁ ਰਾਮ ਪਿਆਰੇ ਜੋਗੁ ॥

ਹੇ ਲੋਕੋ ! ਚੰਗੀ ਤਰ੍ਹਾਂ ਮਨ ਕਰ ਕੇ (ਮੇਰੀ) ਨਿੰਦਿਆ ਕਰੋ, ਚੰਗੀ ਤਰ੍ਹਾਂ ਬਾਣੀ ਦੁਆਰਾ (ਮੇਰੀ) ਨਿੰਦਿਆ ਕਰੋ, ਚੰਗੀ ਤਰ੍ਹਾਂ ਸਰੀਰ ਕਰ ਕੇ (ਮੇਰੀ) ਨਿੰਦਿਆ ਕਰੋ। ਮੈਂ ਤਾਂ ਆਪਣਾ ਤਨ ਮਨ ਪਿਆਰੇ ਰਾਮ ਦੇ ਜੋਗੁ= ਅਰਪਣ ਕਰ ਦਿੱਤਾ ਹੈ।

ਬ੍ਰਾਹਮਣ ਨੇ ਕਿਹਾ—"ਤੂੰ ਤਾਂ ਝੱਲਾ ਹੈਂ!" ਤਾਂ ਨਾਮਦੇਵ ਜੀ ਕਹਿੰਦੇ ਹਨ-

ਮੈ ਬਉਰੀ ਮੇਰਾ ਰਾਮੁ ਭਤਾਰੁ ॥ ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥ ੧ ॥

ਠੀਕ ਮੈਂ ਬੌਰੀ ਹਾਂ ਪਰ ਰਾਮ ਮੇਰਾ ਭਤਾਰੁ= ਪਤੀ ਹੈ। ਉਸ ਦੀ ਪ੍ਰਾਪਤੀ ਵਾਸਤੇ ਮੈਂ ਰਚ ਰਚ ਕੇ ਭਾਵ ਤਦਾਕਾਰ ਹੋ-ਹੋ ਕੇ ਜਪ ਤਪ ਰੂਪ ਸ਼ਿੰਗਾਰਾਂ ਨੂੰ ਕਰਦੀ ਹਾਂ॥ ੧ ॥

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥
ਤਨੁ ਮਨੁ ਰਾਮ ਪਿਆਰੇ ਜੋਗੁ ॥ ੧ ॥ ਰਹਾਉ ॥

ਹੇ ਭਲੇ ਨਿੰਦਉ= ਚੰਗੇ ਨਿੰਦਕੋ ! ਨਿੰਦਿਆ ਦੇ ਕਰਨ ਵਾਲਿਓ ! ਤੁਸੀਂ ਭਲੇ ਨਿੰਦਉ= ਚੰਗੀ ਤਰ੍ਹਾਂ ਨਿੰਦਿਆ ਕਰੋ ਮੇਰੀ ਏਸੇ ਵਿਚ ਹੀ ਭਲੇ= ਭਲਿਆਈ ਹੈ ਕਿਉਂਕਿ ਨਿੰਦਿਆ ਕਰ ਕੇ ਤੁਸੀਂ ਮੇਰੇ ਅੰਤਹਕਰਨ ਰੂਪ ਕੱਪੜੇ ਧੋ ਰਹੇ ਹੋ। ਮੈਂ ਆਪਣਾ ਤਨ ਮਨ ਪਿਆਰੇ ਰਾਮ ਦੇ ਜੋਗੁ= ਅਰਪਣ ਕੀਤਾ ਹੋਇਆ ਹੈ॥ ੧ ॥ ਰਹਾਉ॥ ਕਬੀਰ ਜੀ ਨੇ ਗਉੜੀ ਰਾਗੁ ਵਿੱਚ ਭੀ ਫ਼ੁਰਮਾਨ ਕੀਤਾ ਹੈ:—

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥ ੧ ॥ ਰਹਾਉ ॥
ਨਿੰਦਾ ਹੋਇ ਤ ਬੈਕੁੰਠਿ ਜਾਈਐ ॥
ਨਾਮੁ ਪਦਾਰਥੁ ਮਨਹਿ ਬਸਾਈਐ ॥
ਰਿਦੈ ਸੁਧ ਜਉ ਨਿੰਦਾ ਹੋਇ ॥
ਹਮਰੇ ਕਪਰੇ ਨਿੰਦਕੁ ਧੋਇ ॥ ੧ ॥ *(ਗਉੜੀ ਕਬੀਰ ਜੀ, ਪੰਨਾ ੩੩੯)*

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥
ਰਸਨਾ ਰਾਮ ਰਸਾਇਨੁ ਪੀਜੈ॥ ੨॥

ਬਾਦੁ= ਆਪਣੇ ਮਤ ਦਾ ਮੰਡਨ ਕਰਨਾ (ਆਪਣੇ ਮਤ ਨੂੰ ਵਡਿਆਉਣਾ), ਬਿਬਾਦੁ= ਪਰਾਏ ਮਤ ਦਾ ਖੰਡਨ ਕਰਨਾ (ਦੂਜੇ ਧਰਮ ਨੂੰ ਭੰਡਣਾ), ਵਾ:- ਬਾਦੁ= ਵਿਅਰਥ ਬਿਬਾਦੁ= ਝਗੜੇ ਕਿਸੇ ਨਾਲ ਨਾ ਕਰੋ। ਰਸਨਾ ਨਾਲ ਰਾਮ ਜੋ ਰਸਾਂ ਦਾ ਘਰ ਹੈ, ਉਸ ਦੇ ਨਾਮ-ਅੰਮ੍ਰਿਤ-ਰਸ ਨੂੰ ਪੀਣਾ ਕਰੋ॥ ੨॥

ਅਬ ਜੀਅ ਜਾਨਿ ਐਸੀ ਬਨਿ ਆਈ॥
ਮਿਲਉ ਗੁਪਾਲ ਨੀਸਾਨੁ ਬਜਾਈ॥ ੩॥

ਜਾਨਿ= ਜਾਣਨਾ ਕਰੋ ! ਹੁਣ ਮੇਰੇ ਚਿਤ ਵਿਚ ਐਸੀ ਪ੍ਰੀਤੀ ਬਣ ਆਈ ਹੈ ਕਿ ਨਾਮ ਰੂਪੀ ਨੀਸਾਨੁ= ਧੌਂਸੇ ਨੂੰ ਵਜਾ ਕੇ ਪਰਮਾਤਮਾ ਨੂੰ ਮਿਲਾਂਗਾ॥ ੩॥

ਉਸਤਤਿ ਨਿੰਦਾ ਕਰੈ ਨਰੁ ਕੋਈ॥
ਨਾਮੇ ਸ੍ਰੀਰੰਗੁ ਭੇਟਲ ਸੋਈ॥ ੪॥ ੪॥

ਹੁਣ ਚਾਹੇ ਕੋਈ ਆਦਮੀ ਉਸਤਤੀ ਕਰੇ, ਭਾਵੇਂ ਨਿੰਦਿਆ ਕਰੇ, ਮੈਨੂੰ ਕੋਈ ਹਰਖ ਸ਼ੋਕ ਨਹੀਂ। ਕਿਉਂਕਿ (ਮੈਂ) ਨਾਮਦੇਵ ਨੂੰ ਸ੍ਰੀਰੰਗ ਸੋਈ= ਓਹ ਸੁਭਾਇਮਾਨ ਅਨੰਦ ਸਰੂਪ ਪਰਮਾਤਮਾ ਮਿਲ ਗਿਆ ਹੈ॥ ੪॥ ੪॥

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ ੧॥

(ਦੇਵਗੰਧਾਰੀ ਮਹਲਾ ੪, ਪੰਨਾ ੫੨੮)

ਉਥਾਨਕਾ- ਇਕ ਪਰੇਮੀ ਨੇ ਆ ਕੇ ਬੇਨਤੀ ਕੀਤੀ— "ਸੰਸਾਰ ਵਿਚ ਸਾਰੇ ਜੀਵ ਇਕੋ ਜਿਹੇ ਕਿਉਂ ਨਹੀਂ ਹਨ, ਗ਼ਰੀਬ ਅਮੀਰ ਕਿਉਂ ਹਨ?" ਇਹ ਗੱਲ ਸੁਣ ਕੇ ਨਾਮਦੇਵ ਜੀ ਨੇ ਕਿਹਾ— "ਸਾਰਿਆਂ ਜੀਵਾਂ ਦਾ ਵਿਹਾਰ ਪ੍ਰਾਰਬਧ ਅਨੁਸਾਰ ਹੈ, ਏਸ ਕਰ ਕੇ ਕੋਈ ਗ਼ਰੀਬ ਹੈ ਕੋਈ ਅਮੀਰ।"

ਕਬਹੂ ਖੀਰ ਖਾਡ ਘੀਉ ਨ ਭਾਵੈ॥
ਕਬਹੂ ਘਰ ਘਰ ਟੂਕ ਮਗਾਵੈ॥

(ਕਰਮਾਂ ਅਨੁਸਾਰ ਹੀ) ਕਦੇ ਤਾਂ ਖੀਰ ਅਤੇ ਖੰਡ ਘਿਉ ਵਾਲੇ ਪਦਾਰਥ ਮਿਲੇ ਹੋਏ ਚੰਗੇ ਨਹੀਂ ਲਗਦੇ ਤੇ ਕਦੇ ਘਰ-ਘਰ 'ਚੋਂ ਟੁਕੜੇ ਮੰਗਾਉਂਦਾ ਹੈ।

ਕਬਹੂ ਕੂਰਨੁ ਚਨੇ ਬਿਨਾਵੈ॥ ੧॥

ਕਦੀ ਕੂਰਨੁ= ਕੂੜੇ 'ਚੋਂ ਚਨੇ= ਛੋਲਿਆਂ ਨੂੰ ਬਿਨਾਵੈ= ਚੁਣੌਂਦਾ ਹੈ। ਵਾ:- ਕੂਰਨੁ= ਕਰੜੇ, ਸੁੜੀ 'ਚੋਂ ਛੋਲਿਆਂ ਨੂੰ ਚੁਣਾਉਂਦਾ ਹੈ॥ ੧॥

ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ॥
ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥ ੧॥ ਰਹਾਉ॥

ਹੇ ਭਾਈ ! ਜਿਸ ਤਰ੍ਹਾਂ ਵਾਹਿਗੁਰੂ ਰੱਖੇ, ਉਸੇ ਤਰ੍ਹਾਂ ਰਹਿਣਾ ਚਾਹੀਦਾ ਹੈ, ਕਲਪਣਾ ਨ ਕਰੋ।* ਕਿਉਂਕਿ ਹਰੀ ਦੀ ਮਹਿਮਾ ਕੁਝ ਕਥਨ ਨਹੀਂ ਕੀਤੀ ਜਾ ਸਕਦੀ ॥ ੧ ॥

ਕਬਹੂ ਤੁਰੇ ਤੁਰੰਗ ਨਚਾਵੈ ॥ ਕਬਹੂ ਪਾਇ ਪਨਹੀਓ ਨ ਪਾਵੈ ॥ ੨ ॥

ਕਰਮਾਂ ਅਨੁਸਾਰ ਇਹ ਜੀਵ ਕਦੀ ਤਾਂ ਤੁਰਕਾਨ ਜਾਂ ਅਰਬ ਦੇਸ਼ ਦੇ ਘੋੜਿਆਂ ਨੂੰ ਤੁਰੇ= ਸ਼ੀਘਰ ਨਚਾਉਂਦਾ ਹੈ ਤੇ ਕਦੀ ਐਹੋ ਜਿਹੇ ਦਿਨ ਆ ਜਾਂਦੇ ਹਨ ਕਿ ਪੈਰੀਂ ਜੋੜਾ ਵੀ ਪਾਉਣ ਨੂੰ ਨਹੀਂ ਮਿਲਦਾ ॥ ੨ ॥

ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ (ਪੰਨਾ ੪੬੭)

ਕਬਹੂ ਖਾਟ ਸੁਪੇਦੀ ਸੁਵਾਵੈ ॥ ਕਬਹੂ ਭੂਮਿ ਪੈਆਰੁ ਨ ਪਾਵੈ ॥ ੩ ॥

ਤੇ ਕਦੀ ਸੁਪੇਦੀ= ਚਿੱਟੀ ਵਿਛਾਈ ਵਿਛਾ ਕੇ ਖਾਟ= ਮੰਜੀ ਜਾਂ ਨਵਾਰੀ ਪਲੰਘ 'ਤੇ ਸੁਆਉਂਦਾ ਹੈ ਤੇ ਕਦੀ ਪ੍ਰਿਥਵੀ ਉਤੇ ਪੈਆਰੁ= ਪਰਾਲ ਪਾਉਣੀ ਵੀ ਨਹੀਂ ਮਿਲਦੀ। ਵਾ:- ਕਦੇ ਪ੍ਰਿਥਵੀ ਤੇ ਪਿਆਰ ਸਹਿਤ ਪੈਣਾ ਵੀ ਨਹੀਂ ਮਿਲਦਾ ॥ ੩ ॥

ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥
ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥ ੪ ॥ ੫ ॥

ਨਾਮਦੇਵ ਜੀ ਕਥਨ ਕਰਦੇ ਹਨ— ਇਕ ਪਰਮੇਸ਼ਰ ਦਾ ਨਾਮ ਹੀ ਤਾਰਨ ਵਾਲਾ ਹੈ। ਪਰ ਜਿਸ ਨੂੰ ਗੁਰੂ ਮਿਲਦੇ ਹਨ, ਉਸ ਨੂੰ ਪਾਰ ਉਤਾਰ ਦੇਂਦੇ ਹਨ ॥ ੪ ॥ ੫ ॥

ਉਥਾਨਕਾ- ਨਾਮਦੇਵ ਜੀ ਤੀਰਥ ਯਾਤਰਾ ਕਰਦੇ ਹੋਏ ਦੱਖਣ ਦੇਸ਼ ਵਿਚ ਗਏ, ਜਿਸ ਵੇਲੇ (ਸ੍ਰੀ ਹਜ਼ੂਰ ਸਾਹਿਬ ਤੋਂ ੫੬ ਮੀਲ ਅਤੇ ੭੦ ਕਿਲੋ ਮੀਟਰ ਉਰੇ) ਔਂਡਾ ਪੁਰ ਪਹੁੰਚੇ* ਤਾਂ ਸ਼ਿਵ ਮੰਦਰ ਵਿਚ ਆਰਤੀ ਹੋ ਰਹੀ ਵੇਖ ਕੇ ਅੰਦਰ ਪ੍ਰਵੇਸ਼ ਕਰ ਗਏ। ਪ੍ਰੇਮ ਵਿਚ ਮਸਤ ਹੋਣ ਕਰ ਕੇ ਕੁਝ ਪਤਾ ਨਾ ਲੱਗਾ। ਛੈਣਿਆਂ ਦੀ

---

*ਜਿਵੇਂ ਕਿਸੇ ਕਵੀ ਨੇ ਕਿਹਾ ਹੈ-

ਹਾਰੀਏ ਨ ਹਿੰਮਤ ਬਿਸਾਰੀਏ ਨ ਹਰੀ ਨਾਮ, ਜੈਸੀ ਬਿਧ ਰਾਖੇ ਰਾਮ, ਤੈਸੀ ਬਿਧ ਰਹੀਏ।

ਪਵਿੱਤਰ ਗੁਰੂ-ਫ਼ੁਰਮਾਨ ਹੈ—

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥

(ਪੰਨਾ ੮੮੪)

*ਹਜ਼ੂਰ ਸਾਹਿਬ ਤੋਂ ੨੩ ਕਿਲੋ ਮੀਟਰ ਅਕੋਲਾ ਰੋਡ ਪਰ ਜਾ ਕੇ ਇਕ ਚੌਂਕ ਆਉਂਦਾ ਹੈ ਉਸ ਚੌਂਕ ਤੋਂ ਖੱਬੇ ਹੱਥ ਨਾਸਕ ਨੂੰ ਸੜਕ ਜਾਂਦੀ ਹੈ। ਇਸ ਸੜਕ ਪਰ ੨੩ ਕਿਲੋ ਮੀਟਰ ਜਾ ਕੇ ਫਿਰ ਸੱਜੇ ਹੱਥ ਸੜਕ ਮੁੜਦੀ ਹੈ ਉਸ ਮੋੜ ਤੋਂ ੩੫ ਕਿਲੋ ਮੀਟਰ ਔਂਡਾ ਪੁਰ ਹੈ! ਇਸ ਅਨੁਸਾਰ ਹਜ਼ੂਰ ਸਾਹਿਬ ਤੋਂ ਔਂਡਾਪੁਰ ੭੦ ਕਿਲੋ ਮੀਟਰ ਹੈ। ਜ਼ਿਲ੍ਹਾ ਪਰਬਨੀ ਤੇ ਤਹਿਸੀਲ ਹਿਗੌਲੀ ਹੈ- ਹਿਗੌਲੀ ਤੋਂ ਔਂਡਾ ਪੁਰ ੧੪ ਮੀਲ ਹੈ। ਉਸ ਮੰਦਰ ਦਾ ਨਾਂ ਨਾਗ ਨਾਥ ਹੈ, ਇਹ ਮੰਦਰ ਬਹੁਤ ਵੱਡੇ ਕਾਲੇ ਪੱਥਰ ਦਾ ਬਣਿਆ ਹੋਇਆ ਹੈ। ਅੱਜ ਕਲ੍ਹ ਮੰਦਰ ਦੇ ਦਰਵਾਜ਼ੇ ਦੇ ਸਾਹਮਣੇ ਨਾਮਦੇਵ ਜੀ ਦਾ ਅਸਥਾਨ ਵੀ ਬਣਿਆ ਹੋਇਆ ਹੈ।

(ਦੇਖੋ ਭਗਤ ਬਾਣੀ ਸਟੀਕ ਭਾਗ ਪਹਿਲਾ ਵਿਚ ਭਗਤ ਨਾਮਦੇਵ ਦਾ ਜੀਵਨ, ਪੰਨਾ ੧੯)

ਥਾਂ ਜੁੱਤੀਆਂ* ਕਢ ਕੇ ਖੜਕਾਉਣ ਲੱਗ ਪਏ। ਇਹ ਗੱਲ ਵੇਖ ਕੇ ਪਾਂਡਿਆਂ ਨੂੰ ਬੜਾ ਗੁੱਸਾ ਆਇਆ। ਠਾਕੁਰ ਜੀ ਦੀ ਬਿਅਦਬੀ ਸਮਝ ਕੇ ਨਾਮਦੇਵ ਨੂੰ ਫੜ ਕੇ ਧੱਕੇ ਮਾਰ ਕੇ ਮੰਦਰ 'ਚੋਂ ਬਾਹਰ ਕੱਢ ਦਿੱਤਾ। ਬਾਹਰ ਨਿਕਲਦਿਆਂ ਸਾਰ ਨਾਮਦੇਵ ਜੀ ਪਰਮੇਸ਼ਰ ਅੱਗੇ ਬੇਨਤੀਆਂ ਕਰਨ ਲੱਗ ਪਏ :

ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥

ਹੇ ਠਾਕੁਰ ਜੀ ! ਮੈਂ ਤਾਂ ਹੱਸਦਾ-ਖੇਡਦਾ ਤੇਰੇ ਦੇਹੁਰੇ= ਮੰਦਰ ਵਿਚ ਆਇਆ ਸੀ। ਮੈਂ ਨਾਮਦੇਵ ਨੂੰ ਭਗਤੀ ਕਰਦਿਆਂ ਹੋਇਆਂ (ਇਹਨਾਂ ਹੰਕਾਰੀ ਬ੍ਰਾਹਮਣਾਂ ਨੇ) ਫੜ ਕੇ ਉਠਾ ਦਿੱਤਾ ਹੈ॥ ੧ ॥

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥

ਹੇ ਜਾਦਵਾਂ ਦੇ ਰਾਇਆ= ਰਾਜਾ ਪਰਮਾਤਮਾ ! ਮੈਂ ਸਮਝਦਾ ਹਾਂ ਕਿ ਮੇਰੀ ਹੀਨੜੀ= ਨੀਵੀਂ ਜ਼ਾਤ ਹੈ। ਪਰ ਆਪ ਜੀ ਤੋਂ ਮੈਂ ਪੁੱਛਦਾ ਹਾਂ ਕਿ ਛੀਂਬਿਆਂ ਦੇ ਘਰ ਵਿਚ ਕਿਸ ਵਾਸਤੇ ਆ ਕੇ ਮੈਂ ਜਨਮ ਲੈਣਾ ਕੀਤਾ ਹੈ? ॥ ੧ ॥ ਇੰਜ ਆਖਦਾ ਹੋਇਆ-

ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥ ੨ ॥

ਕਮਲੀ= ਭੂਰੀ ਨੂੰ ਮੋਢੇ 'ਤੇ ਲੈ ਕੇ ਨਿਰਾਸ ਹੋ ਕੇ ਮੁੜ ਚਲਿਆ ਤੇ ਦੇਹੁਰੈ= ਸ਼ਿਵ ਮੰਦਰ ਦੇ ਪਿੱਛੇ ਜਾ ਕੇ ਬੈਠ ਗਿਆ॥ ੨ ॥

ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥
ਭਗਤ ਜਨਾਂ ਕਉ ਦੇਹੁਰਾ ਫਿਰੈ ॥ ੩ ॥ ੬ ॥

**ਸ੍ਰੀ ਮਾਨ ੧੦੮ ਸੰਪ੍ਰਦਾਈ ਗਿਆਨੀ ਸੰਤ ਭਗਵਾਨ ਸਿੰਘ ਜੀ ਨੇ ਆਪਣੀ ਰਚਿਤ ਸਟੀਕ ਭਗਤ ਬਾਣੀ ਦੇ ੭੮੦ ਸਫੇ ਪਰ ਇਉਂ ਲਿਖਿਆ ਹੈ ਕਿ "ਜਦ ਨਾਮਦੇਵ ਜੀ ਸ਼ਾਮ ਵੇਲੇ ਮੰਦਰ ਵਿਚ ਪਹੁੰਚੇ ਤਾਂ ਪਰਨੇ ਵਿਚ ਲਪੇਟ ਕੇ ਜੁੱਤੀ ਲੱਕ ਨਾਲ ਬੱਧੀ ਹੋਈ ਸੀ ਤੇ ਦੂਜੇ ਪਾਸੇ ਓਸੇ ਪਰਨੇ ਵਿਚ ਕੈਂਸੀਆਂ ਭੀ ਸਨ। ਆਰਤੀ ਹੁੰਦੀ ਜਾਣ ਕੇ ਪ੍ਰੇਮ ਵਿਚ ਬਿਹਬਲ ਹੋ ਕੇ ਕੈਂਸੀਆਂ ਦੀ ਜਗ੍ਹਾ ਜੁੱਤੀ ਕੱਢ ਕੇ ਮਸਤੀ ਵਿਚ ਵਜਾਣ ਲੱਗ ਪਏ। ਜਦ ਪਾਂਡਿਆਂ ਦਾ ਇਨ੍ਹਾਂ ਵੱਲ ਧਿਆਨ ਗਿਆ ਤਾਂ ਠਾਕਰ ਜੀ ਦੀ ਬਿਅਦਬੀ ਜਾਣ ਕੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ।"*

ਲਾਹੌਰ ਨਿਵਾਸੀ ਮੁਜੰਗਾਂ ਵਾਲੇ ਗਿਆਨੀ ਨਰਾਇਣ ਸਿੰਘ ਜੀ ਨੇ ਆਪਣੀ ਵਾਰਤਕ ਸ੍ਰੀ ਗੁਰ ਭਗਤ ਮਾਲ ਸਟੀਕ ਦੂਜੀ ਐਡੀਸ਼ਨ ਪੰਨਾ ੧੭੧ ਜੀਵਨ ਭਗਤ ਨਾਮਦੇਵ ਜੀ ਵਿਚ ਇਉਂ ਲਿਖਿਆ ਹੈ ਕਿ "ਆਰਤੀ ਦੇ ਸਮੇਂ ਮੰਦਰ ਵਿਚ ਭੀੜ ਬਹੁਤ ਵੇਖ ਕੇ ਇਹ ਸੋਚ ਆਈ ਕਿ ਬਾਹਰੋਂ ਕੋਈ ਜੁੱਤੀ ਚੁੱਕ ਕੇ ਨਾ ਲੈ ਜਾਏ ਇਸ ਲਈ ਆਪ ਨੇ ਜੁੱਤੀ ਲੱਕ ਨਾਲ ਬੰਨ੍ਹ ਲਈ ਤੇ ਖੜਤਾਲਾਂ ਹੱਥ ਵਿਚ ਲੈ ਕੇ ਮੰਦਰ ਵਿਚ ਜਾ ਕੇ ਹਰੀ-ਜਸ ਕਰਨ ਲੱਗ ਪਏ। ਜਦ ਕਿਸੇ ਪਾਂਡੇ ਨੇ ਆਪ ਜੀ ਦੇ ਲੱਕ ਨਾਲ ਜੁੱਤੀ ਬੱਧੀ ਵੇਖੀ ਤਾਂ ਗੁੱਸੇ ਵਿਚ ਭਰ ਕੇ ਉਸ ਨੇ ਪੰਜ ਸੱਤ ਮੁੱਕੇ ਮਾਰ ਕੇ ਭਗਤ ਜੀ ਨੂੰ ਬਾਹਰ ਕੱਢ ਦਿੱਤਾ।" ਕਈ ਵਿਦਵਾਨ ਇਉਂ ਭੀ ਆਖਦੇ ਹਨ ਕਿ ਭਗਤ ਨਾਮਦੇਵ ਜੀ ਮੰਦਰ ਵਿਚ ਜੋੜਾ ਨਹੀਂ ਲੈ ਗਏ। ਪਰ ਬ੍ਰਾਹਮਣਾਂ ਨੇ ਇਸ ਨੂੰ ਸ਼ੂਦਰ ਜ਼ਾਤੀ ਦਾ ਸਮਝ ਕੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ।

ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥
ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥ ੧ ॥
(ਮਲਾਰ ਨਾਮਦੇਵ ਜੀ, ਪੰਨਾ ੧੨੯੨)

ਮੈਂ ਨਾਮਦੇਵ ਜਿਵੇਂ-ਜਿਵੇਂ ਹਰੀ ਦੇ ਗੁਣਾਂ ਨੂੰ ਉਚਾਰਦਾ ਗਿਆ, ਤਿਵੇਂ-ਤਿਵੇਂ ਮੈਂ ਭਗਤ ਜਨ ਨੂੰ ਦੇਹੁਰਾ ਫਿਰੈ= ਮੰਦਰ ਦਾ ਮੂੰਹ ਫਿਰਦਾ ਗਿਆ (ਹੁਣ ਤੱਕ ਉਸ ਮੰਦਰ ਦਾ ਮੂੰਹ ਫਿਰਿਆ ਹੋਇਆ ਹੈ। ਆਮ ਲੋਕਾਂ ਵਿਚ ਇਹ ਗੱਲ ਪਰਗਟ ਹੈ)।

ਜਿਸ ਵੇਲੇ ਯਾਤਰੂ ਉਸ ਮੰਦਰ ਦਾ ਦਰਸ਼ਨ ਕਰਨ ਜਾਂਦੇ ਹਨ ਤਾਂ ਉਥੋਂ ਦੇ ਪੁਜਾਰੀ ਯਾਤਰੂਆਂ ਨੂੰ ਇਹ ਗੱਲ ਸੁਣਾਉਂਦੇ ਹਨ ਕਿ ਭਗਵਾਨ ਨੇ ਇਸ ਮੰਦਰ ਦਾ ਮੂੰਹ ਫੇਰ ਕੇ ਨਾਮਦੇਵ ਜੀ ਦੇ ਸਾਮ੍ਹਣੇ ਕੀਤਾ ਹੈ, ਖੱਬੇ ਹੱਥ 'ਨਾਗ ਨਾਥ' ਮੰਦਰ ਹੈ, ਸੱਜੇ ਹੱਥ ਨਾਮਦੇਵ ਜੀ ਦਾ ਮੰਦਰ ਹੈ, ਪਰ ਦੋਹਾਂ ਮੰਦਰਾਂ ਦੇ ਮੂੰਹ ਆਮ੍ਹੋ ਸਾਹਮਣੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਥਨ ਕੀਤਾ ਹੈ:

ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥ *(ਪੰਨਾ ੪੫੧)*

ਭਗਤ ਜੀ ਦਾ ਆਪਣਾ ਕਥਨ ਹੈ:

ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥ ੩॥ ੨॥

(ਮਲਾਰ ਨਾਮਦੇਵ, ਪੰਨਾ ੧੨੯੨)

ਭਾਈ ਗੁਰਦਾਸ ਜੀ ਲਿਖਦੇ ਹਨ-

ਨਾਮਾ ਛੀਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵ ਲਾਈ।
ਖਤ੍ਰੀ ਬ੍ਰਾਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ।
ਨਾਮਾ ਪਕੜਿ ਉਠਾਲਿਆ ਬਹਿ ਪਿਛਵਾੜੈ ਹਰਿ ਗੁਣ ਗਾਈ।
ਭਗਤ ਵਛਲ ਆਖਾਇੰਦਾ ਫੇਰਿ ਦੇਹਰਾ ਪੈਜਿ ਰਖਾਈ। *(ਵਾਰ ੨੫/੪)*

ਭੈਰਉ ਨਾਮਦੇਉ ਜੀਉ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ- ਇਕ ਸਤਿਸੰਗੀ ਨੇ ਆ ਕੇ ਕਿਹਾ- ''ਆਪ ਜੀ ਦੀ ਪ੍ਰੀਤੀ ਭਗਵਾਨ ਨਾਲ ਕਿਸ ਤਰ੍ਹਾਂ ਦੀ ਹੈ?'' ਇਹ ਗੱਲ ਸੁਣ ਕੇ ਨਾਮਦੇਵ ਜੀ ਆਖਦੇ ਹਨ:

ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥

ਜਿਸ ਤਰ੍ਹਾਂ ਭੁੱਖੇ ਆਦਮੀ ਦੀ ਅੰਨ ਦੇ ਨਾਲ ਪ੍ਰੀਤੀ ਹੈ* ਅਤੇ ਤ੍ਰਿਖਾਵੰਤ= ਪਿਆਸੇ ਆਦਮੀ ਦਾ ਜਿਸ ਤਰ੍ਹਾਂ ਜਲ-ਪਾਣੀ ਨਾਲ ਕੰਮ ਹੈ।

ਜਲੁ ਪੀਵਤ ਜਿਉ ਤਿਖਾ ਮਿਟੰਤ॥ *(ਰਾਮਕਲੀ ਮ: ੫, ਪੰਨਾ ੯੧੪)*

ਜੈਸੀ ਮੂੜ ਕੁਟੰਬ ਪਰਾਇਣ॥ ਐਸੀ ਨਾਮੇ ਪ੍ਰੀਤਿ ਨਰਾਇਣ॥ ੧॥

ਮੂਰਖ ਆਦਮੀ ਦੀ ਜਿਸ ਤਰ੍ਹਾਂ ਆਪਣੇ ਕੁਟੰਬ ਦੇ ਪਰਾਇਣ= ਪਾਲਣ ਵਿਚ ਪ੍ਰੀਤੀ ਹੈ।*
ਨਾਮਦੇਵ ਜੀ ਕਥਨ ਕਰਦੇ ਹਨ— ਇਸੇ ਤਰ੍ਹਾਂ ਹੀ ਮੇਰੀ ਪ੍ਰੀਤੀ ਪਰਮਾਤਮਾ ਦੇ ਨਾਮ ਵਿਚ ਹੈ॥ ੧॥

ਨਾਮੇ ਪ੍ਰੀਤਿ ਨਾਰਾਇਣ ਲਾਗੀ॥
ਸਹਜ ਸੁਭਾਇ ਭਇਓ ਬੈਰਾਗੀ॥ ੧॥ ਰਹਾਉ॥

ਭੀਖਕ ਪ੍ਰੀਤਿ ਭੀਖ ਪ੍ਰਭ ਪਾਇ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ॥ *(ਪੰਨਾ ੧੬੪)*
ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ, ਪਰ ਘਰਿ ਜੋਹਹਿ ਕਪਟ ਨਰਾ॥ ੧॥ *(ਪੰਨਾ ੯੨)*

(ਜਿਸ ਵੇਲੇ ਮੈਂ) ਨਾਮਦੇਵ ਦੀ ਪ੍ਰੀਤੀ ਪਰਮਾਤਮਾ ਨਾਲ ਲੱਗੀ ਤਾਂ ਸਹਜ ਸੁਭਾਇ= ਸੁਤੇ ਸਿਧ ਹੀ ਸੰਸਾਰ ਦੇ ਪਦਾਰਥਾਂ ਵਲੋਂ ਵੈਰਾਗਵਾਨ ਹੋ ਗਿਆ॥ ੧॥ ਰਹਾਉ॥

ਜੈਸੀ ਪਰ ਪੁਰਖਾ ਰਤ ਨਾਰੀ॥ ਲੋਭੀ ਨਰੁ ਧਨ ਕਾ ਹਿਤਕਾਰੀ॥

ਜਿਸ ਤਰ੍ਹਾਂ ਪਰਾਏ ਪੁਰਸ਼ ਨਾਲ ਵਿਭਚਾਰਨ ਔਰਤ ਰਤ= ਪ੍ਰੀਤੀ ਕਰਦੀ ਹੈ ਅਤੇ ਲੋਭੀ ਆਦਮੀ ਜਿਵੇਂ ਧਨ ਦਾ ਪ੍ਰੇਮੀ ਹੈ।

ੳ) ਲੋਭੀ ਅਨਦੁ ਕਰੈ ਪੇਖਿ ਧਨਾ॥ ਜਨ ਚਰਨ ਕਮਲ ਸਿਉ ਲਾਗੋ ਮਨਾ॥ ੩॥

(ਗਉੜੀ ਮਹਲਾ ੫, ਪੰਨਾ ੧੯੮)

ਅ) ਲੋਭੀ ਕਾ ਧਨੁ ਪ੍ਰਾਣ ਅਧਾਰੁ॥ ਤਿਉ ਹਰਿਜਨ ਹਰਿ ਹਰਿ ਨਾਮ ਪਿਆਰੁ॥ ੨॥

(ਰਾਮਕਲੀ ਮਹਲਾ ੫, ਪੰਨਾ ੯੧੪)

ਕਾਮੀ ਪੁਰਖ ਕਾਮਨੀ ਪਿਆਰੀ॥ ਐਸੀ ਨਾਮੇ ਪ੍ਰੀਤਿ ਮੁਰਾਰੀ॥ ੨॥

ਫੇਰ ਕਾਮੀ ਪੁਰਸ਼ ਨੂੰ ਜਿਸ ਤਰ੍ਹਾਂ ਕਾਮਨੀ= ਇਸਤ੍ਰੀ ਪਿਆਰੀ ਲਗਦੀ ਹੈ। ਐਸੇ ਹੀ (ਮੈਂ) ਨਾਮਦੇਵ ਦੀ ਮੁਰਾਰੀ ਨਾਲ ਪ੍ਰੀਤੀ ਹੈ॥ ੨॥

ਸਾਈ ਪ੍ਰੀਤਿ ਜਿ ਆਪੇ ਲਾਏ॥ ਗੁਰ ਪਰਸਾਦੀ ਦੁਬਿਧਾ ਜਾਏ॥

ਪ੍ਰੀਤੀ ਲਾਈ ਹੋਈ ਓਹੋ ਚੰਗੀ ਹੈ, ਜਿਹੜੀ ਪਰਮਾਤਮਾ ਨੇ ਆਪਣੇ ਵਿਖੇ ਲਾਉਣੀ ਹੈ ਅਤੇ ਗੁਰਾਂ ਦੀ ਕਿਰਪਾ ਨਾਲ ਦੁਬਿਧਾ= ਦ੍ਵੈਤ ਭਾਵਨਾ ਚਲੀ ਜਾਂਦੀ ਹੈ।

ਕਬਹੂ ਨ ਤੂਟਸਿ ਰਹਿਆ ਸਮਾਇ॥ ਨਾਮੇ ਚਿਤੁ ਲਾਇਆ ਸਚਿ ਨਾਇ॥ ੩॥

ਨਾਮਦੇਵ ਜੀ ਕਥਨ ਕਰਦੇ ਹਨ— ਮੈਂ ਸੱਚੇ ਨਾਮ ਨਾਲ ਇਉਂ ਚਿਤ ਲਾਇਆ ਹੈ, ਜੋ ਕਦੇ ਟੁੱਟਦਾ ਨਹੀਂ, ਸੱਚੇ ਦੇ ਨਾਲ ਹੀ ਸਮਾ ਰਿਹਾ ਹੈ॥ ੩॥

ਮੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧਉ ਖਿੰਚ ਤਨੀ॥ ੧॥

(ਬਿਲਾਵਲੁ ਮਹਲਾ ੫, ਪੰਨਾ ੮੨੭)

ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ॥ ਐਸਾ ਹਰਿ ਸੇਤੀ ਮਨੁ ਰਾਤਾ॥

ਜਿਸ ਤਰ੍ਹਾਂ ਬੱਚੇ ਅਤੇ ਮਾਂ ਦੀ ਆਪਸ ਵਿਚ ਪ੍ਰੀਤੀ ਹੁੰਦੀ ਹੈ।

ੳ) ਮਾਤਾ ਪ੍ਰੀਤਿ ਕਰੇ ਪੁਤੁ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥

(ਗਉੜੀ ਮਹਲਾ ੪, ਪੰਨਾ ੧੬੪)

ਅ) ਪੂਤ ਪੇਖਿ ਜਿਉ ਜੀਵਤ ਮਾਤਾ॥ ਓਤਿ ਪੋਤਿ ਜਨੁ ਹਰਿ ਸਿਉ ਰਾਤਾ॥ ੨॥

(ਗਉੜੀ ਮਹਲਾ ੫, ਪੰਨਾ ੧੯੮)

ਏਸੇ ਤਰ੍ਹਾਂ ਮੇਰਾ ਮਨ ਹਰਿ ਸੇਤੀ= ਹਰੀ ਨਾਲ ਤਦਾਕਾਰ ਹੋਇਆ ਹੈ।

ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ॥ ਗੋਬਿਦੁ ਬਸੈ ਹਮਾਰੈ ਚੀਤਿ॥ ੪॥ ੧॥ ੭॥

ਨਾਮਦੇਵ ਜੀ ਕਥਨ ਕਰਦੇ ਹਨ— ਮੇਰੀ ਪ੍ਰੀਤੀ ਪਰਮਾਤਮਾ ਨਾਲ ਲੱਗ ਰਹੀ ਹੈ ਅਤੇ ਗੋਬਿੰਦੁ=

ਪਰਮਾਤਮਾ ਮੇਰੇ ਚਿਤ ਵਸ ਰਿਹਾ ਹੈ॥ ੪॥ ੧॥ ੭॥

ਉਥਾਨਕਾ- ਕੋਈ ਮੰਦ ਵੈਰਾਗੀ ਪੁਰਸ਼ ਕਾਮ ਦੇ ਅਧੀਨ ਹੋ ਕੇ ਪਰਾਈ ਔਰਤ ਨਾਲ ਮਿਲ ਗਿਆ। ਕਿਸੇ ਨੇ ਆ ਕੇ ਨਾਮਦੇਵ ਜੀ ਨੂੰ ਦਸਿਆ ਕਿ ਫਲਾਣਾ ਵੈਰਾਗੀ, ਜੋ ਆਪ ਜੀ ਦੇ ਪਾਸ ਆਉਂਦਾ ਸੀ, ਉਹ ਪਰਾਈ ਔਰਤ ਸਾਂਭ ਬੈਠਾ ਹੈ। ਇਹ ਗੱਲ ਸੁਣ ਕੇ ਨਾਮਦੇਵ ਜੀ ਉਸ ਨੂੰ ਮੁੱਖ ਰੱਖ ਕੇ ਸਾਰਿਆਂ ਨੂੰ ਸਾਂਝਾ ਉਪਦੇਸ਼ ਦੇਂਦੇ ਹਨ-

[ਪੰਨਾ ੧੧੬੫]

ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੇ ਧੰਧਾ॥

ਅੰਧਾ= ਅਗਿਆਨੀ (ਪੁਰਸ਼ ਆਪਣੇ) ਘਰ ਦੀ (ਵਿਵਾਹਿਤਾ) ਇਸਤ੍ਰੀ ਛੱਡ ਦੇਂਦਾ ਹੈ ਤੇ ਪਰਾਈ ਇਸਤ੍ਰੀ ਨਾਲ ਵਿਭਚਾਰ ਕਰਮ ਕਰਨ ਰੂਪੀ ਧੰਦਾ ਪਾਉਂਦਾ ਹੈ।

ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ॥

(ਸਾਰੰਗ ਮ: ੯, ਪੰਨਾ ੧੨੩੨)

ਖੋਟਾ ਆਦਮੀ ਅੰਤ ਨੂੰ ਇਓਂ ਦੁਖੀ ਹੋ ਕੇ ਮਰਦਾ ਹੈ-

ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ ਲਪਟਾਨਾ॥ ੧॥

ਜਿਸ ਤਰ੍ਹਾਂ ਸਿੰਮਲ ਬ੍ਰਿਛ ਦੇ ਲਾਲ ਲਾਲ ਫਲ ਦੇਖ ਕੇ ਸੂਆ= ਤੋਤਾ ਖੁਸ਼ ਹੁੰਦਾ ਹੈ ਪਰ ਅੰਤ ਦੀ ਵੇਰੀ ਉਸ ਨਾਲ ਹੀ ਲਟਕ ਕੇ ਮਰ ਜਾਂਦਾ ਹੈ (ਜਿਸ ਵੇਲੇ ਫਲ ਖਾਣ ਵਾਸਤੇ ਤੋਤਾ ਚੁੰਝ ਮਾਰਦਾ ਹੈ ਤਾਂ ਫਲ ਦਾ ਦੁੱਧ ਚਿਕਨਾ ਹੋਣ ਕਰ ਕੇ ਚੁੰਝ ਵਿਚ ਹੀ ਫਸ ਜਾਂਦੀ ਹੈ ਏਸੇ ਤਰ੍ਹਾਂ ਵਿੱਸ਼ਈ ਆਦਮੀ ਤੋਤੇ ਵਾਂਗ ਹੈ ਪਰਾਈ ਇਸਤ੍ਰੀ ਸਿੰਮਲ ਦੇ ਫਲ ਸਮਾਨ ਹੈ। ਪਹਿਲੇ ਤਾਂ ਇਸਤ੍ਰੀ ਨੂੰ ਵੇਖ ਕੇ ਖੁਸ਼ ਹੁੰਦਾ ਹੈ ਪਰ ਅੰਤ ਨੂੰ ਉਸ ਵਿਚ ਫਸਿਆ ਹੋਇਆ ਦੁਖੀ ਹੋ ਕੇ ਮਰਦਾ ਹੈ॥ ੧॥

ਅਥਵਾ:- ਜਿਸ ਵੇਲੇ ਤੋਤਾ ਸਿੰਮਲ ਦੇ ਫਲ ਖਾਣ ਵਾਸਤੇ ਚੁੰਝ ਮਾਰਦਾ ਹੈ ਤਾਂ ਚੁੰਝ ਉਸ ਦੀ ਵਿੰਗੀ ਹੋਣ ਕਰਕੇ ਸਿੰਮਲ ਦੇ ਕਰੜੇ ਫਲ ਵਿਚ ਹੀ ਫਸ ਜਾਂਦੀ ਹੈ ਅਤੇ ਉਲਟਾ ਲਟਕਿਆ ਹੀ ਮਰ ਜਾਂਦਾ ਹੈ ਏਸੇ ਤਰ੍ਹਾਂ ਹੀ ਜੀਵ ਰੂਪ ਤੋਤਾ ਪਦਾਰਥਾਂ ਨੂੰ ਸੁਖਦਾਇਕ ਜਾਣ ਕੇ ਬਿਰਤੀ ਰੂਪ ਚੁੰਝ ਮਾਰਦਾ ਹੈ, ਪਰ ਉਹਨਾਂ ਪਦਾਰਥਾਂ ਦੇ ਵਿਚ ਫਸਿਆ ਹੋਇਆ ਮਰ ਜਾਂਦਾ ਹੈ।

ਪਾਪੀ ਕਾ ਘਰੁ ਅਗਨੇ ਮਾਹਿ॥
ਜਲਤ ਰਹੈ ਮਿਟਵੈ ਕਬ ਨਾਹਿ॥ ੧॥ ਰਹਾਉ॥

ਪਾਪੀ ਪੁਰਸ਼ ਦਾ ਸਰੀਰ-ਘਰ ਕਾਮ ਕਰੋਧ ਆਦਿ ਅਗਨੀ ਦੇ ਵਿਚ ਹੀ ਜਲਤ ਰਹੈ= ਸੜਦਾ ਰਹਿੰਦਾ ਹੈ।

ਕਾਮਿ ਕ੍ਰੋਧਿ ਲੋਭਿ ਮਨੁ ਲੀਨਾ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ॥ ੩॥

(ਭੈਰਉ ਮਹਲਾ ੫, ਪੰਨਾ ੧੧੪੩)

ਵਾ:- ਪਾਪੀ ਦਾ ਸਰੀਰ ਰੂਪੀ ਘਰ ਨਰਕ, *ਵਾ:-* ਮਾਂ ਦੇ ਉਦਰ ਵਿਚ ਜਠਰ-ਅਗਨੀ ਕਰ ਕੇ ਜਲਤ ਰਹੈ= ਸੜਦਾ ਰਹਿੰਦਾ ਹੈ, ਉਹ ਸੜਨਤਾ ਕਦੇ ਮਿਟਵੈ ਨਾਹਿ= ਹਟਦੀ ਨਹੀਂ॥ ੧॥ ਰਹਾਉ॥

ਹਰਿ ਕੀ ਭਗਤਿ ਨ ਦੇਖੈ ਜਾਇ ॥ ਮਾਰਗੁ ਛੋਡਿ ਅਮਾਰਗਿ ਪਾਇ ॥

ਹਰੀ ਦੀ ਭਗਤੀ ਕਰਨ ਵਾਲਿਆਂ ਦਾ ਦਰਸ਼ਨ ਜਾ ਕੇ ਵੇਖਦਾ ਨਹੀਂ। ਸਤਿਸੰਗ, ਵਾ:- ਭਗਤੀ ਰੂਪੀ ਸ੍ਰੇਸ਼ਟ ਰਸਤੇ ਨੂੰ ਛੱਡ ਕੇ ਕੁਸੰਗ ਰੂਪੀ ਅਮਾਰਗਿ= ਖੋਟੇ ਰਸਤੇ ਵਿਚ ਪੈਂਦਾ ਹੈ।

ਮੂਲਹੁ ਭੂਲਾ ਆਵੈ ਜਾਇ ॥ ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥ ੨ ॥

ਮੂਲਹੁ= ਮੁੱਢ (ਰੂਪ ਪਰਮਾਤਮਾ) ਤੋਂ ਭੁੱਲਿਆ ਹੋਇਆ ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਹੈ। ਅੰਮ੍ਰਿਤੁ= ਨਾਮ ਨੂੰ ਸੁੱਟ ਕੇ ਭਾਵ ਛੱਡ ਕੇ ਅੰਤਹਕਰਨ ਵਿਚ ਵਾਸ਼ਨਾਂ ਨੂੰ ਲੱਦ ਕੇ ਅਰਥਾਤ ਭਰ ਕੇ ਵਿਸ਼ਿਆਂ ਰੂਪ ਵਿਹੁ ਨੂੰ ਖਾਂਦਾ ਹੈ॥ ੨ ॥

ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥
ਕੂੜਿ ਕਪਟਿ ਅਹੰਕਾਰਿ ਰੀਝਾਨਾ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ॥ ੨॥

(ਰਾਮਕਲੀ ਮਹਲਾ ੫, ਪੰਨਾ ੮੬੨)

ਜਿਉ ਬੇਸ੍ਵਾ ਕੇ ਪਰੈ ਅਖਾਰਾ ॥ ਕਾਪਰੁ ਪਹਿਰਿ ਕਰਹਿ ਸੀਂਗਾਰਾ ॥

ਪਹਿਲਾ ਅਰਥ- ਜਿਸ ਤਰ੍ਹਾਂ ਵੇਸ਼ਵਾ ਦੇ ਪਾਸ ਅਖਾਰਾ= ਤਮਾਸ਼ਾ ਪਰੈ= ਪੈਂਦਾ, ਭਾਵ ਲਗਦਾ ਹੈ ਤੇ ਸੁੰਦਰ ਕਪੜਿਆਂ ਨੂੰ ਪਾ ਕੇ ਸ਼ਿੰਗਾਰ ਕਰਦੀ ਹੈ।

ਪੂਰੇ ਤਾਲ ਨਿਹਾਲੇ ਸਾਸ ॥ ਵਾ ਕੇ ਗਲੇ ਜਮ ਕਾ ਹੈ ਫਾਸ ॥ ੩ ॥

ਤਾਲਾਂ ਨੂੰ ਪੂਰਦੀ ਤੇ ਸਵਾਸਾਂ ਨੂੰ ਵੇਖਦੀ ਹੈ ਤਾਂ ਕਿ ਬੇਤਾਲ ਨਾ ਹੋ ਜਾਵੇ। ਅੰਤ ਨੂੰ ਉਸ ਵੇਸ਼ਵਾ ਦੇ ਗਲ ਵਿਚ ਅਤੇ ਵੇਖਣ ਵਾਲਿਆਂ ਦੇ ਗਲ ਵਿਚ ਵੀ ਜਮਾਂ ਦਾ ਫਾਹ ਪੈਂਦਾ ਹੈ।*

ਚਿਤਵਤ ਪਾਪ ਨ ਆਲਕੁ ਆਵੈ॥ ਬੇਸੁਆ ਭਜਤ ਕਿਛੁ ਨਹ ਸਰਮਾਵੈ॥
ਸਾਰੋ ਦਿਨਸੁ ਮਜੂਰੀ ਕਰੈ॥ ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ॥ ੧॥

(ਭੈਰਉ ਮਹਲਾ ੫, ਪੰਨਾ ੧੧੪੩)

**ਪਰੀ ਪੂਰਨ ਪਾਪ ਕਾਰਨ ਤੇ ਭਗਵੰਤ ਕਥਾ ਨ ਰੁਚੇ ਜਿਨ ਕੌ।*
ਤਿਨ ਏਕ ਕੁਨਾਰਿ ਬੁਲਾਇ ਲਈ ਜੁ ਨਚਾਵਤ ਹੈ ਦਿਨ ਕੌ ਰਿਨ ਕੌ।
ਮ੍ਰਿਦੰਗ ਕਹੈ, 'ਧ੍ਰਿਗ ਹੈ, ਧ੍ਰਿਗ ਹੈ'। ਮਨਜੀਰ ਕਹੈ, 'ਕਿਨ ਕੌ ਕਿਨ ਕੌ?।'
ਤਬ ਹਾਥ ਉਠਾਇ ਕੁਨਾਰਿ ਕਹੈ, ਇਨ ਕੌ ਇਨ ਕੌ ਇਨ ਕੌ ਇਨ ਕੌ।

ਇਹ ਵੇਦ ਸ਼ਾਸਤ੍ਰ ਦਾ ਨਿਯਮ ਹੈ ਕਿ ਜੋ ਪੁਰਸ਼ ਅਜਾਮਲ ਪੰਡਿਤ ਵਾਂਗ ਚਾਹੇ ਵਿਦਵਾਨ ਭੀ ਹੈ ਤੇ ਚਾਹੇ ਅਨਪੜ੍ਹ ਹੈ। ਉਹ ਵੇਸ਼ਵਾ ਗਾਮੀ ਪੁਰਸ਼ ਜ਼ਰੂਰ ਨਰਕਾਂ ਵਿਚ ਪੈਂਦਾ ਹੈ:

ਕੋਈ ਏਕ ਪੰਡਿਤ ਹੋ, ਵਿਦਿਆ ਗੁਣ ਮੰਡਤ ਹੋ,
ਡਸਜੋ ਕਾਲੀ ਨਾਗ, ਗਯੋ ਗਨਿਕਾ ਨਿਵਾਸ ਮੇਂ।
ਕੀਨੋ ਮੈਥੁਨ ਨਿਰਵੇਸ, ਹੋਇਓ ਵਿਸ਼ਿਯੋਂ ਮੇਂ ਪ੍ਰਵੇਸ਼,
ਰਾਤ ਬੀਤੀ ਸਾਰੀ ਸੁਖ, ਕਾਮ ਕੇ ਹੁਲਾਸ ਮੇਂ।
ਕਲੋਲ ਕਰ ਭਯੋ ਭੋਰ, ਮੁਸ਼ਕਾਏ ਮੁਖ ਮੋਰ,
ਬੋਲੀ—'ਹੇ ਪ੍ਰਾਨ ਪਿਆਰੇ ! ਮਿਲੋਗੇ ਅਬ ਕਾ ਸਮੇਂ?'
ਉੱਤਰ—ਜੇਕਰ ਵੇਦ ਔ ਪੁਰਾਨ ਸਿਮ੍ਰਤੀ ਸਭ ਸਾਚੇ ਹੋਏ,
ਮੇਰੀ ਤੇਰੀ ਭੇਟ ਹੋਵੇ ਕੁੰਭੀ ਪਾਕ ਵਾਸ ਮੇਂ।

ਅਰਥਾਤ ਮੇਰਾ ਤੇਰਾ ਮਿਲਾਪ ਕੁੰਭੀ ਨਰਕਾਂ ਵਿਚ ਹੋਵੇਗਾ।

ਦੂਜਾ ਅਰਥ- ਏਸੇ ਤਰ੍ਹਾਂ ਜੋ ਪਖੰਡੀ ਸਾਧੂ ਆਪਣੇ ਸਿੱਖੀ ਸੇਵਕੀ ਰੂਪ ਬਹੁਤ ਅਖਾੜੇ ਰਚਦੇ ਹਨ। ਭੇਖ ਰੂਪੀ ਕਪੜੇ ਪਾਉਂਦੇ ਹਨ ਤੇ ਜਪ ਤਪ ਰੂਪੀ, ਵਾ:- ਜੜਾਵਾਂ ਰੂਪੀ ਸ਼ਿੰਗਾਰ ਕਰਦੇ ਹਨ। ਪੂਰੇ ਤਾਲ= ਮਹਾਂ ਵਾਕਾਂ ਰੂਪੀ ਤਾਲਾਂ ਨੂੰ ਪੂਰਦੇ ਹਨ ਨਿਹਾਲੇ ਸਾਸ= ਸਮਾਧੀ ਲਾ ਕੇ ਵਿਖਾਉਂਦੇ ਹਨ। ਉਹਨਾਂ ਪਖੰਡੀ ਗੁਰੂ ਚੇਲਿਆਂ ਦੇ ਗਲ ਵਿਚ ਭੀ ਜਮਾਂ ਦਾ ਫਾਹ ਪੈਂਦਾ ਹੈ।

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥

(ਵਾਰ ਮਲਾਰ, ਪੰਨਾ ੧੨੮੬

ਜਾ ਕੇ ਮਸਤਕਿ ਲਿਖਿਓ ਕਰਮਾ॥ ਸੋ ਭਜਿ ਪਰਿ ਹੈ ਗੁਰ ਕੀ ਸਰਨਾ॥

ਜਿਸ ਦੇ ਮੱਥੇ 'ਤੇ ਸ੍ਰੇਸ਼ਟ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਉਹ ਦੌੜ ਕੇ ਗੁਰਾਂ ਦੀ ਸ਼ਰਨ ਪੈਂਦਾ ਹੈ।

ਕਹਤ ਨਾਮਦੇਉ ਇਹੁ ਬੀਚਾਰੁ॥
ਇਨ ਬਿਧਿ ਸੰਤਹੁ ਉਤਰਹੁ ਪਾਰਿ॥ ੪॥ ੨॥ ੮॥

ਨਾਮਦੇਵ ਜੀ ਕਹਿੰਦੇ ਹਨ— ਇਹ ਵਿਚਾਰ ਧਾਰ ਕੇ, ਹੇ ਸੰਤੋ ! ਇਸ ਰੀਤੀ ਨਾਲ ਸੰਸਾਰ-ਸਮੁੰਦਰ ਤੋਂ ਪਾਰ ਉਤਾਰਨਾ ਕਰੋ॥ ੪॥ ੨॥ ੮॥

ਉਥਾਨਕਾ- ਕਿਸੇ ਪ੍ਰੇਮੀ ਨੇ ਪੁਛਿਆ ਕਿ ਪ੍ਰਹਿਲਾਦ ਭਗਤ ਦੀ ਰਖਿਆ ਭਗਵਾਨ ਨੇ ਕਿਵੇਂ ਕੀਤੀ ਹੈ? ਤਾਂ ਨਾਮਦੇਵ ਜੀ ਨੇ ਕਿਹਾ- 'ਜਿਸ ਵੇਲੇ ਪ੍ਰਹਿਲਾਦ ਭਗਤ ਨੂੰ ਰਾਜਨੀਤਕ ਵਿਦਿਆ ਪੜ੍ਹਾਉਣ ਵਾਸਤੇ ਪਿਤਾ ਜੀ ਨੇ ਸਕੂਲ ਬਿਠਾਇਆ। ਤਾਂ ਸੰਡਾ ਮਰਕਾ ਆਪਣੀ ਰਾਜਨੀਤਕ ਵਿਦਿਆ ਪੜ੍ਹਾਉਣ ਲੱਗ ਪਏ ਪਰ ਪ੍ਰਹਿਲਾਦ ਜੀ ਨਾ ਪੜ੍ਹੇ, ਕੈਂਸੀਆਂ ਲੈ ਕੇ ਰਾਮ ਨਾਮ ਜਪਣ ਲੱਗ ਪਏ।' ਉਸ ਵੇਲੇ-

ਸੰਡਾ ਮਰਕਾ ਜਾਇ ਪੁਕਾਰੇ॥ ਪੜੈ ਨਹੀ ਹਮ ਹੀ ਪਚਿ ਹਾਰੇ॥

(ਸ਼ੁੱਕਰ ਦੇ ਪੁੱਤਰ) ਸੰਡਾ ਮਰਕਾ ਦੋਨੋਂ ਭਰਾ ਰਾਜੇ ਹਰਨਾਖਸ਼ ਪਾਸ ਜਾ ਕੇ ਪੁਕਾਰੇ ਹਜ਼ੂਰ ! ਆਪ ਦਾ ਟਿੱਕਾ ਸਾਹਿਬ ਸਾਡਾ ਦੱਸਿਆ ਕੁਝ ਵੀ ਪੜ੍ਹਦਾ ਨਹੀਂ, ਅਸੀਂ ਬੱਥੇਰਾ ਕਹਿ ਕਹਿ ਕੇ ਖਪ ਕੇ ਹਾਰ ਗਏ ਹਾਂ।

ਸੰਡਾ ਮਰਕਾ ਸਭਿ ਜਾਇ ਪੁਕਾਰੇ॥
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ॥

(ਭੈਰਉ ਮਹਲਾ ੩, ਪੰਨਾ ੧੧੩੩)

ਰਾਮੁ ਕਹੈ, ਕਰ ਤਾਲ ਬਜਾਵੈ; ਚਟੀਆ ਸਭੈ ਬਿਗਾਰੇ॥ ੧॥

(ਮੂੰਹੋਂ) ਰਾਮ ਨਾਮ ਕਹਿੰਦਾ ਹੈ ਤੇ ਕਰ= ਹੱਥਾਂ ਨਾਲ ਛੈਣੇ ਵਜਾਉਂਦਾ ਹੈ ਅਤੇ ਸਕੂਲ ਦੇ ਸਾਰੇ ਚਟੀਆ= ਚਾਟੜੇ ਅਰਥਾਤ ਮੁੰਡੇ ਇਸ ਨੇ ਵਿਗਾੜ ਦਿੱਤੇ ਹਨ।

ਰਾਮ ਨਾਮਾ ਜਪਿਬੋ ਕਰੈ॥
ਹਿਰਦੈ ਹਰਿ ਜੀ ਕੋ ਸਿਮਰਨੁ ਧਰੈ॥ ੧॥ ਰਹਾਉ॥

ਆਪ ਜੀ ਦਾ ਸ਼ਹਿਜ਼ਾਦਾ ਰਾਮ ਨਾਮ ਜਪਣਾ ਕਰਦਾ ਹੈ ਤੇ ਹਿਰਦੇ ਵਿਚ ਭੀ ਹਰੀ ਦਾ ਸਿਮਰਨ ਧਾਰਦਾ ਹੈ॥ ੧॥ ਰਹਾਉ॥*

**ਸਾਰੇ ਮੁੰਡੇ ਇਸ ਦੇ ਆਖੇ ਲੱਗ ਕੇ ਰਾਮ ਦਾ ਨਾਮ ਜਪਣਾ ਕਰਦੇ ਹਨ, ਸਾਡੇ ਆਖੇ ਕੋਈ ਭੀ ਨਹੀਂ ਲਗਦਾ।*

ਇਤਨੀ ਗੱਲ ਆਖ ਕੇ ਸੰਡਾ ਮਰਕਾ ਤਾਂ ਚਲੇ ਗਏ ਪਿਛੋਂ ਰਾਜੇ ਨੇ ਆਪਣੀ ਪਟਰਾਣੀ ਨੂੰ ਬੁਲਾ ਕੇ ਕਿਹਾ ਕਿ ਤੂੰ ਆਪਣੇ ਪੁੱਤਰ ਨੂੰ ਸਮਝਾ ਲੈ, ਨਹੀਂ ਤਾਂ ਮੈਂ ਇਸ ਨੂੰ ਮਾਰ ਦਿਆਂਗਾ।

ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ॥

(ਉਸ ਵੇਲੇ ਰਾਜੇ ਹਰਨਾਖਸ਼ ਦੀ) ਪਟਰਾਣੀ ਹੱਥ ਜੋੜ ਕੇ (ਪ੍ਰਹਿਲਾਦ ਅੱਗੇ) ਬੇਨਤੀ ਕਰਦੀ ਹੈ, ਕਿ ਦੇਖ ਪੁੱਤਰ ! ਤੇਰੇ ਪਿਤਾ ਰਾਜੇ ਨੇ ਸਾਰੀ ਪ੍ਰਿਥਵੀ ਵਸੀਕਾਰ ਕੀਤੀ ਹੋਈ ਹੈ (ਚੱਕ੍ਰਵਰਤੀ ਬਾਦਸ਼ਾਹ ਕਹਾਉਂਦਾ ਹੈ, ਜਿਸ ਨੂੰ ਚਾਹੇ ਮਾਰ ਦੇਵੇ ਜਿਸ ਨੂੰ ਚਾਹੇ ਰੱਖ ਲਵੇ। ਇਸ ਕਰ ਕੇ ਤੈਨੂੰ ਪਿਤਾ ਦੀ ਆਗਿਆ ਵਿਚ ਰਹਿਣਾ ਚਾਹੀਦਾ ਹੈ)।

ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ॥ ੨॥

(ਪਰ) ਪੁੱਤਰ ਪ੍ਰਹਿਲਾਦ ਮਾਂ ਦਾ ਕਿਹਾ ਨਹੀਂ ਮੰਨਦਾ, ਕਿਉਂਕਿ ਉਸ ਪ੍ਰਹਿਲਾਦ ਨੇ ਤਾਂ ਆਪਣੇ ਦਿਲ ਵਿਚ ਹੋਰ ਹੀ ਗੱਲ ਠਹਿਰਾਈ ਹੋਈ ਹੈ (ਕਿ ਮੇਰਾ ਰਾਖਾ ਭਗਵਾਨ ਹੈ, ਮੇਰਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ) ॥ ੨॥

ਦੂਜਾ ਅਰਥ- ਅੱਗੋਂ ਮਾਂ ਕਹਿੰਦੀ ਹੈ- 'ਹੇ ਪੁੱਤਰ ਪ੍ਰਹਿਲਾਦ ! ਤੂੰ ਸਾਡਾ ਬਚਨ ਨਹੀਂ ਮੰਨਦਾ ਪਰ ਯਾਦ ਰੱਖ! ਉਸ (ਤੇਰੇ ਪਿਤਾ) ਨੇ ਤਾਂ ਹੋਰ ਹੀ ਗੱਲ ਠਹਿਰਾਈ ਹੋਈ ਹੈ, ਭਾਵ ਤੇਰੇ ਮਾਰਨ ਦੀ।

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥ ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ॥
ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ॥ ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥ ੨॥

(ਭੈਰਉ ਮ: ੩, ਪੰਨਾ ੧੧੩੩)

ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ॥

ਦੁਸਟ ਸਭਾ= ਭੈੜੀ ਸਭਾ ਦੇ ਵਜ਼ੀਰਾਂ ਨਾਲ ਮਿਲ ਕੇ ਰਾਜੇ ਨੇ ਇਹ ਮੰਤਰ= ਮਸ਼ਵਰਾ (ਮਤਾ) ਉਪਾਇਆ= ਕੀਤਾ ਹੈ ਕਿ ਜੇ ਪ੍ਰਹਿਲਾਦ ਰਾਮ ਨਾਮ ਜਪਣਾ ਛੱਡ ਦੇਵੇ ਤਾਂ ਚੰਗਾ ਹੈ, ਨਹੀਂ ਤਾਂ ਮੈਂ ਇਸ ਦੀ ਘਨੇਰੀ= ਵੱਡੀ ਉਮਰ ਕਰਾਂਗਾ, ਭਾਵ ਮਾਰ ਦਿਆਂਗਾ।

ਲੇਕਿਨ ਪ੍ਰਹਿਲਾਦ ਨੇ ਇਕ ਨਾ ਮੰਨੀ, ਉਸ ਵੇਲੇ ਹਰਨਾਖਸ਼ ਲੇ ਹੁਕਮ ਦੇ ਕੇ ਪਹਾੜ ਤੋਂ ਥੱਲੇ ਗਿਰਾਇਆ, ਜਲ ਵਿਚ ਡੁਬਾਇਆ, ਅੱਗ ਵਿਚ ਬਿਠਾਇਆ ਕਿ ਸੜ ਜਾਵੇ। ਪਰ-

ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ॥ ੩॥

ਰਾਜਾ ਰਾਮ= ਪਰਮਾਤਮਾ ਨੇ ਆਪਣੀ ਮਾਇਆ ਫੇਰ ਕੇ ਗਿਰਿ= ਪਹਾੜ ਤੋਂ ਤਰ= ਥੱਲੇ ਡਿੱਗਣ ਵੇਲੇ, ਜਲ= ਪਾਣੀ ਵਿਚ ਡੁੱਬਣ, ਵੇਲੇ, ਜੁਆਲਾ= ਅੱਗ ਵਿਚ ਸੜਨ* ਦੇ ਭੈ ਤੋਂ ਰੱਖ ਲੈਣਾ ਕੀਤਾ॥ ੩॥

ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ, ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥

(ਧਨਾਸਰੀ ਮਹਲਾ ੫, ਪੰਨਾ ੬੭੯)

**ਹੋਲਿਕਾ ਨਾਮ ਕਰ ਕੇ ਹਰਨਾਖਸ਼ ਦੀ ਇਕ ਭੈਣ ਸੀ। ਸੂਰਜ ਦੀ ਉਪਾਸ਼ਨਾ ਕਰ ਕੇ ਇਸ ਨੂੰ ਇਕ ਚਾਦਰ ਮਿਲੀ ਹੋਈ ਸੀ, ਜਿਸ ਨੂੰ ਆਪਣੇ ਉੱਪਰ ਲਪੇਟ ਕੇ ਅੱਗ ਵਿਚ ਬੈਠ ਜਾਵੇ ਤਾਂ ਇਹ ਸੜਦੀ ਨਹੀਂ ਸੀ। ਆਪਣੇ ਭਰਾ ਨੂੰ ਦੱਸ ਕੇ ਹੋਲਿਕਾ ਆਪਣੇ ਉੱਤੇ ਚਾਦਰ ਲਪੇਟ ਕੇ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਜਿਸ ਵੇਲੇ ਅੱਗ ਵਿਚ ਪ੍ਰਵੇਸ਼ ਕਰਨ ਲੱਗੀ ਤਾਂ ਐਸੀ ਹਵਾ ਚਲੀ ਜੋ ਹੋਲਿਕਾਂ ਉੱਪਰੋਂ ਚਾਦਰ ਉਤਰ ਕੇ ਪ੍ਰਹਿਲਾਦ ਉਪਰ ਆ ਗਈ । ਪ੍ਰਹਿਲਾਦ ਰਾਮ ਰਾਮ ਜਪਦਾ ਜਿਉਂ ਕਾ ਤਿਉਂ ਬਾਹਰ ਆ ਗਿਆ ਹੋਲਿਕਾਂ ਆਪ ਸੜ ਗਈ। ਇਸ ਤਰੀਕੇ ਨਾਲ ਰਾਜਾ ਰਾਮ ਨੇ ਆਪਣੀ ਮਾਇਆ ਫੇਰੀ।*

ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ॥

(ਉਸ ਵੇਲੇ) ਹਰਨਾਖਸ਼ ਮਿਆਨ ਵਿਚੋਂ ਖੰਡਾ ਕੱਢ ਕੇ ਭੈ ਦੇਣ ਲਈ ਕਾਲ ਵਾਂਗ ਕ੍ਰੋਧ ਸਹਿਤ ਹੋ ਕੇ ਕਹਿਣ ਲਗਾ- ਮੈਨੂੰ ਦੱਸ, ਜੋ ਤੇਰੀ ਰਖਿਆ ਕਰਨ ਵਾਲਾ ਕੌਣ ਹੈ?

ਹਾਥਿ ਖੜਗੁ ਕਰਿ, ਧਾਇਆ ਅਤਿ ਅਹੰਕਾਰਿ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ॥

(ਭੈਰਉ ਮ: ੩, ਪੰਨਾ ੧੧੩੩)

ਉਸ ਵੇਲੇ ਪ੍ਰਹਿਲਾਦ ਨੇ-

ਪੀਤ ਪੀਤਾਂਬਰ ਤ੍ਰਿਭਵਣ ਧਣੀ; ਥੰਭ ਮਾਹਿ ਹਰਿ, ਭਾਖੈ॥ ੪॥

ਪੀਲੇ ਬਸਤ੍ਰਾਂ ਦੇ ਪਹਿਰਣ ਵਿਚ ਜਿਸ ਦੀ ਪ੍ਰੀਤੀ ਹੈ ਤੇ ਤਿੰਨਾਂ ਲੋਕਾਂ ਦਾ ਧਣੀ= ਮਾਲਕ ਹੈ, ਉਹ ਹਰੀ ਥੰਮੇ ਵਿਚ ਵੀ ਹੈ ਇਉਂ ਕਿਹਾ॥ ੪॥

ਇਹ ਗੱਲ ਸੁਣ ਕੇ ਗੁੱਸੇ ਵਿਚ ਆ ਕੇ ਹਰਨਾਖਸ਼ ਨੇ ਖੰਡੇ ਦੀ ਮੁੱਠ ਜ਼ੋਰ ਨਾਲ ਥੰਮ੍ਹ ਨੂੰ ਮਾਰ ਕੇ ਕਿਹਾ— 'ਇਸ ਵਿਚ ਭਗਵਾਨ ਕਿਥੇ ਹੈ?' ਉਸ ਵੇਲੇ ਐਨੀ ਗ਼ਰਜ਼ਵੀਂ ਅਵਾਜ਼ ਹੋਈ ਜਿਸ ਨੂੰ ਸੁਣ ਕੇ ਵੱਡੇ-ਵੱਡੇ ਤਪੀਸ਼ਰਾਂ ਦੀਆਂ ਸਮਾਧੀਆਂ ਖੁਲ੍ਹ ਗਈਆਂ ਤੇ ਗਰਭ ਵਾਲੀਆਂ ਔਰਤਾਂ ਦੇ ਗਰਭ ਛਣ ਗਏ । ਤਾਂ ਫਿਰ ਭਗਵਾਨ ਜੀ ਨੇ ਨਰਸਿੰਘ ਅਵਤਾਰ ਵਿਚ ਪ੍ਰਗਟ ਹੋ ਕੇ ਉਸ ਨੂੰ ਨਹੁੰਆਂ ਨਾਲ ਚੀਰ ਦਿੱਤਾ। ਉਹ ਗੱਲ ਨਾਮਦੇਵ ਜੀ ਕਹਿੰਦੇ ਹਨ-

ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ॥

ਜਿਸ ਭਗਵਾਨ ਨੇ ਨਰਸਿੰਘ ਅਵਤਾਰ ਧਾਰ ਕੇ ਜ਼ਾਲਮ ਹਰਨਾਖਸ਼ ਨੂੰ ਨਹੁੰਆਂ ਨਾਲ ਨਾਸ਼ ਕੀਤਾ ਅਤੇ ਦੇਵਤਿਆਂ ਤੇ ਮਨੁੱਖਾਂ ਨੂੰ ਸਨਾਥਾ= ਵਡਿਆਇਆ, ਵਾ:- ਸੁਤੰਤਰ ਕੀਤਾ ਹੈਂ।

ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ਹ ਉਪਾੜਿ॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥ ੪॥

(ਭੈਰਉ ਮਹਲਾ ੩; ਪੰਨਾ ੧੧੩੩)

ਕਹਿ ਨਾਮਦੇਉ ਹਮ ਨਰਹਰਿ ਧਿਆਵਹ
ਰਾਮੁ ਅਭੈ ਪਦ ਦਾਤਾ॥ ੫॥ ੩॥ ੯॥

ਨਾਮਦੇਵ ਜੀ ਕਹਿੰਦੇ ਹਨ— ਅਸੀਂ ਤਾਂ ਉਸ ਨਰਹਰਿ= ਪਰਮਾਤਮਾ ਨੂੰ ਧਿਆਉਂਦੇ ਹਾਂ, ਉਹ ਰਾਮ ਹੀ ਅਭੈ ਪਦਵੀ ਦੇ ਦੇਣ ਵਾਲਾ ਹੈ॥ ੫॥ ੩॥ ੯॥

ਉਥਾਨਕਾ- ਪ੍ਰੇਮੀਆਂ ਨੇ ਨਾਮਦੇਵ ਜੀ ਪਾਸੋਂ ਪੁਛਿਆ ਕਿ ਅਸਾਂ ਨੇ ਸੁਣਿਆਂ ਹੈ ਆਪ ਜੀ ਨੂੰ ਸਲੇਮ ਬਾਦਸ਼ਾਹ ਨੇ ਬੰਨ੍ਹ ਲਿਆ ਸੀ, ਉਹ ਕੀ ਕਾਰਨ ਸੀ? ਅਤੇ ਆਪ ਜੀ ਨੂੰ ਕਿਸ ਤਰ੍ਹਾਂ ਛਡਿਆ? ਇਹ ਗੱਲ ਸੁਣ ਕੇ ਨਾਮਦੇਵ ਜੀ ਨੇ ਆਪਣਾ ਹੱਡ ਬੀਤਿਆ ਸਾਰਾ ਹਾਲ ਇਸ ਸ਼ਬਦ ਦੁਆਰਾ ਸੁਣਾਇਆ :

"ਇਕ ਦਿਨ ਮੈਂ ਸੈਰ ਕਰਨ ਜਾ ਰਿਹਾ ਸੀ, ਰਾਹ ਵਿਚ 'ਜਦੂ' ਨਾਮੇ ਬ੍ਰਾਹਮਣ ਦਾ ਨੜੋਆ ਆ ਰਿਹਾ ਮਿਲਿਆ, ਨਾਲ ਹੀ ਉਸ ਦੀ ਘਰਵਾਲੀ ਸਤੀ ਹੋਣ ਵਾਸਤੇ ਚਲੀ ਆਉਂਦੀ ਸੀ। ਉਸ ਨੇ ਵੇਖ ਕੇ ਨਮਸਕਾਰ

ਕੀਤੀ ਤਾਂ ਮੇਰੇ ਮੂੰਹੋਂ ਨਿਕਲ ਗਿਆ,'ਜਾਹ ਸੁਹਾਗਵੰਤੀ ਹੋ!' ਉਸ ਨੇ ਕਿਹਾ—"ਸੁਆਮੀ ਜੀ ! ਮੇਰਾ ਪਤੀ ਤਾਂ ਮਰ ਗਿਆ ਹੈ, ਮੈਂ ਹੁਣ ਸਤੀ ਹੋਣ ਵਾਸਤੇ ਨਾਲ ਜਾ ਰਹੀ ਹਾਂ ਤੇ ਆਪ ਕਹਿੰਦੇ ਹੋ ਸੁਹਾਗਵੰਤੀ ਹੋ ਇਹ ਬਚਨ ਆਪ ਵਰਗੇ ਮਹਾਤਮਾ ਦੇ ਮੂੰਹੋਂ ਨਿਕਲਿਆ ਹੋਇਆ ਝੂਠਾ ਨਹੀਂ ਹੋਣਾ ਚਾਹੀਦਾ, ਚੰਦ ਸੂਰਜ ਭਾਵੇਂ ਉਲਟੇ ਹੋ ਜਾਣ ਪਰ ਸੰਤਾਂ ਦਾ ਬਚਨ ਅਟੱਲ ਹੁੰਦਾ ਹੈ।"*

ਉਸ ਵੇਲੇ ਮੈਂ ਜਲ ਦੀ ਗੜਵੀ ਲੈ ਕੇ ਰਾਮ ਰਾਮ ਉਚਾਰਨ ਕਰ ਕੇ ਜਲ ਦਾ ਛਿੱਟਾ ਮਾਰਿਆ ਤਾਂ ਉਹ ('ਜਦੂ' ਨਾਮੇ) ਬ੍ਰਾਹਮਣ ਉੱਠ ਕੇ ਬੈਠ ਗਿਆ। ਇਸ ਅਸਚਰਜ ਕੌਤਕ ਨੂੰ ਵੇਖ ਕੇ ਮੇਰਾ ਬੜਾ ਪ੍ਰਤਾਪ ਹੋ ਗਿਆ ਅਤੇ ਉਹ ਇਸਤ੍ਰੀ ਭਰਤਾ ਦੋਨੋਂ ਜੀਵ ਭਗਤੀ ਕਰਨ ਵਿਚ ਮਸਤ ਹੋ ਗਏ। ਚਲਦੀ-ਚਲਦੀ ਇਹ ਖ਼ਬਰ ਬਾਦਸ਼ਾਹ ਪਾਸ ਪਹੁੰਚ ਗਈ। ਬਾਦਸ਼ਾਹ ਪਾਸ ਇਕ ਗਊ ਬੜੀ ਪਿਆਰੀ ਸੀ, ਅਚਾਨਕ ਉਹ ਗਊ ਮਰ ਗਈ। ਉਸ ਦੇ ਜ਼ਿੰਦਾ ਕਰਨ ਵਾਸਤੇ ਮੈਨੂੰ ਬੁਲਵਾ ਭੇਜਿਆ। ਜਿਸ ਵੇਲੇ ਮੈਂ ਕਚਹਿਰੀ ਵਿੱਚ ਪਹੁੰਚਿਆ ਤਾਂ ਬਾਦਸ਼ਾਹ ਨੇ ਕਿਹਾ—'ਇਸ ਮੇਰੀ ਗਾਂ ਨੂੰ ਜਿਉਂਦੀ ਕਰ ਦੇ!'

ਉਸ ਵੇਲੇ ਮੈਂ ਕਿਹਾ-

ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥ (ਪੰਨਾ ੧੧੬੫)

ਮੇਰਾ ਕੀਤਾ ਕੁਝ ਨਹੀਂ ਹੁੰਦਾ ਜੋ ਰਾਮ ਕਰਦਾ ਹੈ ਓਹੀ ਗੱਲ ਹੁੰਦੀ ਹੈ। ਇਸ ਗੱਲ ਸੁਣ ਕੇ ਬਾਦਸ਼ਾਹ ਨੇ ਕਿਹਾ—"ਜਦੂ ਬ੍ਰਾਹਮਣ ਦੇ ਜਿਵਾਉਣ ਵੇਲੇ ਤੇਰੇ ਵਿਚ ਤਾਕਤ ਸੀ ਤੇ ਹੁਣ ਆਖਦਾ ਹੈਂ ਜੋ ਰਾਮ ਕਰਦਾ ਹੈ ਓਹੋ ਗੱਲ ਹੁੰਦੀ ਹੈ।" ਬਾਦਸ਼ਾਹ ਕ੍ਰੋਧ ਵਿਚ ਆ ਕੇ ਕਹਿੰਦਾ ਹੈ-

ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥ ੧॥

ਬਾਦਸ਼ਾਹ ਪੁਛਦਾ ਹੈ- ਹੇ ਨਾਮਦੇਵ ! ਸੁਣਨਾ ਕਰ, ਜਿਸ ਦਾ ਤੂੰ ਭਗਤ ਕਹਾਉਂਦਾ ਹੈਂ, ਉਸ ਤੇਰੇ ਰਾਮ ਦੇ ਕੰਮ ਨੂੰ ਮੈਂ ਦੇਖਣਾ ਚਾਹੁੰਦਾ ਹਾਂ। ਏਨੀ ਗੱਲ ਕਹਿ ਕੇ—

ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥ ੧॥ ਰਹਾਉ॥

ਮੈਂ ਨਾਮਦੇਵ ਨੂੰ ਬਾਦਸ਼ਾਹ ਨੇ ਬੰਨ੍ਹ ਲਿਆ ਤੇ ਇਸ ਤਰ੍ਹਾਂ ਕਿਹਾ ਕਿ ਮੈਂ ਦੇਖਾਂਗਾ ਤੇਰਾ ਪਿਆਰਾ ਪਰਮਾਤਮਾ ਤੈਨੂੰ ਕਿਵੇਂ ਛੁਡਾਵੇਗਾ? ॥ ੧ ॥

---

*ਗੁਰਬਾਣੀ ਦਾ ਫ਼ੁਰਮਾਨ ਹੈ:-

ਨਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥ ੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥ ੨॥

(ਸਾਰਗ ਮਹਲਾ ੫, ੧੨੦੪)

ਹਰਿਦਯਾਲ ਕਵੀ ਜੀ ਲਿਖਦੇ ਹਨ-

ਜਬ ਭਾਨੁ ਉਦੈ ਦਿਸ ਪਸਚਮ ਹ੍ਵੈ, ਪੁਨ ਮੇਰੁ ਚਲੈ ਅਤਿਸੈ ਜਬ ਹੀ।
ਗਿਰ ਸ੍ਰਿੰਗ ਸਿਲਾ ਜਬ ਹ੍ਵੈ ਪਦਮਾ, ਅਗਨੀ ਅਤਿ ਸੀਤਲ ਹ੍ਵੈ ਕਬ ਹੀ।
ਸਭ ਕੌ ਅਤਿ ਸਾਜਨ ਸੰਤ ਜਨਾ, ਵਹ ਝੂਠ ਗਿਰਾ ਨ ਕਹੈ ਕਬ ਹੀ॥ ੭॥

(ਸਾਰੁਕਤਾਵਲੀ, ਧਿਆਇ ੭)

ਬਿਸਮਿਲਿ ਗਊ ਦੇਹੁ ਜੀਵਾਇ ॥ ਨਾ ਤਰੁ ਗਰਦਨਿ ਮਾਰਉ ਠਾਂਇ ॥ ੨ ॥

ਮੇਰੀ ਬਿਸਮਿਲਿ= ਮੋਈ ਹੋਈ ਗਊ ਨੂੰ ਜੀਵਾਇ= ਜਿਉਂਦੀ ਕਰ ਦੇ, ਨਹੀਂ ਤਾਂ ਮੈਂ ਤੈਨੂੰ ਗਰਦਨ ਤੋਂ ਫੜ ਕੇ ਏਥੇ ਹੀ ਮਾਰ ਦਿਆਂਗਾ ॥ ੨ ॥ *ਉੱਤਰ-*

ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥

ਹੇ ਬਾਦਸ਼ਾਹ ! ਇਸ ਤਰ੍ਹਾਂ ਦੀ ਗੱਲ ਮੇਰੇ ਪਾਸੋਂ ਭਲਾ ਕਿਵੇਂ ਹੋ ਸਕਦੀ ਹੈ? ਕਿਉਂਕਿ ਜਿਸ ਨੂੰ ਪਰਮਾਤਮਾ ਨੇ ਬਿਸਮਿਲਿ ਕੀਆ= ਮਾਰਨਾ ਕੀਤਾ ਹੈ, ਉਸ ਨੂੰ ਕੋਈ ਜਿਉਂਦਾ ਨਹੀਂ (ਕਰ ਸਕਦਾ) ॥ ੩ ॥

ਮੇਰਾ ਕੀਆ ਕਛੂ ਨ ਹੋਇ ॥ ਕਰਿਹੈ ਰਾਮੁ ਹੋਇ ਹੈ ਸੋਇ ॥ ੪ ॥

ਮੇਰਾ ਕੀਤਾ ਕੁਝ ਨਹੀਂ ਹੁੰਦਾ, ਜੋ ਪਰਮਾਤਮਾ ਕਰਦਾ ਹੈ, ਓਹੋ ਗੱਲ ਹੁੰਦੀ ਹੈ ॥ ੪ ॥

ਓ) ਬਿਨੁ ਭਗਵੰਤ ਨਾਹੀ ਅਨੁ ਕੋਇ ॥ ਮਾਰੈ ਰਾਖੈ ਏਕੋ ਸੋਇ ॥ *(ਪੰਨਾ ੧੯੨)*

ਅ) ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ *(ਪੰਨਾ ੨੮੧)*

ਏ) ਕਹੁ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ ਸੋਈ ਕਰਾਵੈ ॥ *(ਪੰਨਾ ੨੭੭)*

ਸ) ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥
ਹਮ ਬਾਰਿਕ ਤਉ ਸਰਣਾਈ ॥ ਪ੍ਰਭਿ ਆਪੇ ਪੈਜ ਰਖਾਈ ॥ ੧ ॥ *(ਪੰਨਾ ੬੨੬)*

ਹ) ਸੋਈ ਕਰੇ ਜਿ ਹਰਿ ਜੀਉ ਭਾਵੈ ॥ *(ਪੰਨਾ ੧੧੭੩)*

ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥ ੫ ॥

(ਇਤਨੀ ਗੱਲ ਸੁਣਦਿਆਂ ਹੀ) ਬਾਦਸ਼ਾਹ ਨੂੰ ਹੰਕਾਰ ਚੜ੍ਹ ਗਿਆ ਤੇ ਗਜ ਹਸਤੀ= ਖ਼ੂਨੀ ਹਾਥੀ ਚਮਕਾ ਦਿੱਤਾ। *ਵਾ:-* ਗੱਜ ਕਰ ਕੇ, *ਅਥਵਾ:-* ਗੱਜ-ਵੱਜ ਕੇ ਅਰਥਾਤ ਪ੍ਰਗਟ ਹੀ ਸਾਰਿਆਂ ਦੇ ਵੇਖਦਿਆਂ-ਵੇਖਦਿਆਂ ਸ਼ਰਾਬ ਪਿਲਾ ਕੇ ਹਾਥੀ ਨੂੰ ਮਛਰਾਅ ਦਿੱਤਾ ॥ ੫ ॥

ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ, ਕੀ ਨ ਭਜਹਿ ਖੁਦਾਇ ॥ ੬ ॥

ਨਾਮਦੇਵ ਜੀ ਕਹਿੰਦੇ ਹਨ- ਮੇਰੀ ਅਜਿਹੀ ਹਾਲਤ ਵੇਖ ਕੇ ਮੈਂ ਨਾਮਦੇਵ ਦੀ ਮਾਂ ਰੁਦਨੁ= ਰੋਣ ਲੱਗ ਪਈ ਤੇ ਮੈਨੂੰ ਸਮਝਾਉਣ ਲੱਗੀ— ਹੇ ਪੁੱਤਰ ! ਰਾਮ ਨਾਮ ਨੂੰ ਛੱਡ ਕੇ ਤੂੰ ਖੁਦਾ-ਖੁਦਾ ਨੂੰ ਕਿਉਂ ਨਹੀਂ ਭਜਦਾ? ਭਾਵ ਖੁਦਾ-ਖੁਦਾ ਕਹਿ ਕੇ ਮੁਸਲਮਾਨ ਹੋ ਜਾ ॥ ੬ ॥

ਕਿਉਂਕਿ ਬਾਦਸ਼ਾਹ ਨੇ ਤਿੰਨ ਗੱਲਾਂ ਕਹੀਆਂ ਹਨ-

੧- ਮੇਰੀ ਗਊ ਜਿਉਂਦੀ ਕਰ ਦੇ। ੨- ਮੁਸਲਮਾਨ ਹੋ। ੩- ਜਾਂ ਫਿਰ ਮੌਤ ਕਬੂਲ ਕਰ।

ਨਾਮਦੇਵ ਜੀ ਆਪਣੀ ਮਾਂ ਨੂੰ ਆਖਦੇ ਹਨ-

ਨ ਹਉ ਤੇਰਾ ਪੂਗੜਾ ਨ ਤੂ ਮੇਰੀ ਮਾਇ ॥
ਪਿੰਡੁ ਪੜੈ ਤਉ ਹਰਿ ਗੁਨ ਗਾਇ ॥ ੭ ॥

ਨਾ ਮੈਂ ਤੇਰਾ ਪੂਗੜਾ= ਪੁੱਤਰ ਹਾਂ, ਧਰਮ ਤੋਂ ਬੇਮੁਖ ਕਰਨ ਕਰ ਕੇ, ਨਾ ਤੂੰ ਮੇਰੀ ਮਾਂ ਹੈਂ। ਜੇਕਰ ਪਿੰਡੁ= ਮੇਰਾ ਸਰੀਰ ਨਾਸ ਵੀ ਹੋ ਜਾਏਗਾ ਤਾਂ ਵੀ ਮੈਂ ਆਪਣੇ ਧਰਮ ਵਿਚ ਰਹਿ ਕੇ ਹਰੀ ਦੇ ਗੁਣ ਹੀ ਗਾਵਾਂਗਾ ॥ ੭ ॥

ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥ ੮ ॥

ਹਾਥੀ ਸੁੰਡ ਨਾਲ ਸੱਟਾਂ ਮਾਰਦਾ ਹੈ, ਪਰ ਮੈਂ ਨਾਮਦੇਵ ਹਰੀ ਦੀ ਓਟ ਕਰ ਕੇ ਬਚ ਗਿਆ ਹਾਂ ॥ ੮ ॥

ਉਸ ਵੇਲੇ ਬਾਦਸ਼ਾਹ ਕਹਿਣ ਲੱਗਾ-

ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ ਮੇਰਾ ਮਲਿਆ ਮਾਨੁ ॥ ੯ ॥

ਕਾਜ਼ੀ, ਮੁੱਲਾਂ (ਹਰ ਵੇਲੇ ਆ ਕੇ ਮੈਨੂੰ) ਸਲਾਮਾਂ ਕਰਦੇ ਹਨ ਪਰ ਇਸ ਹਿੰਦੜੇ ਨੇ ਮੇਰਾ ਮਾਨ ਮਲ ਸੁਟਿਆ ਹੈ, ਭਾਵ ਮੇਰੀ ਇੱਜ਼ਤ ਗਵਾ ਦਿੱਤੀ ਹੈ ॥ ੯ ॥

ਇਤਨੀ ਗੱਲ ਸੁਣ ਕੇ ਸ਼ਰਧਾਲੂ ਲੋਕਾਂ ਨੇ ਕਿਹਾ-

ਬਾਦਿਸਾਹ ਬੇਨਤੀ ਸੁਨੇਹੁ ॥ ਨਾਮੇ ਸਰ ਭਰਿ ਸੋਨਾ ਲੇਹੁ ॥ ੧੦ ॥

ਬਾਦਸ਼ਾਹ ਸਲਾਮਤ ! ਸਾਡੀ ਬੇਨਤੀ ਸੁਣਨਾ ਕਰੋ। ਨਾਮਦੇਵ ਦੇ ਬਰਾਬਰ (ਤੱਕੜ) ਭਰ ਕੇ ਸੋਨਾ ਲੈ ਲਵੋ ਤੇ ਇਸ ਨੂੰ ਛੱਡ ਦਿਓ ॥ ੧੦ ॥

ਇਹ ਗੱਲ ਸੁਣ ਕੇ ਬਾਦਸ਼ਾਹ ਨੇ ਕਿਹਾ—

[ਪੰਨਾ ੧੧੬੬]

ਮਾਲੁ ਲੈਉ ਤਉ ਦੋਜਕਿ ਪਰਉ ॥
ਦੀਨੁ ਛੋਡਿ ਦੁਨੀਆ ਕਉ ਭਰਉ ॥ ੧੧ ॥

ਮਾਲ ਲਵਾਂ ਤਾਂ ਨਰਕਾਂ ਵਿਚ ਪਵਾਂਗਾ*। ਆਪਣੇ ਦੀਨੁ= ਧਰਮ ਨੂੰ ਛੱਡ ਕੇ ਜੇ ਮੈਂ ਦੁਨੀਆ= ਮਾਇਆ ਨੂੰ ਆਪਣੇ ਖਜ਼ਾਨੇ ਵਿਚ ਭਰਾਂ, ਮੈਨੂੰ ਕੀ ਲੋੜ ਹੈ ॥ ੧੧ ॥

ਪਾਵਹੁ ਬੇੜੀ ਹਾਥਹੁ ਤਾਲ ॥ ਨਾਮਾ ਗਾਵੈ ਗੁਨ ਗੋਪਾਲ ॥ ੧੨ ॥

(ਬਾਦਸ਼ਾਹ ਦੇ ਹੁਕਮ ਨਾਲ) ਪੈਰਾਂ ਵਿਚ ਲੋਹੇ ਦੀਆਂ ਬੇੜੀਆਂ ਪਈਆਂ ਹੋਈਆਂ ਹਨ, ਪਰ ਹੱਥਾਂ ਵਿਚ ਕੈਂਸੀਆਂ ਲੈ ਕੇ ਨਾਮਦੇਵ ਗੋਪਾਲ ਦੇ ਗੁਣਾਂ ਨੂੰ ਗਾਉਂਦਾ ਹੈ ॥ ੧੨ ॥

ਬਾਦਸ਼ਾਹ ਨੇ ਮੁੜ ਕਿਹਾ- ਮੇਰਾ ਬਚਨ ਮੰਨ ਕੇ ਤੂੰ ਮੁਸਲਮਾਨ ਬਣ ਜਾ!

ਇਹ ਗੱਲ ਸੁਣ ਕੇ ਨਾਮਦੇਵ ਨੇ ਕਿਹਾ-

ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ ॥ ੧੩ ॥

ਗੰਗਾ ਜਮਨਾ (ਆਦਿ ਨਦੀਆਂ ਉਲਟ ਚਲਦੀਆਂ ਤਾਂ ਨਹੀਂ ਪਰ) ਜੇ ਉਲਟ ਚੱਲ ਪੈਣ ਤਾਂ ਬੇਸ਼ੱਕ ਚੱਲ ਜਾਣ ਪਰ ਤਾਂ ਭੀ ਨਾਮਦੇਵ ਤੁਹਾਡੇ ਦੀਨ ਨੂੰ ਕਬੂਲੇਗਾ ਨਹੀਂ, ਨਾਮਦੇਵ ਤਾਂ ਹਰਿ ਹਰਿ ਹੀ ਕਰਦਾ ਰਹੇਗਾ ॥ ੧੩ ॥

ਉਸ ਵੇਲੇ ਬਾਦਸ਼ਾਹ ਨੇ ਇਕ ਪਹਿਰ ਤੱਕ ਗਾਂ ਜਿਉਂਦੀ ਕਰਨ ਦਾ ਹੁਕਮ ਕੀਤਾ ਤੇ ਨਾਲ ਹੀ ਇਹ

*ਇਹ ਲਿਖਿਆ ਹੈ ਜੇ ਕੋਈ ਮੁਸਲਮਾਨ ਕਿਸੇ ਹਿੰਦੂ ਨੂੰ ਫੜ ਕੇ ਆਪਣੇ ਮਜ਼ਹਬ ਵਿਚ ਲਿਆਉਂਦਾ ਹੋਇਆ ਧਨ ਲੈ ਕੇ ਫਿਰ ਉਸ ਨੂੰ ਛੱਡ ਦੇਵੇ ਤਾਂ ਉਹ ਮੁਸਲਮਾਨ ਦੋਜਕਾਂ ਵਿਚ ਜਾਂਦਾ ਹੈ।

ਕਹਿ ਦਿੱਤਾ ਕਿ ਜੇਕਰ ਗਾਂ ਜਿਉਂਦੀ ਨਾ ਹੋਈ ਤਾਂ ਮਰਨ ਵਾਸਤੇ ਤਿਆਰ ਰਹੀ! ਉਹ ਗੱਲ ਦੱਸਦੇ ਹਨ-

ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਣ ਧਣੀ ॥ ੧੪ ॥

ਜਿਸ ਵੇਲੇ ਸੱਤ ਘੜੀਆਂ ਸੁਣੀਆਂ ਤਾਂ ਮੇਰੇ ਮਨ ਵਿਚ ਬੜੀ ਚਿੰਤਾ ਹੋਈ ਕਿ ਮੇਰੀ ਰੱਖਿਆ ਵਾਸਤੇ ਤਿੰਨਾਂ ਭਵਣਾਂ ਦਾ ਮਾਲਕ ਅਜੇ ਤੱਕ ਵੀ ਨਹੀਂ ਆਇਆ। ਇਹ ਸੋਚਾਂ ਕਰ ਹੀ ਰਿਹਾ ਸਾਂ ਜੋ ਇਤਨੇ ਨੂੰ-

ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹੇ ਗੋਬਿੰਦ ਆਇਲਾ ॥ ੧੫ ॥

ਪਾਖੰਤਣ= ਪਹਿਰ ਦਾ ਵਾਜਾ ਭਾਵ ਘੰਟਾ ਵੱਜ ਪਿਆ, ਵਾ:- ਗਰੁੜ ਦੇ ਪਾਖੰਤਣ= ਖੰਭਾਂ ਦਾ ਵਾਜਾ ਵਜਾਉਂਦੇ ਹੋਏ ਗਰੁੜ ਉੱਤੇ ਚੜ੍ਹ ਕੇ ਗੋਬਿੰਦ= ਪਰਮਾਤਮਾ ਆਇਲਾ= ਆ ਗਿਆ ॥ ੧੫ ॥

ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜੇ ਆਏ ਗੋਪਾਲ ॥ ੧੬ ॥

ਮੈਂ ਜੋ ਉਸ ਦਾ ਆਪਣਾ ਭਗਤ ਸੀ ਮੇਰੇ ਉੱਤੇ ਬੜੀ ਕਿਰਪਾ ਕਰ ਕੇ ਮੇਰੀ ਪ੍ਰਤਿਪਾਲ= ਰਖਿਆ ਕੀ= ਕੀਤੀ। (ਪਹਿਰ ਦਾ ਸਮਾਂ ਪੂਰਾ ਹੋਣ ਤੇ ਝਟਪਟ) ਗਰੁੜ ਤੇ ਚੜ੍ਹ ਕੇ ਗੋਪਾਲ ਆ ਗਏ ॥ ੧੬ ॥

ਭਗਵਾਨ ਜੀ ਨੇ ਆ ਕੇ ਮੈਨੂੰ ਇਉਂ ਕਿਹਾ-

ਕਹਹਿ ਤ ਧਰਣਿ ਇਕੋਡੀ ਕਰਉ ॥
ਕਹਹਿ ਤ ਲੇ ਕਰਿ ਊਪਰਿ ਧਰਉ ॥ ੧੭ ॥

ਹੇ ਨਾਮਦੇਵ ! ਜੇ ਤੂੰ ਕਹੇਂ ਤਾਂ ਇਸ ਦੇ ਸਾਰੇ ਦੇਸ਼ ਦੀ ਧਰਤੀ ਇਕੋਡੀ= ਇਕਵਾਸੀ ਭਾਵ ਟੇਡੀ ਕਰ ਦਿਆਂ? ਜੋ ਸਾਰੇ ਜੀਵ ਰਿੜ੍ਹ ਕੇ ਸਮੁੰਦਰ ਵਿਚ ਜਾ ਪੈਣ। ਜੇ ਤੂੰ ਕਹੇਂ ਤਾਂ ਹੱਥ ਵਿਚ ਸਾਰੀ ਧਰਤੀ ਲੈ ਕੇ ਇਸ ਦੇ ਸਿਰ ਉਤੇ ਰੱਖ ਦਿਆਂ?

ਕਹਹਿ ਤ ਮੁਈ ਗਊ ਦੇਉ ਜੀਆਇ ॥ ਸਭੁ ਕੋਈ ਦੇਖੈ ਪਤੀਆਇ ॥ ੧੮ ॥

ਜੇ ਤੂੰ ਕਹੇਂ ਤਾਂ ਮਰੀ ਹੋਈ ਗਾਂ ਨੂੰ ਜਿਉਂਦੀ ਕਰ ਦਿਆਂ? ਛੇਤੀ ਦੱਸ, ਤਿੰਨਾਂ ਗੱਲਾਂ 'ਚੋਂ ਕਿਹੜੀ ਗੱਲ ਕਰਾਂ?

ਨਾਮਦੇਵ ਦੇ ਕਿਹਾ— 'ਮੋਈ ਗਊ ਜਿਵਾ ਦਿਓ ਜਿਸ ਨੂੰ ਸਭ ਕੋਈ ਵੇਖਕੇ ਭਰੋਸਾ ਕਰੇਗਾ, ਨਾਲੇ ਹਿੰਦੂ ਧਰਮ ਵੀ ਰਹਿ ਆਵੇਗਾ ਅਤੇ ਜੀਵਾਂ ਦਾ ਨੁਕਸਾਨ ਵੀ ਨਹੀਂ ਹੋਵੇਗਾ ॥ ੧੮ ॥

ਇਹ ਗੱਲ ਸੁਣ ਕੇ ਭਗਵਾਨ ਨੇ ਆਪਣੀ ਕਿਰਪਾ ਨਾਲ ਗਊ ਜਿਵਾ ਦਿੱਤੀ। ਗਊ ਨੂੰ ਖਲੋਤਾ ਵੇਖ ਕੇ-

ਨਾਮਾ ਪ੍ਰਣਵੈ ਸੇਲ ਮਸੇਲ ॥ ਗਊ ਦੁਹਾਈ ਬਛਰਾ ਮੇਲਿ ॥ ੧੯ ॥

ਨਾਮਦੇਵ ਜੀ ਉਚਾਰਦੇ ਹਨ— ਸੇਲ ਮਸੇਲ= ਹੇ ਸਲੇਮ ਬਾਦਸ਼ਾਹ ! ਵਾ:- ਹੇ ਸੇਲ= ਸਲੇਮ ਬਾਦਸ਼ਾਹ ਤੇ ਮਸੇਲ= ਮਸਲੇ ਦੇ ਕਰਨ ਵਾਲੇ ਕਾਜ਼ੀਓ ! ਹੁਣ ਵੇਖ ਲਓ ਗਊ ਜੀਅ ਪਈ ਹੈ।

ਵਾ:- ਨਾਮਦੇਵ ਜੀ ਕਹਿੰਦੇ ਹਨ— ਉਸ ਵੇਲੇ ਗੁੱਜਰ ਨੂੰ ਸਦਾ ਕੇ ਸਲ= ਨਿਆਣੇ ਨੂੰ ਮਸੇਲ= ਮੇਲ ਕੇ ਭਾਵ (ਗਊ ਦੀਆਂ ਲੱਤਾਂ ਨੂੰ ਨਿਆਣਾ) ਪਾ ਕੇ ਤੇ ਵੱਛਾ ਮੇਲ ਕੇ ਭਾਵ ਛੱਡ ਕੇ ਗਊ ਦੁਹਾਈ= ਚੁਆਈ ॥ ੧੯ ॥

ਦੂਧਹਿ ਦੁਹਿ ਜਬ ਮਟੁਕੀ ਭਰੀ॥ ਲੇ ਬਾਦਿਸਾਹ ਕੇ ਆਗੇ ਧਰੀ॥ ੨੦॥

ਜਿਸ ਵੇਲੇ ਦੁੱਧ ਨੂੰ ਦੁਹਿ= ਚੋਇਆ ਤੇ ਡੋਲਣੀ (ਵਲਟੋਹੀ) ਭਰ ਗਈ ਤਾਂ ਗੁੱਜਰ ਪਾਸੋਂ ਲੈ ਕੇ ਬਾਦਸ਼ਾਹ ਦੇ ਅੱਗੇ ਰੱਖ ਦਿੱਤੀ॥ ੨੦॥

ਬਾਦਿਸਾਹੁ ਮਹਲ ਮਹਿ ਜਾਇ॥
ਅਉਘਟੁ ਕੀ ਘਟ ਲਾਗੀ ਆਇ॥ ੨੧॥

ਬਾਦਸ਼ਾਹ ਦੁੱਧ ਨੂੰ ਚੁਕਾ ਕੇ ਆਪਣੇ ਮਹਲ ਮਹਿ= ਮੰਦਰਾਂ ਵਿਚ ਜਾ ਕੇ (ਬੈਠ ਗਿਆ ਤੇ ਨਾਮਦੇਵ ਨੂੰ ਖੁਸ਼ੀਆਂ ਨਾ ਦਿੱਤੀਆਂ ਉਸ ਵੇਲੇ ਬਾਦਸ਼ਾਹ ਨੂੰ) ਬੜੀ ਅਉਘਟੁ= ਕਠਿਨ ਦੁੱਖ ਦੀ ਘੜੀ ਆ ਲੱਗੀ ਭਾਵ ਇਸ ਤਰ੍ਹਾਂ ਦਾ ਸੂਲ ਉਠਿਆ ਜੋ ਢਿਡ ਵਿਚ ਡਾਢੀ ਪੀੜ ਸ਼ੁਰੂ ਹੋ ਗਈ॥ ੨੧॥

ਕਾਜੀ ਮੁਲਾਂ ਬਿਨਤੀ ਫੁਰਮਾਇ॥ ਬਖਸੀ ਹਿੰਦੂ ਮੈ ਤੇਰੀ ਗਾਇ॥ ੨੨॥

ਉਸ ਵੇਲੇ ਕਾਜ਼ੀਆਂ ਮੁੱਲਾਂ ਨੂੰ ਸੱਦ ਕੇ ਕਹਿਣ ਲੱਗਾ ਮੈਂ ਭਗਤ ਨੂੰ ਦੁੱਖ ਦਿੱਤਾ ਹੈ ਤੁਸੀਂ ਬੇਨਤੀ ਕਰ ਕੇ ਉਸ ਨੂੰ ਮੇਰੇ ਪਾਸ ਲੈ ਆਓ। ਜਿਸ ਵੇਲੇ ਕਾਜ਼ੀ ਮੁੱਲਾਂ ਮੈਨੂੰ ਸਦ ਕੇ ਲੈ ਗਏ ਤਾਂ ਬਾਦਸ਼ਾਹ ਇਸ ਤਰ੍ਹਾਂ ਬੇਨਤੀ ਫੁਰਮਾਇ= ਕਰਦਾ ਹੈ ਕਿ ਹੇ ਹਿੰਦੂ ਬਖਸ਼ ਲਈਂ ! ਮੈਂ ਤੇਰੀ ਗਊ ਹਾਂ, ਜੇ ਮੈਨੂੰ ਬਖਸ਼ ਲਏਂਗਾ ਤਾਂ ਗਊ ਜਿੰਨਾ ਪੁੰਨ ਤੈਨੂੰ ਹੋਵੇਗਾ॥ ੨੨॥

ਨਾਮਾ ਕਹੈ ਸੁਨਹੁ ਬਾਦਿਸਾਹ॥ ਇਹੁ ਕਿਛੁ ਪਤੀਆ ਮੁਝੈ ਦਿਖਾਇ॥ ੨੩॥

ਨਾਮਦੇਵ ਜੀ ਕਹਿੰਦੇ ਹਨ— ਹੇ ਬਾਦਸ਼ਾਹ ! ਸੁਣਨਾ ਕਰ। ਇਹ ਕੋਈ ਪਤੀਆ= ਕਰਾਮਾਤ ਮੈਂ ਵਿਖਾਈ ਹੈ? ਭਾਵ ਨਹੀਂ, ਇਹ ਤਾਂ ਪਰਮਾਤਮਾ ਨੇ ਵਿਖਾਈ ਹੈ॥ ੨੩॥

ਉਸ ਵੇਲੇ ਬਾਦਸ਼ਾਹ ਨੇ ਕਿਹਾ— 'ਮੈਨੂੰ ਆਪਣੀ ਸਿਖਿਆ ਦਿਓ!' *ਉੱਤਰ-*

ਇਸ ਪਤੀਆ ਕਾ ਇਹੈ ਪਰਵਾਨੁ॥ ਸਾਚਿ ਸੀਲਿ ਚਾਲਹੁ ਸੁਲਿਤਾਨ॥ ੨੪॥

ਜੇਹੜਾ ਪਤੀਆਵਾ ਹੁਣ ਤੂੰ ਵੇਖਿਆ ਹੈ। ਇਸ ਦੇ ਬਦਲੇ ਤੂੰ ਇਹ ਗੱਲ ਪ੍ਰਵਾਨ ਕਰ । ਹੇ ਬਾਦਸ਼ਾਹ! ਸੱਚ ਬੋਲਣ ਤੇ ਸੀਲ ਸੁਭਾਅ ਵਿਚ ਚਲਣਾ ਕਰ। ਤੇ ਕਿਸੇ ਨੂੰ ਬਿਨਾਂ ਕਰਨ ਦੁੱਖ ਨਾ ਦੇ।

ਇਹ ਗੱਲ ਮੰਨੇਂਗਾ ਤਾਂ ਰਾਜ਼ੀ ਹੋ ਜਾਵੇਂਗਾ॥ ੨੪॥ ਪ੍ਰਤੱਗਿਆ ਪੂਰੀ ਹੋਣ ਕਰ ਕੇ-

ਨਾਮਦੇਉ ਸਭ ਰਹਿਆ ਸਮਾਇ॥
ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ॥ ੨੫॥

ਨਾਮਦੇਵ ਦਾ ਜਸ ਸਾਰੇ ਫੈਲ ਗਿਆ ਅਤੇ ਸਾਰੇ ਹਿੰਦੂ ਮਿਲ ਕੇ ਨਾਮਦੇਵ ਜੀ ਦੇ ਪਾਸ ਜਾਂਦੇ ਹਨ॥ ੨੫॥ ਉਸ ਵੇਲੇ ਲੋਕ ਆਪਸ ਵਿਚ ਇਸ ਤਰ੍ਹਾਂ ਕਹਿੰਦੇ ਸਨ-

ਜਉ ਅਬ ਕੀ ਬਾਰ ਨ ਜੀਵੈ ਗਾਇ॥ ਤ ਨਾਮਦੇਵ ਕਾ ਪਤੀਆ ਜਾਇ॥ ੨੬॥

ਜੇ ਹੁਣ ਦੀ ਵਾਰੀ ਗਊ ਨਾ ਜਿਉਂਦੀ ਤਾਂ ਨਾਮਦੇਵ ਜੀ ਦਾ ਜਿਹੜਾ ਸੰਸਾਰ ਵਿਚ ਪਤੀਆ= ਇਤਬਾਰ

(ਭਰੋਸਾ) ਬਣਿਆਂ ਹੋਇਆ ਸੀ ਇਹ ਚਲਿਆ ਜਾਣਾ ਸੀ।

ਨਾਮੇ ਕੀ ਕੀਰਤਿ ਰਹੀ ਸੰਸਾਰਿ॥
ਭਗਤ ਜਨਾਂ ਲੇ ਉਧਰਿਆ ਪਾਰਿ॥ ੨੭॥

ਹੁਣ ਨਾਮਦੇਵ ਜੀ ਦੀ ਕੀਰਤੀ ਸੰਸਾਰ ਵਿਚ ਫੈਲ ਰਹੀ ਹੈ। ਜੋ ਕਈ ਭਗਤ ਜਨਾਂ ਨੂੰ ਆਪਣੇ ਨਾਲ ਲੈ ਕੇ ਸੰਸਾਰ ਤੋਂ ਪਾਰ ਉਤਰਿਆ ਹੈ॥ ੨੭॥

ਸਗਲ ਕਲੇਸ ਨਿੰਦਕ ਭਇਆ ਖੇਦੁ॥
ਨਾਮੇ ਨਾਰਾਇਨ ਨਾਹੀ ਭੇਦੁ॥ ੨੮॥ ੧॥ ੧੦॥

ਜਿਸ ਵੇਲੇ ਸਾਰਿਆਂ ਕਲੇਸ਼ਾਂ ਦਾ ਖੇਦੁ= ਦੁੱਖ ਨਿੰਦਕ ਬਾਦਸ਼ਾਹ ਨੂੰ ਪ੍ਰਾਪਤ ਹੋਇਆ (ਉਸ ਵੇਲੇ ਬਾਦਸ਼ਾਹ ਆ ਕੇ ਪੈਰੀਂ ਪਿਆ ਤੇ ਨਾਮਦੇਵ ਨੂੰ ਸੋਨੇ ਦੀ ਸਿਹਜਾ ਦਰਸ਼ਨ ਭੇਟ ਦਿੱਤੀ) ਨਾਮਦੇਵ ਅਤੇ ਨਰਾਇਣ ਵਿਚ ਕੋਈ ਭਿੰਨ-ਭੇਦ ਨਹੀਂ ਹੈ॥ ੨੮॥ ੧॥ ੧੦॥

ੳ) ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦॥

(ਦਸਮ ਗ੍ਰੰਥ, ਪੰਨਾ ੫੯)

ਅ) ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥

(ਮਾਰੂ ਸੋਲਹੇ ਮਹਲਾ ੫, ਪੰਨਾ ੧੦੭੬)

ੲ) ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ੬॥ ੩॥

(ਕਬੀਰ ਜੀ, ਪੰਨਾ ੯੬੯)

ਉਥਾਨਕਾ— ਕਿਸੇ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ— ''ਪਰਮਾਤਮਾ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ?'' *ਉੱਤਰ-* ''ਗੁਰਾਂ ਕਰ ਕੇ ਹੁੰਦੀ ਹੈ। ਇਸ ਲਈ ਇਸ ਅਸ਼ਟਪਦੀ ਵਿਚ ਸਾਰੀ ਗੁਰਾਂ ਦੀ ਉਪਮਾ ਕਹਿੰਦੇ ਹਨ-

ਘਰੁ ੨॥ ਜਉ ਗੁਰਦੇਉ ਤ ਮਿਲੈ ਮੁਰਾਰਿ॥
ਜਉ ਗੁਰਦੇਉ ਤ ਉਤਰੈ ਪਾਰਿ॥

ਜੇ ਗੁਰਦੇਵ ਜੀ ਕ੍ਰਿਪਾਲੂ ਹੋਣ ਤਾਂ ਮੁਰਾਰਿ= ਪਰਮਾਤਮਾ ਮਿਲਦਾ ਹੈ। ਜੇ ਗੁਰਦੇਵ ਜੀ ਕਿਰਪਾ ਕਰਨ ਤਾਂ ਜੀਵ ਸੰਸਾਰ-ਸਮੁੰਦਰ ਤੋਂ ਪਾਰ ਉਤਰਦਾ ਹੈ।

ਜਉ ਗੁਰਦੇਉ ਤ ਬੈਕੁੰਠ ਤਰੈ॥ ਜਉ ਗੁਰਦੇਉ ਤ ਜੀਵਤ ਮਰੈ॥ ੧॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਸੰਸਾਰ ਤੋਂ ਤਰ ਕੇ ਬੈਕੁੰਠ ਵਿਚ ਜਾਂਦਾ ਹੈ।

ਦੂਜਾ ਅਰਥ :- ਬੈਕੁੰਠ ਵੀ ਥੱਲੇ ਰਹਿ ਜਾਂਦਾ ਹੈ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਜੀਵਤ ਭਾਵ ਤੋਂ ਮਰਦਾ ਹੈ॥ ੧॥

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥ ੧੨੦॥

(ਸਲੋਕ ਕਬੀਰ ਜੀ, ਪੰਨਾ ੧੩੭੦)

ਸਤਿ ਸਤਿ ਸਤਿ ਸਤਿ, ਸਤਿ ਗੁਰਦੇਵ॥

ਸਤਿਗੁਰ ਦੇਵ ਜੀ ਚਾਰੇ ਜੁਗਾਂ ਵਿਚ ਸਤਿ ਸਰੂਪ ਹਨ। ਵਾ:- ਸਤਿ= ਨਿਸਚੇ ਕਰ ਕੇ ਸਤਿਗੁਰ ਦੇਵ ਜੀ ਪਿਛੇ ਵੀ ਸਤਿ ਸਨ, ਹੁਣ ਵੀ ਸਤਿ ਹਨ, ਅੱਗੇ ਵੀ ਸਤਿ ਹੋਣਗੇ। ਵਾ:- ਸਤਿ= ਪਰਮਾਤਮਾ ਦਾ ਸਰੂਪ ਜੋ ਸਤਿਗੁਰ ਦੇਵ ਜੀ ਹਨ, ਉਹਨਾਂ ਦੇ ਬਣਾਏ ਹੋਏ ਸਤਿਨਾਮੁ ਮੰਤ੍ਰ ਨੂੰ ਸਤਿ= ਨਿਸਚੇ ਸਹਿਤ ਜਿਹੜੇ ਜਪਦੇ ਹਨ, ਉਹ ਸਤਿ= ਪਰਮਾਤਮਾ ਦਾ ਸਰੂਪ ਹੁੰਦੇ ਹਨ।

ਝੂਠੁ ਝੂਠੁ ਝੂਠੁ ਝੂਠੁ, ਆਨ ਸਭ ਸੇਵ॥ ੧॥ ਰਹਾਉ॥

ਗੁਰਾਂ ਤੋਂ ਵਗੈਰ ਹੋਰ ਸਭ ਦੇਵੀ ਦੇਵਤਿਆਂ ਦੀ ਸੇਵਾ ਕਰਨੀ ਚਾਰੇ ਜੁਗਾਂ ਵਿਚ ਝੂਠੀ ਹੈ।

ਵਾ:- ਝੂਠਿਆਂ ਪੁਰਸ਼ਾਂ ਦੀ ਝੂਠੇ ਪਦਾਰਥਾਂ ਵਾਸਤੇ ਝੂਠ ਬੋਲ ਕੇ ਜੋ ਸੇਵਾ ਕਰਨੀ ਹੈ, ਉਹ ਸਭ ਝੂਠੀ ਹੈ।

ਜਉ ਗੁਰਦੇਉ ਤ ਨਾਮੁ ਦ੍ਰਿੜਾਵੈ॥ ਜਉ ਗੁਰਦੇਉ ਨ ਦਹ ਦਿਸ ਧਾਵੈ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਹੀ ਉਹ ਪਰਮਾਤਮਾ ਦਾ ਨਾਮ ਦ੍ਰਿੜ੍ਹਾਉਂਦੇ ਹਨ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਦਸੋਂ ਦਿਸ਼ਾਂ ਵੱਲ ਨ ਧਾਵੈ= ਨਹੀਂ ਦੌੜਦਾ।

ਜਉ ਗੁਰਦੇਉ ਪੰਚ ਤੇ ਦੂਰਿ॥ ਜਉ ਗੁਰਦੇਉ ਨ ਮਰਿਬੋ ਝੂਰਿ॥ ੨॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਪੰਜ ਕਾਮ ਆਦਿਕਾਂ ਤੋਂ ਦੂਰ ਹੁੰਦਾ ਹੈ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਜੀਵ ਝੁਰ-ਝੁਰ ਕੇ ਨਹੀਂ ਮਰਦਾ॥ ੨॥

ਜਉ ਗੁਰਦੇਉ ਤ ਅੰਮ੍ਰਿਤ ਬਾਨੀ॥ ਜਉ ਗੁਰਦੇਉ ਤ ਅਕਥ ਕਹਾਨੀ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਇਸ ਜੀਵ ਦੀ ਬਾਣੀ ਅੰਮ੍ਰਿਤ ਵਰਗੀ ਮਿੱਠੀ ਹੁੰਦੀ ਹੈ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਅਕਥ= ਪਰਮਾਤਮਾ ਦੀ ਕਹਾਨੀ= ਕਹਿਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ।

ਜਉ ਗੁਰਦੇਉ ਤ ਅੰਮ੍ਰਿਤ ਦੇਹ॥ ਜਉ ਗੁਰਦੇਉ ਨਾਮੁ ਜਪਿ ਲੇਹਿ॥ ੩॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਨਾਮ-ਅੰਮ੍ਰਿਤ ਦੇਂਦੇ ਹਨ। ਵਾ:- ਇਸ ਜੀਵ ਨੂੰ ਦੇਹ ਵਲੋਂ ਅ-ਮਿਰਤੂ ਕਰ ਦੇਂਦੇ ਹਨ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਆਪਣੇ ਨਿਯਮ ਅਨੁਸਾਰ ਰੋਜ਼ ਹੀ ਨਾਮ ਜਪ ਲੈਂਦਾ ਹੈ, ਨਹੀਂ ਤਾਂ ਕਈ ਵਿਘਨ ਪੈ ਜਾਂਦੇ ਹਨ॥ ੩॥

ਜਉ ਗੁਰਦੇਉ ਭਵਨ ਤ੍ਰੈ ਸੂਝੈ॥ ਜਉ ਗੁਰਦੇਉ ਊਚ ਪਦ ਬੂਝੈ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਤਿੰਨਾਂ ਭਵਣਾਂ ਦੀ ਅੰਤਰਯਾਮਤਾ ਸੁਝ ਆਉਂਦੀ ਹੈ।

ਵਾ:- ਤਿੰਨੇ ਭਵਣ ਮਿਥਿਆ ਰੂਪ, ਵਾ:- ਬ੍ਰਹਮ ਰੂਪ ਸੁਝ ਆਉਂਦੇ ਹਨ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਊਚ ਪਦ= ਆਤਮ-ਪਦ ਨੂੰ ਜਾਣ ਲੈਂਦਾ ਹੈ।

ਜਉ ਗੁਰਦੇਉ ਤ ਸੀਸੁ ਅਕਾਸਿ॥
ਜਉ ਗੁਰਦੇਉ ਸਦਾ ਸਾਬਾਸਿ॥ ੪॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਸੀਸੁ ਅਕਾਸਿ= ਗਰਦਨ ਫਰਾਜ ਭਾਵ ਇਸ ਲੋਕ ਤੋਂ ਲੈ ਕੇ ਬ੍ਰਹਮ ਲੋਕ ਤਕ ਜਸ ਹੀ ਜਸ ਫੈਲ ਜਾਂਦਾ ਹੈ। ਵਾ:- ਸੀਸੁ= ਸ਼੍ਰੋਮਣੀ ਅਕਾਸਿ= ਚਿਦਾਕਾਸ਼ (ਪਰਮੇਸ਼ਰ) ਦੀ ਪ੍ਰਾਪਤੀ ਹੁੰਦੀ ਹੈ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਹਮੇਸ਼ਾਂ ਸਾਬਾਸਿ= ਧੰਨਤਾ ਜੋਗ ਦੀ ਪ੍ਰਾਪਤੀ ਹੁੰਦੀ ਹੈ॥ ੪॥

ਜਉ ਗੁਰਦੇਉ ਸਦਾ ਬੈਰਾਗੀ॥
ਜਉ ਗੁਰਦੇਉ ਪਰ ਨਿੰਦਾ ਤਿਆਗੀ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਸਦਾ ਹੀ ਸੰਸਾਰ ਵਲੋਂ ਵੈਰਾਗਵਾਨ ਹੁੰਦਾ ਹੈ। ਜੇ ਗੁਰਦੇਵ ਦੀ ਕਿਰਪਾ ਹੋਵੇ ਤਾਂ ਇਹ ਜੀਵ ਪਰਾਈ ਨਿੰਦਾ ਦਾ ਤਿਆਗੀ ਹੁੰਦਾ ਹੈ।

[ਪੰਨਾ ੧੧੬੭]

ਜਉ ਗੁਰਦੇਉ ਬੁਰਾ ਭਲਾ ਏਕ॥
ਜਉ ਗੁਰਦੇਉ ਲਿਲਾਟਹਿ ਲੇਖ॥ ੫॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਬੁਰਿਆਂ ਭਲਿਆਂ ਵਿਚ ਇਕ ਨੂੰ ਨਿਸਚੇ ਕਰਦਾ ਹੈ।

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਮੱਥੇ ਦੇ ਕੁਲੇਖ ਵੀ ਸ੍ਰੇਸ਼ਟ ਲੇਖ ਹੋ ਜਾਂਦੇ ਹਨ।

ਵਾ:- ਜੇ ਮੱਥੇ ਦੇ ਚੰਗੇ ਲੇਖ.ਹੋਣ ਤਾਂ ਪੂਰਨ ਗੁਰਦੇਵ ਜੀ ਮਿਲਦੇ ਹਨ॥ ੫॥

ਗੁਰ ਕੇ ਚਰਣ ਵਿਟਹੁ ਬਲਿ ਜਾਉ॥ ਗੁਰ ਕੇ ਗੁਣ ਅਨਦਿਨੁ ਨਿਤ ਗਾਉ॥
ਗੁਰ ਕੀ ਧੂੜਿ ਕਰਉ ਇਸਨਾਨੁ॥ ਸਾਚੀ ਦਰਗਹ ਪਾਈਐ ਮਾਨੁ॥ ੨॥
ਗੁਰੁ ਬੋਹਿਥੁ ਭਵਜਲ ਤਾਰਣਹਾਰੁ॥ ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ॥
ਗੁਰ ਕੀ ਸੇਵਾ ਸੋ ਜਨੁ ਪਾਏ॥ ਜਾ ਕਉ ਕਰਮਿ ਲਿਖਿਆ ਧੁਰਿ ਆਏ॥ ੩॥

(ਮਲਾਰ ਮਹਲਾ ੫, ਪੰਨਾ ੧੨੭੦)

ਜਉ ਗੁਰਦੇਉ ਕੰਧੁ ਨਹੀ ਹਿਰੈ॥ ਜਉ ਗੁਰਦੇਉ ਦੇਹੁਰਾ ਫਿਰੈ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਕੰਧੁ= ਮਨੁੱਖਾ ਸਰੀਰ ਨਿਸਫਲ ਨਾਸ ਨਹੀਂ ਹੁੰਦਾ।

ਵਾ:- ਇਸ ਦੇ ਕੰਧੁ= ਸਰੀਰ ਵਿੱਚੋਂ ਸ਼ੁਭ ਗੁਣਾਂ ਰੂਪੀ ਧਨ ਨੂੰ ਕਾਮ ਆਦਿਕ ਚੋਰ ਹਿਰੈ= ਚੁਰਾਉਂਦੇ ਨਹੀਂ। ਜਾਂ ਗੁਰਦੇਵਾਂ ਦੀ ਕਿਰਪਾ ਹੋਈ ਤਾਂ ਦੇਹੁਰੇ ਦਾ ਮੂੰਹ ਮੇਰੀ ਤਰਫ਼ ਭਗਵਾਨ ਨੇ ਫੇਰ ਦਿੱਤਾ।*

ਜਉ ਗੁਰਦੇਉ ਤ ਛਾਪਰਿ ਛਾਈ॥
ਜਉ ਗੁਰਦੇਉ ਸਿਹਜ ਨਿਕਸਾਈ॥ ੬॥

**ਔਂਡਾ ਸ਼ਹਿਰ (ਜੋ ਹਜ਼ੂਰ ਸਾਹਿਬ ਤੋਂ ੫੬ ਮੀਲ 'ਤੇ ਹੈ) 'ਨਾਗ ਨਾਥ' ਉਸ ਮੰਦਰ ਦਾ ਨਾਮ ਹੈ, ਪੱਛਮ ਵੱਲ ਉਸ ਮੰਦਰ ਦਾ ਬੂਹਾ ਹੈ।*

ਜਾਂ ਗੁਰਦੇਵਾਂ ਦੀ ਕਿਰਪਾ ਹੋਈ ਤਾਂ ਭਗਵਾਨ ਨੇ ਆਪ ਆ ਕੇ ਦੇਵਤਿਆ ਨੂੰ ਮਜ਼ਦੂਰ ਲਾ ਕੇ ਛੰਨ* ਬੰਨ੍ਹ ਦਿੱਤੀ। ਜਾਂ ਗੁਰਦੇਵਾਂ ਦੀ ਕਿਰਪਾ ਹੋਈ ਤਾਂ ਭਗਵਾਨ ਨੇ ਨਦੀ ਵਿੱਚੋਂ ਸਿਹਜਾ ਨਿਕਲਵਾਈ।*

ਜਉ ਗੁਰਦੇਉ ਤ ਅਠਸਠਿ ਨਾਇਆ ॥
ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਘਰ ਬੈਠਿਆਂ ਹੀ ੬੮ ਤੀਰਥਾਂ ਦੇ ਇਸ਼ਨਾਨ ਕਰਨ ਦਾ ਫਲ ਮਿਲ ਜਾਂਦਾ ਹੈ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਸਰੀਰ ਉੱਤੇ ਦੁਆਰਕਾ ਦੇ ਚਕ੍ਰ= ਤਿਲਕ ਲੱਗ ਜਾਂਦੇ ਹਨ। ਜਿਸ ਤਰ੍ਹਾਂ ਪ੍ਰਿਥੂ ਰਾਜੇ ਦੇ ਤਨ ਉਤੇ ਦੁਆਰਕਾ ਦੇ ਤਿਲਕ ਲੱਗ ਗਏ ਸਨ।

ਵਾ:- ਜਿਸ ਵੇਲੇ ਗੁਰਦੇਵਾਂ ਦੀ ਕਿਰਪਾ ਹੋਈ ਤਾਂ ਰਾਜਾ ਅੰਮਰੀਕ ਦੀ ਰਖਿਆ ਲਈ, ਦੁਰਬਾਸ਼ਾ ਰਿਖੀ ਦੇ ਸਰੀਰ ਪਿੱਛੇ ਸੁਦਰਸ਼ਨ ਚੱਕਰ ਗਿਆ।

ਜਉ ਗੁਰਦੇਉ ਤ ਦੁਆਦਸ ਸੇਵਾ ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਦੁਆਦਸ= ਬਾਰਾਂ ਸੂਰਜ[1] ਇਸ ਦੀ ਸੇਵਾ ਕਰਦੇ ਹਨ।

ਅਥਵਾ- ੧੦ ਪਾਰਖਦ[2], ੧੧ ਲਛਿਮੀ ਦੀ ਮੂਰਤੀ, ੧੨ ਵਿਸ਼ਨੂੰ ਭਗਵਾਨ ਦੀ ਮੂਰਤੀ ਇਹਨਾਂ ਬਾਰਾਂ

---

*ਛੰਨ ਬੰਨ੍ਹਣ ਦਾ ਪ੍ਰਸੰਗ ਭਗਤ ਬਾਣੀ ਸਟੀਕ ਪਹਿਲੇ ਭਾਗ ਦੇ ੪੩੭ ਪੰਨੇ ਪਰ ਪੜ੍ਹੋ।

*ਇਸ ਦੀ ਸਾਖੀ ਇਸ ਤਰ੍ਹਾਂ ਹੈ- ਸਲੇਮ ਬਾਦਸ਼ਾਹ ਨੇ ਜਿਸ ਵੇਲੇ ਨਾਮਦੇਵ ਜੀ ਨੂੰ ਵਿਦਾ ਕੀਤਾ ਸੀ ਤਾਂ ਉਸ ਨੇ ਸਭ ਤੋਂ ਵਧੀਆ ਇਕ ਸਿਹਜਾ ਭੇਟਾ ਕੀਤੀ, ਰਸਤੇ ਵਿੱਚ ਆਉਂਦਿਆਂ ਆਉਂਦਿਆਂ ਭਗਤ ਜੀ ਨੇ ਸੋਚਿਆ ਇਹ ਸਿਹਜਾ ਸਾਡੇ ਕਿਸ ਕੰਮ ਹੈ, ਇਸ ਤਰ੍ਹਾਂ ਵਿਚਾਰ ਕੇ ਉਹ ਸਿਹਜਾ ਨਦੀ ਵਿੱਚ ਸੁਟਾ ਦਿੱਤੀ।

ਬਾਦਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਭਗਤ ਨੇ ਬੜੀ ਨਿਰਾਦਰੀ ਕੀਤੀ ਹੈ, ਮੇਰੀ ਦਿੱਤੀ ਹੋਈ ਸਿਹਜਾ ਨਦੀ ਵਿਚ ਸੁਟਵਾ ਦਿੱਤੀ ਹੈ। ਤਾਂ ਫਰੇਬ ਨਾਲ ਬਾਦਸ਼ਾਹ ਨੇ ਸੰਦੇਸ਼ਾ ਭੇਜਿਆ ਕਿ ਉਹ ਸਿਹਜਾ ਮੇਰੇ ਸ਼ਹਿਜ਼ਾਦੇ ਦੀ ਸੀ, ਉਹ ਮਗਰ ਪੈ ਗਿਆ ਹੈ ਕਿ ਮੈਂ ਓਹੀ ਆਪਣੀ ਸਿਹਜਾ ਲੈਣੀ ਹੈ। ਤੁਸੀਂ ਉਹ ਸਿਹਜਾ ਵਾਪਸ ਦੇ ਦਿਓ ਤੁਹਾਨੂੰ ਮੈਂ ਹੋਰ ਦੇ ਦੇਵਾਂਗਾ।

ਇਹ ਗੱਲ ਸੁਣ ਕੇ ਭਗਤ ਜੀ ਨੇ ਕਿਹਾ— 'ਇਕ ਸਿਹਜਾ ਕੀ, ਜਿੰਨੀਆਂ ਚਾਹੋ ਇਸ ਨਦੀ ਵਿੱਚੋਂ ਕੱਢ ਲਓ।' ਚੁੱਭੀ ਮਰਾਈ, ਹਜ਼ਾਰਾਂ ਹੀ ਸਿਹਜਾ ਨਿਕਲੀਆਂ । ਉਹ ਗੱਲ ਹੁਣ ਕਹੀ ਹੈ-

ਜਉ ਗੁਰਦੇਉ ਸਿਹਜ ਨਿਕਸਾਈ ॥

ਬਾਦਸ਼ਾਹ ਨੂੰ ਸਦਾ ਕੇ ਨਦੀ ਦੇ ਕਿਨਾਰੇ ਖਲ੍ਹਾਰ ਕੇ ਕਿਹਾ— ' ਜਿਹੜੀ ਸਿਹਜਾ ਤੇਰੀ ਹੈ ਤੂੰ ਉਹ ਪਹਿਚਾਣ ਲੈ! ਸਭ ਇਕੋ ਜਿਹੀਆਂ ਸਨ। ਬਾਦਸ਼ਾਹ ਵੇਖ ਕੇ ਬੜਾ ਹੈਰਾਨ ਹੋ ਗਿਆ ਤੇ ਚਰਨਾਂ ਪਰ ਡਿੱਗ ਕੇ ਮੁਆਫੀ ਮੰਗੀ। ਮੁਖ ਤੋਂ ਕਿਹਾ—'ਆਪ ਤਾਂ ਖੁਦਾ ਦਾ ਸਰੂਪ ਹੋ!'

ਉਸ ਵੇਲੇ ਨਾਮਦੇਵ ਜੀ ਨੇ ਕਿਹਾ—'ਬਾਦਸ਼ਾਹ ! ਜੇ ਤੇਰਾ ਮਨ ਬੇਈਮਾਨ ਨਾ ਹੁੰਦਾ ਤਾਂ ੧੦ ਸਿਹਜਾ ਇਥੇ ਤੇ ੭੦ ਸਿਹਜਾ ਪ੍ਰਲੋਕ ਵਿਚ ਤੈਨੂੰ ਮਿਲਣੀਆਂ ਸਨ। ਹੁਣ ਸਿਰਫ ੧੦ ਸਿਹਜਾ ਇਹ ਪਈਆਂ ਹਨ ਤੂੰ ਚੁਕ ਕੇ ਲੈ ਜਾ।'

1. ਪੁਰਾਣਾਂ ਅਤੇ ਸਿਮ੍ਰਿਤਿਆਂ ਵਿਚ ਇਕ ਇਕ ਮਹੀਨੇ ਦਾ ਵੱਖੋ ਵੱਖ ਸੂਰਜ ਕਲਪ ਕੇ ਬਾਰਾਂ ਸੂਰਜ ਮੰਨੇ ਹਨ। ਉਹਨਾਂ ਬਾਰਾਂ ਸੂਰਜਾਂ ਦੀ ਗਿਣਤੀ ਇਹ ਹੈ-

੧. ਇੰਦ੍ਰ, ੨. ਧਾਤਾ, ੩. ਭਗ, ੪. ਪੂਸਾ, ੫. ਮਿਤ੍ਰ, ੬. ਵਰੁਣ, ੭.ਅਰਯਮਾ, ੮. ਅੰਸ਼ੁ, ੯. ਵਿਵਸ੍ਵਤ, ੧੦. ਤ੍ਵਸਟਾ, ੧੧. ਸਵਿਤਾ, ੧੨.ਵਿਸ਼ਨੁ। (ਮਹਾਨ ਕੋਸ਼)

2. ੧.ਜਯ, ੨. ਵਿਜਯ, ੩. ਬਲ, ੪. ਸੁਬਲ, ੫. ਨੰਦ, ੬.ਸੁਨੰਦ, ੭. ਭਦ੍ਰ, ੮. ਸੁਭਦ੍ਰ, ੯. ਚੰਡ, ੧੦. ਵਿਨੀਤ।

ਦੀ ਸੇਵਾ ਕਰਨ ਦਾ ਫਲ ਘਰ ਬੈਠਿਆਂ ਮਿਲ ਜਾਂਦਾ ਹੈ। ਵਾ:- ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਬਾਰਾਂ ਪ੍ਰਕਾਰ ਦੀ ਸੇਵਾ[1] ਕਰਨ ਦਾ ਫਲ ਘਰ ਬੈਠਿਆਂ ਮਿਲ ਜਾਂਦਾ।

ਵਾ:- ਬਾਰਾਂ ਰਾਸਾਂ[2] ਦੇ ਦੇਵਤੇ ਇਸ ਦੀ ਸੇਵਾ ਕਰਦੇ ਹਨ।

ਜਉ ਗੁਰਦੇਉ ਸਭੈ ਬਿਖੁ ਮੇਵਾ ॥ ੭ ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਨੌਂ ਪ੍ਰਕਾਰ ਦੇ *ਬਿਖ ਫਲ ਸਾਰੇ ਮੇਵੇ ਵਾਂਗੂ ਮਿੱਠੇ ਹੋ ਜਾਂਦੇ ਹਨ।

ਜਿਸ ਤਰ੍ਹਾਂ ਮੀਰਾਂ ਬਾਈ ਨੂੰ ਦਿੱਤੀ ਹੋਈ ਵਿਹੁ ਅੰਮ੍ਰਿਤ ਹੋ ਗਈ ਸੀ ਅਤੇ ਸਮੁੰਦਰ 'ਚੋਂ ਨਿਕਲੀ ਹੋਈ ਵਿਹੁ ਸ਼ਿਵ ਜੀ ਨੇ ਰਾਮ ਨਾਮ ਕਹਿ ਕੇ ਆਪਣੇ ਗਲ ਵਿਚ ਹੀ ਹਜ਼ਮ ਕਰ ਲਈ ਪਰ ਉਸ ਵਿਹੁ ਨੇ ਸ਼ਿਵ ਜੀ ਨੂੰ ਰੰਚਕ ਮਾਤ੍ਰ ਵੀ ਦੁੱਖ ਨਹੀਂ ਦਿੱਤਾ।

ਨਾਮ ਮਹਾਤਮ ਸੰਕਰ ਜਾਨਤਿ ਕੰਠਿ ਹਲਾਹਲੁ ਲੀਨਿ ਪਚਾਈ ॥...੪੬ ॥ *(ਨਾਨਕ ਪ੍ਰਕਾਸ਼, ਅਧਿ: ੧)*

ਜਉ ਗੁਰਦੇਉ ਤ ਸੰਸਾ ਟੂਟੈ ॥ ਜਉ ਗੁਰਦੇਉ ਤ ਜਮ ਤੇ ਛੂਟੈ ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਪ੍ਰਮਾਣ ਤੇ ਪ੍ਰਮੇਯ-ਗਤ ਸੰਸਾ ਦੂਰ ਹੋ ਜਾਂਦਾ ਹੈ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਜੀਵ ਜਮ ਤੋਂ ਛੁੱਟ ਜਾਂਦਾ ਹੈ।

---

3 ਹਿੰਦੂ ਮਤ ਦੇ ਗ੍ਰੰਥਾਂ ਵਿਚ ਸੇਵਾ ਬਾਰਾਂ ਪ੍ਰਕਾਰ ਦੀ ਲਿਖੀ ਹੋਈ ਹੈ:

੧. ਦੇਵਤਾ ਦੇ ਮੰਦਰ ਬਨਾਉਣ ਲਈ ਚਲਣਾ। ੨. ਮੰਦਰ ਦੀ ਪ੍ਰਕਰਮਾਂ ਕਰਨੀ।
੩. ਦੇਵਤੇ ਦੇ ਧਾਮ ਪਰਸਣ ਲਈ ਯਾਤ੍ਰਾ ਕਰਨੀ। (ਇਹ ਤਿੰਨ ਪੈਰਾਂ ਦੀਆਂ ਸੇਵਾਂ ਹਨ)।
4. ਪੂਜਾ ਵਾਸਤੇ ਫੁੱਲ ਤੋੜਨੇ।
5. ਦੇਵ ਮੰਦਰ ਵਿਚ ਝਾੜੂ ਦੇਣਾ।
6. ਮੂਰਤੀ ਨੂੰ ਇਸ਼ਨਾਨ ਸਿੰਗਾਰ ਆਦਿ ਕਰਨਾ (ਇਹ ਤਿੰਨ ਹੱਥਾਂ ਦੀਆਂ ਸੇਵਾਂ ਹਨ)।
7. ਨਾਮ ਜਪਣਾ।
8. ਕੀਰਤਨ ਕਰਨਾ (ਇਹ ਦੋ ਤਰ੍ਹਾਂ ਦੀ ਬਾਣੀ ਕਰ ਕੇ ਸੇਵਾ ਹੈ)।
9. ਹਰੀ ਦੀ ਕਥਾ ਸੁਣਨੀ (ਇਹ ਕੰਨਾਂ ਦੀ ਸੇਵਾ ਹੈ)।
10. ਮੂਰਤੀ ਦਾ ਦਰਸ਼ਨ ਕਰਨਾ (ਇਹ ਨੇਤ੍ਰਾਂ ਦੀ ਸੇਵਾ ਹੈ)।
11. ਠਾਕਰ ਜੀ ਦਾ ਪ੍ਰਸ਼ਾਦ ਸਿਰ 'ਤੇ ਰਖਣਾ ਜਾਂ ਪ੍ਰਨਾਮ ਕਰਨੀ (ਇਹ ਸਿਰ ਦੀ ਸੇਵਾ ਹੈ)।
12. ਦੇਵਤੇ ਉੱਤੇ ਚੜ੍ਹੇ ਹੋਏ ਫੁੱਲ ਲੈ ਕੇ ਸੁੰਘਣਾ (ਇਹ ਨਾਸਕਾ ਦੀ ਸੇਵਾ ਹੈ)।

ਇਸ ਤਰ੍ਹਾਂ ਇਹ ਬਾਰਾਂ ਪ੍ਰਕਾਰ ਦੀ ਸੇਵਾ ਹੈ।

4. ਬਾਰਾਂ ਰਾਸਾਂ	*ਰਾਸਾਂ ਦੇ ਸੁਆਮੀ*	*ਬਾਰਾਂ ਰਾਸਾਂ*	*ਰਾਸਾਂ ਦੇ ਸੁਆਮੀ*
੧ ਮੇਖ	*ਮੰਗਲ*	*੨ ਬ੍ਰਿਖ*	*ਸ਼ੁਕਰ*
੩ ਮਿਥਨ	*ਬੁਧ*	*੪ ਕਰਕ*	*ਚੰਦ੍ਰਮਾ*
੫ ਸਿੰਘ	*ਸੂਰਜ*	*੬ ਕੰਨਿਆਂ*	*ਬੁਧ*
੭ ਤੁਲਾ	*ਸ਼ੁੱਕਰ*	*੮ ਬ੍ਰਿਸਚਕ*	*ਮੰਗਲ*
੯ ਧਨ	*ਬ੍ਰਿਹਸਪਤ*	*੧੦ ਮਕਰ*	*ਸ਼ਨੀ*
੧੧ ਕੁੰਭ	*ਸ਼ਨੀ*	*੧੨ ਮੀਨ*	*ਬ੍ਰਿਹਸਪਤ*

***ਨੌਂ ਤਰ੍ਹਾਂ ਦੇ ਬਿਖ ਫਲ**— ੧. ਵਤ ਸਨਾਬ, ੨. ਹਾਰਿਦ੍ਰ, ੩. ਸਕਤੁਕ, ੪. ਪ੍ਰਦੀਪਨ, ੫. ਸ਼ਊ ਰਾਸਟ੍ਰਿਕ: ੬. ਸਿੰਗਕ। ੭. ਕਾਲਕੂਟ, ੮. ਹਲਾਹਲ, ੯. ਬ੍ਰਹਮ ਪੁਤ੍ਰ।*

ਜਉ ਗੁਰਦੇਉ ਤ ਭਉਜਲ ਤਰੈ॥
ਜਉ ਗੁਰਦੇਉ ਤ ਜਨਮਿ ਨ ਮਰੈ॥ ੮॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਭਉਜਲ= ਸੰਸਾਰ-ਸਮੁੰਦ੍ਰ ਤੋਂ ਤਰ ਜਾਂਦਾ ਹੈ। ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਜੀਵ ਜੰਮਦਾ ਮਰਦਾ ਨਹੀਂ ਹੈ॥ ੮॥

ਜਉ ਗੁਰਦੇਉ ਅਠਦਸ ਬਿਉਹਾਰ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਅੱਠਾਰਾਂ* ਪੁਰਾਣਾਂ ਦੇ ਪੜ੍ਹਨ ਦਾ ਵਿਹਾਰ ਪ੍ਰਾਪਤ ਹੁੰਦਾ ਹੈ।

ਜਉ ਗੁਰਦੇਉ ਅਠਾਰਹ ਭਾਰ॥

ਜੇ ਗੁਰਦੇਵਾਂ ਦੀ ਕਿਰਪਾ ਹੋਵੇ ਤਾਂ ਅਠਾਰਹ ਭਾਰ= ਅਠਾਰਾਂ ਪਰਬ ਜੋ ਮਹਾਂਭਾਰਥ ਦੇ ਹਨ, ਉਨ੍ਹਾਂ ਨੂੰ ਜਾਣ ਲੈਂਦਾ ਹੈ। *ਅਥਵਾ-* ਅਠਾਰਾਂ ਭਾਰ ਬਨਾਸਪਤੀ ਨੂੰ ਪਰਮੇਸ਼ਰ ਦੀ ਰੋਮਾਵਲੀ ਨਿਸਚੇ ਕਰਦਾ ਹੈ।

ਬਿਨੁ ਗੁਰਦੇਉ ਅਵਰ ਨਹੀ ਜਾਈ॥
ਨਾਮਦੇਉ ਗੁਰ ਕੀ ਸਰਣਾਈ॥ ੯॥ ੧॥ ੨॥ ੧੧॥

(ਨਿਸਚੇ ਸਮਝ ਲਓ, ਪੂਰਨ) ਗੁਰਦੇਵਾਂ ਤੋਂ ਬਿਨਾਂ ਤਰਨ ਦੀ ਹੋਰ ਜਗ੍ਹਾਂ ਨਹੀਂ। ਮੈਂ ਨਾਮਦੇਵ ਨੇ ਤਾਂ ਇਕ ਗੁਰੂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੯॥ ੧॥ ੨॥ ੧੧॥

ੳ) ਗੁਰੁ ਮੇਰੀ ਜੀਵਨਿ ਗੁਰੁ ਆਧਾਰੁ॥ ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ॥
ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ॥ ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ॥ ੪॥

(ਮਲਾਰ ਮਹਲਾ ੫, ਪੰਨਾ ੧੨੭੦)

ਅ) ਗੁਰ ਸਰਣਾਈ ਸਗਲ ਨਿਧਾਨ॥ ਸਾਚੀ ਦਰਗਹਿ ਪਾਈਐ ਮਾਨੁ॥
ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ॥ ਸਾਧਸੰਗਿ ਸਦ ਹਰਿ ਗੁਣ ਗਾਇ॥ ੧॥
ਮਨ ਮੇਰੇ ਗੁਰੁ ਪੂਰਾ ਸਾਲਾਹਿ॥

ਅਠਾਰਾਂ ਪੁਰਾਣਾਂ ਦੇ ਨਾਮ-

ਦੋਹਰਾ- ਮਦ੍ਵਯ ਭਦ੍ਵਯ ਬ੍ਰ ਤ੍ਰਿਤਯ ਵਵੇ ਚਤੁਸਟੇ ਮਾਨ।
ਅਨਾਪ ਲਿੰਗ ਕੂਸ਼ਕ ਗਣੋ ਆਦੀ ਅੰਕ ਪੁਰਾਣ।
ਦੋ ਮਮੇ—ਮਤਸ ਪੁਰਾਣ ਤੇ ਮਾਰ੍ਕੰਡੇ ਪੁਰਾਣ।
ਦੋ ਭਭੇ—ਭਵਿਛਤ ਪੁਰਾਣ ਤੇ ਭ੍ਰਾਗਵਤ।
ਤਿੰਨ ਬਬੇ—ਬ੍ਰਹਮਾਂਡ ਪੁਰਾਣ, ਬ੍ਰਹਮ ਪੁਰਾਣ, ਬ੍ਰਹਮ ਵੈਵਰਤ ਪੁਰਾਣ।
ਚਾਰ ਵਵੇ—ਵਾਮਨ ਪੁਰਾਣ, ਵਾਯੂ ਪੁਰਾਣ, ਵਿਸ਼ਨ ਪੁਰਾਣ, ਵਰਾਹ ਪੁਰਾਣ।
ਅਨਾਪ-ਇਨ੍ਹਾਂ ਤਿੰਨਾਂ ਅੱਖਰਾਂ ਵਿਚੋਂ ਤਿੰਨ ਪੁਰਾਣਾਂ ਦੀ ਗਿਣਤੀ ਹੈ:
ਅ-ਅਗਨ ਪੁਰਾਣ। ਨਾ- ਨਾਰਦ ਪੁਰਾਣ। ਪ-ਪਦਮ ਪੁਰਾਣ।
ਲਿੰ-ਗ ਇਹਨਾਂ ਦੋ ਅੱਖਰਾਂ ਵਿਚੋ ਦੋ ਪੁਰਾਣਾਂ ਦੀ ਗਿਣਤੀ ਹੈ:
ਲਿੰ—ਲਿੰਗ ਪੁਰਾਣ। ਗ-ਗਰੁੜ ਪੁਰਾਣ।
ਕੂਸ਼ਕ—ਇਹਨਾਂ ਤਿੰਨ ਅੱਖਰਾਂ 'ਚੋਂ ਦੋ ਪੁਰਾਣਾਂ ਦੀ ਗਿਣਤੀ ਹੈ :
ਕੂ—ਕੂਰਮ ਪੁਰਾਣ। ਸ਼ਕ-ਸਕੰਦ ਪੁਰਾਣ।

ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥੧॥ ਰਹਾਉ॥
ਸਤਿਗੁਰ ਜੇਵਡੁ ਅਵਰੁ ਨ ਕੋਇ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥
ਜਨਮ ਮਰਣ ਦੂਖ ਤੇ ਰਾਖੈ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥ ੨॥
ਗੁਰ ਕੀ ਮਹਿਮਾ ਕਥਨੁ ਨ ਜਾਇ॥ ਗੁਰੁ ਪਰਮੇਸਰੁ ਸਾਚੈ ਨਾਇ॥
ਸਚੁ ਸੰਜਮੁ ਕਰਣੀ ਸਭੁ ਸਾਚੀ॥ ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ॥ ੩॥
ਗੁਰੁ ਪੂਰਾ ਪਾਈਐ ਵਡ ਭਾਗਿ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ॥
ਕਰਿ ਕਿਰਪਾ ਗੁਰ ਚਰਣ ਨਿਵਾਸਿ॥ ਨਾਨਕ ਕੀ ਪ੍ਰਭ ਸਚੁ ਅਰਦਾਸਿ॥ ੪॥ ੪॥ ੨੨॥

(ਮਲਾਰ ਮਹਲਾ ੫, ਪੰਨਾ ੧੨੭੧)

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ- ਇਕ ਸ਼ੰਕਾਵਾਦੀ ਨੇ ਆ ਕੇ ਸਵਾਲ ਕੀਤਾ ਕਿ ਆਪ ਜਿਸ ਅਕਾਲ ਪੁਰਖ ਦੇ ਸਿਮਰਨ ਦਾ ਉਪਦੇਸ਼ ਦੇਂਦੇ ਹੋ, ਪਹਿਲੇ ਸਾਨੂੰ ਇਹ ਤਾਂ ਦੱਸੋ, ਕਿ ਉਹ ਅਕਾਲ ਪੁਰਖ ਰਹਿੰਦਾ ਕਿਥੇ ਹੈ? ਉਸ ਦਾ ਰੰਗ ਰੂਪ ਕੀ ਹੈ? ਉਸ ਦੀ ਸ਼ਕਲ ਕਿਹੋ ਜਹੀ ਹੈ? ਜਿਸ ਨੂੰ ਵੇਖ ਕੇ ਉਸ ਦਾ ਸਿਮਰਨ ਕਰੀਏ ਕਿਉਂਕਿ-

ਬਿਨੁ ਦੇਖੇ ਉਪਜੈ ਨਹੀ ਆਸਾ॥ ਜੋ ਦੀਸੈ ਸੋ ਹੋਇ ਬਿਨਾਸਾ॥

ਪਹਿਲਾ ਅਰਥ- ਜਿਸ ਤਰ੍ਹਾਂ ਪ੍ਰਤੱਖ ਪਦਾਰਥ ਵੇਖੇ ਬਿਨਾਂ ਕਿਸੇ ਚੀਜ਼ ਦੀ ਆਸਾ ਉਪਜੈ= ਪੈਦਾ ਨਹੀਂ ਹੁੰਦੀ। ਇਸੇ ਤਰ੍ਹਾਂ ਅਕਾਲ ਪੁਰਖ ਦੇ ਨਿਗ੍ਹਾ ਨਾ ਆਉਣ ਕਰ ਕੇ ਉਸ ਦੀ ਆਸਾ= ਇੱਛਾ, ਖਾਹਸ਼ ਪੈਦਾ ਨਹੀਂ ਹੁੰਦੀ।

ੳ) ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ॥ *(ਸੋਰਠਿ ਵਾਰ, ਪੰਨਾ ੬੪੪)*

ਅ) ਗੁਣ ਗੋਬਿੰਦ ਨ ਜਾਣੀਅਹਿ ਮਾਇ॥ ਅਣਡੀਠਾ, ਕਿਛੁ ਕਹਣੁ ਨ ਜਾਇ॥
ਕਿਆ ਕਰਿ ਆਖਿ ਵਖਾਣੀਐ ਮਾਇ॥ ੧॥ *(ਮਲਾਰ ਮਹਲਾ ੧, ਪੰਨਾ ੧੨੫੬)*

ਜੇ ਆਸਾ ਹੀ ਪੈਦਾ ਨਾ ਹੋਈ ਤਾਂ ਸਭ ਵੇਦ ਸਾਸਤ੍ਰ ਨਿਸਫਲ ਅਤੇ 'ਅਧਿਕਾਰੀ' ਅਨਬੰਧ ਕੋਈ ਸਿੱਧ ਨਹੀਂ ਹੋਵੇਗਾ। ਜੇ ਆਪ ਵੇਦਾਂ ਸ਼ਾਸਤ੍ਰਾਂ ਦੀ ਸਫ਼ਲਤਾ ਅਤੇ ਅਧਿਕਾਰੀ ਅਨਬੰਧ ਦੀ ਸਿਧੀ ਵਾਸਤੇ ਸ੍ਰੀ ਰਾਮਚੰਦ੍ਰ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਅਕਾਲ ਪੁਰਖ ਰੂਪ ਦੱਸੋ ਤਾਂ ਇਹ ਨਿਯਮ ਹੈ-

ਜੋ ਦੀਸੈ ਸੋ ਹੋਇ ਬਿਨਾਸਾ॥

ਜੋ ਵੀ ਪਦਾਰਥ ਨਿਗਾਹ ਆਉਂਦਾ ਹੈ ਉਹ ਨਾਸਵੰਤ ਹੁੰਦਾ ਹੈ।

ੳ) ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ *(ਮਾਝ ਸੋਲਹੇ ਮਹਲਾ ੫, ਪੰਨਾ ੧੦੮੭)*

ਅ) ਦ੍ਰਿਸਟਿਮਾਨ ਸਭੁ ਬਿਨਸੀਐ, ਕਿਆ ਲਗਹਿ ਗਵਾਰ॥ ੨॥

(ਬਿਲਾਵਲੁ ਮਹਲਾ ੫, ਪੰਨਾ ੮੦੮)

ੲ) ਦ੍ਰਿਸਟਿਮਾਨ ਹੈ ਸਗਲ ਬਿਨਾਸੀ, ਇਕਿ ਸਾਧ ਬਚਨ ਆਗਾਧਾ॥੩॥

(ਸਾਰਗ ਮਹਲਾ ੫, ਪੰਨਾ ੧੨੦੪)

ਸ) ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥ ੧॥

(ਸਾਰਗ ਮਹਲਾ ੯, ਪਨਾ ੧੨੩੧)

ਹ) ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

(ਗਉੜੀ ਮਹਲਾ ੯, ਪੰਨਾ ੨੧੯)

ਹੁਣ ਆਪ ਦੱਸੋ ਕਿਸ ਦੀ ਉਪਾਸ਼ਨਾ ਕਰੀਏ?

ਰਵਿਦਾਸ ਜੀ ਦੱਸਦੇ ਹਨ-

ਭਾਵੇਂ ਇਹ ਤੇਰਾ ਕਹਿਣਾ ਠੀਕ ਹੈ, ਪਰ ਸੁਖ ਪ੍ਰਾਪਤੀ ਦੀ ਇੱਛਾ ਸਾਰਿਆਂ ਨੂੰ ਹੈ, ਅਜਿਹਾ ਕੋਈ ਆਦਮੀ ਨਹੀਂ ਜੋ ਸੁਖ ਨਹੀਂ ਚਾਹੁੰਦਾ ਫਿਰ ਸੁਖ ਵੀ ਐਸਾ ਮੰਗਦੇ ਹਨ ਜੋ ਕਦੇ ਵੀ ਨਾਸ ਨਾ ਹੋਵੇ। ਜਿਹੜਾ ਸੁਖ ਕਦੇ ਨਾਸ ਨਾ ਹੋਵੇ ਉਹ ਬ੍ਰਹਮ ਸੁਖ ਹੈ, ਇਸ ਅੰਸ਼ ਕਰ ਕੇ ਸਾਰਿਆਂ ਨੂੰ ਬ੍ਰਹਮ ਪ੍ਰਾਪਤੀ ਦੀ ਇੱਛਾ ਹੋ ਸਕਦੀ ਹੈ।

ਜਿਵੇਂ ਵਿਚਾਰ ਸਾਗਰ ਦੇ ਦੂਜੇ ਤਰੰਗ ਵਿਚ ਪੂਰਬ ਪਖੀ ਦੀ ਸ਼ੰਕਾ ਹੈ:-

ਕਿਯ ਅਨੁਭਵ ਜਾ ਵਸਤ ਕੋ, ਤਾ ਕੀ ਇਛਾ ਹੋਇ।
ਬ੍ਰਹਮ ਨਹੀਂ ਅਨਭੂਤ ਇਮ, ਚਹੈ ਨ ਤਾ ਕੋ ਕੋਇ।

ਅਰਥ:- ਜਿਸ ਵਸਤੂ ਦਾ ਗਿਆਨ ਹੋਵੇ, ਉਸ ਵਸਤੂ ਦੀ ਪ੍ਰਾਪਤੀ ਦੀ ਇੱਛਾ ਹੁੰਦੀ ਹੈ। ਜਿਸ ਵਸਤੂ ਦਾ ਗਿਆਨ ਨਾ ਹੋਵੇ ਉਸ ਵਸਤੂ ਦੀ ਇੱਛਾ ਕਦੇ ਨਹੀਂ ਹੁੰਦੀ। ਇਸੀ ਤਰ੍ਹਾਂ ਬ੍ਰਹਮ ਦਾ ਗਿਆਨ ਕਿਸੀ ਆਦਮੀ ਨੂੰ ਨਹੀਂ ਹੈ ਇਸ ਵਾਸਤੇ ਉਸ ਨੂੰ ਕੋਈ ਨਹੀਂ ਚਾਹੁੰਦਾ। ਇਹ ਗੱਲ ਸੁਣ ਕੇ ਅੱਗੋਂ ਵੇਦਾਂਤੀ ਨੇ ਇਸ ਤਰ੍ਹਾਂ ਉੱਤਰ ਦਿੱਤਾ ਕਿ ਜਿਸ ਵਸਤੂ ਦਾ ਪਹਿਲੇ ਅਨੁਭਵ ਕੀਤਾ ਹੋਇਆ ਹੋਵੇ ਉਸ ਪਦਾਰਥ ਦੀ ਪ੍ਰਾਪਤੀ ਦੀ ਇੱਛਾ ਨਹੀਂ ਹੁੰਦੀ ਬਲਕਿ ਉਸ ਦੇ ਸਜਾਤੀ ਹੋਰ ਪਦਾਰਥ ਦੀ ਪ੍ਰਾਪਤੀ ਦੀ ਇੱਛਾ ਹੁੰਦੀ ਹੈ। ਜੇ ਇਹੋ ਨਿਯਮ ਮੰਨਿਆਂ ਜਾਏ ਕਿ ਅਨੁਭਵ ਕੀਤੇ ਹੋਏ ਪਦਾਰਥ ਦੀ ਇੱਛਾ ਹੁੰਦੀ ਹੈ ਤਾਂ ਖਾਧੇ ਹੋਏ ਭੋਜਨ ਵਿਚ ਫਿਰ ਇੱਛਾ ਹੋਣੀ ਚਾਹੀਦੀ ਹੈ ਪਰ ਹੁੰਦੀ ਨਹੀਂ, ਪਰ ਉਸ ਦੇ ਸਜਾਤੀ ਹੋਰ ਭੋਜਨ ਦੀ ਇੱਛਾ ਹੁੰਦੀ ਹੈ।

ਕਿਆ ਅਨੁਭਵ ਸੁਖ ਕੋ ਸਬਹਿ ਬ੍ਰਹਮ ਸੁਨਜੋ ਸੁਖ ਰੂਪ।
ਬ੍ਰਹਮ ਪ੍ਰਾਪਤ ਯਾ ਹੇਤੁ ਤੇ ਚਹਿਤ ਵਿਵੇਕੀ ਭੂਪ।

ਅਰਥ:- ਸਾਰਿਆਂ ਨੇ ਸੁਖ ਦਾ ਅਨੁਭਵ ਕੀਤਾ ਹੋਇਆ ਹੈ ਇਸ ਕਰ ਕੇ ਸੁਖ ਪ੍ਰਾਪਤੀ ਦੀ ਇੱਛਾ ਸਾਰਿਆਂ ਨੂੰ ਹੈ ਤੇ ਸੁਖਾਂ ਦਾ ਦੂਜਾ ਸਜਾਤੀ ਸੁਖ ਬ੍ਰਹਮ ਸੁਖ ਹੈ ਇਤਨੀ ਅੰਸ਼ ਕਰ ਕੇ ਬ੍ਰਹਮ ਦੀ ਇੱਛਾ ਬਣ ਸਕਦੀ ਹੈ ਇਸ ਤਰੀਕੇ ਨਾਲ ਉਸ ਅਕਾਲ ਪੁਰਖ ਦਾ ਚਿੰਤਨ ਕਰਨਾ ਚਾਹੀਦਾ ਹੈ।

ਦੂਜਾ ਭਾਵ ਇਸ ਤਰ੍ਹਾਂ ਵੀ ਹੈ, ਕਾਵਜ ਗ੍ਰੰਥਾਂ ਵਿਚ ਚਾਰ ਪ੍ਰਕਾਰ ਦਾ ਦਰਸ਼ਨ ਕਥਨ ਕੀਤਾ ਹੈ:

੧- ਪ੍ਰਤੱਖ ਦਰਸ਼ਨ, ੨- ਸੁਪਨ ਦਰਸ਼ਨ, ੩- ਮੂਰਤੀ ਦਰਸ਼ਨ। ੪- ਸ੍ਵਪਨ ਦਰਸ਼ਨ।

ਸੋ ਸ੍ਵਪਨ ਦਰਸ਼ਨ ਕਰ ਕੇ ਬ੍ਰਹਮ ਦੀ ਇੱਛਾ ਪੈਦਾ ਹੋ ਜਾਂਦੀ ਹੈ।

ਦੂਜਾ ਅਰਥ-

ਪ੍ਰਸ਼ਨ:- ਜੀਵ ਤਰਦਾ ਕਿਉਂ ਨਹੀਂ?

ਉੱਤਰ:- ਬਿਨੁ ਦੇਖੇ ਉਪਜੈ ਨਹੀ ਆਸਾ॥ ਪ੍ਰਤਖ ਅੱਖਾਂ ਨਾਲ ਵੇਖੇ ਬਿਨਾਂ (ਪਰਮਾਤਮਾ ਦੇ) ਸਿਮਰਨ ਕਰਨ ਦੀ ਆਸਾ= ਇੱਛਾ ਪੈਦਾ ਨਹੀਂ ਹੁੰਦੀ।

ਜੋ ਦੀਸੈ ਸੋ ਹੋਇ ਬਿਨਾਸਾ॥

ਜੋ ਪਦਾਰਥ ਦਿੱਸ ਰਹੇ ਹਨ ਉਹ ਨਾਸਵੰਤ ਹੋ ਜਾਣ ਵਾਲੇ ਹਨ (ਤੇ ਉਹਨਾਂ ਹੀ ਪਦਾਰਥਾਂ ਦੀ ਆਸਾ

ਕਰਦਾ ਹੈ ਇਸ ਕਰ ਕੇ ਜੀਵ ਤਰਦਾ ਨਹੀਂ)

ਤੀਜਾ ਅਰਥ-

ਪ੍ਰਸ਼ਨ- ਜੀਵ ਕਿਸ ਤਰ੍ਹਾਂ ਤਰੇ? ਉੱਤਰ-

ਬਿਨੁ ਦੇਖੇ ਉਪਜੈ ਨਹੀ ਆਸਾ॥

ਬਿਨ ਦੇਖੇ ਜੋ ਸਵਰਗ ਆਦਿਕਾਂ ਦੇ ਪਦਾਰਥ ਹਨ, ਉਹਨਾਂ ਦੇ ਪ੍ਰਾਪਤੀ ਦੀ ਆਸਾ= ਖ਼ਾਹਸ਼ ਨਾ ਹੋਵੇ ਅਤੇ

ਜੋ ਦੀਸੈ ਸੋ ਹੋਇ ਬਿਨਾਸਾ॥

ਇਸ ਲੋਕ ਦੇ ਜੋ ਪਦਾਰਥ ਦਿਸ ਰਹੇ ਹਨ, ਸੋ ਉਹਨਾਂ ਦੀ ਆਸਾ ਤੋਂ ਵੀ ਬਿਨਾਂ ਹੋਵੇ (ਇਹਨਾਂ ਸਾਧਨਾਂ ਕਰ ਕੇ ਜੀਵ ਤਰਦਾ ਹੈ)

ਬਰਨ ਸਹਿਤ ਜੋ ਜਾਪੈ ਨਾਮੁ॥ ਸੋ ਜੋਗੀ ਕੇਵਲ ਨਿਹਕਾਮੁ॥ ੧॥

ਆਪੋ ਆਪਣੇ ਬਰਨ ਆਸ਼ਰਮ (ਧਰਮ) ਦੇ ਸਹਿਤ ਹੋ ਕੇ ਜੋ ਆਦਮੀ ਨਾਮ ਜਪਦਾ ਹੈ। ਵਾ:- ਬਰਨ= ਅੱਖਰਾਂ ਦੇ ਸਹਿਤ ਜੋ ਨਾਮ ਜਪਦਾ ਹੈ, ਉਹ ਜੋਗੀ= ਜੀਵ ਕੇਵਲ= ਸ਼ੁਧ ਤੇ ਨਿਹਕਾਮੁ= ਨਿਸ਼ਕਾਮ ਹੁੰਦਾ ਹੈ॥ ੧॥

ਪਰਚੈ ਰਾਮੁ ਰਵੈ ਜਉ ਕੋਈ॥
ਪਾਰਸੁ ਪਰਸੈ ਦੁਬਿਧਾ ਨ ਹੋਈ॥ ੧॥ ਰਹਾਉ॥

ਜਿਹੜਾ ਕੋਈ ਗੁਰਾਂ ਦੇ ਪਰਚੈ= ਉਪਦੇਸ਼ ਦੁਆਰਾ। ਵਾ:- ਪਰਚੈ= ਪ੍ਰੇਮ ਕਰ ਕੇ ਰਾਮ ਨੂੰ ਰਵੈ= ਉਚਾਰਦਾ ਹੈ। ਜਿਸ ਤਰ੍ਹਾਂ ਲੋਹਾ ਪਾਰਸ ਨਾਲ ਛੋਹ ਕੇ ਸੋਨਾ ਬਣ ਜਾਂਦਾ ਹੈ। ਇਸੇ ਤਰ੍ਹਾਂ ਉਹ ਗੁਰੂ- ਪਾਰਸ ਨਾਲ ਲੱਗ ਕੇ ਜੀਵ ਸੋਨੇ ਵਰਗਾ ਸ਼ੁੱਧ ਹੋ ਜਾਂਦਾ ਹੈ ਤੇ ਦ੍ਵੈਤ ਆਦਿਕ ਵਿਕਾਰ ਉਸ ਦੇ ਅੰਦਰ ਕੋਈ ਨਹੀਂ ਹੁੰਦੇ।

ੳ) ਭਇਆ ਮਨੂਰ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ ੪॥ ੩॥
(ਮਾਰੂ ਮਹਲਾ ੧, ਪੰਨਾ ੯੯੦)

ਅ) ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ॥ ੩॥
(ਆਸਾ ਕਬੀਰ ਜੀ, ਪੰਨਾ ੪੮੧)

ੲ) ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥ ੬॥
(ਗੂਜਰੀ ਮ: ੧, ਪੰਨਾ ੫੦੫)

ਸ) ਪਾਰਸ ਮਾਨੋ ਤਾਂਬੋ ਛੁਏ ਕਨਕ ਹੋਤ ਨਹੀ ਬਾਰ॥ ੫॥ *(ਪੰਨਾ ੩੪੬)*

ਸੋ ਮੁਨਿ ਮਨ ਕੀ ਦੁਬਿਧਾ ਖਾਇ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ॥

ਅਸਲ ਮੁਨੀ* ਓਹੀ ਹੈ ਜੋ ਮਨ ਦੀ ਦੁਬਿਧਾ ਨੂੰ ਖਾਇ= ਅਭਾਵ ਕਰੇ। ਦੁਆਰੇ= ਗੋਲਕਾਂ ਤੋਂ ਬਿਨਾਂ

---

*ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥ ੧॥
ਕਰਮੁ ਹੋਵੈ ਗੁਰੁ ਕਿਰਪਾ ਕਰੈ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ॥ ੪॥ (ਭੈਰਉ ਮਹਲਾ ੩, ਪੰਨਾ ੧੧੨੮)

ਜੋ ਪਰਮਾਤਮਾ ਹੈ, ਉਸ ਨੂੰ ਤਿੰਨ ਲੋਕਾਂ ਵਿਚ ਸਮਾਇਆ ਨਿਸਚੇ ਕਰੇ।

ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥ ੨ ॥

ਜਿਸ ਤਰ੍ਹਾਂ ਕਿਸੇ ਦੇ ਮਨ ਦਾ ਸੁਭਾਵ ਹੁੰਦਾ ਹੈ (ਭਾਵੇਂ ਚੰਗਾ, ਭਾਵੇਂ ਮਾੜਾ) ਸਭ ਕੋਈ ਓਵੇਂ ਹੀ ਕਰਦਾ ਹੈ। ਪਰ ਜਿਹੜਾ ਮਨ ਦੇ ਵਸੀਕਾਰ ਕਰਨ ਵਾਲਾ ਹੁੰਦਾ ਹੈ, ਉਹ ਪੁਰਸ਼ ਅਨਭੈ= ਨਿਰਖੌਫ ਹੋ ਕੇ ਰਹਿੰਦਾ ਹੈ॥ ੨ ॥

ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥

(ਜਿਸ ਤਰ੍ਹਾਂ) ਫਲ ਦੀ ਪ੍ਰਾਪਤੀ ਵਾਸਤੇ ਸਾਰੀ ਬਨਾਸਪਤੀ ਪ੍ਰਫੁੱਲਤ ਹੁੰਦੀ ਹੈ। ਜਿਸ ਵੇਲੇ ਫਲ ਲੱਗ ਜਾਂਦਾ ਹੈ ਤਾਂ ਫੁੱਲ ਦੂਰ ਹੋ ਜਾਂਦੇ ਹਨ।

ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥

(ਏਸੇ ਤਰ੍ਹਾਂ ਜਗਿਆਸੂ) ਗਿਆਨ ਵਾਸਤੇ ਕਰਮਾਂ ਦਾ ਅਭਿਆਸ (ਕਰਦਾ ਹੈ)। ਜਿਸ ਵੇਲੇ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਕਰਮਾਂ ਦਾ ਆਪ ਹੀ ਨਾਸ ਹੋ ਜਾਂਦਾ ਹੈ॥ ੩ ॥

ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥

(ਦ੍ਰਿਸਟਾਂਤ- ਜਿਸ ਤਰ੍ਹਾਂ) ਸਿਆਣੀ ਇਸਤ੍ਰੀ ਘਿਓ ਵਾਸਤੇ ਦਹੀਂ ਰਿੜਕਦੀ ਹੈ। ਜਾਦ ਮੱਖਣ ਨਿਕਲ ਪਵੇ ਤਾਂ ਫਿਰ ਨਹੀਂ ਰਿੜਕਦੀ। ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਜਗਿਆਸੂ ਕਰਮ ਕਰਦਾ ਹੈ ਜਦ ਬ੍ਰਹਮ ਗਿਆਨ ਹੋ ਜਾਵੇ ਫਿਰ ਕਰਮ ਨਹੀਂ ਕਰਦਾ। ਜੀਵਨ ਮੁਕਤ ਅਵਸਥਾ ਨੂੰ ਪਾ ਕੇ ਜਗਿਆਸੂ ਸਦਾ ਹੀ ਬੰਧਨਾਂ ਤੋਂ ਰਹਿਤ ਹੁੰਦਾ ਹੈ।

ਕਹਿ ਰਵਿਦਾਸ ਪਰਮ ਬੈਰਾਗ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥ ੪ ॥ ੧ ॥

ਰਵਿਦਾਸ ਜੀ ਕਹਿੰਦੇ ਹਨ— ਹੇ ਅਭਾਗ= ਖੋਟੇ ਭਾਗਾਂ ਵਾਲੇ ਪੁਰਸ਼ਾ ! ਪਰਮ ਵੈਰਾਗ ਨੂੰ ਧਾਰ ਕੇ ਤੂੰ ਹਿਰਦੇ ਵਿਚ ਰਾਮ ਨੂੰ ਕਿਉਂ ਨਹੀਂ ਜਪਦਾ? ਅਰਥਾਤ ਰਾਮ ਨੂੰ ਜਪਣਾ ਕਰ॥ ੪ ॥ ੧ ॥

ਨਾਮਦੇਵ ॥

ਉਥਾਨਕਾ- ਇਕ ਸਮੇਂ ਰਾਸਧਾਰੀਆਂ ਨੇ ਰਾਤ ਨੂੰ ਰਾਸ ਪਾਈ, ਰਾਸ ਵੇਖਦਿਆਂ-ਵੇਖਦਿਆਂ ਕਾਫੀ ਰਾਤ ਬੀਤ ਗਈ। ਇਤਨੇ ਤਕ ਸਾਰਿਆਂ ਨੂੰ ਤਰੇਹ ਲੱਗ ਪਈ, ਇਕ ਦੂਜੇ ਦੇ ਮੂੰਹ ਵੱਲ ਤੱਕਣ ਪਰ ਖੂਹ 'ਤੇ ਪਾਣੀ ਲੈਣ ਲਈ ਕੋਈ ਨਾ ਜਾਵੇ, ਕਿਉਂਕਿ ਖੂਹ 'ਤੇ ਇਕ ਬੜਾ ਪੁਰਾਣਾ ਬ੍ਰਿਛ ਸੀ , ਉਸ ਉੱਤੇ ਇਕ 'ਦੇਉ' ਰਹਿੰਦਾ ਸੀ। ਅੱਧੀ ਰਾਤ ਤੋਂ ਪਿਛੋਂ ਉਸ ਖੂਹ ਤੇ ਜਿਹੜਾ ਵੀ ਪਾਣੀ ਲੈਣ ਜਾਂਦਾ, ਦੇਉ ਉਸ ਦੀ ਸੰਘੀ ਘੁੱਟ ਦੇਂਦਾ। ਆਖਿਰ ਸਾਰਿਆਂ ਨੇ ਸਲਾਹ ਕਰ ਕੇ ਪਾਣੀ ਲਿਆਉਣ ਵਾਸਤੇ ਨਾਮਦੇਵ ਜੀ ਨੂੰ ਭੇਜ ਦਿੱਤਾ। ਨਾਮਦੇਵ ਜੀ ਨਿਧੜਕ ਹੋ ਕੇ ਖੂਹ 'ਤੇ ਆ ਪਹੁੰਚੇ। ਜਿਸ ਵੇਲੇ ਡੋਲ ਵਹਾਇਆ ਤਾਂ ਦੇਉ ਨੇ ਫੜ ਲਿਆ। ਉਸ ਵੇਲੇ ਨਾਮਦੇਵ ਜੀ ਨੇ ਉਸ ਦੇਉ ਵਿਚ ਭਗਵਾਨ ਨੂੰ ਨਿਸਚੇ ਕਰਦਿਆਂ ਹੋਇਆਂ ਇਸ ਤਰ੍ਹਾਂ ਕਿਹਾ-

ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ ਰਹਾਉ ॥

ਹੇ ਕੇਸਵ= ਪਰਮਾਤਮਾ ! ਕਲੰਦਰ* ਰੂਪ ਆਓ, ਆਪ ਜੀ ਨੇ ਬੜੀ ਕਿਰਪਾ ਕੀਤੀ ਹੈ। ਇਹ ਆਪ ਜੀ ਨੇ ਆਪਣੇ ਪੁੱਤਰਾਂ ਦੀਆਂ ਸੰਘੀਆਂ ਘੁੱਟਣ ਵਾਸਤੇ ਅਬਦਾਲੀ= ਭਿਆਨਕ ਭੇਸ ਧਾਰਨ ਕੀਤਾ ਹੋਇਆ ਹੈ।**

ਭਗਤ ਜੀ ਦੇ ਬਚਨ ਸੁਣ ਕੇ ਭਗਵਾਨ ਜੀ ਉਸ ਦੇਉ ਵਿਚ ਆਪ ਆਣ ਕੇ ਸਵਾਲ-ਜਵਾਬ ਕਰਨ ਲੱਗ ਪਏ। ਭਗਵਾਨ ਨੇ ਕਿਹਾ— "ਤੂੰ ਮੈਨੂੰ ਜਾਣਦਾ ਹੈਂ, ਮੈਂ ਕੌਣ ਹਾਂ?"

ਨਾਮਦੇਵ ਜੀ ਨੇ ਕਿਹਾ— "ਹਾਂ ! ਚੰਗੀ ਤਰ੍ਹਾਂ ਜਾਣਦਾ ਹਾਂ।"

ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥

ਜਿਨਿ= ਜਿਸ ਆਪ ਨੇ ਸਿਰ 'ਤੇ ਅਕਾਸ਼ ਰੂਪੀ ਕੁਲਹ= ਟੋਪੀ ਕੀਤੀ ਹੋਈ ਹੈ ਤੇ ਸੱਤ ਪਤਾਲ ਪੈਰਾਂ ਦੀਆਂ ਦੋ ਕਉਸੈ= ਖੜਾਵਾਂ ਕੀਤੀਆਂ ਹੋਈਆਂ ਹਨ।

ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ ॥ ੧ ॥

ਚਮਰ ਪੋਸ= ਚਾਰ ਖਾਣੀਆਂ ਰੂਪ ਆਪ ਜੀ ਦਾ ਮੰਦਰ ਹੈ, ਅਰਥਾਤ ਚਾਰ ਖਾਣੀਆਂ ਦੇ ਜੀਆਂ ਅੰਦਰ ਆਪ ਜੀ ਦਾ ਨਿਵਾਸ ਹੈ। ਵਾ:- ਚਮੜੇ ਦਾ ਜਿਸ ਉੱਤੇ ਪੋਸ= ਪੁਸ਼ਾਕਾ ਹੈ, ਉਹ ਸਰੀਰ ਰੂਪੀ ਆਪ ਜੀ ਦਾ ਮੰਦਰ ਹੈ। ਹੇ ਗੁਪਾਲਾ= ਪਰਮਾਤਮਾ ! ਆਪ ਇਸ ਤਰ੍ਹਾਂ ਦੇ ਬਣੇ-ਠਣੇ ਹੋ॥ ੧ ॥

ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥

ਛਪਨ= ਛਿਪੰਜਾ ਕ੍ਰੋੜ ਜਾਦਵ, ਵਾ:- ਮੇਘ ਮਾਲਾ ਇਹ ਆਪ ਦਾ *ਪੇਹਨੁ= ਬੁਰਕਾ ਹੈ। ਜੋ ਭੂਮਾਸਰ ਦੈਂਤ ਨੇ ਸੋਲਾਂ ਹਜ਼ਾਰ ਰਾਜ ਕੰਨਿਆਂ ਇਕੱਠੀਆਂ ਕੀਤੀਆਂ ਹੋਈਆਂ ਸਨ, ਕਿ ਵੀਹ ਹਜ਼ਾਰ ਸਾਰੀਆਂ ਇਕੱਠੀਆਂ ਕਰ ਕੇ ਫਿਰ ਵਿਵਾਹਾਂਗਾ। ਉਸ ਭੂਮਾਸਰ ਦੈਂਤ ਨੂੰ ਮਾਰ ਕੇ ਜੋ ਸੋਲਾਂ ਹਜ਼ਾਰ ਰਾਜ ਕੰਨਿਆ ਕ੍ਰਿਸ਼ਨ ਰੂਪ ਹੋ ਕੇ ਆਪ ਜੀ ਨੇ ਵਿਆਹ ਲਿਆਂਦੀਆਂ ਹਨ। ਇਹ ਆਪ ਜੀ ਨੇ **ਇਜਾਰਾ= ਸੁੱਥਣ ਪਹਿਰੀ ਹੋਈ ਹੈ। ਅੱਠ ਜਿਹੜੀਆਂ ਵਿਵਾਹ ਰਾਣੀਆਂ ਹਨ— ਰੁਕਮਨ, ਸਤਭਾਮਾ ਆਦਿਕ ਇਹ ਉਸ ਸੁੱਥਣ ਵਿਚ ਨਾਲਾ ਹੈ।

ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥ ੨ ॥

ਅਠਾਰਾਂ ਭਾਰ ਜੋ ਬਨਾਸਪਤੀ ਹੈ, ਇਹ ਫੇਰਨ ਵਾਲਾ ਆਪ ਜੀ ਦਾ ਮੁਦਗਰ*= ਮੂੰਗਲਾ ਜਾਂ ਸਲੋਤਰ ਹੈ ਅਤੇ ਸਾਰਾ ਸੰਸਾਰ ਆਪ ਦੀ ਸਹਨਕ= ਕੁਨਾਲੀ ਹੈ, ਰੋਟੀ ਖਾਣ ਵਾਲੀ ਹਿੰਦੂ ਮਤ ਵਿਚ ਰਕੇਬੀ ਜਾਂ ਥਾਲੀ ਕਹਿੰਦੇ ਹਨ॥ ੨ ॥

---

*ਬਾਂਦਰ ਨਚਾਉਣ ਵਾਲੇ ਨੂੰ ਕਲੰਦਰ ਕਹਿੰਦੇ ਹਨ। ਇਧਰ ਪਰਮਾਤਮਾ ਨੂੰ ਕਲੰਦਰ ਕਿਹਾ ਹੈ, ਜੋ ਜੀਵਾਂ ਰੂਪ ਬਾਂਦਰਾਂ ਨੂੰ ਨਚਾ ਰਿਹਾ ਹੈ।

**ਅਥਵਾ-ਸ੍ਰੀ ਗੁਰੂ ਗ੍ਰੰਥ ਕੋਸ਼ ਦੇ ੬੬ ਪੰਨੇ ਵਿਖੇ ਅਬਦਾਲੀ ਦਾ ਅਰਥ ਵੱਡਾ ਕੀਤਾ ਹੈ। ਮੁਸਲਮਾਨਾਂ ਦੇ ਮੱਤ ਵਿਖੇ ਫ਼ਕੀਰਾਂ ਦੇ ਪੰਜ ਦਰਜੇ ਵੱਡੇ ਕਹੇ ਹਨ- ੧. ਵਲੀ, ੨. ਗੌਸ, ੩. ਕੁਤਬ, ੪. ਅਬਦਾਲ, ੫. ਕਲੰਦਰ।

*ਮਹਾਨ ਕੋਸ਼ ਵਿਚ 'ਪੇਹਨੁ' ਦਾ ਅਰਥ ਲੰਬਾ ਕੁੜਤਾ, ਚੋਲਾ ਜਾਂ ਜਾਮਾ ਕੀਤਾ ਹੈ।

**ਮਹਾਨ ਕੋਸ਼ ਵਿਚ 'ਇਜਾਰਾ' ਦਾ ਅਰਥ ਪਜਾਮਾ, ਸਲਵਾਰ, ਸੁੱਥਣ ਲਿਖਿਆ ਹੈ।

*ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਮੁਦਗਰ ਦਾ ਅਰਥ ਬੜਾ ਭਾਰਾ ਸੋਟਾ ਲਿਖਿਆ ਹੈ। ਜਿਸ ਨਾਲ ਵੈਰੀ ਦਾ ਸਿਰ ਫੇਂਹਦੇ ਹਨ ਅਤੇ ਪਹਿਲਵਾਨਾਂ ਲਈ ਕਸਰਤ ਕਰਨ ਦਾ ਵੀ ਮੁਦਗਰ ਹੁੰਦਾ ਹੈ।

ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ॥

ਸਾਰਿਆਂ ਜੀਵਾਂ ਦੀ ਦੇਹੀ ਹੀ ਆਪ ਜੀ ਦੀ ਮਹਜਿਦਿ= ਮਸੀਤ (ਮਸਜਿਦ) ਹੈ ਅਤੇ ਉਸ ਮਸੀਤ ਵਿਚ ਰਹਿਣ ਵਾਲਾ ਮਨ ਮੌਲਵੀ ਹੈ ਜੋ ਸ਼ਾਂਤੀ ਰੂਪ ਨਮਾਜ਼ ਨੂੰ ਆਪ ਗੁਜਾਰੈ= ਪੜ੍ਹਦਾ ਹੈ (ਭਾਵ ਆਪ ਜੀ ਵਿਚ ਚਾਹੇ ਕੋਈ ਕਿਤਨੇ ਹੀ ਦੂਸ਼ਣ ਲਾਵੇ, ਆਪ ਫਿਰ ਵੀ ਗੁੱਸੇ ਵਿੱਚ ਨਹੀਂ ਆਉਂਦੇ)। *ਅਥਵਾ-* ਸਹਿਜੇ ਹੀ ਨਿੰਮ੍ਰਤਾ ਰੂਪ ਨਮਾਜ਼ ਨੂੰ ਪੜ੍ਹਦੇ ਹੋ।

ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ॥ ੩॥

ਬੀਬੀ ਕਉਲਾ*= ਲਛਮੀ ਸਉ= ਨਾਲ ਆਪ ਜੀ ਦਾ ਕਾਇਨੁ= ਨਿਕਾਹ ਪੜ੍ਹਿਆ ਹੋਇਆ ਹੈ। ਨਿਰੰਕਾਰ= ਨਿਰਗੁਣ ਬ੍ਰਹਮ ਰੂਪ ਭੀ ਆਪ ਹੋ ਅਤੇ ਆਕਾਰੈ= ਸਰਗੁਣ ਰੂਪ ਵੀ ਆਪ ਹੋ॥ ੩॥

ੳ) ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥

(ਗਉੜੀ ਸੁਖਮਨੀ, ਪੰਨਾ ੨੮੭)

ਅ) ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ॥ *(ਮਹਲਾ ੫, ਪੰਨਾ ੨੫੦)*

ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ॥

(ਔਂਡਾ ਪੁਰ ਵਿਚ) ਭਗਤੀ ਕਰਦਿਆਂ ਹੋਇਆਂ ਮੇਰੇ ਪਾਸੋਂ ਆਪ ਜੀ ਨੇ ਤਾਲ ਛਿਨਾਏ= ਛੈਣੇ ਖੁਹਾ ਦਿੱਤੇ ਸਨ ਤੇ ਹੁਣ ਆਪ ਮੇਰੀ ਸੰਘੀ ਘੁੱਟਣ ਲੱਗੇ ਹੋ (ਦੱਸੋ, ਮੈਂ ਹੁਣ) ਕਿਸ ਦੇ ਪਾਸ ਪੁਕਾਰ ਕਰਾਂ?

ਅਥਵਾ:- ਭਗਤੀ ਕਰਦਿਆਂ ਹੋਇਆਂ ਮੇਰੇ ਛੈਣੇ ਪਾਂਡਿਆਂ ਨੇ ਛਿਨਾਏ= ਖੋਹੇ ਸਨ, ਤਾਂ ਉਸ ਵੇਲੇ ਆਪ ਜੀ ਨੇ ਹੀ ਸਹਾਇਤਾ ਕੀਤੀ, 'ਜੋ ਮੰਦਰ ਦਾ ਮੂੰਹ ਮੇਰੇ ਵੱਲ ਫੇਰ ਦਿੱਤਾ ਸੀ।' ਹੁਣ ਭੀ ਆਪ ਜੀ ਤੋਂ ਬਿਨਾਂ ਮੈਂ ਹੋਰ ਕਿਸ ਪਾਸ ਪੁਕਾਰ ਕਰਾਂ?

ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ॥ ੪॥ ੧॥

ਮੈਂ ਨਾਮਦੇਵ ਦਾ ਸੁਆਮੀ ਤੂੰ ਅੰਤਰਜਾਮੀ= ਘਟ ਘਟ ਦੀ ਜਾਣਨ ਵਾਲਾ ਹੈਂ ਅਤੇ ਸਾਰੇ ਦੇਸ਼ਾਂ ਬਿਦੇਸ਼ਾਂ ਵਿਚ ਫਿਰ ਰਿਹਾ ਹੈਂ॥ ੪॥ ੧॥

ਇਹ ਭਗਵਾਨ ਦਾ ਸਾਰਾ ਵੈਰਾਟ ਰੂਪ ਕਥਨ ਕੀਤਾ ਹੈ-

ਸਿਰ ਹੈ ਅਕਾਸੁ ਸੁਆਸ ਨਾਸਕਾ ਪਵਨ ਵਾਸ,
ਸੂਰ ਸਸਿ ਨੈਨ ਮੁਖ ਅਨਲ[੧] ਕੋ ਕਰੇ ਹੈਂ।
ਹਰ[੨] ਹਰਿ[੩] ਭੁਜ ਦੋਊ ਹੀਐ ਚਤੁਰਾਨਨ[੪] ਹੈ;

**ਬੀਬੀ ਦਾ ਅਰਥ ਬੀਵੀ ਕਰਨਾ ਹੈ,ਕਿਉਂਕਿ ਮੁਸਲਮਾਨ ਔਰਤ ਨੂੰ ਬੀਵੀ ਕਹਿੰਦੇ ਹਨ।*
*"ਕੂੜੁ ਮੀਆ ਕੂੜੁ **ਬੀਬੀ** ਖਪਿ ਹੋਇ ਖਾਰੁ॥" (ਵਾਰ, ਆਸਾ, ਪੰਨਾ ੪੬੭)*
*"ਪਾਸਿ ਬੈਠੀ **ਬੀਬੀ** ਕਵਲਾ ਦਾਸੀ॥ (ਆਸਾ ਕਬੀਰ ਜੀ, ਪੰਨਾ ੪੭੯)*
*ਇਥੇ ਭੀ '**ਬੀਬੀ**' ਦਾ ਅਰਥ ਬੀਵੀ ਕੀਤਾ ਗਿਆ ਹੈ।*

੧. ਅੱਗ। ੨. ਸ਼ਿਵ ਜੀ। ੩.ਵਿਸ਼ਨੂੰ। ੪. ਬ੍ਰਹਮ।

ਪਉਦਰ ਸਕਲ ਬੇਦ, ਬਾਣੀ ਮੁਖ ਰਰੇ ਹੈਂ।
ਫਪਰਬਤ ਹੈ ਅਸਤ, ਰੋਮ ਸਕਲ ਬਨਾਸਪਤਿ;
ਮੇਘ ਮਾਲ ਬੀਰਜ ਪਤਾਲ ਪਾਵ ਤਰੇ ਹੈਂ।
ਅਲਖ ਰੂਪ ਜਾ ਕੀ ਮਹਿਮਾ ਅਨੂਪ ਦੇਖੋ;
ਵਹੁ ਵਿਸ੍ਨ ਭੂਪ ਵਿਸ਼ਵ ਰੂਪ ਆਪ ਧਰੇ ਹੈਂ॥ ੩॥

(ਅਧਿਆਤਮ ਪ੍ਰਕਾਸ਼)

ਭੈਰਉ ਰਾਗੁ ਸਮਾਪਤੰ॥



ਪ. ਸਾਰੇ ਵੇਦ ਪੇਟ ਹੈ। ਫ. (ਬਾਣੀ) ਸਰਸਵਤੀ ਮੁਖ ਕਹਿੰਦੇ ਹਨ। ਪਹਾੜ ਹੱਡੀਆਂ ਹਨ ਤੇ ਸਾਰੀ ਬਨਾਸਪਤੀ ਵਾਲ ਹਨ।

ਰਾਗੁ ਬਸੰਤੁ

[ਪੰਨਾ ੧੧੬੮]

ਰਾਗੁ ਬਸੰਤੁ* ਮਹਲਾ ੧ ਘਰੁ ੧ ਚਉਪਦੇ ਦੁਤੁਕੇ

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਬਸੰਤ ਰਾਗ ਦੇ ਅਰੰਭ ਵਿਚ ਵੱਡਾ ਮੰਗਲ ਉਚਾਰਨ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਹੋਏ ਸ਼ਬਦ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਕੇ ਸੰਗਤਾਂ ਨੂੰ ਸ੍ਰਵਨ ਕਰਾਉਂਦੇ ਹਨ।

ਇਕ ਸਿੱਖ ਨੇ ਬੇਨਤੀ ਕੀਤੀ— "ਮਹੀਨਿਆਂ ਵਿਚੋਂ ਕੇਹੜਾ ਮਹੀਨਾ ਸ੍ਰੇਸ਼ਟ ਹੈ। *ਗੁਰ ਉੱਤਰ-*

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥

ਸਾਰਿਆਂ ਮਹੀਨਿਆਂ ਵਿਚੋਂ ਮਾਹਾ= ਮਾਘ ਦਾ ਮਾਹ= ਮਹੀਨਾ ਮੁਮਾਰਖੀ= ਅਨੰਦੀ (ਖੁਸ਼ੀਆਂ) ਵਾਲਾ ਹੈ, ਜਿਸ ਮਾਘ ਦੇ ਮਹੀਨੇ ਵਿਚ ਬਸੰਤ ਰਾਗ ਦਾ ਗੌਣ ਕਰਨਾ ਚੜ੍ਹਿਆ ਹੈ। ਕਿਉਂਕਿ ਰਾਗੀ ਜਨ ਮਾਘ ਦੀ ਸੰਗ੍ਰਾਂਦ ਵਾਲੇ ਦਿਲ ਤੋਂ ਬਸੰਤ ਰਾਗ ਦਾ ਗਾਉਣਾ ਸ਼ੁਰੂ ਕਰਦੇ ਹੰਨ, ਮਾਘ ਤੇ ਫੱਗਣ, ਦੋ ਮਹੀਨੇ ਬਸੰਤ ਰਾਗ

**੧-ਰਾਧਾ ਗੋਬਿੰਦ ਸੰਗੀਤ ਸਾਰ ਤੇ ਰਾਗ ਦੀਪਕਾ ਵਿਚ ਹਿੰਡੋਲ ਦਾ ਪੁੱਤਰ ਬਸੰਤ ਲਿਖਿਆ ਹੈ ਇਸ ਨੂੰ ਬਸੰਤ ਰੁਤ ਵਿਚ ਬਸੰਤ ਪੰਚਮੀ ਵਾਲੇ ਦਿਨ ਗਾਉਂਦੇ ਹਨ ਇਹ ਰਾਗ ਮੰਗਲੀਕ ਹੈ, ਹਰ ਵੇਲੇ ਗਾਇਆ ਜਾ ਸਕਦਾ ਹੈ। ਹਿੰਡੋਲ ਤੇ ਮਾਲਕੌਂਸ ਮਿਲ ਕੇ ਬਸੰਤ ਬਣਦਾ ਹੈ।*

੨- ਸਿਧ ਸਾਰਸੁਤ ਦੇ ਮਤ ਵਿਚ ਏਹ ਇਕ ਸੱਤਵਾਂ ਵੱਖਰਾ ਰਾਗ ਹੈ, ਜਿਸ ਦੀ ਉਤਪੱਤੀ ਦਹੀਂ ਦੇ ਸਮੁੰਦਰ ਤੋਂ ਹੈ, ਇਸ ਦਾ ਦੇਸ਼ ਉਤਰ ਹੈ ਅਤੇ ਦੇਵਗਿਰੀ, ਦੇਸੀ, ਟੋਡੀ ਹਿੰਡੋਲੀ, ਲਲਿਤ, ਬੈਰਾੜੀ, ਏਹ ਛੇ ਇਸ ਦੀਆਂ ਰਾਗਣੀਆਂ ਹਨ।

੩- ਮਤੰਗ ਮੁਨੀ ਤੇ ਸ਼ਿਵ ਸਤ ਵਿਚ ਛੇ ਰਾਗਾਂ ਵਿਚੋਂ ਦੂਜਾ ਰਾਗ ਹੈ ਇਸ ਦੀ ਉਤਪਤੀ ਸ਼ਿਵ ਜੀ ਦੇ ਪੰਚ ਵਕ੍ਤ ਮੁਖ ਤੋਂ ਹੋਈ ਹੈ, ਇਸ ਦੀਆਂ ਪੰਜ ਰਾਗਣੀਆਂ ਹਨ, ਦਿਨ ਦੇ ਪਹਿਲੇ ਪਹਰੇ ਗਾਈਂਦਾ ਹੈ, ਬਸੰਤ ਰੁਤ ਜਾਂ ਬਸੰਤ ਪੰਚਮੀ ਇਸ ਦਾ ਮੌਸਮ ਹੈ। ਸਾਰੰਗ, ਨਟ, ਮਲਾਰ, ਬਿਲਾਵਲ, ਦੇਵਗਿਰੀ ਮਿਲ ਕੇ ਬਸੰਤ ਬਣਦਾ ਹੈ।

੪- ਕਾਲੀ ਨਾਥ ਦੇ ਮਤ ਵਿਚ ਵੀ ਦੂਜਾ ਰਾਗ ਹੈ, ਇਸ ਦੀਆਂ-ਅੰਧੂਲੀ, ਗਮਕੀ, ਪਟਮੰਜਰੀ, ਗੌਡਕਰੀ, ਧਾਮਕਲੀ ਤੇ ਦੇਵ ਸ਼ਾਖਾ ਏਹ ਛੇ ਰਾਗਣੀਆਂ ਹਨ।

੫- ਸੁਰਤਾਲ ਸਮੂਹ ਵਿਚ ਸ੍ਰੀ ਰਾਗ ਦੀ ਰਾਗਣੀ ਕਰ ਕੇ ਇਸ ਨੂੰ ਲਿਖਿਆ ਹੈ, ਸੰਪੂਰਨ ਹੈ, ਮੌਸਮ ਬਸੰਤ ਰੁੱਤ ਹੈ ਸੁਧ ਸੰਕੀਰਨ ਹੈ, ਦੇਵਗਿਰੀ, ਨਟ, ਮਲਾਰ, ਸਾਰੰਗ ਤੇ ਬਿਲਾਵਲ ਮਿਲ ਕੇ ਬਸੰਤ ਬਣਦਾ ਹੈ।

੬- ਸੰਗੀਤ ਬਿਨੋਦ ਤੇ ਬੁਧ ਪ੍ਰਕਾਸ਼ ਦਰਪਣ ਵਿਚ ਹਿੰਡੋਲ ਦੀ ਰਾਗਣੀ ਬਸੰਤ ਮੰਨੀ ਹੈ, ਜਿਸ ਵਿਚ ਦਰਬਾਰੀ ਕਾਨੜਾ ਬਿਭਾਸ ਭੈਰਉ ਦਾ ਮੇਲ ਹੈ।

ਰਾਗਮਾਲਾ ਵਿਚ ਭੀ ਹਿੰਡੋਲ ਦੀ ਰਾਗਣੀ ਬਸੰਤੀ ਕਹੀ ਹੈ :

"ਤੇਲੰਗੀ ਦੇਵਕਰੀ ਆਈ॥ ਬਸੰਤੀ ਸੰਦੂਰ ਸੁਹਾਈ॥" (ਪੰਨਾ ੧੪੩੦)

- ਸ੍ਰੀ ਗੁਰੂ ਗ੍ਰੰਥ ਸਾਹਿ ਜੀ ਵਿਚ ਇਸ ਬਸੰਤ ਦਾ ੨੫ਵਾਂ ਨੰਬਰ ਹੈ।

ਗਾਉਂਦੇ ਰਹਿੰਦੇ ਹਨ।

੨- ਸਾਰਿਆਂ ਹੀ ਮਾਹਾ= ਮਹੀਨਿਆਂ ਦੇ ਮਾਹ= ਵਿਚ ਮੁਮਾਰਖੀ= ਅਨੰਦੀ ਚੇਤਨ ਦੇਵ ਰੂਪ ਬਸੰਤ ਸਦਾ ਹੀ ਚੜ੍ਹ ਰਿਹਾ ਹੈ, ਅਰਥਾਤ ਪਰੀਪੂਰਨ ਹੋ ਰਿਹਾ ਹੈ।

ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥ ੧ ॥

ਪਰਫੜੁ= ਪ੍ਰਫੁੱਲਤ ਚਿਤ ਹੋ ਕੇ, ਵਾ:- ਪਰ= ਭਲੀ ਪ੍ਰਕਾਰ ਚਿਤ ਨੂੰ ਫੜ ਕੇ ਅਰਥਾਤ ਕਾਬੂ ਕਰ ਕੇ ਸੋਇ= ਉਸ ਸੋਭਾ ਵਾਲੇ ਗੋਬਿੰਦ ਨੂੰ ਸਦਾ ਸਦਾ= ਹਮੇਸ਼ਾਂ ਸਮ੍ਹਾਲਣਾ ਕਰ॥ ੧ ॥

ਭੋਲਿਆ ਹਉਮੈ ਸੁਰਤਿ ਵਿਸਾਰਿ ॥

ਹੇ ਭੋਲਿਆ= ਅਗਿਆਤ ਪੁਰਸ਼ਾ ! ਤੂੰ ਹਉਮੈ ਕਰ ਕੇ ਪਰਮੇਸ਼ਰ ਦੀ ਸੁਰਤਿ= ਗਿਆਤ, ਵਾ:- ਸ੍ਰੇਸ਼ਟ ਪ੍ਰੀਤੀ ਭੁਲਾ ਦਿੱਤਾ ਹੈ। ਵਾ:- ਹੇ ਭੋਲਿਆ ! ਤੂੰ ਹਉਮੈ ਨੂੰ ਵਿਸਾਰਿ= ਛੱਡ ਕੇ ਵਾਹਿਗੁਰੂ ਵਿਚ ਸੁਰਤ ਜੋੜਨਾ ਕਰ।

ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥ ੧ ॥ ਰਹਾਉ ॥

ਹਉਮੈ ਨੂੰ ਮਾਰ ਕੇ ਮਨ ਵਿਚ ਵੀਚਾਰ ਕਰ ਅਤੇ ਗੁਣਾਂ ਵਿਚੋਂ ਸਾਰਿ= ਸ੍ਰੇਸ਼ਟ ਗੁਣ ਨੂੰ ਧਾਰਨ ਕਰ ਲੈ॥ ੧॥ ਰਹਾਉ॥

ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥

ਬੁੱਧੀ ਰੂਪ ਧਰਤੀ ਤੇ ਪ੍ਰੇਮ ਰੂਪ ਬ੍ਰਿਛ ਲਗਾਉਣਾ ਕਰ, ਇਸ ਬ੍ਰਿਛ ਦਾ ਨਿਸ਼ਕਾਮ ਕਰਮਾਂ ਰੂਪ ਪੇਡੁ= ਮੁੱਢ ਹੈ, ਹਰੀ ਦੀ ਉਪਾਸ਼ਨਾ ਕਰਨ ਰੂਪ ਹਰੀਆਂ ਸਾਖਾ= ਟਾਹਣੀਆਂ ਹਨ, ਜਿਸ ਦਾ ਧਰਮ ਫੁੱਲ ਤੇ ਗਿਆਨ ਰੂਪ ਫਲ ਹੈ।

ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥ ੨ ॥

ਪਤ= ਪਤਿਸ਼ਟਾ ਦੀ ਪ੍ਰਾਪਤੀ ਹੋਣੀ ਏਹ ਪੱਤੇ ਹਨ, ਸ਼ਾਂਤੀ ਰੂਪ ਘਣੀ= ਬੜੀ ਸੰਘਣੀ ਛਾਂ ਹੈ। ਜਿਵੇਂ ਬ੍ਰਿਛ ਦੇ ਹੇਠ ਬੈਠਣ ਨਾਲ ਤਪਸ਼ ਦੂਰ ਹੁੰਦੀ ਹੈ, ਤਿਵੇਂ ਇਸ ਪ੍ਰੇਮ ਰੂਪ ਬ੍ਰਿਛ ਦੇ ਹੇਠ ਬੈਠਣ ਨਾਲ ਜੋ ਮਨ ਦਾ ਅਭਿਮਾਨੁ= ਹੰਕਾਰ ਚੂਕਾ= ਦੂਰ ਹੋਇਆ ਹੈ ਏਹੋ ਤਪਸ਼ਤਾ ਦੂਰ ਹੋਈ ਹੈ॥ ੨ ॥

ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥

(ਪਹਿਲਾ ਅਰਥ—) ਅੱਖਾਂ ਨਾਲ ਉਸ ਪਰਮੇਸ਼ਰ ਦੀ ਕੁਦਰਤ ਨੂੰ ਵੇਖਣਾ ਕਰ, ਕੰਨਾਂ ਨਾਲ ਉਸ ਦੀ ਬਾਣੀ ਸੁਣਨਾ ਕਰ ਅਤੇ ਮੂੰਹ ਨਾਲ ਸੱਚ ਨਾਮ ਨੂੰ ਆਖਣਾ ਕਰ। ਜੋ ਪੁਰਸ਼ ਇਸ ਤਰ੍ਹਾਂ ਕਰਦਾ ਹੈ-

ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥ ੩ ॥

(ਉਸ ਨੂੰ) ਪਤਿ= ਪਤੀ-ਪਰਮਾਤਮਾ ਦੀ ਪ੍ਰਾਪਤੀ ਦਾ ਪੂਰਾ ਧਨ ਪ੍ਰਾਪਤ ਹੋਇਆ ਹੈ, ਜੇਹੜਾ ਉਸ ਦਾ ਸਹਜ ਪਦ ਵਿਚ ਧਿਆਨ ਲੱਗ ਗਿਆ ਹੈ॥ ੩ ॥

(ਦੂਜਾ ਅਰਥ—) ਅੱਖਾਂ ਨਾਲ ਕੁਦਰਤ ਵਿਚ ਕਾਦਰ ਨੂੰ ਵੇਖਣਾ, ਕੰਨਾਂ ਨਾਲ ਉਸ ਦੀ ਬਾਣੀ ਸੁਣਨੀ ਅਤੇ ਮੂੰਹ ਨਾਲ ਸੱਚ ਨਾਮ ਦਾ ਆਖਣਾ ਜਿਸ ਨੂੰ ਇਸ ਤਰ੍ਹਾਂ ਪਤਿ= ਇੱਜ਼ਤ ਦਾ ਪੂਰਾ ਧਨ ਪ੍ਰਾਪਤ ਹੋਇਆ

ਹੈ, ਉਸ ਦਾ ਸਹਜਿ= ਆਤਮ-ਪਦ ਵਿਚ ਧਿਆਨ ਲੱਗਾ ਹੈ॥ ੩॥

ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ॥

ਨਾਮ- ਸਿਮਰਨ ਤੋਂ ਬਿਨਾਂ ਬੇ-ਸ਼ੱਕ ਕਰਮਾਂ ਦੀ ਕਮਾਈ ਕਰ ਕੇ ਦੇਖ ਲੋ, ਜਿਵੇਂ ਮਾਹਾ= ਮਹੀਨਿਆਂ ਦਾ ਅਤੇ ਛੇ ਰੁੱਤਾਂ ਦਾ ਬਾਰ-ਬਾਰ ਆਉਣਾ ਹੁੰਦਾ ਹੈ, ਤਿਵੇਂ ਸ਼ਕਾਮ ਕਰਮਾਂ ਦੇ ਕਮਾਉਣ ਵਾਲੇ ਪੁਰਸ਼ ਦਾ ਮੁੜ- ਮੁੜ ਕੇ ਜੂਨੀਆਂ ਵਿਚ ਜੰਮਣਾ ਮਰਨਾ ਹੁੰਦਾ ਹੈ।

ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ— ਜੇਹੜੇ ਗੁਰਮੁਖ ਗੁਰਾਂ ਦੁਆਰੇ ਭਜਨ-ਸਿਮਰਨ ਵਿਚ ਸਮਾ ਰਹੇ ਹਨ, ਵਾ:- ਜੇਹੜੇ ਮੁਖ ਗੁਰਾਂ ਦੀ ਬਾਣੀ ਵਿਚ ਸਮਾ ਰਹੇ ਹਨ ਉਹ ਸ਼ੁਭ ਗੁਣਾਂ ਕਰ ਕੇ ਹਰੇ ਹੋਏ ਹਨ, ਉਹ ਫਿਰ ਕਦੇ ਭੀ ਸੁੱਕਦੇ ਨਹੀਂ ਅਰਥਾਤ ਉਹਨਾਂ ਨੂੰ ਨਿਤ ਅਨੰਦ ਬਣਿਆ ਰਹਿੰਦਾ ਹੈ, ਕਦੇ ਭੀ ਪ੍ਰਭੂ ਨਾਲੋਂ ਵਿਛੋੜਾ ਨਹੀਂ ਹੁੰਦਾ॥ ੪॥ ੧॥

ਮਹਲਾ ੧ ਬਸੰਤੁ॥

ਇਸ ਸ਼ਬਦ ਦੁਆਰਾ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਰੁਤਿ ਆਈਲੇ ਸਰਸ ਬਸੰਤ ਮਾਹਿ॥ ਰੰਗਿ ਰਾਤੇ ਰਵਹਿ ਸਿ ਤੇਰੈ ਚਾਇ॥

(ਪਹਿਲਾ ਅਰਥ) ਮਾਹਿ= ਉਤਕ੍ਰਿਸਟ, ਸਰਸ= ਸ੍ਰੇਸ਼ਟ ਜੋ ਮਨੁੱਖਾ ਦੇਹ ਰੂਪ ਬਸੰਤ ਰੁੱਤ ਆ ਕੇ ਪ੍ਰਾਪਤ ਹੋਈ ਹੈ। ਜੋ ਗੁਰਮੁਖ ਰੰਗਿ ਰਾਤੇ= ਪ੍ਰੇਮ ਵਿਚ ਰਤੇ ਹੋਏ ਹਨ, ਸਿ= ਉਹ ਗੁਰਮੁਖ ਚਾਇ= ਉਤਸ਼ਾਹ ਨਾਲ ਤੇਰੇ ਹੀ ਗੁਣਾਂ ਨੂੰ ਉਚਾਰਦੇ ਹਨ (ਮਨੁੱਖਾ ਦੇਹ ਦੇ ਵਿਚ ਹੀ ਪਰਮੇਸ਼ਰ ਦੀ ਪ੍ਰਾਪਤੀ ਹੋਣੀ ਲਿਖੀ ਹੈ, ਏਸੇ ਕਰ ਕੇ ਇਸ ਨੂੰ 'ਸਰਸ' ਕਿਹਾ ਹੈ)।

(ਦੂਜਾ ਅਰਥ) ਗੁਰਮੁਖਾਂ ਨੂੰ ਇਸ ਮਨੁਖਾ ਦੇਹ ਰੂਪੀ ਬਸੰਤ ਰੁੱਤ ਦੇ ਮਾਹਿ= ਵਿਚ ਸਰਸ= ਬਹੁਤਾ ਅਨੰਦ ਆਇਆ ਹੈ, ਕਿਉਂਕਿ ਹੇ ਵਾਹਿਗੁਰੂ ! ਉਹ ਪ੍ਰੇਮ ਵਿਚ ਰਤੇ ਹੋਏ ਬੜੇ ਚਾਇ= ਉਤਸ਼ਾਹ ਨਾਲ ਤੇਰੇ ਨਾਮਾਂ ਨੂੰ ਰਵਹਿ= ਉਚਾਰਦੇ ਹਨ।

ਕਿਸੁ ਪੂਜ ਚੜਾਵਉ ਲਗਉ ਪਾਇ॥ ੧॥

ਆਪ ਜੀ ਤੋਂ ਬਿਨਾਂ ਹੋਰ ਕਿਸ ਦੀ ਪੂਜਾ ਕਰਨ ਲਈ (ਫੁੱਲ, ਤੁਲਸੀ ਦੇ ਪੱਤੇ ਤੇ ਪਤਾਸੇ ਆਦਿਕ) ਪ੍ਰਸ਼ਾਦ ਚੜ੍ਹਾਵਾਂ ਅਤੇ ਕਿਸ ਦੀ ਪਾਇ= ਚਰਨੀਂ ਲੱਗਣਾ ਕਰਾਂ॥ ੧॥

ਤੇਰਾ ਦਾਸਨਿ ਦਾਸਾ ਕਹਉ ਰਾਇ॥

ਹੇ ਰਾਇ= ਰਾਜਨ ! ਮੈਂ ਆਪ ਜੀ ਦੇ ਦਾਸਾਂ ਦਾ ਦਾਸ ਕਹਾਉਂਦਾ ਹਾਂ।

ਜਗਜੀਵਨ ਜੁਗਤਿ ਨ ਮਿਲੈ ਕਾਇ॥ ੧॥ ਰਹਾਉ॥

ਹੇ ਜਗਜੀਵਨ= ਪਰਮਾਤਮਾ ! (ਦਾਸ ਹੋਏ ਤੋਂ ਬਿਨਾਂ) ਤੂੰ ਹੋਰ ਕਾਇ= ਕਿਸੇ ਜੁਗਤੀ ਕਰ ਕੇ ਨਹੀਂ ਮਿਲਦਾ॥ ੧॥

ਤੇਰੀ ਮੂਰਤਿ ਏਕਾ ਬਹੁਤੁ ਰੂਪ॥ ਕਿਸੁ ਪੂਜ ਚੜਾਵਉ ਦੇਉ ਧੂਪ॥

ਨਿਰਗੁਣ ਸਰੂਪ ਕਰ ਕੇ ਤੇਰੀ ਇਕ ਮੂਰਤੀ ਹੈ, ਸਰਗੁਣ ਸਰੂਪ ਹੋਣ ਕਰ ਕੇ ਤੇਰੇ ਬਹੁਤ ਰੂਪ ਹਨ। ਵਾ:-

ਬਹੁਤਿਆਂ ਰੂਪਾਂ ਵਿਚ ਇਕ ਤੇਰੀ ਹੀ ਮੂਰਤੀ ਹੈ। ਪੂਜਾ ਵਾਸਤੇ ਕਿਸ ਦੇ ਅੱਗੇ ਫਲ ਫੁੱਲ ਚੜ੍ਹਾਵਾਂ ਅਤੇ ਕਿਸ ਨੂੰ ਧੂਪ ਦੇਵਾਂ?

ਤੇਰਾਂ ਅੰਤੁ ਨ ਪਇਆ ਕਹਾ ਪਾਇ॥
ਤੇਰਾ ਦਾਸਨਿ ਦਾਸਾ ਕਹਉ ਰਾਇ॥ ੨॥

ਹੇ ਭਗਵਾਨ ! ਆਪ ਜੀ ਦਾ ਅੰਤ ਕਿਸੇ ਨੇ ਨਹੀਂ ਪਾਇਆ, ਆਪ ਜੀ ਦਾ ਅੰਤ ਕਿਵੇਂ ਕੋਈ ਪਾ ਸਕਦਾ ਹੈ। ਵਾ:- ਪਿੱਛੇ ਭੀ ਤੇਰਾ ਅੰਤ ਕਿਸੇ ਨੇ ਨਹੀਂ ਪਾਇਆ, ਅੱਗੇ ਨੂੰ ਭੀ ਕੌਣ ਅੰਤ ਪਾ ਸਕੇਗਾ? ਵਾ:- ਆਪ ਜੀ ਦਾ ਅੰਤ ਕਿਸੇ ਨੇ ਨਹੀਂ ਪਾਇਆ ਆਪ ਜੀ ਦੇ ਪਾਇ= ਪੈਰ ਕਿਥੇ ਹਨ ਤੇ ਸਿਰ ਕਿਥੇ ਹੈ। ਇਸ ਲਈ ਹੇ ਰਾਜਨ ! ਮੈਂ ਤਾਂ ਆਪ ਜੀ ਦੇ ਦਾਸਾਂ ਦਾ ਦਾਸ ਕਹਾਉਂਦਾ ਹਾਂ॥ ੨॥

ਤੇਰੇ ਸਠਿ ਸੰਬਤ ਸਭਿ ਤੀਰਥਾ॥ ਤੇਰਾ ਸਚੁ ਨਾਮੁ ਪਰਮੇਸਰਾ॥

(ਵੀਹ ਵਰ੍ਹੇ ਬ੍ਰਹਮਾ ਰਾਜ ਕਰਦਾ ਹੈ, ਵੀਹ ਵਰ੍ਹੇ ਵਿਸ਼ਨੂੰ ਰਾਜ ਕਰਦਾ ਹੈ, ਵੀਹ ਵਰ੍ਹੇ ਸ਼ਿਵ ਜੀ ਰਾਜ ਕਰਦਾ ਹੈ) ਏਹ ਸਠ (੬੦) ਸੰਬਤ ਤੇਰੇ ਹੀ ਬਣਾਏ ਹੋਏ ਹਨ ਤਿੰਨ ਬੀਸੀਆਂ ਵਿਚ ਤਿੰਨੇ ਦੇਵਤੇ ਰਾਜ ਕਰਦੇ ਹਨ ਅਤੇ ਸਾਰੇ ਤੀਰਥ ਭੀ ਆਪ ਜੀ ਦੇ ਬਣਾਏ ਹੋਏ ਹਨ। ਹੇ ਪਰਮੇਸ਼ਰ ! ਆਪ ਜੀ ਦਾ ਨਾਮ ਭੀ ਸੱਚਾ ਹੈ।

ਤੇਰੀ ਗਤਿ ਅਵਿਗਤਿ ਨਹੀ ਜਾਣੀਐ॥ ਅਣਜਾਣਤ ਨਾਮੁ ਵਖਾਣੀਐ॥ ੩॥

ਹੇ ਅਵਿਗਤਿ= ਪਰਮਾਤਮਾ ! ਆਪ ਜੀ ਦੀ ਗਤਿ= ਰੀਤੀ (ਮਰਯਾਦਾ) ਜਾਣੀ ਨਹੀਂ ਜਾਂਦੀ। ਅਥਵਾ:- ਆਪ ਜੀ ਦੀ ਗਤਿ ਅਵਿਗਤਿ= ਪ੍ਰਾਪਤੀ, ਅਪ੍ਰਾਪਤੀ ਜਾਣੀ ਨਹੀਂ ਜਾਂਦੀ। ਮੈਂ ਅਣਜਾਣ- ਪੁਣੇ ਵਿਚ ਹੀ ਆਪ ਜੀ ਦੇ ਨਾਮ ਨੂੰ ਵਖਾਣੀਐ= ਕਹਿੰਦਾ ਹਾਂ॥ ੩॥

ਨਾਨਕੁ ਵੇਚਾਰਾ ਕਿਆ ਕਹੈ॥ ਸਭੁ ਲੋਕੁ ਸਲਾਹੇ ਏਕਸੈ॥

ਗੁਰੂ ਜੀ ਕਥਨ ਕਰਦੇ ਹਨ— ਮੈਂ ਵਿਚਾਰਾ ਆਪ ਜੀ ਦਾ ਕੀ ਜਸ ਕਰਾਂ? ਦੁਨੀਆਂ ਦੇ ਸਾਰੇ ਲੋਕ ਇਕ ਆਪ ਜੀ ਨੂੰ ਹੀ ਸਲਾਹੁੰਦੇ ਹਨ।

ਸਿਰੁ ਨਾਨਕ, ਲੋਕਾ ਪਾਵ ਹੈ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥ ੪॥ ੨॥

ਜਿੰਨੇ ਪੁਰਸ਼ ਆਪ ਜੀ ਦਾ ਨਾਮ ਜਪਣ ਵਾਲੇ ਹਨ ਉਹਨਾਂ ਲੋਕਾਂ ਦੇ ਪਾਵ= ਪੈਰਾਂ ਉੱਤੇ ਮੈਂ ਨਾਨਕ ਦਾ ਸਿਰ ਹੈ ਭਾਵ ਮੇਰਾ ਸਿਰ ਹੋਵੇ ਤੇ ਲੋਕਾਂ ਦੇ ਚਰਨ ਹੋਣ ਮੈਂ ਹਰ ਵੇਲੇ ਝੁਕਦਾ ਹੀ ਰਹਾਂ।

ਜਿੰਨੇ ਭੀ ਆਪ ਜੀ ਦੇ ਨਾਮ ਜਪਣ ਵਾਲੇ ਗੁਰਮੁਖ ਮਹਾਤਮਾਂ ਹਨ, ਉਹਨਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ। ਵਾ:- ਜਿਤਨੇ ਭੀ ਆਪ ਜੀ ਦੇ ਨਾਮ ਹਨ, ਉਨ੍ਹਾਂ ਨਾਮਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ॥ ੪॥ ੨॥

ਬਸੰਤੁ ਮਹਲਾ ੧॥

ਕਿਸੇ ਪਖੰਡੀ ਬ੍ਰਾਹਮਣ ਦੀ ਬਾਹਰਲੀ ਕਿਰਿਆ ਵੇਖ ਕੇ ਉਪਦੇਸ਼ ਦੇਂਦੇ ਹਨ— ਹੇ ਪੰਡਿਤ ਜੀ !

ਰੇ ਮਨ ਲੇਖੈ ਕਬਹੂ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ॥

ਜਦ ਤਕ ਮਨ ਸੱਚੇ ਨਾਮ- ਸਿਮਰਨ ਵਿਚ ਨਹੀਂ ਭਿੱਜਦਾ, ਓਨਾਂ ਚਿਰ ਬਾਹਰਲੇ ਕਰਮ ਕੀਤੇ ਹੋਏ ਲੇਖੇ ਵਿਚ ਨਹੀ ਪੈਂਦੇ, ਭਾਵ ਨਿਸਫਲ ਚਲੇ ਜਾਂਦੇ ਹਨ।

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥

ਭਾਵੇਂ ਸੋਨੇ ਦਾ ਚੌਂਕਾ ਬਣਾ ਲਵੋ ਤੇ ਭਾਵੇਂ ਕੰਚਨ= ਸੋਨੇ ਦੀਆਂ ਕੁਆਰ= ਗਾਗਰਾਂ ਆਦਿਕ ਭਾਂਡੇ ਬਣਾ ਲਓ। ਚਾਹੇ ਬਹੁਤ ਹੀ ਵਿਸਥਾਰ ਨਾਲ ਰੁਪੇ= ਚਾਂਦੀ ਦੀਆਂ ਕਾਰਾਂ= ਲਕੀਰਾਂ ਪਾ ਲੈਣਾ ਕਰੋ। ਅਥਵਾ:- ਵਿਸਥਾਰ ਸਹਿਤ ਬਹੁਤੀਆਂ ਸਮਗ੍ਰੀਆਂ ਭੀ ਕੱਠੀਆਂ ਕਰ ਲਓ ਤੇ ਰੁਪੇ= ਚਾਂਦੀ ਦੀਆਂ ਕਾਰਾਂ ਪਾ ਲੈਣਾ ਕਰੋ।

ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੂਧ ਸਿਉ ਗਾਡਿ ॥ ੧ ॥

ਪੀਣ ਲਈ ਗੰਗਾ ਦਾ ਉਦਕ= ਜਲ ਹੋਵੇ ਅਤੇ ਕਰੰਤੇ= ਹੱਥ ਦੀ ਕੱਢੀ ਹੋਈ ਹੋਈ ਅੱਗ ਹੋਵੇ, ਭਾਵ ਹੱਥਾਂ ਨਾਲ ਚਮਕ ਪੱਥਰ ਨੂੰ ਘਸਾ ਕੇ ਅੱਗ ਕੱਢੀ ਹੋਵੇ। ਜਾਂ ਇਰਣ ਦੀ ਲੱਕੜ ਵਿੱਚੋਂ ਅੱਗ ਕੱਢੀ ਹੋਵੇ। ਭਾਵੇਂ ਉਤਮ ਜ਼ਾਤੀ ਦੇ ਜੋ ਗਰੁੜਾ ਚਾਵਲ ਹਨ, ਉਹਨਾਂ ਚੌਲਾਂ ਨੂੰ ਦੁੱਧ ਨਾਲ ਗਾਡਿ= ਮਿਲਾ ਕੇ ਖਾਣਾ ਕਰੇ ॥ ੧ ॥

ਰੇ ਮਨ ਲੇਖੈ ਕਬਹੂ ਨ ਪਾਇ ॥

[ਪੰਨਾ ੧੧੯੯] ਜਾਮਿ ਨ ਭੀਜੈ ਸਾਚ ਨਾਇ ॥ ੧ ॥ ਰਹਾਉ ॥

ਹੇ ਮਨ ! ਜਦ ਤਕ ਤੇਰਾ ਦਿਲ ਸੱਚ ਨਾਮ-ਸਿਮਰਨ ਵਿਚ ਨਹੀਂ ਭਿੱਜੇਗਾ। ਓਨਾਂ ਚਿਰ ਏਹੋ ਜੇਹੇ ਸਾਧਨ ਜਾਂ ਏਹੋ ਜੇਹੀਆਂ ਪਵਿੱਤ੍ਰਤਾਵਾਂ ਕਦੇ ਭੀ ਲੇਖੈ= ਗਿਣਤੀ (ਹਿਸਾਬ) ਵਿਚ ਨਹੀਂ ਪੈਣਗੀਆਂ ॥ ੧ ॥ ਰਹਾਉ ॥

ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥

ਦਸ ਤੇ ਅੱਠ ਅਠਾਰਾਂ ਪੁਰਾਣ ਆਪਣੇ ਹੱਥਾਂ ਦੇ ਲਿਖੇ ਹੋਏ ਚਾਹੇ ਪਾਸਿ= ਕੋਲ ਹੋਣ। ਚਾਰੇ ਵੇਦਾਂ ਦਾ ਪਾਠ ਭੀ ਭਾਵੇਂ ਮੁਖ ਦੇ ਅਗਰ ਭਾਗ ਹੋਵੇ ਅਰਥਾਤ ਚਾਰੇ ਵੇਦ ਕੰਠ ਕੀਤੇ ਹੋਏ ਹੋਣ।

ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥ ੨ ॥

ਚਾਹੇ ਪੁਰਬਾਂ ਦੇ ਸਮੇਂ ਤੀਰਥਾਂ ਪਰ ਇਸ਼ਨਾਨ ਕਰ ਲਵੇ ਤੇ ਆਪਣੇ ਵਰਨਾਂ ਦੀ ਮਰਯਾਦਾ ਅਨੁਸਾਰ ਦਾਨ ਪੁੰਨ ਭੀ ਕਰੇ। ਸਾਰੇ ਵਰਤ ਭੀ ਰੱਖ ਲਵੇ ਅਤੇ ਦਿਨ ਰਾਤ ਨੇਮ ਭੀ ਨਿਭਾਉਣਾ ਕਰੇ। ਵਾ:- ਨੇਮ= ਨਿਯਮ ਅਨੁਸਾਰ ਦਿਨ ਰਾਤ ਵਰਤ ਰੱਖਣਾ ਕਰੇ ॥ ੨ ॥

ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥

ਕਾਜ਼ੀ, ਮੁੱਲਾਂ ਅਤੇ ਸ਼ੇਖ ਆਦਿਕ ਭੀ ਬਣ ਜਾਵੇ। ਭਾਵੇਂ ਜੋਗੀ, ਜੰਗਮ ਅਤੇ ਭਗਵੇਂ ਭੇਖ ਧਾਰਨ ਵਾਲਾ ਹੋ ਜਾਵੇ।

ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥ ੩ ॥

ਚਾਹੇ ਕੋਈ ਗਿਰਹੀ= ਗ੍ਰਿਹਸਤੀ ਹੋ ਕੇ ਕਰਮਾਂ ਦੇ ਕੀ= ਕਰਨ ਵਿਚ ਸੰਧਿ= ਮਿਲਿਆ ਰਹੇ। ਪਰ ਪ੍ਰਭੂ ਦੇ (ਨਾਮ-ਸਿਮਰਨ) ਬੁੱਝੇ ਤੋਂ ਬਿਨਾਂ, ਜਾਂ ਗੁਰੂ ਪਾਸੋਂ ਉਪਦੇਸ਼ ਬੁੱਝੇ ਤੋਂ ਬਿਨਾਂ ਜਮ ਸਾਰਿਆਂ ਨੂੰ ਬੰਨ੍ਹ ਕੇ ਪ੍ਰਲੋਕ

ਦਰਗਾਹ ਵਿੱਚ ਖੜੀਅਸਿ= ਲੈ ਜਾਂਦਾ ਹੈ॥ ੩॥

ਜੇਤੇ ਜੀਅ ਲਿਖੀ ਸਿਰਿ ਕਾਰ॥ ਕਰਣੀ ਉਪਰਿ ਹੋਵਗਿ ਸਾਰ॥

੧) ਜਿੰਨੇ- ਕੁ ਜੀਵ ਹਨ ਸਭਨਾਂ ਦੇ ਸਿਰ ਉੱਤੇ ਹੁਕਮ ਰੂਪੀ ਕਾਰ ਲਿਖੀ ਹੋਈ ਹੈ।

੨) ਜਿੰਨੇ- ਕੁ ਜੀਵ ਹਨ, ਉਹਨਾਂ ਨੇ ਜੋ ਜੋ ਕਾਰ ਕੀਤੀ ਹੈ, ਓਹੀ ਉਹਨਾਂ ਦੇ ਸਿਰ ਉੱਤੇ ਲਿਖੀ ਗਈ ਹੈ। ਜੀਵਾਂ ਨੇ ਜੋ ਵੀ ਕਰਣੀ= ਕਿਰਤ (ਕਾਰ) ਕੀਤੀ ਹੈ, ਉਸੇ ਉੱਤੇ ਹੀ ਸਭ ਦੀ ਵੱਖੋ-ਵੱਖ ਸਾਰ= ਸੰਭਾਲ ਹੋਵਗਿ= ਹੋਵੇਗੀ।

ਹੁਕਮੁ ਕਰਹਿ ਮੂਰਖ ਗਾਵਾਰ॥ ਨਾਨਕ ਸਾਚੇ ਕੇ ਸਿਫਤਿ ਭੰਡਾਰ॥ ੪॥ ੩॥

ਮਹਾਂ ਮੂਰਖ ਪੁਰਸ਼ ਮਾਇਆ ਵਿੱਚ ਅੰਨ੍ਹੇ ਹੋਏ ਹੋਏ ਸਭ ਉੱਤੇ ਹੁਕਮ ਕਰਦੇ ਹਨ, ਵਾ:- ਪ੍ਰਭੂ ਉੱਤੇ ਹੁਕਮ ਕਰਦੇ ਹਨ ਕਿ ਪਰਮੇਸ਼ਰ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ। ਗੁਰੂ ਜੀ ਕਥਨ ਕਰਦੇ ਹਨ— ਸੱਚੇ ਪ੍ਰਭੂ ਦੀਆਂ ਸਿਫ਼ਤਾਂ ਦੇ ਭੰਡਾਰੇ ਵੇਦ, ਵਾ:- ਮਹਾਤਮਾ ਦੇ ਅੰਤਹਕਰਨ ਭਰੇ ਹੋਏ ਹਨ॥ ੪॥ ੩॥

ਬਸੰਤੁ ਮਹਲਾ ੩ ਤੀਜਾ॥*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਤੀਜੇ ਪਾਤਸ਼ਾਹ ਜੀ ਦੀ ਬਾਣੀ ਅਭੇਦ ਰੂਪ ਦੱਸਣ ਲਈ 'ਬਸੰਤੁ ਮਹਲਾ ੩' ਲਿਖਿਆ ਹੈ।

ਬਸਤ੍ਰ ਉਤਾਰਿ ਦਿਗੰਬਰੁ ਹੋਗੁ॥ ਜਟਾ ਧਾਰਿ ਕਿਆ ਕਮਾਵੈ ਜੋਗੁ॥

ਕਪੜੇ ਲਾਹ ਕੇ ਦਿਗੰਬਰੁ= ਨਾਂਗਾ ਹੋ ਗਿਆ ਤਾਂ ਕੀ ਹੈ? ਜਟਾਧਾਰੀ ਹੋ ਗਿਆ ਤਾਂ ਕੀ ਹੈ? ਜੇ ਕਰ ਜੋਗ ਕਮਾ ਕੇ ਲੋਕਾਂ ਨੂੰ ਦਿਖਾਉਣ ਲੱਗ ਪਿਆ ਤਾਂ ਕੀ ਹੈ?

ਮਨੁ ਨਿਰਮਲੁ ਨਹੀ ਦਸਵੈ ਦੁਆਰ॥ ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ॥ ੧॥

ਜੇ ਕਰ ਮਨ ਨਿਰਮਲੁ= ਸਾਫ ਨਹੀਂ ਤਾਂ ਦਸਮ ਦੁਆਰ ਵਿਚ ਪ੍ਰਾਣ ਚੜ੍ਹਾ ਲਏ ਤਾਂ ਭੀ ਕੀ ਹੈ? ਅਪਵਿੱਤਰ ਮਨ ਵਾਲਾ ਮੂਰਖ ਪੁਰਸ਼ ਭਰਮ ਦੇ ਸਹਿਤ ਹੋਣ ਕਰ ਕੇ ਬਾਰ-ਬਾਰ ਚੁਰਾਸੀ ਦੇ ਭ੍ਰਮਿ= ਚੱਕਰ ਵਿਚ ਆਉਂਦਾ ਹੈ। ਵਾ:- ਭਰਮ ਦਾ ਭਰਮਾਇਆ ਹੋਇਆ ਮੁੜ-ਮੁੜ ਕੇ ਆਉਂਦਾ ਹੈ।

ਏਕੁ ਧਿਆਵਹੁ ਮੂੜ੍ਹ ਮਨਾ॥
ਪਾਰਿ ਉਤਰਿ ਜਾਹਿ ਇਕ ਖਿਨਾਂ॥ ੧॥ ਰਹਾਉ॥

ਹੇ ਮੂਰਖ ਮਨ ! ਤੂੰ ਇਕ ਅਦੁਤੀ ਬ੍ਰਹਮ ਨੂੰ ਧਿਆਉਣਾ ਕਰ। ਤਾਂ ਇਕ ਖਿਨ ਵਿਚ ਸੰਸਾਰ- ਸਮੁੰਦਰ ਤੋਂ ਪਾਰ ਉਤਰ ਜਾਵੇਂਗਾ॥ ੧॥ ਰਹਾਉ॥

ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ॥ ਨਾਦੀ ਬੇਦੀ ਪੜ੍ਹਹਿ ਪੁਰਾਣ॥

(ਭਾਵੇਂ ਸਤਾਈ) ਸਿੰਮ੍ਰਿਤੀਆਂ ਤੇ (ਛੇ) ਸ਼ਾਸਤ੍ਰਾਂ ਦੇ ਵਖਿਆਣ= ਪ੍ਰਸੰਗਾਂ ਨੂੰ ਭੀ ਸੁਨਾਉਣਾ ਕਰਦਾ ਹੈ।

---

*ਅੱਖਰਾਂ ਵਿਚ ਤੀਜਾ ਇਸ ਲਈ ਲਿਖਿਆ ਹੈ ਕਿ ਪਾਠ ਕਰਦਿਆਂ ਹੋਇਆਂ ਬਸੰਤ ਮਹਲਾ ਤੀਜਾ ਪੜ੍ਹਨਾ ਹੈ। ਤਿੰਨ ਨਹੀਂ ਪੜ੍ਹਨਾ, ਤ੍ਰੈ ਨਹੀਂ ਪੜ੍ਹਨਾ, ਕਰਤਾਰ ਪੁਰ ਵਾਲੀ ਬੀੜ ਵਿਚ ਭੀ ਇਸੇ ਤਰ੍ਹਾਂ ਲਿਖਿਆ ਹੋਇਆ ਹੈ।

ਭਾਵੇਂ ਨਾਦ= ਸੰਖਾਂ ਦੇ ਵਜਾਉਣ ਕਰ ਕੇ ਆਪਣੇ ਆਪ ਨੂੰ ਨਾਦੀ ਕਹਾਉਂਦਾ ਹੈ, ਚਾਰੇ ਵੇਦ ਤੇ ਅਠਾਰਾਂ ਨੂੰ ਵੀ ਪੜ੍ਹਦਾ ਹੈ। ਪਰ ਜੇ ਕਰ-

ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੇ ਰਮਈਆ ਨੇੜਿ ਨਾਹਿ ॥੨ ॥

ਪਖੰਡ ਵਾਲੀ ਦ੍ਰਿਸ਼ਟੀ ਹੋਣ ਕਰ ਕੇ ਮਨ ਵਿਚ ਕਪਟ ਕਮਾਉਂਦਾ ਹੈ।

ਅਥਵਾ- ਜੇਕਰ ਪੂਰਬੋਕਤ ਕਹੇ ਕਰਮ ਪਖੰਡ ਦ੍ਰਿਸ਼ਟੀ ਨਾਲ ਕਰਦਾ ਹੈ ਅਤੇ ਮਨ ਵਿਚ ਕਪਟ ਕਮਾਉਂਦਾ ਹੈ, ਤਾਂ ਉਸ ਦੇ ਨੇੜੇ ਉਹ ਰਮਈਆ ਕਦੇ ਭੀ ਨਹੀਂ ਆਉਂਦਾ॥ ੨ ॥

ਜੇ ਕੋ ਐਸਾ ਸੰਜਮੀ ਹੋਇ ॥ ਕ੍ਯਿਆ ਵਿਸੇਖ ਪੂਜਾ ਕਰੇਇ ॥

ਜੇ ਕੋਈ ਮਨੁੱਖ ਐਹੋ ਜਿਹਾ ਭੀ ਹੋ ਜਾਵੇ ਜੋ ਸੰਜਮੀ= ਇੰਦ੍ਰੀਆਂ ਦਾ ਦਮਨ ਕਰ ਕੇ ਭਾਵ ਇੰਦ੍ਰੀਆਂ ਨੂੰ ਰੋਕ ਕੇ ਲੋਕਾਂ ਨੂੰ ਦਿਖਾਵੇ। *ਵਾ:-* ਜੇ ਕੋਈ ਅਜੇਹਾ ਸੰਜਮੀ= ਕਰਮ-ਕਾਂਡੀ ਭੀ ਹੋ ਜਾਵੇ। ਜੋ ਨੇਤੀ ਧੋਤੀ ਆਦਿਕ ਵਿਸ਼ੇਸ਼ ਕਿਰਿਆ ਕਰ ਕੇ ਦਿਖਾਵੇ ਅਤੇ ਠਾਕੁਰ ਪੂਜਾ ਭੀ ਕਰੇ।

ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥ ੩ ॥

ਜੇਕਰ ਹਿਰਦੇ ਅੰਦਰ ਪਦਾਰਥਾਂ ਦਾ ਲੋਭ ਹੈ ਤੇ ਮਨ ਵਿਸ਼ਿਆਂ ਵਿਚ ਗਲਤਾਨ ਹੈ। ਤਾਂ ਉਹ ਮਨੁੱਖ ਨਿਰੰਜਨੁ= ਪਰਮਾਤਮਾ ਨੂੰ ਕਿਵੇਂ ਪਾ ਸਕਦਾ ਹੈ? ਭਾਵ ਨਹੀਂ ਪਾ ਸਕਦਾ॥ ੩ ॥

ਕੀਤਾ ਹੋਆ ਕਰੇ ਕਿਆ ਹੋਇ ॥ ਜਿਸ ਨੋ ਆਪਿ ਚਲਾਏ ਸੋਇ ॥

ਪੈਦਾ ਕੀਤਾ ਹੋਇਆ ਜੋ ਜੀਵ ਹੈ ਇਸ ਦੇ ਕੀਤਿਆਂ ਕਿਆ ਹੋਇ= ਕੀ ਹੋਣਾ ਹੈ। ਕਿਉਂਕਿ ਉਹ ਪ੍ਰਭੂ ਇਸ ਜੀਵ ਨੂੰ ਜਿਸ ਪਾਸੇ ਆਪ ਚਲਾਉਂਦਾ ਹੈ ਉਸੇ ਪਾਸੇ ਤੁਰਦਾ ਹੈ, ਇਸੇ ਕਰ ਕੇ ਜੀਵ ਅਧੀਨ ਹੈ (ਅਜ਼ਾਦ ਨਹੀਂ), ਇਸ ਦੇ ਆਪਣੇ ਕੀਤਿਆਂ ਕੁਝ ਨਹੀਂ ਹੋ ਸਕਦਾ।

ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥ ੪ ॥

ਗੁਰੂ ਕਿਰਪਾ-ਦ੍ਰਿਸ਼ਟੀ ਕਰੇ ਤਾਂ ਸਿੱਖ ਦੇ ਅੰਦਰੋਂ ਭਰਮ ਨੂੰ ਦੂਰ ਕਰ ਦੇਂਦਾ ਹੈ। (ਜੇ ਕਰ ਸਿੱਖ ਗੁਰੂ ਦੇ) ਹੁਕਮ ਨੂੰ ਜਾਂ ਪ੍ਰਭੂ ਦੇ ਹੁਕਮ ਨੂੰ ਬੁੱਝੇ ਤਾਂ ਹੀ ਸੱਚੇ ਵਾਹਿਗੁਰੂ ਨੂੰ ਪਾਉਂਦਾ ਹੈ॥ ੪ ॥

ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥

ਜਿਸ ਜੀਵ ਦਾ ਅੰਦਰੋਂ ਅੰਤਹਕਰਨ ਰਾਗ ਦ੍ਵੈਸ਼ ਦੀ ਮੈਲ ਨਾਲ ਮੈਲਾ ਹੁੰਦਾ ਹੈ। ਉਹ ਭਾਵੇਂ ਲੋਇ= ਜਗਤ ਦੇ ਸਾਰੇ ਤੀਰਥਾਂ ਪਰ ਭਵੈ= ਫਿਰ ਲਵੇ। ੨- ਭਾਵੇਂ ਤੀਰਥ ਇਸ਼ਨਾਨ ਭੀ ਕਰ ਲਵੇ ਤੇ ਚਾਹੇ ਦੇਸਾਂਤਰਾਂ ਵਿਚ ਭੀ ਭਵੈ= ਫਿਰ ਲਵੇ ਤਾਂ ਭੀ ਪ੍ਰਾਪਤ ਕੁਝ ਨਹੀਂ ਹੁੰਦਾ।

ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥ ੫ ॥ ੪ ॥

ਗੁਰੂ ਜੀ ਕਥਨ ਕਰਦੇ ਹਨ— ਜੇ ਕਰ ਸ਼ਰਧਾ ਸਹਿਤ ਹੋ ਕੇ ਸਤਿਗੁਰਾਂ ਨਾਲ ਮਿਲ ਜਾਈਏ, ਤਾਂ ਭਵਜਲ= ਸੰਸਾਰ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ॥ ੫ ॥ ੪ ॥

ਬਸੰਤੁ ਮਹਲਾ ੧ ॥

ਸਗਲ ਭਵਨ ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ ਸਰਬ ਤੋਹ ॥

ਹੇ ਭਗਵਾਨ ! ਸਾਰੇ ਭਵਨ= ਲੋਕ ਤੇਰੀ ਮਾਇਆ ਨੇ ਮੋਹੇ ਹੋਏ ਹਨ। ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਨਹੀਂ ਦਿਸਦਾ, ਸਾਰਿਆਂ ਵਿਚ ਇਕ ਤੋਹ= ਤੂੰਹੀਂ ਹੈਂ।

ਤੂ ਸੁਰਿ ਨਾਥਾ ਦੇਵਾ ਦੇਵ ॥ ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥ ੧ ॥

ਹੇ ਦੇਵ= ਪ੍ਰਕਾਸ਼ ਰੂਪ ਪ੍ਰਭੂ ! ਸੁਰਾਂ ਦਾ ਅਤੇ ਨਾਥਾਂ ਦਾ ਤੂੰ ਹੀ ਦੇਵ= ਸੁਆਮੀ ਹੈਂ।

ਅਥਵਾ :- ਸੁਰਾਂ ਦੇ ਨਾਥ= ਸੁਆਮੀ ਜੋ ਇੰਦ੍ਰ ਬ੍ਰਹਮਾ ਆਦਿਕ ਹਨ, ਉਹਨਾਂ ਸਾਰਿਆਂ ਦੇਵਤਿਆਂ ਦਾ ਤੂੰ ਦੇਵ= ਸੁਆਮੀ ਹੈਂ। ਹੇ ਹਰੀ ! ਆਪ ਜੀ ਕਿਰਪਾ ਕਰੋ ਇਕ ਤਾਂ ਮੈਨੂੰ ਗੁਰੂ ਦੇ ਚਰਨਾਂ ਦੀ ਸੇਵਾ ਅਤੇ ਹਰੀ ਨਾਮ-ਸਿਮਰਨ ਮਿਲੇ ॥ ੧ ॥

ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥

ਹੇ ਮੇਰੇ ਲਾਲ= ਪਿਆਰੇ ਪ੍ਰਭੂ ! ਆਪ ਸਭ ਤੋਂ ਸੁੰਦਰ ਹੋ, ਗਹਿਰ= ਡੂੰਘੇ, ਗੰਭੀਰ= ਨਿਰਹਲ ਅਤੇ ਲਾਲਾਂ ਵਾਗ ਬੇ-ਕੀਮਤੇ ਹੋ।

ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ ॥ ੧ ॥ ਰਹਾਉ ॥

ਹੇ ਰਾਮ ! ਗੁਰਮੁਖ ਜਨ ਗੁਰਾਂ ਦੁਆਰੇ ਨਾਮ ਜਪਦੇ ਤੇ ਗੁਣ ਗਾਉਂਦੇ ਹਨ, ਅਪਰੰਪਰੁ= ਪ੍ਰਭੂ ! ਹੀ ਸਭ ਦੇ ਪਾਲਣ ਵਾਲਾ ਹੈ ॥ ੧ ॥ ਰਹਾਉ ॥

ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ ਬਿਨੁ ਗੁਰ ਮੈਲ ਮਲੀਨ ਅੰਗੁ ॥

ਸੰਤਾਂ ਤੋਂ ਬਿਨਾਂ ਹਰੀ ਦਾ ਸੰਗੁ= ਮਿਲਾਪ ਨਹੀਂ ਪਾਇਆ ਜਾਂਦਾ। ਗੁਰ-ਉਪਦੇਸ਼ ਤੋਂ ਬਿਨਾਂ ਰਾਗ ਦ੍ਵੈਸ਼ ਦੀ ਮੈਲ ਨਾਲ ਅੰਗੁ= ਹਿਰਦਾ ਮਲੀਨ ਰਹਿੰਦਾ ਹੈ।

ਬਿਨੁ ਹਰਿ ਨਾਮ ਨ ਸੁਧੁ ਹੋਇ ॥ ਗੁਰ ਸਬਦਿ ਸਲਾਹੇ ਸਾਚੁ ਸੋਇ ॥ ੨ ॥

ਹਰੀ ਨਾਮ ਤੋਂ ਬਿਨਾਂ ਹਿਰਦਾ ਸ਼ੁੱਧ ਨਹੀਂ ਹੁੰਦਾ। ਜੇਹੜਾ ਗੁਰ-ਸ਼ਬਦ ਦੁਆਰਾ ਨਾਮ ਦੀ ਸ਼ਲਾਘਾ ਕਰਦਾ ਹੈ, ਸਾਚੁ ਸੋਇ= ਉਸ ਨੂੰ ਸੱਚ ਸਰੂਪ ਦੀ ਪ੍ਰਾਪਤੀ ਹੁੰਦੀ ਹੈ।

ਜਾ ਕਉ ਤੂ ਰਾਖਹਿ ਰਖਨਹਾਰ ॥ ਸਤਿਗੁਰੂ ਮਿਲਾਵਹਿ ਕਰਹਿ ਸਾਰ ॥

ਹੇ ਰੱਖਣ ਵਾਲੇ ਪ੍ਰਭੂ ! ਜਿਸ ਨੂੰ ਤੂੰ ਆਪ ਹੱਥ ਦੇ ਕੇ ਰੱਖਦਾ ਹੈਂ। ਉਸ ਤੂੰ ਪੂਰਿਆਂ ਸਤਿਗੁਰਾਂ ਨਾਲ ਮਿਲਾਉਂਦਾ ਹੈਂ ਅਤੇ ਉਸ ਦੀ ਤੂੰ ਆਪ ਹੀ ਸੰਭਾਲ ਕਰਦਾ ਹੈਂ।

ਬਿਖੁ ਹਉਮੈ ਮਮਤਾ ਪਰਹਰਾਇ ॥
ਸਭਿ ਦੂਖ ਬਿਨਾਸੇ ਰਾਮ ਰਾਇ ॥ ੩ ॥

ਹੇ ਰਾਮ ਰਾਜੇ ! ਉਸ ਦੀ ਬਿਖੁ= ਜ਼ਹਿਰ ਰੂਪ ਹੰਗਤਾ ਮਮਤਾ ਪਰਹਰਾਇ= ਦੂਰ ਕਰ ਕੇ ਸਾਰੇ ਮਾਨਸਕ ਦੁੱਖ ਤੇ ਜਨਮ ਮਰਨ ਦੇ ਦੁੱਖ ਨਾਸ ਕਰ ਦਿੱਤੇ ਹਨ ॥ ੩ ॥

ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥

ਹੇ ਹਰੀ ! ਤੇਰੀ ਪ੍ਰਾਪਤੀ ਕਰਨ ਵਾਲੇ ਸ਼ੁਭ ਗੁਣ ਜਿਸ ਦੇ ਸਰੀਰ ਵਿਚ ਹਨ, ਉਸ ਨੇ ਉੱਤਮ ਕੈਵਲ ਗਤਿ= ਮੁਕਤੀ ਦੀ ਮਰਯਾਦਾ ਪਾਈ ਹੈ ਜਾਂ ਉੱਤਮ ਮਿਤਿ= ਮਰਯਾਦਾ ਦੀ ਗਤਿ= ਪ੍ਰਾਪਤੀ ਪਾਈ ਹੈ। ਪਰ ਹੀਰੇ ਵਰਗਾ ਅਮੋਲਕ ਰਾਮ ਨਾਮ ਗੁਰ-ਸਿਖਿਆ ਕਰ ਕੇ ਪਰਗਟ ਹੁੰਦਾ ਹੈ।

ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥
ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ— ਹਰੀ ਨੇ ਜਿਸ ਜਨ ਨੂੰ ਗੁਰੂ ਨਾਲ ਮਿਲਾਇਆ ਹੈ, ਉਸ ਨੇ ਗੁਰੂ ਦੀ ਕਿਰਪਾ ਨਾਲ ਦ੍ਵੈਤ ਭਾਵ ਤਿਆਗਿਆ ਹੈ, ਦ੍ਵੈਤ ਭਾਵ ਦੇ ਤਿਆਗਣ ਕਰ ਕੇ ਨਾਮੀ ਦੇ ਨਾਮ-ਸਿਮਰਨ ਵਿਚ ਲਿਵ ਲੱਗ ਗਈ ਹੈ॥ ੪॥ ੫॥

ਬਸੰਤੁ ਮਹਲਾ ੧ ॥

ਮੇਰੀ ਸਖੀ ਸਹੇਲੀ ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥

ਹੇ ਮੇਰੀਆਂ ਪਿਆਰੀਆਂ ਮਹਾਤਮਾ ਰੂਪ ਸਖੀਓ ! ਭਾਇ= ਪ੍ਰੇਮ ਨਾਲ ਸੁਣੋ। ਮੇਰਾ ਜੋ ਰੀਸਾਲੂ= ਸੁੰਦਰ ਪਤੀ= ਪਰਮਾਤਮਾ ਹੈ, ਸਾਇ= ਉਹ ਸਭ ਦਾ ਸੰਗੀ ਹੈ।

[ਪੰਨਾ ੧੧੭੦]

ਓਹੁ ਅਲਖੁ ਨ ਲਖੀਐ ਕਹਹੁ ਕਾਇ ॥
ਗੁਰਿ ਸੰਗਿ ਦਿਖਾਇਓ ਰਾਮ ਰਾਇ ॥ ੧ ॥

ਉਹ ਅਲੱਖ ਪ੍ਰਭੂ ਗੁਰ-ਉਪਦੇਸ਼ ਤੋਂ ਬਿਨਾਂ ਲਖੀਐ= ਜਾਣਿਆਂ ਨਹੀਂ ਜਾਂਦਾ, ਮੈਂ ਕਾਇ= ਕੀ ਕਹਾਂ*? ਗੁਰੂ ਨੇ ਕਿਰਪਾ ਕਰ ਕੇ ਉਸ ਰਾਮ ਰਾਜੇ ਨੂੰ ਅੰਗ-ਸੰਗ ਹੀ ਦਿਖਾ ਦਿੱਤਾ ਹੈ॥ ੧॥

ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥

ਪਿਆਰੀ ਮਹਾਤਮਾ ਰੂਪ ਸਖੀ ਨਾਲ ਮਿਲਣ ਕਰ ਕੇ ਹੀ ਮੇਰੇ ਵਿਚ ਹਰੀ ਦੀ ਪ੍ਰਾਪਤੀ ਦੇ ਸ਼ੁਭ ਗੁਣ ਆ ਕੇ ਬਣੇ ਹਨ।

ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥੧ ॥ਰਹਾਉ ॥

ਪਰਮੇਸ਼ਰ ਵਰ= ਪਤੀ ਵਾਲੀਆਂ ਜੋ ਕਾਮਨਿ= ਇਸਤ੍ਰੀਆਂ ਹਨ, ਉਹ ਹਰੀ-ਪ੍ਰਭੂ ਦੇ ਨਾਲ ਹੀ ਖੇਡਦੀਆਂ ਹਨ, ਮੁਖੀ ਗੁਰਾਂ ਦੇ ਮਨ ਮਨੇ= ਮੰਤ੍ਰ ਦੇ ਮੰਨਨ ਕਰਨ ਨਾਲ ਪ੍ਰਭੂ ਨੂੰ ਖੋਜਦੀਆਂ ਹਨ॥ ੧॥ ਰਹਾਉ॥

ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥

---

*ਅਥਵਾ:-ਕਾਇ= ਕਾਇਆਂ ਅਰਥਾਤ ਦੇਹ ਅਧਿਆਸ ਵਿਚ ਲੱਗਣ ਕਰ ਕੇ ਉਹ ਅਲੱਖ ਪ੍ਰਭੂ ਜਾਣਿਆ ਨਹੀਂ ਜਾਂਦਾ।

ਮਨਮੁਖ ਦੁਹਾਗਣ ਇਸਤ੍ਰੀਆਂ ਨੂੰ ਉਸ ਦੀ ਪ੍ਰਾਪਤੀ ਦਾ ਕੋਈ ਭੇਦ ਨਹੀਂ ਮਿਲਦਾ, ਉਹ ਸਭ ਦਾ ਪਿਆਰਾ ਪ੍ਰਭੂ ਹਰੇਕ ਘਟ ਵਿਚ ਵਸ ਹੋ ਕੇ ਅਨੰਦ ਰਾਵੈ= ਮਾਣ ਰਿਹਾ ਹੈਂ।

ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥
ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥ ੨ ॥

੧) ਥਿਰ ਚਿਤ ਵਾਲੇ ਗੁਰਮੁਖਾਂ ਨੇ ਦੇਉ= ਪ੍ਰਕਾਸ਼ ਰੂਪ ਪਰਮਾਤਮਾ ਨੂੰ ਅੰਗ-ਸੰਗ ਜਾਣਿਆ ਹੈ।

੨) ਦੇਉ= ਪ੍ਰਕਾਸ਼ ਰੂਪ ਪਰਮਾਤਮਾ ਨੂੰ ਅੰਗ-ਸੰਗ ਜਾਣ ਕੇ ਗੁਰਮੁਖ ਥਿਰੁ= ਇਸਥਿਤ ਹੋਏ ਹਨ। ਜਿਨ੍ਹਾਂ ਨੂੰ ਗੁਰਾਂ ਨੇ ਨਾਮ ਦ੍ਰਿੜ੍ਹ ਕਰਾਇਆ ਹੈ, ਉਹ ਨਾਮ-ਜਪ ਨੂੰ ਆਪ ਜਪਦੇ ਤੇ ਹੋਰਨਾਂ ਪਾਸੋਂ ਜਪਾਉਂਦੇ ਹਨ॥ ੨॥

ਬਿਨੁ ਗੁਰ ਭਗਤਿ ਨ ਭਾਉ ਹੋਇ ॥
ਬਿਨੁ ਗੁਰ ਸੰਤ ਨ ਸੰਗੁ ਦੇਇ ॥

ਗੁਰੂ ਤੋਂ ਬਿਨਾਂ ਪ੍ਰੇਮਾ-ਭਗਤੀ ਪ੍ਰਾਪਤ ਨਹੀਂ ਹੁੰਦੀ। ਗੁਰੂ ਤੋਂ ਬਿਨਾਂ ਉਹ ਪ੍ਰਭੂ ਸੰਤਾਂ ਦਾ ਸੰਗ ਨਹੀਂ ਦੇਂਦਾ। ਵਾ:- ਗੁਰੂ ਤੋਂ ਬਿਨਾਂ ਸੰਤ= ਸ਼ਾਂਤ-ਆਤਮਾ ਪ੍ਰਭੂ ਆਪਣਾ ਸੰਗੁ= ਸਾਥ ਨਹੀਂ ਦੇਂਦਾ।

ਬਿਨੁ ਗੁਰ ਅੰਧੁਲੇ ਧੰਧੁ ਰੋਇ ॥
ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥ ੩ ॥

ਗੁਰੂ ਤੋਂ ਬਿਨਾਂ ਅੰਨ੍ਹੇ ਪੁਰਸ਼ ਧੰਦਿਆਂ ਵਿਚ ਹੀ ਰੋਂਦੇ ਰਹਿੰਦੇ ਹਨ। ਗੁਰ-ਸ਼ਬਦ ਦੁਆਰਾ ਰਾਗ ਦ੍ਵੈਸ਼ ਰੂਪੀ ਮੈਲ ਦੇ ਖੋਇ= ਨਾਸ ਕਰਨ ਕਰ ਕੇ ਗੁਰਮੁਖਾਂ ਦਾ ਮਨ ਨਿਰਮਲੁ= ਸਾਫ ਹੋਇਆ ਹੈ॥ ੩ ॥

ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥
ਅਹਿਨਿਸਿ ਰਾਵੇ ਭਗਤਿ ਜੋਗੁ ॥

ਜਿਸ ਨੇ ਗੁਰਾਂ ਦੇ ਸੰਜੋਗੁ= ਮੇਲ ਦੁਆਰਾ ਆਪਣੇ ਚੰਚਲ ਮਨ ਨੂੰ ਮਾਰ ਲਿਆ ਹੈ। ਉਹ ਦਿਨ ਰਾਤ ਭਗਤੀ ਜੋਗ ਕਰ ਕੇ ਪਰਮਾਤਮਾ ਦਾ ਅਨੰਦ ਰਾਵੇ= ਭੋਗਦਾ (ਮਾਣਦਾ) ਹੈ।

ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥
ਜਨ ਨਾਨਕ ਹਰਿ ਵਰੁ ਸਹਜ ਜੋਗੁ ॥ ੪ ॥ ੬ ॥

ਸੰਤ= ਸ਼ਾਂਤ-ਆਤਮਾ ਗੁਰਾਂ ਦੀ ਸਭਾ ਵਿਚ ਰਹਿਣ ਕਰ ਕੇ ਦੁੱਖ ਜਨ ਰੋਗ। ਵਾ:- ਰੋਗੁ ਅਗਿਆਨਤਾ ਦਾ, ਦੁਖ ਜਨਮ ਮਰਨ ਦਾ ਮਿਟ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਉਸ ਦਾ ਹਰੀ ਰੂਪ ਵਰੁ= ਪਤੀ ਨਾਲ ਸਹਜੇ ਹੀ ਜੋਗੁ= ਸਬੰਧ (ਮਿਲਾਪ) ਹੋ ਜਾਂਦਾ ਹੈ। ਅਥਵਾ:- ਵਰੁ= ਸ੍ਰੇਸ਼ਟ ਹਰੀ ਨਾਲ ਓਹ ਜਨ ਸੁਭਾਵਕ ਹੀ ਜੋਗੁ= ਜੁੜ ਜਾਂਦਾ ਹੈ॥ ੪॥ ੬॥

ਬਸੰਤੁ ਮਹਲਾ ੧ ॥
ਆਪੇ ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ ਰਾਜੁ ਰਾਜਿ ॥

ਉਹ ਪਰਮਾਤਮਾ ਕੁਦਰਤਿ ਦੁਆਰਾ ਆਪ ਹੀ ਸੰਸਾਰ ਨੂੰ ਸਾਜਿ= ਬਣਾ ਕੇ (ਫਿਰ ਆਪ ਹੀ) ਰਾਜਿਆਂ ਦਾ ਰਾਜਾ ਪ੍ਰਭੂ ਸੱਚਾ ਨਿਆਂ ਨਿਬੇੜੇ= ਕਰਦਾ ਹੈ।

ਗੁਰਮਤਿ ਊਤਮ ਸੰਗਿ ਸਾਥਿ॥
ਹਰਿ ਨਾਮੁ ਰਸਾਇਣੁ ਸਹਜਿ ਆਥਿ॥ ੧

ਸਭ ਤੋਂ ਉੱਤਮ ਗੁਰਾਂ ਦੀ ਸਿਖਿਆ ਦੁਆਰੇ ਜਿਸ ਨੂੰ ਰਸਾਇਣੁ= ਰਸਾਂ ਦਾ ਘਰ ਹਰੀ ਨਾਮ-ਅੰਮ੍ਰਿਤ ਸੁਭਾਵਕ ਹੀ ਪ੍ਰਾਪਤ ਹੋਇਆ ਆਥਿ= ਹੈ, ਉਸ ਨੇ ਹਰੀ ਨੂੰ ਆਪਣੇ ਸੰਗ ਦਾ ਸਾਥੀ ਨਿਸਚੇ ਕੀਤਾ ਹੈ।

ਮਤ ਬਿਸਰਸਿ ਰੇ ਮਨ ਰਾਮ ਬੋਲਿ॥

ਹੇ ਮਨ ! ਤੂੰ ਰਾਮ ਨਾਮ ਨੂੰ ਬੋਲਣਾ ਕਰ, ਮਤ ਬਿਸਰਸਿ= ਕਦੇ ਭੀ ਭੁੱਲੀਂ ਨਾ ਜਾਵੀ। *ਪ੍ਰਸ਼ਨ:-* ਉਹ ਰਾਮ ਕੈਸਾ ਹੈ ?

ਅਪਰੰਪਰੁ ਅਗਮ ਅਗੋਚਰੁ ਗੁਰਮੁਖਿ
ਹਰਿ ਆਪਿ ਤੁਲਾਏ ਅਤੁਲੁ ਤੋਲਿ॥ ੧॥ ਰਹਾਉ॥

(**ਉੱਤਰ:-**) ਅਪਰੰਪਰੁ= ਸੰਸਾਰ ਤੋਂ ਪਰਾ ਰੂਪ ਹੈ, ਮਨ ਕਰ ਕੇ ਅਗਮ ਤੇ ਇੰਦ੍ਰੀਆਂ ਕਰ ਕੇ ਅਗੋਚਰ ਹੈ, ਜਿਸ ਦਾ ਤੋਲ ਅਤੁਲ ਹੈ, ਉਹ ਹਰੀ ਗੁਰਮੁਖਿ= ਗੁਰਾਂ ਦੁਆਰੇ ਆਪ ਹੀ ਜਗਿਆਸੂਆਂ ਨੂੰ ਤੁਲਾਏ= ਵਿਚਾਰ ਕਰਾਉਂਦਾ ਹੈ॥ ੧॥ ਰਹਾਉ॥

ਗੁਰ ਚਰਨ ਸਰੇਵਹਿ ਗੁਰਸਿਖ ਤੋਰ॥
ਗੁਰ ਸੇਵ ਤਰੇ ਤਜਿ ਮੇਰ ਤੋਰ॥

ਗੁਰੂ ਕੇ ਸਿੱਖ ਗੁਰਾਂ ਦੁਆਰੇ ਹੇ ਪ੍ਰਭੂ ! ਤੋਰ= ਤੇਰੇ ਚਰਨਾਂ ਨੂੰ ਸੇਂਵਦੇ ਹਨ। *ਅਥਵਾ:-* ਜੋ ਗੁਰੂ ਕੇ ਸਿੱਖ ਗੁਰ-ਚਰਨਾਂ ਨੂੰ ਸੇਂਵਦੇ ਹਨ, ਉਹ ਆਪਣੇ ਆਪ ਨੂੰ ਆਪ ਜੀ ਵੱਲ ਤੋਰ= ਤੋਰਦੇ ਹਨ।

ਵਾ:- ਆਪ ਜੀ ਨੂੰ ਤੋਰ= ਤੋਲਦੇ ਭਾਵ ਵਿਚਾਰਦੇ ਹਨ, *ਵਾ:-* ਤੋਰ= ਆਪ ਜੀ ਦੇ ਹੁਕਮ ਨੂੰ ਮੰਨਦੇ ਹਨ। ਗੁਰੂ ਦੇ ਸਿੱਖ ਗੁਰੂ ਦੀ ਸੇਵਾ ਕਰ ਕੇ ਮੇਰ-ਤੇਰ ਨੂੰ ਤਿਆਗ ਕੇ ਸੰਸਾਰ ਤੋਂ ਤਰਦੇ ਹਨ।

ਨਰ ਨਿੰਦਕ ਲੋਭੀ ਮਨਿ ਕਠੋਰ॥
ਗੁਰ ਸੇਵ ਨ ਭਾਈ ਸਿ ਚੋਰ ਚੋਰ॥ ੨॥

ਜੋ ਨਿੰਦਕ ਪੁਰਸ਼ ਲੋਭੀ ਤੇ ਮਨ ਦੇ ਕਠੋਰ ਹਨ। ਜਿਨ੍ਹਾਂ ਨੂੰ ਗੁਰਾਂ ਦੀ ਸੇਵਾ ਕਰਨੀ ਚੰਗੀ ਨਹੀਂ ਲੱਗੀ, ਉਹ ਚੋਰਾਂ ਤੋਂ ਭੀ ਵੱਡੇ ਚੋਰ ਹਨ॥ ੨॥

ਗੁਰੁ ਤੁਠਾ ਬਖਸੇ ਭਗਤਿ ਭਾਉ॥
ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ॥

ਗੁਰੂ ਤੁਠਾ= ਪ੍ਰਸੰਨ ਹੋਵੇ ਤਾਂ ਭਾਉ= ਪ੍ਰੇਮਾ ਭਗਤੀ ਬਖਸ਼ਦਾ ਹੈ। ਗੁਰੂ ਦੇ ਤੁਠੈ= ਪ੍ਰਸੰਨ ਹੋਣ ਕਰ ਕੇ ਹੀ ਹਰੀ ਦੇ ਮਹਲਿ= ਸਰੂਪ ਵਿਚ ਥਾਂ ਪਾਈਦੀ ਹੈ।

ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥
ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥ ੩ ॥

ਨਿੰਦਿਆ ਕਰਨੀ ਪਰਹਰਿ= ਤਿਆਗ ਦੇ, ਹਰੀ ਦੀ ਭਗਤੀ ਵਿਚ ਜਾਗਣਾ ਕਰ ! ਉੱਤਮ ਕਰਮਾਂ ਦੇ ਭਾਗੁ= ਹਿੱਸੇ ਕਰ ਕੇ ਹਰੀ ਦੀ ਸ਼ੋਭਨੀਕ ਭਗਤੀ ਪ੍ਰਾਪਤ ਹੁੰਦੀ ਹੈ॥ ੩ ॥

ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥

(ਪਹਿਲੇ) ਗੁਰੂ (ਸੰਗਤ ਦੇ) ਮੇਲ ਵਿਚ ਮਿਲਾ ਕੇ (ਨਾਮ ਦੀ) ਦਾਤ ਦੇਣਾ ਕਰਦਾ ਹੈ, ਫੇਰ ਪ੍ਰਭੂ ਦੇ ਮੇਲ ਨਾਲ ਮਿਲਾਉਂਦਾ ਹੈ। ਇਸ ਕਰ ਕੇ ਸਿੱਖ ਦਿਨ ਰਾਤ ਗੁਰੂ ਨੂੰ ਪਿਆਰੇ ਲਗਦੇ ਹਨ।

ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥
ਕਹੁ ਨਾਨਕ ਪਾਵਹਿ ਵਿਰਲੇ ਕੇਇ ॥ ੪ ॥ ੭ ॥

ਗੁਰੂ ਜੀ ਕਥਨ ਕਰਦੇ ਹਨ— ਗੁਰੂ ਤੁਸਿ= ਪ੍ਰਸੰਨ ਹੋ ਕੇ ਦੇਣ ਤਾਂ ਨਾਮ- ਫਲ ਦੀ ਪ੍ਰਾਪਤੀ ਹੁੰਦੀ ਹੈ। ਪਰ ਕੋਈ ਵਿਰਲੇ ਅਧਿਕਾਰੀ ਜਗਿਆਸੂ ਹੀ ਨਾਮ- ਫਲ ਨੂੰ ਪਾਉਂਦੇ ਹਨ॥ ੪ ॥ ੭ ॥

ਬਸੰਤੁ ਮਹਲਾ ੩ ਇਕ ਤੁਕਾ ॥
ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥ ਜੀਵਤੁ ਮਰੈ ਸਭਿ ਕੁਲ ਉਧਰੈ ॥ ੧ ॥

ਹੇ ਸਾਹਿਬ= ਪਰਮਾਤਮਾ ! ਜੇਹੜਾ ਆਪ ਜੀ ਨੂੰ ਭਾਉਂਦਾ ਹੈ, ਓਹੀ ਸੇਵਕ ਹੋ ਕੇ ਸੇਵਾ ਕਰਦਾ ਹੈ। ਜੀਵਤ ਭਾਵ ਤੋਂ ਮਰ ਕੇ ਸਾਰੀਆਂ ਕੁਲਾਂ ਨੂੰ ਜਾਂ ਕੁਲ ਦੇ ਸਾਰਿਆਂ ਜੀਵਾਂ ਨੂੰ ਤਾਰ ਲੈਂਦਾ ਹੈ॥ ੧ ॥

ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥
ਸਾਚੁ ਨਾਮੁ ਮੇਰੈ ਹਿਰਦੈ ਵਸੈ ॥ ੧ ॥ ਰਹਾਉ ॥

ਮੈਂ ਆਪ ਜੀ ਦੀ ਭਗਤੀ ਕਰਨੀ ਨਹੀਂ ਛੱਡਾਂਗਾ, ਕੋਈ ਹੱਸ ਕੇ ਮੇਰਾ ਕੀ (ਵਿਗਾੜ) ਕਰੇਗਾ? ਮੇਰੇ ਹਿਰਦੇ ਵਿਚ ਤਾਂ ਆਪ ਜੀ ਦਾ ਸੱਚਾ ਨਾਮ ਹੀ ਵਸਦਾ ਹੈ॥ ੧ ॥ ਰਹਾਉ ॥

ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ ॥
ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ ॥ ੨ ॥

ਜਿਵੇਂ ਸੰਸਾਰੀ ਪੁਰਸ਼ ਮਾਇਆ ਦੇ ਮੋਹਿ=ਮਮਤਾ ਵਿਚ ਹੀ ਗਲਤੁ= ਗਲਤਾਨ (ਫਸਿਆ) ਰਹਿੰਦਾ ਹੈ। ਤਿਵੇਂ ਸੰਤ ਜਨ ਰਾਮ ਨਾਮ ਨੂੰ ਹੀ ਰਵਤ ਰਹੈ= ਉਚਾਰਦੇ (ਜਪਦੇ) ਰਹਿੰਦੇ ਹਨ॥ ੨ ॥

ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥
ਤਉ ਸਰਣਾਗਤਿ ਰਹਉ ਪਇਆ ॥ ੩ ॥

ਮੈਂ ਜੜ੍ਹ ਮੂਰਖ ਉੱਤੇ ਆਪਣੀ ਦਇਆ ਦ੍ਰਿਸ਼ਟੀ ਕਰੋ। ਤਾਂ ਕਿ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਸਦਾ ਹੀ ਪਿਆ ਰਹਾਂ॥ ੩ ॥

ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥

ਗੁਰੂ ਜੀ ਕਥਨ ਕਰਦੇ ਹਨ— ਸੰਸਾਰ ਦੇ ਸਾਰੇ ਕੰਮ ਨਿਹਫਲ= ਨਿਕੰਮੇ (ਵਿਅਰਥ) ਹਨ।

ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥ ੪ ॥ ੮ ॥

ਗੁਰਾਂ ਦੀ ਕਿਰਪਾ ਦੁਆਰੇ ਕੋਈ ਵਿਰਲਾ ਹੀ ਉੱਤਮ ਜਗਿਆਸੂ ਨਾਮ- ਅੰਮ੍ਰਿਤ ਪਾਉਂਦਾ ਹੈ ॥ ੪ ॥ ੮ ॥

ਮਹਲਾ ੧ ਬਸੰਤੁ ਹਿੰਡੋਲ* ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ- ਇਕ ਪਖੰਡੀ ਬ੍ਰਾਹਮਣ ਨੇ ਆ ਕੇ ਕਿਹਾ—"ਆਪ ਸਾਲਗ੍ਰਾਮ ਦੀ ਪੂਜਾ ਕੀਤੀ ਕਰੋ ਤੇ ਤੁਲਸੀ ਦੀ ਮਾਲਾ ਫੇਰਿਆ ਕਰੋ।" ਏਹ ਗੱਲਾਂ ਸੁਣ ਕੇ ਉਸ ਬ੍ਰਾਹਮਣ ਨੂੰ ਇਸ ਸ਼ਬਦ ਦੁਆਰਾ ਗੁਰੂ ਜੀ ਉਪਦੇਸ਼ ਦੇ ਕੇ ਸਮਝਾਉਂਦੇ ਹਨ ਕਿ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਸਾਰੇ ਕਰਮ ਕਰਨੇ ਨਿਸਫਲ ਹਨ:

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥

ਸਾਲਗਰਾਮ ਦੀ ਮੂਰਤੀ ਦਾ ਪੂਜਨ ਕਰਨਾ, ਬਿਪ= ਬ੍ਰਾਹਮਣਾਂ ਨੂੰ ਮਨਾਉਣਾ, ਸੁਕ੍ਰਿਤੁ= ਪੁੰਨ ਕਰਮ ਕਰਨੇ ਤੇ ਲੋਕਾਂ ਨੂੰ ਦਿਖਾਉਣ ਵਾਸਤੇ ਤੁਲਸੀ ਦੀ ਮਾਲਾ ਫੇਰਨੀ। ਇਸ ਤਰ੍ਹਾਂ ਦੇ ਕਰਮ ਕਰਨ ਰੂਪ ਕੱਲਰ ਨੂੰ ਕਿਸ ਲਈ ਸਿੰਜਦੇ ਹੋ ਪਖੰਡ ਵਾਲੇ ਕਰਮ ਕਰਨੇ ਛੱਡ ਦਿਓ। ਜੇਕਰ ਤਰਨ ਦੀ ਇੱਛਾ ਹੈ ਤਾਂ-

ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥ ੧ ॥

ਰਾਮ ਨਾਮ ਜਪਣ ਰੂਪ ਬੇੜਾ= ਜਹਾਜ਼ ਬੰਨ੍ਹੋ ਤੇ ਪ੍ਰਭੂ ਅੱਗੇ ਬੇਨਤੀਆਂ ਕਰੋ- ਹੇ ਦਿਆਲੂ ਸੁਭਾਅ ਵਾਲੇ ਪ੍ਰਭੂ ! ਅਸਾਂ ਗ਼ਰੀਬਾਂ ਉੱਤੇ ਦਇਆ ਦ੍ਰਿਸ਼ਟੀ ਕਰੋ ਤੇ ਸਾਨੂੰ ਚੰਗੇ ਰਾਹ ਤੋਰਨਾ ਕਰੋ ॥ ੧ ॥

[ਪੰਨਾ ੧੧੭੧]

ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥

ਪਖੰਡ ਵਾਲੇ ਕਰਮ ਕਰਨ ਰੂਪ ਕੱਲਰ ਨੂੰ ਕਿਸ ਲਈ ਸਿੰਜਦੇ ਹੋ ਤੇ ਆਪਣੇ ਅਮੋਲਕ ਮਨੁੱਖ ਜਨਮ ਨੂੰ ਨਿਸਫਲ ਕਿਉਂ ਗੁਆਉਂਦੇ ਹੋ?

ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥ ੧ ॥ ਰਹਾਉ ॥

ਏਹ ਸਰੀਰ ਕੱਚੀ ਦਿਵਾਲ= ਕੰਧ ਹੈ ਇਸ ਨੇ ਢਹਗਿ= ਢਹਿ ਜਾਣਾ ਹੈ, ਤੁਸੀਂ ਇਸ ਸਰੀਰ ਰੂਪ ਕੱਚੀ

---

*ਛਿਆਂ ਰਾਗਾਂ ਵਿੱਚੋਂ ਏਹ ਦੂਜਾ ਰਾਗ ਹੈ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਲਿਖਿਆ ਹੈ:
ਖੜਜ ਅੰਸੁ ਅਰੁ ਨਯਾਸ ਗ੍ਰਹ ਅਰ ਔੜਵ ਸੁਖ ਬੋਲ। ਕੋਵਿਦ ਯੌ ਸਭ ਕਹਤ ਹੈਂ ਰਿਧ ਬਾਜਤ ਹਿਡੋਲ।
ਜਿਸ ਨੂੰ ਸੁਣ ਕੇ ਦੇਵਤਿਆਂ ਦਾ ਚਿਤ ਖ਼ੁਸ਼ ਹੋ ਕੇ ਹਿੰਡੋਲੇ ਵਾਂਗੂ ਝੂਲਦਾ ਹੈ। ਉਸ ਦਾ ਨਾਮ ਹਿੰਡੋਲ ਹੈ।
ਦੋ ਘੜੀ ਦਿਨ ਚੜ੍ਹੇ ਤੋਂ ਚਾਰ ਘੜੀ ਦਿਨ ਚੜ੍ਹੇ ਤਕ ਗਾਵੀਂਦਾ ਹੈ ਸ਼ਿਵਾਂ ਦੇ ਸਦਯੋ ਜਾਤ ਨਾਮੀ ਮੁਖ ਤੋਂ ਪੈਦਾ ਹੋਇਆ ਹੈ। ਬੁਧ ਪ੍ਰਕਾਸ਼ ਦਰਪਣ ਵਿਚ ਲਿਖਿਆ ਹੈ :

ਆਦ ਅੰਤ ਜਿਹ ਖਰਜ ਧਰੀ ਹੈ ਪਾਂਚ ਸੁਰਨ ਮਿਲ ਗਾਵੈ।
ਲਲਤ ਬਿਲਾਵਲ ਭੈਰੋਂ ਪੰਚਮ ਪੁਰੀਆ ਸਾਥ ਮਿਲਾਵੈ।
ਤਬ ਹਿੰਡੋਲ ਪਰ ਪੂਰਨ ਸੋਹੈ ਪਹਿਰ ਚੜ੍ਹੇ ਦਿਨ ਗਾਉ।
ਜਿਹ ਅਲਾਪ ਕੀ ਯਹੀ ਪ੍ਰਤਗਜਾ ਝੂਲੇ ਬਿਨਾ ਝੁਲਾਓ।

ਕੰਧ ਨੂੰ ਕਿਉਂ ਕਲਫ਼ਾਂ ਰੂਪੀ ਚੂਨਾ, ਵਾ:- ਵਰਾਂ ਰੂਪੀ ਚੂਨਾ, ਵਾ:- ਪਦਾਰਥਾਂ ਰੂਪੀ ਚੂਨਾ ਲਗਾਉਂਦੇ ਹੋ। ਅਰਥਾਤ ਇਸ ਸ਼ਰੀਰ ਨਾਲ ਪਰੀਤੀ ਕਿਉਂ ਕਰਦੇ ਹੋ? ॥ ੧ ॥ ਰਹਾਉ ॥

ਅਗਲੀਆਂ ਤੁਕਾਂ ਵਿਚ ਖੇਤੀ ਦੇ ਢੰਗ ਨਾਲ ਉਪਦੇਸ਼ ਦੇ ਕੇ ਪ੍ਰਭੂ ਦੀ ਪ੍ਰਾਪਤੀ ਦਾ ਰਾਹ ਦੱਸਦੇ ਹਨ :

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥

ਹਰਿ ਹਰਿ ਨਾਮਾਂ ਦਾ ਉਚਾਰਨ ਕਰਨਾ ਏਹ ਹਟ= ਹਰਟ ਕਰੋ, ਬੁੱਧੀ ਨੂੰ ਪਰਮੇਸ਼ਰ ਆਸਰੇ ਕਰਨਾ ਏਹ ਮਾਲ= ਮਾਲ੍ਹ ਬਣਾਓ, ਇਸ ਤਰ੍ਹਾਂ ਦੀ ਸੁੱਧ ਬੁਧੀ ਰੂਪੀ ਮਾਲ੍ਹ ਨਾਲ (ਕਰੁਣਾ, ਮੈਤ੍ਰੀ, ਮੁੱਦਤਾਂ ਆਦਿਕ) ਟਿੰਡਾਂ ਪਰੋਣਾ ਕਰੋ, ਇਸ ਤਰ੍ਹਾਂ ਦੇ ਹਰਟ ਵਿਚ ਮਨ ਰੂਪੀ ਬੈਲ ਨੂੰ ਜੋੜਨਾ ਕਰੋ।

ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥ ੨ ॥

ਨਾਮ ਅੰਮ੍ਰਿਤੁ= ਜਲ ਸਿੰਜ ਕੇ ਅੰਤਹਕਰਨ ਰੂਪੀ ਕਿਆਰੇ ਨੂੰ ਭਰ ਲਵੋ, ਤਾਂ ਤੁਸੀਂ ਮਾਲੀ= ਪਰਮਾਤਮਾ ਦੇ ਪਿਆਰੇ ਸੇਵਕ ਹੋਵੋਗੇ।

ਜਿਸ ਵੇਲੇ ਖੇਤੀ ਵਿਚ ਨਦੀਨ (ਭੁੱਕਲ) ਪੈਦਾ ਹੋ ਜਾਵੇ ਤਾਂ ਉਹ ਖੇਤੀ ਨੂੰ ਵਧਣ ਨਹੀਂ ਦੇਂਦਾ, ਜ਼ਿਮੀਂਦਾਰ ਲੋਕ ਉਸ ਨੂੰ ਰੰਬਿਆਂ ਨਾਲ ਕੱਟ ਕੇ ਬਾਹਰ ਸੁੱਟ ਦੇਂਦੇ ਹਨ, ਤਾਂ ਖੇਤੀ ਹੁੰਦੀ ਹੈ। ਇਸ ਤਰਫ਼ ਕਾਮ ਕ੍ਰੋਧ ਰੂਪੀ ਨਦੀਨ ਦੇ ਹੋਣ ਨਾਲ ਸ਼ੁਭ ਗੁਣਾਂ ਰੂਪ ਖੇਤੀ ਨਹੀਂ ਹੁੰਦੀ।

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥

ਕਾਮ ਕ੍ਰੋਧ ਰੂਪੀ ਨਦੀਨ ਕੱਟਣ ਵਾਸਤੇ ਜਤ ਤੇ ਖਿਮਾ ਏਹ ਦੋ ਬਸੋਲੇ= ਰੰਬੇ ਕਰੋ, ਜਤ ਰੂਪ ਰੰਬੇ ਨਾਲ ਕਾਮ ਰੂਪੀ ਨਦੀਨ ਨੂੰ ਕੱਟਣਾ ਕਰੋ, ਖਿਮਾ ਰੂਪ ਰੰਬੇ ਨਾਲ ਕ੍ਰੋਧ ਰੂਪੀ ਨਦੀਨ ਨੂੰ ਕੱਟਣਾ ਕਰੋ! *ਅਥਵਾ-* ਰਕਾਰ ਮਕਾਰ ਰੂਪੀ, ਹਾਹਾ ਰਾਰਾ= ਹਰੀ, ਗੱਗਾ ਰਾਰਾ= ਗੁਰੂ, ਵਾ:- ਗਿਆਨ ਵੈਰਾਗ ਜਾਂ ਵੈਰਾਗ ਬਿਬੇਕ ਰੂਪੀ ਰੰਬਿਆਂ ਨਾਲ ਤਮਾਮ ਆਸੁਰੀ ਸੰਪਦਾ ਰੂਪੀ ਨਦੀਨ (ਭੁੱਕਲ) ਨੂੰ ਕੱਟ ਕੇ ਬਾਹਰ ਸੁੱਟ ਦਿਓ। ਹੇ ਭਾਈ ! ਇਸ ਤਰ੍ਹਾਂ ਬੁੱਧੀ ਰੂਪ ਧਰਤੀ ਦੀ ਗੋਡੀ ਕਰੋ ਭਾਵ ਬੁੱਧੀ ਸਾਫ ਕਰੋ।

ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥ ੩ ॥

ਜਿਉਂ-ਜਿਉਂ ਬੁੱਧੀ ਰੂਪੀ ਧਰਤੀ ਨੂੰ ਗੋਡੋਗੇ ਅਰਥਾਤ ਜਤ ਤੇ ਖਿਮਾ ਨੂੰ ਧਾਰ ਕੇ ਕਾਮ ਕ੍ਰੋਧ ਰੂਪੀ ਨਦੀਨ ਨੂੰ ਦੂਰ ਕਰੋਗੇ ਤਿਉਂ-ਤਿਉਂ ਸੁਖਾਂ ਨੂੰ ਪਾਵੋਗੇ, ਅਜੇਹਾ ਤੁਹਾਡਾ ਖੇਤੀ ਦਾ ਕਿਰਤ ਮੇਟਿਆ= ਨਿਸਫਲ ਨਹੀਂ ਜਾਵੇਗਾ। ਵਾ:- ਇਸ ਤਰ੍ਹਾਂ ਕਰਨ ਨਾਲ ਤੁਹਾਡਾ ਮੰਦ ਕਿਰਤੁ= ਕਰਮ ਮੇਟਿਆ ਨਹੀਂ ਜਾਵੇਗਾ ਅਰਥਾਤ ਜ਼ਰੂਰ ਮਿਟ ਜਾਵੇਗਾ ॥ ੩ ॥

ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥

ਹੇ ਦਿਆਲੂ ਪਰਮਾਤਮਾ ! ਜੇ ਤੂੰ ਕਿਰਪਾ ਦ੍ਰਿਸ਼ਟੀ ਕਰੇਂ ਤਾਂ ਇਹ ਬਗੁਲੇ ਪਖੰਡੀ ਜੀਵ ਤੋਂ ਫਿਰ ਹੰਸੁਲਾ ਹੋਵੈ= ਨਿਸ਼ਕਪਟ ਮਹਾਤਮਾ ਹੋ ਜਾਂਦਾ ਹੈ।

ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਦਇਆ ਕਰਹੁ ਦਇਆਲਾ ॥ ੪ ॥ ੧ ॥ ੯ ॥

ਗੁਰੂ ਜੀ ਪ੍ਰਣਵਤਿ= ਉਚਾਰਦੇ ਹਨ, ਇਸ ਤਰ੍ਹਾਂ ਬੇਨਤੀ ਕਰ, ਹੇ ਦਿਆਲੂ ਪਰਮਾਤਮਾ ! ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹਾਂ ਆਪ ਮੇਰੇ ਉੱਤੇ ਦਇਆ ਦ੍ਰਿਸ਼ਟੀ ਕਰੋ॥ ੪॥ ੧॥ ੯॥

ਬਸੰਤੁ ਮਹਲਾ ੧ ਹਿੰਡੋਲ॥

ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ॥

ਜਿਵੇਂ ਸਹੁਰੇ ਘਰ ਦੀ ਵਸਤੂ ਸਭ ਕਿਸੇ ਸਾਂਝੀ ਹੁੰਦੀ ਹੈ, ਪਰ ਪੇਵਕੜੇ= ਪੇਕੇ ਘਰ.ਦੀ ਚੀਜ਼ ਇਸਤ੍ਰੀ ਦੀ ਵੱਖਰੀ ਹੁੰਦੀ ਹੈ। ਤਿਵੇਂ ਸਹੁਰੇ ਘਰ ਦੀ ਵਸਤੂ ਜੋ ਸਰੀਰ ਹੈ ਏਹ ਸਭ ਕਿਸੇ ਸਬੰਧੀ ਦੀ ਸਾਂਝੀ ਹੈ ਇਕੇ ਸਰੀਰ ਵਿਚ ਕਿਸੇ ਨੇ ਪੁੱਤਰ ਭਾਵਨਾ ਕੀਤੀ ਹੋਈ ਹੈ, ਕਿਸੇ ਨੇ ਪਿਤਾ ਭਾਵਨਾ, ਕਿਸੇ ਨੇ ਚਾਚਾ, ਕਿਸੇ ਨੇ ਤਾਇਆ ਕਿਸੇ ਨੇ ਮਾਮਾ ਪਰ ਮਾਤ ਲੋਕ ਰੂਪੀ ਪੇਕੇ ਘਰ ਵਿਚ ਇਸ ਜੀਵ ਰੂਪ ਧਨ= ਇਸਤ੍ਰੀ ਦੇ ਸ੍ਵਾਸ ਵੱਖਰੇ ਹਨ, ਸ੍ਵਾਸਾਂ ਨੂੰ ਚਾਹੇ ਕੋਈ ਕਿਸੇ ਪਾਸੇ ਲਗਾ ਲਵੇ।

ਅਥਵਾ :- ਸਾਹੁਰੜੀ ਵਥੁ= ਚੇਤਨ ਸੱਤਾ ਏਹ ਸਭ ਕਿਸੇ ਦੀ ਸਾਂਝੀ ਹੈ, ਸਭ ਵਿਚ ਚੇਤਨ ਸੱਤਾ ਇਕੋ ਜੇਹੀ ਹੈ, ਪਰ ਮਾਤ ਲੋਕ ਰੂਪੀ ਪੇਕੇ ਘਰ ਵਿਚ ਇਸ ਜੀਵ ਰੂਪ ਇਸਤ੍ਰੀ ਦੀ ਪ੍ਰਾਰਬਧ ਸਭ ਦੀ ਵੱਖੋ ਵੱਖਰੀ ਹੈ।

ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ॥ ੧॥

ਜਗਿਆਸੂ ਰੂਪ ਇਸਤ੍ਰੀ ਕਹਿੰਦੀ ਹੈ: — ਵੱਡੇ-ਵੱਡੇ ਗੁਨਾਹਾਂ ਨਾਲ ਭਰੀ ਹੋਈ ਹੋਣ ਕਰ ਕੇ ਮੈਂ ਤਾਂ ਆਪ ਕੁਚੱਜੀ ਹਾਂ, ਮੈਂ ਕਿਸੇ ਨੂੰ ਦੋਸ਼ ਨਹੀਂ ਦੇਂਦੀ, ਮੈਂ ਆਪਣਿਆਂ ਸ੍ਵਾਸਾਂ ਨੂੰ ਵੀ ਰੱਖਣਾ ਨਹੀਂ ਜਾਣਦੀ, ਭਾਵ ਸ੍ਵਾਸਾਂ ਨੂੰ ਸਫਲ ਨਹੀਂ ਕਰ ਸਕਦੀ। *ਵਾ:-* ਸਰੀਰ ਨੂੰ ਪਰਾਰਬਧ ਉਪਰ ਸ਼ਾਕਰ ਰੱਖਣਾ ਨਹੀਂ ਜਾਣਦੀ। *ਵਾ:-* ਪਦਾਰਥਾਂ ਨੂੰ ਰੱਖਣਾ ਭਾਵ ਸਫਲ ਕਰਨਾ ਜਾਣਦੀ ਨਹੀਂ ਹਾਂ॥ ੧॥

ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥

ਹੇ ਮੇਰੇ ਮਾਲਕਾ ! ਹਉ= ਮੈਂ ਆਪ ਹੀ ਭਰਮ ਵਿਚ ਭੁੱਲੀ ਫਿਰਦੀ ਹਾਂ (ਤੁਹਾਡੇ ਵਿਚ ਕੋਈ ਦੋਸ਼ ਨਹੀਂ ਹੈ)

ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥ ੧॥ ਰਹਾਉ॥

ਵੇਦਾਂ ਸ਼ਾਸਤ੍ਰਾਂ ਵਿਚ ਜੋ ਨਾਮਾਂ ਰੂਪੀ ਅੱਖਰ ਲਿਖੇ ਹੋਏ ਹਨ, ਓਹੀ ਗਾਉਂਦੀ ਹਾਂ, ਉਹਨਾਂ ਨੂੰ ਛੱਡ ਕੇ ਹੋਰ ਕੋਈ ਬਾਣੀ ਜਾਣਦੀ ਨਹੀਂ ਹਾਂ। *ਅਥਵਾ:-* ਮੇਰੇ ਮੱਥੇ ਪਰ ਜੋ ਪ੍ਰਾਰਬਧ ਰੂਪ ਅੱਖਰ ਲਿਖੇ ਹੋਏ ਹਨ, ਉਹਨਾਂ ਨੂੰ ਮੈਂ ਗਾਵਾ= ਪੜ੍ਹਦੀ ਹਾਂ ਅਰਥਾਤ ਉਹਨਾਂ ਦਾ ਵਿਚਾਰ ਕਰਦੀ ਹਾਂ, ਪਰ ਮੈਂ ਹੋਰ ਕੋਈ ਬਾਣੀ ਨਹੀਂ ਜਾਣਦੀ॥ ੧॥ ਰਹਾਉ॥

ਪ੍ਰਸ਼ਨ- ਉਹ ਕੇਹੜੀ ਚੋਲੀ ਹੈ ਜਿਸ ਨੂੰ ਦੇਖ ਕੇ ਪ੍ਰਭੂ ਪ੍ਰਸੰਨ ਹੁੰਦਾ ਹੈ? *ਉੱਤਰ-*

ਕਢਿ ਕਸੀਦਾ ਪਹਿਰਹਿ ਚੋਲੀ ਤਾ ਤੁਮ੍ ਜਾਣਹੁ ਨਾਰੀ॥

ਜਾਂ ਏਹ ਜਗਿਆਸੂ ਰੂਪ ਇਸਤ੍ਰੀ ਪ੍ਰਭੂ ਦੇ ਨਾਮਾਂ ਰੂਪੀ ਕਸੀਦੇ ਨਾਲ ਕੱਢ ਕੇ ਭਗਤੀ ਰੂਪ ਚੋਲੀ ਪਹਿਨੇ ਤਾਂ ਤੁਸੀਂ ਉਸ ਨੂੰ ਸ੍ਰੇਸ਼ਟ ਔਰਤ ਜਾਣਨਾ ਕਰੋ। ਹੰਸ ਅਵਤਾਰ ਦੀ ਉਪਾਸਨਾ ਕਰਨੀ ਏਹ ਚਿੱਟਾ ਰੇਸ਼ਮ ਹੈ। ਰਾਮਚੰਦ੍ਰ ਜੀ ਦੀ ਉਪਾਸ਼ਨਾ ਕਰਨੀ ਏਹ ਲਾਲ ਰੇਸ਼ਮ ਹੈ। ਕ੍ਰਿਸ਼ਨ ਜੀ ਦੀ ਉਪਾਸ਼ਨਾ ਕਰਨੀ ਏਹ ਪੀਲਾ ਰੇਸ਼ਮ ਹੈ। ਨਿਹਕਲੰਕ ਦੀ ਉਪਾਸ਼ਨਾ ਕਰਨੀ ਏਹ ਕਾਲਾ ਰੇਸ਼ਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਦਸਾਂ

ਪਾਤਸ਼ਾਹੀਆਂ ਜੀ ਦੀ ਅਤੇ ਪ੍ਰਭੂ ਦੀ ਜੋ ਉਪਾਸ਼ਨਾ ਕਰਨੀ ਹੈ ਏਹੋ ਵਿਚ ਸਿਲਮਾ ਸਤਾਰਾ ਲਗਾਵੇ। ਬ੍ਰਹਮਾਕਾਰ ਬਿਰਤੀ ਰੂਪ ਸੂਈ ਨਾਲ ਉਪਰਲੇ ਕਸੀਦੇ ਨੂੰ ਕੱਢ ਕੇ ਭਗਤੀ ਰੂਪ ਚੋਲੀ ਪਹਿਨੇ ਤਾਂ ਪ੍ਰਭੂ ਵੇਖ ਕੇ ਪ੍ਰਸੰਨ ਹੁੰਦਾ ਹੈ।

ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥ ੨॥

ਜੇਕਰ ਸਰੀਰ-ਘਰ ਨੂੰ ਰੱਖਣਾ ਚਾਹਵੇ ਭਾਵ ਸਫਲ ਕੀਤਾ ਚਾਹਵੇ ਤਾਂ ਕਿਸੇ ਦੂਜੇ ਦਾ ਬੁਰਾ ਕਰਨਾ ਨਾ ਚਾਖਹਿ= ਧਾਰੇ, *ਵਾ:-* ਬੁਰਿਆਂ ਵਿਸ਼ਿਆਂ ਨੂੰ ਨਾ ਚਖੇ, *ਅਥਵਾ:-* ਜੇਕਰ ਸਰੂਪ-ਘਰ ਨੂੰ ਰਖਿਆ ਚਾਹਵੇ ਤਾਂ ਬੁਰਿਆਂ ਸੰਕਲਪਾਂ ਨੂੰ ਨਾ ਧਾਰੇ, ਤਾਂ ਉਹ ਜੀਵ-ਇਸਤ੍ਰੀ ਆਪਣੇ ਪਤੀ-ਪਰਮਾਤਮਾ ਨੂੰ ਪਿਆਰੀ ਹੁੰਦੀ ਹੈ॥ ੨॥

ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ॥

ਜੇ ਕਰ ਤੂੰ ਪੜ੍ਹਿਆ ਹੋਇਆ ਬੀਨਾ= ਚਤੁਰ ਪੰਡਿਤ ਹੈਂ ਤਾਂ ਇਹ ਗੱਲ ਪੱਕੀ ਸਮਝ ਲੈ ਰਕਾਰ ਮਕਾਰ ਰੂਪ, *ਵਾ:-* ਹਾਹਾ ਰਾਰਾ= ਹਰੀ ਰੂਪ ਜੇਹੜੇ ਦੋ ਅੱਖਰ ਹਨ ਓਹੀ ਦੋ ਅੱਖਰ ਜੀਵ ਦੇ ਪਾਰ ਕਰਨ ਨੂੰ ਨਾਵਾ= ਬੇੜੀ ਰੂਪ ਹਨ।

ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥ ੩॥ ੨॥ ੧੦॥

ਗੁਰੂ ਜੀ ਪ੍ਰਣਵਤਿ= ਉਚਾਰਦੇ ਹਨ—ਜੇ ਕਰ ਸ਼ਰਧਾ ਸਹਿਤ ਸੱਚੇ ਗੁਰ-ਉਪਦੇਸ਼ ਵਿਚ ਸਮਾਉਣਾ ਕਰੇ। *ਵਾ:-* ਸੱਚ ਦੇ ਸਿਮਰਨ ਵਿਚ ਸਮਾਵੇ ਤਾਂ ਇਕ ਅੱਖਰ ਹੀ ਇਸ ਜੀਵ ਨੂੰ ਸੰਸਾਰ ਤੋਂ ਪਾਰ ਲੰਘਾ ਦੇਂਦਾ ਹੈਂ॥ ੩॥ ੨॥ ੧੦॥

ਯਥਾ:- ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥ *(ਪੰਨਾ ੨੬੧)*

ਬਸੰਤੁ ਹਿੰਡੋਲ ਮਹਲਾ ੧॥

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਮੋਦੀਖਾਨਾ ਲੁਟਾ ਕੇ ਬਾਹਰ ਮਸਾਣਾਂ ਵਿਚ ਜਾ ਬੈਠੇ ਤੇ ਮੂਲ ਚੰਦ ਸਹੁਰੇ ਨੂੰ ਪਤਾ ਲੱਗਾ ਉਸ ਵੇਲੇ ਬਹੁਤ ਹੀ ਝੁਰਿਆ ਤੇ ਪਛਤਾਇਆ ਅਤੇ ਬੜੇ ਵੱਧ-ਘਟ ਬਚਨ ਕਹੇ ਕਿ ਮੈਂ ਬਿਨਾਂ ਦੇਖੇ (ਗੁਣਾਂ ਦੇ) ਪਰਖੇ ਆਪਣੀ ਲੜਕੀ ਵਿਆਹ ਦਿੱਤੀ ਹੈ ਤਾਂ ਹੀ ਮੈਂ ਦੁਖੀ ਹੋ ਰਿਹਾ ਹਾਂ। ਜੇ ਮੈਨੂੰ ਪਹਿਲੇ ਪਤਾ ਲੱਗ ਜਾਂਦਾ ਤਾਂ ਮੈਂ ਆਪਣੀ ਬੱਚੀ ਦਾ ਵਿਆਹ ਹੀ ਨਾ ਕਰਦਾ। 'ਗੁਰੂ ਨਾਨਕ ਸਾਹਿਬ ਆਪਣੇ ਸਤਕਾਰਯੋਗ ਸਹੁਰੇ ਨੂੰ ਪਿਤਾ ਸਮਾਨ ਸਮਝਕੇ ਉਹਨਾਂ ਦੇ ਕੌੜੇ-ਕਸੈਲੇ ਬੋਲ ਸੁਣ ਕੇ ਚੁੱਪ ਹੀ ਰਹੇ, ਸਾਹਮਣੇ ਕੋਈ ਉੱਤਰ ਨਾ ਦਿੱਤਾ। ਫੇਰ ਉਸ ਨੇ ਸ਼ਹਿਰ ਵਿਚ ਆ ਕੇ ਜਿਸ ਬ੍ਰਾਹਮਣ ਦੀ ਸੰਗਤ ਕਰਦੇ ਸੀ ਉਸ ਦੇ ਪਾਸ ਬੈਠ ਕੇ ਆਪਣੇ ਦੁੱਖ ਸੁਨਾਉਣ ਲੱਗ ਪਿਆ:

ਜਿਹ ਦਿਜ ਕੀ ਸੰਗਤਿ ਕਰਤਿ ਤਿਹ ਢਿਗ ਬੈਸਜੋ ਜਾਇ।
ਮਨ ਕੇ ਦੁਖ ਬਰਨਨ ਕਰੇ ਰੋਤ ਭਯੋ ਦੁਖ ਪਾਇ॥ ੧੨॥
ਸੋਰਠਾ- ਏਕ ਦਿਵਸ ਸੁਖ ਨਾਂਹਿ ਜਬ ਕੀ ਸੁਤਾ ਬਿਵਾਹਿ ਦੀ।
ਬੈਸਜੋ ਗੋਰਨ ਮਾਹਿ ਤਜਿ ਤਰੁਨੀ ਘਰ ਕਾਰ ਸਭਿ॥ ੧੩॥

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ ਅਧਿ. ੩੦)

ਏਹ ਗੱਲਾਂ ਸੁਣ ਕੇ ਬ੍ਰਾਹਮਣ ਨੇ ਕਿਹਾ— 'ਚਲੋ ਉਸ ਨੂੰ ਜਾ ਕੇ ਸਮਝਾਉਂਦੇ ਹਾਂ।' ਆ ਕੇ ਕਿਹਾ,

'ਨਾਨਕ ! ਜੇਹੜਾ ਤੂੰ ਮੋਦੀਖਾਨਾ ਲੁਟਾ ਆਇਆ ਹੈਂ ਏਹ ਚੰਗਾ ਕੰਮ ਨਹੀਂ ਕੀਤਾ ਆਪਣੇ ਪ੍ਰਵਾਰ ਵੱਲ ਤਾਂ ਦੇਖਣਾ ਸੀ, ਫਿਰ ਤੂੰ ਮਾਂ ਪਿਉ ਜੀ ਲੱਜਾ ਤਿਆਗ ਕੇ ਸਾਧੂਆਂ ਵਾਲਾ ਭੇਖ ਧਾਰ ਲਿਆ ਹੈ।ਏਹ ਦੱਸੋ-

ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥ ਕਿਨ ਬਿਧਿ ਪਾਵਉ ਪ੍ਰਾਨਪਤੀ॥ ੧॥ ਰਹਾਉ॥

ਪ੍ਰਾਨਪਤੀ= ਪਰਮਾਤਮਾ ਨੂੰ ਤੁਸੀਂ ਕਿਸ ਤਰ੍ਹਾਂ ਪਾਵੋਗੇ, ਜਾਂ ਅਸੀਂ ਪ੍ਰਾਨਪਤੀ= ਪਰਮਾਤਮਾ ਨੂੰ ਕਿਸ ਤਰ੍ਹਾਂ ਪਾਉਣਾ ਕਰੀਏ? *ਗੁਰ ਉੱਤਰ :-* ਹੇ ਪੰਡਿਤ ਜੀ ! ਸੁਆਮੀ= ਪਰਮਾਤਮਾ ਦੀ ਪ੍ਰਾਪਤੀ ਦੀ ਸਿਖਿਆ ਅਸੀਂ ਤੁਹਾਨੂੰ ਦੇਂਦੇ ਹਾਂ। ਹੇ ਪੰਡਿਤ ਜੀ ! ਜੀਵ ਦਾ ਤਰਨਾ ਬਹੁਤ ਮੁਸ਼ਕਲ ਹੈ ਕਿਉਂਕਿ-

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥

ਇਕ ਤਾਂ ਸਰੀਰ ਰੂਪ ਨਗਰੀ ਕੱਚੀ ਹੈ, ਦੂਜਾ ਇਸ ਵਿਚ ਰਹਿਣ ਵਾਲਾ ਰਾਜਾ-ਮਨ ਉਹ ਭੀ ਬਾਲਕੁ= ਅਗਿਆਤ ਹੈ, ਤੀਜਾ ਇਸ ਰਾਜੇ-ਮਨ ਦਾ ਕਾਮ ਕ੍ਰੋਧ ਆਦਿਕ ਦੁਸ਼ਟਾਂ ਨਾਲ ਪਿਆਰ ਹੈ।

ਦੁਇ ਮਾਈ ਦੁਇ ਬਾਪਾ ਪੜੀਅਹਿ, ਪੰਡਿਤ ਕਰਹੁ ਬੀਚਾਰੋ॥ ੧॥

ਇਸ ਮਨ ਦੀਆਂ ਦੋ ਮਾਵਾਂ ਆਸਾ ਤੇ ਤ੍ਰਿਸ਼ਨਾ ਹਨ ਤੇ ਦੋ ਹੀ ਪਿਉ ਰਾਗ ਤੇ ਦ੍ਵੈਸ਼।

ਵਾ:- ਲਬ ਤੇ ਲੋਭ ਪੜ੍ਹੀਂਦੇ ਹਨ।

ਅਥਵਾ :- ਦੁਇ= ਦ੍ਵੈਤ ਹੀ ਇਸ ਦੀ ਮਾਂ ਤੇ ਦੁਇ= ਦ੍ਵੈਤ ਹੀ ਪਿਉ ਪੜ੍ਹੀਂਦਾ ਹੈ।

ਅਥਵਾ :- ਮਾਇਆ ਤੇ ਅਵਿਦਿਆ ਏਹ ਦੋ ਇਸ ਦੀਆਂ ਮਾਵਾਂ ਹਨ ਅਤੇ ਜੀਵ ਤੇ ਈਸ਼੍ਵਰ ਏਹ ਦੋ ਬਾਪ ਇਸ ਮਨ ਦੇ ਪੜੀਅਹਿ= ਕਹੇ ਜਾਂਦੇ ਹਨ, ਕਿਉਂਕਿ ਚੇਤਨ ਦੇ ਆਸਰੇ ਹੀ ਸਾਰੀ ਮਨ ਦੀ ਚੇਸਟਾ ਹੈ।

ਅਥਵਾ :- ਦੋ ਅੱਖਾਂ, ਏਹ ਦੋ ਮਾਵਾਂ ਹਨ; ਦੋ ਕੰਨ, ਏਹੋ ਦੋ ਬਾਪ ਮਨ ਦੇ ਕਹੇ ਜਾਂਦੇ ਹਨ, ਕਿਉਂਕਿ ਇਹਨਾਂ ਦੁਆਰੇ ਹੀ ਮਨ ਬਾਹਰ ਨਿਕਲਦਾ ਹੈ। ਅਰਥਾਤ ਵਸਤੂ ਨੂੰ ਦੇਖ ਕੇ ਜਾਂ ਸੁਣ ਕੇ ਜੀਵ ਦਾ ਸੰਕਲਪ ਹੁੰਦਾ ਹੈ, ਉਹ ਸੰਕਲਪ ਹੀ ਮਨ ਦਾ ਸਰੂਪ ਹੈ।

ਹੇ ਪੰਡਿਤ ! ਅਜੇਹੇ ਮਨ ਦੇ ਮਾਰਨ ਦਾ ਵਿਚਾਰ ਕਰ, ਏਹ ਮਨ ਕਿਵੇਂ ਮਰਦਾ ਹੈ? ਜਿਵੇਂ ਲੋਹੇ ਨੂੰ ਲੋਹਾ ਕਟਦਾ ਹੈ, ਗਰਮੀ ਨੂੰ ਗਰਮੀ ਕਟਦੀ ਹੈ। ਤਿਵੇਂ ਜਿਸ ਕ੍ਰਿਸ਼ਨ ਦੀਆਂ ਦੋ ਮਾਵਾਂ ਸਨ ਜਸ਼ੋਧਾਂ ਤੇ ਦੇਵਕੀ ਅਤੇ ਦੋ ਹੀ ਬਾਪ ਬਾਸੁਦੇਵ ਤੇ ਨੰਦ ਕਹੇ ਜਾਂਦੇ ਹਨ, ਉਸ ਦੀ ਉਪਾਸ਼ਨਾ ਕਰ ਤਾਂ ਏਹ ਮਨ ਮਰਦਾ ਹੈ।

ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥
ਕਿਨ ਬਿਧਿ ਪਾਵਉ ਪ੍ਰਾਨਪਤੀ॥ ੧॥ ਰਹਾਉ॥

ਹੇ ਪੰਡਿਤ ਜੀ! ਜੋ ਸੁਆਮੀ= ਪਰਮਾਤਮਾ ਹੈ ਉਸ ਦੀ ਪ੍ਰਾਪਤੀ ਦੀ ਏਹ ਤੁਹਾਨੂੰ ਅਸਾਂ ਨੇ ਮਤੀ= ਸਿਖਿਆ ਦਿੱਤੀ ਹੈ। ਇਸ ਤਰ੍ਹਾਂ ਹੀ ਤੁਸੀਂ ਪ੍ਰਾਨਪਤੀ= ਪਰਮਾਤਮਾ ਨੂੰ ਪਾਓਗੇ। ਨਹੀਂ ਤਾਂ ਹੋਰ ਕਿਸ ਵਿਧੀ ਨਾਲ ਤੁਸੀਂ ਪਰਮੇਸ਼ਰ ਨੂੰ ਪਾਓਗੇ?

ਇਸ ਤੁਕ ਵਿਚ ਪਰਮੇਸ਼ਰ ਦੀ ਸਮਰੱਥਾ ਕਹਿੰਦੇ ਹਨ-

ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥

ਬਨਾਸਪਤੀ= ਲੱਕੜੀ (ਜੰਗਲਾਤ) ਭੀਤਰਿ= ਵਿਚ ਅੱਗ ਹੈ ਫੇਰ ਬਨਾਸਪਤੀ ਮਉਲੀ= ਖਿੜ ਰਹੀ ਹੈ।*

ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥ ੨ ॥

ਉਸ ਪ੍ਰਭੂ ਨੇ ਸੰਸਾਰਕ ਮਰਯਾਦਾ ਚਲਾਉਣ ਲਈ ਸੰਸਾਰ-ਘਰ ਵਿਚ ਸੂਰਜ ਤੇ ਚੰਦ੍ਰਮਾ ਰੂਪ ਦੋ ਦੀਵੇ ਜਗਾ ਰੱਖੇ ਹਨ, ਪਰ ਜੀਵ ਨੇ ਐਸਾ ਗਿਆਨੁ= ਜਾਣਨਾ ਨਹੀਂ ਪਾਇਆ। ਵਾ:- ਅਜੇਹੇ ਪ੍ਰਭੂ ਦਾ ਗਿਆਨ ਨਹੀਂ ਪਾਇਆ।

ਅਥਵਾ :- ਹੇ ਪੰਡਿਤ ! ਤੇਰੇ ਅੰਤਹਕਰਨ ਰੂਪੀ ਘਰੇ ਵਿਚ ਦੋ ਚੰਦੁ ਸੂਰਜੁ= ਵੈਰਾਗ ਗਿਆਨ ਰੂਪੀ ਦੀਵੇ ਹਨ-ਪਰ ਤੂੰ ਉਹਨਾਂ ਦਾ ਗਿਆਨੁ= ਜਾਣਨਾ ਨਹੀਂ ਪਾਇਆ ॥ ੨ ॥

ਪੰਡਿਤ ਨੇ ਕਿਹਾ— ਮੈਂ ਰਾਮ ਨਾਮ ਕਹਿੰਦਾ ਰਹਿੰਦਾ ਹਾਂ। ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ—

ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥

ਰਾਮ ਦੇ ਰਵੰਤਾ= ਉਚਾਰਨ ਵਾਲਾ ਤਦ ਜਾਣਿਆ ਜਾਂਦਾ ਹੈ ਜਾਂ ਇਕ ਮਾਈ= ਮਾਇਆ ਦਾ ਭੋਗ ਪਾ ਦੇਣਾ ਕਰੇ ਅਰਥਾਤ ਮਾਇਆ ਤਿਆਗ ਦੇਵੇ।

ਅਥਵਾ :- ਇਕ ਮਾਇਆ ਵਾਲੇ ਪ੍ਰਭੂ ਦਾ ਭੋਗ ਕਰੇ ਅਰਥਾਤ ਅਭੇਦਤਾ ਦਾ ਅਨੰਦ ਲੈਣਾ ਕਰੇ।

ਪ੍ਰਸ਼ਨ- ਏਹ ਲਛਣ ਕਿਸ ਵਿਚ ਜਾਣੇ ਜਾਂਦੇ ਹਨ? *ਗੁਰ ਉੱਤਰ-*

ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ੩ ॥

ਏਹ ਸ਼ੁਭ ਲੱਖਣ ਉਸ ਵਿਚ ਜਾਣੇ ਹਨ ਜੋ ਖਿਮਾ ਰੂਪ ਧਨ ਨੂੰ ਸੰਗ੍ਰਹੇਇ= ਇਕੱਠਾ ਕਰਦਾ ਹੈ॥ ੩ ॥

ਜੀਵ ਦੇ ਅੰਦਰ, ਤਰਨ ਦਾ ਕੋਈ ਭੀ ਚੰਗਾ ਕਰਤਬ ਨਹੀਂ ਦਿਸਦਾ-

ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥

ਬੁਢੇਪੇ ਦੇ ਆਉਣ ਕਰ ਕੇ ਜੋ ਸੰਬੰਧੀ ਇਸ ਜੀਵ ਦਾ ਕਿਹਾ ਨਹੀਂ ਸੁਣਦੇ ਅਤੇ ਜੁਆਨੀ ਉਮਰ ਵਿਚ ਜੋ ਇਸ ਨੇ ਕਮਾ ਕੇ ਖਵਾਇਆ ਸੀ ਉਸ ਖਵਾਏ ਨੂੰ ਮੰਨਦੇ ਨਹੀਂ ਹਨ, ਉਹਨਾਂ ਹੀ ਸੰਬੰਧੀਆਂ ਨਾਲ ਜੀਵ ਦਾ ਵਾਸਾ ਹੋ ਰਿਹਾ ਹੈ। ਜੋ ਸੰਬੰਧੀ ਖਿਨ ਵਿਚ ਤੋਲਾ ਤੇ ਖਿਨ ਵਿਚ ਮਾਸਾ ਹੋ ਜਾਂਦੇ ਹਨ। ਜਦੋਂ ਕੋਈ ਪਦਾਰਥ ਲੈ ਆਉਂਦਾ ਹੈ ਉਸ ਵੇਲੇ ਤੋਲੇ ਵਾਂਗ ਵੱਡੇ ਹੋ ਬੈਠਦੇ ਹਨ, ਜਿਸ ਵੇਲੇ ਕੋਈ ਪਦਾਰਥ ਨਹੀਂ ਲਿਆਉਂਦਾ ਮਾਸੇ ਦੀ ਤਰ੍ਹਾਂ ਛੋਟੇ ਭਾਵ ਦਿਲ ਢਾਹ ਕੇ ਬਹਿ ਜਾਂਦੇ ਹਨ।

ਅਥਵਾ :- ਜੋ ਇੰਦ੍ਰੀਏ ਅਤੇ ਮਨ ਇਸ ਜੀਵ ਦਾ ਕਿਹਾ ਸੁਣਦੇ ਨਹੀਂ ਹਨ ਅਤੇ ਨਾ ਹੀ ਖਵਾਇਆ ਹੋਇਆ ਪਦਾਰਥ ਮੰਨਦੇ ਹਨ, ਉਹਨਾਂ ਹੀ ਇੰਦ੍ਰੀਆਂ ਅਤੇ ਮਨ ਦੇ ਨਾਲ ਜੀਵ ਦਾ ਵਾਸਾ ਹੋ ਰਿਹਾ ਹੈ।

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪ ॥੩ ॥੧੧ ॥

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥ (ਪੰਨਾ ੬੧੭)*

ਸਮੁੰਦਰ ਧਰਤੀ ਨਾਲੋਂ ਅਠ ਜੋਜਨ (੩੨ ਕੋਹ) ਉੱਚਾ ਹੈ ਪਰ ਉਸ ਨੇ ਆਪਣੇ ਹੁਕਮ ਰੂਪੀ ਪੰਡ ਵਿਚ ਬੰਨ੍ਹ ਪਾਇਆ ਹੈ, ਏਹ ਉਸ ਪ੍ਰਭੂ ਦੀ ਸ਼ਕਤੀ ਹੈ, ਉੱਚਾ ਹੁੰਦਿਆਂ ਭੀ ਉਸ ਦੇ ਹੁਕਮ ਤੋਂ ਬਿਨਾਂ ਸੰਸਾਰ ਨੂੰ ਤਬਾਹ ਨਹੀਂ ਕਰ ਸਕਦਾ।

ਜੋ ਮਨ ਖਿਨ ਵਿਚ ਤੋਲਾ ਤੇ ਖਿਨ ਵਿਚ ਮਾਸਾ ਹੋ ਜਾਂਦਾ ਹੈ, ਪਦਾਰਥ ਮਿਲ ਗਿਆ ਤਾਂ ਤੋਲੇ ਵਾਂਗ ਵਜ਼ਨੀ ਹੋ ਗਿਆ ਜੇ ਨਾ ਮਿਲਿਆ ਤਾਂ ਮਾਸੇ ਸਮਾਨ ਹਲਕਾ ਹੋ ਗਿਆ ਕਿਉਂਕਿ ਮਨ ਦੀ ਦਸ਼ਾ ਹੀ ਅਜਿਹੀ ਕਹੀ ਹੈ।- 'ਖਿਨੇ ਤੁਸ਼ਟਾ ਖਿਨੇ ਰੁਸ਼ਟਾ।' *ਪ੍ਰਸ਼ਨ-* ਏਹ ਕਿਵੇਂ ਤਰ ਸਕਦਾ ਹੈ? *ਗੁਰ ਉੱਤਰ-*

ਗੁਰੂ ਜੀ ਪ੍ਰਣਵਤਿ= ਕਥਨ ਕਰਦੇ ਹਨ—ਜੇਕਰ ਇਹ ਜੀਵ ਹੰਗਤਾ ਮਮਤਾ ਛੱਡ ਕੇ ਪਰਮੇਸ਼ਰ ਦੇ ਪਿਆਰੇ ਜੋ ਸੇਵਕ ਹਨ, ਉਨ੍ਹਾਂ ਦਾ ਦਾਸ ਬਣੇ ਤਾਂ ਤਰ ਸਕਦਾ ਹੈ।

ਬਸੰਤੁ ਹਿੰਡੋਲ ਮਹਲਾ ੧ ॥

ਮਤ ਭੂਲਹਿ ਰੇ ਮਨ ਚੇਤਿ ਹਰੀ॥

ਹੇ ਮਨ ! ਵਾਹਿਗੁਰੂ ਨੂੰ ਯਾਦ ਕਰ, ਉਸ ਦੇ ਸਿਮਰਨ ਵਲੋਂ ਮਤਾਂ ਭੁੱਲ !

ਬਿਨੁ ਗੁਰ ਮੁਕਤਿ ਨਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ॥ ੧ ॥ ਰਹਾਉ॥

(ਇਹ ਨਿਸ਼ਚੇ ਕਰ ਲੈ ਕਿ) ਗੁਰੂ ਤੋਂ ਬਿਨਾਂ (ਹੋਰ ਕਿਤੋਂ) ਮੁਕਤੀ ਨਹੀਂ ਮਿਲਣੀ, ਭਾਵੇਂ ਤਿੰਨਾਂ ਲੋਕਾਂ ਵਿਚ ਫਿਰ ਕੇ ਵੇਖ ਲੈ, ਵਾਹਿਗੁਰੂ ਦਾ ਨਾਮ ਗੁਰੂ- ਮੁਖ ਦੁਆਰਾ ਹੀ ਪ੍ਰਾਪਤ ਹੁੰਦਾ ਹੈ।

ਸਾਚਾ ਸਾਹੁ ਗੁਰੁ ਸੁਖਦਾਤਾ ਹਰਿ ਮੇਲੇ ਭੁਖ ਗਵਾਏ ॥

ਗੁਰੂ ਹੀ ਇਕ ਸੱਚਾ ਸ਼ਾਹ ਹੈ ਆਤਮਕ-ਸੁਖ ਦੇ ਦੇਣ ਵਾਲਾ ਵਾਹਿਗੁਰੂ ਨਾਲ ਮੇਲ ਕੇ ਪਦਾਰਥਾਂ ਦੀ ਭੁਖ= ਚਾਹ ਖ਼ਤਮ ਕਰ ਦਿੰਦਾ ਹੈ।

ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ ਅਨਦਿਨੁ ਹਰਿ ਗੁਣ ਗਾਏ ॥ ੧ ॥

ਜਿਸ ਤੇ ਕਿਰਪਾ ਕਰ ਕੇ ਪਰਮੇਸ਼ਰ ਦੀ ਭਗਤੀ ਕਰਨੀ ਦ੍ਰਿੜ੍ਹ ਕਰਾਉਂਦਾ ਹੈ, ਓਹ ਰਾਤ ਦਿਨ ਪ੍ਰਭੂ ਦੇ ਗੁਣ ਗਾਉਂਦਾ ਹੈ।

ਮਤ ਭੂਲਹਿ ਰੇ ਮਨ ਚੇਤਿ ਹਰੀ॥

ਹੇ ਮਨ ! ਪਰਮੇਸ਼ਰ ਨੂੰ ਯਾਦ ਕਰ, ਉਸ ਦੇ ਸਿਮਰਨ ਵਲੋਂ ਮਤਾਂ ਭੁੱਲ !

ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥੧ ॥ਰਹਾਉ ॥

(ਇਹ ਨਿਸਚੇ ਕਰ ਲੈ ਕਿ) ਗੁਰੂ ਤੋਂ ਬਿਨਾਂ (ਹੋਰ ਕਿਤੋਂ) ਮੁਕਤੀ ਨਹੀਂ ਮਿਲਣੀ ਭਾਵੇਂ ਤਿੰਨਾਂ ਲੋਕਾਂ ਵਿਚ ਫਿਰ ਕੇ ਵੇਖ ਲੈ। ਵਾਹਿਗੁਰੂ ਦਾ ਨਾਮ ਗੁਰੂ- ਮੁਖ ਦੁਆਰਾ ਹੀ ਪ੍ਰਾਪਤ ਹੁੰਦਾ ਹੈ॥ ੧ ॥ ਰਹਾਉ ॥

ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ ॥

ਅੰਨਵੇਂ:- ਭਾਗਾਂ ਤੋਂ ਬਿਨਾਂ ਪੂਰੇ ਸਤਿਗੁਰੂ ਨਹੀਂ ਪਾਏ ਜਾਂਦੇ, ਸਤਿਗੁਰੂ ਤੋਂ ਬਿਨਾਂ ਭਗਤੀ ਨਹੀਂ ਪਾਈ ਜਾਂਦੀ, ਭਗਤੀ ਤੋਂ ਬਿਨਾਂ ਹਰੀ ਪ੍ਰਾਪਤ ਨਹੀਂ ਹੁੰਦਾ। *ਅਥਵਾ:-* ਭਗਤੀ ਤੋਂ ਬਿਨਾਂ ਸਤਿਗੁਰੂ= ਤ੍ਰੈ ਕਲਿ ਅਬਾਧ ਚੇਤਨ ਦੀ ਪ੍ਰਾਪਤੀ ਨਹੀਂ ਹੁੰਦੀ।

ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ ॥ ੨ ॥

(ਉੱਤਮ) ਭਾਗਾਂ ਤੋਂ ਬਿਨਾਂ ਸਤਸੰਗ ਭੀ ਨਹੀਂ ਪਾਈਦਾ, ਸਤਸੰਗ ਦੀ ਕਰਮਿ= ਕਿਰਪਾ ਨਾਲ ਹਰੀ

ਦਾ ਹਰੀ ਨਾਮ ਮਿਲਦਾ ਹੈ। ਜਾਂ ਸਤਸੰਗ ਦੀ ਕਰਮਿ= ਕਿਰਪਾ ਨਾਲ ਹਰੀ-ਨਾਮ ਮਿਲਦਾ ਹੈ, ਹਰੀ ਨਾਮ ਦੇ ਮਿਲਣ ਕਰ ਕੇ ਹਰੀ ਦਾ ਦਰਸ਼ਨ ਹੁੰਦਾ ਹੈ॥ ੨॥

ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ॥

ਜੋ ਪ੍ਰਭੂ ਹਰੇਕ ਘਟ ਵਿਚ ਗੁਪਤ ਵਸਦਾ ਹੈ, ਫੇਰ ਆਪ ਹੀ ਜਗਤ ਨੂੰ ਪੈਦਾ ਕਰ ਕੇ ਵੇਖੈ= ਪਾਲਦਾ ਹੈ, ਵਾ:- ਸਭ ਨੂੰ ਵੇਖਦਾ ਹੈ, ਉਹ ਪ੍ਰਭੂ ਗੁਰਾਂ ਦੁਆਰੇ ਸੰਤ ਜਨਾਂ ਨੂੰ ਪਰਗਟ ਹੁੰਦਾ ਹੈ।

ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ॥ ੩॥

ਜੋ ਹਰੀ ਦੇ ਰੰਗਿ= ਪ੍ਰੇਮ ਵਿਚ ਭਿੱਜੇ ਹੋਏ ਹਰ ਵੇਲੇ ਹਰਿ ਹਰਿ ਨਾਮ ਦਾ ਸਿਮਰਨ ਕਰਦੇ ਹਨ, ਉਹ ਮਨ= ਜੀਵ ਹਰ ਨਾਮ-ਜਲ ਨੂੰ ਪੀ ਕੇ ਅੰਮ੍ਰਿਤ= ਮੌਤ ਤੋਂ ਰਹਿਤ, ਭਾਵ ਮੁਕਤ ਰੂਪ ਹੋਏ ਹਨ॥ ੩॥

[ਪੰਨਾ ੧੧੭੨]

ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ॥

ਜਿਨ੍ਹਾਂ ਨੂੰ ਸਤਸੰਗ ਤਖ਼ਤ ਵਿੱਚੋਂ ਵਡਿਆਈ ਮਿਲਦੀ ਹੈ, ਜਾਂ ਸਰੂਪ= ਤਖ਼ਤ ਦੀ ਵਡਿਆਈ ਮਿਲਦੀ ਹੈ, ਉਹ ਗੁਰਮੁਖ ਜਗਤ ਵਿਚ ਪਰਧਾਨ ਕੀਤੇ ਜਾਂਦੇ ਹਨ।

ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰਿ ਸੰਗਿ ਥੀਏ॥੪॥੪॥੧੨॥

ਗੁਰੂ ਜੀ ਕਥਨ ਕਰਦੇ ਹਨ— ਉਹ ਪਾਰਸ ਰੂਪ ਗੁਰੂ ਨਾਲ ਮਿਲ ਕੇ ਪਾਰਸ ਰੂਪ ਹੀ ਹੋ ਗਏ ਹਨ ਅਤੇ ਗੁਰਿ= ਪੂਜਨੀਕ ਹਰੀ ਦੇ ਨਾਲ ਹੀ ਅਭੇਦ ਕੀਏ= ਹੋਏ ਹਨ॥ ੪॥ ੪॥ ੧੨॥

ਬਸੰਤੁ ਮਹਲਾ ੩ ਘਰੁ ੧ ਦੁਤੁਕੇ ੧ੴ ਸਤਿਗੁਰ ਪ੍ਰਸਾਦਿ॥

ਮਾਹਾ ਰੁਤੀ ਮਹਿ ਸਦ ਬਸੰਤੁ॥ ਜਿਤੁ ਹਰਿਆ ਸਭੁ ਜੀਅ ਜੰਤੁ॥

ਹੇ ਬਸੰਤੁ= ਚੇਤਨ ਦੇਵ ! ਤੂੰ ਬਾਰਾਂ ਮਾਹਾ= ਮਹੀਨਿਆਂ ਤੇ ਛੇ ਰੁੱਤਾਂ ਵਿਚ ਸਦਾ ਹੀ ਬਸੰਤੁ= ਵਸ ਰਿਹਾ ਹੈਂ। ਜਿਸ ਤੇਰੀ ਸੱਤਾ ਨੂੰ ਪਾ ਕੇ ਸਾਰੇ ਸੂਖਮ ਅਸਥੂਲ ਜੀਵ ਜੰਤੂ ਹਰਿਆ= ਅਨੰਦ ਰਹਿੰਦਾ ਹੈ।

ਕਿਆ ਹਉ ਆਖਾ ਕਿਰਮ ਜੰਤੁ॥ ਤੇਰਾ ਕਿਨੈ ਨ ਪਾਇਆ ਆਦਿ ਅੰਤੁ॥੧॥

ਹਉ= ਮੈਂ ਕਿਰਮ= ਕੀੜਾ ਹੋਇਆ ਨੀਚ ਜੀਵ ਤੇਰਾ ਜਸ ਕੀ ਆਪ ਸਕਦਾ ਹਾਂ? (ਅੱਜ ਤੱਕ) ਆਪ ਜੀ ਦਾ ਆਦ ਅੰਤ ਕਿਸੇ ਵੀ ਜੀਵ ਨੇ ਨਹੀਂ ਪਾਇਆ॥ ੧॥

ਤੈ ਸਾਹਿਬ ਕੀ ਕਰਹਿ ਸੇਵ॥ ਪਰਮ ਸੁਖ ਪਾਵਹਿ ਆਤਮ ਦੇਵ॥ ੧॥ ਰਹਾਉ॥

ਹੇ ਸਾਹਿਬ= ਪਰਮਾਤਮਾ ! ਜੋ ਪੁਰਸ਼ ਆਪ ਜੀ ਦੀ ਸੇਵਾ ਕਰਦੇ ਹਨ। ਉਹ ਆਤਮ ਦੇਵ= ਪਰਮਾਤਮਾ ਦੇ ਬ੍ਰਹਮ ਗਿਆਨ ਕਰ ਕੇ ਸੁਖਾਂ ਨੂੰ ਪਾਉਂਦੇ ਹਨ॥ ੧॥ ਰਹਾਉ॥

ਕਰਮੁ ਹੋਵੈ ਤਾਂ ਸੇਵਾ ਕਰੈ॥ ਗੁਰ ਪਰਸਾਦੀ ਜੀਵਤ ਮਰੈ॥

ਆਪ ਜੀ ਦਾ ਕਰਮੁ= ਅਨਿਗ੍ਰਹੁ ਹੋਵੇ ਜਾਂ ਪੂਰਬਲਾ ਕਰਮ ਚੰਗਾ ਹੋਵੇ ਤਾਂ ਏਹ ਜੀਵ ਗੁਰੂ ਦੀ ਸੇਵਾ ਕਰਦਾ ਹੈ ਅਤੇ ਗੁਰੂ ਦੀ ਕਿਰਪਾ ਨਾਲ ਹੀ ਜੀਵਤ ਭਾਵ ਤੋਂ ਮਰਦਾ ਹੈ।

ਅਨਦਿਨੁ ਸਾਚੁ ਨਾਮੁ ਉਚਰੈ॥ ਇਨ ਬਿਧਿ ਪ੍ਰਾਣੀ ਦੁਤਰੁ ਤਰੈ॥ ੨॥

ਫਿਰ ਉਹ ਰਾਤ ਦਿਨ ਸੱਚ ਨਾਮ ਨੂੰ ਉਚਾਰਦਾ ਹੈ। ਇਸ ਜੁਗਤੀ ਨਾਲ ਉਹ ਪੁਰਸ਼ ਦੁਤਰੁ= ਕਠਿਨ ਸੰਸਾਰ ਤੋਂ ਤਰ ਜਾਂਦਾ ਹੈ॥ ੨॥

ਬਿਖੁ ਅੰਮ੍ਰਿਤੁ ਕਰਤਾਰਿ ਉਪਾਏ॥ ਸੰਸਾਰ ਬਿਰਖ ਕਉ ਦੁਇ ਫਲ ਲਾਏ॥

ਬਿਖੁ ਅੰਮ੍ਰਿਤੁ= ਦੁੱਖ ਤੇ ਸੁਖ ਏਹ ਕਰਤਾਰ ਨੇ ਆਪ ਹੀ ਪੈਦਾ ਕੀਤੇ ਹਨ। ਫੇਰ ਸੰਸਾਰ ਰੂਪ ਬਿਰਖ= ਦਰਖ਼ਤ ਨੂੰ ਉਪਾਏ= ਪੈਦਾ ਕਰ ਕੇ ਏਹ ਦੁੱਖ ਤੇ ਸੁਖ ਰੂਪ ਦੋ ਫਲ ਲਗਾਏ ਹਨ।

ਆਪੇ ਕਰਤਾ ਕਰੇ ਕਰਾਏ॥ ਜੋ ਤਿਸੁ ਭਾਵੈ ਤਿਸੈ ਖਵਾਏ॥ ੩॥

ਕਰਤਾ ਪੁਰਖ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ, ਆਪ ਹੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ। ਜਿਸ ਜਿਸ ਨੂੰ ਜੇਹੜਾ ਜੇਹੜਾ ਫਲ ਖੁਆਇਆ ਭਾਵੈ= ਚਾਹੁੰਦਾ ਹੈ, ਉਸ ਨੂੰ ਓਹੀ ਫਲ ਖੁਆਉਂਦਾ ਹੈ॥ ੩॥

ਨਾਨਕ ਜਿਸ ਨੋ ਨਦਰਿ ਕਰੇਇ॥ ਅੰਮ੍ਰਿਤ ਨਾਮੁ ਆਪੇ ਦੇਇ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਉੱਤੇ ਉਹ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ। ਉਸ ਜੀਵ ਨੂੰ ਆਪ ਹੀ ਨਾਮ-ਅੰਮ੍ਰਿਤ ਦੇਂਦਾ ਹੈ।

ਬਿਖਿਆ ਕੀ ਬਾਸਨਾ ਮਨਹਿ ਕਰੇਇ॥
ਅਪਣਾ ਭਾਣਾ ਆਪਿ ਕਰੇਇ॥ ੪॥ ੧॥

ਵਿਸ਼ਿਆਂ ਦੀ ਵਾਸ਼ਨਾ ਵਲੋਂ ਉਹ ਆਪ ਹੀ ਮਨਹਿ= ਹਟਾਉਣਾ ਕਰਦਾ ਹੈ ਅਤੇ ਆਪਣੇ ਭਾਣੇ ਨੂੰ ਆਪ ਹੀ ਮਨਵਾਉਣਾ ਕਰਦਾ ਹੈ॥ ੪॥ ੧॥

ਬਸੰਤੁ ਮਹਲਾ ੩॥

ਰਾਤੇ ਸਾਚਿ ਹਰਿ ਨਾਮਿ ਨਿਹਾਲਾ॥ ਦਇਆ ਕਰਹੁ ਪ੍ਰਭ ਦੀਨ ਦਇਆਲਾ॥

ਹੇ ਸੱਚੇ ਹਰੀ ! ਜੋ ਆਪ ਜੀ ਦੇ ਨਾਮ-ਸਿਮਰਨ ਵਿਚ ਰੱਤੇ ਹਨ, ਉਹ ਨਿਹਾਲਾ= ਦੁੱਖਾਂ ਤੋਂ ਰਹਿਤ ਹੋਏ ਹਨ। ਹੇ ਦੀਨ ਦਿਆਲ ਪ੍ਰਭੂ ! ਮੇਰੇ ਉੱਤੇ ਭੀ ਆਪ ਦਇਆ ਦ੍ਰਿਸ਼ਟੀ ਕਰੋ!

ਤਿਸੁ ਬਿਨੁ ਅਵਰੁ ਨਹੀ ਮੈ ਕੋਇ॥ ਜਿਉ ਭਾਵੈ ਤਿਉ ਰਾਖੈ ਸੋਇ॥ ੧॥

ਤਿਸੁ= ਆਪ ਜੀ ਤੋਂ ਬਿਨਾਂ ਮੈਨੂੰ ਹੋਰ ਕੋਈ ਆਸਰਾ ਨਹੀਂ ਹੈ। ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਓਵੇਂ ਆਪ ਮੈਨੂੰ ਰੱਖ ਲਓ॥ ੧॥

ਗੁਰ ਗੋਪਾਲ ਮੇਰੈ ਮਨਿ ਭਾਏ॥ ਰਹਿ ਨ ਸਕਉ ਦਰਸਨ ਦੇਖੇ ਬਿਨੁ,
ਸਹਜਿ ਮਿਲਉ ਗੁਰੁ ਮੇਲਿ ਮਿਲਾਏ॥ ੧॥ ਰਹਾਉ॥

ਹੇ ਗੁਰ= ਪੂਜਨੀਕ ਗੋਪਾਲ ! ਆਪ ਮੇਰੇ ਮਨ ਵਿਚ ਭਾਉਂਦੇ ਹੋ। ਆਪ ਜੀ ਦੇ ਦਰਸ਼ਨ ਦੇਖੇ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ, ਜੇਕਰ ਗੁਰੂ ਸਾਹਿਬ ਜੀ ਆਪ ਜੀ ਦੇ ਮੇਲ ਨਾਲ ਮਿਲਾਉਣ ਤਾਂ ਸੁਭਾਵਕ ਹੀ ਆਪ ਜੀ ਨਾਲ ਮਿਲ ਜਾਵਾਂਗਾ॥ ੧॥ ਰਹਾਉ॥

ਇਹੁ ਮਨੁ ਲੋਭੀ ਲੋਭਿ ਲੁਭਾਨਾ ॥ ਰਾਮ ਬਿਸਾਰਿ ਬਹੁਰਿ ਪਛੁਤਾਨਾ ॥

ਇਹ ਲੋਭੀ ਮਨ ਪਦਾਰਥਾਂ ਦੇ ਲੋਭ ਵਿਚ ਲੁਭਾਏਮਾਨ ਹੋ ਰਿਹਾ ਹੈ। ਰਾਮ ਨਾਮ ਨੂੰ ਭੁਲਾ ਕੇ ਫੇਰ ਅੰਤ ਨੂੰ ਪਛਤਾਉਂਦਾ ਹੈ।

ਬਿਛੁਰਤ ਮਿਲਾਇ ਗੁਰ ਸੇਵ ਰਾਂਗੇ ॥
ਹਰਿ ਨਾਮੁ ਦੀਓ ਮਸਤਕਿ ਵਡਭਾਗੇ ॥ ੨ ॥

ਜੋ ਗੁਰ ਸੇਵਾ ਵਿਚ ਰੰਗੇ ਗਏ ਹਨ, ਉਨ੍ਹਾਂ ਵਿਛੁੜਿਆਂ ਨੂੰ ਹਰੀ ਨੇ ਮਿਲਾ ਲਿਆ ਹੈ। ਕਿਉਂਕਿ ਉਨ੍ਹਾਂ ਦੇ ਮੱਥੇ ਦੇ ਵੱਡੇ ਭਾਗ ਸਨ ਇਸ ਲਈ ਉਨ੍ਹਾਂ ਨੂੰ ਗੁਰਾਂ ਨੇ ਹਰੀ ਨਾਮ ਦਿੱਤਾ ਹੈ॥ ੨ ॥

ਪਉਣ ਪਾਣੀ ਕੀ ਇਹ ਦੇਹ ਸਰੀਰਾ ॥ ਹਉਮੈ ਰੋਗੁ ਕਠਿਨ ਤਨਿ ਪੀਰਾ ॥

ਪਉਣ= ਹਵਾ, ਪਾਣੀ, ਅੱਗ ਆਦਿਕ ਤੱਤਾਂ ਦੀ ਰਚੀ ਹੋਈ ਏਹ ਦੇਹ ਸਰੀਰ= ਸਥੂਲ ਦੇਹੀ ਹੈ। ਹੌਮੈ ਰੂਪੀ ਰੋਗ ਦੇ ਹੋਣ ਕਰ ਕੇ ਇਸ ਸਥੂਲ ਸਰੀਰ ਵਿਚ ਜਨਮ ਮਰਨ ਦੀ ਕਠਿਨ= ਬੜੀ ਪੀੜ ਹੋ ਰਹੀ ਹੈ।

ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥

ਜਿਨ੍ਹਾਂ ਗੁਰਮੁਖਾਂ ਨੇ ਰਾਮ ਨਾਮ ਜਪਣ ਰੂਪ ਅਤੇ ਗੁਣਾਂ ਦੇ ਗਾਉਣ ਰੂਪ ਦਾਰੂ= ਔਸ਼ਧੀ ਨੂੰ ਖਾਧਾ ਹੈ।

ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥ ੩ ॥

ਗੁਰੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਉਨ੍ਹਾਂ ਦਾ ਹਉਮੈ, ਵਾ:- ਅਗਿਆਨ ਰੂਪੀ ਰੋਗ ਗੁਆ ਦਿੱਤਾ ਹੈ॥ ੩ ॥

ਚਾਰਿ ਨਦੀਆ ਅਗਨੀ ਤਨਿ ਚਾਰੇ ॥ ਤ੍ਰਿਸਨਾ ਜਲਤ ਜਲੇ ਅਹੰਕਾਰੇ ॥

(ਹੰਸੁ, ਹੇਤੁ, ਲੋਭੁ, ਕੋਪੁ ਚਾਰੇ ਨਦੀਆ ਅਗਿ) ਏਹ ਚਾਰੇ ਅੱਗ ਦੀਆਂ ਨਦੀਆਂ ਤਨ ਨੂੰ ਚਾਰੇ= ਚਰਦੀਆਂ (ਸਾੜਦੀਆਂ) ਹਨ। ਪਦਾਰਥਾਂ ਦੀ ਤ੍ਰਿਸਨਾ ਭੀ ਜਲਤ= ਸਾੜਦੀ ਹੈ ਅਤੇ ਜ਼ਾਤੀ ਹੰਕਾਰ ਭੀ ਸਾੜਦਾ ਹੈ।

ਗੁਰਿ ਰਾਖੇ ਵਡਭਾਗੀ ਤਾਰੇ ॥ ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥੪ ॥੨ ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਪੁਰਸ਼ਾਂ ਨੇ ਹਰੀ ਨਾਮ-ਅੰਮ੍ਰਿਤ ਨੂੰ ਹਿਰਦੇ ਵਿਚ ਧਾਰਿਆ ਹੈ, ਉਨ੍ਹਾਂ ਵਡਭਾਗੀਆਂ ਦੇ ਗੁਰੂ ਰਾਖੇ ਹੋਏ ਹਨ ਅਤੇ ਗੁਰਾਂ ਨੇ ਹੀ ਉਨ੍ਹਾਂ ਵਡਭਾਗੀਆਂ ਨੂੰ ਚਾਰੇ ਨਦੀਆਂ ਤੋਂ ਤਾਰ ਲਿਆ ਹੈ॥ ੪ ॥ ੨ ॥

ਬਸੰਤੁ ਮਹਲਾ ੩ ॥

ਹਰਿ ਸੇਵੇ ਸੋ ਹਰਿ ਕਾ ਲੋਗੁ ॥ ਸਾਚੁ ਸਹਜੁ ਕਦੇ ਨ ਹੋਵੈ ਸੋਗੁ ॥

ਜੋ ਹਰੀ ਨੂੰ ਸੇਂਵਦਾ ਹੈ ਉਹ ਹਰੀ ਦਾ ਲੋਗ ਹੈ। ਉਸ ਨੂੰ ਸੱਚ ਸਹਜੁ= ਗਿਆਨ ਹੋਣ ਕਰ ਕੇ ਕਦੇ ਭੀ ਸੋਗੁ= ਗਮ ਨਹੀਂ ਹੁੰਦਾ।

[ਪੰਨਾ ੧੧੭੩]

ਮਨਮੁਖ ਮੁਏ, ਨਾਹੀ ਹਰਿ ਮਨ ਮਾਹਿ ॥
ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥ ੧ ॥

ਜਿਨ੍ਹਾਂ ਦੇ ਮਨ ਵਿਚ ਹਰੀ ਦਾ ਨਾਮ ਨਹੀਂ ਹੈ ਉਹ ਮਨਮੁਖ ਮਰ ਗਏ ਹਨ। ਉਹ ਮੁੜ-ਮੁੜ ਕੇ ਮਰਦੇ ਜੰਮਦੇ ਹਨ ਅਤੇ ਫਿਰ ਭੀ ਜਨਮ ਮਰਨ ਵਿਚ ਆਉਂਦੇ ਜਾਂਦੇ ਹਨ॥ ੧॥

ਸੇ ਜਨ ਜੀਵੇ ਜਿਨ ਹਰਿ ਮਨ ਮਾਹਿ॥
ਸਾਚੁ ਸਮ੍ਹਾਲਹਿ ਸਾਚਿ ਸਮਾਹਿ॥ ੧॥ ਰਹਾਉ॥

ਜਿਨ੍ਹਾਂ ਦੇ ਮਨ ਵਿਚ ਹਰੀ ਦਾ ਨਾਮ ਹੈ ਉਹ ਪੁਰਸ਼ ਜੀਉਂਦੇ ਹਨ। ਕਿਉਂਕਿ ਜੇਹੜੇ ਸਚ ਨੂੰ ਸੰਮ੍ਹਾਲਦੇ ਹਨ, ਉਹ ਸਚ ਵਿਚ ਸਮਾ ਜਾਂਦੇ ਹਨ॥ ੧॥ ਰਹਾਉ॥

ਹਰਿ ਨ ਸੇਵਹਿ ਤੇ ਹਰਿ ਤੇ ਦੂਰਿ॥ ਦਿਸੰਤਰੁ ਭਵਹਿ ਸਿਰਿ ਪਾਵਹਿ ਧੂਰਿ॥

ਜੇਹੜੇ ਹਰੀ ਨੂੰ ਸੇਂਵਦੇ, ਉਹ ਪੁਰਸ਼ ਹਰੀ ਤੋਂ ਦੂਰ ਰਹਿੰਦੇ ਹਨ। ਜੋ ਦੇਸਾਂਤਰਾਂ ਵਿਚ ਭੌਂਦੇ ਹਨ, ਉਨ੍ਹਾਂ ਦੇ ਸਿਰ ਵਿਚ ਲਾਹਨਤਾ ਰੂਪੀ ਧੂੜ (ਖੇਹ) ਪੈਂਦੀ ਹੈ।

ਹਰਿ ਆਪੇ ਜਨ ਲੀਏ ਲਾਇ॥ ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ॥ ੨॥

ਹਰੀ ਨੇ ਆਪਣਿਆਂ ਸੇਵਕ ਜਨਾਂ ਨੂੰ ਨਾਮ-ਸਿਮਰਨ ਵਿਚ ਲਗਾ ਲਿਆ ਹੈ। ਇਸ ਕਰ ਕੇ ਉਨ੍ਹਾਂ ਨੂੰ ਹਮੇਸ਼ਾ ਸੁਖ ਅਨੰਦ ਹੈ, ਤਿਲ ਮਾਤ੍ਰ ਭੀ ਤਮਾਇ= ਤਮੋ ਗੁਣ (ਗੁੱਸਾ) ਨਹੀਂ ਹੈ। ਵਾ:- ਅਗਿਆਨ ਰੂਪ ਤਮ= ਹਨੇਰਾ ਨਹੀਂ ਹੈ॥ ੨॥

ਨਦਰਿ ਕਰੇ ਚੂਕੈ ਅਭਿਮਾਨੁ॥ ਸਾਚੀ ਦਰਗਹ ਪਾਵੈ ਮਾਨੁ॥

ਜਿਸ ਉੱਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਦਾ ਹੰਕਾਰ ਚੂਕੈ= ਦੂਰ ਹੋ ਜਾਂਦਾ ਹੈ ਅਤੇ ਉਹ ਸੱਚੀ ਦਰਗਾਹ ਵਿਚ ਮਾਨੁ= ਸਤਕਾਰ ਪਾਉਂਦਾ ਹੈ।

ਹਰਿ ਜੀਉ ਵੇਖੈ ਸਦ ਹਜੂਰਿ॥ ਗੁਰ ਕੈ ਸਬਦਿ ਰਹਿਆ ਭਰਪੂਰਿ॥ ੩॥

ਉਹ ਹਰਿ ਜੀਉ ਨੂੰ ਸਦਾ ਹਾਜ਼ਰਾ ਹਜ਼ੂਰ ਦੇਖਦਾ ਹੈ। ਗੁਰਾਂ ਦੇ ਉਪਦੇਸ਼ ਦੁਆਰਾ ਜਿਸ ਦਾ ਅੰਤਹਕਰਨ ਸ਼ੁਭ ਗੁਣਾਂ ਨਾਲ ਭਰਪੂਰ ਹੋ ਰਿਹਾ ਹੈ।

ਜੀਅ ਜੰਤ ਕੀ ਕਰੇ ਪ੍ਰਤਿਪਾਲ॥ ਗੁਰ ਪਰਸਾਦੀ ਸਦ ਸਮ੍ਹਾਲ॥

ਜੋ ਸੂਖਮ ਸਥੂਲ ਜੀਵ ਜੰਤਾਂ ਦੀ ਪ੍ਰਤਿਪਾਲ= ਰੋਜ਼ਾਨਾ ਪਾਲਣਾ ਕਰਦਾ ਹੈ। ਗੁਰਾਂ ਦੀ ਕਿਰਪਾ ਦੁਆਰੇ ਉਸ ਪ੍ਰਭੂ ਨੂੰ ਸਦਾ ਸੰਮ੍ਹਾਲਣਾ ਕਰ!

ਦਰਿ ਸਾਚੈ ਪਤਿ ਸਿਉ ਘਰਿ ਜਾਇ॥ ਨਾਨਕ ਨਾਮਿ ਵਡਾਈ ਪਾਇ॥ ੪॥ ੩॥

ਸਤਸੰਗ ਰੂਪ ਸੱਚੇ ਦਰਵਾਜ਼ੇ ਅੰਦਰ ਜਾ ਕੇ ਜੋ ਪਤਿ ਸਿਉ= ਇੱਜ਼ਤ ਨਾਲ ਸਰੂਪ-ਘਰ ਵਿਚ ਜਾਂਦੇ ਹਨ।

ਗੁਰੂ ਜੀ ਕਥਨ ਕਰਦੇ ਹਨ— ਉਹ ਪੁਰਸ਼ ਨਾਮਿ= ਨਾਮੀ (ਪਰਮਾਤਮਾ) ਤੋਂ ਵਡਿਆਈ ਪਾਉਂਦੇ ਹਨ॥ ੪॥ ੩॥

ਬਸੰਤੁ ਮਹਲਾ ੩॥

ਅੰਤਰਿ ਪੂਜਾ ਮਨ ਤੇ ਹੋਇ॥ ਏਕੋ ਵੇਖੈ ਅਉਰੁ ਨ ਕੋਇ॥

ਅੰਤਹਕਰਨ ਵਿਚ ਨਾਮ ਦੇ ਮਨ ਤੇ= ਮੰਨਨ ਕਰਨ ਨਾਲ ਪ੍ਰਭੂ ਦੀ ਪੂਜਾ ਹੈ। ਅੰਤਰਿ= ਅੰਤ੍ਰੀਵ-ਪੂਜਾ ਏਹੋ ਹੈ ਜੇਹੜੀ ਮਨ ਕਰ ਕੇ ਹੁੰਦੀ ਹੈ, ਭਾਵ ਜੋ ਮਾਨਸਕ ਪੂਜਾ ਹੈ। *ਅਥਵਾ:-* ਮਨ ਤੇ= ਮਨ ਦੇ ਸ਼ੁੱਧ ਹੋਣ ਤੇ ਅੰਦਰ ਜੋ ਪ੍ਰਭੂ ਹੈ, ਉਸ ਦੀ ਪੂਜਾ ਹੁੰਦੀ ਹੈ। ਉਹ (ਮਨੁੱਖ) ਫਿਰ ਇਕ ਨੂੰ ਦੇਖਦਾ ਹੈ, ਹੋਰ ਕਿਸੇ ਨੂੰ ਨਹੀਂ ਜਾਣਦਾ।

ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ ਏਕੁ ਦਿਖਾਇਆ ॥ ੧ ॥

ਦੂਜੈ= ਦ੍ਵੈਤ ਭਾਵ ਦੇ ਹੋਣ ਕਰ ਕੇ ਲੋਕਾਂ ਨੇ ਬਹੁਤ ਸਾਰਾ ਦੁੱਖ ਪਾਇਆ ਹੈ। ਸਤਿਗੁਰਾਂ ਨੇ ਮੈਨੂੰ ਤਾਂ ਇਕ ਅਦੁਤੀ ਪਰਮਾਤਮਾ ਵਿਖਾ ਦਿੱਤਾ ਹੈ॥ ੧ ॥

ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥

ਬਸੰਤੁ= ਅਨੰਦ ਰੂਪ ਮੇਰਾ ਪ੍ਰਭੂ ਸਦਾ ਮਉਲਿਆ= ਖਿੜਿਆ ਰਹਿੰਦਾ ਹੈ। *ਅਥਵਾ:-* ਮੇਰਾ ਪ੍ਰਭੂ ਸਾਰੇ ਮਉਲਿਆ= ਮਿਲ ਰਿਹਾ ਹੈ, ਜੋ ਸਦਾ ਹੀ ਸਾਰਿਆਂ ਵਿਚ ਬਸੰਤੁ= ਵਸ ਰਿਹਾ ਹੈ।

ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥ ੧ ॥ ਰਹਾਉ ॥

ਉਸ ਗੋਬਿੰਦ ਦੇ ਗੁਣ ਗਾ ਕੇ ਮੇਰਾ ਇਹ ਮਨ ਭੀ ਮਉਲਿਆ= ਖਿੜ ਪਿਆ ਹੈ।

ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ ॥ ਤਾਂ ਪ੍ਰਭ ਸਾਚੇ ਲਗੈ ਪਿਆਰੁ ॥

ਤੁਸੀਂ ਭੀ ਗੁਰਾਂ ਤੋਂ ਪੁੱਛ ਕੇ ਸ਼ੁਭ ਵਿਚਾਰ ਨੂੰ ਕਰੋ। ਤਾਂ ਤੁਹਾਡਾ ਸੱਚੇ ਪ੍ਰਭੂ ਨਾਲ ਪਿਆਰ ਲੱਗ ਜਾਵੇਗਾ।

ਆਪੁ ਛੋਡਿ ਹੋਇ ਦਾਸਤ ਭਾਇ ॥ ਤਉ ਜਗਜੀਵਨੁ ਵਸੈ ਮਨਿ ਆਇ ॥ ੨ ॥

ਆਪੁ= ਹੰਕਾਰ ਛੱਡ ਕੇ ਦਾਸਾ ਭਾਵ ਵਾਲਾ ਹੋਣਾ ਕਰ। ਤਦ ਹੀ ਜਗਜੀਵਨੁ= ਪਰਮਾਤਮਾ ਤੇਰੇ ਮਨ ਵਿਚ ਆ ਕੇ ਵਸੇਗਾ॥ ੨ ॥

ਭਗਤਿ ਕਰੇ ਸਦ ਵੇਖੈ ਹਜੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥

(ਜੋ ਮਨੁੱਖ) ਭਗਤੀ ਕਰਦਾ ਹੈ, ਉਹ ਪੁਰਖ਼ ਪ੍ਰਭੂ ਨੂੰ ਸਦਾ ਨੇੜੇ ਵੇਖਦਾ ਹੈ। ਅਤੇ ਜਾਣਦਾ ਹੈ ਕਿ ਮੇਰਾ ਪ੍ਰਭੂ ਸਦਾ ਹੀ ਸਾਰੇ ਭਰਪੂਰਿ= ਪੂਰਨ ਹੋ ਰਿਹਾ ਹੈ।

ਇਸੁ ਭਗਤੀ ਕਾ ਕੋਈ ਜਾਣੈ ਭੇਉ ॥ ਸਭੁ ਮੇਰਾ ਪ੍ਰਭੁ ਆਤਮ ਦੇਉ ॥ ੩ ॥

ਜੇਹੜਾ ਕੋਈ ਪੁਰਸ਼ ਇਸ ਪ੍ਰੇਮਾ ਭਗਤੀ ਦਾ ਭੇਦ ਜਾਣਦਾ ਹੈ। ਉਹ ਇਸ ਤਰ੍ਹਾਂ ਨਿਸਚੇ ਕਰਦਾ ਹੈ ਕਿ ਮੇਰਾ ਪ੍ਰਭੂ ਹੀ ਸਭਨਾਂ ਵਿਚ ਆਤਮਾ ਰੂਪ ਹੋ ਕੇ ਦੇਉ= ਪ੍ਰਕਾਸ਼ ਰਿਹਾ ਹੈ॥ ੩ ॥

ਆਪੇ ਸਤਿਗੁਰੁ ਮੇਲਿ ਮਿਲਾਏ ॥ ਜਗਜੀਵਨ ਸਿਉ ਆਪਿ ਚਿਤੁ ਲਾਏ ॥

ਉਹ ਪ੍ਰਭੂ ਆਪ ਹੀ ਸਤਿਗੁਰੂ ਰੂਪ ਹੋ ਕੇ ਜਗਿਆਸੂ ਨੂੰ ਸਤਸੰਗਤ ਦੇ ਮੇਲ ਵਿਚ ਮਿਲਾਉਂਦਾ ਹੈ। ਫਿਰ ਆਪ ਹੀ ਜਗਿਆਸੂ ਦੇ ਚਿਤ ਨੂੰ ਜਗਜੀਵਨ= ਪਰਮਾਤਮਾ ਨਾਲ ਲਗਾਉਂਦਾ ਹੈ।

ਮਨੁ ਤਨੁ ਹਰਿਆ ਸਹਜਿ ਸੁਭਾਏ ॥ ਨਾਨਕ ਨਾਮਿ ਰਹੇ ਲਿਵ ਲਾਏ ॥ ੪ ॥ ੪ ॥

ਉਨ੍ਹਾਂ ਦਾ ਮਨ ਤਨ ਸੁਤੇ ਸਿਧ ਸ਼ੁਭਗੁਣਾਂ ਨਾਲ ਹਰਿਆ ਰਹਿੰਦਾ ਹੈ। ਗੁਰੂ ਜੀ ਕਥਨ ਕਰਦੇ ਹਨ—

ਜੋ ਨਾਮੀ ਦੇ ਨਾਮ ਵਿਚ ਲਿਵ ਲਗਾ ਰਹੇ ਹਨ॥ ੪॥ ੪॥

ਬਸੰਤੁ ਮਹਲਾ ੩ ॥

ਭਗਤਿ ਵਛਲੁ ਹਰਿ ਵਸੈ ਮਨਿ ਆਇ॥ ਗੁਰ ਕਿਰਪਾ ਤੇ ਸਹਜ ਸੁਭਾਇ॥

ਭਗਤਾਂ ਦਾ ਵਛਲੁ= ਪਿਆਰਾ ਹਰੀ ਗੁਰਾਂ ਦੀ ਕਿਰਪਾ ਕਰ ਕੇ ਸੁਤੇ ਸਿਧ ਗੁਰਮੁਖਾਂ ਦੇ ਮਨ ਵਿਚ ਆ ਕੇ ਵਸਦਾ ਹੈ।

ਭਗਤਿ ਕਰੇ ਵਿਚਹੁ ਆਪੁ ਖੋਇ॥ ਤਦ ਹੀ ਸਾਚਿ ਮਿਲਾਵਾ ਹੋਇ॥ ੧॥

ਪ੍ਰੇਮਾ ਭਗਤੀ ਕਰੇ ਅਤੇ ਹਿਰਦੇ ਵਿੱਚੋਂ ਆਪੁ= ਹੰਕਾਰ ਨੂੰ ਖੋਇ= ਨਾਸ ਕਰੇ। ਤਦ ਹੀ ਸਚ ਸਰੂਪ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ॥ ੧॥

ਭਗਤ ਸੋਹਹਿ ਸਦਾ ਹਰਿ ਪ੍ਰਭ ਦੁਆਰਿ॥

ਉਹ ਭਗਤ ਹਮੇਸ਼ਾਂ ਹਰੀ-ਪ੍ਰਭੂ ਦੇ ਦੁਆਰੇ ਸੋਭਾ ਪਾਉਂਦੇ ਹਨ, ਜਿਨ੍ਹਾਂ ਭਗਤਾਂ ਦਾ-

ਗੁਰ ਕੈ ਹੇਤਿ ਸਾਚੈ ਪ੍ਰੇਮ ਪਿਆਰਿ॥ ੧॥ ਰਹਾਉ॥

ਗੁਰਾਂ ਵਿਚ ਹੇਤਿ= ਪ੍ਰੇਮ ਹੈ, ਸੱਚੇ ਪ੍ਰਭੂ ਵਿਚ ਭੀ ਪ੍ਰੇਮ ਹੈ ਅਤੇ ਨਾਮ-ਸਿਮਰਨ ਵਿਚ ਭੀ ਪਿਆਰ ਹੈ। *ਅਥਵਾ:-* ਕਲਿਆਣ ਹੋਣ ਹੇਤਿ= ਵਾਸਤੇ ਗੁਰਾਂ ਦੇ ਉਪਦੇਸ਼ ਦੁਆਰਾ ਜਿਨ੍ਹਾਂ ਦਾ ਸੱਚੇ ਵਾਹਿਗੁਰੂ ਵਿਚ ਪ੍ਰੇਮ ਪਿਆਰ ਹੈ॥ ੧॥ ਰਹਾਉ॥

ਭਗਤਿ ਕਰੇ ਸੋ ਜਨੁ ਨਿਰਮਲੁ ਹੋਇ॥ ਗੁਰ ਸਬਦੀ ਵਿਚਹੁ ਹਉਮੈ ਖੋਇ॥

ਜੇਹੜਾ ਭਗਤੀ ਕਰਦਾ ਹੈ ਓਹੀ ਪੁਰਸ਼ ਨਿਰਮਲ ਹੁੰਦਾ ਹੈ ਅਤੇ ਉਹ ਗੁਰ-ਸ਼ਬਦੀਆ ਗੁਰ-ਸ਼ਬਦ ਦੀ ਤਾਕਤ ਨਾਲ ਹਿਰਦੇ ਵਿੱਚੋਂ ਹੌਮੈ ਨੂੰ ਖੋਹ ਦੇਂਦਾ ਹੈ।

ਹਰਿ ਜੀਉ ਆਪਿ ਵਸੈ ਮਨਿ ਆਇ॥
ਸਦਾ ਸਾਂਤਿ ਸੁਖਿ ਸਹਜਿ ਸਮਾਇ॥ ੨॥

ਜਿਸ ਦੇ ਮਨ ਵਿਚ ਹਰਿ ਜੀਉ ਆਪ ਆ ਕੇ ਵਸਦਾ ਹੈ। ਉਹ ਹਮੇਸ਼ਾਂ ਸਹਜਿ= ਸੁਭਾਵਕ ਹੀ ਸ਼ਾਂਤੀ ਸੁਖ ਵਿਚ ਸਮਾਉਂਦਾ ਹੈ॥ ੨॥

ਸਾਚਿ ਰਤੇ ਤਿਨ੍ ਸਦ ਬਸੰਤ॥ ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ॥

ਜੇਹੜੇ ਸੱਚ ਨਾਮ ਵਿਚ ਰਤੇ= ਜੁੜੇ ਹਨ, ਉਨ੍ਹਾਂ ਨੂੰ ਸਦਾ ਹੀ ਬਸੰਤ= ਅਨੰਦ ਬਣਿਆ ਰਹਿੰਦਾ ਹੈ। ਗੋਬਿੰਦ ਦੇ ਗੁਣ ਰਵਿ= ਉਚਾਰਨ ਨਾਲ (ਉਹਨਾਂ ਦਾ) ਮਨ ਤਨ ਸ਼ੁਭ ਗੁਣਾਂ ਨਾਲ ਹਰਿਆ ਰਹਿੰਦਾ ਹੈ।

ਬਿਨੁ ਨਾਵੈ ਸੂਕਾ ਸੰਸਾਰੁ॥ ਅਗਨਿ ਤ੍ਰਿਸਨਾ ਜਲੈ ਵਾਰੋ ਵਾਰ॥ ੩॥

ਨਾਮ-ਸਿਮਰਨ ਤੋਂ ਬਿਨਾਂ ਸਾਰਾ ਸੰਸਾਰ ਸੂਕਾ= ਦੁਖੀ ਰਹਿੰਦਾ ਹੈ। *ਵਾ:-* ਸੁੱਕਾ ਰਹਿੰਦਾ ਹੈ ਅਤੇ ਪਦਾਰਥਾਂ ਦੀ ਤ੍ਰਿਸ਼ਨਾ-ਅੱਗ ਵਿਚ ਮੁੜ-ਮੁੜ ਕੇ ਜਲੈ= ਸੜਦਾ ਹੈ।

ਸੋਈ ਕਰੇ ਜਿ ਹਰਿ ਜੀਉ ਭਾਵੈ॥ ਸਦਾ ਸੁਖੁ ਸਰੀਰਿ ਭਾਣੈ ਚਿਤੁ ਲਾਵੈ॥

(ਉਹ) ਓਹੀ ਕੰਮ ਕਰਦਾ ਹੈ ਜਿਹੜਾ ਕੰਮ ਹਰਿ ਜੀਉ ਨੂੰ ਭਾਉਂਦਾ ਹੈ। ਅਥਵਾ:- ਜਿਹੜੀ ਗੱਲ ਹਰਿ ਜੀਉ ਨੂੰ ਭਾਉਂਦੀ ਹੈ, ਗੁਰਮੁਖ ਓਹੀ ਗੱਲ ਕਰਦੇ ਹਨ। ਜੋ ਪ੍ਰਭੂ ਦੇ ਭਾਣੇ ਵਿਚ ਚਿਤ ਬਿਰਤੀ ਨੂੰ ਲਗਾਉਂਦਾ ਹੈ, ਉਸ ਦੇ ਸਰੀਰ ਵਿਚ ਸਦਾ ਸੁਖ ਰਹਿੰਦਾ ਹੈ।

ਅਪਣਾ ਪ੍ਰਭੁ ਸੇਵੇ ਸਹਜਿ ਸੁਭਾਇ॥
ਨਾਨਕ ਨਾਮੁ ਵਸੈ ਮਨਿ ਆਇ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ— ਜੋ ਸਹਜਿ ਸੁਭਾਇ= ਸੁਤੇ ਸਿਧ ਆਪਣੇ ਪ੍ਰਭੂ ਦੀ ਸੇਵਾ ਕਰਦਾ ਹੈ। ਉਸ ਦੇ ਮਨ ਵਿਚ ਨਾਮ ਆ ਕੇ ਵਸਦਾ ਹੈ॥ ੪॥ ੫॥

ਬਸੰਤੁ ਮਹਲਾ ੩॥

ਮਾਇਆ ਮੋਹੁ ਸਬਦਿ ਜਲਾਏ॥ ਮਨੁ ਤਨੁ ਹਰਿਆ ਸਤਿਗੁਰ ਭਾਏ॥

ਗੁਰ-ਉਪਦੇਸ਼ ਦੁਆਰਾ ਮਾਇਆ ਦੇ ਮੋਹ ਨੂੰ ਜਲਾਏ= ਸਾੜਨਾ ਕਰੇ। ਸਤਿਗੁਰਾਂ ਦੇ ਭਾਏ= ਪ੍ਰੇਮ ਨਾਲ ਮਨ ਤਨ ਸ਼ੁਭਗੁਣਾਂ ਕਰ ਕੇ ਹਰਿਆ ਹੁੰਦਾ ਹੈ।

ਸਫਲਿਓ ਬਿਰਖੁ ਹਰਿ ਕੈ ਦੁਆਰਿ॥ ਸਾਚੀ ਬਾਣੀ ਨਾਮ ਪਿਆਰਿ॥ ੧॥

ਹਰੀ ਦੇ ਸਤਸੰਗ ਦੁਆਰੇ ਵਿਚ ਸਤਿਗੁਰੂ ਸਹਿਤ ਫਲਾਂ ਦੇ ਬ੍ਰਿਛ ਹਨ। ਜਿਨ੍ਹਾਂ ਸਤਿਗੁਰਾਂ ਦਾ ਸੱਚੀ ਨਾਮ ਬਾਣੀ ਨਾਲ ਅਤੁੱਟ ਪਿਆਰ ਹੈ॥ ੧॥

ਏ ਮਨ ਹਰਿਆ ਸਹਜ ਸੁਭਾਇ॥

ਏਹ ਮਨ ਸਹਜ ਸੁਭਾਇ= ਸ਼ਾਂਤੀ ਸੁਭਾਵ ਕਰ ਕੇ ਹਰਿਆ ਹੋਇਆ ਹੈ।

ਸਚ ਫਲੁ ਲਾਗੈ ਸਤਿਗੁਰ ਭਾਇ॥ ੧॥ ਰਹਾਉ॥

ਸਤਿਗੁਰਾਂ ਵਿਚ ਭਾਇ= ਪ੍ਰੇਮ ਕਰਨ ਨਾਲ ਸਚ ਦੀ ਪਰਾਪਤੀ ਰੂਪ ਫਲ ਲਗਦਾ ਹੈ॥ ੧॥ ਰਹਾਉ॥

ਆਪੇ ਨੇੜੈ ਆਪੇ ਦੂਰਿ॥ ਗੁਰ ਕੈ ਸਬਦਿ ਵੇਖੈ ਸਦ ਹਜੂਰਿ॥

ਉਹ ਪਰਮੇਸ਼ਰ ਆਪ ਹੀ (ਗੁਰਮੁਖਾਂ ਦੇ) ਨੇੜੇ ਹੈ, ਆਪ ਹੀ (ਮਨਮੁਖਾਂ ਤੋਂ) ਦੂਰ ਹੈ। ਵਾ:- ਆਪ ਨੇੜੇ ਰੂਪ ਹੋ ਰਿਹਾ ਹੈ। ਵਾ:- ਨੇੜੇ ਅਸਥਾਨਾਂ ਵਿਚ ਭੀ ਆਪ ਹੈ, ਦੂਰ ਅਸਥਾਨਾਂ ਵਿਚ ਭੀ ਆਪ ਹੈ। ਵਾ:- ਆਪ ਹੀ ਨੇੜੈ= ਜੀਵ ਰੂਪ ਹੋ ਰਿਹਾ ਹੈ ਆਪ ਹੀ ਦੂਰ= ਈਸ਼ੂਰ ਰੂਪ ਹੋ ਰਿਹਾ ਹੈ। ਜੋ ਗੁਰਾਂ ਦੇ ਉਪਦੇਸ਼ ਦੁਆਰਾ ਵੇਖਦਾ ਹੈ, ਉਹ ਪ੍ਰਭੂ ਨੂੰ ਸਦਾ ਹਾਜ਼ਰਾ-ਹਜ਼ੂਰ ਜਾਣਦਾ ਹੈ।

ਛਾਵ ਘਣੀ ਫੂਲੀ ਬਨਰਾਇ॥ ਗੁਰਮੁਖਿ ਬਿਗਸੈ ਸਹਜਿ ਸੁਭਾਇ॥ ੨॥

ਸ਼ੁਭਗੁਣਾਂ ਰੂਪੀ ਬਨਰਾਇ= ਬਨਸਪਤੀ ਪ੍ਰਫੁੱਲਤ ਹੋ ਰਹੀ ਹੈ, ਇਸ ਕਰ ਕੇ ਗੁਰਮੁਖਾਂ ਦੇ ਹਿਰਦੇ ਵਿਚ ਸ਼ਾਂਤੀ ਰੂਪੀ ਛਾਇਆ ਘਣੀ= ਬਹੁਤ ਹੈ। ਗੁਰਮੁਖ ਜਨ ਸ਼ਾਂਤੀ ਸੁਭਾਅ ਕਰ ਕੇ ਬਿਗਸੈ= ਅਨੰਦ ਰਹਿੰਦੇ ਹਨ॥ ੨॥

ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ॥
ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ॥

ਜੋ ਦਿਨ ਰਾਤ ਅਨਦਿਨੁ= ਇਕ ਰਸ ਅਖੰਡ ਕੀਰਤਨ ਕਰਦੇ ਹਨ। ਸਤਿਗੁਰਾਂ ਨੇ ਕਿਰਪਾ ਕਰ ਕੇ ਉਨ੍ਹਾਂ ਦੇ ਹਿਰਦੇ ਵਿਚੋਂ ਭ੍ਰਾਂਤੀ ਰੂਪੀ ਜੂਠ ਦੂਰ ਕਰ ਦਿੱਤੀ ਹੈ। ਵਾ:- ਜੂਠਿ= ਅਪਵਿੱਤ੍ਰਤਾ ਤੇ ਭ੍ਰਾਂਤੀ ਹਿਰਦੇ ਵਿੱਚੋਂ ਗਵਾ ਦਿੱਤੀ ਹੈ।

[ਪੰਨਾ ੧੧੭੪]

ਪਰਪੰਚ ਵੇਖਿ ਰਹਿਆ ਵਿਸਮਾਦੁ॥ ਗੁਰਮੁਖਿ ਪਾਈਐ ਨਾਮ ਪ੍ਰਸਾਦੁ॥ ੩॥

ਜੋ ਸਾਰੇ ਪ੍ਰਪੰਚ ਨੂੰ ਵਿਸਮਾਦੁ= ਦੁੱਖ ਰੂਪ, ਵਾ:- ਮਿਥਿਆ ਰੂਪ ਕਰ ਕੇ ਵੇਖ ਰਿਹਾ ਹੈ। ਉਸ ਮੁਖ ਗੁਰੂ ਦੀ ਪ੍ਰਸਾਦੁ= ਕਿਰਪਾ ਨਾਲ ਹੀ ਨਾਮ-ਸਿਮਰਨ ਪਾਈਦਾ ਹੈ॥ ੩॥

ਆਪੇ ਕਰਤਾ ਸਭਿ ਰਸ ਭੋਗ॥ ਜੋ ਕਿਛੁ ਕਰੇ ਸੋਈ ਪਰੁ ਹੋਗ॥

ਉਹ ਕਰਤਾ= ਪਰਮਾਤਮਾ ਆਪ ਹੀ ਸਾਰਿਆਂ ਰਸਾਂ ਨੂੰ ਭੋਗਦਾ ਹੈ। ਉਹ ਜੋ ਕੁਝ ਕਰਨਾ ਚਾਹੁੰਦਾ ਹੈ, ਓਹੀ ਪਰੁ= ਭਲੀ ਪ੍ਰਕਾਰ ਭਲਾ ਹੁੰਦਾ ਹੈ।

ਵਡਾ ਦਾਤਾ ਤਿਲੁ ਨ ਤਮਾਇ॥ ਨਾਨਕ ਮਿਲੀਐ ਸਬਦੁ ਕਮਾਇ॥੪॥੬॥

ਜੋ ਸਾਰਿਆਂ ਤੋਂ ਵੱਡਾ ਦਾਤਾ ਹੈ, ਤਿਲ ਮਾਤ੍ਰ ਭੀ ਜਿਸ ਨੂੰ ਤਮਾਇ= ਖ੍ਵਾਹਿਸ਼ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ— ਉਹ ਪ੍ਰਭੂ ਗੁਰ-ਸ਼ਬਦ ਦੀ ਕਮਾਈ ਕਮਾਉਣ ਨਾਲ ਮਿਲਦਾ ਹੈ॥ ੪॥ ੬॥

ਬਸੰਤੁ ਮਹਲਾ ੩॥

ਪੂਰੈ ਭਾਗਿ ਸਚੁ ਕਾਰ ਕਮਾਵੈ॥ ਏਕੋ ਚੇਤੈ ਫਿਰਿ ਜੋਨਿ ਨ ਆਵੈ॥

ਜੋ ਪੂਰਿਆਂ ਭਾਗਾਂ ਵਾਲਾ ਸੱਚੀ ਭਗਤੀ ਰੂਪ ਕਾਰ ਨੂੰ ਕਮਾਉਂਦਾ ਹੈ ਤੇ ਇਕ ਨੂੰ ਚੇਤੈ= ਸਿਮਰਦਾ ਹੈ, ਉਹ ਮੁੜ ਕੇ ਜੂਨਾਂ ਵਿਚ ਨਹੀਂ ਆਉਂਦਾ।

ਸਫਲ ਜਨਮੁ ਇਸੁ ਜਗ ਮਹਿ ਆਇਆ॥
ਸਾਚਿ ਨਾਮਿ ਸਹਜਿ ਸਮਾਇਆ॥ ੧॥

ਉਸ ਦਾ ਮਨੁੱਖਾ ਜਨਮ ਸਫਲ ਹੈ ਤੇ ਇਸ ਜਗਤ ਵਿਚ ਓਸੇ ਦਾ ਆਇਆ= ਆਉਣਾ ਸਫਲ= ਕਿਰਤਾਰਥ ਹੈ। ਜੋ ਸਹਜੇ ਹੀ ਸੱਚ ਨਾਮ ਵਿਚ ਸਮਾਇਆ= ਲੀਣ ਰਹਿੰਦਾ ਹੈ॥ ੧॥

ਗੁਰਮੁਖਿ ਕਾਰ ਕਰਹੁ ਲਿਵ ਲਾਇ॥

ਚਿਤ ਬਿਰਤੀ ਨੂੰ ਲਗਾ ਕੇ ਮੁਖ ਗੁਰਾਂ ਦੀ ਸੇਵਾ ਕਰੋ। ਅਤੇ

ਹਰਿ ਨਾਮੁ ਸੇਵਹੁ ਵਿਚਹੁ ਆਪੁ ਗਵਾਇ॥ ੧॥ ਰਹਾਉ॥

ਹਿਰਦੇ ਵਿਚੋਂ ਆਪੁ= ਹੰਕਾਰ ਨੂੰ ਗਵਾ ਕੇ ਹਰੀ ਨਾਮ ਨੂੰ ਸਿਮਰਨਾ ਕਰੋ॥ ੧॥ ਰਹਾਉ॥

ਤਿਸੁ ਜਨ ਕੀ ਹੈ ਸਾਚੀ ਬਾਣੀ॥ ਗੁਰ ਕੈ ਸਬਦਿ ਜਗ ਮਾਹਿ ਸਮਾਣੀ॥

ਜਿਸ ਨੇ ਗੁਰਾਂ ਦੇ ਉਪਦੇਸ਼ ਨੂੰ ਗ੍ਰਹਿਣ ਕੀਤਾ ਹੈ, ਉਸ ਪੁਰਸ਼ ਦੀ ਬਾਣੀ ਸੱਚੀ ਹੈ ਅਤੇ ਉਹ ਬਾਣੀ ਸਾਰੇ ਜਗਤ ਵਿਚ ਸਮਾ ਰਹੀ ਹੈ।

ਚਹੁ ਜੁਗ ਪਸਰੀ ਸਾਚੀ ਸੋਇ॥ ਨਾਮਿ ਰਤਾ ਜਨੁ ਪਰਗਟੁ ਹੋਇ॥ ੨॥

ਚਾਰਿਆਂ ਜੁਗਾਂ ਵਿਚ ਉਸ ਦੀ ਸੱਚੀ ਸੋਇ= ਸੋਭਾ ਪਸਰੀ= ਫੈਲੀ ਹੋਈ ਹੈ। ਨਾਮ ਵਿਚ ਰੱਤਾ ਹੋਇਆ ਪੁਰਸ਼ ਹਰ ਥਾਂ 'ਤੇ ਪਰਗਟੁ ਹੋਇ= ਮਸ਼ਹੂਰ ਹੋਇ= ਹੁੰਦਾ ਹੈ॥ ੨॥

ਇਕਿ ਸਾਚੈ ਸਬਦਿ ਰਹੇ ਲਿਵ ਲਾਇ॥ ਸੇ ਜਨ ਸਾਚੇ ਸਾਚੈ ਭਾਇ॥

ਜੇਹੜੇ ਇਕ ਸੱਚੇ ਗੁਰ-ਉਪਦੇਸ਼ ਵਿਚ ਲਿਵ ਨੂੰ ਲਗਾ ਰਹੇ ਹਨ। ਉਹ ਸੱਚੇ ਪੁਰਸ਼ ਸੱਚੇ ਪਰਮਾਤਮਾ ਨੂੰ ਭਾਇ= ਚੰਗੇ ਲੱਗੇ ਹਨ।

ਸਾਚੁ ਧਿਆਇਨਿ ਦੇਖਿ ਹਜੂਰਿ॥ ਸੰਤ ਜਨਾ ਕੀ ਪਗ ਪੰਕਜ ਧੂਰਿ॥ ੩॥

ਜੋ ਸੱਚ ਨਾਮ ਨੂੰ ਧਿਆਉਂਦੇ ਹਨ, ਉਹ ਸਦਾ ਹੀ ਪ੍ਰਭੂ ਨੂੰ ਨੇੜੇ ਵੇਖਦੇ ਹਨ। ਮੈਂ ਅਜੇਹੇ ਸੰਤ ਜਨਾਂ ਦੇ ਚਰਨ ਕੰਵਲਾਂ ਦੀ ਧੂੜੀ ਹਾਂ॥ ੩॥

ਏਕੋ ਕਰਤਾ ਅਵਰੁ ਨ ਕੋਇ॥ ਗੁਰ ਸਬਦੀ ਮੇਲਾਵਾ ਹੋਇ॥

ਇਕੋ ਕਰਤਾ ਪੁਰਖ ਸਭ ਕੁਝ ਕਰਦਾ ਹੈ, ਉਸ ਵਰਗਾ ਹੋਰ ਕੋਈ ਨਹੀਂ ਹੈ। ਗੁਰ-ਸ਼ਬਦੀਆਂ ਦੁਆਰੇ ਉਸ ਨਾਲ ਮਿਲਾਪ ਹੁੰਦਾ ਹੈ।

ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ॥
ਨਾਨਕ ਸ਼ਹਜੇ ਨਾਮਿ ਸਮਾਇਆ॥ ੪॥ ੭॥

ਜਿਸ ਨੇ ਸੱਚ ਨੂੰ ਸਿਮਰਿਆ ਹੈ ਉਸ ਨੇ ਆਤਮ-ਰਸ ਨੂੰ ਪਾਇਆ ਹੈ। ਗੁਰੂ ਜੀ ਕਥਨ ਕਰਦੇ ਹਨ— ਉਹ ਸਹਜੇ ਹੀ ਨਾਮਿ= ਨਾਮੀ (ਪਰਮਾਤਮਾ) ਵਿਚ ਸਮਾਇਆ ਹੈ॥ ੪॥ ੭॥

ਬਸੰਤੁ ਮਹਲਾ ੩॥

ਭਗਤਿ ਕਰਹਿ ਜਨ ਦੇਖਿ ਹਜੂਰਿ॥ ਸੰਤ ਜਨਾ ਕੀ ਪਗ ਪੰਕਜ ਧੂਰਿ॥

ਸ਼ਰਧਾਵਾਨ ਜਗਿਆਸੂ ਜਨ ਪ੍ਰਭੂ ਦੀ ਭਗਤੀ ਕਰਦੇ ਹੋਏ ਉਸ ਨੂੰ ਆਪਣੇ ਨੇੜੇ ਦੇਖਦੇ ਹਨ ਅਤੇ ਸੰਤ ਜਨਾਂ ਦੇ ਚਰਨ ਕੰਵਲਾਂ ਦੀ ਧੂੜੀ ਨੂੰ ਮਲਦੇ ਹਨ। ਤੇ-

ਹਰਿ ਸੇਤੀ ਸਦ ਰਹਹਿ ਲਿਵ ਲਾਇ॥ ਪੂਰੈ ਸਤਿਗੁਰਿ ਦੀਆ ਬੁਝਾਇ॥ ੧॥

ਸਦੀਵ ਕਾਲ ਹਰੀ ਨਾਲ ਲਿਵ ਲਗਾ ਰਹਿੰਦੇ ਹਨ। ਪਰ ਏਹ ਭੇਦ ਪੂਰਿਆਂ ਸਤਿਗੁਰਾਂ ਨੇ ਸਮਝਾ ਦਿੱਤਾ ਹੈ॥ ੧॥

ਦਾਸਾ ਕਾ ਦਾਸੁ ਵਿਰਲਾ ਕੋਈ ਹੋਇ॥
ਊਤਮ ਪਦਵੀ ਪਾਵੈ ਸੋਇ॥ ੧॥ ਰਹਾਉ॥

ਅਜੇਹਾ ਕੋਈ ਵਿਰਲਾ ਹੀ ਦਾਸਾਂ ਦਾ ਦਾਸ ਹੁੰਦਾ ਹੈ ਅਤੇ ਉਹ ਦਾਸ ਊਤਮ= ਆਤਮ-ਪਦਵੀ ਨੂੰ ਪਾਉਂਦਾ ਹੈ। ਵਾ:- ਊਤਮ ਪਦਵੀ= ਕੈਵਲ ਮੁਕਤੀ ਨੂੰ ਪਾਉਂਦਾ ਹੈ॥ ੧ ॥ ਰਹਾਉ॥

ਏਕੋ ਸੇਵਹੁ ਅਵਰੁ ਨ ਕੋਇ॥ ਜਿਤੁ ਸੇਵਿਐ ਸਦਾ ਸੁਖੁ ਹੋਇ॥

ਇਕ ਅਦੁਤੀ ਪ੍ਰਭੂ ਨੂੰ ਸੇਵਨਾ ਕਰੋ, ਜਿਸ ਵਰਗਾ ਹੋਰ ਕੋਈ ਨਹੀਂ ਹੈ। ਜਿਸ ਦੀ ਸੇਵਾ ਕੀਤਿਆਂ ਸਦਾ= ਨਿਤ ਸੁਖ ਪਰਾਪਤ ਹੁੰਦਾ ਹੈ।

ਨਾ ਓਹੁ ਮਰੈ ਨ ਆਵੈ ਜਾਇ॥ ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ॥ ੨ ॥

ਉਹ ਪ੍ਰਭੂ ਨਾ ਮਰਦਾ ਹੈ, ਨਾ ਹੀ ਜੰਮਦਾ ਹੈ, ਨਾ ਆਉਂਦਾ ਹੈ ਨਾ ਜਾਂਦਾ ਹੈ। ਹੇ ਮਾਇ= ਭਾਈ ! ਉਸ ਤੋਂ ਬਿਨਾਂ ਹੋਰ ਕਿਸੇ ਨੂੰ ਕਿਉਂ ਸਿਮਰਨਾ ਹੈ? ॥ ੨ ॥

ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ॥
ਆਪੁ ਮਾਰਿ ਸਹਜੇ ਨਾਮਿ ਸਮਾਣਿਆ॥

ਉਹ ਪੁਰਸ਼ ਸੱਚੇ ਹਨ, ਜਿਨ੍ਹਾਂ ਨੇ ਸੱਚ ਨੂੰ ਪਛਾਣਿਆ ਹੈ। ਜਿਨ੍ਹਾਂ ਨੇ ਆਪੁ= ਹੰਕਾਰ ਨੂੰ ਮਾਰਿਆ ਹੈ ਉਹ ਸਹਜੇ ਨਾਮਿ= ਨਾਮੀ (ਪਰਮਾਤਮਾ) ਵਿਚ ਅਭੇਦ ਹੋਏ ਹਨ।

ਗੁਰਮੁਖਿ ਨਾਮੁ ਪਰਾਪਤਿ ਹੋਇ॥ ਮਨੁ ਨਿਰਮਲੁ ਨਿਰਮਲ ਸਚੁ ਸੋਇ॥ ੩ ॥

ਜਿਸ ਗੁਰਮੁਖ ਨੂੰ ਗੁਰਾਂ ਦੁਆਰੇ ਨਾਮ ਪਰਾਪਤ ਹੁੰਦਾ ਹੈ। ਉਸ ਦਾ ਮਨ ਨਿਰਮਲੁ= ਸ਼ੁੱਧ ਹੋ ਜਾਂਦਾ ਹੈ ਅਤੇ ਸਚੁ= ਨਿਸਚੇ ਕਰ ਕੇ ਉਸ ਦੀ ਸੋਇ= ਸੋਭਾ ਨਿਰਮਲ= ਉੱਜਲ ਹੁੰਦੀ ਹੈ।

ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ॥
ਸਾਚ ਸਬਦਿ ਪ੍ਰਭੁ ਏਕੁ ਸਿਞਾਣੁ॥

ਜਿਸ ਪਰਮਾਤਮਾ ਨੇ ਤੈਨੂੰ ਸਭ ਚੀਜ਼ਾਂ ਦਾ ਗਿਆਨ ਦੇਣਾ ਕੀਤਾ ਹੈ, ਉਸ ਹੀ ਨੂੰ ਤੂੰ ਜਾਣਨਾ ਕਰ ਅਤੇ ਸੱਚੇ ਗੁਰਾਂ ਦੇ ਉਪਦੇਸ਼ ਕਰ ਕੇ ਇਕ ਪ੍ਰਭੂ ਨੂੰ ਸਿਞਾਣ= ਪਛਾਣ ਲੈ।

ਹਰਿ ਰਸੁ ਚਾਖੈ ਤਾਂ ਸੁਧਿ ਹੋਇ॥ ਨਾਨਕ ਨਾਮਿ ਰਤੇ ਸਚੁ ਸੋਇ॥ ੪ ॥ ੮ ॥

ਜੇ ਤੂੰ ਹਰੀ ਨਾਮ-ਰਸ ਨੂੰ ਚਖੇਂਗਾ ਤਾਂ ਤੈਨੂੰ ਸਾਰੀ ਸੁਧਿ= ਸੋਝੀ (ਖਬਰ) ਹੋਵੇਗੀ। ਗੁਰੂ ਜੀ ਕਥਨ ਕਰਦੇ ਹਨ— ਨਾਮੀ ਦੇ ਨਾਮ ਵਿਚ ਤਦਾਕਾਰ ਹੋਣ ਕਰ ਕੇ ਸੱਚਮੁਚ ਸੋਇ= ਸੋਭਾ ਹੁੰਦੀ ਹੈ॥ ੪ ॥ ੮ ॥

ਬਸੰਤੁ ਮਹਲਾ ੩ ॥

ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ॥ ਸਾਚੀ ਬਾਣੀ ਨਾਮ ਪਿਆਰੁ॥

ਜੋ ਪਰਮਾਤਮਾ ਦੇ ਨਾਮ ਵਿਚ ਰੱਤੇ ਹਨ, ਉਹ ਆਪਣੀਆਂ ਕੁਲਾਂ ਦਾ ਉਧਾਰ ਕਰ ਲੈਂਦੇ ਹਨ ਅਤੇ ਉਹ ਹਰ ਵੇਲੇ ਸੱਚੀ ਨਾਮ-ਬਾਣੀ ਨਾਲ ਪਿਆਰ ਕਰਦੇ ਰਹਿੰਦੇ ਹਨ।

ਮਨਮੁਖ ਭੂਲੇ ਕਾਹੇ ਆਏ॥ ਨਾਮਹੁ ਭੂਲੇ ਜਨਮੁ ਗਵਾਏ॥ ੧ ॥

ਮਨਮੁਖ ਪੁਰਸ਼ ਪ੍ਰਭੂ ਤੋਂ ਭੁੱਲੇ ਹੋਏ ਕਿਸ ਵਾਸਤੇ ਆਏ ਹਨ? ਨਾਮ ਤੋਂ ਭੁੱਲੇ ਹੋਏ ਆਪਣੇ ਅਮੋਲਕ ਜਨਮ

ਨੂੰ ਨਿਸਫਲ ਗਵਾਉਂਦੇ ਹਨ॥ ੧॥

ਜੀਵਤ ਮਰੈ ਮਰਿ ਮਰਣੁ ਸਵਾਰੈ॥
ਗੁਰ ਕੈ ਸਬਦਿ ਸਾਚੁ ਉਰ ਧਾਰੈ॥ ੧॥ ਰਹਾਉ॥

ਜੋ ਜੀਵਤ ਭਾਵ ਤੋਂ ਮਰਦਾ ਹੈ, ਉਹ ਮਰ ਕੇ ਆਪਣੇ ਜਨਮ ਮਰਨ ਨੂੰ ਸਵਾਰ ਲੈਂਦਾ ਹੈ ਅਤੇ ਗੁਰਾਂ ਦੇ ਉਪਦੇਸ਼ ਕਰ ਕੇ ਸੱਚ ਨਾਮ ਨੂੰ ਹਿਰਦੇ ਵਿਚ ਧਾਰ ਲੈਂਦਾ ਹੈ॥ ੧॥ ਰਹਾਉ॥

ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ॥ ਮਨੁ ਨਿਰਮਲੁ ਸਦ ਗੁਣੀ ਗਹੀਰਾ॥

ਸੱਚ ਨਾਮ ਰੂਪੀ ਭੋਜਨ ਦੇ ਖਾਣ ਕਰ ਕੇ ਗੁਰਮੁਖਾਂ ਦਾ ਸਰੀਰ ਪਵਿੱਤਰ ਹੈ। ਮਨ ਭੀ ਨਿਰਮਲ ਹੈ ਅਤੇ ਸਦਾ ਹੀ ਸ਼ੁਭ ਗੁਣਾਂ ਦਾ ਗਹੀਰਾ= ਸਮੁੰਦਰ ਹੋ ਜਾਂਦਾ ਹੈ।

ਜੰਮੈ ਮਰੈ ਨ ਆਵੈ ਜਾਇ॥ ਗੁਰ ਪਰਸਾਦੀ ਸਾਚਿ ਸਮਾਇ॥ ੨॥

ਉਹ ਜਨਮ ਮਰਨ ਵਿਚ ਆਉਂਦਾ ਜਾਂਦਾ ਨਹੀਂ ਹੈ। ਗੁਰਾਂ ਦੀ ਕਿਰਪਾ ਨਾਲ ਸੱਚ ਸਰੂਪ ਵਿਚ ਸਮਾ ਰਹਿੰਦਾ ਹੈ॥ ੨॥

ਸਾਚਾ ਸੇਵਹੁ ਸਾਚੁ ਪਛਾਣੈ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ॥

ਜੋ ਗੁਰਾਂ ਦੇ ਉਪਦੇਸ਼ ਕਰ ਕੇ ਸੱਚ ਨੂੰ ਸੇਵਹੁ= ਸਿਮਰਦਾ ਹੈ ਅਤੇ ਸੱਚ ਨੂੰ ਪਛਾਣਦਾ ਹੈ, ਉਸ ਦੇ ਦਰਿ= ਅੰਦਰ ਹੀ ਹਰੀ ਨੀਸਾਣੈ= ਪਰਗਟ ਹੁੰਦਾ ਹੈ।

[ਪੰਨਾ ੧੧੭੫]

ਦਰਿ ਸਾਚੈ ਸਚੁ ਸੋਭਾ ਹੋਇ॥ ਨਿਜ ਘਰਿ ਵਾਸਾ ਪਾਵੈ ਸੋਇ॥ ੩॥

ਸੱਚੇ ਦਰਬਾਰ ਵਿਚ ਸੱਚਮੁਚ ਉਸ ਦੀ ਸੱਚੀ ਸੋਭਾ ਹੁੰਦੀ ਹੈ ਅਤੇ ਉਹ ਆਪਣੇ ਸਰੂਪ-ਘਰ ਵਿਚ ਵਾਸਾ ਪਾਉਂਦਾ ਹੈ॥ ੩॥

ਆਪਿ ਅਭੁਲੁ ਸਚਾ ਸਚੁ ਸੋਇ॥ ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ॥

ਸਚੁ= ਨਿਸਚੇ ਕਰ ਕੇ, ਵਾ:- ਸੱਚਮੁਚ ਉਹ ਸੱਚਾ ਪ੍ਰਭੂ ਆਪ ਅਭੁੱਲ ਹੈ। ਹੋਰ ਸਾਰੇ ਜੀਵ ਦ੍ਵੈਤ ਭਾਵ ਵਿਚ ਭੁੱਲੇ ਹੋਏ ਆਪਣੀ ਇੱਜ਼ਤ ਨਾਸ ਕਰ ਰਹੇ ਹਨ।

ਸਾਚਾ ਸੇਵਹੁ ਸਾਚੀ ਬਾਣੀ॥ ਨਾਨਕ ਨਾਮੇ ਸਾਚਿ ਸਮਾਣੀ॥ ੪॥ ੯॥

ਸੱਚੀ ਉਪਦੇਸ਼ ਬਾਣੀ ਦੁਆਰੇ ਸੱਚੇ ਵਾਹਿਗੁਰੂ ਨੂੰ ਸੇਵਹੁ= ਸਿਮਰੋ। ਵਾ:- ਸੱਚ ਨੂੰ ਸੇਵਨਾ ਕਰੋ, ਸੱਚੀ ਬਾਣੀ ਪੜ੍ਹਨਾ ਕਰੋ। ਗੁਰੂ ਜੀ ਕਥਨ ਕਰਦੇ ਹਨ—ਤਾਂ ਸੱਚੇ ਨਾਮੀ ਵਿਚ ਬੁੱਧੀ ਸਮਾਣੀ= ਅਭੇਦ ਹੁੰਦੀ ਹੈ॥ ੪॥ ੯॥

ਬਸੰਤੁ ਮਹਲਾ ੩॥

ਬਿਨੁ ਕਰਮਾ ਸਭ ਭਰਮਿ ਭੁਲਾਈ॥ ਮਾਇਆ ਮੋਹਿ ਬਹੁਤੁ ਦੁਖੁ ਪਾਈ॥

ਸ਼ੁਭ ਕਰਮਾਂ ਤੋਂ ਬਿਨਾਂ ਸਭ ਦੁਨੀਆਂ ਭਰਮ ਵਿਚ ਭੁੱਲੀ ਹੋਈ ਹੈ ਅਤੇ ਮਾਇਆ ਦੇ ਮੋਹ ਕਰ ਕੇ ਏਹ ਦੁਨੀਆਂ ਬਹੁਤੁ= ਬੜਾ ਦੁੱਖ ਪਾਉਂਦੀ ਹੈ।

ਮਨਮੁਖ ਅੰਧੇ ਠਉਰ ਨ ਪਾਈ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ॥ ੧॥

ਅੰਨ੍ਹੇ ਮਨਮੁਖ ਠਹਿਰਨਾ ਨਹੀਂ ਪਾਉਂਦੇ। ਵਾ:- ਅੰਨ੍ਹੇ ਮਨਮੁਖ ਸਰੂਪ- ਜਗ੍ਹਾ ਨੂੰ ਨਹੀਂ ਪਾਉਂਦੇ। ਗੂੰਹ ਦਾ ਕੀੜਾ ਬਣ ਕੇ ਗੂੰਹ ਦੇ ਵਿਚ ਹੀ ਸਮਾਈ ਕਰਦਾ ਹੈ॥ ੧॥

ਹੁਕਮੁ ਮੰਨੇ ਸੋ ਜਨੁ ਪਰਵਾਣੁ॥
ਗੁਰ ਕੈ ਸਬਦਿ ਨਾਮਿ ਨੀਸਾਣੁ॥ ੧॥ ਰਹਾਉ॥

ਜੋ ਹੁਕਮ ਨੂੰ ਮੰਨਦਾ ਹੈ, ਉਹ ਪੁਰਸ਼ ਪ੍ਰਮਾਨੀਕ ਹੁੰਦਾ ਹੈ ਅਤੇ ਗੁਰਾਂ ਦੇ ਉਪਦੇਸ਼ ਕਰ ਕੇ ਉਸ ਨੂੰ ਨਾਮਿ= ਨਾਮੀ (ਪਰਮਾਤਮਾ) ਨੀਸਾਣੁ= ਪਰਗਟ ਹੁੰਦਾ ਹੈ॥ ੧॥ ਰਹਾਉ॥

ਸਾਚਿ ਰਤੇ ਜਿਨ੍ਹ ਧੁਰਿ ਲਿਖਿ ਪਾਇਆ॥ ਹਰਿ ਕਾ ਨਾਮੁ ਸਦਾ ਮਨਿ ਭਾਇਆ॥

ਜਿਨ੍ਹਾਂ ਦੇ ਮੱਥੇ ਪਰ ਧੁਰ ਰੂਪ ਪਰਮਾਤਮਾ ਨੇ ਸ਼ੁਭ ਲੇਖ ਲਿਖ ਪਾਇਆ ਹੈ ਉਹ ਸੱਚ ਨਾਮ ਵਿਚ ਰੱਤੇ ਰਹਿੰਦੇ ਹਨ। ਉਹਨਾਂ ਦੇ ਮਨ ਵਿਚ ਸਦਾ ਹੀ ਹਰੀ ਦਾ ਨਾਮ ਭਾਇਆ= ਚੰਗਾ ਲੱਗਦਾ ਹੈ।

ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ॥ ਜੋਤੀ ਜੋਤਿ ਮਿਲਾਏ ਸੋਇ॥ ੨॥

ਸਤਿਗੁਰਾਂ ਦੀ ਬਾਣੀ ਪੜ੍ਹਨ ਵਾਲੇ ਨੂੰ ਹਮੇਸ਼ਾਂ ਸੁਖ ਪਰਾਪਤ ਹੁੰਦਾ ਹੈ ਅਤੇ ਉਹ ਜੋਤੀ-ਪਰਮਾਤਮਾ ਉਸ ਦੀ ਜੋਤ ਨੂੰ ਆਪਣੇ ਨਾਲ ਮਿਲਾਉਂਦਾ ਹੈ॥ ੨॥

ਏਕੁ ਨਾਮੁ ਤਾਰੇ ਸੰਸਾਰੁ॥ ਗੁਰ ਪਰਸਾਦੀ ਨਾਮ ਪਿਆਰੁ॥

ਇਕ ਪ੍ਰਭੂ ਦਾ ਨਾਮ ਹੀ ਸੰਸਾਰ- ਸਮੁੰਦਰ ਤੋਂ ਤਾਰਦਾ ਹੈ ਅਤੇ ਗੁਰਾਂ ਦੀ ਕਿਰਪਾ ਨਾਲ ਨਾਮ-ਸਿਮਰਨ ਨਾਲ ਪਿਆਰ ਲੱਗਦਾ ਹੈ।

ਬਿਨੁ ਨਾਮੈ ਮੁਕਤਿ ਕਿਨੈ ਨ ਪਾਈ॥ ਪੂਰੇ ਗੁਰ ਤੇ ਨਾਮੁ ਪਲੈ ਪਾਈ॥ ੩॥

ਨਾਮ ਜਪੇ ਤੋਂ ਬਿਨਾਂ ਕਿਸੇ ਨੇ ਭੀ ਮੁਕਤੀ ਨਹੀਂ ਪਾਈ। ਪੂਰਿਆਂ ਗੁਰਾਂ ਪਾਸੋਂ ਪ੍ਰਭੂ ਦਾ ਨਾਮ ਬੁੱਧੀ ਰੂਪ ਪੱਲੇ ਵਿਚ ਪੈਂਦਾ ਹੈ॥ ੩॥

ਸੋ ਬੂਝੈ ਜਿਸੁ ਆਪਿ ਬੁਝਾਏ॥ ਸਤਿਗੁਰ ਸੇਵਾ ਨਾਮੁ ਦ੍ਰਿੜਾਏ॥

ਉਹ ਪੁਰਸ਼ ਸਮਝਦਾ ਹੈ, ਜਿਸ ਨੂੰ ਪ੍ਰਭੂ ਆਪ ਸਮਝਾਉਂਦਾ ਹੈ। ਸਤਿਗੁਰਾਂ ਦੀ ਸੇਵਾ ਵਿਚ ਲਗਾ ਕੇ ਸਤਿਨਾਮੁ ਮੰਤ੍ਰ ਦ੍ਰਿੜ੍ਹ ਕਰਵਾ ਦੇਂਦਾ ਹੈ।

ਜਿਨ ਇਕੁ ਜਾਤਾ ਸੇ ਜਨ ਪਰਵਾਣੁ॥
ਨਾਨਕ ਨਾਮਿ ਰਤੇ ਦਰਿ ਨੀਸਾਣੁ॥ ੪॥ ੧੦॥

ਜਿਨ੍ਹਾਂ ਨੇ ਇਕ ਅਦੁਤੀ ਪਰਮਾਤਮਾ ਨੂੰ ਜਾਣਿਆ ਹੈ, ਉਹ ਪੁਰਸ਼ ਪਰਵਾਣ ਹਨ। ਗੁਰੂ ਜੀ ਕਥਨ ਕਰਦੇ ਹਨ—ਜੋ ਨਾਮੀ ਦੇ ਨਾਮ-ਸਿਮਰਨ ਵਿਚ ਰੱਤੇ ਰਹਿੰਦੇ ਹਨ, ਉਹ ਪਰਮੇਸ਼ਰ ਦੇ ਦਰਬਾਰ ਅੰਦਰ ਨੀਸਾਣੁ= ਪਰਗਟ ਹੁੰਦੇ ਹਨ॥ ੪॥ ੧੦॥

ਬਸੰਤੁ ਮਹਲਾ ੩ ॥

ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਆਪੇ ਆਪਿ ਵਸੈ ਮਨਿ ਆਏ ॥

ਪ੍ਰਭੂ ਕਿਰਪਾ ਦ੍ਰਿਸ਼ਟੀ ਕਰੇ ਤਾਂ ਪੂਰਿਆਂ ਸਤਿਗੁਰਾਂ ਨਾਲ ਮਿਲਾਉਂਦਾ ਹੈ। ਫੇਰ ਆਪਣੇ ਆਪ ਹੀ ਮਨ ਵਿਚ ਆ ਕੇ ਵਸਦਾ ਹੈ।

ਨਿਹਚਲ ਮਤਿ ਸਦਾ ਮਨ ਧੀਰ ॥ ਹਰਿ ਗੁਣ ਗਾਵੈ ਗੁਣੀ ਗਹੀਰ ॥ ੧ ॥

ਉਸ ਦੀ ਮਤਿ= ਬੁੱਧੀ ਨਿਹਚਲ= ਸਥਿਰ ਤੇ ਸਦਾ ਹੀ ਮਨ ਵਿਚ ਧੀਰਜ ਹੁੰਦਾ ਹੈ। ਸ਼ੁਭ ਗੁਣਾਂ ਦਾ ਗਹੀਰ= ਸਮੁੰਦਰ ਜੋ ਹਰੀ ਹੈ, ਉਸ ਦੇ ਗੁਣ ਗਾਉਂਦਾ ਹੋਇਆ ਉਹ ਆਪ ਹੀ ਗੁਣਾਂ ਦਾ ਸਮੁੰਦਰ ਹੋ ਜਾਂਦਾ ਹੈ॥ ੧ ॥

ਨਾਮਹੁ ਭੂਲੇ ਮਰਹਿ ਬਿਖੁ ਖਾਇ ॥
ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥ ੧ ॥ ਰਹਾਉ ॥

ਜੋ ਪ੍ਰਭੂ ਦੇ ਨਾਮ ਤੋਂ ਭੁੱਲੇ ਹੋਏ ਵਿਕਾਰਾਂ ਰੂਪ ਬਿਖੁ= ਜ਼ਹਿਰ ਨੂੰ ਖਾ ਕੇ ਮਰਦੇ ਹਨ। ਉਹਨਾਂ ਦਾ ਮਨੁੱਖਾ ਜਨਮ ਨਿਸਫਲ ਹੈ ਅਤੇ ਉਹ ਮੁੜ-ਮੁੜ ਕੇ ਆਵਹਿ ਜਾਇ= ਜੰਮਦੇ ਮਰਦੇ ਹਨ॥ ੧ ॥ ਰਹਾਉ ॥

ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥
ਬਹੁ ਅਭਿਮਾਨਿ ਅਪਣੀ ਪਤਿ ਖੋਇ ॥

ਜੋ ਬਹੁਤਿਆਂ ਭੇਖਾਂ ਨੂੰ ਧਾਰਨ ਕਰਦੇ ਹਨ, ਉਹਨਾਂ ਦੇ ਮਨ ਵਿਚ ਸ਼ਾਂਤੀ ਨਹੀਂ ਹੁੰਦੀ। ਉਹ ਬਹੁਤੇ ਅਭਿਮਾਨਿ= ਹੰਕਾਰ ਕਰ ਕੇ ਆਪਣੀ ਇੱਜ਼ਤ ਗੁਆ ਲੈਂਦੇ ਹਨ।

ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥
ਬਾਹਰਿ ਜਾਦਾ ਘਰ ਮਹਿ ਆਣਿਆ ॥ ੨ ॥

ਉਹ ਪੁਰਸ਼ ਵਡਿਆਂ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਗੁਰ-ਉਪਦੇਸ਼ ਨੂੰ, ਵਾ:- ਸਬਦੁ= ਬ੍ਰਹਮ ਨੂੰ ਪਛਾਣਿਆ ਹੈ ਅਤੇ ਬਾਹਰ ਜਾਂਦੇ ਹੋਏ ਮਨ ਨੂੰ ਅੰਤਹਕਰਨ ਰੂਪੀ ਘਰ ਵਿਚ ਲੈ ਆਂਦਾ ਹੈ ਭਾਵ ਅੰਤ੍ਰ ਮੁਖ ਕੀਤਾ ਹੈ॥ ੨ ॥

ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥

ਅਗਮ= ਬੇਅੰਤ ਤੇ ਅਪਾਰਾ= ਪਾਰਾਵਾਰ ਤੋਂ ਰਹਿਤ ਜੋ ਪਰਮਾਤਮਾ ਰੂਪੀ ਵਸਤੂ ਅੰਤਹਕਰਨ ਰੂਪੀ ਘਰ ਦੇ ਵਿਚ ਹੀ ਹੈ। ਪਰ ਗੁਰਮਤੀਏ ਪੁਰਸ਼ ਗੁਰ-ਸ਼ਬਦ ਦੀ ਵਿਚਾਰ ਕਰ ਕੇ ਉਸ ਆਤਮ-ਵਸਤੂ ਨੂੰ ਖੋਜਹਿ= ਲੱਭ ਲੈਂਦੇ ਹਨ।

ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥
ਸਦਾ ਰੰਗਿ ਰਾਤੇ ਸਚਿ ਸਮਾਹਿ ॥ ੩ ॥

ਜਿਨ੍ਹਾਂ ਨੇ ਅੰਤਹਕਰਨ ਰੂਪ ਜਾਂ ਸਰੀਰ-ਘਰ ਦੇ ਵਿੱਚੋਂ ਹੀ ਨਾਮ ਰੂਪ ਨੌਂ ਨਿਧੀ ਪਾਈ ਹੈ। ਉਹ ਸੱਚੇ

ਸਮਾਹਿ= ਅਨੰਦ ਦੇ ਰੰਗ ਵਿਚ ਸਦਾ ਹੀ ਰੱਤੇ ਰਹਿੰਦੇ ਹਨ। ਜਾਂ ਸਦਾ ਰੰਗਿ= ਪ੍ਰੇਮ ਵਿਚ ਰਹਿਣ ਕਰ ਕੇ ਉਹ ਸੱਚੇ ਸਮਾਹਿ= ਅਨੰਦ ਵਿਚ ਰਤੇ ਰਹਿੰਦੇ ਹਨ॥ ੩॥

ਆਪਿ ਕਰੇ ਕਿਛੁ ਕਰਣੁ ਨ ਜਾਇ॥ ਆਪੇ ਭਾਵੈ ਲਏ ਮਿਲਾਇ॥

ਉਹ ਪਰਮੇਸ਼ਰ ਆਪ ਹੀ ਸਭ ਕੁਝ ਕਰਦਾ ਹੈ, ਉਸ ਤੋਂ ਬਿਨਾਂ ਸਾਡੇ ਪਾਸੋਂ ਕੁਝ ਨਹੀਂ ਕੀਤਾ ਜਾਂਦਾ। ਉਹ ਪ੍ਰਭੂ ਜਿਸ ਨੂੰ ਭਾਵੈ= ਚਾਹੁੰਦਾ ਹੈ, ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਤਿਸ ਤੇ ਨੇੜੈ ਨਾਹੀ ਕੋ ਦੂਰਿ॥
ਨਾਨਕ ਨਾਮਿ ਰਹਿਆ ਭਰਪੂਰਿ॥ ੪॥ ੧੧॥

ਉਸ ਤੋਂ ਸਭ ਕੋਈ ਨੇੜੇ ਹੈ, ਕੋਈ ਭੀ ਦੂਰ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ—ਉਹ ਨਾਮਿ= ਨਾਮੀ ਪਰਮਾਤਮਾ ਸਾਰਿਆਂ ਵਿਚ ਭਰਪੂਰ ਹੋ ਰਿਹਾ ਹੈ। *ਅਥਵਾ:-* ਜਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ ਉਸ ਦੇ ਨੇੜੇ ਰਹਿੰਦਾ ਹੈ ਕੋਈ ਭੀ ਸਮਾਂ ਉਸ ਤੋਂ ਦੂਰ ਨਹੀਂ ਹੁੰਦਾ। ਉਹ ਫਿਰ ਨਾਮੀ (ਪਰਮਾਤਮਾ) ਨੂੰ ਸਾਰਿਆਂ ਵਿਚ ਭਰਪੂਰ ਹੋ ਰਿਹਾ ਨਿਸਚੇ ਕਰਦਾ ਹੈ॥ ੪॥ ੧੧॥

ਬਸੰਤੁ ਮਹਲਾ ੩॥

ਗੁਰ ਸਬਦੀ ਹਰਿ ਚੇਤਿ ਸੁਭਾਇ॥ ਰਾਮ ਨਾਮ ਰਸਿ ਰਹੈ ਅਘਾਇ॥

ਗੁਰ-ਸ਼ਬਦੀਏ ਸੁਭਾਵਕ ਹੀ ਸ੍ਰੇਸ਼ਟ ਪ੍ਰੇਮ ਨਾਲ ਹਰੀ ਨੂੰ ਚੇਤਦੇ ਰਹਿੰਦੇ ਹਨ ਅਤੇ ਰਾਮ ਨਾਮ-ਰਸ ਵਿਚ ਅਘਾਇ= ਰੱਜੇ ਰਹਿੰਦੇ ਹਨ।

ਕੋਟ ਕੋਟੰਤਰ ਕੇ ਪਾਪ ਜਲਿ ਜਾਹਿ॥
ਜੀਵਤ ਮਰਹਿ ਹਰਿ ਨਾਮਿ ਸਮਾਹਿ॥ ੧॥

ਉਹਨਾਂ ਦੇ ਅੰਦਰਲੇ ਕ੍ਰੋੜਾਨ ਕ੍ਰੋੜ ਪਾਪ ਜਲਿ ਜਾਹਿ= ਸੜ ਜਾਂਦੇ ਹਨ। ਫਿਰ ਉਹ ਜੀਵਤ ਭਾਵ ਤੋਂ ਮਰ ਕੇ ਹਰੀ ਨਾਮੀ ਵਿਚ ਸਮਾਹਿ= ਅਭੇਦ ਹੁੰਦੇ ਹਨ॥ ੧॥

ਹਰਿ ਕੀ ਦਾਤਿ ਹਰਿ ਜੀਉ ਜਾਣੈ॥

ਹਰੀ ਦੀ ਦਾਤ ਨੂੰ ਹਰਿ ਜੀਉ ਆਪ ਹੀ ਜਾਣਦਾ ਹੈ।

ਗੁਰ ਕੈ ਸਬਦਿ ਇਹੁ ਮਨੁ ਮਉਲਿਆ
ਹਰਿ ਗੁਣ ਦਾਤਾ ਨਾਮੁ ਵਖਾਣੈ॥ ੧॥ ਰਹਾਉ॥

ਜੋ ਗੁਰਾਂ ਦੇ ਉਪਦੇਸ਼ ਕਰ ਕੇ ਗੁਣਾਂ ਦੇ ਦਾਤੇ ਹਰੀ ਦੇ ਨਾਮ ਨੂੰ ਕਹਿੰਦਾ (ਜਪਦਾ) ਹੈ, ਉਸ ਦਾ ਇਹ ਮਨ ਸ਼ੁਭ ਗੁਣਾਂ ਨਾਲ ਮਉਲਿਆ= ਖਿੜਿਆ ਹੈ। *ਅਥਵਾ:-* ਜਿਸ ਦਾ ਏਹ ਮਨ ਗੁਰਾਂ ਦੇ ਸ਼ਬਦ ਵਿਚ ਮਉਲਿਆ= ਮਿਲਿਆ ਹੈ, ਉਹ ਗੁਣਦਾਤਾ= ਹਰੀ ਦੇ ਨਾਮ ਨੂੰ ਵਖਾਣੈ= ਕਥਨ ਕਰਦਾ ਹੈ।

ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ॥ ਬਹੁ ਸੰਜਮਿ ਸਾਂਤਿ ਨ ਪਾਵੈ ਕੋਇ॥

ਭਗਵੇਂ ਭੇਖ ਬਣਾ ਕੇ ਭ੍ਰਮਿ= ਫਿਰਿਆਂ ਭੀ ਮੁਕਤੀ ਨਹੀਂ ਹੁੰਦੀ। ਬਹੁਤੇ ਸੰਜਮਿ= ਸਾਧਨਾਂ ਨੂੰ ਕਰ ਕੇ

ਭੀ ਕੋਈ ਸ਼ਾਂਤੀ ਨੂੰ ਨਹੀਂ ਪਾਉਂਦਾ।

ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥ ੨ ॥

ਗੁਰ-ਸਿਖਿਆ ਦੁਆਰੇ ਜਿਸ ਨੂੰ ਨਾਮ ਪਰਾਪਤ ਹੁੰਦਾ ਹੈ। ਉਹ ਵਡਭਾਗੀ ਪੁਰਸ਼ ਹਰੀ ਨੂੰ ਪਾ ਲੈਂਦਾ ਹੈ॥ ੨ ॥

ਕਲਿ ਮਹਿ ਰਾਮ ਨਾਮਿ ਵਡਿਆਈ ॥ ਗੁਰ ਪੂਰੇ ਤੇ ਪਾਇਆ ਜਾਈ ॥

[ਪੰਨਾ ੧੧੭੬]

ਕਲਜੁਗ ਵਿਚ ਇਕ ਰਾਮ ਨਾਮ ਹੀ ਵਡਿਆਈ ਦੇਣ ਵਾਲਾ ਹੈ। ਪੂਰਿਆਂ ਗੁਰਾਂ ਤੋਂ ਰਾਮ ਨਾਮ ਪਾਇਆ ਜਾਂਦਾ ਹੈ।

ਨਾਮਿ ਰਤੇ ਸਦਾ ਸੁਖੁ ਪਾਈ ॥ ਬਿਨੁ ਨਾਮੈ ਹਉਮੈ ਜਲਿ ਜਾਈ ॥ ੩ ॥

ਨਾਮ ਵਿਚ ਤਦਾਕਾਰ ਹੋਣ ਵਾਲੇ ਪੁਰਸ਼ ਨੇ ਨਿਤ ਸੁਖ ਨੂੰ ਪਾਇਆ ਹੈ। ਨਾਮ-ਸਿਮਰਨ ਤੋਂ ਬਿਨਾਂ ਜੀਵ ਹੌਮੈ ਦੀ ਅੱਗ ਵਿਚ ਸੜ ਜਾਂਦਾ ਹੈ॥ ੩ ॥

ਵਡਭਾਗੀ ਹਰਿ ਨਾਮੁ ਬੀਚਾਰਾ ॥ ਛੂਟੈ ਰਾਮ ਨਾਮਿ ਦੁਖੁ ਸਾਰਾ ॥

ਜੋ ਵਡਭਾਗੀ ਪੁਰਸ਼ ਹਰੀ ਨਾਮ ਦਾ ਵੀਚਾਰ ਕਰਦਾ ਹੈ। ਰਾਮ ਨਾਮ ਦੇ ਸਿਮਰਨ ਕਰ ਕੇ ਉਸ ਦਾ ਸਾਰਾ ਦੁੱਖ ਛੁੱਟ ਜਾਂਦਾ ਹੈ।

ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥
ਨਾਨਕ ਜਾਣੈ ਸਭੁ ਉਪਾਵਣਹਾਰਾ ॥ ੪ ॥ ੧੨ ॥

ਜਿਸ ਨੇ ਬਾਹਰ ਸੰਸਾਰ ਪਸਾਰੇ ਨੂੰ ਪਸਾਰਨਾ ਕੀਤਾ ਹੈ, ਓਹੀ ਹਿਰਦੇ ਅੰਦਰ ਵਸ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ—ਉਹ ਉਤਪਤੀ ਕਰਨ ਵਾਲਾ ਪ੍ਰਭੂ ਹੀ ਸਭਨਾਂ ਦਾ ਹਾਲ ਜਾਣਦਾ ਹੈ॥ ੪ ॥ ੧੨ ॥

ਬਸੰਤੁ ਮਹਲਾ ੩ ਇਕ ਤੁਕੇ ॥

ਤੇਰਾ ਕੀਆ ਕਿਰਮ ਜੰਤੁ ॥ ਦੇਹਿ ਤ ਜਾਪੀ ਆਦਿ ਮੰਤੁ ॥ ੧ ॥

ਹੇ ਭਗਵਾਨ ! ਇਹ ਕਿਰਮ ਜੰਤੁ= ਨਿਮਾਣਾ ਤੁਛ ਜੀਵ ਤੇਰਾ ਪੈਦਾ ਕੀਤਾ ਹੋਇਆ ਹੈ। ਹੇ ਆਦ ਰੂਪੀ ਹਰੀ ! ਜੇ ਤੂੰ ਕਿਰਪਾ ਕਰ ਕੇ ਦੇਵੇਂ ਤਾਂ ਏਹ ਗੁਰ-ਮੰਤ੍ਰ ਜਪਦਾ ਹੈ॥ ੧ ॥

ਗੁਣ ਆਖਿ ਵੀਚਾਰੀ ਮੇਰੀ ਮਾਇ ॥
ਹਰਿ ਜਪਿ ਹਰਿ ਕੈ ਲਗਉ ਪਾਇ ॥ ੧ ॥ ਰਹਾਉ ॥

ਹੇ ਮੇਰੀ ਮਾਇ= ਮੇਰੇ ਭਾਈ ! ਬਾਣੀ ਦੁਆਰੇ ਗੁਣਾਂ ਨੂੰ ਆਖਣਾ ਕਰ, ਹਿਰਦੇ ਕਰ ਕੇ ਵਿਚਾਰਨਾ ਕਰ। ਰਸਨਾ ਨਾਲ ਹਰੀ ਨਾਮ ਨੂੰ ਜਪਣਾ ਕਰ, ਤਨ ਕਰ ਕੇ ਹਰੀ ਸਰੂਪ ਗੁਰਾਂ ਦੇ ਚਰਨੀਂ ਲੱਗਣਾ ਕਰ॥ ੧ ॥ ਰਹਾਉ ॥

ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ ॥
ਕਾਹੇ ਜਨਮੁ ਗਵਾਵਹੁ ਵੈਰਿ ਵਾਦਿ ॥ ੨ ॥

ਗੁਰਾਂ ਦੀ ਕਿਰਪਾ ਨਾਲ ਨਾਮ ਦੇ ਸੁਆਦ ਵਿਚ ਲੱਗੇ ਰਹੋ। ਵੈਰਿ ਵਾਦਿ= ਵੈਰ ਵਿਰੋਧ ਵਿਚ ਲੱਗ ਕੇ ਕਿਸ ਵਾਸਤੇ ਅਮੋਲਕ ਜਨਮ ਨੂੰ ਵਿਅਰਥ ਗੁਆਉਂਦੇ ਹੋ? ॥ ੨ ॥

ਗੁਰਿ ਕਿਰਪਾ ਕੀਨ੍ਹੀ ਚੂਕਾ ਅਭਿਮਾਨੁ ॥
ਸਹਜ ਭਾਇ ਪਾਇਆ ਹਰਿ ਨਾਮੁ ॥ ੩ ॥

ਜਿਸ ਉੱਤੇ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਹੈ, ਉਸ ਦਾ ਹੰਕਾਰ ਦੂਰ ਹੋਇਆ ਹੈ। ਉਸ ਨੇ ਸਹਜ ਭਾਇ= ਸੁਤੇ ਸਿਧ ਹਰੀ ਨਾਮ ਪਾਇਆ ਹੈ॥ ੩ ॥

ਊਤਮੁ ਊਚਾ ਸਬਦ ਕਾਮੁ ॥ ਨਾਨਕੁ ਵਖਾਣੈ ਸਾਚੁ ਨਾਮੁ ॥ ੪ ॥ ੧ ॥ ੧੩ ॥

ਗੁਰ-ਸ਼ਬਦ ਦਾ ਜਾਪ ਕਰਨ ਰੂਪ ਕੰਮ ਸਾਰਿਆਂ ਸਾਧਨਾਂ ਤੋਂ ਉੱਚਾ ਤੇ ਉੱਤਮ ਹੈ। ਗੁਰੂ ਜੀ ਕਥਨ ਕਰਦੇ ਹਨ—(ਇਸ ਕਰ ਕੇ) ਗੁਰ-ਸ਼ਬਦ ਦੁਆਰਾ ਸੱਚ ਨਾਮ ਨੂੰ ਵਖਾਣੈ= ਕਥਨ ਕਰ! ॥ ੪ ॥ ੧ ॥ ੧੩ ॥

ਬਸੰਤੁ ਮਹਲਾ ੩ ॥
ਬਨਸਪਤਿ ਮਉਲੀ ਚੜਿਆ ਬਸੰਤੁ ॥

ਜਿਵੇਂ ਬਸੰਤ ਰੁੱਤ ਦੇ ਚੜ੍ਹਨ ਕਰ ਕੇ ਸਾਰੀ ਬਨਸਪਤਿ= ਜੰਗਲਾਤ ਖਿੜ ਜਾਂਦੀ ਹੈ।

ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ੧ ॥

ਤਿਵੇਂ ਸਤਿਗੁਰਾਂ ਦੇ ਸੰਗ ਕਰ ਕੇ ਏਹ ਮਨ ਮਉਲਿਆ= ਖਿੜ ਜਾਂਦਾ ਹੈ॥ ੧ ॥

ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥
ਤਾਂ ਸੁਖੁ ਪਾਵਹੁ ਮੇਰੇ ਮਨਾ ॥ ੧ ॥ ਰਹਾਉ ॥

ਹੇ ਮੂਰਖ ਮਨ ! ਤੂੰ ਸੱਚ ਨੂੰ ਧਿਆਉਣਾ ਕਰ। ਹੇ ਮੇਰੇ ਮਨਾ ! ਤਦ ਹੀ ਤੂੰ ਸੁਖ ਪਾਵੇਂਗਾ ॥ ੧ ॥ ਰਹਾਉ ॥

ਇਤੁ ਮਨਿ ਮਉਲਿਐ ਭਇਆ ਅਨੰਦੁ ॥
ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥ ੨ ॥

ਗੁਰਾਂ ਨਾਲ ਮਉਲਿਐ= ਮਿਲਣ ਕਰ ਕੇ ਇਸ ਮਨ ਵਿਚ ਅਨੰਦ ਹੋਇਆ ਹੈ। ਜਾਂ ਇਸ ਮਨ ਦੇ ਖਿੜਿਆਂ ਹੀ ਅਨੰਦ ਹੋਇਆ ਹੈ। ਗੋਬਿੰਦ ਦੇ ਨਾਮ ਨੂੰ ਜਪਿਆਂ ਤਾਂ ਗਿਆਨ, ਵਾ:- ਮੁਕਤੀ ਰੂਪ ਅੰਮ੍ਰਿਤ ਫਲ ਨੂੰ ਪਾਇਆ ॥ ੨ ॥

ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥ ੩ ॥

ਆਖਿ= ਮੂੰਹੋਂ ਤਾਂ ਸਭ ਕੋਈ ਇਕ ਹੀ ਇਕ ਕਹਿੰਦਾ ਹੈ। ਜਾਂ ਹੁਕਮ ਨੂੰ ਬੁੱਝਣਾ ਕਰੇ ਅਰਥਾਤ ਭਾਣਾ ਮੰਨੇ ਤਾਂ ਇਕ ਅਦੁਤੀ ਬ੍ਰਹਮ ਨੂੰ ਜਾਣ ਲੈਂਦਾ ਹੈ॥ ੩ ॥

ਕਹਤ ਨਾਨਕੁ ਹਉਮੈ ਕਹੈ ਨ ਕੋਇ॥
ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ॥ ੪॥ ੨॥ ੧੪॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਏਹ ਜੀਵ ਸਮਝਦਾ ਹੈ, ਕਿ ਆਖਣੁ= ਬੋਲਣਾ ਤੇ ਵੇਖਣਾ ਇਤਆਦਿਕ ਸਾਰੇ ਕਰਤਬ ਸਾਹਿਬ ਦੇ ਹੁਕਮ ਵਿਚ ਹੀ ਹੋ ਰਹੇ ਹਨ, ਤਾਂ ਫਿਰ ਹੌਮੈ ਦੀ ਗੱਲ ਨੂੰ ਕੋਈ ਨਹੀਂ ਕਹਿੰਦਾ॥ ੪॥ ੨॥ ੧੪॥

ਬਸੰਤੁ ਮਹਲਾ ੩॥

ਸਭਿ ਜੁਗ ਤੇਰੇ ਕੀਤੇ ਹੋਏ॥ ਸਤਿਗੁਰੁ ਭੇਟੈ ਮਤਿ ਬੁਧਿ ਹੋਏ॥ ੧॥

ਸਾਰੇ ਜੁਗ ਤੇਰੇ ਪੈਦਾ ਕੀਤੇ ਹੋਏ ਹਨ, ਭਾਵ ਆਪ ਜੀ ਦੇ ਬਣਾਏ ਹੋਏ ਹਨ। ਸਤਿਗੁਰਾਂ ਦੇ ਮਿਲਣ ਕਰ ਕੇ ਬੁੱਧੀ ਵਿਚ ਆਪ ਦੀ ਪ੍ਰਾਪਤੀ ਦੀ ਮਤਿ= ਸਿਖਿਆ ਮਿਲਦੀ ਹੈ। ਵਾ:- ਸਤਿਗੁਰਾਂ ਦੇ ਮਿਲਣ ਕਰ ਕੇ ਬੁੱਧੀ ਵਿਚ ਇਹ ਮਤਿ= ਅਕਲ ਪੈਦਾ ਹੁੰਦੀ ਹੈ॥ ੧॥

ਹਰਿ ਜੀਉ ਆਪੇ ਲੈਹੁ ਮਿਲਾਇ॥
ਗੁਰ ਕੈ ਸਬਦਿ ਸਚ ਨਾਮਿ ਸਮਾਇ॥ ੧॥ ਰਹਾਉ॥

ਹੇ ਹਰਿ ਜੀਉ ! ਤੁਸੀਂ ਆਪਣੇ ਨਾਲ ਮੈਨੂੰ ਮਿਲਾ ਲਵੋ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਨਾਮ-ਸਿਮਰਨ ਵਿਚ ਸਮਾਇ= ਅਭੇਦ ਕਰ ਦਿਓ॥ ੧॥ ਰਹਾਉ॥

ਮਨਿ ਬਸੰਤੁ ਹਰੇ ਸਭਿ ਲੋਇ॥
ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ॥ ੨॥

ਜਿਸ ਦੇ ਮਨ ਵਿਚ ਬਸੰਤੁ= ਚੇਤਨ ਦੇਵ, ਬਸੰਤੁ= ਵਸਿਆ ਹੈ ਉਸ ਦੇ ਭਾਣੇ ਸਾਰੇ ਲੋਕ ਹਰੇ= ਅਨੰਦ ਹੋਏ ਹਨ। ਰਾਮ ਨਾਮ ਜਪ ਕੇ ਧਰਮ ਰੂਪੀ ਫੁੱਲ ਤੇ ਗਿਆਨ ਰੂਪ ਫਲ ਕਰ ਕੇ ਪ੍ਰਫੁੱਲਤ ਹੋਈਏ ਤਾਂ ਸਾਰੇ ਪਰਵਾਰ ਦਾ ਸੁਖ ਅਤੇ ਆਤਮ-ਸੁਖ ਪਰਾਪਤ ਹੁੰਦਾ ਹੈ॥ ੨॥

ਸਦਾ ਬਸੰਤੁ ਗੁਰ ਸਬਦੁ ਵੀਚਾਰੇ॥ ਰਾਮ ਨਾਮੁ ਰਾਖੈ ਉਰ ਧਾਰੇ॥ ੩॥

ਉਹਨਾਂ ਨੂੰ ਸਦਾ ਹੀ ਬਸੰਤੁ= ਅਨੰਦ ਹੈ, ਜੋ ਗੁਰ-ਸ਼ਬਦ ਨੂੰ ਵੀਚਾਰਦੇ ਹਨ ਅਤੇ ਰਾਮ ਦਾ ਨਾਮ ਹਿਰਦੇ ਵਿਚ ਧਾਰੀ ਰੱਖਦੇ ਹਨ॥ ੩॥

ਮਨਿ ਬਸੰਤੁ ਤਨੁ ਮਨੁ ਹਰਿਆ ਹੋਇ॥

ਜਿਸ ਵੇਲੇ ਬਸੰਤੁ= ਚੇਤਨ ਦੇਵ ਮਨ ਵਿਚ ਬਸੰਤੁ= ਵਸਦਾ ਹੈ ਤਾਂ ਤਨ ਮਨ ਨੂੰ ਹਰਿਆ= ਅਨੰਦ ਹੁੰਦਾ ਹੈ। ਵਾ:- ਤਨ ਮਨ ਸ਼ੁਭ ਗੁਣਾਂ ਨਾਲ ਹਰਿਆ ਹੁੰਦਾ ਹੈ।

ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ॥ ੪॥ ੩॥ ੧੫॥

ਗੁਰੂ ਜੀ ਕਥਨ ਕਰਦੇ ਹਨ—ਏਹ ਸਰੀਰ ਤਾਂ ਬ੍ਰਿਛ ਹੈ, ਜੇਹੜਾ ਕੋਈ ਪੁਰਸ਼ ਗੁਰੁ ਉਪਦੇਸ਼ ਰੂਪ ਜਲ ਦੇ ਕੇ ਰਾਮ ਨਾਮ ਰੂਪ ਫੁੱਲਾਂ ਨੂੰ ਲਗਾਉਂਦਾ ਹੈ, ਓਹੀ ਪੁਰਸ਼ ਗਿਆਨ ਰੂਪੀ ਫਲ ਨੂੰ ਪਾਉਂਦਾ ਹੈ॥ ੪॥ ੩॥ ੧੫॥

ਬਸੰਤੁ ਮਹਲਾ ੩ ॥

ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥ ਪੂਰੈ ਭਾਗਿ ਹਰਿ ਭਗਤਿ ਕਰਾਇ ॥ ੧ ॥

ਬਸੰਤੁ= ਅਨੰਦ ਉਹਨਾਂ ਪੁਰਸ਼ਾਂ ਨੂੰ ਹੈ, ਜੋ ਹਰੀ ਦੇ ਜਸ ਰੂਪ ਗੁਣਾਂ ਨੂੰ ਗਾਉਂਦੇ ਹਨ। ਪੂਰੇ ਭਾਗ ਹੀ ਉਹਨਾਂ ਪੁਰਸ਼ਾਂ ਤੋਂ ਹਰੀ ਦੀ ਭਗਤੀ ਕਰਵਾਉਂਦੇ ਹਨ॥ ੧ ॥

ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥

ਭਗਤੀ ਕੀਤੇ ਤੋਂ ਬਿਨਾਂ ਇਸ ਮਨ ਨੂੰ ਬਸੰਤ= ਚੇਤਨ ਦੇਵ ਦੀ ਸੋਇ= ਕੰਨਸੋ ਨਹੀਂ ਲਗਦੀ। *ਅਥਵਾ:-* ਇਸ ਮਨ ਨੂੰ ਬਸੰਤ= ਅਨੰਦ ਦੀ ਸੋਇ= ਖ਼ਬਰ ਨਹੀਂ ਲਗਦੀ।

ਇਹੁ ਮਨੁ ਜਲਿਆ ਦੂਜੈ ਦੋਇ ॥ ੧ ॥ ਰਹਾਉ ॥

ਏਹ ਮਨ ਦੂਜੈ= ਦ੍ਵੈਤ ਭਾਵ ਕਰ ਕੇ ਜਲਿਆ= ਸੜ ਰਿਹਾ ਹੈ, ਇਸ ਕਰ ਕੇ ਇਸ ਨੂੰ ਦੋਇ= ਦੋ ਜਨਮ ਮਰਨ, *ਵਾ:-* ਦੋ ਸੁਖ ਦੁੱਖ ਪਰਾਪਤ ਹੁੰਦੇ ਹਨ॥ ੧ ॥ ਰਹਾਉ ॥

ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥
ਮਾਇਆ ਮੂਠਾ ਸਦਾ ਬਿਲਲਾਇ ॥ ੨ ॥

ਏਹ ਮਨ ਧੰਦਿਆਂ ਵਿਚ ਬੱਧਾ ਹੋਇਆ ਸ਼ਕਾਮ ਕਰਮਾਂ ਨੂੰ ਕਮਾਉਂਦਾ ਹੈ। ਮਾਇਆ ਦਾ ਮੂਠਾ= ਠੱਗਿਆ ਹੋਣ ਕਰ ਕੇ ਸਦਾ ਹੀ ਵਿਰਲਾਪ ਕਰਦਾ ਹੈ ਅਰਥਾਤ ਰੋਂਦਾ॥ ੨ ॥

ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥
ਜਮਕਾਲ ਕੀ ਫਿਰਿ ਆਵੈ ਨ ਫੇਟੈ ॥ ੩ ॥

ਜਾਂ ਸਤਿਗੁਰਾਂ ਨੂੰ ਮਿਲ ਜਾਵੇ ਤਾਂ ਹੀ ਏਹ ਮਨ ਬੰਧਨਾਂ ਤੋਂ ਛੁੱਟਦਾ ਹੈ। ਫੇਰ ਇਹ ਜਮਕਾਲ ਦੀ ਫੇਟੈ= ਮਾਰ ਹੇਠਾਂ ਨਹੀਂ ਆਉਂਦਾ॥ ੩ ॥

ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥
ਨਾਨਕ ਮਾਇਆ ਮੋਹੁ ਸਬਦਿ ਜਲਾਇ ॥ ੪ ॥ ੪ ॥ ੧੬ ॥

ਜਾਂ ਗੁਰਾਂ ਨੇ ਛੁਡਾ ਲਿਆ ਤਾਂ ਹੀ ਏਹ ਮਨ ਦੁੱਖਾਂ ਤੋਂ ਛੁੱਟ ਗਿਆ ਹੈ। ਗੁਰੂ ਜੀ ਕਥਨ ਕਰਦੇ ਹਨ— ਮਾਇਆ ਦਾ ਮੋਹ ਗੁਰਾਂ ਦੇ ਸ਼ਬਦ ਨੇ ਜਲਾਇ= ਸਾੜ ਦਿੱਤਾ ਹੈ॥ ੪ ॥ ੪ ॥ ੧੬ ॥

ਬਸੰਤੁ ਮਹਲਾ ੩ ॥
ਬਸੰਤੁ ਚੜਿਆ ਫੂਲੀ ਬਨਰਾਇ ॥

ਜਿਵੇਂ ਬਸੰਤ ਰੁੱਤ ਦੇ ਚੜ੍ਹਨ ਕਰ ਕੇ ਸਾਰੀ ਬਨਾਸਪਤੀ ਫੂਲੀ= ਪ੍ਰਫੁੱਲਤ ਹੁੰਦੀ ਹੈ।

ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥

ਤਿਵੇਂ ਹਰੀ ਨਾਲ ਚਿਤ ਬਿਰਤੀ ਲਗਾ ਕੇ ਏਹ ਸਾਰੇ ਜੀਅ ਜੰਤ ਫੂਲਹਿ= ਪ੍ਰਫੁੱਲਤ ਅਰਥਾਤ ਉਤਸ਼ਾਹ

ਸਹਿਤ ਹੋਏ ਹਨ॥ ੧॥

[ਪੰਨਾ ੧੧੭੭]

ਇਨ ਬਿਧਿ ਇਹੁ ਮਨੁ ਹਰਿਆ ਹੋਇ॥

ਇਸ ਵਿਧੀ ਕਰ ਕੇ ਏਹ ਮਨ ਹਰਿਆ= ਅਨੰਦ ਹੁੰਦਾ ਹੈ।

ਹਰਿ ਹਰਿ ਨਾਮੁ ਜਪੈ ਦਿਨੁ ਰਾਤੀ
ਗੁਰਮੁਖਿ ਹਉਮੈ ਕਢੈ ਧੋਇ॥ ੧॥ ਰਹਾਉ॥

ਗੁਰਾਂ ਦੁਆਰੇ ਦਿਨ ਰਾਤ ਹਰਿ ਹਰਿ ਨਾਮ ਨੂੰ ਜਪਣਾ ਕਰੇ, ਤਾਂ ਮੁਖ ਗੁਰੂ ਹੌਮੈ ਦੀ ਮੈਲ ਨੂੰ ਧੋ ਕੇ ਬਾਹਰ ਕੱਢ ਦੇਂਦੇ ਹਨ॥ ੧॥ ਰਹਾਉ॥

ਸਤਿਗੁਰ ਬਾਣੀ ਸਬਦੁ ਸੁਣਾਏ॥
ਇਹੁ ਜਗੁ ਹਰਿਆ ਸਤਿਗੁਰ ਭਾਏ॥ ੨॥

ਸਤਿਗੁਰੂ ਜੀ ਆਪਣੀ ਬਾਣੀ ਦੁਆਰ ਸਬਦੁ= ਬ੍ਰਹਮ ਦਾ ਵਿਚਾਰ ਸੁਣਾਉਂਦੇ ਹਨ। ਸਤਿਗੁਰਾਂ ਵਿਚ ਭਾਏ= ਪ੍ਰੇਮ ਕਰਨ ਨਾਲ ਇਸ ਜਗੁ= ਜੀਵ ਨੂੰ ਹਰਿਆ= ਅਨੰਦ ਹੁੰਦਾ ਹੈ॥ ੨॥

ਫਲ ਫੂਲ ਲਾਗੇ ਜਾਂ ਆਪੇ ਲਾਏ॥
ਮੂਲਿ ਲਗੈ ਤਾਂ ਸਤਿਗੁਰੁ ਪਾਏ॥ ੩॥

ਜਾਂ ਗੁਰਾਂ ਨੇ, ਵਾ:- ਹਰੀ ਨੇ ਕਿਰਪਾ ਕਰ ਕੇ ਲਗਾਏ ਤਾਂ ਹੀ ਧਰਮ ਰੂਪੀ ਫੁੱਲ ਤੇ ਗਿਆਨ ਰੂਪ ਫਲ ਲੱਗੇ ਹਨ। ਜਾਂ ਸਤਿਗੁਰਾਂ ਨੂੰ ਪਾਇਆ ਤਾਂ ਹੀ ਮੂਲਿ= ਆਸਰਾ ਰੂਪ ਨਾਲ ਲੱਗ ਗਏ॥ ੩॥

ਆਪਿ ਬਸੰਤੁ ਜਗਤੁ ਸਭੁ ਵਾੜੀ॥
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥ ੪॥ ੫॥ ੧੭॥

ਏਹ ਸਾਰਾ ਜਗਤ ਵਾੜੀ= ਬਗੀਚੀ ਹੈ, ਇਸ ਨੂੰ ਉਹ ਪਰਮੇਸ਼ਰ ਆਪ ਹੀ ਬਸੰਤ ਰੁੱਤ ਵਾਂਗ ਬਸੰਤੁ= ਖਿੜਾਉਣ ਵਾਲਾ ਹੈ। ਗੁਰੂ ਜੀ ਕਥਨ ਕਰਦੇ ਹਨ—ਸੰਸਾਰ ਤੋਂ ਨਿਰਾਲਿਆਂ ਕਰਨ ਵਾਲੀ ਭਗਤੀ ਪੂਰਿਆਂ ਭਾਗਾਂ ਕਰ ਕੇ ਪਰਾਪਤ ਹੁੰਦੀ ਹੈ॥ ੪॥ ੫॥ ੧੭॥

ਬਸੰਤੁ ਹਿੰਡੋਲ ਮਹਲਾ ੩ ਘਰੁ ੨ ੧ੴ ਸਤਿਗੁਰ ਪ੍ਰਸਾਦਿ॥
ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ॥

ਹੇ ਭਾਈ ! ਗੁਰਾਂ ਦੀ ਉਪਦੇਸ਼ ਬਾਣੀ ਉੱਪਰੋਂ ਵਾਰਨੇ ਜਾਂਦਾ ਹਾਂ ਅਤੇ ਗੁਰਾਂ ਦੇ ਮਹਾਂ ਵਾਕ ਰੂਪ ਸ਼ਬਦ ਤੋਂ ਭੀ ਬਲਿਹਾਰ ਜਾਂਦਾ ਹਾਂ।

ਗੁਰੁ ਸਾਲਾਹੀ ਸਦ ਅਪਣਾ ਭਾਈ ਗੁਰ ਚਰਣੀ ਚਿਤੁ ਲਾਈ॥ ੧॥ ਰਹਾਉ॥

ਹੇ ਭਾਈ ! ਆਪਣੇ ਗੁਰੂ ਦੀ ਸਦਾ ਉਪਮਾ ਕਰਦਾ ਹਾਂ ਅਤੇ ਗੁਰੂ ਦੇ ਚਰਨਾਂ ਨਾਲ ਚਿਤ ਬਿਰਤੀ ਨੂੰ

ਲਗਾਉਂਦਾ ਹਾਂ॥ ੧॥

ਮੇਰੇ ਮਨ ਰਾਮ ਨਾਮਿ ਚਿਤੁ ਲਾਇ॥

ਹੇ ਮੇਰੇ ਮਨ ! ਤੂੰ ਭੀ ਰਾਮ ਨਾਮ ਵਿਚ ਚਿਤ ਨੂੰ ਲਗਾਈ ਰੱਖ।

ਮਨੁ ਤਨੁ ਤੇਰਾ ਹਰਿਆ ਹੋਵੈ ਇਕੁ ਹਰਿ ਨਾਮਾ ਫਲੁ ਪਾਇ॥ ੧॥ ਰਹਾਉ॥

ਤਦ ਤੇਰਾ ਮਨ ਤਨ ਹਰਿਆ= ਅਨੰਦ ਹੋਵੇਗਾ ਅਤੇ ਇਕ ਨਾਮ ਨੂੰ ਜਪ ਕੇ ਮੋਖ ਰੂਪੀ ਫਲ ਨੂੰ ਪਾਉਣਾ ਕਰ॥ ੧॥ ਰਹਾਉ॥

ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ॥

ਹੇ ਭਾਈ ! ਗੁਰੂ ਨੇ ਜਿਨ੍ਹਾਂ ਨੂੰ ਹੱਥ ਦੇ ਕੇ ਰਖਿਆ ਹੈ ਅਤੇ ਹਰੀ ਨਾਮ-ਅੰਮ੍ਰਿਤ-ਰਸ ਪਿਲਾਇਆ ਹੈ, ਸੇ ਉਬਰੇ= ਉਹ (ਜਮਾਂ ਤੋਂ) ਬਚ ਗਏ ਹਨ।

ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ॥ ੨॥

ਹੇ ਭਾਈ ! ਉਹਨਾਂ ਦੇ ਹਿਰਦੇ ਵਿੱਚੋਂ ਹੌਮੇ ਦਾ ਦੁੱਖ ਉਠ ਗਿਆ ਹੈ ਅਤੇ ਮਨ ਵਿਚ ਸੁਖ ਆ ਕੇ ਵਸਿਆ ਹੈ॥ ੨॥

ਧੁਰਿ ਆਪੇ ਜਿਨ੍ਹਾ ਨੋ ਬਖਸਿਓਨੁ ਭਾਈ ਸਬਦੇ ਲਇਅਨੁ ਮਿਲਾਇ॥

ਹੇ ਭਾਈ ! ਜਿਨ੍ਹਾਂ ਨੂੰ ਧੁਰਿ= ਮੁੱਢ ਤੋਂ ਆਪ ਹੀ ਗੁਰ-ਸ਼ਬਦ ਦੁਆਰਾ ਬਖਸ਼ ਲੀਤਾ ਹੈ, ਉਹਨਾਂ ਨੂੰ ਆਪਣੇ ਨਾਲ ਮਿਲਾ ਲੀਤਾ ਹੈ।

ਧੂੜਿ ਤਿਨ੍ਹਾ ਕੀ ਅਘੁਲੀਐ ਭਾਈ ਸਤਸੰਗਤਿ ਮੇਲਿ ਮਿਲਾਇ॥ ੩॥

ਹੇ ਭਾਈ ! ਉਹਨਾਂ ਦੀ ਚਰਨ ਧੂੜੀ ਕਰ ਕੇ ਦੁੱਖਾਂ ਤੋਂ ਅਘੁਲੀਐ= ਛੁਟਕਾਰਾ ਹੁੰਦਾ ਹੈ ਅਤੇ ਉਨ੍ਹਾਂ ਦੀ ਸਤਸੰਗਤ ਵਿਚ ਮਿਲਾ ਕੇ ਵਾਹਿਗੁਰੂ ਆਪਣੇ ਨਾਲ ਮਿਲਾ ਲੈਂਦਾ ਹੈ॥ ੩॥

ਆਪਿ ਕਰਾਏ ਕਰੇ ਆਪਿ ਭਾਈ ਜਿਨਿ ਹਰਿਆ ਕੀਆ ਸਭੁ ਕੋਇ॥

ਹੇ ਭਾਈ ! ਜਿਸ ਪਰਮੇਸ਼ਰ ਨੇ ਆਪਣੀ ਚੇਤਨ ਸੱਤਾ ਪਾ ਕੇ ਸਭ ਕਿਸੇ ਨੂੰ ਹਰਿਆਂ ਕੀਤਾ ਹੈ, ਉਹ ਪਰਮੇਸ਼ਰ ਪਹਿਲੇ ਆਪ (ਬ੍ਰਹਮਾ ਆਦਿਕਾਂ ਨੂੰ ਪੈਦਾ) ਕਰਦਾ ਹੈ, ਫਿਰ ਆਪ ਹੀ ਉਹਨਾਂ ਤੋਂ (ਸ੍ਰਿਸ਼ਟੀ ਦੀ ਪੈਦਾਇਸ਼, ਪਰਵਰਿਸ਼ ਤੇ ਸੰਘਾਰ) ਕਰਾਉਂਦਾ ਹੈ।

ਨਾਨਕ ਮਨਿ ਤਨਿ ਸੁਖੁ ਸਦਾ ਵਸੈ ਭਾਈ
ਸਬਦਿ ਮਿਲਾਵਾ ਹੋਇ॥ ੪॥ ੧॥ ੧੮॥ ੧੨॥ ੧੮॥ ੩੦॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਜੇਕਰ ਉਸ ਸਬਦਿ= ਬ੍ਰਹਮ ਨਾਲ ਮਿਲਾਪ ਹੋ ਜਾਵੇ, ਤਾਂ ਮਨ ਤਨ ਵਿਚ ਸਦਾ ਆਤਮ-ਸੁਖ ਵਸਦਾ ਹੈ॥ ੪॥ ੧॥ ੧੮॥ ੧੨॥ ੧੮॥ ੩੦॥

ਰਾਗੁ ਬਸੰਤੁ ਮਹਲਾ ੪ ਘਰੁ ੧ ਇਕ ਤੁਕੇ ੧ੴ ਸਤਿਗੁਰ ਪ੍ਰਸਾਦਿ॥
ਜਿਉ ਪਸਰੀ ਸੂਰਜ ਕਿਰਣਿ ਜੋਤਿ॥

ਜਿਵੇਂ ਜੋਤੀਆਂ ਵਿੱਚੋਂ ਸੂਰਜ ਜੋਤੀ ਦੀਆਂ ਕਿਰਣਾਂ ਸਾਰੇ ਪਸਰੀ= ਫੈਲ ਰਹੀਆਂ ਹਨ।

ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥ ੧ ॥

ਤਿਵੇਂ ਸਾਰਿਆਂ ਘਟਾਂ ਵਿਚ ਉਹ ਰਮਈਆ ਓਤਿ ਪੋਤਿ= ਤਾਣੇ-ਪੇਟੇ ਵਾਂਗ ਵਿਆਪਕ ਹੋ ਰਿਹਾ ਹੈ॥ ੧ ॥

ਏਕੋ ਹਰਿ ਰਵਿਆ ਸ੍ਰਬ ਥਾਇ ॥
ਗੁਰ ਸਬਦੀ ਮਿਲੀਐ ਮੇਰੀ ਮਾਇ ॥ ੧ ॥ ਰਹਾਉ ॥

ਇਕ ਹਰੀ ਸਾਰੀਆਂ ਜਗ੍ਹਾਂ ਪਰ ਰਵਿਆ= ਪੂਰਨ ਹੋ ਰਿਹਾ ਹੈ। ਹੇ ਮੇਰੇ ਭਾਈ ! ਗੁਰਾਂ ਦੇ ਉਪਦੇਸ਼ ਦੁਆਰਾ ਉਸ ਨਾਲ ਮਿਲਾਪ ਹੁੰਦਾ ਹੈ॥ ੧ ॥ ਰਹਾਉ ॥

ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥
ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥ ੨ ॥

ਉਹ ਇਕ ਹਰੀ ਸਾਰਿਆਂ ਘਟਾਂ ਅੰਦਰ ਸੋਇ= ਸੋਭ ਰਿਹਾ ਹੈ। ਪਰ ਗੁਰੂ ਨਾਲ ਮਿਲਿਆਂ ਹੀ ਇਕ ਹਰੀ ਪਰਗਟ ਹੁੰਦਾ ਹੈ॥ ੨ ॥

ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥ ੩ ॥

ਇਕੋ ਇਕ ਅਦੁਤੀ ਬ੍ਰਹਮ ਭਰਪੂਰ ਤਾਂ ਸਾਰੇ ਹੋ ਰਿਹਾ ਹੈ। ਪਰ ਸਾਕਤ ਲੋਭੀ ਪੁਰਸ਼ ਉਸ ਨੂੰ ਦੂਰ ਜਾਣਦੇ ਹਨ॥ ੩ ॥

ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥ ੪ ॥ ੧ ॥

ਸਾਰਿਆਂ (ਲੋਕਾਂ) ਵਿਚ ਇਕੋ ਇਕ ਹਰੀ ਵਰਤ ਰਿਹਾ ਹੈ। ਜਾਂ ਇਕ ਅਦੁਤੀ ਪਰਮਾਤਮਾ ਹਰ ਇਕ ਲੋਕਾਂ ਵਿਚ ਵਰਤ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ—ਜੋ ਇਕ ਹਰੀ ਕਰਦਾ ਹੈ, ਓਹੀ ਹੁੰਦਾ॥ ੪ ॥ ੧ ॥

ਬਸੰਤੁ ਮਹਲਾ ੪ ॥
ਰੈਣਿ ਦਿਨਸੁ ਦੁਇ ਸਦੇ ਪਏ ॥

ਰੈਣਿ ਦਿਨਸੁ= ਰਾਤ ਤੇ ਦਿਨ ਏਹ ਦੋਵੇਂ ਕਾਲ ਦੇ ਸੱਦੇ ਜੀਵਾਂ ਨੂੰ ਪੈ ਰਹੇ ਹਨ, ਕਿ ਜਿਵੇਂ ਸਾਡਾ ਚੱਕਰ ਬੱਝਾ ਹੋਇਆ ਹੈ, ਤਿਵੇਂ ਨਾਮ ਹੀਣ ਜੀਵਾਂ ਦੇ ਜਨਮ ਮਰਨ ਦਾ ਚੱਕਰ ਬੱਝਾ ਰਹਿੰਦਾ ਹੈ।

ਮਨ ਹਰਿ ਸਿਮਰਹੁ ਅੰਤਿ ਸਦਾ ਰਖਿ ਲਏ ॥ ੧ ॥

ਹੇ ਮਨ! ਹਰੀ ਨੂੰ ਸਿਮਰਨਾ ਕਰ, ਉਹ ਤੈਨੂੰ ਸਦਾ ਅੰਤ ਵੇਲੇ ਜਮਾਂ ਤੋਂ ਰੱਖ ਲਏਗਾ॥ ੧ ॥

ਹਰਿ ਹਰਿ ਚੇਤਿ ਸਦਾ ਮਨ ਮੇਰੇ ॥

ਹੇ ਮੇਰੇ ਮਨ ! ਤੂੰ ਸਦਾ ਹੀ ਹਰਿ ਹਰਿ ਨਾਮ ਨੂੰ ਚੇਤਨਾ ਕਰ।

ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ
ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥ ੧ ॥ ਰਹਾਉ ॥

ਗੁਰਾਂ ਦੀ ਸਿਖਿਆ ਦੁਆਰੇ ਪ੍ਰਭੂ ਦੇ ਗੁਣ ਗਾਉਣਾ ਕਰੋ, ਜਿਨ੍ਹਾਂ ਨੇ ਪ੍ਰਭੂ ਦੇ ਗੁਣਾਂ ਨੂੰ ਗਾਇਆ ਹੈ, ਉਹਨਾਂ ਪੁਰਸ਼ਾਂ ਨੇ ਸਾਰੇ ਆਲਸ ਤੇ ਦੁੱਖਾਂ ਦੇ ਨਾਸ ਕਰਨ ਵਾਲੇ ਨੂੰ ਪ੍ਰਭੂ ਨੂੰ ਪਾਇਆ ਹੈ॥ ੧॥ ਰਹਾਉ॥

ਮਨਮੁਖ ਫਿਰਿ ਫਿਰਿ ਹਉਮੈ ਮੁਏ॥

[ਪੰਨਾ ੧੧੭੮] ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ॥ ੨॥

ਮਨਮੁਖ ਪੁਰਸ਼ ਹੌਮੇ ਵਿਚ ਲੱਗ ਕੇ ਫਿਰਿ ਫਿਰਿ= ਮੁੜ-ਮੁੜ ਕੇ ਮਰਦੇ ਹਨ। ਉਹ ਕਾਲ ਰੂਪੀ ਦੈਂਤ ਦੇ ਸੰਘਾਰੇ= ਮਾਰੇ ਹੋਏ ਜਮਪੁਰੀ ਵਿਚ ਗਏ ਹਨ॥ ੨॥

ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ॥

ਜਨਮ ਮਰਣ ਦੋਊ ਦੁਖ ਭਾਗੇ॥ ੩॥

ਜੇਹੜੇ ਗੁਰਮੁਖ ਹਰ ਇਕ ਜੀਵ ਦੇ ਹਰਿਆਂ ਕਰਨ ਵਾਲੇ ਹਰੀ ਦੀ ਲਿਵ ਵਿਚ ਲੱਗੇ ਰਹਿੰਦੇ ਹਨ। ਵਾ:- ਮਨ, ਬਾਣੀ, ਸਰੀਰ ਕਰ ਕੇ ਹਰੀ ਦੀ ਲਿਵ ਵਿਚ ਲੱਗੇ ਰਹਿੰਦੇ ਹਨ। ਉਨ੍ਹਾਂ ਦੇ ਜਨਮ ਮਰਨ ਰੂਪ ਦੋਵੇਂ ਦੁੱਖ ਦੌੜ ਗਏ ਹਨ॥ ੩॥

ਭਗਤ ਜਨਾ ਕਉ ਹਰਿ ਕਿਰਪਾ ਧਾਰੀ॥

ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ॥ ੪॥ ੨॥

ਭਗਤ ਜਨਾਂ ਨੂੰ ਹਰੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕੀਤੀ ਹੈ। ਜਿਨ੍ਹਾਂ ਉੱਤੇ ਗੁਰੂ ਨਾਨਕ ਤੁਠਾ= ਪ੍ਰਸੰਨ ਹੋਇਆ ਹੈ, ਉਨ੍ਹਾਂ ਨੂੰ ਸੰਸਾਰ-ਬਨ ਦਾ ਮਾਲਕ ਪ੍ਰਭੂ ਮਿਲਿਆ ਹੈ॥ ੪॥ ੨॥

ਬਸੰਤੁ ਹਿੰਡੋਲ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥

ਅਸਥੂਲ ਸਰੀਰ ਰੂਪੀ ਗੜ= ਕਿਲ੍ਹੇ ਮੰਦਰਿ= ਅੰਦਰ ਜੋ ਸ਼ੁੱਧ ਬੁੱਧੀ ਰੂਪੀ ਕੋਠੀ ਹੈ, ਉਸ ਵਿਚ ਰਤਨ= ਅਮੋਲਕ ਇਕ ਰਾਮ ਨਾਮ ਰੂਪੀ ਵਸਤੂ ਲੁਕੀ ਹੋਈ ਹੈ। ਵਾ:- ਰਾਮ ਦਾ ਨਾਮ ਰਤਨਾਂ ਦੀ ਕੋਠੀ ਹੈ, ਜੋ ਅਸਥੂਲ ਸਰੀਰ ਰੂਪੀ ਕਿਲ੍ਹੇ ਦੇ ਅੰਤਹਕਰਨ ਰੂਪੀ ਮੰਦਰ ਵਿਚ ਇਕ ਪ੍ਰਭੂ ਨੇ ਲੁਕਾਈ ਹੋਈ ਹੈ।

ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥ ੧॥

ਸਤਿਗੁਰੂ ਮਿਲਣ ਤਾਂ ਉਹ ਰਾਮ ਨਾਮ ਰੂਪੀ ਵਸਤੂ ਖੋਜੀਦੀ ਹੈ, ਜਿਸ ਨੇ ਉਹ ਵਸਤੂ ਲੱਭ ਲਈ ਹੈ, ਉਸ ਦੀ ਜੋਤਿ= ਸੁਰਤ ਜੋਤੀ ਨਾਲ ਮਿਲ ਕੇ ਅਭੇਦ ਹੋਈ ਹੈ॥ ੧॥

ਮਾਧੋ ਸਾਧੂ ਜਨ ਦੇਹੁ ਮਿਲਾਇ॥

ਹੇ ਮਾਧੋ= ਮਾਇਆ ਪਤੀ (ਪਰਮਾਤਮਾ) ! ਉਨ੍ਹਾਂ ਸੰਤ ਜਨਾਂ ਨਾਲ ਮੈਨੂੰ ਮਿਲਾ ਦਿਓ।

ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ॥ ੧॥ ਰਹਾਉ॥

ਜਿਨ੍ਹਾਂ ਦੇ ਦਰਸ਼ਨ ਦੇਖਦਿਆਂ ਹੀ ਸਾਰੇ ਪਾਪ ਨੱਸ ਜਾਂਦੇ ਹਨ ਅਤੇ ਪਵਿੱਤਰ ਪਰਮ ਪਦ ਨੂੰ ਪਾਉਂਦਾ ਹੈ॥ ੧॥ ਰਹਾਉ॥

ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥

(ਕਾਮ, ਕਰੋਧ, ਆਦਿਕ) ਪੰਜ ਚੋਰ ਮਿਲਿ= ਇਕੱਠੇ ਹੋ ਕੇ ਇਸ ਸਰੀਰ ਰੂਪੀ ਨਗਰੀ ਵਿਚ ਚੋਰੀ ਕਰਨ ਲੱਗੇ ਹੋਏ ਹਨ, ਉਨ੍ਹਾਂ ਚੋਰਾਂ ਨੇ ਰਾਮ ਨਾਮ ਰੂਪੀ ਧਨ ਹਿਰਿਆ= ਚੁਰਾ ਲਿਆ ਹੈ।

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥ *(ਮਹਲਾ ੩, ਪੰਨਾ ੬੦੦)*

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥ ੨॥

ਜਿਸ ਵੇਲੇ ਗੁਰਾਂ ਦੀ ਸਿਖਿਆ ਦੁਆਰੇ ਉਨ੍ਹਾਂ ਦੇ ਖੋਜ= ਪਿੱਛੇ ਪਏ, ਤਦ (ਉਹ ਕਾਮ ਆਦਿਕ ਚੋਰ) ਪਕੜੇ ਗਏ ਅਤੇ ਰਾਸਿ= ਸੱਚਾ ਰਾਮ ਨਾਮ ਰੂਪੀ ਧਨ ਸਾਬਤੁ= ਜਿਉਂ ਕਾ ਤਿਉਂ ਉਬਰਿਆ= ਬਚ ਗਿਆ। (ਜਿਨ੍ਹਾਂ ਨੂੰ ਗੁਰਾਂ ਦਾ ਸੰਗ ਨਹੀਂ ਮਿਲਿਆ-)

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ॥

ਉਹ ਗੁਰੂ ਤੋਂ ਹੀਣੇ ਪੁਰਸ਼ ਪਖੰਡ, ਭਰਮ ਅਤੇ ਕਈ ਤਰ੍ਹਾਂ ਦੇ ਸੰਸਾਰਕ ਜਤਨ ਕਰ-ਕਰ ਕੇ ਥੱਕ ਗਏ ਪਰ ਉਹ ਚੋਰਾਂ ਨੂੰ ਫੜ ਨਹੀਂ ਸਕੇ, ਕਿਉਂਕਿ ਉਨ੍ਹਾਂ ਦੇ ਹਿਰਦੇ ਅੰਦਰ ਮਾਇਆ= ਛਲ ਰੂਪ ਮਾਇਆ ਦੀ ਵਾਸ਼ਨਾ ਹੈ। *ਅਥਵਾ:-* ਹਾਏ ਮਾਇਆ ਹਾਏ ਮਾਇਆ ਕਰਦੇ ਰਹਿੰਦੇ ਹਨ।

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ॥ *(ਪੰਨਾ ੧੪੨੬)*

ਸਾਧੂ ਪੁਰਖੁ ਪੁਰਖ ਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ॥ ੩॥

ਜਿਸ ਨੇ ਸਾਧੂ ਪੁਰਖਾਂ ਨਾਲ ਮਿਲ ਕੇ ਅਗਿਆਨ ਰੂਪ ਹਨੇਰੇ ਨੂੰ ਗਵਾਇਆ= ਦੂਰ ਕੀਤਾ ਹੈ, ਉਸ ਨੇ ਪੁਰਖਪਤਿ= ਪਰਮਾਤਮਾ ਨੂੰ ਪਾਇਆ ਹੈ॥ ੩॥

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ॥

ਉਹ ਜਗੰਨਾਥ= ਪਰਮਾਤਮਾ ਸਾਰੇ ਜਗਤ ਦਾ ਈਸ਼ਵਰ ਤੇ ਗੁਸਾਈ= ਪ੍ਰਿਥਵੀ ਦਾ ਮਾਲਕ ਹੈ, ਓਹੀ ਕਿਰਪਾ ਦ੍ਰਿਸ਼ਟੀ ਕਰ ਕੇ ਸੰਤਾਂ ਨਾਲ ਮਿਲਾਉਂਦਾ ਹੈ।

ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ॥੪॥੧॥੩॥

ਗੁਰੂ ਜੀ ਕਥਨ ਕਰਦੇ ਹਨ— ਸੰਤਾਂ ਨਾਲ ਮਿਲ ਕੇ ਨਿਤਾਪ੍ਰਤੀ ਹਿਰਦੇ ਅੰਦਰ ਹਰੀ ਦੇ ਗੁਣ ਗਾਉਣਾ ਕਰੇ, ਤਾਂ ਮਨ ਅੰਦਰ ਸ਼ਾਂਤੀ ਪਰਾਪਤ ਹੁੰਦੀ ਹੈ॥ ੪॥ ੧॥ ੩

ਬਸੰਤੁ ਮਹਲਾ ੪ ਹਿੰਡੋਲ॥

ਤੁਮ੍ ਵਡ ਪੁਰਖ ਵਡ ਅਗਮ ਗੁਸਾਈ ਹਮ ਕੀਰੇ ਕਿਰਮ ਤੁਮਨਛੇ॥

ਹੇ ਅਗਮ ਗੁਸਾਈ ! ਆਪ ਵੱਡਿਆਂ ਤੋਂ ਵੱਡੇ ਪੁਰਖ ਹੋ, *ਵਾ:-* ਆਪ ਵੱਡਿਆਂ ਪੁਰਖਾਂ ਨਾਲੋਂ ਭੀ ਵੱਡੇ ਹੋ, ਹਮ= ਅਸੀਂ ਤੁਮਨਛੇ= ਆਪ ਜੀ ਦੇ ਕੀਰੇ ਕਿਰਮ= ਦਾਸਾਂ ਦੇ ਦਾਸ ਹਾਂ। *ਵਾ:-* ਕੀਰੇ ਕਿਰਮ= ਤੁੱਛ ਦਾਸ ਹਾਂ।

ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ
ਗੁਰ ਸਤਿਗੁਰ ਚਰਣ ਹਮ ਬਨਛੇ ॥ ੧ ॥

ਹੇ ਦੀਨ ਦਿਆਲ ਹਰੀ ਪ੍ਰਭੂ ! ਆਪ ਕਿਰਪਾ ਦ੍ਰਿਸ਼ਟੀ ਕਰੋ, ਅਸੀਂ ਗੁਰ= ਪੂਜਨੀਕ ਸਤਿਗੁਰਾਂ ਦੇ ਚਰਨਾਂ ਨੂੰ ਪਰਸਨਾ ਬਨਛੇ= ਚਾਹੁੰਦੇ ਹਾਂ ॥ ੧ ॥

ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ ॥

ਹੇ ਗੋਬਿੰਦ ਜੀਉ ! ਕ੍ਰਿਪਛੇ= ਕਿਰਪਾ ਦ੍ਰਿਸ਼ਟੀ ਕਰ ਕੇ ਸਤ ਸੰਗਤ ਨਾਲ ਮੇਲਣਾ ਕਰੋ।

ਜਨਮ ਜਨਮ ਕੇ ਕਿਲਵਿਖ ਮਲੁ ਭਰਿਆ
ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥ ੧ ॥ ਰਹਾਉ ॥

ਹੇ ਪ੍ਰਭੂ ! ਜਨਮਾਂ ਜਨਮਾਂ ਦੇ ਕਿਲਵਿਖ= ਪਾਪਾਂ ਦੀ ਮੈਲ ਨਾਲ ਭਰਿਆ ਹੋਇਆ ਸਾਡਾ ਅੰਤਹਕਰਨ ਸਤ ਸੰਗਤ ਨਾਲ ਮੇਲ ਕੇ ਹਨਛੇ= ਹੱਛਾ ਭਾਵ ਸ਼ੁਧ ਕਰ ਦਿਓ ॥ ੧ ॥ ਰਹਾਉ ॥

ਤੁਮ੍ਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ ॥

ਹੇ ਹਰੀ ! ਤੁਹਾਡਾ ਸੇਵਕ ਜਨ ਚਾਹੇ ਉੱਚੀ ਜ਼ਾਤੀ ਵਿਚੋਂ, ਭਾਵੇਂ ਅਵਿਜਾਤਾ= ਨੀਚ ਜ਼ਾਤੀ ਵਿਚੋਂ ਹੈ, ਜਿਸ ਨੇ ਹਰੀ-ਨਾਮ ਨੂੰ ਜਪਿਆ ਹੈ, ਉਹ ਪਾਪੀ ਭੀ ਪਵੀਛੇ= ਪਵਿੱਤਰ ਹੋ ਗਿਆ ਹੈ।

ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ ਦਿਨਛੇ ॥ ੨ ॥

ਹੇ ਹਰਿ ਹਰਿ ਪ੍ਰਭੂ ! ਜਿਨ੍ਹਾਂ ਨੂੰ ਆਪ ਜੀ ਨੇ ਸੋਭਾ ਕਰਨੀ ਦਿਨਛੇ= ਦਿੱਤੀ ਹੈ, ਹੇ ਹਰੀ ! ਉਨ੍ਹਾਂ ਨੂੰ ਤੁਸਾਂ ਨੇ ਸਾਰਿਆਂ ਭਵਨਾਂ ਤੋਂ ਊਪਰਿ= ਉੱਚਾ ਕਰ ਦਿੱਤਾ ਹੈ ॥ ੨ ॥

ਜਿਵੇਂ ਬਾਲਮੀਕ ਦੀ ਭਗਤੀ ਵੇਖ ਕੇ ਕ੍ਰਿਸ਼ਨ ਜੀ ਨੇ ਰਾਜੇ ਯੁਧਿਸਟਰ ਨੂੰ ਕਿਹਾ ਸੀ—"ਅੰਕ ਭਰ ਭਾਈ ਹੈ! ਏਹ ਤੇਰਾ ਭਰਾ ਹੈ ਇਸ ਨੂੰ ਜੱਫੀ ਪਾ ਕੇ ਮਿਲ।" ਇਸ ਤਰ੍ਹਾਂ ਕਹਿ ਕੇ ਸਭ ਤੋਂ ਬਾਲਮੀਕ ਨੂੰ ਉੱਚਾ ਕਰ ਦਿੱਤਾ। ਏਸੇ ਕਰ ਕੇ ਕਿਹਾ ਹੈ-

ੳ) ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥ *(ਪੰਨਾ ੩੮੬)*

ਅ) ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥ ੨ ॥ *(ਪੰਨਾ ੧੧੨੪)*

ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ ॥

ਚਾਹੇ ਜਾਤਿ= ਗਿਆਤ ਸਹਿਤ, ਭਾਵੇਂ ਅਜਾਤਿ= ਅਗਿਆਤ, ਵਾ:- ਚਾਹੇ ਉੱਚੀ ਜ਼ਾਤੀ ਜਾਂ ਅਜਾਤਿ= ਨੀਚ ਜ਼ਾਤੀ ਵਿਚੋਂ ਕੋਈ ਭੀ ਪ੍ਰਭੂ ਨੂੰ ਧਿਆ ਲਵੇ, ਤਾਂ ਤਿਨਛੇ= ਉਨ੍ਹਾਂ ਦੇ ਸਾਰੇ ਮਨ ਦੇ ਮਾਨਸ= ਸੰਕਲਪ (ਮਨੋਰਥ) ਪੂਰੇ ਹੋ ਜਾਂਦੇ ਹਨ।

ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ੍ ਹਰਿ ਧਾਰਿਓ ਹਰਿ ਉਰਛੇ ॥ ੩ ॥

ਉਹ ਹਰੀ ਦੇ ਸੇਵਕ ਜਨ ਵਡਿਆਂ ਤੋਂ ਵਡੇ ਤੇ ਪੂਰੇ ਧੰਨਤਾ ਜੋਗ ਹਨ, ਜਿਨ੍ਹਾਂ ਨੇ ਹਰ ਵੇਲੇ ਹਰਿ ਹਰਿ

ਨਾਮ ਨੂੰ ਉਰਛੇ= ਹਿਰਦੇ ਵਿਚ ਧਾਰਿਆ ਹੈ॥ ੩॥

ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ॥

ਮੈਂ ਢੀਂਢੇ= ਨੀਚ (ਨਿਊਣ) ਹਾਂ, ਵਾ:- ਮਨ ਦਾ ਕਠੋਰ ਹਾਂ ਅਤੇ ਢੀਮ= ਮਿੱਟੀ ਦੇ ਡਲੇ ਸਮਾਨ ਬਹੁਤ ਕਰੜਾ ਤੇ ਪਾਪਾਂ ਕਰ ਕੇ ਬੜਾ ਭਾਰੀ ਹਾਂ, ਪਰ ਹੇ ਹਰੀ ਪ੍ਰਭੂ! ਆਪ ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਮਿਲ ਪਵੋ।

ਜਨ ਨਾਨਕ ਗੁਰੁ ਪਾਇਆ ਹਰਿ ਤੂਠੇ
ਹਮ ਕੀਏ ਪਤਿਤ ਪਵੀਛੇ॥ ੪॥ ੨॥ ੪॥

ਗੁਰੂ ਜੀ ਕਥਨ ਕਰਦੇ ਹਨ—ਹਰੀ ਦੇ ਤੂਠੇ= ਪ੍ਰਸੰਨ ਹੋਣ 'ਤੇ ਮੈਂ ਸੇਵਕ ਜਨ ਨੇ ਗੁਰੂ ਨੂੰ ਪਾਇਆ ਹੈ, ਜਿਸ ਗੁਰੂ ਨੇ ਮੇਰੇ ਵਰਗੇ ਪਾਪੀਆਂ ਨੂੰ ਪਵੀਛੇ= ਪਵਿੱਤਰ ਕਰ ਦਿੱਤਾ ਹੈ॥ ੪॥ ੨॥ ੪॥

ਬਸੰਤੁ ਹਿੰਡੋਲ ਮਹਲਾ ੪॥

ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸਿ ਗੀਧੇ॥

ਨਿਤਾਪ੍ਰਤੀ ਹਰਿ ਹਰਿ ਨਾਮ-ਰਸ ਵਿਚ ਗੀਧੇ= ਤਦਾਕਾਰ ਹੋਣ ਕਰ ਕੇ, ਮੇਰਾ ਮਨ ਇਕ ਖਿਨ ਮਾਤ੍ਰ ਭੀ ਹਰੀ ਨਾਮ ਤੋਂ ਬਿਨਾਂ ਰਹਿ ਨਹੀਂ ਸਕਦਾ।

ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ॥੧॥

ਜਿਵੇਂ ਛੋਟਾ ਬੱਚਾ ਰਸਕਿ= ਤਦਾਕਾਰ ਹੋ ਕੇ ਮਾਂ ਦੇ ਥਣਾਂ ਨੂੰ ਪੈਂਦਾ ਹੈ, ਜਾਂ ਥਣਾਂ ਦੇ ਰਸਕਿ= ਰਸ ਵਿਚ ਪਿਆ ਹੁੰਦਾ ਹੈ, ਜਿਸ ਵੇਲੇ ਮਾਂ ਬੱਚੇ ਦੇ ਮੂੰਹ ਵਿਚੋਂ ਥਣ ਨੂੰ ਕੱਢਦੀ ਹੈ ਤਾਂ ਬੱਚਾ ਬਿਲਲਿਆਂ ਵਾਂਗ ਵਿਰਲਾਪ ਕਰਦਾ ਹੈ। ਤਿਵੇਂ ਮੈਂ ਆਪ ਜੀ ਦਾ ਬੱਚਾ ਆਪ ਜੀ ਦੇ ਨਾਮ ਰੂਪ ਥਣ ਵਿਚ ਤਦਾਕਾਰ ਹਾਂ, ਨਾਮ ਤੋਂ ਬਿਨਾਂ ਬਿਲਲਿਆਂ ਦੀ ਤਰ੍ਹਾਂ ਵਿਰਲਾਪ ਕਰਦਾ ਹਾਂ॥ ੧॥

ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ॥

ਹੇ ਗੋਬਿੰਦ ਜੀਉ ! ਮੇਰੇ ਮਨ ਤਨ ਆਦਿਕ ਚਾਰੇ ਅੰਤਹਕਰਨ ਹਰੀ ਨਾਮ-ਸਿਮਰਨ ਵਿਚ ਹੀ ਬੀਧੇ= ਵਿੰਨ੍ਹੇ (ਮਿਲੇ) ਹੋਏ ਹਨ।

ਵਡੈ ਭਾਗਿ ਗੁਰੁ ਸਤਿਗੁਰੁ ਪਾਇਆ

[ਪੰਨਾ ੧੧੭੯]

ਵਿਚਿ ਕਾਇਆ ਨਗਰ ਹਰਿ ਸੀਧੇ॥ ੧॥ ਰਹਾਉ॥

ਵੱਡਿਆਂ ਭਾਗਾਂ ਕਰ ਕੇ ਜਿਸ ਵੇਲੇ ਗੁਰੂ= ਪੂਜਨੀਕ ਸਤਿਗੁਰਾਂ ਨੂੰ ਪਾਇਆ, ਤਾਂ ਕਾਇਆ= ਸਰੀਰ-ਨਗਰ ਦੇ ਵਿਚ ਹੀ ਹਰੀ ਨੂੰ ਸੀਧੇ= ਸਿਧ (ਜ਼ਾਹਰ) ਕਰ ਲਿਆ॥ ੧॥ ਰਹਾਉ॥

ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ॥

ਸੇਵਕ ਜਨਾਂ ਦੇ ਜਿੰਨੇ-ਕੁ ਸ੍ਵਾਸ ਬਾਹਰ ਆਉਂਦੇ ਹਨ ਤੇ ਜਿੰਨੇ-ਕੁ ਸ੍ਵਾਸ ਅੰਦਰ ਜਾਂਦੇ ਹਨ, ਉਹ ਸਾਰੇ

ਸ੍ਵਾਸ ਹੀ ਹਰਿ ਹਰਿ ਪ੍ਰਭੂ ਦੇ ਬਿਰਹਿ= ਪ੍ਰੇਮ ਵਿਚ ਬੀਧੇ= ਤਦਾਕਾਰ (ਮਿਲੇ) ਹੋਏ ਹਨ।

ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ ॥ ੨ ॥

ਜਿਵੇਂ ਪਾਣੀ ਨਾਲ ਕੌਲ ਫੁੱਲ ਦੀ ਅਤਿ ਭਾਰੀ= ਬਹੁਤ ਹੀ ਪਰੀਤੀ ਹੁੰਦੀ ਹੈ, ਪਾਣੀ ਨੂੰ ਵੇਖੇ ਤੋਂ ਬਿਨਾਂ ਕੌਲ ਫੁੱਲ ਸੁਕਲੀਧੇ= ਸੁੱਕ ਜਾਂਦੇ ਹਨ। ਜਾਂ ਵੇਖਣਾ ਕਰੋ, ਜਲ ਤੋਂ ਬਿਨਾਂ ਕੌਲ ਫੁੱਲ ਸੁੱਕ ਜਾਂਦੇ ਹਨ॥ ੨ ॥

ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥

ਤਿਵੇਂ ਗੁਰਮੁਖ ਜਨਾਂ ਨੇ ਨਿਰੰਜਨੁ ਨਰਹਰਿ= ਪਰਮਾਤਮਾ ਦੇ ਨਾਮ ਨੂੰ ਜਪਣਾ ਕੀਤਾ ਹੈ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨੂੰ ਹਿਰਦੇ ਵਿਚ ਪ੍ਰੀਧੇ= ਪਰੋਸਿਆ ਹੈ।

ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥ ੩ ॥

ਨੀਧੇ= ਨਿਧੀ ਰੂਪ ਹਰਿ ਹਰਿ ਦੇ ਨਾਮ-ਅੰਮ੍ਰਿਤ-ਜਲ ਕਰ ਕੇ, ਅਨੇਕਾਂ ਜਨਮਾਂ ਦੀ ਹੌਮੈ ਰੂਪੀ ਮੈਲ ਨਿਕਲ ਗਈ ਹੈ॥ ੩ ॥

ਹਮਰੇ ਕਰਮ ਨ ਬਿਚਰਹੁ ਠਾਕੁਰ ਤੁਮ੍ ਪੈਜ ਰਖਹੁ ਅਪਨੀਧੇ ॥

ਹੇ ਠਾਕੁਰ ! ਤੁਸੀਂ ਸਾਡੇ ਮੰਦ ਕਰਮਾਂ ਨੂੰ ਨਾ ਵਿਚਾਰਨਾ ਕਰੋ; ਤੁਸੀਂ ਅਪਨੀਧੇ= ਆਪਣੀ ਪੈਜ ਰੱਖਣਾ ਕਰੋ। *ਅਥਵਾ:-* ਤੁਸੀਂ ਆਪਣਾ ਪਤਿਤ ਪਾਵਨ ਬਿਰਦ ਜਾਣ ਕੇ ਸਾਡੀ ਪੈਜ= ਇੱਜ਼ਤ ਰੱਖਣਾ ਕਰੋ।

ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ ॥੪ ॥੩ ॥੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਜੇਕਰ ਆਪ ਜੀ ਨੂੰ ਭਾਵੇ ਤਾਂ ਦਾਸ ਦੀ ਬਿਨਉ= ਸਨਿਮਰ ਬੇਨਤੀ ਸੁਣੋ, ਮੈਂ ਦਾਸ ਜਨ ਆਪ ਜੀ ਦੀ ਸ਼ਰਨ ਵਿਚ ਪਵੀਧੇ= ਪਿਆ ਹਾਂ॥ ੪ ॥ ੩ ॥ ੫ ॥

ਬਸੰਤੁ ਹਿੰਡੋਲ ਮਹਲਾ ੪ ॥

ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥

ਏਹ ਚੰਚਲ ਮਨ ਫਿਰ-ਫਿਰ ਕੇ, *ਵਾ:-* ਭਰਮ ਦਾ ਭਰਮਾਇਆ ਹੋਇਆ ਖਿਨ-ਖਿਨ ਵਿਚ ਬਹੁਤ ਸਾਰਾ ਧਾਵੈ= ਦੌੜਦਾ ਹੈ, ਇਕ ਤਿਲ ਜਿੰਨਾਂ ਭੀ ਸਰੂਪ-ਘਰ ਵਿਚ ਨਿਵਾਸ ਨਹੀਂ ਪਾਉਂਦਾ।

ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ
ਘਰਿ ਮੰਦਰਿ ਆਣਿ ਵਸਾਈਐ ॥ ੧ ॥

ਗੁਰਾਂ ਨੇ ਆਪਣੇ ਸਬਦੁ= ਉਪਦੇਸ਼ ਰੂਪ ਅੰਕਸੁ= ਕੁੰਡੇ ਨੂੰ ਮਸਤ ਮਨ ਰੂਪੀ ਦਾਰੂ= ਦੁਰਦ (ਹਾਥੀ) ਦੇ ਸਿਰ ਉੱਤੇ ਧਾਰਿਓ= ਟਿਕਾਇਆ ਹੈ, *ਅਥਵਾ-* ਗੁਰਾਂ ਨੇ ਆਪਣੇ ਉਪਦੇਸ਼ ਰੂਪੀ ਕੁੰਡੇ ਨੂੰ ਮਨ ਰੂਪ ਹਾਥੀ ਦੇ ਵਸ ਕਰਨ ਲਈ, *ਵਾ:-* ਦਾਰੂ= ਵਿੰਨ੍ਹਣੇ ਨੂੰ ਸਿਰ ਉੱਤੇ ਟਿਕਾਇਆ ਹੈ ਤੇ ਅਗਿਆਨ ਰੂਪ ਰੋਗ ਦੀ ਨਵਿਰਤੀ ਵਾਸਤੇ ਨਾਮ ਰੂਪ ਦਾਰੂ ਪਿਲਾਇਆ ਹੈ, ਇਸ ਤਰ੍ਹਾਂ ਮਨ ਨੂੰ ਸਰੂਪ-ਘਰ ਦੇ ਅੰਦਰ ਲਿਆ ਵਸਾਇਆ ਹੈ॥ ੧ ॥

ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥

ਹੇ ਗੋਬਿੰਦ ਜੀਉ ! ਸਤਸੰਗਤ ਵਿਚ ਮੇਲਣਾ ਕਰ, ਜਿਸ ਤੇ ਹਰੀ ਨਾਮ ਨੂੰ ਧਿਆਉਣਾ ਕਰੀਏ

ਹਉਮੈ ਰੋਗੁ ਗਇਆ ਸੁਖੁ ਪਾਇਆ
ਹਰਿ ਸਹਜਿ ਸਮਾਧਿ ਲਗਾਈਐ ॥ ੧ ॥ ਰਹਾਉ ॥

ਜਿਸ ਦਾ ਹੌਮੈ ਰੂਪੀ ਰੋਗ ਨਵਿਰਤ ਹੋ ਗਿਆ ਹੈ ਉਸ ਨੇ ਆਤਮਕ ਸੁਖ ਪਾਇਆ ਹੈ ਅਤੇ ਉਸ ਨੇ ਹਰੀ ਵਿਚ ਸਹਜਿ ਸਮਾਧਿ= ਨਿਰ-ਵਿਕਲਪ ਸਮਾਧੀ ਨੂੰ ਲਗਾਉਣਾ ਕੀਤਾ ਹੈ।

ਘਰਿ ਰਤਨ ਲਾਲ ਬਹੁ ਮਾਣਕ ਲਾਦੇ
ਮਨੁ ਭ੍ਰਮਿਆ ਲਹਿ ਨ ਸਕਾਈਐ ॥

ਅੰਤਹਕਰਨ ਰੂਪੀ ਘਰ ਵਿਚ ਰਤਨ= ਵੈਰਾਗ, ਲਾਲ= ਪ੍ਰੇਮ, ਮਾਣਕ= ਸ੍ਰਵਨ, ਮੰਨਨ, ਨਿਧਿਆਸਣ ਇਤਆਦਿਕ ਬਹੁਤ ਸਾਰੇ ਗੁਣ ਲਾਦੇ= ਭਰੇ ਪਏ ਹਨ; ਏਹ ਮਨ ਪਦਾਰਥਾਂ ਵਿਚ ਭਰਮਦਾ ਹੋਇਆ ਉਨ੍ਹਾਂ ਗੁਣਾਂ ਨੂੰ ਲਹਿ= ਜਾਣ ਨਹੀਂ ਸਕਦਾ।

ਜਿਉ ਓਡਾ ਕੂਪੁ ਗੁਹਜ ਖਿਨ ਕਾਢੈ
ਤਿਉ ਸਤਿਗੁਰਿ ਵਸਤੁ ਲਹਾਈਐ ॥ ੨ ॥

ਜਿਵੇਂ ਓਡਾ= ਸੇਂਘਾ ਜ਼ਮੀਨ ਵਿਚ ਲੁਕੇ ਹੋਏ ਖੂਹ ਨੂੰ ਸੁੰਘ ਕੇ ਹੀ ਇਕ ਖਿਨ ਵਿਚ ਦਸ ਦੇਂਦਾ ਹੈ ਕਿ ਇਥੇ ਪੁਰਾਣਾ ਖੂਹ ਦੱਬਿਆ ਹੋਇਆ ਹੈ, ਇਥੇ ਪਾਣੀ ਮਿੱਠਾ ਹੈ ਜਾਂ ਕੌੜਾ। ਤਿਵੇਂ ਸਤਿਗੁਰੂ ਜੀ ਆਤਮਾ ਰੂਪ ਗੁਹਜ= ਅਲੱਭ ਵਸਤੂ ਨੂੰ ਲਭਾ ਦੇਂਦੇ ਹਨ।

ਜਿਨ੍ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥

ਜਿਨ੍ਹਾਂ ਨੇ ਅਜੇਹੇ ਸਾਧੁ= ਸ੍ਰੇਸ਼ਟ ਸਤਿਗੁਰਾਂ ਨੂੰ ਨਹੀਂ ਪਾਇਆ, ਉਹਨਾਂ ਨਰ= ਪੁਰਸ਼ਾਂ ਦੇ ਜੀਊਣੇ ਨੂੰ ਧ੍ਰਿਗਕਾਰ ਹੈ, ਧ੍ਰਿਗਕਾਰ ਹੈ।

ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ ॥ ੩ ॥

ਪਿਛਲੇ ਪੁੰਨਾਂ ਦੇ ਫਲ ਕਰ ਕੇ ਏਹ ਜਨਮ ਪਦਾਰਥ ਪਾਇਆ ਹੈ, ਜੋ ਵਿਸ਼ਿਆਂ ਰੂਪ ਕੌਡੀ ਦੇ ਬਦਲੇ ਨਿਸਫਲ ਜਾ ਰਿਹਾ ਹੈ॥ ੩ ॥ ਇਸ ਲਈ ਤੂੰ ਪ੍ਰਭੂ ਅੱਗੇ ਬੇਨਤੀ ਕਰ-

ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੁ ਮਿਲਾਈਐ ॥

ਹੇ ਮਧੂ ਦੈਂਤ ਦੇ ਨਾਸ ਕਰਨ ਵਾਲੇ ਹਰੀ ਪ੍ਰਭੂ! ਤੁਸੀਂ ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਕਿਰਪਾ ਕਰਨ ਵਾਲੇ ਗੁਰੂ ਨਾਲ ਮਿਲਾਉਣਾ ਕਰੋ !

ਜਨ ਨਾਨਕ ਨਿਰਬਾਣ ਪਦੁ ਪਾਇਆ
ਮਿਲਿ ਸਾਧੂ ਹਰਿ ਗੁਣ ਗਾਈਐ ॥ ੪ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਸੰਤਾਂ ਨਾਲ ਮਿਲ ਕੇ ਹਰੀ ਦੇ ਗੁਣ ਗਾਏ ਹਨ, ਉਸ ਜਨ ਨੇ

ਨਿਰਬੰਧ ਪਦਵੀ ਨੂੰ ਪਾਉਣਾ ਕੀਤਾ ਹੈ॥ ੪॥ ੪॥ ੬॥

ਬਸੰਤੁ ਹਿੰਡੋਲ ਮਹਲਾ ੪ ॥

ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ ॥

ਦੁਖਦਾਈ ਵਿਸ਼ਿਆਂ ਕਰ ਕੇ ਇਸ ਜੀਵ ਦਾ ਆਉਣਾ ਜਾਣਾ ਭਾਵ ਜੰਮਣਾ ਮਰਨਾ ਹੋ ਰਿਹਾ ਹੈ ਤੇ ਸੁੰਞੇ ਮਨਮੁਖ ਦੀ ਦੇਹ ਸ਼ੁਭ ਗੁਣਾਂ ਤੋਂ ਸੁੰਞੀ= ਖਾਲੀ ਹੋ ਰਹੀ ਹੈ।

ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਞੁ ॥ ੧ ॥

ਜਿਸ ਨੇ ਪਲ ਦਾ ਇਕ ਖਿਨ ਮਾਤ੍ਰ ਰਾਮ ਨਾਮ ਦਾ ਚਿੰਤਨ ਨਹੀਂ ਕੀਤਾ, ਉਸ ਨੂੰ ਜਮਕਾਲ ਸਲੁੰਞ= ਜੁੰਡਿਆਂ ਤੋਂ ਫੜਦਾ ਹੈ। ਜਾਂ ਜਮ ਨੇ ਅੰਤ ਸਮੇਂ ਕੇਸਾਂ ਤੋਂ ਫੜ ਕੇ ਖਿਚਿਆ॥ ੧॥

ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ ॥

ਹੇ ਜੀਵ ! ਤੂੰ ਗੋਬਿੰਦ ਦੇ ਨਾਮ ਨੂੰ ਜਪ ਕੇ ਬਿਖੁ= ਜ਼ਹਿਰ ਰੂਪ ਹੰਗਤਾ ਮਮਤਾ ਨੂੰ ਮੁੰਞ= ਅਭਾਵ ਕਰ ਦੇਹ।

ਸਤਸੰਗਤਿ ਗੁਰ ਕੀ ਹਰਿ ਪਿਆਰੀ
ਮਿਲਿ ਸੰਗਤਿ ਹਰਿ ਰਸੁ ਭੁੰਞੁ ॥ ੧ ॥ ਰਹਾਉ ॥

ਗੁਰੂ ਦੀ ਸਤਸੰਗਤਿ ਹਰੀ ਨੂੰ ਪਿਆਰੀ ਲੱਗ ਰਹੀ ਹੈ, ਉਸ ਸਤਸੰਗਤਿ ਵਿਚ ਮਿਲ ਕੇ, ਹੇ ਪੁਰਸ਼ਾ ! ਤੂੰ ਹਰੀ-ਰਸ ਨੂੰ ਭੁੰਞ= ਭੋਗਣਾ ਕਰ॥ ੧॥ ਰਹਾਉ॥ ਅਤੇ ਇਸ ਤਰ੍ਹਾਂ ਬੇਨਤੀ ਕਰ-

ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞੁ ॥

ਹੇ ਹਰੀ ! ਦਇਆ ਦ੍ਰਿਸ਼ਟੀ ਕਰ ਕੇ ਮੈਨੂੰ ਸੰਤਾਂ ਦੀ ਸਤਸੰਗਤਿ ਵਿਚ ਮੇਲਣਾ ਕਰ! ਤਾਂ ਕਿ ਮੈਂ ਆਗਤਿ= ਆ ਕੇ ਸੰਤਾਂ ਦੀ ਸ਼ਰਨ ਵਿਚ ਪੰਞ= ਪਿਆ ਰਹਾਂ। *ਅਥਵਾ:-* ਗਤਿ= ਮੁਕਤੀ ਲੈਣ ਵਾਸਤੇ ਸਾਧੂਆਂ ਦੀ ਸ਼ਰਨ ਵਿਚ ਪਿਆ ਰਹਾਂ।

ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ, ਤੁਮ੍ ਦੀਨ ਦਇਆਲ ਦੁਖ ਭੰਞੁ ॥ ੨ ॥

ਮੈਂ ਪੱਥਰਾਂ ਵਾਂਗ ਡੁੱਬ ਰਿਹਾ ਹਾਂ, ਹੇ ਪ੍ਰਭੂ! ਆਪ ਹੀ ਕੱਢ ਲੈਣਾ ਕਰੋ, ਤੁਸੀਂ ਦੀਨ ਦਿਆਲ ਹੋ ਅਤੇ ਦੁੱਖਾਂ ਦੇ ਭੰਞੁ= ਨਾਸ ਕਰਨ ਵਾਲੇ ਹੋ॥ ੨॥

ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ,
ਸਤਸੰਗਤਿ ਮਿਲਿ ਬੁਧਿ ਲੰਞੁ ॥

ਹੇ ਹਰੀ ਸੁਆਮੀ ! ਆਪਣੀ ਉਸਤਤੀ ਮੇਰੇ ਹਿਰਦੇ ਅੰਦਰ ਧਾਰਨਾ ਕਰੋ, ਤਾਂ ਕਿ ਸਤਸੰਗਤ ਵਿਚ ਮਿਲ ਕੇ ਮੈਂ ਆਤਮ ਵਿਸ਼ੈਣੀ ਬੁੱਧੀ ਨੂੰ ਲੰਞ= ਲੈਣਾ ਕਰਾਂ।

ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ ਵੰਞੁ ॥ ੩ ॥

ਹੇ ਹਰੀ ! ਆਪ ਜੀ ਦੇ ਨਾਮ ਵਿਚ ਅਸਾਂ ਨੇ ਪਰੀਤੀ ਲਗਾਈ ਹੈ, ਹੇ ਹਰੀ ! ਮੈਂ ਆਪ ਜੀ ਉਪਰੋਂ ਘੁਮਿ=

ਬਲਿਹਾਰ ਵੰਞੁ= ਜਾਂਦਾ ਹਾਂ॥ ੩॥

ਜਨ ਕੇ ਪੂਰਿ ਮਨੋਰਥ ਹਰਿ ਪ੍ਰਭ, ਹਰਿ ਨਾਮੁ ਦੇਵਹੁ ਹਰਿ ਲੰਞੁ॥

ਹੇ ਹਰੀ ਪ੍ਰਭੂ ! ਆਪ ਸੇਵਕ ਜਨਾਂ ਦੇ ਮਨੋਰਥ ਪੂਰੇ ਕਰਦੇ ਹੋ, ਮੈਨੂੰ ਭੀ ਹਰੀ-ਨਾਮ ਦਾਨ ਦੇਣਾ ਕਰੋ, ਤਾਂ ਕਿ ਮੈਂ ਹਰੀ-ਨਾਮ ਲੰਞੁ= ਲੈਣਾ ਕਰਾਂ।

ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ
ਗੁਰਿ ਮੰਤ੍ਰੁ ਦੀਓ ਹਰਿ ਭੰਞੁ॥ ੪॥ ੫॥ ੭॥ ੧੨॥ ੧੮॥ ੭॥ ੩੭॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਗੁਰੂ ਨੇ ਹਰੀ ਦੇ ਭੰਞੁ= ਭਜਨ-ਸਿਮਰਨ ਦਾ ਮੰਤ੍ਰ ਦਿੱਤਾ ਤਾਂ ਮਨ ਤਨ ਵਿਚ ਅਨੰਦ ਹੋ ਗਿਆ॥ ੪॥ ੫॥ ੭॥ ੧੨॥ ੧੮॥ ੭॥ ੩੭॥*

[ਪੰਨਾ ੧੧੮੦]

ਬਸੰਤੁ ਮਹਲਾ ੫ ਘਰੁ ੧ ਦੁਤੁਕੇ ੧ੴ ਸਤਿਗੁਰ ਪ੍ਰਸਾਦਿ॥
ਗੁਰੁ ਸੇਵਉ ਕਰਿ ਨਮਸਕਾਰ॥ ਆਜੁ ਹਮਾਰੈ ਮੰਗਲਚਾਰ॥

ਨਮਸਕਾਰ ਕਰ ਕੇ ਅਸੀਂ ਆਪਣੇ ਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸੇਂਵਦੇ ਹਾਂ, ਤੁਸੀਂ ਸੇਵਨਾ ਕਰੋ। ਜਿਨ੍ਹਾਂ ਦੀ ਕਿਰਪਾ ਕਰ ਕੇ ਅੱਜ ਸਾਡੇ ਘਰ ਵਿਚ ਸਭ ਤਰ੍ਹਾਂ ਦੇ ਮੰਗਲਚਾਰ ਪਰਾਪਤ ਹੋਏ ਹਨ।

ਆਜੁ ਹਮਾਰੈ ਮਹਾ ਅਨੰਦ॥ ਚਿੰਤ ਲਥੀ ਭੇਟੇ ਗੋਬਿੰਦ॥ ੧॥

ਅੱਜ ਸਾਡੇ ਘਰ ਵਿਚ ਬੜਾ ਅਨੰਦ ਹੋਇਆ ਹੈ। ਗੋਬਿੰਦ ਦੇ ਭੇਟੇ= ਮਿਲਣ ਕਰ ਕੇ ਸਾਰੀ ਚਿੰਤਾ ਲਹਿ ਗਈ ਹੈ॥ ੧॥

ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ॥ ੧॥ ਰਹਾਉ॥

ਹੇ ਬੇਅੰਤ ਪ੍ਰਭੂ ! ਤੁਹਾਡੇ ਗੁਣ ਗਾਉਣ ਕਰ ਕੇ। ਅੱਜ ਸਾਡੇ ਘਰ ਵਿਚ ਬਸੰਤ ਰੁੱਤ ਵਾਂਗ ਬਸੰਤ= ਅਨੰਦ ਪਰਾਪਤ ਹੋਇਆ ਹੈ॥ ੧॥ ਰਹਾਉ॥

ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥

ਅੱਜ ਸਾਡੇ ਘਰ ਵਿਚ ਬਹੁਤ ਫਾਗ= ਅਨੰਦ ਬਣੇ ਹਨ। *ਅਥਵਾ:-* ਅੱਜ ਸਾਡੇ ਘਰ ਵਿਚ ਫਾਗ= ਹੋੱਲਾ ਬਣਿਆ ਹੈ। ਪ੍ਰਭੂ ਦੇ ਸੰਗੀ ਜੋ ਸੰਤ ਹਨ ਉਨ੍ਹਾਂ ਨਾਲ ਮਿਲ ਕੇ ਮੈਂ ਖੇਡਣ ਲੱਗਾ ਹਾਂ। ਜਾਂ ਪ੍ਰਭੂ ਦੇ ਸੰਗੀ ਜੋ ਸੰਤ ਹਨ ਉਹ ਆਪਸ ਵਿਚ ਮਿਲ ਕੇ ਖੇਡਣ ਲੱਗੇ ਹਨ।

ਹੋਲੀ ਕੀਨ੍ਹੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥ ੨॥

ਸੰਤਾਂ ਦੀ ਸੇਵਾ ਕਰਨ ਰੂਪੀ ਹੋਲੀ ਅਸਾਂ ਨੇ ਖੇਡੀ ਹੈ। ਲਾਲਾਂ ਵਾਂਗ ਅਮੋਲਕ ਤੇ ਦੇਵ= ਪ੍ਰਕਾਸ਼ ਰੂਪ ਜੋ ਲਾਲ ਦੇਵ= ਪਰਮਾਤਮਾ ਹੈ ਉਸ ਦਾ ਅਤਿਅੰਤ (ਬੜਾ) ਰੰਗੁ= ਪ੍ਰੇਮ, *ਵਾ:-* ਅਨੰਦ ਲੱਗਾ ਹੈ। *ਅਥਵਾ:-* ਦੇਵ= ਪ੍ਰਕਾਸ਼ ਰੂਪ ਪਰਮਾਤਮਾ ਦਾ ਬਹੁਤਾ ਪ੍ਰੇਮ ਰੂਪੀ ਲਾਲ ਰੰਗ ਲੱਗਾ ਹੈ॥ ੨॥

**ਅਥਵਾ- ਹਰਿ ਭੰਞੁ= ਤਮਾਮ ਦੁੱਖਾਂ ਦੇ ਨਾਸ ਕਰਨ ਵਾਲਾ,*
ਅਥਵਾ- ਹਰਿ= ਜਮ ਦੇ ਭੰਞੁ= ਭਜਾਉਣ ਵਾਲਾ ਗੁਰਾਂ ਨੇ ਮੰਤਰ ਦਿੱਤਾ ਤਾਂ ਮਨ ਵਿਚ ਅਨੰਦ ਹੋ ਗਿਆ।

ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥

ਪ੍ਰੇਮ ਰੂਪ ਕਲਪ ਬ੍ਰਿਛ ਦੇ ਹੋਣ ਕਰ ਕੇ, ਮਨ ਤੇ ਤਨ ਵੱਡਾ ਅਨੂਪੰ ਖਿੜ ਗਿਆ ਹੈ। ਛਾਵ= ਜੜ੍ਹਤਾ ਕਰ ਕੇ, ਤੇ ਧੂਪ= ਤਮੋ ਗੁਣ ਦੀ ਤਪਸ਼ਤਾ (ਗਰਮੀ) ਕਰ ਕੇ ਸੁੱਕਦਾ ਨਹੀਂ ਹੈ। *ਅਥਵਾ:-* ਪ੍ਰਤੱਖ ਛਾਂ ਤੇ ਧੁੱਪ ਕਰ ਕੇ ਭੀ ਸੁੱਕਦਾ ਨਹੀਂ ਹੈ। *ਵਾ:-* ਛਾਵ ਧੂਪ= ਹਰਖ ਸੋਗ, ਰਾਗ ਦਵੈਸ਼ ਕਰ ਕੇ ਸੁੱਕਦਾ ਨਹੀਂ ਹੈ। *ਅਥਵਾ:-* ਤਮੋਗੁਣ ਰੂਪੀ ਧੁੱਪ ਕਰ ਕੇ ਸੁੱਕਦਾ ਨਹੀਂ ਹੈ, ਸ਼ਾਂਤੀ ਰੂਪੀ ਛਾਂ ਦੇ ਸਹਿਤ ਰਹਿੰਦਾ ਹੈ।

ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥ ੩ ॥

ਦੂਜੇ ਬ੍ਰਿਛ ਸੁੱਕ ਜਾਂਦੇ ਹਨ ਪਰ ਏਹ ਪ੍ਰੇਮ ਰੂਪੀ ਕਲਪ ਬ੍ਰਿਛ ਸਾਰੀਆਂ ਰੁੱਤਾਂ ਵਿਚ ਹਰਿਆ ਹੁੰਦਾ ਹੈ। ਦੇਵ= ਪ੍ਰਕਾਸ਼ ਰੂਪ ਗੁਰਦੇਵਾਂ ਦੇ ਮਿਲਣ ਕਰ ਕੇ ਸਦਾ ਹੀ ਬਸੰਤ= ਅਨੰਦ ਹੋਇਆ ॥ ੩ ॥

ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥

ਅੰਤਹਕਰਨ ਰੂਪ ਧਰਤੀ ਤੇ ਪ੍ਰੇਮ ਰੂਪੀ ਪਾਰਜਾਤ= ਕਲਪ ਬ੍ਰਿਛ ਜੰਮਿਆ ਹੈ। ਜਿਸ ਬ੍ਰਿਛ ਨੂੰ ਰਤਨਾਂ ਦੀ ਭਾਂਤਿ= ਤਰ੍ਹਾਂ ਧਰਮ- ਫੁੱਲ ਤੇ ਗਿਆਨ ਰੂਪ ਫਲ ਲੱਗੇ ਹਨ। ਜਾਂ ਜਿਸ ਬ੍ਰਿਛ ਨੂੰ ਰਤਨ= ਵੈਰਾਗ ਰੂਪੀ ਫੁੱਲ ਤੇ ਭਾਂਤਿ= ਪ੍ਰਕਾਸ਼ ਅਰਥਾਤ ਗਿਆਨ ਰੂਪੀ ਫਲ ਲੱਗੇ ਹਨ।

ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥
ਜਨ ਨਾਨਕ ਹਰਿ ਹਰਿ ਹਰਿ ਧਿਆਇ ॥ ੪ ॥ ੧ ॥

ਹਰੀ ਦੇ ਗੁਣ ਗਾਉਣ ਕਰ ਕੇ ਅਸੀਂ ਤ੍ਰਿਪਤ ਹੋ ਕੇ ਅਘਾਨੇ= ਰੱਜ ਗਏ ਹਾਂ। ਗੁਰੂ ਜੀ ਕਥਨ ਕਰਦੇ ਹਨ—ਸੇਵਕ ਜਨ ਮਨ, ਬਾਣੀ, ਸਰੀਰ ਦੁਆਰਾ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ। *ਵਾ:-* ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲੇ ਹਰੀ ਦਾ ਨਾਮ ਧਿਆਉਂਦੇ ਹਨ ॥ ੪ ॥ ੧ ॥

ਬਸੰਤੁ ਮਹਲਾ ੫ ॥

ਹਟਵਾਣੀ ਧਨ ਮਾਲ ਹਾਟੁ ਕੀਤੁ ॥ ਜੂਆਰੀ ਜੂਏ ਮਾਹਿ ਚੀਤੁ ॥

ਜਿਵੇਂ ਹਟਵਾਣੀ= ਹੱਟੀ ਵਾਲਾ ਦੁਕਾਨਦਾਰ (ਬਾਣੀਆਂ) ਹੱਟੀ ਵਿਚ ਧਨ ਮਾਲ ਦੇ ਇਕੱਠੇ ਕਰਨ ਵਿਚ ਪ੍ਰੇਮ ਕਰਦਾ ਹੈ ਅਤੇ ਜੂਆਰੀਏ ਦਾ ਚਿਤ ਜੂਆ ਖੇਡਣ ਵਿਚ ਲੱਗਾ ਹੋਇਆ ਹੁੰਦਾ ਹੈ।

ਅਮਲੀ ਜੀਵੈ ਅਮਲੁ ਖਾਇ ॥ ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥ ੧ ॥

ਜਿਵੇਂ ਅਮਲੀ ਪੁਰਸ਼ ਅਮਲ ਵਾਲੀਆਂ ਚੀਜ਼ਾਂ ਨੂੰ ਖਾ ਜੀਉਂਦਾ ਹੈ। ਤਿਵੇਂ ਹਰੀ ਦੇ ਸੇਵਕ ਜਨ ਹਰੀ ਨਾਮ ਨੂੰ ਧਿਆ ਕੇ ਜੀਉਂਦੇ ਹਨ ॥ ੧ ॥

ਅਪਨੈ ਰੰਗਿ ਸਭੁ ਕੋ ਰਚੈ ॥
ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥ ੧ ॥ ਰਹਾਉ ॥

ਸਭ ਕੋਈ ਆਪੋ ਆਪਣੇ ਰੰਗਿ= ਅਨੰਦ ਵਿਚ ਰਚਿਆ ਹੋਇਆ ਹੈ। ਜਿਸ ਜਿਸ ਪਾਸੇ ਪ੍ਰਭੂ ਨੇ ਲਗਾਇਆ ਹੈ, ਓਧਰ ਓਧਰ ਹੀ ਸਭ ਕੋਈ ਲੱਗਾ ਹੋਇਆ ਹੈ ॥ ੧ ॥ ਰਹਾਉ ॥

ਮੇਘ ਸਮੈ ਮੋਰ ਨਿਰਤਿਕਾਰ ॥ ਚੰਦ ਦੇਖਿ ਬਿਗਸਹਿ ਕਉਲਾਰ ॥

ਜਿਵੇਂ ਮੇਘ= ਬੱਦਲਾਂ ਦੇ ਗਰਜਣ ਵੇਲੇ ਮੋਰ ਨਿਰਤਿਕਾਰ= ਨੱਚਦੇ ਹਨ ਅਰਥਾਤ ਪੈਲਾਂ ਪਾਉਂਦੇ ਹਨ। ਜਿਵੇਂ ਚੰਦ= ਚੰਦ੍ਰਮਾ ਨੂੰ ਦੇਖ ਕੇ ਕਉਲਾਰ= ਕਵੀਆਂ ਖਿੜਦੀਆਂ ਹਨ।

ਮਾਤਾ ਬਾਰਿਕ ਦੇਖਿ ਅਨੰਦ ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨ ॥

ਜਿਵੇਂ ਮਾਂ ਆਪਣੇ ਪੁੱਤਰ ਨੂੰ ਦੇਖ ਕੇ ਅਨੰਦ ਹੁੰਦੀ ਹੈ। ਤਿਵੇਂ ਹਰੀ ਦੇ ਸੇਵਕ ਜਨ ਗੋਬਿੰਦ ਨਾਮ ਨੂੰ ਜਪ ਕੇ ਅਨੰਦ ਨਾਲ ਜੀਉਂਦੇ ਹਨ॥ ੨ ॥

ਸਿੰਘ ਰੁਚੈ ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ ਚਿਤ ਉਲਾਸ ॥

ਜਿਵੇਂ ਸਿੰਘ= ਸ਼ੇਰ ਮਾਸ ਦੇ ਭੋਜਨ ਖਾਣ ਦੀ ਸਦਾ ਰੁਚੀ ਕਰਦਾ ਹੈ। ਜਿਵੇਂ ਰਣ ਭੂਮਿਕਾ ਵਿਚ ਜੁੱਧ ਨੂੰ ਵੇਖ ਕੇ ਸੂਰਮੇ ਦੇ ਚਿਤ ਵਿਚ ਉਲਾਸ= ਉਤਸ਼ਾਹ ਹੁੰਦਾ ਹੈ।

ਕਿਰਪਨ ਕਉ ਅਤਿ ਧਨ ਪਿਆਰੁ ॥ ਹਰਿ ਜਨ ਕਉ ਹਰਿ ਹਰਿ ਆਧਾਰੁ ॥੩ ॥

ਜਿਵੇਂ ਕਿਰਪਨ= ਸ਼ੂਮ ਨੂੰ ਧਨ ਦਾ ਅਤਿ= ਬਹੁਤਾ ਪਿਆਰ ਹੁੰਦਾ ਹੈ। ਤਿਵੇਂ ਹਰੀ ਦੇ ਸੇਵਕ ਜਨ ਨੂੰ ਹਰੀ ਨਾਲ ਪਿਆਰ ਹੈ ਤੇ ਹਰਿ ਹਰਿ ਨਾਮ ਦਾ ਅਧਾਰੁ= ਆਸਰਾ ਹੈ॥ ੩ ॥

ਸਰਬ ਰੰਗ ਇਕ ਰੰਗ ਮਾਹਿ ॥ ਸਰਬ ਸੁਖਾ ਸੁਖ ਹਰਿ ਕੈ ਨਾਇ ॥

ਇਕ ਅਦੁਤੀ ਪ੍ਰਭੂ ਦੇ ਰੰਗ= ਅਨੰਦ ਵਿਚ ਹੀ ਸਾਰੇ ਅਨੰਦ ਹਨ। ਹਰੀ-ਨਾਮ ਦੇ ਸੁਖ ਵਿਚ ਹੀ ਸਾਰੇ ਸੁਖ ਹਨ।

ਤਿਸਹਿ ਪਰਾਪਤਿ ਇਹੁ ਨਿਧਾਨੁ ॥ ਨਾਨਕ ਗੁਰੁ ਜਿਸੁ ਕਰੇ ਦਾਨੁ ॥੪ ॥੨ ॥

ਇਹ ਨਿਧਾਨੁ= ਖਜ਼ਾਨਾ ਉਸ ਨੂੰ ਪਰਾਪਤ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਗੁਰੂ ਸਾਹਿਬ ਜੀ ਨਾਮ ਦਾਨ ਦੇਣਾ ਕਰਦੇ ਹਨ॥ ੪॥ ੨ ॥

ਬਸੰਤੁ ਮਹਲਾ ੫ ॥

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥

ਉਸ ਨੂੰ ਬਸੰਤੁ= ਅਨੰਦ ਹੈ, ਜਿਸ ਉੱਤੇ ਪ੍ਰਭੂ ਕਿਰਪਾਲੂ ਹੈ। ਉਸ ਨੂੰ ਬਸੰਤੁ= ਅਨੰਦ ਹੈ, ਜਿਸ ਉੱਤੇ ਗੁਰੂ ਸਾਹਿਬ ਜੀ ਦਿਆਲੂ ਹਨ।

ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧ ॥

ਉਸ ਦੇ ਘਰ ਵਿਚ ਸਦਾ ਮੰਗਲ ਹਨ, ਜਿਸ ਨੂੰ ਇਕ ਨਾਮ ਜਪਣ ਦਾ ਕੰਮ ਹੈ। ਵਾ:- ਏਕਤਾ ਦਾ ਕੰਮ ਹੈ। ਉਸ ਨੂੰ ਸਦਾ ਹੀ ਬਸੰਤੁ= ਅਨੰਦ ਹੈ, ਜਿਸ ਦੇ ਹਿਰਦੇ ਵਿਚ ਨਾਮ-ਸਿਮਰਨ ਬਸੰਤੁ= ਵਸਦਾ ਹੈ॥ ੧ ॥

ਗ੍ਰਿਹਿ ਤਾ ਕੇ ਬਸੰਤੁ ਗਨੀ ॥ ਜਾ ਕੈ ਕੀਰਤਨੁ ਹਰਿ ਧੁਨੀ ॥ ੧ ॥ ਰਹਾਉ ॥

ਉਸ ਦੇ ਘਰ ਵਿਚ ਬਸੰਤੁ ਗਨੀ= ਅਨੰਦ ਵਿਚਾਰੀਦਾ ਹੈ, ਜਾਂ ਅਨੰਦ ਗਿਣਿਆਂ ਜਾਂਦਾ ਹੈ। ਜਿਸ ਦੇ

ਘਰ ਵਿਚ ਹਰੀ ਦੇ ਕੀਰਤਨ ਦੀ ਧੁਨੀ ਹੋ ਰਹੀ ਹੈ॥ ੧॥ ਰਹਾਉ॥

ਪ੍ਰੀਤਿ ਪਾਰਬ੍ਰਹਮ ਮਉਲਿ ਮਨਾ॥ ਗਿਆਨੁ ਕਮਾਈਐ ਪੂਛਿ ਜਨਾਂ॥

ਪਾਰਬ੍ਰਹਮ ਦੀ ਪਰੀਤੀ ਕਰ ਕੇ ਜਿਨ੍ਹਾਂ ਦਾ ਮਨ ਮਉਲਿ= ਖਿੜਿਆ ਹੈ। ਉਹਨਾਂ ਸੰਤ ਜਨਾਂ ਪਾਸੋਂ ਪੁੱਛ ਕੇ ਗਿਆਨ ਨੂੰ ਕਮਾਉਣਾ ਕਰੀਏ, ਅਰਥਾਤ ਗਿਆਨ ਦੀ ਪਰਾਪਤੀ ਦੇ ਸਾਧਨਾਂ ਨੂੰ ਕਰੀਏ।

ਸੋ ਤਪਸੀ ਜਿਸੁ ਸਾਧਸੰਗੁ॥ ਸਦ ਧਿਆਨੀ ਜਿਸੁ ਗੁਰਹਿ ਰੰਗੁ॥ ੨॥

ਉਹ ਅਸਲ ਤਪੱਸ਼ੀ ਹੈ, ਜਿਸ ਨੂੰ ਸੰਤਾਂ ਦਾ ਸੰਗ ਪਰਾਪਤ ਹੈ। ਉਹ ਸਦਾ ਹੀ ਧਿਆਨ ਵਿਚ ਜੁੜਨ ਵਾਲਾ ਧਿਆਨੀ ਹੈ, ਜਿਸ ਨੂੰ ਗੁਰਾਂ ਦਾ ਰੰਗੁ= ਪ੍ਰੇਮ ਹੈ॥ ੨॥

ਸੇ ਨਿਰਭਉ ਜਿਨ੍ ਭਉ ਪਇਆ॥ ਸੋ ਸੁਖੀਆ ਜਿਸੁ ਭ੍ਰਮੁ ਗਇਆ॥

ਉਹ ਪੁਰਸ਼ ਨਿਰਭਉ ਹੈ, ਜਿਸ ਨੂੰ ਪ੍ਰਭੂ ਦਾ ਭਉ= ਡਰ ਪਿਆ ਹੈ। ਉਹ ਪੁਰਸ਼ ਸਦਾ ਸੁਖੀ ਹੈ, ਜਿਸ ਦਾ ਭਰਮ ਦੂਰ ਹੋ ਗਿਆ ਹੈ।

ਸੋ ਇਕਾਂਤੀ ਜਿਸੁ ਰਿਦਾ ਥਾਇ॥ ਸੋਈ ਨਿਹਚਲੁ ਸਾਚ ਠਾਇ॥ ੩॥

ਉਹ ਪੁਰਸ਼ ਇਕਾਂਤੀ ਹੈ, ਜਿਸ ਦਾ ਹਿਰਦਾ ਥਾਇ= ਇਸਥਿਤ (ਅਡੋਲ) ਰਹਿੰਦਾ ਹੈ। ਅਤੇ ਓਹੀ ਪੁਰਸ਼ ਸੱਚੇ ਸਰੂਪ-ਥਾਂ 'ਪਰ ਅਚੱਲ ਰਹਿੰਦਾ ਹੈ। *ਅਥਵਾ:-* ਓਹੀ ਪੁਰਸ਼ ਅਚੱਲ ਹੈ, ਜਿਸ ਨੂੰ ਸੱਚਾ ਸਰੂਪ- ਥਾਂ ਪਰਾਪਤ ਹੋਇਆ ਹੈ॥ ੩॥

ਏਕਾ ਖੋਜੈ ਏਕ ਪ੍ਰੀਤਿ॥ ਦਰਸਨ ਪਰਸਨ ਹੀਤ ਚੀਤਿ॥

ਜਿਸ ਦੇ ਅੰਦਰ ਇਕ ਦੀ ਪਰੀਤੀ ਹੈ, ਉਹ ਇਕ ਪਰਮਾਤਮਾ ਨੂੰ ਖੋਜੈ= ਲੱਭਦਾ ਹੈ। ਜਿਸ ਦੇ ਚਿਤ ਵਿਚ ਹੀਤ= ਪ੍ਰੇਮ ਹੈ, ਉਹ ਪ੍ਰਭੂ ਦੇ ਦਰਸ਼ਨ ਪਰਸਨ ਕਰਦਾ ਹੈ। *ਅਥਵਾ:-* ਪ੍ਰੀਤੀ ਪੂਰਬਕ ਜੋ ਇਕੋ ਇਕ ਪਰਮਾਤਮਾ ਨੂੰ ਖੋਜਦਾ ਹੈ। ਓਹ ਚਿਤ ਦੇ ਹੀਤ= ਪ੍ਰੇਮ ਕਰ ਕੇ ਪ੍ਰਭੂ ਦੇ ਦਰਸ਼ਨ ਪਰਸਨ ਕਰਦਾ ਹੈ।

ਹਰਿ ਰੰਗ ਰੰਗਾ ਸਹਜਿ ਮਾਣੁ॥ ਨਾਨਕ ਦਾਸ ਤਿਸੁ ਜਨ ਕੁਰਬਾਣੁ॥ ੪॥ ੩॥

ਜੋ ਸੰਸਾਰਕ ਰੰਗਾਂ ਵਿਚੋਂ ਸਹਜੇ ਹਰੀ ਦੇ ਰੰਗ= ਅਨੰਦ ਨੂੰ ਭੋਗਦਾ ਹੈ। ਗੁਰੂ ਜੀ ਕਥਨ ਕਰਦੇ ਹਨ— ਉਸ ਗੁਰਮੁਖ ਜਨ ਤੋਂ ਮੈਂ (ਦਾਸ) ਸਦਾ ਬਲਿਹਾਰ ਜਾਂਦਾ ਹਾਂ॥ ੪॥ ੩॥

[ਪੰਨਾ ੧੧੮੧]

ਬਸੰਤੁ ਮਹਲਾ ੫॥

ਜੀਅ ਪ੍ਰਾਣ ਤੁਮ੍ ਪਿੰਡ ਦੀਨ੍॥ ਮੁਗਧ ਸੁੰਦਰ ਧਾਰਿ ਜੋਤਿ ਕੀਨ੍॥

ਹੇ ਪ੍ਰਭੂ ! ਤੁਸਾਂ ਨੇ ਆਪ ਜੀ ਜੀਵਾਂ ਦੇ ਪਿੰਡ= ਸਰੀਰਾਂ ਵਿਚ ਪ੍ਰਾਣ ਦਿੱਤੇ ਹਨ।

ਅਥਵਾ- ਤੁਸਾਂ ਨੇ ਆਪ ਹੀ ਜੀਵਾਂ ਨੂੰ ਪਿੰਡ= ਦੇਹ ਤੇ ਪ੍ਰਾਣ ਦਿੱਤੇ ਹਨ। ਆਪਣੀ ਜੋਤਿ= ਚੇਤਨ ਸੱਤਾ ਧਾਰ ਕੇ ਮੂਰਖਾਂ ਨੂੰ ਚਤਰ ਦੇ ਕੋਝਿਆਂ ਨੂੰ ਸੁੰਦਰ ਕੀਤਾ ਹੈ।

ਸਭਿ ਜਾਚਿਕ ਪ੍ਰਭ ਤੁਮ੍ ਦਇਆਲ॥ ਨਾਮੁ ਜਪਤ ਹੋਵਤ ਨਿਹਾਲ॥ ੧॥

ਹੇ ਪ੍ਰਭੂ ! ਸਾਰੇ ਜੀਵ ਤੇਰੇ ਦਰ ਦੇ ਜਾਚਿਕ= ਮੰਗਤੇ ਹਨ, ਪਰ ਤੁਸੀਂ ਦਿਆਲੂ ਸੁਭਾਅ ਵਾਲੇ ਹੋ। ਤੇਰਾ ਨਾਮ ਜਪਣ ਵਾਲੇ ਨਿਹਾਲ= ਦੁੱਖਾਂ ਤੋਂ ਰਹਿਤ ਹੋਏ ਹਨ॥ ੧॥

ਮੇਰੇ ਪ੍ਰੀਤਮ ਕਾਰਣ ਕਰਣ ਜੋਗ॥
ਹਉ ਪਾਵਉ ਤੁਮ ਤੇ ਸਗਲ ਥੋਕ॥ ੧॥ ਰਹਾਉ॥

ਹੇ ਸਾਰਿਆਂ ਕਾਰਨਾਂ ਦੇ ਕਰਨੇ ਜੋਗ ਮੇਰੇ ਪ੍ਰੀਤਮ ਪ੍ਰਭੂ ! ਹਉ= ਮੈਂ ਆਪ ਜੀ ਦੇ ਪਾਸੋਂ ਹੀ ਸਾਰਿਆਂ ਥੋਕ= ਪਦਾਰਥਾਂ ਨੂੰ ਪਾਉਂਦਾ ਹਾਂ॥ ੧॥ ਰਹਾਉ॥

ਨਾਮੁ ਜਪਤ ਹੋਵਤ ਉਧਾਰ॥ ਨਾਮੁ ਜਪਤ ਸੁਖ ਸਹਜ ਸਾਰ॥

ਆਪ ਜੀ ਦਾ ਨਾਮ ਜਪਦਿਆਂ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ। ਆਪ ਜੀ ਦਾ ਨਾਮ ਜਪਦਿਆਂ ਹੀ ਸਹਜੇ ਸਾਰ= ਸ੍ਰੇਸ਼ਟ ਸੁਖ ਮਿਲਦਾ ਹੈ।

ਨਾਮੁ ਜਪਤ ਪਤਿ ਸੋਭਾ ਹੋਇ॥ ਨਾਮੁ ਜਪਤ ਬਿਘਨੁ ਨਾਹੀ ਕੋਇ॥ ੨॥

ਆਪ ਜੀ ਦਾ ਨਾਮ ਜਪਦਿਆਂ ਇਸ ਲੋਕ ਵਿਚ ਪਤਿ= ਇੱਜ਼ਤ ਤੇ ਪ੍ਰਲੋਕ ਵਿਚ ਸੋਭਾ ਹੁੰਦੀ ਹੈ। ਆਪ ਜੀ ਦਾ ਨਾਮ ਜਪਦਿਆਂ ਕੋਈ ਵਿਘਨ ਨਹੀਂ ਲਗਦਾ॥ ੨॥

ਜਾ ਕਾਰਣਿ ਇਹ ਦੁਲਭ ਦੇਹ॥ ਸੋ ਬੋਲੁ ਮੇਰੇ ਪ੍ਰਭੂ ਦੇਹਿ॥

ਜਿਸ ਨਾਮ ਜਪਣ ਦੇ ਕਾਰਨਿ= ਵਾਸਤੇ ਏਹ ਦੁਰਲੱਭ ਮਨੁੱਖਾ ਦੇਹ ਆਪ ਜੀ ਨੇ ਦਿੱਤੀ ਹੈ। ਹੇ ਮੇਰੇ ਪ੍ਰਭੂ ! ਓਹੀ ਨਾਮ ਜਪਣ ਦੇ ਬੋਲ ਮੈਨੂੰ ਦੇਣਾ ਕਰ।

ਸਾਧਸੰਗਤਿ ਮਹਿ ਇਹੁ ਬਿਸ੍ਰਾਮੁ॥ ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ॥ ੩॥

ਇਹ ਬਿਸ੍ਰਾਮੁ= ਸੁਖ ਸਤਸੰਗਤ ਦੇ ਵਿਚ ਹੈ। ਇਸ ਲਈ ਹੇ ਪ੍ਰਭੂ ! ਮੈਂ ਸਦਾ ਆਪ ਜੀ ਦਾ ਨਾਮ ਜਪਦਾ ਹਾਂ॥ ੩॥

ਤੁਝ ਬਿਨੁ ਦੂਜਾ ਕੋਇ ਨਾਹਿ॥ ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ॥

ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਸਾਰਾ ਜਗਤ ਤੇਰਾ ਆਪਣਾ ਖੇਲ ਹੈ, ਅੰਤ ਨੂੰ ਤੇਰੇ ਵਿਚ ਹੀ ਸਮਾ ਜਾਏਗਾ।

ਜਿਉ ਭਾਵੈ ਤਿਉ ਰਾਖਿ ਲੇ॥ ਸੁਖੁ ਨਾਨਕ ਪੂਰਾ ਗੁਰੁ ਮਿਲੇ॥ ੪॥ ੪॥

ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਆਪ ਰੱਖ ਲੈਣਾ ਕਰੋ। ਗੁਰੂ ਜੀ ਕਥਨ ਕਰਦੇ ਹਨ—ਪੂਰਾ ਗੁਰੂ ਮਿਲੇ ਤਾਂ ਸੁਖ ਪਰਾਪਤ ਹੁੰਦਾ ਹੈ॥ ੪॥ ੪॥

ਬਸੰਤੁ ਮਹਲਾ ੫॥

ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ॥ ਜਿਸਹਿ ਦੇਖਿ ਹਉ ਜੀਵਾ ਮਾਇ॥

ਮੇਰਾ ਪ੍ਰੀਤਮ ਪ੍ਰਭੂ ਰਾਜਾ ਮੇਰੇ ਨਾਲ ਹੈ। ਹੇ ਮਾਇ= ਭਾਈ! ਜਿਸ ਨੂੰ ਵੇਖ ਕੇ ਮੈਂ ਜੀਉਂਦਾ ਹਾਂ। *ਅਥਵਾ:-* ਹੇ ਮੇਰੇ ਅੰਗ-ਸੰਗ ਰਹਿਣ ਵਾਲੇ ਪ੍ਰਭੂ ਪ੍ਰੀਤਮ ਰਾਇ= ਪ੍ਰਕਾਸ਼ ਰੂਪ, ਮਾਇਆ-ਪਤੀ! ਜਿਸ ਆਪ ਜੀ ਨੂੰ ਦੇਖ

ਕੇ ਮੈਂ ਜੀਉਂਦਾ ਹਾਂ।

ਜਾ ਕੈ ਸਿਮਰਨਿ ਦੁਖੁ ਨ ਹੋਇ॥
ਕਰਿ ਦਇਆ ਮਿਲਾਵਹੁ ਤਿਸਹਿ ਮੋਹਿ॥ ੧॥

ਜਿਸ ਆਪ ਜੀ ਦੇ ਸਿਮਰਨ ਕੀਤਿਆਂ ਕੋਈ ਦੁੱਖ ਨਹੀਂ ਹੁੰਦਾ। ਦਇਆ ਦ੍ਰਿਸ਼ਟੀ ਕਰ ਕੇ ਤਿਸਹਿ= ਆਪਣੇ ਨਾਲ ਮੈਨੂੰ ਮਿਲਾ ਲਓ॥ ੧

ਮੇਰੇ ਪ੍ਰੀਤਮ ਪ੍ਰਾਨ ਅਧਾਰ ਮਨ॥
ਜੀਉ ਪ੍ਰਾਨ ਸਭੁ ਤੇਰੋ ਧਨ॥ ੧॥ ਰਹਾਉ॥

ਹੇ ਮੇਰੇ ਪ੍ਰਾਣਾਂ ਦੇ ਪ੍ਰੀਤਮ! ਆਪ ਹੀ ਮੇਰੇ ਮਨ ਦਾ ਆਸਰਾ ਰੂਪ ਹੋ। ਜੀਅ ਪ੍ਰਾਣ ਤੇ ਸਾਰਾ ਧਨ ਤੇਰਾ ਹੀ ਦਿੱਤਾ ਹੋਇਆ ਹੈ॥ ੧॥ ਰਹਾਉ॥

ਜਾ ਕਉ ਖੋਜਹਿ ਸੁਰਿ ਨਰ ਦੇਵ॥ ਮੁਨਿ ਜਨ ਸੇਖ ਨ ਲਹਹਿ ਭੇਵ॥

ਜਿਸ (ਪਰਮਾਤਮਾ) ਨੂੰ ਸੁਰਿ ਨਰ ਤੇ ਦੇਵਤੇ ਖੋਜਦੇ ਹਨ। ਬੜੇ-ਬੜੇ ਮੁਨੀ ਜਨ ਤੇ ਸੇਸ਼ਨਾਗ ਆਦਿਕ ਜਿਸ ਦੇ ਭੇਦ ਨੂੰ ਨਹੀਂ ਲੈ ਸਕਦੇ।

ਜਾ ਕੀ ਗਤਿ ਮਿਤਿ ਕਹੀ ਨ ਜਾਇ॥
ਘਟਿ ਘਟਿ ਘਟਿ ਘਟਿ ਰਹਿਆ ਸਮਾਇ॥ ੨॥

ਜਿਸ ਦੀ ਗਤੀ ਤੇ ਮਿਤਿ= ਮਰਯਾਦਾ ਕਹੀ ਨਹੀਂ ਜਾਂਦੀ। ਚਾਰੇ ਖਾਣੀਆਂ ਦੇ ਘਟਾਂ ਵਿਚ ਸਮਾ ਰਿਹਾ ਹੈ॥ ੨॥

ਜਾ ਕੇ ਭਗਤ ਆਨੰਦ ਮੈ॥ ਜਾ ਕੇ ਭਗਤ ਕਉ ਨਾਹੀ ਖੈ॥

ਜਿਸ (ਪਰਮਾਤਮਾ) ਦੇ ਭਗਤ ਆਨੰਦ ਮੈ= ਅਨੰਦ ਸਰੂਪ ਹਨ। ਜਿਸ (ਪਰਮਾਤਮਾ) ਦੇ ਭਗਤ ਨੂੰ ਕੋਈ ਖੈ= ਨਾਸ ਨਹੀਂ ਕਰ ਸਕਦਾ।

ਜਾ ਕੇ ਭਗਤ ਕਉ ਨਾਹੀ ਭੈ॥ ਜਾ ਕੇ ਭਗਤ ਕਉ ਸਦਾ ਜੈ॥ ੩॥

ਜਿਸ (ਪਰਮਾਤਮਾ) ਦੇ ਭਗਤ ਨੂੰ ਕਿਸੇ ਦਾ ਭੈ= ਡਰ ਨਹੀਂ ਹੈ। ਜਿਸ (ਪਰਮਾਤਮਾ) ਦੇ ਭਗਤ ਨੂੰ ਸ਼ਦਾ ਜੈ- ਜੈਕਾਰ ਹੁੰਦੀ ਹੈ॥ ੩॥

ਕਉਨ ਉਪਮਾ ਤੇਰੀ ਕਹੀ ਜਾਇ॥ ਸੁਖਦਾਤਾ ਪ੍ਰਭੁ ਰਹਿਓ ਸਮਾਇ॥

ਹੇ ਵਾਹਿਗੁਰੂ ! ਤੇਰੀ ਕੇਹੜੀ ਉਪਮਾ ਕਹੀ ਜਾ ਸਕਦੀ ਹੈ? ਹੇ ਸੁਖਦਾਤੇ ਪ੍ਰਭੂ ! ਤੂੰ ਸਾਰਿਆਂ ਵਿਚ ਸਮਾ ਰਿਹਾ ਹੈਂ।

ਨਾਨਕੁ ਜਾਚੈ ਏਕੁ ਦਾਨੁ॥ ਕਰਿ ਕਿਰਪਾ ਮੋਹਿ ਦੇਹੁ ਨਾਮੁ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ—ਮੈਂ ਇਕ ਦਾਨ ਮੰਗਦਾ ਹਾਂ। ਆਪ ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਉਹ ਨਾਮ ਦੇਣਾ ਕਰੋ॥ ੪॥ ੫॥

ਬਸੰਤੁ ਮਹਲਾ ੫ ॥

ਮਿਲਿ ਪਾਣੀ ਜਿਉ ਹਰੇ ਬੂਟ ॥ ਸਾਧਸੰਗਤਿ ਤਿਉ ਹਉਮੈ ਛੂਟ ॥

ਜਿਵੇਂ ਪਾਣੀ ਦੇ ਮਿਲਿਆਂ ਸਾਰੇ ਬੂਟੇ ਹਰੇ ਹੁੰਦੇ ਹਨ। ਤਿਵੇਂ ਸਤ ਸੰਗਤ ਦੇ ਮਿਲਿਆਂ ਹਉਮੈ ਤੋਂ ਛੁੱਟ ਜਾਈਦਾ ਹੈ।

ਜੈਸੀ ਦਾਸੇ ਧੀਰ ਮੀਰ ॥ ਤੈਸੇ ਉਧਾਰਨ ਗੁਰਹ ਪੀਰ ॥ ੧ ॥

ਜਿਵੇਂ ਦਾਸੇ= ਦਾਸ (ਗੁਲਾਮ) ਨੂੰ ਮੀਰ= ਬਾਦਸ਼ਾਹ ਦੀ ਧੀਰਜਤਾ ਦਿੱਤੀ ਹੁੰਦੀ ਹੈ। ਉਸੇ ਤਰ੍ਹਾਂ ਗੁਰੂ ਸਾਹਿਬ ਜੀ ਜਨਮ ਮਰਨ ਦੀ ਪੀਰ=ਪੀੜਾ ਤੋਂ ਉਧਾਰਨ=ਬਚਾਉਣ ਵਾਲੇ ਹਨ॥ ੧ ॥

ਤੁਮ ਦਾਤੇ ਪ੍ਰਭ ਦੇਨਹਾਰ ॥
ਨਿਮਖ ਨਿਮਖ ਤਿਸੁ ਨਮਸਕਾਰ ॥ ੧ ॥ ਰਹਾਉ ॥

ਹੇ ਦੇਣ ਵਾਲੇ ਪ੍ਰਭੂ ! ਤੁਸੀਂ ਦਾਤੇ ਹੋ। ਤਿਸੁ= ਉਸ ਕਰ ਕੇ ਮੈਂ ਤੁਹਾਨੂੰ ਨਿਮਖ-ਨਿਮਖ ਕਾਲ ਨਮਸਕਾਰ ਕਰਦਾ ਹਾਂ॥ ੧ ॥ ਰਹਾਉ ॥

ਜਿਸਹਿ ਪਰਾਪਤਿ ਸਾਧਸੰਗੁ ॥ ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥

ਜਿਸ ਪੁਰਸ਼ ਨੂੰ ਸੰਤਾਂ ਦਾ ਸੰਗ ਪਰਾਪਤ ਹੁੰਦਾ ਹੈ। ਉਸ ਪੁਰਸ਼ ਦਾ ਪਾਰਬ੍ਰਹਮ ਨਾਲ ਰੰਗੁ= ਪ੍ਰੇਮ ਲਗਦਾ ਹੈ।

ਤੇ ਬੰਧਨ ਤੇ ਭਏ ਮੁਕਤਿ ॥ ਭਗਤ ਅਰਾਧਹਿ ਜੋਗ ਜੁਗਤਿ ॥ ੨ ॥

ਉਹ ਪੁਰਸ਼ ਸੰਸਾਰਕ ਬੰਧਨਾਂ ਤੋਂ ਮੁਕਤਿ= ਛੁੱਟੇ ਹਨ। ਜੋ ਭਗਤੀ ਜੋਗ ਵਿਚ ਜੁਗਤਿ= ਜੁੜ ਕੇ ਪ੍ਰਭੂ ਨੂੰ ਅਰਾਧਦੇ ਹਨ।

ਨੇਤ੍ਰ ਸੰਤੋਖੇ ਦਰਸੁ ਪੇਖਿ ॥ ਰਸਨਾ ਗਾਏ ਗੁਣ ਅਨੇਕ ॥

ਦਰਸ਼ਨ ਦੇਖ ਕੇ ਅੱਖਾਂ ਨੂੰ ਸੰਤੋਖ ਹੋਇਆ ਹੈ ਅਤੇ ਅਨੇਕ ਸਰੂਪ ਪ੍ਰਭੂ ਦੇ ਗੁਣ ਗਾ ਕੇ ਰਸਨਾ ਨੂੰ ਸੰਤੋਖ ਹੋਇਆ ਹੈ।

ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ ਮਨੁ ਆਘਾਨਾ ਹਰਿ ਰਸਹਿ ਸੁਆਦਿ ॥ ੩ ॥

ਗੁਰਾਂ ਦੀ ਕਿਰਪਾ ਕਰ ਕੇ ਪਦਾਰਥਾਂ ਦੀ ਤ੍ਰਿਸ਼ਨਾ ਬੁਝ ਗਈ ਹੈ। ਹਰੀ ਨਾਮ-ਰਸ ਦੇ ਸੁਆਦ ਕਰ ਕੇ ਮਨ ਆਘਾਨਾ= ਰੱਜ ਗਿਆ ਹੈ॥ ੩ ॥

ਸੇਵਕੁ ਲਾਗੋ ਚਰਣ ਸੇਵ ॥ ਆਦਿ ਪੁਰਖ ਅਪਰੰਪਰ ਦੇਵ ॥

ਹੇ ਆਦ ਪੁਰਖ ਅਪਰੰਪਰ ਪਰਮਾਤਮ ਦੇਵ ! ਮੈਂ ਆਪ ਜੀ ਦੇ ਸੇਵਕਾਂ ਦੇ ਚਰਨਾਂ ਦੀ ਸੇਵਾ ਵਿਚ ਲੱਗਾ ਹਾਂ।

ਸਗਲ ਉਧਾਰਨ ਤੇਰੋ ਨਾਮੁ ॥ ਨਾਨਕ ਪਾਇਓ ਇਹੁ ਨਿਧਾਨੁ ॥ ੪ ॥ ੬ ॥

ਤੇਰਾ ਨਾਮ ਹੀ ਸਭ ਨੂੰ ਤਾਰਨ ਵਾਲਾ ਹੈ। ਗੁਰੂ ਜੀ ਕਥਨ ਕਰਦੇ ਹਨ—ਮੈਂ ਤਾਂ ਏਹ ਨਾਮ ਰੂਪ ਖਜ਼ਾਨਾ

ਪਾਇਆ ਹੈ॥ ੪॥ ੬॥

ਬਸੰਤੁ ਮਹਲਾ ੫॥

ਤੁਮ ਬਡ ਦਾਤੇ ਦੇ ਰਹੇ॥ ਜੀਅ ਪ੍ਰਾਣ ਮਹਿ ਰਵਿ ਰਹੇ॥

ਹੇ ਪ੍ਰਭੂ ! ਆਪ ਸਾਰਿਆਂ ਤੋਂ ਵੱਡੇ ਦਾਤੇ ਹੋ ਤੇ ਸਭ ਕੁਝ ਦੇ ਰਹੇ ਹੋ ਅਤੇ ਜੀਅ ਪ੍ਰਾਣ ਤੇ ਦੇਹ ਆਦਿਕਾਂ ਵਿਚ ਵਿਆਪਕ ਹੋ ਰਹੇ ਹੋ।

ਦੀਨੇ ਸਗਲੇ ਭੋਜਨ ਖਾਨ॥ ਮੋਹਿ ਨਿਰਗੁਨ ਇਕੁ ਗੁਨੁ ਨ ਜਾਨ॥ ੧॥

ਤੁਸਾਂ ਨੇ ਖਾਣ ਵਾਸਤੇ ਸਾਰੇ ਭੋਜਨ ਦਿੱਤੇ ਹਨ। ਪਰ ਮੈਂ ਗੁਣ ਹੀਣੇ ਨੇ ਤੇਰਾ ਇਕ ਭੀ ਗੁਣ ਨਹੀਂ ਜਾਣਿਆਂ॥ ੧॥

ਹਉ ਕਛੂ ਨ ਜਾਨਉ ਤੇਰੀ ਸਾਰ॥

ਤੂ ਕਰਿ ਗਤਿ ਮੇਰੀ ਪ੍ਰਭ ਦਇਆਰ॥ ੧॥ ਰਹਾਉ॥

ਹਉ= ਮੈਂ ਕੁਝ ਭੀ ਤੇਰੀ ਸਾਰ= ਸੰਭਾਲ ਜਾਣਦਾ ਨਹੀਂ ਹਾਂ। ਹੇ ਦਿਆਲੂ ਪ੍ਰਭੂ ! ਤੂੰ ਮੇਰੀ ਗਤੀ ਕਰ।

[ਪੰਨਾ ੧੧੮੨]

ਜਾਪ ਨ ਤਾਪ ਨ ਕਰਮ ਕੀਤਿ॥ ਆਵੈ ਨਾਹੀ ਕਛੂ ਰੀਤਿ॥

ਨਾ ਮੈਂ ਜਪ ਕੀਤਾ ਹੈ, ਨਾ ਤਪ, ਨਾ ਹੀ ਕੋਈ ਸ਼ੁਭ ਕਰਮ ਕੀਤਾ ਹੈ ਅਤੇ ਕੁਝ ਉੱਤਮ ਰੀਤੀ ਭੀ ਕਰਨੀ ਨਹੀਂ ਆਉਂਦੀ।

ਮਨ ਮਹਿ ਰਾਖਉ ਆਸ ਏਕ॥ ਨਾਮ ਤੇਰੇ ਕੀ ਤਰਉ ਟੇਕ॥ ੨॥

ਮੈਂ ਆਪਣੇ ਮਨ ਵਿਚ ਇਕ ਹੀ ਆਸ ਰਖਦਾ ਹਾਂ। ਕਿ ਤੇਰੇ ਨਾਮ ਦੀ ਓਟ ਕਰ ਕੇ ਸੰਸਾਰ-ਸਮੁੰਦਰ ਤੋਂ ਤਰ ਜਾਵਾਂਗਾ॥ ੨॥

ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ॥ ਅੰਤੁ ਨ ਪਾਵਹਿ ਜਲਹਿ ਮੀਨ॥

ਹੇ ਪ੍ਰਭੂ !ਸਰਬ ਕਲਾ= ਸਾਰੀਆਂ ਸ਼ਕਤੀਆਂ ਕਰ ਕੇ ਆਪ ਪ੍ਰਬੀਨ= ਚਤੁਰ ਹੋ। ਜਿਵੇਂ ਮੀਨ= ਮੱਛੀ ਪਾਣੀ ਦਾ ਅੰਤ ਨਹੀਂ ਪਾਉਂਦੀ, ਤਿਵੇਂ ਆਪ ਜੀ ਦਾ ਅੰਤ ਕੋਈ ਨਹੀਂ ਪਾ ਸਕਦਾ।

ਅਗਮ ਅਗਮ ਊਚਹ ਤੇ ਊਚ॥ ਹਮ ਥੋਰੇ ਤੁਮ ਬਹੁਤ ਮੂਚ॥ ੩॥

ਆਪ ਅਗਮ ਅਗਮ= ਬੇਅੰਤ ਤੋਂ ਬੇਅੰਤ ਅਤੇ ਉੱਚਿਆਂ ਤੋਂ ਉੱਚੇ ਹੋ। ਅਸੀਂ ਬਹੁਤ ਛੋਟੇ ਹਾਂ, ਤੁਸੀਂ ਬਹੁਤ ਮੂਚ= ਵੱਡੇ ਹੋ ਯਾ ਵਿਸਤਾਰ ਵਾਲੇ ਹੋ॥ ੩॥

ਜਿਨ ਤੂ ਧਿਆਇਆ ਸੇ ਗਨੀ॥ ਜਿਨ ਤੂ ਪਾਇਆ ਸੇ ਧਨੀ॥

ਜਿਨ੍ਹਾਂ ਨੇ ਆਪ ਜੀ ਨੂੰ ਧਿਆਇਆ ਹੈ, ਉਹ ਪੁਰਸ਼ ਗਨੀ= ਗਿਣਤੀ ਵਿਚ ਹਨ। ਜਿਨ੍ਹਾਂ ਨੇ ਆਪ ਜੀ ਨੂੰ ਪਾਇਆ ਹੈ, ਉਹ ਪੁਰਸ਼ ਧਨੀ= ਧਨਾਢ (ਸ਼ਾਹੂਕਾਰ) ਹਨ।

ਜਿਨਿ ਤੂ ਸੇਵਿਆ ਸੁਖੀ ਸੇ ॥ ਸੰਤ ਸਰਣਿ ਨਾਨਕ ਪਰੇ ॥ ੪ ॥ ੭ ॥

ਜਿਨ੍ਹਾਂ ਨੇ ਆਪ ਜੀ ਨੂੰ ਸੇਵਿਆ ਹੈ, ਉਹ ਪੁਰਸ਼ ਸੁਖੀ ਹਨ। ਗੁਰੂ ਜੀ ਕਥਨ ਕਰਦੇ ਹਨ—ਮੈਂ ਉਨ੍ਹਾਂ ਸੰਤਾਂ ਦੀ ਸ਼ਰਨ ਪਿਆ ਹਾਂ ॥ ੪ ॥ ੭ ॥

ਬਸੰਤੁ ਮਹਲਾ ੫ ॥

ਤਿਸੁ ਤੂ ਸੇਵਿ ਜਿਨਿ ਤੂ ਕੀਆ ॥ ਤਿਸੁ ਅਰਾਧਿ ਜਿਨਿ ਜੀਉ ਦੀਆ ॥

ਹੇ ਪੁਰਸ਼ਾ! ਤੂੰ ਉਸ ਨੂੰ ਸੇਵਨਾ ਕਰ, ਜਿਸ ਨੇ ਤੈਨੂੰ ਪੈਦਾ ਕੀਤਾ ਹੈ। ਹੇ ਪੁਰਸ਼ਾ ! ਤੂੰ ਉਸ ਨੂੰ ਅਰਾਧਣਾ ਕਰ, ਜਿਸ ਨੇ ਤੈਨੂੰ ਜੀਵਨ ਦਿੱਤਾ ਹੈ।

ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥

ਜੇ ਤੂੰ ਉਸ ਪ੍ਰਭੂ ਦਾ ਚਾਕਰੁ= ਨੌਕਰ ਹੋਵੇਂਗਾ ਤਾਂ ਫਿਰ ਤੈਨੂੰ ਜਮਾਂ ਦਾ ਡੰਨ ਨਹੀਂ ਲੱਗੇਗਾ।

ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥ ੧ ॥

ਉਸ ਪ੍ਰਭੂ ਦੀ ਤੂੰ ਪੋਤਦਾਰੀ= ਪਛਾਣ ਕਰ, ਵਾ:- ਭਗਤੀ ਰੂਪੀ ਖਜ਼ਾਨਚੀ ਦਾ ਕੰਮ ਕਰ ਤਾਂ ਫਿਰ ਤੈਨੂੰ ਕੋਈ ਦੁੱਖ ਨਹੀਂ ਲਗੇਗਾ ॥ ੧ ॥

ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥
ਸੋ ਪਾਏ ਇਹੁ ਪਦੁ ਨਿਰਬਾਣੀ ॥ ੧ ॥ ਰਹਾਉ ॥

ਜਿਸ ਪ੍ਰਾਣੀ ਦੇ ਏਡੇ ਵੱਡੇ ਭਾਗ ਹੁੰਦੇ ਹਨ। ਓਹੀ ਪੁਰਸ਼ ਇਸ ਨਿਰਬੰਧ ਪਦ ਨੂੰ ਪਾਉਂਦਾ ਹੈ ॥ ੧ ॥ ਰਹਾਉ ॥

ਦੂਜੀ ਸੇਵਾ ਜੀਵਨੁ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ ॥

ਪਰਮੇਸ਼ਰ ਤੋਂ ਬਿਨਾਂ ਦੂਜੇ ਪੁਰਸ਼ ਦੀ ਸੇਵਾ ਕਰਨ ਨਾਲ ਸਾਰਾ ਜੀਵਨ ਵਿਅਰਥ ਜਾਂਦਾ ਹੈ ਅਤੇ ਇਸ ਜੀਵ ਦਾ ਕੁਝ ਅਰਥਾ= ਮਤਲਬ ਪੂਰਾ ਨਹੀਂ ਹੁੰਦਾ।

ਮਾਣਸ ਸੇਵਾ ਖਰੀ ਦੁਹੇਲੀ ॥ ਸਾਧ ਕੀ ਸੇਵਾ ਸਦਾ ਸੁਹੇਲੀ ॥ ੨ ॥

ਮਨੁੱਖ ਦੀ ਸੇਵਾ ਕਰਨੀ ਖਰੀ ਦੁਹੇਲੀ= ਚੰਗੀ (ਬੜੀ) ਕਠਿਨ ਦੁੱਖ ਦਾਇਕ ਹੈ ਅਤੇ ਸੰਤਾਂ ਦੀ ਸੇਵਾ ਕਰਨੀ ਸਦਾ ਸੁਹੇਲੀ= ਸੁਖ ਦਾਇਕ ਹੈ ॥ ੨ ॥

ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ।

ਹੇ ਭਾਈ ! ਜੇ ਤੂੰ ਸਦਾ ਹੀ ਸੁਖ ਪਾਉਣਾ ਚਾਹੁੰਦਾ ਹੈਂ। ਤਾਂ ਸੰਤਾਂ ਦੀ ਸੰਗਤ ਕਰ, ਇਹ ਗੱਲ ਗੁਰਾਂ ਨੇ ਬਤਾਈ= ਦੱਸੀ ਹੈ।

ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥ ੩ ॥

ਉਸ ਸਤਸੰਗਤ ਵਿਚ ਕੇਵਲ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ। ਸੰਤਾਂ ਦੀ ਸੰਗਤ ਕਰਨ ਨਾਲ ਪੁਰਸ਼ ਗਰਾਮ= ਸੰਸਾਰ ਤੋਂ ਪਾਰ ਹੁੰਦਾ ਹੈ ॥ ੩ ॥

ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥

ਸਾਰਿਆਂ ਤਤ= ਸਿਧਾਂਤਾਂ ਵਿੱਚੋਂ ਤਤ ਵਸਤੂ ਦਾ ਗਿਆਨ ਹੀ ਸਭ ਤੋਂ ਵਧੀਆ ਹੈ। ਅਥਵਾ:- ਸਾਰਿਆਂ ਗਿਆਨਾਂ ਵਿਚੋਂ ਤਤ= ਸਿਧਾਂਤ ਰੂਪ ਪ੍ਰਭੂ ਦਾ ਤਤੁ= ਯਥਾਰਥ ਗਿਆਨ ਹੀ ਉੱਤਮ ਹੈ। ਸਾਰਿਆਂ ਧਿਆਨਾਂ ਵਿੱਚੋਂ ਇਕ ਪ੍ਰਭੂ ਦਾ ਧਿਆਨ ਕਰਨਾ ਹੀ ਸ੍ਰੇਸ਼ਟ ਹੈ।

ਹਰਿ ਕੀਰਤਨ ਮਹਿ ਊਤਮ ਧੁਨਾ ॥
ਨਾਨਕ ਗੁਰ ਮਿਲਿ ਗਾਇ ਗੁਨਾ ॥ ੪ ॥ ੮ ॥

ਤਮਾਮ ਕੀਰਤਨਾਂ ਦੇ ਵਿੱਚੋਂ ਹਰੀ ਜਸ ਦਾ ਜੇਹੜਾ ਧੁਨਾ= ਉਚਾਰਨਾ ਹੈ, ਏਹੋ ਉੱਤਮ ਹੈ। ਗੁਰੂ ਜੀ ਕਥਨ ਕਰਦੇ ਹਨ—ਇਸ ਵਾਸਤੇ ਗੁਰਾਂ ਨਾਲ ਮਿਲ ਕੇ ਹਰੀ ਦੇ ਗੁਣ ਗਾਉਣਾ ਕਰ ॥ ੪ ॥ ੮ ॥

ਬਸੰਤੁ ਮਹਲਾ ੫ ॥

ਜਿਸੁ ਬੋਲਤ ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ ਨਿਰਮਲ ਹੈ ਸੋਇ ॥

ਜਿਸ (ਵਾਹਿਗੁਰੂ–ਨਾਮ) ਦੇ ਬੋਲਣ ਕਰ ਕੇ ਮੂੰਹ ਪਵਿੱਤਰ ਹੁੰਦਾ ਹੈ। ਜਿਸ (ਵਾਹਿਗੁਰੂ ਨਾਮ) ਦੇ ਸਿਮਰਨੇ ਕਰ ਕੇ ਨਿਰਮਲ ਸੋਇ= ਸੋਭਾ ਹੁੰਦੀ ਹੈ।

ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥ ਜਿਸ ਕੀ ਸੇਵਾ ਸਭੁ ਕਿਛੁ ਲਹੈ ॥ ੧ ॥

ਜਿਸ ਨੂੰ ਅਰਾਧਣੇ ਕਰ ਕੇ ਜਮ ਕੁਝ ਨਹੀਂ ਕਹਿੰਦਾ। ਜਿਸ ਪ੍ਰਭੂ ਦੀ ਸੇਵਾ ਕਰ ਕੇ ਜੀਵ ਸਭ ਕੁਝ ਲੈ ਲੈਂਦਾ ਹੈ ॥ ੧ ॥

ਰਾਮ ਰਾਮ ਬੋਲਿ ਰਾਮ ਰਾਮ ॥
ਤਿਆਗਹੁ ਮਨ ਕੇ ਸਗਲ ਕਾਮ ॥ ੧ ॥ ਰਹਾਉ ॥

ਮਨ ਕਰ ਕੇ ਰਾਮ ਰਾਮ ਬੋਲ, ਤਨ ਕਰ ਕੇ ਭੀ ਰਾਮ ਰਾਮ ਬੋਲ। ਮਨ ਦੇ ਸਾਰੇ ਕਾਮ= ਸੰਕਲਪ ਤਿਆਗ ਦਿਓ ॥ ੧ ॥ ਰਹਾਉ ॥

ਜਿਸ ਕੇ ਧਾਰੇ ਧਰਣਿ ਅਕਾਸੁ ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥

ਧਰਤੀ ਤੇ ਅਕਾਸ਼ ਆਦਿਕ ਜਿਸ ਪ੍ਰਭੂ ਦੇ ਧਾਰੇ= ਬਣਾਏ ਹੋਏ ਹਨ। ਵਾ:- ਜਿਸ ਪ੍ਰਭੂ ਦੇ ਧਾਰੇ= ਆਸਰੇ ਹਨ। ਜਿਸ ਪ੍ਰਭੂ ਦਾ ਸਾਰਿਆਂ ਘਟਾਂ ਵਿਚ ਪ੍ਰਕਾਸ਼ ਹੈ।

ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥
ਅੰਤ ਕਾਲਿ ਫਿਰਿ ਫਿਰਿ ਨ ਰੋਇ ॥ ੨ ॥

ਜਿਸ ਦੇ ਨਾਮ ਸਿਮਰਨ ਕਰ ਕੇ ਸਾਰੇ ਪਤਿਤ= ਪਾਪੀ ਪਵਿੱਤਰ ਹੁੰਦੇ ਹਨ ਅਤੇ ਅੰਤ ਸਮੇਂ ਮੁੜ-ਮੁੜ ਕੇ ਨਹੀਂ ਰੋਂਦੇ ॥ ੨ ॥

ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥

ਸਾਰਿਆਂ ਧਰਮਾਂ ਵਿਚੋਂ ਏਹੋ ਉੱਤਮ ਧਰਮ ਹੈ (ਜੇਹੜਾ ਨਾਮ ਜਪਦਾ ਹੈ)। ਨਾਮ ਜਪਣੇ ਰੂਪ ਜੋ ਕਰਮ

ਹੈ, ਏਹ ਸਭ ਕਰਮਾਂ ਦੀ ਕਰਤੂਤਿ= ਕਰਤਬਤਾ ਤੋਂ ਉੱਪਰ ਹੈ।

ਜਿਸ ਕਉ ਚਾਹਹਿ ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥ ੩ ॥

ਜਿਸ (ਪਰਮਾਤਮਾ) ਨੂੰ ਸੁਰਿ=ਸ੍ਰੇਸ਼ਟ ਮਨੁੱਖ ਅਤੇ ਦੇਵਤੇ ਚਾਹੁੰਦੇ ਹਨ। ਉਸ (ਪਰਮਾਤਮਾ) ਦੀ (ਪਰਾਪਤੀ) ਲਈ ਤੁਸੀਂ ਸੰਤ ਸਭਾ ਦੀ ਸੇਵਾ ਵਿਚ ਲੱਗੇ ਰਹੋ॥ ੩ ॥

ਆਦਿ ਪੁਰਖਿ ਜਿਸੁ ਕੀਆ ਦਾਨੁ ॥ ਤਿਸ ਕਉ ਮਿਲਿਆ ਹਰਿ ਨਿਧਾਨੁ ॥

ਜਿਸ ਨੂੰ ਆਦਿ ਪੁਰਖਿ= ਪਰਮਾਤਮਾ ਨੇ ਦਾਨ ਦੇਣਾ ਕੀਤਾ ਹੈ। ਉਸ ਪੁਰਸ਼ ਨੂੰ ਹਰੀ ਨਾਮ ਰੂਪ ਨਿਧਾਨੁ= ਖਜ਼ਾਨਾ ਮਿਲਿਆ ਹੈ।

ਤਿਸ ਕੀ ਗਤਿ ਮਿਤਿ ਕਹੀ ਨ ਜਾਇ ॥
ਨਾਨਕ ਜਨ ਹਰਿ ਹਰਿ ਧਿਆਇ ॥ ੪ ॥ ੯ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਗੁਰਮੁਖ ਜਨ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ। ਉਸ ਦੀ ਗਤਿ= ਰੀਤੀ ਅਤੇ ਮਿਤਿ= ਮਰਯਾਦਾ ਕੁਛ ਕਹੀ ਨਹੀਂ ਜਾਂਦੀ॥ ੪ ॥ ੯ ॥

ਅਗਲੇ ਸ਼ਬਦ ਵਿਚ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ-

ਬਸੰਤੁ ਮਹਲਾ ੫ ॥

ਮਨ ਤਨ ਭੀਤਰਿ ਲਾਗੀ ਪਿਆਸ ॥ ਗੁਰਿ ਦਇਆਲਿ ਪੂਰੀ ਮੇਰੀ ਆਸ ॥

ਹੇ ਪ੍ਰਭੂ ! ਮੇਰੇ ਮਨ ਤਨ ਦੇ ਵਿਚ ਆਪ ਜੀ ਦੇ ਦਰਸ਼ਨਾਂ ਦੀ ਚਾਹਨਾ (ਇੱਛਾ) ਲੱਗ ਰਹੀ ਹੈ। ਪਰ ਦਿਆਲੂ ਗੁਰੂ ਨੇ ਹੀ ਮੇਰੀ ਆਸ ਪੂਰੀ ਕੀਤੀ ਹੈ।

ਕਿਲਵਿਖ ਕਾਟੇ ਸਾਧਸੰਗਿ ॥ ਨਾਮੁ ਜਪਿਓ ਹਰਿ ਨਾਮ ਰੰਗਿ ॥ ੧ ॥

ਸਤਸੰਗ ਵਿਚ ਬਿਠਾ ਕੇ ਮੇਰੇ ਸਾਰੇ ਕਿਲਵਿਖ= ਪਾਪ ਕੱਟ ਦਿੱਤੇ ਹਨ। ਨਾਮ= ਪਰਸਿੱਧ ਰੰਗਿ= ਪ੍ਰੇਮ ਕਰ ਕੇ ਹਰੀ ਨਾਮ ਜਪਿਆ ਹੈ॥ ੧ ॥

ਗੁਰ ਪਰਸਾਦਿ ਬਸੰਤੁ ਬਨਾ ॥

ਗੁਰੂ ਦੀ ਪਰਸਾਦਿ= ਕਿਰਪਾ ਨਾਲ ਮੈਨੂੰ ਬਸੰਤੁ= ਅਨੰਦ ਬਣਿਆ ਹੈ।

ਚਰਨ ਕਮਲ ਹਿਰਦੈ ਉਰਿ ਧਾਰੇ
ਸਦਾ ਸਦਾ ਹਰਿ ਜਸੁ ਸੁਨਾ ॥ ੧ ॥ ਰਹਾਉ ॥

ਹਿਰਦੇ ਦੇ ਉਰਿ= ਵਿਚ ਗੁਰਾਂ ਦੇ ਚਰਨ ਕਮਲ ਧਾਰੇ= ਵਸਾਏ ਹਨ ਅਤੇ ਸਦਾ= ਨਿਤ ਰੂਪ ਹਰੀ ਦੇ ਜਸ ਨੂੰ ਸਦਾ ਸੁਣਿਆ ਹੈ। ਜਾਂ ਸਦਾ ਸਦਾ ਹਰੀ ਦੇ ਜਸ ਨੂੰ ਸੁਣਿਆ ਹੈ॥ ੧ ॥ ਰਹਾਉ ॥

[ਪੰਨਾ ੧੧੮੩]

ਸਮਰਥ ਸੁਆਮੀ ਕਾਰਣ ਕਰਣ ॥ ਮੋਹਿ ਅਨਾਥ ਪ੍ਰਭ ਤੇਰੀ ਸਰਣ ॥

ਹੇ ਸੁਆਮੀ ! ਆਪ ਸਭ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੋ। ਹੇ ਪ੍ਰਭੂ ! ਮੈਂ ਅਨਾਥ= ਗ਼ਰੀਬ ਨੇ ਆ

ਜੀ ਦੀ ਸ਼ਰਨ ਲਈ ਹੈ।

ਜੀਅ ਜੰਤ ਤੇਰੇ ਆਧਾਰਿ॥ ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ॥ ੨ ॥

ਸਾਰੇ ਸੂਖਮ ਸਥੂਲ ਜੀਆ ਜੰਤ ਆਪ ਜੀ ਦੇ ਆਧਾਰਿ= ਆਸਰੇ ਹਨ। ਹੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਸੰਸਾਰ ਤੋਂ ਤਾਰ ਲੈ॥ ੨॥

ਭਵ ਖੰਡਨ ਦੁਖ ਨਾਸ ਦੇਵ॥ ਸੁਰਿ ਨਰ ਮੁਨਿ ਜਨ ਤਾ ਕੀ ਸੇਵ॥

ਹੇ ਦੇਵ= ਪ੍ਰਕਾਸ਼ ਰੂਪ ਪ੍ਰਭੂ ! ਆਪ ਭਵ- ਖੰਡਨ= ਜਨਮ ਮਰਨ ਦੇ ਅਭਾਵ ਕਰਨ ਵਾਲੇ ਅਤੇ ਦੁੱਖਾਂ ਦੇ ਨਾਸ ਕਰਨ ਵਾਲੇ ਹੋ। ਸੁਰਿ ਨਰ= ਸ੍ਰੇਸ਼ਟ ਮਨੁੱਖ ਅਤੇ ਮੁਨੀ ਜਨ ਤਾ ਕੀ= ਤਿਸ ਆਪ ਜੀ ਦੀ ਸੇਵਾ ਕਰਦੇ ਹਨ।

ਧਰਣਿ ਅਕਾਸੁ ਜਾ ਕੀ ਕਲਾ ਮਾਹਿ॥ ਤੇਰਾ ਦੀਆ ਸਭਿ ਜੰਤ ਖਾਹਿ॥ ੩ ॥

ਧਰਤੀ ਤੇ ਅਕਾਸ਼ ਜਿਸ ਆਪ ਜੀ ਦੀ ਕਲਾ ਮਾਹਿ= ਸ਼ਕਤੀ ਵਿਚ ਹਨ ਅਤੇ ਆਪ ਜੀ ਦਾ ਦਿੱਤਾ ਹੋਇਆ ਪਦਾਰਥ ਸਾਰੇ ਜੀਅ ਜੰਤ ਖਾ ਰਹੇ ਹਨ॥ ੩॥

ਅੰਤਰਜਾਮੀ ਪ੍ਰਭ ਦਇਆਲ॥ ਅਪਣੇ ਦਾਸ ਕਉ ਨਦਰਿ ਨਿਹਾਲਿ॥

ਹੇ ਦਿਆਲੂ ਪ੍ਰਭੂ ! ਤੂੰ ਅੰਤਰਜਾਮੀ= ਸਭ ਦੇ ਅੰਦਰ ਦੀ ਗੱਲ ਜਾਣਦਾ ਹੈਂ। ਆਪਣੇ ਦਾਸ ਨੂੰ ਕਿਰਪਾ ਦ੍ਰਿਸ਼ਟੀ ਨਾਲ ਦੇਖਣਾ ਕਰ।

ਕਰਿ ਕਿਰਪਾ ਮੋਹਿ ਦੇਹੁ ਦਾਨੁ॥
ਜਪਿ ਜੀਵੈ ਨਾਨਕੁ ਤੇਰੋ ਨਾਮੁ॥ ੪॥ ੧੦॥

ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਦਾਨ ਦੇਣਾ ਕਰੋ। ਗੁਰੂ ਜੀ ਕਥਨ ਕਰਦੇ ਹਨ- ਮੈਂ ਤੇਰਾ ਨਾਮ ਜਪ ਕੇ ਜੀਊਂਦਾ ਹਾਂ॥ ੪॥ ੧੦॥

ਬਸੰਤੁ ਮਹਲਾ ੫॥

ਰਾਮ ਰੰਗਿ ਸਭ ਗਏ ਪਾਪ॥ ਰਾਮ ਜਪਤ ਕਛੁ ਨਹੀ ਸੰਤਾਪ॥

ਰਾਮ ਨਾਮ ਵਿਚ ਰੰਗਿ= ਪ੍ਰੇਮ ਕਰਨ ਨਾਲ ਸਾਰੇ ਪਾਪ ਮਿਟ ਗਏ ਹਨ। ਰਾਮ ਨਾਮ ਜਪਣ ਕਰ ਕੇ ਕੁਝ ਭੀ ਸੰਤਾਪ= ਦੁੱਖ ਨਹੀਂ ਰਿਹਾ।

ਗੋਬਿੰਦ ਜਪਤ ਸਭਿ ਮਿਟੇ ਅੰਧੇਰ॥ ਹਰਿ ਸਿਮਰਤ ਕਛੁ ਨਾਹਿ ਫੇਰ॥ ੧॥

ਗੋਬਿੰਦ ਨਾਮ ਜਪਣ ਕਰ ਕੇ ਸਾਰੇ ਅਗਿਆਨ ਰੂਪ ਹਨੇਰੇ ਮਿਟ ਗਏ ਹਨ। ਹਰੀ ਨਾਮ ਦੇ ਸਿਮਰਨੇ ਕਰ ਕੇ ਚੁਰਾਸੀ ਲੱਖ ਜੂਨੀਆਂ ਦੇ ਕੁਝ ਫੇਰੇ ਨਹੀਂ ਰਹੇ॥ ੧॥

ਬਸੰਤੁ ਹਮਾਰੈ ਰਾਮ ਰੰਗੁ॥ ਸੰਤ ਜਨਾ ਸਿਉ ਸਦਾ ਸੰਗੁ॥ ੧॥ ਰਹਾਉ॥

ਜੋ ਰਾਮ ਦਾ ਰੰਗੁ= ਪ੍ਰੇਮ ਹੈ ਸਾਡੇ ਘਰ ਵਿਚ ਏਹੋ ਬਸੰਤ ਰੂਪ ਹੈ ਅਰਥਾਤ ਅਨੰਦ ਰੂਪ ਹੈ। ਸੰਤ ਜਨਾਂ ਦੇ ਨਾਲ ਸਾਡਾ ਸਦਾ ਸੰਗ ਹੋ ਰਿਹਾ ਹੈ॥ ੧॥ ਰਹਾਉ॥

ਸੰਤ ਜਨੀ ਕੀਆ ਉਪਦੇਸੁ ॥ ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥

ਸੰਤ ਜਨਾਂ ਨੇ ਏਹ ਉਪਦੇਸ਼ ਦੇਣਾ ਕੀਤਾ ਹੈ, ਕਿ ਜਿਥੇ ਗੋਬਿੰਦ ਦਾ ਭਗਤ ਵਸਦਾ ਹੈ, ਉਹ ਦੇਸ਼ ਧੰਨਤਾ ਦੇ ਜੋਗ ਹੈ।

ਹਰਿ ਭਗਤਿਹੀਨ ਉਦਿਆਨ ਥਾਨੁ ॥
ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥ ੨ ॥

ਜੋ ਅਸਥਾਨ ਹਰੀ ਦੀ ਭਗਤੀ ਤੋਂ ਬਿਨਾਂ ਹੈ ਉਹ ਉਜਾੜ ਰੂਪ ਹੈ। ਗੁਰੂ ਦੀ ਕਿਰਪਾ ਨਾਲ ਉਸ ਨੂੰ ਸਾਰਿਆਂ ਘਟਾਂ ਵਿਚ ਪਛਾਣਿਆ ਹੈ॥ ੨ ॥

ਹਰਿ ਕੀਰਤਨ ਰਸ ਭੋਗ ਰੰਗੁ ॥ ਮਨ ਪਾਪ ਕਰਤ ਤੂ ਸਦਾ ਸੰਗੁ ॥

ਹੇ ਪੁਰਸ਼ਾ ! ਮਨ ਕਰ ਕੇ ਹਰੀ ਦੇ ਰੰਗੁ= ਪ੍ਰੇਮ ਰਸ ਨੂੰ ਭੋਗਣਾ ਕਰ ਤੇ ਬਾਣੀ ਦੁਆਰਾ ਹਰੀ ਦਾ ਕੀਰਤਨ ਕਰ। ਹੇ ਮਨ ! ਪਾਪ ਕਰਮਾਂ ਦੇ ਕਰਨ ਵਲੋਂ ਤੂੰ ਸੰਗੁ= ਸੰਗਣਾ ਕਰ, ਯਾਨੀ ਸੰਕੋਚ ਕਰ ਅਰਥਾਤ ਸ਼ਰਮ ਕਰ।

ਨਿਕਟਿ ਪੇਖੁ ਪ੍ਰਭੁ ਕਰਣਹਾਰ ॥ ਈਤ ਊਤ ਪ੍ਰਭ ਕਾਰਜ ਸਾਰ ॥ ੩ ॥

ਕਰਣਹਾਰ (ਪ੍ਰਭੂ) ਨੂੰ ਆਪਣੇ ਨੇੜੇ ਦੇਖਣਾ ਕਰ। ਤੇਰੇ ਈਤ ਊਤ= ਲੋਕ ਪਰਲੋਕ ਦੇ ਸਾਰਿਆਂ ਕੰਮਾਂ ਨੂੰ ਪ੍ਰਭੂ ਹੀ ਸਾਰ= ਪੂਰੇ ਕਰਦਾ ਹੈ॥ ੩ ॥

ਚਰਨ ਕਮਲ ਸਿਉ ਲਗੋ ਧਿਆਨੁ ॥ ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥

ਜਿਸ ਵੇਲੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਨਾਮ ਦਾਨ ਦੇਣਾ ਕੀਤਾ। ਉਸੇ ਵੇਲੇ ਚਰਨ ਕੰਵਲਾਂ ਨਾਲ ਧਿਆਨ ਲੱਗ ਗਿਆ।

ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥
ਜਪਿ ਨਾਨਕ ਸੁਆਮੀ ਸਦ ਹਜੂਰਿ ॥ ੪ ॥ ੧੧ ॥

ਹੇ ਵਾਹਿਗੁਰੂ ! ਮੈਂ ਤੇਰਿਆਂ ਸੰਤ ਜਨਾਂ ਦੀ ਚਰਨ-ਧੂੜੀ ਬਾਛਉ= ਚਾਹੁੰਦਾ ਹਾਂ ਅਤੇ ਗੁਰੂ ਜੀ ਕਥਨ ਕਰਦੇ ਹਨ—ਹੇ ਸੁਆਮੀ ! ਆਪ ਜੀ ਨੂੰ ਸਦਾ ਨੇੜੇ ਜਾਣ ਕੇ ਆਪ ਜੀ ਨੂੰ ਜਪਦਾ ਹਾਂ।

ਬਸੰਤੁ ਮਹਲਾ ੫ ॥

ਸਚੁ ਪਰਮੇਸਰੁ ਨਿਤ ਨਵਾ ॥ ਗੁਰ ਕਿਰਪਾ ਤੇ ਨਿਤ ਚਵਾ ॥

ਸੱਚਾ ਪਰਮੇਸ਼ਰ ਨਿਤ ਹੀ ਨਵਾ= ਨਵੀਨ ਹੈ। ਗੁਰਾਂ ਦੀ ਕਿਰਪਾ ਨਾਲ ਮੈਂ ਉਸ ਨੂੰ ਨਿਤ ਹੀ ਚਵਾ= ਉਚਾਰਦਾ ਹਾਂ।

ਪ੍ਰਭ ਰਖਵਾਲੇ ਮਾਈ ਬਾਪ ॥ ਜਾ ਕੈ ਸਿਮਰਣਿ ਨਹੀ ਸੰਤਾਪ ॥ ੧ ॥

ਉਹ ਪ੍ਰਭੂ ਮਾਂ ਬਾਪ ਵਾਂਗ ਰਖਿਆ ਕਰਨ ਵਾਲਾ ਹੈ। ਜਿਸ ਪ੍ਰਭੂ ਦੇ ਸਿਮਰਨ ਕੀਤਿਆਂ ਕੋਈ ਸੰਤਾਪ= ਦੁੱਖ ਨਹੀਂ ਹੁੰਦਾ॥ ੧ ॥

ਖਸਮੁ ਧਿਆਈ ਇਕ ਮਨਿ ਇਕ ਭਾਇ॥
ਗੁਰ ਪੂਰੇ ਕੀ ਸਦਾ ਸਰਣਾਈ
ਸਾਚੈ ਸਾਹਿਬਿ ਰਖਿਆ ਕੰਠਿ ਲਾਇ॥੧॥ ਰਹਾਉ॥

ਅੰਨਵੇਂ:- ਪੂਰਿਆਂ ਗੁਰਾਂ ਦੀ ਸ਼ਰਨ ਵਿਚ ਆ ਕੇ ਸਦਾ ਹੀ, ਜਾਂ ਇਕ ਮਨ ਹੋ ਕੇ ਤੇ ਇਕ ਚਿਤ ਦੇ ਭਾਇ= ਪ੍ਰੇਮ ਨਾਲ ਖਸਮੁ= ਪਰਮਾਤਮਾ ਨੂੰ ਧਿਆਉਣਾ ਕੀਤਾ ਤਾਂ ਹੀ ਸਚੇ ਸਾਹਿਬ ਨੇ ਆਪਣੇ ਗਲ ਨਾਲ ਲਗਾ ਕੇ ਰੱਖਣਾ ਕੀਤਾ॥ ੧॥ ਰਹਾਉ॥

ਅਪਣੇ ਜਨ ਪ੍ਰਭਿ ਆਪਿ ਰਖੇ॥ ਦੁਸਟ ਦੂਤ ਸਭਿ ਭ੍ਰਮਿ ਥਕੇ॥

ਜਿਸ ਵੇਲੇ ਆਪਣੇ ਸੇਵਕ ਜਨਾਂ ਨੂੰ ਪ੍ਰਭੂ ਨੇ ਆਪ ਹੱਥ ਦੇ ਕੇ ਰੱਖਣਾ ਕੀਤੇ। ਉਸ ਵੇਲੇ ਸਾਰੇ ਦੁਸ਼ਟ ਦੂਤ ਭ੍ਰਮਿ= ਫਿਰ ਕੇ ਥੱਕ ਗਏ ਪਰ ਕੁਝ ਵਿਗਾੜ ਨਾ ਕਰ ਸਕੇ।

ਬਿਨੁ ਗੁਰ ਸਾਚੇ ਨਹੀ ਜਾਇ॥ ਦੁਖੁ ਦੇਸ ਦਿਸੰਤਰਿ ਰਹੇ ਧਾਇ॥੨॥

ਸੱਚੇ ਗੁਰੂ ਤੋਂ ਬਿਨਾਂ ਹੋਰ ਕੋਈ ਸੁਖ ਦੀ ਜਗ੍ਹਾ ਨਹੀਂ ਹੈ। ਮਨਮੁਖ ਪੁਰਸ਼ ਦੇਸ ਦਿਸੰਤਰਿ= ਦੇਸ਼ ਵਿਦੇਸ਼ ਵਿਚ ਦੌੜ ਕੇ ਦੁੱਖ ਭੋਗ ਰਹੇ ਹਨ॥ ੨॥

ਕਿਰਤੁ ਓਨ੍ਹਾ ਕਾ ਮਿਟਸਿ ਨਾਹਿ॥
ਓਇ ਅਪਣਾ ਬੀਜਿਆ ਆਪਿ ਖਾਹਿ॥

ਉਨ੍ਹਾਂ ਦਾ ਕੀਤਾ ਹੋਇਆ ਕਰਮ (ਭੋਗੇ ਬਿਨਾਂ ਕਦੇ) ਨਹੀਂ ਮਿਟਦਾ। ਉਹ ਆਪਣੇ ਬੀਜੇ ਹੋਏ ਕਰਮਾਂ ਦਾ ਫਲ ਆਪ ਹੀ ਖਾਂਦੇ ਹਨ।

ਜਨ ਕਾ ਰਖਵਾਲਾ ਆਪਿ ਸੋਇ॥
ਜਨ ਕਉ ਪਹੁਚਿ ਨ ਸਕਸਿ ਕੋਇ॥੩॥

ਉਹ ਪ੍ਰਭੂ ਆਪਣੇ ਸੇਵਕ ਜਨਾਂ ਦਾ ਆਪ ਹੀ ਰਖਵਾਲਾ ਹੈ। ਇਸ ਕਰ ਕੇ ਸੇਵਕ ਜਨਾਂ ਨੂੰ ਦੁੱਖ ਦੇਣ ਵਾਸਤੇ ਕੋਈ ਪਹੁਚਿ= ਪੁੱਜ ਨਹੀਂ ਸਕਦਾ॥ ੩॥

ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ॥ ਅਖੰਡ ਪੂਰਨ ਜਾ ਕੋ ਪ੍ਰਤਾਪੁ॥

ਪ੍ਰਭੂ ਨੇ ਜਤਨ ਕਰ ਕੇ ਆਪਣੇ ਦਾਸ ਆਪ ਹੱਥ ਦੇ ਕੇ ਰੱਖ ਲਏ ਹਨ। ਜਿਸ ਪ੍ਰਭੂ ਦਾ ਪਰਤਾਪ ਅਖੰਡ= ਇਕ= ਰਸ ਪੂਰਨ ਹੈ।

ਗੁਣ ਗੋਬਿੰਦ ਨਿਤ ਰਸਨ ਗਾਇ॥
ਨਾਨਕੁ ਜੀਵੈ ਹਰਿ ਚਰਣ ਧਿਆਇ॥੪॥੧੨॥

ਅਸੀਂ ਤਾਂ ਨਿਤਾਪ੍ਰਤੀ ਗੋਬਿੰਦ ਦੇ ਗੁਣਾਂ ਨੂੰ ਰਸਨਾ ਨਾਲ ਗਾਉਂਦੇ ਹਾਂ। ਗੁਰੂ ਜੀ ਕਥਨ ਕਰਦੇ ਹਨ— ਹਰੀ ਦੇ ਚਰਨਾਂ ਨੂੰ ਧਿਆ ਕੇ ਜੀਉਂਦੇ ਹਾਂ॥ ੪॥ ੧੨॥

ਬਸੰਤੁ ਮਹਲਾ ੫ ॥

ਗੁਰ ਚਰਣ ਸਰੇਵਤ ਦੁਖੁ ਗਇਆ ॥ ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਦੀ ਸੇਵਾ ਕਰਦਿਆਂ ਸਾਰਾ ਦੁੱਖ ਦੂਰ ਹੋ ਗਿਆ ਹੈ। ਗੁਰੂ ਦੀ ਕਿਰਪਾ ਹੋਣ ਕਰ ਕੇ ਪਾਰਬ੍ਰਹਮ ਪ੍ਰਭੂ ਨੇ ਭੀ ਮਇਆ= ਕਿਰਪਾ ਦ੍ਰਿਸ਼ਟੀ ਕੀਤੀ ਹੈ।

ਸਰਬ ਮਨੋਰਥ ਪੂਰਨ ਕਾਮ ॥ ਜਪਿ ਜੀਵੈ ਨਾਨਕੁ ਰਾਮ ਨਾਮ ॥ ੧ ॥

ਮਨ ਦੇ ਸਾਰੇ ਮਨੋਰਥ= ਸੰਕਲਪ ਅਤੇ ਘਰ ਦੇ ਸਾਰੇ ਕੰਮ ਪੂਰੇ ਹੋ ਗਏ ਹਨ। ਗੁਰੂ ਜੀ ਕਥਨ ਕਰਦੇ ਹਨ—ਮੈਂ ਰਾਮ ਨਾਮ ਨੂੰ ਜਪ ਕੇ ਜੀਊਂਦਾ ਹਾਂ ॥ ੧ ॥

ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥

ਸਾਰੀਆਂ ਰੁੱਤਾਂ ਵਿੱਚੋਂ ਉਹ ਰੁੱਤ ਸੋਹਣੀ ਹੈ, ਜਿਸ ਰੁੱਤ ਵਿਚ ਹਰੀ ਚੇਤੇ ਆਉਂਦਾ ਹੈ।

ਬਿਨੁ ਸਤਿਗੁਰ ਦੀਸੈ ਬਿਲਲਾਂਤੀ
ਸਾਕਤੁ ਫਿਰਿ ਫਿਰਿ ਆਵੈ ਜਾਵੈ ॥ ੧ ॥ ਰਹਾਉ ॥

ਸਤਿਗੁਰਾਂ ਤੋਂ ਬਿਨਾਂ ਸਾਰੀ ਦੁਨੀਆਂ ਰੋਂਦੀ ਦਿਸਦੀ ਹੈ ਅਤੇ ਵਿਰਲਾਪ ਕਰਦੀ ਫਿਰਦੀ ਹੈ, ਇਸ ਲਈ ਸਾਕਤੁ= ਮਨਮੁਖ ਪੁਰਸ਼ ਮੁੜ-ਮੁੜ ਕੇ ਆਵੈ ਜਾਵੈ= ਜੰਮਦਾ ਮਰਦਾ ਹੈ ॥ ੧ ॥ ਰਹਾਉ ॥

[ਪੰਨਾ ੧੧੮੪]

ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ ਗੁਰ ਸਬਦਿ ਨਾਸਿ ॥

ਉਹ ਪੁਰਸ਼ ਧਨਵੰਤ= ਧਨਾਢ ਹਨ, ਜਿਨ੍ਹਾਂ ਦੇ ਪਾਸ ਰਾਸਿ= ਸੱਚੇ ਹਰੀ ਪ੍ਰਭੂ ਦਾ ਨਾਮ-ਧਨ ਹੈ ਅਤੇ ਜਿਨ੍ਹਾਂ ਦੇ ਗੁਰ-ਉਪਦੇਸ਼ ਦੁਆਰਾ ਕਾਮ ਕਰੋਧ ਆਦਿਕਾਂ ਨੂੰ ਨਾਸ ਕੀਤਾ ਹੈ।

ਭੈ ਬਿਨਸੇ ਨਿਰਭੈ ਪਦੁ ਪਾਇਆ ॥
ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਮਿਲ ਕੇ ਆਪਣੇ ਖਸਮੁ= ਮਾਲਕ ਪ੍ਰਭੂ ਨੂੰ ਧਿਆਇਆ ਹੈ। ਇਸ ਕਰ ਕੇ ਸਾਰੇ ਭੈ= ਡਰ ਬਿਨਸ ਗਏ ਹਨ ਤੇ ਨਿਰਭੈ ਪਦੁ= ਆਤਮ-ਪਦ ਨੂੰ ਪਾਇਆ ਹੈ ॥ ੨ ॥

ਸਾਧਸੰਗਤਿ ਪ੍ਰਭਿ ਕੀਓ ਨਿਵਾਸ ॥ ਹਰਿ ਜਪਿ ਜਪਿ ਹੋਈ ਪੂਰਨ ਆਸ ॥

ਜਿਸ ਵੇਲੇ ਪ੍ਰਭੂ ਦੀ ਸਤਸੰਗਤ ਵਿਚ ਨਿਵਾਸ ਕੀਤਾ। ਜਾਂ ਪ੍ਰਭੂ ਨੇ ਕਿਰਪਾ ਕਰ ਕੇ ਸਾਡਾ ਸਤ-ਸੰਗਤ ਵਿਚ ਨਿਵਾਸ ਕੀਤਾ ਤੇ ਹਰੀ ਨਾਮ ਜਪ ਨੂੰ ਜਪਿਆ ਤਾਂ ਸਾਰੀ ਆਸਾ ਪੂਰਨ ਹੋ ਗਈ।

ਜਲਿ ਥਲਿ ਮਹੀਅਲਿ ਰਵਿ ਰਹਿਆ ॥
ਗੁਰਿ ਮਿਲਿ ਨਾਨਕਿ ਹਰਿ ਹਰਿ ਕਹਿਆ ॥ ੩ ॥

ਜੋ ਪ੍ਰਭੂ ਜਲਾਂ ਵਿਚ, ਥਲਾਂ ਵਿਚ, ਮਹੀ= ਪ੍ਰਿਥਵੀ, ਅਲਿ= ਅਕਾਸ਼ ਆਦਿਕਾਂ ਵਿਚ ਰਵਿ ਰਹਿਆ= ਵਿਆਪਕ ਹੋ ਰਿਹਾ ਹੈ। ਮੈਂ ਨਾਨਕ ਨੇ ਗੁਰਾਂ ਨਾਲ਼ ਮਿਲ ਕੇ ਉਸ ਹਰਿ ਹਰਿ ਦੇ ਨਾਮ ਨੂੰ ਕਿਹਾ ਹੈ।

ਅਸਟ ਸਿਧਿ ਨਵ ਨਿਧਿ ਏਹ॥ ਕਰਮਿ ਪਰਾਪਤਿ ਜਿਸੁ ਨਾਮੁ ਦੇਹ॥

ਅੰਨਵੇਂ:- ਅੱਠ ਸਿਧੀਆਂ, ਨੌ ਨਿਧੀਆਂ ਏਹ ਉਸ ਨੂੰ ਪਰਾਪਤ ਹੁੰਦੀਆਂ ਹਨ। ਜਿਸ ਨੂੰ ਗੁਰੂ ਕਰਮਿ= ਕਿਰਪਾ ਕਰ ਕੇ ਨਾਮ ਦੀ ਦਾਤ ਦੇਂਦੇ ਹਨ। *ਅਥਵਾ-* ਗੁਰੂ ਸਾਹਿਬ ਜੀ ਕਰਮਿ= ਕਿਰਪਾ ਕਰ ਕੇ ਜਿਸ ਨੂੰ ਨਾਮ ਦੀ ਪ੍ਰਾਪਤੀ ਕਰ ਦੇਂਦੇ ਹਨ, ਉਸ ਦੇ ਭਾਣੇ ਏਹ ਨਾਮ ਹੀ ਅੱਠ ਸਿਧੀਆਂ ਤੇ ਨੌ ਨਿਧੀਆਂ ਆਦਿਕ ਬੇਅੰਤ ਪਦਾਰਥ ਹਨ।

ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ॥
ਗੁਰ ਮਿਲਿ ਨਾਨਕਿ ਕਮਲ ਪ੍ਰਗਾਸ॥ ੪॥ ੧੩॥

ਹੇ ਪ੍ਰਭੂ ! ਤੇਰੇ ਦਾਸ ਤੇਰੇ ਨਾਮ ਨੂੰ ਜਪ-ਜਪ ਕੇ ਜੀਉਂਦੇ ਹਨ। ਨਾਨਕਿ= ਗੁਰੂ ਜੀ ਕਥਨ ਕਰਦੇ ਹਨ— ਪੂਰਿਆਂ ਗੁਰਾਂ ਨਾਲ ਮਿਲਣ ਕਰ ਕੇ ਹਿਰਦਾ ਕੌਲ-ਖਿੜਦਾ ਹੈ॥ ੪॥ ੧੩॥

ਬਸੰਤੁ ਮਹਲਾ ੫ ਘਰੁ ੧ ਇਕ ਤੁਕੇ ੧ੴ ਸਤਿਗੁਰ ਪ੍ਰਸਾਦਿ॥
ਸਗਲ ਇਛਾ ਜਪਿ ਪੁੰਨੀਆ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ॥ ੧॥

ਵਾਹਿਗੁਰੂ-ਵਾਹਿਗੁਰੂ ਜਪਦਿਆਂ ਸਾਡੀਆਂ ਸਾਰੀਆਂ ਇੱਛਾਵਾਂ ਪੁੰਨੀਆ= ਪੂਰੀਆਂ ਹੋ ਗਈਆਂ ਹਨ। ਚਿਰੰਕਾਲ ਦੇ ਵਿਛੁੜੇ ਹੋਏ ਸੀ, ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ।

ਤੁਮ ਰਵਹੁ ਗੋਬਿੰਦੈ ਰਵਣ ਜੋਗੁ॥
ਜਿਤੁ ਰਵਿਐ ਸੁਖ ਸਹਜ ਭੋਗੁ॥ ੧॥ ਰਹਾਉ॥

ਹੇ ਭਾਈ ! ਤੁਸੀਂ ਰਵਣ ਜੋਗੁ= ਸਿਮਰਨ ਕਰਨੇ ਜੋਗ ਗੋਬਿੰਦ ਨੂੰ ਰਵਹੁ= ਸਿਮਰਨਾ ਕਰੋ। ਜਿਤੁ ਰਵਿਐ= ਜਿਸ ਦੇ ਸਿਮਰਨ ਕਰ ਕੇ ਸਹਜ ਸੁਖ= ਆਤਮ-ਸੁਖ ਭੋਗੀਦਾ ਹੈ।

ਕਰਿ ਕਿਰਪਾ ਨਦਰਿ ਨਿਹਾਲਿਆ॥
ਅਪਣਾ ਦਾਸੁ ਆਪਿ ਸਮ੍ਹਾਲਿਆ॥ ੨॥

ਜਿਸ ਵੇਲੇ ਨਦਰਿ= ਨਦਰੀ (ਪਰਮਾਤਮਾ) ਨੇ ਕਿਰਪਾ ਦ੍ਰਿਸ਼ਟੀ ਕਰ ਕੇ ਦੇਖਿਆ। ਤਾਂ ਮੈਂ ਜੋ ਉਸ ਦਾ ਆਪਣਾ ਦਾਸ ਸੀ, ਮੈਨੂੰ ਉਸ ਨੇ ਆਪ ਸੰਭਾਲਣਾ ਕੀਤਾ॥ ੨॥

ਸੇਜ ਸੁਹਾਵੀ ਰਸਿ ਬਨੀ॥ ਆਇ ਮਿਲੇ ਪ੍ਰਭ ਸੁਖ ਧਨੀ॥ ੩॥

ਰਸਿ= ਪ੍ਰੇਮ ਕਰ ਕੇ ਸਾਡੀ ਅੰਤਹਕਰਨ ਰੂਪ ਸੇਜਾ ਸੋਹਣੀ ਬਣੀ ਹੈ। ਸੁਖਾਂ ਦੇ ਧਨੀ= ਮਾਲਕ ਪ੍ਰਭੂ ਜੀ ਆ ਕੇ ਮੈਨੂੰ ਮਿਲੇ ਹਨ॥ ੩॥

ਮੇਰਾ ਗੁਣੁ ਅਵਗਣੁ ਨ ਬੀਚਾਰਿਆ॥
ਪ੍ਰਭ ਨਾਨਕ ਚਰਣ ਪੂਜਾਰਿਆ॥ ੪॥ ੧॥ ੧੪॥

ਉਸ ਨੇ ਮੇਰਾ ਗੁਣ ਔਗੁਣ ਕੁਝ ਭੀ ਵਿਚਾਰਿਆ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ—ਇਸ ਲਈ ਮੈਂ ਉਸ ਪ੍ਰਭੂ ਦੇ ਚਰਨਾਂ ਨੂੰ ਪੂਜਣਾ ਕੀਤਾ ਹੈ॥ ੪॥ ੧॥ ੧੪॥

ਬਸੰਤੁ ਮਹਲਾ ੫॥

ਕਿਲਬਿਖ ਬਿਨਸੇ ਗਾਇ ਗੁਨਾ॥ ਅਨਦਿਨ ਉਪਜੀ ਸਹਜ ਧੁਨਾ॥ ੧॥

ਪ੍ਰਭੂ ਦੇ ਗੁਣ ਗਾਉਣ ਨਾਲ ਸਾਰੇ ਕਿਲਬਿਖ= ਪਾਪ ਨਾਸ ਹੋ ਗਏ ਹਨ ਅਤੇ ਅਨਦਿਨੁ= ਰਾਤ ਦਿਨੇ ਇਕ- ਰਸ ਸਹਜ= ਸ਼ਾਤੀ ਦਾਇਕ ਨਾਮ ਦੀ ਧੁਨੀ ਉਤਪਤ ਹੋਈ ਹੈ॥ ੧॥

ਮਨੁ ਮਉਲਿਓ ਹਰਿ ਚਰਨ ਸੰਗਿ॥

ਹਰੀ ਦੇ ਚਰਨਾਂ ਨਾਲ ਮੇਰਾ ਮਨ ਮਉਲਿਓ= ਮਿਲ ਕੇ, ਮਉਲਿਓ= ਖਿੜਿਆ ਹੈ।

ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੋ ਹਰਿ ਨਾਮ ਰੰਗਿ॥ ੧॥ ਰਹਾਉ॥

ਕਿਰਪਾ ਦ੍ਰਿਸ਼ਟੀ ਕਰ ਕੇ ਸੰਤ ਜਨ ਮਿਲੇ ਹਨ, ਇਸ ਲਈ ਮੇਰਾ ਮਨ ਨਿਤਾਪ੍ਰਤੀ ਹਰੀ ਨਾਮ ਦੇ ਰੰਗ ਵਿਚ ਰਾਤੋ= ਰੰਗਿਆ ਰਹਿੰਦਾ ਹੈ॥ ੧॥ ਰਹਾਉ॥

ਕਰਿ ਕਿਰਪਾ ਪ੍ਰਗਟੇ ਗੋਪਾਲ॥
ਲੜਿ ਲਾਇ ਉਧਾਰੇ ਦੀਨ ਦਇਆਲ॥ ੨॥

ਗੋਪਾਲ ਜੀ ਆਪ ਕਿਰਪਾ ਕਰ ਕੇ ਪਰਗਟ ਹੋਏ ਹਨ। ਦੀਨ ਦਿਆਲ ਪ੍ਰਭੂ ਨੇ ਆਪਣੇ ਨਾਮ ਲੜਿ= ਪੱਲੇ ਨਾਲ ਲਗਾ ਕੇ ਉਧਾਰੇ= ਬਚਾਅ ਲਿਆ ਹੈ॥ ੨॥

ਇਹੁ ਮਨੁ ਹੋਆ ਸਾਧ ਧੂਰਿ॥ ਨਿਤ ਦੇਖੈ ਸੁਆਮੀ ਹਜੂਰਿ॥ ੩॥

ਜਿਸ ਵੇਲੇ ਇਹ ਮਨ ਸੰਤਾਂ ਦੀ ਧੂੜ ਗ੍ਰਹਿਣ ਕਰਨ ਵਾਲਾ ਹੋ ਗਿਆ। ਤਾਂ ਨਿਤਾਪ੍ਰਤੀ ਸੁਆਮੀ ਪਰਮਾਤਮਾ ਨੂੰ ਆਪਣੇ ਹਜੂਰਿ= ਨੇੜੇ ਦੇਖਣ ਲੱਗ ਪਿਆ॥ ੩॥

ਕਾਮ ਕ੍ਰੋਧ ਤ੍ਰਿਸਨਾ ਗਈ॥ ਨਾਨਕ ਪ੍ਰਭ ਕਿਰਪਾ ਭਈ॥ ੪॥ ੨॥ ੧੫॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਪ੍ਰਭੂ ਦੀ ਕਿਰਪਾ ਹੋਈ। ਤਾਂ ਕਾਮ ਕ੍ਰੋਧ ਆਦਿਕਾਂ ਦੇ ਸਹਿਤ ਪਦਾਰਥਾਂ ਦੀ ਤ੍ਰਿਸ਼ਨਾ ਭੀ ਚਲੀ ਗਈ॥ ੪॥ ੨॥ ੧੫॥

ਬਸੰਤੁ ਮਹਲਾ ੫॥

ਰੋਗ ਮਿਟਾਏ ਪ੍ਰਭੂ ਆਪਿ॥ ਬਾਲਕ ਰਾਖੇ ਅਪਨੇ ਕਰ ਥਾਪਿ॥ ੧॥

ਪ੍ਰਭੂ ਨੇ ਆਪ ਕਿਰਪਾ ਕਰ ਕੇ ਹੌਮੈ ਤੇ ਅਗਿਆਨ ਆਦਿਕ ਸਾਰੇ ਰੋਗ ਮਿਟਾ ਦਿੱਤੇ ਹਨ। ਆਪਣੇ ਬਾਲਕ= ਜਗਿਆਸੂ ਸ਼ੁਭ ਗੁਣਾਂ ਨਾਲ ਥਾਪ ਕੇ, ਜਾਂ ਥਾਪੀ ਦੇ ਕੇ ਰੱਖ ਲਏ ਹਨ॥ ੧॥

ਸਾਂਤਿ ਸਹਜ ਗ੍ਰਿਹਿ ਸਦ ਬਸੰਤੁ॥

ਸਦਾ ਹੀ ਸ਼ਾਂਤੀ ਤੇ ਸਹਜ= ਗਿਆਨ ਸਰੂਪ ਪਰਮਾਤਮਾ ਸਾਡੇ ਅੰਤਹਕਰਨ ਰੂਪ ਘਰ ਵਿਚ ਬਸੰਤੁ=

ਵਸਿਆ ਹੈ। ਅਥਵਾ- ਸਾਡੇ ਸਰੀਰ- ਘਰ ਵਿਚ ਸਦਾ ਸਾਂਤਿ ਸਹਜ= ਸ਼ਾਂਤੀ ਸੁਖ ਵਸਿਆ ਹੈ। ਵਾ:- ਸਦ= ਨਿਤ ਰੂਪ ਪਰਮਾਤਮਾ ਦੇ ਬਸੰਤੁ= ਵਸਣ ਕਰ ਕੇ ਘਰ ਵਿਚ ਸਹਜੇ ਸ਼ਾਂਤੀ ਹੋਈ ਹੈ।

ਗੁਰ ਪੂਰੇ ਕੀ ਸਰਣੀ ਆਏ
ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥ ੧ ॥ ਰਹਾਉ ॥

ਪੂਰੇ ਗੁਰੂ ਦੀ ਸ਼ਰਨ ਆ ਕੇ ਹਰਿ ਹਰਿ ਮੰਤ੍ਰ ਨੂੰ ਜਪਿ= ਜਪਿਆ ਤਾਂ ਕਲਿਆਣ ਸਰੂਪ ਹੋ ਗਏ॥ ੧ ॥ ਰਹਾਉ ॥

ਸੋਗ ਸੰਤਾਪ ਕਟੇ ਪ੍ਰਭਿ ਆਪਿ ॥ ਗੁਰ ਅਪੁਨੇ ਕਉ ਨਿਤ ਨਿਤ ਜਾਪਿ ॥ ੨ ॥

ਪ੍ਰਭੂ ਨੇ ਆਪ ਹੀ ਕਿਰਪਾ ਕਰ ਕੇ ਸਾਰੇ ਸੋਗ ਤੇ ਸੰਤਾਪ ਕੱਟ ਦਿਤੇ ਹਨ। ਆਪਣਿਆਂ ਗੁਰਾਂ ਨੂੰ ਨਿਤ ਨਿਤ= ਨਿਤਾਪ੍ਰਤੀ ਜਪਦੇ ਹਾਂ॥ ੨ ॥

ਜੋ ਜਨੁ ਤੇਰਾ ਜਪੇ ਨਾਉ ॥ ਸਭਿ ਫਲ ਪਾਏ ਨਿਹਚਲ ਗੁਣ ਗਾਉ ॥ ੩ ॥

ਹੇ ਨਿਸਚਲ ਸਰੂਪ ਪਰਮਾਤਮਾ ! ਜੇਹੜਾ ਪੁਰਸ਼ ਤੇਰਾ ਨਾਮ ਜਪਦਾ ਹੈ ਅਤੇ ਆਪ ਜੀ ਦੇ ਗੁਣਾਂ ਨੂੰ ਗਾਉਂਦਾ ਹੈ, ਉਹ ਸਾਰੇ ਫਲ ਪਾ ਕੇ ਨਿਹਚਲ= ਅਚੱਲ ਹੁੰਦਾ ਹੈ॥ ੩ ॥

ਨਾਨਕ ਭਗਤਾ ਭਲੀ ਰੀਤਿ ॥
ਸੁਖਦਾਤਾ ਜਪਦੇ ਨੀਤ ਨੀਤਿ ॥ ੪ ॥ ੩ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ—ਭਗਤਾਂ ਦੀ ਏਹੋ ਸਭ ਤੋਂ ਚੰਗੀ ਰੀਤੀ ਹੈ। ਜੋ ਨਿਤਾਪ੍ਰਤੀ ਸੁਖਦਾਤੇ (ਪ੍ਰਭੂ) ਨੂੰ ਜਪਦੇ ਰਹਿੰਦੇ ਹਨ॥ ੪ ॥ ੩ ॥ ੧੬ ॥

ਬਸੰਤੁ ਮਹਲਾ ੫ ॥
ਹੁਕਮੁ ਕਰਿ ਕੀਨੇ ਨਿਹਾਲ ॥
ਅਪਨੇ ਸੇਵਕ ਕਉ ਭਇਆ ਦਇਆਲੁ ॥ ੧ ॥

ਜਿਸ ਵੇਲੇ ਉਹ ਪਰਮੇਸ਼ਰ ਆਪਣੇ ਸੇਵਕ ਉੱਤੇ ਦਿਆਲੂ ਹੋਇਆ। ਤਾਂ ਆਪਣਾ ਹੁਕਮ ਕਰ ਕੇ ਅਰਥਾਤ ਆਪਣਾ ਹੁਕਮ ਮਨਾ ਕੇ ਨਿਹਾਲ ਕਰ ਦਿੱਤਾ॥ ੧ ॥

ਗੁਰਿ ਪੂਰੈ ਸਭੁ ਪੂਰਾ ਕੀਆ ॥
ਅੰਮ੍ਰਿਤ ਨਾਮੁ ਰਿਦ ਮਹਿ ਦੀਆ ॥ ੧ ॥ ਰਹਾਉ ॥

ਪੂਰੇ ਗੁਰੂ ਨੇ ਸਾਰਾ ਕਾਰਜ ਪੂਰਾ ਕਰ ਦਿੱਤਾ ਹੈ ਅਤੇ ਹਿਰਦੇ ਵਿਚ ਨਾਮ-ਅੰਮ੍ਰਿਤ ਵਸਾ ਦਿੱਤਾ ਹੈ॥ ੧ ॥ ਰਹਾਉ ॥

ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ ॥
ਬਾਹ ਪਕਰਿ ਭਵਜਲੁ ਨਿਸਤਾਰਿਓ ॥ ੨ ॥

ਪ੍ਰਭੂ ਨੇ ਮੇਰਾ ਕੁਝ ਭੀ ਕਰਮ ਧਰਮ ਵਿਚਾਰੁਨਾ ਨਹੀਂ ਕੀਤਾ। ਆਪਣੇ ਬਿਰਦ ਅਨੁਸਾਰ ਬੁੱਧੀ ਰੂਪ ਬਾਂਹ ਤੋਂ ਫੜ ਕੇ ਸੰਸਾਰ- ਸਮੁੰਦਰ ਤੋਂ ਕੱਢ ਲਿਆ॥ ੨॥

[ਪੰਨਾ ੧੧੮੫]

ਪ੍ਰਭਿ ਕਾਟਿ ਮੈਲੁ ਨਿਰਮਲ ਕਰੇ॥ ਗੁਰ ਪੂਰੇ ਕੀ ਸਰਣੀ ਪਰੇ॥ ੩॥

ਪ੍ਰਭੂ ਨੇ ਰਾਗ ਦਵੈਸ਼ ਦੀ ਮੈਲ ਕੱਟ ਕੇ ਹਿਰਦਾ ਨਿਰਮਲ ਕਰ ਦਿੱਤਾ ਹੈ। ਪ੍ਰਭੂ ਦੀ ਕਿਰਪਾ ਨਾਲ਼ ਹੀ ਪੂਰੇ ਗੁਰੂ ਦੀ ਸ਼ਰਨ ਵਿਚ ਪਏ ਹਾਂ।

ਆਪਿ ਕਰਹਿ ਆਪਿ ਕਰਣੈਹਾਰੇ॥
ਕਰਿ ਕਿਰਪਾ ਨਾਨਕ ਉਧਾਰੇ॥ ੪॥ ੪॥ ੧੭॥

ਉਹ ਪ੍ਰਭੂ ਆਪ ਕਰਨੇ ਹਾਰ ਹੈ ਇਸ ਕਰ ਕੇ ਆਪ ਹੀ ਸਭ ਕੁਝ ਕਰਦਾ ਹੈ। *ਅਥਵਾ:-* ਜਿਸ ਵੇਲੇ ਆਪ ਕਰਣੈਹਾਰੇ= ਪ੍ਰਭੂ ਨੇ ਆਪਣਾ ਸੇਵਕ ਕੀਤਾ। ਗੁਰੂ ਜੀ ਕਥਨ ਕਰਦੇ ਹਨ—ਤਿਸ ਵੇਲੇ ਕਿਰਪਾ ਦ੍ਰਿਸ਼ਟੀ ਕਰ ਕੇ ਸੰਸਾਰ ਤੋਂ ਤਾਰ ਦਿੱਤਾ॥ ੪॥ ੪॥ ੧੭॥

ਬਸੰਤੁ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਇਕ ਸਿੱਖ ਨੇ ਕਿਹਾ- ''ਪ੍ਰਭੂ ਨਾਲ ਮਿਲਾਪ ਕਿਵੇਂ ਹੁੰਦਾ ਹੈ?'' *ਉੱਤਰ:-* ਗੁਰਾਂ ਨਾਲ ਮਿਲ ਕੇ ਹਰੀ ਨਾਮ ਜਪਣ ਨਾਲ ਮਿਲਾਪ ਹੁੰਦਾ ਹੈ। *ਪ੍ਰਸ਼ਨ:-* ਫੁੱਲ ਕਿਥੇ ਖਿੜਦੇ ਹਨ। *ਉੱਤਰ:-* ਬਗੀਚੇ ਵਿਚ ਖਿੜਦੇ ਹਨ।

ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥

ਇਸੇ ਤਰ੍ਹਾਂ ਸਤਸੰਗ ਰੂਪੀ ਇਕ ਬਗੀਚਾ ਹੈ, ਉਸ ਬਗੀਚੇ ਵਿਚ ਸ਼ੁਭ ਗੁਣਾਂ ਰੂਪੀ ਫੁੱਲ ਖਿੜ ਰਹੇ ਹਨ, ਉਨ੍ਹਾਂ ਫੁੱਲਾਂ ਨੂੰ ਦੇਖ ਕੇ ਤੂੰ ਫੂਲੇ= ਖਿੜਨਾ ਕਰ (ਅਨੰਦ ਹੋਣਾ ਕਰ)। ਸਤਸੰਗ ਰੂਪ ਬਗੀਚੇ ਵਿਚ ਆ ਕੇ ਸਭ ਨਾਲ ਮਿੱਤ੍ਰਤਾ ਕਰ, ਕਿਸੀ ਨਾਲ ਰਾਗ ਦਵੈਸ਼ ਨਾ ਕਰ। ਜਿਨ੍ਹਾਂ ਨੇ ਹੰਗਤਾ ਨੂੰ ਤਿਆਗਿਆ ਹੈ, ਉਨ੍ਹਾਂ ਦੁਆਰੇ ਤੂੰ ਭੀ ਹੰਗਤਾ ਨੂੰ ਤਿਆਗ ਦੇ। *ਅਥਵਾ:-* ਜਿਵੇਂ ਬਗੀਚੇ ਵਿਚ ਫੁੱਲ ਖਿੜੇ ਹੋਏ ਹੁੰਦੇ ਹਨ, ਉਸੇ ਤਰ੍ਹਾਂ ਇਨ੍ਹਾਂ ਪਦਾਰਥਾਂ ਨੂੰ ਫੁਲਿਆ ਦੇਖ ਭਾਵ ਨਾਸਵੰਤ ਸਮਝਣਾ ਕਰ। ਨਾਸਵੰਤ ਪਦਾਰਥਾਂ ਨੂੰ ਤਿਆਗ ਕੇ ਫੇਰ ਇਨ੍ਹਾਂ ਦੀ ਅਹੰ= ਹੰਗਤਾ ਨੂੰ ਭੀ ਤਿਆਗ ਦੇ ਅਰਥਾਤ ਤਿਆਗ ਦਾ ਭੀ ਤਿਆਗ ਕਰ ਦੇ।

ਚਰਨ ਕਮਲ ਪਾਗੇ॥ ਤੁਮ ਮਿਲਹੁ ਪ੍ਰਭ ਸਭਾਗੇ॥
ਹਰਿ ਚੇਤਿ ਮਨ ਮੇਰੇ॥ ਰਹਾਉ॥

ਹੇ ਸਭਾਗੇ= ਸ੍ਰੇਸਟ ਭਾਗਾਂ ਵਾਲਿਓ ! ਤੁਸੀਂ ਗੁਰਾਂ ਦੇ ਚਰਨ ਕਮਲਾਂ ਵਿਚ ਪਾਗੇ= ਰਪ ਕੇ (ਤਦਾਕਾਰ) ਹੋ ਕੇ ਪ੍ਰਭੂ ਨਾਲ ਮਿਲਣਾ ਕਰੋ। ਸਿੱਖ ਨੇ ਕਿਹਾ- ਕਿਵੇਂ ਮਿਲਣਾ ਕਰਾਂ?

ਉੱਤਰ- **ਹਰਿ ਚੇਤਿ ਮਨ ਮੇਰੇ।** ਹੇ ਮੇਰੇ ਮਨ= ਪਿਆਰੇ ! ਤੂੰ ਹਰੀ ਨਾਮ ਨੂੰ ਚੇਤਨਾ ਕਰ, ਤਾਂ ਤੇਰਾ ਉਸ ਪ੍ਰਭੂ ਨਾਲ ਮਿਲਾਪ ਹੋਵੇਗਾ॥ ਰਹਾਉ॥

ਸਘਨ ਬਾਸੁ ਕੂਲੇ॥ ਇਕਿ ਰਹੇ ਸੂਕਿ ਕਠੂਲੇ॥

(ਜੇਹੜੇ ਪੁਰਸ਼ ਅਤਰ ਫੁਲੇਲ ਆਦਿਕ) ਸੰਘਣੀਆਂ ਵਾਸ਼ਨਾ-ਕੂ-ਲੇ= ਨੂੰ ਲੈ ਕੇ ਜਿਨ੍ਹਾਂ ਦੇ ਸਰੀਰ ਕੂਲੇ ਹੋ ਰਹੇ ਹਨ ਓਹ ਇਕ ਮਨਮੁਖ ਸ਼ੁਭ ਗੁਣਾਂ ਵਲੋਂ ਸੁੱਕ ਰਹੇ ਹਨ ਤੇ ਹਿਰਦੇ ਕਰ ਕੇ ਕਠੂਲੇ= ਕਠੋਰ ਹੋ ਰਹੇ ਹਨ।

ਬਸੰਤ ਰੁਤਿ ਆਈ॥ ਪਰਫੂਲਤਾ ਰਹੇ॥ ੧॥

ਉਨ੍ਹਾਂ ਨੂੰ ਭਾਵੇਂ ਮਨੁੱਖਾ ਦੇਹ ਰੂਪ ਬਸੰਤ ਰੁੱਤ ਆ ਕੇ ਪਰਾਪਤ ਭੀ ਹੋਈ ਹੈ। ਤਾਂ ਭੀ ਉਹ ਸ਼ੁਭ ਗੁਣਾਂ ਨਾਲ ਪਰਫੂਲਤਾ= ਖਿੜਨ ਤੋਂ ਰਹਿ ਚੁੱਕੇ ਹਨ। *ਅਥਵਾ:-* ਜੇਹੜੇ ਗੁਰਮੁਖ ਭਗਤੀ ਰੂਪ ਸੰਘਣੀ ਵਾਸ਼ਨਾ ਨੂੰ ਲੈਂਦੇ ਹਨ ਉਹ ਬੜੇ ਕੂਲੇ= ਦਿਆਲੂ ਹਨ ਅਤੇ ਉਹ ਇਕ ਗੁਰਮੁਖ ਸੁੱਕਣ ਵੱਲੋਂ ਤੇ ਕਠੂਲੇ= ਕਠੋਰ ਸੁਭਾਅ ਵਲੋਂ ਰਹਿ ਗਏ ਹਨ। ਇਹ ਜੋ ਮਨੁੱਖਾ ਦੇਹ ਰੂਪ ਬਸੰਤ ਰੁੱਤ ਆ ਕੇ ਪਰਾਪਤ ਹੋਈ ਹੈ। ਇਸ ਵਿਚ ਖਾਸ ਕਰ ਕੇ ਗੁਰਮੁਖਾਂ ਰੂਪ ਫੁੱਲ ਖਿੜ ਰਹੇ ਹਨ॥ ੧॥

ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥

ਹੇ ਭਾਈ ! ਹੁਣ ਕਲਜੁਗ ਆਇਆ ਹੈ, ਇਸ ਵਿਚ ਇਕ ਨਾਮ ਜਪਣ ਰੂਪ ਬੀਜ ਨੂੰ ਬੀਜਣਾ ਕਰ, ਬੀਜਣਾ ਕਰ।

ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥

ਅਨ= ਹੋਰ ਕਿਸੇ ਕਰਮ ਧਰਮ ਦੇ ਕਰਨ ਦੀ ਰੁੱਤ ਨਹੀਂ ਹੈ, ਨਹੀਂ ਹੈ। ਮਤਾਂ ਭਰਮ ਵਿਚ ਭੁੱਲ ਜਾਇਓ, ਮਤਾਂ ਭੁੱਲ ਜਾਇਓ। *ਅਥਵਾ-* ਭੂਲਹੁ= ਭੁੱਲ ਕੇ ਭੀ ਕਿਸੇ ਭਰਮ ਵਿਚ ਮਤੁ ਭੂਲਹੁ= ਨਾ ਭੁੱਲ ਜਾਇਓ।

ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥

ਜਿਸ ਪੁਰਸ਼ ਦੇ ਮੱਥੇ ਦਾ ਉੱਤਮ ਲੇਖ ਹੈ, ਉਸ ਨੇ ਗੁਰੂ ਨੂੰ ਮਿਲ ਕੇ ਹਰੀ ਨੂੰ ਪਾਇਆ ਹੈ।

ਮਨ ਰੁਤਿ ਨਾਮ ਰੇ॥
ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ॥ ੨॥ ੧੮॥

ਹੇ ਮਨ= ਪਿਆਰੇ ! ਏਹ ਕਲਜੁਗ ਦਾ ਸਮਾਂ ਨਾਮ ਜਪਣਾ ਦੀ ਰੁੱਤ ਹੈ। ਗੁਰੂ ਜੀ ਕਥਨ ਕਰਦੇ ਹਨ— ਅਸਾਂ ਨੇ ਏਹ ਗੁਨ= ਲਾਭ ਦਾਇਕ ਬਚਨ ਕਹੇ ਹਨ, ਹੇ ਪੁਰਸ਼ਾ ! ਤੂੰ ਮਨ ਕਰ ਕੇ ਹਰੀ ਨਾਮ ਨੂੰ ਜਪ, ਤਨ ਕਰ ਕੇ ਹਰੀ ਨਾਮ ਨੂੰ ਜਪ, ਬਾਣੀ ਕਰਕੇ ਹਰੀ ਨਾਮ ਨੂੰ ਜਪ, ਤਾਂ ਸ਼ੁਭ ਗੁਣਾਂ ਨਾਲ ਹਰਿਆ ਹੋਵੇਂਗਾ। *ਅਥਵਾ:-* ਜੋ ਹਰੀ ਹਰੇਕ ਜੀਵ ਦੇ ਹਰਿਆ ਕਰਨਾ ਵਾਲਾ ਹੈ, ਉਸ ਹਰੀ ਦੇ ਗੁਣ ਕਹੇ= ਕਥਨ ਕਰ. *ਵਾ:-* ਹਰੀ ਦੇ ਗੁਣ ਕਹਿਣ ਨਾਲ ਦੁੱਖ ਹਰੇ= ਨਾਸ ਹੋ ਜਾਣਗੇ ਅਤੇ ਹਰੀ ਨਾਮ ਜਪਣ ਕਰ ਕੇ ਸ਼ੁਭ ਗੁਣਾਂ ਨਾਲ ਹਰੇ ਹੋਵੇਗੇ।

ਬਸੰਤੁ ਮਹਲਾ ੫ ਘਰੁ ੨ ਹਿੰਡੋਲ ੧ੴ ਸਤਿਗੁਰ ਪ੍ਰਸਾਦਿ॥
ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥

ਹੇ ਮੇਰੇ ਭਾਈ ! ਇਕਤ੍ਰ ਹੋ ਕੇ ਆਪਸ ਵਿਚ ਮੈਤਰੀ ਭਾਵ ਧਾਰ ਕੇ ਮਿਲੋ। ਦੁਬਿਧਾ= ਦ੍ਵੈਤ ਭਾਵ ਨੂੰ ਦੂਰ ਕਰ ਦਿਓ ਤੇ ਪ੍ਰਭੂ ਵਿਚ ਲਿਵ ਲਗਾਉਣਾ ਕਰੋ।

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥ ੧॥

ਹਰੀ ਨਾਮ ਦੇ ਜੋੜੀ= ਹਿਸੇਦਾਰ ਹੋਵੋ, ਜਾਂ ਹਰੀ ਨਾਮ ਵਿਖੇ ਜੋੜੀ= ਜੁੜਨ ਵਾਲੇ ਹੋਵੋ, *ਅਥਵਾ:-* ਹਰੀ ਨਾਮ ਜਪਣ ਦੇ ਜੋੜੀ= ਜੋਟੀਦਾਰ ਹੋਵੋ, ਗੁਰਾਂ ਦੁਆਰੇ ਗੁਰਮੁਖ ਹੋ ਕੇ ਮਨ ਦੀ ਸਫ਼ਾਈ ਰੂਪੀ ਸਫ ਨੂੰ ਵਿਛਾ ਕੇ ਬੈਠੋ॥ ੧॥

ਇਨ੍ ਬਿਧਿ ਪਾਸਾ ਢਾਲਹੁ ਬੀਰ॥

ਹੇ ਬੀਰ= ਭਾਈ ! ਇਸ ਤਰ੍ਹਾਂ ਤਿੰਨਾਂ ਗੁਣਾਂ ਰੂਪੀ ਪਾਸੇ ਨੂੰ ਢਾਲਣਾ ਕਰ। ਜਾਂ ਹੇ ਭਾਈ ! ਇਸ ਵਿਧੀ ਨਾਲ ਪਾਸੇ ਨੂੰ ਢਾਲਣਾ ਕਰ, ਭਾਵ ਸੰਸਾਰ ਤੋਂ ਰਹਿਤ ਹੋਣਾ ਕਰ। *ਅਥਵਾ-* ਮਨ, ਬਾਣੀ, ਸਰੀਰ ਦੁਆਰਾ ਜੇਹੜਾ ਪ੍ਰਭੂ ਦੇ ਨਾਮ ਦਾ ਚਿੰਤਨ ਕਰਨਾ ਹੈ, ਏਹੋ ਪਾਸਾ ਢਾਲਣਾ ਕਰ।

ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ॥ ੧॥ ਰਹਾਉ॥

ਗੁਰਮੁਖਿ= ਗੁਰਾਂ ਦੁਆਰਾ ਦਿਨ ਰਾਤ ਨਾਮ ਜਪਣਾ ਕਰੋ, ਤਾਂ ਅੰਤ ਸਮੇਂ ਜਮਾਂ ਦੀ ਪੀਰ= ਪੀੜ ਨਹੀਂ ਲਗੇਗੀ। *ਅਥਵਾ:-* ਤਾਂ ਫਿਰ ਅੰਤ ਸਮੇਂ ਦਾ ਤੁਹਾਨੂੰ ਪੀਰ= ਦੁੱਖ ਨਹੀਂ ਲਗੇਗਾ॥ ੧॥ ਰਹਾਉ॥

ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥

ਨਿਸ਼ਕਾਮ ਕਰਮ ਅਤੇ ਆਪੋ ਆਪਣੇ ਵਰਨ ਆਸ਼੍ਰਮਾਂ ਦੇ ਜੋ ਧਰਮ ਹਨ, ਏਹੋ ਤੁਸੀਂ ਚੌਪੜ ਸਾਜਣਾ ਕਰੋ, ਸੱਤ ਦਾ ਨਿਸਚੇ ਕਰਨਾ, ਜਾਂ ਸਤ ਸੰਤੋਖ ਆਦਿਕ ਸ਼ੁਭ ਗੁਣਾਂ ਦਾ ਧਾਰਨਾ ਏਹ ਤੁਸੀਂ ਸਾਰੀ= ਨਰਦਾਂ ਬਨਾਉਣਾ ਕਰੋ।

ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥ ੨॥

ਕਾਮ, ਕਰੋਧ, ਲੋਭ ਅਤੇ ਮੋਹ ਨੂੰ ਜਿੱਤ ਲਓ ਅਜੇਹੀ ਖੇਡ ਹਰੀ ਨੂੰ ਪਿਆਰੀ ਲਗਦੀ ਹੈ॥ ੨॥

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥

ਪਰਭਾਤੇ= ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰੋ ਅਤੇ ਸੋਏ= ਸੌਣ ਵੇਲੇ ਭੀ ਹਰੀ ਨੂੰ ਅਰਾਧਣਾ ਕਰੋ।*

ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘ੍ਰਿ ਜਾਤੇ॥ ੩॥

ਪ੍ਰਤਖ ਕਠਿਨ ਅਸਥਾਨਾਂ ਤੋਂ, ਵਾ:- ਜਮ ਰਸਤੇ ਤੋਂ, *ਅਥਵਾ:-* ਜਨਮ ਮਰਨ ਰੂਪ ਬਿਖੜੇ ਦਾਉ= ਕਠਿਨ ਅਸਥਾਨਾਂ ਤੋਂ ਮੇਰਾ ਸਤਿਗੁਰੂ ਤੁਹਾਨੂੰ ਪਾਰ ਲੰਘਾਵੇਗਾ ਅਤੇ ਸਹਸ= ਅੱਚੁਤ ਸੁਖ ਦੇ ਨਾਲ ਸਰੂਪ-ਘਰ ਵਿਚ ਚਲੇ ਜਾਓਗੇ॥ ੩॥

ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ॥

ਹਰੀ ਆਪ ਹੀ ਸੰਸਾਰਕ ਖੇਡਾਂ ਨੂੰ ਖੇਡ ਰਿਹਾ ਹੈ, ਆਪ ਹੀ ਆਸਰਾ ਰੂਪ ਹੋ ਕੇ ਦੇਖ ਰਿਹਾ ਹੈ ਅਤੇ

**ਵਾ:-ਸੋਇ= ਵਿਹਾਰ ਕਾਲ ਵਿਚ ਭੀ ਹਰੀ ਨੂੰ ਅਰਾਧਣਾ ਕਰੋ।*

ਅਥਵਾ- ਜੇਹੜਾ ਸਵੇਰੇ ਉੱਠ ਕੇ ਇਸ਼ਨਾਨ ਕਰਦਾ ਹੈ, ਸੋਏ=ਓਹੀ ਪੁਰਸ਼ ਹਰੀ ਨੂੰ ਅਰਾਧਦਾ ਹੈ।

ਹਰੀ ਨੇ ਆਪ ਹੀ ਸੰਸਾਰ-ਰਚਨਾ ਨੂੰ ਰਚਾਇਆ= ਬਣਾਇਆ ਹੈ।

ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ
ਸੋ ਜਿਣਿ ਬਾਜੀ ਘਰਿ ਆਇਆ ॥ ੪ ॥ ੧ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ—ਜੋ ਪੁਰਸ਼ ਗੁਰਾਂ ਦੁਆਰੇ ਇਸ ਤਰ੍ਹਾਂ ਦੀ ਚੌਪੜ ਖੇਡਦਾ ਹੈ, ਉਹ ਮਨੁੱਖਾ ਦੇਹ ਰੂਪ ਬਾਜੀ ਨੂੰ ਜਿੱਤ ਕੇ ਸਰੂਪ-ਘਰ ਵਿਚ ਆਇਆ ਹੈ॥ ੪॥ ੧॥ ੧੯॥

ਬਸੰਤੁ ਮਹਲਾ ੪ ਹਿੰਡੋਲ ॥
ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥

ਹੇ ਪ੍ਰਭੂ ! ਤੇਰੀ ਜੋ ਕੁਦਰਤਿ= ਸ਼ਕਤੀ ਜਾਂ ਮਾਇਆ ਹੈ; ਉਸ ਨੂੰ ਤੂੰ ਆਪ ਹੀ ਜਾਣਦਾ ਹੈਂ, ਹੋਰ ਕੋਈ ਦੂਜਾ ਨਹੀਂ ਜਾਣਦਾ।

ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥ ੧ ॥

ਹੇ ਮੇਰੇ ਪਿਆਰੇ ਪ੍ਰਭੂ ! ਜਿਸ ਉੱਤੇ ਤੂੰ ਕਿਰਪਾ ਦ੍ਰਿਸ਼ਟੀ ਕਰਦਾ ਹੈਂ, ਓਹੀ ਪੁਰਸ਼ ਆਪ ਜੀ ਨੂੰ ਪਛਾਣਦਾ ਹੈ॥ ੧ ॥

ਤੇਰਿਆ ਭਗਤਾ ਕਉ ਬਲਿਹਾਰਾ ॥

ਮੈਂ ਆਪ ਜੀ ਦੇ ਭਗਤਾਂ ਤੋਂ ਕੁਰਬਾਨ ਜਾਂਦਾ ਹੈ।

ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥ ੧ ॥ ਰਹਾਉ ॥

ਹੇ ਪ੍ਰਭੂ! ਆਪ ਜੀ ਦਾ ਸਤਸੰਗ, ਵਾ:- ਸਰੂਪ-ਅਸਥਾਨ ਸਦਾ ਸੋਹਣਾ ਹੈ ਅਤੇ ਤੇਰੇ ਰੰਗ ਭੀ ਆਪਾਰਾ= ਬੇਅੰਤ ਹਨ॥ ੧ ॥ ਰਹਾਉ ॥

ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥

ਤੇਰੀ ਸੇਵਾ ਤੇਰੇ ਪਾਸੋਂ ਹੀ ਹੁੰਦੀ ਹੈ, ਜਾਂ ਤੇਰੀ ਕਿਰਪਾ ਨਾਲ ਹੀ ਹੁੰਦੀ ਹੈ, ਹੋਰ ਕੋਈ ਦੂਜਾ ਕਰਨ ਵਾਲਾ ਨਹੀਂ ਹੈ।

ਭਗਤੁ ਤੇਰਾ ਸੋਈ, ਤੁਧੁ ਭਾਵੈ, ਜਿਸ ਨੋ ਤੂ ਰੰਗੁ ਧਰਤਾ ॥ ੨ ॥

ਓਹੀ ਆਪ ਜੀ ਦਾ ਪੂਰਨ ਭਗਤ ਹੈ ਜੇਹੜਾ ਆਪ ਜੀ ਨੂੰ ਭਾਉਂਦਾ ਹੈ ਅਤੇ ਜਿਸ ਉੱਤੇ ਤੂੰ ਆਪਣਾ ਰੰਗ ਧਰਤਾ= ਚਾੜ੍ਹਦਾ ਹੈਂ, ਜਾਂ ਜਿਸ ਵਿਚ ਤੂੰ ਆਪਣਾ ਰੰਗੁ= ਪ੍ਰੇਮ ਧਾਰਦਾ ਹੈਂ, ਓਹੀ ਆਪ ਜੀ ਨੂੰ ਪਾਉਂਦਾ ਹੈ॥ ੨ ॥

[ਪੰਨਾ ੧੧੮੬]

ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ ॥

ਤੂੰ ਵੱਡਾ ਦਾਤਾ ਹੈਂ, ਤੂੰ ਹੀ ਵੱਡੀ ਦਨਾਈ ਵਾਲਾ ਹੈਂ, ਤੇਰੇ ਵਰਗਾ ਹੋਰ ਕੋਈ ਦੂਜਾ ਨਹੀਂ ਹੈ।

ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥ ੩ ॥

ਹੇ ਮੇਰੇ ਸਆਮੀ ! ਤੂੰ ਸਭਨਾਂ ਗੱਲਾਂ ਵਿਚ ਸਮਰੱਥ ਹੈਂ, ਹਉ= ਮੈਂ ਅਲਪਗ ਜੀਵ ਤੇਰੀ ਪੂਜਾ ਨੂੰ ਕੀ ਜਾਣ ਸਕਦਾ ਹਾਂ? ॥ ੩ ॥

ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥

ਹੇ ਮੇਰੇ ਪਿਆਰੇ ਪ੍ਰਭੂ ! ਆਪ ਜੀ ਦਾ ਮਹਲੁ= ਸਰੂਪ ਅਗੋਚਰੁ= ਇੰਦ੍ਰੀਆਂ ਕਰ ਕੇ ਅਵਿਸ਼ੇ ਹੈ ਅਤੇ ਆਪ ਜੀ ਦਾ ਭਾਣਾ ਮੰਨਣਾ ਭੀ ਬੜਾ ਔਖਾ ਹੈ।

ਕਹੁ ਨਾਨਕ ਢਹਿ ਪਇਆ ਦੁਆਰੈ ਰਖਿ
ਲੇਵਹੁ ਮੁਗਧ ਅਜਾਣਾ ॥ ੪ ॥ ੨ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਆਪ ਜੀ ਦੇ ਸਤਸੰਗ ਦੁਆਰੇ ਪਰ ਢਹਿ ਪਿਆ ਹਾਂ, ਮੈਨੂੰ ਅਜਾਣਾ= ਬੇ-ਸਮਝ ਮੂਰਖ ਨੂੰ ਆਪ ਰੱਖ ਲੈਣਾ ਕਰੋ ॥ ੪ ॥ ੨ ॥ ੨੦ ॥

ਬਸੰਤੁ ਹਿੰਡੋਲ ਮਹਲਾ ੫ ॥

ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ ॥ ੧ ॥

ਇਹ ਜੀਵ ਆਪਣੇ ਸਰੀਰ ਦੇ ਮੁੱਲ ਨੂੰ ਬੁਝਦਾ ਨਹੀਂ ਹੈ, ਕਿ ਇਸ ਦੀ ਉਤਪਤੀ ਰਕਤਬਿੰਦ ਤੋਂ ਹੈ,

ਓ) ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥ *(ਪੰਨਾ ੩੩੬)*

ਅ) ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥ *(ਪੰਨਾ ੬੩)*

ਅਥਵਾ:- ਇਹ ਜੀਵ ਆਪਣੇ ਮੂਲੁ= ਅਧਿਸਠਾਨ ਰੂਪ ਪਰਮਾਤਮਾ ਨੂੰ ਬੁਝਦਾ ਨਹੀਂ ਹੈ, ਇਸੇ ਲਈ ਆਪਣਾ ਸਰੂਪ ਸੁਝਦਾ ਨਹੀਂ ਹੈ। ਬੁੱਧੀ, *ਵਾ:-* ਜੀਵ ਰੂਪ ਇਸਤ੍ਰੀ ਭਰਮ ਵਿਚ ਬਿਆਪੀ= ਲੱਗਣ ਕਰ ਕੇ ਹੰਗਤਾ ਨੂੰ ਮੰਨਨ ਕਰ ਰਹੀਂ ਹੈ ॥ ੧ ॥

ਪਿਤਾ ਪਾਰਬ੍ਰਹਮ ਪ੍ਰਭ ਧਨੀ ॥
ਮੋਹਿ ਨਿਸਤਾਰਹੁ ਨਿਰਗੁਨੀ ॥ ੧ ॥ ਰਹਾਉ ॥

ਹੇ ਪਾਰਬ੍ਰਹਮ ! ਤੂੰ ਮੇਰਾ ਪਿਤਾ ਹੈਂ ਤੇ ਪ੍ਰਭ= ਸਰਬ ਕਲਾ ਸਮਰੱਥ ਹੈਂ, *ਵਾ:-* ਪ੍ਰਭ= ਰੱਖਕ ਹੈਂ, ਫਿਰ ਤੂੰ ਸਾਰਿਆਂ ਦਾ ਧਨੀ= ਮਾਲਕ ਹੈਂ। ਮੈਂ ਨਿਰਗੁਨੀ= ਗੁਣ ਹੀਣੇ ਨੂੰ ਸੰਸਾਰ- ਸਮੁੰਦਰ ਤੋਂ ਨਿਸਤਾਰਹੁ= ਤਾਰ ਲੈਣਾ ਕਰੋ ॥ ੧ ॥ ਰਹਾਉ ॥

ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ ॥ ੨ ॥

ਹਰੀ ਦੇ ਸੰਤ ਜਨਾਂ ਨੇ ਏਹ ਗੱਲ ਵੀਚਾਰੀ ਹੈ। ਕਿ ਸੰਸਾਰ ਦੀ ਉਤਪਤੀ ਤੇ ਪਰਲੋ ਪ੍ਰਭੂ ਦੇ ਹੁਕਮ ਤੋਂ ਹੁੰਦੀ ਹੈ ॥ ੨ ॥

ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਗਨੀ ॥ ੩ ॥

ਜੋ ਪੁਰਸ਼ ਪ੍ਰਭੂ ਦੇ ਨਾਮ-ਰੰਗ ਵਿਚ ਰੰਗੇ ਰਹਿੰਦੇ ਹਨ, ਓਹੀ ਪੁਰਸ਼ ਕਲਜੁਗ ਵਿਚ ਸੁਖੀਏ= ਸੁਖਾਂ ਸਹਿਤ

ਗਿਣੇ ਜਾਂਦੇ ਹਨ॥ ੩॥

ਅਵਰੁ ਉਪਾਉ ਨ ਕੋਈ ਸੂਝੈ ਨਾਨਕ
ਤਰੀਐ ਗੁਰ ਬਚਨੀ॥ ੪॥ ੩॥ ੨੧॥

ਗੁਰੂ ਜੀ ਕਥਨ ਕਰਦੇ ਹਨ—ਸੰਸਾਰ ਤੋਂ ਤਰਨ ਦਾ ਅਵਰੁ= ਹੋਰ ਕੋਈ ਉਪਾਉ= ਜਤਨ ਦਿਸਦਾ ਨਹੀਂ ਹੈ, ਕੇਵਲ ਇਕ ਹੀ ਜਤਨ ਹੈ ਕਿ ਗੁਰਾਂ ਦੇ ਬਚਨਾਂ ਕਰ ਕੇ ਸੰਸਾਰ- ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੪॥ ੩॥ ੨੧॥

੧ੴ ਸਤਿਗੁਰ ਪ੍ਰਸਾਦਿ॥ ਰਾਗੁ ਬਸੰਤੁ ਹਿੰਡੋਲ ਮਹਲਾ ੯॥

ਤੀਰਥਾਂ ਦੇ ਅਰਾਧਣ ਅਤੇ ਸਿੱਖ- ਸੰਗਤਾਂ ਦੇ ਯਾਦ ਕਰਨ 'ਤੇ ਜਿਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੀਰਥ-ਯਾਤਰਾ ਕਰਨ ਚਲੇ ਤਾਂ ਸੰਤ-ਮੰਡਲੀ ਭੀ ਨਾਲ ਚੱਲ ਪਈ, ਜਾਂਦਿਆਂ-ਜਾਂਦਿਆਂ ਰਾਹ ਵਿਚ ਸੰਤ ਮੰਡਲੀ ਨੂੰ ਉਪਦੇਸ਼ ਦੇਂਦੇ ਹਨ-

ਸਾਧੋ ਇਹੁ ਤਨੁ ਮਿਥਿਆ ਜਾਨਉ॥

ਹੇ ਸੰਤੋ! ਇਸ ਪੰਜ ਭੂਤਕ ਸਰੀਰ ਨੂੰ ਮਿਥਿਆ= ਝੂਠਾ (ਅਨਿੱਤ) ਜਾਨਉ= ਜਾਨਣਾ ਕਰੋ।

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥ ੧॥ ਰਹਾਉ॥

ਯਾ= ਇਸ ਸਰੀਰ ਦੇ ਭੀਤਰਿ= ਵਿਚ ਜੋ ਰਾਮ ਪ੍ਰਭੂ ਬਸਤੁ= ਵਸ ਰਿਹਾ ਹੈ, ਉਸ ਨੂੰ ਸੱਚਾ ਪਛਾਣਨਾ ਕਰੋ॥ ੧॥ ਰਹਾਉ॥

ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ॥

ਇਸ ਜਗਤ ਦੀ ਜੋ ਭੀ ਸੰਪਦਾ ਹੈ ਉਹ ਸੁਪਨੇ ਦੇ ਪਦਾਰਥਾਂ ਵਾਂਗ ਮਿਥਿਆ ਹੈ, ਹੇ ਪੁਰਸ਼ਾ ! ਤੂੰ ਉਹਨਾਂ ਨੂੰ ਦੇਖ ਕੇ ਕਹਾ= ਕੀ, ਐਡਾਨੋ= ਆਕੜਦਾ ਹੈਂ?

ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ॥ ੧॥

ਤਿਹਾਰੈ= ਤੁਹਾਡੇ ਨਾਲ ਕੁਝ ਭੀ ਪਦਾਰਥ ਚਲੇਗਾ ਨਹੀਂ, ਉਹਨਾਂ ਮਿਥਿਆ ਪਦਾਰਥਾਂ ਨਾਲ ਤੂੰ ਕਿਉਂ ਲੰਪਟ ਹੋ ਰਿਹਾ ਹੈ॥ ੧॥

ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ॥

ਉਸਤਤੀ ਤੇ ਨਿੰਦਿਆ ਇਹਨਾਂ ਦੋਹਾਂ ਨੂੰ ਪਰਹਰਿ= ਤਿਆਗ ਕੇ ਹਿਰਦੇ ਵਿਚ ਹਰੀ ਦੀ ਕੀਰਤੀ ਆਨੋ= ਲਿਆਉਣਾ ਕਰ!

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ—ਇਕ ਭਗਵਾਨ ਪੁਰਖ ਹੀ ਸਾਰਿਆਂ ਵਿਚ ਪਰੀਪੂਰਨ ਹੈ॥ ੨॥ ੧॥

ਬਸੰਤੁ ਮਹਲਾ ੯॥ ਪਾਪੀ ਹੀਐ ਮੈ ਕਾਮੁ ਬਸਾਇ॥

ਪਾਪੀ= ਵਿਸ਼ੱਈ ਮਨੁੱਖ ਦੇ ਹਿਰਦੇ ਵਿਚ ਕਾਮਦੇਵ ਵਸ ਰਿਹਾ ਹੈ।

ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥ ੧ ॥ ਰਹਾਉ ॥

ਉਸ ਕਰ ਕੇ ਮਨ ਚੰਚਲ ਹੋ ਰਿਹਾ ਹੈ ਜਤਨ ਕੀਤਿਆਂ ਭੀ ਏਹ ਚੰਚਲ ਮਨ ਗਹਿਓ= ਫੜਿਆ ਨਹੀਂ ਜਾਂਦਾ ॥ ੧ ॥ ਰਹਾਉ ॥

ਜੋਗੀ ਜੰਗਮ ਅਰੁ ਸੰਨਿਆਸ ॥ ਸਭ ਹੀ ਪਰਿ ਡਾਰੀ ਇਹ ਫਾਸ ॥ ੧ ॥

ਚਾਹੇ ਕੋਈ ਜੋਗੀ ਹੈ, ਚਾਹੇ ਕੋਈ ਜੰਗਮ ਹੈ ਅਤੇ ਚਾਹੇ ਕੋਈ ਸੰਨਿਆਸੀ ਹੈ। ਇਨ੍ਹਾਂ ਸਾਰਿਆਂ ਉੱਤੇ ਇਸ ਕਾਮਦੇਵ ਨੇ ਆਪਣੀ ਫਾਹੀ ਡਾਰੀ= ਪਾਈ ਹੋਈ ਹੈ ॥ ੧ ॥

ਜਿਹਿ ਜਿਹਿ ਹਰਿ ਕੋ ਨਾਮੁ ਸਮ੍ਹਾਰਿ ॥
ਤੇ ਭਵ ਸਾਗਰ ਉਤਰੇ ਪਾਰਿ ॥ ੨ ॥

ਜਿਸ ਜਿਸ ਪੁਰਸ਼ ਨੇ ਹਰੀ ਨਾਮ ਨੂੰ ਸਮਾਰਿ= ਸਿਮਰਿਆ ਹੈ। ਉਹ ਪੁਰਸ਼ ਭਵ ਸਾਗਰ= ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਨ ॥ ੨ ॥

ਜਨ ਨਾਨਕ ਹਰਿ ਕੀ ਸਰਨਾਇ ॥
ਦੀਜੈ ਨਾਮੁ ਰਹੈ ਗੁਨ ਗਾਇ ॥ ੩ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਹੇ ਹਰੀ ! ਮੈਂ ਜਨ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਆਪ ਮੈਨੂੰ ਨਾਮ ਦਾਨ ਦੇਣਾ ਕਰੋ, ਤਾਂ ਕਿ ਮੈਂ ਤੇਰੇ ਹੀ ਗੁਣ ਗਾਉਂਦਾ ਰਹਾਂ ॥ ੩ ॥ ੨ ॥

ਬਸੰਤੁ ਮਹਲਾ ੯ ॥ ਮਾਈ ਮੈ ਧਨੁ ਪਾਇਓ ਹਰਿ ਨਾਮੁ ॥

ਹੇ ਮਾਈ= ਭਾਈ (ਸੰਤ ਜਨੋ) ! ਮੈਂ ਹਰੀ ਨਾਮ ਰੂਪ ਧਨ ਪਾਇਆ ਹੈ।

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸ੍ਰਾਮੁ ॥ ੧ ॥ ਰਹਾਉ ॥

ਇਸ ਲਈ ਮੇਰਾ ਮਨ ਦੌੜਨ ਤੋਂ ਹਟ ਗਿਆ ਹੈ ਅਤੇ ਅਰਾਮ ਕਰ ਕੇ ਬਹਿ ਗਿਆ ਹੈ। ਜਾਂ ਸਰੂਪ ਵਿਚ ਬਿਸ੍ਰਾਮੁ= ਇਸਥਿਤੀ ਕਰ ਬੈਠਾ ਹੈ ॥ ੧ ॥ ਰਹਾਉ ॥

ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥

ਤਨ= ਸਰੀਰ ਤੋਂ ਮਾਇਆ ਦੀ ਮਮਤਾ ਭਾਗੀ= ਨੱਸ ਗਈ ਹੈ ਅਤੇ ਪ੍ਰਭੂ ਦਾ ਨਿਰਮਲ= ਸ਼ੁੱਧ ਗਿਆਨ ਪੈਦਾ ਹੋ ਗਿਆ ਹੈ।

ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ੧ ॥

ਪਦਾਰਥਾਂ ਦਾ ਲੋਭ ਅਤੇ ਸੰਬੰਧੀਆਂ ਦਾ ਜੋ ਮੋਹ ਹੈ, ਇਹ ਮੈਨੂੰ ਪਰਸਿ= ਸਪਰਸ (ਛੋਹ) ਭੀ ਨਹੀਂ ਸਕਦੇ, ਕਿਉਂਕਿ ਮੈਂ ਭਗਵਾਨ ਦੀ ਪ੍ਰੇਮਾ ਭਗਤੀ ਗਹੀ= ਗ੍ਰਹਿਣ (ਧਾਰਨ) ਕੀਤੀ ਹੈ ॥ ੧ ॥

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥

ਜਦ ਤੋਂ ਰਤਨੁ= ਅਮੋਲਕ ਨਾਮ ਨੂੰ ਪਾਇਆ ਹੈ, ਤਦ ਤੋਂ ਅਨੇਕਾਂ ਜਨਮਾਂ ਦਾ ਸੰਸਾ ਚੂਕਾ= ਦੂਰ ਹੋ ਗਿਆ ਹੈ।

ਹੇ ਨਾਹਿ= ਪਤੀ (ਪਰਮਾਤਮਾ) ! ਤੂੰ ਅਭੁੱਲ ਹੈਂ, ਕਦੇ ਨਹੀਂ ਭੁੱਲਦਾ। ਜਿਸ ਨੂੰ ਗੁਰ-ਉਪਦੇਸ਼ ਸੁਣਾਉਂਦਾ ਹੈਂ, ਉਸ ਦੀ ਬੁੱਧੀ ਗੰਭੀਰਤਾ ਵਾਲੀ ਹੁੰਦੀ ਹੈ।

ਤੂ ਮੋਟਉ ਠਾਕੁਰੁ ਸਬਦ ਮਾਹਿ॥
ਮਨੁ ਨਾਨਕ ਮਾਨਿਆ ਸਚੁ ਸਲਾਹਿ॥ ੮॥ ੨॥

ਹੇ ਠਾਕੁਰ ! ਤੂੰ ਸਭ ਤੋਂ ਮੋਟਉ= ਵੱਡਾ ਹੈਂ ਭਾਵ ਦੇਸ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈਂ ਤੇ ਸਬਦ= ਸੰਸਾਰ ਵਿਚ ਪੂਰਨ ਹੈਂ। ਜਾਂ ਸਬਦ= ਸੰਸਾਰ ਵਿਚ ਤੂੰ ਸਭ ਤੋਂ ਵੱਡਾ ਮਾਲਕ ਹੈਂ ਅਤੇ ਸਬਦ ਮਾਹਿ= ਗੁਰ-ਉਪਦੇਸ਼ ਵਿਚ ਆਪ ਜੀ ਦੀ ਪ੍ਰਾਪਤੀ ਹੈ। ਗੁਰੂ ਜੀ ਕਥਨ ਕਰਦੇ ਹਨ—ਹੇ ਸੱਚੇ ! ਆਪ ਜੀ ਦੀ ਸ਼ਲਾਘਾ ਕਰਨ ਵਿਚ ਮੇਰਾ ਮਨ ਮੰਨਿਆ ਗਿਆ ਹੈ॥ ੮॥ ੨॥

ਬਸੰਤੁ ਮਹਲਾ ੧॥
ਦਰਸਨ ਕੀ ਪਿਆਸ ਜਿਸੁ ਨਰ ਹੋਇ॥ ਏਕਤੁ ਰਾਚੈ ਪਰਹਰਿ ਦੋਇ॥

ਜਿਸ ਪੁਰਸ਼ ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸ= ਚਾਹਨਾ ਹੁੰਦੀ ਹੈ। ਉਹ ਦੋਇ= ਦ੍ਵੈਤ ਨੂੰ ਪਰਹਰਿ= ਤਿਆਗ ਕੇ ਇਕ ਵਿਚ ਰਚ ਜਾਂਦਾ ਹੈ।

ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ॥ ਗੁਰਮੁਖਿ ਬੂਝੈ ਏਕ ਸਮਾਇ॥ ੧॥

ਜੋ ਮਥਿ= ਵਿਚਾਰ ਕੇ ਨਾਮ-ਅੰਮ੍ਰਿਤ ਨੂੰ ਖਾਂਦਾ ਹੈ ਉਸ ਦਾ ਦੁੱਖ, ਦਰਦ ਦੂਰ ਹੋ ਜਾਂਦਾ ਹੈ। ਜੋ ਗੁਰਮੁਖ ਗੁਰਾਂ ਦੁਆਰੇ ਬੂਝੈ= ਸਮਝਦਾ ਹੈ, ਉਹ ਇਕ ਪ੍ਰਭੂ ਵਿਚ ਸਮਾ ਜਾਂਦਾ ਹੈ॥ ੧॥

ਤੇਰੇ ਦਰਸਨ ਕਉ ਕੇਤੀ ਬਿਲਲਾਇ॥

ਹੇ ਪ੍ਰਭੂ ! ਤੇਰੇ ਦਰਸ਼ਨ ਕਰਨ ਨੂੰ ਕਿੰਨੀ-ਕੁ ਦੁਨੀਆਂ ਵਿਰਲਾਪ ਕਰ ਰਹੀ ਹੈ? (ਇਸ ਬਾਰੇ ਕੁਝ ਆਖਿਆ ਨਹੀਂ ਜਾ ਸਕਦਾ)

ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ॥ ੧॥ ਰਹਾਉ॥

ਪਰ ਉਹ ਕੋਈ ਵਿਰਲਾ ਆਪ ਜੀ ਨੂੰ ਜਾਣਦਾ ਹੈ, ਜਿਸ ਨੇ ਗੁਰ-ਉਪਦੇਸ਼ ਵਿਚ ਆਪਣੇ ਮਨ ਨੂੰ ਮਿਲਾਇਆ ਹੈ॥ ੧॥ ਰਹਾਉ॥

ਬੇਦ ਵਖਾਣਿ ਕਹਹਿ ਇਕੁ ਕਹੀਐ॥ ਓਹੁ ਬੇਅੰਤੁ ਅੰਤੁ ਕਿਨਿ ਲਹੀਐ॥

ਜੇਕਰ ਵੇਦਾਂ ਦੇ ਵਖਾਣਿ= ਪਰਸੰਗ ਕਥਨ ਕਰੀਏ, ਤਾਂ ਉਹ ਇਕ.ਏਹੋ ਗੱਲ ਕਹਿੰਦੇ ਹਨ, ਕਿ ਉਹ ਪ੍ਰਭੂ ਬੇਅੰਤ ਹੈ, ਉਸ ਦਾ ਅੰਤ ਕਿਸ ਤਰ੍ਹਾਂ ਲਹੀਐ= ਜਾਣ ਸਕਦੇ ਹਾਂ?

ਏਕੋ ਕਰਤਾ ਜਿਨਿ ਜਗੁ ਕੀਆ॥ ਬਾਝੁ ਕਲਾ ਧਰਿ ਗਗਨੁ ਧਰੀਆ॥ ੨॥

ਸਭ ਦਾ ਕਰਤਾ ਇਕ ਪ੍ਰਭੂ ਹੀ ਹੈ ਜਿਸ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ ਅਤੇ ਉਸ ਸਰਬ ਸ਼ਕਤੀਮਾਨ (ਵਾਹਿਗੁਰੂ) ਨੇ (ਪ੍ਰਤੱਖ ਥੰਮੇ ਤੋਂ) ਬਿਨਾਂ ਆਪਣੀ ਕਲਾ= ਸ਼ਕਤੀ ਨਾਲ ਧਰਿ= ਧਰਤੀ ਤੇ ਗਗਨੁ= ਅਕਾਸ਼ ਨੂੰ ਟਿਕਾਇਆ ਹੈ॥ ੨॥

ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ॥

੧) ਇਕ ਪ੍ਰਭੂ ਦੇ ਗਿਆਨ ਨੂੰ ਉਚਾਰੇ ਇਕ ਦੇ ਧਿਆਨ ਨੂੰ ਲਗਾਵੇ, ਇਕ ਦੀ ਨਾਮ ਬਾਣੀ ਨੂੰ ਧੁਨਿ= ਉਚਾਰੇ।

੨) ਜਿਸ ਨੇ ਗੁਰਬਾਣੀ ਦੁਆਰਾ ਰਾਮ ਨਾਮ ਉਚਾਰ ਕੇ ਇਕ ਦਾ ਧਿਆਨ ਲਗਾਇਆ ਹੈ। ਉਸ ਨੂੰ ਇਕ ਪ੍ਰਭੂ ਦਾ ਗਿਆਨ ਹੋਇਆ ਹੈ।

੩) ਜਿਸ ਨੇ ਗੁਰਬਾਣੀ ਦੀ ਧੁਨੀ ਲਾਈ ਹੈ, ਉਸ ਨੂੰ ਇਕ ਦਾ ਗਿਆਨ ਤੇ ਧਿਆਨ ਪਰਾਪਤ ਹੋਇਆ ਹੈ ਅਤੇ ਉਹ ਇਕ ਨਿਰਾਲਮੁ= ਅਸੰਗ ਪ੍ਰਭੂ ਦੀ ਅਕੱਥ ਕਹਾਣੀ ਨੂੰ ਕਹਿੰਦਾ ਹੈ।

ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥ ੩॥

ਇਕ ਸਬਦੁ= ਬ੍ਰਹਮ ਹੀ ਸੱਚਾ ਤੇ ਸਾਰੇ ਨੀਸਾਣੁ= ਪਰਗਟ ਹੈ। ਪਰ ਉਹ ਸੱਚਾ ਬ੍ਰਹਮ ਪੂਰਿਆਂ ਗੁਰਾਂ ਤੋਂ ਜਾਣੈ ਜਾਣੁ= ਜਾਣਿਆਂ ਜਾਂਦਾ ਹੈ।

ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥

ਜੇਹੜਾ ਕੋਈ ਗੁਰਮਤਿ= ਗੁਰ-ਸਿਖਿਆ ਦੁਆਰੇ ਇਕ ਸ੍ਵੈ ਸਰੂਪ ਦੇ ਜਾਣਨ ਰੂਪ ਸੱਚੇ ਧਰਮ ਨੂੰ ਦ੍ਰਿੜ੍ਹ ਕਰਦਾ ਹੈ, ਸੋਈ= ਓਹੀ ਪੁਰਸ਼ ਜੁਗਾਂ ਜੁਗਾਂ ਵਿਚ ਪੂਰਾ ਹੁੰਦਾ ਹੈ।

ਅਨਹਦਿ ਰਾਤਾ ਏਕ ਲਿਵ ਤਾਰ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ॥ ੪॥

ਤਾਰ= ਤੇਲ ਧਾਰਾ ਵਾਂਗ ਲਿਵ ਲਗਾ ਕੇ ਜੋ ਅਨਹਦਿ= ਇਕ-ਰਸ ਇਕ ਦੇ ਸਿਮਰਨ ਵਿਚ ਰਾਤਾ= ਲੀਣ ਰਹਿੰਦਾ ਹੈ। ਓਹੀ ਗੁਰਮੁਖ ਪੁਰਸ਼ ਅਲੱਖ ਅਪਾਰ ਪ੍ਰਭੂ ਨੂੰ ਪਾ ਲੈਂਦਾ ਹੈ॥ ੪॥

ਏਕੋ ਤਖਤੁ ਏਕੋ ਪਾਤਿਸਾਹੁ॥ ਸਰਬੀ ਥਾਈ ਬੇਪਰਵਾਹੁ॥

੧) ਇਕ ਪਰਮੇਸ਼ਰ ਪਰਤੱਖ ਤਖਤ ਰੂਪ ਹੈ, ਇਕ ਪਰਮੇਸ਼ਰ ਹੀ ਪਾਤਸ਼ਾਹ ਰੂਪ ਹੈ।

੨) ਇਕ ਪਰਮੇਸ਼ਰ ਹੀ ਸਤਸੰਗ ਰੂਪ ਤਖਤ ਹੈ, ਇਕ ਪਰਮੇਸ਼ਰ ਹੀ ਗੁਰੂ ਪਾਤਸ਼ਾਹ ਹੈ।

੩) ਇਕ ਪਰਮੇਸ਼ਰ ਹੀ ਸੰਸਾਰ-ਤਖਤ ਹੈ, ਇਕ ਹੀ ਈਸ਼ਵਰ ਰੂਪ ਪਾਤਸ਼ਾਹ ਹੈ। ਉਹ ਬੇ-ਪਰਵਾਹ ਪ੍ਰਭੂ ਹੀ ਸਾਰੀਆਂ ਜਗ੍ਹਾਂ 'ਪਰ ਵਿਆਪਕ ਹੈ।

ਤਿਸ ਕਾ ਕੀਆ ਤ੍ਰਿਭਵਣ ਸਾਰੁ॥
ਓਹੁ ਅਗਮੁ ਅਗੋਚਰੁ ਏਕੰਕਾਰੁ॥ ੫॥

ਉਸ ਪ੍ਰਭੂ ਦਾ ਕੀਤਾ ਹੋਇਆ ਤਿੰਨਾਂ ਲੋਕਾਂ ਵਿਚ ਸਾਰੁ= ਸ੍ਰੇਸ਼ਟ ਹੈ। *ਅਥਵਾ:-* ਇਹ ਤ੍ਰਿਭਵਣ ਰੂਪ ਸਾਰਾ ਸੰਸਾਰ ਉਸ ਸਾਰੁ= ਸ੍ਰੇਸ਼ਟ ਪ੍ਰਭੂ ਦਾ ਬਣਾਇਆ ਹੋਇਆ ਹੈ। ਉਹ ਇਕ ਓਅੰਕਾਰ ਪ੍ਰਭੂ ਮਨ ਕਰ ਕੇ ਅਗਮ ਤੇ ਇੰਦ੍ਰੀਆਂ ਕਰ ਕੇ ਅਗੋਚਰ ਹੈ॥ ੫॥

ਏਕਾ ਮੂਰਤਿ ਸਾਚਾ ਨਾਉ॥ ਤਿਥੈ ਨਿਬੜੈ ਸਾਚੁ ਨਿਆਉ॥

੧) ਉਹ ਪਰਮੇਸ਼ਰ ਏਕਾ ਮੂਰਤਿ= ਇਕ ਅਦੁਤੀ ਸਰੂਪ ਹੈ, ਉਸ ਦਾ ਨਾਮ ਭੀ ਸੱਚਾ ਹੈ।

੨) ਜਿਸ ਦਾ ਨਾਮ ਸੱਚਾ ਹੈ, ਸਾਰੀਆਂ ਮੂਰਤੀਆਂ ਵਿਚ ਓਹੀ ਇਕ ਸੱਚਾ ਵਿਆਪਕ ਹੈ। ਉਸ ਦੇ ਪਾਸ ਸਾਰਿਆਂ ਦਾ ਸੱਚਾ ਨਿਆਂ ਨਿਬੜੈ= ਹੁੰਦਾ ਹੈ

ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥ ੬ ॥

ਸੱਚੀ ਭਗਤੀ ਰੂਪ ਕਰਨੀ ਦੇ ਕਰਨ ਨਾਲ ਪ੍ਰਮਾਣੀਕ ਇੱਜ਼ਤ ਹੁੰਦੀ ਹੈ ਅਤੇ ਉਹ ਸੱਚੀ ਦਰਗਾਹ ਵਿਚ ਮਾਣੁ= ਆਦਰ ਪਾਉਂਦਾ ਹੈ॥ ੬ ॥

ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥

ਗੁਰਮੁਖ ਇਕ ਦੀ ਭਗਤੀ ਕਰਦੇ ਹਨ ਅਤੇ ਇਕ ਦੇ ਵਿਚ ਹੀ ਭਾਉ= ਪ੍ਰੇਮ ਕਰਦੇ ਹਨ, ਜਾਂ ਇਕ ਦਾ ਹੀ ਭਾਉ= ਗਿਆਨ ਹੈ। ਪਰਮੇਸ਼ਰ ਦੇ ਭੈ= ਡਰ ਤੇ ਭਗਤੀ ਤੋਂ ਬਿਨਾਂ ਜੀਵ ਜੰਮਦਾ ਮਰਦਾ ਹੈ।

ਗੁਰ ਤੇ ਸਮਝਿ ਰਹੈ ਮਿਹਮਾਣੁ ॥
[ਪੰਨਾ ੧੧੮੯] ਹਰਿ ਰਸਿ ਰਾਤਾ ਜਨੁ ਪਰਵਾਣੁ ॥ ੭ ॥

ਜੋ ਗੁਰੂ ਤੋਂ ਸਮਝ ਲੈ ਕੇ ਆਪਣੇ ਆਪ ਵਿਚ ਪ੍ਰਾਹੁਣਾ ਹੋ ਕੇ ਰਹਿੰਦਾ ਹੈ ਤੇ ਹਰੀ- ਰਸ ਵਿਚ ਰਾਤਾ= ਮਿਲਿਆ ਰਹਿੰਦਾ ਹੈ, ਉਹ ਪੁਰਸ਼ ਪ੍ਰਮਾਣੀਕ ਹੁੰਦਾ ਹੈ॥ ੭ ॥

ਇਤ ਉਤ ਦੇਖਉ ਸਹਜੇ ਰਾਵਉ ॥
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥

ਹੇ ਠਾਕੁਰ ! ਇਤ ਉਤ= ਲੋਕ ਪ੍ਰਲੋਕ ਵਿਚ, ਇਧਰ ਉਧਰ ਮੈਂ ਆਪ ਜੀ ਨੂੰ ਦੇਖਦਾ ਹਾਂ ਤੇ ਸਹਜੇ ਹੀ ਆਪ ਜੀ ਦੇ ਨਾਮਾਂ ਨੂੰ ਰਾਵਉ= ਉਚਾਰਦਾ ਹਾਂ। ਹੇ ਠਾਕੁਰ ! ਆਪ ਜੀ ਤੋਂ ਬਿਨਾਂ ਮੈਂ ਹੋਰ ਕਿਸੇ ਵਸਤੂ ਨਹੀਂ ਭਾਵਉ= ਚਾਹੁੰਦਾ।

ਨਾਨਕ ਹਉਮੈ ਸਬਦਿ ਜਲਾਇਆ ॥
ਸਤਿਗੁਰਿ ਸਾਚਾ ਦਰਸੁ ਦਿਖਾਇਆ ॥ ੮ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਸਤਿਗੁਰਾਂ ਦੇ ਸ਼ਬਦ ਦੁਆਰਾ ਹੰਗਤਾ ਮਮਤਾ ਨੂੰ ਜਲਾਇਆ= ਸਾੜਿਆ ਹੈ, ਉਸ ਨੂੰ ਸੱਚੇ ਨੇ ਆਪਣਾ ਦਰਸ਼ਨ ਦਿਖਾਇਆ ਹੈ॥ ੮ ॥ ੩ ॥

ਬਸੰਤੁ ਮਹਲਾ ੧ ॥
ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥

ਚੰਚਲ ਚਿਤ ਸੰਸਾਰ ਤੋਂ ਪਾਰ ਹੋਣਾ ਨਹੀਂ ਪਾਉਂਦਾ। *ਅਥਵਾ:-* ਪਾਰ ਰੂਪ ਜੋ ਪਰਮਾਤਮਾ ਹੈ, ਉਸ ਨੂੰ ਨਹੀਂ ਪਾਉਂਦਾ। ਇਸ ਲਈ ਇਸ ਨੂੰ ਜੰਮਦਿਆਂ ਮਰਦਿਆਂ ਬਾਰਾ= ਦੇਰ ਨਹੀਂ ਲਗਦੀ।

ਦੂਖੁ ਘਣੋ ਮਰੀਐ ਕਰਤਾਰਾ ॥ ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥ ੧ ॥

ਹੇ ਕਰਤਾਰ ! ਆਪ ਜੀ ਤੋਂ ਭੁੱਲ ਕੇ ਘਣੇ ਦੁੱਖਾਂ ਨੂੰ ਪਾ ਕੇ ਨਿਸਫਲ ਮਰਨਾ ਹੁੰਦਾ ਹੈ।

ਅਥਵਾ- ਕਰਤਾਰ ਵਲੋਂ ਮਰਨ ਕਰ ਕੇ ਘਣੋ= ਬਹੁਤੇ ਦੁੱਖ ਹੁੰਦੇ ਹਨ। ਹੇ ਪ੍ਰੀਤਮ= ਪਰਮਾਤਮਾ ! ਆਪ

ਜੀ ਤੋਂ ਬਿਨਾਂ ਕੋਈ ਸਾਰਾ= ਸੰਭਾਲ ਨਹੀਂ ਕਰਦਾ॥ ੧॥

ਸਭ ਊਤਮ ਕਿਸੁ ਆਖਉ ਹੀਨਾ॥
ਹਰਿ ਭਗਤੀ ਸਚਿ ਨਾਮਿ ਪਤੀਨਾ॥ ੧॥ ਰਹਾਉ॥

ਬਿਨਾਂ ਹੋਰ ਸਾਰੇ ਉੱਤਮ ਹਨ, ਮੈਂ ਕਿਸ ਨੂੰ ਹੀਨਾ= ਨੀਚ ਆਖਾਂ। ਹਰੀ ਦੀ ਭਗਤੀ ਕਰ ਕੇ ਮੇਰਾ ਮਨ ਸੱਚੇ ਨਾਮੀ ਵਿਚ ਪਤੀਜ ਗਿਆ ਹੈ॥ ੧॥ ਰਹਾਉ॥

ਅਉਖਧ ਕਰਿ ਥਾਕੀ ਬਹੁਤੇਰੇ॥ ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ॥

ਮੈਂ ਬਥੇਰੇ ਦਾਰੂ ਕਰ ਕੇ ਥੱਕ ਗਈ ਹਾਂ। ਪਰ ਗੁਰਾਂ ਨਾਲ ਮੇਰੇ= ਮਿਲੇ ਤੋਂ ਬਿਨਾਂ ਮੇਰੇ ਦੁੱਖ ਕਿਵੇਂ ਦੂਰ ਹੋਣਗੇ?

ਬਿਨੁ ਹਰਿ ਭਗਤੀ ਦੂਖ ਘਣੇਰੇ॥ ਦੁਖ ਸੁਖ ਦਾਤੇ ਠਾਕੁਰ ਮੇਰੇ॥ ੨॥

ਹਰੀ ਦੀ ਭਗਤੀ ਕੀਤੇ ਬਿਨਾਂ ਬਹੁਤੇ ਦੁੱਖ ਹੁੰਦੇ ਹਨ। ਹੇ ਮੇਰੇ ਠਾਕੁਰ ! ਆਪ ਹੀ ਕਰਮਾਂ ਦੇ ਅਨੁਸਾਰ ਸੁਖ ਦੁੱਖ ਦੇ ਦੇਣ ਵਾਲੇ ਹੋ। *ਅਥਵਾ:-* ਹੇ ਮੇਰੇ ਠਾਕੁਰ ਰੂਪ ਗੁਰੋ ! ਆਪ ਸੁਖਾਂ ਦੀ ਪ੍ਰਾਪਤੀ ਤੇ ਦੁੱਖਾਂ ਦੀ ਨਵਿਰਤੀ ਦੇ ਦਾਤੇ ਹੋ॥ ੨॥

ਰੋਗੁ ਵਡੋ ਕਿਉ ਬਾਂਧਉ ਧੀਰਾ॥ ਰੋਗੁ ਬੁਝੈ ਸੋ ਕਾਟੈ ਪੀਰਾ॥

ਹੌਮੈ ਅਤੇ ਅਗਿਆਨ ਰੂਪੀ ਰੋਗ ਵੱਡਾ ਭਾਰੀ ਲੱਗ ਰਿਹਾ ਹੈ, ਮੇਰਾ ਮਨ ਕਿਵੇਂ ਧੀਰਜ ਨੂੰ ਬੰਨ੍ਹੇਗਾ? ਜੇਹੜਾ ਗੁਰੂ ਪਹਿਲੇ ਰੋਗ ਨੂੰ ਬੁੱਝਦਾ ਹੈ ਕਿ ਇਸ ਦੇ ਅੰਦਰ ਮਲ ਦੋਸ਼ ਹੈ ਕਿ ਵਿਖੇਪ ਹੈ, ਜਾਂ ਅਵਰਨ ਹੈ, ਓਹੀ ਗੁਰੂ ਪੀੜਾ ਨੂੰ ਕੱਟਦਾ ਹੈ ਤੇ ਜੇਹੜਾ ਗੁਰੂ ਰੋਗ ਨੂੰ ਨਹੀਂ ਬੁੱਝਦਾ, ਉਹ ਪੀੜਾ ਨਹੀਂ ਕੱਟ ਸਕਦਾ।

ਰੋਗੀ ਕਉ ਭਾਸੈ ਉਭੈ ਵੈਦੇ ਭਾਸੇ ਤੀਨ!

ਮੈ ਅਵਗਣ ਮਨ ਮਾਹਿ ਸਰੀਰਾ॥ ਢੂਢਤ ਖੋਜਤ ਗੁਰਿ ਮੇਲੇ ਬੀਰਾ॥ ੩॥

ਮੇਰੇ ਮਨ ਅਤੇ ਸਰੀਰ ਵਿਚ ਔਗੁਣ ਬਹੁਤ ਸਾਰੇ ਹਨ। *ਅਥਵਾ:-* ਮੇਰੇ ਸਰੀਰ ਵਿਚ ਮਨ= ਮਣਾਂ ਮੂੰਹੀ ਔਗੁਣ ਹਨ। ਬੀਰਾ= ਹੇ ਭਾਈ ! ਜਿਨ੍ਹਾਂ ਗੁਰਾਂ ਨੂੰ ਲੱਭਣ ਵਾਲੇ ਹੋ ਕੇ ਖੋਜਤ= ਭਾਲਦੇ ਸੀ, ਉਹਨਾਂ ਗੁਰਾਂ ਨਾਲ ਪਰਮੇਸ਼ਰ ਨੇ ਮੇਲ ਦਿੱਤਾ ਹੈ॥ ੩॥

ਗੁਰ ਕਾ ਸਬਦੁ ਦਾਰੂ ਹਰਿ ਨਾਉ॥ ਜਿਉ ਤੂ ਰਾਖਹਿ ਤਿਵੈ ਰਹਾਉ॥

ਗੁਰਾਂ ਦਾ ਉਪਦੇਸ਼ ਅਤੇ ਹੇ ਹਰੀ ! ਆਪ ਜੀ ਦਾ ਨਾਮ ਇਸ ਰੋਗ ਦੀ ਨਵਿਰਤੀ ਦਾ ਦਾਰੂ ਹੈ। ਜਿਸ ਤਰ੍ਹਾਂ ਤੂੰ ਰੱਖਦਾ ਹੈਂ, ਤਿਵੇਂ ਹੀ ਮੈਂ ਰਹਾਉ= ਰਹਿੰਦਾ ਹਾਂ।

ਜਗੁ ਰੋਗੀ ਕਹ ਦੇਖਿ ਦਿਖਾਉ॥
ਹਰਿ ਨਿਰਮਾਇਲੁ ਨਿਰਮਲੁ ਨਾਉ॥ ੪॥

੧) ਸਾਰਾ ਜਗਤ ਰੋਗੀ ਦੇਖਣ ਵਿਚ ਆਉਂਦਾ ਹੈ ਤੇ ਮੈਂ ਆਪਣਾ ਰੋਗ ਕਿਸ ਨੂੰ ਦਿਖਾਵਾਂ?

੨) ਸਾਰਾ ਜਗਤ ਰੋਗੀ ਹੈ, ਜੇ ਕਿਸੇ ਨੂੰ ਅਰੋਗ ਦੇਖਾਂ ਤਾਂ ਮੈਂ ਉਸ ਨੂੰ ਆਪਣਾ ਰੋਗ ਵਿਖਾਵਾਂ।

ਹੇ ਨਾਹਿ= ਪਤੀ (ਪਰਮਾਤਮਾ) ! ਤੂੰ ਅਭੁੱਲ ਹੈਂ, ਕਦੇ ਨਹੀਂ ਭੁੱਲਦਾ। ਜਿਸ ਨੂੰ ਗੁਰ-ਉਪਦੇਸ਼ ਸੁਣਾਉਂਦਾ ਹੈਂ, ਉਸ ਦੀ ਬੁੱਧੀ ਗੰਭੀਰਤਾ ਵਾਲੀ ਹੁੰਦੀ ਹੈ।

ਤੂ ਮੋਟਉ ਠਾਕੁਰੁ ਸਬਦ ਮਾਹਿ॥
ਮਨੁ ਨਾਨਕ ਮਾਨਿਆ ਸਚੁ ਸਲਾਹਿ॥ ੮॥ ੨॥

ਹੇ ਠਾਕੁਰ ! ਤੂੰ ਸਭ ਤੋਂ ਮੋਟਉ= ਵੱਡਾ ਹੈਂ ਭਾਵ ਦੇਸ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈਂ ਤੇ ਸਬਦ= ਸੰਸਾਰ ਵਿਚ ਪੂਰਨ ਹੈਂ। ਜਾਂ ਸਬਦ= ਸੰਸਾਰ ਵਿਚ ਤੂੰ ਸਭ ਤੋਂ ਵੱਡਾ ਮਾਲਕ ਹੈਂ ਅਤੇ ਸਬਦ ਮਾਹਿ= ਗੁਰ-ਉਪਦੇਸ਼ ਵਿਚ-ਆਪ ਜੀ ਦੀ ਪ੍ਰਾਪਤੀ ਹੈ। ਗੁਰੂ ਜੀ ਕਥਨ ਕਰਦੇ ਹਨ—ਹੇ ਸੱਚੇ ! ਆਪ ਜੀ ਦੀ ਸ਼ਲਾਘਾ ਕਰਨ ਵਿਚ ਮੇਰਾ ਮਨ ਮੰਨਿਆ ਗਿਆ ਹੈ॥ ੮॥ ੨॥

ਬਸੰਤੁ ਮਹਲਾ ੧॥

ਦਰਸਨ ਕੀ ਪਿਆਸ ਜਿਸੁ ਨਰ ਹੋਇ॥ ਏਕਤੁ ਰਾਚੈ ਪਰਹਰਿ ਦੋਇ॥

ਜਿਸ ਪੁਰਸ਼ ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸ= ਚਾਹਨਾ ਹੁੰਦੀ ਹੈ। ਉਹ ਦੋਇ= ਦ੍ਵੈਤ ਨੂੰ ਪਰਹਰਿ= ਤਿਆਗ ਕੇ ਇਕ ਵਿਚ ਰਚ ਜਾਂਦਾ ਹੈ।

ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ॥ ਗੁਰਮੁਖਿ ਬੂਝੈ ਏਕ ਸਮਾਇ॥ ੧॥

ਜੋ ਮਥਿ= ਵਿਚਾਰ ਕੇ ਨਾਮ-ਅੰਮ੍ਰਿਤ ਨੂੰ ਖਾਂਦਾ ਹੈ ਉਸ ਦਾ ਦੁੱਖ, ਦਰਦ ਦੂਰ ਹੋ ਜਾਂਦਾ ਹੈ। ਜੋ ਗੁਰਮੁਖ ਗੁਰਾਂ ਦੁਆਰੇ ਬੂਝੈ= ਸਮਝਦਾ ਹੈ, ਉਹ ਇਕ ਪ੍ਰਭੂ ਵਿਚ ਸਮਾ ਜਾਂਦਾ ਹੈ॥ ੧॥

ਤੇਰੇ ਦਰਸਨ ਕਉ ਕੇਤੀ ਬਿਲਲਾਇ॥

ਹੇ ਪ੍ਰਭੂ ! ਤੇਰੇ ਦਰਸ਼ਨ ਕਰਨ ਨੂੰ ਕਿੰਨੀ-ਕੁ ਦੁਨੀਆਂ ਵਿਰਲਾਪ ਕਰ ਰਹੀ ਹੈ? (ਇਸ ਬਾਰੇ ਕੁਝ ਆਖਿਆ ਨਹੀਂ ਜਾ ਸਕਦਾ)

ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ॥ ੧॥ ਰਹਾਉ॥

ਪਰ ਉਹ ਕੋਈ ਵਿਰਲਾ ਆਪ ਜੀ ਨੂੰ ਜਾਣਦਾ ਹੈ, ਜਿਸ ਨੇ ਗੁਰ-ਉਪਦੇਸ਼ ਵਿਚ ਆਪਣੇ ਮਨ ਨੂੰ ਮਿਲਾਇਆ ਹੈ॥ ੧॥ ਰਹਾਉ॥

ਬੇਦ ਵਖਾਣਿ ਕਹਹਿ ਇਕੁ ਕਹੀਐ॥ ਓਹੁ ਬੇਅੰਤੁ ਅੰਤੁ ਕਿਨਿ ਲਹੀਐ॥

ਜੇਕਰ ਵੇਦਾਂ ਦੇ ਵਖਾਣਿ= ਪਰਸੰਗ ਕਥਨ ਕਰੀਏ, ਤਾਂ ਉਹ ਇਕ ਏਹੋ ਗੱਲ ਕਹਿੰਦੇ ਹਨ, ਕਿ ਉਹ ਪ੍ਰਭੂ ਬੇਅੰਤ ਹੈ, ਉਸ ਦਾ ਅੰਤ ਕਿਸ ਤਰ੍ਹਾਂ ਲਹੀਐ= ਜਾਣ ਸਕਦੇ ਹਾਂ?

ਏਕੋ ਕਰਤਾ ਜਿਨਿ ਜਗੁ ਕੀਆ॥ ਬਾਝੁ ਕਲਾ ਧਰਿ ਗਗਨੁ ਧਰੀਆ॥ ੨॥

ਸਭ ਦਾ ਕਰਤਾ ਇਕ ਪ੍ਰਭੂ ਹੀ ਹੈ ਜਿਸ ਨੇ ਸਾਰੇ ਜਗਤ ਨੂੰ ਪੈਦਾ ਕੀਤਾ ਹੈ ਅਤੇ ਉਸ ਸਰਬ.ਸ਼ਕਤੀਮਾਨ (ਵਾਹਿਗੁਰੂ) ਨੇ (ਪ੍ਰਤੱਖ ਥੰਮੇ ਤੋਂ) ਬਿਨਾਂ ਆਪਣੀ ਕਲਾ= ਸ਼ਕਤੀ ਨਾਲ ਧਰਿ= ਧਰਤੀ ਤੇ ਗਗਨੁ= ਅਕਾਸ਼ ਨੂੰ ਟਿਕਾਇਆ ਹੈ॥ ੨॥

ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ॥

੧) ਇਕ ਪ੍ਰਭੂ ਦੇ ਗਿਆਨ ਨੂੰ ਉਚਾਰੇ ਇਕ ਦੇ ਧਿਆਨ ਨੂੰ ਲਗਾਵੇ, ਇਕ ਦੀ ਨਾਮ ਬਾਣੀ ਨੂੰ ਧੁਨਿ= ਉਚਾਰੇ।

੨) ਜਿਸ ਨੇ ਗੁਰਬਾਣੀ ਦੁਆਰਾ ਰਾਮ ਨਾਮ ਉਚਾਰ ਕੇ ਇਕ ਦਾ ਧਿਆਨ ਲਗਾਇਆ ਹੈ। ਉਸ ਨੂੰ ਇਕ ਪ੍ਰਭੂ ਦਾ ਗਿਆਨ ਹੋਇਆ ਹੈ।

੩) ਜਿਸ ਨੇ ਗੁਰਬਾਣੀ ਦੀ ਧੁਨੀ ਲਾਈ ਹੈ, ਉਸ ਨੂੰ ਇਕ ਦਾ ਗਿਆਨ ਤੇ ਧਿਆਨ ਪਰਾਪਤ ਹੋਇਆ ਹੈ ਅਤੇ ਉਹ ਇਕ ਨਿਰਾਲਮੁ= ਅਸੰਗ ਪ੍ਰਭੂ ਦੀ ਅਕੱਥ ਕਹਾਣੀ ਨੂੰ ਕਹਿੰਦਾ ਹੈ।

ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥ ੩॥

ਇਕ ਸਬਦੁ= ਬ੍ਰਹਮ ਹੀ ਸੱਚਾ ਤੇ ਸਾਰੇ ਨੀਸਾਣੁ= ਪਰਗਟ ਹੈ। ਪਰ ਉਹ ਸੱਚਾ ਬ੍ਰਹਮ ਪੂਰਿਆਂ ਗੁਰਾਂ ਤੋਂ ਜਾਣੈ ਜਾਣੁ= ਜਾਣਿਆਂ ਜਾਂਦਾ ਹੈ।

ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥

ਜੇਹੜਾ ਕੋਈ ਗੁਰਮਤਿ= ਗੁਰ-ਸਿਖਿਆ ਦੁਆਰੇ ਇਕ ਸ੍ਵੈ ਸਰੂਪ ਦੇ ਜਾਣਨ ਰੂਪ ਸੱਚੇ ਧਰਮ ਨੂੰ ਦ੍ਰਿੜ੍ਹ ਕਰਦਾ ਹੈ, ਸੋਈ= ਓਹੀ ਪੁਰਸ਼ ਜੁਗਾਂ ਜੁਗਾਂ ਵਿਚ ਪੂਰਾ ਹੁੰਦਾ ਹੈ।

ਅਨਹਦਿ ਰਾਤਾ ਏਕ ਲਿਵ ਤਾਰ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ॥ ੪॥

ਤਾਰ= ਤੇਲ ਧਾਰਾ ਵਾਂਗ ਲਿਵ ਲਗਾ ਕੇ ਜੋ ਅਨਹਦਿ= ਇਕ-ਰਸ ਇਕ ਦੇ ਸਿਮਰਨ ਵਿਚ ਰਾਤਾ= ਲੀਣ ਰਹਿੰਦਾ ਹੈ। ਓਹੀ ਗੁਰਮੁਖ ਪੁਰਸ਼ ਅਲੱਖ ਅਪਾਰ ਪ੍ਰਭੂ ਨੂੰ ਪਾ ਲੈਂਦਾ ਹੈ॥ ੪॥

ਏਕੋ ਤਖਤੁ ਏਕੋ ਪਾਤਿਸਾਹੁ॥ ਸਰਬੀ ਥਾਈ ਬੇਪਰਵਾਹੁ॥

੧) ਇਕ ਪਰਮੇਸ਼ਰ ਪਰਤੱਖ ਤਖ਼ਤ ਰੂਪ ਹੈ, ਇਕ ਪਰਮੇਸ਼ਰ ਹੀ ਪਾਤਸ਼ਾਹ ਰੂਪ ਹੈ।

੨) ਇਕ ਪਰਮੇਸ਼ਰ ਹੀ ਸਤਸੰਗ ਰੂਪ ਤਖ਼ਤ ਹੈ, ਇਕ ਪਰਮੇਸ਼ਰ ਹੀ ਗੁਰੂ ਪਾਤਸ਼ਾਹ ਹੈ।

੩) ਇਕ ਪਰਮੇਸ਼ਰ ਹੀ ਸੰਸਾਰ-ਤਖ਼ਤ ਹੈ, ਇਕ ਹੀ ਈਸ਼ਵਰ ਰੂਪ ਪਾਤਸ਼ਾਹ ਹੈ। ਉਹ ਬੇ-ਪਰਵਾਹ ਪ੍ਰਭੂ ਹੀ ਸਾਰੀਆਂ ਜਗ੍ਹਾਂ 'ਪਰ ਵਿਆਪਕ ਹੈ।

ਤਿਸ ਕਾ ਕੀਆ ਤ੍ਰਿਭਵਣ ਸਾਰੁ॥
ਓਹੁ ਅਗਮੁ ਅਗੋਚਰੁ ਏਕੰਕਾਰੁ॥ ੫॥

ਉਸ ਪ੍ਰਭੂ ਦਾ ਕੀਤਾ ਹੋਇਆ ਤਿੰਨਾਂ ਲੋਕਾਂ ਵਿਚ ਸਾਰੁ= ਸ੍ਰੇਸ਼ਟ ਹੈ। *ਅਥਵਾ:-* ਇਹ ਤ੍ਰਿਭਵਣ ਰੂਪ ਸਾਰਾ ਸੰਸਾਰ ਉਸ ਸਾਰੁ= ਸ੍ਰੇਸ਼ਟ ਪ੍ਰਭੂ ਦਾ ਬਣਾਇਆ ਹੋਇਆ ਹੈ। ਉਹ ਇਕ ਓਅੰਕਾਰ ਪ੍ਰਭੂ ਮਨ ਕਰ ਕੇ ਅਗਮ ਤੇ ਇੰਦ੍ਰੀਆਂ ਕਰ ਕੇ ਅਗੋਚਰ ਹੈ॥ ੫॥

ਏਕਾ ਮੂਰਤਿ ਸਾਚਾ ਨਾਉ॥ ਤਿਥੈ ਨਿਬੜੈ ਸਾਚੁ ਨਿਆਉ॥

੧) ਉਹ ਪਰਮੇਸ਼ਰ ਏਕਾ ਮੂਰਤਿ= ਇਕ ਅਦੁਤੀ ਸਰੂਪ ਹੈ, ਉਸ ਦਾ ਨਾਮ ਭੀ ਸੱਚਾ ਹੈ।

੨) ਜਿਸ ਦਾ ਨਾਮ ਸੱਚਾ ਹੈ, ਸਾਰੀਆਂ ਮੂਰਤੀਆਂ ਵਿਚ ਓਹੀ ਇਕ ਸੱਚਾ ਵਿਆਪਕ ਹੈ। ਉਸ ਦੇ ਪਾਸ ਸਾਰਿਆਂ ਦਾ ਸੱਚਾ ਨਿਆਂ ਨਿਬੜੈ= ਹੁੰਦਾ ਹੈ

ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥ ੬ ॥

ਸੱਚੀ ਭਗਤੀ ਰੂਪ ਕਰਨੀ ਦੇ ਕਰਨ ਨਾਲ ਪ੍ਰਮਾਣੀਕ ਇੱਜ਼ਤ ਹੁੰਦੀ ਹੈ ਅਤੇ ਉਹ ਸੱਚੀ ਦਰਗਾਹ ਵਿਚ ਮਾਣੁ= ਆਦਰ ਪਾਉਂਦਾ ਹੈ॥ ੬ ॥

ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥

ਗੁਰਮੁਖ ਇਕ ਦੀ ਭਗਤੀ ਕਰਦੇ ਹਨ ਅਤੇ ਇਕ ਦੇ ਵਿਚ ਹੀ ਭਾਉ= ਪ੍ਰੇਮ ਕਰਦੇ ਹਨ, ਜਾਂ ਇਕ ਦਾ ਹੀ ਭਾਉ= ਗਿਆਨ ਹੈ। ਪਰਮੇਸ਼ਰ ਦੇ ਭੈ= ਡਰ ਤੇ ਭਗਤੀ ਤੋਂ ਬਿਨਾਂ ਜੀਵ ਜੰਮਦਾ ਮਰਦਾ ਹੈ।

ਗੁਰ ਤੇ ਸਮਝਿ ਰਹੈ ਮਿਹਮਾਣੁ ॥
[ਪੰਨਾ ੧੧੮੯] ਹਰਿ ਰਸਿ ਰਾਤਾ ਜਨੁ ਪਰਵਾਣੁ ॥ ੭ ॥

ਜੋ ਗੁਰੂ ਤੋਂ ਸਮਝ ਲੈ ਕੇ ਆਪਣੇ ਆਪ ਵਿਚ ਪ੍ਰਾਹੁਣਾ ਹੋ ਕੇ ਰਹਿੰਦਾ ਹੈ ਤੇ ਹਰੀ- ਰਸ ਵਿਚ ਰਾਤਾ= ਮਿਲਿਆ ਰਹਿੰਦਾ ਹੈ, ਉਹ ਪੁਰਸ਼ ਪ੍ਰਮਾਣੀਕ ਹੁੰਦਾ ਹੈ॥ ੭ ॥

ਇਤ ਉਤ ਦੇਖਉ ਸਹਜੇ ਰਾਵਉ ॥
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥

ਹੇ ਠਾਕੁਰ ! ਇਤ ਉਤ= ਲੋਕ ਪ੍ਰਲੋਕ ਵਿਚ, ਇਧਰ ਉਧਰ ਮੈਂ ਆਪ ਜੀ ਨੂੰ ਦੇਖਦਾ ਹਾਂ ਤੇ ਸਹਜੇ ਹੀ ਆਪ ਜੀ ਦੇ ਨਾਮਾਂ ਨੂੰ ਰਾਵਉ= ਉਚਾਰਦਾ ਹਾਂ। ਹੇ ਠਾਕੁਰ ! ਆਪ ਜੀ ਤੋਂ ਬਿਨਾਂ ਮੈਂ ਹੋਰ ਕਿਸੇ ਵਸਤੂ ਨਹੀਂ ਭਾਵਉ= ਚਾਹੁੰਦਾ।

ਨਾਨਕ ਹਉਮੈ ਸਬਦਿ ਜਲਾਇਆ ॥
ਸਤਿਗੁਰਿ ਸਾਚਾ ਦਰਸੁ ਦਿਖਾਇਆ ॥ ੮ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਸਤਿਗੁਰਾਂ ਦੇ ਸ਼ਬਦ ਦੁਆਰਾ ਹੰਗਤਾ ਮਮਤਾਂ ਨੂੰ ਜਲਾਇਆ= ਸਾੜਿਆ ਹੈ, ਉਸ ਨੂੰ ਸੱਚੇ ਨੇ ਆਪਣਾ ਦਰਸ਼ਨ ਦਿਖਾਇਆ ਹੈ॥ ੮ ॥ ੩ ॥

ਬਸੰਤੁ ਮਹਲਾ ੧ ॥

ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥

ਚੰਚਲ ਚਿਤ ਸੰਸਾਰ ਤੋਂ ਪਾਰ ਹੋਣਾ ਨਹੀਂ ਪਾਉਂਦਾ। *ਅਥਵਾ:-* ਪਾਰ ਰੂਪ ਜੋ ਪਰਮਾਤਮਾ ਹੈ, ਉਸ ਨੂੰ ਨਹੀਂ ਪਾਉਂਦਾ। ਇਸ ਲਈ ਇਸ ਨੂੰ ਜੰਮਦਿਆਂ ਮਰਦਿਆਂ ਬਾਰਾ= ਦੇਰ ਨਹੀਂ ਲਗਦੀ।

ਦੂਖੁ ਘਣੋ ਮਰੀਐ ਕਰਤਾਰਾ ॥ ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥ ੧ ॥

ਹੇ ਕਰਤਾਰ ! ਆਪ ਜੀ ਤੋਂ ਭੁੱਲ ਕੇ ਘਣੇ ਦੁੱਖਾਂ ਨੂੰ ਪਾ ਕੇ ਨਿਸਫਲ ਮਰਨਾ ਹੁੰਦਾ ਹੈ।

ਅਥਵਾ- ਕਰਤਾਰ ਵਲੋਂ ਮਰਨ ਕਰ ਕੇ ਘਣੋ= ਬਹੁਤੇ ਦੁੱਖ ਹੁੰਦੇ ਹਨ। ਹੇ ਪ੍ਰੀਤਮ= ਪਰਮਾਤਮਾ ! ਆਪ

ਜੀ ਤੋਂ ਬਿਨਾਂ ਕੋਈ ਸਾਰਾ= ਸੰਭਾਲ ਨਹੀਂ ਕਰਦਾ॥ ੧॥

ਸਭ ਊਤਮ ਕਿਸੁ ਆਖਉ ਹੀਨਾ॥
ਹਰਿ ਭਗਤੀ ਸਚਿ ਨਾਮਿ ਪਤੀਨਾ॥ ੧॥ ਰਹਾਉ॥

ਬਿਨਾਂ ਹੋਰ ਸਾਰੇ ਉੱਤਮ ਹਨ, ਮੈਂ ਕਿਸ ਨੂੰ ਹੀਨਾ= ਨੀਚ ਆਖਾਂ। ਹਰੀ ਦੀ ਭਗਤੀ ਕਰ ਕੇ ਮੇਰਾ ਮਨ ਸੱਚੇ ਨਾਮੀ ਵਿਚ ਪਤੀਜ ਗਿਆ ਹੈ॥ ੧॥ ਰਹਾਉ॥

ਅਉਖਧ ਕਰਿ ਥਾਕੀ ਬਹੁਤੇਰੇ॥ ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ॥

ਮੈਂ ਬਥੇਰੇ ਦਾਰੂ ਕਰ ਕੇ ਥੱਕ ਗਈ ਹਾਂ। ਪਰ ਗੁਰਾਂ ਨਾਲ ਮੇਰੇ= ਮਿਲੇ ਤੋਂ ਬਿਨਾਂ ਮੇਰੇ ਦੁੱਖ ਕਿਵੇਂ ਦੂਰ ਹੋਣਗੇ?

ਬਿਨੁ ਹਰਿ ਭਗਤੀ ਦੂਖ ਘਣੇਰੇ॥ ਦੁਖ ਸੁਖ ਦਾਤੇ ਠਾਕੁਰ ਮੇਰੇ॥ ੨॥

ਹਰੀ ਦੀ ਭਗਤੀ ਕੀਤੇ ਬਿਨਾਂ ਬਹੁਤੇ ਦੁੱਖ ਹੁੰਦੇ ਹਨ। ਹੇ ਮੇਰੇ ਠਾਕੁਰ ! ਆਪ ਹੀ ਕਰਮਾਂ ਦੇ ਅਨੁਸਾਰ ਸੁਖ ਦੁੱਖ ਦੇ ਦੇਣ ਵਾਲੇ ਹੋ। *ਅਥਵਾ:-* ਹੇ ਮੇਰੇ ਠਾਕੁਰ ਰੂਪ ਗੁਰੋ ! ਆਪ ਸੁਖਾਂ ਦੀ ਪ੍ਰਾਪਤੀ ਤੇ ਦੁੱਖਾਂ ਦੀ ਨਵਿਰਤੀ ਦੇ ਦਾਤੇ ਹੋ॥ ੨॥

ਰੋਗੁ ਵਡੋ ਕਿਉ ਬਾਂਧਉ ਧੀਰਾ॥ ਰੋਗੁ ਬੁਝੈ ਸੋ ਕਾਟੈ ਪੀਰਾ॥

ਹੌਮੈ ਅਤੇ ਅਗਿਆਨ ਰੂਪੀ ਰੋਗ ਵੱਡਾ ਭਾਰੀ ਲੱਗ ਰਿਹਾ ਹੈ, ਮੇਰਾ ਮਨ ਕਿਵੇਂ ਧੀਰਜ ਨੂੰ ਬੰਨ੍ਹੇਗਾ? ਜੇਹੜਾ ਗੁਰੂ ਪਹਿਲੇ ਰੋਗ ਨੂੰ ਬੁੱਝਦਾ ਹੈ ਕਿ ਇਸ ਦੇ ਅੰਦਰ ਮਲ ਦੋਸ਼ ਹੈ ਕਿ ਵਿਖੇਪ ਹੈ, ਜਾਂ ਅਵਰਨ ਹੈ, ਓਹੀ ਗੁਰੂ ਪੀੜਾ ਨੂੰ ਕੱਟਦਾ ਹੈ ਤੇ ਜੇਹੜਾ ਗੁਰੂ ਰੋਗ ਨੂੰ ਨਹੀਂ ਬੁੱਝਦਾ, ਉਹ ਪੀੜਾ ਨਹੀਂ ਕੱਟ ਸਕਦਾ।

ਰੋਗੀ ਕਉ ਭਾਸੈ ਉਭੈ ਵੈਦੇ ਭਾਸੇ ਤੀਨ!

ਮੈ ਅਵਗਣ ਮਨ ਮਾਹਿ ਸਰੀਰਾ॥ ਢੂਢਤ ਖੋਜਤ ਗੁਰਿ ਮੇਲੇ ਬੀਰਾ॥ ੩॥

ਮੇਰੇ ਮਨ ਅਤੇ ਸਰੀਰ ਵਿਚ ਔਗੁਣ ਬਹੁਤ ਸਾਰੇ ਹਨ। *ਅਥਵਾ:-* ਮੇਰੇ ਸਰੀਰ ਵਿਚ ਮਨ= ਮਣਾਂ ਮੂੰਹੀ ਔਗੁਣ ਹਨ। ਬੀਰਾ= ਹੇ ਭਾਈ ! ਜਿਨ੍ਹਾਂ ਗੁਰਾਂ ਨੂੰ ਲੱਭਣ ਵਾਲੇ ਹੋ ਕੇ ਖੋਜਤ= ਭਾਲਦੇ ਸੀ, ਉਹਨਾਂ ਗੁਰਾਂ ਨਾਲ ਪਰਮੇਸ਼ਰ ਨੇ ਮੇਲ ਦਿੱਤਾ ਹੈ॥ ੩॥

ਗੁਰ ਕਾ ਸਬਦੁ ਦਾਰੂ ਹਰਿ ਨਾਉ॥ ਜਿਉ ਤੂ ਰਾਖਹਿ ਤਿਵੈ ਰਹਾਉ॥

ਗੁਰਾਂ ਦਾ ਉਪਦੇਸ਼ ਅਤੇ ਹੇ ਹਰੀ ! ਆਪ ਜੀ ਦਾ ਨਾਮ ਇਸ ਰੋਗ ਦੀ ਨਵਿਰਤੀ ਦਾ ਦਾਰੂ ਹੈ। ਜਿਸ ਤਰ੍ਹਾਂ ਤੂੰ ਰੱਖਦਾ ਹੈਂ, ਤਿਵੇਂ ਹੀ ਮੈਂ ਰਹਾਉ= ਰਹਿੰਦਾ ਹਾਂ।

ਜਗੁ ਰੋਗੀ ਕਹ ਦੇਖਿ ਦਿਖਾਉ॥
ਹਰਿ ਨਿਰਮਾਇਲੁ ਨਿਰਮਲੁ ਨਾਉ॥ ੪॥

੧) ਸਾਰਾ ਜਗਤ ਰੋਗੀ ਦੇਖਣ ਵਿਚ ਆਉਂਦਾ ਹੈ ਤੇ ਮੈਂ ਆਪਣਾ ਰੋਗ ਕਿਸ ਨੂੰ ਦਿਖਾਵਾਂ?

੨) ਸਾਰਾ ਜਗਤ ਰੋਗੀ ਹੈ, ਜੇ ਕਿਸੇ ਨੂੰ ਅਰੋਗ ਦੇਖਾਂ ਤਾਂ ਮੈਂ ਉਸ ਨੂੰ ਆਪਣਾ ਰੋਗ ਵਿਖਾਵਾਂ।

੩) ਜਿਹੜਾ ਜਗੁ= ਜੀਵ ਅਗਿਆਨ ਰੂਪ ਰੋਗ ਕਰ ਕੇ ਰੋਗੀ ਹੈ, ਕਹ= ਕੀ ਉਹ ਆਪ ਪਰਮੇਸ਼ਰ ਨੂੰ ਦੇਖ ਸਕਦਾ ਹੈ, ਜਾਂ ਹੋਰਨਾਂ ਨੂੰ ਦਿਖਾ ਸਕਦਾ ਹੈ? ਅਰਥਾਤ ਨਹੀਂ ਦਿਖਾ ਸਕਦਾ। ਹਰੀ ਆਪ ਨਿਰਮਲ ਹੈ ਤੇ ਉਸ ਦਾ ਨਾਮ ਭੀ ਨਿਰਮਲ ਹੈ॥ ੪॥

ਘਰ ਮਹਿ ਘਰੁ ਜੋ ਦੇਖਿ ਦਿਖਾਵੈ॥ ਗੁਰ ਮਹਲੀ ਸੋ ਮਹਲਿ ਬੁਲਾਵੈ॥

ਜੇਹੜਾ ਗੁਰੂ ਹਿਰਦੇ- ਘਰ ਵਿਚ ਸਰੂਪ-ਘਰ ਨੂੰ ਆਪ ਵੇਖਦਾ ਹੈ ਤੇ ਹੋਰਨਾਂ ਨੂੰ ਵਿਖਾਉਂਦਾ ਹੈ। ਓਹੀ ਗੁਰੂ ਮਹਲੀ= ਜਗਿਆਸੂ ਨੂੰ ਮਹਲਿ= ਸਰੂਪ ਵਿਚ ਬੁਲਾਉਂਦਾ ਹੈ।

ਮਨ ਮਹਿ ਮਨੂਆ ਚਿਤ ਮਹਿ ਚੀਤਾ॥ ਐਸੇ ਹਰਿ ਕੇ ਲੋਗ ਅਤੀਤਾ ॥ ੫॥

੧) ਜਿਨ੍ਹਾਂ ਨੇ ਗੁਰਾਂ ਦੇ ਮਨ= ਮੰਤਰ ਵਿਚ ਆਪਣੇ ਮਨ ਨੂੰ ਟਿਕਾਇਆ ਹੈ ਅਤੇ ਚਿਤ ਵਿਚ ਪਰਮੇਸ਼ਰ ਨੂੰ ਚੀਤਾ= ਯਾਦ ਕੀਤਾ ਹੈ।

੨) ਜਿਨ੍ਹਾਂ ਨੇ ਮਨ ਵਿਚ ਮਨ ਨੂੰ ਕਾਬੂ ਕੀਤਾ ਹੈ ਅਤੇ ਚਿਤ ਵਿਚ ਚਿਤ ਨੂੰ ਵਸੀਕਾਰ ਕੀਤਾ ਹੈ। ਇਸ ਤਰ੍ਹਾਂ ਦੇ ਹਰੀ ਦੇ ਲੋਗ ਅਤੀਤਾ= ਤਿੰਨਾਂ ਗੁਣਾਂ ਤੋਂ ਰਹਿਤ ਹਨ॥ ੫॥ ਅਤੇ-

ਹਰਖ ਸੋਗ ਤੇ ਰਹਹਿ ਨਿਰਾਸਾ॥ ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ॥

ਜੋ ਹਰਖ ਸੋਗ ਵਲੋਂ ਨਿਰਾਸ ਰਹਿੰਦਾ ਹੈ। ਉਹ ਨਾਮ-ਅੰਮ੍ਰਿਤ ਨੂੰ ਚਖ ਕੇ ਹਰੀ ਨਾਮੀ ਵਿਚ ਨਿਵਾਸ ਕਰਦਾ ਹੈ। ਵਾ:- ਅੰਮ੍ਰਿਤ ਚਾਖਿ= ਗਿਆਨ-ਫਲ ਨੂੰ ਚੱਖ ਕੇ ਹਰੀ ਨਾਮੀ ਵਿਚ ਨਿਵਾਸ ਕਰਦਾ ਹੈ।

ਆਪੁ ਪਛਾਣਿ ਰਹੈ ਲਿਵ ਲਾਗਾ॥
ਜਨਮੁ ਜੀਤਿ ਗੁਰਮਤਿ ਦੁਖੁ ਭਾਗਾ॥ ੬॥

ਉਹ ਜੀਵਨ ਮੁਕਤ ਅਨੰਦ ਲਈ, ਆਪਣੇ ਸਰੂਪ ਦੇ ਪਛਾਣਨ ਵਿਚ ਲਿਵ ਲਗਾ ਰਹਿੰਦਾ ਹੈ। ਜਿਸ ਨੇ ਗੁਰ ਸਿਖਿਆ ਦੁਆਰੇ ਮਨੁੱਖਾ ਜਨਮ ਜਿੱਤ ਲਿਆ ਹੈ, ਉਸ ਦਾ ਦੁੱਖ ਭਾਗਾ= ਦੌੜ ਗਿਆ ਹੈ॥ ੬॥

ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ॥ ਸਹਜਿ ਮਰਉ ਜੀਵਤ ਹੀ ਜੀਵਉ॥

ਗੁਰਾਂ ਨੇ ਜੋ ਸੱਚ ਨਾਮ ਅੰਮ੍ਰਿਤ ਦਿੱਤਾ ਹੈ ਉਸ ਨੂੰ ਪੀਣਾ ਕਰੋ। ਜੀਵਤ ਭਾਵ ਤੋਂ ਮਰਨਾ ਕਰੋ ਤਾਂ ਸਹਜਿ= ਗਿਆਨ ਦੁਆਰਾ ਜੀਉਂਦੇ ਹੀ ਰਹੋਗੇ।

ਅਪਣੋ ਕਰਿ ਰਾਖਹੁ ਗੁਰ ਭਾਵੈ॥ ਤੁਮਰੋ ਹੋਇ ਸੁ ਤੁਝਹਿ ਸਮਾਵੈ॥ ੭॥

ਹੇ ਗੁਰੋ ! ਜੇ ਆਪ ਜੀ ਨੂੰ ਭਾਵੇ—ਤਾਂ ਸਾਨੂੰ ਆਪਣਾ ਦਾਸ ਜਾਣ ਕੇ ਰੱਖ ਲਓ। ਜਾਂ ਆਪਣਾ ਕਿਰਪਾ ਰੂਪੀ ਕਰਿ= ਹੱਥ ਮੇਰੇ ਸਿਰ 'ਤੇ ਰੱਖਣਾ ਕਰੋ। ਜੋ ਤੁਹਾਡਾ ਸੇਵਕ ਹੁੰਦਾ ਹੈ, ਓਹੀ ਤੁਹਾਡੇ ਸਰੂਪ ਵਿਚ ਸਮਾਵੈ= ਸਮਾਉਂਦਾ ਹੈ॥ ੭॥

ਭੋਗੀ ਕਉ ਦੁਖੁ ਰੋਗ ਵਿਆਪੈ॥ ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ॥

ਵਿਸ਼ਿਆਂ ਦੇ ਭੋਗਣ ਵਾਲੇ ਭੋਗੀ ਪੁਰਸ਼ ਨੂੰ ਰੋਗਾਂ ਦਾ ਦੁੱਖ ਵਿਆਪੈ= ਲੱਗਦਾ ਹੈ ਅਤੇ ਜੋ ਪ੍ਰਭੂ ਨੂੰ ਜਾਪੈ= ਜਪਦਾ ਹੈ ਉਹ ਸਾਰਿਆਂ ਘਟਾਂ ਵਿਚ ਪ੍ਰਭੂ ਨੂੰ ਰਵਿ= ਸਮਾਇਆ ਹੋਇਆ ਨਿਸਚੇ ਕਰਦਾ ਹੈ।

ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥
ਨਾਨਕ ਰਾਮੁ ਰਵੈ ਹਿਤ ਚੀਤਾ ॥ ੮ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਗੁਰ-ਸ਼ਬਦੀਏ ਦੁੱਖ ਸੁਖ ਤੋਂ ਅਤੀਤਾ= ਰਹਿਤ ਹਨ ਅਤੇ ਹਿਤ=ਪ੍ਰੇਮ ਦੇ ਚਿਤ= ਪ੍ਰੇਮ ਨਾਲ ਰਾਮ ਨਾਮ ਨੂੰ ਰਵੈ= ਉਚਾਰਦੇ ਹਨ।

ਦੂਜਾ ਅਰਥ ਅੰਨਵੇਂ ਰੀਤੀ ਨਾਲ ਕਰਨਾ:-

ਜੋ ਗੁਰ- ਸ਼ਬਦੀਆ ਗੁਰ-ਸ਼ਬਦ ਦੁਆਰੇ ਚਿਤ ਦੇ ਹਿਤ ਨਾਲ ਰਾਮ ਨਾਮ ਰਵੈ= ਉਚਾਰਦਾ ਹੈ ਅਤੇ ਸਾਰਿਆਂ ਘਟਾਂ ਵਿਚ ਪ੍ਰਭੂ ਨੂੰ ਰਵ ਰਿਹਾ ਜਾਪੈ= ਜਾਣਦਾ ਹੈ, ਉਹ ਸੁਖ ਦੁੱਖ ਤੋਂ ਅਤੀਤਾ= ਰਹਿਤ ਹੋ ਜਾਂਦਾ ਹੈ॥ ੮ ॥ ੪ ॥

ਬਸੰਤੁ ਮਹਲਾ ੧ ਇਕ ਤੁਕੀਆ ॥

ਇਕ ਪਖੰਡੀ ਨਾਂਗਾ ਚੱਲ ਕੇ ਆਇਆ, ਉਸ ਦੇ ਪਖੰਡ ਨੂੰ ਵੇਖ ਕੇ ਉਪਦੇਸ਼ ਦਿੰਦੇ ਹਨ-

ਮਤੁ ਭਸਮ ਅੰਧੂਲੇ ਗਰਬਿ ਜਾਹਿ ॥ ਇਨ ਬਿਧਿ ਨਾਗੇ ਜੋਗੁ ਨਾਹਿ ॥ ੧ ॥

ਹੇ ਅੰਧੂਲੇ= ਅੰਨ੍ਹੇ ਅਗਿਆਨੀ ਪੁਰਸ਼ਾ ! ਪਿੰਡੇ ਉਤੇ ਭਸਮ ਲਗਾ ਕੇ ਹੀ ਗਰਬਿ= ਹੰਕਾਰੀ ਮਤੁ ਜਾਹਿ= ਨਾ ਹੋ ਜਾਓ। ਹੇ ਨਾਂਗੇ ! ਇਸ ਤਰ੍ਹਾਂ ਨਾਲ ਪਰਮੇਸ਼ਰ ਵਿਚ ਜੋਗੁ ਨਾਹਿ= ਜੁੜਨਾ ਨਹੀਂ ਹੁੰਦਾ॥ ੧ ॥

ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ ॥
ਅੰਤ ਕਾਲਿ ਤੇਰੈ ਆਵੈ ਕਾਮ ॥ ੧ ॥ ਰਹਾਉ ॥

ਹੇ ਮੂੜੇ= ਮੂਰਖਾ ! ਤੂੰ ਰਾਮ ਦਾ ਨਾਮ ਕਿਉਂ ਬਿਸਾਰਿਓ= ਭੁਲਾਇਆ ਹੈ ਜੋ ਅੰਤ ਦੇ ਵੇਲੇ ਤੇਰੇ ਕੰਮ ਆਉਣ ਵਾਲਾ ਹੈ॥ ੧ ॥ ਰਹਾਉ ॥

ਗੁਰ ਪੂਛਿ ਤੁਮ ਕਰਹੁ ਬੀਚਾਰੁ ॥ ਜਹ ਦੇਖਉ ਤਹ ਸਾਰਿਗਪਾਣਿ ॥ ੨ ॥

ਗੁਰਾਂ ਪਾਸੋਂ ਪੁੱਛ ਕੇ ਤੁਸੀਂ ਸੱਤ ਅਸੱਤ ਦੇ ਨਿਰਣੇ ਦਾ ਵੀਚਾਰ ਕਰੋ। ਤਦ ਜਿੱਥੇ ਦੇਖੋਗੇ ਉੱਥੇ ਹੀ ਸਾਰਿਗਪਾਣਿ= ਪਰਮਾਤਮਾ ਨੂੰ ਵੇਖਗੇ॥ ੨ ॥

ਨਾਂਗੇ ਨੇ ਕਿਹਾ—"ਆਪ ਭੀ ਤਾਂ ਕੁਝ ਬਣੇ ਹੋਏ ਹੋਵੋਗੇ।" ਤਾਂ ਗੁਰੂ ਜੀ ਨੇ ਕਿਹਾ-

ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ ਸਭ ਤੇਰੈ ਨਾਇ ॥ ੩ ॥

ਜਦ ਮੈਂ ਕੁਝ ਹਾਂ ਹੀ ਨਹੀਂ, ਤਾਂ ਕੀ ਆਖਾਂ? ਉਸ ਪਰਮੇਸ਼ਰ ਦੇ ਨਾਮ ਨੂੰ ਹੀ ਸਭ ਜ਼ਾਤੀ ਤੇ ਪਤਿ= ਪੰਗਤੀ, ਵਾ:- ਇੱਜ਼ਤ ਕੀਤਾ ਹੈ॥ ੩ ॥

ਉਹ ਨਾਂਗਾ ਚੰਗੇ ਧਨ ਮਾਲ ਵਾਲਾ ਸੀ, ਇਸ ਲਈ ਇਹ ਗੱਲ ਆਖਦੇ ਹਨ-

ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥
ਚਲਤੀ ਬਾਰ ਤੇਰੋ ਕਛੂ ਨਾਹਿ ॥ ੪ ॥

ਹੇ ਨਾਂਗੇ ! ਤੂੰ ਕਿਸ ਵਾਸਤੇ ਮਾਲ ਤੇ ਦਰਬੁ= ਧਨ ਨੂੰ ਵੇਖ ਕੇ ਹੰਕਾਰ ਸਹਿਤ ਹੋਇਆ ਜਾਂਦਾ ਹੈਂ।

ਅੰਤ ਸਮੇਂ ਚੱਲਣ ਲਗਿਆਂ ਤੇਰਾ ਕੁਝ ਭੀ ਨਹੀਂ ਹੋਣਾ, ਜਾਂ ਚੱਲਣ ਵੇਲੇ ਤੇਰੇ ਨਾਲ ਕੁਝ ਭੀ ਨਹੀਂ ਜਾਣਾ॥ ੪॥

ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ॥ ੫॥

ਪੰਜਾਂ (ਕਾਮ, ਕਰੋਧ ਆਦਿਕਾਂ) ਨੂੰ ਮਾਰ ਕੇ ਚਿਤ ਨੂੰ ਟਿਕਾਣੇ ਰੱਖੋ। ਇਹੋ ਜੋਗ ਵਿਚ ਜੁੜਨੇ ਦੀ ਪਾਂਇ= ਪਾਂਇਆ ਸਮਰੱਥਾ ਹੈ॥ ੫॥

ਹਉਮੈ ਪੈਖੜੁ ਤੇਰੇ ਮਨੈ ਮਾਹਿ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ॥ ੬॥

(ਹੇ ਨਾਂਗੇ) ! ਤੇਰੇ ਮਨ ਰੂਪ ਪੈਰਾਂ ਵਿਚ ਹੰਗਤਾ ਮਮਤਾ ਦੇ ਪੈਖੜੁ= ਬੰਧਨ ਪਏ ਹੋਏ ਹਨ। ਹੇ ਮੂੜੇ= ਮੂਰਖਾ! ਤੂੰ ਹਰੀ ਨੂੰ ਚੇਤਦਾ ਨਹੀਂ, ਜਿਸ ਕਰ ਕੇ ਤੂੰ ਮੁਕਤ ਹੋ ਜਾਣਾ ਹੈ॥ ੬॥

ਮਤ ਹਰਿ ਵਿਸਰਿਐ ਜਮ ਵਸਿ ਪਾਹਿ॥ ਅੰਤ ਕਾਲਿ ਮੂੜੇ ਚੋਟ ਖਾਹਿ॥ ੭॥

ਹਰੀ ਨੂੰ ਮਤ= ਨਾ ਭੁਲਾਉਣਾ ਕਰ, ਜੇ ਭੁਲਾਏਂਗਾ ਤਾਂ ਜਮਾਂ ਦੇ ਵਸ ਵਿਚ ਪੈ ਜਾਏਂਗਾ ਅਤੇ ਅੰਤ ਸਮੇਂ ਹੇ ਮੂਰਖਾ ! ਜਮਾਂ ਦੀਆਂ ਚੋਟਾਂ= ਸੱਟਾਂ ਖਾਏਂਗਾ॥ ੭॥

[ਪੰਨਾ ੧੧੯੦]

ਗੁਰ ਸਬਦੁ ਬੀਚਾਰਹਿ ਆਪੁ ਜਾਇ॥ ਸਾਚ ਜੋਗੁ ਮਨਿ ਵਸੈ ਆਇ॥ ੮॥

ਜੇ ਤੂੰ ਆਪ ਗੁਰਾਂ ਪਾਸ ਜਾ ਕੇ ਗੁਰ-ਉਪਦੇਸ਼ ਨੂੰ ਵਿਚਾਰਨਾ ਕਰੇਂ ਤਾਂ ਤੇਰੇ ਅੰਦਰੋਂ ਆਪੁ ਜਾਇ= ਹੰਕਾਰ ਚਲਿਆ ਜਾਵੇਗਾ ਅਤੇ ਤੇਰੇ ਮਨ ਵਿਚ ਸੱਚਾ ਜੋਗ ਆ ਕੇ ਵੱਸੇਗਾ॥ ੮॥

ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ॥
ਮੜੀ ਮਸਾਣੀ ਮੂੜੇ ਜੋਗੁ ਨਾਹਿ॥ ੯॥

ਜਿਸ ਪਰਮਾਤਮਾ ਨੇ ਜੀਅ ਪਿੰਡ ਆਦਿਕ ਸਭ ਕੁਝ ਤੈਨੂੰ ਦਿੱਤਾ ਹੈ, ਤੂੰ ਉਸ ਨੂੰ ਸਿਮਰਦਾ ਨਹੀਂ ਹੈਂ। ਹੇ ਮੂੜੇ= ਮੂਰਖਾ ! ਮੜ੍ਹੀਆਂ ਮਸਾਣਾਂ ਵਿਚ ਬੈਠਿਆਂ ਪਰਮੇਸ਼ਰ ਵਿਚ ਜੋਗੁ ਨਾਹਿ= ਜੁੜਨਾ ਨਹੀਂ ਹੁੰਦਾ॥ ੯॥

ਗੁਣ ਨਾਨਕੁ ਬੋਲੈ ਭਲੀ ਬਾਣਿ॥
ਤੁਮ ਹੋਹੁ ਸੁਜਾਖੇ ਲੇਹੁ ਪਛਾਣਿ॥ ੧੦॥ ੫॥

ਗੁਰੂ ਜੀ ਕਥਨ ਕਰਦੇ ਹਨ—ਤੁਸੀਂ ਸ਼ੁਭ ਗੁਣਾਂ ਰੂਪੀ ਭਲੀ ਬਾਣੀ ਨੂੰ ਬੋਲਣਾ ਕਰੋ। ਜਾਂ ਭਲੀ ਬਾਣੀ ਦੁਆਰੇ ਤੁਸੀਂ ਗੁਣਾਂ ਨੂੰ ਬੋਲਣਾ ਕਰੋ। ਤਦ ਤੁਸੀਂ ਗਿਆਨ ਵੈਰਾਗ ਰੂਪ ਅੱਖਾਂ ਨੂੰ ਪਾ ਕੇ ਸੁਜਾਖੇ ਹੋਵੋਗੇ ਅਤੇ ਆਪਣੇ ਸਰੂਪ ਨੂੰ ਪਛਾਣ ਲਓਗੇ॥ ੧੦॥ ੫॥

ਬਸੰਤੁ ਮਹਲਾ ੧॥

ਦੁਬਿਧਾ ਦੁਰਮਤਿ ਅਧੁਲੀ ਕਾਰ॥ ਮਨਮੁਖਿ ਭਰਮੈ ਮਝਿ ਗੁਬਾਰ॥ ੧॥

ਦੁਬਿਧਾ= ਦ੍ਵੈਤ ਕਰ ਕੇ ਖੋਟੀ ਮਤ ਵਾਲੇ ਅੰਨ੍ਹੀ ਕਾਰ ਕਰਦੇ ਹਨ। ਕਿਉਂਕਿ ਮਨਮੁਖ ਪੁਰਸ਼ ਅਗਿਆਨ

ਦੇ ਗੁਬਾਰ= ਹਨੇਰੇ ਵਿਚ ਭਰਮੈ= ਫਿਰ ਰਹੇ ਹਨ॥ ੧॥

ਮਨੁ ਅੰਧੁਲਾ ਅੰਧੁਲੀ ਮਤਿ ਲਾਗੈ॥
ਗੁਰ ਕਰਣੀ ਬਿਨੁ ਭਰਮੁ ਨ ਭਾਗੈ॥ ੧॥ ਰਹਾਉ॥

ਜਿਨ੍ਹਾਂ ਦਾ ਮਨ ਅੰਨ੍ਹਾਂ ਹੈ ਉਹ ਅੰਨ੍ਹੀ ਅਕਲ ਦੇ ਮਗਰ ਲੱਗੇ ਹੋਏ ਹਨ। ਗੁਰ= ਵੱਡੀ ਨਿਸ਼ਕਾਮ ਕਰਣੀ ਦੇ ਕੀਤੇ ਬਿਨਾਂ ਭਰਮ ਦੂਰ ਨਹੀਂ ਹੁੰਦਾ। *ਅਥਵਾ:-* ਗੁਰਾਂ ਦੀ ਦੱਸੀ ਹੋਈ ਕਰਣੀ ਦੇ ਕੀਤੇ ਬਿਨਾਂ ਭਰਮ ਦੂਰ ਨਹੀਂ ਹੁੰਦਾ॥ ੧॥ ਰਹਾਉ॥

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ॥
ਪਸੂ ਭਏ ਅਭਿਮਾਨੁ ਨ ਜਾਈ॥ ੨॥

ਜੇਹੜੇ ਅੰਨ੍ਹੇ ਮਨਮੁਖ ਹਨ ਉਨ੍ਹਾਂ ਨੂੰ ਗੁਰਮਤ ਚੰਗੀ ਨਹੀਂ ਲਗਦੀ। ਉਹ ਪਸ਼ੂਆਂ ਵਾਂਗ ਬੇਸਮਝ ਹੋ ਰਹੇ ਹਨ, ਉਨ੍ਹਾਂ ਦੇ ਅੰਦਰੋਂ ਅਭਿਮਾਨੁ= ਹੰਕਾਰ ਨਹੀਂ ਜਾਂਦਾ॥ ੨॥

ਲਖ ਚਉਰਾਸੀਹ ਜੰਤ ਉਪਾਏ॥ ਮੇਰੇ ਠਾਕੁਰ ਭਾਣੇ ਸਿਰਜਿ ਸਮਾਏ॥ ੩॥

ਜੋ ਚੁਰਾਸੀ ਲੱਖ ਤਰ੍ਹਾਂ ਦੇ ਜੀਵ ਪੈਦਾ ਕੀਤੇ ਹੋਏ ਹਨ। ਉਹ ਮੇਰੇ ਠਾਕੁਰ ਨੇ ਆਪਣੇ ਭਾਣੇ= ਹੁਕਮ ਵਿਚ ਹੀ ਸਿਰਜੇ ਹਨ ਤੇ ਆਪਣੇ ਹੁਕਮ ਵਿਚ ਹੀ ਸਮਾਏ= ਲਯ ਕੀਤੇ ਹਨ॥ ੩॥

ਸਗਲੀ ਭੂਲੈ ਨਹੀ ਸਬਦੁ ਅਚਾਰੁ॥ ਸੋ ਸਮਝੈ ਜਿਸੁ ਗੁਰੁ ਕਰਤਾਰੁ॥ ੪॥

ਗੁਰ-ਸ਼ਬਦ ਦਾ ਅਚਾਰੁ= ਕਰਤੱਬ ਨਾ ਪਰਾਪਤ ਹੋਣ ਕਰ ਕੇ ਸਾਰੀ ਦੁਨੀਆਂ ਭੁੱਲੀ ਫਿਰਦੀ ਹੈ। ਜਿਸ ਨੂੰ ਕਰਤਾਰ ਰੂਪ ਮਿਲੇ ਹਨ, ਓਹੀ ਸਮਝਦਾ ਹੈ। ਜਾਂ ਜਿਸ ਨੂੰ ਗੁਰੂ ਤੇ ਕਰਤਾਰ ਨੇ ਸਮਝਾਇਆ ਹੈ, ਓਹੀ ਸਮਝਦਾ ਹੈ॥ ੪॥

ਗੁਰ ਕੇ ਚਾਕਰ ਠਾਕੁਰ ਭਾਣੇ॥ ਬਖਸਿ ਲੀਏ ਨਾਹੀ ਜਮ ਕਾਣੇ॥ ੫॥

ਜੋ ਗੁਰੂ ਦੇ ਚਾਕਰ= ਸੇਵਕ ਹਨ, ਓਹੀ ਠਾਕੁਰ= ਮਾਲਕ ਪ੍ਰਭੂ ਨੂੰ ਭਾਏ ਹਨ। ਉਨ੍ਹਾਂ ਦੇ ਗੁਨਾਹ (ਪ੍ਰਭੂ ਨੇ) ਬਖਸ਼ ਲਏ ਹਨ, ਇਸ ਲਈ ਉਨ੍ਹਾਂ ਨੂੰ ਜਮਾਂ ਦੀ ਕਾਣ ਨਹੀਂ ਹੈ॥ ੫॥

ਜਿਨ ਕੈ ਹਿਰਦੈ ਏਕੋ ਭਾਇਆ॥ ਆਪੇ ਮੇਲੇ ਭਰਮੁ ਚੁਕਾਇਆ॥ ੬॥

ਜਿਨ੍ਹਾਂ ਦੇ ਹਿਰਦੇ ਵਿਚ ਇਕ ਵਾਹਿਗੁਰੂ ਭਾਇਆ ਹੈ। ਉਨ੍ਹਾਂ ਦੇ ਅੰਦਰੋਂ ਭਰਮ ਦੂਰ ਕਰ ਕੇ ਆਪਣੇ ਨਾਲ ਮੇਲ ਲਿਆ ਹੈ। *ਅਥਵਾ:-* ਉਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਨਾਲ ਮੇਲ ਕੇ ਚੁਰਾਸੀ ਦਾ ਫਿਰਨਾ ਚੁਕਾਇਆ= ਮਿਟਾ ਦਿੱਤਾ ਹੈ॥ ੬॥

ਬੇਮੁਹਤਾਜੁ ਬੇਅੰਤੁ ਅਪਾਰਾ॥ ਸਚਿ ਪਤੀਜੈ ਕਰਣੈਹਾਰਾ॥ ੭॥

ਜੋ ਬੇਅੰਤੁ= ਪਰਮਾਤਮਾ ਬੇ-ਮੁਥਾਜ ਤੇ ਪਾਰਾਵਾਰ ਤੋਂ ਰਹਿਤ ਹੈ। ਉਹ ਕਰਣੈਹਾਰਾ= ਪ੍ਰਭੂ ਸੱਚਿਆਂ ਉਪਰ ਪਤੀਜੈ= ਭਰੋਸਾ ਕਰਦਾ ਹੈ॥ ੭॥

ਨਾਨਕ ਭੂਲੇ ਗੁਰੁ ਸਮਝਾਵੈ॥ ਏਕੁ ਦਿਖਾਵੈ ਸਾਚਿ ਟਿਕਾਵੈ॥ ੮॥ ੬॥

ਗੁਰੂ ਜੀ ਕਥਨ ਕਰਦੇ ਹਨ—ਜਿਸ ਭੁੱਲੇ ਹੋਏ ਸਿੱਖ ਨੂੰਗੁਰੂ ਸਮਝਾਉਂਦੇ ਹਨ। ਉਸ ਨੂੰ ਸੱਚ ਸਰੂਪ ਵਿਚ ਟਿਕਾ ਕੇ ਇਕ ਪ੍ਰਭੂ ਦਾ ਦਰਸ਼ਨ ਦਿਖਾ ਦੇਂਦੇ ਹਨ॥ ੮॥ ੬॥

ਬਸੰਤੁ ਮਹਲਾ ੧॥

ਇਸ ਸ਼ਬਦ ਵਿਚ ਪਰਮੇਸ਼ਰ ਨੂੰ ਸਰਬ ਰੂਪ ਵਰਣਨ ਕਰਦੇ ਹਨ-

ਆਪੇ ਭਵਰਾ ਫੂਲ ਬੇਲਿ॥ ਆਪੇ ਸੰਗਤਿ ਮੀਤ ਮੇਲਿ॥ ੧॥

੧) ਉਹ ਪਰਮੇਸ਼ਰ ਆਪੇ ਭੌਰਾ ਰੂਪ, ਆਪੇ ਫੁੱਲ ਤੇ ਆਪੇ ਵੇਲ ਰੂਪ ਹੈ।

੨) ਉਹ ਪਰਮੇਸ਼ਰ ਆਪੇ ਭਵਰਾ= ਜਗਿਆਸੂ ਰੂਪ ਹੈ ਅਤੇ ਆਪੇ ਸ਼ੁਭ-ਗੁਣਾਂ ਰੂਪ ਫੁੱਲ ਅਤੇ ਆਪ ਹੀ ਸਤਸੰਗਤ ਰੂਪ ਵੇਲ ਹੈ। ਆਪ ਹੀ ਪਰਮੇਸ਼ਰ ਮਿੱਤਰਾਂ ਸੰਤਾਂ ਦੀ ਸੰਗਤ ਵਿਚ ਮੇਲਦਾ ਹੈ॥ ੧॥

ਐਸੀ ਭਵਰਾ ਬਾਸੁ ਲੇ॥ ਤਰਵਰ ਫੂਲੇ ਬਨ ਹਰੇ॥ ੧॥ ਰਹਾਉ॥

ਹੇ ਜਗਿਆਸੂ ਰੂਪ ਭੌਰੇ ! ਤੂੰ ਅਜੇਹੀ ਭਗਤੀ ਰੂਪ ਬਾਸੁ= ਸੁਗੰਧੀ ਨੂੰ ਲੈਣਾ ਕਰ।

੧) ਸੰਤਾਂ ਰੂਪੀ ਤਰਵਰ= ਬ੍ਰਿਛ, ਸ਼ੁਭ ਗੁਣਾਂ ਰੂਪੀ ਫੁੱਲ, ਨਾਮ ਰੂਪ ਬਨ= ਜਲ ਨਾਲ ਹਰੇ ਭਰੇ ਹਨ।

੨) ਜਿਸ ਵਾਸ਼ਨਾ ਨੂੰ ਲੈ ਕੇ ਸੰਸਾਰ ਰੂਪ ਬਨ= ਜੰਗਲ ਵਿਚ ਸੰਤਾਂ ਰੂਪ ਬ੍ਰਿਛ ਹਰੇ ਹੋ ਕੇ ਫੂਲੇ= ਪਰਫੁੱਲਤ ਹੋ ਰਹੇ ਹਨ॥ ੧॥ ਰਹਾਉ॥

ਆਪੇ ਕਵਲਾ ਕੰਤੁ ਆਪਿ॥ ਆਪੇ ਰਾਵੇ ਸਬਦਿ ਥਾਪਿ॥ ੨॥

੧) ਉਹ ਪਰਮੇਸ਼ਰ ਆਪ ਹੀ ਕਵਲਾ= ਇਸਤ੍ਰੀ ਰੂਪ ਅਤੇ ਆਪ ਹੀ ਕੰਤੁ= ਪਤੀ ਰੂਪ ਹੈ।

੨) ਉਹ ਪਰਮੇਸ਼ਰ ਆਪ ਹੀ ਕਵਲਾ= ਲਛਮੀ ਰੂਪ, ਆਪ ਹੀ ਕੰਤੁ= ਵਿਸ਼ਨੂੰ ਰੂਪ ਹੈ।

੩) ਉਹ ਪਰਮੇਸ਼ਰ ਹੀ ਆਪ ਕਵਲਾ= ਭਗਤੀ ਰੂਪ ਅਤੇ ਆਪ ਹੀ ਕੰਤੁ= ਗਿਆਨ ਰੂਪ ਹੈ। ਸਬਦਿ= ਸੰਸਾਰ ਨੂੰ ਥਾਪ ਕੇ ਆਪ ਹੀ ਅਨੰਦ ਨੂੰ ਰਾਵੇ= ਭੋਗਦਾ ਹੈ। *ਅਥਵਾ:-* ਜਿਸ ਨੂੰ ਗੁਰ-ਸ਼ਬਦ ਵਿਚ ਥਾਪਦਾ ਹੈ, ਉਸ ਜੀਵ ਰੂਪ ਇਸਤ੍ਰੀ ਨੂੰ ਆਪ ਹੀ ਰਾਂਵਦਾ ਹੈ।

ਆਪੇ ਬਛਰੂ ਗਊ ਖੀਰੁ॥ ਆਪੇ ਮੰਦਰੁ ਥੰਮੁ ਸਰੀਰੁ॥ ੩॥

੧) ਉਹ ਪਰਮੇਸ਼ਰ ਆਪ ਬਛਰੂ= ਵੱਛਾ ਰੂਪ ਹੈ, ਆਪ ਹੀ ਗਊ ਰੂਪ ਅਤੇ ਆਪ ਹੀ ਖੀਰੁ= ਦੁੱਧ ਰੂਪ ਹੈ।

੨) ਉਹ ਪਰਮੇਸ਼ਰ ਆਪ ਬਛਰੂ= ਜਗਿਆਸੂ ਰੂਪ ਹੈ, ਆਪ ਹੀ ਗਊ= ਭਗਤੀ ਰੂਪ ਤੇ ਆਪ ਹੀ ਖੀਰੁ= ਜਸ ਰੂਪ ਹੈ।

੩) ਉਹ ਪਰਮੇਸ਼ਰ ਆਪ ਹੀ ਬਛਰੂ= ਅਰਜਨ, ਆਪ ਹੀ ਗਊ= ਉਪਨਿਸ਼ਦਾਂ, ਆਪ ਹੀ ਖੀਰੁ= ਗੀਤਾ ਰੂਪ ਹੈ।

ਸਰਬੋ ਉਪਨਿਸ਼ਦੋ ਗਾਵੋ ਦੋਗਧਾ ਗੋਪਾਲ ਨੰਦਨੰ॥

ਸਾਰੀਆਂ ਉਪਨਿਸ਼ਦਾਂ ਗਾਵੋ= ਗਊਆਂ ਹਨ, ਗੋ-ਪਾਲ= ਗਊਆਂ ਦੇ ਪਾਲਣ ਵਾਲਾ ਜੋ ਨੰਦ ਹੈ, ਉਸ

ਬਾਬੇ ਨੰਦ ਦਾ ਨੰਦਨੰ= ਪੁੱਤਰ ਜੋ ਕ੍ਰਿਸ਼ਨ ਹੈ, ਓਹੀ ਦੋਗਧਾ= ਦੁੱਧ ਦੇ ਚੋਣ ਵਲਾ ਹੈ। ਗੀਤਾ ਰੂਪ ਦੁੱਧ ਹੈ, ਅਰਜਨ ਰੂਪ ਵੱਛੇ ਨੂੰ ਉਹ ਗੀਤਾ ਰੂਪ ਦੁੱਧ ਪਿਲਾਣਾ ਕੀਤਾ ਹੈ।

ਆਪ ਹੀ ਸਰੀਰ ਰੂਪ ਮੰਦਰ ਹੈ, ਆਪ ਹੀ ਉਸ ਦੇ ਥੰਮਣੇ (ਸਹਾਰਾ ਦੇਣ) ਵਾਲਾ ਪ੍ਰਾਣ ਰੂਪ ਹੈ॥ ੩॥

ਆਪੇ ਕਰਣੀ ਕਰਣਹਾਰੁ॥ ਆਪੇ ਗੁਰਮੁਖਿ ਕਰਿ ਬੀਚਾਰੁ॥ ੪॥

ਆਪ ਹੀ ਭਗਤੀ ਰੂਪ ਕਰਨੀ ਹੈ, ਆਪ ਹੀ ਉਸ ਭਗਤੀ ਦੇ ਕਰਨ ਵਾਲਾ ਭਗਤ ਰੂਪ ਹੈ। ਹੇ ਪ੍ਰਭੂ ! ਤੂੰ ਆਪ ਹੀ ਗੁਰਮੁਖ ਹੋ ਕੇ ਸ਼ੁਭ ਵਿਚਾਰ ਨੂੰ ਜਾਂ ਗੁਰਬਾਣੀ ਦੀ ਵਿਚਾਰ ਨੂੰ ਕਰਦਾ ਹੈਂ॥ ੪॥

ਤੂ ਕਰਿ ਕਰਿ ਦੇਖਹਿ ਕਰਣਹਾਰੁ॥ ਜੋਤਿ ਜੀਅ ਅਸੰਖ ਦੇਇ ਅਧਾਰੁ॥ ੫॥

ਹੇ ਕਰਣਹਾਰੁ= ਪ੍ਰਭੂ! ਤੂੰ ਆਪ ਹੀ ਉਤਪੱਤੀ ਕਰਦਾ ਹੈਂ, ਆਪ ਹੀ ਦੇਖਹਿ= ਪਾਲਣਾ ਕਰਦਾ ਹੈਂ, ਆਪ ਹੀ ਲੈਤਾ ਕਰਦਾ ਹੈਂ। ਹੇ ਜੋਤੀ ਪਰਮਾਤਮਾ! ਤੂੰ ਅਸੰਖ= ਬੇਅੰਤ ਜੀਵਾਂ ਨੂੰ ਅਧਾਰ= ਆਸਰਾ ਦੇਂਦਾ ਹੈਂ॥ ੫॥

ਤੂ ਸਰੁ ਸਾਗਰੁ ਗੁਣ ਗਹੀਰੁ॥ ਤੂ ਅਕੁਲ ਨਿਰੰਜਨੁ ਪਰਮ ਹੀਰੁ॥ ੬॥

ਹੇ ਸ਼ੁਭ ਗੁਣਾਂ ਦੇ ਗਹੀਰੁ= ਸਮੁੰਦਰ ਪ੍ਰਭੂ ! ਤੂੰ ਸਾਗਰੁ= ਸਮੁੰਦਰ ਦੇ ਸਰੁ= ਸਦਰਸ ਹੈਂ। ਹੇ ਨਿਰੰਜਨੁ= ਪਰਮਾਤਮਾ ! ਤੂੰ ਅਕੁਲ= ਕੁਲਾਂ ਤੋਂ ਰਹਿਤ ਹੈਂ ਤੇ ਪਰਮ ਹੀਰੁ= ਬੜੇ ਸੁੱਧ ਹੀਰੇ ਵਾਂਗ ਹੈਂ॥ ੬॥

ਤੂ ਆਪੇ ਕਰਤਾ ਕਰਣ ਜੋਗੁ॥ ਨਿਹਕੇਵਲੁ ਰਾਜਨ ਸੁਖੀ ਲੋਗੁ॥ ੭॥

ਹੇ ਕਰਣ ਜੋਗੁ= ਸਾਰੀਆਂ ਗੱਲਾਂ ਦੇ ਕਰਨ ਜੋਗ ਪ੍ਰਭੂ ! ਤੂੰ ਆਪ ਹੀ ਸਭ ਦਾ ਕਰਤਾ ਹੈਂ। ਨਿਹਕੇਵਲੁ= ਸ਼ੁੱਧ ਸਰੂਪ ਹੈਂ ਰਾਜਨ= ਰਾਜਿਆਂ ਦਾ ਰਾਜਾ ਹੈਂ, ਅਤੇ ਸਾਰਿਆਂ ਲੋਗਾਂ ਵਿਚੋਂ ਸੁਖੀ ਹੈ। *ਅਥਵਾ:-* ਹੇ ਰਾਜਿਆਂ ਦੇ ਰਾਜੇ ਪ੍ਰਭੂ ! ਆਪ ਜੀ ਦੇ ਭਗਤ ਲੋਕ ਨਿਹਕੇਵਲੁ= ਸ਼ੁੱਧ ਆਤਮਾ ਤੇ ਬੜੇ ਸੁਖੀ ਹਨ॥ ੭॥

ਨਾਨਕ ਧ੍ਰਾਪੇ ਹਰਿ ਨਾਮ ਸੁਆਦਿ॥
ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ॥ ੮॥ ੭॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਆਪ ਜੀ ਦੇ ਨਾਮ ਸੁਆਦ ਕਰ ਕੇ ਮੈਂ ਧ੍ਰਾਪੇ= ਰੱਜ ਗਿਆ ਹਾਂ। ਹੇ ਪ੍ਰੀਤਮ= ਹਰੀ ! ਜੇਹੜੇ ਪੁਰਸ਼ ਗੁਰੂ ਤੋਂ ਬਿਨਾਂ ਹਨ, ਉਨ੍ਹਾਂ ਨਿਗੁਰਿਆਂ ਦਾ ਮਨੁੱਖਾ ਜਨਮ ਬਾਦਿ= ਵਿਅਰਥ ਹੈ॥ ੮॥ ੭॥

ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ॥

ਹੇ ਮੇਹਰ ਦੇ ਕਰਨ ਵਾਲੇ ਮਧਸੂਦਨ ਮਾਧੋ ! ਆਪ ਜੀ ਦੀ ਅਜੇਹੀ ਸ਼ਕਤੀ ਹੈ, ਜਿਸ ਸ਼ਕਤੀ ਦੁਆਰਾ ਆਪ ਜੀ ਸਭ ਕੁਝ ਕਰ ਲੈਂਦੇ ਹੋ।

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ॥

ਨਉ= ਨੌਂ ਖੰਡ, ਸੱਤ ਦੀਪ, ਚੌਦਾਂ ਲੋਕ, ਤਿੰਨ ਗੁਣ, ਚਾਰ ਜੁਗ। ਵਾ:- ਚਾਰ ਵੇਦ, ਇਨ੍ਹਾਂ ਦੀ ਚਾਰਿ=

ਸੁੰਦਰ ਮਹਲਤਿ= ਬਣਾਵਟ ਕਰ ਕੇ ਆਪ ਜੀ ਨੇ ਬਹਾਲੀ= ਇਸਥਿਤ ਕੀਤੀ ਹੈ। ਜਾਂ ਇਨ੍ਹਾਂ ਸਭਨਾਂ ਦੀ ਮਹਲਤਿ= ਮੋਹਲਤ ਕਰ ਕੇ ਚਾਰਿ= ਸੁੰਦਰ ਖੇਡ ਬਣਾ ਰੱਖੀ ਹੈ।

ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ॥ ੧॥

ਚਹੁੰ ਜੁਗਾਂ ਦੇ ਹੱਥ ਵਿਚ ਚਾਰੇ ਵੇਦਾਂ ਰੂਪ ਦੀਵੇ ਦਿੱਤੇ ਹਨ ਜੋ ਇਕ ਇਕ ਵੇਦ ਆਪੋ ਆਪਣੀ ਵਾਰੀ ਅਨੁਸਾਰ ਪਰਕਾਸ਼ ਕਰਦਾ ਹੈ। ਸਤਜੁਗ ਵਿਚ ਸ਼ਾਮਵੇਦ, ਤ੍ਰੇਤੇ ਜੁਗ ਵਿਚ ਰਿਗਵੇਦ, ਦੁਆਪੁਰ ਜੁਗ ਵਿਚ ਯਜੁਰ ਵੇਦ, ਕਲਜੁਗ ਵਿਚ ਅਥਰਬਣ ਵੇਦ ਪ੍ਰਕਾਸ਼ਦਾ ਹੈ॥ ੧॥

ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ॥ ੧॥ ਰਹਾਉ॥

ਹੇ ਮਿਹਰਵਾਨ= ਮੇਹਰ ਦੇ ਕਰਨ ਵਾਲੇ ਮਧੁ ਸੂਦਨ= ਮਧੂ ਦੈਂਤ ਨੂੰ ਮਾਰਨ ਵਾਲੇ, ਮਾਧੌ= ਮਾਇਆ ਦੇ ਪਤੀ ਵਾਹਿਗੁਰੂ ! ਆਪ ਜੀ ਵਿਚ ਅਜੇਹੀ ਸ਼ਕਤੀ ਹੈ, ਜਿਸ ਸ਼ਕਤੀ ਦੁਆਰੇ ਆਪ ਸਭ ਕੁਝ ਕਰ ਲੈਂਦੇ ਹੋ॥ ੧॥ ਰਹਾਉ॥

ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ॥

ਹੇ ਪ੍ਰਭੂ ! ਘਰਿ ਘਰਿ= ਸਰੀਰ ਸਰੀਰ ਵਿਚ ਪਾਵਕੁ= ਅੱਗ ਆਦਿ ਤਤ ਹਨ ਏਹੋ ਆਪ ਜੀ ਦੀ ਲਸਕਰੁ= ਫੌਜ ਹੈ। *ਅਥਵਾ:-* ਘਰਿ ਘਰਿ= ਸਰੀਰ ਸਰੀਰ ਰੂਪੀ ਜੋ ਲਸ਼ਕਰ ਹੈ, ਏਹੋ ਆਪ ਜੀ ਦਾ ਪਾਵਕੁ= ਪਾਇਕ (ਦਾਸ) ਹੈ ਅਤੇ ਧਰਮਰਾਜਾ ਸਿਕਦਾਰੀ= ਥਾਣੇਦਾਰੀ ਕਰਦਾ ਹੈ।

ਲਿਖਿ ਨਾਵੈ ਧਰਮੁ ਬਹਾਲਿਆ॥ *(ਪੰਨਾ ੪੬੩)*

ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥ ੨॥

੧) ਹੇ ਪ੍ਰਭੂ ! ਤੇਰੀ ਦੇਗ ਧਰਤੀ ਹੈ, ਆਪ ਜੀ ਪਾਸੋਂ ਉਹ ਧਰਤੀ ਰੂਪ ਦੇਗ ਸਾਰਿਆਂ ਜੀਵਾਂ ਨੂੰ ਇਕੋ ਵਾਰੀ ਮਿਲ ਗਈ ਹੈ, ਜਿਵੇਂ ਦੇਗ ਵਿਚ ਸਭ ਕੁਝ ਹੁੰਦਾ ਹੈ, ਇਸੇ ਤਰ੍ਹਾਂ ਧਰਤੀ ਵਿਚੋਂ ਹੀ ਸਭ ਕੁਝ ਪੈਦਾ ਹੁੰਦਾ ਹੈ।

੨) ਧਰਤੀ ਉਪਰ ਜਿੰਨੇ-ਕੁ ਜੀਵ ਹਨ, ਸਭਨਾਂ ਨੂੰ ਇਕੇ ਵਾਰੀ ਦੇਗ ਮਿਲ ਗਈ ਹੈ, ਜੋ ਈਸ਼ਵਰ ਇੱਛਾ ਹੋ ਚੁੱਕੀ ਹੈ।

ਭਾਗੁ ਤੇਰਾ ਭੰਡਾਰੀ॥ ਹੇ ਪ੍ਰਭੂ ! ਜੀਵਾਂ ਦਾ ਜੋ ਆਪੋ ਆਪਣਾ ਭਾਗ ਹੈ, ਏਹੋ ਇਕ ਆਪ ਜੀ ਦਾ ਵੱਡਾ ਭੰਡਾਰੀ= ਲਾਂਗਰੀ (ਰਸੋਈਆ) ਹੈ, ਜੋ ਜੀਵਾਂ ਨੂੰ ਪਦਾਰਥ ਦੇ ਰਿਹਾ ਹੈ॥ ੨॥

ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥

ਪੁਰਸ਼ ਨੂੰ ਸਾਬੂਰੁ= ਸੰਤੋਖ ਨਹੀਂ ਹੁੰਦਾ, ਇਸ ਲਈ ਬੇ- ਸਬਰਾ ਹੋ ਕੇ ਫਿਰ ਭੀ ਮੰਗਦਾ ਹੈ, ਕਿਉਂਕਿ ਨਾਰਦੁ= ਮਨ* ਇਸ ਨੂੰ ਖੁਆਰੀ= ਖਰਾਬ ਕਰਦਾ ਹੈ।

[ਪੰਨਾ ੧੧੯੧]

ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ॥ ੩॥

**ਜਿਵੇਂ ਨਾਰਦ ਚੰਚਲ ਹੈ, ਤਿਵੇਂ ਮਨ ਭੀ ਚੰਚਲ ਹੈ, ਇਸ ਲਈ ਏਥੇ 'ਨਾਰਦ' ਦਾ ਅਰਥ 'ਮਨ' ਕੀਤਾ ਹੈ।*

ਪਦਾਰਥਾਂ ਦਾ ਲਬ ਜੇਹੜਾ ਹੈ ਏਹੋ ਹਨੇਰਾ ਬੰਦੀਖਾਨਾ= ਜੇਲ੍ਹਖਾਨਾ ਹੈ ਅਤੇ ਜੀਵਾਂ ਦੇ ਪੈਰਾਂ ਵਿਚ ਔਗੁਣਾਂ ਰੂਪ ਲੁਹਾਰੀ= ਬੇੜੀ ਪਈ ਹੋਈ ਹੈ॥ ੩॥

ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ॥

ਕਰਮਾਂ ਰੂਪੀ ਪੂੰਜੀ, ਵਾ:- ਪਾਪਾਂ ਰੂਪੀ ਪੂੰਜੀ ਅਨੁਸਾਰ ਨਿਤਾਪ੍ਰਤੀ ਪੂੰਜੀ= ਪੂੰਜ ਕੇ ਮੁਦਗਰ= ਮੁਤਹਰਿਆਂ ਦੀ ਮਾਰ ਪੈਂਦੀ ਹੈ ਅਤੇ ਪਾਪ ਕਰਮ ਹੀ ਇਸ ਉੱਤੇ ਕੁਟਵਾਲੀ ਕਰਦੇ ਹਨ। ਅਰਥਾਤ ਇਸ ਦੇ ਪਾਪ ਕਰਮ ਹੀ ਇਸ ਨੂੰ ਤਾੜਨਾ ਕਰਾਉਂਦੇ ਹਨ।

ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ॥ ੪॥

ਭਾਵੇਂ ਚੰਗਾ ਹਾਲ ਹੁੰਦਾ ਹੈ, ਭਾਵੇਂ ਮੰਦਾ ਹਾਲ ਹੁੰਦਾ ਹੈ, ਜੇਹੋ ਜੇਹੀ ਤੁਹਾਡੀ ਨਿਗਾਹ ਹੁੰਦੀ ਹੈ, ਉਹੋ ਜੇਹਾ ਜੀਵਾਂ ਦਾ ਹਾਲ ਹੁੰਦਾ ਹੈ॥ ੪॥

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥

ਹੇ ਆਦ ਪੁਰਖ ਪਰਮਾਤਮਾ ! ਹੁਣ ਆਪ ਜੀ ਨੂੰ ਅੱਲ੍ਹਾ ਅੱਲ੍ਹਾ ਨਾਮ ਕਰ ਕੇ ਕਹਿੰਦੇ ਹਨ ਅਤੇ ਸ਼ੇਖਾਂ ਦੀ ਵਾਰੀ ਆ ਗਈ ਹੈ।

ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ॥ ੫॥

ਦੇਵਤਿਆਂ ਦੇ ਦੇਵਲ= ਮੰਦਰਾਂ ਨੂੰ ਕਰੁ= ਮੁਆਮਲਾ (ਟੈਕਸ) ਲੱਗ ਗਿਆ ਹੈ, ਅਜੇਹੀ ਆਪ ਜੀ ਦੀ ਕੀਰਤੀ ਚਲ ਪਈ ਹੈ। ਅਥਵਾ:- ਇਸ ਤਰ੍ਹਾਂ ਦੀ ਕੀਰਤਿ= ਰਸਮ ਤੁਰ ਪਈ ਹੈ॥ ੫॥

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥

ਹੇ ਬਨਵਾਰੀ= ਸੰਸਾਰ ਬਨ ਦੇ ਮਾਲਕ ਪ੍ਰਭੂ ! ਹੱਥ ਵਿਚ ਕੂਜਾ= ਅਸਥਾਵਾ (ਲੋਟਾ) ਫੜਨ ਦੀ, ਬਾਂਗ ਦੇਣ ਦੀ, ਨਮਾਜ਼ਾਂ ਪੜ੍ਹਨ ਦੀ, ਹੇਠਾਂ ਮੁਸੱਲਾ ਵਿਛਾਉਣ ਦੀ ਅਤੇ ਨੀਲੇ ਬਾਣੇ ਦੇ ਪੈਨ੍ਹਣ ਦੀ ਪਰਧਾਨਤਾ ਹੋ ਗਈ ਹੈ। ਪਾਠ ''ਮੁਸਲਾ'' ਮੁਸੱਲਾ ਤੇ ''ਕੂਜਾ'' ਕੁੱਜਾ ਜ਼ੋਰ ਨਾਲ ਬੋਲਣਾ ਜੀ।

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ ੬॥

ਘਰ ਘਰ ਵਿਚ ਸਾਰਿਆਂ ਜੀਵਾਂ ਨੂੰ ਮੀਆਂ ਕਰ ਕੇ ਕਹਿੰਦੇ ਹਨ ਕਿ ਆਉ ਮੀਆਂ ਜੀ, ਇਸ ਤਰ੍ਹਾਂ ਤੁਹਾਡੀ ਸ੍ਰਿਸ਼ਟੀ ਦੀ ਹੁਣ ਬੋਲੀ ਹੋਰ ਹੋ ਗਈ ਹੈ॥ ੬॥

ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ॥

ਹੇ ਸਾਹਿਬ ! ਮੀਰ ਮਹੀਪਤਿ= ਧਰਤੀ ਦੇ ਪਤੀ ਬਾਦਸ਼ਾਹ, ਜੇ ਕਰ ਤੂੰ ਆਪਣੀ ਮਰਜ਼ੀ ਅਨੁਸਾਰ ਇਸੇ ਤਰ੍ਹਾਂ ਕੀਤਾ ਚਾਹੁੰਦਾ ਹੈਂ ਤਾਂ ਸਾਡੇ ਵਿਚ ਕੀ ਕੁਦਰਤਿ= ਸ਼ਕਤੀ (ਤਾਕਤ) ਹੈ ਜੋ ਅਸੀਂ ਉਸ ਨੂੰ ਹਟਾ ਸਕੀਏ।

ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ॥ ੭॥

ਨਮਸਕਾਰ ਕਰਨੀ ਛੱਡ ਕੇ ਚੌਹਾਂ ਤਰਫਾਂ (ਦਿਸ਼ਾਂ) ਦੇ ਜੀਵ ਹੁਣ ਆਪ ਜੀ ਨੂੰ ਸਲਾਮਾ ਲੇਕਮ ਕਰਨਗੇ, ਅਤੇ ਉਸਤਤੀ ਸ਼ਬਦ ਛੱਡ ਕੇ ਘਰ-ਘਰ ਵਿਚ ਆਪ ਜੀ ਦੀ ਸਿਫਤਿ ਕਰਨਗੇ॥ ੭॥

ਇਹ ਗੱਲਾਂ ਸੁਣ ਕੇ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਕਿਹਾ- ਆਪ ਕੀ ਚਾਹੁੰਦੇ ਹੋ?' ਉਸ ਵੇਲੇ ਹਿੰਦੂ ਧਰਮ ਦਾ ਖਾਤਮਾ ਹੁੰਦਾ ਵੇਖ ਕੇ ਗੁਰੂ ਜੀ ਨੇ ਕਿਹਾ-

ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ॥

ਇਸ ਕਲਜੁਗ ਰੂਪ ਦਿਹਾੜੀ ਵਿਚ, ਵਾ:- ਮਨੁੱਖਾ ਦੇਹ ਰੂਪ ਦਿਹਾੜੀ ਵਿਚ ਹਿੰਦੂਆਂ ਨੂੰ ਤੀਰਥ-ਯਾਤਰਾ ਕਰਨੀ, ਸਿਮ੍ਰਿਤੀਆਂ ਸ਼ਾਸਤ੍ਰਾਂ ਦਾ ਪਾਠ ਕਰਨਾ, ਪੁੰਨ ਸਮੇਂ ਪੁੰਨ ਕਰਨਾ, ਦਾਨ ਹਮੇਸ਼ਾ ਇਤਆਦਿਕ ਸ਼ੁਭ ਕਰਮਾਂ ਦਾ ਲਾਭ ਕੁਝ ਦਿਹਾੜੇ ਤਾਂ ਮਿਲਦਾ ਰਹੇ।

ਭਗਵਾਨ ਨੇ ਕਿਹਾ—ਏਸੇ ਤਰ੍ਹਾਂ ਹੀ ਹੋਵੇਗਾ ਪਰ ਤੁਸੀਂ ਕੀ ਚਾਹੁੰਦੇ ਹੋ?

ਏਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ॥ ੮॥ ੧॥ ੮॥

ਗੁਰੂ ਜੀ ਕਥਨ ਕਰਦੇ ਹਨ—ਮੈਨੂੰ ਨਾਮ ਦੀ ਵਡਿਆਈ ਮਿਲੇ, ਤਾਂ ਕਿ ਮੈਂ ਮੇਕਾ= ਇਕ- ਇਕ ਘੜੀ ਨਾਮ ਨੂੰ ਹੀ ਸਮ੍ਹਾਲਦਾ ਰਹਾਂ॥ ੮॥ ੧॥ ੮॥

ਬਸੰਤੁ ਹਿੰਡੋਲੁ ਘਰੁ ੨ ਮਹਲਾ ੪ ੧ੴ ਸਤਿਗੁਰ ਪ੍ਰਸਾਦਿ॥

ਮਨ ਨੂੰ ਬਾਲਕ ਦਸਦੇ ਹੋਏ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਉਪਦੇਸ਼ ਦੇਂਦੇ ਹਨ-

ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ॥

ਇਸ ਸਰੀਰ ਰੂਪ ਨਗਰੀ ਵਿਚ ਇਕ ਮਨ ਰੂਪ ਬਾਲਕ ਵਸ ਰਿਹਾ ਹੈ, ਜੋ ਪਲ ਦਾ ਖਿਨ ਭਰ ਭੀ ਥਿਰੁ= ਟਿਕ ਕੇ ਨਹੀਂ ਰਹਿੰਦਾ।

ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ॥ ੧॥

ਜਤਨ ਪੂਰਬਕ ਅਨੇਕਾਂ ਉਪਾਵ ਕਰ ਕੇ ਥੱਕ ਗਏ ਹਾਂ, ਪਰ ਏਹ ਮਨ ਫਿਰ ਭੀ ਮੁੜ- ਮੁੜ ਕੇ ਦੌੜਿਆ ਫਿਰਦਾ ਹੈ॥ ੧॥

ਮੇਰੇ ਠਾਕੁਰ, ਬਾਲਕੁ ਇਕਤੁ ਘਰਿ ਆਣੁ॥

ਹੇ ਮੇਰੇ ਠਾਕੁਰ ! ਇਸ ਬਾਲਕੁ= ਮਨ ਨੂੰ ਏਕਤਾ ਦੇ ਘਰ ਵਿਚ ਆਣੁ= ਲਿਆਓ।

ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ
ਰਾਮ ਨਾਮੁ ਨੀਸਾਣੁ॥ ੧॥ ਰਹਾਉ॥

ਸਤਿਗੁਰਾਂ ਨਾਲ ਮਿਲ ਕੇ ਨੀਸਾਣੁ= ਪਰਗਟ ਰਾਮ ਨਾਮ ਨੂੰ ਭਜਨਾ ਕਰ ਤਾਂ ਪੂਰਾ ਗਿਆਨ, ਜਾਂ ਪੂਰਾ ਪ੍ਰਭੂ ਪਾਈਦਾ ਹੈ *ਅਥਵਾ:-* ਸਤਿਗੁਰੂ ਜੀ ਮਿਲਣ ਤਾਂ ਪੂਰਾ ਸਾਧਨ, ਵਾ:- ਪੂਰਾ ਨਾਮ- ਗਿਆਨ ਪਾਈਦਾ ਹੈ, ਫਿਰ ਰਾਮ ਨਾਮ ਨੂੰ ਜਪ ਕੇ ਇਹ ਨੀਸਾਣੁ= ਪਰਗਟ ਹੋ ਜਾਂਦਾ ਹੈ ਕਿ-

ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ, ਜਿਤੁ ਰਾਮ ਨਾਮੁ ਨਹੀ ਵਸਿਆ॥

ਸਾਰੇ ਜਗਤ ਵਿਚ ਇਹ ਸਰੀਰ ਮੁਰਦੇ ਦਾ ਮੱਠ ਹੈ ਜਾਂ ਮਿਰਤਕ ਦੇ ਮੜ੍ਹੇ ਵਾਂਗ ਹੈ, ਜਿਸ ਵਿਚ ਰਾਮ

ਦਾ ਨਾਮ ਨਹੀਂ ਵਸਿਆ।

ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ॥ ੨ ॥

ਜਿਸ ਦੇ ਸਰੀਰ ਵਿਚ ਗੁਰਾਂ ਨੇ ਰਾਮ ਦਾ ਨਾਮ ਰੂਪੀ ਜਲ ਚੁਆਇਆ= ਪ੍ਰਾਪਤ ਕੀਤਾ ਹੈ, ਉਹ ਫਿਰ ਉਸ ਜਲ ਵਿਚ ਰਸਿਆ= ਤਦਾਕਾਰ ਹੋ ਕੇ ਸ਼ੁਭ ਗੁਣਾਂ ਨਾਲ ਹਰਿਆ ਹੋਇਆ ਹੈ॥ ੨ ॥

ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ
ਇਕੁ ਗੁਰਮੁਖਿ ਚਲਤੁ ਦਿਖਾਇਆ ॥

੧) ਮੈਂ ਸਭ ਵੇਦਾਂ ਸ਼ਾਸਤ੍ਰਾਂ ਨੂੰ ਦੇਖ-ਦੇਖ ਕੇ ਸਰੀਰ ਦੇ ਵਿਚ ਹੀ ਲੱਭ ਲਿਆ ਹੈ, ਪਰ ਇਸ ਚਰਿਤ੍ਰ ਰੂਪ ਸੰਸਾਰ ਵਿਚ ਮੁਖ ਗੁਰਾਂ ਨੇ ਇਕ ਅਸਚਰਜ ਕੌਤਕ ਵਿਖਾਇਆ ਹੈ

੨) ਮੈਂ ਵੇਖਦਿਆਂ-ਵੇਖਦਿਆਂ ਸਾਰਿਆਂ ਸਰੀਰਾਂ ਨੂੰ ਖੋਜਿਆ ਹੈ ਪਰ ਮੁੱਖ ਗੁਰਾਂ ਨੇ ਇਕ ਚਲਤੁ= ਕੌਤਕ ਵਿਖਾਇਆ ਹੈ ਕਿ-

ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥ ੩ ॥

ਸਾਰੇ ਸਾਕਤ= ਮਨਮੁਖ ਪੁਰਸ਼ ਬਾਹਰ ਲਭਦੇ ਹੀ ਮਰ ਗਏ ਹਨ, ਪਰ ਗੁਰਮਤੀਆਂ ਨੇ ਸਰੀਰ-ਘਰ ਵਿੱਚੋਂ ਹੀ ਹਰੀ ਨੂੰ ਪਾ ਲਿਆ ਹੈ॥ ੩ ॥

ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ ॥

ਦੀਨ ਦਿਆਲ ਪਰਮਾਤਮਾ ਮੈਂ ਦੀਨਾ= ਗ਼ਰੀਬ 'ਪਰ ਦਿਆਲੂ ਹੋ ਕੇ ਇਸ ਤਰ੍ਹਾਂ ਆ ਕੇ ਮਿਲਿਆ ਹੈ, ਜਿਵੇਂ ਬਿਦਰ ਦੇ ਘਰ ਵਿਚ ਕ੍ਰਿਸ਼ਨ ਦਿਆਲੂ ਹੋ ਕੇ ਆਇਆ ਸੀ।

ਮਿਲਿਓ ਸੁਦਾਮਾ ਭਾਵਨੀ ਧਾਰਿ
ਸਭੁ ਕਿਛੁ ਆਗੈ, ਦਾਲਦੁ ਭੰਜਿ ਸਮਾਇਆ ॥ ੪ ॥

ਜਿਸ ਵੇਲੇ ਸੁਦਾਮਾ ਭਾਵਨੀ= ਸ਼ਰਧਾ ਧਾਰ ਕੇ ਕ੍ਰਿਸ਼ਨ ਜੀ ਨੂੰ ਆ ਕੇ ਮਿਲਿਆ, ਤਾਂ ਉਸ ਦੇ ਜਾਣ ਤੋਂ ਆਗੈ= ਪਹਿਲੇ ਹੀ ਉਸ ਦੇ ਘਰ ਵਿਚ ਕ੍ਰਿਸ਼ਨ ਜੀ ਨੇ ਸਭ ਕੁਝ ਬਖਸ਼ ਕੇ ਉਸ ਦਾ ਸਾਰਾ ਦਰਿੱਦ੍ਰ ਭੰਜਿ= ਨਾਸ ਕਰ ਦਿੱਤਾ ਤੇ ਅੰਤ ਨੂੰ ਆਪਣੇ ਵਿਚ ਸਮਾਇਆ= ਅਭੇਦ ਕਰ ਲਿਆ ॥੪ ॥

ਭਾਈ ਗੁਰਦਾਸ ਜੀ ਨੇ ਸੁਦਾਮਾ ਜੀ ਦੀ ਕਹਾਣੀ ਨੂੰ ਆਪਣੀ ਕਾਵਿ-ਰਚਨਾ ਵਿੱਚ ਇੰਜ ਬਿਆਨ ਕੀਤਾ ਹੈ:-

ਬਿਪੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।
ਲਾਜੁ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।
ਚਲਿਆ ਗਣਦਾ ਗਟੀਆਂ ਕਿਉ ਕਰਿ ਜਾਈਐ ਕਉਣੁ ਮਿਲਾਏ।
ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।
ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।
ਪਹਿਲੇ ਦੇ ਪਰਦਖਣਾ ਪੈਰੀ ਪੈ ਕੇ ਲੈ ਗਲਿ ਲਾਏ।

ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।
ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।
ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।
ਚਾਰਿ ਪਦਾਰਥ ਸਕੁਚਿ ਪਠਾਏ॥ ੯॥ (ਵਾਰ ੧੦)

ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ॥

ਰਾਮ ਨਾਮ ਜਪਣ ਵਾਲਿਆਂ ਦੀ ਪੈਜ= ਇੱਜ਼ਤ ਸਭ ਤੋਂ ਵੱਡੀ ਹੈ, ਜੋ ਮੇਰੇ ਠਾਕੁਰਿ= ਮਾਲਕ ਪ੍ਰਭੂ ਨੇ ਆਪ ਹੀ ਰਖਾਈ ਹੈ।

ਜੇ ਸਭਿ ਸਾਕਤ ਕਰਹਿ ਬਖੀਲੀ ਇਕ ਰਤੀ ਤਿਲੁ ਨ ਘਟਾਈ॥ ੫॥

ਜੇਕਰ ਸਾਰੇ ਸਾਕਤ= ਮਨਮੁਖ ਪੁਰਸ਼ ਭੀ ਉਹਨਾਂ ਨਾਲ ਬਖੀਲੀ= ਈਰਖਾ (ਵਿਰੋਧਤਾ ਵੀ) ਕਰਨ, ਤਾਂ ਭੀ ਰਾਮ ਨਾਮ ਜਪਣ ਵਾਲਿਆਂ ਗੁਰਮੁਖਾਂ ਦੀ ਇੱਜ਼ਤ ਇਕ ਰਤੀ ਭਰ ਜਾਂ ਤਿਲ ਮਾਤ੍ਰ ਭੀ ਘਟਾਈ ਹੋਈ ਘਟਦੀ ਨਹੀਂ॥ ੫॥

ਜਨ ਕੀ ਉਸਤਤਿ ਹੈ ਰਾਮ ਨਾਮਾ ਦਹ ਦਿਸਿ ਸੋਭਾ ਪਾਈ॥

ਰਾਮ ਨਾਮ ਜਪਣ ਕਰ ਕੇ ਹੀ ਗੁਰਮੁਖ ਜਨਾਂ ਦੀ ਉਸਤਤੀ ਹੋ ਰਹੀ ਹੈ, ਬਲਕਿ ਉਹਨਾਂ ਨੇ ਦਸੋਂ ਦਿਸਾਂ ਵਿਚ ਸੋਭਾ ਪਾਈ ਹੈ।

ਨਿੰਦਕੁ ਸਾਕਤੁ, ਖਵਿ ਨ ਸਕੈ ਤਿਲੁ; ਅਪਣੈ ਘਰਿ ਲੂਕੀ ਲਾਈ॥ ੬॥

ਨਿੰਦਿਆ ਕਰਨ ਵਾਲੇ ਜੋ ਨਿੰਦਕ ਸਾਕਤ ਪੁਰਸ਼ ਹਨ ਉਹ ਗੁਰਮੁਖਾਂ ਦੀ ਉਸਤਤੀ ਨੂੰ ਤਿਲ ਮਾਤ੍ਰ ਭੀ ਖਵਿ= ਸਹਾਰ ਨਹੀਂ ਸਕਦੇ, ਇਸ ਲਈ ਉਹਨਾਂ ਨੇ ਆਪਣੇ ਘਰ ਨੂੰ ਲੂਕੀ= ਚੁਆਤੀ ਲਾ ਲਈ ਹੈ ਭਾਵ ਈਰਖਾ ਕਰ ਕਰ ਕੇ ਆਪਣਾ ਅੰਦਰ ਹੀ ਸਾੜ ਲਿਆ ਹੈ॥ ੬॥

ਜਨ ਕਉ ਜਨੁ ਮਿਲਿ ਸੋਭਾ ਪਾਵੈ ਗੁਣ ਮਹਿ ਗੁਣ ਪਰਗਾਸਾ॥

੧) ਸੰਤ ਜਨ ਨੂੰ ਮਿਲ ਕੇ ਸੋਭਾ ਪਾਉਂਦਾ ਹੈ, ਕਿਉਂਕਿ ਮਿਲਣ ਨਾਲ ਗੁਣਾਂ ਵਿੱਚੋਂ ਹੋਰ ਗੁਣ ਪਰਗਟ ਹੁੰਦੇ ਹਨ।

੨) ਸ਼ਰਧਾ ਆਦਿਕ ਗੁਣਾਂ ਵਿਚੋਂ ਸਤ ਸੰਤੋਖ ਆਦਿਕ ਸ਼ੁਭ ਗੁਣਾਂ ਦਾ ਪਰਕਾਸ਼ ਹੁੰਦਾ ਹੈ।

ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ, ਜੋ ਹੋਵਹਿ ਦਾਸਨਿ ਦਾਸਾ॥

ਓਹੀ ਜਨ ਮੇਰੇ ਠਾਕੁਰ= ਸੁਆਮੀ ਪਰਮਾਤਮਾ ਦੇ ਪਿਆਰੇ ਪ੍ਰੀਤਮ ਹਨ, ਜੋ ਦਾਸਾਂ ਦੇ ਦਾਸ ਹੁੰਦੇ ਹਨ॥ ੭॥

ਆਪੇ ਜਲੁ ਅਪਰੰਪਰੁ ਕਰਤਾ ਆਪੇ ਮੇਲਿ ਮਿਲਾਵੈ॥

ਅਪਰੰਪਰੁ= ਸੰਸਾਰ ਤੋਂ ਪਰੇ ਰੂਪ ਕਰਤਾ ਪੁਰਖ ਆਪ ਹੀ ਨਾਮ-ਜਲ ਹੈ, ਆਪ ਸਤਿਸੰਗ ਦੇ ਮੇਲ ਵਿਚ ਮਿਲਾਉਂਦਾ ਹੈ ਜਾਂ ਆਪ ਹੀ ਨਾਮ ਦੇ ਮੇਲ ਵਿਚ ਮਿਲਾਉਂਦਾ ਹੈ।

ਨਾਨਕ ਗੁਰਮੁਖਿ ਸਹਜਿ ਮਿਲਾਏ ਜਿਉ ਜਲੁ ਜਲਹਿ ਸਮਾਵੈ॥੮॥੧॥੯॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖਾਂ ਨੂੰ ਸਹਜਿ= ਗਿਆਨ ਦੁਆਰਾ ਇਸ ਤਰ੍ਹਾਂ ਆਪਣੇ ਨਾਲ ਮਿਲਾ ਲੈਂਦਾ ਹੈ, ਜਿਵੇਂ ਪਾਣੀ ਵਿਚ ਪਾਣੀ ਸਮਾ ਜਾਂਦਾ ਹੈ॥ ੮॥ ੧॥ ੯॥

[ਪੰਨਾ ੧੧੯੨]

ਬਸੰਤੁ ਮਹਲਾ ੫ ਘਰੁ ੧ ਦੁਤੁਕੀਆ ੧ੴ ਸਤਿਗੁਰ ਪ੍ਰਸਾਦਿ॥

ਸੁਣਿ ਸਾਖੀ ਮਨ ਜਪਿ ਪਿਆਰ॥

੧) ਹੇ ਪੁਰਸ਼ਾ ! ਸਾਡੇ ਪਾਸੋਂ ਸਾਖੀਆਂ ਸੁਣ ਕੇ ਤੂੰ ਆਪਣੇ ਮਨ ਵਿਚ ਪਿਆਰੇ ਪ੍ਰਭੂ ਨੂੰ ਜਪਣਾ ਕਰ।

੨) ਹੇ ਮਨ ! ਜਿਨ੍ਹਾਂ ਨੇ ਪਿਆਰ ਨਾਲ ਪ੍ਰਭੂ ਨੂੰ ਜਪਿਆ ਹੈ, ਉਨ੍ਹਾਂ ਦੀਆਂ ਸਾਖੀਆਂ ਨੂੰ ਸੁਣਨਾ ਕਰ।

ਅਜਾਮਲੁ ਉਧਰਿਆ ਕਹਿ ਏਕ ਬਾਰ॥

ਵੇਸ਼ਵਾ ਗਾਮੀ ਹੋਣ ਕਰ ਕੇ ਸਭ ਤੋਂ ਵੱਡਾ ਪਾਪੀ ਜੋ ਅਜਾਮਲ ਸੀ, ਉਹ ਸੰਤਾਂ ਦੀ ਕਿਰਪਾ ਨਾਲ ਇਕੋ ਵੇਰੀ ਨਰਾਇਣ ਨਾਮ ਕਹਿਣ ਨਾਲ ਸੰਸਾਰ ਤੋਂ ਤਰ ਗਿਆ।

ਬਾਲਮੀਕੈ ਹੋਆ ਸਾਧਸੰਗੁ॥

ਬਾਲਮੀਕ ਡਾਕੂ ਨੂੰ ਭੀ ਸੰਤਾਂ ਦਾ ਸੰਗ ਹੋਣ ਕਰ ਕੇ ਜਦ ਮਰਾ ਮਰਾ ਦਾ ਉਪਦੇਸ਼ ਮਿਲ ਜਾਣ ਤੇ ਪਹਿਲੇ ਮਰਾ ਮਰਾ ਆਖਦਾ ਰਿਹਾ ਫੇਰ ਰਾਮ ਰਾਮ ਜਪਣ ਲੱਗ ਪਿਆ ਤਾਂ ਉਹ ਭੀ ਸੰਸਾਰ ਤੋਂ ਤਰ ਗਿਆ।

ਧ੍ਰੂ ਕਉ ਮਿਲਿਆ ਹਰਿ ਨਿਸੰਗ॥ ੧॥

(ਜਿਸ ਵੇਲੇ ਮਤ੍ਰੇਈ ਮਾਂ ਨੇ ਧਰੂਅ ਨੂੰ ਪਿਉ ਦੀ ਗੋਦ ਵਿਚੋਂ ਉਠਾ ਕੇ ਬਾਹਰ ਕੱਢਿਆ ਹੈ, ਤਾਂ ਧਰੂਅ ਜੀ ਨੂੰ ਜਾਂਦਿਆਂ-ਜਾਂਦਿਆਂ ਰਸਤੇ ਵਿਚ ਨਾਰਦ ਮੁਨੀ ਜੀ ਮਿਲੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਇਕਾਂਤ ਜਗ੍ਹਾ ਬੈਠ ਕੇ ਤਪ ਕਰਨਾ ਸ਼ੁਰੂ ਕਰ ਦਿੱਤਾ ਉਸ ਤਪਸਿਆਂ ਦੇ ਬਲ ਕਰ ਕੇ) ਧਰੂਅ ਭਗਤ ਨੂੰ ਨਿਸੰਗ ਹੀ ਹਰੀ ਮਿਲ ਪਿਆ॥ ੧॥

ਤੇਰਿਆ ਸੰਤਾ ਜਾਚਉ ਚਰਨ ਰੇਨ॥

ਹੇ ਵਾਹਿਗੁਰੂ ! ਮੈਂ ਤੇਰਿਆਂ ਸੰਤਾਂ ਦੀ ਚਰਨ-ਧੂੜੀ ਮੰਗਦਾ ਹਾਂ।

ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ॥ ੧॥ ਰਹਾਉ॥

ਆਪ ਕਿਰਪਾ ਦ੍ਰਿਸ਼ਟੀ ਕਰ ਕੇ ਦੇਣਾ ਕਰੋ, ਤਾਂ ਮੈਂ ਲੈ ਕੇ ਮੱਥੇ ਪਰ ਲਾਵਾਂ॥ ੧॥ ਰਹਾਉ॥

ਗਨਿਕਾ ਉਧਰੀ ਹਰਿ ਕਹੈ ਤੋਤ॥

(ਜਿਸ ਵੇਲੇ ਮਹਾਂ ਪੁਰਸ਼ ਗਨਿਕਾ ਨੂੰ ਤੋਤਾ ਫੜਾ ਕੇ ਸਿਮਰਨ ਦਾ ਉਪਦੇਸ਼ ਦੇ ਕੇ ਚਲੇ ਗਏ, ਪਿੱਛੋਂ ਗਨਿਕਾ ਸਵੇਰੇ ਉਠਦਿਆਂ ਸਾਰ ਹੀ ਰੋਜ਼ਾਨਾ ਤੋਤੇ ਨੂੰ ਪ੍ਰਭੂ ਦਾ ਨਾਮ ਪੜ੍ਹਾਇਆ ਕਰੇ) ਤੋਤੇ ਨੂੰ ਹਰਿ ਹਰਿ ਨਾਮ ਕਹਾਉਂਦੀ ਹੋਈ (ਆਖਿਰਕਾਰ ਉਹ) ਵੇਸ਼ਵਾ ਭੀ ਤਰ ਗਈ।

ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥

ਜਿਸ ਵੇਲੇ ਗਜਇੰਦ੍ਰ= ਐਰਾਵਤ ਹਾਥੀ ਨੇ ਪ੍ਰਭੂ ਨੂੰ ਧਿਆਉਣਾ ਕੀਤਾ, ਤਾਂ ਹਰੀ ਨੇ ਉਸ ਨੂੰ ਤੰਦੂਏ

ਦੇ ਬੰਧਨਾਂ ਤੋਂ ਮੋਖ= ਮੁਕਤ ਕੀਤਾ ਭਾਵ ਛੁਡਾਉਣਾ ਕੀਤਾ।

ਬਿਪ੍ਰ ਸੁਦਾਮੇ ਦਾਲਦੁ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥ ੨॥

ਸ਼ਰਨ ਵਿਚ ਆਉਣ ਵਾਲੇ ਬਿਪ੍ਰ= ਬ੍ਰਾਹਮਣ ਸੁਦਾਮੇ ਦਾ ਭੀ ਦਰਿੱਦ੍ ਭੰਜ= ਕੱਟ ਦਿੱਤਾ ਹੈ। ਹੇ ਮਨ ! ਤੂੰ ਭੀ ਗੋਬਿੰਦ ਦਾ ਭਜਨ-ਸਿਰਰਨ ਕਰ॥ ੨॥

ਬਧਿਕੁ ਉਧਾਰਿਓ ਖਮਿ ਪ੍ਰਹਾਰ॥

(ਕ੍ਰਿਸ਼ਨ ਜੀ ਦੇ ਚਰਨਾਂ ਵਿਚ ਪਦਮ ਲਿਸ਼ਕ ਰਿਹਾ ਸੀ, ਪਰ ਹਿਰਨ ਦੀਆਂ ਅੱਖਾਂ ਚਮਕਦੀਆਂ ਸਮਝ ਕੇ ਜਿਸ) ਬਧਿਕੁ= ਸ਼ਿਕਾਰੀ ਨੇ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਖਮਿ= ਬਾਣ ਪ੍ਰਹਾਰ= ਮਾਰਿਆ ਸੀ, ਉਸ ਸ਼ਿਕਾਰੀ ਨੂੰ ਭੀ ਤਾਰ ਦਿੱਤਾ। ਭਾਈ ਸਾਹਿਬ ਲਿਖਦੇ ਹਨ-

ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।.....
ਬਧਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।
ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।.....
ਪਾਪ ਕਰੇਂਦੇ ਪਤਿਤ ਉਧਾਰੇ॥ ੨੩॥ (ਵਾਰ ੧੦)

ਕੁਬਿਜਾ ਉਧਰੀ, ਅੰਗੁਸਟ ਧਾਰ॥

ਫੇਰ ਜਿਸ ਵੇਲੇ ਕੁੱਬੀ ਨੇ ਗੋਪੀ ਚੰਦਨ ਦਾ ਟਿੱਕਾ ਆ ਕੇ ਲਗਾਇਆ ਹੈ ਉਸ ਵੇਲੇ ਕ੍ਰਿਸ਼ਨ ਜੀ ਨੇ ਕੁੱਬੀ ਦੇ ਪੈਰ ਉੱਤੇ ਆਪਣੇ ਪੈਰਾਂ ਦਾ ਅੰਗੂਠਾ ਧਾਰ= ਰੱਖ ਕੇ ਸਿੱਧਾ ਖਿਚਿਆ ਤਾਂ ਉਸ ਦਾ ਕੁੱਬ ਕੱਢ ਕੇ ਸਿੱਧਾ ਕਰ ਦਿੱਤਾ* ਅੰਤ ਨੂੰ ਸੰਸਾਰ ਤੋਂ ਉਧਰੀ= ਤਰ ਗਈ।

ਬਿਦਰੁ ਉਧਾਰਿਓ ਦਾਸਤ ਭਾਇ॥ ਰੇ ਮਨ ਤੂ ਭੀ ਹਰਿ ਧਿਆਇ॥ ੩॥

ਦਾਸਤ ਭਾਇ= ਦਾਸਾ ਭਾਵ ਵਾਲੇ ਬਿਦਰ ਨੂੰ ਭੀ ਸੰਸਾਰ ਤੋਂ ਤਾਰ ਦਿੱਤਾ।

ਜਿਸ ਵੇਲੇ ਕ੍ਰਿਸ਼ਨ ਜੀ ਪਾਂਡਵਾਂ ਨੂੰ ਰਾਜ ਦਾ ਕੁਝ ਹਿੱਸਾ ਦਿਵਾਉਣ ਲਈ ਦੁਰਜੋਧਨ ਵੱਲ ਜਾ ਰਹੇ ਸਨ ਤੇ ਕਿਸੇ ਨੇ ਦੁਰਜੋਧਨ ਨੂੰ ਆ ਕੇ ਦਸ ਦਿੱਤਾ ਕਿ ਕ੍ਰਿਸ਼ਨ ਜੀ ਤੇਰੇ ਪਾਸ ਆ ਰਹੇ ਹਨ। ਏਹ ਗੱਲ ਸੁਣ ਕੇ ਦੁਰਜੋਧਨ ਸਿੰਘਾਸਨ ਤੋਂ ਉੱਠ ਕੇ ਘੋੜਿਆਂ ਨੂੰ ਦੇਖਣ ਲਈ ਤਬੇਲੇ ਵਿਚ ਚਲਾ ਗਿਆ। ਦੁਰਜੋਧਨ ਦੀ ਖੁਟਿਆਈ ਦਾ ਪਤਾ ਕ੍ਰਿਸ਼ਨ ਜੀ ਨੂੰ ਲੱਗ ਗਿਆ। ਸ੍ਰੀ ਕ੍ਰਿਸ਼ਨ ਜੀ ਦੁਰਜੋਧਨ ਪਾਸ ਜਾਣ ਵਾਲਾ ਰਸਤਾ ਛੱਡ ਕੇ ਬਿਦਰ ਦੇ ਘਰ ਚਲੇ ਗਏ। ਉਨ੍ਹਾਂ ਦੇ ਪ੍ਰੇਮ ਅਨੁਸਾਰ ਕੇਲੇ ਦੇ ਛਿੱਲੜ ਤੇ ਅਲੂਣਾ ਸਾਗ ਖਾ ਕੇ ਰਾਤ ਉਨ੍ਹਾਂ ਦੇ ਘਰ ਹੀ ਸੁੱਤੇ। ਦਿਨ ਚੜ੍ਹਨ ਨਾਲ ਦੁਰਜੋਧਨ ਨੇ ਆਪਣਾ ਆਦਮੀ ਭੇਜ ਕੇ ਕ੍ਰਿਸ਼ਨ ਜੀ ਨੂੰ ਸਦਵਾ ਭੇਜਿਆ। ਜਿਸ ਵੇਲੇ ਕ੍ਰਿਸ਼ਨ ਜੀ ਗਏ ਤਾਂ ਦੁਰਜੋਧਨ ਨੇ ਕਿਹਾ "ਤੁਸੀਂ ਸਾਡੇ ਪਾਸ ਆ ਕੇ ਕਿਉਂ ਨਹੀਂ ਰਹੇ?" ਤਾਂ ਕ੍ਰਿਸ਼ਨ ਜੀ ਨੇ ਕਿਹਾ-

---

**ਮਹਾਨ ਕੋਸ਼ ਵਿਚ ਲਿਖਿਆ ਹੈ :-* *"ਕੰਸ ਦੀ ਇਕ ਦਾਸੀ, ਜੋ ਬਟਣਾ ਬਣਾਉਣ ਅਤੇ ਮਲਣ ਵਿਚ ਵੱਡੀ ਨਿਪੁੰਨ ਸੀ, ਜਦ ਕ੍ਰਿਸ਼ਨ ਜੀ ਮਥੁਰਾ ਗਏ, ਤਦ ਉਹਨਾਂ ਨੇ ਇਸ ਤੋਂ ਸੁਗੰਧ ਵਾਲਾ ਲੇਪ ਮੰਗਿਆ, ਇਸ ਨੇ ਕੰਸ ਦਾ ਬਟਣਾ ਕ੍ਰਿਸ਼ਨ ਜੀ ਦੇ ਪ੍ਰੇਮ ਨਾਲ ਮਲਿਆ। ਕ੍ਰਿਸ਼ਨ ਜੀ ਨੇ ਰੀਝ ਕੇ ਇਸ ਦੇ ਪੈਰ ਪਰ ਆਪਣਾ ਅੰਗੂਠਾ ਰੱਖ ਅਰ ਠੋਡੀ ਹੇਠ ਹੱਥ ਦੇ ਕੇ ਜੋ ਝਟਕਾ ਦਿੱਤਾ, ਤਾਂ ਕੁਬੜਾਪਨ ਦੂਰ ਹੋ ਗਿਆ। ਇਸ ਦਾ ਨਾਉਂ ਅਨੇਕ ਵਕ੍ਰਾ ਅਤੇ ਤ੍ਰਿਵਕ੍ਰਾ ਭੀ ਹੈ।"* *(ਦੇਖੋ ਕੁਬਜਾ)*

ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ ੧॥ (ਪੰਨਾ ੧੧੦੫)

ਉਪ੍ਰੋਕਤ ਕਹੇ ਸਿਮਰਨ ਭਜਨ ਕਰਨ ਵਾਲੇ ਭਗਤਾਂ ਵੱਲ ਤੱਕ ਅਤੇ ਹੇ ਮਨ! ਤੂੰ ਵੀ ਉਸ ਮਾਲਕ ਪਰਮਾਤਮਾ ਨੂੰ ਚੇਤੇ ਕਰ॥ ੩॥

ਪ੍ਰਹਲਾਦ ਰਖੀ ਹਰਿ ਪੈਜ ਆਪ॥

ਪ੍ਰਹਿਲਾਦ ਭਗਤ ਦੀ ਹਰੀ ਨੇ ਆਪ ਇੱਜ਼ਤ ਰੱਖੀ ਹੈ।

ਬਸਤ੍ਰ ਛੀਨਤ ਦ੍ਰੌਪਤੀ ਰਖੀ ਲਾਜ॥

ਦੁਰਜੋਧਨ ਦੀ ਸਭਾ ਵਿਚ ਬਸਤ੍ਰ ਛੀਨਤ= ਸਾੜ੍ਹੀਆਂ ਉਤਾਰਦਿਆਂ ਹੋਇਆਂ ਦ੍ਰੌਪਤਾਂ ਦੀ ਲਾਜ= ਇੱਜ਼ਤ ਰੱਖੀ ਹੈ। ਜਿਸ ਵੇਲੇ ਦੁਰਜੋਧਨ ਦੇ ਹੁਕਮ ਨਾਲ ਸਭਾ ਵਿਚ ਸਾੜ੍ਹੀਆਂ ਉਤਾਰ ਕੇ ਦਰੋਪਤਾਂ ਨੂੰ ਨੰਗਿਆਂ ਕਰਨ ਲੱਗਦੇ ਉਸ ਵੇਲੇ ਦਰੋਪਤਾਂ ਦੀ ਪੰਜਾਂ ਪਾਂਡਵਾਂ ਵਿਚੋਂ ਭਾਂ ਕੋਈ ਸਹਾਇਤਾ ਨਾ ਕਰ ਸਕਿਆ ਪਰ ਦਰੋਪਤਾਂ ਨੇ ਇਕ ਮਨ ਹੋ ਕੇ ਕ੍ਰਿਸ਼ਨ ਜੀ ਨੂੰ ਅਰਾਧਿਆ ਉਸ ਵੇਲੇ ਕ੍ਰਿਸ਼ਨ ਜੀ ਰੁਕਮਣੀ ਨਾਲ ਆਪਣੇ ਘਰ ਵਿਚ ਬੈਠਿਆਂ ਚੌਪੜ ਖੇਡ ਰਹੇ ਸਨ। ਖੇਡਦਿਆਂ-ਖੇਡਦਿਆਂ 'ਅਰਬ ਖਰਬ' ਕਹਿ ਦਿੱਤਾ। ਰੁਕਮਣੀ ਨੇ ਕਿਹਾ- 'ਏਹ ਸ਼ਬਦ ਆਪ ਜੀ ਨੇ ਕੀ ਕਿਹਾ ਹੈ? ਚੌਪੜ ਵਿਚ ਤਾਂ ਕੋਈ ਅਰਬ ਖਰਬ ਹੈ ਹੀ ਨਹੀਂ।' ਉਸ ਵੇਲੇ ਕ੍ਰਿਸ਼ਨ ਜੀ ਨੇ ਟਾਲ-ਮਟੋਲ ਤਾਂ ਬੜਾ ਕੀਤਾ ਪਰ ਰੁਕਮਣੀ ਨੇ ਖਹਿੜਾ ਨਾ ਛਡਿਆ ਆਖਿਰ ਪੁੱਛ ਹੀ ਲਿਆ। ਕ੍ਰਿਸ਼ਨ ਜੀ ਨੇ ਕਿਹਾ—''ਮੇਰੀ ਭਗਤਣੀ ਉੱਤੇ ਬੜੀ ਭੀੜ ਬਣੀ ਹੋਈ ਸੀ ਤੇ ਉਸ ਨੂੰ ਸਭਾ ਵਿਚ ਨੰਗਿਆਂ ਕਰਨ ਲੱਗੇ ਸਨ ਇਸ ਲਈ ਮੈਂ ਅਰਬ ਖਰਬ ਕਿਹਾ ਹੈ, ਉਸ ਨੂੰ ਹੁਣ ਕੋਈ ਨੰਗਿਆਂ ਨਹੀਂ ਕਰ ਸਕੇਗਾ।''

ਭਾਈ ਗੁਰਦਾਸ ਇਸ ਵਾਰਤਾ ਦਾ ਨਕਸ਼ਾ ਇਉਂ ਖਿੱਚਦੇ ਹਨ:-

ਅੰਦਰਿ ਸਭਾ ਦੁਸਾਸਣੈ ਮਥੇ ਵਾਲਿ ਦ੍ਰੌਪਤੀ ਆਂਦੀ।
ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ .ਜਿਨਾ ਦੀ।
ਅਖੀ ਮੀਟ ਧਿਆਨੁ ਧਰਿ, ਹਾ! ਹਾ!! ਕ੍ਰਿਸਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
ਘਰਿ ਆਈ ਠਾਕੁਰ ਮਿਲੇ, ਪੈਜ ਰਹੀ! ਬੋਲੇ, ਸਰਮਾਂਦੀ।
ਨਾਥ ਅਨਾਥਾਂ ਬਾਣਿ ਧੁਰਾਂ ਦੀ॥ ੮॥ (ਵਾਰ ੧੦)

ਜਿਨਿ ਜਿਨਿ ਸੇਵਿਆ ਅੰਤ ਬਾਰ॥ ਰੇ ਮਨ ਸੇਵਿ ਤੂ ਪਰਹਿ ਪਾਰ॥ ੪॥

ਜਿਸ ਜਿਸ ਨੇ ਅੰਤ ਦੇ ਵੇਲੇ ਸੇਵਿਆ= ਸਿਮਰਿਆ ਹੈ, ਉਸ ਦੀ ਇੱਜ਼ਤ ਵਾਹਿਗੁਰੂ ਨੇ ਆਪ ਰੱਖੀ। ਰੇ ਮਨ= ਹੇ ਪਿਆਰੇ ! ਤੂੰ ਭੀ ਹਰੀ ਦੀ ਸੇਵਾ ਕਰ, ਜਾਂ ਹਰੀ ਦਾ ਸਿਮਰਨ ਕਰ ਤਾਂ ਸੰਸਾਰ-ਸਮੁੰਦਰ ਤੋਂ ਪਾਰ ਪਏਂਗਾ॥ ੪॥

ਧੰਨੈ ਸੇਵਿਆ ਬਾਲ ਬੁਧਿ॥

ਧੰਨੇ ਜੱਟ ਨੇ ਬਾਲਕ ਬੁੱਧੀ ਕਰ ਕੇ ਅਰਥਾਤ ਅਗਿਆਤਪਣੇ ਵਿਚ, ਜਾਂ ਭੋਲੇ ਭਾਉ ਨਾਲ ਸੇਵਨਾ ਕੀਤਾ, ਜੋ ਸੁੱਕਾ ਗੋਬਰ ਲੈ ਕੇ ਓਹੀ ਧੂਪ ਧੁਖਾਂਦਾ ਰਿਹਾ ਤੇ ਰੋਜ਼ ਭੋਗ ਲਗਾਇਆ ਕਰੇ।

ਭਾਈ ਗੁਰਦਾਸ ਜੀ ਲਿਖਦੇ ਹਨ:-

ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ, ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ, ਮੈ ਭਿ ਦੇਹ ਇਕ, ਜੇ ਤੁਧੁ ਭਾਵੈ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁੜੁ ਮਨਾਵੈ।
ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ, ਰੋਟੀ ਖਾਹਿ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ॥ ੧੩॥ (ਵਾਰ ੧੦)

ਤ੍ਰਿਲੋਚਨ ਗੁਰ ਮਿਲਿ ਭਈ ਸਿਧਿ॥

ਤ੍ਰਿਲੋਚਨ ਨੂੰ ਗੁਰੂ (ਗਿਆਨ ਦੇਵ) ਨਾਲ ਮਿਲਣ ਕਰ ਕੇ ਸਿਧੀ ਦੀ ਪ੍ਰਾਪਤੀ ਹੋਈ। ਨਾਮਦੇਵ ਤੇ ਤ੍ਰਿਲੋਚਨ ਇਹ ਦੋਵੇਂ ਆਪਸ ਵਿਚ ਗੁਰ-ਭਾਈ ਸਨ, ਇਨ੍ਹਾਂ ਦੋਹਾਂ ਦਾ ਗੁਰੂ ਇਕੋ (ਗਿਆਨ ਦੇਵ) ਸੀ।

ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ।
ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ। (ਵਾਰ ੧੦/੧੨)

ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਰੇ ਮਨ ਤੂ ਭੀ ਹੋਹਿ ਦਾਸੁ॥ ੫॥

ਬੇਣੀ ਭਗਤ ਨੂੰ ਭੀ ਗੁਰਾਂ ਨੇ ਜਿਸ ਹਰੀ ਦਾ ਪ੍ਰਗਾਸੁ= ਗਿਆਨ ਦੇਣਾ ਕੀਤਾ ਹੈ। ਹੇ ਮਨ ! ਤੂੰ ਭੀ ਉਸ ਹਰੀ ਦਾ ਦਾਸ ਹੋ ਕੇ ਰਹਿਣਾ ਕਰ॥ ੫॥*

ਜੈ ਦੇਵ ਤਿਆਗਿਓ ਅਹੰਮੇਵ॥ ਨਾਈ ਉਧਰਿਓ ਸੈਨੁ ਸੇਵ॥

ਜੈ ਦੇਵ ਭਗਤ ਜੀ ਨੇ ਏਵ= ਨਿਸਚੇ ਕਰ ਕੇ ਹੰਕਾਰ ਨੂੰ ਤਿਆਗਿਆ ਤੇ ਸੰਤਾਂ ਦੀ ਸੇਵਾ ਕਰਦਾ ਹੋਇਆ ਸੈਨ ਨਾਈ ਭੀ ਤਰ ਗਿਆ ਹੈ।

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥ ੩॥ (ਪੰਨਾ ੪੮੭)

ਮਨੁ ਡੀਗਿ ਨ ਡੋਲੈ ਕਹੂੰ ਜਾਇ॥ ਮਨ ਤੂ ਭੀ ਤਰਸਹਿ ਸਰਣਿ ਪਾਇ॥ ੬॥

ਹੇ ਮਨ ! ਡੀਗਿ ਡੋਲੈ= ਡੱਕ-ਡੋਲੇ ਖਾ ਕੇ ਅਰਥਾਤ ਡਾਵਾਂ-ਡੋਲ ਹੋ ਕੇ ਤੂੰ ਕਿਤੇ ਨਾ ਜਾਹ। ਹੇ ਮਨ! ਜੇ ਤੂੰ ਸੰਤਾਂ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਏਂਗਾ ਤਾਂ ਤੂੰ ਭੀ ਤਰਸਹਿ= ਤਰ ਜਾਏਂਗਾ॥ ੬॥

ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ॥ ਸੇ ਤੈਂ ਲੀਨੇ ਭਗਤ ਰਾਖਿ॥

---

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੇਣੀ ਭਗਤ ਦੇ ਸਾਰੇ ਤਿੰਨ ਸ਼ਬਦ ਹਨ:-
੧. ਸ਼ਬਦ ਸਿਰੀ ਰਾਗ ਵਿਚ ਹੈ-"ਰੇ ਨਰ ਗਰਭ ਕੁੰਡਲ ਜਬ ਆਛਤ॥" (ਪੰਨਾ ੯੩)
੨. ਸ਼ਬਦ ਰਾਮਕਲੀ ਵਿਚ ਹੈ-"ਇੜਾ ਪਿੰਗੁਲਾ ਅਉਰ ਸੁਖਮਨਾ॥" (ਪੰਨਾ ੯੭੪)
੩. ਸ਼ਬਦ ਪ੍ਰਭਾਤੀ ਵਿਚ ਹੈ-"ਤਨਿ ਚੰਦਨੁ ਮਸਤਕਿ ਪਾਤੀ॥" (ਪੰਨਾ ੧੩੫੧)

ਹੇ ਠਾਕੁਰਿ= ਮਾਲਕ ਵਾਹਿਗੁਰੂ ! ਜਿਨ੍ਹਾਂ ਵੱਲ ਆਪ ਨੇ ਕਿਰਪਾ ਦ੍ਰਿਸ਼ਟੀ ਨਾਲ ਦੇਖਣਾ ਕੀਤਾ ਹੈ। ਉਹਨਾਂ ਨੂੰ ਆਪ ਨੇ ਹੱਥ ਦੇ ਕੇ ਰੱਖ ਲਿਆ ਹੈ।

ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ॥
ਇਹ ਬਿਧਿ ਦੇਖਿ ਮਨੁ ਲਗਾ ਸੇਵ॥ ੭॥

ਉਹਨਾਂ ਦਾ ਗੁਣ ਔਗੁਣ ਆਪ ਜੀ ਨੇ ਕੋਈ ਭੀ ਵਿਚਾਰਨਾ ਨਹੀਂ ਕੀਤਾ। ਇਸ ਤਰ੍ਹਾਂ (ਦੀ ਭਗਤ ਵਛਲਤਾ) ਵੇਖ ਕੇ ਮੇਰਾ ਮਨ ਭੀ ਆਪ ਜੀ ਦੀ ਸੇਵਾ ਵਿਚ ਲੱਗ ਗਿਆ॥ ੭॥

ਕਬੀਰਿ ਧਿਆਇਓ ਏਕ ਰੰਗ॥ ਨਾਮਦੇਵ ਹਰਿ ਜੀਉ ਬਸਹਿ ਸੰਗਿ॥

ਕਬੀਰ ਭਗਤ ਜੀ ਨੇ ਰੰਗ= ਪ੍ਰੇਮ ਸਹਿਤ ਇਕ ਪ੍ਰਭੂ ਨੂੰ ਧਿਆਉਣਾ ਕੀਤਾ ਹੈ। ਨਾਮਦੇਵ ਜੀ ਨੇ ਭੀ ਹਰੀ ਨਾਮੁ ਨੂੰ ਅਜੇਹਾ ਧਿਆਇਆ ਹੈ ਜਿਸ ਕਰ ਕੇ ਨਾਮਦੇਵ ਜੀ ਦੇ ਨਾਲ ਹੀ ਹਰਿ ਜੀ ਵਸਦੇ ਸਨ।

ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥ ੮॥ ੧॥

ਰਵਿਦਾਸ ਭਗਤ ਜੀ ਨੇ ਅਨੂਪ= ਉਪਮਾਂ ਤੋਂ ਰਹਿਤ ਪ੍ਰਭੂ ਨੂੰ ਧਿਆਉਣਾ ਕੀਤਾ ਹੈ। ਗੁਰੂ ਨਾਨਕ ਦੇਵ ਜੀ ਤਾਂ ਗੋਬਿੰਦ ਦਾ ਰੂਪ ਹਨ॥ ੮॥ ੧॥

ਬਸੰਤੁ ਮਹਲਾ ੫॥

ਉਥਾਨਕਾ- ਸਿੱਖਾਂ ਨੇ ਬੇਨਤੀ ਕੀਤੀ- "ਸਾਨੂੰ ਕੀ ਕਰਤਬ ਕਰਨੇ ਜੋਗ ਹੈ?"

ਉੱਤਰ:- "ਗੋਬਿਦ ਭਜਹੁ ਮੇਰੇ ਸਦਾ ਮੀਤ॥"

ਹੇ ਮੇਰੇ ਮਿੱਤਰੋ ! ਤੁਸੀਂ ਸਦਾ ਗੋਬਿੰਦ ਦਾ ਸਿਮਰਨ ਕਰੋ।

ਅਨਿਕ ਜਨਮ ਭ੍ਰਮੇ ਜੋਨਿ ਮਾਹਿ॥ ਹਰਿ ਸਿਮਰਨ ਬਿਨੁ ਨਰਕਿ ਪਾਹਿ॥

(ਨਾਮ ਹੀਣ ਪੁਰਸ਼) ਅਨੇਕਾਂ ਜਨਮ ਜੂਨੀਆਂ ਵਿਚ ਭੌਂਦੇ ਰਹੇ। ਹਰੀ ਦੇ ਨਾਮ-ਸਿਮਰਨ ਕੀਤੇ ਤੋਂ ਬਿਨਾਂ ਨਰਕਾਂ ਵਿਚ ਪੈਂਦੇ ਹਨ।

ਭਗਤਿ ਬਿਹੂਨਾ ਖੰਡ ਖੰਡ॥ ਬਿਨੁ ਬੂਝੇ ਜਮੁ ਦੇਤ ਡੰਡ॥ ੧॥

(ਵਾਹਿਗੁਰੂ ਦੀ) ਭਗਤੀ ਕੀਤੇ ਬਿਨਾਂ ਏਹ ਖੰਡ ਖੰਡ= ਟੁਕੜੇ-ਟੁਕੜੇ ਭਾਵ ਕੀਮਾ-ਕੀਮਾ ਕੀਤਾ ਜਾਂਦਾ ਹੈ। ਪ੍ਰਭੂ ਦੇ ਬੁੱਝੇ ਤੋਂ ਬਿਨਾਂ ਅਰਥਾਤ ਗਿਆਨ ਤੋਂ ਬਿਨਾਂ ਇਸ ਨੂੰ ਜਮ ਡੰਡ= ਦੰਡ (ਸਜ਼ਾ) ਦੇਂਦਾ ਹੈ।

ਗੋਬਿੰਦ ਭਜਹੁ ਮੇਰੇ ਸਦਾ ਮੀਤ॥
ਸਾਚ ਸਬਦ ਕਰਿ ਸਦਾ ਪ੍ਰੀਤਿ॥ ੧॥ ਰਹਾਉ॥

ਹੇ ਮੇਰੇ ਮਿੱਤਰੋ ! ਤੁਸੀਂ ਸਦਾ ਗੋਬਿੰਦ ਦਾ ਸਿਮਰਨ ਕਰੋ ਅਤੇ ਸੱਚੇ ਗੁਰਾਂ ਦੇ ਸ਼ਬਦ ਨਾਲ ਸਦਾ ਪ੍ਰੀਤੀ ਕਰੋ।

ਸੰਤੋਖੁ ਨ ਆਵਤ ਕਹੂੰ ਕਾਜ॥ ਧੂੰਮ ਬਾਦਰ ਸਭਿ ਮਾਇਆ ਸਾਜ॥

ਕਹੂੰ ਕਾਜ= ਕਿਸੇ ਕੰਮ ਵਿਚ ਭੀ ਜੀਵ ਨੂੰ ਸੰਤੋਖ ਨਹੀਂ ਆਉਂਦਾ। ਮਾਇਆ ਦੇ ਸਾਰੇ ਸਾਜੋ ਸਮਾਜ ਧੂੰਏਂ ਦੇ ਬੱਦਲਾਂ ਦੀ ਨਿਆਈਂ ਨਾਸਵੰਤ ਹਨ।

ਪਾਪ ਕਰੰਤੋ ਨਹ ਸੰਗਾਇ ॥ ਬਿਖੁ ਕਾ ਮਾਤਾ ਆਵੈ ਜਾਇ ॥ ੨ ॥

ਇਹ ਜੀਵ ਪਾਪ (ਕਰਮਾਂ ਨੂੰ) ਕਰਦਾ ਹੋਇਆ ਨਹ ਸੰਗਾਇ= ਸੰਗਦਾ ਨਹੀਂ, ਅਰਥਾਤ ਸੰਕੋਚ ਨਹੀਂ ਕਰਦਾ। ਬਿਖੁ= ਮਾਇਆ (ਦੌਲਤ) ਦਾ ਮਾਤਾ (ਸ਼ਾਂਤ)-ਮਸਤਿਆ ਹੋਇਆ ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਹੋਣ ਕਾਰਨ ਇਹ ਜੀਵ ਬਾਰ-ਬਾਰ ਜੰਮਦਾ ਤੇ ਮਰਦਾ ਹੈ॥ ੨ ॥

ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੋ ਸੰਸਾਰ ॥

ਹਉ ਹਉ= ਮੈਂ ਮੈਂ ਕਰਦਿਆਂ ਹੀ ਕਈ ਤਰ੍ਹਾਂ ਦੇ ਵਿਕਾਰ ਬਧੇ= ਵਧਦੇ ਹਨ।

ਅਥਵਾ:- ਮੈਂ ਮੈਂ ਕਰਦਿਆਂ ਹੀ ਸਾਰੇ ਜੀਵ ਵਿਕਾਰਾਂ ਵਿਚ ਬਧੇ= ਬੰਨ੍ਹੇ ਹੋਏ ਹਨ। ਸੰਬੰਧੀਆਂ ਦੇ ਮੋਹ ਵਿਚ ਤੇ ਪਦਾਰਥਾਂ ਦੇ ਲੋਭ ਵਿਚ ਸਾਰਾ ਸੰਸਾਰ ਡੁੱਬਾ ਹੋਇਆ ਹੈ।

ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥ ੩ ॥

ਕਾਮ ਕ੍ਰੋਧ ਆਦਿਕਾਂ ਨੇ ਜੀਵਾਂ ਦੇ ਮਨ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ। ਇਸ ਲਈ ਸੰਸਾਰ ਸੁਪਨੇ ਵਿਚ ਸੁਪਨੈ= ਕਦਾਚਿਤ ਭੀ, ਜਾਂ ਸੁਪਨ ਅਵਸਥਾ ਵਿਚ ਭੀ ਇਸ ਨੇ ਹਰੀ ਦੇ ਨਾਮ ਨੂੰ ਨਹੀਂ ਲਿਆ॥ ੩ ॥

ਕਬ ਹੀ ਰਾਜਾ ਕਬ ਮੰਗਨਹਾਰੁ ॥ ਦੂਖ ਸੂਖ ਬਾਧੋ ਸੰਸਾਰ ॥

ਕਰਮਾਂ ਅਨੁਸਾਰ ਏਹ ਜੀਵ ਕਦੇ ਰਾਜਾ ਹੋ ਜਾਂਦਾ ਹੈ, ਕਦੇ ਮੰਗਣ ਵਾਲਾ ਮੰਗਤਾ ਹੋ ਜਾਂਦਾ ਹੈ। ਸਾਰਾ ਸੰਸਾਰ ਦੁੱਖ ਤੇ ਸੁਖ ਵਿਚ ਬੱਧਾ ਹੋਇਆ ਹੈ।

ਮਨ ਉਧਰਣ ਕਾ ਸਾਜੁ ਨਾਹਿ ॥ ਪਾਪ ਬੰਧਨ ਨਿਤ ਪਉਤ ਜਾਹਿ ॥ ੪ ॥

ਇਸ ਮਨ= ਜੀਵ ਨੇ ਸੰਸਾਰ ਤੋਂ ਤਰਨ ਦਾ ਸਾਜੁ= ਸਾਧਨ ਕੋਈ ਨਹੀਂ ਕੀਤਾ। ਜਾਂ ਇਸ ਮਨ ਦੇ ਤਰਨੇ ਦਾ ਸਾਜੁ= ਸਮਾਜ (ਸਾਧਨ) ਜੀਵ ਦੇ ਪਾਸ ਕੋਈ ਨਹੀਂ ਹੈ। ਬੰਧਨ ਰੂਪ ਜੋ ਪਾਪ ਹਨ, ਨਿਤਾ= ਰੋਜ਼ਾਨਾ ਉਹਨਾਂ ਵਿਚ ਪਈ ਜਾਂਦਾ ਹੈ। ਜਾਂ ਪਾਪਾਂ ਦੇ ਬੰਧਨ ਨਿਤਾਪ੍ਰਤੀ ਇਸ ਦੇ ਗਲ ਵਿਚ ਪੈਂਦੇ ਜਾਂਦੇ ਹਨ॥ ੪ ॥

ਈਠ ਮੀਤ ਕੋਊ ਸਖਾ ਨਾਹਿ ॥ ਆਪਿ ਬੀਜਿ ਆਪੇ ਹੀ ਖਾਂਹਿ ॥

ਇਸ ਲੋਕ ਵਿਚ ਸਹਾਇਤਾ ਕਰਨ ਵਾਲਾ ਇਸ ਜੀਵ ਦਾ ਕੋਈ ਈਠ= ਪਿਆਰਾ ਮਿੱਤਰ ਨਹੀਂ ਹੈ ਅਤੇ ਪ੍ਰਲੋਕ ਵਿਚ ਭੀ ਸਹਾਇਤਾ ਕਰਨ ਵਾਲਾ ਇਸ ਦਾ ਕੋਈ ਸਖਾ= ਮਿੱਤਰ ਨਹੀਂ ਹੈ। ਜਿਸ ਤਰ੍ਹਾਂ ਦਾ ਕਰਮਾਂ ਰੂਪ ਬੀਜ ਆਪ ਬੀਜਦਾ ਹੈ; ਉਸੇ ਤਰ੍ਹਾਂ ਦਾ ਫਲ ਆਪ ਹੀ ਖਾਂਦਾ ਹੈ।

[ਪੰਨਾ ੧੧੯੩]

ਜਾ ਕੈ ਕੀਨੈ ਹੋਤ ਬਿਕਾਰ ॥ ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥ ੫ ॥

੧) ਜਾ ਕੈ= ਜਿਨ੍ਹਾਂ ਸੰਬੰਧੀਆਂ ਨੂੰ ਖੁਸ਼ ਕੀਨੈ= ਕਰਨ ਵਾਸਤੇ ਜੀਵ ਤੋਂ ਕਈ ਤਰ੍ਹਾਂ ਦੇ ਵਿਕਾਰ ਹੁੰਦੇ ਹਨ। ਇਹ ਗਵਾਰ= ਮੂਰਖ ਪੁਰਸ਼ ਅੰਤ ਵੇਲੇ ਇਕ ਖਿਨ ਵਿਚ ਸੇ ਛੋਡਿ ਚਲਿਆ= ਉਹਨਾਂ ਹੀ ਸੰਬੰਧੀਆਂ ਨੂੰ ਛੱਡ ਕੇ ਉੱਠ ਚਲਦਾ ਹੈ।

੨) ਜਿਨ੍ਹਾਂ ਸੰਬੰਧੀਆਂ ਦੇ ਸੁਖ ਵਾਸਤੇ ਏਹ ਜੀਵ ਉੱਦਮ ਦੇ ਸਹਿਤ ਹੋਤ= ਹੋ ਕੇ ਕਈ ਤਰ੍ਹਾਂ ਦੇ ਦੁੱਖ ਰੂਪ ਬਿਕਾਰ= ਪਾਪ ਕਰਮਾਂ ਨੂੰ ਕੀਨੈ= ਕਰਦਾ ਹੈ। ਇਹ ਗਵਾਰ= ਮੂਰਖ ਪੁਰਸ਼ ਅੰਤ ਵੇਲੇ ਇਕ ਖਿਨ ਵਿਚ ਸੇ ਛੋਡਿ ਚਲਿਆ= ਉਹਨਾਂ ਹੀ ਸੰਬੰਧੀਆਂ ਨੂੰ ਛੱਡ ਕੇ ਚਲਿਆ ਜਾਂਦਾ ਹੈ॥ ੫॥

ਮਾਇਆ ਮੋਹਿ ਬਹੁ ਭਰਮਿਆ॥ ਕਿਰਤ ਰੇਖ ਕਰਿ ਕਰਮਿਆ॥

ਕਿਰਤ= ਕੀਤੇ ਹੋਏ ਕਰਮਿਆ= ਕਰਮਾਂ ਦੀ ਰੇਖਾ ਕਰ ਕੇ ਏਹ ਜੀਵ ਮਾਇਆ ਦੇ ਮੋਹ ਵਿਚ ਬਹੁਤ ਹੀ ਭਰਮ ਰਿਹਾ ਹੈ।

ਕਰਣੈਹਾਰੁ ਅਲਿਪਤੁ ਆਪਿ॥ ਨਹੀ ਲੇਪੁ ਪ੍ਰਭ ਪੁੰਨ ਪਾਪਿ॥ ੬॥

ਸਭ ਦੇ ਕਰਨ ਵਾਲਾ ਪ੍ਰਭੂ ਆਪ ਸਾਰਿਆਂ ਤੋਂ ਅਲਿਪਤੁ= ਅਸੰਗ ਹੈ। ਉਸ ਪ੍ਰਭੂ ਨੂੰ ਪਾਪਾਂ ਪੁੰਨਾਂ ਦਾ ਕੋਈ ਲੇਪ ਨਹੀਂ ਹੈ॥ ੬॥

ਉਸ ਅੱਗੇ ਇਸ ਤਰ੍ਹਾਂ ਬੇਨਤੀਆਂ ਕਰੋ-

ਰਾਖਿ ਲੇਹੁ ਗੋਬਿੰਦ ਦਇਆਲ॥ ਤੇਰੀ ਸਰਣਿ ਪੂਰਨ ਕ੍ਰਿਪਾਲ॥

ਹੇ ਦਿਆਲੂ ਸੁਭਾਅ ਵਾਲੇ ਗੋਬਿੰਦ! ਆਪ ਮੈਨੂੰ ਰੱਖ ਲਵੋ। ਹੇ ਪੂਰਨ ਕਿਰਪਾਲੂ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਤੁਝ ਬਿਨੁ ਦੂਜਾ ਨਹੀ ਠਾਉ॥ ਕਰਿ ਕਿਰਪਾ ਪ੍ਰਭ ਦੇਹੁ ਨਾਉ॥ ੭॥

ਆਪ ਜੀ ਤੋਂ ਬਿਨਾਂ ਮੇਰਾ ਹੋਰ ਕੋਈ ਦੂਜਾ ਥਾਂ ਨਹੀਂ ਹੈ। ਹੇ ਪ੍ਰਭੂ! ਆਪ ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਨਾਮ ਦਾਨ ਦੇਣਾ ਕਰੋ॥ ੭॥

ਤੂ ਕਰਤਾ ਤੂ ਕਰਣਹਾਰੁ॥ ਤੂ ਊਚਾ ਤੂ ਬਹੁ ਅਪਾਰੁ॥

ਤੂੰ ਸਭ ਦੀ ਪੈਦਾਇਸ਼ ਕਰਨ ਵਾਲਾ ਹੈਂ, ਤੂੰ ਹੀ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈਂ। ਤੂੰ ਸਭ ਤੋਂ ਉੱਚਾ ਹੈਂ, ਤੂੰਹੀ ਬਹੁਤਿਆਂ ਗੁਣਾਂ ਵਾਲਾ ਹੈਂ, ਤੂੰਹੀ ਅਪਾਰੁ= ਬੇਅੰਤ ਮਹਿਮਾ ਵਾਲਾ ਹੈਂ।

ਕਰਿ ਕਿਰਪਾ ਲੜਿ ਲੇਹੁ ਲਾਇ॥
ਨਾਨਕ ਦਾਸ ਪ੍ਰਭ ਕੀ ਸਰਣਾਇ॥ ੮॥ ੨॥

ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਆਪਣੇ ਨਾਮ ਰੂਪ ਲੜਿ= ਪੱਲੇ ਨਾਲ ਲਗਾ ਲਵੋ। ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਦਾਸ ਨੇ ਆਪ ਜੀ ਦੀ ਸ਼ਰਨ ਵਿਚ ਆਉਣਾ ਕੀਤਾ ਹੈ॥ ੮॥ ੨॥

ਬਸੰਤ ਕੀ ਵਾਰ ਮਹਲੁ ੫ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ- ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਅਸ਼ਟਪਦੀਆਂ ਲਿਖਵਾਉਣ ਤੋਂ ਬਾਅਦ 'ਬਸੰਤ ਦੀ ਵਾਰ' ਉਚਾਰ ਕੇ ਲਿਖਵਾਉਣੀ ਸ਼ੁਰੂ ਕੀਤੀ ਉਸ ਵੇਲੇ ਅਜੇ ਤਿੰਨ ਹੀ ਪੌੜੀਆਂ ਉਚਾਰੀਆਂ ਸਨ। ਲਾਂਗਰੀ ਨੇ ਆ ਕੇ ਬੇਨਤੀ ਕੀਤੀ- 'ਗਰੀਬ ਨਿਵਾਜ਼ ਜੀਓ! ਲੰਗਰ ਤਿਆਰ ਹੈ ਆਪ ਕਿਰਪਾ ਕਰ ਕੇ ਛਕੋ।' ਇਹ ਗੱਲ ਸੁਣ ਕੇ ਅੰਨ ਦੇਵਤੇ ਦੀ ਨਿਰਾਦਰੀ ਕਰਨੀ ਮੁਨਾਸਬ ਨਾ ਸਮਝਦੇ ਹੋਏ ਉੱਠ ਕੇ ਪ੍ਰਸ਼ਾਦਾ ਛਕਣ ਲਈ ਤੁਰ ਪਏ ਤੇ ਬਸੰਤ ਦੀ ਵਾਰ ਦੀਆਂ ਤਿੰਨ ਹੀ ਪਉੜੀਆਂ ਰਹਿਣ

ਦਿਤੀਆਂ। ਇਸ ਦਾ ਇਹ ਭਾਵ ਸਮਝਣਾ ਮਨੁੱਖ ਚਾਹੇ ਆਪਣੇ ਕੰਮ ਵਿਚ ਕਿੰਨਾ ਵੀ ਫਸਿਆ ਕਿਉਂ ਨਾ ਹੋਵੇ ਪਰ ਜਿਸ ਵੇਲੇ ਪ੍ਰਸ਼ਾਦਾ ਤਿਆਰ ਹੋਵੇ ਉਸ ਵੇਲੇ ਸਾਰੇ ਕੰਮ ਛੱਡ ਕੇ ਪ੍ਰਸ਼ਾਦਾ ਛੱਕ ਲਵੇ। ਕਿਉਂਕਿ- "**ਧੰਨੁ ਅਨਾਦਿ ਠਾਕੁਰ ਮਨੁ ਮਾਨਿਆ॥**" ਏਹ ਅੰਨ ਧੰਨਤਾ ਦੇ ਜੋਗ ਹੈ, ਜਿਸ ਉੱਤੇ ਠਾਕੁਰ ਦਾ ਆਪਣਾ ਮਨ ਮੰਨਿਆ ਹੋਇਆ ਹੈ। ਹੋਰ ਕਿਸੇ ਦੇਵਤੇ ਦਾ ਸਤਿਕਾਰ ਨਹੀਂ ਕੀਤਾ ਪਰ ਜਿਸ ਵੇਲੇ ਅੰਨ ਦੇਵਤਾ ਚਲ ਕੇ ਆਇਆ, ਇਸ ਨੂੰ ਆਪਣੇ ਪਾਸ ਬਿਠਾ ਕੇ ਬੜਾ ਸਤਿਕਾਰ ਦਿੱਤਾ।*

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:—

ਇਤ ਸ਼੍ਰੀ ਅਰਜਨ ਰਚਿਤ ਗ੍ਰੰਥ ਨਿਤ, ਲਿਖਤਿ ਜਾਤਿ ਗੁਰਦਾਸ ਸੁਜਾਨ।
ਰਾਗ ਬਸੰਤ ਬਨਾਇ ਸ਼ਬਦ ਸਭਿ, ਲਗੇ ਵਾਰ ਕਰਿਬੇ ਸੁਖਦਾਨ॥ ੨੬॥
ਪੌੜੀ ਤੀਨ ਉਚਾਰਨਿ ਕੀਨੀ, ਸੂਪਕਾਰ ਤਬਿ ਹੂ ਚਲਿ ਆਇ।
ਪ੍ਰਭੂ ਜੀ ! ਭੋਜਨ ਅਬਿ ਤਜਾਰ ਹੈ, ਰਾਵਰ ਕੀ ਜਿਮ ਹੋਇ ਰਜਾਇ।
ਹਿਤ ਅਹਾਰ ਕੇ ਆਦਰ ਕਰਿਬੇ, ਸ਼੍ਰੀ ਗੁਰ ਹਟੇ, ਨ ਬਹੁਰ ਬਨਾਇ।
ਅਚਜੋ ਅਨਾਇ ਤ੍ਰਿਪਤ ਤਬਿ ਹ੍ਵੈ ਕਰਿ, ਨਿਜ ਸੰਗਤਿ ਮਹਿੰ ਇਹੁ ਬਿਦਤਾਇ॥ ੨੭॥
ਤਿਤਨੀ ਰਹੀ ਨ ਬਹੁਰਿ ਬਨਾਈ, ਅਪਰ ਖਜਾਲ ਮਹਿੰ ਗੇ ਬਿਰਮਾਇ।

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩ ਅੰਸੂ ੪੫)

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥

ਹੇ ਭਾਈ ! ਤੂੰ ਹਰੀ ਦਾ ਨਾਮ ਧਿਆ ਕੇ ਸ਼ੁਭ ਗੁਣਾਂ ਨਾਲ ਹਰਿਆ ਹੋ ਜਾ। ਜਿਵੇਂ ਪ੍ਰਤਖ ਛੇ ਰੁੱਤਾਂ ਵਿੱਚੋਂ ਬਸੰਤ ਰੁੱਤ ਸ਼ੋਭਨੀਕ ਹੈ।

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥ ੧॥ *(ਪੰਨਾ ੧੧੯੮)*

ਤਿਵੇਂ ਸਭ ਜੂਨੀਆਂ ਵਿਚੋਂ ਏਹ ਮਨੁੱਖਾ ਦੇਹ ਸ੍ਰੇਸ਼ਟ ਹੈ:

ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ *(ਪੰਨਾ ੩੭੪)*

ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥

ਪਰ ਏਹ ਸ਼ੋਭਨੀਕ ਮਨੁੱਖਾ ਦੇਹ ਰੂਪੀ ਬਸੰਤ ਰੁੱਤ ਸ਼ੁਭ ਕਰਮਾਂ ਦੇ ਲਿਖੇ ਅਨੁਸਾਰ ਪਾਈਦੀ ਹੈ।

ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥

੧) ਜਿਸ ਪਰਮੇਸ਼ਰ ਦੀ ਚੇਤਨ ਸੱਤਾ ਰੂਪੀ ਅੰਮ੍ਰਿਤ-ਫਲ ਨੂੰ ਪਾ ਕੇ ਵਣ ਤ੍ਰਿਣ ਤੇ ਤਿੰਨੇ ਭਵਣ ਖਿੜ ਰਹੇ ਹਨ।

੨) ਜਿਸ ਦੀ ਸੱਤਾ ਨੂੰ ਪਾ ਕੇ ਵਣ ਤ੍ਰਿਣ ਤੇ ਤਿੰਨੇ ਭਵਣ ਖਿੜ ਰਹੇ ਹਨ, ਉਸ ਦੇ ਨਾਮ ਅੰਮ੍ਰਿਤ-ਫਲ ਨੂੰ ਪਾਉਣਾ ਕਰ।

੩) ਗਿਆਨ ਰੂਪ ਅੰਮ੍ਰਿਤ-ਫਲ ਨੂੰ ਪਾ ਕੇ ਵਣੁ= ਅੰਤਹਕਰਨ ਤ੍ਰਿਣੁ= ਇੰਦ੍ਰੀਏ, ਤ੍ਰਿਭਵਣੁ= ਤਿੰਨੇ ਸਰੀਰ (ਅਸਥੂਲ, ਸੂਖਮ, ਕਾਰਣ ਏਹ) ਮਉਲਿਆ= ਖਿੜ ਰਹੇ ਹਨ।

**ਹੋਰ ਵੇਰਵੇ ਲਈ ਦੇਖੋ ਟੀਕਾ ਪੋਥੀ ਭਾਗ ਛੇਵਾਂ "ਧੰਨੁ ਅਨਾਦਿ ਠਾਕੁਰ ਮਨੁ ਮਾਨਿਆ" ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੮੭੩।*

ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥

ਪਰ ਸੰਤਾਂ ਨਾਲ ਮਿਲ ਕੇ ਨਾਮ ਜਪੀਏ ਤਾਂ ਆਤਮ- ਸੁਖ ਪੈਦਾ ਹੁੰਦਾ ਹੈ ਅਤੇ ਸਾਰੀ ਅਵਿਦਿਆ ਰੂਪੀ ਛਾਈ= ਕਾਲਖਤਾ ਲਹਿ ਜਾਂਦੀ ਹੈ।

ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥ ੧॥

ਗੁਰੂ ਜੀ ਕਥਨ ਕਰਦੇ ਹਨ—ਜੋ ਇਕ ਨਾਮ ਨੂੰ ਸਿਮਰਦਾ ਹੈ, ਉਹ ਫਿਰ ਬਹੁੜਿ= ਮੁੜ-ਮੁੜ ਕੇ ਚੁਰਾਸੀ ਵਿਚ ਨਹੀਂ ਧਾਈ= ਦੌੜਦਾ॥ ੧॥

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥

ਸੱਚੇ ਗੁਰਾਂ ਨਾਲ ਢੋਆ= ਮਿਲਾਪ ਕਰ ਕੇ, ਜਾਂ ਸੱਚੇ ਗੁਰਾਂ ਅੱਗੇ ਸੱਚੀ ਸ਼ਰਧਾ ਰੂਪ ਢੋਆ= ਭੇਟਾ ਰੱਖ ਕੇ ਕਾਮ ਕ੍ਰੋਧ ਆਦਿਕ ਪੰਜੇ ਮਹਾਂਬਲੀ ਬੰਨ੍ਹ ਲਏ ਹਨ।

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥

ਸਾਡੇ ਹਿਰਦੇ ਵਿਚ ਦਯੁ= ਪ੍ਰੇਰਕ ਵਾਹਿਗੁਰੂ ਆਪ ਖੜਾ ਹੋਇਆ ਹੈ ਅਤੇ ਉਸ ਨੇ ਸਾਡੇ ਪਾਸੋਂ ਆਪਣੇ ਚਰਨ ਜਪਵਾਏ ਹਨ। ਇਸ ਲਈ-

ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥

ਸਾਰੇ ਸਰੀਰਕ ਰੋਗ ਤੇ ਮਨ ਦੇ ਸੋਗ= ਫਿਕਰ ਮਿਟ ਗਏ ਹਨ ਤੇ ਨਿਤਾਪ੍ਰਤੀ ਨਵਾ ਨਿਰੋਆ= ਨਵੀਨ ਤੇ ਨਵੀਨ ਰਹਿੰਦਾ ਹਾਂ। *ਅਥਵਾ:-* ਨਿਤ ਹੀ ਨਵੀਨ ਤੇ ਨਿਰੋਗ ਰਹਿੰਦਾ ਹਾਂ।

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥

ਜੇਹੜਾ ਪੁਰਸ਼ ਦਿਨ ਰਾਤ ਵਾਹਿਗੁਰੂ-ਨਾਮ ਧਿਆਉਂਦਾ ਹੈ, ਉਹ ਫਿਰ ਮੋਆ= ਹੈਜਾ ਰੋਗ ਨਹੀਂ ਪਾਉਂਦਾ। *ਵਾ:-* ਉਹ ਫਿਰ ਨਿਸਫਲ ਮਰਨਾ ਨਹੀਂ ਪਾਉਂਦਾ। ਜਾਂ ਮਰਨਾ ਜੰਮਣਾ ਨਹੀਂ ਪਾਉਂਦਾ।

ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ ੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਬ੍ਰਹਮ ਤੋਂ ਪੈਦਾ ਹੋਇਆ ਸੀ, ਫਿਰ ਉਸੇ ਦਾ ਰੂਪ ਹੀ ਹੋ ਗਿਆ।

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ ੧੧॥ *(ਮਹਲਾ ੯, ਪੰਨਾ ੧੪੨੯)*

ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ॥

ਪ੍ਰਸ਼ਨ- ਇਹ ਜਗਤ ਕਿਥੋਂ ਉਪਜਿਆ ਹੈ? ਵਿਚਕਾਰਲੇ ਸਮੇਂ ਵਿਚ ਕਿਸ ਦੇ ਆਸਰੇ ਰਹਿੰਦਾ ਹੈ? ਅੰਤ ਨੂੰ ਕਿਸ ਵਿਚ ਜਾ ਕੇ ਸਮਾਉਂਦਾ ਹੈ? ਉੱਤਰ ਉਪਰੋਂ ਦੇਣੇ:- ਇਹ ਜਗਤ ਬ੍ਰਹਮ ਤੋਂ ਪੈਦਾ ਹੋਇਆ, ਵਿਚਕਾਰਲੇ ਸਮੇਂ ਵਿਚ ਭੀ ਉਸ ਦੇ ਆਸਰੇ ਰਹਿੰਦਾ ਹੈ ਅਤੇ ਅੰਤ ਨੂੰ ਓਸੇ ਵਿਚ ਜਾ ਕੇ ਸਮਾਉਂਦਾ ਹੈ, ਕਿਉਂਕਿ ਕਲਪਤ ਵਸਤੂ ਆਸਰੇ ਤੋਂ ਬਿਨਾਂ ਵੱਖ ਨਹੀਂ ਰਹਿ ਸਕਦੀ।

ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥

ਜਿੰਨੇ ਭੀ ਸਥੂਲ ਸੂਖਮ ਜੀਆ ਜੰਤ ਹਨ, ਉਹ ਸਭ ਮਾਲਕ ਦੇ ਹੁਕਮ ਵਿਚ ਹਨ, ਭਲਾ ਉਸ ਮਾਲਕ

ਪ੍ਰਭੂ ਦੀ ਕੀਮਤ ਕੌਣ ਪਾ ਸਕਦਾ ਹੈ?

ਕਹਨਿ ਧਿਆਇਨਿ ਸੁਣਨਿ ਨਿਤ; ਸੇ ਭਗਤ ਸੁਹਾਵੈ॥

ਜੋ ਸਦਾ ਹੀ ਪਰਮੇਸ਼ਰ ਦੇ ਜਸ ਨੂੰ ਜ਼ਬਾਨ ਨਾਲ ਕਹਿੰਦੇ ਹਨ, ਮਨ ਵਿਚ ਨਾਮ ਨੂੰ ਧਿਆਉਂਦੇ ਹਨ ਅਤੇ ਕੰਨਾਂ ਨਾਲ ਸੁਣਦੇ ਹਨ, ਸੇ= ਉਹ ਭਗਤ ਸ਼ੋਭਾ ਵਾਲੇ ਹਨ।

ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ॥

ਉਹ ਸਾਹਿਬੋ= ਮਾਲਕ ਪਰਮਾਤਮਾ ਮਨ ਕਰ ਕੇ ਅਗਮ ਤੇ ਇੰਦ੍ਰੀਆਂ ਕਰ ਕੇ ਅਗੋਚਰ ਹੈ, ਦੂਜਾ ਉਸ ਦੇ ਲਵੈ= ਸਦਰਸ (ਬਰਾਬਰ) ਨਹੀਂ ਲਾਇਆ ਜਾਂਦਾ। ਅਰਥਾਤ ਉਹ ਆਪਣੇ ਵਰਗਾ ਆਪ ਹੀ ਹੈ।

ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ॥ ੩॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ— ਪੂਰੇ ਗੁਰੂ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਨ੍ਹਾਂ ਨੇ ਜੋ ਸੱਚਾ ਉਪਦੇਸ਼ ਸਾਨੂੰ ਦੇਣਾ ਕੀਤਾ ਹੈ, ਓਹੀ ਸੱਚਾ ਨਾਮ ਅਸੀਂ ਅੱਗੋਂ ਹੋਰਨਾਂ ਨੂੰ ਸੁਣਾਉਂਦੇ ਹਾਂ ਪਰ ਭਾਗਾਂ ਵਾਲਿਆਂ ਨੇ ਲੈਣਾ ਕੀਤਾ ਹੈ॥ ੩॥ ੧॥

ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮਾਰਿ॥ ੪॥
ਕਬੀਰ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ॥

(ਕਬੀਰ ਜੀ, ਪੰਨਾ ੯੭੦)

ਬਸੰਤੁ ਬਾਣੀ ਭਗਤਾਂ ਕੀ ॥

ਕਬੀਰ ਜੀ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ- ਪਰਮਾਤਮਾ ਕਿਥੇ ਰਹਿੰਦਾ ਹੈ? ਅਤੇ ਸਾਰਿਆਂ ਨੂੰ ਕੌਣ ਖਿੜਾ ਰਿਹਾ?

ਉੱਤਰ-(ਰਹਾਉ ਦੀਆਂ ਪੰਗਤੀਆਂ ਤੋਂ ਅਰਥ ਸ਼ੁਰੂ ਕਰਨਾ)

ਰਾਜਾ ਰਾਮੁ ਮਉਲਿਆ ਅਨਤ ਭਾਇ ॥

ਰਾਜਾ ਰਾਮੁ= ਪਰਮਾਤਮਾ ਅਨਤ ਭਾਇ= ਅਨੇਕ ਤਰ੍ਹਾਂ ਸਾਰਿਆਂ ਨਾਲ ਮਉਲਿਆ= ਮਿਲ ਰਿਹਾ ਹੈ, ਬ੍ਰਿਛ ਵਿਚ ਬ੍ਰਿਛ ਰੂਪ, ਜੜ੍ਹ ਵਿਚ ਜੜ੍ਹ ਰੂਪ, ਚੇਤਨਾ ਵਿਚ ਚੇਤਨ ਰੂਪ ਹੋ ਰਿਹਾ ਹੈ।

ਜਹ ਦੇਖਉ ਤਹ ਰਹਿਆ ਸਮਾਇ ॥ ੧ ॥ ਰਹਾਉ ॥

ਜਿਥੇ ਵੇਖਦਾ ਹਾਂ, ਉਥੇ ਹੀ ਪਰਮਾਤਮਾ ਸਮਾ ਰਿਹਾ ਹੈ। ਵਾ:- ਜਿਥੇ ਦੇਖਦਾ ਹਾਂ ਉਥੇ ਹੀ ਰਾਜਾ ਰਾਮੁ= ਪਰਮਾਤਮਾ ਸਮਾ ਕੇ ਸਾਰਿਆਂ ਨੂੰ ਅਨੇਕ ਤਰ੍ਹਾਂ ਨਾਲ ਮਉਲਿਆ= ਖਿੜਾ ਰਿਹਾ ਹੈ॥ ੧ ॥

ਮਉਲੀ ਧਰਤੀ ਮਉਲਿਆ ਅਕਾਸੁ ॥

ਧਰਤੀ ਵਿਚ ਮਿਲ ਰਿਹਾ ਹੈ, ਆਕਾਸ਼ ਵਿਚ ਵੀ ਮਉਲਿਆ= ਮਿਲ ਰਿਹਾ ਹੈ।* ਵਾ:- ਚੇਤਨ ਸੱਤਾ ਦੁਆਰੇ ਧਰਤੀ ਨੂੰ ਖਿੜਾ ਰਿਹਾ ਹੈ ਅਕਾਸ਼ ਨੂੰ ਵੀ ਖਿੜਾ ਹੈ।

ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥ ੧ ॥

ਪ੍ਰਕਾਸ਼ ਰੂਪ ਆਤਮਾ ਸਭ ਘਟਾਂ ਵਿਚ ਮਿਲ ਰਿਹਾ ਹੈ। ਵਾ:- ਪ੍ਰਕਾਸ਼ ਰੂਪ ਆਤਮਾ ਹਰ ਇਕ ਸਰੀਰ ਸਰੀਰ ਨੂੰ ਭਾਵ ਚਾਰ ਖਾਣੀਆਂ ਨੂੰ ਖਿੜਾ ਰਿਹਾ ਹੈ॥ ੧ ॥

ਰਾਜਾ ਰਾਮੁ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥ ੧ ॥ ਰਹਾਉ ॥

ਰਾਜਾ ਰਾਮੁ= ਪਰਮਾਤਮਾ ਅਨਤ ਭਾਇ= ਅਨੇਕ ਤਰ੍ਹਾਂ ਸਾਰਿਆਂ ਨਾਲ ਮਉਲਿਆ= ਮਿਲ ਰਿਹਾ ਹੈ। ਜਹ ਦੇਖਉ= ਜਿਥੇ ਵੇਖਦਾ ਹਾਂ, ਉਥੇ ਹੀ ਪਰਮਾਤਮਾ ਸਮਾ ਰਿਹਾ ਹੈ॥ ੧ ॥

ਦੁਤੀਆ ਮਉਲੇ ਚਾਰਿ ਬੇਦ ॥

ਪਹਿਲਾ ਅਰਥ- (ਇਕ ਗੱਲ ਕਹਿ ਆਏ ਹਨ, ਹੁਣ) ਦੁਤੀਆ= ਦੂਜੀ ਹੋਰ ਗੱਲ ਕਹਿੰਦੇ ਹਨ ਕਿ ਚਾਰੇ ਵੇਦਾਂ ਵਿਚ ਮਿਲ ਰਿਹਾ ਹੈ।

**ਕੜਾਹੇ ਕੁੰਡਲ ਨਿਆਂ ਨਾਲ ਹੇਠਲਾ ਉਪਰਲਾ ਤੱਤ ਕਹਿਣ ਕਰ ਕੇ ਵਿਚਲੇ ਤੱਤ ਆਪੇ ਆ ਗਏ ਹਨ। ਅਰਥਾਤ ਪੰਜਾਂ ਤੱਤਾਂ ਵਿਚ ਮਿਲ ਰਿਹਾ ਹੈ।*

੨) ਦੁਤੀਆ= ਦ੍ਵੈਤ ਰੂਪ ਸੰਸਾਰ ਵਿਚ ਅਤੇ ਚਾਰੇ ਵੇਦਾਂ ਵਿਚ ਪਰਮਾਤਮਾ ਮਿਲ ਰਿਹਾ ਹੈ।

ਸਿੰਮ੍ਰਿਤਿ ਮਉਲੀ ਸਿਉ ਕਤੇਬ ॥ ੨ ॥

ਚਾਰ ਕਤੇਬਾਂ ਸਹਿਤ ਸਤਾਈ ਸਿੰਮ੍ਰਿਤੀਆਂ ਵਿਚ ਵੀ ਮਉਲੀ= ਮਿਲ ਰਿਹਾ ਹੈ॥ ੨ ॥

ਦੂਜਾ ਅਰਥ- ਇਕ ਵਾਚਜ ਹੁੰਦਾ ਹੈ ਦੂਜਾ ਵਾਚਕ ਹੁੰਦਾ ਹੈ, ਬ੍ਰਹਮ ਵਾਚਜ ਹੈ ਉਸ ਤੋਂ ਵੱਖ ਉਸ ਨੂੰ ਕਹਿਣ ਵਾਲੇ ਦੂਜੇ ਚਾਰ ਵੇਦ* ਹਨ, ਇਹ ਵਾਚਕ ਹਨ ਉਹਨਾਂ ਨੂੰ ਮਉਲੇ= ਖਿੜਾ ਰਿਹਾ ਹੈ ਅਤੇ ਚਾਰ ਕਤੇਬਾਂ+ ਸਹਿਤ ਸਤਾਈ ਸਿੰਮ੍ਰਿਤੀਆਂ* ਨੂੰ ਵੀ ਖਿੜਾ ਰਿਹਾ ਹੈ।

ਸੰਕਰੁ ਮਉਲਿਓ ਜੋਗ ਧਿਆਨ ॥
ਕਬੀਰ ਕੋ ਸੁਆਮੀ ਸਭ ਸਮਾਨ ॥ ੩ ॥ ੧ ॥

ਹਠ ਯੋਗ ਵਿਚ ਧਿਆਨ ਲਾਉਣ ਵਾਲੇ ਸ਼ਿਵਾਂ ਵਿਚ ਵੀ ਪਰਮਾਤਮਾ ਮਿਲ ਰਿਹਾ ਹੈ।

ਵਾ:- ਹਠ ਯੋਗ ਵਿਚ ਧਿਆਨ ਲਾ ਕੇ ਸ਼ਿਵ ਜੀ ਮਹਾਰਾਜ ਜੀ ਖਿੜ ਰਹੇ ਹਨ। ਵਾ:- ਇਹਨਾਂ ਸਾਰਿਆਂ ਨੂੰ ਉਹ ਪਰਮਾਤਮਾ ਖਿੜਾ ਰਿਹਾ ਹੈ। ਕਬੀਰ ਜੀ ਕਥਨ ਕਰਦੇ ਹਨ—ਮੈਂ ਦਾਸ ਦਾ ਸੁਆਮੀ (ਪਰਮਾਤਮਾ) ਸਾਰਿਆਂ ਵਿਚ ਸਮਾ ਰਿਹਾ ਹੈ॥ ੩ ॥ ੧ ॥

ਉਥਾਨਕਾ- ਕਿਸੇ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ ਕਿ ਪਰਮੇਸ਼ਰ ਵੱਲ ਕੋਈ ਜਾਗਦਾ ਹੈ ਕਿ ਨਹੀਂ?

ਉੱਤਰ- ***ਸਭ ਮਦ ਮਾਤੇ ਕੋਊ ਨ ਜਾਗ ॥***

ਜਾਣਨ ਯੋਗ ਵਸਤੂ ਦੇ ਜਾਣੇ ਤੋਂ ਬਿਨਾਂ ਸਾਰੇ ਜੀਅ ਮਦ= ਹੰਕਾਰ ਵਿਚ ਮਾਤੇ= ਮਸਤੇ ਹੋਏ ਹਨ; ਗਿਆਨ-ਜਾਗ੍ਰਤ ਵਿਚ ਕੋਈ ਭੀ ਨਹੀਂ ਜਾਗਦਾ। ਜਿਵੇਂ ਗੁਰੂ ਸਾਹਿਬ ਜੀ ਨੇ ਗਉੜੀ ਰਾਗ ਵਿਚ ਫੁਰਮਾਇਆ ਹੈ ਕਿ "ਅੱਖਾਂ ਵਿਚ ਵਿਕਾਰ ਦ੍ਰਿਸ਼ਟੀ ਰੂਪ ਨੀਂਦ ਆਈ ਹੋਈ ਹੈ, ਕੰਨ ਪਰਾਈ ਨਿੰਦਾ ਦੇ ਵਿਚਾਰ ਸੁਣਨ ਵਿਚ, ਜ਼ਬਾਨ ਮਿੱਠੇ ਸਵਾਦਾਂ ਵਿਚ, ਮਨ ਅਸਚਰਜ ਰੂਪ ਮਾਇਆ ਵਿਚ ਲੱਗ ਕੇ ਸੁੱਤਾ ਹੋਇਆ ਹੈ।" ਗੁਰੂ ਸਾਹਿਬ ਲਿਖਦੇ ਹਨ-

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥
ਰਸਨਾ ਸੋਈ ਲੋਭਿ ਮੀਠੈ ਸਾਦਿ॥ ਮਨੁ ਸੋਇਆ ਮਾਇਆ ਬਿਸਮਾਦਿ॥

(ਗਉੜੀ ਮਹਲਾ ੫, ਪੰਨਾ ੧੮੨

***ਚਾਰ ਵੇਦ-** *ਸ਼ਾਮ ਵੇਦ ਰਿਗ ਵੇਦ, ਯਜੁਰ ਵੇਦ, ਅਥਰਬਣ ਵੇਦ।*

+ਚਾਰ ਕਤੇਬਾਂ- *ਅੰਜ਼ੀਲ, ਤੌਰੇਤ, ਜ਼ੱਬੂਰ, ਕੁਰਾਨ।*

***ਸਿੰਮ੍ਰਿਤੀਆਂ-** *੧) ਮਨੁ ਸਿੰਮ੍ਰਿਤਿ, ੨) ਯਾਗਜਵਲਕਜ, ੩) ਲਘੁ ਅਤ੍ਰਿ, ੪) ਅਤ੍ਰਿ , ੫) ਵ੍ਰਿਧ ਅਤ੍ਰਿ, ੬) ਵਿਸ਼ਨੁ, ੭) ਲਘੁ ਹਾਰੀਤ, ੮) ਵ੍ਰਿਧ ਹਾਰੀਤ, ੯) ਔਸ਼ਨਸ ਧਰਮ ਸ਼ਾਸਤ੍ਰ), ੧੦) ਔਸ਼ਨਸ ਸੰਹਿਤਾ, ੧੧) ਆਂਗਿਰਸ, ੧੨) ਯਮ, ੧੩) ਆਪਸਤੰਬ, ੧੪)ਸੰਵਰਤੇ, ੧੫) ਕਾਤਜਾਯਨ, ੧੬) ਵ੍ਰਿਹਸਪਤਿ, ੧੭)ਪਰਾਸ਼ਰ, ੧੮) ਵ੍ਰਿਹਤ ਪਰਾਸ਼ਰੀ, ੧੯) ਵਜਾਸ, ੨੦) ਲਘੁ ਵਜਾਸ, ੨੧) ਸ਼ੰਖ, ੨੨) ਲਿਖਤ, ੨੩) ਦਖਸ਼, ੨੪) ਗੌਤਮ, ੨੫) ਵ੍ਰਿਧ ਗੌਤਮ, ੨੬) ਸ਼ਾਤਾਤਪ, ੨੭) ਵਾਸਿਸ਼ਠ, ੨੮) ਪੁਲਸਤਜ, ੨੯) ਬੁਧ, ੩੦) ਕਸ਼ਜਪ, ੩੧) ਨਾਰਦ। ਇਹ ਸਾਰੀਆਂ ੩੧) ਸਿੰਮ੍ਰਿਤੀਆਂ ਦੇ ਨਾਮ ਲਿਖੇ ਹਨ।* *(ਮਹਾਨ ਕੋਸ਼ ਦੇਖੋ ਸਿੰਮ੍ਰਿਤੀ)*

੨. ਗਿਆਨੀ ਨਾਰਾਇਣ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀ ਸਤਵੀਂ ਵਾਰ ਸਟੀਕ ਐਡੀਸ਼ਨ ਤੀਜੀ ਦੇ ੧੬੧ ਪੰਨੈ ਪਰ ਭੀ ਸਿੰਮ੍ਰਿਤੀਆਂ ਦੇ ਏਹੋ ਪੂਰਬੋਕਤ ਨਾਮ ਲਿਖੇ ਹਨ।

ਪੰਡਿਤ ਜਨ ਮਾਤੇ ਪੜਿ੍ ਪੁਰਾਨ॥

ਪੰਡਿਤ ਲੋਕ ਪੁਰਾਣਾਂ ਦੇ ਪੜ੍ਹਨ ਵਿਚ ਮਸਤ ਹਨ, ਭਾਵ ਪੁਰਾਣਾਂ ਨੂੰ ਪੜ੍ਹ ਕੇ ਵਿਦਿਆ ਦਾ ਹੰਕਾਰ ਕਰਦੇ ਹਨ।

ਸਾਖੀ-ਹੰਕਾਰੀ ਪੰਡਿਤ ਦੀ

ਇਕ ਬੜਾ ਭਾਰੀ ਵਿਦਵਾਨ ਪੰਡਿਤ ਵੇਦ, ਸ਼ਾਸਤ੍ਰ, ਸਿੰਮ੍ਰਿਤੀਆਂ ਅਤੇ ਪੁਰਾਣ ਆਦਿਕ ਸਾਰੇ ਗ੍ਰੰਥ ਪੜ੍ਹ ਕੇ ਹੰਕਾਰ ਵਿਚ ਮਸਤਿਆ ਗਿਆ। ਜਿਥੇ ਭੀ ਜਾਵੇ ਓਸੇ ਸ਼ਹਿਰ ਵਿਚ ਵਿਦਵਾਨ ਪੰਡਿਤਾਂ ਨਾਲ ਸ਼ਾਸਤ੍ਰ ਅਰਥ ਕਰ ਕੇ ਉਹਨਾਂ ਨੂੰ ਹਰਾ ਦੇਵੇ ਤੇ ਉਹਨਾਂ ਦੇ ਗ੍ਰੰਥ ਖੋਹ ਲਵੇ।

ਫਿਰਦਿਆਂ ਫਿਰਾਂਦਿਆਂ ਜਦ ਇਕ ਸ਼ਹਿਰ ਵਿਚ ਗਿਆ, ਓਥੇ ਭੀ ਉਸ ਨੇ ਢੰਡੋਰਾ ਫਿਰਾਇਆ ਕਿ ਕਲ੍ਹ ਨੂੰ ਫਲਾਣੇ ਵਕਤ ਸਭਾ ਲਗੇਗੀ ਤੇ ਇਥੋਂ ਦੇ ਸਾਰੇ ਵਿਦਵਾਨ ਲੋਕ ਆ ਕੇ ਇਕੱਤ੍ਰ ਹੋਣ ਅਤੇ ਮੇਰੇ ਨਾਲ ਸ਼ਾਸਤਰ ਅਰਥ ਕਰਨ।

ਉਥੋਂ ਦੀਆਂ ਔਰਤਾਂ ਨੇ ਭੀ ਸੁਣਿਆਂ ਕਿ ਇਕ ਬੜਾ ਵਿਦਵਾਨ ਪੰਡਿਤ ਆਇਆ ਹੈ ਤੇ ਉਹ ਕੁਝ ਹੰਕਾਰ ਨਾਲ ਸ਼ਾਸਤ੍ਰ ਅਰਥ ਕਰਨਾ ਚਾਹੁੰਦਾ ਹੈ। ਔਰਤਾਂ ਦੇ ਮਨ ਵਿਚ ਇਹ ਸੰਕਲਪ ਆਇਆ ਕਿ ਅਸੀਂ ਭੀ ਜਾ ਕੇ ਉਸ ਦੇ ਸ਼ਾਸਤ੍ਰ ਅਰਥ ਸੁਣਾਂਗੀਆਂ।

ਅਚਾਨਕ ਦੂਜੇ ਦਿਨ ਸਵੇਰੇ ਪੰਡਿਤ ਜੀ ਇਸ਼ਨਾਨ ਕਰ ਕੇ ਸ਼ਹਿਰ ਵੱਲ ਆ ਰਹੇ ਸਨ ਤੇ ਇਹ ਚਾਰ ਲੜਕੀਆਂ ਬਾਹਰ ਖੂਹ ਪਰ ਪਾਣੀ ਭਰਨ ਜਾ ਰਹੀਆਂ ਸਨ। ਰਸਤੇ ਵਿਚ ਆਹਮੋ-ਸਾਹਮਣੇ ਮਿਲਾਪ ਹੋ ਗਿਆ। ਲੜਕੀਆਂ ਨੇ ਪੁਛਿਆ- ਪੰਡਿਤ ਜੀ ! ਅੱਜ ਸ਼ਾਸਤ੍ਰ ਅਰਥ ਆਪ ਨੇ ਹੀ ਕਰਨੇ ਹਨ?''

ਪੰਡਿਤ ਜੀ ਨੇ ਕਿਹਾ- ''ਹਾਂ ! ਮੈਂ ਹੀ ਕਰਨੇ ਹਨ।''

ਤਦ ਪੰਡਿਤ ਜੀ ਨੇ ਇਕ ਤੋਂ ਪੁਛਿਆ- ''ਤੂੰ ਕਿਸ ਬ੍ਰਾਹਮਣ ਦੀ ਬਾਲਕੀ ਹੈਂ?''

ਉਸ ਨੇ ਕਿਹਾ-

ਮੁਖ ਕਾਰੀ ਨ ਮੰਜਾਰੀ, ਦੋ ਜੁਬੀ ਨਚ ਸ੍ਰਪਨੀ।
ਪੰਜ ਭਰਤਾ ਨ ਪੰਚਾਲੀ, ਤਸੇ ਕੁਲੇ ਮੈਂ ਬਾਲਕੀ॥ ੧॥

ਫਿਰ ਦੂਜੀ ਤੋਂ ਪੁਛਿਆ- ''ਤੂੰ ਕਿਸ ਦੀ ਬਾਲਕੀ ਹੈਂ?'' ਤਾਂ ਉਸ ਲੜਕੀ ਨੇ ਆਖਿਆ :

ਗਿਰੇ ਵਾਨੰ ਸਿਰੇ ਨਾਸਤੀ ਦੋ ਬਾਹੂ ਬਿਬਰਜਤੇ।
ਜੀਵਤ ਪੁਰਸ਼ਾ ਭਛੰਤੇ ਤਸੇ ਕੁਲੇ ਮੈਂ ਬਾਲਕੀ॥ ੨॥

ਫਿਰ ਪੰਡਿਤ ਜੀ ਨੇ ਤੀਜੀ ਤੋਂ ਪੁਛਿਆ ਕਿ ਤੂੰ ਕਿਸ ਦੀ ਪੁੱਤਰੀ ਹੈ?

ਤਾਂ ਉਸ ਲੜਕੀ ਨੇ ਇਸ ਤਰ੍ਹਾਂ ਦੱਸਿਆ :

ਜਲੰ ਮਧੇ ਦਾਨ ਦੇਹੰ ਤਤ ਗ੍ਰਿਹ ਨ ਜੀਵਤੇ।
ਦਾਤਾਰੋ ਨਰਕ ਪ੍ਰਾਨੀ ਤਸੇ ਕੁਲੇ ਮੈਂ ਬਾਲਕੀ॥ ੩॥

ਫਿਰ ਪੰਡਿਤ ਜੀ ਨੇ ਚੌਥੀ ਤੋਂ ਪੁਛਿਆ ਕਿ ਤੂੰ ਕਿਸ ਦੀ ਬੱਚੀ ਹੈਂ? ਤਾਂ ਉਸ ਨੇ ਭੀ ਇਸ ਤਰ੍ਹਾਂ ਜਵਾਬ ਦਿੱਤਾ :

ਹਰਿ ਹਰਿ ਸਿਮ੍ਰਤੰ ਨਿਤਯੰ ਬਹੁ ਜੀਵਨ ਪ੍ਰਤਿਪਾਲਕਹ।

ਅਰਨੇਵ ਬਸੰਤੇ ਨਿਤਯੰ ਤਸੇ ਕੁਲੇ ਮੈਂ ਬਾਲਕੀ॥੪॥

ਇਸ ਤਰ੍ਹਾਂ ਦੇ ਬਚਨ ਸੁਣ ਕੇ ਪੰਡਿਤ ਜੀ ਹੈਰਾਨ ਤਾਂ ਹੋ ਗਏ ਪਰ ਪੰਡਿਤ ਜੀ ਨੂੰ ਕੁਝ ਪਤਾ ਨਾ ਲੱਗਾ ਕਿ ਇਹ ਬੱਚੀਆਂ ਕਿਸ ਦੀਆਂ ਹਨ। ਪੰਡਿਤ ਜੀ ਨੇ ਲੜਕੀਆਂ ਨੂੰ ਕਿਹਾ-"ਤੁਹਾਡੇ ਸਲੋਕਾਂ ਦਾ ਭਾਵ ਮੈਨੂੰ ਪਤਾ ਨਹੀਂ ਲੱਗਾ, ਤੁਸੀਂ ਆਪ ਹੀ ਮੈਨੂੰ ਸਮਝਾ ਕੇ ਦੱਸੋ?"

ਉਨ੍ਹਾਂ ਲੜਕੀਆਂ ਨੇ ਕਿਹਾ—'ਜੇਕਰ ਸਾਡੇ ਸਲੋਕਾਂ ਦਾ ਭਾਵ ਤੁਸਾਂ ਨਹੀਂ ਸਮਝਿਆ ਤਾਂ ਤੁਸੀਂ ਸ਼ਾਸਤ੍ਰ ਅਰਥ ਕਿਵੇਂ ਕਰੋਗੇ? ਇਥੇ ਤਾਂ ਬੜੇ-ਬੜੇ ਵਿਦਵਾਨ ਰਹਿੰਦੇ ਹਨ। ਤੁਸੀਂ ਉਨ੍ਹਾਂ ਨਾਲ ਸ਼ਾਸਤ੍ਰ ਅਰਥ ਕਿਵੇਂ ਕਰੋਗੇ? ਆਪਣੀ ਭਲਾਈ ਚਾਹੁੰਦੇ ਹੋ ਤਾਂ ਇਥੋਂ ਚਲੇ ਜਾਓ!"

ਔਰਤਾਂ ਦਾ ਕਹਿਣਾ ਮੰਨ ਕੇ ਪੰਡਿਤ ਜੀ ਉਥੋਂ ਕੂਚ ਗਏ।

ਜੋਗੀ ਮਾਤੇ ਜੋਗ ਧਿਆਨ॥

ਹਠ ਯੋਗ ਕਰਨ ਵਾਲੇ ਜੋਗੀ ਜਨ ਹਠ ਯੋਗ ਦੇ ਧਿਆਨ ਵਿਚ ਮਸਤ ਹਨ।

ਸੰਨਿਆਸੀ ਮਾਤੇ ਅਹੰਮੇਵ॥ ਤਪਸੀ ਮਾਤੇ ਤਪ ਕੈ ਭੇਵ॥੧॥

੧) ਸੰਨਿਆਸੀ ਆਪਣੇ ਸੰਨਿਆਸ ਦੇ ਹੰਕਾਰ ਵਿਚ ਏਵ= ਨਿਸਚੇ ਕਰ ਕੇ ਮਸਤ ਹਨ। ਉਹ ਆਖਦੇ ਹਨ- ਹੋਰ ਸਾਰੇ ਭੇਖ ਪੰਥਾਈ ਹਨ, ਅਸੀਂ ਇਕ ਅਨਾਦੀ ਹਾਂ ਕਿਉਂਕਿ ਸਾਡਾ ਭੇਖ ਦੱਤਾ ਤ੍ਰੈਅ ਤੋਂ ਚਲਿਆ ਹੈ।

੨) ਸੰਨਿਆਸੀਆਂ ਨੂੰ ਬਹੁਤਾ ਹੰਕਾਰ ਇਸ ਕਰ ਕੇ ਹੈ ਕਿ ਸਾਰੇ ਜਗਤ ਦੇ ਗੁਰੂ ਬ੍ਰਾਹਮਣ ਹਨ ਅਤੇ ਬ੍ਰਾਹਮਣ ਦੇ ਗੁਰੂ ਅਸੀਂ ਸੰਨਿਆਸੀ ਲੋਕ ਹਾਂ।

ਤਪੱਸ੍ਵੀ ਲੋਕ ਪੰਜ ਧੂਣੀਆਂ ਤਪਣੀਆਂ, ਜਲ ਧਾਰਾ ਸਹਾਰਨੀ, ਕਪਾਲੀ ਆਸਣ ਲਾਉਣਾ ਆਦਿ ਤਪ ਦੇ ਭੇਦ ਵਿਚ ਮਸਤ ਹਨ॥ ੧॥

ਸਭ ਮਦ ਮਾਤੇ ਕੋਊ ਨ ਜਾਗ॥
ਸੰਗ ਹੀ ਚੋਰ ਘਰੁ ਮੁਸਨ ਲਾਗ॥੧॥ ਰਹਾਉ॥

ਸਾਰੇ ਜੀਵ ਹੰਕਾਰ ਵਿਚ ਮਸਤ ਹਨ, ਗਿਆਨ-ਜਾਗ੍ਰਤ ਵਿਚ ਕੋਈ ਨਹੀਂ ਜਾਗਦਾ। ਇਸ ਜੀਵ ਦੇ ਨਾਲ ਹੀ ਕਾਮ ਆਦਿਕਾਂ ਰੂਪ ਚੋਰ ਅੰਤਹਕਰਨ ਰੂਪ ਘਰ ਵਿਚੋਂ ਸ਼ੁਭ ਗੁਣਾਂ ਰੂਪੀ ਧਨ ਨੂੰ ਮੁਸਨ= ਲੁੱਟਣ ਲੱਗੇ ਹੋਏ ਹਨ।

ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥

(ਗਉੜੀ ਮਹਲਾ ੫, ਪੰਨਾ ੧੮੨)

ਪ੍ਰਸ਼ਨ- ਕੋਈ ਜਾਗਦਾ ਭੀ ਹੈ ਕਿ ਨਹੀਂ? *ਉੱਤਰ-*

[ਪੰਨਾ ੧੧੯੪]

ਜਾਗੈ ਸੁਕਦੇਉ ਅਰੁ ਅਕ੍ਰੂਰ॥ ਹਣਵੰਤੁ ਜਾਗੈ ਧਰਿ ਲੰਕੂਰ॥

(ਵਿਆਸ ਭਗਵਾਨ ਜੀ ਦੇ ਸਪੁੱਤਰ) ਸੁਕਦੇਵ ਮੁਨੀ ਜੀ ਅਤੇ (ਕ੍ਰਿਸ਼ਨ ਜੀ ਦਾ ਚਾਚਾ) 'ਅਕਰੂਰ' ਭਗਤ ਜੀ ਗਿਆਨ-ਜਾਗ੍ਰਤ ਵਿਚ ਜਾਗਦੇ ਹਨ। (ਸ੍ਰੀ ਰਾਮਚੰਦਰ ਜੀ ਦਾ ਅਨਿਨ ਸੇਵਕ) ਹਨੂੰਮਾਨ ਵੀ ਗਿਆਨ-

ਜਾਗ੍ਰਤ ਵਿਚ ਜਾਗਦਾ ਹੈ, ਜਿਸ ਨੇ ਲੰਕੂਰੁ= ਪੂਛ ਧਾਰ ਕੇ ਲੰਕਾ ਸਾੜੀ ਸੀ।

ਵਾ:- ਧਰਿ ਲੰਕੂਰੁ= ਪੂਛ ਦੇ ਧਾਰਨ ਵਾਲੇ ਸੁਕ੍ਰੀਵ ਆਦਿਕ ਵੀ ਜਾਗਦੇ ਹਨ, ਕਿਉਂਕਿ ਜਾਗਣ ਵਾਲਾ ਹੀ ਆਪਣੀ ਵਸਤੂ ਨੂੰ ਸੰਭਾਲ ਸਕਦਾ ਹੈ।

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥ ੧॥ ਰਹਾਉ॥

(ਗਉੜੀ ਮਹਲਾ ੫, ਪੰਨਾ ੧੮੨)

ਸੰਕਰੁ ਜਾਗੈ ਚਰਨ ਸੇਵ॥ ਕਲਿ ਜਾਗੇ ਨਾਮਾ ਜੈਦੇਵ॥ ੨॥

ਪਰਮੇਸ਼ਰ ਦੇ ਚਰਨਾਂ ਦੀ ਸੇਵਾ ਵਿਚ ਸੰਕਰੁ= ਸ਼ਿਵ ਜੀ ਆਦਿ ਜਾਗ ਰਹੇ ਹਨ (ਇਤਨੇ ਤਾਂ ਪਿਛਲਿਆਂ ਜੁਗਾਂ ਵਿਚ ਜਾਗੇ ਸਨ)। ਹੁਣ ਕੱਲਜੁਗ ਵਿਚ ਉੱਚੀ ਜ਼ਾਤੀ ਵਿੱਚੋਂ ਭਗਤ ਜੈਦੇਵ ਜੀ ਅਤੇ ਨੀਵੀਂ ਜ਼ਾਤੀ 'ਚੋਂ (ਭਗਤ) ਨਾਮਦੇਵ ਜੀ ਜਾਗੇ ਹਨ॥ ੨॥

ਜਾਗਤ ਸੋਵਤ ਬਹੁ ਪ੍ਰਕਾਰ॥ ਗੁਰਮੁਖਿ ਜਾਗੈ ਸੋਈ ਸਾਰੁ॥

ਜਾਗਣਾ ਅਤੇ ਸੋਣਾ ਬਹੁਤ ਤਰ੍ਹਾਂ ਦਾ ਹੈ। ਜਿਵੇਂ ਕੋਈ ਆਦਮੀ ਭਜਨ ਵਿਚ ਜਾਗਦਾ ਹੈ, ਕੋਈ ਵਿਦਿਆ ਪੜ੍ਹਨ ਵਿਚ, ਕੋਈ ਜੂਆ ਖੇਡਣ ਵਿਚ, ਕੋਈ ਚੋਰੀ ਕਰਨ ਵਿਚ, ਕੋਈ ਜੀਵ ਹਿੰਸਿਆਂ ਕਰਨ ਵਿਚ, ਕੋਈ ਵਿਸ਼ਿਆਂ ਵਿਚ, ਕੋਈ ਰੋਗੀ ਰੋਗ ਦੇ ਦੁੱਖ ਕਰ ਕੇ ਜਾਗਦਾ ਹੈ।

ਕੋਈ ਸ਼ਾਂਤੀ ਨੀਂਦ ਵਿਚ ਸੁੱਤਾ ਹੋਇਆ ਹੈ, ਕੋਈ ਮੋਹ ਦੀ ਨੀਂਦ ਵਿਚ ਅਤੇ ਕੋਈ ਅਵਿਦਿਆ ਜਾਂ ਪ੍ਰਤਖ ਨੀਂਦ ਵਿਚ ਸੁੱਤਾ ਹੋਇਆ ਹੈ।

ਪਰ ਗੁਰਾਂ ਦੁਆਰੇ ਜਿਹੜੇ ਗੁਰਮੁਖ ਜਨ ਪਰਮੇਸ਼ਰ ਦੇ ਭਜਨ-ਸਿਮਰਨ ਵਿਚ ਜਾਗੇ ਹਨ, ਓਹੋ ਹੀ ਸਾਰੁ= ਸ੍ਰੇਸ਼ਟ ਹਨ।

ਜਾਗਨਾ ਜਾਗੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥ *(ਮਾਰੂ ਮਹਲਾ ੫, ਪੰਨਾ ੧੦੧੮)*

ਇਸੁ ਦੇਹੀ ਕੇ ਅਧਿਕ ਕਾਮ॥ ਕਹਿ ਕਬੀਰ ਭਜਿ ਰਾਮ ਨਾਮ॥ ੩॥ ੨॥

ਪਰਮਾਤਮਾ ਦਾ ਭਜਨ ਇਸ (ਦੇਹੀ) ਦੇਹ ਵਾਲੇ ਜੀਵ ਦੇ ਬਹੁਤ ਕੰਮ ਆਉਣ ਵਾਲਾ ਹੈ। ਇਸ ਕਰ ਕੇ ਕਬੀਰ ਜੀ ਕਹਿੰਦੇ ਹਨ—ਤੂੰ ਪਰਮਾਤਮਾ ਦੇ ਨਾਮ ਨੂੰ ਯਾਦ ਕਰ!

ਅਥਵਾ :- ਇਸ ਦੇਹ ਦੇ ਪਾਲਣ ਪੋਸਣ ਅਤੇ ਟੱਟੀ ਪਿਸ਼ਾਬ ਆਦਿ ਕਿਰਿਆ ਕਰਨ ਦੇ ਕੰਮ ਹਨ ਤਾਂ ਅਨਿਕ= ਬਹੁਤ। ਕਬੀਰ ਜੀ ਕਹਿੰਦੇ ਹਨ- ਪਰ ਜਿਹੜਾ ਰਾਮ ਨਾਮ ਦਾ ਚਿੰਤਨ ਕਰਨਾ ਹੈ, ਇਹ ਕੰਮ ਸਭ ਤੋਂ ਵਿਸ਼ੇਸ਼ ਹੈ।

ਉਥਾਨਕਾ- ਕਿਸੇ ਸ਼ਰਧਾਲੂ ਨੇ ਭਗਤ ਕਬੀਰ ਜੀ ਪਾਸੋਂ ਆ ਕੇ ਪੁੱਛਿਆ- "ਸੰਸਾਰ ਕੈਸਾ ਹੈ?"

ਹੁਣ ਕਬੀਰ ਜੀ ਯਾਰਾਂ ਦ੍ਰਿਸ਼ਟਾਂਤ ਦੇ ਕੇ ਸੰਸਾਰ ਨੂੰ ਮਿਥਿਆ ਰੂਪ ਦੱਸਦੇ ਹਨ-

ਜੋਇ ਖਸਮੁ ਹੈ ਜਾਇਆ॥

ਪਹਿਲਾ ਅਰਥ- ਜਿਸ ਤਰ੍ਹਾਂ ਕੋਈ ਕਹੇ ਕਿ ਜੋਇ= ਇਸਤ੍ਰੀ ਨੇ ਆਪਣੇ ਖਸਮੁ= ਪਤੀ ਨੂੰ ਜਾਇਆ= ਜੰਮਿਆਂ ਹੈ।

ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਵਣਾ ਖੀਰੁ ਪਿਲਾਇਆ ॥ ੧ ॥

ਪੁੱਤਰ ਨੇ ਆਪਣੇ ਪਿਤਾ ਨੂੰ ਲੋਰੀਆਂ ਦੇ ਕੇ ਖਿਡਾਇਆ ਹੈ ਅਤੇ ਦੁਧ ਸ੍ਵਣ (ਵਗਣ) ਦੇ ਸਾਧਨ ਜੋ ਥਣ ਹਨ, ਉਨ੍ਹਾਂ ਤੋਂ ਬਿਨਾਂ ਹੀ ਖੀਰੁ= ਦੁੱਧ ਪਿਆਇਆ ਹੈ॥ ੧ ॥

ਦੇਖਹੁ ਲੋਗਾ ਕਲਿ ਕੋ ਭਾਉ ॥
ਸੁਤਿ ਮੁਕਲਾਈ ਅਪਨੀ ਮਾਉ ॥ ੧ ॥ ਰਹਾਉ ॥

ਹੇ ਲੋਕੋ ! ਕਲਾ ਰੂਪ ਸੰਸਾਰ ਦਾ ਭਾਉ= ਪ੍ਰਕਾਰ ਇਸ ਤਰ੍ਹਾਂ ਵੇਖਣਾ ਕਰੋ, ਜਿਸ ਤਰ੍ਹਾਂ ਕੋਈ ਆਖੇ ਕਿ ਪੁੱਤਰ ਨੇ ਆਪਣੀ ਮਾਂ ਦਾ ਮੁਕਲਾਵਾ ਲਿਆਂਦਾ ਹੈ। ਭਾਵ ਜਿਸ ਤਰ੍ਹਾਂ ਇਹ ਸਾਰੀਆਂ ਗੱਲਾਂ ਝੂਠੀਆਂ ਹਨ, ਇਸੇ ਤਰ੍ਹਾਂ ਸੰਸਾਰ ਝੂਠਾ ਹੈ।

ਵਾ:- ਹੇ ਲੋਕੋ ਵੇਖੋ ! ਜਿਸ ਤਰ੍ਹਾਂ ਕੋਈ ਕਹੇ ਕਿ ਕਲਾ ਵਾਲਿਆਂ ਦਾ ਆਪਸ ਵਿਚ ਭਾਉ= ਪ੍ਰੇਮ ਹੋ ਗਿਆ ਹੈ। ਜਿਵੇਂ ਗਰੁੜ ਤੇ ਸੱਪ ਦਾ, ਬਿੱਲੀ ਤੇ ਚੂਹੇ ਦਾ, ਸ਼ੇਰ ਤੇ ਬੱਕਰੀ ਦਾ, ਜਿਸ ਤਰ੍ਹਾਂ ਇਹ ਨਹੀਂ ਹੋ ਸਕਦਾ, ਤਿਵੇਂ ਸੰਸਾਰ ਤਿੰਨ ਸਮੇਂ ਹੈ ਹੀ ਨਹੀਂ॥ ੧ ॥ ਰਹਾਉ ॥

ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥

(ਜਿਸ ਤਰ੍ਹਾਂ ਕੋਈ ਕਹੇ ਕਿ) ਪੈਰਾਂ ਤੋਂ ਬਿਨਾਂ ਹੈ ਤੇ ਹੁਰੀਆ= ਛਾਲਾਂ ਮਾਰਦਾ ਹੈ। ਬਨੈ= ਮੂੰਹ ਤੋਂ ਬਿਨਾਂ ਹੈ, ਤੇ ਖਿਰ ਖਿਰ= ਖਿੜ-ਖਿੜ ਕੇ ਭਾਵ ਟਾਹ-ਟਾਹ ਕੇ ਹਾਸਤਾ= ਹਸਦਾ ਹੈ।

ਨਿਦ੍ਰਾ ਬਿਨੁ ਨਰੁ ਪੈ ਸੋਵੈ ॥ ਬਿਨੁ ਬਾਸਨ ਖੀਰੁ ਬਿਲੋਵੈ ॥ ੨ ॥

(ਜਿਸ ਤਰ੍ਹਾਂ ਕੋਈ ਕਹੇ ਕਿ) ਨੀਂਦ ਤੋਂ ਬਿਨਾਂ ਹੀ ਆਦਮੀ ਪਲੰਘ 'ਤੇ ਲੰਮਾ ਪੈ ਕੇ ਸੌਂਦਾ ਹੈ ਅਤੇ ਬਾਸਨ= ਭਾਂਡੇ ਤੋਂ ਬਿਨਾਂ ਹੀ ਖੀਰੁ= ਦੁੱਧ (ਦਹੀਂ) ਨੂੰ ਬਿਲੋਵੈ= ਰਿੜਕਦਾ ਹੈ॥ ੨ ॥

ਬਿਨੁ ਅਸਥਨ ਗਊ ਲਵੇਰੀ ॥ ਪੈਡੇ ਬਿਨੁ ਬਾਟ ਘਨੇਰੀ ॥

(ਜਿਸ ਤਰ੍ਹਾਂ ਕੋਈ ਕਹੇ ਕਿ) ਥਣਾਂ ਤੋਂ ਬਿਨਾ ਹੈ ਤੇ ਗਊ ਲਵੇਰੀ ਹੈ ਭਾਵ ਚੰਗਾ ਦੁੱਧ ਦੇਂਦੀ ਹੈ। ਪੈਂਡੇ ਤੋਂ ਬਿਨਾਂ ਹੈ ਭਾਵ ਰਸਤੇ ਤਾਂ ਪਿਆ ਨਹੀਂ ਤੇ ਆਖਦਾ ਹੈ ਮੈਂ ਬਹੁਤ ਸਾਰੀ ਵਾਟ ਕਰ ਲਈ ਹੈ। ਜਿਸ ਤਰ੍ਹਾਂ ਇਹ ਗੱਲਾਂ ਸੱਚੀਆਂ ਨਹੀਂ, ਏਸੇ ਤਰ੍ਹਾਂ ਸੰਸਾਰ ਵੀ ਸੱਚਾ ਨਹੀਂ ਹੈ।

ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥ ੩ ॥ ੩ ॥

ਕਬੀਰ ਜੀ ਕਹਿੰਦੇ ਹਨ—ਸਤਿਗੁਰਾਂ ਦੇ ਸਮਝਾਏ ਤੋਂ ਬਿਨਾਂ ਇਹ ਅਤਿਅੰਤਾਭਾਵ ਦੇ ਨਿਸਚੇ ਕਰਨ ਰੂਪੀ ਵਾਟ ਕਿਸੇ ਨੇ ਵੀ ਨਹੀਂ ਪਾਈ। ਸਤਿਗੁਰੂ ਜੀ ਕਿਰਪਾ ਕਰ ਕੇ ਸਮਝਾਉਣ ਤਾਂ ਹੀ ਸੰਸਾਰ ਨੂੰ ਮਿਥਿਆ ਰੂਪ ਨਿਸਚੇ ਕਰਦਾ ਹੈ॥ ੩ ॥ ੩ ॥

ਦੂਜਾ ਅਰਥ-

ਹੁਣ ਮਾਇਆ ਦਾ ਪ੍ਰਤਾਪ ਦਸਦੇ ਹਨ-

ਜੋਇ ਖਸਮੁ ਹੈ ਜਾਇਆ ॥

ਜੋਇ= ਮਾਇਆ ਨੇ ਖਸਮੁ= ਪਰਮਾਤਮਾ ਨੂੰ ਜੀਵ ਰੂਪ ਕਰ ਕੇ ਜਾਇਆ= ਪੈਦਾ ਕੀਤਾ ਹੈ।

ਪੂਤਿ ਬਾਪੁ ਖੇਲਾਇਆ॥

ਪੂਤਿ= ਮਨ ਨੇ ਆਪਣੇ ਪਿਤਾ ਜੀਵ ਨੂੰ ਕਈ ਤਰ੍ਹਾਂ ਦੇ ਪਦਾਰਥਾਂ ਵਿਚ ਖਿਡਾਉਣਾ ਕੀਤਾ ਹੈ। ਇਸ ਕਰ ਕੇ ਹਰ ਇਕ ਨੂੰ ਕੁਸੰਗ ਤੋਂ ਬਚਣਾ ਚਾਹੀਂਦਾ ਹੈ। ਦਸਮੇਸ਼ ਪਿਤਾ ਜੀ ਨੇ ਲਿਖਿਆ ਹੈ-

ਨੀਚ ਸੰਗ ਕੀਜੈ ਨਹੀ ਸੁਨਹੋ ਮੀਤ ਕੁਮਾਰ॥
ਭੇਡ ਪੂਛਿ ਭਾਦੋ ਨਦੀ ਕੋ ਗਹਿ ਉਤਰਜੋ ਪਾਰ॥ ੧॥

(ਦਸਮ ਗ੍ਰੰਥ, ਪੰਨਾ ੧੦੮੪)

ਤੀਜਾ ਅਰਥ-

ਜੋਇ ਖਸਮੁ ਹੈ ਜਾਇਆ॥

ਜੋਇ= ਮਾਇਆ ਅਤੇ ਖਸਮੁ= ਪਰਮਾਤਮਾ ਦੋਹਾਂ ਨੇ ਆਪਸ ਵਿਚ ਮਿਲ ਕੇ ਭਾਵ ਮਾਇਆ ਸਬਲ ਹੋ ਕੇ ਜੀਵ ਰੂਪ ਲੜਕੇ ਨੂੰ ਜਾਇਆ= ਪੈਦਾ ਕੀਤਾ।

ਪੂਤਿ ਬਾਪੁ ਖੇਲਾਇਆ॥

ਬਾਪੁ= ਈਸ਼ੂਰ, ਜੀਵ ਰੂਪ ਲੜਕੇ ਨੂੰ ਸੱਤਾ ਸਫੁਰਤੀ ਦੇ ਕੇ ਖਿਡਾ ਰਿਹਾ ਹੈ।

ਬਿਨੁ ਸ੍ਰਵਣਾ ਖੀਰੁ ਪਿਲਾਇਆ॥ ੧॥

ਸ੍ਰਵਣਾ= ਕੰਨ ਆਦਿ ਇੰਦ੍ਰੀਆਂ ਤੋਂ ਬਿਨਾਂ ਜੋ ਪਰਮਾਤਮਾ ਹੈ, ਉਹ ਜੀਵ ਰੂਪ ਲੜਕੇ ਨੂੰ ਖੀਰੁ= ਦੁੱਧ ਆਦਿ ਕਈ ਤਰ੍ਹਾਂ ਦੇ ਪਦਾਰਥ ਛਕਾਉਂਦਾ ਹੈ।

ਦੇਖਹੁ ਲੋਗਾ ਕਲਿ ਕੋ ਭਾਉ॥

ਹੇ ਲੋਕੋ ਵੇਖੋ! ਜਿਸ ਪਰਮਾਤਮਾ ਦੀ ਕਿਰਪਾ ਨਾਲ ਕਲਾ ਵਾਲਿਆਂ ਦਾ ਭਾਵ ਵਿਰੋਧੀ ਤੱਤਾਂ ਦਾ ਆਪਸ ਵਿਚ ਭਾਉ= ਪ੍ਰੇਮ, ਭਾਵ ਮੇਲ ਹੋ ਰਿਹਾ ਹੈ। ਧਰਤੀ ਨਾਲੋਂ ਪਾਣੀ ਦਸ ਹਿੱਸੇ ਬਹੁਤਾ ਹੈ, ਜ਼ਮੀਨ ਪਾਣੀ ਉੱਤੇ ਤਰਦੀ ਹੈ ਪਰ ਪਰਮਾਤਮਾ ਦੀ ਕਿਰਪਾ ਨਾਲ ਪਾਣੀ ਧਰਤੀ ਨੂੰ ਡੋਬਦਾ ਨਹੀਂ। ਇਸੇ ਤਰ੍ਹਾਂ ਅਗਨੀ ਸਭ ਬਨਾਸਪਤੀ ਵਿਚ ਹੈ ਪਰ ਬਨਾਸਪਤੀ ਨੂੰ ਸਾੜਦੀ ਨਹੀਂ। ਵਾ:- ਹੇ ਲੋਕੋ ! ਕਲਿ= ਅਵਿਦਿਆ ਦਾ ਭਾਉ= ਪ੍ਰਤਾਪ ਵੇਖਣਾ ਕਰੋ।

ਸੁਤਿ ਮੁਕਲਾਈ ਅਪਨੀ ਮਾਉ॥ ੧॥ ਰਹਾਉ॥

ਮਾਇਆ ਦਾ ਪੁੱਤਰ ਜੋ ਜੀਵ ਹੈ, ਇਸ ਨੇ ਆਪਣੀ ਮਾਉ= ਮਾਂ-ਮਾਇਆ ਦਾ ਮੁਕਲਾਵਾ ਲਿਆਂਦਾ ਹੈ।

ਪ੍ਰਸ਼ਨ- ਮੁਕਲਾਵਾ ਕਿਹੜਾ ਲਿਆਂਦਾ ਹੈ?

ਉੱਤਰ- ਮਾਇਆ ਹੈ, ਤਾਂ ਈਸ਼ੂਰ ਦੀ ਪਰ ਜਿਹੜਾ ਮਾਇਆ ਨੂੰ ਇਹ ਜੀਵ ਆਪਣੀ ਮੰਨੀ ਬੈਠਾ ਹੈ, ਏਹੀ ਮੁਕਲਾਵਾ ਲਿਆਉਣਾ ਹੈ, ਉਸ ਪਰਮੇਸ਼ਰ ਦੀ ਪ੍ਰਾਪਤੀ ਸ਼ੁੱਧ ਮਨ ਤੋਂ ਬਿਨਾਂ ਨਹੀਂ ਹੁੰਦੀ। ਲੇਕਿਨ-

ਪਗਾ ਬਿਨੁ ਹੁਰੀਆ ਮਾਰਤਾ॥

ਇਹ ਮਨ ਪੈਰਾਂ ਤੋਂ ਬਿਨਾਂ ਹੈ ਤੇ ਕਈ ਤਰ੍ਹਾਂ ਦੀਆਂ ਛਾਲਾਂ ਮਾਰਦਾ ਫਿਰਦਾ ਹੈ। ਜਿਸ ਤਰ੍ਹਾਂ ਕਿ ਬੈਠਾ ਤਾਂ ਅੰਮ੍ਰਿਤਸਰ ਹੁੰਦਾ ਹੈ ਤੇ ਹਰਿਦੁਆਰ ਗੰਗਾ ਪਹੁੰਚ ਜਾਂਦਾ ਹੈ।

ਬਦਨੈ ਬਿਨੁ ਖਿਰ ਖਿਰ ਹਾਸਤਾ॥

ਮਨ ਮੂੰਹ ਤੋਂ ਬਿਨਾਂ ਹੈ ਤੇ ਖਿੜ-ਖਿੜ ਕੇ ਹਸਦਾ ਹੈ।

ਨਿਦ੍ਰਾ ਬਿਨੁ ਨਰੁ ਪੈ ਸੋਵੈ॥

ਵਾਸਤਵ ਵਿਚ ਜੀਵ ਅਵਿਦਿਆ ਰੂਪ ਨੀਂਦ ਤੋਂ ਬਿਨਾਂ ਹੈ ਪਰ ਭੁਲੇਖੇ ਕਰ ਕੇ ਅਵਿਦਿਆ ਰੂਪ ਨੀਂਦ ਵਿਚ ਪੈ ਕੇ ਸੁੱਤਾ ਹੋਇਆ ਹੈ।

ਬਿਨੁ ਬਾਸਨ ਖੀਰੁ ਬਿਲੋਵੈ॥ ੨॥

ਮਾਇਆ ਵਿਚ ਸੁਖ ਦੀ ਇੱਛਾ ਕਰਨੀ ਇਸ ਤਰ੍ਹਾਂ ਨਿਸਫਲ ਹੈ, ਜਿਵੇਂ ਕੋਈ ਕਹੇ ਕਿ ਭਾਂਡੇ ਤੋਂ ਬਿਨਾਂ ਹੀ ਦੁੱਧ ਰਿੜਕਦਾ ਹੈ॥ ੨॥

ਬਿਨੁ ਅਸਥਨ ਗਊ ਲਵੇਰੀ॥

ਮਾਇਆ ਰੂਪੀ ਗਊ ਸੁਖ ਰੂਪੀ ਅਸਥਾਨ ਤੋਂ ਬਿਨਾਂ ਹੈ, ਪਰ ਜੀਵਾਂ ਨੇ ਇਸ ਨੂੰ ਲਵੇਰੀ= ਸੁਖ ਰੂਪ ਸਮਝਿਆ ਹੋਇਆ ਹੈ।*

ਪੈਡੇ ਬਿਨੁ ਬਾਟ ਘਨੇਰੀ॥

ਆਪਣਾ ਆਪ ਰੂਪ ਹੋਣ ਕਰ ਕੇ ਪੈਂਡੇ ਤੋਂ ਬਿਨਾਂ ਹੈ ਭਾਵ ਜੀਵ ਈਸ਼ਵਰ ਵਿਚ ਕੋਈ ਭੇਦ ਰੂਪ ਪੈਂਡਾ ਨਹੀਂ। ਜੀਵ ਈਸ਼ਵਰ ਵਿਚ ਕੋਈ ਦੋ ਚਾਰ ਮੀਲਾਂ ਦੀ ਵਿੱਥ ਵੀ ਨਹੀਂ ਹੈ।

ਪੰਚਮ ਪਿਤਾ ਜੀ ਨੇ ਕਿਹਾ ਹੈ:—

ਪਿਰੀਏ ਤੂ ਜਾਣੁ ਮਹਿਜਾ ਸਾਉ ਜੋਈ ਸਾਈ ਮੁਹੁ ਖੜਾ॥ ੨॥

ਮਃ ੫॥ ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ॥

(ਮਾਰੂ ਵਾਰ ਭਖਣੇ, ਪੰਨਾ ੧੦੯੫)

ਪਰ ਇਹ ਜੀਵ ਬਹੁਤੀ ਵਾਟ ਸਮਝ ਰਿਹਾ ਹੈ ਤੇ ਇਉਂ ਕਹਿੰਦਾ ਹੈ-

"ਜੀਵ ਕਿ ਈਸ ਸਮਾਨ।" ਜੀਵ ਈਸ਼ਵਰ ਦੇ ਸਮਾਨ ਕਿਵੇਂ ਹੋ ਸਕਦਾ ਹੈ?

ਬਿਨੁ ਸਤਿਗੁਰ ਬਾਟ ਨ ਪਾਈ॥

ਪੂਰਨ ਸਤਿਗੁਰਾਂ ਤੋਂ ਬਿਨਾਂ ਪਰਮੇਸ਼ਰ-ਪ੍ਰਾਪਤੀ ਦੀ, ਗਿਆਨ-ਭਗਤੀ ਅਤੇ ਅਭੇਦਤਾ ਰੂਪੀ ਵਾਟ ਨਹੀਂ ਪਾਈ ਜਾਂਦੀ।

ੳ) ਕਹੁ ਬੇਣੀ ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ ੫॥ ੧॥

(ਪ੍ਰਭਾਤੀ ਬੇਣੀ ਜੀ, ਪੰਨਾ ੧੩੫੧

ਅ) ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥ ੨॥

(ਆਸਾ ਦੀ ਵਾਰ, ਪੰਨਾ ੪੭੦

ਕਹੁ ਕਬੀਰ ਸਮਝਾਈ॥ ੩॥ ੩॥

ਕਬੀਰ ਜੀ ਕਹਿੰਦੇ ਹਨ- (ਜਦ ਇਸ ਤਰ੍ਹਾਂ ਸਮਝਾਇਆ ਤਾਂ) ਜੀਵ ਨੂੰ ਸਮਝ ਆਈ।

ਉਥਾਨਕਾ— ਪ੍ਰੇਮੀ ਸਿੱਖਾਂ ਨੇ ਬੇਨਤੀ ਕੀਤੀ- "ਜਿਸ ਪ੍ਰਭੂ ਦੇ ਨਾਮ-ਸਿਮਰਨ ਦਾ ਆਪ ਉਪਦੇਸ਼ ਦੇਂਦੇ ਹੋ, ਉਹ ਕਿਸੇ ਦੀ ਸਹਾਇਤਾ ਵੀ ਕਰਦਾ ਹੈ ਕਿ ਨਹੀਂ?"

**ਜਿਸ ਤਰ੍ਹਾਂ ਗਊ ਦੁੱਧ ਦਿੰਦੀ ਹੈ ਏਸੇ ਤਰ੍ਹਾਂ ਮਾਇਆ ਦੁੱਧ ਆਦਿਕ ਕਈ ਪਦਾਰਥ ਦੇਂਦੀ ਹੈ, ਇਸ ਕਰ ਕੇ ਮਾਇਆ ਨੂੰ ਗਊ ਕਿਹਾ ਹੈ।*

ਉੱਤਰ ਵਿਚ ਹੁਣ ਕਬੀਰ ਜੀ ਪ੍ਰਹਿਲਾਦ ਜੀ ਦੀ ਸਾਖੀ ਸੁਣਾਉਂਦੇ ਹਨ-

ਪ੍ਰਹਲਾਦ ਪਠਾਏ ਪੜਨਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥

(ਜਿਸ ਵੇਲੇ ਪਿਤਾ ਹਰਨਾਖਸ਼ ਨੇ ਆਪਣੇ ਪੁੱਤਰ) ਪ੍ਰਹਿਲਾਦ ਨੂੰ (ਪੜ੍ਹਨ ਵਾਸਤੇ) ਪਾਠਸ਼ਾਲਾ ਵਿਚ ਭੇਜਿਆ (ਤਾਂ ਪ੍ਰਹਿਲਾਦ ਨੇ ਆਪਣੇ) ਨਾਲ ਸਖਾ= ਪਿਆਰੇ ਬਾਲ= ਬਾਲਕੇ ਬਹੁਤ ਸਾਰੇ ਲੈ ਲਏ। (ਸ਼ੁੱਕਰ ਦੇ ਪੁੱਤਰ ਸੰਡਾ ਤੇ ਮਰਕਾ ਜਿਸ ਵੇਲੇ ਰਾਜਨੀਤਕ ਵਿਦਿਆ ਪੜ੍ਹਾਉਣ ਲੱਗੇ ਤਾਂ ਪ੍ਰਹਿਲਾਦ ਨੇ ਕਿਹਾ)-

ਮੋਕਉ ਕਹਾ ਪੜ੍ਹਾਵਸਿ ਆਲ ਜਾਲ ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੁੋਪਾਲ ॥ ੧ ॥

ਮੈਨੂੰ ਆਲ= ਘਰ ਦੇ ਜਾਲ= ਧੰਦੇ ਕਿਸ ਵਾਸਤੇ ਪੜ੍ਹਾਉਂਦੇ ਹੋ? ਭਾਵ ਘਰ ਦੇ ਧੰਦਿਆਂ ਵਿਚ ਫਸਣ ਵਾਲੀ ਵਿਦਿਆ ਨਾ ਪੜ੍ਹਾਓ। ਮੇਰੀ ਪੱਟੀ ਉੱਤੇ ਸ੍ਰੀ= ਸੁਭਾਇਮਾਨ ਗੋਪਾਲ ਦਾ ਨਾਮ ਲਿਖ ਦਿਓ ॥ ੧ ॥

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥ *(ਭੈਰਉ ਮਹਲਾ ੩, ਪੰਨਾ ੧੧੩੩)*

ਨਹੀ ਛੋਡਉ ਰੇ ਬਾਬਾ ਰਾਮ ਨਾਮ ॥
ਮੋਰੋ ਅਉਰ ਪੜ੍ਹਨ ਸਿਉ ਨਹੀ ਕਾਮੁ ॥ ੧ ॥ ਰਹਾਉ ॥

ਬਾਬਾ= ਹੇ ਪਾਂਧਾ ਜੀ ! ਮੈਂ ਪਰਮਾਤਮਾ ਦਾ ਨਾਮ ਨਹੀਂ ਛੱਡਾਂਗਾ। ਕਿਉਂਕਿ ਮੇਰਾ ਹੋਰ (ਰਾਜਨੀਤਕ ਵਿਦਿਆ ਦੇ) ਪੜ੍ਹਨ ਨਾਲ ਕੋਈ ਕੰਮ ਨਹੀਂ। ਪ੍ਰਹਲਾਦ ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ-

ਸੰਡੈ ਮਰਕੈ ਕਹਿਓ ਜਾਇ ॥ ਪ੍ਰਹਲਾਦ ਬੁਲਾਏ ਬੇਗਿ ਧਾਇ ॥

ਸੰਡੇ ਮਰਕੇ ਨੇ(ਹਰਨਾਖਸ਼ ਨੂੰ) ਜਾ ਕੇ ਕਿਹਾ ਕਿ ਆਪ ਜੀ ਦਾ ਪੁੱਤਰ ਸਾਡੀ ਦੱਸੀ ਹੋਈ ਵਿਦਿਆ ਨਹੀਂ ਪੜ੍ਹਦਾ ਸਗੋਂ ਸਕੂਲ ਦੇ ਹੋਰ ਲੜਕਿਆਂ ਨੂੰ ਰਾਮ ਨਾਮ ਸਿਖਾਈ ਜਾਂਦਾ ਹੈ।

ਸੰਡਾ ਮਰਕਾ ਸਭਿ ਜਾਇ ਪੁਕਾਰੇ ॥
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥ *(ਭੈਰਉ ਮਹਲਾ ੩, ਪੰਨਾ ੧੧੩੩)*

ਇਹ ਗੱਲ ਸੁਣ ਕੇ ਹੁਕਮ ਦਿੱਤਾ ਕਿ ਉਸ ਨੂੰ ਜਲਦੀ ਲਿਆਓ। ਤਾਂ ਸੰਡੇ ਮਰਕੇ ਨੇ ਜਲਦੀ ਦੌੜ ਕੇ ਪ੍ਰਹਿਲਾਦ ਨੂੰ ਬੁਲਾਇਆ। ਵਾ:- ਪ੍ਰਹਿਲਾਦ ਦੇ ਬੁਲਾਉਣ ਵਿਚ ਸ਼ੀਘਰ ਦੌੜੇ ਗਏ। ਵਾ:- ਹਰਨਾਖਸ਼ ਨੇ ਪ੍ਰਹਿਲਾਦ ਨੂੰ ਬੁਲਾਇਆ ਤਾਂ ਪ੍ਰਹਲਾਦ ਛੇਤੀ ਦੌੜ ਕੇ ਆਇਆ।

ਰਾਹ ਵਿਚ ਆਉਂਦਿਆਂ ਸੰਡਾ ਮਰਕਾ ਕਹਿੰਦੇ ਹਨ-

ਤੂ ਰਾਮ ਕਹਨ ਕੀ ਛੋਡੁ ਬਾਨਿ ॥
ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥ ੨ ॥

ਤੂੰ ਰਾਮ ਨਾਮ ਕਹਿਣ ਦੀ ਬਾਨਿ= ਆਦਤ ਛੱਡ ਦੇ। ਮੇਰਾ ਕਿਹਾ ਮੰਨ ਲੈ ਮੈਂ ਤੈਨੂੰ ਤੁਰਤੁ= ਸ਼ੀਘਰ, ਛੇਤੀ ਛੁਡਾ ਲਵਾਂਗਾ। ਪ੍ਰਹਿਲਾਦ ਜੀ ਕਹਿੰਦੇ ਹਨ-

ਮੋਕਉ ਕਹਾ ਸਤਾਵਹੁ ਬਾਰ ਬਾਰ ॥ ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥

ਮੈਨੂੰ ਬਾਰ-ਬਾਰ ਕਿਉਂ ਸਤਾਉਂਦੇ ਹੋ? ਮੇਰੀ ਰਖਿਆ ਕਰਨ ਵਾਲਾ ਤਾਂ ਉਹ ਵਾਹਿਗੁਰੂ ਹੈ। ਜਿਸ ਪ੍ਰਭੂ ਨੇ ਜਲ ਥਲ ਤੇ ਵਡੇ ਸੁਮੇਰ ਪਰਬਤ ਆਦਿਕ 'ਗਿਰ' ਤੇ ਛੋਟੇ-ਛੋਟੇ ਪਹਾੜ ਬਣਾਉਣਾ ਕੀਤੇ ਹਨ।

ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥
ਮੋਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥ ੩ ॥

ਇਕ ਰਾਮ ਨਾਮ ਨੂੰ ਮੈਂ ਨਹੀਂ ਛੱਡਾਂਗਾ ਕਿਉਂਕਿ ਜੇ ਮੈਂ ਰਾਮ ਨਾਮ ਨੂੰ ਛੱਡਾਂ ਤਾਂ ਗੁਰਹਿ ਗਾਰਿ= ਗੁਰੂ (ਨਾਰਦ ਮੁਨੀ ਜੀ) ਨੂੰ ਗਾਲ ਲੱਗਦੀ ਹੈ। ਵਾ:- ਮੈਂ ਗੁਨਾਹਾਂ (ਔਗੁਣਾਂ) ਦਾ ਘਰ ਹੁੰਦਾ ਹਾਂ। ਮੈਨੂੰ ਆਪਣੀ ਜ਼ਿੰਦਗੀ ਦੀ ਕੋਈ ਪ੍ਰਵਾਹ ਨਹੀਂ। ਤੁਸੀਂ ਭਾਵੇਂ ਮੈਨੂੰ ਅੱਗ ਵਿਚ ਘਾਲਿ= ਪਾ ਕੇ ਸਾੜ ਦਿਓ, ਭਾਵੇਂ ਤਲਵਾਰ ਨਾਲ ਵੱਢ ਕੇ ਮਾਰ ਸੁੱਟੋ॥ ੩ ॥ ਉਸੇ ਵੇਲੇ-

ਕਾਢਿ ਖੜਗੁ ਕੋ ਪਿਓ ਰਿਸਾਇ॥ ਤੁਝ ਰਾਖਨਹਾਰੋ ਮੋਹਿ ਬਤਾਇ॥

ਖੰਡੇ ਨੂੰ ਕੱਢ ਕੇ ਪਿਤਾ ਹਰਨਾਖਸ਼ ਬੜੇ ਗੁਸੇ ਵਿਚ ਆਇਆ ਤੇ ਇੰਜ ਕਿਹਾ- ਜਿਹੜਾ ਤੈਨੂੰ ਰੱਖਣ ਵਾਲਾ ਹੈ, ਉਹ ਮੈਨੂੰ ਦਸ ਦੇਹ? (ਨਹੀਂ ਤਾਂ ਹੁਣੇ ਤੇਰਾ ਸਿਰ ਕੱਟਦਾ ਹਾਂ)।

ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ॥ *(ਪੰਨਾ ੧੧੯੫)*

ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥ ਹਰਨਾਖਸੁ ਛੇਦਿਓ ਨਖ ਬਿਦਾਰ॥ ੪ ॥

ਉਸ ਵੇਲੇ ਪ੍ਰਭ= ਪਰਮਾਤਮਾ ਥੰਮ੍ਹ ਤੋਂ ਨਿਕਲੇ, ਨਿਕਲਦਿਆਂ ਸਾਰ ਹੀ ਆਪਣਾ ਬਹੁਤ ਸਾਰਾ ਵਿਸਥਾਰ ਕੀਤਾ। ਨਰਸਿੰਘ ਰੂਪ ਹੋ ਕੇ ਨਹੁੰਆਂ ਨਾਲ ਬਿਦਾਰ= ਪਾੜ ਕੇ ਹਰਨਾਖਸ਼ ਦੈਂਤ ਨੂੰ ਛੇਦਿਓ= ਮਾਰ ਦਿੱਤਾ।

ੳ) ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ॥

(ਭੈਰਉ ਨਾਮਦੇਵ, ਪੰਨਾ ੧੧੯੫)

ਅ) ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥
ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥
ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥

(ਸੋਰਠਿ ਮਹਲਾ ੩, ਪੰਨਾ ੬੦੧)

ੲ) ਨਾਨਕ ਹਰਣਾਖਸੁ ਨਖੀ ਬਿਦਾਰਿਆ ਅੰਧੈ ਦਰ ਕੀ ਖਬਰਿ ਨ ਪਾਈ॥

(ਭੈਰਉ ਮਹਲਾ ੩, ਪੰਨਾ ੧੧੩੩)

ਸ) ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥ ੩॥

(ਬਿਲਾਵਲੁ ਕਬੀਰ ਜੀ, ਪੰਨਾ ੮੫੬)

ਓਇ ਪਰਮ ਪੁਰਖ ਦੇਵਾਧਿ ਦੇਵ॥ ਭਗਤਿ ਹੇਤਿ ਨਰਸਿੰਘ ਭੇਵ॥

ਪਰਮ= ਸਾਰਿਆਂ ਤੋਂ ਵੱਡਾ ਜੋ ਅਕਾਲ ਪੁਰਖ ਹੈ ਦੇਵਤਿਆਂ ਦਾ ਅਧਪਤੀ ਦੇਵ ਓਹੀ ਪ੍ਰਹਲਾਦ ਭਗਤ ਦੀ ਰਖਿਆ ਵਾਸਤੇ ਨਰਸਿੰਘ ਅਵਤਾਰ ਭੇਵ= ਹੋਇਆ ਹੈ।

ਕਹਿ ਕਬੀਰ ਕੋ ਲਖੈ ਨ ਪਾਰ॥ ਪ੍ਰਹਲਾਦ ਉਧਾਰੇ ਅਨਿਕ ਬਾਰ॥ ੫ ॥ ੪ ॥

ਕਬੀਰ ਜੀ ਕਹਿਦੇ ਹਨ—ਉਸ ਦੇ ਪਾਰਾਵਾਰ ਨੂੰ ਕੋਈ ਜਾਣ ਨਹੀਂ ਸਕਦਾ। ਪ੍ਰਹਲਾਦ ਭਗਤ ਨੂੰ

ਅਨੇਕਾਂ ਵਾਰੀ ਬਚਾਉਣਾ ਕੀਤਾ ਹੈ। ਪਹਾੜ, ਅਗਨੀ, ਜਲ, ਖੰਡੇ ਅਤੇ ਭੂਤਾਂ ਵਾਲੇ ਹਨੇਰੇ ਕੋਠੇ ਵਿਚ ਇਤਿਆਦਿ ਅਨੇਕਾਂ ਜਗ੍ਹਾ ਤੋਂ ਰਖਿਆ ਕੀਤੀ।

ਵਾ:- ਅਨੇਵਾਂ ਬਾਲਕਿਆਂ ਸਹਿਤ ਪ੍ਰਹਲਾਦ ਨੂੰ ਬਚਾਇਆ॥ ੫॥ ੪॥

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।
ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।
ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ।
ਰਾਜੇ ਪਾਸਿ ਰੁਆਇਆ ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
ਥੰਮੁ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
ਜੈ ਜੈਕਾਰ ਕਰਨਿ ਬ੍ਰਹਮਾਦਿ ॥ ੨॥ *(ਭਾਈ ਗੁਰਦਾਸ ਜੀ, ਵਾਰ ੧੦)*

ਉਥਾਨਕਾ— ਹੁਣ ਕਬੀਰ ਜੀ ਪਰਮਾਤਮਾ ਅੱਗੇ ਆਪਣੀ ਪ੍ਰਾਰਥਨਾ ਕਰਦੇ ਹਨ:-

ਇਸੁ ਤਨ ਮਨ ਮਧੇ ਮਦਨ ਚੋਰ॥
ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ॥

ਇਸ ਅਸਥੂਲ ਸਰੀਰ ਵਿਚ ਜੋ ਮਨ ਹੈ ਤਿਸ ਮਨ ਵਿਚ ਮਦਨ= ਕਾਮ ਆਦਿ ਚੋਰ ਹਨ। ਜਿਨ੍ਹਾਂ ਕਾਮ ਆਦਿ ਚੋਰਾਂ ਨੇ ਮੇਰੇ ਗਿਆਨ ਰੂਪੀ ਰਤਨ ਨੂੰ ਵਾ :- ਗਿਆਨ ਅਤੇ ਰਤਨੁ= ਵੈਰਾਗ ਨੂੰ ਹਿਰਿ ਲੀਨ= ਚੁਰਾ ਲਿਆ ਹੈ।

ਮੈ ਅਨਾਥੁ ਪ੍ਰਭ ਕਹਉ ਕਾਹਿ॥ ਕੋ ਕੋ ਨ ਬਿਗੂਤੋ ਮੈ ਕੋ ਆਹਿ॥ ੧॥

ਮੈਂ ਅਨਾਥ ਹਾਂ, ਹੇ ਪ੍ਰਭ= ਪਰਮਾਤਮਾ ! ਆਪ ਤੋਂ ਬਿਨਾਂ ਹੋਰ ਕਿਸ ਦੇ ਪਾਸ ਮੈਂ ਆਪਣਾ ਦੁੱਖ ਕਹਾਂ? ਇਨ੍ਹਾਂ ਕਾਮ ਆਦਿਕਾਂ ਵਿਚ ਲੱਗ ਕੇ ਕਿਹੜਾ ਕਿਹੜਾ ਨਹੀਂ ਖਰਾਬ ਹੋਇਆ (ਭਾਵ ਸਿੰਙੀ ਰਿਖੀ, ਸੌਰਭ ਰਿਖੀ, ਪਰਾਸ਼ਰ ਰਿਖੀ ਆਦਿਕ ਸਾਰੇ ਖਰਾਬ ਹੋਏ ਹਨ। ਇਸ ਕਰ ਕੇ) ਮੈਂ ਵਿਚਾਰਾ ਕੀ ਹਾਂ (ਭਾਵ ਮੈਂ ਕਿਹੜੇ ਬਾਗ਼ ਦੀ ਮੂਲੀ ਹਾਂ)॥ ੧॥

ਨਾਥ ਕਛੂ ਨ ਜਾਨਉ॥ ਮਨੁ ਮਾਇਆ ਕੈ ਹਾਥਿ ਬਿਕਾਨਉ॥ ੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥ ਹਮ ਕਹੀਅਤ ਕਲਿਜੁਗ ਕੇ ਕਾਮੀ॥ ੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ ੨॥
ਜਤ ਦੇਖਉ ਤਤ ਦੁਖ ਕੀ ਰਾਸੀ॥ ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ॥ ੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸੁ ਧਰਨਿ ਸਹਸ ਭਗ ਗਾਂਮੀ॥ ੪॥*

(ਜੈਤਸਰੀ ਬਾਣੀ ਰਵਿਦਾਸ ਜੀ, ਪੰਨਾ ੭੧੦)

ਮਾਧਉ ਦਾਰੁਨ ਦੁਖੁ ਸਹਿਓ ਨ ਜਾਇ॥

**ਇਸ ਸ਼ਬਦ ਦੇ ਅਰਥ ਭਗਤ ਬਾਣੀ ਪੋਥੀ ਦੇ ਪਹਿਲੇ ਭਾਗ ਦੇ ੫੯੧ ਪੰਨੇ ਪਰ ਵੇਖੋ।*

ਹੇ ਮਾਧਉ= ਮਾਇਆ ਪਤੀ (ਪਰਮਾਤਮਾ)! ਇੰਦ੍ਰੀਏ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥'' ਇਸ ਤਰ੍ਹਾਂ ਧੀਰਜ ਵਾਲੀ ਬੁੱਧੀ ਦੇ ਨਾ ਹੋਣ ਕਰ ਕੇ ਇਹਨਾਂ ਕਾਮ ਆਦਿਕਾਂ ਦਾ ਦਾਰੁਨ= ਭਿਆਨਕ ਦੁੱਖ ਸਹਾਰਿਆ ਨਹੀਂ ਜਾਂਦਾ।

ਮੇਰੋ ਚਪਲ ਬੁਧਿ ਸਿਉ ਕਹਾ ਬਸਾਇ॥ ੧॥ ਰਹਾਉ॥

ਮੇਰਾ ਚਪਲ= ਚੰਚਲ ਬੁਧੀ ਨਾਲ ਕਿਸ ਤਰ੍ਹਾਂ ਵਸ ਚਲੇ?

(ਹੁਣ ਕਮੁੱਤਕ ਢੰਗ ਨਾਲ ਕਹਿੰਦੇ ਹਨ-)

ਸਨਕ ਸਨੰਦਨ ਸਿਵ ਸੁਕਾਦਿ॥ ਨਾਭਿ ਕਮਲ ਜਾਨੇ ਬ੍ਰਹਮਾਦਿ॥

ਬ੍ਰਹਮਾ ਜੀ ਦੇ ਚਾਰੇ ਪੁੱਤਰ ਸਨਕ, ਸਨੰਦਨ (ਸਨਾਤਨ, ਸਨਤ ਕੁਮਾਰ), ਇਹ ਚਾਰੇ ਭਾਈ ਕ੍ਰੋਧ ਦੇ ਪ੍ਰਤਾਪ ਨੂੰ ਜਾਣਦੇ ਹਨ। ਕ੍ਰੋਧ ਵਿਚ ਆ ਕੇ ਜੈ ਬਿਜੈ ਨੂੰ ਸਰਾਪ ਦਿੱਤਾ।

ਸ਼ਿਵ ਜੀ ਕਾਮ ਦੇ ਪ੍ਰਤਾਪ ਨੂੰ ਜਾਣਦੇ ਹਨ ਜੋ ਮੋਹਣੀ ਅਵਤਾਰ ਦੇ ਪਿੱਛੇ-ਪਿੱਛੇ ਦੌੜੇ ਫਿਰੇ।

ਸੁਕਾਦਿ= ਸੁਕਦੇਵ ਰਿਖੀ ਜੀ ਮੋਹ ਦੇ ਪ੍ਰਤਾਪ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਜੋ ਮੋਹ ਆਦਿਕਾਂ ਤੋਂ ਡਰਦੇ ਹੋਏ ਬਾਰਾਂ ਸਾਲ ਮਾਤਾ ਦੇ ਗਰਭ ਵਿਚ ਹੀ ਰਹੇ।

ਵਿਸ਼ਨੂੰ ਜੀ ਦੀ ਨਾਭੀ ਕੌਲ ਵਿੱਚੋਂ ਪੈਦਾ ਹੋਣ ਵਾਲਾ ਬ੍ਰਹਮਾ ਜੋ ਸਾਰੀ ਸ੍ਰਿਸ਼ਟੀ ਦਾ ਆਦ ਰੂਪ ਹੈ ਉਹ ਵੀ ਚੰਗੀ ਤਰ੍ਹਾਂ ਕਾਮ ਦੇ ਪ੍ਰਤਾਪ ਨੂੰ ਜਾਣਦਾ ਹੈ, ਜਿਸ ਨੇ ਸੁਰੱਸਤੀ ਨਾਮ ਵਾਲੀ ਪੁੱਤਰੀ ਪਿੱਛੇ ਪੰਜਵਾਂ ਸਿਰ ਕਢਿਆ। ਵਾ:- ਆਦਿ ਵਿੱਚੋਂ ਵਿਸ਼ਨੂੰ ਕ੍ਰਿਸ਼ਨ ਜੀ ਲੈਣੇ ਇਹ ਵੀ ਕਾਮ ਦੇ ਪ੍ਰਤਾਪ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਵਿਸ਼ਨੂੰ ਨੇ ਜਲੰਧਰ ਦੈਂਤ ਦਾ ਰੂਪ ਧਾਰ ਕੇ ਬਿੰਦਰਾ ਦਾ ਸਤ-ਧਰਮ ਭੰਗ ਕੀਤਾ।

ਸੂਰ ਸਾਗਰ ਗ੍ਰੰਥ ਵਿਚ ਲਿਖਿਆ ਹੈ-

ਕ੍ਰਿਸ਼ਨ ਜੀ ਰਾਧਕਾਂ ਨੂੰ ਕਹਿੰਦੇ ਹਨ ਕਿ''ਤੂੰ ਮੇਰੀ ਛਾਤੀ ਉੱਤੇ ਆਪਣਾ ਪੈਰ ਰੱਖ ਮੇਰੀ ਛਾਤੀ ਤਾਂ ਸੀਤਲ ਹੋਵੇ!''

ਕਬਿ ਜਨ ਜੋਗੀ ਜਟਾਧਾਰਿ॥

ਕਵੀ ਜਨ= ਸ਼ੁੱਕਰ ਚੰਗੀ ਤਰ੍ਹਾਂ ਕਾਮ ਦੇ ਪ੍ਰਤਾਪ ਨੂੰ ਜਾਣਦਾ ਹੈ ਜਿਸ ਨੇ ਅਪੱਛਰਾਂ ਪਿੱਛੇ ਲੱਗ ਕੇ ਕਈ ਜਨਮ ਪਾਉਣਾ ਕੀਤੇ। ਇਸ ਦਾ ਪ੍ਰਸੰਗ ਵਸ਼ਿਸ਼ਟ ਪੁਰਾਣ ਵਿਚ ਲਿਖਿਆ ਹੋਇਆ ਹੈ।

ਜੋਗੀ= ਮਛਿੰਦ੍ਰ ਨਾਥ ਵੀ ਚੰਗੀ ਤਰ੍ਹਾਂ ਕਾਮ ਦੇ ਪ੍ਰਤਾਪ ਨੂੰ ਜਾਣਦਾ ਹੈ, ਜਿਸ ਨੇ ਹੁਕਮ ਦੇ ਦਿੱਤਾ ਸੀ ਕਿ ਮੇਰੀ ਨਗਰੀ ਵਿਚ ਕੋਈ ਵੀ ਸਾਧੂ ਆਉਣਾ ਨਾ ਪਾਵੇ।

ਜਟਾਧਾਰਿ= ਜਤਾਵਾਂ ਦੇ ਧਾਰਨ ਵਾਲਾ ਸਿੰਙੀ ਰਿਖੀ ਵੀ ਚੰਗੀ ਤਰ੍ਹਾਂ ਕਾਮ ਦੇ ਪ੍ਰਤਾਪ ਨੂੰ ਜਾਣਦਾ ਹੈ, ਜਿਸ ਨੇ ਵੇਸਵਾ ਨਾਲ ਸਬੰਧ ਕਰ ਕੇ ਤੇਰਾਂ ਧੀਆਂ ਪੁੱਤਰ ਪੈਦਾ ਕੀਤੇ।

ਸਭ ਆਪਨ ਅਉਸਰ ਚਲੇ ਸਾਰਿ॥ ੨॥

ਸਾਰੇ ਆਪੋ ਆਪਣੇ ਸਮੇਂ ਵਿਚ ਸਾਰਿ= ਖਬਰਦਾਰ ਹੋ ਕੇ ਚਲੇ ਹਨ, ਪਰ ਫਿਰ ਵੀ ਕਾਮ ਆਦਿਕਾਂ ਨੇ ਕਿਸੇ ਨੂੰ ਛੱਡਿਆ ਨਹੀਂ॥ ੨॥

ਤੂ ਅਥਾਹੁ ਮੋਹਿ ਥਾਹ ਨਾਹਿ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ॥

ਹੇ ਪਰਮਾਤਮਾ ! ਤੂੰ ਅਥਾਹੁ= ਬਿਅੰਤ ਹੈਂ, ਮੇਰੇ ਪਾਸੋਂ ਆਪ ਜੀ ਦਾ ਥਾਹ= ਅੰਤ ਨਹੀਂ ਲਿਆ ਜਾਂਦਾ। ਹੇ ਗ਼ਰੀਬਾਂ ਦੇ ਸੁਆਮੀ ਪਰਮਾਤਮਾ ! ਆਪ ਜੀ ਤੋਂ ਬਿਨਾਂ ਮੈਂ ਆਪਣਾ ਦੁੱਖ ਕਿਸ ਨੂੰ ਕਹਾਂ?

ਮੋਰੋ ਜਨਮ ਮਰਨ ਦੁਖੁ ਆਥਿ ਧੀਰ॥
ਸੁਖ ਸਾਗਰ ਗੁਨ ਰਉ ਕਬੀਰ॥ ੩॥ ੫॥

ਧੀਰ= ਹੇ ਧੀਰਜਵਾਨ (ਪਰਮਾਤਮਾ) ! ਮੇਰੇ ਜਨਮ ਮਰਨ ਦੁੱਖ ਨੂੰ ਆਥਿ= ਅਸਤ (ਖ਼ਤਮ) ਕਰੋ। ਹੇ ਸੁਖਾਂ ਦੇ ਸਮੁੰਦਰ (ਪਰਮਾਤਮਾ) ! ਮੈਂ ਕਬੀਰ ਆਪ ਜੀ ਦੇ ਗੁਣਾਂ ਨੂੰ ਰਉ= ਉਚਾਰਨ ਕਰਾਂ॥ ੩॥ ੫॥

ਉਥਾਨਕਾ— ਇਕ ਵਣਜਾਰੇ ਨੇ ਆ ਕੇ ਕਿਹਾ- ਆਪ ਭੀ ਵਣਜ- ਵਪਾਰ ਕੀਤਾ ਕਰੋ, ਮੈਥੋਂ ਜਿੰਨੀ ਸੇਵਾ ਹੋ ਸਕੇਗੀ ਕਰਾਂਗਾ। ਹੁਣ ਉਸ ਨੂੰ ਛੱਡਣ ਜੋਗ ਵਪਾਰ ਦਾ ਉਪਦੇਸ਼ ਦੇਂਦੇ ਹਨ-

ਨਾਇਕੁ ਏਕੁ ਬਨਜਾਰੇ ਪਾਚ॥ ਬਰਧ ਪਚੀਸਕ ਸੰਗੁ ਕਾਚ॥

ਇਕ ਮਨ ਨਾਇਕੁ= ਸੁਆਮੀ ਹੈ, ਪੰਜ ਗਿਆਨ ਇੰਦ੍ਰੀਏ ਵਾਪਾਰੀ ਹਨ (ਜੋ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿਕ ਵਿਸ਼ਿਆਂ ਨੂੰ ਖਰੀਦਦੇ ਹਨ)। ਵਾ:- ਕਾਮ ਕ੍ਰੋਧ ਆਦਿਕ ਜੋ ਪੰਜ ਹਨ, ਇਹ ਵਣਜਾਰੇ ਹਨ।

ਪਚੀਸਕ= ਪੰਝੀ ਪ੍ਰਕਿਰਤੀਆਂ ਇਹ ਬਰਧ= ਬੈਲ ਹਨ। ਵਾ:- ਪੰਝੀ ਪ੍ਰਕਿਰਤੀਆਂ ਕਰ ਕੇ ਬਣਿਆਂ ਹੋਇਆ ਜੋ ਸਰੀਰ ਹੈ, ਇਹੋ ਬੈਲ ਹੈ। ਪਰੰਤੂ ਇਹ ਸਾਰਾ ਹੀ ਸੰਗ ਕੱਚਾ ਹੈ।

ਨਉ ਬਹੀਆਂ ਦਸ ਗੋਨਿ ਆਹਿ॥ ਕਸਨਿ ਬਹਤਰਿ ਲਾਗੀ ਤਾਹਿ॥ ੧॥

ਪਦ ਅਰਥ— ਬਹੀਆ= ਬਾਂਸ ਦੀਆਂ ਲਾਠੀਆਂ, ਚਾਵਡਾਂ। ਗੋਨਿ= ਛੱਟਾਂ। ਤਾਹਿ= ਤਿਨ੍ਹਾਂ ਨੂੰ, ਕਸਨਿ= ਤਰੋਪਾ।

ਅਰਥ :- ਨੌਂ ਗੋਲਕਾਂ ਚਾਵਡਾਂ ਹਨ ਅਤੇ ਦਸ ਇੰਦ੍ਰੀਏ ਛੱਟਾਂ ਹਨ, ਜਿਨ੍ਹਾਂ ਵਿਚ ਵਿਸ਼ਿਆਂ ਰੂਪੀ ਵਸਤੂ ਭਰੀ ਹੋਈ ਹੈ। ਉਹਨਾਂ ਇੰਦ੍ਰੀਆਂ ਰੂਪੀ ਛੱਟਾਂ ਨੂੰ ੭੨ ਨਾੜੀਆਂ ਰੂਪ ਤਰੋਪਾ ਲੱਗਾ ਹੋਇਆ ਹੈ॥ ੧॥

ਇਹ ਨਿਯਮ ਸਮਝ ਲਓ— ਨਾੜੀਆਂ ਕੱਸੀਆਂ ਹੋਈਆਂ ਹੋਣ ਤਾਂ ਇੰਦ੍ਰੀਆਂ ਨਾਲ ਵਿਸ਼ਿਆਂ ਦਾ ਗ੍ਰਹਿਣ ਹੁੰਦਾ ਹੈ। ਨਾੜੀਆਂ ਦੇ ਕਮਜ਼ੋਰ ਪੈਣ ਨਾਲ ਜਦ ਇੰਦ੍ਰੀਆਂ ਕਮਜ਼ੋਰ ਹੋ ਜਾਣ ਤਾਂ ਵਿਸ਼ਿਆਂ ਦਾ ਗ੍ਰਹਿਣ ਨਹੀਂ ਹੁੰਦਾ॥ ੧॥

ਮੋਹਿ ਐਸੇ ਬਨਜੁ ਸਿਉ ਨਹੀਨ ਕਾਜੁ॥

ਇਸ ਲਈ ਮੇਰਾ ਇਸ ਤਰ੍ਹਾਂ ਦੇ ਦੇਹ ਅਧਿਆਸ, ਵਾ:- ਮੰਦ ਕਰਮਾਂ ਰੂਪੀ ਕੱਚੇ ਵਪਾਰ (ਲੈਣ ਦੇਣ) ਨਾਲ ਕੁਝ ਕੰਮ ਨਹੀਂ।

[ਪੰਨਾ ੧੧੯੫]

ਜਿਹ ਘਟੈ ਮੂਲੁ ਨਿਤ ਬਢੈ ਬਿਆਜੁ॥ ਰਹਾਉ॥

ਜਿਸ (ਮੰਦ ਕਰਮਾਂ ਰੂਪ ਵਪਾਰ ਦੇ ਕਰਨ) ਨਾਲ ਮੂਲੁ= ਸ੍ਵਾਸ ਘਟ ਜਾਂਦੇ ਹਨ** ਅਤੇ ਪਾਪਾਂ ਰੂਪ

---

*ਪੰਝੀ ਪ੍ਰਕਿਰਤੀਆਂ ਲਈ ਦੇਖੋ ਇਸੇ ਪੋਥੀ ਦਾ ਪੰਨਾ ੧੮੫।

**ਨੋਟ:—ਵਿਸ਼ੇ ਭੋਗਣ ਕਰ ਕੇ ਸ੍ਵਾਸ ਛੇਤੀ ਛੇਤੀ ਚਲਦੇ ਹਨ, ਇਸ ਕਰ ਕੇ ਸ੍ਵਾਸ ਘਟ ਜਾਂਦੇ ਹਨ।

ਬਿਆਜ ਵਧ ਜਾਂਦਾ ਹੈ॥ ਰਹਾਉ॥

ਬੈਸਤ ਬਾਰਾਂ ਚਲਤ ਅਠਾਰਾਂ ਸੋਵਤ ਚਾਲੈ ਤੀਸ।
ਮੈਥਨ ਕਰਤੇ ਚੌਸਠ ਚਾਲੇ ਕਿਉ ਨ ਭਜੇ ਜਗਦੀਸ।

ਸਾਤ ਸੂਤ ਮਿਲਿ ਬਨਜੁ ਕੀਨ॥ ਕਰਮ ਭਾਵਨੀ ਸੰਗ ਲੀਨ॥

ਪਹਿਲਾ ਅਰਥ— ਪੰਜ ਗਿਆਨ ਇੰਦ੍ਰੀਏ, ਮਨ ਤੇ ਬੁੱਧੀ ਇਨ੍ਹਾਂ ਸੱਤਾਂ ਸੂਤਾਂ ਦਾ ਰਚਿਆ ਹੋਇਆ ਜੋ ਸਰੀਰ ਹੈ। ਵਾ:- ਰਕਤ, ਨਾੜੀ, ਤ੍ਵਚਾ (ਚਮੜੀ)ਇਹ ਮਾਤਾ ਦੀਆਂ ਹਨ। ਹੱਡੀਆਂ, ਬੀਰਜ, ਮਿੱਝ, ਚਰਬੀ ਇਹ ਪਿਤਾ ਦੀਆਂ ਹਨ। ਇਨ੍ਹਾਂ ਸੱਤਾਂ ਸੂਤਾਂ ਦਾ ਰਚਿਆ ਹੋਇਆ ਜੋ ਸਰੀਰ ਹੈ। ਵਾ:- ਪੰਚ ਤਤ ਮਾਇਆ ਚੇਤਨ ਇਹਨਾਂ ਸੱਤਾਂ ਸੂਤਾਂ ਕਰ ਕੇ ਰਚਿਆ ਹੋਇਆ ਜੋ ਸਰੀਰ ਹੈ, ਇਸ ਨਾਲ ਮਿਲ ਕੇ ਜੀਵ ਨੇ ਖੋਟਾ ਹੀ ਵਣਜ ਕੀਤਾ ਹੈ। ਸ਼ਕਾਮ ਕਰਮਾਂ ਦੀ ਭਾਵਨੀ= ਸ਼ਰਧਾ ਨਾਲ ਲਈ ਹੋਈ ਹੈ।

ਤੀਨਿ ਜਗਾਤੀ ਕਰਤ ਰਾਰਿ॥ ਚਲੋ ਬਨਜਾਰਾ ਹਾਥ ਝਾਰਿ॥ ੨॥

ਸ਼ੁਭ ਅਸ਼ੁਭ ਤੇ ਮਿਸ਼੍ਰਤ ਇਹ ਤਿੰਨ ਪ੍ਰਕਾਰ ਦੇ ਕਰਮ ਜਗਾਤੀ= ਮਸੂਲੀਏ ਹਨ, ਹਰ ਇਕ ਜੀਵ ਨਾਲ ਰਾਰਿ= ਲੜਾਈ ਝਗੜਾ ਕਰਦੇ ਹਨ। ਸੁਖ ਦੁੱਖ ਦਾ ਫਲ ਦੇਣ ਵਾਸਤੇ ਖੋਟਿਆਂ ਕਰਮਾਂ ਦੇ ਕਰਨ ਵਾਲਾ ਜੀਵ ਰੂਪ ਬਨਜਾਰਾ= ਵਪਾਰੀ ਹੱਥਾਂ ਨੂੰ ਝਾੜ ਕੇ ਖਾਲੀ ਚਲਿਆ ਜਾਂਦਾ ਹੈ। ਵਾ:- ਜਿਸ ਵੇਲੇ ਜੀਵ ਰੂਪ ਬਨਜਾਰਾ= ਵਪਾਰੀ ਚਲਦਾ ਹੈ ਤਾਂ ਜਮਦੂਤ ਚੰਗੀ ਤਰ੍ਹਾਂ ਇਸ ਉੱਤੇ ਹੱਥ ਝਾੜਦੇ ਭਾਵ ਮਾਰਦੇ ਹਨ॥ ੨॥

ਪੂੰਜੀ ਹਿਰਾਨੀ ਬਨਜੁ ਟੂਟ॥ ਦਹ ਦਿਸ ਟਾਂਡੋ ਗਇਓ ਫੂਟਿ॥

ਜਿਸ ਵੇਲੇ ਸ੍ਵਾਸਾਂ ਰੂਪੀ ਪੂੰਜੀ= ਰਾਸ ਹਿਰਾਨੀ= ਨਾਸ ਹੋ ਗਈ ਭਾਵ ਸ੍ਵਾਸ ਪੂਰੇ ਹੋ ਗਏ ਅਤੇ ਸਰੀਰ ਦਾ ਵਿਹਾਰ ਕਰਨੇ ਰੂਪ ਸੌਦਾ ਵੀ ਟੁੱਟ ਗਿਆ। ਭਾਵ ਖਤਮ ਹੋ ਗਿਆ, ਤਾਂ ਦਸਾਂ ਹੀ ਦਿਸ਼ਾਂ ਵਲੋਂ ਸਰੀਰ ਰੂਪ ਟਾਂਡਾ ਫੁੱਟ ਗਿਆ।

ਦੂਜਾ ਅਰਥ—

ਪੂਰਨ ਮਹਾਤਮਾ ਨੇ ਜੋ ਵਪਾਰ ਕੀਤਾ ਹੈ, ਹੁਣ ਉਸ ਦਾ ਵਰਣਨ ਕਰਦੇ ਹਨ-

ਸਾਤ ਸੂਤ ਮਿਲਿ ਬਨਜੁ ਕੀਨ॥

ਚਾਰ ਸਾਧਨ (ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ), ਤਿੰਨ (ਸ੍ਰਵਨ, ਮਨਨ, ਨਿਧਿ-ਆਸਨ) ਇਨ੍ਹਾਂ ਸੱਤਾਂ ਦੀ ਸੂਤ= ਮਰਯਾਦਾ ਨਾਲ ਮਿਲ ਕੇ ਗਿਆਨ ਦਾ ਵਪਾਰ ਕੀਤਾ ਹੈ।

ਕਰਮ ਭਾਵਨੀ ਸੰਗ ਲੀਨ॥

ਨਿਸ਼ਕਾਮ ਕਰਮਾਂ ਦੀ ਸ਼ਰਧਾ ਨਾਲ ਲਈ ਹੋਈ ਹੈ।

ਤੀਨਿ ਜਗਾਤੀ ਕਰਤ ਰਾਰਿ॥

ਤਿੰਨ ਮਸੂਲੀਏ (ਰਜੋ, ਸਤੋ, ਤਮੋ; ਇਹ) ਝਗੜਾ ਕਰਦੇ ਹਨ, ਭਾਵ ਪਰਮੇਸ਼ਰ ਵੱਲ ਜਾਣ ਨਹੀਂ ਦੇਂਦੇ।

ਚਲੋ ਬਨਜਾਰਾ ਹਾਥ ਝਾਰਿ॥ ੨॥

ਪਰੰਤੂ ਪੂਰਨ ਮਹਾਤਮਾ ਦੀ ਸੰਗਤ ਹੋਣ ਕਰ ਕੇ ਬਨਜਾਰਾ= ਸ਼੍ਰੇਸ਼ਟ ਜਗਿਆਸੂ ਆਪਣੇ ਮਨ ਰੂਪੀ ਹੱਥ ਨੂੰ ਝਾੜ ਕੇ ਭਾਵ ਰਜੋ, ਸਤੋ, ਤਮੋ ਆਦੀ ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ ਪਰਮੇਸ਼ਰ ਵੱਲ ਚਲਦਾ ਹੈ।

ਪੂੰਜੀ ਹਿਰਾਨੀ ਥਨਜੁ ਟੂਟ॥

ਸਾਰੀਆਂ ਉਪਾਧੀਆਂ ਦਾ ਮੁੱਢ ਜੋ ਅਵਿਦਿਆ ਰੂਪ ਪੂੰਜੀ ਹੈ, ਉਹ ਨਾਸ ਹੋ ਗਈ ਤੇ ਇੰਦ੍ਰੀਆਂ ਦੁਆਰਾ ਵਿਸ਼ਿਆਂ ਦਾ ਗ੍ਰਹਿਣ ਕਰਨ ਰੂਪ ਸੋਦਾ ਵੀ ਟੁੱਟ ਗਿਆ ਹੈ।

ਦਹ ਦਿਸ ਟਾਂਡੋ ਗਇਓ ਛੂਟਿ॥

ਇਸ ਤਰ੍ਹਾਂ ਬ੍ਰਹਮ ਗਿਆਨ ਹੋਣ ਕਰ ਕੇ ਸਰੀਰ ਰੂਪ ਟਾਂਡਾ ਦਸੋਂ ਦਿਸ਼ਾਂ ਵਿਚ ਛੁੱਟ ਗਿਆ ਭਾਵ ਤੱਤਾਂ ਵਿਚ ਤੱਤ ਲੀਨ ਹੋ ਗਏ ਅਤੇ ਚੇਤਨ ਵਿਚ ਚੇਤਨ ਲੀਨ ਹੋ ਗਿਆ।

ਕਹਿ ਕਬੀਰ ਮਨ ਸਰਸੀ ਕਾਜ॥
ਸਹਜ ਸਮਾਨੋ ਤ ਭਰਮ ਭਾਜ॥ ੩ ॥ ੬ ॥

ਕਬੀਰ ਜੀ ਕਹਿੰਦੇ ਹਨ— ਜਿਸ ਵੇਲੇ ਭਰਮ ਦੇ ਭਾਜ= ਦੌੜ ਜਾਣ ਨਾਲ ਸਹਜ= ਗਿਆਨ ਵਿਚ ਅਭੇਦ ਹੋਏ ਤਾਂ ਮਨ ਦਾ ਸਰਸੀ ਕਾਜ= ਅਧਿਕ ਅਨੰਦ ਰੂਪ ਕੰਮ ਸਵਰ ਗਿਆ॥ ੩ ॥ ੬ ॥

ਬਸੰਤੁ ਹਿੰਡੋਲੁ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ— ਇਕ ਦਿਨ ਦੀ ਗੱਲ ਹੈ ਕਿ ਲੋਈ ਰੋਟੀ ਲੈ ਕੇ ਕਬੀਰ ਜੀ ਦੇ ਪਾਸ ਆਈ ਤਾਂ ਕਬੀਰ ਜੀ ਤਾਣੀ ਤਣ ਰਹੇ ਸਨ। ਲੋਈ ਪਾਸੋਂ ਰੋਟੀ ਲੈ ਕੇ ਖੱਡੀ 'ਤੇ ਬੈਠੇ ਹੀ ਛਕਣ ਲੱਗ ਪਏ। ਇਤਨੇ ਨੂੰ ਇਕ ਕਰਮ-ਕਾਂਡੀ ਪੰਡਿਤ ਆ ਗਿਆ। ਉਸ ਨੇ ਵੇਖ ਕੇ ਕਿਹਾ- "ਆਪ ਸਭ ਦੇ ਅਚਾਰਯ ਹੋ ਕੇ ਫਿਰ ਮਰਯਾਦਾ ਹੀਣ ਕੰਮ ਕਰ ਰਹੇ ਹੋ, ਚੌਕੇ ਪਾਏ ਬਗੈਰ ਹੀ ਅਪਵਿੱਤਰ ਜਗ੍ਹਾ 'ਤੇ ਬੈਠ ਕੇ ਭੋਜਨ ਖਾ ਰਹੇ ਹੋ?"

ਇਹ ਗੱਲ ਸੁਣ ਕੇ ਕਬੀਰ ਜੀ ਉਸ ਕਰਮ-ਕਾਂਡੀ ਪੰਡਿਤ ਨੂੰ ਆਖਦੇ ਹਨ-

ਕਹੁ ਪੰਡਿਤ ਸੂਚਾ ਕਵਨੁ ਠਾਉ॥ ਜਹਾਂ ਬੈਸਿ ਹਉ ਭੋਜਨੁ ਖਾਉ॥

ਹੇ ਪੰਡਿਤ ਜੀ ! ਦੱਸੋ ਖਾਂ ਪਵਿੱਤਰ ਕਿਹੜੀ ਥਾਂ ਹੈ? ਜਿਥੇ ਬੈਠ ਕੇ ਮੈਂ ਅੰਨ ਖਾਵਾਂ? (ਹੁਣ ਆਦਿ ਤੋਂ ਚਲੋ:-)

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ॥

ਮਾਤਾ ਵੀ ਜੂਠੀ ਹੈ, ਪਿਤਾ ਵੀ ਜੂਠਾ ਹੈ, ਅਲਿੰਗਨ ਚੁੰਮਣ ਆਦਿ ਕ੍ਰਿਆ ਕਰਨ ਨਾਲ ਅਤੇ ਉਨ੍ਹਾਂ ਨੂੰ ਜੋ ਧੀਆਂ ਪੁੱਤਰ ਆਦਿ ਫਲ ਲੱਗੇ ਹਨ, ਓਹ ਵੀ ਜੂਠੇ= ਅਪਵਿੱਤਰ ਹਨ, ਕਿਉਂਕਿ ਅਪਵਿੱਤਰ ਚੀਜ਼ਾਂ ਤੋਂ ਜੋ ਪੈਦਾ ਹੋਏ।

ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥ ੧॥

(ਗਉੜੀ ਕਬੀਰ ਜੀ, ਪੰਨਾ ੩੩੬

ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ॥ ੧ ॥

ਜੂਠੇ= ਅਪਵਿੱਤਰ ਪੁਰਸ਼ ਹੀ ਆਉਂਦੇ ਹਨ, ਅਪਵਿੱਤਰ ਪੁਰਸ਼ ਹੀ ਜਾਂਦੇ ਹਨ, ਅਪਵਿੱਤਰ ਪੁਰਸ਼ ਹੀ ਖੋਟੇ ਭਾਗਾਂ ਵਾਲੇ ਮਰਦੇ ਹਨ। ਵਾ:- ਮਾਤਾ ਦੀ ਭਗ (ਜੋਨੀ) ਜੋ ਅਪਵਿੱਤਰ ਹੈ, ਉਸ ਦੁਆਰੇ ਆਉਂਦੇ ਹਨ

ਅਤੇ ਭੀ= ਉਸ ਦੀ ਨਿਆਈਂ ਅੰਤ ਨੂੰ ਅਪਵਿੱਤਰ ਇੰਦ੍ਰੀਆਂ ਅਤੇ ਮਨ ਦੀਆਂ ੭੨ ਕੋਠੜੀਆਂ ਵਿਚ ਫਿਰਦੇ ਹੋਏ ਬਾਹਰ ਨਿਕਲ ਜਾਂਦੇ ਹਨ, ਅਪਵਿੱਤਰ ਹੀ ਖੋਟੇ ਭਾਗਾਂ ਵਾਲੇ ਪੁਰਸ਼ ਮਰਦੇ ਹਨ॥ ੧॥

ਕਹੁ ਪੰਡਿਤ ਸੂਚਾ ਕਵਨੁ ਠਾਉ ॥ਜਹਾਂ ਬੈਸਿ ਹਉ ਭੋਜਨੁ ਖਾਉ ॥੧ ॥ਰਹਾਉ ॥

ਹੇ ਪੰਡਿਤ ਜੀ ! ਕਹੋ=ਦੱਸੋ ਖਾਂ, ਪਵਿੱਤਰ ਕਿਹੜੀ ਥਾਂ ਹੈ? ਜਿਥੇ ਬੈਸਿ= ਬੈਠ ਕੇ ਹਉ= ਮੈਂ ਭੋਜਨੁ= ਪ੍ਰਸ਼ਾਦਾ ਖਾਵਾਂ॥ ੧॥ ਰਹਾਉ॥

ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ॥

ਕਈ ਤਰ੍ਹਾਂ ਦੇ ਰਸ ਲੈਣ ਕਰ ਕੇ ਜੀਭ ਵੀ ਅਪਵਿੱਤਰ ਹੈ, ਬੋਲਣਾ ਭੀ ਅਪਵਿੱਤਰ ਹੈ, ਜੋ ਕਈ ਤਰ੍ਹਾਂ ਦੇ ਵਿਅੰਗ ਬਚਨ ਬੋਲੇ ਜਾਂਦੇ ਹਨ। ਪਰਾਈ ਨਿੰਦਿਆ ਸੁਣਨ ਕਰ ਕੇ ਕਰਨ= ਕੰਨ ਵੀ ਅਪਵਿੱਤਰ ਹਨ, ਪਰ-ਇਸਤ੍ਰੀ ਦਾ ਸੁੰਦਰ ਰੂਪ ਵੇਖਣ ਕਰ ਕੇ ਨੇਤਰ ਵੀ ਅਪਵਿੱਤਰ ਹਨ।

ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥ ੨ ॥

ਪਿਸ਼ਾਬ ਕਰਨ ਵਾਲੀ ਇੰਦਰੀ ਦੀ ਅਪਵਿੱਤ੍ਰਤਾ ਕਦੇ ਉਤਰਦੀ ਹੀ ਨਹੀਂ, ਹੇ ਬ੍ਰਾਹਮਣ ਜ਼ਾਤੀ ਦੇ ਹੰਕਾਰ ਰੂਪੀ ਅੱਗ ਦੇ ਲੂਠੇ= ਸੜੇ ਹੋਏ ਪੰਡਿਤ! ॥ ੨ ॥

ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥

(ਜਿਸ ਅੱਗ ਨੂੰ ਤੁਸੀਂ ਪਵਿੱਤਰ ਮੰਨਦੇ ਹੋ) ਉਹ ਅੱਗ ਵੀ ਜੂਠੀ= ਅਪਵਿੱਤਰ ਹੈ ਉਸ ਵਿਚ ਕਈ ਕੀੜੇ ਮਰਦੇ ਹਨ, (ਜਿਸ ਪਾਣੀ ਨਾਲ ਇਸ਼ਨਾਨ ਕਰਨ ਨਾਲ ਤੁਸੀਂ ਪਵਿਤ੍ਰਤਾ ਮੰਨਦੇ ਹੋ) ਉਹ ਪਾਣੀ ਵੀ ਜੂਠਾ= ਅਪਵਿੱਤਰ ਹੈ ਕਿਉਂਕਿ ਹਜ਼ਾਰਾਂ ਹੀ ਕੀੜੇ ਜਲ ਵਿੱਚੋਂ ਪੈਦਾ ਹੁੰਦੇ ਹਨ ਫਿਰ ਉਸੇ ਜਲ ਵਿਚ ਹੀ ਮਰ-ਖਪ ਜਾਂਦੇ ਹਨ ਅਤੇ ਜਿਸ ਔਰਤ ਨੇ ਚੌਂਕੇ ਵਿਚ ਬੈਠ ਕੇ ਭੋਜਨ ਪਕਾਇਆ ਹੈ, ਉਹ ਔਰਤ ਵੀ ਅਪਵਿੱਤਰ ਹੈ।

ਸ਼ਾਸਤ੍ਰਕਾਰਾਂ ਨੇ ਇਸਤ੍ਰੀ ਜੂਨ ਨਖਿਧ ਕਹੀ ਹੈ। ਰਾਜਨੀਤਕ ਗ੍ਰੰਥ ਵਿਚ ਵੀ ਇਸਤ੍ਰੀ ਅਪਵਿੱਤਰ ਕਹੀ ਹੈ ਕਿਉਂਕਿ ਬੱਚਾ ਗੋਦੀ ਵਿਚ ਬੈਠਾ ਹੋਇਆ ਹਰ ਵੇਲੇ ਟੱਟੀ ਪਿਸ਼ਾਬ ਕਰਦਾ ਰਹਿੰਦਾ ਹੈ। ਇਸਤ੍ਰੀ ਦੇ ਕਪੜੇ ਕਦੇ ਸਾਫ ਨਹੀਂ ਰਹਿੰਦੇ, ਨਾਲੇ ਮਾਹਵਾਰੀ ਭੀ ਹਮੇਸ਼ਾਂ ਆਉਂਦੀ ਰਹਿੰਦੀ।

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥

(ਆਸਾ ਦੀ ਵਾਰ, ਪੰਨਾ ੪੭੨

ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥ ੩ ॥

ਇਸਤ੍ਰੀ ਦੇ ਹੱਥਾਂ ਨਾਲ ਲੱਗੀ ਹੋਈ ਜੂਠੀ ਹੀ ਕੜਛੀ ਨਾਲ ਅੰਨ ਪਰੋਸਣ ਲੱਗਾ ਅਤੇ ਪਰਮੇਸ਼ਰ ਦੇ ਨਾਮ ਹੀਣ ਅਪਵਿੱਤਰ ਪੁਰਸ਼ਾਂ ਨੇ ਹੀ ਬੈਠ ਕੇ ਉਹ ਭੋਜਨ ਖਾਧਾ॥ ੩॥

ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥

ਗਊ ਦੀ ਵਿਸ਼ਟਾ ਹੋਣ ਕਰ ਕੇ ਗੋਹਾ ਵੀ ਅਪਵਿੱਤਰ ਹੈ, ਉਸ ਗੋਹੇ ਨਾਲ ਲਿੱਪਣ ਕਰ ਕੇ ਚੌਂਕਾ ਵੀ ਅਪਵਿੱਤਰ ਹੈ। ਵਾ:- ਝਾੜੂ ਫੇਰਨ ਕਰ ਕੇ ਕਈ ਕੀੜੇ ਮਰ ਜਾਂਦੇ ਹਨ, ਇਸ ਕਰ ਕੇ ਚੌਂਕਾ ਵੀ ਅਪਵਿੱਤਰ ਹੈ। ਆਲੇ-ਦੁਆਲੇ ਜੋ ਕਾਰਾ= ਲਕੀਰਾਂ ਦਿੱਤੀਆਂ ਹਨ, ਉਹ ਵੀ ਅਪਵਿੱਤਰ ਹਨ।

ਹਿੰਦੂ ਸ਼ਾਸਤ੍ਰਾ ਵਿਚ ਲਿਖਿਆ ਹੈ ਕਿ ਜੀਵ ਤੋਂ ਅਚੇਤ ਹੀ ਪੰਜ ਤਰ੍ਹਾਂ ਦੇ ਪਾਪ ਹੋ ਜਾਂਦੇ ਹਨ ੧. ਝਾੜੂ ਫੇਰਨ ਵਿਚ, ੨. ਪੋਚਾ ਪਾਉਣ ਵੇਲੇ, ੩. ਚੁਲ੍ਹੇ ਵਿਚ ਅਗਨੀ ਬਾਲਣ ਵੇਲੇ, ੪. ਚੱਕੀ ਵਿਚ ਦਾਣੇ ਪੀਸਣ ਸਮੇਂ, ੫. ਉਖਲੀ ਵਿਚ ਦਾਣੇ (ਚਾਵਲ) ਕੁੱਟਣ ਸਮੇਂ ਕਈ ਜੀਵ ਮਰ ਜਾਂਦੇ ਹਨ।

ਇਸ ਲਈ ਇਨ੍ਹਾਂ ਪੰਜਾਂ ਪਾਪਾਂ ਦੀ ਨਵਿਰਤੀ ਦੇ ਪੰਜ ਹੀ ਪ੍ਰਾਸਚਿਤ ਕਹੇ ਹਨ :-

੧- ਅਗਨੀ ਵਿਚ ਅਹੂਤੀ ਪਾਉਣੀ, ੨- ਪਿਤਰਾਂ ਦੇ ਨਮਿੱਤ ਦੇਣਾ, ੩- ਸੰਤਾਂ ਦੀ ਪੁੰਨ ਸਿਮ੍ਰਤੀ ਵਿਚ ਦੇਣਾ, ੪- ਦੇਵਤਿਆਂ ਦੇ ਨਮਿਤ ਅਹੂਤੀ ਪੁਆਉਣੀ,- ੫- ਪਰਮੇਸ਼ਰ ਨਮਿੱਤ ਅੰਨ ਦਾਨ ਕਰਨਾ।

ਪ੍ਰਸ਼ਨ- ਫੇਰ ਜੀ, ਪਵਿੱਤਰ ਕੌਣ ਹੈ?

ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥ ੪ ॥ ੧ ॥ ੭ ॥

ਕਬੀਰ ਜੀ ਕਹਿੰਦੇ ਹਨ— ਉਹ ਆਦਮੀ ਸੂਚੇ= ਪਵਿੱਤਰ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਸੱਚੀ ਆਤਮ-ਵਿਚਾਰ ਪਰੀ= ਪਈ ਹੈ॥ ੪॥ ੧॥ ੭॥

ਸਭ ਕਾਮ ਕੇ ਆਦਿ ਵਿਚਾਰ ਭਲੋ ਪੁਰਖੋਤਮ ਲਖਨ ਏ ਉਚਰੇ॥ ੯॥ *(ਸਾਰੁਕਤਾਵਲੀ, ਅਧਿ. ੮)*

ਵਿਚਾਰ ਤੋਂ ਹੀਣ ਜੀਵ ਪਸ਼ੂ ਹੈ।

ਵਿਚਾਰਾਤ ਹੀਨਾ ਪਸ਼ੂ ਰੇਣ ਸਿਆਤ॥

ਰਾਮਾਨੰਦ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ॥

ਉਥਾਨਕਾ— ਕਾਂਸ਼ੀ ਤੋਂ ਬਾਹਰ ਇਕ 'ਬ੍ਰਹਮ ਠਾਂ' ਨਾਂ ਦਾ ਮੰਦਰ ਹੈ।* ਉਥੇ ਸਾਲ ਦੇ ਸਾਲ ਮੇਲਾ ਲੱਗਦਾ ਹੈ। ਇਕ ਵਾਰੀ ਰਾਮਾਨੰਦ ਜੀ ਵੀ ਗਏ। ਜਦ ਫਿਰ ਮੇਲੇ ਦਾ ਸਮਾਂ ਆਇਆ ਤਾਂ ਪ੍ਰੇਮੀ-ਲੋਕਾਂ ਨੇ ਆ ਕੇ ਬੇਨਤੀ ਕੀਤੀ—"ਸੁਆਮੀ ਜੀ '! ਆਓ, ਬ੍ਰਹਮ ਠਾਂ ਚਲੀਏ।" ਰਾਮਾਨੰਦ ਜੀ ਨੇ ਉਸ ਵੇਲੇ ਇਓਂ ਆਖਿਆ :-

ਕਤ ਜਾਈਐ ਰੇ ਘਰ ਲਾਗੋ ਰੰਗੁ॥

ਹੇ ਭਾਈ ! ਕਿਸ ਵਾਸਤੇ ਓਥੇ ਜਾਣਾ ਹੈ, ਹੁਣ ਤਾਂ ਘਰ= ਹਿਰਦੇ ਵਿਚ ਹੀ ਉਸ ਪਰਮਾਤਮਾ ਦਾ ਰੰਗੁ= ਅਨੰਦ ਲੱਗ ਰਿਹਾ ਹੈ।

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥ ੧ ॥ ਰਹਾਉ॥

ਹੁਣ ਮੇਰਾ ਚਿਤ ਹੋਰ ਕਿਸੇ ਤਰਫ ਨਹੀਂ ਚਲਦਾ, ਕਿਉਂਕਿ ਮੇਰਾ ਮਨ ਪੰਗੁ= ਪਿੰਗਲਾ ਭਾਵ ਸੰਕਲਪਾਂ ਵਿਕਲਪਾਂ ਤੋਂ ਰਹਿਤ ਹੋ ਗਿਆ ਹੈ॥ ੧॥ ਰਹਾਉ॥

ਮਨ ਮੂਸਾ ਪਿੰਗਲ ਭਇਓ, ਪੀ ਪਾਰਾ ਹਰਿ ਨਾਮ।
ਰਜਬ ਚਲੈ ਨ ਚਲ ਸਕੈ, ਰਹਿਓ ਠਾਮ ਕਾ ਠਾਮ।

**ਕਈ ਆਖਦੇ ਹਨ-"ਇਥੇ ਬ੍ਰਹਮਾ ਨੇ ਤਪ ਕੀਤਾ ਹੈ।" ਬ੍ਰਹਮਾ ਨੇ ਅਯੁਧਿਆ ਵਿਖੇ ਸਰਜੂ ਨਦੀ ਦੇ ਕਿਨਾਰੇ ਭੀ ਤਪ ਕੀਤਾ ਹੈ ਜਾਂ ਉਥੇ ਬ੍ਰਹਮਾ ਦਾ ਮੰਦਰ ਹੈ ਹੋਰ ਕਿਧਰੇ ਭੀ ਬ੍ਰਹਮਾ ਦਾ ਮੰਦਰ ਨਹੀਂ, ਕਿਉਂਕਿ ਇਸ ਨੂੰ ਕਿਸੇ ਰਿਖੀ ਦਾ ਸਰਾਪ ਸੀ ਜਿਸ ਤੇ ਬ੍ਰਹਮਾ ਜੀ ਦੇ ਮੰਦਰ ਆਮ ਨਹੀਂ ਹਨ।*

ਪ੍ਰੇਮੀਆਂ ਨੇ ਕਿਹਾ- "ਸੁਆਮੀ ਜੀ! ਪਿਛਲੇ ਸਾਲ ਤਾਂ ਆਪ ਗਏ ਸੀ?"

ਤਾਂ ਰਾਮਾਨੰਦ ਜੀ ਨੇ ਕਿਹਾ—

ਏਕ ਦਿਵਸ ਮਨ ਭਈ ਉਮੰਗ॥ ਘਸਿ ਚੰਦਨ ਚੋਆ ਬਹੁ ਸੁਗੰਧ॥

(ਅਗਿਆਨ ਦਸ਼ਾ ਵਿਚ) ਪਹਿਲੇ ਇਕ ਦਿਨ ਮੇਰੇ ਮਨ ਵਿਚ ਦਰਸ਼ਨ ਕਰਨ ਦੀ ਉਮੰਗ= ਇੱਛਾ ਹੋਈ ਸੀ, ਇਸ ਲਈ ਉਸ ਦਿਨ ਇਹੋ ਹੀ ਮੇਰੀ ਵਿਅਕਤੀ ਚੰਦਨ ਘਸਾ ਕੇ ਅਤੇ ਅਤਰ ਫੁਲੇਲ ਆਦਿ ਬਹੁਤੀਆਂ ਸੁਗੰਧੀਆਂ ਚੁਆ ਕੇ-

ਪੂਜਨ ਚਾਲੀ ਬ੍ਰਹਮ ਠਾਇ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ ੧॥

ਬ੍ਰਹਮ ਠਾਇ= ਬ੍ਰਹਮ ਕੁੰਡ ਮੰਦਰ ਦੇ ਪੂਜਣ ਨੂੰ ਚੱਲੀ ਸੀ। ਹੁਣ ਉਹ ਬ੍ਰਹਮੁ= ਬਿਆਪਕ ਪਰਮਾਤਮਾ ਗੁਰਾਂ ਨੇ ਮਨ ਵਿਚ ਹੀ ਦਸ ਦਿੱਤਾ॥ ੧॥

ਜਹ ਜਾਈਐ ਤਹ ਜਲ ਪਖਾਨ॥ ਤੂ ਪੂਰਿ ਰਹਿਓ ਹੈ ਸਭ ਸਮਾਨ॥

(ਧਰਮ ਅਸਥਾਨ 'ਪਰ) ਜਿਥੇ ਵੀ ਜਾਈਏ ਉੱਥੇ ਜਲ ਤੇ ਪੱਥਰ ਦੀਆਂ ਮੂਰਤੀਆਂ ਦੀ ਹੀ ਪੂਜਾ ਹੈ। ਹੇ ਪਰਮਾਤਮਾ ! ਤੂੰ ਸਾਰਿਆਂ ਵਿਚ ਇਕ ਸਮਾਨ ਪੂਰਨ ਹੋ ਰਿਹਾ ਹੈਂ।

ਬੇਦ ਪੁਰਾਨ ਸਭ ਦੇਖੇ ਜੋਇ॥

(੪) ਵੇਦ, (੧੮) ਪੁਰਾਣ ਸਾਰਿਆਂ ਨੂੰ ਜੋਇ= ਨਿਰਨੇ ਕਰ ਕੇ ਵੇਖਿਆ ਹੈ।

ਸਭ ਇਹੋ ਕਹਿੰਦੇ ਹਨ ਕਿ ਪਰਮਾਤਮਾ ਸਾਰੇ ਹੀ ਪਰੀਪੂਰਨ ਹੈ।

"ਸਰਬੰ ਖਲ ਵਿਦੰ ਬ੍ਰਹਮ॥"

ਖਲ= ਨਿਸਚੇ ਕਰ ਕੇ ਇਹ ਜੜ੍ਹ ਚੇਤਨ ਰੂਪ ਸਾਰਾ ਪ੍ਰਪੰਚ ਬ੍ਰਹਮ ਰੂਪ ਹੈ। ਬ੍ਰਹਮ ਹੀ ਸਾਰੇ ਪਰੀਪੂਰਨ ਹੈ।

ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥ ੨॥

ਊਹਾਂ= ਉਸ ਬ੍ਰਹਮ ਕੁੰਡ ਮੰਦਰ ਵਿਚ ਤਾਂ ਚੱਲ ਕੇ ਜਾਈਏ ਜੇ ਪਰਮਾਤਮਾ ਇਥੇ ਨਾ ਹੋਵੇ। ਇਹ ਰਸਤਾ ਗੁਰਾਂ ਦੀ ਕਿਰਪਾ ਨਾਲ ਮਿਲਿਆ ਹੈ। ਇਸ ਕਰ ਕੇ-

ਸਤਿਗੁਰ ਮੈ ਬਲਿਹਾਰੀ ਤੋਰ॥

ਹੇ ਸਤਿਗੁਰੋ ! ਮੈਂ ਤੋਰ= ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥

ਜਿਸ ਆਪ ਜੀ ਨੇ ਵਿਆਕੁਲ ਕਰਨ ਵਾਲੇ ਮੋਰ= ਮੇਰੇ ਸਾਰੇ ਭਰਮ ਕੱਟ ਦਿੱਤੇ ਹਨ।

ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ੩॥ ੧॥

ਰਾਮਾਨੰਦ ਜੀ ਕਹਿੰਦੇ ਹਨ— ਮੈਂ ਸੁਆਮੀ ਬ੍ਰਹਮ ਨੂੰ ਰਮਤ= ਉਚਾਰਦਾ ਹਾਂ। ਪੂਰਨ ਗੁਰਾਂ ਦਾ ਉਪਦੇਸ਼

ਕਰੋੜਾਂ ਹੀ ਖੋਟੇ ਕਰਮਾਂ ਨੂੰ ਕੱਟਣ ਵਾਲਾ ਹੈ॥ ੩॥ ੧॥

ਬਸੰਤੁ ਬਾਣੀ ਨਾਮਦੇਉ ਜੀ ਕੀ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ— ਇਕ ਸਮੇਂ ਜਦ ਸਲੇਮ ਬਾਦਸ਼ਾਹ ਦੀ ਗਊ ਮਰ ਗਈ ਸੀ ਤਾਂ ਬਾਦਸ਼ਾਹ ਨੇ ਕਿਹਾ- "ਨਾਮਦੇਵ ! ਮੇਰੀ ਗਊ ਜਿਉਂਦੀ ਕਰ ਦੇ।"

ਤਾਂ ਨਾਮਦੇਵ ਨੇ ਕਿਹਾ—

ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥ *(ਪੰਨਾ ੧੧੯੫)*

ਇਹ ਗੱਲ ਸੁਣ ਕੇ ਸਲੇਮ ਬਾਦਸ਼ਾਹ ਨੇ ਗੁੱਸਾ ਕਰ ਲਿਆ ਤੇ ਹੁਕਮ ਦੇ ਕੇ ਨਾਮਦੇਵ ਨੂੰ ਹਾਥੀ ਅੱਗੇ ਸੁਟਵਾਇਆ ਗਿਆ :-

ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਗਜ ਹਸਤੀ ਦੀਨੋ ਚਮਕਾਰਿ॥ *(ਪੰਨਾ ੧੧੯੫)*

ਉਸ ਵੇਲੇ ਨਾਮਦੇਵ ਜੀ ਆਪਣੇ ਡੋਲਦੇ ਹੋਏ ਮਨ ਨੂੰ ਸਿਖਿਆ ਦੇ ਕੇ ਪੱਕੇ ਨਿਸਚੇ ਵਿਚ ਲਿਆਉਂਦੇ ਹਨ—

ਸਾਹਿਬੁ ਸੰਕਟਵੈ ਸੇਵਕੁ ਭਜੈ॥
ਚਿਰੰਕਾਲ ਨ ਜੀਵੈ ਦੋਊ ਕੁਲ ਲਜੈ॥ ੧॥

ਜਦ ਸਾਹਿਬੁ= ਪਰਮਾਤਮਾ ਕਰਮਾਂ ਦੇ ਅਨੁਸਾਰ ਸੰਕਟਵੈ= ਦੁੱਖ ਦੇਵੇ ਤੇ ਸੇਵਕ ਦੌੜ ਜਾਵੇ ਭਾਵ ਦੁੱਖ ਵੇਲੇ ਪਰਮੇਸ਼ਰ ਨੂੰ ਛੱਡ ਦੇਵੇ, ਅਰਥਾਤ ਆਪਣਾ ਨਿਸਚਾ ਹਟਾ ਦੇਵੇ ਤਾਂ ਉਹ ਬਹੁਤਾ ਸਮਾਂ ਨਹੀਂ ਜੀਉਂਦਾ, ਦੋਹਾਂ ਕੁਲਾਂ (ਨਾਨਕੇ, ਦਾਦਕੇ) ਨੂੰ ਸ਼ਰਮਿੰਦਾ ਕਰਦਾ ਹੈ।

ਅਥਵਾ :- ਸਾਹਿਬ ਨੂੰ ਸੰਕਟ ਆ ਬਣੇ ਤੇ ਸੇਵਕ ਉਸ ਵੇਲੇ ਭੱਜ ਜਾਵੇ ਭਾਵ ਬਿਪਤਾ ਵੇਲੇ ਆਪਣੇ ਗੁਰੂ ਦੀ ਸੇਵਾ ਨਾ ਕਰੇ ਤਾਂ ਉਹ ਸੇਵਕ ਬਹੁਤ ਸਮਾਂ ਨਹੀਂ ਜੀਉਂਦਾ ਉਹ ਆਪਣੀਆਂ ਦੋਹਾਂ ਕੁਲਾਂ ਨੂੰ ਸ਼ਰਮਸਾਰ ਕਰਦਾ ਹੈ। ਜਿਵੇਂ ਦਸਮੇਸ਼ ਪਿਤਾ ਜੀ ਨੂੰ ਸਿੱਖਾਂ ਨੇ ਬੇਦਾਵਾ ਲਿਖ ਦਿੱਤਾ ਸੀ ਅਤੇ ਦੁਨੀ ਚੰਦ ਰਾਤੋ ਰਾਤ ਦੌੜ ਗਿਆ ਸੀ। ਪਰ ਇਹ ਨਿਯਮ ਸਮਝ ਲਓ-

ਧੀਰਜ ਧਰਮ ਮਿਤ੍ਰਤਾ ਨਾਰੀ। ਆਪਦਾ ਕਾਲ ਪਰਖੀਏ ਚਾਰੀ।

ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ॥

ਹੇ ਪਰਮਾਤਮਾ ! ਮੈਂ ਤੇਰੀ ਭਗਤੀ ਨਹੀਂ ਛੱਡਾਂਗਾ ਲੋਕ ਭਾਵੇਂ ਮੈਨੂੰ ਹੱਸਣ।

ਚਰਨ ਕਮਲ ਮੇਰੇ ਹੀਅਰੇ ਬਸੈਂ॥ ੧॥ ਰਹਾਉ॥

ਆਪ ਜੀ ਦੇ ਚਰਨ ਕਮਲ ਮੇਰੇ ਹਿਰਦੇ ਵਿਚ ਵਸ ਰਹੇ ਹਨ॥ ੧॥

ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ॥
ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ॥ ੨॥

ਜਿਸ ਤਰ੍ਹਾਂ ਆਦਮੀ ਆਪਣੇ ਧਨ ਵਾਸਤੇ ਮਰਨਾ ਕਬੂਲ ਕਰ ਲੈਂਦਾ ਹੈ, ਵਸ ਲਗਦਿਆਂ ਧਨ ਨੂੰ ਜਾਣ ਨਹੀਂ ਦੇਂਦਾ। ਤੈਸੇ ਹੀ ਸੰਤ ਜਨ ਰਾਮ ਨੂੰ ਛੱਡਦੇ ਨਹੀਂ॥ ੨॥

ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥

ਗੰਗਾ ਤੇ ਗੋਦਾਵਰੀ ਆਦਿ ਤੀਰਥਾਂ 'ਪਰ ਜਾ ਕੇ ਇਸ਼ਨਾਨ ਕਰਨਾ ਅਤੇ ਗਯਾ ਪਰ ਜਾ ਕੇ ਪਿੱਤਰਾਂ ਨਮਿੱਤ ਦਾਨ ਦੇਣਾ ਇਹ ਸਾਰੇ ਸੰਸਾਰਕ ਕੰਮ ਹਨ, ਇਨ੍ਹਾਂ ਕਰ ਕੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

[ਪੰਨਾ ੧੧੯੬]

ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥ ੩ ॥ ੧ ॥

ਨਾਮਦੇਵ ਜੀ ਕਹਿੰਦੇ- ਉਹ ਨਾਰਾਇਣੁ= ਪਰਮਾਤਮਾ ਪ੍ਰਸੰਨ ਹੋਵੇ ਤਾਂ ਸੇਵਕ ਪੂਰਾ ਹੁੰਦਾ ਹੈ। ਵਾ:- ਸੇਵਕ ਦੀ ਸੇਵਾ ਕੀਤੀ ਹੋਈ ਸਫਲ ਹੁੰਦੀ ਹੈ॥ ੩ ॥ ੧ ॥

ਉਥਾਨਕਾ— ਇਸ ਸ਼ਬਦ ਦੁਆਰਾ ਨਾਮਦੇਵ ਜੀ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਦੇ ਹਨ-

ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥ ੧ ॥

ਸੰਸਾਰ-ਸਮੁੰਦਰ ਵਿਚ ਪਦਾਰਥਾਂ ਦੇ ਲੋਭ ਰੂਪੀ ਲਹਰਿ= ਛਲ, ਨੀਝਰ= ਇਕ-ਰਸ ਵਿਸ਼ੇਸ਼ਤਾ ਕਰ ਕੇ ਬਾਜੈ= ਪ੍ਰਗਟ ਹੋ ਰਹੀ ਹੈ। ਹੇ ਕੇਸਵ (ਪਰਮਾਤਮਾ) ! ਉਸ ਵਿਚ ਮੇਰੀ ਕਾਇਆ= ਬੁੱਧੀ ਡੁੱਬ ਰਹੀ ਹੈ॥ ੧ ॥

ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥ ੧ ॥ ਰਹਾਉ ॥

ਹੇ ਵੇਦਾਂ ਕਰ ਕੇ ਜਾਣਨ ਜੋਗ ਗੋਬਿੰਦ ! ਤੂੰ ਮੈਨੂੰ ਸੰਸਾਰ-ਸਮੁੰਦਰ ਤੋਂ ਤਾਰ ਲੈ।

ਹੇ ਉਤਪੱਤੀ, ਪਾਲਣਾ, ਲੈਤਾ ਦੇ ਕਰਨ ਵਾਲੇ ਬੀਠਲਾ= ਪਿਤਾ ਜੀ ! ਮੈਂ ਜੋ ਆਪ ਜੀ ਦਾ ਪੁੱਤਰ ਹਾਂ ਮੈਨੂੰ ਜ਼ਰੂਰ ਤਾਰ ਲੈਣਾ ਕਰੋ॥ ੧ ॥

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ॥ ੨॥

(ਨਟ ਮਹਲਾ ੪, ਪੰਨਾ ੯੮੩)

ਅਨਿਲ ਬੇੜਾ ਹਉ ਖੇਵਿ ਨ ਸਾਕਉ ॥

ਵਾਸ਼ਨਾਂ ਰੂਪੀ ਅਨਿਲ= ਹਵਾ ਚੁਫੇਰੇ ਚੱਲ ਰਹੀ ਹੈ, ਇਸ ਲਈ ਮੈਂ ਸਰੀਰ ਰੂਪੀ ਬੇੜੇ ਨੂੰ ਆਪ ਜੀ ਵੱਲ ਖੇਵਿ= ਚਲਾ ਨਹੀਂ ਸਕਦਾ।

ਤੇਰਾ ਪਾਰੁ ਨ ਪਾਇਆ ਬੀਠੁਲਾ ॥ ੨ ॥

ਹੇ ਬੀਠੁਲਾ= ਪਰਮਾਤਮਾ ! ਆਪ ਜੀ ਦੇ ਪਾਰਾਵਾਰ ਦਾ ਅੰਤ ਕਿਸੇ ਪਾਸੋਂ ਵੀ ਨਹੀਂ ਪਾਇਆ ਗਿਆ॥ ੨ ॥

ਹੋਹੁ ਦਇਆਲੁ, ਸਤਿਗੁਰੁ ਮੇਲਿ ਤੂ ਮੋਕਉ ॥ ਪਾਰਿ ਉਤਾਰੇ ਕੇਸਵਾ ॥ ੩ ॥

ਹੇ ਕੇਸਵਾ= ਪਰਮਾਤਮਾ ! ਤੂੰ ਦਇਆਲੂ ਹੋ ਕੇ ਮੈਨੂੰ ਪੂਰਨ ਸਤਿਗੁਰਾਂ ਨਾਲ ਮੇਲ ਕੇ ਸੰਸਾਰ-ਸਮੁੰਦਰ ਤੋਂ ਪਾਰ ਉਤਾਰਨਾ ਕਰ॥ ੩ ॥

ਨਾਮਾ ਕਹੈ ਹਉ ਤਰਿ ਭੀ ਨ ਜਾਨਉ॥
ਮੋਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ॥ ੪॥ ੨॥

ਮੈਂ ਨਾਮਦੇਵ ਕਹਿੰਦਾ ਹਾਂ— ਮੈਂ ਸੰਸਾਰ-ਸਮੁੰਦਰ ਤੋਂ ਤਰਨਾ ਨਹੀਂ ਜਾਣਦਾ। ਹੇ ਬੀਠੁਲਾ= ਪਰਮਾਤਮਾ ! ਮੈਨੂੰ ਆਪਣੀਆਂ ਕਿਰਪਾ ਰੂਪੀ ਬਾਹਾਂ ਦਾ ਆਸਰਾ ਦੇ। ਵਾ:- ਹੇ ਬੀਠੁਲਾ= ਪਰਮਾਤਮਾ! ਬਾਹਾਂ ਦੇ ਦੇਣ ਵਾਲੇ, ਮੈਨੂੰ ਆਪਣੀਆਂ ਬਾਹਾਂ ਦਾ ਆਸਰਾ ਦੇ॥ ੪॥ ੨॥

ਹਸਤ ਅਲੰਬਨੁ ਦੇਹੁ ਪ੍ਰਭ ਗਰਤਹੁ ਉਧਰੁ ਗੋਪਾਲ॥
ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ॥ ੨॥

(ਗਉੜੀ ਮਹਲਾ ੫, ਪੰਨਾ ੨੦੩)

ਉਥਾਨਕਾ— ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਗ੍ਰਿਹਸਤ ਵਿਚ ਈਸ਼ੁਰ-ਭਗਤੀ ਕਰਨੀ ਤਾਂ ਬੜੀ ਔਖੀ ਹੈ, ਆਪ ਜੀ ਨੇ ਭਗਤੀ ਕਿਸ ਤਰ੍ਹਾਂ ਕਰ ਲਈ?

ਨਾਮਦੇਵ ਜੀ ਨੇ ਕਿਹਾ- ਘਰ ਵਾਲੀ ਇਸਤ੍ਰੀ ਚੰਗੀ ਅਤੇ ਆਗਿਆਕਾਰੀ ਹੋਵੇ ਤਾਂ ਭਗਤੀ ਕਰਨੀ ਕੋਈ ਔਖੀ ਨਹੀਂ। ਸਾਡੀ ਘਰ ਵਾਲੀ ਔਰਤ ਬੜੇ ਸੋਹਣੇ ਵਿਚਾਰਾਂ ਵਾਲੀ ਹੈ, ਸਾਰਾ ਕੰਮ ਆਪ ਹੀ ਕਰ ਲੈਂਦੀ ਹੈ ਕਿਉਂਕਿ ਮੈਂ ਅੰਮ੍ਰਿਤ ਵੇਲੇ ਉੱਠ ਕੇ ਬਾਹਰ ਨਦੀ ਕਿਨਾਰੇ ਇਸ਼ਨਾਨ ਕਰ ਕੇ ਭਜਨ-ਸਿਮਰਨ ਕਰਨ ਬੈਠ ਜਾਂਦਾ ਹਾਂ ਤੇ ਉਹ ਮੇਰੇ ਪਿਛੋਂ ਦਿਨ ਚੜ੍ਹਨ ਨਾਲ-

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ॥
ਪੀਛੈ ਤਿਨਕਾ ਲੈ ਕਰਿ ਹਾਂਕਤੀ॥ ੧॥

ਪਹਿਲਾ ਅਰਥ- ਸਹਜ= ਸੁਭਾਵਕ ਹੀ, ਭਾਵ ਖੇਚਲ ਮੰਨੇ ਤੋਂ ਬਿਨਾਂ ਹੀ ਅਵਲਿ= ਪਹਿਲੇ ਧੂੜਿ ਮਣੀ= ਧੂੜ ਰੂਪ ਤਿਨਕਾ= ਸੋਟੀ, ਹਾਂਕਤੀ= ਹਿਕਦੀ।

ਅਰਥ :- ਮੈਲੇ ਕਪੜਿਆਂ ਦੀ ਗੱਡੀ ਭਰ ਕੇ ਨਾਲ ਬੈਲਦ ਨੂੰ ਜੋੜ ਕੇ ਚਲਾਉਂਦੀ ਹੈ ਅਤੇ ਪਿਛੇ ਸੋਟੀ ਭਾਵ ਪ੍ਰਾਣੀ ਲੈ ਕੇ ਗੱਡੀ ਨੂੰ ਹਿਕਦੀ ਹੈ॥ ੧॥

ਜੈਸੇ ਪਨਕਤ ਥੂ ਟਿਟਿ ਹਾਂਕਤੀ॥
ਸਰਿ ਧੋਵਨ ਚਾਲੀ ਲਾਡੁਲੀ॥ ੧॥ ਰਹਾਉ॥

ਪਦ ਅਰਥ—ਪਨਕਤ= ਗੋਬਰ ਦੀ ਗੋਲੀ। ਥੂ= ਧੂ, ਘਸੀਟ ਕੇ। ਟਿਟਿ= ਟਿੱਟਣ। ਹਾਂਕਤੀ= ਧੂੰਹਦੀ ਹੈ, ਚਲਾਉਂਦੀ ਹੈ। ਸਰਿ= ਨਦੀ।

ਅਰਥ :- ਜਿਵੇਂ ਗੋਹੇ ਦੀ ਗੋਲੀ ਨੂੰ ਘਸੀਟ ਕੇ ਧੂੰਹਦੀ ਹੈ, ਓਵੇਂ ਹੀ ''ਲਾਡਲੀ'' ਨਾਮ ਕਰ ਕੇ ਮੇਰੀ ਇਸਤ੍ਰੀ ਕਪੜੇ ਧੋਣ ਵਾਸਤੇ ਨਦੀ ਵੱਲ ਚਲੀ ਆਉਂਦੀ ਹੈ, ਮੈਂ ਉਸ ਦੇ ਆਉਣ ਤਕ ਆਪਣਾ ਨਿਤਨੇਮ ਕਰ ਲੈਂਦਾ ਹਾਂ॥ ੧॥ ਰਹਾਉ॥

ਧੋਬੀ ਧੋਵੈ ਬਿਰਹ ਬਿਰਾਤਾ॥ ਹਰਿ ਚਰਨ ਮੇਰਾ ਮਨੁ ਰਾਤਾ॥ ੨॥

ਮੈਂ ਧੋਬੀ ਨਾਮਦੇਵ ਬਿਰਹ= ਪ੍ਰੇਮ ਵਿਚ ਬਿ-ਰਾਤਾ= ਵਿਸ਼ੇਸ਼ ਕਰਕੇ ਤਦਾਕਾਰ (ਮਸਤ) ਹੋ ਕੇ ਕੱਪੜੇ ਧੋਂਦਾ ਹਾਂ। ਪਰ ਉਸ ਵੇਲੇ ਵੀ ਹਰੀ ਦੇ ਚਰਨਾਂ ਵਿਚ ਮੇਰਾ ਮਨ ਜੁੜਿਆ ਰਹਿੰਦਾ ਹੈ॥ ੨॥

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩॥ (ਪੰਨਾ ੧੩੭੬)

ਦੂਜਾ ਅਰਥ—

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ॥

ਸਹਜ= ਸੁਤੇ (ਸੁਭਾਵਕ, ਨਿਰਜਤਨ) ਹੀ ਅਵਲਿ= ਆਦਿ ਤੋਂ ਹੀ ਭਾਵ ਜਨਮ ਤੋਂ ਲੈ ਕੇ ਧੂੜਿ ਮਣੀ= ਧੁੜ ਰੂਪ ਭਾਵ ਪੰਜਾਂ ਤੱਤਾਂ ਰਚਿਤ ਦੇਹ ਰੂਪੀ ਗੱਡੀ ਚੱਲ ਰਹੀ ਹੇ।

ਪੀਛੈ ਤਿਨਕਾ ਲੈ ਕਰਿ ਹਾਂਕਤੀ॥ ੧॥

ਦੇਹ ਰੂਪੀ ਗੱਡੀ ਦੇ ਪਿੱਛੇ ਪਰਮੇਸ਼ਰ ਦੀ ਇੱਛਾ ਪ੍ਰਾਰਬਧ ਰੂਪੀ ਤਿਣਕਾ (ਸੋਟੀ) ਲੈ ਕੇ ਚਲਾ ਰਹੀ ਹੈ, ਭਾਵ ਪਦਾਰਥ ਛਕਾ ਰਹੀ ਹੈ।

ਪ੍ਰਾਰਬਧ ਕਰਮ ਅਜਿਹੇ ਤਿੱਖੇ ਹਨ ਜੋ ਫਲ ਭੁਗਾਏ ਬਿਨਾਂ ਨਸ਼ਟ ਨਹੀਂ ਹੁੰਦੇ, ਚਾਹੇ ਗਿਆਨਵਾਨ ਵੀ ਹੋਵੇ।

ਜੈਸੇ ਪਨਕਤ ਥ੍ਰੂ ਟਿਟਿ ਹਾਂਕਤੀ॥

ਜਿਸ ਤਰ੍ਹਾਂ ਚੁਮਾਸੇ ਦੇ ਦਿਨਾਂ ਵਿਚ ਗੋਹੇ ਦੀ ਗੋਲੀ ਨੂੰ ਥ੍ਰੂ= ਧਰੂਹ ਕੇ ਟਿਟਿ= ਟਿੱਟਣ ਚਲਾਉਂਦੀ ਹੈ। ਏਸੇ ਤਰ੍ਹਾਂ ਹੀ ਦੇਹ ਰੂਪੀ ਗੱਡੀ ਨੂੰ ਪਰਮੇਸ਼ਰ ਇੱਛਾ ਚਲਾ ਰਹੀ ਹੈ।

ਸਰਿ ਧੋਵਨ ਚਾਲੀ ਲਾਡੁਲੀ॥ ੧॥ ਰਹਾਉ॥

ਗੁਰਮੁਖ ਆਦਮੀਆਂ ਦੀ ਲਾਡੁਲੀ= ਪ੍ਰੇਮਣ ਬੁੱਧੀ ਸਤਿਸੰਗ ਰੂਪ ਨਦੀ ਪਰ ਰਾਗ ਦ੍ਵੈਸ਼। ਵਾ:- ਪਾਪਾਂ ਰੂਪੀ ਮੈਲ ਦੇ ਧੋਣ ਵਾਸਤੇ ਚਲੀ ਹੈ।

ਧੋਬੀ ਧੋਵੈ ਬਿਰਹ ਬਿਰਾਤਾ॥

ਧੋਬੀ= ਗੁਰੂ ਸਾਹਿਬ ਜੀ ਬਿਰਹ= ਪ੍ਰੇਮ ਵਿਚ ਬਿ-ਰਾਤਾ= ਵਿਸ਼ੇਸ਼ ਕਰਕੇ ਤਦਾਕਾਰ ਹੋ ਕੇ ਜਗਿਆਸੂਆਂ ਦੇ ਅੰਤਹਕਰਨ ਰੂਪ ਕਪੜਿਆਂ ਨੂੰ ਸਤਿਸੰਗ ਰੂਪ ਘਾਟ 'ਤੇ ਨਾਮ ਪਾਣੀ, ਪ੍ਰੇਮ ਰੂਪ ਸਾਬਣ ਨਾਲ ਨਿਸਚੇ ਰੂਪ ਪਟੜੇ 'ਪਰ ਉਕਤੀਆਂ ਜੁਗਤੀਆਂ ਰੂਪ ਮੁੱਕੀਆਂ ਮਾਰ ਕੇ ਧੋਂਦੇ ਹਨ ਅਤੇ ਗਿਆਨ ਰੂਪ ਸੂਰਜ ਦੀ ਭਗਤੀ ਰੂਪ ਧੁੱਪ ਨਾਲ ਸੁਕਾਉਂਦੇ ਹਨ।

ਹਰਿ ਚਰਨ ਮੇਰਾ ਮਨੁ ਰਾਤਾ॥ ੨॥

ਜਿਨ੍ਹਾਂ ਗੁਰਾਂ ਦੀ ਕਿਰਪਾ ਕਰ ਕੇ ਮੇਰਾ ਮਨ ਚਰਨ= ਪੂਜਨੀਕ ਹਰੀ ਦੇ ਚਰਨਾਂ ਵਿਚ ਰਾਤਾ= ਤਦਾਕਾਰ ਹੋ ਰਿਹਾ ਹੈ॥ ੨॥

ਭਣਤਿ ਨਾਮਦੇਉ, ਰਮਿ ਰਹਿਆ॥
ਅਪਨੇ ਭਗਤ ਪਰ ਕਰਿ ਦਇਆ॥ ੩॥ ੩॥

ਨਾਮਦੇਵ ਜੀ ਕਹਿੰਦੇ ਹਨ— ਜੋ ਪਰਮਾਤਮਾ ਸਾਰੇ ਰਮਿ ਰਹਿਆ= ਪਰੀਪੂਰਨ ਹੋ ਰਿਹਾ ਹੈ। ਉਸ (ਮੇਰੇ) ਆਪਣੇ ਭਗਤ ਉੱਤੇ ਦਇਆ ਕੀਤੀ ਹੈ ਭਾਵ ਮੈਨੂੰ ਭਗਤੀ ਦੀ ਦਾਤ ਬਖਸ਼ੀ ਹੈ॥ ੩॥ ੩॥

ਬਸੰਤੁ ਬਾਣੀ ਰਵਿਦਾਸ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ — ਇਕ ਪ੍ਰੇਮੀ ਦੇ ਲੜਕੇ ਦਾ ਵਿਆਹ ਸੀ, ਉਸ ਨੇ ਬੜੀਆਂ ਬੇਨਤੀਆਂ ਕਰ ਕੇ ਰਵਿਦਾਸ ਜੀ ਨੂੰ ਨਾਲ ਲਿਜਾਣ ਵਾਸਤੇ ਮਨਾਇਆ। ਜਾਣ ਲੱਗਿਆਂ ਇਕ ਚੰਗੀ ਪੁਸ਼ਾਕ ਤਿਆਰ ਕਰਾ ਕੇ ਘੋੜੀ ਸਮੇਤ ਲਿਆਇਆ। ਰਵਿਦਾਸ ਭਗਤ ਜੀ ਨੂੰ ਕਹਿ ਕੇ ਉਹ ਪੁਸ਼ਾਕ ਪਵਾਈ। ਪੁਸ਼ਾਕ ਪਾ ਕੇ ਭਗਤ ਜੀ ਜਦ ਘੋੜੀ 'ਤੇ ਚੜ੍ਹ ਬੈਠੇ ਤਾਂ ਦੇਹ ਆਕੜ ਗਈ । ਉਸ ਵੇਲੇ ਰਵਿਦਾਸ ਭਗਤ ਜੀ ਆਪਣੀ ਦੇਹ ਪ੍ਰਤੀ ਉਪਦੇਸ਼ ਦੇਂਦੇ ਹੋਏ ਕਹਿੰਦੇ ਹਨ ਕਿ :-

ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥

ਹੇ ਦੇਹ ! ਤੈਨੂੰ ਕੁਝ ਸੁਝਦਾ ਨਹੀਂ ਹੈ, ਤੂੰ ਆਪਣਾ ਚੰਗਾ ਪਹਿਰਾਵਾ ਵੇਖ ਕੇ ਊਭਿ= ਉੱਚੀ-ਉੱਚੀ ਹੋਈ ਜਾਂਦੀ ਹੈਂ, ਭਾਵ ਹੰਕਾਰਨ ਬਣਦੀ ਜਾਂਦੀ ਹੈਂ।

ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ ॥ ੧ ॥

ਗਰਬਵਤੀ= ਹੰਕਾਰ ਵਾਲੀ ਦੇਹ ਦਾ ਕੋਈ ਥਾਂ ਨਹੀਂ ਹੈ। ਦੇਖ! ਤੇਰੀ ਗਰਦਨਿ= ਗਿੱਚੀ ਉੱਤੇ ਕਾਲ ਰੂਪ ਕਾਂ ਲਵੈ= ਬੋਲ ਰਿਹਾ ਹੈ।

ਵਾ:- ਤੇਰੀ ਬੁੱਧੀ ਰੂਪ ਗਰਦਨ ਉੱਤੇ ਕਾਮ ਆਦਿਕਾਂ ਰੂਪੀ ਕਾ ਬੋਲ ਰਹੇ ਹਨ। ਉਹਨਾਂ ਕਾਵਾਂ ਦਾ ਉਡਾਉਣਾ ਬਹੁਤ ਹੀ ਔਖਾ ਹੈ॥ ੧ ॥

ਤੂ ਕਾਂਇ ਗਰਬਹਿ ਬਾਵਲੀ ॥

ਹੇ ਬਾਵਲੀ= ਝੱਲੀਏ! ਤੂੰ ਕਿਸ ਵਾਸਤੇ ਗਰਬਹਿ= ਹੰਕਾਰ ਕਰਦੀ ਹੈਂ?

ਜੈਸੇ ਭਾਦਉ ਖੂੰਬ ਰਾਜੁ, ਤੂ ਤਿਸ ਤੇ ਖਰੀ ਉਤਾਵਲੀ ॥ ੧ ॥ ਰਹਾਉ ॥

ਜਿਸ ਤਰ੍ਹਾਂ ਭਾਦਰੋਂ ਦੇ ਮਹੀਨੇ ਖੁੰਬਾਂ ਦਾ ਰਾਜੁ= ਪ੍ਰਕਾਸ਼ ਹੁੰਦਾ ਹੈ ਓਹ ਤਾਂ ਫਿਰ ਵੀ ਕੁਝ ਸਮਾਂ ਰਹਿੰਦੀਆਂ ਹਨ। ਜਿਵੇਂ ਲੋਕਾਂ ਦਾ ਅਖਾਣ ਹੈ ਕਿ ਖੁੰਬਾਂ ਢਾਈ ਦਿਨ ਰਹਿੰਦੀਆਂ ਹਨ, ਪਰ ਤੂੰ ਉਸ ਨਾਲੋਂ ਵੀ ਖਰੀ= ਹੱਛੀ ਭਾਵ ਬਹੁਤ ਉਤਾਵਲੀ= ਕਾਹਲੀ ਹੈਂ। ਅਰਥਾਤ ਛੇਤੀ ਨਾਸ ਹੋ ਜਾਣ ਵਾਲੀ ਹੈਂ। ਭਾਵ ਤੇਰਾ ਤਾਂ ਪਤਾ ਹੀ ਨਹੀਂ ਕਿ ਅਗਲਾ ਸਵਾਸ ਆਉਣਾ ਕਿ ਨਹੀਂ॥ ੧ ॥

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥ *(ਪੰਨਾ ੫੪੦)*

ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥

ਜਿਸ ਤਰ੍ਹਾਂ ਕੁਰੰਕ= ਹਿਰਨ ਨੇ ਆਪਣੀ ਨਾਭੀ ਵਿਚ ਕਸਤੂਰੀ ਦਾ ਭੇਤ ਨਹੀਂ ਪਾਇਆ। ਭਾਵੇਂ ਕਸਤੂਰੀ ਦੀ ਸੁਗੰਧੀ ਸਰੀਰ ਦੇ ਅੰਦਰੋਂ ਹੀ ਆਉਂਦੀ ਹੈ ਪਰ ਹਿਰਨ ਪ੍ਰਦੇਸੁ= ਜੰਗਲਾਂ ਤੇ ਝਾੜੀਆਂ ਵਿਚ ਲੱਭਦਾ ਹੈ।

ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ॥
ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ॥ ੪॥

(ਨਟ ਮਹਲਾ ੪, ਪੰਨਾ ੯੮੨)

ਇਸੇ ਤਰ੍ਹਾਂ ਆਤਮਾ ਹੈ ਤਾਂ ਅੰਤਹਕਰਨ ਦੇ ਵਿਚ ਪਰ ਇਹ ਜੀਵ ਪ੍ਰਦੇਸ਼ਾਂ ਵਿਚ ਲਭਦਾ ਫਿਰਦਾ ਹੈ।

ਅਪ ਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥ ੨ ॥

ਜੋ ਪੁਰਸ਼ ਆਪਣੇ ਤਨ ਦਾ ਵਿਚਾਰ ਕਰਦਾ ਹੈ ਕਿ ਇਹ ਸਰੀਰ ਅਸੱਤ ਜੜ੍ਹ ਦੁੱਖ ਰੂਪ ਹੈ।

ਉਸ ਪੁਰਸ਼ ਨੂੰ ਜਮਦੂਤ ਖੁਆਰ= ਖਰਾਬ ਨਹੀਂ ਕਰਦਾ ॥ ੨ ॥

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥

ਜੋ ਆਦਮੀ ਆਪਣੇ ਪੁਤ੍ਰ ਕਲਤ੍ਰ= ਇਸਤ੍ਰੀ ਪੁੱਤਰ ਦਾ ਹੰਕਾਰ ਕਰਦਾ ਹੈ। ਉਸ ਪਾਸੋਂ ਪਰਮਾਤਮਾ ਕਰਮਾਂ ਦਾ ਲੇਖਾ= ਹਿਸਾਬ ਮੰਗਣ ਵਾਲਾ ਹੋਵੇਗਾ।

ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥ ੩ ॥

ਜਿਸ ਵੇਲੇ ਹੇ ਜੀਵ ! ਤੂੰ ਆਪਣੇ ਫੇੜੇ= ਕੀਤੇ ਹੋਏ ਕਰਮਾਂ ਦਾ ਫਲ ਦੁੱਖ ਸਹਾਰੇਂਗਾ।

ਤਾਂ ਪਿਛੋਂ ਕਿਸ ਪਾਸ ਪੁਕਾਰ ਕਰੇਂਗਾ? ਕਿ ਹੇ ਪਤੀ ਜੀ ! ਰੱਖ ਲੌ, ਹੇ ਪਤੀ ਜੀ ! ਰੱਖ ਲੌ। ਭਾਵ ਉਸ ਵੇਲੇ ਤੇਰੀ ਸਹਾਇਤਾ ਕਿਸੇ ਨੇ ਨਹੀਂ ਕਰਨੀ ॥ ੩ ॥

ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥

ਸਾਰੇ ਆਸਰਿਆ ਨੂੰ ਛੱਡ ਕੇ ਜੇ ਤੂੰ ਸੰਤਾਂ ਦੀ ਓਟ ਲੈਣਾ ਕਰੇਂ। ਤਾਂ ਤੇਰੇ ਸਾਰੇ ਕਰੋੜਾਂ ਪਾਪ ਮਿਟ ਜਾਣਗੇ।

ਕਹਿ ਰਵਿਦਾਸ, ਜੋ ਜਪੈ ਨਾਮੁ ॥

ਰਵਿਦਾਸ ਜੀ ਕਹਿੰਦੇ ਹਨ— ਜਿਹੜਾ ਆਦਮੀ ਵਾਹਿਗੁਰੂ ਦਾ ਨਾਮ ਜਪਦਾ ਹੈ।

ਤਿਸੁ ਜਾਤਿ ਨ ਜਨਮੁ, ਨ ਜੋਨਿ ਕਾਮੁ ॥ ੪ ॥ ੧ ॥

ਉਸ ਦਾ ਨਾ ਹੋਰ ਜਨਮ ਹੁੰਦਾ ਹੈ, ਨਾ ਹੀ ਜੂਨੀਆਂ ਵਿਚ ਜਾਂਦਾ ਹੈ ਅਤੇ ਨਾ ਹੀ ਉਸ ਦਾ ਕਿਸੇ ਜ਼ਾਤੀ ਨਾਲ ਕੋਈ ਕੰਮ ਹੁੰਦਾ ਹੈ ॥ ੩ ॥ ੧ ॥

ਬਸੰਤੁ ਕਬੀਰ ਜੀਉ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ— ਏਕ ਸਮੇਂ ਭਗਵਾਨ ਜੀ ਪ੍ਰੀਖਿਆ ਲੈਣ ਵਾਸਤੇ ਕੁੱਤੀ ਦਾ ਰੂਪ ਧਾਰ ਕੇ ਕਬੀਰ ਜੀ ਪਾਸ ਆ ਗਏ। ਘਰ ਵਿਚ ਵੜ ਕੇ ਚੀਜ਼ਾਂ ਨੂੰ ਸੁੰਘਣ ਲੱਗ ਪਏ। ਉਸ ਵੇਲੇ ਕਬੀਰ ਜੀ ਨੇ ਇਹ ਸ਼ਬਦ ਉਚਾਰਿਆ:-

ਸੁਰਹ ਕੀ ਜੈਸੀ ਤੇਰੀ ਚਾਲ ॥ ਤੇਰੀ ਪੂੰਛਟ ਊਪਰਿ ਝਮਕ ਬਾਲ ॥ ੧ ॥

ਪਹਿਲਾ ਅਰਥ- ਹੇ ਭਗਵਾਨ! ਰੂਪ ਤਾਂ ਆਪ ਜੀ ਨੇ ਕੁੱਤੀ ਦਾ ਧਾਰਿਆ ਹੋਇਆ ਹੈ ਪਰ- ਸੁਰਹ= ਗਊ ਵਰਗੀ ਤੇਰੀ=ਤੁਹਾਡੀ ਚਾਲ ਹੈ ਅਤੇ ਆਪ ਜੀ ਦੀ ਪੂੰਛ ਉੱਤੇ ਬੜੇ ਸੋਹਣੇ-ਸੋਹਣੇ ਵਾਲ ਝਮਕ= ਚਮਕ ਰਹੇ ਹਨ।

ਇਸ ਘਰ ਮਹ ਹੈ ਸੁ ਤੂ ਢੂੰਢਿ ਖਾਹਿ ॥

ਇਸ (ਮੇਰੇ) ਘਰ ਵਿਚ ਜੋ ਕੁਝ ਚੀਜ਼ ਹੈ ਸੋ ਤੂੰ ਲੱਭ ਕੇ ਖਾਣਾ ਕਰ!

ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ॥ ੧॥ ਰਹਾਉ॥

ਹੋਰ ਕਿਸੇ ਗਵਾਂਢੀ ਦੇ ਘਰ ਵਿਚ ਤੂੰ ਮਤਿ= ਨਾ ਜਾਣਾ ਕਰ॥ ੧॥ ਰਹਾਉ॥

ਚਾਕੀ ਚਾਟਹਿ ਚੂਨੁ ਖਾਹਿ॥

ਉਸ ਵੇਲੇ ਕੁੱਤੀ ਚੱਕੀ ਨੂੰ ਚੱਟ ਕੇ ਚੂਨ= ਆਟਾ ਖਾਣ ਲੱਗ ਪਈ।

ਆਟਾ ਖਾ ਕੇ ਚੱਕੀ ਦੇ ਪੂੰਝਣ ਵਾਲਾ ਕੱਪੜਾ ਜਿਸ ਨੂੰ= ਪਰੋਲਾ ਆਖਦੇ ਹਨ, ਉਹ ਮੂੰਹ ਵਿਚ ਪਾ ਕੇ ਤੁਰ ਪਈ। ਤਾਂ ਕਬੀਰ ਜੀ ਕਹਿੰਦੇ ਹਨ—

ਚਾਕੀ ਕਾ ਚੀਥਰਾ ਕਹਾਂ ਲੈ ਜਾਹਿ॥ ੨॥

ਚੱਕੀ ਦਾ ਚੀਥਰਾ= ਪਰੋਲਾ ਕਿਥੇ ਲੈ ਚੱਲੀ ਹੈਂ? ਇਹ ਤਾਂ ਇਥੇ ਰਹਿਣ ਦੇ, ਤਾਂ ਕਿ ਮੈਨੂੰ ਹੋਰ ਨਾ ਬਨਾਉਣਾ ਪਵੇ॥ ੨॥ ਪਰੋਲੇ ਨੂੰ ਛੱਡ ਕੇ ਉਹ ਕੁੱਤੀ ਛਿੱਕੇ ਵੱਲ ਤੱਕਣ ਲੱਗ ਪਈ ਤਾਂ ਕਬੀਰ ਜੀ ਕਹਿੰਦੇ ਹਨ—

ਛੀਕੇ ਪਰ ਤੇਰੀ ਬਹੁਤੁ ਡੀਠਿ॥

ਛਿੱਕੇ ਉੱਤੇ ਤੇਰੀ ਬਹੁਤ ਡੀਠਿ= ਦ੍ਰਿਸ਼ਟੀ (ਨਜ਼ਰ) ਲੱਗੀ ਹੋਈ ਹੈ ਪਰ ਇਸ ਵਿਚ ਕਮਾਲੇ ਕਮਾਲੀ ਦੀਆਂ ਰੋਟੀਆਂ ਹਨ।

ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ॥ ੩॥

ਇਸ ਦੇ ਖਾਣ ਕਰ ਕੇ ਮਤਾਂ ਕਿਤੇ ਤੇਰੀ ਪਿੱਠ ਉੱਤੇ ਲੱਕੜੀ ਜਾਂ ਸੋਟਾ ਪੈ ਜਾਵੇ॥ ੩॥

ਨੋਟ- ਅਨਘੜੀ ਨੂੰ ਲੱਕੜ ਤੇ ਘੜ ਕੇ ਸਾਫ ਕੀਤੀ ਨੂੰ ਸੋਟਾ ਕਹਿੰਦੇ ਹਨ।

ਕਹਿ ਕਬੀਰ ਭੋਗ ਭਲੇ ਕੀਨ॥ ਮਤਿ ਕੋਊ ਮਾਰੈ ਈਂਟ ਢੇਮ॥ ੪॥ ੧॥

ਕਬੀਰ ਜੀ ਕਹਿੰਦੇ ਹਨ— ਚੰਗੇ-ਚੰਗੇ ਪਦਾਰਥ ਤੂੰ ਖਾ ਲਏ ਹਨ, ਹੁਣ ਆਪ ਜਾਓ ਕਿਉਂਕਿ ਕਮਾਲਾ ਕਮਾਲੀ ਆਉਣ ਵਾਲੇ ਹਨ, ਮਤਾਂ ਕੋਈ ਆਪ ਨੂੰ ਇੱਟ ਜਾਂ ਕੋਈ ਢੀਮ ਮਾਰਨਾ ਕਰੇ।

ਨੋਟ- ਇੱਟ ਪੱਕੀ, ਢੇਮ ਕੱਚੀ ਹੁੰਦੀ ਹੈ।

ਕਹਬੋ ਕਛੁ ਕਰਬੋ ਕਛੁ, ਹੈ ਜਗ ਕੀ ਬਿਧ ਦੋਇ।
ਦੇਖਨ ਕੋ ਅਰ ਖਾਨ ਕਰੋ, ਔਰ ਦੁਰਦ ਰਦ ਹੋਇ।

ਦੂਜਾ ਅਰਥ—

ਸੁਰਹ ਕੀ ਜੈਸੀ ਤੇਰੀ ਚਾਲ॥

ਹੇ ਜੀਵ ! ਸੁਰਹ= ਦੇਵਤਿਆਂ ਵਰਗੀ ਤੇਰੀ ਚਾਲ ਹੈ ਭਾਵ ਜਿਵੇਂ ਦੇਵਤੇ ਪਵਿੱਤਰ ਹਨ, ਤਿਵੇਂ ਤੂੰ ਪਵਿੱਤਰ ਹੈਂ।

ਤੇਰੀ ਪੂੰਛਟ ਊਪਰਿ ਝਮਕ ਬਾਲ॥

ਤੇਰੀ ਬੁੱਧੀ ਰੂਪ ਪੂੰਛ ਉੱਤੇ ਸ਼ੁਭ ਗੁਣਾਂ ਰੂਪੀ ਵਾਲ ਚਮਕ ਰਹੇ ਹਨ। *ਅਥਵਾ :-* ਜਿਸ ਤਰ੍ਹਾਂ ਪੂੰਛ ਪਿੱਛੇ ਹੁੰਦੀ ਹੈ, ਇਸ ਤਰ੍ਹਾਂ ਬੁੱਧੀ ਵੀ ਦੇਹ ਇੰਦ੍ਰੀਏ ਪ੍ਰਾਣਾਂ ਦੀ ਅਪੇਖਿਆ ਕਰ ਕੇ ਪਿੱਛੇ ਹੈ, ਇਸ ਕਰ ਕੇ ਬੁੱਧੀ

ਨੂੰ ਪੂੰਛ ਕਿਹਾ ਹੈ। ਵਾ:- ਤੇਰਾ ਵਾਸਤਵ ਸਰੂਪ ਜੋ ਬ੍ਰਹਮ ਹੈ ਉਸ ਬ੍ਰਹਮ ਰੂਪੀ ਪੂੰਛ ਉੱਤੇ ਸਤ, ਚਿਤ, ਆਨੰਦ ਰੂਪ ਵਾਲ ਝਮਕ ਰਹੇ ਹਨ।

ਸ਼ੰਕਾ ਕਰਨ ਦੀ ਲੋੜ ਨਹੀਂ ਹੈ, ਵੇਦ ਵਿਚ ਬ੍ਰਹਮ ਨੂੰ ਪੂੰਛ ਰੂਪ ਕਥਨ ਕੀਤਾ ਹੈ, ਅਰਥਾਤ ਜਿਵੇਂ ਪੂੰਛ ਸਭ ਪਸ਼ੂਆਂ ਦੇ ਪਿੱਛੇ ਹੁੰਦੇ ਹੈ ਤਿਵੇਂ ਬ੍ਰਹਮ ਭੀ ਸਭ ਦੇ ਪਿੱਛੇ ਆਸਰਾ ਰੂਪ ਹੈ। ਇਸ ਕਰ ਕੇ ਬ੍ਰਹਮ ਨੂੰ ਪੂੰਛ ਕਿਹਾ ਹੈ, ਉਂਜ ਬ੍ਰਹਮ ਕੋਈ ਪਸ਼ੂ ਨਹੀਂ ਹੈ।

ਇਸ ਘਰ ਮਹ ਹੈ ਸੁ ਤੂ ਢੂੰਢਿ ਖਾਹਿ॥

ਇਸ ਸਰੀਰ ਰੂਪੀ ਘਰ ਵਿਚ ਜੋ ਆਤਮਕ ਅਨੰਦ ਹੈ, ਉਸ ਨੂੰ ਲੱਭ ਕੇ ਖਾਹਿ= ਧਾਰਨਾ ਕਰ। ਤੀਰਥਾਦਿ ਸਥਾਨਾਂ ਉੱਤੇ ਭਟਕਣ ਦੀ ਕੋਈ ਲੋੜ ਨਹੀਂ।

ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ॥ ੧॥ ਰਹਾਉ॥

ਹੋਰ ਕਿਸੇ ਦੇਵੀ ਦੇਵਤੇ ਦੀ ਤਰਫ ਤੂੰ ਮਤਾਂ ਜਾਣਾ ਕਰ।

ਚਾਕੀ ਚਾਟਹਿ ਚੂਨੁ ਖਾਹਿ॥

ਚਾਕੀ= ਮਾਇਆ* ਨੂੰ ਚਟ ਰਿਹਾ ਹੈਂ ਭਾਵ ਕਈ ਤਰ੍ਹਾਂ ਦੇ ਪਦਾਰਥਾਂ ਵਿਚ ਖੱਚਤ ਹੋ ਕੇ ਵਿਸ਼ੇ-ਅਨੰਦ ਲੈ ਰਿਹਾ ਹੈਂ, ਇਨ੍ਹਾਂ ਨੂੰ ਛੱਡ ਕੇ ਆਪਣੇ ਆਪ ਦਾ ਚੂਨੁ= ਜਾਨਣਾ ਖਾਹਿ= ਧਾਰ ਕਿ ਮੇਰਾ ਸਰੂਪ ਕੀ ਹੈ? ਵਾ:- ਕਾਮ ਆਦਿਕਾਂ ਦਾ ਚੂਨੁ= ਚੂਰਨ ਕਰ ਦੇ, ਭਾਵ ਇਹਨਾਂ ਦਾ ਸਰਬ ਨਾਸ ਕਰ!

ਚਾਕੀ ਕਾ ਚੀਥਰਾ ਕਹਾ ਲੈ ਜਾਹਿ॥ ੨॥

ਚਾਕੀ= ਮਾਇਆ ਦਾ ਚੀਥਰਾ= ਸਰੀਰ, ਵਾ:- ਪਦਾਰਥ ਇਨ੍ਹਾਂ ਨੂੰ ਕਿਥੇ ਲੈ ਜਾਵੇਂਗਾ? (ਕਰਮ ਭੋਗਾਂ ਦੀ ਸਮਾਪਤੀ ਸਮੇਂ) ਇਨ੍ਹਾਂ ਪਦਾਰਥਾਂ ਨੇ ਨਾਲ ਨਹੀਂ ਜਾਣਾ ਇਸ ਵਾਸਤੇ ਇਨ੍ਹਾਂ ਨਾਲੋਂ ਪ੍ਰੇਮ ਹਟਾ ਦੇ।

ਛੀਕੇ ਪਰ ਤੇਰੀ ਬਹੁਤੁ ਡੀਠਿ॥

ਛੀਕੇ= ਸੁਰਗ ਉੱਤੇ ਤੇਰੀ ਬੜੀ ਨਿਗਾਹ ਲੱਗੀ ਹੋਈ ਹੈ। ਭਾਵ ਸਵਰਗ ਵਿਚ ਜਾਣ ਦੀ ਬੜੀ ਇੱਛਾ ਕਰ ਰਿਹਾ ਹੈਂ (ਘਰਾਂ ਵਿਚ ਛਿੱਕੇ ਹਮੇਸ਼ਾਂ ਉੱਚੇ ਟੰਗੇ ਹੁੰਦੇ ਹਨ, ਜਿਵੇਂ ਛਿੱਕਾ ਉੱਚਾ ਹੁੰਦਾ ਹੈ, ਤਿਵੇਂ ਸੁਰਗ ਵੀ ਉੱਚਾ ਹੈ, ਇਸ ਕਰ ਕੇ ਛਿੱਕੇ ਦਾ ਅਰਥ ਸੁਰਗ ਕੀਤਾ ਹੈ)।

ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ॥ ੩॥

ਆਪਣੇ ਨਾਲੋਂ ਦੂਜੇ ਦੀ ਦੌਲਤ ਜਾਂ ਜਾਇਦਾਦ ਬਹੁਤੀ ਵੇਖ ਕੇ ਚਿਤ ਵਿਚ ਈਰਖਾ ਕਰਨ ਰੂਪੀ ਲੱਕੜੀ ਅਤੇ ਪੁੰਨਾਂ ਦੇ ਖਤਮ ਹੋਣ ਕਰ ਕੇ ਸੁਰਗ ਤੋਂ ਡਿਗਣੇ ਰੂਪ ਸੋਟਾ ਤੇਰੀ ਪਿੱਠ 'ਤੇ ਮਤਾਂ ਪਵੇ॥ ੩॥

ਜਿਵੇਂ ਚੱਕੀ ਦੇ ਦੋ ਪੁੜ ਹੁੰਦੇ ਹਨ, ਉਨ੍ਹਾਂ ਦੋ ਪੁੜਾਂ ਹੇਠ ਜੋ ਦਾਣੇ ਆਉਂਦੇ ਹਨ, ਉਹ ਪੀਸੇ ਜਾਂਦੇ ਹਨ ਤੇ ਜੋ ਕਿੱਲੀ ਦੇ ਦਰਮਿਆਨ ਆ ਜਾਂਦੇ ਹਨ ਉਹ ਬਚ ਜਾਂਦੇ ਹਨ। ਤਿਵੇਂ ਮਾਇਆ ਰੂਪ ਚੱਕੀ ਹੇਠਾਂ ਜੋ ਜੀਵ ਰੂਪ ਦਾਣੇ ਆਉਂਦੇ ਹਨ ਉਹ ਪੀਸੇ ਜਾਂਦੇ ਹਨ। ਜੋ ਜੀਵ ਰੂਪ ਦਾਣੇ ਸਾਧ ਸੰਗਤ ਰੂਪ ਕਿੱਲੀ ਦੇ ਪਾਸ ਆ ਬੈਠਦੇ ਹਨ ਉਹ ਬਚ ਜਾਂਦੇ ਹਨ।

ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ॥
ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ॥
ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ॥ ੧॥ *(ਮਾਝ ਦੀ ਵਾਰ, ਪੰਨਾ ੧੪੨)*

ਕਹਿ ਕਬੀਰ ਭੋਗ ਭਲੇ ਕੀਨ॥

ਕਬੀਰ ਜੀ ਕਹਿੰਦੇ ਹਨ— ਪਿਛਲੇ ਜਨਮ ਵਿਚ ਵੀ ਅਤੇ ਇਸ ਜਨਮ ਵਿਚ ਵੀ ਚੰਗੇ-ਚੰਗੇ ਪਦਾਰਥ ਤੂੰ ਛਕਣਾ ਕੀਤੇ ਹਨ ਹੁਣ ਤੂੰ ਵਾਸ਼ਨਾ ਤਿਆਗ ਦੇ।

ਮਤਿ ਕੋਊ ਮਾਰੈ ਈਂਟ ਢੇਮ॥ ੪॥ ੧॥

ਸਨਬੰਧੀਆਂ ਦਾ ਮਰਨ ਰੂਪ ਇੱਟ ਅਤੇ ਪਦਾਰਥਾਂ ਦਾ ਅਭਾਵ ਹੋਣ ਰੂਪ ਢੇਮ ਮਤਾਂ ਕੋਈ ਤੈਨੂੰ ਮਾਰਨਾ ਕਰੇ॥ ੪॥ ੧॥

ਸਾਰੰਸ਼:- ਏਸ ਸ਼ਬਦ ਦੇ ਪਹਿਲੇ ਅਰਥ ਵਿਚ ਭਗਤ ਕਬੀਰ ਜੀ ਕੁੱਤੀ ਰੂਪ ਵਿਚ ਭਗਵਾਨ ਨੂੰ ਨਿਸ਼ਚੇ ਕਰਦਿਆਂ ਹੋਇਆਂ ਪ੍ਰੀਖਿਆ ਵਿਚ ਪੂਰੇ ਉਤਰੇ ਹਨ ਅਤੇ ਦੂਜੇ ਅਰਥ ਵਿਚ ਮਨੁੱਖ ਨੂੰ ਦੇਵਤਿਆਂ ਤੋਂ ਭੀ ਉੱਤਮ ਦੱਸ ਕੇ ਏਹ ਉਪਦੇਸ਼ ਦਿੱਤਾ ਹੈ ਕਿ ਐ ਮਨੁੱਖ ! ਦੇਖ, ਜਿਸ ਮਨੁੱਖ ਦੇਹੀ ਨੂੰ ਦੇਵਤੇ ਯਾਦ ਕਰਦੇ ਹਨ।

ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥ *(ਪੰਨਾ ੧੧੫੯)*

ਓਹ ਮਨੁੱਖਾ ਦੇਹੀ ਤੈਨੂੰ ਮਿਲੀ ਹੈ ਤੇ ਤੂੰ ਇਸ ਨੂੰ ਪਾ ਕੇ ਉਸ ਸਿਰਜਣਹਾਰ ਦਾ ਸਿਮਰਨ ਕਰ। ਹਾਂ, ਜੇ ਸਿਮਰਨ ਨਹੀਂ ਕਰੇਂਗਾ ਤਾਂ ਯਾਦ ਰੱਖ ਫੇਰ ਤੈਨੂੰ ਸਬੰਧੀਆਂ ਨਾਲੋਂ ਵਿਛੋੜਾ ਤੇ ਜੂਨੀਆਂ ਦਾ ਦੁੱਖ ਦੇਖਣਾ ਪਵੇਗਾ।

॥ ਬਸੰਤ ਰਾਗੁ ਸਮਾਪਤੰ ॥

ੴ ਸਤਿਗੁਰ ਪ੍ਰਸਾਦਿ ॥

ਆਦਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ



ਸੈਂਚੀ ਨੌਵੀਂ

ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

ੴ ਸਤਿਗੁਰ ਪ੍ਰਸਾਦਿ॥

"ਗੁਰ ਕੀ ਬਾਣੀ ਸਿਉ ਲਾਇ ਪਿਆਰੁ॥ ਐਥੈ ਓਥੈ ਏਹੁ ਅਧਾਰੁ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਨੌਵੀਂ

ਜਿਸ ਵਿਚ ਰਾਗੁ ਸਾਰਗ ਪੰਨਾ ੧੧੯੭ ਤੋਂ ੧੨੫੩ ਤਕ,ਰਾਗ ਮਲਾਰ ਪੰਨਾ ੧੨੫੪ ਤੋਂ ੧੨੯੩ ਤਕ, ਰਾਗ ਕਾਨੜਾ ਪੰਨਾ ੧੨੯੪ ਤੋਂ ੧੩੧੮ ਤਕ, ਰਾਗ ਕਲਿਆਣ ਪੰਨਾ ੧੩੧੯ ਤੋਂ ੧੩੨੬ ਤਕ, ਰਾਗ ਪ੍ਰਭਾਤੀ ਪੰਨਾ ੧੩੨੭ ਤੋਂ ੧੩੫੧ ਤਕ, ਰਾਗ ਜੈਜਾਵੰਤੀ ਪੰਨਾ ੧੩੫੨ ਤੋਂ ੧੩੫੩ ਤਕ।

ਇਸ ਨੌਵੀਂ ਪੋਥੀ ਵਿਚ ਛੇ ਰਾਗ, ਸਾਖੀਆਂ, ਉਥਾਨਕਾਂ, ਪ੍ਰਮਾਣਾਂ ਸਹਿਤ ਵਿਸਥਾਰ ਪੂਰਬਕ ਟੀਕਾ।

ਟੀਕਾਕਾਰ:

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ (ਇੰਡੀਆ)।

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਸ਼, ਸ਼੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-256-4
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
(1500) ਪਹਿਲੀ ਵਾਰ 1980
(500) ਨੌਵੀਂ ਵਾਰ ਫਰਵਰੀ 2010
(500) ਦਸਵੀਂ ਵਾਰ ਮਾਰਚ 2012

ਭੇਟਾ : 280-00

An ISO 9001:2008 Certified Publishing House No. 101809-A01

ਪ੍ਰਕਾਸ਼ਕ :-
ਭਾ: ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਦਸਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ਼ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ ॥

ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥

ਸੰਪ੍ਰਦਾਈ ਸਟੀਕ ਨੌਵੀਂ ਸੈਂਚੀ ਦੇ

ਸ਼ਬਦਾਂ ਦਾ ਤਤਕਰਾ

ਸ਼ਬਦ	ਪੰਨਾ
(ਰਾਗੁ ਸਾਰਗ ਮਹਲਾ ੧)	
ਅਪੁਨੇ ਠਾਕੁਰ ਕੀ ਹਉ ਚੇਰੀ	੧੩
ਹਰਿ ਬਿਨੁ ਕਿਉ ਰਹੀਐ	੧੪
ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ	੧੬
ਮਹਲਾ ੪	
ਹਰਿ ਕੇ ਸੰਤ ਜਨਾ	੧੭
ਗੋਬਿੰਦ ਚਰਨਨ ਕਉ	੧੮
ਹਰਿ ਹਰਿ ਅੰਮ੍ਰਿਤ ਨਾਮੁ	੧੯
ਗੋਬਿੰਦ ਕੀ ਐਸੀ ਕਾਰ ਕਮਾਇ	੨੧
ਮੇਰਾ ਮਨੁ ਰਾਮ ਨਾਮਿ	੨੨
ਜਪਿ ਮਨ ਰਾਮ ਨਾਮੁ	੨੩
ਕਾਹੇ ਪੂਤ ਝਗਰਤ ਹਉ	੨੫
ਮਹਲਾ ੪ ਪੜਤਾਲ	
ਜਪਿ ਮਨ ਜਗੰਨਾਥ	੨੬
ਜਪਿ ਮਨ ਨਰਹਰੇ	੨੭
ਜਪਿ ਮਨ ਮਾਧੋ ਮਧੁਸੂਦਨੋ	੨੯
ਜਪਿ ਮਨ ਨਿਰਭਉ	੩੦
ਜਪਿ ਮਨੁ ਗੋਵਿੰਦੁ	੩੨
ਜਪਿ ਮਨੁ ਸਿਰੀ ਰਾਮੁ	੩੨
(ਮਹਲਾ ੫)	
ਸਤਿਗੁਰ ਮੂਰਤਿ ਕਉ	੩੪
ਹਰਿ ਜੀਉ ਅੰਤਰਜਾਮੀ ਜਾਨ	੩੫
ਅਬ ਮੋਰੋ ਨਾਚਨੋ ਰਹੋ	੩੬

ਸ਼ਬਦ	ਪੰਨਾ
ਅਬ ਪੂਛੇ ਕਿਆ ਕਹਾ	੩੮
ਮਾਈ ਧੀਰਿ ਰਹੀ ਪ੍ਰਿਅ	੪੦
ਮਾਈ ਸਤਿ ਸਤਿ ਸਤਿ	੪੧
ਮੇਰੈ ਮਨਿ ਬਾਸਿਓ ਗੁਰ	੪੨
ਅਬ ਮੋਹਿ ਰਾਮ ਭਰੋਸਉ ਪਾਏ	੪੪
ਉਇ ਸੁਖ ਕਾ ਸਿਉ	੪੫
ਬਿਖਈ ਦਿਨੁ ਰੈਨਿ	੪੬
ਅਵਰਿ ਸਭਿ ਭੂਲੇ	੪੭
ਅਨਦਿਨੁ ਰਾਮ ਕੇ ਗੁਣ	੪੮
ਬਲਿਹਾਰੀ ਗੁਰਦੇਵ ਚਰਨ	੫੦
ਗਾਇਓ ਰੀ ਮੈ ਗੁਣ ਨਿਧਿ	੫੧
ਕੈਸੇ ਕਹਉ ਮੋਹਿ ਜੀਅ	੫੧
ਰੇ ਮੂੜ੍ਹੇ ਤੂ ਕਿਉ ਸਿਮਰਤ	੫੩
ਕਿਉ ਜੀਵਨੁ ਪ੍ਰੀਤਮ	੫੪
ਉਆ ਅਉਸਰ ਕੈ ਹਉ	੫੫
ਮਨੋਰਥ ਪੂਰੇ ਸਤਿਗੁਰ ਆਪਿ	੫੫
ਮਨ ਕਹਾ ਲੁਭਾਈਐ	੫੬
ਮਨ ਸਦਾ ਮੰਗਲ ਗੋਬਿੰਦ	੫੭
ਹਰਿ ਜਨ ਸਗਲ ਉਧਾਰੇ ਸੰਗ ਕੇ	੫੭
ਹਰਿ ਜਨ ਰਾਮ ਰਾਮ	੫੮
ਮੋਹਨਿ ਘਰਿ ਆਵਹੁ	੫੯
ਅਬ ਕਿਆ ਸੋਚਉ ਸੋਚ	੬੦
ਅਬ ਮੋਹਿ ਸਰਬ ਉਪਾਵ	੬੧
ਅਬ ਮੋਹਿ ਲਬਧਿਓ ਹੈ	੬੧
ਮੇਰਾ ਮਨੁ ਏਕੈ ਹੀ	੬੨

ਸ਼ਬਦ	ਪੰਨਾ
ਅਬ ਮੋਰੋ ਠਾਕੁਰ ਸਿਉ	੬੩
ਮੇਰੈ ਮਨਿ ਚੀਤਿ ਆਏ	੬੪
ਹਰਿ ਜੀਉ ਕੇ ਦਰਸਨ ਕਉ	੬੪
ਅਬ ਮੇਰੋ ਪੰਚਾ ਤੇ ਸੰਗੁ ਤੂਟਾ	੬੫
ਅਬ ਮੇਰੋ ਠਾਕੁਰ ਸਿਉ	੬੬
ਮੋਹਨ ਸਭਿ ਜੀਅ ਤੇਰੇ	੬੭
ਅਬ ਮੋਹਿ ਧਨੁ ਪਾਇਓ	੬੭
ਮੇਰੈ ਮਨਿ ਮਿਸਟ ਲਗੇ	੬੮
ਰਸਨਾ ਰਾਮ ਕਹਤ ਗੁਣ ਸੋਹੈ	੬੯
ਨੈਨਹੁ ਦੇਖਿਓ ਚਲਤੁ ਤਮਾਸਾ	੭੦
ਚਰਨਹ ਗੋਬਿੰਦ ਮਾਰਗੁ	੭੧
ਧਿਆਇਓ ਅੰਤਿ ਬਾਰ ਨਾਮੁ	੭੧
ਗੁਰ ਮਿਲਿ ਐਸੇ ਪ੍ਰਭੂ	੭੨
ਮੇਰੈ ਮਨਿ ਸਬਦੁ ਲਗੋ	੭੩
ਹਰਿ ਹਰਿ ਨਾਮੁ ਦੀਓ	੭੪
ਰੇ ਮੂੜੇ ਆਨ ਕਾਹੇ ਕਤ	੭੪
ਓਅੰ ਪ੍ਰਿਅ ਪ੍ਰੀਤਿ ਚੀਤਿ	੭੫
ਮਨ ਓਇ ਦਿਨਸ ਧੰਨਿ	੭੬
ਅਬ ਮੇਰੋ ਸਹਸਾ ਦੂਖੁ ਗਇਆ	੭੬
ਪ੍ਰਭੁ ਮੇਰੋ ਇਤ ਉਤ ਸਦਾ	੭੭
ਅਪਨਾ ਮੀਤੁ ਸੁਆਮੀ ਗਾਈਐ	੭੮
ਓਟ ਸਤਾਣੀ ਪ੍ਰਭ ਜੀਉ ਮੇਰੈ	੭੯
ਪ੍ਰਭ ਸਿਮਰਤ ਦੂਖ ਬਿਨਾਸੀ	੭੯
ਮੇਰੋ ਮਨੁ ਜਤ ਕਤ	੮੦
ਮਨ ਤੇ ਭੈ ਭਉ ਦੂਰਿ	੮੧
ਅੰਮ੍ਰਿਤ ਨਾਮੁ ਮਨਹਿ ਆਧਾਰੋ	੮੨
ਬਿਨੁ ਪ੍ਰਭ ਰਹਨੁ ਨ ਜਾਇ	੮੨
ਰਸਨਾ ਜਪਤੀ ਤੂਹੀ ਤੂਹੀ	੮੩
ਜਾਹੂ ਕਾਹੂ ਅਪੁਨੋ ਹੀ	੮੪
ਝੂਠੋ ਮਾਇਆ ਕੋ ਮਦ ਮਾਨੁ	੮੫
ਅਪੁਨੀ ਇਤਨੀ ਕਛੂ ਨ ਸਾਰੀ	੮੫
ਮੋਹਨੀ ਮੋਹਤ ਰਹੈ ਨ ਹੋਰੀ	੮੬

ਸ਼ਬਦ	ਪੰਨਾ
ਕਹਾ ਕਰਹਿ ਰੇ ਖਾਟਿ ਖਾਟੁਲੀ	੮੭
ਗੁਰ ਜੀਉ ਸੰਗਿ ਤੁਹਾਰੈ	੮੮
ਹਰਿ ਹਰਿ ਦੀਓ ਸੇਵਕ ਕਉ ਨਾਮੁ	੮੯
ਤੂ ਮੇਰੇ ਮੀਤ ਸਖਾ ਹਰਿ ਪ੍ਰਾਨ	੮੯
ਕਰਹੁ ਗਤਿ ਦਇਆਲ	੯੦
ਠਾਕੁਰ ਬਿਨਤੀ ਕਰਨ ਜਨੁ	੯੧
ਜਾ ਕੀ ਰਾਮ ਨਾਮ ਲਿਵ	੯੧
ਅਬ ਜਨ ਊਪਰਿ ਕੋ ਨ	੯੨
ਹਰਿ ਜਨ ਛੋਡਿਆ	੯੩
ਮੇਰੈ ਗੁਰਿ ਮੋਰੋ ਸਹਸਾ	੯੪
ਸਿਮਰਤ ਨਾਮੁ ਪ੍ਰਾਨ ਗਤਿ ਪਾਵੈ	੯੪
ਅਪੁਨੇ ਗੁਰ ਪੂਰੇ ਬਲਿਹਾਰੈ	੯੫
ਬਿਨੁ ਹਰਿ ਹੈ ਕੋ ਕਹਾ	੯੬
ਠਾਕੁਰ ਤੁਮ ਸਰਣਾਈ ਆਇਆ	੯੬
ਹਰਿ ਕੇ ਨਾਮ ਕੀ ਗਤਿ ਠਾਂਢੀ	੯੭
ਜਿਹਵੇ ਅੰਮ੍ਰਿਤ ਗੁਣ	੯੮
ਹੋਤੀ ਨਹੀ ਕਵਨ	੯੮
ਫੀਕੇ ਹਰਿ ਕੇ ਨਾਮ ਬਿਨੁ	੯੯
ਅਇਓ ਸੁਨਨ ਪੜਨ ਕਉ ਬਾਣੀ	੧੦੦
ਧਨਵੰਤ ਨਾਮ ਕੇ ਵਣਜਾਰੇ	੧੦੧
ਪ੍ਰਭ ਜੀ ਮੋਹਿ ਕਵਨੁ ਅਨਾਥੁ	੧੦੧
ਆਵੈ ਰਾਮ ਸਰਣਿ ਵਡਭਾਗੀ	੧੦੨
ਜਾ ਤੇ ਸਾਧੂ ਸਰਣਿ ਗਹੀ	੧੦੩
ਰਸਨਾ ਰਾਮ ਕੋ ਜਸੁ ਗਾਉ	੧੦੩
ਬੈਕੁੰਠ ਗੋਬਿੰਦ ਚਰਨ	੧੦੪
ਸਾਚੇ ਸਤਿਗੁਰੂ ਦਾਤਾਰਾ	੧੦੫
ਗੁਰ ਕੇ ਚਰਨ ਬਸੇ ਮਨ ਮੇਰੈ	੧੦੫
ਜੀਵਨੁ ਤਉ ਗਨੀਐ	੧੦੬
ਸਿਮਰਨ ਰਾਮ ਕੋ ਇਕੁ ਨਾਮ	੧੦੭
ਧੂਰਤੁ ਸਈ ਜਿ ਧੁਰ ਕਉ	੧੦੭
ਹਰਿ ਹਰਿ ਸੰਤ ਜਨਾ ਕੀ ਜੀਵਨਿ	੧੦੮
ਹਰਿ ਕੇ ਨਾਮ ਹੀਨ ਬੇਤਾਲ	੧੦੯

ਸ਼ਬਦ	ਪੰਨਾ
ਮਨਿ ਤਨਿ ਰਾਮ ਕੋ ਬਿਉਹਾਰ	੧੧੦
ਹਰਿ ਕੇ ਨਾਮ ਹੀਨ ਮਤਿ ਥੋਰੀ	੧੧੦
ਚਿਤਵਉ ਵਾ ਅਉਸਰ	੧੧੧
ਮੇਰਾ ਪ੍ਰਭੁ ਸੰਗੇ ਅੰਤਰਜਾਮੀ	੧੧੨
ਜਾ ਕੈ ਰਾਮ ਕੋ ਬਲੁ ਹੋਇ	੧੧੩
ਜੀਵਤੁ ਰਾਮ ਕੇ ਗੁਣ ਗਾਇ	੧੧੩
ਮਨ ਰੇ ਨਾਮ ਕੋ ਸੁਖ ਸਾਰ	੧੧੪
ਬਿਰਾਜਿਤ ਰਾਮ ਕੋ ਪਰਤਾਪ	੧੧੫
ਆਤੁਰੁ ਨਾਮ ਬਿਨੁ ਸੰਸਾਰ	੧੧੫
ਮੈਲਾ ਹਰਿ ਕੇ ਨਾਮ ਬਿਨੁ ਜੀਉ	੧੧੬
ਰਮਣ ਕਉ ਰਾਮ ਕੇ ਗੁਣ	੧੧੭
ਕੀਨੇ ਪਾਪ ਕੇ ਬਹੁ ਕੋਟ	੧੧੭
ਅੰਧੇ ਖਾਵਹਿ ਬਿਸੂ ਕੇ ਗਟਾਕ	੧੧੮
ਟੂਟੀ ਨਿੰਦਕ ਕੀ ਅਧ ਬੀਚ	੧੧੯
ਝੂਸਨਾ ਚਲਤ ਬਹੁ ਪਰਕਾਰਿ	੧੨੦
ਰੇ ਪਾਪੀ ਤੈ ਕਵਨ ਕੀ ਮਤਿ	੧੨੧
ਮਾਈ ਰੀ ਚਰਨਹ ਓਟ ਗਹੀ	੧੨੨
ਮਾਈ ਰੀ ਮਨੁ ਮੇਰੋ ਮਤਵਾਰੋ	੧੨੨
ਮਾਈ ਰੀ ਆਨੁ ਸਿਮਰਿ	੧੨੩
ਹਰਿ ਕਾਟੀ ਕੁਟਿਲਤਾ ਕੁਠਾਰਿ	੧੨੪
ਪੋਥੀ ਪਰਮੇਸਰ ਕਾ ਥਾਨੁ	੧੨੫
ਵੂਠਾ ਸਰਬ ਥਾਈ ਮੇਹੁ	੧੨੫
ਗੋਬਿਦ ਜੀਉ ਤੂ ਮੇਰੇ ਪ੍ਰਾਨ	੧੨੬
ਨਿਬਹੀ ਨਾਮ ਕੀ ਸਚੁ ਖੇਪ	੧੨੭
ਮਾਈ ਰੀ ਪੇਖਿ ਰਹੀ	੧੨੭
ਮਾਈ ਰੀ ਮਾਤੀ ਚਰਣ ਸਮੂਹ	੧੨੮
ਬਿਨਸੇ ਕਾਚ ਕੇ ਬਿਉਹਾਰ	੧੨੯
ਤਾ ਤੇ ਕਰਣ ਪਲਾਹ ਕਰੇ	੧੩੦
ਹਰਿ ਕੇ ਨਾਮ ਕੇ ਜਨ ਕਾਂਖੀ	੧੩੦
ਮਾਖੀ ਰਾਮ ਕੀ ਤੂ ਮਾਖੀ	੧੩੧
ਮਾਈ ਰੀ ਕਾਟੀ ਜਮ ਕੀ ਫਾਸ	੧੩੨
ਮਾਈ ਰੀ ਅਰਿਓ ਪ੍ਰੇਮ ਕੀ ਖੋਰਿ	੧੩੨
ਨੀਕੀ ਰਾਮ ਕੀ ਧੁਨਿ ਸੋਇ	੧੩੩
ਹਰਿ ਕੇ ਨਾਮ ਕੀ ਮਤਿ ਸਾਰ	੧੩੪
ਮਾਨੀ ਤੂੰ ਰਾਮ ਕੈ ਦਰਿ ਮਾਨੀ	੧੩੪
ਤੁਅ ਚਰਨ ਆਸਰੋ ਈਸ	੧੩੫
ਹਰਿ ਭਜਿ ਆਨ ਕਰਮ ਬਿਕਾਰ	੧੩੬

ਸਾਰਗ ਮਹਲਾ ੫ ਪੜਤਾਲ

ਸੁਭ ਬਚਨ ਬੋਲਿ ਗੁਨ ਅਮੋਲ	੧੩੭
ਕੰਚਨਾ ਬਹੁ ਦਤ ਕਰਾ	੧੩੯
ਰਾਮ ਰਾਮ ਰਾਮ ਜਾਪਿ	੧੪੦
ਹਰਿ ਹਰੇ ਹਰਿ ਮੁਖਹੁ ਬੋਲਿ	੧੪੦
ਨਾਮ ਭਗਤਿ ਮਾਗੁ ਸੰਤ	੧੪੧
ਗੁਨ ਲਾਲ ਗਾਵਉ	੧੪੨
ਮਨਿ ਬਿਰਾਗੈ ਗੀ	੧੪੩
ਐਸੀ ਹੋਇ ਪਰੀ	੧੪੩
ਲਾਲ ਲਾਲ ਮੋਹਨ ਗੋਪਾਲ ਤੂ	੧੪੪
ਕਰਤ ਕੇਲ ਬਿਧੈ ਮੇਲ	੧੪੪

ਸਾਰੰਗ ਮਹਲਾ ੯

ਹਰਿ ਬਿਨੁ ਤੇਰੋ ਕੋ ਨ ਸਹਾਈ	੧੪੬
ਕਹਾ ਮਨ ਬਿਖਿਆ ਸਿਉ	੧੪੬
ਕਹਾ ਨਰ ਅਪਨੋ ਜਨਮੁ ਗਵਾਵੈ	੧੪੭
ਮਨ ਕਰਿ ਕਬਹੂ ਨ ਹਰਿ ਗੁਨ	੧੪੮

ਅਸਟਪਦੀਆ ਮਹਲਾ ੧

ਹਰਿ ਬਿਨੁ ਕਿਉ ਜੀਵਾ	੧੪੮
ਹਰਿ ਬਿਨੁ ਕਿਉ ਧੀਰੈ ਮਨੁ ਮੇਰਾ	੧੫੧

ਮਹਲਾ ੩ ਅਸਟਪਦੀਆ

ਮਨ ਮੇਰੇ ਹਰਿ ਕੈ ਨਾਮਿ	੧੫੩
ਮਨ ਮੇਰੇ ਹਰਿ ਕਾ ਨਾਮੁ	੧੫੫
ਮਨ ਮੇਰੇ ਹਰਿ ਕੀ ਅਕਥ ਕਹਾਣੀ	੧੫੭

ਮਹਲਾ ੫ ਅਸਟਪਦੀਆ

ਗੁਸਾਈਂ ਪਰਤਾਪੁ ਤੁਹਾਰੋ	੧੫੯

ਸ਼ਬਦ	ਪੰਨਾ
ਅਗਮ ਅਗਾਧਿ ਸੁਨਹੁ ਜਨ	੧੬੧
ਸਾਰੰਗ ਛੰਤ ਮਹਲਾ ੫	
ਸਭ ਦੇਖੀਐ ਅਨਭੈ ਕਾ ਦਾਤਾ	੧੬੫
ਸਾਰੰਗ ਕੀ ਵਾਰ ਮਹਲਾ ੪	
ਰਾਇ ਮਹਮੇ ਹਸਨੇ ਕੀ ਧੁਨਿ	
ਗੁਰੁ ਕੁੰਜੀ ਪਾਹੂ ਨਿਵਲੁ	੧੬੬
ਆਪਿ ਉਪਾਏ ਨਾਨਕਾ	੧੭੧
ਸਾਹ ਚਲੇ ਵਣਜਾਰਿਆ	੧੭੩
ਜਿਨ ਵਡਿਆਈ ਤੇਰੇ ਨਾਮ ਕੀ	੧੭੫
ਤਿਸੁ ਸਿਉ ਕੈਸਾ ਬੋਲਣਾ	੧੭੬
ਨਾਨਕ ਤੁਲੀਅਹਿ ਤੋਲ	੧੭੮
ਜੂਠਿ ਨ ਰਾਗੀਂ ਜੂਠਿ ਨ ਵੇਦੀਂ	੧੮੧
ਦੁਖ ਵਿਚਿ ਜੰਮਣੁ	੧੮੨
ਘਰਿ ਨਾਰਾਇਣੁ ਸਭਾ ਨਾਲਿ	੧੮੪
ਪੁਰੀਆ ਖੰਡਾ ਸਿਰਿ ਕਰੇ	੧੮੬
ਸਭੇ ਰਾਤੀ ਸਭਿ ਦਿਹ	੧੮੯
ਹੋਰੁ ਸਰੀਕੁ ਹੋਵੈ ਕੋਈ ਤੇਰਾ	੧੯੧
ਸਾਸਤ੍ਰ ਬੇਦ ਪੁਰਾਣ ਪੜ੍ਹੰਤਾ	੧੯੨
ਕਲਿ ਹੋਈ ਕੁਤੇ ਮੁਹੀ	੧੯੪
ਲਖ ਸਿਉ ਪ੍ਰੀਤਿ ਹੋਵੈ	੧੯੫
ਕਥਾ ਕਹਾਣੀ ਬੇਦੀ ਆਣੀ	੧੯੭
ਮਰਣਿ ਨ ਮੂਰਤੁ ਪੁਛਿਆ	੧੯੯
ਸੁਭ ਕੋਈ ਹੈ ਖਸਮ ਕਾ	੨੦੧
ਧਨਵੰਤਾ ਇਵ ਹੀ ਕਹੈ	੨੦੨
ਧ੍ਰਿਗੁ ਤਿਨਾ ਕਾ ਜੀਵਿਆ	੨੦੪
ਸਚੁ ਵਰਤੁ ਸੰਤੋਖੁ ਤੀਰਥੁ	੨੦੬
ਗਿਆਨ ਵਿਹੂਣਾ ਗਾਵੈ ਗੀਤ	੨੦੮
ਸਤਿਗੁਰੁ ਸੇਵਨਿ ਸੇ ਵਡਭਾਗੀ	੨੧੦
ਪੜਿ ਪੜਿ ਪੰਡਿਤ ਮੋਨੀ ਥਕੇ	੨੧੧
ਸਹਜੇ ਸੁਖਿ ਸੁਤੀ	੨੧੩
ਜਿਨੀ ਨਾਮੁ ਵਿਸਾਰਿਆ	੨੧੪

ਸ਼ਬਦ	ਪੰਨਾ
ਜਿਚਰੁ ਇਹੁ ਮਨੁ ਲਹਰੀ ਵਿਚਿ ਹੈ	੨੧੫
ਵਿਣੁ ਸਤਿਗੁਰ ਸੇਵੇ ਸੁਖੁ ਨਹੀ	੨੧੭
ਗੁਰ ਕਾ ਕਹਿਆ ਜੇ ਕਰੇ	੨੧੮
ਮਨਮੁਖ ਬੋਲਿ ਨ ਜਾਣਨੀ	੨੨੦
ਪੜਿ ਪੜਿ ਪੰਡਿਤ ਵਾਦੁ ਵਖਾਣਦੇ	੨੨੧
(ਉਥਾਨਕਾ)	੨੨੩
ਪਰਾਈ ਅਮਾਣ ਕਿਉ ਰਖੀਐ	੨੨੫
ਮਨਿ ਅਨਦੁ ਭਇਆ	੨੨੬
ਗੁਰਮੁਖਿ ਅੰਮ੍ਰਿਤੁ ਨਾਮੁ ਹੈ	੨੨੮
ਮਾਇਆ ਮੋਹਿ ਵਿਸਾਰਿਆ	੨੨੯
ਅਮਰੁ ਵੇ ਪਰਵਾਹੁ ਹੈ	੨੩੧
ਸਭੇ ਜੀਅ ਸਮਾਲਿ	੨੩੩
ਭਗਤ ਕਬੀਰ ਜੀ	
ਕਹਾ ਨਰ ਗਰਬਸਿ ਥੋਰੀ ਬਾਤ	੨੩੫
ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ	੨੩੭
ਭਗਤ ਨਾਮਦੇਵ ਜੀ	
ਕਾਏ ਰੇ ਮਨ ਬਿਖਿਆ ਬਨ ਜਾਇ	੨੫੬
ਬਦਹੁ ਕੀ ਨ ਹੋਡ	੨੫੮
ਦਾਸ ਅਨਿੰਨ ਮੇਰੋ ਨਿਜ ਰੂਪ	੨੫੯
ਭਗਤ ਪਰਮਾਨੰਦ ਜੀ	
ਤੈ ਨਰ ਕਿਆ ਪੁਰਾਨੁ ਸੁਨਿ ਕੀਨਾ	੨੬੪
ਭਗਤ ਸੂਰਦਾਸ ਜੀ	
ਛਾਡਿ ਮਨ ਹਰਿ ਬਿਮੁਖਨ ਕੋ ਸੰਗੁ	੨੬੬
ਮਹਲਾ ੫ ਸੂਰਦਾਸ	
ਹਰਿ ਕੇ ਸੰਗ ਬਸੇ ਹਰਿ ਲੋਕ	੨੬੭
ਕਬੀਰ ਜੀਉ	
ਹਰਿ ਬਿਨੁ ਕਉਨੁ ਸਹਾਈ ਮਨ ਕਾ	੨੬੮
ਰਾਗੁ ਮਲਾਰ (ਮਹਲਾ ੧)	
ਖਾਣਾ ਪੀਣਾ ਹਸਣਾ ਸਉਣਾ	੨੭੦
ਕਰਉ ਬਿਨਉ ਗੁਰ ਅਪਨੇ	੨੭੧

ਸ਼ਬਦ	ਪੰਨਾ
ਸਾਚੀ ਸੁਰਤਿ ਨਾਮਿ ਨਹੀ	੨੭੩
ਜਿਨਿ ਧਨ ਪਿਰ ਕਾ ਸਾਦੁ	੨੭੫
ਪਰ ਦਾਰਾ ਪਰ ਧਨੁ ਪਰ ਲੋਭਾ	੨੭੬
ਪਵਣੈ ਪਾਣੀ ਜਾਣੈ ਜਾਤਿ	੨੭੮
ਦੁਖੁ ਵੇਛੋੜਾ ਇਕੁ ਦੁਖੁ ਭੂਖ	੨੭੯
ਦੁਖ ਮਹੁਰਾ ਮਾਰਣ ਹਰਿ ਨਾਮੁ	੨੮੦
ਬਾਗੇ ਕਾਪੜ ਬੋਲੈ ਬੈਣ	੨੮੨

(ਮਹਲਾ ੩)

ਨਿਰੰਕਾਰੁ ਆਕਾਰੁ ਹੈ ਆਪੇ	੨੮੪
ਜਿਨੀ ਹੁਕਮੁ ਪਛਾਣਿਆ	੨੮੫
ਗੁਰਮੁਖਿ ਕੋਈ ਵਿਰਲਾ ਬੂਝੈ	੨੮੭
ਗੁਰੁ ਸਾਲਾਹੀ ਸਦਾ ਸੁਖਦਾਤਾ	੨੮੮
ਗਣ ਗੰਧਰਬ ਨਾਮੇ	੨੯੦
ਸਤਿਗੁਰ ਤੇ ਪਾਵੈ ਘਰੁ ਦਰੁ	੨੯੨
ਜੀਉ ਪਿੰਡੁ ਪ੍ਰਾਣ ਸਭਿ ਤਿਸ ਕੇ	੨੯੩
ਮੇਰਾ ਪ੍ਰਭ ਸਾਚਾ	੨੯੪
ਹਉਮੈ ਬਿਖੁ ਮਨੁ ਮੋਹਿਆ	੨੯੫
ਇਹੁ ਮਨੁ ਗਿਰਹੀ ਕਿ ਇਹੁ	੨੯੭
ਭ੍ਰਮਿ ਭ੍ਰਮਿ ਜੋਨਿ ਮਨਮੁਖ	੨੯੮
ਜੀਵਤ ਮੁਕਤਿ ਗੁਰਮਤੀ ਲਾਗੇ	੩੦੦
ਰਸਨਾ ਨਾਮੁ ਸਭੁ ਕੋਈ ਕਹੈ	੩੦੧

(ਮਹਲਾ ੪)

ਅਨਦਿਨੁ ਹਰਿ ਹਰਿ	੩੦੩
ਗੰਗਾ ਜਮੁਨਾ ਗੋਦਾਵਰੀ	੩੦੪
ਤਿਸੁ ਜਨ ਕਉ ਹਰਿ ਮੀਠ	੩੦੬
ਜਿਤਨੇ ਜੀਅ ਜੰਤ ਪ੍ਰਭਿ ਕੀਨੇ	੩੦੭
ਜਿਨ੍ ਕੈ ਹੀਅਰੈ ਬਸਿਓ ਮੇਰਾ	੩੦੯
ਅਗਮੁ ਅਗੋਚਰੁ ਨਾਮੁ ਹਰਿ	੩੧੦
ਗੁਰ ਪਰਸਾਦੀ ਅੰਮ੍ਰਿਤੁ	੩੧੧

(ਮਹਲਾ ੪ ਪੜਤਾਲ)

ਹਰਿ ਜਨ ਬੋਲਤ ਸ੍ਰੀ ਰਾਮ ਨਾਮਾ	੩੧੩

ਸ਼ਬਦ	ਪੰਨਾ
ਕਿਆ ਤੂ ਸੋਚਹਿ ਕਿਆ ਤੂ	੩੧੫
ਖੀਰ ਅਧਾਰਿ ਬਾਰਿਕੁ	੩੧੬
ਸਗਲ ਬਿਧੀ ਜੁਰਿ ਆਹਰੁ	੩੧੭
ਰਾਜ ਤੇ ਕੀਟ ਕੀਟ ਤੇ	੩੧੯

(ਮਹਲਾ ੫)

ਪ੍ਰਭ ਮੇਰੇ ਓਇ ਬੈਰਾਗੀ ਤਿਆਗੀ	੩੨੦
ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ	੩੨੦
ਬਰਸੁ ਮੇਘ ਜੀ	੩੨੧
ਪ੍ਰੀਤਮ ਸਾਚਾ ਨਾਮੁ ਧਿਆਇ	੩੨੨
ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ	੩੨੩
ਅਬ ਅਪਨੇ ਪ੍ਰੀਤਮ ਸਿਉ	੩੨੩
ਘਨਿਹਰ ਬਰਸਿ	੩੨੪
ਬਿਛੁਰਤ ਕਿਉ ਜੀਵੇ	੩੨੫
ਹਰਿ ਕੈ ਭਜਨਿ ਕਉਨ	੩੨੫
ਆਜੁ ਮੈ ਬੈਸਿਓ ਹਰਿ ਹਾਟ	੩੨੬
ਬਹੁ ਬਿਧਿ ਮਾਇਆ	੩੨੭
ਦੁਸਟ ਮੁਏ ਬਿਖੁ ਖਾਈ	੩੨੮
ਮਨ ਮੇਰੇ ਹਰਿ ਕੇ ਚਰਨ	੩੨੯
ਪ੍ਰਭ ਕੋ ਭਗਤਿ ਬਛਲੁ	੩੨੯
ਗੁਰਮੁਖਿ ਦੀਸੈ ਬ੍ਰਹਮ ਪਸਾਰੁ	੩੩੦
ਗੁਰ ਕੇ ਚਰਨ ਹਿਰਦੈ ਵਸਾਏ	੩੩੧
ਪਰਮੇਸਰੁ ਹੋਆ ਦਇਆਲੁ	੩੩੩
ਗੁਰ ਸਰਣਾਈ ਸਗਲ ਨਿਧਾਨ	੩੩੪

(ਮਹਲਾ ੫ ਪੜਤਾਲ)

ਗੁਰ ਮਨਾਰਿ ਪ੍ਰਿਅ ਦਇਆਰ	੩੩੫
ਮਨੁ ਘਨੈ ਝੂਮੈ ਬਨੈ	੩੩੬
ਪ੍ਰਿਅ ਕੀ ਸੋਭ ਸੁਹਾਵਨੀ ਨੀਕੀ	੩੩੭
ਗੁਰ ਪ੍ਰੀਤਿ ਪਿਆਰੇ	੩੩੮
ਬਰਸੁ ਸਰਸੁ ਆਗਿਆ	੩੩੯
ਗੁਨ ਗੋਪਾਲ ਗਾਉ ਨੀਤ	੩੩੯
ਘਨੁ ਗਰਜਤ ਗੋਬਿੰਦ ਰੂਪ	੩੪੦

ਸ਼ਬਦ	ਪੰਨਾ
ਹੇ ਗੋਬਿੰਦ ਹੇ ਗੋਪਾਲ	੩੪੧
(ਮਹਲਾ ੧ ਅਸਟਪਦੀਆ)	
ਚਕਵੀ ਨੈਨ ਨੀਦ	੩੪੧
ਜਾਗਤੁ ਜਾਗਿ ਰਹੈ ਗੁਰ ਸੇਵਾ	੩੪੪
ਚਾਤ੍ਰਿਕ ਮੀਨ ਜਲ ਹੀ ਤੇ	੩੪੭
ਅਖਲੀ ਊਂਡੀ ਜਲੁ ਭਰ ਨਾਲਿ	੩੪੮
ਮਰਣ ਮੁਕਤਿ ਗਤਿ ਸਾਰ ਨ	੩੫੨
ਮਹਲਾ ੩ ਅਸਟਪਦੀਆ	
ਕਰਮੁ ਹੋਵੈ ਤਾ ਸਤਿਗੁਰੁ	੩੫੪
ਬੇਦ ਬਾਣੀ ਜਗੁ ਵਰਤਦਾ	੩੫੬
ਹਰਿ ਹਰਿ ਕ੍ਰਿਪਾ ਕਰੇ	੩੫੮
(ਛੰਤ ਮਹਲਾ ੫)	
ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ	੩੬੧
ਵਾਰ ਮਲਾਰ ਕੀ ਮਹਲਾ ੧	
ਉਥਾਨਕਾ ਆਰੰਭ	੩੬੩
ਗੁਰਿ ਮਿਲਿਐ ਮਨੁ ਰਹਸੀਐ	੩੬੪
ਨਾਨਕ ਸਾਵਣਿ ਜੇ ਵਸੈ	੩੬੭
ਵੈਦੁ ਬੁਲਾਇਆ ਵੈਦਗੀ	੩੭੦
ਸਾਵਣੁ ਆਇਆ ਹੇ ਸਖੀ	੩੭੨
ਊਂਨਵਿ ਊਂਨਵਿ ਆਇਆ	੩੭੪
ਊਂਨਵਿ ਊਂਨਵਿ ਆਇਆ ਵਰਸੈ	੩੭੫
ਬਾਬੀਹਾ ਜਿਸ ਨੋ ਤੂ ਪੂਕਾਰਦਾ	੩੭੮
ਨਾਨਕ ਸੋ ਸਾਲਾਹੀਐ	੩੮੦
ਬਾਬੀਹਾ ਨਾ ਬਿਲਲਾਇ	੩੮੨
ਇਹੁ ਜਲੁ ਸਭਤੈ ਵਰਸਦਾ	੩੮੪
ਬਾਬੀਹਾ ਏਹੁ ਜਗਤੁ ਹੈ	੩੮੬
ਬਾਬੀਹਾ ਖਸਮੈ ਕਾ ਮਹਲੁ	੩੮੮
ਬਾਬੀਹਾ ਗੁਣਵੰਤ ਮਹਲੁ ਪਾਇਆ	੩੯੦
ਰਾਤਿ ਨ ਵਿਹਾਵੀ ਸਾਕਤਾਂ	੩੯੨
ਬਾਬੀਹੈ ਹੁਕਮੁ ਪਛਾਣਿਆ	੩੯੩

ਸ਼ਬਦ	ਪੰਨਾ
ਬਾਬੀਹਾ ਅੰਮ੍ਰਿਤ ਵੇਲੈ ਬੋਲਿਆ	੩੯੫
ਸਾਵਣਿ ਸਰਸੀ ਕਾਮਣੀ	੩੯੭
ਗੁਰਮੁਖਿ ਮਲਾਰ ਰਾਗੁ ਜੋ ਕਰਹਿ	੩੯੮
ਕੁਲਹਾਂ ਦੇਂਦੇ ਬਾਵਲੇ	੪੦੦
ਰਾਤੀ ਕਾਲੁ ਘਟੈ ਦਿਨਿ ਕਾਲੁ	੪੦੪
ਸਰਮੁ ਧਰਮੁ ਦੁਇ ਨਾਨਕਾ	੪੦੬
ਨਾਉ ਫਕੀਰੈ ਪਾਤਿਸਾਹੁ	੪੦੯
ਰੂਪੈ ਕਾਮੈ ਦੋਸਤੀ	੪੧੧
ਪਉਣੈ ਪਾਣੀ ਅਗਨੀ ਜੀਉ	੪੧੩
ਉਥਾਨਕਾ	੪੧੬
ਪਹਿਲਾਂ ਮਾਸਹੁ ਨਿੰਮਿਆ	੪੧੮
ਨਾਨਕ ਮਾਇਆ ਕਰਮ ਬਿਰਖੁ	੪੨੩
ਘਰ ਮਹਿ ਘਰੁ ਦਿਖਾਇ ਦੇਇ	੪੨੪
ਧੰਨੁ ਸੁ ਕਾਗਦੁ ਕਲਮ ਧੰਨੁ	੪੨੮
(ਭਗਤ ਨਾਮਦੇਵ ਜੀ)	
ਸੇਵੀਲੇ ਗੋਪਾਲ ਰਾਇ	੪੩੦
ਮੋ ਕਉ ਤੂੰ ਨ ਬਿਸਾਰਿ	੪੩੪
ਭਗਤ ਰਵਿਦਾਸ ਜੀ	
ਉਥਾਨਕਾ	੪੩੬
ਨਾਗਰ ਜਨਾਂ ਮੇਰੀ ਜਾਤਿ	੪੪੦
ਹਰਿ ਜਪਤ ਤੇਉ ਜਨਾ	੪੪੧
ਮਿਲਤ ਪਿਆਰੋ ਪ੍ਰਾਨ ਨਾਥੁ	੪੪੩
ਰਾਗੁ ਕਾਨੜਾ ਮਹਲਾ ੪	
ਮੇਰਾ ਮਨੁ ਸਾਧ ਜਨਾਂ ਮਿਲਿ	੪੪੬
ਮੇਰਾ ਮਨੁ ਸੰਤ ਜਨਾ ਪਗ ਰੇਨ	੪੪੮
ਜਪਿ ਮਨ ਰਾਮ ਨਾਮ	੪੪੯
ਮੇਰੈ ਮਨਿ ਰਾਮ ਨਾਮੁ	੪੫੦
ਮੇਰੇ ਮਨਿ ਹਰਿ ਹਰਿ	੪੫੧
ਜਪਿ ਮਨ ਰਾਮ ਨਾਮ	੪੫੩
(ਪੜਤਾਲ)	
ਮਨ ਜਾਪਹੁ ਰਾਮ ਗੁਪਾਲ	੪੫੪

ਸ਼ਬਦ	ਪੰਨਾ
ਹਰਿ ਗੁਨ ਗਾਵਹੁ ਜਗਦੀਸ	੪੫੫
ਭਜੁ ਰਾਮੋ ਮਨਿ ਰਾਮੁ	੪੫੭
ਸਤਿਗੁਰ ਚਾਟਉ ਪਗ ਚਾਟ	੪੫੮
ਜਪਿ ਮਨ ਗੋਬਿਦ ਮਾਧੋ	੪੫੯
ਹਰਿ ਜਸੁ ਗਾਵਹੁ ਭਗਵਾਨ	੪੬੦
(ਮਹਲਾ ੫)	
ਗਾਈਐ ਗੁਣ ਗੋਪਾਲ	੪੬੧
ਆਰਾਧਉ ਤੁਝਹਿ	੪੬੨
ਕੀਰਤਿ ਪ੍ਰਭ ਕੀ ਗਾਉ	੪੬੨
ਐਸੀ ਮਾਂਗੁ ਗੋਬਿਦ ਤੇ	੪੬੩
ਭਗਤਿ ਭਗਤਨ ਹੂੰ ਬਨਿ ਆਈ	੪੬੪
ਤੇਰੋ ਜਨੁ ਹਰਿ ਜਸੁ	੪੬੫
ਸੰਤਨ ਪਹਿ ਆਪਿ ਉਧਾਰਨ	੪੬੫
ਬਿਸਰਿ ਗਈ ਸਭ ਜਾਤਿ	੪੬੬
ਠਾਕੁਰ ਜੀਉ ਤੁਹਾਰੋ ਪਰਨਾ	੪੬੭
ਸਾਧ ਸਰਨਿ ਚਰਨ	੪੬੭
ਹਰਿ ਕੇ ਚਰਨ ਹਿਰਦੈ ਗਾਇ	੪੬੮
ਕਥੀਐ ਸੰਤਸੰਗਿ	੪੬੯
ਸਾਧਸੰਗਤਿ ਨਿਧਿ	੪੬੯
ਸਾਧੂ ਹਰਿ ਹਰੇ ਗੁਨ ਗਾਇ	੪੭੦
ਪੇਖਿ ਪੇਖਿ ਬਿਗਸਾਉ ਸਾਜਨ	੪੭੦
ਸਾਜਨਾ ਸੰਤ ਆਉ ਮੇਰੈ	੪੭੧
ਚਰਨ ਸਰਨ ਗੋਪਾਲ	੪੭੧
ਧਨਿ ਉਹ ਪ੍ਰੀਤਿ	੪੭੨
ਕੁਚਿਲ ਕਠੋਰ ਕਪਟ ਕਾਮੀ	੪੭੩
ਨਾਰਾਇਨ ਨਰਪਤਿ	੪੭੩
ਨ ਜਾਨੀ ਸੰਤਨ ਪ੍ਰਭ ਬਿਨੁ	੪੭੪
ਕਹਨ ਕਹਾਵਨ ਕਉ ਕਈ ਕੇਤੈ	੪੭੫
ਹੀਏ ਕੋ ਪ੍ਰੀਤਮੁ	੪੭੬
ਆਨਦ ਰੰਗ ਬਿਨੋਦ ਹਮਾਰੈ	੪੭੬
ਸਾਜਨ ਮੀਤ ਸੁਆਮੀ ਨੇਰੋ	੪੭੭
ਬਿਖੈ ਦਲੁ ਸੰਤਨਿ ਤੁਮ੍ਰੈ	੪੭੮
ਬੂਡਤ ਪ੍ਰਾਨੀ ਹਰਿ ਜਪਿ ਧੀਰੈ	੪੭੯
ਸਿਮਰਤ ਨਾਮੁ ਮਨਹਿ	੪੭੯
ਮੇਰੇ ਮਨ ਪ੍ਰੀਤਿ ਚਰਨ ਪ੍ਰਭ	੪੮੦
ਕੁਹਕਤ ਕਪਟ ਖਪਟ ਖਲ	੪੮੦
ਜੀਅ ਪ੍ਰਾਨ ਮਾਨ ਦਾਤਾ	੪੮੧
ਅਵਿਲੋਕਉ ਰਾਮ ਕੋ	੪੮੨
ਪ੍ਰਭ ਪੂਜਹੋ ਨਾਮੁ ਅਰਾਧਿ	੪੮੨
ਜਗਤ ਉਧਾਰਨ ਨਾਮ	੪੮੩
ਐਸੀ ਕਉਨ ਬਿਧੇ	੪੮੫
ਰੰਗਾ ਰੰਗ ਰੰਗਨ ਕੇ ਰੰਗਾ	੪੮੬
ਤਿਖ ਬੂਝਿ ਗਈ	੪੮੭
ਤਿਆਗੀਐ ਗੁਮਾਨੁ ਮਾਨੁ	੪੮੮
ਪ੍ਰਭ ਕਹਨ ਮਲਨ ਦਹਨ ਲਹਨ	੪੮੯
ਪਤਿਤ ਪਾਵਨੁ ਭਗਤਿ ਬਛਲੁ	੪੮੯
ਚਰਨ ਸਰਨ ਦਇਆਲ	੪੯੦
ਵਾਰਿ ਵਾਰਉ ਅਨਿਕ ਡਾਰਉ	੪੯੧
ਅਹੰ ਤੋਰੋ ਮੁਖੁ ਜੋਰੋ	੪੯੧
ਤਾਂ ਤੇ ਜਾਪਿ ਮਨਾ ਹਰਿ ਜਾਪਿ	੪੯੨
ਐਸੋ ਦਾਨੁ ਦੇਹੁ ਜੀ ਸੰਤਹੁ	੪੯੩
ਸਹਜ ਸੁਭਾਏ ਆਪਨ ਆਏ	੪੯੪
ਗੋਬਿੰਦ ਠਾਕੁਰ ਮਿਲਨ ਦੁਰਾਈ	੪੯੪
ਮਾਈ ਸਿਮਰਤ ਰਾਮ ਰਾਮ ਰਾਮ	੪੯੫
ਜਨ ਕੋ ਪ੍ਰਭੁ ਸੰਗੇ ਅਸਨੇਹੁ	੪੯੬
ਕਰਤ ਕਰਤ ਚਰਚ ਚਰਚ	੪੯੭
(ਅਸਟਪਦੀਆ ਮਹਲਾ ੪)	
ਜਪਿ ਮਨ ਰਾਮ ਨਾਮੁ	੪੯੮
ਜਪਿ ਮਨ ਹਰਿ ਹਰਿ ਨਾਮੁ	੫੦੦
ਮਨੁ ਗੁਰਮਤਿ ਰਸਿ ਗੁਨ ਗਾਵੈਗੋ	੫੦੩
ਮਨੁ ਹਰਿ ਰੰਗਿ ਰਾਤਾ ਗਾਵੈਗੋ	੫੦੫
ਮਨ ਗੁਰਮਤਿ ਚਾਲ ਚਲਾਵੈਗੋ	੫੦੭
ਮਨੁ ਸਤਿਗੁਰ ਸਰਨਿ	੫੧੦

ਸ਼ਬਦ	ਪੰਨਾ
(ਛੰਤ ਮਹਲਾ ੫)	
ਸੇ ਉਧਰੇ ਜਿਨ ਰਾਮ ਧਿਆਏ	੫੧੨
ਕਾਨੜੇ ਕੀ ਵਾਰ ਮਹਲਾ ੪	
ਉਥਾਨਕਾ	੫੧੫
ਰਾਮ ਨਾਮੁ ਨਿਧਾਨੁ ਹਰਿ	੫੧੬
ਹਰਿ ਹਰਿ ਹਰਿ ਹਰਿ ਨਾਮੁ ਹੈ	੫੧੭
ਹਰਿ ਹਰਿ ਨਾਮੁ ਧਿਆਇ ਮਨ	੫੧੯
ਹਰਿ ਹਰਿ ਅੰਮ੍ਰਿਤੁ ਨਾਮ ਰਸੁ	੫੨੦
ਹਮਰੀ ਜਿਹਬਾ ਏਕ ਪ੍ਰਭ	੫੨੨
ਹਮਰੇ ਹਰਿ ਜਗਜੀਵਨਾ ਹਰਿ	੫੨੪
ਸੁਤਿਆ ਹਰਿ ਪ੍ਰਭੁ ਚੇਤਿ ਮਨਿ	੫੨੬
ਭਗਤਿ ਸਰੋਵਰੁ ਉਛਲੈ	੫੨੭
ਹਰਿ ਹਰਿ ਨਾਮੁ ਅੰਮ੍ਰਿਤੁ ਹੈ	੫੨੮
ਰਾਮ ਨਾਮੁ ਰਮੁ ਰਵਿ ਰਹੇ	੫੩੦
ਹਰਿ ਪ੍ਰਭ ਰਤੇ ਲੋਇਣਾ	੫੩੧
ਮਨ ਅੰਤਰਿ ਹਉਮੈ ਰੋਗੁ ਹੈ	੫੩੩
ਹਰਿ ਜਨ ਹਰਿ ਹਰਿ ਚਉਦਿਆ	੫੩੪
ਗੁਰਮੁਖਿ ਮਿਲੇ ਸੇ ਸਜਣਾ	੫੩੫
ਹਉ ਢੂਢੇਂਦੀ ਸਜਣਾ	੫੩੬
(ਭਗਤ ਨਾਮਦੇਵ ਜੀ)	
ਐਸੋ ਰਾਮ ਰਾਇ ਅੰਤਰਜਾਮੀ	੫੩੭
ਰਾਗੁ ਕਲਿਆਨ (ਮਹਲਾ ੪)	
ਰਾਮਾ ਰਮ ਰਾਮੈ ਅੰਤੁ ਨ	੫੩੯
ਹਰਿ ਜਨੁ ਗੁਨ ਗਾਵਤ ਹਸਿਆ	੫੪੦
ਮੇਰੇ ਮਨ ਜਪੁ ਜਪਿ ਜਗੰਨਾਥੇ	੫੪੨
ਮੇਰੇ ਮਨ ਜਪਿ ਹਰਿ ਗੁਨ	੫੪੩
ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ	੫੪੪
ਪ੍ਰਭ ਕੀਜੈ ਕ੍ਰਿਪਾ ਨਿਧਾਨ	੫੪੫
ਪਾਰਬ੍ਰਹਮੁ ਪਰਮੇਸੁਰੁ ਸੁਆਮੀ	੫੪੬
(ਮਹਲਾ ੫)	
ਹਮਾਰੈ ਏਹ ਕਿਰਪਾ ਕੀਜੈ	੫੪੭
ਜਾਚਿਕੁ ਨਾਮੁ ਜਾਚੈ ਜਾਚੈ	੫੪੮
ਮੇਰੇ ਲਾਲਨ ਕੀ ਸੋਭਾ	੫੪੮
ਤੇਰੈ ਮਾਨਿ ਹਰਿ ਹਰਿ ਮਾਨਿ	੫੪੯
ਗੁਨ ਨਾਦ ਧੁਨਿ ਅਨੰਦ ਬੇਦ	੫੫੦
ਕਉਨੁ ਬਿਧਿ ਤਾ ਕੀ ਕਹਾ ਕਰਉ	੫੫੦
ਪ੍ਰਾਨਪਤਿ ਦਇਆਲ ਪੁਰਖ	੫੫੧
ਮਨਿ ਤਨਿ ਜਾਪੀਐ ਭਗਵਾਨ	੫੫੨
ਪ੍ਰਭੁ ਮੇਰਾ ਅੰਤਰਜਾਮੀ ਜਾਣੁ	੫੫੨
ਹਰਿ ਚਰਨ ਸਰਨ ਕਲਿਆਨ ਕਰਨ	੫੫੩
(ਮਹਲਾ ੪ ਅਸਟਪਦੀਆ)	
ਰਾਮਾ ਰਮ ਰਾਮੋ ਸੁਨਿ	੫੫੪
ਰਾਮ ਗੁਰੁ ਪਾਰਸੁ ਪਰਸੁ ਕਰੀਜੈ	੫੫੬
ਰਾਮਾ ਰਮ ਰਾਮੋ ਰਾਮੁ ਰਵੀਜੈ	੫੫੮
ਰਾਮਾ ਰਮ ਰਾਮੋ ਪੂਜ ਕਰੀਜੈ	੫੬੧
ਰਾਮਾ ਮੈ ਸਾਧੂ ਚਰਨ ਧੁਵੀਜੈ	੫੬੩
ਰਾਮਾ ਹਮ ਦਾਸਨ ਦਾਸ ਕਰੀਜੈ	੫੬੫
ਰਾਗ ਪ੍ਰਭਾਤੀ (ਮਹਲਾ ੧)	
ਨਾਇ ਤੇਰੈ ਤਰਣਾ	੫੬੮
ਤੇਰਾ ਨਾਮੁ ਰਤਨੁ ਕਰਮੁ ਚਾਨਣੁ	੫੬੯
ਜੈ ਕਾਰਣਿ ਬੇਦ ਬ੍ਰਹਮੈ ਉਚਰੇ	੫੭੧
ਜਾ ਕੈ ਰੂਪੁ ਨਾਹੀ ਜਾਤਿ ਨਾਹੀ	੫੭੨
ਤਾ ਕਾ ਕਹਿਆ ਦਰਿ ਪਰਵਾਣੁ	੫੭੩
ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ	੫੭੪
ਗੁਰ ਪਰਸਾਦੀ ਵਿਦਿਆ ਵੀਚਾਰੈ	੫੭੫
ਆਵਡੁ ਕਿਨੈ ਨ ਰਾਖਿਆ	੫੭੬
ਦਿਸਟਿ ਬਿਕਾਰੀ ਬੰਧਨਿ ਬਾਂਧੈ	੫੭੮
ਮਨੁ ਮਾਇਆ ਮਨੁ ਧਾਇਆ	੫੭੯
ਜਾਗਤੁ ਬਿਗਸੈ ਮੂਠੋ ਅੰਧਾ	੫੮੦
ਮਸਟਿ ਕਰਉ ਮੂਰਖੁ ਜਗਿ ਕਹੀਆ	੫੮੨
ਖਾਇਆ ਮੈਲੁ ਵਧਾਇਆ	੫੮੩
ਗੀਤ ਨਾਦ ਹਰਖ ਚਤੁਰਾਈ	੫੮੫
ਅੰਤਰਿ ਦੇਖਿ ਸਬਦਿ ਮਨੁ ਮਾਨਿਆ	੫੮੬

ਸ਼ਬਦ	ਪੰਨਾ
ਬਾਰਹ ਮਹਿ ਰਾਵਲ ਖਪਿ ਜਾਵਹਿ	੫੮੭
ਸੰਤਾ ਕੀ ਰੇਨੁ ਸਾਧ ਜਨ ਸੰਗਤਿ	੫੮੯
(ਮਹਲਾ ੩)	
ਗੁਰਮੁਖਿ ਵਿਰਲਾ ਕੋਈ ਬੂਝੈ	੫੯੦
ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ	੫੯੧
ਗੁਰਮੁਖਿ ਹਰਿ ਸਾਲਾਹਿਆ ਜਿੰਨ੍ਹਾ	੫੯੨
ਜੋ ਤੇਰੀ ਸਰਣਾਈ ਹਰਿ ਜੀਉ	੫੯੩
ਗੁਰਮੁਖਿ ਹਰਿ ਜੀਉ ਸਦਾ	੫੯੫
ਆਪੇ ਭਾਂਤਿ ਬਣਾਏ ਬਹੁ ਰੰਗੀ	੫੯੬
ਮੇਰੇ ਮਨ ਗੁਰੁ ਅਪਣਾ ਸਾਲਾਹਿ	੫੯੮
(ਮਹਲਾ ੪)	
ਰਸਕਿ ਰਸਕਿ ਗੁਨ ਗਾਵਹ	੫੯੯
ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ	੬੦੭
ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ	੬੦੧
ਅਗਮ ਦਇਆਲ ਕ੍ਰਿਪਾ ਪ੍ਰਭਿ	੬੦੨
ਮਨਿ ਲਾਗੀ ਪ੍ਰੀਤਿ ਰਾਮ ਨਾਮੁ	੬੦੩
ਗੁਰ ਸਤਿਗੁਰਿ ਨਾਮੁ	੬੦੫
(ਪੜਤਾਲ ਮਹਲਾ ੪)	
ਜਪਿ ਮਨ ਹਰਿ ਹਰਿ ਨਾਮੁ ਨਿਧਾਨ	੬੦੬
(ਮਹਲਾ ੫)	
ਮਨੁ ਹਰਿ ਕੀਆ ਤਨੁ ਸਭੁ	੬੦੭
ਪ੍ਰਭ ਕੀ ਸੇਵਾ ਜਨ ਕੀ ਸੋਭਾ	੬੦੮
ਗੁਨ ਗਾਵਤ ਮਨਿ ਹੋਇ ਅਨੰਦ	੬੦੯
ਸਗਲੇ ਦੂਖ ਮਿਟੇ ਸੁਖ ਦੀਏ	੬੧੧
ਸਿਮਰਤ ਨਾਮੁ ਕਿਲਬਿਖ	੬੧੨
ਕਰਿ ਕਿਰਪਾ ਅਪੁਨੇ	੬੧੩
ਸੇ ਧਨਵੰਤ ਸੇਈ ਸਚੁ ਸਾਹਾ	੬੧੪
ਗੁਰੁ ਪੂਰਾ ਪੂਰੀ ਤਾ ਕੀ ਕਲਾ	੬੧੫
ਸਤਿਗੁਰਿ ਪੂਰੈ ਨਾਮੁ ਦੀਆ	੬੧੬
ਪਾਰਬ੍ਰਹਮੁ ਪ੍ਰਭੁ ਸੁਘੜ ਸੁਜਾਣੁ	੬੧੭
ਕੁਰਬਾਣੁ ਜਾਈ ਗੁਰ ਪੂਰੇ	੬੧੮
ਗੁਰੁ ਗੁਰੁ ਕਰਤ ਸਦਾ ਸੁਖੁ	੬੧੯
ਅਵਰੁ ਨ ਦੂਜਾ ਠਾਉ	੬੨੦
ਰਮ ਰਾਮ ਰਾਮ ਰਾਮ ਜਾਪ	੬੨੧
ਚਰਨ ਕਮਲ ਸਰਨਿ ਟੇਕ	੬੨੧
ਅਸਟਪਦੀਆ ਮਹਲਾ ੧	
ਦੁਬਿਧਾ ਬਉਰੀ ਮਨੁ	੬੨੨
ਮਾਇਆ ਮੋਹਿ	੬੨੪
ਨਿਵਲੀ ਕਰਮ ਭੁਅੰਗਮ ਭਾਠੀ	੬੨੭
ਗੋਤਮੁ ਤਪਾ ਅਹਿਲਿਆ ਇਸਤ੍ਰੀ	੬੩੦
ਆਖਣਾ ਸੁਨਣਾ ਨਾਮੁ ਅਧਾਰੁ	੬੪੧
ਰਾਮ ਨਾਮੁ ਜਪਿ ਅੰਤਰਿ ਪੂਜਾ	੬੪੩
ਇਕਿ ਧੁਰਿ ਬਖਸਿ ਲਏ	੬੪੫
ਮਹਲਾ ੩ ਬਿਭਾਸ	
ਗੁਰ ਪਰਸਾਦੀ ਵੇਖੁ ਤੂ	੬੪੭
ਭੈ ਭਾਇ ਜਾਗੇ ਸੇ ਜਨ ਜਾਗ੍ਰਣ	੬੪੯
ਮਹਲਾ ੫ ਅਸਟਪਦੀਆ	
ਮਾਤ ਪਿਤਾ ਭਾਈ ਸੁਤੁ ਬਨਿਤਾ	੬੫੧
ਮਨ ਮਹਿ ਕੋਧੁ ਮਹਾ ਅਹੰਕਾਰਾ	੬੫੪
ਸਿਮਰਤ ਨਾਮੁ ਕਿਲਬਿਖ	੬੫੭
ਭਗਤ ਕਬੀਰ ਜੀ	
ਮਰਨ ਜੀਵਨ ਕੀ ਸੰਕਾ ਨਾਸੀ	੬੬੦
ਅਲਹੁ ਏਕੁ ਮਸੀਤਿ	੬੬੧
ਅਵਲਿ ਅਲਹ ਨੂਰੁ ਉਪਾਇਆ	੬੬੪
ਬੇਦ ਕਤੇਬ ਕਹਹੁ ਮਤ ਝੂਠੇ	੬੬੬
ਸੁੰਨ ਸੰਧਿਆ ਤੇਰੀ ਦੇਵ	੬੬੮
ਭਗਤ ਨਾਮਦੇਵ ਜੀ	
ਮਨ ਕੀ ਬਿਰਥਾ ਮਨੁ ਹੀ ਜਾਨੈ	੬੬੯
ਆਦਿ ਜੁਗਾਦਿ ਜੁਗਾਦਿ	੬੭੧
ਅਕੁਲ ਪੁਰਖ ਇਕੁ ਚਲਿਤੁ	੬੭੩
ਭਗਤ ਬੇਣੀ ਜੀ	
ਤਨਿ ਚੰਦਨੁ ਮਸਤਕਿ ਪਾਤੀ	੬੭੫
ਰਾਗੁ ਜੈਜਾਵੰਤੀ	
ਰਾਮੁ ਸਿਮਰਿ ਰਾਮੁ ਸਿਮਰਿ	੬੭੮
ਰਾਮੁ ਭਜੁ ਰਾਮੁ ਭਜੁ	੬੭੯

ਸ਼ਬਦ	ਪੰਨਾ
ਰੇ ਮਨ ਕਉਨ ਗਤਿ ਹੋਇ ਹੈ	੬੮੦
ਬੀਤ ਜੈਹੈ ਬੀਤ ਜੈਹੈ	੬੮੧
ਸਾਖੀਆਂ ਦਾ ਵੇਰਵਾ	
ਸਾਖੀ ਜੈ ਬਿਜੈ ਦੀ	੨੩੭
ਸਾਖੀ-ਦੇਸਾਂ ਜਟੀ ਦੀ	੨੩੮
ਸਾਖੀ-ਨਾਨਕ ਝੀਰੇ ਦੀ	੨੩੯
ਸਾਖੀ-ਜੁਜ਼ਾਤੀ ਰਾਜਾ ਦੀ	੨੪੧
ਸਾਖੀ-ਰਾਜੇ ਨੋਖ ਦੀ	੨੪੨
ਭੇਖਾਰੀ ਤੇ ਰਾਜੁ ਕਰਾਵੈ ਸੰਤਾਂ ਦੀ ਸਾਖੀ	੨੪੫
ਲੋਹੀਆ ਤੇ ਸੰਦਲੀ ਦੀ	੨੪੬
ਕਾਲੀ ਦਾਸ ਦੀ	੨੫੨
ਮੂਰਖ ਝੀਵਰ ਦੀ	੨੫੩
ਨਾਰਦ ਮੁਨੀ ਦੀ	੨੫੩

ਸ਼ਬਦ	ਪੰਨਾ
ਮੂਨ ਰਾਜੇ ਦੀ	੨੫੪
ਦਰੁਪਦ ਰਾਜੇ ਦੀ	੨੫੫
ਭਾਈ ਬੁੱਧੂ ਜੀ	੨੬੦
" ਗੌਤਮ ਰਿਖੀ ਦੀ	੬੩੦
" ਰਾਜੇ ਹਰੀ ਚੰਦ ਦੀ	੬੩੨
"ਬਲ ਰਾਜੇ ਦੀ	੬੩੫
"ਰਾਜੇ ਜਨਮੇਜੇ ਦੀ	੬੩੭
ਵਿਸ਼ੇਸ਼ ਵਿਚਾਰ	੬੮੨
ਪੂਰਣ ਸੂਰਜ ਗ੍ਰਹਿਣ	੬੮੭
ਰਿਆਸਤਾਂ ਦੇ ਸ਼ਜਰੇ	
ਰਿਆਸਤ ਪਟਿਆਲਾ	੨੪੮
ਰਿਆਸਤ ਨਾਭਾ	੨੪੯
ਰਿਆਸਤ ਜੀਂਦ	੨੫੦
ਫੂਲ ਵੰਸ	੨੫੧

ਸੰਮਤ ੧੬੦੯ ਚੇਤ੍ਰ ਸੁਦੀ ਏਕਮ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਤਾ ਗੱਦੀ, ਪਰ ਬਿਰਾਜਮਾਨ ਕੀਤਾ ਹੈ ਅੱਜ ਚੇਤ੍ਰ ਸੁਦੀ ਏਕਮ ਸੰਮਤ ੨੦੩੭ ਨੂੰ ਪੂਰੇ ੪੨੮ ਸਾਲ ਹੋ ਗਏ ਹਨ। ਉਨ੍ਹਾਂ ਦੀ ਕਿਰਪਾ ਨਾਲ ਅੱਜ ਹੀ ਚੇਤ੍ਰ ਸੁਦੀ ਏਕਮ ਨੂੰ ਸ਼ੁਭ ਗੁਰਪੁਰਬ ਦਿਹਾੜੇ ਇਹ ਨੌਵੀਂ ਪੋਥੀ ਛਪ ਕੇ ਤਿਆਰ ਹੋਈ ਹੈ।

ਗੁਰੁ ਅਮਰਦਾਸੁ ਪਰਸੀਐ ਪੁਰਮਿ ਪਾਤਿਕ ਬਿਨਾਸਹਿ॥
ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥
ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ॥
ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ॥
ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥
ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥ ੫॥(ਪੰਨਾ ੧੩੯੫)

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਅਵਤਾਰ ੫ ਮਈ ਸੰਨ ੧੪੭੯ ਵੈਸਾਖ ਸੁਦੀ ਚੌਦਸ ਸੰਮਤ ੧੫੩੬ ਨੂੰ ਹੋਇਆ ਹੈ। ੧੫੩੬ ਤੋਂ ਲੈ ਕੇ ੨੦੩੬ ਤੱਕ ਪੂਰੇ ਪੰਜ ਸੌ ਸਾਲ ਹੋ ਗਏ ਹਨ।

ਪੰਜ ਸੌ ਸਾਲਾ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਅਵਤਾਰ ਦਿਹਾੜਾ ਮਨਾਉਣ ਲਈ ੧੦ ਮਈ ੧੯੭੯ ਨੂੰ ਸ਼ਰੋਮਣੀ ਕਮੇਟੀ ਨੇ ਸੰਨ੍ਹ ਸਾਹਿਬ ਤੋਂ ਇਕ ਬੜਾ ਭਾਰੀ ਜਲੂਸ ਕਢਿਆ ਜਿਸ ਦਾ ਸੁਆਗਤ ਮੇਰੇ ਮਾਨ ਯੋਗ ਸੇਵਾ ਦੇ ਪੁੰਜ ਸ੍ਰੀ ਮਾਨ ਬਾਬਾ ਖੜਕ ਸਿੰਘ ਜੀ ਨੇ ਬੜੇ ਉਤਸ਼ਾਹ ਨਾਲ ਕੀਤਾ। ਪਤਵੰਤੇ ਸੱਜਣਾਂ ਨੂੰ ਸਿਰੋਪਾ ਵੀ ਦਿਤੇ। ਫਿਰ ਆਪਣੀ ਸੋਹਣੀ ਰਫ਼ਤਾਰ ਨਾਲ ਜਲੂਸ ਚਲਦਾ ਹੋਇਆ ਲੌਢੇ ਪਹਿਰ ਗੋਇੰਦਵਾਲ ਪੁਜਿਆ। ਇਸ ਤਰਫੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਓਟ ਲੈ ਕੇ ਸੇਵਾ ਸੁਸਾਇਟੀ ਦੇ ਸਰਬਤ ਮੈਂਬਰਾਂ ਨੇ ਦੂਜੇ ਹੁਕਮਨਾਮੇ ਹੈ ਜਾਣ ਮੰਗਰੋਂ ਹਵਾਈ ਜਹਾਜ਼ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਜੀ ਉਤੇ ਫੁਲਾਂ ਦੀ ਵਰਖਾ ਕਰਵਾਈ ਤੇ ਅਰਦਾਸਾ ਕਰਵਾ ਕੇ ਸਰਾਏ ਸ੍ਰੀ ਗੁਰੂ ਰਾਮਦਾਸ ਜੀ ਤੋਂ ਇਕ ਭਾਰੀ ਜਲੂਸ ਕਢਿਆ ਜਿਸ ਵਿਚ ਖਾਲਸਾ ਕਾਲਜ ਦੇ ਤੇ ਹੋਰ ਪੰਜ ਸਕੂਲਾਂ ਦੇ ਬੱਚੇ ਬੱਚੀਆਂ ਨੇ ਸ਼ਾਮਲ ਹੋ ਕੇ ਪੀ.ਟੀ. ਤੇ ਬੈਂਡ ਦੀਆਂ ਧੁਨਾਂ ਨਾਲ ਸੰਗਤਾਂ ਦਾ ਸੁਆਗਤ ਕੀਤਾ, ਬੱਸਾਂ, ਟਰੱਕਾਂ, ਟੈਪੂ, ਟਰਾਲੀਆਂ, ਜੀਪਾਂ ਅਤੇ ਸਕੂਟਰਾਂ 'ਪਰ ਜਾਂਦਿਆਂ ਜਾਂਦਿਆਂ ਲਗਪਗ ਪਹਿਲੇ, ਜਲੂਸ ਵਾਲੇ ਟਾਇਮ 'ਪਰ ਗੋਇੰਦਵਾਲ ਪੁਜ ਕੇ ਦਰਸ਼ਨ ਇਸ਼ਨਾਨ ਕਰਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀਆਂ ਹਾਜ਼ਰੀਆਂ ਭਰ ਕੇ ਉਹ ਟਾਇਮ ਸਫਲ ਕੀਤਾ।

[ਪੰਨਾ ੧੧੯੭]

ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ :-

ਜਗਿਆਸੂ ਮਹਾਤਮਾ ਅੱਗੇ ਬੇਨਤੀ ਕਰਦਾ ਹੈ, ਹੇ ਸੰਤੋ !

ਅਪੁਨੇ ਠਾਕੁਰ ਦੀ ਹਉ ਚੇਰੀ॥

ਹਉ=ਮੈਂ ਆਪਣੇ ਠਾਕੁਰ=ਮਾਲਕ ਪਰਮਾਤਮਾ ਦੀ ਚੇਰੀ=ਦਾਸੀ ਹਾਂ।

ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ॥ ੧ ॥ ਰਹਾਉ॥

ਜਦੋਂ ਦੇ ਜਗਜੀਵਨ ਪ੍ਰਭੂ ਦੇ ਮੈਂ ਚਰਨ ਫੜੇ ਹਨ, ਭਾਵ ਚਰਨਾਂ ਦਾ ਧਿਆਨ ਕੀਤਾ ਹੈ, ਤਦੋਂ ਦੀ ਹਉਮੈ ਮਾਰ ਕੇ ਮੈਂ ਨਿਬੇੜ ਦਿੱਤੀ ਹੈ॥ ੧ ॥ ਰਹਾਉ॥

ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ॥

ਉਹ ਪਰਮ ਜੋਤਿ=ਪ੍ਰਕਾਸ਼ ਰੂਪ ਪਰਮੇਸ਼ਰ ਸਾਰਿਆਂ ਵਿਚ ਪੂਰਨ ਹੈ ਅਤੇ ਸਾਡੇ ਪਰਾਣਾਂ ਦਾ ਪ੍ਰੀਤਮ ਹੈ।

ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ॥ ੧ ॥

ਸਭ ਦੇ ਮੋਹਨੇ ਵਾਲਾ ਜੋ ਮੋਹਨੇ=ਪਰਮਾਤਮਾ ਹੈ, ਉਸ ਨੇ ਮੇਰੇ ਮਨ ਨੂੰ ਮੋਹ ਲਿਆ ਹੈ, ਗੁਰ ਸ਼ਬਦ ਦੇ ਵੀਚਾਰਨ ਨਾਲ ਉਸ ਦੀ ਸਮਝ ਪੈਂਦੀ ਹੈ॥ ੧ ॥

ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥

ਸ਼ੁਭ ਗੁਣਾਂ ਤੋਂ ਹੀਨ=ਰਹਿਤ ਮਨਮੁਖ ਪੁਰਸ਼ ਦੀ ਮਤੀ ਹੋਛੀ=ਤੁਛ ਤੇ ਝੂਠੀ ਹੈ ਜਾਂ ਝੂਠਿਆਂ ਪਦਾਰਥਾਂ ਵਿਚ ਗਲਤਾਨ ਹੋਣ ਕਰਕੇ ਤੁਛ ਹੈ, ਇਸ ਲਈ ਮਨ ਵਿਚ ਹੰਗਤਾ ਦੀ ਪੀੜ ਹੈ ਅਤੇ ਸਰੀਰ ਵਿਚ ਤਨਿ=ਦੇਹ ਅਧਿਆਸ ਦੀ ਪੀੜ ਹੈ।

ਅਥਵਾ:- ਮਨ ਤਨਿ=ਨਾਲੇ ਸਰੀਰ ਵਿਚ ਪੀੜਾ ਬਣੀ ਰਹਿੰਦੀ ਹੈ।

ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ॥ ੨ ॥

ਜਦ ਦੀ ਮੇਰੀ ਬੁੱਧੀ ਰਾਮ ਦੇ ਰੰਗੀਲੈ=ਅਨੰਦ ਵਿਚ ਰੱਤੀ ਹੈ, ਤਦ ਤੋਂ ਰਾਮ ਨਾਮ ਦੇ ਜਪਣ ਕਰਕੇ ਮਨ ਧੀਰਜ ਨੂੰ ਪ੍ਰਾਪਤ ਹੋ ਗਿਆ ਹੈ॥ ੨ ॥

ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ॥

ਜਦ ਤੋਂ ਹੰਗਤਾ ਮਮਤਾ ਨੂੰ ਛੱਡ ਕੇ ਬੁੱਧੀ ਵੈਰਾਗਵਾਨ ਹੋਈ ਹੈ, ਤਦ ਤੋਂ ਇਸ ਵਿਚ ਸੱਚੀ ਸੁਰਤ ਸਮਾਈ ਹੈ।

ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ॥ ੩ ॥

ਜਦ ਦਾ ਅਕੁਲ ਨਿਰੰਜਨ ਵਾਹਿਗੁਰੂ ਨਾਲ ਮਨ ਮੰਨਿਆ ਗਿਆ ਹੈ, ਤਦ ਦੀ ਲੋਕ ਲੱਜਾ ਵਿਸਰ ਗਈ ਹੈ॥ ੩ ॥

ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥

ਹੇ ਮੇਰੇ ਪ੍ਰੀਤਮ ਵਾਹਿਗੁਰੂ ! ਆਪ ਹੀ ਮੇਰੇ ਪਰਾਣਾਂ ਦਾ ਅਧਾਰਾ=ਆਸਰਾ ਰੂਪ ਹੋ, ਭੂਰ=ਪਿਛੇ ਤੇਰਾ ਜਿਹਾ ਕੋਈ ਹੋਇਆ ਨਹੀਂ ਹੈ ਅਤੇ ਭਵਿਖ=ਅੱਗੇ ਨੂੰ ਭੀ ਕੋਈ ਹੋਣਾ ਨਹੀਂ ਹੈ।

ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਜੋ ਹਰੀ ਦੇ ਨਾਮ ਸਿਮਰਨ ਵਿਚ ਰੱਤੀ ਗਈ ਹੈ, ਉਹ ਸੁਹਾਗਵੰਤੀ ਹੈ ਕਿਉਂਕਿ ਉਸ ਨੇ ਸਿਮਰਨ ਦੀ ਸ਼ਕਤੀ ਨਾਲ ਰਾਮ ਪਤੀ ਨੂੰ ਪਾ ਲਿਆ ਹੈ॥ ੪ ॥ ੧ ॥

ਸਾਰਗ ਮਹਲਾ ੧ ॥ ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ॥

ਹਰੀ ਤੋਂ ਬਿਨਾਂ ਕਿਵੇਂ ਰਹਿਣਾ ਕਰੀਏ ਕਿਉਂਕਿ ਹਰੀ ਤੋਂ ਬਿਨਾਂ ਰਹਿਣ ਕਰਕੇ ਜਨਮ ਮਰਨ ਦਾ ਦੁੱਖ ਲੱਗਦਾ ਹੈ।

ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ॥ ੧ ॥ ਰਹਾਉ॥

ਜੀਭ ਵਿਚ ਨਾਮ ਦਾ ਸੁਆਦ ਨਹੀਂ ਹੈ, ਆਤਮ ਰਸ ਤੋਂ ਬਿਨਾਂ ਸਭ ਵਸਤੂ ਫਿੱਕੀ ਹੈ,

ਵਾ:- ਫਿਕਿਆਂ ਬਚਨਾਂ ਨੂੰ ਬੋਲਦੀ ਹੈ, ਪ੍ਰਭੂ ਨੂੰ ਮਿਲੇ ਤੋਂ ਬਿਨਾਂ ਇਸ ਨੂੰ ਕਾਲ ਸਤਾਉਂਦਾ ਹੈ ॥ ੧ ॥ ਰਹਾਉ॥

ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥

ਜਿੰਨਾ ਚਿਰ ਪ੍ਰੀਤਮ ਪ੍ਰਭੂ ਦਾ ਦਰਸ਼ਨ ਪਰਸਨ ਨਹੀਂ ਹੁੰਦਾ ਜਾਂ ਦਰਸ਼ਨ ਤੇ ਪਰਸੈ=ਮਿਲਾਪ ਨਹੀਂ ਹੁੰਦਾ,

ਅਥਵਾ - ਜਿੰਨਾ ਚਿਰ ਪ੍ਰੀਤਮ ਪ੍ਰਭੂ ਦੇ ਦਰਸ਼ਨ ਨੂੰ ਨਹੀਂ ਪਰਸੈ=ਦੇਖਦੀ, ਉਤਨਾਂ ਚਿਰ ਭੁੱਖੀ ਤੇ ਤਿਹਾਈ ਰਹਿੰਦੀ ਹੈ।

ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ॥ ੧ ॥

ਪ੍ਰਭੂ ਦੇ ਦਰਸ਼ਨ ਦੇਖਦਿਆਂ ਨਾਲ ਹੀ ਮੇਰਾ ਮਨ ਮੰਨਿਆ ਗਿਆ ਹੈ, ਜਿਵੇਂ ਜਲ ਦੇ ਰਸ ਕਰਕੇ ਕੌਲ

ਫੁਲ ਖਿੜ ਪੈਂਦਾ ਹੈ, ਇਸੇ ਤਰ੍ਹਾਂ ਰਸਿ=ਪ੍ਰੇਮ ਕਰਕੇ ਬੁੱਧੀ ਅਨੰਦ ਹੋ ਗਈ ਹੈ।

ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ॥

ਜਿਸ ਵੇਲੇ ਘਨਹਰੁ=ਬੱਦਲ ਊਨਵਿ=ਝੁਕ ਕੇ ਗਰਜ ਕੇ ਵਸਦਾ ਹੈ ਉਸ ਵੇਲੇ ਕੋਇਲਾਂ ਤੇ ਮੋਰਾਂ ਨੂੰ ਵੈਰਾਗ ਪਰਾਪਤ ਹੁੰਦਾ ਹੈ, ਇਸੇ ਤਰ੍ਹਾਂ ਜਦ ਗੁਰੂ ਰੂਪ ਬੱਦਲ ਊਨਵਿ=ਝੁਕ ਕੇ ਅਤੀ ਕ੍ਰਿਪਾਲੂ ਹੋ ਕੇ ਗੱਜ ਕੇ=ਦ੍ਰਿਸ਼ਟਾਂਤ ਪ੍ਰਮਾਣ ਦੇ ਕੇ ਉਪਦੇਸ਼ ਜਲ ਦੀ ਵਰਖਾ ਕਰਦੇ ਹਨ ਤਾਂ ਜਗਿਆਸੂ ਦੀ ਕੋਕਿਲ=ਬੁੱਧੀ ਨੂੰ ਤੇ ਮੋਰ=ਮਨ ਨੂੰ ਵੈਰਾਗ ਪਰਾਪਤ ਹੁੰਦਾ ਹੈ।

ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ॥ ੨॥

ਅੰਤਹਕਰਣ ਰੂਪ ਧਰਤੀ ਵਿਚ ਤਰ=ਅਤਸੇ ਕਰਕੇ ਵਰ=ਸ੍ਰੇਸ਼ਟ ਸ਼ੁਭ ਗੁਣਾਂ ਰੂਪ ਬ੍ਰਿਛ ਉਤਪੰਨ ਹੋਣ ਕਰਕੇ ਇੰਦ੍ਰੀਆਂ ਰੂਪ ਬਿਹੰਗ=ਪੰਛੀਆਂ ਨੂੰ ਅਨੰਦ ਹੋਇਆ ਹੈ ਅਤੇ ਪਰੇਮ ਰੂਪ ਭੁਇਅੰਗਮ=ਸੱਪਾਂ ਨੂੰ ਭੀ ਉਤਸ਼ਾਹ ਹੋਇਆ ਹੈ ਅਤੇ ਇਸ ਜਗਿਆਸੂ ਰੂਪ ਧਨ=ਇਸਤ੍ਰੀ ਦੇ ਅੰਤਹਕਰਣ ਰੂਪ ਘਰ ਵਿਚ ਭੀ ਪਿਰੀ ਦਾ ਸੋਹਾਗੈ=ਅਨੰਦ ਪ੍ਰਾਪਤ ਹੋਇਆ ਹੈ।

ਅਥਵਾ —ਜਿਸ ਜਗਿਆਸੂ ਰੂਪ ਇਸਤ੍ਰੀ ਦੇ ਅੰਤਹਕਰਣ ਰੂਪ ਘਰ ਵਿਚ ਪਿਰੁ=ਪਤੀ ਪਰਮਾਤਮਾ ਆ ਕੇ ਸਖਿਆਤਕਾਰ ਹੋਇਆ ਹੈ ਉਸ ਨੂੰ ਅਜਿਹਾ ਅਨੰਦ ਪ੍ਰਾਪਤ ਹੋਇਆ ਹੈ, ਜਿਵੇਂ ਤਰ-ਵਰ=ਸ੍ਰੇਸ਼ਟ ਬ੍ਰਿਛ ਜੋ ਚੰਦਨ ਹੈ ਉਸ ਉੱਤੇ ਭੁਇਅੰਗਮ=ਸੱਪਾਂ ਨੂੰ ਅਨੰਦ ਹੁੰਦਾ ਹੈ ਤੇ ਆਮ ਬ੍ਰਿਛਾਂ ਦੇ ਉੱਤੇ ਬਿਹੰਗ=ਪੰਛੀਆਂ ਨੂੰ ਅਨੰਦ ਹੁੰਦਾ ਹੈ॥ ੨॥

ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ॥

ਉਹ ਮਨਮੁਖ ਇਸਤ੍ਰੀ ਕੁਚਿਲ=ਅਪਵਿੱਤਰ ਹੈ, ਬਦਚਲਨ ਹੈ, ਕੁਰੂਪਿ=ਸਫਾਈ ਰੂਪੀ ਰੂਪ ਤੋਂ ਰਹਿਤ ਹੈ, ਕੁਨਾਰਿ=ਖੋਟੀ ਨਾਰੀ ਭਾਵ ਕੁਤਸਤ ਅਰਥਾਤ ਨਿੰਦਨੇ ਯੋਗ ਹੈ, ਕੁਲਖਨੀ=ਖੋਟਿਆਂ ਲੱਛਣਾਂ ਵਾਲੀ ਹੈ, ਵਾ :- ਸ਼ੁਭ ਗੁਣਾਂ ਰੂਪੀ ਕੁਲ ਦੇ ਖੈ ਕਰਨ ਵਾਲੀ ਹੈ ਕਿਉਂਕਿ ਉਸ ਨੇ ਪਤੀ ਪਰਮਾਤਮਾ ਦਾ ਸਹਜੁ=ਗਿਆਨ ਜਾਣਿਆ ਨਹੀਂ ਹੈ।

ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ॥ ੩॥

ਰੰਗਿ=ਪ੍ਰੇਮ ਕਰਕੇ ਹਰੀ ਰਸ ਨੂੰ ਰਸਨਾ ਨਾਲ ਚੱਖ ਕੇ ਤ੍ਰਿਪਤ ਨਹੀਂ ਹੋਈ, ਦੁਰਮਤਿ=ਖੋਟੀ ਮਤ ਕਰਕੇ ਉਸ ਦੇ ਹਿਰਦੇ ਵਿਚ ਦੁੱਖ ਸਮਾਇਆ ਹੈ॥ ੩॥

ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ॥

ਗੁਰਮੁਖ ਇਸਤ੍ਰੀ ਜੰਮਦੀ ਮਰਦੀ ਨਹੀਂ ਹੈ, ਨਾ ਮਨ ਕਰਕੇ ਦੁੱਖ ਪਾਂਦੀ ਹੈ, ਨਾ ਹੀ ਉਸ ਦੇ ਸਰੀਰ ਨੂੰ ਦੁੱਖ ਜਨ ਦਰਦ ਹੈ।

ਅਥਵਾ :— ਨਾ ਉਹ ਜਮਾਂ ਦੇ ਦੁੱਖ ਨੂੰ ਪਾਂਦੀ ਹੈ ਨਾ ਹੀ ਅੰਤਹਕਰਣ ਵਿਚ ਦੁੱਖ ਹੈ ਨਾ ਸਰੀਰ ਵਿਚ ਦੁੱਖ ਹੁੰਦਾ ਹੈ।

ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਦੇ ਸਹਜ=ਗਿਆਨ ਕਰਕੇ ਸੁਹੇਲੀ=ਸੁਖੀ ਹੈ ਅਤੇ ਪ੍ਰਭੂ ਨੂੰ ਵੇਖਦਿਆਂ ਨਾਲ ਹੀ ਉਸ ਦੇ ਮਨ ਨੂੰ ਧੀਰਜ ਹੋ ਗਿਆ ਹੈ॥ ੪॥ ੨॥

ਸਾਰਗ ਮਹਲਾ ੧॥

ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ॥

ਮੇਰਾ ਪਿਆਰਾ ਪ੍ਰਭੂ ਪਰਮਾਤਮਾ ਦੂਰ ਨਹੀਂ ਹੈ।

ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ॥੧॥ਰਹਾਉ॥

ਸਤਿਗੁਰਾਂ ਦੇ ਬਚਨਾਂ ਕਰਕੇ ਮੇਰਾ ਮਨ ਉਸ ਉੱਤੇ ਮੰਨਿਆ ਗਿਆ ਹੈ ਅਤੇ ਪਰਾਣਾਂ ਦੇ ਅਧਾਰਾ=ਆਸਰਾ ਰੂਪ ਹਰੀ ਨੂੰ ਪਾ ਲਿਆ ਹੈ॥ ੧॥ ਰਹਾਉ॥

[ਪੰਨਾ ੧੧੬੮]

ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ॥

ਹੇ ਜਗਿਆਸੂ ਰੂਪ ਕਾਮਨਿ=ਇਸਤ੍ਰੀਏ ! ਇਸ ਵਿਧੀ ਕਰਕੇ ਭਾਵ ਗੁਰ ਬਚਨਾਂ ਦੁਆਰੇ ਹਰੀ ਪਤੀ ਮਿਲਦਾ ਹੈ, ਜੋ ਇਸਤ੍ਰੀ ਆਪਣੇ ਮਾਲਕ ਪਤੀ ਪਰਮਾਤਮਾ ਨੂੰ ਪਿਆਰੀ ਲੱਗਦੀ ਹੈ ਉਹ ਧਨ=ਧੰਨਤਾ ਜੋਗ ਹੋ ਜਾਂਦੀ ਹੈ।

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥ ੧॥

ਜੋ ਸਬਦਿ=ਸੰਸਾਰ ਵਿਚ ਗੁਰ ਸਿੱਖਿਆ ਦਾ ਵਿਚਾਰ ਕਰਦੀ ਹੈ ਉਸ ਦੇ ਹਿਰਦੇ ਵਿਚੋਂ ਜਾਤੀ, ਵਰਨ, ਕੁਲ ਦਾ ਅਭਿਮਾਨ ਤੇ ਪ੍ਰਮਾਣ ਗਤ ਸੰਸਾ ਆਦਿਕ ਸਭ ਦੂਰ ਹੋ ਜਾਂਦਾ ਹੈ।

ਅਥਵਾ :— ਜੋ ਗੁਰ ਸਿੱਖਿਆ ਦੁਆਰੇ ਸਬਦਿ=ਬ੍ਰਹਮ ਦਾ ਵਿਚਾਰ ਕਰਦੀ ਹੈ, ਉਸ ਦੇ ਅੰਦਰੋਂ ਜਾਤੀ, ਵਰਨ ਤੇ ਕੁਲ ਆਦਿਕਾਂ ਦਾ ਸਭ ਸੰਸਾ ਦੂਰ ਹੋ ਜਾਂਦਾ ਹੈ॥ ੧॥

ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ॥

ਜਿਸ ਦਾ ਪਰਮੇਸਰ ਪਤੀ ਉੱਤੇ ਮਨ ਮੰਨਿਆ ਜਾਂਦਾ ਹੈ, ਉਸ ਨੂੰ ਹੰਕਾਰ ਨਹੀਂ ਹੁੰਦਾ ਅਤੇ ਉਹ ਜੀਵ ਹਿੰਸਿਆਂ ਤੇ ਲੋਭ ਆਦਿਕਾਂ ਨੂੰ ਵਿਸਾਰ ਦੇਂਦੀ ਹੈ।

ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ॥ ੨॥

ਜਿਹੜੀ ਇਸਤ੍ਰੀ ਗੁਰਮੁਖਿ=ਗੁਰਾਂ ਦੁਆਰੇ ਰੰਗਿ=ਪਰੇਮ ਵਿਚ ਤਦਾਕਾਰ ਹੋ ਕੇ ਇੰਦ੍ਰੀਆਂ ਸਹਿਤ ਅੰਤਹਕਰਣ ਨੂੰ ਸਵਾਰ ਕੇ ਸਹਜੇ-ਸਹਜੇ ਪਰਮੇਸ਼ਰ ਦੇ ਨਾਮਾਂ ਨੂੰ ਰਵੈ=ਉਚਾਰਦੀ ਹੈ ਉਹ ਪਤੀ ਪਰਮਾਤਮਾ ਦੀ ਵਰੁ=ਸ੍ਰੇਸ਼ਟ ਇਸਤ੍ਰੀ ਹੈ।

ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ॥

ਆਪਣੇ ਕੁਟੰਬ ਅਤੇ ਸਬੰਧੀਆਂ ਦੀ ਐਹੋ ਜਿਹੀ ਪਰੀਤੀ ਨੂੰ ਜਾਰਉ=ਸਾੜ ਦਿਓ ਜੋ ਮਾਇਆ ਦੇ ਮੋਹ ਨੂੰ ਪਸਾਰਨੇ ਵਾਲੀ ਹੈ।

ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ॥ ੩ ॥

ਜਿਸ ਦੇ ਅੰਦਰ ਰਸੁ=ਅਨੰਦ ਰੂਪ ਰਾਮ ਦੀ ਪਰੀਤੀ ਨਹੀਂ ਹੈ ਜਾਂ ਜਿਸ ਦੇ ਅੰਦਰ ਰਾਮ ਦੀ ਪ੍ਰੀਤੀ ਅਤੇ ਆਤਮ ਰਸ ਨਹੀਂ ਹੈ, ਉਸ ਦੇ ਦੁਬਿਧਾ ਸਹਿਤ ਕੀਤੇ ਹੋਏ ਕਰਮ ਵਿਕਾਰ ਰੂਪ ਹਨ॥ ੩ ॥

ਅੰਤਰਿ ਰਤਨ ਪਦਾਰਥ ਹਿਤ ਕੋ ਦੁਰੈ ਨ ਲਾਲ ਪਿਆਰੀ॥

ਰਤਨ ਪਦਾਰਥ=ਪਰਮਾਤਮਾ ਹਿਰਦੇ ਅੰਦਰ ਹੈ, ਉਸ ਪਰਮਾਤਮਾ ਵਿਚ ਜਿਸ ਨੇ ਹਿਤ=ਪਰੇਮ, ਕੋ=ਕੀਤਾ ਹੈ, ਉਹ ਲਾਲ=ਪ੍ਰਭੂ ਦੀ ਪਿਆਰੀ ਦਾਸੀ ਛੁਪਾਈ ਹੋਈ ਕਦੇ ਭੀ ਦੁਰੈ ਨ=ਲੁਕ ਨਹੀਂ ਸਕਦੀ।

ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਨੇ ਜੁਗਾਂ-ਜੁਗਾਂ ਵਿਚ ਨਾਮ ਨੂੰ ਅਮੋਲਕ ਜਾਣ ਕੇ ਉਸ ਨਾਮ ਦੀ ਪਰੀਤੀ ਨੂੰ ਹਿਰਦੇ ਅੰਦਰ ਧਾਰਨਾ ਕੀਤਾ ਹੈ। *ਅਥਵਾ-*ਜੁਗਿ=ਚਾਰ ਸਾਧਨਾਂ ਵਿਚ ਜੁਗਿ=ਜੁੜ ਕੇ ਗੁਰਮੁਖਾਂ ਨੇ ਹਿਰਦੇ ਅੰਦਰ ਅਮੋਲਕ ਨਾਮ ਦੀ ਪ੍ਰੀਤੀ ਧਾਰੀ ਹੈ॥ ੪॥ ੩ ॥

ਸਾਰੰਗ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ॥ ਹਰਿ ਕੇ ਸੰਤ ਜਨਾ ਕੀ ਹਮ ਧੂਰਿ॥

ਅਸਾਂ ਨੇ ਹਰੀ ਦੇ ਸੰਤ ਜਨਾਂ ਦੀ ਚਰਨ ਧੂੜੀ ਨੂੰ ਗ੍ਰਹਿਣ ਕੀਤਾ ਹੈ।

ਮਿਲਿ ਸਤਸੰਗਤਿ ਪਰਮ ਪਦੁ ਪਾਇਆ
ਆਤਮ ਰਾਮੁ ਰਹਿਆ ਭਰਪੂਰਿ॥ ੧ ॥ ਰਹਾਉ ॥

ਸਤਸੰਗਤ ਵਿਚ ਮਿਲ ਕੇ ਪਰਮ ਪਦੁ=ਆਤਮ ਪਦ ਨੂੰ ਪਾਇਆ ਹੈ, ਜੋ ਰਾਮ ਸਾਰੇ ਭਰਪੂਰ ਹੋ ਰਿਹਾ ਹੈ, ਉਸ ਨੂੰ ਆਤਮ=ਆਪਣਾ ਆਪ ਰੂਪ ਜਾਣਿਆ ਹੈ॥ ੧ ॥ ਰਹਾਉ ॥

ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ॥

ਸੰਤੁ=ਸ਼ਾਂਤ ਆਤਮਾ ਸਤਿਗੁਰੂ ਮਿਲਣ ਤਾਂ ਸ਼ਾਂਤੀ ਪਾਈਦੀ ਹੈ, ਸਤਿਗੁਰਾਂ ਨੇ ਚਾਰੇ ਕਿਲਵਿਖ ਕੱਟ ਦਿੱਤੇ ਹਨ ਅਤੇ ਸਾਰੇ ਦੁੱਖ ਭੀ ਦੂਰ ਕਰ ਦਿੱਤੇ ਹਨ।

ਆਤਮ ਜੋਤਿ ਭਈ ਪਰਫੁਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ॥ ੧ ॥

ਆਤਮਾ ਦੀ ਜੋਤਿ=ਗਿਆਤ ਹੋਣ ਕਰਕੇ ਜਾਂ ਬੁੱਧੀ ਪਰਫੁਲਿਤ ਹੋਈ ਤਾਂ ਨਿਰੰਜਨ ਪੁਰਖ ਪਰਮਾਤਮਾ ਨੂੰ ਹਾਜਰਾ ਹਜ਼ੂਰ ਦੇਖਣਾ ਕੀਤਾ॥ ੧ ॥

ਵਡੈ ਭਾਗਿ ਸਤਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ॥

ਵਡਭਾਗੀ ਪੁਰਸ਼ਾਂ ਨੇ ਸਤਸੰਗਤ ਪਾ ਕੇ ਹਰੀ ਨਾਮ ਨੂੰ ਜਪ ਕੇ ਹਰੀ ਨੂੰ ਸਾਰੇ ਭਰਪੂਰ ਹੋ ਰਿਹਾ ਨਿਸਚੇ ਕੀਤਾ।

ਅਠਸਠਿ ਤੀਰਥ ਮਜਨੁ ਕੀਆ ਸਤਸੰਗਤਿ ਪਗ ਨਾਏ ਧੂਰਿ॥ ੨ ॥

ਸਤਸੰਗਤ ਦੇ ਚਰਨਾਂ ਦੀ ਧੂੜੀ ਵਿਚ ਇਸ਼ਨਾਨ ਕਰਨ ਨਾਲ ਹੀ ਅਠਸਠਿ=ਅਠਾਠ ਤੀਰਥਾਂ 'ਪਰ ਇਸ਼ਨਾਨ ਕਰਨ ਦਾ ਫਲ ਪਰਾਪਤ ਕੀਤਾ ਹੈ॥ ੨ ॥

ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥

ਵਿਕਾਰਾਂ ਦੀ ਪ੍ਰਬਲਤਾ ਕਰਕੇ ਦੁਰਮਤੀਆਂ ਦੀ ਬੁੱਧੀ ਮਲੀਨ ਤੇ ਹੋਛੀ=ਤੁਛ ਹੋ ਰਹੀ ਹੈ ਜਾਂ ਦੁਰਮਤੀਆਂ ਦੀ ਹੋਛੀ=ਤੁਛ ਬੁੱਧੀ ਵਿਸ਼ੇ ਵਿਕਾਰਾਂ ਕਰਕੇ ਮੈਲੀ ਹੋ ਰਹੀ ਹੈ ਅਤੇ ਕੂੜਿਆਂ ਪਦਾਰਥਾਂ ਦੇ ਮੋਹ ਵਿਚ ਲੱਗਾ ਹੋਇਆ ਹਿਰਦਾ ਭੀ ਕੁਸੁਧੁ=ਅਪਵਿੱਤ੍ਰ ਹੈ।

ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩ ॥

ਚੁੰਗਿਆਂ ਕਰਮਾਂ ਤੋਂ ਬਿਨਾਂ ਸਤਸੰਗਤ ਕਿਵੇਂ ਪਾਈਦੀ ਹੈ, ਹੰਗਤਾ ਮਮਤਾ ਦੇ ਵਿਆਪਨ ਕਰਕੇ ਮਨ ਸਦਾ ਹੀ ਝੁਰਦਾ ਰਹਿੰਦਾ ਹੈ॥ ੩ ॥

ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ ਮਾਗਉ ਸਤਸੰਗਤਿ ਪਗ ਧੂਰਿ ॥

ਹੇ ਕਿਰਪਾ ਦੀ ਖਾਣ ਹਰਿ ਜੀਉ! ਦਿਆਲੂ ਹੋਵੋ, ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਪੁਛਿਆ ਤੂੰ ਕੀ ਚਾਹੁੰਦਾ ਹੈਂ ? ਤਾਂ ਕਿਹਾ-ਹੋਰ ਕੁਝ ਨਹੀਂ ਚਾਹੁੰਦਾ ਕੇਵਲ ਸਤਸੰਗਤ ਦੇ ਚਰਨਾਂ ਦੀ ਧੂੜੀ ਮੰਗਦਾ ਹਾਂ।

ਨਾਨਕ ਸੰਤੁ ਮਿਲੈ ਹਰਿ ਪਾਈਐ ਜਨੁ ਹਰਿ ਭੇਟਿਆ ਰਾਮੁ ਹਜੂਰਿ ॥੪ ॥੧ ॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਸੰਤਾਂ ਨਾਲ ਮਿਲਾਪ ਹੋਣ 'ਤੇ ਹੇ ਹਰੀ ! ਤੂੰ ਪ੍ਰਾਪਤ ਹੁੰਦਾ ਹੈਂ, ਜਿਨ੍ਹਾਂ ਸੰਤ ਜਨਾਂ ਨੂੰ ਹੇ ਹਰੀ ਰਾਮ ! ਤੂੰ ਹਜੂਰਿ=ਕੋਲ ਆ ਕੇ ਮਿਲਿਆ ਹੈਂ॥ ੪॥ ੧ ॥

ਸਾਰੰਗ ਮਹਲਾ ੪ ॥

ਗੋਬਿੰਦ ਚਰਨਨ ਕਉ ਬਲਿਹਾਰੀ ॥

ਮੈਂ ਗੋਬਿੰਦ ਦੇ ਚਰਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਭਵਜਲੁ ਜਗਤੁ ਨ ਜਾਈ ਤਰਣਾ
ਜਪਿ ਹਰਿ ਹਰਿ ਪਾਰਿ ਉਤਾਰੀ ॥ ੧ ॥ ਰਹਾਉ ॥

ਭਵ=ਜਨਮ ਮਰਨ ਰੂਪ ਜਲ ਕਰਕੇ ਭਰਿਆ ਹੋਇਆ ਜੋ ਸੰਸਾਰ-ਸਮੁੰਦਰ ਹੈ, ਉਹ ਆਪਣੇ ਆਪ ਤਰਿਆ ਨਹੀਂ ਜਾਂਦਾ, ਕੇਵਲ ਹਰਿ ਹਰਿ ਦਾ ਜਪਿ=ਸਿਮਰਨ ਹੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰਦਾ ਹੈ॥ ੧ ॥ ਰਹਾਉ ॥

ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ ॥

ਗੁਰਮੁਖਾਂ ਦੇ ਹਿਰਦੇ ਵਿਚ ਪ੍ਰਭੂ ਦੀ ਪਰਤੀਤੀ ਬਣੀ ਹੈ, ਏਸੇ ਕਰਕੇ ਉਹਨਾਂ ਨੇ ਸੁਰਤ ਪੂਰਬਕ ਸੇਵਾ ਕਰਨੀ ਵਿਚਾਰੀ ਹੈ।

ਅਨਦਿਨੁ ਰਾਮ ਨਾਮੁ ਜਪਿ ਹਿਰਦੈ ਸਰਬ ਕਲਾ ਗੁਣਕਾਰੀ ॥ ੧ ॥

ਜੋ ਰਾਮ ਸਰਬ ਕਲਾ ਸਮੱਰਥ ਹੈ ਤੇ ਸ਼ੁਭ ਗੁਣਾਂ ਦੇ ਪ੍ਰਾਪਤ ਕਰਨ ਵਾਲਾ ਹੈ,

ਵਾ:- ਜਿਸ ਦੇ ਗੁਣ ਅਗਿਆਨ ਰੋਗ ਦੀ ਨਵਿਰਤੀ ਕਰਨੇ ਨੂੰ ਕਾਂਰੀ=ਔਸ਼ਧੀ ਰੂਪ ਹਨ ਗੁਰਮੁਖ ਜਨ ਰਾਤ ਦਿਨ ਉਸ ਰਾਮ ਦੇ ਨਾਮ ਨੂੰ ਹਿਰਦੇ ਵਿਚ ਜਪਦੇ ਹਨ।

ਪ੍ਰਭੁ ਅਗਮ ਅਗੋਚਰੁ ਰਵਿਆਂ ਸ੍ਰਬ ਠਾਈ ਮਨਿ ਤਨਿ ਅਲਖ ਅਪਾਰੀ॥

ਜੋ ਪ੍ਰਭੂ ਮਨ ਕਰਕੇ ਅਗਮ ਤੇ ਤਨ ਕਰਕੇ ਅਗੋਚਰ ਹੈ, ਉਸ ਅਲਖ ਅਪਾਰ ਪ੍ਰਭੂ ਨੂੰ ਗੁਰਮੁਖਾਂ ਨੇ ਸ੍ਰਬ ਠਾਈ=ਸਾਰਿਆਂ ਜਗ੍ਹਾਂ 'ਪਰ ਅਤੇ ਮਨ ਤਨ ਦੇ ਵਿਚ ਰਵਿਆ=ਵਿਆਪਕ ਨਿਸਚੇ ਕੀਤਾ ਹੈ।

ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖੁ ਲਖਾਰੀ॥ ੨॥

ਜਦ ਗੁਰੂ ਕ੍ਰਿਪਾਲੂ ਹੋਏ ਤਦ ਨਾਮ ਗਿਆਨ ਪਾਇਆ, ਗਿਆਨ ਦੀ ਸ਼ਕਤੀ ਨਾਲ ਹਿਰਦੇ ਦੇ ਵਿਚ ਹੀ ਅਲਖ ਪ੍ਰਭੂ ਨੂੰ ਲਖਾਰੀ=ਜਾਣ ਲਿਆ॥ ੨॥

ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ॥

ਸਰਬ ਧਰਣੀ ਧਰ=ਸਾਰੀ ਧਰਤੀ ਦੇ ਧਾਰਨ ਵਾਲੇ ਹਰੀ ਦਾ ਨਾਮ ਅੰਦਰ ਹੀ ਹੈ,

ਵਾ:- ਨਾਮੁ=ਪ੍ਰਸਿੱਧ ਹਰੀ ਅੰਦਰ ਹੀ ਹੈ ਪਰ ਹੰਕਾਰ ਦੀ ਵਜ੍ਹਾ ਕਰਕੇ ਸਾਕਤਾਂ ਨੂੰ ਉਹ ਹਰੀ ਦੂਰ ਪਰਤੀਤ ਹੋ ਰਿਹਾ ਹੈ।

ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ॥ ੩॥

ਸਾਕਤ ਪੁਰਸ਼ ਮਾਇਆ ਦੀ ਤ੍ਰਿਸ਼ਨਾ ਅੱਗ ਵਿਚ ਸੜਦੇ ਹਨ, ਉਨ੍ਹਾਂ ਦੇ ਅੰਦਰੋਂ ਤ੍ਰਿਸ਼ਨਾ ਕਦੇ ਭੀ ਬੁਝਦੀ ਨਹੀਂ ਹੈ, ਇਸ ਲਈ ਉਹਨਾਂ ਨੇ ਸੰਸਾਰ ਜੂਏ ਵਿਚ ਮਨੁੱਖਾ ਦੇਹ ਰੂਪੀ ਬਾਜੀ ਹਾਰ ਦਿੱਤੀ ਹੈ॥ ੩॥

ਊਠਤ ਬੈਠਤ ਹਰਿ ਗੁਨ ਗਾਵਹਿ ਗੁਰਿ ਕਿੰਚਤ ਕਿਰਪਾ ਧਾਰੀ॥

ਉਹ ਗੁਰਮੁਖ ਉੱਠਦਿਆਂ ਬੈਠਦਿਆਂ ਹਰੀ ਗੁਣਾਂ ਨੂੰ ਗਾਉਂਦੇ ਹਨ, ਜਿਨ੍ਹਾਂ ਉੱਤੇ ਪੂਰਿਆਂ ਗੁਰਾਂ ਨੇ ਕਿੰਚਤ=ਥੋੜ੍ਹੀ ਜਿੰਨੀ ਭੀ ਕ੍ਰਿਪਾ ਦ੍ਰਿਸ਼ਟੀ ਧਾਰਨਾ ਕੀਤੀ ਹੈ।

[ਪੰਨਾ ੧੧੯੯]

ਨਾਨਕ ਜਿਨ ਕਉ ਨਦਰਿ ਭਈ ਹੈ ਤਿਨ ਕੀ ਪੈਜ ਸਵਾਰੀ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਉੱਤੇ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਹੈ, ਪਰਮਾਤਮਾ ਨੇ ਉਹਨਾਂ ਦੀ ਪੈਜ=ਇੱਜ਼ਤ ਸਵਾਰੀ ਹੈ॥ ੪॥ ੨॥

ਸਾਰਗ ਮਹਲਾ ੪॥

ਹਰਿ ਹਰਿ ਅੰਮ੍ਰਿਤ ਨਾਮੁ ਦੇਹੁ ਪਿਆਰੇ॥

ਹੇ ਪਿਆਰੇ ਹਰੀ ! ਮੈਨੂੰ ਆਪਣਾ ਹਰੀ ਨਾਮ ਅੰਮ੍ਰਿਤ ਦੇਣਾ ਕਰੋ।

ਜਿਨ ਊਪਰਿ ਗੁਰਮੁਖਿ ਮਨੁ ਮਾਨਿਆ ਤਿਨ ਕੇ ਕਾਜ ਸਵਾਰੇ॥ ੧॥ ਰਹਾਉ॥

ਜਿਨ੍ਹਾਂ ਗੁਰਮੁਖਾਂ ਉੱਤੇ ਆਪ ਜੀ ਦਾ ਮਨ ਮੰਨਿਆ ਗਿਆ ਹੈ, ਉਹਨਾਂ ਦੇ ਤੁਸਾਂ ਨੇ ਸਾਰੇ ਕੰਮ ਸਵਾਰ ਦਿੱਤੇ ਹਨ॥ ੧॥ ਰਹਾਉ॥

ਜੋ ਜਨ ਦੀਨ ਭਏ ਗੁਰ ਆਗੈ ਤਿਨ ਕੇ ਦੂਖ ਨਿਵਾਰੇ॥

ਜਿਹੜੇ ਮਨੁੱਖ ਗੁਰਾਂ ਅੱਗੇ ਦੀਨ=ਗਰੀਬ (ਨਿੰਮ੍ਰਤਾ ਵਾਲੇ) ਹੋਏ ਹਨ, ਉਹਨਾਂ ਦੇ ਭੀ ਆਪ ਜੀ ਨੇ ਸਾਰੇ ਦੁੱਖ ਨਵਿਰਤ ਕਰ ਦਿੱਤੇ ਹਨ।

ਅਨਦਿਨੁ ਭਗਤਿ ਕਰਹਿ ਗੁਰ ਆਗੈ ਗੁਰ ਕੈ ਸਬਦਿ ਸਵਾਰੇ॥ ੧॥

ਜੋ ਰਾਤ ਦਿਨ ਪੂਰਿਆਂ ਗੁਰਾਂ ਅੱਗੇ ਖਲੋ ਕੇ ਸ੍ਰਵਨ, ਸਿਮਰਨ, ਕੀਰਤਨ, ਪਾਦ ਸੇਵਨ ਆਦਿਕ ਨੌਧਾ ਭਗਤੀ ਵਿਚੋਂ ਕੋਈ ਭੀ ਭਗਤੀ ਕਰਦੇ ਹਨ, ਉਨ੍ਹਾਂ ਦੇ ਇੰਦ੍ਰੀਏ ਤੇ ਅੰਤਹਕਰਣ ਗੁਰਾਂ ਦੇ ਸ਼ਬਦ ਕਰਕੇ ਸਵਾਰੇ ਗਏ ਹਨ॥ ੧॥

ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ ਰਸੁ ਗਾਵਹਿ ਰਸੁ ਬੀਚਾਰੇ॥

ਉਹਨਾਂ ਦੇ ਹਿਰਦੇ ਵਿਚ ਨਾਮ ਅੰਮ੍ਰਿਤ ਰਸ ਹੈ, ਰਸਨਾ ਨਾਲ ਭੀ ਓਸੇ ਨਾਮ ਰਸ ਨੂੰ ਪਰੇਮ ਨਾਲ ਗਾਉਂਦੇ ਹਨ ਅਤੇ ਬਾਣੀ ਦੁਆਰਾ ਭੀ ਪਰੇਮ ਨਾਲ ਨਾਮ ਰਸ ਨੂੰ ਵਿਚਾਰਦੇ ਹਨ।

ਗੁਰਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ ਓਇ ਪਾਵਹਿ ਮੋਖ ਦੁਆਰੇ॥ ੨॥

ਜਿਨ੍ਹਾਂ ਨੇ ਗੁਰ ਕਿਰਪਾ ਦੁਆਰੇ ਨਾਮ ਅੰਮ੍ਰਿਤ ਰਸ ਨੂੰ ਚੀਨ੍ਹਿਆ=ਜਾਣਿਆ ਹੈ, ਉਹ ਮੁਕਤੀ ਦਾ ਦਰਵਾਜ਼ਾ ਗਿਆਨ ਪਾਂਦੇ ਹਨ॥ ੨॥

ਸਤਿਗੁਰੁ ਪੁਰਖੁ ਅਚਲੁ ਅਚਲਾ ਮਤਿ ਜਿਸੁ ਦ੍ਰਿੜਤਾ ਨਾਮੁ ਅਧਾਰੇ॥

ਸਤਿਗੁਰੁ ਅਟੱਲ ਪੁਰਖ ਹਨ, ਉਨ੍ਹਾਂ ਦੀ ਮਤਿ=ਸਿੱਖਿਆ ਭੀ ਅਚੱਲ ਹੈ, ਜਿਸ ਗੁਰੂ ਨੂੰ ਨਾਮ ਦਾ ਦ੍ਰਿੜ ਭਰੋਸਾ ਹੈ ਅਤੇ ਨਾਮ ਦਾ ਹੀ ਅਧਾਰੇ=ਆਸਰਾ ਹੈ।

ਵਾ :- ਜਿਸ ਨੂੰ ਗੁਰ ਸਿੱਖਿਆ ਮਿਲੀ ਹੈ ਉਸ ਨੂੰ ਨਾਮ ਦੀ ਦ੍ਰਿੜਤਾ ਦਾ ਆਸਰਾ ਪ੍ਰਾਪਤ ਹੋਇਆ ਹੈ।

ਤਿਸੁ ਆਗੈ ਜੀਉ ਦੇਵਉ ਅਪੁਨਾ ਹਉ ਸਤਿਗੁਰ ਕੈ ਬਲਿਹਾਰੇ॥ ੩॥

ਉਸ ਗੁਰੂ ਅੱਗੇ ਮੈਂ ਆਪਣਾ ਜੀਅ ਭੇਟਾ ਧਰਦਾ ਹਾਂ ਅਤੇ ਸਤਿਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੩॥

ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ॥

ਜਿਹੜੇ ਮਨਮੁਖ ਭਰਮ ਵਿਚ ਤੇ ਦਵੈਤ ਭਾਵ ਵਿਚ ਲੱਗੇ ਹਨ, ਉਹਨਾਂ ਦੇ ਅੰਦਰ ਅਗਿਆਨ ਰੂਪ ਹਨੇਰਾ ਹੈ।

ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ॥ ੪॥

ਇਸ ਲਈ ਸੁਖਾਂ ਦਾ ਦਾਤਾ ਸਤਿਗੁਰੂ ਉਹਨਾਂ ਨੂੰ ਨਿਗਾਹ ਨਹੀਂ ਆਉਂਦਾ, ਉਹਨਾਂ ਨੂੰ ਨਾ ਉਰਵਾਰਿ=ਇਸ ਲੋਕ ਦਾ ਸੁਖ ਤੇ ਨਾ ਹੀ ਪਾਰੇ=ਪ੍ਰਲੋਕ ਦਾ ਸੁਖ ਮਿਲਦਾ ਹੈ।

ਅਥਵਾ :- ਨਾ ਉਰਵਾਰਿ=ਵੈਰਾਗ ਤੇ ਨਾ ਪਾਰੇ=ਗਿਆਨ ਪ੍ਰਾਪਤ ਹੁੰਦਾ ਹੈ।

ਸਰਬੇ ਘਟਿ ਘਟਿ ਰਵਿਆ ਸੁਆਮੀ ਸਰਬ ਕਲਾ ਕਲ ਧਾਰੇ॥

ਜੋ ਸਰਬ ਕਲਾ=ਸ਼ਕਤੀਆਂ ਸਪੰਨ ਪ੍ਰਭੂ ਸਭਨਾਂ ਵਿਚ ਆਪਣੀ ਕਲਾ ਧਾਰ ਰਿਹਾ ਹੈ, ਉਹ

ਸੁਆਮੀ=ਪਰਮਾਤਮਾ ਸਾਰਿਆਂ ਘਟਾਂ-ਘਟਾਂ ਵਿਚ ਰਵਿਆ=ਵਿਆਪਕ ਹੋ ਰਿਹਾ ਹੈ।

ਨਾਨਕੁ ਦਾਸਨਿ ਦਾਸੁ ਕਹਤ ਹੈ ਕਰਿ ਕਿਰਪਾ ਲੇਹੁ ਉਬਾਰੇ ॥ ੫ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਆਪ ਜੀ ਦੇ ਦਾਸਾਂ ਦਾ ਦਾਸ ਕਹਾਂਦਾ ਹਾਂ,

ਅਥਵਾ :- ਮੈਂ ਆਪ ਜੀ ਦੇ ਦਾਸਾਂ ਦਾ ਦਾਸ ਇਕ ਬੇਨਤੀ ਕਹਿੰਦਾ ਹਾਂ ਕਿ ਆਪ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਸੰਸਾਰ-ਸਮੁੰਦਰ ਤੋਂ ਤਾਰ ਲਓ॥ ੫ ॥ ੩ ॥

ਸਾਰਗ ਮਹਲਾ ੪ ॥

ਗੋਬਿਦ ਕੀ ਐਸੀ ਕਾਰ ਕਮਾਇ ॥

ਹੇ ਭਾਈ ! ਗੋਬਿੰਦ ਦੀ ਪ੍ਰਾਪਤੀ ਲਈ ਅਜਿਹੀ ਸੇਵਾ ਰੂਪੀ ਕਾਰ ਕਮਾਉਣੀ ਕਰੋ।

ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ
ਗੁਰਮੁਖਿ ਨਾਮਿ ਰਹਹੁ ਲਿਵਲਾਇ ॥ ੧ ॥ ਰਹਾਉ ॥

ਹੇ ਗੁਰਮੁਖੋ ! ਉਹ ਪਰਮਾਤਮਾ ਜੋ ਕੁਝ ਭੀ ਕਰਦਾ ਹੈ, ਉਸ ਨੂੰ ਸੱਤ ਕਰਕੇ ਮੰਨੋ ਅਤੇ ਗੁਰਾਂ ਦੁਆਰੇ ਨਾਮ ਸਿਮਰਨ ਵਿਚ ਲਿਵ ਲਾਈ ਰੱਖੋ॥ ੧ ॥ ਰਹਾਉ ॥

ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ ॥

ਜਿਸ ਨੂੰ ਗੋਬਿੰਦ ਦੀ ਪਰੀਤੀ ਡਾਢੀ ਪਿਆਰੀ ਲੱਗੀ ਹੈ, ਉਸ ਨੂੰ ਅਵਰ=ਹੋਰ ਸਭ ਕੁਝ ਭੁਲ ਜਾਂਦਾ ਹੈ।

ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ ॥ ੧ ॥

ਜੋਤੀ=ਪਰਮਾਤਮਾ ਨਾਲ ਆਪਣੀ ਜੋਤ ਮਿਲਾਉਣ ਵਿਚ ਜਿਸ ਦਾ ਮਨ ਮੰਨਿਆ ਗਿਆ ਹੈ, ਉਸ ਨੂੰ ਰਾਤ ਦਿਨ ਰਹਸੁ=ਆਨੰਦ ਹੋਇਆ ਹੈ॥ ੧ ॥

ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ ॥

ਏਹ ਜੀਵ ਜਿਸ ਵੇਲੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸੀ ਵੇਲੇ ਮਨ ਤ੍ਰਿਪਤ ਹੁੰਦਾ ਹੈ ਅਤੇ ਮਨ ਵਿਚ ਸ਼ਾਂਤੀ ਆ ਕੇ ਵਸਦੀ ਹੈ।

ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ ॥ ੨ ॥

ਜਿਸ ਵੇਲੇ ਗੁਰੂ ਕਿਰਪਾਲੂ ਹੋਏ ਉਸੀ ਵੇਲੇ ਹਰੀ ਦੇ ਚਰਨਾਂ ਨਾਲ ਚਿੱਤ ਬਿਰਤੀ ਨੂੰ ਲੱਗਾ ਕੇ ਬ੍ਰਹਮ ਗਿਆਨ ਪਾਇਆ॥ ੨ ॥

ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵਲਾਇ ॥

ਜਾਂ ਹਰੀ ਨਾਮ ਨੂੰ ਧਿਆਇਆ ਤਾਂ ਪ੍ਰਕਾਸ਼ ਵਾਲੀ ਬੁੱਧੀ ਹੋਈ ਅਤੇ ਤਤਿ=ਯਥਾਰਥ ਗਿਆਨ ਵਿਚ ਲਿਵ ਨੂੰ ਲਗਾਉਣਾ ਕੀਤਾ।

ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥ ੩ ॥

ਹਿਰਦੇ ਅੰਦਰ ਪ੍ਰਭੂ ਦੀ ਜੋਤ ਪ੍ਰਗਟੀ ਭਾਂ ਉਸ ਉੱਤੇ ਮਨ ਮੰਨਿਆ ਗਿਆ ਤੇ ਹਰੀ ਵਿਚ ਸਹਜਿ ਸਮਾਧਿ=ਨਿਰਵਿਕਲਪ ਸਮਾਧੀ ਨੂੰ ਲਗਾਉਣਾ ਕੀਤਾ॥ ੩॥

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥

ਜਿਨ੍ਹਾਂ ਦੇ ਹਿਰਦੇ ਵਿਚ ਕਪਟ ਹੈ, ਉਹ ਨਿਤਾਪ੍ਰਤੀ ਕਪਟੁ=ਛਲ ਨੂੰ ਹੀ ਕਮਾਉਂਦੇ ਹਨ ਅਤੇ ਮੂੰਹੋਂ ਹਰਿ ਹਰਿ ਨਾਮ ਨੂੰ ਸੁਣਾਉਂਦੇ ਹਨ।

ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥ ੪॥

ਉਨ੍ਹਾਂ ਦੇ ਅੰਦਰ ਲੋਭ ਦਾ ਬੜਾ ਹਨੇਰਾ ਹੈ, ਜਿਵੇਂ ਤੋਹਾਂ ਦੇ ਕੁਟਣ ਨਾਲ ਦੁੱਖ ਭੋਗਦਾ ਹੈ, ਤਿਵੇਂ ਕਮਾਈ ਤੋਂ ਬਿਨਾਂ ਐਵੇਂ ਮੂੰਹੋਂ ਹਰਿ ਹਰਿ ਉਚਾਰਨ ਨਾਲ ਦੁੱਖ ਭੋਗਦਾ ਹੈ, ਉਸ ਨੂੰ ਹਰਿ ਹਰਿ ਉਚਾਰਨ ਦਾ ਕੋਈ ਫਲ ਨਹੀਂ ਮਿਲਦਾ॥ ੪॥

ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ॥

ਜਿਸ ਵੇਲੇ ਉਹ ਪ੍ਰਭੂ ਆਪ ਮੇਰੇ 'ਪਰ ਪ੍ਰਸੰਨ ਹੋਏ ਭਾਂ ਉਨ੍ਹਾਂ ਨੇ ਗੁਰਾਂ ਦੁਆਰੇ ਮੇਰੇ ਹਿਰਦੇ ਵਿਚ ਆਪਣਾ ਪਰਚਾ=ਪ੍ਰੇਮ ਲੱਗਾ ਦਿੱਤਾ।

ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ॥ ੫॥ ੪॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਪਾਸੋਂ ਨਿਰੰਜਨ ਦਾ ਨਾਮ ਪਾਇਆ ਹੈ ਅਤੇ ਨਾਮ ਨੂੰ ਜਪ ਕੇ ਆਤਮ ਸੁਖ ਨੂੰ ਪਾਇਆ ਹੈ॥ ੫॥ ੪॥

ਸਾਰਗ ਮਹਲਾ ੪॥

ਮੇਰਾ ਮਨੁ ਰਾਮ ਨਾਮਿ ਮਨੁ ਮਾਨੀ॥

ਪਹਿਲੇ ਮੇਰਾ ਮਨ ਮਾਨੀ=ਹੰਕਾਰੀ ਸੀ, ਹੁਣ ਰਾਮ ਨਾਮ ਦੇ ਮਨਣ ਕਰਨ ਵਿਚ ਜੁੜ ਗਿਆ ਹੈ ਜਾਂ ਮੇਰਾ ਮਨ ਰਾਮ ਨਾਮ ਦੇ ਮੰਨਣ ਵਿਚ ਲੱਗ ਕੇ ਮਾਨੀ=ਮਾਨੀਕ ਹੋ ਗਿਆ ਹੈ।

ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ
ਮਨਿ ਹਰਿ ਹਰਿ ਕਥਾ ਸੁਖਾਨੀ॥ ੧॥ ਰਹਾਉ॥

ਮੇਰੇ ਹਿਰਦੇ ਵਿਚ ਪੂਰਿਆਂ ਸਤਿਗੁਰਾਂ ਨੇ ਪਰੀਤੀ ਲਗਾਈ ਹੈ ਅਤੇ ਮੇਰੇ ਮਨ ਵਿਚ ਹੁਣ ਹਰਿ ਹਰਿ ਦੀ ਕਥਾ ਹੀ ਸੁਖਾਂਵਦੀ ਹੈ, ਭਾਵ ਚੰਗੀ ਲੱਗਦੀ ਹੈ॥ ੧॥ ਰਹਾਉ॥

ਦੀਨ ਦਇਆਲ ਹੋਵਹੁ ਜਨ ਊਪਰਿ ਜਨ ਦੇਵਹੁ ਅਕਥ ਕਹਾਨੀ॥

ਮੈਂ ਦੀਨ=ਗਰੀਬ ਸੇਵਕ ਜਨ ਉੱਤੇ ਆਪ ਦਿਆਲੂ ਹੋਵੋ, ਹੇ ਅਕਥ ਪ੍ਰਭੂ ! ਮੈਂ ਸੇਵਕ ਜਨ ਨੂੰ ਆਪਣੀ ਕਹਾਣੀ ਦੇ ਕਥਨ ਕਰਨ ਦਾ ਬਲ ਦੇਣਾ ਕਰੋ।

ਸੰਤ ਜਨਾ ਮਿਲਿ ਹਰਿ ਰਸੁ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ॥ ੧॥

ਆਪ ਜੀ ਦੇ ਸੰਤ ਜਨਾਂ ਨਾਲ ਮਿਲ ਕੇ ਮੈਂ ਹਰੀ ਨਾਮ ਰਸ ਨੂੰ ਪਾਉਣਾ ਕੀਤਾ ਹੈ ਅਤੇ ਮੇਰੇ ਮਨ ਤਨ

ਵਿਚ, ਹੇ ਹਰੀ ! ਆਪ ਜੀ ਦੀ ਭਗਤੀ ਮਿੱਠੀ ਲੱਗ ਆਈ ਹੈ॥ ੧॥

ਹਰਿ ਕੈ ਰੰਗਿ ਰਤੇ ਬੈਰਾਗੀ ਜਿਨ੍ ਗੁਰਮਤਿ ਨਾਮੁ ਪਛਾਨੀ॥

ਉਹ ਸੰਸਾਰ ਤੋਂ ਬੈਰਾਗੀ ਹੋ ਕੇ ਹਰੀ ਦੇ ਰੰਗ ਵਿਚ ਰਤੇ ਗਏ ਹਨ, ਜਿਨ੍ਹਾਂ ਨੇ ਗੁਰ-ਸਿੱਖਿਆ ਲੈ ਕੇ ਨਾਮ ਦੀ ਪਰੀਤੀ ਪਛਾਣੀ ਹੈ।

ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ॥ ੨॥

ਪੁਰਖੈ=ਜੀਵ ਨੇ ਪੁਰਖੁ=ਈਸ਼ੁਰ ਨਾਲ ਮਿਲ ਕੇ ਆਤਮ ਸੁਖ ਪਾਇਆ ਹੈ, ਇਸ ਕਰਕੇ ਆਵਣ ਜਾਣੀ= ਜਨਮ ਮਰਨ ਦੀ ਸਾਰੀ ਗੱਲ ਦੂਰ ਹੋ ਗਈ ਹੈ॥ ੨॥

[ਪੰਨਾ ੧੨੦੦]

ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ॥

ਮੇਰੇ ਅੰਦਰ ਅਜਿਹਾ ਬਿਰਹੁ=ਪਰੇਮ ਹੈ, ਜੋ ਪ੍ਰਭੂ ਸੁਆਮੀ ਨੂੰ ਅੱਖਾਂ ਨਾਲ ਵੇਖਦਾ ਹਾਂ, ਰਸਨਾ=ਜੀਭ ਨਾਲ ਸਤਿਨਾਮੁ ਨੂੰ ਵਖਾਨੀ=ਕਥਨ ਕਰਦਾ ਹਾਂ।

ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ॥ ੩॥

ਸ੍ਰਵਣੀ=ਕੰਨਾਂ ਨਾਲ ਦਿਨ ਰਾਤ ਕੀਰਤਨ ਸੁਣਦਾ ਹਾਂ ਅਤੇ ਹਿਰਦੇ ਵਿਚ ਹਰ ਵੇਲੇ ਹਰਿ ਹਰਿ ਦੀ ਕੀਰਤੀ ਹੀ ਭਾਨੀ=ਭਾਉਂਦੀ ਹੈ॥ ੩॥

ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ॥

ਜਿਸ ਵੇਲੇ ਗੁਰਾਂ ਨੇ ਪੰਚ ਜਨਾ=ਪੰਜ ਗਿਆਨ ਇੰਦ੍ਰੀਏ, ਵਾ:- ਕਾਮ ਕ੍ਰੋਧ ਆਦਿਕ ਵਸਗਤਿ ਆਣੇ=ਅਧੀਨਤਾ ਵਿਚ ਲਿਆ ਦਿੱਤੇ ਤਾਂ ਜਿਸ ਉਨਮਨਿ=ਤੁਰੀਆ ਪਦ ਵਿਚ ਨਾਮਿ=ਨਾਮੀ ਪਰਮਾਤਮਾ ਦੀ ਪਰਾਪਤੀ ਹੈ ਉਸ ਵਿਚ ਬਿਰਤੀ ਲੱਗ ਗਈ।

ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਮੈਂ ਸੇਵਕ ਜਨ ਉੱਤੇ ਹਰੀ ਨੇ ਕ੍ਰਿਪਾ ਦ੍ਰਿਸ਼ਟੀ ਧਾਰਨਾ ਕੀਤੀ ਤਾਂ ਹਰੀ ਰਾਮ ਨਾਮੀ ਵਿਚ ਮੇਰੀ ਅਭੇਦਤਾ ਹੋ ਗਈ॥ ੪॥ ੫॥

ਸਾਰਗ ਮਹਲਾ ੪॥

ਜਪਿ ਮਨ ਰਾਮ ਨਾਮੁ ਪੜੁ ਸਾਰੁ॥

ਹੇ ਮਨ ! ਰਾਮ ਨਾਮ ਜਪਣਾ ਕਰ, ਏਹੋ ਪੜ੍ਹਨਾ ਸਾਰੁ=ਸ੍ਰੇਸ਼ਟ ਹੈ।

ਰਾਮ ਨਾਮ ਬਿਨੁ ਥਿਰੁ ਨਹੀ ਕੋਈ
ਹੋਰੁ ਨਿਹਫਲ ਸਭੁ ਬਿਸਥਾਰੁ॥ ੧॥ ਰਹਾਉ॥

ਰਾਮ ਨਾਮ ਤੋਂ ਬਿਨਾਂ ਹੋਰ ਕੋਈ ਵਸਤੂ ਥਿਰ ਨਹੀਂ ਹੈ ਅਤੇ ਹੋਰ ਸਾਰਾ ਵਿਸਥਾਰ ਭੀ ਨਿਸਫਲ ਹੈ॥ ੧॥ ਰਹਾਉ॥

ਕਿਆ ਲੀਜੈ ਕਿਆ ਤਜੀਐ ਬਉਰੇ ਜੋ ਦੀਸੈ ਸੋ ਛਾਰੁ ॥

ਹੇ ਬਉਰੇ=ਝਲਿਆ ਪੁਰਸ਼ਾ ! ਇਥੋਂ ਲੈਣਾ ਕੀ ਹੈ ਅਤੇ ਤਜੀਐ=ਛੱਡਣਾ ਕੀ ਹੈ, ਜੋ ਕੁਛ ਭੀ ਦਿੱਸ ਰਿਹਾ ਹੈ, ਉਹ ਸਭ ਛਾਰੁ=ਖੇਹ ਰੂਪ ਹੈ।

ਜਿਸੁ ਬਿਖਿਆ ਕਉ ਤੁਮ੍ ਅਪੁਨੀ ਕਰਿ ਜਾਨਹੁ ਸਾ ਛਾਡਿ ਜਾਹੁ ਸਿਰਿ ਭਾਰੁ ॥੧ ॥

ਜਿਸ ਬਿਖਿਆ=ਮਾਇਆ ਨੂੰ ਤੁਸੀਂ ਆਪਣੀ ਕਰਕੇ ਜਾਣਦੇ ਹੋ, ਉਸ ਨੂੰ ਇਥੇ ਹੀ ਛੱਡ ਕੇ ਸਿਰ ਉੱਤੇ ਪਾਪਾਂ ਦਾ ਭਾਰ ਲੈ ਕੇ ਤੁਸੀਂ ਪ੍ਰਲੋਕ ਵਿਚ ਚਲੇ ਜਾਓਗੇ।

ਅਥਵਾ-ਮਾਇਆ ਨੂੰ ਇਥੇ ਹੀ ਛੱਡ ਜਾਓਗੇ ਤੇ ਸਿਰਿ ਭਾਰੁ=ਸਿਰ ਪਰਨੇ ਮਾਂ ਦੇ ਪੇਟ ਵਿਚ ਪੁਠੇ ਟੰਗੇ ਜਾਓਗੇ॥ ੧ ॥

ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥

ਤਿਲ-ਤਿਲ ਕਾਲ ਦੀ ਸੰਗਿਆ ਕਰਕੇ ਪੁੰਨਾ, ਪਲ-ਪਲ ਕਾਲ ਦੀ ਸੰਗਿਆ ਕਰਕੇ ਅਉਧ=ਉਮਰਾ ਘਟਦੀ ਜਾਂਦੀ ਹੈ ਪਰ ਏਹ ਮੂਰਖ ਜੀਵ ਸਮਝ ਨਹੀਂ ਸਕਦਾ।

ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥ ੨ ॥

ਉਹ ਕੁਝ ਕਰਮ ਕਰਦਾ ਹੈ ਜਿਹੜਾ ਨਾਲ ਨਹੀਂ ਚਲਣਾ, ਏਹੋ ਸਾਕਤ=ਮਨਮੁਖ ਪੁਰਸ਼ ਦਾ ਆਚਾਰੁ= ਕਰਤਬ ਹੈ॥ ੨ ॥

ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰੁ ॥

ਹੇ ਝਲੇ ਪੁਰਸ਼ਾ ! ਤੂੰ ਸੰਤ ਜਨਾਂ ਦੇ ਨਾਲ ਮਿਲਣਾ ਕਰ, ਤਦ ਤੂੰ ਮੁਕਤੀ ਦਾ ਦਰਵਾਜ਼ਾ ਬ੍ਰਹਮ ਗਿਆਨ ਪਾਵੇਂਗਾ।

ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ ॥ ੩ ॥

ਸਤਸੰਗ ਦੇ ਕੀਤੇ ਤੋਂ ਬਿਨਾਂ ਕਿਸੇ ਨੇ ਭੀ ਸੁਖ ਨਹੀਂ ਪਾਇਆ, ਬੇਸ਼ਕ ਜਾ ਕੇ ਵੇਦਾਂ ਦੇ ਵੀਚਾਰ ਕਰਨ ਵਾਲਿਆਂ ਪੰਡਿਤਾਂ ਤੋਂ ਪੁੱਛ ਲਓ॥ ੩ ॥

ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ ॥

ਚਾਹੇ ਕੋਈ ਰਾਜਾ ਹੈ ਚਾਹੇ ਕੋਈ ਰਾਣਾ ਹੈ, ਸਭ ਕਿਸੀ ਨੇ ਝੂਠੇ ਪਸਾਰੇ ਨੂੰ ਛੱਡ ਕੇ ਇਸ ਸੰਸਾਰ ਤੋਂ ਚਲਿਆ ਜਾਣਾ ਹੈ।

ਨਾਨਕ ਸੰਤ ਸਦਾ ਥਿਰੁ ਨਿਹਚਲੁ
ਜਿਨ ਰਾਮ ਨਾਮੁ ਆਧਾਰੁ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ-ਨਿਹਚਲੁ=ਅਚੱਲ ਪ੍ਰਭੂ ਨਾਲ ਮਿਲ ਕੇ ਸੰਤ ਸਦਾ ਹੀ ਥਿਰ ਰੂਪ ਹਨ, ਜਿਨ੍ਹਾਂ ਸੰਤਾਂ ਨੂੰ ਕੇਵਲ ਰਾਮ ਦੇ ਨਾਮ ਦਾ ਹੀ ਆਧਾਰੁ=ਆਸਰਾ ਹੈ॥ ੪ ॥ ੬ ॥

ਸਾਰਗ ਮਹਲਾ ੪ ਘਰੁ ੩ ਦੁਪਦਾ

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਤਾ ਗੱਦੀ 'ਪਰ ਬੈਠਾ ਕੇ ਸਿੱਖਾਂ ਨੂੰ ਕਿਹਾ ਕਿ ਜਿਸ ਨੇ ਸਾਡਾ ਦਰਸ਼ਨ ਕਰਨਾ ਹੋਵੇ, ਉਹ ਸ੍ਰੀ ਗੁਰੂ ਅਰਜ਼ਨ ਸਾਹਿਬ ਜੀ ਦਾ ਦਰਸ਼ਨ ਕਰੇ। ਜਿਸ ਨੇ ਸਾਡੇ ਅੱਗੇ ਭੇਟਾ ਰੱਖਣੀ ਹੋਵੇ ਉਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਅੱਗੇ ਭੇਟਾ ਰੱਖੇ। ਜਿਸ ਨੇ ਸਾਡੇ ਬਚਨ ਸੁਨਣੇ ਹੋਣ ਉਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਬਚਨ ਸੁਣੇ। ਇਸ ਤਰ੍ਹਾਂ ਦਾ ਹੁਕਮ ਸੁਣ ਕੇ ਸਿੱਖਾਂ ਨੇ ਤਾਂ ਸਵੀਕਾਰ ਕਰ ਲਿਆ ਪਰ ਇਸ ਤਰ੍ਹਾਂ ਦੇ ਬਚਨ ਸੁਣ ਕੇ ਪ੍ਰਿਥੀ ਚੰਦ ਦੇ ਮਨ ਵਿਚ ਬੜਾ ਗੁੱਸਾ ਆਇਆ ਉਸ ਨੇ ਗੁੱਸੇ ਵਿਚ ਭਰ ਕੇ ਕਿਹਾ, ਮੈਂ ਆਪ ਜੀ ਨੂੰ ਅਰਜਨ ਦੇ ਸਹਿਤ ਬਾਦਸ਼ਾਹ ਦੀ ਕਚਹਿਰੀ ਵਿਚ ਬੁਲਾਵਾਂਗਾ ਤੇ ਕਈ ਤਰ੍ਹਾਂ ਦੇ ਵਧ ਘਟ ਅਯੋਗ ਸ਼ਬਦ ਕਹੇ। ਉਸ ਦੇ ਅਯੋਗ ਬਚਨ ਸੁਣ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ:-

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥

ਹੇ ਪੁੱਤਰ ਪ੍ਰਿਥੀਚੰਦ ! ਮੈਂ ਬਾਪ ਦੇ ਨਾਲ ਤੂੰ ਕਿਸ ਵਾਸਤੇ ਝਗੜਦਾ ਹੈਂ।

ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥

ਜਿਸ ਬਾਪ ਦੇ ਜਣੇ=ਪੈਦਾ ਕੀਤੇ ਹੋਏ ਤੁਸੀਂ ਵੱਡੇ ਹੋਏ ਹੋ, ਉਨ੍ਹਾਂ ਨਾਲ ਝਗੜਨਾ ਬੜਾ ਭਾਰੀ ਪਾਪ ਹੈ॥ ੧ ॥ ਰਹਾਉ ॥

ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥

ਹੇ ਪੁੱਤਰ ! ਜਿਸ ਧਨ ਦਾ ਤੁਸੀਂ ਹੰਕਾਰ ਕਰਦੇ ਹੋ, ਉਹ ਧਨ ਕਿਸੇ ਦਾ ਆਪਣਾ ਨਹੀਂ ਹੈ।

ਅਥਵਾ- ਹੇ ਪੂਤ=ਜੀਵ ! ਤੂੰ ਆਪਣੇ ਬਾਪ ਪਰਮਾਤਮਾ ਨਾਲ ਕਿਸ ਵਾਸਤੇ ਝਗੜਦਾ ਹੈਂ ਕਿ ਇਸ ਤਰ੍ਹਾਂ ਨਹੀਂ ਕਰਨਾ ਸੀ ਇੰਝ ਕਿਉਂ ਕੀਤਾ ਹੈ। ਜਿਸ ਪਰਮਾਤਮਾ ਦੇ ਪੈਦਾ ਕੀਤੇ ਹੋਏ ਤੁਸੀਂ ਵੱਡੇ ਹੋਏ ਹੋ, ਉਸ ਪਰਮਾਤਮਾ ਨਾਲ ਝਗੜਨਾ ਪਾਪ ਹੈ। ਜਿਸ ਧਨ ਦਾ ਤੁਸੀਂ ਹੰਕਾਰ ਕਰਦੇ ਹੋ, ਉਹ ਧਨ ਕਿਸੇ ਦਾ ਆਪਣਾ ਨਹੀਂ ਹੈ, ਜਿਸ ਵੇਲੇ ਚਾਹੇ ਪਰਮਾਤਮਾ ਖੋਹ ਸਕਦਾ ਹੈ।

ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥ ੧ ॥

ਜਿਸ ਖਿਨ ਵਿਚ ਤੂੰ ਇਸ ਬਿਖਿਆ=ਮਾਇਆ ਦੇ ਰਸ ਨੂੰ ਛੱਡ ਕੇ ਚਲਿਆ ਜਾਵੇਂਗਾ, ਤਿਸ ਵੇਲੇ ਤੈਨੂੰ ਬੜਾ ਭਾਰੀ ਪਸ਼ਚਾਤਾਪ ਲੱਗੇਗਾ ॥ ੧ ॥

ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥

ਜੋ ਪ੍ਰਭੂ ਸੁਆਮੀ ਮਾਂ ਦੇ ਗਰਭ ਵਿਚ ਤੇਰੇ ਰਾਖੇ ਹੋਏ ਸਨ, ਹੁਣ ਭੀ ਤੂੰ ਉਸੇ ਹਰੀ ਦੇ ਨਾਮ ਜਪ ਨੂੰ ਜਪਦਾ ਰਹੁ।

ਉਪਦੇਸੁ ਕਰਤ ਨਾਨਕ ਜਨ ਤੁਮ ਕਉ

ਜਉ ਸੁਨਹੁ ਤਉ ਜਾਇ ਸੰਤਾਪ॥ ੨॥ ੧॥ ੭॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਅਸੀਂ ਤੈਨੂੰ ਉਪਦੇਸ਼ ਦੇਣਾ ਕਰਦੇ ਹਾਂ, ਜੇਕਰ ਸੁਰਤ ਨਾਲ ਕੰਨ ਦੇ ਕੇ ਸੁਣੇਗਾ ਤਾਂ ਤੇਰੇ ਸਾਰੇ ਸੰਤਾਪ=ਦੁੱਖ ਮਿਟ ਜਾਣਗੇ॥ ੨॥ ੧॥ ੭॥

ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ

੧ਓ ਸਤਿਗੁਰ ਪ੍ਰਸਾਦਿ॥

ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ॥ ੧॥ ਰਹਾਉ॥

ਹੇ ਮਨ ! ਜਗੰਨਾਥ ਨੂੰ ਜਪ, *ਪ੍ਰਸ਼ਨ*-ਕਈ ਮਨੁੱਖਾਂ ਦੇ ਨਾਮ ਜਗੰਨਾਥ ਹਨ, ਇਸ ਲਈ ਕਿਹਾ ਹੈ ਜਗਦੀਸ਼ਰ ਨੂੰ ਜਪ, *ਪ੍ਰਸ਼ਨ*-ਜਗਤ ਦੇ ਈਸ਼ੂਰ ਤਾਂ ਬ੍ਰਹਮਾ ਆਦਿਕ ਭੀ ਹਨ, ਉਨ੍ਹਾਂ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ-ਜਗਜੀਵਨ ਨੂੰ ਜਪਣਾ ਕਰੋ, *ਪ੍ਰਸ਼ਨ*-ਜਗਤ ਦਾ ਜੀਵਨ ਰੂਪ ਪ੍ਰਾਣ ਅਤੇ ਜਲ ਆਦਿਕ ਹਨ ਉਨ੍ਹਾਂ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ-ਸਾਡੀ ਤਾਂ ਮਨਮੋਹਨ ਨਾਲ ਪਰੀਤੀ ਲੱਗੀ ਹੈ, ਤੁਸੀਂ ਭੀ ਮਨਮੋਹਨ ਨੂੰ ਜਪਣਾ ਕਰੋ, ਪ੍ਰਸ਼ਨ-ਮਨ ਦੇ ਮੋਹਣੇ ਵਾਲੀ ਤਾਂ ਮਾਇਆ ਹੈ, ਮਾਇਆ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ-ਜੋ ਹਰੀ ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਹੈ ਉਸ ਨੂੰ ਜਪੋ, ਸਾਰਾ ਦਿਨ ਸਾਰੀ ਰਾਤ ਮੈਨੂੰ ਤਾਂ ਓਸੇ ਹਰੀ ਦੀ ਟੇਕ=ਓਟ ਹੈ।

ਅਥਵਾ-ਸਾਰੇ ਜਗਤ ਦਾ ਨਾਥ ਤੇ ਜੋ ਸਾਰੇ ਜਗਤ ਦਾ ਈਸ਼ੂਰ ਹੈ ਉਸ ਜਗਜੀਵਨ ਨੂੰ, ਹੇ ਮੇਰੇ ਮਨ! ਤੂੰ ਜਪਣਾ ਕਰ, ਸਾਡੀ ਤਾਂ ਉਸੇ ਮਨਮੋਹਨ ਪਰਮਾਤਮਾ ਨਾਲ ਪਰੀਤੀ ਲੱਗ ਰਹੀ ਹੈ, ਜੋ ਹਰੀ ਹਰ ਇਕ ਜੀਵ ਨੂੰ ਹਰਿਆਂ ਕਰਨ ਵਾਲਾ ਹੈ, ਸਾਰਾ ਦਿਨ ਸਾਰੀ ਰਾਤ ਮੈਨੂੰ ਉਸ ਹਰੀ ਦੀ ਟੇਕ=ਓਟ ਹੈ॥ ੧॥ ਰਹਾਉ॥

ਹਰਿ ਕੀ ਉਪਮਾ ਅਨਿਕ ਅਨਿਕ ਅਨਿਕ ਗੁਨ ਗਾਵਤ ਸੁਕ ਨਾਰਦ ਬ੍ਰਹਮਾਦਿਕ ਤਵ ਗੁਨ ਸੁਆਮੀ ਗਨਿਨ ਨ ਜਾਤਿ॥

ਪਿਛੇ ਭੀ ਹਰੀ ਦੀ ਉਪਮਾ ਬੇਅੰਤ ਸੀ, ਹੁਣ ਭੀ ਹਰੀ ਦੀ ਉਪਮਾ ਬੇਅੰਤ ਹੈ ਅੱਗੇ ਭੀ ਹਰੀ ਦੀ ਉਪਮਾ ਬੇਅੰਤ ਹੋਵੇਗੀ, *ਵਾ:-* ਮਨ ਕਰਕੇ ਭੀ ਹਰੀ ਦੀ ਉਪਮਾ ਬੇਅੰਤ ਹੈ, ਬਾਣੀ ਕਰਕੇ ਭੀ ਹਰੀ ਦੀ ਉਪਮਾ ਬੇਅੰਤ ਹੈ, ਤਨ ਕਰਕੇ ਭੀ ਹਰੀ ਦੀ ਉਪਮਾ ਬੇਅੰਤ ਹੈ,

ਅਥਵਾ-ਹੇ ਹਰੀ ! ਆਪ ਜੀ ਦੀ ਉਪਮਾ ਅਨਿਕ=ਬੇਅੰਤ ਹੈ, ਆਪ ਜੀ ਦੇ ਗੁਣ ਭੀ ਅਨਿਕ=ਬੇਅੰਤ ਹਨ, ਆਪ ਜੀ ਦੇ ਗੁਣਾਂ ਦੇ ਗੈਣ ਕਰਨ ਵਾਲੇ ਭੀ ਬੇਅੰਤ ਹਨ, ਸੁਕਦੇਵ ਰਿਖੀ, ਨਾਰਦਮੁਨੀ ਅਤੇ ਬ੍ਰਹਮਾ ਆਦਿਕ ਦੇਵਤਿਆਂ ਪਾਸੋਂ ਭੀ, ਹੇ ਸੁਆਮੀ! ਆਪ ਜੀ ਦੇ ਉਸਤਤੀ ਰੂਪ ਗੁਣ ਗਿਣੇ ਨਹੀਂ ਜਾਂਦੇ।

ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਆਪਨੀ ਭਾਂਤਿ॥ ੧॥

ਹੇ ਹਰੀ ਸੁਆਮੀ ! ਤੂੰ ਪਿਛੇ ਬੇਅੰਤ ਸੀ, ਹੇ ਹਰੀ ਸੁਆਮੀ ! ਤੂੰ ਹੁਣ ਭੀ ਬੇਅੰਤ ਹੈਂ, ਹੇ ਹਰੀ ਸੁਆਮੀ!

ਤੂੰ ਅੱਗੇ ਭੀ ਬੇਅੰਤ ਹੋਵੇਂਗਾ, ਵਾ:- ਹੇ ਹਰੀ ਸੁਆਮੀ ! ਤੂੰ ਮਨ ਕਰਕੇ ਬੇਅੰਤ ਹੈਂ, ਹੇ ਹਰੀ ਸੁਆਮੀ ! ਤੂੰ ਬਾਣੀ ਕਰਕੇ ਭੀ ਬੇਅੰਤ ਹੈਂ, ਹੇ ਹਰੀ ਸੁਆਮੀ ! ਤੂੰ ਤਨ ਕਰਕੇ ਭੀ ਬੇਅੰਤ ਹੈਂ,

ਅਥਵਾ:- ਹੇ ਹਰੀ ਸੁਆਮੀ ! ਤੂੰ ਆਪ ਬੇਅੰਤ ਹੈਂ, ਹੇ ਹਰੀ ਸੁਆਮੀ ! ਤੇਰੀ ਮਹਿਮਾ ਭੀ ਬੇਅੰਤ ਹੈ, ਹੇ ਹਰੀ ਸੁਆਮੀ ! ਤੇਰੇ ਜਪਣ ਵਾਲੇ ਭੀ ਬੇਅੰਤ ਹਨ, ਹੇ ਹਰੀ ਸੁਆਮੀ ! ਤੂੰ ਆਪਣੀ ਭਾਂਤਿ=ਰੀਤੀ ਮਰਯਾਦਾ ਨੂੰ ਆਪ ਹੀ ਜਾਣਦਾ ਹੈਂ॥ ੧ ॥

ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ
ਤੇ ਹਰਿ ਕੇ ਜਨ ਸਾਧੂ ਹਰਿ ਭਗਾਤ॥

ਹੇ ਹਰੀ ! ਮਨ ਕਰਕੇ ਜੋ ਤੇਰੇ ਨਿਕਟ ਵਸਦੇ ਹਨ, ਹੇ ਹਰੀ ! ਬਾਣੀ ਕਰਕੇ ਜੋ ਤੇਰੇ ਨਿਕਟ ਵਸਦੇ ਹਨ, ਹੇ ਹਰੀ ! ਤਨ ਕਰਕੇ ਜੋ ਤੇਰੇ ਨਿਕਟ ਹੀ ਵਸਦੇ ਹਨ।

ਅਥਵਾ:- ਜੋ ਹਰੀ ਨਿਕਟ ਤੋਂ ਨਿਕਟ ਹੈ, ਉਸ ਹਰੀ ਦੇ ਨਿਕਟ ਹੀ ਜੇਹੜੇ ਗੁਰਮੁਖ ਜਨ ਵਸਣਾ ਕਰਦੇ ਹਨ; ਓਹੀ ਹਰੀ ਦੇ ਸਾਧੂ ਜਨ ਹਨ ਅਤੇ ਓਹੀ ਹਰੀ ਦੇ ਭਗਾਤ=ਭਗਤ ਜਨ ਹਨ।

[ਪੰਨਾ ੧੨੦੧]

ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ
ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ॥ ੨ ॥ ੧ ॥ ੮ ॥

ਉਹ ਹਰੀ ਦੇ ਸੰਤ ਜਨ ਹਰੀ ਨਾਲ ਇਸ ਤਰ੍ਹਾਂ ਰਲ ਮਿਲੇ ਹਨ, ਗੁਰੂ ਜੀ ਕਥਨ ਕਰਦੇ ਹਨ— ਜਿਸ ਤਰ੍ਹਾਂ ਘੜੇ ਦਾ ਪਾਣੀ ਦਰਿਆਵਾਂ ਦੇ ਸਲਲ=ਪਾਣੀ ਨਾਲ ਮਿਲ ਜਾਂਦਾ ਹੈ॥ ੨ ॥ ੧ ॥ ੮ ॥

ਸਾਰੰਗ ਮਹਲਾ ੪ ॥

ਜਪਿ ਮਨ ਨਰਹਰੇ ਨਰਹਰ ਸੁਆਮੀ ਹਰਿ ਸਗਲ ਦੇਵ ਦੇਵਾ
ਸ੍ਰੀ ਰਾਮ ਰਾਮ ਨਾਮਾ ਹਰਿ ਪ੍ਰੀਤਮੁ ਮੋਰਾ॥ ੧ ॥ ਰਹਾਉ ॥

ਹੇ ਮਨ=ਪਿਆਰੇ ! ਨਰਹਰੇ ਨੂੰ ਜਪਣਾ ਕਰ, *ਪ੍ਰਸ਼ਨ-*ਨਰਹਰੇ=ਨਰਸਿੰਘ ਅਵਤਾਰ ਨੂੰ ਕਹਿੰਦੇ ਹਨ ਨਰਸਿੰਘ ਅਵਤਾਰ ਨੂੰ ਜਪਣਾ ਕਰੀਏ? *ਉੱਤਰ:-* ਜੋ ਨਰ ਹਰ=ਨਰਾਂ ਨੂੰ ਹਰਿਆਂ ਕਰਨ ਵਾਲਾ ਹੈ, ਉਸ ਨੂੰ ਜਪਣਾ ਕਰੋ, *ਪ੍ਰਸ਼ਨ-*ਨਰਹਰ ਨਾਮ ਤਾਂ ਰਾਜਿਆਂ ਦਾ ਹੈ ਰਾਜਿਆਂ ਨੂੰ ਜਪੀਏ? *ਉੱਤਰ-*ਜੋ ਸਾਰਿਆਂ ਦਾ ਸੁਆਮੀ ਹੈ ਉਸ ਨੂੰ ਜਪੋ, ਪ੍ਰਸ਼ਨ-ਸੰਸਾਰ ਵਿਚ ਸੁਆਮੀ ਤਾਂ ਆਮ ਹਨ? ਤਾਂ ਗੁਰੂ ਜੀ ਨੇ ਕਿਹਾ-ਜੋ ਹਰੀ ਸਭ ਦੇਵਤਿਆਂ ਦਾ ਦੇਵ ਹੈ ਉਸ ਨੂੰ ਜਪੋ, *ਪ੍ਰਸ਼ਨ-*ਸਾਰਿਆਂ ਦੇਵਤਿਆਂ ਦਾ ਦੇਵ ਤਾਂ ਇੰਦਰ ਹੈ ਉਸ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ-ਸ੍ਰੀ ਰਾਮ ਨੂੰ ਜਪੋ, *ਪ੍ਰਸ਼ਨ-*ਸ੍ਰੀ ਰਾਮ ਤਾਂ ਰਾਮ ਚੰਦਰ ਦਾ ਨਾਮ ਹੈ ਉਸ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ-ਰਾਮ ਨਾਮਾ=ਜੋ ਸਾਰਿਆਂ ਵਿਚ ਰਮਿਆਂ ਹੋਇਆ ਹੈ, ਉਸ ਹਰੀ ਰਾਮ ਦੇ ਨਾਮ ਨੂੰ ਜਪੋ ਓਹੀ ਹਰੀ ਮੇਰਾ ਪ੍ਰੀਤਮ ਹੈ।

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ

ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥

ਜਿਸ ਪ੍ਰਤੱਖ ਵਾ:- ਹਿਰਦੇ ਘਰ ਵਿਚ ਗੁਣ ਗਾਏ ਜਾਂਦੇ ਹਨ, *ਪ੍ਰਸ਼ਨ*-ਕਿਸ ਦੇ ਗੁਣ ਗਾਏ ਜਾਂਦੇ ਹਨ? *ਉੱਤਰ*-ਹਰਿ ਕੇ ਗੁਨ ਗਾਵਤੇ=ਹਰੀ ਦੇ ਗੁਣ ਗਾਏ ਜਾਂਦੇ ਹਨ, *ਪ੍ਰਸ਼ਨ*-ਹਰਿ ਸ਼ਬਦ ਅਨੇਕਾਂ ਵਿਚ ਘਟਦਾ ਹੈ ਹਰਿ ਨਾਮ ਡਡੂ ਦਾ ਹੈ, ਹਰਿ ਨਾਮ ਬਾਂਦਰ ਦਾ ਹੈ, ਹਰਿ ਨਾਮ ਹਾਥੀ ਦਾ ਹੈ, ਹਰਿ ਨਾਮ ਸੱਪ ਦਾ ਹੈ; ਹਰਿ ਨਾਮ ਘੋੜੇ ਦਾ ਹੈ, ਹਰਿ ਨਾਮ ਹਰਨ ਦਾ ਹੈ। ਆਪ ਜੀ ਨੇ ਇਥੇ ਹਰਿ ਪਦ ਦਾ ਅਰਥ ਕੀ ਕੀਤਾ ਹੈ? *ਉੱਤਰ*-ਰਾਮ ਗੁਨ ਗਾਵਤੇ=ਰਾਮ ਦੇ ਗੁਣ ਗਾਏ ਜਾਂਦੇ ਹਨ।

ਅਥਵਾ-ਜਿਸ ਘਰ ਵਿਚ ਮਨ ਕਰਕੇ ਹਰੀ ਦੇ ਗੁਣ ਗਾਏ ਜਾਂਦੇ ਹਨ, ਤਨ ਕਰਕੇ ਰਾਮ ਦੇ ਗੁਣ ਗਾਏ ਜਾਂਦੇ ਹਨ, ਬਾਣੀ ਕਰਕੇ ਭੀ ਹਰੀ ਦੇ ਗੁਣ ਗਾਏ ਜਾਂਦੇ ਹਨ, ਉਸ ਅੰਤਹਕਰਣ ਰੂਪੀ ਘਰ ਵਿਚ ਪੰਚ=ਸ੍ਰੇਸ਼ਟ ਨਾਮਾਂ ਰੂਪੀ ਵਾਜੇ ਵਜਦੇ ਹਨ, ਵਾ:- ਪੰਚ ਸਬਦ=ਸ੍ਰੇਸ਼ਟ ਬ੍ਰਹਮ ਵਾਜੇ=ਪਰਗਟ ਹੁੰਦਾ ਹੈ ਪਰ ਉਸ ਨੂੰ ਬ੍ਰਹਮ ਪਰਗਟ ਹੁੰਦਾ ਹੈ ਜਿਸ ਦੇ ਮੱਥੇ ਦੇ ਭਾਗ ਚੰਗੇ ਹਨ।

ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥੧ ॥

ਉਸ ਗੁਰਮੁਖ ਜਨ ਦੇ ਸਾਰੇ ਪਾਪ ਨਵਿਰਤ ਹੋ ਗਏ ਹਨ, ਸਾਰੇ ਦੋਸ਼ ਭੀ ਮਿਟ ਗਏ ਹਨ, ਸਾਰੇ ਰੋਗ ਭੀ ਚਲੇ ਗਏ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਭੀ ਨਵਿਰਤ ਹੋ ਗਏ ਹਨ, ਉਸ ਗੁਰਮੁਖ ਜਨ ਦੇ ਹਿਰਦੇ ਵਿਚੋਂ ਹਰੀ ਨੇ ਪੂਰਬ ਕਹੇ ਹੋਏ ਪੰਜ ਕਾਮ ਆਦਿਕ ਚੋਰ ਮਾਰ ਕੇ ਕੱਢ ਦਿੱਤੇ ਹਨ॥ ੧॥

ਹਰਿ ਰਾਮ ਬੋਲਹੁ ਹਰਿ ਸਾਧੂ ਹਰਿ ਕੇ ਜਨ ਸਾਧੂ ਜਗਦੀਸੁ ਜਪਹੁ
ਮਨਿ ਬਚਨਿ ਕਰਮਿ ਹਰਿ ਹਰਿ ਆਰਾਧੂ ਹਰਿ ਕੇ ਜਨ ਸਾਧੂ ॥

ਹੇ ਭਾਈ ! ਸਾਧੂਆਂ ਨਾਲ ਮਿਲ ਕੇ ਹਰਿ ਹਰਿ ਰਾਮ ਨੂੰ ਬੋਲਣਾ ਕਰ, *ਪ੍ਰਸ਼ਨ*-ਕਿਹੜੇ ਸਾਧੂਆਂ ਨਾਲ ਮਿਲ ਕੇ ਬੋਲੀਏ ? *ਉੱਤਰ*-ਹਰੀ ਦੇ ਸਾਧੂ ਜਨਾਂ ਨਾਲ ਮਿਲ ਕੇ ਜਗਦੀਸ਼ ਨੂੰ ਜਪਣਾ ਕਰੋ, *ਪ੍ਰਸ਼ਨ*-ਹਰੀ ਦੇ ਸਾਧੂ ਕਿਹੜੇ ਹਨ ? *ਉੱਤਰ*-ਜੋ ਮਨਿ ਬਚਨਿ ਕਰਮਿ=ਮਨ, ਬਾਣੀ, ਸਰੀਰ ਦੁਆਰੇ ਹਰਿ ਹਰਿ ਨੂੰ ਅਰਾਧਦੇ ਹਨ, ਓਹੀ ਹਰੀ ਦੇ ਸਾਧੂ ਜਨ ਹਨ।

ਹਰਿ ਰਾਮ ਬੋਲਿ ਹਰਿ ਰਾਮ ਬੋਲਿ ਸਭਿ ਪਾਪ ਗਵਾਧੂ ॥

ਰਾਤ ਦਿਨ ਹਰੀ ਰਾਮ ਨੂੰ ਬੋਲਣਾ ਕਰੋ, ਹਰ ਸਵਾਸ ਹਰ ਘੜੀ ਹਰੀ ਰਾਮ ਨੂੰ ਬੋਲਣਾ ਕਰੋ ਤਾਂ ਸਾਰੇ ਪਾਪ ਕਰਮ ਗਵਾਧੂ=ਨਾਸ ਹੋ ਜਾਣਗੇ।

ਅਥਵਾ :-ਜਿਨ੍ਹਾਂ ਗੁਰਮੁਖਾਂ ਨੇ ਹਰੀ ਰਾਮ ਨਾਮ ਨੂੰ ਬੋਲਿਆ ਹੈ, ਉਨ੍ਹਾਂ ਦੁਆਰੇ ਤੁਸੀਂ ਭੀ ਹਰੀ ਰਾਮ ਨਾਮ ਨੂੰ ਬੋਲਣਾ ਕਰੋ ਤਾਂ ਸਾਰੇ ਪਾਪ ਗਵਾਚ ਜਾਣਗੇ।

ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੋਰਾ ॥

ਨਿਤਾਪ੍ਰਤੀ ਰੈਣ ਸਬਾਈ ਕੀਰਤਨ ਵਿਚ ਜਾਗਣਾ ਕਰੋ, ਜਗਦੀਸ਼ਰ ਨੂੰ ਜਪਦਿਆਂ ਹੀ ਸਦਾ-ਸਦਾ ਅਨੰਦ ਹੁੰਦਾ ਹੈ।

ਅਥਵਾ:-ਜਗਦੀਸ਼ਰ ਦੇ ਜਪਣ ਵਿਚ ਨਿਤਾਪ੍ਰਤੀ ਜਾਗਣਾ ਕਰੋ ਤਾਂ ਸਦਾ-ਸਦਾ ਹੀ ਅਨੰਦ ਹੋਵੇਗਾ।

ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ ਧਰਮੁ ਅਰਥੁ ਕਾਮ ਮੋਖੁ
ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ ॥ ੨ ॥ ੨ ॥ ੯ ॥

ਨਾਮ ਜਪਣ ਕਰਕੇ ਮਨ ਇੱਛਤ ਫਲ ਪਾਓਗੇ, ਪ੍ਰਸ਼ਨ-ਮਨ ਇੱਛਤ ਫਲ ਕਿਸ ਨੂੰ ਕਹਿੰਦੇ ਹਨ? ਉੱਤਰ-ਸਭੈ ਫਲ ਪਾਵਹੁ=ਸਾਰਿਆਂ ਫਲਾਂ ਨੂੰ ਪਾਓਗੇ, ਪ੍ਰਸ਼ਨ-ਸਾਰੇ ਫਲ ਕੇਹੜੇ ਹਨ? ਉੱਤਰ-ਧਰਮ, ਅਰਥ, ਕਾਮ, ਮੋਖਸ਼ ਰੂਪ ਸਾਰਿਆਂ ਫਲਾਂ ਨੂੰ ਪਾਓਗੇ। ਹੇ ਹਰੀ ! ਆਪ ਜੀ ਦਾ ਜੋ ਭਗਤ ਜਨ ਹੈ, ਉਹ ਹਰ ਤਰ੍ਹਾਂ ਕਰਕੇ ਆਪ ਜੀ ਨਾਲ ਮਿਲ ਗਿਆ ਹੈ॥ ੨ ॥ ੨ ॥ ੯ ॥

ਸਾਰਗ ਮਹਲਾ ੪ ॥

ਜਪਿ ਮਨ ਮਾਧੋ ਮਧੁ ਸੂਦਨੋ ਹਰਿ ਸ੍ਰੀਰੰਗੋ ਪਰਮੇਸਰੋ
ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ ॥

ਹੇ ਮਨ ! ਤੂੰ ਮਾਧੋ ਨੂੰ ਜਪਣਾ ਕਰ, ਪ੍ਰਸ਼ਨ-ਦਸਮ ਗੁਰਾਂ ਨੇ ਮਾਧੋ=ਅਟੇਰੂ ਪੰਛੀ ਦਾ ਨਾਮ ਲਿਖਿਆ ਹੈ ਉਸ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ-ਮਧੁਸੂਦਨ ਨੂੰ ਜਪਣਾ ਕਰੋ, ਪ੍ਰਸ਼ਨ-ਮਧੂ ਦੈਂਤ ਨੂੰ ਮਾਰਨ ਵਾਲਾ ਤਾਂ ਜਮ ਹੈ ਜਮ ਨੂੰ ਜਪਣਾ ਕਰੀਏ? ਤਾਂ ਗੁਰੂ ਜੀ ਨੇ ਕਿਹਾ-ਹਰਿ ਸ੍ਰੀ ਰੰਗੋ ਨੂੰ ਜਪੋ, ਪ੍ਰਸ਼ਨ-ਸ੍ਰੀ=ਲਛਿਮੀ ਨੂੰ ਰੰਗੋ=ਅਨੰਦ ਦੇਣ ਵਾਲਾ ਹਰਿ=ਵਿਸ਼ਨੂੰ ਹੈ, ਉਸ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ— ਪਰਮੇਸ਼ਰ ਨੂੰ ਜਪੋ, ਪ੍ਰਸ਼ਨ-ਵੇਦਾਂਤ ਗ੍ਰੰਥਾਂ ਵਿਚ ਸੂਰਜ ਗਣੇਸ਼ ਆਦਿਕ ਪੰਜ ਪਰਮੇਸ਼ਰ ਮੰਨੇ ਹਨ ਉਨ੍ਹਾਂ ਨੂੰ ਜਪੀਏ, ਤਾਂ ਗੁਰੂ ਜੀ ਨੇ ਕਿਹਾ-ਜੋ ਸੱਤ ਪਰਮੇਸ਼ਰ ਹੈ ਉਸ ਨੂੰ ਜਪਣਾ ਕਰੋ, ਉਹ ਸੱਚਾ ਪਰਮੇਸ਼ਰ ਸਭ ਦੇ ਦਿਲਾਂ ਦਾ ਅੰਤਰਜਾਮੀ ਹੈ ਤੇ ਆਪਣਿਆਂ ਦਾਸਾਂ ਦਾ ਪ੍ਰਭੂ=ਰੱਖਜਕ ਹੈ।

ਅਥਵਾ-ਹੇ ਮਨ ! ਮਧੂ ਦੈਂਤ ਨੂੰ ਮਾਰਨ ਵਾਲਾ ਤੇ ਮਾਇਆ ਦਾ ਪਤੀ ਜੋ ਹਰੀ ਹੈ, ਸ੍ਰੀ=ਲਛਿਮੀ ਨੂੰ ਰੰਗੋ=ਅਨੰਦ ਦੇਣ ਵਾਲਾ ਪੰਜਾਂ ਪਰਮੇਸ਼ਰਾਂ ਵਿਚੋਂ ਸੱਚਾ ਪਰਮੇਸ਼ਰ ਉਸ ਅੰਤਰਜਾਮੀ ਪ੍ਰਭੂ ਨੂੰ ਜਪਣਾ ਕਰੋ।

ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ
ਹਰਿ ਪ੍ਰੀਤਮ ਗੁਨ ਗਾਉ ॥ ੧ ॥ ਰਹਾਉ ॥

ਜੋ ਸਾਰਿਆਂ ਦੁੱਖਾਂ ਨੂੰ ਹੰਤਾ=ਨਾਸ ਕਰਨ ਵਾਲਾ ਹੈ ਤੇ ਸਾਰਿਆਂ ਸੁਖਾਂ ਦਾ ਦਾਤਾ ਹੈ, ਉਸ ਪ੍ਰੀਤਮ ਹਰੀ ਦੇ ਸ਼ੁਭ ਗੁਣ ਗਾਉਣਾ ਕਰੋ॥ ੧ ॥ ਰਹਾਉ ॥

ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ
ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਉ ॥

ਜੋ ਹਰੀ ਚਾਰ ਖਾਣੀਆਂ ਦੇ ਘਟਾਂ-ਘਟਾਂ ਵਿਚ ਵੱਸ ਰਿਹਾ ਹੈ, ਪੁਨਾ-ਜੋ ਹਰੀ ਜਲਾਂ ਵਿਚ ਵਸ ਰਿਹਾ ਹੈ ਅਤੇ ਜੋ ਹਰੀ ਥਲਾਂ ਵਿਚ ਵਸ ਰਿਹਾ ਹੈ, ਪੁਨਾ-ਜੋ ਹਰੀ ਥਾਨਾਂ ਅੰਤਰ ਥਾਨਾਂ ਵਿਚ ਵਸ ਰਿਹਾ ਹੈ, ਵਾ:- ਥਾਨਾਂ ਵਿਚ ਭੀ ਵਸ ਰਿਹਾ ਹੈ ਥਨੰਤਰੀ ਜੀਵਾਂ ਵਿਚ ਭੀ ਵਸ ਰਿਹਾ ਹੈ, ਉਸ ਹਰੀ ਦੇ ਦੇਖਣ ਦਾ ਮੈਨੂੰ ਚਾਉ=ਉਤਸ਼ਾਹ ਹੈ।

ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ
ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥

ਕੋਈ ਸੰਤ ਆਉਣਾ ਕਰੇ ਪਰ ਸੁਖੀ ਸਰਵਰ ਦੇ ਪੂਜਣੇ ਵਾਲਾ ਨਾ ਹੋਵੇ, ਹਰੀ ਦਾ ਉਪਾਸ਼ਕ ਸੰਤ-ਜਨ ਹੋਵੇ, ਪੁਨਾ-ਈਰਖਾ ਵਾਲਾ ਨਾ ਹੋਵੇ, ਮੇਰਾ ਪ੍ਰੀਤਮ ਸੰਤ ਜਨ ਹੋਵੇ, ਉਹ ਆ ਕੇ ਮੈਨੂੰ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ=ਰਾਹ ਦਿਖਾਉਣਾ ਕਰੇ।

ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥ ੧ ॥

ਉਸ ਸੰਤ ਜਨ ਦੇ ਹਉ=ਮੈਂ ਮਲ-ਮਲ ਕੇ ਚਰਨ ਧੋਵਾਂਗਾ ॥ ੧ ॥

ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ
ਗੁਰਮੁਖਿ ਹਰਿ ਮਿਲਿਆ ॥

ਹਰੀ ਦੇ ਸੇਵਕ ਜਨਾਂ ਨੂੰ ਹਰੀ ਮਿਲਿਆ ਹੈ, *ਪ੍ਰਸ਼ਨ:*-ਕਿਸ ਤਰ੍ਹਾਂ ਮਿਲਿਆ ਹੈ? *ਉੱਤਰ:*-ਸ਼ਰਧਾ ਦੇ ਕਰਨ ਨਾਲ ਹਰੀ ਮਿਲਿਆ ਹੈ, *ਪ੍ਰਸ਼ਨ:*-ਸ਼ਰਧਾ ਕਿਸ ਵਿਚ ਕੀਤੀ? *ਉੱਤਰ:*-ਮੁਖੀ ਗੁਰਾਂ ਵਿਚ ਸ਼ਰਧਾ ਕਰਨ ਨਾਲ ਹਰੀ ਮਿਲਿਆ ਹੈ।

ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਉ ॥

ਮੇਰੇ ਮਨ ਵਿਚ ਭੀ, ਮੇਰੇ ਤਨ ਵਿਚ ਭੀ ਅਨੰਦ ਹੀ ਅਨੰਦ ਹੋਏ ਹਨ ਕਿਉਂਕਿ ਮੈਂ ਹਰੀ ਰਾਜੇ ਦੇ ਦਰਸ਼ਨ ਨੂੰ ਦੇਖਿਆ ਹੈ।

ਜਨ ਨਾਨਕ ਕਉ ਕਿਰਪਾ ਭਈ ਹਰਿ ਕੀ ਕਿਰਪਾ ਭਈ ਜਗਦੀਸੁਰ ਕਿਰਪਾ ਭਈ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਜਨ ਉੱਤੇ ਕਿਰਪਾ ਹੋਈ ਹੈ, *ਪ੍ਰਸ਼ਨ:*-ਕਿਸ ਦੀ ਕਿਰਪਾ ਹੋਈ ਹੈ? *ਉੱਤਰ:*-ਹਰਿ ਕੀ ਕਿਰਪਾ ਭਈ=ਹਰੀ ਦੀ ਕਿਰਪਾ ਹੋਈ ਹੈ, *ਪ੍ਰਸ਼ਨ*-ਹਰਿ ਦੇ ਅਰਥ ਤਾਂ ਬਹੁਤ ਹਨ, ਦੱਸੋ ਕਿਸ ਦੀ ਕਿਰਪਾ ਹੋਈ ਹੈ? *ਉੱਤਰ:*- ਜਗਦੀਸੁਰ ਕਿਰਪਾ ਭਈ-ਜਗਤ ਦੇ ਮਾਲਕ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ।

ਮੈ ਅਨਦਿਨੋ ਸਦ ਸਦ ਸਦਾ ਹਰਿ ਜਪਿਆ ਹਰਿ ਨਾਉ ॥ ੨ ॥ ੩ ॥ ੧੦ ॥

ਮੈਂਨੇ ਰਾਤ ਦਿਨ ਮਨ, ਬਾਣੀ, ਸਰੀਰ ਦੁਆਰਾ ਸਦਾ=ਨਿਤ ਰੂਪ ਹਰੀ ਦੇ ਸਦ=ਸ੍ਰੇਸ਼ਟ ਹਰੀ ਨਾਮ ਨੂੰ ਸਦਾ ਹੀ ਜਪਣਾ ਕੀਤਾ ਹੈ ॥ ੨ ॥ ੩ ॥ ੧੦ ॥

ਸਾਰਗ ਮਹਲਾ ੪ ॥

ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥

ਹੇ ਮਨ ! ਨਿਰਭਉ ਹੋਣ ਵਾਸਤੇ ਨਾਮ ਨੂੰ ਜਪਣਾ ਕਰ। *ਵਾ:*- ਜਿਨ੍ਹਾਂ ਨੇ ਮਨ ਕਰਕੇ ਨਾਮ ਜਪਿਆ ਹੈ, ਉਹ ਨਿਰਭਉ ਹੋਏ ਹਨ। *ਅਥਵਾ :*-ਹੇ ਮਨ ! ਨਿਰਭਉ ਨੂੰ ਜਪਣਾ ਕਰ, *ਪ੍ਰਸ਼ਨ:*-ਨਿਰਭਉ ਤਾਂ ਹਰਨਾਖਸ਼ ਹੋਇਆ ਹੈ, ਜਿਸ ਨੇ ਵਿਸ਼ਨਪੁਰੀ ਵਿਚ ਜਾ ਕੇ ਆਪਣਾ ਨਾਮ ਜਪਾਇਆ ਹੈ- 'ਜਲੇ ਹਰਨਾਖਸ਼,

ਥਲੇ ਹਰਨਾਖਸ਼, ਹੈ ਹੀ ਹਰਨਾਖਸ਼, ਹੋਸੀ ਭੀ ਹਰਨਾਖਸ਼', ਉਸ ਹਰਨਾਖਸ਼ ਨੂੰ ਜਪੀਏ? ਤਾਂ ਗੁਰੂ ਜੀ ਨੇ ਕਿਹਾ- ਜੋ ਤਿੰਨਾਂ ਕਾਲਾਂ ਵਿਚ ਸਦਾ ਸੱਤ ਸਰੂਪ ਹੈ, ਉਸ ਨੂੰ ਜਪਣਾ ਕਰ, . *ਪ੍ਰਸ਼ਨ:-* ਨਿਆਇਕ ਮਤ ਵਾਲਿਆਂ ਨੇ ਅਕਾਸ਼ ਆਦਿਕਾਂ ਨੂੰ ਸੱਤ ਮੰਨਿਆ ਹੈ ? ਏਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਨਿਰਵੈਰੁ ਅਕਾਲ ਮੂਰਤਿ ॥ ਆਜੂਨੀ ਸੰਭਉ ॥

ਨਿਰਵੈਰ ਨੂੰ ਜਪਣਾ ਕਰ, *ਪ੍ਰਸ਼ਨ-*ਨਿਰਵੈਰ ਤਾਂ ਮਹਾਤਮਾ ਭੀ ਹਨ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ — ਅਕਾਲ ਮੂਰਤ ਨੂੰ ਜਪਣਾ ਕਰ, *ਪ੍ਰਸ਼ਨ-*ਨਿਆਇਕ ਮਤ ਵਾਲਿਆਂ ਨੇ ਅਕਾਲ ਮੂਰਤਿ=ਪ੍ਰਧੰਸਾ ਭਾਵ ਮੰਨਿਆ ਹੈ? ਤਾਂ ਗੁਰੂ ਜੀ ਨੇ ਕਿਹਾ-ਅਜੂਨੀ ਨੂੰ ਜਪਣਾ ਕਰ, *ਪ੍ਰਸ਼ਨ-*ਨਿਆਇਕ ਮਤ ਵਾਲਿਆਂ ਨੇ ਅਜੂਨੀ=ਪ੍ਰਾਗਾ ਭਾਵ ਮੰਨਿਆ ਹੈ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-ਸੰਭਉ=ਸੁਤੇ ਪ੍ਰਕਾਸ਼ ਰੂਪ ਜੋ ਪਰਮਾਤਮਾ ਹੈ ਉਸ ਨੂੰ ਜਪਣਾ ਕਰ। *ਪ੍ਰਸ਼ਨ-*ਸੁਤੇ ਪ੍ਰਕਾਸ਼ ਰੂਪ ਤਾਂ ਸੂਰਜ, ਚੰਦ੍ਰਮਾ, ਤਾਰੇ, ਬਿਜਲੀ ਆਦਿਕ ਖਟ ਜੋਤੀ ਭੀ ਹਨ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਮੇਰੇ ਮਨ ਅਨਦਿਨੁ ਧਿਆਇ ਨਿਰੰਕਾਰੁ ਨਿਰਾਹਾਰੀ ॥ ੧ ॥ ਰਹਾਉ ॥

ਹੇ ਮੇਰੇ ਮਨ ! ਤੂੰ ਰਾਤ ਦਿਨ ਅਹਾਰ ਤੋਂ ਰਹਿਤ,

*ਵਾ:-*ਹਾਰ ਤੋਂ ਰਹਿਤ ਜੋ ਨਿਰੰਕਾਰ ਪ੍ਰਭੂ ਹੈ, ਉਸ ਨੂੰ ਧਿਆਉਣਾ ਕਰ ॥ ੧ ॥ ਰਹਾਉ ॥

ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ
ਸਿਧ ਜਤੀ ਜੋਗੀ ਤਟ ਤੀਰਥ ਪਰ ਭਵਨ ਕਰਤ ਰਹਤ ਨਿਰਾਹਾਰੀ ॥

ਹਰੀ ਦੇ ਦਰਸ਼ਨ ਨੂੰ, ਹਰੀ ਦੇ ਦਰਸ਼ਨ ਨੂੰ ਤੇਤੀ ਕ੍ਰੋੜ ਦੇਵਤੇ ਕੋਟਿ=ਕ੍ਰੋੜਾਂ ਜਤਨ ਕਰਦੇ ਹਨ,

*ਅਥਵਾ:-*ਹਰੀ ਦੇ ਦਰਸ਼ਨ ਨੂੰ ਚਾਹੁੰਣ ਵਾਲੇ, ਹਰੀ ਦੇ ਦਰਸ਼ਨ ਨੂੰ ਕਰਨ ਵਾਸਤੇ ਤੇਤੀ ਕ੍ਰੋੜ ਦੇਵਤੇ ਅਤੇ ਕੋਟਿ=ਕ੍ਰੋੜਾਂ ਸਿੱਧ, ਜਤੀ ਜੋਗੀ ਆਦਿਕ ਸਾਰੇ ਤੀਰਥਾਂ ਦੇ ਤਟ=ਕਿਨਾਰਿਆਂ 'ਪਰ ਫਿਰਨਾ ਕਰਦੇ ਹਨ ਅਤੇ ਨਿਰਾਹਾਰੀ=ਭੋਜਨ ਤੋਂ ਰਹਿਤ ਹੋ ਕੇ ਰਹਿਣਾ ਕਰਦੇ ਹਨ।

ਤਿਨ ਜਨ ਕੀ ਸੇਵਾ ਥਾਇ ਪਈ ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ ॥੧ ॥

ਪਰ ਉਸ ਗੁਰਮੁਖ ਪੁਰਸ਼ ਦੀ ਸੇਵਾ ਕੀਤੀ ਹੋਈ ਥਾਇ=ਕਬੂਲ ਪਈ ਹੈ, ਜਿਸ ਉੱਤੇ ਸੰਸਾਰ ਬਨ ਦਾ ਮਾਲਕ ਪ੍ਰਭੂ ਆਪ ਕਿਰਪਾਲੂ ਹੁੰਦਾ ਹੈ ॥ ੧ ॥

ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ ਜੋ ਭਾਵਤ ਹਰਿ ਰਾਮ ਮੁਰਾਰੀ ॥

ਹੇ ਭਾਈ ! ਉਹ ਹਰੀ ਦੇ ਸੰਤ ਸਭ ਤੋਂ ਭਲੇ=ਚੰਗੇ ਹਨ, ਉਹ ਉੱਤਮ ਭਗਤ ਭੀ ਸਭ ਤੋਂ ਭਲੇ=ਚੰਗੇ ਹਨ, ਜੋ ਹਰੀ ਰਾਮ ਮੁਰਾਰੀ ਨੂੰ ਭਾਵਤ=ਭਾਉਂਦੇ ਹਨ।

*ਅਥਵਾ:-*ਜੋ ਰਾਮ ਮੁਰਾਰੀ ਨੂੰ ਹਰ ਤਰ੍ਹਾਂ ਨਾਲ ਭਾਂਵਦੇ ਹਨ।

[ਪੰਨਾ ੧੨੦੨]

ਜਿਨ੍ ਕਾ ਅੰਗੁ ਕਰੈ ਮੇਰਾ ਸੁਆਮੀ
ਤਿਨ੍ ਕੀ ਨਾਨਕ ਹਰਿ ਪੈਜ ਸਵਾਰੀ ॥ ੨ ॥ ੪ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ-ਮੇਰਾ ਸੁਆਮੀ ਪਰਮਾਤਮਾ ਜਿਨ੍ਹਾਂ ਦਾ ਅੰਗੁ=ਪੱਖ ਕਰਦਾ ਹੈ, ਹਰੀ ਨੇ ਆਪ ਉਨ੍ਹਾਂ ਦੀ ਇੱਜ਼ਤ ਹਰ ਤਰ੍ਹਾਂ ਨਾਲ ਸਵਾਰੀ ਹੈ॥ ੨॥ ੪॥ ੧੧॥

ਸਾਰਗ ਮਹਲਾ ੪ ਪੜਤਾਲ॥

ਜਪਿ ਮਨ ਗੋਵਿੰਦੁ ਹਰਿ ਗੋਵਿੰਦੁ ਗੁਣੀ ਨਿਧਾਨੁ ਸਭ ਸ੍ਰਿਸਟਿ ਕਾ ਪ੍ਰਭੋ ਮੇਰੇ ਮਨ ਹਰਿ ਬੋਲਿ ਹਰਿ ਪੁਰਖੁ ਅਬਿਨਾਸੀ॥ ੧॥ ਰਹਾਉ॥

ਗੋ-ਵਿੰਦੁ=ਬੇਦਾਂ ਕਰਕੇ ਜਾਨਣੇ ਜੋਗ ਜੋ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਹਰੀ ਗੋਬਿੰਦ ਹੈ, ਉਸ ਨੂੰ ਮੈਂ ਆਪਣੇ ਮਨ ਵਿਚ ਜਪਿਆ ਹੈ, ਜੋ ਸਾਰੀ ਸ੍ਰਿਸ਼ਟੀ ਦਾ ਪ੍ਰਭੂ=ਸੁਆਮੀ ਹੈ, ਹੇ ਮੇਰੇ ਮਨ=ਪਿਆਰੇ ! ਤੂੰ ਭੀ ਉਸ ਅਬਿਨਾਸ਼ੀ ਪੁਰਖ ਦੇ ਹਰਿ ਹਰਿ ਨਾਮਾਂ ਨੂੰ ਬੋਲਣਾ ਕਰ॥ ੧॥ ਰਹਾਉ॥

ਹਰਿ ਕਾ ਨਾਮੁ ਅੰਮ੍ਰਿਤੁ ਹਰਿ ਹਰਿ ਹਰੇ ਸੋ ਪੀਐ ਜਿਸੁ ਰਾਮੁ ਪਿਆਸੀ॥

ਹਰੀ ਦਾ ਨਾਮ ਅੰਮ੍ਰਿਤ ਹਰ ਇਕ ਰੋਗਾਂ ਨੂੰ ਹਰਿ=ਦੂਰ ਕਰਕੇ ਹਰਿਆਂ ਕਰਨ ਵਾਲਾ ਹੈ ਪਰ ਇਸ ਨਾਮ ਅੰਮ੍ਰਿਤ ਨੂੰ ਉਹ ਪੀਂਦਾ ਹੈ, ਜਿਸ ਨੂੰ ਰਾਮ ਪਿਲਾਂਦਾ ਹੈ।

ਹਰਿ ਆਪਿ ਦਇਆਲੁ ਦਇਆ ਕਰਿ ਮੇਲੈ ਜਿਸੁ ਸਤਿਗੁਰੂ ਸੋ ਜਨੁ ਹਰਿ ਹਰਿ ਅੰਮ੍ਰਿਤ ਨਾਮੁ ਚਖਾਸੀ॥ ੧॥

ਦਇਆ ਦੀ ਆਕਰਿ=ਖਾਣ ਹਰੀ ਆਪ ਦਿਆਲੂ ਹੋ ਕੇ ਜਿਸ ਨੂੰ ਸਤਿਗੁਰਾਂ ਨਾਲ ਮੇਲਦਾ ਹੈ, ਓਹੀ ਗੁਰਮੁਖ ਜਨ ਹਰਿ ਹਰਿ ਦੇ ਨਾਮ ਅੰਮ੍ਰਿਤ ਨੂੰ ਚਖਣਾ ਕਰਦਾ ਹੈ॥ ੧॥

ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ॥

ਜਿਹੜਾ ਪੁਰਸ਼ ਸਦੀਵ ਕਾਲ ਮੇਰੇ ਹਰੀ ਦੇ ਹਰੀ ਨਾਮ ਨੂੰ ਸੇਵਹਿ=ਸਿਮਰੰਦਾ ਹੈ, ਉਸ ਦਾ ਸਾਰਾ ਦੁੱਖ, ਭਰਮ ਅਤੇ ਡਰ ਨਵਿਰਤ ਹੋ ਜਾਂਦਾ ਹੈ।

ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਜਿਉ ਚਾਤ੍ਰਿਕੁ ਜਲਿ ਪੀਐ ਤ੍ਰਿਪਤਾਸੀ॥ ੨॥ ੫॥ ੧੨॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਨਾਮ ਨੂੰ ਲੈਂਦਾ ਹਾਂ ਤਾਂ ਹੀ ਜਿਉਂਦਾ ਹਾਂ, ਜਿਵੇਂ ਚਾਤ੍ਰਿਕੁ=ਪਪੀਹਾ ਸ੍ਵਾਂਤੀ ਜਲ ਦੇ ਪੀਤਿਆਂ ਹੀ ਤ੍ਰਿਪਤਾਸੀ=ਤ੍ਰਿਪਤ ਭਾਵ ਰਜਦਾ ਹੈ॥ ੨॥ ੫॥ ੧੨॥

ਸਾਰਗ ਮਹਲਾ ੪॥

ਜਪਿ ਮਨ ਸਿਰੀ ਰਾਮੁ॥ ਰਾਮ ਰਮਤ ਰਾਮੁ॥ ਸਤਿ ਸਤਿ ਰਾਮੁ॥

ਹੇ ਮਨ ! ਤੂੰ ਰਾਮ ਨੂੰ ਜਪਣਾ ਕਰ, *ਪ੍ਰਸ਼ਨ*-ਰਾਮ ਪਰਸਰਾਮ ਜਾਂ ਬਲਭੱਦਰ ਨੂੰ ਕਹਿੰਦੇ ਹਨ ਉਸ ਨੂੰ ਜਪਣਾ ਕਰੀਏ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-ਸ੍ਰੀ ਰਾਮ ਨੂੰ ਜਪਣਾ ਕਰੋ। *ਪ੍ਰਸ਼ਨ*-ਸ੍ਰੀ ਰਾਮ

ਤਾਂ ਰਾਮਚੰਦਰ ਜੀ ਨੂੰ ਕਹਿੰਦੇ ਹਨ ਉਸ ਨੂੰ ਜਪੀਏ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-ਰਮਤ ਰਾਮੁ=ਜੋ ਰਾਮ ਸਾਰੇ ਵਿਆਪਕ ਹੈ ਉਸ ਨੂੰ ਜਪੋ, *ਪ੍ਰਸ਼ਨ-* ਉਹ ਰਾਮ ਕੈਸਾ ਹੈ? *ਉੱਤਰ-*ਸਤਿ ਸਤਿ ਰਾਮੁ॥ ਉਹ ਰਾਮ ਸਤਿ=ਨਿਸਚੇ ਕਰਕੇ ਸੱਚਾ ਹੈ। *ਵਾ:-* ਉਹ ਰਾਮ ਸਤਿ ਤੋਂ ਸਤਿ ਹੈ।

ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ ॥੧ ॥ਰਹਾਉ ॥

ਹੇ ਭਈਆ=ਭਾਈ ! ਉਸ ਰਾਮ ਰਾਮ ਨੂੰ ਸਦਾ ਬੋਲਣਾ ਕਰੋ, ਉਹ ਸਰਬਗੇ=ਸਰਬ ਸ਼ਕਤੀਮਾਨ ਰਾਮ ਸਰਬਗੇ=ਸਾਰਿਆਂ ਵਿਚ ਰਵਿ ਰਹਿਆ=ਮਿਲ ਰਿਹਾ ਹੈ॥ ੧॥ ਰਹਾਉ॥

ਰਾਮੁ ਆਪੇ ਆਪਿ ਆਪੇ ਸਭੁ ਕਰਤਾ ਰਾਮੁ ਆਪੇ ਆਪਿ ਆਪਿ ਸਭਤੁ ਜਗੇ ॥

ਪਿਛੇ ਵੀ ਰਾਮ ਆਪੇ ਆਪ ਸਾਰੇ ਜਗਤ ਦਾ ਕਰਤਾ ਸੀ, ਹੁਣ ਭੀ ਰਾਮ ਆਪੇ ਆਪ ਸਾਰੇ ਜਗਤ ਦਾ ਕਰਤਾ ਹੈ, ਅੱਗੇ ਭੀ ਰਾਮ ਆਪੇ ਆਪ ਸਾਰੇ ਜਗਤ ਦਾ ਕਰਤਾ ਹੋਵੇਗਾ।

*ਅਥਵਾ-*ਉਹ ਰਾਮ ਆਪੇ ਆਪਿ=ਸੁਤੰਤਰ ਹੈ, ਪੁਨਾ-ਉਹ ਰਾਮ ਆਪੇ ਆਪ ਸਾਰੇ ਸੰਸਾਰ ਦਾ ਕਰਤਾ ਹੈ ਅਤੇ ਆਪੇ ਆਪ ਉਹ ਰਾਮ ਸਾਰੇ ਜਗਤ ਵਿਚ ਰਵ ਰਿਹਾ ਹੈ।

ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮ ਰਾਇ
ਸੋ ਜਨੁ ਰਾਮ ਨਾਮ ਲਿਵ ਲਾਗੇ॥ ੧ ॥

ਜਿਸ ਮਨੁੱਖ ਦੇ ਉੱਤੇ ਮੇਰਾ ਰਾਮਰਾਜਾ ਆਪ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਪੁਰਸ਼ ਮਨ ਕਰਕੇ ਰਾਮ ਨਾਮ ਵਿਚ ਲਿਵ ਲਗਾਉਂਦਾ ਹੈ, ਬਾਣੀ ਦੁਆਰਾ ਭੀ ਰਾਮ ਨਾਮ ਵਿਚ ਲਿਵ ਲਗਾਉਂਦਾ ਹੈ, ਤਨ ਕਰਕੇ ਭੀ ਰਾਮ ਨਾਮ ਵਿਚ ਲਿਵ ਲਗਾਉਂਦਾ ਹੈ॥ ੧॥

ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ
ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ॥

ਹੇ ਹਰੀ ਦੇ ਸੰਤੋ ! ਤੁਸੀਂ ਰਾਮ ਨਾਮ ਦੀ ਉਪਮਾ ਦੇਖਣਾ ਕਰੋ, ਜੋ ਅੱਗ ਰੂਪ ਕਲਜੁਗ ਵਿਚ ਅਗੇ=ਅਗਰ ਭਾਗ ਭਾਵ, ਸਨਮੁਖ ਹੋ ਕੇ ਭਗਤ ਜਨਾਂ ਦੀ ਇੱਜ਼ਤ ਰੱਖਦਾ ਹੈ।

*ਅਥਵਾ-*ਕਲਜੁਗ ਵਿਚ ਅਤੇ ਕਲਜੁਗ ਦੇ ਅਗੇ=ਅਗਲਿਆਂ ਜੁਗਾਂ ਵਿਚ ਸਤਜੁਗ ਤਰੇਤਾ ਦੁਆਪੁਰ ਆਦਿਕਾਂ ਵਿਚ ਭੀ ਭਗਤ ਜਨਾਂ ਦੀ ਇੱਜ਼ਤ ਰੱਖਦਾ ਆਇਆ ਹੈ।

ਯਥਾ:- ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

ਜਨ ਨਾਨਕ ਕਾ ਅੰਗੁ ਕੀਆ ਮੇਰੈ ਰਾਮ ਰਾਇ
ਦੁਸਮਨ ਦੂਖ ਗਏ ਸਭਿ ਭਗੇ॥ ੨ ॥ ੬ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ—ਮੇਰੇ ਰਾਮ ਰਾਜੇ ਨੇ ਜਿਸ ਪੁਰਸ਼ ਦਾ ਅੰਗੁ=ਪੱਖ ਕੀਤਾ ਹੈ, ਉਸ ਦੇ ਸਾਰੇ ਦੁਸ਼ਮਣ ਤੇ ਦੁੱਖ ਭਜ ਗਏ ਹਨ॥ ੨॥ ੬॥ ੧੩॥

ਸਾਰੰਗ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ॥ ਸਤਿਗੁਰ ਮੂਰਤਿ ਕਉ ਬਲਿ ਜਾਉ॥

ਉਥਾਨਕਾ:-ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹੋਏ ਸੰਤਾਂ ਦਾ ਸੰਗ ਕਰਨਾ ਮੰਗਦੇ ਹਨ-ਹੇ ਸਤਿ=ਤ੍ਰੈ ਕਾਲ ਅਬਾਧ ਗੁਰ ਮੂਰਤਿ=ਚੇਤਨ ਸਰੂਪ ਪ੍ਰਭੂ ਮੈਂ ਆਪ ਜੀ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ।

ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ
ਸਫਲ ਦਰਸਨੁ ਕਦਿ ਪਾਂਉ॥ ੧॥ ਰਹਾਉ॥

ਜਿਵੇਂ ਪਪੀਹੇ ਦੇ ਅੰਦਰ ਸ਼ਾਂਤੀ ਬੂੰਦ ਰੂਪ ਜਲ ਦੀ ਤ੍ਰੇਹ ਹੁੰਦੀ ਹੈ, ਤਿਵੇਂ ਮੇਰੇ ਅੰਦਰ ਆਪ ਜੀ ਦੇ ਦਰਸ਼ਨ ਦੀ ਪਿਆਸ ਹੈ, ਮੈਂ ਆਪ ਜੀ ਦੇ ਸਫਲ ਦਰਸ਼ਨ ਨੂੰ ਕਦੋਂ ਪਾਵਾਂਗਾ॥ ੧॥ ਰਹਾਉ॥

ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿ ਨਾਉ॥

ਹੇ ਹਰੀ ! ਤੂੰ ਅਨਾਥਾਂ ਦਾ ਨਾਥੁ=ਸੁਆਮੀ ਹੈਂ, ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈਂ ਅਤੇ ਆਪ ਜੀ ਦਾ ਨਾਮ ਭਗਤ ਵਛਲ ਹੈ ਅਰਥਾਤ ਭਗਤਾਂ ਦਾ ਪਿਆਰਾ ਹੈ।

ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ॥ ੧॥

ਜਿਸ ਪ੍ਰਾਣੀ ਨੂੰ ਕੋਈ ਭੀ ਨਹੀਂ ਰੱਖ ਸਕਦਾ, ਉਸ ਨੂੰ ਤੂੰ ਹੀ ਅਸਰਾਉ=ਆਸਰਾ ਦੇਂਦਾ ਹੈਂ॥ ੧॥

ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ॥

ਹੇ ਹਰੀ ! ਤੂੰ ਨਿਧਰਿਆ ਧਰ=ਨਿਆਸਰਿਆਂ ਦਾ ਆਸਰਾ ਰੂਪ ਹੈਂ, ਨਿਗਤਿਆਂ ਨੂੰ ਗਤਿ=ਮੁਕਤੀ ਦਾਤਾ ਹੈਂ। ਅਤੇ-

ਨਿਥਾਵਿਆਂ ਨੂੰ ਤੂੰ ਹੀ ਥਾਂ ਦੇਣ ਵਾਲਾ ਹੈਂ।

ਦਹ ਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ॥ ੨॥

ਮੈਂ ਦਸਾਂ ਦਿਸ਼ਾਂ ਵਿਚ ਜਿਥੇ ਭੀ ਜਾਂਦਾ ਹਾਂ ਤੂੰ ਉਥੇ ਹੀ ਮੇਰੇ ਨਾਲ ਹੈਂ, ਮੈਂ ਤੇਰੀ ਕੀਰਤਿ=ਵੱਡਿਆਈ ਕਰਨੇ ਰੂਪ ਹੀ ਕਰਮ ਨੂੰ ਕਮਾਉਂਦਾ ਹਾਂ॥ ੨॥

ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ ਗਤਿ ਮਿਤਿ ਕਹਿ ਨ ਸਕਾਉ॥

ਤੂੰ ਇਕ ਤੋਂ ਲੱਖ ਸਰੂਪ ਹੋ ਜਾਂਦਾ ਹੈਂ ਤੇ ਲੱਖ ਸਰੂਪ ਤੋਂ ਫੇਰ ਇਕ ਹੋ ਜਾਂਦਾ ਹੈਂ, ਤੇਰੀ ਗਤੀ ਤੇ ਮਿਤਿ=ਮਰਯਾਦਾ ਨੂੰ ਮੈਂ ਕਹਿ ਨਹੀਂ ਸਕਦਾ।

ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ॥ ੩॥

ਤੂੰ ਬੇਅੰਤ ਸਰੂਪ ਹੈਂ ਤੇਰੀ ਮਿਤਿ=ਮਰਯਾਦਾ ਨਹੀਂ ਪਾਈ ਜਾਂਦੀ, ਏਹ ਸਾਰਾ ਤੇਰਾ ਆਪਣਾ ਹੀ ਖੇਲ ਵੇਖਣ ਵਿਚ ਆ ਰਿਹਾ ਹੈ॥ ੩॥

ਸਾਧਨ ਕਾ ਸੰਗੁ ਸਾਧ ਸਿਉ ਗੋਸਟਿ ਹਰਿ ਸਾਧਨ ਸਿਉ ਲਿਵ ਲਾਉ॥

ਹੇ ਹਰੀ ! ਮੈਨੂੰ ਸੰਤਾਂ ਦਾ ਸੰਗ, ਸੰਤਾਂ ਨਾਲ ਹੀ ਗੋਸਟਿ=ਬਚਨ ਬਿਲਾਸ ਕਰਨੇ ਦਿਓ ਅਤੇ ਸੰਤਾਂ ਨਾਲ ਹੀ ਲਿਵ ਲਗਾਣੀ ਦਿਓ।

ਜਨ ਨਾਨਕ ਪਾਇਆ ਹੈ ਗੁਰਮਤਿ
ਹਰਿ ਦੇਹੁ ਦਰਸੁ ਮਨਿ ਚਾਉ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਜਿਨ੍ਹਾਂ ਗੁਰਮਤੀਆਂ ਨੇ ਆਪ ਜੀ ਨੂੰ ਪਾਇਆ ਹੈ, ਮੈਨੂੰ ਉਨ੍ਹਾਂ ਦਾ ਦਰਸ਼ਨ ਦੇਹੁ, ਏਹੋ ਮੇਰੇ ਮਨ ਵਿਚ ਚਾਉ=ਉਤਸ਼ਾਹ ਹੈ॥ ੪॥ ੧॥

ਸਾਰਗ ਮਹਲਾ ੫॥
ਹਰਿ ਜੀਉ ਅੰਤਰਜਾਮੀ ਜਾਨ॥

ਅੰਤਰਜਾਮੀ ਹਰਿ ਜੀਉ ਸਭ ਕੁਝ ਜਾਣਦਾ ਹੈਂ।

ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ॥ ੧॥ ਰਹਾਉ॥

ਏਹ ਜੀਵ ਮਨੁੱਖ ਤੋਂ ਲੁਕਾ ਕੇ ਬੁਰਿਆਈ ਕਰਦਾ ਹੈ ਪਰ ਉਹ ਪ੍ਰਭੂ ਤਾਂ ਸਾਖੀ ਭੂਤ=ਸਰੂਪ ਹੈ ਤੇ ਪਵਾਨ=ਪਵਿੱਤਰ ਹੈ, ਵਾ:- ਪਵਾਨ=ਪੌਣ ਵਾਂਙੂ ਸਾਰੇ ਪਰਾਪਤ ਹੈ। ਵਾ:-ਭੂਤਕਾਲ, ਪਵਾਨ= ਭਵਾਨ ਅਰਥਾਤ, ਭਵਿਸ਼ਤ ਅਤੇ ਵਰਤਮਾਨ ਤਿੰਨਾਂ ਸਮਿਆਂ ਦਾ ਸਾਖੀ ਰੂਪ ਹੈ॥ ੧॥ ਰਹਾਉ॥

ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ॥

ਆਪਣਾ ਨਾਮ ਵੈਸ਼ਨਵ ਰੱਖਾ ਕੇ ਖਟ=ਛੇ ਪ੍ਰਕਾਰ ਦੇ ਕਰਮਾਂ ਨੂੰ ਕਰਦਾ ਹੈ* ਪਰ ਹਿਰਦੇ ਅੰਦਰ ਲੋਭ ਰੂਪੀ ਜੂਠ ਹੈ। ਅਥਵਾ-ਲੋਭ ਕਰਕੇ ਅੰਦਰੋਂ ਮਨ ਜੂਠਾਨ=ਜੂਠਾ ਹੋ ਰਿਹਾ ਹੈ।

ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ॥ ੧॥

ਜਿਹੜੇ ਸੰਤ ਸਭਾ ਦੀ ਨਿੰਦਿਆ ਕਰਦੇ ਹਨ, ਉਹ ਸਾਰੇ ਅਗਿਆਨ ਰੂਪ ਸਮੁੰਦਰ ਵਿਚ ਡੁੱਬੇ ਹੋਏ ਹਨ। ਵਾ:- ਉਹ ਸਾਰੇ ਅਗਿਆਨ ਰੂਪ ਸਮੁੰਦਰ ਵਿਚ ਡੁੱਬੇ ਹੋਏ ਹਨ॥ ੧॥

(ਪੰਨਾ ੧੨੦੩)

ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ॥

ਸੋਮ ਪਾਕੁ=ਸੁਯੰਪਾਕ (ਆਪਣੇ ਹੱਥਾਂ) ਨਾਲ ਰਸੋਈ ਪਕਾ ਕੇ ਛੱਕਦੇ ਹਨ,

ਅਥਵਾ-ਸੋਮ=ਚੰਦ੍ਰਮਾਂ ਨੂੰ ਦੇਖ ਕੇ ਰੋਟੀ ਖਾਂਦੇ ਹਨ, ਵਾ:-ਸੋਮ=ਚੰਦ੍ਰਮਾ ਦੇ ਪਕੇ ਹੋਏ ਫਲ ਖਾਂਦੇ ਹਨ, ਵਾ:-ਸੋਮ ਨਾਮੇ ਵਲੀ ਨੂੰ ਪਕਾ ਕੇ ਖਾਂਦੇ ਹਨ ਤੇ ਪਰਾਇਆ ਧਨ ਹਿਰਹਿ=ਚੁਰਾਂਵਦੇ ਹਨ ਅਤੇ ਹਿਰਦੇ ਅੰਦਰ ਝੂਠ ਤੇ ਗੁਮਾਨ=ਹੰਕਾਰ ਭਰਿਆ ਹੋਇਆ ਹੈ।

ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ॥ ੨॥

ਛੇ ਸ਼ਾਸਤ੍ਰਾਂ ਵਿਚ ਤੇ ਚਾਰ ਵੇਦਾਂ ਵਿਚ ਜੋ ਸਾਧਨਾਂ ਦੀ ਵਿਧੀ ਲਿਖੀ ਹੋਈ ਹੈ ਉਸ ਨੂੰ ਕਰਨਾ ਜਾਣਦੇ ਨਹੀਂ ਹਨ, ਬਸ ਆਪਣੇ ਮਨ ਦੇ ਮਾਨ ਵਿਚ ਵਿਆਪੇ ਹੋਏ ਹਨ ਜਾਂ ਮਾਨ ਵਿਚ ਵਿਆਪੇ ਹੋਏ ਮਨ ਦੇ ਕਹੇ

---

*ਸੰਧਿਆ, ਇਸ਼ਨਾਨ, ਜਪ, ਹੋਮ, ਦੇਵ ਅਰਚਾ, ਅਥਿਤ ਪੂਜਾ।

ਅਨੁਸਾਰ ਚਲਦੇ ਹਨ॥ ੨॥

ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ॥

ਤ੍ਰਿਕਾਲ ਸੰਧਿਆ ਆਦਿਕ ਕਰਮ ਕਰਨੇ ਤੇ ਸਾਰੇ ਵਰਤ ਰੱਖਣੇ, ਉਹਨਾਂ ਦੇ ਇਸ ਤਰ੍ਹਾਂ ਨਿਸਫਲ ਹਨ, ਜਿਵੇਂ ਬਗਲਾ ਸਫਰੀ=ਮੱਛੀ ਵਾਸਤੇ ਦੰਫਾਨ=ਦੰਭ ਕਰਦਾ ਹੈ ਜਾਂ ਜਿਵੇਂ ਸਫਰੀ=ਮਦਾਰੀ ਲੋਕਾਂ ਨੂੰ ਠੱਗਣ ਵਾਸਤੇ ਦੰਫਾਨ=ਪਾਖੰਡ ਕਰਦਾ ਹੈ।

ਅਥਵਾ-ਜਿਵੇਂ ਸਫਰੀ=ਰਾਹੀ ਜਾਂਦਾ-ਜਾਂਦਾ ਰਸਤੇ ਵਿਚ ਦੰਫਾਨ=ਪਖੰਡ ਕਰਦਾ ਹੈ, ਕਈ ਤਰ੍ਹਾਂ ਦੇ ਮੰਦਰ ਉਸਾਰਨ ਦੇ ਸੰਕਲਪ ਕਰਦਾ ਹੈ ਪਰ ਸਭ ਉਸ ਦੇ ਨਿਸਫਲ ਹਨ।

ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ॥ ੩॥

ਪ੍ਰਭੂ ਨੇ ਆਪਣੇ ਵਲੋਂ ਭੁਲਾ ਕੇ ਜਿਨ੍ਹਾਂ ਨੂੰ ਸੰਸਾਰ ਔਝੜ ਵਿਚ ਪਾਇਆ ਹੈ ਉਹਨਾਂ ਦੇ ਸਾਰੇ ਕੀਤੇ ਹੋਏ ਕਰਮਾਨ=ਕਰਮ ਨਿਸਫਲ ਹਨ॥ ੩॥

ਸੋ ਗਿਆਨੀ ਸੋ ਬੈਸਨੋ ਪੜਿਆ ਜਿਸੁ ਕਰੀ ਕ੍ਰਿਪਾ ਭਗਵਾਨ॥

ਅਸਲ ਗਿਆਨੀ ਓਹੀ ਹੈ, ਵੈਸ਼ਨਵ ਭੀ ਓਹੀ ਹੈ, ਅਸਲ ਪੜ੍ਹਿਆ ਹੋਇਆ ਭੀ ਓਹੀ ਹੈ, ਜਿਸ ਉੱਤੇ ਭਗਵਾਨ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ।

ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ॥ ੪॥

ਉਹਨਾਂ ਨੇ ਪੂਰਿਆਂ ਸਤਿਗੁਰਾਂ ਨੂੰ ਸੇਵ ਕੇ ਪਰਮਪਦ=ਆਤਮ ਪਦ ਪਾਇਆ ਹੈ, ਅੱਗੋਂ ਉਹਨਾਂ ਦੀ ਕਿਰਪਾ ਨਾਲ ਸਾਰਾ ਬਿਸ੍ਵਾਨ=ਸੰਸਾਰ ਤਰ ਗਿਆ ਹੈ ਜਾਂ ਜਿਨ੍ਹਾਂ ਨੇ ਆਤਮਪਦ ਪਾਇਆ ਹੈ, ਉਹ ਸਾਰੇ ਸੰਸਾਰ ਤੋਂ ਤਰ ਗਿਆ ਹੈ॥ ੪॥

ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੁਲਾਨ॥

ਅਸੀਂ ਕੀ ਕੁਝ ਕਥਨ ਕਰੀਏ, ਕੁਝ ਕਥਨ ਕਰਨਾ ਤਾਂ ਜਾਣਦੇ ਨਹੀਂ ਹਾਂ, ਜਿਵੇਂ ਪ੍ਰਭੂ ਨੂੰ ਭਾਉਂਦਾ ਹੈ ਤਿਵੇਂ ਬੋਲਦੇ ਹਾਂ।

ਸਾਧਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਂਨਕ ਪਇਓ ਸਰਾਨ॥ ੫॥ ੨॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੇਵਕ ਜਨ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ, ਮੈਂ ਆਪ ਜੀ ਤੋਂ ਇਕ ਸਾਧਸੰਗਤ ਦੀ ਧੂੜੀ ਮੰਗਦਾ ਹਾਂ॥ ੫॥ ੨॥

ਸਾਰਗ ਮਹਲਾ ੫॥ ਅਬ ਮੋਰੋ ਨਾਚਨੋ ਰਹੋ॥

ਹੁਣ ਮੇਰਾ ਚੁਰਾਸੀ ਲੱਖ ਜੂਨੀਆਂ ਵਿਚ ਨੱਚਣਾ ਰਹਿ ਗਿਆ ਹੈ।

ਲਾਲੁ ਰੰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ॥ ੧॥ ਰਹਾਉ॥

ਕਿਉਂਕਿ ਲਾਲੁ=ਪਿਆਰਾ, ਰੰਗੀਲਾ=ਅਨੰਦ ਵਾਲਾ ਪ੍ਰਭੂ ਸਹਜੇ ਪਾ ਲਿਆ ਹੈ,

ਪ੍ਰਸ਼ਨ:-ਕਿਵੇਂ ਪਾਇਆ ਹੈ? *ਉੱਤਰ:*-ਪੂਰਿਆਂ ਸਤਿਗੁਰਾਂ ਦੇ ਬਚਨਾਂ ਦੁਆਰੇ ਉਸ ਨੂੰ ਲਹੋ=ਜਾਣਿਆ ਹੈ ਜਾਂ ਲੀਤਾ ਹੈ॥ ੧॥ ਰਹਾਉ॥

ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ॥

ਇਕੋ ਜਿਹੀਆਂ ਰਲ ਕੇ ਖੇਡਣ ਵਾਲੀਆਂ ਵਿਚੋਂ ਜਦ ਇਕ ਲੜਕੀ ਦਾ ਵਿਆਹ ਹੋ ਜਾਂਦਾ ਹੈ ਤੇ ਓਹ ਸਾਹੁਰੇ ਘਰੋਂ ਹੋ ਕੇ ਪੇਕੇ ਘਰ ਆਉਂਦੀ ਹੈ ਤਾਂ ਜਿਵੇਂ ਉਸ ਸਹੇਲੀ ਦੇ ਨਾਲ ਕੁਆਰੀਆਂ ਲੜਕੀਆਂ ਆ ਕੇ ਪ੍ਰਿਅ=ਪਿਆਰ ਭਰੇ ਬਚਨਾਂ ਨਾਲ ਪੁਛਦੀਆਂ ਹਨ ਤੇਰੀ ਸੱਸ ਕੈਸੀ ਹੈ ? ਸਾਹੁਰਾ ਕੈਸਾ ਹੈ ? ਜੇਠ ਕੈਸਾ ਹੈ ? ਦਿਓਰ ਕੈਸਾ ਹੈ ? ਨਿਨਾਣ ਕੈਸੀ ਹੈ ? ਇਸ ਤਰ੍ਹਾਂ ਪੁਛਣ ਨਾਲ ਉਹ ਸਭ ਦੇ ਸੁਭਾਵ ਦੱਸਦੀ ਹੈ, ਜਿਸ ਵੇਲੇ ਉਸ ਦੇ ਉਪ=ਸਮੀਪ ਹੋ ਕੇ ਹਾਸੇ ਦੇ ਬਚਨ ਕਹਿੰਦੀ ਹੈ ਕਿ ਤੇਰਾ ਪਤੀ ਕੈਸਾ ਹੈ, ਉਸ ਦੇ ਅਨੰਦ ਦੀ ਗੱਲ ਤਾਂ ਦੱਸ, ਉਸ ਦਾ ਸੁਭਾਵ ਕੈਸਾ ਹੈ, ਉਹਨਾਂ ਸਹੇਲੀਆਂ ਪਾਸੋਂ ਸੁਣਦਿਆਂ ਸਾਰ :-

ਜਉ ਸੁਰਿ ਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੋ॥ ੧॥

ਜਿਸ ਵੇਲੇ ਸੁਰਿ ਜਨੁ=ਪਿਆਰਾ ਪਤੀ ਹਿਰਦੇ ਘਰ ਵਿਚ ਯਾਦ ਆਉਂਦਾ ਹੈ, ਤਿਸ ਵੇਲੇ ਲੱਜਾ ਨਾਲ ਮੂੰਹ ਕੱਜ ਲੈਂਦੀ ਹੈ ਉਸ ਦੇ ਮਿਲਾਪ ਦਾ ਅਨੰਦ ਦੱਸ ਨਹੀਂ ਸਕਦੀ। ਏਸੇ ਤਰ੍ਹਾਂ ਰਲ ਕੇ ਸਾਧਨਾਂ ਦੇ ਕਰਨ ਵਾਲੀਆਂ ਵਿਚੋਂ ਜਦ ਇਕ ਜਗਿਆਸੂ ਰੂਪ ਲੜਕੀ ਨੂੰ ਪਤੀ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਬਾਕੀ ਦੀਆਂ ਜਗਿਆਸੂ ਰੂਪ ਲੜਕੀਆਂ ਉਸ ਦੇ ਪਾਸ ਆ ਕੇ ਪੁਛਦੀਆਂ ਹਨ ਵੈਰਾਗ ਦਾ ਅਨੰਦ ਕੈਸਾ ਹੈ? ਵਿਵੇਕ ਦਾ ਅਨੰਦ ਕੈਸਾ ਹੈ? ਖਟ ਸੰਪਤੀ ਦਾ ਅਨੰਦ ਕੈਸਾ ਹੈ ? ਸ੍ਰਵਨ, ਮੰਨਨ, ਨਿਧਿਆਸਣ ਦਾ ਅਨੰਦ ਕੈਸਾ ਹੈ ? ਉਹ ਸਾਰਿਆਂ ਸਾਧਨਾਂ ਦਾ ਅਨੰਦ ਸਭ ਨੂੰ ਦੱਸ ਕੇ ਖੁਸ਼ ਕਰਦੀ ਹੈ, ਪੁਨਾ-ਜਿਸ ਵੇਲੇ ਉਹ ਪੁਛਦੀਆਂ ਹਨ ਕਿ ਤੈਨੂੰ ਪਤੀ ਪਰਮਾਤਮਾ ਦਾ ਜੋ ਅਨੰਦ ਪਰਾਪਤ ਹੋਇਆ ਹੈ ਉਹ ਕੈਸਾ ਹੈ? ਉਸ ਵੇਲੇ ਉਹ ਲੱਜਾਵਾਨ ਹੋ ਕੇ ਮੂੰਹ ਨੂੰ ਕੱਜ ਲੈਂਦੀ ਭਾਵ, ਚੁਪ ਕਰ ਜਾਂਦੀ ਹੈ ਕੁਝ ਆਖ ਨਹੀਂ ਸਕਦੀ।

ਯਥਾ:- ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥ *(ਪੰਨਾ ੩੩੪)*

ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ॥

ਜਿਵੇਂ ਮੈਲ ਸਮੇਤ ਹੋਣ ਕਰਕੇ ਕਨਿਕੋ=ਸੋਨਾ ਕੁਠਾਲੀ ਵਿਚ ਚੜ੍ਹਿਆ ਹੋਇਆ ਕਬਰੋ=ਕਮਲਾ ਹੋ ਕੇ ਫਿਰਦਾ ਹੈ ਅਰਥਾਤ, ਕੁਠਾਲੀ ਵਿਚ ਚੱਕਰ ਹੀ ਖਾਈ ਜਾਂਦਾ ਹੈ। ਪਰ-

ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ॥ ੨॥

ਜਦ ਕਾਲ ਤੋਂ ਬਾਰ੍ਹਾਂ ਵੰਨੀਆਂ ਦਾ ਸ਼ੁੱਧ ਹੋ ਜਾਂਦਾ ਹੈ, ਤਦ ਕਾਲ ਤੋਂ ਅੱਚਲ ਹੋ ਕੇ ਆਪਣੇ ਥਾਂ 'ਪਰ ਇਸਥਿਤ ਹੋ ਜਾਂਦਾ ਹੈ। ਇਸੇ ਤਰ੍ਹਾਂ ਮਲ ਵਿਖੇਪਤਾ ਰੂਪੀ ਮੈਲ, ਵਾ:-ਸੰਕਲਪਾਂ ਵਿਕਲਪਾਂ ਰੂਪੀ ਮੈਲ ਦੇ ਸਹਿਤ ਹੋਣ ਕਰਕੇ ਜਗਿਆਸੂ ਰੂਪ ਸੋਨਾ ਸਤਸੰਗਤ ਰੂਪੀ ਕੁਠਾਲੀ 'ਪਰ ਚੜ੍ਹਿਆ ਹੋਇਆ ਕਮਲਾ ਹੋਇਆ ਫਿਰਦਾ ਹੈ। ਜਦ ਕਾਲ ਤੋਂ ਬਾਰ੍ਹਾਂ ਵੰਨੀਆਂ ਦਾ ਸ਼ੁੱਧ ਹੋ ਜਾਂਦਾ ਹੈ, ਅਰਥਾਤ-ਦੱਸ ਇੰਦ੍ਰੀਏ ਤੇ ਮਨ ਬੁੱਧੀ ਸਾਫ ਹੋ ਜਾਂਦੇ ਹਨ, ਤਬ ਕਾਲ ਤੋਂ ਸਰੂਪ ਥਾਂ 'ਪਰ ਇਸਥਿਤ ਹੋ ਜਾਂਦਾ ਹੈ।

ਜਉ ਦਿਨੁ ਰੈਨਿ ਤਉ ਲਉ ਬਜਿਓ ਮੂਰਤ ਘਰੀ ਪਲੋ॥

ਜਦ ਤੱਕ ਦਿਨ ਰਾਤ ਹਨ ਤੇ ਵਜਾਉਣ ਵਾਲਾ ਭੀ ਕੋਲ ਹੈ ਤਦ ਤੱਕ ਮੂਰਤ=ਦੋ ਘੜੀਆਂ, ਇਕ ਘੜੀ ਅਤੇ ਪਲ-ਪਲ ਪਿਛੋਂ ਘੜਿਆਲ ਵਜਦਾ ਰਹਿੰਦਾ ਹੈ।

ਬਜਾਵਨਹਾਰੋ ਊਠਿ ਸਿਧਾਰਿਓ ਤਬ ਫਿਰਿ ਬਾਜੁ ਨ ਭਇਓ॥ ੩॥

ਪਰ ਜਿਸ ਵੇਲੇ ਵਜਾਉਣ ਵਾਲਾ ਘੜਿਆਲਚੀ ਉੱਠ ਕੇ ਚਲਾ ਗਿਆ, ਤਿਸ ਵੇਲੇ ਫਿਰ ਘੜਿਆਲ ਦਾ ਵੱਜਣਾ ਨਹੀਂ ਹੁੰਦਾ।

ਏਸੇ ਤਰ੍ਹਾਂ ਜਦ ਤੱਕ ਦਿਨੁ ਰੈਨਿ=ਪੁੰਨ ਪਾਪ ਹਨ ਤੇ ਵਜਾਉਣ ਵਾਲੇ ਪ੍ਰਾਣ ਭੀ ਨਾਲ ਹਨ ਤਦ ਤੱਕ ਦੋ ਘੜੀਆਂ, ਇਕ ਘੜੀ ਤੇ ਪਲ ਪਲ ਕਾਲ ਵਿਚ ਸਰੀਰ ਰੂਪ ਘੜਿਆਲ ਵਜਦਾ ਹੈ, ਭਾਵ-ਕਈ ਤਰ੍ਹਾਂ ਦੀ ਚੇਸ਼ਟਾ ਕਰਦਾ ਹੈ।

ਜਿਸ ਵੇਲੇ ਵਜਾਉਣ ਵਾਲਾ ਅਗਿਆਨ, ਪ੍ਰਾਣਾਂ ਸਮੇਤ ਉੱਠ ਕੇ ਚਲਾ ਗਿਆ ਤਾਂ ਫਿਰ ਸਰੀਰ ਰੂਪ ਘੜਿਆਲ ਦਾ ਵਜਣਾ ਨਾ ਹੋਇਆ ਕਿਉਂਕਿ ਸਰੀਰ ਦੀ ਸਾਰੀ ਚੇਸ਼ਟਾ ਖਤਮ ਹੋ ਗਈ॥ ੩॥

ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ॥

ਜਿਸ ਤਰ੍ਹਾਂ ਕੁੰਭ=ਘੜੇ, ਨਦੀ ਦੇ ਵਿਚੋਂ ਉਦਕ=ਪਾਣੀ ਨਾਲ ਜਾਂ ਸਮੁੰਦਰ ਵਿਚੋਂ ਪਾਣੀ ਨਾਲ ਭਰ ਕੇ ਲਿਆਂਦੇ ਹਨ, ਤਦ ਉਹ ਪਾਣੀ ਦੇ ਘੜੇ ਨਦੀ ਦੇ ਪਾਣੀ ਤੋਂ ਭਿੰਨ ਦ੍ਰਿਸਟੋ=ਵਖਰੇ ਦਿੱਸਦੇ ਹਨ।

ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਘੜੇ ਦਾ ਪਾਣੀ ਨਦੀ ਦੇ ਪਾਣੀ ਵਿਚ ਡੋਹਲ ਦਿੱਤਾ ਜਾਂ ਘੜਾ ਸਮੁੰਦਰ ਦੇ ਪਾਣੀ ਵਿਚ ਸੁਟ ਦਿੱਤਾ, ਤਿਸ ਵੇਲੇ ਉਹ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

ਏਸੇ ਤਰ੍ਹਾਂ ਪਰਮੇਸ਼ਰ ਰੂਪ ਸਮੁੰਦਰ ਵਿਚੋਂ ਸਰੀਰਾਂ ਰੂਪ ਘੜੇ ਅੰਤਹਕਰਣ ਜਾਂ ਅਵਿੱਦਿਆ ਰੂਪ ਜਲ ਨਾਲ ਭਰ ਕੇ ਲਿਆਂਦੇ, ਤਦ ਹੀ ਉਹ ਭਿੰਨ ਨਿਗਾਹ ਆਉਂਦੇ ਹਨ, ਜਿਸ ਵੇਲੇ ਸਰੀਰਾਂ ਰੂਪ ਘੜੇ ਪਰਮੇਸ਼ਰ ਰੂਪ ਸਮੁੰਦਰ ਦੇ ਜਲ ਵਿਚ ਸੁਟ ਦਿੱਤੇ, ਤਿਸ ਵੇਲੇ ਅੰਭੈ ਅੰਭ ਮਿਲੋ=ਜਲ ਨਾਲ ਜਲ, ਭਾਵ-ਚੇਤਨ ਨਾਲ ਚੇਤਨ ਮਿਲ ਗਿਆ॥ ੪॥ ੩॥

ਸਾਰਗ ਮਹਲਾ ੫॥ ਅਬ ਪੂਛੇ ਕਿਆ ਕਹਾ॥

ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ॥੧॥ਰਹਾਉ॥

ਹੇ ਜੀਵ ! ਹੁਣ ਅੰਤ ਵੇਲੇ ਤੇਰੇ ਪਾਸੋਂ ਜਮ ਪੁਛੇਗਾ ਕੀ ਖੱਟਿਆ ਹੈ ਅਤੇ ਕੀ ਗਵਾਇਆ ਹੈ, ਤਿਸ ਵੇਲੇ ਤੂੰ ਕਿਆ ਕਹਾ=ਕੀ ਕਹੇਂਗਾ?

ਅਥਵਾ:-ਹੇ ਜੀਵ! ਜੇ ਤੈਨੂੰ ਹੁਣ ਪਰਮਾਤਮਾ ਪੁਛੇਗਾ ਕਿ ਮੇਰੀ ਦਿੱਤੀ ਹੋਈ ਸਵਾਸਾਂ ਰੂਪੀ ਪੂੰਜੀ ਕਿਥੇ ਖਰਚ ਆਇਆ ਹੈਂ ਤਾਂ ਕੀ ਕਹੇਂਗਾ?

ਸਾਰਿਆਂ ਤੋਂ ਨੀਕਾ=ਚੰਗਾ ਜੋ ਨਾਮ ਅੰਮ੍ਰਿਤ ਰਸ ਹੈ, ਉਹ ਤੈਨੂੰ ਲੈਣਾ ਚਾਹੀਦਾ ਸੀ, ਹੇ ਪਾਗਲਾ ! ਤੂੰ ਵਿਸ਼ੇ ਵਿਕਾਰਾਂ ਰੂਪ ਜ਼ਹਿਰ ਦੇ ਨਾਲ ਹੀ ਗਹਿ ਰਹਾ=ਖਚਾਖਚ, ਭਾਵ ਤਦਾਕਰ ਹੋ ਰਿਹਾ ਹੈਂ॥ ੧॥ ਰਹਾਉ॥

ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ॥

ਤੂੰ ਵੱਡੇ ਚਿਰ ਮਗਰੋਂ ਏਹ ਦੁਰਲੱਭ ਮਨੁੱਖਾ ਜਨਮ ਪਾਇਆ ਹੈ, ਜੋ ਕਉਡੀ=ਮਾਇਆ ਦੇ ਬਦਲੇ ਨਿਸਫਲ ਜਾ ਰਿਹਾ ਹੈ।

ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ॥ ੧॥

ਜਿਵੇਂ ਕੋਈ ਸ਼ਾਹੂਕਾਰ ਆਪਣੇ ਗੁਮਾਸ਼ਤੇ ਨੂੰ ਰੁਪਇਆ ਦੇ ਕੇ ਕਸਤੂਰੀ ਖਰੀਦਣ ਵਾਸਤੇ ਭੇਜਦਾ ਹੈ ਤੇ ਉਹ ਆਪਣੀ ਮਨ ਮਤ ਅਨੁਸਾਰ ਕਲਰ ਤੇ ਜਿਵਾਹਾਂ ਦੇ ਬੂਟਿਆਂ ਨੂੰ ਖਰੀਦ ਕੇ ਲੈ ਜਾਵੇ ਤਾਂ ਉਹ ਮੂਰਖ ਹੈ।

ਇਸੇ ਤਰ੍ਹਾਂ ਪਰਮੇਸ਼ਰ ਰੂਪ ਸ਼ਾਹੂਕਾਰ ਪਾਸੋਂ ਇਹ ਜੀਵ ਸਵਾਸਾਂ ਰੂਪੀ ਪੂੰਜੀ ਲੈ ਕੇ ਮਾਤ ਲੋਕ ਰੂਪ ਵਲਾਇਤ ਵਿਚ ਗੁਰੂ ਰੂਪ ਸ਼ਾਹ ਕੋਲ ਭਗਤੀ ਰੂਪ ਕਸਤੂਰੀ ਖਰੀਦਣ ਵਾਸਤੇ ਆਇਆ ਹੈ ਪਰ ਇਸ ਨੇ ਮਾਤ ਲੋਕ ਵਿਚ ਆ ਕੇ ਕਾਲਰ=ਪਾਪ ਅਤੇ ਵਿਸ਼ੇ ਵਿਕਾਰਾਂ ਰੂਪੀ, ਵਾ:- ਹੰਕਾਰ ਰੂਪੀ ਜਵਾਹਾਂ ਦੇ ਬ੍ਰਿਛ ਲੱਦਣਾ ਕੀਤੇ ਹਨ, ਇਸ ਕਰਕੇ ਏਹ ਜੀਵ ਮੂਰਖ ਹੈ॥ ੧॥

ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ॥

ਹੇ ਜੀਵ ! ਤੂੰ ਤਾਂ ਇਥੇ ਆਤਮ ਲਾਭ ਦੇ ਲੱਭਣ ਵਾਸਤੇ ਆਇਆ ਸੈਂ ਪਰ ਮੋਹਣੇ ਵਾਲੀ ਮਾਇਆ ਰੂਪੀ ਠੱਗ ਬੂਟੀ ਨਾਲ ਹੀ ਉਲਝ ਪਿਆ ਹੈਂ।

ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ॥ ੨॥

ਵਿਸ਼ਿਆਂ ਰੂਪੀ ਕਚ ਦੇ ਬਦਲੇ ਮਨੁੱਖਾ ਦੇਹ ਰੂਪੀ ਲਾਲ ਨੂੰ ਜਾਂ ਸਵਾਸਾਂ ਰੂਪੀ ਲਾਲ ਨੂੰ,

ਵਾ:- ਲਾਲੁ=ਪਰਮਾਤਮਾ ਨੂੰ ਗੁਆ ਦਿੱਤਾ ਹੈ, ਫਿਰ ਏਹ ਮਨੁੱਖਾ ਦੇਹ ਦੀ ਪ੍ਰਾਪਤੀ ਦਾ ਅਉਸਰੁ=ਸਮਾਂ ਕਦੋਂ ਪਾਏਂਗਾ॥ ੨॥

ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ॥

ਤੇਰੇ ਵਿਚ ਸਾਰੇ ਪਰਾਧ=ਔਗੁਣ ਹਨ, ਇਕ ਭੀ ਸ਼ੁਭ ਗੁਣ ਨਹੀਂ ਹੈ, ਠਾਕੁਰੁ=ਸੁਆਮੀ ਪਰਮਾਤਮਾ ਨੂੰ ਛੱਡ ਕੇ ਤੂੰ ਦਾਸਿ=ਦਾਸੀ ਮਾਇਆ ਦੀ ਤਰਫ ਦੌੜਿਆ ਫਿਰਦਾ ਹੈਂ।

ਆਈ ਮਸਟਿ ਜੜ ਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨ੍ਹਿਹਾ॥ ੩॥

ਜਿਸ ਵੇਲੇ ਮੂਰਛਾ ਰੂਪੀ ਮਸਟਿ=ਚੁਪ ਆਈ ਜਾਂ ਮੌਤ ਰੂਪੀ ਮਸ੍ਟਿ=ਮੂਰਛਾ ਆਈ ਤਾਂ ਫਿਰ ਜੜ ਵਤ=ਜੜ ਪਦਾਰਥ ਦੀ ਨਿਆਈਂ ਹੋ ਗਿਆ ਤੇ ਐਨੀ ਮਾਰ ਪੈਂਦੀ ਹੈ, ਜਿਵੇਂ ਸਾਂਨ੍ਹਿਹਾ=ਸੰਨ੍ਹ ਦੇ ਅੰਦਰ ਚੋਰ ਫੜਿਆ ਜਾਵੇ ਤੇ ਉਸ ਨੂੰ ਬਹੁਤ ਸਾਰੀ ਮਾਰ ਪੈਂਦੀ ਹੈ॥ ੩॥

ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ॥

ਜਮਾਂ ਤੋਂ ਛੁਟਣ ਲਈ ਆਨ=ਹੋਰ ਕੋਈ ਜਤਨ ਸੁਝਦਾ ਨਹੀਂ ਹੈ, ਹਰੀ ਦੇ ਜੋ ਦਾਸ ਮਹਾਤਮਾ ਹਨ, ਉਹਨਾਂ ਦੀ ਸ਼ਰਨ ਵਿਚ ਪੈ ਰਹਿਣਾ ਕਰ।

ਕਹੁ ਨਾਨਕ ਤਬ ਹੀ ਮਨ ਛੁਟੀਐ
ਜਉ ਸਗਲੇ ਅਉਗਨ ਮੇਟਿ ਧਰਹਾ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ—ਹੇ ਮਨ ! ਜਨਮ ਮਰਨ ਵਲੋਂ ਤਦ ਹੀ ਤੇਰਾ ਛੁਟਕਾਰਾ ਹੋਵੇਗਾ, ਜਿਸ ਵੇਲੇ ਸਾਰਿਆਂ ਔਗੁਣਾਂ ਨੂੰ ਮੇਟ ਕੇ ਬਾਹਰ ਧਰ ਦੇਵੇਂਗਾ॥ ੪॥ ੪॥

ਉਥਾਨਕਾ:- ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ:-

ਜਗਿਆਸੂ ਕਹਿੰਦਾ ਹੈ-

ਸਾਰਗ ਮਹਲਾ ੫ ॥

ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ ॥

ਹੇ ਮਾਈ=ਸੰਤੋ ! ਮੇਰੇ ਹਿਰਦੇ ਵਿਚੋਂ ਧੀਰਜਤਾ ਰਹਿ ਹੀ ਗਈ ਹੈ, ਯਾਨੇ ਧੀਰਜ ਨਹੀਂ ਆਉਂਦਾ ਕਿਉਂਕਿ ਪਤੀ ਦੀ ਪਰਾਪਤੀ ਦਾ ਬਹੁਤ ਹੀ ਵੈਰਾਗ ਲੱਗ ਰਿਹਾ ਹੈ।

ਅਥਵਾ:- ਹੇ ਸੰਤੋ ! ਮੈਂ ਆਪਣੀ ਵਲੋਂ ਧੀਰਜ ਕਰ ਰਹੀ ਹਾਂ ਪਰ ਪਤੀ ਨਾਲ ਮਿਲਣ ਦਾ ਬਹੁਤ ਸਾਰਾ ਵੈਰਾਗ ਹੋ ਰਿਹਾ ਹੈ।

ਅਨਿਕ ਭਾਂਤਿ ਆਨੂਪ ਰੰਗ ਰੇ ਤਿਨ੍ ਸਿਉ ਰੁਚੈ ਨ ਲਾਗਿਓ ॥੧ ॥ਰਹਾਉ ॥

ਅਨੇਕ ਪਰਕਾਰ ਦੇ ਭੋਜਨ ਅਤੇ ਅਨੂਪ ਜੋ ਰੰਗ ਹਨ,

*ਅਥਵਾ:-*ਅਨੇਕ ਤਰ੍ਹਾਂ ਦੇ ਜੋ ਅਨੂਪ ਵਿਸ਼ੇ ਅਨੰਦ ਹਨ, ਉਹਨਾਂ ਦੇ ਨਾਲ ਭੀ ਮੇਰੀ ਰੁਚੀ ਲੱਗਦੀ ਨਹੀਂ ਹੈ॥ ੧ ॥ ਰਹਾਉ ॥

ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ ਨੀਂਦ ਪਲਕ ਨਹੀ ਜਾਗਿਓ ॥

ਨਿਸਿ-ਬਾਸਰੁ=ਰਾਤ ਦਿਨ ਪੀਉ ਪੀਉ ਕਰਕੇ ਮੂੰਹ ਚੋਂ ਟੇਰਉ=ਉਚਾਰਦੀ ਹਾਂ, ਭਾਵ ਕੂਕਦੀ ਹਾਂ, ਪਲਕ=ਅੱਖਾਂ ਵਿਚ ਪ੍ਰਤੱਖ ਨੀਂਦ ਨਹੀਂ ਆਉਂਦੀ,

ਵਾ:- ਪਲਕ=ਇਕ ਪਲ ਮਾਤ੍ਰ ਭੀ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ, ਹਰ ਵੇਲੇ ਜਾਗਦੀ ਹੀ ਰਹਿੰਦੀ ਹਾਂ।

ਹਾਰ ਕਜਰ ਬਸਤ੍ ਅਨਿਕ ਸੀਗਾਰ ਰੇ ਬਿਨੁ ਪਿਰ ਸਭੈ ਬਿਖੁ ਲਾਗਿਓ ॥੧ ॥

ਹਰਿ ਹਰਿ ਕਰਨੇ ਰੂਪ ਹਾਰ, ਕਜਰ=ਸਮਾਧੀ ਲਗਾਉਣੇ ਰੂਪ ਕਜਲ ਪਾਉਣਾ, ਪਰਮੇਸ਼ਰ ਨਾਮਾਂ ਦੇ ਉਚਾਰਨੇ ਰੂਪ ਬਸਤ੍=ਕਪੜੇ ਪਹਿਨਣੇ, ਜਪ ਤਪ ਆਦਿਕ ਸਾਧਨ ਕਰਨੇ ਰੂਪ ਅਨੇਕ ਤਰ੍ਹਾਂ ਦੇ ਸ਼ਿੰਗਾਰ ਕਰਨੇ, ਪਤੀ ਪਰਮਾਤਮਾ ਦੀ ਪਰਾਪਤੀ ਹੋਏ ਤੋਂ ਬਿਨਾਂ ਏਹ ਸਾਰੇ ਬਿਖੁ=ਜ਼ਹਿਰ ਵਾਂਗੂੰ ਦੁੱਖ ਰੂਪ ਲੱਗਦੇ ਹਨ॥ ੧॥

[((ਪੰਨਾ ੧੨੦੪)]

ਪੂਛਉ ਪੂਛਉ ਦੀਨ ਭਾਂਤਿ ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ ॥

ਦੀਨਾਂ ਦੀ ਤਰ੍ਹਾਂ ਕਰਿ=ਹੱਥ ਜੋੜ ਕੇ ਪੁੱਛਦੀ ਹਾਂ ਪਰ ਇਕ ਤੋਂ ਨਹੀਂ ਹਰ ਇਕ ਤੋਂ ਪੁੱਛਦੀ ਹਾਂ ਪਰ ਕੋਈ ਤਾਂ ਏਹ ਗੱਲ ਕਵੇ ਕਿ ਪਤੀ ਤੇਰੇ ਦੇਸ਼ ਵਿਚ ਆਗਿਓ=ਆ ਗਿਆ ਹੈ।

ਅਥਵਾ:- ਮੈਂ ਪੁਛਣੇ ਵਾਲੀ ਹੋ ਕੇ ਦੀਨਾਂ ਦੀ ਤਰ੍ਹਾਂ ਪੁਛਣਾ ਕਰਦੀ ਹਾਂ, ਕੋਈ ਕਵੇ ਤਾਂ ਸਹੀ ਕਿ ਪਤੀ ਕਿਸ ਦੇ ਸਾਂਗਿਓ=ਸਬੱਬ ਕਰਕੇ ਮਿਲਦਾ ਹੈ।

ਹੀਉ ਦੇਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ ॥ ੨ ॥

ਜੇ ਕੋਈ ਦੱਸ ਦੇਵੇ ਤਾਂ ਉਸ ਨੂੰ ਮੈਂ ਆਪਣਾ ਹੀਉ=ਹਿਰਦਾ ਦੇਂਦੀ ਹਾਂ, ਮਨ ਤਨ ਭੀ ਸਾਰਾ ਅਰਪਦੀ ਹਾਂ ਅਤੇ ਆਪਣਾ ਸਿਰ ਭੀ ਉਹਨਾਂ ਦੇ ਚਰਨਾਂ 'ਪਰ ਰੱਖਦੀ ਹਾਂ॥ ੨ ॥

ਚਰਣ ਬੰਦਨਾ ਅਮੋਲ ਦਾਸਰੋ ਦੇਉ ਸਾਧ ਸੰਗਤਿ ਅਰਦਾਗਿਓ ॥

ਮੈਂ ਆਪ ਜੀ ਦਾ ਅਮੁਲ ਦਾਸ ਹੋ ਕੇ ਆਪ ਜੀ ਦੇ ਚਰਨਾਂ 'ਪਰ ਬੰਦਨਾ=ਨਮਸ਼ਕਾਰ ਕਰਦਾ ਹਾਂ, ਮੇਰੀ ਆਪ ਜੀ ਅੱਗੇ ਏਹੋ ਅਰਦਾਗਿਓ=ਅਰਦਾਸ ਹੈ ਮੈਨੂੰ ਸਤਸੰਗਤ ਕਰਨੀ ਦਿਓ ਅਤੇ ਕਾਮ ਕ੍ਰੋਧ ਆਦਿਕ ਅਰੀਆਂ ਨੂੰ ਭੀ ਦਾਗ ਦਿਓ (ਸਾੜ ਦਿਓ)।

ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ ਨਿਮਖ ਦਰਸੁ ਪੇਖਾਗਿਓ ॥ ੩ ॥

ਕਿਰਪਾ ਕਰਕੇ ਮੈਨੂੰ ਪ੍ਰਭੂ ਨਾਲ ਮਿਲਾਵੋ ਤਾਂ ਕਿ ਮੈਂ ਨਿਮਖ ਭਰ ਤਾਂ ਪੇਖ+ਆਗਿਓ=ਆਪਣੇ ਅੱਗੇ ਭਾਵ ਸਨਮੁਖ ਦਰਸ਼ਨ ਦੇਖ ਲਵਾਂ।

ਅਥਵਾ:-ਨਿਮਖ ਕਾਲ ਤੋਂ ਭੀ ਆਗਿਓ=ਅੱਗੇ ਭਾਵ ਜਲਦੀ ਦਰਸ਼ਨ ਦੇਖ ਲੈਣਾ ਕਰਾਂ॥ ੩॥

ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ ॥

ਜਦ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਤਦ ਪਤੀ ਪਰਮਾਤਮਾ ਹਿਰਦੇ ਅੰਦਰ ਆ ਗਿਆ ਤੇ ਮੇਰਾ ਮਨ ਰਾਤ ਦਿਨ ਸੀਤਲ ਰਹਿਣ ਲੱਗ ਪਿਆ।

ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਜਾਂ ਰਸਿ=ਪ੍ਰੇਮ ਨਾਲ ਮੰਗਲ ਰੂਪ ਗੁਣ ਗਾਏ ਤਾਂ ਅਨਾਹਦੁ=ਇਕ ਰਸ ਸਬਦੁ=ਬ੍ਰਹਮ, ਬਾਜਿਓ=ਪ੍ਰਗਟ ਹੋ ਗਿਆ॥ ੪॥ ੫॥

ਸਾਰਗ ਮਹਲਾ ੫ ॥ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥

(੧) ਹੇ ਭਾਈ ! ਭੂਤ, ਭਵਿਸ਼ਤ, ਵਰਤਮਾਨ ਰੂਪ ਤਿੰਨ ਕਾਲਾਂ ਵਿਚ ਹਰੀ ਸੱਤ ਹੈ ਅਤੇ ਹਰੀ ਦੇ ਸੰਤ ਭੀ ਤਿੰਨਾਂ ਕਾਲਾਂ ਵਿਚ ਸੱਤ ਹਨ।

(੨) *ਅਥਵਾ:*-ਹੇ ਭਾਈ ! ਸੰਤਾਂ ਨੇ ਇਹ ਨਿਸਚੇ ਕੀਤਾ ਹੈ ਕਿ ਹਰੀ ਪਿਛੇ ਭੀ ਸੱਤ ਤੇ ਸੱਤ ਸੀ, ਹੁਣ ਭੀ ਸੱਤ ਤੇ ਸੱਤ ਹੈ, ਅੱਗੇ ਭੀ ਹਰੀ ਸੱਤ ਤੇ ਸੱਤ ਹੋਵੇਗਾ।

(੩) *ਅਥਵਾ:*-ਸਤਿ=ਪਰਮੇਸ਼ਰ ਦੇ ਸਰੂਪ ਜੋ ਸਤਿ=ਸਤਗੁਰ ਦੇਵ ਜੀ ਹਨ, ਸੱਤ ਸਰੂਪ ਦੀ ਪਰਾਪਤੀ ਕਰਨ ਵਾਲੇ, ਹੇ ਭਾਈ ! ਉਹਨਾਂ ਦੁਆਰੇ ਜਿਸ ਨੇ ਸਤਿ=ਸਤਿਨਾਮੁ ਮੰਤ੍ਰ ਨੂੰ ਜਪਿਆ ਹੈ, ਉਸ ਨੇ ਹਰੀ ਨੂੰ ਸੱਚ ਸਰੂਪ ਅਤੇ ਸੰਤਾਂ ਨੂੰ ਭੀ ਸੱਤ ਸਰੂਪ ਨਿਸਚੇ ਕੀਤਾ ਹੈ।

ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥ ੧ ॥ ਰਹਾਉ ॥

ਪੂਰਿਆਂ ਗੁਰਾਂ ਨੇ ਜੋ ਬਚਨ ਕਿਹਾ ਹੈ, ਮੈਂਨੇ ਉਸ ਬਚਨ ਨੂੰ ਖਿਚ ਕੇ ਗੰਠ ਵਿਚ ਬੰਨ੍ਹ ਲਿਆ ਹੈ, ਅਰਥਾਤ-ਮੈਂ ਘੁੱਟ ਕੇ ਪੱਲੇ ਬੰਨ੍ਹ ਲਿਆ ਹੈ॥ ੧॥ ਰਹਾਉ॥

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥

ਨਿਸਿ=ਰਾਤ, ਬਾਸੁਰ=ਦਿਨ, ਨਖਿਅਤ੍ਰ=ਤਾਰੇ ਸਭ ਨਾਸ ਹੋ ਜਾਣ ਵਾਲੇ ਹਨ, ਰਵਿ=ਸੂਰਜ, ਸਸੀਅਰ= ਚੰਦ੍ਰਮਾ ਭੀ ਬੇਨਾਧਾ=ਨਾਸ ਹੋ ਜਾਣੇ ਹਨ।

ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥

ਗਿਰਿ=ਪਹਾੜ, ਬਸੁਧਾ=ਧਰਤੀ, ਜਲ ਅਤੇ ਪੌਣ ਆਦਿਕ ਸਭ ਨੇ ਚਲਿਆ ਜਾਣਾ ਹੈ, ਇਕ ਸੰਤਾਂ ਦਾ

ਬਚਨ ਹੀ ਅਟੱਲ ਰਹਿਣਾ ਹੈ।

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥

ਅੰਡਿਆਂ ਤੋਂ ਪੈਦਾ ਹੋਣ ਵਾਲੇ ਨਾਸ ਹੋ ਜਾਣਗੇ, ਜੇਰ=ਰਕਤ ਬਿੰਦ ਤੋਂ ਪੈਦਾ ਹੋਣ ਵਾਲੇ ਭੀ ਨਾਸ ਹੋ ਜਾਣਗੇ, ਉਤਭੁਜ ਖਾਣੀ=ਬ੍ਰਿਛ, ਪਹਾੜ ਆਦਿਕ ਭੀ ਨਾਸ ਹੋ ਜਾਣਗੇ ਸੇਤ=ਪਸੀਨੇ ਤੋਂ ਪੈਦਾ ਹੋਣ ਵਾਲੇ ਭੀ ਬਿਨਾਧਾ=ਨਾਸ ਹੋ ਜਾਣਗੇ।

ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ ੨ ॥

ਚਾਰ ਬੇਦ ਭੀ ਨਾਸ ਹੋ ਜਾਣਗੇ, ਖਟਹਿ=ਛੇ ਸ਼ਾਸਤ੍ਰ ਭੀ ਨਾਸ ਹੋ ਜਾਣਗੇ, ਇਕ ਸੰਤਾਂ ਦਾ ਬਚਨ ਹੀ ਅਚੱਲ ਰਹੇਗਾ ॥ ੨ ॥

ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥

ਰਾਜ=ਰਜੋ ਗੁਣ ਨਾਸ ਹੋਵੇਗਾ, ਤਾਮ=ਤਮੋ ਗੁਣ ਨਾਸ ਹੋਵੇਗਾ, ਸਾਤਕੁ=ਸਤੋ ਗੁਣ ਭੀ ਬੇਨਾਧਾ=ਨਾਸ ਹੋ ਜਾਵੇਗਾ।

ਦ੍ਰਿਸਟਿ ਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥ ੩ ॥

ਦ੍ਰਿਸ਼ਟੀਮਾਨ ਜੋ ਭੀ ਪਦਾਰਥ ਹੈ, ਅਰਥਾਤ-ਅੱਖਾਂ ਨਾਲ ਜੋ ਭੀ ਪਦਾਰਥ ਨਿਗਾਹ ਆ ਰਿਹਾ ਹੈ, ਉਹ ਸਭ ਨਾਸ ਹੋ ਜਾਏਗਾ, ਇਕ ਸੰਤਾਂ ਦਾ ਬਚਨ ਹੀ ਅਗਾਧ ਹੈ ॥ ੩ ॥

ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥

ਆਪਣੇ ਆਪ ਤੋਂ ਆਪਣਾ ਆਪ ਰੂਪ ਏਹ ਸਾਰਾ ਖੇਲ ਆਪ ਹੀ ਉਸ ਨੇ ਦਿਖਾਇਆ ਹੈ।

ਅਥਵਾ:-ਪਿਛੇ ਭੀ ਆਪੇ ਆਪ ਸੀ, ਹੁਣ ਭੀ ਆਪੇ ਆਪ ਹੈ, ਅੱਗੇ ਭੀ ਉਹ ਪ੍ਰਭੂ ਆਪਣਾ ਸੰਸਾਰ ਖੇਲ ਆਪ ਹੀ ਦਿਖਾਵੇਗਾ।

ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥ ੪ ॥ ੬ ॥

ਹੇ ਭਾਈ ! ਕਹੀ ਭਾਂਤਿ=ਹੋਰ ਕਿਸੀ ਤਰ੍ਹਾਂ ਭੀ ਉਹ ਪ੍ਰਭੂ ਪਾਇਆ ਨਹੀਂ ਜਾਂਦਾ, ਜਿਸ ਨੇ ਭੀ ਲਭਿਆ ਹੈ, ਉਸ ਨੇ ਗੁਰਾਂ ਨਾਲ ਮਿਲ ਕੇ ਉਸ ਪ੍ਰਭੂ ਨੂੰ ਲਾਧਾ=ਲੱਭ ਲਿਆ ਹੈ ॥ ੪ ॥ ੬ ॥

ਸਾਰਗ ਮਹਲਾ ੫ ॥

ਮੇਰੈ ਮਨਿ ਬਾਸਿਓ ਗੁਰ ਗੋਬਿੰਦ ॥

ਮੇਰੇ ਮਨ ਵਿਚ ਗੁਰੂ ਤੇ ਗੋਬਿੰਦ ਬਾਸਿਓ=ਵਸ ਰਿਹਾ ਹੈ।

ਅਥਵਾ:-ਮੇਰੇ ਮਨ ਵਿਚ ਗੁਰ=ਪੂਜਨੀਕ ਗੋਬਿੰਦ ਵਸ ਰਿਹਾ ਹੈ।

ਜਹਾਂ ਸਿਮਰਨੁ ਭਇਓ ਹੈ ਠਾਕੁਰ ਤਹਾਂ ਨਗਰ ਸੁਖ ਆਨੰਦ ॥ ੧ ॥ ਰਹਾਉ ॥

ਜਿਸ ਨਗਰ ਵਿਚ ਠਾਕੁਰ ਦਾ ਸਿਮਰਨ ਹੋ ਰਿਹਾ ਹੈ, ਉਸ ਨਗਰ ਵਿਚ ਹਮੇਸ਼ਾਂ ਸੁਖ ਆਨੰਦ ਹੈ।

ਅਥਵਾ :-ਜਿਥੇ ਠਾਕੁਰ ਦਾ ਸਿਮਰਨ ਹੋ ਰਿਹਾ ਹੈ, ਉਹ ਅਸਥਾਨ ਨਗਰ ਵਾਂਗੂੰ ਸੁਖ ਤੇ ਅਨੰਦ ਦੇਣ

ਵਾਲਾ ਹੈ॥ ੧॥ ਰਹਾਉ॥

ਜਹਾਂ ਬੀਸਰੈ ਠਾਕੁਰੁ ਪਿਆਰੋ ਤਹਾਂ ਦੂਖ ਸਭ ਆਪਦ॥

ਜਿਥੇ ਪਿਆਰਾ ਵਾਹਿਗੁਰੂ ਬੀਸਰੈ=ਭੁਲ ਗਿਆ ਹੈ, ਉਥੇ ਸਾਰੇ ਦੁੱਖ ਤੇ ਆਪਦ=ਬਿਪਤਾ ਆ ਕੇ ਪ੍ਰਾਪਤ ਹੁੰਦੀਆਂ ਹਨ।

ਜਹ ਗੁਨ ਗਾਇ ਆਨੰਦ ਮੰਗਲ ਰੂਪ ਤਹਾਂ ਸਦਾ ਸੁਖ ਸੰਪਦ॥ ੧॥

ਜਿਥੇ ਮੰਗਲ ਰੂਪ ਪਰਮਾਤਮਾ ਦੇ ਆਨੰਦ ਦਾਇਕ ਗੁਣਾਂ ਦਾ ਗਾਇਣ ਕਰਨਾ ਹੁੰਦਾ ਹੈ, ਉਥੇ ਹਮੇਸ਼ਾਂ ਸੁਖ ਤੇ ਸੰਪਦਾ ਦੀ ਪਰਾਪਤੀ ਹੁੰਦੀ ਹੈ॥ ੧॥

ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ॥

ਜਿਥੇ ਹਰੀ ਦੀ ਕਥਾ ਸ੍ਰਵਨ=ਕੰਨੀ ਨਹੀਂ ਸੁਣੀਂਦੀ, ਉਹ ਥਾਂ ਬੜੀ ਭਿਆਨਕ ਉਦਿਆਨ=ਉਜਾੜ ਵਾਂਗੂੰ ਹੈ।

ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ॥ ੨॥

ਜਿਥੇ ਰੋਜ਼ਾਨਾਂ ਸਤਸੰਗਤ ਤੇ ਹਰੀ ਕੀਰਤਨ ਦਾ ਰਸੁ=ਅਨੰਦ ਪਰਾਪਤ ਹੁੰਦਾ ਹੈ, ਉਹ ਥਾਂ ਵੱਡੀ ਸੁਗੰਧੀ ਤੇ ਫਲਾਂ ਦੇ ਅਨੰਦ ਦੇਣ ਵਾਲੀ ਬਗੀਚੀ ਹੈ।

*ਅਥਵਾ :-*ਤਿਥੇ ਭਗਤੀ, *ਵਾ:-*ਜਸ ਰੂਪ ਸਘਨੀ ਵਾਸ਼ਨਾ ਹੈ ਤੇ ਅਨੰਦ ਫਲ ਦੀ ਪ੍ਰਾਪਤੀ ਹੁੰਦੀ ਹੈ॥ ੨॥

ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ॥

ਪ੍ਰਭੂ ਦੇ ਸਿਮਰਨ ਤੋਂ ਬਿਨਾਂ ਚਾਹੇ ਕ੍ਰੋੜਾਂ ਵਰ੍ਹੇ ਭੀ ਜੀਉਂਦਾ ਹੈ ਪਰ ਉਸ ਦੀ ਸਾਰੀ ਅਉਧ=ਉਮਰਾ ਬ੍ਰਿਥਾਨਦ=ਵਿਅਰਥ (ਨਿਸਫਲ) ਹੈ।

ਏਕ ਨਿਮਖ ਗੋਬਿੰਦ ਭਜਨੁ ਕਰਿ
ਤਉ ਸਦਾ ਸਦਾ ਜੀਵਾਨਦ॥ ੩॥

ਜੋ ਗੋਬਿੰਦ ਦਾ ਭਜਨ ਕਰਦਾ ਹੋਇਆ ਇਕ ਨਿਮਖ ਕਾਲ ਭੀ, ਅਰਥਾਤ-ਥੋੜ੍ਹਾ ਸਮਾਂ ਭੀ ਜੀਉਂਦਾ ਰਿਹਾ ਹੈ ਤਾਂ ਉਸ ਨੇ ਸਦਾ ਹੀ, ਸਦਾ=ਨਿਤ ਜੀਵਣ ਦਾ ਅਨੰਦ ਪਾਇਆ ਹੈ॥ ੩॥

ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧਸੰਗਤਿ ਕਿਰਪਾਨਦ॥

ਮਨ ਕਰਕੇ ਪ੍ਰਭੂ ਦੀ ਸ਼ਰਨ ਵਿਚ, ਤਨ ਕਰਕੇ ਪ੍ਰਭੂ ਦੀ ਸ਼ਰਨ ਵਿਚ, ਬਾਣੀ ਦੁਆਰਾ ਪ੍ਰਭੂ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਵੋ ਅਤੇ ਕਿਰਪਾ ਦਾ ਨਦ=ਸਮੁੰਦਰ ਜੋ ਸਤਸੰਗ ਹੈ, ਉਸ ਨੂੰ ਤਨ, ਮਨ, ਧਨ ਭੇਟ ਕਰ ਦਿਓ।

ਅਥਵਾ:- ਬੇਨਤੀ ਕਰੋ-ਹੇ ਕਿਰਪਾ ਦੇ ਸਮੁੰਦਰ ਪ੍ਰਭੂ ! ਮੈਨੂੰ ਸਤਸੰਗਤ ਵਿਚ ਬੈਠਣਾ ਦਿਓ।

ਨਾਨਕ ਪੂਰਿ ਰਹਿਓ ਹੈ ਸਰਬ ਮੈ ਸਗਲ ਗੁਣਾ ਬਿਧਿ ਜਾਂਨਦ॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ—ਉਹ ਪ੍ਰਭੂ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ, ਉਹ ਪ੍ਰਭੂ ਹੀ ਸਾਰਿਆਂ

ਗੁਣਾਂ ਤੇ ਬਿਧੀਆਂ ਨੂੰ ਜਾਣਦਾ ਹੈ॥ ੪॥ ੭॥

ਸਾਰਗ ਮਹਲਾ ੫॥

ਅਬ ਮੋਹਿ ਰਾਮ ਭਰੋਸਉ ਪਾਏ॥

ਅਬ=ਹੁਣ ਮੈਂ ਰਾਮ ਦਾ ਭਰੋਸਾ ਪਾਇਆ ਹੈ।

ਜੋ ਜੋ ਸਰਣਿ ਪਰਿਓ ਕਰੁਣਾਨਿਧਿ ਤੇ ਤੇ ਭਵਹਿ ਤਰਾਏ॥ ੧॥ ਰਹਾਉ॥

ਜਿਹੜਾ-ਜਿਹੜਾ ਪੁਰਸ਼ ਕਿਰਪਾ ਦੇ ਸਮੁੰਦਰ ਦੀ ਸਰਣੀ ਪਿਆ ਹੈ, ਉਸ-ਉਸ ਨੂੰ ਪਰਮਾਤਮਾ ਭਵਹਿ=ਸੰਸਾਰ-ਸਮੁੰਦਰ ਤੋਂ ਤਾਰ ਲਿਆ ਹੈ॥ ੧॥ ਰਹਾਉ॥

ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ॥

ਉਹ ਸੁਖ ਵਿਚ ਸੁਤਾ ਹੈ ਅਤੇ ਸਹਜ ਪਦ ਵਿਚ ਸਮਾਅ ਗਿਆ ਹੈ, ਕਿਉਂਕਿ ਪੂਰਿਆਂ ਗੁਰਾਂ ਨੇ ਉਸ ਦਾ ਸਾਰਾ ਸੰਸਾ ਗੁਆ ਦਿੱਤਾ ਹੈ।

ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ॥ ੧॥

ਜੋ ਮੈਂ ਚਾਹੁੰਦਾ ਸਾਂ ਓਹੀ ਹਰੀ ਨੇ ਕੀਤਾ ਹੈ ਅਤੇ ਮਨ ਇੱਛਤ ਫਲ ਪਾਏ ਹਨ॥ ੧॥

ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ ਕਥਾ ਸੁਨਾਏ॥

ਹਿਰਦੇ ਵਿਚ ਨਾਮ ਜਪਦਾ ਹਾਂ, ਅੱਖਾਂ ਨੂੰ ਧਿਆਨ ਵਿਚ ਲਾਉਂਦਾ ਹਾਂ, ਸ੍ਰਵਨੀ=ਕੰਨਾਂ ਨੂੰ ਹਰੀ ਦੀ ਕਥਾ ਸੁਣਾਂਦਾ ਹਾਂ।

[((ਪੰਨਾ ੧੨੦੫)]

ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ॥ ੨॥

ਪੈਰਾਂ ਨਾਲ ਠਾਕੁਰ ਪਰਮਾਤਮਾ ਦੇ ਮਾਰਗਿ=ਰਸਤੇ ਵਿਚ ਤੁਰਦਾ ਹਾਂ ਅਤੇ ਰਸਨਾ=ਜੀਭ ਨਾਲ ਹਰੀ ਦੇ ਗੁਣ ਗਾਉਂਦਾ ਹਾਂ॥ ੨॥

ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ॥

ਜਿਸ ਵੇਲੇ ਸੰਤਾਂ ਨੇ ਕਿਰਪਾ ਦ੍ਰਿਸ਼ਟੀ ਨਾਲ ਸੰਸਾਰ ਵਲੋਂ ਬਿਰਤੀ ਉਲਟੀ ਕਰ ਦਿੱਤੀ ਤਾਂ ਗਿਆਨ ਦ੍ਰਿਸ਼ਟੀ ਕਰਕੇ ਮੰਗਲ ਸਰੂਪ ਪਰਮਾਤਮਾ ਨੂੰ ਸਾਰੇ ਵਿਆਪਕ ਦੇਖਣਾ ਕੀਤਾ।

ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ॥ ੩॥

ਲਾਲੁ=ਪਰੇਮ ਨਾਲ ਐਸੇ ਅਮੋਲਕ ਹਰੀ ਨਾਮ ਨੂੰ ਪਾਇਆ ਹੈ, ਜਿਸ ਨਾਮ ਨੂੰ ਛੱਡ ਕੇ ਮੇਰਾ ਮਨ ਹੋਰ ਕਿਸੇ ਤਰਫ ਜਾਂਦਾ ਨਹੀਂ ਹੈ॥ ੩॥

ਕਵਨ ਉਪਮਾ ਕਉਨ ਬਡਾਈ ਕਿਆ ਗੁਨ ਕਹਉ ਰੀਝਾਏ॥

ਕਵਨ ਉਪਮਾ=ਕਿਸ ਦੀ ਉਪਮਾ ਦੇਵਾਂ, ਕੇਹੜੀ ਵਡਿਆਈ ਕਰਾਂ ਅਤੇ ਕੇਹੜੇ ਗੁਣ ਕਹਿ ਕੇ ਉਸ ਨੂੰ ਰੀਝਾਏ=ਪਰਸੰਨ ਕਰਾਂ।

ਹੋਤ ਕ੍ਰਿਪਾਲ ਦੀਨ ਦਇਆ ਪ੍ਰਭ ਜਨ ਨਾਨਕ ਦਾਸ ਦਸਾਏ ॥ ੪ ॥ ੮ ॥

ਗੁਰੂ ਜੀ ਕਥਨ ਕਰਦੇ ਹਨ—ਦੀਨ ਦਿਆਲ ਪ੍ਰਭੂ ਜਿਸ ਉੱਤੇ ਕਿਰਪਾਲੂ ਹੁੰਦਾ ਹੈ, ਉਹ ਜਨ ਦਾਸਾਂ ਦਾ ਦਾਸ ਹੁੰਦਾ ਹੈ। *ਅਥਵਾ:*-ਦਇਆ ਸਰੂਪ ਪ੍ਰਭੂ ਦੀਨਾਂ ਉੱਤੇ ਕ੍ਰਿਪਾਲੂ ਹੁੰਦਾ ਹੈ, ਇਸ ਲਈ ਮੈਂ ਉਸ ਦੇ ਦਾਸਾਂ ਦਾ ਦਾਸ ਹੋਇਆ ਹਾਂ॥ ੪ ॥ ੮ ॥

ਸਾਰਗ ਮਹਲਾ ੫ ॥

ਉਇ ਸੁਖ ਕਾ ਸਿਉ ਬਰਨਿ ਸੁਨਾਵਤ ॥

ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ ॥੧ ॥ਰਹਾਉ ॥

ਜਿਹੜੇ ਗੁਰਮੁਖ ਮਨ ਵਿਚ ਮੰਗਲ ਸਰੂਪ ਪ੍ਰਭੂ ਦੇ ਗੁਣ ਗਾਂਵਦੇ ਹੋਏ, ਅਨੰਦ ਦਾਇਕ ਬਿਨੋਦ=ਕੌਤਕਾਂ ਦੇ ਕਰਨ ਵਾਲੇ ਪ੍ਰਭੂ ਦਾ ਦਰਸ਼ਨ ਦੇਖ ਕੇ ਸੁਖੀ ਹੋਏ ਹਨ, ਉਹ ਆਪਣੇ ਪ੍ਰਾਪਤ ਹੋਏ ਸੁਖ ਨੂੰ ਕਿਸ ਨਾਲ ਬਰਨਿ=ਕਥਨ ਕਰਕੇ ਸੁਣਾਉਂਦੇ ਹਨ।

ਭਾਵ-ਉਹ ਆਪਣੇ ਪ੍ਰਾਪਤ ਹੋਏ ਸੁਖ ਨੂੰ ਕਿਸੇ ਨਾਲ ਦੱਸਦੇ ਨਹੀਂ ਹਨ।

ਅਥਵਾ:-ਜਿਹੜੇ ਗੁਰਮੁਖ ਮਨ ਵਿਚ ਮੰਗਲ ਰੂਪ ਪ੍ਰਭੂ ਦੇ ਗੁਣ ਗਾਂਵਦੇ ਹਨ, ਓਹੀ ਪ੍ਰਭੂ ਦਾ ਦਰਸ਼ਨ ਦੇਖਦੇ ਹਨ, ਪੁਨਾ-ਉਹਨਾਂ ਨੂੰ ਸ੍ਵਨਾ ਨੰਦ, ਬਿਨੋਦ=ਦਰਸ਼ਨਾਂ ਨੰਦ ਅਤੇ ਕੋਡ=ਭੋਗਾ ਨੰਦ ਤਿੰਨੇ ਅਨੰਦ ਪ੍ਰਾਪਤ ਹੁੰਦੇ ਹਨ, ਇਸ ਲਈ ਉਹਨਾਂ ਨੂੰ ਜੋ ਬ੍ਰਹਮ ਸੁਖ ਪਰਾਪਤ ਹੋਇਆ ਹੈ, ਉਹ ਬ੍ਰਹਮ ਸੁਖ ਕਿਸ ਨੂੰ ਕਥਨ ਕਰਕੇ ਸੁਣਾਉਂਦੇ ਹਨ, ਭਾਵ ਨਹੀਂ ਸੁਣਾਉਂਦੇ।

ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ ॥

ਅਸਚਰਜ ਰੂਪ ਪਰਮਾਤਮਾ ਨੂੰ ਦੇਖ ਕੇ ਉਹਨਾਂ ਦੀ ਬੁੱਧੀ ਅਸਚਰਜ ਰੂਪ ਹੋਈ ਹੈ ਅਤੇ ਕਿਰਪਾਵਤ=ਕ੍ਰਿਪਾਲੂ ਪ੍ਰਭੂ ਨੂੰ ਪੂਰਨ ਹੋ ਰਿਹਾ ਵੇਖਿਆ ਹੈ।

ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ ॥ ੧ ॥

ਉਨ੍ਹਾਂ ਨੇ ਜੋ ਅਮੋਲਕ ਨਾਮ ਅੰਮ੍ਰਿਤ ਪੀਤਾ ਹੈ, ਉਸ ਕਰਕੇ ਐਸਾ ਆਨੰਦ ਹੋਇਆ ਹੈ ਜਿਵੇਂ ਗੂੰਗਾ ਮਠਿਆਈ ਛਕ ਕੇ ਖੁਸ਼ੀ ਨਾਲ ਮੁਸਕਾਵਤ=ਮੁਸਕ੍ਰਾਂਦਾ (ਹੱਸਦਾ) ਹੈ॥ ੧ ॥

ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ ॥

ਜਿਵੇਂ ਇਕਾਂਤ ਜਗ੍ਹਾਂ 'ਪਰ ਬੈਠ ਕੇ ਜੋਗੀ ਨੇ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਬੰਨ੍ਹ ਕੇ ਰੱਖਿਆ ਹੈ ਤਾਂ ਉਸ ਜੋਗੀ ਨੂੰ ਦੂਜੇ ਦੇ ਆਉਣੇ ਜਾਣੇ ਦੀ ਕੋਈ ਸਮਝ ਨਹੀਂ ਹੁੰਦੀ। ਏਸੇ ਤਰ੍ਹਾਂ—

ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ ਉਆ ਕੀ ਕਹੀ ਨ ਜਾਇ ਕਹਾਵਤ ॥੨ ॥

ਜਿਸ ਦੇ ਹਿਰਦੇ ਵਿਚ ਹਰੀ ਦਾ ਪ੍ਰਕਾਸ਼ ਹੋਇਆ ਹੈ, ਉਸ ਦੀ ਕਹਾਣੀ ਅਕਹਿ ਹੋਣ ਕਰਕੇ ਮੂੰਹ ਤੋਂ ਕੁਝ ਕਥਨ ਨਹੀਂ ਕੀਤੀ ਜਾਂਦੀ॥ ੨ ॥

ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ ॥

ਆਨ=ਹੋਰ ਜਿੰਨੇ ਕੁਝ ਭੀ ਸੰਸਾਰਕ ਉਪਾਵ ਕਹੇ ਜਾਂਦੇ ਹਨ, ਉਹ ਉਤਨੇ ਸਾਰੇ ਸਿੱਖਣੇ ਕਰਕੇ ਪਾ

ਲਈਦੇ ਹਨ ਪਰ ਪਰਮੇਸ਼ਰ ਦੀ ਪ੍ਰਾਪਤੀ ਗੁਰ ਕ੍ਰਿਪਾ ਨਾਲ ਹੁੰਦੀ ਹੈ।

ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ ॥ ੩ ॥

ਗੁਰਮੁਖਾਂ ਦੇ ਅੰਤਹਕਰਣ ਰੂਪ ਘਰ ਦੇ ਵਿਚ ਗੁਰ ਕ੍ਰਿਪਾ ਕਰਕੇ ਅਚਾਨਕ ਹੀ ਲਾਲੁ=ਪਿਆਰਾ ਪ੍ਰਭੂ ਆ ਕੇ ਪ੍ਰਗਟਿਆ ਹੈ, ਜਿਵੇਂ ਕੋਈ ਅਗਮ ਵਸਤੂ ਪਰਖਣੇ ਨੂੰ ਕਠਨ ਹੁੰਦੀ ਹੈ, ਤਿਵੇਂ ਉਸ ਪ੍ਰਭੂ ਦਾ ਪਰਖਣਾ ਔਖਾ ਹੈ॥ ੩ ॥

ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ ॥

ਉਹ ਨਿਰਗੁਣ ਬ੍ਰਹਮ ਨਿਰਾਕਾਰ ਹੋਣ ਕਰਕੇ ਅਬਿਨਾਸ਼ੀ ਹੈ, ਉਹ ਅਤੁੱਲ ਬ੍ਰਹਮ ਤੱਕੜੀ ਨਾਲ ਤੋਲਿਆ ਨਹੀਂ ਜਾਂਦਾ।

ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ ॥ ੪ ॥ ੯ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਅਜਰੁ=ਆਤਮ ਵਸਤੂ ਨੂੰ ਜਰਿਆ=ਸਹਾਰਿਆ ਹੈ, ਉਸ ਦਾ ਆਨੰਦ ਓਸੇ ਨੂੰ ਹੀ ਬਣਿ ਆਉਂਦਾ ਹੈ॥ ੪ ॥ ੯ ॥

ਸਾਰਗ ਮਹਲਾ ੫ ॥

ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥

ਵਿਸ਼ੱਈ ਪੁਰਸ਼ ਰਾਤ ਦਿਨ ਨੂੰ ਐਵੇਂ ਨਿਸਫਲ ਹੀ ਗੁਦਾਰੈ=ਬਤੀਤ ਕਰ ਲੈਂਦਾ ਹੈ।

ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥ ੧ ॥ ਰਹਾਉ ॥

ਹੰਕਾਰ ਵਾਲੀ ਬੁੱਧੀ ਵਿਚ ਮਸਤ ਹੋ ਕੇ ਗੋਬਿੰਦ ਦਾ ਸਿਮਰਨ ਨਹੀਂ ਕਰਦਾ, ਆਪਣੇ ਅਮੋਲਕ ਮਨੁੱਖਾ ਜਨਮ ਨੂੰ ਜੂਏ ਵਾਂਗੂੰ ਹਾਰ ਦੇਂਦਾ ਹੈ॥ ੧ ॥ ਰਹਾਉ ॥

ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥

ਪ੍ਰਭੂ ਦਾ ਜੋ ਅਮੋਲਕ ਨਾਮ ਹੈ ਉਸ ਨਾਲ ਪਰੀਤੀ ਨਹੀਂ ਕਰਦਾ ਅਤੇ ਪਰਾਈ ਨਿੰਦਿਆਂ ਨਾਲ ਹਿਤਕਾਰੈ=ਪ੍ਰੇਮ ਕਰਦਾ ਹੈ।

ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥ ੧ ॥

ਜਿਵੇਂ ਕਿਸੀ ਨੇ ਤ੍ਰਿਣ ਕੋ=ਕੱਖਾਂ ਦਾ ਛਪਰ ਬੰਨ੍ਹ ਕੇ ਸਵਾਰਿਆ ਹੋਇਆ ਹੈ ਤੇ ਉਸ ਦੇ ਦਰਵਾਜ਼ੇ 'ਪਰ ਪਾਵਕੁ=ਅੱਗ ਬਾਲ ਦੇਵੇ ਤਾਂ ਉਹ ਮੂਰਖ ਹੈ। ਤਿਵੇਂ ਸ਼ਕਾਮ ਕਰਮਾਂ ਰੂਪੀ ਤ੍ਰਿਣਾਂ ਨਾਲ ਏਹ ਸਰੀਰ ਰੂਪ ਛਪਰਾ ਬੰਨ੍ਹ ਕੇ ਸਵਾਰਿਆ ਹੈ, ਇਸ ਦੇ ਦੁਆਰੇ 'ਪਰ ਗੁਰ ਨਿੰਦਿਆ, ਵਾ:-ਪ੍ਰਭੂ ਦੀ ਨਿੰਦਿਆ ਕਰਨੇ ਰੂਪ ਅੱਗ ਬਾਲ ਰਿਹਾ ਹੈ, ਇਸ ਤੇ ਏਹ ਮੂਰਖ ਹੈ॥ ੧ ॥

ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥

ਏਹ ਮਨਮੁਖ ਪਾਪਾਂ ਰੂਪੀ ਕੱਲਰ ਦੀ ਪੰਡ ਨੂੰ ਆਪਣੇ ਅੰਤਹਕਰਣ ਰੂਪ ਮੂੰਡਹਿ=ਸਿਰ 'ਪਰ ਉਠਾ ਰਿਹਾ ਹੈ ਤੇ ਪ੍ਰਭੂ ਦੇ ਨਾਮ ਅੰਮ੍ਰਿਤ ਨੂੰ ਮਨ ਵਿਚੋਂ ਡਾਰੈ=ਸੁਟਦਾ ਜਾ ਰਿਹਾ ਹੈ।

ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ॥ ੨॥

ਜਿਵੇਂ ਕੋਈ ਚਿੱਟੇ ਕਪੜੇ ਪਾ ਕੇ ਕਾਜਰ=ਕਾਲਖ ਵਾਲੀ ਕੋਠੀ ਵਿਚ ਪੈ ਜਾਵੇ ਅਤੇ ਫਿਰ ਉਹਨਾਂ ਕਪੜਿਆਂ ਨੂੰ ਮੁੜ-ਮੁੜ ਕੇ ਝਾੜੇ ਤਾਂ ਉਹ ਦੂਣੇ ਕਾਲੇ ਹੁੰਦੇ ਹਨ। ਏਸੇ ਤਰ੍ਹਾਂ ਸਰੀਰ 'ਪਰ ਸ਼ਕਾਰ ਕਰਮਾਂ ਰੂਪੀ ਕਪੜੇ, ਵਾ:-ਜਪ ਤਪ ਕਰਨੇ ਰੂਪੀ ਕਪੜੇ ਪਹਿਨ ਕੇ ਸੰਸਾਰ ਰੂਪ ਕਜਲੇ ਦੀ ਕੋਠੀ ਵਿਚ ਪੈ ਗਿਆ ਤੇ ਮੁੜ-ਮੁੜ ਕੇ ਉਨ੍ਹਾਂ ਕਪੜਿਆਂ ਨੂੰ ਝਾੜਦਾ ਹੈ। ਭਾਵ-ਹੰਕਾਰ ਕਰਦਾ ਹੈ, ਇਸ ਕਰਕੇ ਸਗੋਂ ਪਾਪਾਂ ਰੂਪੀ ਕਾਲਖ ਲੱਗਦੀ ਜਾਂਦੀ ਹੈ॥ ੨॥

ਕਾਟੈ ਪੇਡੁ ਡਾਲ ਪਰਿ ਠਾਢੋ ਖਾਇ ਖਾਇ ਮੁਸਕਾਰੈ॥
ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ॥ ੩॥

ਜਿਵੇਂ ਕੋਈ ਪੁਰਸ਼ ਡਾਲ=ਟਾਹਣ 'ਪਰ ਖਲੋਤਾ ਹੋਇਆ, ਪੇਡੁ=ਦਰਖਤ ਨਾਲੋਂ ਉਸੇ ਟਾਹਣ ਨੂੰ ਕੱਟ ਰਿਹਾ ਹੈ ਅਤੇ ਉਸੇ ਦੇ ਫਲ ਖਾ-ਖਾ ਕੇ ਮੁਸਕਾਰੈ=ਹੱਸਦਾ ਹੈ। ਜਿਸ ਵੇਲੇ ਉਹ ਪੁਰਸ਼ ਡਿੱਗਦਾ ਹੈ ਤਾਂ ਰਸਾਤਲਿ=ਹੇਠਾਂ ਸਿਰ ਪਰਨੇ ਆ ਕੇ ਪੈਂਦਾ ਹੈ ਤੇ ਛਿਟੀ ਛਿਟੀ=ਰੰਚਕ-ਰੰਚਕ ਭਰ ਹੋ ਜਾਂਦਾ ਹੈ। ਏਸੇ ਤਰ੍ਹਾਂ ਸਰੀਰ ਰੂਪੀ ਡਾਲ=ਟਾਹਣ 'ਪਰ ਖੜਾ ਹੋ ਕੇ ਸੁਆਸਾਂ ਰੂਪੀ ਪੇਡ ਨੂੰ, ਵਾ:-ਪੁੰਨਾਂ ਰੂਪੀ ਪੇਡ ਨੂੰ,

ਵਾ:-ਨਾਮ ਰੂਪੀ ਪੇਡ ਨੂੰ ਕੱਟ ਰਿਹਾ ਹੈ ਤੇ ਪਦਾਰਥਾਂ ਨੂੰ ਖਾ-ਖਾ ਕੇ ਆਨੰਦ ਹੋ ਰਿਹਾ ਹੈ, ਜਦ ਅੰਤ ਸਮੇਂ ਸਿਰ ਪਰਨੇ ਡਿੱਗਿਆ ਤਾਂ ਨਰਕਾਂ ਰੂਪ ਰਸਾਤਲਿ=ਟੋਏ ਵਿਚ ਜਾ ਪਿਆ ਜਾਂ ਮਾਂ ਦੇ ਉਦਰ ਰੂਪ ਟੋਏ ਵਿਚ ਜਾ ਪਿਆ ਤੇ ਛਿਟੀ ਛਿਟੀ=ਰੰਚਕ-ਰੰਚਕ ਹੁੰਦਾ ਹੈ॥ ੩॥

ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ॥

ਜਿਹੜਾ ਪੁਰਸ਼ ਨਿਰਵੈਰ ਮਹਾਤਮਾ ਨਾਲ ਵੈਰ ਰਚਾਉਂਦਾ ਹੈ, ਉਹ ਗਵਾਰੈ=ਮੂਰਖ ਸੰਤਾਂ ਦੇ ਬਰਾਬਰ ਨਹੀਂ ਪਹੁੰਚ ਸਕਦਾ। ਕਿਉਂਕਿ-

ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ॥ ੪॥ ੧੦॥

ਗੁਰੂ ਜੀ ਕਥਨ ਕਰਦੇ ਹਨ—ਪਾਰਬ੍ਰਹਮ ਨਿਰੰਕਾਰ ਆਪ ਹੀ ਸੰਤਾਂ ਦਾ ਰਾਖਾ ਹੈ॥ ੪॥ ੧੦॥

ਸਾਰਗ ਮਹਲਾ ੫॥

ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ॥

ਅਵਰਿ=ਹੋਰ ਸਭ ਜੀਵ ਭੁਲੇ ਫਿਰਦੇ ਹਨ, ਭੁਲਿਆਂ ਹੋਇਆਂ ਨੇ ਵਾਹਿਗੁਰੂ ਨੂੰ ਜ਼ਾਣਿਆ ਨਹੀਂ ਹੈ।

ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ
ਤਿਨਿ ਬੇਦਹਿ ਤਤੁ ਪਛਾਨਿਆ॥ ੧॥ ਰਹਾਉ॥

ਇਕ ਸ਼ੁੱਧ ਅੱਖਰ ਨਾਮ ਜਿਸ ਦੇ ਹਿਰਦੇ ਵਿਚ ਵਸਿਆ ਹੈ। ਉਨ੍ਹਾਂ ਨੇ ਸਾਰਿਆਂ ਵੇਦਾਂ ਦਾ ਤਤੁ=ਸਿਧਾਂਤ ਪਛਾਨ ਲਿਆ ਹੈ॥ ੧॥ ਰਹਾਉ॥

ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ॥

ਪਰਵਿਰਤੀ ਮਾਰਗ ਵਿਚ ਜਿੰਨਾਂ ਕੁਝ ਕਰਮ ਧਰਮ ਵਗੈਰਾ ਹੁੰਦਾ ਹੈ, ਤਿਤਨਾ ਸਾਰਾ ਲੋਕ ਦਿਖਲਾਵਾ ਹੀ ਹੁੰਦਾ ਹੈ।

ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥ ੧ ॥

ਜਿੰਨ੍ਹਾਂ ਚਿਰ ਹਿਰਦੇ ਵਿਚ ਪਰਗਾਸਾ=ਗਿਆਨ ਨਹੀਂ ਹੁੰਦਾ, ਉਨ੍ਹਾਂ ਚਿਰ ਇਸ ਅੰਨ੍ਹੇ ਅਗਿਆਨੀ ਨੂੰ ਅਗਿਆਨ ਰੂਪ ਹਨੇਰਾ ਬਣਿਆ ਹੀ ਰਹਿੰਦਾ ਹੈ॥ ੧ ॥

ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ ॥

ਜਿਵੇਂ ਕੋਈ ਹਲ ਵਾਹ ਕੇ ਬਹੁਤ ਤਰ੍ਹਾਂ ਨਾਲ ਧਰਤੀ ਨੂੰ ਸਾਧਨਾ ਕਰੇ, ਭਾਵ ਸਵਾਰਨਾ ਕਰੇ ਪਰ ਧਰਤੀ ਵਿਚ ਬੀਜ ਬੀਜੇ ਤੋਂ ਬਿਨਾਂ ਉਗਦਾ ਕੁਝ ਨਹੀਂ ਹੈ। ਇਸੇ ਤਰ੍ਹਾਂ ਕਰਮ ਧਰਮ ਕਰਕੇ ਚਾਹੇ ਬੁੱਧੀ ਰੂਪ ਧਰਤੀ ਨੂੰ ਸਾਧੈ=ਸਵਾਰਨਾ ਭੀ ਕਰੇ ਪਰ ਗੁਰ ਉਪਦੇਸ਼ ਰੂਪ ਬੀਜ ਦੇ ਬੀਜੇ ਤੋਂ ਬਿਨਾਂ ਸ਼ੁਭ ਗੁਣ ਉਪਜਦੇ ਨਹੀਂ ਹਨ। ਵਾ:-ਸਰੂਪ ਦੀ ਪਰਾਪਤੀ ਹੁੰਦੀ ਨਹੀਂ ਹੈ।

ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ ॥ ੨ ॥

ਨਿਯਮ ਹੈ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਮੁਕਤੀ ਦੀ ਪਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਹਿਰਦੇ ਵਿਚੋਂ ਅਭਿਮਾਨੈ=ਹੰਕਾਰ ਦੀ ਨਵਿਰਤੀ ਹੁੰਦੀ ਹੈ॥ ੨ ॥

ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥

ਜਿਵੇਂ ਕੋਈ ਅਤਿ ਸ੍ਰਮੁ ਪਾਵੈ=ਬਹੁਤ ਸਾਰਾ ਕਸ਼ਟ ਪਾ ਕੇ ਨੀਰੁ ਬਿਲੋਵੈ=ਪਾਣੀ ਨੂੰ ਰਿੜਕੇ ਤਾਂ ਉਸ ਵਿਚੋਂ ਨੈਨੂ=ਮੱਖਣ ਕਿਵੇਂ ਰੀਸੈ=ਨਿਕਲੇਗਾ। ਏਸ਼ੇ ਤਰ੍ਹਾਂ ਅਤੀਅੰਤ ਕਸ਼ਟ ਉਠਾ ਕੇ ਸ਼ਕਾਮ ਕਰਮਾਂ ਰੂਪੀ ਪਾਣੀ ਨੂੰ ਰਿੜਕੇ ਤਾਂ ਉਸ ਵਿਚੋਂ ਗਿਆਨ ਰੂਪੀ ਮੱਖਣ ਕਿਵੇਂ ਨਿਕਲੇਗਾ।

ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥ ੩ ॥

ਗੁਰਾਂ ਨੂੰ ਮਿਲੇ ਤੋਂ ਬਿਨਾਂ ਕਿਸੇ ਨੂੰ ਮੁਕਤੀ ਦੀ ਪਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਜਗਤ ਦਾ ਮਾਲਕ ਪ੍ਰਭੂ ਮਿਲਦਾ ਹੈ॥ ੩ ॥

[ਪੰਨਾ ੧੨੦੬]

ਖੋਜਤ ਖੋਜਤ ਇਹੈ ਬੀਚਾਰਿਓ ਸਰਬ ਸੁਖਾ ਹਰਿ ਨਾਮਾ ॥

ਖੋਜਦਿਆਂ-ਖੋਜਦਿਆਂ ਏਹ ਵੀਚਾਰ ਕੀਤਾ ਹੈ ਕਿ ਸਾਰਿਆਂ ਸੁਖਾਂ ਦਾ ਮੂਲ ਇਕ ਹਰੀ ਦਾ ਨਾਮ ਹੈ। ਪਰ-

ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ ॥ ੪ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ—ਨਾਮ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਮਥਾਮਾ=ਮੱਥੇ ਦੇ ਭਾਗ ਚੰਗੇ ਹਨ॥ ੪ ॥ ੧੧ ॥

ਸਾਰਗ ਮਹਲਾ ੫ ॥

ਅਨਦਿਨੁ ਰਾਮ ਕੇ ਗੁਣ ਕਹੀਐ ॥

ਰਾਤ ਦਿਨ ਰਾਮ ਪ੍ਰਭੂ ਦੇ ਉਸਤਤੀ ਰੂਪ ਗੁਣ ਕਹਿੰਦੇ ਰਹੀਏ। ਤਾਂ—

ਸਗਲ ਪਦਾਰਥ ਸਰਬ ਸੂਖ ਸਿਧਿ ਮਨ ਬਾਂਛਤ ਫਲ ਲਹੀਐ ॥੧ ॥ਰਹਾਉ ॥

ਧਰਮ, ਅਰਥ, ਕਾਮ, ਮੋਖ ਰੂਪ ਸਾਰੇ ਪਦਾਰਥ, ਸਾਰੇ ਸੁਖ, ਸਾਰੀਆਂ ਸਿਧੀਆਂ ਅਤੇ ਮਨ ਬਾਂਛਤ=ਮਨ ਇੱਛਤ (ਮਨ ਭਾਉਂਦੇ) ਫਲ਼ ਪਾ ਲਈਦੇ ਹਨ॥ ੧॥ ਰਹਾਉ॥

ਆਵਹੁ ਸੰਤ ਪ੍ਰਾਨ ਸੁਖਦਾਤੇ ਸਿਮਰਹ ਪ੍ਰਭੁ ਅਬਿਨਾਸੀ॥

ਹੇ ਸੰਤੋ ! ਆਵੋ ਅਸੀਂ ਰਲ ਕੇ ਪ੍ਰਾਣਾਂ ਨੂੰ ਸੁਖ ਦੇਣ ਵਾਲੇ ਅਬਿਨਾਸੀ ਪ੍ਰਭੂ ਦਾ ਨਾਮ ਸਿਮਰਦੇ ਰਹੀਏ।

ਅਨਾਥਹ ਨਾਥੁ ਦੀਨ ਦੁਖ ਭੰਜਨ ਪੂਰਿ ਰਹਿਓ ਘਟ ਵਾਸੀ॥ ੧ ॥

ਜੋ ਅਨਾਥਾਂ ਦਾ ਨਾਥੁ=ਸੁਆਮੀ ਹੈ, ਦੀਨ=ਗਰੀਬਾਂ ਦੇ ਦੁਖ ਭੰਜਨੇ ਵਾਲਾ ਹੈ, ਉਹ ਘਟ ਵਾਸੀ ਪਰਮਾਤਮਾ ਸਭ ਜਗ੍ਹਾਂ 'ਪਰ ਪੂਰਨ ਹੋ ਰਿਹਾ ਹੈ॥ ੧॥

ਗਾਵਤ ਸੁਨਤ ਸੁਨਾਵਤ ਸਰਧਾ ਹਰਿ ਰਸੁ ਪੀ ਵਡਭਾਗੇ॥

ਜੋ ਸ਼ਰਧਾ ਨਾਲ ਉਸ ਦੇ ਗੁਣ ਗਾਉਂਦੇ ਹਨ, ਸੁਣਦੇ ਹਨ ਤੇ ਸੁਣਾਉਂਦੇ ਹਨ, ਓਹੀ ਵਡਿਆਂ ਭਾਗਾਂ ਵਾਲੇ ਪੁਰਸ਼ ਹਰੀ ਰਸ ਨੂੰ ਪੀਂਦੇ ਹਨ।

ਕਲਿ ਕਲੇਸ ਮਿਟੇ ਸਭਿ ਤਨ ਤੇ ਰਾਮ ਨਾਮ ਲਿਵ ਜਾਗੇ॥ ੨ ॥

ਜੋ ਰਾਮ ਨਾਮ ਦੇ ਸਿਮਰਨ ਵਿਚ ਲਿਵ ਲੱਗਾ ਕੇ ਗਿਆਨ ਜਾਗ੍ਰਤ ਵਿਚ ਜਾਗੇ ਹਨ, ਉਨ੍ਹਾਂ ਦੇ ਤਨ ਤੋਂ ਕਲਪਨਾ ਤੇ ਕਲੇਸ਼ ਸਾਰੇ ਮਿਟ ਗਏ ਹਨ॥ ੨॥

ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ॥

ਜੋ ਗੁਰਮੁਖ ਕਾਮ, ਕ੍ਰੋਧ, ਝੂਠ ਅਤੇ ਨਿੰਦਿਆ ਆਦਿਕ ਵਿਕਾਰਾਂ ਨੂੰ ਤਿਆਗ ਕੇ ਹਰੀ ਦੇ ਸਿਮਰਨ ਵਿਚ ਜੁੜੇ ਹਨ, ਉਨ੍ਹਾਂ ਦੇ ਜਨਮ ਮਰਨ ਰੂਪ ਬੰਧਨ, ਵਾ:-ਜਮਾਂ ਦੇ ਬੰਧਨ ਟੁੱਟ ਗਏ ਹਨ। ਪੁਨਾ, ਉਹ-

ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ॥ ੩ ॥

ਮੋਹ ਦੀ ਮਸਤੀ, ਹੰਕਾਰ ਦੇ ਹਨੇਰੇ ਤੋਂ ਜਾਂ ਅੰਨ੍ਹਿਆਂ ਕਰਨ ਵਾਲੇ ਹੰਕਾਰ ਤੋਂ ਅਤੇ ਪਦਾਰਥਾਂ ਦੀ ਮਮਤਾ ਤੋਂ ਭੀ ਗੁਰਾਂ ਦੀ ਕ੍ਰਿਪਾ ਨਾਲ ਛੁਟ ਗਏ ਹਨ॥ ੩॥

ਤੂ ਸਮਰਥੁ ਪਾਰਬ੍ਰਹਮ ਸੁਆਮੀ ਕਰਿ ਕਿਰਪਾ ਜਨੁ ਤੇਰਾ॥

ਹੇ ਪਾਰਬ੍ਰਹਮ ਸੁਆਮੀ ! ਤੂੰ ਸਰਬ ਕਲਾ ਕਰਕੇ ਸਮਰੱਥ ਹੈਂ, ਮੈਂ ਆਪ ਜੀ ਦਾ ਸੇਵਕ ਜਨ ਹਾਂ ਮੇਰੇ ਮਨ 'ਪਰ ਕਿਰਪਾ ਦ੍ਰਿਸ਼ਟੀ ਕਰ।

ਪੂਰਿ ਰਹਿਓ ਸਰਬ ਮਹਿ ਠਾਕੁਰੁ ਨਾਨਕ ਸੋ ਪ੍ਰਭੁ ਨੇਰਾ॥ ੪ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ—ਜੋ ਠਾਕੁਰ ਪਰਮਾਤਮਾ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ, ਉਸ ਪ੍ਰਭੂ ਨੂੰ ਨੇਰਾ=ਨੇੜੇ ਦੇਖਿਆ ਹੈ॥ ੪॥ ੧੨॥

ਸਾਰਗ ਮਹਲਾ ੫ ॥

ਬਲਿਹਾਰੀ ਗੁਰਦੇਵ ਚਰਨ ॥

ਗੁਰਦੇਵਾਂ ਦੇ ਚਰਨਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ
ਉਪਦੇਸੁ ਹਮਾਰੀ ਗਤਿ ਕਰਨ ॥ ੧ ॥ ਰਹਾਉ ॥

ਜਿਨ੍ਹਾਂ ਦੇ ਸੰਗ ਕਰਕੇ ਪਾਰਬ੍ਰਹਮ ਨੂੰ ਧਿਆਈਂਦਾ ਹੈ ਅਤੇ ਜਿਨ੍ਹਾਂ ਦਾ ਉਪਦੇਸ਼ ਮੇਰੀ ਗਤੀ=ਮੁਕਤੀ ਕਰਨ ਵਾਲਾ ਹੈ॥ ੧ ॥ ਰਹਾਉ ॥

ਦੂਖ ਰੋਗ ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ ॥

ਜਿਹੜਾ ਪੁਰਸ਼ ਹਰੀ ਦੇ ਸੰਤਾਂ ਦੀ ਸ਼ਰਨ ਵਿਚ ਆਉਂਦਾ ਹੈ, ਉਸ ਦੇ ਦੁੱਖ, ਰੋਗ ਅਤੇ ਸਾਰੇ ਡਰ ਆਦਿਕ ਨਾਸ ਹੋ ਜਾਂਦੇ ਹਨ।

ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ ॥ ੧ ॥

ਜੋ ਸੰਤ ਆਪ ਵਾਹਿਗੁਰੂ ਨਾਮ ਜਪਦੇ ਹਨ ਅਤੇ ਹੋਰਨਾਂ ਪਾਸੋਂ ਵਾਹਿਗੁਰੂ ਨਾਮ ਜਪਵਾਂਦੇ ਹਨ, ਉਹ ਬੜੇ ਸਮਰੱਥ ਹਨ ਤੇ ਸਿੱਖਾਂ ਦੇ ਤਾਰਨੇ ਨੂੰ ਤਰਨ=ਜਹਾਜ਼ ਰੂਪ ਹਨ॥ ੧ ॥

ਜਾ ਕੋ ਮੰਤ੍ਰੁ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥

ਜਿਨ੍ਹਾਂ ਗੁਰਾਂ ਦਾ ਮੰਤਰ ਜਗਿਆਸੂ ਦੇ ਸੰਸਿਆਂ ਨੂੰ ਉਤਾਰਦਾ ਹੈ ਅਤੇ ਊਣਿਆਂ ਨੂੰ ਸੁਭਰ=ਲਬਾ-ਲਬ ਅਰਥਾਤ, ਨਕੋ ਨੱਕ ਭਰ ਦੇਂਦਾ ਹੈ।

ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥ ੨ ॥

ਜੋ ਪੁਰਸ਼ ਹਰੀ ਦੇ ਦਾਸਾਂ ਦੀ ਆਗਿਆ ਮੰਨਦਾ ਹੈ, ਉਹ ਪੁਰਸ਼ ਫੇਰ ਮਾਂ ਦੇ ਗਰਭ ਵਿਚ ਨਹੀਂ ਪੈਂਦਾ॥ ੨ ॥

ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ ॥

ਜੋ ਪੁਰਸ਼ ਹਰੀ ਦੇ ਭਗਤਾਂ ਦੀ ਸੇਵਾ ਟਹਲ ਕਮਾਉਂਦਾ ਹੈ ਅਤੇ ਹਰੀ ਦੇ ਗੁਣ ਗਾਉਂਦਾ ਹੈ, ਉਸ ਦੇ ਜਨਮ ਮਰਨ ਰੂਪ ਦੁੱਖ ਕੱਟੇ ਜਾਂਦੇ ਹਨ।

ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ ॥ ੩ ॥

ਜਿਸ ਪੁਰਸ਼ ਉੱਤੇ ਬੀਠੁਲਾ=ਪਰਮਾਤਮਾ ਕਿਰਪਾਲੂ ਹੋਇਆ ਹੈ, ਉਸ ਨੇ ਹਰਿ ਹਰਿ ਨਾਮ ਨੂੰ ਜਪ ਕੇ ਅਜਰ ਵਸਤੂ ਨੂੰ ਜਰਨ=ਸਹਾਰਿਆ ਹੈ॥ ੩ ॥

ਹਰਿ ਰਸਹਿ ਅਘਾਨੇ ਸਹਜਿ ਸਮਾਨੇ ਮੁਖ ਤੇ ਨਾਹੀ ਜਾਤ ਬਰਨ ॥

ਜੋ ਹਰੀ ਨਾਮ ਰਸ ਕਰਕੇ ਅਘਾਨੇ=ਰੱਜੇ ਹਨ, ਉਹ ਸਹਜ ਪਦ ਵਿਚ ਸਮਾਏ ਹਨ, ਉਨ੍ਹਾਂ ਦਾ ਜਸ ਮੂੰਹ ਤੋਂ ਕਥਨ ਨਹੀਂ ਕੀਤਾ ਜਾਂਦਾ।

ਗੁਰ ਪ੍ਰਸਾਦਿ ਨਾਨਕ ਸੰਤੋਖੇ ਨਾਮੁ ਪ੍ਰਭੂ ਜਪਿ ਜਪਿ ਉਧਰਨ ॥ ੪ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੀ ਕਿਰਪਾ ਦੁਆਰੇ ਜੋ ਸੰਤੋਖ ਨੂੰ ਪਰਾਪਤ ਹੋਏ ਹਨ, ਉਹ ਪ੍ਰਭੂ ਦਾ ਨਾਮ ਜਪ-ਜਪ ਕੇ ਉਧਰਦੇ ਹਨ॥ ੪ ॥ ੧੩ ॥

ਸਾਰਗ ਮਹਲਾ ੫ ॥

ਗਾਇਓ ਰੀ ਮੈ ਗੁਣ ਨਿਧਿ ਮੰਗਲ ਗਾਇਓ ॥

ਰੀ=ਹੇ ਸਖੀ ! ਸ਼ੁਭ ਗੁਣਾਂ ਦੀ ਨਿਧੀ ਰੂਪ ਪ੍ਰਭੂ ਦੇ ਮੰਗਲਾਂ ਨੂੰ ਮੈਂ ਗਾਇਆ ਹੈ, ਗਾਇਆ ਹੈ।

ਅਥਵਾ:- ਜਿਨ੍ਹਾਂ ਨੇ ਉਸ ਦੇ ਮੰਗਲਾਂ ਨੂੰ ਗਾਇਆ ਹੈ, ਉਨ੍ਹਾਂ ਦੁਆਰੇ ਮੈਂ ਭੀ ਮੰਗਲਾਂ ਨੂੰ ਗਾਇਆ ਹੈ।

ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥ ੧ ॥ ਰਹਾਉ ॥

ਭਲੇ=ਚੰਗਿਆਂ ਕਰਮਾਂ ਦੇ ਸੰਜੋਗ ਕਰਕੇ ਅਉਸਰ=ਸਮੇਂ ਦੇ ਸਹਿਤ ਉਹ ਦਿਨ ਭਲੇ=ਚੰਗੇ ਹਨ, ਜਦੋਂ ਮੈਂ ਗੋਪਾਲ ਨੂੰ ਰੀਝਾਇਓ=ਪ੍ਰਸੰਨ ਕੀਤਾ ਹੈ।

*ਅਥਵਾ:-*ਉਹ ਸੰਜੋਗ ਭਲਾ ਹੈ, ਉਹ ਦਿਨ ਭਲਾ ਹੈ, ਉਹ ਸਮਾਂ ਭਲਾ ਹੈ, ਜਿਸ ਵੇਲੇ ਗੋਪਾਲ ਨੂੰ ਮੈਂ ਪਰਸੰਨ ਕਰ ਲਿਆ ਹੈ॥ ੧ ॥ ਰਹਾਉ ॥

ਸੰਤਹ ਚਰਨ ਮੋਰਲੋ ਮਾਥਾ ॥ ਹਮਰੇ ਮਸਤਕਿ ਸੰਤ ਧਰੇ ਹਾਥਾ ॥ ੧ ॥

ਸੰਤਾਂ ਦੇ ਪਵਿੱਤਰ ਚਰਨਾਂ ਉੱਤੇ ਮੇਰਾ ਮਾਥਾ=ਸਿਰ ਹੈ। ਮੇਰੇ ਸਿਰ ਉੱਤੇ ਸੰਤਾਂ ਨੇ ਕ੍ਰਿਪਾ ਦਾ ਹੱਥ ਧਰਿਆ ਹੈ॥ ੧ ॥

ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥ ੨ ॥

ਸੰਤਾਂ ਦੇ ਉਪਦੇਸ਼ ਨੂੰ ਮੇਰੇ ਮਨ ਨੇ ਧਾਰਨ ਕੀਤਾ ਹੈ । ਏਸੇ ਕਰਕੇ ਰਜੋ, ਸਤੋ, ਤਮੋ ਰੂਪ ਤਿੰਨੇ ਗੁਣ ਗਤੁ=ਨਵਿਰਤ ਹੋ ਗਏ ਹਨ॥ ੨ ॥

ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥ ੩ ॥

ਭਗਤਾਂ ਦੇ ਦਰਸ਼ਨ ਨੂੰ ਦੇਖ ਕੇ ਅੱਖਾਂ ਨੂੰ ਰੰਗਾ=ਅਨੰਦ ਹੋਇਆ ਹੈ। ਭਰਮ ਦੇ ਸਹਿਤ ਹੀ ਲੋਭ ਮੋਹ ਆਦਿਕ ਵਿਕਾਰ ਟੁੱਟ ਗਏ ਹਨ॥ ੩ ॥

ਕਹੁ ਨਾਨਕ ਸੁਖ ਸਹਜ ਅਨੰਦਾ ॥
ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥ ੪ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ—ਉਸ ਵੇਲੇ ਅਚੁਤ ਸੁਖ ਦਾ ਅਨੰਦ ਪ੍ਰਾਪਤ ਹੋਇਆ। ਜਿਸ ਵੇਲੇ ਭਰਮ ਦਾ ਭੀਤਿ=ਪੜਦਾ ਖੋਲ੍ਹ ਕੇ ਪਰਮ ਅਨੰਦ ਸਰੂਪ ਪ੍ਰਭੂ ਮਿਲੇ॥ ੪ ॥ ੧੪ ॥

ਸਾਰਗ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥ ਕੈਸੇ ਕਹਉ ਮੋਹਿ ਜੀਅ ਬੇਦਨਾਈ ॥

ਜਗਿਆਸੂ ਕਹਿੰਦਾ ਹੈ—ਹੇ ਸੰਤੋ ! ਮੇਰੇ ਜੀਅ ਵਿਚ ਪਰਮੇਸ਼ਰ ਦੇ ਬਿਰਹੁ ਦੀ ਜੋ ਬੇਦਨ=ਪੀੜਾ ਆ

ਰਹੀ ਹੈ, ਉਹ ਮੈਂ ਕਿਸ ਤਰ੍ਹਾਂ ਕਹਾਂ ?

ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ
ਮਨੁ ਨ ਰਹੈ ਬਹੁ ਬਿਧਿ ਉਮਕਾਈ॥ ੧ ॥ ਰਹਾਉ ॥

ਮਨੋਹਰ=ਸੁੰਦਰ, ਪ੍ਰਿਅ ਪ੍ਰੀਤਿ=ਪਿਆਰੇ ਪ੍ਰੀਤਮ ਦੇ ਦਰਸ਼ਨ ਦੀ ਪਿਆਸ ਹੈ,

ਅਥਵਾ- ਮਨੋਹਰ=ਸੁੰਦਰ, ਪ੍ਰਿਅ=ਪਤੀ ਦੀ ਪ੍ਰੀਤੀ ਤੇ ਦਰਸ਼ਨ ਦੀ ਪਿਆਸ ਹੈ, ਮਨ ਥਿਰ ਨਹੀਂ ਰਹਿੰਦਾ, ਬਹੁ ਬਿਧਿ ਉਮਕਾਈ=ਬਹੁਤ ਤਰ੍ਹਾਂ ਨਾਲ ਉਛਾਲੇ ਖਾਂਦਾ ਹੈ॥ ੧ ॥ ਰਹਾਉ ॥

[ਪੰਨਾ ੧੨੦੭]

ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ॥

ਬੈਰਾਗਨ ਹੋ ਕੇ ਪ੍ਰਿਅ-ਪ੍ਰੀਤਿ=ਪਿਆਰੇ ਪ੍ਰੀਤਮ ਦੀ ਚਿਤਵਨੀ ਨੂੰ ਚਿਤਵਦੀ ਹਾਂ,

ਵਾ:- ਚਿਤਵਨਿ ਚਿਤਵਉ=ਸੋਚਾਂ ਸੋਚਦੀ ਹਾਂ ਕਿ ਹਰੀ ਦੇ ਦਰਸ਼ਨ ਨੂੰ ਕਦੋਂ ਪਾਵਾਂਗੀ।

ਜਤਨ ਕਰਉ ਇਹੁ ਮਨੁ ਨਹੀ ਧੀਰੈ ਕੋਊ ਹੈ ਰੇ ਸੰਤੁ ਮਿਲਾਈ॥ ੧ ॥

ਬਥੇਰੇ ਜਤਨ ਕਰਦੇ ਹਾਂ ਪਰ ਏਹ ਮਨ ਨਹੀਂ ਟਿਕਦਾ, ਅਜਿਹਾ ਕੋਈ ਸੰਤ ਹੈ ਜਿਹੜਾ ਮੈਨੂੰ ਉਸ ਨਾਲ ਮਿਲਾ ਦੇਵੇ॥ ੧ ॥

*ਪ੍ਰਸ਼ਨ-*ਜੇ ਕੋਈ ਮਿਲਾ ਦੇਵੇ ਤਾਂ ਉਸ ਨੂੰ ਕੀ ਦੇਵੇਂਗੀ? *ਉੱਤਰ-*

ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ॥

ਉਸ ਦੇ ਚਰਨਾਂ ਵਿਚ ਜਾਈ=ਜਾ ਕੇ ਜਪ ਤਪ ਸੰਜਮ ਹੋਮਉ=ਹਮਨ ਆਦਿਕ ਸਾਰੇ ਪੁੰਨ ਅਤੇ ਸਾਰਿਆਂ ਸੁਖਾਂ ਦੀਆਂ ਜਾਂਈ=ਜਗ੍ਹਾਂ ਉਸ ਨੂੰ ਅਰਪਣ ਕਰ ਦਿਆਂਗੀ।

ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ॥ ੨ ॥

ਜੇਕਰ ਇਕ ਨਿਮਖ ਮਾਤ੍ਰ ਭੀ ਪਿਆਰੇ ਪਿਰੀ ਦਾ ਦਰਸ਼ਨ ਦਿਖਾ ਦੇਵੇ ਤਾਂ ਮੈਂ ਉਸ ਸੰਤ ਤੋਂ ਬਲਿਹਾਰ ਜਾਂਦੀ ਹਾਂ॥ ੨ ॥

ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ॥

ਬੇਨਤੀ ਕਰਨ ਵਾਲੀ ਹੋ ਕੇ ਮੈਂ ਉਸ ਦੇ ਅੱਗੇ ਬਹੁਤ ਸਾਰੀ ਨਿਹੋਰਾ=ਬੇਨਤੀ ਕਰਦੀ ਹਾਂ, *ਵਾ:-* ਉਸ ਦਾ ਨਿਹੋਰਾ=ਅਹਿਸਾਨ ਵੀ ਮੰਨਣਾ ਕਰਦੀ ਹਾਂ ਤੇ ਬੇਨਤੀ ਭੀ ਕਰਦੀ ਹਾਂ ਅਤੇ ਦਿਨ ਰਾਤ ਸੇਵਾ ਵੀ ਕਰਾਂਗੀ।

ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ॥ ੩ ॥

ਜੋ ਪਿਆਰੇ ਪਤੀ ਦੀ ਗੱਲ ਸੁਣਾਵੇਗਾ, ਉਸ ਦੇ ਅੱਗੇ ਮੈਂ ਮਾਨ ਤੇ ਅਭਿਮਾਨੁ=ਹੰਕਾਰ ਸਾਰਾ ਕੁਝ ਤਿਆਗ ਕੇ ਉਸ ਦੀ ਸੇਵਾ ਕਰਾਂਗੀ॥ ੩ ॥

ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ॥

ਜਿਸ ਵੇਲੇ ਗੁਰਿ=ਪੂਜਨੀਕ ਸਤਿਗੁਰਾਂ ਨੇ ਅਕਾਲ ਪੁਰਖ ਨਾਲ ਮਿਲਾਇਆ ਤਾਂ ਉਸ ਸੋਹਣੇ ਚਲਿਤ੍ਰ

ਨੂੰ ਵੇਖ ਕੇ ਮੈਂ ਬਿਸਮਨਿ=ਅਸਚਰਜ ਹੋ ਗਈ।

ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ
ਜਨ ਨਾਨਕ ਤਪਤਿ ਬੁਝਾਈ॥ ੪॥ ੧॥ ੧੫॥

ਗੁਰੂ ਜੀ ਕਥਨ ਕਰਦੇ ਹਨ—ਮੈਂ ਦਿਆਲੂ ਪ੍ਰਭੂ ਦਾ ਰੰਗ=ਅਨੰਦ ਹਿਰਦੇ ਘਰ ਵਿਚ ਹੀ ਪਾਇਆ ਹੈ, ਇਸ ਲਈ ਮੈਂ ਸੇਵਕ ਜਨ ਨੇ ਵਿਛੋੜੇ ਦੀ ਸਾਰੀ ਤਪਸ਼ਤਾ ਬੁਝਾ ਦਿੱਤੀ ਹੈ॥ ੪॥ ੧॥ ੧੫॥

ਸਾਰਗ ਮਹਲਾ ੫॥

ਰੇ ਮੂੜੇ ਤੂ ਕਿਉ ਸਿਮਰਤ ਅਬ ਨਾਹੀ॥

ਹੇ ਮੂਰਖ ਪੁਰਸ਼ਾ ! ਹੁਣ ਮਾਂ ਦੇ ਪੇਟ ਤੋਂ ਬਾਹਰ ਆ ਕੇ ਤੂੰ, ਵਾਹਿਗੁਰੂ ਨੂੰ ਕਿਉਂ ਨਹੀਂ ਸਿਮਰਦਾ।

ਨਰਕ ਘੋਰ ਮਹਿ ਉਰਧ ਤਪੁ ਕਰਤਾ ਨਿਮਖ ਨਿਮਖ ਗੁਣ ਗਾਂਹੀ॥੧॥ਰਹਾਉ॥

ਮਾਂ ਦੇ ਉਦਰ ਰੂਪ ਕੁੰਭੀ ਨਰਕ ਵਿਚ ਉਰਧ=ਪੁੱਠਾ ਹੋ ਕੇ ਤਪ ਕਰਦਾ ਸੈਂ ਅਤੇ ਨਿਮਖ-ਨਿਮਖ ਕਾਲ ਹਰੀ ਦੇ ਗੁਣ ਗੈਣ ਕਰਦਾ ਸੀ॥ ੧॥ ਰਹਾਉ॥

ਅਨਿਕ ਜਨਮ ਭ੍ਰਮਤੋ ਹੀ ਆਇਓ ਮਾਨਸ ਜਨਮੁ ਦੁਲਭਾਹੀ॥

ਅਨੇਕਾਂ ਜਨਮ ਭੌਂਦਾ ਆਇਆਂ ਹੈਂ ਅਤੇ ਏਹ ਮਨੁੱਖਾ ਜਨਮ ਦੁਰਲੱਭ ਮਿਲਿਆ ਹੈ।

ਗਰਭ ਜੋਨਿ ਛੋਡਿ ਜਉ ਨਿਕਸਿਓ ਤਉ ਲਾਗੋ ਅਨ ਠਾਂਹੀ॥ ੧॥

ਜਿਸ ਵੇਲੇ ਤੂੰ ਮਾਂ ਦੀ ਗਰਭ ਜੂਨੀ ਨੂੰ ਛੱਡ ਕੇ ਬਾਹਰ ਨਿਕਲਿਆ ਹੈਂ, ਤਦ ਹੀ ਤੂੰ ਹੋਰ ਜਗ੍ਹਾਂ 'ਪਰ ਭਾਵ ਮਾਇਆਵੀ ਪਦਾਰਥਾਂ ਵਿਚ ਲੱਗ ਗਿਆ॥ ੧॥

ਕਰਹਿ ਬੁਰਾਈ ਠਗਾਈ ਦਿਨੁ ਰੈਨਿ ਨਿਹਫਲ ਕਰਮ ਕਮਾਹੀ॥

ਦਿਨ ਰਾਤ ਤੂੰ ਬੁਰਿਆਈਆਂ ਤੇ ਠੱਗੀਆਂ ਕਰਦਾ ਹੈਂ ਅਤੇ ਨਿਸਫਲ ਕਰਮਾਂ ਨੂੰ ਕਮਾ ਰਿਹਾ ਹੈਂ।

ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ॥ ੨॥

ਜਿਵੇਂ ਕਣੁ=ਅੰਨ ਵਿਚ ਹੈ ਨਹੀਂ, ਖਾਲੀ ਤੋਹਾਂ ਨੂੰ ਗਾਹਣ ਲੱਗ ਜਾਵੇ ਤਾਂ ਉਸ ਪੁਰਸ਼ ਨੇ ਦੌੜ-ਦੌੜ ਕੇ ਦੁੱਖ ਹੀ ਪਾਣਾ ਹੈ। ਤਿਵੇਂ ਜਿਨ੍ਹਾਂ ਕਰਮਾਂ ਵਿਚ ਮੋਖਸ਼ ਰੂਪੀ ਕਣ ਤਾਂ ਹੈ ਨਹੀਂ, ਉਹਨਾਂ ਸ਼ਕਾਮ ਕਰਮਾਂ ਰੂਪੀ ਤੋਹਾਂ ਦੇ ਗਾਹਣ=ਕਰਨ ਨਾਲ ਕੀ ਮਿਲਣਾ ਹੈ, ਐਵੇਂ ਦੌੜ-ਦੌੜ ਕੇ ਦੁੱਖ ਹੀ ਪਾਣਾ ਹੈ॥ ੨॥

ਮਿਥਿਆ ਸੰਗਿ ਕੂੜਿ ਲਪਟਾਇਓ ਉਰਝਿ ਪਰਿਓ ਕੁਸਮਾਂਹੀ॥

ਮਿਥਿਆ ਸਬੰਧੀ ਤੇ ਝੂਠੇ ਪਦਾਰਥਾਂ ਨਾਲ ਤੂੰ ਲੰਪਟ ਹੋ ਰਿਹਾ ਹੈਂ, ਜਿਨ੍ਹਾਂ ਵਿਚ ਤੂੰ ਉਰਝਿ=ਫਸ ਰਿਹਾ ਹੈਂ, ਏਹ ਕੁਸਮਾਂਹੀ=ਕਸੁੰਭੇ ਰੰਗ ਵਾਂਗੂੰ ਹਨ ਜਿਸ ਵੇਲੇ ਪੁੰਨਾਂ ਦੇ ਅਭਾਵ ਰੂਪੀ ਜਲ ਦੀ ਬੂੰਦ ਪਈ ਤਾਂ ਸਾਰਿਆਂ ਪਦਾਰਥਾਂ ਨੇ ਨਸ਼ਟ ਹੋ ਜਾਣਾ ਹੈ।

ਧਰਮ ਰਾਇ ਜਬ ਪਕਰਸਿ ਬਵਰੇ ਤਉ ਕਾਲ ਮੁਖਾ ਉਠਿ ਜਾਹੀ॥ ੩॥

ਹੇ ਝਲਿਆ ਪੁਰਸ਼ਾ ! ਜਿਸ ਵੇਲੇ ਧਰਮ ਰਾਜਾ ਦੇ ਦੂਤ ਆ ਕੇ ਫੜਨਗੇ ਤਾਂ ਇਥੋਂ ਉੱਠ ਕੇ ਕਾਲ ਦੇ

ਮੂੰਹ ਵਿਚ ਪੈ ਕੇ ਜਾਏਂਗਾ। ਵਾ:- ਕਾਲੇ ਮੂੰਹ ਵਾਲੇ ਜਮਦੂਤਾਂ ਨਾਲ ਉੱਠ ਕੇ ਜਾਏਂਗਾ॥ ੩॥

ਸੋ ਮਿਲਿਆ ਜੋ ਪ੍ਰਭੂ ਮਿਲਾਇਆ ਜਿਸੁ ਮਸਤਕਿ ਲੇਖੁ ਲਿਖਾਂਹੀ॥

ਪ੍ਰਭੂ ਦੇ ਨਾਲ ਓਹੀ ਮਿਲਿਆ ਹੈ, ਜਿਸ ਨੂੰ ਗੁਰਾਂ ਨੇ ਮਿਲਾਇਆ ਹੈ ਤੇ ਗੁਰਾਂ ਨਾਲ ਉਹ ਮਿਲਦਾ ਹੈ ਜਿਸ ਦੇ ਮੱਥੇ 'ਪਰ ਚੰਗੇ ਲੇਖ ਲਿਖੇ ਹੋਏ ਹਨ।

ਕਹੁ ਨਾਨਕ ਤਿਨ੍ ਜਨ ਬਲਿਹਾਰੀ
ਜੋ ਅਲਿਪ ਰਹੇ ਮਨ ਮਾਂਹੀ॥ ੪॥ ੨॥ ੧੬॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਗੁਰਮੁਖ ਜਨਾਂ ਤੋਂ ਬਲਿਹਾਰ ਜਾਣਾ ਕਰੋ, ਜੋ ਮਨ ਵਿਚ ਨਾਮ ਧਾਰ ਕੇ ਸੰਸਾਰ ਤੋਂ ਅਸੰਗ ਹੋ ਰਹੇ ਹਨ॥ ੪॥ ੨॥ ੧੬॥

ਸਾਰਗ ਮਹਲਾ ੫॥

ਕਿਉ ਜੀਵਨੁ ਪ੍ਰੀਤਮ ਬਿਨੁ ਮਾਈ॥

ਹੇ ਮਾਈ=ਸੰਤ ਜਨੋ ! ਪ੍ਰੀਤਮ ਪਰਮਾਤਮਾ ਤੋਂ ਬਿਨਾਂ ਮੇਰਾ ਜੀਵਨਾ ਕਿਵੇਂ ਹੋ ਸਕਦਾ ਹੈ।

ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ॥ ੧॥ ਰਹਾਉ॥

ਜਿਸ ਪ੍ਰਭੂ ਦੇ ਵਿਛੜਨੇ ਕਰਕੇ ਭਾਵ ਵਿਸ਼ੇਸ਼ ਸਤਾ ਤੋਂ ਬਿਨਾਂ ਏਹ ਸਰੀਰ ਮਿਰਤਕਾ=ਮਿੱਟੀ ਭਾਵ ਮੁਰਦਾ ਹੋ ਜਾਂਦਾ ਹੈ ਅਤੇ ਘਰ ਵਿਚ ਰਹਿਣਾ ਨਹੀਂ ਪਾਂਦਾ ਅਰਥਾਤ, ਸਨਬੰਧੀ ਬਾਹਰ ਮਸਾਨਾਂ ਵਿਚ ਛੱਡ ਆਉਂਦੇ ਹਨ॥ ੧॥ ਰਹਾਉ॥

ਜੀਅ ਹੰਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ॥

ਜੋ ਪ੍ਰਭੂ ਹਿਰਦੇ ਦਾ ਜੀਅ=ਜੀਵਨ ਰੂਪ ਤੇ ਪ੍ਰਾਣਾਂ ਦਾ ਦਾਤਾ ਹੈ, ਜਿਸ ਦੇ ਸੰਗ ਕਰਕੇ ਹੀ ਇਹ ਜੀਵ ਸੁਹਾਈ=ਸ਼ੋਭਨੀਕ ਹੁੰਦਾ ਹੈ।

ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ॥ ੧॥

ਹੇ ਸੰਤੋ ! ਮੇਰੇ 'ਪਰ ਆਪਣੀ ਕਿਰਪਾ ਦ੍ਰਿਸ਼ਟੀ ਕਰੋ, ਜੋ ਤਿਸ ਮੰਗਲ ਸਰੂਪ ਪ੍ਰਭੂ ਦੇ ਗੁਣ ਗਾਉਣਾ ਕਰਾਂ॥ ੧॥

ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈਂ॥

ਮੇਰੇ ਮੱਥੇ ਉੱਤੇ ਸੰਤਾਂ ਦੇ ਪਵਿੱਤਰ ਚਰਨ ਟਿਕਣ ਤੇ ਨੈਨਹੁ=ਅੱਖਾਂ ਨੂੰ ਸਫਲ ਕਰਨ ਵਾਲੀ ਜੋ ਚਰਨ ਧੂੜੀ ਹੈ, ਉਸ ਨੂੰ ਮੈਂ ਬਾਂਛਾਈਂ=ਚਾਹੁੰਦਾ ਹਾਂ।

ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ
ਬਲਿ ਬਲਿ ਤਾ ਕੈ ਹਉ ਜਾਈ॥ ੨॥ ੩॥ ੧੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦੀ ਕ੍ਰਿਪਾ ਨਾਲ ਪ੍ਰਭੂ ਮਿਲਦਾ ਹੈ, ਹਉ=ਮੈਂ ਉਸ ਦੇ ਉਪਰੋਂ ਬਲਿਹਾਰ ਕੁਰਬਾਣ ਜਾਂਦਾ ਹਾਂ॥ ੨॥ ੩॥ ੧੭॥

ਸਾਰਗ ਮਹਲਾ ੫ ॥

ਉਆ ਅਉਸਰ ਕੈ ਹਉ ਬਲਿ ਜਾਈ ॥

ਉਆ ਅਉਸਰ=ਉਸ ਵੇਲੇ ਤੋਂ ਹਉ=ਮੈਂ ਬਲਿਹਾਰ ਜਾਂਦਾ ਹਾਂ।

ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ ॥ ੧ ॥ ਰਹਾਉ ॥

ਜਿਸ ਵੇਲੇ ਅੱਠੇ ਪਹਿਰ ਆਪਣੇ ਪ੍ਰਭੂ ਦਾ ਸਿਮਰਨ ਕਰਕੇ ਵਡਭਾਗੀ ਹੋ ਕੇ ਹਰੀ ਨੂੰ ਪਾ ਲਈਦਾ ਹੈ ॥ ੧ ॥ ਰਹਾਉ ॥

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥

ਦਾਸਾਂ ਦਾ ਦਾਸ ਹੋਣ ਕਰਕੇ ਕਬੀਰ ਸਭ ਤੋਂ ਭਲੇ=ਚੰਗਾ ਹੋਇਆ ਹੈ ਅਤੇ ਸੈਨ ਨਾਈ ਭੀ ਦਾਸ ਹੋਣ ਕਰਕੇ ਉੱਤਮ ਹੋਇਆ ਹੈ।

ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥ ੧ ॥

ਸਮਦ੍ਰਿਸ਼ਟੀ ਸੁਭਾਵ ਹੋਣ ਕਰਕੇ ਨਾਮਦੇਵ ਉਚਿਆਂ ਤੋਂ ਉੱਚਾ ਹੋਇਆ ਹੈ ਅਤੇ ਰਵਿਦਾਸ ਭਗਤ ਦੀ ਠਾਕੁਰ ਜੀ ਦੇ ਨਾਲ ਪਰੀਤੀ ਬਣਿ ਆਈ ਹੈ ॥ ੧ ॥

ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥

ਮੇਰਾ ਜੀਉ ਪਿੰਡੁ=ਸਰੀਰ ਧਨ ਦੇ ਤਨੁ=ਸਹਿਤ ਸਭ ਕੁਝ ਸੰਤਾਂ ਦਾ ਹੈ ਅਤੇ ਮੇਰਾ ਏਹ ਮਨ ਭੀ ਸੰਤਾਂ ਦੀ ਰੇਨਾਈ=ਧੂੜ ਗ੍ਰਹਿਣ ਕਰਨ ਵਾਲਾ ਹੋ ਗਿਆ ਹੈ।

ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥ ੨ ॥ ੪ ॥ ੧੮ ॥

ਸੰਤਾਂ ਦੇ ਪ੍ਰਤਾਪ ਨਾਲ ਸਾਰੇ ਭਰਮ ਨਾਸ ਹੋ ਗਏ ਹਨ ਅਤੇ ਗੁਰੂ ਜੀ ਕਥਨ ਕਰਦੇ ਹਨ ਗੁਸਾਈ= ਪ੍ਰਿਥਵੀ ਦੇ ਮਾਲਕ ਪ੍ਰਭੂ ਜੀ ਆਪ ਆ ਕੇ ਮਿਲ ਪਏ ਹਨ ॥ ੨ ॥ ੪ ॥ ੧੮ ॥

[ਪੰਨਾ ੧੨੦੮]

ਸਾਰਗ ਮਹਲਾ ੫ ॥

ਮਨੋਰਥ ਪੂਰੇ ਸਤਿਗੁਰ ਆਪਿ ॥

ਸਤਿਗੁਰਾਂ ਨੇ ਆਪ ਹੀ ਸਾਡੇ ਸਾਰੇ ਮਨੋਰਥ ਪੂਰੇ ਕੀਤੇ ਹਨ।

ਸਗਲ ਪਦਾਰਥ ਸਿਮਰਨਿ ਜਾ ਕੈ
ਆਠ ਪਹਰ ਮੇਰੇ ਮਨ ਜਾਪਿ ॥ ੧ ॥ ਰਹਾਉ ॥

ਜਿਸ ਦੇ ਸਿਮਰਨ ਕਰਕੇ ਸਾਰੇ ਪਦਾਰਥ ਪਾ ਲਈਦੇ ਹਨ, ਹੇ ਮੇਰੇ ਮਨ ! ਤੂੰ ਅੱਠੇ ਪਹਿਰ ਉਸ ਨੂੰ ਜਪਣਾ ਕਰ ॥ ੧ ॥ ਰਹਾਉ ॥

ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ ॥

ਹੇ ਸ੍ਵਾਮੀ ! ਆਪ ਜੀ ਦਾ ਨਾਮ ਅੰਮ੍ਰਿਤ ਰੂਪ ਹੈ ਜੋ ਮਨੁੱਖ ਪੀਂਦਾ ਹੈ, ਉਸ ਦਾ ਹੀ=ਹਿਰਦਾ ਤ੍ਰਿਪਤ ਹੋ ਜਾਂਦਾ ਹੈ।

ਜਨਮ ਜਨਮ ਕੇ ਕਿਲਬਿਖ ਨਾਸਹਿ ਆਗੈ ਦਰਗਹ ਹੋਇ ਖਲਾਸ ॥ ੧ ॥

ਉਸ ਦੇ ਜਨਮ ਜਨਮ ਦੇ ਕਿਲਬਿਖ=ਪਾਪ ਨੱਸ ਜਾਂਦੇ ਹਨ ਅਤੇ ਅੱਗੇ ਜਾ ਕੇ ਦਰਗਾਹ ਵਿਚ ਖਲਾਸ=ਮੁਕਤ ਹੁੰਦਾ ਹੈ॥ ੧ ॥

ਸਰਨਿ ਤੁਮਾਰੀ ਆਇਓ ਕਰਤੇ ਪਾਰਬ੍ਰਹਮ ਪੂਰਨ ਅਬਿਨਾਸ ॥

ਹੇ ਪਾਰਬ੍ਰਹਮ ਕਰਤੇ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਤੂੰ ਸਾਰਿਆਂ ਵਿਚ ਪੂਰਨ ਤੇ ਅਬਿਨਾਸ=ਨਾਸ ਤੋਂ ਰਹਿਤ ਹੈਂ।

ਕਰਿ ਕਿਰਪਾ ਤੇਰੇ ਚਰਨ ਧਿਆਵਉ
ਨਾਨਕ ਮਨਿ ਤਨਿ ਦਰਸ ਪਿਆਸ ॥ ੨ ॥ ੫ ॥ ੧੯ ॥

ਗੁਰੂ ਜੀ ਕਥਨ ਕਰਦੇ ਹਨ-ਮੇਰੇ 'ਪਰ ਏਹ ਕਿਰਪਾ ਕਰ ਜੋ ਆਪ ਜੀ ਦੇ ਚਰਨ ਕਮਲਾਂ ਨੂੰ ਧਿਆਉਣਾ ਕਰਾਂ ਤੇ ਮਨ ਤਨ ਵਿਚ ਤੇਰੇ ਦਰਸ਼ਨ ਦੀ ਪਿਆਸ ਲੱਗੀ ਰਹੇ॥ ੨ ॥ ੫ ॥ ੧੯ ॥

ਸਾਰਗ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥ ਮਨ ਕਹਾ ਲੁਭਾਈਐ ਆਨ ਕਉ ॥

ਹੇ ਮਨ ! ਪਰਮਾਤਮਾ ਨੂੰ ਛੱਡ ਕੇ ਤੂੰ ਕਿਸ ਲਈ ਆਨ=ਹੋਰਨਾਂ ਵਿਚ ਲੁਭਾਇਮਾਨ ਹੋ ਰਿਹਾ ਹੈਂ।

ਈਤ ਊਤ ਪ੍ਰਭੁ ਸਦਾ ਸਹਾਈ ਜੀਅ ਸੰਗਿ ਤੇਰੇ ਕਾਮ ਕਉ ॥ ੧ ॥ ਰਹਾਉ ॥

ਈਤ ਊਤ=ਈਹਾਂ ਊਹਾਂ ਅਰਥਾਤ ਲੋਕ ਪ੍ਰਲੋਕ ਵਿਚ ਜੋ ਪ੍ਰਭੂ ਸਹਾਇਤਾ ਕਰਨ ਵਾਲਾ ਹੈ, ਜੀਵ ਦਾ ਸੰਗੀ ਹੈ, ਉਹ ਪ੍ਰਭੂ ਤੇਰੇ ਸਾਰੇ ਕੰਮ ਸਵਾਰਨ ਨੂੰ ਸਮੱਰਥ ਹੈ॥ ੧ ॥ ਰਹਾਉ ॥

ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥

ਪ੍ਰਿਅ ਪ੍ਰੀਤਿ=ਪਿਆਰੇ ਪ੍ਰੀਤਮ ਦਾ ਜੋ ਮਨੋਹਰ=ਸੁੰਦਰ ਨਾਮ ਅੰਮ੍ਰਿਤ ਹੈ, ਪਾਂਨ ਕਉ=ਪੀਵਣ ਵਾਲਿਆਂ ਨੂੰ ਏਹ ਨਾਮ ਅੰਮ੍ਰਿਤ ਹੀ ਅਘਾਵਨ=ਤ੍ਰਿਪਤ ਕਰਨ ਵਾਲਾ ਹੈ।

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥ ੧ ॥

ਅਕਾਲ ਪੁਰਖ ਦੀ ਜੋ ਸਰਗੁਣ ਮੂਰਤੀ ਹੈ, ਉਸ ਦੇ ਧਿਆਨ ਕਰਨੇ ਨੂੰ ਸੰਤਾਂ ਸਾਧਾਂ ਦੀ ਜੋ ਠਾਹਰ=ਜਗ੍ਹਾਂ ਹੈ, ਏਹੀ ਸਾਰਿਆਂ ਅਸਥਾਨਾਂ ਨਾਲੋਂ ਨੀਕੀ=ਚੰਗੀ ਹੈ॥ ੧ ॥

ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥

ਮਹਾਂ ਪੁਰਖਾਂ ਦੀ ਉਚਾਰੰਨ ਕੀਤੀ ਹੋਈ ਜੋ ਬਾਣੀ ਹੈ, ਏਹੋ ਮਨ ਵਿਚੋਂ ਮਾਨੋਂ ਰੂਪ ਵਿਹੁ ਦੇ ਉਤਾਰਨ ਨੂੰ ਮੰਤ੍ਰ ਰੂਪ ਹੈ।

ਖੋਜਿ ਲਹਿਓ ਨਾਨਕ ਸੁਖ ਥਾਨਾਂ
ਹਰਿ ਨਾਮਾ ਬਿਸ੍ਰਾਮ ਕਉ ॥ ੨ ॥ ੧ ॥ ੨੦ ॥

ਗੁਰੂ ਜੀ ਕਥਨ ਕਰਦੇ ਹਨ-ਮਨ ਦੇ ਬਿਸਰਾਮ ਕਰਨੇ ਨੂੰ ਸੁਖਾਂ ਦਾ ਅਸਥਾਨ ਹਰੀ ਨਾਮ ਅਸਾਂ ਨੇ ਲੱਭ ਲਿਆ ਹੈ॥ ੨ ॥ ੧ ॥ ੨੦ ॥

ਸਾਰਗ ਮਹਲਾ ੫ ॥
ਮਨ ਸਦਾ ਮੰਗਲ ਗੋਬਿੰਦ ਗਾਇ ॥

ਹੇ ਮਨ ! ਮੰਗਲ=ਅਨੰਦ ਰੂਪ ਗੋਬਿੰਦ ਦੇ ਗੁਣ ਸਦਾ ਗਾਵਣਾ ਕਰ।

ਰੋਗ ਸੋਗ ਤੇਰੇ ਮਿਟਹਿ ਸਗਲ ਅਘ
ਨਿਮਖ ਹੀਐ ਹਰਿ ਨਾਮੁ ਧਿਆਇ ॥ ੧ ॥ ਰਹਾਉ ॥

ਹੀਐ=ਹਿਰਦੇ ਵਿਚ ਨਿਮਖ-ਨਿਮਖ ਕਾਲ ਹਰੀ ਨਾਮ ਦੇ ਧਿਆਉਣ ਕਰਕੇ ਤੇਰੇ ਸਾਰੇ ਰੋਗ ਸੋਗ ਅਤੇ ਪਾਪ ਆਦਿਕ ਵਿਕਾਰ ਮਿਟ ਜਾਣਗੇ॥ ੧ ॥ ਰਹਾਉ ॥

ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥

ਬਹੁਤੀ ਸਿਆਣਪ ਅਤੇ ਚਤਰਾਈ ਛੱਡ ਕੇ ਆਪਣੇ ਆਪ ਨੂੰ ਸੰਤਾਂ ਦੀ ਸ਼ਰਨ ਵਿਚ ਜਾ ਕੇ ਪਾਵਣਾ ਕਰ।

ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ ਜਮ ਤੇ ਹੋਵੈ ਧਰਮ ਰਾਇ ॥ ੧ ॥

ਜਿਸ ਵੇਲੇ ਦੀਨ ਦੁਖ ਭੰਜਨ ਪਰਮਾਤਮਾ ਕਿਰਪਾਲੂ ਹੋਵੇ ਤਾਂ ਜਮਾਂ ਤੋਂ ਧਰਮ ਰਾਜਾ ਹੋ ਜਾਂਦਾ ਹੈ॥ ੧ ॥

ਪ੍ਰਲੋਕ ਵਿਚ ਜੀਵਾਂ ਤੋਂ ਕਰਮਾਂ ਦਾ ਹਿਸਾਬ ਲੈਣ ਵਾਲੇ ਵਿਅਕਤੀ ਦੇ ਦੋ ਨਾਮ ਹਨ, ਯਮ ਰਾਜਾ ਤੇ ਧਰਮ ਰਾਜਾ। ਪਾਪੀਆਂ ਲਈ ਯਮ ਰਾਜਾ ਹੈ, ਪੁੰਨੀਆਂ ਲਈ ਧਰਮ ਰਾਜਾ ਹੈ।

ਯਥਾ:- ਪਾਪੀ ਡਿਠਾ ਯਮ ਰਾਜ ਧਰਮੀ ਧਰਮ ਰਾਜ ਕਰ ਡਿੱਠਾ।
ਪਾਪੀ ਨੂੰ ਪਛਾੜਦਾ ਧਰਮੀ ਨਾਲ ਬੁਲੇਂਦਾ ਮਿੱਠਾ।

ਏਕਸ ਬਿਨੁ ਨਾਹੀ ਕੋ ਦੂਜਾ ਆਨ ਨ ਬੀਓ ਲਵੈ ਲਾਇ ॥

ਇਕ ਪ੍ਰਭੂ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਹੈ ਅਤੇ ਹੋਰ ਕੋਈ ਬੀਓ=ਦੂਜਾ ਉਸ ਦੇ ਲਵੈ=ਸਦਰਸ (ਬਰਾਬਰ) ਨਹੀਂ ਲਾਇਆ ਜਾਂਦਾ।

ਮਾਤ ਪਿਤਾ ਭਾਈ ਨਾਨਕ ਕੋ ਸੁਖਦਾਤਾ ਹਰਿ ਪ੍ਰਾਨ ਸਾਇ ॥ ੨ ॥ ੨ ॥ ੨੧ ॥

ਗੁਰੂ ਜੀ ਕਥਨ ਕਰਦੇ ਹਨ-ਸਾਇ=ਉਹ ਹਰੀ ਹੀ ਸਾਡਾ ਮਾਂ, ਪਿਉ ਤੇ ਭਰਾ ਰੂਪ ਹੈ ਅਤੇ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਹੈ॥ ੨ ॥ ੨ ॥ ੨੧ ॥

ਸਾਰਗ ਮਹਲਾ ੫ ॥
ਹਰਿ ਜਨ ਸਗਲ ਉਧਾਰੇ ਸੰਗ ਕੇ ॥

ਹਰੀ ਦੇ ਸੰਤ ਜਨਾਂ ਨੇ ਆਪਣੇ ਸੰਗ ਦੇ ਸਾਥੀ ਜੀਵ ਸਾਰੇ ਉਧਾਰ ਦਿੱਤੇ ਹਨ।

ਭਏ ਪੁਨੀਤ ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ॥ ੧ ॥ ਰਹਾਉ॥

ਸੰਤਾਂ ਦੇ ਪਵਿੱਤ੍ਰ ਮਨ ਤੋਂ ਉਹ ਸਾਰੇ ਜੀਵ ਪੁਨੀਤ=ਪਵਿੱਤਰ ਹੋਏ ਹਨ।

ਅਥਵਾ:- ਉਹ ਜੀਵ ਤਨ ਕਰਕੇ ਪੁਨੀਤ ਹੋਏ ਹਨ, ਮਨ ਕਰਕੇ ਭੀ ਪਵਿੱਤ੍ਰ ਹੋਏ ਹਨ ਅਤੇ ਜਨਮਾਂ ਜਨਮਾਤਰਾਂ ਦੇ ਸਾਰੇ ਦੁੱਖ ਹਰੇ=ਦੂਰ ਹੋ ਗਏ ਹਨ॥ ੧॥ ਰਹਾਉ॥

ਮਾਰਗਿ ਚਲੇ ਤਿਨੀ ਸੁਖੁ ਪਾਇਆ ਜਿਨ੍ ਸਿਉ ਗੋਸਟਿ ਸੇ ਤਰੇ॥

ਜੋ ਸੰਤਾਂ ਦੇ ਮਾਰਗਿ=ਰਾਹ ਉੱਤੇ ਚਲੇ ਹਨ, ਉਹਨਾਂ ਨੇ ਸੁਖ ਪਾਇਆ ਹੈ ਅਤੇ ਜਿਨ੍ਹਾਂ ਨੇ ਸੰਤਾਂ ਨਾਲ ਗੋਸ਼ਟ ਕੀਤੀ ਹੈ, ਉਹ ਭੀ ਤਰ ਗਏ ਹਨ।

ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ॥ ੧ ॥

ਜੋ ਘੋਰ=ਭਿਆਨਕ ਸੰਸਾਰ ਰੂਪ ਅੰਨ੍ਹੇ ਖੂਹ ਵਿਚ ਡੁੱਬ ਰਹੇ ਸਨ, ਉਹ ਪੁਰਸ਼ ਭੀ ਸੰਤਾਂ ਦੇ ਸੰਗ ਕਰਕੇ ਪਾਰ ਉਤਰੇ ਹਨ॥ ੧ ॥

ਜਿਨ੍ ਕੇ ਭਾਗ ਬਡੇ ਹੈ ਭਾਈ ਤਿਨ੍ ਸਾਧੂ ਸੰਗਿ ਮੁਖ ਜੁਰੇ॥

ਹੇ ਭਾਈ ! ਜਿਨ੍ਹਾਂ ਦੇ ਭਾਗ ਸਭ ਤੋਂ ਵਡੇ ਹਨ, ਉਨ੍ਹਾਂ ਦੇ ਸੰਤਾਂ ਨਾਲ ਮੂੰਹ ਜੁੜੇ ਹਨ,

ਅਰਥਾਤ-ਸੰਤਾਂ ਨਾਲ ਮੇਲ ਹੋਇਆ ਹੈ।

ਤਿਨ੍ ਕੀ ਧੂਰਿ ਬਾਂਛੈ ਨਿਤ ਨਾਨਕੁ
ਪ੍ਰਭੁ ਮੇਰਾ ਕਿਰਪਾ ਕਰੇ॥ ੨ ॥ ੩ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਨ੍ਹਾਂ ਦੀ ਚਰਨ ਧੂੜੀ ਨਿਤਾਪ੍ਰਤੀ ਬਾਂਛੈ=ਚਾਹੁੰਦਾ ਹਾਂ, ਜੇਕਰ ਮੇਰਾ ਪ੍ਰਭੂ ਕਿਰਪਾ ਕਰੇ ਤਾਂ ਉਹ ਚਰਨ ਧੂੜੀ ਮਿਲਦੀ ਹੈ॥ ੨ ॥ ੩ ॥ ੨੨ ॥

ਸਾਰਗ ਮਹਲਾ ੫ ॥

ਹਰਿ ਜਨ ਰਾਮ ਰਾਮ ਰਾਮ ਧਿਆਂਏ॥

ਹਰੀ ਦੇ ਸੰਤ ਜਨ ਮਨ ਕਰਕੇ ਰਾਮ ਨਾਮ ਨੂੰ, ਬਾਣੀ ਦੁਆਰਾ ਰਾਮ ਨਾਮ ਨੂੰ, ਤਨ ਕਰਕੇ ਰਾਮ ਨਾਮ ਨੂੰ ਧਿਆਉਂਦੇ ਹਨ।

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ॥ ੧ ॥ ਰਹਾਉ॥

ਇਕ ਪਲ ਮਾਤਰ ਭੀ ਜੋ ਸੰਤ ਸਮਾਗਮ ਦਾ ਸੁਖ ਹੈ, ਉਸ ਕਰਕੇ ਕ੍ਰੋੜਾਂ ਹੀ ਬੈਕੁੰਠਾਂ ਨੂੰ ਪਾਂਦਾ ਹੈ॥ ੧ ॥ ਰਹਾਉ॥

ਦੁਲਭ ਦੇਹ ਜਪਿ ਹੋਤ ਪੁਨੀਤਾ ਜਮ ਕੀ ਤ੍ਰਾਸ ਨਿਵਾਰੈ॥

ਨਾਮ ਜਪਣ ਕਰਕੇ ਦੁਰਲੱਭ ਮਨੁੱਖਾ ਦੇਹ ਪਵਿੱਤ੍ਰ ਹੁੰਦੀ ਹੈ ਅਤੇ ਨਾਮ ਕਰਕੇ ਹੀ ਜਮਾਂ ਦੀ ਤ੍ਰਾਸ=ਖੌਫ-ਭਾਹੀ ਨਵਿਰਤ ਹੁੰਦੀ ਹੈ।

ਮਹਾ ਪਤਿਤ ਕੇ ਪਾਤਿਕ ਉਤਰਹਿ ਹਰਿ ਨਾਮਾ ਉਰਿ ਧਾਰੈ॥ ੧॥

ਬੜੇ-ਬੜੇ ਪਾਪੀਆਂ ਦੇ ਪਾਤਿਕ=ਪਾਪ ਉਤਰ ਜਾਂਦੇ ਹਨ, ਜੇਕਰ ਹਰੀ ਨਾਮਾਂ ਨੂੰ ਹਿਰਦੇ ਵਿਚ ਧਾਰਨਾ ਕਰੇ॥ ੧॥

ਜੋ ਜੋ ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ॥

ਜਿਹੜਾ-ਜਿਹੜਾ ਪੁਰਸ਼ ਰਾਮ ਦਾ ਨਿਰਮਲ ਜਸ ਸੁਣਦਾ ਹੈ, ਉਸ ਦਾ ਜਨਮ ਮਰਨ ਰੂਪ ਦੁੱਖ ਨਾਸ ਹੋ ਜਾਂਦਾ ਹੈ।

ਕਹੁ ਨਾਨਕ ਪਾਈਐ ਵਡਭਾਗੀ
ਮਨ ਤਨ ਹੋਇ ਬਿਗਾਸਾ॥ ੨॥ ੪॥ ੨੩॥

ਗੁਰੂ ਜੀ ਕਥਨ ਕਰਦੇ ਹਨ—ਵਡਿਆਂ ਭਾਗਾਂ ਨਾਲ ਰਾਮ ਦਾ ਜਸ ਕਰਨਾ ਪਾਈਏ ਤਾਂ ਹੀ ਮਨ ਤਨ ਬਿਗਾਸਾ=ਅਨੰਦ ਵਾਲਾ ਹੁੰਦਾ ਹੈ॥ ੨॥ ੪॥ ੨੩॥

[ਪੰਨਾ ੧੨੦੯]

ਸਾਰਗ ਮਹਲਾ ੫ ਦੁਪਦੇ ਘਰੁ ੪
ੴ ਸਤਿਗੁਰ ਪ੍ਰਸਾਦਿ॥

ਪਰਮੇਸ਼ਰ ਪਤੀ ਅੱਗੇ ਬੇਨਤੀ ਕਰਦੀ ਹੈ:

ਮੋਹਨ ਘਰਿ ਆਵਹੁ ਕਰਉ ਜੋਦਰੀਆ॥

ਹੇ ਮੋਹਨ=ਪਰਮਾਤਮਾ ! ਆਪ ਮੇਰੇ ਅੰਤਹਕਰਣ ਰੂਪ ਘਰ ਵਿਚ ਆ ਕੇ ਸਖਿਆਤਕਾਰ ਹੋਵੋ, ਮੈਂ ਜਪ ਤਪ ਰੂਪੀ ਜੋਦੜੀ ਕਰਦੀ ਹਾਂ,

ਵਾ:-ਮੈਂ ਆਪ ਜੀ ਅੱਗੇ ਜੋਦਰੀਆ=ਬੇਨਤੀ ਕਰੇਦੀ ਹਾਂ।

ਮਾਨੁ ਕਰਉ ਅਭਿਮਾਨੈ ਬੋਲਉ
ਭੂਲ ਚੂਕ ਤੇਰੀ ਪ੍ਰਿਅ ਚਿਰੀਆ॥ ੧॥ ਰਹਾਉ॥

ਮੈਂ ਤੇਰੇ ਉੱਤੇ ਮਾਣ ਕਰਦੀ ਹਾਂ ਅਤੇ ਅਭਿਮਾਨੈ=ਹੰਕਾਰ ਨਾਲ ਬੋਲਦੀ ਹਾਂ, ਹੇ ਪ੍ਰਿਅ=ਸੁਆਮੀ ! ਮੈਂ ਭੁਲਣੇ ਚੁਕਣੇ ਵਾਲੀ ਤੇਰੀ ਚਿਰੀਆ=ਦਾਸੀ ਹਾਂ।

ਵਾ:-ਤੇਰੇ ਸਿਮਰਨ ਤੋਂ ਜੋ ਚੁਕ ਗਈ ਹਾਂ ਏਹ ਮੇਰੀ ਆਪਣੀ ਭੁਲ ਹੈ, ਹੇ ਪਤੀ ! ਮੈਂ ਤੇਰੀ ਦਾਸੀ ਹਾਂ ਤੂੰ ਮੈਨੂੰ ਬਖਸ਼ ਲੈ॥ ੧॥ ਰਹਾਉ॥

ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ॥

ਮੈਂ ਸੰਤਾਂ ਪਾਸੋਂ ਆਪ ਜੀ ਨੂੰ ਨੇੜੇ ਤਾਂ ਸੁਣਦੀ ਹਾਂ ਪਰ ਸਮੀਪ ਵੇਖਦੀ ਨਹੀਂ ਹਾਂ, ਭਰਮ ਵਿਚ ਭਰਮਦੀ ਹੋਈ ਦੁੱਖਾਂ ਨੂੰ ਭਰੀਆ=ਭੋਗਦੀ ਹਾਂ।

ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ ॥ ੧ ॥

ਜਦ ਗੁਰੂ ਸਾਹਿਬ ਜੀ ਕ੍ਰਿਪਾਲੂ ਹੋ ਕੇ ਭਰਮ ਦਾ ਪੜਦਾ ਲਾਹ ਦੇਣ ਤਾਂ ਮਨ ਨੂੰ ਸ਼ੁਭ ਗੁਣਾਂ ਨਾਲ ਹਰਿਆਂ ਕਰਨ ਵਾਲੇ, ਹੇ ਲਾਲ=ਪਿਆਰੇ ਹਰੀ! ਆਪ ਜੀ ਨਾਲ ਮਿਲਾਂਗੀ ॥ ੧ ॥

ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ ॥

ਹੇ ਸ੍ਵਾਮੀ ! ਜੇਕਰ ਤੂੰ ਇਕ ਨਿਮਖ ਮਾਤ੍ਰ ਵੀ ਬਿਸਰੈ=ਭੁਲ ਜਾਵੇਂ ਤਾਂ ਲੱਖਾਂ ਕ੍ਰੋੜਾਂ ਵਰ੍ਹਿਆਂ ਦਾ ਦਿਨ ਜਾਣਦੀ ਹਾਂ।

ਸਾਧਸੰਗਤਿ ਕੀ ਭੀਰ ਜਉ ਪਾਈ
ਤਉ ਨਾਨਕ ਹਰਿ ਸੰਗਿ ਮਿਰੀਆ ॥ ੨ ॥ ੧ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਮੈਂ ਭੀਰ=ਕਾਇਰ ਨੇ ਸਾਧਸੰਗਤ ਦੀ ਭੀਰ=ਭੀੜਾ ਪਾਈ ਤਾਂ ਹੇ ਹਰੀ ! ਤੇਰੇ ਨਾਲ ਮਿਰੀਆ=ਮਿਲ ਗਈ ॥ ੨ ॥ ੧ ॥ ੨੪ ॥

ਸਾਰਗ ਮਹਲਾ ੫ ॥ ਅਬ ਕਿਆ ਸੋਚਉ ਸੋਚ ਬਿਸਾਰੀ ॥

ਹੇ ਹਰੀ ! ਹੁਣ ਮੈਂ ਕੀ ਸੋਚਾਂ ਕਿਉਂਕਿ ਸਭ ਚਿੰਤਾ ਵਿਸਾਰ ਦਿੱਤੀ ਹੈ। ਕਿਉਂਕਿ :-

ਕਰਣਾ ਸਾ ਸੋਈ ਕਰ�ि ਰਹਿਆ ਦੇਹਿ ਨਾਉ ਬਲਿਹਾਰੀ ॥ ੧ ॥ ਰਹਾਉ ॥

ਜੋ ਕੁਝ ਤੂੰ ਕਰਨਾ ਸੀ, ਓਹੀ ਕਰ ਰਿਹਾ ਹੈਂ, ਮੈਂ ਤੇਰੇ ਤੋਂ ਸਦਕੇ ਜਾਂਦਾ ਹਾਂ ਤੂੰ ਆਪਣਾ ਨਾਮ ਦਾਨ ਦੇਣਾ ਕਰ ॥ ੧ ॥ ਰਹਾਉ ॥

ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੁ ਮੂਖਿ ਗਰੁੜਾਰੀ ॥

ਵਿਸ਼ਿਆਂ ਰੂਪੀ ਜ਼ਹਿਰ ਚੌਹਾਂ ਪਾਸਿਆਂ ਵੱਲ ਫੈਲ ਰਹੀ ਹੈ, ਉਸ ਵਿਹੁ ਦੇ ਦੂਰ ਕਰਨੇ ਨੂੰ ਮੂੰਹ ਤੋਂ ਜਿਹੜਾ ਗੁਰ ਮੰਤ੍ਰ ਦਾ ਜਾਪ ਕਰਨਾ ਹੈ, ਏਹੋ ਗਾਰੜੂ ਮੰਤਰ ਹੈ।

ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ ॥ ੧ ॥

ਗੁਰਾਂ ਨੇ ਆਪਣਾ ਦਾਸ ਜਾਣ ਕੇ ਤੇ ਆਪਣਾ ਹੱਥ ਦੇ ਕੇ ਇਸ ਤਰ੍ਹਾਂ ਨਿਰਲੇਪ ਰੱਖਿਆ ਹੈ, ਜਿਵੇਂ ਜਲ ਵਿਚ ਕਵਲ ਫੁਲ ਅਲਿਪਾਰੀ=ਅਲਿਪਤ (ਅਸੰਗ) ਹੋ ਕੇ ਰਹਿੰਦਾ ਹੈ ॥ ੧ ॥

ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ ॥

ਮੈਂ ਪਿਛੇ ਭੀ ਕੁਝ ਨਹੀਂ ਸਾਂ, ਹੁਣ ਭੀ ਕੁਝ ਨਹੀਂ ਹਾਂ, ਅੱਗੇ ਨੂੰ ਭੀ ਕੀ ਹੋਵਾਂਗਾ, ਭਾਵ-ਅੱਗੇ ਭੀ ਮੈਂ ਕੁਝ ਨਹੀਂ ਹੋਵਾਂਗਾ, ਸਭ ਅਸਥਾਨਾਂ 'ਪਰ ਤੁਸਾਂ ਨੇ ਹੀ ਕਲ=ਸ਼ਕਤੀ ਧਾਰੀ ਹੋਈ ਹੈ।

ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ ॥ ੨ ॥ ੨ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸੰਸਾਰ ਵਲੋਂ ਭਜ ਕੇ, ਹੇ ਹਰੀ ! ਆਪ ਜੀ ਦੇ ਪਿਛੇ ਪਿਆ ਹਾਂ, ਆਪ ਸਦਕਾਰੀ=ਸਰੇਸ਼ਟ ਕਿਰਿਆ ਦੇ ਕਰਨ ਵਾਲੇ ਜੋ ਸੰਤ ਹਨ, ਉਨ੍ਹਾਂ ਦੇ ਸਦਕਾਰੀ=ਸਦਕੇ ਮੈਨੂੰ ਰੱਖ ਲਓ ॥ ੨ ॥ ੨ ॥ ੨੫ ॥

ਸਾਰਗ ਮਹਲਾ ੫ ॥ ਅਬ ਮੋਹਿ ਸਰਬ ਉਪਾਵ ਬਿਰਕਾਤੇ ॥

ਇਕ ਪ੍ਰਭੂ ਦੀ ਓਟ ਫੜ ਕੇ ਹੁਣ ਮੈਂ ਸਾਰਿਆਂ ਉਪਾਵ=ਜਤਨਾਂ ਤੋਂ ਬਿਰਕਾਤੇ=ਰਹਿਤ ਹੋ ਗਿਆ ਹਾਂ।

ਕਿਉਂਕਿ- ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ ॥ *(ਵਾਰ ਗੂਜਰੀ ਪੰਨਾ ੫੧੧)*

ਤਥਾ:-ਉਪਾਵ ਛੋਡਿ ਗਹੁ ਤਿਸ ਕੀ ਓਟ ॥ *ਤਥਾ:*-ਅਨਿਕ ਉਪਾਵੀ ਰੋਗੁ ਨ ਜਾਇ ॥

ਕਰਣ ਕਾਰਣ ਸਮਰਥ ਸੁਆਮੀ ਹਰਿ ਏਕਸੁ ਤੇ ਮੇਰੀ ਗਾਤੇ ॥ ੧ ॥ ਰਹਾਉ ॥

ਹੇ ਸੁਆਮੀ ! ਆਪ ਹੀ ਸਾਰਿਆਂ ਕਾਰਨਾਂ ਕਾਰਜਾਂ ਦੇ ਕਰਨੇ ਨੂੰ ਸਮੱਰਥ ਹੋਂ, ਹੇ ਹਰੀ ! ਇਕ ਆਪ ਜੀ ਤੋਂ ਹੀ ਮੇਰੀ ਗਾਤੇ=ਮੁਕਤੀ ਹੋਣੀ ਹੈ ॥ ੧ ॥ ਰਹਾਉ ॥

ਦੇਖੇ ਨਾਨਾ ਰੂਪ ਬਹੁ ਰੰਗਾ ਅਨ ਨਾਹੀ ਤੁਮ ਭਾਂਤੇ ॥

ਮੈਂ ਨਾਨਾ ਤਰ੍ਹਾਂ ਦੇ ਰੂਪ=ਅਕਾਰ ਤੇ ਬਹੁਤ ਸਾਰੇ ਰੰਗ ਦੇਖੇ ਹਨ ਪਰ ਤੇਰੇ ਭਾਂਤੇ=ਵਰਗਾ ਅਨ-ਨਾਹੀ=ਹੋਰ ਕੋਈ ਨਹੀਂ ਹੈ।

ਦੇਂਹਿ ਅਧਾਰੁ ਸਰਬ ਕਉ ਠਾਕੁਰ ਜੀਅ ਪ੍ਰਾਨ ਸੁਖਦਾਤੇ ॥ ੧ ॥

ਹੇ ਠਾਕੁਰ ! ਤੂੰ ਹੀ ਸਾਰਿਆਂ ਨੂੰ ਅਧਾਰੁ=ਆਸਰਾ ਦੇਂਦਾ ਹੈਂ, ਜੀਵਾਂ ਦੇ ਅੰਦਰ ਪ੍ਰਾਣ ਅਤੇ ਸੁਖਾਂ ਦੇ ਦਾਤੇ ਹੋ ॥ ੧ ॥

ਭ੍ਰਮਤੋ ਭ੍ਰਮਤੋ ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ ॥

ਜਦ ਮੈਂ ਫਿਰਦਿਆਂ-ਫਿਰਦਿਆਂ ਹਾਰ ਪਿਆ ਤਾਂ ਪੂਰਿਆਂ ਗੁਰਾਂ ਨਾਲ ਮਿਲ ਕੇ ਆਪ ਜੀ ਦੇ ਚਰਨਾਂ ਦਾ ਧਿਆਨ ਕਰਨਾ ਪਰਾਤੇ=ਪਛਾਣਿਆ।

ਕਹੁ ਨਾਨਕ ਮੈ ਸਰਬ ਸੁਖੁ ਪਾਇਆ
ਇਹ ਸੂਖਿ ਬਿਹਾਨੀ ਰਾਤੇ ॥ ੨ ॥ ੩ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ-ਹੁਣ ਮੈਂ ਸਾਰਾ ਸੁਖ ਪਾਇਆ ਹੈ, ਇਸ ਲਈ ਇਹ ਉਮਰਾ ਰੂਪ ਰਾਤ ਸੁਖਾਂ ਵਿਚ ਬਿਹਾਨੀ=ਬਤੀਤ ਹੋਈ ਹੈ ॥ ੨ ॥ ੩ ॥ ੨੬ ॥

ਸਾਰਗ ਮਹਲਾ ੫ ॥

ਅਬ ਮੋਹਿ ਲਬਧਿਓ ਹੈ ਹਰਿ ਟੇਕਾ ॥

ਹੁਣ ਮੈਂ ਟੇਕਾ=ਆਸਰਾ ਰੂਪ ਹਰੀ ਨੂੰ ਲੱਭ ਲਿਆ ਹੈ।

ਗੁਰ ਦਇਆਲ ਭਏ ਸੁਖਦਾਈ ਅੰਧੁਲੈ ਮਾਣਿਕੁ ਦੇਖਾ ॥ ੧ ॥ ਰਹਾਉ ॥

ਸੁਖਾਂ ਦੇ ਦੇਣ ਵਾਲੇ ਗੁਰੂ ਮੇਰੇ 'ਪਰ ਦਿਆਲੂ ਹੋਏ ਹਨ, ਇਸ ਲਈ ਮੈਂ ਅੰਨ੍ਹੇ ਨੇ ਮਾਣਕ ਰੂਪ ਪਰਮਾਤਮਾ ਨੂੰ ਵੇਖ ਲਿਆ ਹੈ ॥ ੧ ॥ ਰਹਾਉ ॥

ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥

ਜਾਂ ਬੁੱਧੀ ਵਿਚ ਵਿਵੇਕ ਦਾ ਪ੍ਰਕਾਸ਼ ਹੋਣ ਕਰਕੇ ਬੁੱਧੀ ਨਿਰਮਲੀਆ=ਸ਼ੁੱਧ ਹੋਈ, ਤਾਂ ਅਗਿਆਨ ਰੂਪ

ਤਿਮਰ=ਹਨੇਰਾ ਕਟਿਆ ਗਿਆ।

ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ॥ ੧॥

ਜਿਵੇਂ ਜਲ ਦੇ ਤਰੰਗ ਤੇ ਫੇਨੁ=ਝੱਗ ਅੰਤ ਨੂੰ ਜਲ ਰੂਪ ਹੋ ਜਾਂਦੇ ਹਨ, ਤਿਵੇਂ ਸੇਵਕ ਤੇ ਠਾਕੁਰ ਦੋਵੇਂ ਆਪਸ ਵਿਚ ਇਕ ਰੂਪ ਹੋ ਜਾਂਦੇ ਹਨ॥ ੧॥

ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ॥

ਜਿਸ ਚੇਤਨ ਤੋਂ ਏਹ ਮਨ ਉਠਿਆ ਸੀ, ਭਾਵ-ਚੇਤਨ ਦੀ ਸੱਤਾ ਨੂੰ ਪਾ ਕੇ ਚੰਚਲ ਹੋਇਆ ਸੀ, ਉਥੇ ਹੀ ਆ ਟਿਕਿਆ ਹੈ, ਇਸ ਲਈ ਸਭ ਪਾਸੇ ਇਕੋ ਹੀ ਇਕ ਪਰਮਾਤਮਾ ਦਿੱਸਦਾ ਹੈ।

ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ
ਪ੍ਰਾਣਪਤੀ ਹਰਿ ਸਮਕਾ॥ ੨॥ ੪॥ ੨੭॥

ਗੁਰੂ ਜੀ ਕਥਨ ਕਰਦੇ ਹਨ-ਸਾਰੀਆਂ ਠਾਈ=ਜਗ੍ਹਾਂ 'ਪਰ ਪ੍ਰਾਣ ਪਤੀ ਹਰੀ ਹੀ ਸਮਕਾ=ਸਮਾਇਆ ਹੋਇਆ ਦ੍ਰਿਸਟਿ ਆਇਓ=ਨਜ਼ਰ ਆਇਆ ਹੈ।

ਅਥਵਾ:-ਪ੍ਰਾਣਾਂ ਦਾ ਪਤੀ ਤੇ ਸਮਕਾ=ਸਮਦ੍ਰਿਸ਼ਟੀ ਸੁਭਾਵ ਦੇ ਦੇਣ ਵਾਲਾ ਹਰੀ ਸਭ ਜਗ੍ਹਾਂ 'ਪਰ ਨਿਗਾਹ ਆਇਆ ਹੈ॥ ੨॥ ੪॥ ੨੭॥

ਸਾਰਗ ਮਹਲਾ ੫॥
ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ॥

ਮੇਰਾ ਮਨ ਇਕ ਪਿਆਰੇ ਪਤੀ ਨੂੰ ਹੀ ਮਾਂਗੈ=ਮੰਗਦਾ, ਭਾਵ ਚਾਹੁੰਦਾ ਹੈ।

ਪੇਖਿ ਆਇਓ ਸਰਬ ਥਾਨ ਦੇਸ
ਪ੍ਰਿਅ ਰੋਮ ਨ ਸਮਸਰਿ ਲਾਗੈ॥ ੧॥ ਰਹਾਉ॥

ਸਾਰੇ ਅਸਥਾਨ ਤੇ ਸਾਰੇ ਦੇਸ਼ ਵੇਖ ਆਇਆ ਹਾਂ, ਪਿਆਰੇ ਪਤੀ ਦੇ ਰੋਮ ਦੇ ਬਰਾਬਰ ਕੋਈ ਪਦਾਰਥ ਲੱਗਦਾ ਨਹੀਂ ਹੈ।

ਯਥਾ:- ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ ਸਾਰਿ ਮਾ।
ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ।

(ਭਾਈ ਨੰਦ ਲਾਲ ਜੀ)

ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ
ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ॥

ਚਾਹੇ ਕੋਈ ਅਨੇਕ ਤਰ੍ਹਾਂ ਦੇ ਭੋਜਨ ਤੇ ਬਹੁਤ ਰਸਦਾਇਕ ਬਿੰਜਨ=ਸਲੂਣੇ, ਨੀਰੇ=ਪਰੋਸ ਕੇ ਮੇਰੇ ਅੱਗੇ ਲਿਆ ਰੱਖੇ ਪਰ ਮੇਰਾ ਮਨ ਰੁਚੀ ਸਹਿਤ ਉਨ੍ਹਾਂ ਵੱਲ ਦ੍ਰਿਸਟਿ=ਨਿਗਾਹ ਹੀ ਨਹੀਂ ਕਰਦਾ।

ਕਿਸੀ ਨੇ ਕਿਹਾ ਤੇਰਾ ਮਨ ਫਿਰ ਕੀ ਚਾਹੁੰਦਾ ਹੈ ? *ਉੱਤਰ-*

ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥

ਹਰੀ ਰਸ ਨੂੰ ਚਾਹੁੰਦਾ ਹੈ ਤੇ ਮੂੰਹ ਚੋਂ ਪਿਰੀ ਪਿਰੀ ਟੇਰੈ=ਉਚਾਰਦਾ ਹੈ, ਜਿਵੇਂ ਅਲਿ=ਭੌਰਾ ਕੌਲ ਫੁਲਾਂ ਉੱਤੇ ਲੁਭਾਇਮਾਨ ਹੁੰਦਾ ਹੈ, ਤਿਵੇਂ ਮੇਰਾ ਮਨ ਪ੍ਰਭੂ ਦੇ ਪ੍ਰੇਮ ਵਿਚ ਮਸਤ ਹੈ॥ ੧ ॥

[ਪੰਨਾ ੧੨੧੦]

ਗੁਣ ਨਿਧਾਨ ਮਨ ਮੋਹਨ ਲਾਲਨ ਸੁਖਦਾਈ ਸਰਬਾਂਗੈ ॥

ਹੇ ਸ਼ੁਭ ਗੁਣਾਂ ਦੇ ਨਿਧਾਨ=ਖਜ਼ਾਨੇ, ਮਨ ਦੇ ਮੋਹਣ ਵਾਲੇ ਲਾਲਨ=ਪਿਆਰੇ ਪ੍ਰਭੂ! ਆਪ ਹੀ ਸਰਬਾਂਗੈ=ਸਾਰਿਆਂ ਅੰਗਾਂ ਨੂੰ ਜਾਂ ਸਾਰਿਆਂ ਮਨੁੱਖਾਂ ਨੂੰ ਸੁਖ ਦੇਣ ਵਾਲੇ ਹੋ।

ਗੁਰਿ ਨਾਨਕ ਪ੍ਰਭ ਪਾਹਿ ਪਠਾਇਓ
ਮਿਲਹੁ ਸਖਾ ਗਲਿ ਲਾਗੈ ॥ ੨ ॥ ੫ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਆਪ ਜੀ ਦੇ ਪਾਸ ਗੁਰਾਂ ਨੇ ਸ਼ਬਦ ਰੂਪ ਚਿੱਠੀ ਦੇ ਕੇ ਪਠਾਇਓ= ਭੇਜਿਆ ਹੈ, ਹੇ ਸਖਾ ਰੂਪ ਪ੍ਰਭੂ ! ਹੁਣ ਤਾਂ ਗਲ ਨਾਲ ਲੱਗ ਕੇ ਮਿਲੋ, ਅਰਥਾਤ-ਆਪਣੇ ਵਿਚ ਅਭੇਦ ਕਰ ਲਓ॥ ੨ ॥ ੫ ॥ ੨੮ ॥

ਸਾਰਗ ਮਹਲਾ ੫ ॥

ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥

ਹੇ ਠਾਕੁਰ ! ਹੁਣ ਮੇਰਾ ਮਨ ਆਪ ਜੀ ਦੇ ਨਾਲ ਮੰਨਿਆ ਗਿਆ ਹੈ।

ਸਾਧ ਕ੍ਰਿਪਾਲ ਦਇਆਲ ਭਏ ਹੈ
ਇਹੁ ਛੇਦਿਓ ਦੁਸਟੁ ਬਿਗਾਨਾ ॥ ੧ ॥ ਰਹਾਉ ॥

ਕਿਰਪਾਲੂ ਸੁਭਾਵ ਵਾਲੇ ਸੰਤ ਮੇਰੇ 'ਪਰ ਦਿਆਲੂ ਹੋਏ ਹਨ, ਜਿਹੜਾ ਦੁਸ਼ਟ ਸੁਭਾਵ ਬਿਗਾਨਾ=ਬੇਗਿਆਤ ਕਰਨ ਵਾਲਾ ਜਾਂ ਜਮਾਂ ਦੇ ਹਵਾਲੇ ਕਰਨ ਵਾਲਾ ਸੀ, ਏਹ ਮੇਰੇ ਅੰਦਰੋਂ ਛੇਦਿਓ=ਕੱਟ ਦਿੱਤਾ ਹੈ ॥ ੧ ॥ ਰਹਾਉ ॥

ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ ॥

ਆਪ ਹੀ ਸ਼ੁਭ ਗੁਣਾਂ ਕਰਕੇ ਸੁੰਦਰ ਹੋ, ਆਪ ਹੀ ਹਰ ਕਾਰਜਾਂ ਵਿਚ ਸਿਆਣੇ ਹੋ, ਆਪ ਹੀ ਸ੍ਰੇਸ਼ਟ ਘਾੜਤ ਦੇ ਘੜਣ ਵਾਲੇ ਹੋ, ਆਪ ਹੀ ਸਭ ਦੇ ਹਿਰਦੇ ਦੀਆਂ ਗੱਲਾਂ ਜਾਨਣੇ ਨੂੰ ਸੁਜਾਣ ਹੋ।

ਸਗਲ ਜੋਗ ਅਰੁ ਗਿਆਨ ਧਿਆਨ ਇਕ ਨਿਮਖ ਨ ਕੀਮਤਿ ਜਾਨਾਂ ॥ ੧ ॥

ਪ੍ਰਾਣਾਯਾਮ ਦੇ ਕਰਨ ਵਾਲੇ ਸਾਰਿਆਂ ਜੋਗੀਆਂ ਨੇ ਅਤੇ ਜਿੰਨੇ ਕੁ ਗਿਆਨੀ ਧਿਆਨੀ ਹਨ, ਇਨ੍ਹਾਂ ਸਭਨਾਂ ਨੇ ਇਕ ਨਿਮਖ ਮਾਤ੍ਰ ਵੀ ਆਪ ਜੀ ਦੀ ਕੀਮਤ ਨੂੰ ਜਾਣਿਆ ਨਹੀਂ ਹੈ॥ ੧ ॥

ਤੁਮ ਹੀ ਨਾਇਕ ਤੁਮ੍ਹਿ ਛਤ੍ਰਪਤਿ ਤੁਮ ਪੂਰਿ ਰਹੇ ਭਗਵਾਨਾ ॥

ਆਪ ਹੀ ਸਭ ਦੇ ਨਾਇਕ=ਸੁਆਮੀ, ਵਾ:-ਸਰਦਾਰ ਹੋ, ਆਪ ਹੀ ਛਤ੍ਰਪਤੀ ਰਾਜੇ ਹੋ, ਹੇ

ਭਗਵਾਨ ! ਆਪ ਸਾਰਿਆਂ ਵਿਚ ਪੂਰਨ ਹੋ ਰਹੇ ਹੋ।

ਨੋਟ:-ਵਣਜਾਰਿਆਂ ਦੇ ਵੱਡੇ ਨੂੰ ਨਾਇਕ ਕਹਿੰਦੇ ਹਨ, ਇਸ ਲਈ ਨਾਇਕ ਦਾ ਅਰਥ ਸਰਦਾਰ ਕੀਤਾ ਹੈ।

ਪਾਵਉ ਦਾਨੁ ਸੰਤ ਸੇਵਾ ਹਰਿ ਨਾਨਕ ਸਦ ਕੁਰਬਾਨਾਂ ॥ ੨ ॥ ੬ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਸੰਤਾਂ ਦੀ ਸੇਵਾ ਕਰਨੇ ਰੂਪ ਦਾਨ ਮੈਨੂੰ ਪਾਵੋ, ਮੈਂ ਸਦਾ ਆਪ ਜੀ ਤੋਂ ਕੁਰਬਾਨ ਜਾਂਦਾ ਹਾਂ॥ ੨ ॥ ੬ ॥ ੨੯ ॥

ਸਾਰਗ ਮਹਲਾ ੫ ॥

ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥

ਮੇਰੇ ਮਨ ਵਿਚ ਰੰਗਾ=ਅਨੰਦ ਸਰੂਪ ਪਤੀ ਜੀ ਚੇਤੇ ਆਏ ਹਨ।

ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥ ੧ ॥ ਰਹਾਉ ॥

ਸਬਾਈ ਰਜਨਿ ਜੰਗਾ=ਸਾਰੀ ਰਾਤ ਭਜਨ ਸਿਮਰਨ ਵਿਚ ਜਾਗਣ ਕਰਕੇ,

ਅਥਵਾ:-ਸਾਰੀ ਰਜਨਿ=ਰਾਤ ਕਾਮ ਆਦਿਕਾਂ ਨਾਲ ਜੰਗ ਕਰਨ ਨਾਲ ਬੰਧਨ ਰੂਪ ਮਾਇਆ ਦਾ ਜੋ ਭੀ ਧੰਧਾ ਸੀ, ਓਹ ਸਾਰਾ ਵਿਸਰ ਗਿਆ ਹੈ॥ ੧ ॥ ਰਹਾਉ ॥

ਹਰਿ ਸੇਵਉ ਹਰਿ ਰਿਦੈ ਬਸਾਵਉ ਹਰਿ ਪਾਇਆ ਸਤਸੰਗਾ ॥

ਹਰੀ ਨੂੰ ਸੇਂਵਦਾ ਹਾਂ, ਹਰੀ ਨੂੰ ਹਿਰਦੇ ਵਿਚ ਵਸਾਂਦਾ ਹਾਂ, ਸਤਸੰਗ ਦੇ ਵਿਚੋਂ ਹੀ ਹਰੀ ਨੂੰ ਪਾਇਆ ਹੈ।

ਐਸੋ ਮਿਲਿਓ ਮਨੋਹਰੁ ਪ੍ਰੀਤਮੁ ਸੁਖ ਪਾਏ ਮੁਖ ਮੰਗਾ ॥ ੧ ॥

ਮੈਨੂੰ ਅਜਿਹਾ ਮਨੋਹਰੁ=ਸੁੰਦਰ ਪ੍ਰੀਤਮ ਪ੍ਰਭੂ ਮਿਲਿਆ ਹੈ, ਜਿਸ ਪਾਸੋਂ ਮੂੰਹ ਮੰਗੇ ਸੁਖ ਪਾਉਂਣਾ ਕੀਤੇ ਹਨ॥ ੧ ॥

ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ ॥

ਧੰਨ ਗੁਰੂ ਹਨ, ਜਿਨ੍ਹਾਂ ਨੇ ਮੇਰਾ ਆਪਣਾ ਪਤੀ ਪ੍ਰਮਾਤਮਾ ਮੇਰੇ ਵੱਸ ਵਿਚ ਕਰ ਦਿੱਤਾ ਹੈ, ਇਸ ਲਈ ਉਸ ਨਾਲ ਮਿਲ ਕੇ ਮੈਂ ਨਿਸੰਕ ਹੀ ਬ੍ਰਹਮਾਨੰਦ ਦੇ ਭੋਗ ਨੂੰ ਭੋਗਦੀ ਹਾਂ।

ਨਿਰਭਉ ਭਏ ਨਾਨਕ ਭਉ ਮਿਟਿਆ
ਹਰਿ ਪਾਇਓ ਪਾਠੰਗਾ ॥ ੨ ॥ ੭ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ-ਪਾਠੰਗਾ=ਪਾਠ ਦੇ ਅੰਗ ਕਰਕੇ, *ਅਥਵਾ:*-ਸੰਤਾਂ ਦੇ ਪਾਠੰਗਾ=ਸਬੱਬ ਕਰਕੇ ਹਰੀ ਨੂੰ ਪਾਇਆ ਹੈ ਅਤੇ ਨਿਰਭਉ ਹੋਣ ਕਰਕੇ ਸਾਰਾ ਡਰ ਮਿਟ ਗਿਆ ਹੈ॥ ੨ ॥ ੭ ॥ ੩੦ ॥

ਸਾਰਗ ਮਹਲਾ ੫ ॥

ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ॥

ਹਰਿ ਜੀ ਦੇ ਦਰਸ਼ਨਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ॥ ੧॥ ਰਹਾਉ॥

ਗੁਰਾਂ ਦੇ ਬਚਨਾਂ ਦੁਆਰੇ ਜੋ ਨਾਦ=ਉਪਦੇਸ਼ ਪ੍ਰਾਪਤ ਹੋਇਆ ਹੈ, ਉਸ ਨਾਲ ਮੇਰੇ ਸ੍ਰਵਨਹੁ=ਕੰਨ ਪੂਰਨ ਹਨ ਜਾਂ ਗੁਰਾਂ ਦੇ ਉਪਦੇਸ਼ ਰੂਪ ਬਚਨਾਂ ਨਾਲ ਮੇਰੇ ਕੰਨ ਪੂਰਤ ਹਨ ਤੇ ਸੂਖਮ ਦੇਹ ਅੰਤਹਕਰਣ ਪਿਰੀ ਦੇ ਅੰਕਿ=ਸਰੂਪ ਵਿਚ ਸਮਾਈ ਹੈ॥ ੧॥ ਰਹਾਉ॥

ਛੂਟਰਿ ਤੇ ਗੁਰਿ ਕੀਈ ਸੋਹਾਗਨਿ ਹਰਿ ਪਾਇਓ ਸੁਘੜ ਸੁਜਾਨੀ॥

ਛੁਟੜ ਔਰਤ ਤੋਂ ਗੁਰਾਂ ਨੇ ਮੈਨੂੰ ਸੁਹਾਗਣ ਕਰ ਦਿੱਤਾ ਹੈ ਕਿਉਂਕਿ ਗੁਰ ਕਿਰਪਾ ਨਾਲ ਮੈਂ ਸ੍ਰੇਸ਼ਟ ਘਾੜਤ ਦੇ ਘੜਨ ਵਾਲੇ ਚਤਰ ਹਰੀ ਪਤੀ ਨੂੰ ਪਾ ਲਿਆ ਹੈ।

ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ॥ ੧॥

ਜਿਸ ਸਰੂਪ ਘਰ ਵਿਚ ਬੈਠਣਾ ਨਹੀਂ ਮਿਲਦਾ ਸੀ, ਓਹੀ ਸਰੂਪ ਅਸਥਾਨ (ਘਰ) ਵਸਣ ਨੂੰ ਮਿਲ ਗਿਆ ਹੈ॥ ੧॥

ਉਨ੍ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ॥

ਭਗਤਾਂ ਦਾ ਬਛਲੁ=ਪਿਆਰਾ ਪ੍ਰਭੂ ਉਹਨਾਂ ਦੇ ਵਸ ਵਿਚ ਆ ਗਿਆ ਹੈ, ਜਿਨ੍ਹਾਂ ਨੇ ਸੰਤਾਂ ਦੀ ਆਨ=ਵਡਿਆਈ ਰੱਖੀ ਹੈ ਜਾਂ ਜਿਨ੍ਹਾਂ ਨੇ ਆਪਣੇ ਆਪ ਨੂੰ ਸੰਤਾਂ ਦੀ ਆਨ=ਸ਼ਰਨ ਵਿਚ ਰੱਖਿਆ ਹੈ।

ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ
ਸਭ ਚੂਕੀ ਕਾਣਿ ਲੋਕਾਨੀ॥ ੨॥ ੮॥ ੩੧॥

ਗੁਰੂ ਜੀ ਕਥਨ ਕਰਦੇ ਹਨ-ਹੁਣ ਹਰੀ ਦੇ ਨਾਲ ਮਨ ਮੰਨਿਆ ਗਿਆ ਹੈ ਅਤੇ ਸਾਰੀ ਲੌਕਿਕ ਲੱਜਾ ਚੂਕੀ=ਦੂਰ ਹੋ ਗਈ ਹੈ॥ ੨॥ ੮॥ ੩੧॥

ਸਾਰਗ ਮਹਲਾ ੫॥ ਅਬ ਮੇਰੋ ਪੰਚਾ ਤੇ ਸੰਗੁ ਤੂਟਾ॥

ਹੁਣ ਮੇਰਾ ਕਾਮ, ਕ੍ਰੋਧ ਆਦਿਕ ਪੰਜਾਂ ਨਾਲੋਂ ਸੰਗੁ=ਸਬੰਧ ਟੁੱਟ ਗਿਆ ਹੈ।

ਦਰਸਨੁ ਦੇਖਿ ਭਏ ਮਨਿ ਆਨਦ ਗੁਰ ਕਿਰਪਾ ਤੇ ਛੂਟਾ॥ ੧॥ ਰਹਾਉ॥

ਗੁਰਾਂ ਦੇ ਦਰਸ਼ਨ ਦੇਖਦਿਆਂ ਹੀ ਮਨ ਵਿਚ ਅਨੰਦ ਹੋ ਗਿਆ ਹੈ ਤੇ ਗੁਰ ਕਿਰਪਾ ਨਾਲ ਹੀ ਵਿਕਾਰਾਂ ਦਾ ਸੰਗ ਛੁਟ ਗਿਆ ਹੈ॥ ੧॥ ਰਹਾਉ॥

ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ॥

ਬਿਖਮ ਥਾਨ=ਕਠਨ ਅਸਥਾਨ ਅਗਿਆਨ ਹੈ, ਬਹੁਤ ਤੋਂ ਬਹੁਤ ਧਰੀਆਂ ਹੋਈਆਂ ਮਨ ਦੀਆਂ ਕੋਠੀਆਂ ਹਨ, ਵਾ:-ਵਾਸ਼ਨਾ ਹਨ ਅਤੇ ਰਾਗ ਦ੍ਵੈਸ਼ ਆਦਿਕ ਅਨੇਕਾਂ ਰਾਖੇ ਹਨ, ਕਾਮ ਕ੍ਰੋਧ ਆਦਿਕ ਸੂਰੂਟਾ= ਸੂਰਮੇ ਹਨ।

ਬਿਖਮ ਗਾਰ੍ਹ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ॥ ੧॥

ਅਸਥੂਲ ਸਰੀਰ, ਵਾ:-ਮੋਹ, ਵਾ:-ਹੰਕਾਰ ਰੂਪੀ ਬਿਖਮ ਗੜ੍ਹੀ ਹੈ, ਇਸ ਵਿਚ ਮਨ ਰੂਪ ਰਾਜਾ ਆਕੀ ਹੈ, ਇਸ

ਕਰਕੇ ਪਰਮੇਸ਼ਰ ਪਾਸ ਪਹੁੰਚਦਾ ਨਹੀਂ ਹੈ, ਸੰਤਾਂ ਦੇ ਸਾਥੀ ਹੋਏ ਤਾਂ ਇਨ੍ਹਾਂ ਸਾਰਿਆਂ ਨੂੰ ਲੁੱਟਣਾ ਕੀਤਾ॥ ੧॥

ਬਹੁਤੁ ਖਜਾਨੇ ਮੇਰੈ ਪਾਲੈ ਪਰਿਆ ਅਮੋਲ ਲਾਲ ਆਖੂਟਾ॥

ਸ਼ੁਭ ਗੁਣਾਂ ਰੂਪੀ ਬਹੁਤੇ ਖਜ਼ਾਨਿਆਂ ਦਾ ਮਾਲਕ ਪ੍ਰਭੂ ਮੇਰੇ ਬੁੱਧੀ ਰੂਪ ਪਲੇ ਪਿਆ ਹੈ, ਜੋ ਲਾਲਾਂ ਵਾਂਗੂੰ ਅਮੋਲਕ ਤੇ ਅਖੁਟ ਹੈ।

ਜਨ ਨਾਨਕ ਪ੍ਰਭਿ ਕਿਰਪਾ ਧਾਰੀ
ਤਉ ਮਨ ਮਹਿ ਹਰਿ ਰਸੁ ਘੂਟਾ॥ ੨॥ ੯॥ ੩੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਮੈਂ ਜਨ ਉੱਤੇ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰਨਾ ਕੀਤੀ ਤਾਂ ਮਨ ਵਿਚ ਹਰੀ ਨਾਮ ਰਸ ਦੇ ਘੁਟ ਨੂੰ ਭਰਨਾ ਕੀਤਾ॥ ੨॥ ੯॥ ੩੨॥

ਸਾਰਗ ਮਹਲਾ ੫॥

ਅਬ ਮੇਰੋ ਠਾਕੁਰ ਸਿਉ ਮਨੁ ਲੀਨਾ॥

ਹੁਣ ਮੇਰਾ ਠਾਕੁਰ ਨਾਲ ਮਨ ਲੀਣ ਹੋ ਗਿਆ ਹੈ।

ਪ੍ਰਾਨ ਦਾਨੁ ਗੁਰਿ ਪੂਰੈ ਦੀਆ
ਉਰਝਾਇਓ ਜਿਉ ਜਲ ਮੀਨਾ॥ ੧॥ ਰਹਾਉ॥

ਪੂਰਿਆਂ ਗੁਰਾਂ ਨੇ ਮੈਨੂੰ ਪ੍ਰਾਣਾਂ ਦਾ ਦਾਨ ਦਿੱਤਾ ਹੈ, ਭਾਵ ਮਰਦੇ ਜਾਂਦੇ ਨੂੰ ਮੁਕਤੀ ਦੇ ਕੇ ਜਿਵਾਇਆ ਹੈ, ਜਿਵੇਂ ਜਲ ਵਿਚ ਮੀਨਾ=ਮੱਛ ਉਲਝਿਆ ਹੁੰਦਾ ਹੈ, ਤਿਵੇਂ ਮੇਰਾ ਮਨ ਠਾਕੁਰ ਨਾਲ ਲੀਣ ਹੈ॥ ੧॥ ਰਹਾਉ॥

ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ॥

ਜਿਸ ਵੇਲੇ ਗੁਰਾਂ ਨੇ ਨਾਮ ਦਾਨ ਦੇਣਾ ਕੀਤਾ ਤਾਂ ਕਾਮ, ਕ੍ਰੋਧ, ਲੋਭ ਮਦ=ਹੰਕਾਰ, ਮਤਸਰ=ਈਰਖਾ ਇਨ੍ਹਾਂ ਸਾਰਿਆਂ ਨੂੰ ਅਰਪਿ=ਤਿਆਗ ਦੇਣਾ ਕੀਤਾ। *ਅਥਵਾ:*-ਕਾਮ, ਕ੍ਰੋਧ, ਲੋਭ, ਹੰਕਾਰ ਤੇ ਈਰਖਾ ਇਨ੍ਹਾਂ ਸਾਰਿਆਂ ਨੂੰ ਦੁਸ਼ਟਾਂ ਪਾਸ ਅਰਪ ਕੇ ਦਾਨ ਕਰ ਦਿੱਤਾ ਹੈ। ਜਿਵੇਂ ਦਾਨ ਕੀਤੀ ਹੋਈ ਚੀਜ਼ ਫੇਰ ਆਪਣੀ ਨਹੀਂ ਹੁੰਦੀ, ਤਿਵੇਂ ਕਾਮ ਆਦਿਕ ਫੇਰ ਆਪਣੇ ਪਾਸ ਨਹੀਂ ਆਉਂਦੇ।

ਮੰਤ੍ਰੁ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ
ਤਉ ਮਿਲਿਓ ਸਗਲ ਪ੍ਰਬੀਨਾ॥ ੧॥

ਗੁਰਾਂ ਨੇ ਜੋ ਹਰੀ ਨਾਮ ਮੰਤ੍ਰ ਦ੍ਰਿੜਾਇਆ ਹੈ, ਏਹੋ ਅਗਿਆਨ ਰੋਗ ਦੀ ਨਵਿਰਤੀ ਲਈ ਅਉਖਧੁ=ਦਾਰੂ ਦਿੱਤਾ ਹੈ, ਤਦੇ ਤਾਂ ਸਭਨਾਂ ਤੋਂ ਪ੍ਰਬੀਨਾ=ਚਤੁਰ ਹਰੀ ਆ ਕੇ ਮਿਲਿਆ ਹੈ॥ ੧॥

[ਪੰਨਾ ੧੨੧੧]

ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ॥

ਹੇ ਪ੍ਰਭੂ ! ਗੁਰਾਂ ਨੇ ਹੰਗਤਾ ਮਮਤਾ, ਖੋਈ=ਦੂਰ ਕਰਕੇ ਨਾਮ ਦਾਨ ਦਿੱਤਾ ਹੈ, ਹੁਣ ਮੈਂ ਇਹ ਨਿਸਚੇ

ਕੀਤਾ ਹੈ ਕਿ ਏਹ ਸਰੀਰ ਘਰ ਤੇਰਾ ਹੈ ਤੂੰ ਹੀ ਮੇਰਾ ਠਾਕੁਰ=ਸ੍ਵਾਮੀ ਹੈਂ।

ਕਹੁ ਨਾਨਕ ਮੈ ਸਹਜ ਘਰੁ ਪਾਇਆ
ਹਰਿ ਭਗਤਿ ਭੰਡਾਰ ਖਜੀਨਾ ॥ ੨ ॥ ੧੦ ॥ ੩੩ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਸੁਖਾਂ ਦਾ ਭੰਡਾਰਾ ਜੋ ਤੇਰੀ ਭਗਤੀ ਰੂਪ ਖਜ਼ਾਨਾ ਹੈ, ਉਹ ਮੈਂ ਸੁਭਾਵਕ ਹੀ ਹਿਰਦੇ ਘਰ ਵਿਚ ਪਾਇਆ ਹੈ॥ ੨॥ ੧੦॥ ੩੩॥

ਸਾਰਗ ਮਹਲਾ ੫ ॥

ਮੋਹਨ ਸਭਿ ਜੀਅ ਤੇਰੇ ਤੂ ਤਾਰਹਿ ॥

ਹੇ ਮੋਹਨ ਪਰਮਾਤਮਾ ! ਏਹ ਸਾਰੇ ਜੀਵ ਤੇਰੇ ਹਨ ਤੂੰ ਹੀ ਇਨ੍ਹਾਂ ਨੂੰ ਤਾਰਦਾ ਹੈਂ।

ਛੁਟਹਿ ਸੰਘਾਰ ਨਿਮਖ ਕਿਰਪਾ ਤੇ ਕੋਟਿ ਬ੍ਰਹਮੰਡ ਉਧਾਰਹਿ ॥ ੧ ॥ ਰਹਾਉ ॥

ਆਪ ਜੀ ਦੀ ਇਕ ਨਿਮਖ ਮਾਤ੍ਰ ਕਿਰਪਾ ਦ੍ਰਿਸ਼ਟੀ ਨਾਲ ਜੰਮਣਾ ਤੇ ਸੰਘਾਰ=ਮਰਨਾ ਛੁਟ ਜਾਂਦਾ ਹੈ, ਆਪ ਕ੍ਰੋੜਾਂ ਹੀ ਬ੍ਰਹਿਮੰਡਾਂ ਦੇ ਤਾਰਨੇ ਨੂੰ ਸਮਰੱਥ ਹੋ॥ ੧॥ ਰਹਾਉ॥

ਕਰਹਿ ਅਰਦਾਸਿ ਬਹੁਤੁ ਬੇਨੰਤੀ ਨਿਮਖ ਨਿਮਖ ਸਾਮ੍ਹਾਰਹਿ ॥

ਮੈਂ ਅਰਦਾਸੀਆ ਹੋ ਕੇ ਬਹੁਤ ਚਿਰ ਬੇਨਤੀ ਕਰਦਾ ਹਾਂ,

ਅਥਵਾ:-ਮਨ ਕਰਕੇ ਅਰਦਾਸ ਕਰਦਾ ਹਾਂ, ਤਨ ਕਰਕ ਬਹੁਤੀਆਂ ਬੇਨਤੀਆਂ ਕਰਦਾ ਹਾਂ ਅਤੇ ਨਿਮਖ-ਨਿਮਖ ਕਾਲ ਆਪ ਜੀ ਦੇ ਨਾਮਾਂ ਨੂੰ ਸੰਭਾਲਦਾ ਹਾਂ।

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਹਾਥ ਦੇਇ ਨਿਸਤਾਰਹਿ ॥ ੧ ॥

ਹੇ ਦੀਨ ਦੁਖ ਭੰਜਨ ! ਜਿਸ ਵੇਲੇ ਆਪ ਕ੍ਰਿਪਾਲੂ ਹੁੰਦੇ ਹੋ, ਤਿਸ ਵੇਲੇ ਆਪ ਕਿਰਪਾ ਰੂਪ ਹੱਥ ਦੇ ਕੇ ਸੰਸਾਰ-ਸਮੁੰਦ੍ਰ ਤੋਂ ਤਾਰ ਲੈਂਦੇ ਹੋ॥ ੧॥

ਕਿਆ ਏ ਭੂਪਤਿ ਬਪੁਰੇ ਕਹੀਅਹਿ ਕਹੁ ਏ ਕਿਸ ਨੋ ਮਾਰਹਿ ॥

ਏਹ ਜੋ ਦੁਨੀਆਂ ਦੇ ਮਾਲਕ ਰਾਜੇ ਕਹੇ ਜਾਂਦੇ ਹਨ, ਏਹ ਬਪੁਰੇ=ਵਿਚਾਰੇ ਕੀ ਹਨ, ਕਹੋ ਖਾਂ-ਏਹ ਆਪਣੇ ਆਪ ਕਿਸ ਨੂੰ ਮਾਰ ਸਕਦੇ ਹਨ।

ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਹਾਰਹਿ ॥ ੨ ॥ ੧੧ ॥ ੩੪ ॥

ਹੇ ਸੁਖਦਾਤੇ ਪ੍ਰਭੂ ! ਤੂੰ ਸਾਨੂੰ ਰੱਖ ਲੈ, ਰੱਖ ਲੈ, ਰੱਖ ਲੈ ਤਿੰਨ ਵਾਰ ਕਹਿ ਕੇ ਨਿਸਚੇ ਅਰਥ ਕਰ ਦੇਣਾ, ਵਾ:-ਜਿਨ੍ਹਾਂ ਨੂੰ ਰੱਖਿਆ ਹੈ, ਉਨ੍ਹਾਂ ਦੇ ਚਰਨਾਂ ਦੀ ਰਾਖੁ=ਧੂੜ ਦੇ ਕੇ ਰੱਖ ਲੈ।

ਗੁਰੂ ਜੀ ਕਥਨ ਕਰਦੇ ਹਨ—ਇਹ ਸਾਰਾ ਜਗਤ ਆਪ ਜੀ ਦੇ ਆਸਰੇ ਹੈ॥ ੨॥ ੧੧॥ ੨੪॥

ਸਾਰਗ ਮਹਲਾ ੫ ॥

ਅਬ ਮੋਹਿ ਧਨੁ ਪਾਇਓ ਹਰਿ ਨਾਮਾ ॥

ਹੁਣ ਮੈਂ ਹਰੀ ਨਾਮ ਰੂਪ ਅਸਲ ਧਨ ਨੂੰ ਪਾਇਆ ਹੈ। ਇਸ ਲਈ-

ਭਏ ਅਚਿੰਤ ਤ੍ਰਿਸਨ ਸਭ ਬੁਝੀ ਹੈ
ਇਹੁ ਲਿਖਿਓ ਲੇਖੁ ਮਥਾਮਾ ॥ ੧ ॥ ਰਹਾਉ ॥

ਅਚਿੰਤ=ਬੇਫਿਕਰ ਹੋ ਗਏ ਹਾਂ, ਸਾਰਿਆਂ ਪਦਾਰਥਾਂ ਦੀ ਤ੍ਰਿਸ਼ਨਾ ਬੁਝ ਗਈ ਹੈ ਪਰ ਮਥਾਮਾ=ਮੱਥੇ 'ਪਰ ਸ਼ੁਭ ਲੇਖ ਦੇ ਲਿਖੇ ਅਨੁਸਾਰ ਏਹ ਨਾਮ ਧਨ ਮਿਲਿਆ ਹੈ॥ ੧ ॥ ਰਹਾਉ ॥

ਖੋਜਤ ਖੋਜਤ ਭਇਓ ਬੈਰਾਗੀ ਫਿਰਿ ਆਇਓ ਦੇਹ ਗਿਰਾਮਾ ॥

ਜਿਸ ਨੂੰ ਖੋਜਦਿਆਂ-ਖੋਜਦਿਆਂ ਮੈਂ ਬੈਰਾਗੀ ਹੋ ਗਿਆ ਸਾਂ ਪਰ ਨਹੀਂ ਲੱਭਾ, ਫਿਰ ਮੈਂ ਦੇਹ ਰੂਪ ਗਿਰਾਮਾ=ਪਿੰਡ ਵਿਚ ਆਇਆ, ਭਾਵ ਅੰਤਰ ਮੁਖ ਬਿਰਤੀ ਕੀਤੀ ਤਾਂ ਉਸ ਨੂੰ ਪਾ ਲਿਆ।

ਕਿਸੀ ਨੇ ਪੁਛਿਆ ਕਿਵੇਂ ਪਾਇਆ ਹੈ ? *ਉੱਤਰ :-*

ਗੁਰਿ ਕ੍ਰਿਪਾਲਿ ਸਉਦਾ ਇਹੁ ਜੋਰਿਓ ਹਥਿ ਚਰਿਓ ਲਾਲੁ ਅਗਾਮਾ ॥ ੧ ॥

ਜਿਸ ਵੇਲੇ ਗੁਰਾਂ ਨੇ ਕ੍ਰਿਪਾਲੂ ਹੋ ਕੇ ਏਹ ਨਾਮ ਰੂਪ ਸੋਦਾ ਜੋੜਨਾ ਕੀਤਾ ਤਾਂ ਮੇਰੇ ਮਨ ਰੂਪ ਹੱਥ ਵਿਚ ਲਾਲੁ=ਪਿਆਰਾ, ਅਗਮ ਰੂਪ ਪਰਮਾਤਮਾ ਚਰਿਓ=ਪਰਾਪਤ ਹੋਇਆ ॥ ੧ ॥

ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ ॥

ਨਾਮ ਤੋਂ ਬਿਨਾਂ ਹੋਰ ਜਿੰਨੇ ਕੁ ਵਣਜ ਵਪਾਰ ਕਰੀਂਦੇ ਹਨ,

ਵਾ:-ਵਪਾਰੀ ਹੋ ਕੇ ਵਣਜ ਕਰੀਂਦੇ ਹਨ, ਉਨ੍ਹਾਂ ਵਿਚ ਉਤਨੇ ਹੀ ਦੁਖ ਸਹਾਮਾ=ਸਹਾਰਨੇ ਪੈਂਦੇ ਹਨ।

ਗੋਬਿਦ ਭਜਨ ਕੇ ਨਿਰਭੈ ਵਾਪਾਰੀ
ਹਰਿ ਰਾਸਿ ਨਾਨਕ ਰਾਮ ਨਾਮਾ ॥ ੨ ॥ ੧੨ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ-ਗੋਬਿੰਦ ਦੇ ਭਜਨ ਕਰਨ ਵਾਲੇ ਵਪਾਰੀ ਨਿਰਭਉ ਹਨ ਕਿਉਂਕਿ ਉਹਨਾਂ ਦੇ ਪਾਸ ਹਰੀ ਰਾਮ ਨਾਮ ਰੂਪੀ ਸੱਚੀ ਪੂੰਜੀ ਹੈ।

ਵਾ:-ਹਰੀ ਰਾਮ ਨਾਮ ਦੀ ਸ਼ਰਧਾ ਰੂਪ ਰਾਸਿ=ਪੂੰਜੀ ਹੈ॥ ੨ ॥ ੧੨ ॥ ੩੫ ॥

ਸਾਰਗ ਮਹਲਾ ੫ ॥

ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ ॥

ਮੇਰੇ ਮਨ ਵਿਚ ਪ੍ਰਿਅ=ਪਤੀ ਪਰਮਾਤਮਾ ਦੇ ਬੋਲ ਮਿਸਟ=ਮਿੱਠੇ (ਪਿਆਰੇ) ਲੱਗੇ ਹਨ।

ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ
ਸਦ ਦਇਆਲੁ ਹਰਿ ਢੋਲਾ ॥ ੧ ॥ ਰਹਾਉ ॥

ਗੁਰਾਂ ਨੇ ਬਾਂਹ ਤੋਂ ਫੜ ਕੇ ਪ੍ਰਭੂ ਦੀ ਸੇਵਾ ਵਿਚ ਲਗਾ ਦਿੱਤਾ ਹੈ, ਏਸੇ ਕਰਕੇ ਢੋਲਾ=ਪਿਆਰਾ ਹਰੀ ਮੇਰੇ 'ਪਰ ਸਦਾ ਦਿਆਲੂ ਹੈ॥ ੧ ॥ ਰਹਾਉ ॥

ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ ਮੋਹਿ ਕਲੜ੍ਹ ਸਹਿਤ ਸਭਿ ਗੋਲਾ ॥

ਹੇ ਪ੍ਰਭੂ ਸੁਆਮੀ ! ਤੂੰ ਸਾਰਿਆਂ ਦੀ ਪ੍ਰਤਿਪਾਲਾ ਕਰਨ ਵਾਲਾ ਹੈਂ, ਕਲਤ੍ਰ=ਇਸਤ੍ਰੀ ਤੇ ਸਾਰੇ ਪਰਵਾਰ ਸਹਿਤ ਮੈਂ ਆਪ ਜੀ ਦਾ ਗੋਲਾ=ਦਾਸ ਹਾਂ।

ਮਾਣੁ ਤਾਣੁ ਸਭੁ ਤੂਹੈ ਤੂੰਹੈ ਇਕੁ ਨਾਮੁ ਤੇਰਾ ਮੈ ਓਲ੍ਹਾ ॥ ੧ ॥

ਮੇਰਾ ਮਾਣ ਮਨ ਦਾ ਤੇ ਤਾਣ ਤਨ ਦਾ ਸਭ ਕੁਝ ਤੂੰਹੀ ਤੂੰਹੀ ਹੈ, ਮੈਨੂੰ ਇਕ ਆਪ ਜੀ ਦੇ ਨਾਮ ਦਾ ਓਲ੍ਹਾ=ਆਸਰਾ ਹੈ॥ ੧ ॥

ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ ਘਾਸੁ ਬਢਾਵਹਿ ਕੇਤਕ ਬੋਲਾ ॥

ਜੇਕਰ ਆਪ ਤਖ਼ਤ ਉੱਤੇ ਬੈਠਾ ਦਿਓ ਤੋ ਭੀ ਆਪ ਜੀ ਦੇ ਦਾਸ ਹਾਂ ਜੇ ਆਪ ਘਾਹ ਵਢਾਓ ਭਾਂ ਮੈਂ ਕਿਤਨਾ ਕੁ ਬੋਲਣਾ ਹੈ।

ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਮੇਰੇ ਠਾਕੁਰ ਅਗਹ ਅਤੋਲਾ ॥ ੨ ॥ ੧੩ ॥ ੩੬ ॥

ਗੁਰੂ ਜੀ ਕਥਨ ਕਰਦੇ ਹਨ—ਹੇ ਬਿਧਾਤੇ=ਫਲ ਬਰਦਾਤੇ ਅਕਾਲ ਪੁਰਖ, ਆਪ ਮੈਂ ਸੇਵਕ ਜਨ ਦੇ ਪ੍ਰਭ=ਸੁਆਮੀ ਹੋ, ਹੇ ਮੇਰੇ ਠਾਕੁਰ! ਆਪ ਅਗਹ=ਅਪਕੜ ਤੇ ਅਤੋਲਾ=ਤੋਲਨੇ ਤੋਂ ਰਹਿਤ ਹੋ॥ ੨ ॥ ੧੩ ॥ ੩੬ ॥

ਸਾਰਗ ਮਹਲਾ ੫ ॥
ਰਸਨਾ ਰਾਮ ਕਹਤ ਗੁਣ ਸੋਹੰ ॥

ਰਾਮ ਦੇ ਗੁਣਾਂ ਨੂੰ ਕਹਿੰਦੀ ਹੋਈ ਰਸਨਾ ਸੋਹੰ=ਸੋਭਦੀ ਹੈ।

ਏਕ ਨਿਮਖ ਓਪਾਇ ਸਮਾਵੈ ਦੇਖਿ ਚਰਿਤ ਮਨ ਮੋਹੰ ॥ ੧ ॥ ਰਹਾਉ ॥

ਜੋ ਰਾਮ ਇਕ ਅੱਖ ਦੇ ਪਲਕਾਰੇ ਵਿਚ ਸੰਸਾਰ ਨੂੰ ਉਤਪੰਨ ਤੇ ਸਮਾਵੈ=ਲਯ ਕਰ ਸਕਦਾ ਹੈ, ਉਸ ਦੇ ਚਲਿਤ੍ਰਾਂ ਨੂੰ ਦੇਖ ਕੇ ਮੇਰਾ ਮਨ ਮੋਹਿਆ ਗਿਆ ਹੈ॥ ੧ ॥ ਰਹਾਉ ॥

ਜਿਸੁ ਸੁਣਿਐ ਮਨਿ ਹੋਇ ਰਹਸੁ ਅਤਿ ਰਿਦੈ ਮਾਨ ਦੁਖ ਜੋਹੰ ॥

ਜਿਸ ਪ੍ਰਭੂ ਦੇ ਚਲਿਤ੍ਰਾਂ ਨੂੰ ਸੁਣ ਕੇ ਮਨ ਵਿਚ ਅਤੀਅੰਤ ਰਹਸੁ=ਅਨੰਦ ਹੁੰਦਾ ਹੈ ਤੇ ਹਿਰਦੇ ਵਿਚ ਪ੍ਰਭੂ ਦੇ ਮਾਨ=ਮਨਣ ਕਰਨ ਨਾਲ ਮਾਨ ਦਾ ਜੋ ਦੁੱਖ ਹੈ, ਓਹ ਹੰ=ਨਾਸ ਹੁੰਦਾ ਹੈ।

ਸੁਖੁ ਪਾਇਓ ਦੁਖੁ ਦੂਰਿ ਪਰਾਇਓ ਬਣਿ ਆਈ ਪ੍ਰਭ ਤੋਹੰ ॥ ੧ ॥

ਹੇ ਪ੍ਰਭੂ ! ਆਪ ਜੀ ਨਾਲ ਪ੍ਰੀਤੀ ਬਣ ਆਈ ਹੈ, ਇਸ ਲਈ ਮੈਂ ਸੁਖ ਪਾਇਆ ਹੈ ਤੇ ਦੁੱਖ ਦੂਰ ਪਰੇ ਹੋ ਗਿਆ ਹੈ॥ ੧ ॥

ਕਿਲਵਿਖ ਗਏ ਮਨ ਨਿਰਮਲ ਹੋਈ ਹੈ ਗੁਰਿ ਕਾਢੇ ਮਾਇਆ ਦ੍ਰੋਹੰ ॥

ਕਿਲਵਿਖ=ਪਾਪ ਨਵਿਰਤ ਹੋ ਗਏ ਹਨ, ਮਨ ਸ਼ੁਧ ਹੋ ਗਿਆ ਹੈ, ਗੁਰਾਂ ਨੇ ਮਾਇਆ ਦੇ ਦ੍ਰੋਹੰ=ਛਲ ਤੇ ਵਿਕਾਰ ਕੱਢ ਦਿੱਤੇ ਹਨ।

ਕਹੁ ਨਾਨਕ ਮੈ ਸੋ ਪ੍ਰਭੁ ਪਾਇਆ
ਕਰਣ ਕਾਰਣ ਸਮਰਥੋਹੰ ॥ ੨ ॥ ੧੪ ॥ ੩੭ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਹ ਪ੍ਰਭੂ ਪਾਇਆ ਹੈ, ਜੋ ਸਭ ਕਾਰਨਾਂ ਦੇ ਕਰਨੇ ਨੂੰ ਸਮੱਰਥ ਹੈ॥ ੨ ॥ ੧੪ ॥ ੩੭ ॥

ਸਾਰਗ ਮਹਲਾ ੫ ॥
ਨੈਨਹੁ ਦੇਖਿਓ ਚਲਤੁ ਤਮਾਸਾ ॥

ਮੈਂ ਨੈਨਹੁ=ਅੱਖਾਂ ਨਾਲ ਅਸਚਰਜ ਰੂਪ ਪ੍ਰਭੂ ਦਾ ਅਸਚਰਜ ਤਮਾਸ਼ਾ ਵੇਖਿਆ ਹੈ। *ਜੋ ਅਗਲੀ ਤੁਕ ਵਿਚ ਸਪੱਸ਼ਟ ਹੈ-

ਸਭਹੂ ਦੂਰਿ ਸਭਹੂ ਤੇ ਨੇਰੈ ਅਗਮ ਅਗਮ ਘਟ ਵਾਸਾ ॥ ੧ ॥ ਰਹਾਉ ॥

ਜੋ ਸਾਰਿਆਂ ਮਨਮੁਖਾਂ ਤੋਂ ਦੂਰ ਹੈ, ਸਾਰਿਆਂ ਗੁਰਮੁਖਾਂ ਦੇ ਨੇੜੇ ਹੈ, ਗਿਆਨਵਾਨਾਂ ਦੀ ਦ੍ਰਿਸ਼ਟੀ ਵਿਚ ਅਗਮ=ਵੇਦਾਂ, ਸ਼ਾਸਤ੍ਰਾਂ ਕਰਕੇ ਅਗਮ=ਬੇਅੰਤ ਰੂਪ ਪਰਮਾਤਮਾ ਸਾਰਿਆਂ ਘਟਾਂ ਵਿਚ ਵਸ ਰਿਹਾ ਹੈ॥ ੧ ॥ ਰਹਾਉ ॥

ਅਭੂਲੁ ਨ ਭੂਲੈ ਲਿਖਿਓ ਨ ਚਲਾਵੈ ਮਤਾ ਨ ਕਰੈ ਪਚਾਸਾ ॥

ਉਹ ਪ੍ਰਭੂ ਅਭੁਲ ਹੈ, ਕਦੇ ਭੁਲਦਾ ਨਹੀਂ ਹੈ, ਉਸ ਦੇ ਲਿਖੇ ਹੋਏ ਲੇਖਾਂ ਨੂੰ ਕੋਈ ਚਲਾਵੈ=ਹਟਾਉਂਦਾ ਨਹੀਂ ਹੈ, ਉਹ ਪਚਾਸਾ=ਪੰਜਾਹ ਸੱਠ ਆਦਮੀਆਂ ਨਾਲ ਮਿਲ ਕੇ ਮਤਾ=ਸਲਾਹ ਭੀ ਨਹੀਂ ਕਰਦਾ ਕਿਉਂਕਿ ਉਸ ਦਾ ਸਲਾਹਕਾਰ ਕੋਈ ਨਹੀਂ।

ਖਿਨ ਮਹਿ ਸਾਜਿ ਸਵਾਰਿ ਬਿਨਾਹੈ ਭਗਤਿ ਵਛਲ ਗੁਣ ਤਾਸਾ ॥ ੧ ॥

ਇਕ ਖਿਨ ਵਿਚ ਸਰੀਰਾਂ ਨੂੰ ਸਾਜਦਾ ਹੈ, ਸਵਾਰਿ ਬਿਨਾਹੈ=ਬਣੇ ਹੋਏ ਨੂੰ ਫੇਰ ਢਾਹ ਦੇਂਦਾ ਹੈ, ਉਹ ਭਗਤਾਂ ਦਾ ਪਿਆਰਾ ਹੈ ਤੇ ਸ਼ੁਭ ਗੁਣਾਂ ਦਾ ਖਜ਼ਾਨਾ ਹੈ॥ ੧ ॥

ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ ॥

ਜਿਸ ਦੇ ਹਿਰਦੇ ਵਿਚ ਗੁਰਾਂ ਨੇ ਉਪਦੇਸ਼ ਦੇਣਾ ਕੀਤਾ ਹੈ, ਉਸ ਪੁਰਸ਼ ਦੇ ਅੰਨ੍ਹੇ ਖੂਹ ਵਿਚ, ਅਰਥਾਤ-ਅਗਿਆਨ ਵਸ਼ਿਸ਼ਟ ਹਿਰਦੇ ਵਿਚ ਪ੍ਰਕਾਸ਼ ਵਾਲਾ ਗਿਆਨ ਰੂਪ ਦੀਵਾ ਬਲ ਪਿਆ ਹੈ।

[ਪੰਨਾ ੧੨੧੨]

ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ
ਸਭ ਪੂਰਨ ਹੋਈ ਆਸਾ ॥ ੨ ॥ ੧੫ ॥ ੩੮ ॥

ਗੁਰੂ ਜੀ ਕਥਨ ਕਰਦੇ ਹਨ—ਹਰੀ ਦਾ ਦਰਸ਼ਨ ਵੇਖਦਿਆਂ ਹੀ ਮੈਂ ਸੁਖ ਪਾਇਆ ਹੈ ਅਤੇ ਮਨ ਦੀਆਂ

ਅਥਵਾ :- ਮੈਂ ਅੱਖਾਂ ਨਾਲ ਏਹ ਸੰਸਾਰ ਤਮਾਸ਼ਾ ਚਲਤੁ=ਚਲੇ ਜਾਣ ਵਾਲਾ ਦੇਖਿਆ ਹੈ।

ਸਭ ਆਸਾਂ ਪੂਰਨ ਹੋ ਗਈਆਂ ਹਨ॥ ੨॥ ੧੫॥ ੩੮॥

ਸਾਰਗ ਮਹਲਾ ੫॥

ਚਰਨਹ ਗੋਬਿੰਦ ਮਾਰਗੁ ਸੁਹਾਵਾ॥

ਗੋਬਿੰਦ ਪਰਮਾਤਮਾ ਦੇ ਮਾਰਗੁ=ਰਸਤੇ 'ਪਰ ਤੁਰਦਿਆਂ ਹੀ ਪੈਰਾਂ ਦੀ ਸ਼ੋਭਾ ਹੈ।

ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ॥ ੧॥ ਰਹਾਉ॥

ਗੋਬਿੰਦ ਦੇ ਮਾਰਗ ਨੂੰ ਛੱਡ ਕੇ ਆਨ=ਹੋਰ ਰਸਤਿਆਂ 'ਪਰ ਜਿੰਨਾ ਕੁ ਕੁਝ ਦੌੜਨਾ ਹੈ, ਉਤਨਾਂ ਹੀ ਦੁੱਖ ਤੇ ਹਾਵਾ=ਝੋਰਾ ਲੱਗਦਾ ਹੈ॥ ੧॥ ਰਹਾਉ॥

ਨੇਤ੍ਰ ਪੁਨੀਤ ਭਏ ਦਰਸੁ ਪੇਖੇ ਹਸਤ ਪੁਨੀਤ ਟਹਲਾਵਾ॥

ਪ੍ਰਭੂ ਦੇ ਦਰਸ਼ਨ ਨੂੰ ਵੇਖ ਕੇ ਨੈਣ ਪਵਿੱਤ੍ਰ ਹੋਏ ਹਨ ਅਤੇ ਟਹਲ ਕਰਨ ਨਾਲ ਹਸਤ=ਹੱਥ ਪਵਿੱਤ੍ਰ ਹੋਏ ਹਨ।

ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ॥ ੧॥

ਉਹ ਹਿਰਦਾ ਪੁਨੀਤ=ਪਵਿੱਤ੍ਰ ਹੈ, ਜਿਸ ਹਿਰਦੇ ਵਿਚ ਹਰੀ ਵਸਿਆ ਹੈ, ਸੰਤਾਂ ਦੀ ਚਰਨ ਧੂੜੀ ਲਾਉਣ ਕਰਕੇ ਮਸਤ=ਮੱਥਾ ਪਵਿੱਤ੍ਰ ਹੋਇਆ ਹੈ॥ ੧॥

ਸਰਬ ਨਿਧਾਨ ਨਾਮਿ ਹਰਿ ਹਰਿ ਕੈ ਜਿਸੁ ਕਰਮਿ ਲਿਖਿਆ ਤਿਨਿ ਪਾਵਾ॥

ਹਰੀ ਦੇ ਹਰਿ ਨਾਮ ਵਿਚ ਸਾਰੇ ਨਿਧਾਨ=ਖ਼ਜ਼ਾਨੇ ਹਨ, ਪਰ ਜਿਸ ਦੇ ਭਾਗਾਂ ਵਿਚ ਲਿਖਿਆ ਹੈ ਉਸ ਪੁਰਸ਼ ਨੇ ਨਾਮ ਪਾਇਆ ਹੈ।

ਜਨ ਨਾਨਕ ਕਉ ਗੁਰੁ ਪੂਰਾ ਭੇਟਿਓ
ਸੁਖਿ ਸਹਜੇ ਅਨਦ ਬਿਹਾਵਾ॥ ੨॥ ੧੬॥ ੩੯॥

ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ ਨੂੰ ਪੂਰਾ ਗੁਰੂ ਮਿਲਿਆ ਹੈ, ਇਸ ਲਈ ਸਹਿਜੇ ਹੀ ਸੁਖ ਤੇ ਅਨੰਦ ਵਿਚ ਉਮਰਾ ਬਿਹਾਵਾ=ਬੀਤਦੀ ਹੈ॥ ੨॥ ੧੬॥ ੨੯॥

ਸਾਰਗ ਮਹਲਾ ੫॥

ਧਿਆਇਓ ਅੰਤਿ ਬਾਰ ਨਾਮੁ ਸਖਾ॥

ਉਸ ਨਾਮ ਨੂੰ ਮੈਂ ਧਿਆਉਣਾ ਕੀਤਾ ਹੈ ਜੋ ਅੰਤ ਸਮੇਂ ਸਖਾ=ਮਿੱਤ੍ਰ ਬਣ ਕੇ ਸਹਾਇਤਾ ਕਰਦਾ ਹੈ।

ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ॥ ੧॥ ਰਹਾਉ॥

ਹੇ ਪ੍ਰਭੂ! ਜਿਥੇ ਮਾਂ, ਪਿਓ, ਸੁਤ=ਪੁੱਤਰ, ਭਾਈ=ਭਰਾ ਨਹੀਂ ਪਹੁੰਚ ਸਕਦਾ, ਤਿਥੇ ਤਿਥੇ ਤੂੰਹੀ ਰੱਖਦਾ ਹੈਂ॥ ੧॥ ਰਹਾਉ॥

ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ ਲੇਖੁ ਲਿਖਾ॥

ਇਸ ਅੰਨ੍ਹੇ ਖੂਹ ਵਰਗੇ ਗ੍ਰਿਹਸਥ ਵਿਚ ਰਹਿ ਕੇ ਉਸ ਨੇ ਨਾਮ ਨੂੰ ਸਿਮਰਿਆ ਹੈ, ਜਿਸ ਦੇ ਮੱਥੇ 'ਪਰ

ਸ੍ਰੇਸ਼ਟ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ।

ਖੁਲ੍ਹੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਦਿਖਾ॥ ੧॥

ਗੁਰ ਕਿਰਪਾ ਕਰਕੇ ਉਸ ਦੇ ਸੰਸਾਰਕ ਬੰਧਨ ਖੁਲ੍ਹ ਗਏ ਹਨ, ਪੁਨਾ ਉਸ ਨੂੰ ਗੁਰਾਂ ਨੇ ਮੁਕਤੀ ਦਿੱਤੀ ਹੈ, ਸਾਰਿਆਂ ਵਿਚ ਉਸ ਨੇ ਪਰਮਾਤਮਾ ਨੂੰ ਤੂਹੀਂ ਤੂਹੀਂ ਕਰਕੇ ਦੇਖਿਆ ਹੈ॥ ੧॥

ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨ ਚਖਾ॥

ਨਾਮ ਅੰਮ੍ਰਿਤ ਦੇ ਪੀਣ ਕਰਕੇ ਮਨ ਤ੍ਰਿਪਤ ਹੋ ਗਿਆ ਹੈ, ਦੁਨੀਆਵੀ ਰਸਾਂ ਦੇ ਚੱਖਣ ਵਲੋਂ ਭੀ ਆਘਾਏ=ਰੱਜ ਗਿਆ ਹਾਂ।

ਅਥਵਾ:- ਮੈਂ ਰੱਜੇ ਹੋਏ ਨੇ ਫੇਰ ਸੰਸਾਰਕ ਰਸਾਂ ਨੂੰ ਨਾ ਚੱਖਣਾ ਕੀਤਾ।

ਕਹੁ ਨਾਨਕ ਸੁਖ ਸਹਜੁ ਮੈ ਪਾਇਆ
ਗੁਰਿ ਲਾਹੀ ਸਗਲ ਤਿਖਾ॥ ੨॥ ੧੭॥ ੪੦॥

ਗੁਰੂ ਜੀ ਕਥਨ ਕਰਦੇ ਹਨ-ਮੈਂ ਸਹਜੁ=ਸ਼ਾਂਤੀ ਸੁਖ, *ਵਾ:-*ਸਰੂਪ ਸੁਖ ਪਾਇਆ ਹੈ, ਗੁਰਾਂ ਨੇ ਕਿਰਪਾ ਕਰਕੇ ਮੇਰੀ ਸਾਰੀ ਤਿਖਾ=ਤ੍ਰਿਸ਼ਨਾ ਲਾਹ ਦਿੱਤੀ ਹੈ॥ ੨॥ ੧੭॥ ੪੦॥

ਸਾਰਗ ਮਹਲਾ ੫॥

ਗੁਰ ਮਿਲਿ ਐਸੇ ਪ੍ਰਭੂ ਧਿਆਇਆ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਮਿਲ ਕੇ ਮੈਂ ਐਸੇ ਪ੍ਰਭੂ ਨੂੰ ਧਿਆਉਣਾ ਕੀਤਾ ਹੈ।

ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ
ਲਗੈ ਨ ਤਾਤੀ ਬਾਇਆ॥ ੧॥ ਰਹਾਉ॥

ਜੋ ਦਿਆਲੂ ਸੁਭਾਅ ਵਾਲਾ ਪ੍ਰਭੂ ਦੁੱਖਾਂ ਦੇ ਨਾਸ ਕਰਨ ਵਾਲਾ ਹੈ, ਉਹ ਜਿਸ ਵੇਲੇ ਕ੍ਰਿਪਾਲੂ ਹੋਇਆ ਤਾਂ ਦੁੱਖ ਰੂਪ ਤੱਤੀ ਹਵਾ ਨਾ ਲੱਗੀ।

ਅਥਵਾ:- ਗੁਰੂ ਨਾਲ ਮਿਲ ਕੇ ਨਾਮ ਨੂੰ ਧਿਆਉਣਾ ਕੀਤਾ ਤਾਂ ਦੁੱਖਾਂ ਦੇ ਭੰਜਨੇ ਵਾਲਾ ਦਿਆਲੂ ਪ੍ਰਭੂ ਕਿਰਪਾਲੂ ਹੋ ਗਿਆ ਜਿਸ 'ਤੇ ਹੁਣ ਨਰਕ ਰੂਪੀ ਤੱਤੀ ਹਵਾ ਨਹੀਂ ਲੱਗਦੀ॥ ੧॥ ਰਹਾਉ॥

ਜੇਤੇ ਸਾਸ ਸਾਸ ਹਮ ਲੇਤੇ ਤੇਤੇ ਹੀ ਗੁਣ ਗਾਇਆ॥

ਜਿੰਨੇ ਭੀ ਦਿਨ ਰਾਤ ਅਸੀਂ ਸਵਾਸ ਲੈਂਦੇ ਹਾਂ ਉਨੇ ਹੀ ਸਵਾਸ ਗੁਣਾਂ ਨੂੰ ਗਾਉਂਦੇ ਹਾਂ।

ਨਿਮਖ ਨ ਬਿਛੁਰੈ ਘਰੀ ਨ ਬਿਸਰੈ ਸਦ ਸੰਗੇ ਜਤ ਜਾਇਆ॥ ੧॥

ਇਕ ਨਿਮਖ=ਛਿਣ ਮਾਤ੍ਰ ਭੀ ਮੇਰੇ ਨਾਲੋਂ ਵਿਛੁੜਦਾ ਨਹੀਂ ਅਤੇ ਘੜੀ ਮਾਤ੍ਰ ਵੀ ਮੈਨੂੰ ਬਿਸਰੈ ਨ=ਭੁਲਦਾ ਨਹੀਂ, ਜਤ ਜਾਇਆ=ਜਿਥੇ ਭੀ ਜਾਂਦਾ ਹਾਂ ਸਦਾ ਹੀ ਨਾਲ ਹੈ॥ ੧॥

ਹਉ ਬਲਿ ਬਲਿ ਬਲਿ ਬਲਿ ਚਰਨ ਕਮਲ ਕਉ
ਬਲਿ ਬਲਿ ਗੁਰ ਦਰਸਾਇਆ॥

ਗੁਰਾਂ ਦੇ ਚਰਨ ਕਮਲਾਂ ਤੋਂ ਮੈਂ ਚਤੁਸਟੇ ਅੰਤਹਕਰਣ ਕਰਕੇ ਬਲਿਹਾਰ ਕੁਰਬਾਨ ਜਾਂਦਾ ਹਾਂ, ਪੁਨਾ ਗੁਰਾਂ ਦੇ ਦਰਸ਼ਨਾਂ ਤੋਂ ਭੀ ਬਲਿਹਾਰ ਕੁਰਬਾਨ ਜਾਂਦਾ ਹਾਂ। *ਅਥਵਾ:*-ਜਿਨ੍ਹਾਂ ਦੇ ਚਰਨ ਕਮਲ ਬਲਿ ਬਲਿ=ਪ੍ਰਕਾਸ਼ ਰੂਪ ਹਨ ਅਤੇ ਜੋ ਗੁਰੂ ਆਪ ਭੀ ਬਲਿ ਬਲਿ=ਪ੍ਰਕਾਸ਼ ਰੂਪ ਹਨ ਉਹਨਾਂ ਗੁਰਾਂ ਦੇ ਦਰਸ਼ਨ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਕਹੁ ਨਾਨਕ ਕਾਹੂ ਪਰਵਾਹਾ ਜਉ ਸੁਖ ਸਾਗਰੁ ਮੈ ਪਾਇਆ ॥੨ ॥੧੮ ॥੪੧ ॥

ਗੁਰੂ ਜੀ ਕਥਨ ਕਰਦੇ ਹਨ-ਜਦ ਮੈਂ ਸੁਖਾਂ ਦੇ ਸਮੁੰਦਰ ਪ੍ਰਭੂ ਨੂੰ ਪਾ ਲਿਆ ਹੈ, ਤਾਂ ਫਿਰ ਮੈਨੂੰ ਕਿਸੇ ਦੀ ਕੀ ਪਰਵਾਹ ਹੈ॥ ੨ ॥ ੧੮ ॥ ੪੧ ॥

ਸਾਰਗ ਮਹਲਾ ੫ ॥

ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥

ਮੇਰੇ ਮਨ ਵਿਚ ਗੁਰਾਂ ਦਾ ਉਪਦੇਸ਼ ਮੀਠਾ=ਪਿਆਰਾ ਲੱਗਾ ਹੈ।

ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥੧ ॥ਰਹਾਉ ॥

ਜਾਂ ਖੁਲ੍ਹਿਓ ਕਰਮੁ=ਭਾਗ ਜਾਗਿਆ ਤਾਂ ਪਰਗਾਸਾ=ਗਿਆਨ ਹੋਇਆ, ਜਿਸ ਗਿਆਨ ਕਰਕੇ ਸਾਰਿਆਂ ਘਟਾ ਘਟਾਂ ਵਿਚ ਇਕ ਹਰਿ ਹਰਿ ਨੂੰ ਵੇਖ ਲਿਆ॥ ੧ ॥ ਰਹਾਉ ॥

ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ ॥

ਉਹ ਪਾਰਬ੍ਰਹਮ ਆਜੋਨੀ=ਜੂਨੀਆਂ ਤੋਂ ਰਹਿਤ ਹੈ; ਸੰਭਉ=ਸੁਤੇ ਪ੍ਰਕਾਸ਼ ਰੂਪ ਹੈ ਤੇ ਸਾਰਿਆਂ ਘਟ ਅਸਥਾਨਾਂ ਵਿਚ ਬੀਠਾ=ਬੈਠਾ ਹੋਇਆ ਹੈ।

ਅਥਵਾ:-ਉਹ ਬੀਠਾ=ਬੀਠਲ ਪਰਮਾਤਮਾ ਸਰਬ ਥਾਨ=ਸਾਰੀ ਜੜ ਸ੍ਰਿਸ਼ਟੀ ਵਿਚ ਤੇ ਘਟ=ਚੇਤਨ ਸ੍ਰਿਸ਼ਟੀ ਵਿਚ ਵਿਆਪਕ ਹੈ।

ਭਇਓ ਪਰਾਪਤਿ ਅੰਮ੍ਰਿਤ ਨਾਮਾ ਬਲਿ ਬਲਿ ਪ੍ਰਭ ਚਰਣੀਠਾ ॥ ੧ ॥

ਮੈਨੂੰ ਨਾਮ ਅੰਮ੍ਰਿਤ ਪਰਾਪਤ ਹੋਇਆ ਹੈ, ਪ੍ਰਭੂ ਦੇ ਚਰਣੀਠਾ=ਚਰਨਾਂ ਤੋਂ ਜਾਂ ਪ੍ਰਭੂ ਦੇ ਪਿਆਰੇ ਚਰਨਾਂ ਤੋਂ ਮੈਂ ਬਲਿਹਾਰ ਕੁਰਬਾਣ ਜਾਂਦਾ ਹਾਂ॥ ੧ ॥

ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ ॥

ਮੇਰੇ ਮੂੰਹ 'ਪਰ ਸਤਸੰਗਤ ਦੇ ਚਰਨਾਂ ਦੀ ਧੂੜ ਲੱਗੀ ਹੈ, ਇਸ ਲਈ ਸਾਰਿਆਂ ਤੀਰਥਾਂ ਦੇ ਮਜਨੀਠਾ=ਇਸ਼ਨਾਨ ਮੈਂ ਕਰ ਲਏ ਹਨ।

ਕਹੁ ਨਾਨਕ ਰੰਗਿ ਚਲੂਲ ਭਏ ਹੈ
ਹਰਿ ਰੰਗੁ ਨ ਲਹੈ ਮਜੀਠਾ ॥ ੨ ॥ ੧੯ ॥ ੪੨ ॥

ਗੁਰੂ ਜੀ ਕਥਨ ਕਰਦੇ ਹਨ-ਰੰਗਿ=ਪਰੇਮ ਰੂਪੀ ਗੂੜ੍ਹੇ ਰੰਗ ਵਾਲੇ ਹੋਏ ਹਾਂ, ਹਰੀ ਦਾ ਨਾਮ ਭਗਤੀ ਰੂਪ ਮਜੀਠਾ ਰੰਗ ਲਹਿੰਦਾ ਨਹੀਂ ਹੈ॥ ੨ ॥ ੧੯ ॥ ੪੨ ॥

ਸਾਰਗ ਮਹਲਾ ੫ ॥

ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥

ਹਰਿ ਹਰਿ ਦਾ ਨਾਮ ਗੁਰਾਂ ਨੇ ਮੇਰੇ ਸੰਗ ਦਾ ਸਾਥੀ ਕਰ ਦਿੱਤਾ ਹੈ।

ਨਿਮਖ ਬਚਨੁ ਪ੍ਰਭ ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ ॥ ੧ ॥ ਰਹਾਉ ॥

ਇਸ ਨਿਮਖ ਮਾਤ੍ਰ ਗੁਰਾਂ ਦੇ ਬਚਨੁ=ਉਪਦੇਸ਼ ਕਰਕੇ ਜਦ ਮੇਰੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸ ਗਿਆ, ਤਾਂ ਸਾਰਿਆਂ ਪਦਾਰਥਾਂ ਦੀ ਭੂਖ, ਜਾਂ ਸਾਰੀ ਭੂਖ ਮੇਰੀ ਲਹਿ ਗਈ ॥ ੧ ॥ ਰਹਾਉ ॥

ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ ਸੁਖ ਸਮੂਹ ਸਭ ਨਾਥੇ ॥

ਹੇ ਠਾਕੁਰ ! ਤੂੰ ਕਿਰਪਾ ਦਾ ਖਜ਼ਾਨਾ ਹੈਂ, ਸ਼ੁਭ ਗੁਣਾਂ ਦਾ ਨਾਇਕ=ਸੁਆਮੀ ਹੈਂ, ਸਮੂਹ ਸੁਖਾਂ ਦਾ ਦਾਤਾ ਹੈਂ ਤੇ ਸਾਰਿਆਂ ਦਾ ਨਾਥੇ=ਸੁਆਮੀ ਹੈਂ।

ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ ਆਸ ਬਿਰਾਥੇ ॥ ੧ ॥

ਹੇ ਸੁਆਮੀ ! ਮੈਨੂੰ ਇਕ ਆਪ ਜੀ ਦੀ ਆਸਾ ਹੈ ਕਿਉਂਕਿ ਹੋਰ ਦੂਜੀ ਆਸਾ ਬਿਰਾਥੇ=ਵਿਅਰਥ ਹੈ ॥ ੧ ॥

[ਪੰਨਾ ੧੨੧੩]

ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੇ ॥

ਮੇਰੇ ਸਿਰ ਉੱਤੇ ਗੁਰਾਂ ਨੇ ਕ੍ਰਿਪਾ ਦਾ ਕਰ=ਹੱਥ ਰੱਖਿਆ ਹੈ, ਇਸ ਲਈ ਤੇਰੇ ਦਰਸ਼ਨ ਨੂੰ ਵੇਖ ਕੇ ਨੈਣ=ਨੇਤ੍ਰ ਤ੍ਰਿਪਤ ਹੋ ਗਏ ਹਨ।

ਕਹੁ ਨਾਨਕ ਮੈ ਅਤੁਲ ਸੁਖੁ ਪਾਇਆ
ਜਨਮ ਮਰਣ ਭੈ ਲਾਥੇ ॥ ੨ ॥ ੨੦ ॥ ੪੩ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਅਤੁੱਲ ਆਤਮ ਸੁਖ ਪਾਇਆ ਹੈ, ਜਿਸ ਕਰਕੇ ਜਨਮ ਮਰਨ ਦੇ ਭੈ=ਡਰ ਲਹਿ ਗਏ ਹਨ ॥ ੨ ॥ ੨੦ ॥ ੪੩ ॥

ਸਾਰਗ ਮਹਲਾ ੫ ॥

ਰੇ ਮੂੜੇ ਆਨ ਕਾਹੇ ਕਤ ਜਾਈ ॥

ਹੇ ਮੂਰਖ ਪੁਰਸ਼ਾ ! ਆਨ=ਹੋਰ ਕਿਧਰੇ ਕਾਹੇ ਜਾਈ=ਕਿਉਂ ਜਾਂਦਾ ਹੈਂ।

ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥ ੧ ॥ ਰਹਾਉ ॥

ਤੇਰੇ ਨਾਲ ਹੀ ਮਨੋਹਰੁ=ਸੁੰਦਰ ਨਾਮ ਅੰਮ੍ਰਿਤ ਹੈ, ਵਾ:-ਅੰਮ੍ਰਿਤ ਰੂਪ ਸੁੰਦਰ ਹਰੀ ਤੇਰੇ ਨਾਲ ਹੀ ਹੈ, ਤੂੰ ਵਾਰ ਵਾਰ, ਭੁਲ ਭੁਲ ਕੇ ਵਿਸ਼ਿਆਂ ਰੂਪੀ ਬਿਖੁ=ਜ਼ਹਿਰ ਨੂੰ ਖਾਂਦਾ ਹੈ। *ਅਥਵਾ:-* ਹੇ ਭੁਲੇ ਹੋਏ ਪੁਰਸ਼ਾ! ਤੂੰ ਉਸ ਤੋਂ ਭੁਲ ਕੇ ਵਿਸ਼ਿਆਂ ਰੂਪੀ ਜ਼ਹਿਰ ਨੂੰ ਕਿਉਂ ਖਾਂਦਾ ਹੈਂ ॥ ੧ ॥ ਰਹਾਉ ॥

ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ ਤਿਸ ਸਿਉ ਰੁਚ ਨਹੀ ਰਾਈ॥

ਜੋ ਪ੍ਰਭੂ ਅਤੀਅੰਤ ਸੁੰਦਰ ਹੈ, ਸ਼ੁਭ ਗੁਣਾਂ ਕਰਕੇ ਚਤੁਰ ਹੈ, ਅਨੂਪ=ਉਪਮਾ ਤੋਂ ਰਹਿਤ ਹੈ, ਬਿਧਾਤੇ=ਫਲ ਬਰ ਦਾਤਾ ਹੈ, ਉਸ ਨਾਲ ਤੇਰੀ ਰਾਈ ਮਾਤ੍ਰ ਭੀ ਰੁਚ=ਪ੍ਰੀਤੀ ਨਹੀਂ ਹੈ।

ਮੋਹਨਿ ਸਿਉ ਬਾਵਰ ਮਨੁ ਮੋਹਿਓ ਝੂਠਿ ਠਗਉਰੀ ਪਾਈ॥ ੧ ॥

ਇਸ ਮੋਹਨਿ=ਮੋਹਨੀ ਮਾਇਆ ਦੇ ਨਾਲ ਇਸ ਬਾਵਰ=ਝੱਲੇ ਪੁਰਸ਼ ਦਾ ਮਨ ਮੋਹਿਆ ਗਿਆ ਹੈ, ਕਿਉਂਕਿ ਇਸ ਉੱਤੇ ਝੂਠੀ ਮੋਹ ਰੂਪੀ ਠੱਗ ਬੂਟੀ ਪਾਈ ਹੋਈ ਹੈ॥ ੧॥

ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ ਸਿਉ ਬਨਿ ਆਈ॥

ਜਿਸ ਵੇਲੇ ਦੁੱਖਾਂ ਦੇ ਨਾਸ ਕਰਨ ਵਾਲਾ ਕ੍ਰਿਪਾਲੂ ਪਰਮੇਸ਼ਰ ਦਿਆਲੂ ਹੋਇਆ ਤਾਂ ਹੀ ਮੇਰੀ ਸੰਤਾਂ ਨਾਲ ਪਰੀਤੀ ਬਣ ਆਈ ਹੈ।

ਸਗਲ ਨਿਧਾਨ ਘਰੈ ਮਹਿ ਪਾਏ
ਕਹੁ ਨਾਨਕ ਜੋਤਿ ਸਮਾਈ॥ ੨ ॥ ੨੧ ॥ ੪੪ ॥

ਗੁਰੂ ਜੀ ਕਥਨ ਕਰਦੇ ਹਨ-ਸਾਰੇ ਖਜ਼ਾਨੇ ਘਰ ਵਿਚ ਪਾ ਲੀਤੇ ਹਨ, ਕਿਉਂਕਿ ਜੋਤੀ ਦੀ ਜੋਤ ਵਿਚ ਸਮਾਈ ਹੋ ਗਈ ਹੈ।

ਅਥਵਾ:-ਸਾਰਿਆਂ ਖਜ਼ਾਨਿਆਂ ਦੇ ਮਾਲਕ ਉਸ ਪ੍ਰਭੂ ਨੂੰ ਅੰਤਹਕਰਣ ਰੂਪੀ ਘਰ ਵਿਚ ਪਾ ਲੀਤਾ ਹੈ, ਜਿਸ ਦੀ ਜੋਤ ਸਾਰੇ ਸਮਾਈ ਹੋਈ ਹੈ॥ ੨॥ ੨੧॥ ੪੪॥

ਸਾਰਗ ਮਹਲਾ ੫॥ ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ॥

ਹੇ ਓਅੰ=ਮੰਗਲ ਰੂਪ ਪਿਰੀ ਪਰਮਾਤਮਾ! ਆਪ ਜੀ ਦੀ ਪ੍ਰੀਤੀ ਮੇਰੇ ਚਿਤ ਵਿਚ ਪਹਿਲਰੀਆ=ਪਹਿਲੋਂ ਦੀ (ਆਦਿ ਦੀ) ਭਾਵ ਮਾਤਾ ਦੇ ਉਦਰ ਵਾਲੀ ਹੈ।

ਜੋ ਤਉ ਬਚਨੁ ਦੀਓ ਮੇਰੇ ਸਤਿਗੁਰ ਤਉ ਮੈ ਸਾਜ ਸੀਗਰੀਆ॥੧॥ਰਹਾਉ॥

ਜਿਸ ਵੇਲੇ ਆਪ ਜੀ ਨੇ ਮੈਨੂੰ ਸਤਿਗੁਰਾਂ ਦਾ ਬਚਨੁ=ਉਪਦੇਸ਼ ਦਿੱਤਾ ਹੈ, ਤਾਂ ਹੀ ਮੈਂ ਸਾਧਨਾਂ ਰੂਪ ਸਾਜ ਕਰਕੇ ਸ਼ਿੰਗਾਰੀ ਗਈ॥ ੧॥ ਰਹਾਉ॥

ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ॥

ਅਸੀਂ ਭੂਲਣਹਾਰ ਹਾਂ, ਤੁਸੀਂ ਸਦਾ ਅਭੁਲ ਹੋ, ਅਸੀਂ ਪਤਿਤ=ਪਾਪੀ ਹਾਂ, ਆਪ ਪਤਿਤ ਉਧਰੀਆ= ਪਾਪੀਆਂ ਦੇ ਉਧਾਰਨ ਵਾਲੇ ਹੋ।

ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ॥ ੧॥

ਅਸੀਂ ਨੀਚ ਬ੍ਰਿਛ ਅਰਿੰਡ ਦੀ ਨਿਆਈਂ ਹਾਂ, ਆਪ ਮੈਲਾਗਰ=ਬਾਵਨ ਚੰਦਨ ਦੇ ਸਮਾਨ ਹੋ, ਜਿਵੇਂ ਮੈਲਾਗਰ ਨੂੰ ਸੰਗ ਦੀ ਲੱਜਿਆ ਹੁੰਦੀ ਹੈ ਤਿਵੇਂ, ਹੇ ਹਰੀ ! ਆਪ ਜੀ ਦੇ ਨਾਲ ਵਸਣੇ ਦੀ ਆਪ ਜੀ ਨੂੰ ਲੱਜਿਆ ਹੈ॥ ੧॥

ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤੁਰੀਆ ॥

ਆਪ ਗੰਭੀਰ ਆਤਮਾ, ਧੀਰਜਵਾਨ ਅਤੇ ਪਰਉਪਕਾਰੀ ਹੋ, ਅਸੀਂ ਵਿਚਾਰੇ ਜੀਵ ਕੀ ਕਰ ਸਕਦੇ ਹਾਂ।

ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ
ਤਉ ਮੇਰੀ ਸੂਖਿ ਸੇਜਰੀਆ ॥ ੨ ॥ ੨੨ ॥ ੪੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਕ੍ਰਿਪਾਲੂ ਗੁਰਾਂ ਨੇ, ਹੇ ਹਰੀ ! ਆਪ ਜੀ ਨਾਲ ਮੇਲਿਆ ਤਾਂ ਮੇਰੀ ਅੰਤਹਕਰਣ ਰੂਪ ਸੇਜਾ ਸੁਖ ਸਹਿਤ ਹੋ ਗਈ॥ ੨ ॥ ੨੨ ॥ ੪੫ ॥

ਸਾਰਗ ਮਹਲਾ ੫ ॥

ਮਨ ਓਇ ਦਿਨਸ ਧੰਨਿ ਪਰਵਾਨਾਂ ॥

ਹੇ ਮੇਰੇ ਮਨ ! ਉਹ ਦਿਨ ਧੰਨਤਾ ਦੇ ਜੋਗ ਹੈ ਤੇ ਪਰਵਾਨਾਂ=ਲੇਖੇ ਵਿਚ ਹੈ।

ਸਫਲ ਤੇ ਘਰੀ ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾਂ ॥ ੧ ॥ ਰਹਾਉ ॥

ਉਹ ਘੜੀ ਸਫਲ ਹੈ, ਉਹ ਸੰਜੋਗ ਭੀ ਸੁਹਾਵੇ=ਸੋਹਣਾ (ਸ਼ੋਭਨੀਕ) ਹੈ ਜਿਸ ਵੇਲੇ ਸਤਿਗੁਰਾਂ ਦੇ ਸੰਗ ਕਰਕੇ ਗਿਆਨ ਪ੍ਰਾਪਤ ਹੋਇਆ ਹੈ॥ ੧ ॥ ਰਹਾਉ ॥

ਧੰਨਿ ਸੁਭਾਗ ਧੰਨਿ ਸੋਹਾਗਾ ਧੰਨਿ ਦੇਤ ਜਿਨਿ ਮਾਨਾਂ ॥

ਉਨ੍ਹਾਂ ਦਾ ਸੁਭਾਗ=ਸ੍ਰੇਸ਼ਟ ਭਾਗ ਧੰਨਤਾ ਜੋਗ ਹੈ, ਸੋਹਾਗਾ=ਆਨੰਦ ਭੀ ਧੰਨਤਾ ਜੋਗ ਹੈ, ਉਹ ਪੁਰਸ਼ ਆਪ ਭੀ ਧੰਨ ਹਨ, ਜਿਨ੍ਹਾਂ ਨੂੰ ਧੰਨਤਾ ਯੋਗ ਵਾਹਿਗੁਰੂ ਮਾਨ ਸਤਿਕਾਰ ਦੇਂਦਾ ਹੈ।

ਇਹੁ ਤਨੁ ਤੁਮ੍ਰਾ ਸਭੁ ਗ੍ਰਿਹੁ ਧਨੁ ਤੁਮਰਾ ਹੀਉ ਕੀਓ ਕੁਰਬਾਨਾਂ ॥ ੧ ॥

ਏਹ ਮੇਰਾ ਸਰੀਰ ਤੁਹਾਡਾ ਹੈ, ਗ੍ਰਿਹ=ਘਰ ਤੇ ਸਾਰਾ ਧਨ ਭੀ ਤੁਹਾਡਾ ਹੈ, ਮੈਂ ਆਪਣਾ ਹੀਉ=ਹਿਰਦਾ ਭੀ ਆਪ ਜੀ ਤੋਂ ਕੁਰਬਾਨ ਕੀਤਾ ਹੈ॥ ੧ ॥

ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ ਦ੍ਰਿਸਟਾਨਾਂ ॥

ਉਸ ਵੇਲੇ ਮੈਂ ਲੱਖਾਂ ਕ੍ਰੋੜਾਂ ਰਾਜ ਪਦਾਰਥਾਂ ਦੇ ਸੁਖ ਪਾਏ ਹਨ, ਜਿਸ ਵੇਲੇ ਇਕ ਨਿਮਖ ਮਾਤ੍ਰ ਆਪ ਜੀ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ।

ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ
ਸੁਖ ਨਾਨਕ ਅੰਤੁ ਨ ਜਾਨਾਂ ॥ ੨ ॥ ੨੩ ॥ ੪੬ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਜੇਕਰ ਆਪ ਮੁੱਹੋਂ ਮੈਨੂੰ ਏਹ ਗੱਲ ਆਖੋ ਕਿ ਹੇ ਸੇਵਕ ! ਤੂੰ ਇਥੇ ਆ ਕੇ ਬੈਠ ਜਾ ਤਾਂ ਉਸ ਸੁਖ ਦਾ ਅੰਤ ਹੀ ਮੈਂ ਨਹੀਂ ਜਾਣਦਾ ਜੋ ਕਿੰਨਾਂ ਕੁ ਸੁਖ ਪ੍ਰਾਪਤ ਹੋਇਆ ਹੈ॥ ੨ ॥ ੨੩ ॥ ੪੬ ॥

ਸਾਰਗ ਮਹਲਾ ੫ ॥

ਅਬ ਮੋਰੋ ਸਹਸਾ ਦੂਖੁ ਗਇਆ ॥

ਹੁਣ ਮੇਰਾ ਸੰਸਾ ਤੇ ਦੁੱਖ ਨਵਿਰਤ ਹੋ ਗਿਆ ਹੈ। ਅਥਵਾ:-ਹੁਣ ਮੇਰਾ ਦੁਖਦਾਈ ਸੰਸਾ ਮਿਟ ਗਿਆ ਹੈ।

ਅਉਰ ਉਪਾਵ ਸਗਲ ਤਿਆਗਿ ਛੋਡੇ
ਸਤਿਗੁਰ ਸਰਣਿ ਪਇਆ ॥ ੧ ॥ ਰਹਾਉ ॥

ਹੋਰ ਸਾਰੇ ਉਪਾਵ=ਜਤਨ ਤਿਆਗ ਕੇ ਛੱਡ ਦਿੱਤੇ ਹਨ, ਇਕ ਸਤਿਗੁਰਾਂ ਦੀ ਸ਼ਰਨ ਵਿਚ ਹੀ ਪਿਆ ਹਾਂ ॥ ੧ ॥ ਰਹਾਉ ॥

ਸਰਬ ਸਿਧਿ ਕਾਰਜ ਸਭਿ ਸਵਰੇ ਅਹੰ ਰੋਗ ਸਗਲ ਹੀ ਖਇਆ ॥

ਮਨ ਦੇ ਸਾਰੇ ਸੰਕਲਪ ਸਿਧਿ=ਪੂਰੇ ਹੋ ਗਏ ਹਨ, ਸਾਰੇ ਕਾਰਜ ਭੀ ਸਵਰ ਗਏ ਹਨ ਅਤੇ ਹੰਗਤਾ ਰੂਪੀ ਰੋਗ ਭੀ ਸਾਰਾ ਖਇਆ=ਨਾਸ ਹੋ ਗਿਆ ਹੈ।

ਕੋਟਿ ਪਰਾਧ ਖਿਨ ਮਹਿ ਖਉ ਭਈ ਹੈ ਗੁਰ ਮਿਲਿ ਹਰਿ ਹਰਿ ਕਹਿਆ ॥ ੧ ॥

ਜਿਸ ਵੇਲੇ ਗੁਰਾਂ ਨਾਲ ਮਿਲ ਕੇ ਹਰਿ ਹਰਿ ਨਾਮ ਨੂੰ ਕਿਹਾ ਤਾਂ ਉਸੀ ਖਿਨ ਵਿਚ ਕ੍ਰੋੜਾਂ ਅਪਰਾਧ ਖਉ ਭਈ ਹੈ=ਨਾਸ ਹੋ ਗਏ ॥ ੧ ॥

ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ ॥

ਦਾਸ=ਦਸ ਇੰਦ੍ਰੀਏ ਤੇ ਪੰਜ ਕਾਮ ਕ੍ਰੋਧ ਆਦਿਕ ਗੁਰਾਂ ਨੇ ਮੇਰੇ ਅਧੀਨ ਕਰ ਦਿੱਤੇ ਹਨ,

ਵਾ:-ਗੁਰਾਂ ਨੇ ਮੈਂ ਦਾਸ ਦੇ ਸਿਰ 'ਤੇ ਹੱਥ ਰੱਖ ਕੇ ਪੰਜ ਕਾਮ, ਕ੍ਰੋਧ ਆਦਿਕ ਮੇਰੇ ਵਸਗਤਿ=ਅਧੀਨ ਕਰ ਦਿੱਤੇ ਹਨ। ਇਸ ਕਰਕੇ ਮੇਰਾ ਮਨ ਅਚੱਲ ਤੇ ਨਿਰਭਉ ਹੋ ਗਿਆ ਹੈ।

ਆਇ ਨ ਜਾਵੈ ਨ ਕਤਹੀ ਡੋਲੈ ਥਿਰੁ ਨਾਨਕ ਰਾਜਇਆ ॥੨ ॥੨੪ ॥੪੭ ॥

ਗੁਰੂ ਜੀ ਕਥਨ ਕਰਦੇ ਹਨ-ਏਹ ਮੇਰਾ ਮਨ ਡੋਲ ਕੇ ਨਾ ਕਿਸੇ ਤਰਫ਼ ਆਉਂਦਾ ਹੈ ਤੇ ਨਾ ਕਿਸੇ ਤਰਫ਼ ਜਾਂਦਾ ਹੈ, ਥਿਰੁ=ਇਸਥਿਤ ਹੋ ਕੇ ਰਾਜਇਆ=ਬਿਰਾਜ ਗਿਆ ਹੈ ॥ ੨ ॥ ੨੪ ॥ ੪੭ ॥

ਸਾਰਗ ਮਹਲਾ ੫ ॥
ਪ੍ਰਭੁ ਮੇਰੋ ਇਤ ਉਤ ਸਦਾ ਸਹਾਈ ॥

ਮੇਰਾ ਪ੍ਰਭੂ ਇਤ-ਉਤ=ਲੋਕ ਪ੍ਰਲੋਕ ਵਿਚ ਸਦਾ ਸਹਾਇਤਾ ਕਰਨ ਵਾਲਾ ਹੈ।

ਮਨਮੋਹਨੁ ਮੇਰੇ ਜੀਅ ਕੋ ਪਿਆਰੋ ਕਵਨ ਕਹਾ ਗੁਨ ਗਾਈ ॥ ੧ ॥ ਰਹਾਉ ॥

ਉਹ ਮਨਮੋਹਨੁ=ਪਰਮਾਤਮਾ ਮੇਰੇ ਦਿਲ ਦਾ ਪਿਆਰਾ ਹੈ, ਮੈਂ ਉਸ ਦੇ ਕੇਹੜੇ ਕੇਹੜੇ ਗੁਣ ਗਾਇਣ ਕਰਕੇ ਕਵਾਂ, ਭਾਵ ਸੁਣਾਵਾਂ। ਵਾ:-ਮੈਂ ਕੌਣ ਹਾਂ ਜੋ ਗੁਣ ਗਾਇਣ ਕਰਾਂ ॥ ੧ ॥ ਰਹਾਉ ॥

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥

ਮਨ ਕਰਕੇ ਖੇਡਾਂ ਵਿਚ ਖਡਾਉਂਦਾ ਹੈ, ਤਨ ਕਰਕੇ ਲਾਡ ਵਿਚ ਲਡਾਉਂਦਾ ਹੈ, ਫੇਰ ਸਦਾ ਸਦਾ ਅਨਦਾਈ=ਅੰਨ ਦਾ ਦਾਤਾ ਹੈ। ਵਾ:-ਭਜਨ ਸਿਮਰਨ ਰੂਪੀ ਖੇਡ ਵਿਚ ਖਡਾਉਂਦਾ ਹੈ, ਪ੍ਰਹਿਲਾਦ ਭਗਤ ਵਾਂਗੂੰ ਲਾਡ ਵਿਚ ਲਡਾਉਂਦਾ ਹੈ, ਪੁਨਾ ਉਹ ਸਦਾ ਰੂਪ ਪਰਮਾਤਮਾ ਸਦਾ ਹੀ ਅਨੰਦ ਰੂਪ ਹੈ।

ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥ ੧ ॥

ਜਿਵੇਂ ਮਾਂ, ਪਿਉ, ਪੁੱਤਰ ਦੀ ਪ੍ਰਤਿਪਾਲਾ ਕਰਦੇ ਹਨ ਉਸੇ ਤਰ੍ਹਾਂ ਉਹ ਪ੍ਰਭੂ ਮੇਰੀ ਪ੍ਰਤਿਪਾਲਾ ਕਰਦਾ ਹੈ॥ ੧ ॥

ਤਿਸੁ ਬਿਨੁ ਨਿਮਖ ਨਹੀ ਰਹਿ ਸਕੀਐ ਬਿਸਰਿ ਨ ਕਬਹੂ ਜਾਈ ॥

ਉਸ ਪਰਮਾਤਮਾ ਤੋਂ ਬਿਨਾਂ ਇਕ ਨਿਮਖ ਮਾਤ੍ਰ ਭੀ ਨਹੀਂ ਰਹਿ ਸਕੀਦਾ, ਨਾ ਹੀ ਉਹ ਕਦੇ ਬਿਸਰਿ=ਭੁਲ ਜਾਂਦਾ ਹੈ।

[ਪੰਨਾ ੧੨੧੪]

ਕਹੁ ਨਾਨਕ ਮਿਲਿ ਸੰਤ ਸੰਗਤਿ ਤੇ
ਮਗਨ ਭਏ ਲਿਵ ਲਾਈ ॥ ੨ ॥ ੨੫ ॥ ੪੬ ॥

ਗੁਰੂ ਜੀ ਕਥਨ ਕਰਦੇ ਹਨ-ਸਤ ਸੰਗਤ ਨਾਲ ਮਿਲਣ ਕਰਕੇ ਉਸ ਪ੍ਰਭੂ ਵਿਚ ਲਿਵ ਲਗਾ ਕੇ ਮਗਨ ਭਏ=ਮਸਤ ਹੋਏ ਹਾਂ॥ ੨ ॥ ੨੫ ॥ ੪੬ ॥

ਸਾਰਗ ਮਹਲਾ ੫ ॥ ਅਪਨਾ ਮੀਤੁ ਸੁਆਮੀ ਗਾਈਐ ॥

ਅਸਲੀ ਆਪਣਾ ਮਿੱਤ੍ਰ ਜੋ ਹਰੀ ਸੁਆਮੀ ਹੈ ਉਸ ਦੇ ਗੁਣ ਗਾਉਣਾ ਕਰੀਏ।

ਆਸ ਨ ਅਵਰ ਕਾਹੂ ਕੀ ਕੀਜੈ ਸੁਖਦਾਤਾ ਪ੍ਰਭੁ ਧਿਆਈਐ ॥ ੧ ॥ ਰਹਾਉ ॥

ਅਵਰ=ਹੋਰ ਕਿਸੇ ਦੀ ਆਸਾ ਨਾ ਕਰੀਏ, ਸੁਖਦਾਤੇ ਪ੍ਰਭੂ ਨੂੰ ਧਿਆਉਣਾ ਕਰੀਏ॥ ੧ ॥ ਰਹਾਉ ॥

ਸੂਖ ਮੰਗਲ ਕਲਿਆਣ ਜਿਸਹਿ ਘਰਿ ਤਿਸ ਹੀ ਸਰਣੀ ਪਾਈਐ ॥

ਜਿਸ ਪਰਮਾਤਮਾ ਦੇ ਸਤਸੰਗ ਘਰ ਵਿਚ ਸੁਖ, ਮੰਗਲ=ਅਨੰਦ ਤੇ ਕਲਿਆਣ=ਮੁਕਤੀ ਆਦਿਕ ਸਭ ਕੁਝ ਹੈ, ਉਸ ਦੀ ਸ਼ਰਨ ਵਿਚ ਆਪਣੇ ਆਪ ਨੂੰ ਪਾਉਣਾ ਕਰ।

ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ ॥ ੧ ॥

ਉਸ ਪਰਮਾਤਮਾ ਨੂੰ ਤਿਆਗ ਕੇ ਜੇ ਕਿਸੇ ਮਨੁੱਖ ਨੂੰ ਸੇਵੋਗੇ, ਤਾਂ ਜਲ ਵਿਚ ਜਿਵੇਂ ਲੂਣ ਦਾ ਗਲ ਜਾਣਾ ਹੁੰਦਾ ਹੈ, ਤਿਵੇਂ ਲਾਜ=ਸ਼ਰਮ ਵਿਚ ਮਨੁੱਖ ਦਾ ਗਲਨਾ ਹੁੰਦਾ ਹੈ॥ ੧ ॥

ਏਕ ਓਟ ਪਕਰੀ ਠਾਕੁਰ ਕੀ ਗੁਰ ਮਿਲਿ ਮਤਿ ਬੁਧਿ ਪਾਈਐ ॥

ਮੈਂਨੇ ਇਕ ਠਾਕੁਰ ਸੁਆਮੀ ਦੀ ਓਟ ਫੜੀ ਹੈ, ਗੁਰਾਂ ਨਾਲ ਮਿਲ ਕੇ ਵਿਹਾਰਕ ਅਕਲ ਤੇ ਪਰਮਾਰਥ ਬੁੱਧੀ ਪਾਣਾ ਕੀਤੀ ਹੈ।

ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ
ਸਗਲ ਚੁਕੀ ਮੁਹਤਾਈਐ ॥ ੨ ॥ ੨੬ ॥ ੪੯ ॥

ਗੁਰੂ ਜੀ ਕਥਨ ਕਰਦੇ ਹਨ-ਸ਼ੁਭ ਗੁਣਾਂ ਦਾ ਖਜ਼ਾਨਾ ਪ੍ਰਭੂ ਮਿਲ ਗਿਆ ਹੈ, ਜਿਸ ਕਰਕੇ ਸਾਰੀ ਮੁਹਤਾਈਐ=ਮੁਹਤਾਜੀ ਦੂਰ ਹੋ ਗਈ ਹੈ॥ ੨ ॥ ੨੬ ॥ ੪੯ ॥

ਸਾਰਗ ਮਹਲਾ ੫ ॥

ਓਟ ਸਤਾਣੀ ਪ੍ਰਭ ਜੀਉ ਮੇਰੈ ॥

ਹੇ ਪ੍ਰਭ ਜੀਉ ! ਮੇਰੇ ਤਾਈਂ ਸਹਤ ਬਲ ਦੇ ਇਕ ਆਪ ਜੀ ਦੀ ਓਟ ਹੈ।

ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ
ਮਾਣਿ ਮਹਤਿ ਪ੍ਰਭ ਤੇਰੈ ॥ ੧ ॥ ਰਹਾਉ ॥

ਇਸ ਕਰਕੇ ਮੈਂ ਹੋਰ ਕਿਸੇ ਨੂੰ ਨਜ਼ਰ ਹੇਠ ਲਿਆਉਂਦਾ ਨਹੀਂ ਹਾਂ, ਸਮਾਨਤਾ ਸੇ ਮਾਣ ਮਿਲਣਾ ਤੇ ਕੋਈ ਉੱਚਾ ਮਹਤਿ=ਮਰਾਤਬਾ ਪ੍ਰਾਪਤ ਹੋਣਾ ਏਹ ਸਭ ਕੁਝ, ਹੇ ਪ੍ਰਭੂ ! ਤੇਰੇ ਹੱਥ ਵਿਚ ਹੈ॥ ੧ ॥ ਰਹਾਉ ॥

ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੋਰੈ ॥

ਹੇ ਪ੍ਰਭੂ ! ਤੁਸਾਂ ਨੇ ਆਪਣੇ ਜਾਣ ਕੇ ਅੰਗੀਕਾਰੁ=ਪੱਖ ਕੀਤਾ ਹੈ ਅਤੇ ਵਿਸ਼ਿਆਂ ਦੇ ਘੋਰੇ ਵਿਚੋਂ ਕੱਢ ਲਿਆ ਹੈ।

ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥ ੧ ॥

ਜਿਸ ਵੇਲੇ ਮੈਂ ਗੁਰਾਂ ਦੀ ਚਰਨੀਂ ਜਾ ਪਿਆ ਤਾਂ ਉਹਨਾਂ ਨੇ ਮੇਰੇ ਮੂੰਹ ਵਿਚ ਨਾਮ ਅੰਮ੍ਰਿਤ ਰੂਪ ਅਉਖਧੁ=ਦਾਰੂ ਪਾ ਦਿੱਤਾ॥ ੧ ॥

ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ ॥

ਮੈਂ ਨਿਰਗੁਣ=ਗੁਣਾਂ ਤੋਂ ਹੀਣੇ ਦੇ ਦਾਤੇ ਪ੍ਰਭੂ ! ਮੈਂ ਇਕ ਮੂੰਹ ਨਾਲ ਆਪ ਜੀ ਦੀ ਕੇਹੜੀ ਉਪਮਾਂ ਕਹਾਂ।

ਕਾਟਿ ਸਿਲਕ ਜਉ ਅਪੁਨਾ ਕੀਨੋ ਨਾਨਕ ਸੂਖ ਘਨੇਰੈ ॥ ੨ ॥ ੨੭ ॥ ੫੦ ॥

ਗੁਰੂ ਜੀ ਕਥਨ ਕਰਦੇ ਹਨ-ਜਦ ਮੋਹ ਦੀ ਫਾਹੀ ਕੱਟ ਕੇ ਤੁਸਾਂ ਨੇ ਮੈਨੂੰ ਆਪਣਾ ਦਾਸ ਕਰ ਲਿਆ ਤਾਂ ਘਨੇਰੈ=ਬਹੁਤੇ ਸੁਖ ਪਰਾਪਤ ਹੋਏ॥ ੨ ॥ ੨੭ ॥ ੫੦ ॥

ਸਾਰਗ ਮਹਲਾ ੫ ॥

ਪ੍ਰਭ ਸਿਮਰਤ ਦੂਖ ਬਿਨਾਸੀ ॥

ਪ੍ਰਭੂ ਦੇ ਸਿਮਰਨੇ ਕਰਕੇ ਦੁੱਖਾਂ ਦੀ ਪੰਗਤੀ ਨਾਸ ਹੋ ਗਈ ਹੈ।

ਭਇਓ ਕ੍ਰਿਪਾਲੁ ਜੀਅ ਸੁਖਦਾਤਾ ਹੋਈ ਸਗਲ ਖਲਾਸੀ ॥ ੧ ॥ ਰਹਾਉ ॥

ਜਿਸ ਵੇਲੇ ਜੀਆਂ ਨੂੰ ਸੁਖ ਦੇਣ ਵਾਲਾ ਪ੍ਰਭੂ ਕ੍ਰਿਪਾਲੂ ਹੋਇਆ ਤਾਂ ਸਭ ਤਰ੍ਹਾਂ ਦੇ ਬੰਧਨਾਂ ਤੋਂ ਖਲਾਸੀ ਹੋ ਗਈ। ਵਾ:-ਸਾਰਿਆਂ ਰੋਗਾਂ ਤੋਂ ਖਲਾਸੀ ਹੋ ਗਈ॥ ੧ ॥ ਰਹਾਉ ॥

ਅਵਰੁ ਨ ਕੋਊ ਸੂਝੈ ਪ੍ਰਭ ਬਿਨੁ ਕਹੁ ਕੋ ਕਿਸੁ ਪਹਿ ਜਾਸੀ ॥

ਪ੍ਰਭੂ ਤੋਂ ਬਿਨਾਂ ਹੋਰ ਕੋਈ ਮੁਕਤੀ ਦਾਤਾ ਸੁਝਦਾ ਨਹੀਂ ਹੈ, ਇਸ ਲਈ ਕਹੁ=ਦੱਸੋ, ਕੌਣ ਕੋਈ ਕਿਸ ਦੇ ਕੋਲ ਜਾਏਗਾ। ਤਾਂ ਤੇ ਬੇਨਤੀਆਂ ਕਰੋ-

ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਿਛੁ ਤੁਮ ਹੀ ਪਾਸੀ॥ ੧ ॥

ਹੇ ਠਾਕੁਰ ! ਜਿਵੇਂ ਜਾਣੋ ਤਿਵੇਂ ਆਪ ਮੈਨੂੰ ਆਪਣੀ ਸ਼ਰਨ ਵਿਚ ਰੱਖ ਲਓ, ਸਭ ਕੁਝ ਤੁਹਾਡੇ ਕੋਲ ਹੀ ਹੈ॥ ੧ ॥

ਹਾਥ ਦੇਇ ਰਾਖੇ ਪ੍ਰਭਿ ਅਪੁਨੇ ਸਦ ਜੀਵਨ ਅਬਿਨਾਸੀ॥

ਅਬਿਨਾਸ਼ੀ ਪ੍ਰਭੂ ਨੇ ਆਪਣੇ ਸੇਵਕ ਜਾਣ ਕੇ ਕ੍ਰਿਪਾ ਰੂਪੀ ਹੱਥ ਦੇ ਕੇ ਰੱਖ ਲਿਆ ਹੈ, ਇਸ ਲਈ ਸਦ ਜੀਵਨ=ਨਿਤ ਜੀਵਨ ਪਾਇਆ ਹੈ, ਅਰਥਾਤ ਅਮਰ ਹੋ ਗਿਆ ਹਾਂ।

ਕਹੁ ਨਾਨਕ ਮਨਿ ਅਨਦੁ ਭਇਆ ਹੈ ਕਾਟੀ ਜਮ ਕੀ ਫਾਸੀ॥੨ ॥੨੮ ॥੫੧ ॥

ਗੁਰੂ ਜੀ ਕਥਨ ਕਰਦੇ ਹਨ-ਮੇਰੇ ਮਨ ਵਿਚ ਅਨੰਦ ਪਰਾਪਤ ਹੋਇਆ ਹੈ ਅਤੇ ਜਮਾਂ ਦੀ ਫਾਹੀ ਕੱਟ ਦਿੱਤੀ ਹੈ॥ ੨ ॥ ੨੮ ॥ ੫੧ ॥

ਸਾਰਗ ਮਹਲਾ ੫ ॥

ਮੇਰੋ ਮਨੁ ਜਤ ਕਤ ਤੁਝਹਿ ਸਮ੍ਹਾਰੈ॥

ਹੇ ਪ੍ਰਭੂ ! ਮੇਰਾ ਮਨ ਜਿਥੇ ਕਿਥੇ ਆਪ ਜੀ ਨੂੰ ਹੀ ਸਮ੍ਹਾਰੈ=ਸਿਮਰਦਾ ਹੈ।

ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ
ਜਿਉ ਜਾਨਹਿ ਤਿਉ ਪਾਰੈ॥ ੧ ॥ ਰਹਾਉ ॥

ਅਸੀਂ ਆਪ ਜੀ ਦੇ ਅਨਾਥ ਬੱਚੇ ਹਾਂ, ਆਪ ਮੇਰੇ ਪਿਤਾ ਹੋ, ਹੇ ਪ੍ਰਭੂ ! ਜਿਵੇਂ ਜਾਣੋਂ ਤਿਵੇਂ ਆਪ ਮੇਰੀ ਪਾਲਣਾ ਕਰੋ॥ ੧ ॥ ਰਹਾਉ ॥

ਜਬ ਭੂਖੌ ਤਬ ਭੋਜਨੁ ਮਾਂਗੈ ਅਘਾਏ ਸੂਖ ਸਘਾਰੈ॥

ਜਿਸ ਵੇਲੇ ਬੱਚੇ ਨੂੰ ਭੁੱਖ ਲੱਗਦੀ ਹੈ, ਤਿਸ ਵੇਲੇ ਉਹ ਭੋਜਨ ਮੰਗਦਾ ਹੈ, ਇਸੇ ਤਰ੍ਹਾਂ ਜਦ ਸਾਨੂੰ ਇੱਛਾ ਹੁੰਦੀ ਹੈ ਤਾਂ ਅਸੀਂ ਆਪ ਜੀ ਤੋਂ ਮੰਗਦੇ ਹਾਂ, ਜਦ ਬੱਚਾ ਅਘਾਏ=ਰਜਿਆ ਹੋਵੇ ਤਦ ਉਸ ਨੂੰ ਸਘਾਰੈ=ਸਮੂਹ ਸੁਖ ਹੁੰਦੇ ਹਨ।

ਤਬ ਅਰੋਗ ਜਬ ਤੁਮ ਸੰਗਿ ਬਸਤੌ ਛੁਟਕਤ ਹੋਇ ਰਵਾਰੈ॥ ੧ ॥

ਜਦ ਤੱਕ ਇਹ ਜੀਵ ਆਪ ਜੀ ਦੇ ਨਾਲ ਵਸਦਾ ਹੈ ਉਤਨਾ ਚਿਰ ਅਰੋਗ=ਅਗਿਆਨ ਰੋਗ਼ ਤੋਂ ਰਹਿਤ ਰਹਿੰਦਾ ਹੈ, ਜਿਸ ਵੇਲੇ ਆਪ ਜੀ ਨਾਲੋਂ ਛੁਟਕਤ=ਛੁਟ ਜਾਂਦਾ ਹੈ (ਯੁਦਾ ਹੋ ਜਾਂਦਾ ਹੈ) ਤਾਂ ਰਵਾਰੈ=ਧੂੜੀ ਵਾਂਗੂੰ ਤੁਛ ਹੋ ਜਾਂਦਾ ਹੈ॥ ੧ ॥

ਕਵਨ ਬਸੇਰੋ ਦਾਸ ਦਾਸਨ ਕੋ ਥਾਪਿ ਉਥਾਪਨਹਾਰੈ॥

ਹੇ ਥਾਪਿ=ਉਤਪਤੀ ਤੇ ਉਥਾਪਨਹਾਰੈ=ਲਹਿਤਾ ਕਰਨ ਵਾਲੇ ਪ੍ਰਭੂ ! ਅਸੀਂ ਜੋ ਆਪ ਜੀ ਦੇ ਦਾਸਾਂ ਦੇ ਦਾਸ ਹਾਂ ਸਾਡਾ ਕਵਨ ਬਸੇਰੋ=ਕੀ ਵਸ ਚਲ ਸਕਦਾ ਹੈ।

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ

ਬਿਨਤੀ ਨਾਨਕ ਇਹ ਸਾਰੈ॥ ੨॥ ੨੯॥ ੫੨॥

ਜਦੀ ਨਾਮ ਸਿਮਰਨ ਨਾ ਭੁਲੇ, ਤਦ ਹੀ ਸਫਲ ਜੀਵਨ ਪਾਈਦਾ ਹੈ,

ਅਥਵਾ:-ਹੇ ਜੀਵਨ ਰੂਪ ਪ੍ਰਭੂ ! ਤਦ ਹੀ ਆਪ ਜੀ ਦਾ ਪਾਣਾ ਹੁੰਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਆਪ ਜੀ ਦਾ ਨਾਮ ਨਾ ਭੁਲੇ॥ ੨॥ ੨੯॥ ੫੨॥

ਸਾਰਗ ਮਹਲਾ ੫॥

ਮਨ ਤੇ ਭੈ ਭਉ ਦੂਰਿ ਪਰਾਇਓ॥

ਮੇਰੇ ਮਨ ਵਿਚੋਂ ਉਸ ਦਿਨ ਦਾ ਜਨਮ ਮਰਨ ਦਾ ਭੈ ਅਤੇ ਜਮਾਂ ਦਾ ਭਉ=ਖੌਫ ਦੂਰ ਪਰੇ ਹੋ ਗਿਆ ਹੈ।

ਲਾਲ ਦਇਆਲ ਗੁਲਾਲ ਲਾਡਿਲੇ
ਸਹਜਿ ਸਹਜਿ ਗੁਨ ਗਾਇਓ॥ ੧॥ ਰਹਾਉ॥

ਜਿਸ ਦਿਨ ਲਾਲ=ਪਿਆਰੇ ਦਿਆਲੂ ਸੁੰਭਾਅ ਵਾਲੇ ਗੁਲਾਲ ਲਾਡਿਲੇ=ਗੂੜ੍ਹੇ ਪਿਆਰ ਵਾਲੇ ਪ੍ਰਭੂ ਦੇ ਸਹਜਿ=ਸ਼ਾਂਤੀ ਦਾਇਕ ਗੁਣਾਂ ਨੂੰ ਸਹਜਿ=ਸੁਭਾਵਕ ਹੀ ਗਾਉਣਾ ਕੀਤਾ ਹੈ॥ ੧॥ ਰਹਾਉ॥

ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ॥

ਗੁਰਾਂ ਦੀ ਕ੍ਰਿਪਾ ਕਰਕੇ ਜੋ ਗੁਰਾਂ ਦੇ ਬਚਨਾਤਿ=ਉਪਦੇਸ਼ ਨੂੰ ਕਮਾਉਂਦਾ ਹੈ, ਉਸ ਦਾ ਮਨ ਮੁੜ ਕੇ ਕਿਸੇ ਤਰਫ ਦੌੜਦਾ ਨਹੀਂ ਹੈ।

ਰਹਤ ਉਪਾਧਿ ਸਮਾਧਿ ਸੁਖ ਆਸਨ
ਭਗਤਿ ਵਛਲੁ ਗ੍ਰਿਹਿ ਪਾਇਓ॥ ੧॥

ਉਪਾਧੀ ਤੋਂ ਰਹਿਤ ਹੋ ਕੇ ਸੁਖ ਆਸਨ=ਪਰਮਾਤਮਾ ਵਿਚ ਸਮਾਧੀ ਲੱਗਾ ਕੇ, ਭਗਤਾਂ ਦੇ ਵਛਲੁ=ਪਿਆਰੇ ਪ੍ਰਭੂ ਨੂੰ ਅੰਤਹਕਰਣ ਰੂਪ ਘਰ ਵਿਚ ਪਾਇਆ ਹੈ॥ ੧॥

ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ॥

ਨਾਦ=ਸ੍ਰਵਨਾ ਨੰਦ, ਬਿਨੋਦ=ਦਰਸ਼ਨਾ ਨੰਦ, ਕੋਡ=ਭੋਗਾ ਨੰਦ ਸਹਿਜੇ ਸਹਿਜੇ ਇਨ੍ਹਾਂ ਤਿੰਨ ਅਨੰਦਾਂ ਵਿਚ ਸਮਾਅ ਗਿਆ ਹਾਂ।

ਅਥਵਾ:-ਸਹਜੇ=ਗਿਆਨ ਦੁਆਰਾ ਸਹਜ ਪਦ ਵਿਚ ਸਮਾਅ ਗਿਆ ਹਾਂ।

ਕਰਨਾ ਆਪਿ ਕਰਾਵਨ ਆਪੇ
ਕਹੁ ਨਾਨਕ ਆਪਿ ਆਪਾਇਓ॥ ੨॥ ੩੦॥ ੫੩॥

ਕਰਨ ਵਾਲਾ ਭੀ ਆਪ ਹੈ, ਕਰਾਉਣ ਵਾਲਾ ਭੀ ਆਪ ਹੈ, ਗੁਰੂ ਜੀ ਕਥਨ ਕਰਦੇ ਹਨ- ਸਭ ਕੁਝ ਆਪੇ ਆਪ ਹੋ ਰਿਹਾ ਹੈ। *ਅਥਵਾ:*-ਕਰਨਾ=ਪ੍ਰਪੰਚ ਰੂਪ ਭੀ ਆਪ ਹੈ ਅਤੇ ਆਪ ਹੀ ਬ੍ਰਹਮਾ ਆਦਿਕਾਂ ਪਾਸੋਂ ਕਰਾਉਂਦਾ ਹੈ, ਪੁਨਾ ਆਪ ਹੀ ਸਾਰਿਆਂ ਤੋਂ ਆਪਾਇਓ=ਨਿਰਲੇਪ ਹੈ॥ ੨॥ ੩੦॥ ੫੩॥

[ਪੰਨਾ ੧੨੧੫]

ਸਾਰਗ ਮਹਲਾ ੫ ॥ ਅੰਮ੍ਰਿਤ ਨਾਮੁ ਮਨਹਿ ਆਧਾਰੋ ॥

ਪ੍ਰਭੂ ਦਾ ਨਾਮ ਅੰਮ੍ਰਿਤ ਮਨ ਦਾ ਆਧਾਰੁ=ਆਸਰਾ ਰੂਪ ਹੈ।

ਜਿਨਿ ਦੀਆ ਤਿਸ ਕੈ ਕੁਰਬਾਨੈ ਗੁਰ ਪੂਰੇ ਨਮਸਕਾਰੋ ॥ ੧ ॥ ਰਹਾਉ ॥

ਜਿਸ ਪੂਰੇ ਗੁਰੂ ਨੇ ਦਿੱਤਾ ਹੈ, ਉਸ ਤੋਂ ਮੈਂ ਬਲਿਹਾਰ ਜਾਂਦਾ ਹਾਂ ਅਤੇ ਪੂਰਿਆਂ ਗੁਰਾਂ ਨੂੰ ਨਮਸਕਾਰ ਕਰਦਾ ਹਾਂ॥ ੧ ॥ ਰਹਾਉ ॥

ਬੂਝੀ ਤ੍ਰਿਸਨਾ ਸਹਜਿ ਸੁਹੇਲਾ ਕਾਮੁ ਕ੍ਰੋਧੁ ਬਿਖੁ ਜਾਰੋ ॥

ਪਦਾਰਥਾਂ ਦੀ ਤ੍ਰਿਸ਼ਨਾ ਨਵਿਰਤ ਹੋਣ ਕਰਕੇ ਸਹਜੇ ਸੁਖੀ ਹਾਂ ਅਤੇ ਜ਼ਹਿਰ ਰੂਪ ਕਾਮ, ਕ੍ਰੋਧ ਆਦਿਕ ਗੁਰਾਂ ਨੇ ਜਾਰੋ=ਸਾੜ ਦਿੱਤੇ ਹਨ।

ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ ਨਿਰੰਕਾਰੋ ॥ ੧ ॥

ਇਹ ਮੇਰਾ ਮਨ ਕਿਤੇ ਆਉਂਦਾ ਜਾਂਦਾ ਨਹੀਂ ਹੈ , ਇਹ ਮਨ ਉਸ ਜਗ੍ਹਾਂ 'ਤੇ ਵਸਦਾ ਹੈ, ਜਿਥੇ ਸਤਸੰਗ ਵਿਚ ਨਿਰੰਕਾਰ ਦਾ ਆਸਣ ਹੈ॥ ੧ ॥

ਏਕੈ ਪਰਗਟੁ ਏਕੈ ਗੁਪਤਾ ਏਕੈ ਧੁੰਧੂਕਾਰੋ ॥

(੧) ਉਹ ਇਕ ਪਰਮਾਤਮਾ ਇਕਨਾ ਗੁਰਮੁਖਾਂ ਨੂੰ ਪਰਗਟ ਹੈ, ਇਕਨਾ ਮਨਮੁਖਾਂ ਨੂੰ ਗੁਪਤ ਹੈ, ਇਕਨਾ ਅਗਿਆਨੀਆਂ ਦੇ ਹਿਰਦੇ ਵਿਚ ਅਗਿਆਨਤਾ ਦਾ ਧੁੰਧੂਕਾਰੋ=ਹਨੇਰਾ ਕਰ ਦਿੱਤਾ ਹੈ।

(੨) ਇਕ ਪਰਮਾਤਮਾ ਸੰਸਾਰ ਨੂੰ ਪਰਗਟ ਕਰਦਾ ਹੈ, ਇਕ ਪ੍ਰਭੂ ਆਪ ਹੀ ਸੰਸਾਰ ਨੂੰ ਗੁਪਤਾ=ਮਹਾਂ ਪਰਲੋ ਕਰਦਾ ਹੈ, ਇਕ ਪਰਮਾਤਮਾ ਆਪ ਹੀ ਧੁੰਧੂਕਾਰੋ=ਛੱਤੀ ਜੁਗ ਗੁਬਾਰ ਕਰਦਾ ਹੈ।

(੩) ਇਕ ਪਰਮਾਤਮਾ ਆਪ ਪਰਗਟੁ=ਅਸਥੂਲ ਸਰੀਰ ਹੋ ਰਿਹਾ ਹੈ, ਇਕ ਪਰਮਾਤਮਾ ਆਪ ਹੀ ਗੁਪਤਾ=ਸੂਖਮ ਸਰੀਰ ਹੋ ਰਿਹਾ ਹੈ, ਇਕ ਆਪ ਹੀ ਧੁੰਧੂਕਾਰੋ=ਕਾਰਨ ਸਰੀਰ ਰੂਪ ਹੋ ਰਿਹਾ ਹੈ।

(੪) ਇਕ ਪਰਮਾਤਮਾ ਆਪ ਪਰਗਟੁ=ਸ੍ਰਗੁਣ ਸਰੂਪ ਹੋ ਰਿਹਾ ਹੈ, ਇਕ ਪਰਮਾਤਮਾ ਆਪ ਗੁਪਤਾ= ਨਿਰਗੁਣ ਬ੍ਰਹਮ ਹੋ ਰਿਹਾ ਹੈ, ਇਕ ਪਰਮਾਤਮਾ ਆਪ ਹੀ ਧੁੰਧੂਕਾਰੋ=ਮਾਇਆ ਅਵਿਦਿਆ ਰੂਪ ਹੋ ਰਿਹਾ ਹੈ।

ਆਦਿ ਮਧਿ ਅੰਤਿ ਪ੍ਰਭੁ ਸੋਈ
ਕਹੁ ਨਾਨਕ ਸਾਚੁ ਬੀਚਾਰੋ ॥ ੨ ॥ ੩੧ ॥ ੫੪ ॥

ਗੁਰੂ ਜੀ ਕਥਨ ਕਰਦੇ ਹਨ-ਉਸ ਸੱਚ ਸਰੂਪ ਪਰਮਾਤਮਾ ਦਾ ਵਿਚਾਰ ਕਰੋ, ਜੋ ਪ੍ਰਭੂ ਆਦ, ਮਧ, ਅੰਤ ਤਿੰਨਾਂ ਕਾਲਾਂ ਵਿਚ ਪੂਰਨ ਹੈ॥ ੨ ॥ ੩੧ ॥ ੫੪ ॥

ਸਾਰਗ ਮਹਲਾ ੫ ॥ ਬਿਨੁ ਪ੍ਰਭ ਰਹਨੁ ਨ ਜਾਇ ਘਰੀ ॥

ਪ੍ਰਭੂ ਤੋਂ ਬਿਨਾਂ ਇਕ ਘੜੀ ਭਰ ਵੀ ਸਾਡੇ ਪਾਸੋਂ ਰਿਹਾ ਨਹੀਂ ਜਾਂਦਾ।

ਸਰਬ ਸੂਖ ਤਾਹੂ ਕੈ ਪੂਰਨ ਜਾ ਕੈ ਸੁਖੁ ਹੈ ਹਰੀ॥ ੧॥ ਰਹਾਉ॥

ਉਸ ਦੇ ਘਰ ਵਿਚ ਸਾਰੇ ਪੂਰਨ ਸੁਖ ਪਰਾਪਤ ਹੋਏ ਹਨ,

ਅਥਵਾ:-ਸੰਪੂਰਨ ਸੁਖ ਉਸ ਨੂੰ ਪਰਾਪਤ ਹਨ ਤੇ ਸਾਰੇ ਸੰਕਲਪ ਭੀ ਉਸ ਦੇ ਪੂਰਨ ਹਨ ਜਿਸ ਦੇ ਹਿਰਦੇ ਵਿਚ ਸੁਖ ਸਰੂਪ ਹਰੀ ਨਾਮ ਹੈ॥ ੧॥ ਰਹਾਉ॥

ਮੰਗਲ ਰੂਪ ਪ੍ਰਾਨ ਜੀਵਨ ਧਨ ਸਿਮਰਤ ਅਨਦ ਘਨਾ॥

ਮੰਗਲ ਸਰੂਪ ਤੇ ਪ੍ਰਾਣਾਂ ਦਾ ਜੀਵਨ ਰੂਪ ਜੋ ਧੰਨਤਾ ਜੋਗ ਪ੍ਰਭੂ ਹੈ, ਉਸ ਦੇ ਸਿਮਰਨੇ ਕਰਕੇ ਘਨਾ=ਬਹੁਤਾ ਅਨੰਦ ਹੁੰਦਾ ਹੈ। ਪੁਨਾ ਉਹ-

ਵਡ ਸਮਰਥੁ ਸਦਾ ਸਦ ਸੰਗੇ ਗੁਨ ਰਸਨਾ ਕਵਨ ਭਨਾ॥ ੧॥

ਵੱਡਾ ਸਮਰੱਥ ਤੇ, ਸਦ=ਸਰੇਸ਼ਟ ਪਰਮਾਤਮਾ ਸਦਾ=ਹਮੇਸ਼ਾ ਹੀ ਸੰਗ ਵਸਦਾ ਹੈ, ਮੈਂ ਕਵਨ=ਕੌਣ ਹਾਂ ਜੋ ਰਸਨਾ ਕਰਕੇ ਉਸ ਦੇ ਕੇਹੜੇ ਗੁਣ ਕਥਨ ਕਰਾਂ॥ ੧॥

ਥਾਨ ਪਵਿਤ੍ਰਾ ਮਾਨ ਪਵਿਤ੍ਰਾ ਪਵਿਤ੍ਰ ਸੁਨਨ ਕਹਨ ਹਾਰੇ॥

ਉਸ ਦਾ ਸਤਸੰਗ ਅਸਥਾਨ ਪਵਿੱਤਰ ਹੈ, ਉਸ ਦਾ ਮਾਨ=ਆਦਰ ਪਵਿੱਤ੍ਰ ਹੈ, *ਵਾ:*-ਉਸ ਦੇ ਮਾਨ=ਮਨਨ ਕਰਨ ਵਾਲੇ ਪਵਿੱਤਰ ਹਨ, ਪਰਮੇਸ਼ਰ ਦੇ ਜਸ ਨੂੰ ਕਹਿਣ ਸੁਨਣ ਵਾਲੇ ਭੀ ਪਵਿੱਤਰ ਹਨ।

ਕਹੁ ਨਾਨਕ ਤੇ ਭਵਨ ਪਵਿਤ੍ਰਾ ਜਾ ਮਹਿ ਸੰਤ ਤੁਮ੍ਹਾਰੇ॥ ੨॥ ੩੨॥ ੫੫॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਉਹ ਭਵਨ=ਘਰ ਪਵਿੱਤਰ ਹੈ, ਜਿਸ ਵਿਚ ਆਪ ਜੀ ਦੇ ਸੰਤ ਵਸਦੇ ਹਨ॥ ੨॥ ੩੨॥ ੫੫॥

ਸਾਰਗ ਮਹਲਾ ੫॥

ਰਸਨਾ ਜਪਤੀ ਤੂਹੀ ਤੂਹੀ॥

ਹੇ ਪ੍ਰਭੂ ! ਮੇਰੀ ਰਸਨਾ ਤੂੰਹੀ ਤੂੰਹੀ ਦੇ ਜਾਪ ਨੂੰ ਜਪਦੀ ਹੈ।

ਯਥਾ:- ਜਲਸ ਤੁਹੀ॥ ਥਲਸ ਤੁਹੀ॥ ਨਦਿਸ ਤੁਹੀ॥ ਨਦਸ ਤੁਹੀ॥ ੧੩॥ ੬੩॥
ਬ੍ਰਿਛਸ ਤੁਹੀ॥ ਪਤਸ ਤੁਹੀ॥ ਛਿਤਸ ਤੁਹੀ॥ ਉਰਧਸ ਤੁਹੀ॥ ੧੪॥ ੬੬॥
ਜਿਮੀ ਤੁਹੀ॥ ਜਮਾ ਤੁਹੀ॥ ਮਕੀ ਤੁਹੀ॥ ਮਕਾ ਤੁਹੀ ॥ ੧੬॥ ੬੬॥
ਅਭੁ ਤੁਹੀ ॥ ਅਭੈ ਤੁਹੀ॥ ਅਛੁ ਤੁਹੀ॥ ਅਛੈ ਤੁਹੀ ॥ ੧੭ ॥ ੬੭॥

(ਦਸਮ ਗ੍ਰੰਥ ਪੰਨਾ ੧੬)

ਅਗਲੀਆਂ ਤੁਕਾਂ ਵਿਚ ਸਪੱਸ਼ਟ ਕਰਦੇ ਹਨ-

ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥ ੧॥ ਰਹਾਉ॥

ਮਾਂ ਦੇ ਗਰਭ ਵਿਚ ਤੁਸੀਂ ਹੀ ਪ੍ਰਤਿਪਾਲਾ ਕਰਦੇ ਹੋ, ਅਤੇ—

ਮ੍ਰਿਤ ਮੰਡਲ=ਪ੍ਰਿਥਵੀ ਮੰਡਲ (ਸੰਸਾਰ) ਵਿਚ ਭੀ ਇਕ ਤੂੰਹੀ ਰੱਖਿਆ ਕਰਨ ਵਾਲਾ ਹੈਂ॥ ੧॥ ਰਹਾਉ॥

ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ ॥

ਤੁਸੀਂ ਹੀ ਮੇਰੇ ਪਿਤਾ ਹੋ, ਪੁਨਾ ਮਾਤਾ ਰੂਪ ਭੀ ਆਪ ਹੋ, ਮਿੱਤ੍ਰ ਹਿਤੂ ਤੇ ਭਰਾ ਰੂਪ ਭੀ ਆਪ ਹੋ, ਭਾਵ ਅਤੀਅੰਤ ਪਿਆਰੇ ਆਪ ਹੋ।

ਤੁਮ ਪਰਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨ ਦਾਤਾ ॥ ੧ ॥

ਤੁਸੀਂ ਹੀ ਮੇਰਾ ਪਰਵਾਰ ਹੋ, ਤੁਸੀਂ ਮੇਰਾ ਆਧਾਰਾ=ਆਸਰਾ ਹੋ, ਆਪ ਹੀ ਜੀਅ ਅੰਦਰ ਪ੍ਰਾਣਾਂ ਦੇ ਦਾਤਾ ਹੋ॥ ੧ ॥

ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ ॥

ਮੇਰਾ ਖਜ਼ਾਨਾ ਭੀ ਆਪ ਹੋ, ਤੁਸੀਂ ਹੀ ਜਰੀਨਾ=ਜਰੀ ਬਾਫਤੇ ਦਾ ਬਸਤ੍ਰ ਹੋ,

ਅਥਵਾ:-ਤੁਸੀਂ ਖਜੀਨਾ=ਅਸਥਾਨ ਹੋ, ਤੁਸੀਂ ਹੀ ਜਰੀਨਾ=ਜ਼ਰ (ਧਨ) ਰੂਪ ਹੋ, ਆਪ ਹੀ ਮਾਣਕ ਤੇ ਲਾਲ ਰੂਪ ਹੋ।

ਤੁਮਹਿ ਪਾਰਜਾਤ ਗੁਰ ਤੇ ਪਾਏ
ਤਉ ਨਾਨਕ ਭਏ ਨਿਹਾਲਾ ॥ ੨ ॥ ੩੩ ॥ ੫੬ ॥

ਗੁਰੂ ਜੀ ਕਥਨ ਕਰਦੇ ਹਨ— ਆਪ ਹੀ ਪਾਰਜਾਤ=ਕਲਪ ਬ੍ਰਿਛ ਵਾਂਙੂ ਸਭ ਪਦਾਰਥਾਂ ਦੇ ਦਾਤੇ ਹੋ, ਜਿਸ ਵੇਲੇ ਗੁਰਾਂ ਦੁਆਰੇ ਆਪ ਜੀ ਨੂੰ ਪਾਇਆ, ਤਾਂ ਅਸੀਂ ਨਿਹਾਲਾ=ਦੁੱਖਾਂ ਤੋਂ ਰਹਿਤ ਹੋ ਗਏ॥ ੨ ॥ ੩੩ ॥ ੫੬ ॥

ਸਾਰਗ ਮਹਲਾ ੫ ॥

ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ ॥

ਜਿਥੇ ਕਿਥੇ ਜਿਸ ਕਿਸੀ ਨੂੰ ਆਪਣਾ ਹੀ ਸਨੇਹੀ (ਪਿਆਰਾ) ਚੇਤੇ ਆਉਂਦਾ ਹੈ।

ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ ॥ ੧ ॥ ਰਹਾਉ ॥

ਜੋ ਪੁਰਸ਼ ਕਿਸੀ ਦਾ ਚੇਰੇ=ਸੇਵਕ ਹੁੰਦਾ ਹੈ, ਉਹ ਆਪਣੇ ਠਾਕੁਰ=ਸੁਆਮੀ ਪਾਸ ਹੀ ਜਾਂਦਾ ਹੈ॥ ੧ ॥ ਰਹਾਉ ॥

ਅਪਨੇ ਪਹਿ ਦੂਖ ਅਪਨੇ ਪਹਿ ਸੂਖਾ ਅਪੁਨੇ ਹੀ ਪਹਿ ਬਿਰਥਾ ॥

ਆਪਣੇ ਸੁਆਮੀ ਕੋਲ ਹੀ ਦੁੱਖ ਕਹੀਦਾ ਹੈ ਤੇ ਆਪਣੇ ਸੁਆਮੀ ਪਾਸ ਹੀ ਸੁਖ ਕਹੀਦਾ ਹੈ ਅਤੇ ਆਪਣੇ ਸੁਆਮੀ ਦੇ ਪਾਸ ਹੀ ਆਪਣਾ ਬਿਰਥਾ=ਬ੍ਰਿਤਾਂਤ (ਹਾਲ) ਸੁਣਾਈ ਦਾ ਹੈ।

ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ ॥ ੧ ॥

ਆਪਣੇ ਸੁਆਮੀ ਉੱਤੇ ਮਾਨ ਹੁੰਦਾ ਹੈ, ਆਪਣੇ ਸਨੇਹੀ 'ਪਰ ਹੀ ਤਾਣ ਹੁੰਦਾ ਹੈ, ਆਪਣੇ ਸਨੇਹੀ ਪਾਸੋਂ ਹੀ ਆਪਣਾ ਅਰਥਾ=ਪਰਯੋਜਨ ਸਿਧ ਹੁੰਦਾ ਹੈ॥ ੧ ॥

ਕਿਨ ਹੀ ਰਾਜ ਜੋਬਨੁ ਧਨ ਮਿਲਖਾ ਕਿਨਹੀ ਬਾਪ ਮਹਤਾਰੀ ॥

ਕਿਸੀ ਨੇ ਰਾਜੇ ਦਾ, ਕਿਸੀ ਨੇ ਜੁਆਨੀ ਦਾ, ਕਿਸੀ ਨੇ ਧਨ ਦਾ, ਕਿਸੀ ਨੇ ਮਿਲਖਾ=ਜਗੀਰਾਂ ਦਾ ਅਤੇ ਕਿਸੀ ਨੇ ਮਾਂ, ਪਿਉ ਦਾ ਆਸਰਾ ਲੀਤਾ ਹੈ।

ਸਰਬ ਥੋਕ ਨਾਨਕ ਗੁਰ ਪਾਏ ਪੂਰਨ ਆਸ ਹਮਾਰੀ ॥੨॥੩੪॥੫੭॥

ਗੁਰੂ ਜੀ ਕਥਨ ਕਰਦੇ ਹਨ-ਅਸਾਂ ਨੇ ਸਭ ਥੋਕ=ਪਦਾਰਥਾਂ ਦੇ ਦੇਣ ਵਾਲੇ ਗੁਰੂ ਪਾਏ ਹਨ, ਇਸ ਲਈ ਸਾਡੀ ਸਾਰੀ ਆਸਾ ਪੂਰਨ ਹੋਈ ਹੈ॥ ੨॥ ੩੪॥ ੫੭॥

ਸਾਰਗ ਮਹਲਾ ੫॥

ਝੂਠੋ ਮਾਇਆ ਕੋ ਮਦ ਮਾਨੁ॥

ਮਾਇਆ ਦੇ ਮਦ ਨੂੰ ਝੂਠਾ ਕਰਕੇ ਮੰਨ ਜਾਂ ਮਾਇਆ ਦੇ ਮਦ ਤੇ ਮਾਨ ਨੂੰ ਝੂਠਾ ਸਮਝ।

ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ॥੧॥ਰਹਾਉ॥

ਹੇ ਬਪੁਰੇ=ਵਿਚਾਰੇ ਜੀਵ ! ਧ੍ਰੋਹ=ਛਲ ਅਤੇ ਮੋਹ ਨੂੰ ਦੂਰ ਕਰ ਦੇ ਅਤੇ ਗੋਪਾਲਹਿ=ਪ੍ਰਿਥਵੀ ਦੇ ਮਾਲਕ ਪ੍ਰਭੂ ਨੂੰ ਆਪਣਾ ਸੰਗੀ ਜਾਣ ਲੈ॥ ੧॥ ਰਹਾਉ॥

ਮਿਥਿਆ ਰਾਜ ਜੋਬਨ ਅਰੁ ਉਮਰੇ ਮੀਰ ਮਲਕ ਅਰੁ ਖਾਨ॥

ਰਾਜ ਭਾਗ, ਜੁਆਨੀ ਅਤੇ ਉਮਰਾਵ, ਮੀਰ=ਬਾਦਸ਼ਾਹ ਜਾਂ ਅਮੀਰ, ਮਲਕ=ਬਲੋਚਾਂ ਚੋਂ ਵੱਡੇ, ਵਾ:-ਸੁਲਤਾਨ ਅਤੇ ਖਾਨ=ਪੰਜ ਹਜ਼ਾਰੀ, ਦਸ ਹਜ਼ਾਰੀ ਏਹ ਸਭ ਮਿਥਿਆ ਹਨ।

ਮਿਥਿਆ ਕਾਪਰ ਸੁਗੰਧ ਚਤੁਰਾਈ ਮਿਥਿਆ ਭੋਜਨ ਪਾਨ॥੧॥

ਕਾਪਰ=ਕਪੜੇ ਅਤਰ ਫੁਲੇਲ ਆਦਿਕ ਸੁਗੰਧੀਆਂ ਤੇ ਚਤਰਾਈਆਂ ਸਭ ਮਿਥਿਆ ਹਨ, ਕਈ ਤਰ੍ਹਾਂ ਦੇ ਭੋਜਨ ਖਾਣੇ ਦੁੱਧ ਆਦਿਕ ਪਾਨ=ਪੀਣੇ, ਵਾ:-ਪਾਨ ਖਾਣੇ ਏਹ ਸਭ ਮਿਥਿਆ ਹਨ॥ ੧॥

ਦੀਨ ਬੰਧਰੋ ਦਾਸ ਦਾਸਰੋ ਸੰਤਹ ਕੀ ਸਾਰਾਨ॥

ਜੋ ਗਰੀਬਾਂ ਦਾ ਬੰਧਰੋ=ਸਬੰਧੀ ਹੈ ਉਸ ਦੇ ਦਾਸਾਂ ਦਾ ਦਾਸ ਹੋ ਅਤੇ ਸੰਤਾਂ ਦੀ ਸ਼ਰਨ ਵਿਚ ਪੈਣਾ ਕਰ।

ਮਾਂਗਨਿ ਮਾਂਗਉ ਹੋਇ ਅਚਿੰਤਾ

ਮਿਲੁ ਨਾਨਕ ਕੇ ਹਰਿ ਪ੍ਰਾਨ॥੨॥੩੫॥੫੮॥

ਗੁਰੂ ਜੀ ਕਥਨ ਕਰਦੇ ਹਨ-ਮੈਂ ਮੰਗਤਾ ਏਹੋ ਮੰਗਣੀ ਮੰਗਦਾ ਹਾਂ, ਹੇ ਮੇਰੇ ਪ੍ਰਾਣ ਰੂਪ ਹਰੀ! ਤੂੰ ਆ ਕੇ ਮਿਲ ਤਾਂ ਹੀ ਮੈਂ ਅਚਿੰਤਾ=ਨਿਸਚਿੰਤ ਹੋਵਾਂਗਾ॥ ੨॥ ੩੫॥ ੫੮॥

ਸਾਰਗ ਮਹਲਾ ੫॥

ਅਪੁਨੀ ਇਤਨੀ ਕਛੂ ਨ ਸਾਰੀ ॥

ਜੀਵ ਦੀ ਆਪਣੀ ਉਮਰਾ ਇਤਨੀ ਬੀਤ ਗਈ ਹੈ, ਫਿਰ ਵੀ ਆਪਣੀ ਭਲਿਆਈ ਵਾਸਤੇ ਇਸ ਨੇ ਕੁਝ ਥੋੜ੍ਹੀ ਜਿੰਨੀ ਭੀ ਚੰਗੀ ਗੱਲ ਨਹੀਂ ਕੀਤੀ।

ਅਨਿਕ ਕਾਜ ਅਨਿਕ ਧਾਵਰਤਾ ਉਰਝਿਓ ਆਨ ਜੰਜਾਰੀ॥ ੧ ॥ ਰਹਾਉ ॥

ਅਨੇਕ ਤਰ੍ਹਾਂ ਦੇ ਕੰਮਾਂ ਵਿਚ ਬਹੁਤ ਤਰ੍ਹਾਂ ਕਰਕੇ ਧਾਵਰਤਾ=ਦੌੜਦਾ ਹੈ ਅਤੇ ਆਨ=ਹੋਰ ਵਿਅਰਥ ਜੰਜ਼ਾਲਾਂ ਵਿਚ ਉਰਝਿਓ=ਫਿਸਿਆ ਹੋਇਆ ਹੈ॥ ੧ ॥ ਰਹਾਉ ॥

ਜਿਨ੍ਹਾਂ ਸਬੰਧੀਆਂ ਲਈ ਜੰਜ਼ਾਲਾਂ ਵਿਚ ਫਸਿਆ ਹੋਇਆ ਹੈ, ਉਹ-

ਦਿਉਸ ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ ਭਾਰੀ॥

ਚਾਰ ਦਿਨਾਂ ਦੇ ਸਾਥੀ ਦਿੱਸਦੇ ਹਨ, ਜਿਥੇ ਭਾਰੀ ਬਿਪਤਾ ਆ ਕੇ ਪੈਂਦੀ ਹੈ, ਉਥੇ ਕੋਈ ਭੀ ਸਾਥੀ ਨਹੀਂ ਹੁੰਦਾ।

[ਪੰਨਾ ੧੨੧੬]

ਤਿਨ ਸਿਉ ਰਾਚਿ ਮਾਚਿ ਹਿਤੁ ਲਾਇਓ ਜੋ ਕਾਮਿ ਨਹੀ ਗਾਵਾਰੀ॥ ੧ ॥

ਉਨ੍ਹਾਂ ਨਾਲ ਰਚ ਮਿਚ ਕੇ ਹਿਤੁ=ਪ੍ਰੇਮ ਲਗਾਇਆ ਹੈ, ਜੋ ਇਸ ਗਾਵਾਰੀ=ਮੂਰਖ ਦੇ ਕੰਮ ਨਹੀਂ ਆਉਣਗੇ॥ ੧ ॥

ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ॥

ਹਉ=ਮੈਂ ਕੁਝ ਨੰਹੀਂ ਹਾਂ, ਨਾ ਹੀ ਕੁਝ ਮੇਰਾ ਪਦਾਰਥ ਹੈ, ਨਾ ਹੀ ਕੁਝ ਮੇਰਾ ਵਸ ਚਾਰੀ=ਚਲਦਾ ਹੈ।

ਕਰਨ ਕਰਾਵਨ ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ॥ ੨ ॥ ੩੬ ॥ ੫੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਕਰਨ ਕਰਾਉਣ ਵਾਲੇ ਮੇਰੇ ਪ੍ਰਭੂ! ਆਪ ਮੈਨੂੰ ਸੰਤਾਂ ਦਾ ਸੰਗ ਦੇ ਕੇ ਉਧਾਰ ਲਓ॥ ੨॥ ੩੬॥ ੫੯॥

ਅਗਲੇ ਸ਼ਬਦ ਵਿਚ ਮਾਇਆ ਦੀ ਪ੍ਰਬਲਤਾ ਵਿਖਾਉਂਦੇ ਹਨ-

ਸਾਰਗ ਮਹਲਾ ੫ ॥

ਮੋਹਨੀ ਮੋਹਤ ਰਹੈ ਨ ਹੋਰੀ॥

ਮੋਹਨੀ=ਮਾਇਆ ਸਭ ਨੂੰ ਮੋਹਤ=ਠੱਗਦੀ ਰਹਿੰਦੀ ਹੈ, ਕਿਸੇ ਦੀ ਹਟਾਈ ਹੋਈ ਪਿਛੇ ਹਟਦੀ ਨਹੀਂ ਹੈ ਜਾਂ ਇਸ ਵਲੋਂ ਕਿਸੇ ਨੇ ਬਿਰਤੀ ਮੋੜੀ ਨਹੀਂ ਹੈ।

ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ॥ ੧ ॥ ਰਹਾਉ ॥

ਸਾਧਿਕ=ਸਾਧਨਾ ਕਰਨ ਵਾਲੇ ਅਤੇ ਚੌਰਾਸੀ ਸਿਧ.ਇਨ੍ਹਾਂ ਸਭਨਾਂ ਦੀ ਪਿਆਰੀ ਹੈ, ਕਿਸੇ ਦੀ ਤੋੜੀ ਹੋਈ ਟੁੱਟਦੀ ਨਹੀਂ ਹੈ॥ ੧ ॥ ਰਹਾਉ ॥

ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ॥

ਖਟੁ=ਛੇ ਸ਼ਾਸਤ੍ਰਾਂ ਨੂੰ ਜੋ ਰਸਨਾ ਦੇ ਅਗਰ ਭਾਗ ਉਚਾਰਦਾ ਹੈ ਅਤੇ ਜੋ ਬਹੁਤ ਸਾਰੀ ਤੀਰਥ ਯਾਤਰਾ ਕਰਦਾ ਹੈ, ਉਨ੍ਹਾਂ ਨੂੰ ਮਾਇਆ ਥੋੜੀ ਨਹੀਂ ਚੰਮੜੀ, ਉਨ੍ਹਾਂ ਦੇ ਮਗਰ ਭੀ ਲੱਗੀ ਫਿਰਦੀ ਹੈ।

ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ॥ ੧ ॥

ਜੋ ਭੀ ਠਾਕੁਰ ਪੂਜਾ ਕਰਨ ਵਾਲੇ ਹਨ, ਸਰੀਰ 'ਪਰ ਚਕ੍ਰ=ਤਿਲਕ ਲਗਾਉਣ ਵਾਲੇ ਹਨ ਵਰਤ ਰੱਖਦੇ ਹਨ, ਨੇਮ ਨਿਭਾਉਂਦੇ ਹਨ, ਤਪੀਆ ਹੋ ਕੇ ਤਪ ਕਰਦੇ ਹਨ, ਉਨ੍ਹਾਂ ਦਾ ਭੀ ਗੈਲਿ=ਪਿਛਾ ਏਹ ਮਾਇਆ ਛੱਡਦੀ ਨਹੀਂ ਹੈ॥ ੧॥

ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ॥

ਇਹ ਜਗੁ=ਜੀਵ ਸੰਸਾਰ, ਵਾ:-ਮੋਹ ਰੂਪ ਅੰਨ੍ਹੇ ਖੂਹ ਵਿਚ ਪਤਿਤ ਹੋਤ=ਗਿਰਾਇ ਮਾਨ ਹੁੰਦਾ ਜਾ ਰਿਹਾ ਹੈ, ਭਾਵ ਡਿਗਦਾ ਜਾ ਰਿਹਾ ਹੈ, ਹੇ ਸੰਤੋ ! ਆਪ ਇਸ ਤੋਂ ਮੇਰੀ ਪਰਮਗਤੀ ਕਰੋ।

ਸਾਧ ਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ॥੨॥੩੭॥੬੦॥

ਗੁਰੂ ਜੀ ਕਥਨ ਕਰਦੇ ਹਨ-ਸਤਸੰਗਤ ਵਿਚ ਜਾ ਕੇ ਸੰਤਾਂ ਦਾ ਭੋਰੀ=ਰੰਚਕ ਮਾਤ੍ਰ ਦਰਸ਼ਨ ਦੇਖਦਿਆਂ ਹੀ ਮੁਕਤ ਰੂਪ ਹੋ ਗਿਆ ਹਾਂ॥ ੨॥ ੩੭॥ ੬੦॥

ਸਾਰਗ ਮਹਲਾ ੫॥ ਕਹਾ ਕਰਹਿ ਰੇ ਖਾਟਿ ਖਾਟੁਲੀ॥

ਹੇ ਭਾਈ ! ਖੱਟੀ ਨੂੰ ਖੱਟ ਕੇ ਕੀ ਕਰੇਂਗਾ। ਵਾ:-ਹੇ ਭਾਈ ! ਏਹ ਤੂੰ ਕੀ ਕਰਦਾ ਹੈਂ, ਇਹ ਭੀ ਖਟ ਲਵਾਂ ਫਲਾਨੀ ਚੀਜ਼ ਭੀ ਖਟ ਲਵਾਂ।

ਅਥਵਾ:-ਹੇ ਭਾਈ ! ਖਾਟਿ=ਮੰਜੇ ਤੇ ਖਾਟੁਲੀ =ਮੰਜੀਆਂ ਨੂੰ ਤੂੰ ਕੀ ਇਕੱਠਾ ਕਰਦਾ ਹੈਂ।

ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ॥੧॥ਰਹਾਉ॥

ਤੇਰਾ ਚਾਮਰੋ=ਚਮੜਾ ਸਰੀਰ ਪੌਣ ਕਰਕੇ ਆਫਰਿਆ ਹੋਇਆ ਹੈ,

ਹੇ ਭਾਈ ! ਇਹ ਤੇਰੀ ਮਾਟੁਲੀ=ਮਿੱਟੀ ਦੀ ਦੇਹ ਰੂਪ ਘੜੀ ਅਤੀਅੰਤ ਜਜਰੀ=ਕ੍ਰਿਸ ਹੋ ਜਾਣ ਵਾਲੀ ਹੈ, ਅਰਥਾਤ ਛੇਤੀ ਨਾਸ ਹੋ ਜਾਣ ਵਾਲੀ ਹੈ॥ ੧॥ ਰਹਾਉ॥

ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ॥

(ਜਿਸ ਜਗ੍ਹਾਂ ਕਿਸੀ ਨੇ ਧਨ ਦਬਿਆ ਹੋਇਆ ਸੀ) ਊਹੀ ਤੇ ਹਰਿਓ=ਉਸ ਜਗ੍ਹਾਂ ਤੋਂ ਚੁਰਾਉਣਾ ਕੀਤਾ ਤੇ ਜਿਥੇ ਆਪ ਰਹਿੰਦਾ ਹੈ ਓਥੇ ਲੈ ਕੇ ਧਰਨਾ ਕੀਤਾ, ਧਨ ਦੇ ਚੁਰਾਉਣ ਵਿਚ ਇਤਨੀ ਜਲਦੀ ਕਰਦਾ ਹੈ ਜਿਵੇਂ ਬਾਸਾ=ਬਾਜ ਮਾਸ ਨੂੰ ਭਾਵ ਆਪਣੇ ਸ਼ਿਕਾਰ ਨੂੰ ਵੇਖ ਕੇ ਝਾਟੁਲੀ=ਝਪਟ ਦੇਂਦਾ ਹੈ।

ਦੇਵਨਹਾਰੁ ਬਿਸਾਰਿਓ ਅੰਧੁਲੇ ਜਿਉ ਸਫਰੀ ਉਦਰੁ ਭਰੈ ਬਹਿ ਹਾਟੁਲੀ॥੧॥

ਹੇ ਅੰਨ੍ਹੇ ਅਗਿਆਨੀ ਪੁਰਸ਼ਾ ! ਦਾਤਾਂ ਦੇ ਦੇਣ ਵਾਲੇ ਪ੍ਰਭੂ ਨੂੰ ਤੈਂਨੇ ਭੁਲਾ ਦਿੱਤਾ ਹੈ, ਜਿਵੇਂ ਸਫਰੀ=ਰਾਹੀ ਹਾਟੁਲੀ=ਹੱਟੀ (ਹੋਟਲ) 'ਤੇ ਬੈਠ ਕੇ ਪੇਟ ਭਰਦਾ ਹੈ ਅਤੇ ਤੁਰ ਜਾਂਦਾ ਹੈ, ਤਿਵੇਂ ਤੂੰ ਤੁਰ ਜਾਣਾ ਹੈ ਤੇਰੇ ਨਾਲ ਕੁਝ ਭੀ ਨਹੀਂ ਜਾਣਾ।

ਅਥਵਾ:-ਜਿਵੇਂ ਬਗਲਾ ਪਿਛੇ ਹਟ ਹਟ ਕੇ ਬਹਿੰਦਾ ਹੈ, ਜਿਸ ਵੇਲੇ ਸਫਰੀ=ਮੱਛੀ ਆਉਂਦੀ ਹੈ ਉਸੀ ਵੇਲੇ ਉਸ ਨੂੰ ਝਪਟ ਕੇ ਪੇਟ ਭਰ ਲੈਂਦਾ ਹੈ।

ਅਥਵਾ:-ਸਫਰੀ=ਮਦਾਰੀ ਜਿਵੇਂ ਪੇਟ ਭਰਨ ਵਾਸਤੇ ਹੱਟੀਆਂ ਅੱਗੇ ਬੈਠ ਕੇ ਕਈ ਤਰ੍ਹਾਂ ਦੀਆਂ ਖੇਡਾਂ ਪਾਂਦਾ ਹੈ, ਤਿਵੇਂ ਤੂੰ ਦੰਭ (ਪਖੰਡ) ਪਸਾਰਦਾ ਹੈਂ।

ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ ਭੀਰ ਬਾਟੁਲੀ॥

ਰਸਾਂ ਦੇ ਸੁਆਦ ਵਿਕਾਰ ਰੂਪ ਹਨ, ਝੂਠ ਵੀ ਵਿਕਾਰ ਰੂਪ ਹੈ,

ਅਥਵਾ:-ਝੂਠੇ ਵਿਕਾਰਾਂ ਦੇ ਬਿਕਾਰ=ਵਿਅਰਥ ਰਸਾਂ ਨੂੰ ਸਾਦ=ਸ੍ਵਾਦੀਕ ਜਾਣ ਕੇ ਚੱਖਦਾ ਹੈਂ, (ਪਰ ਚੇਤੇ ਰੱਖ) ਜਿਥੇ ਪ੍ਰਲੋਕ ਵਿਚ ਜਾਣਾ ਹੈ, ਤਿਥੇ ਭੀਰ ਬਾਟੁਲੀ=ਭੀੜੀ ਗਲੀ ਹੈ ਭਾਵ ਤੰਗ ਰਸਤਾ ਹੈ।

ਕਹੁ ਨਾਨਕ ਸਮਝੁ ਰੇ ਇਆਨੇ
ਆਜੁ ਕਾਲਿ ਖੁਲ੍ਹੈ ਤੇਰੀ ਗਾਂਠੁਲੀ॥ ੨॥ ੩੮॥ ੬੧॥

ਗੁਰੂ ਜੀ ਕਥਨ ਕਰਦੇ ਹਨ-ਹੇ ਅਗਿਆਤ ਪੁਰਸ਼ਾ ! ਤੂੰ ਸਮਝਣਾ ਕਰ, ਅੱਜ ਜਾਂ ਕਲ੍ਹ ਤੇਰੀ ਪਾਨ, ਅਪਾਨ ਦੀ ਗੰਢ ਖੁੱਲ ਜਾਣੀ ਹੈ॥ ੨॥ ੩੮॥ ੬੧॥

ਸਾਰਗ ਮਹਲਾ ੫॥
ਗੁਰ ਜੀਉ ਸੰਗਿ ਤੁਹਾਰੈ ਜਾਨਿਓ॥

ਹੇ ਗੁਰੂ ਜੀਉ ! ਮੈਂ ਆਪ ਜੀ ਨੂੰ ਆਪਣੇ ਸੰਗ ਹੀ ਜਾਣਿਆ ਹੈ।

ਅਥਵਾ:-ਹੇ ਗੁਰੂ ਜੀਉ ! ਤੁਹਾਡੇ ਸਤਸੰਗ ਕਰਕੇ ਮੈਂ ਇਸ ਲੋਕ ਵਿਚ ਪਰਗਟ ਜਾਣਿਆ ਗਿਆ ਹਾਂ।

ਕੋਟਿ ਜੋਧ ਉਆ ਕੀ ਬਾਤ ਨ ਪੁਛੀਐ ਤਾਂ ਦਰਗਹ ਭੀ ਮਾਨਿਓ॥੧॥ਰਹਾਉ॥

ਕ੍ਰੋੜਾਂ ਸੂਰਬੀਰ ਰਾਜਿਆਂ ਦੀ ਉਸ ਪ੍ਰਲੋਕ ਦਰਗਾਹ ਵਿਚ ਗੱਲਬਾਤ ਨਹੀਂ ਪੁਛੀ ਜਾਂਦੀ, ਪਰ ਉਸ ਪ੍ਰਲੋਕ ਦਰਗਾਹ ਵਿਚ ਭੀ ਮੈਂ ਮਾਨਿਓ=ਮਾਨੀਕ ਹੋਇਆ ਹਾਂ॥ ੧॥ ਰਹਾਉ॥

ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ॥

ਇਸ ਪ੍ਰਾਣੀ ਦਾ ਮੂਲ ਕੀ ਕਹੀਦਾ ਹੈ, ਭਾਵ ਰਕਤ ਬਿੰਦ ਤੋਂ ਪੈਦਾ ਹੋਇਆ ਹੈ ਤੇ ਕੈਸਾ ਸੁੰਦਰ ਗੌਰ ਰੂਪ ਨਿਗਾਹ ਆਇਆ ਹੈ।

ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ॥ ੧॥

ਮਾਟੀ=ਰਕਤ ਬਿੰਦ, ਵਾ:- ਮਿੱਟੀ ਆਦਿਕ ਪੰਜਾਂ ਤੱਤਾਂ ਦੇ ਸੰਗ ਕਰਕੇ ਦੇਹ ਬਣੀ ਹੈ, ਜਿਸ ਵਿਚ ਜੋਤੀ ਦੀ ਚੇਤਨ ਸੱਤਾ ਦਾ ਪ੍ਰਕਾਸ਼ ਹੋਇਆ ਹੈ ਅਤੇ ਇਸ ਦਾ ਨਾਮ ਦੁਰਲੱਭ ਦੇਹ ਕਥਨ ਕੀਤਾ ਗਿਆ ਹੈ॥ ੧॥

ਤੁਮ ਤੇ ਸੇਵ ਤੁਮ ਤੇ ਜਪ ਤਾਪਾ ਤੁਮ ਤੇ ਤੁਤ ਪਛਾਨਿਓ॥

ਹੇ ਸਤਿਗੁਰੋ ! ਆਪ ਜੀ ਦੀ ਕ੍ਰਿਪਾ ਕਰਕੇ ਅਸੀਂ ਸੇਵਨੇ ਜੋਗ ਹੋਏ ਹਾਂ, ਆਪ ਜੀ ਦੀ ਕ੍ਰਿਪਾ ਕਰਕੇ ਹੀ ਜਪ ਤਪ ਦੀ ਪ੍ਰਾਪਤੀ ਹੋਈ ਹੈ, ਆਪ ਜੀ ਦੀ ਕਿਰਪਾ ਨਾਲ ਹੀ ਤੱਤ ਸਰੂਪ ਨੂੰ ਪਛਾਣਿਆ ਹੈ।

ਕਰੁ ਮਸਤਕਿ ਧਰਿ ਕਟੀ ਜੇਵਰੀ
ਨਾਨਕ ਦਾਸ ਦਸਾਨਿਓ॥ ੨॥ ੩੯॥ ੬੨॥

ਮੇਰੇ ਮੱਥੇ 'ਪਰ ਕ੍ਰਿਪਾ ਦਾ ਹੱਥ ਰੱਖ ਕੇ ਗੁਰਾਂ ਨੇ ਮਾਇਆ ਰੂਪ ਜੇਵਰੀ=ਫਾਹੀ ਕੱਟ ਦਿੱਤੀ, ਗੁਰੂ ਜੀ ਕਥਨ

ਕਰਦੇ ਹਨ-ਇਸ ਕਰਕੇ ਮੈਂ ਦਾਸਾਂ ਦਾ ਦਾਸ ਹਾਂ॥ ੨॥ ੩੯॥ ੬੨॥

ਸਾਰਗ ਮਹਲਾ ੫॥

ਹਰਿ ਹਰਿ ਦੀਓ ਸੇਵਕ ਕਉ ਨਾਮ॥

ਹਰ ਇਕ ਸੇਵਕ ਨੂੰ ਹਰੀ ਨੇ ਆਪਣਾ ਨਾਮ ਦਾਨ ਦਿੱਤਾ ਹੈ।

ਮਾਨਸੁ ਕਾ ਕੋ ਬਪੁਰੋ ਭਾਈ ਜਾ ਕੋ ਰਾਖਾ ਰਾਮ॥ ੧॥ ਰਹਾਉ॥

ਹੇ ਭਾਈ ! ਇਹ ਮਨੁੱਖ ਵਿਚਾਰਾ ਕਿਸਦਾ ਵਿਗਾੜ ਕਰ ਸਕਦਾ ਹੈ, ਜਿਸ ਦਾ ਰਾਖਾ ਰਾਮ ਪ੍ਰਭੂ ਆਪ ਹੈ॥ ੧॥ ਰਹਾਉ॥

ਆਪਿ ਮਹਾਜਨੁ ਆਪੇ ਪੰਚਾ ਆਪਿ ਸੇਵਕ ਕੈ ਕਾਮ॥

ਉਹ ਪ੍ਰਭੂ ਆਪ ਮਹਾਜਨੁ=ਸ਼ਾਹੂਕਾਰ ਹੈ, ਆਪ ਹੀ ਪੰਚਾ=ਨੰਬਰਦਾਰ ਹੈ,

ਅਥਵਾ:-ਆਪ ਹੀ ਮਹਾਜਨੁ=ਮਹਾਤਮਾ ਰੂਪ ਹੈ, ਆਪ ਹੀ ਪੰਚਾ=ਗੁਰੂ ਰੂਪ ਹੈ, ਉਹ ਆਪ ਹੀ ਸੇਵਕਾਂ ਦੇ ਕੰਮ ਪੂਰਨ ਕਰਨ ਵਾਲਾ ਹੈ।

ਆਪੇ ਸਗਲੇ ਦੂਤ ਬਿਦਾਰੇ ਠਾਕੁਰ ਅੰਤਰਜਾਮ॥ ੧॥

ਅੰਤਰਜਾਮੀ ਠਾਕੁਰ ਨੇ ਆਪ ਹੀ ਸੇਵਕਾਂ ਦੇ ਸਾਰੇ ਕਾਮ ਆਦਿਕ ਦੂਤ ਨਾਸ ਕੀਤੇ ਹਨ॥ ੧॥

ਆਪੇ ਪਤਿ ਰਾਖੀ ਸੇਵਕ ਕੀ ਆਪਿ ਕੀਓ ਬੰਧਾਨ॥

ਪ੍ਰਭੂ ਨੇ ਆਪ ਹੀ ਆਪਣੇ ਸੇਵਕ ਦੀ ਇੱਜ਼ਤ ਰੱਖੀ ਹੈ ਅਤੇ ਆਪ ਹੀ ਬੰਧਾਨ=ਮਰਯਾਦਾ ਨੂੰ ਅਸਥਾਪਨ ਕੀਤਾ ਹੈ।

ਆਦਿ ਜੁਗਾਦਿ ਸੇਵਕ ਕੀ ਰਾਖੈ ਨਾਨਕ ਕੋ ਪ੍ਰਭੁ ਜਾਨ॥ ੨॥ ੪੦॥ ੬੩॥

ਗੁਰੂ ਜੀ ਕਥਨ ਕਰਦੇ ਹਨ-ਜੋ ਆਦਿ ਜੁਗਾਦਿ=ਸਦਾ ਸਦਾ ਆਪਣੇ ਸੇਵਕ ਦੀ ਇੱਜ਼ਤ ਰੱਖਦਾ ਹੈ, ਉਸ ਪ੍ਰਭੂ ਨੂੰ ਤੂੰ ਜਾਨਣਾ ਕਰ। *ਅਥਵਾ:*-ਉਹ ਪ੍ਰਭੂ ਸਭ ਕੁਝ ਜਾਣਦਾ ਹੈ॥ ੨॥ ੪੦॥ ੬੩॥

ਸਾਰਗ ਮਹਲਾ ੫॥

ਤੂ ਮੇਰੇ ਮੀਤ ਸਖਾ ਹਰਿ ਪ੍ਰਾਨ॥

ਹੇ ਹਰੀ ! ਤੂੰ ਹੀ ਮੇਰੇ ਪ੍ਰਾਨ ਰੂਪ ਹੈਂ, ਤੂੰ ਹੀ ਮੇਰਾ ਇਸ ਲੋਕ ਦਾ ਮਿੱਤ੍ਰ ਹੈਂ, ਤੂੰ ਹੀ ਮੇਰਾ ਪ੍ਰਲੋਕ ਦਾ ਸਖਾ=ਮਿੱਤ੍ਰ ਹੈਂ।

ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ ਇਹੁ ਤਨੁ ਸੀਤੋ ਤੁਮਰੈ ਧਾਨ॥ ੧॥ ਰਹਾਉ॥

ਮਨ, ਧਨ, ਜੀਉ ਤੇ ਪਿੰਡੁ=ਸਰੀਰ ਸਭ ਕੁਝ ਤੁਹਾਡਾ ਦਿੱਤਾ ਹੋਇਆ ਹੈ, ਇਹ ਤਨੁ=ਸੂਖਮ ਸਰੀਰ ਮਨ ਭੀ ਤੁਹਾਡੇ ਧਿਆਨ ਵਿਚ ਸੀਤਾ ਹੋਇਆ ਹੈ॥ ੧॥ ਰਹਾਉ॥

ਤੁਮ ਹੀ ਦੀਏ ਅਨਿਕ ਪ੍ਰਕਾਰਾ ਤੁਮ ਹੀ ਦੀਏ ਮਾਨ॥

ਤੁਸਾਂ ਨੇ ਅਨੇਕ ਤਰ੍ਹਾਂ ਦੇ ਪਦਾਰਥ ਦਿੱਤੇ ਹਨ ਅਤੇ ਤੁਸਾਂ ਨੇ ਹੀ ਮਾਨ ਆਦਿਕ ਗੁਣ ਦਿੱਤੇ ਹਨ।

ਸਦਾ ਸਦਾ ਤੁਮ ਹੀ ਪਤਿ ਰਾਖਹੁ ਅੰਤਰਜਾਮੀ ਜਾਨ ॥ ੧ ॥

ਹੇ ਅੰਤਰਜਾਮੀ ਪ੍ਰਭੂ ! ਆਪ ਹੀ ਸਦਾ ਸ਼ਦਾ ਇੱਜ਼ਤ ਰੱਖਦੇ ਹੋ, ਮੈਂ ਇਉਂ ਜਾਣਿਆ ਹੈ॥ ੧ ॥

[ਪੰਨਾ ੧੨੧੭]

ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨ ॥

ਹੇ ਠਾਕੁਰ ! ਜਿਨ੍ਹਾਂ ਸੰਤਾਂ ਨੇ ਆਪ ਜੀ ਨੂੰ ਜਾਣਿਆ ਹੈ, ਉਹ ਸੰਸਾਰ ਵਿਚ ਆਏ ਹੋਏ ਪ੍ਰਮਾਣੀਕ ਹਨ।

ਜਨ ਕਾ ਸੰਗੁ ਪਾਈਐ ਵਡਭਾਗੀ
ਨਾਨਕ ਸੰਤਨ ਕੈ ਕੁਰਬਾਨ ॥ ੨ ॥ ੪੧ ॥ ੬੪ ॥

ਸੰਤ ਜਨਾਂ ਦਾ ਸੰਗ ਵੱਡਿਆਂ ਭਾਗਾਂ ਨਾਲ ਪਾਈਦਾ ਹੈ,

ਗੁਰੂ ਜੀ ਕਥਨ ਕਰਦੇ ਹਨ-ਅਜਿਹੇ ਸੰਤਾਂ ਤੋਂ ਮੈਂ ਕੁਰਬਾਨ ਜਾਂਦਾ ਹਾਂ॥ ੨ ॥ ੪੧ ॥ ੬੪ ॥

ਸਾਰਗ ਮਹਲਾ ੫ ॥

ਕਰਹੁ ਗਤਿ ਦਇਆਲ ਸੰਤਹੁ ਮੋਰੀ ॥

ਹੇ ਦਿਆਲੂ ਸੰਤੋ ! ਤੁਸੀਂ ਮੇਰੀ ਗਤਿ=ਮੁਕਤੀ ਕਰੋ।

ਤੁਮ ਸਮਰਥ ਕਾਰਨ ਕਰਨਾ ਤੂਟੀ ਤੁਮ ਹੀ ਜੋਰੀ ॥ ੧ ॥ ਰਹਾਉ ॥

ਤੁਸੀਂ ਸਾਰਿਆਂ ਕਾਰਨਾਂ ਦੇ ਕਰਨੇ ਨੂੰ ਸਮਰੱਥ ਹੋ, ਤੁਸਾਂ ਨੇ ਹੀ ਪਰਮੇਸ਼ਰ ਨਾਲੋਂ ਟੁੱਟੀ ਹੋਈ ਪ੍ਰੀਤੀ ਜੋੜੀ ਹੈ॥ ੧ ॥ ਰਹਾਉ ॥

ਜਨਮ ਜਨਮ ਕੇ ਬਿਖਈ ਤੁਮ ਤਾਰੇ ਸੁਮਤਿ ਸੰਗਿ ਤੁਮਾਰੈ ਪਾਈ ॥

ਜਨਮਾਂ ਜਨਮਾਂ ਦੇ ਵਿੱਸ਼ਈ ਜਨ ਤੁਸਾਂ ਨੇ ਤਾਰੇ ਹਨ, ਤੁਹਾਡੇ ਸੰਗ ਕਰਕੇ ਹੀ ਮੈਂ ਸਰੇਸਟ ਮਤੀ ਪਾਈ ਹੈ।

ਅਨਿਕ ਜੋਨਿ ਭ੍ਰਮਤੇ ਪ੍ਰਭ ਬਿਸਰਤ ਸਾਸਿ ਸਾਸਿ ਹਰਿ ਗਾਈ ॥ ੧ ॥

ਪ੍ਰਭੂ ਦੇ ਭੁਲਣ ਕਰਕੇ ਜਿਹੜੇ ਅਨੇਕ ਜੂਨੀਆਂ ਵਿਚ ਭਰਮਦੇ ਸਨ, ਉਹਨਾਂ ਨੇ ਤੁਹਾਡੇ ਸੰਗ ਕਰੱਕੇ ਸ੍ਵਾਸ ਸ੍ਵਾਸ ਹਰੀ ਦੀ ਕੀਰਤੀ ਗਾਈ ਹੈ॥ ੧ ॥

ਜੋ ਜੋ ਸੰਗਿ ਮਿਲੇ ਸਾਧੂ ਕੈ ਤੇ ਤੇ ਪਤਿਤ ਪੁਨੀਤਾ ॥

ਜਿਹੜਾ ਜਿਹੜਾ ਸੰਤਾਂ ਦੇ ਸੰਗ ਵਿਚ ਮਿਲਿਆ ਹੈ, ਉਹ ਉਹ ਪਾਪੀ ਪੁਨੀਤਾ=ਪਵਿੱਤਰ ਹੋ ਗਿਆ ਹੈ।

ਕਹੁ ਨਾਨਕ ਜਾ ਕੇ ਵਡਭਾਗਾ
ਤਿਨਿ ਜਨਮੁ ਪਦਾਰਥੁ ਜੀਤਾ ॥ ੨ ॥ ੪੨ ॥ ੬੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਦੇ ਵੱਡੇ ਉੱਤਮ ਭਾਗ ਹਨ, ਉਸ ਨੇ ਆਪਣੇ ਦੁਰਲੱਭ ਜਨਮ

ਪਦਾਰਥ ਨੂੰ ਜਿੱਤ ਲਿਆ ਹੈ॥ ੨॥ ੪੨॥ ੬੫॥

ਸਾਰਗ ਮਹਲਾ ੫॥

ਠਾਕੁਰ ਬਿਨਤੀ ਕਰਨ ਜਨੁ ਆਇਓ॥

ਹੇ ਠਾਕੁਰ ! ਮੈਂ ਸੇਵਕ ਜਨ ਆਪ ਜੀ ਅੱਗੇ ਬੇਨਤੀ ਕਰਨ ਆਇਆ ਹਾਂ।

ਸਰਬ ਸੂਖ ਆਨੰਦ ਸਹਜ ਰਸ ਸੁਨਤ ਤੁਹਾਰੋ ਨਾਇਓ॥ ੧॥ ਰਹਾਉ॥

ਤੁਹਾਡਾ ਨਾਮ ਸੁਣਦਿਆਂ ਹੀ ਸਾਰੇ ਸੁਖ ਅਨੰਦ ਤੇ ਸਹਜ ਰਸ=ਆਤਮਕ ਰਸ ਪਰਾਪਤ ਹੋਇਆ ਹੈ॥ ੧॥ ਰਹਾਉ॥

ਕ੍ਰਿਪਾ ਨਿਧਾਨ ਸੂਖ ਕੇ ਸਾਗਰ ਜਸੁ ਸਭ ਮਹਿ ਜਾ ਕੋ ਛਾਇਓ॥

ਹੇ ਕ੍ਰਿਪਾ ਦੇ ਨਿਧਾਨ=ਖਜ਼ਾਨੇ ਸੁਖਾਂ ਦੇ ਸਮੁੰਦਰ ਪ੍ਰਭੂ, ਜਿਸ ਆਪ ਜੀ ਦਾ ਜਸ ਸਾਰੀ ਮਹਿ=ਪ੍ਰਿਥਵੀ 'ਪਰ ਛਾ ਰਿਹਾ ਹੈ।

ਸੰਤ ਸੰਗਿ ਰੰਗ ਤੁਮ ਕੀਏ ਅਪਨਾ ਆਪੁ ਦ੍ਰਿਸਟਾਇਓ॥ ੧॥

ਸੰਤਾਂ ਦੇ ਸੰਗ ਦਾ ਰੰਗ=ਅਨੰਦ ਜਿਸ ਨੂੰ ਤੁਸਾਂ ਨੇ ਪਰਗਟ ਕੀਤਾ ਹੈ ਜਾਂ ਸੰਤਾਂ ਦੇ ਸੰਗ ਦੁਆਰਾ ਜਿਨ੍ਹਾਂ ਦੇ ਅੰਦਰ ਤੁਸਾਂ ਨੇ ਰੰਗ=ਪ੍ਰੇਮ ਆਦਿਕ ਸ਼ੁਭ ਗੁਣ ਪੈਦਾ ਕੀਤੇ ਹਨ, ਉਨ੍ਹਾਂ ਨੂੰ ਤੁਸਾਂ ਨੇ ਆਪਣਾ ਆਪ ਦ੍ਰਿਸਟਾਇਓ=ਵਿਖਾ ਦਿੱਤਾ ਹੈ॥ ੧॥

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ-)

ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ॥

ਤਨ ਕਰਕੇ ਸੰਤਾਂ ਦੀ ਸੇਵਾ ਕਰਦਾ ਹਾਂ, ਕੇਸਾਇਓ=ਕੇਸਾਂ ਨਾਲ ਸੰਤਾਂ ਦੇ ਚਰਨ ਝਾੜਦਾ ਹਾਂ ਤੇ ਨੈਨਹੁ ਸੰਗਿ=ਅੱਖਾਂ ਨਾਲ-

ਆਠ ਪਹਰ ਦਰਸਨੁ ਸੰਤਨ ਕਾ
ਸੁਖੁ ਨਾਨਕ ਇਹੁ ਪਾਇਓ॥ ੨॥ ੪੩॥ ੬੬॥

ਅੱਠੇ ਪਹਿਰ ਸੰਤਾਂ ਦਾ ਦਰਸ਼ਨ ਕਰਦਾ ਹਾਂ,

ਗੁਰੂ ਜੀ ਕਥਨ ਕਰਦੇ ਹਨ-ਇਸ ਤਰ੍ਹਾਂ ਕਰਨ ਨਾਲ ਮੈਂ ਸੁਖ ਪਾਇਆ ਹੈ॥ ੨॥ ੪੩॥ ੬੬॥

ਸਾਰਗ ਮਹਲਾ ੫॥

ਜਾ ਕੀ ਰਾਮ ਨਾਮ ਲਿਵ ਲਾਗੀ॥

ਜਿਸ ਪੁਰਸ਼ ਦੀ ਰਾਮ ਨਾਮ ਦੇ ਸਿਮਰਨ ਵਿਚ ਬਿਰਤੀ ਲੱਗੀ ਹੈ।

ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ॥ ੧॥ ਰਹਾਉ॥

ਉਹ ਪੁਰਸ਼ ਸੁਹਿਰਦ ਸੱਜਣ ਹੈ, ਸੁਭਾਵਕ ਸੁਹੇਲਾ=ਸੁਖੀ ਰਹਿੰਦਾ ਹੈ ਅਤੇ ਉਹ ਪੁਰਸ਼ ਵੱਡਿਆਂ ਭਾਗਾਂ

ਵਾਲਾ ਕਹੀਦਾ ਹੈ॥ ੧॥ ਰਹਾਉ॥

ਰਹਿਤ ਬਿਕਾਰ ਅਲਪ ਮਾਇਆ ਤੇ ਅਹੰਬੁਧਿ ਬਿਖੁ ਤਿਆਗੀ॥

ਪੁਨਾ, ਉਹ ਪੁਰਸ਼ ਵਿਸ਼ੇ ਵਿਕਾਰਾਂ ਤੋਂ ਰਹਿਤ ਹੈ, ਮਾਇਆ ਤੋਂ ਅਲਪ=ਅਸੰਗ ਹੈ, ਹੰਗਤਾ ਵਾਲੀ ਬੁੱਧੀ ਤੇ ਵਿਸ਼ਿਆਂ ਰੂਪ ਜ਼ਹਿਰ ਉਸ ਨੇ ਤਿਆਗ ਦਿੱਤੀ ਹੈ।

ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ॥ ੧॥

ਪ੍ਰਭੂ ਦੇ ਦਰਸ਼ਨ ਦੀ ਪਿਆਸ ਹੈ ਅਤੇ ਆਸ ਭੀ ਇਕ ਪਰਮੇਸ਼ਰ ਦੀ ਹੈ, ਪ੍ਰਿਅ=ਪਿਰੀ ਦੀ ਓਟ ਵਿਚ ਹਿਰਦਾ ਪਾਗੀ=ਰਪਿਆ ਹੋਇਆ ਹੈ।

ਵਾ:-ਹਿਰਦੇ ਵਿਚ ਪ੍ਰਿਅ=ਪਿਆਰੇ ਪ੍ਰਭੂ ਦੀ ਓਟ ਹੈ ਤੇ ਬੁੱਧੀ ਪ੍ਰੇਮ ਵਿਚ ਭਿੱਜ ਗਈ ਹੈ॥ ੧॥

ਅਚਿੰਤ ਸੋਇ ਜਾਗਨੁ ਉਠਿ ਬੈਸਨੁ ਅਚਿੰਤ ਹਸਤ ਬੈਰਾਗੀ॥

ਉਨ੍ਹਾਂ ਦਾ ਜਾਗਣਾ, ਸੋਇ=ਸੋਣਾ ਉਠਣਾ ਤੇ ਬੈਠਣਾ ਅਚਿੰਤ=ਸੁਤੇ ਸਿਧ ਹੈ, ਉਹਨਾਂ ਦਾ ਹਸਤ= ਹਸਨਾ ਤੇ ਬੈਰਾਗੀ=ਰੋਣਾ ਭੀ ਅਚਾਨਕ ਹੈ।

ਕਹੁ ਨਾਨਕ ਜਿਨਿ ਜਗਤੁ ਠਗਾਨਾ
ਸੁ ਮਾਇਆ ਹਰਿ ਜਨ ਠਾਗੀ ॥੨॥੪੪॥੬੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਮਾਇਆ ਨੇ ਸਾਰੇ ਜਗਤ ਨੂੰ ਠੱਗਿਆ ਹੈ, ਉਸ ਮਾਇਆ ਨੂੰ ਹਰੀ ਦੇ ਸੰਤ ਜਨਾਂ ਨੇ ਠੱਗ ਲਿਆ ਹੈ॥ ੨॥ ੪੪॥ ੬੭॥

ਸਾਰਗ ਮਹਲਾ ੫॥

ਜਿਸ ਵੇਲੇ ਕਿਸੀ ਸਿੱਖ ਨੇ ਗੁਰੂ ਜੀ ਨੂੰ ਆ ਕੇ ਸੁਣਾਇਆ ਕਿ ਸੁਲਹੀ ਤੇ ਸੁਲਬੀ ਦੋਵੇਂ ਮਰ ਗਏ ਹਨ, ਇਹ ਗੱਲ ਸੁਣ ਕੇ ਗੁਰੂ ਜੀ ਨੇ ਏਹ ਸ਼ਬਦ ਉਚਾਰਿਆ-

ਅਬ ਜਨ ਊਪਰਿ ਕੋ ਨ ਪੁਕਾਰੈ॥

ਹੁਣ ਇਸ ਵੇਲੇ ਮੈਂ ਸੇਵਕ ਜਨ ਦੇ ਉੱਪਰ ਕੋਈ ਪੁਕਾਰੈ=ਫਰਿਆਦ ਕਰਨ ਵਾਲਾ ਨਹੀਂ ਰਿਹਾ।

ਪੂਕਾਰਨ ਕਉ ਜੋ ਉਦਮੁ ਕਰਤਾ
ਗੁਰੁ ਪਰਮੇਸਰੁ ਤਾ ਕਉ ਮਾਰੈ॥ ੧॥ ਰਹਾਉ॥

ਪੂਕਾਰਨ=ਫਰਿਆਦ ਕਰਨ ਨੂੰ ਜੇ ਕੋਈ ਉੱਦਮ ਕਰਦਾ ਹੈ, ਉਸ ਨੂੰ ਗੁਰੂ ਤੇ ਪਰਮੇਸ਼ਰ ਮਾਰ ਦੇਂਦਾ ਹੈ॥ ੧॥ ਰਹਾਉ॥

ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ॥

ਜੋ ਪੁਰਸ਼ ਨਿਰਵੈਰਾਂ ਨਾਲ ਵੈਰ ਰਚਾਵੇਗਾ, ਉਹ ਹਰੀ ਦੀ ਦਰਗਾਹ ਵਿਚ ਹਾਰ ਜਾਵੇਗਾ।

ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ ॥੧॥

ਆਦਿ ਜੁਗਾਦਿ=ਸਦਾ ਸਦਾ ਪ੍ਰਭੂ ਦੀ ਏਹੋ ਵਡਿਆਈ ਹੈ ਕਿ ਉਹ ਦਾਸਾਂ ਦੀ ਪ੍ਰਤੱਗਿਆ ਨੂੰ ਸਵਾਰਦਾ

ਹੈ॥ ੧॥

ਨਿਰਭਉ ਭਏ ਸਗਲ ਭਉ ਮਿਟਿਆ ਚਰਨ ਕਮਲ ਆਧਾਰੈ॥

ਹਰੀ ਦੇ ਚਰਨ ਕਮਲਾਂ ਦੇ ਆਧਾਰੈ=ਆਸਰੇ ਰਹਿਣ ਕਰਕੇ ਨਿਰਭਉ ਹੋ ਗਏ ਹਾਂ ਤੇ ਸਾਰਾ ਭਉ=ਡਰ ਮਿਟ ਗਿਆ ਹੈ।

ਗੁਰ ਕੈ ਬਚਨਿ ਜਪਿਓ ਨਾਉ ਨਾਨਕ
ਪ੍ਰਗਟ ਭਇਓ ਸੰਸਾਰੈ॥ ੨॥ ੪੫॥ ੬੮॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਨੂੰ ਜਪਿਆ ਹੈ, ਉਹ ਸਾਰੇ ਸੰਸਾਰ ਵਿਚ ਪਰਗਟ ਹੋਇਆ ਹੈ॥ ੨॥ ੪੫॥ ੬੮॥

ਸਾਰਗ ਮਹਲਾ ੫॥

ਹਰਿ ਜਨ ਛੋਡਿਆ ਸਗਲਾ ਆਪੁ॥

ਹੇ ਹਰੀ ! ਮੈਂ ਸੇਵਕ ਜਨ ਨੇ ਸਾਰਾ ਆਪਾ ਭਾਵ ਹੰਕਾਰ ਛੱਡ ਦਿੱਤਾ ਹੈ।

ਜਿਉ ਜਾਨਹੁ ਤਿਉ ਰਖਹੁ ਗੁਸਾਈ ਪੇਖਿ ਜੀਵਾਂ ਪਰਤਾਪੁ॥ ੧॥ ਰਹਾਉ॥

ਜਿਸ ਤਰ੍ਹਾਂ ਭੀ ਜਾਣੋਂ, ਹੇ ਗੁਸਾਈਂ ! ਉਸੇ ਤਰ੍ਹਾਂ ਆਪਣੀ ਸ਼ਰਨ ਵਿਚ ਰੱਖ ਲਓ, ਮੈਂ ਆਪ ਜੀ ਦੇ ਪਰਤਾਪ ਨੂੰ ਵੇਖ ਕੇ ਜੀਉਂਦਾ ਹਾਂ॥ ੧॥ ਰਹਾਉ॥

ਗੁਰ ਉਪਦੇਸਿ ਸਾਧ ਕੀ ਸੰਗਤਿ ਬਿਨਸਿਓ ਸਗਲ ਸੰਤਾਪੁ॥

ਗੁਰਾਂ ਦੇ ਉਪਦੇਸ਼ ਕਰਕੇ ਤੇ ਸੰਤਾਂ ਦੀ ਸੰਗਤ ਵਿਚ ਬੈਠਣ ਕਰਕੇ ਮੇਰਾ ਸਾਰਾ ਸੰਤਾਪ ਦੂਰ ਹੋ ਗਿਆ ਹੈ।

ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ ਸਗਲ ਸੰਭਾਖਨ ਜਾਪੁ॥ ੧॥

ਮਿੱਤ੍ਰਾਂ ਤੇ ਵੈਰੀਆਂ ਨੂੰ ਵੇਖ ਕੇ ਇਕ ਸਮਾਨ ਵਿਚਾਰਨਾ ਕੀਤਾ ਹੈ, ਜੋ ਭੀ ਬਚਨ ਸੰਭਾਖਨ=ਉਚਾਰਦੇ ਹਾਂ, ਉਹਨਾਂ ਸਾਰਿਆਂ ਵਿਚ ਪ੍ਰਭੂ ਦਾ ਜਾਪ ਹੀ ਹੈ॥ ੧॥

ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ॥

ਮਾਇਆ ਦੀ ਤਪਤਿ=ਤ੍ਰਿਸ਼ਨਾ ਬੁਝ ਗਈ ਹੈ, ਪਦਾਰਥਾਂ ਵਲੋਂ ਆਘਾਨੇ=ਰੱਜ ਕੇ ਮਨ ਬੁੱਧ ਆਦਿਕ ਚਤੁਸਟੇ ਅੰਤਹਕਰਣ ਸੀਤਲ=ਸ਼ਾਂਤੀ ਨੂੰ ਪ੍ਰਾਪਤ ਹੋ ਗਏ ਹਨ, ਬਿਸਮ=ਅਸਚਰਜ ਰੂਪ ਪ੍ਰਭੂ ਦੇ ਅਨਹਦ=ਇਕ ਰਸ ਸ਼ਬਦ ਸੁਣ ਕੇ ਬਿਸਮਾਦ=ਅਸਚਰਜ ਰੂਪ ਹੋ ਗਏ ਹਾਂ।

[ਪੰਨਾ ੧੨੧੮]

ਅਨਦੁ ਭਇਆ ਨਾਨਕ ਮਨਿ ਸਾਚਾ
ਪੂਰਨ ਪੂਰੇ ਨਾਦ॥ ੨॥ ੪੬॥ ੬੯॥

ਗੁਰੂ ਜੀ ਕਥਨ ਕਰਦੇ ਹਨ-ਪੂਰਨ ਗੁਰਾਂ ਦੇ ਪੂਰੇ ਨਾਦ=ਉਪਦੇਸ਼ ਕਰਕੇ ਮਨ ਵਿਚ ਸੱਚਾ ਆਨੰਦ

ਪਰਾਪਤ ਹੋਇਆ ਹੈ॥ ੨॥ ੪੬॥ ੬੯॥

ਸਾਰਗ ਮਹਲਾ ੫॥

ਮੇਰੈ ਗੁਰਿ ਮੋਰੋ ਸਹਸਾ ਉਤਾਰਿਆ॥

ਮੇਰੇ ਗੁਰੂ ਨੇ ਮੇਰੇ ਮਨ ਦਾ ਸੰਸਾ ਉਤਾਰ ਦਿੱਤਾ ਹੈ।

ਤਿਸੁ ਗੁਰ ਕੈ ਜਾਈਐ ਬਲਿਹਾਰੀ ਸਦਾ ਸਦਾ ਹਉ ਵਾਰਿਆ॥੧॥ਰਹਾਉ॥

ਤਨ ਕਰਕੇ ਉਸ ਗੁਰੂ ਦੇ ਉਤੋਂ ਬਲਿਹਾਰ ਜਾਂਦਾ ਹਾਂ, ਫੇਰ ਮਨ ਕਰਕੇ ਭੀ ਸਦਾ ਸਦਾ ਉਸ ਗੁਰੂ ਤੋਂ ਹਉ ਵਾਰਿਆ=ਮੈਂ ਕੁਰਬਾਨ ਜਾਂਦਾ ਹਾਂ॥ ੧॥ ਰਹਾਉ॥

ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ॥

ਗੁਰਾਂ ਦਾ ਦਿੱਤਾ ਹੋਇਆ ਨਾਮ ਮੈਂ ਦਿਨ, ਰਾਤ ਜਪਣਾ ਕੀਤਾ ਹੈ ਅਤੇ ਗੁਰਾਂ ਦੇ ਚਰਨਾਂ ਦਾ ਧਿਆਨ ਮਨ ਵਿਚ ਧਾਰਿਆ ਹੈ।

ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ॥ ੧॥

ਗੁਰਾਂ ਦੀ ਚਰਨ ਧੂੜੀ ਵਿਚ ਮੈਂ ਨਿਤਾਪ੍ਰਤੀ ਮਜਨੁ=ਇਸ਼ਨਾਨ ਕਰਦਾ ਹਾਂ, ਜਿਸ ਧੂੜ ਨਾਲ ਮੈਂ ਕਿਲਵਿਖ=ਪਾਪਾਂ ਰੂਪੀ ਮੈਲ ਨੂੰ ਉਤਾਰ ਲਿਆ ਹੈ॥ ੧॥

ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ॥

ਮੈਂ ਪੂਰਿਆਂ ਗੁਰਾਂ ਦੀ ਨਿਤਾਪ੍ਰਤੀ ਸੇਵਾ ਕਰਦਾ ਹਾਂ ਅਤੇ ਆਪਣਿਆਂ ਗੁਰਾਂ ਨੂੰ ਨਮਸਕਾਰ ਕਰਦਾ ਹਾਂ।

ਸਰਬ ਫਲਾ ਦੀਨੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ॥੨॥੪੭॥੭੦॥

ਗੁਰੂ ਜੀ ਕਥਨ ਕਰਦੇ ਹਨ-ਪੂਰਿਆਂ ਗੁਰਾਂ ਨੇ ਮੈਨੂੰ ਸਾਰੇ ਫਲ ਦਿੱਤੇ ਹਨ ਅਤੇ ਪੂਰਿਆਂ ਗੁਰਾਂ ਨੇ ਸੰਸਾਰ ਸਾਗਰ ਤੋਂ ਨਿਸਤਾਰਿਆ=ਤਾਰ ਲਿਆ ਹੈ॥ ੨॥ ੪੭॥ ੭੦॥

ਸਾਰਗ ਮਹਲਾ ੫॥

ਸਿਮਰਤ ਨਾਮੁ ਪ੍ਰਾਨ ਗਤਿ ਪਾਵੈ॥

ਨਾਮ ਦੇ ਸਿਮਰਨ ਕਰਕੇ ਪ੍ਰਾਨ ਧਾਰੀ ਪੁਰਸ਼ ਗਤਿ=ਮੁਕਤੀ ਨੂੰ ਪਾਂਦਾ ਹੈ।

ਮਿਟਹਿ ਕਲੇਸ ਤ੍ਰਾਸ ਸਭ ਨਾਸੈ ਸਾਧਸੰਗਿ ਹਿਤੁ ਲਾਵੈ॥ ੧॥ ਰਹਾਉ॥

ਸਤਸੰਗਤ ਵਿਚ ਹਿਤੁ=ਪ੍ਰੇਮ ਲਗਾਉਣ ਕਰਕੇ ਕਲੇਸ਼ ਮਿਟ ਜਾਂਦੇ ਹਨ ਤੇ ਸਾਰੇ ਡਰ ਭੀ ਨਾਸ ਹੋ ਜਾਂਦੇ ਹਨ। *ਅਥਵਾ:*-ਸਤਸੰਗਤ ਵਿਚ ਪ੍ਰੇਮ ਲਗਾ ਕੇ ਜੋ ਪ੍ਰਾਣੀ ਨਾਮ ਨੂੰ ਸਿਮਰਦਾ ਹੈ, ਉਹ ਮੁਕਤੀ ਪਾਂਦਾ ਹੈ। ਉਸ ਦੇ ਸਾਰੇ ਕਲੇਸ਼ ਮਿਟ ਜਾਂਦੇ ਹਨ ਅਤੇ ਸਾਰੇ ਡਰ ਭੀ ਨਾਸ ਹੋ ਜਾਂਦੇ ਹਨ॥ ੧॥ ਰਹਾਉ॥

ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ॥

ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਜੋ ਹਰੀ ਹੈ, ਉਸ ਹਰੀ ਨੂੰ ਮਨ ਵਿਚ ਅਰਾਧੇ,

ਵਾ :-ਤਨ ਕਰਕੇ ਹਰੀ ਨੂੰ ਅਰਾਧੇ, ਬਾਣੀ ਦੁਆਰਾ ਹਰੀ ਨੂੰ ਅਰਾਧੇ, ਮਨ ਵਿਚ ਭੀ ਹਰਿ ਹਰਿ ਨੂੰ

ਆਰਾਧਣਾ ਕਰੇ, ਰਸਨਾ ਨਾਲ ਭੀ ਹਰੀ ਜਸ ਨੂੰ ਗਾਉਣਾ ਕਰੇ।

ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥ ੧ ॥

ਕਾਮ, ਕ੍ਰੋਧ, ਨਿੰਦਿਆ ਦੇ ਸਹਿਤ ਅਭਿਮਾਨੁ=ਹੰਕਾਰ ਨੂੰ ਤਿਆਗ ਕੇ ਵਾਸਾ ਦੇਣ ਵਾਲੇ ਪ੍ਰਭੂ ਨਾਲ ਰੰਗੁ=ਪ੍ਰੇਮ ਲਗਾਵੇ॥ ੧ ॥

ਦਾਮੋਦਰ ਦਇਆਲ ਆਰਾਧਹੁ ਗੋਬਿੰਦ ਕਰਤ ਸੋਹਾਵੈ ॥

ਦਿਆਲੂ ਸੁਭਾਅ ਵਾਲੇ ਦਮੋਦਰ ਪਰਮਾਤਮਾ ਨੂੰ ਅਰਾਧਨਾ ਕਰੋ, ਗੋਬਿੰਦ ਗੋਬਿੰਦ ਨਾਮਾਂ ਨੂੰ ਉਚਾਰਨ ਕਰਦਿਆਂ ਹੀ ਏਹ ਜੀਵ ਸੋਹਾਵੈ=ਸੋਭਾ ਵਾਲਾ ਹੁੰਦਾ ਹੈ।

ਕਹੁ ਨਾਨਕ ਸਭ ਕੀ ਹੋਇ ਰੇਨਾ ਹਰਿ ਹਰਿ ਦਰਸਿ ਸਮਾਵੈ ॥੨ ॥੪੮ ॥੭੧ ॥

ਗੁਰੂ ਜੀ ਕਥਨ ਕਰਦੇ ਹਨ-ਸਾਰਿਆਂ ਸੰਤਾਂ ਦੀ ਰੇਨਾ=ਧੂੜ ਹੋ ਕੇ ਹਰੀ ਨਾਮ ਨੂੰ ਜਪੇ ਤਾਂ ਏਹ ਹਰੀ ਦੇ ਦਰਸਿ=ਸਰੂਪ ਵਿਚ ਸਮਾਉਂਦਾ ਹੈ॥ ੨ ॥ ੪੮ ॥ ੭੧ ॥

ਸਾਰਗ ਮਹਲਾ ੫ ॥

ਅਪੁਨੇ ਗੁਰ ਪੂਰੇ ਬਲਿਹਾਰੈ ॥

ਮੈਂ ਆਪਣੇ ਪੂਰਿਆਂ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ।

ਪ੍ਰਗਟ ਪ੍ਰਤਾਪੁ ਕੀਓ ਨਾਮ ਕੋ ਰਾਖੇ ਰਾਖਨਹਾਰੈ ॥ ੧ ॥ ਰਹਾਉ ॥

ਜਿਸ ਗੁਰੂ ਨੇ ਨਾਮ ਦਾ ਪ੍ਰਤਾਪ ਪ੍ਰਗਟ ਕੀਤਾ ਹੈ ਅਤੇ ਰੱਖਣ ਵਾਲਾ ਹੋ ਕੇ ਸੇਵਕਾਂ ਨੂੰ ਰੱਖ ਲਿਆ ਹੈ॥ ੧ ॥ ਰਹਾਉ ॥

ਨਿਰਭਉ ਕੀਏ ਸੇਵਕ ਦਾਸ ਅਪਨੇ ਸਗਲੇ ਦੂਖ ਬਿਦਾਰੈ ॥

(੧) ਦਾਸ ਨੂੰ ਆਪਣਾ ਸੇਵਕ ਜਾਣ ਕੇ ਨਿਰਭਉ ਕਰ ਦਿੱਤਾ ਹੈ ਅਤੇ ਸਾਰੇ ਦੁੱਖ ਨਾਸ ਕਰ ਦਿੱਤੇ ਹਨ।

(੨) ਆਪਣੇ ਸੇਵਕ ਨਿਰਭਉ ਕੀਤੇ ਹਨ ਅਤੇ ਦਾਸਾਂ ਦੇ ਭੀ ਸਾਰੇ ਦੁੱਖ ਬਿਦਾਰੈ=ਨਾਸ ਕੀਤੇ ਹਨ।

ਆਨ ਉਪਾਵ ਤਿਆਗਿ ਜਨ ਸਗਲੇ ਚਰਨ ਕਮਲ ਰਿਦ ਧਾਰੈ ॥ ੧ ॥

ਸੇਵਕ ਜਨ ਨੇ ਆਨ=ਹੋਰ ਸਾਰੇ ਉਪਾਵ ਤਿਆਗ ਕੇ ਹਰੀ ਦੇ ਚਰਨ ਕਵਲ ਹਿਰਦੇ ਵਿਚ ਧਾਰ ਲਏ ਹਨ॥ ੧ ॥

ਪ੍ਰਾਨ ਅਧਾਰ ਮੀਤ ਸਾਜਨ ਪ੍ਰਭ ਏਕੈ ਏਕੰਕਾਰੈ ॥

ਇਕ ਪ੍ਰਭੂ ਹੀ ਸਭ ਦੇ ਪ੍ਰਾਣਾਂ ਦਾ ਅਧਾਰ=ਆਸਰਾ ਹੈ, ਇਕ ਓਅੰਕਾਰ ਹੀ ਇਸ ਲੋਕ ਦਾ ਮਿੱਤਰ ਤੇ ਪ੍ਰਲੋਕ ਦਾ ਸੱਜਣ ਹੈ।

ਸਭ ਤੇ ਊਚ ਠਾਕੁਰੁ ਨਾਨਕ ਕਾ ਬਾਰ ਬਾਰ ਨਮਸਕਾਰੈ ॥੨ ॥੪੯ ॥੭੨ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਦਾ ਠਾਕੁਰੁ=ਸੁਆਮੀ ਜੋ ਸਾਰਿਆਂ ਤੋਂ ਉੱਚਾ ਹੈ, ਉਸ ਨੂੰ ਮੈਂ ਵਾਰੰਵਾਰ ਨਮਸਕਾਰ ਕਰਦਾ ਹਾਂ॥ ੨ ॥ ੪੯ ॥ ੭੨ ॥

ਸਾਰਗ ਮਹਲਾ ੫ ॥

ਬਿਨੁ ਹਰਿ ਹੈ ਕੋ ਕਹਾ ਬਤਾਵਹੁ ॥

ਹਰੀ ਤੋਂ ਬਿਨਾਂ ਕੋਈ ਹੈ, ਜੇ ਹੈ ਤਾਂ ਕਿਥੇ ਹੈ? ਮੈਨੂੰ ਦੱਸੋ ਖਾਂ, ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਹਰੀ ਤੋਂ ਬਿਨਾਂ ਹੋਰ ਕੋਈ ਨਹੀਂ।

ਸੁਖ ਸਮੂਹ ਕਰੁਣਾ ਮੈ ਕਰਤਾ ਤਿਸੁ ਪ੍ਰਭ ਸਦਾ ਧਿਆਵਹੁ ॥ ੧ ॥ ਰਹਾਉ ॥

ਜੋ ਕਰੁਣਾ ਮੈ=ਕ੍ਰਿਪਾ ਸਰੂਪ ਪ੍ਰਭੂ ਸਮੂਹ ਸੁਖਾਂ ਦੀ ਪ੍ਰਾਪਤੀ ਦਾ ਕਰਤਾ ਹੈ, ਉਸ ਪ੍ਰਭੂ ਨੂੰ ਸਦਾ ਧਿਆਉਣਾ ਕਰੋ॥ ੧ ॥ ਰਹਾਉ ॥

ਜਾ ਕੈ ਸੂਤਿ ਪਰੋਏ ਜੰਤਾ ਤਿਸੁ ਪ੍ਰਭ ਕਾ ਜਸੁ ਗਾਵਹੁ ॥

ਜਿਸ ਦੇ ਹੁਕਮ ਰੂਪ ਸੂਤ੍ਰ ਵਿਚ,

ਵਾ:-ਪ੍ਰਾਣਾਂ ਰੂਪ ਸੂਤ੍ਰ ਵਿਚ ਸਾਰੇ ਜੀਆ ਜੰਤ ਪ੍ਰੋਤੇ ਹੋਏ ਹਨ, ਉਸ ਪ੍ਰਭੂ ਦਾ ਜਸ ਗਾਉਣਾ ਕਰੋ।

ਸਿਮਰਿ ਠਾਕੁਰੁ ਜਿਨਿ ਸਭੁ ਕਿਛੁ ਦੀਨਾ ਆਨ ਕਹਾ ਪਹਿ ਜਾਵਹੁ ॥ ੧ ॥

ਜਿਸ ਠਾਕੁਰ ਨੇ ਸਭ ਕੁਝ ਦਿੱਤਾ ਹੈ, ਉਸ ਠਾਕੁਰ ਨੂੰ ਸਿਮਰਨਾ ਕਰੋ, ਆਨ=ਹੋਰ ਕਿਸ ਦੇ ਪਾਸ ਜਾਂਦੇ ਹੋ॥ ੧ ॥

ਸਫਲ ਸੇਵਾ ਸੁਆਮੀ ਮੇਰੇ ਕੀ ਮਨ ਬਾਂਛਤ ਫਲ ਪਾਵਹੁ ॥

ਮੇਰੇ ਸੁਆਮੀ ਦੀ ਸੇਵਾ ਸਫਲ ਹੈ, ਜੇ ਉਸ ਸੇਵਾ ਨੂੰ ਕਰੋਗੇ ਤਾਂ ਮਨ ਇੱਛਤ ਫਲ ਨੂੰ ਪਾਓਗੇ।

ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ
ਸੁਖ ਸੇਤੀ ਘਰਿ ਜਾਵਹੁ ॥ ੨ ॥ ੫੦ ॥ ੭੩ ॥

ਗੁਰੂ ਜੀ ਕਥਨ ਕਰਦੇ ਹਨ-ਆਪਣੇ ਜੀਵਨ ਦਾ ਲਾਭ ਜੋ ਨਾਮ ਹੈ, ਉਸ ਨਾਮ ਦੇ ਲਾਭ ਨੂੰ ਲੈ ਚਲੋ ਤਾਂ ਸੁਖਾਂ ਦੇ ਸਹਿਤ ਸਰੂਪ ਘਰ ਵਿਚ ਜਾਓਗੇ॥ ੨ ॥ ੫੦ ॥ ੭੩ ॥

ਸਾਰਗ ਮਹਲਾ ੫ ॥

ਠਾਕੁਰ ਤੁਮ੍ ਸਰਣਾਈ ਆਇਆ ॥

ਹੇ ਠਾਕੁਰ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥

ਤਦੋਂ ਤੋਂ ਹੀ ਮੇਰੇ ਮਨ ਦਾ ਸੰਸਾ ਉਤਰ ਗਿਆ ਹੈ, ਜਦ ਤੋਂ ਆਪ ਜੀ ਦਾ ਦਰਸ਼ਨ ਪਾਇਆ ਹੈ॥ ੧ ॥ ਰਹਾਉ ॥

ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥

ਅਨ ਬੋਲਤ=ਦੱਸੇ ਤੋਂ ਬਿਨਾਂ ਹੀ ਤੁਸਾਂ ਨੇ ਮੇਰੀ ਬਿਰਥਾ=ਪੀੜਾ ਜਾਣ ਲਈ ਹੈ ਅਤੇ ਮੇਰੇ ਪਾਸੋਂ ਆਪਣਾ

ਨਾਮ ਜਪਵਾਇਆ ਹੈ।

ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥ ੧ ॥

ਦੁੱਖ ਨੱਸ ਗਏ ਹਨ, ਸਹਜਿ=ਅਚੁਤ ਸੁਖ ਵਿਚ ਸਮਾਏ ਹਾਂ, ਜਦ ਤੋਂ ਅਨੰਦ ਰੂਪ ਪ੍ਰਭੂ ਦੇ ਗੁਣਾਂ ਨੂੰ ਗਾਇਣ ਕੀਤਾ ਤਦ ਤੋਂ ਅਨੰਦ ਹੀ ਹਾਂ ॥ ੧ ॥

ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥

ਗ੍ਰਹਸਥ ਰੂਪ ਅੰਨ੍ਹੇ ਖੂਹ ਵਿਚੋਂ ਤੇ ਮਾਇਆ ਦੇ ਹਨੇਰੇ ਵਿਚੋਂ ਆਪਣੇ ਸੇਵਕ ਨੂੰ ਬੁੱਧੀ ਰੂਪ ਬਾਂਹ ਤੋਂ ਫੜ ਕੇ ਕੱਢ ਲੀਤਾ ਹੈ।

ਕਹੁ ਨਾਨਕ ਗੁਰਿ ਬੰਧਨ ਕਾਟੇ
ਬਿਛੁਰਤ ਆਨਿ ਮਿਲਾਇਆ ॥ ੨ ॥ ੫੧ ॥ ੭੪ ॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਨੇ ਮੋਹ ਦੇ ਬੰਧਨ ਕੱਟ ਦਿੱਤੇ ਹਨ ਅਤੇ ਮੈਂ ਵਿਛੜੇ ਹੋਏ ਨੂੰ ਆਨਿ=ਲਿਆ ਕੇ ਆਪ ਜੀ ਨਾਲ ਮਿਲਾਇਆ ਹੈ ॥ ੨ ॥ ੫੧ ॥ ੭੪ ॥

[ਪੰਨਾ ੧੨੧੯]

ਸਾਰਗ ਮਹਲਾ ੫ ॥

ਹਰਿ ਕੇ ਨਾਮ ਕੀ ਗਤਿ ਠਾਂਢੀ ॥

ਹੇ ਹਰੀ ! ਆਪ ਜੀ ਦੇ ਨਾਮ ਦੀ ਜੋ ਗਤਿ=ਪ੍ਰਾਪਤੀ ਹੈ, ਏਹੋ ਮਨ ਨੂੰ ਠਾਂਢੀ=ਖੜਿਆਂ ਕਰਨ ਵਾਲੀ ਹੈ। ਵਾ:-ਏਹ ਇਕ ਠਾਂਢੀ=ਸੀਤਲ ਵਸਤੂ ਹੈ।

ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥ ੧ ॥ ਰਹਾਉ ॥

ਚਾਰ ਬੇਦਾਂ, ਅਠਾਰਾਂ ਪੁਰਾਨਾਂ ਤੇ ਸਤਾਈ ਸਿੰਮ੍ਰਤੀਆਂ ਨੂੰ ਖੋਜਦਿਆਂ ਖੋਜਦਿਆਂ ਸੰਤ ਜਨਾਂ ਨੇ ਇਹ ਵਿਚਾਰ ਕਢੀ ਹੈ ॥ ੧ ॥ ਰਹਾਉ ॥

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੋ ਫਿਰਿਆ ॥

ਸ਼ਿਵ ਲੋਕ, ਬਿਰੰਚ=ਬ੍ਰਹਮ ਲੋਕ ਅਤੇ ਇੰਦ੍ਰ ਲੋਕ, ਇਨ੍ਹਾਂ ਤਿੰਨਾਂ ਲੋਕਾਂ ਵਿਚ ਇਹ ਜੀਵ ਈਰਖਾ ਦੀ ਅੱਗ ਵਿਚ ਜਲਤੋ=ਸੜਦਾ ਫਿਰਿਆ ਹੈ।

ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ ॥ ੧ ॥

ਸੁਆਮੀ ਦੇ ਸਿਮਰਨ ਨੂੰ ਸਿਮਰਦਿਆਂ ਸਿਮਰਦਿਆਂ ਅਸੀਂ ਸੀਤਲ ਹੋ ਗਏ ਹਾਂ, ਦੁੱਖ ਜਨਮ ਮਰਨ ਦਾ, ਦਰਦ ਈਰਖਾ ਦਾ ਅਤੇ ਪੰਜ ਪ੍ਰਕਾਰ ਦਾ ਭਰਮ ਇਤਿਆਦਿਕ ਸਭ ਕੁਝ ਹਿਰਿਆ=ਨਾਸ ਹੋ ਗਿਆ ਹੈ ॥ ੧ ॥

ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ ॥

ਜੋ ਜੋ ਭੀ ਪੁਰਾਤਨੁ=ਬੁੱਢਾ ਤੇ ਨਵਤਨੁ=ਜੁਆਨ ਤਰਿਆ ਹੈ, *ਅਥਵਾ:-*ਜੋ ਪ੍ਰਮਤਨ ਭਗਤ ਅਤੇ ਜੋ ਨਵਤਨੁ=ਨਵੀਨ ਅੱਜ ਕਲ੍ਹ ਦੇ ਸਮੇਂ ਵਿਚ ਭਗਤ ਤਰਿਆ ਹੈ, ਉਹ ਦੇਵਾ=ਪ੍ਰਕਾਸ਼ ਰੂਪ ਹਰੀ ਦੀ ਪਰੇਮਾ

ਭਗਤੀ ਕਰਕੇ ਹੀ ਤਰਿਆ ਹੈ।

ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ ॥ ੨ ॥ ੫੨ ॥ ੭੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ਜੀਉ ! ਦਾਸ ਦੀ ਏਹੋ ਬੇਨਤੀ ਹੈ ਕਿ ਦਾਸ ਨੂੰ ਸੰਤਾਂ ਦੀ ਸੇਵਾ ਕਰਨੀ ਹੀ ਮਿਲੇ॥ ੨ ॥ ੫੨ ॥ ੭੫ ॥

ਸਿੱਖ ਨੇ ਬੇਨਤੀ ਕੀਤੀ ਮੈਨੂੰ ਕਿਹੜਾ ਕਰਤੱਬ ਕਰਨੇ ਜੋਗ ਹੈ? *ਉੱਤਰ-*

ਸਾਰਗ ਮਹਲਾ ੫ ॥

ਜਿਹਵੇ ਅੰਮ੍ਰਿਤ ਗੁਣ ਹਰਿ ਗਾਉ ॥

ਹੇ ਭਾਈ ! ਜੀਭ ਦੁਆਰੇ ਅੰਮ੍ਰਿਤ ਰੂਪ ਹਰੀ ਦੇ ਗੁਣ ਗਾਉਣਾ ਕਰ।

ਹਰਿ ਹਰਿ ਬੋਲਿ ਕਥਾ ਸੁਨਿ ਹਰਿ ਕੀ ਉਚਰਹੁ ਪ੍ਰਭ ਕੋ ਨਾਉ ॥ ੧ ॥ ਰਹਾਉ ॥

ਮੂੰਹ ਨਾਲ ਹਰਿ ਹਰਿ ਨਾਮਾਂ ਨੂੰ ਬੋਲਣਾ ਕਰ, ਕੰਨਾਂ ਨਾਲ ਹਰੀ ਦੀ ਪਵਿੱਤ੍ਰ ਕਥਾ ਸੁਨਣਾ ਕਰ, ਬਾਣੀ ਦੁਆਰਾ ਪ੍ਰਭੂ ਦੇ ਨਾਮ ਨੂੰ ਉਚਾਰਨਾ ਕਰ ॥ ੧ ॥ ਰਹਾਉ ॥

ਰਾਮ ਨਾਮੁ ਰਤਨ ਧਨੁ ਸੰਚਹੁ ਮਨਿ ਤਨਿ ਲਾਵਹੁ ਭਾਉ ॥

ਰਾਮ ਨਾਮ ਰੂਪੀ ਰਤਨ=ਅਮੋਲਕ ਧਨ ਨੂੰ ਸੰਚਹੁ=ਇਕੱਠਾ ਕਰੋ ਅਤੇ ਮਨ ਤਨ ਵਿਚ ਪ੍ਰਭੂ ਦੇ ਭਾਉ=ਪ੍ਰੇਮ ਨੂੰ ਲਗਾਉਣ ਕਰੋ।

ਆਨ ਬਿਭੂਤ ਮਿਥਿਆ ਕਰਿ ਮਾਨਹੁ ਸਾਚਾ ਇਹੈ ਸੁਆਉ ॥ ੧ ॥

ਆਨ=ਹੋਰ ਸਾਰੀ ਬਿਭੂਤੀ ਨੂੰ ਮਿਥਿਆ ਕਰਕੇ ਮੰਨੋ, ਏਹੋ ਹੀ ਸੱਚਾ ਸੁਆਉ=ਪ੍ਰਯੋਜਨ ਹੈ॥ ੧ ॥

ਜੀਅ ਪ੍ਰਾਨ ਮੁਕਤਿ ਕੋ ਦਾਤਾ ਏਕਸ ਸਿਉ ਲਿਵ ਲਾਉ ॥

ਜੋ ਜੀਵਾਂ ਨੂੰ ਪ੍ਰਾਣ ਤੇ ਮੁਕਤੀ ਦਾ ਦਾਤਾ ਹੈ, ਉਸ ਇਕ ਪ੍ਰਭੂ ਦੇ ਨਾਲ ਲਿਵ=ਬਿਰਤੀ ਨੂੰ ਲਗਾਉਣਾ ਕਰੋ।

ਕਹੁ ਨਾਨਕ ਤਾ ਕੀ ਸਰਣਾਈ ਦੇਤ ਸਗਲ ਅਪਿਆਉ ॥ ੨ ॥ ੫੩ ॥ ੭੬ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਦੀ ਸ਼ਰਨ ਵਿਚ ਆਉਣਾ ਕੀਤਾ ਹੈ, ਜੋ ਸਾਰਿਆਂ ਨੂੰ ਅਪਿਆਉ=ਭੋਜਨ ਦੇਂਦਾ ਹੈ॥ ੨ ॥ ੫੩ ॥ ੭੬ ॥ *ਯਥਾ:-ਮੁਖ ਅਪਿਆਉ ਬੈਠ ਕਉ ਦੇਨ॥*

ਸਾਰਗ ਮਹਲਾ ੫ ॥

ਹੋਤੀ ਨਹੀ ਕਵਨ ਕਛੁ ਕਰਣੀ ॥

ਮੈਂ ਕਵਨ=ਕੌਣ ਸੀ ਗਿਣਤੀ ਵਿਚ ਹਾਂ, ਭਾਵ ਕਿਸੇ ਗਿਣਤੀ ਵਿਚ ਨਹੀਂ ਹਾਂ ਕਿਉਂਕਿ ਮੇਰੇ ਪਾਸੋਂ ਕੁਝ ਭੀ ਸ਼ੁਭ ਕਰਨੀ ਹੁੰਦੀ ਨਹੀਂ ਹੈ।

ਇਹੈ ਓਟ ਪਾਈ ਮਿਲਿ ਸੰਤਹ ਗੋਪਾਲ ਏਕ ਕੀ ਸਰਣੀ ॥ ੧ ॥ ਰਹਾਉ ॥

ਹੁਣ ਸੰਤਾਂ ਨਾਲ ਮਿਲ ਕੇ ਏਹੋ ਓਟ ਪਾਈ ਹੈ ਕਿ ਇਕ ਗੋਪਾਲ ਦੀ ਸ਼ਰਨ ਗ੍ਰਹਣ ਕਰਨੀ ਹੀ ਸਰੇਸ਼ਟ

ਹੈ॥ ੧॥ ਰਹਾਉ॥

ਪੰਚ ਦੋਖ ਛਿਦ੍ਰ ਇਆ ਤਨ ਮਹਿ ਬਿਖੈ ਬਿਆਧਿ ਕੀ ਕਰਣੀ॥

ਇਆ ਤਨ ਮਹਿ=ਇਸ ਸਰੀਰ ਦੇ ਵਿਚ ਕਾਮ, ਕ੍ਰੋਧ ਆਦਿਕ ਪੰਜ ਦੋਸ਼ ਹਨ ਤੇ ਨੌਂ ਛਿਦ੍ਰ=ਗੋਲਕਾਂ ਹਨ, ਏਸੇ ਕਰਕੇ ਮੈਂ ਬਿਆਧਿ=ਰੋਗ ਰੂਪ ਵਿਸ਼ਿਆਂ ਦੀ ਕਰਨੀ ਨੂੰ ਕਰਦਾ ਹਾਂ।

ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ॥ ੧॥

ਪਦਾਰਥਾਂ ਦੀ ਅਪਾਰ=ਬੇਅੰਤ ਆਸਾ ਲੱਗ ਰਹੀ ਹੈ ਤੇ ਕਾਲ ਨੇ ਉਮਰਾਂ ਦੇ ਦਿਨ ਗਿਣ ਰੱਖੇ ਹਨ ਅਤੇ ਜਰਣੀ=ਬ੍ਰਿਧ ਅਵਸਥਾ ਸਰੀਰ ਦੇ ਬਲ ਨੂੰ ਗ੍ਰਸੀ ਜਾਂਦੀ ਹੈ, ਭਾਵ ਖਾਈ ਜਾਂਦੀ ਹੈ॥ ੧॥

ਅਨਾਥਹ ਨਾਥ ਦਇਆਲ ਸੁਖ ਸਾਗਰ ਸਰਬ ਦੋਖ ਭੈ ਹਰਣੀ॥

ਉਹ ਅਨਾਥਹ=ਗਰੀਬਾਂ ਦਾ ਸੁਆਮੀ ਦਿਆਲੂ ਪਰਮਾਤਮਾ ਸੁਖਾਂ ਦਾ ਸਮੁੰਦਰ ਹੈ, ਸਾਰਿਆਂ ਦੋਸ਼ਾਂ ਤੇ ਭੈ ਦੇ ਹਰਨੇ ਵਾਲਾ ਹੈ।

ਮਨਿ ਬਾਂਛਤ ਚਿਤਵਤ ਨਾਨਕ ਦਾਸ
ਪੇਖਿ ਜੀਵਾ ਪ੍ਰਭ ਚਰਣੀ॥ ੨॥ ੫੪॥ ੭੭॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਏਹੋ ਮਨ ਇੱਛਤ ਪਦਾਰਥ ਚਿਤਵਦਾ ਹਾਂ ਕਿ ਪ੍ਰਭੂ ਦੇ ਚਰਨਾਂ ਨੂੰ ਦੇਖਦਾ ਹੋਇਆ ਜੀਊਂਦਾ ਰਹਾਂ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਏਹੋ ਮਨ ਬਾਂਛਤ ਫਲ ਚਿਤਵਦਾ ਹਾਂ, ਜੋ ਸੰਤ ਪ੍ਰਭੂ ਦੇ ਚਰਨੀਂ ਲੱਗੇ ਹਨ, ਉਹਨਾਂ ਸੰਤਾਂ ਦਾ ਦਰਸ਼ਨ ਦੇਖ ਕੇ ਮੈਂ ਜੀਊਂਦਾ ਰਹਾਂ॥ ੨॥ ੫੪॥ ੭੭॥

ਸਾਰਗ ਮਹਲਾ ੫॥
ਫੀਕੇ ਹਰਿ ਕੇ ਨਾਮ ਬਿਨੁ ਸਾਦ॥

ਹਰੀ ਦੇ ਨਾਮ ਤੋਂ ਬਿਨਾਂ ਹੋਰ ਸਭ ਪਦਾਰਥਾਂ ਦੇ ਸੁਆਦ ਫਿਕੇ ਹਨ।

ਅੰਮ੍ਰਿਤ ਰਸੁ ਕੀਰਤਨੁ ਹਰਿ ਗਾਈਐ ਅਹਿਨਿਸਿ ਪੂਰਨ ਨਾਦ॥੧॥ਰਹਾਉ॥

ਪੂਰਨ ਗੁਰਾਂ ਦੇ ਪੂਰੇ ਨਾਦ=ਉਪਦੇਸ਼ ਦੁਆਰਾ, ਅੰਮ੍ਰਿਤ ਰਸ ਰੂਪ ਹਰੀ ਦੇ ਕੀਰਤਨ ਨੂੰ ਅਹਿਨਿਸਿ=ਦਿਨ ਰਾਤ ਗਾਉਣਾ ਕਰੀਏ॥ ੧॥ ਰਹਾਉ॥

ਸਿਮਰਤ ਸਾਂਤਿ ਮਹਾ ਸੁਖੁ ਪਾਈਐ ਮਿਟਿ ਜਾਹਿ ਸਗਲ ਬਿਖਾਦ॥

ਨਾਮ ਸਿਮਰਨ ਕਰਦਿਆਂ ਸ਼ਾਂਤੀ ਤੇ ਮਹਾਂ ਸੁਖ ਪਾਈਦਾ ਹੈ ਅਤੇ ਸਾਰੇ ਬਿਖਾਦ=ਦੁੱਖ,

ਵਾ:-ਚਿੰਤਾ ਆਦਿਕ ਰੋਗ ਮਿਟ ਜਾਂਦੇ ਹਨ।

ਹਰਿ ਹਰਿ ਲਾਭੁ ਸਾਧਸੰਗਿ ਪਾਈਐ ਘਰਿ ਲੈ ਆਵਹੁ ਲਾਦਿ॥ ੧॥

ਸਤਸੰਗਤ ਵਿਚੋਂ ਹੀ ਹਰਿ ਹਰਿ ਦੇ ਸਿਮਰਨ ਦਾ ਲਾਭ ਪਾਈਦਾ ਹੈ, ਇਸ ਲਈ ਅੰਤਹਕਰਣ ਰੂਪ ਘਰ ਵਿਚ ਨਾਮ ਦੀ ਖੇਪ ਲਦ ਕੇ ਲੈ ਆਓ॥ ੧॥

ਸਭ ਤੇ ਊਚ ਊਚ ਤੇ ਊਚੋ ਅੰਤੁ ਨਹੀ ਮਰਜਾਦ ॥

ਸਭ ਮਨੁੱਖਾਂ ਤੋਂ ਉੱਚੇ ਰਾਜੇ, ਰਾਜਿਆਂ ਤੋਂ ਉੱਚੇ ਦੇਵਤੇ, ਉਹ ਪ੍ਰਭੂ ਦੇਵਤਿਆਂ ਤੋਂ ਭੀ ਉੱਚਾ ਹੈ।

ਅਥਵਾ:-ਸਭ ਤੋਂ ਉੱਚਾ ਹੈ, ਉੱਚਿਆਂ ਤੋਂ ਭੀ ਉੱਚਾ ਹੈ, ਉਸ ਪ੍ਰਭੂ ਦੀ ਮਰਯਾਦਾ ਦਾ ਅੰਤ ਨਹੀਂ ਆਉਂਦਾ।

ਬਰਨਿ ਨ ਸਾਕਉ ਨਾਨਕ ਮਹਿਮਾ ਪੇਖਿ ਰਹੇ ਬਿਸਮਾਦ ॥੨ ॥੫੫ ॥੭੮ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਉਸ ਦੀ ਮਹਿਮਾ ਨੂੰ ਬਰਨਿ=ਕਥਨ ਨਹੀਂ ਕਰ ਸਕਦਾ, ਵੇਖ ਕੇ ਬਿਸਮਾਦ=ਅਸਚਰਜ ਹੋ ਰਹੇ ਹਾਂ॥ ੨॥ ੫੫॥ ੭੮॥

ਸਾਰਗ ਮਹਲਾ ੫ ॥

ਆਇਓ ਸੁਨਨ ਪੜਨ ਕਉ ਬਾਣੀ ॥

ਹੇ ਪੁਰਸ਼ਾ ! ਤੂੰ ਸੰਸਾਰ ਵਿਚ ਪਰਮੇਸ਼ਰ ਸਬੰਧੀ ਬਾਣੀ ਨੂੰ ਸੁਣਨ ਤੇ ਪੜ੍ਹਨ ਲਈ ਆਇਆ ਹੈਂ। ਪਰ-

ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧ ॥ਰਹਾਉ ॥

ਨਾਮ ਨੂੰ ਵਿਸਾਰਿ=ਭੁਲਾ ਕੇ ਅਨ=ਹੋਰ ਪਦਾਰਥਾਂ ਦੇ ਲਾਲਚ ਵਿਚ ਲੱਗ ਗਿਆ ਹੈਂ, ਇਸ ਲਈ ਹੇ ਪ੍ਰਾਣੀ ! ਤੇਰਾ ਮਾਨੁੱਖਾ ਜਨਮ ਵਿਅਰਥ ਜਾ ਰਿਹਾ ਹੈ॥ ੧॥ ਰਹਾਉ॥

ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ ॥

ਹੇ ਮੇਰੇ ਮਨ ਅਚੇਤ=ਅਗਿਆਤ! ਤੂੰ ਸਮਝ ਕੇ ਉਸ ਪ੍ਰਭੂ ਨੂੰ ਚੇਤਨਾ ਕਰ, ਜਿਸ ਅਕਥ ਪ੍ਰਭੂ ਦੀ ਕਹਾਣੀ ਸੰਤਾਂ ਨੇ ਕਥਨ ਕੀਤੀ ਹੈ।

ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ ॥ ੧ ॥

ਹਿਰਦੇ ਵਿਚ ਹਰੀ ਦੇ ਅਰਾਧਨ ਦਾ ਲਾਭ ਲੈਣਾ ਕਰੋ,

ਅਥਵਾ:-ਤਨ ਕਰਕੇ ਭਗਤੀ ਦਾ ਲਾਭ ਲਵੋ, ਮਨ ਕਰਕੇ ਹਰੀ ਨਾਮ ਨੂੰ ਅਰਾਧਨਾ ਕਰੋ ਤਾਂ ਆਉਣਾ ਜਾਣਾ ਸਾਰਾ ਛੁੱਟ ਜਾਏਗਾ॥ ੧॥

ਉਦਮੁ ਸਕਤਿ ਸਿਆਣਪ ਤੁਮ੍ਰੀ ਦੇਹਿ ਤ ਨਾਮੁ ਵਖਾਣੀ ॥

ਉਦਮ, ਸਕਤਿ=ਬਲ, ਸਿਆਣਪ, ਬੁੱਧੀ ਦੀ ਜੋ ਭੀ ਤੇਰੀ ਵਸਤੂ ਹੈ, ਉਹ ਗੁਰੂ ਨੂੰ ਅਰਪਣ ਕਰ ਦੇ ਤਾਂ ਤੂੰ ਨਾਮ ਦੇ ਕਥਨ ਕਰਨ ਵਾਲਾ ਹੋਵੇਂਗਾ।

ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ ॥ ੨ ॥ ੫੬ ॥ ੭੯ ॥

ਗੁਰੂ ਜੀ ਕਥਨ ਕਰਦੇ ਹਨ-ਓਹੀ ਭਗਤ ਹਨ, ਓਹੀ ਭਗਤੀ ਵਿਚ ਲੱਗੇ ਹਨ ਜੋ ਪ੍ਰਭੂ ਦਾ ਭਾਣਾ ਮੰਨਦੇ ਹਨ।

ਅਥਵਾ:-ਸੇ=ਤਿੰਨਾਂ ਲੋਕਾਂ ਵਿਚ ਓਹੀ ਉੱਤਮ ਭਗਤ ਹਨ, ਜੋ ਭਗਤੀ ਵਿਚ ਲੱਗੇ ਹਨ ਅਤੇ ਜੋ ਪ੍ਰਭੂ ਦਾ ਭਾਣਾ ਮੰਨਦੇ ਹਨ, ਵਾ:-ਪ੍ਰਭੂ ਨੂੰ ਭਾ ਗਏ ਹਨ॥ ੨॥ ੫੬॥ ੭੯॥

ਸਾਰਗ ਮਹਲਾ ੫ ॥

ਧਨਵੰਤ ਨਾਮ ਕੇ ਵਣਜਾਰੇ ॥

ਜੋ ਪ੍ਰਭੂ ਦੇ ਨਾਮ ਦੇ ਵਣਜਾਰੇ ਹਨ, ਓਹੀ ਸੰਤ ਜਨ ਧਨਵੰਤ=ਅਸਲ ਧਨ ਵਾਲੇ ਧਨਾਢ ਹਨ, ਉਹਨਾਂ ਨਾਲ ਮਿਲ ਕੇ-

ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ ॥ ੧ ॥ ਰਹਾਉ ॥

ਸਾਂਝੀ=ਭਾਈਵਾਲੀ ਕਰੋ ਤੇ ਨਾਮ ਧਨ ਨੂੰ ਖਟੋ ਅਤੇ ਗੁਰਾਂ ਦਾ ਉਪਦੇਸ਼ ਵਿਚਾਰਨਾ ਕਰੋ॥ ੧ ॥ ਰਹਾਉ ॥

[ਪੰਨਾ ੧੨੨੦]

ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥

ਨਿਰਵੈਰ ਹੋ ਕੇ ਕਪਟ ਕਰਨਾ ਛੱਡ ਦਿਓ, ਉਸ ਪ੍ਰਭੂ ਨੂੰ ਅੰਗ ਸੰਗ ਨਿਹਾਰੇ=ਦੇਖਣਾ ਕਰੋ।

ਵਾ:-ਉਹ ਪ੍ਰਭੂ ਤੁਹਾਡੇ ਸੰਗ ਹੀ ਤੁਹਾਡੇ ਕਰਮਾਂ ਨੂੰ ਵੇਖਦਾ ਹੈ।

ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥ ੧ ॥

ਸੱਚ ਨਾਮ ਧਨ ਦਾ ਵਣਜ ਕਰੋ, ਸੱਚ ਨਾਮ ਧਨ ਨੂੰ ਸੰਚਹੁ=ਇਕੱਠਾ ਕਰੋ ਤਾਂ ਕਦੇ ਭੀ ਹਾਰ ਕੇ ਨਹੀਂ ਆਵੋਗੇ॥ ੧ ॥

ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ ॥

ਆਪ ਖਾਂਦਿਆਂ ਹੋਰਨਾਂ ਨੂੰ ਖਰਚਦਿਆਂ ਕੁਝ ਨਿਖੁਟਤ=ਮੁਕਦਾ ਨਹੀਂ ਹੈ, ਮਹਾਤਮਾ ਦੇ ਅੰਤਹਕਰਣ,

ਵਾ:-ਬੇਦ ਸ਼ਾਸਤ੍ਰ ਏਹ ਆਪ ਜੀ ਦੇ ਬੇਅੰਤ ਹੀ ਭੰਡਾਰੇ ਭਰੇ ਹੋਏ ਹਨ।

ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ ॥ ੨ ॥ ੫੭ ॥ ੮੦ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਦਾ ਵਣਜ ਕਰਨ ਨਾਲ ਪਾਰਬ੍ਰਹਮ ਦੇ ਦੁਆਰੇ 'ਪਰ ਸ਼ੋਭਾ ਦੇ ਨਾਲ ਜਾਓਗੇ॥ ੨ ॥ ੫੭ ॥ ੮੦ ॥

ਅਗਲੇ ਸ਼ਬਦ ਵਿਚ ਪਰਮੇਸ਼ਰ ਦੇ ਉਪਕਾਰ ਤੇ ਸਨਮੁਖ ਬੇਨਤੀ ਕਰਦੇ ਹਨ-

ਸਾਰਗ ਮਹਲਾ ੫ ॥

ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥

ਹੇ ਪ੍ਰਭੂ ਜੀ ! ਮੈਂ ਅਨਾਥ ਵਿਚਾਰਾ ਕੌਣ ਚੀਜ਼ ਹਾਂ, ਭਾਵ ਮੈਂ ਕੁਝ ਭੀ ਸਮਰੱਥਾ ਰੱਖਦਾ ਨਹੀਂ ਹਾਂ।

ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ ॥ ੧ ॥ ਰਹਾਉ ॥

ਕਿਸ ਰਕਤ ਬੀਰਜ ਰੂਪ ਮੂਲ ਤੋਂ ਬੜਾ ਸੁੰਦਰ ਮਨੁੱਖ ਬਣਾ ਦੇਣਾ ਕੀਤਾ ਹੈ, ਏਹ ਸਾਰਾ ਪ੍ਰਤਾਪ ਆਪ ਜੀ ਦਾ ਹੈ॥ ੧ ॥ ਰਹਾਉ ॥

ਜੀਅ ਪ੍ਰਾਣ ਸਰਬ ਕੇ ਦਾਤੇ ਗੁਣ ਕਹੇ ਨ ਜਾਹਿ ਅਪਾਰਾ ॥

ਸਾਰਿਆਂ ਜੀਵਾਂ ਨੂੰ ਆਪ ਪ੍ਰਾਣਾਂ ਦੇ ਦਾਤੇ ਹੋ, ਆਪ ਜੀ ਦੇ ਅਪਾਰਾ=ਬੇਅੰਤ ਗੁਣ ਹਨ, ਜੋ ਮੇਰੇ ਪਾਸੋਂ ਕਹੇ ਨਹੀਂ ਜਾਂਦੇ।

ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ ਸਰਬ ਘਟਾਂ ਆਧਾਰਾ ॥ ੧ ॥

ਹੇ ਪ੍ਰਭੂ ! ਆਪ ਸਾਰਿਆਂ ਦੇ ਪ੍ਰੀਤਮ ਹੋ, ਸਾਰਿਆਂ ਦੀ ਪਾਲਣਾ ਕਰਨ ਵਾਲੇ ਹੋ,

ਪੁਨਾ-ਆਪ ਸਾਰਿਆਂ ਘਟਾਂ ਦੇ ਆਸਰਾ ਰੂਪ ਹੋ॥ ੧॥

ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ ॥

ਆਪ ਜੀ ਦੀ ਗਤ ਦੀ ਮਰਯਾਦਾ ਨੂੰ ਕੋਈ ਨਹੀਂ ਜਾਣ ਸਕਦਾ, ਇਕ ਆਪਣੇ ਤੋਂ ਹੀ ਏਹ ਸਾਰਾ ਸੰਸਾਰ ਪਸਾਰਾ ਤੁਸਾਂ ਨੇ ਕੀਤਾ ਹੈ।

ਸਾਧ ਨਾਂਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ ॥੨ ॥੫੮ ॥੯੧ ॥

ਗੁਰੂ ਜੀ ਕਥਨ ਕਰਦੇ ਹਨ-ਮੈਨੂੰ ਸੰਤਾਂ ਦੇ ਸਤਸੰਗ ਰੂਪ ਨੌਕਾ 'ਪਰ ਬਠਾਣਾ ਕਰੋ, ਜਿਸ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋਵੇ॥ ੨॥ ੫੮॥ ੯੧॥

ਸਾਰਗ ਮਹਲਾ ੫ ॥

ਆਵੈ ਰਾਮ ਸਰਣਿ ਵਡਭਾਗੀ ॥

ਕੋਈ ਵੱਡਿਆਂ ਭਾਗਾਂ ਵਾਲਾ ਹੀ ਰਾਮ ਦੀ ਸ਼ਰਨ ਵਿਚ ਆਉਂਦਾ ਹੈ।

ਏਕਸ ਬਿਨੁ ਕਿਛੁ ਹੋਰੁ ਨ ਜਾਣੈ ਅਵਰਿ ਉਪਾਵ ਤਿਆਗੀ ॥ ੧ ॥ ਰਹਾਉ ॥

ਉਹ ਫਿਰ ਇਕ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਹੈ ਅਤੇ ਹੋਰ ਸਾਰੇ ਝੂਠੇ ਉਪਾਵਾਂ ਤੋਂ ਤਿਆਗੀ ਹੋ ਜਾਂਦਾ ਹੈ॥ ੧॥ ਰਹਾਉ॥

ਮਨ ਬਚ ਕ੍ਰਮ ਆਰਾਧੈ ਹਰਿ ਹਰਿ ਸਾਧਸੰਗਿ ਸੁਖੁ ਪਾਇਆ ॥

ਸਤਸੰਗਤ ਵਿਚ ਜਾ ਕੇ ਜੋ ਮਨ, ਬਾਣੀ, ਸਰੀਰ ਦੁਆਰੇ ਹਰਿ ਹਰਿ ਨੂੰ ਅਰਾਧਦਾ ਹੈ, ਉਸ ਨੇ ਆਤਮ ਸੁਖ ਪਾਇਆ ਹੈ।

ਅਨਦ ਬਿਨੋਦ ਅਕਥ ਕਥਾ ਰਸੁ ਸਾਚੈ ਸਹਜਿ ਸਮਾਇਆ ॥ ੧ ॥

ਅਨੰਦ ਦਾਇਕ ਬਿਨੋਦ=ਕੌਤਕਾਂ ਦੇ ਕਰਨ ਵਾਲੇ ਅਕਥ ਪ੍ਰਭੂ ਦੀ ਕਥਾ ਦਾ ਰਸ ਮਾਣੇ ਤਾਂ ਸੁਭਾਵਕ ਸੱਚ ਸਰੂਪ ਵਿਚ ਸਮਾਅ ਜਾਂਦਾ ਹੈ॥ ੧॥

ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਜਿਸ ਨੂੰ ਆਪਣਾ ਦਾਸ ਕੀਤਾ ਹੈ, ਉਸ ਦੀ ਬਾਣੀ ਸਭ ਤੋਂ ਉੱਤਮ ਹੈ।

ਸਾਧ ਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ ਨਿਰਬਾਣੀ ॥੨ ॥੫੯ ॥੯੨ ॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਸੰਤਾਂ ਦੇ ਸੰਗ ਕਰਕੇ ਤਰਨਾ ਹੁੰਦਾ ਹੈ, ਜੋ ਨਿਰਬੰਧ ਪ੍ਰਭੂ ਦੇ ਪ੍ਰੇਮ

ਵਿਚ ਰੱਤੇ ਹੋਏ ਹਨ॥ ੨॥ ੫੯॥ ੮੨॥

ਸਾਰਗ ਮਹਲਾ ੫॥

ਜਾ ਤੇ ਸਾਧੂ ਸਰਣਿ ਗਹੀ॥

ਜਦ ਤੋਂ ਸੰਤਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ। ਤਦ ਤੋਂ-

ਸਾਂਤਿ ਸਹਜੁ ਮਨਿ ਭਇਓ ਪ੍ਰਗਾਸਾ ਬਿਰਥਾ ਕਛੁ ਨ ਰਹੀ॥ ੧॥ ਰਹਾਉ॥

ਮਨ ਵਿਚ ਸ਼ਾਂਤੀ ਤੇ ਸਹਜੁ=ਗਿਆਨ ਦਾ ਪ੍ਰਕਾਸ਼ ਹੋਇਆ ਹੈ ਅਤੇ ਕੁਝ ਭੀ ਬਿਰਥਾ=ਪੀੜਾ ਨਹੀਂ ਰਹੀ॥ ੧॥ ਰਹਾਉ॥

ਹੋਹੁ ਕ੍ਰਿਪਾਲ ਨਾਮੁ ਦੇਹੁ ਅਪੁਨਾ ਬਿਨਤੀ ਏਹ ਕਹੀ॥

ਕ੍ਰਿਪਾਲੂ ਹੋ ਕੇ ਮੈਨੂੰ ਆਪਣਾ ਨਾਮ ਦਾਨ ਦੇਣਾ ਕਰੋ, ਮੈਂ ਏਹੋ ਬੇਨਤੀ ਆਪ ਜੀ ਅੱਗੇ ਕਹੀ ਹੈ।

ਆਨ ਬਿਉਹਾਰ ਬਿਸਰੇ ਪ੍ਰਭ ਸਿਮਰਤ ਪਾਇਓ ਲਾਭੁ ਸਹੀ॥ ੧॥

ਪ੍ਰਭੂ ਨੂੰ ਸਿਮਰਦਿਆਂ ਹੋਰ ਸਾਰੇ ਵਿਹਾਰ ਭੁਲ ਗਏ ਹਨ ਤੇ ਸਹੀ=ਨਿਸਚੇ ਕਰਕੇ ਸੱਚਾ ਲਾਭ ਪਾਇਆ ਹੈ॥ ੧॥

ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ॥

ਜਿਸ ਬ੍ਰਹਮ ਤੋਂ ਉਤਪੰਨ ਹੋਇਆ ਸੀ, ਉਸੇ ਵਿਚ ਜਾ ਕੇ ਸਮਾਅ ਗਿਆ ਹੈ ਕਿਉਂਕਿ ਪਹਿਲੇ ਭੀ ਓਹੀ ਵਸਤੂ ਸੀ।

ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ॥ ੨॥ ੬੦॥ ੮੩॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਨੇ ਭਰਮ ਦੂਰ ਕਰ ਦਿੱਤਾ ਹੈ, ਇਸ ਕਰਕੇ ਜੋਤੀ ਵਿਚ ਜੋਤ ਸਮਾਅ ਗਈ ਹੈ॥ ੨॥ ੬੦॥ ੮੩॥

ਸਾਰਗ ਮਹਲਾ ੫॥

ਰਸਨਾ ਰਾਮ ਕੋ ਜਸੁ ਗਾਉ॥

ਹੇ ਭਾਈ ! ਰਸਨਾ ਨਾਲ ਰਾਮ ਦੇ ਜਸ ਨੂੰ ਗਾਵਨਾ ਕਰ।

ਆਨ ਸੁਆਦ ਬਿਸਾਰਿ ਸਗਲੇ ਭਲੋ ਨਾਮ ਸੁਆਉ॥ ੧॥ ਰਹਾਉ॥

ਆਨ=ਹੋਰ ਸਾਰੇ ਸੁਆਦਾਂ ਨੂੰ ਭੁਲਾ ਦੇਣਾ ਕਰ ਕਿਉਂਕਿ ਇਕ ਨਾਮ ਦਾ ਸੁਆਦ ਹੀ ਸਭ ਤੋਂ ਭਲੋ=ਚੰਗਾ ਹੈ॥ ੧॥ ਰਹਾਉ॥

ਚਰਨ ਕਮਲ ਬਸਾਇ ਹਿਰਦੈ ਏਕ ਸਿਉ ਲਿਵਲਾਉ ॥

ਹਿਰਦੇ ਵਿਚ ਚਰਨ ਕਮਲ ਵਸਾ ਕੇ ਇਕ ਪ੍ਰਭੂ ਨਾਲ ਬਿਰਤੀ ਲਗਾਈ ਰੱਖ।

ਸਾਧਸੰਗਤਿ ਹੋਹਿ ਨਿਰਮਲੁ ਬਹੁੜਿ ਜੋਨਿ ਨ ਆਉ॥ ੧॥

ਸੰਤਾਂ ਦੀ ਸੰਗਤ ਕਰਕੇ ਤੂੰ ਨਿਰਮਲ ਹੋਣਾ ਕਰ, ਬਹੁੜਿ=ਫਿਰ ਤੇਰਾ ਜੂਨੀਆਂ ਵਿਚ ਔਣਾ ਨਹੀਂ

ਹੋਵੇਗਾ ॥ ੧ ॥

ਜੀਉ ਪ੍ਰਾਨ ਅਧਾਰੁ ਤੇਰਾ ਤੂ ਨਿਥਾਵੇ ਥਾਉ ॥

ਹੇ ਪਰਮਾਤਮਾ ! ਮੇਰੇ ਪ੍ਰਾਣਾਂ ਨੂੰ ਅਤੇ ਜੀਵ ਨੂੰ ਤੇਰਾ ਹੀ ਆਸਰਾ ਹੈ, ਤੂੰ ਹੀ ਨਿਥਾਵਿਆਂ ਦਾ ਥਾਂ ਰੂਪ ਹੈਂ, ਅਥਵਾ ਆਸਰਾ ਰੂਪ ਹੈਂ।

ਸਾਸਿ ਸਾਸਿ ਸਮਾਲਿ ਹਰਿ ਹਰਿ ਨਾਨਕ ਸਦ ਬਲਿ ਜਾਉ ॥੨ ॥੬੧ ॥੮੪ ॥

ਗੁਰਦੇਵ ਜੀ ਕਥਨ ਕਰਦੇ ਹਨ-ਹੇ ਹਰੀ! ਮੈਂ ਤੈਨੂੰ ਸੁਆਸ ਸੁਆਸ ਸੰਭਾਲਣਾ ਕਰਦਾ ਹਾਂ ਅਤੇ ਹਮੇਸ਼ਾ ਹੀ ਆਪ ਜੀ ਤੋਂ ਬਲਿਹਾਰ ਕੁਰਬਾਨ ਜਾਣਾ ਕਰਦਾ ਹਾਂ॥ ੨ ॥ ੬੧ ॥ ੮੪ ॥

ਸਾਰਗ ਮਹਲਾ ੫ ॥

ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥

ਹੇ ਭਾਈ ਬੈਕੁੰਠ=ਸਾਧ ਸੰਗਤ ਵਿਚ ਆ ਕੇ ਗੋਬਿੰਦ ਪ੍ਰਮਾਤਮਾ ਦੇ ਚਰਨ ਨਿਤਾਪ੍ਰਤੀ ਧਿਆਉਣਾ ਕਰ।

ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥ ੧ ॥ ਰਹਾਉ ॥

ਸਾਧ ਸੰਗਤ ਵਿਚ ਆ ਕੇ ਹਰੀ ਦਾ ਅੰਮ੍ਰਿਤ ਰੂਪ ਨਾਮ ਜਪਣੇ ਕਰਕੇ ਮੁਕਤੀ ਪਦਾਰਥ ਪ੍ਰਾਪਤ ਹੁੰਦਾ ਹੈ।

ਊਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ ॥

ਹੇ ਪ੍ਰਮਾਤਮਾ ! ਸਾਡੇ ਉੱਤੇ ਇਹ ਮਇਆ=ਕਿਰਪਾ ਕਰੋ ਕਿ ਅਸੀਂ ਆਪ ਜੀ ਦੀ ਸ੍ਰੇਸ਼ਟ ਕਥਾ ਸ੍ਰਵਣੀ=ਕੰਨਾਂ ਵਿਚ ਸੁਨਣਾ ਕਰੀਏ।

ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥ ੧ ॥

ਆਵਣ, ਜਾਵਣ ਰੂਪ ਭਾਵ ਜਨਮ ਮਰਨ ਰੂਪੀ ਦੋਨੋਂ ਪੱਖ ਪੂਰਨ=ਸਫਲੇ ਹੋ ਜਾਵਣ ਅਤੇ ਸੁੱਖਾਂ ਵਿਚ ਬਿਸ੍ਰਾਮ=ਇਸਥਿਤੀ ਪਾ ਲਈਏ॥ ੧ ॥

[ਪੰਨਾ ੧੨੨੧]

ਸੋਧਤ ਸੋਧਤ ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ ॥

ਵੇਦਾਂ ਨੂੰ ਸੋਧ ਕੇ, ਸ਼ਾਸਤ੍ਰਾਂ ਨੂੰ ਸੋਧ ਕੇ ਏਹੋ ਸਿਧਾਂਤ ਵਿਚਾਰਿਆ ਹੈ ਕਿ ਸਰੇਸਟ=ਦੁਨੀਆਂ ਵਿਚ ਭਗਤੀ ਹੀ ਸ਼ੁਭ ਗੁਣਾਂ ਨਾਲ ਪੂਰੀ ਹੈ।

ਵਾ:-ਸਭ ਸਾਧਨਾਂ ਨਾਲੋਂ ਇਕ ਭਗਤੀ ਕਰਨੀ ਹੀ ਸ੍ਰੇਸ਼ਟ ਹੈ ਅਤੇ ਸ਼ੁਭ ਗੁਣਾਂ ਨਾਲ ਪੂਰਨ ਹੈ।

ਕਹੁ ਨਾਨਕ ਇਕ ਰਾਮ ਨਾਮ ਬਿਨੁ

ਅਵਰ ਸਗਲ ਬਿਧਿ ਊਰੀ॥ ੨ ॥ ੬੨ ॥ ੮੫ ॥

ਗੁਰੂ ਜੀ ਕਥਨ ਕਰਦੇ ਹਨ-ਇਕ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਹੋਰ ਸਾਰੀਆਂ ਵਿਧੀਆਂ ਊਰੀ=ਅਧੂਰੀਆਂ ਹਨ॥ ੨ ॥ ੬੨ ॥ ੮੫ ॥

ਸਾਰਗ ਮਹਲਾ ੫ ॥

ਸਾਚੇ ਸਤਿਗੁਰੂ ਦਾਤਾਰਾ ॥

ਸੰਸਾਰ ਵਿਚ ਇਕ ਸਤਿਗੁਰੂ ਹੀ ਸੱਚ ਨਾਮ ਦੇ ਦਾਤੇ ਹਨ,

ਵਾ:-ਸੰਸਾਰ ਵਿਚ ਸੱਚੇ ਦਾਤੇ ਇਕ ਸਤਿਗੁਰੂ ਹੀ ਹਨ।

ਦਰਸਨੁ ਦੇਖਿ ਸਗਲ ਦੁਖ ਨਾਸਹਿ ਚਰਨ ਕਮਲ ਬਲਿਹਾਰਾ ॥੧ ॥ਰਹਾਉ ॥

ਉਨ੍ਹਾਂ ਦਾ ਦਰਸ਼ਨ ਦੇਖਦਿਆਂ ਸਾਰੇ ਦੁੱਖ ਨਾਸ ਹੋ ਜਾਂਦੇ ਹਨ, ਇਸ ਤੇ ਮੈਂ ਉਨ੍ਹਾਂ ਦੇ ਦਰਨ ਕਮਲਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧ ॥ ਰਹਾਉ॥

ਸਤਿ ਪਰਮੇਸਰੁ ਸਤਿ ਸਾਧ ਜਨ ਨਿਹਚਲੁ ਹਰਿ ਕਾ ਨਾਉ ॥

ਪਰਮੇਸ਼ਰ ਤਿੰਨਾਂ ਕਾਲਾਂ ਵਿਚ ਸੱਤ ਸਰੂਪ ਹੈ, ਉਸ ਦੇ ਉਪਾਸ਼ਕ ਸੰਤ ਜਨ ਭੀ ਸੱਤ ਹਨ ਅਤੇ ਹਰੀ ਦਾ ਨਾਮ ਭੀ ਅਚੱਲ ਹੈ।

ਭਗਤਿ ਭਾਵਨੀ ਪਾਰਬ੍ਰਹਮ ਕੀ ਅਬਿਨਾਸੀ ਗੁਣ ਗਾਉ ॥ ੧ ॥

ਅਬਿਨਾਸੀ=ਨਾਸ ਤੋਂ ਰਹਿਤ ਪਾਰਬ੍ਰਹਮ ਦੀ ਭਾਵਨੀ=ਪ੍ਰੇਮਾ ਭਗਤੀ ਕਰ ਅਤੇ ਉਸੀ ਦੇ ਗੁਣ ਗਾਉਣਾ ਕਰ॥ ੧ ॥

ਅਗਮੁ ਅਗੋਚਰੁ ਮਿਤਿ ਨਹੀ ਪਾਈਐ ਸਗਲ ਘਟਾ ਆਧਾਰੁ ॥

ਉਹ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਉਸ ਦੀ ਮਰਯਾਦਾ ਨਹੀਂ ਪਾਈ ਜਾਂਦੀ,

ਪੁਨਾ-ਉਹ ਪ੍ਰਭੂ ਸਾਰਿਆਂ ਘਟਾਂ ਦਾ ਆਧਾਰੁ=ਆਸਰਾ ਰੂਪ ਹੈ।

ਨਾਨਕ ਵਾਹੁ ਵਾਹੁ ਕਹੁ ਤਾ ਕਉ ਜਾ ਕਾ ਅੰਤੁ ਨ ਪਾਰੁ ॥੨ ॥੬੩ ॥੮੬ ॥

ਗੁਰੂ ਜੀ ਕਥਨ ਕਰਦੇ ਹਨ-ਉਸ ਨੂੰ ਵਾਹੁ ਵਾਹੁ ਕਹੁ=ਧੰਨ ਧੰਨ ਕਰਕੇ ਆਖੋ, ਜਿਸ ਪ੍ਰਭੂ ਦੇ ਪਾਰ, ਉਰਵਾਰ ਦਾ ਅੰਤ ਆਉਂਦਾ ਨਹੀਂ ਹੈ॥ ੨ ॥ ੬੩ ॥ ੮੬ ॥

ਸਾਰਗ ਮਹਲਾ ੫ ॥

ਗੁਰ ਕੇ ਚਰਨ ਬਸੇ ਮਨ ਮੇਰੈ ॥

ਮੇਰੇ ਮਨ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨ ਵਸ ਰਹੇ ਹਨ।

ਪੂਰਿ ਰਹਿਓ ਠਾਕੁਰੁ ਸਭ ਥਾਈ ਨਿਕਟਿ ਬਸੈ ਸਭ ਨੇਰੈ ॥ ੧ ॥ ਰਹਾਉ ॥

ਜੋ ਠਾਕੁਰ ਪ੍ਰਭੂ ਸਾਰਿਆਂ ਅਸਥਾਨਾਂ 'ਪਰ ਪੂਰਨ ਹੋ ਰਿਹਾ ਹੈ, ਉਹ ਸਭ ਨੇਰੈ=ਸਭਨਾਂ ਗੁਰਮੁਖਾਂ ਦੇ ਨਿਕਟ ਵਸ ਰਿਹਾ ਹੈ। *ਅਥਵਾ:-*ਸਭ ਦੇ ਨੇੜੇ ਤੋਂ ਨੇੜੇ ਵਸ ਰਿਹਾ ਹੈ॥ ੧ ॥ ਰਹਾਉ॥

ਬੰਧਨ ਤੋਰਿ ਰਾਮ ਲਿਵਲਾਈ ਸੰਤ ਸੰਗਿ ਬਨਿ ਆਈ ॥

ਮੋਹ ਦੇ ਬੰਧਨ ਤੋੜ ਕੇ ਰਾਮ ਨਾਮ ਵਿਚ ਲਿਵ ਲਗਾਈ ਹੈ, ਇਸ ਲਈ ਸੰਤਾਂ ਦੇ ਨਾਲ ਪ੍ਰੀਤੀ ਬਣਿ ਆਈ ਹੈ।

ਜਨਮੁ ਪਦਾਰਥੁ ਭਇਓ ਪੁਨੀਤਾ ਇਛਾ ਸਗਲ ਪੁਜਾਈ॥ ੧॥

ਜਨਮ ਪਦਾਰਥ ਪਵਿੱਤਰ ਹੋ ਗਿਆ ਹੈ ਅਤੇ ਸਾਰੀ ਇੱਛਾ ਭੀ ਪੂਰੀ ਹੋ ਗਈ ਹੈ॥ ੧॥

ਜਾ ਕਉ ਕ੍ਰਿਪਾ ਕਰਹੁ ਪ੍ਰਭ ਮੇਰੇ ਸੋ ਹਰਿ ਕਾ ਜਸੁ ਗਾਵੈ॥

ਹੇ ਮੇਰੇ ਪ੍ਰਭੂ ! ਜਿਸ ਉੱਤੇ ਆਪ ਕ੍ਰਿਪਾ ਦ੍ਰਿਸ਼ਟੀ ਕਰਦੇ ਹੋ,
ਓਹੀ ਗੁਰਮੁਖ ਜਗਿਆਸੂ ਹਰੀ ਦਾ ਜਸ ਗੈਣ ਕਰਦਾ ਹੈ।

ਆਠ ਪਹਰ ਗੋਬਿੰਦ ਗੁਨ ਗਾਵੈ
ਜਨੁ ਨਾਨਕੁ ਸਦ ਬਲਿ ਜਾਵੈ॥ ੨॥ ੬੪॥ ੮੭॥

ਗੁਰੂ ਜੀ ਕਥਨ ਕਰਦੇ ਹੰਨ-ਜੋ ਅੱਠੇ ਪਹਰ ਗੋਬਿੰਦ ਦੇ ਗੁਣਾਂ ਨੂੰ ਗਾਉਂਦਾ ਹੈ, ਮੈਂ ਦਾਸ ਉਸ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨॥ ੬੪॥ ੮੭॥

ਸਾਰਗ ਮਹਲਾ ੫॥
ਜੀਵਨੁ ਤਉ ਗਨੀਐ ਹਰਿ ਪੇਖਾ॥

ਹੇ ਹਰੀ ! ਜੇਕਰ ਆਪ ਜੀ ਦਾ ਦਰਸ਼ਨ ਦੇਖਣਾ ਕਰੀਏ ਤਾਂ ਹੀਂ ਸਫਲ ਜੀਵਨ ਗਿਣਿਆ ਜਾਂਦਾ ਹੈ।

ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ ਫੋਰਿ ਭਰਮ ਕੀ ਰੇਖਾ॥ ੧॥ ਰਹਾਉ॥

ਕਿਰਪਾ ਦੇ ਕਰਨ ਵਾਲਾ ਜੋ ਪ੍ਰੀਤਮ ਮਨਮੋਹਨ=ਪਰਮਾਤਮਾ ਹੈ, ਉਸ ਦੀ ਪਰਾਪਤੀ ਲਈ ਭਰਮ ਦੀ ਰੇਖਾ=ਲਕੀਰ ਫੋੜ ਦੇ ਅਰਥਾਤ ਮਿਟਾ ਦੇ॥ ੧॥ ਰਹਾਉ॥

ਵਾ:-ਹੇ ਮਨ ਦੇ ਮੋਹਣੇ ਵਾਲੇ ਪ੍ਰੀਤਮ ! ਕ੍ਰਿਪਾ ਕਰਕੇ ਮੇਰੇ ਅੰਦਰੋਂ ਭਰਮ ਦੀ ਲਕੀਰ ਮਿਟਾ ਦਿਓ।

ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ॥

ਐਵੇਂ ਕਹਿਣ ਸੁਣਨ ਨਾਲ ਕੁਝ ਸ਼ਾਂਤੀ ਨਹੀਂ ਉਪਜਦੀ, ਬਿਸਾਸ=ਭਰੋਸਾ ਧਾਰੇ ਤੋਂ ਬਿਨਾਂ ਸੇਖਾਂ=ਬਾਕੀ ਕੀ ਹੈ, ਭਾਵ ਕੁਝ ਨਹੀਂ।

ਵਾ:-ਭਰੋਸਾ ਧਾਰੇ ਤੋਂ ਬਿਨਾਂ ਬਾਕੀ ਦੇ ਸਾਧਨਾਂ ਵਿਚ ਕਿਆ ਸੇਖਾਂ=ਕੀ ਵਿਸ਼ੇਸ਼ਤਾ ਹੈ, ਭਾਵ ਕੁਝ ਵਿਸ਼ੇਸ਼ਤਾ ਨਹੀਂ ਹੈ।

ਪ੍ਰਭੂ ਤਿਆਗਿ ਆਨ ਜੋ ਚਾਹਤ ਤਾ ਕੈ ਮੁਖਿ ਲਾਗੈ ਕਾਲੇਖਾ॥ ੧॥

ਹੇ ਪ੍ਰਭੂ ! ਆਪ ਜੀ ਨੂੰ ਤਿਆਗ ਕੇ ਜਿਹੜਾ ਪੁਰਸ਼ ਆਨ=ਹੋਰ ਕਿਸੇ ਨੂੰ ਚਾਹੁੰਦਾ ਹੈ, ਉਸ ਦੇ ਮੂੰਹ ਉੱਤੇ ਕਾਲਖ ਲੱਗਦੀ ਹੈ॥ ੧॥

ਜਾ ਕੈ ਰਾਸਿ ਸਰਬ ਸੁਖ ਸੁਆਮੀ ਆਨ ਨ ਮਾਨਤ ਭੇਖਾ॥

ਹੇ ਸੁਆਮੀ ! ਜਿਸ ਪੁਰਸ਼ ਦੇ ਹਿਰਦੇ ਵਿਚ ਸਾਰਿਆਂ ਸੁਖਾਂ ਦੇ ਦੇਣ ਵਾਲਾ ਜੋ ਨਾਮ ਹੈ, ਉਸ ਨਾਮ ਦੀ ਰਾਸਿ=ਪੂੰਜੀ ਹੈ, ਉਹ ਪੁਰਸ਼ ਹੋਰ ਪਖੰਡ ਵਾਲੇ ਭੇਖਾਂ ਨੂੰ ਮੰਨਦਾ ਨਹੀਂ ਹੈ। ਵਾ:-ਸਾਰਿਆਂ ਸੁਖਾਂ ਦਾ ਸੁਆਮੀ=ਮਾਲਕ ਜੋ ਪਰਮੇਸ਼ਰ ਹੈ, ਉਸ ਦੇ ਨਾਮ ਦੀ ਪੂੰਜੀ ਜਿਸ ਦੇ ਪਾਸ ਹੈ, ਉਸ ਹੋਰ ਭੇਖਾਂ ਨੂੰ ਨਹੀਂ ਮੰਨਦਾ।

ਨਾਨਕ ਦਰਸ ਮਗਨ ਮਨੁ ਮੋਹਿਓ ਪੂਰਨ ਅਰਥ ਬਿਸੇਖਾ ॥੨ ॥੬੫ ॥੮੮ ॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਦਰਸ਼ਨ ਦੀ ਮਸਤੀ ਨੇ ਜਿਸ ਦਾ ਮਨ ਮੋਹ ਲਿਆ ਹੈ, ਵਿਸ਼ੇਸ਼ ਕਰਕੇ ਉਸ ਦੇ ਸਾਰੇ ਅਰਥ=ਪ੍ਰਯੋਜਨ ਪੂਰੇ ਹਨ॥ ੨ ॥ ੬੫ ॥ ੮੮ ॥

ਨਾਮ ਦੀ ਵਿਸ਼ੇਸ਼ਤਾ ਕਥਨ ਕਰਦੇ ਹਨ-

ਸਾਰਗ ਮਹਲਾ ੫ ॥

ਸਿਮਰਨ ਰਾਮ ਕੋ ਇਕੁ ਨਾਮ ॥

ਹੇ ਭਾਈ ! ਇਕ ਰਾਮ ਦੇ ਨਾਮ ਨੂੰ ਸਿਮਰਨਾ ਕਰ। ਰਾਮ ਨਾਮ ਦੇ ਸਿਰਮਨ ਕਰਕੇ-

ਕਲਮਲ ਦਗਧ ਹੋਹਿ ਖਿਨ ਅੰਤਰਿ ਕੋਟਿ ਦਾਨ ਇਸਨਾਨ ॥੧ ॥ਰਹਾਉ ॥

ਇਕ ਛਿਨ ਅੰਦਰ ਸਾਰੇ ਕਲਮਲ=ਪਾਪ, ਦਗਧ=ਸੜ ਜਾਂਦੇ ਹਨ ਅਤੇ ਕ੍ਰੋੜਾਂ ਦਾਨ ਦੇ ਤੀਰਥਾਂ ਦੇ ਇਸ਼ਨਾਨ ਦਾ ਫਲ ਪਰਾਪਤ ਹੁੰਦਾ ਹੈ॥ ੧ ॥ ਰਹਾਉ ॥

ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ ॥

ਆਨ=ਹੋਰ ਜੋ ਮਾਇਆ ਦੇ ਜੰਜ਼ਾਲ ਹਨ, ਉਹਨਾਂ ਲਈ ਵਿਅਰਥ ਹੀ ਕਸ਼ਟ ਪਾਂਦਾ ਹੈ ਅਤੇ ਹਰੀ ਦੇ ਭਜਨ ਤੋਂ ਬਿਨਾਂ ਗਿਆਨ ਦਾ ਕਥਨ ਕਰਨਾ ਭੀ ਫੋਕਟ=ਨਿਸਫਲ ਹੈ।

ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ ॥ ੧ ॥

ਜਗਦੀਸ=ਜਗਤ ਦੇ ਮਾਲਕ ਪਰਮੇਸ਼ਰ ਦੇ ਭਜਨ ਕਰਨ ਨਾਲ ਤੇ ਧਿਆਨ ਲਗਾਉਣ ਨਾਲ ਜਨਮ ਮਰਨ ਦੇ ਸੰਕਟ=ਦੁੱਖਾਂ ਤੋਂ ਛੁਟ ਜਾਂਦਾ ਹੈ ਤੇ ਸੁਖ ਪਾਂਦਾ ਹੈ॥ ੧ ॥

ਤੇਰੀ ਸਰਨਿ ਪੂਰਨ ਸੁਖ ਸਾਗਰ ਕਰਿ ਕਿਰਪਾ ਦੇਵਹੁ ਦਾਨ ॥

ਹੇ ਪੂਰਨ ਸੁਖਾਂ ਦੇ ਸਮੁੰਦਰ ਪ੍ਰਭੂ ! ਮੈਂ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ, ਆਪ ਕਿਰਪਾ ਕਰਕੇ ਮੈਨੂੰ ਨਾਮ ਦਾਨ ਦੇਣਾ ਕਰੋ।

ਸਿਮਰਿ ਸਿਮਰਿ ਨਾਨਕ ਪ੍ਰਭ ਜੀਵੈ
ਬਿਨਸਿ ਜਾਇ ਅਭਿਮਾਨ ॥ ੨ ॥ ੬੬ ॥ ੮੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਤੇਰੇ ਸਿਮਰਨ ਨੂੰ ਸਿਮਰ ਕੇ ਜੀਉਂਦਾ ਹਾਂ, ਏਹ ਕ੍ਰਿਪਾ ਕਰ ਮੇਰੇ ਅੰਦਰੋਂ ਅਭਿਮਾਨ=ਹੰਕਾਰ ਬਿਨਸ ਜਾਵੇ॥ ੨ ॥ ੬੬ ॥ ੮੯ ॥

ਉਥਾਨਕਾ :-ਇਕ ਪਖੰਡੀ ਨਾਂਗਾ ਆਇਆ ਉਸ ਨੂੰ ਸਮਝਾਉਂਦੇ ਹਨ-

ਸਾਰਗ ਮਹਲਾ ੫ ॥

ਧੂਰਤੁ ਸੋਈ ਜਿ ਧੁਰ ਕਉ ਲਾਗੈ ॥

ਧੂਰਤੁ=ਨਾਂਗਾ ਓਹੀ ਹੈ,

ਵਾ:-ਧੂਰਤੁ=ਚਾਤੁਰ ਓਹੀ ਹੈ ਜੇਹੜਾ ਧੁਰ ਰੂਪ ਪਰਮੇਸ਼ਰ ਦੇ ਨਾਮ ਸਿਮਰਨ ਨੂੰ ਲੱਗਾ ਰਹਿੰਦਾ ਹੈ।

ਸੋਈ ਧੁਰੰਧਰੁ ਸੋਈ ਬਸੁੰਧਰੁ ਹਰਿ ਏਕ ਪ੍ਰੇਮ ਰਸ ਪਾਗੈ ॥ ੧ ॥ ਰਹਾਉ ॥

ਜੋ ਇਕ ਹਰੀ ਦੇ ਪ੍ਰੇਮ ਰਸ ਵਿਚ ਪਾਗੈ=ਰਪਿਆ ਰਹਿੰਦਾ ਹੈ, ਓਹੀ ਪੁਰਸ਼ ਅਸਲੀ ਧੁਰੰਧਰੁ=ਨਾਂਗਾ ਹੈ, ਓਹੀ ਬਸੁੰਧਰੁ=ਬਸਤ੍ਰਾਂ ਦੇ ਧਾਰਨ ਵਾਲਾ ਹੈ,

ਵਾ:-ਓਹੀ ਧੁਰੰਧਰੁ=ਮਰਯਾਦਾ ਦੇ ਧਾਰਨ ਵਾਲਾ ਹੈ, ਓਹੀ ਬਸੁੰਧਰੁ=ਖਿਮਾ ਰੂਪ ਬਸਤ੍ਰ ਦੇ ਧਾਰਨ ਵਾਲਾ ਹੈ।

ਬਲ ਬੰਚ ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ ਮੂੜਾ ॥

ਜੋ ਬਲਬੰਚ=ਠੱਗੀਆਂ ਕਰਦਾ ਹੈ, ਆਤਮ ਲਾਭ ਨੂੰ ਜਾਣਦਾ ਨਹੀਂ, ਉਹ ਪੁਰਸ਼ ਧੂਰਤੁ=ਨਾਂਗਾ ਨਹੀਂ ਹੈ, ਵਾ:-ਚਤੁਰ ਨਹੀਂ ਹੈ, ਉਹ ਤਾਂ ਮੂੜਾ=ਮੂਰਖ ਹੈ।

ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ ॥ ੧ ॥

ਉਹ ਆਪਣੇ ਸੁਆਰਥੁ=ਸਰੇਸ਼ਟ ਅਰਥ (ਮਤਲਬ) ਨੂੰ ਤਿਆਗ ਕੇ ਅਸਾਰਥਿ=ਬਿਨਾਂ ਮਤਲਬ ਦੇ ਕੰਮਾਂ ਵਿਚ ਰਚਿਆ ਹੋਇਆ ਹੈ, ਵਾ:-ਆਪਣੇ ਮੋਖ ਰੂਪ ਅਰਥ ਨੂੰ ਛੱਡ ਕੇ ਅਸਾਰਥਿ=ਮੰਦ ਕਰਮਾਂ ਵਿਚ ਰਚਿਆ ਹੋਇਆ ਹੈ ਅਤੇ ਰੂੜਾ=ਸੁੰਦਰ ਪ੍ਰਭੂ ਨੂੰ ਸਿਮਰਦਾ ਨਹੀਂ ਹੈ॥ ੧ ॥

ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ ॥

ਓਹੀ ਪੁਰਸ਼ ਬਾਣੀ ਦਾ ਚਤਰ, ਬੁੱਧੀ ਦਾ ਸਿਆਣਾ ਤੇ ਸ਼ਾਸਤ੍ਰ ਵੇਤਾ ਹੋਣਾ ਕਰਕੇ ਪੰਡਿਤ ਹੈ, ਓਹੀ ਸੂਰਬੀਰ ਹੈ ਓਹੀ ਦਨਾਈ ਵਾਲਾ ਹੈ।

ਸਾਧ ਸੰਗਿ ਜਿਨਿ ਹਰਿ ਹਰਿ ਜਪਿਓ
ਨਾਨਕ ਸੋ ਪਰਵਾਨਾ ॥ ੨ ॥ ੬੭ ॥ ੯੦ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਨੇ ਸਤਸੰਗ ਦੁਆਰਾ ਹਰਿ ਹਰਿ ਨਾਮ ਜਪਿਆ ਹੈ, ਉਸੇ ਪੁਰਸ਼ ਦਾ ਸੰਸਾਰ ਵਿਚ ਆਉਣਾ ਪਰਵਾਨ ਹੈ॥ ੨ ॥ ੬੭ ॥ ੯੦ ॥

[ਪੰਨਾ ੧੨੨੨]

ਸਾਰਗ ਮਹਲਾ ੫ ॥

ਹਰਿ ਹਰਿ ਸੰਤ ਜਨਾ ਕੀ ਜੀਵਨਿ ॥

ਹਰਿ ਹਰਿ ਦਾ ਨਾਮ ਸਿਮਰਨ ਹੀ ਸੰਤ ਜਨਾਂ ਦੀ ਸੰਜੀਵਨ ਬੂਟੀ ਹੈ, ਭਾਵ ਪ੍ਰਾਣ ਰੂਪ ਹੈ।

ਇਸ ਲਈ ਉਹ ਸੰਤ ਜਨ-

ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ ॥ ੧ ॥ ਰਹਾਉ ॥

ਵਿਸ਼ੇ ਰਸਾਂ ਦਾ ਭੋਗਣਾ ਤਿਆਗ ਕੇ ਸੁਖਾਂ ਦੇ ਸਮੁੰਦਰ ਪ੍ਰਭੂ ਦੇ ਰਾਮ ਨਾਮ ਰੂਪੀ ਅੰਮ੍ਰਿਤ ਰਸ ਨੂੰ ਪੀਣਾ ਕਰਦੇ ਹਨ॥ ੧ ॥ ਰਹਾਉ ॥

ਸੰਚਨਿ ਰਾਮ ਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ ॥

ਰਤਨਾ=ਅਮੋਲਕ ਰਾਮ ਨਾਮ ਰੂਪੀ ਧਨ ਨੂੰ ਸੰਚਨਿ=ਇਕੱਠਾ ਕਰਦੇ ਹਨ, ਤੇ-

ਨਾਮ ਦੇ ਵਿਚ ਮਨ ਤਨ ਨੂੰ ਸਿਉਣਾ ਕਰਦੇ ਹਨ।

ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ ॥ ੧ ॥

ਹਰੀ ਨਾਮ ਰੰਗ ਵਿਚ ਰੰਗਣ ਕਰਕੇ ਮਨ ਰੂਪ ਬਸਤ੍ਰ ਲਾਲ ਹੋ ਗਏ ਹਨ, ਅਤੇ-
ਰਾਮ ਨਾਮ ਦੇ ਰਸ ਵਿਚ ਹੀ ਖੀਵਨਿ=ਮਸਤ ਰਹਿੰਦੇ ਹਨ॥ ੧ ॥

ਜਿਉ ਮੀਨਾ ਜਲ ਸਿਉ ਉਰਝਾਨੋ ਰਾਮ ਨਾਮ ਸੰਗਿ ਲੀਵਨਿ ॥

ਜਿਵੇਂ ਮੀਨਾ=ਮੱਛ ਜਲ ਉਲਝਿਆ ਰਹਿੰਦਾ ਹੈ, ਤਿਵੇਂ ਸੰਤ ਜਨ ਰਾਮ ਨਾਮ ਨਾਲ ਲੀਵਨਿ=ਲੀਣ ਰਹਿੰਦੇ ਹਨ।

ਨਾਨਕ ਸੰਤ ਚਾਤ੍ਰਿਕ ਕੀ ਨਿਆਈ
ਹਰਿ ਬੂੰਦ ਪਾਨ ਸੁਖ ਥੀਵਨਿ ॥ ੨ ॥ ੬੮ ॥ ੯੧ ॥

ਗੁਰੂ ਜੀ ਕਥਨ ਕਰਦੇ ਹਨ-ਸੰਤ ਚਾਤ੍ਰਿਕ=ਪਪੀਹੇ ਦੀ ਤਰ੍ਹਾਂ ਹਰੀ ਨਾਮ ਰੂਪ ਸ੍ਵਾਂਤੀ ਬੂੰਦ ਨੂੰ ਪੀਣ ਤਾਂ ਹੀ ਸੁਖੀ ਥੀਵਨਿ=ਹੁੰਦੇ ਹਨ॥ ੨ ॥ ੬੮ ॥ ੯੧ ॥

ਸਾਰਗ ਮਹਲਾ ੫ ॥

ਹਰਿ ਕੇ ਨਾਮ ਹੀਨ ਬੇਤਾਲ ॥

ਹਰੀ ਦੇ ਨਾਮ ਸਿਮਰਨ ਤੋਂ ਬਿਨਾਂ ਇਹ ਜੀਵ ਬੇਤਾਲ=ਭੂਤਨਾ ਹੈ,
ਵਾ:-ਤਾਲ=ਸਰੂਪ ਤੋਂ ਬੇ=ਰਹਿਤ ਹੈ।

ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ ॥ ੧ ॥ ਰਹਾਉ ॥

ਉਸ ਦਾ ਜਿੰਨਾਂ ਭੀ ਜੰਜਾਲ=ਧੰਧਿਆਂ ਦਾ ਕਰਨਾ ਕਰਾਉਣਾ ਹੈ, ਉਤਨਾ ਉਹ ਸਭ ਬੰਧਨ ਰੂਪ ਹੈ॥ ੧ ॥ ਰਹਾਉ ॥

ਬਿਨੁ ਪ੍ਰਭ ਸੇਵ ਕਰਤ ਅਨ ਸੇਵਾ ਬਿਰਥਾ ਕਾਟੈ ਕਾਲ ॥

ਜੋ ਪ੍ਰਭੂ ਦੀ ਸੇਵਾ ਤੋਂ ਬਿਨਾਂ ਹੋਰਨਾਂ ਦੀ ਸੇਵਾ ਕਰਦਾ ਹੈ, ਉਹ ਆਪਣਾ ਸਾਰਾ ਕਾਲ=ਸਮਾਂ ਵਿਅਰਥ ਹੀ ਕਾਟੈ=ਬਤੀਤ ਕਰਦਾ ਹੈ।

ਜਬ ਜਮੁ ਆਇ ਸੰਘਾਰੈ ਪ੍ਰਾਨੀ ਤਬ ਤੁਮਰੋ ਕਉਨੁ ਹਵਾਲ ॥ ੧ ॥

ਹੇ ਪ੍ਰਾਣੀ ! ਜਿਸ ਵੇਲੇ ਤੈਨੂੰ ਜਮ ਆ ਕੇ ਸੰਘਾਰੈ=ਮਾਰੇਗਾ, ਤਿਸ ਵੇਲੇ ਤੇਰਾ ਕੀ ਹਾਲ ਹੋਵੇਗਾ॥ ੧ ॥
ਅਰਥਾਤ, ਬੁਰਾ ਹੀ ਹਾਲ ਹੋਵੇਗਾ। ਇਸ ਲਈ ਬੇਨਤੀ ਕਰ-

ਰਾਖਿ ਲੇਹੁ ਦਾਸ ਅਪੁਨੇ ਕਉ ਸਦਾ ਸਦਾ ਕਿਰਪਾਲ ॥

ਤੁਸੀਂ ਆਪਣੇ ਦਾਸ ਨੂੰ ਰੱਖ ਲੈਣਾ ਕਰੋ ਕਿਉਂਕਿ ਆਪ ਜੀ ਦਾ ਬਿਰਦ ਸਦਾ ਸਦਾ ਕਿਰਪਾਲੂ ਹੈ।

ਸੁਖ ਨਿਧਾਨ ਨਾਨਕ ਪ੍ਰਭੁ ਮੇਰਾ ਸਾਧ ਸੰਗਿ ਧਨ ਮਾਲ ॥ ੨ ॥ ੬੯ ॥ ੯੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਸੁਖਾਂ ਦੇ ਖਜ਼ਾਨੇ ਪ੍ਰਭੂ ! ਤੇਰੀ ਸਤਸੰਗਤ ਹੀ ਮੇਰਾ ਧਨ ਮਾਲ ਹੈ।

ਅਥਵਾ:-ਹੇ ਪ੍ਰਭੂ ! ਮੇਰਾ ਸੁਖਾਂ ਦਾ ਨਿਧਾਨ=ਖ਼ਜ਼ਾਨਾ ਤੂੰ ਹੀ ਹੈਂ ਅਤੇ ਸਤਸੰਗਤ ਦਾ ਧਨ ਮਾਲ ਭੀ ਤੂੰਹੀ ਹੈਂ ॥ ੨ ॥ ੬੯ ॥ ੯੨ ॥

ਸਾਰਗ ਮਹਲਾ ੫ ॥

ਮਨਿ ਤਨਿ ਰਾਮ ਕੋ ਬਿਉਹਾਰੁ ॥

ਸੰਤ ਜਨ ਮਨ ਤਨ ਕਰਕੇ ਇਕ ਰਾਮ ਨਾਮ ਦਾ ਵਿਹਾਰ ਕਰਦੇ ਹਨ। ਅਤੇ-

ਪ੍ਰੇਮ ਭਗਤਿ ਗੁਨ ਗਾਵਨ ਗੀਧੇ ਪੋਹਤ ਨਹ ਸੰਸਾਰੁ ॥ ੧ ॥ ਰਹਾਉ ॥

ਪਰੇਮਾ ਭਗਤੀ ਦੇ ਸਹਿਤ ਗੁਣਾਂ ਦੇ ਗਾਉਣ ਵਿਚ ਗੀਧੇ=ਤਦਾਕਾਰ ਰਹਿੰਦੇ ਹਨ, ਇਸ ਕਰਕੇ ਉਨ੍ਹਾਂ ਨੂੰ ਸੰਸਾਰ ਦਾ ਕੋਈ ਦੁੱਖ ਪੋਂਹਦਾ ਨਹੀਂ ਹੈ,

ਵਾ:-ਸੰਸਾਰੁ=ਜਨਮ ਮਰਨ ਵਿਆਪਦਾ ਨਹੀਂ ਹੈ॥ ੧ ॥ ਰਹਾਉ ॥

ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ ॥

ਸ੍ਰਵਣੀ=ਕੰਨਾਂ ਨਾਲ ਪ੍ਰਭੂ ਦਾ ਕੀਰਤਨ ਸੁਨਣਾ, ਰਸਨਾ ਨਾਲ ਸੁਆਮੀ ਦਾ ਸਿਮਰਨ ਕਰਨਾ, ਏਹੋ ਸਾਧੂਆਂ ਦਾ ਅਸਲ ਆਚਾਰੁ=ਕਰੱਤਬ ਹੈ।

ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ ॥ ੧ ॥

ਵਾਹਿਗੁਰੂ ਦੇ ਚਰਨ ਕਮਲਾਂ ਦਾ ਧਿਆਨ ਸੰਤਾਂ ਦੇ ਹਿਰਦੇ ਅੰਦਰ ਇਸਥਿਤ ਰਹਿੰਦਾ ਹੈ ਅਤੇ ਜੋ ਪ੍ਰਭੂ ਪ੍ਰਾਣਾਂ ਦਾ ਆਧਾਰੁ=ਆਸਰਾ ਰੂਪ ਹੈ, ਓਸੇ ਦੀ ਪੂਜਾ ਕਰਕੇ ਰਹਿੰਦੇ ਹਨ।

ਵਾ:-ਪ੍ਰਭੂ ਨੂੰ ਜਿਹੜਾ ਪ੍ਰਾਣਾਂ ਦਾ ਆਸਰਾ ਜਾਣਿਆਂ ਹੈ ਏਹੋ ਉਹਨਾਂ ਦੀ ਪੂਜਾ ਹੈ॥ ੧ ॥

ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ ਕਿਰਪਾ ਅਪਨੀ ਧਾਰੁ ॥

ਹੇ ਦੀਨ ਦਿਆਲ ਪ੍ਰਭੂ ! ਮੇਰੀ ਬੇਨਤੀ ਸੁਣੋ, ਮੇਰੇ 'ਪਰ ਆਪਣੀ ਅਜਿਹੀ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ। ਜੋ ਕਿ-

ਨਾਮੁ ਨਿਧਾਨੁ ਉਚਰਉ ਨਿਤ ਰਸਨਾ
ਨਾਨਕ ਸਦ ਬਲਿਹਾਰੁ ॥ ੨ ॥ ੭੦ ॥ ੯੩ ॥

ਰਸਨਾ ਨਾਲ ਨਿਤਾਪ੍ਰਤੀ ਨਿਧੀਆਂ ਦਾ ਖਜ਼ਾਨਾ ਜੋ ਨਾਮ ਹੈ, ਉਸ ਨੂੰ ਉਚਾਰਦਾ ਰਹਾਂ, ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਆਪ ਜੀ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨ ॥ ੭੦ ॥ ੯੩ ॥

ਸਾਰਗ ਮਹਲਾ ੫ ॥

ਹਰਿ ਕੇ ਨਾਮ ਹੀਨ ਮਤਿ ਥੋਰੀ ॥

ਜੋ ਪੁਰਸ਼ ਹਰੀ ਦੇ ਨਾਮ ਤੋਂ ਹੀਨ=ਰਹਿਤ ਹਨ, ਉਨ੍ਹਾਂ ਦੀ ਮਤਿ=ਅਕਲ ਤੁਛ ਹੈ।

ਸਿਮਰਤ ਨਾਹਿ ਸਿਰੀ ਧਰ ਠਾਕੁਰ
ਮਿਲਤ ਅੰਧ ਦੁਖ ਘੋਰੀ ॥ ੧ ॥ ਰਹਾਉ ॥

ਸਿਰੀ-ਧਰ=ਸੋਭਾ ਦੇ ਧਾਰਨ ਵਾਲੇ ਠਾਕੁਰ ਨੂੰ ਸਿਮਰਦੇ ਨਹੀਂ ਹਨ, ਇਸ ਕਰਕੇ ਉਨ੍ਹਾਂ ਅੰਨ੍ਹੇ ਅਗਿਆਨੀਆਂ ਨੂੰ ਘੋਰੀ=ਭਿਆਨਕ ਦੁੱਖ ਮਿਲਦਾ ਹੈ॥ ੧॥ ਰਹਾਉ॥

ਹਰਿ ਕੇ ਨਾਮ ਸਿਉ ਪ੍ਰੀਤਿ ਨ ਲਾਗੀ ਅਨਿਕ ਭੇਖ ਬਹੁ ਜੋਰੀ॥

ਜਿਸ ਦੀ ਹਰੀ ਦੇ ਨਾਮ ਨਾਲ ਪਰੀਤੀ ਲੱਗੀ ਨਹੀਂ ਹੈ ਅਤੇ ਅਨੇਕ ਪ੍ਰਕਾਰ ਦੇ ਭੇਖਾਂ ਨਾਲ ਬਹੁਤ ਸਾਰੀ ਪਰੀਤੀ ਜੋੜੀ ਹੈ।

ਤੂਟਤ ਬਾਰ ਨ ਲਾਗੈ ਤਾ ਕਉ ਜਿਉ ਗਾਗਰਿ ਜਲ ਫੋਰੀ॥ ੧॥

ਉਸ ਨੂੰ ਟੁੱਟਦਿਆਂ, ਭਾਵ ਮਰਦਿਆਂ ਕੋਈ ਬਾਰ=ਦੇਰ ਨਹੀਂ ਲੱਗਦੀ, ਜਿਵੇਂ ਫੋਰੀ=ਟੁੱਟੀ ਹੋਈ ਗਾਗਰ ਵਿਚੋਂ ਪਾਣੀ ਡਿੱਗਦਿਆਂ ਦੇਰ ਨਹੀਂ ਲੱਗਦੀ ॥ ੧॥ ਬੇਨਤੀ ਕਰੋ-

ਕਰਿ ਕਿਰਪਾ ਭਗਤਿ ਰਸੁ ਦੀਜੈ ਮਨੁ ਖਚਿਤ ਪ੍ਰੇਮ ਰਸ ਖੋਰੀ॥

ਹੇ ਪ੍ਰਭੂ ! ਕਿਰਪਾ ਦ੍ਰਿਸ਼ਟੀ ਕਰਕੇ ਭਗਤੀ ਰਸ ਦੇਣਾ ਕਰ, ਜਿਸ 'ਤੇ ਮੇਰਾ ਮਨ ਪ੍ਰੇਮ ਰਸ ਰੂਪੀ ਖੁਡ ਵਿਚ ਖਚਿਤ=ਤਦਾਕਾਰ ਹੋ ਜਾਵੇ।

ਨਾਨਕ ਦਾਸ ਤੇਰੀ ਸਰਣਾਈ ਪ੍ਰਭ ਬਿਨੁ ਆਨ ਨ ਹੋਰੀ॥੨॥੭੧॥੯੪॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਤੇਰੀ ਸ਼ਰਨ ਵਿਚ ਆਇਆ ਹਾਂ ਕਿਉਂਕਿ ਹੇ ਪ੍ਰਭੂ! ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਹੋਰ ਕਿਸੇ ਅਸਥਾਨ 'ਪਰ ਸਹਾਇਤਾ ਨਹੀਂ ਕਰ ਸਕਦਾ ॥ ੨॥ ੭੧॥ ੯੪॥

ਸਾਰਗ ਮਹਲਾ ੫॥

ਚਿਤਵਉ ਵਾ ਅਉਸਰ ਮਨ ਮਾਹਿ॥

ਵਾ ਅਉਸਰ=ਉਸ ਸਮੇਂ ਨੂੰ ਮੈਂ ਆਪਣੇ ਮਨ ਵਿਚ ਚਿਤਵਉ=ਚਿਤਵਦਾ ਹਾਂ, ਲੋਚਦਾ ਹਾਂ (ਚਾਹੁੰਦਾ) ਹਾਂ।

ਹੋਇ ਇਕਤ੍ਰ ਮਿਲਹੁ ਸੰਤ ਸਾਜਨ ਗੁਣ ਗੋਬਿੰਦ ਨਿਤ ਗਾਹਿ॥੧॥ਰਹਾਉ॥

ਜਿਸ ਸਮੇਂ ਸੱਜਣ, ਸੰਤ ਇਕਤ੍ਰ ਹੋਣ ਤੇ ਮੈਂ ਉਨ੍ਹਾਂ ਨਾਲ ਮਿਲ ਕੇ ਨਿਤਾਪ੍ਰਤੀ ਗੋਬਿੰਦ ਦੇ ਗੁਣ ਗਾਉਣਾ ਕਰਾਂ॥ ੧॥ ਰਹਾਉ॥

ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ॥

ਹਰੀ ਸਿਮਰਨ ਤੋਂ ਬਿਨਾਂ ਜਿੰਨੇ ਕੰਮ (ਕਰਮ) ਕਰੀਦੇ ਹਨ, ਉਤਨੇ ਉਹ ਸਾਰੇ ਹੀ ਬਿਰਥੇ=ਵਿਅਰਥ ਜਾਂਦੇ ਹਨ।

ਪੂਰਨ ਪਰਮਾਨੰਦ ਮਨਿ ਮੀਠੋ ਤਿਸੁ ਬਿਨੁ ਦੂਸਰ ਨਾਹਿ॥ ੧॥

ਸਾਰਿਆਂ ਵਿਚ ਪੂਰਨ ਜੋ ਪਰਮ ਅਨੰਦ ਸਰੂਪ ਪਰਮੇਸ਼ਰ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਮਨ ਵਿਚ ਮਿੱਠਾ ਲੱਗਦਾ ਨਹੀਂ ਹੈ।

ਅਥਵਾ:-ਪੂਰਨ ਪਰਮਾਨੰਦ ਜੋ ਮਨ ਦਾ ਮੀਠੋ=ਪਿਆਰਾ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ॥ ੧॥

ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ॥

ਜਪ ਤਪ ਸੰਜਮ ਆਦਿਕ ਜੋ ਭੀ ਸਾਧਨ ਹਨ ਅਤੇ ਸੁਖਾਂ ਦੇ ਸਾਧਨ ਜਿੰਨੇ ਕੁ ਕਰਮ ਹਨ, ਉਹ ਨਾਮ ਦੇ ਤੁਲਿ=ਬਰਾਬਰ ਕੁਝ ਭੀ ਨਹੀਂ ਲੱਗ ਸਕਦੇ।

ਚਰਨ ਕਮਲ ਨਾਨਕ ਮਨੁ ਬੇਧਿਓ
ਚਰਨਹ ਸੰਗਿ ਸਮਾਹਿ॥ ੨॥ ੭੨॥ ੯੫॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਚਰਨ ਕਮਲਾਂ ਨਾਲ, ਜਿਸ ਦਾ ਮਨ ਰੂਪੀ ਭੌਰਾ ਬੇਧਿਓ=ਵਿੰਨ੍ਹਿਆ ਗਿਆ ਹੈ, ਉਸ ਨੂੰ ਚਰਨਾਂ ਦੇ ਸੰਗ ਕਰਕੇ ਹੀ ਸਮਾਹਿ=ਸਮਾਹੜਾ (ਅਨੰਦ) ਹੋਇਆ ਹੈ।

ਵਾ:- ਚਰਨਹ=ਵੇਦਾਂ ਕਰਕੇ ਪ੍ਰਤਿਪਾਦਯ ਜੋ ਪਰਮੇਸ਼ਰ ਹੈ, ਉਸ ਦੇ ਨਾਲ ਸਮਾਹਿ=ਅਭੇਦ ਹੁੰਦਾ ਹੈ॥ ੨॥ ੭੨॥ ੯੫॥

ਸਾਰਗ ਮਹਲਾ ੫॥
ਮੇਰਾ ਪ੍ਰਭੁ ਸੰਗੇ ਅੰਤਰਜਾਮੀ॥

ਅੰਤਰਜਾਮੀ ਪਰਮਾਤਮਾ ਮੇਰਾ ਪ੍ਰਭੂ=ਰੱਖਕ ਹੈ ਅਤੇ ਮੇਰੇ ਅੰਗ ਸੰਗ ਰਹਿੰਦਾ ਹੈ।

ਆਗੈ ਕੁਸਲ ਪਾਛੈ ਖੇਮ ਸੂਖਾ ਸਿਮਰਤ ਨਾਮੁ ਸੁਆਮੀ॥ ੧॥ ਰਹਾਉ॥

ਸੁਆਮੀ ਪਰਮਾਤਮਾ ਦੇ ਨਾਮ ਸਿਮਰਨੇ ਕਰਕੇ ਆਗੈ=ਪ੍ਰਲੋਕ ਵਿਚ, ਕੁਸਲ=ਸੁਖ ਹੁੰਦਾ ਹੈ ਤੇ ਪਾਛੈ=ਇਸ ਲੋਕ ਵਿਚ ਭੀ ਸੁਖ ਤੇ ਖੇਮ=ਰੱਖਿਆ ਹੁੰਦੀ ਹੈ॥ ੧॥ ਰਹਾਉ॥

[ਪੰਨਾ ੧੨੨੩]

ਸਾਜਨ ਮੀਤ ਸਖਾ ਹਰਿ ਮੇਰੈ ਗੁਨ ਗੋਪਾਲ ਹਰਿ ਰਾਇਆ॥

ਹਰੀ ਹੀ ਮੇਰਾ ਸੱਜਣ ਤੇ ਪਿਆਰਾ ਮਿੱਤਰ ਹੈ,

ਵਾ:-ਸੱਜਣ ਇਸ ਲੋਕ ਦਾ, ਮਿੱਤਰ ਪ੍ਰਲੋਕ ਦਾ, ਸਖਾ ਹੈ ਅੰਤ ਸਮੇਂ ਪ੍ਰਾਣਾਂ ਦੇ ਵਿਜੋਗ ਕਾਲ ਦਾ, ਇਸ ਲਈ ਗੋ-ਪਾਲ=ਪ੍ਰਿਥਵੀ ਪਾਲਕ ਹਰੀ ਰਾਜੇ ਦੇ ਗੁਣਾਂ ਨੂੰ ਮੈਂ ਗਾਉਂਦਾ ਹਾਂ।

ਬਿਸਰਿ ਨ ਜਾਈ ਨਿਮਖ ਹਿਰਦੈ ਤੇ ਪੂਰੈ ਗੁਰੂ ਮਿਲਾਇਆ॥ ੧॥

ਮੇਰੇ ਹਿਰਦੇ ਵਿਚੋਂ ਇਕ ਨਿਮਖ ਮਾਤ੍ਰ ਭੀ ਭੁਲਦਾ ਨਹੀਂ ਹੈ, ਪੂਰਿਆਂ ਗੁਰਾਂ ਨੇ ਮੈਨੂੰ ਉਸ ਹਰੀ ਨਾਲ ਮਿਲਾਇਆ ਹੈ॥ ੧॥

ਕਰਿ ਕਿਰਪਾ ਰਾਖੇ ਦਾਸ ਅਪਨੇ ਜੀਅ ਜੰਤ ਵਸਿ ਜਾ ਕੈ॥

ਜਿਸ ਪ੍ਰਭੂ ਦੇ ਵਸ ਵਿਚ ਜੀਆ ਜੰਤ ਹਨ, ਉਸ ਨੇ ਆਪਣੇ ਦਾਸ ਕਿਰਪਾ ਦ੍ਰਿਸ਼ਟੀ ਕਰਕੇ ਰੱਖ ਲਏ ਹਨ।

ਏਕਾ ਲਿਵ ਪੂਰਨ ਪਰਮੇਸੁਰ ਭਉ ਨਹੀ ਨਾਨਕ ਤਾ ਕੈ॥ ੨॥ ੭੩॥ ੯੬॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪੁਰਸ਼ ਨੇ ਇਕ ਪੂਰਨ ਪਰਮੇਸ਼ਰ ਵਿਚ ਲਿਵ ਲਗਾਈ ਹੈ, ਉਸ ਦੇ ਮਨ ਵਿਚ ਕੋਈ ਜਮਾਂ ਦਾ ਡਰ ਨਹੀਂ ਹੈ॥ ੨॥ ੭੩॥ ੯੬॥

ਸਾਰਗ ਮਹਲਾ ੫ ॥

ਜਾ ਕੈ ਰਾਮ ਕੋ ਬਲੁ ਹੋਇ ॥

ਜਾ ਕੈ=ਜਿਸ ਪੁਰਸ਼ ਤਾਈਂ ਰਾਮ ਪ੍ਰਭੂ ਦਾ ਦਿੱਤਾ ਹੋਇਆ ਬਲ ਪਰਾਪਤ ਹੁੰਦਾ ਹੈ।

ਸਗਲ ਮਨੋਰਥ ਪੂਰਨ ਤਾਹੂ ਕੇ ਦੂਖੁ ਨ ਬਿਆਪੈ ਕੋਇ ॥ ੧ ॥ ਰਹਾਉ ॥

ਉਸ ਦੇ ਸਾਰੇ ਮਨੋਰਥ=ਸੰਕਲਪ ਪੂਰਨ ਹਨ, ਉਸ ਨੂੰ ਕੋਈ ਕਿਸੇ ਕਿਸਮ ਦਾ ਦੁੱਖ ਵਿਆਪਦਾ ਨਹੀਂ ਹੈ॥ ੧ ॥ ਰਹਾਉ ॥

ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ ॥

ਜੇਹੜਾ ਪੁਰਸ਼ ਆਪਣੇ ਪ੍ਰਭੂ ਦਾ ਭਗਤ ਦਾਸ ਹੈ, ਉਸ ਦੀ ਸੋਇ=ਸੋਭਾ ਨੂੰ ਸੁਣ ਕੇ ਮੈਂ ਜੀਉਂਦਾ ਹਾਂ।

ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤਿ ਹੋਇ ॥ ੧ ॥

ਉਸ ਭਗਤ ਦੇ ਦਰਸ਼ਨ ਕਰਨ ਦਾ ਮੈਂ ਉਦਮ ਕਰਦਾ ਹਾਂ, ਪਰ ਉਹ ਦਰਸ਼ਨ ਚੰਗਿਆਂ ਭਾਗਾਂ ਨਾਲ ਪਰਾਪਤ ਹੁੰਦਾ ਹੈ॥ ੧ ॥

ਗੁਰਪਰਸਾਦੀ ਦ੍ਰਿਸਟਿ ਨਿਹਾਰਉ ਦੂਸਰ ਨਾਹੀ ਕੋਈ ॥

ਗੁਰਾਂ ਦੀ ਕਿਰਪਾ ਨਾਲ ਦ੍ਰਿਸਟਿ=ਅੱਖੀਂ ਵੇਖਦਾ ਹਾਂ ਕਿ ਉਸ ਵਰਗਾ ਹੋਰ ਕੋਈ ਦੂਜਾ ਨਹੀਂ ਹੈ।

ਉਸ ਅੱਗੇ ਐਸੇ ਬੇਨਤੀ ਕਰੋ-

ਦਾਨੁ ਦੇਹਿ ਨਾਨਕ ਅਪਨੇ ਕਉ ਚਰਨ ਜੀਵਾਂ ਸੰਤ ਧੋਇ ॥੨ ॥੭੪ ॥੯੭ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਆਪਣੇ ਦਾਸ ਨੂੰ ਏਹ ਦਾਨ ਦੇਣਾ ਕਰੋ ਕਿ ਸੰਤਾਂ ਦੇ ਚਰਨ ਧੋ. ਕੇ ਜੀਊਣਾ ਕਰਾਂ, ਭਾਵ ਜਿੰਨਾ ਚਿਰ ਜੀਉਂਦਾ ਰਹਾਂ ਉਤਨਾ ਚਿਰ ਸੰਤਾਂ ਦੇ ਚਰਨ ਧੋਂਦਾ ਰਹਾਂ॥ ੨ ॥ ੭੪ ॥ ੯੭ ॥

ਸਾਰਗ ਮਹਲਾ ੫ ॥

ਜੀਵਤੁ ਰਾਮ ਕੇ ਗੁਣ ਗਾਇ ॥

ਹੇ ਰਾਮ ! ਆਪ ਜੀ ਦੇ ਗੁਣ ਗਾ ਕੇ ਮੈਂ ਜੀਉਂਦਾ ਹਾਂ,

ਵਾ:- ਜੀਵਤ ਰੂਪ ਰਾਮ ਦੇ ਗੁਣ ਗਾਉਣਾ ਕਰ।

ਕਰਹੁ ਕ੍ਰਿਪਾ ਗੋਪਾਲ ਬੀਠੁਲੇ ਬਿਸਰਿ ਨ ਕਬਹੀ ਜਾਇ ॥ ੧ ॥ ਰਹਾਉ ॥

ਹੇ ਬੀਠੁਲੇ=ਸੰਸਾਰ ਦੀ ਉਤਪਤੀ, ਪਾਲਣਾ, ਲੈਤਾ ਕਰਨ ਵਾਲੇ, ਗੋਪਾਲ=ਪ੍ਰਿਥਵੀ ਦੇ ਪਾਲਕ ਪ੍ਰਭੂ ਆਪ ਅਜੇਹੀ ਕਿਰਪਾ ਦ੍ਰਿਸ਼ਟੀ ਕਰੋ ਜੋ ਆਪ ਜੀ ਦਾ ਨਾਮ ਕਦੇ ਭੁਲ ਨਾ ਜਾਵੇ॥ ੧ ॥ ਰਹਾਉ ॥

ਮਨੁ ਤਨੁ ਧਨੁ ਸਭੁ ਤੁਮਰਾ ਸੁਆਮੀ ਆਨ ਨ ਦੂਜੀ ਜਾਇ ॥

ਹੇ ਸ੍ਵਾਮੀ ! ਮਨ, ਤਨ ਅਤੇ ਧਨ ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈਂ, ਆਪ ਜੀ ਤੋਂ ਬਿਨਾਂ ਆਨ=ਹੋਰ ਕੋਈ ਦੂਜੀ ਜਗ੍ਹਾ ਨਹੀਂ ਹੈ।

ਜਿਉ ਤੂ ਰਾਖਹਿ ਤਿਵ ਹੀ ਰਹਣਾ ਤੁਮ੍ਰਾ ਪੈਨ੍ਹੈ ਖਾਇ॥ ੧॥

ਜਿਵੇਂ ਤੂੰ ਰੱਖਦਾ ਹੈਂ, ਤਿਵੇਂ ਸਾਡਾ ਰਹਿਣਾ ਹੁੰਦਾ ਹੈ, ਆਪ ਜੀ ਦਾ ਦਿੱਤਾ ਹੋਇਆ ਬਸਤ੍ਰ ਪਹਿਰਦੇ ਹਾਂ, ਆਪ ਜੀ ਦਾ ਦਿੱਤਾ ਹੋਇਆ ਭੋਜਨ ਖਾਂਦੇ ਹਾਂ॥ ੧॥

ਸਾਧ ਸੰਗਤਿ ਕੈ ਬਲਿ ਬਲਿ ਜਾਈ ਬਹੁੜਿ ਨ ਜਨਮਾ ਧਾਇ॥

ਸਾਧ ਸੰਗਤ ਤੋਂ ਮੈਂ ਵਾਰੰਵਾਰ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਦੀ ਕ੍ਰਿਪਾ ਨਾਲ ਫਿਰ ਮੈਂ ਜਨਮ ਮਰਨ ਵਿਚ ਨਹੀਂ ਦੌੜਾਂਗਾ।

ਨਾਨਕ ਦਾਸ ਤੇਰੀ ਸਰਣਾਈ
ਜਿਉ ਭਾਵੈ ਤਿਵੈ ਚਲਾਇ॥ ੨॥ ੭੫॥ ੯੬॥

ਗੁਰੂ ਜੀ ਕਥਨ ਕਰਦੇ ਹਨ-ਮੈਂ ਦਾਸ ਨੇ ਤੇਰੀ ਸ਼ਰਨ ਵਿਚ ਆਉਣਾ ਕੀਤਾ ਹੈ, ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਤਿਵੇਂ ਤੂੰ ਜੀਵਾਂ ਨੂੰ ਚਲਾਉਂਦਾ ਹੈਂ,

ਵਾ:- ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਤਿਵੇਂ ਤੂੰ ਮੈਨੂੰ ਚਲਾਣਾ ਕਰ॥ ੨॥ ੭੫॥ ੯੬॥

ਸਾਰਗ ਮਹਲਾ ੫॥

ਮਨ ਰੇ ਨਾਮ ਕੋ ਸੁਖ ਸਾਰ॥

ਹੇ ਮਨ ! ਸੁਖ ਸਰੂਪ ਨਾਮ ਨੂੰ ਸਾਰ=ਸੰਭਾਲਨਾ ਕਰ,

ਅਥਵਾ:-ਹੇ ਮਨ ! ਨਾਮ ਨੂੰ ਜਪਣੇ ਕਰਕੇ ਸਾਰ=ਸ੍ਰੇਸ਼ਟ ਸੁਖ ਹੁੰਦਾ ਹੈ। ਨਾਮ ਤੋਂ ਬਿਨਾਂ-

ਆਨ ਕਾਮ ਬਿਕਾਰ ਮਾਇਆ ਸਗਲ ਦੀਸਹਿ ਛਾਰ॥ ੧॥ ਰਹਾਉ॥

ਹੋਰ ਜਿੰਨੇ ਕੰਮ ਹੈਨ ਏਹ ਮਾਇਆ ਦੇ ਵਿਕਾਰ ਹਨ ਅਤੇ ਸਾਰੇ ਸੁਆਹ ਰੂਪ (ਮਿਥਿਆ) ਨਿਗਾਹ ਆਉਂਦੇ ਹਨ, ਵਾ:-ਜੋ ਭੀ ਪਦਾਰਥ ਨਿਗਾਹ ਆਉਂਦੇ ਹਨ, ਉਹ ਸਾਰੇ ਸੁਆਹ ਰੂਪ ਹਨ॥ ੧॥ ਰਹਾਉ॥

ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ॥

ਇਹ ਪ੍ਰਾਣੀ ਗ੍ਰਿਹਸਥ ਰੂਪ ਅੰਨ੍ਹੇ ਖੂਹ ਵਿਚ ਪਤਿਤ=ਡਿੱਗਾ ਪਿਆ ਹੈ, ਫਿਰ ਘੋਰ=ਭਿਆਨਕ, ਗੁਬਾਰ= ਅੰਨ੍ਹੇ ਨਰਕ ਮਾਂ ਦੇ ਗਰਭ ਵਿਚ ਪੈਂਦਾ ਹੈ।

ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰਬਾਰ॥ ੧॥

ਮੈਂ ਅਨੇਕ ਜੂਨੀਆਂ ਵਿਚ ਭਉਂਦਾ ਹਾਰ ਗਿਆ ਹਾਂ, ਪਰ ਮਨ ਅਜੇ ਵੀ ਵਾਰੰਵਾਰ ਵਿਕਾਰਾਂ ਵਿਚ ਅਤੇ ਸੰਕਲਪਾਂ ਵਿਚ ਭਉਂਦਾ ਫਿਰਦਾ ਹੈ॥ ੧॥

ਪਤਿਤ ਪਾਵਨ ਭਗਤਿ ਬਛਲ ਦੀਨ ਕਿਰਪਾ ਧਾਰ॥

ਹੇ ਪਤਿਤ ਪਾਵਨ ਭਗਤਾਂ ਦੇ ਬਛਲ=ਪਿਆਰੇ ਪ੍ਰਭੂ! ਮੈਂ ਦੀਨ=ਗਰੀਬ ਉੱਤੇ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ।

ਕਰ ਜੋੜਿ ਨਾਨਕੁ ਦਾਨੁ ਮਾਂਗੈ ਸਾਧ ਸੰਗਿ ਉਧਾਰ॥ ੨॥ ੭੬॥ ੯੯॥

ਗੁਰੂ ਜੀ ਕਥਨ ਕਰਦੇ ਹਨ-ਕਰ=ਹੱਥ ਜੋੜ ਕੇ ਦਾਸ ਏਹੋ ਦਾਨ ਮੰਗਦਾ ਹੈ ਕਿ ਸੰਤਾਂ ਦੀ ਸੰਗਤ ਵਿਚ ਮੇਲ ਕੇ ਮੈਨੂੰ ਸੰਸਾਰ ਸਮੁੰਦਰ ਤੋਂ ਤਾਰ ਲੈ॥ ੨॥ ੭੬॥ ੯੯॥

ਸਾਰਗ ਮਹਲਾ ੫॥

ਬਿਰਾਜਿਤ ਰਾਮ ਕੋ ਪਰਤਾਪ॥

ਸਾਡੇ ਹਿਰਦੇ ਵਿਚ ਇਕ ਰਾਮ ਦਾ ਹੀ ਪਰਤਾਪ ਬਿਰਾਜ ਰਿਹਾ ਹੈ,

ਵਾ:-ਜਿਸ ਵੇਲੇ ਸਾਰੇ ਸੰਸਾਰ ਵਿਚ ਰਾਮ ਦਾ ਪਰਤਾਪ ਬਿਰਾਜ ਰਿਹਾ ਨਿਸਚੇ ਕੀਤਾ। ਤਾਂ-

ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ॥ ੧॥ ਰਹਾਉ॥

ਆਧਿ, ਬਿਆਧਿ, ਉਪਾਧਿ ਰੂਪ ਤਿੰਨੇ ਤਾਪ ਬਿਨਸ ਗਏ ਅਤੇ ਸਾਰੀ ਪੀੜਾ,

ਵਾ:-ਤ੍ਰਿਸ਼ਨਾ ਭੀ ਨੱਸ ਗਈ । ਅਥਵਾ:-ਜਿਸ ਕਰਕੇ ਸਾਰੀ ਸ੍ਰਿਸ਼ਟੀ ਨਾਸ ਹੋ ਰਹੀ ਸੀ, ਉਹ ਆਧਿ, ਬਿਆਧਿ, ਉਪਾਧਿ ਰੂਪ ਤਿੰਨੇ ਤਾਪ ਬਿਨਸ ਗਏ ॥ ੧॥ ਰਹਾਉ॥

ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ॥

ਤ੍ਰਿਸ਼ਨਾ ਰੂਪ ਅੱਗ ਦੇ ਬੁਝਣ ਕਰਕੇ ਸਾਰੀ ਆਸਾ ਪੂਰਨ ਹੋ ਗਈ ਹੈ ਅਤੇ ਸੋਗ ਸੰਤਾਪ ਭੀ ਚੂਕੇ=ਨਵਿਰਤ ਹੋ ਗਏ ਹਨ।

ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ॥ ੧॥

ਅਚੁਤ=ਅਗਿੜ ਅਬਿਨਾਸ਼ੀ ਦੇ ਗੁਣ ਗਾਉਣ ਕਰਕੇ ਆਤਮ ਗਿਆਨ ਨੂੰ ਪਾ ਕੇ ਮਨ ਤਨ ਪਦਾਰਥਾਂ ਵਲੋਂ ਧ੍ਰਾਪ=ਰੱਜ ਗਿਆ ਹੈ। ਵਾ:-ਮਨ ਭੀ ਤੇ ਤਨ=ਨਾਲੇ ਮਿਥਿਆ, ਆਤਮ=ਸਰੀਰ ਦੋਵੇਂ ਧ੍ਰਾਪ=ਰੱਜ ਗਏ॥ ੧॥

ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ॥

ਸੰਤਾਂ ਦੇ ਸਤਸੰਗ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਮਦ=ਹੰਕਾਰ ਤੇ ਮਤਸਰ=ਈਰਖਾ ਇਹ ਸਾਰੇ ਹੀ ਖਾਪ=ਨਸ਼ਟ ਹੋ ਗਏ।

ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ॥ ੨॥ ੭੭॥ ੧੦੦॥

ਗੁਰੂ ਜੀ ਕਥਨ ਕਰਦੇ ਹਨ-ਭਗਤਾਂ ਦਾ ਪਿਆਰਾ ਤੇ ਭੈ ਦੇ ਕੱਟਣ ਵਾਲਾ ਜੋ ਪ੍ਰਭੂ ਹੈ, ਓਹੀ ਮੈਂ ਦਾਸ ਦਾ ਮਾਂ, ਪਿਓ ਰੂਪ ਹੈ॥ ੨॥ ੭੭॥ ੧੦੦॥

ਸਾਰਗ ਮਹਲਾ ੫॥

ਆਤੁਰੁ ਨਾਮ ਬਿਨੁ ਸੰਸਾਰ॥

ਹਰੀ ਨਾਮ ਤੋਂ ਬਿਨਾਂ ਸਾਰਾ ਸੰਸਾਰ ਆਤੁਰੁ=ਦੁੱਖੀ ਰਹਿੰਦਾ ਹੈ।

ਅਥਵਾ:-ਸੰਸਾਰ ਵਿਚ ਨਾਮ ਤੋਂ ਬਿਨਾਂ ਇਹ ਜੀਵ ਦੁੱਖੀ ਰਹਿੰਦਾ ਹੈ। ਕਿਉਂਕਿ-

ਤ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ ॥੧ ॥ਰਹਾਉ ॥

ਆਸਾ ਰੂਪ ਕੂਕਰੀ=ਕੁੱਤੀ ਕਦੇ ਤ੍ਰਿਪਤ ਨਹੀਂ ਹੁੰਦੀ,

ਅਥਵਾ:-ਕੂਕਰੀ=ਇੰਦ੍ਰੀਆਂ ਦੀ ਆਸਾ ਕਰਕੇ ਇਹ ਜੀਵ ਤ੍ਰਿਪਤ ਨਹੀਂ ਹੁੰਦਾ, ਇਤੁ=ਇਸ ਆਸਾ ਕਰਕੇ ਜੀਵ ਖੇਹ ਰੂਪ ਵਿਸ਼ਿਆਂ ਵਿਚ ਲੱਗਾ ਰਹਿੰਦਾ ਹੈ॥ ੧ ॥ ਰਹਾਉ ॥

ਪਾਇ ਠਗਉਰੀ ਆਪਿ ਭੁਲਾਇਓ ਜਨਮਤ ਬਾਰੋਬਾਰ ॥

ਮਾਇਆ ਰੂਪੀ ਜਾਂ ਮੋਹ ਰੂਪੀ ਠੱਗ ਬੂਟੀ ਪਾ ਕੇ ਪ੍ਰਭੂ ਨੇ ਆਪਣੇ ਵਲੋਂ ਜੀਵ ਨੂੰ ਭੁਲਾ ਦਿੱਤਾ ਹੈ, ਇਸ ਲਈ ਇਹ ਜੀਵ ਬਾਰੋਬਾਰ=ਮੁੜ ਮੁੜ ਕੇ ਜੰਮਦਾ ਮਰਦਾ ਹੈ।

ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ ਜਮ ਕੰਕਰ ਕਰਤ ਖੁਆਰ ॥ ੧ ॥

ਜਿਸ ਪੁਰਸ਼ ਨੇ ਹਰੀ ਦਾ ਸਿਮਰਨ ਇਕ ਨਿਮਖ ਮਾਤ੍ਰ ਭੀ ਨਹੀਂ ਸਿਮਰਿਆ, ਉਸ ਨੂੰ ਅੰਤ ਵੇਲੇ ਜਮਦੂਤ ਖੁਆਰ=ਖਰਾਬ ਕਰਦੇ ਹਨ॥ ੧ ॥

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਤੇਰਿਆ ਸੰਤਹ ਕੀ ਗਾਵਾਰ ॥

ਹੇ ਦੀਨਾਂ ਦੇ ਦੁੱਖ ਭੰਜਨੇ ਵਾਲੇ ਪ੍ਰਭੂ ! ਮੇਰੇ 'ਪਰ ਕ੍ਰਿਪਾਲੂ ਹੋਈਏ, ਮੈਂ ਆਪ ਜੀ ਦੇ ਸੰਤਾਂ ਦੀ ਚਰਨ ਧੂੜੀ ਨੂੰ ਚਾਹੁੰਦਾ ਹਾਂ।

[ਪੰਨਾ ੧੨੨੪]

ਨਾਨਕ ਦਾਸੁ ਦਰਸੁ ਪ੍ਰਭ ਜਾਚੈ ਮਨ ਤਨ ਕੋ ਆਧਾਰ ॥ ੨ ॥ ੭੮ ॥ ੧੦੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਂ ਦਾਸ ਤੇਰੇ ਪਾਸੋਂ ਇਕ ਦਰਸ਼ਨ ਹੀ ਮੰਗਦਾ ਹਾਂ, ਜੋ ਮੇਰੇ ਮਨ ਤਨ ਦਾ ਆਧਾਰ=ਆਸਰਾ ਰੂਪ ਹੈ॥ ੨ ॥ ੭੮ ॥ ੧੦੧ ॥

ਸਾਰਗ ਮਹਲਾ ੫ ॥

ਮੈਲਾ ਹਰਿ ਕੇ ਨਾਮ ਬਿਨੁ ਜੀਉ ॥

ਹਰੀ ਦੇ ਨਾਮ ਸਿਮਰਨ ਤੋਂ ਬਿਨਾਂ ਇਹ ਜੀਵ ਮੈਲਾ ਹੋ ਰਿਹਾ ਹੈ।

ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ
ਬਿਖੈ ਠਗਉਰੀ ਪੀਉ ॥ ੧ ॥ ਰਹਾਉ ॥

ਵਿਸ਼ਿਆਂ ਰੂਪੀ ਠੱਗ ਬੂਟੀ ਪਿਲਾ ਕੇ, ਉਸ ਸੱਚੇ ਪ੍ਰਭੂ ਨੇ ਆਪ ਹੀ ਕਰਮਾਂ ਅਨੁਸਾਰ ਇਸ ਜੀਵ ਨੂੰ ਭੁਲਾ ਦਿੱਤਾ ਹੈ॥ ੧ ॥ ਰਹਾਉ ॥

ਕੋਟਿ ਜਨਮ ਭ੍ਰਮਤੋ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ ॥

ਬਹੁਤ ਤਰ੍ਹਾਂ ਦੇ ਕ੍ਰੋੜਾਂ ਜਨਮਾਂ ਵਿਚ ਭੌਂਦਿਆਂ ਕਿਧਰੇ ਭੀ ਜੀਵ ਨੇ ਇਸਥਿਤੀ ਨਹੀਂ ਪਾਈ।

ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥ ੧ ॥

ਸਹਜਿ=ਗਿਆਨਵਾਨ ਪੂਰਾ ਸਤਿਗੁਰੂ ਜਿਸ ਨੂੰ ਨਹੀਂ ਮਿਲਿਆ, ਉਹ ਸਾਕਤ ਪੁਰਸ਼ ਆਵੈ

ਜਾਈ=ਜੰਮਦਾ ਮਰਦਾ ਰਹਿੰਦਾ ਹੈ॥ ੧॥

ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ ਤੁਮ ਪ੍ਰਭ ਅਗਮ ਅਪਾਰ॥

ਹੇ ਸਰਬ ਜੀਵਾਂ ਦੇ ਦਾਤੇ ਸਰਬ ਕਲਾ ਸਮਰੱਥ ਪ੍ਰਭੂ ! ਮੈਨੂੰ ਆਪਣੀ ਸ਼ਰਨ ਵਿਚ ਰੱਖ ਲਓ, ਹੇ ਪ੍ਰਭੂ ! ਆਪ ਮਨ, ਬਾਣੀ ਕਰਕੇ ਅਗਮ ਅਪਾਰ ਹੋ।

ਨਾਨਕ ਦਾਸ ਤੇਰੀ ਸਰਣਾਈ ਭਵਜਲੁ ਉਤਰਿਓ ਪਾਰ॥੨॥੭੯॥੧੦੨॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਦਾਸਾ ਭਾਵ ਨਾਲ ਆਪ ਜੀ ਦੀ ਸ਼ਰਨ ਵਿਚ ਆਇਆ ਹੈ, ਉਹ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਿਆ ਹੈ॥ ੨॥ ੭੯॥ ੧੦੨॥

ਸਾਰਗ ਮਹਲਾ ੫॥

ਰਮਣ ਕਉ ਰਾਮ ਕੇ ਗੁਣ ਬਾਦ॥

ਜੀਵ ਦੇ ਰਮਣ=ਉਚਾਰਨੇ ਨੂੰ ਰਾਮ ਦੇ ਗੁਣਾਨੁਵਾਦ ਹੀ ਸ੍ਰੇਸ਼ਟ ਹਨ।

ਸਾਧ ਸੰਗਿ ਧਿਆਈਐ ਪਰਮੇਸਰੁ ਅੰਮ੍ਰਿਤ ਜਾ ਕੇ ਸੁਆਦ॥ ੧॥ ਰਹਾਉ॥

ਸੰਤਾਂ ਤੇ ਸਤਸੰਗ ਵਿਚ ਪਰਮੇਸ਼ਰ ਨੂੰ ਧਿਆਉਣਾ ਕਰੀਏ, ਜਿਸ ਪਰਮੇਸ਼ਰ ਦੇ ਗੁਣਾਂ ਦਾ ਸੁਆਦ ਅੰਮ੍ਰਿਤ ਸਮਾਨ ਹੈ॥ ੧॥ ਰਹਾਉ॥

ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ॥

ਇਕ ਅਚੁਤ=ਅਗਿਜ਼ ਅਬਿਨਾਸੀ ਦੇ ਸਿਮਰਨੇ ਕਰਕੇ, ਮਾਇਆ ਦੇ ਮਦ ਆਦਿਕ ਸਾਰੇ ਵਿਕਾਰ ਬਿਨਸ ਜਾਂਦੇ ਹਨ।

ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ॥ ੧॥

ਅਨਹਦ=ਇਕ ਰਸ ਗੁਰਾਂ ਦੀ ਉਪਦੇਸ਼ ਬਾਣੀ, ਧੁਨਿ=ਉਚਾਰਨ ਤੇ ਸਹਜ, ਅਨਦ=ਗਿਆਨਾ ਨੰਦ ਪਰਾਪਤ ਹੁੰਦਾ ਹੈ, ਜਿਸ ਗਿਆਨ ਕਰਕੇ ਬਹੁਰਿ=ਮੁੜ ਕੇ, ਬਿਖਾਦ=ਦੁੱਖ ਪ੍ਰਾਪਤ ਨਹੀਂ ਹੁੰਦੇ ॥ ੧॥

ਸਨਕਾਦਿਕ ਬ੍ਰਹਮਾਦਿਕ ਗਾਵਤ ਗਾਵਤ ਸੁਕ ਪ੍ਰਹਿਲਾਦ॥

ਜਿਸ ਪ੍ਰਭੂ ਨੂੰ ਸਨਕ, ਸਨੰਦਨ ਵਰਗੇ ਸਤਸੰਗੀ, ਬ੍ਰਹਮਾ ਆਦਿਕ ਵੇਦ ਪਾਠੀ ਗਾਉਂਦੇ ਹਨ, ਸੁਕਦੇਵ ਵਰਗੇ ਤਪੀ, ਪ੍ਰਹਿਲਾਦ ਵਰਗੇ ਭਗਤ ਜਿਸ ਦੇ ਜਸ ਨੂੰ ਗਾਉਂਦੇ ਹਨ।

ਪੀਵਤ ਅਮਿਉ ਮਨੋਹਰ ਹਰਿ ਰਸੁ

ਜਪਿ ਨਾਨਕ ਹਰਿ ਬਿਸਮਾਦ॥ ੨॥ ੮੦॥ ੧੦੩॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖ ਜਨ ਬਿਸਮਾਦ=ਅਸਚਰਜ ਰੂਪ ਹਰੀ ਨੂੰ ਜਪ ਕੇ ਮਨੋਹਰ=ਸੁੰਦਰ ਹਰੀ ਨਾਮ ਅੰਮ੍ਰਿਤ ਰਸ ਨੂੰ ਪੀਂਦੇ ਹਨ॥ ੨॥ ੮੦॥ ੧੦੩॥

ਸਾਰਗ ਮਹਲਾ ੫॥ ਕੀਨੇ ਪਾਪ ਕੇ ਬਹੁ ਕੋਟ॥

ਜੀਵ ਨੇ ਜਨਮਾਂ ਜਨਮਾਂ ਦੇ ਵਿਚ ਬਹੁਤ ਹੀ ਕ੍ਰੋੜਾਂ ਪਾਪ ਕੀਤੇ ਹਨ।

ਵਾ:-ਜੀਵ ਨੇ ਬਹੁਤ ਹੀ ਪਾਪਾਂ ਦੇ ਕੋਟ ਉਸਾਰਨਾ ਕੀਤੇ ਹਨ।

ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ ॥ ੧ ॥ ਰਹਾਉ ॥

ਦਿਨ ਰਾਤ ਪਾਪ ਕਰਮ ਕਰਦਾ ਥੱਕਦਾ ਨਹੀਂ ਹੈ, ਇਸ ਕਰਕੇ ਕਦੇ ਭੀ ਜਨਮਾਂ ਤੋਂ ਛੁਟਕਾਰਾ ਨਹੀਂ ਹੁੰਦਾ ॥ ੧ ॥ ਰਹਾਉ ॥ ਫਿਰ ਇਸ ਜੀਵ ਨੇ-

ਮਹਾ ਬਜਰ ਬਿਖ ਬਿਆਧੀ ਸਿਰ ਉਠਾਈ ਪੋਟ ॥

ਮਹਾਂ ਬਜਰ ਰੂਪ ਤੇ ਵਿਹੁ ਰੂਪ ਅਤੇ ਬਿਆਧੀ=ਰੋਗ ਰੂਪ ਮੰਦ ਕਰਮਾਂ ਦੀ ਪੋਟ=ਪੰਡ ਸਿਰ ਉਪਰ ਉਠਾਈ ਹੋਈ ਹੈ।

ਅਥਵਾ:-ਬਿਆਧੀ=ਰੋਗ ਰੂਪ ਵਿਸ਼ੇ ਵਿਕਾਰ ਜੋ ਮਹਾਂ ਬਜਰ ਰੂਪ ਹਨ, ਉਹਨਾਂ ਦੀ ਪੰਡ ਜੀਵ ਨੇ ਸਿਰ 'ਪਰ ਉਠਾਈ ਹੋਈ ਹੈ।

ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ ॥ ੧ ॥

ਜਿਸ ਵੇਲੇ ਜਮਦੂਤਾਂ ਨੇ ਆ ਕੇ ਝੋਟ=ਜੁੰਡਿਆਂ ਤੋਂ ਫੜ ਲਿਆ, ਤਿਸ ਵੇਲੇ ਇਕ ਖਿਨ ਵਿਚ ਜੀਵ ਦੀਆਂ ਕਰਤੂਤਾਂ, ਵਾ:-ਅੱਖੀਆਂ ਖੁਲ੍ਹ ਗਈਆਂ। ਉਸ ਵੇਲੇ ਪਛਚਾਤਾਪ ਕਰਦਾ ਹੈ॥ ੧ ॥

ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ ॥

ਨਾਮ ਹੀਣਾ ਪੁਰਸ਼ ਪਸ਼ੂ, ਪਰੇਤ, ਉਸਟ=ਊਂਠ ਤੇ ਗਧੇ ਆਦਿਕ ਅਨੇਕਾਂ ਹੀ ਜੂਨੀਆਂ ਵਿਚ ਲੇਟਦਾ ਹੈ, ਭਾਵ ਜੂਨੀਆਂ ਵਿਚ ਪੈ ਕੇ ਦੁੱਖ ਭੋਗਦਾ ਹੈ।

ਭਜੁ ਸਾਧਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ ॥ ੨ ॥ ੮੧ ॥ ੧੦੪ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਸਤਸੰਗਤ ਵਿਚ ਜਾ ਕੇ ਗੋਬਿੰਦ ਦਾ ਭਜਨ ਕਰ ਤਾਂ ਫਿਰ ਤੈਨੂੰ ਜਮ ਆਦਿਕਾਂ ਦੀ ਕੁਛ ਭੀ ਫੇਟ=ਸਟ (ਚੋਟ) ਨਹੀਂ ਲਗੇਗੀ॥ ੨ ॥ ੮੧ ॥ ੧੦੪ ॥

ਸਾਰਗ ਮਹਲਾ ੫ ॥

ਅੰਧੇ ਖਾਵਹਿ ਬਿਸੂ ਕੇ ਗਟਾਕ ॥

ਅੰਨ੍ਹੇ ਅਗਿਆਨੀ ਪੁਰਸ਼ ਬਿਸੂ ਕੇ ਗਟਾਕ=ਵਿਸ਼ਿਆਂ ਦੇ ਗੱਫੇ ਛਕਦੇ ਹਨ,

ਵਾ:-ਗਟਾਕ=ਗਟ ਗਟ ਕਰਕੇ ਵਿਸ਼ਿਆਂ ਨੂੰ ਖਾਂਦੇ ਹਨ, ਭਾਵ ਨਿਰਭੈ ਹੋ ਕੇ ਵਿਸ਼ਿਆਂ ਨੂੰ ਭੋਗਦੇ ਹਨ।

ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ ॥ ੧ ॥ ਰਹਾਉ ॥

ਬੁਢੇਪੇ ਦੇ ਆਉਣ ਕਰਕੇ ਨੈਨ=ਅੱਖਾਂ ਦੀ ਜੋਤ ਘਟ ਗਈ, ਸ੍ਰਵਨ=ਕੰਨਾਂ ਦੁਆਰੇ ਸੁਨਣ ਦੀ ਸ਼ਕਤੀ ਚਲੀ ਗਈ, ਬਲਕਿ ਸਾਰਾ ਸਰੀਰ ਹੀ ਹੁਟਿਓ=ਥੱਕ ਗਿਆ, ਸਰੀਰ ਵਿਚ ਜੋ ਜੁਆਨੀ ਵਾਲਾ ਸਾਸੁ=ਬਲ ਸੀ ਤਤੁ-ਘਾਟ=ਉਹ ਘਟ ਹੀ ਗਿਆ।

ਅਥਵਾ:- ਸਰੀਰ ਵਿਚ ਜੋ ਸਾਸੁ=ਸੁਆਸ ਚਲ ਰਹੇ ਸਨ, ਉਹ ਤਤਕਾਲ=ਸ਼ੀਘਰ ਹੀ ਘਟ ਗਏ॥ ੧ ॥ ਰਹਾਉ ॥

ਯਥਾ:- ਬੈਠਤ ਬਾਰਾਂ, ਚਲਤ ਅਠਾਰਾਂ, ਸੋਇ ਚਾਲੈ ਤੀਸ।
ਮੈਥਨ ਕਰਤੇ ਚੌਸਠ ਚਾਲੈ, ਕਿਉਂ ਨ ਭਜੇ ਜਗਦੀਸ਼।

ਅਨਾਥ ਰਵਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ॥

ਅਨਾਥ-ਰਵਾਣਿ=ਗਰੀਬਾਂ ਨੂੰ ਦੁੱਖ ਦੇ ਕੇ ਜਾਂ ਰਵਾਣਿ=ਦਬਾ ਕੇ, ਜਿਸ ਮਾਇਆ ਨੂੰ ਲੈ ਕੇ ਉਦਰੁ ਪੋਖਹਿ=ਪੇਟ ਦੀ ਪਾਲਣਾ ਕਰਦਾ ਸੀ (ਢਿੱਡ) ਭਰਦਾ ਸੀ, ਉਹ ਮਾਇਆ ਪਿਛੇ ਹੀ ਹਟ ਗਈ ਹੈ।

ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ॥ ੧॥

ਕਿਲਬਿਖ=ਪਾਪ ਕਰਮਾਂ ਨੂੰ ਕਰਦਾ ਕਰਦਾ ਪਛਤਾਂਦਾ ਹੈ, ਪਰ ਪਾਪਾਂ ਨੂੰ ਕਦੇ ਛੱਡ ਨਹੀਂ ਸਕਦਾ।

ਅਥਵਾ:-ਪਾਪ ਪੁੰਨ ਦਾ ਜਾਂ ਸੱਤ ਅਸੱਤ ਵਸਤੂ ਦਾ ਕਦੇ ਛਾਂਟਿ=ਨਿਰਣਾ ਨਹੀਂ ਕਰ ਸਕਦਾ ॥ ੧॥

ਨਿੰਦਕੁ ਜਮ ਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ ਮਟਾਕ॥

ਅੰਤ ਨੂੰ ਜਮ ਦੂਤਾਂ ਨੇ ਆ ਕੇ ਗੁਰ ਨਿੰਦਕ ਨੂੰ ਸੰਘਾਰਿਓ=ਮਾਰ ਦੇਣਾ ਕੀਤਾ ਤੇ ਮੂੰਡ=ਸਿਰ ਉੱਤੇ ਮਟਾਕ=ਮਟਕ ਦੇ ਨਾਲ ਡੰਡਿਆਂ ਦੀ ਮਾਰ ਦੇਂਦੇ ਹਨ।

ਨਾਨਕ ਆਪਨ ਕਟਾਰੀ ਆਪਸ ਕਉ ਲਾਈ
ਮਨੁ ਅਪਨਾ ਕੀਨੋ ਫਾਟ॥ ੨॥ ੮੨॥ ੧੦੫॥

ਗੁਰੂ ਜੀ ਕਥਨ ਕਰਦੇ ਹਨ-ਨਿੰਦਕ ਪੁਰਸ਼ ਨੇ ਨਿੰਦਿਆ ਰੂਪੀ, ਵਾ:-ਅਵਿਚਾਰ ਰੂਪੀ, ਵਾ:-ਈਰਖਾ ਰੂਪੀ ਆਪਣੀ ਕਟਾਰੀ=ਛੁਰੀ ਆਪਣੇ ਹੀ ਸਰੀਰ ਨੂੰ ਮਾਰ ਲਈ ਹੈ, ਇਸੀ ਤੇ ਆਪਣੇ ਮਨ ਨੂੰ ਆਪ ਹੀ ਫਾਟ=ਫਟੜ (ਜ਼ਖ਼ਮੀ) ਕਰ ਲਿਆ ਹੈ॥ ੨॥ ੮੨॥ ੧੦੫॥

ਅਗਲਾ ਸ਼ਬਦ ਸੁਲਾਹੀ ਦੇ ਪ੍ਰਤੀ ਉਚਾਰਿਆ ਹੈ, ਜਿਸ ਵੇਲੇ ਆਵੇ ਵਿਚ ਸੜ ਕੇ ਮਰ ਗਿਆ, ਅੰਮ੍ਰਿਤਸਰ ਖ਼ਬਰ ਪਹੁੰਚਨ ਤੇ ਗੁਰੂ ਜੀ ਨੇ ਕਿਹਾ-

ਸਾਰਗ ਮਹਲਾ ੫॥
ਟੂਟੀ ਨਿੰਦਕ ਕੀ ਅਧ ਬੀਚ॥

ਨਿੰਦਕ ਪੁਰਸ਼ ਦੀ ਉਮਰਾਂ ਅਧ ਬੀਚ=ਅੱਧ ਵਿਚਾਲਿਓਂ ਹੀ ਟੁੱਟ ਗਈ ਹੈ, ਭਾਵ ਜੁਆਨੀ ਮੌਤੇ ਮਰ ਗਿਆ ਹੈ।

ਅਥਵਾ:-ਨਿੰਦਰ ਪੁਰਸ਼ ਦੀ ਅੱਧ ਵਿਚਾਲਿਓਂ ਪਰੀਤੀ ਟੁੱਟ ਗਈ ਹੈ।

ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ॥੧॥ਰਹਾਉ॥

ਉਹ ਸੁਆਮੀ ਪਰਮਾਤਮਾ ਸੰਤ ਜਨਾਂ ਦੀ ਰੱਖਿਆ ਕਰਨ ਵਾਲਾ ਆਪ ਹੀ ਹੈ, ਬੇਮੁਖਾਂ ਦੇ ਮਾਰਨ ਨੂੰ ਮੀਚ=ਮੌਤ ਨੇੜੇ ਆ ਕੇ ਪਹੁੰਚਦੀ ਹੈ॥ ੧॥ ਰਹਾਉ॥

ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ॥

ਉਸ ਬੇਮੁਖ ਪੁਰਸ਼ ਦਾ ਕਿਹਾ ਹੋਇਆ ਬਚਨ ਕੋਈ ਭੀ ਸੁਣਦਾ ਨਹੀਂ ਹੈ ਅਤੇ ਨਾ ਹੀ ਉਹ ਬੇਮੁਖ ਪੁਰਸ਼

ਕਿਧਰੇ ਭਲਿਆਂ ਪੁਰਸ਼ਾਂ ਵਿਚ ਬੈਠਣਾ ਪਾਂਦਾ ਹੈ।

ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ ॥ ੧ ॥

ਈਹਾਂ=ਇਸ ਲੋਕ ਵਿਚ ਦੁੱਖੀ ਰਹਿੰਦਾ ਹੈ ਤੇ ਆਗੈ=ਪ੍ਰਲੋਕ ਵਿਚ ਭੀ ਨਰਕ ਦਾ ਦੁੱਖ ਭੁੰਚੈ=ਭੋਗਦਾ ਹੈ ਅਤੇ ਬਹੁਤ ਸਾਰੀਆਂ ਜੂਨੀਆਂ ਵਿਚ ਭਰਮਾਵੈ=ਭਰਮਦਾ ਹੈ॥ ੧ ॥

ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ ॥

ਸਾਰਿਆਂ ਖੰਡਾਂ ਬ੍ਰਹਿਮੰਡਾਂ ਵਿਚ ਨਿੰਦਕ ਦਾ ਅਪਜਸ ਪ੍ਰਗਟ ਹੁੰਦਾ ਹੋਇਆ, ਹਰ ਕੋਈ ਏਹੋ ਕਹਿੰਦਾ ਹੈ ਕਿ ਨਿੰਦਕ ਨੇ ਆਪਣੇ ਕੀਤੇ ਹੋਏ ਖੋਟੇ ਕਰਮਾਂ ਅਨੁਸਾਰ ਬੁਰਾ ਫਲ ਪਾਇਆ ਹੈ।

ਨਾਨਕ ਸਰਣਿ ਨਿਰਭਉ ਕਰਤੇ ਕੀ
ਅਨਦ ਮੰਗਲ ਗੁਣ ਗਾਇਆ ॥ ੨ ॥ ੮੩ ॥ ੧੦੬ ॥

ਗੁਰੂ ਜੀ ਕਥਨ ਕਰਦੇ ਹਨ-ਦਾਸ ਨੇ ਨਿਰਭਉ ਕਰਤੇ ਦੀ ਸ਼ਰਨ ਵਿਚ ਪੈ ਕੇ ਅਨੰਦ ਰੂਪ ਪ੍ਰਭੂ ਦੇ ਮੰਗਲ ਦਾਇਕ ਗੁਣਾਂ ਨੂੰ ਗਾਵਣਾ ਕੀਤਾ ਹੈ।

ਅਥਵਾ:-ਕਰਤੇ ਪੁਰਖ ਦੀ ਸ਼ਰਨ ਵਿਚ ਪੈ ਕੇ ਦਾਸ ਨੇ ਨਿਰਭਉ ਹਰੀ ਦੇ ਗੁਣਾਂ ਨੂੰ ਗਾਇਆ ਹੈ, ਇਸ ਲਈ ਦਾਸ ਨੂੰ ਅਨੰਦ ਮੰਗਲ ਬਣਿਆ ਰਹਿੰਦਾ ਹੈ॥ ੨ ॥ ੮੩ ॥ ੧੦੬ ॥

ਸਾਰਗ ਮਹਲਾ ੫ ॥

ਤ੍ਰਿਸਨਾ ਚਲਤ ਬਹੁ ਪਰਕਾਰਿ ॥

ਤ੍ਰਿਸ਼ਨਾ ਵਾਲਾ ਪੁਰਸ਼ ਬਹੁਤ ਤਰ੍ਹਾਂ ਨਾਲ ਭੱਜਾ ਫਿਰਦਾ ਹੈ।

[ਪੰਨਾ ੧੨੨੫]

ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥ ੧ ॥ ਰਹਾਉ ॥

ਕਤਹੁ ਬਾਤਹਿ=ਕਿਸੇ ਗੱਲ ਨਾਲ ਭੀ ਉਸ ਦੀ ਤ੍ਰਿਸ਼ਨਾ ਪੂਰੀ ਨਹੀਂ ਹੁੰਦੀ, ਅੰਤ ਵੇਲੇ ਤ੍ਰਿਸ਼ਨਾ ਵਾਲੇ ਜੀਵ ਨੂੰ ਹਾਰ ਹੀ ਪੈਂਦੀ ਹੈ, ਜਿੱਤ ਨਹੀਂ ਹੁੰਦੀ ਜਾਂ ਅੰਤ ਨੂੰ ਤ੍ਰਿਸ਼ਨਾ ਵਾਲੇ ਜੀਵ ਨੂੰ ਹਰ ਕੰਮ ਵਿਚ ਹਾਰ ਪੈਂਦੀ ਹੈ॥ ੧ ॥ ਰਹਾਉ ॥

ਸਾਂਤਿ ਸੁਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ ॥

ਇਸ ਤ੍ਰਿਸ਼ਨਾ ਦਾ ਏਹੋ ਵਿਹਾਰ ਹੈ, ਇਸ ਦੇ ਧਾਰਨ ਨਾਲ ਪੁਰਸ਼ ਨੂੰ ਨਾ ਸ਼ਾਂਤੀ ਨਾ ਸੁਖ ਅਤੇ ਨਾ ਹੀ ਸਹਜੁ=ਬ੍ਰਹਮ ਗਿਆਨ ਉਤਪੰਨ ਹੁੰਦਾ ਹੈ।

ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥ ੧ ॥

ਤ੍ਰਿਸ਼ਨਾਲੂ ਪੁਰਸ਼ ਆਪਣਾ ਪਰਾਇਆ ਕੁਝ ਨਹੀਂ ਜਾਣਦਾ ਕਾਮ, ਕਰੋਧ ਆਦਿਕ ਵਿਸ਼ਿਆਂ ਵਿਚ ਹੀ ਜਾਰਿ=ਸੜਦਾ ਰਹਿੰਦਾ ਹੈ॥ ੧ ॥

ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ ॥

ਤ੍ਰਿਸ਼ਨਾਲੂ ਪੁਰਸ਼ ਨੂੰ ਸੰਸਾਰ ਸਮੁੰਦਰ ਵਿਚ ਦੁੱਖ ਹੀ ਵਿਆਪ ਰਿਹਾ ਹੈ, ਹੇ ਭਗਵਾਨ ! ਆਪਣੇ ਦਾਸ ਨੂੰ ਐਸੇ ਸੰਸਾਰ ਸਮੁੰਦਰ ਤੋਂ ਤਾਰ ਲੈਣਾ ਕਰੋ।

ਚਰਨ ਕਮਲ ਸਰਣਾਇ ਨਾਨਕ ਸਦ ਸਦਾ ਬਲਿਹਾਰਿ ॥੨ ॥੬੪ ॥੧੦੭ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਆਪ ਜੀ ਦੇ ਚਰਨ ਕਮਲਾਂ ਦੀ ਸ਼ਰਨ ਵਿਚ ਆ ਕੇ ਪਰਾਪਤ ਹੋਇਆ ਹਾਂ, ਮੈਂ ਆਪ ਜੀ ਤੋਂ ਸਦਾ ਬਲਿਹਾਰ ਜਾਂਦਾ ਹਾਂ ॥ ੨ ॥ ੬੪ ॥ ੧੦੭ ॥

ਸਾਰਗ ਮਹਲਾ ੫ ॥

ਰੇ ਪਾਪੀ ਤੈ ਕਵਨ ਕੀ ਮਤਿ ਲੀਨ ॥

ਹੇ ਪਾਪੀ ਪੁਰਸ਼ਾ ! ਤੈਂਨੇ ਕਿਸ ਦੀ ਅਕਲ ਲਈ ਹੈ।

ਨਿਮਖ ਘਰੀ ਨ ਸਿਮਰਿ ਸੁਆਮੀ ਜੀਉ ਪਿੰਡੁ ਜਿਨਿ ਦੀਨ ॥ ੧ ॥ ਰਹਾਉ ॥

ਜਿਸ ਸੁਆਮੀ ਨੇ ਤੈਨੂੰ ਜੀਅ ਪਿੰਡ ਆਦਿਕ ਸਭ ਕੁਝ ਦਿੱਤਾ ਹੈ, ਉਸ ਸੁਆਮੀ ਨੂੰ ਤੈਂਨੇ ਨਿਮਖ ਮਾਤ੍ਰ ਤੇ ਘੜੀ ਮਾਤ੍ਰ ਭੀ ਸਿਮਰਿਆ ਨਹੀਂ ਹੈ ॥ ੧ ॥ ਰਹਾਉ ॥

ਖਾਤ ਪੀਵਤ ਸਵੰਤ ਸੁਖੀਆ ਨਾਮੁ ਸਿਮਰਤ ਖੀਨ ॥

ਕਈ ਤਰ੍ਹਾਂ ਦੇ ਪਦਾਰਥ ਖਾਤ=ਖਾਂਦਿਆਂ, ਪੀਵਤ=ਪੀਂਦਿਆਂ ਤੇ ਸਵੰਤ=ਸੌਂਦਿਆਂ ਸੁਖੀ ਹੁੰਦਾ ਹੈਂ ਤੇ ਪ੍ਰਭੂ ਦਾ ਨਾਮ ਸਿਮਰਦਿਆਂ ਤੇਰਾ ਦਿਲ ਖੀਨ=ਘਟਦਾ ਹੈ,

ਅਥਵਾ:-ਤੂੰ ਨਾਮ ਸਿਮਰਨ ਵੇਲੇ ਖੀਨ=ਦੁੱਖੀ ਹੁੰਦਾ ਹੈਂ।

ਗਰਭ ਉਦਰ ਬਿਲਲਾਟ ਕਰਤਾ ਤਹਾਂ ਹੋਵਤ ਦੀਨ ॥ ੧ ॥

ਮਾਂ ਦੇ ਗਰਭ ਉਦਰ=ਗੁਝ ਪੇਟ ਵਿਚ ਤੂੰ ਵਿਰਲਾਪ ਕਰਦਾ ਸੀ ਜਾਂ ਮਾਂ ਦੇ ਗਰਭ ਵਿਚ ਜੋ ਉਦਰ=ਜਾਲਾ ਹੈ, ਉਸ ਵਿਚ ਤੂੰ ਵਿਰਲਾਪ ਕਰਦਾ ਸੀ ਤਿਸ ਜਗ੍ਹਾਂ ਤੂੰ ਬਹੁਤ ਦੀਨ ਹੋ ਰਿਹਾ ਸੀ।

ਮਹਾ ਮਾਦ ਬਿਕਾਰ ਬਾਧਾ ਅਨਿਕ ਜੋਨਿ ਭ੍ਰਮੀਨ ॥

ਮਹਾਂ ਮਦ ਅਤੇ ਕਾਮ, ਕ੍ਰੋਧ ਆਦਿਕ ਵਿਕਾਰਾਂ ਵਿਚ ਬੱਧਾ ਹੋਇਆ ਜੀਵ ਅਨੇਕਾਂ ਹੀ ਜੂਨੀਆਂ ਵਿਚ ਭ੍ਰਮੀਨ=ਭਰਮਦਾ ਹੈ। *ਵਾ:*-ਵਿਸ਼ੇ ਵਿਕਾਰਾਂ ਵਿਚ ਮਹਾ ਮਾਦ=ਬੜਾ ਮਸਤ ਹੋ ਰਿਹਾ ਹੈ, ਇਸ ਕਰਕੇ ਜਮਾਂ ਦਾ ਬੱਧਾ ਹੋਇਆ ਅਨੇਕ ਜੂਨੀਆਂ ਵਿਚ ਭੌਂਦਾ ਹੈ।

ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ
ਸੁਖੁ ਨਾਨਕ ਹਰਿ ਪਦ ਚੀਨ੍ ॥ ੨ ॥ ੬੫ ॥ ੧੦੮ ॥

ਗੋਬਿੰਦ ਦੇ ਭੁਲਣ ਕਰਕੇ ਕਿੰਨਿਆਂ ਦੁੱਖਾਂ ਦੀ ਗਿਣਤੀ ਕਰੀਏ, ਭਾਵ ਬਹੁਤ ਹੀ ਦੁੱਖ ਹੁੰਦੇ ਹਨ, ਜਿਨ੍ਹਾਂ ਦੁੱਖਾਂ ਦੀ ਗਿਣਤੀ ਨਹੀਂ ਹੋ ਸਕਦੀ, ਗੁਰੂ ਜੀ ਕਥਨ ਕਰਦੇ ਹਨ-ਹਰੀ ਪਦ ਦੇ ਜਾਨਣ ਕਰਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ ॥ ੨ ॥ ੬੫ ॥ ੧੦੮ ॥

ਸਾਰਗ ਮਹਲਾ ੫ ॥

ਮਾਈ ਰੀ ਚਰਨਹ ਓਟ ਗਹੀ॥

ਹੇ ਭਾਈ ! ਮੈਂ ਪ੍ਰਭੂ ਦੇ ਚਰਨਾਂ ਦੀ ਓਟ ਗਹੀ=ਫੜ ਲਈ ਹੈ।

ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ॥ ੧ ॥ ਰਹਾਉ॥

ਪ੍ਰਭੂ ਦੇ ਦਰਸ਼ਨ ਨੂੰ ਦੇਖ ਕੇ ਮੇਰਾ ਮਨ ਮੋਹਿਆ ਗਿਆ ਹੈ, ਜਿਸ ਦੁਰਮਤਿ=ਖੋਟੀ ਮਤ ਕਰਕੇ ਮੈਂ ਸੰਸਾਰ ਸਮੁੰਦਰ ਵਿਚ ਬਹੀ=ਰੁੜੀ ਜਾਂਦੀ ਸੀ, ਸੁਮੱਤੀ ਦੇ ਆਉਣ ਕਰਕੇ ਉਹ ਦੁਰਮਤਿ=ਖੋਟੀ ਮਤ ਆਪ ਹੀ ਰੁੜ ਗਈ ਹੈ, ਭਾਵ ਨਾਸ ਹੋ ਗਈ ਹੈ॥ ੧॥ ਰਹਾਉ॥

ਅਗਹ ਅਗਾਧਿ ਊਚ ਅਬਿਨਾਸੀ ਕੀਮਤਿ ਜਾਤ ਨ ਕਹੀ॥

ਉਹ ਅਗਹ=ਅਪਕੜ ਹੈ, ਅਗਾਧਿ=ਡੂੰਗਾ ਹੈ, ਸਭ ਤੋਂ ਉੱਚਾ ਹੈ, ਅਬਿਨਾਸੀ=ਨਾਸ ਤੋਂ ਰਹਿਤ ਹੈ, ਸਾਡੇ ਪਾਸੋਂ ਉਸ ਦੀ ਕੀਮਤ ਕਹੀ ਨਹੀਂ ਜਾਂਦੀ ।

ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ ਪੂਰਿ ਰਹਿਓ ਸ੍ਰਬ ਮਹੀ॥ ੧ ॥

ਜਲਾਂ ਵਿਚ ਵੇਖ ਕੇ, ਥਲਾਂ ਵਿਚ ਵੀ ਵੇਖ ਕੇ ਮੇਰਾ ਮਨ ਖਿੜ ਗਿਆ ਹੈ, ਉਹ ਪ੍ਰਭੂ ਸਾਰੀ ਮਹੀ=ਪ੍ਰਿਥਵੀ 'ਪਰ ਪੂਰਨ ਹੋ ਰਿਹਾ ਹੈ॥ ੧॥

ਦੀਨ ਦਇਆਲ ਪ੍ਰੀਤਮ ਮਨ ਮੋਹਨ ਮਿਲਿ ਸਾਧਹ ਕੀਨੋ ਸਹੀ॥

ਸੰਤਾਂ ਨਾਲ ਮਿਲ ਕੇ ਮੈਂ ਏਹ ਸਹੀ=ਨਿਸਚੇ ਕੀਤਾ ਹੈ ਕਿ ਉਹ ਪ੍ਰੀਤਮ ਪ੍ਰਭੂ ਦੀਨਾਂ 'ਪਰ ਦਿਆਲੂ ਹੈ ਤੇ ਮਨ ਦੇ ਮੋਹਨੇ ਵਾਲਾ ਹੈ। *ਅਥਵਾ:*-ਉਹ ਮਨਮੋਹਨ ਪ੍ਰੀਤਮ ਦੀਨ ਦਿਆਲ ਹੈ।

ਸਿਮਰਿ ਸਿਮਰਿ ਜੀਵਤ ਹਰਿ ਨਾਨਕ
ਜਮ ਕੀ ਭੀਰ ਨ ਫਹੀ॥ ੨ ॥ ੮੬ ॥ ੧੦੯ ॥

ਗੁਰੂ ਜੀ ਕਥਨ ਕਰਦੇ ਹਨ-ਜੋ ਮਨ, ਬਾਣੀ, ਸਰੀਰ ਦੁਆਰਾ ਹਰੀ ਦੇ ਸਿਮਰਨ ਨੂੰ ਸਿਮਰ ਸਿਮਰ ਕੇ ਜੀਉਂਦਾ ਹੈ, ਉਹ ਜਮਾਂ ਦੀ ਭੀੜਾ ਵਿਚ ਨਹੀਂ ਫਸਦਾ॥ ੨॥ ੮੬॥ ੧੦੯॥

ਸਾਰਗ ਮਹਲਾ ੫ ॥

ਮਾਈ ਰੀ ਮਨੁ ਮੇਰੋ ਮਤਵਾਰੋ॥

ਮਾਈ ਰੀ=ਹੇ ਭਾਈ ! ਮੇਰਾ ਮਨ ਸਿਮਰਨ ਵਿਚ ਮਤਵਾਲਾ ਹੋ ਗਿਆ ਹੈ।

ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ॥੧ ॥ਰਹਾਉ॥

ਖੁਮਾਰੋ=ਮਸਤੀ ਦੇ ਚਾੜਨ ਵਾਲੇ ਹਰੀ ਰਸ ਵਿਚ ਜਿਸ ਵੇਲੇ ਮਨ ਰਪਿਓ=ਤਦਾਕਾਰ ਹੋ ਗਿਆ ਤਾਂ ਦਿਆਲੂ ਪ੍ਰਭੂ ਨੂੰ ਦੇਖ ਲਿਆ, ਉਸ ਦੇ ਵੇਖਣ ਨਾਲ ਪੂਰਨ ਸੁਖ ਅਨੰਦ ਪ੍ਰਾਪਤ ਹੋ ਗਿਆ ॥ ੧॥ ਰਹਾਉ॥

ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ॥

ਉੱਜਲ ਜਸ ਨੂੰ ਗਾਂਵਦਿਆਂ ਨਿਰਮਲ ਹੋ ਗਏ ਹਾਂ, ਫਿਰ ਏਹ ਮਨ ਕਾਲਾ ਨਹੀਂ ਹੁੰਦਾ।

ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖੁ ਅਪਾਰੋ॥ ੧ ॥

ਗੁਰੂ ਦੇ ਚਰਨ ਕਮਲਾਂ ਨਾਲ ਡੋਰੀ=ਬਿਰਤੀ ਲੱਗ ਗਈ ਹੈ,

ਇਸ ਲਈ ਅਪਾਰ ਪੁਰਖ ਪਰਮਾਤਮਾ ਮਿਲ ਪਿਆ ਹੈ॥ ੧॥

ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ॥

ਉਸ ਪ੍ਰਭੂ ਨੇ ਮੇਰਾ ਮਨ ਰੂਪੀ ਹੱਥ ਫੜ ਲੀਤਾ ਹੈ, ਜਿਸ ਨੇ ਸਰਬਸੁ ਦੀਨੇ=ਸਭ ਕੁਝ ਦਿੱਤਾ ਹੈ, ਉਸ ਦੀ ਕਿਰਪਾ ਨਾਲ ਹੀ ਗਿਆਨ ਰੂਪ ਦੀਪਕ ਦਾ ਪ੍ਰਕਾਸ਼ ਹੋਇਆ ਹੈ।

ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ॥ ੨॥ ੮੭॥ ੧੧੦॥

ਗੁਰੂ ਜੀ ਕਥਨ ਕਰਦੇ ਹਨ-ਜਿਹੜਾ ਪੁਰਸ਼ ਸੰਸਾਰ ਤੋਂ ਵੈਰਾਗਵਾਨ ਹੋ ਕੇ ਨਾਮਿ ਰਸਿਕ=ਨਾਮੀ ਪਰਮਾਤਮਾ ਦਾ ਪ੍ਰੇਮੀ ਹੋਇਆ ਹੈ, ਉਸ ਨੇ ਆਪਣੀਆਂ ਸਮੂਹ ਕੁਲਾਂ ਨੂੰ ਤਾਰ ਲਿਆ ਹੈ॥ ੨॥ ੮੭॥ ੧੧੦॥

ਸਾਰਗ ਮਹਲਾ ੫॥

ਮਾਈ ਰੀ ਆਨ ਸਿਮਰਿ ਮਰਿ ਜਾਂਹਿ॥

ਮਾਈ ਰੀ=ਹੇ ਭਾਈ !. ਸੰਸਾਰੀ ਜੀਵ ਪ੍ਰਭੂ ਨੂੰ ਭੁਲਾ ਕੇ ਆਨ=ਹੋਰਨਾਂ ਨੂੰ ਸਿਮਰ ਦੇ ਹੋਏ ਨਿਸਫਲ ਮਰ ਜਾਂਦੇ ਹਨ।

ਤਿਆਗਿ ਗੋਬਿਦੁ ਜੀਅਨ ਕੋ ਦਾਤਾ
ਮਾਇਆ ਸੰਗਿ ਲਪਟਾਹਿ॥ ੧॥ ਰਹਾਉ॥

ਸਮੂਹ ਜੀਵਾਂ ਦੇ ਦਾਤੇ ਗੋਬਿੰਦ ਨੂੰ ਤਿਆਗ ਕੇ ਮਾਇਆ ਦੇ ਨਾਲ ਲੰਪਟ ਹੋ ਰਹੇ ਹਨ॥ ੧॥ ਰਹਾਉ॥

ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ॥

ਜੋ ਵਾਹਿਗੁਰੂ ਨਾਮ ਨੂੰ ਭੁਲਾ ਕੇ ਅਨ=ਹੋਰ ਭੂਤਾਂ, ਪ੍ਰੇਤਾਂ ਦੇ ਰਸਤੇ ਵਿਚ ਜਾਂ ਅਨ=ਦ੍ਵੈਤ ਦੇ ਰਸਤੇ ਵਿਚ ਚਲਦੇ ਹਨ, ਉਹ ਘੋਰ=ਕੁੰਭੀ ਨਰਕ ਵਿਚ ਪੈਂਦੇ ਹਨ।

ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ॥ ੧॥

ਫੇਰ ਉਸ ਨੂੰ ਅਨੇਕ ਤਰ੍ਹਾਂ ਦੀਆਂ ਸਜਾਵਾਂ ਮਿਲਦੀਆਂ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਆਉਂਦੀ ਅਤੇ ਮਾਂ ਦੇ ਗਰਭ ਹੀ ਗਰਭ ਵਿਚ ਭੌਂਦੇ ਰਹਿੰਦੇ ਹਨ॥ ੧॥

ਸੇ ਧਨਵੰਤੇ ਸੇ ਪਤਿਵੰਤੇ ਹਰਿ ਕੀ ਸਰਣਿ ਸਮਾਹਿ॥

ਉਹ ਪੁਰਸ਼ ਧਨ ਵਾਲੇ ਧਨਾਢ ਹਨ, ਓਹੀ ਪੁਰਸ਼ ਪਤਿਵੰਤੇ=ਇੱਜ਼ਤ ਵਾਲੇ ਹਨ, ਜੋ ਹਰੀ ਦੀ ਸ਼ਰਨ ਵਿਚ ਸਮਾਉਂਦੇ ਹਨ।

ਗੁਰਪ੍ਰਸਾਦਿ ਨਾਨਕ ਜਗੁ ਜੀਤਿਓ
ਬਹੁਰਿ ਨ ਆਵਹਿ ਜਾਂਹਿ॥ ੨॥ ੮੮॥ ੧੧੧॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਨੇ ਸਤਿਗੁਰਾਂ ਦੀ ਕਿਰਪਾ ਕਰਕੇ ਸਾਰੇ ਜਗਤ ਨੂੰ ਜਿੱਤ ਲਿਆ ਹੈ,

ਮੁੜ ਕੇ ਉਹ ਜੰਮਦੇ ਮਰਦੇ ਨਹੀਂ ਹਨ॥ ੨॥ ੮੮॥ ੧੧੧॥

ਸਾਰਗ ਮਹਲਾ ੫॥

ਹਰਿ ਕਾਟੀ ਕੁਟਿਲਤਾ ਕੁਠਾਰਿ॥

ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ॥ ੧॥ ਰਹਾਉ॥

ਗੁਰਮੁਖਾਂ ਨੇ ਹਰੀ ਨਾਮ ਰੂਪੀ ਕੁਠਾਰਿ=ਕੁਹਾੜੇ ਨੂੰ, ਪਰਹਾਰਿ=ਮਾਰ ਕੇ ਕੁਟਲਤਾ ਰੂਪੀ ਗੇਲੀ (ਲੱਕੜੀ) ਕੱਟ ਦਿੱਤੀ ਹੈ ਅਤੇ ਇਕ ਛਿਨ ਦੇ ਵਿਚ ਭਰਮ ਰੂਪੀ ਬਨ=ਜੰਗਲ ਰਾਮ ਨਾਮ ਰੂਪੀ ਤੇਜ ਅਗਨੀ ਕਰਕੇ ਦਹਨ ਭਏ=ਦਗਧ ਹੋ ਗਿਆ, ਭਾਵ ਸੜ ਕੇ ਸੁਆਹ ਹੋ ਗਿਆ ॥ ੧॥ ਰਹਾਉ॥

ਕਾਮ ਕ੍ਰੋਧ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ ॥

ਕਾਮ, ਕ੍ਰੋਧ, ਨਿੰਦਿਆ ਤੇ ਪਰ-ਹਰੀਆ=ਪਰਾਇਆ ਧਨ ਚੁਰਾਨਾ ਇਤਿਆਦਿਕ ਵਿਕਾਰਾਂ ਨੂੰ ਸੰਤਾਂ ਦੇ ਸੰਗ ਨੇ ਮਾਰ ਕੇ ਹਿਰਦੇ ਵਿਚੋਂ ਕੱਢ ਦਿੱਤਾ ਹੈ।

[ਪੰਨਾ ੧੨੨੬]

ਜਨਮੁ ਪਦਾਰਥੁ ਗੁਰਮੁਖਿ ਜੀਤਿਆ ਬਹੁਰਿ ਨ ਜੂਐ ਹਾਰਿ॥ ੧॥

ਗੁਰਮੁਖਾਂ ਨੇ ਮਨੁੱਖਾ ਜਨਮ ਰੂਪ ਪਦਾਰਥ ਨੂੰ ਜਿੱਤ ਲਿਆ, ਭਾਵ ਸਫਲ ਕਰ ਲਿਆ ਹੈ, ਬਹੁਰਿ=ਮੁੜ ਕੇ ਸੰਸਾਰ ਜੂਏ ਵਿਚ ਹਾਰਦੇ ਨਹੀਂ ਹਨ॥ ੧॥

ਆਠ ਪਹਰ ਪ੍ਰਭ ਕੇ ਗੁਣ ਗਾਵਹ ਪੂਰਨ ਸਬਦਿ ਬੀਚਾਰਿ॥

ਗੁਰਮੁਖ ਜਨ ਅੱਠੇ ਪਹਰ ਪ੍ਰਭੂ ਦੇ ਜਸ ਰੂਪ ਗੁਣਾਂ ਨੂੰ ਗਾਉਂਦੇ ਹਨ ਅਤੇ ਪੂਰਨ ਸਬਦਿ=ਬ੍ਰਹਮ ਦਾ ਵਿਚਾਰ ਕਰਦੇ ਰਹਿੰਦੇ ਹਨ।

ਨਾਨਕ ਦਾਸਨਿ ਦਾਸੁ ਜਨੁ ਤੇਰਾ
ਪੁਨਹ ਪੁਨਹ ਨਮਸਕਾਰਿ॥ ੨॥ ੮੯॥ ੧੧੨॥

ਗੁਰੂ ਜੀ ਕਥਨ ਕਰਦੇ ਹਨ-ਮੈਂ ਤੇਰਾ ਦਾਸਾਂ ਦਾ ਦਾਸ ਹਾਂ, ਮੈਂ ਆਪ ਜੀ ਨੂੰ ਪੁਨਹ-ਪੁਨਹ=ਵਾਰੰਵਾਰ (ਮੁੜ ਮੁੜ ਕੇ) ਨਮਸਕਾਰ ਕਰਦਾ ਹਾਂ॥ ੨॥ ੮੯॥ ੧੧੨॥

ਸਾਰਗ ਮਹਲਾ ੫॥

ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੋਇੰਦਵਾਲ ਜਾ ਕੇ ਪਹਿਲੇ ਬਾਉਲੀ ਸਾਹਿਬ ਵਿਚ ਇਸ਼ਨਾਨ ਤੇ ਜਪੁਜੀ ਦਾ ਪਾਠ ਕਰਕੇ ਫੇਰ ਚੁਬਾਰੇ ਸਾਹਿਬ ਦੇ ਹੇਠਾਂ ਗਲੀ ਵਿਚ ਬੈਠ ਕੇ ਗਉੜੀ ਰਾਗ ਵਿਚ ***ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥*** ਵਾਲਾ ਸ਼ਬਦ ਉਚਾਰਕੇ ਪੋਥੀਆਂ ਲੈ ਕੇ ਖਾਸੇ ਵਿਚ ਟਿਕਾਅ ਕੇ ਚੌਰ ਝਲਦੇ ਤੇ ਸੰਗਤਾਂ ਸਮੇਤ ਸ਼ਬਦ ਪੜ੍ਹਦੇ ਨੰਗੀਂ ਪੈਰੀਂ ਚਲਦੇ ਆਏ।

ਚਲਦੇ ਚਲਦੇ ਸ੍ਰੀ ਅੰਮ੍ਰਿਤਸਰ ਆ ਪਹੁੰਚੇ ਦੁਖਭੰਜਨੀ ਬੇਰੀ ਦੇ ਨਾਲ ਜੋ ਥੜਾ ਸਾਹਿਬ ਹੈ, ਓਥੇ ਪੋਥੀਆਂ ਟਿਕਾਈਆਂ ਤੇ ਰੈਣ ਸਬਾਈ ਕੀਰਤਨ ਹੁੰਦਾ ਰਿਹਾ, ਆਪ ਗੁਰੂ ਸਾਹਿਬ ਜੀ ਗੁਰੂ ਕੇ ਮਹਿਲਾਂ ਵਿਚ ਚਲੇ ਗਏ।

ਸਵੇਰੇ ਆ ਕੇ ਪਹਿਲੇ ਦੁਖਭੰਜਨੀ ਸਾਹਿਬ ਇਸ਼ਨਾਨ ਕੀਤਾ ਫੇਰ ਥੜੇ ਸਾਹਿਬ ਪੋਥੀਆਂ ਨੂੰ ਮੱਥਾ ਟੇਕ ਕੇ ਬੈਠ ਗਏ, ਉਸ ਵੇਲੇ ਸਾਰੀ ਸੰਗਤ ਵਿਚ ਗੁਰੂ ਸਾਹਿਬਾਂ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਏਹ ਸ਼ਬਦ ਉਚਾਰਿਆ।

ਪੋਥੀ ਪਰਮੇਸਰ ਕਾ ਥਾਨੁ॥

ਇਹ ਪੋਥੀ ਜਿਸ ਵਿਚ ਗੁਰਬਾਣੀ ਉਚਾਰਨ ਕੀਤੀ ਹੋਈ ਹੈ, ਇਹ ਪਰਮੇਸ਼ਰ ਦਾ ਥਾਨੁ=ਸਰੂਪ ਹੈ,

ਵਾ:-ਇਹ ਪੋਥੀ ਪਰਮੇਸ਼ਰ ਦੇ ਰਹਿਣੇ ਦਾ ਅਸਥਾਨ ਹੈ।

ਵਾ:-ਇਹ ਪੋਥੀ ਪਰਮੇਸ਼ਰ ਰੂਪ ਅਸਥਾਨ ਦੀ ਪਰਾਪਤੀ ਕਰਨ ਵਾਲੀ ਹੈ।

ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥ ੧॥ ਰਹਾਉ॥

ਸੰਤਾਂ ਦੀ ਸੰਗਤ ਵਿਚ ਬੈਠ ਕੇ ਇਨ੍ਹਾਂ ਪੋਥੀਆਂ ਦੁਆਰੇ ਜੋ ਗੋਬਿੰਦ ਦੇ ਗੁਣ ਗਾਵੇਗਾ, ਉਸ ਨੂੰ ਪੂਰਨ ਬ੍ਰਹਮ ਗਿਆਨ ਦੀ ਪਰਾਪਤੀ ਹੋਵੇਗੀ॥ ੧॥ ਰਹਾਉ॥

ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ॥

ਸਾਰੇ ਸਾਧਿਕ, ਸਿਧ ਤੇ ਮੁਨੀ ਜਨ ਪੜ੍ਹਣਾ ਲੋਚਹਿ=ਚਾਹੁੰਦੇ ਹਨ, ਪਰ ਕਿਸੇ ਵਿਰਲੇ ਪੁਰਸ਼ ਦਾ ਪੋਥੀ ਵਿਚ ਧਿਆਨ ਲੱਗਦਾ ਹੈ।

ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ॥ ੧॥

ਜਿਸ ਪੁਰਸ਼ ਉੱਤੇ ਮੇਰਾ ਸੁਆਮੀ ਪਰਮਾਤਮਾ ਕ੍ਰਿਪਾਲੂ ਹੁੰਦਾ ਹੈ, ਉਸ ਦਾ ਹਰ ਇਕ ਕੰਮ ਪੂਰਾ ਹੋ ਜਾਂਦਾ ਹੈ॥ ੧॥

ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ॥

ਭੈ ਭੰਜਨੁ=ਡਰ ਦੇ ਦੂਰ ਕਰਨ ਵਾਲਾ ਪ੍ਰਭੂ ਜਿਸ ਦੇ ਹਿਰਦੇ ਵਿਚ ਵਸਦਾ ਹੈ, ਉਸ ਨੂੰ ਸਾਰਾ ਜਹਾਨ ਹੀ ਜਾਣਦਾ ਹੈ।

ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ
ਇਹੁ ਨਾਨਕੁ ਮਾਂਗੈ ਦਾਨੁ॥ ੨॥ ੯੦॥ ੧੧੩॥

ਗੁਰੂ ਜੀ ਕਥਨ ਕਰਦੇ ਹਨ-ਹੇ ਮੇਰੇ ਕਰਤੇ ਪੁਰਖ ! ਮੈਂ ਆਪ ਜੀ ਤੋਂ ਏਹੋ ਦਾਨ ਮੰਗਦਾ ਹਾਂ ਕਿ ਆਪ ਮੇਰੇ ਹਿਰਦੇ ਵਿਚੋਂ ਪਲ ਦਾ ਖਿਨ ਮਾਤ੍ਰ ਭੀ ਨਾ ਭੁਲੋ ॥ ੨॥ ੯੦॥ ੧੧੩॥

ਸਾਰਗ ਮਹਲਾ ੫॥ ਵੂਠਾ ਸਰਬ ਥਾਈ ਮੇਹੁ॥

ਸਾਰਿਆਂ ਅਸਥਾਨਾਂ 'ਪਰ ਗੁਰੂ ਰੂਪ ਮੇਹੁ=ਬੱਦਲ, ਵੂਠਾ=ਵਸਿਆ ਹੈ, ਭਾਵ ਗੁਰੂ ਰੂਪ ਬੱਦਲ ਨੇ ਨਾਮ ਜਲ ਦੀ ਵਰਖਾ ਕੀਤੀ ਹੈ।

ਅਨਦ ਮੰਗਲ ਗਾਉ ਹਰਿ ਜਸੁ ਪੂਰਨ ਪ੍ਰਗਟਿਓ ਨੇਹੁ॥ ੧॥ ਰਹਾਉ॥

ਜੋ ਅਨੰਦ ਰੂਪ ਹਰੀ ਦੇ ਮੰਗਲ ਦਾਇਕ ਜਸ ਨੂੰ ਗੈਣ ਕਰਦਾ ਹੈ, ਉਸ ਦੇ ਅੰਦਰ ਪੂਰਨ ਪਰਮਾਤਮਾ ਦਾ ਨੇਹੁ=ਪਰੇਮ ਪ੍ਰਗਟ ਹੋਇਆ ਹੈ॥ ੧॥ ਰਹਾਉ॥

ਚਾਰਿ ਕੁੰਟ ਦਹਦਿਸਿ ਜਲਨਿਧਿ ਊਨ ਥਾਉ ਨ ਕੇਹੁ॥

ਚਾਰਿ ਕੁੰਟ=ਚਾਰ ਖਾਣੀਆਂ ਤੇ ਦਸੋਂ ਦਿਸ਼ਾਂ ਵਿਚ, ਵਾ:-ਚਾਰ ਕੁੰਟ ਰੂਪ ਦਸੋਂ ਦਿਸ਼ਾਂ ਵਿਚ ਨਾਮ ਜਲ ਦੀ ਨਿਧੀ ਪਰਮਾਤਮਾ ਪੂਰਨ ਹੈ, ਉਸ ਤੋਂ ਬਿਨਾਂ ਕੋਈ ਅਸਥਾਨ ਊਨ=ਖਾਲੀ ਨਹੀਂ ਹੈ।

ਕ੍ਰਿਪਾ ਨਿਧਿ ਗੋਬਿੰਦ ਪੂਰਨ ਜੀਅ ਦਾਨੁ ਸਭ ਦੇਹੁ॥ ੧॥

ਪੂਰਨ ਕਿਰਪਾ ਦੀ ਨਿਧੀ ਗੋਬਿੰਦ ਪਰਮਾਤਮਾ ਸਾਰਿਆਂ ਜੀਵਾਂ ਨੂੰ ਦਾਨ ਦੇਂਦਾ ਹੈ॥ ੧॥

ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧ ਸੰਗੇਹੁ॥

ਹਰੀ ਸੁਆਮੀ ਪਿਛੇ ਸੱਤ ਸੀ, ਹੁਣ ਸੱਤ ਹੈ, ਅੱਗੇ ਭੀ ਸੱਤ ਹੋਵੇਗਾ, ਭਾਵ ਤਿੰਨਾਂ ਕਾਲਾਂ ਵਿਚ ਸੱਤ ਹੈ ਤੇ ਸੰਤਾਂ ਦਾ ਸਤਸੰਗ ਭੀ ਸੱਤ ਹੈ।

ਸਤਿ ਤੇ ਜਨ ਜਿਨ ਪਰਤੀਤਿ ਉਪਜੀ
ਨਾਨਕ ਨਹ ਭਰਮੇਹੁ॥ ੨॥ ੯੧॥ ੧੧੪॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਦੇ ਅੰਦਰ ਪਰਮੇਸ਼ਰ ਦੀ ਪਰਤੀਤਿ=ਯਕੀਨਤਾ ਉਪਜੀ ਹੈ, ਭਾਵ ਦ੍ਰਿੜ ਨਿਸਚਾ ਹੋਇਆ ਹੈ ਜਾਂ ਪਰਤੀਤਿ=ਪ੍ਰਸੰਨਤਾ ਉਪਜੀ ਹੈ, ਉਹ ਪੁਰਸ਼ ਭੀ ਸੱਤ ਹਨ, ਉਹ ਫਿਰ ਜੂਨੀਆਂ ਵਿਚ ਨਹੀਂ ਭੌਂਦੇ ॥ ੨॥ ੯੧॥ ੧੧੪॥

ਸਾਰਗ ਮਹਲਾ ੫॥

ਗੋਬਿਦ ਜੀਉ ਤੂ ਮੇਰੇ ਪ੍ਰਾਨ ਅਧਾਰ॥

ਹੇ ਗੋਬਿੰਦ ਜੀਉ ! ਤੂੰਹੀ ਮੇਰੇ ਪ੍ਰਾਨਾਂ ਦਾ ਅਧਾਰ=ਆਸਰਾ ਰੂਪ ਹੈਂ।

ਸਾਜਨ ਮੀਤ ਸਹਾਈ ਤੁਮ ਹੀ ਤੂ ਮੇਰੋ ਪਰਵਾਰ॥ ੧॥ ਰਹਾਉ॥

ਸੱਜਣਾਂ, ਮਿੱਤਰਾਂ ਦੀ ਨਿਆਈਂ ਆਪ ਹੀ ਮੇਰੀ ਸਹਾਇਤਾ ਕਰਨ ਵਾਲੇ ਹੋ, ਵਾ:-ਮੇਰੇ ਸੱਜਣ ਇਸ ਲੋਕ ਦੇ, ਮਿੱਤ੍ਰ ਪਰਲੋਕ ਦੇ ਆਪੇ ਹੀ ਹੋ ਅਤੇ ਅੰਤ ਸਮੇਂ ਵੀ ਆਪ ਸਹਾਇਤਾ ਕਰਨ ਵਾਲੇ ਹੋ, ਮੇਰਾ ਪਰਵਾਰ=ਕੁਟੰਬ ਰੂਪ ਭੀ ਤੂੰਹੀ ਹੈਂ॥ ੧॥ ਰਹਾਉ॥

ਕਰੁ ਮਸਤਕਿ ਧਾਰਿਓ ਮੇਰੈ ਮਾਥੈ ਸਾਧ ਸੰਗਿ ਗੁਣ ਗਾਏ ॥

ਜਦੋਂ ਦਾ ਮੇਰੇ ਮੱਥੇ 'ਪਰ ਆਪ ਜੀ ਨੇ ਮਸਤਕਿ=ਸ਼੍ਰੋਮਣੀ ਕਿਰਪਾ ਰੂਪ ਹੱਥ ਧਰਿਆ ਹੈ, ਤਦੋਂ ਦੇ ਸਾਧਸੰਗਤ ਵਿਚ ਬੈਠ ਕੇ ਮੈਂ ਆਪ ਜੀ ਦੇ ਗੁਣ ਗਾਏ ਹਨ।

ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ ਰਾਮ ਨਾਮ ਧਿਆਏ॥ ੧॥

ਤੁਹਾਡੀ ਕਿਰਪਾ ਹੋਣ 'ਤੇ ਮੈਂ ਸਾਰੇ ਫਲ ਪਾ ਲੀਤੇ ਹਨ, ਰਸਕਿ=ਤਦਾਕਾਰ ਹੋ ਕੇ ਅਤੇ ਪਰੇਮੀ ਹੋ ਕੇ, ਹੇ ਰਾਮ ! ਆਪ ਜੀ ਦੇ ਨਾਮ ਧਿਆਵਨਾ ਕੀਤੇ ਹਨ॥ ੧॥

ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ॥

ਸਤਿਗੁਰਾਂ ਨੇ ਬ੍ਰਹਮ ਰੂਪੀ ਕੋਟ ਦੇ ਉਸਾਰਨ ਲਈ ਭਗਤੀ ਰੂਪ ਕੰਧ ਤੇ ਸ਼ਰਧਾ ਰੂਪ ਅਬਿਚਲ=ਅੱਚਲ

ਨੀਂਹ ਧਰਾਈ=ਰਖਾਈ ਹੈ, ਜੋ ਕਦੇ ਭੀ ਡੋਲਦੀ ਨਹੀਂ ਅਰਥਾਤ ਦ੍ਰਿੜ ਨਿਸਚਾ ਹੈ।

ਗੁਰ ਨਾਨਕ ਜਬ ਭਏ ਦਇਆਰਾ
ਸਰਬ ਸੁਖਾ ਨਿਧਿ ਪਾਂਹੀ॥ ੨ ॥ ੯੨ ॥ ੧੧੫ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪੂਰੇ ਗੁਰੂ ਦਿਆਲੂ ਹੋਏ ਤਾਂ ਅਸਾਂ ਨੇ ਸਾਰਿਆਂ ਸੁਖਾਂ ਦੀ ਨਿਧੀ ਭਗਤੀ ਪਾਈ ਹੈ॥ ੨ ॥ ੯੨ ॥ ੧੧੫ ॥

ਸਾਰਗ ਮਹਲਾ ੫ ॥
ਨਿਬਹੀ ਨਾਮ ਕੀ ਸਚੁ ਖੇਪ॥

ਸੱਚੇ ਨਾਮ ਦੀ ਖੇਪ ਸਾਡੀ ਤੋੜ ਨਿਭ ਗਈ ਹੈ।

ਲਾਭੁ ਹਰਿ ਗੁਣ ਗਾਇ ਨਿਧਿ ਧਨੁ ਬਿਖੈ ਮਾਹਿ ਅਲੇਪ॥ ੧ ॥ ਰਹਾਉ॥

ਧਨ ਦੀ ਨਿਧੀ ਜੋ ਹਰੀ ਹੈ, ਉਸ ਦੇ ਗੁਣ ਗੈਣ ਕਰਕੇ ਰੂਪ ਲਾਭ ਕਰਕੇ ਵਿਸ਼ਿਆਂ ਵਿਚ ਰਹਿੰਦੇ ਹੋਏ ਭੀ ਅਲੇਪ=ਅਸੰਗ ਹਾਂ॥ ੧॥ ਰਹਾਉ॥

ਇਕ ਮੇਰੀ ਗੱਲ ਨਹੀਂ-

ਜੀਅ ਜੰਤ ਸਗਲ ਸੰਤੋਖੇ ਆਪਨਾ ਪ੍ਰਭੁ ਧਿਆਇ॥

ਆਪਣੇ ਪ੍ਰਭੂ ਨੂੰ ਧਿਆ ਕੇ ਸਾਰੇ ਸੂਖਮ ਸਥੂਲ ਜੀਆ ਜੰਤ ਸੰਤੋਖ ਨੂੰ ਪਰਾਪਤ ਹੋਏ ਹਨ।

ਰਤਨ ਜਨਮੁ ਅਪਾਰ ਜੀਤਿਓ ਬਹੁੜਿ ਜੋਨਿ ਨ ਪਾਇ॥ ੧ ॥

ਅਪਾਰ=ਬੇਅੰਤ ਪ੍ਰਭੂ ਦੇ ਨਾਮ ਨੂੰ ਜਪ ਕੇ, ਜਿਸ ਨੇ ਰਤਨ ਰੂਪ ਮਨੁੱਖਾ ਜਨਮ ਨੂੰ ਜਿੱਤ ਲਿਆ ਹੈ, ਉਹ ਮੁੜ ਕੇ ਜੂਨੀਆਂ ਵਿਚ ਨਹੀਂ ਪੈਂਦਾ ॥ ੧ ॥

ਭਏ ਕ੍ਰਿਪਾਲ ਦਇਆਲ ਗੋਬਿਦ ਭਇਆ ਸਾਧੂ ਸੰਗੁ॥

ਜਿਸ ਵੇਲੇ ਦਿਆਲੂ ਸੁਭਾਅ ਵਾਲੇ ਗੋਬਿੰਦ ਕ੍ਰਿਪਾਲੂ ਹੋਏ ਤਾਂ ਹੀ ਸੰਤਾਂ ਦਾ ਸੰਗ ਪ੍ਰਾਪਤ ਹੋਇਆ।

ਹਰਿ ਚਰਨ ਰਾਸਿ ਨਾਨਕ ਪਾਈ ਲਗਾ ਪ੍ਰਭ ਸਿਉ ਰੰਗੁ॥੨ ॥ ੯੩ ॥੧੧੬ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਮੈਂ ਹਰੀ ਦੇ ਚਰਨਾਂ ਦੀ ਸ਼ਰਧਾ ਰੂਪ ਰਾਸਿ=ਪੂੰਜੀ ਪਾਈ ਤਾਂ ਮੇਰਾ ਪ੍ਰਭੂ ਨਾਲ ਰੰਗੁ=ਪਰੇਮ ਲੱਗ ਗਿਆ ॥ ੨ ॥ ੯੩ ॥ ੧੧੬ ॥

ਸਾਰਗ ਮਹਲਾ ੫ ॥
ਮਾਈ ਰੀ ਪੇਖਿ ਰਹੀ ਬਿਸਮਾਦ॥

ਮਾਈ ਰੀ=ਹੇ ਭਾਈ ! ਮੈਂ ਬਿਸਮਾਦ=ਅਸਚਰਜ ਰੂਪ ਪਰਮਾਤਮਾ ਨੂੰ ਦੇਖ ਰਹੀ ਹਾਂ।

ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ॥ ੧ ॥ ਰਹਾਉ॥

ਉਸ ਪਰਮਾਤਮਾ ਦੀ ਅਨਹਦ=ਇਕ ਰਸ ਨਾਮ ਦੀ ਧੁਨੀ ਨੇ ਮੇਰਾ ਮਨ ਮੋਹ ਲਿਆ ਹੈ ਅਤੇ ਉਸ ਦਾ

ਸੁਆਦ ਅਸਚਰਜ ਹੈ॥ ੧॥ ਰਹਾਉ॥

ਮਾਤ ਪਿਤਾ ਬੰਧਪ ਹੈ ਸੋਈ ਮਨਿ ਹਰਿ ਕੋ ਅਹਿਲਾਦ॥

ਉਹ ਪਰਮਾਤਮਾ ਹੀ ਮੇਰਾ ਮਾਂ, ਪਿਉ ਤੇ ਸਬੰਧੀ ਹੈ,

ਓਸੇ ਹਰੀ ਦਾ ਮੇਰੇ ਮਨ ਵਿਚ ਅਹਿਲਾਦ=ਆਨੰਦ ਹੈ।

ਸਾਧ ਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ॥ ੧॥

ਸੰਤਾਂ ਦੇ ਸੰਗ ਕਰਕੇ ਗੋਬਿੰਦ ਦੇ ਗੁਣ ਗਾਏ ਹਨ, ਇਸ ਕਰਕੇ ਸਾਰਾ ਪਰਮਾਦ=ਅਗਿਆਨ, ਵਾ:-ਭੁਲਾਵਾ ਜਾਂ ਪਾਗਲਪਨਾ ਬਿਨਸ ਗਿਆ ॥ ੧॥

ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ॥

ਚਰਨਾਂ ਨਾਲ ਡੋਰੀ=ਬਿਰਤੀ ਲੱਗ ਰਹੀ ਹੈ, ਭਰਮ ਤੇ ਭੈ ਸਾਰੇ ਖਾਦ=ਖਾਦੇ ਗਏ ਹਨ,

ਵਾ:-ਖਰਾਦ ਕਰਕੇ ਬਾਹਰ ਫੈਕ ਦਿਤੇ ਹਨ।

ਏਕੁ ਅਧਾਰੁ ਨਾਨਕ ਜਨ ਕੀਆ
ਬਹੁਰਿ ਨ ਜੋਨਿ ਭ੍ਰਮਾਦ॥ ੨॥ ੯੪॥ ੧੧੭॥

ਗੁਰੂ ਜੀ ਕਥਨ ਕਰਦੇ ਹਨ-ਮੈਂ ਜਨ ਨੇ ਇਕ ਨਾਮ ਦਾ ਆਸਰਾ ਲੈਣਾ ਕੀਤਾ ਹੈ, ਇਸ ਕਰਕੇ ਫਿਰ ਜੂਨੀਆਂ ਵਿਚ ਭ੍ਰਮਾਦ=ਭਰਮਣਾ (ਭੌਣਾ) ਨਹੀਂ ਹੋਵੇਗਾ॥ ੨॥ ੯੪॥ ੧੧੭॥

[ਪੰਨਾ ੧੨੨੭]

ਸਾਰਗ ਮਹਲਾ ੫॥

ਮਾਈ ਰੀ ਮਾਤੀ ਚਰਣ ਸਮੂਹ॥

ਮਾਈ ਰੀ=ਹੇ ਸੰਤੋ ! ਮੈਂ ਸਮੂਹ ਸੰਤਾਂ ਦੇ ਚਰਨਾਂ ਵਿਚ ਮਾਤੀ=ਮਸਤ ਹੋਈ ਹਾਂ,

ਅਥਵਾ:-ਸਮੂਹ ਰੂਪ ਜੋ ਭਗਵਾਨ ਦਾ ਵੈਰਾਟ ਰੂਪ ਹੈ, ਉਸ ਦੇ ਚਰਨਾਂ ਵਿਚ ਮਸਤ ਹੋਈ ਹਾਂ।

ਏਕਸੁ ਬਿਨੁ ਹਉ ਆਨ ਨ ਜਾਨਉ ਦੁਤੀਆ ਭਾਉ ਸਭ ਲੂਹ॥ ੧॥ ਰਹਾਉ॥

ਇਕ ਪਰਮੇਸ਼ਰ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਨਹੀਂ ਜਾਣਦੀ, ਸਾਰਾ ਦ੍ਵੈਤ, ਭਾਵ ਲੂਹ=ਸੜ ਗਿਆ ਹੈ॥ ੧॥ ਰਹਾਉ॥

ਤਿਆਗਿ ਗੋਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ॥

ਗੋਪਾਲ ਦਾ ਸਿਮਰਨ ਤਿਆਗ ਕੇ ਜੋ ਹੋਰ ਕਰਤੱਬਾਂ ਦਾ ਕਰਨਾ ਹੈ, ਸਮਝਨਾ ਕਰੋ ਉਹ ਵਿਸ਼ਿਆਂ ਦੇ ਖੂਹ ਵਿਚ ਹੀ ਡੁਬਨਾ ਹੈ।

ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ॥ ੧॥

ਪ੍ਰਭੂ ਦੇ ਦਰਸ਼ਨ ਦੀ ਪਿਆਸ ਨੇ ਮੇਰਾ ਮਨ ਮੋਹ ਲਿਆ ਹੈ ਅਤੇ ਮੈਨੂੰ ਵਿਸ਼ਿਆਂ ਰੂਪ ਨਰਕ ਵਿਚੋਂ ਖਿੱਚ

ਕੇ ਬਾਹਰ ਕੱਢ ਲਿਆ ਹੈ॥ ੧॥

ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ॥

ਸੰਤਾਂ ਦੀ ਕਿਰਪਾ ਕਰਕੇ ਮੈਨੂੰ ਸੁਖਦਾਤਾ ਪ੍ਰਭੂ ਮਿਲ ਪਿਆ ਹੈ, ਹਉਮੈ ਤੇ ਹੂਹ=ਮੂਰਖਤਾਈ, ਵਾ:-ਹਠਤਾਈ ਬਿਨਸ ਗਈ ਹੈ।

ਅਥਵਾ:-ਹੰਗਤਾ ਮਮਤਾ ਤੇ ਹੂਹ=ਸੀਨੇ ਜੋਰੀ (ਧੱਕਾ) ਜਾਂ ਹਮਲਾ ਕਰਨਾ ਏਹ ਸਭ ਬਿਨਸ਼ ਗਏ।

ਰਾਮ ਰੰਗਿ ਰਾਤੇ ਦਾਸ ਨਾਨਕ
ਮਉਲਿਓ ਮਨੁ ਤਨੁ ਜੂਹ॥ ੨॥ ੯੫॥ ੧੧੮॥

ਗੁਰੂ ਜੀ ਕਥਨ ਕਰਦੇ ਹਨ-ਦਾਸਾ ਭਾਵ ਨਾਲ ਜਿਸ ਵੇਲੇ ਰਾਮ ਦੇ ਰੰਗਿ=ਪਰੇਮ ਵਿਚ ਤਦਾਕਾਰ ਹੋਏ ਤਾਂ ਮਨ ਤਨ ਰੂਪੀ ਜੂਹ=ਜੰਗਲ ਵਿਚ ਪਰਮੇਸ਼ਰ ਨੂੰ ਮਉਲਿਓ=ਮਿਲ ਰਿਹਾ ਨਿਸਚੇ ਕੀਤਾ ।

ਅਥਵਾ:-ਤਨ ਰੂਪੀ ਜੂਹ ਵਿਚ ਮਨ ਮਉਲਿਓ=ਖਿੜ ਗਿਆ॥ ੨॥ ੯੫॥ ੧੧੮॥

ਸਾਰਗ ਮਹਲਾ ੫॥
ਬਿਨਸੇ ਕਾਚ ਕੇ ਬਿਉਹਾਰ॥

ਜਿਵੇਂ ਕੱਚ ਦੇ ਭਾਂਡੇ ਬਿਨਸ ਜਾਂਦੇ ਹਨ, ਤਿਵੇਂ ਕਾਚ=ਕੱਚੀ ਜੋ ਮਾਇਆ ਹੈ, ਉਸ ਮਾਇਆ ਦੇ ਸਾਰੇ ਵਿਹਾਰ ਬਿਨਸ ਜਾਣ ਵਾਲੇ ਹਨ।

ਰਾਮ ਭਜੁ ਮਿਲਿ ਸਾਧ ਸੰਗਤਿ ਇਹੈ ਜਗ ਮਹਿ ਸਾਰ॥ ੧॥ ਰਹਾਉ॥

ਸਤਸੰਗਤ ਵਿਚ ਮਿਲ ਕੇ ਰਾਮ ਨੂੰ ਭਜਨਾ ਕਰ, ਜਗਤ ਵਿਚ ਏਹੋ ਕਿਰਿਆ ਸਾਰ=ਸ੍ਰੇਸ਼ਟ ਹੈ॥ ੧॥ ਰਹਾਉ॥

ਈਤ ਊਤ ਨ ਡੋਲਿ ਕਤਹੂ ਨਾਮੁ ਹਿਰਦੈ ਧਾਰਿ॥

ਈਤ ਊਤ=ਇਧਰ ਉਧਰ ਕਦੇ ਨਾ ਡੋਲ, ਇਕ ਨਾਮ ਨੂੰ ਹਿਰਦੇ ਵਿਚ ਧਾਰ ਲੈ।

ਗੁਰ ਚਰਨ ਬੋਹਿਥ ਮਿਲਿਓ ਭਾਗੀ ਉਤਰਿਓ ਸੰਸਾਰ॥ ੧॥

ਜਿਸ ਉਤਮ ਭਾਗਾਂ ਵਾਲੇ ਨੂੰ ਗੁਰ ਚਰਨਾਂ ਦਾ ਧਿਆਨ ਕਰਕੇ ਰੂਪ ਬੋਹਿਥ=ਜਹਾਜ਼ ਮਿਲਿਆ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਿਆ ਹੈ॥ ੧॥

ਜਲਿ ਥਲਿ ਮਹੀਅਲਿ ਪੂਰਿ ਰਹਿਓ ਸਰਬ ਨਾਥ ਅਪਾਰ॥

ਅਪਾਰ=ਬੇਅੰਤ ਗੁਣਾਂ ਵਾਲਾ ਸਾਰਿਆਂ ਦਾ ਸੁਆਮੀ ਪਰਮਾਤਮਾ ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਵੀ ਤੇ ਅਲਿ=ਅਕਾਸ਼ ਵਿਚ ਪੂਰਨ ਹੋ ਰਿਹਾ ਹੈ।

ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ ਆਨ ਰਸ ਸਭਿ ਖਾਰ॥ ੨॥ ੯੬॥ ੧੧੯॥

ਗੁਰੂ ਜੀ ਕਥਨ ਕਰਦੇ ਹਨ-ਇਕ ਹਰੀ ਨਾਮ ਅੰਮ੍ਰਿਤ ਨੂੰ ਪੀਣਾ ਕਰੋ, ਆਨ=ਹੋਰ ਦੁਨਿਆਵੀ ਰਸ ਸਾਰੇ ਖਾਰ=ਕੰਡੇ ਵਾਂਗੂੰ ਦੁਖਦਾਈ ਹਨ। ਵਾ:-ਖਾਰ=ਤੇਜ਼ਾਬ ਵਾਂਗੂੰ ਗਾਲਣ ਵਾਲੇ ਹਨ॥ ੨॥ ੯੬॥ ੧੧੯॥

ਸਾਰਗ ਮਹਲਾ ੫ ॥

ਤਾ ਤੇ ਕਰਣ ਪਲਾਹ ਕਰੇ ॥

ਤਾ ਤੇ=ਤਿਸੀ ਤੇ ਇਹ ਜੀਵ ਕੀਰਣੇ ਤੇ ਪਲਾਹ=ਜਤਨ ਕਰਦਾ ਹੈ।

ਵਾ:-ਤਿਸੀ ਤੇ ਇਹ ਜੀਵ ਕਰਣ ਪਲਾਹ=ਅਤੀਅੰਤ ਰੁਦਨ ਕਰਦਾ ਹੈ। ਜਿਸ ਤੇ-

ਮਹਾ ਬਿਕਾਰ ਮੋਹ ਮਦ ਮਾਤੌ ਸਿਮਰਤ ਨਾਹਿ ਹਰੇ ॥ ੧ ॥ ਰਹਾਉ ॥

ਵਿਸ਼ੇ ਵਿਕਾਰ, ਮਹਾਂ ਮੋਹ ਤੇ ਮਦ ਆਦਿਕਾਂ ਵਿਚ ਮਸਤ ਹੈ ਤੇ ਹਰੀ ਨਾਮ ਦਾ ਸਿਮਰਨ ਨਹੀਂ ਕਰਦਾ ॥ ੧ ॥ ਰਹਾਉ ॥

ਸਾਧ ਸੰਗਿ ਜਪਤੇ ਨਾਰਾਇਣ ਤਿਨ ਕੇ ਦੋਖ ਜਰੇ ॥

ਜੋ ਸੰਤਾਂ ਦੇ ਸੰਤਸੰਗ ਵਿਚ ਬੈਠ ਕੇ ਨਰਾਇਣ ਨਾਮ ਨੂੰ ਜਪਦੇ ਹਨ, ਉਹਨਾਂ ਦੇ ਸਾਰੇ ਦੋਖ=ਦੋਸ਼, ਜਰੇ=ਸੜ ਗਏ, ਅਰਥਾਤ ਅਭਾਵ ਹੋ ਗਏ ਹਨ।

ਸਫਲ ਦੇਹ ਧੰਨਿ ਓਇ ਜਨਮੇ ਪ੍ਰਭ ਕੈ ਸੰਗਿ ਰਲੇ ॥ ੧ ॥

ਉਹਨਾਂ ਦੀ ਮਨੁੱਖਾ ਦੇਹ ਸਫਲ ਹੈ, ਉਹਨਾਂ ਦਾ ਜੰਮਣਾ ਭੀ ਧੰਨਤਾ ਦੇ ਜੋਗ ਹੈ, ਜੋ ਪ੍ਰਭੂ ਦੇ ਨਾਲ ਰਲੇ=ਅਭੇਦ ਹੋਏ ਹਨ ॥ ੧ ॥

ਚਾਰਿ ਪਦਾਰਥ ਅਸਟ ਦਸਾ ਸਿਧਿ ਸਭ ਊਪਰਿ ਸਾਧ ਭਲੇ ॥

ਧਰਮ, ਅਰਥ, ਕਾਮ, ਮੋਖ ਰੂਪ ਚਾਰੇ ਪਦਾਰਥ ਤੇ ਅਸਟ-ਦਸਾ=ਅਠਾਰਾਂ ਸਿਧੀਆਂ ਇਨ੍ਹਾਂ ਸਾਰਿਆਂ ਤੋਂ ਜੋ ਊਪਰਿ=ਉਪਰਾਮ ਹਨ ਓਹੀ ਸੰਤ ਚੰਗੇ ਹਨ।

ਨਾਨਕ ਦਾਸ ਧੂਰਿ ਜਨ ਬਾਂਛੈ ਉਧਰਹਿ ਲਾਗਿ ਪਲੇ ॥ ੨ ॥ ੯੭ ॥ ੧੨੦ ॥

ਗੁਰੂ ਜੀ ਕਥਨ ਕਰਦੇ ਹਨ-ਦਾਸਾ ਭਾਵ ਨਾਲ ਜੋ ਸੰਤ ਜਨਾਂ ਦੀ ਚਰਨ ਧੂੜ ਨੂੰ ਬਾਂਛੈ=ਚਾਹੁੰਦੇ ਹਨ, ਉਹ ਸੰਤਾਂ ਦੇ ਉਪਦੇਸ਼ ਪਲੇ ਨਾਲ ਲੱਗ ਕੇ, ਵਾ:-ਸ਼ਰਨ ਰੂਪ ਪਲੇ ਨਾਲ ਲੱਗ ਕੇ ਤਰ ਜਾਂਦੇ ਹਨ ॥ ੨ ॥ ੯੭ ॥ ੧੨੦ ॥

ਸਾਰਗ ਮਹਲਾ ੫ ॥

ਹਰਿ ਕੇ ਨਾਮ ਕੇ ਜਨ ਕਾਂਖੀ ॥

ਹਰੀ ਦੇ ਸੰਤ ਜਨ ਹਰੀ ਨਾਮ ਦੇ ਕਾਂਖੀ=ਚਾਹਵਾਨ ਹਨ।

ਮਨਿ ਤਨਿ ਬਚਨਿ ਏਹੀ ਸੁਖੁ ਚਾਹਤ
ਪ੍ਰਭ ਦਰਸੁ ਦੇਖਹਿ ਕਬ ਆਖੀ ॥ ੧ ॥ ਰਹਾਉ ॥

ਮਨ, ਬਾਣੀ, ਸਰੀਰ ਕਰਕੇ ਏਹੋ ਸੁਖ ਚਾਹੁੰਦੇ ਹਨ ਕਿ ਹੇ ਪ੍ਰਭੂ ! ਆਪ ਜੀ ਦਾ ਦਰਸ਼ਨ ਆਖੋਂ ਕਰਕੇ ਕਬ ਦੇਖੇਂਗੇ ॥ ੧ ॥ ਰਹਾਉ ॥

ਤੂ ਬੇਅੰਤੁ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ ਲਾਖੀ ॥

ਹੇ ਪਾਰਬ੍ਰਹਮ ਸੁਆਮੀ ! ਤੂੰ ਬੇਅੰਤ ਹੈਂ, ਆਪ ਜੀ ਦੀ ਗਤੀ ਜਾਣੀ ਨਹੀਂ ਜਾਂਦੀ।

ਚਰਨ ਕਮਲ ਪ੍ਰੀਤਿ ਮਨੁ ਬੇਧਿਆ ਕਰਿ ਸਰਬਸੁ ਅੰਤਰਿ ਰਾਖੀ॥ ੧ ॥

ਆਪ ਜੀ ਦੇ ਚਰਨ ਕਮਲਾਂ ਦੀ ਪ੍ਰੀਤੀ ਵਿਚ ਮੇਰਾ ਮਨ ਬੇਧਿਆ=ਵਿੰਨ੍ਹਿਆ ਗਿਆ ਹੈ ਅਤੇ ਆਪਣਾ ਸਰਬੰਸ ਜਾਣ ਕੇ ਆਪ ਜੀ ਦੀ ਪ੍ਰੀਤੀ ਨੂੰ ਹਿਰਦੇ ਅੰਦਰ ਰੱਖਿਆ ਹੈ॥ ੧॥

ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ॥

ਚਾਰ ਬੇਦਾਂ, ਅਠਾਰਾਂ ਪੁਰਾਨਾਂ ਤੇ ਸਤਾਈ ਸਿਮ੍ਰਿਤੀਆਂ ਨੇ ਏਹ ਕਿਹਾ ਹੈ ਅਤੇ ਸੰਤ ਜਨਾਂ ਨੇ ਭੀ ਰਸਨਾ ਦੁਆਰੇ ਏਹ ਬਾਣੀ ਉਚਾਰੀ ਹੈ। ਕਿ-

ਜਪਿ ਰਾਮ ਨਾਮੁ ਨਾਨਕ ਨਿਸਤਰੀਐ
ਹੋਰੁ ਦੁਤੀਆ ਬਿਰਥੀ ਸਾਖੀ॥ ੨ ॥ ੯੮ ॥ ੧੨੧ ॥

ਗੁਰੂ ਜੀ ਕਥਨ ਕਰਦੇ ਹਨ-ਰਾਮ ਨਾਮ ਜਪਦਿਆਂ ਹੀ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ, ਨਾਮ ਤੋਂ ਬਿਨਾਂ ਹੋਰ ਦੁਤੀਆ=ਦਵੈਤ ਭਾਵ ਦੀਆਂ ਦੂਜੀਆਂ ਸਾਖੀਆਂ ਬਿਰਥੀ=ਵਿਅਰਥ ਹਨ॥ ੨ ॥ ੯੮ ॥ ੧੨੧ ॥

ਸਾਰਗ ਮਹਲਾ ੫ ॥ ਮਾਖੀ ਰਾਮ ਕੀ ਤੂ ਮਾਖੀ॥

ਹੇ ਮਾਇਆ ਰੂਪ ਮਖੀ ! ਤੂੰ ਰਾਮ ਦੀ ਮਾਖੀ=ਮਛਰਾਈ ਹੋਈ ਹੈਂ, ਅਰਥਾਤ ਉਸ ਦੀ ਚੇਤਨ ਸਤਾ ਕਰਕੇ ਤੂੰ ਚੰਚਲ ਹੈਂ ਨਹੀਂ ਤਾਂ ਜੜ੍ਹ ਹੈਂ।

ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ॥ ੧ ॥ ਰਹਾਉ ॥

ਜਿਥੇ ਮਾਸ, ਸ਼ਰਾਬ, ਚੋਰੀ ਯਾਰੀ ਆਦਿਕ ਦੁਰਗੰਧੀ ਹੈ, ਭਾਵ ਜਿਨਾਂ ਦਾ ਅੰਤਹਕਰਣ ਮੈਲਾ ਹੈ, ਓਥੇ ਤੂੰ ਬੈਠਦੀ ਹੈਂ, ਵਾ:-ਜਿਥੇ ਤੂੰ ਬੈਠਦੀ ਹੈਂ ਓਥੇ ਹੀ ਦੁਰਗੰਧੀ ਫਲਾਂਵਦੀ ਹੈਂ, ਤੇਰੇ ਕਰਕੇ ਹੀ ਇਹ ਜੀਵ ਮਦ=ਸ਼ਰਾਬ ਆਦਿਕ ਮਲੀਣ ਪਦਾਰਥਾਂ ਨੂੰ ਤੇ ਬਹੁਤ ਹੀ ਵਿਸ਼ਿਆਂ ਨੂੰ ਚਾਖੀ=ਭੋਗਦਾ ਹੈ॥ ੧ ॥ ਰਹਾਉ ॥

ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ॥

ਕਿਸੇ ਅਸਥਾਨ 'ਪਰ ਭੀ ਤੂੰ ਟਿਕਣਾ ਨਹੀਂ ਪਾਂਦੀ, (ਵੇਸ਼ਵਾ ਵਾਂਗੂੰ) ਇਹ ਵਿਧੀ ਮੈਂ ਅੱਖੀਂ ਵੇਖੀ ਹੈ।

ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ॥ ੧ ॥

ਸੰਤਾਂ ਤੋਂ ਬਿਨਾਂ ਤੈਂਨੇ ਕਿਸੇ ਨੂੰ ਛੱਡਿਆ ਨਹੀਂ ਹੈ, ਭਾਵ ਸਭ ਨੂੰ ਮੋਹਤ ਕੀਤਾ ਹੈ, ਸੰਤ ਜਨ ਗੋਬਿੰਦ ਦੀ ਪਾਖੀ=ਸ਼ਰਨ ਪਏ ਹਨ, ਇਸ ਲੀਏ ਸੰਤ ਮਾਇਆ ਤੋਂ ਬਚੇ ਹਨ॥ ੧ ॥

ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ॥

ਛੋਟੇ ਵੱਡੇ ਸਾਰੇ ਜੀਆ ਜੰਤ ਤੈਂਨੇ ਮੋਹ ਲਏ ਹਨ, ਏਹ ਗੱਲ ਸੰਤਾਂ ਤੋਂ ਬਿਨਾਂ ਹੋਰ ਕਿਸੀ ਨੇ ਨਹੀਂ ਜਾਣੀ।

ਨਾਨਕ ਦਾਸੁ ਹਰਿ ਕੀਰਤਨਿ ਰਾਤਾ
ਸਬਦੁ ਸੁਰਤਿ ਸਚੁ ਸਾਖੀ॥ ੨ ॥ ੯੯ ॥ ੧੨੨ ॥

ਗੁਰੂ ਜੀ ਕਥਨ ਕਰਦੇ ਹਨ-ਸਭ ਦਾ ਸਾਖੀ=ਪ੍ਰੇਰਕ ਜੋ ਸੱਚਾ ਸਬਦੁ=ਬ੍ਰਹਮ ਹੈ, ਉਸ ਦੀ ਸੁਰਤ ਪ੍ਰਾਪਤ ਹੋਣ ਕਰਕੇ, ਮੈਂ ਦਾਸ ਹਰੀ ਦੇ ਕੀਰਤਨ ਕਰਨ ਵਿਚ ਰੱਤਾ ਰਹਿੰਦਾ ਹਾਂ। ਵਾ:-ਸੁਰਤੀਆਂ ਕਰਕੇ ਪ੍ਰਤਿਪਾਦਕ ਜੋ ਸੱਚਾ ਸਬਦੁ=ਬ੍ਰਹਮ ਹੈ, ਗੁਰਾਂ ਦੀ ਸਾਖੀ=ਸਿੱਖਿਆ ਕਰਕੇ ਪਰਾਪਤ ਹੋਇਆ ਹੈ॥ ੨ ॥ ੯੯ ॥ ੧੨੨ ॥

ਸਾਰਗ ਮਹਲਾ ੫ ॥

ਮਾਈ ਰੀ ਕਾਟੀ ਜਮ ਕੀ ਫਾਸ ॥

ਮਾਈ ਰੀ=ਹੇ ਭਾਈ ! ਮੇਰੇ ਗਲ ਚੋਂ ਜਮਾਂ ਦੀ ਫਾਹੀ ਕੱਟੀ ਗਈ ਹੈ।

ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ ॥ ੧ ॥ ਰਹਾਉ ॥

ਹਰਿ ਹਰਿ ਨਾਮ ਜਪਦਿਆਂ ਸਾਰੇ ਸੁਖ ਪਾਏ ਹਨ, ਗ੍ਰਹਸਥ ਦੇ ਵਿਚ ਰਹਿ ਕੇ ਉਦਾਸ=ਅਸੰਗ ਰਹਿੰਦੇ ਹਾਂ॥ ੧ ॥ ਰਹਾਉ ॥

[ਪੰਨਾ ੧੨੨੮]

ਕਰਿ ਕਿਰਪਾ ਲੀਨੇ ਕਰਿ ਅਪੁਨੇ ਉਪਜੀ ਦਰਸ ਪਿਆਸ ॥

ਜਿਸ ਵੇਲੇ ਮੇਰੇ ਅੰਦਰ ਪ੍ਰਭੂ ਦੇ ਦਰਸ਼ਨ ਦੀ ਪਿਆਸ ਉਪਜੀ ਤਾਂ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਆਪਣਾ ਦਾਸ ਕਰ ਲਿਆ ।

ਸੰਤ ਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੁਤੀਆ ਆਸ ॥ ੧ ॥

ਸੰਤਾਂ ਦੇ ਸਤਸੰਗ ਵਿਚ ਮਿਲ ਕੇ ਹਰੀ ਦੇ ਗੁਣ ਗਾਏ ਹਨ, ਇਸ ਕਰਕੇ ਦੂਜੀ ਆਸਾ ਬਿਨਸ ਗਈ ਹੈ॥ ੧ ॥

ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ ॥

ਸੰਤਾਂ ਨੇ ਪ੍ਰਭੂ ਦੀ ਪ੍ਰਾਪਤੀ ਦਾ ਮਾਰਗੁ=ਰਸਤਾ ਕਹਿ ਕੇ ਮਹਾ ਅਟਵੀ=ਬੜੀ ਭਿਆਨਕ ਸੰਸਾਰ ਉਜਾੜ ਤੋਂ ਕੱਢ ਲਿਆ ਹੈ। ਅਥਵਾ:-ਬੜੀ ਅਟਵੀ=ਭਿਆਨਕ ਸੰਸਾਰ ਉਜਾੜ ਵਿਚੋਂ ਕਾਢੇ=ਨਿਕਲਣ ਦਾ ਰਸਤਾ ਸੰਤਾਂ ਨੇ ਕਹਿਓ=ਦੱਸਿਆ ਹੈ।

ਦੇਖਤ ਦਰਸੁ ਪਾਪ ਸਭਿ ਨਾਸੇ
ਹਰਿ ਨਾਨਕ ਰਤਨੁ ਲਹਿਓ ॥ ੨ ॥ ੧੦੦ ॥ ੧੨੩ ॥

ਹਰੀ ਦਾ ਦਰਸ਼ਨ ਦੇਖਦਿਆਂ ਹੀ ਸਾਰੇ ਪਾਪ ਨਾਸ ਹੋ ਗਏ ਹਨ, ਗੁਰੂ ਜੀ ਕਥਨ ਕਰਦੇ ਹਨ-ਰਤਨ ਰੂਪ ਹਰੀ ਨੂੰ ਲਹਿਓ=ਲੈ ਲੀਤਾ ਹੈ॥ ੨ ॥ ੧੦੦ ॥ ੧੨੩ ॥

ਸਾਰਗ ਮਹਲਾ ੫ ॥

ਮਾਈ ਰੀ ਅਰਿਓ ਪ੍ਰੇਮ ਕੀ ਖੋਰਿ ॥

ਮਾਈ ਰੀ=ਹੇ ਸੰਤੋ ! ਮੇਰਾ ਮਨ ਪ੍ਰੇਮ ਦੀ ਖੋਰਿ=ਖੁਡ ਵਿਚ ਅਰਿਓ=ਅੜ ਗਿਆ, ਭਾਵ ਫਸ ਗਿਆ ਹੈ।

ਦਰਸਨ ਰੁਚਿਤ ਪਿਆਸ ਮਨਿ ਸੁੰਦਰ ਸਕਤ ਨ ਕੋਈ ਤੋਰਿ ॥ ੧ ॥ ਰਹਾਉ ॥

ਸੁੰਦਰ ਸਰੂਪ ਪਰਮਾਤਮਾ ਦੇ ਦਰਸ਼ਨ ਦੀ ਪਿਆਸ ਮੇਰੇ ਮਨ ਵਿਚ ਅਜੇਹੀ ਰੁਚਿਤ=ਚੰਗੀ ਲੱਗ ਰਹੀ ਹੈ, ਜਿਸ ਪਿਆਸ ਨੂੰ ਕੋਈ ਤੋੜ ਨਹੀਂ ਸਕਦਾ॥ ੧॥ ਰਹਾਉ॥

ਪ੍ਰਾਨ ਮਾਨ ਪਤਿ ਪਿਤ ਸੁਤ ਬੰਧਪ ਹਰਿ ਸਰਬਸੁ ਧਨ ਮੋਰ॥

ਪ੍ਰਾਨ, ਮਾਨ, ਪਤੀ, ਪਿਤਾ, ਸੁਤ=ਪੁਤ੍ਰ, ਬੰਧਪ=ਸਬੰਧੀ ਤੇ ਧਨ ਇਤਆਦਿਕ ਸਾਰਾ ਸਰਬੰਸ ਸਭ ਕੁਝ ਮੇਰਾ ਹਰੀ ਹੀ ਹੈ।

ਧ੍ਰਿਗੁ·ਸਰੀਰੁ ਅਸਤ ਬਿਸਟਾ ਕ੍ਰਿਮ ਬਿਨੁ ਹਰਿ ਜਾਨਤ ਹੋਰ॥ ੧॥

ਹਰੀ ਨਾਮ ਸਿਮਰਨ ਤੋਂ ਬਿਨਾਂ ਜੋ ਹੋਰ ਕਿਸੇ ਨੂੰ ਜਾਣਦਾ ਹੈ, ਉਸ ਦੇ ਅਸਤ=ਹੱਡੀਆਂ, ਬਿਸਟਾ=ਗੂੰਹ ਤੇ ਕ੍ਰਿਮ=ਕੀੜਿਆਂ ਦੇ ਭਰੇ ਹੋਏ ਸਰੀਰ ਨੂੰ ਧ੍ਰਿਗਾਕਾਰ ਹੈ, ਭਾਵ ਲਾਹਨਤ ਹੈ॥ ੧॥

ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਪਰਾ ਪੂਰਬਲਾ ਜੋਰ॥

ਕੋਈ ਪਿਛਲੇ ਜਨਮ ਦੇ ਪਰਾ=ਉਤਕ੍ਰਿਸ਼ਟ ਪੂਰਬਲੇ ਕਰਮਾਂ ਦੇ ਜੋਰ=ਬਲ ਕਰਕੇ, ਦੀਨ=ਗਰੀਬਾਂ ਦੇ ਦੁੱਖ ਭੰਜਨੇ ਵਾਲਾ ਪ੍ਰਭੂ ਸਾਡੇ 'ਤੇ ਕ੍ਰਿਪਾਲੂ ਹੋਇਆ ਹੈ।

ਨਾਨਕ ਸਰਣਿ ਕ੍ਰਿਪਾ ਨਿਧਿ ਸਾਗਰ
ਬਿਨਸਿਓ ਆਨ ਨਿਹੋਰ॥ ੨॥ ੧੦੧॥ ੧੨੪॥

ਗੁਰੂ ਜੀ ਕਥਨ ਕਰਦੇ ਹਨ-ਕਿਰਪਾ ਨਿਧੀ ਸੁਖਾਂ ਦੇ ਸਮੁੰਦਰ ਪ੍ਰਭੂ ਦੀ ਸ਼ਰਨ ਪਏ ਹਾਂ, ਇਸ ਲਈ ਹੋਰ ਸਾਰਾ ਨਿਹੋਰਾ=ਇਹਸਾਨ ਬਿਨਸ ਗਿਆ ਹੈ ਜਾਂ ਹੋਰਨਾਂ ਅੱਗੇ ਨਿਹੋਰ=ਪ੍ਰਾਰਥਨਾ ਦਾ ਕਰਨਾ ਬਿਨਸ ਗਿਆ ਹੈ॥ ੨॥ ੧੦੧॥ ੧੨੪॥

ਸਾਰਗ ਮਹਲਾ ੫॥

ਨੀਕੀ ਰਾਮ ਕੀ ਧੁਨਿ ਸੋਇ॥

ਉਹ ਜੋ ਰਾਮ ਹੈ ਉਸ ਦੀ ਨਾਮ ਧੁਨੀ ਸਭ ਤੋਂ ਨੀਕੀ=ਚੰਗੀ ਹੈ।

ਚਰਨ ਕਮਲ ਅਨੂਪ ਸੁਆਮੀ ਜਪਤ ਸਾਧੂ ਹੋਇ॥ ੧॥ ਰਹਾਉ॥

ਅਨੂਪ=ਉਪਮਾ ਤੋਂ ਰਹਿਤ ਜੋ ਸੁਆਮੀ ਹੈ, ਉਸ ਦੇ ਚਰਨ ਕਮਲ ਜਪਨੇ ਵਾਲਾ ਹੀ ਅਸਲ ਸਾਧੂ ਹੁੰਦਾ ਹੈ॥ ੧॥ ਰਹਾਉ॥

ਚਿਤਵਤਾ ਗੋਪਾਲ ਦਰਸਨ ਕਲਮਲਾ ਕਛੁ ਧੋਇ॥

ਜੋ ਗੋਪਾਲ ਦੇ ਦਰਸ਼ਨ ਨੂੰ ਚਿਤਵਦਾ ਰਹਿੰਦਾ ਹੈ, ਵਾ:-ਚਿਤਵਦਾ=ਦੇਖਦਾ ਹੈ, ਉਹ ਗੁਰਮੁਖ ਪਾਪਾਂ ਨੂੰ ਧੋ ਕੱਢਦਾ ਹੈ।

ਜਨਮ ਮਰਨ ਬਿਕਾਰ ਅੰਕੁਰ ਹਰਿ ਕਾਟਿ ਛਾਡੇ ਖੋਇ॥ ੧॥

ਜਨਮ ਮਰਨ ਦੇ ਪੈਦਾ ਕਰਨ ਵਾਲਾ ਜੋ ਵਿਸ਼ੇ ਵਿਕਾਰਾਂ ਰੂਪ ਅੰਕੁਰ=ਬੀਜ ਸੀ, ਉਸ ਹਰੀ ਨੇ ਕੱਟ ਕੇ ਗੁਆ ਛੱਡਿਆ ਹੈ ਜਾਂ ਖੋਨੇ ਵਾਲੇ ਹਰੀ ਨੇ ਕੱਟ ਛੱਡਿਆ ਹੈ॥ ੧॥

ਪਰਾ ਪੂਰਬਿ ਜਿਸਹਿ ਲਿਖਿਆ ਬਿਰਲਾ ਪਾਏ ਕੋਇ ॥

ਪਰਾ=ਉਤ ਕ੍ਰਿਸ਼ਟ, ਪੂਰਬਿ=ਪਹਿਲੇ ਤੋਂ ਹੀ ਜਿਸ ਦੇ ਮੱਥੇ 'ਪਰ ਚੰਗਾ ਲੇਖ ਲਿਖਿਆ ਹੋਇਆ ਹੈ, ਉਹ ਕੋਈ ਵਿਰਲਾ ਹੀ ਗੁਰਮੁਖ ਦਰਸ਼ਨ ਨੂੰ ਪਾਂਦਾ ਹੈ।

ਰਵਣ ਗੁਣ ਗੋਪਾਲ ਕਰਤੇ ਨਾਨਕਾ ਸਚੁ ਜੋਇ ॥ ੨ ॥ ੧੦੨ ॥ ੧੨੫ ॥

ਗੁਰੂ ਜੀ ਕਥਨ ਕਰਦੇ ਹਨ-ਜੇਹੜਾ ਪੁਰਸ਼ ਗੋਪਾਲ ਕਰਤੇ ਦੇ ਗੁਣਾਂ ਨੂੰ ਉਚਾਰਦਾ ਹੈ, ਉਹ ਸੱਚ ਸਰੂਪ ਪਰਮਾਤਮਾ ਨੂੰ ਜੋਇ=ਦੇਖ ਲੈਂਦਾ ਹੈ॥ ੨ ॥ ੧੦੨ ॥ ੧੨੫ ॥

ਸਾਰਗ ਮਹਲਾ ੫ ॥

ਹਰਿ ਕੇ ਨਾਮ ਕੀ ਮਤਿ ਸਾਰ ॥

ਹਰੀ ਦੇ ਨਾਮ ਜਪਣ ਵਾਲੇ ਗੁਰਮੁਖ ਪੁਰਸ਼ ਦੀ ਮਤੀ ਸਾਰ=ਸਰੇਸ਼ਟ ਹੁੰਦੀ ਹੈ।

ਹਰਿ ਬਿਸਾਰਿ ਜੁ ਆਨ ਰਾਚਹਿ ਮਿਥਨ. ਸਭ ਬਿਸਥਾਰ ॥ ੧ ॥ ਰਹਾਉ ॥

ਹਰੀ ਨਾਮ ਨੂੰ ਭੁਲਾ ਕੇ ਜੋ ਪੁਰਸ਼ ਆਨ=ਹੋਰ ਕੰਮਾਂ ਦੇ ਕਰਨ ਵਿਚ ਰਚਦੇ ਹਨ, ਉਹਨਾਂ ਦਾ ਸਾਰਾ ਵਿਸਥਾਰ ਮਿਥਿਆ ਹੈ॥ ੧ ॥ ਰਹਾਉ ॥

ਸਾਧ ਸੰਗਮਿ ਭਜੁ ਸੁਆਮੀ ਪਾਪ ਹੋਵਤ ਖਾਤ ॥

ਜੋ ਪੁਰਸ਼ ਸੰਤਾਂ ਦੇ ਸਤਸੰਗ ਵਿਚ ਬੈਠ ਕੇ ਸੁਆਮੀ ਨੂੰ ਭਜਦਾ ਹੈ, ਉਸ ਦੇ ਸਾਰੇ ਪਾਪ ਖਾਰ=ਖੈ (ਨਾਸ) ਹੋ ਜਾਂਦੇ ਹਨ।

ਚਰਨਾਰਬਿੰਦ ਬਸਾਇ ਹਿਰਦੈ ਬਹੁਰਿ ਜਨਮ ਨ ਮਾਰ ॥ ੧ ॥

ਜੋ ਪੁਰਸ਼ ਹਿਰਦੇ ਵਿਚ ਚਰਨ ਕਮਲਾਂ ਦੇ ਧਿਆਨ ਨੂੰ ਵਸਾਂਦਾ ਹੈ, ਉਸ ਦਾ ਬਹੁਰਿ=ਮੁੜ ਕੇ ਜਨਮ ਮਰਨ ਨਹੀਂ ਹੁੰਦਾ ॥ ੧ ॥

ਕਰਿ ਅਨੁਗ੍ਰਹ ਰਾਖਿ ਲੀਨੇ ਏਕ ਨਾਮ ਅਧਾਰ ॥

ਪਰਮੇਸ਼ਰ ਨੇ ਅਨੁਗ੍ਰਹ=ਕਿਰਪਾ ਦ੍ਰਿਸ਼ਟੀ ਕਰਕੇ ਉਹ ਪੁਰਸ਼ ਰੱਖ ਲੀਤੇ ਹਨ, ਜਿਨ੍ਹਾਂ ਨੂੰ ਇਕ ਪ੍ਰਭੂ ਦੇ ਨਾਮ ਦਾ ਹੀ ਆਸਰਾ ਹੈ।

ਦਿਨ ਰੈਨਿ ਸਿਮਰਤ ਸਦਾ ਨਾਨਕ
ਮੁਖ ਊਜਲ ਦਰਬਾਰਿ ॥ ੨ ॥ ੧੦੩ ॥ ੧੨੬ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸਦਾ ਹੀ ਦਿਨ ਰਾਤ ਸਿਮਰਨ ਕਰਦਾ ਰਹਿੰਦਾ ਹੈ, ਉਸ ਦਾ ਪ੍ਰਲੋਕ ਦਰਬਾਰ ਵਿਚ ਮੂੰਹ ਉੱਜਲਾ ਹੁੰਦਾ ਹੈ॥ ੨ ॥ ੧੦੩ ॥ ੧੨੬ ॥

ਸਾਰਗ ਮਹਲਾ ੫ ॥

ਮਾਨੀ ਤੂੰ ਰਾਮ ਕੈ ਦਰਿ ਮਾਨੀ ॥

ਰਾਮ ਪਰਮਾਤਮਾ ਦੇ ਸਤਸੰਗ ਦਰਬਾਰ ਵਿਚ ਜਾ ਕੇ ਨਾਮ ਨੂੰ ਮਾਨੀ=ਮਨਨ ਕਰ ਤਾਂ ਤੂੰ ਮਾਨੀ=ਮਾਣੀਕ

(ਪ੍ਰਮਾਣੀਕ) ਹੋ ਜਾਵੇਂਗੀ।

ਸਾਧ ਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ॥੧॥ਰਹਾਉ॥

ਜਿਸ ਨੇ ਸਤਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਏ ਹਨ, ਉਸ ਦੇ ਅੰਦਰੋਂ ਸਾਰੀ ਅਭਿਮਾਨੀ=ਹੰਕਾਰ ਤਾਈ ਬਿਨਸ ਗਈ ਹੈ॥ ੧॥ ਰਹਾਉ॥

ਧਾਰਿ ਅਨੁਗ੍ਰਹੁ ਅਪੁਨੀ ਕਰਿ ਲੀਨੀ ਗੁਰਮੁਖਿ ਪੂਰ ਗਿਆਨੀ॥

ਪਰਮੇਸ਼ਰ ਨੇ ਅਨੁਗ੍ਰਹੁ=ਕਿਰਪਾ ਦ੍ਰਿਸ਼ਟੀ ਧਾਰ ਕੇ ਜੋ ਆਪਣੀ ਦਾਸੀ ਕਰ ਲੀਤੀ ਹੈ, ਉਹ ਗੁਰਮੁਖ ਇਸਤ੍ਰੀ ਗੁਰਾਂ ਦੁਆਰੇ ਪੂਰਨ ਗਿਆਨਵਾਨ ਹੋਈ ਹੈ।

ਸਰਬ ਸੂਖ ਆਨੰਦ ਘਨੇਰੇ ਠਾਕੁਰ ਦਰਸ ਧਿਆਨੀ॥੧॥

ਉਸ ਨੂੰ ਸਾਰੇ ਸੁਖ ਤੇ ਘਨੇਰੇ=ਬਹੁਤੇ ਅਨੰਦ ਪਰਾਪਤ ਹੋਏ ਹਨ, ਜੋ ਠਾਕੁਰ ਪਰਮਾਤਮਾ ਦੇ ਦਰਸ਼ਨ ਲਈ ਧਿਆਨ ਵਿਚ ਭਾਵ ਸਮਾਧੀ ਵਿਚ ਜੁੜੀ ਹੈ॥ ੧॥

ਨਿਕਟਿ ਵਰਤਨਿ ਸਾ ਸਦਾ ਸੁਹਾਗਨਿ ਦਹਦਿਸ ਸਾਈ ਜਾਨੀ॥

ਜੋ ਆਪਣੇ ਸੁਆਮੀ ਪਰਮਾਤਮਾ ਦੇ ਨਿਕਟ ਵਰਤਣ ਵਾਲੀ ਹੈ, ਉਹ ਇਸਤ੍ਰੀ ਸਦਾ ਸੁਹਾਗਣ ਹੈ ਅਤੇ ਓਹੀ ਇਸਤ੍ਰੀ ਦਸੋਂ ਦਿਸਾਂ ਵਿਚ ਪਰਗਟ ਜਾਣੀ ਜਾਂਦੀ ਹੈ।

ਪ੍ਰਿਅ ਰੰਗ ਰੰਗਿ ਰਤੀ ਨਾਰਾਇਨ
ਨਾਨਕ ਤਿਸੁ ਕੁਰਬਾਨੀ॥੨॥੧੦੪॥੧੨੭॥

ਗੁਰੂ ਜੀ ਕਥਨ ਕਰਦੇ ਹਨ-ਜੋ ਰੰਗਾਂ ਵਿਚੋਂ ਪਿਰੀ ਨਰਾਇਣ ਦੇ ਰੰਗਿ=ਪਰੇਮ ਵਿਚ ਰਤੀ ਰਹਿੰਦੀ ਹੈ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ॥ ੨॥ ੧੦੪॥ ੧੨੭॥

ਸਾਰਗ ਮਹਲਾ ੫॥
ਤੁਅ ਚਰਨ ਆਸਰੋ ਈਸ॥

ਹੇ ਈਸ਼ੁਰ ! ਮੈਨੂੰ ਇਕ ਆਪ ਜੀ ਦੇ ਚਰਨਾਂ ਦਾ ਆਸਰਾ ਹੈ।

ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ ਰਾਖਨਹਾਰ ਤੁਮੈ ਜਗਦੀਸ॥ਰਹਾਉ॥

ਮੈਂ ਆਪ ਜੀ ਨੂੰ ਪਛਾਣਦਾ ਹਾਂ, ਮੇਰਾ ਆਪ ਜੀ ਦੇ ਨਾਲ ਹੀ ਸਾਕ ਸਬੰਧ ਹੈ, ਹੇ ਜਗਤ ਦੇ ਮਾਲਕ ਪ੍ਰਭੂ ! ਆਪ ਹੀ ਮੇਰੀ ਰੱਖਿਆ ਕਰਨ ਵਾਲੇ ਹੋ॥ ਰਹਾਉ॥

ਤੂ ਹਮਰੋ ਹਮ ਤੁਮਰੇ ਕਹੀਐ ਇਤ ਉਤ ਤੁਮ ਹੀ ਰਾਖੇ॥

ਆਪ ਸਾਡੇ ਸੁਆਮੀ ਹੋ, ਅਸੀਂ ਆਪ ਜੀ ਦੇ ਦਾਸ ਕਹੀਂਦੇ ਹਾਂ, ਇਤ-ਉਤ=ਲੋਕ ਪ੍ਰਲੋਕ ਵਿਚ ਆਪ ਹੀ ਰੱਖਿਆ ਕਰਨ ਵਾਲੇ ਹੋ।

ਤੂ ਬੇਅੰਤੁ ਅਪਰੰਪਰੁ ਸੁਆਮੀ ਗੁਰ ਕਿਰਪਾ ਕੋਈ ਲਾਧੈ॥੧॥

ਹੇ ਸੁਆਮੀ ! ਤੂੰ ਬੇਅੰਤ ਹੈਂ ਤੇ ਅਪਰ=ਸੰਸਾਰ ਤੋਂ ਪਰਾ ਰੂਪ ਹੈਂ, ਗੁਰ ਕਿਰਪਾ ਦੁਆਰੇ ਕੋਈ ਵਿਰਲਾ ਹੀ

ਆਪ ਜੀ ਨੂੰ ਲਾਖੇ=ਲਖਦਾ (ਜਾਣਦਾ) ਹੈ॥ ੧॥

ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ॥

ਬਿਨੁ ਬਕਨੇ=ਕਥਨ ਤੋਂ ਬਿਨਾਂ ਜੋ ਪਰਮੇਸ਼ਰ ਹੈ, ਉਹ ਅੰਤਰਜਾਮੀ ਪ੍ਰਭੂ ਕਹਿਣੇ ਕਹਾਵਣੇ ਤੋਂ ਬਿਨਾਂ ਹੀ ਸਭ ਜੀਵਾਂ ਦੇ ਦਿਲ ਦੀਆਂ ਗੱਲਾਂ ਨੂੰ ਜਾਣਦਾ ਹੈ।

ਜਾ ਕਉ ਮੇਲਿ ਲਏ ਪ੍ਰਭੁ ਨਾਨਕੁ
ਸੇ ਜਨ ਦਰਗਹ ਮਾਨੇ॥ ੧॥ ੧੦੫॥ ੧੨੮॥

ਗੁਰੂ ਜੀ ਕਥਨ ਕਰਦੇ ਹਨ-ਜਿਸ ਗੁਰਮੁਖ ਨੂੰ ਪ੍ਰਭੂ ਆਪਣੇ ਨਾਲ ਮੇਲ ਲੈਂਦਾ ਹੈ, ਓਹੀ ਪੁਰਸ਼ ਦਰਗਾਹ ਵਿਚ ਮੰਨੇ ਜਾਂਦੇ ਹਨ॥ ੨॥ ੧੦੫॥ ੧੨੮॥*

[ਪੰਨਾ ੧੨੨੬]

ਸਾਰੰਗ ਮਹਲਾ ੫ ਚਉਪਦੇ ਘਰੁ ੫
ੴ ਸਤਿਗੁਰ ਪ੍ਰਸਾਦਿ॥ ਹਰਿ ਭਜਿ ਆਨ ਕਰਮ ਬਿਕਾਰ॥

ਹੇ ਭਾਈ ! ਇਕ ਹਰੀ ਦਾ ਸਿਮਰਨ ਕਰ, ਸਿਮਰਨ ਤੋਂ ਬਿਨਾਂ ਆਨ=ਹੋਰ ਸਾਰੇ ਕਰਮ ਵਿਕਾਰ ਰੂਪ ਭਾਵ ਨਿਕੰਮੇ ਹਨ।

ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ॥ ੧॥ ਰਹਾਉ॥

ਹੋਰ ਕਰਮਾਂ ਕਰਕੇ ਮਾਨ, ਮੋਹ ਤੇ ਤ੍ਰਿਸ਼ਨਾ ਆਦਿਕ ਵਿਕਾਰ ਨਵਿਰਤ ਨਹੀਂ ਹੁੰਦੇ,

ਵਾ:-ਮਾਨ ਅਤੇ ਮੋਹ ਕਰਕੇ ਤ੍ਰਿਸ਼ਨਾ ਦੀ ਨਵਿਰਤੀ ਨਹੀਂ ਹੁੰਦੀ, ਸਾਰਾ ਸੰਸਾਰ ਕਾਲ ਕਰਕੇ ਗ੍ਰਸਿਆ ਹੋਇਆ ਹੈ॥ ੧॥ ਰਹਾਉ॥

ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ॥

ਖਾਤ=ਖਾਂਦਿਆ, ਪੀਦਿਆਂ, ਹਸਤ=ਹਸਦਿਆਂ ਤੇ ਸੋਵਤ=ਸੁਤਿਆਂ ਸਾਰੀ ਅਉਧ=ਉਮਰਾ ਅਸਾਰ= ਬੇਖਬਰੀ ਵਿਚ ਹੀ ਬੀਤ ਗਈ ਹੈ।

ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ॥ ੧॥

ਪਹਿਲੇ ਤਾਂ ਮਾਂ ਦੇ ਉਦਰ=ਪੇਟ ਰੂਪ ਨਰਕ ਅੰਦਰ ਭੌਂਦਾ ਤੇ ਜਲਤੋ=ਸੜਦਾ ਹੈ, ਫੇਰ ਜਮਾਂ ਨੇ ਇਸ ਦੀ ਸਾਰ ਸੰਭਾਲ ਲੈਣਾ ਕੀਤੀ, ਉਹ ਮਾਰਨ ਨੂੰ ਤਿਆਰ ਹੋ ਗਿਆ ॥ ੧॥

ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ॥

ਧਨ ਵਾਸਤੇ ਪਰ-ਪੁਰਸ਼ਾਂ ਨਾਲ ਦ੍ਰੋਹ=ਛਲ ਕਰਦਾ ਹੈ, ਕਈ ਤਰ੍ਹਾਂ ਦੇ ਵਿਕਾਰਾਂ ਨਾਲ ਤੇ ਨਿੰਦਿਆ ਅਤੇ

੧੨੦੨ ਪੰਨੇ ਤੋਂ ਲੈ ਕੇ ੧੨੦੯ ਪੰਨੇ ਤਕ ੨੩ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਖਰੇ ਹਨ।
੧੨੦੯ ਪੰਨੇ ਤੋਂ ਲੈ ਕੇ ੧੨੨੬ ਪੰਨੇ ਤਕ ੧੦੫ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਖਰੇ ਹਨ।
ਸ੍ਰੀ ਗੁਰੂ ਅਰਜਨ ਦੇਵ ਜੀ ਦੇ ੧੨੦੨ ਪੰਨੇ ਤੋਂ ਲੈ ਕੇ ੧੨੨੬ ਪੰਨੇ ਤਕ ਕੁਲ ੧੨੮ ਸ਼ਬਦ ਹਨ।

ਪਾਪ ਕਰਮਾਂ ਨਾਲ ਹੱਥ ਝਾੜ ਕੇ ਰਤ=ਪ੍ਰੀਤੀ ਕਰਦਾ ਹੈ ਜਾਂ ਵਿਸ਼ੇ ਵਿਕਾਰ, ਨਿੰਦਿਆ ਤੇ ਪਾਪਾਂ ਨਾਲ ਰਤ=ਪ੍ਰੀਤੀ ਕਰਕੇ ਅੰਤ ਨੂੰ ਕਰ ਝਾਰ=ਹੱਥ ਝਾੜ ਕੇ ਖਾਲੀ ਚਲਿਆ ਜਾਂਦਾ ਹੈ।

ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ ॥ ੨ ॥

ਪੂਰਿਆਂ ਸਤਿਗੁਰਾਂ ਤੋਂ ਬਿਨਾਂ ਜੀਵ ਨੂੰ ਬੂਝ=ਗਿਆਨ ਨਹੀਂ ਹੁੰਦਾ, ਤਮ=ਅਤਸੇ ਕਰਕੇ ਮਹਾਂ ਮੋਹ ਰੂਪ ਹਨੇਰਾ ਹੋ ਰਿਹਾ ਹੈ।

ਅਥਵਾ:-ਮਹਾਂ ਮੋਹ ਦੇ ਤਮ=ਹਨੇਰੇ ਕਰਕੇ ਜੀਵ ਅੰਧਾਰ=ਅੰਨ੍ਹਾਂ ਹੋ ਰਿਹਾ ਹੈ॥ ੨ ॥

ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥

ਵਿਸ਼ਿਆਂ ਰੂਪ ਠੱਗ ਬੂਟੀ ਨੂੰ ਖਾ ਕੇ ਮੂਠੋ=ਠੱਗਿਆ ਗਿਆ ਹੈ, ਚਿਤ ਵਿਚ ਸਿਰਜਨਹਾਰ ਪ੍ਰਭੂ ਨੂੰ ਸਿਮਰਦਾ ਨਹੀਂ ਹੈ।

ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥ ੩ ॥

ਸਭ ਤੋਂ ਨਿਆਰੋ=ਨਿਰਾਲਾ (ਅਸੰਗ) ਜੋ ਗੋਬਿੰਦ ਹੈ, ਉਹ ਜੀਵ ਤੋਂ ਗੁਪਤ ਹੋ ਰਿਹਾ ਹੈ,

ਅਥਵਾ:-ਗੋਬਿੰਦ ਤੋਂ ਗੁਪਤ=ਲੁਕ ਕੇ ਉਸ ਤੋਂ ਏਹ ਜੀਵ ਨਿਆਰਾ ਹੋ ਰਿਹਾ ਹੈ, ਭਾਵ ਗੋਬਿੰਦ ਤੋਂ ਬੇਮੁਖ ਹੋ ਕੇ ਨਾਮ ਨਹੀਂ ਜਪਦਾ, ਮਾਤੰਗ=ਹਾਥੀ ਵਾਂਙੂ ਹੰਕਾਰ ਵਿਚ ਮਸਤ ਹੋ ਰਿਹਾ ਹੈ॥ ੩ ॥

ਕਰਿ ਕ੍ਰਿਪਾ ਪ੍ਰਭ ਸੰਤ ਰਾਖੇ ਚਰਨ ਕਮਲ ਅਧਾਰ ॥

ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਕਰਕੇ ਚਰਨ ਕਮਲਾਂ ਦਾ ਅਧਾਰ=ਆਸਰਾ ਦੇ ਕੇ ਸੰਤਾਂ ਨੂੰ ਆਪਣੀ ਸ਼ਰਨ ਵਿਚ ਰੱਖ ਲਿਆ ਹੈ ਜਾਂ ਸੰਤਾਂ ਨੂੰ ਬਚਾਅ ਰੱਖਿਆ ਹੈ।

ਕਰ ਜੋਰਿ ਨਾਨਕੁ ਸਰਨਿ ਆਇਓ
ਗੋਪਾਲ ਪੁਰਖ ਅਪਾਰ ॥ ੪ ॥ ੧ ॥ ੧੨੯ ॥

ਗੁਰੂ ਜੀ ਕਥਨ ਕਰਦੇ ਹਨ-ਹੇ ਅਪਾਰ=ਬੇਅੰਤ ਗੁਣਾਂ ਵਾਲੇ ਗੋਪਾਲ ਪੁਰਖ ! ਮੈਂ ਕਰ ਜੋਰਿ=ਹੱਥ ਜੋੜ ਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਆਪ ਮੇਰੀ ਰੱਖਿਆ ਕਰੀਏ॥ ੪ ॥ ੧ ॥ ੧੨੯ ॥

ਸਾਰਗ ਮਹਲਾ ੫ ਘਰੁ ੬ ਪੜਤਾਲ

ੴ ਸਤਿਗੁਰ ਪ੍ਰਸਾਦਿ ॥

ਸੁਭ ਬਚਨ ਬੋਲਿ ਗੁਨ ਅਮੋਲ ॥

ਹੇ ਸਖੀ ! ਬਾਣੀ ਦੁਆਰੇ ਸ਼ੁਭ ਬਚਣਾਂ ਨੂੰ ਬੋਲਨਾ ਕਰ ਅਤੇ ਹਿਰਦੇ ਵਿਚ ਅਮੋਲਕ ਗੁਣਾਂ ਨੂੰ ਧਾਰਨ ਕਰ।

ਕਿੰਕਰੀ ਬਿਕਾਰ ॥ ਦੇਖੁ ਰੀ ਬੀਚਾਰ ॥ ਗੁਰ ਸਬਦੁ ਧਿਆਇ ਮਹਲੁ ਪਾਇ ॥

ਵਿਸ਼ੇ ਵਿਕਾਰਾਂ ਨੂੰ ਕਿੰ-ਕਰੀ=ਕਿਉਂ ਭੋਗਣਾ ਕਰਦੀ ਹੈਂ।

ਵਾ:-ਬਾਹਰੋ ਕਿੰਕਰੀ=ਕਿੰਗ ਵਜਾਉਂਦੀ ਹੈ ਤੇ ਅੰਦਰੋਂ ਮਨ ਵਿਕਾਰਾਂ ਵੱਲ ਜਾਂਦਾ ਹੈ, ਰੀ=ਹੇ ਸਖੀ ! ਤੂੰ ਵਿਚਾਰ ਕੇ ਦੇਖ। ਗੁਰ ਉਪਦੇਸ਼ ਨੂੰ ਧਿਆ ਕੇ,

ਵਾ:-ਗੁਰ ਉਪਦੇਸ਼ ਦੁਆਰਾ ਨਾਮ ਨੂੰ ਧਿਆ ਕੇ ਮਹਲੁ ਪਾਇ=ਸਰੂਪ ਨੂੰ ਪਾਣਾ ਕਰ।

ਹਰਿ ਸੰਗਿ ਰੰਗ ਕਰਤੀ ਮਹਾ ਕੇਲ ॥ ੧ ॥ ਰਹਾਉ ॥

ਜੋ ਹਰੀ ਦੇ ਨਾਲ ਰੰਗ=ਪਰੇਮ ਕਰਦੀ ਹੈ, ਉਹ ਸਖੀ ਬਹੁਤ ਹੀ ਖੁਸ਼ੀਆਂ ਨੂੰ ਭੋਗਣਾ ਕਰਦੀ ਹੈ॥ ੧ ॥ ਰਹਾਉ ॥

ਸੁਪਨ ਰੀ ਸੰਸਾਰੁ ॥ ਮਿਥਨੀ ਬਿਸਥਾਰੁ ॥

ਰੀ=ਹੇ ਸਖੀ ! ਇਹ ਸਾਰਾ ਸੰਸਾਰ ਸੁਪਨਾ ਹੈ, ਇਸ ਦਾ ਜਿੰਨਾ ਕੁ ਬਿਸਥਾਰੁ=ਫੈਲਾਉ ਹੈ, ਉਹ ਸਭ ਮਿਥਿਆ ਹੈ।

ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥ ੧ ॥

ਹੇ ਸਖੀ ! ਕਾਇ=ਕਿਸ ਵਾਸਤੇ ਮੋਹ ਆਦਿਕਾਂ ਨੇ ਤੈਨੂੰ ਮੋਹਿਲੀ=ਠੱਗ ਲੀਤਾ ਹੈ, ਤੈਨੂੰ ਚਾਹੀਦਾ ਹੈ ਕਿ ਪਿਆਰੇ ਪ੍ਰਭੂ ਦੀ ਪਰੀਤੀ ਨੂੰ ਹਿਰਦੇ ਵਿਚ ਮੇਲ ਲੈ, ਭਾਵ ਧਾਰਨ ਕਰ ਲੈ॥ ੧ ॥

ਸਰਬ ਰੀ ਪ੍ਰੀਤਿ ਪਿਆਰੁ ॥ ਪ੍ਰਭੁ ਸਦਾ ਰੀ ਦਇਆਰੁ ॥

ਰੀ=ਹੇ ਸਖੀ ! ਜੋ ਹਰੀ ਸਭ ਨਾਲ ਪਿਆਰ ਕਰਦਾ ਹੈ, ਤੂੰ ਉਸ ਨਾਲ ਪ੍ਰੀਤੀ ਕਰ। ਰੀ=ਹੇ ਸਖੀ ! ਉਹ ਪ੍ਰਭੂ ਸਦਾ ਦਿਆਲੂ ਸੁਭਾਅ ਵਾਲਾ ਹੈ, ਉਸ ਪ੍ਰਭੂ ਨੂੰ ਛੱਡ ਕੇ ਤੂੰ-

ਕਾਂਏਂ ਆਨ ਆਨ ਰੁਚੀਐ ॥ ਹਰਿ ਸੰਗਿ ਸੰਗਿ ਖਚੀਐ ॥

ਕਾਂਏਂ=ਕਿਸ ਵਾਸਤੇ, ਆਨ-ਆਨ=ਹੋਰ ਹੋਰ ਪਦਾਰਥਾਂ ਵਿਚ ਰੁਚੀਐ=ਪ੍ਰੇਮ ਕਰਦੀ ਹੈਂ।

ਵਾ:-ਰੁਚੀਐ=ਤਦਾਕਾਰ ਹੋਣਾ ਕਰਦੀ ਹੈਂ। *ਅਥਵਾ:-* ਕਿਸ ਵਾਸਤੇ ਆਨ=ਹੋਰ ਦੇਵੀ ਦੇਵਤਿਆਂ ਦੀ ਉਪਾਸ਼ਨਾ ਵਿਚ ਰੁਚੀਐ=ਇੱਛਾ ਨੂੰ ਆਨ=ਲਿਆਉਣਾ ਕਰਦੀ ਹੈਂ ।

ਹਰੀ ਦੇ ਸੰਗਿ=ਸੰਗੀ ਜੋ ਸੰਤ ਹਨ, ਉਹਨਾਂ ਦੇ ਸੰਗਿ=ਨਾਲ, ਖਚੀਐ=ਮਿਲਣਾ ਕਰੀਏ।

*ਅਥਵਾ:-*ਸਭ ਦਾ ਸੰਗੀ ਜੋ ਹਰੀ ਹੈ, ਉਸ ਦੇ ਸੰਗਿ=ਨਾਲ, ਖਚੀਐ=ਜੁੜਨਾ ਕਰੀਏ।*

ਜਉ ਸਾਧ ਸੰਗ ਪਾਏ ॥ ਕਹੁ ਨਾਨਕ ਹਰਿ ਧਿਆਏ ॥

ਗੁਰੂ ਜੀ ਕਥਨ ਕਰਦੇ ਹਨ-ਅਬ=ਹੁਣ ਮੇਰੀ ਸਿੱਖਿਆ ਮੰਨ ਕੇ ਜੇ ਤੂੰ ਸਤਸੰਗ ਨੂੰ ਪਾ ਕੇ ਰਹੀ ਨਾਮ ਨੂੰ ਧਿਆਏਂਗੀ।

ਅਬ ਰਹੇ ਜਮਹਿ ਮੇਲ ॥ ੨ ॥ ੧ ॥ ੧੩੦ ॥

ਤੇਰਾ ਜਮਾਂ ਨਾਲ ਜੇਹੜਾ ਮੇਲ ਹੋਣਾ ਹੈ, ਉਹ ਅਬ ਰਹੇ=ਹੁਣ ਰਹਿ ਜਾਵੇਗਾ॥ ੨ ॥ ੧ ॥ ੧੩੦ ॥

ਸਾਰਗ ਮਹਲਾ ੫ ॥

ਸਿੱਖ ਨੇ ਬੇਨਤੀ ਕੀਤੀ ਨਾਮ ਦੇ ਸਦ੍ਰਸ ਕੋਈ ਚੀਜ਼ ਹੈ ਜਾਂ ਨਹੀਂ, ਇਸ ਸ਼ਬਦ ਦੁਆਰਾ ਗੁਰੂ ਜੀ ਕਥਨ ਕਰਦੇ ਹਨ- ਨਾਮ ਦੇ ਸਦ੍ਰਸ ਕੋਈ ਵਸਤੂ ਨਹੀਂ ਹੈ। ਚਾਹੋ-

---

*ਵਾ:-ਸੰਗਿ=ਸਤਸੰਗ ਵਿਚ ਜਾ ਕੇ ਹਰਿ ਸੰਗਿ=ਪਰਮਾਤਮਾ ਨਾਲ ਖਚੀਐ=ਤਦਾਕਾਰ ਹੋਣਾ ਕਰ।

ਕੰਚਨਾ ਬਹੁ ਦਤ ਕਰਾ॥ ਭੂਮਿ ਦਾਨੁ ਅਰਪਿ ਧਰਾ॥

ਕੰਚਨਾ=ਸੋਨੇ ਦਾ ਬਹੁਤ ਸਾਰਾ ਦਾਨ ਦਤ ਕਰਾ=ਦੇਣਾ ਕਰੇ, ਚਾਹੋ-

ਭੂਮੀ ਦਾ ਦਾਨ ਅਰਪਣ ਕਰਕੇ ਅੱਗੇ ਧਰਾ=ਰੱਖ ਦੇਵੇ।

ਅਥਵਾ:-ਮਕਾਨ ਹੇਠਾਂ ਜੋ ਭੂਮੀ ਹੈ, ਉਹ ਦਾਨ ਕਰ ਦੇਵੇ, ਚਾਹੇ ਕੁਝ ਧਰਤੀ ਵਾਹਨ ਵਾਲੀ ਭੀ ਅਰਪਣ ਕਰ ਦੇਵੇ।

ਮਨ ਅਨਿਕ ਸੋਚ ਪਵਿਤ੍ਰ ਕਰਤ॥

ਚਾਹੋ ਮਨ ਵਿਚ ਸੋਚ=ਵਿਚਾਰ ਕੇ ਅਨੇਕ ਤਰ੍ਹਾਂ ਦੀਆਂ ਪਵਿੱਤ੍ਰਤਾ ਭੀ ਕਰਦਾ ਹੈ। ਪਰ ਇਨ੍ਹਾਂ ਵਿਚੋਂ-

ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ॥ ੧॥ ਰਹਾਉ॥

ਹੇ ਭਾਈ ! ਨਾਮ ਦੇ ਤੁਲ ਕੁਝ ਭੀ ਨਹੀਂ ਹੈ, ਤਾਂ ਤੇ ਤੂੰ ਮਨ ਕਰਕੇ ਪ੍ਰਭੂ ਦੇ ਚਰਨ ਕਮਲਾਂ ਨਾਲ ਲੱਗਾ ਰਹੁ॥ ੧॥ ਰਹਾਉ॥

ਚਾਰਿ ਬੇਦ ਜਿਹਵ ਭਨੇ॥ ਦਸ ਅਸਟ ਖਸਟ ਸ੍ਰਵਨ ਸੁਨੇ॥

ਕੰਠਾਗਰ ਕਰਕੇ ਚਾਹੋ ਚਾਰੇ ਬੇਦ ਜੀਭ ਦੁਆਰਾ ਕਥਨ ਕਰਦਾ ਰਹੇ। ਚਾਹੋ-

ਦਸ ਅਸਟ=ਅਠਾਰਾਂ ਪੁਰਾਨ, ਖਸਟ=ਛੇ ਸਾਸ਼ਤ੍ਰ ਕੰਨੀਂ ਸੁਣਦਾ ਰਹੇ।

ਨਹੀ ਤੁਲਿ ਗੋਬਿਦ ਨਾਮ ਧੁਨੇ॥ ਮਨ ਚਰਨ ਕਮਲ ਲਾਗੇ॥ ੧॥

ਪਰ ਗੋਬਿੰਦ ਨਾਮ ਦੇ ਉਚਾਰਨ ਤੁਲ ਕੋਈ ਭੀ ਨਹੀਂ ਹੈ। ਇਸ ਲਈ ਹੇ ਮਨ ! ਤੂੰ ਪ੍ਰਭੂ ਦੇ ਚਰਨ ਕਮਲਾਂ ਨਾਲ ਲੱਗਾ ਰਹੁ॥ ੧॥

ਬਰਤ ਸੰਧਿ ਸੋਚ ਚਾਰ॥ ਕ੍ਰਿਆ ਕੁੰਟਿ ਨਿਰਾਹਾਰ॥

ਚਾਹੋ ਜਨਮ ਅਸ਼ਟਮੀ, ਰਾਮ ਨੌਮੀ ਆਦਿਕ ਵਰਤਾਂ ਵਿਚ ਸੰਧਿ=ਮਿਲਿਆ ਰਹਿੰਦਾ ਹੈ,

ਵਾ:-ਤ੍ਰਿਕਾਲ ਸੰਧਿਆ ਭੀ ਕਰਦਾ ਹੈ, ਸੋਚ ਚਾਰ=ਪਵਿੱਤਰ ਕਰਤੱਬ ਕਰਦਾ ਹੈ, ਕਰਮਾਂ ਦੀ ਕਿਰਿਆ ਕਰਦਾ ਹੈ, ਚਾਹੋ-ਚਾਰ ਕੁੰਟ=ਦਿਸਾਂ ਵਿਚ ਫਿਰਦਾ ਹੈ, ਚਾਹੋ ਨਿਰਾਹਾਰ=ਭੋਜਨ ਤੋਂ ਬਿਨਾਂ ਰਹਿੰਦਾ ਹੈ।

ਅਪਰਸ ਕਰਤ ਪਾਕ ਸਾਰ॥ ਨਿਵਲੀ ਕਰਮ ਬਹੁ ਬਿਸਥਾਰ॥

ਚਾਹੋ ਅਪਰਸ=ਕਿਸੇ ਨਾਲ ਛੋਂਹਦਾ ਨਹੀਂ ਹੈ, ਚਾਹੋ ਪਾਕ ਸਾਰ=ਉਤਮ ਜਗ੍ਹਾਂ 'ਪਰ ਰਸੋਈ ਕਰਦਾ ਹੈ। ਚਾਹੋ ਬਹੁਤ ਵਿਸਥਾਰ ਪੂਰਬਕ ਯੋਗ ਕ੍ਰਿਆ ਅਨੁਸਾਰ ਨਿਵਲੀ=ਨਿਓਲੀ ਆਦਿਕ ਕਰਮਾਂ ਨੂੰ ਕਰਦਾ ਹੈ।

ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ॥
ਰਾਮ ਦਇਆਰ ਸੁਨਿ ਦੀਨ ਬੇਨਤੀ॥

ਧੂਪ ਧੁਖਾ ਕੇ, ਦੀਵੇ ਬਾਲ ਕੇ, ਆਰਤੀ ਕਰਕੇ ਠਾਕੁਰ ਪੂਜਨ ਕਰਦੇ ਹਨ, ਪਰ ਇਤਆਦਿਕ ਸਾਰੇ ਕਰਮ ਹਰੀ ਨਾਮ ਦੇ ਸਦਰਸ ਨਹੀਂ ਲੱਗਦੇ। ਹੇ ਦਿਆਲੂ ਰਾਮ ! ਮੈਂ ਗਰੀਬ ਦੀ ਬੇਨਤੀ ਸੁਣ—

ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ ॥੨ ॥੨ ॥੧੩੧ ॥

ਮੈਨੂੰ ਆਪਣਾ ਦਰਸ਼ਨ ਦਿਓ, ਜੋ ਮੈਂ ਆਪਣੀਆਂ ਅੱਖਾਂ ਨਾਲ ਆਪ ਜੀ ਦਾ ਦਰਸ਼ਨ ਦੇਖਾਂ, ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਮੈਨੂੰ ਆਪ ਜੀ ਦਾ ਨਾਮ ਮਿੱਠਾ ਲੱਗ ਰਿਹਾ ਹੈ॥ ੨॥ ੨॥ ੧੩੧॥

ਸਾਰਗ ਮਹਲਾ ੫ ॥

ਰਾਮ ਰਾਮ ਰਾਮ ਜਾਪਿ ਰਮਤ ਰਾਮ ਸਹਾਈ ॥ ੧ ॥ ਰਹਾਉ ॥

ਮਨ ਕਰਕੇ ਰਾਮ ਨੂੰ ਜਪ, ਬਾਣੀ ਦੁਆਰਾ ਰਾਮ ਨੂੰ ਜਪ, ਤਨ ਕਰਕੇ ਰਾਮ ਨੂੰ ਜਪ, ਜੋ ਸਾਰੇ ਰਮਤ=ਰਮਿਆ ਹੋਇਆ ਹੈ, ਓਹੀ ਰਾਮ ਸਹਾਇਤਾ ਕਰਨ ਵਾਲਾ ਹੈ।

ਵਾ:-ਰਾਮ ਦਾ ਰਮਤ=ਸਿਮਰਨ ਹੀ ਸਹਾਇਤਾ ਕਰਨ ਵਾਲਾ ਹੈ॥ ੧॥ ਰਹਾਉ॥

[ਪੰਨਾ ੧੨੩੦]

ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ
ਗੁਰ ਗੋਪਾਲ ਭਏ ਕ੍ਰਿਪਾਲ ਲਬਧਿ ਅਪਨੀ ਪਾਈ ॥ ੧ ॥

ਜੋ ਪੁਰਸ਼ ਸੰਤਾਂ ਦੇ ਚਰਨੀਂ ਲੱਗੇ ਹਨ, ਉਹਨਾਂ ਨੇ ਕਾਮ, ਕ੍ਰੋਧ, ਲੋਭ ਆਦਿਕ ਵਿਕਾਰ ਤਿਆਗ ਦਿੱਤੇ ਹਨ। ਗੋਪਾਲ ਰੂਪ ਗੁਰਾਂ ਦੇ ਕ੍ਰਿਪਾਲੂ ਹੋਣ ਕਰਕੇ ਆਪਣੀ ਲਬਧਿ=ਆਤਮ ਵਸਤੂ ਪਾ ਲਈ॥ ੧॥

ਦੂਜਾ ਅਰਥ ਅੰਨਵੇਂ ਰੀਤੀ ਨਾਲ ਕਰਨਾ:-ਜਿਸ ਵੇਲੇ ਆਪਣੀ ਲਬਧਿ=ਪ੍ਰਾਲਬਧ ਅਨੁਸਾਰ ਸਤਸੰਗਤ ਪਾਈ ਤੇ ਸੰਤਾਂ ਦੇ ਚਰਨੀਂ ਲੱਗ ਕੇ ਕਾਮ, ਕ੍ਰੋਧ, ਲੋਭ ਆਦਿਕਾਂ ਨੂੰ ਤਿਆਗਿਆ, ਉਸ ਵੇਲੇ ਗੁਰੂ ਵੀ ਤੇ ਗੋਪਾਲ ਵੀ ਕ੍ਰਿਪਾਲੂ ਹੋਏ, ਇਨ੍ਹਾਂ ਦੋਹਾਂ ਦੀ ਖੁਸ਼ੀ ਹੋਣ ਨਾਲ ਜਿਸ ਆਤਮ ਵਸਤੂ ਨੂੰ ਲਬਧਿ=ਲੱਭਦੇ ਸਾਂ, ਉਹ ਆਪਣੀ ਆਤਮ ਵਸਤੂ ਪਾ ਲਈ॥ ੧॥

ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ ॥

ਭਰਮ, ਮੋਹ ਤੇ ਅੰਧ=ਅੰਨ੍ਹਿਆਂ ਕਰਨ ਵਾਲਾ ਅਗਿਆਨ ਇਤਆਦਿਕ ਸਾਰੇ ਵਿਕਾਰ ਬਿਨਸ ਗਏ, ਮਾਇਆ ਦੇ ਬੰਧਨ ਭੀ ਟੁੱਟ ਗਏ।

ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥

ਸਾਰਿਆਂ ਵਿਚ ਠਾਕੁਰ ਪੂਰਨ ਵੇਖਣ ਨਾਲ ਸਾਡਾ ਕੋਈ ਵੈਰੀ ਨਹੀਂ ਰਿਹਾ।

ਸੁਆਮੀ ਸੁ ਪ੍ਰਸੰਨ ਭਏ ਜਨਮ ਮਰਨ ਦੋਖ ਗਏ

ਸੁ=ਸੁੰਦਰ ਸੁਆਮੀ ਦੇ ਪ੍ਰਸੰਨ ਹੋਣ ਕਰਕੇ ਜਨਮ ਮਰਨ ਦੇ ਦੇਣ ਵਾਲੇ ਦੋਖ=ਪਾਪ ਨਵਿਰਤ ਹੋ ਗਏ ਹਨ, ਵਾ:-ਜਨਮ ਮਰਨ ਦੇ ਦੋਖ=ਦੁੱਖ ਦੂਰ ਹੋ ਗਏ ਹਨ।

ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥ ੨ ॥ ੩ ॥ ੧੩੨ ॥

ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਦੇ ਚਰਨੀਂ ਲੱਗ ਕੇ ਹਰੀ ਦੇ ਗੁਣ ਗਾਏ ਹਨ॥ ੨॥ ੩॥ ੧੩੨॥

ਸਾਰਗ ਮਹਲਾ ੫ ॥

ਹਰਿ ਹਰੇ ਹਰਿ ਮੁਖਹੁ ਬੋਲਿ ਹਰਿ ਹਰੇ ਮਨਿ ਧਾਰੇ ॥ ੧ ॥ ਰਹਾਉ ॥

ਹੇ ਭਾਈ ! ਹਰੀ ਦੇ ਹਰਿ ਹਰਿ ਨਾਮ ਨੂੰ ਮੂੰਹੋਂ ਬੋਲਣਾ ਕਰ ਅਤੇ ਮਨ ਵਿਚ ਭੀ ਹਰਿ ਹਰਿ ਨੂੰ ਧਾਰਨਾ ਕਰ॥ ੧॥ ਰਹਾਉ॥

ਸ੍ਰਵਨ ਸੁਨਨ ਭਗਤਿ ਕਰਨ ਅਨਿਕ ਪਾਤਿਕ ਪੁਨਹਚਰਨ॥

ਸ੍ਰਵਨ=ਕੰਨਾਂ ਦੁਆਰੇ ਜੋ ਨਾਮ ਦਾ ਸੁਣਨਾ ਹੈ ਤੇ ਪ੍ਰਭੂ ਦੀ ਭਗਤੀ ਦਾ ਕਰਨਾ ਹੈ ਏਹੋ ਅਨੇਕ ਤਰ੍ਹਾਂ ਦੇ ਪਾਤਿਕ=ਪਾਪਾਂ ਦੇ ਦੂਰ ਕਰਨੇ ਨੂੰ ਪੁਨਹਚਰਨ=ਪ੍ਰਾਸ਼ਚਿਤ ਰੂਪ ਹੈ।

ਸਰਨ ਪਰਨ ਸਾਧੂ ਆਨ ਬਾਨਿ ਬਿਸਾਰੇ॥ ੧॥

ਸਾਧੂਆਂ ਦੀ ਸ਼ਰਨ ਵਿਚ ਪਰਨ=ਪੈਣਾ ਕਰ, ਆਨ=ਹੋਰ ਭੈੜੇ, ਬਾਨਿ=ਸੁਭਾਵ ਨੂੰ ਵਿਸਾਰ ਦੇਣਾ ਕਰ॥ ੧॥

ਹਰਿ ਚਰਨ ਪ੍ਰੀਤਿ ਨੀਤ ਨੀਤਿ ਪਾਵਨਾ ਮਹਿ ਮਹਾ ਪੁਨੀਤ॥

ਨੀਤ ਨੀਤਿ=ਨਿਤਾਪ੍ਰਤੀ (ਹਮੇਸ਼ਾ) ਹਰੀ ਦੇ ਚਰਨਾਂ ਨਾਲ ਜੋ ਪ੍ਰੀਤੀ ਕਰਨੀ ਹੈ, ਏਹੋ ਪਵਿੱਤ੍ਰਤਾ ਵਿਚੋਂ ਬੜੀ ਪੁਨੀਤ=ਪਵਿੱਤ੍ਰ ਰੀਤੀ ਹੈ। ਪੁਨਾ- ਉਹ ਪ੍ਰੀਤੀ ਐਸੀ ਹੈ ਕਿ-

ਸੇਵਕ ਭੈ ਦੂਰਿ ਕਰਨ ਕਲਿਮਲ ਦੋਖ ਜਾਰੇ॥

ਪ੍ਰਭੂ ਦੇ ਦਾਸਾਂ ਦੇ ਡਰ ਨੂੰ ਦੂਰ ਕਰਨ ਵਾਲੀ ਹੈ, ਕਲਿਮਲ=ਪਾਪਾਂ ਦਾ ਅਭਾਵ ਕਰਨ ਵਾਲੀ ਹੈ ਅਤੇ ਕਾਮ, ਕ੍ਰੋਧ ਆਦਿਕ ਦੋਸ਼ਾਂ ਨੂੰ ਜਾਰੇ=ਸਾੜਨ ਵਾਲੀ ਹੈ।

ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ॥

ਪ੍ਰੀਤੀ ਸੰਯੁਕਤ ਹਰੀ ਨਾਮ ਨੂੰ ਕਹਿਣ ਵਾਲੇ ਮੁਕਤ ਹੁੰਦੇ ਹਨ, ਪ੍ਰੀਤੀ ਸਹਤ ਹਰੀ ਨਾਮ ਨੂੰ ਸੁਣਨ ਵਾਲੇ ਭੀ ਮੁਕਤ ਹੁੰਦੇ ਹਨ, ਜੋ ਨਾਮ ਦੀ ਰਹਿਣੀ ਵਿਚ ਰਹਿੰਦੇ ਹਨ, ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ।

*ਅਥਵਾ:-*ਜੋ ਨਾਮ ਜਪਣ ਤੋਂ ਰਹਿਤ ਹਨ, ਉਹ ਪੁਰਸ਼ ਜਨਮ ਮਰਨ ਵਿਚ ਟਿਕੇ ਰਹਿੰਦੇ ਹਨ।

ਰਾਮ ਰਾਮ ਸਾਰ ਭੂਤ ਨਾਨਕ ਤਤੁ ਬੀਚਾਰੇ॥ ੨॥ ੪॥ ੧੩੩॥

ਗੁਰੂ ਜੀ ਕਥਨ ਕਰਦੇ ਹਨ-ਰਾਮ ਨਾਮ ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਸਾਰ, ਭੂਤ=ਸਿਧਾਂਤ ਰੂਪ ਹੈ, ਮੈਂ ਓਸੇ ਤਤੁ=ਸਿਧਾਂਤ ਰੂਪ ਰਾਮ ਨਾਮ ਨੂੰ ਵਿਚਾਰਦਾ ਹਾਂ॥ ੨॥ ੪॥ ੧੩੩॥

ਸਾਗਰ ਮਹਲਾ ੫॥

ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ॥ ੧॥ ਰਹਾਉ॥

ਹੇ ਜਗਿਆਸੂ ! ਤੂੰ ਸੰਤਾਂ ਪਾਸੋਂ ਨਾਮ ਭਗਤੀ ਮੰਗਣਾ ਕਰ, ਹੋਰ ਸਭ ਕਾਮਨਾਂ ਛੱਡ ਦੇਹ॥ ੧॥ ਰਹਾਉ॥

ਪ੍ਰੀਤਿ ਲਾਇ ਹਰਿ ਧਿਆਇ ਗੁਨ ਗੋਬਿੰਦ ਸਦਾ ਗਾਇ॥

ਪਰੀਤੀ ਲੱਗਾ ਕੇ ਸਦਾ ਹਰੀ ਨਾਮ ਨੂੰ ਧਿਆਉਂਣਾ ਕਰ ਅਤੇ ਬਾਣੀ ਦੁਆਰਾ ਸਦਾ ਗੋਬਿੰਦ ਦੇ ਗੁਣ ਗਾਵਣਾ ਕਰ।

ਹਰਿ ਜਨ ਕੀ ਰੇਨ ਬਾਂਛੁ ਦੈਨਹਾਰ ਸੁਆਮੀ॥ ੧॥

ਦਾਤਾਂ ਦੇ ਦੇਣ ਵਾਲਾ ਜੋ ਸੁਆਮੀ ਪਰਮਾਤਮਾ ਹੈ ਉਸ ਪਾਸੋਂ ਹਰੀ ਨਾਮ ਜਪਣ ਵਾਲੇ ਸੰਤ ਜਨਾਂ ਦੀ ਚਰਨ ਧੂੜੀ ਦੀ ਬਾਂਛੁ=ਇੱਛਾ ਕਰ॥ ੧॥

ਯਥਾ:- ਬਾਂਛਹੁ ਧੂਰਿ ਪਵਿਤ੍ਰ ਕਰੇਰੈ॥

ਸਰਬ ਕੁਸਲ ਸੁਖ ਬਿਸ੍ਰਾਮ ਆਨਦਾ ਆਨੰਦ ਨਾਮ॥

ਅਨੰਦਾਂ ਵਿਚੋਂ ਪ੍ਰਭੂ ਦੇ ਨਾਮ ਦਾ ਜੋ ਅਨੰਦ ਹੈ, ਏਹ ਇਸ ਲੋਕ ਦੇ ਸਾਰੇ ਸੁਖਾਂ ਵਿਚ ਅਤੇ ਪ੍ਰਲੋਕ ਦੇ ਸਾਰਿਆਂ ਕੁਸਲ=ਸੁਖਾਂ ਵਿਚ, ਬਿਸ੍ਰਾਮ=ਇਸਥਿਤੀ ਦੇਣ ਵਾਲਾ ਹੈ।

ਜਮ ਕੀ ਕਛੁ ਨਾਹਿ ਤ੍ਰਾਸ ਸਿਮਰਿ ਅੰਤਰਜਾਮੀ॥

ਅੰਤਰਜਾਮੀ ਪਰਮਾਤਮਾ ਦੇ ਸਿਮਰਨ ਨਾਲ ਜਮਾਂ ਦੀ ਕੁਝ ਤ੍ਰਾਸ=ਘੋਫਤਾਈ ਨਹੀਂ ਰਹਿੰਦੀ ।

ਏਕ ਸਰਨ ਗੋਬਿੰਦ ਚਰਨ ਸੰਸਾਰ ਸਗਲ ਤਾਪ ਹਰਨ॥

ਇਕ ਗੋਬਿੰਦ ਦੇ ਚਰਨਾਂ ਦੀ ਸ਼ਰਨ ਹੀ ਸੰਸਾਰ ਦੇ ਸਾਰਿਆਂ ਤਾਪਾਂ ਨੂੰ ਹਰਨ=ਨਾਸ ਕਰਨ ਵਾਲੀ ਹੈ।

ਨਾਵ ਰੂਪ ਸਾਧ ਸੰਗ ਨਾਨਕ ਪਾਰਗਰਾਮੀ॥ ੨॥ ੫॥ ੧੩੪॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸਤਸੰਗਤ ਰੂਪ ਨਾਵ=ਬੇੜੇ 'ਪਰ ਚੜ੍ਹੇ ਹਨ, ਉਹ ਸੰਸਾਰ ਗਰਮ ਤੋਂ ਪਾਰ ਹੋਏ ਹਨ॥ ੨॥ ੫॥ ੧੩੪॥

ਸਾਰਗ ਮਹਲਾ ੫॥

ਗੁਨ ਲਾਲ ਗਾਵਉ ਗੁਰ ਦੇਖੇ॥

ਗੁਰਾਂ ਦਾ ਦਰਸ਼ਨ ਦੇਖ ਕੇ ਲਾਲ=ਪਿਆਰੇ ਪ੍ਰਭੂ ਦੇ ਗੁਣ ਗਾਵਣਾ ਕਰੋ।

ਪੰਚਾ ਤੇ ਏਕੁ ਛੂਟਾ ਜਉ ਸਾਧ ਸੰਗਿ ਪਗਰਉ॥ ੧॥ ਰਹਾਉ॥

ਉਸ ਜੀਵ ਦਾ ਇਕ ਮਨ ਪੰਜ ਕਾਮ ਆਦਿਕਾਂ ਤੋਂ ਤਦ ਛੁਟਦਾ ਹੈ, ਜਦ ਸਤਸੰਗ ਵਿਚ ਜਾ ਕੇ ਸੰਤਾਂ ਦੇ ਪਗ=ਚਰਨਾਂ ਵਿਚ, ਰਉ=ਰਹਿਣਾ ਕਰੇ।

ਵਾ:-ਸਤਸੰਗ ਵਿਚ ਜਾ ਕੇ ਸੰਤਾਂ ਦੀ ਓਟ ਪਗਰਉ=ਫੜਨਾ ਕਰੇ॥ ੧॥ ਰਹਾਉ॥

ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ॥

ਜੋ ਪਦਾਰਥ ਦ੍ਰਿਸਟਉ=ਨਿਗਾਹ ਆ ਰਿਹਾ ਹੈ, ਕੁਝ ਭੀ ਨਾਲ ਨਹੀਂ ਜਾਂਦਾ, ਇਸ ਕਰਕੇ ਸਭ ਪਦਾਰਥਾਂ ਦਾ ਮਾਨ ਤੇ ਸਬੰਧੀਆਂ ਦੇ ਮੋਹ ਨੂੰ ਤਿਆਗ ਦੇ ।

ਏਕੈ ਹਰਿ ਪ੍ਰੀਤਿ ਲਾਇ ਮਿਲਿ ਸਾਧ ਸੰਗਿ ਸੋਹਾ॥ ੧॥

ਸਤ੍ਸੰਗਤ ਵਿਚ ਮਿਲ ਕੇ ਇਕ ਹਰੀ ਨਾਲ ਪ੍ਰੀਤੀ ਲਗਾਉਣਾ ਕਰ, ਏਸੇ ਵਿਚ ਹੀ ਸੋਹਾ=ਸ਼ੋਭਾ ਹੈ॥ ੧॥

ਪਾਇਓ ਹੈ ਗੁਣ ਨਿਧਾਨੁ ਸਗਲ ਆਸ ਪੂਰੀ॥

ਜਿਸ ਨੇ ਸ਼ੁਭ ਗੁਣਾਂ ਦੇ ਨਿਧਾਨੁ=ਖਜ਼ਾਨੇ ਹਰੀ ਨੂੰ ਪਾਇਆ ਹੈ, ਉਸ ਦੀ ਸਾਰੀ ਆਸਾ ਪੂਰੀ ਹੋਈ ਹੈ।

ਨਾਨਕ ਮਨਿ ਅਨੰਦ ਭਏ ਗੁਰਿ ਬਿਖਮ ਗਾਰ੍ਹ ਤੋਰੀ ॥੨॥੬॥੧੩੫॥

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਮਨ ਵਿਚ ਅਨੰਦ ਹੀ ਅਨੰਦ ਹੋਏ ਹਨ, ਜਿਨ੍ਹਾਂ ਦੇ ਅੰਦਰੋਂ ਗੁਰਾਂ ਨੇ ਬਿਖਮ=ਕਠਨ ਮੋਹ ਰੂਪੀ ਗਾਰ੍ਹ=ਜਿਲਣ ਤੋੜ ਦਿੱਤੀ ਹੈ॥ ੨॥ ੬॥ ੧੩੫॥

ਸਾਰਗ ਮਹਲਾ ੫ ॥

ਮਨਿ ਬਿਰਾਗੈ ਗੀ॥ ਖੋਜਤੀ ਦਰਸਾਰ॥ ੧॥ ਰਹਾਉ॥

ਗੀ=ਗਿਆਤ ਪੂਰਬਕ ਸੰਸਾਰ ਵਲੋਂ ਮਨ ਵਿਚ ਵੈਰਾਗ ਹੋਇਆ ਹੈ, ਇਸੀ 'ਤੇ ਮੈਂ ਪ੍ਰਭੂ ਦੇ ਦਰਸਾਰ= ਦਰਸ਼ਨ ਨੂੰ ਢੂੰਢਦੀ ਹਾਂ॥ ੧॥ ਰਹਾਓ॥

ਸਾਧੂ ਸੰਤਨ ਸੇਵਿ ਕੈ ਪ੍ਰਿਉ ਹੀਅਰੈ ਧਿਆਇਓ॥

ਸਾਧੂ=ਸਰੇਸ਼ਟ ਸੰਤਾਂ ਦੀ ਸੇਵਾ ਕਰਕੇ, ਪ੍ਰਿਉ=ਪਤੀ ਪਰਮਾਤਮਾ ਨੂੰ ਹਿਰਦੇ ਵਿਚ ਧਿਆਉਣਾ ਕੀਤਾ ਹੈ।

ਆਨੰਦ ਰੂਪੀ ਪੇਖਿ ਕੈ ਹਉ ਮਹਲੁ ਪਾਵਉਗੀ॥ ੧॥

ਅਨੰਦ ਸਰੂਪ ਪਰਮਾਤਮਾ ਨੂੰ ਸਰਬ ਵਿਆਪੀ ਦੇਖ ਕੇ, ਹਉ=ਮੈਂ ਉਸ ਦੇ ਮਹਲੁ=ਸਰੂਪ ਨੂੰ ਪਾਵਾਂਗੀ॥ ੧॥

ਕਾਮ ਕਰੀ ਸਭ ਤਿਆਗਿ ਕੈ ਹਉ ਸਰਣਿ ਪਰਉਗੀ॥

ਕਾਮਣਾ ਤੇ ਕਰੀ=ਕਲਪਣਾ, ਵਾ:-ਕਾਮਨਾ ਕਰਨੀ ਸਭ ਕੁਝ ਤਿਆਗ ਕੇ ਮੈਂ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਪਵਾਂਗੀ।

ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ॥ ੨॥ ੭॥ ੧੩੬॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਸੁਆਮੀ ਪਰਮਾਤਮਾ ਮੇਰੇ ਗਲ ਨਾਲ ਆ ਕੇ ਮਿਲਣਗੇ, ਤਿਸ ਵੇਲੇ ਹਉ=ਮੈਂ ਆਪਣੇ ਗੁਰਾਂ ਨੂੰ ਚੰਗੀ ਤਰ੍ਹਾਂ ਮਨਾਵਾਂਗੀ, ਭਾਵ ਪੂਜਾ ਕਰਾਂਗੀ॥ ੨॥ ੭॥ ੧੩੬॥

ਸਾਰਗ ਮਹਲਾ ੫ ॥

ਇਸ ਸ਼ਬਦ ਦੁਆਰਾ ਗੁਰੂ ਜੀ ਪਰੀਤੀ ਦਾ ਵਰਨਣ ਕਰਦੇ ਹਨ-

ਐਸੀ ਹੋਇ ਪਰੀ॥ ਜਾਨਤੇ ਦਇਆਰ॥ ੧॥ ਰਹਾਉ॥

ਮੇਰੇ ਹਿਰਦੇ ਵਿਚ ਅਜੇਹੀ ਪਰੀਤੀ ਪ੍ਰਬਲ ਹੋ ਪਈ ਹੈ, ਜਿਸ ਪਰੀਤੀ ਨੂੰ ਦਿਆਲੂ ਪਰਮਾਤਮਾ ਆਪ ਹੀ ਜਾਣਦੇ ਹਨ॥ ੧॥ ਰਹਾਉ॥

ਕਿਸੀ ਨੇ ਕਿਹਾ-ਉਹ ਪਰੀਤੀ ਕੈਸੀ ਹੈ ਸਾਨੂੰ ਭੀ ਦੱਸੋ? *ਉੱਤਰ*-ਪ੍ਰਭੂ ਦੀ ਪ੍ਰੀਤੀ ਹੋਣ ਕਰਕੇ-

ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ॥

ਮਾਤਰ ਪਿਤਰ=ਮਾਂ, ਪਿਉ ਨੂੰ ਛੱਡ ਕੇ, ਮੈਂ ਆਪਣਾ ਮਨ ਸੰਤਾਂ ਦੇ ਪਾਸ ਵੇਚ ਦਿੱਤਾ ਹੈ।

ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ॥ ੧॥

ਉਤਮ ਜਾਤੀ, ਮਨੁੱਖਾ ਜਨਮ ਅਤੇ ਕੁਲ ਦਾ ਅਭਿਮਾਨ ਖੋਈਐ=ਨਾਸ ਕਰਕੇ, ਹਉ=ਮੈਂ ਹਰ ਵੇਲੇ ਹਰਿ ਹਰਿ ਨਾਮ ਨੂੰ ਗਾਉਂਦੀ ਹਾਂ॥ ੧॥

ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ॥

ਕੁਟੰਬ ਦੇ ਲੋਕਾਂ ਨਾਲੋਂ ਪਰੀਤੀ ਟੁੱਟ ਗਈ ਹੈ, ਪ੍ਰਭੂ ਨੇ ਕ੍ਰਿਤ ਕ੍ਰਿਤ ਕਰ ਦਿੱਤਾ ਹੈ, ਅਰਥਾਤ ਹੁਣ ਕੋਈ ਕਰਮ ਕਰਨਾ ਬਾਕੀ ਨਹੀਂ ਰਿਹਾ।

ਅਥਵਾ:-ਕਿਰਤਿ=ਕਲਿਆਣ ਸਰੂਪ ਪ੍ਰਭੂ ਨੇ ਮੈਨੂੰ ਕਿਰਤਿ=ਕਲਿਆਣ ਰੂਪ ਕਰ ਦਿੱਤਾ ਹੈ।

ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ॥ ੨॥ ੮॥ ੧੩੭॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਨੇ ਮੈਨੂੰ ਏਹ ਉਪਦੇਸ਼ ਦਿੱਤਾ ਹੈ ਕਿ ਤੂੰ ਇਕ ਹਰੀ ਨੂੰ ਸੇਵਨਾ ਕਰ, ਭਾਵ ਇਕ ਦਾ ਸਿਮਰਨ ਕਰ॥ ੨॥ ੮॥ ੧੩੭॥

[ਪੰਨਾ ੧੨੩੧]

ਸਾਰਗ ਮਹਲਾ ੫॥

ਲਾਲ ਲਾਲ ਮੋਹਨ ਗੋਪਾਲ ਤੂ॥

ਹੇ ਮੋਹਨ ਗੁਪਾਲ ! ਤੂੰ ਲਾਲਾਂ ਵਿਚੋਂ ਬੇ-ਕੀਮਤਾ ਲਾਲ ਹੈਂ,

ਅਥਵਾ:-ਹੇ ਲਾਲ=ਪਿਆਰੇ ਗੋਪਾਲ ! ਤੂੰ ਲਾਲ ਵਾਂਗੂੰ ਅਮੋਲਕ ਹੈਂ ਤੇ ਮਨ ਦੇ ਮੋਹਨੇ ਵਾਲਾ ਹੈਂ।

ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ॥ ੧॥ ਰਹਾਉ॥

ਕੀਟ=ਕੀੜੀ ਤੋਂ ਲੈ ਕੇ ਹਸਤਿ=ਹਾਥੀ ਤੱਕ ਜਿਤਨੇ ਕੁ ਚੇਤਨ ਜੀਆ ਜੰਤ ਹਨ ਤੇ ਪਾਖਾਣ=ਪੱਥਰ ਆਦਿਕ ਜੋ ਜੜ ਸ੍ਰਿਸ਼ਟੀ ਹੈ, ਇਨ੍ਹਾਂ ਸਾਰਿਆਂ ਵਿਚ ਤੂੰ ਵਿਆਪਕ ਹੈਂ ਅਤੇ ਸਭ ਦੀ ਪ੍ਰਤਿਪਾਲਾ ਭੀ ਤੂੰ ਕਰਨ ਵਾਲਾ ਹੈਂ॥ ੧॥ ਰਹਾਉ॥

ਨਹ ਦੂਰਿ ਪੂਰਿ ਹਜੂਰਿ ਸੰਗੇ॥ ਸੁੰਦਰ ਰਸਾਲ ਤੂ॥ ੧॥

ਤੂੰ ਦੂਰ ਨਹੀਂ ਹੈਂ, ਹਾਜਰਾ ਹਜ਼ੂਰ ਹੈਂ, ਪੂਰਿ=ਵਿਆਪਕ ਹੋਣ ਕਰਕੇ ਸਦਾ ਸੰਗੀ ਹੈਂ, ਪੁਨਾ-ਸਭ ਤੋਂ ਸੁੰਦਰ ਹੈਂ ਤੇ ਰਸਾਲ=ਰਸਾਂ ਦਾ ਘਰ ਹੈਂ॥ ੧॥

ਨਹ ਬਰਨ ਬਰਨ ਨਹ ਕੁਲਹ ਕੁਲ॥

ਨਾਨਕ ਪ੍ਰਭ ਕਿਰਪਾਲ ਤੂ॥ ੨॥ ੯॥ ੧੩੮॥

ਚਾਰਿਆਂ ਵਰਨਾਂ ਵਿਚੋ ਤੇਰਾ ਕੋਈ ਵਰਨ ਨਹੀਂ ਹੈ, ਕੁਲਾਂ ਵਿਚੋਂ ਤੇਰੀ ਕੋਈ ਕੁਲ ਨਹੀਂ ਹੈ, ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰਭੂ ! ਤੂੰ ਸਦਾ ਹੀ ਕ੍ਰਿਪਾਲੂ ਹੈਂ॥ ੨॥ ੯॥ ੧੩੮॥

ਸਾਰਗ ਮਃ ੫॥

ਸਿੱਖ ਦੇ ਬੇਨਤੀ ਕਰਨ 'ਤੇ ਹੁਣ ਮਾਇਆ ਦੀ ਪ੍ਰਬਲਤਾ ਦੱਸਦੇ ਹਨ-

ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ॥

ਇਹ ਮਾਇਆ ਜੀਵਾਂ ਨੂੰ ਵਿਸ਼ਿਆਂ ਵਿਚ ਮੇਲ ਕੇ ਕਈ ਤਰ੍ਹਾਂ ਦੇ ਕੇਲ=ਬਿਲਾਸ ਕਰਦੀ ਹੈ, ਇਸ ਮਾਇਆ ਨੇ ਚੰਦ੍ਰਮਾ, ਸੂਰਜ ਆਦਿਕ ਦੇਵਤੇ ਭੀ ਮੋਹੇ ਹੋਏ ਹਨ।

ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ
ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ॥ ਰਹਾਉ॥

ਪ੍ਰਤੱਖ ਚੇਤਨ ਮਾਇਆ ਦੇ ਸੁੰਦਰ ਨਉਪਰੀ=ਨੂਪਰਾਂ ਦੇ ਝੁਨੰਤਕਾਰ=ਛਣਕਾਰ ਤੋਂ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੁੰਦੇ ਹਨ। ਵਾ:-ਮਾਇਆ ਦੇ ਸੁੰਦਰ ਪਦਾਰਥਾਂ ਰੂਪ ਨੂਪਰਾਂ ਦੇ ਝੁਨੰਤਕਾਰ=ਛਣਕਾਰ ਤੋਂ ਭਾਵ ਸ਼ਬਦ ਤੋਂ ਦੁੰਦਰ=ਦੁੰਦ ਰਾਗ ਦ੍ਵੈਸ਼ ਰੂਪੀ ਵਿਕਾਰ ਉਪਜਦੇ ਹਨ, ਇਹ ਮਾਇਆ 'ਅਨਿਗ ਭਾਉ ਕਰਤ ਫਿਰਤ' =ਅਨੇਕ ਤਰ੍ਹਾਂ ਦੇ ਹਾਵ ਭਾਵ ਕਰਦੀ ਫਿਰਦੀ ਹੈ, ਇਕ ਗੋਪਾਲ ਤੋਂ ਬਿਨਾਂ ਹੋਰ ਸਾਰਿਆਂ ਨੂੰ ਮਾਇਆ ਨੇ ਧੋਹੇ=ਛਲ ਲੀਤਾ ਹੈ॥ ਰਹਾਉ॥

ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ
ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ॥ ੧॥

ਤੀਨਿ ਭਉਨੇ=ਤਿੰਨਾਂ ਲੋਕਾਂ ਵਿਚ ਲੰਪਟ ਹੋ ਰਹੀ ਹੈ, ਕੱਚੇ ਪਦਾਰਥਾਂ ਦੀ ਪ੍ਰਾਪਤੀ ਲਈ ਜੋ ਕੱਚੇ ਸ਼ਕਾਮ ਕਰਮਾਂ ਦੇ ਕਰਨ ਵਾਲੇ ਹਨ, ਉਨ੍ਹਾਂ ਪਾਸੋਂ ਮਾਇਆ ਦੀ ਤੇਜੀ ਸਹਾਰੀ ਨਹੀਂ ਜਾਂਦੀ, ਮਾਇਆ ਦੀ ਉਨਮਤ= ਮਸਤੀ ਕਰਕੇ ਅੰਨ੍ਹਾਂ ਜੀਵ ਅੰਨ੍ਹਿਆ ਕਰਨ ਵਾਲੇ ਧੰਧਿਆਂ ਵਿਚ ਰਚਿਤ=ਤਦਾਕਾਰ ਹੈ ਤੇ ਇਸ ਤਰ੍ਹਾਂ ਦੁੱਖੀ ਹੁੰਦਾ ਹੈ, ਜਿਵੇਂ ਮਹਾਂ ਸਾਗਰ ਵਿਚ ਹੋਹੇ=ਧੱਕੇ ਮਿਲਣ 'ਤੇ ਦੁੱਖੀ ਹੁੰਦਾ ਹੈ।

ਅਥਵਾ:-ਜਿਵੇਂ ਬੜੇ ਸਮੁੰਦਰ ਵਿਚ ਜਲ ਦੇ ਧੱਕਿਆਂ ਕਰਕੇ ਬੇੜਾ ਹੋਹੇ=ਹਿਲੋਰੇ ਖਾਂਦਾ ਹੈ, ਤਿਵੇਂ ਮਾਇਆ ਦੇ ਧੱਕਿਆਂ ਕਰਕੇ ਜੀਵ ਦਾ ਮਨ ਡੋਲਦਾ ਹੈ॥ ੧॥

ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ ਪਤਿਤ ਪਾਵਨ
ਨਾਮੁ ਜਾ ਕੋ ਸਿਮਰਿ ਨਾਨਕ ਓਹੇ॥੨॥੧੦॥੧੩੯॥੩॥੧੩॥੧੫੫॥

ਹਰੀ ਦੇ ਦਾਸ ਸੰਤ ਜਨ ਉਸ ਮਾਇਆ ਤੋਂ ਤਰ ਗਏ ਹਨ ਤੇ ਜਮਾਂ ਦੀ ਫਾਹੀ ਕੱਟ ਦਿੱਤੀ ਹੈ, ਜਿਸ ਪ੍ਰਭੂ ਦਾ ਨਾਮ ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਹੈ, ਗੁਰੂ ਜੀ ਕਥਨ ਕਰਦੇ ਹਨ-ਉਸ ਨਾਮ ਨੂੰ ਸੰਤ ਜਨ ਸਿਮਰਦੇ ਹਨ॥ ੨॥ ੧੦॥ ੧੩੯॥ ੩॥ ੧੩॥ ੧੫੫॥

ਇਸ ਸ਼ਬਦ ਦੇ ਦੋ ਪਦ ਹਨ, ਇਸ ਕਰਕੇ ਪਹਿਲੇ ੨ ਅੰਕ ਲਿਖਿਆ ਹੈ, ਦਸ ਸ਼ਬਦ ਪੜਤਾਲਾਂ ਦੇ ਹਨ, ਇਸ ਕਰਕੇ ੧੦ ਅੰਕ ਲਿਖਿਆ ਹੈ, ੧੩੯ ਸ਼ਬਦ ਪੰਚਮ ਪਿਤਾ ਜੀ ਦੇ ਹਨ ਸਾਰੇ:-

੧੦੫ ਸ਼ਬਦ ਚੌਥੇ ਘਰ ਵਿਚ ਉਚਾਰੇ ਹਨ।
੪ ਸ਼ਬਦ ਤੀਜੇ ਘਰ ਵਿਚ ਉਚਾਰੇ ਹਨ।
੫ ਸ਼ਬਦ ਦੂਜੇ ਘਰ ਵਿਚ ਉਚਾਰੇ ਹਨ।
੧੪ ਸ਼ਬਦ ਪਹਿਲੇ ਘਰ ਵਿਚ ਉਚਾਰੇ ਹਨ।
੧ ਸ਼ਬਦ ਪੰਜਵੇਂ ਘਰ ਵਿਚ ਉਚਾਰਿਆ ਹੈ।
੧੦ ਸ਼ਬਦ ਪੜਤਾਲਾਂ ਵਿਚ ਛੇਵੇਂ ਘਰ ਵਿਚ ਉਚਾਰੇ ਹਨ।

ਇਥੋਂ ਤੱਕ ੧੩੯ ਜੋੜ ਠੀਕ ਹੈ ੩ ਸ਼ਬਦ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰੇ ਹਨ।

੧੩ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਚਾਰੇ ਹਨ।

੧੩੯+੩+੧੩=੧੫੫ ਕੁਲ ਜੋੜ ਇਨਾਂ ਸਾਰਿਆਂ ਸ਼ਬਦਾਂ ਦਾ ਇਥੋਂ ਤੱਕ ਠੀਕ ਹੈ।

੧ਓ ਸਤਿਗੁਰ ਪ੍ਰਸਾਦਿ॥ ਰਾਗੁ ਸਾਰੰਗ ਮਹਲਾ ੯॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਬਾਣੀ ਉਚਾਰ ਕੇ ਵੈਰਾਗ ਮਈ ਉਪਦੇਸ਼ ਦਿੰਦੇ ਹਨ—

ਹਰਿ ਬਿਨੁ ਤੇਰੋ ਕੋ ਨ ਸਹਾਈ॥

ਹੇ ਭਾਈ ! ਹਰੀ ਤੋਂ ਬਿਨਾਂ ਤੇਰੀ ਸਹਾਇਤਾ ਕਰਨ ਵਾਲਾ ਕੋਈ ਭੀ ਨਹੀਂ ਹੈ, ਜੇ ਕੋਈ ਆਖੇ ਕਿ ਸਨਬੰਧੀ ਇਸ ਜੀਵ ਦੀ ਸਹਾਇਤਾ ਕਰਦੇ ਹਨ ਤਾਂ ਗੁਰੂ ਜੀ ਆਖਦੇ ਹਨ-

ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ॥ ੧॥ ਰਹਾਉ॥

ਮਾਂ, ਪਿਉ, ਸੁਤ=ਪੁਤ੍ਰ ਤੇ ਬਨਿਤਾ=ਇਸਤ੍ਰੀ ਕਿਸ ਦੀ ਸਹਾਇਕ ਹੈ, ਕੌਣ ਕੋਈ ਕਿਸੇ ਦਾ ਭਰਾ ਹੈ, ਭਾਵ ਕੋਈ ਕਿਸੇ ਦਾ ਨਹੀਂ ਹੈ॥ ੧॥ ਰਹਾਉ॥

ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥

ਧਨੁ=ਦੌਲਤ, ਧਰਨੀ=ਪ੍ਰਿਥਵੀ ਅਤੇ ਸਾਰੀ ਸੰਪਦਾ ਜੋ ਤੈਂਨੇ ਆਪਣੀ ਕਰਕੇ ਮੰਨੀ ਹੋਈ ਹੈ।

ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥ ੧॥

ਸਰੀਰ ਦੇ ਛੁਟਿਆਂ ਕੁਝ ਭੀ ਨਾਲ ਨਹੀਂ ਚਲੇਗਾ, ਤੂੰ ਕਿਸ ਵਾਸਤੇ ਉਨ੍ਹਾਂ ਦੇ ਨਾਲ ਲੰਪਟ ਹੋ ਰਿਹਾ ਹੈਂ॥ ੧॥

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ॥

ਜੋ ਦੀਨ ਦਿਆਲ ਪਰਮਾਤਮਾ ਸਦਾ ਹੀ ਦੁੱਖਾਂ ਦੇ ਭੰਜਨੇ ਵਾਲਾ ਹੈ, ਉਸ ਦੇ ਨਾਲ ਤੈਂਨੇ ਪ੍ਰੀਤੀ ਨਹੀਂ ਵਧਾਉਣਾ ਕੀਤੀ।

ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਜਿਵੇਂ ਰੈਨਾਈ=ਰਾਤ ਦਾ ਸੁਪਨਾ ਹੁੰਦਾ ਹੈ, ਤਿਵੇਂ ਸਾਰਾ ਸੰਸਾਰ ਮਿਥਿਆ ਰੂਪ ਹੈ॥ ੨॥ ੧॥

ਸਾਰੰਗ ਮਹਲਾ ੯॥

ਕਹਾ ਮਨ ਬਿਖਿਆ ਸਿਉ ਲਪਟਾਹੀ॥

ਹੇ ਮਨ ! ਤੂੰ ਵਿਸ਼ੇ ਵਿਕਾਰਾਂ ਨਾਲ ਜਾਂ ਬਿਖਿਆ=ਮਾਇਆ ਨਾਲ ਕਿਸ ਵਾਸਤੇ ਲੰਪਟ ਹੋ ਰਿਹਾ ਹੈਂ।

ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ॥੧॥ਰਹਾਉ॥

ਇਸ ਸੰਸਾਰ ਵਿਚ ਤਾਂ ਕੋਈ ਰਹਿਣਾ ਨਹੀਂ ਪਾਂਵਦਾ, ਇਕ ਆਉਂਦਾ ਹੈ, ਇਕ ਉੱਠ ਕੇ ਚਲਿਆ ਜਾਂਦਾ

ਹੈ॥ ੧॥ ਰਹਾਉ॥

ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥

ਇਹ ਤਨ ਤੇ ਧਨ ਕਿਸ ਦਾ ਹੈ ਤੇ ਸੰਪਦਾ ਕਿਸ ਦੀ ਹੈ, ਭਾਵ ਕਿਸੇ ਦੀ ਨਹੀਂ ਹੈ, ਤੂੰ ਕਿਸ ਮਿਥਿਆ ਵਿਭੂਤੀ ਦੇ ਨਾਲ ਨੇਹੁ=ਪ੍ਰੇਮ ਲਗਾਉਂਦਾ ਹੈਂ।

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥ ੧॥

ਜੋ ਪ੍ਰਪੰਚ ਦਿੱਸ ਰਿਹਾ ਹੈ, ਸੋ ਸਭ ਨੇ ਨਾਸ ਹੋ ਜਾਣਾ ਹੈ, ਜਿਵੇਂ ਬੱਦਲਾਂ ਦੀ ਛਾਂ ਇਕ ਰਸ ਇਕ ਜਗ੍ਹਾਂ ਨਹੀਂ ਬਣੀ ਰਹਿੰਦੀ ॥ ੧॥

ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ॥

ਸੰਤਾਂ ਦੀ ਸ਼ਰਨ ਗ੍ਰਹਿਣ ਕਰਕੇ ਹੰਕਾਰ ਨੂੰ ਤਿਆਗ ਦੇ ਤਾਂ ਇਕ ਖਿਨ ਦੇ ਵਿਚ ਮੁਕਤ ਰੂਪ ਹੋ ਜਾਵੇਂਗਾ।

ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ॥ ੨॥ ੨॥

ਗੁਰੂ ਜੀ ਕਥਨ ਕਰਦੇ ਹਨ-ਭਗਵੰਤ ਦੇ ਸਿਮਰਨ ਤੋਂ ਬਿਨਾਂ ਸੰਸਾਰ ਸੁਪਨੇ ਵਿਚ, ਸੁਪਨੈ=ਕਦਾਚਿਤ ਇਸ ਜੀਵ ਨੂੰ ਸੁਖ ਪਰਾਪਤ ਹੁੰਦਾ ਨਹੀਂ ਹੈ॥ ੨॥ ੨॥

ਸਾਰੰਗ ਮਹਲਾ ੯॥

ਕਹਾ ਨਰ ਅਪਨੋ ਜਨਮੁ ਗਵਾਵੈ॥

ਹੇ ਪੁਰਸ਼ਾ ! ਆਪਣੇ ਅਮੋਲਕ ਮਨੁੱਖਾ ਜਨਮ ਨੂੰ ਕਿਸ ਲਈ ਨਿਸਫਲ ਗੁਆਉਂਦਾ ਹੈਂ।

ਮਾਇਆ ਮਦਿ ਬਿਖਿਆ ਰਸਿ ਰਚਿਓ
ਰਾਮ ਸਰਨਿ ਨਹੀ ਆਵੈ॥ ੧॥ ਰਹਾਉ॥

ਮਾਇਆ ਦੇ ਮਦ ਕਰਕੇ ਤੂੰ ਵਿਸ਼ੇ ਰਸਾਂ ਵਿਚ ਰਚਿਓ=ਤਦਾਕਾਰ ਹੋ ਰਿਹਾ ਹੈਂ ਅਤੇ ਰਾਮ=ਪਰਮਾਤਮਾ ਦੀ ਸ਼ਰਨ ਵਿਚ ਆਉਂਦਾ ਨਹੀਂ ਹੈਂ॥ ੧॥ ਰਹਾਉ॥

ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ॥

ਏਹ ਸਾਰਾ ਸੰਸਾਰ ਸੁਪਨੇ ਵਾਂਙੂ ਮਿਥਿਆ ਹੈ, ਤੂੰ ਇਸ ਨੂੰ ਵੇਖ ਕੇ ਕਿਸ ਲਈ ਲੁਭਾਇਮਾਨ ਹੋ ਰਿਹਾ ਹੈਂ।

ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥ ੧॥

ਜੋ ਭੀ ਉਪਜਦਾ ਹੈ ਉਹ ਸਭ ਨਾਸ ਹੋ ਜਾਂਦਾ ਹੈ, ਸੰਸਾਰ ਵਿਚ ਰਹਿਣਾ ਕੋਈ ਪਾਂਵਦਾ ਨਹੀਂ ਹੈ॥ ੧॥

ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬਧਾਵੈ॥

ਮਿਥਿਆ ਸਰੀਰ ਨੂੰ ਤੈਂਨੇ ਸੱਚਾ ਕਰਕੇ ਮੰਨਿਆ ਹੈ, ਇਸ ਪਰਕਾਰ ਤੂੰ ਆਪਣੇ ਆਪ ਨੂੰ ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ।

ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ॥ ੨॥ ੩॥

ਗੁਰੂ ਜੀ ਕਥਨ ਕਰਦੇ ਹਨ-ਓਹੀ ਜਗ=ਜੀਵ ਮੁਕਤ ਰੂਪ ਹੈ, ਜੋ ਪ੍ਰਭੂ ਦੇ ਭਜਨ ਸਿਮਰਨ ਵਿਚ ਚਿਤ

ਬਿਰਤੀ ਨੂੰ ਲਗਾਉਂਦਾ ਹੈ॥ ੨॥ ੩॥

ਸਾਰੰਗ ਮਹਲਾ ੯ ॥

ਮਨ ਕਰਿ ਕਬਹੂ ਨ ਹਰਿ ਗੁਨ ਗਾਇਓ॥

ਹੇ ਹਰੀ ! ਮਨ ਕਰਕੇ ਮੈਂਨੇ ਪ੍ਰੀਤੀ ਸਹਿਤ ਕਦੇ ਭੀ ਆਪ ਜੀ ਦੇ ਗੁਣਾਂ ਨੂੰ ਨਹੀਂ ਗਾਵਣਾ ਕੀਤਾ।

[ਪੰਨਾ ੧੨੩੨]

ਬਿਖਿਆ ਸਕਤ ਰਹਿਓ ਨਿਸਿ ਬਾਸੁਰ
ਕੀਨੋ ਅਪਨੋ ਭਾਇਓ ॥੧॥ ਰਹਾਉ॥

ਨਿਸ-ਬਾਸੁਰ=ਰਾਤ ਦਿਨ ਮੈਂ ਵਿਸ਼ਿਆਂ ਵਿਚ ਹੀ ਸਕਤਿ=ਖਚਤ ਹੋ ਰਿਹਾ ਹਾਂ ਤੇ ਆਪਣਾ ਮਨ ਭਾਵਦਾ ਸੰਕਲਪ ਕੀਤਾ ਹੈ, ਭਾਵ ਆਪਣੀ ਮਨ ਮਰਜ਼ੀ ਅਨੁਸਾਰ ਕੰਮ ਕਰਦਾ ਰਿਹਾ ਹਾਂ॥ ੧॥ ਰਹਾਉ॥

ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ॥

ਗੁਰਾਂ ਦਾ ਉਪਦੇਸ਼ ਕਾਨਨਿ=ਕੰਨੀਂ ਸੁਣਿਆ ਨਹੀਂ ਹੈ, ਪਰ ਦਾਰਾ=ਪਰ ਇਸਤ੍ਰੀ ਨਾਲ ਹੀ ਲੰਪਟ ਹੋ ਰਿਹਾ ਹਾਂ।

ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ॥੧॥

ਪਰਾਈ ਨਿੰਦਿਆ ਕਰਨ ਵਾਸਤੇ ਬਹੁਤ ਹੀ ਧਾਵਤ=ਦੌੜਦਾ ਰਿਹਾ ਹਾਂ, ਬੇਦਾਂ ਸ਼ਾਸਤ੍ਰਾਂ ਦਾ ਜਾਂ ਕਿਸੇ ਮਹਾਂ ਪੁਰਸ਼ਾਂ ਦਾ ਸਮਝਾਇਆ ਹੋਇਆ ਭੀ ਸਮਝਿਆ ਨਹੀਂ ਹਾਂ॥ ੧॥

ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ॥

ਜਿਸ ਪਰਕਾਰ ਮੈਂ ਆਪਣਾ ਮਨੁੱਖਾ ਜਨਮ ਨਿਸਫਲ ਗਵਾਇਆ ਹੈ, ਉਹ ਮੈਂ ਆਪਣੀ ਕਰਨੀ=ਕਰਤੂਤ ਕਹਾਂ ਤੱਕ ਕਥਨ ਕਰਾਂ।

ਕਹਿ ਨਾਨਕ ਸਭ ਅਉਗਨ ਮੋ ਮਹਿ
ਰਾਖਿ ਲੇਹੁ ਸਰਨਾਇਓ॥ ੨॥ ੪॥ ੩॥ ੧੩॥ ੧੩੯॥ ੪॥ ੧੫੯॥

ਗੁਰੂ ਜੀ ਕਥਨ ਕਰਦੇ ਹਨ-ਜਗਿਆਸੂ ਕਹਿੰਦਾ ਹੈ, ਸਾਰੇ ਔਗੁਣ ਮੇਰੇ ਵਿਚ ਹਨ, ਆਪ ਕਿਰਪਾ ਕਰਕੇ ਮੈਨੂੰ ਆਪਣੀ ਸ਼ਰਨ ਵਿਚ ਰੱਖ ਲੈਣਾ ਕਰੋ॥ ੨॥ ੪॥ ੩॥ ੧੩॥ ੧੩੯॥ ੪॥ ੧੫੯॥

ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

ਹਰਿ ਬਿਨੁ ਕਿਉ ਜੀਵਾ ਮੇਰੀ ਮਾਈ॥

ਹੇ ਮਾਈ=ਮਾਇਆ ਪਤੀ ਹਰੀ ! ਮੇਰੀ ਪ੍ਰੀਤੀ ਅਜੇਹੀ ਪ੍ਰਬਲ ਹੈ, ਜੋ ਆਪ ਜੀ ਤੋਂ ਬਿਨਾਂ ਮੈਂ ਕਿਵੇਂ ਜੀਊਣਾ ਕਰਾਂ।

ਜੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ ਬਿਨੁ ਰਹਨੁ ਨ ਜਾਈ ॥੧ ॥ਰਹਾਉ ॥

ਹੇ ਜਗਤ ਦੇ ਮਾਲਕ ਪ੍ਰਭੂ ! ਆਪ ਜੀ ਦੀ ਜੈ ਹੋਵੇ, ਮੈਂ ਤੇਰਾ ਜਸ ਕਰਨਾ ਮੰਗਦਾ ਹਾਂ,

ਹੇ ਹਰੀ ! ਆਪ ਜੀ ਤੋਂ ਬਿਨਾਂ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ॥ ੧ ॥ ਰਹਾਉ ॥

ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ॥

ਹੇ ਹਰੀ ! ਤੇਰੇ ਦਰਸ਼ਨ ਦੀ ਪਿਆਸ ਕਰਕੇ ਮੈਂ ਕਾਮਨਿ=ਇਸਤ੍ਰੀ ਪਿਆਸੀ ਹੋ ਰਹੀ ਹਾਂ ਤੇ ਸਾਰੀ ਅਵਸਥਾ ਰੂਪੀ ਰਾਤ ਮੈਂ ਤੇਰਾ ਹੀ ਰਾਹ ਵੇਖਦੀ ਹਾਂ।

ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ॥ ੧ ॥

ਹੇ ਸ੍ਰੀ=ਲਛਿਮੀ, ਵਾ:-ਸ਼ੋਭਾ ਦੇ ਧਾਰਨ ਵਾਲੇ ਮੇਰੇ ਨਾਥ=ਸੁਆਮੀ ਜੀ ! ਮੇਰਾ ਮਨ ਆਪ ਜੀ ਵਿਖੇ ਲੀਣ ਹੋ ਰਿਹਾ ਹੈ, ਹੇ ਪ੍ਰਭੂ ! ਆਪ ਹੀ ਪਰਾਈ ਪੀੜਾ ਨੂੰ ਜਾਣਦੇ ਹੋ ॥ ੧ ॥

ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ॥

ਹੇ ਹਰੀ ! ਆਪ ਜੀ ਦੇ ਨਾਮ ਸਿਮਰਨ ਤੋਂ ਬਿਨਾਂ ਜਿਤਨੀ-ਕੁ ਕਰਮਾਂ ਧਰਮਾਂ ਦੀ ਗਿਣਤੀ ਕਰਨੀ ਹੈ, ਤਿਤਨੀ ਸਰੀਰ ਵਿਚ ਪੀੜਾ ਰੂਪ ਹੈ, ਹੇ ਹਰੀ ! ਤੂੰ ਗੁਰ ਉਪਦੇਸ਼ ਦੁਆਰਾ ਪਾਇਆ ਜਾਂਦਾ ਹੈਂ।

ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾਂ ਸਮਾਈ॥ ੨ ॥

ਹੇ ਕ੍ਰਿਪਾ ਕਰਿ=ਕਿਰਪਾ ਦੀ ਖਾਨ ਹਰਿ ਜੀਉ ! ਮੇਰੇ 'ਪਰ ਦਿਆਲੂ ਹੋ, ਜਿਸ ਕਰਕੇ ਹੇ ਹਰੀ ! ਮੈਂ ਆਪ ਜੀ ਨਾਲ ਸਮਾਈ=ਅਭੇਦ ਰਹਿਣਾ ਕਰਾਂ॥ ੨ ॥

ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ॥

ਹੇ ਹਰੀ ! ਅਜੇਹੀ ਰਵਤ=ਰੀਤੀ ਸੇ ਮੇਰੇ ਮਨ ਵਿਚ ਰਮਨਾ ਕਰੋ, ਜੋ ਆਪ ਜੀ ਦੇ ਚਰਨਾਂ ਨਾਲ ਚਿਤ ਬਿਰਤੀ ਲਗਾਈ ਰਖਾਂ।

ਬਿਸਮ ਭਏ ਗੁਣ ਗਾਇ ਮਨੋਹਰ ਨਿਰਭਉ ਸਹਜਿ ਸਮਾਈ॥ ੩ ॥

ਹੇ ਮਨੋਹਰ=ਸੁੰਦਰ ਪ੍ਰਭੂ ! ਆਪ ਜੀ ਦੇ ਗੁਣ ਗਾ ਕੇ ਬਿਸਮ=ਅਸਚਰਜ ਹੋ ਗਏ ਹਾਂ ਤੇ ਨਿਰਭਉ ਪਦ ਵਿਚ ਸਹਜੇ ਸਮਾਈ ਹੋ ਗਈ ਹੈ॥ ੩ ॥

ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ॥

ਹਿਰਦੇ ਵਿਚ ਸਦਾ ਨਾਮ ਦੀ ਅਚੱਲ ਧੁਨੀ ਹੋ ਰਹੀ ਹੈ, ਜੋ ਕਦੇ ਘਟਦੀ ਨਹੀਂ ਨਾ ਹੀ ਕੀਮਤ ਪਾਈ ਜਾਂਦੀ ਹੈ।

ਅਥਵਾ:-ਜਿਸ ਦੇ ਹਿਰਦੇ ਵਿਚ ਤੇਰਾ ਨਾਮ ਵਸਿਆ ਹੈ, ਉਸ ਦੀ ਧੁਨਿ=ਬਾਣੀ ਸਦਾ ਨਿਸਚਲ ਹੈ, ਉਸ ਦੀ ਕੀਮਤ ਪਾਈ ਹੋਈ ਘਟਦੀ ਨਹੀਂ।

ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ॥ ੪ ॥

ਨਾਮ ਤੋਂ ਬਿਨਾਂ ਸਭ ਕੋਈ ਨਿਰਧਨੁ=ਕੰਗਾਲ ਹੈ, ਮੈਨੂੰ ਸਤਿਗੁਰਾਂ ਨੇ ਇਹ ਬੂਝ=ਸਮਝ ਸਮਝਾਈ ਹੈ॥ ੪ ॥

ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ॥

ਹੇ ਸਜਨੀ=ਜਗਿਆਸੂ ਰੂਪ ਇਸਤ੍ਰੀ ! ਸੁਣਨਾ ਕਰ, ਜਿਸ ਵੇਲੇ ਮੈਂ ਸਜਨੀ=ਮਹਾਤਮਾ ਰੂਪ ਸਖੀ ਤੋਂ ਸ਼ੁਭ ਸਿੱਖਿਆ ਸੁਣੀ ਤੇ ਕਾਮ ਆਦਿਕ ਦੂਤ ਨਾਮ ਰੂਪ ਵਿਹੁ ਨੂੰ ਖਾ ਕੇ ਮਰ ਗਏ ਤਾਂ ਪ੍ਰੀਤਮ=ਪਰਮਾਤਮਾ ਮੇਰੇ ਪ੍ਰਾਨ ਰੂਪ ਹੋ ਗਏ, ਭਾਵ ਪ੍ਰਾਨਾਂ ਵਾਂਙੂ ਪਿਆਰੇ ਹੋ ਗਏ।

ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥ ੫ ॥

ਜਦੋਂ ਦੀ ਪਰੀਤੀ ਉਪਜੀ ਹੈ, ਤਦੋਂ ਦੀ ਤੈਸੀ=ਉਸੇ ਤਰ੍ਹਾਂ ਦੀ ਹੈ, ਕਦੇ ਵੀ ਘਟ ਨਹੀਂ ਹੋਈ, ਇਉਂ ਰੰਗੁਲ=ਪ੍ਰੇਮਣ ਹੋ ਕੇ ਪਤੀ ਦੇ ਮਨ ਵਿਚ ਭਾਅ ਗਈ ਹਾਂ।

ਵਾ:-ਪਤੀ ਦੇ ਮਨ ਵਿਚ ਭਾਈ ਤਾਂ ਮੈਂ ਰੰਗੁਲ=ਅਨੰਦ ਵਾਲੀ ਹੋਈ ਹਾਂ॥ ੫॥

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ॥

ਸਦੀਵ ਕਾਲ ਹਰੀ ਨਾਲ ਲਿਵ ਲਗਾਉਣ ਕਰਕੇ ਸਹਜੇ ਸਮਾਧੀ ਲੱਗ ਗਈ ਹੈ ਅਤੇ ਹਰੀ ਦੇ ਗੁਣ ਗਾ ਕੇ ਮੈਂ ਜੀਉਂਦੀ ਹਾਂ।

ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥ ੬ ॥

ਸੰਸਾਰ ਵਲੋਂ ਵੈਰਾਗੀ ਹੋ ਕੇ ਮੇਰਾ ਮਨ ਗੁਰਾਂ ਦੇ ਉਪਦੇਸ਼ ਵਿਚ ਰੱਤਾ ਹੈ ਅਤੇ ਨਿਜ ਘਰਿ=ਆਪਣੇ ਸਰੂਪ ਰੂਪੀ ਘਰ ਵਿਚ ਤਾੜੀ=ਸਮਾਧੀ ਲਗਾਈ ਹੈ॥ ੬॥

ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ॥

ਨਾਮ ਦਾ ਮਹਾ=ਬੜਾ ਮਿੱਠਾ ਰਸ ਹੈ, ਏਹ ਸੁਧ-ਰਸ= ਨਿਰਾ ਅੰਮ੍ਰਿਤ ਰਸ ਹੈ,

ਵਾ:-ਸੁਧਾਰਨੇ ਵਾਲਾ ਰਸ ਹੈ, ਇਸ ਨਾਮ ਅੰਮ੍ਰਿਤ ਰਸ ਨੂੰ ਜਿਸ ਨੇ ਪੀਤਾ ਹੈ, ਉਸ ਨੇ ਆਪਣੇ ਅੰਤਹਕਰਣ ਰੂਪ ਘਰ ਵਿਚ ਸਭ ਵੇਦਾਂ ਦੇ ਤਤੁ=ਸਿਧਾਂਤ ਰੂਪ ਗੋਸਾਂਈ ਨੂੰ ਪਾ ਲਿਆ ਹੈ।

ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ॥ ੭ ॥

ਹੇ ਪ੍ਰਭੂ ! ਹੀ=ਨਿਸਚੇ ਨਾਲ ਉਥੇ ਹੀ ਮੇਰਾ ਮਨ ਟਿਕ ਗਿਆ ਹੈ, ਜਿਥੇ ਆਪ ਜੀ ਨੇ ਰੱਖਿਆ ਹੈ, ਪਰ ਗੁਰਾਂ ਦੀ ਸਿੱਖਿਆ ਕਰਕੇ ਅਜੇਹੀ ਜੁਗਤੀ ਪਾਈ ਹੈ॥ ੭॥

ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ॥

ਸਨਕ, ਸਨੰਦਕ ਆਦਿਕ ਸੋਤੇ, ਬ੍ਰਹਮਾ ਵਰਗੇ ਵੇਦ ਪਾਠੀ ਤੇ ਇੰਦਰ ਆਦਿਕ ਰਾਜਿਆਂ ਦੀ ਭੀ ਭਗਤੀ ਵਿਚ ਤਦਾਕਾਰ ਹੋਣ ਕਰਕੇ,

ਵਾ:-ਭਗਤੀ ਦੇ ਪ੍ਰੇਮ ਕਰਕੇ ਆਪ ਜੀ ਨਾਲ ਪ੍ਰੀਤੀ ਬਣਿ ਆਈ ਹੈ।

ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਆਪ ਜੀ ਦੇ ਨਾਮ ਤੋਂ ਬਿਨਾਂ ਮੈਂ ਘੜੀ ਮਾਤ੍ਰ ਭੀ ਜੀਉਂਦਾ ਨਹੀਂ ਹਾਂ ਕਿਉਂਕਿ ਹਰੀ ਨਾਮ ਹੀ ਵਡਿਆਈ ਦਾ ਦਾਤਾ ਹੈ॥ ੮॥ ੧॥

ਸਾਰਗ ਮਹਲਾ ੧ ॥

ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥

ਹਰੀ ਨਾਮ ਤੋਂ ਬਿਨਾਂ ਮੇਰਾ ਮਨ ਕਿਵੇਂ ਧੀਰਜ ਕਰ ਸਕਦਾ ਹੈ, ਅਰਥਾਤ ਨਹੀਂ ਕਰ ਸਕਦਾ ।

ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ ॥ ੧ ॥ ਰਹਾਉ ॥

ਜੋ ਕ੍ਰੋੜਾਂ ਕਲਪਾਂ ਦੇ ਦੁੱਖ ਨਾਸ ਕਰਨ ਵਾਲਾ ਹੈ, ਉਹ ਸੱਚਾ ਨਾਮ ਦ੍ਰਿੜਾ ਕੇ ਗੁਰਾਂ ਨੇ ਜਨਮ ਮਰਨ ਦਾ ਨਿਬੇੜਾ ਕਰ ਦਿੱਤਾ ਹੈ॥ ੧ ॥ ਰਹਾਉ॥

ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉਰੰਗੀ॥

ਕਰੋਧ ਦੇ ਨਿਵਾਰਨੇ ਕਰਕੇ ਹੰਗਤਾ ਮਮਤਾ ਜਲੇ=ਸੜ ਗਈ ਹੈ ਅਤੇ ਨਉਰੰਗੀ=ਪਰਮੇਸ਼ਰ ਦੇ ਪ੍ਰੇਮ ਦਾ ਸਦਾ ਨਵੀਨ ਰੰਗ ਚੜ੍ਹ ਗਿਆ ਹੈ।

ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ॥ ੧ ॥

ਜੀਵ ਦਾ ਅਸਲ ਸੰਗੀ ਜੋ ਨਿਰਮਾਇਲੁ=ਸ਼ੁਧ ਸਰੂਪ ਹਰੀ ਪ੍ਰਭੂ ਹੈ, ਉਸ ਦਾ ਨਾਮ ਜਿਸ ਵੇਲੇ ਗੁਰਾਂ ਤੋਂ ਜਾਚਿਆ=ਮੰਗਿਆ ਤਾਂ ਅਨ ਭਉ ਬਿਸਰਿ ਗਏ=ਹੋਰ ਸਾਰੇ ਡਰ ਭੁਲ ਗਏ ॥ ੧ ॥

ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ ਏਕ ਸਬਦਿ ਲਿਵਲਾਗੀ॥

ਇਕ ਗੁਰ ਉਪਦੇਸ਼ ਵਿਚ ਲਿਵ ਲਗਣ ਕਰਕੇ ਚੰਚਲ ਮਤੀ ਨੂੰ ਤਿਆਗਿਆ ਤਾਂ ਭਉਭੰਜਨੁ=ਪ੍ਰਭੂ ਨੂੰ ਪਾਇਆ, ਉਸ ਦੇ ਪਾਉਣ ਨਾਲ ਇਕ ਸਬਦਿ=ਬ੍ਰਹਮ ਵਿਚ, ਲਿਵ=ਬਿਰਤੀ ਜੁੜ ਗਈ।

ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ ਹਰਿ ਮੇਲਿ ਲਏ ਬਡਭਾਗੀ॥ ੨ ॥

ਜਿਨ੍ਹਾਂ ਨੇ ਹਰੀ ਨਾਮ ਰਸ ਨੂੰ ਚਖ ਕੇ ਪਦਾਰਥਾਂ ਦੀ ਤ੍ਰੇਹ ਨਵਿਰਤ ਕੀਤੀ ਹੈ, ਉਹਨਾਂ ਵਡਭਾਗੀਆਂ ਨੂੰ ਹਰੀ ਨੇ ਆਪਣੇ ਨਾਲ ਮੇਲ ਲੀਤਾ ਹੈ॥ ੨ ॥

[ਪੰਨਾ ੧੨੩੩]

ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ ਨਿਹਾਲਾ॥

ਜੋ ਅੰਤਹਕਰਣ ਰੂਪ ਸਰ=ਸਰੋਵਰ, ਅਭਰਤ=ਖਾਲੀ ਰਹਿੰਦੇ ਸਨ ਕਦੇ ਭਰਦੇ ਨਹੀਂ ਸਨ, ਹਰੀ ਨਾਮ ਰੂਪ ਅੰਮ੍ਰਿਤ ਦੇ ਸਿੰਚਨੇ ਕਰਕੇ ਉਹ ਸੁਭਰ=ਲਬਾ ਲਬ ਸ਼ੁਭ ਗੁਣਾਂ ਨਾਲ ਭਰ ਜਾਂਦੇ ਹੋਏ ਅਤੇ ਗੁਰ ਸਿੱਖਿਆ ਦੁਆਰੇ ਸੱਚ ਸਰੂਪ ਨੂੰ ਨਿਹਾਲਾ=ਦੇਖ ਲਿਆ ।

ਮਨ ਰਤਿ ਨਾਮਿ ਰਤੇ ਨਿਹਕੇਵਲ ਆਦਿ ਜੁਗਾਦਿ ਦਇਆਲਾ ॥ ੩ ॥

ਜੋ ਆਦਿ ਜੁਗਾਦਿ=ਸਦਾ ਸਦਾ ਦਿਆਲੂ ਹੈ, ਉਸ ਨਿਹਕੇਵਲ=ਸ਼ੁਧ ਸਰੂਪ ਨਾਮੀ ਵਿਚ ਮਨ ਦੀ ਰਤਿ=ਪ੍ਰੀਤੀ ਕਰਕੇ ਰਤੇ=ਤਦਾਕਾਰ ਹੋਏ ਹਾਂ॥ ੩ ॥

ਮੋਹਨਿ ਮੋਹਿ ਲੀਆ ਮਨੁ ਮੋਰਾ ਬਡੈ ਭਾਗ ਲਿਵਲਾਗੀ॥

ਮੋਹਨਿ=ਪਰਮਾਤਮਾ ਨੇ ਮੇਰਾ ਮਨ ਮੋਹ ਲਿਆ ਹੈ, ਵੱਡਿਆਂ ਭਾਗਾਂ ਕਰਕੇ ਉਸ ਵਿਚ ਮੇਰੀ ਬਿਰਤੀ ਲੱਗ ਗਈ ਹੈ।

ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ ਮਨੁ ਨਿਰਮਲੁ ਅਨਰਾਗੀ ॥ ੪ ॥

ਸੱਚ ਦੇ ਵਿਚਾਰਨੇ ਕਰਕੇ ਕਿਲਵਿਖ=ਪਾਪ ਤੇ ਦੁੱਖ ਕੱਟੇ ਗਏ ਹਨ ਤੇ ਮਨ ਨਿਰਮਲ ਸਰੂਪ ਦਾ ਅਨਰਾਗੀ=ਪ੍ਰੇਮੀ ਹੋਇਆ ਹੈ,

ਅਥਵਾ:-ਮਨ ਨਿਰਮਲ ਤੇ ਅਨਰਾਗੀ=ਪ੍ਰੀਤੀ ਵਾਲਾ ਹੋਇਆ ਹੈ॥ ੪ ॥

ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥

ਉਹ ਮੋਹਨ ਪਰਮਾਤਮਾ ਸਾਗਰ=ਸਮੁੰਦਰ ਵਾਂਙੂ ਗਹਿਰ=ਡੂੰਘਾ, ਗੰਭੀਰ=ਨਿਰਹਲ ਹੈ ਤੇ ਸ਼ੁਭ ਗੁਣਾਂ ਰੂਪੀ ਰਤਨਾਂ ਦੀ ਆਗਰ=ਖਾਣ ਹੈ, ਉਸ ਤੋਂ ਅਵਰ=ਭਿੰਨ, ਅਨ=ਹੋਰ ਕੋਈ ਪੂਜਣੇ ਜੋਗ ਨਹੀਂ ਹੈ।

ਅਥਵਾ:-ਅਵਰ ਅਸਥਾਨ 'ਪਰ ਉਸ ਦੇ ਬਰਾਬਰ ਹੋਰ ਕੋਈ ਪੁਜਦਾ ਨਹੀਂ ਹੈ।

ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥ ੫ ॥

ਸਬਦੁ=ਬ੍ਰਹਮ ਨੂੰ ਵਿਚਾਰ ਕੇ ਭਰਮ ਅਤੇ ਡਰ ਨੂੰ ਭੰਜਨੁ=ਨਾਸ ਕੀਤਾ ਹੈ, ਬ੍ਰਹਮ ਤੋਂ ਬਿਨਾਂ ਹੋਰ ਕਿਸੇ ਦੂਜੇ ਨੂੰ ਜਾਣਿਆ ਨਹੀਂ ਹੈ॥ ੫ ॥

ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ॥

ਚੰਚਲ ਮਨ ਨੂੰ ਮਾਰ ਕੇ ਨਿਰਮਲ ਪਦ ਨੂੰ ਪਛਾਣਿਆ ਹੈ ਤੇ ਹਰੀ ਦੇ ਰਸ=ਅਨੰਦ ਵਿਚ ਬਹੁਤਾ ਰੰਗੇ ਗਏ ਹਾਂ।

ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ॥ ੬ ॥

ਇਕ ਪਰਮਾਤਮਾ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ ਹਾਂ, ਸਤਿਗੁਰਾਂ ਨੇ ਮੈਨੂੰ ਇਹ ਬੂਝ=ਗਿਆਤ (ਸਮਝ) ਸਮਝਾਈ ਹੈ॥ ੬ ॥

ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ ॥

ਜੋ ਮਨ ਕਰਕੇ ਅਗਮ ਹੈ, ਇੰਦ੍ਰੀਆਂ ਕਰਕੇ ਅਗੋਚਰ ਹੈ, ਅਨਾਥੁ=ਸੁਆਮੀ ਤੋਂ ਬਿਨਾਂ ਹੈ, ਅਜੋਨੀ=ਜੂਨੀਆਂ ਤੋਂ ਰਹਿਤ ਹੈ, ਉਸ ਇਕ ਅਦੁੱਤੀ ਬ੍ਰਹਮ ਨੂੰ ਗੁਰ ਸਿੱਖਿਆ ਦੁਆਰੇ ਜਾਣਿਆ ਹੈ।

ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥ ੭ ॥

ਸ਼ੁਭ ਗੁਣਾਂ ਨਾਲ ਸੁਭਰ=ਨੱਕੋ ਨੱਕ ਭਰ ਗਏ ਹਾਂ, ਇਸ ਕਰਕੇ ਚਿਤ ਡੋਲਦਾ ਨਹੀਂ ਹੈ, ਗੁਰਾਂ ਦੇ ਮਨ=ਮੰਤ੍ਰ ਕਰਕੇ ਹੀ ਮੇਰਾ ਮਨ ਪ੍ਰਭੂ ਉੱਤੇ ਮੰਨਿਆ ਗਿਆ ਹੈ॥ ੭ ॥

ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ ॥

ਗੁਰਾਂ ਦੀ ਕਿਰਪਾ ਦੁਆਰੇ ਅਕਥ ਪ੍ਰਭੂ ਦੇ ਜਸ ਨੂੰ ਕਥਨ ਕਰਦੇ ਹਾਂ, ਉਸ ਦੇ ਗੁਣਾਂ ਨੂੰ ਆਪ ਕਹਿੰਦੇ ਹਾਂ, ਹੋਰਨਾਂ ਤੋਂ ਕਹਾਂਦੇ ਹਾਂ ਜਾਂ ਉਹ ਪਰਮਾਤਮਾ ਆਪ ਪ੍ਰੇਰ ਕੇ ਕਹਾਵੇ ਤਾਂ ਇਹ ਜੀਵ ਉਸ ਦੇ ਜਸ ਨੂੰ ਕਹਿੰਦਾ ਹੈ।

ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਦੀਨ=ਗਰੀਬ ਜਾਣ ਕੇ ਉਹ ਪ੍ਰਭੂ ਸਾਡੇ 'ਪਰ ਦਿਆਲੂ ਹੈ, ਇਸ ਲਈ

ਉਸ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਿਆ ॥ ੮॥ ੨॥

ਸਾਰਗ ਮਹਲਾ ੩ ਅਸਟਪਦੀਆ ਘਰੁ ੧

੧ਓ ਸਤਿਗੁਰ ਪ੍ਰਸਾਦਿ ॥

ਮਨ ਮੇਰੇ ਹਰਿ ਕੈ ਨਾਮਿ ਵਡਾਈ ॥

ਹੇ ਮੇਰੇ ਮਨ ! ਹਰੀ ਦੇ ਨਾਮ ਜਪਣੇ ਕਰਕੇ ਵਡਿਆਈ ਹੁੰਦੀ ਹੈ।

ਹਰਿ ਬਿਨੁ ਅਵਰੁ ਨ ਜਾਣਾ ਕੋਈ
ਹਰਿ ਕੈ ਨਾਮਿ ਮੁਕਤਿ ਗਤਿ ਪਾਈ॥ ੧ ॥ ਰਹਾਉ ॥

ਇਸ ਲਈ ਮੈਂ ਹਰੀ ਨਾਮ ਤੋਂ ਬਿਨਾਂ ਹੋਰ ਕੋਈ ਸਾਧਨ ਕਰਨਾ ਜਾਣਿਆ ਨਹੀਂ ਹੈ, ਹਰੀ ਦੇ ਨਾਮ ਕਰਕੇ ਹੀ ਮੁਕਤੀ ਦੀ ਗਤਿ=ਪਰਾਪਤੀ ਪਾਈ ਹੈ॥ ੧ ॥ ਰਹਾਉ ॥

ਸਬਦਿ ਭਉ ਭੰਜਨੁ ਜਮਕਾਲ ਨਿਖੰਜਨੁ ਹਰਿ ਸੇਤੀ ਲਿਵਲਾਈ॥

ਜੋ ਸਬਦਿ=ਸੰਸਾਰ ਦੇ ਡਰ ਨੂੰ ਨਾਸ ਕਰਨ ਵਾਲਾ ਤੇ ਜਮ ਕਾਲ ਨੂੰ ਨਿਖੰਜਨੁ=ਰਦ ਕਰਨ ਵਾਲਾ (ਅਸਮਰੱਥ) ਕਰਨ ਵਾਲਾ ਅਰਥਾਤ ਅਭਾਵ ਕਰਨ ਵਾਲਾ ਹੈ, ਉਸ ਹਰੀ ਦੇ ਨਾਲ ਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਬਿਰਤੀ ਲਗਾਈ ਹੈ।

ਯਥਾ:- ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ ॥ *(ਪੰਨਾ ੯੧੦)*

ਤਥਾ:- ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ॥ *(ਪੰਨਾ ੯੨੩)*

ਹਰਿ ਸੁਖ ਦਾਤਾ ਗੁਰਮੁਖਿ ਜਾਤਾ ਸਹਜੇ ਰਹਿਆ ਸਮਾਈ॥ ੧ ॥

ਸੁਖ ਦਾਤਾ ਜੋ ਹਰੀ ਹੈ ਉਸ ਨੂੰ ਗੁਰਮੁਖਾਂ ਨੇ ਗੁਰਾਂ ਦੁਆਰੇ ਜਾਣਿਆ ਹੈ ਅਤੇ ਓਸੇ ਦੇ ਵਿਚ ਹੀ ਮਨ ਸਹਜੇ ਸਮਾਈ ਕਰ ਰਿਹਾ ਹੈ॥ ੧ ॥

ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਣੁ ਭਗਤਿ ਬਡਾਈ॥

ਹਰੀ ਨਿਰੰਜਨ ਦਾ ਨਾਮ ਹੀ ਭਗਤਾਂ ਦਾ ਭੋਜਨ ਹੈ ਅਤੇ ਹਰੀ ਦੀ ਬਡਾਈ=ਵਡਿਆਈ ਰੂਪ ਜੋ ਭਗਤੀ ਹੈ, ਏਹੋ ਕਪੜਿਆਂ ਦਾ ਪੈਨਣਾ ਹੈ।

ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ॥ ੨ ॥

ਜੋ ਸਦਾ ਹਰੀ ਨੂੰ ਸੇਂਵਦੇ ਹਨ, ਉਨ੍ਹਾਂ ਦਾ ਆਪਣੇ ਸਰੂਪ ਰੂਪੀ ਘਰ ਵਿਚ ਵਾਸਾ ਹੋਇਆ ਹੈ ਅਤੇ ਹਰੀ ਦੇ ਦਰਬਾਰ ਵਿਚ ਉਨ੍ਹਾਂ ਨੇ ਸ਼ੋਭਾ ਪਾਈ ਹੈ॥ ੨॥

ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ॥

ਮਨਮੁਖ ਦੀ ਬੁੱਧੀ ਕੱਚੀ ਹੈ, ਉਸ ਦਾ ਮਨ ਡੋਲਦਾ ਰਹਿੰਦਾ ਹੈ, ਕਿਉਂਕਿ ਮਨਮੁਖ ਪੁਰਸ਼ ਅਕਥ ਪ੍ਰਭੂ ਦੀ ਕਹਾਣੀ ਨੂੰ ਕਥਨ ਨਹੀਂ ਕਰਦਾ।

ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ॥ ੩॥

ਗੁਰਾਂ ਦੀ ਅੰਮ੍ਰਿਤ ਰੂਪ ਸੱਚੀ ਬਾਣੀ ਦੁਆਰਾ ਜਿਨ੍ਹਾਂ ਦੀ ਮਤ ਅਚੱਲ ਹੋਈ ਹੈ, ਉਹਨਾਂ ਦੇ ਮਨ ਵਿਚ ਹਰੀ ਵਸਿਆ ਹੈ। *ਅਥਵਾ:*-ਗੁਰਾਂ ਦੀ ਸਿੱਖਿਆ ਦੁਆਰੇ ਜਿਸ ਦੇ ਨਿਸਚਲ ਮਨ ਵਿਚ ਹਰੀ ਵਸਿਆ ਹੈ, ਉਸ ਪੁਰਸ਼ ਦੀ ਬਾਣੀ ਸੱਚੀ ਤੇ ਅੰਮ੍ਰਿਤ ਰੂਪ ਹੈ॥ ੩॥

ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ॥

ਜਿਸ ਨੇ ਗੁਰ ਸ਼ਬਦ ਦੁਆਰਾ ਮਨ ਦੇ ਤਰੰਗ=ਸੰਕਲਪ ਨਵਿਰਤ ਕੀਤੇ ਹਨ, ਉਸ ਦੀ ਰਸਨਾ ਸਹਜੇ ਸਹਜੇ ਨਾਮ ਜਪਦੀ ਹੋਈ ਸੁਭਾਈ=ਸ਼ੋਭਾ ਵਾਲੀ ਹੋਈ ਹੈ।

ਸਤਿਗੁਰ ਮਿਲਿ ਰਹੀਐ ਸਦ ਅਪੁਨੇ ਜਿਨਿ ਹਰਿ ਸੇਤੀ ਲਿਵਲਾਈ ॥੪॥

ਆਪਣਿਆਂ ਸਤਿਗੁਰਾਂ ਨਾਲ ਸਦਾ ਮਿਲ ਕੇ ਰਹਿਣਾ ਚਾਹੀਦਾ ਹੈ, ਜਿਨ੍ਹਾਂ ਸਤਿਗੁਰਾਂ ਨੇ ਸਾਡੀ ਹਰੀ ਨਾਲ ਲਿਵ=ਬਿਰਤੀ ਲਗਾਈ ਹੈ॥ ੪॥

ਮਨੁ ਸਬਦਿ ਮਰੈ ਤਾ ਮੁਕਤੋ ਹੋਵੈ ਹਰਿ ਚਰਣੀ ਚਿਤੁ ਲਾਈ॥

ਗੁਰਾਂ ਦੇ ਸ਼ਬਦ ਕਰਕੇ ਮਨ ਸੰਸਾਰ ਵਲੋਂ ਮਰ ਜਾਵੇ ਤਾਂ ਮੁਕਤ ਰੂਪ ਹੁੰਦਾ ਹੈ, ਮਨ ਨੂੰ ਮਾਰਨ ਲਈ ਹਰੀ ਚਰਨਾਂ ਨਾਲ ਚਿਤ ਨੂੰ ਲਗਾਈ ਰਖੇ।

ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ॥ ੫॥

ਹਰੀ ਸਾਗਰ-ਸਰੁ=ਸਮੁੰਦਰ ਦੇ ਸਦ੍ਰਸ ਹੈ,

ਵਾ:-ਮਾਨ ਸਰੋਵਰ ਦੇ ਸਦਰਸ ਹੈ, ਜਿਸ ਮੇਂ ਸਦਾ ਨਾਮ ਰੂਪ ਨਿਰਮਲ ਜਲ ਹੈ, ਜੇਹੜਾ ਨਾਮ ਜਲ ਵਿਚ ਇਸ਼ਨਾਨ ਕਰਦਾ ਹੈ, ਉਸ ਦੀ ਸਹਜੇ ਹੀ ਬੁੱਧੀ ਸ਼ੋਭਾ ਵਾਲੀ ਹੁੰਦੀ ਹੈ॥ ੫॥

ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ॥

ਜੋ ਗੁਰ ਸ਼ਬਦ ਨੂੰ ਵਿਚਾਰ ਕੇ ਸਦਾ ਰੰਗਿ=ਪ੍ਰੇਮ ਵਿਚ ਰਤੇ ਗਏ ਹਨ, ਉਹਨਾਂ ਦੀ ਹੰਗਤਾ ਮਮਤਾ ਤੇ ਤ੍ਰਿਸ਼ਨਾ ਮਾਰੀ ਗਈ ਹੈ।

ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥

ਜੋ ਨਿਹਕੇਵਲੁ=ਸ਼ੁਧ ਸਰੂਪ ਹਰੀ ਸਭ ਦੇ ਅੰਦਰ ਰਵਿਆ ਹੋਇਆ ਹੈ, ਉਹ ਰਾਮ ਮੁਰਾਰੀ ਹੀ ਮੇਰਾ ਆਤਮ=ਆਪਣਾ ਆਪ ਰੂਪ ਹੈ॥ ੬॥

ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ॥

ਜੋ ਪੁਰਸ਼ ਉਸ ਪ੍ਰਭੂ ਦੇ ਮਨ ਵਿਚ ਭਾਏ ਹਨ, ਉਹ ਸੇਵਕ ਸੱਚ ਨਾਮ ਵਿਚ ਰਤੇ ਹੋਏ ਸੇਵਿ ਰਹੇ=ਸੇਵਾ ਕਰ ਰਹੇ ਹਨ।

ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥

ਜਗਤ ਵਿਚ ਝੂਠੀ ਪ੍ਰੀਤ ਵਾਲੀ ਝੂਠੀ ਇਸਤ੍ਰੀ ਜੋ ਔਗੁਣਾਂ ਦਾ ਤਿਆਗ ਤੇ ਗੁਣਾਂ ਦਾ ਗ੍ਰਹਿਣ ਕਰਨਾ

ਨਹੀਂ ਪਛਾਣਦੀ, ਉਹ ਦੁਬਿਧਾ ਕਰਕੇ ਮਹਲੁ=ਸਰੂਪ ਨੂੰ ਨਹੀਂ ਪਾਂਦੀ॥ ੭॥

ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ॥

ਜਿਸ ਦੀ ਬੇਦ ਬਾਣੀ ਸੱਚੀ ਹੈ, ਐਸਾ ਜੋ ਸੱਚਾ ਸਬਦੁ=ਬ੍ਰਹਮ ਹੈ, ਉਹ ਅਕਥੁ=ਨਾ ਕਥੇ ਜਾਣ ਵਾਲੇ ਨਾਮ ਨੂੰ ਜੋ ਕਥਨ ਕਰਦੇ ਹਨ, ਉਨ੍ਹਾਂ ਨੂੰ ਆਪਣੇ ਨਾਲ ਮੇਲ ਲੈਂਦਾ ਹੈ।

ਅਥਵਾ:-ਜੋ ਪੁਰਸ਼ ਸੱਚ ਸਰੂਪ ਗੁਰਾਂ ਦੀ ਸ਼ਬਦ ਬਾਣੀ ਵਿਚਾਰ ਦੇ ਹੋਏ ਅਕਥ ਦਾ ਕਥਨ ਕਰਦੇ ਹਨ, ਉਹਨਾਂ ਨੂੰ ਸੱਚ ਸਰੂਪ ਬ੍ਰਹਮ ਨੇ ਆਪਣੇ ਨਾਲ ਮੇਲ ਲਿਆ ਹੈ।

ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਸੱਚੇ ਗੁਰਮੁਖ ਹਰੀ ਦਾ ਨਾਮ ਕਥਨ ਕਰਦੇ ਹੋਏ, ਸਚਿ ਸਮਾਣੇ=ਸੱਚ ਸਰੂਪ ਵਿਚ ਅਭੇਦ ਹੋਏ ਹਨ॥ ੮॥ ੧॥

ਸਾਰਗ ਮਹਲਾ ੩ ॥

ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ॥

ਹੇ ਮੇਰੇ ਮਨ ! ਹਰੀ ਦਾ ਨਾਮ ਅਤੀਅੰਤ ਮਿੱਠਾ ਹੈ। ਇਸ ਲਈ:-

[ਪੰਨਾ ੧੨੩੪]

ਜਨਮ ਜਨਮ ਕੇ ਕਿਲਵਿਖ ਭਉ ਭੰਜਨ
ਗੁਰਮੁਖਿ ਏਕੋ ਡੀਠਾ॥ ੧ ॥ ਰਹਾਉ ॥

ਗੁਰਮੁਖਾਂ ਨੇ ਗੁਰਾਂ ਦੁਆਰੇ ਉਸ ਨਾਮ ਨੂੰ ਜਪ ਕੇ ਜਨਮਾਂ ਜਨਮਾਤਰਾਂ ਦੇ ਕਿਲਵਿਖ=ਪਾਪ ਤੇ ਭਉ=ਡਰ, ਭੰਜਨ=ਨਾਸ ਕਰਕੇ ਇਕ ਪਰਮਾਤਮਾ ਨੂੰ ਦੇਖ ਲਿਆ ਹੈ॥ ੧॥ ਰਹਾਉ॥

ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ॥

ਜੋ ਕੋਟਾਨ ਕੋਟ ਜਨਮਾਂ ਦੇ ਕੂੜਾਂ ਹੀ ਪਾਪਾਂ ਦੇ ਨਾਸ ਕਰਨ ਵਾਲਾ ਹੈ, ਉਹ ਸੱਚਾ ਹਰੀ ਮਨ ਵਿਚ ਚੰਗਾ ਲੱਗਾ ਹੈ।

ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ॥ ੧ ॥

ਉਹਨਾਂ ਨੂੰ ਹਰੀ ਤੋਂ ਬਿਨਾਂ ਹੋਰ ਕੋਈ ਦੂਜਾ ਪ੍ਰਤੀਤ ਨਹੀਂ ਹੁੰਦਾ, ਕਿਉਂਕਿ-
ਉਹਨਾਂ ਨੂੰ ਸਤਿਗੁਰਾਂ ਨੇ ਇਕ ਪਰਮਾਤਮਾ ਹੀ ਸਮਝਾਇਆ ਹੈ॥ ੧॥

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ॥

ਜਿਨ੍ਹਾਂ ਦੇ ਘਟ ਵਿਚ ਪਰੇਮ ਪਦਾਰਥ ਵਸਿਆ ਹੈ, ਉਹ ਸਹਜੇ ਪਰਮੇਸ਼ਰ ਵਿਚ ਸਮਾਈ ਕਰ ਰਹੇ ਹਨ।

ਸਬਦਿ ਰਤੇ ਸੇ ਰੰਗਿ ਚਲੂਲੇ ਰਾਤੇ ਸਹਜਿ ਸੁਭਾਈ ॥ ੨ ॥

ਜੋ ਗੁਰ ਉਪਦੇਸ਼ ਵਿਚ ਰਤੇ ਹਨ, ਉਹ ਚਲੂਲੇ=ਗਾਹੜੇ ਰੰਗ ਵਾਲੇ ਹੋਏ ਹਨ ਤੇ ਸਹਜਿ ਸੁਭਾਈ=ਸ਼ਾਂਤੀ ਸੁਭਾਵ ਵਿਚ ਰਤੇ ਰਹਿੰਦੇ ਹਨ।

ਅਥਵਾ:-ਅਗੋਂ ਉਹਨਾਂ ਦੇ ਜਗਿਆਸੂ ਭੀ ਸਹਜਿ ਸੁਭਾਈ=ਸੁਤੇ ਸਿਧ ਨਾਮ ਰੰਗ ਵਿਚ ਰਤੇ ਰਹਿੰਦੇ ਹਨ॥ ੨ ॥

ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ ॥

ਜੋ ਰਸਨਾ ਗੁਰ ਉਪਦੇਸ਼ ਨੂੰ ਵਿਚਾਰ ਕੇ ਪ੍ਰਭੂ ਦੇ ਰਸ ਵਿਚ ਰਤੀ ਗਈ ਹੈ, ਉਹ ਰੰਗੁ=ਪ੍ਰੇਮ ਲੱਗਾ ਕੇ ਸਭ ਦੀ ਲਾਲ=ਪਿਆਰੀ ਹੋਈ ਹੈ।

ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ॥ ੩ ॥

ਜਿਨ੍ਹਾਂ ਨੇ ਰਾਮ ਨਾਮ ਨੂੰ ਜਪ ਕੇ ਨਿਹਕੇਵਲੁ=ਸ਼ੁਧ ਸਰੂਪ ਪਰਮਾਤਮਾ ਨੂੰ ਜਾਣਿਆ ਹੈ, ਉਹਨਾਂ ਦਾ ਮਨ ਤ੍ਰਿਪਤ ਹੋਇਆ ਹੈ ਤੇ ਸ਼ਾਂਤੀ ਆ ਗਈ ਹੈ॥ ੩ ॥

ਪੰਡਿਤ ਪੜਿ ਪੜਿ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖ ਧਾਰੀ॥

ਪੰਡਿਤ ਲੋਕ ਪੜ੍ਹ ਪੜ੍ਹ ਕੇ, ਮੋਨੀ ਮੌਨ ਧਾਰ ਕੇ ਸਾਰੇ ਥੱਕ ਗਏ ਹਨ ਅਤੇ ਭੇਖ ਧਾਰੀ ਸਾਧੂ ਭੇਖਾਂ ਵਿਚ ਭੌਂਦੇ ਥਕ ਗਏ ਹਨ, ਪਰ ਪਰਮੇਸ਼ਰ ਕਿਸੇ ਨੂੰ ਨਹੀਂ ਮਿਲਿਆ ।

ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥ ੪ ॥

ਗੁਰ ਕਿਰਪਾ ਵਾਲਿਆਂ ਨੇ ਸੱਚੇ ਸ਼ਬਦ ਦੀ ਵੀਚਾਰ ਕਰਕੇ ਨਿਰੰਜਨ ਪਰਮਾਤਮਾ ਨੂੰ ਪਾਇਆ ਹੈ ॥ ੪ ॥

ਆਵਾ ਗਉਣੁ ਨਿਵਾਰਿ ਸਚਿ ਰਾਤੇ ਸਾਚ ਸਬਦੁ ਮਨਿ ਭਾਇਆ ॥

ਜੋ ਸੱਚ ਨਾਮ ਵਿਚ ਰਤੇ ਹਨ, ਉਨ੍ਹਾਂ ਨੇ ਆਵਾ ਗਉਣੁ=ਜੰਮਣਾ ਮਰਨਾ ਨਵਿਰਤ ਕਰ ਲਿਆ ਹੈ ਅਤੇ ਉਹਨਾਂ ਦੇ ਮਨ ਵਿਚ ਸੱਚਾ ਸਬਦੁ=ਬ੍ਰਹਮ ਭਾਅ ਗਿਆ ਹੈ।

ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥ ੫ ॥

ਉਨ੍ਹਾਂ ਨੇ ਸਤਿਗੁਰਾਂ ਨੂੰ ਸੇਵ ਕੇ ਨਿਤ ਸੁਖ ਪਾਇਆ ਹੈ, ਜਿਨ੍ਹਾਂ ਨੇ ਹਿਰਦੇ ਵਿਚੋਂ ਆਪਾ ਭਾਵ ਹੰਕਾਰ ਗਵਾਇਆ ਹੈ॥ ੫ ॥

ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ॥

ਸੱਚੇ ਗੁਰਾਂ ਦੇ ਸ਼ਬਦ ਦੁਆਰਾ ਜਿਸ ਨੇ ਮਨ ਕਰਕੇ ਸੱਚੇ ਪ੍ਰਭੂ ਵਿਚ ਲਿਵ ਲਗਾਈ ਹੈ, ਉਸ ਦੇ ਅੰਦਰੋਂ ਸਹਜ ਧੁਨਿ=ਸ਼ਾਂਤੀ ਰੂਪ ਬਾਣੀ ਉਭਪੰਨ ਹੁੰਦੀ ਹੈ।

ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥ ੬ ॥

ਜੋ ਮਨ ਕਰਕੇ ਅਗਮ, ਇੰਦ੍ਰੀਆਂ ਕਰਕੇ ਅਗੋਚਰ ਹੈ, ਉਸ ਨਿਰੰਜਨ ਦੇ ਨਾਮ ਦੀ ਪਰੀਤੀ ਗੁਰਮੁਖਾਂ ਨੇ ਗੁਰਾਂ ਦੁਆਰੇ ਮਨ ਵਿਚ ਵਸਾਈ ਹੈ॥ ੬ ॥

ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ॥

ਸਾਰਾ ਜਗਤ ਇਕ ਪ੍ਰਭੂ ਵਿਚ ਵਰਤ ਰਿਹਾ ਹੈ, ਪਰ ਕੋਈ ਵਿਰਲਾ ਹੀ ਇਕ ਪ੍ਰਭੂ ਨੂੰ ਪਛਾਣਦਾ ਹੈ।

ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ॥ ੭ ॥

ਜਾਂ ਗੁਰ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰਦਾ ਹੈ ਤਾਂ ਇਸ ਨੂੰ ਸਭ ਕੁਝ ਸੁਝ ਆਉਂਦਾ ਹੈ ਅਤੇ ਰਾਤ ਦਿਨ ਇਕ ਵਾਹਿਗੁਰੂ ਨੂੰ ਜਾਣਦਾ ਹੈ॥ ੭॥

ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ॥

ਜਿਸ ਉੱਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਓਹੀ ਪੁਰਸ਼ ਉਸ ਨੂੰ ਬੂਝੈ=ਜਾਣਦਾ ਹੈ, ਹੋਰ ਕਈ ਤਰ੍ਹਾਂ ਦੇ ਕਹਣਾ=ਪ੍ਰਸੰਗ ਕਹਿਣ ਨਾਲ ਉਹ ਕਥਨ ਨਹੀਂ ਕੀਤਾ ਜਾਂਦਾ ।

ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵਲਾਈ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜੋ ਨਾਮੀ ਦੇ ਨਾਮ ਵਿਚ ਰਤੇ ਹੋਏ ਸਦਾ ਸੰਸਾਰ ਤੋਂ ਬੈਰਾਗੀ=ਅਸੰਗ ਰਹਿੰਦੇ ਹਨ, ਉਹਨਾਂ ਨੇ ਇਕ ਸਬਦਿ=ਬ੍ਰਹਮ ਵਿਚ ਬਿਰਤੀ ਲਗਾਈ ਹੈ॥ ੮॥ ੨॥

ਸਾਰਗ ਮਹਲਾ ੩ ॥

ਮਨ ਮੇਰੇ ਹਰਿ ਕੀ ਅਕਥ ਕਹਾਣੀ॥

ਹੇ ਮੇਰੇ ਮਨ ! ਅਕਥ ਹਰੀ ਦੀ ਕਹਾਣੀ ਅਕਥ ਹੈ, ਜੋ ਕਿ ਕਿਸੇ ਪਾਸੋਂ ਕਹੀ ਨਹੀਂ ਜਾਂਦੀ ।

ਹਰਿ ਨਦਰਿ ਕਰੇ ਸੋਈ ਜਨੁ ਪਾਏ ਗੁਰਮੁਖਿ ਵਿਰਲੈ ਜਾਣੀ॥ ੧ ॥ ਰਹਾਉ ॥

ਜਿਸ ਦੇ ਉਪਰ ਹਰੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਓਹੀ ਪੁਰਸ਼ ਪਾਂਦਾ ਹੈ, ਕਿਸੇ ਵਿਰਲੇ ਗੁਰਮੁਖ ਨੇ ਗੁਰਾਂ ਦੁਆਰੇ ਉਸ ਦੀ ਕਥਾ ਜਾਣੀ ਹੈ॥ ੧॥ ਰਹਾਉ॥

ਹਰਿ ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ॥

ਉਹ ਹਰੀ ਗਹਿਰ=ਡੂੰਘਾ, ਗੰਭੀਰੁ=ਨਿਰਹਲ ਤੇ ਸ਼ੁਭ ਗੁਣਾਂ ਦਾ ਗਹੀਰੁ=ਸਮੁੰਦਰ ਹੈ, ਉਹ ਗੁਰਾਂ ਦੇ ਸਬਦਿ=ਉਪਦੇਸ਼ ਕਰਕੇ ਪਛਾਣਿਆ ਜਾਂਦਾ ਹੈ।

ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ ॥ ੧ ॥

ਮਨਮੁਖ ਦਵੈਤ ਭਾਵ ਨਾਲ ਬਹੁਤ ਪਰਕਾਰ ਦੇ ਕਰਮ ਕਰਦੇ ਹਨ, ਪਰ ਉਹ ਗੁਰ ਸ਼ਬਦ ਤੋਂ ਬਿਨਾਂ ਬਉਰਾਨਿਆ=ਝਲੇ (ਪਾਗ਼ਲ) ਹਨ॥ ੧॥

ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ॥

ਜੋ ਹਰੀ ਨਾਮ ਜਲ ਵਿਚ ਨ੍ਹਾਉਂਦਾ ਹੈ, ਉਹ ਪੁਰਸ਼ ਨਿਰਮਲ ਹੈ, ਪੁਨਾ-ਉਹ ਮੂਲਿ=ਕਦਾਚਿਤ ਰਾਗ ਦ੍ਵੈਸ਼, ਵਾ:-ਪਾਪਾਂ ਦੀ ਮੈਲ ਕਰਕੇ ਮੈਲਾ ਨਹੀਂ ਹੁੰਦਾ।

ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥ ੨ ॥

ਨਾਮ ਤੋਂ ਬਿਨਾਂ ਸਾਰਾ ਸੰਸਾਰ ਮੈਲਾਂ ਹੈ, ਦਵੈਤ ਭਾਵਨਾ ਵਿਚ ਭਰਮ ਕਰਕੇ ਮਨਮੁਖਾਂ ਨੇ ਪਤਿ ਖੋਈ= ਇੱਜ਼ਤ ਗਵਾ ਲਈ ਹੈ॥ ੨॥

ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ॥

ਕਿਸ ਦਾ ਨਿਸਚਾ ਕਰਾਂ? ਕੀ ਵਸਤੂ ਇਕੱਠੀ ਕਰਾਂ? ਅਤੇ ਕੀ ਛੱਡਾਂ?

ਅਥਵਾ:-ਦ੍ਰਿੜ ਹੋ ਕੇ ਮੈਂ ਇਕਤ੍ਰ ਕੀ ਕਰਾਂ ਤੇ ਤਿਆਗਣਾ ਕੀ ਕਰਾਂ, ਮੈਂਨੇ ਤਾਂ ਗ੍ਰਹਿਣ ਅਤੇ ਤਿਆਗਣੇ ਦੀ ਕੋਈ ਸਮਝ ਨਹੀਂ ਪਾਈ।

ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਨਾਮੋ ਹੋਇ ਸਖਾਈ॥ ੩॥

ਕਿਰਪਾ ਦੀ ਖਾਣ, ਵਾ:- ਕ੍ਰਿਪਾ ਕਰਨ ਵਾਲਾ ਹਰਿ ਜੀ ਜਿਨ੍ਹਾਂ 'ਪਰ ਦਿਆਲੂ ਹੁੰਦਾ ਹੈ, ਉਸ ਦੇ ਨਾਮ ਜਪਣ ਵਿਖੇ ਆਪ ਸਹਾਈ ਹੁੰਦਾ ਹੈ॥ ੩॥

ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਤਿਸੁ ਨਾਇ ਲਾਏ॥

ਸਚਮੁਚ ਸਚੁ=ਨਿਸਚੇ ਕਰਕੇ ਉਹ ਸੱਚਾ ਸਭ ਦਾ ਦਾਤਾ ਹੈ, ਕਰਮ ਬਿਧਾਤਾ=ਫਲਬਰ ਦਾਤਾ ਹੈ, ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਨਾਮ ਜਪਣ ਵਿਚ ਲਗਾਂਦਾ ਹੈ।

ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ॥ ੪॥

ਓਹੀ ਪੁਰਸ਼ ਗੁਰਾਂ ਦੁਆਰੇ ਇਸ ਭੇਦ ਨੂੰ ਸਮਝਦਾ ਹੈ, ਜਿਸ ਨੂੰ ਆਪ ਸਮਝਾਂਦਾ ਹੈ॥ ੪॥

ਦੇਖਿ ਬਿਸਮਾਦੁ ਇਹੁ ਮਨੁ ਨਹੀ ਚੇਤੇ ਆਵਾ ਗਉਣੁ ਸੰਸਾਰਾ॥

ਸੰਸਾਰ ਦਾ ਆਵਾ ਗਉਣੁ=ਜਨਮ ਮਰਨ ਰੂਪ, ਬਿਸਮਾਦੁ=ਅਸਚਰਜ ਕੌਤਕ ਵੇਖ ਕੇ ਭੀ ਇਹ ਚੰਚਲ ਮਨ ਉਸ ਪ੍ਰਭੂ ਨੂੰ ਚੇਤਦਾ ਨਹੀਂ ਹੈ।

ਸਤਿਗੁਰੁ ਸੇਵੇ ਸੋਈ ਬੂਝੈ ਪਾਏ ਮੋਖ ਦੁਆਰਾ॥ ੫॥

ਜੋ ਸਤਿਗੁਰਾਂ ਨੂੰ ਸੇਂਵਦਾ ਹੈ, ਓਹੀ ਸਮਝਦਾ ਹੈ ਕਿ ਸੰਸਾਰ ਜਨਮ ਮਰਨ ਵਾਲਾ ਹੈ ਅਤੇ ਮੁਕਤੀ ਦਾ ਦਰਵਾਜ਼ਾ ਜੋ ਗਿਆਨ ਹੈ ਉਸ ਨੂੰ ਪਾਂਦਾ ਹੈ॥ ੫॥

ਜਿਨ੍ ਦਰੁ ਸੂਝੈ ਸੇ ਕਦੇ ਨ ਵਿਗਾੜਹਿ ਸਤਿਗੁਰਿ ਬੂਝ ਬੁਝਾਈ॥

ਜਿਨ੍ਹਾਂ ਨੂੰ ਪਰਮੇਸ਼ਰ ਦੇ ਸਤਸੰਗ ਦਰਵਾਜ਼ੇ ਦੀ ਸੂਝੈ=ਸਮਝ ਆਈ ਹੈ ਅਤੇ ਸਤਿਗੁਰਾਂ ਨੇ ਬੂਝ ਬੁਝਾਈ=ਸਿੱਖਿਆ ਸਮਝਾਈ ਹੈ, ਉਹ ਆਪਣੇ ਅਮੋਲਕ ਮਨੁੱਖ ਜਨਮ ਨੂੰ ਕਦੇ ਵਿਗਾੜਦੇ ਨਹੀਂ ਹਨ।

ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ ॥ ੬॥

ਸਚੁ ਸੰਜਮੁ=ਨਿਸਕਪਟ ਇੰਦ੍ਰੀਆਂ ਦਾ ਦਮਨ ਕਰਦੇ ਹੰਨ ਤੇ ਸ਼ੁਭ ਕਰਣੀ ਦੀ ਕਿਰਤ ਕਮਾਉਂਦੇ ਹਨ,

ਅਥਵਾ:-ਸੱਚ ਬੋਲਦੇ ਹਨ, ਸੰਜਮ ਰੱਖਦੇ ਹਨ, ਕਰਣੀ=ਭਗਤੀ ਦੀ ਕਿਰਤ ਕਮਾਉਂਦੇ ਹਨ, ਇਸ ਕਰਕੇ ਉਹਨਾਂ ਦਾ ਜੰਮਣਾ ਮਰਨਾ ਰਹਿ ਜਾਂਦਾ ਹੈ॥ ੬॥

ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ ਸਾਚੁ ਅਧਾਰਾ॥

ਜਿਨ੍ਹਾਂ ਗੁਰਮੁਖਾਂ ਨੂੰ ਸੱਚ ਨਾਮ ਦਾ ਅਧਾਰਾ=ਆਸਰਾ ਹੈ ਤੇ ਸੱਚ ਨਾਮ ਨੂੰ ਹੀ ਕਮਾਉਂਦੇ ਹਨ, ਉਹ ਪਰਮਾਤਮਾ ਦੇ ਦਰਬਾਰ ਅੰਦਰ ਸੱਚੇ ਹਨ।

[ਪੰਨਾ ੧੨੩੫]

ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ॥ ੭॥

ਮਨਮੁਖ ਦਵੈਤ ਭਾ ਕਰਕੇ ਭਰਮ ਵਿਚ ਭੁਲਾਵਣਾ ਕੀਤੇ ਹਨ, ਇਸ ਕਰਕੇ ਉਹ ਆਤਮ ਵਿਚਾਰ ਨੂੰ

ਨਾ ਬੂਝਹਿ=ਨਹੀਂ ਜਾਣਦੇ॥ ੭॥

ਆਪੇ ਗੁਰਮੁਖਿ ਆਪੇ ਦੇਵੈ ਆਪੇ ਕਰਿ ਕਰਿ ਵੇਖੈ॥

ਉਹ ਪ੍ਰਭੂ ਆਪ ਮੁਖੀ ਗੁਰੂ ਹੋ ਕੇ ਉਪਦੇਸ਼ ਦੇਂਦਾ ਹੈ, ਆਪ ਹੀ ਜਗਿਆਸੂ ਰੂਪ ਹੋ ਕੇ ਉਪਦੇਸ਼ ਨੂੰ ਲੈਂਦਾ ਹੈ, ਆਪ ਹੀ ਸਭਨਾਂ ਨੂੰ ਕਰਿ=ਉਤਪਤ ਕਰਕੇ ਦੇਖਦਾ ਹੈ।

ਨਾਨਕ ਸੇ ਜਨ ਥਾਇ ਪਏ ਹੈ ਜਿਨ ਕੀ ਪਤਿ ਪਾਵੈ ਲੇਖੈ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ- ਉਹ ਪੁਰਸ਼ ਸਰੂਪ ਥਾਂ 'ਪਰ ਪਏ ਹਨ,

ਵਾ:-ਉਹ ਪੁਰਸ਼ ਕਬੂਲ ਪਏ ਹਨ, ਜਿਨ੍ਹਾਂ ਦੀ ਪਤਿ=ਇੱਜ਼ਤ ਲੇਖੇ ਵਿਚ ਪਾਂਦਾ ਹੈ॥ ੮॥ ੩॥

ਸਾਰਗ ਮਹਲਾ ੫ ਅਸਟਪਦੀਆ ਘਰੁ ੧

੧ਓ ਸਤਿਗੁਰ ਪ੍ਰਸਾਦਿ॥

ਗੁਸਾਈਂ ਪਰਤਾਪੁ ਤੁਹਾਰੋ ਡੀਠਾ॥

ਹੇ ਗੁਸਾਈਂ ਪਰਮਾਤਮਾ ! ਆਪ ਜੀ ਦਾ ਪਰਤਾਪ ਮੈਂ ਸਭ ਜਗ੍ਹਾਂ 'ਪਰ ਵੇਖਿਆ ਹੈ।

ਕਰਨ ਕਰਾਵਨ ਉਪਾਇ ਸਮਾਵਨ ਸਗਲ ਛਤ੍ਰਪਤਿ ਬੀਠਾ॥ ੧॥ ਰਾਹਉ॥

ਆਪ ਸਭ ਕਾਰਜਾਂ ਦੇ ਕਰਨੇ ਕਰਾਉਣੇ ਵਾਲੇ ਹੋ, ਆਪ ਹੀ ਜਗਤ ਦੀ ਉਤਪਤੀ ਤੇ ਸਮਾਵਨ=ਲਹਤਾ ਕਰਨ ਵਾਲੇ ਹੋ, ਹੇ ਬੀਠਾ=ਬੀਠਲ ਪ੍ਰਭੂ ! ਆਪ ਹੀ ਸਾਰਿਆਂ ਦੇ ਛਤ੍ਰ ਪਤੀ ਰਾਜਾ ਹੋ, ਭਾਵ ਚਕ੍ਰਵਰਤੀ ਬਾਦਸ਼ਾਹ ਹੋ॥ ੧॥ ਰਹਾਉ॥

ਰਾਣਾ ਰਾਉ ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ॥

ਰਜਪੂਤਾਂ ਦੀ ਸੰਗਿਆ ਅਨੁਸਾਰ ਕਈ ਰਾਣੇ ਹੋਏ, ਕਈ ਰਾਉ ਤੇ ਕਈ ਰਾਜੇ ਹੋਏ ਹਨ, ਕਰਮਾਂ ਅਨੁਸਾਰ ਫਿਰ ਉਹ ਰੰਕਾ=ਕੰਗਾਲ ਹੋ ਗਏ, ਉਨ੍ਹਾਂ ਝੂਠਿਆਂ ਨੇ ਕਹਿਣੇ ਮਾਤ੍ਰ ਹੀ ਰਾਣਾ, ਰਾਜਾ ਕਹਾਇਆ ਹੈ ਜਾਂ ਉਹਨਾਂ ਨੇ ਆਪਣੇ ਝੂਠੇ ਹੀ ਕਹਣੁ=ਜਸ ਨੂੰ ਕਹਾਇਆ ਹੈ।

ਹਮਰਾ ਰਾਜਨੁ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ॥ ੧॥

ਸਾਡਾ ਰਾਜਾ ਪ੍ਰਭੂ ਸਦਾ ਸਲਾਮਤਿ=ਇਸਥਿਤ ਹੈ, ਉਸ ਦਾ ਸਾਰਿਆਂ ਘਟਾਂ ਵਿਚ ਜਸ ਗਾਵਿਆ ਗਿਆ ਹੈ॥ ੧॥

ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ ਪਾਹੂਚਾ॥

ਹੇ ਸੰਤੋ ! ਸਾਡੇ ਰਾਜੇ ਪਰਮਾਤਮਾ ਦੀ ਉਪਮਾ ਸੁਨਣਾ ਕਰੋ, ਜੇਹੜਾ ਪੁਰਸ਼ ਉਸ ਦੀ ਉਪਮਾ ਕਹਿੰਦਾ ਹੈ, ਉਹ ਉਸ ਵਿਚ ਪਹੁੰਚ ਜਾਂਦਾ ਹੈ। *ਅਥਵਾ:-*ਮੈਂ ਉੱਨ੍ਹੀ ਉਪਮਾ ਕਹਿੰਦਾਂ ਹਾਂ, ਜੇਤ-ਪਾਹੂਚਾ= ਜਿੰਨੀ ਕੁ ਪਹੁੰਚ ਹੈ ਕਿਉਂਕਿ ਉਸ ਦੀ ਸਾਰੀ ਉਪਮਾ ਨਹੀਂ ਕਹੀ ਜਾਂਦੀ।

ਬੇਸੁਮਾਰ ਵਡ ਸਾਹ ਦਾਤਾਰਾ ਊਚੇ ਹੀ ਤੇ ਊਚਾ॥ ੨॥

ਬੇ-ਸੁਮਾਰ=ਅਨਗਿਣਤ ਹੈ, ਸਭ ਤੋਂ ਵੱਡਾ ਸ਼ਾਹ ਤੇ ਦਾਤਾ ਹੈ, ਉਚਿਆਂ ਤੋਂ ਉੱਚਾ ਹੈ॥ ੨॥

ਪਵਨਿ ਪਰੋਇਓ ਸਗਲ ਅਕਾਰਾ ਪਾਵਕ ਕਾਸਟ ਸੰਗੇ ॥

ਉਸ ਪ੍ਰਭੂ ਨੇ ਪ੍ਰਾਣਾਂ ਰੂਪ ਪੌਣ ਵਿਚ ਸਾਰਿਆਂ ਅਕਾਰਾ=ਸਰੀਰਾਂ ਨੂੰ ਪਰੋਤਾ ਹੋਇਆ ਹੈ, ਪਾਵਕ=ਅੱਗ ਨੂੰ ਕਾਸਟ ਸੰਗੇ=ਲਕੜਾਂ ਨਾਲ ਰੱਖਿਆ ਹੋਇਆ ਹੈ, ਪਰ ਆਪਣੇ ਆਪ ਅੱਗ ਲਕੜ ਨੂੰ ਸਾੜ ਨਹੀਂ ਸਕਦੀ ।

ਨੀਰੁ ਧਰਣਿ ਕਰਿ ਰਾਖੇ ਏਕਤ ਕੋਇ ਨ ਕਿਸ ਹੀ ਸੰਗੇ ॥ ੩ ॥

ਨੀਰੁ=ਪਾਣੀ ਤੇ ਧਰਤੀ ਨੂੰ ਇਕੱਠਾ ਕਰਕੇ ਰੱਖਿਆ ਹੋਇਆ ਹੈ, ਪਰ-
ਕੋਈ ਭੀ ਕਿਸੇ ਦੇ ਨਾਲ ਵੈਰ ਨਹੀਂ ਕਰਦਾ ॥ ੩ ॥

ਘਟਿ ਘਟਿ ਕਥਾ ਰਾਜਨ ਕੀ ਚਾਲੈ ਘਰਿ ਘਰਿ ਤੁਝਹਿ ਉਮਾਹਾ ॥

ਉਸ ਪਰਮਾਤਮਾ ਦੀ ਕਥਾ ਸਾਰਿਆਂ ਘਟਿ ਘਟਿ=ਸਰੀਰਾਂ ਸਰੀਰਾਂ ਵਿਚ ਚਲ ਰਹੀ ਹੈ, ਘਰਿ ਘਰਿ= ਸਰੀਰ ਸਰੀਰ ਵਿਚ, ਵਾ:-ਸ਼ਾਸਤ੍ਰ ਸ਼ਾਸਤ੍ਰ ਵਿਚ ਉਸੇ ਪ੍ਰਭੂ ਦਾ ਉਮਾਹਾ=ਉਤਸ਼ਾਹ ਹੋ ਰਿਹਾ ਹੈ।

ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ ॥ ੪ ॥

ਸਾਰਿਆਂ ਜੀਆਂ ਜੰਤਾਂ ਨੂੰ ਪਿਛੋਂ ਕੀਤਾ ਹੈ ਤੇ ਉਹਨਾਂ ਸਾਰਿਆਂ ਦਾ ਰਿਜਕੁ=ਖਾਣ ਪਾਣ ਪਹਿਲੇ ਸਮਾਹਾ=ਭੇਜ ਦਿੱਤਾ ਹੈ, ਜੋ ਮਾਂ ਦੇ ਥਨਾਂ ਵਿਚ ਦੁੱਧ ਪੈਦਾ ਕੀਤਾ ਹੈ ॥ ੪ ॥

ਜੋ ਕਿਛੁ ਕਰਣਾ ਸੁ ਆਪੇ ਕਰਣਾ ਮਸਲਤਿ ਕਾਹੂ ਦੀਨ੍ਹੀ ॥

ਜੋ ਕੁਝ ਭੀ ਕਰਣਾ=ਪ੍ਰਪੰਚ ਹੈ, ਉਹ ਪ੍ਰਭੂ ਨੇ ਆਪ ਹੀ ਕਰਣਾ=ਕੀਤਾ ਹੈ, ਉਸ ਨੂੰ ਮਸਲਤਿ=ਸਲਾਹ ਕਿਸ ਨੇ ਦਿੱਤੀ ਹੈ, ਅਰਥਾਤ ਕਿਸੀ ਨੇ ਨਹੀਂ ਦਿੱਤੀ।

ਅਨਿਕ ਜਤਨ ਕਰਿ ਕਰਹ ਦਿਖਾਏ ਸਾਚੀ ਸਾਖੀ ਚੀਨ੍ਹੀ ॥ ੫ ॥

ਜਿਸ ਨੇ ਅਨੇਕਾਂ ਜਤਨ ਕਰਕੇ ਬਹੁਤ ਸਾਰੇ ਜੀਵ ਉਤਪੰਨ ਕਰਕੇ ਦਿਖਾਏ ਹੱਨ, ਗੁਰਾਂ ਦੀ ਸੱਚੀ ਸਿੱਖਿਆ ਦੁਆਰੇ ਉਸ ਦੀ ਪ੍ਰਾਪਤੀ ਚੀਨ੍ਹੀ=ਜਾਣੀ ਹੈ ॥ ੫ ॥

ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ ॥

ਹਰੀ ਨੇ ਆਪਣੇ ਹੱਥ ਭਗਤਾਂ ਦੇ ਸਿਰ 'ਪਰ ਰੱਖੇ ਹਨ ਅਤੇ ਭਗਤਾਂ ਨੂੰ ਨਾਮ ਦੀ ਵਡਿਆਈ ਦਿੱਤੀ ਹੈ।

ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ ਰੁੜ੍ਹਾਈ ॥ ੬ ॥

ਜਿਨ੍ਹਾਂ ਜਿਨ੍ਹਾਂ ਨਿੰਦਕਾਂ ਨੇ ਸੰਤ ਜਨਾਂ ਦੀ ਅਵਗਿਆ=ਬੇਅਦਬੀ ਕੀਤੀ ਹੈ, ਤੈਂ=ਆਪ ਜੀ ਨੇ, ਤੇ=ਉਨ੍ਹਾਂ ਨਿੰਦਕਾਂ ਨੂੰ ਰੁੜਾ ਦਿੱਤਾ ਹੈ, ਅਰਥਾਤ ਨਾਸ ਕਰ ਦਿੱਤਾ ਹੈ ॥ ੬ ॥

ਮੁਕਤਿ ਭਏ ਸਾਧ ਸੰਗਤਿ ਕਰਿ ਤਿਨ ਕੇ ਅਵਗਨ ਸਭਿ ਪਰਹਰਿਆ ॥

ਜਿਨ੍ਹਾਂ ਨੇ ਸੰਤਾਂ ਦੀ ਸੰਗਤ ਕੀਤੀ ਹੈ, ਉਹ ਮੁਕਤ ਰੂਪ ਹੋਏ ਹਨ,
ਉਨ੍ਹਾਂ ਦੇ ਸਾਰੇ ਔਗੁਣ ਪਰਹਰਿਆ=ਦੂਰ ਕਰ ਦਿੱਤੇ ਹਨ।

ਤਿਨ ਕਉ ਦੇਖਿ ਭਏ ਕਿਰਪਾਲਾ ਤਿਨ ਭਵ ਸਾਗਰੁ ਤਰਿਆ ॥ ੭ ॥

ਜਾਂ ਆਪ ਜੀ ਨੇ ਕਿਰਪਾਲੂ ਹੋ ਕੇ ਉਨ੍ਹਾਂ ਨੂੰ ਦੇਖਿਆ ਤਾਂ ਹੀ ਉਨ੍ਹਾਂ ਨੇ ਸੰਸਾਰ ਸਮੁੰਦਰ ਨੂੰ ਤਰ ਲਿਆ

ਹੈ॥ ੭॥

ਹਮ ਨਾਨ੍ਹੇ ਨੀਚ ਤੁਮ੍ਹੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ॥

ਅਸੀਂ ਨਾਨ੍ਹੇ ਨੀਚ=ਨਿਕਿਆਂ ਤੋਂ ਨਿਕੇ ਹਾਂ, ਤੁਸੀਂ ਵੱਡੇ ਸਾਹਿਬ ਹੋ,

ਮੇਰੇ ਵਿਚ ਕੌਣ ਸੀ ਕੁਦਰਤ ਹੈ ਜੋ ਮੈਂ ਆਪ ਜੀ ਦਾ ਵਿਚਾਰ ਕ਼ਰਾਂ।

ਮਨੁ ਤਨੁ ਸੀਤਲੁ ਗੁਰ ਦਰਸ ਦੇਖੇ ਨਾਨਕ ਨਾਮੁ ਅਧਾਰਾ॥ ੮॥ ੧॥

ਗੁਰੂ ਜੀ ਕਥਨ ਕਰਦੇ ਹਨ-ਗੁਰੂ ਜੀ ਦਾ ਦਰਸ਼ਨ ਵੇਖਣ ਨਾਲ ਮਨ ਤਨ ਸੀਤਲ ਹੋ ਗਿਆ ਹੈ ਅਤੇ ਨਾਮ ਦਾ ਆਸਰਾ ਫੜਿਆ ਹੈ।

ਅਥਵਾ:-ਗੁਰੂ ਦਾ ਦਰਸ਼ਨ ਵੇਖਣ ਨਾਲ ਤਨ ਸੀਤਲ ਹੋਇਆ ਹੈ, ਨਾਮ ਦਾ ਅਧਾਰਾ=ਆਸਰਾ ਗ੍ਰਹਿਣ ਕਰਨ ਨਾਲ ਮਨ ਭੀ ਸੀਤਲ ਹੋ ਗਿਆ ਹੈ॥ ੮॥ ੧॥

ਸਾਰਗ ਮਹਲਾ ੫ ਅਸਟਪਦੀ ਘਰੁ ੬

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਸਿੱਖਾਂ ਨੇ ਬੇਨਤੀ ਕੀਤੀ ਆਪ ਕੋਈ ਕਥਾ ਸ੍ਰਵਨ ਕਰਾਓ, ਗੁਰੂ ਜੀ ਨੇ ਕਿਹਾ ਬਾਹਰਲੀਆਂ ਕਥਾ ਨਾ ਸੁਣੋ ਅੰਤ੍ਰੀਵ ਕਥਾ ਸੁਣੋ, ਸਿੱਖਾਂ ਨੇ ਕਿਹਾ ਆਪ ਕਿਰਪਾ ਕਰਕੇ ਅੰਤ੍ਰੀਵ ਕਥਾ ਹੀ ਸੁਣਾਓ-

ਅਗਮ ਅਗਾਧਿ ਸੁਨਹੁ ਜਨ ਕਥਾ॥

ਪਾਰਬ੍ਰਹਮ ਕੀ ਅਚਰਜ ਸਭਾ॥ ੧॥ ਰਹਾਉ॥

ਹੇ ਜਨੋ! ਅਗਮ ਅਗਾਧ ਜੋ ਪਰਮਾਤਮਾ ਹੈ, ਉਸ ਦੀ ਕਥਾ ਸੁਣੋ-

ਉਸ ਪਾਰਬ੍ਰਹਮ ਦੀ ਸਭਾ ਅਸਚਰਜ ਹੈ॥ ੧॥ ਰਹਾਉ॥

ਸਦਾ ਸਦਾ ਸਤਿਗੁਰ ਨਮਸਕਾਰ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ॥

ਕਥਾ ਦੇ ਸੁਨਾਉਣ ਤੋਂ ਪਹਿਲਾਂ ਮੈਂ ਸਦਾ ਸਦਾ ਸਤਿਗੁਰਾਂ ਨੂੰ ਨਮਸ਼ਕਾਰ ਕਰਦਾ ਹਾਂ। (ਤੁਸੀਂ ਭੀ ਕਾਰਜ ਦੇ ਆਰੰਭ ਤੋਂ ਪਹਿਲੇ ਸਤਿਗੁਰਾਂ ਨੂੰ ਨਮਸ਼ਕਾਰ ਕਰਕੇ ਮਨਾ ਲਿਆ ਕਰੋ।) ਗੁਰਾਂ ਦੀ ਕ੍ਰਿਪਾ ਕਰਕੇ ਹੀ ਅਪਾਰ=ਬੇਅੰਤ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ।

ਮਨ ਭੀਤਰਿ ਹੋਵੈ ਪਰਗਾਸੁ॥ ਗਿਆਨ ਅੰਜਨੁ ਅਗਿਆਨ ਬਿਨਾਸੁ॥ ੧॥

ਗੁਰੂ ਜੀ ਦੀ ਕਿਰਪਾ ਨਾਲ ਹੀ ਮਨ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਗੁਰਾਂ ਦੇ ਦਿੱਤੇ ਹੋਏ ਗਿਆਨ ਸੁਰਮੇ ਨਾਲ ਅਗਿਆਨ ਰੂਪ ਹਨੇਰੇ ਦਾ ਨਾਸ ਹੁੰਦਾ ਹੈ॥ ੧॥

ਮਿਤਿ ਨਾਹੀ ਜਾ ਕਾ ਬਿਸਥਾਰੁ॥ ਸੋਭਾ ਤਾ ਕੀ ਅਪਰ ਅਪਾਰ॥

ਇਹ ਸਾਰਾ ਸੰਸਾਰ ਹੀ ਜਿਸ ਦਾ ਬਿਸਥਾਰ ਹੈ, ਉਸ ਪ੍ਰਭੂ ਦੀ ਮਿਤਿ=ਮਰਯਾਦਾ ਨਹੀਂ ਪਾਈ ਜਾਂਦੀ। ਉਸ ਪ੍ਰਭੂ ਦੀ ਸੋਭਾ ਬੇਅੰਤ ਤੋਂ ਬੇਅੰਤ ਹੈ।

ਅਨਿਕ ਰੰਗ ਜਾ ਕੇ ਗਨੇ ਨ ਜਾਹਿ॥ ਸੋਗ ਹਰਖ ਦੁਹਹੂ ਮਹਿ ਨਾਹਿ॥ ੨॥

ਜਿਸ ਪ੍ਰਭੂ ਦੇ ਅਨੇਕਾਂ ਰੰਗ ਗਿਣੇ ਨਹੀਂ ਜਾਂਦੇ, ਫਿਰ ਉਹ ਪਰਮਾਤਮਾ ਹਰਖ ਸੋਗ ਰੂਪ ਦੁੰਦਵਾਦ ਵਿਚ ਨਹੀਂ ਹੈ॥ ੨॥

ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ॥
ਅਨਿਕ ਮਹੇਸ ਬੈਸਿ ਧਿਆਨੁ ਧਰਹਿ॥

ਜਿਸ ਪ੍ਰਭੂ ਦੇ ਦਰਬਾਰ 'ਪਰ ਖੜੇ ਹੋ ਕੇ ਅਨੇਕਾਂ ਬ੍ਰਹਮੇ ਵੇਦਾਂ ਦੀ ਧੁਨੀ ਕਰਦੇ ਹਨ ਅਤੇ ਅਨੇਕਾਂ ਸ਼ਿਵ ਜੀ ਬੈਠ ਕੇ ਜਿਸ ਪ੍ਰਭੂ ਦੇ ਧਿਆਨ ਨੂੰ ਧਾਰਦੇ ਹਨ।

[ਪੰਨਾ ੧੨੩੬]

ਅਨਿਕ ਪੁਰਖ ਅੰਸਾ ਅਵਤਾਰ॥ ਅਨਿਕ ਇੰਦ੍ਰ ਊਭੇ ਦਰਬਾਰ ॥ ੩॥

ਅਨੇਕਾਂ ਪੁਰਸ਼ ਜਿਸ ਦੇ ਅੰਸਾ ਅਵਤਾਰ ਹਨ, ਭਾਵ ਉਸ ਦੇ ਪਾਸੋਂ ਕੋਈ ਕੋਈ ਅੰਸ ਲੈ ਕੇ ਉਤਰਦੇ ਹਨ, ਪਰਸਰਾਮ ਆਦਿਕ। ਫੇਰ ਜਿਸ ਪ੍ਰਭੂ ਦੇ ਦਰਬਾਰ ਵਿਚ ਅਨੇਕਾਂ ਇੰਦਰ ਊਭੇ=ਖੜੇ ਹਨ ॥ ੩॥

ਅਨਿਕ ਪਵਨ ਪਾਵਕ ਅਰੁ ਨੀਰ॥ ਅਨਿਕ ਰਤਨ ਸਾਗਰ ਦਧਿ ਖੀਰ॥

ਜਿਸ ਦੇ ਦਰਬਾਰ ਵਿਚ ਪੌਣ, ਪਾਵਕ=ਅੱਗ ਅਤੇ ਨੀਰ=ਜਲ ਆਦਿਕ ਅਨੇਕਾਂ ਹਨ। ਰਤਨਾਂ ਦੇ ਸਮੁੰਦਰ ਅਨੇਕਾਂ ਹਨ, ਦਹੀਂ ਦੇ ਸਮੁੰਦਰ ਅਨੇਕਾਂ ਹਨ, ਖੀਰ ਦੇ ਸਮੁੰਦਰ ਅਨੇਕਾਂ ਹਨ।

ਅਨਿਕ ਸੂਰ ਸਸੀਅਰ ਨਖਿਆਤਿ॥ ਅਨਿਕ ਦੇਵੀ ਦੇਵਾ ਬਹੁ ਭਾਂਤਿ॥ ੪॥

ਸੂਰ=ਸੂਰਜ, ਸਸੀਅਰ=ਚੰਦ੍ਰਮਾ, ਨਖਿਆਤਿ=ਤਾਰਾ ਗਣ ਭੀ ਅਨੇਕਾਂ ਹਨ। ਦੇਵੀਆਂ ਭੀ ਅਨੇਕਾਂ ਹਨ, ਦੇਵਤੇ ਭੀ ਬਹੁਤ ਤਰ੍ਹਾਂ ਦੇ ਹਨ॥ ੪॥

ਅਨਿਕ ਬਸੁਧਾ ਅਨਿਕ ਕਾਮਧੇਨ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ॥

ਅਨੇਕਾਂ ਬਸੁਧਾ=ਧਰਤੀਆਂ ਹਨ, ਅਨੇਕਾਂ ਕਾਮਧੇਨ ਗਊਆਂ ਹਨ। ਅਨੇਕਾਂ ਪਾਰਜਾਤ=ਕਲਪ ਬ੍ਰਿਛ ਹਨ, ਅਨੇਕਾਂ ਮੂੰਹ ਨਾਲ ਬੰਸਰੀ ਦੇ ਵਜਾਉਣ ਵਾਲੇ ਕ੍ਰਿਸ਼ਨ ਜੀ ਹਨ,

ਵਾ:-ਬੇਨ ਵਾਜੇ ਦੇ ਵਜੌਣ ਵਾਲੇ ਮੁਖੀ ਨਾਰਦ ਮੁਨੀ ਜੀ ਹਨ।

ਅਨਿਕ ਅਕਾਸ ਅਨਿਕ ਪਾਤਾਲ॥ ਅਨਿਕ ਮੁਖੀ ਜਪੀਐ ਗੋਪਾਲ ॥ ੫॥

ਅਨੇਕਾਂ ਅਕਾਸ਼ ਹਨ, ਅਨੇਕਾਂ ਪਤਾਲ ਹਨ। ਅਨੇਕਾਂ ਹੀ ਮੂੰਹ ਨਾਲ ਗੋਪਾਲ ਦਾ ਜਪਣਾ ਹੋ ਰਿਹਾ ਹੈ,

ਵਾ:-ਅਨੇਕਾਂ ਹੀ ਮੁਖੀ ਪੁਰਸ਼ ਗੋਪਾਲ ਨਾਮ ਨੂੰ ਜਪਦੇ ਹਨ॥ ੫॥

ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ॥ ਅਨਿਕ ਜੁਗਤਿ ਹੋਵਤ ਬਖਿਆਨ॥

ਅਨੇਕਾਂ ਸ਼ਾਸਤ੍ਰ ਸਿਮ੍ਰਿਤੀਆਂ ਅਤੇ ਪੁਰਾਣ ਹਨ। ਇਨ੍ਹਾਂ ਸ਼ਾਸਤ੍ਰਾਂ ਦੁਆਰੇ ਅਨੇਕ ਤਰ੍ਹਾਂ ਦੀਆਂ ਜੁਗਤੀਆਂ ਨਾਲ, ਅਰਥਾਤ ਦ੍ਰਿਸ਼ਟਾਤਾਂ ਨਾਲ ਉਸ ਪ੍ਰਭੂ ਦਾ ਬਖਿਆਨ=ਕਥਨ ਹੋ ਰਿਹਾ ਹੈ।

ਅਨਿਕ ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥ ੬ ॥

ਜਿਸ ਨਿਧਾਨ=ਨਿਧੀਆਂ ਦੇ ਖਜ਼ਾਨੇ ਪਰਮਾਤਮਾ ਦੇ ਜਸ ਨੂੰ ਅਨੇਕਾਂ ਸਰੋਤੇ ਸੁਣਦੇ ਹਨ। ਉਹ ਭਗਵਾਨ ਸਾਰਿਆਂ ਜੀਵਾਂ ਵਿਚ ਪੂਰਨ ਹੈ॥ ੬ ॥

ਅਨਿਕ ਧਰਮ ਅਨਿਕ ਕੁਮੇਰ ॥ ਅਨਿਕ ਬਰਨ ਅਨਿਕ ਕਨਿਕ ਸੁਮੇਰ ॥

ਅਨੇਕਾਂ ਧਰਮ ਰਾਜੇ ਹਨ, ਅਨੇਕਾਂ ਕੁਬੇਰ ਹਨ। ਅਨੇਕਾਂ ਵਰਨ ਦੇਵਤਾ ਹਨ, ਅਨੇਕਾਂ ਕਨਿਕ=ਸੋਨੇ ਦੇ ਸੁਮੇਰ ਪਰਬਤ ਹਨ।

ਅਨਿਕ ਸੇਖ ਨਵਤਨ ਨਾਮੁ ਲੇਹਿ ॥ ਪਾਰਬ੍ਰਹਮ ਕਾ ਅੰਤੁ ਨ ਤੇਹਿ ॥ ੭ ॥

ਅਨੇਕਾਂ ਹੀ ਸੇਖ=ਸ਼ੇਸ਼ਨਾਗ, ਜਿਸ ਪ੍ਰਭੂ ਦੇ ਨਵਤਨ=ਨਵੇਂ ਤੋਂ ਨਵੇਂ ਨਾਮ ਰੋਜ਼ ਲੈਂਦੇ ਹਨ। ਤਦ ਭੀ ਤੇਹਿ=ਉਨ੍ਹਾਂ ਪਾਸੋਂ ਪਾਰਬ੍ਰਹਮ ਦਾ ਅੰਤ ਨਹੀਂ ਆਇਆ॥ ੭ ॥

ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ ਰੂਪ ਰੰਗ ਬ੍ਰਹਮੰਡ ॥

ਅਨੇਕਾਂ ਪੁਰੀਆਂ ਹਨ, ਅਨੇਕਾਂ ਹੀ ਤਿਥੇ ਖੰਡ ਹਨ। ਅਨੇਕਾਂ ਹੀ ਰੂਪ ਤੇ ਕਾਲੇ, ਚਿੱਟੇ, ਪੀਲੇ, ਲਾਲ ਆਦਿਕ ਰੰਗ ਹਨ ਅਤੇ ਅਨੇਕਾਂ ਬ੍ਰਹਿਮੰਡ ਹਨ।

ਅਨਿਕ ਬਨਾ ਅਨਿਕ ਫਲ ਮੂਲ ॥ ਆਪਹਿ ਸੂਖਮ ਆਪਹਿ ਅਸਥੂਲ ॥ ੮ ॥

ਅਨੇਕਾਂ ਬਨਾ=ਜੰਗਲ, ਵਾ:-ਬਾਗ ਹਨ, ਅਨੇਕਾਂ ਫਲ ਤੇ ਮੂਲ ਹਨ। ਉਹ ਪਰਮੇਸ਼ਰ ਆਪ ਹੀ ਸੂਖਮ ਰੂਪ ਹੈ, ਆਪ ਹੀ ਸਥੂਲ ਰੂਪ ਹੈ॥ ੮ ॥

ਅਨਿਕ ਜੁਗਾਦਿ ਦਿਨਸ ਅਰੁ ਰਾਤਿ ॥ ਅਨਿਕ ਪਰਲਉ ਅਨਿਕ ਉਤਪਾਤਿ ॥

ਅਨੇਕਾਂ ਹੀ ਸਤਜੁਗ ਤੋਂ ਆਦ ਚਾਰੇ ਜੁਗ ਹਨ ਅਤੇ ਰਾਤ ਦਿਨ ਵੀ ਬੇਅੰਤ ਹਨ। ਅਨੇਕ ਪਰਕਾਰ ਦੀਆਂ ਪਰਲੋ ਹੋ ਰਹੀਆਂ ਹਨ, ਅਨੇਕ ਤਰ੍ਹਾਂ ਦੀਆਂ ਉਤਪਤੀਆਂ ਹੋ ਰਹੀਆਂ ਹਨ।

ਅਨਿਕ ਜੀਅ ਜਾ ਕੇ ਗ੍ਰਿਹ ਮਾਹਿ ॥ ਰਮਤ ਰਾਮ ਪੂਰਨ ਸ੍ਰਬ ਠਾਂਇ ॥ ੯ ॥

ਜਿਸ ਪਰਮਾਤਮਾ ਦੇ ਸੰਸਾਰ ਘਰ ਵਿਚ ਅਨੇਕਾਂ ਜੀਵ ਹਨ। ਰਮਤ=ਰਮਨ ਕਰਨੇ ਜੋਗ ਰਾਮ,

ਵਾ:-ਰਮਤ=ਵਿਆਪਕ ਰਾਮ ਸਭ ਜਗ੍ਹਾਂ 'ਪਰ ਪੂਰਨ ਹੈ॥ ੯ ॥

ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿ ਰਾਇ ॥

ਜਿਸ ਪ੍ਰਭੂ ਦੀ ਮਾਇਆ ਅਨੇਕ ਤਰ੍ਹਾਂ ਦੀ ਹੈ ਜੋ 'ਲਖੀ ਨ ਜਾਇ'=ਜਾਣੀ ਨਹੀਂ ਜਾਂਦੀ । ਉਹ ਹਰੀ ਰਾਜਾ ਅਨੇਕ ਸ਼ਕਤੀਆਂ ਨਾਲ ਬਹੁਤ ਹੀ ਖੇਡਾਂ ਖੇਡ ਰਿਹਾ ਹੈ।

ਅਨਿਕ ਧੁਨਿਤ ਲਲਿਤ ਸੰਗੀਤ ॥ ਅਨਿਕ ਗੁਪਤ ਪ੍ਰਗਟੇ ਤਹ ਚੀਤ ॥ ੧੦ ॥

ਅਨੇਕਾਂ ਪੁਰਸ਼ ਲਲਿਤ=ਜੀਭ ਨਾਲ, ਲਲਿਤ ਰਾਗਣੀ ਨੂੰ ਲਲਿਤ=ਸੁੰਦਰ ਤਰਜ਼ ਨਾਲ ਸੰਗੀਤ ਸ਼ਾਸਤ੍ਰ ਅਨੁਸਾਰ ਧੁਨਿਤ=ਉਚਾਰਦੇ ਹਨ।

ਤਿਸ ਜਗ੍ਹਾਂ ਅਨੇਕਾਂ ਹੀ ਚੀਤ-ਗੁਪਤ=ਚਿਤ੍ਰ ਗੁਪਤ ਪਰਗਟ ਹੋ ਰਹੇ ਹਨ॥ ੧੦॥

ਸਭ ਤੇ ਊਚ ਭਗਤ ਜਾ ਕੈ ਸੰਗਿ ॥ ਆਠ ਪਹਰ ਗੁਨ ਗਾਵਹਿ ਰੰਗਿ ॥

ਉਹ ਪ੍ਰਭੂ ਸਾਰਿਆਂ ਤੋਂ ਉੱਚਾ ਹੈ, ਭਗਤ ਜਿਸ ਦੇ ਅੰਗ ਸੰਗ ਹਨ।

ਅੱਠੇ ਪਹਿਰ ਭਗਤ ਰੰਗਿ=ਪ੍ਰੇਮ ਰੰਗ ਵਿਚ ਰੰਗੇ ਹੋਏ ਪ੍ਰਭੂ ਦੇ ਗੁਣ ਗਾਉਂਦੇ ਹਨ।

ਅਨਿਕ ਅਨਾਹਦ ਆਨੰਦ ਝੁਨਕਾਰ ॥
ਉਆ ਰਸ ਕਾ ਕਛੁ ਅੰਤੁ ਨ ਪਾਰ ॥੧੧॥

ਅਨੇਕਾਂ ਹੀ ਅਨੰਦ ਦਾਇਕ ਵਾਜਿਆਂ ਦੀ ਅਨਾਹਦ=ਇਕ ਰਸ ਝੁਣਕਾਰ ਹੋ ਰਹੀ ਹੈ। ਉਸ ਰਸ ਦੇ ਉਰਵਾਰ ਪਾਰ ਦਾ ਕੁਝ ਅੰਤ ਨਹੀਂ ਆਉਂਦਾ॥ ੧੧॥

ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥

ਉਹ ਅਕਾਲ ਪੁਰਖ ਸੱਤ ਹੈ, ਉਸ ਦਾ ਸਤਸੰਗ ਅਸਥਾਨ ਭੀ ਸੱਚਾ ਹੈ।

ਉਹ ਨਿਰਮਲ ਪਰਮਾਤਮਾ ਉਚਿਆਂ ਤੋਂ ਉੱਚਾ ਹੈ ਤੇ ਨਿਰਬਾਨੁ=ਨਿਰਬੰਧ ਹੈ।

ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥

ਆਪਣੇ ਕੀਤੇ ਹੋਏ ਪ੍ਰਪੰਚ ਨੂੰ ਆਪ ਹੀ ਜਾਣਦਾ ਹੈ, ਆਪ ਹੀ ਸਾਰਿਆਂ ਘਟਾਂ ਘਟਾਂ ਵਿਚ ਵਿਆਪਕ ਹੋ ਰਿਹਾ ਹੈ।

ਕ੍ਰਿਪਾ ਨਿਧਾਨ ਨਾਨਕ ਦਇਆਲ ॥

ਗੁਰੂ ਜੀ ਕਥਨ ਕਰਦੇ ਹਨ-ਉਹ ਦਿਆਲੂ ਪਰਮਾਤਮਾ ਕਿਰਪਾ ਦਾ ਨਿਧਾਨ=ਖਜ਼ਾਨਾ ਹੈ।

ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥

ਜਿਨ੍ਹਾਂ ਨੇ ਉਸ ਨਾਨਕ=ਅਦਵੈਤ ਰੂਪ ਪਰਮਾਤਮਾ ਨੂੰ ਜਪਿਆ ਹੈ, ਉਹ ਪੁਰਸ਼ ਨਿਹਾਲ ਹੋਏ ਹਨ॥ ੧੨॥ ੧॥ ੨ ॥ ੨॥ ੩॥ ੭॥

ਇਸ ਅਸ਼ਟਪਦੀ ਦੀ ਸਮਾਪਤੀ ਬਾਰਾਂ ਅੰਕ 'ਪਰ ਹੋਈ ਹੈ, ਇਸ ਕਰਕੇ ਪਹਿਲੇ ੧੨ ਅੰਕ ਲਗਾਇਆ ਹੈ।

ਘਰ ੬ ਵਿਚ ਇਕ ਅਸ਼ਟਪਦੀ ਉਚਾਰੀ ਹੈ, ਇਸ ਕਰਕੇ ਇਕ ਅੰਕ ਲਗਾਇਆ ਹੈ।

ਪੰਚਮ ਪਿਤਾ ਜੀ ਨੇ ਦੋ ਅਸ਼ਟਪਦੀਆਂ ਉਚਾਰੀਆਂ ਹਨ, ਇਸ ਕਰਕੇ ੨ ਅੰਕ ਲਗਾਇਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੋ ਅਸ਼ਟਪਦੀਆਂ ਉਚਾਰੀਆਂ ਹਨ, ਇਸ ਕਰਕੇ ਦੁਬਾਰਾ ੨ ਅੰਕ ਲਗਾਇਆ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਤਿੰਨ ਅਸ਼ਟਪਦੀਆਂ ਉਚਾਰੀਆਂ ਹਨ, ਇਸ ਕਰਕੇ ੩ ਅੰਕ ਲਗਾਇਆ ਹੈ।

੨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰੀਆਂ ਹਨ।

੩ ਸ੍ਰੀ ਗੁਰੂ ਅਮਰਦਾਸ ਜੀ ਨੇ ਉਚਾਰੀਆਂ ਹਨ।

੨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰੀਆਂ ਹਨ। ਇਸ ਕਰਕੇ ੭ ਜੋੜ ਸਾਰੀਆਂ ਅਸ਼ਟਪਦੀਆਂ ਦਾ ਹੈ।

ਸਾਰਗ ਛੰਤ ਮਹਲਾ ੫

੧ੑ ਸਤਿਗੁਰ ਪ੍ਰਸਾਦਿ ॥

ਸਭ ਦੇਖੀਐ ਅਨਭੈ ਕਾ ਦਾਤਾ॥ ਘਟਿ ਘਟਿ ਪੂਰਨ ਹੈ ਅਲਿਪਾਤਾ॥

ਅਨਭੈ=ਡਰ ਤੋਂ ਰਹਿਤ ਕਰਨੇ ਦਾ ਦਾਤਾ ਪ੍ਰਭੂ ਸਾਰੇ ਵੇਖੀਦਾ ਹੈ। ਸਾਰਿਆਂ ਸਰੀਰਾਂ ਸਰੀਰਾਂ ਵਿਚ ਪੂਰਨ ਹੁੰਦਾ ਹੋਇਆ ਭੀ ਸਭ ਤੋਂ ਅਲਿਪਾਤਾ=ਅਲੇਪ (ਅਸੰਗ) ਹੈ।

ਘਟਿ ਘਟਿ ਪੂਰਨੁ ਕਰਿ ਬਿਸਥੀਰਨੁ
ਜਲ ਤਰੰਗ ਜਿਉ ਰਚਨੁ ਕੀਆ॥

ਘਟਾਂ ਘਟਾਂ ਦਾ ਵਿਸਥਾਰ ਕਰਕੇ ਇਨ੍ਹਾਂ ਵਿਚ ਪੂਰਨ ਹੋ ਰਿਹਾ ਹੈ, ਪਾਣੀ ਵਿਚੋਂ ਲਹਿਰਾਂ ਦੇ ਉੱਠਨ ਵਾਂਙੂ, ਉਸ ਨੇ ਆਪਣੇ ਵਿਚੋਂ ਹੀ ਸੰਸਾਰ ਰਚਨਾ ਨੂੰ ਪੈਦਾ ਕੀਤਾ ਹੈ।

ਹਭਿ ਰਸ ਮਾਣੇ ਭੋਗ ਘਟਾਣੇ ਆਨ ਨ ਬੀਆ ਕੋ ਥੀਆ॥

ਹਭਿ=ਸਾਰਿਆਂ, ਘਟਾਣੇ=ਸਰੀਰਾਂ ਦੇ ਵਿਚ ਹੋ ਕੇ ਭੋਗਾਂ ਦੇ ਰਸਾਂ ਨੂੰ ਮਾਣਦਾ ਹੈ, ਉਸ ਵਰਗਾ ਆਨ=ਹੋਰ ਕੋਈ ਬੀਆ=ਦੂਜਾ ਨਹੀਂ ਹੋਇਆ।

ਹਰਿ ਰੰਗੀ ਇਕ ਰੰਗੀ ਠਾਕੁਰੁ ਸੰਤ ਸੰਗਿ ਪ੍ਰਭੁ ਜਾਤਾ ॥

ਉਹ ਠਾਕੁਰ ਹਰਿ ਰੰਗੀ=ਸ੍ਰਗੁਣ ਰੂਪ ਭੀ ਆਪ ਹੈ ਤੇ ਇਕ ਰੰਗੀ=ਨ੍ਰਿਗੁਣ ਰੂਪ ਭੀ ਆਪ ਹੈ,

ਵਾ:-ਹਰਿ=ਤਮਾਮ ਰੰਗਾਂ ਵਿਚ ਜੋ ਇਕ ਰੰਗੀ=ਅਨੰਦੀ ਠਾਕੁਰ ਹੈ, ਉਸ ਪ੍ਰਭੂ ਨੂੰ ਸੰਤਾਂ ਦੇ ਸਤਸੰਗ ਵਿਚੋਂ ਜਾਣਿਆ ਹੈ।

ਨਾਨਕ ਦਰਸਿ ਲੀਨਾ ਜਿਉ ਜਲ ਮੀਨਾ
ਸਭ ਦੇਖੀਐ ਅਨਭੈ ਕਾ ਦਾਤਾ॥ ੧॥

ਗੁਰੂ ਜੀ ਕਥਨ ਕਰਦੇ ਹਨ- ਉਸ ਪ੍ਰਭੂ ਦੇ ਦਰਸ਼ਨ ਵਿਚ ਮੇਰਾ ਮਨ ਇੰਵ ਲੀਣ ਹੋਇਆ ਹੈ, ਜਿਵੇਂ ਮੀਨਾ=ਮੱਛੀ ਦਾ ਮਨ ਜਲ ਵਿਚ ਲੀਣ ਹੁੰਦਾ ਹੈ, ਅਨਭੈ=ਨਿਰਭਉ ਦਾ ਦਾਤਾ ਜੋ ਪ੍ਰਭੂ ਹੈ, ਉਹ ਸਾਰੇ ਪੂਰਨ ਦੇਖੀਦਾ ਹੈ॥ ੧॥

ਕਉਨ ਉਪਮਾ ਦੇਉ ਕਵਨ ਬਡਾਈ॥ ਪੂਰਨ ਪੂਰਿ ਰਹਿਓ ਸ੍ਰਬ ਠਾਈ॥

ਕੇਹੜੀ ਉਪਮਾ ਦੇਵਾਂ, ਕੇਹੜੀ ਵਡਿਆਈ ਕਰਾਂ? ਉਹ ਪੂਰਨ ਪਰਮਾਤਮਾ ਸਾਰੀਆਂ ਠਾਈ=ਜਗ੍ਹਾਂ 'ਪਰ ਪੂਰਨ ਹੋ ਰਿਹਾ ਹੈ।

ਪੂਰਨ ਮਨਮੋਹਨ ਘਟ ਘਟ ਸੋਹਨ ਜਬ ਖਿੰਚੈ ਤਬ ਛਾਈ॥

ਪੂਰਨ ਮਨਮੋਹਨ ਪਰਮਾਤਮਾ ਸਾਰਿਆਂ ਘਟਾਂ ਘਟਾਂ ਵਿਚ ਸ਼ੋਭ ਰਿਹਾ ਹੈ, ਉਹ ਪਰਮਾਤਮਾ ਜਿਸ ਵੇਲੇ ਆਪਣੀ ਸੱਤਾ ਨੂੰ ਖਿੱਚਦਾ ਹੈ, ਉਸ ਵੇਲੇ ਦੇਹ ਛਾਈ=ਖੇਹ ਰੂਪ ਹੋ ਜਾਂਦੀ ਹੈ।

[ਪੰਨਾ ੧੨੩੭]

ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ ਘਰੀ ਮੁਹਤਕ ਬੇਲਾ ਆਈ॥

ਸੰਤਾਂ ਨਾਲ ਮਿਲ ਕੇ ਉਸ ਨੂੰ ਕਿਉਂ ਨਹੀਂ ਸਿਮਰਦੇ ਹੋ, ਇਕ ਘੜੀ ਨੂੰ ਜਾਂ ਮੁਹਤਕ=ਅੱਧੀ ਘੜੀ ਨੂੰ ਮਰਨ ਦਾ ਵੇਲਾ ਆ ਜਾਣਾ ਹੈ।

ਅਰਥੁ ਦਰਬੁ ਸਭੁ ਜੋ ਕਿਛੁ ਦੀਸੈ ਸੰਗਿ ਨ ਕਛਹੂ ਜਾਈ॥

ਜਿਸ ਦਰਬੁ=ਧਨ ਨੂੰ ਤੂੰ ਆਪਣੇ ਅਰਥ ਆਉਣ ਵਾਲਾ ਸਮਝਦਾ ਹੈਂ ਜਾਂ ਅਰਥੁ=ਪਦਾਰਥ ਤੇ ਦਰਬੁ=ਧਨ ਜੋ ਕੁਝ ਭੀ ਨਿਗਾਹ ਆ ਰਿਹਾ ਹੈ, ਇਨ੍ਹਾਂ ਸਾਰਿਆਂ ਵਿਚੋਂ ਕੁਝ ਭੀ ਨਾਲ ਨਹੀਂ ਜਾਣਾ।

ਕਹੁ ਨਾਨਕ ਹਰਿ ਹਰਿ ਆਰਾਧਹੁ ਕਵਨ ਉਪਮਾ ਦੇਉ ਕਵਨ ਬਡਾਈ॥੨॥

ਗੁਰੂ ਜੀ ਕਥਨ ਕਰਦੇ ਹਨ-ਹਰਿ ਹਰਿ ਨੂੰ ਆਰਾਧਣਾ ਕਰੋ, ਮੈਂ ਉਸ ਨੂੰ ਕੇਹੜੀ ਉਪਮਾ ਦੇਵਾਂ ਅਤੇ ਕੇਹੜੀ ਵਡਿਆਈ ਕਰਾਂ॥ ੨॥

ਪੂਛਉ ਸੰਤ ਮੇਰੋ ਠਾਕੁਰੁ ਕੈਸਾ॥ ਹਾਂਉ ਅਰਾਪਉਂ ਦੇਹੁ ਸਦੇਸਾ॥

ਜਗਿਆਸੂ ਆਖਦਾ ਹੈ-ਹੇ ਸੰਤੋ ! ਮੈਂ ਆਪ ਜੀ ਤੋਂ ਪੁਛਦਾ ਹਾਂ, ਉਹ ਮੇਰਾ ਠਾਕੁਰ=ਸੁਆਮੀ ਪਰਮਾਤਮਾ ਕੈਸਾ ਹੈ? ਮੈਂ ਆਪਣਾ ਹਾਂਉ=ਹਿਰਦਾ ਅਰਪਣ ਕਰਦਾ ਹਾਂ, ਤੁਸੀਂ ਉਸ ਦਾ ਸੰਦੇਸ਼ਾ ਦਿਓ ਉਹ ਠਾਕੁਰ ਕੈਸਾ ਹੈ?

ਦੇਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ ਪਰਵੇਸਾ॥

ਆਪ ਸੰਦੇਸ਼ਾ ਦੇਣਾ ਕਰੋ, ਉਹ ਪ੍ਰਭ ਜੀਉ ਕੈਸਾ ਹੈ? ਅਤੇ ਉਹ ਮੋਹਨ=ਪਰਮਾਤਮਾ ਕਿਥੇ ਪਰਵੇਸ਼ ਕਰ ਰਿਹਾ ਹੈ? ਜਗਿਆਸੂ ਤੋਂ ਸੁਣ ਕੇ ਅੱਗੋਂ ਮਹਾਤਮਾ ਉੱਤਰ ਦੇਂਦੇ ਹਨ-ਹੇ ਜਗਿਆਸੂ !

ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ ਥਾਨੰਤਰ ਦੇਸਾ॥

ਉਹ ਪ੍ਰਭੂ ਅੰਗਾਂ ਅੰਗਾਂ ਨੂੰ ਸੁਖ ਦੇਣ ਵਾਲਾ ਹੈ ਸਾਰਿਆਂ ਵਿਚ ਪੂਰਨ ਹੈ, ਓਸੇ ਬ੍ਰਹਮ ਦੀ ਥਾਨਾਂ ਅੰਦਰ ਥਾਨਾਂ ਵਿਚ, ਵਾ:-ਥਾਨਾਂ ਵਿਚ ਤੇ ਥਨੰਤਰੀ ਜੀਵਾਂ ਵਿਚ ਦੇਸ਼ਾਂ ਦਿਸ਼ਾਤਰਾਂ ਵਿਚ ਚੇਤਨ ਸੱਤਾ ਆ ਰਹੀ ਹੈ।

ਅਥਵਾ:-ਸੁਖਦਾਈ ਪੂਰਨ ਬ੍ਰਹਮ ਦੀ ਥਾਨ ਥਨੰਤਰ ਤੇ ਤਮਾਮ ਦੇਸ਼ਾਂ ਵਿਚ ਅਤੇ ਹਰ ਇਕ ਅੰਗਾਂ ਅੰਗਾਂ ਵਿਚ ਚੇਤਨ ਸੱਤਾ ਆ ਰਹੀ ਹੈ।

ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ ਕਹਿ ਨ ਸਕਉ ਹਰਿ ਜੈਸਾ॥

ਉਹ ਪ੍ਰਭੂ ਬੰਧਨਾਂ ਤੋਂ ਮੁਕਤਾ=ਛੁਟਿਆ ਹੋਇਆ ਹੈ, ਘਟਾਂ ਘਟਾਂ ਵਿਚ ਜੁਗਤਾ=ਜੁੜਿਆ ਹੋਇਆ ਹੈ, ਜੈਸਾ ਹਰੀ ਹੈ, ਤੈਸੇ ਮੈਂ ਕਹਿ ਨਹੀਂ ਸਕਦਾ।

ਦੇਖਿ ਚਰਿਤ ਨਾਨਕ ਮਨੁ ਮੋਹਿਓ ਪੂਛੈ ਦੀਨੁ ਮੇਰੋ ਠਾਕੁਰੁ ਕੈਸਾ॥੩॥

ਗੁਰੂ ਜੀ ਕਥਨ ਕਰਦੇ ਹਨ- ਉਸ ਦੇ ਚਲਿਤ੍ਰਾਂ ਨੂੰ ਵੇਖ ਕੇ ਮੇਰਾ ਮਨ ਮੋਹਿਆ ਗਿਆ ਹੈ,

ਜਗਿਆਸੂ ਆਖਦਾ ਹੈ-ਮੈਂ ਦੀਨ ਮਨ ਹੋ ਕੇ ਪੁਛਦਾ ਹਾਂ, ਉਹ ਮੇਰਾ ਠਾਕੁਰ ਪ੍ਰਭੂ ਕੈਸਾ ਹੈ?॥ ੩॥

ਅਗਲੀ ਪਉੜੀ ਵਿਚ ਫਲ ਦੱਸਦੇ ਹਨ-

ਕਰਿ ਕਿਰਪਾ ਅਪੁਨੇ ਪਹਿ ਆਇਆ ॥
ਧੰਨਿ ਸੁ ਰਿਦਾ ਜਿਹ ਚਰਨ ਬਸਾਇਆ ॥

ਉਹ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣਿਆਂ ਦਾਸਾਂ ਪਾਸ ਆਇਆ ਹੈ। ਉਹ ਹਿਰਦਾ ਧੰਨਤਾ ਜੋਗ ਹੈ, ਜਿਸ ਹਿਰਦੇ ਵਿਚ ਉਸ ਪ੍ਰਭੂ ਨੇ ਆਪਣੇ ਚਰਨਾਂ ਨੂੰ ਵਸਾਇਆ ਹੈ।

ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥

ਸੰਤਾਂ ਦੇ ਸੰਗ ਹੋਣ ਕਰਕੇ ਚਰਨਾਂ ਨੂੰ ਹਿਰਦੇ ਵਿਚ ਵਸਾਇਆ ਹੈ ਤੇ ਅਗਿਆਨ ਰੂਪ ਹਨੇਰੇ ਨੂੰ ਗਵਾਇਆ=ਦੂਰ ਕੀਤਾ ਹੈ।

ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ ॥

ਪ੍ਰਗਾਸੁ=ਗਿਆਨ ਦੇ ਹੋਣ ਕਰਕੇ ਹਿਰਦੇ ਵਿਚ ਉਲਾਸੁ=ਅਨੰਦ ਹੋਇਆ, ਜਿਸ ਪ੍ਰਭੂ ਨੂੰ ਪ੍ਰਾਪਤ ਕਰਨਾ ਲੋੜੀਦਾ=ਚਾਹੁੰਦਾ ਸੀ, ਉਸ ਨੂੰ ਪਾ ਲਿਆ ।

ਦੁਖੁ ਨਾਠਾ ਸੁਖੁ ਘਰ ਮਹਿ ਵੂਠਾ ਮਹਾ ਅਨੰਦ ਸਹਜਾਇਆ ॥

ਸੰਸਾਰਕ ਦੁੱਖ ਨਾਠਾ=ਨਸ ਗਿਆ, ਆਤਮ ਸੁਖ ਅੰਤਹਕਰਣ ਰੂਪੀ ਘਰ ਵਿਚ ਵੂਠਾ=ਵਸ ਗਿਆ, ਸੁਭਾਵਕ ਹੀ ਬੜਾ ਅਨੰਦ ਆ ਕੇ ਪ੍ਰਾਪਤ ਹੋਇਆ।

ਕਹੁ ਨਾਨਕ ਮੈ ਪੂਰਾ ਪਾਇਆ
ਕਰਿ ਕਿਰਪਾ ਅਪੁਨੇ ਪਹਿ ਆਇਆ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਮੈਂਨੇ ਪੂਰਾ ਪ੍ਰਭੂ ਪਾਇਆ ਹੈ, ਉਹ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣਿਆਂ ਸੇਵਕਾਂ ਪਾਸ ਚਲ ਕੇ ਆਇਆ ਹੈ॥ ੪॥ ੧॥

ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ
ੴ ਸਤਿਗੁਰ ਪ੍ਰਸਾਦਿ ॥

ਇਹ ਸਾਰੰਗ ਦੀ ਵਾਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਹੈ ਸਲੋਕ ਤੇ ਮਹਲੇ ਸਾਂਝੇ ਹਨ, ਪਰ ਪੌੜੀਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਹਨ। ***ਰਾਇ ਮਹਮੇ ਹਸਨ ਕੀ ਧੁਨਿ,*** ਇਹ ਅੱਖਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਏ ਹਨ।

ਰਾਇ ਮਹਮਾ ਤੇ ਰਾਇ ਹਸਨਾ ਦੋਵੇਂ ਭੱਟੀ ਰਾਜਪੂਤ ਸਨ, ਕਾਂਗੜ ਦੇ ਇਲਾਕੇ ਨਿੱਕੇ ਨਿੱਕੇ ਰਜਵਾੜਿਆਂ ਦੇ ਰਾਜੇ ਸਨ। ਅਕਬਰ ਬਾਦਸ਼ਾਹ ਪਾਸ ਟਕੇ ਭਰਦੇ ਸੀ, ਰਾਇ ਮਹਮਾ ਬੜਾ ਸੂਰਬੀਰ ਤੇ ਧਰਮਾਤਮਾ ਸੀ, ਰਾਇ ਹਸਨਾ ਬੜਾ ਚਤਰ ਤੇ ਦਿਲ ਦਾ ਕਪਟੀ ਸੀ। ਜਿਸ ਵੇਲੇ ਰਾਇ ਹਸਨਾ ਟਕੇ ਭਰਨ ਜਾਂਦਾ ਸੀ, ਉਸ ਵੇਲੇ ਰਾਇ ਮਹਮਾ ਭਰੋਸਾ ਰੱਖ ਕੇ ਆਪਣੇ ਟਕੇ ਰਾਇ ਹਸਨੇ ਨੂੰ ਦੇ ਕੇ ਆਖਦਾ ਸੀ ਮੇਰੇ ਟਕੇ ਵੀ ਜਮ੍ਹਾਂ ਕਰਵਾ ਆਵੀਂ, ਇਥੇ ਤਾਂ ਚੰਗਾ ਆਖ ਕੇ ਚਲਿਆ ਜਾਂਦਾ ਸੀ, ਪਰ ਅਕਬਰ ਬਾਦਸ਼ਾਹ ਦੀ ਕਚਹਿਰੀ ਵਿਚ ਪਹੁੰਚ ਕੇ ਦਿਲ ਦਾ ਕਪਟੀ ਰਾਇ ਹਸਨਾ ਆਪਣੇ ਟਕੇ ਦੇ ਕੇ ਆਪਣੇ ਨੂੰ ਹਾਜ਼ਰ ਲਿਖਵਾ ਦੇਵੇ ਤੇ ਰਾਇ ਮਹਮੇ ਨੂੰ

ਗ਼ੈਰ ਹਾਜ਼ਰ ਲਿਖਵਾ ਆਇਆ ਕਰੇ।

ਇਸ ਤਰ੍ਹਾਂ ਕਈ ਮਹੀਨੇ ਗੁਜ਼ਰ ਜਾਣ 'ਤੇ ਬਾਦਸ਼ਾਹ ਨੂੰ ਪਤਾ ਲੱਗਾ ਤਾਂ ਉਸ ਨੇ ਰਾਇ ਮਹਮੇ ਨੂੰ ਬੁਲਾ ਕੇ ਹਨੇਰੀ ਕੋਠੀ ਵਿਚ ਬੰਦ ਕਰ ਦਿੱਤਾ, ਕਿਤਨਾ ਚਿਰ ਉਹ ਕੈਦ ਵਿਚ ਬੰਦ ਹੀ ਰਿਹਾ।

ਇਕ ਦਿਨ ਅਕਬਰ ਬਾਦਸ਼ਾਹ ਨੇ ਉਤਸ਼ਾਹ ਵਿਚ ਆ ਕੇ ਬਾਹਰ ਜ਼ਮੀਨ ਵਿਚ ਇਕ ਕਿਲਾ ਗੱਡ ਕੇ ਸਾਰਿਆਂ ਨੂੰ ਕਿਹਾ, ਜੇਹੜਾ ਘੋੜਾ ਦੁੜਾ ਕੇ ਇਸ ਕਿਲੇ ਨੂੰ ਇਕੇ ਚੋਟ ਨਾਲ ਪੁਟੇਗਾ ਉਸ ਨੂੰ ਬਹੁਤ ਸਾਰਾ ਇਨਾਮ ਦਿੱਤਾ ਜਾਵੇਗਾ। ਇਹ ਗੱਲ ਸੁਣ ਕੇ ਬਹੁਤਿਆਂ ਸੂਰਮਿਆਂ ਨੇ ਘੋੜਾ ਦੁੜਾ ਕੇ ਉਸ ਕਿਲੇ ਦੇ ਪੁਟਨ ਦੀ ਕੋਸ਼ਸ਼ ਕੀਤੀ, ਪਰ ਪੁਟਿਆ ਨਾ ਗਿਆ, ਰਾਇ ਮਹਮੇ ਦਾ ਇਕ ਮਿਤ੍ਰ ਓਥੇ ਖਲੋਤਾ ਸੀ ਉਸ ਨੇ ਕਿਹਾ, ਹੇ ਰਾਜਨ ! ਇਸ ਕਿਲੇ ਨੂੰ ਰਾਇ ਮਹਮਾ ਪੁਟ ਸਕਦਾ ਹੈ ਰਾਜੇ ਨੇ ਪੁਛਿਆ ਉਹ ਕਿਥੇ ਹੈ? ਮਿਤ੍ਰ ਨੇ ਕਿਹਾ, ਉਸ ਨੂੰ ਤੁਸਾਂ ਨੇ ਕੈਦ ਕੀਤਾ ਹੋਇਆ ਹੈ। ਰਾਜੇ ਨੇ ਉਸੀ ਵੇਲੇ ਆਪਣਾ ਸਿਪਾਹੀ ਭੇਜ ਕੇ ਉਸ ਨੂੰ ਆਪਣੇ ਪਾਸ ਸੱਦ ਲਿਆ ਤੇ ਕਿਹਾ, ਰਾਇ ਮਹਮੇ ਤੈਂਨੇ ਇਸ ਕਿਲੇ ਨੂੰ ਪੁਟਨਾ ਹੈ ਰਾਇ ਮਹਮੇ ਨੇ ਕਿਹਾ ਹਜ਼ੂਰ ਹਾਜ਼ਰ ਹਾਂ ਉਸੀ ਵੇਲੇ ਘੋੜੇ 'ਪਰ ਅਸਵਾਰ ਹੋ ਕੇ ਪੌਣ ਵਾਂਙੂ ਘੋੜੇ ਨੂੰ ਦੁੜਾ ਕੇ ਇਕੇ ਚੋਟ ਨਾਲ ਕਿਲੇ ਨੂੰ ਪੁਟ ਦਿੱਤਾ। ਇਸ ਦੀ ਬਹਾਦਰੀ ਵੇਖ ਕੇ ਰਾਜੇ ਨੇ ਪ੍ਰਸੰਨ ਹੋ ਕੇ ਕਿਹਾ-ਤੇਰੇ ਮਨ ਵਿਚ ਜੋ ਇੱਛਾ ਹੈ ਉਹ ਮੰਗ ਲੈ, ਰਾਇ ਮਹਮੇ ਨੇ ਕਿਹਾ-ਬਾਦਸ਼ਾਹ ਸਲਾਮਤ ਆਪ ਜੀ ਨੇ ਮੈਨੂੰ ਬੇਗੁਨਾਹ ਕੈਦ ਕੀਤਾ ਹੈ, ਮੈਂ ਆਪਣੇ ਟਕੇ ਰਾਇ ਹਸਨੇ ਨੂੰ ਦੇ ਕੇ ਭੇਜਦਾ ਰਿਹਾ ਹਾਂ, ਪਰ ਉਸ ਨੇ ਬੇਈਮਾਨ ਨਾਲ ਟਕੇ ਆਪਣੇ ਪਾਸ ਰੱਖ ਕੇ ਮੈਨੂੰ ਗ਼ੈਰ ਹਾਜ਼ਰ ਲਿਖਵਾਂਦਾ ਰਿਹਾ ਹੈ, ਆਪ ਜੀ ਨੇ ਪਾਸ ਬੁਲਾ ਕੇ ਮੇਰੀ ਕੋਈ ਬੇਨਤੀ ਨਹੀਂ ਸੁਣੀ ਇੱਕ ਤਰਫਾ ਕਾਰਵਾਈ ਕਰ ਦਿੱਤੀ, ਉਸ ਵੇਲੇ ਅਕਬਰ ਬਾਦਸ਼ਾਹ ਨੇ ਆਪਣੀ ਫੌਜ ਦੇ ਕੇ ਕਿਹਾ-ਮੈਂ ਤੇਰੇ 'ਪਰ ਬਹੁਤ ਪ੍ਰਸੰਨ ਹਾਂ, ਤੂੰ ਮੇਰੀ ਫੌਜ ਦੀ ਮਦਦ ਲੈ ਕੇ ਉਸ ਨਾਲ ਲੜਾਈ ਕਰਕੇ ਆਪਣਾ ਰਾਜ ਭਾਗ ਸੰਭਾਲਣਾ ਕਰ। ਰਾਇ ਮਹਮੇ ਨੇ ਸ਼ਾਹੀ ਫੌਜ ਲੈ ਕੇ ਰਾਇ ਹਸਨੇ ਨਾਲ ਬੜੀ ਬਹਾਦਰੀ ਨਾਲ ਜੰਗ ਕਰਕੇ ਉਸ ਨੂੰ ਕੈਦ ਕਰ ਲੀਤਾ ਤੇ ਆਪਣਾ ਰਾਜ ਭਾਗ ਸੰਭਾਲ ਲਿਆ।

ਕੁਝ ਚਿਰ ਮਗਰੋਂ ਰਾਇ ਮਹਮੇ ਨੇ ਆਪਣੇ ਕ੍ਰਿਪਾਲੂ ਸੁਭਾਵ ਅਨੁਸਾਰ ਹਸਨੇ ਦਾ ਅਪਰਾਧ ਬਖ਼ਸ਼ ਕੇ ਉਸ ਦਾ ਰਾਜ ਉਸ ਨੂੰ ਵਾਪਸ ਮੋੜ ਦਿੱਤਾ। ਰਾਇ ਹਸਨਾ ਆਪਣੇ ਰਾਜ ਤਖਤ 'ਪਰ ਬੈਠ ਕੇ ਆਪਣੀ ਹਕੂਮਤ ਕਰਨ ਲੱਗ ਪਿਆ।

ਢਾਢੀਆਂ ਨੇ ਇਨ੍ਹਾਂ ਦੀ ਬਹਾਦਰੀ 'ਪਰ ਵਾਰ ਬਣਾਈ, ਸਮੇਂ ਅਨੁਸਾਰ ਉਹ ਵਾਰ ਅਕਾਲ ਤਖਤ ਦੇ ਹੇਠਾਂ ਖਲੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੁਣਾਈ ਗੁਰੂ ਜੀ ਸੁਣ ਕੇ ਬੜੇ ਖੁਸ਼ ਹੋਏ,'ਭਾਈ ਗੁਰਦਾਸ ਜੀ ਪਾਸੋਂ ਸਾਰੰਗ ਦੀ ਵਾਰ ਦੇ ਆਰੰਭ ਵਿਚ **'ਰਾਇ ਮਹਮੇ ਹਸਨੇ ਕੀ ਧੁਨਿ॥'** ਏਹ ਅੱਖਰ ਲਿਖਵਾ ਕੇ ਰਾਗੀਆਂ ਨੂੰ ਹੁਕਮ ਦਿੱਤਾ, ਜਿਵੇਂ ਉਨ੍ਹਾਂ ਦੀ ਪਉੜੀ ਗਾਈ ਜਾਂਦੀ ਹੈ, ਤਿਵੇਂ ਸਾਰੰਗ ਦੀ ਵਾਰ ਦੀਆਂ ਪਉੜੀਆਂ ਤੁਸਾਂ ਨੇ ਗਾਉਣੀਆਂ ਹਨ।

ਉਹ ਵਾਰ ਇਸ ਤਰ੍ਹਾਂ ਹੈ:-

ਮਹਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ। ਹਸਨੇ ਬੇਈਮਾਨਗੀ ਨਾਲ ਮਹਮੇ ਥੱਟੀ।
ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ। ਮਹਮੇ ਪਾਈ ਫਤੇ ਰਣ ਗਲ ਹਸਨੇ ਘੱਟੀ।
ਬੰਨ੍ਹ ਹਸਨੇ ਨੂੰ ਛੱਡਿਆ ਜਸ ਮਹਮੇ ਖੱਟੀ।

ਸਲੋਕ ਮਹਲਾ ੨ ॥

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥

ਮਨ ਰੂਪ ਕੋਠਾ ਹੈ, ਅਸਥੂਲ ਸਰੀਰ ਇਸ ਦੇ ਉਪਰ ਛੱਤ ਹੈ, ਪਾਪ ਪੁੰਨ ਰੂਪ ਦਰਵਾਜ਼ਾ ਹੈ, ਰਾਗ ਦਵੈਸ਼, ਵਾ:-ਪੰਜਾਂ ਕੋਸਾਂ ਰੂਪ ਤਖਤੇ ਹਨ ਤੇ ਅਗਿਆਨ ਰੂਪ ਨਿਵਲੁ=ਜੰਦਰਾ ਵਜਿਆ ਹੋਇਆ ਹੈ, ਇਸ ਦੀ ਬ੍ਰਹਮ ਵਿੱਦਿਆ ਰੂਪ ਕੁੰਜੀ ਗੁਰਾਂ ਪਾਸ ਹੈ।

ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਮਨ ਰੂਪ ਕੋਠੇ ਦਾ ਅਗਿਆਨ ਰੂਪ ਤਾਕੁ=ਤਾਲਾ (ਜੰਦਰਾ) ਪੂਰਿਆਂ ਗੁਰਾਂ ਤੋਂ ਬਿਨਾਂ ਨਹੀਂ ਉਘੜੈ=ਖੁਲਦਾ ਕਿਉਂਕਿ ਗੁਰੂ ਤੋਂ ਬਿਨਾਂ ਹੋਰ ਕਿਸੇ ਦੇ ਹੱਥ ਬ੍ਰਹਮ ਵਿੱਦਿਆ ਰੂਪ ਕੁੰਜੀ ਨਹੀਂ ਹੈ।

ਅਥਵਾ:-ਗੁਰਾਂ ਤੋਂ ਬਿਨਾਂ ਖਟ ਚੱਕ੍ਰਾਂ ਰੂਪ ਤਾਲਾ (ਜੰਦਰਾ) ਖੁਲ੍ਹਦਾ ਨਹੀਂ ਹੈ ਕਿਉਂਕਿ ਹੋਰ ਕਿਸੇ ਦੇ ਹੱਥ ਪ੍ਰਾਣਾਂਯਾਮ ਰੂਪ ਕੁੰਜੀ ਨਹੀਂ ਹੈ॥ ੧ ॥

ਮਹਲਾ ੧ ॥ ਨ ਭੀਜੈ ਰਾਗੀ ਨਾਦੀ ਬੇਦਿ ॥

ਰਾਗਾਂ ਦੇ ਗਾਉਣ ਨਾਲ, ਨਾਦੀ=ਵਾਜਿਆਂ ਦੇ ਵਜਾਉਣ ਨਾਲ, ਬੇਦਿ=ਵੇਦਾਂ ਦੇ ਪਾਠ ਕਰਨ ਨਾਲ ਉਹ ਪਰਮਾਤਮਾ ਭੀਜੈ=ਪ੍ਰਸੰਨ ਨਹੀਂ ਹੁੰਦਾ।

ਯਥਾ:- ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥

ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ ॥

ਸੁਰਤੀਆਂ ਦੇ ਪੜ੍ਹਨ ਨਾਲ, ਵਾ:-ਗਿਆਤ ਗੇਅ ਹੋਣ ਕਰਕੇ, ਗਿਆਨੀਆਂ ਦੇ ਪਾਸ ਬੈਠਣ ਕਰਕੇ, ਜੋਗੀਆਂ ਦੇ ਪਾਸ ਬੈਠਣ ਕਰਕੇ, ਵਾ:-ਗਿਆਨ ਦੀਆਂ ਗੱਲਾਂ ਤੇ ਜੋਗ ਦੀਆਂ ਗੱਲਾਂ ਕਰਨ ਨਾਲ ਉਹ ਪਰਮੇਸ਼ਰ ਭੀਜੈ=ਪ੍ਰਸੰਨ ਨਹੀਂ ਹੁੰਦਾ। ਰੋਜ਼ਾਨਾ ਸੋਗੀ=ਸ਼ੋਕ ਦੀਆਂ ਗੱਲਾਂ ਕਰਨ ਨਾਲ ਭੀ ਉਹ ਪਰਮੇਸ਼ਰ ਭੀਜੈ=ਪ੍ਰਸੰਨ ਨਹੀਂ ਹੁੰਦਾ।

ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥

ਸੁੰਦਰ ਰੂਪ ਅਤੇ ਮਾਲ ਦੇ ਰੰਗਿ=ਅਨੰਦ ਕਰਕੇ ਭੀ ਉਹ ਪਰਮੇਸ਼ਰ ਪ੍ਰਸੰਨ ਨਹੀਂ ਹੁੰਦਾ। ਨੰਗੀਂ ਪੈਰੀਂ ਤੀਰਥਾਂ ਉੱਤੇ ਭਵਿਐ=ਫਿਰਨ ਕਰਕੇ ਭੀ ਉਹ ਪਰਮੇਸ਼ਰ ਪ੍ਰਸੰਨ ਨਹੀਂ ਹੁੰਦਾ।

ਨ ਭੀਜੈ ਦਾਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ ॥

ਦਾਤੀ=ਦਾਤਾਂ ਦੇ ਦੇਣ ਕਰਕੇ ਅਤੇ ਦਾਨ ਪੁੰਨ ਕੀਤਿਆਂ ਭੀ ਉਹ ਪਰਮੇਸ਼ਰ ਪ੍ਰਸੰਨ ਨਹੀਂ ਹੁੰਦਾ। ਬਾਹਰ ਸੁੰਨਿ=ਉਜਾੜਾਂ ਵਿਚ ਬੈਠਣ ਕਰਕੇ ਭੀ ਉਹ ਪਰਮੇਸ਼ਰ ਭੀਜੈ=ਪ੍ਰਸੰਨ ਨਹੀਂ ਹੁੰਦਾ।

ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥

ਭੇੜਿ=ਲੜਾਈ ਵਿਚ ਅਰਥਾਤ ਜੁੱਧ ਭੂਮਿਕਾ ਵਿਚ ਭਿੜਿ=ਲੜ ਕੇ ਜੋ ਸੂਰਮੇ ਮਰਦੇ ਹਨ, ਉਹਨਾਂ ਉੱਤੇ ਭੀ ਉਹ ਪਰਮੇਸ਼ਰ ਪ੍ਰਸੰਨ ਨਹੀਂ ਹੁੰਦਾ। ਕਿਤਨਿਆਂ ਦੀ ਚਰਨ ਧੂੜ ਹੋਣ ਕਰਕੇ ਭੀ ਉਹ ਪਰਮੇਸ਼ਰ ਪ੍ਰਸੰਨ ਨਹੀਂ ਹੁੰਦਾ।

ਲੇਖਾ ਲਿਖੀਐ ਮਨ ਕੈ ਭਾਇ॥ ਨਾਨਕ ਭੀਜੈ ਸਾਚੈ ਨਾਇ ॥੨॥

ਮਨ ਦੇ ਭਾਇ=ਪਰੇਮ ਕਰਕੇ ਦਰਗਾਹ ਵਿਚ ਲੇਖਾ ਲਿਖਿਆ ਜਾਂਦਾ ਹੈ।

ਗੁਰੂ ਜੀ ਕਥਨ ਕਰਦੇ ਹਨ-ਸੱਚੇ ਨਾਮ ਜਪਣ ਕਰਕੇ ਪਰਮੇਸ਼ਰ ਭੀਜੈ=ਪ੍ਰਸੰਨ ਹੁੰਦਾ ਹੈ॥ ੨॥

ਮਹਲਾ ੧॥ ਨਵ ਛਿਅ ਖਟ ਕਾ ਕਰੇ ਬੀਚਾਰੁ॥

ਜੇਹੜੇ ਪੁਰਸ਼ ਨਵ=ਨੌਂ ਵਿਆਕਰਣ, ਛਿਅ=ਛੇ ਸ਼ਾਸਤ੍ਰ, ਵੇਦ ਦੇ ਖਟ=ਛੇ ਅੰਕਾਂ ਦਾ ਵਿਚਾਰ ਕਰਦੇ ਹਨ।

ਨਿਸਿ ਦਿਨ ਉਚਰੈ ਭਾਰ ਅਠਾਰ॥

ਰਾਤ ਦਿਨ ਭਾਰ=ਮਹਾਂ ਭਾਰਥ ਨੂੰ ਤੇ ਅਠਾਰਾਂ ਪੁਰਾਣਾਂ ਨੂੰ ਉਚਾਰਦੇ ਹਨ।

*ਅਥਵਾ:-*ਅਠਾਰਾਂ ਪਰਬ ਮਹਾਂ ਭਾਰਥ ਨੂੰ ਰਾਤ ਦਿਨ ਉਚਾਰਦੇ ਹਨ।

ਤਿਨਿ ਭੀ ਅੰਤੁ ਨ ਪਾਇਆ ਤੋਹਿ॥ ਨਾਮ ਬਿਹੂਣ ਮੁਕਤਿ ਕਿਉ ਹੋਇ॥

ਉਹਨਾਂ ਨੇ ਭੀ ਆਪ ਜੀ ਦਾ ਅੰਤ ਨਹੀਂ ਪਾਇਆ। ਇਹ ਜੀਵ ਨਾਮ ਸਿਮਰਨ ਤੋਂ ਬਿਨਾਂ ਕਿਵੇਂ ਮੁਕਤ ਹੋ ਸਕਦਾ ਹੈ।

ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ॥

ਜਦ ਕਿ ਵਸਤ=ਵਿਸ਼ਨੂੰ ਦੀ ਨਾਭੀ ਕਮਲ ਦਾ ਅੰਤ ਬ੍ਰਹਮਾ ਨੇ ਨਹੀਂ ਜਾਣਿਆ ਤਾਂ ਹੋਰ ਕੌਣ ਜਾਣ ਸਕਦਾ ਹੈ, ਸੰਸਕ੍ਰਿਤ ਵਿਚ ਵਸਦ ਦਾ ਅਰਥ ਵਿਸ਼ਨੂੰ ਹੈ, ਵਸਤ ਤੇ ਵਸਦ ਸ੍ਮਰਨੀ ਅੱਖਰ ਹਨ ਇਸ ਕਰਕੇ ਵਸਤ ਦਾ ਅਰਥ ਵਿਸ਼ਨੂੰ ਕੀਤਾ ਹੈ।

ਗੁਰਮੁਖਿ ਨਾਨਕ ਨਾਮੁ ਪਛਾਣਿਆ ॥੩॥

ਗੁਰੂ ਜੀ ਕਥਨ ਕਰਦੇ ਹਨ- ਗੁਰਮੁਖਾਂ ਨੇ ਗੁਰਾਂ ਦੁਆਰੇ ਨਾਮ ਨੂੰ ਪਛਾਣਿਆ ਹੈ॥ ੩॥

ਪਉੜੀ॥ ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ॥

ਉਹ ਨਿਰੰਜਨ ਪਰਮਾਤਮਾ ਆਪੇ ਆਪਿ=ਸੁੰਤਤ੍ਰ ਹੈ, ਜਿਸ ਨੇ ਆਪ ਹੀ ਸਾਰਿਆਂ ਨੂੰ ਉਤਪੰਨ ਕੀਤਾ ਹੈ।

ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ॥

ਉਸ ਨੇ ਆਪ ਹੀ ਸਾਰੇ ਜਗਤ ਦਾ ਖੇਲ ਰਚਾਇਆ ਹੈ ਅਤੇ ਆਪ ਹੀ ਸਾਰਿਆਂ ਵਿਚ ਆਇਆ ਹੋਇਆ ਹੈ।

ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ॥

ਰਜੋ, ਸਤੋ, ਤਮੋ ਇਹ ਤਿੰਨੇ ਗੁਣ ਉਸ ਨੇ ਆਪ ਹੀ ਬਣਾਏ ਹਨ ਅਤੇ ਉਸ ਨੇ ਆਪ ਹੀ ਮਾਇਆ ਦਾ ਮੋਹ ਵਧਾਇਆ ਹੈ।

ਗੁਰਪਰਸਾਦੀ ਊਬਰੇ ਜਿਨ ਭਾਣਾ ਭਾਇਆ॥

ਜਿਨ੍ਹਾਂ ਨੂੰ ਭਾਣਾ ਚੰਗਾ ਲੱਗਾ ਹੈ, ਉਹ ਗੁਰ ਕ੍ਰਿਪਾ ਵਾਲੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ।

ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥

ਗੁਰੂ ਜੀ ਕਥਨ ਕਰਦੇ ਹਨ-ਜੋ ਸੱਚਾ ਸਾਰਿਆਂ ਵਿਚ ਸਮਾਇਆ ਹੋਇਆ ਹੈ, ਉਸ ਸੱਚ ਵਿਚ ਉਹ ਗੁਰਮੁਖ ਵਰਤਨਾ ਕਰਦਾ ਹੈ॥ ੧॥

[ਪੰਨਾ ੧੨੩੮]

ਸਲੋਕ ਮਹਲਾ ੨॥

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ॥

ਗੁਰੂ ਜੀ ਕਥਨ ਕਰਦੇ ਹਨ-ਸਾਰੇ ਜੀਵ ਉਸ ਨੇ ਆਪ ਪੈਦਾ ਕੀਤੇ ਹਨ ਅਤੇ ਆਪ ਹੀ ਉਸ ਨੇ ਵੇਕ=ਵੱਖੋ ਵਖਰੇ ਰੱਖੇ ਹਨ।

ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥

ਜਦ ਕਿ ਸਾਰਿਆਂ ਦਾ ਮਾਲਕ ਇਕ ਪ੍ਰਭੂ ਹੀ ਹੈ ਤਾਂ ਫਿਰ ਮੰਦਾ=ਬੁਰਾ ਕਿਸ ਨੂੰ ਕਹਿਣਾ ਹੈ।

ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥

ਉਹ ਇਕ ਮਾਲਕ ਹੀ ਸਾਰਿਆਂ ਜੀਵਾਂ ਨੂੰ ਧੰਧਿਆਂ ਵਿਚ ਲੱਗਾ ਕੇ ਵੇਖ ਰਿਹਾ ਹੈ।

ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ॥

ਕਿਸੇ ਜੀਵ ਨੂੰ ਥੋੜਾ ਧੰਧਾ ਹੈ, ਕਿਸੇ ਨੂੰ ਅਗਲਾ=ਬਹੁਤਾ ਧੰਧਾ ਹੈ, ਧੰਧਿਆਂ ਤੋਂ ਖਾਲੀ ਕੋਈ ਜੀਵ ਨਹੀਂ ਹੈ।

ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ॥

ਏਹ ਜੀਵ ਨੰਗੇ ਆਉਂਦੇ ਹਨ, ਨੰਗੇ ਹੀ ਚਲੇ ਜਾਂਦੇ ਹਨ, ਵਿਚ ਵਿਚਾਲੇ ਧੰਧਿਆਂ ਦਾ ਵਿਥਾਰ=ਪਸਾਰਾ ਕਰਦੇ ਹਨ।

ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ॥੧॥

ਗੁਰੂ ਜੀ ਕਥਨ ਕਰਦੇ ਹਨ-ਜੋ ਵਾਹਿਗੁਰੂ ਦਾ ਹੁਕਮ ਨਹੀਂ ਜਾਣਦੇ, ਉਹਨਾਂ ਦੇ ਨਾਲ ਅੱਗੇ ਜਾਂਦਿਆਂ ਕੀ ਕਾਰ ਹੋਣੀ ਹੈ, ਭਾਵ ਬੁਰੀ ਹਾਲਤ ਹੋਣੀ ਹੈ॥ ੧॥

ਮਹਲਾ ੧॥ ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ॥

ਜੀਵਾਂ ਰੂਪ ਜਿਨਸਾਂ ਨੂੰ ਥਾਪ ਕੇ ਅਰਥਾਤ ਬਣਾ ਕੇ ਸੰਸਾਰ ਵਿਚ ਭੇਜਦਾ ਹੈ, ਫੇਰ ਥਾਪੀਆਂ ਹੋਈਆਂ ਜਿਨਸਾਂ ਨੂੰ ਲੈ ਜਾਂਦਾ ਹੈ।

ਅਥਵਾ:-ਸਵਾਸਾਂ ਰੂਪ ਪੂੰਜੀ ਦੇ ਕੇ ਸ਼ੁਭ ਗੁਣਾਂ ਰੂਪ ਜਿਨਸ ਦੇ ਥਾਪਣ ਲਈ ਜੀਵਾਂ ਨੂੰ ਸੰਸਾਰ ਵਿਚ ਭੇਜਿਆ ਹੈ, ਪਰ ਏਹ ਜੀਵ ਕੁ ਜਿਨਸ ਅਰਥਾਤ ਖੋਟੀ ਵਸਤੂ ਨੂੰ ਥਾਪ ਕੇ ਲੈ ਜਾਂਦਾ ਹੈ।

ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ॥

ਆਪ ਹੀ ਥਾਪਿ=ਉਤਪਤੀ ਕਰਦਾ ਹੈ, ਆਪ ਹੀ ਉਥਾਪ=ਲੈਯ ਕਰਦਾ ਹੈ ਅਤੇ ਆਪ ਹੀ ਇਤਨੇ ਵੇਸ=ਰੂਪ ਅਰਥਾਤ ਭੇਖਾਂ ਨੂੰ ਕਰਾਉਂਦਾ ਹੈ।

ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ॥

ਜਿੰਨੇ ਕੁ ਜੀਵ ਹਨ, ਸਾਰੇ ਅਉਧੂਤੀ=ਮੰਗਤੇ ਹੋ ਕੇ ਫਿਰਦੇ ਹਨ, ਉਹ ਪ੍ਰਭੂ ਆਪ ਹੀ ਸਾਰਿਆਂ ਨੂੰ ਭਿੱਖਿਆ ਪਾਂਦਾ ਹੈ।

ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ॥

ਜੇਕਰ ਬੋਲਣਾ ਲੇਖੇ ਵਿਚ ਹੈ, ਚਲਨਾ ਭੀ ਲੇਖੇ ਵਿਚ ਹੈ ਤਾਂ ਫਿਰ ਕਾਇਤੁ=ਕਿਸ ਲਈ ਦਾਹਵੇ ਕਰਨੇ ਹਨ।

ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ॥

ਗੁਰੂ ਜੀ ਕਥਨ ਕਰਦੇ ਹਨ-ਸਾਰਿਆਂ ਮਤਿ=ਭੇਖਾਂ ਦਾ ਮੂਲੁ=ਸਿਧਾਂਤ ਰੂਪ ਪਰਵਾਣਾ=ਬਚਨ (ਉਪਦੇਸ਼) ਏਹੋ ਹੈ, ਜੋ ਅਸਾਂ ਨੇ ਆਖ ਕੇ ਸੁਣਾਇਆ ਹੈ।

ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ॥ ੨॥

ਜੇਹੋ ਜੇਹੀ ਕੋਈ ਕਰਣੀ=ਕਰਤੱਬਤਾ ਕਰਦਾ ਹੈ, ਉਸ ਦੇ ਉਪਰ ਹੀ ਤਪਾਵਸੁ=ਨਿਆਂ ਹੋਣਾ ਹੈ, ਜੇਹੜਾ ਕੋਈ ਜ਼ਬਾਨੀ ਕਹਿੰਦਾ ਕਹਾਉਂਦਾ ਹੈ, ਉਹ ਪ੍ਰਵਾਨ ਨਹੀਂ ਹੋਣਾ॥ ੨॥

ਪਉੜੀ॥ ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥

ਗੁਰਮੁਖਾਂ ਦੇ ਅੰਦਰ ਇਹ ਸ਼ੁਭ ਗੁਣ=ਵਿਚਾਰ ਪ੍ਰਗਟ ਹੋ ਆਇਆ ਹੈ ਕਿ ਸਾਰਾ ਜਗਤ ਪਰਮੇਸ਼ਰ ਨੇ ਇਕ ਚਲਤੁ=ਕੌਤਕ (ਤਮਾਸ਼ਾ) ਰੂਪ ਬਣਾਇਆ ਹੈ।

ਵਾ:- ਜਿਨ੍ਹਾਂ ਗੁਰਮੁਖਾਂ ਨੂੰ ਸ਼ੁਭ ਗੁਣ ਆ ਕੇ ਪ੍ਰਗਟ ਹੋਏ ਹਨ, ਉਹਨਾਂ ਨੇ ਏਹ ਨਿਸਚੇ ਕੀਤਾ ਹੈ ਕਿ ਜੇਹੜਾ ਸੰਸਾਰ ਰਚਿਆ ਹੈ, ਏਹ ਚਲਤੁ=ਚਲਿਤ੍ਰ ਰੂਪ ਹੈ, ਅਰਥਾਤ ਚਲੇ ਜਾਣ ਵਾਲਾ ਹੈ। ਇਸ ਲਈ ਗੁਰਮੁਖ-

ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ॥

ਸਦੀਵ ਕਾਲ ਗੁਰਬਾਣੀ ਨੂੰ ਉਚਾਰਦੇ ਰਹਿੰਦੇ ਹਨ ਤੇ ਮਨ ਵਿਚ ਹਰੀ ਨੂੰ ਵਸਾਇਆ ਹੈ।

ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥

ਉਨ੍ਹਾਂ ਦੇ ਅੰਦਰੋਂ ਸਕਤਿ=ਮਾਇਆ ਦੀ ਇੱਛਾ ਚਲੀ ਗਈ ਹੈ ਤੇ ਭਰਮ ਕੱਟਿਆ ਗਿਆ ਹੈ, ਸਿਵ= ਕਲਿਆਣ ਸਰੂਪ ਜੋਤੀ ਪਰਮਾਤਮਾ ਜਗਾਇਆ=ਪ੍ਰਗਟ ਹੋ ਗਿਆ ਹੈ।

ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥

ਜਿਸ ਦੇ ਬੁੱਧੀ ਰੂਪ ਪੋਤੈ=ਪਲੇ, ਵਾ:-ਖਜ਼ਾਨੇ ਵਿਚ ਪੁੰਨ ਕਰਮ ਹੈ, ਉਸ ਨੂੰ ਗੁਰ ਪੁਰਖਾਂ ਨੇ ਆਪਣੇ ਨਾਲ ਮਿਲਾਇਆ ਹੈ।

ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥ ੨॥

ਗੁਰੂ ਜੀ ਕਥਨ ਕਰਦੇ ਹਨ-ਜੋ ਸਹਜੇ=ਗਿਆਨ ਵਿਚ ਮਿਲ ਰਿਹਾ ਹੈ, ਉਹ ਹਰੀ ਨਾਮੀ ਵਿਚ ਸਮਾਇਆ=ਅਭੇਦ ਹੋਇਆ ਹੈ॥ ੨॥

ਸਲੋਕ ਮਹਲਾ ੨ ॥

ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥

ਜਿਸ ਵੇਲੇ ਪਰਮੇਸ਼ਰ ਰੂਪ ਸ਼ਾਹ ਪਾਸੋਂ ਸਵਾਸਾਂ ਰੂਪ ਪੂੰਜੀ ਲੈ ਕੇ ਮਾਤ ਲੋਕ ਨੂੰ ਜੀਵਾਂ ਰੂਪ ਵਣਜਾਰੇ ਚਲੇ, ਉਸ ਵੇਲੇ ਕਰਮਾਂ ਅਨੁਸਾਰ ਜੋ ਕੁਝ ਜੀਵਾਂ ਨੂੰ ਦੇਣਾ ਹੈ, ਉਹ ਇਸ ਦੇ ਨਾਲ ਹੀ ਲਿਖ ਦਿੱਤਾ ਹੈ।

ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹਾਲਿ ॥

ਉਸ ਲਿਖੇ ਹੋਏ ਕਰਮ ਦੇ ਉਪਰ ਹੀ ਪ੍ਰਭੂ ਦਾ ਹੁਕਮ ਹੁੰਦਾ ਹੈ, *ਵਾ:*-ਜੀਵਾਂ ਦਾ ਹੋਰਨਾਂ ਉੱਤੇ ਹੁਕਮ ਹੁੰਦਾ ਹੈ, *ਅਥਵਾ:*-ਲਿਖੇ ਹੋਏ ਜੋ ਵੇਦ ਸ਼ਾਸਤ੍ਰ ਹਨ, ਏਹੋ ਇਨ੍ਹਾਂ ਜੀਵਾਂ ਉੱਤੇ ਪ੍ਰਭੂ ਦਾ ਹੁਕਮ ਹੋ ਰਿਹਾ ਹੈ। *ਯਥਾ:*-ਸੁਰਤੀ ਸਿਮ੍ਰਤੀ ਮਮਈਵ ਆਗਿਆ।

ਇਸ ਕਰਕੇ ਬੇਦਾਂ ਸ਼ਾਸਤ੍ਰਾਂ ਦੁਆਰੇ ਸ਼ੁਭ ਗੁਣਾਂ ਰੂਪੀ ਜਾਂ ਆਤਮ ਵਸਤੂ ਨੂੰ ਸੰਭਾਲ ਕੇ ਲੈਣਾ ਕਰ।

ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ ॥

ਮਹਾਤਮਾ ਰੂਪ ਵਣਜਾਰਿਆਂ ਨੇ ਆਤਮ ਵਸਤੂ ਲੀਤੀ ਹੈ ਅਤੇ ਨਾਮ ਰੂਪ ਵਖਰੁ=ਸੌਦੇ ਨੂੰ ਬੁੱਧੀ ਰੂਪ ਪਲੇ ਵਿਚ ਬੰਨ੍ਹ ਪਾਇਆ ਹੈ।

ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥

ਕੋਈ ਗੁਰਮੁਖ ਤਾਂ ਨਾਮ ਜਪ ਕੇ ਆਤਮ ਲਾਭ ਲੈ ਚਲੇ ਹਨ ਅਤੇ ਇਕ ਮਨਮੁਖ ਪੁਰਸ਼ ਮੂਲ ਰੂਪ ਸਵਾਸਾਂ ਨੂੰ ਗੁਆ ਚਲੇ ਹਨ।

ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥

ਸੰਸਾਰ ਵਿਚ ਥੋੜਾ ਪਦਾਰਥ ਤਾਂ ਕਿਸੇ ਨੇ ਨਹੀਂ ਮੰਗਿਆ ਸਾਰੇ ਬਹੁਤਾ ਹੀ ਮੰਗਦੇ ਹਨ, ਇਸ ਕਰਕੇ ਕਿਸ ਨੂੰ ਸਾਬਾਸਿ=ਧੰਨਤਾ ਜੋਗ ਕਹੀਏ।

ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਉਪਰ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਹੈ, ਜਿਹੜੇ ਸਵਾਸਾਂ ਰੂਪੀ ਪੂੰਜੀ ਨੂੰ ਸਾਬਤ ਲਾਏ=ਲਿਆਏ ਹਨ। *ਵਾ:*-ਆਪਣੀ ਪੂੰਜੀ ਨੂੰ ਸਾਬਤ ਲਾਂਵਦੇ ਹਨ, ਭਾਵ ਧਨ ਨੂੰ ਪਰਮੇਸ਼ਰ ਨਮਿਤ ਖਰਚਦੇ ਹਨ॥ ੧ ॥ ਅੱਗੇ ਕਰਮਾਂ ਦੀ ਗਤੀ ਕਥਨ ਕਰਦੇ ਹਨ-

ਮਹਲਾ ੧ ॥

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥

ਕਰਮਾਂ ਅਨੁਸਾਰ ਇਹ ਜੀਵ ਆਪਸ ਵਿਚ ਕਦੇ ਜੁੜੇ, ਕਦੇ ਵਿਛਦੇ, ਕਦੇ ਵਿਛੜੇ ਕਦੇ ਜੁੜਨੇ ਵਾਲੇ ਹੋ ਕੇ ਜੁੜੇ।

ਜੀਵਿ ਜੀਵਿ ਮੁਏ ਮੁਏ ਜੀਵੇ ॥

ਕਈ ਵਾਰ ਜੀਵੇ, ਕਈ ਵਾਰ ਮਰੇ, ਫੇਰ ਜੀਵੇ ਫੇਰ ਮਰਨੇ ਵਾਲੇ ਹੋ ਕੇ ਮਰੇ। (ਪ੍ਰਸੰਗ ਅਨੁਸਾਰ ਏਹੀ ਅਰਥ ਹੈ।)

ਅਥਵਾ:-ਜੋ ਪੁਰਸ਼ ਪਦਾਰਥਾਂ ਦੇ ਜੋੜ ਨਾਲ ਜੁੜੇ ਹਨ, ਉਹ ਪਰਮਾਤਮਾ ਨਾਲੋਂ ਵਿਛੜ ਗਏ ਹਨ, ਜੋ ਪਦਾਰਥਾਂ ਨਾਲੋਂ ਵਿਛੜੇ ਹਨ, ਉਹ ਪਰਮੇਸ਼ਰ ਨਾਲ ਜੁੜੇ ਹਨ।

ਜੇਹੜੇ ਜੀਵ ਸੰਸਾਰ ਵੱਲ ਜਿਉਂਦੇ ਹਨ, ਉਹ ਪਰਮੇਸ਼ਰ ਵਲੋਂ ਮਰੇ ਹੋਏ ਹਨ, ਜੇਹੜੇ ਸੰਸਾਰ ਵਲੋਂ ਮਰ ਗਏ ਹਨ, ਉਹ ਪਰਮੇਸ਼ਰ ਦੀ ਤਰਫ ਜਿਉਂਦੇ ਹਨ।

ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ॥

ਗਿਆਨ ਤੋਂ ਬਿਨਾਂ ਇਹ ਜੀਵ ਚੱਕਰ ਵਿਚ ਹੀ ਪਿਆ ਰਿਹਾ, ਮਰ ਕੇ ਕਿਤਨਿਆਂ ਦੇ ਪਿਤਾ ਹੋਏ, ਕਿਤਨਿਆਂ ਦੇ ਪੁੱਤਰ ਹੋਏ, ਕਿਤਨੇ ਵਾਰੀ ਗੁਰੂ ਹੋਏ ਕਿਤਨੇ ਵਾਰੀ ਚੇਲੇ ਹੋਏ।

ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ॥

ਜੇਕਰ ਹੁਣ ਗਿਣਤੀ ਕਰੀਏ ਪਿਛੇ ਕੀ ਜਾਤੀ ਵਾਲੇ ਹੋਏ ਸਾਂ ਤੇ ਅੱਗੇ ਕਿਆ ਹੂਏ=ਕੀ ਹੋਵਾਂਗੇ ਇਸ ਗੱਲ ਦੀ ਕੁਝ ਗਿਣਤੀ ਨਹੀਂ ਆਉਂਦੀ ।

ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ॥

ਸਾਰਿਆਂ ਕਿਰਤੁ=ਕਰਮਾਂ ਦਾ ਕਰਨਾ ਇਸ ਦੇ ਕਰਿ=ਹੱਥ 'ਪਰ ਲਿਖਿਆ ਜਾਂਦਾ ਹੈ, ਪਿਛੇ ਕਰਤਾ ਹੋ ਕੇ ਕਰਮਾਂ ਨੂੰ ਕਰਦਾ ਸੀ, ਹੁਣ ਵਰਤਮਾਨ ਵਿਚ ਕਰਤਾ ਹੋ ਕੇ ਕਰਮਾਂ ਨੂੰ ਕਰਦਾ ਹੈ, ਅੱਗੇ ਭਵਿਛਤ ਵਿਚ ਕਰਤਾ ਹੋ ਕੇ ਕਰਮਾਂ ਨੂੰ ਕਰੇਗਾ। ਅਥਵਾ:-ਜੀਵ ਕਰਤਾ ਹੋ ਕੇ ਚਾਰਿਆਂ ਜੁਗਾਂ ਵਿਚ ਕਰਮ ਕਰਦਾ ਹੀ ਕਰਦਾ ਹੈ।

ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ॥ ੨॥

ਮਨਮੁਖੀ ਕਰਮਾਂ ਕਰਕੇ ਮਰਨਾ ਹੁੰਦਾ ਹੈ, ਗੁਰਮੁਖੀ ਕਰਮਾਂ ਕਰਕੇ ਤਰਨਾ ਹੁੰਦਾ ਹੈ, ਗੁਰੂ ਜੀ ਕਥਨ ਕਰਦੇ ਹਨ-ਨਦਰੀ=ਪਰਮਾਤਮਾ ਕ੍ਰਿਪਾ ਦੀ ਨਜ਼ਰ ਕਰੇ ਤਾਂ ਗੁਰਮੁਖੀ ਕਰਮ ਮਿਲਦੇ ਹਨ॥ ੨॥

ਪਉੜੀ॥ ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ॥

ਮਨਮੁਖ ਦੇ ਅੰਦਰ ਦਵੈਤ ਭਾਵ ਤੇ ਭਰਮ ਹੈ, ਇਸ ਲਈ ਦੂਜੈ=ਸੰਸਾਰ ਵਿਚ ਲੁਭਾਇਮਾਨ ਹੋ ਰਿਹਾ ਹੈ ਜਾਂ ਦੂਜੈ=ਦ੍ਵੈਤ ਰੂਪ ਪਦਾਰਥਾਂ ਦੇ ਲੋਭ ਵਿਚ ਆ ਰਿਹਾ ਹੈ।

ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ॥

ਝੂਠ ਤੇ ਕਪਟ ਨੂੰ ਕਮਾਉਂਦੇ ਹਨ, ਮੂੰਹ ਤੋਂ ਝੂਠ ਨੂੰ ਹੀ ਬੋਲਦੇ ਹਨ।

ਪੁਤ੍ਰ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ॥

ਜਿੰਨਾਂ ਕੁ ਪੁੱਤਰ ਦਾ ਮੋਹ ਹੈ, ਉਹ ਸਾਰਾ ਦੁੱਖ ਰੂਪ ਹੈ, ਜਿੰਨਾ ਕੁ ਕਲਤ੍ਰ=ਇਸਤ੍ਰੀ ਦਾ, ਹੇਤੁ=ਪ੍ਰੇਮ ਹੈ, ਇਹ ਭੀ ਸਾਰਾ ਦੁੱਖ ਰੂਪ ਹੈ।

ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ॥

ਉਹ ਜਮਾਂ ਦੇ ਦਰ ਅੰਦਰ ਬੱਧੇ ਹੋਏ ਮਾਰ ਖਾਂਦੇ ਹਨ, ਜੋ ਭਰਮ ਦੇ ਭਰਮਾਏ ਹੋਏ ਭੌਂਦੇ ਫਿਰਦੇ ਹਨ।

ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥ ੩ ॥

ਮਨਮੁਖ ਪੁਰਸ਼ ਨੇ ਆਪਣੇ ਅਮੋਲਕ ਜਨਮ ਨੂੰ ਨਿਸਫਲ ਹੀ ਗਵਾ ਲਿਆ ਹੈ, ਗੁਰੂ ਜੀ ਕਥਨ ਕਰਦੇ ਹਨ-ਹਰੀ ਨੂੰ ਇਸੇ ਤਰ੍ਹਾਂ ਭਾਉਂਦਾ ਹੈ॥ ੩ ॥

ਸਲੋਕ ਮਹਲਾ ੨ ॥

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥

ਜਿਨ੍ਹਾਂ ਨੂੰ ਆਪ ਜੀ ਦੇ ਨਾਮ ਦੀ ਵਡਿਆਈ ਪਰਾਪਤ ਹੋਈ ਹੈ, ਉਹ ਮਨ ਕਰਕੇ ਆਪ ਜੀ ਦੇ ਵਿਚ ਰਤੇ=ਤਦਾਕਾਂਰ ਹੋਏ ਹਨ।

ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥

ਗੁਰੂ ਜੀ ਕਥਨ ਕਰਦੇ ਹਨ-ਇਕ ਨਾਮ ਹੀ ਅੰਮ੍ਰਿਤ ਰੂਪ ਹੈ, ਦੂਜਾ ਹੋਰ ਕੋਈ ਅੰਮ੍ਰਿਤ ਨਹੀਂ ਹੈ।

ਵਾ:-ਇਕ ਨਾਮ ਹੀ ਅੰਮ੍ਰਿਤੁ=ਅਮਰ ਕਰਨ ਵਾਲਾ ਹੈ, ਹੋਰ ਕੋਈ ਦੂਜਾ ਸਾਧਨ ਅਮਰ ਕਰਨ ਵਾਲਾ ਨਹੀਂ ਹੈ।

ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥

ਗੁਰੂ ਜੀ ਕਥਨ ਕਰਦੇ ਹਨ-ਨਾਮ ਅੰਮ੍ਰਿਤ ਹੈ ਤਾਂ ਮਨ ਦੇ ਵਿਚ, ਪਰ ਗੁਰੂ ਦੀ ਪਰਸਾਦਿ=ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਤਿਨੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥ ੧ ॥

ਉਹਨਾਂ ਨੇ ਰੰਗ ਸਿਉ=ਪ੍ਰੇਮ ਨਾਲ ਨਾਮ ਅੰਮ੍ਰਿਤ ਪੀਤਾ ਹੈ, ਜਿਹਨਾਂ ਦੇ ਮਸਤਕ 'ਪਰ ਆਦੋਂ ਸ਼ੁਭ ਲੇਖ ਲਿਖਿਆ ਹੋਇਆ ਹੈ॥ ੧ ॥

[ਪੰਨਾ ੧੨੩੯]

ਮਹਲਾ ੨ ॥ ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ ॥

ਪਰਮੇਸ਼ਰ ਦਾ ਪੈਦਾ ਕੀਤਾ ਹੋਇਆ ਜੋ ਜੀਵ ਹੈ, ਉਸ ਨੂੰ ਕੀ ਸਲਾਹੁਣਾ ਹੈ, ਜੋ ਇਨ੍ਹਾਂ ਨੂੰ ਪੈਦਾ ਕਰਦਾ ਹੈ, ਉਸ ਪ੍ਰਭੂ ਨੂੰ ਸਲਾਹੁਣਾ ਕਰੋ।

ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥

ਗੁਰੂ ਜੀ ਕਥਨ ਕਰਦੇ ਹਨ-ਇਕ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਦੂਜਾ ਉਸ ਵਰਗਾ ਦਾਤਾ ਨਹੀਂ ਹੈ।

ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥

ਉਸ ਕਰਤੇ ਪੁਰਖ ਨੂੰ ਸਲਾਹੁਣਾ ਚਾਹੀਦਾ ਹੈ, ਜਿਸ ਨੇ ਏਹ ਆਕਾਰੁ=ਜਗਤ ਕੀਤਾ ਹੈ।

ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥

ਉਸ ਦਾਤੇ ਪ੍ਰਭੂ ਨੂੰ ਸਲਾਹੁਣਾ ਚਾਹੀਦਾ ਹੈ, ਜੇਹੜਾ ਸਾਰਿਆਂ ਜੀਵਾਂ ਨੂੰ ਆਧਾਰੁ=ਆਸਰਾ ਦੇਂਦਾ ਹੈ।

ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ ॥

ਗੁਰੂ ਜੀ ਕਥਨ ਕਰਦੇ ਹਨ-ਉਹ ਪ੍ਰਭੂ ਆਪ ਸਦੀਵ=ਸਰਬਦਾ ਕਾਲ ਰਹਿਣ ਵਾਲਾ ਹੈ, ਭਾਵ ਅਮਰ ਹੈ। ਜਿਸ ਦਾ ਪ੍ਰਤੱਖ ਭੰਡਾਰਾ, ਵਾ:-ਨਾਮ ਭੰਡਾਰਾ ਪੂਰਨ ਹੈ।

ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥ ੨ ॥

ਉਸ ਨੂੰ ਵੱਡਾ ਕਰਕੇ ਸਲਾਉਣਾ ਚਾਹੀਦਾ ਹੈ ਕਿਉਂਕਿ ਉਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ॥ ੨ ॥

ਪਉੜੀ ॥ ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ ॥

ਹਰੀ ਦਾ ਨਾਮ ਸੁਖਾਂ ਦਾ ਨਿਧਾਨੁ=ਖਜ਼ਾਨਾ ਹੈ, ਉਸ ਦੇ ਸੇਵਿਐ=ਸਿਮਰਨੇ ਕਰਕੇ ਸੁਖ ਪ੍ਰਾਪਤ ਹੁੰਦਾ ਹੈ।

ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ ॥

ਨਿਰੰਜਨ ਦੇ ਨਾਮ ਉਚਾਰਨ ਕਰਕੇ ਪਤਿ=ਇੱਜ਼ਤ ਨਾਲ ਸਰੂਪ ਘਰ ਵਿਚ ਜਾਈਦਾ ਹੈ।

ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥

ਮੁਖੀ ਗੁਰਾਂ ਦੀ ਬਾਣੀ ਹੀ ਨਾਮ ਹੈ, ਇਸ ਦੇ ਅਭਿਆਸ ਕਰਨ ਨਾਲ ਨਾਮ ਹਿਰਦੇ ਵਿਚ ਆ ਕੇ ਵਸਦਾ ਹੈ ਜਾਂ ਗੁਰਮੁਖ ਨਾਮ ਬਾਣੀ ਨੂੰ ਉਚਾਰਦੇ ਹਨ ਤੇ ਹਿਰਦੇ ਵਿਚ ਵੀ ਨਾਮ ਨੂੰ ਵਸਾਉਂਦੇ ਹਨ।

ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥

ਸਤਿਗੁਰਾਂ ਦੇ ਧਿਆਉਣ ਕਰਕੇ ਮਤਿ=ਮਨ ਰੂਪ ਪੰਛੀ ਵਸੀਕਾਰ ਹੋ ਜਾਂਦਾ ਹੈ।

ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਵਾਹਿਗੁਰੂ ਆਪ ਦਿਆਲੂ ਹੋਵੇ ਤਾਂ ਨਾਮ ਸਿਮਰਨ ਵਿਚ ਲਿਵਲਾਈ= ਬਿਰਤੀ ਜੁੜਦੀ ਹੈ॥ ੪ ॥

ਸਲੋਕ ਮਹਲਾ ੨ ॥

ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥

ਜੇਹੜਾ ਪ੍ਰਭੂ ਆਪ ਜਾਣੀ ਜਾਣ ਹੈ, ਉਸ ਨਾਲ ਕਿਸ ਤਰ੍ਹਾਂ ਬੋਲਣਾ ਬਣਦਾ ਹੈ।

ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥

ਜਿਸ ਦੀ ਹੁਕਮ ਰੂਪੀ ਚੀਰੀ=ਚਿੱਠੀ ਮੁੜਦੀ ਨਹੀਂ ਹੈ, ਅਰਥਾਤ ਜੋ ਹੁਕਮ ਕਰਦਾ ਹੈ, ਉਹ ਹਰ ਇਕ ਨੂੰ ਮੰਨਣਾ ਪੈਂਦਾ ਹੈ, ਉਹ ਮਾਲਕ ਪ੍ਰਭੂ ਪ੍ਰਮਾਣੀਕ ਹੈ।

ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥

ਜਿਸ ਪ੍ਰਭੂ ਦੀ ਆਗਿਆ ਰੂਪ ਚੀਰੀ=ਚਿੱਠੀ ਵਿਚ ਬੜੇ ਬੜੇ ਮੀਰ=ਬਾਦਸ਼ਾਹ, ਸੁਲਤਾਨ ਤੇ ਸਲਾਰ= ਸਰਦਾਰ ਚਲਣਾ ਕਰਦੇ ਹਨ।

ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ॥

ਗੁਰੂ ਜੀ ਕਥਨ ਕਰਦੇ ਹਨ-ਜੋ ਉਸ ਨੂੰ ਭਾਉਂਦਾ ਹੈ, ਸਾਡੇ ਹੱਕ਼ ਵਿਚ ਓਹੀ ਕਾਰ ਭਲੀ ਹੈ।

ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ॥

ਜਿਨ੍ਹਾਂ ਨੇ ਆਗਿਆ ਰੂਪ ਚੀਰੀ=ਚਿੱਠੀ ਅਨੁਸਾਰ ਚਲਣਾ ਹੈ, ਉਹਨਾਂ ਜੀਵਾਂ ਦੇ ਹੱਥ ਵਿਚ ਕੁਝ ਭੀ ਨਹੀਂ ਹੈ।

ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ॥

ਜਿਸ ਵੇਲੇ ਸਾਹਿਬ=ਮਾਲਕ ਪ੍ਰਭੂ ਦਾ ਹੁਕਮ ਹੋਣਾ ਹੈ ਤਾਂ ਇਨ੍ਹਾਂ ਨੇ ਉੱਠ ਕੇ ਕਰਲੈ=ਰਾਹੇ ਪੈ ਜਾਣਾ ਹੈ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥

ਪ੍ਰਭੂ ਦੀ ਆਗਿਆ ਰੂਪ ਚੀਰੀ=ਚਿੱਠੀ ਵਿਚ ਜੇਹੋ ਜੇਹਾ ਹੁਕਮ ਜੀਵ ਦੇ ਲਈ ਲਿਖਿਆ ਗਿਆ ਹੈ, ਤੇਹਾ ਹੀ ਕਰਮ ਕਮਾਉਂਦਾ ਹੈ।

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਇਹ ਜੀਵ ਪ੍ਰਭੂ ਦੇ ਘਲੇ=ਭੇਜੇ ਹੋਏ ਆਉਂਦੇ ਹਨ ਅਤੇ ਉਸ ਦੇ ਸੱਦੇ ਹੋਏ ਇਸ ਸੰਸਾਰ ਤੋਂ ਉੱਠ ਜਾਂਦੇ ਹਨ॥ ੧॥

ਮਹਲਾ ੨॥

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥

ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣੀ ਸਿਫ਼ਤ ਬਖ਼ਸ਼ੀ ਹੈ, ਓਹੀ ਨਾਮ ਧਨ ਨੂੰ ਪਾ ਕੇ ਪੋਤੇਦਾਰ=ਖਜ਼ਾਨੇ ਵਾਲੇ ਹਨ।

ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥

ਜਿਨ੍ਹਾਂ ਨੂੰ ਗੁਰਾਂ ਨੇ ਬ੍ਰਹਮ ਵਿੱਦਿਆ ਰੂਪ ਕੁੰਜੀ ਦਿੱਤੀ ਹੈ, ਉਹਨਾਂ ਨੂੰ ਸ਼ੁਭ ਗੁਣਾਂ ਰੂਪ ਭੰਡਾਰੇ ਮਿਲਦੇ ਹਨ।

ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥

ਜਿਸ ਭੰਡਾਰੀ=ਖਜ਼ਾਨਚੀ ਪਾਸੋਂ ਸ਼ੁਭ ਗੁਣ ਨਿਕਲਦੇ ਹਨ, ਓਹੀ ਦਰਗਾਹ ਵਿਚ ਪ੍ਰਮਾਣੀਕ ਕੀਤੇ ਜਾਂਦੇ ਹਨ।

ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਨ੍ਹਾਂ ਨੂੰ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਜਿਨ੍ਹਾਂ ਪਾਸ ਨਾਮ ਰੂਪ ਨੀਸਾਣੁ=ਪਰਵਾਣਾ ਹੈ ਜਾਂ ਜਿਨ੍ਹਾਂ ਉੱਤੇ ਨਾਮ ਦਾ ਨਿਸ਼ਾਨ ਹੈ॥ ੨॥

ਪਉੜੀ॥ ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥

ਨਿਰੰਜਨ ਦਾ ਨਾਮ ਨਿਰਮਲ ਹੈ, ਉਸ ਨੂੰ ਸੁਣਿਆਂ ਸੁਖ ਪ੍ਰਾਪਤ ਹੁੰਦਾ ਹੈ।

ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ॥

ਸੁਣਿ=ਕੰਨਾਂ ਦੁਆਰੇ ਨਾਮ ਨੂੰ ਸੁਣੀਏ ਤੇ ਮਨ ਵਿਚ ਮਨਨ ਕਰੀਏ, ਵਸਾਈਐ=ਨਿਧਿਆਸਣ ਕਰੀਏ ਤਾਂ ਉਹ ਕੋਈ ਜਨ ਬੂਝੈ=ਸਮਝਦਾ ਹੈ।

ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ॥

ਸਚੁ=ਨਿਸਚੇ ਕਰਕੇ ਉਚ ਸੱਚਾ ਪ੍ਰਭੂ ਬਹਿੰਦਿਆਂ ਉਠਦਿਆਂ ਕਦੇ ਭੀ ਨਾ ਭੁਲੇ।

ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ॥

ਭਗਤ ਜਨਾਂ ਨੂੰ ਨਾਮ ਦਾ ਆਸਰਾ ਹੈ, ਨਾਮ ਕਰਕੇ ਹੀ ਉਨ੍ਹਾਂ ਨੂੰ ਸੁਖ ਹੋਇਆ ਹੈ।

ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ॥ ੫॥

ਗੁਰੂ ਜੀ ਕਥਨ ਕਰਦੇ ਹਨ-ਗੁਰਮੁਖਾਂ ਦੇ ਮਨ ਤਨ ਵਿਚ ਓਹੀ ਹਰੀ ਰਵ ਰਿਹਾ ਹੈ॥ ੫॥

ਸਲੋਕ ਮਹਲਾ ੧ ॥

ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਜੀਵ ਦੇ ਗੁਣਾਂ ਨੂੰ ਪਿਛੇ ਪਾ ਕੇ ਪਰਮੇਸ਼ਰ ਦੇ ਕੀਤੇ ਹੋਏ ਪਰਉਪਕਾਰਾਂ ਦੇ ਤੋਲ ਨਾਲ ਤੋਲਣਾ ਕਰੀਏ।

ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥

ਤਾਂ ਪਰਮੇਸ਼ਰ ਦੇ ਇਕ ਵੀ ਬੋਲ=ਪਰਉਪਕਾਰ ਨੂੰ ਨਹੀਂ ਪੁਜ ਸਕਦਾ, ਜੇਕਰ ਪੂਰਾ ਹੋ ਕੇ ਪੂਰੇ ਪਰਮੇਸ਼ਰ ਨਾਲ ਮਿਲਣਾ ਚਾਹਵੇ।

ਵਡਾ ਆਖਣੁ ਭਾਰਾ ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥

ਪਰਮੇਸ਼ਰ ਦੇ ਜਸ ਦਾ ਆਖਣਾ ਸਭ ਤੋਂ ਵੱਡਾ ਹੈ, ਉਸ ਦਾ ਤੋਲੁ=ਵਿਚਾਰ ਕਰਨਾ ਭੀ ਸਭ ਤੋਂ ਭਾਰਾ ਹੈ। ਹੋਰਨਾਂ ਜੀਵਾਂ ਦੀ ਮਤੀ=ਬੁੱਧੀ, ਹਉਲੀ=ਤੁਛ ਹੈ ਤੇ ਜੀਵਾਂ ਦੇ ਬੋਲ ਭੀ ਤੁਛ ਹਨ।

ਧਰਤੀ ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥

ਧਰਤੀ, ਪਾਣੀ, ਪਰਬਤ ਅਤੇ ਅਠਾਰਾਂ ਭਾਰ ਬਨਾਸਪਤੀ ਇਨ੍ਹਾਂ ਸਾਰਿਆਂ ਨੂੰ ਕੰਡੇ ਉੱਤੇ ਰੱਖ ਕੇ ਸੁਨਿਆਰਾ ਕਿਵੇਂ ਤੋਲ ਸਕਦਾ ਹੈ।

ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥

ਤੋਲਾ, ਮਾਸਾ ਤੇ ਰਤਕਾਂ ਨੂੰ ਪਾ ਕੇ । ਗੁਰੂ ਜੀ ਕਥਨ ਕਰਦੇ ਹਨ-ਜੇ ਉਸ ਪਾਸੋਂ ਪੁਛੀਏ ਤਾਂ ਉਹ ਪਰਮੇਸ਼ਰ ਦੇ ਗੁਣਾਂ ਨੂੰ ਪੁਜਾ ਦੇਵੇਗਾ? ਅਰਥਾਤ ਨਹੀਂ ਪੁਜਾ ਸਕਦਾ।

ਅਥਵਾ:-ਧਰਤੀ, ਪਾਣੀ, ਪਰਬਤ ਇਹ ਸਾਰੇ ਜਿਸ ਦੇ ਭਾਰੁ=ਆਸਰੇ ਹਨ। ਉਸ ਪਰਮੇਸ਼ਰ ਦੇ ਗੁਣਾਂ ਨੂੰ ਪੰਡਿਤ ਰੂਪ ਸੁਨਿਆਰਾ ਚਿਤ ਰੂਪ ਕੰਡੇ 'ਪਰ ਰੱਖ ਕੇ ਕਿਵੇਂ ਤੋਲ ਸਕਦਾ ਹੈ। ਤੋਲਾ=ਬੇਦ, ਮਾਸਾ=ਸ਼ਾਸਤ੍ਰ, ਰਤਕ=ਸਿੰਮ੍ਰਿਤੀਆਂ ਨੂੰ ਪਾ ਕੇ, ਭਾਵ ਇਨ੍ਹਾਂ ਨੂੰ ਪੜ੍ਹ ਕੇ। ਗੁਰੂ ਜੀ ਕਥਨ ਕਰਦੇ ਹਨ-ਪੁਛਿਆ=ਪੁਜਾ ਦੇਵੇਗਾ

ਅਰਥਾਤ ਨਹੀਂ ਪੁਜਾ ਸਕਦਾ ।

ਦੂਜਾ ਅਰਥ:-ਇਹ ਜੀਵ ਪਰਮੇਸ਼ਰ ਦਾ ਸਰੂਪ ਕਿਵੇਂ ਹੁੰਦਾ ਹੈ? ਉੱਤਰ-

ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥

ਜੇਕਰ ਜੀਵ ਦੇ ਜੀਵਤ ਭਾਵ ਨੂੰ ਪਿਛੇ ਪਾਈਐ, ਅਰਥਾਤ ਦੂਰ ਕਰੀਏ ਤਾਂ ਏਹ ਪਰਮੇਸ਼ਰ ਦੇ ਤੋਲ ਨਾਲ ਤੁਲਦਾ ਹੈ, ਭਾਵ ਉਸ ਦਾ ਸਰੂਪ ਹੁੰਦਾ ਹੈ।

ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥

ਸਾਰਿਆਂ ਸਾਧਨਾਂ ਵਿਚ ਪੂਰਾ ਹੋ ਕੇ ਜਿਸ ਮਹਾਤਮਾ ਨੇ ਪੂਰੇ ਪਰਮਾਤਮਾ ਨਾਲ ਮਿਲਣਾ ਕੀਤਾ ਹੈ, ਉਹਨਾਂ ਮਹਾਤਮਾ ਦੇ ਇਕ ਵੀ ਬੋਲ ਨੂੰ ਇਹ ਜੀਵ ਪੁਜ ਨਹੀਂ ਸਕਦਾ।

ਵਡਾ ਆਖਣੁ ਭਾਰਾ.ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥

ਮਹਾਤਮਾ ਦੇ ਜਸ ਦਾ ਆਖਣਾ ਵੱਡਾ ਹੈ ਅਤੇ ਉਨ੍ਹਾਂ ਦਾ ਤੋਲੁ=ਵਿਚਾਰ ਵੀ ਭਾਰਾ ਹੈ।

ਹੋਰਨਾਂ ਜੀਵਾਂ ਦੀ ਬੁੱਧੀ ਤੁਛ ਹੈ ਤੇ ਬੋਲ=ਬਚਨ ਭੀ ਤੁਛ ਹਨ।

ਧਰਤੀ ਪਾਣੀ ਪਰਬਤ ਭਾਰੁ॥

ਧਰਤੀ ਵਾਂਙੂ ਖਿਮਾ, ਪਾਣੀ ਵਾਂਙੂ ਸੀਤਲਤਾ, ਪਰਬਤ ਵਾਂਙੂ ਕੁਟੱਸਥਤਾ ਇਤਆਦਿਕ ਭਾਰੁ=ਸਮੂਹ ਗੁਣਾਂ ਨੂੰ ਮਹਾਤਮਾ ਜਨ ਧਾਰਦੇ ਹਨ।

ਕਿਉ ਕੰਡੈ ਤੋਲੈ ਸੁਨਿਆਰੁ॥ ਤੋਲਾ ਮਾਸਾ ਰਤਕ ਪਾਇ॥

ਸੁਨਿਆਰੁ=ਪੰਡਿਤ ਆਪਣੇ ਚਿਤ ਰੂਪ ਕੰਡੇ ਵਿਚ ਪਾ ਕੇ ਮਹਾਤਮਾ ਦੇ ਗੁਣਾਂ ਨੂੰ ਕਿਵੇਂ ਤੋਲ ਸਕਦਾ ਹੈ।

ਤੋਲਾ=ਵੇਦ, ਮਾਸਾ=ਸ਼ਾਸਤ੍ਰ, ਰਤਕ=ਸਿੰਮ੍ਰਿਤੀਆਂ ਨੂੰ ਪਾ ਕੇ ਭਾਵ ਪੜ੍ਹ ਕੇ ।

ਮਹਾਤਮਾ ਦੇ ਗੁਣਾਂ ਨੂੰ ਕਿਵੇਂ ਤੋਲ ਸਕਦਾ ਹੈ।

ਨਾਨਕ ਪੁਛਿਆ ਦੇਇ ਪੁਜਾਇ॥

ਗੁਰੂ ਜੀ ਕਥਨ ਕਰਦੇ ਹਨ—ਤੋਲ ਪੁਛਿਆਂ ਪੂਰਾ ਪੁਚਾ ਦੇਵੇਗਾ, ਭਾਵ ਨਹੀਂ ਪੁਜਾ ਸਕਦਾ ।

ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥ ੧॥

ਅੰਨ੍ਹਿਆਂ ਮੂਰਖਾਂ ਦੀ ਅੰਨ੍ਹੀ ਧਾਤੁ=ਦੌੜ ਹੈ। ਕਹੇ ਹੋਏ ਕਹਣੁ=ਪ੍ਰਸੰਗਾਂ ਨੂੰ ਕਹਿ ਕੇ ਆਪਣੇ ਆਪ ਨੂੰ ਵੱਡਾ ਕਹਾਉਂਦੇ ਹਨ॥ ੧॥

ਮਹਲਾ ੧॥ ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ॥

ਪਰਮੇਸ਼ਰ ਦੇ ਜਸ ਦਾ ਆਖਣਾ ਔਖਾ ਹੈ ਅਤੇ ਕੰਨਾਂ ਨਾਲ ਸੁਨਣਾ ਭੀ ਔਖਾ ਹੈ, ਆਖਿ=ਮੂੰਹ ਦੁਆਰੇ ਆਖਣਾ ਕਰੀਏ ਤਾਂ ਆਖਿਆ ਨਹੀਂ, ਜਾਪੀ=ਜਾਂਦਾ ।

ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ॥

ਇਕ ਪੁਰਸ਼ ਆਖਿ=ਮੁਖ ਦੁਆਰਾ, ਵਾ:-ਆਖਿ=ਪ੍ਰਸੰਗਾਂ ਦੁਆਰੇ ਆਖਦੇ ਹਨ ਤੇ ਕਈ ਸਬਦੁ=ਬੇਦ

ਦੁਆਰਾ, ਸਬਦੁ=ਬ੍ਰਹਮ ਨੂੰ ਰਾਤ ਦਿਨ ਅਰਧ ਉਰਧ=ਹੇਠਾਂ ਉਤਾਂਹ ਸਾਰੇ ਪੂਰਨ ਕਥਨ ਕਰਦੇ ਹਨ।

ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ॥

ਜੇਕਰ ਉਹ ਪਰਮਾਤਮਾ ਕਿਹੁ ਹੋਇ=ਕੁਝ ਵਸਤੂ ਹੋਵੇ ਤਾਂ ਕਿਹੁ=ਕਿਸੇ ਨੂੰ ਕੁਝ ਨਿਗਾਹ ਆਵੇ, ਉਸ ਦਾ ਨਾ ਰੂਪ ਨਾ ਜਾਤੀ, ਜਾਪੈ=ਜਾਣੀ ਜਾਂਦੀ ਹੈ।

ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ॥

ਕਰਤਾ ਪੁਰਖ ਸਾਰੇ ਕਾਰਨ ਕਾਰਜ ਆਪ ਹੀ ਕਰਦਾ ਹੈ, ਅਉਘਟ=ਕਠਨ ਰਸਤਿਆਂ ਨੂੰ ਤੇ ਸੁਘਟ=ਸੌਖੇ ਰਸਤਿਆਂ ਨੂੰ ਉਸ ਨੇ ਆਪ ਹੀ ਥਾਪਿ=ਬਣਾਇਆ ਹੈ।

[ਪੰਨਾ ੧੨੪੦]

ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਉਸ ਦਾ ਆਖਣਾ ਬੜਾ ਔਖਾ ਹੈ ਕਿਉਂਕਿ ਆਖਿ=ਮੂੰਹ ਨਾਲ ਆਖਿਆ ਨਹੀਂ ਜਾਂਦਾ ॥ ੨॥

ਪਉੜੀ॥ ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥

ਨਾਮ ਦੇ ਸੁਨਣ ਕਰਕੇ ਮਨ ਰਹਸੀਐ=ਅਨੰਦ ਹੁੰਦਾ ਹੈ ਅਤੇ ਨਾਮ ਦੇ ਜਪਣ ਕਰਕੇ ਹੀ ਸ਼ਾਂਤੀ ਆਉਂਦੀ ਹੈ।

ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ॥

ਨਾਮ ਦੇ ਸੁਣਿਆਂ ਹੀ ਮਨ ਨੂੰ ਤ੍ਰਿਪਤੀ ਹੋਈ ਹੈ ਅਤੇ ਸਾਰਾ ਦੁੱਖ ਦੂਰ ਹੋ ਗਿਆ ਹੈ।

ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ॥

ਨਾਮ ਦੇ ਸੁਣਿਆਂ ਹੀ ਨਾਮ ਜਪਣ ਦਾ ਪ੍ਰੇਮ ਪੈਦਾ ਹੁੰਦਾ ਹੈ ਅਤੇ ਨਾਮ ਦੇ ਜਪਣ ਕਰਕੇ ਵਡਿਆਈ ਮਿਲਦੀ ਹੈ।

ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ॥

ਨਾਮ ਜਪਣ ਕਰਕੇ ਹੀ ਜਾਤੀ ਦੀ ਸਫਲਤਾ ਤੇ ਸਭ ਤਰ੍ਹਾਂ ਕਰਕੇ ਪਤਿ=ਇੱਜ਼ਤ ਹੁੰਦੀ ਹੈ, ਨਾਮ ਜਪਣ ਕਰਕੇ ਹੀ ਗਤਿ=ਮੁਕਤੀ ਪਾਈਦੀ ਹੈ।

ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵਲਾਈ॥ ੬॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖ ਜਨ ਲਿਵ ਨੂੰ ਲੱਗਾ ਕੇ ਨਾਮ ਨੂੰ ਧਿਆਉਂਦੇ ਹਨ॥ ੬॥

ਸਲੋਕ ਮਹਲਾ ੧॥

ਜੇਹੜੇ ਪੁਰਸ਼ ਆਪਣੇ ਗੁਰੂ ਤੋਂ ਬੇਮੁਖ ਹੋਏ ਹਨ, ਉਹਨਾਂ ਨਿਗੁਰਿਆਂ ਦੀ ਜੂਠ ਕਿਸੇ ਤਰੀਕੇ ਉਤਰ ਸਕਦੀ ਹੈ ਜਾਂ ਨਹੀਂ ? *ਉੱਤਰ:-*

ਜੂਠਿ ਨ ਰਾਗੀ ਜੂਠਿ ਨ ਵੇਦੀ॥ ਜੂਠਿ ਨ ਚੰਦ ਸੂਰਜ ਕੀ ਭੇਦੀ॥

ਰਾਗੀ ਬਣ ਕੇ ਕੀਰਤਨ ਕਰਨ ਨਾਲ ਉਸ ਦੀ ਜੂਠਿ=ਅਪਵਿੱਤ੍ਰਤਾ ਜਾਂਦੀ ਨਹੀਂ ਹੈ, ਵੇਦ ਪਾਠੀ ਹੋ ਕੇ ਵੇਦਾਂ ਦੀ ਧੁਨੀ ਕਰਨ ਨਾਲ ਉਸ ਦੀ ਜੂਠਿ=ਅਪਵਿੱਤ੍ਰਤਾ ਜਾਂਦੀ ਨਹੀਂ ਹੈ। ਸੂਰਜ, ਚੰਦਰਮਾ ਦੇ ਵਰਤਾਂ ਦੇ ਭੇਦ ਜਾਨਣ ਨਾਲ ਉਸ ਦੀ ਅਪਵਿੱਤ੍ਰਤਾ ਜਾਂਦੀ ਨਹੀਂ ਹੈ।

ਜੂਠਿ ਨ ਅੰਨੀ ਜੂਠਿ ਨ ਨਾਈ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ॥

ਅੰਨੀ=ਅੰਨ ਦਾਨ ਕਰਨ ਨਾਲ ਉਸ ਦੀ ਅਪਵਿੱਤ੍ਰਤਾ ਜਾਂਦੀ ਨਹੀਂ ਹੈ, ਆਪਣੀ ਨਾਈ=ਵਡਿਆਈ ਕਰਨ ਨਾਲ ਅਪਵਿੱਤ੍ਰਤਾ ਜਾਂਦੀ ਨਹੀਂ ਹੈ। ਸਾਰੀਆਂ ਜਗ੍ਹਾਂ 'ਪਰ ਮੀਂਹ ਵਰਸਾਉਣ ਕਰਕੇ ਭੀ ਅਪਵਿੱਤ੍ਰਤਾ ਜਾਂਦੀ ਨਹੀਂ ਹੈ।

ਜੂਠਿ ਨ ਧਰਤੀ ਜੂਠਿ ਨ ਪਾਣੀ॥ ਜੂਠਿ ਨ ਪਉਣੈ ਮਾਹਿ ਸਮਾਣੀ॥

ਧਰਤੀ ਦਾਨ ਦਿਤਿਆਂ, ਵਾ:-ਧਰਤੀ ਵਿਚ ਗੁਫਾ ਬਣਾ ਕੇ ਬੈਠਣ ਨਾਲ ਅਪਵਿੱਤ੍ਰਤਾ ਨਹੀਂ ਜਾਂਦੀ, ਪਾਣੀ ਦਾਨ ਕੀਤਿਆਂ, ਵਾ:-ਪਾਣੀ ਵਿਚ ਖਲੋ ਕੇ ਤਪ ਕੀਤਿਆਂ ਭੀ ਅਪਵਿੱਤ੍ਰਤਾ ਨਹੀਂ ਜਾਂਦੀ।

ਪੌਣ ਦੇ ਸਮਾਉਣ ਕਰਕੇ, ਵਾ:-ਦਸਮ ਦੁਆਰ ਵਿਚ ਪਉਣੈ=ਪ੍ਰਾਣਾਂ ਦੇ ਚਾੜਨ ਨਾਲ ਅਪਵਿੱਤ੍ਰਤਾ ਨਹੀਂ ਜਾਂਦੀ।

ਨਾਨਕ ਨਿਗੁਰਿਆ ਗੁਣੁ ਨਾਹੀ ਕੋਇ॥
ਮੁਹਿ ਫੇਰਿਐ ਮੁਹੁ ਜੂਠਾ ਹੋਇ॥ ੧॥

ਗੁਰੂ ਜੀ ਕਥਨ ਕਰਦੇ ਹਨ—ਗੁਰੂ ਤੋਂ ਹੀਣਿਆਂ ਦਾ ਕੋਈ ਭੀ ਗੁਣ ਦਰਗਾਹ ਵਿਚ ਕਬੂਲ ਨਹੀਂ ਹੁੰਦਾ।

ਵਾ:-ਨਿਗੁਰਿਆਂ ਵਿਚ ਕੋਈ ਸ਼ੁਭ ਗੁਣ ਨਹੀਂ ਹੈ ਕਿਉਂਕਿ ਗੁਰੂ ਤੋਂ ਮੂੰਹ ਮੋੜਨ ਕਰਕੇ ਉਹਨਾਂ ਦਾ ਮੂੰਹ ਜੂਠਾ=ਅਪਵਿੱਤਰ ਹੁੰਦਾ ਹੈ॥ ੧॥

ਕਿਸੀ ਨੇ ਕਿਹਾ, ਜੂਠਾ ਮੂੰਹ ਚੁਲੀਆਂ ਕਰਨ ਨਾਲ ਸੁੱਚਾ ਹੋ ਜਾਂਦਾ ਹੈ? ਉੱਤਰ:-

ਮਹਲਾ ੧॥ ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥

ਗੁਰੂ ਜੀ ਕਥਨ ਕਰਦੇ ਹਨ—ਜੋ ਸੁੱਚੀਆਂ ਚੁਲੀਆਂ ਹਨ ਜੇ ਕੋਈ ਉਹਨਾਂ ਨੂੰ ਭਰਨਾ ਜਾਣੇ ਤਾਂ ਹੀ ਸੁੱਚਾ ਹੁੰਦਾ ਹੈ।

ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥

ਸੁਰਤੇ=ਵੇਦ ਪਾਠੀ ਦੀ ਚੁਲੀ ਗਿਆਨ ਦੀ ਹੈ, ਜੋਗੀ ਦਾ ਜੇਹੜਾ ਜਤਿੰਦਰੇ ਹੋਣਾ ਹੈ, ਏਹ ਜੋਗੀ ਦੀ ਚੁਲੀ ਹੈ।

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥

ਬ੍ਰਾਹਮਣ ਦੀ ਚੁਲੀ ਸੰਤੋਖ ਦੀ ਹੈ, (ਯਥਾ ਲਾਭ ਤਥਾ ਸੰਤੁਸ਼ਟ ਰਹਿਣਾ) ਬ੍ਰਾਹਮਣ ਨੂੰ ਲੋਭ ਨਹੀਂ ਕਰਨਾ ਚਾਹੀਦਾ ਸੰਤੋਖੀ ਬਣ ਕੇ ਰਹਿਣਾ ਚਾਹੀਦਾ ਹੈ, ਸੱਚ ਬੋਲਦਿਆਂ ਰਹਿਣਾ ਤੇ ਦਾਨ ਕਰਦਿਆਂ ਰਹਿਣਾ,

ਵਾ:-ਸੱਤ ਸਰੂਪ ਪਰਮੇਸ਼ਰ ਦੇ ਨਮਿਤ ਦਾਨ ਕਰਨਾ ਏਹੋ ਗ੍ਰਿਹਸਤੀ ਦੀ ਚੁਲੀ ਹੈ।

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥

ਸੱਚਾ ਨਿਆਂ (ਇਨਸਾਫ) ਕਰਨਾ ਏਹ ਰਾਜੇ ਦੀ ਚੁਲੀ ਹੈ, ਜੋ ਸੱਚ ਸਰੂਪ ਦਾ ਧਿਆਨ ਧਾਰਨਾ ਹੈ, ਇਹ ਪੜ੍ਹਿਆਂ ਹੋਇਆਂ ਦੀ ਚੁਲੀ ਹੈ।

ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ॥

ਪਾਣੀ ਦੀ ਚੁਲੀ ਭਰਨ ਨਾਲ ਚਿਤ ਨਹੀਂ ਧੋਪਦਾ, ਹਾਂ ਇਕ ਗੱਲ ਹੈ ਮੂੰਹ ਨਾਲ ਪਾਣੀ ਪੀਤਾ ਜਾਵੇ ਤਾਂ ਤਰੇਹ ਦੂਰ ਹੋ ਜਾਂਦੀ ਹੈ।

ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥ ੨॥

ਪਾਣੀ ਸਾਰੇ ਸੰਸਾਰ ਦਾ ਪਿਉ ਹੈ ਅਤੇ ਫਿਰ ਪਾਣੀ ਹੀ ਸਭਨਾਂ ਨੂੰ ਖਾਇ=ਨਾਸ ਕਰ ਲੈਂਦਾ ਹੈ। ਇੰਨੀ ਸਮਰੱਥਾ ਵਾਲਾ ਹੋ ਕੇ ਭੀ ਗੁਰੂ ਤੋਂ ਬੇਮੁਖਤਾ ਰੂਪ ਜੂਠ ਨੂੰ ਦੂਰ ਨਹੀ ਕਰ ਸਕਦਾ ॥ ੨॥

ਪਉੜੀ॥ ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ॥

ਨਾਮ ਦੇ ਸੁਨਣ ਕਰਕੇ ਸਭ ਰਿਧੀਆਂ ਸਿਧੀਆਂ ਪਿਛੇ ਤੁਰੀਆਂ ਆਉਂਦੀਆਂ ਹਨ।

ਨਾਇ ਸੁਣਿਐ ਨਉਨਿਧਿ ਮਿਲੈ ਮਨ ਚਿੰਦਿਆ ਪਾਵੈ॥

ਨਾਮ ਦੇ ਸੁਨਣ ਕਰਕੇ ਨੌਂ ਨਿਧੀਆਂ ਮਿਲਦੀਆਂ ਹਨ ਅਤੇ ਮਨ ਇੱਛਤ ਫਲ ਪਾਉਂਦਾ ਹੈ।

ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ॥

ਨਾਮ ਦੇ ਸੁਨਣ ਕਰਕੇ ਸੰਤੋਖ ਪ੍ਰਾਪਤ ਹੁੰਦਾ ਹੈ ਅਤੇ ਕਵਲਾ=ਲਛਿਮੀ ਜੀਵ ਦੇ ਚਰਨਾਂ ਦੀ ਸੇਵਾ ਕਰਦੀ ਹੈ, ਭਾਵ ਬੇਅੰਤ ਮਾਇਆ ਪ੍ਰਾਪਤ ਹੁੰਦੀ ਹੈ।

ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ॥

ਨਾਮ ਦੇ ਸੁਨਣ ਕਰਕੇ ਸਹਜੁ=ਗਿਆਨ ਪੈਦਾ ਹੁੰਦਾ ਹੈ ਅਤੇ ਸੁਭਾਵਕ ਹੀ ਆਤਮ ਸੁਖ ਨੂੰ ਪਾਉਂਦਾ ਹੈ।

ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ॥ ੭॥

ਗੁਰੂ ਜੀ ਕਥਨ ਕਰਦੇ ਹਨ-ਗੁਰਸਿੱਖਿਆ ਕਰਕੇ ਪ੍ਰਭੂ ਦਾ ਨਾਮ ਪਾਈਦਾ ਹੈ ਅਤੇ ਗੁਰਾਂ ਦੀ ਸਿੱਖਿਆ ਕਰਕੇ ਹੀ ਜਗਿਆਸੂ ਪ੍ਰਭੂ ਦੇ ਗੁਣਾਂ ਨੂੰ ਗਾਉਂਦਾ ਹੈ॥ ੭॥

ਸਲੋਕ ਮਹਲਾ ੧॥

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥

ਜੀਵ ਦੁੱਖ ਵਿਚ ਜੰਮਦਾ ਹੈ, ਦੁੱਖ ਵਿਚ ਮਰਦਾ ਹੈ ਅਤੇ ਦੁੱਖ ਹੀ ਸੰਸਾਰ ਦੀ ਵਰਤਣ ਹੈ ਜਾਂ ਸੰਸਾਰ ਵਿਚ ਏਹ ਜੀਵ ਦੁੱਖਾਂ ਵਿਚ ਵਰਤਦਾ ਰਹਿੰਦਾ ਹੈ।

ਦੁਖੁ ਦੁਖੁ ਅਗੈ ਆਖੀਐ ਪੜਿ ਪੜਿ ਕਰਹਿ ਪੁਕਾਰ॥

ਪੰਡਿਤ ਲੋਕ ਸ਼ਾਸਤ੍ਰਾਂ ਨੂੰ ਪੜ੍ਹ ਕੇ, ਪੁਰਾਣਾਂ ਨੂੰ ਪੜ੍ਹ ਕੇ ਏਹੋ ਪੁਕਾਰਦੇ ਹੋਏ ਆਖਦੇ ਹਨ— ਕਿ ਅੱਗੇ

ਜਾ ਕੇ ਜੀਵ ਨੂੰ ਦੁੱਖ ਹੀ ਦੁੱਖ ਮਿਲਦਾ ਹੈ।

ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥

ਪ੍ਰਾਣੀ ਲਈ ਦੁੱਖ ਦੀਆਂ ਹੀ ਪੰਡਾਂ ਖੁਲ੍ਹਦੀਆਂ ਹਨ, ਇਸ ਵਿਚੋਂ ਕੋਈ ਭੀ ਸੁਖ ਨਹੀਂ ਨਿਕਲਿਆ।

ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥

ਜੀਵ ਨੂੰ ਦੁੱਖ ਵਿਚ ਹੀ ਜਲਾਇਆ=ਸਾੜਿਆ ਗਿਆ ਅਤੇ ਦੁੱਖੀ ਹੋ ਕੇ ਰੋਂਦਾ ਹੀ ਜਮਾਂ ਨਾਲ ਉੱਠ ਤੁਰਦਾ ਹੈ।

ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥

ਗੁਰੂ ਜੀ ਕਥਨ ਕਰਦੇ ਹਨ—ਸਿਫਤੀ=ਪਰਮਾਤਮਾ ਦੀ ਸਿਫਤ ਵਿਚ ਤਦਾਕਾਰ ਹੋਣ ਕਰਕੇ ਜੀਵ ਦਾ ਮਨ, ਤਨ ਸ਼ੁਭ ਗੁਣਾਂ ਨਾਲ ਹਰਿਆ ਹੁੰਦਾ ਹੈ, ਵਾ:-ਮਨ ਤਨ ਹਰਿਆ ਹੋਇ=ਸੁਖੀ ਹੁੰਦਾ ਹੈ।

ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ॥ ੧॥

ਭੀ=ਬਹੁੜੋਂ ਜਪ ਤਪ ਆਦਿਕ ਸਾਧਨਾਂ ਦਾ ਜੋ ਦੁੱਖ ਸਹਾਰਨਾ ਹੈ, ਜੇਕਰ ਏਹ ਦਾਰੂ ਪ੍ਰਾਪਤ ਹੋਵੇ ਤਾਂ ਦੁੱਖ ਦੀਆਂ ਅੱਗਾਂ ਜੋ ਕਾਮ ਆਦਿਕ ਵਿਕਾਰ ਹਨ, ਉਹ ਮਾਰੇ ਜਾਂਦੇ ਹਨ॥ ੧॥

ਮਹਲਾ ੧॥

ਨਾਨਕ ਦੁਨੀਆ ਭਸੁ ਰੰਗੁ ਭਸੂ ਹੂ ਭਸੁ ਖੇਹ॥

ਗੁਰੂ ਜੀ ਕਥਨ ਕਰਦੇ ਹਨ-ਦੁਨੀਆ=ਮਾਇਆ ਦਾ ਰੰਗੁ=ਅਨੰਦ, ਭਸੁ=ਸੁਆਹ ਰੂਪ ਹੈ, ਪਿਛੇ ਵੀ ਭਸ ਰੂਪ ਸੀ, ਹੁਣ ਭੀ ਭਸ ਰੂਪ ਹੈ, ਅੱਗੇ ਭੀ ਖੇਹ ਰੂਪ ਹੋਵੇਗਾ।

ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ॥

ਇਹ ਜੀਵ ਪਾਪਾਂ ਰੂਪੀ ਭਸ ਹੀ ਭਸ ਨੂੰ ਕਮਾਉਂਦਾ ਹੈ, ਕੁਝ ਸਮਾਂ ਬੀਤਣ 'ਪਰ ਭੀ=ਪੁਨਾ ਫੇਰ ਇਸ ਦੀ ਦੇਹ ਵਿਸ਼ਿਆ ਰੂਪ ਭਸ ਨਾਲ ਭਰੀ ਜਾਂਦੀ ਹੈ।

ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ॥

ਜਿਸ ਵੇਲੇ ਦੇਹ ਵਿਚੋਂ ਜੀਵ ਕਢਿਆ ਜਾਂਦਾ ਹੈ ਤਾਂ ਵਾਸ਼ਨਾ ਰੂਪੀ,
ਵਾ:-ਲਾਹਨਤਾਂ ਰੂਪੀ ਭਸ ਨਾਲ ਭਰਿਆ ਜਾਂਦਾ ਹੈ।

ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ॥ ੨॥

ਜਦ ਅਗੈ=ਪ੍ਰਲੋਕ ਵਿਚ ਲੇਖਾ ਮੰਗਿਆ ਗਿਆ ਤਾਂ ਹੋਰ ਦਸ ਹਿੱਸੇ ਸੁਆਹ ਸਿਰ ਉੱਤੇ ਪੈਂਦੀ ਹੈ,
ਵਾ:-ਦਸ ਹਿੱਸੇ ਹੋਰ ਬਹੁਤੀ ਮਾਰ ਪੈਂਦੀ ਹੈ॥ ੨॥

ਪਉੜੀ॥ ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥

ਸੁਚਿ=ਪਵਿੱਤ੍ਰਤਾ ਤੇ ਸੰਜਮ ਨਾਲ ਨਾਮ ਦੇ ਸੁਨਣ ਕਰਕੇ ਜਮ ਨੇੜੇ ਨਹੀਂ ਆਉਂਦਾ ।

ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ॥

ਨਾਮ ਦੇ ਸੁਨਣ ਨਾਲ ਅੰਤਹਕਰਣ ਵਿਚ ਗਿਆਨ ਦਾ ਚਾਨਣ ਹੁੰਦਾ ਹੈ, ਜੋ ਅਗਿਆਨ ਰੂਪ ਹਨੇਰੇ ਨੂੰ ਗੁਆਉਂਦਾ ਹੈ।

ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥

ਨਾਮ ਦੇ ਸੁਨਣ ਨਾਲ ਆਪਣਾ ਸਰੂਪ ਸਮਝੀਦਾ ਹੈ ਅਤੇ ਨਾਮ ਕਰਕੇ ਹੀ ਆਤਮ ਲਾਭ ਨੂੰ ਪਾਂਦਾ ਹੈ।

ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥

ਨਾਮ ਦੇ ਸੁਨਣ ਨਾਲ ਸਾਰੇ ਪਾਪ ਕੱਟੇ ਜਾਂਦੇ ਹਨ ਅਤੇ ਸੁਖ ਸਰੂਪ ਸੱਚੇ ਪਰਮਾਤਮਾ ਨੂੰ ਪਾ ਲੈਂਦਾ ਹੈ।

ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥ ੮॥

ਗੁਰੂ ਜੀ ਕਥਨ ਕਰਦੇ ਹਨ—ਨਾਮ ਦੇ ਸੁਨਣ ਕਰਕੇ ਮੂੰਹ ਉਜਲਾ ਹੁੰਦਾ ਹੈ, ਪਰ ਗੁਰਮੁਖ ਪੁਰਸ਼ ਹੀ ਗੁਰਾਂ ਦੁਆਰੇ ਨਾਮ ਨੂੰ ਧਿਆਉਂਦਾ ਹੈ॥ ੮॥

ਸਲੋਕ ਮਹਲਾ ੧॥

ਕੋਈ ਪਖੰਡੀ ਬ੍ਰਾਹਮਣ ਪਖੰਡ ਸਹਿਤ ਠਾਕੁਰ ਪੂਜਾ ਕਰਦਾ ਸੀ, ਉਸ ਨੂੰ ਪਖੰਡ ਤੋਂ ਹਟਾਉਣ ਲਈ ਉਪਦੇਸ਼ ਦੇਂਦੇ ਹਨ-

ਘਰਿ ਨਾਰਾਇਣੁ ਸਭਾ ਨਾਲਿ॥ ਪੂਜ ਕਰੇ ਰਖੈ ਨਾਵਾਲਿ॥

ਘਰ ਵਿਚ ਨਰਾਇਣ ਦੀ ਮੂਰਤੀ ਰੱਖੀ ਹੋਈ ਹੈ ਤੇ ਨਾਲ ਨੰਦ ਸੁਨੰਦ ਦੀ ਸਭਾ ਬਣਾਈ ਹੋਈ ਹੈ। ਤੂੰ ਉਹਨਾਂ ਦੀ ਪੂਜਾ ਕਰਦਾ ਹੈਂ ਤੇ ਨਾਵਾਲਿ=ਇਸ਼ਨਾਨ ਕਰਕੇ ਉਹਨਾਂ ਨੂੰ ਚੰਗੇ ਥਾਂ 'ਪਰ ਰੱਖਦਾ ਹੈਂ।

[ਪੰਨਾ ੧੨੪੧]

ਕੁੰਗੂ ਚੰਨਣੁ ਫੁਲ ਚੜਾਏ॥ ਪੈਰੀ ਪੈ ਪੈ ਬਹੁਤੁ ਮਨਾਏ॥

ਕੁੰਗੂ=ਕੇਸਰ, ਚੰਨਣੁ=ਚੰਦਨ ਤੇ ਫੁਲ ਚੜ੍ਹਾਉਂਦਾ ਹੈਂ। ਫਿਰ ਠਾਕੁਰਾਂ ਦੀ ਤੇ ਪਾਰਖਦਾਂ ਦੀ ਪੈਰੀਂ ਪੈ ਪੈ ਕੇ ਬਹੁਤ ਹੀ ਮਨਾਉਂਦਾ ਹੈਂ।

ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ॥ ਅੰਧੀ ਕੰਮੀ ਅੰਧ ਸਜਾਇ॥

ਠਾਕੁਰ ਜੀ ਤੋਂ ਨਹੀਂ ਮੰਗਦਾ, ਮਾਣੂਆ=ਮਨੁੱਖਾਂ ਕੋਲੋਂ ਮੰਗ ਮੰਗ ਕੇ ਖਾਂਦਾ ਤੇ ਪਹਿਨਦਾ ਹੈਂ। ਹੇ ਅੰਨ੍ਹੇ ਪੁਰਸ਼ਾ ! ਅੰਨ੍ਹਿਆਂ ਕੰਮਾਂ ਕਰਕੇ ਅੰਨੀ=ਬਹੁਤੀ ਸਜ਼ਾ ਮਿਲਦੀ ਹੈ।

ਭੁਖਿਆ ਦੇਇ ਨ ਮਰਦਿਆ ਰਖੈ॥ ਅੰਧਾ ਝਗੜਾ ਅੰਧੀ ਸਥੈ॥ ੧॥

ਤੇਰਾ ਠਾਕੁਰ ਭੁੱਖਿਆਂ ਨੂੰ ਦੇਂਦਾ ਨਹੀਂ ਤੇ ਮਰਦਿਆਂ ਨੂੰ ਰਖੈ=ਬਚਾਉਂਦਾ ਨਹੀਂ ਹੈ। (ਜੇਕਰ ਤੇਰਾ ਠਾਕੁਰ ਦੇਂਦਾ ਹੁੰਦਾ ਤਾਂ ਤੂੰ ਲੋਕਾ ਪਾਸੋਂ ਮੰਗਦਾ ਨਾ) ਇਸ ਲਈ ਇਨ੍ਹਾਂ ਦੀ ਪੂਜਾ ਕਰਨੇ ਰੂਪ ਝਗੜਾ ਅੰਨ੍ਹਾਂ ਹੈ ਤੇ ਨੰਦ ਸੁਨੰਦ ਦੀ ਸਥੈ=ਸਭਾ ਵੀ ਅੰਨ੍ਹੀ ਹੈ॥ ੧॥

ਮਹਲਾ ੧॥ ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ॥

ਸਭੇ ਸੁਰਤੀ=ਸਾਰੇ ਵੇਦ ਪਾਠੀ, ਵਾ:-ਗਿਆਤ ਗੇਅ ਪੁਰਸ਼, ਜੋਗ ਸਭਿ=ਸਾਰੇ ਜੋਗੀ ਪੁਰਸ਼ ਅਤੇ ਸਾਰੇ ਵੇਦ ਤੇ ਪੁਰਾਨ।

ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ॥

ਸਾਰੇ ਕਰਣੇ=ਕਰਤੱਬ ਕਰਨੇ, ਸਾਰੇ ਤਪ ਕਰਨੇ, ਸਾਰਿਆਂ ਗੀਤਾਂ ਦਾ ਪੜ੍ਹਨਾ ਤੇ ਗਿਆਨ ਦਾ ਕਥਨ ਕਰਨਾ।

ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ॥

ਸਾਰੇ ਬੁੱਧੀਵਾਨ ਪੁਰਸ਼, ਸਾਰੇ ਸੋਧੀ ਪੁਰਸ਼, ਵਾ:-ਸਾਰੀਆਂ ਸੁਧੀਆਂ, ਸਾਰੇ ਤੀਰਥ ਤੇ ਸਾਰੇ ਦੇਵ ਅਸਥਾਨ।

ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ॥

ਸਾਰੀਆਂ ਪਾਤਸ਼ਾਹੀਆਂ, ਸਾਰੇ ਅਮਰ=ਹੁਕਮ, ਸਾਰੀਆਂ ਖੁਸ਼ੀਆਂ ਅਤੇ ਸਾਰੇ ਖਾਨ=ਸਰਦਾਰ।

ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ॥

ਸਾਰੇ ਮਾਣਸ=ਮਨੁੱਖ ਤੇ ਸਾਰੇ ਦੇਵਤੇ, ਸਾਰੇ ਜੋਗੀ ਤੇ ਸਾਰੇ ਧਿਆਨੀ।

ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ॥

ਇੰਦਰ ਆਦਿਕ ਸਾਰੀਆਂ ਪੁਰੀਆਂ, ਭਾਰਥ, ਇਲਾਬ੍ਰਤ ਆਦਿਕ ਸਾਰੇ ਨੌਂ ਖੰਡ ਅਤੇ ਸੰਸਾਰ ਦੇ ਸਾਰੇ ਜੀਵ।

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥

ਇਨ੍ਹਾਂ ਸੰਾਰਿਆਂ ਨੂੰ ਪਰਮੇਸ਼ਰ ਆਪਣੇ ਹੁਕਮ ਵਿਚ ਚਲਾਉਂਦਾ ਹੈ, ਕਰਮੀ=ਜੀਵਾਂ ਦੇ ਮੱਥੇ 'ਪਰ ਕਰਮਾਂ ਅਨੁਸਾਰ ਹੁਕਮ ਰੂਪੀ ਕਲਮ ਵਹੈ=ਵਗ ਰਹੀ, ਅਰਥਾਤ ਚਲ ਰਹੀ ਹੈ।

ਨਾਨਕ ਸਚਾ ਸਚਿ ਨਾਇ ਸਚੁ ਸੰਭਾ ਦੀਬਾਣੁ॥ ੨॥

ਗੁਰੂ ਜੀ ਕਥਨ ਕਰਦੇ ਹਨ-ਉਹ ਆਪ ਸੱਚਾ ਹੈ, ਉਸ ਦਾ ਨਾਮ ਸੱਚਾ ਹੈ, ਉਸ ਦੀ ਸਤਸੰਗ ਰੂਪ ਸਭਾ ਦਾ ਦੀਬਾਣੁ=ਆਸਰਾ ਭੀ ਸੱਚਾ ਹੈ॥ ੨॥

ਪਉੜੀ॥ ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ॥

ਨਾਮ ਦੇ ਮੰਨਿਆਂ ਹੀ ਸੁਖ ਪੈਦਾ ਹੁੰਦਾ ਹੈ ਅਤੇ ਨਾਮ ਜਪਦਿਆਂ ਹੀ ਗਤਿ ਹੋਈ=ਮੁਕਤ ਹੋਈਦਾ ਹੈ।

ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥

ਨਾਮ ਦੇ ਮੰਨਿਆਂ ਹੀ ਹਿਰਦੇ ਵਿਚ ਉਸ ਹਰੀ ਪਤੀ ਨੂੰ ਪਾਈਦਾ ਹੈ।

ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥

ਨਾਮ ਦੇ ਮੰਨਿਆਂ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘੀਦਾ ਹੈ ਅਤੇ ਫੇਰ ਕੋਈ ਦੁੱਖ ਨਹੀਂ ਹੁੰਦਾ।

ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥

ਨਾਮ ਦੇ ਮੰਨਿਆਂ ਹੀ ਪ੍ਰਭੂ ਦੀ ਪ੍ਰਾਪਤੀ ਦਾ ਰਸਤਾ ਪ੍ਰਗਟ ਹੁੰਦਾ ਹੈ ਅਤੇ ਸਾਰੀ ਦੁਨੀਆਂ ਨਾਮ ਦੇ ਆਸਰੇ ਹੈ।

ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ॥ ੯॥

ਗੁਰੂ ਜੀ ਕਥਨ ਕਰਦੇ ਹਨ- ਸਤਿਗੁਰਾਂ ਨਾਲ ਮਿਲਣ ਕਰਕੇ ਨਾਮ ਦਾ ਮਨਨ ਹੁੰਦਾ ਹੈ, ਪਰ ਜਿਸ ਨੂੰ ਗੁਰਾਂ ਦਾ ਮੇਲ ਦੇਂਦਾ ਹੈ, ਓਹੀ ਗੁਰਾਂ ਨੂੰ ਮਿਲਦਾ ਹੈ॥ ੯॥

ਸਲੋਕ ਮਃ ੧॥ ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਏ॥
ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ॥
ਕਿਸੁ ਉਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ ਕਰੇਇ॥
ਕਿਸਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ॥
ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ॥ ੧॥

ਅੰਨਵੇਂ ਤੁਕਾਂ ਵੱਲ ਖਿਆਲ ਰੱਖਣਾ:-ਪੁਰੀਆਂ ਤੇ ਖੰਡਾਂ ਦੇ ਰਾਜਿਆਂ ਨੂੰ ਗੁਲਾਮ ਬਣਾ ਕੇ ਉਹਨਾਂ ਦੇ ਹੱਥ ਚੌਰ ਜਾਂ ਛਤਰ ਦੇ ਕੇ ਆਪਣੇ ਸਿਰ 'ਪਰ ਖੜਾ ਕਰੇ,

ਅਥਵਾ:-ਬ੍ਰਹਮ ਪੁਰੀ, ਵਿਸ਼ਨ ਪੁਰੀ, ਸ਼ਿਵ ਪੁਰੀ, ਇੰਦਰ ਪੁਰੀ ਇਤਆਦਿਕ ਸਭ ਪੁਰੀਆਂ ਦੇ ਰਾਜਿਆਂ 'ਪਰ ਤੇ ਖੰਡਾਂ ਦੇ ਰਾਜਿਆਂ 'ਪਰ ਆਪਣਾ ਹੁਕਮ ਚਲਾਉਣਾ ਕਰੇ। ਜਿਵੇਂ ਰਾਵਣ ਨੇ ਸਾਰਿਆਂ ਉੱਤੇ ਆਪਣਾ ਹੁਕਮ ਕੀਤਾ ਸੀ, ਜਿਸ 'ਤੇ ਸਾਰੇ ਦੇਵਤੇ ਇਸ ਦੀ ਸੇਵਾ ਕਰਦੇ ਸਨ।

*ਯਥਾ:- **ਚੰਦ ਸੂਰਜ ਜਾ ਕੇ ਤਪਤ ਰਸੋਈ॥ ਬੈਸੰਤਰ ਜਾ ਕੇ ਕਪਰੇ ਧੋਈ॥***.

(ਹੋਰ ਕੀ ਆਖਣਾ ਹੈ, ਇਸ ਨੇ ਤਾਂ ਕਾਲ ਨੂੰ ਆਪਣੇ ਮੰਜੇ ਦੇ ਪਾਵੇ ਨਾਲ ਬੰਨ੍ਹਿਆ ਹੋਇਆ ਸੀ) ਜਾਂ ਪੁਰੀਆਂ ਤੇ ਖੰਡਾਂ ਦੇ ਰਾਜਿਆਂ ਨੂੰ ਸਿਰਿ ਕਰੇ=ਸਰ ਕਰ ਲਵੇ, ਅਰਥਾਤ ਜਿੱਤ ਲੈਣਾ ਕਰੇ ਐਡਾ ਚੱਕਰਵਰਤੀ ਬਾਦਸ਼ਾਹ ਹੋ ਕੇ ਜੇਕਰ ਆਪੁ ਗਣੇਇ=ਆਪਣੇ ਆਪ ਨੂੰ ਉੱਚਾ ਗਿਣਦਾ ਹੈ ਤਾਂ ਉਹ ਮੂਰਖ ਹੈ।

ਅਸੀਂ ਉਸ ਕੋਲੋਂ ਪੁਛਦੇ ਹਾਂ:-**ਕਿਸੁ ਉਪਰਿ ਓਹੁ ਟਿਕ ਟਿਕੈ,**

ਉਹ ਕਿਸ ਟਿਕ=ਆਸਰੇ ਉੱਤੇ ਟਿਕਿਆ ਹੋਇਆ ਹੈ।

ਹੁਕਮਿ ਰਹਾਏ ਆਪਣੈ=ਪਰਮੇਸ਼ਰ ਤਾਂ ਸਾਰਿਆਂ ਨੂੰ ਆਪਣੇ ਹੁਕਮ ਵਿਚ ਚਲਾਉਂਦਾ ਹੈ।

ਕਿਸ ਨੋ ਜੋਰੁ ਕਰੇਇ=ਇਹ ਜੀਵ ਭਲਾ ਕਿਸ ਉੱਤੇ ਜ਼ੋਰ ਕਰਦਾ ਹੈ।

ਦੂਜਾ ਸਾਧਨਾ ਕਰਨ ਵਾਲਿਆਂ ਦਾ ਪ੍ਰਸੰਗ ਸੁਣੋ:-

ਇਕ ਪੈਰਿ ਧਿਆਏ=ਇਕ ਪੈਰ ਉੱਤੇ ਖਲੋ ਕੇ ਜੋ ਪ੍ਰਭੂ ਨੂੰ ਧਿਆਉਂਦੇ ਹਨ, ਤੇ—

ਪਉਣੁ ਮਾਰਿ ਮਨਿ ਜਪੁ ਕਰੇ=ਵਾਸ਼ਨਾ ਨੂੰ ਮਾਰ ਕੇ ਜੋ ਮਨ ਵਿਚ ਹਰੀ ਦਾ ਜਪ ਕਰਦੇ ਹਨ, **ਸਿਰੁ ਮੁੰਡੀ ਤਲੈ ਦੇਇ**=ਕਪਾਲੀ ਆਸਣ ਲਗਾਉਂਦੇ ਹਨ।

ਇਤਆਦਿਕ ਸਾਧਨ ਕਰਕੇ ਜੇ **'ਆਪੁ ਗਣੇਇ'**=ਆਪਣੇ ਆਪ ਨੂੰ ਉੱਚਾ ਮਹਾਤਮਾ ਗਿਣਦਾ ਹੈ ਤਾਂ ਉਹ ਮੂਰਖ ਹੈ, ਕਿਉਂਕਿ-

ਕਿਸ ਨੋ ਕਹੀਐ ਨਾਨਕ ਕਿਸ ਨੋ ਕਰਤਾ ਦੇਇ॥

ਇਹ ਕੀ ਕਹੀਏ ਕਿ ਕਰਤਾ ਜੋ ਅਕਾਲ ਪੁਰਖ ਹੈ, ਉਸ ਨੇ ਆਪਣਾ ਦਰਸ਼ਨ ਕਿਸ ਕਿਸ ਨੂੰ ਦੇਣਾ ਹੈ, ਇਕ

ਪੈਰ ਉੱਤੇ ਖੜਾ ਹੋ ਕੇ ਜੋ ਧਿਆਉਂਦਾ ਹੈ, ਉਸ ਨੂੰ ਦਰਸ਼ਨ ਦੇਣਾ ਹੈ ਜਾਂ ਕਪਾਲੀ ਆਸਣ ਲਗਾਣ ਵਾਲੇ ਨੂੰ ਦੇਣਾ ਹੈ ਜਾਂ ਹੋਰ ਕਿਸੇ ਜਪ ਤਪ ਕਰਨ ਵਾਲੇ ਨੂੰ ਦੇਣਾ ਹੈ, ਇਹ ਉਸ ਦੀ ਆਪਣੀ ਮਰਜ਼ੀ ਹੈ॥ ੧॥

ਮ: ੧॥ ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ॥
ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ॥

ਮਨ ਕਰਕੇ ਕੋਟਾਨ ਕੋਟ ਵਾਰੀ ਪ੍ਰਭੂ ਦੇ ਜਸ ਨੂੰ ਸਦਾ ਆਖਣਾ ਕੀਤਾ ਹੈ,
ਬਾਣੀ ਦੁਆਰਾ ਕੋਟਾਨ ਕੋਟ ਵਾਰੀ ਪ੍ਰਭੂ ਦੇ ਜਸ ਨੂੰ ਸਦਾ ਆਖਣਾ ਕੀਤਾ ਹੈ,
ਸਰੀਰ ਦੁਆਰਾ ਕੋਟਾਨ ਕੋਟ ਵਾਰੀ ਪ੍ਰਭੂ ਦੇ ਜਸ ਨੂੰ ਸਦਾ ਆਖਣਾ ਕੀਤਾ ਹੈ,
ਪਰ ਕਹਿਣ ਨਾਲ ਉਸ ਦੇ ਗੁਣਾਂ ਦਾ ਤੋਟਿ=ਘਾਟਾ ਨਹੀਂ ਆਉਂਦਾ।

ਦੂਜਾ ਅਰਥ:-

ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ॥
ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ॥

ਕੋਟਾਨ ਕੋਟ ਜੀਵਾਂ ਨੇ ਪਿਛੇ ਉਸ ਦੇ ਜਸ ਨੂੰ ਸਦਾ ਆਖਿਆ ਸੀ।
ਕੋਟਾਨ ਕੋਟ ਜੀਵਾਂ ਨੇ ਹੁਣ ਭੀ ਉਸ ਦੇ ਜਸ ਨੂੰ ਸਦਾ ਆਖਿਆ ਹੈ।
ਕੋਟਾਨ ਕੋਟ ਜੀਵ ਅੱਗੇ ਭੀ ਉਸ ਦੇ ਜਸ ਨੂੰ ਸਦਾ ਆਖਣਗੇ।
ਫਿਰ ਭੀ ਇਤਨਿਆਂ ਦੇ ਕਹਿਣ ਨਾਲ ਉਸ ਦੇ ਗੁਣਾਂ ਦਾ ਘਾਟਾ ਨਹੀਂ ਆਉਂਦਾ।

*ਪ੍ਰਸ਼ਨ:-*ਬ੍ਰਹਮਾ, ਵਿਸ਼ਨੂੰ ਆਦਿਕ ਦੇਵਤੇ ਉਸ ਦਾ ਅੰਤ ਪਾ ਲੈਂਦੇ ਹੋਣਗੇ? *ਉੱਤਰ:-*

ਤੀਜਾ ਅਰਥ:-

ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ॥
ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ॥

ਬ੍ਰਹਮਾ ਨੇ ਕੋਟਾਨ ਕੋਟ ਵਾਰੀ ਉਸ ਦੇ ਜਸ ਨੂੰ ਸਦਾ ਆਖਿਆ ਹੈ।
ਵਿਸ਼ਨੂੰ ਨੇ ਕੋਟਾਨ ਕੋਟ ਵਾਰੀ ਉਸ ਦੇ ਜਸ ਨੂੰ ਸਦਾ ਆਖਿਆ ਹੈ।
ਸ਼ਿਵਾ ਨੇ ਕੋਟਾਨ ਕੋਟ ਵਾਰੀ ਉਸ ਦੇ ਜਸ ਨੂੰ ਸਦਾ ਆਖਿਆ ਹੈ।
ਇਨ੍ਹਾਂ ਦੇਵਤਿਆਂ ਦੇ ਕਹਿਣ ਨਾਲ ਭੀ ਉਸ ਦੇ ਗੁਣਾਂ ਦਾ ਘਾਟਾ ਨਹੀਂ ਆਉਂਦਾ।

ਚੌਥਾ ਅਰਥ:-

ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ॥
ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ॥

ਕੂੜਾਂ ਪੁਰਸ਼ਾਂ ਨੇ ਕੂੜਾਂ ਕੋਟੀਆਂ ਦੇ ਕੇ ਕੂੜ ਵਾਰੀ ਪਰਮਾਤਮਾ ਦੇ ਕੂੜਾਂ ਹੀ ਨਾਮਾਂ ਨੂੰ ਆਖਣੇ ਵਾਲਾ ਹੋ ਕੇ ਸਦਾ ਸਦਾ ਆਖਣਾ ਹੀ ਕੀਤਾ ਹੈ, ਪਰ ਕਹਿਣ ਨਾਲ ਉਸ ਦਾ ਤੋਟਾ ਨਹੀਂ ਆਇਆ ।

ਪੰਜਵਾਂ ਅਰਥ:-

ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ॥
ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ॥

ਕੋਟਾਂ ਵਿਚੋਂ ਜੋ ਸਰੀਰ ਰੂਪੀ ਕੋਟ ਹੈ, ਉਸ ਵਿਚ ਜੋ ਕੋਟੀ=ਬੁੱਧੀ ਹੈ, ਉਸ ਬੁੱਧੀ ਵਿਚ ਕੂੜਾਂ ਦੇ ਉਤਪੰਨ ਕਰਨ ਵਾਲੇ ਪਰਮੇਸ਼ਰ ਦੇ ਨਾਮਾਂ ਨੂੰ ਸਦਾ ਸਦਾ ਆਖਣੇ ਵਾਲਾ ਹੋ ਕੇ ਆਖਣਾ ਕੀਤਾ ਹੈ, ਪਰ ਕਹਿਣ ਨਾਲ ਉਸ ਦਾ ਘਾਟਾ ਨਹੀਂ ਆਉਂਦਾ ।

ਜਾਂ ਕੋਟਾਂ ਵਿਚੋਂ ਜੋ ਸਤਸੰਗ ਰੂਪ ਕੋਟ ਹੈ, ਉਸ ਸਤਸੰਗ ਰੂਪੀ ਕੋਟ ਵਿਚ ਕੂੜ ਰੂਪ ਪਰਮਾਤਮਾ ਦੇ ਨਾਮਾਂ ਨੂੰ ਨਿਤਾਪ੍ਰਤੀ ਕੂੜ ਵਾਰੀ ਆਖਣਾ ਹੀ ਆਖਣਾ ਕੀਤਾ ਹੈ, ਪਰ ਕਹਿਣ ਨਾਲ ਉਸ ਦੇ ਗੁਣਾਂ ਦਾ ਤੋਟਿ=ਘਾਟਾ ਨਹੀਂ ਆਉਂਦਾ।

ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ ॥

ਨਾਮ ਨੂੰ ਆਖਦਾ ਹੋਇਆ ਨਾ ਮੈਂ ਥਕਾਂ ਅਤੇ ਨਾ ਕੋਈ ਮੈਨੂੰ ਠਾਕੀਆ=ਰੋਕੇ, ਏਨੀ ਵਡੀ ਜੋਤਿ=ਤਾਕਤ ਮੈਂ ਆਪਣੇ ਵਿਚ ਰੱਖਾਂ।

ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਪੰਦ੍ਰਾਂ ਵਾਰ ਅੱਖਾਂ ਦਾ ਮੀਟਣਾ ਤੇ ਖੋਲਣਾ ਏਹ ਇਕ ਵਿਸਾ ਹੈ, ਪੰਦਰਾਂ ਵਿਸਿਆਂ ਦਾ ਇਕ ਚਸਾ ਹੈ, ਛੇ ਚਸਿਆਂ ਦੀ ਇਕ ਚੁਖ ਹੁੰਦੀ ਹੈ, ਛੇ ਚੁਖਾਂ ਦੀ ਇਕ ਬਿੰਦ ਹੁੰਦੀ ਹੈ, ਜੇ ਏਨਾ ਸਮਾਂ ਭੀ ਪਰਮੇਸ਼ਰ ਦੇ ਨਾਮ ਨੂੰ ਆਖੇ ਤਾਂ ਸਾਰਿਆਂ ਦੋਸ਼ਾਂ ਤੋਂ ਉਪਰ ਹੋ ਜਾਂਦਾ ਹੈ। ਜੇ ਏਨਾ ਸਮਾਂ ਪਰਮੇਸ਼ਰ ਦੇ ਨਾਮ ਆਖਣ ਤੋਂ ਉਪਰਿ=ਉਪਰਾਮ ਹੋ ਜਾਵੇ ਤਾਂ ਏਹ ਬੜਾ ਦੋਸੁ=ਗੁਨਾਹਗਾਰ ਆਖਿਆ ਜਾਂਦਾ ਹੈ॥ ੨ ॥

ਪਉੜੀ ॥ ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ ॥

ਨਾਮ ਦੇ ਮਨਨ ਕੀਤਿਆਂ ਕੁਲ ਜੀਵ ਤਰ ਜਾਂਦੇ ਹਨ ਅਤੇ ਸਾਰੇ ਕੁਟੰਬ ਦੇ ਸਾਰੇ ਜੀਆ ਜੰਤ ਵੀ ਤਰ ਜਾਂਦੇ ਹਨ।

ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ ॥

ਜਿਸ ਨੇ ਨਾਮ ਨੂੰ ਮੰਨਿਆ ਹੈ ਤੇ ਹਿਰਦੇ ਵਿਚ ਵਸਾਇਆ ਹੈ, ਉਸ ਦੀ ਸਾਰੀ ਸੰਗਤ ਭੀ ਸੰਸਾਰ ਸਮੁੰਦਰ ਤੋਂ ਤਰ ਜਾਂਦੀ ਹੈ।

ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ ॥

ਜਿਨ੍ਹਾਂ ਨੇ ਗੁਰਾਂ ਪਾਸੋਂ ਨਾਮ ਸੁਣਿਆ ਹੈ ਤੇ ਮਨਨ ਕੀਤਾ ਹੈ ਅਤੇ ਰਸਨਾ ਆਦਿਕ ਇੰਦ੍ਰੀਆਂ ਨੂੰ ਨਾਮ ਵਿਚ ਰਸਾਇਆ ਹੈ, ਉਹ ਸੰਸਾਰ ਤੋਂ ਉਧਰੇ=ਤਰ ਗਏ ਹਨ।

ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ ॥

ਨਾਮ ਦੇ ਮਨਨ ਕੀਤਿਆਂ ਉਹਨਾਂ ਦੀ ਦੁੱਖ ਭੁੱਖ ਚਲੀ ਗਈ ਹੈ,

ਜਿਨ੍ਹਾਂ ਨੇ ਨਾਮ ਸਿਮਰਨ ਵਿਚ ਚਿਤ ਬਿਰਤੀ ਨੂੰ ਲਗਾਇਆ ਹੈ।

ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੂ ਮਿਲਾਇਆ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਨੇ ਨਾਮ ਨੂੰ ਜਪਿਆ ਹੈ, ਜਿਨ੍ਹਾਂ ਨੂੰ ਗੁਰਾਂ ਨੇ ਆਪਣੇ ਨਾਲ ਮਿਲਾਇਆ ਹੈ॥ ੧੦ ॥

ਸਲੋਕ ਮਃ ੧ ॥

ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥

ਸਾਰੀਆਂ ਰਾਤਾਂ, ਸਾਰੇ ਦਿਨ, ਸਾਰੀਆਂ ਥਿਤਾਂ ਅਤੇ ਸਾਰੇ ਵਾਰ।

ਸਭੇ ਰੁਤੀ ਮਾਹ ਸਭਿ ਸਭਿ ਧਰਤੀ ਸਭਿ ਭਾਰ ॥

ਸਾਰੀਆਂ ਛੇ ਰੁਤਾਂ, ਸਾਰੇ ਬਾਰ੍ਹਾਂ ਮਹੀਨੇ, ਸਾਰੀਆਂ ਧਰਤੀਆਂ ਅਤੇ ਬਨਾਸਪਤੀ ਦੇ ਸਾਰੇ ਭਾਰ।

ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥

ਸਾਰੇ ਪਾਣੀ, ਸਾਰੀਆਂ ਪੌਣਾਂ, ਸਾਰੀਆਂ ਅਗਨੀਆਂ ਤੇ ਸਾਰੇ ਪਤਾਲ।

ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥

ਸਾਰੀਆਂ ਪੁਰੀਆਂ ਤੇ ਸਾਰੇ ਨੌਂ ਖੰਡ, ਸਾਰੇ ਲੋਕਾਂ ਹੀ ਲੋਕਾਂ ਦੇ ਆਕਾਰ=ਸਰੀਰ,

ਵਾ:-ਸਾਰੇ ੧੪ ਲੋਕ ਤੇ ਲੋਕਾਂ ਦੇ ਆਕਾਰ=ਸਰੀਰ।

ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥

ਇਹਨਾਂ ਸਾਰਿਆਂ ਨੇ ਵਾਹਿਗੁਰੂ ਦੇ ਹੁਕਮ ਨੂੰ ਨਹੀਂ ਜਾਣਿਆ ਜੋ ਕੇਤੜਾ=ਕਿੰਨਾ-ਕੁ ਹੈ ਅਤੇ ਨਾ ਹੀ ਉਸ ਦੀ ਕਾਰ ਕਹਿ ਸਕੀਦੀ ਹੈ।

ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ ॥

ਆਖਣ ਵਾਲੇ ਆਖ ਆਖ ਕੇ, ਵਾ:-ਆਖਿ=ਮੂੰਹ ਦੁਆਰੇ ਆਖ ਕੇ ਤੇ ਸਿਫਤੀ=ਪਰਮਾਤਮਾ ਦੀ ਵੀਚਾਰ ਕਰਕੇ ਥੱਕ ਗਏ ਹਨ।

ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥

ਗੁਰੂ ਜੀ ਕਥਨ ਕਰਦੇ ਹਨ-ਬਪੁੜੀ=ਵਿਚਾਰੀ ਜੀਵ ਰੂਪ ਇਸਤ੍ਰੀ ਨੇ ਤ੍ਰਿਣੁ=ਕੱਥ ਜਿੰਨਾ ਭੀ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪਾਇਆ, ਜੋ ਅੰਤ ਪਾਇਆ ਆਖਦੇ ਹਨ, ਉਹ ਮੂਰਖ ਹਨ॥ ੧॥

ਮਃ ੧ ॥ ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥

ਜੇਕਰ ਮੈਂ ਅੱਖੀਆਂ ਦੇ ਪਰਨੇ ਫਿਰਨਾ ਕਰਾਂ, ਅਰਥਾਤ ਧਿਆਨ ਲਗਾਉਣਾ ਕਰਾਂ ਅਤੇ ਸਾਰਿਆਂ ਆਕਾਰੁ=ਸਰੀਰਾਂ ਪਾਸੋਂ, ਦੇਖਾਂ=ਪੁਛਣਾ ਕਰਾਂ। ਕੇਹੜੇ ਸਰੀਰਾਂ ਤੋਂ? ਉੱਤਰ:-

ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥

ਗਿਆਨੀਆਂ ਤੋਂ ਪੁਛਣਾ ਕਰਾਂ, ਵੇਦਾਂ ਦਾ ਵਿਚਾਰ ਕਰਨ ਵਾਲੇ ਜੋ ਪੰਡਿਤ ਹਨ, ਉਹਨਾਂ ਤੋਂ ਪੁਛਣਾ ਕਰਾਂ।

[ਪੰਨਾ ੧੨੪੨]

ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥

ਦੇਵਤਿਆਂ ਤੋਂ ਪੁਛਣਾ ਕਰਾਂ, ਮਨੁੱਖਾਂ ਤੋਂ ਪੁਛਣਾ ਕਰਾਂ, ਜਿਨ੍ਹਾਂ ਜੋਧਿਆਂ ਨੇ ਸੰਸਾਰ ਵਿਚ ਅਵਤਾਰ=

ਉਤਰਨਾ ਕੀਤਾ ਹੈ ਉਹਨਾਂ ਤੋਂ ਪੁਛਣਾ ਕਰਾਂ, ਵਾ:-ਜੋਧਿਆਂ ਪਾਸੋਂ ਤੇ ਅਵਤਾਰਾਂ ਪਾਸੋਂ ਭੀ ਪੁਛਣਾ ਕਰਾਂ।

ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥

ਸਮਾਧੀਆਂ ਲਗਾਉਣ ਵਾਲੇ ਸਾਰਿਆਂ ਸਿਧਾਂ ਕੋਲੋਂ ਪੁਛ ਕੇ ਉੱਤਰ ਸੁਣਨਾ ਕਰਾਂ ਅਤੇ ਰਾਜ ਦਰਬਾਰ ਨੂੰ, ਵਾ:-ਦਰਬਾਰੁ=ਸਤਸੰਗ ਵਿਚ ਜਾ ਕੇ ਦੇਖਾਂ=ਪੁਛਣਾ ਕਰਾਂ ਕਿ ਅੱਗੇ ਪ੍ਰਲੋਕ ਵਿਚ ਕਿਹੜਾ ਜੀਵ ਸੱਚਾ ਹੁੰਦਾ ਹੈ ਤੇ ਨਿਰਭਉ ਕਿਵੇਂ ਹੁੰਦਾ ਹੈ? *ਉੱਤਰ:-*

ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥

ਅਗੈ=ਪ੍ਰਲੋਕ ਵਿਚ ਸੱਚ ਨਾਮ ਜਪਣ ਵਾਲਾ ਮਨੁੱਖ ਸੱਚਾ ਹੁੰਦਾ ਹੈ, ਨਿਰਭਉ=ਡਰ ਤੋਂ ਰਹਿਤ ਜੋ ਪਰਮੇਸ਼ਰ ਹੈ, ਉਸ ਦੇ ਸਾਰੁ=ਸੰਭਾਲਣ ਵਾਲਾ ਪੁਰਸ਼ ਜਮਾਂ ਦੇ ਭੈ=ਡਰ ਤੋਂ ਬਿਨਾਂ ਹੁੰਦਾ ਹੈ।

ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥

ਵਾਹਿਗੁਰੂ ਨਾਮ ਤੋਂ ਬਿਨਾਂ ਹੋਰ ਮਤਾਂ ਕੱਚੀਆਂ ਹਨ,

ਵਾ:-ਹੋਰ ਪੁਰਸ਼ ਕੱਚੀ ਬੁੱਧੀ ਵਾਲੇ ਹਨ, ਕਚੁ ਪਿਚੁ=ਅਸੱਤ ਵਿਅਸਤ ਬਚਨ ਬੋਲਦੇ ਹਨ ਜਾਂ ਕੱਚੇ ਪਿੱਲੇ ਕਰਮਾਂ ਨੂੰ ਕਰਦੇ ਹਨ,

ਵਾ:-ਕੱਚਿਆਂ ਪਦਾਰਥਾਂ ਵਿਚ ਪਿਚੁ=ਤਦਾਕਾਰ ਹੋ ਰਹੇ ਹਨ, ਅੰਨ੍ਹਿਆਂ ਦੇ ਅੰਨ੍ਹੇ ਵਿਚਾਰ ਹਨ।

ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਕਰਮੀ=ਜੀਵ ਨੇ ਬੰਦਗੀ ਕੀਤੀ ਹੈ, ਉਸ ਨੂੰ ਨਦਰਿ=ਨਦਰੀ ਪਰਮਾਤਮਾ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਂਦਾ ਹੈ॥ ੨ ॥

ਪਉੜੀ ॥ ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥

ਨਾਮ ਦੇ ਮਨਨ ਕਰਨ ਨਾਲ ਖੋਟੀ ਬੁੱਧੀ ਦੂਰ ਹੋ ਗਈ ਹੈ ਅਤੇ ਬੁੱਧੀ ਵਿਚ ਸ਼ੁਭ ਵਿਚਾਰ ਆ ਕੇ ਪਰਗਟ ਹੋਇਆ ਹੈ।

ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥

ਨਾਮ ਦੇ ਮਨਨ ਕਰਨ ਨਾਲ ਪਦਾਰਥਾਂ ਦੀ ਹੰਗਤਾ ਮਮਤਾ ਚਲੀ ਗਈ ਹੈ ਅਤੇ ਸਾਰੇ ਰੋਗ ਗਵਾਚ ਗਏ, ਅਰਥਾਤ ਅਭਾਵ ਹੋ ਗਏ ਹਨ।

ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥

ਨਾਮ ਦੇ ਮਨਨ ਕਰਨ ਨਾਲ ਹੋਰ ਨਾਮ ਦਾ ਪ੍ਰੇਮ ਪੈਦਾ ਹੁੰਦਾ ਹੈ ਅਤੇ ਸੁਭਾਵਕ ਆਤਮ ਸੁਖ ਪਾਇਆ ਹੈ।

ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥

ਨਾਮ ਦੇ ਮਨਨ ਕਰਨ ਨਾਲ ਸ਼ਾਂਤੀ ਪੈਦਾ ਹੁੰਦੀ ਹੈ ਅਤੇ ਮਨ ਵਿਚ ਹਰੀ ਆ ਕੇ ਵਸਦਾ ਹੈ।

ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖਾਂ ਨੇ ਗੁਰਾਂ ਦੁਆਰੇ ਰਤਨ ਰੂਪ ਹਰੀ ਨਾਮ ਨੂੰ ਧਿਆਉਣਾ ਕੀਤਾ ਹੈ॥ ੧੧॥

ਸਲੋਕ ਮਃ ੧॥

ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ॥

ਹੇ ਪਰਮੇਸ਼ਰ ! ਜੇਕਰ ਤੇਰਾ ਹੋਰ ਕੋਈ ਸ਼ਰੀਕ ਹੋਵੇ ਤਾਂ ਉਸ ਦੇ ਅੱਗੇ ਤੈਨੂੰ ਬੁਰਾ ਭਲਾ ਆਖਾਂ। ਇਸ ਲਈ-

ਤੁਧੁ ਅਗੈ ਤੁਧੈ ਸਾਲਾਹੀ ਮੈ ਅੰਧੇ ਨਾਉ ਸੁਜਾਖਾ॥

ਤੇਰੇ ਅੱਗੇ ਤੈਨੂੰ ਹੀ ਸਲਾਹੁੰਦਾ ਹਾਂ, ਮੈਂ ਅੰਨ੍ਹੇ ਅਗਿਆਨੀ ਨੂੰ ਤੇਰਾ ਨਾਮ ਸੁਜਾਖਾ ਕਰਨ ਵਾਲਾ ਹੈ।

ਜੇਤਾ ਆਖਣੁ ਸਾਹੀ ਸਬਦੀ ਭਾਖਿਆ ਭਾਇ ਸੁਭਾਈ॥

ਵਾਹਿਗੁਰੂ ਨਾਮ ਤੋਂ ਬਿਨਾਂ ਹੋਰ ਜਿੰਨਾ ਭੀ ਆਖਣਾ ਹੈ, ਉਹ ਸਾਰਾ ਸਾਹੀ ਸਬਦੀ=ਸ਼ਾਹੀ ਤੇ ਸੁਫੈਦੀ ਵਿਚ, ਅਰਥਾਤ ਪਾਪ ਪੁੰਨ ਵਿਚ ਹੈ, ਮੰਦਾ ਬਚਨ ਆਖਣਾ ਪਾਪ ਰੂਪ ਹੈ, ਚੰਗਾ ਬਚਨ ਆਖਣਾ ਪੁੰਨ ਰੂਪ ਹੈ, ਇਹ ਅਸਾਂ ਨੇ ਸੁਭਾਵਕ ਹੀ ਭਾਇ=ਪ੍ਰੇਮ ਸਹਿਤ ਭਾਖਿਆ=ਕਥਨ ਕੀਤਾ ਹੈ।

ਅਥਵਾ:-ਸ਼ਾਹੀ ਨਾਲ ਲਿਖੇ ਹੋਏ ਜੋ ਸਬਦੀ=ਬੇਦ ਹਨ, ਉਹਨਾਂ ਵੇਦਾਂ ਵਿਚ ਜਿੰਨਾਂ-ਕੁ ਜਸ ਆਖਿਆ ਹੋਇਆ ਹੈ, ਉਸ ਜਸ ਨੂੰ ਸੁਭਾਵਕ ਹੀ ਭਾਇ=ਪ੍ਰੇਮ ਸਹਿਤ ਕਥਨ ਕਰ।

ਅਥਵਾ:-ਸ਼ਾਹੀ ਕਰਕੇ ਲਿਖੇ ਹੋਏ ਜੋ ਬੇਦ ਹਨ, ਉਹਨਾਂ ਵੇਦਾਂ ਦਾ ਜਿੰਨਾਂ ਆਖਣਾ ਹੈ, ਉਹ ਵਿਅਰਥ ਹੈ, ਪ੍ਰੇਮ ਨਾਲ ਜੋ ਨਾਮ ਦਾ ਕਥਨ ਕਰਨਾ ਹੈ ਉਹ ਸ਼ੋਭਨੀਕ ਹੈ।

ਨਾਨਕ ਬਹੁਤਾ ਏਹੋ ਆਖਣੁ ਸਭ ਤੇਰੀ ਵਡਿਆਈ ॥੧॥

ਗੁਰੂ ਜੀ ਕਥਨ ਕਰਦੇ ਹਨ—ਮੈਂ ਤਾਂ ਬਹੁਤਾ ਏਹੋ ਆਖਦਾ ਹਾਂ ਕਿ ਜੋ ਕੁਝ ਭੀ ਅਨੰਦ ਮੰਗਲ ਜਾਂ ਪਦਾਰਥਾਂ ਦੀ ਪ੍ਰਾਪਤੀ ਹੋ ਰਹੀ ਹੈ, ਹੇ ਪਰਮੇਸ਼ਰ ! ਏਹ ਸਾਰੀ ਆਪ ਜੀ ਦੀ ਵਡਿਆਈ ਹੈ॥ ੧॥

ਏਹ ਗੱਲ ਸੁਣ ਕੇ ਨਾਸਤਕ ਨੇ ਕਿਹਾ, ਉਸ ਦੀ ਵਡਿਆਈ ਕਾਹਦੀ ਹੈ, ਮੈਂ ਤਾਂ ਆਪ ਕਮਾ ਕੇ ਖਾਂਦਾ ਹਾਂ, ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ—

ਮਃ ੧॥ ਜਾਂ ਨ ਸਿਆ ਕਿਆ ਚਾਕਰੀ ਜਾਂ ਜੰਮੇ ਕਿਆ ਕਾਰ॥

ਜਿਸ ਵੇਲੇ ਮਾਂ ਦੇ ਪੇਟ ਵਿਚ ਤੂੰ ਕੁਝ ਭੀ ਨਹੀਂ ਸੀ, ਉਸ ਵੇਲੇ ਤੂੰ ਕੇਹੜੀ ਨੌਕਰੀ ਕਰਦਾ ਸੀ, ਜਿਸ ਵੇਲੇ ਤੂੰ ਜੰਮਿਆ ਤਾਂ ਕੇਹੜੀ ਕਾਰ ਕੀਤੀ ਸੀ।

ਜੇ ਜੰਮਦਿਆਂ ਨਾਲ ਹੀ ਮੂੰਹ ਵਿਚ ਮੰਮਾ ਮਿਲ ਗਿਆ।

ਸਭਿ ਕਾਰਣ ਕਰਤਾ ਕਰੇ ਦੇਖੈ ਵਾਰੋ ਵਾਰ॥

ਕਰਤਾ ਪੁਰਖ ਆਪ ਹੀ ਸਾਰਿਆਂ ਕਾਰਨਾਂ ਕਾਰਜਾਂ ਨੂੰ ਕਰਦਾ ਹੈ ਅਤੇ ਵਾਰੰਵਾਰ ਸਭ ਨੂੰ ਵੇਖਦਾ ਹੈ।

ਜੇ ਚੁਪੈ ਜੇ ਮੰਗਿਐ ਦਾਤਿ ਕਰੇ ਦਾਤਾਰੁ॥

ਭਾਵੇਂ ਚੁਪ ਰਹੀਏ, ਭਾਵੇਂ ਮੰਗਦੇ ਰਹੀਏ, ਦਾਤਾਰੁ=ਵਾਹਿਗੁਰੂ ਤਾਂ ਦਾਤਾਂ ਦੇਂਦਾ ਰਹਿੰਦਾ ਹੈ।

ਅਥਵਾ:-ਜੇਹੜੇ ਚੁਪ ਰਹਿੰਦੇ ਹਨ, ਜੇਹੜੇ ਮੰਗਦੇ ਹਨ ਭਾਵੇਂ ਕੋਈ ਭੀ ਹਨ, ਉਹ ਦਾਤਾਰ ਪ੍ਰਭੂ ਸਭ ਨੂੰ ਦਾਤ ਦੇਣੀ ਕਰਦਾ ਹੈ।

ਇਕੁ ਦਾਤਾ ਸਭਿ ਮੰਗਤੇ ਫਿਰਿ ਦੇਖਹਿ ਆਕਾਰੁ ॥

ਦਾਤਾ ਇਕ ਪ੍ਰਭੂ ਹੈ, ਹੋਰ ਸਾਰੇ ਉਸ ਦੇ ਮੰਗਤੇ ਹਨ, ਮੁੜ ਮੁੜ ਕੇ ਸਾਰੇ ਓਸੇ ਦਾ ਆਕਾਰੁ=ਮੂੰਹ ਵੇਖਦੇ ਹਨ,

ਵਾ:-ਉਹ ਪ੍ਰਭੂ ਮੁੜ ਮੁੜ ਕੇ ਸਾਰੇ ਅਕਾਰਾਂ ਵੱਲ ਦੇਖਦਾ ਹੈ।

ਨਾਨਕ ਏਵੈ ਜਾਣੀਐ ਜੀਵੈ ਦੇਵਣਹਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਇਸ ਤਰ੍ਹਾਂ ਜਾਣਿਆ ਹੈ ਕਿ ਦਾਤਾਂ ਦੇ ਦੇਣ ਵਾਲਾ ਪ੍ਰਭੂ ਹਮੇਸ਼ਾਂ ਜੀਉਂਦਾ ਹੈ॥ ੨ ॥

ਪਉੜੀ ॥ ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥

ਵਾਹਿਗੁਰੂ ਨਾਮ ਦੇ ਮਨਨ ਕਰਕੇ ਸੁਰਤਿ=ਗਿਆਤ ਪੈਦਾ ਹੁੰਦੀ ਹੈ, ਨਾਮ ਦੇ ਮਨਨ ਕਰਕੇ ਚੰਗੀ ਬੁੱਧੀ ਪ੍ਰਾਪਤ ਹੁੰਦੀ ਹੈ।

ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ ॥

ਨਾਮ ਦੇ ਮਨਨ ਕਰਕੇ ਸ਼ੁਭ ਗੁਣਾਂ ਨੂੰ ਉਚਾਰਦਾ ਹੈ, ਨਾਮ ਕਰਕੇ ਸੁਖਾਂ ਵਿਚ ਸੋਈ=ਸੌਂਦਾ ਹੈ।

ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥

ਨਾਮ ਦੇ ਮਨਨ ਕਰਕੇ ਭਰਮ ਕੱਟਿਆ ਜਾਂਦਾ ਹੈ, ਫਿਰ ਦੁੱਖ ਨਹੀਂ ਹੁੰਦਾ ।

ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ ॥

ਨਾਮ ਦੇ ਮਨਨ ਕਰਕੇ ਹੀ ਜੀਵ ਦੀ ਸਾਲਾਹੀਐ=ਸ਼ਲਾਘਾ (ਉਪਮਾ) ਹੁੰਦੀ ਹੈ ਅਤੇ ਪਾਪਾਂ ਵਾਲੀ ਬੁੱਧੀ ਧੋਤੀ ਜਾਂਦੀ ਹੈ।

ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ—ਪੂਰਿਆਂ ਗੁਰਾਂ ਪਾਸੋਂ ਉਸ ਨੇ ਨਾਮ ਮਨਨ ਕੀਤਾ ਹੈ, ਜਿਸ ਨੂੰ ਉਸ ਨੇ ਆਪ ਦਿੱਤਾ ਹੈ॥ ੧੨ ॥

ਸਲੋਕ ਮਃ ੧ ॥

ਸਾਸਤ੍ਰ ਬੇਦ ਪੁਰਾਣ ਪੜ੍ਹੰਤਾ ॥ ਪੂਕਾਰੰਤਾ ਅਜਾਣੰਤਾ ॥

ਪੰਡਿਤ ਬਣ ਕੇ ਛੇ ਸ਼ਾਸਤ੍ਰਾਂ ਨੂੰ, ਚਾਰ ਵੇਦਾਂ ਨੂੰ, ਅਠਾਰਾਂ ਪੁਰਾਣਾਂ ਨੂੰ ਪੜ੍ਹਦਾ ਹੈ। ਸਿਧਾਂਤ ਦੇ ਬੁਝੇ ਤੋਂ ਬਿਨਾਂ ਅਨਜਾਣ ਪਣੇ ਵਿਚ ਹੀ ਪੁਕਾਰਦਾ ਹੈ।

ਅਥਵਾ:-ਪੜ੍ਹ ਕੇ ਪੁਕਾਰਦਾ ਤਾਂ ਹੈ ਪਰ ਉਹਨਾਂ ਦੇ ਸਿਧਾਂਤ ਜਾਨਣ ਤੋਂ ਆਪ ਆ=ਰਹਿਤ ਹੈ।

ਜਾਂ ਬੂਝੈ ਤਾਂ ਸੂਝੈ ਸੋਈ॥ ਨਾਨਕ ਆਖੈ ਕੂਕ ਨ ਹੋਈ॥ ੧॥

ਜਾਂ ਆਪਣੇ ਗੁਰਾਂ ਤੋਂ ਬੂਝੈ=ਪੁਛੇ ਤਾਂ ਉਸ ਪ੍ਰਭੂ ਦੀ ਸੂਝੈ=ਸਮਝ ਹੁੰਦੀ ਹੈ।

ਗੁਰੂ ਜੀ ਕਥਨ ਕਰਦੇ ਹਨ—ਫੇਰ ਅਨਜਾਣ ਪਣੇ ਦੀ ਕੂਕ ਨਹੀਂ ਹੁੰਦੀ, ਵਾ:-ਇਸ ਉੱਤੇ ਵੇਦਾਂ ਸ਼ਾਸਤ੍ਰਾਂ ਦੀ ਕੂਕ ਨਹੀਂ ਹੁੰਦੀ, ਭਾਵ ਬੇਦਾਂ ਦਾ ਡੰਨ ਨਹੀਂ ਹੁੰਦਾ ਜਾਂ ਇਸ ਉੱਤੇ ਜਮਾਂ ਦੀ ਕੂਕ ਨਹੀਂ ਹੁੰਦੀ॥ ੧॥

ਮਃ ੧॥ ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ॥

ਹੇ ਪ੍ਰਭੂ ! ਜਾਂ ਮੈਂ ਤੇਰਾ ਦਾਸ ਹਾਂ ਤਾਂ ਸਭ ਕੁਝ ਮੇਰਾ ਹੈ, ਜਿਥੇ ਹਉ=ਹੰਗਤਾ ਨਹੀਂ ਹੈ, ਓਥੇ ਤੂੰ ਪ੍ਰਾਪਤ ਹੁੰਦਾ ਹੈਂ।

ਆਪੇ ਸਕਤਾ ਆਪੇ ਸੁਰਤਾ ਸਕਤੀ ਜਗਤੁ ਪਰੋਵਹਿ॥

ਤੂੰ ਆਪੇ ਸਕਤਾ=ਬਲ ਵਾਲਾ ਹੈਂ, ਤੂੰ ਆਪ ਹੀ ਸੁਰਤਾ=ਗਿਆਤ ਗੋਅ ਹੈਂ, ਤੂੰ ਆਪ ਹੀ ਆਪਣੀ ਚੇਤਨ ਸੱਤਾ ਰੂਪ ਸ਼ਕਤੀ ਵਿਚ ਜਗਤ ਨੂੰ ਪਰੋਂਦਾ ਹੈਂ।

ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ॥

ਆਪ ਹੀ ਜੀਵਾਂ ਨੂੰ ਸੰਸਾਰ ਵਿਚ ਭੇਜਦਾ ਹੈਂ, ਆਪ ਹੀ ਪ੍ਰਲੋਕ ਵਿਚ ਸੱਦ ਲੈਂਦਾ ਹੈਂ ਅਤੇ ਆਪ ਹੀ ਸੰਸਾਰਕ ਰਚਨਾ ਨੂੰ ਰਚ ਰਚ ਕੇ ਵੇਖਦਾ ਹੈਂ।

ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ॥ ੨॥

ਗੁਰੂ ਜੀ ਕਥਨ ਕਰਦੇ ਹਨ-ਤੂੰ ਆਪ ਸੱਚਾ ਹੈਂ, ਤੇਰੀ ਨਾਂਈ=ਵਡਿਆਈ ਭੀ ਸੱਚੀ ਹੈ ਅਤੇ ਸੱਚ ਨਾਮ ਜਪਣ ਵਾਲਾ ਹੀ ਧੁਰ ਦਰਗਾਹ ਵਿਚ ਲੇਖੇ ਪੈਂਦਾ ਹੈ॥ ੨॥

ਪਉੜੀ॥ ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ॥

ਜਿਸ ਨਿਰੰਜਨ ਦਾ ਨਾਮ ਅਲਖ ਹੈ, ਉਹ ਗੁਰੂ ਤੋਂ ਬਿਨਾਂ ਆਪਣੇ ਆਪ ਕਿਵੇਂ ਜਾਣਿਆ ਜਾਂਦਾ ਹੈ।

ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥

ਨਿਰੰਜਨ ਦਾ ਨਾਮ ਨਾਲ ਹੀ ਹੈ, ਹੇ ਭਾਈ ! ਉਸ ਨੂੰ ਆਪਣੇ ਆਪ ਕਿਵੇਂ ਪਾਣਾ ਕਰੀਏ?

ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥

ਨਿਰੰਜਨ ਦਾ ਨਾਮ ਸਭਨਾਂ ਵਿਚ ਵਰਤਦਾ ਹੈ ਅਤੇ ਸਾਰੀਆਂ ਜਗ੍ਹਾਂ 'ਪਰ ਰਵਿਆ=ਵਿਆਪਕ ਹੈ।

ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ॥

ਪੂਰਿਆਂ ਗੁਰਾਂ ਪਾਸੋਂ ਪਾਈਦਾ ਹੈ ਕਿਉਂਕਿ ਗੁਰੂ ਸਾਹਿਬ ਜੀ ਉਸ ਨੂੰ ਹਿਰਦੇ ਵਿਚ ਹੀ ਵਿਖਾ ਦੇਂਦੇ ਹਨ।

ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ॥ ੧੩॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਨਦਰੀ=ਪਰਮਤਾਮਾ ਦੀ ਕ੍ਰਿਪਾ ਹੋਵੇ ਤਾਂ ਗੁਰੂ ਮਿਲਦੇ ਹਨ॥ ੧੩॥

ਸਲੋਕ ਮਃ ੧ ॥

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥

ਕਲਜੁਗੀ ਜੀਵਾਂ ਦੀ ਬੁੱਧੀ ਕੁਤੇ ਮੁਹੀ=ਅਪਵਿੱਤਰ, ਵਾ:- ਲੋਭਨ ਹੋ ਰਹੀ ਹੈ, ਇਸ ਕਰਕੇ ਪਰਾਏ ਹੱਕ ਰੂਪੀ ਮੁਰਦਾਰੁ=ਮੁਰਦੇ ਦਾ ਖਾਣਾ ਹੋ ਰਿਹਾ ਹੈ। ਜਿਵੇਂ ਕੁੱਤਾ ਭੌਂਕਦਾ ਹੈ, ਤਿਵੇਂ:-

ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥

ਝੂਠੇ ਬੋਲਾਂ ਦਾ ਜੇਹੜਾ ਬੋਲਣਾ ਹੈ, ਏਹੀ ਜੀਵ ਰੂਪ ਕੁੱਤੇ ਦਾ ਭੌਂਕਣਾ ਹੈ ਅਤੇ ਧਰਮ ਦਾ ਵਿਚਾਰ ਚੁਕ ਗਿਆ ਹੈ।

ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ ॥

ਜਿਨ੍ਹਾਂ ਦੀ ਜੀਉਂਦਿਆਂ ਇੱਜ਼ਤ ਨਹੀਂ ਹੈ, ਉਹਨਾਂ ਦੀ ਮਰਿਆਂ ਭਾਵ ਮਗਰੋਂ ਭੀ ਮੰਦੀ ਸੋਇ=ਸ਼ੋਭਾ ਹੁੰਦੀ ਹੈ।

[ਪੰਨਾ ੧੨੪੩]

ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜੋ ਮੱਥੇ 'ਪਰ ਲੇਖ ਲਿਖਿਆ ਹੁੰਦਾ ਹੈ, ਉਸ ਦੇ ਕਰਤਾ=ਕਰਨ ਵਾਲਾ ਆਪ ਨੂੰ ਮੰਨ ਕੇ ਜੀਵ ਕਰਮ ਕਰਦਾ ਹੈ, ਇਸ ਲਈ ਉਸੇ ਨੂੰ ਕਰਮਾਂ ਅਨੁਸਾਰ ਓਹੀ ਫਲ ਪ੍ਰਾਪਤ ਹੁੰਦਾ ਹੈ॥ ੧ ॥

ਮਃ ੧ ॥ ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥

ਕਲਜੁਗ ਵਿਚ ਰੰਨਾ=ਇਸਤ੍ਰੀਆਂ, ਬੋਧੀਆ=ਗਿਆਨ ਦੇਣ ਵਾਲੀਆਂ ਹੋ ਗਈਆਂ ਹਨ ਅਤੇ ਮਨੁੱਖ ਸਈਆਦ=ਮੂਰਖ, ਵਾ:-ਸ਼ਿਕਾਰੀ ਹੋ ਗਏ ਜਾਂ ਮੁਰੀਦ ਹੋ ਗਏ।

ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥

ਸੀਲ ਸੁਭਾਅ, ਸੰਜਮ ਆਦਿਕ ਸਾਧਨ ਤੇ ਸੁਚ=ਪਵਿੱਤ੍ਰਤਾ, ਭੰਨੀ=ਭਜ ਗਈ ਹੈ, ਅਹਾਜੁ=ਨਾ ਖਾਣੇ ਜੋਗ ਮਾਸ, ਸ਼ਰਾਬ ਆਦਿਕ ਖਾਣਾ, ਖਾਜੁ=ਖਾਂਦੇ ਹਨ, ਵਾ:-ਨਾ ਖਾਣੇ ਜੋਗ ਹਰਾਮ ਦਾ ਖਾਣਾ ਖਾਂਦੇ ਹਨ।

ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥

ਸ਼ਰਮ ਆਪਣੇ ਘਰ ਵਿਚ ਚਲਾ ਗਿਆ ਹੈ, ਪਤਿ=ਇੱਜ਼ਤ ਭੀ ਨਾਲੇ ਉੱਠ ਕੇ ਚਲੀ ਗਈ ਹੈ। ਸ਼ਰਮ ਦਾ ਆਪਣਾ ਘਰ ਪਰਮੇਸ਼ਰ ਹੈ,

ਵਾ:-ਸ਼ਰਮ ਵਾਲੇ ਜੋ ਗੁਰਮੁਖ ਹਨ, ਓਹੀ ਉਸ ਦਾ ਆਪਣਾ ਘਰ ਹੈ ਜਾਂ ਸਤਸੰਗ ਹੈ ਸਤਸੰਗ ਰੂਪ ਆਪਣੇ ਘਰ ਵਿਚ ਸ਼ਰਮ ਚਲਾ ਗਿਆ ਹੈ।

ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਇਸ ਕਲਜੁਗ ਵਿਚ ਇਕ ਵਾਹਿਗੁਰੂ ਹੀ ਸੱਚਾ ਹੈ, ਉਸ ਤੋਂ ਬਿਨਾਂ ਅਉਰੁ=

ਹੋਰ ਕੋਈ ਸੱਚਾ ਨ ਭਾਲਿ=ਦਿੱਸਦਾ ਨਹੀਂ ਹੈ॥ ੨॥

ਪਉੜੀ॥ ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ॥

ਬਾਹਰੋਂ ਸਰੀਰ ਉੱਤੇ ਸਵਾਹ ਦਾ ਲੇਪਨ ਕਰਦਾ ਹੈ ਅਤੇ ਹਿਰਦੇ ਅੰਦਰ ਅਗਿਆਨ ਦਾ ਗੁਬਾਰੀ= ਹਨੇਰਾ ਹੈ।

ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ॥

ਬਾਹਰੋਂ ਸਰੀਰ ਉੱਤੇ ਖਿੰਥਾ ਝੋਲੀ ਆਦਿਕ ਬਹੁਤੇ ਭੇਖ ਧਾਰਨ ਕਰਦਾ ਹੈ, ਪਰ ਅੰਦਰੋਂ ਖੋਟੀ ਬੁੱਧੀ ਕਰਕੇ ਹੰਕਾਰੀ ਹੈ।

ਸਾਹਿਬ ਸਬਦੁ ਨ ਉਚਰੈ ਮਾਇਆ ਮੋਹ ਪਸਾਰੀ॥

ਗੁਰਾਂ ਦੇ ਉਪਦੇਸ਼ ਦੁਆਰਾ ਸਾਹਿਬ=ਮਾਲਕ ਵਾਹਿਗੁਰੂ ਦੇ ਨਾਮ ਨੂੰ ਨਹੀਂ ਉਚਾਰਦਾ ਤੇ ਮਾਇਆ ਦੇ ਮੋਹ ਵਿਚ ਬਿਰਤੀ ਪਸਾਰੀ ਹੋਈ ਹੈ।

ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ॥

ਹਿਰਦੇ ਅੰਦਰ ਪਦਾਰਥਾਂ ਦਾ ਲਾਲਚ ਤੇ ਭਰਮ ਹੈ, ਇਸ ਲਈ ਗਾਵਾਰੀ=ਮੂਰਖ ਸੰਸਾਰ ਵਿਚ ਭੁਲਾ ਫਿਰਦਾ ਹੈ।

ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ॥ ੧੪॥

ਗੁਰੂ ਜੀ ਕਥਨ ਕਰਦੇ ਹਨ—ਜੇਹੜਾ ਪੁਰਸ਼ ਨਾਮ ਨਹੀਂ ਜਪਦਾ, ਉਸ ਨੇ ਸੰਸਾਰ ਜੂਏ ਵਿਚ ਆਪਣੀ ਮਨੁੱਖਾ ਦੇਹ ਰੂਪ ਬਾਜ਼ੀ ਹਾਰ ਦਿੱਤੀ ਹੈ॥ ੧੪॥

ਸਲੋਕ ਮਃ ੧॥

ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ॥

ਚਾਹੇ ਲੱਖਾਂ ਆਦਮੀਆਂ ਨਾਲ ਪ੍ਰੀਤੀ ਹੋਵੇ, ਚਾਹੇ ਲੱਖਾਂ ਵਰ੍ਹੇ ਜੀਊਣਾ ਹੋਵੇ, ਬਹੁਤਿਆਂ ਨਾਲ ਮਿਲ ਕੇ ਖੁਸ਼ੀਆਂ ਮਾਣੀਆਂ ਤਾਂ ਕਿਸ ਕੰਮ ਹਨ, ਬਹੁਤੇ ਜੀਵਣ ਵਿਚ ਚਾਉ=ਉਤਸ਼ਾਹ ਕੀਤਾ ਤਾਂ ਕਿਸ ਕੰਮ ਹੈ।

ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ॥

ਵਿਛੜੇ ਹੋਏ ਪਦਾਰਥਾਂ ਦਾ ਵਿਛੋੜਾ ਵਿਸੁ=ਵਿਹੁ ਰੂਪ ਹੁੰਦਾ ਹੈ ਅਤੇ ਇਕ ਘੜੀ ਵਿਚ ਹੀ ਪਹਿਲਾ ਸੁਖ ਨਾਸ ਹੋ ਜਾਂਦਾ ਹੈ।

ਜੇ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ॥

ਜੇਕਰ ਸੌ ਵਰ੍ਹਿਆਂ ਤੱਕ ਮਿੱਠਾ ਖਾਂਦੇ ਰਹੀਏ ਅਤੇ ਫਿਰ ਇਕ ਵਾਰੀ ਭੀ ਕੌੜਾ ਖਾਧਾ ਜਾਏ ਤਾਂ–

ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ॥

ਮਿੱਠਾ ਖਾਧਾ ਹੋਇਆ ਚਿਤ ਹੀ ਨਹੀਂ ਆਉਂਦਾ ਤੇ ਕੁੜਤਨ ਸਾਰੇ ਸਰੀਰ ਵਿਚ ਧਸ ਜਾਂਦੀ ਹੈ। ਏਸੇ ਤਰ੍ਹਾਂ ਜੇਕਰ ਸੈਂਕੜੇ ਵਰ੍ਹੇ ਮਿੱਠਾ ਖਾਜੈ=ਸੁਖ ਭੋਗਣਾ ਕਰੇ, ਫਿਰ ਇਕ ਵਾਰੀ ਕਉੜਾ=ਦੁੱਖ ਜ਼ਰੂਰ ਭੋਗਣਾ ਪੈਂਦਾ ਹੈ।

ਮਿੱਠਾ ਖਾਧਾ=ਸੁਖ ਭੋਗਿਆ ਹੋਇਆ ਚੇਤੇ ਨਹੀਂ ਆਉਂਦਾ, ਕਉੜਤਣੁ=ਦੁੱਖ ਸਾਰੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦਾ ਹੈ।

ਮਿਠਾ ਕਉੜਾ ਦੋਵੈ ਰੋਗ ॥ ਨਾਨਕ ਅੰਤਿ ਵਿਗੁਤੇ ਭੋਗ ॥

ਮਿਠਾ ਕਉੜਾ=ਸੁਖ, ਦੁੱਖ ਦੋਵੇਂ ਰੋਗ ਰੂਪ ਹਨ। ਗੁਰੂ ਜੀ ਕਥਨ ਕਰਦੇ ਹਨ-ਏਹ ਭੋਗ=ਪਦਾਰਥ ਅੰਤ ਵੇਲੇ ਵਿਗੁਤੇ=ਖਰਾਬ ਕਰਦੇ ਹਨ।

ਝਖਿ ਝਖਿ ਝਖਣਾ ਝਗੜਾ ਝਾਖ ॥ ਝਖਿ ਝਖਿ ਜਾਹਿ ਝਖਹਿ ਤਿਨ੍ ਪਾਸਿ ॥੧ ॥

ਝਖਿ ਝਖਿ=ਗੱਪਾਂ ਹੀ ਗੱਪਾਂ ਕਰਕੇ ਜੇਹੜਾ ਝਖਣਾ ਹੈ, ਏਹ ਝਗੜਾ ਝਾਖ=ਵਿਅਰਥ ਹੈ।

ਵਾ:-ਪਦਾਰਥਾਂ ਲਈ ਝਖਨਾ, ਤਨ ਵਾਸਤੇ ਝਖਨਾ, ਸਬੰਧੀਆਂ ਲਈ ਝਖਨਾ ਇਸ ਤਰ੍ਹਾਂ ਦਾ ਝਗੜਾ ਝਾਖ=ਵਿਅਰਥ ਹੈ।

ਜੋ ਇਸ ਤਰ੍ਹਾਂ ਝਖਾਂ ਨੂੰ ਝਖ ਜਾਂਦੇ ਹਨ, ਇਹ ਜੀਵ ਭੀ ਉਹਨਾਂ ਦੇ ਪਾਸ ਬੈਠ ਕੇ ਝਖਹਿ=ਗੱਪਾਂ ਮਾਰਨਾ ਕਰਦਾ ਹੈ॥ ੧ ॥ ਸਾਧੂ ਤੇ ਗ੍ਰਹਸਥੀ ਦੋਹਾਂ ਨੂੰ ਉਪਦੇਸ਼ ਦੇਂਦੇ ਹਨ—

ਮਃ ੧ ॥ ਕਾਪੜੁ ਕਾਠੁ ਰੰਗਾਇਆ ਰਾਂਗਿ ॥ ਘਰ ਗਚ ਕੀਤੇ ਬਾਗੇ ਬਾਗ ॥

ਗ੍ਰਹਸਥੀ ਨੇ ਪ੍ਰਤੱਖ ਕਪੜਿਆਂ ਨੂੰ ਤੇ ਕਾਠ ਦੀਆਂ ਛੱਤਾਂ, ਕੁਰਸੀਆਂ, ਮੇਜ਼ ਆਦਿਕਾਂ ਨੂੰ ਰੰਗ ਨਾਲ ਰੰਗਵਾ ਲਿਆ। ਪ੍ਰਤੱਖ ਘਰ ਚੂਨੇ ਗਚ ਦੇ ਤਿਆਰ ਕੀਤੇ ਹਨ, ਚੰਗੇ ਚੰਗੇ ਬਾਗੇ=ਪੁਸ਼ਾਕੇ ਪਹਿਨ ਕੇ ਬਾਗਾਂ ਵਿਚ ਸੈਲ ਕਰਦਾ ਰਿਹਾ ਜਾਂ ਬਾਗੇ=ਚਿੱਟੇ, ਬਾਗ=ਪੁਸ਼ਾਕੇ ਪਹਿਰਦਾ ਰਿਹਾ।

ਅਥਵਾ:-ਘਰੋਂ ਨਿਕਲ ਕੇ ਸਾਧੂਆਂ ਪਾਸ ਜਾ ਕੇ ਕੱਪੜਿਆਂ ਨੂੰ ਗੇਰੂ ਰੰਗ ਵਿਚ ਰੰਗਵਾ ਲਿਆ ਤੇ ਕਾਠੁ= ਕਾਠਰਿਆਂ ਨੂੰ ਭੀ ਰੰਗਵਾ ਲਿਆ। ਘਰ=ਡੇਰਿਆਂ ਨੂੰ ਖੂਬ ਚੂਨੇ ਗਚ ਤਿਆਰ ਕੀਤਾ ਅਤੇ ਬਾਗਾਂ ਹੀ ਬਾਗਾਂ ਦੇ ਸੈਲ ਕੀਤੇ।

ਸਾਦ ਸਹਜ ਕਰਿ ਮਨੁ ਖੇਲਾਇਆ ॥ ਤੈ ਸਹ ਪਾਸਹੁ ਕਹਣੁ ਕਹਾਇਆ ॥

ਸੁਭਾਵਕ ਹੀ ਆਪਣੇ ਮਨ ਨੂੰ ਸ੍ਵਾਦੀਕ ਪਦਾਰਥਾਂ ਵਿਚ ਖਿਡਾਉਣਾ ਕੀਤਾ। ਪਰ ਉਸ ਨੇ ਆਪਣੇ ਸਹ= ਮਾਲਕ ਪਤੀ ਪਰਮਾਤਮਾ ਪਾਸੋਂ ਕਹਣੁ=ਉਲਾਂਭਾ ਹੀ ਕਹਾਇਆ=ਖਟਿਆ ਹੈ।

ਮਿਠਾ ਕਰਿ ਕੈ ਕਉੜਾ ਖਾਇਆ ॥ ਤਿਨਿ ਕਉੜੈ ਤਨਿ ਰੋਗੁ ਜਮਾਇਆ ॥

ਮਿਠਾ=ਸੁਖ ਰੂਪ ਜਾਣ ਕੇ ਕੌੜੇ ਵਿਸ਼ਿਆਂ ਨੂੰ ਜਾਂ ਪਦਾਰਥਾਂ ਨੂੰ ਖਾਧਾ ਹੈ। ਉਨ੍ਹਾਂ ਕਉੜੈ ਪਦਾਰਥਾਂ ਨੇ ਸਰੀਰ ਵਿਚ ਰੋਗ ਹੀ ਜਮਾਇਆ ਹੈ।

ਜੇ ਫਿਰਿ ਮਿਠਾ ਪੇੜੈ ਪਾਇ ॥ ਤਉ ਕਉੜਤਣੁ ਚੂਕਸਿ ਮਾਇ ॥

ਜੇ ਮੁੜ ਨਾਮ ਰੂਪ ਮਿੱਠਾ ਪਦਾਰਥ ਹਿਰਦੇ ਰੂਪ ਪਲੇ ਵਿਚ ਪੈ ਜਾਵੇ।

ਮਾਇ=ਹੇ ਭਾਈ ! ਤਾਂ ਪਦਾਰਥਾਂ ਤੇ ਵਿਸ਼ਿਆਂ ਦੀ ਕੌੜਤਨ ਦੂਰ ਹੋ ਜਾਵੇਗੀ,

ਵਾ:-ਦੁੱਖਾਂ ਰੂਪੀ ਕੌੜਤਨ ਚੂਕਸਿ=ਦੂਰ ਹੋ ਜਾਏਗੀ।

ਨਾਨਕ ਗੁਰਮੁਖਿ ਪਾਵੈ ਸੋਇ ॥ ਜਿਸ ਨੋ ਪ੍ਰਾਪਤਿ ਲਿਖਿਆ ਹੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਓਹੀ ਗੁਰਮੁਖ ਸਤਿਗੁਰਾਂ ਪਾਸੋਂ ਨਾਮ ਨੂੰ ਪਾਂਦਾ ਹੈ। ਜਿਸ ਨੂੰ ਧੁਰ ਤੋਂ ਲਿਖਿਆ ਪ੍ਰਾਪਤ ਹੁੰਦਾ ਹੈ॥ ੨॥

ਪਉੜੀ॥ ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ॥

ਜਿਸ ਦੇ ਹਿਰਦੇ ਵਿਚ ਕਪਟ ਰੂਪੀ ਮੈਲ ਹੈ ਤੇ ਬਾਹਰੋਂ ਸਰੀਰ ਨੂੰ ਧੋ ਲਿਆ ਭਾਂ ਕੀ ਹੈ।

ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ॥

ਜੋ ਝੂਠ ਤੇ ਕਪਟ ਕਮਾਉਂਦੇ ਹਨ, ਉਹਨਾਂ ਦਾ ਝੂਠ ਇਕ ਦਿਨ ਪ੍ਰਗਟ ਹੋ ਆਉਂਦਾ ਹੈ।

ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ॥

ਜੋ ਕੁਝ ਅੰਦਰ ਹੁੰਦਾ ਹੈ ਓਹੀ ਬਾਹਰ ਨਿਕਲਦਾ ਹੈ, ਕਿਸੇ ਦਾ ਲੁਕਾਇਆ ਹੋਇਆ ਲੁਕਦਾ ਨਹੀਂ ਹੈ।

ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ॥

ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਲੱਗਣ ਕਰਕੇ ਮੁੜ ਮੁੜ ਕੇ ਜੂਨੀਆਂ ਵਿਚ ਪਾਇਆ ਜਾਂਦਾ ਹੈ।

ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ॥ ੧੫॥

ਗੁਰੂ ਜੀ ਕਥਨ ਕਰਦੇ ਹਨ—ਜੋ ਕੁਝ ਬੀਜਦਾ ਹੈ, ਓਹੀ ਖਾਣਾ ਕਰਦਾ ਹੈ, ਏਹੋ ਹੀ ਕਰਤੇ ਪੁਰਖ ਨੇ ਲਿਖ ਪਾਇਆ ਹੈ॥ ੧੫॥

ਸਲੋਕ ਮਃ ੨॥

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ॥

ਕਥਾ ਲੰਬੀ ਤੇ ਕਹਾਣੀ ਛੋਟੀ ਹੁੰਦੀ ਹੈ, ਪਰ ਇਹ ਵੇਦਾਂ ਨੇ ਲਿਆਂਦੀ ਹੈ, ਜਿਸ ਕਥਾ ਦੁਆਰੇ ਪਾਪ ਪੁੰਨ ਦਾ ਵਿਚਾਰ ਹੁੰਦਾ ਹੈ। ਪੁਨਾ-ਵੇਦ ਇਹ ਗੱਲ ਭੀ ਆਖਦੇ ਹਨ ਕਿ-

ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥

ਦਾਨ ਦੇ ਦੇ ਕੇ ਅੱਗੇ ਜਾ ਕੇ ਲੈਣਾ ਹੈ ਤੇ ਇਥੇ ਲੈ ਲੈ ਕੇ ਪਦਾਰਥਾਂ ਦਾ ਹਿਸਾਬ ਅੱਗੇ ਜਾ ਕੇ ਦੇਣਾ ਹੈ ਅਤੇ ਦੁੱਖ ਸੁਖ ਰੂਪ ਫਲ ਭੋਗਣ ਲਈ ਕਦੇ ਨਰਕ, ਕਦੇ ਸੁਰਗ ਵਿਚ ਅਵਤਾਰ=ਉਤਰਦਾ ਹੈ।

ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ॥

ਉਤਮ ਤੇ ਮਧਿਮ=ਨੀਚ ਜਾਤੀਆਂ ਵਿਚ ਜਾਂਦਾ ਹੈ, ਜਿਨਸੀ=ਹਾਥੀ, ਊਂਠ, ਘੋੜਾ ਆਦਿਕ ਜਿਨਸਾਂ ਵਿਚ ਪ੍ਰਾਪਤ ਹੁੰਦਾ ਹੈ ਤੇ ਭਰਮ ਕਰਕੇ ਸੰਸਾਰ ਵਿਚ ਭੌਂਦਾ ਫਿਰਦਾ ਹੈ।

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥

ਤਤੁ=ਸਿਧਾਂਤ ਰੂਪ ਨਾਮ ਅੰਮ੍ਰਿਤ ਬਾਣੀ ਵੇਦਾਂ ਨੇ ਕਥਨ ਕੀਤੀ ਹੈ, ਜਿਸ ਨਾਮ ਬਾਣੀ ਵਿਚ ਗਿਆਨ ਧਿਆਨ ਦੀ ਕਿਰਿਆ ਆਈ ਹੋਈ ਹੈ।

ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤਂੀ ਕਰਮਿ ਧਿਆਈ॥

ਮੁਖੀ ਗੁਰਾਂ ਨੇ ਕਥਨ ਕੀਤੀ ਹੈ ਤੇ ਗੁਰਮੁਖ ਜਗਿਆਸੂ ਨੇ ਜਾਤੀ=ਜਾਣੀ ਹੈ, ਜਿਸ ਉੱਤੇ ਪ੍ਰਭੂ ਦੀ

ਕਰਮਿ=ਕਿਰਪਾ ਹੋਈ ਹੈ, ਉਹ ਸੁਰਤੀ=ਗਿਆਤ ਗੇਅ ਪਰਮੇਸ਼ਰ ਦੇ ਨਾਮ ਦਾ ਧਿਆਈ ਹੋਇਆ ਹੈ।

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥

ਪ੍ਰਭੂ ਆਪਣੇ ਹੁਕਮ ਵਿਚ ਜੀਵਾਂ ਨੂੰ ਸਾਜਦਾ ਹੈ, ਆਪਣੇ ਹੁਕਮ ਵਿਚ ਹੀ ਰੱਖਦਾ ਹੈ ਅਤੇ ਹੁਕਮ ਦੇ ਅੰਦਰ ਹੀ ਸਭ ਨੂੰ ਵੇਖਦਾ ਹੈ।

ਨਾਨਕ ਅਗਹੁ ਹਉਮੈ ਤੂਟੈ ਤਾਂ ਕੋ ਲਿਖੀਐ ਲੇਖੈ॥ ੧॥

ਗੁਰੂ ਜੀ ਕਥਨ ਕਰਦੇ ਹਨ—ਮਰਨ ਤੋਂ ਅਗਹੁ=ਪਹਿਲੇ ਜੇਕਰ ਹਉਮੈ ਟੁੱਟ ਜਾਵੇ ਤਾਂ ਕੋਈ ਲੇਖੇ ਵਿਚ ਲਿਖਿਆ ਜਾਂਦਾ ਹੈ। ਅਰਥਾਤ-ਹਉਮੈ ਦੂਰ ਹੋ ਜਾਵੇ ਤਾਂ ਮਨੁੱਖਾ ਜਨਮ ਸਫਲ ਹੁੰਦਾ ਹੈ॥ ੧॥

ਮਃ ੧॥ ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥

ਬੇਦ ਹੀ ਪੁੰਨ ਪਾਪ ਨੂੰ ਪੁਕਾਰਦਾ ਹੈ ਕਿ ਚੰਗਿਆਂ ਕਰਮਾਂ ਕਰਕੇ ਪੁੰਨ ਹੁੰਦਾ ਹੈ, ਮੰਦਿਆਂ ਕਰਮਾਂ ਕਰਕੇ ਪਾਪ ਹੁੰਦਾ ਹੈ, ਏਹ ਪੁੰਨ ਪਾਪ ਹੀ ਸੁਰਗ ਨਰਕ ਦੀ ਪ੍ਰਾਪਤੀ ਦਾ ਬੀਉ=ਬੀਜ ਭਾਵ ਕਾਰਨ ਰੂਪ ਹੈ।

ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥

ਜੋ ਬੀਜਦਾ ਹੈ ਓਹੀ ਉਗਦਾ ਹੈ, ਏਹ ਜੀਵ ਉਸ ਫਲ ਨੂੰ ਖਾਣਾ ਜਾਣਦਾ ਹੈ।

ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ॥

ਗਿਆਨ ਕਰਕੇ ਉਸ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਇਸ ਲਈ ਹਰ ਕੋਈ ਗਿਆਨ ਨੂੰ ਵੱਡਾ ਕਰਕੇ ਸਲਾਹੁੰਦਾ ਹੈ ਅਤੇ ਸੱਚੇ ਦਾ ਸੱਚਾ ਨਾਮ ਹੀ ਗਿਆਨ ਦੀ ਪ੍ਰਾਪਤੀ ਦਾ ਸਾਧਨ ਹੈ।

ਅਥਵਾ-ਗਿਆਨੁ=ਗਿਆਤ ਗੇਅ ਪੁਰਸ਼ ਪਰਮੇਸ਼ਰ ਨੂੰ ਵੱਡਾ ਕਰਕੇ ਸਲਾਹੁੰਦੇ ਹਨ, ਉਸ ਦੀ ਪ੍ਰਾਪਤੀ ਲਈ ਸੱਚੇ ਦਾ ਸੱਚਾ ਨਾਮ ਜਪਦੇ ਹਨ।

ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ॥

ਹਿਰਦੇ ਵਿਚ ਸੱਚ ਨਾਮ ਰੂਪੀ ਬੀਜ ਨੂੰ ਬੀਜੇ ਤਾਂ ਸੱਚਾ ਗਿਆਨ ਪੈਦਾ ਹੁੰਦਾ ਹੈ ਅਤੇ ਪ੍ਰਲੋਕ ਦਰਗਾਹ ਵਿਚ ਬੈਠਣ ਲਈ ਥਾਂ ਪਾਂਦਾ ਹੈ।

[ਪੰਨਾ ੧੨੪੪]

ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ॥

ਵੇਦ ਵਪਾਰੀ ਹੈ ਗਿਆਨ ਰੂਪ ਰਾਸਿ=ਪੂੰਜੀ ਹੈ, ਪਰ ਇਹ ਪੂੰਜੀ ਕਰਮਾਂ ਵਾਲਿਆਂ ਦੇ ਪਲੇ ਹੁੰਦੀ ਹੈ।

ਅਥਵਾ:-ਸ਼ਰਧਾ ਰੂਪੀ ਰਾਸ ਕਰਕੇ ਵੇਦ ਰੂਪ ਸ਼ਾਹ ਪਾਸੋਂ ਗਿਆਨ ਰੂਪ ਸੌਦਾ ਮਿਲਦਾ ਹੈ,

ਪਰ ਕਰਮੀ=ਭਾਗਾਂ ਵਾਲਿਆਂ ਦੇ ਪਲੇ ਪ੍ਰਾਪਤ ਹੁੰਦਾ ਹੈ।

ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਸ਼ਰਧਾ ਰੂਪੀ ਰਾਸ ਤੋਂ ਬਿਨਾਂ ਕੋਈ ਭੀ ਗਿਆਨ ਨੂੰ ਲੱਦ ਕੇ ਨਹੀਂ ਚਲਿਆ॥ ੨॥

ਪਉੜੀ॥ ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥

ਅੰਮ੍ਰਿਤ ਰਸੁ=ਦੁੱਧ ਪਾ ਕੇ ਜਾਂ ਅੰਮ੍ਰਿਤ=ਦੁੱਧ ਅਤੇ ਗੰਨੇ ਦਾ ਰਸੁ=ਰਹੁ ਪਾ ਕੇ ਨਿੰਮ ਦੇ ਬ੍ਰਿਛ ਨੂੰ ਬਹੁਤਾ ਸਿੰਜੀਏ ਤਦ ਵੀ ਮਿੱਠਾ ਨਹੀਂ ਹੁੰਦਾ, ਏਸੇ ਤਰ੍ਹਾਂ ਨਿੰਮ ਦੇ ਬ੍ਰਿਛ ਵਾਂਗੂ ਕੌੜੇ ਸੁਭਾਅ ਵਾਲਾ ਜੋ ਦੁਸ਼ਟ ਹੈ, ਉਸ ਨੂੰ ਬਹੁਤ ਸਾਰਾ ਨਾਮ ਅੰਮ੍ਰਿਤ ਰਸ ਪਾ ਕੇ ਸਿੰਜੀਏ ਤੋਂ ਭੀ ਉਹ ਮਿੱਠੇ ਸੁਭਾਅ ਵਾਲਾ ਨਹੀਂ ਹੁੰਦਾ।

ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥

ਬਿਸੀਅਰੁ=ਸੱਪ ਨੂੰ ਮੰਤ੍ਰਾਂ ਨਾਲ ਵਸੀਕਾਰ ਕਰਕੇ ਬਹੁਤਾ ਦੁੱਧ ਵੀ ਪਿਲਾਈਏ ਤੋਂ ਭੀ ਉਹ ਜ਼ਹਿਰ ਨਹੀਂ ਛੱਡਦਾ। *ਅਥਵਾ*-ਸੱਪ ਨੂੰ ਮੰਤਰ ਪੜ੍ਹ ਕੇ ਬਹੁਤਾ ਦੁੱਧ ਪਿਲਾ ਕੇ ਵਿਸਾਹੀਐ=ਭਰੋਸਾ ਕਰੀਏ ਕਿ ਹੁਣ ਡੰਗ ਨਹੀਂ ਮਾਰੇਗਾ, ਪਰ ਉਸ ਨੇ ਦਾਵ ਬਚਾਅ ਕੇ ਜ਼ਰੂਰ ਡੰਗ ਮਾਰਨਾ ਹੈ, ਏਸੇ ਤਰ੍ਹਾਂ ਦੁਸ਼ਟ ਨੂੰ ਚਾਹੇ ਕਿੰਨੇ ਪਦਾਰਥ ਖੁਆਓ ਉਸ ਨੇ ਆਪਣਾ ਖੋਟਾ ਸੁਭਾਅ ਨਹੀਂ ਛੱਡਣਾ।

ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥

ਮਨਮੁਖ ਅਭਿਜ ਹੈ, ਉਸ ਦਾ ਮਨ ਕਿਸੇ ਤਰ੍ਹਾਂ ਵੀ ਭਿਜਦਾ ਨਹੀਂ ਹੈ, ਜਿਵੇਂ ਪੱਥਰ ਨੂੰ ਨਵਾਇਆ ਜਾਵੇ ਤਾਂ ਉਹ ਅੰਦਰੋਂ ਸੁਕਾ ਹੀ ਰਹਿੰਦਾ ਹੈ ਪਾਣੀ ਨਾਲ ਭਿਜਦਾ ਨਹੀਂ।

ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥

ਜੇਕਰ ਜ਼ਹਿਰ ਦੇ ਬੂਟੇ ਵਿਚ ਅੰਮ੍ਰਿਤ ਪਾਈਏ ਤਾਂ ਉਸ ਤੋਂ ਜ਼ਹਿਰ ਦਾ ਫਲ ਹੀ ਪਾਇਆ ਜਾਂਦਾ ਹੈ, ਕਦੇ ਵੀ ਅੰਮ੍ਰਿਤ ਫਲ ਨਹੀਂ ਲੱਗਦਾ।

ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥੧੬॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਹਰੀ ਸੰਤਾਂ ਦੀ ਸੰਗਤ ਵਿਚ ਮੇਲਦਾ ਹੈ, ਉਸ ਦੀ ਸਾਰੀ ਵਿਸ਼ੇ-ਵਾਸ਼ਨਾ ਰੂਪੀ ਜ਼ਹਿਰ ਲਹਿ ਜਾਂਦੀ ਹੈ॥ ੧੬॥

ਸਲੋਕ ਮਃ ੧॥

ਕੋਈ ਆਦਮੀ ਕਿਸੇ ਬ੍ਰਾਹਮਣ ਪਾਸੋਂ ਸਾਹੇ ਦਾ ਚੰਗਾ ਮਹੂਰਤ ਪੁਛ ਰਿਹਾ ਸੀ, ਉਸ ਦੀਆਂ ਗੱਲਾਂ ਸੁਣ ਕੇ ਉਸ ਨੂੰ ਉਪਦੇਸ਼ ਦੇਂਦੇ ਹਨ-

ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ॥

ਹੇ ਪੁਰਸ਼ਾ ! ਤੈਂਨੇ ਮਰਨ ਦਾ ਮਹੂਰਤ ਤਾਂ ਕਦੇ ਪੁਛਿਆ ਨਹੀਂ ਕਿ ਮੈਂ ਕਿਸ ਦਿਨ ਮਰਨਾ ਹੈ ਨਾ ਥਿਤ ਪੁਛੀ ਹੈ ਨਾ ਹੀ ਵਾਰ ਪੁਛਿਆ ਹੈ ਕਿ ਮੈਂ ਕਿਸ ਵਾਰ ਮਰਨਾ ਹੈ।

ਅਥਵਾ-ਮਰਣਿ=ਮੌਤ ਨੇ ਕਦੇ ਮਹੂਰਤ ਨਹੀਂ ਪੁਛਿਆ ਨਾ ਹੀ ਕਦੇ ਥਿਤ ਵਾਰ ਪੁਛੀ ਹੈ, ਅਚਾਨਕ ਹੀ ਆ ਕੇ ਮਾਰ ਲਿਜਾਂਦੀ ਹੈ।

ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ ਬਧੇ ਭਾਰ॥

ਇਕਨੀ ਲਦਿਆ=ਇਕ ਤੁਰਨੇ ਨੂੰ ਭਾਵ ਮਰਨ ਨੂੰ ਤਿਆਰ ਹਨ, ਇਕਿ ਲਦਿ ਚਲੇ=ਇਕ ਮਰ ਗਏ ਹਨ, ਜਿਨ੍ਹਾਂ ਇਕਨਾ ਨੇ ਪਾਪਾਂ ਪੁੰਨਾਂ ਰੂਪ ਭਾਰ ਬੱਧੇ ਹੋਏ ਹਨ,

ਵਾ:-ਬ੍ਰਿਧ ਅਵਸਥਾ ਰੂਪੀ ਭਾਰ ਬੰਨ੍ਹੇ ਹੋਏ ਹਨ, ਉਹਨਾਂ ਨੇ ਮਰਨੇ ਦੀ ਤ੍ਰਿਆਰੀ ਕਰ ਰੱਖੀ ਹੈ।

ਇਕਨ੍ਹਾ ਹੋਈ ਸਾਖਤੀ ਇਕਨ੍ਹਾ ਹੋਈ ਸਾਰ॥

ਦਰਗਾਹ ਵਿਚ ਇਕਨਾ ਉੱਤੇ ਸਾਖਤੀ=ਤਾੜਨਾ ਹੁੰਦੀ ਹੈ, ਇਕਨਾ ਦੀ ਸਾਰ=ਸੰਭਾਲ ਭਾਵ ਖਾਤਰ ਦਾਰੀ ਹੁੰਦੀ ਹੈ।

ਲਸਕਰ ਸਣੈ ਦਮਾਮਿਆ ਛੁਟੇ ਬੰਕ ਦੁਆਰ॥

ਲਸਕਰ=ਫੌਜ਼ਾਂ ਸਮੇਤ ਬੜੇ ਬੜੇ ਦਮਾਮਿਆ=ਧੌਂਸੇ ਅਤੇ ਬੰਕ=ਸੁੰਦਰ ਦਰਵਾਜ਼ੇ ਇਥੇ ਹੀ ਛੁਟ ਜਾਂਦੇ ਹਨ।

ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ॥ ੧॥

ਗੁਰੂ ਜੀ ਕਥਨ ਕਰਦੇ ਹਨ—ਪੰਜਾਂ ਤੱਤਾਂ ਰੂਪੀ ਛਾਰੁ=ਸੁਆਹ ਦੀ ਢੇਰੀ ਮਨੁੱਖਾ ਦੇਹ ਮੁੜ ਕੇ ਫੇਰ ਮਿੱਟੀ ਹੋ ਜਾਂਦੀ ਹੈ॥ ੧॥

ਮਃ ੧॥ ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥

ਗੁਰੂ ਜੀ ਕਥਨ ਕਰਦੇ ਹਨ-ਸਰੀਰ ਰੂਪੀ ਢੇਰੀ ਡਿੱਗ ਪਈ ਹੈ, ਜੋ ਪੰਜਾਂ ਤੱਤਾਂ ਰੂਪੀ ਮਿੱਟੀ ਦਾ ਕੋਟ ਬਣਿਆ ਹੋਇਆ ਸੀ।

ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ॥ ੨॥

ਸਰੀਰ ਦੇ ਵਿਚ ਮਨ ਰੂਪੀ ਚੋਰ ਬਠਾਇਆ ਹੋਇਆ ਹੈ, ਇਸ ਕਰਕੇ ਵੇ ਜੀਆ=ਇਨ੍ਹਾਂ ਜੀਵਾਂ ਦੇ ਅੰਦਰ ਖੋਟ ਹੀ ਖੋਟ ਹੈ। *ਅਥਵਾ:*-ਹੇ ਜੀਵ ! ਖੋਟਿਆਂ ਕਰਮਾਂ ਦੇ ਕਰਨ ਨਾਲ ਖੋਟਾ ਹੀ ਫਲ ਮਿਲਦਾ ਹੈ॥ ੨॥

ਪਉੜੀ॥ ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਨਿੰਦਿਆ ਤੇ ਦੁਸ਼ਟਤਾ ਹੈ,

ਵਾ:-ਨਿੰਦਿਆ ਰੂਪੀ ਦੁਸ਼ਟਪਣਾ ਹੈ, ਉਸ ਨੱਕ ਵੱਢੇ ਨੇ ਆਪਣਾ ਨੱਕ ਵਢਵਾ ਲਿਆ ਹੈ, ਅਰਥਾਤ-ਲੋਕ ਪ੍ਰਲੋਕ ਵਿਚ ਬਦਨਾਮੀ ਖਟ ਲਈ ਹੈ।

ਵਾ:-ਇਸ ਲੋਕ ਵਿਚ ਜਸ ਰੂਪ ਨੱਕ ਵਢਿਆ ਗਿਆ ਹੈ ਤੇ ਪ੍ਰਲੋਕ ਵਿਚ ਧਰਮ ਰਾਜਾ ਦੇ ਅੱਗੇ ਭੀ ਆਪਣਾ ਨੱਕ ਵਢਾਇਆ, ਭਾਵ ਅਪਜਸ ਕਰਵਾਇਆ ਹੈ।

ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥

ਉਹ ਬੜੇ ਕਰੂਪ=ਸਫਾਈ ਰੂਪੀ ਰੂਪ ਤੋਂ ਰਹਿਤ ਹਨ ਤੇ ਸਦਾ ਦੁੱਖੀ ਹਨ ਅਤੇ ਮਾਇਆ ਕਰਕੇ ਉਹਨਾਂ ਦੇ ਮੂੰਹ ਕਾਲੇ ਹਨ।

ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥

ਰੋਜ਼ ਸਵੇਰੇ ਉੱਠਦਿਆਂ ਹੀ ਪਰਾਏ ਧਨ ਨੂੰ ਹਿਰਹਿ=ਚੁਰਾਂਦੇ ਹਨ ਅਤੇ ਹਰੀ ਨਾਮ ਵਲੋਂ ਮਨ ਚੁਰਾਇਆ ਹੋਇਆ ਹੈ, ਭਾਵ-ਨਾਮ ਤੋਂ ਬੇਮੁਖ ਹਨ।

ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥

ਹੇ ਹਰਿ ਜੀਓ ! ਉਹਨਾਂ ਦੀ ਸੰਗਤ ਦਾ ਮੇਲ ਮੈਨੂੰ ਨਾ ਕਰਾਓ।

ਹੇ ਹਰੀ ਰਾਜੇ ! ਉਹਨਾਂ ਦੀ ਸੰਗਤ ਵਲੋਂ ਮੈਨੂੰ ਰੱਖ ਲੈਣਾ ਕਰੋ।

ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ ॥ ੧੭ ॥

ਗੁਰੂ ਜੀ ਕਥਨ ਕਰਦੇ ਹਨ-ਕੀਤੇ ਕਰਮਾਂ ਦੇ ਪਏ ਹੋਏ ਲੇਖਾਂ ਅਨੁਸਾਰ ਕਰਮ ਕਮਾਉਂਦੇ ਹਨ, ਇਸ ਕਰਕੇ ਮਨਮੁਖਾਂ ਨੇ ਸਦਾ ਹੀ ਦੁੱਖ ਪਾਇਆ ਹੈ॥ ੧ ॥

ਸਲੋਕ ਮਃ ੪ ॥

ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ॥

ਸਭ ਕੋਈ ਖਸਮ=ਪਰਮਾਤਮਾ ਦਾ ਹੈ ਕਿਉਂਕਿ ਪਰਮਾਤਮਾ ਤੋਂ ਹੀ ਸਭ ਕੋਈ ਹੋਇਆ ਹੈ।

ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥

ਖਸਮ=ਪਰਮਾਤਮਾ ਦਾ ਹੁਕਮ ਪਛਾਣੇ ਤਾਂ ਕੋਈ ਸੱਚ ਸਰੂਪ ਨੂੰ ਪਾਂਦਾ ਹੈ।

ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ॥

ਜੇਕਰ ਗੁਰਾਂ ਦੁਆਰੇ ਆਪਣਾ ਸਰੂਪ ਪਛਾਣ ਲਈਏ ਤਾਂ ਸੰਸਾਰ ਵਿਚ ਕੋਈ ਭੀ ਮਨੁੱਖ ਬੁਰਾ ਨਿਗਾਹ ਨਹੀਂ ਆਉਂਦਾ।

ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ ਆਇਆ ਸੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਗੁਰਾਂ ਦੁਆਰੇ ਨਾਮ ਨੂੰ ਧਿਆਉਣਾ ਕਰੀਏ, ਜੇਹੜਾ ਪੁਰਸ਼ ਨਾਮ ਨੂੰ ਧਿਆਉਂਦਾ ਹੈ, ਉਸ ਦਾ ਦੁਨੀਆਂ ਵਿਚ ਆਇਆ ਸਹਿਲਾ=ਸਫਲਾ ਹੈ, ਵਾ:-ਲਾਭ ਦੇ ਸਹਿਤ ਹੈ॥ ੧ ॥

ਮਃ ੪ ॥ ਸਭਨਾ ਦਾਤਾ ਆਪਿ ਹੈ ਆਪੇ ਮੇਲਣਹਾਰੁ ॥

ਉਹ ਪਰਮੇਸ਼ਰ ਆਪ ਹੀ ਸਾਰਿਆਂ ਦਾ ਦਾਤਾ ਹੈ ਅਤੇ ਆਪ ਹੀ ਆਪਣੇ ਨਾਲ ਮੇਲਣ ਵਾਲਾ ਹੈ।

ਨਾਨਕ ਸਬਦਿ ਮਿਲੇ ਨ ਵਿਛੁੜਹਿ ਜਿਨਾ ਸੇਵਿਆ ਹਰਿ ਦਾਤਾਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਹਰੀ ਦਾਤੇ ਨੂੰ ਸੇਵਿਆ ਹੈ, ਉਹ ਸਬਦਿ=ਬ੍ਰਹਮ ਨਾਲ ਮਿਲੇ ਹੋਏ ਕਦੇ ਵਿਛੜਦੇ ਨਹੀਂ॥ ੨ ॥

ਪਉੜੀ ॥ ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ ॥

ਗੁਰਮੁਖਾਂ ਦੇ ਹਿਰਦੇ ਵਿਚ ਸ਼ਾਂਤੀ ਹੈ ਕਿਉਂਕਿ ਗੁਰਮੁਖਾਂ ਦੇ ਹਿਰਦੇ ਵਿਚ ਨਾਮ ਦਾ ਬੂਟਾ ਉੱਗ ਆਇਆ ਹੈ।

ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ ॥

ਗੁਰਮੁਖ ਨਿਸ਼ਕਾਮ ਹੋ ਕੇ ਜਪ ਤਪ ਆਦਿਕ ਸਾਧਨ, ਤੀਰਥ ਯਾਤਰਾ, ਸੰਜਮ ਆਦਿਕ ਸ਼ੁਭ ਗੁਣਾਂ ਨੂੰ ਧਾਰਨ ਕਰਦੇ ਹਨ, ਇਸ ਕਰਕੇ ਉਹ ਮੇਰੇ ਪ੍ਰਭੂ ਨੂੰ ਭਾਏ ਹਨ।

ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ ॥

ਹਰੀ ਨੂੰ ਸੇਂਵਦੇ ਹਨ, ਇਸ ਕਰਕੇ ਗੁਰਮੁਖਾਂ ਦਾ ਹਿਰਦਾ ਸ਼ੁਧ ਹੈ ਅਤੇ ਉਹ ਗੁਣਾਂ ਨੂੰ ਗਾਂਵਦੇ ਹੋਏ ਸੋਹਹਿ=ਸ਼ੋਭਦੇ ਹਨ।

ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ ॥

ਮੇਰੇ ਹਰਿ ਜੀ ਨੂੰ ਇਸੇ ਤਰ੍ਹਾਂ ਭਾਉਂਦਾ ਹੈ, ਉਸ ਨੇ ਗੁਰਮੁਖਾਂ ਨੂੰ ਗੁਰਾਂ ਦੁਆਰੇ ਤਾਰ ਦਿੱਤਾ ਹੈ।

ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖਾਂ ਨੂੰ ਆਪਣੇ ਨਾਲ ਮੇਲਣਾ ਕੀਤਾ ਹੈ, ਇਸ ਲਈ ਉਹ ਹਰੀ ਦੇ ਦਰਬਾਰ ਵਿਚ ਸੋਹਾਇਆ=ਸ਼ੋਭਦੇ ਹਨ॥ ੧੮॥

ਸਲੋਕ ਮਃ ੧ ॥

ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ ॥

ਧਨ ਵਾਲਾ ਧਨਾਢ ਪੁਰਸ਼ ਇਸ ਤਰ੍ਹਾਂ ਕਹਿੰਦਾ ਹੈ ਕਿ ਮੈਂ ਹੋਰ ਧਨ ਖੱਟਣ ਨੂੰ ਜਾਵਾਂ ।

ਨਾਨਕ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜੀਵ ਉਸੇ ਦਿਨ ਤੋਂ ਨਿਰਧਨੁ=ਕੰਗਾਲ ਹੋ ਗਿਆ ਹੈ, ਜਿਸ ਦਿਨ ਤੋਂ ਇਸ ਨੂੰ ਵਾਹਿਗੁਰੂ ਨਾਮ ਭੁਲ ਗਿਆ ਹੈ॥ ੧॥

ਮਃ ੧ ॥ ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥

ਸੂਰਜ ਦੇ ਚੜ੍ਹਨ 'ਤੇ ਵਿਜੋਗਿ=ਅਸਤ ਹੋਣ ਕਰਕੇ, ਭਾਵ ਦਿਨ ਰਾਤ ਦੀ ਸੰਗਿਆ ਕਰਕੇ ਸਾਰਿਆਂ ਦੀ ਆਰਜਾ=ਉਮਰਾ ਘਟਦੀ ਜਾਂਦੀ ਹੈ।

ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ ॥

ਜਿਸ ਦਾ ਮਨ ਤਨ ਭੋਗਾਂ ਵਿਚ ਰਤਾ ਹੋਇਆ ਹੈ, ਉਹ ਕੋਈ ਹਾਰਦਾ ਹੈ, ਜਿਸ ਦਾ ਤਨ ਮਨ ਪ੍ਰੇਮ ਵਿਚ ਰੱਤਾ ਹੋਇਆ ਹੈ, ਉਹ ਕੋਈ ਜਨਮ ਨੂੰ ਜਿਣੈ=ਜਿੱਤਦਾ ਹੈ।

ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ ਥੰਮ੍ਹੀਐ ॥

ਸਭ ਕੋਈ ਪ੍ਰਾਣਾਂ ਰੂਪੀ ਫੂਕ ਨਾਲ ਭਰਿਆ ਹੋਇਆ ਹੈ, ਆਖਣਿ=ਪ੍ਰਸੰਗਾਂ ਦੇ ਕਹਿਣ ਨਾਲ ਉਹ ਫੂਕ ਰੁਕਦੀ ਨਹੀਂ।

ਵਾ:-ਆਪਣੇ ਕਹਿਣ ਨਾਲ ਤੇ ਦੂਜਿਆਂ ਦੇ ਆਖਣ ਨਾਲ ਉਹ ਪ੍ਰਾਣਾਂ ਰੂਪੀ ਫੂਕ ਰੁਕਦੀ ਨਹੀਂ।

ਨਾਨਕ ਵੇਪੈ ਆਪਿ ਫੂਕ ਕਢਾਏ ਢਹਿ ਪਵੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਵੇਲੇ ਪ੍ਰਭੂ ਜਮਾਂ ਪਾਸੋਂ ਫੂਕ ਕਢਾਉਂਦਾ ਹੈ ਤਾਂ ਏਹ ਸਰੀਰ ਸਭ ਦੇ ਆਪਣੇ ਵੇਖਦਿਆਂ ਵੇਖਦਿਆਂ ਢਹਿ ਪਵੈ=ਡਿੱਗ ਪੈਂਦਾ ਹੈ॥ ੨॥

ਅਥਵਾ:-ਸਭ ਕੋਈ ਫੂਕਿ=ਹੰਕਾਰ ਨਾਲ ਭਰਿਆ ਹੋਇਆ ਹੈ, ਬਹੁਤਿਆਂ ਆਖਣਿ=ਪ੍ਰਸੰਗਾਂ ਦੇ ਕਹਣ ਨਾਲ ਹੰਕਾਰ ਰੁਕਦਾ ਨਹੀਂ ।

ਗੁਰੂ ਜੀ ਕਥਨ ਕਰਦੇ ਹਨ—ਜੇਹੜਾ ਪੁਰਸ਼ ਗੁਰ ਚਰਨਾਂ 'ਪਰ ਡਿੱਗ ਪੈਂਦਾ ਹੈ ਤੇ ਉਹਨਾਂ ਦੇ ਉਪਦੇਸ਼ ਦੁਆਰਾ ਫੂਕ=ਹੰਕਾਰ ਨੂੰ ਹਿਰਦੇ ਚੋਂ ਬਾਹਰ ਕਢਾਉਂਦਾ ਹੈ, ਉਹ ਆਪਣੇ ਸਰੂਪ ਨੂੰ ਵੇਖ ਲੈਂਦਾ ਹੈ॥ ੨॥

ਪਉੜੀ॥ ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥

ਸਤਸੰਗਤ ਵਿਚ ਨਾਮ ਦਾ ਨਿਧਾਨੁ=ਖਜ਼ਾਨਾ ਹੈ, ਜਿਥੋਂ ਹਰੀ ਪਾਇਆ ਜਾਂਦਾ ਹੈ।

[ਪੰਨਾ ੧੨੪੫]

ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ॥

ਗੁਰਾਂ ਦੀ ਪਰਸਾਦੀ=ਕ੍ਰਿਪਾ ਨਾਲ ਹਿਰਦੇ ਵਿਚ ਗਿਆਨ ਦਾ ਚਾਨਣ ਹੁੰਦਾ ਹੈ ਅਤੇ ਅਗਿਆਨ ਰੂਪ ਹਨੇਰਾ ਦੂਰ ਹੋ ਜਾਂਦਾ ਹੈ।

ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ॥

ਜਿਵੇਂ ਲੋਹਾ ਪਾਰਸ ਨਾਲ ਭੇਟੀਐ=ਛੋਹਣ ਕਰਕੇ ਕੰਚਨੁ=ਸੋਨਾ ਹੋ ਆਉਂਦਾ ਹੈ,

ਤਿਵੇਂ ਗੁਰੂ ਰੂਪ ਪਾਰਸ ਨਾਲ ਛੋਹਣ ਕਰਕੇ ਜਗਿਆਸੂ ਸੋਨੇ ਵਾਂਗੂ ਸ਼ੁਧ ਹੋ ਆਉਂਦਾ ਹੈ।

ਨਾਨਕ ਸਤਿਗੁਰਿ ਮਿਲੀਐ ਨਾਉ ਪਾਈਐ ਮਿਲਿ ਨਾਮੁ ਧਿਆਇਆ॥

ਗੁਰੂ ਜੀ ਕਥਨ ਕਰਦੇ ਹਨ—ਸਤਿਗੁਰਾਂ ਨਾਲ ਮਿਲਣ ਕਰਕੇ ਨਾਮ ਪਾਈਦਾ ਹੈ, ਜੇਹੜਾ ਪੁਰਸ਼ ਸਤਿਗੁਰਾਂ ਨਾਲ ਮਿਲਿਆ ਹੈ, ਉਸ ਨੇ ਵਾਹਿਗੁਰੂ ਨਾਮ ਧਿਆਇਆ ਹੈ।

ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ੀ ਦਰਸਨੁ ਪਾਇਆ॥ ੧੯॥

ਜਿਨ੍ਹਾਂ ਦੇ ਬੁੱਧੀ ਰੂਪ ਪੋਤੈ=ਪਲੇ ਵਿਚ ਜਾਂ ਹਿਰਦੇ ਰੂਪ ਪੋਤੈ=ਖਜ਼ਾਨੇ ਵਿਚ ਪੁੰਨ ਕਰਮ ਹਨ, ਉਨ੍ਹਾਂ ਨੇ ਹੀ ਪ੍ਰਭੂ ਦਾ ਦਰਸ਼ਨ ਪਾਇਆ ਹੈ॥ ੧੯॥

ਸਲੋਕ ਮਃ ੧॥

ਜਿਸ ਵੇਲੇ ਗੁਰੂ ਜੀ ਮੋਦੀਖਾਨਾ ਲੁਟਾ ਕੇ ਸੰਸਾਰ ਵਲੋਂ ਮਸਤਾਨੇ ਹੋ ਕੇ ਮਸਾਣ ਭੂਮੀ 'ਪਰ ਆ ਬੈਠੇ। ਉਸ ਵੇਲੇ ਕਈਆਂ ਨੇ ਆ ਕੇ ਬੁਲਾਇਆ ਪਰ ਗੁਰੂ ਜੀ ਬੋਲਣ ਨਾ, ਫੇਰ ਦੌਲਤ ਖਾਂ ਨਵਾਬ ਨੂੰ ਕਿਹਾ—ਤੇਰੇ ਮੋਦੀ ਵਿਚ ਭੂਤ ਪ੍ਰਵੇਸ਼ ਕਰ ਗਿਆ, ਉਸ ਨੂੰ ਬਹੁਤ ਬੁਲਾਇਆ ਹੈ ਉਹ ਬੋਲਦਾ ਨਹੀਂ। ਇਹ ਗੱਲ ਸੁਣ ਕੇ ਨਵਾਬ ਨੇ ਭੂਤਾਂ ਦੇ ਕੱਢਣ ਵਾਲੇ ਨੂੰ ਸੱਦ ਕੇ ਕਿਹਾ-ਅੱਗੋਂ ਉਸ ਨੇ ਕਿਹਾ, ਮੈਂ ਭੂਤ ਤਾਂ ਕੱਢ ਦਿਆਂਗਾ ਪਰ ਚਾਲੀ ਰੁਪਏ ਲਵਾਂਗਾ ਨਵਾਬ ਨੇ ਕਿਹਾ ਠੀਕ ਹੈ ਜੋ ਤੂੰ ਕਹੇਂਗਾ ਉਹੀ ਦਿਆਂਗਾ। ਜਦ ਉਸ ਨੇ ਆ ਕੇ ਨਾਸਾਂ ਵਿਚ ਧੂਆਂ ਦਿੱਤਾ ਉਸ ਵੇਲੇ ਗੁਰੂ ਜੀ ਨੇ ਉਸ ਨੂੰ ਆਖਿਆ-

"ਧ੍ਰਿਗ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥"

ਇਸ ਦੀ ਦੂਜੀ ਉਥਾਨਕਾ ਭੀ ਹੈ:-ਇਕ ਪੰਡਿਤ ਰਾਮ ਨਾਮ ਲਿਖ ਕੇ ਆਟੇ ਦੀਆਂ ਗੋਲੀਆਂ ਵਿਚ ਬੰਦ ਕਰਕੇ ਮੁੱਲ ਵੇਚ ਕੇ ਜਲ ਪਰਵਾਹ ਕਰ ਰਿਹਾ ਸੀ, ਉਸ ਨੂੰ ਉਪਦੇਸ਼ ਦੇਂਦੇ ਹਨ-

ਧ੍ਰਿਗ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥

ਤੀਜੀ ਉਥਾਨਕਾ ਇਸ ਤਰ੍ਹਾਂ ਆਖਦੇ ਹਨ:—ਇਕ ਪੰਡਿਤ ਪੁਰਾਣਾਂ ਦੀ ਕਥਾ ਲੋਕਾਂ ਨੂੰ ਸੁਣਾ ਕੇ ਮਾਇਆ 'ਕੱਠੀ ਕਰ ਰਿਹਾ ਸੀ, ਇਸ ਸਲੋਕ ਰਾਹੀਂ ਉਸ ਨੂੰ ਸਮਝਾਂਦੇ ਹਨ-

ਸਲੋਕ ਮਃ ੧ ॥

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥

ਉਹਨਾਂ ਦੇ ਜੀਊਣੇ ਨੂੰ ਧ੍ਰਿਗਾਕਾਰ ਹੈ, ਜੇਹੜੇ ਕਾਗਜ਼ਾਂ 'ਪਰ ਲਿਖ ਲਿਖ ਕੇ ਨਾਮ ਨੂੰ ਵੇਚਦੇ ਹਨ ਜਾਂ ਕਥਾ ਕਰਕੇ ਮਾਇਆ ਮੰਗਦੇ ਹਨ।

ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥

ਜਿਨ੍ਹਾਂ ਦੀ ਪ੍ਰਤੱਖ ਖੇਤੀ ਉਜੜ ਗਈ ਹੈ ਤਾਂ ਉਹਨਾਂ ਦੇ ਖਲਵਾੜਿਆਂ ਨੂੰ ਕੇਹੜੀ ਥਾਂ ਹੈ।

ਇਸੇ ਤਰ੍ਹਾਂ ਜਿਨ੍ਹਾਂ ਦੀ ਸ਼ੁਭ ਗੁਣਾਂ ਰੂਪੀ, *ਵਾ:*-ਸ਼ਰਧਾ ਰੂਪੀ ਖੇਤੀ ਉਜੜ ਗਈ ਹੈ, ਉਹਨਾਂ ਨੂੰ ਸੁਖ ਦੀ ਪ੍ਰਾਪਤੀ ਦਾ ਕੇਹੜਾ ਥਾਂ ਹੈ, *ਵਾ:*-ਮੁਕਤੀ ਦੀ ਪਰਾਪਤੀ ਦਾ ਕੇਹੜਾ ਥਾਂ ਹੈ।

ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ॥

ਸਚੇ ਸਰਮੈ=ਵੈਰਾਗ ਤੋਂ ਬਾਹਰ ਜੇਹੜੇ ਪੁਰਸ਼ ਹਨ, ਉਹ ਅਗੈ=ਪਰਲੋਕ ਵਿਚ ਜਾ ਕੇ ਦਾਦਿ=ਨਿਆਂ ਨਹੀਂ ਲੈਂਦੇ।

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥

ਇਹ ਅਕਲ ਨਹੀਂ ਆਖੀਦੀ ਜੋ ਗੁਰਾਂ ਦੇ ਸਾਹਮਣੇ ਬੋਲ ਕੇ ਅਕਲ ਨੂੰ ਬਾਦਿ=ਵਿਅਰਥ ਗੁਆ ਲੈਣਾ ਹੈ। *ਅਥਵਾ:*-ਇਹ ਅਕਲ ਨਹੀਂ ਕਹੀ ਜਾਂਦੀ, ਜੇਹੜੀ ਅਕਲ ਬਾਦਿ=ਝਗੜਿਆਂ ਵਿਚ ਜਾਂ ਬਾਦਿ=ਵਿਅਰਥ ਕੰਮਾਂ ਵਿਚ ਗਵਾਈ ਜਾਂਦੀ ਹੈ।

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥

ਅਕਲ ਨਾਲ ਸਾਹਿਬੁ=ਵਾਹਿਗੁਰੂ ਨੂੰ ਸਿਮਰੀਦਾ ਹੈ, ਅਕਲ ਨਾਲ ਹੀ ਲੋਕ ਪ੍ਰਲੋਕ ਵਿਚ ਮਾਨੁ=ਆਦਰ ਪਾਈਂਦਾ ਹੈ।

ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥

ਅਕਲ ਨਾਲ ਹੀ ਪੜ੍ਹ ਕੇ ਸਮਝੀਦਾ ਹੈ ਅਤੇ ਅਕਲ ਨਾਲ ਹੀ ਦਾਨ ਪੁੰਨ ਕਰੀਦਾ ਹੈ।

ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਇਕ ਏਹੋ ਸਿਧਾ ਰਸਤਾ ਹੈ, ਹੋਰ ਸਭ ਗੱਲਾਂ ਸ਼ੈਤਾਨੀ ਦੀਆਂ ਹਨ॥ ੧ ॥

ਮ: ੨ ॥ ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ॥

ਕਿਸੇ ਦੇ ਪੁਛਣ ਕਰਕੇ ਕਿ ਤੂੰ ਇਤਨਾ ਯੱਗ ਕੀਤਾ ਹੈ, ਇਸ ਉਤੇ ਕਿਤਨਾ ਖਰਚ ਆਇਆ ਹੈ, ਉਸ

ਵੇਲੇ ਜੇਕਰ ਦੱਸਣ ਦੀ ਅਜੇਹੀ ਜ਼ਰੂਰਤ ਬਣ ਵੀ ਜਾਵੇ ਤਾਂ ਜੇਹੋ ਜੇਹਾ ਕੰਮ ਕੀਤਾ ਹੈ, ਉਸੇ ਤਰ੍ਹਾਂ ਦੇ ਕਹਿਣ ਵਿਚ ਆਵੇ, ਥੋੜ੍ਹਾ ਕਰਕੇ ਬਹੁਤਾ ਨਾ ਦੱਸੇ ਅਰਥਾਤ ਝੂਠ ਨਾ ਬੋਲੇ।

ਹੋਵਹਿ ਲਿੰਙ ਝਿੰਙ ਨਹ ਹੋਵਹਿ ਐਸੀ ਕਹੀਐ ਸੂਰਤਿ ॥

(੧) ਲਿੰਙ ਵਾਲਾ ਭਾਵ ਮਰਦ ਹੋਵੇ, ਝਿੰਙ=ਹੀਜੜਾ ਨਾ ਹੋਵੇ।

(੨) ਲਿੰਙ=ਸੂਰਬੀਰ ਹੋਵੇ, ਝਿੰਙ=ਕਾਇਰ ਨਾ ਹੋਵੇ।

(੩) ਸ਼ੁਭ ਗੁਣਾਂ ਦੇ ਲਿੰਙ=ਚਿੰਨਾਂ ਵਾਲਾ ਹੋਵੇ, ਸ਼ੁਭ ਗੁਣਾਂ ਤੋਂ ਝਿੰਙ=ਰਹਿਤ (ਨੂਨ) ਨਾ ਹੋਵੇ।

ਅਜੇਹੀ ਰੀਤੀ ਵਾਲਾ ਮਨੁੱਖ ਚੰਗੀ ਸੂਰਤ ਵਾਲਾ ਕਿਹਾ ਜਾਂਦਾ ਹੈ।

ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ ॥੨॥

ਉਸ ਨੂੰ ਜੋ ਇੱਛਾ ਹੁੰਦੀ ਹੈ, ਓਹੀ ਫਲ ਪਾਉਂਦਾ ਹੈ, ਗੁਰੂ ਜੀ ਕਥਨ ਕਰਦੇ ਹਨ—ਤਾਂ ਹੀ ਉਹ ਅਸਲ ਸੰਤ ਸਰੂਪ, ਵਾ:-ਪਰਮੇਸ਼ਰ ਦਾ ਮੂਰਤਿ=ਸਰੂਪ ਕਿਹਾ ਜਾਂਦਾ ਹੈ॥ ੨॥

ਪਉੜੀ॥ ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ॥

ਸਤਿਗੁਰ ਦੇਵ ਜੀ ਅੰਮ੍ਰਿਤ ਦਾ ਬ੍ਰਿਛ ਹਨ ਅਤੇ ਗਿਆਨ ਵੈਰਾਗ ਰੂਪੀ ਅੰਮ੍ਰਿਤ ਰਸ ਨਾਲ ਫਲੇ ਹੋਏ ਹਨ।

ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ॥

ਜਿਸ ਨੂੰ ਗੁਰੂ ਪ੍ਰਾਪਤ ਹੁੰਦੇ ਹਨ, ਓਹੀ ਮੁਕਤੀ ਫਲ ਲੈਂਦਾ ਹੈ ਅਤੇ ਉਹ ਗੁਰਾਂ ਦੇ ਸ਼ਬਦ ਕਰਕੇ ਵਾਹਿਗੁਰੂ ਨਾਲ ਮਿਲਿਆ ਹੈ।

ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ॥

ਜੇਹੜਾ ਪੁਰਸ਼ ਸਤਿਗੁਰਾਂ ਦੇ ਭਾਣੇ ਵਿਚ ਚਲਦਾ ਹੈ, ਓਹੀ ਹਰੀ ਨਾਲ ਰਲਿਆ=ਮਿਲਿਆ ਹੈ।

ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ॥

ਉਸ ਵੱਲ ਜਮਕਾਲ ਜੋਹਿ=ਦੇਖ ਨਹੀਂ ਸਕਦਾ ਕਿਉਂਕਿ ਉਸ ਦੇ ਹਿਰਦੇ ਵਿਚ ਚਾਨਣੁ=ਗਿਆਨ ਰੂਪ ਦੀਵਾ ਬਲਿਆ ਹੈ।

ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ ॥੨੦॥

ਗੁਰੂ ਜੀ ਕਥਨ ਕਰਦੇ ਹਨ—ਜਿਸ ਦੇ ਪਾਪ ਬਖਸ਼ ਕੇ ਪ੍ਰਭੂ ਨੇ ਆਪਣੇ ਨਾਲ ਮਿਲਾਇਆ ਹੈ, ਉਹ ਫਿਰ ਮਾਂ ਦੇ ਗਰਭ ਵਿਚ ਨਹੀਂ ਗਲਦਾ॥ ੨੦॥

ਸਲੋਕ ਮ: ੧॥

ਕੋਈ ਕਰਮ ਕਾਂਡੀ ਬ੍ਰਾਹਮਣ ਹਮੇਸ਼ਾਂ ਵਰਤ ਰੱਖਦਾ ਤੇ ਬਾਹਰਲੇ ਕਰਮ ਕਰਦਾ ਸੀ, ਉਸ ਨੇ ਆ ਕੇ ਗੁਰੂ ਜੀ ਨੂੰ ਆਖਿਆ ਤੁਸੀਂ ਭੀ ਵਰਤ ਰੱਖਿਆ ਕਰੋ, ਇਹ ਗੱਲ ਸੁਣ ਕੇ ਉਸ ਨੂੰ ਸਮਝਾਂਦੇ ਹਨ—

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥

ਸੱਚ ਬੋਲਣਾ, ਇਹ ਅਸਲ ਵਰਤ ਹੈ, ਸੰਤੋਖ ਰੂਪੀ ਤੀਰਥ ਹੈ, ਗਿਆਨ ਧਿਆਨ ਦੀ ਜੇਹੜੀ ਪ੍ਰਾਪਤੀ ਕੀਤੀ ਹੈ ਏਹੋ ਇਸ਼ਨਾਨ ਹੈ। *ਅਥਵਾ:*-ਧਿਆਨ ਰੂਪ ਇਸ਼ਨਾਨ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥

ਦਇਆ ਕਰਨੀ, ਏਹ ਦੇਵਤੇ ਦੀ ਪੂਜਾ ਹੈ, ਖੇਮਾ ਧਾਰਨੀ ਏਹ ਜਪਮਾਲੀ=ਮਾਲਾ ਹੈ, ਜਿਨ੍ਹਾ ਪਾਸ ਇਤਆਦਿਕ ਸ਼ੁਭ ਗੁਣ ਹਨ, ਉਹ ਮਨੁੱਖ ਸਾਰਿਆਂ ਤੋਂ ਮੁਖੀ ਹਨ।

ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥

ਅਭੇਦ ਦੀਆਂ ਸਾਧਕ ਜੁਗਤੀਆਂ, ਭੇਦ ਦੀਆਂ ਬਾਧਕ ਜੁਗਤੀਆਂ ਇਹ ਧੋਤੀ ਹੈ,

ਵਾ:-ਪਰਮੇਸ਼ਰ ਵਿਚ ਹਰ ਵੇਲੇ ਜੁਗਤਿ=ਜੁੜਿਆ ਰਹਿਣਾ ਇਹ ਧੋਤੀ ਹੈ,

ਸਰੇਸ਼ਟ ਪ੍ਰੀਤੀ, *ਵਾ:*-ਸਰੇਸ਼ਟ ਗਿਆਤ ਇਹ ਚੌਕਾ ਹੈ,

ਭਗਤੀ ਕਰਨੀ, *ਵਾ:*-ਨਿਸ਼ਕਾਮ ਕਰਮਾਂ ਦੀ ਕਰਣੀ ਇਹ ਤਿਲਕ ਹੋਵੇ।

ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥ ੧॥

ਗੁਰੂ ਜੀ ਕਥਨ ਕਰਦੇ ਹਨ—ਭਾਉ=ਗਿਆਨ ਰੂਪ ਭੋਜਨ ਹੈ, ਅਜੇਹੇ ਗੁਣਾਂ ਦੇ ਧਾਰਨ ਵਾਲਾ ਕੋਈ ਕੋਈ ਵਿਰਲਾ ਹੈ॥ ੧॥

ਮਹਲਾ ੩॥

ਇਕਾਦਸ਼ੀ ਦਾ ਵਰਤ ਰੱਖਣ ਵਾਲੇ ਦੋ ਦਿਨ ਪਹਿਲੇ ਹੀ ਸੰਜਮ ਦਾ ਅਹਾਰ ਕਰਨਾ ਸ਼ੁਰੂ ਕਰ ਲੈਂਦੇ ਹਨ। ਉਹ ਨੌਮੀ ਵਾਲੇ ਦਿਨ ਇਕ ਵੇਲੇ ਭੋਜਨ ਖਾਂਦੇ ਹਨ, ਦਸਮੀ ਵਾਲੇ ਦਿਨ ਭੋਜਨ ਬਿਲਕੁਲ ਨਹੀਂ ਖਾਂਦੇ ਕੇਵਲ ਫਲੋਹਾਰ ਹੀ ਕਰਦੇ ਹਨ ਇਕਾਦਸ਼ੀ ਵਾਲੇ ਦਿਨ ਬਿਲਕੁਲ ਨਹੀਂ ਖਾਂਦੇ, ਵੈਸ਼ਨਵ ਮੱਤ ਵਾਲੇ ਇਕਾਦਸ਼ੀ ਨੂੰ ਵਰਤ ਰੱਖਣਾ ਬੜਾ ਪੁੰਨ ਮੰਨਦੇ ਹਨ, ਇਕਾਦਸ਼ੀ ਵਾਲੇ ਦਿਨ ਅੰਨ ਖਾਣਾ ਬੜਾ ਭਾਰੀ ਪਾਪ ਸਮਝਦੇ ਹਨ ਕਿਉਂਕਿ ਇਕਾਦਸ਼ੀ ਨੂੰ **'ਹਰਿ ਵਾਸਰ'** ਵਿਸ਼ਨੂੰ ਦਾ ਦਿਨ ਕਹਿੰਦੇ ਹਨ। ਬ੍ਰਿਧ ਹਾਰੀਤ ਸਿੰਮ੍ਰਤੀ ਦੇ ਚੌਥੇ ਧਿਆਇ ਵਿਚ ਲਿਖਿਆ ਹੈ ਜੇਹੜਾ ਬ੍ਰਾਹਮਣ **ਹਰਿ ਵਾਸਰ**=ਇਕਾਦਸ਼ੀ ਨੂੰ ਅੰਨ ਖਾਵੇ ਉਸ ਨੂੰ ਗਧੇ 'ਪਰ ਚੜ੍ਹਾ ਕੇ ਦੇਸ਼ ਨਿਕਾਲਾ ਦੇ ਦਿਓ। ਇਕਾਦਸ਼ੀ ਨੂੰ ਇਹ ਕਰਤੱਬ ਕਰਨਾ ਚਾਹੀਦਾ ਹੈ:-

ਏਕਾਦਸੀ ਇਕੁ ਰਿਦੈ ਵਸਾਵੈ॥ ਹਿੰਸਾ ਮਮਤਾ ਮੋਹੁ ਚੁਕਾਵੈ॥
ਫਲੁ ਪਾਵੈ ਬ੍ਰਤੁ ਆਤਮ ਚੀਨੈ॥ ਪਾਖੰਡਿ ਰਾਚਿ ਤੁਤ ਨਹੀ ਬੀਨੈ॥
ਨਿਰਮਲੁ ਨਿਰਾਹਾਰੁ ਨਿਹਕੇਵਲੁ॥ ਸੂਚੈ ਸਾਚੇ ਨ ਲਾਗੈ ਮਲੁ॥ ੧੩॥
ਜਹ ਦੇਖਉ ਤਹ ਏਕੋ ਏਕਾ॥ ਹੋਰਿ ਜੀਅ ਉਪਾਏ ਵੇਕੋ ਵੇਕਾ॥
ਫਲੋਹਾਰ ਕੀਏ ਫਲੁ ਜਾਇ॥ ਰਸ ਕਸ ਖਾਏ ਸਾਦੁ ਗਵਾਇ॥

(ਬਿਲਾਵਲ ਥਿਤੀ ਪੰਨਾ ੮੪੦)

ਤਥਾ :- *ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ॥*

ਮਨਿ ਸੰਤੋਖੁ ਸਰਬ ਜੀਅ ਦਇਆ॥ ਇਨ ਬਿਧਿ ਬਰਤੁ ਸੰਪੂਰਨ ਭਇਆ॥

(ਗਉੜੀ ਥਿਤੀ ਪੰਨਾ ੨੯੯)

ਨਉਮੀ ਨੇਮੁ ਸਚੁ ਜੇ ਕਰੈ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ॥

ਨੌਮੀ ਥਿਤ ਵਾਲੇ ਦਿਨ ਇਕ ਵੇਲੇ ਦਾ ਭੋਜਨ ਏਹੋ ਹੈ, ਜੇਹੜਾ ਸੱਚ ਬੋਲਣ ਦਾ ਨੇਮ ਕਰਨਾ ਹੈ ਅਤੇ ਕਾਮ, ਕ੍ਰੋਧ, ਤ੍ਰਿਸ਼ਨਾ ਆਦਿਕਾਂ ਨੂੰ ਉ=ਵਿਸ਼ੇਸ਼ ਕਰਕੇ ਚਰੈ=ਨਾਸ ਕਰੇ ਜਾਂ ਉਚਰੈ=ਉਚਾਲਣਾ ਕਰੇ।

ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ॥

ਦਸਮੀ ਥਿਤ ਦੀ ਫਲੋਹਾਰੀ ਏਹੀ ਹੈ-ਜੇਹੜਾ ਦਸ ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਠਾਕੈ=ਰੋਕਨਾ ਹੈ, ਏਕਾਦਸ਼ੀ ਦਾ ਵਰਤ ਏਹੋ ਹੈ, ਜੇਹੜਾ ਸਭ ਨੂੰ ਇਕ ਪਰਮੇਸ਼ਰ ਰੂਪ ਕਰਕੇ ਜਾਨਣਾ ਹੈ।

ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ॥

ਦੁਆਦਸੀ ਥਿਤ ਵਾਲੇ ਦਿਨ ਵਰਤ ਦਾ ਖੋਲਣਾ ਏਹੋ ਹੈ, ਜੇਹੜਾ ਪੰਜ ਵਿਕਾਰਾਂ ਵੱਲ ਜਾਣ ਵਾਲੇ ਮਨ ਨੂੰ ਵਸੀਕਾਰ ਕਰਕੇ ਰੱਖਣਾ ਹੈ,

ਗੁਰੂ ਜੀ ਕਥਨ ਕਰਦੇ ਹਨ—ਤਦ ਇਸ ਦਾ ਪਰਮੇਸ਼ਰ ਉਤੇ ਮਨ ਮੰਨਿਆਂ ਜਾਂਦਾ ਹੈ।

ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥

ਹੇ ਪਾਂਡੇ ! ਇਸ ਤਰ੍ਹਾਂ ਦਾ ਅੰਤ੍ਰੀਵ ਵਰਤ ਰੱਖਣਾ ਕਰ, ਹੋਰ ਬਹੁਤੀ ਸਿੱਖਿਆ ਕੀ ਦੇਣੀ ਹੈ॥ ੨॥

ਅੱਜ ਕੱਲ ਤਾਂ ਬਹੁਤੇ ਪਦਾਰਥਾਂ ਦੇ ਖਾਣ ਪੀਣ ਦਾ ਹੀ ਵਰਤ ਰੱਖਦੇ ਹਨ।

ਯਥਾ:- *ਅੰਬ ਸਵਾ ਸੌ ਚੂਪ ਸਾਤ ਸੌ ਆੜੂ ਖਾਏ।*
ਖਖੜੀਆਂ ਕਈ ਹਜਾਰ ਖੀਰਿਆਂ ਦੇ ਖੇਤ ਮੁਕਾਏ।
ਦਹੀਂ ਕਟੋਰੇ ਚਾਰ ਘੜੇ ਦੋ ਰਸ ਕੇ ਪੀਏ।
ਮਿਠਿਆਈ ਖੋਚੇ ਚਾਰ ਪੰਜ ਸੌ ਪੇੜੇ ਲੀਏ।
ਇਨ ਭਈਓ ਇਹ ਭਾਂਤਿ ਸੁਨੌ ਸੰਤ ਇਕਾਦਸੀ।
ਚੁਪ ਕਰਕੇ ਸਉਂ ਰਹੌਂ ਭੋਰ ਹੋਇਗੀ ਦੁਆਦਸੀ।

ਪਉੜੀ॥ ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ॥

ਭੂ=ਪ੍ਰਿਥਵੀ ਦੇ ਪਤੀ ਰਾਜੇ ਲੋਕ ਤੇ ਰਾਇ=ਇਕੇ, ਰੰਗ=ਪ੍ਰੇਮ ਸਹਿਤ, ਬਿਖੁ=ਜ਼ਹਿਰ ਰੂਪ ਮਾਇਆ ਨੂੰ ਸੰਚਹਿ=ਇਕੱਠਾ ਕਰਦੇ ਹਨ।

ਕਰਿ ਕਰਿ ਹੇਤੁ ਵਧਾਇਦੇ ਪਰ ਦਰਬੁ ਚੁਰਾਇਆ॥

ਹੇਤੁ=ਮੋਹ ਕਰ ਕਰ ਕੇ ਧਨ ਨੂੰ ਵਧਾਂਦੇ ਹਨ ਅਤੇ ਧਰਿਆ ਧਰਾਇਆ ਪਰਾਇਆ ਧਨ ਚੁਰਾ ਲਿਆਉਂਦੇ ਹਨ।

ਪੁਤ੍ਰ ਕਲਤ੍ਰ ਨ ਵਿਸਹਹਿ ਬਹੁ ਪ੍ਰੀਤਿ ਲਗਾਇਆ॥

ਆਪਣੇ ਪੁੱਤਰ ਤੇ ਕਲਤ੍ਰ=ਇਸਤ੍ਰੀ ਉਤੇ ਭੀ ਵਿਸਹਹਿ=ਭਰੋਸਾ ਨਹੀਂ ਕਰਦੇ, ਧਨ ਨਾਲ ਹੀ ਬਹੁਤੀ ਪ੍ਰੀਤੀ ਲਗਾਉਂਦੇ ਹਨ।

ਵੇਖਦਿਆ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ ॥

ਜਦ ਵੇਖਦਿਆਂ ਹੀ ਮਾਇਆ ਧੁਹਿ=ਛਲ ਕੇ ਇਸ ਪਾਸੋਂ ਚਲੀ ਗਈ ਤਾਂ ਪਸ਼ਚਾਤਾਪ ਕਰਨ ਵਾਲਾ ਹੋ ਕੇ ਪਛਤਾਂਦਾ ਹੀ ਰਹਿੰਦਾ ਹੈ।

ਜਮਦਰਿ ਬਧੇ ਮਾਰੀਅਹਿ ਨਾਨਕ ਹਰਿ ਭਾਇਆ ॥ ੨੧ ॥

ਅਗੇ ਜਾ ਕੇ ਜਮਾਂ ਦੇ ਦਰ ਉਤੇ ਬੱਧੇ ਹੋਏ ਮਾਰ ਖਾਂਦੇ ਹਨ, ਗੁਰੂ ਜੀ ਕਥਨ ਕਰਦੇ ਹਨ- ਹਰੀ ਨੂੰ ਏਸੇ ਤਰ੍ਹਾਂ ਭਾਉਂਦਾ ਹੈ॥ ੨੧ ॥

ਸਲੋਕ ਮਃ ੧ ॥

ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥

ਆਤਮ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਗੀਤਾਂ ਦਾ ਗਾਇਣ ਕਰਨਾ ਐਸੇ ਨਿਸਫਲ ਹੈ, ਜਿਵੇਂ ਭੁੱਖਾ ਮੌਲਵੀ ਪੂਜਾ ਲੈਣ ਵਾਸਤੇ ਘਰ ਵਿਚ ਹੀ ਮਸੀਤ ਬਣਾ ਲਵੇ ਤਾਂ ਉਸ ਦਾ ਇਹ ਕੰਮ ਨਿਸਫਲ ਹੈ।

ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥

ਜਿਵੇਂ ਕਿਸੀ ਨੇ ਮਖਟੂ=ਅੱਖਟੂ ਹੋ ਕੇ ਅਰਥਾਤ ਖੱਟਣ ਦੀ ਸਮਰੱਥਾ ਤੋਂ ਬਿਨਾਂ ਹੋ ਕੇ ਆਪਣੇ ਕੰਨ ਪੜਵਾ ਲੀਤੇ, ਜੋਗੀਆਂ ਪਾਸ ਜਾ ਕੇ ਕੰਨ ਪੜਵਾ ਕੇ ਜੋਗੀ ਬਣ ਗਿਆ ਤੇ ਮੰਗ ਕੇ ਖਾਣ ਪੀਣ ਲੱਗ ਗਿਆ, ਉਸ ਦਾ ਜੋਗੀ ਬਣਨਾ ਨਿਸਫਲ ਹੈ। ਆਪਣੇ ਆਪ ਨੂੰ ਫਕੀਰ ਕਰਕੇ ਹੋਰ ਜਾਤ ਪਾਤ ਗੁਆ ਲੈਂਦਾ ਹੈ, ਜੇ ਕੋਈ ਪੁਛੇ ਤੇਰੀ ਕੀ ਜਾਤ ਹੈ ਤਾਂ ਆਖਦਾ ਹੈ, ਮੈਂ ਜਾਤੀ ਪਾਤੀ ਤੋਂ ਰਹਿਤ ਹਾਂ, ਫਕੀਰਾਂ ਦੀ ਕੋਈ ਜਾਤ ਨਹੀਂ ਹੁੰਦੀ।

ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥

ਪੀਰੁ=ਪੂਜਨੀਕ ਗੁਰੂ ਸਦਵਾ ਕੇ ਜਾਂ ਹਿੰਦੂਆਂ ਦੇ ਗੁਰੂ ਤੇ ਮੁਸਲਮਾਨਾਂ ਦੇ ਪੀਰ ਸਦਵਾ ਕੇ ਜੋ ਪਦਾਰਥ ਮੰਗਣ ਜਾਂਦਾ ਹੈ। ਉਸ ਦੇ ਪਾਇ=ਪੈਰੀਂ ਕਦਾਚਿਤ ਵੀ ਨਾ ਲਗਣਾ ਕਰੀਏ ।

ਘਾਲਿ ਖਾਇ ਕਿਛੁ ਹਥਹੁ ਦੇਹਿ ॥ ਨਾਨਕ ਰਾਹੁ ਪਛਾਣਹਿ ਸੇਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜੋ ਪੁਰਸ਼ ਘਾਲ=ਕਮਾਈ ਕਰਕੇ ਖਾਂਦਾ ਹੈ ਅਤੇ ਕੁਝ ਆਪਣੇ ਹਥੋਂ ਹੋਰਨਾਂ ਨੂੰ ਦਾਨ ਭੀ ਦੇਂਦਾ ਹੈ, ਓਹੀ ਪ੍ਰਭੂ ਦੀ ਪ੍ਰਾਪਤੀ ਦੇ ਰਾਹ ਨੂੰ ਪਛਾਣਦਾ ਹੈ॥ ੧ ॥

[ਪੰਨਾ ੧੨੪੬]

ਮਃ ੧ ॥ ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥

ਸੰਸਾਰ ਰੂਪੀ ਖੂਹ ਵਿਚ ਜੇਹੜੇ ਮਨ ਕਰਕੇ ਅੰਨ੍ਹੇ ਹਨ, ਉਹ ਵੇਦਾਂ ਸ਼ਾਸਤ੍ਰਾਂ ਦਾ ਕਿਹਾ ਹੋਇਆ ਬਿਰਦੁ=ਧਰਮ ਰੂਪ ਬਚਨ ਨਹੀਂ ਜਾਣਦੇ,

ਵਾ:- ਜੇਹੜੇ ਮਨ ਕਰਕੇ ਅੰਨ੍ਹੇ ਤੇ ਕੂਪ=ਜੜ੍ਹ ਹਨ, ਉਹ ਗੁਰਾਂ ਦਾ ਕਿਹਾ ਹੋਇਆ ਬਿਰਦੁ=ਧਰਮ ਨਹੀਂ ਜਾਣਦੇ।

ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥

ਜੇਹੜੇ ਮਨ ਕਰਕੇ ਅੰਨ੍ਹੇ ਹਨ ਤੇ ਹਿਰਦਾ ਕੌਲ ਭੀ ਊਂਧੈ=ਮੂੰਧਾ ਹੈ, ਉਹ ਖਰੇ=ਚੰਗੇ ਭਾਵ ਬਹੁਤ ਹੀ ਕਰੂਪ=ਕੋਝੇ ਦਿੱਸਦੇ ਹਨ।

ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ॥

ਜੇਹੜੇ ਇਕ ਪੁਰਸ਼ ਕਹੇ ਹੋਏ ਬਚਨ ਨੂੰ ਜਾਣਦੇ ਹਨ, ਫਿਰ ਕਹੇ ਹੋਏ ਉਪਦੇਸ਼ ਨੂੰ ਬੁਝਹਿ=ਸਮਝਦੇ ਹਨ ਉਹ ਪੁਰਸ਼ ਸਰੇਸ਼ਟ ਘਾੜਤ ਦੇ ਘੜਨ ਵਾਲੇ ਤੇ ਸੁੰਦਰ ਸਰੂਪ ਹਨ।

ਅਥਵਾ:-ਉਹ ਸੁਘੜ ਪੁਰਸ਼ ਸਰੂਪ ਦੀ ਪ੍ਰਾਪਤੀ ਵਾਲੇ ਹਨ।

ਇਕਨਾ ਨਾਦ ਨ ਬੇਦ ਨ ਗਿਅ ਰਸੁ ਰਸ ਕਸ ਨ ਜਾਣੰਤਿ॥

ਇਕਨਾ ਨੂੰ ਨਾਦ=ਬ੍ਰਹਮ ਦੀ, *ਵਾ:*-ਗੁਰ ਉਪਦੇਸ਼ ਦੀ ਗਿਅ=ਗਿਆਤ ਨਹੀਂ ਹੈ, ਨਾ ਹੀ ਵੇਦਾਂ ਦੇ ਰਸੁ=ਤਾਤ ਪਰਜ (ਸਿਧਾਂਤ) ਨੂੰ ਨਿਸਚੇ ਕੀਤਾ ਹੈ, ਹੋਰ ਸੰਸਾਰਕ ਰਸਾਂ ਕਸਾਂ ਨੂੰ ਭੀ ਨਹੀਂ ਜਾਣਦਾ।

ਅਥਵਾ:-ਰਸ=ਪ੍ਰੇਮ ਸਹਿਤ ਜਪ ਤਪ ਆਦਿਕਾਂ ਦੀ ਕਸ=ਤਾੜਨਾ ਸਹਾਰਨੀ ਨਹੀਂ ਜਾਣਦਾ।

ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥

ਇਕਨਾ ਦੇ ਅੰਦਰ ਕੋਈ ਚੰਗੀ ਸੁਧਿ=ਖਬਰ ਨਹੀਂ ਹੈ,

ਵਾ:-ਨਾ ਹੀ ਅੰਤਹਕਰਣ ਦੀ ਸ਼ੁਧੀ ਹੈ, ਨਾ ਹੀ ਆਤਮ ਵਿਛੈਣੀ ਬੁੱਧੀ ਹੈ, ਨਾ ਹੀ ਅਕਲ ਦਾ ਸਰ=ਥਹੁ ਹੈ, ਅੱਖਰਾਂ ਦੇ ਪੜ੍ਹਨ ਦਾ ਭੇਦ ਵੀ ਨਹੀਂ ਲੈਂਦਾ।

ਵਾ:-ਅਖਰ=ਖਿਰਨੇ ਤੋਂ ਰਹਿਤ ਜੋ ਪਰਮਾਤਮਾ ਹੈ, ਉਸ ਦੀ ਪ੍ਰਾਪਤੀ ਤਾ ਭੇਦ ਨਹੀਂ ਲੈਂਦਾ।

ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਉਹ ਪੁਰਸ਼ ਅਸਲੀ ਖਰ=ਖੋਤੇ ਹਨ, ਜੇਹੜੇ ਸ਼ੁਭ ਗੁਣਾਂ ਤੋਂ ਬਿਨਾਂ ਗਰਬੁ ਕਰੰਤਿ=ਹੰਕਾਰ ਕਰਦੇ ਹਨ॥ ੨॥

ਪਉੜੀ॥ ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥

ਗੁਰਮੁਖਾਂ ਦੀ ਧਨ ਸੰਪਦਾ ਮਾਇਆ ਆਦਿਕ ਸਭ ਪਵਿੱਤਰ ਹੈ। ਕਿਉਂਕਿ-

ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ॥

ਗੁਰਮੁਖ ਜੇਹੜੇ ਹਨ, ਉਹ ਧਨ ਨੂੰ ਹਰੀ ਦੇ ਅਰਥਿ=ਵਾਸਤੇ ਖਰਚਦੇ ਹਨ ਅਤੇ ਲੋੜਵੰਦਾਂ ਨੂੰ ਦੇ ਦੇ ਕੇ ਸੁਖ ਪਾਂਦੇ ਹਨ।

ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ॥

ਜੋ ਹਰੀ ਨਾਮ ਨੂੰ ਧਿਆਉਂਦੇ ਹਨ, ਉਹਨਾਂ ਨੂੰ ਮਾਇਆ ਦਾ ਘਾਟਾ ਨਹੀਂ ਆਉਂਦਾ।

ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ॥

ਗੁਰਮੁਖਾਂ ਨੂੰ ਉਹ ਵਾਹਿਗੁਰੂ ਨਿਗਾਹ ਆਉਂਦਾ ਹੈ, ਇਸ ਲਈ ਉਹਨਾਂ ਨੇ ਮਾਇਆ ਨੂੰ ਸੁੱਟ ਪਾਇਆ ਹੈ।

ਅਥਵਾ:-ਗੁਰਮੁਖਾਂ ਨੂੰ ਨਜ਼ਰ ਆਉਂਦਾ ਹੈ ਕਿ ਮਾਇਆ ਨੂੰ ਇਥੇ ਹੀ ਸੁੱਟ ਜਾਣਾ ਹੈ, ਇਸ ਲਈ ਉਹ

ਮਾਇਆ ਨੂੰ ਹਰੀ ਦੇ ਅਰਥ ਖਰਚਦੇ ਹਨ।

ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ- ਭਗਤਾਂ ਨੂੰ ਹੋਰ ਕੁਝ ਚੇਤੇ ਨਹੀਂ ਆਉਂਦਾ, ਇਸ ਲਈ ਹਰੀ ਨਾਮ ਵਿਚ ਉਹਨਾਂ ਦਾ ਚਿੱਤ ਸਮਾਇਆ ਹੋਇਆ ਹੈ॥ ੨੨ ॥

ਸਲੋਕ ਮਃ ੪ ॥

ਸਤਿਗੁਰੁ ਸੇਵਨਿ ਸੇ ਵਡਭਾਗੀ ॥

ਜੋ ਸਤਿਗੁਰਾਂ ਦੀ ਸੇਵਾ ਕਰਦੇ ਹਨ, ਉਹ ਵੱਡਿਆਂ ਭਾਗਾਂ ਵਾਲੇ ਪੁਰਸ਼ ਹਨ।

ਸਚੈ ਸਬਦਿ ਜਿਨ੍ਹਾ ਏਕ ਲਿਵ ਲਾਗੀ ॥

ਜਿਨ੍ਹਾਂ ਦੀ ਇਕ ਸਚੈ ਸਬਦਿ=ਬ੍ਰਹਮ ਵਿਚ ਲਿਵ ਲੱਗੀ ਹੋਈ ਹੈ।

ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥

ਘਰ ਤੇ ਪਰਵਾਰ ਵਿਚ ਹੁੰਦਿਆਂ ਹੀ ਉਹਨਾਂ ਦੀ ਸਹਜੇ ਸਮਾਧੀ ਲੱਗੀ ਰਹਿੰਦੀ ਹੈ।

ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥ ੧ ॥

ਗੁਰੂ ਜੀ ਆਖਦੇ ਹਨ—ਜੋ ਨਾਮੀ ਦੇ ਨਾਮ ਵਿਚ ਰੱਤੇ ਹੋਏ ਹਨ, ਉਹ ਸੱਚੇ ਵੈਰਾਗੀ ਹਨ॥ ੧ ॥

ਮਃ ੪ ॥ ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥

ਗਿਣਤੀਆਂ ਕਰਨ ਨਾਲ ਸੇਵਾ ਨਹੀਂ ਹੁੰਦੀ ਅਤੇ ਕੀਤਾ ਹੋਇਆ ਕਰਮ ਭੀ ਥਾਇ ਨ ਪਾਇ=ਕਬੂਲ ਨਹੀਂ ਪੈਂਦਾ।

ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥

ਗਿਣਤੀ ਕਰਨ ਵਾਲ਼ੇ ਨੂੰ ਗੁਰ ਉਪਦੇਸ਼ ਦਾ ਸੁਆਦ ਨਹੀਂ ਆਇਆ ਅਤੇ ਨਾ ਹੀ ਸੱਚ ਵਿਖੇ ਉਸ ਦਾ ਭਾਉ=ਪ੍ਰੇਮ ਲੱਗਾ ਹੈ।

ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ ॥

ਗਿਣਤੀ ਕਰਨ ਵਾਲੇ ਨੂੰ ਸਤਿਗੁਰੂ ਕੌੜਾ ਲੱਗਦਾ ਹੈ—ਸਤਿਗੁਰੂ ਪਿਆਰਾ ਨਹੀਂ ਲੱਗਦਾ ਅਤੇ ਮਨ ਦੇ ਹਠ ਵਿਚ ਹੀ ਔਂਦਾ ਤੇ ਜਾਂਦਾ ਹੈ।

ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ ॥

ਜੇ ਉਹ ਇਕ ਵਿਖ=ਕਦਮ ਗੁਰਾਂ ਵੱਲ ਅੱਗੇ ਭਰੇ=ਭਰਦਾ (ਤੁਰਦਾ) ਹੈ ਤਾਂ ਉਸ ਦਾ ਮਨ ਦਸ ਵਿਖਾਂ= ਕਦਮ ਪਿਛਾਂਹ ਜਾਂਦਾ ਹੈ।

ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥

ਸਤਿਗੁਰਾਂ ਦੀ ਸੇਵਾ ਨਿਸ਼ਕਾਮ ਤੇ ਚਾਕਰੀ ਸ਼ਕਾਮ ਏਹੋ ਹੈ, ਜੇਹੜਾ ਸਤਿਗੁਰਾਂ ਦੇ ਭਾਇ=ਭਾਣੇ ਵਿਚ ਚਲਣਾ ਹੈ।

ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ॥

ਜੋ ਆਪੁ=ਹੰਕਾਰ ਨੂੰ ਗੁਆ ਕੇ ਸਤਿਗੁਰਾਂ ਨੂੰ ਮਿਲੇ ਹਨ, ਉਹ ਸੁਭਾਵਕ ਹੀ ਬ੍ਰਹਮ ਵਿਚ ਸਮਾਅ ਰਹਿੰਦੇ ਹਨ।

ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ॥ ੨॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੂੰ ਵਾਹਿਗੁਰੂ ਨਾਮ ਭੁਲਦਾ ਨਹੀਂ ਹੈ, ਉਹਨਾਂ ਨੂੰ ਸੱਚੇ ਨੇ ਆਪਣੇ ਮੇਲ ਨਾਲ ਮਿਲਾ ਲਿਆ ਹੈ॥ ੨॥

ਪਉੜੀ॥ ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ॥

ਜੇਹੜੇ ਆਪਣੇ ਆਪ ਨੂੰ ਖਾਨ=ਸਰਦਾਰ, ਵਾ:-ਪੰਜ ਹਜ਼ਾਰੀ, ਦਸ ਹਜ਼ਾਰੀ ਤੇ ਮਲੂਕ=ਬਲੋਚਾਂ ਚੋਂ ਵੱਡੇ, ਵਾ:-ਬਾਦਸ਼ਾਹ ਕਹਾਉਂਦੇ ਹਨ, ਇਨ੍ਹਾਂ ਵਿਚੋਂ ਕੋਈ ਰਹਿਣਾ ਨਹੀਂ ਪਾਏਗਾ।

ਗੜ੍ ਮੰਦਰ ਗਚ ਗੀਰੀਆ ਕਿਛੁ ਸਾਥਿ ਨ ਜਾਈ॥

ਗੜ੍=ਕਿਲ੍ਹੇ ਤੇ ਸੋਹਣੇ ਮੰਦਰ ਜੋ ਗਚ ਗੀਰੀਆ=ਚੂਨੇ ਗਚ ਕੀਤੇ ਹੋਏ ਹਨ, ਇਨ੍ਹਾਂ ਵਿਚੋਂ ਭੀ ਕੁਝ ਨਾਲ ਨਹੀਂ ਜਾਏਗਾ।

ਸੋਇਨ ਸਾਖਤਿ ਪਉਣ ਵੇਗ ਧ੍ਰਿਗੁ ਧ੍ਰਿਗੁ ਚਤੁਰਾਈ॥

ਸੋਨੇ ਦੀਆਂ ਸਾਖਤਿ=ਬਣਾਈਆਂ ਹੋਈਆਂ, ਸਾਖਤਿ=ਕਾਠੀਆਂ ਹਨ, ਹਵਾ ਵਾਂਙੂ ਤੇਜ਼ ਦੌੜਨ ਵਾਲੇ ਘੋੜੇ ਭੀ ਪਾਸ ਹਨ ਤੇ ਬੜੀ ਚਤਰਾਈ ਜਾਣਦਾ ਹੈ, ਤੋਂ ਭੀ ਧ੍ਰਿਗ ਧ੍ਰਿਗ ਹੋਵੇਗੀ।

ਵਾ:-ਸੰਸਾਰਕ ਚਤਰਾਈਆਂ ਵਾਲਿਆਂ ਨੂੰ ਲਾਹਨਤਾਂ ਹੀ ਲਾਹਨਤਾਂ ਪੈਣਗੀਆਂ ।

ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ॥

ਛਤੀਹ ਪਰਕਾਰ=ਬਹੁਤ ਤਰ੍ਹਾਂ ਦੇ ਅੰਮ੍ਰਿਤ ਰੂਪ ਭੋਜਨ ਛਕਣਾ ਕਰਦੇ ਹਨ, ਪਦਾਰਥ ਖਾ ਕੇ ਬਹੁਤੀ ਮੈਲੁ=ਗੰਦਗੀ ਹੀ ਵਧਾਈ ਹੈ, ਵਾ:-ਬਹੁਤੇ ਮੈਲੇ ਸਰੀਰ ਨੂੰ ਹੀ ਵਧਾਉਣਾ ਕੀਤਾ ਹੈ।

ਨਾਨਕ ਜੋ ਦੇਵੈ ਤਿਸਹਿ ਨ ਜਾਣਨੀ ਮਨਮੁਖਿ ਦੁਖੁ ਪਾਈ॥ ੨੩॥

ਗੁਰੂ ਜੀ ਕਥਨ ਕਰਦੇ ਹਨ—ਜੋ ਪ੍ਰਭੂ ਇਨ੍ਹਾਂ ਪਦਾਰਥਾਂ ਨੂੰ ਦੇਂਦਾ ਹੈ, ਉਸ ਨੂੰ ਜਾਣਦੇ ਨਹੀਂ ਹਨ, ਇਸ ਲਈ ਮਨਮੁਖ ਪੁਰਸ਼ ਦੁੱਖ ਪਾਉਂਦੇ ਹਨ॥ ੨੩॥

ਸਲੋਕ ਮ: ੩॥

ਪੜਿ ਪੜਿ ਪੰਡਿਤ ਮੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ॥

ਪੰਡਿਤ ਪੜ੍ਹ ਪੜ੍ਹ ਕੇ ਥੱਕ ਗਏ ਹਨ, ਮੋਨੀ ਮੋਨ ਨੂੰ ਧਾਰ ਕੇ ਥੱਕ ਗਏ ਹਨ, ਭੇਖਧਾਰੀ ਦੇਸਾਂ ਦੇਸਾਂ ਅੰਦਰ ਭਵਿ=ਫਿਰ ਕੇ ਥੱਕ ਗਏ ਹਨ।

ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ॥

ਜੇਹੜੇ ਦਵੈਤ ਭਾਵ ਵਾਲੇ ਪੁਰਸ਼ ਕਦੇ ਨਾਮ ਨੂੰ ਪਾਂਦੇ ਨਹੀਂ ਹਨ, ਉਹਨਾਂ ਨੂੰ ਅਤੀਅੰਤ ਬੜਾ ਭਾਰੀ

ਦੁੱਖ ਆ ਕੇ ਲੱਗਦਾ ਹੈ।

ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ॥

ਉਹ ਮੂਰਖ ਅੰਨ੍ਹੇ ਤ੍ਰਿਗੁਣ ਆਤਮਕ ਮਾਇਆ ਦੀ ਪੂਜਾ ਕਰਦੇ ਹਨ ਅਤੇ ਵਪਾਰੀ ਹੋ ਕੇ ਮਾਇਆ ਦਾ ਹੀ ਵਿਹਾਰ ਕਰਦੇ ਹਨ।

ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ॥

ਹਿਰਦੇ ਅੰਦਰ ਕਪਟ ਹੈ ਤੇ ਪੇਟ ਭਰਨ ਦੇ ਵਾਸਤੇ ਉਹ ਮੂਰਖ ਪਾਠਾਂ ਨੂੰ ਪੜ੍ਹਦੇ ਹਨ।

ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ॥

ਸਤਿਗੁਰਾਂ ਦੀ ਸੇਵਾ ਕਰਕੇ ਜਿਸ ਨੇ ਹਿਰਦੇ ਵਿਚੋਂ ਹੰਗਤਾ ਮਮਤਾ ਮਾਰੀ ਹੈ, ਓਹੀ ਪੁਰਸ਼ ਸੁਖਾਂ ਨੂੰ ਪਾਉਂਦਾ ਹੈ।

ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ॥ ੧॥

ਗੁਰੂ ਜੀ ਕਥਨ ਕਰਦੇ ਹਨ—ਇਕ ਨਾਮ ਦਾ ਪੜ੍ਹਨਾ ਤੇ ਗੁਨਣਾ=ਵਿਚਾਰਨਾ ਹੀ ਸਫਲ ਹੈ, ਪਰ ਇਸ ਵਿਚਾਰ ਨੂੰ ਕੋਈ ਵਿਰਲਾ ਪੁਰਸ਼ ਹੀ ਸਮਝਦਾ ਹੈ॥ ੧॥

ਮਃ ੩ ॥ ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ॥

ਇਸ ਜੀਵ ਨੇ ਨੰਗਿਆਂ ਆਉਣਾ ਕੀਤਾ ਹੈ ਤੇ ਨੰਗਿਆਂ ਹੀ ਤੁਰ ਜਾਣਾ ਹੈ ਕਿਉਂਕਿ ਜੋ ਹਰੀ ਨੇ ਹੁਕਮ ਪਾਇਆ ਹੈ, ਉਸ ਅੱਗੇ ਕੀ ਜਤਨ ਕਰੀਏ।

ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ॥

ਇਹ ਜੀਵ ਜਿਸ ਪ੍ਰਭੂ ਦੀ ਵਸਤੂ ਹੈ, ਓਹੀ ਇਸ ਨੂੰ ਲੈ ਜਾਏਗਾ ਤਾਂ ਫਿਰ ਰੋਸੁ=ਗੁੱਸਾ ਕਿਸ ਨਾਲ ਕਰਨਾ ਹੈ।

ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ॥

ਜੋ ਗੁਰਮੁਖ ਹੁੰਦਾ ਹੈ, ਓਹੀ ਭਾਣਾ ਮੰਨਦਾ ਹੈ ਅਤੇ ਸੁਭਾਵਕ ਹੀ ਹਰੀ ਨਾਮ ਰਸ ਨੂੰ ਪੀਣਾ ਕਰਦਾ ਹੈ।

ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਰਾਮੁ ਰਵੀਜੈ॥ ੨॥

ਗੁਰੂ ਜੀ ਕਥਨ ਕਰਦੇ ਹਨ—ਸੁਖਦਾਤੇ ਪ੍ਰਭੂ ਨੂੰ ਸਦਾ ਸ਼ਲਾਹੁਣਾ ਕਰੋ ਅਤੇ ਰਸਨਾ=ਜੀਭ ਨਾਲ ਰਾਮ ਰਾਮ ਨੂੰ ਰਵੀਜੈ=ਉਚਾਰਨਾ ਕਰੋ॥ ੨॥

[ਪੰਨਾ ੧੨੪੭]

ਪਉੜੀ॥ ਗੜਿ ਕਾਇਆ ਸੀਗਾਰ ਬਹੁ ਭਾਂਤਿ ਬਣਾਈ॥

ਇਹ ਜੀਵ ਕਾਇਆ ਰੂਪ ਗੜਿ=ਕਿਲੇ ਉਤੇ ਬਹੁਤ ਤਰ੍ਹਾਂ ਦੇ ਸ਼ਿੰਗਾਰ ਬਣਾਉਂਦਾ ਹੈ।

ਰੰਗ ਪਰੰਗ ਕਤੀਫਿਆ ਪਹਿਰਹਿ ਧਰਮਾਈ॥

ਧਰਮਾਈ=ਮਾਇਆਧਾਰੀ ਪੁਰਸ਼ ਰੰਗਾਂ ਰੰਗਾਂ ਦੇ ਤੇ ਪਰੰਗ=ਮਿਸ਼ਰਤ ਰੰਗਾਂ ਦੇ, ਕਤੀਫਿਆ=ਪੁਸ਼ਾਕਿਆਂ

ਨੂੰ ਪਹਰਦੇ ਹਨ।

ਲਾਲ ਸੁਪੇਦ ਦੁਲੀਚਿਆ ਬਹੁ ਸਭਾ ਬਣਾਈ॥

ਲਾਲ ਰੰਗ ਦੇ ਤੇ ਸੁਪੇਦ=ਚਿੱਟੇ ਰੰਗ ਦੇ ਦੁਲੀਚਿਆ=ਗਲੀਚੇ ਵਿਛਾ ਕੇ ਬਹੁਤ ਸੋਹਣੀ ਸਭਾ ਬਣਾਈ ਬੈਠੇ ਹਨ।

ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ॥

ਦੁਖਦਾਈ ਖਾਣਾ ਖਾ ਕੇ ਦੁੱਖ ਨੂੰ ਭੋਗਣਾ ਕਰਦੇ ਹਨ ਅਤੇ ਝੂਠੇ ਪਦਾਰਥਾਂ ਦੇ ਹੰਕਾਰ ਕਰਕੇ ਹੰਕਾਰੀ ਹੋ ਰਹੇ ਹਨ। *ਅਥਵਾ:*-ਅਨੇਕ ਪ੍ਰਕਾਰ ਦਾ ਖਾਣਾ ਦੁੱਖ ਰੂਪ ਹੈ, ਭੋਗਾਂ ਦਾ ਭੋਗਣਾ ਵੀ ਦੁੱਖ ਰੂਪ ਹੈ ਏਹ ਹੰਕਾਰੀ ਐਵੇਂ ਹੰਕਾਰ ਕਰਦਾ ਫਿਰਦਾ ਹੈ।

ਨਾਨਕ ਨਾਮੁ ਨ ਚੇਤਿਓ ਅੰਤਿ ਲਏ ਛਡਾਈ॥ ੨੪॥

ਗੁਰੂ ਜੀ ਕਥਨ ਕਰਦੇ ਹਨ—ਉਸ ਨਾਮ ਨੂੰ ਸਿਮਰਿਆ ਨਹੀਂ ਹੈ ਜੋ ਅੰਤ ਸਮੇਂ ਦੁੱਖਾਂ ਤੋਂ ਛੁਡਾ ਲੈਂਦਾ ਹੈ॥ ੨੪॥

ਸਲੋਕ ਮ: ੩॥

ਸਹਜੇ ਸੁਖਿ ਸੁਤੀ ਸਬਦਿ ਸਮਾਇ॥

ਜੋ ਗੁਰ ਉਪਦੇਸ਼ ਵਿਚ ਸਮਾਈ ਹੈ, ਉਹ ਸੁਭਾਵਕ ਸ਼ਾਂਤੀ ਸੁਖ ਵਿਚ ਸੁਤੀ ਹੈ।

ਆਪੇ ਪ੍ਰਭਿ ਮੇਲਿ ਲਈ ਗਲਿ ਲਾਇ॥

ਉਸ ਨੂੰ ਪ੍ਰਭੂ ਨੇ ਆਪਣੇ ਨਾਲ ਮੇਲ ਕੇ ਗਲ ਨਾਲ ਲਾ ਲਿਆ ਹੈ ਜਾਂ ਪ੍ਰਭੂ ਨੇ ਆਪ ਹੀ ਗੁਰਾਂ ਨਾਲ ਮੇਲ ਕੇ 'ਲਈ ਗਲਿ ਲਾਇ'=ਆਪਣੇ ਨਾਲ ਅਭੇਦ ਕਰ ਲੀਤਾ ਹੈ।

ਦੁਬਿਧਾ ਚੂਕੀ ਸਹਜਿ ਸੁਭਾਇ॥ ਅੰਤਰਿ ਨਾਮੁ ਵਸਿਆ ਮਨਿ ਆਇ॥

ਉਸ ਦੇ ਅੰਦਰੋਂ ਸੁਤੇ ਸਿਧ ਦੁਬਿਧਾ ਨਵਿਰਤ ਹੋ ਗਈ ਹੈ ਕਿਉਂਕਿ ਉਸ ਦੇ ਮਨ ਅੰਦਰ ਪ੍ਰਭੂ ਦਾ ਨਾਮ ਆ ਕੇ ਵਸਿਆ ਹੈ।

ਸੇ ਕੰਠਿ ਲਾਏ ਜਿ ਭੰਨਿ ਘੜਾਇ॥

ਉਸ ਪ੍ਰਭੂ ਨੇ ਆਪਣੇ ਗਲ ਨਾਲ ਲਾਇਆ ਹੈ, ਜੇਹੜਾ ਪ੍ਰਭੂ ਸੰਸਾਰ ਨੂੰ ਭੰਨਦਾ ਤੇ ਘੜਦਾ ਹੈ।

ਅਥਵਾ:-ਉਹ ਗੁਰਮੁਖ ਪ੍ਰਭੂ ਨੇ ਆਪਣੇ ਗਲ ਨਾਲ ਲਗਾਏ ਹਨ, ਜੇਹੜੇ ਗੁਰਮੁਖ ਕਾਮ, ਕ੍ਰੋਧ ਆਦਿਕਾਂ ਨੂੰ ਭੰਨਦੇ ਹਨ ਤੇ ਸ਼ੁਭ ਗੁਣਾਂ ਨੂੰ ਘੜਦੇ ਹਨ।

ਨਾਨਕ ਜੋ ਧੁਰਿ ਮਿਲੇ ਸੇ ਹੁਣਿ ਆਣਿ ਮਿਲਾਇ॥ ੧॥

ਗੁਰੂ ਜੀ ਕਥਨ ਕਰਦੇ ਹਨ—ਜੇਹੜੇ ਧੁਰ ਤੋਂ ਵਾਹਿਗੁਰੂ ਨਾਲ ਆਪ ਮਿਲੇ ਹਨ, ਉਹ ਹੁਣ ਆਣਿ= ਹੋਰਨਾਂ ਜਗਿਆਸੂਆਂ ਨੂੰ ਪ੍ਰਭੂ ਨਾਲ ਮਿਲਾਉਂਦੇ ਹਨ॥ ੧॥

ਮ: ੩॥ ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥

ਜਿਨ੍ਹਾਂ ਨੇ ਵਾਹਿਗੁਰੂ ਨਾਮ ਨੂੰ ਭੁਲਾ ਦਿੱਤਾ ਹੈ, ਉਹ ਕਿਸ ਲਈ ਹੋਰ ਦੇਵੀ ਦੇਵਤਿਆਂ ਦੇ ਜਪ ਨੂੰ ਜਪਦੇ ਹਨ।

ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥

ਜੋ ਧੰਧਿਆਂ ਰੂਪੀ ਚੋਰਾਂ ਕਰਕੇ ਮੁਠੇ=ਠੱਗੇ ਗਏ ਹਨ, ਉਹ ਗੂੰਹ ਦੇ ਅੰਦਰ ਕੀੜੇ ਪੈਦਾ ਕੀਤੇ ਜਾਂਦੇ ਹਨ।

ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਬੇਨਤੀ ਕਰੋ ਕਿ ਹੋਰਨਾਂ ਝੂਠੇ ਪਦਾਰਥਾਂ ਦੇ ਲਾਲਚ ਕਰਕੇ ਸਾਨੂੰ ਆਪ ਜੀ ਦਾ ਨਾਮ ਨਾ ਭੁਲੇ॥ ੨॥

ਪਉੜੀ॥ ਨਾਮੁ ਸਲਾਹਨਿ ਨਾਮੁ ਮੰਨਿ ਅਸਥਿਰੁ ਜਗਿ ਸੋਈ॥

ਜੋ ਨਾਮ ਨੂੰ ਸਲਾਹੁੰਦੇ ਹਨ, ਨਾਮ ਨੂੰ ਮੰਨਦੇ ਹਨ, ਓਹੀ ਸੰਸਾਰ ਵਿਚ ਅਸਥਿਰੁ=ਅਚੱਲ ਹਨ।

ਹਿਰਦੈ ਹਰਿ ਹਰਿ ਚਿਤਵੈ ਦੂਜਾ ਨਹੀ ਕੋਈ॥

ਹਿਰਦੇ ਵਿਚ ਹਰਿ ਹਰਿ ਨਾਮ ਦਾ ਚਿੰਤਨ ਕਰਦੇ ਹਨ, ਹੋਰ ਕਿਸੇ ਦੂਜੇ ਨੂੰ ਨਹੀਂ ਜਾਣਦੇ ।

ਵਾ:-ਹੋਰ ਕੋਈ ਦੂਜਾ ਸੰਕਲਪ ਕਰਦੇ ਹੀ ਨਹੀਂ ।

ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ॥

ਰੋਮ ਰੋਮ ਹਰੀ ਨਾਮ ਨੂੰ ਉਚਾਰਦੇ ਹਨ, ਖਿਨ ਖਿਨ ਕਾਲ ਵਿਚ ਵੀ ਓਸੇ ਹਰੀ ਦਾ ਸਿਮਰਨ ਕਰਦੇ ਹਨ।

ਗੁਰਮੁਖਿ ਜਨਮੁ ਸਕਾਰਥਾ ਨਿਰਮਲੁ ਮਲੁ ਖੋਈ॥

ਉਸ ਗੁਰਮੁਖ ਦਾ ਮਨੁੱਖਾ ਜਨਮ ਸਕਾਰਥਾ=ਸਫਲਾ ਹੈ, ਜੋ ਰਾਗ ਦਵੈਸ਼ ਰੂਪੀ ਮੈਲ ਨੂੰ ਖੋਈ=ਗੁਆ ਕੇ ਨਿਰਮਲੁ=ਸ਼ੁਧ ਹੋਇਆ ਹੈ।

ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾ ਪਦੁ ਹੋਈ ॥ ੨੫॥

ਗੁਰੂ ਜੀ ਕਥਨ ਕਰਦੇ ਹਨ— ਉਸ ਨੇ ਜੀਉਂਦੇ ਪੁਰਖ ਪਰਮਾਤਮਾ ਨੂੰ ਧਿਆਉਂਣਾ ਕੀਤਾ ਹੈ, ਇਸ ਲਈ ਉਸ ਨੂੰ ਅਮਰ ਪਦਵੀ ਦੀ ਪ੍ਰਾਪਤੀ ਹੋਈ ਹੈ॥ ੨੫॥

ਸਲੋਕੁ ਮ: ੩॥

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥

ਜਿਨ੍ਹਾਂ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ ਤੇ ਹੋਰ ਬਹੁਤ ਤਰ੍ਹਾਂ ਦੇ ਕਰਮ ਕਮਾਉਂਦੇ ਹਨ।

ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥ ੧॥

ਗੁਰੂ ਜੀ ਕਥਨ ਕਰਦੇ ਹਨ—ਉਹ ਜਮਪੁਰੀ ਵਿਚ ਬੱਧੇ ਹੋਏ ਇਸ ਤਰ੍ਹਾਂ ਮਾਰ ਖਾਣਗੇ, ਜਿਵੇਂ ਸੰਨ੍ਹ ਉਤੇ ਫੜਿਆ ਚੋਰ ਮਾਰ ਖਾਂਦਾ ਹੈ॥ ੧॥

ਮ: ੫॥ ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ॥

(੧) ਹਰੀ ਨਾਮ ਜਪਨ ਕਰਕੇ ਪ੍ਰਤੱਖ ਧਰਤੀ ਸ਼ੋਭਨੀਕ ਹੁੰਦੀ ਹੈ, ਅਕਾਸ਼ ਵੀ ਸ਼ੋਭਨੀਕ ਹੁੰਦਾ ਹੈ।

ਯਥਾ:- ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥ ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ॥

(ਫੁਨਹੇ ਪੰਨਾ ੧੩੬੨)

(੨) ਹਰੀ ਨਾਮ ਜਪਨ ਕਰਕੇ ਬੁੱਧੀ ਰੂਪ ਧਰਤੀ ਸ਼ੋਭਨੀਕ ਹੁੰਦੀ ਹੈ, ਆਕਾਸੁ=ਹਿਰਦਾ ਭੀ ਸ਼ੋਭਨੀਕ ਹੁੰਦਾ ਹੈ।

(੩) ਹਰੀ ਨਾਮ ਜਪਨ ਕਰਕੇ ਧਰਤਿ=ਖਿਮਾ ਆਦਿਕ ਸ਼ੁਭ ਗੁਣ ਸ਼ੋਭਨੀਕ ਹੁੰਦੇ ਹਨ, ਆਕਾਸੁ=ਬ੍ਰਹਮ ਗਿਆਨ ਵੀ ਸ਼ੋਭਨੀਕ ਹੁੰਦਾ ਹੈ।

ਨਾਨਕ ਨਾਮ ਵਿਹੂਣਿਆ ਤਿਨ੍ ਤਨ ਖਾਵਹਿ ਕਾਉ॥ ੨॥

ਗੁਰੂ ਜੀ ਕਥਨ ਕਰਦੇ ਹਨ- ਜੋ ਵਾਹਿਗੁਰੂ ਨਾਮ ਤੋਂ ਬਿਨਾਂ ਹਨ, ਉਨ੍ਹਾਂ ਦੇ ਤਨ ਨੂੰ ਪਾਪਾਂ ਰੂਪ ਕਾਂ ਖਾਂਦੇ ਹਨ।

ਵਾ:-ਸੰਕਲਪਾਂ ਰੂਪੀ ਕਾਂ ਖਾਂਦੇ ਹਨ, ਅਰਥਾਤ ਸੰਕਲਪ ਹਰ ਵੇਲੇ ਦੁੱਖ ਦੇਂਦੇ ਰਹਿੰਦੇ ਹਨ।

ਵਾ:-ਕਾਮ ਕ੍ਰੋਧ ਆਦਿਕਾਂ ਰੂਪੀ ਕਾਂ ਖਾਂਦੇ ਹਨ, ਵਾ:-ਕਾਲ ਰੂਪੀ ਕਾਂ ਖਾਂਦਾ ਹੈ, ਵਾ:-ਉਨ੍ਹਾਂ ਦੇ ਪ੍ਰਤੱਖ ਤਨ ਨੂੰ ਕਾਂ ਚੁੰਜਾਂ ਮਾਰ ਕੇ ਖਾਂਦੇ ਹਨ॥ ੨॥

ਯਥਾ:- ਜਿਹਿ ਸਿਰਿ ਰਚਿ ਰਚਿ ਬਾਧਤ ਪਾਗ ਸੋ ਸਿਰੁ ਚੁੰਚ ਸਵਾਰਹਿ ਕਾਗ॥ ੧॥

(ਪੰਨਾ ੩੩੦)

ਪਉੜੀ॥ ਨਾਮੁ ਸਲਾਹਨਿ ਭਾਉ ਕਰਿ ਨਿਜ ਮਹਲੀ ਵਾਸਾ॥

ਜੋ ਪ੍ਰਾਣੀ ਭਾਉ ਕਰਿ=ਪ੍ਰੇਮ ਕਰਕੇ ਨਾਮ ਨੂੰ ਸਲਾਹੁੰਦੇ ਹਨ, ਉਹ ਆਪਣੇ ਸਰੂਪ ਵਿਚ ਵਾਸਾ ਪਾਂਦੇ ਹਨ।

ਓਇ ਬਾਹੁੜਿ ਜੋਨਿ ਨ ਆਵਨੀ ਫਿਰਿ ਹੋਹਿ ਨ ਬਿਨਾਸਾ॥

ਉਹ ਫਿਰ ਮਾਂ ਦੀ ਗਰਭ ਜੂਨੀ ਵਿਚ ਨਹੀਂ ਆਉਂਦੇ, ਨਾ ਹੀ ਮੁੜ ਕੇ ਉਨ੍ਹਾਂ ਦਾ ਨਾਸ ਹੁੰਦਾ ਹੈ।

ਹਰਿ ਸੇਤੀ ਰੰਗਿ ਰਵਿ ਰਹੇ ਸਭ ਸਾਸ ਗਿਰਾਸਾ॥

ਓਹ ਸਾਰੇ ਸ੍ਵਾਸ ਲੈਂਦਿਆਂ ਗਿਰਾਸਾ=ਭੋਜਨ ਖਾਂਦਿਆਂ ਪ੍ਰੇਮ ਨਾਲ ਹਰੀ ਨੂੰ ਰਵਿ ਰਹੇ=ਜਪਦੇ ਰਹਿੰਦੇ ਹਨ।

ਹਰਿ ਕਾ ਰੰਗੁ ਕਦੇ ਨ ਉਤਰੈ ਗੁਰਮੁਖਿ ਪਰਗਾਸਾ॥

ਉਨ੍ਹਾਂ ਦੇ ਅੰਦਰੋਂ ਹਰੀ ਦਾ ਪ੍ਰੇਮ ਰੰਗ ਕਦੇ ਉਤਰਦਾ ਨਹੀਂ ਹੈ, ਇਸ-ਲਈ ਗੁਰਮੁਖਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਹੈ।

ਓਇ ਕਿਰਪਾ ਕਰਿ ਕੈ ਮੇਲਿਅਨੁ ਨਾਨਕ ਹਰਿ ਪਾਸਾ ॥ ੨੬॥

ਗੁਰੂ ਜੀ ਕਥਨ ਕਰਦੇ ਹਨ--ਹਰੀ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਨ੍ਹਾਂ ਨੂੰ ਆਪਣੇ ਕੋਲ ਮੇਲ ਲਿੰਆ ਹੈ॥ ੨੬॥

ਸਲੋਕ ਮਃ ੩॥

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ॥

ਜਿੰਨਾਂ ਚਿਰ ਏਹ ਮਨ ਆਸਾ ਤ੍ਰਿਸ਼ਨਾ ਰੂਪ, ਵਾ:-ਕਾਮ ਕ੍ਰੋਧ ਆਦਿਕਾਂ ਦੀਆਂ ਲਹਿਰਾਂ ਵਿਚ ਹੈ, ਉਨ੍ਹਾਂ ਚਿਰ ਇਸ ਨੂੰ ਹੰਗਤਾ ਮਮਤਾ ਤੇ ਪਦਾਰਥਾਂ ਦਾ ਬਹੁਤ ਸਾਰਾ ਅਹੰਕਾਰ ਹੈ।

ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥

ਗੁਰਾਂ ਦੇ ਸ਼ਬਦ ਦਾ ਸੁਆਦ ਇਸ ਨੂੰ ਨਹੀਂ ਆਉਂਦਾ ਅਤੇ ਨਾ ਹੀ ਪ੍ਰਭੂ ਦੇ ਨਾਮ ਵਿਚ ਪਿਆਰ ਲੱਗਦਾ ਹੈ।

ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥

ਉਸ ਦੀ ਸੇਵਾ ਕੀਤੀ ਹੋਈ ਭੀ ਕਬੂਲ ਨਹੀਂ ਪੈਂਦੀ ਅਤੇ ਖਪ ਖਪ ਕੇ ਖੁਆਰੁ=ਖਰਾਬ ਹੁੰਦਾ ਹੈ।

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥

ਗੁਰੂ ਜੀ ਕਥਨ ਕਰਦੇ ਹਨ—ਅਸਲ ਸੇਵਕ ਓਹੀ ਆਖੀਦਾ ਹੈ, ਜੋ ਸਿਰੁ=ਹੰਕਾਰ ਨੂੰ ਉਤਾਰ ਧਰਦਾ ਹੈ।

ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰਧਾਰਿ ॥ ੧ ॥

ਸਤਿਗੁਰਾਂ ਦੇ ਭਾਣੇ ਨੂੰ ਮੰਨ ਲੈਂਦਾ ਹੈ ਤੇ ਗੁਰ-ਉਪਦੇਸ਼ ਨੂੰ ਹਿਰਦੇ ਵਿਚ ਧਾਰ ਰੱਖਦਾ ਹੈ। ਓਹੀ ਅਸਲ ਸੇਵਕ ਆਖੀਦਾ ਹੈ॥ ੧॥

ਮ: ੩ ॥ ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥

ਓਹੀ ਜਪ ਤਪ ਕੀਤਾ ਸਫਲ ਹੈ, ਸੇਵਾ ਨਿਸ਼ਕਾਮ. ਚਾਕਰੀ ਸ਼ਕਾਮ ਕੀਤੀ ਹੋਈ ਭੀ ਓਹੀ ਸਫਲ ਹੈ, ਜੋ ਖਸਮੈ=ਮਾਲਕ ਪ੍ਰਭੂ ਨੂੰ ਭਾਉਂਦੀ ਹੈ।

ਆਪੇ ਬਖਸੇ ਮੇਲਿ ਲਏ ਆਪਤੁ ਗਵਾਵੈ ॥

ਆਪ ਹੀ ਉਨ੍ਹਾਂ ਨੂੰ ਬਖਸ਼ ਕੇ ਆਪਣੇ ਨਾਲ ਮੇਲ ਲੈਂਦਾ ਹੈ, ਜਿਨ੍ਹਾਂ ਨੇ ਆਪਤੁ=ਹੰਕਾਰ ਗਵਾਇਆ ਹੈ।

ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ ॥

ਉਹ ਮਿਲਿਆ ਹੋਇਆ ਕਦੇ ਵਿਛੜਦਾ ਨਹੀਂ ਹੈ, ਜਿਸ ਨੂੰ ਜੋਤੀ=ਪਰਮਾਤਮਾ ਆਪਣੀ ਜੋਤ ਵਿਚ ਮਿਲਾਉਂਦਾ ਹੈ।

ਨਾਨਕ ਗੁਰ ਪਰਸਾਦੀ ਸੋ ਬੁਝਸੀ ਜਿਸੁ ਆਪਿ ਬੁਝਾਵੈ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਗੁਰੂ ਜੀ ਕ੍ਰਿਪਾ ਨਾਲ ਓਹੀ ਇਸ ਗੱਲ ਨੂੰ ਸਮਝਦਾ ਹੈ, ਜਿਸ ਨੂੰ ਆਪ ਸਮਝਾਉਂਦਾ ਹੈ॥ ੨॥

ਪਉੜੀ ॥ ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ ॥

ਮਨਮੁਖ ਹੰਕਾਰੀ ਦਾ ਸਭ ਕੁਝ ਲੇਖੇ=ਹਿਸਾਬ ਵਿਚ ਹੈ।

ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥

ਮਨਮੁਖ ਕਦੇ ਭੀ ਹਰੀ ਨਾਮ ਨੂੰ ਸਿਮਰਦਾ ਨਹੀਂ ਹੈ, ਇਸ ਕਰਕੇ ਸਿਰੋਂ ਫੜ ਕੇ ਜਮ ਕਾਲ ਉਸ ਦੇ ਸਿਰ ਉਤੇ ਡੰਡੇ ਮਾਰਦਾ ਹੈ।

[ਪੰਨਾ ੧੨੪੮]

ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ॥

ਜੋ ਸਾਰੇ ਪਾਪ ਤੇ ਵਿਕਾਰ ਮਨੂਰ=ਲੋਹੇ ਦੀ ਮੈਲ ਵਰਗੇ ਹਨ, ਉਨ੍ਹਾਂ ਦਾ ਹੀ ਉਸ ਨੇ ਬਹੁਤਾ ਭਾਰ ਲੱਦ ਲਿਆ ਹੈ।

ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ॥

ਜਮਾਂ ਦਾ ਮਾਰਗੁ=ਰਸਤਾ ਬੜਾ ਬਿਖਮੁ=ਕਠਨ ਤੇ ਡਰਾਵਣਾ=ਭੈ ਦਾਇਕ ਹੈ, ਉਥੋਂ ਦੀ ਤਾਰੀ= ਵੈਤਰਨੀ ਨਦੀ ਤੋਂ ਕਿਵੇਂ ਤਰਿਆ (ਲੰਘਿਆ) ਜਾਵੇਗਾ।

ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ॥ ੨੭॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਦੇ ਰਾਖੇ ਗੁਰੂ ਹੋਏ ਹਨ, ਉਹ ਪਾਪਾਂ ਦੇ ਭਾਰ ਉਠਾਣ ਤੋਂ ਬਚ ਗਏ ਹਨ ਤੇ ਹਰੀ ਨਾਮ ਕਰਕੇ ਸੰਸਾਰ ਸਮੁੰਦਰ ਤੋਂ ਉਧਰ ਗਏ ਹਨ॥ ੨੭॥

ਵਾ:- ਹਰੀ ਨਾਮੀ ਨੇ ਆਪ ਉਹਨਾਂ ਨੂੰ ਉਧਾਰ ਦਿੱਤਾ ਹੈ।

ਵਾ:- ਜਿਨ੍ਹਾਂ ਦੇ ਗੁਰੂ ਰਾਖੇ ਹੋਏ ਹਨ, ਉਹ ਹਰੀ ਨਾਮ ਨੂੰ ਹਿਰਦੇ ਵਿਚ ਧਾਰ ਕੇ ਸੰਸਾਰ ਤੋਂ ਉਬਰੇ=ਤਰ ਗਏ ਹਨ ਜਾਂ ਧੰਧਿਆਂ ਤੋਂ ਬਚ ਗਏ ਹਨ।

(ਕਈ ਬੀੜਾਂ ਵਿਚ 'ਉਧਾਰੀ' ਦੀ ਜਗ੍ਹਾ 'ਉਰਧਾਰੀ' ਪਾਠ ਹੈ।)

ਸਲੋਕ ਮ: ੩॥

ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥

ਸਤਿਗੁਰਾਂ ਦੀ ਸੇਵਾ ਕੀਤੇ ਤੋਂ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ, ਵਾਰੋ ਵਾਰ=ਮੁੜ ਮੁੜ ਕੇ ਜੰਮਦਾ ਮਰਦਾ ਹੈ।

ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ॥

ਮਾਇਆ ਨੇ ਉਸ ਉਤੇ ਮੋਹ ਰੂਪ ਠੱਗ ਬੂਟੀ ਪਾਈ ਹੋਈ ਹੈ, ਇਸ ਲਈ ਦੂਜੈ ਭਾਇ=ਦਵੈਤ ਭਾਵ ਕਰਕੇ ਬਹੁਤੇ ਵਿਕਾਰ ਕਰਦਾ ਹੈ।

ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ॥

ਇਕ ਗੁਰਮੁਖ ਗੁਰਾਂ ਦੀ ਕਿਰਪਾ ਕਰਕੇ ਵਿਕਾਰਾਂ ਤੋਂ ਬਚ ਗਏ ਹਨ, ਉਸ ਗੁਰਮੁਖ ਜਨ ਨੂੰ ਸਭਿ=ਸਾਰੇ ਲੋਕ ਨਮਸ਼ਕਾਰਾਂ ਕਰਦੇ ਹਨ।

ਨਾਨਕ ਅਨਦਿਨੁ ਨਾਮੁ ਧਿਆਇ ਤੂ
ਅੰਤਰਿ ਜਿਤੁ ਪਾਵਹਿ ਮੋਖ ਦੁਆਰ॥ ੧॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਤੂੰ ਮਨ ਦੇ ਅੰਦਰ ਰਾਤ, ਦਿਨ ਨਾਮ ਨੂੰ ਧਿਆਉਣਾ ਕਰ, ਜਿਸ ਕਰਕੇ ਤੂੰ ਮੁਕਤੀ ਦਾ ਦਰਵਾਜ਼ਾ ਗਿਆਨ ਪਾਵੇਂਗਾ॥ ੧॥

ਮਃ ੩ ॥ ਮਾਇਆ ਮੋਹਿ ਵਿਸਾਰਿਆ ਸਚੁ ਮਰਣਾ ਹਰਿ ਨਾਮੁ ॥

ਜੀਵ ਨੇ ਮਾਇਆ ਦੇ ਮੋਹ ਵਿਚ ਫਸ ਕੇ ਮਰਨੇ ਨੂੰ ਤੇ ਹਰੀ ਦੇ ਸੱਚੇ ਨਾਮ ਨੂੰ ਭੁਲਾ ਦਿੱਤਾ ਹੈ,

ਵਾ:-ਜੀਉਣਾ ਝੂਠ ਹੈ, ਮਰਨਾ ਸੱਚ ਹੈ, ਇਸ ਕਰਕੇ ਸੱਚੇ ਮਰਨੇ ਨੂੰ ਤੇ ਹਰੀ ਨਾਮ ਨੂੰ ਭੁਲਾ ਦਿੱਤਾ ਹੈ।

ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ ॥

ਧੰਧਾ ਕਰਦਿਆਂ ਹੀ ਇਸ ਪ੍ਰਾਣੀ ਦਾ ਜਨਮ ਬਤੀਤ ਹੋ ਗਿਆ ਹੈ, ਇਸ ਕਰਕੇ ਮਨ ਦੇ ਅੰਦਰ ਦੁੱਖਾਂ ਨੂੰ ਸਹਾਮੁ=ਸਹਾਰਦਾ ਹੈ।

ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ ਜਿਨ੍ ਪੂਰਬਿ ਲਿਖਿਆ ਕਰਾਮੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਉਨ੍ਹਾਂ ਨੇ ਸਤਿਗੁਰਾਂ ਦੀ ਸੇਵਾ ਕਰਕੇ ਸੁਖ ਪਾਇਆ ਹੈ, ਜਿਨ੍ਹਾਂ ਦੇ ਮੱਥੇ 'ਪਰ ਪੂਰਬਲੇ ਕੀਤੇ ਹੋਏ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ॥ ੨ ॥

ਪਉੜੀ ॥ ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ ॥

ਹਰੀ ਨਾਮ ਰੂਪ ਲੇਖੇ ਨੂੰ ਪੜ੍ਹੀਏ ਤਾਂ ਫਿਰ ਧਰਮਰਾਜ ਦੇ ਪਾਸ ਕਰਮਾਂ ਦਾ ਲੇਖਾ ਨਹੀਂ ਹੋਵੇਗਾ।

ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥

ਫਿਰ ਉਸ ਨੂੰ ਕੋਈ ਭੀ ਕੁਝ ਪੁਛ ਨਹੀਂ ਸਕਦਾ ਤੇ ਹਰੀ ਦੇ ਦਰਬਾਰ ਵਿਚ ਉਸ ਨੂੰ ਸਦਾ ਢੋਹੀ=ਜਗ੍ਹਾ ਮਿਲਦੀ ਹੈ। ਹੋਰ ਕੀ ਆਖਣਾ ਹੈ-

ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥

ਜਮ ਕਾਲ ਵੀ ਉਸ ਨੂੰ ਭੇਟਾ ਦੇ ਕੇ ਮਿਲਦਾ ਹੈ ਤੇ ਨਿਤਾਪ੍ਰਤੀ ਉਸ ਦਾ ਸੇਵਕ ਹੋ ਕੇ ਰਹਿੰਦਾ ਹੈ।

ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥

ਜਿਸ ਨੇ ਪੂਰਿਆਂ ਗੁਰਾਂ ਪਾਸੋਂ ਮਹਲੁ=ਸਰੂਪ ਪਾਇਆ ਹੈ, ਉਸ ਦੀ ਲੋਈ=ਲੋਕਾਂ ਵਿਚ ਪਤਿ=ਇੱਜ਼ਤ ਪ੍ਰਗਟ ਹੋਈ ਹੈ।

ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ-ਉਸ ਦੇ ਦਰਿ=ਅੰਤਹਕਰਣ ਅੰਦਰ ਅਨਹਦ=ਇਕ ਰਸ ਨਾਮ ਧੁਨ ਦੇ ਵਾਜੇ ਵਜਦੇ ਹਨ, ਫੇਰ ਉਹ ਹਰੀ ਨੂੰ ਆ ਕੇ ਮਿਲਦਾ ਹੈ॥ ੨੮ ॥

ਸਲੋਕ ਮਃ ੩ ॥

ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥

ਜੇਹੜਾ ਕੋਈ ਪੁਰਸ਼ ਗੁਰਾਂ ਦਾ ਕਿਹਾ ਹੋਇਆ ਬਚਨ ਮੰਨਣਾ ਕਰਦਾ ਹੈ, ਉਸ ਨੂੰ ਸੁਖਾਂ ਵਿਚੋਂ ਸਾਰੁ= ਸਰੇਸ਼ਟ ਆਤਮ ਸੁਖ ਮਿਲਦਾ ਹੈ। ਜਿਵੇਂ ਭਾਈ ਲੰਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨ ਕੇ ਸਰੇਸ਼ਟ ਆਤਮ ਸੁਖ ਪਾਇਆ ਹੈ।

ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ॥ ੧॥

ਗੁਰਾਂ ਦੀ ਸੇਵਾ ਰੂਪ ਕਰਣੀ ਕਰਕੇ, ਵਾ:-ਗੁਰਾਂ ਦੀ ਦੱਸੀ ਹੋਈ ਕਰਣੀ ਕਰਨ ਨਾਲ ਜਮ ਆਦਿਕਾਂ ਦਾ ਡਰ ਕਟਿਆ ਜਾਂਦਾ ਹੈ ਅਤੇ ਗੁਰੂ ਜੀ ਕਥਨ ਕਰਦੇ ਹਨ—ਸੰਸਾਰ ਤੋਂ ਪਾਰ ਹੋਣਾ ਪਾਂਦਾ ਹੈ।

ਵਾ:-ਪਾਰ ਰੂਪ ਪ੍ਰਭੂ ਨੂੰ ਪਾਂਵਦਾ ਹੈ॥ ੧॥

ਮ: ੩॥ ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥

ਸੱਚਾ ਨਾਮ ਐਸਾ ਹੈ, ਨਾ ਪੁਰਾਣਾ ਹੁੰਦਾ ਹੈ, ਨਾ ਹੀ ਮੈਲਾ ਹੁੰਦਾ ਹੈ।

ਅਥਵਾ:-ਸੱਚ ਨਾਮ ਜਪਣ ਵਾਲਾ ਪੁਰਸ਼ ਪੁਰਾਣਾ ਨਹੀਂ ਹੁੰਦਾ, ਨਾ ਹੀ ਪਾਪਾਂ ਕਰਕੇ ਮੈਲਾ ਹੁੰਦਾ ਹੈ।

ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ॥

ਜੇਹੜਾ ਪੁਰਸ਼ ਗੁਰੂ ਦੇ ਭਾਣੇ ਅਨੁਸਾਰ ਚਲਦਾ ਹੈ, ਉਸ ਨੂੰ ਫੇਰ ਜਨਮ ਮਰਨ ਨਹੀਂ ਹੁੰਦਾ।

ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਵਾਹਿਗੁਰੂ ਨਾਮ ਦੇ ਭੁਲਾਉਣ ਕਰਕੇ, ਆਵਣ ਜਾਣਾ=ਜੰਮਣਾ ਮਰਨਾ, ਇਹ ਦੋਵੇਂ ਜੀਵ ਨੂੰ ਬਣੇ ਰਹਿੰਦੇ ਹਨ॥ ੨॥

ਪਉੜੀ॥ ਮੰਗਤ ਜਨੁ ਜਾਚੈ ਦਾਨੁ ਹਰਿ ਦੇਹੁ ਸੁਭਾਇ॥

ਹੇ ਸੰਤੋ! ਮੈਂ ਸੇਵਕ ਜਨ ਮੰਗਤਾ ਹੋਂ ਕੇ ਦਾਨ ਮੰਗਦਾ ਹਾਂ, ਆਪ ਹਰੀ ਨਾਮ ਦਾ ਦਾਨ ਦਿਓ, ਜਿਸ ਕਰਕੇ ਮੈਂ ਸੁਭਾਇ=ਸ਼ੋਭਾ ਵਾਲਾ ਹੋਵਾਂ।

ਹਰਿ ਦਰਸਨ ਕੀ ਪਿਆਸ ਹੈ ਦਰਸਨਿ ਤ੍ਰਿਪਤਾਇ॥

ਮੈਨੂੰ ਹਰੀ ਦੇ ਦਰਸ਼ਨ ਦੀ ਪਿਆਸ=ਤਰੇਹ (ਚਾਹ) ਲੱਗ ਰਹੀ ਹੈ, ਦਰਸ਼ਨ ਕਰਕੇ ਹੀ ਮੇਰਾ ਮਨ ਤ੍ਰਿਪਤਾਇ=ਤ੍ਰਿਪਤ (ਰਜਦਾ) ਹੈ।

ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਰਾਂ ਮਾਇ॥

ਇਕ ਘੜੀ ਅਤੇ ਪਲ ਦਾ ਖਿਨ ਭਰ ਵੀ ਮੈਂ ਦਰਸ਼ਨ ਤੋਂ ਬਿਨਾਂ ਜੀਊ ਨਹੀਂ ਸਕਦਾ, ਮਾਇ=ਹੇ ਸੰਤੋ! ਦਰਸ਼ਨ ਦੇਖੇ ਬਿਨਾਂ ਮੇਰਾ ਮਰਨਾ ਹੁੰਦਾ ਹੈ।

ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ॥

ਜੋ ਪ੍ਰਭੂ ਸਾਰੀਆਂ ਜਗ੍ਹਾਂ 'ਪਰ ਰਵਿ ਰਹਿਆ=ਵਿਆਪਕ ਹੋ ਰਿਹਾ ਹੈ, ਸਤਿਗੁਰਾਂ ਨੇ ਉਹ ਪ੍ਰਭੂ ਮੈਨੂੰ ਨਾਲ ਹੀ ਵਿਖਾ ਦਿੱਤਾ ਹੈ। ਫੇਰ ਉਹ ਐਸਾ ਹੈ-

ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ॥ ੨੯॥

ਜੋ ਆਪ ਹੀ ਮੋਹ ਨੀਂਦ ਵਿਚ ਸੁਤਿਆਂ ਹੋਇਆਂ ਨੂੰ ਉੱਠਾ ਕੇ ਗਿਆਨ ਦੇਂਦਾ ਹੈ, ਗੁਰੂ ਜੀ ਕਥਨ ਕਰਦੇ ਹਨ—ਅਸਾਂ ਨੇ ਉਸ ਪ੍ਰਭੂ ਵਿਚ ਬਿਰਤੀ ਲਗਾਈ ਹੈ॥ ੨੯॥

ਸਲੋਕ ਮਃ ੩ ॥

ਮਨਮੁਖ ਬੋਲਿ ਨ ਜਾਣਨ੍ਹੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥

ਮਨਮੁਖ ਪੁਰਸ਼ ਪ੍ਰਭੂ ਦੇ ਜਸ ਰੂਪ ਸ਼ੁਭ ਬਚਨਾਂ ਨੂੰ ਬੋਲਣਾ ਨਹੀਂ ਜਾਣਦੇ ਕਿਉਂਕਿ ਉਹਨਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ ਤੇ ਹੰਕਾਰ ਆਦਿਕ ਵਿਕਾਰ ਹਨ।

ਥਾਉ ਕੁਥਾਉ ਨ ਜਾਣਨ੍ਹੀ ਸਦਾ ਚਿਤਵਹਿ ਬਿਕਾਰ ॥

ਥਾਉ ਕੁਥਾਉ=ਜਗ੍ਹਾਂ ਕੁ-ਜਗ੍ਹਾਂ,

ਵਾ:-ਭਲਾ ਬੁਰਾ ਭੀ ਨਹੀਂ ਜਾਣਦੇ, ਸਦੀਵ ਕਾਲ ਵਿਕਾਰਾਂ ਨੂੰ ਹੀ ਚਿਤਵਦੇ ਰਹਿੰਦੇ ਹਨ।

ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥

ਜਿਸ ਵੇਲੇ ਪ੍ਰਲੋਕ ਦਰਗਾਹ ਵਿਚ ਉਹਨਾਂ ਪਾਸੋਂ ਲੇਖਾ ਮੰਗਿਆ ਜਾਣਾ ਹੈ ਤਾਂ ਓਥੇ ਉਹਨਾਂ ਨੇ ਝੂਠਿਆਂ ਹੀ ਹੋਣਾ ਹੈ।

ਆਪੇ ਸ੍ਰਿਸਟਿ ਉਪਾਈਅਨੁ ਆਪਿ ਕਰੇ ਬੀਚਾਰੁ ॥

ਜਿਸ ਪ੍ਰਭੂ ਨੇ ਆਪੇ ਸ੍ਰਿਸਟੀ ਪੈਦਾ ਕੀਤੀ ਹੈ, ਉਹ ਆਪ ਹੀ ਸਭਨਾਂ ਦਾ ਵਿਚਾਰ ਕਰਦਾ ਹੈ।

ਨਾਨਕ ਕਿਸ ਨੋ ਆਖੀਐ ਸਭੁ ਵਰਤੈ ਆਪਿ ਸਚਿਆਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਬੁਰਾ ਭਲਾ ਕਿਸਨੂੰ ਆਖਣਾ ਕਰੀਏ, ਜਦ ਕਿ ਸਾਰਿਆਂ ਵਿਚ ਆਪ ਹੀ ਸੱਚਾ ਪ੍ਰਭੂ ਵਰਤ ਰਿਹਾ ਹੈ।

ਅਥਵਾ:-ਏਹ ਗੱਲ ਕਿਸਨੂੰ ਆਖਣਾ ਕਰੀਏ ਕਿ ਸਭ ਜਗ੍ਹਾਂ 'ਪਰ ਉਹ ਸਚਿਆਰ ਪ੍ਰਭੂ ਆਪ ਹੀ ਵਰਤ ਰਿਹਾ ਹੈ।

ਮਃ ੩ ॥ ਹਰਿ ਗੁਰਮੁਖਿ ਤਿਨ੍ਹੀ ਅਰਾਧਿਆ ਜਿਨ੍ ਕਰਮਿ ਪਰਾਪਤਿ ਹੋਇ ॥

ਉਹਨਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰੀ ਨੂੰ ਅਰਾਧਿਆ ਹੈ, ਜਿਨ੍ਹਾਂ ਨੂੰ ਪੂਰਬਲੇ ਚੰਗੇ ਕਰਮਾਂ ਦਾ ਫਲ ਆ ਕੇ ਪ੍ਰਾਪਤ ਹੋਇਆ ਹੈ।

ਨਾਨਕ ਹਉ ਬਲਿਹਾਰੀ ਤਿਨ੍ ਕਉ ਜਿਨ੍ ਹਰਿ ਮਨਿ ਵਸਿਆ ਸੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਦੇ ਮਨ ਵਿਚ ਉਹ ਹਰੀ ਵਸਿਆ ਹੈ॥ ੨ ॥

ਪਉੜੀ ॥ ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥

ਸਾਰੇ ਲੋਕ ਧਨ ਦੀ ਆਸਾ ਕਰਕੇ ਹਨ ਤੇ ਇਸ ਤਰ੍ਹਾਂ ਜਾਣਿਆ ਹੈ ਕਿ ਅਸੀਂ ਬਹੁਤ ਚਿਰ ਜੀਊਂਣਾ ਹੈ।

ਯਥਾ:-ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥

ਅਨਤ ਕਉ ਚਾਹਨਾ ਜੋ ਗਏ ਸੇ ਆਏ ਅਨਤ ਗਵਾਇ ॥ (ਪੰਨਾ ੧੫੯)

ਤਥਾ:-ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ ॥

ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ ॥ ੧ ॥ (ਪੰਨਾ ੧੨੪੪)

ਨਿਤ ਜੀਵਣ ਕਉ ਚਿਤੁ ਗੜ੍ ਮੰਡਪ ਸਵਾਰਿਆ ॥

ਜੀਵਣ ਨੂੰ ਚਿਤ ਵਿਚ ਨਿਤ ਮੰਨ ਕੇ ਹੀ ਗੜ੍=ਕਿਲ੍ਹੇ ਤੇ ਮੰਡਪ=ਮੰਦਰ,

ਵਾ:-ਚੌੜੇ ਅਸਥਾਨ, ਸਵਾਰਿਆ=ਬਣਾਉਣਾ ਕੀਤੇ ਹਨ।

ਵਲਵੰਚ ਕਰਿ ਉਪਾਵ ਮਾਇਆ ਹਿਰਿ ਆਣਿਆ ॥

ਵਲਵੰਚ=ਛਲ ਵਲ ਆਦਿਕ ਕਈ ਤਰ੍ਹਾਂ ਦੇ ਉਪਾਵ=ਜਤਨ ਕਰਕੇ ਪਰਾਈ ਮਾਇਆ ਨੂੰ 'ਹਿਰਿ-ਆਣਿਆ'=ਖੋਹ ਲਿਆਂਦਾ ਹੈ, ਵਾ:-ਚੁਰਾ ਲਿਆਂਦਾ ਹੈ।

ਜਮਕਾਲੁ ਨਿਹਾਲੇ ਸਾਸ ਆਵ ਘਟੈ ਬੇਤਾਲਿਆ ॥

ਜਮਕਾਲ ਉਹਨਾਂ ਦੇ ਸ੍ਵਾਸਾਂ ਵੱਲ ਨਿਹਾਲੇ=ਵੇਖਦਾ ਹੈ, ਇਸ ਵਜ੍ਹਾ ਕਰਕੇ ਬੇਤਾਲਿਆ ਭੂਤਨਿਆਂ ਦੀ ਆਵ=ਉਮਰਾ ਘਟਦੀ ਜਾਂਦੀ ਹੈ।

[ਪੰਨਾ ੧੨੪੯]

ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਗੁਰਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ, ਉਹ ਜਮ ਕਾਲ ਤੋਂ ਉਬਰੇ=ਬਚ ਗਏ ਹਨ ਤੇ ਸੰਸਾਰ ਸਮੁੰਦਰ ਤੋਂ ਉਬਰੇ=ਤਰ ਗਏ ਹਨ ਕਿਉਂਕਿ ਹਰੀ ਸਰੂਪ ਗੁਰੂ ਸਾਹਿਬ ਜੀ ਉਹਨਾਂ ਦੇ ਰਖਵਾਲੇ ਹੋਏ ਹਨ॥ ੩੦ ॥

ਸਲੋਕ ਮ: ੩ ॥

ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹੁ ਸੁਆਇ ॥

ਮੋਹ ਕਰਕੇ ਮਾਇਆ ਦੇ ਸੁਆਇ=ਮਤਲਬ ਲਈ ਪੰਡਿਤ ਲੋਕ ਪੁਰਾਣਾਂ ਨੂੰ ਪੜ੍ਹ ਪੜ੍ਹ ਕੇ ਵਾਦੁ ਵਖਾਣਦੇ=ਝਗੜਿਆਂ ਨੂੰ ਕਥਨ ਕਰਦੇ ਹਨ।

ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥

ਦਵੈਤ ਭਾਵ ਵਿਚ ਲੱਗ ਕੇ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ, ਇਸ ਲਈ ਅੰਤ ਨੂੰ ਮਨ ਦੇ ਮੂਰਖ ਨੂੰ ਭਾਰੀ ਸਜ਼ਾ ਮਿਲੇਗੀ।

ਜਿਨਿ੍ ਕੀਤੇ ਤਿਸੈ ਨ ਸੇਵਨ੍ੀ ਦੇਦਾ ਰਿਜਕੁ ਸਮਾਇ ॥

ਜਿਸ ਪ੍ਰਭੂ ਨੇ ਪੈਦਾ ਕੀਤਾ ਹੈ, ਉਸ ਨੂੰ ਸੇਂਵਦੇ ਨਹੀਂ ਹਨ, ਜੋ ਸਾਰਿਆਂ ਨੂੰ ਰਿਜਕ ਸਮਾਇ=ਪਹੁੰਚਾ ਦੇਂਦਾ ਹੈ।

ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ ॥

ਉਹਨਾਂ ਦੇ ਗਲੋਂ ਜਮਾਂ ਦਾ ਫਾਹ ਕਟਿਆ ਨਹੀਂ ਜਾਂਦਾ, ਇਸ ਲਈ ਫਿਰਿ ਫਿਰਿ=ਮੁੜ ਮੁੜ ਕੇ ਆਉਂਦੇ ਜਾਂਦੇ ਹਨ।

ਜਿਨ ਕਉ ਪੂਰਬਿ ਲਿਖਿਆ ਸਤਿਗੁਰੁ ਮਿਲਿਆ ਤਿਨ ਆਇ॥

ਜਿਨ੍ਹਾਂ ਦੇ ਮੱਥੇ 'ਪਰ ਪੂਰਬਲੇ ਚੰਗੇ ਕਰਮਾਂ ਦਾ ਲੇਖ ਪ੍ਰਭੂ ਨੇ ਲਿਖਿਆ ਹੈ, ਉਹਨਾਂ ਨੂੰ ਸਤਿਗੁਰੂ ਆ ਕੇ ਮਿਲਿਆ ਹੈ।

ਅਨਦਿਨੁ ਨਾਮੁ ਧਿਆਇਦੇ ਨਾਨਕ ਸਚਿ ਸਮਾਇ॥ ੧॥

ਜੋ ਸਤਿਗੁਰਾਂ ਦੁਆਰੇ ਰਾਤ, ਦਿਨ ਨਾਮ ਨੂੰ ਧਿਆਉਂਦੇ ਹਨ, ਗੁਰੂ ਜੀ ਆਖਦੇ ਹਨ-ਉਹ ਸੱਚ ਸਰੂਪ ਵਿਚ ਸਮਾਅ ਜਾਂਦੇ ਹਨ॥ ੧॥

ਮਃ ੩॥ ਸਚੁ ਵਣਜਹਿ ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ॥

ਜੇਹੜੇ ਗੁਰਮੁਖ ਮੁਖੀ ਗੁਰਾਂ ਦੀ ਪੈਰੀ ਪਾਹਿ=ਚਰਨੀਂ ਪੈਂਦੇ ਹਨ, ਉਹ ਸੱਚ ਨੂੰ ਵਣਜਹਿ=ਖਰੀਦਦੇ ਹਨ ਤੇ ਸੱਚ ਨੂੰ ਹੀ ਸੇਂਵਦੇ ਹਨ।

ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਜੇਹੜੇ ਪੂਰਸ਼ ਗੁਰੂ ਦੇ ਭਾਣੇ ਵਿਚ ਚਲਹਿ=ਚਲਦੇ (ਤੁਰਦੇ) ਹਨ, ਉਹ ਸਹਜੇ ਹੀ ਸੱਚ ਵਿਚ ਸਮਾਅ ਜਾਂਦੇ ਹਨ॥ ੨॥

ਪਉੜੀ॥ ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥

ਆਸਾ ਦੇ ਵਿਚ ਅਤੀਅੰਤ ਬੜਾ ਭਾਰੀ ਦੁੱਖ ਹੈ, ਪਰ ਮਨਮੁਖਾਂ ਨੇ ਆਸਾ ਦੇ ਵਿਚ ਹੀ ਚਿਤ ਨੂੰ ਲਗਾਇਆ ਹੋਇਆ ਹੈ।

ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ॥

ਗੁਰਮੁਖ ਜਨ ਆਸਾ ਤੋਂ ਨਿਰਾਸ=ਰਹਿਤ ਹੋਏ ਹਨ, ਇਸ ਲਈ ਉਹਨਾਂ ਨੇ ਪਰਮ=ਵੱਡਾ ਸੁਖ ਪਾਇਆ ਹੈ।

ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ॥

ਅਲਿਪਤ=ਨਿਰਲੇਪ (ਅਸੰਗ) ਪਰਮਾਤਮਾ ਵਿਚ ਲਿਵ ਲੱਗਾ ਕੇ ਉਹ ਸਦਾ ਗਿਰਹ=ਘਰ ਦੇ ਵਿਚ ਹੀ ਉਦਾਸ ਰਹਿੰਦੇ ਹਨ।

ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ॥

ਉਹਨਾਂ ਨੂੰ ਪਦਾਰਥਾਂ ਦਾ ਵਿਜੋਗ ਜਨ ਸੋਗ ਵਿਆਪਦਾ ਨਹੀਂ ਹੈ ਕਿਉਂਕਿ ਉਹਨਾਂ ਨੂੰ ਹਰੀ ਦਾ ਭਾਣਾ ਮੰਨਣਾ ਭਾਅ ਗਿਆ ਹੈ।

ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ॥ ੩੧॥

ਗੁਰੂ ਜੀ ਕਥਨ ਕਰਦੇ ਹਨ—ਉਹ ਗੁਰਮੁਖ ਸਦਾ ਹਰੀ ਨਾਲ ਰਵਿ ਰਹੇ=ਮਿਲ ਰਹੇ ਹਨ ਅਤੇ ਧੁਰਿ=ਆਦ ਰੂਪ ਵਾਹਿਗੁਰੂ ਨੇ ਉਹਨਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ॥ ੩੧॥

ਸਲੋਕ ਮਃ ੩ ॥

ਉਥਾਨਕਾ:-ਸ੍ਰੀ ਗੁਰੂ ਅਮਰਦਾਸ ਜੀ ਅੱਗੇ ਸਿੱਖਾਂ ਨੇ ਬੇਨਤੀ ਕੀਤੀ ਕਿ ਅਗੋਂ ਆਪ ਜੀ ਇਸ ਗੁਰਤਾ ਗੱਦੀ 'ਪਰ ਕਿਸ਼ ਨੂੰ ਅਸਥਾਪਨ ਕਰੋਗੇ ? ਇਹ ਗੱਲ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ—ਸਿੱਖੋ ! ਇਸ ਦੇ ਮਾਲਕ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ। ਸਾਡੇ ਪਾਸ ਤਾਂ ਏਹ ਅਮਾਨਤ ਵਸਤੂ ਹੈ, ਇਸ ਕਰਕੇ ਏਹ ਗੁਰਿਆਈ ਗੱਦੀ ਰੂਪ ਪਰਾਈ ਅਮਾਨਤ ਅਸੀਂ ਕਿਵੇਂ ਰੱਖ ਸਕਦੇ ਹਾਂ, ਇਸ ਦੇ ਦਿਤਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ।

ਯਥਾ:-ਦਿਚੈ ਪੂਰਬ ਦੇਵਣਾ ਜਿਸ ਦੀ ਵਸਤ ਤਿਸੈ ਘਰ ਆਵੈ॥
ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ॥
ਉਲਟਾ ਖੇਲ ਖਸਮ ਦਾ ਉਲਟੀ ਗੰਗ ਸਮੁੰਦ ਸਮਾਵੈ॥
ਦਿਤਾ ਲਈਏ ਆਪਣਾ ਅਣਦਿਤਾ ਕਿਛੁ ਹਥ ਨ ਆਵੈ॥ ੪੭॥

'ਦਿਚੈ ਪੂਰਬ ਦੇਵਣਾ' ਦੇ ਵਿਚਾਰ ਅਨੁਸਾਰ ਏਹ ਪ੍ਰਸੰਗ ਕਲਗੀਧਰ ਜੀ ਨੇ ਦਸਮ ਗ੍ਰੰਥ ਬਚਿਤ੍ਰ ਨਾਟਕ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ।

ਅਬ ਮੈਂ ਕਹੌਂ ਅਪਨੀ ਕਥਾ॥ ਸੋਢੀ ਬੰਸ ਉਪਜਿਆ ਜਥਾ॥
ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟ ਉਪਾਰਾ॥

ਜਿਸ ਵੇਲੇ ਸ੍ਰਿਸਟੀ ਦੀ ਉਤਪਤੀ ਤੋਂ ਪਹਿਲੇ ਓਅੰਕਾਰ ਸ਼ਬਦ ਉਚਾਰਿਆ ਤਾਂ ਤਿੰਨ ਦੇਵਤੇ ਵਿਸ਼ਨੂੰ, ਬ੍ਰਹਮਾ, ਸ਼ਿਵ ਪੈਦਾ ਹੋਏ।

ਏਕ ਸ੍ਰਵਣ ਤੇ ਮੈਲ ਨਿਕਾਰਾ॥ ਤਾ ਤੇ ਮਧੁ ਕੀਟਭ ਤਨ ਧਾਰਾ॥
ਦੁਤੀਅ ਕਾਨ ਤੇ ਮੈਲ ਨਿਕਾਰੀ॥ ਤਾ ਤੇ ਭਈ ਸ੍ਰਿਸਟਿ ਇਹ ਸਾਰੀ॥ ੧੩॥

ਉਸ ਵੇਲੇ ਮਧੁ ਤੇ ਕੀਟਭ ਦੋਹਾਂ ਦੈਤਾਂ ਨਾਲ ਭਗਵਾਨ ਨੇ ਬੜਾ ਭਾਰੀ ਜੰਗ ਕੀਤਾ, ਉਹਨਾਂ ਦੇ ਸਰੀਰ ਵਿਚੋਂ ਮਿਝ ਨਿਕਲ ਕੇ ਸਮੁੰਦ੍ਰ 'ਪਰ ਤਰਨ ਲੱਗ ਪਈ, ਜਿਸ ਤੋਂ ਇਸ ਪ੍ਰਿਥਵੀ ਦਾ ਨਾਮ ਮੇਧਾ ਹੋ ਗਿਆ ਤੇ ਬਹੁਤ ਸਾਰੇ ਸਮੇਂ ਅਨੁਸਾਰ ਰਾਜੇ ਮਹਾਰਾਜੇ ਹੁੰਦੇ ਆਏ, ਜਿਨ੍ਹਾਂ ਵਿਚੋਂ ਦਛ ਪਰਜਾ ਪਤਿ ਰਾਜਾ ਹੋਇਆ। ਉਸ ਦੇ ਘਰ ਵਿਚ ਬਹੁਤ ਸੁੰਦਰ ਦਸ ਹਜ਼ਾਰ ਲੜਕੀਆਂ ਪੈਦਾ ਹੋਈਆਂ।

ਯਥਾ:-ਦਸ ਸਹੰਸਰ ਤਿਹਿ ਗ੍ਰਿਹ ਭਈ ਕੰਨਿਆ॥ ਜਿਹ ਸਮਾਨ ਕਹ ਲਗੈ ਨ ਅੰਨਿਆ॥

ਸਮੇਂ ਅਨੁਸਾਰ ਉਹ ਲੜਕੀਆਂ ਸਭ ਰਾਜਿਆਂ ਨੂੰ ਵਿਆਹ ਦਿੱਤੀਆਂ, ਬਾਕੀ ਬਨਿਤਾ, ਕਦਰੂ, ਅਦਿਤੀ ਤੇ ਦਿਤੀ ਇਹ ਚਾਰ ਕੰਨਿਆਂ ਕਛਪ ਰਿਖੀ ਨਾਲ ਵਿਆਹ ਦਿੱਤੀਆਂ। ਬਨਿਤਾ ਚੋਂ ਗਰੁੜ ਹੋਇਆ, ਕਦਰੂ ਚੋਂ ਸੱਪ ਹੋਏ, ਅਦਿਤੀ ਵਿਚੋਂ ਦੇਵਤੇ, ਦਿਤੀ ਚੋਂ ਦੈਂਤ ਹੋਏ। ਦੇਵਤਿਆਂ ਵਿਚੋਂ ਜਿਸ ਵੇਲੇ ਸੂਰਜ ਦੇਵਤਾ ਹੋਇਆ ਤਾਂ ਉਸ ਦੇ ਪ੍ਰਤਾਪ ਨਾਲ ਜਗਤ ਵਿਚ ਸੂਰਜ ਬੰਸ ਪ੍ਰਚੱਲਤ ਹੋ ਗਈ।

ਉਸੇ ਸੂਰਜ ਬੰਸ ਚੋਂ 'ਅਜ' ਰਾਜਾ ਜੀ ਹੋਏ, ਅਜ ਰਾਜੇ ਦਾ ਪੁੱਤ੍ਰ ਦਸਰਥ ਹੋਇਆ ਦਸਰਥ ਨੇ ਤਿੰਨ ਲੜਕੀਆਂ ਨਾਲ਼ ਵਿਆਹ ਕੀਤਾ, ੧ ਕੁਛੱਲਿਆ, ੨ ਸੁਮਿੱਤਰਾਂ, ੩ ਕਕੇਈ। ਕੁਛੱਲਿਆ ਚੋਂ ਸ੍ਰੀ ਰਾਮਚੰਦ੍ਰ ਜੀ ਹੋਏ, ਸੁਮਿੱਤਰਾਂ ਵਿਚੋਂ ਲਛਮਣ ਤੇ ਸ਼ਤ੍ਰੁਘਨ, ਕਕੇਈ ਵਿਚੋਂ ਭਰਥ ਹੋਇਆ। ਇਹ ਕਾਫੀ ਸਮਾਂ ਰਾਜ ਭਾਗ ਕਰਕੇ

ਅੰਤ ਨੂੰ ਸਾਰੇ ਸੁਰਗਪੁਰੀ ਵਿਚ ਚਲੇ ਗਏ। ਫੇਰ ਸੀਤਾ ਦੇ ਪੁੱਤਰ ਲਹੂ ਤੇ ਕੁਸ਼ੂ ਬੜੇ ਧਨਖ ਧਾਰੀ ਜੋਧਾ ਹੋਏ ਰਾਜ ਸਿੰਘਾਸਣ ਦਾ ਸਾਰਾ ਸਿਲਸਿਲਾ ਇਨ੍ਹਾਂ ਦੇ ਸਿਰ 'ਪਰ ਆ ਗਿਆ, ਲਹੂ ਨੇ ਲਾਹੌਰ ਬਣਾਇਆ ਕੁਸ਼ੂ ਨੇ ਕਸੂਰ ਬਣਾਇਆ, ਦੋਹਾਂ ਨੇ ਦੋਵੇਂ ਪੁਰੀਆਂ ਐਸੀਆਂ ਬਣਾਈਆਂ ਜਿਨ੍ਹਾਂ ਨੂੰ ਵੇਖ ਕੇ ਸਵਰਗ ਪੁਰੀ ਵੀ ਲਜਤ (ਸ਼ਰਮਸਾਰ) ਹੋ ਗਈ।

ਯਥਾ:-ਤਹੀ ਤਿਨੈ ਬਾਧੇ ਦੁਇ ਪੁਰਵਾ॥ ਏਕ ਕਸੂਰ ਦੁਤੀਅ ਲਾਹੁਰਵਾ॥
ਅਧਿਕਪੁਰੀ ਤੇ ਦੌਊ ਬਿਰਾਜੀ॥ ਨਿਰਖ ਲੰਕ ਅਮਰਾਵਤ ਲਾਜੀ॥

ਸਮੇਂ ਅਨੁਸਾਰ ਏਹ ਭੀ ਆਪਣੀ ਉਮਰਾ ਭੋਗ ਕੇ ਚਲੇ ਗਏ। ਫੇਰ ਇਨ੍ਹਾਂ ਦੇ ਅਗੋਂ ਪੁੱਤਰ, ਪੋਤਰੇ, ਪੜਪੋਤਰੇ ਰਾਜ ਭਾਗ ਕਰਦੇ ਹੋਏ।

ਪੁਨਾ- ਕੁਸ਼ੂ ਦੀ ਕੁਲ ਵਿਚੋਂ 'ਕਾਲਕੇਤ' ਹੋਇਆ ਤੇ ਲਹੂ ਦੀ ਕੁਲ ਵਿਚੋਂ 'ਕਾਲਰਾਇ' ਪੈਦਾ ਹੋਇਆ, ਸਮੇਂ ਅਨੁਸਾਰ-

ਕਾਲਕੇਤ ਭਇਓ ਬਲੀ ਅਪਾਰਾ॥ ਕਾਲਰਾਇ ਜਿਨ ਨਗਰ ਨਿਕਾਰਾ॥
ਉਹ ਫਿਰ-ਭ੍ਰਾਜ ਸਨੋਢ ਦੇਸ ਤੇ ਗਏ॥ ਤਹੀ ਭੂਪ ਜਾ ਵਿਆਹਤ ਭਏ॥ ੨੮॥
ਤਿਹ ਤੇ ਪੁਤ੍ਰ ਭਯੋ ਜੋ ਧਾਮਾ॥ ਸੋਢੀ ਰਾਇ ਧਰਾ ਤਿਨ ਨਾਮਾ॥
ਬੰਸ ਸਨੋਢ ਤਦਿਨ ਤੇ ਥੀਆ॥ ਪਰਮ ਪਵਿਤ੍ਰ ਪੁਰਖ ਜੂ ਕੀਆ॥ ੨੯॥

ਜਿਸ ਵੇਲੇ ਸਮੇਂ ਅਨੁਸਾਰ ਸੋਢੀਆਂ ਦੀ ਕੁਲ ਬਹੁਤ ਸਾਰੀ ਵੱਧ ਗਈ, ਨਾਲ ਧਨ ਦੌਲਤ ਵੀ ਕਾਫੀ ਵੱਧ ਗਿਆ। ਫਿਰ ਇਨ੍ਹਾਂ ਨੇ ਰਾਜ ਭਾਗ ਕਰਦਿਆਂ ਕਈ ਰਾਜਸੂ ਆਦਿਕ ਯੱਗ ਕੀਤੇ।

ਪੁਨਾ- ਇਹਨਾਂ ਦੇ ਮਨ ਵਿਚ ਪਹਿਲਾਂ ਵੈਰ ਭਾਵ ਆ ਕੇ ਜਾਗ ਪਿਆ, ਜਿਸ ਕਰਕੇ-

ਬਹੁਰ ਬੰਸ ਮੈ ਬਢੋ ਬਿਖਾਧਾ॥ ਮੇਟ ਨ ਸਕਾ ਕੋਊ ਤਿਹ ਸਾਧਾ॥

ਇਤਨਾਂ ਵੈਰ ਵੱਧ ਗਿਆ ਜਿਸ ਨੂੰ ਕੋਈ ਭੀ ਹਟਾ ਨਾ ਸਕਿਆ। ਕਾਫੀ ਸਮਾਂ ਆਪਸ ਵਿਚ ਜੰਗ ਕਰਦਿਆਂ ਬੀਤ ਗਿਆ ਆਖਿਰਕਾਰ ਲਹੂ ਦੀ ਕੁਲ ਵਾਲੇ ਸੋਢੀ ਸਾਰੇ ਜਿੱਤ ਗਏ ਕੁਸ਼ੂ ਦੀ ਕੁਲ ਵਾਲੇ ਹਾਰ ਗਏ। ਬਹੁਤ ਸਾਰੇ ਤਾਂ ਮਰ ਗਏ ਬਾਕੀ ਜੇਹੜੇ ਬਚੇ ਉਹ ਪ੍ਰਾਣਾਂ ਨੂੰ ਲੈ ਕੇ ਕਾਂਸ਼ੀ ਵਿਚ ਜਾ ਰਹੇ । ਬਹੁਤਾ ਚਿਰ ਕਾਂਸ਼ੀ ਵਿਚ ਰਹਿ ਕੇ ਵੇਦ ਵਿਦਿਆ ਪੜ੍ਹਨਾ ਕੀਤੀ।

ਯਥਾ:-ਇਹ ਬਿਧ ਮਚਾ ਘੋਰ ਸੰਗ੍ਰਾਮਾ॥ ਸਿਧਾਏ ਸੂਰ ਸੂਰ ਕੇ ਧਾਮਾ॥
ਕਹਾ ਲਗੇ ਵਹ ਕਥੋਂ ਲਰਾਈ॥ ਆਪਨ ਪ੍ਰਭਾ ਨ ਬਰਨੀ ਜਾਈ॥ ੫੧॥
ਲਵੀ ਸਰਬ ਜੀਤੇ ਕੁਸ਼ੂ ਸਰਬ ਹਾਰੇ॥ ਬਚੇ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ॥
ਚਤੁਰ ਬੇਦ ਪਠਿਯੰ ਕੀਯੋ ਕਾਸਿ ਬਾਸੰ॥ ਘਨੇ ਬਰਖ ਕੀਨੇ ਤਹਾਂ ਹੀ ਨਿਵਾਸੰ॥ ੫੨॥
ਜਿਨੈ ਬੇਦ ਪਠਿਯੰ ਸੁ ਬੇਦੀ ਕਹਾਏ॥ ਤਿਨੈ ਧਰਮ ਕੇ ਕਰਮ ਨੀਕੇ ਚਲਾਏ॥

ਫੇਰ ਸੋਢੀਆਂ ਨੇ ਆਪਣੇ ਦਿਲ ਵਿਚੋਂ ਵੈਰ ਭਾਵ ਭੁਲਾ ਕੇ ਬੜੀ ਨਿੰਮ੍ਰਤਾ ਭਰੀ ਚਿੱਠੀ ਕਾਂਸ਼ੀ ਵਿਚ ਭੇਜੀ ਕਿ ਤੁਸੀਂ ਚਿੱਠੀ ਪੜ੍ਹਦਿਆਂ ਸਾਰ ਆ ਜਾਓ ਭਾਈ ਭਾਈ ਰਲ ਕੇ ਰਹੀਏ। ਨਿੰਮ੍ਰਤਾ ਭਰੀ ਚਿੱਠੀ ਪੜ੍ਹ ਕੇ ਬੇਦੀਆਂ ਨੇ ਭੀ ਮਨ ਵਿਚੋਂ ਵੈਰ ਭਾਵ ਵਿਸਾਰ ਦਿੱਤਾ ਤੇ ਬਿਸਤਰੇ ਬੰਨ੍ਹ ਕੇ ਸੋਢੀਆਂ ਪਾਸ ਆ ਪਹੁੰਚੇ, ਆਪਸ ਵਿਚ ਭਰਾ ਭਰਾ ਮਿਲ ਕੇ ਬੜੇ ਖੁਸ਼ ਹੋਏ, ਸੋਢੀਆਂ ਨੇ ਪੁਛਿਆ ਆਪ ਇਤਨਾ ਸਮਾਂ ਕਾਂਸ਼ੀ ਵਿਚ ਰਹਿ ਕੇ ਕੀ ਕਰਦੇ

ਰਹੇ ਹੋ ਤਾਂ ਬੇਦੀਆਂ ਨੇ ਕਿਹਾ, ਅਸੀਂ ਵੇਦ ਵਿਦਿਆ ਪੜ੍ਹਦੇ ਰਹੇ ਹਾਂ। ਇਹ ਗੱਲ ਸੁਣ ਕੇ ਸੋਢੀਆਂ ਦੇ ਰਾਜੇ ਨੇ ਕਹਿ ਕੇ ਬੇਦੀਆਂ ਪਾਸੋਂ ਵੇਦਾਂ ਦੀ ਧੁਨ ਕਰਵਾਈ।

ਬੇਦੀਆਂ ਨੇ ਪਹਿਲੇ ਸ਼ਾਮ ਬੇਦ, ਫੇਰ ਰਿਗ ਬੇਦ, ਪੁਨਾ ਯੁਜਰ ਬੇਦ ਸੁਣਾਇਆ, ਸੁਣ ਕੇ ਸੋਢੀਆਂ ਦਾ ਰਾਜਾ ਬੜਾ ਪ੍ਰਸੰਨ ਹੋਇਆ, ਜਿਸ ਵੇਲੇ ਬੇਦੀਆਂ ਨੇ ਚੌਥਾ ਅਥਰਬਣ ਬੇਦ ਸੁਣਾਇਆ ਤਿਸ ਵੇਲੇ ਸੋਢੀ ਰਾਜਾ ਆਪਣਾ ਰਾਜ ਭਾਗ ਸਾਰਾ ਬੇਦੀਆਂ ਨੂੰ ਸਮਰਪਣ ਕਰਕੇ ਆਪ ਜੰਗਲ ਵਿਚ ਜਾਣ ਲਈ ਤਿਆਰ ਹੋ ਗਿਆ, ਉਸ ਵੇਲੇ ਬੇਦੀਆਂ ਨੇ ਪ੍ਰਸੰਨ ਹੋ ਕੇ ਅਸੀਸ ਦਿੱਤੀ:-

ਬੇਦੀ ਭਇਓ ਪ੍ਰਸੰਨ ਰਾਜ ਕਹ ਪਾਇਕੈ॥
ਦੇਤ ਭਯੋ ਬਰ ਦਾਨ ਹੀਐ ਹੁਲਸਾਇਕੈ॥
ਜਬ ਨਾਨਕ ਕਲ ਮੈ ਹਮ ਆਨ ਕਹਾਇ ਹੈ॥
ਹੋ ਜਗਤ ਪੂਜ ਕਰ ਤੋਹਿ ਪਰਮਪਦ ਪਾਇ ਹੈ॥

ਜਿਸ ਵੇਲੇ ਉਹ ਪਰਮੇਸ਼ਰ ਸਾਡੀ ਬੇਦੀ ਕੁਲ ਵਿਚ ਆ ਕੇ ਸ੍ਰੀ ਗੁਰੂ ਨਾਨਕ ਰੂਪ ਕਹਾਵੇਗਾ, ਉਸ ਵੇਲੇ ਤੁਹਾਡੀ ਕੁਲ ਵਾਲਿਆਂ ਭਾਵ ਸੋਢੀਆਂ ਨੂੰ ਜਗਤ ਦਾ ਪੂਜਜ ਕਰੇਗਾ ਅਤੇ ਤੁਹਾਡੀ ਕੁਲ ਵਾਲੇ ਸਾਰੇ ਪੁਰਸ਼ ਪਰਮ ਪਦਵੀ ਨੂੰ ਪਾਣਗੇ। ਕਿਉਂਕਿ-

ਤ੍ਰਿਤੀਯ ਬੇਦ ਸੁਨਬੋ ਤੁਮ ਕੀਆ॥ ਚਤੁਰ ਬੇਦ ਸੁਨਿ ਭੂਅ ਕੋ ਦੀਆ॥
ਤੀਨ ਜਨਮ ਹਮਹੂੰ ਜਬ ਧਰਿ ਹੈ॥ ਚੌਥੇ ਜਨਮ ਗੁਰੂ ਤੁਹਿ ਕਰ ਹੈ॥ ੯॥

ਜਿਸ ਵੇਲੇ ਪਰਮੇਸ਼ਰ ਤੀਨ ਜਨਮ=ਤਿੰਨ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਸਾਡੀ ਕੁਲ ਭਾਵ ਬੇਦੀ ਬੰਸ ਵਿਚ ਧਾਰੇਗਾ ਤਾਂ ਚੌਥਾ ਜਨਮ=ਚੌਥਾ ਅਵਤਾਰ ਤੁਹਾਡੀ ਸੋਢੀ ਕੁਲ ਵਿਚ ਹੋਵੇਗਾ ਭਾਵ ਸੋਢੀ ਕੁਲ ਵਾਲਿਆਂ ਨੂੰ ਗੁਰੂ ਕਰੇਗਾ। ਏਸੇ ਕਰਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਹੈ-

ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥

ਸਾਡੇ ਪਾਸ ਏਹ ਗੁਰਿਆਈ ਗੱਦੀ ਪਰਾਈ ਅਮਾਨਤ ਹੈ, ਇਸ ਨੂੰ ਅਸੀਂ ਆਪਣੇ ਪਾਸ ਕਿਵੇਂ ਰੱਖੀਏ, ਇਸ ਦੇ ਦਿਤਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ।

ਅਥਵਾ:-ਸ੍ਵਾਸ, ਦੇਹ ਤੇ ਮਾਇਆ ਏਹ ਪ੍ਰਾਈ ਅਮਾਨਤ ਹੈ, ਅਰਥਾਤ- ਪ੍ਰਭੂ ਦੀ ਹੈ ਆਪਣੀ ਮੰਨ ਕੇ ਆਪਣੇ ਪਾਸ ਕਿਉਂ ਰਖੀਏ, ਏਹ ਪਰਮੇਸ਼ਰ ਨੂੰ ਦਿਤਿਆਂ ਹੀ ਸੁਖ ਹੁੰਦਾ ਹੈ। ਸ੍ਵਾਸਾਂ ਨੂੰ, ਸਰੀਰ ਨੂੰ ਅਤੇ ਮਾਇਆ ਨੂੰ ਪਰਮੇਸ਼ਰ ਨਮਿੱਤ ਲਗਾਵੇ।

ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ॥

ਗੁਰਾਂ ਦਾ ਸਬਦੁ=ਉਪਦੇਸ਼ ਰੂਪ ਖਜ਼ਾਨਾ, ਗੁਰ ਥੈ=ਵੱਡੇ ਅਧਿਕਾਰੀ ਪਾਸ ਹੀ ਟਿੱਕਦਾ ਹੈ, ਹੋਰਥੈ=ਹੋਰਨਾਂ ਕੋਲ ਭਾਵ ਅਨ ਅਧਿਕਾਰੀਆਂ ਪਾਸ ਸ਼ਬਦ ਦਾ ਪ੍ਰਤਾਪ ਪਰਗਟ ਨਹੀਂ ਹੁੰਦਾ।

ਅੰਨੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥

ਜਿਵੇਂ ਅੰਨ੍ਹੇ ਦੇ ਵਸ ਵਿਚ ਪਿਆ ਹੋਇਆ ਜੋ ਮਾਣਕ ਹੈ, ਉਸ ਨੂੰ ਉਹ ਘਰ ਘਰ ਵਿਚ ਵੇਚਣ ਜਾਂਦਾ ਹੈ, ਤਿਵੇਂ ਅੰਨ੍ਹੇ=ਅਨ ਅਧਿਕਾਰੀ ਦੇ ਵਸ ਵਿਚ ਉਪਦੇਸ਼ ਰੂਪ ਮਾਣਕ ਪੈ ਗਿਆ, ਇਸ ਲਈ ਉਹ ਘਰ ਘਰ ਵਿਚ ਵੇਚਣ ਜਾਂਦਾ ਹੈ, ਭਾਵ ਲੋਭ ਵਸ ਹੋ ਕੇ ਅਨ ਅਧਿਕਾਰੀਆਂ ਨੂੰ ਉਪਦੇਸ਼ ਦੇਂਦਾ ਹੈ।

ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ॥

ਅਗੇ ਉਹਨਾਂ ਲੋਕਾਂ ਨੂੰ ਮਾਣਕ ਦੀ ਪਰਖ ਨਹੀਂ ਆਉਂਦੀ, ਇਸ ਕਰਕੇ ਅੰਨ੍ਹੇ ਦੇ ਪਲੇ ਮਾਣਕ ਦਾ ਮੁੱਲ ਅਢੁ=ਕੌਡੀ ਭੀ ਨਹੀਂ ਪੈਂਦਾ।

ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓ ਪਰਖਾਇ॥

ਭਲਾ ਜੇਕਰ ਉਸ ਨੂੰ ਆਪ ਪਰਖ ਨਹੀਂ ਆਉਂਦੀ, ਗੁਰੂ ਜੀ ਕਥਨ ਕਰਦੇ ਹਨ- ਤਾਂ ਪਾਰਖੀਆ=ਪਰਖ ਕਰਨ ਵਾਲੇ ਜੋ ਸੰਤ ਹਨ, ਉਹਨਾਂ ਪਾਸੋਂ ਪਰਖਾ ਲੈਣਾ ਕਰੇ।

ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ॥

ਜੇਕਰ ਉਸ ਸ਼ਬਦ ਨਾਲ ਚਿਤ ਨੂੰ ਲਗਾਵੇ ਤਾਂ ਆਤਮ ਵਸਤੂ ਨੂੰ ਪਾ ਲੈਂਦਾ ਹੈ ਅਤੇ ਹਿਰਦੇ ਰੂਪ ਪਲੇ ਵਿਚ ਆਤਮਕ ਅਨੰਦ ਰੂਪ ਨੌਂ ਨਿਧੀ ਨੂੰ, ਵਾ:-ਨੌਂ ਨਿਧੀਆਂ ਦੇ ਦਾਤੇ ਪ੍ਰਭੂ ਨੂੰ ਪਾ ਲੈਂਦਾ ਹੈ।

ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ॥

ਘਰ ਵਿਚ ਧਨ ਦੇ ਹੁੰਦਿਆਂ ਹੀ ਜਗਤ ਭੁਖਾ ਮਰ ਰਿਹਾ ਹੈ, ਅਰਥਾਤ- ਹਿਰਦੇ ਘਰ ਵਿਚ ਆਤਮ ਧਨ ਦੇ ਹੁੰਦਿਆਂ ਹੀ ਜੀਵ ਦੁੱਖੀ ਹੋ ਰਿਹਾ ਹੈ, ਇਹ ਨਿਯਮ ਹੈ ਸਤਿਗੁਰਾਂ ਤੋਂ ਬਿਨਾਂ ਆਤਮ ਸੁਖ ਦੀ ਸੋਝੀ=ਗਿਆਤ ਨਹੀਂ ਹੁੰਦੀ।

ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ॥

ਸੀਤਲ ਕਰਨ ਵਾਲਾ ਗੁਰ ਸ਼ਬਦ ਜਿਸ ਦੇ ਮਨ ਤਨ ਵਿਚ ਵਸਦਾ ਹੈ, ਤਿਥੇ ਪਦਾਰਥਾਂ ਦਾ ਵਿਜੋਗ ਜਨ ਸੋਗ ਕੋਈ ਨਹੀਂ ਹੁੰਦਾ।

ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ॥

ਪਰਾਈ ਵਸਤੂ ਨੂੰ ਆਪਣੀ ਮੰਨ ਕੇ ਜੋ ਹੰਕਾਰ ਕਰਦਾ ਹੈ ਅਤੇ ਆਪੁ ਗਣਾਏ=ਆਪਣੇ ਆਪ ਨੂੰ ਵੱਡਾ ਜਣਾਉਂਦਾ ਹੈ ਉਹ ਪੁਰਸ਼ ਮੂਰਖ ਹੈ।

ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ॥ ੧॥

ਗੁਰੂ ਜੀ ਕਥਨ ਕਰਦੇ ਹਨ-ਗੁਰਾਂ ਪਾਸੋਂ ਪੁਛੇ ਬਿਨਾਂ ਕਿਸੀ ਨੇ ਆਤਮ ਸੁਖ ਨਹੀਂ ਪਾਇਆ, ਇਸ ਲਈ ਮੂਰਖ ਪੁਰਸ਼ ਮੁੜ ਮੁੜ ਕੇ ਆਵੈ ਜਾਏ=ਜੰਮਦਾ ਮਰਦਾ ਹੈ॥ ੧॥

ਸਲੋਕ ਮ: ੩॥

ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ ਸਰਸੇ ਸਜਣ ਸੰਤ ਪਿਆਰੇ॥

ਅਸਲੀ ਸੱਜਣ ਜੋ ਸੰਤ ਹਨ, ਉਹਨਾਂ ਨਾਲ ਪਿਆਰ ਹੋਣ ਕਰਕੇ ਹਰੀ ਪ੍ਰੀਤਮ ਮਿਲਿਆ ਹੈ, ਏਸੇ ਕਰਕੇ ਮਨ ਵਿਚ ਸਰਸੇ=ਅਧਿਕ ਅਨੰਦ ਪ੍ਰਾਪਤ ਹੋਇਆ ਹੈ।

ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ ਜਿ ਆਪਿ ਮੇਲੇ ਕਰਤਾਰੇ॥

ਜੋ ਧੁਰਿ=ਆਦ ਰੂਪ ਪਰਮਾਤਮਾ ਨਾਲ ਮਿਲੇ ਹਨ, ਉਹ ਕਦੇ ਭੀ ਵਿਛੜਦੇ ਨਹੀਂ,

ਪਰ ਮਿਲੇ ਉਹ ਹਨ, ਜੇਹੜੇ ਕਰਤਾਰ ਨੇ ਆਪੇ ਮੇਲੇ ਹਨ।

ਅੰਤਰਿ ਸਬਦੁ ਰਵਿਆ ਗੁਰੁ ਪਾਇਆ ਸਗਲੇ ਦੂਖ ਨਿਵਾਰੇ॥

ਜਿਸ ਨੇ ਗੁਰੂ ਨੂੰ ਪਾ ਕੇ ਹਿਰਦੇ ਅੰਦਰ ਸ਼ਬਦ ਨੂੰ ਉਚਾਰਿਆ ਹੈ, ਉਸ ਨੇ ਸਾਰੇ ਦੁੱਖ ਨਵਿਰਤ ਕੀਤੇ ਹਨ। *ਅਥਵਾ:-*ਹਿਰਦੇ ਅੰਦਰ ਸ਼ਬਦ ਨੂੰ ਉਚਾਰਿਆ ਤਾਂ ਗੁਰੁ=ਚੇਤਨ ਪਰਮਾਤਮਾ ਨੂੰ ਪਾਇਆ ਤਾਂ ਸਾਰੇ ਦੁੱਖ ਨਵਿਰਤ ਹੋ ਗਏ।

ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ ਰਖਾਂ ਉਰਧਾਰੇ॥

ਸੁਖ ਦਾਤੇ ਹਰੀ ਨੂੰ ਸਦਾ ਸਲਾਹੁੰਦਾ ਹਾਂ ਅਤੇ ਹਿਰਦੇ ਅੰਦਰ ਧਾਰੀ ਰੱਖਦਾ ਹਾਂ।

ਮਨਮੁਖੁ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦਿ ਸਵਾਰੇ॥

ਸਚੈ ਸਬਦਿ=ਬ੍ਰਹਮ ਨੇ ਜੇਹੜੇ ਮਨੁੱਖ ਸ਼ਬਦ ਦੁਆਰਾ ਸਵਾਰੇ ਹਨ, ਕੋਈ ਮਨਮੁਖ ਉਹਨਾਂ ਨਾਲ ਈਰਖਾ ਬਖੀਲੀ ਕੀ ਕਰੇਗਾ।

ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ ਸਰਣਾਗਤਿ ਪਏ ਗੁਰ ਦੁਆਰੇ॥

ਮੇਰਾ ਪਿਆਰਾ ਪ੍ਰਭੂ ਉਹਨਾਂ ਦੀ ਇੱਜ਼ਤ ਆਪ ਰੱਖਦਾ ਹੈ, ਜੋ ਗੁਰਾਂ ਦੇ ਦੁਆਰੇ ਦੀ ਸ਼ਰਨ ਵਿਚ ਆ ਪਏ ਹਨ।

ਨਾਨਕ ਗੁਰਮੁਖਿ ਸੇ ਸੁਹੇਲੇ ਭਏ ਮੁਖ ਊਜਲ ਦਰਬਾਰੇ॥ ੨॥

ਗੁਰੂ ਜੀ ਕਥਨ ਕਰਦੇ ਹਨ- ਉਹ ਗੁਰਮੁਖ ਸੁਹੇਲੇ=ਸੁਖੀ ਹੋਏ ਹਨ ਅਤੇ ਉਨ੍ਹਾਂ ਦਾ ਮੂੰਹ ਹਰੀ ਦੇ ਦਰਬਾਰ ਵਿਚ ਉੱਜਲਾ ਹੋਇਆ ਹੈ॥ ੨॥

ਪਉੜੀ॥ ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ॥

ਇਸਤ੍ਰੀ, ਪੁਰਸ਼ ਨੇ ਆਪਸ ਵਿਚ ਮਿਲ ਕੇ ਪ੍ਰੀਤ ਵਸ ਹੋ ਕੇ ਬਹੁਤ ਸਾਰਾ ਮੋਹ ਵਧਾਇਆ ਹੈ।

ਪੁਤ੍ਰ ਕਲਤ੍ਰ ਨਿਤ ਵੇਖੈ ਵਿਗਸੈ ਮੋਹਿ ਮਾਇਆ॥

ਮਾਇਆ ਦੇ ਮੋਹ ਕਰਕੇ ਕਲਤ੍ਰ=ਇਸਤ੍ਰੀ ਤੇ ਪੁੱਤ੍ਰ ਨੂੰ ਵੇਖ ਕੇ ਸਦਾ ਹੀ ਅਨੰਦ ਹੁੰਦਾ ਹੈ।

ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ॥

ਦੇਸਾਂ ਪ੍ਰਦੇਸਾਂ ਤੋਂ ਧਨ ਚੁਰਾ ਕੇ ਲਿਆਉਂਦਾ ਹੈ ਜੋ ਇਸਤ੍ਰੀ ਪੁਤ੍ਰ ਆਦਿਕਾਂ ਦੇ ਮੂੰਹ ਵਿਚ ਲਿਆ ਪਾਉਂਦਾ ਹੈ।

[ਪੰਨਾ ੧੨੫੦]

ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ॥

ਜਿਨਾਂ ਲਈ ਇਹ ਜੀਵਾਂ ਨਾਲ ਵੈਰ ਵਿਰੋਧ ਕਰਦਾ ਹੈ, ਜਿਸ ਵੇਲੇ ਅੰਤਮ ਸਮਾਂ ਆ ਕੇ ਪ੍ਰਾਪਤ ਹੋਵੇਗਾ, ਉਸ ਵੇਲੇ ਜਮਦੂਤਾਂ ਪਾਸੋਂ ਕੋਈ ਭੀ ਛੁਡਾ ਨਹੀਂ ਸਕੇਗਾ।

ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ ਜਿਤੁ ਲਗਿ ਦੁਖੁ ਪਾਇਆ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ- ਨਾਮ ਸਿਮਰਨ ਤੋਂ ਬਿਨਾਂ ਮੋਹ ਨੂੰ ਧ੍ਰਿਕਾਰ ਹੈ, ਜਿਸ ਮੋਹ ਵਿਚ ਲੱਗ ਕੇ ਜੀਵ ਨੇ ਦੁੱਖ ਪਾਇਆ ਹੈ॥ ੩੨ ॥

ਸਲੋਕ ਮਃ ੩ ॥

ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥

ਗੁਰਮੁਖਾਂ ਨੇ ਨਾਮ ਨੂੰ ਅੰਮ੍ਰਿਤ ਭੋਜਨ ਜਾਣਿਆ ਹੈ, ਜਿਸ ਦੇ ਖਾਧਿਆਂ ਸਾਰੀ ਭੁਖ ਲਹਿ ਜਾਂਦੀ ਹੈ।

ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥

ਜਦ ਨਾਮ ਮਨ ਵਿਚ ਆ ਕੇ ਵਸਦਾ ਹੈ ਤਾਂ ਪਦਾਰਥਾਂ ਦੀ ਤ੍ਰਿਸ਼ਨਾ ਮੂਲਿ=ਕਦਾਚਿਤ ਨਹੀਂ ਹੁੰਦੀ।

ਬਿਨੁ ਨਾਵੈ ਜਿ ਹੋਰੁ ਖਾਣਾ ਤਿਤੁ ਰੋਗੁ ਲਗੈ ਤਨਿ ਧਾਇ ॥

ਨਾਮ ਭੋਜਨ ਤੋਂ ਬਿਨਾਂ ਜੇਹੜਾ ਹੋਰ ਪਦਾਰਥਾਂ ਦਾ ਖਾਣਾ ਹੈ, ਉਸ ਕਰਕੇ ਸਰੀਰ ਨੂੰ ਦੌੜ ਕੇ ਰੋਗ ਆ ਲੱਗਦੇ ਹਨ।

ਨਾਨਕ ਰਸ ਕਸ ਸਬਦੁ ਸਲਾਹਣਾ ਆਪੇ ਲਏ ਮਿਲਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਸੰਸਾਰਕ ਰਸਾਂ ਕਸਾਂ ਨੂੰ ਤਿਆਗ ਕੇ ਗੁਰ ਸ਼ਬਦ ਨੂੰ ਸਲਾਹੁੰਦਾ ਕਰ ਤਾਂ ਉਹ ਪ੍ਰਭੂ ਆਪਣ ਨਾਲ ਤੈਨੂੰ ਮਿਲਾ ਲਏਗਾ॥ ੧ ॥

ਮਃ ੩ ॥ ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥

ਜੀਵਾਂ ਦੇ ਅੰਦਰ ਜੀਉ=ਜੀਵਣ ਰੂਪ ਭਾਵ ਜੀਵਾਣੇ ਵਾਲਾ ਗੁਰ ਸ਼ਬਦ ਹੈ, ਜਿਸ ਸ਼ਬਦ ਕਰਕੇ ਸਹ= ਪਤੀ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ।

ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ ॥

ਗੁਰ ਸ਼ਬਦ ਤੋਂ ਬਿਨਾਂ ਜਗਤ ਵਿਚ ਜੀਵ ਨੂੰ ਅਗਿਆਨ ਦਾ ਹਨੇਰਾ ਹੈ, ਗੁਰਾਂ ਦੇ ਸਬਦੇ=ਉਪਦੇਸ਼ ਕਰਕੇ ਹੀ ਗਿਆਨ ਦਾ ਪ੍ਰਕਾਸ਼ ਪ੍ਰਗਟ ਹੁੰਦਾ ਹੈ।

ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ ॥

ਪੰਡਿਤ ਪੜ੍ਹ ਪੜ੍ਹ ਕੇ, ਮੋਨੀ ਮੋਨ ਧਾਰ ਕੇ ਥੱਕ ਗਏ ਹਨ ਅਤੇ ਭੇਖਧਾਰੀ ਭੇਖ ਧਾਰ ਧਾਰ ਕੇ ਤੇ ਤੀਰਥ ਵਾਸੀ ਤੀਰਥਾਂ 'ਪਰ ਤਨ ਨੂੰ ਧੋ ਧੋ ਕੇ ਥੱਕ ਗਏ ਹਨ।

ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ ॥

ਗੁਰ ਸ਼ਬਦ ਤੋਂ ਬਿਨਾਂ ਕਿਸੀ ਨੇ ਵਾਹਿਗੁਰੂ ਨੂੰ ਨਹੀਂ ਪਾਇਆ, ਅੰਤ ਨੂੰ ਦੁੱਖੀ ਹੋ ਕੇ ਰੋਂਦੇ ਚਲੇ ਗਏ ਹਨ।

ਨਾਨਕ ਨਦਰੀ ਪਾਈਐ ਕਰਮਿ ਪਰਾਪਤਿ ਹੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਨਦਰੀ=ਪਰਮਾਤਮਾ ਤਾਂ ਪ੍ਰਾਪਤ ਹੁੰਦਾ ਹੈ, ਜੇਕਰ ਗੁਰਾਂ ਦੀ ਕਰਮਿ= ਕ੍ਰਿਪਾ ਪ੍ਰਾਪਤ ਹੋਵੇ ਜਾਂ ਪੂਰਬਲਾ ਚੰਗਾ ਕਰਮ ਫਲ ਦੇਣ ਨੂੰ ਪ੍ਰਾਪਤ ਹੋਵੇ॥ ੨ ॥

ਪਉੜੀ॥ ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ॥

ਇਸਤ੍ਰੀ ਪੁਰਸ਼ ਨੇ ਅਤਿ ਨੇਹੁ=ਬੜੇ ਪ੍ਰੇਮ ਨਾਲ ਬੈਠ ਕੇ ਭੈੜਾ ਹੀ ਵਿਸ਼ਿਆਂ ਦੀ ਉਤਪਤੀ ਦਾ ਮਤਾ ਪਕਾਇਆ ਹੈ।

ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ॥

ਜੋ ਦਿੱਸਦਾ ਹੈ ਸਭ ਕੁਝ ਚਲਾ ਜਾਵੇਗਾ, ਮੇਰੇ ਪ੍ਰਭੂ ਨੂੰ ਏਹੋ ਕੁਝ ਭਾਉਂਦਾ ਹੈ।

ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ॥

ਜਗਤ ਵਿਚ ਕਿਵੇਂ ਥਿਰ ਰਹੀਂਦਾ ਹੈ, ਇਸ ਗੱਲ ਦਾ ਕੋਈ ਉਪਾਵ ਕੱਢੋ? *ਉੱਤਰ:-*

ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ॥

ਪੂਰਿਆਂ ਗੁਰਾਂ ਦੀ ਚਾਕਰੀ ਕਰਨ ਵਾਲੇ ਦਾ ਸਭ ਤਰ੍ਹਾਂ ਕਰਕੇ ਕੰਧੁ=ਸਰੀਰ ਅਚਲ ਹੁੰਦਾ ਹੈ।

ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ॥ ੩੩॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਨੂੰ ਬਖਸ਼ ਕੇ ਵਾਹਿਗੁਰੂ ਨੇ ਆਪਣੇ ਨਾਲ ਮਿਲਾਇਆ ਹੈ, ਜਿਨ੍ਹਾਂ ਦਾ ਮਨ ਹਰੀ ਨਾਮ ਸਿਮਰਨ ਵਿਚ ਸਮਾਇਆ ਰਹਿੰਦਾ ਹੈ॥ ੩੩॥

ਸਲੋਕ ਮ: ੩॥

ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ॥

ਮਾਇਆ ਦੇ ਮੋਹ ਕਰਕੇ ਜੀਵ ਨੇ ਗੁਰਾਂ ਦਾ ਭਉ=ਡਰ ਤੇ ਅਪਾਰ ਪ੍ਰਭੂ ਦਾ ਹੇਤੁ=ਪ੍ਰੇਮ, ਵਿਸਾਰਿਆ= ਭੁਲਾ ਦਿੱਤਾ ਹੈ।

ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ॥

ਲੋਭ ਦੀ ਲਹਿਰ ਕਰਕੇ ਮਨਮੁਖ ਜੀਵ ਦੀ ਸ਼ੁਧ ਬੁੱਧੀ ਦੂਰ ਹੋ ਗਈ ਹੈ, ਇਸ ਕਰਕੇ ਉਸ ਦਾ ਸੱਚ ਵਿਚ ਪਿਆਰ ਨਹੀਂ ਲੱਗਦਾ।

ਗੁਰਮੁਖਿ ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ॥

ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਮੁਖੀ ਗੁਰਾਂ ਦਾ ਉਪਦੇਸ਼ ਵਸਿਆ ਹੈ, ਉਹਨਾਂ ਨੂੰ ਅੰਤਹਕਰਣ ਰੂਪ ਗਹ= ਜਗ੍ਹਾਂ ਦੇ ਦਰ=ਅੰਦਰ ਮੋਖ ਦਾ ਦੁਆਰਾ ਗਿਆਨ ਪ੍ਰਾਪਤ ਹੋਇਆ ਹੈ।

ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ॥ ੧॥

ਗੁਰੂ ਜੀ ਕਥਨ ਕਰਦੇ ਹਨ—ਬਖਸ਼ਣਹਾਰ ਵਾਹਿਗੁਰੂ ਨੇ ਆਪੇ ਹੀ ਉਹਨਾਂ ਨੂੰ ਆਪਣੇ ਨਾਲ ਮੇਲ ਲਿਆ ਹੈ॥ ੧॥

ਮਃ ੪॥ ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ॥

ਗੁਰੂ ਜੀ ਕਥਨ ਕਰਦੇ ਹਨ-ਜਿਸ ਪ੍ਰਭੂ ਦੀ ਸੱਤਾ ਤੋਂ ਬਿਨਾਂ ਇਕ ਘੜੀ ਭਰ ਵੀ ਜੀਉਣਾ ਨਹੀਂ ਹੁੰਦਾ,

ਉਸ ਦਾ ਵਿਸਰੇ=ਭੁਲਣਾ, ਬਿੰਦ=ਥੋੜ੍ਹਾ ਸਮਾਂ ਵੀ ਸਰੈ ਨ=ਬਣ ਨਹੀਂ ਸਕਦਾ ਜਾਂ ਉਸ ਦੇ ਵਿਸਰੇ=ਵਿਛੜਨੇ ਕਰਕੇ ਜ਼ਰਾ ਭਰ ਵੀ ਕੰਮ ਨਹੀਂ ਸਰਦਾ।

ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ॥ ੨ ॥

ਹੇ ਮਨ ! ਉਹ ਪ੍ਰਭੂ ਨਾਲੋਂ ਕਿਸ ਲਈ ਰੁਸਣਾ ਹੈ, ਜਿਸ ਪ੍ਰਭੂ ਨੂੰ ਸਾਂਡੀ ਸਾਰਿਆਂ ਜੀਵਾਂ ਨੂੰ ਖਾਣ ਪਾਣ ਦੇਣ ਦੀ ਚਿੰਦ=ਚਿੰਤਾ ਬਣੀ ਰਹਿੰਦੀ ਹੈ॥ ੨ ॥

ਮਃ ੪ ॥ ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ ॥

ਹੇ ਪੁਰਸ਼ਾ ! ਝਿਮਝਿਮਾ=ਇਕ ਰਸ ਅਨੰਦ ਦੇ ਦੇਣ ਵਾਲਾ ਮਨੁੱਖਾ ਦੇਹ ਰੂਪ ਸਾਵਣ ਦਾ ਮਹੀਨਾ ਆਇਆ ਹੈ, ਇਸ ਲਈ ਤੂੰ ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਣਾ ਕਰ।

ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ ਵੁਠਾ ਛਹਬਰ ਲਾਇ ॥

ਜਿਸ ਵੇਲੇ ਗੁਰੂ ਰੂਪ ਬੱਦਲ ਛਹਿਬਰ ਲਾਇ=ਝੜੀ ਲਗਾ ਕੇ, ਅਰਥਾਤ—ਇਕ ਰਸ ਅਤੀਅੰਤ ਕਿਰਪਾਲੂ ਹੋ ਕੇ ਉਪਦੇਸ਼ ਰੂਪ ਮੀਂਹ ਵਸਣਗੇ, ਭਾਵ ਸਤਿਨਾਮੁ ਜਲ ਦੀ ਵਰਖਾ ਕਰਨਗੇ ਤਾਂ ਦੁੱਖ ਸਰੀਰ ਦਾ, ਭੁਖ ਪਦਾਰਥਾਂ ਦੀ, ਕਾੜਾ=ਝੋਰਾ ਮਨ ਦਾ, ਇਤਆਦਿਕ ਸਭ ਕੁਝ ਚੁਕਾਇਸੀ=ਦੂਰ ਕਰ ਦੇਣਗੇ।

ਸਭ ਧਰਤਿ ਭਈ ਹਰੀਆਵਲੀ ਅੰਨੁ ਜੰਮਿਆ ਬੋਹਲ ਲਾਇ ॥

ਜਿਸ ਦੀ ਬੁੱਧੀ ਰੂਪ ਧਰਤੀ ਸਾਰੀ ਸ਼ੁਭ ਗੁਣਾਂ ਕਰਕੇ ਹਰੀ ਭਰੀ ਹੋਈ ਹੈ ਤੇ ਨਿਸਚੇ ਰੂਪੀ ਅੰਨ ਦੇ ਜੰਮਿਆ=ਉਗਣ ਕਰਕੇ ਬਖਸ਼ਸ਼ ਦਾ, ਵਾ:-ਸਰੂਪ ਦੀ ਪ੍ਰਾਪਤੀ ਦਾ ਬੋਹਲ ਲਗੇਗਾ।

ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ ਹਰਿ ਆਪੇ ਪਾਵੈ ਥਾਇ ॥

ਅਚਿੰਤੁ=ਚਿੰਤਾ ਤੋਂ ਰਹਿਤ ਜੋ ਹਰੀ ਹੈ, ਉਹ ਆਪ ਹੀ ਕਿਰਪਾ ਦ੍ਰਿਸ਼ਟੀ ਕਰਕੇ ਅਚਿੰਤੁ=ਅਚਾਨਕ ਉਸ ਨੂੰ ਆਪਣੇ ਕੋਲ ਬੁਲਾਵੇਗਾ ਅਤੇ ਹਰੀ ਆਪ ਹੀ ਉਸ ਦੇ ਕੀਤੇ ਹੋਏ ਕਰਤੱਬਾਂ ਨੂੰ ਥਾਂ ਪਾਵੇਗਾ।

ਹਰਿ ਤਿਸਹਿ ਧਿਆਵਹੁ ਸੰਤ ਜਨਹੁ ਜੁ ਅੰਤੇ ਲਏ ਛਡਾਇ ॥

ਹੇ ਸੰਤ ਜਨੋ ! ਉਸੇ ਹਰੀ ਨੂੰ ਧਿਆਉਣਾ ਕਰੋ, ਜੋ ਅੰਤ ਵੇਲੇ ਜਮ ਆਦਿਕਾਂ ਤੋਂ ਛੁਡਾ ਲੈਂਦਾ ਹੈ।

ਹਰਿ ਕੀਰਤਿ ਭਗਤਿ ਅਨੰਦੁ ਹੈ ਸਦਾ ਸੁਖੁ ਵਸੈ ਮਨਿ ਆਇ ॥

ਹਰੀ ਦੀ ਕੀਰਤੀ ਅਤੇ ਭਗਤੀ ਵਿਚ ਹੀ ਆਨੰਦ ਹੈ ਕਿਉਂਕਿ ਇਸ ਦੇ ਕਰਨ ਨਾਲ ਮਨ ਵਿਚ ਸਦਾ=ਨਿਤ ਸੁਖ ਆ ਕੇ ਵਸਦਾ ਹੈ।

ਜਿਨ੍ਹਾ ਗੁਰਮੁਖਿ ਨਾਮੁ ਅਰਾਧਿਆ ਤਿਨਾ ਦੁਖ ਭੁਖ ਲਹਿ ਜਾਇ ॥

ਜਿਨ੍ਹਾਂ ਗੁਰਮੁਖਾਂ ਨੇ ਨਾਮ ਨੂੰ ਸਿਮਰਿਆ ਹੈ, ਉਹਨਾਂ ਦੀ ਦੁਖਦਾਈ ਭੁਖ ਲਹਿ ਜਾਇ=ਦੂਰ ਹੋ ਜਾਂਦੀ ਹੈ। ਵਾ:-ਉਹਨਾਂ ਦਾ ਦੁੱਖ ਨਵਿਰਤ ਹੋ ਜਾਂਦਾ ਹੈ ਤੇ ਪਦਾਰਥਾਂ ਦੀ ਭੁਖ ਵੀ ਲਹਿ ਜਾਂਦੀ ਹੈ।

ਜਨ ਨਾਨਕੁ ਤ੍ਰਿਪਤੈ ਗਾਇ ਗੁਣ ਹਰਿ ਦਰਸਨੁ ਦੇਹੁ ਸੁਭਾਇ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਆਪ ਜੀ ਦੇ ਗੁਣ ਗਾ ਕੇ ਤ੍ਰਿਪਤ ਹੁੰਦਾ ਹਾਂ, ਹੇ ਹਰੀ !

ਮੈਨੂੰ ਆਪਣਾ ਦਰਸ਼ਨ ਦਿਓ ਜਿਸ ਕਰਕੇ ਮੈਂ ਸ਼ੋਭਾ ਵਾਲਾ ਹੋਵਾਂ॥ ੩॥

ਪਉੜੀ॥ ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ॥

ਪੂਰਿਆਂ ਗੁਰਾਂ ਦੀ ਦਿੱਤੀ ਹੋਈ ਦਾਤ, ਅਗੋਂ ਹੋਰਨਾਂ ਸਿੱਖਾਂ ਨੂੰ ਦੇਣ ਨਾਲ ਨਿਤ ਸਵਾਈ ਚੜ੍ਹਦੀ ਹੈ। ਅਰਥਾਤ- ਪੂਰਿਆਂ ਗੁਰਾਂ ਨੇ ਜੋ ਉਪਦੇਸ਼ ਦਿੱਤਾ ਹੈ, ਉਹ ਉਪਦੇਸ਼ ਅਗੋਂ ਹੋਰਨਾਂ ਨੂੰ ਦੇਣ ਕਰਕੇ ਦਿਨੋ ਦਿਨ ਸਵਾਇਆ ਹੁੰਦਾ ਹੈ।

ਤੁਸਿ ਦੇਵੈ ਆਪਿ ਦਇਆਲੁ ਨ ਛਪੈ ਛਪਾਈਆ॥

ਦਿਆਲੂ ਪਰਮਾਤਮਾ ਜਿਸ ਨੂੰ ਆਪ ਤੁਸਿ=ਪ੍ਰਸੰਨ ਹੋ ਕੇ ਦੇਂਦਾ ਹੈ, ਉਹ ਦਾਤ ਛਿਪਾਈ ਹੋਈ ਛਿਪਦੀ ਨਹੀਂ।

ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ॥

ਉਨਮਨਿ=ਤੁਰੀਆ ਪਦ ਵਿਚ ਲਿਵ ਲਗਾਉਣ ਕਰਕੇ ਹਿਰਦਾ ਕੌਲ ਪ੍ਰਗਾਸੁ=ਖਿੜ ਜਾਂਦਾ ਹੈ,

ਵਾ:- ਹਿਰਦੇ ਕਮਲ ਵਿਚ ਪ੍ਰਗਾਸੁ=ਗਿਆਨ ਹੁੰਦਾ ਹੈ।

ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ॥

ਜੇਹੜਾ ਕੋਈ ਉਸ ਗੁਰਮੁਖ ਦੀ ਰੀਸ ਕਰੇਗਾ, ਉਸ ਨੇ ਆਪਣੇ ਸਿਰ ਉਤੇ ਆਪ ਹੀ ਸਵਾਹ ਪਾ ਲੈਣੀ ਹੈ। ਵਾ:-ਉਸ ਦੇ ਸਿਰ ਉਤੇ ਲਾਹਨਤਾਂ ਰੂਪੀ ਮਿੱਟੀ ਪੈਂਦੀ ਹੈ।

ਨਾਨਕ ਅਪੜਿ ਕੋਇ ਨ ਸਕਈ ਪੂਰੇ ਸਤਿਗੁਰ ਕੀ ਵਡਿਆਈਆ॥ ੩੪॥

ਗੁਰੂ ਜੀ ਕਥਨ ਕਰਦੇ ਹਨ—ਪੂਰਿਆਂ ਸਤਿਗੁਰਾਂ ਦੀ ਵਡਿਆਈ ਦੇ ਬਰਾਬਰ ਕੋਈ ਨਿੰਦਕ ਪੁਰਸ਼ ਅਪੜਿ=ਪਹੁੰਚ ਨਹੀਂ ਸਕਦਾ॥ ੩੪॥

[ਪੰਨਾ ੧੨੫੧]

ਸਲੋਕ ਮ: ੩॥ ਅਮਰੁ ਵੇ ਪਰਵਾਹੁ ਹੈ

ਜੋ ਪਰਮਾਤਮਾ ਅਮਰੁ=ਮਰਨ ਤੋਂ ਰਹਿਤ ਹੈ ਤੇ ਬੇ-ਪਰਵਾਹ ਹੈ।

ਤਿਸੁ ਨਾਲਿ ਸਿਆਣਪ ਨ ਚਲਈ ਨ ਹੁਜਤਿ ਕਰਣੀ ਜਾਇ॥

ਉਸ ਨਾਲ ਕੋਈ ਸਿਆਣਪ ਨਹੀਂ ਚਲਦੀ, ਨਾ ਹੀ ਉਸ ਦੇ ਹੁਕਮ ਅਗੇ ਹੁਜਤ ਕੀਤੀ ਜਾਂਦੀ ਹੈ। ਜੀਵ ਨੂੰ ਚਾਹੀਦਾ ਹੈ:-

ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ॥

ਆਪੁ=ਆਪਾ ਭਾਵ (ਹੰਕਾਰ) ਨੂੰ ਛੱਡ ਕੇ ਉਸ ਦੀ ਸ਼ਰਨ ਵਿਚ ਪੈਣਾ ਕਰੇ ਅਤੇ ਉਸ ਦੀ ਰਜਾਇ= ਆਗਿਆ ਨੂੰ ਮੰਨ ਲੈਣਾ ਕਰੇ।

ਗੁਰਮੁਖਿ ਜਮ ਡੰਡੁ ਨ ਲਗਈ ਹਉਮੈ ਵਿਚਹੁ ਜਾਇ॥

ਹਿਰਦੇ ਵਿਚੋਂ ਹੰਗਤਾ ਮਮਤਾ ਦੇ ਚਲੇ ਜਾਣ ਕਰਕੇ ਗੁਰਮੁਖਾਂ ਨੂੰ ਜਮ ਡੰਡਾ ਲੱਗਦਾ ਨਹੀਂ ਹੈ।

ਨਾਨਕ ਸੇਵਕੁ ਸੋਈ ਆਖੀਐ ਜਿ ਸਚਿ ਰਹੈ ਲਿਵ ਲਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਅਸਲ ਸੇਵਕ ਓਹੀ ਆਖੀਦਾ ਹੈ, ਜੇਹੜਾ ਸੱਚ ਵਿਚ ਬਿਰਤੀ ਨੂੰ ਲਗਾਈ ਰੱਖਦਾ ਹੈ॥ ੧ ॥

ਮਃ ੩ ॥ ਦਾਤਿ ਜੋਤਿ ਸਭ ਸੂਰਤਿ ਤੇਰੀ ॥ ਬਹੁਤੁ ਸਿਆਣਪ ਹਉਮੈ ਮੇਰੀ ॥

ਹੇ ਜੋਤਿ=ਜੋਤੀ ਪਰਮਾਤਮਾ ! ਸਾਰੀਆਂ ਦਾਤਾਂ ਜੋਤਿ=ਕ੍ਰਾਂਤੀ, ਸੂਰਤਿ=ਸੁੰਦਰਤਾ ਇਤਆਦਿਕ ਸਭ ਚੀਜ਼ਾਂ ਤੇਰੀਆਂ ਦਿੱਤੀਆਂ ਹੋਈਆਂ ਹਨ। ਪਰ ਬਹੁਤੀ ਸਿਆਣਪ ਨਾਲ ਇਹ ਜੀਵ ਹੰਗਤਾ ਮਮਤਾ ਕਰਕੇ ਆਖਦਾ ਹੈ, ਇਹ ਸਭ ਚੀਜ਼ਾਂ ਮੇਰੀਆਂ ਹਨ ਜਾਂ ਬਹੁਤੀ ਸਿਆਣਪ ਤੇ ਹੰਗਤਾ ਮਮਤਾ ਇਹ ਮੇਰੀ ਕਲਪੀ ਹੋਈ ਹੈ।

ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ ॥

ਇਹ ਪ੍ਰਾਣੀ ਲੋਭ, ਮੋਹ ਵਿਚ ਵਿਆਪੇ ਹੋਏ ਬਹੁਤ ਤਰ੍ਹਾਂ ਦੇ ਕਰਮ ਕਮਾਉਂਦੇ ਹਨ, ਹੰਗਤਾ ਮਮਤਾ ਦੇ ਹੋਣ ਕਰਕੇ ਚੁਰਾਸੀ ਲੱਖ ਜੂਨੀਆਂ ਦੀ ਫੇਰੀ ਕਦੇ ਚੁਕਦੀ ਨਹੀਂ ਹੈ।

ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਕਰਤਾ ਪੁਰਖ ਆਪ ਹੀ ਸਾਰਿਆਂ ਕਰਮਾਂ ਨੂੰ ਕਰਾਉਂਦਾ ਹੈ, ਜੋ ਉਸ ਨੂੰ ਭਾਉਂਦਾ ਹੈ, ਓਹੀ ਗੱਲ ਚੰਗੀ ਹੈ॥ ੨ ॥

ਪਉੜੀ ਮਃ ੫ ॥

ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ ॥

(ਇਹ ਪਉੜੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰੀ ਹੈ, ਇਸ ਕਰਕੇ ਪਉੜੀ ਮਃ ੫ ਲਿਖਿਆ ਹੈ।)

ਜਿਸ ਨੇ ਸੱਚ ਨਾਮ ਦਾ ਅਧਾਰੁ=ਆਸਰਾ ਲੈਣਾ ਕੀਤਾ ਹੈ, ਉਸ ਦਾ ਖਾਣਾ ਸਚੁ=ਸਫਲਾ ਹੈ ਤੇ ਕਪੜਿਆਂ ਦਾ ਪੈਨਣਾ ਭੀ ਸਚੁ=ਸਫਲ ਹੈ।

ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥

ਉਸ ਨੂੰ ਪੂਰਿਆਂ ਗੁਰਾਂ ਨੇ ਦਾਤਾਂ ਦੇ ਦੇਣ ਵਾਲੇ ਪ੍ਰਭੂ ਨਾਲ ਮਿਲਾਇਆ ਹੈ।

ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥

ਉਹਨਾਂ ਦਾ ਪੂਰਾ ਭਾਗ ਜਾਗਿਆ ਹੈ, ਜਿਨ੍ਹਾਂ ਨੇ ਨਿਰੰਕਾਰ ਨੂੰ ਜਪਿਆ ਹੈ।

ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥

ਜੋ ਸਾਧੂਆਂ ਦੀ ਸਤਸੰਗਤ ਵਿਚ ਲੱਗਾ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ।

ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਸਿਫਤੀ ਪਰਮਾਤਮਾ ਦੀ ਸ਼ਲਾਘਾ ਕਰ ਅਤੇ ਪ੍ਰਭੂ ਦਾ ਜੈ ਜੈਕਾਰ ਕਰ, ਵਾ:-ਪ੍ਰਭੂ ਨੂੰ ਜੈਕਾਰੁ=ਨਮਸ਼ਕਾਰ ਕਰ॥ ੩੫ ॥

ਸਲੋਕ ਮਃ ੫ ॥

ਏਕ ਸਮੇਂ ਵਰਖਾ ਦੇ ਨਾ ਹੋਣ ਕਰਕੇ ਬੜੀ ਭਾਰੀ ਔੜ ਲੱਗ ਗਈ, ਸਿੱਖਾਂ ਨੇ ਆ ਕੇ ਬੇਨਤੀ ਕੀਤੀ ਗੁਰੂ ਜੀ ਬਹੁਤ ਤੰਗ ਹਾਂ ਵਰਖਾ ਪੁਆਓ! ਸਿੱਖਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਪ੍ਰਭੂ ਅਗੇ ਪ੍ਰਾਰਥਨਾ ਕਰਦੇ ਹਨ-

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥

ਹੇ ਪਰਮਾਤਮਾ ! ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਸਾਰਿਆਂ ਜੀਵਾਂ ਨੂੰ ਸੰਭਾਲੋ।

ਮੇਘਾਂ ਨੂੰ ਹੁਕਮ ਦੇ ਕੇ ਮੀਂਹ ਪਾਵੋ।

ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥

ਅੰਨ ਪਾਣੀ ਮੁਚੁ=ਬਹੁਤਾ ਪੈਦਾ ਕਰਕੇ, ਤਰੁ=ਅਤਸੈ ਕਰਕੇ ਜੀਵਾਂ ਦੇ ਦੁੱਖ ਦਲਿੱਦਰ ਭੰਨ ਦੇਵੋ।

ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥

ਜਿਸ ਵੇਲੇ ਦਾਤੇ ਪ੍ਰਭੂ ਨੇ ਅਰਦਾਸ ਸੁਣੀ ਤਾਂ ਸਾਰੀ ਸ੍ਰਿਸਟੀ ਠੰਢੀ ਠਾਰ ਹੋਈ।

ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥

ਸਭ ਨੂੰ ਆਪਣੇ ਗਲ ਨਾਲ ਲਗਾ ਲਓ ਤੇ ਸਭ ਦੀਆਂ ਅਪਦਾ=ਬਿਪਤਾਂ, ਹਰੁ=ਦੂਰ ਕਰ ਦਿਓ। ਪੁਨਾ-ਸਿੱਖਾਂ ਨੇ ਬੇਨਤੀ ਕੀਤੀ, ਗੁਰੂ ਸਾਹਿਬਾਂ ਦਾ ਅਵਤਾਰ ਕਿਉਂ ਹੋਇਆ ਹੈ? ਇਹ ਗੱਲ ਸੁਣ ਕੇ ਦੂਜੇ ਅਰਥ ਵਿਚ ਅਵਤਾਰ ਹੋਣ ਦਾ ਕਾਰਨ ਦੱਸਦੇ ਹਨ। ਜਿਸ ਵੇਲੇ ਪ੍ਰਿਥਵੀ ਨੇ ਗਊ ਦਾ ਰੂਪ ਧਾਰ ਕੇ ਬ੍ਰਹਮਾ ਅਗੇ ਫਰਿਆਦ ਕੀਤੀ ਕਿ ਮੇਰੇ 'ਪਰ ਬੜੇ ਬੜੇ ਭਾਰੀ ਪਾਪ ਹੋ ਰਹੇ ਹਨ, ਇਹ ਦੂਰ ਹੋਣੇ ਚਾਹੀਦੇ ਹਨ। ਉਸ ਵੇਲੇ ਧਰਤੀ ਨੂੰ ਨਾਲ ਲਿ਼ਜਾ ਕੇ ਬ੍ਰਹਮਾ ਨੇ ਭਗਵਾਨ ਅਗੇ ਪ੍ਰਾਰਥਨਾ ਕੀਤੀ, ਹੇ ਭਗਵਾਨ ! ਸਾਰੇ ਜੀਵ ਅਧਰਮੀ ਹੋ ਰਹੇ ਹਨ:

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥

ਆਪਣੀ ਮੇਹਰ ਕਰਕੇ ਸਾਰਿਆਂ ਜੀਵਾਂ ਨੂੰ ਸੰਭਾਲਣਾ ਕਰੋ।

ਅੰਨ ਪਾਣੀ ਮੁਚੁ ਉਪਾਇ

ਸ਼ੁਭ ਗੁਣਾਂ ਰੂਪੀ ਅੰਨ ਤੇ ਨਾਮ ਰੂਪੀ ਜਲ ਬਹੁਤ ਸਾਰਾ ਪੈਦਾ ਕਰਕੇ ਤਰੁ=ਅਤਸੈ ਕਰਕੇ ਦੁੱਖ ਤੇ ਦਲਿੱਦ੍ਰ ਭੰਨਣਾ ਕਰੋ।

ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥

ਜਿਸ ਵੇਲੇ ਦਾਤੇ ਨੇ ਬੇਨਤੀ ਸੁਣੀ ਤਾਂ ਸਿਸਟਿ=ਧਰਤੀ ਸੀਤਲ ਹੋ ਗਈ, ਭਾਵ ਧੀਰਜ ਦੇ ਸਹਿਤ ਹੋ ਗਈ। ਬ੍ਰਹਮਾ ਨੇ ਕਿਹਾ ਹੇ ਪ੍ਰਭੂ !

ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥

ਇਸ ਨਿਮਾਣੀ ਧਰਤੀ ਨੂੰ ਆਪਣੇ ਗਲ ਨਾਲ ਲੱਗਾ ਲਓ ਤੇ ਇਸ ਦੀ ਸਾਰੀ ਬਿਪਤਾ ਹਰੁ=ਦੂਰ ਕਰ ਦਿਓ।

ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਜਿਸ ਪ੍ਰਭੂ ਦਾ ਘਰ ਸਫਲ ਹੈ, ਅਰਥਾਤ- ਸਾਰਿਆਂ ਫਲਾਂ ਦੇ ਦੇਣ ਵਾਲਾ ਹੈ, ਉਸ ਦੇ ਨਾਮ ਨੂੰ ਧਿਆਉਣਾ ਕਰ।

ਅਥਵਾ:-ਹੇ ਪ੍ਰਭੂ! ਤੇਰੇ ਨਾਮ ਦੇ ਧਿਆਉਣ ਕਰਕੇ ਹੀ ਘਰ ਵਿਚ ਸਫਲਤਾ ਪ੍ਰਾਪਤ ਹੋਈ ਹੈ॥ ੧॥

ਮ: ੫॥ ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ॥

ਜਿਸ ਵੇਲੇ ਕਰਤਾਰ ਨੇ ਹੁਕਮ ਕੀਤਾ ਤਾਂ ਸ਼ੋਭਨੀਕ ਬੱਦਲ ਆ ਕੇ ਵਸੇ।

ਰਿਜਕੁ ਉਪਾਇਓਨੁ ਅਗਲਾ ਠਾਂਢਿ ਪਈ ਸੰਸਾਰਿ॥

ਉਸ ਵਰਖਾ ਕਰਕੇ ਅਗਲਾ=ਬਹੁਤ ਹੀ ਰਿਜਕੁ=ਅੰਨ ਉਤਪੰਨ ਹੋ ਗਿਆ ਤੇ ਸਾਰੇ ਸੰਸਾਰ ਵਿਚ ਸ਼ਾਂਤੀ ਹੋ ਗਈ। *ਅਥਵਾ:*-ਜਿਸ ਵੇਲੇ ਕਰਤਾਰ ਨੇ ਹੁਕਮ ਕੀਤਾ ਤਾਂ ਸ਼ੋਭਨੀਕ ਗੁਰੂ ਰੂਪ ਬੱਦਲ ਵਸੇ। ਸ਼ੁਭ ਗੁਣਾਂ ਰੂਪੀ ਰਿਜਕ ਬਹੁਤ ਹੀ ਪੈਦਾ ਕੀਤਾ ਅਤੇ ਸਾਰੇ ਸੰਸਾਰ ਵਿਚ ਠੰਢ ਪੈ ਗਈ।

ਤਨੁ ਮਨੁ ਹਰਿਆ ਹੋਇਆ ਸਿਮਰਤ ਅਗਮ ਅਪਾਰ॥

ਅਗਮ ਅਪਾਰ ਜੋ ਪ੍ਰਭੂ ਹੈ ਉਸ ਨੂੰ ਸਿਮਰਦਿਆਂ ਗੁਰਮੁਖਾਂ ਦਾ ਤਨ, ਮਨ ਸ਼ੁਭ ਗੁਣਾਂ ਕਰਕੇ ਹਰਿਆ ਹੋਇਆ ਹੈ ਤੇ ਇਸ ਤਰ੍ਹਾਂ ਬੇਨਤੀ ਕਰਦੇ ਹਨ-

ਕਰਿ ਕਿਰਪਾ ਪ੍ਰਭ ਆਪਣੀ ਸਚੇ ਸਿਰਜਣਹਾਰ॥

ਹੇ ਸਾਰਿਆਂ ਨੂੰ ਸਿਰਜਣਹਾਰ=ਪੈਦਾ ਕਰਨ ਵਾਲੇ ਸੱਚੇ ਪ੍ਰਭੂ ! ਤੂੰ ਆਪਣੀ ਕਿਰਪਾ ਦ੍ਰਿਸ਼ਟੀ ਕਰ।

ਕੀਤਾ ਲੋੜਹਿ ਸੋ ਕਰਹਿ ਨਾਨਕ ਸਦ ਬਲਿਹਾਰ॥ ੨॥

ਜੋ ਤੂੰ ਕੀਤਾ ਲੋੜਹਿ=ਚਾਹੁੰਦਾ ਹੈਂ, ਓਹੀ ਕਰਦਾ ਹੈਂ, ਗੁਰੂ ਜੀ ਕਥਨ ਕਰਦੇ ਹਨ- ਮੈਂ ਆਪ ਜੀ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ ॥ ੨॥

ਪਉੜੀ॥ ਵਡਾ ਆਪਿ ਅਗੰਮੁ ਹੈ ਵਡੀ ਵਡਿਆਈ॥

ਅਗੰਮ ਰੂਪ ਪਰਮਾਤਮਾ ਆਪ ਸਾਰਿਆਂ ਤੋਂ ਵੱਡਾ ਹੈ, ਉਸ ਦੀ ਵਡਿਆਈ ਭੀ ਸਭ ਤੋਂ ਵੱਡੀ ਹੈ।

ਗੁਰ ਸਬਦੀ ਵੇਖਿ ਵਿਗਸਿਆ ਅੰਤਰਿ ਸਾਂਤਿ ਆਈ॥

ਗੁਰ ਉਪਦੇਸ਼ ਵਾਲਾ ਸਿੱਖ ਉਸ ਨੂੰ ਵੇਖ ਕੇ ਵਿਗਸਿਆ=ਅਨੰਦ ਹੋਇਆ ਹੈ ਅਤੇ ਉਸ ਦੇ ਹਿਰਦੇ ਅੰਦਰ ਸ਼ਾਂਤੀ ਆਈ ਹੈ।

ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥

ਹੇ ਭਾਈ ! ਪਿਛੇ ਵੀ ਸਾਰਿਆਂ ਵਿਚ ਆਪ ਸੀ, ਹੁਣ ਭੀ ਸਾਰਿਆਂ ਵਿਚ ਆਪ ਵਰਤ ਰਿਹਾ ਹੈ, ਅਗੇ ਭੀ ਸਾਰਿਆਂ ਵਿਚ ਆਪ ਹੋਵੇਗਾ। ਅਰਥਾਤ- ਤਿੰਨਾਂ ਕਾਲਾਂ ਵਿਚ ਆਪ ਵਿਆਪਕ ਹੈ।

ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ॥

ਆਪ ਪਰਮੇਸ਼ਰ ਸਾਰਿਆਂ ਦਾ ਨਾਥੁ=ਸੁਆਮੀ ਹੈ ਤੇ ਸਾਰਿਆਂ ਨੂੰ ਹੁਕਮ ਰੂਪੀ ਨਥੇਲ ਵਿਚ ਨਥਿਆ ਹੋਇਆ ਹੈ ਅਤੇ ਸਾਰੀ ਦੁਨੀਆਂ ਆਪਣੇ ਹੁਕਮ ਵਿਚ ਟੋਰੀ ਹੋਈ ਹੈ।

ਯਥਾ:- ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ ਨਥਹਾਰੇ॥ (ਪੰਨਾ ੯੮੧)

ਨਾਨਕ ਹਰਿ ਭਾਵੈ ਸੋ ਕਰੇ ਸਭ ਚਲੈ ਰਜਾਈ॥ ੩੬॥ ੧॥ ਸੁਧੁ॥

ਗੁਰੂ ਜੀ ਕਥਨ ਕਰਦੇ ਹਨ—ਜੋ ਹਰੀ ਨੂੰ ਭਾਉਂਦਾ ਹੈ ਓਹੀ ਕਰਦਾ ਹੈ, ਸਾਰੀ ਦੁਨੀਆਂ ਉਸ ਦੀ ਰਜਾਈ=ਆਗਿਆ ਵਿਚ ਚਲਦੀ ਹੈ॥ ੩੬॥ ੧॥

ਗੁਰੂ ਜੀ ਆਖਦੇ ਹਨ- ਇਹ ਵਾਰ ਸ਼ੁਧ ਹੈ, ਅਰਥਾਤ ਸੋਧੀ ਹੋਈ ਹੈ, ਕੋਈ ਭੀ ਸਿੱਖ ਇਸ ਬਾਣੀ ਵਿਚ ਕਿਸੇ ਅੱਖਰ. ਦੀ ਅਦਲਾ ਬਦਲੀ ਨਾ ਕਰੇ।

ਰਾਗੁ ਸਾਰੰਗ

ਰਾਗੁ ਸਾਰੰਗ ਬਾਣੀ ਭਗਤਾਂ ਕੀ॥ ਕਬੀਰ ਜੀ॥

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:-ਕਬੀਰ ਜੀ ਦੇ ਇਕ ਸੰਸਾਰੀ ਮਿੱਤ੍ਰ ਨੂੰ ਸਰਕਾਰ ਵਲੋਂ ਕੁਝ-ਕੁ ਇਨਾਮ ਅਤੇ ਜ਼ਮੀਨ ਦਾ ਟੁਕੜਾ ਮਿਲਣਾ 'ਪਰ ਹੰਕਾਰ ਹੋ ਗਿਆ। ਉਸ ਨੂੰ ਕਬੀਰ ਜੀ ਵੈਰਾਗ ਜਨਕ ਉਪਦੇਸ਼ ਦੇਂਦੇ ਹਨ-

ਕਹਾ ਨਰ ਗਰਬਸਿ ਥੋਰੀ ਬਾਤ॥

ਹੇ ਪੁਰਸ਼ਾ ! ਥੋੜ੍ਹੀ ਜਿਹੀ ਗੱਲ ਪਿਛੇ ਤੂੰ ਕਿਸ ਵਾਸਤੇ ਗਰਬਸਿ=ਹੰਕਾਰ ਕਰਦਾ ਹੈਂ।

ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ॥ ੧॥ ਰਹਾਉ॥

ਦਸ-ਕੁ ਮਣ ਭਾਵ ਹਜ਼ਾਰ ਕੁ-ਮਣ ਅਨਾਜ ਤੇ ਚਾਰ ਟਕੇ ਭਾਵ ਕੁਝ-ਕੁ ਹਜ਼ਾਰ ਰੁਪਏ ਤੇਰੀ ਗੰਢ ਵਿਚ ਹੋ ਗਏ ਤਾਂ ਕੀ ਹੋਇਆ? ਤੂੰ ਐਂਡੌ=ਇਤਨਾ ਟੇਢਾ ਜਾਂਦਾ ਹੈਂ ਜੋ ਕੁਝ ਕਿਹਾ ਨਾ ਜਾਵੇ।

ਵਾ:-ਐਂਡੌ=ਆਕੜ ਕੇ ਟੇਢਾ ਹੋਇਆ ਜਾਂਦਾ ਹੈ॥ ੧॥ ਰਹਾਉ॥

ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ॥

ਏਦੂੰ ਵਧ ਕੇ ਜੇ ਬਹੁਤ ਪ੍ਰਤਾਪ ਹੋ ਗਿਆ, ੧੦੦ ਕੁ ਪਿੰਡ ਪਾ ਲਏ ਤਾਂ ਕੀ ਹੋ ਗਿਆ ਅਤੇ ਦੋ ਲੱਖ ਰੁਪਏ ਦੀ ਉਪਰੋਂ ਬਰਾਤ=ਆਮਦਨ ਵਾ ਇੰਗਸ ਲੱਗ ਗਈ ਤਾਂ ਕੋਈ ਵੱਡੀ ਗੱਲ ਨਹੀਂ ।

(ਬਰਾਤ=ਬਰ ਉਪਰ ਤੋਂ ਜੋ ਆਵੇ ਉਸ ਨੂੰ ਬਰਾਤ ਕਹਿੰਦੇ ਹਨ। ਜਿਵੇਂ ਨੌਕਰੀ ਤੋਂ ਜਦ ਆਦਮੀ ਹਟ ਜਾਂਦਾ ਹੈ ਤੇ ਮਗਰੋਂ ਉਪਰੋਂ ਪੈਨਸ਼ਨ ਮਿਲਦੀ ਹੈ, ਉਸ ਨੂੰ ਬਰਾਤ ਕਹਿੰਦੇ ਹਨ, ਉਸੇ ਨੂੰ ਇੰਗਸ ਕਹਿੰਦੇ ਹਨ। ਆਮਦਨ, ਇੰਗਸ, ਜਗੀਰ ਇਹ ਸਾਰੇ ਪ੍ਰਿਆ ਵਾਚਕ ਸ਼ਬਦ ਹਨ ਕੋਈ ਕਹਿ ਦਿਓ। ਸ਼ਾਹੀ ਸਨਦ ਨੂੰ ਭੀ ਬਰਾਤ ਕਹਿੰਦੇ ਹਨ।)

ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ॥ ੧॥

ਇਹ ਜਿਹੜੀ ਚਾਰ ਕੁ ਦਿਨਾਂ ਦੀ ਸਾਹਿਬੀ=ਮਾਲਕੀ ਕਰਦੇ ਹੋ, ਇਹ ਇਸ ਤਰ੍ਹਾਂ ਨਾਸ਼ਵੰਤ ਹੈ, ਜੈਸੇ ਪਾਤ=ਪੱਤਿਆਂ ਤੋਂ ਬਨ=ਜਲ, ਹਰ=ਨਾਸ ਹੋ ਜਾਂਦਾ ਹੈ।

ਵਾ:-ਜਿਸ ਤਰ੍ਹਾਂ ਬਨ ਦੇ ਹਰੇ ਪੱਤੇ ਦੋ ਇਕ ਦਿਨਾਂ ਨੂੰ ਹਰ=ਨਾਸ ਹੋ ਜਾਂਦੇ ਹਨ॥ ੧॥

ਜਿਸ ਧਨ ਦਾ ਤੂੰ ਹੰਕਾਰ ਕਰਦਾ ਹੈਂ-

ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ॥

ਇਸ ਧਨ ਨੂੰ ਨਾ ਕੋਈ ਨਾਲ ਲੈ ਕੇ ਆਇਆ ਹੈ ਅਤੇ ਨਾ ਕੋਈ ਨਾਲ ਲੈ ਜਾਂਦਾ ਹੈ। (ਕਮੁਤਕ ਨਿਆਂ ਸੇ ਵੇਖ-ਰਾਵਣ ਵਰਗਿਆਂ ਦੀ ਭਲਾ ਕੀ ਗੱਲ ਆਖਣੀ ਹੈ?)

ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ॥ ੨॥

ਰਾਵਣ ਨਾਲੋਂ ਵੀ ਅਧਿਕ=ਬਹੁਤ ਤਾਕਤ ਵਾਲੇ ਜੋ ਛਤ੍ਰਪਤੀ ਬਾਦਸ਼ਾਹ ਸਨ, ਬਾਲੀ ਤੇ ਹਰਨਾਖਸ਼ ਵਰਗੇ, ਉਹ ਇਕ ਛਿਨ ਵਿਚ ਬਿਲਾਤ=ਨਾਸ ਹੋ ਗਏ ਹਨ॥ ੨॥

ਅਥਵਾ:-ਰਾਵਣ ਤੋਂ ਅਧਿਕ ਛਤ੍ਰਪਤੀ ਰਾਜੇ ਜੋ 'ਪ੍ਰੀਯਾ ਬ੍ਰਤ' ਪ੍ਰਿਥੂ ਰਾਜਾ, ਮਾਨ ਧਾਤਾ ਇਤਿਆਦਿਕ ਰਾਜੇ ਹੋਏ ਹਨ, ਉਹ ਸਾਰੇ ਹੀ ਇਕ ਖਿਨ ਵਿਚ ਹਰੀਹਰ ਹੋ ਗਏ ਹਨ।*

[ਪੰਨਾ ੧੨੫੨]

ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ ॥

ਹਰੀ ਦੇ ਸੰਤ ਹਮੇਸ਼ਾਂ ਇਸਥਿਤ ਰੂਪ ਹਨ-

ਯਥਾ:- ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ ੧੮॥ *(ਪੰਨਾ ੧੧੦੦)*

ਲਾਭ ਦੀ ਪ੍ਰਾਪਤੀ ਵਾਸਤੇ ਉਹਨਾਂ ਸੰਤਾਂ ਨੂੰ ਪੂਜਨਾ ਕਰੋ।

ਪ੍ਰਸ਼ਨ-ਕਿਹੜੇ ਸੰਤ?

ਉੱਤਰ-ਜੋ ਹਰੀ ਨਾਮ ਨੂੰ ਆਪ ਜਪਦੇ ਅਤੇ ਹੋਰਨਾਂ ਪਾਸੋਂ ਵੀ ਨਾਮ ਜਪਵਾਂਦੇ ਹਨ।

ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ॥ ੩॥

ਗੋਬਿਦੁ=ਪਰਮਾਤਮਾ ਜਿਨ੍ਹਾਂ ਉਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਪੁਰਸ਼ ਸਤਿਸੰਗ ਵਿਚ ਮਿਲ ਪੈਂਦੇ

**ਨੋਟ—ਬਾਲੀ ਨੇ ਰਾਵਣ ਨੂੰ ਛੇ ਮਹੀਨੇ ਆਪਣੀ ਤਨੂਟੀ ਵਿਚ ਰੱਖਿਆ ਹੈ, ਇਸ ਕਰਕੇ ਰਾਵਣ ਨਾਲੋਂ ਬਾਲੀ ਵੱਡਾ ਹੈ ਅਤੇ ਰਾਵਣ ਦੀ ਪਹੁੰਚ ਬ੍ਰਹਮ ਲੋਕ ਤੱਕ ਸੀ ਤੇ ਹਰਨਾਖਸ਼ ਦੀ ਪਹੁੰਚ ਬੈਕੁੰਠ ਲੋਕ ਤੱਕ ਹੋਈ ਹੈ, ਹਰਨਾਖਸ਼ ਨੇ ਭਾਂ ਵਿਸ਼ਨੂੰ ਨੂੰ ਭਜਾ ਕੇ ਆਪਣਾ ਨਾਮ ਜਪਾਇਆ ਹੈ ਇਸ ਕਰਕੇ ਰਾਵਣ ਨਾਲੋਂ ਹਰਨਾਖਸ਼ ਵੱਡਾ ਗਿਣਿਆ ਗਿਆ ਹੈ।*

ਹਨ॥ ੩॥

ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ॥

ਮਾਤਾ, ਪਿਤਾ, ਬਨਿਤਾ=ਇਸਤ੍ਰੀ, ਸੁਤ=ਪੁੱਤ੍ਰ, ਸੰਪਤਿ=ਰਾਜ ਭਾਗ ਦੀ ਸਮਗ੍ਰੀ ਹਾਥੀ, ਊਂਠ, ਘੋੜਾ ਆਦਿ ਕੋਈ ਭੀ ਅੰਤ ਨੂੰ ਜੀਵ ਦੇ ਨਾਲ ਨਹੀਂ ਚਲਦਾ।

ਯਥਾ:-ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ *(ਪੰਨਾ ੧੦੦)*

ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ॥ ੪॥ ੧॥

ਕਬੀਰ ਜੀ ਕਹਿੰਦੇ ਹਨ-ਹੇ ਝਲੇ ਪੁਰਸ਼ਾ ! ਤੂੰ ਰਾਮ ਨੂੰ ਭਜਨਾ ਕਰ, ਉਸ ਤੋਂ ਬਿਨਾਂ ਤੇਰਾ ਅਮੋਲਕ ਮਨੁੱਖਾ ਜਨਮ ਅਕਾਰਥ+ਜਾਤ=ਨਿਸਫਲ ਜਾ ਰਿਹਾ ਹੈ॥ ੪॥ ੧॥

ਯਥਾ:-ਮਨ ਰੇ ਗਹਿਓ ਨ ਗੁਰ ਉਪਦੇਸੁ॥
ਕਹਾ ਭਇਓ ਜਉ ਮੂਡ ਮੁਡਾਇਓ ਭਗਵਉ ਕੀਨੋ ਭੇਸ॥ ੧॥ ਰਹਾਉ॥
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥ ਖੋਇਓ॥ *(ਸੋਰਠ ਮਹਲਾ ੯, ਪੰਨਾ ੬੩੩)*

ਤਥਾ:-ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨ॥ *(ਪੰਨਾ ੧੪੨੬)*

ਉਥਾਨਕਾ:-ਇਕ ਪ੍ਰੇਮੀ ਨੇ ਆ ਕੇ ਪੁਛਿਆ, ਉਹ ਪਰਮਾਤਮਾ ਕੈਸਾ ਸਮਰੱਥ ਹੈ ? ਅਤੇ ਕੀ ਕੰਮ ਕਰਦਾ ਹੈ ? *ਉੱਤਰ-*

ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ॥
ਤੇਰੇ ਸੰਤਨ ਕੀ ਹਉ ਚੇਰੀ॥ ੧॥ ਰਹਾਉ॥

ਹੇ ਪਰਮਾਤਮਾ ! ਤੇਰੀ ਰਾਜ+ਆਸ੍ਮ=ਰਾਜਧਾਨੀ ਦੀ ਮਿਤਿ=ਮਰਯਾਦਾ ਨਹੀਂ ਜਾਣੀ ਜਾਂਦੀ।

ਵਾ:-ਹੇ ਰਾਜਨ ਪਰਮਾਤਮਾ ! ਤੇਰੀ ਮਰਯਾਦਾ ਸ੍ਮ=ਕਸ਼ਟ ਸਹਾਰਨ ਕਰਕੇ ਵੀ ਜਾਣੀ ਨਹੀਂ ਜਾਂਦੀ।

ਮੈਂ ਆਪ ਜੀ ਦੇ ਸੰਤਾਂ ਦੀ ਚੇਰੀ=ਦਾਸੀ ਹਾਂ॥ ੧॥ ਰਹਾਉ॥

ਹਸਤੋ ਜਾਇ ਸੁ ਰੋਵਤੁ ਆਵੈ

ਹੇ ਪ੍ਰਭੂ ! ਆਪ ਜੀ ਦੇ ਸੰਸਾਰ ਦਰਬਾਰ ਵਿਚ ਜੋ ਹੱਸਦੇ ਜਾਂਦੇ ਹਨ, ਉਹ ਰੋਂਦੇ ਆਉਂਦੇ ਹਨ। ਜੋ ਰੋਂਦੇ ਜਾਂਦੇ ਹਨ, ਉਹ ਹੱਸਦੇ ਆਉਂਦੇ ਹਨ। ਇਹ ਸੰਸਾਰਕ ਕਚਹਿਰੀਆਂ ਦੀ ਆਮ ਕਹਾਵਤ ਹੈ।

ਅਥਵਾ:-ਜੋ ਹੱਸਦੇ ਜਾਂਦੇ ਹਨ, ਉਹ ਰੋਂਦੇ ਆਉਂਦੇ ਹਨ।

ਸਾਖੀ-ਜੈ ਬਿਜੈ ਦੀ

ਜਿਸ ਵੇਲੇ ਬ੍ਰਹਮਾ ਦੇ ਚਾਰੇ ਪੁੱਤਰ ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ ਵਿਸ਼ਨੂੰ ਭਗਵਾਨ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਅਗੇ ਦਰਵਾਜ਼ੇ 'ਪਰ ਜੈ ਤੇ ਬਿਜੈ ਖਲੋਤੇ ਪਹਿਰਾ ਦੇ ਰਹੇ ਸਨ, ਇਨ੍ਹਾਂ ਨੇ ਚਾਰੇ ਭਾਈਆਂ ਨੂੰ ਅਗੇ ਜਾਣ ਤੋਂ ਰੋਕ ਦਿੱਤਾ।

ਇਨ੍ਹਾਂ ਆਖਿਆ ਅਸਾਂ ਨੇ ਜ਼ਰੂਰ ਦਰਸ਼ਨ ਕਰਨ ਜਾਣਾ ਹੈ, ਤੁਸੀਂ ਨਾ ਰੋਕੋ। ਜੈ ਤੇ ਬਿਜੈ ਨੇ ਫਿਰ ਭੀ

ਜਾਣ ਨਾ ਦਿੱਤਾ। ਉਸ ਵੇਲੇ ਸਨਕਾਦਕਾਂ ਨੇ ਰੋਸ ਵਿਚ ਆ ਕੇ ਸਰਾਪ ਦੇ ਦਿੱਤਾ ਕਿ ਤੁਸੀਂ ਇਥੇ ਰਹਿਣ ਦੇ ਅਧਿਕਾਰੀ ਨਹੀਂ ਹੋ, ਜਾਓ ਤੁਸੀਂ ਮਾਤਲੋਕ ਦੀ ਧਰਤੀ 'ਪਰ ਜਾ ਕੇ ਵਿਚਰਨਾ ਕਰੋ।

ਜੈ ਤੇ ਬਿਜੈ ਨੇ ਕਿਹਾ, ਅਸੀਂ ਭਗਵਾਨ ਦੇ ਦਰ ਦੇ ਸੇਵਾਦਾਰ ਹਾਂ ਤੁਹਾਡਾ ਸਰਾਪ ਸਾਨੂੰ ਕੁਝ ਨਹੀਂ ਕਰ ਸਕਦਾ।

ਜਿਤਨਾ ਚਿਰ ਹੁਕਮ ਨਹੀਂ ਆਵੇਗਾ, ਓਹਨਾਂ ਚਿਰ ਤੁਸੀਂ ਆਪਣੇ ਆਪ ਨਹੀਂ ਜਾ ਸਕਦੇ। ਇਸ ਤਰ੍ਹਾਂ ਆਪਸ ਵਿਚ ਝਗੜ ਰਹੇ ਸਨ ਕਿ ਭਗਵਾਨ ਜੀ ਆਪ ਹੀ ਭਗਤਾਂ ਨੂੰ ਲੈਣ ਵਾਸਤੇ ਬਾਹਰ ਆ ਗਏ। ਬੜੇ ਆਦਰ ਭਾਵ ਨਾਲ ਵਿਸ਼ਨੂੰ ਭਗਵਾਨ ਜੀ ਅੰਦਰ ਲੈ ਗਏ। ਜਿਸ ਮਨੋਰਥ ਲਈ ਆਏ ਉਹ ਸੰਕਲਪ ਉਹਨਾਂ ਦਾ ਪੂਰਾ ਕਰ ਦਿੱਤਾ।

ਪਿਛੋਂ ਇਹ ਜੈ ਤੇ ਬਿਜੈ ਹੱਸਦੇ ਹੱਸਦੇ ਵਿਸ਼ਨੂੰ ਭਗਵਾਨ ਜੀ ਪਾਸ ਜਾ ਕੇ ਕਹਿੰਦੇ ਹਨ- ਇਹ ਬੜੇ ਡਾਢੇ ਭਗਤ ਸਨ ਜੋ ਰੋਕਿਆਂ ਭੀ ਨਹੀਂ ਰੁਕਦੇ ਸਨ, ਸਗੋਂ ਆਖਦੇ ਸਨ ਕਿ ਤੁਸੀਂ ਇਥੇ ਰਹਿਣ ਦੇ ਅਧਿਕਾਰੀ ਨਹੀਂ ਹੋ।

ਵਿਸ਼ਨੂੰ ਜੀ ਨੇ ਕਿਹਾ-ਠੀਕ ਹੈ ! ਜੋ ਕੁਝ ਉਹਨਾਂ ਨੇ ਕਿਹਾ ਹੈ ਸੱਚ ਮੁਚ ਤੁਸੀਂ ਪੱਥਰ ਦੀ ਨਿਆਈਂ ਕਠੋਰ ਦਿਲ ਵਾਲੇ ਇਥੇ ਰਹਿਣ ਦੇ ਅਧਿਕਾਰੀ ਨਹੀਂ ਹੋ। ਤੁਹਾਡੇ ਅੰਦਰ ਅਧਿਕਾਰੀ ਤੇ ਅਨ ਅਧਿਕਾਰੀ ਦੇ ਵੇਖਣ ਦੀ ਕੋਈ ਸ਼ੁਭ ਵਿਚਾਰ ਨਹੀਂ ਹੈ। ਜਾਓ ! ਮਾਤ ਲੋਕ ਦੀ ਧਰਤੀ 'ਪਰ ਜਾ ਕੇ ਤਿੰਨ ਰਾਖਸ਼ੀ ਜਨਮ ਧਾਰਨਾਂ ਕਰੋ। ਇਸ ਤਰ੍ਹਾਂ ਦੇ ਬਚਨ ਸੁਣ ਕੇ ਜੈ ਤੇ ਬਿਜੈ ਰੋਂਦੇ ਆਏ।

(ਇਹਨਾਂ ਦੀ ਸਾਖੀ ਆਸਾ ਦੀ ਵਾਰ ਸਟੀਕ ਦੇ ੧੬੩ ਪੰਨੇ 'ਪਰ ਭੀ ਛਪੀ ਹੋਈ ਹੈ।)

ਹਰਨਕਛਪ ਤੇ ਹਰਨਾਖਸ਼, ਰਾਵਣ ਤੇ ਕੁੰਭ ਕਰਨ, ਸਿਸਪਾਲ ਤੇ ਦੰਤ ਬੱਕਤ੍ਰ।

ਇਹ ਤਿੰਨ ਜਨਮ ਧਾਰਨ ਕੀਤੇ ਹਨ।

ਅਥਵਾ:-ਹੱਸਦੇ ਗਏ ਸਨ ਜਾਦਵਾਂ ਦੇ ਲੜਕੇ 'ਪਰ ਦੁਰਬਾਸ਼ਾ ਰਿਖੀ ਦੇ ਸਰਾਪ ਹੋਣ ਕਰਕੇ ਰੋਂਦੇ ਆਏ।

ਰੋਵਤੁ ਜਾਇ ਸੁ ਹਸੈ॥

ਜਿਹੜਾ ਰੋਂਦਾ ਜਾਂਦਾ ਹੈ, ਉਹ ਹੱਸਦਾ ਆਉਂਦਾ ਹੈ। ਰੋਂਦੇ ਗਏ ਦੇਵਤੇ, ਜਿਸ ਵੇਲੇ ਉਹਨਾਂ ਦੀ ਅਰਜ਼ ਦੁਰਗ ਸ਼ਾਹ ਪਾਸ ਮਨਜ਼ੂਰ ਹੋ ਗਈ ਤਾਂ ਹੱਸਦੇ ਆਏ।

ਯਥਾ:-ਦਸਮੇਸ਼ ਪਿਤਾ ਜੀ ਨੇ ਕਿਹਾ ਹੈ-

ਇਕ ਦਿਹਾੜੇ ਨਾਵਣ ਆਈ ਦੁਰਗ ਸ਼ਾਹ॥ ਇੰਦ੍ਰ ਬਿਰਥਾ ਸੁਣਾਈ ਅਪੁਣੇ ਹਾਲ ਦੀ॥
ਛੀਨ ਲਈ ਠਕੁਰਾਈ ਸਾਤੇ ਦਾਨਵੀ॥ ਲੋਕੀ ਤਿਹੀ ਫਿਰਾਈ ਦੋਹੀ ਆਪਣੀ॥
ਬੈਠੇ ਵਾਇ ਵਧਾਈ ਤੇ ਅਮਰਾਵਤੀ॥ ਦਿੱਤੇ ਦੇਵ ਭਜਾਈ ਸਭਨਾਂ ਰਾਕਸ਼ਾਂ॥
ਕਿਨੇ ਨ ਜਿਤਾ ਜਾਈ ਮਹਖੇ ਦੈਤ ਨੂੰ॥ ਤੇਰੀ ਸਾਮ ਤਕਾਈ ਦੇਵੀ ਦੁਰਗ ਸ਼ਾਹ॥ ੪॥
ਦੁਰਗਾ ਬੈਣ ਸੁਣੰਦੀ ਹਸੀ ਹੜ ਹੜਾਇ॥ ਓਹੀ ਸੀਹੁ ਮੰਗਾਇਆ ਰਾਕਸ਼ ਭਖਣਾ॥
ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ॥ ਰੋਹ ਹੋਈ ਮਹਾ ਮਾਈ ਰਾਕਸ਼ ਮਾਰਨੇ॥

ਦੂਜਾ ਭਾਵ—

ਦੇਸਾਂ ਨਾਮੇ ਜੱਟੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਰੋਂਦੀ ਗਈ ਸੀ ਕਿ ਮੇਰੀ ਝੋਲੀ ਖੈਰ ਪਾਓ ਪਰ

ਉਹ ਹੱਸਦੀ ਆਈ ਕਿਉਂਕਿ ਇਕ ਦੀ ਬਜਾਇ ਸੱਤਾਂ ਪੁੱਤਰਾਂ ਦੀ ਖੈਰ ਉਸ ਦੀ ਝੋਲੀ ਪੈ ਗਈ।

(ਨੋਟ-ਆਮ ਲੋਕ ਏਸੇ ਦਾ ਨਾਮ ਮਾਈ ਸੁਲੱਖਣੀ ਆਖਦੇ ਹਨ।)

ਯਥਾ:-ਕਹਾਵਤ ਭੀ ਐਸੇ ਹੈ-

ਬੀਬੀਏ ਦਾੜੀਏ ਸਸੀਏ ਪੱਗੇ॥ ਪੇਵਕਾ ਪਟੀ ਤੇ ਸਾਹੁਰੇ ਚੱਬੇ॥
ਕਹਿਣ ਸੁਲਖਣੀ ਸਾਸੁਰੋਂ ਸਭੇ॥ ਅਫਲ ਜਾਂਦੀ ਨੂੰ ਕੋਈ ਫਲ ਲੱਗੇ॥

(ਇਹ ਚੱਬਾ ਸ਼੍ਰੀ ਅੰਮ੍ਰਿਤਸਰ ਤੋਂ ਤਿੰਨ ਚਾਰ ਮੀਲ, ਤਰਨ ਤਾਰਨ ਦੀ ਸੜਕ ਉਤੇ ਹੈ ਪਰ ਸੂਰਜ ਪ੍ਰਤਾਪ ਰਾਸ ਛੇਵੀਂ ਅੰਸੂ ੫੪ ਵਿਚ ਇਸ ਦਾ ਨਾਮ "ਦੇਸਾਂ" ਲਿਖਿਆ ਹੈ।)

ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ॥ ੧॥

ਜੋ ਵਸਦੇ ਅਸਥਾਨ ਹੁੰਦੇ ਹਨ, ਉਹ ਉਜੜ ਜਾਂਦੇ ਹਨ ਅਤੇ ਉਜੜੇ ਹੋਏ ਅਸਥਾਨ ਸਮਾਂ ਪਾ ਕੇ ਵਸ ਜਾਂਦੇ ਹਨ। ਸਰਹੰਦ ਵਸਦਾ ਸੀ ਉਹ ਉਜੜ ਗਿਆ ਤੇ ਉਜੜਿਆ ਅਸਥਾਨ ਸੀ ਲਾਇਲਪੁਰ ਦਾ ਇਲਾਕਾ ਇਹ ਸੋਹਣਾ ਵਸ ਗਿਆ।

ਅਥਵਾ:-ਰਿਸ਼ਮੁਕ ਪਰਬਤ ਉਪਰ ਕਿਸਕਿੰਧਾ ਨਾਮੇ ਨਗਰੀ ਵਿਚ ਵਸਦਾ ਸੀ ਬਾਲੀ, ਉਹ ਉਜੜ ਗਿਆ ਅਤੇ ਉਜੜਿਆ ਫਿਰਦਾ ਸੀ ਸੁਗ੍ਰੀਵ, ਉਹ ਸ਼੍ਰੀ ਰਾਮਚੰਦਰ ਜੀ ਦੀ ਕਿਰਪਾ ਕਰਕੇ ਆਪਣੇ ਘਰ ਵਸ ਗਿਆ।

ਅਥਵਾ-ਸਵਰਗ ਵਿਚ ਵਸਦੇ ਹੋਏ ਦੈਂਤ, ਉਹ ਤਾਂ ਉਜੜ ਗਏ ਅਤੇ ਉਜੜੇ ਹੋਏ ਦੇਵਤੇ, ਦੇਵੀ ਦੀ ਸਹਾਇਤਾ ਨਾਲ ਫਿਰ ਵਸਦੇ ਹੋਏ।

ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥

ਜਲ ਵਾਲੀਆਂ ਜਗ੍ਹਾਂ ਤੇ ਥਲ ਕਰ ਦੇਂਦਾ ਹੈ, ਅਰ ਥਲ ਵਾਲੀਆਂ ਖੁਸ਼ਕ ਜਗ੍ਹਾਂ ਤੇ ਜਲ ਦੇ ਪ੍ਰਵਾਹ ਜਾਰੀ ਕਰ ਦੇਂਦਾ ਹੈ।

ਯਥਾ:-ਨਦੀਆਂ ਵਿਚ ਟਿਬੇ ਦਿਖਾਲੇ ਥਲੀ ਕਰੇ ਅਸਗਾਹ॥ *(ਮਾਝ ਵਾਰ, ਪੰਨਾ ੧੪੪)*

ਰਾਵੀ ਦਰਿਆ ਵੱਲ ਤੱਕੋ, ਪਹਿਲੇ ਰਾਵੀ ਬਿਲਕੁਲ ਡੇਹਰੇ ਸਾਹਿਬ ਦੇ ਨਾਲ ਲੱਗ ਕੇ ਚਲਦੀ ਸੀ, ਹੁਣ ਡੇਹਰੇ ਸਾਹਿਬ ਤੋਂ ਕਿਤਨੀ ਦੂਰ ਚਲੀ ਗਈ ਹੈ।

ਇਸੇ ਤਰ੍ਹਾਂ ਹੀ ਸ੍ਰੀ ਗੋਇੰਦਵਾਲ ਦੇ ਨਾਲ ਹੀ ਬਿਆਸਾ ਨਦੀ ਚਲਦੀ ਸੀ ਪਰ ਹੁਣ ਬਹੁਤ ਪਿਛਾਂਹ ਹਟ ਗਈ ਹੈ ਅਤੇ ਪੰਜੇ ਸਾਹਿਬ ਜੀ ਦਾ ਪ੍ਰਸੰਗ ਪੜ੍ਹ ਕੇ ਵੇਖੋ-ਜਿਥੇ ਵਲੀ ਕੰਧਾਰੀ ਪਾਸ ਜਲ ਦਾ ਪ੍ਰਵਾਹ ਚਲਦਾ ਸੀ, ਓਥੇ ਤਾਂ ਥਲ ਕਰ ਦਿੱਤਾ ਭਾਵ-ਜਲ ਬਿਲਕੁਲ ਬੰਦ ਕਰ ਦਿੱਤਾ ਅਤੇ ਜਿਥੇ ਥਲ ਸੀ ਭਾਵ ਬਿਲਕੁਲ ਜਲ ਹੈ ਹੀ ਨਹੀਂ ਸੀ, ਓਥੇ ਠੰਢੇ ਪਾਣੀ ਦੇ ਸੋਮੇ ਚਲਾ ਦਿਤੇ। ਇਹ ਨਜ਼ਾਰਾ ਹੁਣ ਤੱਕ ਵੇਖਣ ਵਿਚ ਆ ਰਿਹਾ ਹੈ।

**ਅਥਵਾ:*-ਹਜ਼ੂਰ ਸਾਹਿਬ ਤੋਂ ੧੨੦ ਮੀਲ ਪਰੇ 'ਨਾਨਕ ਝੀਰਾ' ਨਾਮ ਕਰਕੇ ਗੁਰਦੁਆਰਾ ਹੈ ਜੋ

ਜ਼ਰੂਰੀ ਨੋਟ—ਇਕ ਸੁਲੱਖਣੀ ਨਾਮੇ ਜੱਟੀ ਦਸ਼ਮੇਸ ਪਿਤਾ ਜੀ ਵੇਲੇ ਭੀ ਹੋਈ ਹੈ ਉਸ ਦੇ ਘਰ ਵੀ ਸੰਤਾਨ ਨਹੀਂ ਹੁੰਦੀ ਸੀ, ਉਸ ਦਾ ਪ੍ਰਸੰਗ ਵੀ ਪਹਿਲੀ ਜੱਟੀ ਦੇ ਸਮਾਨ ਸਾਰਾ ਮਿਲਦਾ ਜੁਲਦਾ ਹੈ। ਇਸ ਦਾ ਪ੍ਰਸੰਗ ਸੂਰਜ ਪ੍ਰਤਾਪ ਐਨ ਪਹਿਲਾ ਧਿਆਇ ੨੧ ਵਿਚ ਲਿਖਿਆ ਹੈ।

**ਨੋਟ—ਹਜ਼ੂਰ ਸਾਹਿਬ ਤੋਂ ਲੋਹਾ ੨੧ ਮੀਲ ਹੈ, ਲੋਹਾ ਤੋਂ ਐਮਦਪੁਰ ੨੫ ਮੀਲ, ਐਮਦਪੁਰ ਤੋਂ ਉਦਗੀਰ ੨੬ ਮੀਲ, ਉਦਗੀਰ ਤੋਂ ਬਿਦਰ ੪੭ ਮੀਲ ਹੈ। ਹਜ਼ੂਰ ਸਾਹਿਬ ਤੋਂ ਬਿਦਰ ੧੨੦ ਮੀਲ 'ਤੇ ਹੈ।*

ਹੈਦਰਾਬਾਦ ਤੋਂ ੮੦ ਮੀਲ 'ਤੇ ਹੈ ਅਤੇ ਬਿਦਰ ਸਟੇਸ਼ਨ ਤੋਂ ਡੇਢ ਕੁ ਮੀਲ ਫਾਸਲੇ 'ਪਰ ਹੈ, ਜ਼ਿਲ੍ਹਾ ਵੀ ਬਿਦਰ ਹੈ। (ਮੈਸੂਰ ਸਟੇਟ ਹੈ)

ਉਸ ਅਸਥਾਨ 'ਪਰ ਸ੍ਰੀ ਗੁਰੂ ਨਾਨਕ ਦੇਵ ਜੀ ਗਏ ਸਨ ਤੇ ਮਰਦਾਨੇ ਨੂੰ ਪਿਆਸ ਲੱਗਣ ਤੇ ਉਸ ਨੇ ਪਾਣੀ ਮੰਗਿਆ ਤਾਂ ਹਜ਼ੂਰ ਨੇ ਕਿਹਾ-ਉਹ ਦੋ ਪੀਰ ਬੈਠੇ ਹਨ, ਉਹਨਾਂ ਪਾਸੋਂ ਜਲ ਪੀ ਆ। ਤਵਾਰੀਖ ਗੁਰੂ ਖਾਲਸਾ ਵਿਚ ਇਹਨਾਂ ਦਾ ਨਾਂ ਪੀਰ ਜਲਾਲ ਦੀਨ ਤੇ ਯਾਕੂਬ ਅਲੀ ਲਿਖਿਆ ਹੈ। ਜਦ ਮਰਦਾਨੇ ਨੇ ਉਹਨਾਂ ਪਾਸੋਂ ਜਾ ਕੇ ਪਾਣੀ ਮੰਗਿਆ ਤਾਂ ਪੀਰਾਂ ਨੇ ਨਾ ਦਿੱਤਾ ਕਿਉਂਕਿ ਇਥੇ ਪਾਣੀ ਦੀ ਬਹੁਤ ਤੰਗੀ ਸੀ, ਸਾਰਾ ਬਿਦਰ ਸ਼ਹਿਰ ਹੀ ਪਾਣੀ ਤੋਂ ਬਹੁਤ ਦੁੱਖੀ ਸੀ, ਸੋ ਸੋ ਫੁਟ ਡੂੰਘੇ ਖੂਹ ਪੁਟਾਏ ਫਿਰ ਵੀ ਪਾਣੀ ਨਾ ਨਿਕਲਿਆ, ਜੇ ਕਿਧਰੋਂ ਨਿਕਲਿਆ ਤਾਂ ਖਾਰਾ ਹੀ ਨਿਕਲਿਆ ਪੀਣ ਵਾਸਤੇ ਮਿੱਠਾ ਪਾਣੀ ਕਿਧਰੇ ਭੀ ਨਹੀਂ ਸੀ। ਤਦ ਮਰਦਾਨੇ ਨੇ ਵਾਪਸ ਆ ਕੇ ਕਿਹਾ-ਉਹ ਤਾਂ ਬੜੇ ਹੰਕਾਰੀ ਹਨ, ਉਹਨਾਂ ਨੇ ਪਾਣੀ ਨਹੀਂ ਦਿੱਤਾ, ਆਪ ਕਿਰਪਾ ਕਰਕੇ ਇਥੋਂ ਹੀ ਪਿਲਾਓ। ਇਤਨੇ ਨੂੰ ਬਿਦਰ ਸ਼ਹਿਰ ਦੀ ਸੰਗਤ ਵੀ ਆ ਪੁੱਜੀ ਉਹਨਾਂ ਸਾਰਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਗਰੀਬ ਨਿਵਾਜ਼ ਜੀਉ ! ਪਾਣੀ ਤੋਂ ਅਸੀਂ ਬਹੁਤ ਤੰਗ ਹਾਂ ਆਪ ਸਾਰੇ ਬ੍ਰਹਮੰਡਾਂ ਦੇ ਮਾਲਕ ਹੋ ਨਿਰੰਕਾਰ ਨੇ ਆਪ ਜੀ ਨੂੰ ਭੇਜਿਆ ਹੈ ਤਰਸ ਕਰਕੇ ਇਹ ਦੁੱਖ ਦੂਰ ਕਰੋ। ਸਭ ਦੀ ਬੇਨਤੀ ਸੁਣ ਕੇ ਉਸੀ ਵੇਲੇ ਹਜ਼ੂਰ ਨੇ ਚਰਨਾਂ ਵਿਚ ਅੰਗੂਠੇ ਵਾਲੀਆਂ ਖੜਾਵਾਂ ਪਾਈਆਂ ਹੋਈਆਂ ਸਨ, ਓਹੀ ਖੜਾਂਵ ਮਾਰੀ ਤਾਂ ਓਥੇ ਹੀ ਪਾਣੀ ਦਾ ਝਰਨਾ ਨਿਕਲ ਆਇਆ। ਹੁਣ ਤੱਕ ਓਥੇ ਖੂਬ ਸੋਹਣਾ ਮਿੱਠਾ ਪਾਣੀ ਚਲ ਰਿਹਾ ਹੈ। ਪੰਦਰਾਂ ਕੁ ਗਜ ਤੇ ਉਥੇ ਪੀਰਾਂ ਦੀ ਜਗ੍ਹਾਂ ਭੀ ਹੈ ਪਰ ਉਥੇ ਪਾਣੀ ਬਿਲਕੁਲ ਨਹੀਂ ਹੈ ਤੇ ਇਥੇ ਨਾਨਕ ਝੀਰੇ ਵਿਚ ਪਾਣੀ ਚਲ ਰਿਹਾ ਹੈ। ਸੋ ਜਿਥੇ ਜਲ ਸੀ ਪੀਰਾਂ ਪਾਸ ਓਥੇ ਥਲ ਕਰ ਦਿੱਤਾ, ਜਿਥੇ ਥਲ ਸੀ ਉਥੇ ਹੁਣ ਤੱਕ ਪਾਣੀ ਦੇ ਝਰਨੇ ਚਲ ਰਹੇ ਹਨ। ਉਹ ਜਗ੍ਹਾਂ ਪਹਿਲੇ ਮੁਸਲਮਾਨਾਂ ਦੇ ਕਬਜ਼ੇ ਵਿਚ ਸੀ, ਜਿਸ ਵੇਲੇ ੧੯੪੮ ਸਤੰਬਰ ਵਿਚ ਹੈਦਰਾਬਾਦ ਰਿਆਸਤ ਹਿੰਦੁਸਤਾਨ ਨਾਲ ਮਿਲਾਈ ਗਈ ਉਸ ਦੌਰਾਨ ਵਿਚ ਖਾਲਸੇ ਨੇ ਇਸ ਸਥਾਨ ਦੀ ਸੰਭਾਲ ਕੀਤੀ ਤੇ ਨਿਸ਼ਾਨ ਸਾਹਿਬ ਲਹਿਰਾਇਆ। ਹਜ਼ੂਰ ਸਾਹਿਬ ਤੋਂ ਪਹਿਲੀ ਯਾਤਰਾ ੧੦ ਮਈ ੧੯੪੯ ਤੋਂ ਆਰੰਭ ਹੋਈ ਤੇ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ, ਮੁਸਲਮਾਨਾਂ ਨੇ ਇਸ ਦਾ ਨਾਂ ਸ਼ਾਹਦਾਦ ਚਸ਼ਮਾਂ ਰੱਖਿਆ ਹੋਇਆ ਸੀ ਪਰ ਸਿੱਖਾਂ ਨੇ 'ਨਾਨਕ ਝੀਰਾ' ਨਾਂ 'ਤੇ ਏਸ ਚਸ਼ਮੇਂ ਨੂੰ ਪ੍ਰਸਿੱਧ ਕੀਤਾ ਹੈ, ੧੯੫੦ ਸੰਨ ਵਿਚ ਮੁਕੱਦਮੇ ਦਾ ਫੈਸਲਾ ਸਿੱਖਾਂ ਦੇ ਹੱਕ ਵਿਚ ਹੋਇਆ ਹੈ। ਇਸ ਕਰਕੇ ਇਹ ਅਸਥਾਨ ਹੁਣ ਸਿੱਖਾਂ ਦੇ ਕਬਜ਼ੇ ਵਿਚ ਹੈ। ਸਿੱਖਾਂ ਨੇ ਸ਼ਲਾਘਾ ਯੋਗ ਬੜਾ ਭਾਰੀ ਉਦਮ ਕਰਕੇ ਉਸ ਜਗ੍ਹਾਂ ਗੁਰਦੁਆਰਾ ਬੜਾ ਸੁੰਦਰ ਉਚੇ ਅਸਥਾਨ 'ਤੇ ਬਣਾਇਆ ਹੈ, ਜੋ ਕਿ ੨੨ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ ਤੇ ਇਸ ਦੇ ਨਾਲ ਹੀ ਜ਼ਮੀਨ 'ਪਰ ੧੩ ਪੌੜੀਆਂ ਹੇਠਾਂ ਉਤਰ ਕੇ ਪਾਣੀ ਦਾ ਚਸ਼ਮਾ ਹੈ ਜੋ ਪਹਾੜੀ ਚੋਂ ਨਿਕਲ ਰਿਹਾ ਹੈ ਜਿਥੋਂ ਲੋਕ ਜਾ ਕੇ ਅੰਮ੍ਰਿਤ ਪੀਂਦੇ ਹਨ, ਉਹ ਸਾਰਾ ਸੰਗਮਰਮਰ ਦਾ ਬਣਿਆ ਹੋਇਆ ਹੈ ਅਤੇ ਯਾਦਗਾਰ ਵਾਸਤੇ ਸੰਗਮਰਮਰ ਦੀ ਖੜਾਂਵ ਬਣੀ ਹੋਈ ਹੈ। ਇਸ ਦੇ ਲੈਵਲ 'ਤੇ ਹੀ ਸੜਕ ਦੇ ਹੇਠੋਂ ਅੰਮ੍ਰਿਤ ਨਿਕਲ ਕੇ ਜਾਂਦਾ ਹੈ। ਕੁਝ ਕੁ ਫਾਸਲੇ 'ਪਰ ਸਰੋਵਰ ਬਣਾਇਆ ਹੈ ਜੋ ਤਰਕੀਬਨ ੧੨੦ ਫੁੱਟ ਲੰਬਾ ੧੦੦ ਫੁੱਟ ਚੌੜਾ ਹੈ, ਜਿਸ ਵਿਚ ਲੋਕ ਇਸ਼ਨਾਨ ਕਰਦੇ ਹਨ ਅਤੇ ਗੁਰਮੁਖਾਂ ਯਾਤਰੂਆਂ ਦੇ ਅਰਾਮ ਲਈ ੧੦੦ ਕਮਰੇ ਬਣ ਚੁੱਕੇ ਹੋਏ ਹਨ ਗੁਰੂ ਨਾਨਕ ਹਸਪਤਾਲ, ਗੁਰੂ ਨਾਨਕ ਲਾਇਬਰੇਰੀ, ਗੁਰੂ ਨਾਨਕ ਗਾਰਡਨ ਆਦਿ ਬਹੁਤ ਕੁਝ ਬਣ ਚੁੱਕਾ ਹੈ ਅਤੇ ਦਸ ਹਜ਼ਾਰ ਗੈਲਨ ਦੀ ਟੈਂਕੀ ਪਾਣੀ ਲਈ ਬਣ ਚੁੱਕੀ ਹੈ। ਯਾਤਰੂਆਂ ਲਈ ਗੁਰੂ ਦਾ ਲੰਗਰ ਚਲਦਾ ਰਹਿੰਦਾ ਹੈ।

(ਸ੍ਰੀ ਮਾਨ ਯੋਗ ਮਹੰਤ ਬਾਬਾ ਉਤਮ ਸਿੰਘ ਜੀ ਦੀ ਯਾਦ ਵਿਚ ਅਤੇ ਸ੍ਰੀ ਮਾਨ ਵਿਦਿਆ ਦੇ ਮਾਰਤੰਡ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਦੀ ਯਾਦ ਵਿਚ ਭੀ ਕਮਰਾ ਬਣਿਆ ਹੋਇਆ ਹੈ, ਯਾਤਰੀਆਂ ਲਈ)

ਦੂਜਾ ਅਰਥ—

ਜਿਸ ਸਿੰਡੀ ਰਿਖੀ ਦੇ ਅੰਤਰਕਰਣ ਵਿਚ ਨਾਮ ਤੇ ਪ੍ਰੇਮ ਰੂਪੀ ਜਲ ਦੇ ਚੰਗੇ ਪ੍ਰਵਾਹ ਚਲਦੇ ਸਨ। ਤਿਸ ਅੰਤਹਕਰਣ ਵਿਚ ਥਲ ਕਰ ਦਿੱਤਾ ਕਿਉਂਕਿ ਵੇਸਵਾ ਦੇ ਸਬੰਧ ਕਰਕੇ ਤੇਰਾਂ ਧੀਆਂ ਪੁੱਤਰ ਪੈਦਾ ਹੋ ਗਏ ਸਨ।

ਯਥਾ:- ਦੋਹਿਰਾ—ਸਾਤ ਸੁਤਾ ਆਗੇ ਕਰੀ, ਤੀਨ ਤ੍ਰਿਯਹਿ ਸੁਤ ਲੀਨ॥

ਇਕ ਕਾਂਧੇ ਇਕ ਕਾਂਖ ਮੈਂ, ਖਸਟਮ ਮੁਨਿ ਸਿਰ ਦੀਨ॥ ੩ ॥ *(ਦਸਮ ਗ੍ਰੰਥ ਪੰਨਾ ੯੭੭)*

ਪੁਨਾ-ਸਮਾਂ ਪਾ ਕੇ ਉਸ ਥਲ ਵਾਲੀ ਜਗ੍ਹਾਂ 'ਤੇ ਨਾਮ ਅੰਮ੍ਰਿਤ ਰੂਪ ਜਲ ਦੇ ਪ੍ਰਵਾਹ ਫਿਰ ਚਲਾ ਦਿੱਤੇ। ਜਿਸ ਕਰਕੇ ਮੁੜ ਜੰਗਲ ਵਿਚ ਜਾ ਕੇ ਭਗਤੀ ਵਿਚ ਲੀਨ ਹੋ ਗਿਆ।

(ਸਿੰਡੀ ਰਿਖੀ ਦਾ ਸਾਰਾ ਪ੍ਰਸੰਗ ਦਸਮ ਗ੍ਰੰਥ ਦੇ ੧੧੪ ਚਰਿੱਤਰ ਵਿਚ ਹੈ।)

ਕੂਪ=ਖੂਹ ਸਮਾਨ ਜੋ ਪਾਂਡਵ ਸਨ, ਉਹ ਤਾਂ ਸੁਮੇਰ ਪਰਬਤ ਵਾਂਙੂ ਕਰ ਦਿੱਤੇ ਤੇ ਸੁਮੇਰ ਪਰਬਤ ਵਾਂਙੂ ਜੋ ਕੌਰਵ ਸਨ, ਉਹਨਾਂ ਨੂੰ ਖੂਹ ਸਮਾਨ ਕਰ ਦਿੱਤਾ। ਭਾਵ ਛੋਟਿਆਂ ਨੂੰ ਵੱਡਾ ਅਤੇ ਵੱਡਿਆਂ ਨੂੰ ਛੋਟਾ ਕਰ ਦਿੱਤਾ।

ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥ ੨ ॥

ਧਰਤੀ ਉਤੇ ਵਿਚਰਨ ਵਾਲਿਆਂ ਨੂੰ ਅਕਾਸ਼ 'ਤੇ ਚੜ੍ਹਾ ਦੇਂਦਾ ਹੈ ਤੇ ਫੇਰ ਅਕਾਸ਼ ਤੇ ਚੜ੍ਹਿਆਂ ਹੋਇਆਂ ਨੂੰ ਥਲੇ ਡੇਗ ਦੇਂਦਾ ਹੈ। ਜਿਵੇਂ-ਜੁਜਾਤੀ ਰਾਜਾ ਯੱਗ ਆਦਿਕ ਪੁੰਨਾਂ ਦੇ ਪ੍ਰਤਾਪ ਕਰਕੇ ਸੁਰਗ ਵਿਚ ਚੜ੍ਹਿਆ ਪਰ ਹੰਕਾਰ ਦੇ ਹੋਣ ਕਰਕੇ ਫਿਰ ਸੁਰਗ ਤੋਂ ਗਿਰਾਇਮਾਨ ਹੋ ਗਿਆ।

ਸਾਖੀ-ਜੁਜਾਤੀ ਰਾਜਾ ਦੀ

ਜੁਜਾਤੀ ਰਾਜਾ ਨੇ ਸੁਰਗ ਦੀ ਇੱਛਾ ਰੱਖ ਕੇ ਮਾਤ ਲੋਕ ਦੀ ਧਰਤੀ 'ਤੇ ਤੀਰ, ਤੀਰ ਦੇ ਫਾਸਲੇ 'ਪਰ ਜਗਜ ਕੀਤਾ, ਭਾਵ ਧਨਖ ਵਿਚੋਂ ਤੀਰ ਛੱਡਣਾ ਉਸ ਤੀਰ ਨੇ ਜਿਥੇ ਜਾ ਕੇ ਡਿਗਣਾ ਉਥੇ ਹੀ ਯੱਗ ਦਾ ਥੰਮਾ ਗੱਡ ਕੇ ਯੱਗ ਅਰੰਭ ਕਰ ਦੇਣਾ।

ਇਸ ਤਰੀਕੇ ਨਾਲ ਇਸ ਨੇ ਬਹੁਤ ਸਾਰੇ ਯੱਗ ਕੀਤੇ, ਜਿਨ੍ਹਾਂ ਯੱਗਾਂ ਦੇ ਪੁੰਨਾਂ ਦੇ ਪ੍ਰਭਾਵ ਕਰਕੇ ਅੰਤ ਨੂੰ ਤੇਤੀ ਕ੍ਰੋੜ ਦੇਵਤਿਆਂ ਦਾ ਰਾਜਾ ਇੰਦਰ ਬਣਿਆ। ਜਿਸ ਵੇਲੇ ਦੇਵ ਲੋਕ ਵਿਚ ਜਾ ਕੇ ਇੰਦਰ ਪਦਵੀ ਪ੍ਰਾਪਤ ਕਰਕੇ ਰਾਜ ਸਿੰਘਾਸਨ 'ਪਰ ਬੈਠਾ ਤਾਂ ਇੰਦਰ ਭੈ-ਭੀਤ ਹੋ ਗਿਆ। ਤਦ ਇੰਦਰ ਨੇ ਆਪਣੇ ਗੁਰੂ ਬ੍ਰਹਸਪਤੀ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਰਾਜਾ ਜੁਜਾਤੀ ਨੇ ਆ ਕੇ ਮੇਰਾ ਸਿੰਘਾਸਨ ਮਲ ਲਿਆ ਹੈ, ਆਪ ਮੇਰੇ 'ਪਰ ਕ੍ਰਿਪਾ ਕਰੋ।

ਇਹ ਗੱਲ ਸੁਣ ਕੇ ਗੁਰੂ ਬ੍ਰਹਸਪਤਿ ਜੀ ਨੇ ਕਿਹਾ, ਕਿ ਤੂੰ ਉਸ ਦੇ ਪਾਸ ਜਾ ਕੇ ਉਸ ਦੀ ਉਸਤਤੀ ਕਰ ਕਿ ਮਹਾਰਾਜ ! ਤੁਸਾਂ ਨੇ ਬੜੇ ਪੁੰਨ ਕਰਮ ਕੀਤੇ ਹਨ, ਜਿਸ ਕਰਕੇ ਆਪ ਇਸ ਜਗ੍ਹਾਂ 'ਪਰ ਆਏ ਹੋ। ਉਹ ਫਿਰ ਆਪ ਹੀ ਆਪਣੇ ਮੁਖੋਂ ਹੰਕਾਰ ਦੇ ਸਹਿਤ ਆਪਣੇ ਕੀਤੇ ਹੋਏ ਪੁੰਨਾਂ ਨੂੰ ਵਰਨਣ ਕਰੇਗਾ ਤਦ ਉਸ ਦੇ ਸਾਰੇ ਪੁੰਨ ਕਹਿਣ ਨਾਲ ਹੀ ਅਭਾਵ ਹੋ ਜਾਣਗੇ, ਤੂੰ ਕੋਈ ਫ਼ਿਕਰ ਨਾ ਕਰ।

ਗੁਰੂ ਜੀ ਪਾਸੋਂ ਆ ਕੇ ਇੰਦਰ ਨੇ ਵੈਸੇ ਹੀ ਕੀਤਾ। ਜੁਜਾਤੀ ਆਪਣੀ ਉਸਤਤਿ ਸੁਣ ਕੇ ਆਪਣੇ ਕੀਤੇ ਹੋਏ ਪੁੰਨਾਂ ਦਾ ਵਰਨਣ ਆਪ ਹੀ ਕਰਨ ਲੱਗ ਪਿਆ। ਜਿਸ ਕਰਕੇ ਇਸ ਦੇ ਕੀਤੇ ਹੋਏ ਪੁੰਨ ਸਾਰੇ ਨਸ਼ਟ ਹੋ ਗਏ ਤੇ ਪਾਰਖਦਾਂ ਨੇ ਆ ਕੇ ਇਸ ਨੂੰ ਹੇਠਾਂ ਸੁਟ ਦਿੱਤਾ ਕਿ ਆਪ ਜੀ ਦੇ ਪੁੰਨ ਖਤਮ ਹੋ ਚੁੱਕੇ ਹਨ ਤੁਸੀਂ ਹੁਣ ਇਥੇ ਨਹੀਂ ਰਹਿ ਸਕਦੇ।

ਜਿਸ ਵੇਲੇ **ਨੀਮਖਾਰ** ਤੀਰਥ 'ਤੇ ਡਿੱਗਾ ਤਾਂ ਓਥੇ ਉਸ ਦੇ ਦੋਹਤਰੇ ਬੈਠੇ ਤਪ ਕਰ ਰਹੇ ਸਨ, ਉਹਨਾਂ ਨੇ ਨਾਨੇ ਦੀ ਅਜਿਹੀ ਹਾਲਤ ਵੇਖ ਕੇ ਕਿਹਾ, ਕਿ ਨਾਨਾ ਜੀ ! ਆਪ ਸਾਥੋਂ ਪੁੰਨ ਲੈ ਕੇ ਫਿਰ ਸੁਰਗ ਵਿਚ ਚਲੇ ਜਾਓ।

ਜੁਜਾਤੀ ਨੇ ਕਿਹਾ-ਦੋਹਤਰਿਆਂ ਪਾਸੋਂ ਲੈਣ ਦਾ ਹੱਕ ਨਹੀਂ ਬਣਦਾ, ਇਸ ਕਰਕੇ ਤੁਹਾਡੇ ਪਾਸੋਂ ਪੁੰਨ ਲੈ ਕੇ ਨਹੀਂ ਜਾਣਾ, ਹੁਣ ਏਥੇ ਹੀ ਠੀਕ ਹੈ।

ਇਸ ਵਜ੍ਹਾ ਕਰਕੇ ਪਹਿਲੇ ਪੁੰਨਾਂ ਦੇ ਪ੍ਰਭਾਵ ਕਰਕੇ ਧਰਤੀ ਤੋਂ ਆਕਾਸ਼ 'ਤੇ ਚੜ੍ਹਿਆ, ਪੁਨਾ- ਹੰਕਾਰ ਦੀ ਵਜ੍ਹਾ ਕਰਕੇ ਚੜ੍ਹੇ ਹੋਏ ਅਕਾਸ਼ ਚੋਂ ਫਿਰ ਹੇਠਾਂ ਡਿੱਗ ਪਿਆ।

ਅਥਵਾ-ਨੌਖ ਰਾਜਾ ਸੁਰਗ ਵਿਚ ਗਿਆ ਪਰ ਜਦ ਇਹ ਇੰਦਰਾਣੀ ਦੇ ਪਿਛੇ ਪੈ ਗਿਆ ਤਾਂ ਇੰਦਰਾਣੀ ਨੇ ਕਿਹਾ- ਸਤ ਰਿਖੀ ਤੇਰੀ ਪਾਲਕੀ ਚੁੱਕ ਕੇ ਆਵਣ ਤਾਂ ਜੋ ਤੂੰ ਕਹੇਂਗਾ ਮੈਂ ਮੰਨਾਂਗੀ ਇਸ ਕਰਕੇ ਫੇਰ ਅਕਾਸ਼ ਤੋਂ ਗਿਰਾਇਮਾਨ ਹੋ ਗਿਆ।

ਸਾਖੀ—ਰਾਜੇ ਨੌਖ ਦੀ

ਜਿਸ ਵੇਲੇ ਗੌਤਮ ਰਿਖੀ ਦੇ ਸਰਾਪ ਕਰਕੇ ਰਾਜੇ ਇੰਦਰ ਨੂੰ ਹਜ਼ਾਰ ਭਗ ਹੋ ਗਏ।

ਯਥਾ:-ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥

ਤਿਸ ਵੇਲੇ ਬੜਾ ਸ਼ਰਮਸਾਰ ਹੋਇਆ ਹੋਇਆ ਕਵਲ ਫੁਲਾਂ ਦੀ ਬਗੀਚੀ ਵਿਚ ਲੁਕ ਬੈਠਾ ਅਤੇ ਆਪਣੀ ਰਾਜਧਾਨੀ ਵਿਚ ਜਾਣ ਜੋਗਾ ਨਾ ਰਿਹਾ।

ਉਸ ਸਮੇਂ ਪਾਂਡਵਾਂ ਦਾ ਵਡੇਰਾ ਜੋ ਨੌਖ ਹੈ, ਉਹ ਮਾਤ ਲੋਕ ਦੀ ਧਰਤੀ ਵਿਚ ੧੦੧ ਯੱਗ ਕਰਕੇ ਇੰਦਰ ਪਦਵੀ 'ਤੇ ਜਾ ਬੈਠਾ ਤੇ ਜਾ ਕੇ ਸਭ ਦੇਵਤਿਆਂ ਦਾ ਰਾਜਾ ਬਣ ਗਿਆ। ਉਸ ਸਮੇਂ ਸਭ ਦੇਵਤਿਆਂ ਨੇ ਤੇ ਅਪੱਛਰਾਂ ਨੇ ਆ ਕੇ ਨਮਸ਼ਕਾਰਾਂ ਕੀਤੀਆਂ ਪਰ ਰਾਜੇ ਇੰਦਰ ਦੀ ਪਟਰਾਣੀ ਜੋ 'ਸਚੀ' ਹੈ ਉਹ ਇਕ ਨਾ ਆਈ।

ਜਦ ਰਾਜੇ ਨੌਖ ਨੂੰ ਪਤਾ ਲੱਗਾ ਕਿ ਹੋਰ ਸਭ ਅਪੱਛਰਾਂ ਆਈਆਂ ਹਨ, ਪਰ ਇਕ 'ਸਚੀ' ਨਹੀਂ ਆਈ ਤਾਂ ਇਸ ਨੇ ਆਪਣੇ ਮਨ ਵਿਚ ਵਿਚਾਰਿਆ ਕਿ ਜੇਕਰ ਉਹ ਮੈਨੂੰ ਆ ਕੇ ਨਾ ਮਿਲੀ ਤਾਂ ਆਪਣੇ ਆਪ ਨੂੰ ਦੇਵਲੋਕ ਦਾ ਰਾਜਾ ਕਿਵੇਂ ਸਮਝਾਂਗਾ।

'ਸਚੀ' ਨੂੰ ਆਪਣੇ ਪਾਸ ਬੁਲਾਣ ਵਾਸਤੇ ਰਾਜੇ ਨੌਖ ਨੇ ਇਕ ਆਦਮੀ ਭੇਜਿਆ। ਉਸ ਆਦਮੀ ਨੇ ਜਾ ਕੇ 'ਸਚੀ' ਨੂੰ ਕਿਹਾ, ਤੁਹਾਨੂੰ ਰਾਜਾ ਨੌਖ ਬੁਲਾ ਰਿਹਾ ਹੈ।

'ਸਚੀ' ਨੇ ਕਿਹਾ, ਮੇਰਾ ਪਤੀ ਅਜੇ ਜੀਉਂਦਾ ਹੈ, ਉਸ ਦੇ ਹੁੰਦਿਆਂ ਮੈਂ ਦੂਜੇ ਪੁਰਸ਼ ਪਾਸ ਕਿਵੇਂ ਜਾ ਸਕਦੀ ਹਾਂ ਕਿਉਂਕਿ ਪਰ ਪੁਰਸ਼ ਪਾਸ ਜਾਣ ਕਰਕੇ ਮੇਰਾ ਪਤੀਬ੍ਰਤ ਧਰਮ ਦੂਰ ਹੁੰਦਾ ਹੈ ਇਸ ਲਈ ਮੈਂ ਨਹੀਂ ਜਾ ਸਕਦੀ।

ਇਸ ਗੱਲ ਸੁਣ ਕੇ ਉਸ ਦੂਤ ਨੇ ਆ ਕੇ ਰਾਜੇ ਨੌਖ ਨੂੰ ਸਾਰਾ ਹਾਲ ਦੱਸਿਆ ਕਿ 'ਸਚੀ' ਨੇ ਆਉਣ ਤੋਂ ਇਨਕਾਰ ਕਰ ਦਿੱਤਾ ਹੈ।

ਇਧਰ ਰਾਜੇ ਨੋਖ ਨੇ ਭੀ ਹਠ ਕਰ ਲਿਆ ਕਿ ਮੈਂ 'ਸਚੀ' ਨੂੰ ਐਵੇਂ ਨਹੀਂ ਛੱਡਣਾ। ਜਦ ਇਸ ਨੂੰ ਕਈ ਵਾਰੀ ਸੰਦੇਸੇ ਭੇਜੇ, ਤਦ 'ਸਚੀ' ਨੇ ਆਪਣੇ ਧਰਮ ਦੀ ਰੱਖਿਆ ਵਾਸਤੇ ਆਪਣੇ ਗੁਰੂ ਬ੍ਰਹਸਪਤੀ ਜੀ ਦੇ ਚਰਨਾਂ 'ਪਰ ਮੱਥਾ ਟੇਕ ਕੇ ਪੁਕਾਰ ਕੀਤੀ-

ਹੇ ਗੁਰਦੇਵ ! ਆਪ ਜੀ ਤੋਂ ਬਿਨਾਂ ਹੁਣ ਮੇਰਾ ਕੌਣ ਸਹਾਈ ਹੈ। ਰਾਜਾ ਨੋਖ ਮੇਰੇ ਨਾਲ ਧਰਮ ਵਿਰੁੱਧ ਗੱਲਾਂ ਕਰਨਾ ਚਾਹੁੰਦਾ ਹੈ, ਆਪ ਕਿਰਪਾ ਕਰਕੇ ਮੇਰੇ ਪਤੀਬ੍ਰਤ ਧਰਮ ਦੀ ਰੱਖਿਆ ਕਰੋ।

ਉਹ ਜੁਗਤੀ ਦੱਸੋ ਜਿਸ ਕਰਕੇ ਮੇਰਾ ਧਰਮ ਰਹਿ ਆਵੇ।

ਬ੍ਰਹਸਪਤੀ ਜੀ ਨੇ ਕਿਹਾ, ਪੁਤ੍ਰੀ ! ਉਹ ਕਾਮਦੇਵ ਵਿਚ ਮਤਾ ਹੋਇਆ ਹੈ ਧਰਮ ਅਧਰਮ ਦੀ ਉਸ ਨੂੰ ਕੁਝ ਵਿਚਾਰ ਨਹੀਂ ਹੈ। ਤਾਂ ਤੇ ਤੂੰ ਇੰਝ ਕਰ, ਉਸ ਨੂੰ ਆਪਣੀ ਤਰਫੋਂ ਇਕ ਸੰਦੇਸਾ ਭੇਜ ਦੇ ਕਿ ਜੇਕਰ ਸਪਤ ਰਿਖੀ ਤੇਰੀ ਪਾਲਕੀ ਚੁੱਕ ਕੇ ਮੇਰੇ ਮੰਦਰਾਂ ਵਿਚ ਤੈਨੂੰ ਲੈ ਆਉਣ ਤਾਂ ਜੋ ਹੁਕਮ ਤੂੰ ਕਰੇਂਗਾ ਮੈਂ ਮੰਨਣ ਨੂੰ ਤਿਆਰ ਹਾਂ।

ਇੰਤਨੀ ਗੱਲ ਸਮਝਾ ਕੇ ਗੁਰੂ ਜੀ ਨੇ 'ਸਚੀ' ਨੂੰ ਭੇਜ ਦਿੱਤਾ, 'ਸਚੀ' ਨੇ ਆਪਣੇ ਅਸਥਾਨ 'ਪਰ ਆ ਕੇ ਦਾਸੀ ਨੂੰ ਸਮਝਾ ਕੇ ਨੋਖ ਰਾਜੇ ਵੱਲ ਭੇਜ ਦਿੱਤਾ। ਉਸ ਦਾਸੀ ਨੇ ਆ ਕੇ ਕਿਹਾ 'ਸਚੀ' ਆਖਦੀ ਹੈ ਜੇਕਰ ਸਤਾਂ ਰਿਖੀਆਂ ਪਾਸੋਂ ਤੂੰ ਆਪਣੀ ਪਾਲਕੀ ਚੁੱਕਾ ਕੇ ਮੇਰੇ ਮੰਦਰ ਵਿਚ ਆਵੇਂ ਤਾਂ ਮੈਂ ਤੇਰੇ ਹੁਕਮ ਨੂੰ ਮੰਨਾਂਗੀ।

ਦਾਸੀ ਦੀ ਇਹ ਗੱਲ ਸੁਣ ਕੇ ਰਾਜਾ ਨੋਖ ਬੜਾ ਪਰਸੰਨ ਹੋ ਗਿਆ ਤੇ ਆਖਦਾ ਹੈ, ਇਹ ਤਾਂ ਗੱਲ ਹੀ ਕੁਝ ਨਹੀਂ।

ਰਾਜੇ ਨੋਖ ਨੇ ਉਸੀ ਵੇਲੇ ਸਪਤ ਰਿਖੀਆਂ ਨੂੰ ਹੁਕਮ ਦੇ ਕੇ ਆਪਣੇ ਪਾਸ ਬੁਲਾ ਲਿਆ। ਜਿਸ ਵੇਲੇ ਸਪਤ ਰਿਖੀ ਆਏ ਤਾਂ ਪਾਲਕੀ ਵਿਚ ਬੈਠ ਕੇ ਨੋਖ ਨੇ ਕਿਹਾ, ਇਸ ਨੂੰ ਉਠਾ ਕੇ ਲੈ ਚਲੋ। ਸਪਤ ਰਿਖੀ ਆਪਣੇ ਰਾਜੇ ਦੀ ਆਗਿਆ ਮੰਨ ਕੇ ਪਾਲਕੀ ਉਠਾ ਕੇ ਲੈ ਤੁਰੇ। ਹੁਣ ਉਹ ਭਜਨ ਵਿਚ ਮਸਤ ਹੋਏ ਹੌਲੇ ਹੌਲੇ ਚਲਣ। ਇਹ ਕਾਮੀ ਕਾਮਦੇਵ ਵਿਖੇ ਮਸਤਿਆ ਹੋਇਆ ਆਖੇ-

ਛਿਪ੍ ਮੇਵ ਸਰਪੰਤੁ ਸਰਬੇ ਜੁਜੰ॥

ਜੁਜੰ=ਤੁਮ ਲੋਕ ਸਾਰੇ ਹੀ ਏਵ=ਨਿਸਚੇ ਕਰਕੇ ਛਿਪ੍=ਜਲਦੀ, ਸਰਪੰਤੁ=ਚਲਣਾ ਕਰੋ। ਪਰ ਉਹ ਓਸੇ ਚਾਲ ਵਿਚ ਹੀ ਚਲਦੇ ਗਏ। ਇਸ ਨੇ ਫਿਰ ਦੁਬਾਰਾ ਕਿਹਾ, 'ਸਰਪ ਸਰਪ' ਅਰਥਾਤ- ਜਲਦੀ ਚਲੋ, ਚਲਦੀ ਚਲੋ। ਪਰ ਉਹ ਆਪਣੇ ਅਨੰਦ ਵਿਚ ਮਸਤ ਹੋਏ ਆਪਣੀ ਠੁਮਕ ਠੁਮਕ ਟੋਰ ਵਿਚ ਹੀ ਚਲਦੇ ਗਏ। ਜਦ ਇਸ ਨੇ ਤੀਜੀ ਵਾਰ ਕੋਰੜੇ ਜਾਂ ਪੈਰ ਮਾਰ ਕੇ ਕਿਹਾ, ਕਿ 'ਸਰਪ ਸਰਪ' ਤਾਂ ਰਿਖੀਆਂ ਨੇ ਗੁੱਸੇ ਵਿਚ ਆ ਕੇ ਪਾਲਕੀ ਓਥੇ ਰੱਖ ਕੇ ਕਿਹਾ-

ਭੋ ਦੁਸ਼ਟ ਤੁਮੇਵ ਹੀ ਸਰਪੰ ਭਵ

ਭੋ=ਹੇ ਦੁਸ਼ਟ ! ਏਵ=ਨਿਸਚੇ ਕਰਕੇ ਤੂੰ ਹੀ ਸੰਸਾਰ ਵਿਚ ਜਾ ਕੇ ਸੱਪ ਭਵ=ਹੋਣਾ ਕਰ। *ਸਪਤ ਰਿਖੀਆਂ ਦੇ ਸਰਾਪ ਕਰਕੇ ਉਸ ਵੇਲੇ ਰਾਜਾ ਨੋਖ ਸਵਰਗ ਚੋਂ ਡਿੱਗ ਕੇ ਇਕ ਬੜੇ ਭਾਰੀ ਅਕਾਰ ਵਾਲਾ ਸੱਪ ਹੋ ਕੇ ਗੰਧਮਾਨ ਪਰਬਤ 'ਤੇ ਰਹਿਣ ਲੱਗ ਪਿਆ।

---

*ਸਪਤ ਰਿਖੀਆਂ ਦੇ ਨਾਂ ਇਹ ਹਨ:-

੧. ਵਸਿਸਟ। ੨. ਅਤ੍ਰੀ। ੩. ਅੰਗ੍ਰੇ। ੪. ਭ੍ਰਿਗੂ। ੫. ਪੁਲੱਸਤ। ੬. ਕ੍ਰਤੂ। ੭. ਪੁਲਹ।

ਕਾਫੀ ਸਮਾਂ ਬੀਤ ਜਾਣ ਤੋਂ ਬਾਅਦ ਜਿਸ ਵੇਲੇ ਪੰਜੇ ਪਾਂਡਵ ਦਰੋਪਤਾ ਨਾਲ ੧੨ ਸਾਲ ਬਨਬਾਸ ਭੋਗਦੇ ਹੋਏ ਦੇਵਨੇਤ ਨਾਲ ਉਸ ਪਰਬਤ ਦੇ ਨਜ਼ਦੀਕ ਪਹੁੰਚੇ ਤਾਂ ਆਰਾਮ ਲਈ ਇਕ ਜਗ੍ਹਾਂ ਟਿਕਾਣਾ ਬਣਾ ਕੇ ਬੈਠ ਗਏ।

ਇਕ ਦਿਨ ਭੀਮਸੈਨ ਸੈਰ ਕਰਨ ਵਾਸਤੇ ਜਦ ਅਗੇ ਨਿਕਲ ਗਿਆ ਤੇ ਉਸ ਕੰਦਰਾ ਪਾਸ ਪਹੁੰਚਿਆ ਤਾਂ ਉਸ ਸੱਪ ਨੇ ਭੀਮਸੈਨ ਨੂੰ ਆਪਣੀ ਲਪੇਟ ਵਿਚ ਲੈ ਕੇ ਕਾਬੂ ਕਰ ਲਿਆ। ਭੀਮਸੈਨ ਨੇ ਉਸ ਦੀ ਲਪੇਟ ਚੋਂ ਨਿਕਲਣ ਵਾਸਤੇ ਬੜਾ ਜ਼ੋਰ ਲਗਾਇਆ ਪਰ ਸੱਪ ਨੇ ਛੱਡਿਆ ਨਾ, ਆਪੋ ਆਪਣਾ ਜ਼ੋਰ ਲਗਾਂਵਦਿਆਂ ਕੁਝ ਦੇਰ ਹੋ ਗਈ।

ਜਿਸ ਵੇਲੇ ਦੁਪਹਿਰ ਦਾ ਸਮਾਂ ਹੋ ਗਿਆ ਤਾਂ ਯੁਧਿਸ਼ਟਰ ਜੀ ਦੇ ਡੋਲੇ ਫ਼ਰਕੇ ਅਤੇ ਭੀਮਸੈਨ ਨੂੰ ਯਾਦ ਕਰਕੇ ਆਪਣੇ ਭਰਾਵਾਂ ਤੋਂ ਪੁਛਿਆ ਕਿ ਦੇਰ ਹੋ ਗਈ ਹੈ ਦੇਖਿਆ ਨਹੀਂ, ਭੀਮਸੈਨ ਕਿਥੇ ਗਿਆ ਹੋਇਆ ਹੈ? ਤਾਂ ਅਰਜਨ ਨੇ ਕਿਹਾ ਸਾਡੇ ਪਾਸੋਂ ਤਾਂ ਸਵੇਰ ਦਾ ਹੀ ਗਿਆ ਹੋਇਆ ਹੈ ਪਤਾ ਨਹੀਂ ਹੁਣ ਤੱਕ ਕਿਥੇ ਰਿਹਾ ਹੈ?

ਉਸ ਵੇਲੇ ਯੁਧਿਸ਼ਟਰ ਜੀ ਤੀਰਾਂ ਦਾ ਭੱਥਾ ਤੇ ਧਨੁਖ ਲੈ ਕੇ ਭੀਮਸੈਨ ਨੂੰ ਲੱਭਣ ਤੁਰ ਪਏ। ਜਾਂਦਿਆਂ ਜਾਂਦਿਆਂ ਜਦ ਉਸ ਜਗ੍ਹਾਂ 'ਪਰ ਪਹੁੰਚੇ ਤਾਂ ਕੀ ਤੱਕਿਆ ਕਿ ਸੱਪ ਨੇ ਭੀਮਸੈਨ ਨੂੰ ਆਪਣੇ ਘੇਰੇ ਵਿਚ ਲਪੇਟਿਆ ਹੋਇਆ ਹੈ। ਭੀਮਸੈਨ ਬੜਾ ਜ਼ੋਰ ਲੱਗਾ ਰਿਹਾ ਹੈ ਪਰ ਉਹ ਸੱਪ ਛੱਡਦਾ ਨਹੀਂ ਉਸ ਵੇਲੇ ਯੁਧਿਸ਼ਟਰ ਨੇ ਧਨੁਖ ਦੇ ਚਿਲੇ ਵਿਚ ਤੀਰ ਜੋੜ ਕੇ ਸੱਪ ਦਾ ਨਿਸ਼ਾਨਾ ਦੇਖ ਕੇ ਛੱਡ ਦਿੱਤਾ। ਬਸ ਇਕੋ ਹੀ ਤੀਰ ਨਾਲ ਉਸ ਦਾ ਸਰੀਰ ਛੁਟ ਗਿਆ ਤੇ ਦਿਬਜ ਸਰੂਪ ਵਿਚ ਹੋ ਕੇ ਆਪਣੀ ਸਾਰੀ ਬਿਰਥਾ ਸੁਣਾਈ ਕਿ ਮੈਂ ਫਿਕੇ ਬਚਨ ਬੋਲ ਕੇ ਰਿਸ਼ੀਆਂ ਦੀ ਬੇਅਦਬੀ ਕੀਤੀ ਸੀ ਤੇ ਉਹਨਾਂ ਦੇ ਸਰਾਪ ਕਰਕੇ ਮੈਂ ਸੱਪ ਬਣਿਆਂ ਹਾਂ। ਹੁਣ ਆਪ ਜੀ ਦੀ ਕਿਰਪਾ ਨਾਲ ਇਸ ਸੱਪ ਜੂਨੀ ਤੋਂ ਛੁਟ ਕੇ ਸਵਰਗ ਵਿਚ ਜਾ ਰਿਹਾ ਹਾਂ।

ਇਤਨੀ ਗੱਲ ਕਹਿ ਕੇ ਉਹ ਸਵਰਗ ਵਿਚ ਚਲਾ ਗਿਆ ਤੇ ਰਾਜਾ ਯੁਧਿਸ਼ਟਰ ਜੀ ਤੇ ਭੀਮਸੈਨ ਵਾਪਸ ਆਪਣੇ ਅਸਥਾਨ 'ਪਰ ਆ ਗਏ।

ਸੋ ਦੇਖੋ! ਕਿਵੇਂ ਪ੍ਰਭੂ ਮੱਤ ਪ੍ਰੇਰ ਕੇ ਆਕਾਸ਼ ਤੋਂ ਥਲੇ ਗਿਰਾ ਦਿੰਦਾ ਹੈ। ਰਾਜਾ ਨੌਖ ਇੰਦਰ ਦੇ ਸਿੰਘਾਸਨ ਦਾ ਮਾਲਕ ਹੋ ਕੇ ਫੇਰ ਸੱਪ ਜੂਨ ਵਿਚ ਆ ਗਿਆ।

ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥

ਪਹਿਲਾ ਅਰਥ—

ਭੇਖਾਰੀ=ਭਿਖਸ਼ੂ ਮੰਗਤਿਆਂ ਤੋਂ ਰਾਜ ਕਰਾਉਂਦਾ ਹੈ ਅਤੇ ਰਾਜਾ ਤੋਂ ਭਿਖਸ਼ੂ ਕਰ ਦੇਂਦਾ ਹੈ।

ਇਕ ਮਹਾਤਮਾ ਫਿਰਦੇ ਫਿਰਦੇ ਬਾਦਸ਼ਾਹ ਦੀ ਕਚਹਿਰੀ ਪਹੁੰਚੇ, ਅਗੋਂ ਬਾਦਸ਼ਾਹ ਨੇ ਪੁਛਿਆ ਫਕੀਰ ਜੀ ! ਪਰਮਾਤਮਾ ਕੀ ਕੰਮ ਕਰਦਾ ਹੈ ?

ਮਹਾਤਮਾ ਨੇ ਕਿਹਾ, ਹੇ ਰਾਜਨ ! ਇਸ ਸਵਾਲ ਦਾ ਉੱਤਰ ਜੇ ਤੂੰ ਲੈਣਾ ਹੈ ਤਾਂ ਮੇਰੇ ਵਾਲੀ ਜਗ੍ਹਾਂ 'ਤੇ ਤੂੰ ਆ ਕੇ ਖਲੋ ਤੇ ਮੈਂ ਤੇਰੇ ਵਾਲੀ ਜਗ੍ਹਾਂ 'ਤੇ ਬੈਠਾਂ।

ਬਾਦਸ਼ਾਹ ਉਸੇ ਵੇਲੇ ਤਖਤ ਤੋਂ ਉਤਰ ਕੇ ਨੀਵੇਂ ਥਾਂ ਆ ਖਲੋਤਾ ਤੇ ਫ਼ਕੀਰ ਜੀ ਤਖਤ ਉਤੇ ਬੈਠ ਗਏ।

ਬਾਦਸ਼ਾਹ ਨੇ ਕਿਹਾ-ਉੱਤਰ ਦਿਓ।

ਫਕੀਰ ਨੇ ਕਿਹਾ, ਤੂੰ ਅਜੇ ਸਮਝਿਆ ਨਹੀਂ ? ਪਰਮੇਸ਼ਰ ਏਹੋ ਕੰਮ ਕਰਦਾ ਹੈ, ਤੈਂ ਬਾਦਸ਼ਾਹ ਨੂੰ ਨੀਚੇ

ਖੜਾ ਕਰ ਦਿੱਤਾ ਹੈ ਤੇ ਮੈਂ ਗਰੀਬ ਫ਼ਕੀਰ ਨੂੰ ਤਖ਼ਤ ਉਤੇ ਬਿਠਾ ਦਿੱਤਾ ਹੈ।

ਯਥਾ:-ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ॥ *(ਪੰਨਾ ੧੨੬੭)*

ਦੂਜਾ ਭਾਵ—

ਭੇਖਾਰੀ ਪਾਸੋਂ ਰਾਜ ਕਰਵਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਛੋਲਿਆਂ ਦੀਆਂ ਹੋਲਾਂ ਖਾ ਕੇ ਬੱਚੇ ਨੂੰ ਵਰ ਦਿੱਤਾ-

ਸੱਥਰ ਤੇਰਾ ਲੇਫ ਨਿਹਾਲੀ, ਭਾਉ ਤੇਰਾ ਪਕਵਾਨ।
ਨਾਨਕ ਸਿਫਤੀ ਰਜਿਆ, ਆਉ ਬਹੋ ਸੁਲਤਾਨ।

ਅਤੇ ਰਾਜਾ ਤੋਂ ਭਿਖਾਰੀ ਕੀਤਾ ਭਰਥਰੀ ਨੂੰ, ਜਿਸ ਨੇ ਆਪਣਾ ਸਾਰਾ ਰਾਜ ਭਾਗ ਇਸਤ੍ਰੀ, ਪੁਤ੍ਰ ਆਦਿਕ ਛੱਡ ਕੇ ਭਗਵੇਂ ਬਸਤ੍ਰ ਪਾ ਕੇ ਭਿੱਖਿਆ ਮੰਗੀ।

ਤੀਜਾ ਭਾਵ—

ਭੇਖਾਰੀ ਤੇ ਰਾਜੁ ਕਰਾਵੈ

ਸਾਖੀ—ਸੰਤਾਂ ਦੀ

ਇਕ ਰਾਜਾ ਮਹਾਂ ਪੁਰਸ਼ਾਂ ਦਾ ਸਤਿਸੰਗੀ ਸੀ ਤੇ ਉਹਨਾਂ ਸੰਤਾਂ ਦੀ ਬੜੀ ਸ਼ਰਧਾ ਤੇ ਪਿਆਰ ਨਾਲ ਸੇਵਾ ਕੀਤਾ ਕਰਦਾ ਸੀ। ਇਕ ਸਮੇਂ ਮਹਾਂ ਪੁਰਸ਼ਾਂ ਪਾਸੋਂ ਵੈਰਾਗ ਦੇ ਬਚਨ ਸੁਣ ਕੇ ਹਿਰਦਾ ਦ੍ਰਵ ਆਇਆ। ਮਹਾਂ ਪੁਰਸ਼ਾਂ ਨੂੰ ਬੇਨਤੀ ਕਰਕੇ ਕੁਝ ਸਮੇਂ ਲਈ ਰਾਜ ਪ੍ਰਬੰਧ ਸੌਂਪ ਕੇ ਆਪ ਜੰਗਲ ਵਿਚ ਤਪਸਿਆ ਕਰਨ ਲੱਗ ਪਿਆ। ਇਧਰ ਮਹਾਂ ਪੁਰਸ਼ ਰਾਜ ਨੀਤੀ ਨੂੰ ਨਹੀਂ ਜਾਣਦੇ ਸਨ।

''ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ॥'' *(ਪੰਨਾ ੧੨੯੯)*

ਵਾਲੀ ਅਵਸਥਾ ਸੀ।

ਗਵਾਂਢੀ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਪਰਜਾ ਦੇ ਲੋਕ ਤਾਂ ਸੰਤਾਂ ਨੇ ਭਜਨ ਸਿਮਰਨ ਵਿਚ ਜੋੜ ਦਿੱਤੇ ਹਨ, ਰਾਜ ਪ੍ਰਬੰਧ ਕੋਈ ਨਹੀਂ ਕਰਦਾ ਤਦ ਉਸ ਨੇ ਵਿਚਾਰ ਕੀਤੀ ਕਿ ਮੈਂ ਕਿਉਂ ਨਾ ਚੜ੍ਹਾਈ ਕਰਕੇ ਉਸ ਰਾਜ ਨੂੰ ਆਪਣੇ ਰਾਜ ਵਿਚ ਮਿਲਾ ਲਵਾਂ? ਸੋ ਉਸ ਨੇ ਫੌਜਾਂ ਸਮੇਤ ਚੜ੍ਹਾਈ ਕਰ ਦਿੱਤੀ।

ਇਧਰ ਵਜ਼ੀਰਾਂ ਤੇ ਅਹਿਲਕਾਰਾਂ ਨੂੰ ਪਤਾ ਲੱਗਾ ਕਿ ਕੋਈ ਗਨੀਮ ਚੜ੍ਹ ਕੇ ਆ ਰਿਹਾ ਹੈ। ਮਹਾਂ ਪੁਰਸ਼ਾਂ ਪਾਸ ਬੇਨਤੀ ਕੀਤੀ ਕਿ ਆਪ ਸਾਨੂੰ ਤਿਆਰੀ ਦਾ ਹੁਕਮ ਦਿਓ। ਸੰਤਾਂ ਕਿਹਾ, 'ਹਲਵਾ ਤਿਆਰ ਕਰੋ' ਫਿਰ ਦੂਸਰੇ ਦਿਨ ਬੇਨਤੀ ਕੀਤੀ ਹੁਕਮ ਦਿਓ ਫੌਜ ਤਿਆਰੀ ਕਰੇ। ਸੰਤਾਂ ਕਿਹਾ, 'ਹਲਵਾ ਬਣਾ ਕੇ ਸਭ ਨੂੰ ਖੁਆ ਦਿਓ।'

ਇਸ ਤਰ੍ਹਾਂ ਚਾਰ ਦਿਨ ਹਲਵਾ ਬਣਦਾ ਰਿਹਾ, ਇਧਰੋਂ ਗਨੀਮ ਰਾਜਾ ਵੀ ਸ਼ਹਿਰ ਦੇ ਪਾਸ ਪੁੱਜ ਗਿਆ। ਫਿਰ ਵਜ਼ੀਰ ਦੀ ਬੇਨਤੀ ਕਰਨ 'ਪਰ ਸੰਤਾਂ ਪਾਸੋਂ ਉੱਤਰ ਮਿਲਿਆ 'ਦੱਬ ਕੇ ਹਲਵਾ ਤਿਆਰ ਕਰੋ, ਆਪ ਵੀ ਖਾਵੋ ਉਸ ਨੂੰ ਵੀ ਸਾਥੀਆਂ ਸਮੇਤ ਖੁਆਓ।' ਸੋ ਇਸੇ ਤਰ੍ਹਾਂ ਹੀ ਕੀਤਾ ਗਿਆ, ਜਦੋਂ ਗਨੀਮ ਰਾਜਾ ਸੰਤਾਂ ਦੇ ਪਾਸ ਆਇਆ ਤਾਂ ਸੰਤਾਂ ਨੇ ਆਪਣੀ ਫਟੀ ਹੋਈ ਕੰਬਲੀ ਚੁੱਕ ਕੇ ਕਿਹਾ-''ਲੈ ਭਾਈ ! ਚਾਰ ਦਿਨ ਹਲਵਾ ਅਸੀਂ ਖਾ ਲਿਆ, ਹੁਣ ਚਾਰ ਦਿਨ ਤੂੰ ਵੀ ਖਾ ਲੈ।'' ਇਤਨਾ ਕਹਿ ਕੇ ਸੰਤ ਜੰਗਲ ਵਿਚ ਚਲੇ ਗਏ। ਦੇਖੋ ! ਪਰਮੇਸ਼ਰ ਨੇ ਪਹਿਲੇ ਭਿਖਾਰੀ ਤੋਂ ਰਾਜਾ ਬਣਾਇਆ, ਫਿਰ ਰਾਜਾ ਤੋਂ ਭਿਖਾਰੀ ਕਰ ਦਿੱਤਾ।

(ਇਹ ਸਾਖੀ ਸ੍ਰੀ ਮਾਨ ਗਿਆਨੀ ਭਗਵਾਨ ਸਿੰਘ ਜੀ ਦੀ ਸਟੀਕ ਭਗਤ ਬਾਣੀ ਦੇ ੮੪੪ ਪੰਨੇ 'ਪਰ ਛਪੀ ਹੋਈ ਹੈ।)

ਚੌਥਾ ਭਾਵ—

ਭਿਖਾਰੀ ਕਾਲੇ ਦੇ ਭਤੀਜੇ ਸਨ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਕਿਰਪਾ ਕਰਕੇ ਇਹਨਾਂ ਤੋਂ ਰਾਜ ਕਰਾਇਆ। ਇਨ੍ਹਾਂ ਦਾ ਪ੍ਰਸੰਗ ਇਸ ਤਰ੍ਹਾਂ ਹੈ—

ਸਾਖੀ—ਲੋਹੀਆ ਅਤੇ ਸੰਦਲੀ ਦੀ

ਲੋਹੀਆ ਅਤੇ ਸੰਦਲੀ ਨਾਮ ਕਰਕੇ ਦੋ ਲੜਕੇ ਸਨ, ਇਹਨਾਂ ਦਾ ਪਿਤਾ 'ਰੂਪ ਚੰਦ' ਸਮੇਂ ਅਨੁਸਾਰ ਕਾਲ ਵਸ ਹੋ ਗਿਆ। ਇਹ ਦੋਨੋਂ ਆਪਣੇ ਚਾਚਾ ਕਾਲੇ ਦੇ ਪਾਸ ਰਿਹਾ ਕਰਦੇ ਸਨ।

ਯਥਾ:- ਲੋਹੀਆ ਦੂਸਰ ਸੰਦਲੀ* ਬਾਲ ਅਵਸਥਾ ਮਾਂਹਿ॥
ਕਾਲੇ ਕੇਰ ਭਤੀਜ ਦੈ ਪਿਤਾ ਮਾਤ ਮ੍ਰਿਤੁ ਤਾਂਹਿ॥ ੨੪॥
ਅਲਪ ਬੈਸ ਮਹਿ ਦੋਨਹੁ ਰਹੇ॥ ਮਾਤਾ ਪਿਤਾ ਮ੍ਰਿਤੁ ਪਦ ਲਹੇ॥
ਕਾਲੇ ਤਬ ਹਿਤ ਕਰ ਪ੍ਰਤਿਪਾਰੇ॥ ਨਿਜ ਪੁਤ੍ਰਨ ਸਮ ਤਿਨਹੁ ਨਿਹਾਰੇ॥ ੨੫॥

ਜਿਸ ਵੇਲੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਾਲਵੇ ਦੀ ਧਰਤੀ ਨੂੰ ਭਾਗ ਲਾਂਦੇ ਹੋਏ ਤੇ ਸਿੱਖਾਂ ਨੂੰ ਅਨੰਦ ਦੇਂਦੇ ਹੋਏ ਕਾਲੇ ਦੇ ਪਾਸ ਪਹੁੰਚੇ ਤਾਂ ਕਾਲੇ ਨੇ ਤਨੋ ਮਨੋ ਹੋ ਕੇ ਗੁਰੂ ਸਾਹਿਬ ਜੀ ਦੀ ਸੇਵਾ ਕਰਕੇ ਅਤੀ ਪ੍ਰਸੰਨਤਾ ਲੀਤੀ । ਇਕ ਦਿਨ ਦੋਹਾਂ ਬੱਚਿਆਂ ਨੂੰ ਸਿਖਾ ਕੇ ਆਪਣੇ ਨਾਲ ਲੈ ਕੇ ਇਕ ਬੱਚੇ ਨੂੰ ਚੁੱਕ ਕੇ ਤੇ ਦੂਜੇ ਨੂੰ ਆਪਣੀ ਉਂਗਲ ਫੜਾ ਕੇ ਗੁਰੂ ਸਾਹਿਬ ਜੀ ਪਾਸ ਆਇਆ। ਉਹਨਾਂ ਨੇ ਆਉਂਦਿਆਂ ਹੀ ਮੱਥਾ ਟੇਕ ਕੇ ਪੇਟ ਵਜਾਉਣਾ, ਅਰਥਾਤ- ਪੇਟ ਤੇ ਹੱਥ ਮਾਰਨਾ ਸ਼ੁਰੂ ਕਰ ਦਿੱਤਾ-

ਯਥਾ:- ਇਕ ਦਿਨ ਦੋਨੋਂ ਕੋ ਲੇ ਸੰਗ॥ ਇਕ ਉਠਾਇ ਲਿਯ ਅੰਕ ਉਤੰਗ॥
ਦੁਤੀਏ ਕੋ ਅੰਗੁਰੀ ਗਹਿਵਾਈ॥ ਆਵਤ ਭਾ ਸਮੀਪ ਸੁਖਦਾਈ॥ ੨੬॥
ਮਗ ਮਹਿ ਭਲੇ ਸਿਖਾਵਨ ਕਰੇ॥ ਬੰਦਨ ਠਾਨਿ ਭਏ ਤਬ ਖਰੇ॥
ਦੋਨੋਂ ਬਾਲਿਕ ਥਿਤ ਤਿਸ ਕਾਲਾ॥ ਪੇਟ ਬਜਾਵਤਿ ਹਾਥ ਉਤਾਲਾ॥ ੨੭॥

ਬੱਚਿਆਂ ਦੇ ਇਸ ਤਰ੍ਹਾਂ ਦੇ ਕੌਤਕ ਨੂੰ ਦੇਖ ਕੇ ਹਜ਼ੂਰ ਨੇ ਪੁਛਿਆ-ਹੇ ਕਾਲੇ ! ਇਹ ਬੱਚੇ ਕੀ ਆਖਦੇ ਹਨ?

ਯਥਾ:- ਦੇਖ ਕ੍ਰਿਪਾਲ ਤਿਨਹੁ ਕੀ ਢਾਲ॥ ਬੂਝਯੋ ਕਾਲੇ ਕੋ ਸੁ ਹਵਾਲ॥
ਇਹ ਬਾਲਕ ਦੋਨਹੁ ਕਜਾ ਕਰਿਹੀ॥ ਹਾਥ ਪ੍ਰਹਾਰ ਉਦਰ ਪਰ ਧਰਹੀ॥ ੨੮॥

ਉਸ ਵੇਲੇ ਕਾਲੇ ਨੇ ਹੱਥ ਜੋੜ ਕੇ ਕਿਹਾ- ਇਹ ਬੜੇ ਦੀਨ ਹਨ ਇਹਨਾਂ ਦੇ ਮਾਤਾ ਪਿਤਾ ਮਰ ਗਏ ਹਨ, ਮੇਰੇ ਪਾਸ ਰਹਿ ਕੇ ਪਲੇ ਹਨ, ਇਹ ਵਿਚਾਰੇ ਭੁਖੇ ਹਨ ਇਸ ਲਈ ਪੇਟ ਤੇ ਹੱਥ ਮਾਰ ਕੇ ਆਪ ਜੀ ਦੀ ਕਿਰਪਾ ਦੁਆਰੇ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਨ।

ਇਹ ਗੱਲ ਸੁਣ ਕੇ ਹਜ਼ੂਰ ਨੇ ਕਿਰਪਾ ਦੇ ਘਰ ਵਿਚ ਆ ਕੇ ਕਿਹਾ-

**ਵਾਰਤਕ ਪੰਥ ਪ੍ਰਕਾਸ਼ ਦੇ ੩੯੩ ਪੰਨੇ 'ਤੇ ਪੜ੍ਹਿਆ ਹੈ ਕਿ ਕਾਲੇ ਦੇ ਭਤੀਜਿਆਂ ਦਾ ਨਾਂ ਸੰਦਲੀ ਤੇ ਫੂਲ ਹੈ। (ਲੋਹੀਆ ਨਹੀਂ ਹੈ)। ਤਥਾ-ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਜਿਲਦ ਤੀਜੀ ਪੰਨਾ ੨੪੫੫ 'ਪਰ ਭੀ ਰੂਪ ਚੰਦ ਦੇ ਪੁੱਤਰ ਸੰਦਲੀ ਤੇ ਫੂਲ ਲਿਖਿਆ ਹੈ।*

ਜੋ ਛੋਟਾ ਬੱਚਾ ਤੂੰ ਉਪਰ ਉਠਾਇਆ ਹੋਇਆ ਹੈ, ਇਹ ਵੱਡਿਆਂ ਤੋਂ ਵੱਡਾ ਬਣੇਗਾ। ਇਸ ਦਾ ਬੰਸ ਅਧਿਕ ਵਧੇਗਾ। ਇਹ ਵੱਡਾ ਰਾਜਾ ਬੜੀ ਸੈਨਾਂ ਵਾਲਾ ਤੇ ਬੜੇ ਪਦਾਰਥਾਂ ਸਮੇਤ ਹੋਵੇਗਾ। ਘੋੜਿਆਂ ਨੂੰ ਜਮਨਾ ਵਿਚ ਜਾ ਕੇ ਪਾਣੀ ਪਿਲਾਵੇਗਾ, ਭਾਵ ਜਮਨਾ ਤੱਕ ਰਾਜ ਕਰੇਗਾ।

ਯਥਾ:- ਸੁਣ ਕੇ ਸ੍ਰੀ ਹਰਿਰਾਇ ਬਖਾਨਾ॥ ਇਹ ਮਹਾਨ ਤੇ ਬਨਹਿ ਮਹਾਨਾ॥
ਜੋ ਤੈਂ ਉਪਰ ਰਖਿਓ ਉਠਾਇ॥ ਇਸ ਕੋ ਬੰਸ ਬਧਹਿ ਅਧਕਾਇ॥ ੩੧॥
ਮਹਿਪਾਲਕ ਬਡ ਸੈਨ ਸਮੇਤਾ॥ ਸਕਲ ਪਦਾਰਥ ਹੋਹਿਂ ਨਿਕੇਤਾ॥
ਜਮਨਾ ਮਹਿ ਜਲ ਪਾਨ ਕਰਾਵੈ॥ ਚਢ ਤੁਰੰਗ ਨਿਜ ਓਜ ਜਨਾਵੈ॥ ੩੨॥
ਬਹੁ ਪੁਸ਼ਤਨ ਲੌ ਰਾਜ ਕਮਾਵਹਿ॥ ਗੁਰ ਸੇਵਕ ਬਣ ਜਗਤ ਸੁਹਾਵੈ॥

ਦੂਜੇ ਲੜਕੇ ਵਾਸਤੇ ਹਜ਼ੂਰ ਨੇ ਇੰਞ ਕਿਹਾ ਹੈ-

ਨੀਚੇ ਬਾਲਕ ਜੋ ਅਬ ਖਰੋ॥ ਇਸ ਕੋ ਬੰਸ ਹੋਹਿ ਜਗ ਖਰੋ॥ ੩੩॥
ਰਾਜ ਸਹਤ ਚੌਧਰਤਾ ਕਰੇ॥ ਨਾਮ ਚੌਧਰੀ ਸਭ ਮਹਿ ਪਰੇ॥
ਬਰ ਕੇ ਸਹਤ ਗੁਰੂ ਕੇ ਬੈਨ॥ ਸੁਨ ਕਾਲਾ ਪ੍ਰਫੁਲਤਾ ਨੈਨ॥ ੩੪॥

ਇਸ ਵਜ੍ਹਾ ਕਰਕੇ ਵਿਚਾਰੇ ਭਿਖਸ਼ੂ ਜੋ ਗਰੀਬ ਕਾਲੇ ਦੇ ਭਤੀਜੇ ਸਨ, ਉਹ ਗੁਰੂ ਦੀਆਂ ਬਖਸ਼ਸ਼ਾਂ ਪਾ ਕੇ ਰਾਜੇ ਮਹਾਰਾਜੇ ਹੋ ਗਏ ਹਨ। *(ਗੁਰ ਪ੍ਰਤਾਪ ਸੂਰਜ ਰਾਸ ੧੦ ਅੰਸੂ ੯)*

ਅਤੇ ਰਾਜੇ ਗੋਪੀ ਚੰਦ ਨੂੰ ਭਿਖਸ਼ੂ ਕਰ ਦਿੱਤਾ।

ਯਥਾ- ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥ *(ਪੰਨਾ ੪੩੭)*

ਜਿਸ ਤਰ੍ਹਾਂ ਅਗੋਂ ਇਹਨਾਂ ਦੀ ਪੁਸ਼ਤ ਚਲੀ ਹੈ, ਉਹ ਵੇਰਵਾ ਸ਼ਜਰੇ ਰਾਹੀਂ ਪੜ੍ਹੋ।

ਪ੍ਰਣਾਲੀ

ਕਾਲੇ ਦੇ ਭਰਾ ਦਾ ਨਾਮ ਰੂਪ ਚੰਦ ਸੀ, ਇਹਨਾਂ ਦੋਹਾਂ ਦੇ ਪਿਉ ਦਾ ਨਾਮ ਮੋਹਨ ਸੀ।

ਰੂਪ ਚੰਦ ਦੇ ਦੋ ਪੁਤਰ ਸਨ—(੧) ਸੰਦਲੀ, (੨) ਫੂਲ।

ਅਗੋਂ ਫੂਲ ਦੇ ੬ ਪੁੱਤਰ ਹੋਏ ਹਨ। ਫੂਲ ਦੇ ਸਮੇਂ ਦਿੱਲੀ ਦੇ ਤਖਤ 'ਪਰ ਬਾਦਸ਼ਾਹ ਸ਼ਾਹਜਹਾਨ ਸੀ। ਸ਼ਾਹਜਹਾਨ ਨੇ ਹੀ ਇਲਾਕੇ ਦੇ ਹਾਕਮਾਂ ਦੇ ਕਹਿਣ ਤੇ ਫੂਲ ਨੂੰ ਇਲਾਕੇ ਦਾ ਚੌਧਰੀ ਬਣਾ ਦਿੱਤਾ ਸੀ।

੧. ਭਾਈ ਤਿਲੋਕਾ, ੨. ਭਾਈ ਰਾਮਾ, ੩. ਰਾਘੂ, ੪. ਚੰਨੂ, ੫. ਝੰਡੂ, ੬. ਤਖਤ ਮਲ।

ਭਾਈ ਤਿਲੋਕ ਤੇ ਭਾਈ ਰਾਮਾ ਇਹਨਾਂ ਦੋਹਾਂ ਨੇ ਗੁਰੂ ਕੀ ਕਾਂਸ਼ੀ ਦਮਦਮੇ ਸਾਹਿਬ ਦਸਮੇਸ਼ ਪਿਤਾ ਜੀ ਦੀ ਸੇਵਾ ਵਿਚ ਰਹਿ ਕੇ ਹਜ਼ੂਰ ਤੋਂ ਅੰਮ੍ਰਿਤ ਛਕਿਆ ਹੈ ਅਤੇ ਚਮਕੌਰ ਸਾਹਿਬ ਦੀ ਪਾਵਨ ਧਰਤੀ ਵਿਖੇ ਸਾਹਿਬ ਅਜੀਤ ਸਿੰਘ, ਸਾਹਿਬ ਜੁਝਾਰ ਸਿੰਘ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਸਰੀਰ ਸਸਕਾਰ ਕਰਨ ਦੀ ਸੇਵਾ ਭੀ ਇਹਨਾਂ ਨੇ ਹੀ ਭੇਸ ਬਦਲ ਕੇ ਕੀਤੀ ਸੀ।

ਭਾਈ ਤਿਲੋਕ ਦਾ ਨਾਮ ਭਾਈ ਤਿਲੋਕ ਸਿੰਘ ਤੇ ਭਾਈ ਰਾਮੇ ਦਾ ਨਾਮ ਭਾਈ ਰਾਮ ਸਿੰਘ ਹੋਇਆ ।

ਭਾਈ ਤਿਲੋਕ ਸਿੰਘ ਨਾਭੇ ਤੇ ਜੀਂਦ ਦਾ ਵਡੇਰਾ ਹੋਇਆ ।

ਭਾਈ ਰਾਮ ਸਿੰਘ ਪਟਿਆਲੇ ਦਾ ਵਡੇਰਾ ਹੋਇਆ।

ਇਹਨਾਂ ਦੀ ਪ੍ਰਣਾਲੀ ਦਾ ਵੇਰਵਾ ਇਸ ਪ੍ਰਕਾਰ ਹੈ:-

ਰਿਆਸਤ ਪਟਿਆਲੇ ਦਾ ਸ਼ਜਰਾ ਇਹ ਹੈ-

ਜਨਮ	ਭਾਈ ਫੂਲ ਜੀ	ਦਿਹਾਂਤ
	|	
ਸੰ: ੧੬੩੯	ਭਾਈ ਰਾਮ ਸਿੰਘ ਜੀ ਪਟਿਆਲੇ ਦਾ ਵਡੇਰਾ ਹੋਇਆ ਹੈ	ਸੰ: ੧੭੧੪
	|	
	ਬਾਬਾ ਆਲਾ ਸਿੰਘ ਜੀ (ਇਸ ਨੇ ੧੮੦੯ ਬਿ: ਵਿਚ ਪਟਿਆਲਾ ਅਬਾਦ ਕੀਤਾ)	ਸੰ: ੧੭੬੫
	|	
	ਟਿਕਾ ਸਰਦੂਲ ਸਿੰਘ	ਸੰ: ੧੭੫੩
	|	
ਸੰ: ੧੭੪੮	ਰਾਜਾ ਅਮਰ ਸਿੰਘ	ਸੰ: ੧੭੮੧
	|	
ਸੰ: ੧੭੭੩	ਰਾਜਾ ਸਾਹਿਬ ਸਿੰਘ	ਸੰ: ੧੮੧੩
	|	
ਸੰ: ੧੭੯੮	ਮਹਾਰਾਜਾ ਕਰਮ ਸਿੰਘ	ਸੰ: ੧੮੪੫
	|	
ਸੰ: ੧੮੨੩	ਮਹਾਰਾਜਾ ਨਰੇਂਦ੍ਰ ਸਿੰਘ	ਸੰ: ੧੮੬੨
	|	
ਸੰ: ੧੮੫੨	ਮਹਾਰਾਜਾ ਮਹਿੰਦ੍ਰ ਸਿੰਘ	ਸੰ: ੧੮੭੬
	|	
ਸੰ: ੧੮੭੨	ਮਹਾਰਾਜਾ ਰਾਜੇਂਦ੍ਰ ਸਿੰਘ	ਸੰ: ੧੯੦੦
	|	
ਸੰ: ੧੮੯੧	ਮਹਾਰਾਜਾ ਭੂਪਿੰਦ੍ਰ ਸਿੰਘ	ਸੰ: ੧੯੩੯
	|	
ਸੰ: ੧੯੧੩	ਮਹਾਰਾਜਾ ਯਾਦਵਿੰਦ੍ਰ ਸਿੰਘ (ਅੱਜ ਕੱਲ ਹੈ)	

ਰਿਆਸਤ ਨਾਭੇ ਦਾ ਸ਼ਜਰਾ ਇਹ ਹੈ-

ਜਨਮ		ਦਿਹਾਂਤ
	ਭਾਈ ਤਿਲੋਕ ਸਿੰਘ ਨਾਭੇ ਦਾ ਵਡੇਰਾ ਹੋਇਆ ਹੈ	
	ਭਾਈ ਗੁਰਦਿਤ ਸਿੰਘ	ਸੰ: ੧੭੫੪
	ਭਾਈ ਸੂਰਤੀਆ ਸਿੰਘ	ਸੰ: ੧੭੫੨
	ਭਾਈ ਹਮੀਰ ਸਿੰਘ	ਸੰ: ੧੭੮੩
ਸੰ: ੧੭੭੫	ਰਾਜਾ ਜਸਵੰਤ ਸਿੰਘ	ਸੰ: ੧੮੪੦
ਸੰ: ੧੮੨੨	ਰਾਜਾ ਦੇਵਿੰਦ੍ਰ ਸਿੰਘ	ਸੰ: ੧੮੬੫
ਸੰ: ੧੮੪੦	ਰਾਜਾ ਭਰਪੂਰ ਸਿੰਘ — ਰਾਜਾ ਭਗਵਾਨ ਸਿੰਘ	
	ਦਿਹਾਂਤ ੧੮੬੩ — ਜਨਮ ੧੮੪੨	ਸੰ: ੧੮੭੧-
	ਰਾਜਾ ਭਰਪੂਰ ਸਿੰਘ ਅਤੇ ਰਾਜਾ ਭਗਵਾਨ ਸਿੰਘ ਦੇ ਉਲਾਦ ਨਹੀਂ ਸੀ ਇਸ ਲਈ ਬਡਰੁਖਾਂ ਦੇ ਸਰਦਾਰ ਹੀਰਾ ਸਿੰਘ ਜੀ ਜੋ ਰਿਆਸਤ ਦੇ ਹੱਕਦਾਰ ਸਨ, ੧੦ ਅਗਸਤ ਸੰਨ ੧੮੭੧ ਨੂੰ ਨਾਭੇ ਦੇ ਰਾਜਾ ਥਾਪੇ ਗਏ।	
ਸੰ: ੧੮੪੩	ਮਹਾਰਾਜਾ ਹੀਰਾ ਸਿੰਘ ਜੀ	ਸੰ: ੧੯੧੧ ੨੫ ਦਸੰਬਰ
ਸੰ: ੧੮੮੩ ੪ ਮਾਰਚ ੨੨ ਫਗਣ ਸੰ: ੧੯੩੯ ਸੰ: ੧੯੧੯ ੨੧ ਸਤੰਬਰ	ਮਹਾਰਾਜਾ ਰਿਪੁਦਮਨ ਸਿੰਘ ਜੀ ਆਪ ੧੧ ਮਾਘ ਸੰਮਤ ੧੯੬੮ ਜਨਵਰੀ ੨੪ ਸੰਨ ੧੯੧੨ ਨੂੰ ਨਾਭੇ ਰਾਜ-ਗੱਦੀ 'ਤੇ ਵਿਰਾਜੇ। ਮਹਾਰਾਜਾ ਪ੍ਰਤਾਪ ਸਿੰਘ (ਅੱਜ ਕੱਲ ਹੈ)	

ਰਿਆਸਤ ਜੀਂਦ ਦਾ ਸ਼ਜਰਾ ਇਹ ਹੈ-

ਜਨਮ		ਦਿਹਾਂਤ
	ਭਾਈ ਤਿਲਕ ਸਿੰਘ ਜੀ	
	(ਭਾਈ ਗੁਰਦਿੱਤ ਸਿੰਘ ਇਹ ਨਾਭੇ ਦਾ ਵਡੇਰਾ ਹੋਇਆ ਹੈ) ਭਾਈ ਸੁਖਚੈਨ ਸਿੰਘ ਇਹ ਜੀਂਦ ਦਾ ਵਡੇਰਾ ਹੋਇਆ ਹੈ	ਸੰਨ ੧੭੫੧
	ਰਾਜੇ ਸੁਖਚੈਨ ਸਿੰਘ ਤੋਂ	
ਸੰ: ੧੭੩੮	ਰਾਜਾ ਗਜਪਤ ਸਿੰਘ	ਸੰਨ ੧੭੮੯
ਬੀਬੀ ਰਾਜ ਕੌਰ	ਰਾਜਾ ਭਾਗ ਸਿੰਘ ਬਿ: ੧੮੧੯ ਭੂਪ ਸਿੰਘ ਇਹ ਬਜੀਦਪੁਰ ਤੇ ਬਡਰੁਖਾਂ ਦਾ ਵਡੇਰਾ ਹੋਯਾ ਹੈ	ਸੰਨ ੧੮੧੫
	ਰਾਜਾ ਫ਼ਤਹਿ ਸਿੰਘ	ਸੰਨ ੧੮੨੨
	ਰਾਜਾ ਸੰਗਤ ਸਿੰਘ	ਸੰਨ ੧੮੩੪
	ਰਾਜਾ ਸੰਗਤ ਸਿੰਘ ਦੇ ਸੰਤਾਨ ਨਹੀਂ ਸੀ, ਇਸ ਲਈ ਸ੍ਰ: ਭੂਪ ਸਿੰਘ ਦੀ ਔਲਾਦ ਵਿਚੋਂ ਸ੍ਰ: ਸਰੂਪ ਸਿੰਘ ਜੀਂਦ ਦਾ ਰਾਜਾ ਸੰਨ ੧੮੩੭ ਵਿਚ ਥਾਪਿਆ ਗਿਆ।	
	ਰਾਜਾ ਸਰੂਪ ਸਿੰਘ	ਸੰਨ ੧੮੬੪
	ਰਾਜਾ ਰਘੁਬੀਰ ਸਿੰਘ	ਸੰਨ ੧੮੮੭
	ਟਿੱਕਾ ਬਲਬੀਰ ਸਿੰਘ	ਸੰਨ ੧੮੮੩
ਸੰ: ੧੮੭੯ ੧੧ ਅਕਤੂਬਰ	ਮਹਾਰਾਜਾ ਰਣਬੀਰ ਸਿੰਘ	
ਸੰ: ੧੯੧੮ ੨੫ ਸਤੰਬਰ	ਟਿੱਕਾ ਰਾਜਬੀਰ ਸਿੰਘ	

ਸਰਦਾਰ ਗਜਪਤ ਸਿੰਘ ਜੀਂਦ ਵਾਲੇ ਰਾਜੇ ਦੀ ਸਪੁਤ੍ਰੀ

ਬੀਬੀ ਰਾਜ ਕੌਰ

ਸਰਦਾਰ ਮਹਾਂ ਸਿੰਘ ਸ਼ੁਕ੍ਰ ਚੱਕੀਏ ਨਾਲ ਸੰਨ ੧੭੭੪ ਵਿਚ ਗੁਜਾਰਾਂ ਵਾਲੇ ਵਿਆਹੀ ਗਈ। ਇਸ ਦੀ ਕੁੱਖ ਤੋਂ ਸਨਮਾਨ ਯੋਗ ਹਸਤੀ ਸ਼ੇਰੇ ਪੰਜਾਬ ਮਹਾਰਾਜਾ **ਰਣਜੀਤ ਸਿੰਘ** ਜੀ ਦਾ ਜਨਮ ਸੰਨ ੧੭੮੦ ਨਵੰਬਰ ੨, ਬਿਕ੍ਰਮੀ ਸੰਮਤ ੧੮੩੭ ਵਿਚ ਗੁਜਰਾਂ ਵਾਲੇ ਹੋਇਆ ਹੈ। ਇਸ ਗੱਲ ਦਾ ਸਬੂਤ ਟ੍ਰੈਵਲਜ਼ ਇਨ ਇੰਡੀਆ-ਸਿੰਧ ਐਂਡ ਦੀ ਪੰਜਾਬ, ਵੋਨ ਅਰਲਚ ਜਿਲਦ ੧ ਸਫਾ ੧੬੪ ਵਿਚ ਵੇਖੋ।

ਮਹਾਰਾਜਾ ਜੀ ਦੇ ਜਨਮ ਅਸਥਾਨ ਵਾਲੀ ਜਗ੍ਹਾਂ 'ਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਮਿਉਂਨਿਸਪਲ ਕਮੇਟੀ ਦਾ ਦਫ਼ਤਰ ਤੇ ਟਾਊਨ ਹਾਲ ਸੀ ਅਤੇ ਲੱਕੜ ਦੇ ਬੋਰਡ 'ਪਰ ਇਹ ਅੱਖਰ ਲਿਖੇ ਹੋਏ ਸਨ-

ਜਨਮ ਅਸਥਾਨ ਮਹਾਰਾਜਾ ਰਣਜੀਤ ਸਿੰਘ ਸਾਹਿਬ

(ਅੱਜ ਕੱਲ ਦਾ ਪਤਾ ਨਹੀਂ ਹੈ।)

ਫੂਲ ਵੰਸ ਦਾ ਵੇਰਵਾ ਇਸ ਪ੍ਰਕਾਰ ਹੈ-

ਯਦੁਵੰਸੀ ਭਟੀ ਰਾਜਪੂਤਾਂ ਵਿਚ ਜੈਸਲ ਪ੍ਰਤਾਪੀ ਜੋਧਾ ਹੋਇਆ ਹੈ। ਜਿਸ ਨੇ ਸੰਮਤ ੧੦੧੩ ਵਿਚ ਜੈਸਲਮੇਰੁ ਨਗਰ ਵਸਾਇਆ। ਜੋ ਹੁਣ ਰਾਜਪੂਤਾਨੇ ਅੰਦਰ ਪ੍ਰਸਿੱਧ ਰਾਜਧਾਨੀ ਹੈ।

ਜੈਸਲ ਦੇ ਪੁੱਤਰ ਹੇਮ ਤੋਂ (ਜਿਸ ਨੂੰ ਹੇਮ ਹੇਲ ਅਤੇ ਭੀਮ ਭੀ ਆਖਦੇ ਹਨ) ਛੇਵੀਂ ਪੀੜ੍ਹੀ ਸਿੱਧੂ ਹੋਇਆ। ਜਿਸ ਤੋਂ ਸਿੱਧੂ ਗੋਤ ਚਲਿਆ।

ਸਿੱਧੂ ਤੋਂ ਨੌਵੀਂ ਪੀੜ੍ਹੀ ਬਰਾੜ ਹੋਇਆ, ਜਿਸ ਤੋਂ ਬੰਸ ਦੀ ਸੰਗਿਆ ਬਰਾੜ ਹੋਈ। ਬਰਾੜ ਤੋਂ ਬਾਰ੍ਹਵੀਂ ਪੀੜ੍ਹੀ ਪਰਮ ਪ੍ਰਤਾਪੀ ਬਾਬਾ ਫੂਲ ਜੀ ਹੋਏ, ਜਿਸ ਤੋਂ ਫੂਲ ਬੰਸ ਪ੍ਰਸਿੱਧ ਹੋਇਆ।

(ਮਹਾਨ ਕੋਸ਼ ਪਹਿਲੀ ਐਡੀਸ਼ਨ ਸਫਾ ੨੪੫੩)

ਇਸ ਫੂਲ ਦਾ ਫਲ ਰੂਪ ਪਟਿਆਲਾ, ਨਾਭਾ ਅਤੇ ਜੀਂਦ (ਸੰਗਰੂਰ) ਤਿੰਨ ਰਿਆਸਤਾਂ ਪੰਜਾਬ ਵਿਚ ਸਿੱਖਾਂ ਦਾ ਮਾਣ ਤਾਣ ਹਨ। ਪਰ ਹੁਣ ਭਾਰਤ ਸਵਤੰਤਰ ਹੋ ਜਾਣ ਉਪਰੰਤ ਇਹਨਾਂ ਦੀ ਕੋਈ ਵੱਖ ਵਿਸ਼ੇਸ਼ਤਾ ਨਹੀਂ ਰਹੀ।

(ਨੋਟ-ਇਸੇ ਭਗਤ ਬਾਣੀ ਦੇ ੨੬੮ ਪੰਨੇ 'ਪਰ ਜੋ ਹੇਠਾਂ ਫੁਟ ਨੋਟ ਹੈ, ਉਸ ਵਿਚ ਕਾਲੇ ਦੇ ਭਤੀਜਿਆਂ ਦਾ ਨਾਮ ਸੰਦਲੀ ਤੇ ਫੂਲ ਹੈ।)

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੋ ''ਸਿੱਖ ਇਤਿਹਾਸ'' ਸੰਨ ੧੯੬੦ ਜੂਨ ਵਿਚ ਛਾਪਿਆ ਹੈ, ਉਸ ਦੇ ੨੬੩ ਪੰਨੇ 'ਪਰ ਵੀ ਕਾਲੇ ਦੇ ਭਤੀਜਿਆਂ ਦਾ ਨਾਮ ਸੰਦਲੀ ਤੇ ਫੂਲ ਲਿਖਿਆ ਹੈ।

ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥ ੩ ॥

ਖਲ ਮੂਰਖ=ਅਤਿਅੰਤ ਮੂਰਖ ਤੋਂ ਪੰਡਿਤ ਕਰਦਾ ਹੈ ਅਤੇ ਪੰਡਿਤ ਤੋਂ ਅਤੀ ਮੂਰਖ ਕਰ ਦਿੰਦਾ ਹੈ। ਜਿਵੇਂ-

ਅਤਿਅੰਤ ਮੂਰਖ 'ਕਾਲੀ ਦਾਸ' ਸੀ, ਉਸ ਨੂੰ ਬੜਾ ਭਾਰੀ ਪੰਡਿਤ ਕਰ ਦਿੱਤਾ।

ਸਾਖੀ—ਕਾਲੀ ਦਾਸ ਦੀ

ਇਕ ਮਹਾਨ ਵਿਦਵਾਨ ਪੰਡਿਤ ਸੀ, ਉਸ ਦੇ ਘਰ ਇਕ ਦਿਵਜ ਸਰੂਪ ਵਾਲੀ ਕੰਨਿਆ ਪੈਦਾ ਹੋਈ ਪੁੱਤਰ ਕੋਈ ਨਹੀਂ ਸੀ। ਲੜਕੀ ਨੂੰ ਹੀ ਪੁੱਤਰ ਜਾਣ ਕੇ ਪਾਲਿਆ ਤੇ ਸਮੇਂ ਅਨੁਸਾਰ ਉਸ ਨੂੰ ਚੰਗਾ ਪੜ੍ਹਾਇਆ। ਜਦ ਵਿਦਿਆ ਵਿਚ ਨਿਪੁੰਨ ਹੋ ਗਈ ਤਾਂ ਉਸ ਦਾ ਨਾਮ ਵੀ ਵਿਦਿਆ ਰੱਖ ਦਿੱਤਾ।

ਇਕ ਦਿਨ ਇਸ ਦਾ ਪਿਤਾ ਕੁਝ ਪਾਠ ਕਰ ਰਿਹਾ ਸੀ, ਵਿਦਿਆ ਪਾਸ ਬੈਠੀ ਸੁਣ ਰਹੀ ਸੀ, ਇਕ ਜਗ੍ਹਾਂ ਉਹ ਭੁਲ ਗਿਆ ਤਾਂ ਉਸ ਲੜਕੀ ਨੇ ਹੰਕਾਰ ਦੇ ਸਹਿਤ ਕਿਹਾ—'ਅਸੁਧ ਵਕਤਬਯੰ।'

ਇਤਨੀ ਗੱਲ ਸੁਣ ਕੇ ਪਿਤਾ ਨੂੰ ਗੁੱਸਾ ਆ ਗਿਆ ਕਿ ਇਹ ਮੇਰੀ ਹੀ ਪੜ੍ਹਾਈ ਹੋਈ ਮੈਨੂੰ ਹੀ ਅਸ਼ੁੱਧ ਵਕਤਾ ਕਹਿੰਦੀ ਹੈ। ਬੋਲਿਆ—ਅਰੀ ਮੂਰਖ ! ਤੈਨੂੰ ਆਪਣੀ ਵਿਦਿਆ ਦਾ ਹੰਕਾਰ ਹੈ, ਮੈਂ ਤੇਰੀ ਸ਼ਾਦੀ ਮਹਾਂ ਜੜ੍ਹ ਨਿਰਾਖਰ ਭੱਟਾਚਾਰਜ ਦੇ ਨਾਲ ਕਰਾਂਗਾ, ਫੇਰ ਦੇਖਾਂਗਾ ਤੇਰਾ ਹੰਕਾਰ।

ਇਹ ਗੱਲ ਕਹਿ ਕੇ ਮੂਰਖ ਬ੍ਰਾਹਮਣ ਦੀ ਤਲਾਸ਼ ਕਰਨ ਲੱਗ ਪਿਆ। ਕਾਫੀ ਸਮੇਂ ਦੀ ਖੋਜ ਮਗਰੋਂ ਉਸ ਨੂੰ ਅਤੀ ਖਲ ਮਹਾਂ ਮੂਰਖ ਕਾਲੀ ਦਾਸ ਮਿਲ ਗਿਆ। ਜੋ ਸ਼ਕਲ ਦਾ ਕਾਲਾ ਤੇ ਅਕਲ ਦਾ ਵੀ ਕਾਲਾ ਸੀ। ਉਸ ਨਾਲ ਆਪਣੀ ਕੰਨਿਆਂ ਵਿਆਹ ਦਿੱਤੀ।

ਸ਼ਾਦੀ ਤੋਂ ਮਗਰੋਂ ਲੜਕੀ ਆਪਣੇ ਘਰ ਜਾ ਕੇ ਕਾਲੀ ਦਾਸ ਨੂੰ ਪੁੱਛਣ ਲਗੀ-

''ਕਸ ਮਨ ਸ਼ਾਸਤਰੋ ਅਧੀਤਾਮ' ਦੋ ਤਿੰਨ ਵਾਰੀ ਪੁਛਿਆ ਪਰ ਕਾਲੀ ਦਾਸ ਤਾਂ ਅਤੀ ਮੂਰਖ ਸੀ, ਕੁਝ ਨਾ ਸਮਝਿਆ। ਵਿਦਿਆ ਦੇ ਮੂੰਹ ਵੱਲ ਵੇਖੀ ਜਾਵੇ ਕਿ ਇਹ ਕੀ ਬੋਲਦੀ ਹੈ। ਅਖੀਰ ਸ਼ਾਸਤ੍ਰ ਪ੍ਰਵਿਰਤੀ ਕੰਨਿਆਂ ਜਾਣ ਗਈ ਕਿ ਇਹ ਤਾਂ ਅਤੀ ਮੂਰਖ ਹੈ। ਕ੍ਰੋਧ ਨਾਲ ਉਸ ਨੂੰ ਉਪਰੋਂ ਬਾਰੀ ਵਿਚੋਂ ਹੇਠਾਂ ਸੁਟ ਦਿੱਤਾ। ਹੇਠਾਂ ਦੇਵੀ ਦਾ ਮੰਦਰ ਸੀ, ਕਾਲੀ ਦਾਸ ਉਸ ਦੇ ਉਪਰ ਡਿੱਗਿਆ ਨੱਕ ਅਤੇ ਮੂੰਹ ਤੋਂ ਖੂਨ ਵਹਿ ਤੁਰਿਆ। ਇਤਨੇ ਵਿਚ ਹੀ ਦੇਵੀ ਪ੍ਰਸੰਨ ਹੋ ਕੇ ਪ੍ਰਗਟ ਹੋ ਗਈ ਤੇ ਆਖਦੀ ਹੈ—'ਬਰੰਬਰੂਹ' ਵਰ ਮੰਗ ਤੂੰ ਕੀ ਚਾਹੁੰਦਾ ਹੈਂ ? ਕਾਲੀ ਦਾਸ ਨੇ ਸਮਝਿਆ ਕਿ ਦੇਵੀ ਪੁਛਦੀ ਹੈ ਤੈਨੂੰ ਕਿਸ ਨੇ ਮਾਰਿਆ ਹੈ। ਉਸ ਨੇ ਕਿਹਾ—''ਵਿਦਿਆ'' ''ਵਿਦਿਆ''

ਭਾਵ, ਮੈਨੂੰ ਵਿਦਿਆ ਨੇ ਧੱਕਾ ਦਿੱਤਾ ਹੈ।

ਦੇਵੀ ਨੇ ਜਾਣਿਆਂ ਕਿ ਇਹ ਵਿਦਿਆ ਵਾਸਤੇ ਵਰ ਮੰਗਦਾ ਹੈ, ਦੇਵੀ ਨੇ ਕਿਹਾ-'ਤਥਾ ਅਸਤੂ' ਉਸੀ ਵੇਲੇ ਚੌਦਾਂ ਪ੍ਰਕਾਰ ਦੀ ਜੋ ਵਿਦਿਆ ਹੈ, ਉਹ ਸਾਰੀ ਸਫੁਰਨ ਹੋ ਗਈ।

ਵਿਦਿਆ ਦੇ ਸਫੁਰਨ ਹੋਣ ਨਾਲ ਆਪਣੀ ਘਰ ਵਾਲੀ ਵਿਦਿਆ ਪਾਸ ਆ ਕੇ ਕਹਿਣ ਲੱਗਾ-

'ਅਪੀ ਪਿਤਾ ਗੁਰੂ ਧਿਕਾਰਨੀ ਪੂਛ ਤਬਯੰ'

ਵਿਦਿਆ ਹੈਰਾਨ ਹੋ ਕੇ ਪੁੱਛਣ ਲੱਗੀ-ਇਹ ਵਿੱਦਿਆ ਕਿਥੋਂ ਪਾਈ ? ਤਾਂ ਉਸ ਨੇ ਦੇਵੀ ਮਾਤਾ ਦਾ ਵਰ ਦੱਸਿਆ ਕਿ ਦੇਵੀ ਮਾਤਾ ਦੀ ਕਿਰਪਾ ਕਰਕੇ ਪਾਈ ਹੈ। ਇਸ ਵਜ੍ਹਾ ਨਾਲ ਉਹ ਪਰਮੇਸ਼ਰ ਅਤੀਅੰਤ ਮੂਰਖਾਂ ਨੂੰ ਪੰਡਿਤ ਕਰ ਦੇਂਦਾ ਹੈ ਅਤੇ ਕਈਆਂ ਤੋਂ ਚੰਗਾ ਵਿਦਵਾਨ ਪੰਡਿਤ ਅਜਾਮਲ ਸੀ, ਉਸ ਨੂੰ ਵੇਸਵਾ ਦੇ ਸੰਗ ਹੋਣ ਕਰਕੇ ਅਤੀਅੰਤ ਮੂਰਤ ਕਰ ਦਿੱਤਾ। *ਅਥਵਾ-*

ਸਾਖੀ—ਮੂਰਖ ਝੀਵਰ ਦੀ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਿਸ ਵੇਲੇ ਪੰਜੋਖਰੇ ਪਿੰਡ ਵਿਚ ਗਏ ਹਨ ਤਾਂ **'ਲਾਲ ਚੰਦ'** ਨਾਮੇ ਹੰਕਾਰੀ ਬ੍ਰਾਹਮਣ ਨੇ ਆ ਕੇ ਕਿਹਾ, ਕਿ ਆਪ ਤਾਂ ਗੀਤਾ ਦਾ ਪਾਠ ਵੀ ਨਹੀਂ ਸੁਣਾ ਸਕਦੇ ਤੇ ਪੂਜਾ 'ਬੜੀ ਕਰਵਾ ਰਹੇ ਹੋ, ਇਹ ਆਪ ਜੀ ਨੂੰ ਯੋਗਤਾ ਨਹੀਂ ਤਾਂ ਗੁਰੂ ਜੀ ਨੇ ਕਿਹਾ, ਗੀਤਾ ਦਾ ਪਾਠ ਜੇ ਅਸੀਂ ਸੁਣਾਇਆ ਤਾਂ ਕੋਈ ਵੱਡੀ ਗੱਲ ਨਹੀਂ, ਤੂੰ ਜਿਸ ਨੂੰ ਭੀ ਲੈ ਆਵੇਂਗਾ ਗੀਤਾ ਦਾ ਪਾਠ ਤਾਂ ਉਹ ਭੀ ਸੁਣਾ ਸਕਦਾ ਹੈ।

ਇਹ ਗੱਲ ਸੁਣ ਕੇ ਉਸ (ਲਾਲ ਚੰਦ ਬ੍ਰਾਹਮਣ) ਨੇ ਇਕ ਕਾਲੇ ਕਿਟ ਭੜਭੂੰਜੇ ਨੂੰ ਫੜ ਲਿਆਂਦਾ। (ਕਈ ਆਖਦੇ ਹਨ-ਛੱਜੂ ਨਾਮੇ ਝੀਵਰ ਨੂੰ ਉਸ ਲਾਲ ਚੰਦ ਬ੍ਰਾਹਮਣ ਨੇ ਫੜ ਲਿਆਂਦਾ।) ਆਖਣ ਲੱਗਾ ਇਸ ਦੇ ਪਾਸੋਂ ਗੀਤਾ ਦਾ ਪਾਠ ਸੁਣਵਾਓ।

ਗੁਰੂ ਜੀ ਨੇ ਆਪਣੇ ਪਵਿੱਤਰ ਹਸਤ ਕਮਲਾਂ ਦੀ ਸੋਟੀ ਉਸ ਦੇ ਸਿਰ 'ਤੇ ਰੱਖ ਕੇ ਕਿਹਾ-ਬੇਟਾ ! ਅੱਜ ਗੀਤਾ ਦਾ ਪਾਠ ਚੰਗੀ ਤਰ੍ਹਾਂ ਸੁਣਾ ਤਾਂ ਉਸ ਨੇ ਐਸਾ ਪਾਠ ਸਰਲ ਸੁਣਾਇਆ ਜੋ ਸਾਰੇ ਬ੍ਰਾਹਮਣ ਹੈਰਾਨ ਹੋ ਕੇ ਕਹਿਣ ਲੱਗ ਪਏ ਕਿ ਇਸ ਨੂੰ ਤਾਂ ਇਕ ਅੱਖਰ ਵੀ ਨਹੀਂ ਸੀ ਆਉਂਦਾ, ਇਹ ਗੀਤਾ ਦਾ ਪਾਠ ਕਿਵੇਂ ਕਰ ਗਿਆ ਹੈ, ਬਲਕਿ ਹੋਰ ਭੀ ਜਿਤਨੇ ਪ੍ਰਸ਼ਨ ਬ੍ਰਾਹਮਣਾਂ ਦੇ ਮਨ ਵਿਚ ਸਨ, ਉਹ ਆਪ ਹੀ ਕਹਿ ਕੇ ਸਾਰਿਆਂ ਦੇ ਉੱਤਰ ਦੇ ਦਿੱਤੇ।

ਸ਼ੰਕਾ ਦਸਕ ਹੁਤੀ ਦਿਜ ਮਨ ਮੈਂ। ਤਿਨ ਬੀਸਕ ਭਾਖੀ ਤਿਹ ਛਿਨ ਮੈਂ।

ਇਸ ਰੀਤੀ ਨਾਲ ਗੁਰੂ ਜੀ ਨੇ ਅਤੀ ਮੂਰਖ ਭੜਭੂੰਜੇ ਨੂੰ ਪੰਡਿਤ ਕਰ ਦਿੱਤਾ। ਫਿਰ ਆਪਣੀ ਸੋਟੀ ਉਸ ਦੇ ਸਿਰ ਤੋਂ ਚੁੱਕ ਕੇ ਉਸ ਨੂੰ ਪੰਡਿਤ ਤੋਂ ਮੂਰਖ ਕਰ ਦਿੱਤਾ॥ ੩॥

(ਇਹ ਪ੍ਰਸੰਗ ਗੁਰ ਪ੍ਰਤਾਪ ਸੂਰਜ ਰਾਸਿ ੧੦ ਅੰਸੂ ੩੮ ਵਿਚ ਪੜ੍ਹੋ।)

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥

ਜੋ ਪਰਮਾਤਮਾ ਇਸਤ੍ਰੀ ਤੋਂ ਆਦਮੀ ਕਰ ਦੇਂਦਾ ਹੈ ਅਤੇ ਜੋ ਆਦਮੀ ਤੋਂ ਇਸਤ੍ਰੀ ਕਰ ਦੇਂਦਾ ਹੈ।

ਪਹਿਲੀ ਸਾਖੀ—ਨਾਰਦ ਮੁਨੀ ਦੀ

ਇਕ ਸਮੇਂ ਨਾਰਦ ਮੁਨੀ ਜੀ ਨੇ ਵਿਸ਼ਨੂੰ ਭਗਵਾਨ ਪਾਸ ਆ ਕੇ ਕਿਹਾ ਮੈਨੂੰ ਆਪਣੀ ਮਾਇਆ ਦਿਖਾਓ। ਵਿਸ਼ਨੂੰ ਭਗਵਾਨ ਜੀ ਨੇ ਕਿਹਾ—ਹੇ ਨਾਰਦ ! ਤੂੰ ਮੇਰੀ ਮਾਇਆ ਨਾ ਵੇਖ। ਇਸ ਤਰ੍ਹਾਂ ਕਹਿ ਕੇ ਟਾਲ ਦਿੱਤਾ ਤਾਂ ਨਾਦਰ ਮੁਨੀ ਜੀ ਨਮਸ਼ਕਾਰ ਕਰਕੇ ਉੱਠ ਆਏ। ਆਉਂਦਿਆਂ ੨ ਰਾਹ ਵਿਚ ਇਕ ਨਦੀ ਆਈ ਕਪੜੇ ਲਾਹ ਕੇ ਉਸ ਵਿਚ ਇਸ਼ਨਾਨ ਕੀਤਾ।

ਜਦ ਨਾਰਦ ਜੀ ਨਦੀ ਚੋਂ ਬਾਹਰ ਨਿਕਲੇ ਤਾਂ ਕਪੜੇ ਅਤੇ ਸਰੀਰ ਦੇ ਸਾਰੇ ਅੰਗ ਇਸਤ੍ਰੀਆਂ ਵਾਲੇ ਹੋ ਗਏ। ਬੜੀ ਹੈਰਾਨੀ ਵਿਚ ਓਥੇ ਬੈਠੇ ਸੋਚਾਂ ਸੋਚਣ ਲੱਗ ਪਏ। ਇਤਨੇ ਨੂੰ ਇਕ ਰਾਜਾ ਓਥੋਂ ਆ ਲੰਘਿਆ। ਸੁੰਦਰ ਔਰਤ ਨੂੰ ਇਕੱਲਿਆਂ ਬੈਠਾ ਦੇਖ ਕੇਂ ਨਾਲ ਲੈ ਆਇਆ। ਆਪਣੇ ਮੰਦਰਾਂ ਵਿਚ ਪਟਰਾਣੀਆਂ ਵਾਂਗੂ ਸਮਝ ਕੇ ਉਸ ਨਾਲ ਗ੍ਰਹਿਸਤ ਵਾਲਾ ਵਿਹਾਰ ਕਰਨ ਲੱਗ ਪਿਆ। ਕਿਤਨਾਂ ਹੀ ਸਮਾਂ ਓਥੇ ਰਹਿੰਦਿਆਂ ਗੁਜ਼ਰ ਗਿਆ,

ਜੋ ਨਾਰਦ ਰੂਪੀ ਔਰਤ 'ਚੋਂ ੧੨ ਕੰਨਿਆਂ ਤੇ ੬੦ ਪੁੱਤਰ ਪੈਦਾ ਹੋ ਗਏ।

ਦੇਵਨੇਤ ਨਾਲ ਫਿਰ ਕਿਸੀ ਸਮੇਂ ਉਸ ਨਾਰਦ ਰੂਪੀ ਔਰਤ ਨੇ ਘਰੋਂ ਨਿਕਲ ਕੇ ਉਸੇ ਨਦੀ 'ਪਰ ਆ

ਕ੍ਰੇ ਇਸ਼ਨਾਨ ਕੀਤਾ। ਜਦ ਬਾਹਰ ਨਿਕਲੀ ਤਾਂ ਕੀ ਵੇਖਦੀ ਹੈ ਕਿ-ਸਰੀਰ ਦੇ ਸਾਰੇ ਅੰਗ ਅਤੇ ਬਸਤ੍ਰ ਮਰਦਾਂ ਵਾਲੇ ਹੋ ਗਏ ਹਨ।

ਉਸ ਵੇਲੇ ਚਿੱਤ ਵਿਚ ਬੜੀ ਹੈਰਾਨੀ ਹੋਈ ਤੇ ਨਾਰਦ ਜੀ ਬਸਤ੍ਰ ਪਾ ਕੇ ਭਗਵਾਨ ਜੀ ਪਾਸ ਆ ਗਏ ਅੱਗੋਂ ਭਗਵਾਨ ਜੀ ਬਿਨੋਦ ਕੇ ਲੀਏ ਨਾਰਦ ਨੂੰ ਸੈਲ ਕਰਨ ਦੇ ਬਹਾਨੇ ਓਸੇ ਟਿਕਾਣੇ 'ਪਰ ਲੈ ਆਏ, ਜਿਥੇ ਰਾਜਾ ਰਹਿੰਦਾ ਸੀ ਤੇ ਨਾਰਦ ਰੂਪੀ ਔਰਤ ਨੇ ਲੜਕੇ ਲੜਕੀਆਂ ਪੈਦਾ ਕੀਤੇ ਸਨ।

ਵਿਸ਼ਨੂੰ ਭਗਵਾਨ ਜੀ ਨਾਲ ਨਾਰਦ ਨੂੰ ਵੇਖ ਕੇ ਉਹ ਲੜਕੇ ਲੜਕੀਆਂ ਆ ਚਿੰਮੜੇ ਤੇ ਵਿਸ਼ਨੂੰ ਨੂੰ ਆਖਦੇ ਹਨ, ''ਤੂੰ ਪੁਰਸ਼ਾਂ ਵਾਲੇ ਕਪੜੇ ਪੁਆ ਕੇ ਸਾਡੀ ਮਾਂ ਨੂੰ ਨਾਲ ਲਈ ਫਿਰਦਾ ਹੈਂ।'' ਤਾਂ ਵਿਸ਼ਨੂੰ ਜੀ ਨਾਰਦ ਮੁਨੀ ਵਲ ਤੱਕ ਕੇ ਹੱਸਦੇ ਹਨ ਤੇ ਆਖਦੇ ਹਨ-ਨਾਰਦ ! ਇਹ ਬੱਚੇ ਕੀ ਕਹਿੰਦੇ ਹਨ ? ਪਰ ਨਾਰਦ ਬੜਾ ਹੈਰਾਨ ਹੋਇਆ ਚੁੱਪ ਖੜ੍ਹਾ ਰਿਹਾ ਤਾਂ ਭਗਵਾਨ ਜੀ ਨੇ ਕਿਹਾ-ਹੇ ਨਾਰਦ ! ਮੇਰੀ ਹੋਰ ਮਾਇਆ ਵੇਖਣੀ ਹੈ ? ਤਾਂ ਨਾਰਦ ਚਰਨੀਂ ਪੈ ਕੇ ਕਹਿੰਦਾ ਹੈ, ਬਖਸ਼ ਲਓ ! ਪੁਨਾ- ਨਾਰਦ ਮੁਨੀ ਨੇ ਕਿਹਾ, ਮਹਾਰਾਜ ! ਠੀਕ ਇਹ ਬੱਚੇ ਮੇਰੇ ਹਨ, ਪਰੰਤੂ ਆਪ ਹੁਣ ਕਿਰਪਾ ਕਰਕੇ ਇਨ੍ਹਾਂ ਨੂੰ ਕੋਈ ਮੁਰਾਤਬਾ ਬਖਸ਼ੋ। ਉਸ ਵੇਲੇ ਵਿਸ਼ਨੂੰ ਜੀ ਨੇ ''੧੨ ਕੰਨਿਆਂ ਤੋਂ ਬਾਰਾਂ ਰਾਸਾਂ ਬਣਾਈਆਂ ਤੇ ੬੦ ਪੁੱਤਰਾਂ ਤੋਂ ਸਠ ਸ਼ੰਮਤੀ ਬਣਾਈ'' ਇਸ ਵਜ੍ਹਾ ਨਾਲ ਨਾਰਦ ਮੁਨੀ ਨੂੰ ਪਹਿਲੇ ਪੁਰਸ਼ ਤੋਂ ਨਾਰੀ ਕੀਤਾ ਤੇ ਫਿਰ ਨਾਰੀ ਤੋਂ ਪੁਰਸ਼ ਕੀਤਾ।

ਦੂਜੀ ਸਾਖੀ—ਮਨੂ ਰਾਜੇ ਦੀ

ਮਨੂ ਨਾਮੇ ਇਕ ਰਾਜਾ ਹੋਇਆ ਹੈ, ਉਸ ਦੇ ਘਰ ਸੰਤਾਨ ਨਹੀਂ ਸੀ। ਉਸ ਨੇ ਵਸ਼ਿਸ਼ਟ ਮਹਾਰਾਜ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਕੋਈ ਐਸਾ ਉਪਾਅ ਦੱਸੋ, ਜਿਸ ਨਾਲ ਮੇਰੇ ਘਰ ਲੜਕਾ ਪੈਦਾ ਹੋਵੇ।

ਵਸ਼ਿਸ਼ਟ ਜੀ ਨੇ ਮਨੂ ਰਾਜੇ ਦੀ ਕਾਮਨਾਂ ਪੂਰਨ ਕਰਨ ਵਾਸਤੇ ਯੱਗ ਅਰੰਭ ਕੀਤਾ। ਪਰ ਮਨੂ ਰਾਜੇ ਦੇ ਘਰ ਵਾਲੀ ਰਾਣੀ ਦੇ ਚਿੱਤ ਵਿਚ ਤੀਬਰ ਖਿਆਲ ਇਹ ਸੀ ਕਿ ਲੜਕੀ ਪੈਦਾ ਹੋਵੇ। ਰਾਣੀ ਨੇ ਆਹੂਤੀਆਂ ਪਾਣ ਵਾਲੇ ਪੰਡਿਤਾਂ ਨੂੰ ਧਨ ਦਾ ਕੁਝ ਕੁ ਲਾਲਚ ਦੇ ਕੇ ਕੰਨਿਆਂ ਦੇ ਨਾਂ 'ਪਰ ਆਹੂਤੀਆਂ ਪਵਾਈਆਂ । ਇਸ ਤੇ ਯੱਗ ਸਮਾਪਤੀ ਪਿੱਛੋਂ ਸਮੇਂ ਅਨੁਸਾਰ ਰਾਜੇ ਦੇ ਘਰ ਲੜਕੀ ਪੈਦਾ ਹੋਈ। ਰਾਣੀ ਤਾਂ ਬਹੁਤ ਪ੍ਰਸੰਨ ਹੋਈ ਪਰ ਰਾਜੇ ਦਾ ਚਿੱਤ ਖੁਸ਼ ਨਾ ਹੋਇਆ। ਰਾਜੇ ਨੇ ਵਸ਼ਿਸ਼ਟ ਜੀ ਨੂੰ ਆ ਕੇ ਉਪਾਲੰਬ (ਉਲਾਂਭਾ) ਦਿੱਤਾ, ਕਿ ਮੇਰਾ ਤਾਂ ਸੰਕਲਪ ਪੂਰਾ ਨਹੀਂ ਹੋਇਆ ਕਿਉਂਕਿ ਕੰਨਿਆਂ ਪੈਦਾ ਹੋ ਗਈ ਹੈ।

ਉਸ ਵੇਲੇ ਵਸ਼ਿਸ਼ਟ ਜੀ ਨੇ ਆਪਣੇ ਮੰਤਰਾਂ ਦੀ ਸ਼ਕਤੀ ਦੁਵਾਰਾ ਕੰਨਿਆਂ ਤੋਂ ਪੁਰਖ ਪੈਦਾ ਕਰਕੇ ਉਸ ਦਾ ਨਾਂ ''ਸਦਯ਼ਮਨ'' ਰੱਖ ਦਿੱਤਾ।

ਇਕ ਦਿਨ ਉਹ ਰਾਜ ਪੁੱਤਰ ਸ਼ਿਕਾਰ ਖੇਡਦਾ ਹੋਇਆ ਹਿਮਾਲੇ ਪਰਬਤ 'ਪਰ ਜਾ ਪਹੁੰਚਾ। ਹਿਮਾਲੇ ਪਰਬਤ 'ਪਰ ਜਾਂਦਿਆਂ ਸਾਰ ਹੀ ਫਿਰ ਉਹ ਪੁਰਸ਼ ਤੋਂ ਇਸਤ੍ਰੀ ਰੂਪ ਹੋ ਗਿਆ ਕਿਉਂਕਿ ਹਿਮਾਲੇ ਪਰਬਤ 'ਪਰ *ਪਾਰਬਤੀ ਦਾ ਸਰਾਪ ਹੈ ਕਿ ਜੋ ਆਦਮੀ ਇਥੇ ਆਵੇਗਾ ਉਹ ਇਸਤਰੀ ਰੂਪ ਹੋ ਜਾਵੇਗਾ।

ਚੰਦ੍ਰਮਾ ਦਾ ਪੁੱਤ੍ਰ ਜੋ 'ਬੁੱਧ' ਹੈ ਉਹ ਆਪਣੇ ਘਰ ''ਸਦਜੁਦਨ'' ਜੋ (ਕੰਨਿਆਂ ਰੂਪ ਹੋ ਗਈ) ਉਸ ਨੂੰ

---

*ਇਸ ਤਰ੍ਹਾਂ ਦਾ ਸਰਾਪ ਪਾਰਬਤੀ ਨੇ ਇਸ ਕਰਕੇ ਦਿੱਤਾ ਹੋਇਆ ਹੈ ਕਿ ਇਕ ਦਿਨ ਸ਼ਿਵ ਜੀ ਪਾਰਬਤੀ ਇਕੱਠੇ ਬੈਠੇ ਗ੍ਰਿਹਸਤ ਵਾਲਾ ਵਿਹਾਰ ਕਰ ਰਹੇ ਸਨ ਤੇ ਚਾਰੇ ਭਾਈ ਸਨਕਾਦਕ ਓਥੇ ਆ ਪਹੁੰਚੇ ਪਾਰਬਤੀ ਨੂੰ ਬੜੀ ਸ਼ਰਮ ਆਈ, ਉਸ ਦਿਨ ਤੋਂ ਪਾਰਬਤੀ ਨੇ ਸਰਾਪ ਦੇ ਦਿੱਤਾ ਕਿ ਜੋ ਆਦਮੀ ਇਥੇ ਆਵੇਗਾ ਉਹ ਇਸਤ੍ਰੀ ਰੂਪ ਹੋ ਜਾਵੇਗਾ।
ਕਿਉਂਕਿ ਇਸਤ੍ਰੀ ਪਾਸੋਂ ਇਸਤ੍ਰੀ ਨੂੰ ਸੰਕੋਚ ਨਹੀਂ ਹੁੰਦਾ।

ਲੈ ਗਿਆ। ਮਨੂ ਰਾਜਾ ਆਪਣੇ ਪੁੱਤਰ ਨੂੰ ਲੱਭਦਾ ਲੱਭਦਾ ਜਦ 'ਬੁੱਧ' ਦੇ ਘਰ ਪਹੁੰਚਾ ਤਾਂ ਉਸ ਨੂੰ ਪੁੱਤਰ ਮਿਲ ਗਿਆ ਤੇ ਸਾਰੀ ਗੱਲ ਦਾ ਪਤਾ ਲੱਗਾ। ਤਿਸ ਵੇਲੇ ਮਨੂ ਰਾਜਾ ਆਪਣੇ ਪੁੱਤਰ ਨੂੰ ਨਾਲ ਲੈ ਕੇ ਵਸ਼ਿਸ਼ਟ ਜੀ ਦੀ ਰਾਹੀਂ ਸ਼ਿਵ ਜੀ ਪਾਸ ਲੈ ਗਏ ਤੇ ਬੇਨਤੀ ਕੀਤੀ ਇਸ ਨੂੰ ਲੜਕਾ ਬਣਾ ਦਿਓ, ਸ਼ਿਵਾਂ ਆਖਿਆ ਇਹ ਕੰਮ ਪਾਰਬਤੀ ਦਾ ਹੈ ਤੁਸੀਂ ਪਾਰਬਤੀ ਪਾਸ ਜਾਓ। ਉਸ ਵੇਲੇ ਮਨੂ ਰਾਜੇ ਨੇ ਪਾਰਬਤੀ ਪਾਸ ਆ ਕੇ ਬੇਨਤੀ ਕੀਤੀ ਤਾਂ ਪਾਰਬਤੀ ਨੇ ਕਿਹਾ, "ਇਕ ਮਹੀਨਾ ਆਦਮੀ ਹੋ ਕੇ ਅਦਾਲਤ ਕਰੇਗਾ ਅਤੇ ਇਕ ਮਹੀਨਾ ਇਸਤ੍ਰੀ ਰੂਪ ਹੋ ਕੇ ਰਾਣੀਆਂ ਦੇ ਅਸਥਾਨ 'ਪਰ ਰਹੇਗੀ।"

ਉਸ ਦਿਨ ਤੋਂ ਮਨੂ ਰਾਜੇ ਦਾ ਪੁੱਤਰ ਨਾਰੀ ਤੋਂ ਪੁਰਸ਼ ਤੇ ਪੁਰਸ਼ ਤੋਂ ਨਾਰੀ ਹੋ ਜਾਂਦਾ ਰਿਹਾ ਹੈ।

ਤੀਜੀ ਸਾਖੀ—ਦ੍ਰੂਪਦ ਰਾਜੇ ਦੀ

ਦ੍ਰੂਪਦ ਰਾਜਾ ਦੇ ਘਰ ਇਕ ਕੰਨਿਆਂ ਪੈਦਾ ਹੋਈ ਲੇਕਿਨ ਰਾਜੇ ਨੇ ਉਸ ਨੂੰ ਪੁੱਤਰ ਸਮਝ ਕੇ ਪਾਲਿਆ ਅਤੇ ਉਸ ਦਾ ਨਾਮ ਸਖੰਡੀ ਰੱਖਿਆ। ਸਮਾਂ ਪਾ ਕੇ ਜਿਸ ਵੇਲੇ ਵੱਡਾ ਹੋਇਆ ਤਾਂ ਉਸ ਲਈ ਨਾਤਾ ਆ ਗਿਆ, ਰਾਜਾ ਦ੍ਰੂਪਦ ਨੇ ਮੋੜਿਆ ਨਾ, ਪੁੱਤਰ ਕਰਕੇ ਸਖੰਡੀ ਦਾ ਵਿਆਹ ਕਰ ਦਿੱਤਾ।

ਜਦ ਇਸਤ੍ਰੀ ਭਰਤਾ ਦੋਨੋਂ ਇਕੱਠੇ ਹੋਏ ਤਾਂ ਲੜਕੀ ਨੂੰ ਪਤਾ ਲੱਗਾ ਕਿ ਜਿਸ ਨਾਲ ਮੇਰਾ ਵਿਆਹ ਹੋਇਆ ਹੈ, ਉਹ ਤਾਂ ਅੱਗੇ ਹੀ ਲੜਕੀ ਹੈ। ਉਸ ਨੇ ਆਪਣੇ ਮਾਪਿਆਂ ਨੂੰ ਆ ਕੇ ਆਖਿਆ, ਮੇਰਾ ਵਿਆਹ ਤੁਸੀਂ ਕਿਸ ਲੜਕੇ ਨਾਲ ਕੀਤਾ ਹੈ, ਉਹ ਤਾਂ ਲੜਕੀ ਹੈ।

ਤਿਸ ਵੇਲੇ ਲੜਕੀ ਦੇ ਪਿਤਾ ਨੇ ਆਪਣੇ ਜਵਾਈ (ਸਖੰਡੀ) ਦੇ ਸਿਰ ਵੱਢਣ ਦੀ ਵਿਉਂਤ ਬਣਾਈ। ਜਿਸ ਵੇਲੇ ਮਾਰਨ ਨੂੰ ਆਇਆ ਤਾਂ ਸਖੰਡੀ ਦੌੜ ਕੇ ਕੁਬੇਰ ਦੇ ਬਾਗ ਵਿਚ ਲੁਕ ਗਿਆ। ਬਾਗਵਾਨ ਨੂੰ ਆਪਣਾ ਸਾਰਾ ਹਾਲ ਸੁਣਾਇਆ। ਉਸ ਨੂੰ ਦਇਆ ਆਈ ਤੇ ਬਾਗਵਾਨ ਨੇ ਆਪਣਾ ਪੁਰਖ ਸਰੂਪ ਸਖੰਡੀ ਨੂੰ ਦੇ ਦਿੱਤਾ ਤੇ ਉਸ ਦਾ ਨਾਰੀ ਸਰੂਪ ਆਪ ਲੈ ਲਿਆ। ਸਖੰਡੀ ਆਪਣੇ ਘਰ ਆ ਕੇ ਆਪਣੀ ਸੁਪਤਨੀ ਨੂੰ ਸਦਾਕੇ ਸਹੁਰੇ ਦੀ ਪ੍ਰਸੰਨਤਾ ਨਾਲ ਰਹਿਣ ਲੱਗ ਪਿਆ। ਜਿਸ ਵੇਲੇ ਕੁਬੇਰ ਸੈਰ ਕਰਨ ਨੂੰ ਬਗੀਚੇ ਵਿਚ ਆਇਆ ਤਾਂ ਮਾਲੀ ਅੱਗੋਂ ਉੱਠਿਆ ਨਾ। ਕੁਬੇਰ ਨੇ ਪੁੱਛਿਆ, ਅੱਜ ਕੀ ਗੱਲ ਹੈ ਅੱਗੇ ਤੂੰ ਰੋਜ਼ ਉੱਠਦਾ ਸੀ ਅੱਜ ਨਹੀਂ ਉੱਠਿਆ? ਉਸ ਵੇਲੇ ਮਾਲੀ ਨੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ, "ਕਿ ਮੈਂ ਅੱਜ ਇਸਤ੍ਰੀ ਰੂਪ ਹੋ ਗਿਆ ਹਾਂ। ਕੁਬੇਰ ਨੇ ਕਿਹਾ, ਚੰਗਾ! ਫਿਰ ਤੂੰ ਇਸਤ੍ਰੀ ਬਣੀ ਰਹੁ ਤੇ ਸਖੰਡੀ ਪੁਰਖ ਬਣਿਆ ਰਹੇ ਤਾਂ ਇਸ ਵਿਚ ਤੇਰਾ ਪਰਉਪਕਾਰ ਹੈ।"

ਵੇਖੋ! ਸਖੰਡੀ ਤਾਂ ਨਾਰੀ ਤੋਂ ਆਦਮੀ ਹੋ ਗਿਆ ਤੇ ਬਾਗਵਾਨ ਆਦਮੀ ਤੋਂ ਨਾਰੀ ਹੋ ਗਿਆ।

ਇਹ ਸਭ ਪਰਮੇਸ਼ਰ ਦੀ ਲੀਲ੍ਹਾ ਹੈ, ਉਸ ਦੀ ਲੀਲ੍ਹਾ ਨੂੰ ਕੋਈ ਜਾਣ ਨਹੀਂ ਸਕਦਾ।

ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥ ੪॥ ੨॥

ਕਬੀਰ ਜੀ ਕਹਿੰਦੇ ਹਨ- ਜੋ ਪਰਮਾਤਮਾ ਸੰਤਾਂ ਦਾ ਪ੍ਰੀਤਮ ਹੈ, ਉਸ ਮੂਰਤੀ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।। ੪।। ੨।।

ਸਾਰੰਗ ਬਾਣੀ ਨਾਮਦੇਉ ਜੀ ਕੀ
੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ—ਕੋਈ ਵਿਸ਼ੱਈ ਪੁਰਸ਼ ਸਬੰਧੀਆਂ ਦੇ ਮੋਹ ਵਿਚ ਫਸਿਆ ਹੋਇਆ ਮਾਇਆ ਦੇ ਇਕੱਤ੍ਰ

ਕਰਨ ਵਿਚ ਲੱਗ ਕੇ ਸਤਸੰਗ ਅਤੇ ਭਜਨ ਸਿਮਰਨ ਤੋਂ ਬੇਮੁਖ ਸੀ, ਉਸ ਨੂੰ ਉਪਦੇਸ਼ ਦੇਣਾ ਕਰਦੇ ਹਨ:-

ਕਾਏਂ ਰੇ ਮਨ ਬਿਖਿਆ ਬਨ ਜਾਇ ॥ ਭੂਲੌ ਰੇ ਠਗਮੂਰੀ ਖਾਇ ॥੧ ॥ਰਹਾਉ ॥

ਹੇ ਮਨ ! ਤੂੰ ਕਿਸ ਵਾਸਤੇ ਵਿਸ਼ਿਆਂ ਰੂਪੀ ਜੰਗਲ ਵਿਚ ਜਾਂਦਾ ਹੈਂ।

ਹੇ ਭਾਈ ! ਤੂੰ ਵਾਹਿਗੁਰੂ ਤੋਂ ਭੁਲਾ ਹੋਇਆ ਇਸਤ੍ਰੀ, ਪੁੱਤਰ ਆਂਦਿਕਾਂ ਦੇ ਮੋਹ ਰੂਪੀ ਠੱਗ ਬੂਟੀ ਨੂੰ ਖਾ ਰਿਹਾ ਹੈਂ।*

ਜੈਸੇ ਮੀਨੁ ਪਾਨੀ ਮਹਿ ਰਹੈ ॥ ਕਾਲ ਜਾਲ ਕੀ ਸੁਧਿ ਨਹੀ ਲਹੈ ॥

ਜਿਸ ਤਰ੍ਹਾਂ ਮੀਨੁ=ਮੱਛੀ ਜਲ ਵਿਚ ਰਹਿੰਦੀ ਹੋਈ, ਕਾਲ ਦੇ ਜਾਲ=ਫਾਹ ਦੀ, ਸੁਧਿ=ਖ਼ਬਰ ਨਹੀਂ ਲੈਂਦੀ। ਉਸੇ ਤਰ੍ਹਾਂ ਜੀਵ ਰੂਪੀ ਮੱਛੀ ਪਦਾਰਥਾਂ ਰੂਪ ਪਾਣੀ ਵਿਚ ਰਹਿੰਦੀ ਹੋਈ ਕਾਲ ਦੀ ਖ਼ਬਰ ਨਹੀਂ ਰੱਖਦੀ।

ਯਥਾ- ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ ੧ ॥ *(ਪੰਨਾ ੫੫)*

ਜਿਹਬਾ ਸੁਆਦੀ ਲੀਲਿਤ ਲੋਹ ॥

ਅਤੇ ਜੀਭ ਦੇ ਸੁਆਦ ਪਿੱਛੇ, ਅਰਥਾਤ—ਮਾਸ ਦੀ ਬੋਟੀ ਖਾਣ ਦੇ ਲਾਲਚ ਕਰਕੇ ਮੱਛੀ ਲੋਹ=ਲੋਹੇ ਦੀ ਕੁੰਡੀ ਨੂੰ ਲੀਲਿਤ=ਨਿਗਲ ਜਾਂਦੀ ਹੈ।

ਤੈਸੇ ਜੀਵ ਜਿਹਵਾ ਦੇ ਸੁਆਦ ਕਰਕੇ ਭਾਵ ਕਈ ਤਰ੍ਹਾਂ ਦੇ ਪਦਾਰਥਾਂ ਦੇ ਸੁਆਦ ਕਰਕੇ, ਵਾ:-ਵਿਸ਼ੇ ਸੁਆਦ ਕਰਕੇ ਇਸਤਰੀ ਰੂਪ ਕੁੰਡੀ ਨੂੰ ਨਿਗਲਦਾ ਹੈ, ਭਾਵ ਇਸਤਰੀ ਪੁੱਤਰ ਦੇ ਮੋਹ ਵਿਚ ਫਸ ਜਾਂਦਾ ਹੈ।

ਐਸੇ ਕਨਿਕ ਕਾਮਨੀ ਬਾਧਿਓ ਮੋਹ ॥ ੧ ॥

ਏਸੇ ਤਰ੍ਹਾਂ ਇਹ ਜੀਵ ਕਨਿਕ=ਸੋਨੇ ਅਤੇ ਕਾਮਨੀ=ਇਸਤਰੀ ਦੇ ਮੋਹ ਵਿਚ ਬੱਧਾ ਹੋਇਆ ਕਾਲ ਨੂੰ ਚੇਤੇ ਨਹੀਂ ਰੱਖਦਾ ॥ ੧ ॥ ਅੱਗੇ ਦ੍ਰਿਸ਼ਟਾਂਤ ਕਹਿੰਦੇ ਹਨ:-

ਜਿਉ ਮਧੁ ਮਾਖੀ ਸੰਚੈ ਅਪਾਰ ॥ ਮਧੁ ਲੀਨੋ ਮੁਖਿ ਦੀਨੀ ਛਾਰੁ ॥

ਜਿਸ ਤਰ੍ਹਾਂ ਮੱਖੀਆਂ ਬਿਅੰਤ ਹੀ ਮਧੁ=ਸ਼ਹਿਦ ਨੂੰ ਸੰਚੈ=ਇਕੱਠਾ ਕਰਦੀਆਂ ਹਨ ਪਰ ਸ਼ਹਿਦ ਦੇ ਚੋਣ ਵਾਲੇ ਪੁਰਸ਼ ਮੱਖੀਆਂ ਦੇ ਮੂੰਹ ਵਿਚ ਛਾਰੁ=ਧੂੰਆਂ ਦੇ ਕੇ ਸ਼ਹਿਦ ਨੂੰ ਚੋਅ ਲੈਂਦੇ ਹਨ।

ਏਸੇ ਤਰ੍ਹਾਂ ਇਹ ਆਦਮੀ ਕਸ਼ਟ ਸਹਾਰ ਸਹਾਰ ਕੇ ਬਿਅੰਤ ਸ਼ਹਿਦ ਵਾਂਗੂ ਮਿੱਠਾ ਜੋ ਧਨ ਹੈ, ਉਸ ਧਨ ਨੂੰ ਇੱਕਠਾ ਕਰਦਾ ਹੈ, ਪਰੰਤੂ ਇਸਤ੍ਰੀ, ਪੁੱਤਰ ਆਪਣੇ ਮਿੱਠੇ ਮਿੱਠੇ ਬਚਨਾਂ ਰੂਪ ਧੂੰਆਂ ਦੇ ਕੇ ਸਾਰਾ ਧਨ ਖੋਹ ਲੈਂਦੇ ਹਨ।

ਗਊ ਬਾਛ ਕਉ ਸੰਚੈ ਖੀਰੁ ॥ ਗਲਾ ਬਾਂਧਿ ਦੁਹਿ ਲੇਇ ਅਹੀਰੁ ॥ ੨ ॥

ਜਿਸ ਤਰ੍ਹਾਂ ਆਪਣੇ ਬਾਛ=ਵੱਛੇ ਨੂੰ ਪਿਲਾਣ ਵਾਸਤੇ ਗਊ ਖੀਰੁ=ਦੁੱਧ ਨੂੰ ਸੰਚੈ=ਇਕੱਠਾ ਕਰਦੀ ਹੈ, ਪਰ ਤਿਸ ਵੱਛੇ ਦਾ ਗਲ ਬੰਨ੍ਹ ਕੇ ਅਹੀਰੁ=ਗੁੱਜਰ ਦੁੱਧ ਨੂੰ ਦੁਹਿ+ਲੇਇ=ਚੋ ਲੈਂਦੇ ਹਨ।

**ਮੂਰੀ=ਬੂਟੀ ਨੂੰ ਕਹਿੰਦੇ ਹਨ ਜੋ ਠੱਗ ਖੁਆ ਕੇ ਧਨ ਲੁਟ ਲੈਂਦੇ ਹਨ।*

ਏਸੇ ਤਰ੍ਹਾਂ ਇਹ ਗਊ=ਜੀਵ ਆਪਣੇ ਮਨ ਰੂਪ ਵੱਛੇ ਦੇ ਸੁਖ ਵਾਸਤੇ ਦੁੱਧ ਰੂਪ ਧਨ ਨੂੰ ਇਕੱਠਾ ਕਰਦਾ ਹੈ ਪਰ ਗੁੱਜਰ ਵਾਂਗੂ ਇਸਤ੍ਰੀ, ਪੁੱਤਰ ਆਦਿ ਸਾਰਾ ਪ੍ਰਵਾਰ ਮੋਹ ਰੂਪੀ ਰੱਸੀ ਨਾਲ ਬੰਨ੍ਹ ਕੇ ਇਸ ਪਾਸੋਂ ਧਨ ਖੋਹ ਲੈਂਦੇ ਹਨ॥ ੨॥

ਮਾਇਆ ਕਾਰਨਿ ਸ੍ਰਮੁ ਅਤਿ ਕਰੈ॥ ਸੋ ਮਾਇਆ ਲੈ ਗਾਡੈ ਧਰੈ॥

ਤੈਸੇ ਇਹ ਜੀਵ ਮਾਇਆ ਦੀ ਪ੍ਰਾਪਤੀ ਵਾਸਤੇ ਅਤਿ=ਬਹੁਤ ਹੀ ਸ੍ਰਮੁ=ਕਸ਼ਟ ਕਰਦਾ ਹੈ।
ਅਤੇ ਉਸ ਮਾਇਆ ਨੂੰ ਲੈ ਕੇ ਧਰਤੀ ਵਿਚ ਗੱਡਦਾ ਹੈ।

ਯਥਾ- ਏਕੈ ਸ੍ਰਮੁ ਕਰਿ ਗਾਡੀ ਗਡ ਹੈ॥ ਏਕਹਿ ਸੁਪਨੈ ਦਾਮੁ ਨ ਛਡ ਹੈ॥ *(ਪੰਨਾ ੧੦੦੪)*

ਤਥਾ- ਜੈਸੇ ਮਧੁ ਸੀਚਿ ਸੀਚਿ ਕੈ ਇਕਤ੍ਰ ਕਰੈ, ਹਰੈ ਮਧੂ ਆਇ ਤਾ ਕੇ ਮੁਖ ਛਾਰੁ ਡਾਰਿਕੈ॥
ਜੈਸੇ ਬਛ ਹੇਤ ਗਊ ਸੰਚਤ ਹੈ ਖੀਰੁ, ਤਾਹਿ ਲੇਤ ਹੈ ਅਹੀਰੁ ਦੁਹਿ ਬਛਰੈ ਬਿਡਾਰਿਕੈ॥
ਜੈਸੇ ਧਰ ਖੋਦਿ ਖੋਦਿ ਕਰਿ ਬਿਲ ਸਾਜੈ ਮੂਸਾ, ਪੈਸਤ ਸਰਪ ਧਾਇ ਖਾਇ ਤਾਹਿ ਮਾਰਿਕੈ॥
ਤੈਸੇ ਕੋਟ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ, ਅੰਤ ਕਾਲਿ ਛਾਡਿ ਚਲੈ ਦੋਨੋ ਕਰ ਝਾਰਿਕੈ॥ ੫੫੪॥

(ਕਬਿੱਤ ਭਾਈ ਗੁਰਦਾਸ ਜੀ)

ਅਤਿ ਸੰਚੈ ਸਮਝੈ ਨਹੀ ਮੂੜ੍॥

ਮਾਇਆ ਨੂੰ ਬਹੁਤ ਹੀ ਸੰਚੈ=ਇਕੱਠਾ ਕਰਦਾ ਹੈ, ਮੂਰਖ ਆਦਮੀ ਸਮਝਦਾ ਨਹੀਂ ।

ਯਥਾ- ਏਕਹਿ ਪ੍ਰਾਣ ਪਿੰਡ ਤੇ ਪਿਆਰੀ॥ ਏਕ ਸੰਚੀ ਤਜਿ ਬਾਪ ਮਹਤਾਰੀ॥ *(ਪੰਨਾ ੧੦੦੪)*

ਧਨੁ ਧਰਤੀ ਤਨੁ ਹੋਇ ਗਇਓ ਧੂੜਿ॥ ੩॥

ਜਿਸ ਵੇਲੇ ਪੰਜ ਭੂਤਕ ਸਰੀਰ ਮਿੱਟੀ ਰੂਪ ਹੋ ਗਿਆ ਤਾਂ ਇਹ ਧਨ ਧਰਤੀ ਵਿਚ ਹੀ ਦੱਬਿਆ ਰਹਿਣਾ ਹੈ॥ ੩॥

ਯਥਾ:- ਧਨੁ ਲੋਕਾ ਤਨੁ ਭਸਮੈ ਢੇਰੀ॥ *(ਬਿਲਾਵਲੁ ਮਹਲਾ ੧, ਪੰਨਾ ੮੩੨)*

ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ॥ ਸਾਧਸੰਗਤਿ ਕਬਹੂ ਨਹੀ ਕਰੈ॥

ਕਾਮ, ਕ੍ਰੋਧ ਤੇ ਤ੍ਰਿਸ਼ਨਾ ਰੂਪੀ ਅਗਨੀ ਵਿਚ ਅਤਿਸੈ ਕਰਕੇ ਇਹ ਜੀਵ ਜਰੈ=ਸੜ ਰਿਹਾ ਹੈ।
ਪਰ ਸਾਧਸੰਗਤ ਦੀ ਸੇਵਾ ਕਦੇ ਨਹੀਂ ਕਰਦਾ।

ਕਹਤ ਨਾਮਦੇਉ ਤਾਚੀ ਆਣਿ॥ ਨਿਰਭੈ ਹੋਇ ਭਜੀਐ ਭਗਵਾਨ॥ ੪॥ ੧॥

ਨਾਮਦੇਵ ਜੀ ਕਹਿੰਦੇ ਹਨ, ਹੇ ਭਾਈ ! ਤਾਚੀ+ਆਣਿ=ਤਿਸ ਪਰਮਾਤਮਾ ਦੀ ਸੌਂਹ ਹੈ।
ਨਿਰਖੌਫ ਹੋ ਕੇ ਭਗਵਾਨ ਨੂੰ ਭਜਨਾ ਕਰੋ, ਭਾਵ ਉਸ ਨੂੰ ਯਾਦ ਕਰੋ।

*ਅਥਵਾ:-*ਤਿਸ ਦੀ ਆਣਿ=ਸ਼ਰਨ ਵਿਖੇ ਆਪਣੇ ਆਪ ਨੂੰ ਆਣਿ=ਲਿਆ ਕੇ ਅਤੇ ਦੁਨੀਆਂ ਦੇ ਭੈ ਤੋਂ ਰਹਿਤ ਹੋ ਕੇ ਪਰਮਾਤਮਾ ਨੂੰ ਭਜਨਾ ਕਰੋ॥ ੪॥ ੧॥

ਉਥਾਨਕਾ:-ਇਕ ਸਮੇਂ ਨਾਮਦੇਵ ਜੀ ਦੇ ਚਿੱਤ ਵਿਚ ਬਹੁਤ ਅਭਿਲਾਸ਼ਾ ਹੋਈ ਕਿ ਅੱਜ ਭਗਵਾਨ ਜੀ ਦੇ ਦਰਸ਼ਨ ਜ਼ਰੂਰ ਕਰਨੇ ਹਨ। ਬਿਰਤੀ ਨੂੰ ਇਕਾਗਰ ਕਰਕੇ ਬਹੁਤ ਚਿਰ ਸਮਾਧੀ ਲਗਾਈ, ਪਰ ਭਗਵਾਨ

ਜੀ ਦੇ ਦਰਸ਼ਨ ਨਾ ਹੋਏ। ਬਹੁਤ ਸਮਾਂ ਗੁਜ਼ਰ ਜਾਣ 'ਪਰ ਨਾਮਦੇਵ ਜੀ ਦੇ ਚਿੱਤ ਵਿਚੋਂ ਉਹ ਅਭਿਲਾਸ਼ਾ ਦੂਰ ਹੋ ਗਈ, ਪਰ ਭਗਵਾਨ ਨੇ ਪ੍ਰੀਖਿਆ ਲੈਣ ਵਾਸਤੇ ਆਪਣੀ ਮਰਜ਼ੀ ਅਨੁਸਾਰ ਆ ਕੇ ਦਰਸ਼ਨ ਦੇ ਦਿੱਤਾ।

ਤਾਂ ਨਾਮਦੇਵ ਨੇ ਕਿਹਾ-ਹੇ ਭਗਵਾਨ ! ਜਿਸ ਵੇਲੇ ਆਪ ਨੂੰ ਯਾਦ ਕਰਦੇ ਹਾਂ, ਉਸ ਵੇਲੇ ਆਪ ਆਉਂਦੇ ਨਹੀਂ, ਹੁਣ ਆਪਣੇ ਆਪ ਹੀ ਆ ਗਏ ਹੋ ? ਤਾਂ ਭਗਵਾਨ ਨੇ ਕਿਹਾ-ਮੈਂ ਵੱਡਾ ਜੁ ਹੋਇਆ ।

ਇਹ ਗੱਲ ਸੁਣ ਕੇ ਨਾਮਦੇਵ ਜੀ ਕਹਿੰਦੇ ਹਨ-

ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥

ਹੇ ਮਾਧਉ=ਮਾਇਆ ਪਤੀ ਪਰਮਾਤਮਾ ! ਆਪ ਮੇਰੇ ਨਾਲ ਹੋਡ=ਸ਼ਰਤ ਕਿਉਂ ਨਹੀਂ ਬਦਹੁ=ਬੰਨ੍ਹ ਲੈਂਦੇ। ਭਾਵ, ਸ਼ਰਤ ਬੰਨ੍ਹ ਕੇ ਵੱਡੇ ਹੋਵੋ ਤਾਂ ਜਾਣੀਏ ਆਪ ਵੱਡੇ ਹੋ।

ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥ ੧ ॥ ਰਹਾਉ ॥

ਸੁਆਮੀ ਕਰਕੇ ਸੇਵਕ ਅਤੇ ਸੇਵਕ ਹੋਣ ਕਰਕੇ ਸੁਆਮੀ ਜਾਣਿਆਂ ਜਾਂਦਾ ਹੈ।

ਯਥਾ:- ਤੁਮ ਜੁ ਨਾਇਕ ਆਛਹੁ ਅੰਤਰਜਾਮੀ ॥ ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥ *(ਪੰਨਾ ੯੩)*

ਇਹ ਆਪ ਜੀ ਦੇ ਨਾਲ ਬਰਾਬਰੀ ਦਾ ਖੇਲ ਪੈ ਰਿਹਾ ਹੈ ਆਪ ਕਿਵੇਂ ਵੱਡੇ ਹੋ ਸਕਦੇ ਹੋ। ਫਿਰ ਵੱਡਾ ਛੋਟਾ ਓਥੇ ਕਿਹਾ ਜਾਂਦਾ ਹੈ, ਜਿਥੇ ਭਿੰਨ ਭੇਤ ਹੋਵੇ। ਸਾਡੀ ਨਿਗਾਹ ਵਿਚ-

ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥

ਆਪ ਹੀ ਦੇਉ=ਦੇਵਤਾ ਰੂਪ ਹੋ, ਆਪ ਹੀ ਦੇਹੁਰਾ=ਮੰਦਰ ਰੂਪ ਹੋ, ਆਪ ਹੀ ਪੁਜਾਰੀ ਹੋ ਕੇ ਪੂਜਾ ਨੂੰ ਲਗਾਵੈ=ਕਰਦੇ ਹੋ।

ਇਹ ਗੱਲ ਸੁਣ ਕੇ ਭਗਵਾਨ ਨੇ ਕਿਹਾ, ਸਰਬ ਰੂਪ ਕਿਵੇਂ ਹੋ ਰਿਹਾ ਹਾਂ, ਮੈਂ ਤਾਂ ਤੇਰੇ ਪਾਸ ਵਖਰਾ ਬੈਠਾ ਹਾਂ। ਨਾਮਦੇਵ ਨੇ ਕਿਹਾ-

ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥ ੧ ॥

ਜਿਸ ਤਰ੍ਹਾਂ ਪਾਣੀ ਹਿੱਲਣ ਦੇ ਸਬੰਧ ਕਰਕੇ ਜਲ ਤੋਂ ਤਰੰਗ ਉੱਠਦੇ ਹਨ, ਫਿਰ ਉਹਨਾਂ ਤਰੰਗਾਂ ਤੋਂ ਜਲ ਹੋ ਜਾਂਦਾ ਹੈ। ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਕੇਵਲ ਜਲ ਹੀ ਜਲ ਹੈ। ਪਰ ਉਪਾਧੀ ਭੇਦ ਹੋਣ ਕਰਕੇ ਕਹਿਣ ਸੁਣਨ ਨੂੰ ਦੂਜਾ=ਦੋ ਹਨ॥ ੧ ॥

ਏਸੇ ਤਰ੍ਹਾਂ ਸਾਰਾ ਸੰਸਾਰ ਅਤੇ ਮੈਂ ਤੇ ਆਪ ਸਾਰੇ ਇਕ ਰੂਪ ਹੀ ਹਾਂ, ਪਰ ਅਵਿਦਿਆ ਉਪਾਧੀ ਹੋਣ ਕਰਕੇ ਭਿੰਨ ਭਿੰਨ ਪ੍ਰਤੀਤ ਹੁੰਦੇ ਹਨ।

ਯਥਾ:- ਜਲ ਤੇ ਉਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ *(ਪੰਨਾ ੭੩੬)*

ਤਥਾ:- ਜਲ ਤਰੰਗ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ *(ਪੰਨਾ ੧੦੨)*

ਤਥਾ:- ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥ *(ਪੰਨਾ ੪੬੫)*

ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥

ਆਪ ਹੀ ਗਾਂਵਦੇ ਹੋ, ਆਪ ਹੀ ਨੱਚਦੇ ਹੋ, ਆਪ ਹੀ ਤੂਰਾ=ਵਾਜਿਆਂ ਨੂੰ ਵਜਾਉਂਦੇ ਹੋ। ਇਸ ਤਰ੍ਹਾਂ

ਸਰਬ ਰੂਪ ਕਹਿ ਕੇ ਵੱਡੇ ਛੋਟੇ ਦਾ ਭੇਦ ਹਟਾ ਕੇ ਹੁਣ ਆਪਣੀ ਨਿੰਮ੍ਰਤਾ ਦੱਸਦੇ ਹਨ-

ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਗਾ ਤੂ ਪੂਰਾ ॥ ੨ ॥ ੨ ॥

ਨਾਮਦੇਵ ਜੀ ਕਹਿੰਦੇ ਹਨ—ਹੇ ਪਰਮਾਤਮਾ ! ਤੂੰ ਮੇਰਾ ਠਾਕੁਰ=ਸੁਆਮੀ ਹੈਂ, ਮੈਂ ਸੇਵਕ ਜਨ ਊਣਾ ਹਾਂ ਅਤੇ ਤੂੰ ਸਰਬ ਗੁਣਾਂ ਕਰਕੇ ਪੂਰਾ ਹੈਂ ॥ ੨ ॥ ੨ ॥

ਉਥਾਨਕਾ:-ਨਾਮਦੇਵ ਜੀ ਦੇ ਅਸਲੀ ਸਿਧਾਂਤ ਅਤੇ ਨਿੰਮ੍ਰਤਾ ਵਾਲੇ ਬਚਨਾਂ ਨੂੰ ਸੁਣ ਕੇ ਹੁਣ ਭਗਵਾਨ ਜੀ ਕਹਿੰਦੇ ਹਨ-

ਦਾਸ ਅਨਿੰਨ ਮੇਰੋ ਨਿਜ ਰੂਪ ॥

ਅਨਿੰਨ=ਭੇਦ ਭਾਵ ਤੋਂ ਰਹਿਤ ਜੋ ਦਾਸ ਹੈ, ਉਹ ਮੇਰਾ ਆਪਣਾ ਹੀ ਸਰੂਪ ਹੈ।

ਯਥਾ:- ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥ *(ਪੰਨਾ ੧੨੦੯)*

ਦਰਸਨ ਨਿਮਖ ਤਾਪ ਤ੍ਰਈ ਮੋਚਨ
ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥ ੧ ॥ ਰਹਾਉ ॥

ਅਜਿਹੇ ਦਾਸ ਦੇ ਨਿਮਖ ਮਾਤ੍ਰ ਦਰਸ਼ਨ ਕਰਨ ਨਾਲ ਆਧਿ, ਬਿਆਧਿ, ਉਪਾਧਿ ਰੂਪ ਤ੍ਰਈ=ਤਿੰਨੇ ਤਾਪ, ਮੋਚਨ=ਨਾਸ ਹੋ ਜਾਂਦੇ ਹਨ।

ਯਥਾ:- ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥ *(ਪੰਨਾ ੨੭੨)*

ਤਥਾ:- ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ॥
ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥ ੧ ॥ *(ਪੰਨਾ ੬੧੮)*

ਤਥਾ:- ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥ *(ਪੰਨਾ ੬੩੦)*

ਤਥਾ:- ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ ॥ *(ਪੰਨਾ ੧੦੧੮)*

ਜੇ ਉਹਨਾਂ ਦਾਸਾਂ ਦੇ ਚਰਨਾਂ ਨਾਲ ਪਰਸਨਾ ਕਰੇ ਤਾਂ ਉਹ ਦਾਸ ਗ੍ਰਿਹਸਤ ਰੂਪ ਖੂਹੇ ਤੋਂ ਮੋਖ ਕਰ ਦੇਂਦੇ ਹਨ ॥ ੧ ॥ ਰਹਾਉ ॥

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥

ਮੇਰੀ ਬੰਨ੍ਹੀ ਹੋਈ ਮਰਯਾਦਾ ਨੂੰ ਭਗਤ ਜਨ ਛਡਾਵੈ=ਤੋੜ ਦੇਂਦੇ ਹਨ ਅਤੇ ਭਗਤ ਜਨਾਂ ਦੀ ਬੰਨ੍ਹੀ ਹੋਈ ਮਰਯਾਦਾ ਮੇਰੇ ਪਾਸੋਂ ਛੁਟਦੀ ਨਹੀਂ ਕਿਉਂਕਿ ਭਗਤਾਂ ਦਾ ਆਗਿਆਕਾਰੀ ਜੁ ਹੋਇਆ।

ਯਥਾ:- ਭਗਤ ਕਾ ਆਗਿਆਕਾਰੀ ਸਦਾ ਸਦਾ ਸੁਖਦਾਈ ॥ *(ਪੰਨਾ ੧੦੦੫)*

(੧) *ਯਥਾ*—ਮੈਂ ਜੀਵਾਂ ਨੂੰ ਕਰਮਾਂ ਅਨੁਸਾਰ ਚੌਰਾਸੀ ਲੱਖ ਜੂਨ ਵਿਚ ਪਾਉਂਦਾ ਹਾਂ ਤੇ ਭਗਤ ਜਨ ਉਪਦੇਸ਼ ਦੇ ਕੇ ਉਹਨਾਂ ਨੂੰ ਚੌਰਾਸੀ ਦੇ ਗੇੜ ਵਿਚੋਂ ਕੱਢ ਲੈਂਦੇ ਹਨ*। ਭਗਤਾਂ ਦੀ ਬੱਧੀ ਹੋਈ ਮਰਯਾਦਾ

**ਯਥਾ:-ਗੋਵਿੰਦ ਕੇ ਕੀਏ ਜੀਵ ਜਾਤ ਹੈ ਰਸਾਤਲ ਕੋ, ਗੁਰ ਉਪਦੇਸੈ ਸੋ ਤੋ ਛੂਟੇ ਜਮਫੰਦ ਤੇ ॥*
ਗੋਵਿੰਦ ਕੇ ਕੀਏ ਜੀਵ ਬਸ ਪਰੈ ਕਰਮਨ ਕੇ, ਗੁਰ ਕੇ ਨਿਵਾਰੇ ਸੁਫਿਰਤ ਹੈ ਸੁਫੰਦ ਤੇ ॥
ਗੋਵਿੰਦ ਕੇ ਕੀਏ ਜੀਵ ਡੂਬਤ ਭਵ ਸਾਗਰ ਮੇ, ਸੁੰਦਰ ਕਹਤ ਗੁਰ ਕਾਢੇ ਦੁਖ ਦੁੰਦ ਤੇ ॥

ਮੇਰੇ ਪਾਸੋਂ ਛੁਟਦੀ ਨਹੀਂ।

(੨) *ਤਥਾ*—ਮੇਰੀ ਬੰਨ੍ਹੀ ਹੋਈ ਮਰਯਾਦਾ ਹੈ, ਪਹਿਲੇ ਸਤਿਜੁਗ, ਫਿਰ ਦੁਆਪੁਰ, ਤ੍ਰੇਤਾ ਫਿਰ ਕਲਯੁਗ ਆਉਂਦਾ ਹੈ। ਪਰ ਭਗਤ "ਗੌਤਮ ਰਿਖੀ" ਨੇ ਆਪਣੀ ਸੁਪਤਨੀ ਅਹਿਲਿਆ ਦੇ ਵਾਸਤੇ ਜੁਗ ਦਾ ਜੁਗ ਹੀ ਉਲਟਾ ਦਿੱਤਾ। ਸਤਜੁਗ ਤੋਂ ਤ੍ਰੇਤਾ, ਤ੍ਰੇਤਾ ਤੋਂ ਦੁਆਪਰ ਕਰ ਦਿੱਤਾ। ਹੁਣ ਭਗਤ ਗੌਤਮ ਰਿਖੀ ਦੀ ਬੱਧੀ ਹੋਈ ਮਰਯਾਦਾ ਮੇਰੇ ਤੋਂ ਛੁਟਦੀ ਨਹੀਂ।

(੩) *ਤਥਾ*—ਮੇਰੀ ਮਰਯਾਦਾ ਬੰਨ੍ਹੀ ਹੋਈ ਸੀ ਸਮੁੰਦਰ ਮਿੱਠਾ, ਪਰ ਭਗਤ ਅਗਸਤ ਰਿਖੀ ਜੀ ਨੇ ਇਹ ਮਰਯਾਦਾ ਛੁਡਾ ਦਿੱਤੀ। ਭਗਤ ਅਗਸਤ ਰਿਖੀ ਜੀ ਦੀ ਜੋ ਮਰਯਾਦਾ ਬੰਨ੍ਹੀ ਹੋਈ ਹੈ ਕਿ ਸਮੁੰਦਰ ਖਾਰਾ ਰਹੇਗਾ, ਉਹ ਹੁਣ ਮੇਰੇ ਪਾਸੋਂ ਛੁਟਦੀ ਨਹੀਂ, ਭਾਵ- ਮੈਂ ਸਮੁੰਦਰ ਮਿੱਠਾ ਨਹੀਂ ਕਰ ਸਕਦਾ।

(੪) *ਤਥਾ*—ਕ੍ਰਿਸ਼ਨ ਰੂਪ ਹੋ ਕੇ ਮੈਂ ਮਰਯਾਦਾ ਬੰਨ੍ਹੀ ਸੀ "ਕਿ ਮਹਾਂ ਭਾਰਥ ਦੇ ਜੰਗ ਵਿਚ ਮੈਂ ਸ਼ਸਤ੍ਰ ਨਹੀਂ ਫੜਾਂਗਾ ਪਰ ਉਸ ਮਰਯਾਦਾ ਨੂੰ ਭਗਤ ਭੀਸ਼ਮ ਪਿਤਾਮਾ ਨੇ ਛੁਡਾ ਦਿੱਤਾ,"

ਭਗਤ ਭੀਸ਼ਮ ਪਿਤਾਮਾ ਨੇ ਜੋ ਪ੍ਰਣ ਕੀਤਾ ਸੀ ਕਿ ਮੈਂ ਸ਼ਸਤ੍ਰ ਜ਼ਰੂਰ ਫੜਾਵਾਂਗਾ, ਉਹ ਮੇਰੇ ਪਾਸੋਂ ਛੁਟਦਾ ਨਹੀਂ, ਭਾਵ- ਮੈਨੂੰ ਸ਼ਸਤ੍ਰ ਜ਼ਰੂਰ ਫੜਨਾ ਪਿਆ ਹੋਰ ਤਾਂ ਕੁਝ ਨਾ ਲੱਭਾ, ਰਥ ਦਾ ਪਹੀਆ ਹੀ ਚੁੱਕ ਲਿਆ ਤਾਂ ਭੀਸ਼ਮ ਪਿਤਾਮਾ ਨੇ ਕਿਹਾ-ਹੇ ਭਗਵਾਨ ! ਬਸ, ਮੈਂ ਤਾਂ ਕੇਵਲ ਆਪ ਦੀ ਪ੍ਰਤੱਗਿਆ ਹੀ ਤੋੜਨੀ ਸੀ, ਮੈਂ ਕੋਈ ਅਰਜਨ ਨੂੰ ਮਾਰਨਾ ਨਹੀਂ।

(੫) *ਤਥਾ*—ਸ੍ਰੀ ਗੁਰੂ ਅਰਜਨ ਸਾਹਿਬ ਜੀ ਰੂਪ ਹੋ ਕੇ ਮੈਂ ਮਰਯਾਦਾ ਬੱਧੀ ਕਿ ਭਾਈ ਬੁੱਧੂ ਦਾ ਆਵਾ ਪੱਕਾ, ਪਰ ਭਗਤ ਲੱਖੂ ਨੇ ਇਹ ਮਰਯਾਦਾ ਛੁਡਾ ਦਿੱਤੀ। ਬਾਂਧੈ+ਭਗਤੁ=ਲੱਖੂ ਜੀ ਨੇ ਜੋ ਮਰਯਾਦਾ ਬੱਧੀ ਕਿ ਆਵਾ ਕੱਚਾ ਹੀ ਰਹੇਗਾ, ਉਹ ਮੇਰੇ ਪਾਸੋਂ ਛੁਟਦੀ ਨਹੀਂ। ਪਰ ਭਾਈ ਬੁੱਧੂ ਨੂੰ ਇਹ ਗੱਲ ਆਖ ਦਿੱਤੀ ਕਿ ਤੇਰੀਆਂ ਕੱਚੀਆਂ ਇੱਟਾਂ ਪੱਕੀਆਂ ਦੇ ਭਾਅ ਵਿਕ ਜਾਣਗੀਆਂ।

ਸਾਖੀ—ਭਾਈ ਬੁੱਧੂ ਜੀ ਦੀ

ਪੰਚਮ ਪਾਤਿਸ਼ਾਹ ਜੀ ਦਾ ਇਕ ਪ੍ਰੇਮੀ ਸਿੱਖ ਲਾਹੌਰ ਨਿਵਾਸੀ ਭਾਈ ਬੁੱਧੂ ਕਲਾਲ ਹੋਇਆ ਹੈ।

ਇਹ ਲਾਹੌਰ ਸ਼ਹਿਰ ਵਿਚ ਆਵੇ ਵਿਚ ਇੱਟਾਂ ਪਕਾ ਕੇ ਵੇਚਣ ਦਾ ਕੰਮ ਕਰਦਾ ਹੁੰਦਾ ਸੀ ਅਤੇ ਆਏ ਗਏ ਸਾਧ, ਸੰਤ, ਗੁਰਸਿੱਖ ਦੀ ਯਥਾ ਸ਼ਕਤ ਸੇਵਾ ਭੀ ਕਰਦਾ ਸੀ। ਇਸ ਪ੍ਰਕਾਰ ਗੁਰ ਚਰਨਾਂ ਦੇ ਪ੍ਰੇਮ ਦਾ ਸੋਹਣਾ ਰੰਗ ਚੜ੍ਹਿਆ ਹੋਇਆ ਸੀ।

ਸਮਾਂ ਬਤੀਤ ਹੁੰਦਾ ਗਿਆ, ਇਕ ਸਮੇਂ ਇਸ ਨੇ ਕਿਸੇ ਸ਼ਾਹੂਕਾਰ ਪਾਸੋਂ ਕਾਫ਼ੀ ਕਰਜ਼ਾ ਚੁੱਕ ਕੇ ਆਵਾ ਲਗਾਉਣ ਦੀ ਤਿਆਰੀ ਕੀਤੀ, ਪਰ ਆਵੇ ਨੂੰ ਅੱਗ ਦੇਣ ਤੋਂ ਪਹਿਲਾਂ ਪੰਚਮ ਪਾਤਿਸ਼ਾਹ ਜੀ ਦੇ ਪਾਸ ਸ੍ਰੀ ਅੰਮ੍ਰਿਤਸਰ ਪੁੱਜਾ ਤੇ ਨਮਸ਼ਕਾਰ ਕਰਕੇ ਯਥਾ ਸ਼ਕਤ ਭੇਟਾ ਅਰਪੀ ਅਤੇ ਬੇਨਤੀ ਕੀਤੀ-ਸੱਚੇ ਪਾਤਿਸ਼ਾਹ ਜੀ ! ਮੈਂ ਆਪ ਜੀ ਦਾ ਨਾਮ ਧਰੀਕ ਸਿੱਖ (ਲਾਹੌਰ ਦਾ ਨਿਵਾਸੀ) ਹਾਂ, ਹਜ਼ੂਰ ਦਾ ਆਸਰਾ ਧਾਰਨ ਕਰਕੇ ਮੈਂ ਆਵਾ ਲਾਉਣ ਦੀ ਤਿਆਰੀ ਕੀਤੀ ਹੈ, ਇਹ ਕ੍ਰਿਪਾ ਕਰਨੀ ਜੋ ਇੱਟਾਂ ਪੱਕੀਆਂ ਨਿਕਲਣ।

ਉਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਦੀ ਨਿੰਮ੍ਰਤਾ ਤੇ ਗ਼ਰੀਬੀ ਵੱਲ ਤੱਕ ਕੇ ਕਿਹਾ, ਭਾਈ ! ਤੇਰਾ ਕਾਰਜ ਪੂਰਾ ਹੋ ਜਾਵੇਗਾ, ਪਰ ਸੰਗਤ ਨੂੰ ਪਹਿਲੇ ਗੁਰੂ ਨਮਿਤ ਪ੍ਰਸ਼ਾਦਿ ਛਕਾ ਦੇਵੀਂ। ਜਾਹ, ਸ੍ਰੀ ਗੁਰੂ ਨਾਨਕ ਦੇਵ ਜੀ ਤੇਰੀ ਸਹਾਇਤਾ ਕਰਨਗੇ।

ਇਹ ਗੱਲ ਸੁਣ ਕੇ ''ਭਾਈ ਬੁੱਧੂ'' (ਘੁਮਿਆਰ) ਬੜਾ ਪ੍ਰਸੰਨ ਹੋਇਆ। ਆਗਿਆ ਲੈ ਕੇ ਲਾਹੌਰ ਵਾਪਸ ਪੁੱਜਾ। ਪੰਚਮ ਪਾਤਿਸ਼ਾਹ ਜੀ ਤੱਕ ਪੰਜੇ ਸਤਿਗੁਰਾਂ ਦਾ ਨਾਮ ਲੈ ਅਰਦਾਸ ਕਰ, ਆਵੇ ਨੂੰ ਅੱਗ ਦੇ ਦਿੱਤੀ। ਥੋੜ੍ਹੇ ਦਿਨਾਂ ਤੋਂ ਮਗਰੋਂ ਜਦ ਆ ਕੇ ਮੋਰੀ ਖੋਲ੍ਹੀ ਤਾਂ ਕੀ ਦੇਖਦਾ ਹੈ ਕਿ ਸਾਰੀਆਂ ਇੱਟਾਂ ਪੱਕੀਆਂ ਤੇ ਲਾਲ ਰੰਗ ਦੀਆਂ ਹਨ ਬੜਾ ਪ੍ਰਸੰਨ ਹੋਇਆ, ਹਜ਼ੂਰ ਦਾ ਬਚਨ ਚੇਤੇ ਕਰਕੇ ਸੰਗਤ ਨੂੰ ਪ੍ਰਸ਼ਾਦਿ ਛਕਾਉਣ ਦੀ ਤਿਆਰੀ ਕਰ ਲਈ।

ਦਿਨ ਨਿਯਤ ਕਰਕੇ ਸੰਗਤ ਘਰ ਬੁਲਾਈ, ਪਹਿਲਾਂ ਗੁਰਬਾਣੀ ਦਾ ਕੀਰਤਨ ਹੋਇਆ। ਫੇਰ ਅਰਦਾਸ ਤੋਂ ਮਗਰੋਂ ਪੰਗਤ ਲੱਗ ਗਈ, ਸਭਨਾਂ ਦੇ ਹੱਥ ਧੁਆ ਕੇ ਅੱਗੇ ਥਾਲੀਆਂ ਰੱਖ ਕੇ ਭੋਜਨ ਪਰੋਸ ਦਿੱਤੇ। ਸੰਗਤ ਛਕਣ ਲੱਗ ਪਈ ਤੇ ਉਸ ਵੇਲੇ ਬੂਹਾ ਬੰਦ ਕਰ ਦਿੱਤਾ।

ਇਤਨੇ ਨੂੰ ਭਾਈ ਲੱਖੂ, ਗੁਰੂ ਸਾਹਿਬ ਜੀ ਦਾ ਅਨਿਨ ਸੇਵਕ ਜੋ ਰਾਤ ਦਿਨ ਜੰਗਲ ਵਿਚ ਰਹਿ ਕੇ ਭਜਨ ਸਿਮਰਨ ਕਰਦਾ ਸੀ, ਸਿਰਫ਼ ਪ੍ਰਸ਼ਾਦੇ ਵਾਸਤੇ ਹੀ ਅੱਠੀਂ ਪਹਿਰੀਂ ਸ਼ਹਿਰ ਵਿਚ ਆਉਂਦਾ ਤੇ ਉਸ ਦੇ ਘਰ ਦਾ ਪ੍ਰਸ਼ਾਦਾ ਲੈਂਦਾ, ਜੋ ਮਾਈ ਸਵੇਰੇ ਇਸ਼ਨਾਨ ਕਰਕੇ **''ਸ੍ਰੀ ਜਪੁਜੀ ਸਾਹਿਬ''** ਦਾ ਪਾਠ ਕਰਦੀ ਹੋਵੇ। (ਇਸ ਨੇ ਬਹੁਤ ਮਾਈਆਂ ਨੂੰ ''ਜਪੁਜੀ ਸਾਹਿਬ'' ਕੰਠ ਕਰਵਾ ਦਿੱਤਾ ਸੀ। ਆਪ ਵੀ ਰੋਜ਼ਾਨਾ ''ਇੱਕੀ ਪਾਠ ਸ੍ਰੀ ਜਪੁਜੀ ਸਾਹਿਬ'' ਦੇ ਕਰਦਾ ਹੁੰਦਾ ਸੀ।)

ਜਦ ਸ਼ਹਿਰ ਵਿਚ ਪ੍ਰਵੇਸ਼ ਕਰਦਿਆਂ ਇਸ ਨੂੰ ਪਤਾ ਲੱਗਾ ਕਿ-ਅੱਜ ਬੁੱਧੂ ਕਲਾਲ ਨੇ ਗੁਰੂ ਨੇ ਨਮਿਤ ਸੰਗਤ ਨੂੰ ਪ੍ਰਸ਼ਾਦਿ ਛਕਾਇਆ ਹੈ, ਉਸ ਵੇਲੇ ਇਹ ਵੀ ਓਥੇ ਆ ਪਹੁੰਚਿਆ ਪਰ ਅੱਗੋਂ ਬੂਹਾ ਬੰਦ ਸੀ।

ਭਾਈ ਲੱਖੂ ਨੇ ਬੂਹਾ ਖੜਕਾਇਆ ਤਾਂ ਅੰਦਰੋਂ ਭਾਈ ਬੁੱਧੂ ਨੇ ਕਿਹਾ, ਕੌਣ ਹੈ ? ਲੱਖੂ ਨੇ ਕਿਹਾ, ''ਮੈਂ ਗੁਰੂ ਦਾ ਸਿੱਖ ਹਾਂ'' ਭੁੱਖ ਲੱਗੀ ਹੈ, ਭੋਜਨ ਲਈ ਆਇਆ ਹਾਂ ਬੂਹਾ ਖੋਲ੍ਹ। ਭਾਈ ਬੁੱਧੂ ਨੇ ਬੂਹਾ ਖੋਲ੍ਹ ਕੇ ਇਸ ਦੀ ਕਿਰਿਆ ਵੱਲ ਤੱਕਿਆ ਜੋ, ਸਿਰ 'ਤੇ ਇਕ ਖੱਦਰ ਦਾ ਮੈਲਾ ਪਰਨਾ, ਤੇੜ ਫਟਿਆ ਹੋਇਆ ਕਛਹਿਰਾ ਤੇ ਖੱਦਰ ਦੀ ਮੈਲੀ ਚਾਦਰ ਉੱਪਰ ਲਈ ਹੋਈ ਹੈ।

ਇਸ ਤਰ੍ਹਾਂ ਦਾ ਸਰੂਪ ਵੇਖ ਕੇ ਬੋਲਿਆ, ''ਤੂੰ ਕੌਣ ਹੈਂ ? ਏਥੇ ਕਿਉਂ ਆਇਆ ਹੈਂ ?'' ਜਾਹ, ''ਚਲਿਆ ਜਾਹ।'' ਪਰ ਭਾਈ ਲੱਖੂ ਨੇ ਫਿਰ ਵੀ ਨਿੰਮ੍ਰਤਾ ਨਾਲ ਕਿਹਾ, ਮੈਂ ਗੁਰੂ ਦਾ ਸਿੱਖ ਹਾਂ ਤੂੰ ਸੰਗਤ ਨੂੰ ਗੁਰੂ ਨਮਿਤ ਪ੍ਰਸ਼ਾਦਿ ਛਕਾਇਆ ਹੈ, ਮੈਂ ਵੀ ਭੁੱਖਾ ਹਾਂ ਮੈਨੂੰ ਵੀ ਛਕਾ ਦੇਹ ਤਾਂ ਬੁੱਧੂ ਨੇ ਕਿਹਾ, ਹੁਣ ਪ੍ਰਸ਼ਾਦਿ ਵਰਤ ਚੁੱਕਾ ਹੈ, ਜੇ ਪਹਿਲਾਂ ਆਉਂਦਾ ਤਾਂ ਛਕ ਲੈਂਦਾ, ਹੁਣ ਨਹੀਂ ਮਿਲੇਗਾ। ਉਸ ਨੇ ਤੀਜੀ ਵਾਰ ਕਿਹਾ, ਮੈਂ ਗੁਰੂ ਦਾ ਸਿੱਖ ਹਾਂ ਅਤੇ ਭੁੱਖਾ ਹਾਂ, ਜ਼ਰੂਰ ਛਕਾ ਦੇਹ।

ਭਾਈ ਬੁੱਧੂ ਨੇ ਲਾਪ੍ਰਵਾਹੀ ਨਾਲ ਕਿਹਾ, ਆਪਣੀ ਕਿਰਿਆ ਵੱਲ ਤਾਂ ਤੱਕ ਤੇਰੇ ਵਰਗੇ ਸਿੱਖ ਕਈ ਆਉਂਦੇ ਤੇ ਜਾਂਦੇ ਹਨ। ਹੁਣ ਪ੍ਰਸ਼ਾਦਿ ਨਹੀਂ ਮਿਲੇਗਾ ਜਾਹ ਚਲਿਆ ਜਾਹ।

ਇਉਂ ਝਗੜਦਿਆਂ ਝਗੜਦਿਆਂ ਕਾਫ਼ੀ ਰਿਸ ਵੱਧ ਗਈ, ਭਾਈ ਲੱਖੂ ਚੁੱਪ ਕਰਕੇ ਬਾਹਰ ਕੰਧ ਨਾਲ ਲੱਗਾ ਇਕ ਪਾਸੇ ਖੜ੍ਹਾ ਹੈ। ਇਤਨੇ ਨੂੰ ਸੰਗਤ ਨੇ ਪ੍ਰਸ਼ਾਦਿ ਛਕ ਤੇ ਹੱਥ ਸੁੱਚੇ ਕਰਕੇ ਅਰਦਾਸ ਕੀਤੀ-ਗਰੀਬ ਨਿਵਾਜ਼ ! ਆਪ ਦੇ ਸਿੱਖ ਭਾਈ ਬੁੱਧੂ ਨੇ ਸੰਗਤ ਨੂੰ ਪ੍ਰਸ਼ਾਦਿ ਛਕਾਇਆ ਹੈ, ਆਪ ਕਿਰਪਾ ਕਰਕੇ ਸਿੱਖ ਦੀ ਮਨੋ ਕਾਮਨਾ ਪੂਰੀ ਕਰਨੀ, ਆਵਾ ਪੱਕਾ ਨਿਕਲੇ।

ਬਾਹਰ ਖੜ੍ਹਾ ਭਾਈ ਲੱਖੂ ਸੁਣ ਰਿਹਾ ਸੀ ਕਹਿਣ ਲੱਗਾ, ''ਬੁੱਧੂ ਦਾ ਆਵਾ ਕੱਚਾ, ਬੁੱਧੂ ਦਾ ਆਵਾ ਕੱਚਾ'' ਇਉਂ ਤਿੰਨ ਵਾਰੀ ਕਿਹਾ, ਬੁੱਧੂ ਨੇ ਗੁੱਸੇ ਵਿਚ ਆ ਕੇ ਕਿਹਾ ''ਤੂੰ ਕਿਧਰੋਂ ਆ ਗਿਆ ਵੱਡਾ ਸਿੱਖ ਸਰਾਪ ਦੇਣ

ਵਾਲਾ ?'' ਮੈਨੂੰ ਤਾਂ ਪੰਚਮ ਪਾਤਸ਼ਾਹ ਜੀ ਨੇ ਵਰ ਦਿੱਤਾ ਹੈ, ਕਿ ਆਵਾ ਪੱਕਾ ਨਿਕਲੇਗਾ, ਹੈ ਵੀ ਐਸ ਵੇਲੇ ਪੱਕਾ ਮੈਂ ਦੇਖ ਕੇ ਆਇਆ ਹਾਂ, ਤੇਰਾ ਸਰਾਪ ਮੈਨੂੰ ਨਹੀਂ ਲੱਗੇਗਾ।

ਭਾਈ ਲੱਖੂ ਬੋਲਿਆ, ਜੇ ਤੈਨੂੰ ਪੰਚਮ ਪਾਤਿਸ਼ਾਹ ਜੀ ਨੇ ਆਵੇ ਦੇ ਪੱਕਣ ਦਾ ਵਰ ਦਿੱਤਾ ਹੈ ਤੇ ਮੈਂ ਵੀ ਉਹਨਾਂ ਦਾ ਹੀ ਸਿੱਖ ਹਾਂ। ਇਹ ਨਿਯਮ ਸਮਝ ਲੈ ਤੇਰਾ ਆਵਾ ਪਿੱਲਾ ਹੀ ਨਿਕਲੇਗਾ। ਇਉਂ ਕਹਿ ਕੇ ਭਾਈ ਲੱਖੂ ਭੁੱਖਾ ਹੀ ਜੰਗਲ ਵੱਲ ਚਲਾ ਗਿਆ ਤੇ ਸੰਗਤ ਅਰਦਾਸ ਕਰਕੇ ਆਪੋ ਆਪਣੇ ਘਰ ਚਲੀ ਗਈ।

ਏਧਰੋਂ ਭਾਈ ਬੁੱਧੂ ਸੰਗਤ ਨੂੰ ਵਿਦਾਅ ਕਰਕੇ ਵਿਹਲਾ ਹੋਇਆ ਅਤੇ ਦੂਜੇ ਦਿਨ ਜਾ ਕੇ ਜਦੋਂ ਆਵੇ ਦੀ ਮੋਰੀ ਖੋਲ੍ਹੀ ਤਾਂ ਸਾਰੀਆਂ ਇੱਟਾਂ ਪਿਲੀਆਂ ਤੱਕੀਆਂ। ਬੜਾ ਦੁੱਖੀ ਹੋਇਆ, ਮਨ ਵਿਚ ਸੋਚਦਾ ਹੈ ਹੁਣ ਕੀ ਬਣਿਆ ਮੈਂ ਤਾਂ ਬੜਾ ਗਰੀਬ ਆਦਮੀ ਹਾਂ, ਸ਼ਾਹੂਕਾਰ ਤੋਂ ਕਰਜ਼ਾ ਚੁੱਕਿਆ ਹੋਇਆ ਹੈ, ਮੂਲ ਤੇ ਵਿਆਜ ਕਿਵੇਂ ਪੂਰਾ ਕਰਾਂਗਾ, ਮਿੱਟੀ ਦੀ ਮਿੱਟੀ ਹੋ ਗਈ ਹੈ। ਇਉਂ ਬੜਾ ਪਸਚਾਤਾਪ ਕਰਦਾ ਹੋਇਆ ਸ੍ਰੀ ਅੰਮ੍ਰਿਤਸਰ ਗੁਰੂ ਜੀ ਦੇ ਪਾਸ ਪੁੱਜਿਆ ਤੇ ਰੋ ਰੋ ਬੇਨਤੀ ਕੀਤੀ-ਗਰੀਬ ਨਿਵਾਜ਼ ਜੀ ! ਮੈਂ ਤਾਂ ਜਿਉਂਦਾ ਹੀ ਮਾਰਿਆ ਗਿਆ ਹਾਂ ਇੱਟ ਤਾਂ ਇਕ ਵੀ ਪੱਕੀ ਨਹੀਂ ਨਿਕਲੀ ਤਾਂ ਜਾਣੀ ਜਾਣ ਸਤਿਗੁਰੂ ਜੀ ਬੋਲੇ-ਭਾਈ ! ਤੂੰ ਕਿਸੇ ਸਿੱਖ ਦਾ ਹਿਰਦਾ ਦੁਖਾਇਆ ਹੋਵੇਗਾ ਤਾਂ ਬੁੱਧੂ ਨੇ ਕਿਹਾ-ਹਾਂ ਜੀ ! ਇਕ ਸਿੱਖ ਆਇਆ ਸੀ, ਉਸ ਨੇ ਮੇਰੇ ਪਾਸੋਂ ਪ੍ਰਸ਼ਾਦਾ ਮੰਗਿਆ ਸੀ ਪਰ ਮੈਂ ਉਸ ਨੂੰ ਦਿੱਤਾ ਨਹੀਂ। ਉਹ ਆਖ ਗਿਆ ਹੈ ਜਾਹ ਤੇਰਾ ਆਵਾ ਕੱਚਾ ਰਹੇਗਾ। ਪਰ ਮੈਂ ਆਪ ਜੀ ਦੇ ਅਤੇ ਸੰਗਤ ਦੇ ਭਰੋਸੇ ਕਰਕੇ ਉਸ ਦੀ ਪ੍ਰਵਾਹ ਨਹੀਂ ਕੀਤੀ।

ਜਦ ਮੈਂ ਆਵਾ ਖੋਲ੍ਹਿਆ ਤਾਂ ਸਾਰੀਆਂ ਇੱਟਾਂ ਪਿੱਲੀਆਂ ਨਿਕਲੀਆਂ, ਇਸ ਕਰਕੇ ਮੈਂ ਤਾਂ ਮਰ ਹੀ ਗਿਆ ਹਾਂ, ਮੈਂ ਕਰਜ਼ਾ ਕਿਵੇਂ ਉਤਾਰਾਂਗਾ ਆਪ ਕਿਰਪਾ ਕਰੋ ਤਾਂ ਹਜ਼ੂਰ ਨੇ ਕਿਹਾ-ਸਿੱਖ ਦਾ ਬਚਨ ਤਾਂ ਹੁਣ ਪੂਰਾ ਹੋ ਕੇ ਹੀ ਰਹੇਗਾ ਕਿਉਂਕਿ ਉਸ ਦੀ ਰਸਨਾ 'ਪਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਨਿਵਾਸ ਹੈ, ਉਹ ਪੂਰਨ ਸਿਦਕੀ ਸਿੱਖ ਹੈ ਉਸ ਦਾ ਬਚਨ ਹਟ ਨਹੀਂ ਸਕਦਾ। ਪਰ ਤੂੰ ਸਾਡੇ ਪਾਸ ਦੂਜੀ ਵਾਰ ਚਲ ਕੇ ਆਇਆ ਹੈਂ, ਗੁਰੂ ਨਾਨਕ ਦੇ ਦਰਬਾਰ ਵਿਚੋਂ ਤੈਨੂੰ ਵੀ ਨਿਰਾਸਾ ਮੋੜਨਾ ਠੀਕ ਨਹੀਂ। ''ਆਵਾ ਤੇਰਾ ਪਿੱਲਾ ਹੀ ਰਹੇਗਾ ਪਰ ਉਹ ਪੱਕੀਆਂ ਦੇ ਭਾ ਵਿਕ ਜਾਵੇਗਾ।''

ਇਹ ਗੱਲ ਸੁਣ ਕੇ ਭਾਈ ਬੁੱਧੂ ਨੂੰ ਕੁਝ ਧੀਰਜ ਆਈ ਵਾਪਸ ਆ ਕੇ ਇੱਟਾਂ ਬਾਹਰ ਕਢਵਾਈਆਂ, ਪਰ ਲਵੇ ਕੋਈ ਨਾ। ਇਤਨੇ ਨੂੰ ਸਾਵਣ ਭਾਦਰੋਂ ਦੇ ਮਹੀਨੇ ਬੜੀ ਜ਼ੋਰ ਦੀ ਝੜੀ ਲੱਗ ਗਈ, ਹਟਣ ਵਿਚ ਹੀ ਨਾ ਆਵੇ। ਉਸ ਮੌਕੇ ਸ਼ਾਹੀ ਕਿਲੇ ਦੀ ਕੰਧ ਬਹਿ ਗਈ, ਇੱਟਾਂ ਕਿਤੋਂ ਨਾ ਮਿਲਣ ਤਾਂ ਬਾਦਸ਼ਾਹ ਦੇ ਹੁਕਮ ਅਨੁਸਾਰ ਅਹਿਲਕਾਰਾਂ ਨੇ ਭਾਈ ਬੁੱਧੂ ਨੂੰ ਬੁਲਾ ਕੇ ਕਿਹਾ ਕਿ ਸਾਨੂੰ ਇੱਟਾਂ ਦੀ ਲੋੜ ਹੈ ਤੂੰ ਵੇਚ ਲੈ।

ਇਸ ਨੇ ਪੰਚਮ ਪਾਤਿਸ਼ਾਹ ਜੀ ਦਾ ਬਚਨ ਚੇਤੇ ਕਰਕੇ ਆਖਿਆ-ਹਨ ਤਾਂ ਸਹੀ, ਪਰ ਪਿੱਲੀਆਂ ਹਨ ਲੇਕਿਨ ਪੱਕੀਆਂ ਦੇ ਭਾ ਦੇਵਾਂਗਾ। ਉਨ੍ਹਾਂ ਨੂੰ ਜ਼ਰੂਰੀ ਲੋੜ ਸੀ ਪੱਕੀਆਂ ਦਾ ਮੁੱਲ ਦੇ ਕੇ ਸਾਰੀਆਂ ਇੱਟਾਂ ਖ਼ਰੀਦ ਲਈਆਂ। ਇਉਂ ਪੰਚਮ ਪਾਤਿਸ਼ਾਹ ਜੀ ਨੇ ਆਪਣਾ ਬਚਨ ਮੋੜ ਲਿਆ ਤੇ ਭਾਈ ਲੱਖੂ ਸਿੱਖ ਦਾ ਬਚਨ ਅਟੱਲ ਰੱਖਿਆ*।

(ਇਹ ਭਾਈ ਬੁੱਧੂ ਜੀ ਦਾ ਪ੍ਰਸੰਗ ਸੂਰਜ ਪ੍ਰਤਾਪਿ ਰਾਸਿ ਦੂਜੀ ਅੰਸੂ ੪੮ ਵਿਚ ਹੈ।)

**ਛੇਵੇਂ ਪਾਤਿਸ਼ਾਹ ਜੀ ਦੇ ਗੁਰ ਬਿਲਾਸ ਪੰਨਾ ੧੩੨ 'ਪਰ ਵੀ ਇਹ ਭਾਈ ਬੁੱਧੂ ਤੇ ਭਾਈ ਲੱਖੂ ਦਾ ਪ੍ਰਸੰਗ ਲਿਖਿਆ ਹੋਇਆ ਹੈ। ਪਰ ਓਥੇ ਕੁਝ ਹੋਰ ਢੰਗ ਨਾਲ ਲਿਖਿਆ ਹੋਇਆ ਹੈ।*

(ਏ) ਤਥਾ—ਸ੍ਰੀ ਗੁਰੂ ਅਰਜਨ ਸਾਹਿਬ ਜੀ ਰੂਪ ਹੋ ਕੇ ਮੈਂ ਪ੍ਰਣ ਕਰਕੇ ਕਿਹਾ ਸੀ ਕਿ ਦੋਹਾਂ ਭੂਮਾਂ (ਸੱਤੇ, ਬਲਵੰਡ) ਨੂੰ ਕੋਹੜ ਹੋਵੇ ਪਰ ਭਗਤ ਭਾਈ ਲੱਧੇ ਜੀ ਨੇ ਇਹ ਮੇਰੀ ਮਰਯਾਦਾ ਛੁਡਾ ਦਿੱਤੀ। ਭਗਤ ਭਾਈ ਲੱਧੇ ਜੀ ਨੇ ਸੱਤੇ ਬਲਵੰਡ ਦੇ ਬਾਰੇ ਵਿਚ ਜੋ ਮਰਯਾਦਾ ਬੱਧੀ ਹੈ, ਉਹ ਮੇਰੇ ਪਾਸੋਂ ਹੁਣ ਛੁਟ ਨਹੀਂ ਸਕਦੀ।

(ਇਹ ਪ੍ਰਸੰਗ ਗੁਰ ਪ੍ਰਤਾਪ ਸੂਰਜ ਰਾਸਿ ੩ ਅੰਸੁ ੪੫ ਵਿਚ ਹੈ।)

(ਹ) ਤਥਾ—ਸ਼ਿਵ ਜੀ ਰੂਪ ਹੋ ਕੇ ਮੈਂ ਮਰਯਾਦਾ ਬੱਧੀ ਕਿ ਅਜੀਤ ਸਿੰਘ ਨਹੀਂ ਮਰੇਗਾ, ਪਰ ਭਗਤ ਖੜਗ ਸਿੰਘ ਨੇ ਛੁਡਾ ਦਿੱਤੀ, ਭਾਵ ਅਜੀਤ ਸਿੰਘ ਮਰ ਹੀ ਗਿਆ।

(ਇਹ ਪ੍ਰਸੰਗ ਦਸਮ ਗ੍ਰੰਥ ਕ੍ਰਿਸ਼ਨਾਵਤਾਰ ਵਿਚ ਹੈ)

[ਪੰਨਾ ੧੨੫੩]

ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥੧॥

ਹੋਰ ਭਲਾ ਕੀ ਕਹਿਣਾ ਹੈ, ਇਕ ਸਮੇਂ ਮੈਨੂੰ ਕ੍ਰਿਸ਼ਨ ਅਵਤਾਰ ਵੇਲੇ ਜਸ਼ੋਧਾ ਨੇ ਫੜ ਕੇ ਉੱਖਲ ਨਾਲ ਬੰਨ੍ਹ ਦਿੱਤਾ ਤਾਂ ਫਿਰ ਮੇਰੇ ਪਾਸੋਂ ਕੋਈ ਜਵਾਬ ਨਾ ਹੋਇਆ।

ਅਥਵਾ:-ਇਕ ਸਮੇਂ ਫੰਧਕ ਨੇ ਚਤੁਰ ਭੁਜ ਪੰਛੀ ਦੇ ਰੂਪ ਵਿਚ ਮੈਨੂੰ ਫੜ ਕੇ ਬੰਨ੍ਹ ਲਿਆ ਤੇ ਪੁੱਠਾ ਲਟਕਾ ਕੇ ਲੈ ਆਂਦਾ ਤਾਂ ਭੀ ਫੰਧਕ ਨੂੰ ਕੁਝ ਕਹਿਣ ਵਾਸਤੇ ਮੇਰੇ ਪਾਸੋਂ ਕੋਈ ਜਵਾਬ ਨਾ ਆਇਆ।

ਵਾ:-ਇਕ ਸਮੇਂ ਮੈਨੂੰ ਬਾਵਨ ਅਵਤਾਰ ਵੇਲੇ ਬਲ ਰਾਜਾ ਨੇ ਫੜ ਕੇ ਬੰਨ੍ਹ ਲਿਆ। ਉਸ ਵੇਲੇ ਮੇਰੇ ਪਾਸੋਂ ਕੋਈ ਜਵਾਬ ਨਾ ਹੋਇਆ।

ਹੁਣ ਤੱਕ ਓਥੇ ਖਲੋ ਕੇ ਪਹਿਰਾ ਦੇਂਦਾ ਹਾਂ, ਚਾਰ ਮਹੀਨੇ ਬ੍ਰਹਮਾ, ਚਾਰ ਮਹੀਨੇ ਸ਼ਿਵ, ਚਾਰ ਮਹੀਨੇ ਮੈਂ ਆਪ ਡਿਊਟੀ ਤੇ ਖਲੋ ਕੇ ਪਹਿਰਾ ਦੇਂਦਾ ਹਾਂ।

ਯਥਾ:-ਭਗਤ ਹੇਤ ਮਾਰਿਓ ਹਰਨਾਖਸ ਨਰਸਿੰਘ ਰੂਪ ਹੋਇ ਦੇਹ ਧਰਿਓ॥

ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥ ੪॥ ੧॥ *(ਪੰਨਾ ੧੧੦੫)*

ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥

ਮੈਂ ਸ਼ੁਭ ਗੁਣਾਂ ਨਾਲ ਬੰਨ੍ਹਿਆਂ ਜਾਂਦਾ ਹਾਂ ਅਤੇ ਮੈਂ ਸਾਰਿਆਂ ਭਗਤਾਂ ਦੀ ਜੀਵਨ ਬੂਟੀ ਹਾਂ ਅਤੇ ਮੇਰੀ ਜੀਵਨ ਬੂਟੀ ਮੇਰੇ ਦਾਸ ਹਨ। ਇਸ ਲਈ ਭਗਵਾਨ ਦਾ ਦਾਸਾਂ ਨਾਲ ਸਬੰਧ ਹੈ ਅਤੇ ਹਰ ਜਗ੍ਹਾਂ ਦਾਸਾਂ ਦੀ ਰੱਖਿਆ ਕਰਦਾ ਹੈ।

ਯਥਾ:-ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ ਪੁਜਾਈ॥

ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨਿ ਭਾਈ॥ *(ਪੰਨਾ ੬੧੦)*

ਤਥਾ:-ਦਾਸ ਆਪਨੇ ਆਪਿ ਰਾਖੇ॥ ਘਟਿ ਘਟਿ ਸਬਦੁ ਸੁਭਾਖੇ॥ *(ਪੰਨਾ ੬੨੮)*

ਤਥਾ:-ਆਪਨੇ ਦਾਸ ਕਉ ਦੇ ਰਾਖੈ ਹਾਥ॥ ਨਿਮਖ ਨ ਛੋਡੈ ਸਦ ਹੀ ਸਾਥ॥ *(ਪੰਨਾ ੧੧੫੫)*

ਤਥਾ:-ਦਾਸ ਆਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ॥ *(ਪੰਨਾ ੮੨੬)*

ਤਥਾ:-ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤ੍ਰ॥

ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤ੍ਰ॥

ਹਰਿ ਕੇ ਦਾਸ ਹਰਿ ਧਿਆਇਦੇ ਕਰਿ ਪ੍ਰੀਤਮ ਸਿਉ ਨੇਹੁ॥
ਕਿਰਪਾ ਕਰਿ ਕੈ ਸੁਨਹੁ ਪ੍ਰਭ ਸਭ ਜਗ ਮਹਿ ਵਰਸੈ ਮੇਹੁ॥
ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰ ਕਰਾਈ॥ (ਪੰਨਾ ੬੫੨)

ਤਥਾ:- ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ॥
ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ॥ (ਪੰਨਾ ੨੫੭)

ਤਥਾ:- ਐਸਾ ਰਾਮੁ ਦੀਨ ਦੁਨੀ ਸਹਾਈ॥ ਦਾਸ ਕੀ ਪੈਜ ਰਖੈ ਮੇਰੇ ਭਾਈ॥ (ਪੰਨਾ ੨੦੦)

ਤਥਾ:- ਦਾਸ ਕੀ ਲਾਜ ਰਖੈ ਮਿਹਰਵਾਨੁ॥ ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ॥ (ਪੰਨਾ ੮੨੧)

ਤਥਾ:- ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ॥
ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ॥ ੨੮॥

(ਵਾਰ ਸੋਰਠਿ ਪੰਨਾ ੬੫੩)

ਤਥਾ:- ਜਿਸੁ ਮਸਤਕਿ ਗੁਰਿ ਧਰਿਆ ਹਾਥੁ॥ ਕੋਟਿ ਮਧੇ ਕੋ ਵਿਰਲਾ ਦਾਸੁ॥ (ਪੰਨਾ ੧੩੪੦)

ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥

ਨਾਮਦੇਵ ਜੀ ਕਹਿੰਦੇ ਹਨ-ਜਿਸ ਭਗਵਾਨ ਦੇ ਜੀਅ ਵਿਚ ਭਗਤਾਂ ਨਾਲ ਐਸੀ ਪ੍ਰੀਤੀ ਹੈ, ਤੈਸਾ ਹੀ ਤਿਸ ਪਰਮਾਤਮਾ ਨਾਲ ਪਰੇਮ ਦਾ ਪ੍ਰਕਾਸ਼ ਕਰਨਾ ਚਾਹੀਦਾ ਹੈ॥ ੨॥ ੩॥

ਸਾਰੰਗ॥ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ— ਇਕ ਆਦਮੀ ਭਗਤ ਪਰਮਾਨੰਦ ਜੀ ਪਾਸੋਂ ਨਿੱਤਨੇਮ ਨਾਲ ਆ ਕੇ ਪੁਰਾਣਾਂ ਦੀ ਕਥਾ ਸੁਣਦਾ ਸੀ, ਲੇਕਿਨ ਉਸ ਦੇ ਆਚਰਨ ਬੜੇ ਭੈੜੇ ਸਨ। ਬਹੁਤ ਸਮਾਂ ਕਥਾ ਸੁਣਦਿਆਂ ਹੋਇਆਂ ਵੀ ਜਦ ਉਸ ਦੇ ਖਿਆਲਾਤ ਤਬਦੀਲ ਨਾ ਹੋਏ ਤਾਂ ਪਰਮਾਨੰਦ ਜੀ ਉਸ ਨੂੰ ਉਪਦੇਸ਼ ਦੇਂਦੇ ਹਨ-

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥

ਹੇ ਪੁਰਸ਼ਾ ! ਤੂੰ ਪੁਰਾਣਾਂ ਦੀ ਕਥਾ ਸੁਣ ਕੇ ਕੀ ਲਾਭ ਉਠਾਣਾ ਕੀਤਾ ਹੈ।

ਯਥਾ:- ਨਿਸ ਦਿਨ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥
ਕਾਲ ਤਉ ਪਹੂਚਿਓ ਆਂਨਿ ਕਹਾ ਜੈਹੈ ਭਾਜਿ ਰੇ॥ ੧॥ (ਪੰਨਾ ੧੩੫੩)

ਤਥਾ:- ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥ ਬੇਦ ਪੁਰਾਣ ਪੜੈ ਸੁਣਿ ਥਾਟਾ॥
ਬਿਨ ਰਸ ਰਾਤੇ ਮਨੁ ਬਹੁ ਨਾਟਾ॥ ੭॥ (ਗਉੜੀ ਮਹਲਾ ੧, ਪੰਨਾ ੨੨੬)

ਅਨਪਾਵਨੀ ਭਗਤਿ ਨਹੀ ਉਪਜੀ ਭੂਖੇ ਦਾਨੁ ਨ ਦੀਨਾ॥ ੧॥ ਰਹਾਉ॥

ਜੋ ਅਨਪਾਵਨੀ=ਇਕ ਰਸ ਪਰਮਾਤਮਾ ਦੀ ਪ੍ਰੇਮਾ ਭਗਤੀ ਕਰਨੀ ਤੇਰੇ ਦਿਲ ਵਿਚ ਉਤਪੰਨ ਨਹੀਂ ਹੋਈ ਅਤੇ ਭੁੱਖੇ ਆਦਮੀ ਨੂੰ ਤੂੰ ਦਾਨ ਵੀ ਨਹੀਂ ਦਿੱਤਾ॥ ੧॥ ਰਹਾਉ॥

ਕਥਾ ਨੂੰ ਸੁਣ ਕੇ ਆਸੁਰੀ ਸੰਪਦਾ ਦਾ ਤਿਆਗ ਕਰਨਾ ਸੀ ਪਰ ਤੇਰੇ ਪਾਸੋਂ ਨਾ ਹੋ ਸਕਿਆ।

ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥

ਕਾਮ ਚੇਸ਼ਟਾ ਦਾ ਖਿਆਲ ਵੀ ਨਾ ਭੁਲਿਆ ਤੇ ਕ੍ਰੋਧ ਵੀ ਨਾ ਭੁਲਿਆ, ਦੇਵਾ=ਹੇ ਭਾਈ ! ਪਦਾਰਥਾਂ ਦਾ ਲੋਭ ਵੀ ਤੇਰੇ ਅੰਦਰੋਂ ਨਾ ਛੁਟਿਆ।

ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥ ੧॥

ਪਰਾਈ ਨਿੰਦਿਆ ਕਰਨੀ ਵੀ ਤੇਰੇ ਮੂੰਹੋਂ ਨਹੀਂ ਹਟੀ, ਅੱਗੋਂ ਲਾਭ ਹੋਣਾ ਤਾਂ ਕਿਧਰੇ ਰਿਹਾ, ਪਿਛਲੀ ਸੇਵਾ ਕੀਤੀ ਹੋਈ ਸਾਰੀ ਤੇਰੀ ਵਿਅਰਥ ਹੋ ਗਈ ਹੈ॥ ੧॥

ਯਥਾ:- ਮਨ ਰੇ ਕਉਨੁ ਕੁਮਤਿ ਤੈ ਲੀਨੀ॥

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹੀ ਕੀਨੀ॥ *(ਸੋਰਠਿ ਮ: ੯, ਪੰਨਾ ੬੬੩)*

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥

ਬਾਟ=ਰਾਹ ਜਾਂਦਿਆਂ ਰਾਹੀਆਂ ਨੂੰ ਪਾੜ ਕੇ ਭਾਵ ਠੱਗੀ ਕਰਕੇ ਅਤੇ ਬਿਰਾਨੋ=ਬਗਾਨੇ ਘਰਾਂ ਨੂੰ ਮੂਸਿ=ਲੁੱਟ ਕੇ ਭਾਵ ਚੋਰੀ ਕਰਕੇ ਹੇ ਅਪਰਾਧੀ=ਨੀਚ ਪੁਰਸ਼ਾ ! ਤੂੰ ਆਪਣੇ ਪੇਟ ਨੂੰ ਭਰਦਾ ਹੈਂ। ਪਰ ਇਸ ਤੇਰੇ ਕਰਤੱਬ ਨੂੰ ਉਹ ਪ੍ਰਭੂ ਦੇਖ ਰਿਹਾ ਹੈ।

ਯਥਾ:- ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥

ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥ ੩॥ *(ਪੰਨਾ ੧੫੬)*

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥ ੨॥

ਜਿਨ੍ਹਾਂ ਕਰਮਾਂ ਦੇ ਕਰਨ ਨਾਲ ਪ੍ਰਲੋਕ ਨਿਸਫਲ ਜਾ ਕਿਹਾ ਹੈ ਅਤੇ ਇਸ ਲੋਕ ਵਿਚ ਵੀ ਅਪਕੀਰਤਿ=ਅਪਜੱਸ ਹੋ ਰਿਹਾ ਹੈ। ਵਾ:-ਜਿਨ੍ਹਾਂ ਕਰਮਾਂ ਦੇ ਕਰਨ ਨਾਲ ਪ੍ਰਲੋਕ ਵਿਚ ਜਾਂਦਿਆਂ ਨਾਲ ਹੀ ਅਪਜਸ ਹੋਣਾ ਹੈ, ਓਹੀ ਅਵਿਦਿਆ (ਮੂਰਖਤਾਈ) ਤੂੰ ਸਾਧੀ=ਕੀਤੀ ਹੈ॥ ੨॥

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥

ਜੀਵ ਹਿੰਸਿਆ ਕਰਨੀ ਤੇਰੇ ਮਨ ਤੋਂ ਛੁਟੀ ਨਹੀਂ ਅਤੇ ਜੀਆਂ ਉੱਤੇ ਦਇਆ ਕਰਨੀ ਭੀ ਤੂੰ ਨਹੀਂ ਪਾਲੀ=ਕੀਤੀ।

ਯਥਾ:- ਜੀਅ ਬਧਹੁ ਸੁ ਧਰਮ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥

ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ *(ਪੰਨਾ ੧੧੦੩)*

ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥ ੩॥ ੧॥ ੬॥

ਭਗਤ *ਪਰਮਾਨੰਦ ਜੀ ਕਹਿੰਦੇ ਹਨ-ਪਰਮੇਸ਼ਰ ਦੀ ਸਾਧਸੰਗਤਿ ਨਾਲ ਮਿਲ ਕੇ ਪੁਨੀਤ=ਪਵਿੱਤਰ ਕਥਾ ਤੂੰ ਚਲਾਵਣਾ ਨਾ ਕੀਤੀ।

**ਨੋਟ-ਕਬੀਰ ਜੀ ਦੇ ਗੁਰੂ ਰਾਮਾਨੰਦ ਜੀ ਹਨ ਅਤੇ ਰਾਮਾਨੰਦ ਜੀ ਦੇ ਗੁਰੂ ਪਰਮਾਨੰਦ ਜੀ ਹਨ। ਪਰਮਾਨੰਦ ਜੀ ਬਾਰਸੀ ਜ਼ਿਲਾ ਸ਼ੋਲਾਪੁਰ ਦੇ ਵਸਨੀਕ ਸਨ। ਆਪ ਕਵਿਤਾ ਦੇ ਬੜੇ ਧਨੀ ਸਨ ਆਪਣੀ ਕਵਿਤਾ ਹੇਠ ਆਪਣਾ ਸਾਰੰਗ ਨਾਮ ਦਿੱਤਾ ਹੈ, ਪਰ ਇਥੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਹੈ, ਇਸ ਵਿਚ ਆਪਣਾ ਨਾਂ ਪਰਮਾਨੰਦ ਹੀ ਦਿੱਤਾ ਹੈ।*

ਵਾ:-ਪਵਿੱਤ੍ਰ ਕਥਾ ਦੇ ਅਨੁਸਾਰ ਤੇਰੀ ਬੁੱਧੀ ਨਾ ਚਲੀ॥ ੩॥ ੧॥

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥

ਇਹ ਇਕ ਮੂਲ ਰੂਪ ਤੁਕ ਸੂਰਦਾਸ ਭਗਤ ਦੀ ਸਤਿਗੁਰੂ ਅਰਜਨ ਦੇਵ ਜੀ ਨੇ ਰੱਖੀ ਹੈ।

ਅਰਥ-ਹੇ ਪਿਆਰੇ ! ਹਰੀ ਤੋਂ ਬੇਮੁਖ ਪੁਰਸ਼ਾਂ ਦਾ ਸੰਗ ਤੂੰ ਤਿਆਗ ਦੇ ਕਿਉਂਕਿ ਜਿਹੜੇ ਹਰੀ ਤੋਂ ਬੇ-ਮੁਖ ਹਨ, ਉਹਨਾਂ ਨੂੰ ਜੰਮਣਾ ਮਰਨਾ ਪੈਂਦਾ ਹੈ।

ਯਥਾ:- ਵੇਮੁਖ ਹੋਏ ਰਾਮ ਤੇ ਲਗਨ ਜਨਮ ਵਿਜੋਗ॥ *(ਬਾਰਹ ਮਾਹਾ ਮਾਝ ਮ: ੫, ਪੰਨਾ ੧੩੫)*

ਤਥਾ:- ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲ ਲਾਗੈ ਗਾਲਿ॥ *(ਸੋਰਠਿ ਮ: ੫, ਪੰਨਾ ੬੪੧)*

ਭਗਤ ਸੂਰਦਾਸ ਜੀ ਨੇ ਸ਼ਬਦ ਤਾਂ ਸਾਰਾ ਉਚਾਰਿਆ ਹੈ ਪਰ ਸਾਰੇ ਸ਼ਬਦ ਦੇ ਸਿਧਾਂਤ ਦੀ ਤੁਕ ਇਕ ਇਹੋ ਹੈ। ਸਾਰਾ ਸ਼ਬਦ ਭਾਈ ਬੰਨੋ ਸਾਹਿਬ ਵਾਲੀ ਬੀੜ ਜੋ ਮਾਂਗਟ ਜ਼ਿਲ੍ਹਾ ਗੁਜਰਾਤ ਵਿਚ ਉਹਨਾਂ ਦੀ ਸੰਤਾਨ ਦੇ ਪਾਸ ਸੀ, ਉਸ ਵਿਚ ਦਰਜ ਹੈ, ਅੱਜ ਕੱਲ ਉਸ ਬੀੜ ਦਾ ਪਤਾ ਨਹੀਂ ਕਿਥੇ ਹੈ।

ਉਹ ਸ਼ਬਦ ਅੱਗੇ ਪੜ੍ਹੋ:-

ੴ ਸਤਿਗੁਰ ਪ੍ਰਸਾਦਿ॥ ਸਾਰਗ ਸੂਰਦਾਸ ਜੀ॥
ਛਾਡਿ ਮਨ ਹਰਿ ਬਿਮੁਖਨਿ ਕੋ ਸੰਗੁ॥
ਜਾ ਕੈ ਮਿਲੈ ਕੁਬੁਧਿ ਉਪਜਤ ਹੈ ਪਰਤ ਭਜਨ ਮੋ ਭੰਗ॥ ੧॥ ਰਹਾਉ॥
ਕਹਾ ਭਏ ਪੀ ਪਾਇ ਪੀਆਏ ਬਿਖੁ ਨ ਤਜੈ ਭੁਅੰਗ॥
ਕਾਗਾ ਕਹਾ ਕਪੂਰ ਚੁਗਾਏ ਸੁਆਨ ਨਵਾਏ ਗੰਗ॥
ਖਰ ਕਉ ਕਹਾਂ ਅਗਰ ਕਉ ਲੇਪਨ ਮਰਕਟ ਭੂਖਨ ਅੰਗ॥
ਪਾਹਨ ਪਤਿਤ ਬਾਨ ਨਹੀ ਬੇਧੇ ਰੀਤੇ ਹੋਇ ਨਿਖੰਗ॥
ਸੂਰਦਾਸ ਓਇ ਕਾਰੀ ਕਮਰੀ ਚੜਤ ਨ ਦੂਸਰ ਰੰਗ॥ ੨॥

ਅਰਥ-ਹੇ ਪਿਆਰੇ ! ਪਰਮਾਤਮਾ ਤੋਂ ਬੇਮੁਖ ਆਦਮੀਆਂ ਦਾ ਸੰਗ ਤਿਆਗ ਦੇ। ਜਿਹਨਾਂ ਬੇਮੁਖਾਂ ਨਾਲ ਮਿਲਣ ਕਰਕੇ ਖੋਟੀ ਮਤ ਪੈਦਾ ਹੁੰਦੀ ਹੈ ਅਤੇ ਵਾਹਿਗੁਰੂ ਦੇ ਭਜਨ ਵਿਚ ਭੰਗ=ਵਿਘਨ ਪੈਂਦਾ ਹੈ।

ਪਿਆਲੇ ਵਿਚ ਪੀ=ਦੁੱਧ ਪਾ ਕੇ ਸੱਪ ਨੂੰ ਪਿਲਾਣੇ 'ਤੇ ਕੀ ਹੁੰਦਾ ਹੈ ? ਭਾਵ ਕੋਈ ਫਲ ਨਹੀਂ, ਸਗੋਂ ਵਿਹੁ ਹੀ ਵੱਧਦੀ ਹੈ, ਦੁੱਧ ਪੀ ਕੇ ਸੱਪ ਵਿਹੁ ਨੂੰ ਤਿਆਗਦਾ ਨਹੀਂ।

ਐਸੇ ਨਿਸ਼ਕਾਮ ਕਰਮਾਂ ਦਾ ਉਪਦੇਸ਼ ਸੁਣ ਕੇ ਵੀ ਮਨਮੁਖ ਪੁਰਸ਼ ਨਿੰਦਿਆ ਕਰਨੇ ਰੂਪੀ ਜਾਂ ਵਿਸ਼ਿਆਂ ਰੂਪੀ ਵਿਹੁ ਨੂੰ ਤਿਆਗਦਾ ਨਹੀਂ।

ਕਾਗਾ=ਕਾਂ ਨੂੰ ਕਪੂਰ, ਮੋਤੀ, ਹੀਰੇ ਆਦਿ ਚੁਗਾਣੇ ਨਾਲ ਕੀ ਹੈ ? ਭਾਵ ਕੋਈ ਫਲ ਨਹੀਂ। ਸੁਆਨ=ਕੁੱਤੇ ਨੂੰ ਗੰਗਾ 'ਪਰ ਇਸ਼ਨਾਨ ਕਰਾਉਣੇ ਨਾਲ ਕੋਈ ਲਾਭ ਨਹੀਂ ਹੁੰਦਾ।

ਖਰ=ਗਧੇ ਨੂੰ ਅਗਰ ਚੰਦਨ ਦਾ ਲੇਪ ਕਰਨੇ ਨਾਲ ਕੀ ਫਲ ਹੈ, ਭਾਵ ਸੀਤਲ ਨਹੀਂ ਹੁੰਦਾ।

ਮਰਕਟ=ਬਾਂਦਰ ਦੇ ਅੰਗਾਂ 'ਪਰ ਭੂਸ਼ਨ ਪਾਣ ਨਾਲ ਉਹ ਕੋਈ ਆਦਮੀ ਨਹੀਂ ਬਣ ਜਾਂਦਾ। ਬਾਣਾਂ ਦੇ ਪਤਿਤ=ਪੈਣੇ ਨਾਲ ਪੱਥਰ ਵਿੰਨ੍ਹਿਆਂ ਨਹੀਂ ਜਾਂਦਾ, ਭਾਵੇਂ ਸਾਰੇ ਨਿਖੰਗ=ਭੱਥੇ, ਰੀਤੇ=ਖਾਲ੍ਹੀ ਹੋ ਜਾਣ।

ਭਗਤ ਸੂਰਦਾਸ ਜੀ ਕਹਿੰਦੇ ਹਨ—ਹੇ ਪੁਰਸ਼ਾ ! ਜਿਸ ਤਰ੍ਹਾਂ ਕਾਲ੍ਹੀ ਕਮਲੀ ਨੂੰ ਦੂਜਾ ਰੰਗ ਕੋਈ ਨਹੀਂ ਚੜ੍ਹਦਾ, ਤੈਸੇ ਹਰੀ ਤੋਂ ਬੇਮੁਖ ਆਦਮੀਆਂ ਨੂੰ ਸਤਸੰਗ ਅਤੇ ਨਾਮ ਦਾ ਰੰਗ ਨਹੀਂ ਚੜ੍ਹਦਾ। ਇਸ ਕਰਕੇ ਉਹਨਾਂ

ਦਾ ਤਿਆਗ ਕਰਨਾ ਹੀ ਸਰੇਸ਼ਟ ਹੈ।

ਕਈ ਮਹਾਂ ਪੁਰਸ਼ ਇੰਞ ਕਹਿੰਦੇ ਹਨ, ਕਿ—ਜਿਸ ਵੇਲੇ ਭਗਤ ਸੂਰਦਾਸ ਜੀ ਨੇ ਇਕ ਹੀ ਪੰਗਤੀ ਉਚਾਰੀ ਹੈ ਤਾਂ ਉਸ ਦੀ ਆਪਣੀ ਸਮਾਧੀ ਲੱਗ ਗਈ ਸੀ, ਇਸ ਕਰਕੇ ਹੋਰ ਬਾਣੀ ਨਹੀਂ ਉਚਾਰੀ।

ਸਾਰੰਗ ਮਹਲਾ ੫ ਸੂਰਦਾਸ ॥
ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਆਪ ਉਚਾਰ ਕੇ ਸੂਰਦਾਸ ਜੀ ਨੂੰ ਸਿਰੋਪਾ ਦਿੱਤਾ ਹੈ, ਇਸ ਕਰਕੇ ਸਾਰੰਗ ਮਹਲਾ ੫ ਤੇ ਸੂਰਦਾਸ ਦੋਵੇਂ ਨਾਮ ਲਿਖੇ ਹਨ।

ਹਰਿ ਕੇ ਸੰਗ ਬਸੇ ਹਰਿ ਲੋਕ ॥

ਹਰੀ ਪਰਮਾਤਮਾ ਦੇ ਲੋਕ=ਭਗਤ ਜਨ ਹਰੀ ਦੇ ਨਾਲ ਹੀ ਵਸਦੇ ਹਨ।

ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ
ਅਨਦ ਸਹਜ ਧੁਨਿ ਝੋਕ ॥ ੧ ॥ ਰਹਾਉ ॥

ਹਰੀ ਦੇ ਲੋਕਾਂ ਨੇ ਆਪਣਾ *ਤਨ ਮਨ ਪਰਮੇਸ਼ਰ ਨੂੰ ਅਰਪਿਆ ਹੈ ਅਤੇ ਘਰ ਦਾ ਸਾਰਾ ਸਰਬੰਸ ਵੀ ਅਰਪ ਦਿੱਤਾ ਹੈ ਤੇ ਅਨੰਦ ਰੂਪ ਪਰਮਾਤਮਾ ਦੇ ਧੁਨਿ=ਉਚਾਰਨ ਵਿਚ ਸਹਿਜੇ ਹੀ ਉਹਨਾਂ ਦੀ ਝੋਕ=ਬਿਰਤੀ ਲੱਗ ਰਹੀ ਹੈ। ('ਸਰਬਸੁ' ਪਾਠ ਇਕੱਠਾ ਹੈ।)

ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥

ਪਰਮੇਸ਼ਰ ਦੇ ਦਰਸ਼ਨ ਨੂੰ ਵੇਖ ਕੇ ਵਿਸ਼ਿਆਂ ਤੋਂ ਰਹਿਤ ਹੋਏ ਹਨ ਅਤੇ ਉਹਨਾਂ ਨੇ ਸਾਰੇ ਥੋਕ=ਪਦਾਰਥ ਪਾ ਲਏ ਹਨ।

ਭਾਵ- ਉਹਨਾਂ ਨੂੰ ਬਾਕੀ ਹੋਰ ਕਿਸੇ ਪਦਾਰਥ ਦੀ ਇੱਛਾ ਨਹੀਂ ਰਹੀ।

ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥ ੧ ॥

ਆਨ=ਹੋਰ ਚੀਜ਼ ਨਾਲ ਉਹਨਾਂ ਦਾ ਕੁਝ ਕੰਮ ਨਹੀਂ ਕਿਉਂਕਿ ਉਹ ਪਰਮਾਤਮਾ ਦੇ ਸੁੰਦਰ ਬਦਨ=ਮੁੰਹ ਨੂੰ ਅਲੋਕ=ਵੇਖ ਰਹੇ ਹਨ॥ ੧ ॥

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥

ਸਿਆਮ ਸੁੰਦਰ=ਪਰਮਾਤਮਾ ਨੂੰ ਤਜਿ=ਤਿਆਗ ਕੇ ਜਿਹੜੇ ਆਦਮੀ ਆਨ=ਹੋਰ ਨੂੰ ਚਾਹੁੰਦੇ ਹਨ, ਉਹ ਐਸੇ ਦੁੱਖੀ ਹੋ ਕੇ ਮਰਦੇ ਹਨ, ਜਿਸ ਤਰ੍ਹਾਂ ਕੁਸਟੀ=ਕੋਹੜੀ ਦੇ ਸਰੀਰ ਨੂੰ ਜੋਕਾਂ ਲੱਗ ਕੇ ਦੁੱਖੀ ਹੋ ਕੇ ਮਰਦੀਆਂ ਹਨ।

ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥ ੨ ॥ ੧ ॥ ੮ ॥

---

*ਨੋਟ-ਤਨ ਮਨ ਦੇ ਅਰਪਨੇ 'ਪਰ ਪ੍ਰਮਾਣ ਭਗਤ ਬਾਣੀ ਸਟੀਕ ਦੇ ਪਹਿਲੇ ਭਾਗ ਵਿਚ ਬਹੁਤ ਲਿਖੇ ਹਨ, ਪਹਿਲੀ ਐਡੀਸ਼ਨ ਦੇ ਪੰਨਾ ੩੯੯, ਦੂਜੀ ਐਡੀਸ਼ਨ ਦੇ ੪੬੨ ਪੰਨੇ 'ਪਰ ਦੇਖੋ।

ਤਨ ਮਨ ਅਰਪਉ ਪੂਜ ਚਰਾਵਉ ॥ ਆਦਿ

ਭਗਤ* ਸੂਰਦਾਸ ਜੀ ਕਹਿੰਦੇ ਹਨ-ਮੇਰਾ ਮਨ ਪ੍ਰਭੂ ਨੇ ਆਪਣੇ ਹੱਥ ਲੈ ਲੀਤਾ ਹੈ, ਇਹ ਲੋਕ ਅਤੇ ਪ੍ਰਲੋਕ ਦੋਵੇਂ ਪ੍ਰਭੂ ਨੇ ਸਫਲ ਕਰ ਦਿੱਤੇ ਹਨ।

ਵਾ:-ਇਸ ਲੋਕ ਦਾ ਪ੍ਰਲੋਕ ਦਾ ਸੁਖ ਦੇਣਾ ਕੀਤਾ ਹੈ।

ਵਾ:-ਇਹੁ=ਆਤਮਾ, ਪਰਲੋਕ=ਪਰਮਾਤਮਾ, ਅਰਥਾਤ-ਆਤਮਾ ਤੇ ਪਰਮਾਤਮਾ ਦੋਹਾਂ ਦੀ ਅਭੇਦਤਾ ਦਾ ਅਨੰਦ ਦੇਣਾ ਕੀਤਾ ਹੈ।

ਵਾ:-ਪ੍ਰਭੂ ਨੇ ਜਿਹੜਾ ਸਾਡਾ ਮਨ ਆਪਣੇ ਹਥਿ=ਅਧੀਨ ਕਰ ਲੀਤਾ ਹੈ, ਏਹੋ ਇਕ ਪ੍ਰਲੋਕ ਦਾ ਸੁਖ ਦਿੱਤਾ ਹੈ॥ ੨॥ ੧॥ ੮॥

ਸਾਰੰਗ ਕਬੀਰ ਜੀਉ॥
੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ—ਹੁਣ ਕਬੀਰ ਜੀ ਵੈਰਾਗ ਜਨਕ ਉਪਦੇਸ਼ ਕਰਦੇ ਹਨ-

ਹਰਿ ਬਿਨੁ ਕਉਨੁ ਸਹਾਈ ਮਨ ਕਾ॥

ਇਸ ਮਨ=ਜੀਵ ਦਾ ਹਰੀ ਤੋਂ ਬਿਨਾਂ ਕੌਣ ਸਹਾਈ ਹੈ, ਭਾਵ ਕੋਈ ਨਹੀਂ।

ਯਥਾ-ਹਰੀ ਬਿਨੁ ਤੇਰੋ ਕੋ ਨ ਸਹਾਈ॥ (ਸਾਰਗ ਮਹਲਾ ੯, ਪੰਨਾ ੧੨੩੧)

ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ॥ ੧॥ ਰਹਾਉ॥

ਮਾਤਾ, ਪਿਤਾ, ਭਰਾ, ਪੁੱਤਰ, ਬਨਿਤਾ=ਇਸਤ੍ਰੀ ਇਤਿਆਦਿਕ ਸਾਰੇ ਸਨਬੰਧੀਆਂ ਨਾਲ ਜੋ ਹਿਤੁ=ਪ੍ਰੇਮ ਲੱਗ ਰਿਹਾ ਹੈ, ਉਹ ਸਭ ਫਨਕਾ=ਛਨਾਹ ਰੂਪ ਹੈ॥ ੧॥ ਰਹਾਉ॥

ਯਥਾ- ਕਾ ਕੀ ਮਾਈ ਕਾ ਕੋ ਬਾਪ॥ ਨਾਮ ਧਾਰੀਕ ਝੂਠੇ ਸਭਿ ਸਾਕ॥ ੧॥ (ਪੰਨਾ ੧੮੮)

ਤਥਾ- ਕਾ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ॥ (ਪੰਨਾ ੧੨੩੧)

ਤਥਾ- ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ॥
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ॥ (ਪੰਨਾ ੪੭੮)

-ਸੂਚਨਾ-

*ਸੂਰਦਾਸ ਜੀ ਦਾ ਜਨਮ ੧੫੮੬ ਸੰਮਤ ਵਿਚ ਬ੍ਰਾਹਮਣ ਦੇ ਘਰ ਹੋਇਆ ਹੈ ਆਪ ਜੀ ਦਾ ਪਹਿਲਾ ਨਾਮ **'ਮਦਨ ਮੋਹਨ'** ਸੀ, ਆਪ ਸੰਸਕ੍ਰਿਤ, ਹਿੰਦੀ, ਫਾਰਸੀ ਦੇ ਪੂਰਨ ਵਿਦਵਾਨ ਸਨ ਅਤੇ ਰਾਗ ਵਿਦਿਆ ਦੇ ਵੀ ਧਨੀ ਸਨ। ਆਪ ਦੇ ਗਾਏ ਹੋਏ ਗੀਤਾਂ ਨੂੰ ਲੋਕ ਬੜੇ ਉਤਸ਼ਾਹ ਨਾਲ ਸੁਣਦੇ ਸਨ। ਆਪ ਦੀਆਂ ਸਿਫਤਾਂ ਸੁਣ ਕੇ ਅਕਬਰ ਬਾਦਸ਼ਾਹ ਦੇ ਅਵਧ ਦੇ ਇਲਾਕੇ ''ਸੰਧੀਲਾ'' ਦਾ ਆਪ ਨੂੰ ਹਾਕਮ ਬਣਾ ਦਿੱਤਾ, ਪਰ ਅੰਤ ਨੂੰ ਵੈਰਾਗ ਦਸ਼ਾ ਵਿੱਚ ਆ ਕੇ ਸਭ ਕੁਝ ਤਿਆਗ ਕੇ ਆਪ ਨੇ ਜੰਗਲਾਂ ਵਿੱਚ ਜਾ ਟਿਕਾਣਾ ਲਗਾਇਆ। ਉਥੇ ਹੀ ਕਰਤਾਰ ਦਾ ਸਿਮਰਨ ਕਰਦੇ ਰਹੇ। ਵ੍ਰਿਜ ਦੇ ਅੱਠ ਮਹਾਂ ਕਵੀਆਂ ਵਿੱਚ ਭੀ ਆਪ ਦੀ ਗਿਣਤੀ ਹੈ।

ਅੱਠ ਕਵੀਆਂ ਦੇ ਨਾਮ ਇਹ ਹਨ-

ਕ੍ਰਿਸ਼ਨ ਦਾਸ, ਪਰਮਾਨੰਦ, ਕੁੰਭਨ ਦਾਸ, ਚਤੁਰ ਭੁਜ,

ਛੀਤ ਸਵਾਮੀ, ਨੰਦ ਦਾਸ, ਗੋਬਿੰਦ ਦਾਸ, ਸੂਰਦਾਸ।

ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥

ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਵਾਸਤੇ ਅੱਗੇ ਜਾਣ ਨੂੰ ਕੁਝ ਜਪ ਤਪ ਕਰਨੇ ਰੂਪੀ ਤੁਲਹਾ=ਜਹਾਜ਼ ਬਣਾਓ, ਜਿਸ ਧਨ ਪਿੱਛੇ ਤੁਸੀਂ ਲੱਗ ਰਹੇ ਹੋ ਇਸ ਧਨ ਦਾ ਕੀ ਭਰੋਸਾ ਹੈ?

ਯਥਾ- ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ *(ਪੰਨਾ ੨੩)*

ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥ ੧ ॥

ਇਸ ਸਰੀਰ ਰੂਪੀ ਭਾਂਡੇ ਦਾ ਕੀ ਬਿਸਾਸਾ=ਭਰੋਸਾ ਹੈ, ਭਾਂਵ ਕੋਈ ਭਰੋਸਾ ਨਹੀਂ।

ਯਥਾ- ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤ ਨ ਜਾਣਾ ॥ *(ਪੰਨਾ ੬੬੦)*

ਇਤਨਾ ਕੁ ਭਾਵ ਥੋੜ੍ਹੀ ਜਿਹੀ ਠਨਕਾ=ਠੋਕਰ ਲੱਗਣ ਦੀ ਦੇਰ ਹੈ, ਭਾਵ- ਇਕ ਤਪ ਦੀ ਮਾਰ ਹੈ ਯਾਂ ਕੇਲੇ ਦੇ ਛਿੱਲੜ ਤੋਂ ਪੈਰ ਹੀ ਤਿਲਕ ਜਾਣ ਦੀ ਦੇਰ ਹੈ ਤਾਂ ਐਵੇਂ ਹੀ ਇਸ ਨੇ ਹਰੀਹਰ ਹੋ ਜਾਣਾ ਹੈ।

ਕਈ ਮਹਾਤਮਾ (ਇਤਨਕੁ ਲਾਗੈ ਠਨਕਾ) ਨੂੰ ਪੁਲਿੰਗ ਵਿਚ ਵਰਤਦੇ ਹਨ ਕਿ ਇਤਨਾ ਕੁ ਠੋਲ੍ਹਾ ਲੱਗਣ ਦੀ ਦੇਰ ਹੈ, ਭਾਵ ਥੋੜ੍ਹਾ ਜਿਹਾ ਧੱਕਾ ਲੱਗਣ ਦੀ ਦੇਰ ਹੈ ਤੇ ਝੱਟ ਇਸ ਸਰੀਰ ਨੇ ਨਸ਼ਟ ਹੋ ਜਾਣਾ ਹੈ॥ ੧ ॥

ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ॥

ਸਾਰਿਆਂ ਧਰਮਾਂ ਦੇ ਅਤੇ ਪੁੰਨਾਂ ਦੇ ਫਲ ਪਾ ਲਓਗੇ, ਜੇ ਤੁਸੀਂ ਸਾਰਿਆਂ ਗੁਰਮੁਖ ਜਨਾਂ ਦੇ ਚਰਨਾਂ ਦੀ ਧੂੜ ਨੂੰ ਬਾਂਛਹੁ=ਚਾਹੁਣਾ ਕਰੋ।

ਯਥਾ - ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥
ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥ ੧ ॥ *(ਪੰਨਾ ੮੦)*

ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨ ॥੧ ॥੯ ॥

ਕਬੀਰ ਜੀ ਕਥਨ ਕਰਦੇ ਹਨ—ਹੇ ਸੰਤੋ ! ਸੁਨਣਾ ਕਰੋ, ਇਹ ਮਨ ਵਸ਼ਿਸ਼ਟ ਜੀਵ ਰੂਪੀ ਪੰਛੀ ਸੰਸਾਰ ਬਨ ਤੋਂ ਉੱਡ ਜਾਣ ਵਾਲਾ ਹੈ॥ ੨ ॥ ੧ ॥ ੯ ॥

ਤਰੀਕ ੧-੯-੭੯

ਸਾਰੰਗ ਰਾਗ ਸਮਾਪਤ

ਰਾਗੁ ਮਲਾਰ

[ਪੰਨਾ ੧੨੫੪]

ਰਾਗੁ *ਮਲਾਰ ਚਉਪਦੇ ਮਹਲਾ ੧ ਘਰੁ ੧

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਵੱਡਾ ਮੂਲ ਮੰਤ੍ਰ ਲਿਖ ਕੇ ਅਗੋਂ ਵੈਰਾਗ ਜਨਕ ਉਪਦੇਸ਼ ਦੇਂਦੇ ਹਨ-

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥

ਹੇ ਭਾਈ ! ਪਦਾਰਥਾਂ ਦਾ ਖਾਣਾ ਪੀਣਾ ਤੇ ਹੱਸਣਾ ਸੌਣਾ ਇਤਿਆਦਿਕ ਕਰਮਾਂ ਵਿਚ ਲੱਗ ਕੇ ਤੁਹਾਨੂੰ ਆਪਣਾ ਮਰਨਾ ਭੁਲ ਗਿਆ ਹੈ।

ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ ੧॥

ਆਪਣੇ ਮਾਲਕ ਵਾਹਿਗੁਰੂ ਨੂੰ ਭੁਲਾ ਕੇ ਤੁਸਾਂ ਨੇ ਖੁਆਰੀ=ਖਰਾਬੀ ਕੀਤੀ ਹੈ, ਇਸ ਲਈ ਤੁਹਾਡੇ ਜੀਵਨ ਨੂੰ ਧ੍ਰਿਕਾਰ ਹੈ, ਤੁਸਾਂ ਨੇ ਅੰਤ ਤੱਕ ਅਮਰ ਹੋ ਕੇ ਰਹਿਣਾ ਨਹੀਂ ਹੈ॥ ੧॥

ਪ੍ਰਾਣੀ ਏਕੋ ਨਾਮੁ ਧਿਆਵਹੁ॥

ਅਪਨੀ ਪਤਿ ਸੇਤੀ ਘਰਿ ਜਾਵਹੁ॥ ੧॥ ਰਹਾਉ॥

ਹੇ ਪ੍ਰਾਣੀ ! ਇਕ ਵਾਹਿਗੁਰੂ ਨਾਮ ਨੂੰ ਧਿਆਉਣਾ ਕਰੋ, ਜਿਸ ਕਰਕੇ ਆਪਣੀ ਇੱਜ਼ਤ ਨਾਲ ਪ੍ਰਲੋਕ ਘਰ

---

*ਮਲਾਰ ਮੇਘ ਰਾਗ ਦੀ ਰਾਗਣੀ ਹੈ।

ਯਥਾ:- ਖਸਟਮ ਮੇਘ ਰਾਗ ਵੈ ਗਾਵਹਿ॥ ਪਾਚਉ ਸੰਗਿ ਬਰੰਗਨ ਲਾਵਹਿ॥
ਸੋਰਠਿ ਗੌਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥ (ਰਾਗਮਾਲਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਲਾਰ ਰਾਗ ਦਾ ਸਤਾਈਵਾਂ ਨੰਬਰ ਹੈ।

ਨਾਦ ਬਿਨੋਦ ਦੇ ਕਥਨ ਅਨੁਸਾਰ ਮੇਘ, ਗੌਂਡ ਤੇ ਸਾਰੰਗ ਮਿਲ ਕੇ ਮਲਾਰ ਬਣਦੀ ਹੈ, ਵਰਖਾ ਸਮੇਂ ਗਾਉਂਦੇ ਹਨ ਪਰ ਰਾਧਾ ਗੋਬਿੰਦ ਸੰਗੀਤ ਸਾਰ ਵਿਚ ਇਸ ਨੂੰ ਔੜਵ ਲਿਖਿਆ ਹੈ ਤੇ ਪ੍ਰਾਤਾਕਾਲ ਦੱਸਿਆ ਹੈ, ਪਰ ਇਸ ਨੂੰ ਰਾਤ ਦੇ ਦੂਜੇ ਪਹਿਰ ਦੀ ਸਤਵੀਂ ਘੜੀ ਵਿਚ ਭੀ ਗਾਉਂਦੇ ਹਨ।

ਸੁਰ ਤਾਲ ਸਮੂਹ ਵਿਚ ਲਿਖਿਆ ਹੈ ਮਲਾਰੀ ਖਾਡਵ ਹੈ ਮੌਸਮ ਬਰਖਾ ਰੁਤ ਹੈ ਹਰ ਵੇਲੇ ਅਤੇ ਅੱਧੀ ਰਾਤ ਵੇਲੇ ਵੀ ਗਾਵੀ ਜਾਂਦੀ ਹੈ, ਸਾਰੰਗ, ਸੋਰਠ ਤੇ ਬਿਲਾਵਲ ਮਿਲ ਕੇ ਮਲਾਰ ਬਣਦੀ ਹੈ।

ਵਿਚ ਜਾਓਗੇ॥ ੧ ॥ ਰਹਾਉ ॥

ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ॥

ਹੇ ਵਾਹਿਗੁਰੂ ! ਜੋ ਆਪ ਜੀ ਨੂੰ ਸੇਂਵਦੇ ਹਨ, ਉਹ ਤੈਨੂੰ ਕੀ ਦੇਂਦੇ ਹਨ ਸਗੋਂ ਤੇਰੇ ਪਾਸੋਂ ਮੰਗ ਲੈਂਦੇ ਹਨ, ਮੰਗਣ ਤੋਂ ਰਹਿੰਦੇ ਨਹੀਂ ਹਨ। ਵਾ:-ਜੋ ਪਦਾਰਥ ਰਹਿੰਦੇ ਨਹੀਂ ਹਨ ਉਹ ਨਾਸ ਰੂਪ ਪਦਾਰਥ ਮੰਗ ਲੈਂਦੇ ਹਨ।

ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ॥ ੨ ॥

ਸਾਰਿਆਂ ਜੀਵਾਂ ਦਾ ਦਾਤਾ ਇਕ ਤੂੰ ਹੀ ਹੈਂ, ਸਾਰਿਆਂ ਦੇ ਅੰਦਰ ਇਕ ਤੂੰਹੀ ਜੀਉ=ਚੇਤਨ ਸੱਤਾ ਰੂਪ ਹੈਂ॥ ੨ ॥

ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ॥

ਜੇਹੜੇ ਗੁਰਮੁਖ ਗੁਰਾਂ ਦੁਆਰੇ ਨਾਮ ਨੂੰ ਧਿਆਉਂਦੇ ਹਨ, ਉਹ ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ,

ਵਾ:-ਅੰਮ੍ਰਿਤ=ਮੁਕਤੀ ਨੂੰ ਪਾਂਦੇ ਹਨ ਅਤੇ ਓਹੀ ਸਭ ਤਰ੍ਹਾਂ ਕਰਕੇ ਸੂਚੇ=ਪਵਿੱਤਰ ਹੁੰਦੇ ਹਨ।

ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ॥ ੩ ॥

ਹੇ ਪ੍ਰਾਣੀ ! ਦਿਨ ਰਾਤ ਨਾਮ ਨੂੰ ਜਪਣਾ ਕਰੋ, ਜਿਸ ਨਾਮ ਕਰਕੇ ਪਾਪਾਂ ਕਰਕੇ ਮੈਲੇ ਪੁਰਸ਼ ਹਛੇ=ਪਵਿੱਤ੍ਰ ਹੁੰਦੇ ਹਨ ਜਾਂ ਤੁਹਾਡੇ ਮੈਲੇ ਅੰਤਹਕਰਣ ਹਛੇ=ਸ਼ੁਧ ਹੋ ਜਾਣਗੇ॥ ੩ ॥

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥

ਜੇਹੋ ਜੇਹੀ ਰੁਤ ਹੁੰਦੀ ਹੈ, ਕਾਇਆ ਨੂੰ ਓਹੋ ਜੇਹਾ ਸੁਖ ਹੁੰਦਾ ਹੈ, ਸਰਦ ਰੁਤ ਵਿਚ ਸਰਦੀ ਦਾ ਸੁਖ, ਗਰਮ ਰੁਤ ਵਿਚ ਗਰਮੀ ਦਾ ਸੁਖ ਹੁੰਦਾ ਹੈ; ਓਹੋ ਜੇਹੀ ਦੇਹ ਹੋ ਜਾਂਦੀ ਹੈ।

ਅਥਵਾ:-ਜੇਹੋ ਜੇਹੀ ਜੁਗਾਂ ਰੂਪੀ ਰੁਤ ਹੁੰਦੀ ਹੈ ਤੇਹੋ ਜੇਹਾ ਕਾਇਆਂ ਨੂੰ ਸੁਖ ਹੁੰਦਾ ਹੈ, ਫਿਰ ਓਹੋ ਜੇਹੀ ਦੇਹ ਹੋ ਜਾਂਦੀ ਹੈ ਲੰਮੀ, ਚੌੜੀ, ਮੱਧਰੀ। ਤਰੇਤੇ ਜੁਗ ਵਿਚ ਬੜੇ ਲੰਬੇ ਸਰੀਰ ਸਨ ਜਿਵੇਂ ਸੀਤਾ ਸਤ ਤਾੜ ਲੰਮੀ ਸੀ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਾਹਰਲੇ ਨਿਸ਼ਾਨ ਸਾਹਿਬ ਤਿੰਨ ਤਾੜ ਲੰਬੇ ਹਨ। ਤਰੇਤੇ ਜੁਗ ਵਿਚ ਰੇਵਤ ਨਾਮੇ ਰਾਜੇ ਦੀ ਰੇਵਤੀ ਨਾਮੇ ਲੜਕੀ ਬੜੇ ਲੰਮੇ ਸਰੀਰ ਵਾਲੀ ਹੋਈ ਹੈ ਉਸ ਦਾ ਵਿਆਹ ਦੁਆਪੁਰ ਜੁਗ ਵਿਚ ਕ੍ਰਿਸ਼ਨ ਜੀ ਦੇ ਭਾਈ ਬਲਭਦ੍ਰ ਨਾਲ ਹੋਇਆ ਸੀ, ਬਲਭਦ੍ਰ ਦਾ ਸਰੀਰ ਛੋਟਾ ਸੀ ਉਸ ਨੇ ਰੇਵਤੀ ਦੇ ਸਿਰ ਉਤੇ ਹਲ ਰੱਖ ਕੇ ਦਬਾ ਕੇ ਛੋਟਾ ਕਰ ਲਿਆ ਸੀ।

ਅਥਵਾ:-ਜੇਹੋ ਜੇਹੀ ਤਿੰਨਾਂ ਗੁਣਾਂ ਰੂਪੀ ਰੁਤ ਹੈ, ਕਾਇਆਂ ਨੂੰ ਓਹੋ ਜੇਹਾ ਸੁਖ ਹੁੰਦਾ ਹੈ ਅਤੇ ਦੇਹ ਭੀ ਓਹੋ ਜੇਹੀ ਗੁਣਾਂ ਅਨੁਸਾਰ ਹੋ ਜਾਂਦੀ ਹੈ।

ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਛਿਆਂ ਰੁਤਾਂ ਵਿਚੋਂ ਉਹ ਰੁਤ ਸ਼ੋਭਨੀਕ ਹੈ, ਵਾ:-ਬਾਲਕ, ਜੋਬਨ, ਬ੍ਰਿਧ ਇਨ੍ਹਾਂ ਅਵਸਥਾ ਰੂਪੀ ਰੁਤਾਂ ਵਿਚੋਂ ਉਹ ਅਵਸਥਾ ਰੂਪੀ ਰੁਤ ਸ਼ੋਭਨੀਕ ਹੈ, ਜਿਸ ਵਿਚ ਨਾਮ ਜਪਿਆ ਜਾਂਦਾ ਹੈ, ਨਾਮ ਸਿਮਰਨ ਤੋਂ ਬਿਨਾਂ ਰੁਤ ਕਾਹਦੀ ਹੈ, ਭਾਵ ਨਿਸਫਲ ਹੈ॥ ੪ ॥ ੧ ॥

ਮਲਾਰ ਮਹਲਾ ੧ ॥

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ॥

ਆਪਣੇ ਪ੍ਰੀਤਮ ਗੁਰੂ ਅੱਗੇ ਮੈਂ ਬੇਨਤੀ ਕਰਦੀ ਹਾਂ, ਜਿਸ ਕਰਕੇ ਮੈਨੂੰ ਹਰੀ ਰੂਪ ਵਰੁ=ਪਤੀ ਨੂੰ ਲਿਆ ਮਿਲਾਵੇ।

ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ॥ ੧॥

ਗੁਰੂ ਰੂਪ ਬੱਦਲ ਦੀ ਘਨਘੋਰ ਨੂੰ ਸੁਣ ਕੇ ਮੇਰਾ ਮਨ ਸੀਤਲ ਹੋਇਆ ਹੈ, ਮੇਰੀ ਬੁੱਧੀ ਲਾਲ=ਪਰੇਮ ਵਿਚ ਰਤੀ ਹੋਈ ਗੁਣਾਂ ਨੂੰ ਗਾਉਂਦੀ ਹੈ॥ ੧॥

ਬਰਸੁ ਘਨਾ ਮੇਰਾ ਮਨੁ ਭੀਨਾ॥

ਜਿਸ ਵੇਲੇ ਗੁਰੂ ਰੂਪ ਬੱਦਲ ਨੇ ਘਨਾ=ਬਹੁਤ ਸਾਰਾ ਉਪਦੇਸ਼ ਰੂਪ ਜਲ ਵਰਸਿਆ ਤਾਂ ਮੇਰਾ ਮਨ ਨਾਮ ਸਿਮਰਨ ਵਿਚ ਭੀਨਾ=ਭਿਜ ਗਿਆ।

ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ
ਮੋਹੀ ਮਨੁ ਹਰਿ ਰਸਿ ਲੀਨਾ॥ ੧॥ ਰਹਾਉ॥

ਗੁਰੂ ਦੀ ਸਿੱਖਿਆ ਰੂਪ ਅੰਮ੍ਰਿਤ ਬੂੰਦ ਮੇਰੇ ਹਿਰਦੇ ਵਿਚ ਸੁਹਾਨੀ=ਚੰਗੀ ਲੱਗੀ ਹੈ, ਜਿਸ ਵੇਲੇ ਗੁਰਾਂ ਨੇ ਮੇਰੀ ਬੁੱਧੀ ਮੋਹੀ ਤਾਂ ਹੀ ਮਨ ਹਰੀ ਰਸ ਵਿਚ ਲੀਣ ਹੋ ਗਿਆ॥ ੧॥ ਰਹਾਉ॥

ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰਬਚਨੀ ਮਨੁ ਮਾਨਿਆ॥

ਉਹ ਜੀਵ ਰੂਪ ਇਸਤ੍ਰੀ ਵਾਹਿਗੁਰੂ ਪਤੀ ਦੀ ਪਿਆਰੀ ਹੋ ਕੇ ਸਹਜੇ ਸੁਖੀ ਹੋਈ ਹੈ, ਜਿਸ ਦਾ ਗੁਰਾਂ ਦੇ ਬਚਨਾਂ ਉਤੇ ਮਨ ਮੰਨਿਆ ਗਿਆ ਹੈ।

ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ॥ ੨॥

ਹਰੀ ਰੂਪ ਵਰਿ=ਪਤੀ ਨੂੰ ਪਾ ਕੇ ਉਹ ਇਸਤ੍ਰੀ ਸੁਹਾਗਣ ਹੋਈ ਹੈ, ਜਿਸ ਦੇ ਮਨ, ਤਨ ਵਿਚ ਪ੍ਰਭੂ ਦਾ ਪ੍ਰੇਮ ਸੁਖਾ ਗਿਆ ਹੈ॥ ੨॥

ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ॥

ਜੋ ਔਗੁਣਾਂ ਨੂੰ ਤਿਆਗ ਕੇ ਵੈਰਾਗਵਾਨ, ਵਾ:-ਪ੍ਰੇਮਣ ਹੋਈ ਹੈ, ਉਸ ਨੂੰ ਹਰੀ ਰੂਪ ਪਤੀ ਦਾ ਅਚੱਲ ਸੋਹਾਗੁ=ਅਨੰਦ ਪ੍ਰਾਪਤ ਹੋਇਆ ਹੈ॥ ੩॥

ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ॥ ੩॥

ਉਸ ਨੂੰ ਪਦਾਰਥਾਂ ਦਾ ਵਿਜੋਗ ਜਨ ਸੋਗ ਕਦੇ ਨਹੀਂ ਵਿਆਪਦਾ, ਜਿਸ ਉਤੇ ਹਰੀ ਪ੍ਰਭੂ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ॥ ੩॥

ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ॥

ਜਿਸ ਨੇ ਪੂਰਿਆਂ ਗੁਰਾਂ ਦੀ ਓਟ ਗ੍ਰਹਿਣ ਕੀਤੀ ਹੈ, ਉਸ ਦਾ ਮਨ ਅਚੱਲ ਹੋਇਆ ਹੈ, ਇਸੇ ਕਰਕੇ ਉਸ ਦਾ ਆਉਣਾ ਜਾਣਾ, ਅਰਥਾਤ- ਜੰਮਣਾ ਮਰਨਾ ਨਹੀਂ ਹੁੰਦਾ।

ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ- ਜਿਸ ਗੁਰਮੁਖ ਨੇ ਗੁਰਾਂ ਦੁਆਰੇ ਰਾਮ ਨਾਮ ਨੂੰ ਜਪਿਆ ਹੈ, ਉਹ ਸੋਹਾਗਣ ਸੱਚ ਸਰੂਪ ਨੂੰ ਸਹੀ=ਨਿਸਚੇ ਕਰਕੇ ਧੰਨਤਾ ਜੋਗ ਹੋਈ ਹੈ॥ ੪॥ ੨॥

ਮਲਾਰ ਮਹਲਾ ੧ ॥

ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥

ਜਿਨ੍ਹਾਂ ਦੀ ਸੱਚੇ ਨਾਮ ਵਿਚ ਸੱਚੀ ਸੁਰਤਿ=ਗਿਆਤ ਨਹੀਂ ਹੈ, ਉਹ ਤ੍ਰਿਪਤ ਨਹੀਂ ਹੋਏ, ਯਾਂ ਨਾਮ ਦੀ ਸੱਚੀ ਸੁਰਤ ਕਰਕੇ ਜੋ ਤ੍ਰਿਪਤ ਨਹੀਂ ਹੋਏ, ਉਨ੍ਹਾਂ ਤ੍ਰਿਸ਼ਨਾਲੂਆਂ ਨੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਹਉਮੈ ਕਰਦਿਆਂ ਨਿਸਫਲ ਗਵਾਇਆ ਹੈ।

[ਪੰਨਾ ੧੨੫੫]

ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥

ਪਰਾਏ ਧਨ, ਪਰਾਈ ਇਸਤ੍ਰੀ ਤੇ ਨਿੰਦਿਆ ਕਰਨ ਵਿਚ ਰਤੁ=ਪ੍ਰੀਤੀ ਕਰਕੇ ਅਤੇ ਵਿਸ਼ਿਆਂ ਰੂਪੀ ਵਿਹੁ ਖਾ ਕੇ ਦੁੱਖ ਹੀ ਪਾਣਾ ਕੀਤਾ ਹੈ।

ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥

ਗੁਰ ਉਪਦੇਸ਼ ਨੂੰ ਜਾਣਿਆ ਨਹੀਂ ਹੈ, ਇਸ ਕਰਕੇ ਭੈ=ਡਰ ਤੇ ਕਪਟ ਆਦਿਕ ਨਹੀਂ ਛੂਟੇ, ਮਨਮੁਖ ਹਾਏ ਮਾਇਆ, ਹਾਏ ਮਾਇਆ ਕਰਦੇ ਫਿਰਦੇ ਹਨ।

ਵਾ:-ਮਾਇਆ ਦੀ ਪਰਾਪਤੀ ਲਈ ਕਈ ਤਰ੍ਹਾਂ ਦੇ ਮਾਇਆ=ਛਲ ਕਰਦੇ ਫਿਰਦੇ ਹਨ।

ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥ ੧ ॥

ਮਨਮੁਖਾਂ ਨੇ ਅਜਗਰ ਸੱਪ ਵਾਂਙੂ ਅਤਿਅੰਤ ਭਾਰੀ ਪਾਪਾਂ ਦੇ ਭਾਰ ਲੱਦੇ ਹੋਏ ਹਨ, ਜਨਮ ਮਰਨ ਦੇ ਵਿਚ ਹੀ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ॥ ੧॥

ਮਨਿ ਭਾਵੈ ਸਬਦੁ ਸੁਹਾਇਆ ॥

ਗੁਰਮੁਖਾਂ ਦੇ ਮਨ ਵਿਚ ਸ਼ੋਭਨੀਕ ਗੁਰਾਂ ਦਾ ਉਪਦੇਸ਼ ਭਾਂਵਦਾ ਹੈ ਯਾਂ ਜਿਸ ਦੇ ਮਨ ਵਿਚ ਗੁਰ ਉਪਦੇਸ਼ ਭਾਉਂਦਾ ਹੈ, ਉਸ ਦਾ ਮਨੁੱਖਾ ਜਨਮ ਸੁਹਾਇਆ=ਸ਼ੋਭਾ ਵਾਲਾ ਹੈ।

ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨੇ ਗੁਰਿ ਰਾਖੇ ਸਚੁ ਪਾਇਆ ॥ ੧ ॥ ਰਹਾਉ ॥

ਜੂਨੀਆਂ ਵਿਚ ਭਰਮ ਭਰਮ ਕੇ ਬਹੁਤ ਹੀ ਭੇਖ ਧਾਰਨਾ ਕੀਤੇ, ਪਰ ਜਿਸ ਦੇ ਗੁਰੂ ਰਾਖੇ ਹੋਏ ਹਨ, ਉਹਨਾਂ ਨੇ ਸਚੁ=ਸੁਖ ਨੂੰ ਪਾਇਆ ਹੈ॥ ੧॥ ਰਹਾਉ॥

ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ ॥

ਤੇਜੁ=ਤਮੋ ਗੁਣ ਨੂੰ ਨਵਿਰਤ ਕਰਕੇ ਤੀਰਥਾਂ 'ਪਰ ਇਸ਼ਨਾਨ ਨਾ ਕੀਤਾ, ਨਾ ਹੀ ਮਨ ਵਿਚ ਹਰੀ ਦਾ ਨਾਮ ਜਪਨਾ ਭਾਇਆ ਹੈ।

ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥

ਦੁੱਖਾਂ ਦੇ ਪਰਹਰਿ=ਨਵਿਰਤ ਕਰਨ ਵਾਲੇ ਨਾਮ ਰੂਪ ਰਤਨ ਪਦਾਰਥ ਨੂੰ ਤਿਆਗ ਦਿੱਤਾ ਹੈ ਯਾਂ ਨਾਮ ਰੂਪ ਰਤਨ ਪਦਾਰਥ ਨੂੰ ਪਰਹਰਿ ਤਿਆਗਿਆ=ਤਿਆਗ ਛੱਡਿਆ ਹੈ, ਜਿਧਰ ਦਾ ਸੰਕਲਪ ਸੀ ਤਿਧਰ ਨੂੰ ਹੀ ਇਹ ਜੀਵ ਆਇਆ ਹੈ। ਵਾ:-ਜਿਧਰੋਂ ਆਇਆ ਸੀ ਉਧਰ ਹੀ ਚਲਾ ਗਿਆ, ਅਰਥਾਤ—ਚੁਰਾਸੀ ਲੱਖ ਜੂਨੀਆਂ ਚੋਂ ਆਇਆ ਸੀ, ਜੂਨੀਆਂ ਵਿਚ ਹੀ ਚਲਾ ਗਿਆ।

ਬਿਸਟਾ ਕੀਟ ਭਏ ਉਤਹੀ ਤੇ ਉਤਹੀ ਮਾਹਿ ਸਮਾਇਆ ॥

ਉਸੀ ਸੰਕਲਪ ਕਰਕੇ ਜਾ ਕੇ ਗੰਦਗੀ ਦੇ ਕੀੜੇ ਹੋਏ, ਉਸੀ ਗੰਦਗੀ ਦੇ ਵਿਚ ਹੀ ਸਮਾਇਆ=ਮਰ ਜਾਂਦਾ ਹੈ।

ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥ ੨ ॥

ਰਸਾਂ ਦੀ ਅਧਿਕ=ਬਹੁਤ ਸੁਆਦ ਲੈਣ ਕਰਕੇ ਅਧਿਕਾਈ=ਬਹੁਤੇ ਰੋਗ ਆ ਕੇ ਲੱਗਦੇ ਹਨ, ਗੁਰੂ ਤੋਂ ਬਿਨਾਂ ਕਿਸੀ ਨੇ ਸਹਜੁ=ਗਿਆਨ ਨਹੀਂ ਪਾਇਆ॥ ੨ ॥

ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥

ਜਿਨ੍ਹਾਂ ਨੇ ਸੇਵਾ ਵਿਚ ਸੁਰਤ ਜੋੜੀ ਹੈ ਤੇ ਰਹਸਿ=ਪ੍ਰੇਮ ਕਰਕੇ ਗੁਣਾਂ ਨੂੰ ਗਾਇਆ ਹੈ ਯਾਂ ਸੇਵਾ ਵਿਚ ਸੁਰਤਿ=ਸ੍ਰੇਸ਼ਟ ਪ੍ਰੀਤੀ ਕਰਕੇ ਰਹਸਿ=ਪ੍ਰੇਮ ਨਾਲ ਗੁਣਾਂ ਨੂੰ ਗਾਇਆ ਹੈ, ਉਨ੍ਹਾਂ ਗੁਰਮੁਖਾਂ ਨੇ ਸਰੂਪ ਗਿਆਨ ਨੂੰ ਵਿਚਾਰਿਆ ਹੈ।

ਵਾ:-ਉਨ੍ਹਾਂ ਨੇ ਗੁਰਬਾਣੀ ਦਾ ਵੀਚਾਰ ਕਰਕੇ ਗਿਆਨ ਪਾਇਆ ਹੈ।

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥

ਜੋ ਗੁਰਾਂ ਦੇ ਖੋਜੀ ਹੋਏ ਹਨ ਯਾਨੇ ਗੁਰਾਂ ਨੂੰ ਢੂੰਢਣ ਵਾਲੇ ਹੋਏ ਹਨ, ਉਹ ਤਾਂ ਉਪਜੈ=ਤਰ ਗਏ ਹਨ, ਜੋ ਗੁਰਾਂ ਨਾਲ ਬਾਦੀ=ਝਗੜਾ ਕਰਦੇ ਹਨ, ਉਹ ਬਿਨਸ ਜਾਂਦੇ ਹਨ,

ਅਥਵਾ:-ਜੋ ਗੁਰ ਉਪਦੇਸ਼ ਦੇ ਖੋਜੀ=ਵੀਚਾਰ ਕਰਨ ਵਾਲੇ ਹਨ, ਉਹ ਦੁੱਖਾਂ ਤੋਂ ਉਪਜੈ=ਬਚ ਗਏ ਹਨ, ਜੋ ਗੁਰਾਂ ਨਾਲ ਬਾਦੀ=ਵੈਰ ਵਿਰੋਧ ਕਰਦੇ ਹਨ, ਉਹ ਬਿਨਸ ਜਾਂਦੇ ਹਨ, ਮੈਂ ਕਰਤਾਰ ਰੂਪ ਗੁਰਾਂ ਤੋਂ ਬਲਿਹਾਰ ਕੁਰਬਾਣ ਜਾਂਦਾ ਹਾਂ।

ਹਮ ਨੀਚ ਹੁਤੇ ਹੀਣ ਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥

ਹੇ ਸਤਿਗੁਰੋ ! ਅਸੀਂ ਨੀਚ ਸਾਂ ਹੀਣ=ਤੁਛ ਮੱਤੀ ਵਾਲੇ ਤੇ ਝੂਠੇ ਸਾਂ, ਤੂੰ ਆਪਣਾ ਸੱਚਾ ਉਪਦੇਸ਼ ਦੇ ਕੇ ਸਾਨੂੰ ਸਵਾਰਨੇ ਵਾਲਾ ਹੈਂ।

ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥ ੩ ॥

ਜਿਥੇ ਆਤਮਾ ਦੀ ਚੀਨਿ=ਜਾਣ ਪਛਾਣ ਹੈ, ਓਥੇ ਤੂੰ ਇਸਥਿਤ ਹੈਂ, ਹੇ ਤਾਰਨਹਾਰ ਪ੍ਰਭੂ ! ਸੱਚ ਨਾਮ ਰੂਪੀ ਤਾਰਣ=ਜਹਾਜ਼ ਦੇ ਕੇ ਤੂੰ ਜੀਵਾਂ ਨੂੰ ਤਾਰਦਾ ਹੈਂ॥ ੩ ॥

ਬੈਸਿ ਸੁਥਾਨਿ ਕਹਾਂ ਗੁਣ ਤੇਰੇ ਕਿਆ ਕਿਆ ਕਥਉ ਅਪਾਰਾ ॥

ਸਤ ਸੰਗਤ ਰੂਪ ਸ੍ਰੇਸ਼ਟ ਅਸਥਾਨ 'ਪਰ ਬੈਠ ਕੇ ਤੇਰੇ ਗੁਣ ਕਹਿੰਦਾ ਹਾਂ, ਪਰ ਉਨ੍ਹਾਂ ਅਪਾਰ ਗੁਣਾਂ ਵਿਚੋਂ

ਤੇਰਾ ਕਿਹੜਾ ਕਿਹੜਾ ਗੁਣ ਕਥਨ ਕਰਾਂ।

ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ ॥

ਹੇ ਅਗਮ ਅਜੋਨੀ ਪ੍ਰਭੂ ! ਤੇਰੇ ਅਲਖ ਸਰੂਪ ਨੂੰ ਕੋਈ ਜਾਣ ਨਹੀਂ ਸਕਦਾ, ਤੂੰ ਨਾਥਾਂ ਨੂੰ ਭੀ ਨੱਥਣ ਵਾਲਾ ਹੈਂ।

ਕਿਸੁ ਪਹਿ ਦੇਖਿ ਕਹਉ ਤੂ ਕੈਸਾ ਸਭਿ ਜਾਚਕ ਤੂ ਦਾਤਾਰਾ ॥

ਤੇਰੇ ਸਰੂਪ ਨੂੰ ਦੇਖ ਕੇ ਕਿਸ ਦੇ ਪਾਸ ਜਾ ਕੇ ਕਹਾਂ ਕਿ ਤੂੰ ਕਿਸ ਤਰ੍ਹਾਂ ਦਾ ਹੈਂ ਕਿਉਂਕਿ ਸਾਰੇ ਜੀਵ ਜਾਚਕ=ਮੰਗਤੇ ਹਨ ਇਕ ਤੂੰ ਹੀ ਦਾਤਾ ਹੈਂ।

ਭਗਤਿ ਹੀਣੁ ਨਾਨਕੁ ਦਰਿ ਦੇਖਹੁ ਇਕੁ ਨਾਮੁ ਮਿਲੈ ਉਰਿ ਧਾਰਾ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ-ਮੈਂ ਭਗਤੀ ਤੋਂ ਹੀਣਾ ਤੇਰੇ ਸਤਸੰਗ ਦਰਵਾਜ਼ੇ ਵੱਲ ਦੇਖਦਾ ਹਾਂ, ਮੈਨੂੰ ਇਕ ਨਾਮ ਦਾ ਖੈਰ ਮਿਲੇ ਤਾਂ ਕਿ ਉਸ ਨੂੰ ਹਿਰਦੇ ਵਿਚ ਧਾਰ ਲਵਾਂ॥ ੪॥ ੩॥

ਮਲਾਰ ਮਹਲਾ ੧ ॥

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ ॥

ਜਿਸ ਜੀਵ ਰੂਪ ਇਸਤ੍ਰੀ ਨੇ ਆਪਣੇ ਪਤੀ ਪਰਮੇਸ਼ਰ ਦਾ ਸਾਦੁ=ਅਨੰਦ ਨਹੀਂ ਜਾਣਿਆ, ਉਹ ਜੀਵ ਰੂਪ ਇਸਤ੍ਰੀ ਬਿਲਖ-ਬਦਨ=ਚਿੰਤਾਤੁਰ ਮੂੰਹ ਵਾਲੀ ਹਰ ਵੇਲੇ ਕੁਮਲਾਨੀ=ਮੁਰਝਾਈ ਰਹਿੰਦੀ ਹੈ ਜਾਂ ਬਦਨ=ਮੂੰਹ ਕਰਕੇ ਬਿਲਖ=ਪਰੇਸ਼ਾਨ ਤੇ ਸਰੀਰ ਕਰਕੇ ਕੁਮਲਾਈ ਰਹਿੰਦੀ ਹੈ।

ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ ॥ ੧ ॥

ਉਹ ਕਰਮਾਂ ਦੀ ਫਾਹੀ ਵਿਚ ਫਸ ਕੇ ਗੁਰੂ ਤੋਂ ਬਿਨਾਂ ਹੋਣ ਕਰਕੇ ਭਰਮ ਵਿਚ ਭੁੱਲੀ ਹੋਈ ਪਤੀ ਦੇ ਮਿਲਾਪ ਤੋਂ ਨਿਰਾਸ ਹੋ ਗਈ ਹੈ॥ ੧ ॥

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥

ਜਿਸ ਵੇਲੇ ਗੁਰੂ ਰੂਪ ਬੱਦਲ ਨੇ ਘਨਾ=ਬਹੁਤ ਹੀ ਉਪਦੇਸ਼ ਰੂਪੀ ਮੀਂਹ ਵਰਸਿਆ ਤਾਂ ਮੇਰਾ ਪਤੀ ਪਰਮਾਤਮਾ ਅੰਤਹਕਰਣ ਰੂਪੀ ਘਰ ਵਿਚ ਆ ਕੇ ਸਖਿਆਤਕਾਰ ਹੋਇਆ।

ਬਲਿ ਜਾਵਾਂ ਗੁਰ ਅਪਨੇ ਪ੍ਰੀਤਮ
ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥ ੧ ॥ ਰਹਾਉ ॥

ਮੈਂ ਆਪਣੇ ਪ੍ਰੀਤਮ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਆਣਿ=ਲਿਆ ਕੇ ਮੇਰੇ ਨਾਲ ਮਿਲਾ ਦਿੱਤਾ ਹੈ॥ ੧ ॥ ਰਹਾਉ ॥

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ ਅਨਦਿਨੁ ਭਗਤਿ ਸੁਹਾਵੀ ॥

ਜਿਸ ਦੀ ਆਪਣੇ ਠਾਕੁਰ ਨਾਲ ਸਦਾ ਨਵੀਨ ਪ੍ਰੀਤੀ ਹੈ, ਉਸ ਦੀ ਰਾਤ, ਦਿਨ ਭਗਤੀ ਕੀਤੀ ਹੋਈ ਸਦਾ ਸ਼ੋਭਾ ਵਾਲੀ ਹੈ ਜਾਂ ਉਹ ਰਾਤ ਦਿਨ ਭਗਤੀ ਕਰਕੇ ਸਦਾ ਸ਼ੋਭਨੀਕ ਹੋਈ ਹੈ।

ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ ॥ ੨ ॥

ਜਿਸ ਵੇਲੇ ਸਤਿਗੁਰਾਂ ਨੇ ਪਤੀ ਪਰਮੇਸ਼ਰ ਦਾ ਦਰਸ਼ਨ ਵਿਖਾਇਆ ਤਾਂ ਬੰਧਨ ਤੋਂ ਮੁਕਤਿ ਭਏ=ਛੁਟ ਗਏ, ਜੁਗਾਂ ਜੁਗਾਂ ਵਿਚ ਉਸ ਦੀ ਭਗਤੀ ਹੀ ਸੋਭਨੀਕ ਹੈ॥ ੨ ॥

ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ ॥

ਹੇ ਪ੍ਰਭੂ! ਅਸੀਂ ਥਾਰੇ=ਤੇਰੇ ਪੈਦਾ ਕੀਤੇ ਹੋਏ ਹਾਂ, ਏਹ ਤਿੰਨ ਭਵਨ ਰੂਪ ਜਗਤ ਭੀ ਆਪ ਜੀ ਦਾ ਉਤਪੰਨ ਕੀਤਾ ਹੋਇਆ ਹੈ, ਤੂੰ ਮੇਰਾ ਸੁਆਮੀ ਹੈਂ ਹਉ=ਮੈਂ ਆਪ ਜੀ ਦਾ ਦਾਸ ਹਾਂ।

ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ ॥ ੩ ॥

ਹੇ ਨਿਰੰਜਨ ਪ੍ਰਭੂ! ਸਤਿਗੁਰਾਂ ਦੇ ਮਿਲਿਆਂ ਹੀ ਮੈਂ ਆਪ ਜੀ ਨੂੰ ਪਾਇਆ ਹੈ, ਇਸ ਲਈ ਮੇਰਾ ਮੁੜ ਕੇ ਸੰਸਾਰ ਵਿਚ ਫੇਰਾ ਨਹੀਂ ਹੋਵੇਗਾ॥ ੩ ॥

ਅਪੁਨੇ ਪਿਰ ਹਰਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ ॥

ਜਦ ਆਪਣੇ ਹਰੀ ਪਤੀ ਨੂੰ ਵੇਖ ਕੇ ਪ੍ਰਸੰਨ ਹੋਈ ਹਾਂ, ਤਾਂ ਮੈਂ ਧਨ=ਇਸਤ੍ਰੀ ਦਾਸੀ ਦਾ ਜਪ ਤਪ ਰੂਪੀ ਸ਼ਿੰਗਾਰ ਕੀਤਾ ਹੋਇਆ ਸਾਚੁ=ਸਫਲਾ ਹੋਇਆ ਹੈ।

ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ ॥ ੪ ॥

ਜਿਸ ਵੇਲੇ ਗੁ੦ ਸਿੱਖਿਆ ਦੁਆਰੇ ਸੱਚ ਨਾਮ ਦਾ ਅਧਾਰੋ=ਆਸਰਾ ਲੀਤਾ, ਤਾਂ ਸਚਿ=ਨਿਸਚੇ ਕਰਕੇ ਅਕੁਲ ਨਿਰੰਜਨ ਨਾਲ ਮਿਲ ਕੇ ਸੱਚੀ ਹੋ ਗਈ॥ ੪ ॥

ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥

ਗੁਰਾਂ ਨੇ ਸੰਸਾਰਕ ਮੋਹ ਦੇ ਬੰਧਨ ਖੋਲ੍ਹ ਦਿੱਤੇ ਹਨ, ਇਸ ਲਈ ਮੁਕਤ ਰੂਪ ਹੋ ਗਈ ਹਾਂ ਅਤੇ ਗੁਰ ਸ਼ਬਦ ਵਿਚ ਸੁਰਤਿ=ਸਰੇਸਟ ਪ੍ਰੀਤੀ ਕਰਕੇ ਪਤਿ=ਇੱਜ਼ਤ ਪਾਈ ਹੈ।

ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥ ੫ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਗੁਰਮੁਖ ਦੇ ਹਿਰਦੇ ਅੰਦਰ ਰਾਮ ਨਾਮ ਵਸਿਆ ਹੈ, ਉਸ ਗੁਰਮੁਖ ਨੂੰ ਪ੍ਰਭੂ ਨੇ ਆਪਣੇ ਮੇਲ ਵਿਚ ਮਿਲਾ ਲਿਆ ਹੈ॥ ੫ ॥ ੪ ॥

ਮਹਲਾ ੧ ਮਲਾਰ ॥

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥

ਪਰ ਦਾਰਾ=ਪਰ ਇਸਤ੍ਰੀ, ਪਰਾਇਆ ਧਨ, ਪਰਾਏ ਪਦਾਰਥਾਂ ਦਾ ਲੋਭ, ਮੈਂ ਮੇਰੀ ਅਤੇ ਵਿਸ਼ੇ ਵਿਕਾਰ ਇਨ੍ਹਾਂ ਸਾਰਿਆਂ ਨੂੰ ਤਿਆਗ ਦੇ।

ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥ ੧ ॥

ਦੁਸ਼ਟਾਂ ਨਾਲ ਭਾਉ=ਪ੍ਰੇਮ, ਵਾ:-ਦੁਸਟ ਭਾਉ=ਬੁਰਾ ਸੁਭਾਵ ਪਰਾਈ ਨਿੰਦਿਆ ਨੂੰ ਤਿਆਗ ਕੇ ਕਾਮ ਕ੍ਰੋਧ ਆਦਿਕ ਮਹਾਂ ਚੰਡਾਲਾਂ ਨੂੰ ਭੀ ਤਿਆਗ ਦੇ॥ ੧ ॥

ਮਹਲ ਮਹਿ ਬੈਠੇ ਅਗਮ ਅਪਾਰ ॥

ਅਗਮ ਅਪਾਰ ਪ੍ਰਭੂ ਸਰੀਰ ਮਹਲ ਵਿਚ, ਵਾ:-ਅੰਤਹਕਰਣ ਵਿਚ ਬੈਠੇ ਹੋਏ ਹਨ।

ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ
ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥ ੧ ॥ ਰਹਾਉ ॥

ਇਸ ਸਰੀਰ ਦੇ ਵਿਚੋਂ ਅੰਮ੍ਰਿਤ ਰੂਪ ਪਰਮਾਤਮਾ ਨੂੰ ਓਹੀ ਪੁਰਸ਼ ਪਾਂਵਦਾ ਹੈ, ਜਿਸ ਨੇ ਰਤਨੁ=ਅਮੋਲਕ ਗੁਰ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਦਾ ਆਚਾਰ=ਕਰਤੱਬ ਕੀਤਾ ਹੈ॥ ੧ ॥ ਰਹਾਉ ॥

[ਪੰਨਾ ੧੨੫੬]

ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥

ਸੰਸਾਰ ਵਿਚ ਦੁੱਖ ਸੁਖ ਅਤੇ ਬੁਰਾ ਭਲਾ ਦੋਹਾਂ ਨੂੰ ਇਕ ਸਮਾਨ ਕਰਕੇ ਜਾਣਦਾ ਹੈ ਜਾਂ ਦੁੱਖ ਤੇ ਸੁਖ ਦੋਹਾਂ ਨੂੰ ਇਕੋ ਜੇਹਾ ਕਰਕੇ ਜਾਣਦਾ ਹੈ ਅਤੇ ਬੁਰਾ ਕਰਮ ਛੱਡ ਕੇ ਸੰਸਾਰ ਦਾ ਭਲਾ ਕਰਨਾ ਜਾਣਦਾ ਹੈ।

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥ ੨ ॥

ਗੁਰੂ ਦੀ ਸਤਸੰਗਤ ਵਿਚ ਪਿਆਰ ਕਰਕੇ ਹਰੀ ਨਾਮ ਸਿਮਰਨ ਵਿਚ ਸੁਰਤ ਪਾਈਏ ਤਾਂ ਸ਼ੁਧ ਬੁੱਧੀ ਹੁੰਦੀ ਹੈ॥ ੨ ॥

ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥

ਹਰੀ ਨਾਮ ਜਪਣ ਨਾਲ ਦਿਨ ਰਾਤ ਆਤਮ ਲਾਭ ਪ੍ਰਾਪਤ ਹੁੰਦਾ ਹੈ, ਇਕ ਗੁਰੂ ਹੀ ਦਾਤੇ ਹਨ ਜੋ ਨਾਮ ਦੀ ਦਾਤ ਦੇਣ ਵਾਲੇ ਹਨ।

ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥ ੩ ॥

ਮੁਖੀ ਗੁਰਾਂ ਦੀ ਸਿੱਖਿਆ ਨੂੰ ਓਹੀ ਪੁਰਸ਼ ਪਾਂਦਾ ਹੈ ਜਿਸ ਉਤੇ ਕਰਤਾਰੁ=ਵਾਹਿਗੁਰੂ ਆਪ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ॥ ੩ ॥

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥

ਮੰਦਰਾਂ ਵਿਚੋਂ ਕਾਇਆਂ ਰੂਪੀ ਮਹਲ ਹਰੀ ਦਾ ਆਪਣਾ ਘਰ ਹੈ, ਕਿਉਂਕਿ ਉਸ ਵਿਚ ਅਪਾਰ ਪ੍ਰਭੂ ਨੇ ਆਪਣੀ ਜੋਤ ਰੱਖੀ ਹੋਈ ਹੈ।

ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਉਹ ਗੁਰਮੁਖ ਮਹਲਿ=ਸਰੂਪ ਵਿਚ ਬੁਲਾਏ ਜਾਂਦੇ ਹਨ, ਜਿਨ੍ਹਾਂ ਨੂੰ ਮੇਲਣ ਵਾਲਾ ਹਰੀ ਸਤਸੰਗ ਵਿਚ ਮੇਲਦਾ ਹੈ॥ ੪ ॥ ੫ ॥

ਮਲਾਰ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਇਕ ਪੰਡਿਤ ਆਇਆ ਉਸ ਨੂੰ ਉਪਦੇਸ਼ ਦੇਂਦੇ ਹਨ।

ਪਵਣੈ ਪਾਣੀ ਜਾਣੈ ਜਾਤਿ॥ ਕਾਇਆਂ ਅਗਨਿ ਕਰੇ ਨਿਭਰਾਂਤਿ॥

ਜਿਸ ਨੇ ਪੌਣ ਪਾਣੀ ਆਦਿਕ ਤੱਤਾਂ ਨੂੰ ਜਾਤਿ=ਉਤਪੰਨ ਕੀਤਾ ਹੈ ਅਤੇ ਕਈ ਤਰ੍ਹਾਂ ਦੀਆਂ ਜਾਤੀਆਂ ਨੂੰ ਬਣਾਇਆ ਹੈ ਉਸ ਨੂੰ ਜਾਤਿ=ਜਾਣੇ। ਕਾਇਆਂ=ਬੁੱਧੀ ਵਿਚੋਂ ਕਾਮ,

ਵਾ:-ਤ੍ਰਿਸ਼ਨਾ ਰੂਪ ਅੱਗ ਨੂੰ ਤਿਆਗ ਕੇ ਮਨ ਨੂੰ ਭਰਾਂਤੀ ਤੋਂ ਨਿ=ਰਹਿਤ ਕਰੇ।

ਜੰਮਹਿ ਜੀਅ ਜਾਣੈ ਜੇ ਥਾਉ॥ ਸੁਰਤਾ ਪੰਡਿਤੁ ਤਾ ਕਾ ਨਾਉ॥ ੧॥

ਜਿਸ ਪ੍ਰਭੂ ਦੇ ਹੁਕਮ ਨਾਲ ਸਾਰੇ ਜੀਵ ਜੰਮਦੇ ਹਨ ਜੇਕਰ ਉਸ ਪ੍ਰਭੂ ਦੇ ਸਰੂਪ ਅਸਥਾਨ ਨੂੰ ਜਾਣੇ ਤਾਂ ਉਸ ਪੰਡਿਤ ਦਾ ਨਾਮ ਸੁਰਤਾ=ਗਿਆਤ ਗੇਅ ਹੈ,

ਵਾ:-ਸੁਰਤੀਆਂ ਦੇ ਸਿਧਾਂਤ ਦੇ ਜਾਨਣ ਵਾਲਾ ਹੈ॥ ੧॥

ਗੁਣ ਗੋਬਿੰਦ ਨ ਜਾਣੀਅਹਿ ਮਾਇ॥ ਅਣਡੀਠਾ ਕਿਛੁ ਕਹਣੁ ਨ ਜਾਇ॥

ਮਾਇ=ਹੇ ਭਾਈ! ਮਾਇਆ ਪਤੀ ਜੋ ਗੋਬਿੰਦ ਹੈ ਉਸ ਦੇ ਸਮੱਗਰ ਗੁਣ ਜਾਣੇ ਨਹੀਂ ਜਾਂਦੇ। ਉਹ ਪਰਮੇਸ਼ਰ ਅਣਡਿੱਠਾ ਹੈ ਵੇਖੇ ਤੋਂ ਬਿਨਾਂ ਹੈ ਇਸ ਕਰਕੇ ਉਸ ਦਾ ਕੁਝ ਰੂਪ ਰੰਗ ਕਿਹਾ ਨਹੀਂ ਜਾਂਦਾ ।

ਕਿਆ ਕਰਿ ਆਖਿ ਵਖਾਣੀਐ ਮਾਇ॥ ੧॥ ਰਹਾਉ॥

ਮਾਇ=ਹੇ ਭਾਈ! ਆਖਿ=ਮੁਖ ਦੁਆਰਾ ਕੀ ਰੂਪ ਕਰਕੇ ਕਥਨ ਕਰੀਏ॥ ੧॥ ਰਹਾਉ॥

ਊਪਰਿ ਦਰਿ ਅਸਮਾਨਿ ਪਇਆਲਿ॥ ਕਿਉ ਕਰਿ ਕਹੀਐ ਦੇਹੁ ਵੀਚਾਰਿ॥

ਸਭ ਤੋਂ ਉਪਰ ਜੋ ਅਕਾਸ਼ ਹੈ, ਸਭ ਤੋਂ ਹੇਠਾਂ ਜੋ ਪਇਆਲਿ=ਪਤਾਲ ਹੈ, ਇਨ੍ਹਾਂ ਦੋਹਾਂ ਦੇ ਦਰਿ=ਵਿਚਕਾਰ ਜੋ ਮਾਂਤ ਲੋਕ ਹੈ ਇਹਨਾਂ ਤਿੰਨਾਂ ਲੋਕਾਂ ਵਿਚ ਉਹ ਪੂਰਨ ਹੈ।

ਉਸ ਪਰਮੇਸ਼ਰ ਨੂੰ ਇੰਦਤਾ ਕਰਕੇ ਕਿਸ ਤਰ੍ਹਾਂ ਕਹੀਏ? ਇਸ ਗੱਲ ਦਾ ਵੀਚਾਰ ਦੇਣਾ ਕਰੋ।

ਬਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥ ੨॥

ਜੀਭ ਤੋਂ ਬਿਨਾਂ ਜੋ ਪੁਰਸ਼ ਹਿਆਇ=ਹਿਰਦੇ ਕਰਕੇ ਨਾਮ ਜਪਦਾ ਹੈ ਤਾਂ ਕੋਈ ਕੀ ਜਾਣਦਾ ਹੈ ਕਿ ਉਹ ਕੈਸਾ ਨਾਮ ਜਪਦਾ ਹੈ। ਏਸੇ ਤਰ੍ਹਾਂ ਜਦ ਤੱਕ ਗੁਰੂ ਜੀ ਕਹਿ ਕੇ ਨਾ ਸੁਨਾਉਣ ਤਦ ਤੱਕ ਉਸ ਪ੍ਰਭੂ ਦਾ ਕਿਵੇਂ ਪਤਾ ਲੱਗ ਸਕਦਾ ਹੈ॥ ੨॥

ਕਥਨੀ ਬਦਨੀ ਰਹੈ ਨਿਭਰਾਂਤਿ॥ ਸੋ ਬੂਝੈ ਹੋਵੈ ਜਿਸੁ ਦਾਤਿ ॥

ਭਰਾਂਤੀ ਤੋਂ ਨਿ=ਰਹਿਤ ਹੋ ਕੇ ਹਰੀ ਜਸ ਦੀਆਂ ਕਥਨੀ=ਕਥਾ ਤੇ ਬਦਨੀ=ਕਵੀਸ਼ਰੀਆਂ ਕਰਨ ਵਿਚ ਲੱਗਾ ਰਹੇ। ਪਰ ਉਸ ਪ੍ਰਭੂ ਨੂੰ ਬੁਝਦਾ ਓਹੀ ਹੈ ਜਿਸ ਨੂੰ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ।

ਅਹਿਨਿਸਿ ਅੰਤਰਿ ਰਹੈ ਲਿਵ ਲਾਇ॥ ਸੋਈ ਪੁਰਖੁ ਜਿ ਸਚਿ ਸਮਾਇ॥ ੩॥

ਜਿ=ਜਿਹੜਾ ਪੁਰਸ਼ ਸੱਚ ਨਾਮ ਵਿਚ ਸਮਾਅ ਕੇ ਦਿਨ ਰਾਤ ਲਿਵ ਲਗਾਉਣ ਅੰਦਰ ਇਸਥਿਤ ਰਹਿੰਦਾ ਹੈ ਉਹੀ ਉਤਮ ਪੁਰਖ ਹੈ।

ਜਾਤਿ ਕੁਲੀਨੁ ਸੇਵਕੁ ਜੇ ਹੋਇ॥ ਤਾ ਕਾ ਕਹਣਾ ਕਹਹੁ ਨ ਕੋਇ॥

ਕੁਲੀਨੁ=ਉਤਮ ਜਾਤੀ ਵਿਚ ਜੇਕਰ ਕੋਈ ਉਸ ਪ੍ਰਭੂ ਦਾ ਸੇਵਕ ਹੋਵੇ ਤਾਂ ਉਸ ਦਾ ਕਹਣਾ=ਜਸ ਕੋਈ ਭੀ ਨਹੀਂ ਕਹਿ ਸਕਦਾ। ਕਿਉਂਕਿ ਬੇਅੰਤ ਹੋਣ ਕਰਕੇ ਉਸ ਦਾ ਜਸ ਕਹਿਣ ਤੋਂ ਬਾਹਰ ਹੈ।

ਵਿਚਿ ਸਨਾਤੀ ਸੇਵਕੁ ਹੋਇ ॥ ਨਾਨਕ ਪਣ੍ਹੀਆ ਪਹਿਰੈ ਸੋਇ ॥ ੪ ॥ ੧ ॥ ੬ ॥

ਜੇਕਰ ਕੋਈ ਸਨਾਤੀ=ਨੀਚ ਜਾਤੀ ਵਿਚੋਂ ਭੀ ਪ੍ਰਭੂ ਦਾ ਸੇਵਕ ਹੋ ਜਾਵੇ ਤਾਂ ਗੁਰੂ ਜੀ ਕਥਨ ਕਰਦੇ ਹਨ- ਉਹ ਮੇਰੇ ਸਰੀਰ ਦੇ ਚੰਮ ਦੀਆਂ ਪਣ੍ਹੀਆ=ਜੁਤੀਆਂ ਸਿਵਾ ਕੇ ਚਰਨਾਂ ਵਿਚ ਪਾਵੇ॥ ੪॥ ੧॥ ੬॥

ਮਲਾਰ ਮਹਲਾ ੧ ॥

ਜਿਸ ਵੇਲੇ ਗੁਰੂ ਜੀ ਪੂਰਨ ਵੈਰਾਗ ਅਵਸਥਾ ਵਿਚ ਇਸਥਿਤ ਹੋ ਕੇ ਅੰਨ ਜਨ ਤਿਆਗ ਕੇ ਲੰਮੇ ਪੈ ਗਏ ਤਾਂ ਪਿਤਾ ਜੀ ਨੇ ਬਿਮਾਰ ਸਮਝ ਕੇ ਹਰਿਦਾਸ ਵੈਦ ਨੂੰ ਬੁਲਾ ਲਿਆਂਦਾ ਉਸ ਨੇ ਆ ਕੇ ਗੁਰੂ ਜੀ ਦੀ ਨਬਜ਼ ਵੇਖ ਕੇ ਪੁਛਿਆ ਆਪ ਜੀ ਨੂੰ ਕੀ ਦੁੱਖ ਹੈ? ਆਪਣੀ ਜ਼ਬਾਨੀ ਦੱਸੋ ਤਾਂ ਕਿ ਉਸ ਦਾ ਇਲਾਜ ਕੀਤਾ ਜਾਵੇ, ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥

ਵਾਹਿਗੁਰੂ ਦਾ ਜੋ ਵਿਛੋੜਾ ਹੈ ਇਕ ਤਾਂ ਏਹ ਦੁੱਖ ਹੈ ਅਤੇ ਉਸ ਨੂੰ ਮਿਲਣ ਦੀ ਜੋ ਭੁੱਖ ਲੱਗੀ ਹੋਈ ਹੈ ਦੂਜਾ ਏਹ ਦੁੱਖ ਹੈ। ਸਕਤਵਾਰ=ਸ਼ਕਤੀ ਵਾਲੇ, ਅਰਥਾਤ—ਬਲ ਵਾਲੇ ਜੋ ਜਮਦੂਤ ਹਨ ਉਹਨਾਂ ਦਾ ਜੋ ਡਰ ਹੈ ਇਕ ਏਹ ਭੀ ਦੁੱਖ ਹੈ।

ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥ ੧ ॥

ਸਰੀਰ ਵਿਚ ਜੋ ਦੌੜ ਕੇ ਅਗਿਆਨ ਰੋਗ ਆ ਲੱਗਦਾ ਹੈ ਏਹ ਭੀ ਇਕ ਬੜਾ ਭਾਰੀ ਦੁੱਖ ਹੈ।

ਹੇ ਭੋਲੇ ਵੈਦ! ਤੂੰ ਬਾਹਰਲੇ ਦਾਰੂ ਨਾ ਲਗਾਉਣਾ ਕਰ॥ ੧॥

ਤੂੰ ਕਿਸ ਕਿਸ ਰੋਗ ਨੂੰ ਹਟਾਵੇਂਗਾ, ਜਦ ਉਹ ਜਬਰਦਸਤੀ ਨਾਲ ਦਾਰੂ ਲਗਾਉਣ ਲੱਗਾ ਤਾਂ ਗੁਰੂ ਜੀ ਨੇ ਫਿਰ ਕਿਹਾ-

ਵੈਦ ਨ ਭੋਲੇ ਦਾਰੂ ਲਾਇ ॥

ਹੇ ਭੋਲੇ ਵੈਦ ! ਇਹ ਬਾਹਰਲੇ ਦਾਰੂ ਨਾ ਲਗਾਉਣਾ ਕਰ।

ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥ ੧ ॥ ਰਹਾਉ ॥

ਜਦ ਤੱਕ ਸਰੀਰ ਵਿਚ ਦੁੱਖ ਰਹਿੰਦਾ ਹੈ ਤਦ ਤੱਕ ਦਰਦ ਹੁੰਦੀ ਹੈ। ਹੇ ਬੀਰ=ਭਾਈ ! ਜੇਹੋ ਜੇਹਾ ਦਾਰੂ ਅਸੀਂ ਚਾਹੁੰਦੇ ਹਾਂ ਓਹੋ ਜੇਹਾ ਦਾਰੂ ਤੇਰੇ ਪਾਸੋਂ ਮੇਰੇ ਸਰੀਰ 'ਪਰ ਲਗਨਾ ਨਹੀਂ ਹੈ॥ ੧॥ ਰਹਾਉ॥

ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥

ਖਸਮੁ ਵਿਸਾਰਿ=ਪਰਮਾਤਮਾ ਨੂੰ ਭੁਲਾ ਕੇ ਜੋ ਜੀਵ ਨੇ ਰਸ ਭੋਗਣੇ ਕੀਤੇ ਹਨ ਤਾਂ ਹੀ ਸੂਖਮ ਸਰੀਰ ਵਿਚ, ਏਹ ਰੋਗ ਉੱਠ ਖਲੋਤੇ ਹਨ।

ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥ ੨ ॥

ਅਗਿਆਨ ਕਰਕੇ ਅੰਨ੍ਹੇ ਜੀਵ ਨੂੰ ਬੜੀ ਭਾਰੀ ਸਜ਼ਾ ਮਿਲਦੀ ਹੈ। ਇਸ ਲਈ ਹੇ ਭੋਲੇ ਵੈਦ! ਬਾਹਰਲੇ

ਦਾਰੂ ਨਾ ਲਗਾਉਣੇ ਕਰ॥ ੨॥

ਚੰਦਨ ਕਾ ਫਲੁ ਚੰਦਨ ਵਾਸੁ॥ ਮਾਣਸ ਕਾ ਫਲੁ ਘਟ ਮਹਿ ਸਾਸੁ॥

ਜਿਵੇਂ ਚੰਦਨ ਦੀ ਵਾਸ਼ਨਾ ਤੇ ਸੀਤਲਤਾ ਹੀ ਚੰਦਨ ਦਾ ਫਲ ਹੈ, ਨਹੀਂ ਤਾਂ ਨਿਕੰਮਾ ਹੈ।

ਤਿਵੇਂ ਮਨੁੱਖ ਦਾ ਫਲ ਕੀ ਹੈ ਜੋ ਸਰੀਰ ਵਿਚ ਸ੍ਵਾਸ ਹਨ ਏਹੋ ਸਰੀਰ ਦਾ ਫਲ ਹੈ, ਸ੍ਵਾਸਾਂ ਤੋਂ ਬਿਨਾਂ ਦੇਹ ਨਿਕੰਮੀ ਹੈ।

ਸਾਸਿ ਗਇਐ ਕਾਇਆ ਢਲਿ ਪਾਇ॥ ਤਾ ਕੈ ਪਾਛੈ ਕੋਇ ਨ ਖਾਇ॥ ੩॥

ਜਿਸ ਵੇਲੇ ਸਰੀਰ ਵਿਚੋਂ ਸ੍ਵਾਸ ਨਿਕਲ ਜਾਂਦੇ ਹਨ ਤਾਂ ਕਾਇਆ=ਅਸਥੂਲ ਸਰੀਰ ਢਲਿ ਪਾਇ=ਗਿਰ ਜਾਂਦਾ ਹੈ। ਤਾ ਕੈ ਪਾਛੈ=ਉਹਨਾਂ ਸ੍ਵਾਸਾਂ ਦੇ ਨਿਕਲ ਜਾਣ ਪਿਛੋਂ ਜਦ ਤੱਕ ਸਰੀਰ ਘਰ ਵਿਚ ਪਿਆ ਹੈ ਉਨਾਂ ਚਿਰ ਕੋਈ ਸਬੰਧੀ ਭੀ ਕੁਝ ਖਾਂਦਾ ਪੀਂਦਾ ਨਹੀਂ ਹੈ। ਮ੍ਰਿਤਕ ਸਰੀਰ ਘਰੋਂ ਨਿਕਲ ਜਾਵੇ ਤਾਂ ਸੁਧੀ ਮੰਨਦੇ ਹਨ ਇਸ ਲਈਂ ਮਨੁੱਖ ਦੇਹ ਦਾ ਫਲ ਸ੍ਵਾਸ ਹੀ ਹਨ॥ ੩॥

ਕੰਚਨ ਕਾਇਆ ਨਿਰਮਲ ਹੰਸੁ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ॥

ਉਹ ਕਾਇਆ ਕੰਚਨ=ਸੋਨੇ ਵਾਂਙੂ ਪਵਿੱਤ੍ਰ ਹੈ, ਉਸ ਵਿਚ ਨਿਵਾਸ ਕਰਨ ਵਾਲਾ ਹੰਸੁ=ਜੀਵਾਤਮਾ ਭੀ ਸੁਧ ਹੈ। ਜਿਸ ਦੇ ਵਿਚ ਅੰਸ ਮਾਤ੍ਰ ਭਾਵ ਥੋੜ੍ਹਾ ਮਾਤ੍ਰ ਭੀ ਨਿਰੰਜਨ ਦਾ ਨਾਮ ਵਸਦਾ ਹੈ।

ਦੂਖ ਰੋਗ ਸਭਿ ਗਇਆ ਗਵਾਇ॥
ਨਾਨਕ ਛੂਟਸਿ ਸਾਚੈ ਨਾਇ॥ ੪॥ ੨॥ ੭॥

ਨਾਮ ਜਪਣ ਵਾਲਾ ਗੁੰਰਮੁਖ ਜਨਮ ਮਰਨ ਆਦਿ ਦੁੱਖ ਤੇ ਹਉਮੈ ਆਦਿਕ ਸਾਰਿਆਂ ਰੋਗਾਂ ਨੂੰ ਗਵਾ ਕੇ ਗਿਆ ਹੈ।

ਗੁਰੂ ਜੀ ਕਥਨ ਕਰਦੇ ਹਨ— ਇਹ ਜੀਵ ਸੱਚੇ ਨਾਮ ਕਰਕੇ ਬੰਧਨਾਂ ਤੋਂ ਛੁਟ੍ਦਾ ਹੈ॥ ੪॥ ੨॥ ੭॥

ਮਲਾਰ ਮਹਲਾ ੧॥

ਪੁਨਾ- ਹਰਦਾਸ ਵੈਦ ਨੇ ਬੇਨਤੀ ਕੀਤੀ ਇਸ ਸਰੀਰ ਵਿਚ ਜਿੰਨੇ ਕੁ ਦੁੱਖ ਆਪ ਜੀ ਨੇ ਗਿਣ ਕੇ ਦੱਸੇ ਹਨ ਉਹਨਾਂ ਸਾਰਿਆਂ ਦੁੱਖਾਂ ਕਰਕੇ ਮੇਰਾ ਸਰੀਰ ਗ੍ਰਸਿਆ ਹੋਇਆ ਹੈ ਅਤੇ ਮੈਂ ਅਗਿਆਨਤਾ ਦੇ ਸਹਿਤ ਫਿਰ ਰਿਹਾ ਹਾਂ ਆਪ ਕ੍ਰਿਪਾ ਕਰਕੇ ਸਾਰਿਆਂ ਦੁੱਖਾਂ ਦੀ ਨਵਿਰਤੀ ਲਈ ਦਵਾਈ ਦੱਸੋ। ਏਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-ਕੋਈ ਦੁੱਖ ਪੁੜੀ ਖਾਣ ਨਾਲ ਦੂਰ ਹੁੰਦੇ ਹਨ, ਕੋਈ ਦੁੱਖ ਯੱਗ ਆਦਿਕ ਕਰਮਾਂ ਦੇ ਕਰਨ ਨਾਲ ਦੂਰ ਹੁੰਦੇ ਹਨ, ਕੋਈ ਦੁੱਖ ਜੰਤਰ ਕਰਕੇ ਦੂਰ ਹੁੰਦੇ ਹਨ, ਸਭ ਦੇ ਇਲਾਜ ਵੱਖੋ ਵੱਖਰੇ ਦੱਸਦੇ ਹਾਂ ਤੂੰ ਧਿਆਨ ਨਾਲ ਸੁਣ।

ਦੁਖ ਮਹੁਰਾ ਮਾਰਣ ਹਰਿ ਨਾਮੁ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ॥

ਜੇਹੜਾ ਜਪ ਤਪ ਦਾ ਦੁੱਖ ਸਹਾਰਨਾ ਹੈ ਏਹ ਮਹੁਰਾ=ਸੰਖੀਆ ਹੈ, ਜੇ ਸੰਖੀਆ ਮਾਰੇ ਤੋਂ ਬਿਨਾਂ ਐਵੇਂ ਖਾ ਲਵੇ ਤਾਂ ਮਨੁੱਖ ਮਰ ਜਾਂਦਾ ਹੈ, ਇਸ ਲਈ ਸੰਖੀਏ ਦਾ ਮਾਰਨਾ (ਭਸਮ) ਕਰਨਾ ਜ਼ਰੂਰੀ ਹੈ, ਹਰੀ ਨਾਮ ਦਾ ਜੋ ਜਪਣਾ ਹੈ ਏਹੋ ਸੰਖੀਏ ਦਾ ਮਾਰਨਾ ਹੈ, ਭਾਵ- ਹਰੀ ਨਾਮ ਜਪਣ ਕਰਕੇ ਜਪ ਤਪ ਕਰਨੇ ਸਫਲ ਹਨ।

ਨਾਮ ਜਪਦਾ ਰਿਹਾ ਜੇ ਸੰਤੋਖ ਨਹੀਂ ਹੈ ਤਾਂ ਨਾਮ ਜਪਣਾ ਭੀ ਨਿਸਫਲ ਹੈ।

ਯਥਾ- ਲਾਭ ਤਥਾ ਸੰਤੁਸ਼ਟ ਰਹਿਣਾ ਐਸੇ ਸੰਤੋਖ ਧਾਰਨੇ ਰੂਪਸਿਲਾ ਬਣਾਵੇ ਜਿਸ ਉਤੇ ਸੰਖੀਏ ਨੂੰ ਪੀਸਣਾ ਹੈ। ਪੀਸਣਾ ਕੇਹੜਾ ਹੈ ? ਉੱਤਰ:- ਜੇਹੜਾ ਹਥੋਂ ਦਾਨ ਦੇਣਾ ਹੈ ਏਹੋ ਉਸ ਦਾ ਪੀਸਣਾ ਹੈ, ਸੰਖੀਏ ਦੀ ਪੁੜੀ ਪੀਸ ਕੇ ਖਾਵੇ ਤਾਂ ਗੁਣ ਦਾਇਕ ਹੈ ਏਸੇ ਤਰ੍ਹਾਂ ਦਾਨੀ ਬਣਕੇ ਤੇ ਸੰਤੋਖੀ ਹੋ ਕੇ ਨਾਮ ਜਪੇ ਤਾਂ ਜਪ ਤਪ ਕਰਨੇ ਸਫਲ ਹਨ।

[ਪੰਨਾ ੧੨੫੭]

ਨਿਤ ਨਿਤ ਲੇਹੁ ਨ ਛੀਜੈ ਦੇਹ॥ ਅੰਤ ਕਾਲਿ ਜਮੁ ਮਾਰੈ ਠੇਹ॥ ੧॥

ਹੇ ਹਰਦਾਸ ਵੈਦ ! ਅਜੇਹੀ ਪੁੜੀ ਬਣਾ ਕੇ ਤੂੰ ਨਿਤਾਪ੍ਰਤੀ ਲੈਣਾ ਕਰ, ਜਿਸ ਕਰਕੇ ਤੇਰੀ ਦੇਹੀ ਨਿਸਫਲ ਨਾਸ ਨਹੀਂ ਹੋਵੇਗੀ ਤੇ ਜਨਮ ਮਰਨ ਵਿਚ ਨਹੀਂ ਜਾਏਂਗਾ।

ਅੰਤ ਸਮੇਂ ਤੂੰ ਜਮ ਨੂੰ ਉਸੀ ਅਸਥਾਨ 'ਪਰ ਮਾਰ ਲਵੇਂਗਾ। ਨਹੀਂ ਤਾਂ ਜਮ ਤੈਨੂੰ ਉਸੀ ਥਾਂ ਡੰਡਾ ਮਾਰੇਗਾ॥ ੧॥

ਐਸਾ ਦਾਰੂ ਖਾਹਿ ਗਵਾਰ॥
ਜਿਤੁ ਖਾਧੈ ਤੇਰੇ ਜਾਹਿ ਵਿਕਾਰ॥ ੧॥ ਰਹਾਉ॥

ਅਜੇਹਾ ਦਾਰੂ ਗਵਾਰ ਤਾਹੀਂ ਤੇ ਖਾਣ ਵਾਲਾ ਹੈ ਇਸ ਲਈ, ਹੇ ਗਵਾਰ ! ਅਜੇਹਾ ਦਾਰੂ ਤੂੰ ਖਾਣਾ ਕਰ। ਜਿਸ ਦੇ ਖਾਧਿਆਂ ਤੇਰੇ ਅੰਦਰੋਂ ਵਿਕਾਰ ਨਾਸ ਹੋ ਜਾਣਗੇ॥ ੧॥ ਰਹਾਉ॥

ਰਾਜੁ ਮਾਲੁ ਜੋਬਨੁ ਸਭੁ ਛਾਂਵ॥ ਰਥਿ ਫਿਰੰਦੈ ਦੀਸਹਿ ਥਾਵ॥

ਜਿਨ੍ਹਾਂ ਰਾਜਸੀ ਪਦਾਰਥਾਂ ਵਿਚ ਤੂੰ ਲੱਗ ਰਿਹਾ ਹੈਂ, ਇਹ ਮਾਲ ਤੇ ਜੋਬਨ ਆਦਿਕ ਸਾਰੇ ਪਦਾਰਥ ਛਾਂ (ਪ੍ਰਛਾਵੇਂ) ਵਾਂਗੂ ਹਨ। ਜਿਵੇਂ ਸੂਰਜ ਦਾ ਰਥ ਫਿਰਦਾ ਹੈ, ਤਾਂ ਥਾਵ ਨਿਗਾਹ ਆਉਂਦੇ ਹਨ ਤੇ ਪ੍ਰਛਾਵਾਂ ਚਲਾ ਜਾਂਦਾ ਹੈ ਏਸੇ ਤਰ੍ਹਾਂ ਪਦਾਰਥ ਨਾਸਵੰਤ ਹਨ।

ਜਿਸ ਵੇਲੇ ਪ੍ਰਾਲਬਧ ਰੂਪੀ ਰਥ ਫਿਰਿਆ ਤਿਸ ਵੇਲੇ ਪਦਾਰਥਾਂ ਰੂਪੀ ਛਾਂ ਨਹੀਂ ਰਹਿੰਦੀ ਥਾਂ ਹੀ ਦਿੱਸਦੇ ਹਨ ਜਾਂ ਕੇਵਲ ਪੁਰਸ਼ ਤਾਂ ਨਿਗਾਹ ਆਉਂਦੇ ਹਨ ਪਰਤਾਪ ਰੂਪੀ ਛਾਇਆਂ ਨਹੀਂ ਰਹਿੰਦੀ ।

ਦੇਹ ਨ ਨਾਉ ਨ ਹੋਵੈ ਜਾਤਿ॥ ਓਥੈ ਦਿਹੁ ਐਥੈ ਸਭ ਰਾਤਿ॥ ੨॥

ਪ੍ਰਲੋਕ ਵਿਚ ਦੇਹ ਨੇ ਨਾਲ ਨਹੀਂ ਜਾਣਾ, ਨਾ ਹੀ ਚੰਗੇ ਵੱਡੇ ਨਾਮ ਨੇ ਮਨਜ਼ੂਰ ਹੋਣਾ ਹੈ, ਨਾ ਹੀ ਜਾਤੀ ਨੇ ਨਾਲ ਜਾ ਕੇ ਸਹਾਇਕ ਹੋਣਾ ਹੈ, ਇਸ ਲਈ ਇਨ੍ਹਾਂ ਦਾ ਹੰਕਾਰ ਤਿਆਗ ਦਿਓ। ਓਥੈ=ਪ੍ਰਲੋਕ ਵਿਚ ਦਿਹੁ=ਦਿਨ ਭਾਵ ਚਾਨਣ ਹੈ, ਅਰਥਾਤ- ਨਿਆਂ ਹੈ ਐਥੈ=ਇਸ ਲੋਕ ਵਿਚ ਸਾਰੇ ਰਾਤ ਵਾਂਙੂ ਅੰਧ ਧੁੰਧ ਭਾਵ ਕੁ ਨਿਆਂ ਹੈ॥ ੨॥

ਅਗਲੀਆਂ ਤੁਕਾਂ ਵਿਚ ਯੱਗ ਦਾ ਪਰਕਾਰ ਦੱਸਦੇ ਹਨ-

ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ॥

ਬਹੁਤਿਆਂ ਸੁਆਦਾਂ ਦੀ ਜੋ ਤ੍ਰਿਸ਼ਨਾ ਹੈ ਏਹ ਸਮਧਾ=ਲਕੜੀਆਂ ਕਰ, ਕਾਮ ਨੂੰ ਘਿਉ ਕਰ, ਕ੍ਰੋਧ ਨੂੰ ਤੇਲ

ਕਰ ਇਤਆਦਿਕ ਸਭਨਾਂ ਨੂੰ ਦ੍ਰਿਸ਼ਟੀ ਰੂਪੀ ਅੱਗ ਨਾਲ ਮੇਲ ਕੇ-

ਹੋਮ ਜਗ ਅਰੁ ਪਾਠ ਪੁਰਾਣ॥ ਜੋ ਤਿਸੁ ਭਾਵੈ ਸੋ ਪਰਵਾਣ ॥੩॥

ਹੋਮ=ਹਮਨ ਕਰਦੇ ਇਸ ਤਰ੍ਹਾਂ ਦਾ ਯੱਗ ਕਰ। ਫਿਰ ਹਰਦਾਸ ਨੇ ਪੁਛਿਆ, ਪੁਰਾਣਾਂ ਦਾ ਪਾਠ ਕੇਹੜਾ ਕਰਾਂ? ਉੱਤਰ:-ਜੋ ਗੱਲ ਉਸ ਪ੍ਰਭੂ ਨੂੰ ਭਾਉਂਦੀ ਹੈ, ਓਸੇ ਨੂੰ ਪ੍ਰਾਵਣ ਕਰ, ਅਰਥਾਤ- ਉਸ ਦੇ ਭਾਣੇ 'ਪਰ ਸ਼ਾਕਰ ਰਹਿਣਾ ਕਰ, ਏਹੋ ਪੁਰਾਣਾ ਦਾ ਪਾਠ ਪੜ੍ਹਨਾ ਕਰ॥ ੩॥

ਤਪੁ ਕਾਗਦੁ ਤੇਰਾ ਨਾਮੁ ਨੀਸਾਨੁ॥ ਜਿਨ ਕਉ ਲਿਖਿਆ ਏਹੁ ਨਿਧਾਨੁ॥

ਤਪ ਕਰਨੇ ਰੂਪੀ ਕਾਗਜ਼ ਹੈ ਜਿਸ ਉਤੇ ਜੰਤਰ ਲਿਖਦੇ ਹਨ, ਉਸ ਪਰਮੇਸ਼ਰ ਦਾ ਨਾਮ ਹੀ ਨੀਸਾਨੁ=ਲੇਖ ਹੈ, ਅਰਥਾਤ- ਜੰਤਰ ਦੇ ਅਖੱਰ ਹਨ। ਜਿਸ ਦੇ ਮੱਥੇ 'ਪਰ ਚੰਗਾ ਲੇਖ ਲਿਖਿਆ ਹੋਇਆ ਹੈ ਉਸ ਨੂੰ ਇਹ ਨਿਧਾਨੁ=ਖਜ਼ਾਨਾ ਪਰਾਪਤ ਹੁੰਦਾ ਹੈ।

ਸੇ ਧਨਵੰਤ ਦਿਸਹਿ ਘਰਿ ਜਾਇ॥
ਨਾਨਕ ਜਨਨੀ ਧੰਨੀ ਮਾਇ ॥੪॥੩॥੮॥

ਪ੍ਰਲੋਕ ਘਰ ਵਿਚ ਜਾ ਕੇ ਉਹ ਸੁਖ ਧਨ ਵਾਲੇ ਧਨਾਢ ਨਿਗਾਹ ਆਉਂਦੇ ਹਨ, ਵਾ:- ਆਤਮ ਧਨ ਵਾਲੇ ਧਨਾਢ ਦਿੱਸਦੇ ਹਨ। ਗੁਰੂ ਜੀ ਕਥਨ ਕਰਦੇ ਹਨ- ਉਹਨਾਂ ਦੇ ਜਨਣੇ ਵਾਲੀ ਮਾਤਾ ਧੰਨਤਾ ਦੇ ਜੋਗ ਹੈ॥ ੪॥ ੩॥ ੮॥

ਮਲਾਰ ਮਹਲਾ ੧॥

ਇਕ ਪਖੰਡੀ ਬਨ ਵਿਚ ਸਮਾਧੀ ਲਗਾਈ ਬੈਠਾ ਸੀ, ਉਸ ਦੇ ਪਾਸ ਕੂੰਜ ਫਿਰ ਰਹੀ ਸੀ ਗੁਰੂ ਜੀ ਨੇ ਵਿਚਾਰਿਆ ਜੇਕਰ ਇਸ ਨੂੰ ਕੁਝ ਕਿਹਾ ਤਾਂ ਗੱਲ ਨਾ ਪੈ ਜਾਵੇ ਯੁਗਤੀ ਨਾਲ ਕੂੰਜ ਨੂੰ ਮੁਖ ਰੱਖ ਕੇ ਅਨੁਕਤੀ ਅਲੰਕਾਰ ਨਾਲ ਉਸ ਨੂੰ ਉਪਦੇਸ਼ ਦੇਂਦੇ ਹਨ।

ਬਾਗੇ ਕਾਪੜ ਬੋਲੈ ਬੈਣ॥ ਲੰਮਾ ਨਕੁ ਕਾਲੇ ਤੇਰੇ ਨੈਣ॥

ਹੇ ਕੂੰਜ ! ਤੇਰੇ ਕਪੜੈ=ਖੰਭ ਚਿੱਟੇ ਹਨ, ਸੁੰਦਰ ਬਚਨਾਂ ਨੂੰ ਬੋਲਦੀ ਹੈਂ। ਤੇਰਾ ਨੱਕ ਲੰਮਾ ਹੈ, ਨੇਤ੍ਰ ਤੇਰੇ ਕਾਲੇ ਹਨ। ਹੇ ਭੈਣ ! ਤੈਂਨੇ ਕਦੇ ਸਾਹਿਬ ਨੂੰ ਭੀ ਦੇਖਿਆ ਹੈ ਕਿ ਨਹੀਂ। ਇਹ ਗੱਲਾਂ ਸੁਣਦਿਆਂ ਸਾਰ ਉਸ ਦੀ ਸਮਾਧੀ ਖੁਲ੍ਹ ਗਈ ਤੇ ਗੁਰੂ ਜੀ ਨੂੰ ਸਾਹਮਣੇ ਖਲੋਤਿਆਂ ਵੇਖ ਕੇ ਕਿਹਾ-ਮਹਾਂ ਪੁਰਸ਼ੋ! ਆਪ ਜੀ ਨੇ ਕੀ ਕਿਹਾ ਹੈ? ਮੁੜ ਕੇ ਸੁਣਾਓ। ਤਾਂ ਗੁਰੂ ਜੀ ਨੇ ਕਿਹਾ-

ਬਾਗੇ ਕਾਪੜ=ਤੇਰੇ ਕਪੜੇ ਚਿੱਟੇ ਹਨ, ਅਰਥਾਤ- ਚੰਗਾ ਭੇਖ ਧਾਰਿਆ ਹੋਇਆ ਹੈ,

ਵਾ:-ਸਰੇਸ਼ਟ ਕਰਮ ਕਰਦਾ ਨਿਗਾਹ ਆ ਰਿਹਾ ਹੈਂ, ਮਿੱਠੇ ਬਚਨ ਬੋਲਦਾ ਹੈਂ। ਜਸ ਰੂਪੀ ਨੱਕ ਤੇਰਾ ਲੰਮਾ ਹੈ, ਅਰਥਾਤ-ਸਭ ਜਗ੍ਹਾਂ ਤੇਰਾ ਜਸ ਹੋ ਰਿਹਾ ਹੈ। ਸੁਰਤੀ ਸਿਮ੍ਰਤੀ ਰੂਪ ਤੇਰੇ ਕਾਲੇ ਨੇਤ੍ਰ ਹਨ, ਭਾਵ-ਸੁਰਤੀ ਸਿੰਮ੍ਰਤੀਆਂ ਨੂੰ ਪੜ੍ਹਿਆ ਹੋਇਆ ਹੈਂ।

ਕਬਹੂੰ ਸਾਹਿਬੁ ਦੇਖਿਆ ਭੈਣ ॥੧॥

ਪਰ ਇਹ ਦੱਸ ਹੇ ਭੈਣੇ ! ਤੂੰ ਕਦੇ ਸਾਹਿਬੁ=ਮਾਲਕ ਪ੍ਰਭੂ ਨੂੰ ਭੀ ਦੇਖਿਆ ਹੈ ਜਾਂ ਨਹੀਂ। ਅਗੋਂ ਉਸ ਨੇ

ਕਿਹਾ-ਸੁਆਮੀ ਜੀ ! ਸਾਹਿਬ ਨੂੰ ਤਾਂ ਨਹੀਂ ਵੇਖਿਆ, ਪਰ ਇਤਨੀ ਸਮਰੱਥਾ ਮੇਰੇ ਵਿੱਚ ਹੈ-

ਊਡਾਂ ਊਡਿ ਚੜਾਂ ਅਸਮਾਨਿ॥ ਸਾਹਿਬ ਸੰਮ੍ਰਿਥ ਤੇਰੈ ਤਾਣਿ॥

ਊਡਾਂ=ਨੇਤੀ ਧੋਤੀ ਆਦਿਕ ਕਰਮ ਕਰਦਾ ਹਾਂ, ਉੱਡ ਕੇ ਅਸਮਾਨ ਉਤੇ ਭੀ ਚੜ੍ਹਦਾ ਹਾਂ, ਅਰਥਾਤ-ਦਸਮ ਦੁਆਰ ਵਿਚ ਪ੍ਰਾਣ ਚੜ੍ਹਾਉਂਦਾ ਹਾਂ।

ਅਥਵਾ:-ਸਾਧਨਾਂ ਦੇ ਕਰਨ ਵਿਚ ਉਡਦਾ ਹਾਂ ਤੇ ਰਿਧੀਆਂ ਸਿਧੀਆਂ ਦੇ ਬਲ ਕਰਕੇ ਉੱਡ ਕੇ ਅਕਾਸ਼ ਵਿਚ ਚੜ੍ਹ ਜਾਂਦਾ ਹਾਂ। ਪਰ ਹੇ ਸਰਬ ਕਲਾ ਸਮਰਥ ਸਾਂਹਿਬ=ਸਤਿਗੁਰੋ ! ਆਪ ਜੀ ਦੇ ਬਲ ਕਰਕੇ ਚੜ੍ਹਦਾ ਹਾਂ, ਮੇਰੇ ਆਪਣੇ ਵਿਚ ਕੋਈ ਤਾਕਤ ਨਹੀਂ ਹੈ।

ਜਲਿ ਥਲਿ ਡੂੰਗਰਿ ਦੇਖਾਂ ਤੀਰ॥ ਥਾਨ ਥਨੰਤਰਿ ਸਾਹਿਬੁ ਬੀਰ॥ ੨॥

ਹੇ ਬੀਰ=ਸੂਰਬੀਰ ਸਤਿਗੁਰੋ ! ਤੁਹਾਡੀ ਕਿਰਪਾ ਨਾਲ ਜਲਾਂ ਥਲਾਂ ਡੂਗਰਾਂ ਤੇ ਤੀਰ=ਕਿਨਾਰਿਆਂ ਨੂੰ ਦੇਖਦਾ ਹਾਂ ਅਤੇ ਸਾਰਿਆਂ ਅਸਥਾਨਾਂ ਨੂੰ ਤੇ ਥਾਨਾਂ ਅੰਦਰ ਰਹਿਣ ਵਾਲੇ ਥਨੰਤਰੀ ਜੀਵਾਂ ਨੂੰ ਦੇਖਦਾ ਹਾਂ। ਇਹ ਗੱਲ ਸੁਣ ਕੇ ਅਗੋਂ ਗੁਰੂ ਜੀ ਸਮਝਾਂਦੇ ਹਨ-

ਜਿਨਿ ਤਨੁ ਸਾਜਿ ਦੀਏ ਨਾਲਿ ਖੰਡ॥ ਅਤਿ ਤ੍ਰਿਸਨਾ ਉਡਣੈ ਕੀ ਡੰਝ॥

ਜਿਸ ਪ੍ਰਭੂ ਨੇ ਇਸ ਤੇਰੇ ਸਰੀਰ ਨੂੰ ਸਾਜ ਕੇ ਨਾਲ ਇੰਦ੍ਰੀਆਂ ਰੂਪੀ,

ਵਾ:-ਪ੍ਰਾਣਾਂ ਰੂਪੀ ਖੰਭ ਦਿੱਤੇ ਹਨ। *ਅਥਵਾ:*-ਸਿਧੀਆਂ ਰੂਪੀ ਜਾਂ ਪ੍ਰਾਲਬਧ ਰੂਪੀ ਖੰਭ ਦਿੱਤੇ ਹਨ। ਉਸ ਨੂੰ ਛੱਡ ਕੇ ਤੈਨੂੰ ਪਦਾਰਥਾਂ ਦੀ ਅਤੀ ਅੰਤ ਤ੍ਰਿਸ਼ਨਾ ਲੱਗ ਰਹੀ ਹੈ ਅਤੇ ਅਕਾਸ਼ ਵਿਚ ਉੱਡਣ ਦੀ ਡੰਝ=ਸੜਨਤਾ (ਚਾਹ) ਲੱਗ ਰਹੀ ਹੈ, ਇਹ ਤੇਰੇ ਲਈ ਠੀਕ ਨਹੀਂ। ਇਹ ਗੱਲ ਸੁਣ ਕੇ ਉਸ ਫਕੀਰ ਨੇ ਕਿਹਾ-

ਨਦਰਿ ਕਰੇ ਤਾਂ ਬੰਧਾਂ ਧੀਰ॥ ਜਿਉ ਵੇਖਾਲੇ ਤਿਉ ਵੇਖਾਂ ਬੀਰ॥ ੩॥

ਹੇ ਗੁਰੋ! ਜੇ ਆਪ ਕ੍ਰਿਪਾ ਦ੍ਰਿਸ਼ਟੀ ਕਰੋ ਤਾਂ ਹੀ ਮੈਂ ਧੀਰਜ ਨੂੰ ਬੰਨ੍ਹਾਂਗਾ। ਹੇ ਬੀਰ=ਸੂਰਬੀਰ ਗੁਰੋ! ਜਿਵੇਂ ਆਪ ਦਿਖਾਓਗੇ ਤਿਵੇਂ ਮੈਂ ਪ੍ਰਭੂ ਨੂੰ ਵੇਖਾਂਗਾ॥ ੩॥

ਗੁਰੂ ਜੀ ਨੇ ਕਿਹਾ- ਜੇ ਉਸ ਪ੍ਰਭੂ ਦੇ ਦੇਖਣ ਦੀ ਇੱਛਾ ਹੈ ਤਾਂ ਸਰੀਰ ਦੇ ਅਤੇ ਰਿਧੀਆਂ ਸਿਧੀਆਂ ਦੇ ਹੰਕਾਰ ਨੂੰ ਤਿਆਗ ਦੇ, ਕਿਉਂਕਿ ਪ੍ਰਲੋਕ ਵਿਚ-

ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ॥
ਪਉਣੈ ਪਾਣੀ ਅਗਨੀ ਕਾ ਸਨਬੰਧ॥

ਇਹ ਅਸਥੂਲ ਸਰੀਰ ਨਾਲ ਨਹੀਂ ਜਾਵੇਗਾ, ਨਾ ਹੀ ਰਿਧੀਆਂ ਸਿਧੀਆਂ ਅਤੇ ਪਦਾਰਥਾਂ ਰੂਪੀ ਖੰਭ ਜਾਣਗੇ। ਇਹ ਸਰੀਰ ਤਾਂ ਹਵਾ ਪਾਣੀ ਅੱਗ ਆਦਿਕ ਤੱਤਾਂ ਦਾ ਸਨਬੰਧ ਹੈ। ਭਾਵ- ਤੱਤਾਂ ਦੇ ਮਿਲਾਪ ਤੋਂ ਰਚਿਆ ਹੋਇਆ ਹੈ।

ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ॥
ਸਚਿ ਸਮਾਵੈ ਏਹੁ ਸਰੀਰੁ॥ ੪॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ—ਪੂਰਬਲੇ ਕਰਮ ਚੰਗੇ ਹੋਣ ਤਾਂ ਪੀਰੁ=ਪੂਜਨੀਕ ਗੁਰਾਂ ਨੂੰ ਧਾਰਨ ਕਰਕੇ ਨਾਮ ਨੂੰ ਜਪਣਾ ਕਰ ਤਾਂ ਇਸ ਸਰੀਰ ਦੇ ਹੁੰਦਿਆਂ ਹੀ ਸੱਚ ਸਰੂਪ ਵਿਚ ਸਮਾਅ ਜਾਵੇਂਗਾ॥ ੪॥ ੪॥ ੯॥

ਮਲਾਰ ਮਹਲਾ ੩ ਚਉਪਦੇ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ॥

ਉਹ ਨਿਰੰਕਾਰ ਆਪ ਹੀ ਆਕਾਰ ਰੂਪ ਹੁੰਦਾ ਹੈ, ਅਕਾਰ ਰੂਪ ਹੋ ਕੇ ਆਪ ਹੀ ਜੀਵਾਂ ਨੂੰ ਕਰਮਾਂ ਅਨੁਸਾਰ ਭਰਮ ਵਿਚ ਭੁਲਾਉਂਦਾ ਹੈ।

ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ॥

ਕਰਤਾ ਪੁਰਖ ਵਾਹਿਗੁਰੂ ਆਪ ਹੀ ਜੀਵਾਂ ਨੂੰ ਉਤਪੰਨ ਕਰ ਕਰਕੇ ਵੇਖਦਾ ਹੈ, ਜਿਸ ਤਰਫ ਚਾਹੁੰਦਾ ਹੈ, ਓਸੇ ਤਰਫ ਜੀਵਾਂ ਨੂੰ ਲਗਾਉਂਦਾ ਹੈ।

ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ॥ ੧॥

ਜਿਸ ਪਾਸੋਂ ਆਪਣਾ ਹੁਕਮ ਮਨਾਉਂਦਾ ਹੈ ਉਸ ਸੇਵਕ ਨੂੰ ਏਹੋ ਹੁਕਮ ਮੰਨਣ ਦੀ ਵਡਿਆਈ ਦੇਂਦਾ ਹੈ॥ ੧॥

ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ॥

ਜੋ ਪ੍ਰਭੂ ਆਪਣੇ ਭਾਣੇ ਨੂੰ ਆਪ ਹੀ ਜਾਣਦਾ ਹੈ, ਉਹ ਗੁਰਾਂ ਦੀ ਕਿਰਪਾ ਨਾਲ ਲਖਿਆ ਜਾਂਦਾ ਹੈ।

ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ॥ ੧॥ ਰਹਾਉ॥

ਇਹ ਜੋ ਸਕਤਿ=ਮਾਇਆ ਹੈ ਇਸ ਵਲੋਂ ਬਿਰਤੀ ਉਲਟ ਕੇ ਸਿਵੈ=ਕਲਿਆਣ ਸਰੂਪ ਪਰਮੇਸ਼ਰ ਦੇ ਘਰ ਵਿਚ ਆ ਜਾਵੇ ਤਾਂ ਹੀ ਏਹ ਜੀਵ ਜੀਵਤ ਭਾਵ ਤੋਂ ਮਰ ਰਹਿੰਦਾ ਹੈ॥ ੧॥ ਰਹਾਉ॥

ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ॥

ਜੀਵ ਵੇਦਾਂ ਨੂੰ ਪੜ੍ਹ ਪੜ੍ਹ ਕੇ ਵਾਦੁ ਵਖਾਣੈ=ਝਗੜਿਆਂ ਨੂੰ ਕਥਨ ਕਰਦਾ ਹੈ, ਕੋਈ ਜੀਵ ਬ੍ਰਹਮਾ ਦੀ, ਕੋਈ ਵਿਸ਼ਨੂੰ ਦੀ ਅਤੇ ਕੋਈ ਸ਼ਿਵਾਂ ਦੀ ਉਪਾਸ਼ਨਾ ਵਿਚ ਲੱਗ ਰਿਹਾ ਹੈ।

ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ॥

ਇਹ ਮਾਇਆ ਤਿੰਨ ਗੁਣ ਰੂਪ ਹੈ ਜਿਸ ਨੇ ਸਾਰੇ ਸੰਸਾਰ ਨੂੰ ਭੁਲਾਇਆ ਹੋਇਆ ਹੈ, ਇਸ ਲਈ ਜੀਵ ਨੂੰ ਜਨਮ ਮਰਣ ਦਾ ਸੰਸਾ ਪਿਆ ਰਹਿੰਦਾ ਹੈ।

ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ॥ ੨॥

ਗੁਰਾਂ ਦੀ ਕ੍ਰਿਪਾ ਨਾਲ ਇਕ ਅਦੁੱਤੀ ਸਰੂਪ ਨੂੰ ਜਾਣੇ, ਤਾਂ ਮਨ ਵਿਚੋਂ ਸਾਰੇ ਅੰਦੇਸਾ=ਸੰਸੇ ਚੂਕੈ=ਦੂਰ ਹੋ ਜਾਂਦੇ ਹਨ॥ ੨॥

ਪ੍ਰਭੂ ਅਗੇ ਬੇਨਤੀ ਕਰੋ:-

ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ॥

ਹੇ ਪ੍ਰਭੂ! ਅਸੀਂ ਮੂਰਖ ਸ਼ੁਭ ਵਿਚਾਰ ਤੋਂ ਰਹਿਤ ਹਾਂ, ਸਾਡੇ ਤਾਰਨੇ ਦੀ ਚਿੰਤਾ ਤੁਸੀਂ ਆਪ ਹੀ ਕਰੋ।

ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥

ਦੀਨ ਦਿਆਲ ਹੋ ਕੇ ਮੈਨੂੰ ਦਾਸਾਂ ਦਾ ਦਾਸ ਕਰੋ, ਜਿਸ ਕਰਕੇ ਮੈਂ ਆਪ ਜੀ ਦੀ ਸੇਵਾ ਕਰਾਂ।

ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ॥ ੩ ॥

ਜੇਕਰ ਹੇ ਪ੍ਰਭੂ ! ਤੂੰ ਆਪਣਾ ਨਾਮ ਰੂਪ ਨਿਧਾਨੁ=ਖਜ਼ਾਨਾ ਦੇ ਦੇਵੇਂ ਤਾਂ ਹੀ ਮੈਂ ਦਿਨ ਰਾਤ ਆਪ ਜੀ ਦੇ ਨਾਮ ਨੂੰ ਕਥਨ ਕਰਾਂ॥ ੩ ॥

ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ॥

ਗੁਰੂ ਜੀ ਕਥਨ ਕਰਦੇ ਹਨ, ਗੁਰਾਂ ਦੀ ਕਿਰਪਾ ਦੁਆਰੇ ਕੋਈ ਅਜੇਹੀ ਗੱਲ ਸਮਝੋ ਤੇ ਮਨ ਵਿਚ ਵਿਚਾਰਨਾ ਕਰੋ:-

ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ॥

ਜਿਵੇਂ ਪਾਣੀ ਉਤੇ ਫੇਨੁ=ਝੱਗ ਤੇ ਬੁਲਬੁਲੇ ਉੱਠਦੇ ਹਨ ਤੇ ਮਿਟਦੇ ਹਨ, ਉਸੇ ਤਰ੍ਹਾਂ ਇਹ ਸਾਰਾ ਸੰਸਾਰ ਜੰਮਦਾ ਮਰਦਾ ਹੈ।

[ਪੰਨਾ ੧੨੫੮]

ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ॥ ੪ ॥ ੧ ॥

ਜਿਸ ਪਰਮਾਤਮਾ ਤੋਂ ਇਹ ਜੀਵ ਉਤਪੰਨ ਹੋਇਆ ਹੈ, ਜਦ ਉਸ ਦੇ ਵਿਚ ਸਮਾਅ ਗਿਆ ਤਾਂ ਸਾਰਾ ਹੀ ਸੰਸਾਰ ਪਸਾਰਾ ਚੁੱਕ ਗਿਆ ॥ ੪ ॥ ੧ ॥

ਮਲਾਰ ਮਹਲਾ ੩ ॥

ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ॥

ਜਿਨ੍ਹਾਂ ਨੇ ਪ੍ਰਭੂ ਦੇ ਹੁਕਮ ਨੂੰ ਪਛਾਣ ਲਿਆ ਹੈ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਹੰਗਤਾ ਮਮਤਾ ਨੂੰ ਜਲਾਇ=ਸਾੜ ਦਿੱਤਾ ਹੈ, ਉਹਨਾਂ ਨੂੰ ਹਰੀ ਨੇ ਆਪਣੇ ਨਾਲ ਮੇਲ ਲਿਆ ਹੈ।

ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ॥

ਉਹ ਦਿਨ ਰਾਤ ਸੱਚੀ ਭਗਤੀ ਕਰਦੇ ਹਨ ਅਤੇ ਸੱਚ ਸਰੂਪ ਵਿਖੇ ਚਿੱਤ ਬਿਰਤੀ ਨੂੰ ਲੱਗਾ ਰਹੇ ਹਨ।

ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ॥ ੧ ॥

ਸਤਿਗੁਰਾਂ ਦੇ ਉਪਦੇਸ਼ ਵਿਚ ਸਰੇਸ਼ਟ ਪ੍ਰੇਮ ਕਰਕੇ ਉਹ ਸੁਭਾਵਕ ਹੀ ਸੱਚੇ ਹਰੀ ਨੂੰ ਸਦਾ ਵੇਖਦੇ ਰਹਿੰਦੇ ਹਨ॥ ੧ ॥

ਮਨ ਰੇ ਹੁਕਮੁ ਮੰਨਿ ਸੁਖੁ ਹੋਇ॥

ਹੇ ਮਨ ! ਪ੍ਰਭੂ ਦੇ ਹੁਕਮ ਨੂੰ ਮੰਨ ਤਾਂ ਤੈਨੂੰ ਸੁਖ ਪਰਾਪਤ ਹੋਵੇਗਾ।

ਪ੍ਰਭ ਭਾਣਾ ਅਪਣਾ ਭਾਵਦਾ
ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥ ੧ ॥ ਰਹਾਉ ॥

ਕਿਉਂਕਿ ਪ੍ਰਭੂ ਨੂੰ ਆਪਣਾ ਭਾਣਾ ਮੰਨਣ ਵਾਲਾ ਪੁਰਸ਼ ਭਾਉਂਦਾ ਹੈ, ਜਿਸ ਨੂੰ ਭਾਣਾ ਮੰਨਣਾ ਬਖਸ਼ਦਾ ਹੈ, ਉਸ ਨੂੰ ਕੋਈ ਵਿਘਨ ਨਹੀਂ ਹੁੰਦਾ ॥ ੧ ॥ ਰਹਾਉ ॥

ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥

ਇਹ ਸਾਰਾ ਸੰਸਾਰ ਤ੍ਰਿਗੁਣ ਆਤਮਕ ਧਾਤੁ=ਮਾਇਆ ਤੋਂ ਪੈਦਾ ਹੋਇਆ ਹੈ, ਇਸ ਮਾਇਆ ਵਿਚ ਲੱਗਣ ਨਾਲ ਨਾ ਹਰੀ ਦੀ ਭਗਤੀ ਹੁੰਦੀ ਹੈ ਨਾ ਹੀ ਭਾਇ=ਪ੍ਰੇਮ ਪ੍ਰਾਪਤ ਹੁੰਦਾ ਹੈ।

ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥

ਜੋ ਹਉਮੈ ਦੇ ਸਹਿਤ ਹੋ ਕੇ ਕਰਮ ਕਮਾਉਂਦਾ ਹੈ, ਉਸ ਨੂੰ ਮੁਕਤੀ ਕਦੇ ਗਤਿ=ਪਰਾਪਤ ਨਹੀਂ ਹੁੰਦੀ।

ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥ ੨ ॥

ਜੋ ਸਾਹਿਬ=ਮਾਲਕ ਪ੍ਰਭੂ ਨੂੰ ਭਾਉਂਦਾ ਹੈ ਓਹੀ ਕੁਝ ਹੁੰਦਾ ਹੈ, ਸਾਕਤ ਪੁਰਸ਼ ਕੀਤੇ ਕਰਮਾਂ ਅਨੁਸਾਰ ਜੂਨੀਆਂ ਵਿਚ ਪਿਆ ਫਿਰਦਾ ਹੈ ॥ ੨ ॥

ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥

ਸਤਿਗੁਰਾਂ ਨਾਲ ਮਿਲਣ ਕਰਕੇ ਜਿਸ ਦਾ ਮਨ ਮਰ ਰਹਿੰਦਾ ਹੈ, ਉਸ ਦੇ ਮਨ ਵਿਚ ਹਰੀ ਨਾਮ ਆ ਕੇ ਵਸਦਾ ਹੈ।

ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥

ਫਿਰ ਉਸ ਦੀ ਕੀਮਤ ਕੁਝ ਨਹੀਂ ਪੈਂਦੀ ਅਤੇ ਉਸ ਦਾ ਕੁਝ ਜਸ ਭੀ ਨਹੀਂ ਕਿਹਾ ਜਾਂਦਾ।

ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥ ੩ ॥

ਉਸ ਦਾ ਚਉਥੈ=ਤੁਰੀਆ ਪਦ ਵਿਚ ਨਿਵਾਸ ਹੋਇਆ ਹੈ ਅਤੇ ਉਹ ਸੱਚੇ ਪ੍ਰਭੂ ਵਿਚ ਸਮਾਅ ਰਹਿੰਦਾ ਹੈ ॥ ੩ ॥

ਮੇਰਾ ਹਰਿ ਪ੍ਰਭੁ ਅਗਮੁ ਅਗੋਚਰੁ ਹੈ ਕੀਮਤਿ ਕਹਣੁ ਨ ਜਾਇ ॥

ਮੇਰਾ ਹਰੀ ਪ੍ਰਭੂ ਮਨ ਕਰਕੇ ਅਗੰਮ, ਇੰਦਰੀਆਂ ਕਰਕੇ ਅਗੋਚਰ ਹੈ, ਉਸ ਦੀ ਕੀਮਤ ਕਹੀ ਨਹੀਂ ਜਾਂਦੀ।

ਗੁਰ ਪਰਸਾਦੀ ਬੁਝੀਐ ਸਬਦੇ ਕਾਰ ਕਮਾਇ ॥

ਗੁਰਾਂ ਦੀ ਕਿਰਪਾ ਨਾਲ ਸਬਦੇ=ਉਪਦੇਸ਼ ਦੀ ਕਾਰ ਕਮਾਈਏ ਜਾਂ ਉਪਦੇਸ਼ ਦੁਆਰਾ ਸਾਧਨਾਂ ਦੀ ਕਾਰ ਕਮਾਉਣ ਕਰਕੇ ਉਸ ਨੂੰ ਬੁਝੀਐ=ਜਾਣੀਦਾ ਹੈ।

ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਤੂੰ ਉਸ ਪ੍ਰਭੂ ਦੇ ਨਾਮ ਨੂੰ ਸਲਾਹੁਣਾ ਕਰ, ਤਾਂ ਹਰੀ ਦੇ ਦਰਬਾਰ

ਵਿਚ ਹਰ ਤਰ੍ਹਾਂ ਕਰਕੇ ਸ਼ੋਭਾ ਪਾਵੇਂਗਾ॥ ੪॥ ੨॥

ਮਲਾਰ ਮਹਲਾ ੩॥

ਗੁਰਮੁਖਿ ਕੋਈ ਵਿਰਲਾ ਬੂਝੈ ਜਿਸ ਨੋ ਨਦਰਿ ਕਰੇਇ॥

ਜਿਸ ਉਤੇ ਵਾਹਿਗੁਰੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਹ ਕੋਈ ਵਿਰਲਾ ਹੀ ਗੁਰਮੁਖ ਗੁਰਾਂ ਦੁਆਰੇ ਉਸ ਨੂੰ ਬੁਝਦਾ ਹੈ।

ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ॥

ਗੁਰੂ ਤੋਂ ਬਿਨਾਂ ਹੋਰ ਕੋਈ ਨਾਮ ਦਾ ਦਾਤਾ ਨਹੀਂ ਹੈ, ਜਿਸ ਉਤੇ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ ਉਸ ਨੂੰ ਨਾਮ ਬਖਸ਼ਦੇ ਹਨ।

ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ॥ ੧॥

ਗੁਰੂ ਨਾਲ ਮਿਲ ਕੇ ਰਾਤ ਦਿਨ ਪ੍ਰਭੂ ਦੇ ਨਾਮ ਨੂੰ ਲਈਏ ਤਾਂ ਮਨ ਵਿਚ ਸ਼ਾਂਤੀ ਉਤਪੰਨ ਹੁੰਦੀ ਹੈ॥ ੧॥

ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥

ਹੇ ਮੇਰੇ ਮਨ ! ਹਰੀ ਨਾਮ ਅੰਮ੍ਰਿਤ ਨੂੰ ਮਨ ਵਿਚ ਧਿਆਉਣਾ ਕਰ।

ਸਤਿਗੁਰੁ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ॥੧॥ਰਹਾਉ॥

ਸਤਿਗੁਰ ਪੁਰਖਾਂ ਦੇ ਮਿਲਣ ਕਰਕੇ ਨਾਮ ਪ੍ਰਾਪਤ ਹੁੰਦਾ ਹੈ ਅਤੇ ਨਾਮ ਕਰਕੇ ਸਦਾ ਹਰੀ ਵਿਚ ਸਮਾਇਆ ਰਹਿੰਦਾ ਹੈ॥ ੧॥ ਰਹਾਉ॥

ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ॥

ਮਨਮੁਖ ਪੁਰਸ਼ ਹਰੀ ਤੋਂ ਵਿਛੜੇ ਹੋਏ ਸਦਾ ਜੂਨੀਆਂ ਵਿਚ ਫਿਰਦੇ ਹਨ, ਕਿਉਂਕਿ ਕਿਸੇ ਭੀ ਮਨਮੁਖ ਦੇ ਨਾਲ ਕੋਈ ਸ਼ੁਭ ਗੁਣ ਨਹੀਂ ਹੈ।

ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮ ਕਾਲਿ॥

ਉਹਨਾਂ ਦੇ ਅੰਦਰ ਹਉਮੈ ਦਾ ਵੱਡਾ ਰੋਗ ਹੈ, ਇਸ ਲਈ ਉਹਨਾਂ ਦੇ ਸਿਰ ਉਤੇ ਜਮ ਕਾਲ ਡੰਡੇ ਮਾਰਦਾ ਹੈ।

ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ ॥੨॥

ਗੁਰਮਤੀਏ ਸਤਸੰਗਤ ਤੋਂ ਕਦੇ ਭੀ ਵਿਛੜਦੇ ਨਹੀਂ ਹਨ, ਸਦਾ ਰਾਤ ਦਿਨ ਵਾਹਿਗੁਰੂ ਨਾਮ ਨੂੰ ਸੰਭਾਲਦੇ ਰਹਿੰਦੇ ਹਨ॥ ੨॥

ਸਭਨਾ ਕਰਤਾ ਏਕੁ ਤੂ ਨਿਤ ਕਰਿ ਦੇਖਹਿ ਵੀਚਾਰੁ॥

ਹੇ ਪ੍ਰਭੂ ! ਇਕ ਤੂੰ ਹੀ ਸਾਰਿਆਂ ਦਾ ਕਰਤਾ ਹੈਂ ਅਤੇ ਨਿਤਾਪ੍ਰਤੀ ਵਿਚਾਰ ਕੇ ਸਾਰਿਆਂ ਦੇ ਕਰਮਾਂ ਨੂੰ ਵੇਖਦਾ ਹੈਂ।

ਇਕਿ ਗੁਰਮੁਖਿ ਆਪਿ ਮਿਲਾਇਆ ਬਖਸੇ ਭਗਤਿ ਭੰਡਾਰ॥

ਇਕਨਾਂ ਗੁਰਮੁਖਾਂ ਨੂੰ ਭਗਤੀ ਰੂਪ ਭੰਡਾਰਾ ਬਖਸ਼ ਕੇ ਤੁਸਾਂ ਨੇ ਆਪਣੇ ਨਾਲ ਮਿਲਾਇਆ ਹੈ।

ਤੂ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੂਕਾਰ ॥ ੩॥

ਜਾਂ ਤੂੰ ਆਪ ਹੀ ਸਭ ਕੁਝ ਜਾਣਦਾ ਹੈਂ, ਤਾਂ ਮੈਂ ਕਿਸ ਦੇ ਅਗੇ ਜਾ ਕੇ ਪੁਕਾਰ ਕਰਾਂ।। ੩।।

ਹਰਿ ਹਰਿ ਨਾਮੁ ਅੰਮ੍ਰਿਤੁ ਹੈ ਨਦਰੀ ਪਾਇਆ ਜਾਇ॥

ਹੇ ਹਰਿ ਹਰਿ ! ਆਪ ਜੀ ਦਾ ਨਾਮ ਅੰਮ੍ਰਿਤ ਰੂਪ ਹੈ, ਗੁਰਾਂ ਦੀ ਨਦਰੀ=ਕਿਰਪਾ ਦ੍ਰਿਸ਼ਟੀ ਨਾਲ ਪਾਇਆ ਜਾਂਦਾ ਹੈ।

ਅਨਦਿਨੁ ਹਰਿ ਹਰਿ ਉਚਰੈ ਗੁਰ ਕੈ ਸਹਜਿ ਸੁਭਾਇ॥

ਜੇਹੜਾ ਪੁਰਸ਼ ਗੁਰਾਂ ਵਿਖੇ ਸਰੇਸ਼ਟ ਪ੍ਰੇਮ ਕਰਕੇ ਰਾਤ ਦਿਨ ਹਰਿ ਹਰਿ ਨਾਮ ਉਚਾਰਦਾ ਹੈ, ਉਸ ਦਾ ਸਹਜਿ ਸੁਭਾਇ=ਸ਼ਾਂਤੀ ਸੁਭਾਅ ਹੁੰਦਾ ਹੈ।

ਨਾਨਕ ਨਾਮੁ ਨਿਧਾਨੁ ਹੈ ਨਾਮੇ ਹੀ ਚਿਤੁ ਲਾਇ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ-ਨਾਮ ਨਿਧੀਆਂ ਦਾ ਖਜ਼ਾਨਾ ਹੈ, ਇਸ ਲਈ ਤੂੰ ਨਾਮ ਸਿਮਰਨ ਵਿਚ ਹੀ ਚਿਤ ਬਿਰਤੀ ਨੂੰ ਲਗਾਉਣਾ ਕਰ॥ ੪॥ ੩॥

ਮਲਾਰ ਮਹਲਾ ੩॥

ਗੁਰੁ ਸਾਲਾਹੀ ਸਦਾ ਸੁਖਦਾਤਾ ਪ੍ਰਭੁ ਨਾਰਾਇਣੁ ਸੋਈ॥

ਸਦਾ ਸੁਖ ਦਾਤੇ ਜੋ ਗੁਰੂ ਹਨ ਉਹਨਾਂ ਨੂੰ ਸਲਾਹੁਣਾ ਕਰ, ਗੁਰੂ ਜੀ ਉਸ ਨਰਾਇਣ ਪ੍ਰਭੂ ਦੇ ਸਰੂਪ ਹਨ।

ਅਥਵਾ:-ਸਦਾ ਸੁਖਦਾਤਾ ਜੋ ਪ੍ਰਭੂ ਹੈ ਉਸ ਨਰਾਇਣ ਨੂੰ ਗੁਰਾਂ ਦੁਆਰੇ ਸਦਾ ਸਲਾਹੁਣਾ ਕਰ।

ਗੁਰ ਪਰਸਾਦਿ ਪਰਮ ਪਦੁ ਪਾਇਆ ਵਡੀ ਵਡਿਆਈ ਹੋਈ ॥

ਜਿਸ ਨੇ ਗੁਰੂ ਦੀ ਕ੍ਰਿਪਾ ਦੁਆਰੇ ਪਰਮ ਪਦ ਨੂੰ ਪਾਇਆ ਹੈ, ਉਸ ਮਨੁੱਖ ਦੀ ਵਡਿਆਈ ਵੱਡੀ ਹੁੰਦੀ ਹੈ।

ਅਨਦਿਨੁ ਗੁਣ ਗਾਵੈ ਨਿਤ ਸਾਚੇ ਸਚਿ ਸਮਾਵੈ ਸੋਈ ॥ ੧॥

ਜੋ ਰਾਤ ਦਿਨ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ ਓਹੀ ਮਨੁੱਖ ਸੱਚ ਸਰੂਪ ਵਿਚ ਸਮਾਉਂਦਾ ਹੈ॥ ੧॥

ਮਨ ਰੇ ਗੁਰਮੁਖਿ ਰਿਦੈ ਵੀਚਾਰਿ॥

ਹੇ ਮਨ ! ਗੁਰਾਂ ਦੁਆਰੇ ਹਿਰਦੇ ਵਿਚ ਗੁਰਬਾਣੀ ਨੂੰ ਵਿਚਾਰਨਾ ਕਰ।

ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ॥੧॥ਰਹਾਉ॥

ਝੂਠੇ ਕੁਟੰਬ ਦੇ ਮੋਹ ਨੂੰ ਪਦਾਰਥਾਂ ਦੀ ਹੰਗਤਾ ਮਮਤਾ ਨੂੰ, ਬਿਖੁ=ਵਿਸ਼ੇ ਵਿਕਾਰਾਂ ਨੂੰ, ਮਾਇਆ ਦੀ ਤ੍ਰਿਸ਼ਨਾ ਨੂੰ ਤਿਆਗ ਦੇ ਅਤੇ ਚਲਣੁ=ਮਰਨੇ ਨੂੰ ਹਿਰਦੇ ਵਿਚ ਚੇਤੇ ਰੱਖ॥ ੧॥ ਰਹਾਉ॥

ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ॥

ਇਕ ਸਤਿਗੁਰ ਹੀ ਰਾਮ ਨਾਮ ਦੇ ਦਾਤੇ ਹਨ, ਗੁਰੂ ਤੋਂ ਬਿਨਾਂ ਅਜੇਹਾ ਹੋਰ ਕੋਈ ਦਾਤਾ ਨਹੀਂ ਹੈ।

[ਪੰਨਾ ੧੨੫੯]

ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ॥

ਜੋ ਗੁਰੂ ਸੱਚੇ ਨਾਮੀ ਵਿਚ ਆਪ ਸਮਾਏ ਹੋਏ ਹਨ, ਉਹ ਗੁਰੂ ਨਾਮ ਦਾਨ ਦੇ ਕੇ ਜੀਵਾਂ ਨੂੰ ਤ੍ਰਿਪਤਾਸੇ= ਤ੍ਰਿਪਤ ਕਰਦੇ ਹਨ ਜਾਂ ਜਿਨ੍ਹਾਂ ਨੂੰ ਗੁਰੂ ਜੀਵਣ ਦਾਨ ਦੇਂਦੇ ਹਨ ਉਹ ਤ੍ਰਿਪਤ ਹੁੰਦੇ ਹਨ ਅਤੇ ਸੱਚੇ ਨਾਮੀ ਵਿਚ ਸਮਾਅ ਜਾਂਦੇ ਹਨ।

ਅਨਦਿਨੁ ਹਰਿ ਰਵਿਆ ਰਿਦ ਅੰਤਰਿ ਸਹਜਿ ਸਮਾਧਿ ਲਗਾਹੀ ॥੨॥

ਜਿਨ੍ਹਾਂ ਨੇ ਰਾਤ ਦਿਨ ਇਕ ਰਸ ਹਿਰਦੇ ਅੰਦਰ ਹਰੀ ਨੂੰ ਰਵਿਆ=ਸਿਮਰਿਆ ਹੈ, ਉਹਨਾਂ ਦੀ ਸਹਜੇ ਹੀ ਸਮਾਧੀ ਲੱਗੀ ਰਹਿੰਦੀ ਹੈ॥ ੨॥

ਸਤਿਗੁਰ ਸਬਦੀ ਇਹੁ ਮਨੁ ਭੇਦਿਆ ਹਿਰਦੈ ਸਾਚੀ ਬਾਣੀ॥

ਸਤਿਗੁਰਾਂ ਦੇ ਸ਼ਬਦ ਦੁਆਰਾ ਜਿਸ ਨੇ ਇਸ ਚੰਚਲ ਮਨ ਨੂੰ ਭੇਦਿਆ=ਵਿੰਨਿਆ ਹੈ, ਉਸ ਦੇ ਹਿਰਦੇ ਵਿਚ ਸੱਚੀ ਨਾਮ ਬਾਣੀ ਪਰਾਪਤ ਹੋਈ ਹੈ।

ਮੇਰਾ ਪ੍ਰਭੁ ਅਲਖੁ ਨ ਜਾਈ ਲਖਿਆ ਗੁਰਮੁਖਿ ਅਕਥ ਕਹਾਣੀ॥

ਮੇਰਾ ਪ੍ਰਭੂ ਅਲਖ ਸਰੂਪ ਹੈ ਆਪਣੇ ਆਪ ਜਾਣਿਆ ਨਹੀਂ ਜਾਂਦਾ, ਮੁਖੀ ਗੁਰੂ ਹੀ ਉਸ ਅਕਥ ਪ੍ਰਭੂ ਦੀ ਕਹਾਣੀ ਨੂੰ ਕਥਨ ਕਰਦੇ ਹਨ।

ਆਪੇ ਦਇਆ ਕਰੇ ਸੁਖਦਾਤਾ ਜਪੀਐ ਸਾਰਿੰਗਪਾਣੀ॥ ੩॥

ਸੁਖਾਂ ਦੇ ਦੇਣ ਵਾਲਾ ਪ੍ਰਭੂ ਆਪ ਹੀ ਆਪਣੀ ਦਇਆ ਦ੍ਰਿਸ਼ਟੀ ਕਰੇ, ਤਾਂ ਹੀ ਪਾਣੀ=ਹੱਥਾਂ ਵਿਚ ਸਾਰਿੰਗ ਨਾਮੇ ਧਨੁੱਖ ਦੇ ਧਾਰਨ ਵਾਲੇ ਦਾ ਨਾਮ ਜਪਿਆ ਜਾਂਦਾ ਹੈ॥ ੩॥

ਆਵਣ ਜਾਣਾ ਬਹੁੜਿ ਨ ਹੋਵੈ ਗੁਰਮੁਖਿ ਸਹਜਿ ਧਿਆਇਆ॥

ਜਿਸ ਗੁਰਮੁਖ ਨੇ ਗੁਰਾਂ ਦੁਆਰੇ ਸਹਜੇ ਨਾਮ ਨੂੰ ਧਿਆਇਆ ਹੈ, ਉਸ ਦਾ ਮੁੜ ਕੇ ਸੰਸਾਰ ਵਿਚ ਆਉਣਾ ਜਾਣਾ ਨਹੀਂ ਹੁੰਦਾ।

ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ॥

ਗੁਰਾਂ ਦੇ ਮਨ ਹੀ=ਮੰਤ੍ਰ ਦੇ ਮਨਨ ਕਰਨ ਨਾਲ ਜਿਸ ਵੇਲੇ ਮਨ ਮਨਹੀ=ਮਨੋਂਤ ਵਲੋਂ ਸਮਾਇਆ= ਸਮਾਅ ਗਿਆ, ਭਾਵ ਹਟ ਗਿਆ ਤਾਂ ਸੁਆਮੀ=ਪਰਮਾਤਮਾ ਮਿਲ ਗਿਆ।

ਸਾਚੇ ਹੀ ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ॥ ੪॥

ਸਚੁ=ਨਿਸਚੇ ਕਰਕੇ ਜਿਨ੍ਹਾਂ ਨੇ ਹਿਰਦੇ ਵਿਚੋਂ ਆਪਾ ਭਾਵ ਹੰਕਾਰ ਗਵਾਇਆ ਹੈ, ਉਹ ਸੱਚੇ ਨਾਮ ਕਰਕੇ ਹੀ ਸੱਚ ਮੁਚ ਸੱਚ ਵਿਚ ਪਤੀਜ ਗਏ ਹਨ॥ ੪॥

ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ॥

ਜਿਨ੍ਹਾਂ ਦੇ ਮਨ ਵਿਚ ਇਕੋ ਇਕ ਸੁਆਮੀ ਪਰਮਾਤਮਾ ਵਸਦਾ ਹੈ, ਉਹਨਾਂ ਨੂੰ ਹੋਰ ਕੋਈ ਦੂਜਾ ਦਿੱਸਦਾ ਨਹੀਂ ਹੈ।

ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ॥

ਇਕ ਨਾਮ ਅੰਮ੍ਰਿਤ ਹੀ ਮਿੱਠਾ ਹੈ ਅਤੇ ਓਹੀ ਜਗਤ ਵਿਚ ਨਿਰਮਲ ਤੇ ਸੱਚਾ ਹੈ।

ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ॥ ੫ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਦੇ ਮੱਥੇ 'ਪਰ ਧੁਰ ਤੋਂ ਸਰੇਸ਼ਟ ਲੇਖ ਲਿਖਿਆ ਹੋਇਆ ਹੁੰਦਾ ਹੈ, ਓਹੀ ਗੁਰਮੁਖ ਪ੍ਰਭੂ=ਸਮਰੱਥ ਗੁਰਾਂ ਤੋਂ ਨਾਮ ਜਪਣਾ ਪਾਂਦੇ ਹਨ॥ ੫ ॥ ੪ ॥

ਮਲਾਰ ਮਹਲਾ ੩ ॥

ਗਣ ਗੰਧਰਬ ਨਾਮੇ ਸਭਿ ਉਧਰੇ ਗੁਰ ਕਾ ਸਬਦੁ ਵੀਚਾਰਿ ॥

ਜਿਤਨੇ ਕੁ ਗਣ ਗੰਧਰਬ ਆਦਿਕ ਹਨ, ਉਹ ਸਾਰੇ ਹੀ ਗੁਰਾਂ ਦਾ ਉਪਦੇਸ਼ ਵਿਚਾਰ ਕੇ ਨਾਮ ਨੂੰ ਜਪ ਕੇ ਸੰਸਾਰ ਤੋਂ ਤਰੇ ਹਨ।

ਹਉਮੈ ਮਾਰਿ ਸਦ ਮੰਨਿ ਵਸਾਇਆ ਹਰਿ ਰਾਖਿਆ ਉਰਿ ਧਾਰਿ॥

ਜਿਨ੍ਹਾਂ ਨੇ ਹਉਮੈ ਨੂੰ ਮਾਰ ਕੇ ਸਦੀਵਕਾਲ ਨਾਮ ਨੂੰ ਮਨ ਵਿਚ ਵਸਾਇਆ ਹੈ, ਉਹਨਾਂ ਨੇ ਹਿਰਦੇ ਵਿਚ ਹਰੀ ਨੂੰ ਧਾਰਨ ਕਰ ਰੱਖਿਆ ਹੈ।

ਜਿਸਹਿ ਬੁਝਾਏ ਸੋਈ ਬੂਝੈ ਜਿਸ ਨੋ ਆਪੇ ਲਏ ਮਿਲਾਇ॥

ਜਿਸ ਨੂੰ ਸਮਝਾਂਦਾ ਹੈ ਓਹੀ ਮਨੁੱਖ ਪਰਮਾਤਮਾ ਨੂੰ ਬੁਝਦਾ ਹੈ ਅਤੇ ਜਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ ਉਹੀ ਮਿਲਦਾ ਹੈ।

ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵਲਾਇ॥ ੧ ॥

ਜੋ ਰਾਤ ਦਿਨ ਗੁਰ ਉਪਦੇਸ਼ ਬਾਣੀ ਨੂੰ ਗਾਉਂਦਾ ਹੈ, ਉਹੀ ਸੱਚ ਸਰੂਪ ਵਿਚ ਲਿਵ ਲਗਾ ਰਹਿੰਦਾ ਹੈ॥ ੧ ॥

ਮਨ ਮੇਰੇ ਖਿਨੁ ਖਿਨੁ ਨਾਮੁ ਸਮ੍ਹਾਲਿ॥

ਹੇ ਮੇਰੇ ਮਨ ! ਤੂੰ ਖਿਨ ਖਿਨ ਕਾਲ ਵਿਚ ਨਾਮ ਨੂੰ ਸਿਮਰਨਾ ਕਰ।

ਗੁਰ ਕੀ ਦਾਤਿ ਸਬਦ ਸੁਖੁ ਅੰਤਰਿ ਸਦਾ ਨਿਬਹੈ ਤੇਰੈ ਨਾਲਿ॥ ੧ ॥ ਰਹਾਉ ॥

ਗੁਰਾਂ ਦੀ ਜੋ ਸ਼ਬਦ ਰੂਪੀ ਦਾਤ ਹੈ ਉਸ ਦੀ ਪ੍ਰਾਪਤੀ ਹੋਣ ਕਰਕੇ ਤੇਰੇ ਅੰਦਰ ਸੁਖ ਹੋਵੇਗਾ ਅਤੇ ਉਹ ਦਾਤ ਸਦੀਵ ਕਾਲ ਤੇਰੇ ਨਾਲ ਨਿਬੇਗੀ, ਅਰਥਾਤ—ਅੰਤ ਵੇਲੇ ਤੇਰੀ ਸਹਾਇਤਾ ਕਰੇਗੀ॥ ੧ ॥ ਰਹਾਉ ॥

ਮਨਮੁਖ ਪਾਖੰਡੁ ਕਦੇ ਨ ਚੁਕੈ ਦੂਜੈ ਭਾਇ ਦੁਖੁ ਪਾਏ॥

ਮਨਮੁਖਾਂ ਦੇ ਹਿਰਦੇ ਵਿਚੋਂ ਕਦੇ ਪਖੰਡ ਦੂਰ ਨਹੀਂ ਹੁੰਦਾ, ਇਸ ਲਈ ਉਹ ਦਵੈਤ ਭਾਵ ਕਰਕੇ ਦੁੱਖ ਪਾਂਦੇ ਹਨ।

ਨਾਮੁ ਵਿਸਾਰਿ ਬਿਖਿਆ ਮਨਿ ਰਾਤੇ ਬਿਰਥਾ ਜਨਮੁ ਗਵਾਏ॥

ਵਾਹਿਗੁਰੂ ਨਾਮ ਨੂੰ ਭੁਲਾਉਣ ਕਰਕੇ ਉਹਨਾਂ ਦੇ ਮਨ ਵਿਸ਼ਿਆਂ ਵਿਚ, ਵਾ:-ਮਾਇਆ ਵਿਚ ਰੱਤੇ ਹੋਏ ਹਨ, ਇਸ ਲਈ ਅਮੋਲਕ ਜਨਮ ਨੂੰ ਉਹਨਾਂ ਨੇ ਵਿਅਰਥ ਗੁਆ ਲਿਆ ਹੈ।

ਇਹ ਵੇਲਾ ਫਿਰਿ ਹਥਿ ਨ ਆਵੈ ਅਨਦਿਨੁ ਸਦਾ ਪਛੁਤਾਏ॥

ਇਹ ਮਨੁੱਖ ਜਨਮ ਦਾ ਵੇਲਾ ਫਿਰ ਉਹਨਾਂ ਦੇ ਹੱਥ ਨਹੀਂ ਆਵੇਗਾ ਤੇ ਸਦਾ ਰਾਤ ਦਿਨ ਪਛਤਾਂਦੇ ਰਹਿਣਗੇ।

ਮਰਿ ਮਰਿ ਜਨਮੈ ਕਦੇ ਨ ਬੂਝੈ ਵਿਸਟਾ ਮਾਹਿ ਸਮਾਏ॥ ੨॥

ਜੋ ਗੁਰਾਂ ਦੁਆਰੇ ਕਦੇ ਭੀ ਸਮਝਦੇ ਨਹੀਂ ਹਨ, ਉਹ ਵਾਰੰਵਾਰ ਜੰਮਦੇ ਮਰਦੇ ਰਹਿੰਦੇ ਹਨ ਅਤੇ ਅੰਤ ਨੂੰ ਮਰ ਕੇ ਗੰਦਗੀ ਵਿਚ ਸਮਾਂਦੇ ਹਨ॥ ੨॥

ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ॥

ਜੇ ਗੁਰਮੁਖ ਗੁਰਾਂ ਦੇ ਉਪਦੇਸ਼ ਨੂੰ ਵਿਚਾਰ ਕੇ ਨਾਮ ਸਿਮਰਨ ਵਿਚ ਰੱਤੇ ਹਨ, ਉਹ ਸੰਸਾਰ ਤੋਂ ਤਰ ਗਏ ਹਨ।

ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ॥

ਜਿਨ੍ਹਾਂ ਨੇ ਹਰੀ ਨਾਮ ਨੂੰ ਧਿਆਇਆ ਹੈ ਤੇ ਹਰੀ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ, ਉਹ ਜੀਵਨ ਮੁਕਤ ਅਵਸਥਾ ਦੇ ਸਹਿਤ ਹਨ।

ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ॥

ਉਹਨਾਂ ਦਾ ਮਨ ਨਿਰਮਲ ਹੈ, ਤਨ ਨਿਰਮਲ ਹੈ, ਮਤਿ=ਬੁੱਧੀ ਉੱਤਮ ਹੈ ਅਤੇ ਬਾਣੀ ਭੀ ਉੱਤਮ ਹੋਈ ਹੈ।

ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ॥ ੩॥

ਉਹਨਾਂ ਨੇ ਇਕੋ ਇਕ ਅਦੁੱਤੀ ਪ੍ਰਭੂ ਪੁਰਖ ਨੂੰ ਜਾਣ ਲਿਆ ਹੈ, ਪ੍ਰਭੂ ਤੋਂ ਬਿਨਾਂ ਉਹਨਾਂ ਨੂੰ ਹੋਰ ਕੋਈ ਦੂਜਾ ਦਿੱਸਦਾ ਨਹੀਂ ਹੈ॥ ੩॥

ਆਪੇ ਕਰੇ ਕਰਾਏ ਪ੍ਰਭੁ ਆਪੇ ਆਪੇ ਨਦਰਿ ਕਰੇਇ॥

ਪ੍ਰਭੂ ਆਪ ਜੀਵਾਂ ਨੂੰ ਉਤਪੰਨ ਕਰਦਾ ਹੈ ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈ ਅਤੇ ਆਪ ਹੀ ਨਦਰਿ=ਕਿਰਪਾ ਦ੍ਰਿਸ਼ਟੀ ਕਰਦਾ ਹੈ। ਇਸ ਤਰ੍ਹਾਂ ਨਿਸਚੇ ਕਰਨ ਨਾਲ ਉਹਨਾਂ ਦਾ-

ਮਨੁ ਤਨੁ ਰਾਤਾ ਗੁਰ ਕੀ ਬਾਣੀ ਸੇਵਾ ਸੁਰਤਿ ਸਮੇਇ॥

ਮਨ ਅਤੇ ਤਨ ਗੁਰਾਂ ਦੀ ਬਾਣੀ ਪੜ੍ਹਨ ਵਿਚ ਰੱਤਾ ਗਿਆ ਹੈ ਅਤੇ ਸੁਰਤ ਸੇਵਾ ਕਰਨ ਵਿਚ ਸਮਾਅ ਗਈ ਹੈ।

ਅੰਤਰਿ ਵਸਿਆ ਅਲਖ ਅਭੇਵਾ ਗੁਰਮੁਖਿ ਹੋਇ ਲਖਾਇ॥

ਜੋ ਅਲਖ ਪ੍ਰਭੂ ਅੰਤਰਿ=ਅੰਤਹਕਰਣ ਵਿਚ ਵਸਿਆ ਹੋਇਆ ਹੈ, ਉਸ ਅਭੇਵਾ=ਅਭੇਦ ਪ੍ਰਭੂ ਦੇ ਗੁਰਮੁਖ ਲੋਕ ਲਖਾਇਕ ਹੋਏ ਹਨ।

ਨਾਨਕ ਜਿਸੁ ਭਾਵੈ ਤਿਸੁ ਆਪੇ ਦੇਵੈ ਭਾਵੈ ਤਿਵੈ ਚਲਾਇ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਚਾਹੁੰਦਾ ਹੈ ਉਸ ਨੂੰ ਪ੍ਰਭੂ ਆਪ ਹੀ ਗੁਰਾਂ ਦੁਆਰੇ ਨਾਮ ਗਿਆਨ ਦੇਂਦਾ ਹੈ, ਜਿਵੇਂ ਚਾਹੁੰਦਾ ਹੈ ਤਿਵੇਂ ਤੋਰਦਾ ਹੈ॥ ੪॥ ੫॥

ਮਲਾਰ ਮਹਲਾ ੩ ਦੁਤੁਕੇ ॥

ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁਥਾਨੁ॥

ਸਤਿਗੁਰਾਂ ਦੀ ਕ੍ਰਿਪਾ ਨਾਲ ਹੀ ਏਹ ਜੀਵ ਸਰੀਰ ਘਰ ਦੇ ਦਰੁ=ਅੰਦਰ ਸੁਥਾਨੁ=ਸ੍ਰੇਸ਼ਟ ਅਸਥਾਨ ਜੋ ਅੰਤਹਕਰਣ ਹੈ, ਉਸ ਵਿਚ ਮਹਲੁ=ਸਰੂਪ ਨੂੰ ਜਾ ਪਾਂਦਾ ਹੈ।

ਗੁਰ ਸਬਦੀ ਚੂਕੈ ਅਭਿਮਾਨੁ॥ ੧॥

ਜੇਕਰ ਗੁਰਾਂ ਦੇ ਉਪਦੇਸ਼ ਦੁਆਰਾ ਅੰਦਰੋਂ ਅਭਿਮਾਨੁ=ਹੰਕਾਰ ਚੁਕ ਜਾਵੇ॥ ੧॥

ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ॥

ਜਿਨ੍ਹਾਂ ਨੂੰ ਲਿਲਾਟਿ=ਮੱਥੇ 'ਪਰ ਧੁਰ ਤੋਂ ਨਾਮ ਪ੍ਰਾਪਤ ਹੋਣ ਦਾ ਲੇਖ ਲਿਖਿਆ ਹੋਇਆ ਹੈ।

ਅਨਦਿਨੁ ਨਾਮੁ ਸਦਾ ਸਦਾ ਧਿਆਵਹਿ

ਸਾਚੀ ਦਰਗਹ ਪਾਵਹਿ ਮਾਨੁ॥ ੧॥ ਰਹਾਉ॥

ਉਹ ਰਾਤ ਦਿਨ ਸਦਾ ਸਦਾ ਵਾਹਿਗੁਰੂ ਨਾਮ ਨੂੰ ਸਿਮਰਦੇ ਹਨ ਅਤੇ ਨਾਮ ਦੇ ਪ੍ਰਤਾਪ ਕਰਕੇ ਸੱਚੀ ਦਰਗਾਹ ਵਿਚ ਮਾਨੁ=ਆਦਰ ਪਾਂਦੇ ਜਨ॥ ੧॥ ਰਹਾਉ॥

ਮਨ ਕੀ ਬਿਧਿ ਸਤਿਗੁਰ ਤੇ ਜਾਣੈ

ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ॥

ਚੰਚਲ ਮਨ ਦੇ ਵਸੀਕਾਰ ਕਰਨ ਦੀ ਵਿਧੀ ਸਤਿਗੁਰਾਂ ਤੋਂ ਜਾਣੇ, ਤਾਂ ਰਾਤ ਦਿਨ ਸਦਾ ਹਰੀ ਨਾਲ ਧਿਆਨ ਲੱਗਾ ਰਹਿੰਦਾ ਹੈ।

[ਪੰਨਾ ੧੨੬੦]

ਗੁਰ ਸਬਦਿ ਰਤੇ ਸਦਾ ਬੈਰਾਗੀ

ਹਰਿ ਦਰਗਹ ਸਾਚੀ ਪਾਵਹਿ ਮਾਨੁ॥ ੨॥

ਜੋ ਗੁਰ ਉਪਦੇਸ਼ ਵਿਚ ਰੱਤੇ ਹਨ ਉਹ ਸਦਾ ਸੰਸਾਰ ਤੋਂ ਵੈਰਾਗੀ ਹਨ ਅਤੇ ਉਹ ਹਰੀ ਦੀ ਸੱਚੀ ਦਰਗਾਹ ਵਿਚ ਮਾਨੁ=ਇੱਜ਼ਤ ਪਾਂਦੇ ਹਨ॥ ੨॥

ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ ਦਹ ਦਿਸ ਫਿਰਿ ਆਵੈ॥

ਵਾਹਿਗੁਰੂ ਦੇ ਹੁਕਮ ਦਾ ਬੰਧਾ ਹੋਇਆ ਜੋ ਏਹ ਮਨ ਖੇਡ ਰਿਹਾ ਹੈ, ਉਹ ਇਕ ਖਿਨ ਵਿਚ ਦਸੋ ਦਿਸ਼ਾਂ ਵਿਚ ਫਿਰ ਆਉਂਦਾ ਹੈ।

ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ
ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ॥ ੩॥

ਸੱਚਾ ਹਰੀ ਪ੍ਰਭੂ ਜਾਂ ਆਪ ਕ੍ਰਿਪਾ ਦ੍ਰਿਸ਼ਟੀ ਕਰੇ, ਤਾਂ ਏਹ ਚੰਚਲ ਮਨ ਗੁਰਾਂ ਦੁਆਰੇ ਤਤਕਾਲ=ਸ਼ੀਘਰ ਹੀ ਵਸੀਕਾਰ ਹੋ ਆਉਂਦਾ ਹੈ॥ ੩॥

ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ॥

ਇਸ ਚੰਚਲ ਮਨ ਦੇ ਵਸੀਕਾਰ ਕਰਨ ਦੀ ਵਿਧੀ ਨੂੰ ਇਹ ਮਨ=ਜੀਵ ਤਾਂ ਹੀ ਜਾਣ ਸਕਦਾ ਹੈ ਜੇਕਰ ਗੁਰ ਸ਼ਬਦ ਦੁਆਰਾ ਸ਼ੁਭ ਵਿਚਾਰ ਦੇ ਸਹਿਤ ਸਰੂਪ ਨੂੰ ਬੂਝੈ=ਸਮਝਣਾ ਕਰੇ।

ਜਾਂ ਸ਼ਬਦ ਦਾ ਵਿਚਾਰਨਾ ਬੁਝੇ।

ਨਾਨਕ ਨਾਮੁ ਧਿਆਇ ਸਦਾ ਤੂ ਭਵਸਾਗਰੁ ਜਿਤੁ ਪਾਵਹਿ ਪਾਰਿ ॥੪॥੬॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਤੂੰ ਸਦਾ ਨਾਮ ਨੂੰ ਧਿਆਉਣਾ ਕਰ, ਜਿਸ ਨਾਮ ਦੇ ਆਸਰੇ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਪਾਵੇਂਗਾ॥ ੪॥ ੬॥

ਮਲਾਰ ਮਹਲਾ ੩॥

ਜੀਉ ਪਿੰਡੁ ਪ੍ਰਾਣ ਸਭਿ ਤਿਸ ਕੇ ਘਟਿ ਘਟਿ ਰਹਿਆ ਸਮਾਈ॥

ਜੀਵ, ਪਿੰਡ=ਸਰੀਰ ਅਤੇ ਪ੍ਰਾਣ ਸਭ ਉਸ ਦੇ ਬਣਾਏ ਹੋਏ ਹਨ, ਉਹੀ ਪਰਮਾਤਮਾ ਘਟਾਂ ਘਟਾਂ ਵਿਚ ਸਮਾਈ ਕਰ ਰਿਹਾ ਹੈ।

ਏਕਸੁ ਬਿਨੁ ਮੈ ਅਵਰੁ ਨ ਜਾਣਾ ਸਤਿਗੁਰਿ ਦੀਆ ਬੁਝਾਈ॥ ੧॥

ਇਕ ਪ੍ਰਭੂ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਜਾਣਦਾ ਨਹੀਂ ਹਾਂ, ਮੈਨੂੰ ਸਤਿਗੁਰਾਂ ਨੇ ਆਪ ਸਮਝਾ ਦਿੱਤਾ ਹੈ॥ ੧॥

ਮਨ ਮੇਰੇ ਨਾਮਿ ਰਹਉ ਲਿਵ ਲਾਈ॥
ਅਦਿਸਟੁ ਅਗੋਚਰੁ ਅਪਰੰਪਰੁ ਕਰਤਾ
ਗੁਰ ਕੈ ਸਬਦਿ ਹਰਿ ਧਿਆਈ॥ ੧॥ ਰਹਾਉ॥

ਹੇ ਮੇਰੇ ਮਨ ! ਤੂੰ ਉਸ ਨਾਮਿ=ਨਾਮੀ ਪਰਮਾਤਮਾ ਵਿਚ ਲਿਵ ਲਾਈ=ਸਮਾਧੀ ਲਗਾ ਕੇ ਇਸਥਿਤ ਹੋ ਰਹਿਣਾ ਕਰ। ਜੋ ਕਰਤਾ ਪੁਰਖ ਇਨ੍ਹਾਂ ਅੱਖਾਂ ਕਰਕੇ ਅਦਿਸਟੁ=ਦਿੱਸਣੇ ਤੋਂ ਰਹਿਤ ਹੈ, ਇੰਦਰੀਆਂ ਕਰਕੇ ਅਗੋਚਰ ਹੈ, ਅਪਰੰਪਰੁ=ਸੰਸਾਰ ਤੋਂ ਪਰਾ ਰੂਪ ਹੈ। ਐਸੇ ਹਰੀ ਨੂੰ ਗੁਰ ਉਪਦੇਸ਼ ਦੁਆਰਾ ਧਿਆਉਣਾ ਕਰ॥ ੧॥ ਰਹਾਉ॥

ਮਨੁ ਤਨੁ ਭੀਜੈ ਏਕ ਲਿਵ ਲਾਗੈ ਸਹਜੇ ਰਹੇ ਸਮਾਈ॥

ਜਿਨ੍ਹਾਂ ਦੀ ਲਿਵ ਇਕ ਪ੍ਰਭੂ ਵਿਚ ਲੱਗੀ ਹੈ, ਉਹਨਾਂ ਦਾ ਮਨ ਤਨ ਪ੍ਰੇਮ ਵਿਚ ਭਿੱਜ ਗਿਆ ਹੈ ਅਤੇ

ਉਹ ਸਹਜੇ=ਗਿਆਨ ਵਿਚ ਸਮਾਈ ਕਰ ਰਹੇ ਹਨ।

ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ॥ ੨॥

ਗੁਰਾਂ ਦੀ ਕਿਰਪਾ ਨਾਲ ਜਿਨ੍ਹਾਂ ਨੇ ਇਕ ਨਾਮੀ ਪਰਮਾਤਮਾ ਦੇ ਨਾਮ ਸਿਮਰਨ ਵਿਚ ਲਿਵ ਲਗਾਈ ਹੈ, ਉਹਨਾਂ ਦੇ ਅੰਦਰੋਂ ਭਰਮ ਤੇ ਭਉ=ਡਰ ਨਸ ਜਾਂਦੇ ਹਨ॥ ੨॥

ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ॥

ਜਦੀ ਇਹ ਜੀਵ ਗੁਰ ਬਚਨਾਂ ਦੁਆਰੇ ਸੱਚੀ ਭਗਤੀ ਦੀ ਕਾਰ ਨੂੰ ਕਮਾਉਂਦਾ ਹੈ, ਤਦ ਹੀ ਆਤਮ ਵਿਛੈਣੀ ਮਤੀ ਤੇ ਗਤੀ=ਮੁਕਤੀ ਪਾਈਦੀ ਹੈ।

ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ॥ ੩॥

ਕਰੋੜਾਂ ਦੇ ਵਿਚੋਂ ਜਿਸ ਕਿਸੇ ਨੂੰ ਗੁਰਾਂ ਨੇ ਸਮਝਾਇਆ ਹੈ, ਤਿਸੀ ਨੇ ਰਾਮ ਨਾਮ ਦੇ ਸਿਮਰਨ ਵਿਚ ਲਿਵ=ਬਿਰਤੀ ਜੋੜੀ ਹੈ।

ਅਥਵਾ:-ਕ੍ਰੋੜਾਂ ਵਿਚੋਂ ਕਿਸੇ ਨੂੰ ਗੁਰਾਂ ਨੇ ਸਮਝਾਇਆ ਹੈ, ਜਿਸ ਨੂੰ ਸਮਝਾਇਆ ਹੈ ਉਸ ਨੇ ਰਾਮ= ਵਿਆਪਕ ਨਾਮੀ ਵਿਚ ਬਿਰਤੀ ਲਗਾਈ ਹੈ॥ ੩॥

ਜਹ ਜਹ ਦੇਖਾ ਤਹ ਏਕੋ ਸੋਈ ਇਹ ਗੁਰਮਤਿ ਬੁਧਿ ਪਾਈ॥

ਜਿਥੇ ਜਿਥੇ ਵੇਖਦਾ ਹਾਂ ਓਥੇ ਇਕ ਓਹੀ ਦਿੱਸਦਾ ਹੈ, ਗੁਰਾਂ ਦੀ ਮਤਿ=ਸਿੱਖਿਆ ਤੋਂ ਮੈਂ ਇਹ ਬੁੱਧੀ ਪਾਈ ਹੈ।

ਮਨੁ ਤਨੁ ਪ੍ਰਾਨ ਧਰੀ ਤਿਸੁ ਆਗੈ ਨਾਨਕ ਆਪੁ ਗਵਾਈ ॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ—ਉਸ ਦੇ ਅਗੇ ਮੈਂ ਆਪਣਾ ਮਨ ਤਨ ਤੇ ਪ੍ਰਾਣਾਂ ਨੂੰ ਭੇਟਾ ਧਰਦਾ ਹਾਂ ਅਤੇ ਆਪਾ ਭਾ ਹੰਕਾਰ ਨੂੰ ਗਵਾ ਦੇਂਦਾ ਹਾਂ॥ ੪॥ ੭॥

ਮਲਾਰ ਮਹਲਾ ੩॥

ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ ਸਬਦੇ ਪਾਇਆ ਜਾਈ॥

ਦੁੱਖਾਂ ਦੇ ਦੂਰ ਕਰਨ ਵਾਲਾ ਮੇਰਾ ਸੱਚਾ ਪ੍ਰਭੂ ਗੁਰਾਂ ਦੇ ਉਪਦੇਸ਼ ਕਰਕੇ ਪਾਇਆ ਜਾਂਦਾ ਹੈ।

ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ॥ ੧॥

ਜੋ ਪੁਰਸ਼ ਭਗਤੀ ਵਿਚ ਰੱਤੇ ਹੋਏ ਸਦਾ ਹੀ ਸੰਸਾਰ ਤੋਂ ਵੈਰਾਗੀ ਰਹਿੰਦੇ ਹਨ, ਉਹਨਾਂ ਨੇ ਸਤਸੰਗ ਰੂਪ ਸੱਚੇ ਦਰਬਾਰ ਵਿਚ ਪਤਿ=ਇੱਜ਼ਤ ਪਾਈ ਹੈ॥ ੧॥

ਮਨ ਰੇ ਮਨ ਸਿਉ ਰਹਉ ਸਮਾਈ॥

ਹੇ ਮਨ ! ਗੁਰਾਂ ਦੇ ਮਨ=ਮੰਤ੍ਰ ਨਾਲ ਸਮਾਅ ਰਹਿਣਾ ਕਰ।

ਵਾ:-ਮਨ=ਸ਼ਰੋਮਣੀ ਪਰਮੇਸ਼ਰ ਨਾਲ ਸਮਾਅ ਰਹਿਣਾ ਕਰ।

ਗੁਰਮੁਖਿ ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ॥ ੧॥ ਰਹਾਉ॥

ਗੁਰਮੁਖਿ=ਗੁਰਾਂ ਦੁਆਰੇ ਰਾਮ ਨਾਮ ਦੇ ਸਿਮਰਨ ਵਿਚ ਮਨ ਭਿੱਜ ਜਾਵੇ ਤਾਂ ਹਰੀ ਨਾਲ ਲਿਵ ਲੱਗ ਜਾਂਦੀ ਹੈ॥ ੧॥ ਰਹਾਉ॥

ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ॥

ਮੇਰਾ ਪ੍ਰਭੂ ਸਾਰਿਆਂ ਤੋਂ ਅਤਿ=ਵੱਡਾ ਹੈ ਮਨ ਕਰਕੇ ਅਗਮ ਹੈ ਤੇ ਇੰਦਰੀਆਂ ਕਰਕੇ ਅਗੋਚਰ ਹੈ, ਗੁਰੂ ਸਾਹਿਬ ਜੀ ਸਿੱਖਿਆ ਦੇ ਕੇ ਉਸ ਦੀ ਪ੍ਰਾਪਤੀ ਸਮਝਾ ਦੇਂਦੇ ਹਨ।

ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ॥ ੨॥

ਜਿਸ ਨੇ ਸੱਚੇ ਸੰਜਮ ਦੇ ਸਹਿਤ ਹਰੀ ਦੀ ਕੀਰਤਿ ਰੂਪ ਕਰਨੀ ਕੀਤੀ ਹੈ, ਉਸ ਨੇ ਹਰੀ ਦੇ ਨਾਲ ਲਿਵ= ਬਿਰਤੀ ਲਗਾਈ ਹੈ॥ ੨॥

ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ ਜੋਤੀ ਜੋਤਿ ਮਿਲਾਈ॥

ਉਹ ਪਰਮੇਸ਼ਰ ਆਪ ਸਬਦੁ=ਉਪਦੇਸ਼ ਰੂਪ ਹੈ, ਵਾ :- ਉਪਦੇਸ਼ ਦਾ ਦਾਤਾ ਗੁਰੂ ਰੂਪ ਹੈ ਆਪ ਹੀ ਸੱਚਾ ਸਾਖੀ=ਚੇਤਨ ਰੂਪ ਹੈ, ਜਿਸ ਜੋਤੀ ਨੇ ਸਾਰਿਆਂ ਵਿਚ ਆਪਣੀ ਜੋਤ ਮਿਲਾਈ ਹੋਈ ਹੈ।

ਦੇਹੀ ਕਾਚੀ ਪਉਣੁ ਵਜਾਏ ਗੁਰਮੁਖਿ ਅੰਮ੍ਰਿਤੁ ਪਾਈ ॥ ੩॥

ਜਿਸ ਕੱਚੀ ਦੇਹੀ ਨੂੰ ਪੌਣ ਦੇਵਤਾ ਵਜਾਏ=ਚਲਾ ਰਿਹਾ ਹੈ, ਉਸ ਦੇਹ ਦੇ ਵਿਚ ਹੀ ਗੁਰਮੁਖਾਂ ਨੇ ਅੰਮ੍ਰਿਤ ਦ੍ਰਿਸ਼ਟੀ, ਅਰਥਾਤ ਬ੍ਰਹਮ ਦ੍ਰਿਸ਼ਟੀ ਪਾਈ ਹੈ॥ ੩॥

ਪ੍ਰਸ਼ਨ:- ਉਹ ਬ੍ਰਹਮ ਕੈਸਾ ਹੈ? *ਗੁਰ ਉੱਤਰ:-*

ਆਪੇ ਸਾਜੇ ਸਭ ਕਾਰੈ ਲਾਏ ਸੋ ਸਚੁ ਰਹਿਆ ਸਮਾਈ॥

ਉਹ ਆਪ ਹੀ ਜੀਵਾਂ ਨੂੰ ਸਾਜਦਾ ਹੈ, ਆਪ ਹੀ ਸਾਰਿਆਂ ਕੰਮਾਂ ਵਿਚ ਲਗਾਂਦਾ ਹੈ, ਫਿਰ ਉਹ ਆਪ ਹੀ ਸਾਰਿਆਂ ਵਿਚ ਸਮਾਅ ਰਿਹਾ ਹੈ।

ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ ਨਾਮੇ ਦੇਇ ਵਡਾਈ ॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ—ਨਾਮ ਤੋਂ ਬਿਨਾਂ ਕੋਈ ਸ਼ੁਭ ਗੁਣ ਕਿਸੇ ਨੂੰ ਪ੍ਰਾਪਤ ਨਹੀਂ ਹੁੰਦਾ, ਉਹ ਪਰਮਾਤਮਾ ਨਾਮ ਜਪਣ ਵਾਲਿਆਂ ਨੂੰ ਵਡਿਆਈ ਦੇਂਦਾ ਹੈ।। ੪।। ੮।।

ਮਲਾਰ ਮਹਲਾ ੩॥

ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ॥

ਹਉਮੈ ਅਤੇ ਬਿਖ ਰੂਪ ਵਿਸ਼ਿਆਂ ਵਿਚ ਜੀਵ ਦਾ ਮਨ ਮੋਹਿਆ ਹੋਇਆ ਹੈ, ਇਸ ਲਈ ਇਸ ਨੇ ਅਜਗਰ=ਅਸਹੈ ਪਾਪਾਂ ਦਾ ਭਾਰ ਲਦਣਾ ਕੀਤਾ ਹੈ।

ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ॥ ੧॥

ਜਿਸ ਵੇਲੇ ਗੁਰਾਂ ਨੇ ਉਪਦੇਸ਼ ਰੂਪੀ ਗਾਰੜੂ ਮੰਤ੍ਰ ਮੂੰਹ ਵਿਚ ਪਾਇਆ ਤਾਂ ਹਰੀ ਨੇ ਹਉਮੈ ਰੂਪੀ ਵਿਹੁ ਮਾਰ ਦਿੱਤੀ ॥ ੧॥

ਮਨ ਰੇ ਹਉਮੈ ਮੋਹੁ ਦੁਖੁ ਭਾਰੀ॥

ਹੇ ਮਨ ! ਹੰਗਤਾ ਮਮਤਾ ਤੇ ਮੋਹ ਦਾ ਬੜਾ ਭਾਰੀ ਦੁੱਖ ਹੈ।

ਇਹੁ ਭਵਜਲੁ ਜਗਤੁ ਨ ਜਾਈ ਤਰਣਾ
ਗੁਰਮੁਖਿ ਤਰੁ ਹਰਿ ਤਾਰੀ॥ ੧॥ ਰਹਾਉ॥

ਇਸ ਕਰਕੇ ਸੰਸਾਰ ਸਮੁੰਦਰ ਤੋਂ ਤਰਿਆ ਨਹੀਂ ਜਾਂਦਾ, ਗੁਰਾਂ ਦੁਆਰੇ ਹਰੀ ਜਪਣੇ ਰੂਪ ਤਾਰੀ=ਨੌਕਾ ਲੈ ਕੇ ਸੰਸਾਰ ਤੋਂ ਤਰਨਾ ਕਰ॥ ੧॥ ਰਹਾਉ॥

ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ॥

ਸਾਰਿਆਂ ਅਕਾਰੀ=ਸਰੀਰਾਂ ਵਿਚ ਤ੍ਰਿਗੁਣ ਆਤਮਕ ਮਾਇਆ ਦੇ ਮੋਹ ਦਾ ਪਸਾਰਾ ਵਰਤ ਰਿਹਾ ਹੈ।

ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥ ੨॥

ਸਤਸੰਗਤ ਵਿਚੋਂ ਤੁਰੀਆ ਪਦ ਰੂਪ ਗੁਣ ਨੂੰ ਪਾਈਏ ਤਾਂ ਨਦਰੀ=ਪਰਮਾਤਮਾ ਸੰਸਾਰ ਤੋਂ ਪਾਰ ਉਤਾਰਦਾ ਹੈ॥ ੨ ॥

ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ॥

ਜਿਵੇਂ ਸਾਰੀਆਂ ਸੁਗੰਧੀਆਂ ਵਿਚੋਂ ਚੰਦਨ ਦੀ ਸੁਗੰਧੀ ਸ੍ਰੇਸ਼ਟ ਹੈ, ਕਿਉਂਕਿ ਉਹ ਆਪਣੀ ਬਹੁਤੀ ਵਾਸ਼ਨਾ ਨੂੰ ਬਹਕਾਰਿ=ਮਾਹਿਕਾ ਕੇ (ਫਲਾ ਕੇ) ਹੋਰਨਾਂ ਨੂੰ ਭੀ ਚੰਦਨ ਕਰ ਦੇਂਦਾ ਹੈ। ਤਿਵੇਂ ਸੰਸਾਰਕ ਸੁਗੰਧੀਆਂ ਵਿਚੋਂ ਭਗਤੀ ਰੂਪ ਚੰਦਨ ਦੀ ਸੁਗੰਧੀ ਸਰੇਸ਼ਟ ਹੈ, ਜਿਸ ਭਗਤੀ ਦੀ ਵਾਸ਼ਨਾ ਬਹੁਤ ਹੀ ਬਹਕਾਰਿ=ਮਹਿਕ ਰਹੀ ਹੈ, ਅਰਥਾਤ ਮਿਲ ਰਹੀ ਹੈ।

[ਪੰਨਾ ੧੨੬੧]

ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥ ੩॥

ਹਰੀ ਦੇ ਸੰਤ ਜਨਾਂ ਦੀ ਕਰਨੀ ਸਭ ਤੋਂ ਉਤਮ ਹੈ, ਕਿਉਂਕਿ ਉਹ ਸੰਤ ਜਨ ਆਪਣੀ ਕਰਨੀ ਨਾਲ ਜਗਤ ਵਿਚ ਹਰੀ ਦੀ ਕੀਰਤੀ ਨੂੰ ਬਿਸਥਾਰਿ=ਫੈਲਾਉਂਦੇ ਹਨ॥ ੩॥

ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ ਹਰਿ ਹਰਿ ਹਰਿ ਉਰ ਧਾਰਿ॥

ਹੇ ਕ੍ਰਿਪਾ ਦੀ ਖਾਨ ਠਾਕੁਰ ! ਮੇਰੇ 'ਪਰ ਕ੍ਰਿਪਾ ਦ੍ਰਿਸ਼ਟੀ ਕਰ, ਤਾਂ ਕਿ ਮੈਂ ਹਰੀ ਜੋ ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਹੈ ਉਸ ਦੇ ਨਾਮ ਨੂੰ ਹਿਰਦੇ ਵਿਚ ਧਾਰੀ ਰੱਖਾਂ।

ਨਾਨਕ ਸਤਿਗੁਰੁ ਪੂਰਾ ਪਾਇਆ
ਮਨਿ ਜਪਿਆ ਨਾਮੁ ਮੁਰਾਰਿ॥ ੪॥ ੯॥

ਗੁਰੂ ਜੀ ਕਥਨ ਕਰਦੇ ਹਨ- ਜਿਨ੍ਹਾਂ ਨੇ ਪੂਰਿਆਂ ਸਤਿਗੁਰਾਂ ਨੂੰ ਪਾਇਆ ਹੈ, ਉਨ੍ਹਾਂ ਨੇ ਮਨ ਵਿਚ ਮੁਰਾਰੀ ਦਾ ਨਾਮ ਜਪਿਆ ਹੈ॥ ੪॥ ੯॥

ਮਲਾਰ ਮਹਲਾ ੩ ਘਰੁ ੨

੧ੴ ਸਤਿਗੁਰ ਪ੍ਰਸਾਦਿ ॥

ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥

ਉਥਾਨਕਾ:-ਇਕ ਬੇਣੀ ਨਾਮੇ ਪੰਡਿਤ ਵਿਦਿਆ ਦੇ ਹੰਕਾਰ ਕਰਕੇ ਸਾਰਿਆਂ ਨਾਲ ਚਰਚਾ ਕਰਦਾ ਹੋਇਆ ਗੋਇੰਦਵਾਲ ਗੁਰੂ ਜੀ ਪਾਸ ਆ ਪਹੁੰਚਿਆ, ਆ ਕੇ ਆਖਦਾ ਹੈ ਮੇਰੇ ਨਾਲ ਚਰਚਾ ਕਰੋ। ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ—ਪੰਡਿਤੁ ਇਸੁ ਮਨ ਕਾ ਕਰਹੁ ਬੀਚਾਰੁ ॥

ਪਹਿਲੇ ਤੂੰ ਇਸ ਮਨ ਦਾ ਵਿਚਾਰ ਕਰ। ਇਹ ਮਨ ਗਿਰਹੀ=ਗ੍ਰਹਸਤੀ ਹੈ? ਕਿ ਇਹ ਮਨ ਉਦਾਸੀ ਹੈ?

ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥

ਕਿ ਇਹ ਮਨ ਅਵਰਨੁ=ਝੱਲਾ ਹੈ? ਯਾਂ ਇਹ ਮਨ ਸਦਾ ਅਵਿਨਾਸੀ=ਅਮਰ ਹੈ?

ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥

ਕਿ ਇਹ ਮਨ ਚੰਚਲ ਹੈ? ਕਿ ਇਹ ਮਨ ਵੈਰਾਗਵਾਨ ਹੈ?

ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥ ੧ ॥

ਹੇ ਪੰਡਿਤ ! ਇਸ ਮਨ ਨੂੰ ਪਦਾਰਥਾਂ ਦੀ ਮਮਤਾ ਕਿਥੋਂ ਲੱਗੀ ਹੈ? ॥ ੧ ॥ ਪੰਡਿਤ ਜੀ ਚੁਪ ਕਰ ਗਏ, ਉੱਤਰ ਨਾ ਦੇ ਸਕੇ। ਤਾਂ ਗੁਰੂ ਜੀ ਨੇ ਕਿਹਾ-ਹੇ ਪੰਡਿਤ ! ਇਹ ਮਨ ਗ੍ਰਹਿਸਤੀਆਂ ਨਾਲ ਮਿਲ ਕੇ ਗ੍ਰਹਿਸਤੀ ਰੂਪ ਹੋ ਰਿਹਾ ਹੈ, ਉਦਾਸੀਆਂ ਨਾਲ ਮਿਲ ਕੇ ਉਦਾਸੀ ਹੋ ਰਿਹਾ ਹੈ, ਝੱਲਿਆਂ ਨਾਲ ਮਿਲ ਕੇ ਝੱਲਾ ਹੋ ਰਿਹਾ ਹੈ, ਅਬਿਨਾਸੀਆਂ ਨਾਲ ਮਿਲ ਕੇ ਨਾਸ ਤੋਂ ਰਹਿਤ ਹੋ ਰਿਹਾ ਹੈ, ਚੰਚਲਾਂ ਨਾਲ ਮਿਲ ਕੇ ਚੰਚਲ ਹੋ ਰਿਹਾ ਹੈ, ਵੈਰਾਗੀਆਂ ਨਾਲ ਮਿਲ ਕੇ ਵੈਰਾਗੀ ਹੋ ਰਿਹਾ ਹੈ।

ਯਥਾ:-ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ ੬੬ ॥ *(ਪੰਨਾ ੧੩੬੯)*

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥

ਹੇ ਪੰਡਿਤ ! ਤੂੰ ਇਸ ਮਨ ਦੇ ਵਸੀਕਾਰ ਕਰਨ ਦਾ ਵੀਚਾਰ ਕਰ।

ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥ ੧ ॥ ਰਹਾਉ ॥

ਅਵਰੁ=ਹੋਰ ਬਹੁਤਾ ਸਾਰਾ ਕੀ ਪੜ੍ਹਦਾ ਹੈਂ ਤੇ ਪਾਪਾਂ ਦੇ ਭਾਰੁ=ਬੋਝ ਨੂੰ ਉਠਾਂਦਾ ਹੈਂ ॥ ੧ ॥ ਰਹਾਉ ॥

ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥

ਜਿਸ ਕਰਤੇ ਪੁਰੱਖ ਨੇ ਆਪਣੇ ਹੁਕਮ ਕਰਕੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਓਸੇ ਨੇ ਮਾਇਆ ਦੀ ਮਮਤਾ ਲਗਾਈ ਹੋਈ ਹੈ।

ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥ ੨ ॥

ਹੇ ਭਾਈ ! ਗੁਰਾਂ ਦੀ ਕ੍ਰਿਪਾ ਦੁਆਰਾ ਇਸ ਗੱਲ ਨੂੰ ਬੁਝਨਾ ਕਰੋ ਅਤੇ ਸਦੀਵ ਕਾਲ ਹਰੀ ਦੀ ਸ਼ਰਨ

ਵਿਚ ਰਹਿਣਾ ਕਰੋ॥ ੨॥

ਪੁਨਾ- ਉਸ ਨੇ ਕਿਹਾ, ਆਪ ਜੀ ਦੇ ਮੱਤ ਵਿਚ ਪੰਡਿਤ ਕੌਣ ਹੈ? ਗੁਰ ਉੱਤਰ:-

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ਅਨਦਿਨੁ ਏਕੋ ਨਾਮੁ ਵਖਾਣੈ॥

ਸਾਡੇ ਮੱਤ ਵਿਚ ਅਸਲ ਪੰਡਿਤ ਓਹੀ ਹੈ ਜੋ ਰਜੋ, ਸਤੋ, ਤਮੋ ਰੂਪ ਤਿੰਨਾਂ ਗੁਣਾਂ ਦੀ ਪੰਡ ਨੂੰ ਉਤਾਰਦਾ ਹੈ, ਅਰਥਾਤ- ਤਿੰਨਾਂ ਗੁਣਾਂ ਦੇ ਅਭਿਮਾਨ ਤੋਂ ਰਹਿਤ ਹੁੰਦਾ ਹੈ ਅਤੇ ਰਾਤ ਦਿਨ ਇਕ ਨਾਮ ਨੂੰ ਹੀ ਕਥਨ ਕਰਦਾ ਹੈ।

ਸਤਿਗੁਰ ਕੀ ਓਹੁ ਦੀਖਿਆ ਲੇਇ॥ ਸਤਿਗੁਰ ਆਗੈ ਸੀਸੁ ਧਰੇਇ॥

ਪੁਨਾ-ਪੂਰਿਆਂ ਸਤਿਗੁਰਾਂ ਦੀ ਉਹ ਸਿੱਖਿਆ ਲੈਂਦਾ ਹੈ। ਫਿਰ ਸਤਿਗੁਰਾਂ ਅੱਗੇ ਆਪਣਾ ਸਿਰ ਧਰੇਇ=ਧਰ ਦੇਂਦਾ, ਅਰਥਾਤ ਅਰਪਣ ਕਰ ਦੇਂਦਾ ਹੈ।

ਸਦਾ ਅਲਗੁ ਰਹੈ ਨਿਰਬਾਣੁ॥ ਸੋ ਪੰਡਿਤੁ ਦਰਗਹ ਪਰਵਾਣੁ॥ ੩॥

ਸਦਾ ਲਈ ਸੰਸਾਰ ਤੋਂ ਅਲਗੁ=ਨਿਰਲੇਪ ਹੋ ਕੇ ਨਿਰਬਾਣੁ=ਨਿਰਬੰਧ ਹੋ ਰਹਿੰਦਾ ਹੈ। ਓਹੀ ਅਸਲ ਪੰਡਿਤ ਪ੍ਰਭੂ ਦੀ ਦਰਗਾਹ ਵਿਚ ਪ੍ਰਮਾਣੀਕ ਹੁੰਦਾ ਹੈ॥ ੩॥

ਸਭਨਾਂ ਮਹਿ ਏਕੋ ਏਕੁ ਵਖਾਣੈ॥ ਜਾਂ ਏਕੋ ਵੇਖੈ ਤਾਂ ਏਕੋ ਜਾਣੈ॥

ਜੋ ਸਾਰਿਆਂ ਜੀਵਾਂ ਵਿਚ ਇਕੋ ਇਕ ਅਦੁੱਤੀ ਪਰਮਾਤਮਾ ਨੂੰ ਵਖਾਵੈ=ਕਥਨ ਕਰਦਾ ਹੈ, ਜਾਂ ਸਤਿਗੁਰਾਂ ਦੁਆਰੇ ਇਕ ਨੂੰ ਜਾਣੇ ਤਾਂ ਉਸ ਇਕ ਅਦੁੱਤੀ ਸਰੂਪ ਪਰਮਾਤਮਾ ਨੂੰ ਸਾਰਿਆਂ ਵਿਚ ਵੇਖਦਾ ਹੈ।

ਜਾ ਕਉ ਬਖਸੇ ਮੇਲੇ ਸੋਇ॥ ਐਥੈ ਓਥੈ ਸਦਾ ਸੁਖੁ ਹੋਇ॥ ੪॥

ਜਿਸ ਨੂੰ ਪਰਮਾਤਮਾ ਬਖ਼ਸ਼ਦਾ ਹੈ ਉਸ ਨੂੰ ਸਤਿਗੁਰਾਂ ਨਾਲ ਮੇਲਦਾ ਹੈ। ਓਸੇ ਨੂੰ ਐਥੈ-ਓਥੈ=ਲੋਕ ਪ੍ਰਲੋਕ ਵਿਚ ਹਮੇਸ਼ਾ ਸੁਖ ਪ੍ਰਾਪਤ ਹੁੰਦਾ ਹੈ॥ ੪॥

ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ॥

ਗੁਰੂ ਜੀ ਕਥਨ ਕਰਦੇ ਹਨ--- ਕੋਈ ਕੌਣ ਸੀ ਵਿਧੀ ਨੂੰ ਕਿਸ ਪ੍ਰਕਾਰ ਕਰ ਸਕਦਾ ਹੈ। ਅਰਥਾਤ-ਆਪਣੇ ਆਪ ਕੋਈ ਕੁਝ ਨਹੀਂ ਕਰ ਸਕਦਾ ।

ਸੋਈ ਮੁਕਤਿ ਜਾ ਕਉ ਕਿਰਪਾ ਹੋਇ॥ ਅਨਦਿਨੁ ਹਰਿ ਗੁਣ ਗਾਵੈ ਸੋਇ॥

ਜਿਸ 'ਪਰ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ, ਉਹ ਰਾਤ ਦਿਨ ਹਰੀ ਦੇ ਗੁਣ ਗਾਉਂਦਾ ਹੈ ਅੰਤ ਨੂੰ ਓਹੀ ਮੁਕਤ ਸਰੂਪ ਹੁੰਦਾ ਹੈ।

ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ॥ ੫॥ ੧॥ ੧੦॥

ਉਸ ਉਤੇ ਫਿਰ ਛੇ ਸ਼ਾਸਤ੍ਰਾਂ ਦੀ ਤੇ ਚਾਰ ਬੇਦਾਂ ਦੀ ਕੂਕ, ਭਾਵ ਆਗਿਆ ਨਹੀਂ ਹੁੰਦੀ॥ ੫॥ ੧॥ ੧੦॥

ਮਲਾਰ ਮਹਲਾ ੩॥

ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ॥ ਜਮਕਾਲੁ ਮਾਰੇ ਨਿਤ ਪਤਿ ਗਵਾਈ॥

ਭਰਮ ਦਾ ਭਰਮਾਇਆ ਹੋਇਆ ਮਨਮੁਖ ਪੁਰਸ਼ ਜੂਨੀਆਂ ਵਿਚ ਭਰਮਦਾ ਹੈ। ਨਿਤਾ ਪ੍ਰਤੀ ਪਤਿ= ਇੱਜ਼ਤ ਗਵਾ ਕੇ ਜਮਕਾਲ ਡੰਡਿਆਂ ਦੀ ਮਾਰ ਕਰਦਾ ਹੈ।

ਸਤਿਗੁਰ ਸੇਵਾ ਜਮ ਕੀ ਕਾਣਿ ਚੁਕਾਈ॥
ਹਰਿ ਪ੍ਰਭੁ ਮਿਲਿਆ ਮਹਲੁ ਘਰੁ ਪਾਈ॥ ੧॥

ਗੁਰਮੁਖਾਂ ਨੇ ਸਤਿਗੁਰਾਂ ਦੀ ਸੇਵਾ ਕਰਕੇ ਜਮਾਂ ਦੀ ਕਾਨ ਚੁਕਾਈ=ਦੂਰ ਕਰ ਦਿੱਤੀ ਹੈ। ਕਿਉਂਕਿ ਉਨ੍ਹਾਂ ਗੁਰਮੁਖਾਂ ਨੂੰ ਹਰੀ ਪ੍ਰਭੂ ਮਿਲਿਆ ਹੈ, ਪ੍ਰਸ਼ਨ-ਕਿਥੇ ਮਿਲਿਆ ਹੈ? ਉੱਤਰ:- ਉਨ੍ਹਾਂ ਨੇ ਅੰਤਹਕਰਣ ਰੂਪੀ ਘਰ ਦੇ ਵਿਚ ਹੀ ਮਹਲੁ=ਸਰੂਪ ਦੀ ਪ੍ਰਾਪਤੀ ਪਾਈ ਹੈ॥ ੧॥

ਪ੍ਰਾਣੀ ਗੁਰਮੁਖਿ ਨਾਮੁ ਧਿਆਇ॥

ਹੇ ਪ੍ਰਾਣੀ ! ਗੁਰਮੁਖ ਬਣ ਕੇ ਗੁਰਾਂ ਦੁਆਰੇ ਨਾਮ ਨੂੰ ਧਿਆਉਣਾ ਕਰ।

ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ॥ ੧॥ ਰਹਾਉ॥

ਮਨਮੁਖਾਂ ਨੇ ਦੁਬਿਧਾ=ਦਵੈਤ ਵਿਚ ਲੱਗ ਕੇ ਅਮੋਲਕ ਜਨਮ ਪਦਾਰਥ ਨੂੰ ਖੋ ਦਿੱਤਾ ਹੈ ਅਤੇ ਕਉਡੀ= ਮਾਇਆ ਦੇ ਬਦਲੇ ਨਿਸਫਲ ਜਾ ਰਿਹਾ ਹੈ॥ ੧॥ ਰਹਾਉ॥

ਕਰਿ ਕਿਰਪਾ ਗੁਰਮੁਖਿ ਲਗੈ ਪਿਆਰੁ॥ਅੰਤਰਿ ਭਗਤਿ ਹਰਿ ਹਰਿ ਉਰਿ ਧਾਰੁ॥

ਪ੍ਰਭੂ ਦੀ ਕ੍ਰਿਪਾ ਹੋਣ ਕਰਕੇ ਜਿਸ ਗੁਰਮੁਖ ਦਾ ਮੁਖੀ ਗੁਰਾਂ ਵਿਚ ਪਿਆਰ ਲੱਗਦਾ ਹੈ ਤੇ ਹਿਰਦੇ ਅੰਦਰ ਹਰਿ ਹਰਿ ਦੀ ਭਗਤੀ ਨੂੰ ਧਾਰਦਾ ਹੈ। ਅਤੇ-

ਭਵਜਲੁ ਸਬਦਿ ਲੰਘਾਵਣਹਾਰੁ॥ ਦਰਿ ਸਾਚੈ ਦਿਸੈ ਸਚਿਆਰੁ॥ ੨॥

ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਗੁਰ ਸ਼ਬਦ ਜਿਸ ਨੂੰ ਮਿਲਿਆ ਹੈ। ਓਹੀ ਸੱਚੇ ਦਰਬਾਰ ਵਿਚ ਸਚਿਆਰ ਰੂਪ ਦਿੱਸਦਾ ਹੈ॥ ੨॥

ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ॥

ਜੋ ਬਹੁਤਿਆਂ ਕਰਮਾਂ ਨੂੰ ਕਰਦਾ ਹੈ ਤੇ ਸਤਿਗੁਰਾਂ ਦੇ ਉਪਦੇਸ਼ ਨੂੰ ਨਹੀਂ ਪਾਇਆ।

ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ॥

ਉਹ ਜੀਵ ਗੁਰਾਂ ਤੋਂ ਬਿਨਾਂ ਮਾਇਆ ਵਿਚ ਬਹੁਤ ਸਾਰਾ ਭ੍ਰਮ ਕੇ ਭੁਲ ਰਿਹਾ ਹੈ।

ਹਉਮੈ ਮਮਤਾ ਬਹੁ ਮੋਹੁ ਵਧਾਇਆ॥
ਦੂਜੈ ਭਾਇ ਮਨਮੁਖਿ ਦੁਖੁ ਪਾਇਆ॥ ੩॥

ਇਸ ਜੀਵ ਨੇ ਹੰਗਤਾ ਮਮਤਾ ਕਰਕੇ ਬਹੁਤ ਹੀ ਮੋਹ ਵਧਾਇਆ ਹੋਇਆ ਹੈ। ਇਸ ਲਈ ਮਨਮੁਖ ਨੇ ਦਵੈਤ ਭਾਵ ਕਰਕੇ ਦੁੱਖ ਹੀ ਦੁੱਖ ਪਾਇਆ ਹੈ॥ ੩॥

ਆਪੇ ਕਰਤਾ ਅਗਮ ਅਥਾਹਾ॥ ਗੁਰ ਸਬਦੀ ਜਪੀਐ ਸਚੁ ਲਾਹਾ॥

ਉਹ ਅਗਮ ਅਥਾਹ ਪ੍ਰਭੂ ਆਪ ਹੀ ਸਾਰਿਆਂ ਦਾ ਕਰਤਾ ਹੈ। ਗੁਰਾਂ ਦੇ ਉਪਦੇਸ਼ ਦੁਆਰਾ ਉਸ ਨੂੰ ਜਪੀਏ

ਤਾਂ ਸੱਚਾ ਲਾਭ ਪ੍ਰਾਪਤ ਹੁੰਦਾ ਹੈ।

ਹਾਜਰੁ ਹਜੂਰਿ ਹਰਿ ਵੇਪਰਵਾਹਾ ॥
ਨਾਨਕ ਗੁਰਮੁਖਿ ਨਾਮਿ ਸਮਾਹਾ ॥ ੪ ॥ ੨ ॥ ੧੧ ॥

ਬੇ-ਪ੍ਰਵਾਹ ਹਰੀ ਹਾਜ਼ਰਾ ਹਜ਼ੂਰ ਹੈ, ਅਰਥਾਤ ਨੇੜੇ ਤੋਂ ਨੇੜੇ ਹੈ। ਗੁਰੂ ਜੀ ਕਥਨ ਕਰਦੇ ਹਨ- ਗੁਰਮੁਖ ਜਨ ਗੁਰਾਂ ਦੁਆਰੇ ਉਸ ਨਾਮਿ=ਨਾਮੀ ਪਰਮਾਤਮਾ ਦੇ ਸਮਾਹਾ=ਸਮਾਹੜੇ (ਅਨੰਦ) ਨੂੰ ਮਾਣਦੇ ਹਨ॥ ੪ ॥ ੨ ॥ ੧੧ ॥

[ਪੰਨਾ ੧੨੬੨]

ਮਲਾਰ ਮਹਲਾ ੩ ॥

ਜੀਵਤ ਮੁਕਤ ਗੁਰਮਤੀ ਲਾਗੇ ॥ ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥

ਜੋ ਗੁਰ ਸਿੱਖਿਆ ਵਿਚ ਲੱਗ ਕੇ ਰਾਤ ਦਿਨ ਹਰੀ ਦੀ ਭਗਤੀ ਕਰਨ ਵਿਚ ਸਦਾ ਜਾਗਦੇ ਹਨ, ਉਹ ਪੁਰਸ਼ ਜੀਉਂਦੇ ਮੁਕਤ ਰੂਪ ਹਨ, ਅਰਥਾਤ ਜੀਵਨ ਮੁਕਤ ਅਵਸਥਾ ਵਾਲੇ ਹਨ।

ਸਤਿਗੁਰੁ ਸੇਵਹਿ ਆਪੁ ਗਵਾਇ ॥
ਹਉ ਤਿਨ ਜਨ ਕੇ ਸਦ ਲਾਗਉ ਪਾਇ ॥ ੧ ॥

ਜੋ ਆਪਾ ਭਾਵ ਹੰਕਾਰ ਨੂੰ ਗਵਾ ਕੇ ਸਤਿਗੁਰਾਂ ਨੂੰ ਸੇਂਵਦੇ ਹਨ। ਹਉ=ਮੈਂ ਉਨ੍ਹਾਂ ਗੁਰਮੁਖ ਜਨਾਂ ਦੇ ਪਾਇ=ਚਰਨੀਂ ਸਦਾ ਲੱਗਦਾ ਹਾਂ॥ ੧ ॥

ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥
ਗੁਰ ਕਾ ਸਬਦੁ ਮਹਾ ਰਸੁ ਮੀਠਾ
ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥ ੧ ॥ ਰਹਾਉ ॥

ਹਉ=ਮੈਂ ਹਰੀ ਦੇ ਗੁਣ ਗਾ ਕੇ ਸਦਾ ਜੀਊਂਦਾ ਹਾਂ। ਗੁਰਾਂ ਦਾ ਉਪਦੇਸ਼ ਮਹਾ=ਵੱਡਾ ਰਸ ਦੇਣ ਵਾਲਾ ਮਿੱਠਾ ਹੈ, ਉਸ ਦੁਆਰੇ ਹਰੀ ਨਾਮੀ ਦੇ ਨਾਮ ਨੂੰ ਜਪ ਕੇ ਮੁਕਤੀ ਦੀ ਗਤਿ=ਪ੍ਰਾਪਤੀ ਪਾਈ ਹੈ॥ ੧ ॥ ਰਹਾਉ ॥

ਮਾਇਆ ਮੋਹੁ ਅਗਿਆਨੁ ਗੁਬਾਰੁ ॥ ਮਨਮੁਖ ਮੋਹੇ ਮੁਗਧ ਗਵਾਰ ॥

ਅਗਿਆਨ ਰੂਪ ਗੁਬਾਰੁ=ਹਨੇਰੇ ਕਰਕੇ ਮਾਇਆ ਦਾ ਮੋਹ ਪ੍ਰਬਲ ਹੋ ਰਿਹਾ ਹੈ। ਮਨਮੁਖ ਗਵਾਰ=ਮੂਰਖ, ਮੁਗਧ=ਜੜ੍ਹ ਉਸ ਵਿਚ ਮੋਹੇ ਗਏ ਹਨ।

ਅਨਦਿਨੁ ਧੰਧਾ ਕਰਤ ਵਿਹਾਇ ॥ ਮਰਿ ਮਰਿ ਜੰਮਹਿ ਮਿਲੈ ਸਜਾਇ ॥ ੨ ॥

ਰਾਤ ਦਿਨ ਧੰਧਾ ਕਰਦਿਆਂ ਹੀ ਉਹਨਾਂ ਦੀ ਉਮਰਾ ਵਿਹਾਇ=ਬੀਤਦੀ ਜਾਂਦੀ ਹੈ। ਵਾਰੰਵਾਰ ਮਰ ਮਰ ਕੇ ਜੰਮਦੇ ਹਨ ਤੇ ਜਮ ਆਦਿਕਾਂ ਦੀ ਸਜਾ ਮਿਲਦੀ ਹੈ॥ ੨ ॥

ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥

ਗੁਰਮੁਖਾਂ ਨੇ ਰਾਮ ਨਾਮ ਦੇ ਸਿਮਰਨ ਵਿਚ ਬਿਰਤੀ ਲਗਾਈ ਹੋਈ ਹੈ। ਉਹ ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਲੰਪਟ ਨਹੀਂ ਹੁੰਦੇ।

ਜੋ ਕਿਛੁ ਹੋਵੈ ਸਹਜਿ ਸੁਭਾਇ॥ ਹਰਿ ਰਸੁ ਪੀਵੈ ਰਸਨ ਰਸਾਇ॥ ੩॥

ਸਹਜਿ ਸੁਭਾਇ=ਸੁਤੇ ਸਿਧ ਜੋ ਕੁਝ ਹੁੰਦਾ ਹੈ, ਉਸ ਵਿਚ ਅਨੰਦ ਰਹਿੰਦੇ ਹਨ ਅਤੇ ਰਸਨਾ ਨੂੰ ਰਸ਼ ਕੇ ਹਰੀ ਰਸ ਨੂੰ ਪੀਂਦੇ ਰਹਿੰਦੇ ਹਨ॥ ੩॥

ਕੋਟਿ ਮਧੇ ਕਿਸਹਿ ਬੁਝਾਈ॥ ਆਪੇ ਬਖਸੇ ਦੇ ਵਡਿਆਈ॥

ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੂੰ ਇਸ ਗੱਲ ਦੀ ਸਮਝ ਆਈ ਹੈ। ਜਿਨ੍ਹਾਂ ਨੂੰ ਸਮਝ ਆਈ ਹੈ ਉਹਨਾਂ ਨੂੰ ਆਪ ਹੀ ਵਡਿਆਈ ਬਖ਼ਸ਼ ਦੇਂਦਾ ਹੈ।

ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ॥
ਨਾਨਕ ਹਰਿ ਹਰਿ ਨਾਮਿ ਸਮਾਈ॥ ੪॥ ੩॥ ੧੨॥

ਜੋ ਧੁਰ ਰੂਪ ਪਰਮਾਤਮਾ ਨਾਲ ਮਿਲਿਆ ਹੈ ਉਹ ਕਦੇ ਵਿਛੜ ਨਹੀਂ ਜਾਂਦਾ। ਗੁਰੂ ਜੀ ਕਥਨ ਕਰਦੇ ਹਨ-ਉਸ ਦੀ ਅੰਤ ਨੂੰ ਹਰਿ ਹਰਿ ਨਾਮੀ ਵਿਚ ਸਮਾਈ=ਅਭੇਦਤਾ ਹੋਈ ਹੈ॥ ੪॥ ੩॥ ੧੨॥

ਮਲਾਰ ਮਹਲਾ ੩॥

ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥

ਸਭ ਕੋਈ ਰਸਨਾ ਨਾਲ ਵਾਹਿਗੁਰੂ ਨਾਮ ਕਹੈ=ਕਹਿੰਦਾ, ਅਰਥਾਤ ਜਪਦਾ ਹੈ ਪਰ ਸਤਿਗੁਰਾਂ ਨੂੰ ਸੇਵੇ ਤਾਂ ਨਾਮ ਦਾ ਫਲ ਲੈਂਦਾ ਹੈ।

ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥ ੧॥

ਸੰਸਾਰਕ ਬੰਧਨਾਂ ਨੂੰ ਤੋੜ ਕੇ ਮੁਕਤੀ ਘਰ ਵਿਚ ਰਹਿੰਦਾ ਹੈ। ਗੁਰ ਉਪਦੇਸ਼ ਵਾਲਾ ਗੁਰਮੁਖ ਪਰਮਾਤਮਾ ਰੂਪ ਅਚੱਲ ਘਰ ਵਿਚ ਬੈਠਦਾ ਹੈ॥ ੧॥

ਮੇਰੇ ਮਨ ਕਾਹੇ ਰੋਸੁ ਕਰੀਜੈ॥

ਹੇ ਮੇਰੇ ਮਨ ! ਤੂੰ ਕਿਸ ਵਾਸਤੇ ਰੋਸੁ=ਗੁੱਸਾ ਕਰਦਾ ਹੈਂ।

ਲਾਹਾ ਕਲਜੁਗਿ ਰਾਮ ਨਾਮੁ ਹੈ
ਗੁਰਮਤਿ ਅਨਦਿਨੁ ਹਿਰਦੈ ਰਵੀਜੈ॥ ੧॥ ਰਹਾਉ॥

ਕਲਜੁਗ ਵਿਚ ਰਾਮ ਦਾ ਨਾਮ ਹੀ ਲਾਭ ਦੇਣ ਵਾਲਾ ਹੈ, ਗੁਰਮਤੀਏ ਰਾਤ ਦਿਨ ਹਿਰਦੇ ਵਿਚ ਰਾਮ ਨਾਮ ਨੂੰ ਰਵੀਜੈ=ਉਚਾਰਦੇ ਹਨ॥ ੧॥ ਰਹਾਉ॥

ਬਾਬੀਹਾ ਖਿਨੁ ਖਿਨੁ ਬਿਲਲਾਇ॥ ਬਿਨੁ ਪਿਰ ਦੇਖੇ ਨੀਂਦ ਨ ਪਾਇ॥

ਜਗਿਆਸੂ ਦਾ ਚਿੱਤ ਰੂਪ ਪਪੀਹਾ ਖਿਨ ਖਿਨ ਕਾਲ ਵਿਰਲਾਪ ਕਰਦਾ ਹੈ। ਪਿਰੀ ਦੇ ਵੇਖੇ ਤੋਂ ਬਿਨਾਂ ਸ਼ਾਂਤੀ ਰੂਪ ਨੀਂਦ ਨੂੰ ਨਹੀਂ ਪਾਂਦਾ।

ਇਹੁ ਵੇਛੋੜਾ ਸਹਿਆ ਨ ਜਾਇ ॥ ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ ॥ ੨ ॥

ਇਹ ਪਤੀ ਪਰਮਾਤਮਾ ਦਾ ਵਿਛੋੜਾ ਸਹਾਰਿਆ ਨਹੀਂ ਜਾਂਦਾ। ਪੂਰੇ ਸਤਿਗੁਰੂ ਮਿਲਣ ਤਾਂ ਪਤੀ ਪਰਮਾਤਮਾ ਸੁਭਾਵਕ ਹੀ ਮਿਲ ਪੈਂਦਾ ਹੈ॥ ੨ ॥

ਨਾਮ ਹੀਣੁ ਬਿਨਸੈ ਦੁਖੁ ਪਾਇ ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥

ਨਾਮ ਹੀਣ ਪੁਰਸ਼ ਦੁੱਖ ਪਾ ਕੇ ਮਰਦਾ ਹੈ। ਤ੍ਰਿਸ਼ਨਾ ਦੀ ਅੱਗ ਵਿਚ ਜਲਿਆ=ਸੜਨ ਕਰਕੇ ਪਦਾਰਥਾਂ ਦੀ ਭੁੱਖ ਨਹੀਂ ਜਾਂਦੀ ।

ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥
ਬਹੁ ਬਿਧਿ ਥਾਕਾ ਕਰਮ ਕਮਾਇ ॥ ੩ ॥

ਉਤਮ ਭਾਗਾਂ ਤੋਂ ਬਿਨਾਂ ਪ੍ਰਭੂ ਦਾ ਨਾਮ ਨਹੀਂ ਪਾਇਆ ਜਾਂਦਾ। ਮਨਮੁਖ ਪੁਰਸ਼ ਬਹੁਤ ਤਰ੍ਹਾਂ ਦੇ ਕਰਮ ਕਮਾਂਦਾ ਥੱਕ ਗਿਆ ਹੈ॥ ੩ ॥

ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥

ਤਿੰਨ ਗੁਣ ਰੂਪ ਜੋ ਬੇਦ ਬਾਣੀ ਹੈ ਉਸ ਨੂੰ ਵਿਚਾਰਦਾ ਹੈ। ਜੋ ਵਿਸ਼ੇ ਮੈਲ ਰੂਪ ਹਨ ਉਨਾਂ ਵਿਸ਼ਿਆਂ ਦਾ ਹੀ ਵਪਾਰ ਕਰਦਾ ਹੈ। ਯਾਂ ਵਿਸ਼ਿਆਂ ਦਾ ਵਪਾਰ ਕਰਨ ਨਾਲ ਅੰਤਹਕਰਣ ਨੂੰ ਵਿਸ਼ਿਆਂ ਦੀ ਮੈਲ ਲੱਗ ਰਹੀ ਹੈ।

ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ ਗੁਰਮੁਖਿ ਤੁਰੀਆ ਗੁਣੁ ਉਰਿਧਾਰੁ ॥ ੪ ॥

ਏਸੇ ਕਰਕੇ ਮਨਮੁਖ ਜਨਮ ਮਰਨ ਵਿਚ ਮੁੜ ਮੁੜ ਕੇ ਖੁਆਰੁ=ਖਰਾਬ ਹੁੰਦਾ ਹੈ, ਪਰ ਗੁਰਮੁਖਾਂ ਨੇ ਤਿੰਨ ਗੁਣਾਂ ਤੋਂ ਰਹਿਤ ਹੋ ਕੇ ਤੁਰੀਆ ਗੁਣ ਨੂੰ ਹਿਰਦੇ ਵਿਚ ਧਾਰਿਆ ਹੈ॥ ੪ ॥

ਗੁਰੁ ਮਾਨੈ ਮਾਨੈ ਸਭੁ ਕੋਇ ॥ ਗੁਰ ਬਚਨੀ ਮਨੁ ਸੀਤਲੁ ਹੋਇ ॥

ਜੋ ਗੁਰਾਂ ਦੇ ਮੰਤ੍ਰ ਨੂੰ ਮੰਨਦਾ ਹੈ ਉਸ ਨੂੰ ਸਭ ਕੋਈ ਮੰਨਦਾ ਹੈ। ਗੁਰਾਂ ਦੇ ਉਪਦੇਸ਼ ਕਰਕੇ ਮਨ ਸੀਤਲੁ= ਠੰਢਾ ਹੁੰਦਾ ਹੈ।

ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥
ਨਾਨਕ ਗੁਰਮੁਖਿ ਵਿਰਲਾ ਕੋਇ ॥ ੫ ॥ ੪ ॥ ੧੩ ॥ ੯ ॥ ੧੩ ॥ ੨੨ ॥

ਉਸ ਪੁਰਸ਼ ਦੀ ਚਾਰਿਆਂ ਜੁਗਾਂ ਵਿਚ ਨਿਰਮਲ ਸੋਭਾ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ- ਕੋਈ ਵਿਰਲਾ ਹੀ ਅਜੇਹਾ ਗੁਰਮੁਖ ਹੈ॥ ੫ ॥ ੪ ॥ ੧੩ ॥ ੯ ॥ ੧੩ ॥ ੨੨ ॥*

**ਇਸ ਸ਼ਬਦ ਦੇ ਪੰਜ ਪਾਦ ਹੋਣ ਕਰਕੇ ੫ ਲਿਖਿਆ ਹੈ।*
ਚਾਰ ਸ਼ਬਦ ਤੀਜੇ ਪਾਤਸ਼ਾਹ ਜੀ ਦੇ ਹਨ ਦੂਜੇ ਘਰ ਦੇ, ਇਸ ਕਰਕੇ ੪ ਲਿਖਿਆ ਹੈ।
ਨੌਂ ਸ਼ਬਦ ਤੀਜੇ ਪਾਤਸ਼ਾਹ ਜੀ ਦੇ ਪਹਿਲੇ ਘਰ ਦੇ ਹਨ, ਇਸ ਕਰਕੇ ੯ ਲਿਖਿਆ ਹੈ।
ਕੁਲ ਤੇਰ੍ਹਾਂ ਸ਼ਬਦ ਤੀਜੇ ਪਾਤਸ਼ਾਹ ਜੀ ਦੇ ਹਨ।
ਸ਼ੁਰੂ ਵਿਚ ਨੌਂ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ, ਇਸ ਕਰਕੇ ੯ ਲਿਖਿਆ ਹੈ ।
ਨੌਂ ਅਤੇ ਤੇਰਾਂ ਬਾਈ ਹੁੰਦੇ ਹਨ, ਇਸ ਕਰਕੇ ੨੨ ਅੰਕ ਲਿਖਿਆ ਹੈ ।

ਰਾਗੁ ਮਲਾਰ ਮਹਲਾ ੪ ਘਰੁ ੧ ਚਉਪਦੇ

੧ਓ ਸਤਿਗੁਰ ਪ੍ਰਸਾਦਿ॥

ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ॥

ਰਾਤ ਦਿਨ ਹਿਰਦੇ ਵਿਚ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ, ਮਤਿ=ਬੁੱਧੀ ਵਿਚ ਗੁਰ ਸਿੱਖਿਆ ਧਾਰ ਕੇ ਦੁੱਖਾਂ ਦੀ ਪੰਗਤੀ ਭੁਲਾ ਦਿੱਤੀ ਹੈ।

ਸਭ ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥ ੧॥

ਹਰੀ ਪ੍ਰਭੂ ਨੇ ਹਰ ਤਰ੍ਹਾਂ ਨਾਲ ਕਿਰਪਾ ਦ੍ਰਿਸ਼ਟੀ ਕੀਤੀ ਹੈ, ਇਸ ਲਈ ਆਸਾ ਤੇ ਮਨਸਾ=ਵਾਸ਼ਨਾ ਦੇ ਸਾਰੇ ਬੰਧਨ ਟੁੱਟ ਗਏ ਹਨ॥ ੧॥

ਨੈਨੀ ਹਰਿ ਹਰਿ ਲਾਗੀ ਤਾਰੀ॥

ਹਰ ਵੇਲੇ ਨੈਨੀ=ਅੱਖਾਂ ਦੀ ਤਾਰੀ=ਤਾੜੀ (ਬਿਰਤੀ) ਹਰਿ ਹਰਿ ਵਿਚ ਲੱਗੀ ਰਹਿੰਦੀ ਹੈ।

ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ
ਜਨੁ ਹਰਿ ਭੇਟਿਓ ਬਨਵਾਰੀ॥ ੧॥ ਰਹਾਉ॥

ਪੂਰਿਆਂ ਸਤਿਗੁਰਾਂ ਨੂੰ ਵੇਖ ਕੇ ਮੇਰਾ ਮਨ ਖਿੜ ਗਿਆ ਹੈ, ਸੰਸਾਰ ਬਨ ਦਾ ਮਾਲਕ ਹਰੀ ਮੈਂ ਸੇਵਕ ਜਨ ਨੂੰ ਮਿਲ ਪਿਆ ਹੈ॥ ੧॥ ਰਹਾਉ॥

[ਪੰਨਾ ੧੨੬੩]

ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ॥

ਮੇਰੇ ਐਸੇ ਹਰਿ ਹਰਿ ਦਾ ਨਾਮ ਜਿਨ੍ਹਾਂ ਨੇ ਭੁਲਾ ਦਿੱਤਾ ਹੈ, ਉਸ ਦੇ ਜੰਮਨ ਕਰਕੇ ਕੁਲ ਵਿਚ ਗਾਰੀ=ਕਲੰਕ ਲੱਗ ਗਿਆ ਹੈ ਯਾਂ ਉਸ ਦੀ ਕੁਲ ਵਿਚ ਗਾਰੀ=ਘਾਰੀ ਲੱਗ ਗਈ ਹੈ।

ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ॥੨॥

ਹੇ ਹਰੀ ! ਉਸ ਦੇ ਕੁਲ ਵਿਚ ਅੱਗੇ ਕਿਸੇ ਜ਼ਨਾਨੀ ਨੂੰ ਪ੍ਰਸੂਤਾ ਨਾ ਕਰੋ, ਅਰਥਾਤ—ਕਿਸੇ ਮਨਮੁਖ ਨੂੰ ਪੈਦਾ ਨਾ ਕਰੋ, ਉਸ ਦੀ ਮਹਤਾਰੀ=ਮਾਂ ਨੂੰ ਬਿਧਵਾ=ਰੰਡੀ ਕਰ ਦਿਓ, ਤਾਂ ਕਿ ਕਿਸੇ ਨੂੰ ਜੰਮੇ ਹੀ ਨਾ॥ ੨॥

ਹਰਿ ਹਰਿ ਆਨਿ ਮਿਲਾਵਹੁ ਗੁਰੁ ਸਾਧੂ ਜਿਸੁ ਅਹਿਨਿਸਿ ਹਰਿ ਉਰਿਧਾਰੀ॥

ਹੇ ਹਰਿ ਹਰਿ ! ਆਪ ਆ ਕੇ ਮੈਨੂੰ ਸਾਧੂ=ਸ੍ਰੇਸ਼ਟ ਗੁਰਾਂ ਨਾਲ ਮਿਲਾਵੋ, ਜਿਸ ਗੁਰੂ ਨੇ ਦਿਨ ਰਾਤ ਹਰਿ ਹਰਿ ਦੀ ਪਰੀਤੀ ਹਿਰਦੇ ਵਿਚ ਧਾਰੀ ਹੋਈ ਹੈ।

ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ਜਿਉ ਬਾਰਿਕੁ ਦੇਖਿ ਮਹਤਾਰੀ॥ ੩॥

ਗੁਰੂ ਦਾ ਦਰਸ਼ਨ ਵੇਖ ਕੇ ਗੁਰੂ ਦਾ ਸਿੱਖ ਇਉਂ ਬਿਗਸੈ=ਪ੍ਰਸੰਨ ਹੁੰਦਾ ਹੈ, ਜਿਵੇਂ ਬੱਚਾ ਆਪਣੀ ਮਹਤਾਰੀ=ਮਾਂ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ॥ ੩॥

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥

ਜੀਵ ਰੂਪ ਧਨ=ਇਸਤ੍ਰੀ ਦਾ ਤੇ ਪਿਰ=ਪਤੀ ਪਰਮਾਤਮਾ ਦਾ ਇਕ ਅੰਤਹਕਰਣ ਦੇ ਨਾਲ ਹੀ ਵਾਸਾ ਹੈ, ਜੀਵ ਅੰਤਹਕਰਣ ਵਸਿਸ਼ਟ ਹੈ, ਸਾਖੀ ਅੰਤਹਕਰਣ ਉਪਹਿਤ ਹੈ। ਪਰ ਦੋਹਾਂ ਦੇ ਵਿਚਕਾਰ ਹਉਮੈ ਰੂਪੀ ਕਰਾਰੀ=ਤਕੜੀ ਭੀਤਿ=ਕੰਧ ਹੈ, ਇਸ ਕਰਕੇ ਦੋਹਾਂ ਦਾ ਮਿਲਾਪ ਨਹੀਂ ਹੁੰਦਾ।

ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ- ਧੰਨ ਗੁਰੂ ਹਨ ਜਿਸ ਵੇਲੇ ਪੂਰਿਆਂ ਗੁਰਾਂ ਨੇ ਹਉਮੈ ਦੀ ਕੰਧ ਤੋੜੀ ਹੈ ਤਾਂ ਮੈਂ ਸੇਵਕ ਜਨ ਨੂੰ ਸੰਸਾਰ ਬਨ ਦੇ ਮਾਲਕ ਪ੍ਰਭੂ ਮਿਲ ਪਏ॥ ੪॥ ੧॥

ਉਥਾਨਕਾ:-ਗੁਰੂ ਜੀ ਪਾਸ ਰਹਿ ਕੇ ਦੋ ਬ੍ਰਾਹਮਣ ਗੁਰਬਾਣੀ ਦੀਆਂ ਪੋਥੀਆਂ ਲਿਖ ਲਿਖ ਕੇ ਆਏ ਹੋਏ ਸਿੱਖਾਂ ਨੂੰ ਵੰਡਦੇ ਸਨ, ਸਿੱਖ ਆਪਣੀ ਇੱਛਾ ਅਨੁਸਾਰ ਜੋ ਕੁਝ ਭੇਟਾ ਦੇ ਜਾਣ ਉਹ ਕਬੂਲ ਕਰ ਲੈਂਦੇ ਸਨ। ਇਕ ਦਿਨ ਲਾਂਬਿਓਂ ਹੋਰਨਾਂ ਬ੍ਰਾਹਮਣਾਂ ਨੇ ਆ ਕੇ ਕਿਹਾ-ਤੁਸੀਂ ਏਥੇ ਗੁਰ ਚਰਨਾਂ ਵਿਚ ਕਿਉਂ ਬੱਝੇ ਬੈਠੇ ਹੋ, ਅਜ਼ਾਦੀ ਵਿਚ ਫਿਰ ਕੇ ਤੀਰਥ ਯਾਤਰਾ ਕਰਕੇ ਮੌਜਾਂ ਮਾਣੋ। ਉਨ੍ਹਾਂ ਤੋਂ ਇਹ ਗੱਲ ਸੁਣ ਕੇ ਪਾਸ ਦੇ ਰਹਿਣ ਵਾਲੇ ਬ੍ਰਾਹਮਣਾਂ ਨੇ ਗੁਰੂ ਜੀ ਨੂੰ ਆ ਕੇ ਦੱਸਿਆ ਕਿ ਸਾਨੂੰ ਬਾਹਰੋਂ ਆਏ ਹੋਏ ਬ੍ਰਾਹਮਣਾਂ ਨੇ ਕਿਹਾ ਹੈ ਤੁਸੀਂ ਤੀਰਥ ਯਾਤਰਾ ਕਰੋ ਆਪ ਜੀ ਦਾ ਕੀ ਹੁਕਮ ਹੈ, ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ:-ਤੀਰਥਿ ਅਠਸਠਿ ਮਜਨੁ ਨਾਈ॥

ਜੋ ਪੁਰਸ਼ ਨਾਮ ਜਪਦਾ ਹੈ ਉਸ ਦੇ ਚਰਨਾਂ ਵਿਚ ਅਠਾਠ ਤੀਰਥ ਆਪ ਆ ਕੇ ਮਜਨੁ=ਇਸ਼ਨਾਨ ਕਰਦੇ ਹਨ। ਤੁਸੀਂ ਤਾਂ ਨਾਮ ਜਪਦੇ ਹੋ ਤੁਹਾਨੂੰ ਬਾਹਰ ਭਟਕਣ ਦੀ ਕੋਈ ਲੋੜ ਨਹੀਂ ਹੈ।

ਮਲਾਰ ਮਹਲਾ ੪॥

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥

ਗੰਗਾ, ਜਮਨਾ, ਗੋਦਾਵਰੀ ਤੇ ਸੁਰਸਤੀ ਆਦਿਕ ਜੋ ਭੀ ਤੀਰਥ ਹਨ, ਉਹ ਸੰਤਾਂ ਦੀ ਧੂੜੀ ਲੈਣ ਵਾਸਤੇ ਉਦਮ ਕਰਦੇ ਹਨ ਅਤੇ ਇੰਞ ਕਹਿੰਦੇ ਹਨ :-

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥

ਪਾਪਾਂ ਰੂਪੀ ਮੈਲ ਨਾਲ ਭਰੇ ਹੋਏ ਜੀਵ ਸਾਡੇ ਵਿਚ ਆ ਕੇ ਪੈਂਦੇ ਹਨ, ਭਾਵ- ਸਾਡੇ ਵਿਚ ਇਸ਼ਨਾਨ ਕਰਕੇ ਆਪਣੀ ਮੈਲ ਸਾਨੂੰ ਦੇ ਜਾਂਦੇ ਹਨ ਅਤੇ ਸਾਡੀ ਮੈਲ ਸੰਤਾਂ ਦੀ ਚਰਨ ਧੂੜੀ ਨਾਸ ਕਰਦੀ ਹੈ॥ ੧॥

ਤੀਰਥਿ ਅਠਸਠਿ ਮਜਨੁ ਨਾਈ॥

ਅਠਾਠ ਤੀਰਥਾਂ ਦੇ ਮਜਨੁ=ਇਸ਼ਨਾਨ ਦੀ ਨਾਈ=ਵਡਿਆਈ ਸੰਤ ਚਰਨ ਧੂੜੀ ਵਿਚ ਹੈ ਯਾਂ ਜੋ ਪੁਰਸ਼ ਨਾਈ=ਨਾਮ ਜਪਦਾ ਹੈ, ਉਸ ਦੇ ਚਰਨਾਂ ਵਿਚ ਅਠਾਠ ਤੀਰਥ ਇਸ਼ਨਾਨ ਕਰਦੇ ਹਨ।

ਅਥਵਾ:-ਜੋ ਨਾਮ ਜਪਦਾ ਹੈ ਉਸ ਨੂੰ ਘਰ ਬੈਠਿਆਂ ਅਠਾਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ।

ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ॥ ੧॥ ਰਹਾਉ॥

ਸਤਸੰਗਤ ਦੇ ਚਰਨਾਂ ਦੀ ਧੂੜ ਉੱਡ ਕੇ ਜਿਸ ਦੇ ਨੇਤ੍ਰਾਂ ਵਿਚ ਪਈ ਹੈ, ਉਸ ਨੇ ਦੁਰਮਤਤਾ ਰੂਪੀ ਸਾਰੀ ਮੈਲ ਅੱਖਾਂ ਚੋਂ ਗੁਆ ਦਿੱਤੀ ਹੈ ॥ ੧॥ ਰਹਾਉ॥

ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥

ਰਾਜੇ ਦਲੀਪ ਦੇ ਪੁਤ੍ਰ ਭਗੀਰਥ ਨੇ ਹਿਮਾਲਯ ਦੇ ਗੌ ਕਰਣ ਅਸਥਾਨ 'ਪਰ ਘੋਰ ਤਪ ਕਰਨ ਨਾਲ ਬ੍ਰਹਮਾ ਨੂੰ ਪ੍ਰਸੰਨ ਕਰਕੇ, (ਕਪਿਲ ਰਿਖੀ ਦੇ ਕ੍ਰੋਧ ਅਗਨੀ ਨਾਲ ਭਸਮ ਹੋਇ ਹੋਇ ਰਾਜੇ ਸਗਰ ਦੇ ੬੦ ਹਜ਼ਾਰ ਪੁਤ੍ਰਾਂ ਦੀ ਗਤੀ ਕਰਨ ਲਈ ਜਾਹਰ ਨਵੀ=ਗੰਗਾ ਆਣੀ=ਲਿਆਉਣਾ ਕੀਤੀ ਹੈ ਬ੍ਰਹਮਾ ਨੇ ਗੰਗਾ ਦਾ ਵਾਇਦਾ ਕਰਕੇ ਇਕ ਗੱਲ ਆਖੀ ਕਿ ਅਕਾਸ਼ ਤੋਂ ਆਈ ਗੰਗਾ ਨੂੰ ਸ਼ਿਵਾਂ ਤੋਂ ਬਿਨਾਂ ਕੋਈ ਨਹੀਂ ਝੱਲ ਸਕਦਾ ਤੂੰ ਪਹਿਲੇ ਸ਼ਿਵ ਜੀ ਨੂੰ ਪ੍ਰਸੰਨ ਕਰ ਇਹ ਗੱਲ ਸੁਣ ਕੇ ਭਗੀਰਥ ਨੇ ਸ਼ਿਵ ਜੀ ਦਾ ਤਪ ਕੀਤਾ ਸ਼ਿਵ ਜੀ ਨੂੰ ਪ੍ਰਸੰਨ ਕਰਕੇ ਉਸ ਤੋਂ ਮਨਵਾਇਆ ਬ੍ਰਹਮਾ ਨੇ ਗੰਗਾ ਨੂੰ ਭੇਜਣਾ ਹੈ ਪਰ ਝੱਲਣਾ ਤੁਸਾਂ ਨੇ ਹੈ, ਸ਼ਿਵਾਂ ਨੇ ਕਿਹਾ- ਫਿਕਰ ਨਾ ਕਰ ਮੈਂ ਝੱਲਾਂਗਾ, ਬ੍ਰਹਮਾ ਨੂੰ ਕਹੋ ਗੰਗਾ ਨੂੰ ਭੇਜ ਦੇ। ਭਗੀਰਥ ਨੇ ਫੇਰ ਬ੍ਰਹਮਾ ਨੂੰ ਜਾ ਕੇ ਕਿਹਾ, ਬ੍ਰਹਮਾ ਨੇ ਭਗੀਰਥ ਦੀ ਬੇਨਤੀ ਪ੍ਰਵਾਨ ਕਰਕੇ ਜਦ ਗੰਗਾ ਨੂੰ ਭੇਜਿਆ ਤਾਂ ਸ਼ਿਵਾਂ ਨੇ ਆਪਣੇ ਜਟ੍ਹਾਵਾਂ ਦਾ ਜੂੜਾ ਅਜੇਹਾ ਫਲਾਇਆ ਕਿ ਗੰਗਾ ਨੂੰ ਇਕ ਹਜ਼ਾਰ ਬਰਸ ਬਾਹਰ ਨਿਕਲਣ ਦਾ ਰਾਹ ਹੀ ਨਾ ਲੱਭਿਆ, ਅੰਤ ਨੂੰ ਭਗੀਰਥ ਦੀ ਪ੍ਰਾਰਥਨਾ ਮੰਨ ਕੇ ਸ਼ਿਵਾਂ ਨੇ ਇਕ ਜਟ੍ਹਾਂਵ ਉਚੀ ਕਰਕੇ ਗੰਗਾ ਕੱਢੀ, ਜਿਸ ਦੇ ਸਤ ਪ੍ਰਵਾਹ ਹੋ ਕੇ ਵਗ ਪਏ,

ਹ੍ਲਾਦਿਨੀ, ਪਾਵਿਨੀ ਅਤੇ ਨਲਿਨੀ ਇਹ ਤਿੰਨ ਪਰਵਾਹ ਪੂਰਬ ਵੱਲ ਚਲੇ।
ਵੰਕੁ, ਸੀਤਾ ਅਤੇ ਸਿੰਧ ਨਾਮਕ ਤਿੰਨ ਪਰਵਾਹ ਪੱਛਮ ਵੱਲ ਚਲੇ।

ਇਕ ਪਰਵਾਹ ਭਗੀਰਥ ਦੇ ਰਥ ਪਿਛੇ ਤੁਰਿਆ ਜਿਥੋਂ ਦੀ ਭਗੀਰਥ ਦਾ ਰਥ ਗਿਆ। ਪਿਛੇ ਪਿਛੇ ਹੀ ਗੰਗਾ ਦਾ ਪਰਵਾਹ ਵਹਿਣ ਲੱਗ ਪਿਆ। ਇਸੇ ਪਰਵਾਹ ਦਾ ਨਾਮ ਭਗੀਰਥੀ ਗੰਗਾ ਹੈ।

ਅਤੇ ਕੇਦਾਰ ਨਾਥ ਤੀਰਥ ਨੂੰ ਸ਼ਿਵ ਜੀ ਨੇ ਥਾਪਿਆ ਹੈ।*

ਅਥਵਾ:-ਮਹ ਸਾਈ=ਸੰਡੇ ਦੇ ਮਾਲਕ ਸ਼ਿਵਾਂ ਨੇ ਕੇਦਾਰ ਨਾਥ ਨੂੰ ਥਾਪਿਆ ਹੈ, ਅਤੇ-

ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥ ੨॥

ਕਾਂਸ਼ੀ ਪੁਰੀ ਨੂੰ ਬਣਾਇਆ ਹੈ, ਕ੍ਰਿਸ਼ਨ ਜੀ ਨੇ ਜਿਸ ਬਿੰਦ੍ਰਾਬਨ ਤੇ ਗੋਕਲ ਵਿਚ ਗਊਆਂ ਚਰਾਈਆਂ ਹਨ, ਇਤਆਦਿਕ ਸਾਰਿਆਂ ਤੀਰਥਾਂ ਨੇ ਹਰੀ ਦੇ ਸੇਵਕ ਜਨਾਂ ਨਾਲ ਮਿਲ ਕੇ, ਭਾਵ- ਉਹਨਾਂ ਦੇ ਚਰਨਾਂ ਦੀ ਧੂੜ

**ਜੋ ਗੜਵਾਲਾ ਰਿਆਸਤ ਯੂ. ਪੀ. ਵਿਚ ਰੁਦ੍ਰ ਹਿਮਾਲੇ ਦੀ ਬਰਫਾਨੀ ਧਾਰਾ ਵਿਚ ਮਹਾਂ ਪੰਥ ਦੀ ਚੋਟੀ ਤਲੇ ਇਕ ਟਿੱਲੇ ਉਤੇ ਹੈ, ਇਸ ਦੀ ਬਲੰਦੀ ੧੧੭੫੩ ਫੁਟ ਹੈ ਏਥੇ ਸਦਾ ਸ਼ਿਵ ਦਾ ਮੰਦਰ ਹੈ ਜਿਸ ਵਿਚ ਝੋਟੇ ਦੀ ਸ਼ਕਲ ਦਾ ਮਹਾਂ ਦੇਵ ਹੈ, ਦੱਸਿਆ ਜਾਂਦਾ ਹੈ ਕਿ ਪਾਂਡਵਾਂ ਤੋਂ ਹਾਰ ਖਾ ਕੇ ਸ਼ਿਵਜੀ ਇਸ ਥਾਂ ਝੋਟਾ ਬਣ ਕੇ ਆਏ ਹਨ। ਅਰਜਨ ਤੋਂ ਹਾਰ ਖਾ ਕੇ ਸ਼ਿਵਜੀ ਨੇ ਝੋਟੇ ਦੀ ਸ਼ਕਲ ਵਿਚ ਇਥੇ ਆ ਕੇ ਪਨਾਹ ਲਈ ਹੈ, ਧੜ ਪਹਾੜ ਵਿਚ ਧਸ ਗਿਆ ਕੇਵਲ ਪਿਠ ਬਾਹਰ ਦਿਖਾਈ ਦੇਂਦੀ ਰਹੀ ਹੈ, ਲੋਕ ਓਸੇ ਦੀ ਪੂਜਾ ਕਰਦੇ ਹਨ। ਕਈਆਂ ਤੋਂ ਇਹ ਭੀ ਸੁਣਿਆਂ ਹੈ ਭਸਮਾਂਗਦ ਦੈਂਤ ਤੋਂ ਡਰਦੇ ਹੋਈ ਸ਼ਿਵਜੀ ਸੰਡਾ ਬਣਕੇ ਕੇਦਾਰ ਨਾਥ ਮੇਂ ਨਿਕਲੇ ਹਨ। ਰਹੋ ਵਿਚਾਰ,*

ਲੈ ਕੇ ਸੋਭਾ ਪਾਈ ਹੈ॥ ੨॥

ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥

ਜਿਤਨੇ ਭੀ ਦੇਵੀ ਦੇਵਤਿਆਂ ਨੇ ਤੀਰਥ ਥਾਪੇ=ਬਣਾਏ ਹਨ, ਉਹ ਸਾਰੇ ਹੀ ਸੰਤਾਂ ਦੀ ਚਰਨ ਧੂੜੀ ਲੈਣ ਵਾਸਤੇ ਲੋਚਹਿ=ਲੋਚਾ (ਇੱਛਾ) ਕਰਦੇ ਹਨ ਅਤੇ ਇਸ ਤਰ੍ਹਾਂ ਕਹਿੰਦੇ ਹਨ-

ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥ ੩॥

ਜੇ ਕੋਈ ਗੁਰ=ਵੱਡਾ ਸਾਧੂ=ਸਰੇਸ਼ਟ ਹਰੀ ਦਾ ਸੰਤ ਮਿਲ ਜਾਵੇ, ਤਾਂ ਉਸ ਦੀ ਚਰਨ ਧੂੜੀ ਲੈ ਕੇ ਮੈਂ ਆਪਣੇ ਮੂੰਹ 'ਪਰ ਲਾਵਣਾ ਕਰਾਂ॥ ੩॥

ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ
ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥

ਮੇਰੇ ਸੁਆਮੀ ਦੀ ਰੱਚੀ ਹੋਈ ਜਿੰਨੀ ਕੁ ਸ੍ਰਿਸ਼ਟੀ ਤੁਹਾਡੀ ਦ੍ਰਿਸ਼ਟੀ ਵਿਚ ਆਉਂਦੀ ਹੈ, ਉਤਨੀ ਸਾਰੀ ਸ੍ਰਿਸ਼ਟੀ ਸੰਤਾਂ ਦੀ ਚਰਨ ਧੂੜ ਤਾਂਹੀਂ ਲੋਚੈ=ਚਾਹੁੰਦੀ ਹੈ।

ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ
ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ- ਜਿਸ ਦੇ ਲਿਲਾਟਿ=ਮੱਥੇ 'ਪਰ ਸਰੇਸ਼ਟ ਲੇਖ ਲਿਖਿਆ ਹੁੰਦਾ ਹੈ। ਉਸ ਨੂੰ ਸੰਤਾਂ ਦੀ ਚਰਨ ਧੂੜੀ ਦੇ ਕੇ ਹਰੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ॥ ੪॥ ੨॥

ਮਲਾਰ ਮਹਲਾ ੪॥

ਤਿਸੁ ਜਨ ਕਉ ਹਰਿ ਮੀਠ ਲਗਾਨਾ ਜਿਸੁ ਹਰਿ ਹਰਿ ਕ੍ਰਿਪਾ ਕਰੈ॥

ਜਿਸ ਉਤੇ ਹਰੀ ਹਰ ਤਰ੍ਹਾਂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਪੁਰਸ਼ ਨੂੰ ਹਰਿ ਹਰਿ ਨਾਮ ਮਿੱਠਾ ਲੱਗਦਾ ਹੈ।

ਤਿਸ ਕੀ ਭੂਖ ਦੂਖ ਸਭਿ ਉਤਰੈ ਜੋ ਹਰਿ ਗੁਣ ਹਰਿ ਉਚਰੈ॥ ੧॥

ਜੋ ਹਰ ਤਰ੍ਹਾਂ ਹਰਿ ਹਰਿ ਦੇ ਗੁਣਾਂ ਨੂੰ ਉਚਾਰਦਾ ਹੈ, ਉਸ ਦੀ ਪਦਾਰਥਾਂ ਦੀ ਭੁਖ ਤੇ ਸਰੀਰ ਦੇ ਸਾਰੇ ਦੁੱਖ ਉਤਰ ਜਾਂਦੇ, ਭਾਵ ਨਵਿਰਤ ਹੋ ਜਾਂਦੇ ਹਨ॥ ੧॥

ਜਪਿ ਮਨ ਹਰਿ ਹਰਿ ਹਰਿ ਨਿਸਤਰੈ॥

ਹੇ ਪਿਆਰੇ ਭਾਈ ! ਮਨ, ਬਾਣੀ, ਸਰੀਰ ਦੁਆਰਾ ਹਰਿ ਹਰਿ ਨਾਮ ਨੂੰ ਜਪਦਿਆਂ ਹੀ ਸੰਸਾਰ ਸਮੁੰਦਰ ਤੋਂ ਨਿਸਤਰੈ=ਤਰਨਾ ਹੁੰਦਾ ਹੈ।

ਗੁਰ ਕੇ ਬਚਨ ਕਰਨ ਸੁਨਿ ਧਿਆਵੈ ਭਵ ਸਾਗਰੁ ਪਾਰਿ ਪਰੈ॥ ੧॥ ਰਹਾਉ॥

ਜਿਹੜਾ ਪੁਰਸ਼ ਗੁਰਾਂ ਦੇ ਬਚਨਾਂ ਨੂੰ ਕਰਨ=ਕੰਨੀ ਸੁਣ ਕੇ ਹਰੀ ਨਾਮ ਨੂੰ ਧਿਆਉਂਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ॥ ੧॥ ਰਹਾਉ॥

ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ॥

ਜਿਸ ਉਤੇ ਹਰਿ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਸ ਪੁਰਸ਼ ਦੇ ਹੱਟ ਦੇ ਅਸੀਂ ਬਿਹਾਝੇ=ਖਰੀਦੇ ਹੋਏ, ਭਾਵ ਮੁੱਲ ਲੀਤੇ ਹੋਏ ਦਾਸ ਹਾਂ।

ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ॥ ੨॥

ਹਰੀ ਦੇ ਸੰਤ ਜਨਾਂ ਨੂੰ ਮਿਲਦਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ, ਹਰੀ ਦੇ ਸੰਤ ਜਨ ਸਾਰੀ ਦੁਰਮਤਿ=ਖੋਟੀ ਮਤ ਰੂਪੀ ਮੈਲ ਨੂੰ ਹਰੈ=ਦੂਰ ਕਰ ਦੇਂਦੇ ਹਨ॥ ੨॥

ਹਰਿ ਜਨ ਕਉ ਹਰਿ ਭੂਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ॥

ਹਰੀ ਦੇ ਸੰਤ ਜਨਾਂ ਨੂੰ ਹਰੀ ਨਾਮ ਦੀ ਭੁਖ ਲੱਗੀ ਰਹਿੰਦੀ ਹੈ, ਜਾਂ ਉਹ ਹਰੀ ਗੁਣਾਂ ਨੂੰ ਬਿਚਾਰਨ ਤਾਂ ਹੀ ਉਹ ਸੰਤ ਜਨ ਤ੍ਰਿਪਤ ਹੁੰਦੇ ਹਨ।

ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ॥ ੩॥

ਹਰੀ ਦਾ ਸੇਵਕ ਜਨ ਹਰੀ ਨਾਮ ਜਲ ਦਾ ਮੀਨਾ=ਮੱਛ ਹੈ, ਹਰੀ ਦੇ ਬਿਸਰਤ=ਭੁਲਦਿਆਂ ਹੀ ਉਹ ਫੂਟਿ=ਦੁੱਖੀ ਹੋ ਕੇ ਮਰਦਾ ਹੈ॥ ੩॥

ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ ਜਾਨੈ ਜਿਸੁ ਮਨਿ ਧਰੈ॥

ਜਿਸ ਹਰੀ ਨੇ ਏਹ ਪ੍ਰੀਤੀ ਲਗਾਈ ਹੈ, ਉਹ ਹਰੀ ਹੀ ਇਸ ਦੇ ਅਨੰਦ ਨੂੰ ਜਾਣਦਾ ਹੈ, ਕੈ=ਜਾਂ ਉਹ ਪੁਰਸ਼ ਜਾਣਦਾ ਹੈ ਜਿਸ ਨੇ ਪ੍ਰੀਤੀ ਨੂੰ ਆਪਣੇ ਮਨ ਵਿਚ ਧਾਰਿਆ ਹੈ।

ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ—ਦਾਸ ਹਰੀ ਦਾ ਦਰਸ਼ਨ ਦੇਖ ਕੇ ਸੁਖ ਪਾਂਦਾ ਹੈ, ਕਿਉਂਕਿ ਦਰਸ਼ਨ ਕਰਦਿਆਂ ਹੀ ਸਰੀਰ ਦੀ ਸਾਰੀ ਭੁਖ ਮਿਟ ਜਾਂਦੀ ਹੈ॥ ੪॥ ੩॥

ਮਲਾਰ ਮਹਲਾ ੪ ॥

ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ॥

ਪ੍ਰਭੂ ਨੇ ਜਿੰਨੇ ਕੁ ਸੂਖਮ ਅਸਥੂਲ ਜੀਆ ਜੰਤ ਕੀਤੇ ਹਨ, ਉਹ ਸਾਰੇ ਦੇ ਸਾਰੇ ਸਿਰ ਉਤੇ ਹੁਕਮ ਰੂਪੀ ਕਾਰ ਲਿਖਾ ਕੇ ਆਏ ਹਨ।

ਹਰਿ ਜਨ ਕਉ ਹਰਿ ਦੀਨ੍ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ॥ ੧॥

ਹਰੀ ਦੇ ਜੋ ਸੰਤ ਜਨ ਹਨ ਉਹਨਾਂ ਨੂੰ ਹਰੀ ਨੇ ਵਡਿਆਈ ਦਿੱਤੀ ਹੈ, ਉਹ ਹਰੀ ਦੇ ਸੰਤ ਜਨ ਐਸੇ ਹਨ, ਜੋ ਸਾਰਿਆਂ ਨੂੰ ਹਰੀ ਨਾਮ ਜਪਣ ਦੀ ਕਾਰ ਵਿਚ ਲਗਾਉਂਦੇ ਹਨ ॥ ੧॥

ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ॥

ਸਤਿਗੁਰ ਦੇਵ ਜੀ ਹਰਿ ਹਰਿ ਨਾਮ ਨੂੰ ਦ੍ਰਿੜ ਕਰਵਾਉਂਦੇ ਹਨ।

[ਪੰਨਾ ੧੨੬੪]

ਹਰਿ ਬੋਲਹੁ ਗੁਰ ਕੇ ਸਿਖ ਮੇਰੇ ਭਾਈ
ਹਰਿ ਭਉਜਲੁ ਜਗਤੁ ਤਰਾਵੈ॥ ੧॥ ਰਹਾਉ॥

ਹੇ ਮੇਰੇ ਭਾਈਓ ! ਗੁਰੂ ਦੇ ਸਿੱਖ ਹੋ ਕੇ ਹਰੀ ਨਾਮ ਨੂੰ ਜਪੋ, ਕਿਉਂਕਿ ਹਰੀ ਨਾਮ ਹੀ ਸੰਸਾਰ ਸਮੁੰਦਰ ਤੋਂ ਪਾਰ ਤਰਾਉਂਦਾ ਹੈ॥ ੧॥ ਰਹਾਉ॥

ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ॥

ਜੇਹੜਾ ਪੁਰਸ਼ ਗੁਰੂ ਨੂੰ ਪੂਜਦਾ ਅਤੇ ਸੇਂਵਦਾ ਹੈ, ਉਹ ਪੁਰਸ਼ ਮੇਰੇ ਹਰੀ ਪ੍ਰਭੂ ਨੂੰ ਭਾਉਂਦਾ ਹੈ।

ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ॥ ੨॥

ਸਤਿਗੁਰਾਂ ਦੀ ਪੂਜਾ ਕਰਕੇ ਹਰੀ ਦੀ ਸੇਵਾ ਕਰੋ, ਤਾਂ ਹਰੀ ਆਪ ਹੀ ਕ੍ਰਿਪਾ ਦ੍ਰਿਸ਼ਟੀ ਕਰਕੇ ਸੰਸਾਰ ਤੋਂ ਤਾਰ ਲਵੇਗਾ॥ ੨॥

ਭਰਮਿ ਭੂਲੇ ਅਗਿਆਨੀ ਅੰਧੁਲੇ ਝੂਮਿ ਝੂਮਿ ਫੂਲ ਤੋਰਾਵੈ॥

ਅਗਿਆਨ ਕਰਕੇ ਅੰਨ੍ਹੇ ਜੀਵ ਭਰਮ ਕਰਕੇ ਵਾਹਿਗੁਰੂ ਤੋਂ ਭੁਲੇ ਫਿਰਦੇ ਹਨ ਅਤੇ ਝੂਮ ਝੂਮ ਕਰਕੇ ਠਾਕੁਰ ਪੂਜਾ ਲਈ ਫੁਲ ਤੋੜਦੇ ਤੇ ਤੁੜਾਂਦੇ ਹਨ।

ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥ ੩॥

ਨਿਰਜੀਉ=ਪੱਥਰਾਂ ਨੂੰ ਪੂਜਦੇ ਹਨ, ਮੜੀਆਂ ਨੂੰ ਸੇਂਵਦੇ ਹਨ, ਇਸ ਤਰ੍ਹਾਂ ਦੇ ਕਰਤੱਬ ਨੂੰ ਕਰਕੇ ਆਪਣੀ ਸਾਰੀ ਕੀਤੀ ਕਮਾਈ ਨੂੰ ਵਿਅਰਥ ਗਵਾਂਦੇ ਹਨ॥ ੩॥

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥

ਜੋ ਬ੍ਰਹਮ ਨੂੰ ਬਿੰਦੇ=ਜਾਣਦਾ ਹੈ, ਭਾਵ ਬ੍ਰਹਮ ਨੇਸਟੀ ਹੈ ਅਤੇ ਸਿੱਖ ਦੇ ਸੰਸਿਆਂ ਦੀ ਨਵਿਰਤੀ ਕਰਨ ਲਈ ਹਰਿ ਹਰਿ ਦੀ ਕਥਾ ਸੁਣਾਂਦਾ ਹੈ, ਓਹੀ ਅਸਲ ਸਤਿਗੁਰੂ ਕਹੀਂਦਾ ਹੈ।

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ
ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥ ੪॥

ਉਸ ਗੁਰੂ ਨੂੰ ਸਤਿ=ਨਿਸਚੇ ਨਾਲ ਬਹੁ ਬਿਧਿ=ਬਹੁਤ ਤਰ੍ਹਾਂ ਦੇ ਸੂਤੀ ਪਾਟ=ਕਪੜੇ ਅਤੇ ਪਟੰਬਰ=ਰੇਸ਼ਮੀ ਛਾਦਨ=ਬਸਤ੍ਰ ਭੇਟਾ ਕਰੋ ਤੇ ਹੋਰ ਬਹੁਤ ਤਰ੍ਹਾਂ ਦੀਆਂ ਸਮਗਰੀਆਂ ਸ਼ਰਧਾ ਨਾਲ ਉਹਨਾਂ ਦੇ ਮੂੰਹ ਵਿਚ ਸੰਚਹੁ=ਪਾਵੋ, ਉਸ ਤੋਂ ਜੋ ਪੁੰਨ ਪੈਦਾ ਹੋਵੇਗਾ, ਉਸ ਪੁੰਨ ਦੀ ਫਿਰ ਕਦੇ ਭੀ ਤੋਟ ਨਹੀਂ ਆਵੇਗੀ॥ ੪॥

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥

ਉਹ ਸਤਿਗੁਰ ਦੇਵ ਜੀ ਪ੍ਰਤੱਖ ਹਰੀ ਦੀ ਮੂਰਤੀ ਹਨ, ਅਰਥਾਤ- ਹਰੀ ਦਾ ਸਰੂਪ ਹਨ ਜੋ ਅੰਮ੍ਰਿਤ ਰੂਪ ਮਿੱਠੇ ਬਚਨਾਂ ਨੂੰ ਸੁਣਾਂਵਦਾ ਹੈ।

ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥ ੫ ॥ ੪ ॥

ਗੁਰੂ ਜੀ ਕਥਨ ਕਰਦੇ ਹਨ-ਉਸ ਪੁਰਸ਼ ਦੇ ਸਭ ਤੋਂ ਚੰਗੇ ਭਾਗ ਹਨ, ਜੋ ਹਰੀ ਸਰੂਪ ਗੁਰ ਚਰਨਾਂ ਵਿਚ ਚਿੱਤ ਬਿਰਤੀ ਨੂੰ ਲਗਾਉਂਦਾ ਹੈ॥ ੫ ॥ ੪ ॥

ਮਲਾਰ ਮਹਲਾ ੪ ॥

ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥

ਜਿਨ੍ਹਾਂ ਦੇ ਹਿਰਦੇ ਵਿਚ ਮੇਰਾ ਸਤਿਗੁਰ ਵਸਿਆ ਹੈ ਜਾਂ ਸਤਿ=ਤ੍ਰੈ ਕਾਲ ਅਬਾਧ ਗੁਰੂ=ਚੇਤਨ ਪਰਮਾਤਮਾ ਵਸਿਆ ਹੈ, ਭਲੀ ਪ੍ਰਕਾਰ ਉਹ ਸੰਤ ਸਭ ਤੋਂ ਭਲੇ=ਚੰਗੇ ਹਨ। ਵਾ:-ਉਹ ਸੰਤ ਸਭ ਤੋਂ ਚੰਗੇ ਹਨ ਤੇ ਭਲੀ ਪ੍ਰਕਾਰ ਉਹਨਾਂ ਨੂੰ ਭਾਂਤਿ=ਪ੍ਰਕਾਸ਼ ਭਾਵ ਗਿਆਨ ਹੋਇਆ ਹੈ।

ਤਿਨ੍ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥ ੧ ॥

ਉਹਨਾਂ ਦਾ ਦਰਸ਼ਨ ਕਰਕੇ ਮੇਰਾ ਮਨ ਖਿੜਦਾ ਹੈ, ਇਸ ਲਈ ਮੈਂ ਉਹਨਾਂ ਤੋਂ ਸਦੀਵ ਕਾਲ ਬਲਿਹਾਰ ਜਾਂਦਾ ਹਾਂ॥ ੧ ॥

ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥

ਉਸ ਗਿਆਨੀ ਨਾਲ ਮਿਲ ਕੇ ਦਿਨ ਰਾਤ ਹਰੀ ਨਾਮ ਬੋਲਣਾ ਕਰੋ। ਕਿਉਂਕਿ-

ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥ ੧ ॥ ਰਹਾਉ ॥

ਉਸ ਦੀ ਸਾਰੀ ਤ੍ਰਿਸ਼ਨਾ ਰੂਪ ਭੁਖ ਉਤਰ ਗਈ ਹੈ, ਜੋ ਗੁਰ ਸਿੱਖਿਆ ਲੈ ਕੇ ਰਾਮ ਨਾਮ ਰੂਪੀ ਰਸ ਨੂੰ ਖਾਂਦਾ ਹੈ॥ ੧ ॥ ਰਹਾਉ ॥

ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥

ਜੋ ਹਰੀ ਦੇ ਦਾਸ ਸਾਧੂ ਹਨ ਉਹ ਮੈਂ ਜਨ ਦੇ ਸਖਾ=ਮਿੱਤ੍ਰ ਹਨ, ਜਿਨ੍ਹਾਂ ਦੇ ਮਿਲਿਆਂ ਹੀ ਭ੍ਰਾਂਤੀ ਲਹਿ ਜਾਂਦੀ ਹੈ।

ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ
ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥ ੨ ॥

ਜਿਵੇ ਹੰਸ ਦੁੱਧ ਪਾਣੀ ਨੂੰ ਵਖੋ ਵਖਰਾ ਚੁਣ ਕੱਢਦਾ ਹੈ, ਤਿਵੇਂ ਸੰਤ ਦੇਹੀ=ਸਰੀਰ ਵਿਚੋਂ ਹਉਮੈ ਅਤੇ ਤਾਤਿ=ਤੱਤ ਵਸਤੂ, ਭਾਵ ਆਤਮ ਵਸਤੂ ਨੂੰ ਚੁਣ ਕੇ ਵਖੋ ਵਖਰਾ ਕੱਢ ਦੇਂਦਾ ਹੈ॥ ੨ ॥

ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥

ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦੀ ਪ੍ਰੀਤੀ ਨਹੀਂ ਹੈ, ਉਹ ਕਪਟੀ ਪੁਰਸ਼ ਨਿਤਾਪ੍ਰਤੀ ਕਪਟ ਨੂੰ ਹੀ ਕਮਾਉਂਦੇ ਹਨ।

ਤਿਨ ਕਉ ਕਿਆ ਕੋਈ ਦੇਇ ਖਵਾਲੈ
ਓਇ ਆਪਿ ਬੀਜਿ ਆਪੇ ਹੀ ਖਾਂਤਿ ॥ ੩ ॥

ਉਨ੍ਹਾਂ ਨੂੰ ਕੀ ਕੋਈ ਦੇਂਦਾ ਤੇ ਖੁਆਉਂਦਾ ਹੈ, ਉਹ ਆਪਣੇ ਪਾਪ ਰੂਪ ਬੀਜ ਨੂੰ ਬੀਜ ਕੇ, ਪੁਨਾ ਆਪ ਹੀ ਉਸ ਦੇ ਫਲ ਨੂੰ ਖਾਂਦੇ ਹਨ। ਅਰਥਾਤ ਉਨ੍ਹਾਂ ਨੂੰ ਕਿਸੇ ਨੇ ਕੀ ਦੁੱਖ ਦੇਣਾ ਹੈ, ਉਹ ਆਪਣੇ ਪਾਪ ਰੂਪ ਕਰਮਾਂ ਕਰਕੇ ਸਦਾ ਹੀ ਦੁੱਖੀ ਰਹਿੰਦੇ ਹਨ॥ ੩॥

ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ॥

ਜੋ ਹਰੀ ਦਾ ਚਿੰਨ੍ਹ ਹੈ ਓਹੀ ਹਰੀ ਦੇ ਸੰਤ ਜਨ ਦਾ ਹੈ, ਕਿਉਂਕਿ ਹਰੀ ਨੇ ਆਪਣੇ ਆਪ ਆਪਣੇ ਸੇਵਕ ਸੰਤ ਜਨ ਵਿਚ ਰੱਖਿਆ ਹੋਇਆ ਹੈ।

ਧਨੁ ਧੰਨੁ ਗੁਰੂ ਨਾਨਕੁ ਸਮਦਰਸੀ
ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ॥ ੪॥ ੫॥

ਸਮ ਦ੍ਰਿਸ਼ਟੀ ਸੁਭਾਅ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਧੰਨ ਧੰਨ ਹਨ, ਜਿਨ੍ਹਾਂ ਨੇ ਨਿੰਦਿਆ ਉਸਤਤੀ ਰੂਪ ਤਰੀ=ਨਦੀ ਤੋਂ ਆਪ ਤਰਨਾ ਕੀਤਾ ਹੈ ਤੇ ਹੋਰਨਾਂ ਨੂੰ ਤਰਾਂਤਿ=ਤਾਰਨਾ ਕੀਤਾ ਹੈ।

ਵਾ:-ਤਰਾਂਤਿ=ਸ਼ੀਘਰ ਹੀ ਤਰਨਾ ਕੀਤਾ ਹੈ॥ ੪॥ ੫॥

ਮਲਾਰ ਮਹਲਾ ੪॥

ਅਗਮੁ ਅਗੋਚਰੁ ਨਾਮੁ ਹਰਿ ਊਤਮੁ ਹਰਿ ਕਿਰਪਾ ਤੇ ਜਪਿ ਲਇਆ॥

ਜੋ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹਰੀ ਹੈ, ਉਸ ਦਾ ਨਾਮ ਉੱਤਮ ਹੈ, ਹਰੀ ਦੀ ਕ੍ਰਿਪਾ ਕਰਕੇ ਮੈਂ ਨੇ ਉਸ ਨਾਮ ਨੂੰ ਜਪ ਲਿਆ ਹੈ।

ਸਤਸੰਗਤਿ ਸਾਧ ਪਾਈ ਵਡਭਾਗੀ ਸੰਗਿ ਸਾਧੂ ਪਾਰਿ ਪਇਆ॥ ੧॥

ਵੱਡਿਆਂ ਭਾਗਾਂ ਕਰਕੇ ਸੰਤਾਂ ਦੀ ਸਤਸੰਗਤ ਕਰਨੀ ਪਾਈ ਹੈ ਅਤੇ ਸੰਤਾਂ ਦਾ ਸੰਗ ਕਰਕੇ ਹੀ ਮੈਂ ਸੰਸਾਰ ਤੋਂ ਪਾਰ ਹੋਇਆ ਹਾਂ॥ ੧॥

ਮੇਰੈ ਮਨਿ ਅਨਦਿਨੁ ਅਨਦੁ ਭਇਆ॥

ਮੇਰੇ ਮਨ ਵਿਚ ਇਕ ਰਸ ਰਾਤ ਦਿਨ ਆਨੰਦ ਪ੍ਰਾਪਤ ਹੋਇਆ ਹੈ।

ਗੁਰ ਪਰਸਾਦਿ ਨਾਮੁ ਹਰਿ ਜਪਿਆ
ਮੇਰੇ ਮਨ ਕਾ ਭ੍ਰਮੁ ਭਉ ਗਇਆ॥ ੧॥ ਰਹਾਉ॥

ਗੁਰਾਂ ਦੀ ਕ੍ਰਿਪਾ ਨਾਲ ਮੈਂ ਹਰੀ ਨਾਮ ਨੂੰ ਜਪਿਆ ਹੈ ਅਤੇ ਮੇਰੇ ਮਨ ਦਾ ਭਰਮ ਤੇ ਭਉ=ਡਰ ਮਿਟ ਗਿਆ ਹੈ॥ ੧॥ ਰਹਾਉ॥

ਜਿਨ ਹਰਿ ਗਾਇਆ ਜਿਨ ਹਰਿ ਜਪਿਆ
ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ॥

ਜਿਨ੍ਹਾਂ ਨੇ ਰਾਗ ਦੁਆਰਾ ਹਰੀ ਗੁਣਾਂ ਨੂੰ ਗਾਇਆ ਹੈ ਤੇ ਜਿਨ੍ਹਾਂ ਨੇ ਬਾਣੀ ਦੁਆਰਾ ਹਰੀ ਨਾਮ ਨੂੰ ਜਪਿਆ ਹੈ, ਹੇ ਹਰੀ ! ਮਾਇਆ=ਦਇਆ ਦ੍ਰਿਸ਼ਟੀ ਕਰਕੇ ਮੈਨੂੰ ਉਹਨਾਂ ਦੀ ਸੰਗਤ ਵਿਚ ਮੇਲਣਾ ਕਰੋ।

ਤਿਨ ਕਾ ਦਰਸੁ ਦੇਖਿ ਸੁਖੁ ਪਾਇਆ ਦੁਖੁ ਹਉਮੈ ਰੋਗੁ ਗਇਆ ॥ ੨ ॥

ਉਹਨਾਂ ਦਾ ਦਰਸ਼ਨ ਦੇਖ ਕੇ ਮੇਰੇ ਮਨ ਨੇ ਸੁਖ ਪਾਇਆ ਹੈ ਅਤੇ ਦੁਖਦਾਈ ਹਉਮੈ ਰੂਪੀ ਰੋਗ ਭੀ ਦੂਰ ਹੋ ਗਿਆ ਹੈ॥ ੨ ॥

ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ ॥

ਜੇਹੜੇ ਪੁਰਸ਼ ਰਾਤ ਦਿਨ ਹਿਰਦੇ ਵਿਚ ਹਰੀ ਨਾਮ ਨੂੰ ਧਿਆਉਂਦੇ ਹਨ, ਉਹਨਾਂ ਦਾ ਸਾਰਾ ਮਨੁੱਖਾ ਜਨਮ ਸਫਲ ਹੋਇਆ ਹੈ।

ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਇਆ ॥ ੩ ॥

ਉਹ ਗੁਰਮੁਖ ਆਪ ਤਰੇ ਹਨ ਅਤੇ ਸਾਰੀ ਸ੍ਰਿਸ਼ਟੀ ਤਾਰੀ ਹੈ, ਉਹਨਾਂ ਦੀ ਕੁਲ ਦੇ ਸਾਰੇ ਜੀਵ ਭੀ ਪਾਰ ਉਤਰ ਗਏ ਹਨ॥ ੩ ॥

ਤੁਧੁ ਆਪੇ ਆਪਿ ਉਪਾਇਆ ਸਭੁ ਜਗੁ ਤੁਧੁ ਆਪੇ ਵਸਿ ਕਰਿ ਲਇਆ ॥

ਹੇ ਹਰੀ ! ਤੁਸਾਂ ਨੇ ਆਪਣੇ ਆਪ ਤੋਂ ਸਾਰਾ ਜਗਤ ਪੈਦਾ ਕੀਤਾ ਹੈ ਅਤੇ ਤੁਸਾਂ ਨੇ ਆਪਣੇ ਵਸ ਵਿਚ ਹੀ ਸਾਰਿਆਂ ਨੂੰ ਕਰ ਲਿਆ ਹੈ।

[ਪੰਨਾ ੧੨੬੫]

ਜਨ ਨਾਨਕ ਕਉ ਪ੍ਰਭਿ ਕਿਰਪਾ ਧਾਰੀ
ਬਿਖੁ ਡੁਬਦਾ ਕਾਢਿ ਲਇਆ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਸੇਵਕ ਜਨ ਉਤੇ ਤੁਸਾਂ ਨੇ ਕਿਰਪਾ ਦ੍ਰਿਸ਼ਟੀ ਧਾਰਨਾ ਕੀਤੀ ਹੈ, ਮੈਂ ਜ਼ਹਿਰ ਦੇ ਸਮੁੰਦਰ ਸੰਸਾਰ ਵਿਚ ਡੁਬਦਾ ਜਾਂਦਾ ਸਾਂ ਪਰ ਤੁਸਾਂ ਨੇ ਬਾਹਰ ਕੱਢ ਲਿਆ ਹੈ॥ ੪ ॥ ੬ ॥

ਮਲਾਰ ਮਹਲਾ ੪ ॥

ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥

ਜਿਨ੍ਹਾਂ ਨੇ ਗੁਰਾਂ ਦੀ ਕ੍ਰਿਪਾ ਦੁਆਰੇ ਨਾਮ ਅੰਮ੍ਰਿਤ ਨਹੀਂ ਪੀਤਾ, ਉਹਨਾਂ ਦੇ ਅੰਦਰੋਂ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਭੁਖ ਜਾਂਦੀ ਨਹੀਂ ਹੈ।

ਮਨਮੁਖ ਮੂੜ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥

ਉਹ ਮਨਮੁਖ ਮੂਰਖ ਹੰਕਾਰੀ ਤ੍ਰਿਸ਼ਨਾ ਦੀ ਅੱਗ ਵਿਚ ਹੀ ਸੜਦੇ ਹਨ ਅਤੇ ਹੰਗਤਾ ਮਮਤਾ ਵਿਚ ਹੀ ਦੁੱਖ ਪਾਂਦੇ ਹਨ।

ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥

ਉਹਨਾਂ ਨੇ ਵਿਅਰਥ ਕੰਮਾਂ ਵਿਚ ਆਉਂਦਿਆਂ ਜਾਂਦਿਆਂ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ, ਜਿਸ ਵੇਲੇ ਦੁੱਖ ਆ ਕੇ ਲੱਗਦਾ ਹੈ ਤਾਂ ਪਛਤਾਂਦੇ ਹਨ।

ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ॥ ੧॥

ਜਿਸ ਪ੍ਰਭੂ ਤੋਂ ਪੈਦਾ ਹੋਏ ਹਨ, ਉਸ ਨੂੰ ਸਿਮਰਦੇ ਨਹੀਂ ਹਨ, ਉਸ ਦੇ ਜੀਊਣੇ ਨੂੰ ਧ੍ਰਿਕਾਰ ਹੈ, ਪੁਨਾ- ਉਸ ਦੇ ਖਾਣੇ ਨੂੰ ਭੀ ਧ੍ਰਿਕਾਰ ਹੈ॥ ੧॥

ਪ੍ਰਾਣੀ ਗੁਰਮੁਖਿ ਨਾਮੁ ਧਿਆਈ॥

ਹੇ ਪ੍ਰਾਣੀ ! ਤੂੰ ਗੁਰਮੁਖਿ=ਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਣਾ ਕਰ।

ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ॥ ੧॥ ਰਹਾਉ॥

ਹਰਿ ਹਰਿ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਕੇ ਪੂਰਿਆਂ ਗੁਰਾਂ ਨਾਲ ਮੇਲੇ ਤਾਂ ਹੀ ਗੁਰਮੁਖ ਜਗਿਆਸੂ ਦੀ ਹਰਿ ਹਰਿ ਨਾਮੀ ਵਿਚ ਸਮਾਈ ਹੁੰਦੀ ਹੈ॥ ੧॥ ਰਹਾਉ॥

ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ॥

ਮਨਮੁਖ ਪੁਰਸ਼ ਦਾ ਅਮੋਲਕ ਮਨੁੱਖਾ ਜਨਮ ਵਿਅਰਥ ਹੋ ਰਿਹਾ ਹੈ, ਆਵਤ ਜਾਤ=ਆਉਣੇ ਜਾਣ ਵਿਚ, ਭਾਵ ਜਨਮ ਮਰਨ ਵਿਚ ਲਜਾਵਾਨ ਹੁੰਦਾ ਹੈ।

ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ॥

ਮਨਮੁਖ ਹੰਕਾਰੀ ਕਾਮ, ਕ੍ਰੋਧ ਆਦਿਕਾਂ ਵਿਚ ਡੁਬ ਰਹੇ ਹਨ ਅਤੇ ਹੰਗਤਾ ਮਮਤਾ ਵਿਚ ਜਲਿਜਾਈ=ਸੜ ਜਾਂਦੇ ਹਨ।

ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ॥

ਵਿਕਾਰਾਂ ਵਿਚ ਮਧਿਮ ਮਤੀ ਹੋਣ ਕਰਕੇ ਆਤਮ ਵਿਛੈਣੀ ਬੁੱਧੀ ਪ੍ਰਾਪਤ ਨਹੀਂ ਹੁੰਦੀ, ਇਸੇ ਕਰਕੇ ਉਹਨਾਂ ਨੂੰ ਸਿਧਿ ਨ=ਮੁਕਤੀ ਨਹੀਂ ਮਿਲਦੀ, ਲੋਭ ਦੀ ਲਹਿਰ ਕਰਕੇ ਦੁੱਖ ਨੂੰ ਪਾਂਦੇ ਹਨ।

ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ॥ ੨॥

ਨਿਗੁਰੇ ਪੁਰਸ਼ ਨੇ ਗੁਰੂ ਤੋਂ ਬਿਨਾਂ ਬੜਾ ਦੁੱਖ ਪਾਇਆ ਹੈ, ਜਿਸ ਵੇਲੇ ਜਮ ਫੜਦਾ ਹੈ ਤਾਂ ਬਹੁਤ ਹੀ ਵਿਰਲਾਪ ਕਰਦਾ ਹੈ॥ ੨॥

ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ॥

ਗੁਰਮੁਖਾਂ ਨੇ ਗੁਰਾਂ ਦੁਆਰੇ ਹਰੀ ਅਗੋਚਰ ਦਾ ਨਾਮ ਸਹਜਿ ਸੁਭਾਈ=ਸੁਤੇ ਸਿਧ ਪਾਉਣਾ ਕੀਤਾ ਹੈ।

ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ॥

ਗੁਰਮੁਖਾਂ ਦੇ ਘਟ ਅੰਦਰ ਨਾਮ ਨਿਧੀਆਂ ਦਾ ਖ਼ਜ਼ਾਨਾ ਵਸਿਆ ਹੈ, ਗੁਰਮੁਖਾਂ ਦੀ ਰਸਨਾ ਵੀ ਹਰੀ ਗੁਣਾਂ ਨੂੰ ਗਾਉਂਦੀ ਹੈ।

ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ॥

ਗੁਰਮੁਖ ਰਾਤ ਦਿਨ ਹਮੇਸ਼ਾ ਅਨੰਦ ਰਹਿੰਦੇ ਹਨ, ਗੁਰਮੁਖਾਂ ਨੇ ਇਕ ਅਦੁੱਤੀ ਬ੍ਰਹਮ ਦੇ ਵਿਚ ਬਿਰਤੀ ਲਗਾਈ ਹੈ।

ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥ ੩ ॥

ਗੁਰਮੁਖਾਂ ਨੇ ਜਿਹੜਾ ਸਹਿਜੇ ਹੀ ਨਾਮ ਪਦਾਰਥ ਪਾਇਆ ਹੈ, ਇਹ ਸਤਿਗੁਰਾਂ ਦੀ ਵਡਿਆਈ ਹੈ ॥ ੩ ॥

ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ ॥

ਸਤਿਗੁਰਾਂ ਦੇ ਉਪਦੇਸ਼ ਦੁਆਰਾ ਹਰਿ ਹਰਿ ਨਾਮ ਮਨ ਵਿਚ ਵਸਿਆ ਹੈ, ਏਸੇ ਕਰਕੇ ਸਤਿਗੁਰਾਂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ।

ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ ॥

ਗੁਰਾਂ ਅੱਗੇ ਆਪਣਾ ਮਨ ਤਨ ਸਾਰਾ ਅਰਪਣ ਕਰਕੇ ਰੱਖਣਾ ਕਰੋ ਅਤੇ ਗੁਰ-ਚਰਨਾਂ ਵਿਚ ਚਿੱਤ-ਬਿਰਤੀ ਨੂੰ ਲਗਾਣਾ ਕਰੋ।

ਅਪਣੀ ਕ੍ਰਿਪਾ ਕਰਹੁ ਗੁਰ ਪੂਰੇ ਆਪੇ ਲੈਹੁ ਮਿਲਾਈ ॥

ਹੇ ਪੂਰਨ ਗੁਰੋ ! ਆਪਣੀ ਕ੍ਰਿਪਾ ਦ੍ਰਿਸ਼ਟੀ ਕਰੋ ਤੇ ਆਪਣੇ ਨਾਲ ਮਿਲਾ ਲੈਣਾ ਕਰੋ।

ਹਮ ਲੋਹ ਗੁਰ ਨਾਵ ਬੋਹਿਥਾ ਨਾਨਕ ਪਾਰਿ ਲੰਘਾਈ ॥ ੪ ॥ ੭ ॥

ਅਸੀਂ ਲੋਹੇ ਵਾਂਙੂ ਪਾਪਾਂ ਕਰਕੇ ਭਾਰੇ ਹਾਂ, ਹੇ ਗੁਰੋ ! ਆਪ ਜੀ ਪਾਸ ਭਗਤੀ ਰੂਪ ਨੌਕਾ ਤੇ ਨਾਮ ਗਿਆਨ ਰੂਪੀ ਜਹਾਜ਼ ਹੈ, ਉਸ ਦੁਆਰੇ ਮੈਨੂੰ ਪਾਰ ਲੰਘਾ ਦਿਓ ॥ ੪ ॥ ੭ ॥

ਮਲਾਰ ਮਹਲਾ ੪ ਪੜਤਾਲ ਘਰੁ ੩

੧ੴ ਸਤਿਗੁਰ ਪ੍ਰਸਾਦਿ ॥

ਹਰਿ ਜਨ ਬੋਲਤ ਸ੍ਰੀਰਾਮ ਨਾਮਾ ਮਿਲਿ ਸਾਧਸੰਗਤਿ ਹਰਿ ਤੋਰ ॥ ੧ ॥ ਰਹਾਉ ॥

ਇਸ ਸ਼ਬਦ ਦੁਆਰਾ ਉਸ ਪਰਮੇਸ਼ਰ ਦੀ ਪੜਤਾਲ ਕਰਾਉਂਦੇ ਹਨ ਅਤੇ ਹਰੀ ਦੇ ਸੇਵਕ ਜਨਾਂ ਦਾ ਨਿਸਚਾ ਦਰਸਾਉਂਦੇ ਹਨ।

ਹਰੀ ਦੇ ਸੰਤ ਜਨ ਸ੍ਰੀ ਰਾਮ ਨਾਮ ਨੂੰ ਬੋਲਦੇ ਰਹਿੰਦੇ ਹਨ ਅਤੇ ਹਰੀ ਦੀ ਸਤਸੰਗਤ ਨਾਲ ਮਿਲ ਕੇ ਹਰੀ ਨੂੰ ਤੋਰ=ਤੋਲਦੇ, ਭਾਵ ਵਿਚਾਰਦੇ ਰਹਿੰਦੇ ਹਨ ॥ ੧ ॥ ਰਹਾਉ ॥

ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ ਜਿਸੁ ਲਾਗਤ ਹੈ ਨਹੀ ਚੋਰ ॥ ੧ ॥

ਹੇ ਭਾਈ ! ਬਾਣੀ ਦੁਆਰਾ ਹਰੀ ਨਾਮ ਧਨ ਨੂੰ ਬਨਜਹੁ=ਖਰੀਦੋ, ਮਨ ਕਰਕੇ ਹਰੀ ਨਾਮ ਧਨ ਨੂੰ ਸੰਚਹੁ= ਇਕੱਠਾ ਕਰੋ, ਜਿਸ ਹਰੀ ਨਾਮ ਧਨ ਨੂੰ ਕੋਈ ਚੋਰ ਲੱਗਦਾ ਨਹੀਂ ਹੈ ॥ ੧ ॥

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥ ੨ ॥

ਜਿਵੇਂ ਘਨਿਹਰ=ਬੱਦਲ ਦੀ ਘੋਰ=ਧੁਨ ਨੂੰ ਸੁਣ ਕੇ ਚਾਤ੍ਰਿਕ ਅਤੇ ਮੋਰ ਦਿਨ ਰਾਤ ਬੋਲਦੇ ਹਨ।

ਤਿਵੇਂ ਗੁਰੂ ਰੂਪ ਬੱਦਲ ਦੀ ਬਾਣੀ ਨੂੰ ਸੁਣ ਕੇ ਚਾਤ੍ਰਿਕ=ਜਗਿਆਸੂ ਦਿਨ ਰਾਤ ਪ੍ਰਸੰਨ ਹੋਇਆ ਬੋਲਦਾ ਹੈ ਅਤੇ ਮਨ ਰੂਪੀ ਮੋਰ ਭੀ ਪ੍ਰਸੰਨ ਹੋਇਆ ਬੋਲਦਾ ਹੈ ॥ ੨ ॥

ਉਹਨਾਂ ਦੀ ਨਿਗਾਹ ਵਿਚ :-

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥

ਮ੍ਰਿਗ=ਹਰਨ, ਮੀਨ=ਮੱਛ, ਪੰਖੇਰੂ=ਪੰਛੀ ਆਦਿਕ ਜੋ ਭੀ ਬੋਲਦਾ ਹੈ, ਉਹ ਹਰੀ ਤੋਂ ਬਿਨਾਂ ਹੋਰ ਕਿਸੇ ਦਾ ਜਾਪ ਨਹੀਂ ਕਰਦਾ। ਅਰਥਾਤ ਏਹ ਸਾਰੇ ਹਰੀ ਸੁਆਮੀ ਦਾ ਹੀ ਜਾਪ ਕਰਦੇ ਹਨ॥ ੩॥

ਨਾਨਕ ਜਨ ਹਰਿ ਕੀਰਤਿ ਗਾਈ
ਛੂਟਿ ਗਇਓ ਜਮ ਕਾ ਸਭ ਸੋਰ॥੪॥੧॥੮॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖ ਜਨਾਂ ਨੇ ਕੇਵਲ ਹਰੀ ਦੀ ਕੀਰਤੀ ਗੈਣ ਕੀਤੀ ਹੈ, ਇਸ ਕਰਕੇ ਉਹਨਾਂ ਦੇ ਮਗਰੋਂ ਜਮਾਂ ਦਾ ਸਾਰਾ ਸ਼ੋਰ ਸ਼ਰਾਬਾ ਛੁੱਟ ਗਿਆ ਹੈ॥ ੪॥ ੧॥ ੮॥

ਮਲਾਰ ਮਹਲਾ ੪॥
ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ॥

ਬਡਭਾਗੀ=ਵੱਡਿਆਂ ਭਾਗਾਂ ਵਾਲੇ ਪੁਰਸ਼ ਮਨ ਕਰਕੇ ਰਾਮ ਨੂੰ ਬੋਲਦੇ ਹਨ, ਤਨ ਕਰਕੇ ਰਾਮ ਨੂੰ ਬੋਲਦੇ ਹਨ, ਬਾਣੀ ਦੁਆਰਾ ਰਾਮ ਨੂੰ ਬੋਲਦੇ ਹਨ ਅਤੇ ਓਸੇ ਰਾਮ ਨੂੰ ਹੀ ਖੋਜਦੇ ਹਨ।

ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾ ਕੈ ਪਾਇ ਲਾਗੀ॥੧॥ਰਹਾਉ॥

ਜੇਹੜਾ ਕੋਈ ਮੈਨੂੰ ਹਰੀ ਦਾ ਰਸਤਾ ਦੱਸੇਗਾ, ਹਉ=ਮੈਂ ਉਸ ਦੇ ਚਰਨੀਂ ਲਗਾਂਗੀ॥ ੧॥ ਰਹਾਉ॥

ਹਰਿ ਹਮਾਰੋ ਮੀਤੁ ਸਖਾਈ ਹਮ ਹਰਿ ਸਿਉ ਪ੍ਰੀਤਿ ਲਾਗੀ॥

ਹਰੀ ਹੀ ਸਾਡਾ ਸਖਾਈ=ਪਿਆਰਾ ਮਿੱਤਰ ਹੈ। ਅਥਵਾ:-ਹਰੀ ਸਾਡਾ ਇਸ ਲੋਕ ਦਾ ਮਿਤ੍ਰ ਹੈ ਅਤੇ ਪ੍ਰਲੋਕ ਦਾ ਭੀ ਸਖਾਈ=ਸਖਾ (ਮ੍ਰਿਤ) ਹੈ, ਸਾਡੀ ਹਰੀ ਨਾਲ ਪ੍ਰੀਤੀ ਲੱਗ ਰਹੀ ਹੈ।

[ਪੰਨਾ ੧੨੬੬]

ਹਰਿ ਹਮ ਗਾਵਹਿ ਹਰਿ ਹਮ ਬੋਲਹਿ
ਅਉਰੁ ਦੁਤੀਆ ਪ੍ਰੀਤਿ ਹਮ ਤਿਆਗੀ॥੧॥

ਅਸੀਂ ਹਰੀ ਦੇ ਗੁਣ ਗਾਉਂਦੇ ਹਾਂ, ਅਸੀਂ ਹਰੀ ਦੇ ਜਸ ਨੂੰ ਬੋਲਦੇ ਹਾਂ, ਅਉਰੁ=ਹੋਰ ਦੂਜੀ ਪ੍ਰੀਤੀ ਅਸਾਂ ਨੇ ਤਿਆਗ ਦਿੱਤੀ ਹੈ॥ ੧॥

ਮਨ ਮੋਹਨ ਮੋਰੋ ਪ੍ਰੀਤਮ ਰਾਮੁ ਹਰਿ ਪਰਮਾਨੰਦੁ ਬੈਰਾਗੀ॥

ਜੋ ਮਨ ਦੇ ਮੋਹਨ ਵਾਲਾ ਰਾਮ ਪਰਮ ਅਨੰਦ ਸਰੂਪ ਤੇ ਸੰਸਾਰ ਵਲੋਂ ਵੈਰਾਗੀ ਹੈ, ਓਹੀ ਹਰੀ ਰਾਮ ਮੇਰਾ ਅਸਲ ਪ੍ਰੀਤਮ ਹੈ।

ਹਰਿ ਦੇਖੇ ਜੀਵਤ ਹੈ ਨਾਨਕੁ
ਇਕ ਨਿਮਖ ਪਲੋ ਮੁਖਿ ਲਾਗੀ॥੨॥੨॥੯॥੯॥੧੩॥੯॥੩੧॥

ਗੁਰੂ ਜੀ ਕਥਨ ਕਰਦੇ ਹਨ—ਹਰੀ ਦੇ ਦੇਖਣ ਕਰਕੇ ਹੀ ਮੇਰਾ ਜੀਵਨ ਹੁੰਦਾ ਹੈ, ਇਸ ਲਈ ਬੇਨਤੀ

ਕਰਦਾ ਹਾਂ-ਹੇ ਹਰੀ ! ਪਲ ਦਾ ਇਕ ਨਿਮਖ ਮਾਤ੍ਰ ਤੂੰ ਮੇਰੇ ਮੂੰਹ ਲਗਨਾ ਕਰ, ਅਰਥਾਤ ਦਰਸ਼ਨ ਦੇਣਾ ਕਰ॥ ੨॥ ੨॥ ੯॥ ੯॥ ੧੩॥ ੯॥ ੩੧॥*

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧

੧ਓ ਸਤਿਗੁਰ ਪ੍ਰਸਾਦਿ॥

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ॥

ਹੇ ਪੁਰਸ਼ਾ ! ਮਨ ਕਰਕੇ ਤੂੰ ਕੀ ਸੋਚਦਾ ਹੈਂ, ਬਾਣੀ ਕਰਕੇ ਤੂੰ ਕੀ ਚਿਤਵਦਾ ਹੈਂ ਅਤੇ ਤਨ ਕਰਕੇ ਤੂੰ ਕੀ ਉਪਾਏ=ਜਤਨ ਕਰਦਾ ਹੈਂ।

ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ॥ ੧॥

ਜਿਸ ਦੀ ਸਹਾਇਤਾ ਆਪ ਗੋਪਾਲ ਪ੍ਰਭੂ ਕਰਦਾ ਹੈ, ਦੱਸੋ ਖਾਂ ਉਸ ਪੁਰਸ਼ ਨੂੰ ਕਿਸੇ ਦੀ ਕੀ ਪਰਵਾਹ ਹੈ, ਅਰਥਾਤ ਕੋਈ ਪਰਵਾਹ ਨਹੀਂ ਹੈ॥ ੧॥

ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥

ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ॥ ੧॥ ਰਹਾਉ॥

ਹੇ ਸਖੀ ! ਜਿਸ ਵੇਲੇ ਗੁਰੂ ਰੂਪ ਬੱਦਲ ਨੇ ਉਪਦੇਸ਼ ਯਾਂ ਨਾਮ ਰੂਪ ਜਲ ਦੀ ਵਰਖਾ ਕੀਤੀ, ਤਾਂ ਮੋਹਿ ਦੀਨ=ਮੈਂ ਗਰੀਬ ਦੇ ਘਰ ਵਿਚ ਪਾਹੁਨ ਆਏ=ਪ੍ਰਾਹੁਣੇ ਮਹਾਤਮਾ ਆਏ, ਵਾ:-ਸ਼ੁਭ ਗੁਣਾਂ ਰੂਪੀ ਪ੍ਰਾਹੁਣੇ ਆਏ, ਉਹ ਪ੍ਰਾਹੁਣੇ ਮਹਾਤਮਾ ਕੈਸੇ ਹਨ? ਉੱਤਰ:-ਜਿਨ੍ਹਾਂ ਨੇ ਮੋਹ ਆਦਿਕਾਂ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ, ਪੁਨਾ-ਨੌਂ ਨਿਧੀਆਂ ਦੇ ਦੇਣ ਵਾਲਾ ਜੋ ਕ੍ਰਿਪਾ ਦੀ ਨਿਧੀ ਠਾਕੁਰ ਸੁਆਮੀ ਹੈ ਉਸ ਨਾਮੀ ਪਰਮਾਤਮਾ ਵਿਚ ਸਮਾਏ ਹੋਏ ਹਨ॥ ੧॥ ਰਹਾਉ॥

ਅੱਗੇ ਬੇਨਤੀ ਕਰਦਾ ਹੈ:-

ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ॥

ਸ੍ਰਵਣ ਕਰਨੇ ਰੂਪ ਅਨੇਕ ਤਰ੍ਹਾਂ ਦੇ ਸਲੂਣੇ ਭੋਜਨ ਤੇ ਮਨਨ ਕਰਨੇ ਰੂਪ ਬਹੁਤ ਤਰ੍ਹਾਂ ਦੇ ਮਿੱਠੇ ਭੋਜਨ ਅਤੇ ਨਿਧਿਆਸਣ ਕਰਨੇ ਰੂਪ ਬਹੁਤੇ ਸਵਾਦੀ ਭੋਜਨ ਤਿਆਰ ਕੀਤੇ ਹਨ।

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ॥ ੨॥

---

*੨ ਅੰਕ ਸ਼ਬਦ ਸਮਾਪਤੀ ਦੇ ਦੋ ਪਾਦ ਹਨ।
੨ ਅੰਕ ਦੂਜਾ ਇਹ ਜਨਾਉਂਦਾ ਹੈ ਕਿ ਦੋ ਪੜਤਾਲਾਂ ਆਈਆਂ ਹਨ।
ਦੋ ਪੜਤਾਲਾਂ ਤੇ ੭ ਸ਼ਬਦ ਪਿਛਲੇ।
ਇਹ ਸਾਰੇ ਨੌਂ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਆਏ ਹਨ।
੯ ਸ਼ਬਦ ਪਹਿਲੀ ਪਾਤਸ਼ਾਹ ਜੀ ਦੇ ਆਏ ਹਨ।
੧੩ ਸ਼ਬਦ ਤੀਜੀ ਪਾਤਸ਼ਾਹ ਜੀ ਦੇ ਆਏ ਹਨ।
੯ ਸ਼ਬਦ ਚੌਥੀ ਪਾਤਸ਼ਾਹ ਜੀ ਦੇ ਆਏ ਹਨ।
੩੧ ਕੁਲ ਜੋੜ ਸਾਰਿਆਂ ਸ਼ਬਦਾਂ ਦਾ ਇਥੋਂ ਤੱਕ ਆਇਆ ਹੈ।*

ਪੂਰਬ ਕਹੀ ਹੋਈ ਪਾਕ-ਸਾਲ=ਰਸੋਈ ਦੀ ਜਗ੍ਹਾ ਬੁੱਧੀ ਸੋਚ=ਵਿਚਾਰ ਕੇ ਸੋਚ ਪਵਿਤ੍ਰਾ=ਪਵਿੱਤ੍ਰ ਤੋਂ ਪਵਿੱਤ੍ਰ ਕੀਤੀ ਹੈ, ਹੇ ਹਰੀ ਰਾਜੇ ! ਹੁਣ ਤਾਂ ਆਪ ਭੋਗ ਲਗਾਉਣਾ ਕਰੋ। ਅਰਥਾਤ—ਪ੍ਰਤੱਖ ਦਰਸ਼ਨ ਦੇ ਕੇ ਮੇਰੇ ਸਾਧਨ ਸਫਲ ਕਰ ਦਿਓ॥ ੨॥

ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ॥

ਕਾਮ ਕ੍ਰੋਧ ਆਦਿਕ ਦੁਸ਼ਟ ਬਿਦਾਰੇ=ਨਾਸ ਹੋ ਗਏ ਹਨ, ਸਾਜਨ=ਸੱਤ ਸੰਤੋਖ ਆਦਿਕ ਸ਼ੁਭ ਗੁਣ ਰਹਸੇ=ਅਨੰਦ ਹੋਏ ਹਨ, ਕਿਉਂਕਿ ਇਸ ਮੇਰੇ ਮੰਦਿਰ=ਸਰੀਰ ਨੂੰ ਆਪਣਾ ਘਰ ਜਾਣ ਕੇ ਇਸ ਦੇ ਮੰਦਿਰ= ਅੰਦਰ ਆ ਕੇ ਸਖਿਆਤਕਾਰ ਹੋਏ ਹਨ।

ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ॥ ੩॥

ਜਿਸ ਵੇਲੇ ਲਾਲੁ=ਪਿਆਰਾ ਰੰਗੀਓ=ਅਨੰਦ ਸਰੂਪ ਪ੍ਰਭੂ ਮੇਰੇ ਅੰਤਹਕਰਣ ਰੂਪੀ ਘਰ ਵਿਚ ਆ ਕੇ ਸਖਿਆਤਕਾਰ ਹੋਇਆ ਤਾਂ ਮੈਂ ਸਾਰੇ ਸੁਖ ਪਾਏ ਹਨ॥ ੩॥

ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ॥

ਮੱਥੇ 'ਪਰ ਧੁਰ ਦੇ ਲੇਖਾਂ ਦੇ ਲਿਖੇ ਅਨੁਸਾਰ ਮੈਂ ਸੰਤ ਸਭਾ ਵਿਚ ਜਾ ਕੇ ਪੂਰਿਆਂ ਗੁਰਾਂ ਦੀ ਓਟ ਲੀਤੀ ਹੈ। ਗੁਰ ਕ੍ਰਿਪਾ ਦੁਆਰੇ ਹੀ-

ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥

ਗੁਰੂ ਜੀ ਕਥਨ ਕਰਦੇ ਹਨ—ਜਦ ਦਾ ਮੈਂ ਰੰਗੀਲਾ=ਅਨੰਦੀ ਪਤੀ ਪਰਮਾਤਮਾ ਪਾਇਆ ਹੈ ਤਦ ਤੋਂ ਦਾਸ ਨੂੰ ਮੁੜ ਕਦੇ ਆ ਕੇ ਦੁੱਖ ਨਹੀਂ ਲੱਗਾ॥ ੪॥ ੧॥

ਮਲਾਰ ਮਹਲਾ ੫॥

ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ॥

ਜਦੋਂ ਬੱਚਾ ਖੀਰ=ਦੁੱਧ ਦੇ ਅਧਾਰਿ=ਆਸਰੇ ਹੁੰਦਾ ਹੈ, ਤਦੋਂ ਉਸ ਨੂੰ ਖੀਰੈ=ਦੁੱਧ ਤੋਂ ਬਿਨਾਂ ਰਿਹਾ ਨਹੀਂ ਜਾਂਦਾ।

ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ॥ ੧॥

ਉਸ ਦੀ ਸਾਰ ਸਮ੍ਹਾਲਿ=ਖਬਰਸਾਰ ਰੱਖਣ ਵਾਲੀ ਮਾਂ ਜਦ ਉਸ ਦੇ ਮੂੰਹ ਵਿਚ ਆਪਣਾ ਥਣ ਨੀਰੈ= ਚੁਆਂਦੀ ਹੈ, ਉਹ ਬੱਚਾ ਤ੍ਰਿਪਤ ਹੋ ਕੇ ਅਘਾਈ=ਰੱਜ ਜਾਂਦਾ ਹੈ॥ ੧॥

ਹਮ ਬਾਰਿਕ ਪਿਤਾ ਪ੍ਰਭੁ ਦਾਤਾ॥

ਹੇ ਦਾਤੇ ਪ੍ਰਭੂ ! ਆਪ ਸਾਡੇ ਪਿਤਾ ਰੂਪ ਹੋ ਅਸੀਂ ਤੇਰੇ ਬਾਰਿਕ=ਬੱਚੇ ਹਾਂ।

ਭੂਲਹਿ ਬਾਰਿਕ ਅਨਿਕ ਲਖ ਬਰੀਆ
ਅਨ ਠਉਰ ਨਾਹੀ ਜਹ ਜਾਤਾ॥ ੧॥ ਰਹਾਉ॥

ਅਨੇਕਾਂ ਤੇ ਲੱਖਾਂ ਵਾਰੀ ਅਸੀਂ ਬੱਚੇ ਭੁਲਣ ਵਾਲੇ ਹਾਂ, ਆਪ ਜੀ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ ਜਿਥੇ

ਅਸੀਂ ਚਲੇ ਜਾਈਏ॥ ੧॥ ਰਹਾਉ॥

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ॥

ਜਿਵੇਂ ਵਿਚਾਰੇ ਬਾਲਕ ਦੀ ਬੁੱਧੀ ਚੰਚਲ ਹੁੰਦੀ ਹੈ, ਇਸ ਲਈ ਉਹ ਸੱਪ ਤੇ ਅੱਗ ਵਿਚ ਹੱਥ ਪਾ ਦੇਂਦਾ ਹੈ।

ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ॥ ੨॥

ਜਦ ਮਾਂ ਪਿਉ ਬੱਚੇ ਨੂੰ ਗਲ ਨਾਲ ਲੱਗਾ ਕੇ ਰੱਖਦੇ ਹਨ ਤਦ ਉਸ ਸਹਜੇ ਹੀ ਅਨੰਦ ਨਾਲ ਖੇਡਦਾ ਹੈ। ਇਸੇ ਤਰ੍ਹਾਂ ਹੇ ਪ੍ਰਭੂ ! ਅਸੀਂ ਭੀ ਚੰਚਲ ਬੱਚੇ ਹਾਂ, ਕਾਮ ਕ੍ਰੋਧ ਆਦਿਕ ਸੱਪਾਂ ਵਿਚ ਤੇ ਤ੍ਰਿਸ਼ਨਾ ਰੂਪ ਅੱਗ ਵਿਚ ਮਨ ਬੁੱਧੀ ਰੂਪ ਹੱਥ ਮੇਲ ਦੇਂਦੇ ਹਾਂ, ਜਿਸ ਵੇਲੇ ਮਾਂ ਪਿਉ ਵਾਂਙੂ ਤੁਸੀਂ ਆਪਣੇ ਗਲ ਨਾਲ ਲੱਗਾ ਰੱਖਦੇ ਹੋ, ਉਸ ਵੇਲੇ ਅਸੀਂ ਸਹਜੇ ਅਨੰਦ ਨਾਲ ਖੇਡਦੇ ਹਾਂ॥ ੨॥

ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ॥

ਹੇ ਮੇਰੇ ਸੁਆਮੀ ! ਜਿਸ ਦਾ ਤੂੰ ਪਿਤਾ ਹੈਂ, ਉਸ ਬੱਚੇ ਨੂੰ ਕੈਸੀ ਭੁੱਖ ਹੈ, ਭਾਵ- ਉਸ ਬੱਚੇ ਨੂੰ ਕਿਸੇ ਪਦਾਰਥ ਦੀ ਤ੍ਰਿਸ਼ਨਾ ਨਹੀਂ ਹੈ।

ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ॥ ੩॥

ਕਿਉਂਕਿ ਆਪ ਜੀ ਦੇ ਘਰ ਵਿਚ ਨੌਂ ਨਿਧੀਆਂ ਦੇ ਦੇਣ ਵਾਲਾ ਨਾਮ ਰੂਪ ਖਜ਼ਾਨਾ ਹੈ, ਇਸ ਕਰਕੇ ਬੱਚਾ ਜਗਿਆਸੂ ਜੋ ਭੀ ਮਨ ਵਿਚ ਬਾਂਛੈ=ਚਾਹੁੰਦਾ ਹੈ, ਓਹੀ ਪਦਾਰਥ ਲੈਸੀ=ਲੈਂਦਾ ਹੈ॥ ੩॥

ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ॥

ਹੇ ਕ੍ਰਿਪਾਲੂ ਪਿਤਾ ਪਰਮਾਤਮਾ ! ਤੂੰ ਆਪਣੀ ਏਹ ਆਗਿਆ ਬੇਦਾਂ ਸ਼ਾਸਤ੍ਰਾਂ ਵਿਚ,

ਵਾ:-ਗੁਰਾਂ ਨੂੰ ਪ੍ਰਗਟ ਕਰ ਦਿੱਤੀ ਹੈ, ਕਿ ਬਾਰਿਕ ਜਗਿਆਸੂ ਜੋ ਮੂੰਹੋਂ ਮੰਗੇ ਉਸ ਨੂੰ ਓਹੀ ਪਦਾਰਥ ਦੇਣਾ ਹੈ।

ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ ਮੋਹਿ ਹ੍ਰਿਦੈ ਬਸਹਿ ਨਿਤ ਚਰਨਾ॥੪॥੨॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਬੇ-ਸਮਝ ਬੱਚਾ ਤੇਰੇ ਦਰਸ਼ਨ ਨੂੰ ਚਾਹੁੰਦਾ ਹਾਂ ਅਤੇ ਇਹ ਭੀ ਕ੍ਰਿਪਾ ਕਰੋ; ਕਿ ਆਪ ਜੀ ਦੇ ਪਵਿੱਤ੍ਰ ਚਰਨ ਮੇਰੇ ਹਿਰਦੇ ਵਿਚ ਸਦਾ ਵਸਦੇ ਰਹਿਣ॥ ੪॥ ੨॥

ਮਲਾਰ ਮਹਲਾ ੫॥

ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ॥

ਸਾਰੀਆਂ ਵਿਧੀਆਂ ਜੋੜ ਕੇ ਪ੍ਰਭੂ ਨਾਲ ਮਿਲਣ ਦਾ ਆਹਰੁ=ਉਦਮ ਕੀਤਾ ਹੈ ਜਾਂ ਸਭ ਤਰ੍ਹਾਂ ਕਰਕੇ ਪਰਮੇਸ਼ਰ ਨਾਲ ਜੁਰਿ=ਜੁੜਨ ਦਾ ਆਹਰੁ=ਉਦਮ ਕੀਤਾ ਹੈ,

ਅਥਵਾ:-ਸਾਰਿਆਂ ਸਾਧਨਾਂ ਵਿਚ ਜੁੜਨ ਦਾ ਪਹਿਲੇ ਉਦਮ ਕੀਤਾ ਹੈ, ਫੇਰ ਸਾਰਾ ਅੰਦੇਸਾ=ਸੰਸਾ ਛੱਡ ਦਿੱਤਾ ਹੈ।

ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ॥ ੧॥

ਠਾਕੁਰ=ਪਰਮਾਤਮਾ ਦਾ ਭਰੋਸਾ ਰੱਖ ਕੇ ਸਰੂਪ ਰੂਪੀ ਘਰ ਦੀ ਪ੍ਰਾਪਤੀ ਦਾ ਸਾਰਾ ਕੰਮ ਅਰੰਭ ਦਿੱਤਾ ਹੈ॥ ੧॥

ਸੁਨੀਐ ਬਾਜੈ ਬਾਜ ਸੁਹਾਵੀ॥

ਨਾਮਾਂ ਰੂਪ ਵਾਜਿਆਂ ਦੀ ਸੋਭਨੀਕ ਬਾਜ=ਧੁਨੀ ਸੁਣੀ ਹੈ।

ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ॥ ੧॥ ਰਹਾਉ॥

ਗਿਆਨ ਰੂਪ ਭੋਰੁ=ਦਿਨ ਦੇ ਹੁੰਦਿਆਂ ਹੀ ਮੈਂ ਪਤੀ ਪਰਮਾਤਮਾ ਦਾ ਮੂੰਹ ਦੇਖਿਆ ਹੈ, ਇਸ ਲਈ ਅੰਤਹਕਰਣ ਰੂਪ ਘਰ ਵਿਚ ਸੁਹਲਾਵੀ=ਸੋਭਨੀਕ ਮੰਗਲ=ਅਨੰਦ ਹੋਇਆ ਹੈ॥ ੧॥ ਰਹਾਉ॥

ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ॥

ਮਨ ਨੂੰ ਭਗਤੀ ਵਿਚ ਲੱਗਾ ਕੇ ਅੰਤਹਕਰਣ ਰੂਪ ਅਸਥਾਨ ਨੂੰ, ਵਾ:-ਇੰਦ੍ਰੀਆਂ ਨੂੰ ਸਵਾਰਨਾ ਕੀਤਾ ਹੈ, ਵਾ:-ਸਤਸੰਗ ਅਸਥਾਨ 'ਪਰ ਜਾ ਕੇ ਆਪਣੇ ਆਪ ਨੂੰ ਸੇਵਾ ਵਿਚ ਲੱਗਾ ਕੇ ਮਨ ਨੂੰ ਸਵਾਰਨਾ ਕੀਤਾ, ਤੇ ਸੰਤਾਂ ਪਾਸ ਜਾ ਕੇ ਰਸਤਾ ਪੁਛਿਆ ਹੈ।

ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ॥ ੨॥

ਢੂੰਢਦਿਆਂ ਢੂੰਢਦਿਆਂ ਮੈਨੂੰ ਪਰਮੇਸ਼ਰ ਪ੍ਰਾਹੁਣਾ ਮਿਲਿਆ ਹੈ, ਇਸ ਲਈ ਮੈਂ ਉਸ ਦੇ ਚਰਨਾਂ ਉਤੇ ਨਿਉਂਕੇ ਭਗਤੀ ਕਰਦੀ ਹਾਂ (ਸੇਵਾ ਕਰਦੀ ਹਾਂ)॥ ੨॥

[ਪੰਨਾ ੧੨੬੭]

ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ॥

ਜਿਸ ਵੇਲੇ ਪ੍ਰਿਅ=ਪਤੀ ਪਰਮਾਤਮਾ ਗ੍ਰਿਹਿ=ਅੰਤਹਰਕਣ ਰੂਪ ਆਸਣ 'ਪਰ ਆ ਕੇ ਵਸੇ, ਤਿਸ ਵੇਲੇ ਮੈਨੇ ਮੰਗਲੁ=ਖੁਸ਼ੀ ਦਾ ਗੀਤ ਗਾਉਣਾ ਕੀਤਾ।

ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੁ ਮਿਲਾਇਆ॥ ੩॥

ਮੇਰੇ ਮਿਤ੍ਰ ਮਹਾਤਮਾ ਸਾਜਨ=ਜਗਿਆਸੂ ਸਾਰੇ ਸੁਹੇਲੇ=ਸੋਭਨੀਕ, ਵਾ:-ਸੁਖੀ ਹੋਏ ਹਨ, ਪ੍ਰਭੂ ਨੇ ਬ੍ਰਹਮ ਨੇਸਠੀ ਬ੍ਰਹਮ ਸਰੋਤਰੀ ਪੂਰੇ ਗੁਰੂ ਨਾਲ ਮਿਲਾ ਦਿੱਤਾ ਹੈ॥ ੩॥

ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ॥

ਹੇ ਮੇਰੀਆਂ ਪਿਆਰੀਆਂ ਸਖੀਓ ! ਮੈਨੂੰ ਸਾਰੇ ਅਨੰਦ ਪ੍ਰਾਪਤ ਹੋਏ ਹਨ, ਗੁਰਾਂ ਨੇ ਸਾਡੇ ਸਾਰੇ ਕੰਮ ਪੂਰੇ ਕਰ ਦਿੱਤੇ ਹਨ।

ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ—ਮੈਨੂੰ ਸੁਖਾਂ ਦੇ ਦੇਣ ਵਾਲਾ ਪਤੀ ਪਰਮਾਤਮਾ ਮਿਲਿਆ ਹੈ, ਜੋ ਛੱਡ ਕੇ ਦੂਰ ਨਹੀਂ ਜਾਂਦਾ, ਭਾਵ ਜੁਦਾ ਨਹੀਂ ਹੁੰਦਾ ॥ ੪॥ ੩॥

ਮਲਾਰ ਮਹਲਾ ੫ ॥

ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ ॥

ਜੋ ਪਰਮਾਤਮਾ ਇਕ ਖਿਨ ਵਿਚ ਰਾਜੇ ਤੋਂ ਕੀੜਾ ਤੇ ਕੀੜੇ (ਗਰੀਬ) ਤੋਂ ਸੁਰਪਤਿ=ਦੇਵਤਿਆਂ ਦਾ ਪਤੀ ਇੰਦਰ ਕਰ ਦਿੰਦਾ ਹੈ, ਅਜੇਹੇ ਸਮਰੱਥ ਪ੍ਰਭੂ ਨੂੰ ਛੱਡ ਕੇ ਏਹ ਜੀਵ ਦੋਖ=ਪਾਪ ਕਰਮ ਕਰਕੇ ਜਠਰ=ਪੇਟ ਨੂੰ ਭਰਦੇ ਹਨ, ਅਰਥਾਤ ਪੇਟ ਦੀ ਪਾਲਣਾ ਕਰਦੇ ਹਨ।

ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ ॥ ੧ ॥

ਕਿਰਪਾ ਦੇ ਸਮੁੰਦਰ ਪਰਮਾਤਮਾ ਨੂੰ ਛੱਡ ਕੇ ਆਨ ਕਉ=ਹੋਰਨਾਂ ਨੂੰ ਪੂਜਦੇ ਹਨ, ਉਹ ਹਰਤੇ=ਹਰੀ ਤੋਂ ਬੇਮੁਖ ਹੋਣ ਕਰਕੇ ਆਤਮਘਾਤੀ ਹਨ॥ ੧੨ ॥

ਅਥਵਾ:-ਕਾਮ ਕ੍ਰੋਧ ਆਦਿਕ ਵਿਸ਼ਿਆਂ ਦੇ ਹਰਤੇ=ਦਬਾਏ ਹੋਏ ਹੋਣ ਕਰਕੇ ਆਤਮਘਾਤੀ ਹਨ।

ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥

ਜੋ ਹਰੀ ਨੂੰ ਬਿਸਰਤ=ਭੁਲਾ ਕੇ ਤੇ ਹਰ ਤਰ੍ਹਾਂ ਦੇ ਵਿਸ਼ਿਆਂ ਵਿਚ ਰਤ=ਪ੍ਰੀਤੀ ਕਰਦੇ ਹਨ, ਉਹ ਦੁੱਖੀ ਹੋ ਕੇ ਦੁੱਖਾਂ ਵਿਚ ਹੀ ਮਰਦੇ ਹਨ।

ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ ॥ ੧ ॥ ਰਹਾਉ ॥

ਬਹੁਤ ਸਾਰੀਆਂ ਜੂਨੀਆਂ ਵਿਚ ਅਨੇਕਾਂ ਵਾਰੀ ਭ੍ਰਮਹਿ=ਫਿਰਦੇ ਹਨ, ਉਹ ਕਿਸੇ ਗੁਰਮੁਖ ਜਨ ਮਹਾਤਮਾ ਦੀ ਟੇਕ=ਓਟ ਨਹੀਂ ਧਾਰਦੇ॥ ੧ ॥ ਰਹਾਉ ॥

ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥

ਸੁਆਮੀ ਪਰਮਾਤਮਾ ਨੂੰ ਤਿਆਗ ਕੇ ਜੋ ਹੋਰਨਾਂ ਨੂੰ ਚਿਤਵਤ=ਵੇਖਦੇ ਹਨ ਜਾਂ ਯਾਦ ਕਰਦੇ ਰਹਿੰਦੇ ਹਨ, ਖਰ ਤੇ=ਉਹ ਗਧੇ ਪੁਰਸ਼ ਮਨ ਕਰਕੇ ਮੂੜ, ਬਾਣੀ ਕਰਕੇ ਮੁਗਧ ਤੇ ਤਨ ਕਰਕੇ ਖਲ=ਮੂਰਖ ਹਨ।

ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥ ੨ ॥

ਸ਼ਕਾਮ ਕਰਮਾਂ ਰੂਪੀ ਕਾਗਜ਼ਾਂ ਦੀ ਨੌਕਾ ਸੰਸਾਰ ਸਮੁੰਦਰ ਤੋਂ ਕਦੋਂ ਪਾਰ ਲੰਘ ਸਕਦੀ ਹੈ ਤੇ ਜੀਵ ਨੂੰ ਪਾਰ ਕਰ ਸਕਦੀ ਹੈ, ਏਹ ਸੰਸਾਰੀ ਪੁਰਸ਼ ਵਿਅਰਥ ਹੀ ਕਹਿੰਦੇ ਹਨ ਕਿ ਅਸੀਂ ਸੰਸਾਰ ਸਮੁੰਦਰ ਤੋਂ ਤਰ ਗਏ ਹਾਂ॥ ੨ ॥

ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥

ਸ਼ਿਵ ਜੀ ਤੇ ਬਿਰੰਚਿ=ਬ੍ਰਹਮਾ, ਅਸੁਰ=ਰਾਖਸ਼, ਸੁਰ=ਦੇਵਤੇ ਜਿਤਨੇ ਭੀ ਹਨ, ਏਹ ਸਾਰੇ ਕਾਲ ਦੀ ਅੱਗ ਵਿਚ ਜਰਤੇ=ਸੜ ਰਹੇ ਹਨ।

ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ ॥ ੩ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਹੇ ਕਰਤੇ ਪੁਰਖ ! ਮੈਂ ਆਪ ਜੀ ਦੇ ਚਰਨ ਕਮਲਾਂ ਦੀ ਸ਼ਰਨ ਵਿਚ ਆਇਆ ਹਾਂ, ਹੇ ਪ੍ਰਭੂ ! ਆਪ ਧੱਕਾ ਦੇ ਕੇ ਮੈਨੂੰ ਆਪਣੇ ਤੋਂ ਦੂਰ ਨਾ ਸੁਟਣਾ॥ ੩ ॥ ੪ ॥

ਰਾਗੁ ਮਲਾਰ ਮਹਲਾ ੫ ਦੁਪਦੇ ਘਰੁ ੧

੧ੴ ਸਤਿਗੁਰ ਪ੍ਰਸਾਦਿ ॥

ਪ੍ਰਭ ਮੇਰੇ ਓਇ ਬੈਰਾਗੀ ਤਿਆਗੀ ॥

ਜਗਿਆਸੂ ਆਖਦਾ ਹੈ—ਮੇਰੇ ਪ੍ਰਭੂ ਪਰਮਾਤਮਾ ਦੇ ਪਿਆਰੇ ਜੋ ਸੰਤ ਹਨ, ਉਹ ਪੂਰੇ ਵੈਰਾਗੀ ਤੇ ਪਦਾਰਥਾਂ ਦੇ ਤਿਆਗੀ ਹਨ।

ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ
ਪ੍ਰੀਤਿ ਹਮਾਰੀ ਲਾਗੀ ॥ ੧ ॥ ਰਹਾਉ ॥

ਹਉ=ਮੈਂ ਉਸ ਮਹਾਤਮਾ ਤੋਂ ਬਿਨਾਂ ਇਕ ਖਿਣ ਭਰ ਵੀ ਰਹਿ ਨਹੀਂ ਸਕਦਾ, ਕਿਉਂਕਿ ਮੇਰੀ ਪ੍ਰੀਤੀ ਉਹਨਾਂ ਦੇ ਚਰਨਾਂ ਨਾਲ ਲੱਗ ਗਈ ਹੈ॥ ੧ ॥ ਰਹਾਉ ॥

ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ ॥

ਉਹਨਾਂ ਸੰਤਾਂ ਦੇ ਸੰਗ ਕਰਕੇ ਮੈਨੂੰ ਪ੍ਰਭੂ ਪਰਮਾਤਮਾ ਚਿਤਿ ਆਵੈ=ਚੇਤੇ ਆਉਂਦਾ ਹੈ ਅਤੇ ਸੰਤਾਂ ਦੀ ਕ੍ਰਿਪਾ ਕਰਕੇ ਮੇਰੀ ਬੁੱਧੀ ਜਾਗ ਪਈ ਹੈ।

ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ ॥ ੧ ॥

ਸੰਤਾਂ ਦੇ ਉਪਦੇਸ਼ ਨੂੰ ਸੁਣ ਕੇ ਮੇਰੇ ਮਨ ਆਦਿਕ ਇੰਦ੍ਰੀਏ ਨਿਰਮਲ ਹੋ ਗਏ ਹਨ, ਪ੍ਰਭੂ ਦੇ ਗੁਣ ਗਾਉਣ ਕਰਕੇ ਪ੍ਰੇਮ ਰੰਗ ਵਿਚ ਬੁੱਧੀ ਰੰਗੀ ਗਈ ਹੈ॥ ੧ ॥

ਇਹੁ ਮਨੁ ਦੇਇ ਕੀਏ ਸੰਤ ਮੀਤਾ ਕ੍ਰਿਪਾਲ ਭਏ ਬਡਭਾਗਾਂ ॥

ਇਹ ਮਨ ਦੇ ਕੇ ਸੰਤਾਂ ਨੂੰ ਮੈਂ ਆਪਣਾ ਮਿੱਤਰ ਕੀਤਾ ਹੈ, ਮੇਰੇ ਵੱਡਿਆਂ ਭਾਗਾਂ ਕਰਕੇ ਸੰਤ ਮੇਰੇ 'ਪਰ ਕ੍ਰਿਪਾਲੂ ਹੋਏ ਹਨ।

ਮਹਾ ਸੁਖੁ ਪਾਇਆ ਬਰਨਿ ਨ ਸਾਕਉ ਰੇਨੁ ਨਾਨਕ ਜਨ ਪਾਗੀ ॥੨ ॥੧ ॥੫ ॥

ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਦੇ ਚਰਨਾਂ ਦੀ ਧੂੜੀ ਵਿਚ ਪਾਗੀ=ਰਪ ਕੇ (ਤਦਾਕਾਰ ਹੋ ਕੇ) ਵੱਡਾ ਸੁਖ ਪਾਇਆ ਹੈ, ਜਿਸ ਸੁਖ ਨੂੰ ਮੈਂ ਬਰਨਿ=ਕਥਨ ਨਹੀਂ ਕਰ ਸਕਦਾ॥ ੨ ॥ ੧ ॥ ੫ ॥

ਮਲਾਰ ਮਹਲਾ ੫ ॥ ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ॥

ਜਗਿਆਸੂ ਆਖਦਾ ਹੈ-ਹੇ ਮਾਈ=ਮਾਤਾ ਪਿਤਾ ਰੂਪ ਸੰਤੋ! ਮੈਨੂੰ ਪ੍ਰੀਤਮ ਪਰਮਾਤਮਾ ਨਾਲ ਮਿਲਾ ਦਿਓ।

ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ ॥ ੧ ॥ ਰਹਾਉ ॥

ਜਿਸ ਦੇ ਅੰਤਹਕਰਣ ਰੂਪ ਘਰ ਵਿਚ ਲਾਲੁ=ਪਿਆਰਾ ਪ੍ਰਭੂ ਆ ਕੇ ਵਸਿਆ ਹੈ, ਭਾਵ-ਸਖਿਆਤਕਾਰ ਹੋਇਆ ਹੈ ਉਹ ਮਹਾਤਮਾ ਰੂਪ ਸਾਰੀਆਂ ਸਖੀਆਂ ਹਿਰਦੇ ਵਿਚ ਸੁਖ ਭਰ ਕੇ ਸ਼ਾਂਤੀ ਰੂਪ ਨੀਂਦ ਵਿਚ ਸੁਤੀਆਂ ਹਨ। *ਅਥਵਾ:*-ਉਹ ਸਾਰੀਆਂ ਇੰਦੀਆਂ ਰੂਪ ਸਖੀਆਂ ਭਰਿ=ਭਲੀ ਪ੍ਰਕਾਰ ਸੁਖ ਦੀ ਨੀਂਦ ਵਿਚ ਸੁਤੀਆਂ ਹਨ॥ ੧ ॥ ਰਹਾਉ ॥

ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ॥

ਮੇਰੇ ਵਿਚ ਤਾਂ ਬਹੁਤ ਸਾਰੇ ਔਗੁਣ ਹਨ ਤੇ ਪ੍ਰਭੂ ਸਦਾ ਦਿਆਲੂ ਸੁਭਾਅ ਵਾਲਾ ਹੈ, ਮੈਂ ਗੁਣ ਹੀਣੀ ਵਿਚ ਕੀ ਚਤਰਾਈ ਹੈ, ਭਾਵ-ਕੋਈ ਚਤਰਾਈ ਨਹੀਂ ਹੈ।

ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀਂ ਇਹ ਹਉਮੈ ਕੀ ਢੀਠਾਈ॥ ੧॥

ਜੋ ਸਖੀਆਂ ਪਤੀ ਪਰਮਾਤਮਾ ਨਾਲ ਰਤੀਆਂ ਹਨ, ਜੇਕਰ ਮੈਂ ਉਹਨਾਂ ਨਾਲ ਬਰਾਬਰੀ ਕਰਾਂ ਤਾਂ ਏਹ ਹਉਮੈ ਦੀ ਢੀਠ ਤਾਹੀ ਹੈ, ਭਾਵ ਜਿਦ ਵਾਲੀ ਗੱਲ ਹੈ॥ ੧॥

ਭਈ ਨਿਮਾਣੀ ਸਰਨਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ॥

ਮੈਂ ਨਿਮਾਣੀ ਹੋ ਕੇ ਇਕ ਗੁਰਾਂ ਦੀ ਸ਼ਰਨ ਤੱਕੀ ਹੈ, ਜੋ ਸਤਿਗੁਰੂ ਪੁਰਖ ਸੁਖਾਂ ਦੇ ਦੇਣ ਵਾਲੇ ਹਨ।

ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ
ਨਾਨਕ ਸੁਖਿਰੈਨਿ ਬਿਹਾਈ॥ ੨॥ ੨॥ ੬॥

ਇਕ ਨਿਮਖ ਕਾਲ ਵਿਚ ਭਾਵ ਥੋੜ੍ਹੇ ਸਮੇਂ ਵਿਚ ਹੀ ਗੁਰਾਂ ਨੇ ਮੇਰਾ ਸਾਰਾ ਦੁੱਖ ਕੱਟ ਦਿੱਤਾ ਹੈ,

ਗੁਰੂ ਜੀ ਕਥਨ ਕਰਦੇ ਹਨ—ਹੁਣ ਮੇਰੀ ਅਵਸਥਾ ਰੂਪੀ ਰਾਤ ਸੁਖਾਂ ਵਿਚ ਬਿਹਾਈ=ਬੀਤ ਰਹੀ ਹੈ॥ ੨॥ ੨॥ ੬॥

ਜਗਿਆਸੂ ਪਰੇਮ ਨਾਲ ਸਤਿਗੁਰਾਂ ਅਗੇ ਬੇਨਤੀ ਕਰਦਾ ਹੈ-

ਮਲਾਰ ਮਹਲਾ ੫॥

ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ॥

ਹੇ ਗੁਰੂ ਜੀ ! ਬੱਦਲ ਵਾਂਙੂ ਆਪ ਉਪਦੇਸ਼ ਜਲ ਦੀ ਵਰਖਾ ਕਰੋ, ਤਿਲ ਮਾਤ੍ਰ ਵੀ ਬਿਲਮੁ ਨ ਲਾਉ=ਦੇਰ ਨਾ ਲਗਾਓ।

ਬਰਸੁ ਪਿਆਰੇ ਮਨਹਿ ਸਧਾਰੇ
ਹੋਇ ਅਨਦੁ ਸਦਾ ਮਨਿ ਚਾਉ॥ ੧॥ ਰਹਾਉ॥

ਹੇ ਪਿਆਰੇ ਗੁਰੋ! ਨਾਮ ਜਲ ਵਰਸਨਾ ਕਰੋ, ਆਪ ਹੀ ਮਨ ਦੇ ਸੁਧਾਰਨੇ ਵਾਲੇ ਹੋ, ਜਿਸ ਨਾਮ ਜਲ ਨੂੰ ਪੀ ਕੇ ਮਨਿ ਚਾਉ=ਪਰਮਾਤਮਾ ਦਾ ਸਦਾ ਹੀ ਅਨੰਦ ਹੋਵੇ॥ ੧॥ ਰਹਾਉ॥

ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ॥

ਹੇ ਮੇਰੇ ਸੁਆਮੀ ਪਰਮਾਤਮਾ! ਸਾਨੂੰ ਇਕ ਆਪ ਜੀ ਦੀ ਧਰ=ਓਟ ਹੈ, ਤੁਸਾਂ ਨੇ ਆਪਣੇ ਮਨ ਵਿਚੋਂ ਸਾਨੂੰ ਕਿਉਂ ਬਿਸਾਰੇ=ਭੁਲਾ ਦਿੱਤਾ ਹੈ।

[ਪੰਨਾ ੧੨੬੮]

ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ॥ ੧॥

ਪਹਿਲੇ ਮੈਂ ਇਸਤ੍ਰੀ ਰੂਪ ਸਾਂ, ਭਾਵ-ਘਰ ਵਾਲੀ ਪਟਰਾਣੀ ਬਣੀ ਬੈਠੀ ਸਾਂ, ਹੁਣ ਮੈਂ ਹੰਕਾਰ ਨੂੰ ਤਿਆਗ ਕੇ ਚੇਰੀ=ਦਾਸੀ ਦੀ ਨਿਆਈਂ ਹੋ ਗਈ ਹਾਂ, ਕਿਉਂਕਿ ਭਰਤਾਰੇ=ਪਤੀ ਦੇ ਮਿਲੇ ਤੋਂ ਬਿਨਾਂ ਸ਼ੋਭਾ ਨਹੀਂ ਹੈ॥ ੧॥

ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ॥

ਜਿਸ ਵੇਲੇ ਮੇਰੇ ਠਾਕੁਰ ਨੇ ਬੇਨਤੀ ਨੂੰ ਸੁਣਿਆ, ਤਾਂ ਬੇਗਿ=ਸ਼ੀਘਰ (ਜਲਦੀ) ਕ੍ਰਿਪਾ ਦ੍ਰਿਸ਼ਟੀ ਨੂੰ ਧਾਰ ਕੇ ਆ ਗਿਆ ।

ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ॥ ੨॥ ੩॥ ੭॥

ਗੁਰੂ ਜੀ ਕਥਨ ਕਰਦੇ ਹਨ—ਹੁਣ ਮੇਰਾ ਸ਼ੋਭਨੀਕ ਸੋਹਾਗ ਬਣਿਆ ਹੈ, ਪਤਿ=ਪਤੀ ਪਰਮਾਤਮਾ ਦੇ ਸੰਗ ਕਰਕੇ ਸ਼ੋਭਾ ਤੇ ਸਾਰੇ ਅਚਾਰੇ=ਕਰਤੱਬ ਭਲੇ=ਚੰਗੇ ਹੋ ਗਏ ਹਨ॥ ੨॥ ੩॥ ੭॥

ਮਲਾਰ ਮਹਲਾ ੫॥

ਪ੍ਰੀਤਮ ਸਾਚਾ ਨਾਮੁ ਧਿਆਇ॥

ਸੱਚੇ ਪ੍ਰੀਤਮ ਪਰਮਾਤਮਾ ਦੇ ਨਾਮ ਨੂੰ ਮੈਂ ਧਿਆਉਣਾ ਕੀਤਾ ਹੈ।

ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ॥੧॥ਰਹਾਉ॥

ਅਤੇ ਹਿਰਦੇ ਵਿਚ ਗੁਰਾਂ ਦੀ ਮੂਰਤੀ ਦਾ ਧਿਆਨ ਵਸਾਉਣ ਕਰਕੇ ਸੰਸਾਰ ਸਮੁੰਦਰ ਦੇ ਦੁੱਖ ਜਨ ਦਰਦ ਸਭ ਬਿਨਸ ਗਏ ਹਨ॥ ੧॥ ਰਹਾਉ॥

ਦੁਸਮਨ ਹਤੇ ਦੋਖੀ ਸਭਿ ਵਿਆਪੇ ਹਰਿ ਸਰਣਾਈ ਆਇਆ॥ ੧॥

ਜੋ ਦੁਸ਼ਮਨ ਤੇ ਦੋਖੀ ਵਿਆਪੇ ਹੋਏ ਸਨ, ਉਹ ਸਾਰੇ ਹਤੇ=ਮਾਰ ਦਿੱਤੇ ਹਨ,

ਅਥਵਾ:-ਦੁਸ਼ਮਨ ਹਤੇ=ਮਾਰ ਦਿੱਤੇ ਹਨ ਤੇ ਦੋਖੀ ਭੀ ਬਿਪਤਾ ਵਿਚ ਵਿਆਪੇ ਹਨ, ਹਰੀ ਦੀ ਸ਼ਰਨ ਵਿਚ ਜਾਂ ਹਰੀ ਸਰੂਪ ਗੁਰਾਂ ਦੀ ਸ਼ਰਨ ਵਿਚ ਆਇਆ ਹਾਂ।

ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ॥ ੧॥

ਗੁਰਾਂ ਪਾਸੋਂ ਨਾਮ ਪਦਾਰਥ ਪਾਇਆ ਹੈ, ਇਸ ਲਈ ਰੱਖਣਹਾਰ ਪਰਮਾਤਮਾ ਨੇ ਕਿਰਪਾ ਦਾ ਹੱਥ ਦੇ ਕੇ ਰੱਖ ਲਿਆ ਹੈ॥ ੧॥

ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ॥

ਪਰਮਾਤਮਾ ਨੇ ਕਿਰਪਾ ਦ੍ਰਿਸ਼ਟੀ ਕਰਕੇ ਸਾਰਿਆਂ ਕਿਲਵਿਖ=ਪਾਪਾਂ ਨੂੰ ਕੱਟ ਦਿੱਤਾ ਹੈ ਅਤੇ ਨਿਰਮਲੁ=ਪਵਿੱਤਰ ਨਾਮ ਨੂੰ ਮਨ ਵਿਚ ਵਸਾ ਦਿੱਤਾ ਹੈ।

ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਥੀਆ॥ ੨॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ—ਜਦ ਤੋਂ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਪ੍ਰਭੂ ਮਨ ਵਿਚ ਵਸਿਆ ਹੈ, ਤਦ ਤੋਂ ਮੁੜ ਕੇ ਦੁੱਖ ਨਹੀਂ ਹੋਇਆ॥ ੨॥ ੪॥ ੮॥

ਮਲਾਰ ਮਹਲਾ ੫ ॥

ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ ॥

ਹੇ ਮੇਰੇ ਪ੍ਰਭੂ ! ਆਪ ਮੇਰੇ ਪ੍ਰਾਣਾਂ ਤੋਂ ਭੀ ਪਿਆਰੇ ਪ੍ਰੀਤਮ ਹੋ।

ਪ੍ਰੇਮ ਭਗਤਿ ਅਪਨੋ ਨਾਮੁ ਦੀਜੈ ਦਇਆਲ ਅਨੁਗ੍ਰਹੁ ਧਾਰੇ ॥ ੧ ॥ ਰਹਾਉ ॥

ਹੇ ਦਿਆਲੂ ਸੁਭਾਅ ਵਾਲੇ ਪ੍ਰਭੂ ! ਕ੍ਰਿਪਾ ਦ੍ਰਿਸ਼ਟੀ ਧਾਰ ਕੇ ਆਪਣੀ ਪ੍ਰੇਮਾ ਭਗਤੀ ਅਤੇ ਨਾਮ ਸਿਮਰਨ ਦੇਣਾ ਕਰੋ॥ ੧ ॥ ਰਹਾਉ ॥

ਸਿਮਰਉ ਚਰਨ ਤੁਹਾਰੇ ਪ੍ਰੀਤਮ ਰਿਦੈ ਤੁਹਾਰੀ ਆਸਾ ॥

ਹੇ ਪ੍ਰੀਤਮ ! ਆਪ ਜੀ ਦੇ ਚਰਨਾਂ ਦਾ ਸਿਮਰਨ (ਧਿਆਨ) ਕਰਦਾ ਹਾਂ ਅਤੇ ਹਿਰਦੇ ਵਿਚ ਭੀ ਤੁਹਾਡੀ ਆਸਾ ਰੱਖਦਾ ਹਾਂ।

ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸਨ ਕੀ ਪਿਆਸਾ ॥ ੧ ॥

ਮਨ ਵਿਚ ਦਰਸ਼ਨ ਦੀ ਪਿਆਸਾ ਰੱਖ ਕੇ ਪੂਰਿਆਂ ਸੰਤ ਜਨਾਂ ਦੇ ਪਾਸ ਬੇਨਤੀ ਕਰਦਾ ਹਾਂ ॥ ੧ ॥

ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ ॥

ਹੇ ਹਰੀ ! ਤੈਥੋਂ ਵਿਛੁੜਨੇ ਕਰਕੇ ਮਰਨਾ ਤੇ ਤੇਰੇ ਮਿਲਾਪ ਹੋਣ ਨਾਲ ਜੀਉਣਾ ਹੁੰਦਾ ਹੈ, ਇਸ ਲਈ ਮੈਂ ਸੇਵਕ ਜਨ ਨੂੰ ਆਪਣਾ ਦਰਸ਼ਨ ਦੇਣਾ ਕਰੋ।

ਨਾਮ ਅਧਾਰੁ ਜੀਵਨ ਧਨੁ ਨਾਨਕ ਪ੍ਰਭ ਮੇਰੇ ਕਿਰਪਾ ਕੀਜੈ ॥ ੨ ॥ ੫ ॥ ੯ ॥

ਗੁਰੂ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਬੇਨਤੀ ਕਰ, ਮੇਰੇ ਜੀਵਣ ਦਾ ਅਧਾਰੁ=ਆਸਰਾ ਜੋ ਨਾਮ ਧਨ ਹੈ, ਹੇ ਪ੍ਰਭੂ ! ਕ੍ਰਿਪਾ ਕਰਕੇ ਉਹ ਮੈਨੂੰ ਦੇਣਾ ਕਰ॥ ੨ ॥ ੫ ॥ ੯ ॥

ਮਲਾਰ ਮਹਲਾ ੫ ॥

ਅਬ ਅਪਨੇ ਪ੍ਰੀਤਮ ਸਿਉ ਬਨਿ ਆਈ ॥

ਹੁਣ ਮੇਰੀ ਆਪਣੇ ਪ੍ਰੀਤਮ ਪ੍ਰਭੂ ਨਾਲ ਪ੍ਰੀਤੀ ਬਣ ਆਈ ਹੈ।

ਰਾਜਾ ਰਾਮੁ ਰਮਤ ਸੁਖੁ ਪਾਇਓ ਬਰਸੁ ਮੇਘ ਸੁਖਦਾਈ ॥ ੧ ॥ ਰਹਾਉ ॥

ਜਿਸ ਵੇਲੇ ਗੁਰੂ ਰੂਪ ਬੱਦਲ ਨੇ ਸੁਖ ਦੇਣ ਵਾਲੀ ਉਪਦੇਸ਼ ਜਲ ਦੀ ਵਰਖਾ ਕੀਤੀ ਤਾਂ ਸਾਰਿਆਂ ਦਾ ਰਾਜਾ ਜੋ ਰਾਮ ਹੈ, ਉਸ ਨੂੰ ਰਮਤ=ਉਚਾਰ ਕੇ ਸੁਖ ਪਾਉਣਾ ਕੀਤਾ ॥ ੧ ॥ ਰਹਾਉ ॥

ਇਕੁ ਪਲੁ ਬਿਸਰਤ ਨਹੀ ਸੁਖ ਸਾਗਰੁ ਨਾਮੁ ਨਵੈ ਨਿਧਿ ਪਾਈ ॥

ਗੁਰਾਂ ਪਾਸੋਂ ਨਾਮ ਰੂਪ ਨੌਂ ਨਿਧੀ ਪਾਈ ਹੈ, ਇਸ ਕਰਕੇ ਸੁਖਾਂ ਦਾ ਸਮੁੰਦਰ ਪਰਮਾਤਮਾ ਇਕ ਪਲ ਮਾਤ੍ਰ ਵੀ ਮੈਨੂੰ ਭੁਲਦਾ ਨਹੀਂ ਹੈ।

ਉਦੋਤੁ ਭਇਓ ਪੂਰਨ ਭਾਵੀ ਕੋ ਭੇਟੇ ਸੰਤ ਸਹਾਈ ॥ ੧ ॥

ਜਿਸ ਵੇਲੇ ਭਾਵੀ=ਭਵਿਛਤ ਕਾਲ ਦੇ ਪੂਰਨ ਕਰਮਾਂ ਦਾ ਸੰਜੋਗ ਉਦੋਂਤੁ=ਉਦੇ (ਪ੍ਰਗਟ) ਹੋਇਆ ਤਾਂ ਹੀ ਸਹਾਇਤਾ ਕਰਨ ਵਾਲੇ ਪੂਰੇ ਸੰਤ ਆ ਕੇ ਮਿਲੇ॥ ੧॥

ਸੁਖ ਉਪਜੇ ਦੁਖ ਸਗਲ ਬਿਨਾਸੇ ਪਾਰਬ੍ਰਹਮ ਲਿਵ ਲਾਈ॥

ਸੰਤਾਂ ਦੀ ਸਿੱਖਿਆ ਦੁਆਰੇ ਜਿਸ ਵੇਲੇ ਪਾਰਬ੍ਰਹਮ ਵਿਚ ਬਿਰਤੀ ਜੋੜੀ, ਤਾਂ ਸੁਖਾਂ ਦੇ ਉਪਜਣੇ ਕਰਕੇ ਸਾਰੇ ਦੁੱਖ ਨਾਸ ਹੋ ਗਏ।

ਤਰਿਓ ਸੰਸਾਰੁ ਕਠਿਨ ਭੈ ਸਾਗਰੁ
ਹਰਿ ਨਾਨਕ ਚਰਨ ਧਿਆਈ ॥੨॥੬॥੧੦॥

ਗੁਰੂ ਜੀ ਕਥਨ ਕਰਦੇ ਹਨ—ਹਰੀ ਦੇ ਚਰਨਾਂ ਦਾ ਧਿਆਉਣ ਲਗਾਉਣ ਵਾਲੇ ਹੋ ਕੇ ਕਠਿਨ ਭੈਦਾਇਕ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ ਹਾਂ॥ ੨॥ ੬॥ ੧੦॥

ਮਲਾਰ ਮਹਲਾ ੫॥

ਘਨਿਹਰ ਬਰਸਿ ਸਗਲ ਜਗੁ ਛਾਇਆ॥

ਜਿਸ ਪਰਮਾਤਮਾ ਨੇ ਸਾਰੇ ਜਗਤ ਨੂੰ ਛਾਇਆ=ਬਣਾਇਆ ਹੈ, ਓਹੀ ਪਰਮਾਤਮਾ ਗੁਰੂ ਰੂਪ ਘਨਿਹਰ= ਬੱਦਲ ਹੋ ਕੇ ਵਸਿਆ ਹੈ।

ਅਥਵਾ:-ਜਿਸ ਵੇਲੇ ਗੁਰੂ ਰੂਪ ਬੱਦਲ ਨੇ ਉਪਦੇਸ਼ ਜਲ ਨੂੰ ਵਰਸਿਆ ਤਾਂ ਪਰਮਾਤਮਾ ਨੂੰ ਸਾਰੇ ਜਗਤ ਵਿਚ ਛਾਇਆ ਹੋਇਆ ਨਿਸਚੇ ਕੀਤਾ।

ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ਰਹਾਉ॥

ਮੇਰੇ ਉਤੇ ਪ੍ਰੀਤਮ ਪ੍ਰਭੂ ਜੀ ਜਦ ਕ੍ਰਿਪਾਲੂ ਹੋਏ ਤਾਂ ਅਨੰਦ ਦਾਇਕ ਮੰਗਲਾਂ ਨੂੰ ਤੇ ਸੰਸਾਰ ਸੁਖ ਨੂੰ ਪਾਉਣਾ ਕੀਤਾ॥ ੧॥ ਰਹਾਉ॥

ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ॥

ਮਨ ਵਿਚ ਪਾਰਬ੍ਰਹਮ ਨੂੰ ਧਿਆਉਣਾ ਕੀਤਾ ਹੈ, ਇਸ ਲਈ ਸਾਰੇ ਕਲੇਸ਼ ਮਿਟ ਗਏ ਹਨ ਅਤੇ ਸਾਰੀ ਤ੍ਰਿਸ਼ਨਾ ਅੱਗ ਵੀ ਬੁਝ ਗਈ ਹੈ।

ਸਾਧਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ॥੧॥

ਸਤ ਸੰਗਤ ਨੂੰ ਕਰਕੇ ਜਨਮ ਮਰਨ ਨੂੰ ਨਵਿਰਤ ਕਰ ਲਿਆ ਹੈ, ਹੁਣ ਮੁੜ ਕੇ ਮਨ ਕਿਸੇ ਤਰਫ ਦੌੜਦਾ ਨਹੀਂ ਹੈ॥ ੧॥

ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ॥

ਨਿਰੰਜਨ ਦੇ ਨਾਮ ਵਿਚ ਮਨ ਤਨ ਰੱਤਾ ਗਿਆ ਅਤੇ ਉਸ ਪ੍ਰਭੂ ਦੇ ਪਵਿੱਤ੍ਰ ਚਰਨ ਕਮਲਾਂ ਵਿਚ ਚਿੱਤ ਬਿਰਤੀ ਨੂੰ ਲਗਾਇਆ ਹੈ।

ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥੭॥੧੧॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਮੈਂ ਦਾਸ ਚਰਨਾਂ ਦੀ ਸ਼ਰਨ ਵਿਚ ਆਇਆ, ਤਾਂ ਆਪਣੇ ਪ੍ਰਭੂ ਨੇ ਆਪਣਾ ਸੇਵਕ ਜਾਣ ਕੇ ਅੰਗੀਕਾਰੁ=ਪੱਖ ਕੀਤਾ ਹੈ॥ ੨॥ ੭॥ ੧੧॥

ਮਲਾਰ ਮਹਲਾ ੫॥

ਬਿਛੁਰਤ ਕਿਉ ਜੀਵੇ ਓਇ ਜੀਵਨ॥

ਹੇ ਜੀਵਨ ਰੂਪ ਪਰਮਾਤਮਾ! ਤੇਰੇ ਵਿਛੁੜਨੇ ਕਰਕੇ ਉਹ ਗੁਰਮੁਖ ਸੰਤ ਜਨ ਕਿਵੇਂ ਜੀਊਣਗੇ?

ਚਿਤਹਿ ਉਲਾਸ ਆਸ ਮਿਲਬੇ ਕੀ ਚਰਨ ਕਮਲ ਰਸ ਪੀਵਨ॥੧॥ਰਹਾਉ॥

ਜਿਨ੍ਹਾਂ ਸੰਤਾਂ ਦੇ ਚਿਤ ਵਿਚ ਤੇਰੇ ਨਾਲ ਮਿਲਣ ਦੀ ਆਸ ਹੈ ਅਤੇ ਤੇਰੇ ਚਰਨ ਕਮਲਾਂ ਦੇ ਪ੍ਰੇਮ ਰਸ ਪੀਣ ਦਾ ਉਲਾਸ=ਉਤਸ਼ਾਹ ਹੈ॥ ੧॥ ਰਹਾਉ॥

ਜਿਨ ਕਉ ਪਿਆਸ ਤੁਮਾਰੀ ਪ੍ਰੀਤਮ ਤਿਨ ਕਉ ਅੰਤਰੁ ਨਾਹੀ॥

ਹੇ ਪ੍ਰੀਤਮ ਪਰਮਾਤਮਾ ! ਜਿਨ੍ਹਾਂ ਨੂੰ ਆਪ ਜੀ ਦੇ ਨਾਮ ਸਿਮਰਨ ਦੀ ਪਿਆਸ ਲੱਗ ਰਹੀ ਹੈ, ਉਹਨਾਂ ਦੇ ਅੰਦਰ ਅੰਤਰੁ ਨਾਹੀ=ਭੇਦ ਬੁੱਧੀ ਨਹੀਂ ਹੈ।

ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀਂ ॥੧॥

ਜਿਨ੍ਹਾਂ ਨੂੰ ਮੇਰਾ ਪਿਆਰਾ ਰਾਮ ਬਿਸਰੈ=ਭੁਲ ਜਾਂਦਾ ਹੈ, ਸੇ ਮੂਏ=ਉਹ ਮੁਰਦੇ ਪੁਰਸ਼ ਜੰਮਦੇ ਮਰਦੇ ਰਹਿੰਦੇ ਹਨ। *ਅਥਵਾ*-ਉਹ ਬਾਰੰਬਾਰ ਮਰ ਮਰ ਜਾਂਦੇ ਹਨ॥ ੧॥

[ਪੰਨਾ ੧੨੬੯]

ਮਨਿ ਤਨਿ ਰਵਿ ਰਹਿਆ ਜਗਦੀਸੁਰ ਪੇਖਤ ਸਦਾ ਹਜੂਰੇ॥

ਹੇ ਜਗਤ ਦੇ ਮਾਲਕ ਰੂਪ ਪ੍ਰਭੂ! ਤੂੰ ਸਭ ਦੇ ਮਨ ਤਨ ਦੇ ਵਿਚ ਮਿਲ ਰਿਹਾ ਹੈਂ, ਮੈਂ ਤੈਨੂੰ ਸਦਾ ਹੀ ਹਾਜ਼ਰ ਹਜ਼ੂਰ ਵੇਖਦਾ ਹਾਂ।

ਨਾਨਕ ਰਵਿ ਰਹਿਓ ਸਭ ਅੰਤਰਿ ਸਰਬ ਰਹਿਆ ਭਰਪੂਰੇ॥੨॥੮॥੧੨॥

ਗੁਰੂ ਜੀ ਕਥਨ ਕਰਦੇ ਹਨ—ਤੂੰ ਸਾਰਿਆਂ ਅੰਦਰ ਮਿਲ ਰਿਹਾ ਹੈਂ ਅਤੇ ਸਾਰੀ ਜੜ੍ਹ ਸ੍ਰਿਸ਼ਟੀ ਵਿਚ ਵੀ ਭਰਪੂਰ ਹੋ ਰਿਹਾ ਹੈਂ।

ਅਥਵਾ:-ਤੂੰ ਸਾਰਿਆਂ ਅੰਦਰ ਅਧਿਸ਼ਠਾਨ ਰੂਪ ਹੋ ਕੇ ਰਵ ਰਿਹਾ ਹੈਂ ਤੇ ਸਾਰਾ ਸੰਸਾਰ ਤੇਰੇ ਵਿਚ ਕਲਪਤ ਹੋ ਕੇ ਭਰਪੂਰ ਹੋ ਰਿਹਾ ਹੈ॥ ੨॥ ੮॥ ੧੨॥

ਮਲਾਰ ਮਹਲਾ ੫॥

ਹਰਿ ਕੈ ਭਜਨਿ ਕਉਨ ਕਉਨ ਨ ਤਾਰੇ॥

ਹਰੀ ਦੇ ਭਜਨ ਸਿਮਰਨ ਨੇ ਕੇਹੜੇ ਕੇਹੜੇ ਨਹੀਂ ਤਾਰੇ? ਅਰਥਾਤ—ਹਰੀ ਦੇ ਸਿਮਰਨ ਨੇ ਸਾਰੇ ਜੀਵ ਤਾਰ ਦਿੱਤੇ ਹਨ।

ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ॥੧॥ਰਹਾਉ॥

ਖਗ ਤਨ=ਪੰਛੀ ਸਰੀਰ ਵਾਲਾ ਕਾਗ ਭਸੁੰਡ, ਸਮੁੰਦਰ ਵਿਚ ਸੈਲ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਮੱਛ ਦੇ ਸਰੀਰ ਉਤੇ ਬੈਠੇ ਸਨ ਉਹ ਮੀਨ ਤਨ=ਮੱਛ ਸਰੀਰ, ਰਾਵਣ ਦਾ ਭੇਜਿਆ ਹੋਇਆ ਮਰੀਚ ਦੈਂਤ ਸੋਨੇ ਦਾ ਹਰਨ ਬਣ ਕੇ ਕੁਟੀਆ ਦੇ ਅਗੋਂ ਨਿਕਲਿਆ ਤੇ ਸੀਤਾ ਨੇ ਰਾਮਚੰਦਰ ਜੀ ਨੂੰ ਕਿਹਾ, ਉਹ ਹਰਨ ਜਾ ਰਿਹਾ ਹੈ ਮੈਨੂੰ ਲਿਆ ਕੇ ਦਿਓ ਉਹ ਹਰਨ ਸਰੀਰ, ਬਰਾਹ ਤਨ=ਸੂਰ ਦਾ ਸਰੀਰ ਜਿਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਿਕਾਰ ਖੇਡ ਕੇ ਮਾਰਿਆ ਸੀ, ਇਤਆਦਿਕ ਸਾਰੇ ਸਰੀਰ ਸੰਤਾਂ ਦੇ ਸੰਗ ਨੇ ਤਾਰ ਦਿੱਤੇ ਹਨ।

ਅਥਵਾ-ਜਿਸ ਭਗਵਾਨ ਨੇ,

ਖਗ ਤਨ=ਹੰਸ ਅਵਤਾਰ ਧਾਰਿਆ ਹੈ। ਮੀਨ ਤਨ=ਮੱਛ ਅਵਤਾਰ ਧਾਰਿਆ ਹੈ।

ਮ੍ਰਿਗ ਤਨ=ਸ੍ਰਿੰਗੀ ਅਵਤਾਰ ਧਾਰਿਆ ਹੈ। ਬਰਾਹ ਤਨ=ਸੂਰ ਅਵਤਾਰ ਧਾਰਿਆ ਹੈ।

ਓਸੇ ਭਗਵਾਨ ਨੇ ਸੰਸਾਰੀ ਜੀਵਾਂ ਦੇ ਤਾਰਨ ਲਈ ਸਾਧ ਰੂਪ ਧਾਰਿਆ ਹੈ, ਜਿਸ ਨੇ ਨਿੱਤ ਅਵਤਾਰ ਸਮਝ ਕੇ ਸੰਤਾਂ ਦਾ ਸੰਗ ਦੁਆਰਾ ਭਗਵਾਨ ਦਾ ਦਰਸ਼ਨ ਕੀਤਾ ਹੈ, ਉਹਨਾਂ ਨੂੰ ਸੰਤਾਂ ਨੇ ਤਾਰ ਦਿੱਤਾ ਹੈ॥ ੧॥ ਰਹਾਉ॥

ਦੇਵ ਕੁਲ ਦੈਤ ਕੁਲ ਜਖ੍ ਕਿੰਨਰ ਨਰ ਸਾਗਰ ਉਤਰੇ ਪਾਰੇ॥

ਦੇਵਤਿਆਂ ਦੀ ਕੁਲ ਦੇ, ਦੈਂਤਾਂ ਦੀ ਕੁਲ ਦੇ, ਜਖ੍=ਕੁਮੇਰ ਦੀ ਕੁਲ ਦੇ, ਕਿੰਨਰ=ਦੇਵਤਿਆਂ ਦੇ ਗੱਵਈਏ ਰਾਗੀ ਅਤੇ ਨਰ=ਮਨੁੱਖ ਸਾਰੇ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਏ ਹਨ।

ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾ ਕੇ ਦੂਖ ਬਿਦਾਰੇ॥ ੧॥

ਸੰਤਾਂ ਦੀ ਸੰਤਸੰਗਤ ਵਿਚ ਮਿਲ ਕੇ ਜੋ ਜੋ ਭੀ ਭਜਨ ਸਿਮਰਨ ਕਰਦਾ ਹੈ, ਉਸ ਦੇ ਸਾਰੇ ਦੁੱਖ ਬਿਦਾਰੇ=ਦੂਰ ਕਰ ਦਿੱਤੇ ਹਨ॥ ੧॥

ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ॥

ਕਾਮ ਕ੍ਰੋਧ ਤੇ ਵਿਸ਼ਿਆਂ ਦੇ ਜੋ ਬੜੇ ਰਸ ਹਨ, ਇਨ੍ਹਾਂ ਸਾਰਿਆਂ ਤੋਂ ਸਤਸੰਗੀ ਪੁਰਸ਼ ਨਿਰਾਰੇ=ਅਸੰਗ ਹੋਏ ਹਨ।

ਦੀਨ ਦਇਆਲ ਜਪਹਿ ਕਰੁਣਾ ਮੈ
ਨਾਨਕ ਸਦ ਬਲਿਹਾਰੇ॥ ੨॥ ੯॥ ੧੩॥

ਜੋ ਪੁਰਸ਼ ਦੀਨ ਦਿਆਲ ਕਰੁਣਾ ਮੈ=ਕ੍ਰਿਪਾ ਸਰੂਪ ਵਾਹਿਗੁਰੂ ਨੂੰ ਜਪਦੇ ਹਨ, ਗੁਰੂ ਜੀ ਕਥਨ ਕਰਦੇ ਹਨ—ਮੈਂ ਸਦਾ ਉਨ੍ਹਾਂ ਤੋਂ ਬਲਹਾਰ ਜਾਂਦਾ ਹਾਂ ॥ ੨॥ ੯॥ ੧੩॥

ਮਲਾਰ ਮਹਲਾ ੫॥

ਆਜੁ ਮੈ ਬੈਸਿਓ ਹਰਿ ਹਾਟ॥

ਆਜ=ਅੱਜ ਇਸ ਮਨੁੱਖ ਜਨਮ ਵਿਚ ਮੈਂ ਹਰੀ ਦੀ ਹੱਟੀ ਸਤਸੰਗ ਵਿਚ ਬੈਠਾ ਹਾਂ।

ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ॥ ੧॥ ਰਹਾਉ॥

ਨਾਮ ਦੀ ਰਾਸ ਵਾਲੇ ਜੋ ਸੰਤ ਹਨ ਉਨ੍ਹਾਂ ਨਾਲ ਸਾਝੀ=ਭਾਈਵਾਲੀ ਕੀਤੀ ਹੈ, ਵਾ:-ਨਾਮੁ=ਪ੍ਰਸਿੱਧ ਸ਼ਰਧਾ ਰੂਪੀ ਰਾਸ ਕਰਕੇ ਸੰਤ ਜਨਾਂ ਨਾਲ ਭਾਈਵਾਲੀ ਕੀਤੀ ਹੈ, ਇਸ ਕਰਕੇ ਜਮਾਂ ਦੇ ਘਾਟ 'ਪਰ ਮੈਂ ਨਹੀਂ ਜਾਵਾਂਗਾ॥ ੧॥ ਰਹਾਉ॥

ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ॥

ਅਨੁਗ੍ਰਹੁ=ਕਿਰਪਾ ਦ੍ਰਿਸ਼ਟੀ ਧਾਰ ਕੇ ਪਾਰਬ੍ਰਹਮ ਨੇ ਰੱਖ ਲਿਆ ਹੈ ਅਤੇ ਭਰਮ ਦੇ ਕਪਾਟ=ਤਖਤੇ ਖੁਲ੍ਹ ਗਏ ਹਨ।

ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ॥ ੧॥

ਬੇ ਸੁਮਾਰ=ਗਿਣਤੀ ਤੋਂ ਰਹਿਤ ਜੋ ਪ੍ਰਭੂ ਹੈ ਉਸ ਸ਼ਾਹ ਨੂੰ ਪਾਇਆ ਹੈ ਅਤੇ ਉਸ ਦੇ ਚਰਨਾਂ ਦੇ ਪ੍ਰੇਮ ਰੂਪ ਨਿਧੀ ਦਾ ਲਾਭ ਖੱਟ ਲਿਆ ਹੈ ਯਾਂ ਨਿਧੀ ਰੂਪ ਚਰਨਾਂ ਦਾ ਲਾਭ ਖੱਟ ਲਿਆ ਹੈ ।

ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ॥

ਅਚੁਤ=ਆਗਿਜ਼ ਅਬਿਨਾਸੀ ਦੀ ਸ਼ਰਨ ਗ੍ਰਹਿਣ ਕਰਕੇ ਛਾਂਟੀ ਕਰਕੇ, ਅਰਥਾਤ—ਨਿਰਣਾ ਕਰਕੇ ਕਿਲਬਿਖ=ਪਾਪਾਂ ਨੂੰ ਬਾਹਰ ਕੱਢ ਦਿੱਤਾ ਹੈ।

ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ॥੨॥੧੦॥੧੪॥

ਗੁਰੂ ਜੀ ਕਥਨ ਕਰਦੇ ਹਨ—ਮੈਂ ਦਾਸ ਦੇ ਕਲਪਣਾ ਕਲੇਸ਼ ਸਾਰੇ ਮਿਟ ਗਏ ਹਨ, ਮਾਟ=ਮਟਕ ਦੇ ਕੇ ਫਿਰ ਜੂਨੀਆਂ ਵਿਚ ਨਹੀਂ ਆਵਾਂਗਾ।

ਅਥਵਾ:-ਜੂਨੀਆਂ ਦੁਆਰੇ ਫੇਰ ਇਸ ਮਾਟ=ਮਟਕੇ ਸਰੀਰ ਵਿਚ ਨਹੀਂ ਆਵਾਂਗਾ ॥ ੨॥ ੧੦॥ ੧੪॥

ਮਲਾਰ ਮਹਲਾ ੫॥

ਬਹੁ ਬਿਧਿ ਮਾਇਆ ਮੋਹ ਹਿਰਾਨੋ॥

ਮਾਇਆ ਦਾ ਮੋਹ ਬਹੁਤ ਤਰ੍ਹਾਂ ਨਾਲ ਆਪਣੀ ਤਰਫ ਹਿਰਾਨੋ=ਖਿੱਚ ਰਿਹਾ ਹੈ।

ਅਥਵਾ:-ਹਿਰਾਨੋ=ਦੁੱਖ ਦੇ ਰਿਹਾ ਹੈ।

ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥ ੧॥ ਰਹਾਉ॥

ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਸੇਵਕ ਹੈ, ਜੋ ਚਿਰਾਨੋ=ਚਿਰੰਕਾਲ ਦਾ ਪੂਰਨ ਭਗਤ ਹੈ।

ਅਥਵਾ:-ਜੋ ਚਿਰਾਨੋ=ਚਰਨਾਂ ਦਾ ਪੂਰਨ ਭਗਤ ਹੈ।

ਵਾ:-ਚਿਰਾਨੋ=ਅਨਾਦੀ ਪ੍ਰਭੂ ਦਾ ਜੋ ਪੂਰਨ ਭਗਤ ਹੈ॥ ੧॥ ਰਹਾਉ॥

ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ॥

ਜਿਸ ਤਨ ਧਨ ਲਈ, ਇਧਰ ਉਧਰ ਭਟਕ ਭਟਕ ਕੇ ਸ੍ਰਮੁ=ਕਸ਼ਟ ਪਾਇਆ ਹੈ, ਉਹ ਤਨ ਤੇ ਧਨ ਅੰਤ ਨੂੰ ਬਿਰਾਨੋ=ਬਿਗਾਨਾ ਹੋ ਜਾਂਦਾ ਹੈ।

ਲੋਗ ਦੁਰਾਇ ਕਰਤ ਠਗਿਆਈ ਹੋਤੋ ਸੰਗਿ ਨ ਜਾਨੋ॥ ੧॥

ਲੋਕਾਂ ਪਾਸੋਂ ਦੁਰਾਇ=ਛਪਾ ਕੇ ਇਹ ਜੀਵ ਠੱਗੀਆਂ ਕਰਦਾ ਹੈ, ਜੋ ਪ੍ਰਭੂ ਅੰਗ ਸੰਗ ਹੋਤੋ=ਹੁੰਦਾ ਹੈ, ਉਸ ਨੂੰ ਤਾਂ ਜਾਣਦਾ ਹੀ ਨਹੀਂ ॥ ੧ ॥

ਮ੍ਰਿਗ ਪੰਖੀ ਮੀਨ ਦੀਨ ਨੀਚ ਇਹ ਸੰਕਟ ਫਿਰਿ ਆਨੋ॥

ਮ੍ਰਿਗ=ਹਰਨ, ਪੰਛੀ, ਮੀਨ=ਮੱਛ ਆਦਿਕ ਨੀਚ ਜੂਨੀਆਂ ਦੇ ਸੰਕਟ=ਦੁੱਖਾਂ ਵਿਚ ਫਿਰ ਦੀਨ ਹੋ ਕੇ ਇਹ ਜੀਵ ਆਨੋ=ਆਉਂਦਾ ਹੈ। ਇਨ੍ਹਾਂ ਜੂਨੀਆਂ ਦੇ ਦੁੱਖਾਂ ਵਿਚ ਉਹ ਪਰਮੇਸ਼ਰ ਫਿਰ ਲਿਆਉਂਦਾ ਹੈ।

ਕਹੁ ਨਾਨਕ ਪਾਹਨ ਪ੍ਰਭ ਤਾਰਹੁ
ਸਾਧਸੰਗਤਿ ਸੁਖ ਮਾਨੋ॥ ੨ ॥ ੧੧ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਪਾਹਨ=ਪੱਥਰ ਵਾਂਙੂ ਪਾਪਾਂ ਕਰਕੇ ਭਾਰੀ ਹਾਂ ਆਪ ਤਾਰ ਲਓ ਅਤੇ ਆਪਣੀ ਸਤਸੰਗਤ ਬਖਸ਼ੋ ਤੁਹਾਡੀ ਸਤਸੰਗਤ ਵਿਚ ਹੀ ਮੈਂ ਸੁਖ ਮੰਨਦਾ ਹਾਂ ॥ ੨ ॥ ੧੧ ॥ ੧੫ ॥

ਮਲਾਰ ਮਹਲਾ ੫ ॥

ਦੁਸਟ ਮੁਏ ਬਿਖੁ ਖਾਈ ਰੀ ਮਾਈ॥

ਹੇ ਭਾਈ ! ਕਾਮ ਕ੍ਰੋਧ ਆਦਿਕ ਦੁਸ਼ਟ ਨਾਮ ਰੂਪ ਜ਼ਹਿਰ ਨੂੰ ਖਾ ਕੇ ਮਰ ਗਏ ਹਨ।

ਵਾ:-ਵਿਸ਼ਿਆਂ ਨੂੰ ਖਾਣ ਵਾਲੇ ਜੋ ਕਾਮ ਆਦਿਕ ਦੁਸ਼ਟ ਸਨ ਉਹ ਮਰ ਗਏ ਹਨ।

ਜਿਸ ਕੇ ਜੀਅ ਤਿਨ ਹੀ ਰਖਿ ਲੀਨੇ
ਮੇਰੇ ਪ੍ਰਭ ਕਉ ਕਿਰਪਾ ਆਈ॥ ੧ ॥ ਰਹਾਉ ॥

ਜਿਸ ਪ੍ਰਭੂ ਦੇ ਇਹ ਸਾਰੇ ਜੀਵ ਪੈਦਾ ਕੀਤੇ ਹੋਏ ਹਨ, ਓਸੇ ਨੇ ਸਾਨੂੰ ਰੱਖ ਲੀਤਾ ਹੈ, ਮੇਰੇ ਉਤੇ ਪ੍ਰਭੂ ਦੀ ਕ੍ਰਿਪਾ ਆ ਗਈ ਹੈ॥ ੧ ॥ ਰਹਾਉ ॥

ਅੰਤਰਜਾਮੀ ਸਭ ਮਹਿ ਵਰਤੈ ਤਾਂ ਭਉ ਕੈਸਾ ਭਾਈ॥

ਹੇ ਭਾਈ ! ਜਦ ਅੰਤਰਜਾਮੀ ਪਰਮਾਤਮਾ ਹੀ ਸਾਰਿਆਂ ਵਿਚ ਵਰਤਦਾ ਹੈ, ਤਾਂ ਮੈਨੂੰ ਕਾਹਦਾ ਡਰ ਹੈ।

ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਈਂ ॥ ੧ ॥

ਜੋ ਸਭ ਦਾ ਸੰਗੀ ਤੇ ਸਹਾਇਤਾ ਕਰਨ ਵਾਲਾ ਹੈ, ਉਹ ਕਦੇ ਭੀ ਛੱਡ ਕੇ ਨਹੀਂ ਜਾਂਦਾ, ਉਹ ਪ੍ਰਭੂ ਸਾਰੀਆਂ ਜਗ੍ਹਾਂ 'ਪਰ ਵਿਆਪਕ ਦਿੱਸਦਾ ਹੈ॥ ੧ ॥

ਅਨਾਥਾ ਨਾਥੁ ਦੀਨ ਦੁਖ ਭੰਜਨ ਆਪਿ ਲੀਏ ਲੜਿ ਲਾਈ॥

ਉਹ ਅਨਾਥਾਂ ਦਾ ਨਾਥੁ=ਸੁਆਮੀ ਹੈ, ਦੀਨਾਂ ਦੇ ਦੁੱਖ ਨਾਸ ਕਰਨ ਵਾਲਾ ਹੈ, ਉਸ ਨੇ ਆਪ ਹੀ ਆਪਣੇ ਲੜਿ=ਪਲੇ ਨਾਲ ਮੈਨੂੰ ਲਾ ਲਿਆ ਹੈ।

ਹਰਿ ਕੀ ਓਟ ਜੀਵਹਿ ਦਾਸ ਤੇਰੇ ਨਾਨਕ ਪ੍ਰਭ ਸਰਣਾਈ॥੨ ॥੧੨ ॥੧੬ ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਤੇਰੇ ਦਾਸ ਤੇਰੀ ਓਟ ਵਿਚ ਹੀ ਜੀਉਂਦੇ ਹਨ, ਹੇ ਪ੍ਰਭੂ ! ਜੋ ਤੇਰੀ ਸ਼ਰਨ ਵਿਚ ਆਏ ਹਨ ਅਸਲ ਦਾਸ ਓਹੀ ਹਨ॥ ੨ ॥ ੧੨ ॥ ੧੬ ॥

ਮਲਾਰ ਮਹਲਾ ੫ ॥

ਮਨ ਮੇਰੇ ਹਰਿ ਕੇ ਚਰਨ ਰਵੀਜੈ ॥

ਮੇਰੇ ਮਨ ਨੇ ਹੇ ਹਰੀ ! ਆਪ ਜੀ ਦੇ ਚਰਨਾਂ ਦਾ ਰਵੀਜੈ=ਸਿਮਰਨ ਕੀਤਾ ਹੈ।

ਦਰਸ ਪਿਆਸ ਮੇਰੋ ਮਨੁ ਮੋਹਿਓ
ਹਰਿ ਪੰਖ ਲਗਾਇ ਮਿਲੀਜੈ ॥ ੧ ॥ ਰਹਾਉ ॥

ਤੇਰੇ ਦਰਸ਼ਨ ਦੀ ਪਿਆਸ=ਚਾਹ ਨੇ ਮੇਰੇ ਮਨ ਨੂੰ ਮੋਹ ਲਿਆ ਹੈ, ਹੇ ਹਰੀ ! ਇਹ ਕਿਰਪਾ ਕਰ ਮੈਂ ਗਿਆਨ ਵੈਰਾਗ ਰੂਪੀ ਖੰਭ ਲੱਗਾ ਕੇ ਆਪ ਜੀ ਨਾਲ ਮਿਲ ਜਾਵਾਂ ॥ ੧ ॥ ਰਹਾਉ ॥

ਖੋਜਤ ਖੋਜਤ ਮਾਰਗੁ ਪਾਇਓ ਸਾਧੂ ਸੇਵ ਕਰੀਜੈ ॥

ਬੇਦਾਂ ਸ਼ਾਸਤ੍ਰਾਂ ਦੁਆਰੇ ਢੂੰਢਦਿਆਂ ਢੂੰਢਦਿਆਂ ਮੈਂ ਏਹ ਰਸਤਾ ਪਾਇਆ ਹੈ, ਕਿ ਸੰਤਾਂ ਦੀ ਸੇਵਾ ਕਰਨੀ ਚਾਹੀਦੀ ਹੈ।

ਧਾਰਿ ਅਨੁਗ੍ਰਹੁ ਸੁਆਮੀ ਮੇਰੇ ਨਾਮੁ ਮਹਾ ਰਸੁ ਪੀਜੈ ॥ ੧ ॥

ਹੇ ਮੇਰੇ ਸੁਆਮੀ ! ਕ੍ਰਿਪਾ ਦ੍ਰਿਸ਼ਟੀ ਧਾਰਨਾ ਕਰ, ਤਾਂ ਕਿ ਤੇਰੇ ਨਾਮ ਅੰਮ੍ਰਿਤ ਰਸ ਨੂੰ ਹੀ ਪੀਂਦਾ ਰਹਾਂ ॥ ੧ ॥

ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥

ਤ੍ਰਾਹਿ ਤ੍ਰਾਹਿ=ਰੱਖ ਲੋ ਰੱਖ ਲੋ ਐਸੇ ਕਰਦੇ ਹੋਏ ਤੁਹਾਡੀ ਸ਼ਰਨ ਵਿਚ ਆਏ ਹਾਂ, ਤ੍ਰਿਸ਼ਨਾ ਦੀ ਅੱਗ, ਵਾ:-ਹਉਮੈ ਦੀ ਅੱਗ ਵਿਚ ਜਲਤਉ=ਸੜਦੇ ਹੋਏ 'ਪਰ ਕ੍ਰਿਪਾ ਦ੍ਰਿਸ਼ਟੀ ਕਰੋ।

ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ ॥੨ ॥੧੩ ॥੧੭ ॥

ਆਪਣੇ ਦਾਸ ਨੂੰ ਮਨ ਰੂਪੀ ਕਰੁ=ਹੱਥ ਤੋਂ ਫੜ ਲਓ, ਗੁਰੂ ਜੀ ਕਥਨ ਕਰਦੇ ਹਨ—ਮੈਨੂੰ ਆਪਣਾ ਦਾਸ ਕਰ ਲਓ ਜਾਂ ਆਪਣੇ ਵਿਚ ਅਭੇਦ ਕਰ ਲਵੋ ॥ ੨ ॥ ੧੩ ॥ ੧੭ ॥

[ਪੰਨਾ ੧੨੭੦]

ਮਲਾਰ ਮਃ ੫ ॥

ਪ੍ਰਭ ਕੋ ਭਗਤਿ ਬਛਲੁ ਬਿਰਦਾਇਓ ॥

ਭਗਤਾਂ ਨਾਲ ਜੋ ਬਛਲੁ=ਪਿਆਰ ਕਰਨਾ ਹੈ ਏਹੀ ਪ੍ਰਭੂ ਦਾ ਅਸਲੀ ਆਪਣਾ ਬਿਰਦਾਇਓ=ਧਰਮ, ਜਾਂ ਪ੍ਰਣ ਹੈ।

ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ ॥ ੧ ॥ ਰਹਾਉ ॥

ਇਸ ਕਰਕੇ ਪ੍ਰਭੂ ਨੇ ਨਿੰਦਕਾਂ ਨੂੰ ਮਾਰਕੇ ਚਰਨਾਂ ਦੇ ਤਲੇ ਸੁੱਟਿਆ ਹੈ ਅਤੇ ਆਪਣਾ ਜਾਣ ਕੇ ਆਪਣੇ ਭਗਤ ਦਾ ਜਸ ਸਾਰੇ ਸੰਸਾਰ ਵਿਚ ਵਰਤਾਇਓ=ਫਲਾ ਦਿੱਤਾ ਹੈ ॥ ੧ ॥ ਰਹਾਉ ॥

ਕ਼ਹੇ ਨੂੰ ਸਪੱਸ਼ਟ ਕਰਦੇ ਹਨ-

ਜੈ ਜੈਕਾਰੁ ਕੀਨੋ ਸਭ ਜਗ ਮਹਿ ਦਇਆ ਜੀਅਨ ਮਹਿ ਪਾਇਓ ॥

ਸਾਰੇ ਜਗਤ ਵਿਚ ਭਗਤਾਂ ਦਾ ਜੈ ਜੈ ਕਾਰ ਕੀਤਾ ਹੈ ਅਤੇ ਜੀਵਾਂ ਦੇ ਹਿਰਦੇ ਵਿਚ ਦਇਆ ਨੂੰ ਪਾ ਦਿੱਤਾ ਹੈ। ਜਿਸ 'ਤੇ ਸਾਰੇ ਜੀਵ ਭਗਤਾਂ 'ਪਰ ਦਇਆ ਕਰਦੇ ਹਨ।

ਕੰਠਿ ਲਾਇ ਅਪੁਨੋ ਦਾਸੁ ਰਾਖਿਓ ਤਾਤੀ ਵਾਉ ਨ ਲਾਇਓ ॥ ੧ ॥

ਆਪਣੇ ਦਾਸ ਨੂੰ ਆਪਣੇ ਗੱਲ ਨਾਲ ਲੱਗਾ ਕੇ ਰੱਖਿਆ ਹੈ, ਉਸ ਨੂੰ ਪ੍ਰੱਤਖ ਤੱਤੀ ਹਵਾ,

ਵਾ:-ਪ੍ਰਸੂਤ ਪੈਣ ਰੂਪੀ ਤੱਤੀ ਹਵਾ, ਵਾ:-ਮਾਇਆ ਦੀ ਤੱਤੀ ਹਵਾ ਲੱਗਦੀ ਨਹੀਂ ਹੈ॥ ੧ ॥

ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ ॥

ਮੇਰੇ ਸੁਆਮੀ ਪਰਮਾਤਮਾ ਨੇ ਭਗਤਾਂ ਦਾ ਅੰਗੀਕਾਰੁ=ਪੱਖ ਕੀਤਾ ਹੈ ਅਤੇ ਉਹਨਾਂ ਦਾ ਭਰਮ ਤੇ ਡਰ ਮਿਟਾ ਕੇ ਅਚੁਤ ਸੁਖ ਪ੍ਰਾਪਤ ਕਰ ਦਿੱਤਾ ਹੈ।

ਮਹਾ ਅਨੰਦ ਕਰਹੁ ਦਾਸ ਹਰਿ ਕੇ
ਨਾਨਕ ਬਿਸ੍ਵਾਸੁ ਮਨਿ ਆਇਓ ॥ ੨ ॥ ੧੪ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਦੇ ਮਨ ਵਿਚ ਭਰੋਸਾ ਆਇਆ ਹੈ, ਉਹ ਹਰੀ ਦੇ ਦਾਸ ਮਹਾਂ ਅਨੰਦ ਲੈਣਾ ਕਰਦੇ ਹਨ। *ਅਥਵਾ:-* ਹਰੀ ਦੇ ਦਾਸ ਮਹਾਂ ਅਨੰਦ ਲੈਣਾ ਕਰਦੇ ਹਨ ਇਹ ਗੱਲ ਵੇਖ ਕੇ ਮੇਰੇ ਮਨ ਵਿਚ ਵੀ ਬਿਸ੍ਵਾਸੁ=ਭਰੋਸਾ ਆ ਗਿਆ ਹੈ॥ ੨ ॥ ੧੪ ॥ ੧੮ ॥

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥

ਗੁਰਮੁਖਿ=ਗੁਰਾਂ ਦੁਆਰੇ ਸਾਰਾ ਸੰਸਾਰ ਪਸਾਰਾ ਬ੍ਰਹਮ ਰੂਪ ਦਿੱਸਦਾ ਹੈ।

ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥ ਗੁਰਮੁਖਿ ਨਾਦ ਬੇਦ ਬੀਚਾਰੁ ॥

ਗੁਰਮੁਖਿ=ਗੁਰਾਂ ਦੁਆਰੇ ਇਹ ਭੀ ਨਿਸਚੇ ਕੀਤਾ ਹੈ ਕਿ ਸਾਰਾ ਸੰਸਾਰ ਵਿਸਤਾਰ ਰਜੋ, ਸਤੋ, ਤਮੋ ਰੂਪ ਤਿੰਨ ਗੁਣਾਂ ਰਚਿਤ ਹੈ। ਮੁਖੀ ਗੁਰਾਂ ਦਾ ਨਾਦ=ਉਪਦੇਸ਼ ਹੀ ਵੇਦਾਂ ਦਾ ਵਿਚਾਰ ਹੈ।

*ਅਥਵਾ:-*ਮੁਖੀ ਗੁਰੂ ਬੇਦਾਂ ਦੁਆਰੇ ਨਾਦ=ਬ੍ਰਹਮ ਦਾ ਵਿਚਾਰ ਕਰਦੇ ਹਨ।

ਬਿਨੁ ਗੁਰ ਪੂਰੇ ਘੋਰ ਅੰਧਾਰੁ ॥ ੧ ॥

ਪੂਰਿਆਂ ਗੁਰਾਂ ਤੋਂ ਬਿਨਾਂ ਘੋਰ=ਭਿਆਨਕ ਅਗਿਆਨ ਦਾ ਹਨੇਰਾ ਬਣਿਆ ਰਹਿੰਦਾ ਹੈ॥ ੧ ॥

ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥

ਹੇ ਮੇਰੇ ਮਨ ! ਧੰਨ ਗੁਰੂ ਧੰਨ ਗੁਰੂ ਕਰਦਿਆਂ ਹੀ ਨਿਤ ਸੁਖ ਪਰਾਪਤ ਹੁੰਦਾ ਹੈ।

ਗੁਰ ਉਪਦੇਸਿ ਹਰਿ ਹਿਰਦੈ ਵਸਿਓ
ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥ ੧ ॥ ਰਹਾਉ ॥

ਗੁਰਾਂ ਦੇ ਉਪਦੇਸ਼ ਦੁਆਰਾ ਹੀ ਹਿਰਦੇ ਵਿਚ ਹਰੀ ਆ ਕੇ ਵਸਦਾ ਹੈ, ਇਸ ਲਈ ਅੰਦਰ ਸਵਾਸ ਜਾਂਦਿਆਂ ਬਾਹਰ ਸ੍ਵਾਸ ਆਉਂਦਿਆਂ, ਵਾ:-ਸ੍ਵਾਸ ਲੈਂਦਿਆ ਤੇ ਗਿਰਾਸਿ=ਭੋਜਨ ਖਾਂਦਿਆਂ ਆਪਣੇ ਖਸਮੁ=ਮਾਲਕ ਪਰਮੇਸ਼ਰ ਨੂੰ ਧਿਆਉਣਾ ਚਾਹੀਦਾ ਹੈ॥ ੧॥ ਰਹਾਉ॥

ਗੁਰ ਕੇ ਚਰਣ ਵਿਟਹੁ ਬਲਿ ਜਾਉ॥ ਗੁਰ ਕੇ ਗੁਣ ਅਨਦਿਨੁ ਨਿਤ ਗਾਉ॥

ਮੈਂ ਗੁਰੂ ਦੇ ਚਰਨਾਂ ਉਤੋਂ ਬਲਿਹਾਰ ਜਾਂਦਾ ਹਾਂ, ਤੁਸੀਂ ਬਲਿਹਾਰ ਜਾਣਾ ਕਰੋ।

ਮੈਂ ਗੁਰੂ ਨੂੰ ਰਾਤ ਦਿਨ ਨਿਤਾਪ੍ਰਤੀ ਗਾਉਂਦਾ ਹਾਂ, ਤੁਸੀਂ ਗਾਵਣਾ ਕਰੋ।

ਗੁਰ ਕੀ ਧੂੜਿ ਕਰਉ ਇਸਨਾਨੁ॥ ਸਾਚੀ ਦਰਗਹ ਪਾਈਐ ਮਾਨੁ॥ ੨॥

ਮੈਂ ਗੁਰਾਂ ਦੀ ਚਰਨ ਧੂੜ ਵਿਚ ਇਸ਼ਨਾਨ ਕਰਦਾ ਹਾਂ, ਤੁਸੀਂ ਭੀ ਇਸ਼ਨਾਨ ਕਰੋ।

ਤਾਂ ਹੀ ਸੱਚੀ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ॥ ੨॥

ਗੁਰੁ ਬੋਹਿਥੁ ਭਵਜਲ ਤਾਰਣਹਾਰੁ॥ ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ॥

ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਗੁਰੂ ਹੀ ਜਹਾਜ਼ ਹੈ, ਵਾ:-ਗੁਰਾਂ ਪਾਸ ਨਾਮ ਰੂਪੀ ਜਹਾਜ਼ ਹੈ। ਗੁਰੂ ਨਾਲ ਮਿਲਣ ਕਰਕੇ ਮੁੜ ਕੇ ਜੂਨੀਆਂ ਵਿਚ ਉਤਰਨਾ ਨਹੀਂ ਹੁੰਦਾ।

ਗੁਰ ਕੀ ਸੇਵਾ ਸੋ ਜਨੁ ਪਾਏ॥ ਜਾ ਕਉ ਕਰਮਿ ਲਿਖਿਆ ਧੁਰਿ ਆਏ ॥ ੩॥

ਉਹ ਪੁਰਸ਼ ਗੁਰਾਂ ਦੀ ਸੇਵਾ ਪਾਂਦਾ ਹੈ। ਜਿਸ ਦੇ ਮੱਥੇ 'ਪਰ ਧੁਰ ਤੋਂ ਸ਼ੁਭ ਕਰਮਾਂ ਦਾ ਲੇਖ ਲਿਖਿਆ ਆਇਆ ਹੈ॥ ੩॥

ਗੁਰੁ ਮੇਰੀ ਜੀਵਨਿ ਗੁਰੁ ਆਧਾਰੁ॥ ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ॥

ਗੁਰੂ ਹੀ ਮੇਰੀ ਜੀਵਨ ਬੂਟੀ ਹਨ, ਅਥਵਾ:-ਗੁਰੂ ਹੀ ਮੇਰੀ ਉਤਮ ਜੀਵਨੀ ਹਨ, ਗੁਰੂ ਹੀ ਮੇਰਾ ਆਧਾਰੁ=ਆਸਰਾ ਰੂਪ ਹਨ। ਗੁਰੂ ਨਾਲ ਹੀ ਮੇਰੀ ਵਰਤਣ ਹੈ, ਗੁਰੂ ਹੀ ਮੇਰਾ ਸਾਰਾ ਪਰਵਾਰ ਹੈ।

ਯਥਾ:- ਗੁਰਦੇਵ ਮਾਤਾ ਗੁਰਦੇਵ ਪਿਤਾ..... ॥

ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ॥

ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ॥ ੪॥ ੧॥ ੧੯॥

ਗੁਰੂ ਹੀ ਮੇਰਾ ਖਸਮੁ=ਮਾਲਕ ਹੈ, ਮੈਂ ਸਦਾ ਹੀ ਸਤਿਗੁਰਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਗੁਰੂ ਜੀ ਕਥਨ ਕਰਦੇ ਹਨ—ਗੁਰੂ ਹੀ ਪਾਰਬ੍ਰਹਮ ਸਰੂਪ ਹਨ ਜਿਨ੍ਹਾਂ ਦੀ ਕੀਮਤ ਪਾਈ ਨਹੀਂ ਜਾਂਦੀ ॥ ੪॥ ੧॥ ੧੯॥

ਮਲਾਰ ਮਹਲਾ ੫॥

ਗੁਰ ਕੇ ਚਰਨ ਹਿਰਦੈ ਵਸਾਏ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਏ॥

ਅੰਨ੍ਵੈ:-ਜਿਸ ਵੇਲੇ ਪ੍ਰਭੂ ਨੇ ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਗੁਰਾਂ ਨਾਲ ਮਿਲਾਇਆ ।

ਤਿਸ ਵੇਲੇ ਸੇਵਕ ਨੇ ਆਪਣੇ ਹਿਰਦੇ ਵਿਚ ਗੁਰਾਂ ਦੇ ਚਰਨ ਵਸਾਉਣਾ ਕੀਤੇ।

ਅਪਨੇ ਸੇਵਕ ਕਉ ਲਏ ਪ੍ਰਭੁ ਲਾਇ ॥ ਤਾ ਕੀ ਕੀਮਤਿ ਕਹੀ ਨ ਜਾਇ ॥੧ ॥

ਜਿਸ ਆਪਣੇ ਸੇਵਕ ਨੂੰ ਪ੍ਰਭੂ ਆਪਣੀ ਸੇਵਾ ਵਿਚ ਲੱਗਾ ਲੈਂਦਾ ਹੈ। ਉਸ ਸੇਵਕ ਦੀ ਕੀਮਤ ਕੁਝ ਕਹੀ ਨਹੀਂ ਜਾਂਦੀ ॥ ੧ ॥

ਕਰਿ ਕਿਰਪਾ ਪੂਰਨ ਸੁਖਦਾਤੇ ॥

ਹੇ ਪੂਰਨ ਸੁਖਾਂ ਦੇ ਦਾਤੇ ਪ੍ਰਭੂ ! ਤੂੰ ਸਾਡੇ 'ਤੇ ਕਿਰਪਾ ਦ੍ਰਿਸ਼ਟੀ ਕਰ। ਕਿਉਂਕਿ-

ਤੁਮ੍ਰੀ ਕ੍ਰਿਪਾ ਤੇ ਤੂੰ ਚਿਤਿ ਆਵਹਿ ਆਠ ਪਹਰ ਤੇਰੈ ਰੰਗਿ ਰਾਤੇ ॥੧ ॥ਰਹਾਉ ॥

ਤੇਰੀ ਹੀ ਕ੍ਰਿਪਾ ਤੇ ਤੂੰ ਚਿੱਤ ਵਿਚ ਯਾਦ ਆਉਂਦਾ ਹੈਂ, ਜਿਨ੍ਹਾਂ ਉਤੇ ਤੇਰੀ ਕ੍ਰਿਪਾ ਹੋਈ ਹੈ ਉਹ ਅੱਠੇ ਪਹਿਰ ਤੇਰੇ ਰੰਗਿ=ਪ੍ਰੇਮ ਵਿਚ ਰਤੇ ਰਹਿੰਦੇ ਹਨ॥ ੧ ॥ ਰਹਾਉ ॥

ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥

ਜੋ ਭੀ ਗਾਵਣਾ ਤੇ ਸੁਨਣਾ ਹੈ ਉਹ ਸਭ ਤੇਰੇ ਭਾਣੇ ਵਿਚ ਹੈ। ਹੇ ਸੱਚੇ ! ਜੋ ਆਪ ਜੀ ਦੇ ਹੁਕਮ ਨੂੰ ਬੁਝਦਾ ਹੈ ਉਹ ਤੇਰੇ ਸੱਚ ਸਰੂਪ ਵਿਚ ਸਮਾਅ ਜਾਂਦਾ ਹੈ।

ਜਪਿ ਜਪਿ ਜੀਵਹਿ ਤੇਰਾ ਨਾਂਉ ॥ ਤੁਝ ਬਿਨੁ ਦੂਜਾ ਨਾਹੀ ਥਾਉ ॥ ੨ ॥

ਸੰਤ ਜਨ ਤੇਰੇ ਨਾਮ ਜਪ ਨੂੰ ਜਪ ਕੇ ਜੀਉਂਦੇ ਹਨ। ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਥਾਂ ਨਹੀਂ ਹੈ। ਅਰਥਾਤ—ਹੋਰ ਕੋਈ ਦੂਜਾ ਆਸਰਾ ਨਹੀਂ ਹੈ॥ ੨ ॥

ਦੁਖ ਸੁਖ ਕਰਤੇ ਹੁਕਮੁ ਰਜਾਇ ॥ ਭਾਣੈ ਬਖਸ ਭਾਣੈ ਦੇਇ ਸਜਾਇ ॥

ਹੇ ਕਰਤੇ ! ਦੁੱਖ ਭੀ ਤੇਰੇ ਹੁਕਮ ਵਿਚ ਹੈ ਅਤੇ ਸੁਖ ਭੀ ਤੇਰੀ ਰਜਾਇ=ਆਗਿਆ ਵਿਚ ਹੈ।

ਤੂੰ ਆਪਣੇ ਭਾਣੈ=ਹੁਕਮ ਵਿਚ ਬਖ਼ਸ਼ਦਾ ਹੈਂ ਅਤੇ ਹੁਕਮ ਵਿਚ ਹੀ ਸਜ਼ਾ ਦੇਂਦਾ ਹੈਂ।

ਦੁਹਾਂ ਸਿਰਿਆਂ ਕਾ ਕਰਤਾ ਆਪਿ ॥ ਕੁਰਬਾਣੁ ਜਾਂਈ ਤੇਰੇ ਪਰਤਾਪ ॥ ੩ ॥

ਹੇ ਕਰਤਾ ਪੁਰਖ ! ਲੋਕ ਪ੍ਰਲੋਕ ਰੂਪ ਦੋਹਾਂ ਸਿਰਿਆਂ ਦਾ ਤੂੰ ਆਪ ਹੀ ਮਾਲਕ ਹੈਂ। ਮੈਂ ਤੇਰੇ ਪ੍ਰਤਾਪ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੩ ॥

ਤੇਰੀ ਕੀਮਤਿ ਤੂਹੈ ਜਾਣਹਿ ॥ ਤੂ ਆਪੇ ਬੂਝਹਿ ਸੁਣਿ ਆਪਿ ਵਖਾਣਹਿ ॥

ਤੇਰੀ ਜੋ ਕੀਮਤਿ=ਵੱਡਿਆਈ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ। ਤੂੰ ਆਪ ਹੀ ਗੁਰੂ ਰੂਪ ਹੋ ਕੇ ਵਖਾਣਹਿ=ਕਥਨ ਕਰਦਾ ਹੈਂ, ਆਪ ਹੀ ਜਗਿਆਸੂ ਰੂਪ ਹੋ ਕੇ ਸੁਣ ਕੇ ਬੁਝਦਾ ਹੈਂ।

ਸੇਈ ਭਗਤ ਜੋ ਤੁਧੁ ਭਾਣੇ ॥
ਨਾਨਕ ਤਿਨ ਕੈ ਸਦ ਕੁਰਬਾਣੇ ॥ ੪ ॥ ੨ ॥ ੨੦ ॥

ਅਸਲੀਅਤ ਵਿਚ ਭਗਤ ਓਹੀ ਹਨ ਜੋ ਆਪ ਜੀ ਨੂੰ ਭਾਉਂਦੇ ਹਨ।

ਗੁਰੂ ਜੀ ਕਥਨ ਕਰਦੇ ਹਨ—ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੪ ॥ ੨ ॥ ੨੦ ॥

[ਪੰਨਾ ੧੨੭੧]

ਮਲਾਰ ਮਹਲਾ ੫ ॥

ਪਰਮੇਸਰੁ ਹੋਆ ਦਇਆਲੁ ॥ ਮੇਘੁ ਵਰਸੈ ਅੰਮ੍ਰਿਤ ਧਾਰ ॥

ਜਿਸ ਵੇਲੇ ਪਰਮੇਸ਼ਰ ਆਪ ਦਿਆਲੂ ਹੋਇਆ, ਤਾਂ ਗੁਰੂ ਬੱਦਲ ਨਾਮ ਰੂਪ ਅੰਮ੍ਰਿਤ ਧਾਰਾ ਨੂੰ ਵਰਸਦੇ ਹੋਏ।

ਸਗਲੇ ਜੀਅ ਜੰਤ ਤ੍ਰਿਪਤਾਸੇ ॥ ਕਾਰਜ ਆਏ ਪੂਰੇ ਰਾਸੇ ॥ ੧ ॥

ਸਾਰੇ ਸੂਖਮ ਅਸਥੂਲ ਜੀਆ ਜੰਤ, ਭਾਵ ਸਿੱਖ ਸੇਵਕ ਰੱਜ ਗਏ। ਪੂਰੇ=ਸਮੂਹ (ਸਾਰੇ) ਕਾਰਜ ਰਾਸ ਆ ਗਏ ॥ ੧ ॥

ਸਦਾ ਸਦਾ ਮਨ ਨਾਮੁ ਸਮ੍ਹਾਲਿ ॥

ਮਨ=ਮੈਨੇ ਮਨ ਕਰਕੇ ਸਦਾ ਸਦਾ ਨਾਮ ਨੂੰ ਸਿਮਰਿਆ ਹੈ।

ਗੁਰ ਪੂਰੇ ਕੀ ਸੇਵਾ ਪਾਇਆ ਐਥੈ ਓਥੈ ਨਿਬਹੈ ਨਾਲਿ ॥ ੧ ॥ ਰਹਾਉ ॥

ਪੂਰਿਆਂ ਗੁਰਾਂ ਦੀ ਸੇਵਾ ਕਰਕੇ ਨਾਮ ਨੂੰ ਪਾਇਆ ਹੈ, ਇਹ ਨਾਮ ਲੋਕ ਪ੍ਰਲੋਕ ਵਿਚ ਮੇਰੇ ਨਾਲ ਨਿਭੇਗਾ ॥ ੧ ॥ ਰਹਾਉ ॥

ਦੁਖੁ ਭੰਨਾ ਭੈ ਭੰਜਨਹਾਰ ॥ ਆਪਣਿਆ ਜੀਆ ਕੀ ਕੀਤੀ ਸਾਰ ॥

ਭੈ ਭੰਜਨਹਾਰ=ਡਰ ਦੇ ਦੂਰ ਕਰਨ ਵਾਲੇ ਪ੍ਰਭੂ ਨੇ ਦੁੱਖ ਭੰਨ ਦਿੱਤਾ ਹੈ। ਵਾ:-ਭੰਨਣ ਵਾਲੇ ਪ੍ਰਭੂ ਨੇ ਜਨਮ ਦਾ ਦੁੱਖ ਭੰਨ ਦਿੱਤਾ ਹੈ ਤੇ ਮਰਨ ਦਾ ਭੈ=ਡਰ ਦੂਰ ਕਰ ਦਿੱਤਾ ਹੈ। ਉਸ ਨੇ ਆਪਣਿਆਂ ਜੀਵਾਂ ਦੀ ਆਪ ਹੀ ਸਾਰ ਸੰਭਾਲ ਕੀਤੀ ਹੈ।

ਰਾਖਨਹਾਰ ਸਦਾ ਮਿਹਰਵਾਨ ॥ ਸਦਾ ਸਦਾ ਜਾਈਐ ਕੁਰਬਾਨ ॥ ੨ ॥

ਰੱਖਿਆ ਕਰਨ ਵਾਲਾ ਹਰੀ ਸਦਾ ਮੇਹਰਵਾਨ ਹੈ, ਮੈਂ ਸਦਾ ਸਦਾ ਉਸ ਤੋਂ ਬਲਿਹਾਰ ਜਾਂਦਾ ਹਾਂ ਤੁਸੀਂ ਕੁਰਬਾਣ ਜਾਣਾ ਕਰੋ ॥ ੨ ॥

ਕਾਲੁ ਗਵਾਇਆ ਕਰਤੈ ਆਪਿ ॥ ਸਦਾ ਸਦਾ ਮਨ ਤਿਸ ਨੋ ਜਾਪਿ ॥

ਕਰਤੇ ਪੁਰਖ ਨੇ ਆਪ ਹੀ ਕਾਲ ਦਾ ਡਰ ਗਵਾ ਦਿੱਤਾ ਹੈ, ਤੂੰ ਮਨ ਕਰਕੇ ਸਦਾ ਸਦਾ ਉਸ ਨੂੰ ਜਪਨਾ ਕਰ। *ਅਥਵਾ:-*ਮਨ=ਮੈਂ ਸਦੀਵ ਕਾਲ ਉਸ ਨੂੰ ਜਪਦਾ ਹਾਂ।

ਦ੍ਰਿਸਟਿ ਧਾਰਿ ਰਾਖੇ ਸਭਿ ਜੰਤ ॥ ਗੁਣ ਗਾਵਹੁ ਨਿਤ ਨਿਤ ਭਗਵੰਤ ॥ ੩ ॥

ਜਿਸ ਨੇ ਕ੍ਰਿਪਾ ਦ੍ਰਿਸ਼ਟੀ ਧਾਰ ਕੇ ਸਾਰਿਆਂ ਜੀਵਾਂ ਦੀ ਰੱਖਿਆ ਕੀਤੀ ਹੈ। ਉਸ ਭਗਵੰਤ ਦੇ ਗੁਣਾਂ ਨੂੰ ਨਿਤਾ ਪ੍ਰਤੀ ਗਾਉਣਾ ਕਰੋ ॥ ੩ ॥

ਏਕੋ ਕਰਤਾ ਆਪੇ ਆਪ ॥ ਹਰਿ ਕੇ ਭਗਤ ਜਾਣਹਿ ਪਰਤਾਪ ॥

ਇਕ ਕਰਤਾ ਪੁਰਖ ਹੀ ਆਪੇ ਆਪ=ਸੁਤੰਤਰ ਹੈ। ਵਾ:-ਆਪਣੇ ਆਪ ਤੋਂ ਸਭ ਨੂੰ ਪੈਦਾ ਕਰਦਾ

ਹੈ। ਉਸ ਹਰੀ ਦੇ ਪ੍ਰਤਾਪ ਨੂੰ ਭਗਤ ਲੋਕ ਹੀ ਜਾਣਦੇ ਹਨ।

ਨਾਵੈ ਕੀ ਪੈਜ ਰਖਦਾ ਆਇਆ ॥

ਨਾਨਕੁ ਬੋਲੈ ਤਿਸ ਕਾ ਬੋਲਾਇਆ ॥ ੪ ॥ ੩ ॥ ੨੧ ॥

ਆਪਣੇ ਨਾਮ ਦੀ ਪੈਜ=ਪਤ ਆਬਰੋ ਨੂੰ ਆਪ ਹੀ ਜੁਗਾਂ ਜੁਗਾਂ ਵਿਚ ਰੱਖਦਾ ਆਇਆ ਹੈ।

ਗੁਰੂ ਜੀ ਕਥਨ ਕਰਦੇ ਹਨ—ਸਭ ਕੋਈ ਉਸ ਦਾ ਬੁਲਾਇਆ ਹੋਇਆ ਬੋਲਦਾ ਹੈ। ਉਸ ਤੋਂ ਬਿਨਾਂ ਆਪਣੇ ਆਪ ਕੋਈ ਨਹੀਂ ਬੋਲ ਸਕਦਾ॥ ੪॥ ੩॥ ੨੧॥

ਮਲਾਰ ਮਹਲਾ ੫ ॥

ਗੁਰ ਸਰਣਾਈ ਸਗਲ ਨਿਧਾਨ ॥ ਸਾਚੀ ਦਰਗਹਿ ਪਾਈਐ ਮਾਨੁ ॥

ਗੁਰਾਂ ਦੀ ਸ਼ਰਨ ਵਿਚ ਆਉਣ ਕਰਕੇ ਸਾਰੇ ਨਿਧਾਨ=ਖਜ਼ਾਨੇ ਪ੍ਰਾਪਤ ਹੁੰਦੇ ਹਨ ਅਤੇ ਸੱਚੀ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ।

ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ ॥ ਸਾਧਸੰਗਿ ਸਦ ਹਰਿ ਗੁਣ ਗਾਇ ॥੧ ॥

ਸਤਸੰਗਤ ਵਿਚ ਸਦਾ ਹਰੀ ਦੇ ਗੁਣ ਗਾਉਣ ਕਰਕੇ ਪੰਜ ਪ੍ਰਕਾਰ ਦਾ ਭਰਮ, ਜਮਾਂ ਦਾ ਭਉ=ਡਰ, ਜਨਮ ਮਰਨ ਦਾ ਦੁੱਖ, ਦਰਦ ਸਰੀਰ ਦਾ,

ਵਾ:-ਈਰਖਾ ਦਾ ਇਤਿਆਦਿਕ ਸਭ ਕੁਝ ਦੂਰ ਹੋ ਜਾਂਦਾ ਹੈ॥ ੧ ॥

ਮਨ ਮੇਰੇ ਗੁਰੁ ਪੂਰਾ ਸਾਲਾਹਿ ॥

ਹੇ ਮੇਰੇ ਮਨ ! ਤੂੰ ਪੂਰਿਆਂ ਗੁਰਾਂ ਦਾ ਜਸ ਕਰ।

ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥ ੧ ॥ ਰਹਾਉ ॥

ਨਿਧੀਆਂ ਦੇ ਖਜ਼ਾਨੇ ਵਾਹਿਗੁਰੂ ਨਾਮ ਨੂੰ ਦਿਨ ਰਾਤ ਜਪਣਾ ਕਰ, ਤਾਂ ਸਾਰੇ ਮਨ ਦੀ ਇੱਛਾ ਅਨੁਸਾਰ ਫਲ ਪਾ ਲਵੇਂਗਾ॥ ੧॥ ਰਹਾਉ॥

ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥

ਜਿੰਨੇ ਵੱਡੇ ਸਤਿਗੁਰ ਹਨ ਉਤਨਾ ਵੱਡਾ ਹੋਰ ਕੋਈ ਨਹੀਂ ਹੈ। ਗੁਰੂ ਉਸ ਪਾਰਬ੍ਰਹਮ ਪਰਮੇਸ਼ਰ ਦਾ ਸਰੂਪ ਹਨ।

ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥ ੨ ॥

ਜਿਸ ਨੂੰ ਜਨਮ ਮਰਨ ਦੇ ਦੁੱਖਾਂ ਤੋਂ ਗੁਰੂ ਹੱਥ ਦੇ ਕੇ ਰੱਖਦਾ ਹੈ। ਉਹ ਫਿਰ ਬਿਖ ਰੂਪ ਮਾਇਆ ਨੂੰ ਮੁੜਕੇ ਕਦੇ ਚੱਖਦਾ ਨਹੀਂ ਹੈ, ਅਰਥਾਤ-ਮਾਇਆ ਵਿਚ ਪ੍ਰੀਤੀ ਨਹੀਂ ਕਰਦਾ॥ ੨॥

ਗੁਰ ਕੀ ਮਹਿਮਾ ਕਥਨੁ ਨ ਜਾਇ ॥ ਗੁਰੁ ਪਰਮੇਸਰੁ ਸਾਚੈ ਨਾਇ ॥

ਗੁਰੂ ਜੀ ਦੀ ਮਹਿਮਾ ਕਥਨ ਨਹੀਂ ਕੀਤੀ ਜਾਂਦੀ ਕਿਉਂਕਿ ਸੱਚ ਨਾਮ ਸਿਮਰਨ ਦੇ ਪਰਤਾਪ ਕਰਕੇ ਗੁਰੂ ਪਰਮੇਸ਼ਰ ਸਰੂਪ ਹਨ।

ਸਚੁ ਸੰਜਮੁ ਕਰਣੀ ਸਭੁ ਸਾਚੀ ॥
ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥ ੩ ॥

ਉਸ ਦਾ ਸੰਜਮ ਸੱਚਾ ਹੈ, ਉਸ ਦੀ ਨਿਸ਼ਕਾਮ ਕਰਮਾਂ ਦੀ ਕਰਣੀ,

ਵਾ:-ਸਾਰੀ ਭਗਤੀ ਕਰਨੀ ਵੀ ਸਾਚੀ=ਸਫਲੀ ਹੈ। ਉਹ ਮਨ ਵੀ ਨਿਰਮਲ ਹੈ ਜੇਹੜਾ ਮਨ ਗੁਰ ਸੇਵਾ ਨਾਲ ਰੱਚ ਮਿੱਚ ਗਿਆ ਹੈ॥ ੩ ॥

ਗੁਰੁ ਪੂਰਾ ਪਾਈਐ ਵਡਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥

ਵੱਡਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਈਦਾ ਹੈ। ਜਿਸ ਨੇ ਪੂਰਾ ਗੁਰੂ ਪਾ ਲਿਆ ਹੈ ਉਸ ਨੇ ਆਪਣੇ ਮਨ ਵਿਚੋਂ ਕਾਮ, ਕ੍ਰੋਧ, ਲੋਭ ਆਦਿਕਾਂ ਨੂੰ ਤਿਆਗ ਦਿੱਤਾ ਹੈ।

ਕਰਿ ਕਿਰਪਾ ਗੁਰ ਚਰਣ ਨਿਵਾਸਿ ॥
ਨਾਨਕ ਕੀ ਪ੍ਰਭ ਸਚੁ ਅਰਦਾਸਿ ॥ ੪ ॥ ੪ ॥ ੨੨ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੇਰੀ ਏਹੋ ਸੱਚੀ ਅਰਦਾਸਿ=ਬੇਨਤੀ ਹੈ ਕਿ ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਗੁਰ ਚਰਨਾਂ ਵਿਚ ਨਿਵਾਸ ਦਿਓ॥ ੪ ॥ ੪ ॥ ੨੨ ॥

ਇਕ ਸਿੱਖ ਨੇ ਆ ਕੇ ਬੇਨਤੀ ਕੀਤੀ ਆਪ ਜੀ ਦਾ ਮਨ ਕਿਵੇਂ ਇਸਥਿਤ ਹੋਇਆ ਹੈ? *ਉੱਤਰ:-*

ਰਾਗੁ ਮਲਾਰ ਮਹਲਾ ੫ ਪੜਤਾਲ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥

ਮਨਾਰਿ=ਸੁੰਦਰ ਗੁਰਾਂ ਨੂੰ ਮਨਾਰਿ=ਮਨਾ ਕੇ ਜਿਸ ਵੇਲੇ ਦਿਆਲੂ ਸੁਭਾਅ ਵਾਲੇ ਪਤੀ ਪਰਮਾਤਮਾ ਨਾਲ ਰੰਗੁ=ਪਰੇਮ ਕੀਤਾ।

ਕੀਨੋ ਰੀ ਸਗਲ ਸੀਗਾਰ ॥ ਤਜਿਓ ਰੀ ਸਗਲ ਬਿਕਾਰ ॥
ਧਾਵਤੋ ਅਸਥਿਰੁ ਥੀਆ ॥ ੧ ॥ ਰਹਾਉ ॥

ਅਤੇ ਰੀ=ਹੇ ਸਖੀ ! ਸਾਰਿਆਂ ਸਾਧਨਾਂ ਰੂਪ ਸ਼ਿੰਗਾਰ ਨੂੰ ਕੀਤਾ, ਪੁਨਾ-ਰੀ=ਹੇ ਸਖੀ ! ਸਾਰੀਆਂ ਰੀ=ਇੰਦ੍ਰੀਆਂ ਦੇ ਸਮੂਹ ਵਿਕਾਰਾਂ ਨੂੰ ਤਿਆਗਿਆ ਤਿਸ ਵੇਲੇ ਏਹ ਧਾਵਤੋ=ਦੌੜਦਾ ਹੋਇਆ ਮਨ ਇਸਥਿਤ ਹੋ ਗਿਆ ॥ ੧ ॥ ਰਹਾਉ ॥

ਐਸੇ ਰੇ ਮਨ ਪਾਇ ਕੈ ਆਪੁ ਗਵਾਇ ਕੈ ਕਰਿ ਸਾਧਨ ਸਿਉ ਸੰਗੁ ॥

ਹੇ ਮਨ ! ਇਸ ਤਰ੍ਹਾਂ ਦੇ ਸੰਕਲਪ ਨੂੰ ਪਾ ਕੇ, ਵਾ:-ਇਸ ਤਰ੍ਹਾਂ ਦੇ ਗੁਣ ਪਾ ਕੇ ਤੇ ਆਪੁ=ਆਪਾ ਭਾ (ਹੰਕਾਰ) ਨੂੰ ਗੁਆ ਕੇ ਨਾਮ ਰਸੀਏ ਸੰਤਾਂ ਨਾਲ ਸੰਗੁ=ਸਬੰਧ ਰੱਖਣਾ ਕਰ।

ਬਾਜੇ ਬਜਹਿ ਮ੍ਰਿਦੰਗ ਅਨਾਹਦ
ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ ॥੧॥

ਜਿਸ ਸਤਸੰਗ ਵਿਚ ਮ੍ਰਿਦੰਗ ਆਦਿਕ ਵਾਜੇ ਅਨਾਹਦ=ਇਕ ਰਸ ਵੱਜ ਰਹੇ ਹਨ ਅਤੇ ਰੀ=ਹੇ ਸਖੀ ! ਜਿਨ੍ਹਾਂ ਸੰਤਾਂ ਦੀ ਕੋਕਿਲ=ਜਿਹਵਾ ਰਾਮ ਨਾਮ ਰੂਪੀ ਮਿੱਠੇ ਬਚਨਾਂ ਨੂੰ ਬੋਲਦੀ ਹੋਈ ਅਤੀਅੰਤ ਸ਼ੋਭਨੀਕ ਹੋ ਰਹੀ ਹੈ॥ ੧॥

ਐਸੀ ਤੇਰੇ ਦਰਸਨ ਕੀ ਸੋਭ ਅਤਿ ਅਪਾਰ
ਪ੍ਰਿਅ ਅਮੋਘ ਤੈਸੇ ਹੀ ਸੰਗਿ ਸੰਤ ਬਨੇ॥

ਹੇ ਪਿਰੀ ਪਰਮਾਤਮਾ ! ਜਿਸ ਤਰ੍ਹਾਂ ਤੇਰੇ ਦਰਸ਼ਨ ਦੀ ਸ਼ੋਭਾ ਅਤੀਅੰਤ ਅਪਾਰ=ਬੇਅੰਤ ਤੇ ਸਰੇਸ਼ਟ ਹੈ ਅਤੇ ਅਮੋਘ=ਸਫਲ ਹੈ, ਤਿਵੇਂ ਤੇਰੇ ਸੰਗੀ ਜੋ ਸੰਤ ਹਨ ਉਹਨਾਂ ਦੀ ਸ਼ੋਭਾ ਵੀ ਐਸੇ ਬਣ ਰਹੀ ਹੈ।

ਕਿਉਂਕਿ ਉਹ ਸੰਤ-

[ਪੰਨਾ ੧੨੭੨]

ਭਵ ਉਤਾਰ ਨਾਮ ਭਨੇ॥ ਰਮ ਰਾਮ ਰਾਮ ਮਾਲ॥
ਮਨਿ ਫੇਰਤੇ ਹਰਿ ਸੰਗਿ ਸੰਗੀਆ॥
ਜਨ ਨਾਨਕ ਪ੍ਰਿਉ ਪ੍ਰੀਤਮੁ ਥੀਆ॥ ੨॥ ੧॥ ੨੩॥

ਭਵ=ਸੰਸਾਰ ਤੋਂ ਪਾਰ ਉਤਾਰਨ ਵਾਲੇ ਨਾਮਾਂ ਨੂੰ ਕਥਨ ਕਰਦੇ ਰਹਿੰਦੇ ਹਨ। ਪੁਨਾ-ਹਰੀ ਦੇ ਸੰਗੀਆਂ ਦੇ ਸੰਗਿ=ਨਾਲ ਮਿਲ ਕੇ ਰਾਮ ਰਾਮ ਰੂਪ ਨਾਮਾਂ ਦੇ ਰਮਨ ਕਰਨੇ ਰੂਪ ਮਾਲਾ ਨੂੰ ਮਨ ਕਰਕੇ ਫੇਰਦੇ ਰਹਿੰਦੇ ਹਨ। ਗੁਰੂ ਜੀ ਕਥਨ ਕਰਦੇ ਹਨ—ਐਹੋ ਜੇਹੇ ਸੰਤਾਂ ਦਾ ਉਹ ਪਿਰੀ ਪਰਮਾਤਮਾ ਪਿਆਰਾ ਪ੍ਰੀਤਮ ਹੋਇਆ ਹੈ॥ ੨॥ ੧॥ ੨੩॥ ਏਹ ਜੀਵ ਸੰਸਾਰ ਤੋਂ ਕਿਉਂ ਨਹੀਂ ਤਰਦਾ ? *ਉੱਤਰ:-*

ਮਲਾਰ ਮਹਲਾ ੫॥
ਮਨੁ ਘਨੈ ਭ੍ਰਮੈ ਬਨੈ॥

ਜੀਵ ਦਾ ਮਨ ਸੰਸਾਰ ਬਨ ਵਿਚ ਘਨੈ=ਬਹੁਤਾ ਭ੍ਰਮੈ=ਫਿਰ ਰਿਹਾ ਹੈ। ਅਤੇ-

ਉਮਕਿਤ ਰਸਿ ਚਾਲੈ॥ ਪ੍ਰਭ ਮਿਲਬੇ ਕੀ ਚਾਹ॥ ੧॥ ਰਹਾਉ॥

ਉਮਕਿਤ=ਉਛਲ ਕੇ, ਵਾ:-ਉਮੰਗ ਕਰਕੇ ਵਿਸ਼ੇ ਰਸਾਂ ਵਿਚ ਚਲਦਾ ਹੈ। ਇਸ ਕਰਕੇ ਇਸ ਜੀਵ ਨੂੰ ਪ੍ਰਭੂ ਨਾਲ ਮਿਲਣ ਦੀ ਕੀ ਇੱਛਾ ਹੈ, ਭਾਵ ਕੋਈ ਇੱਛਾ ਨਹੀਂ ਹੈ॥ ੧॥ ਰਹਾਉ॥

ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ॥ ੧॥

ਤ੍ਰਿਗੁਣ ਆਤਮਕ ਮਾਇਆ ਇਸ ਨੂੰ ਮੋਹਨੇ ਆਈ ਹੈ ਏਹ ਆਪਣੀ ਬੇਦਨ=ਪੀੜਾ ਕਿਸ ਦੇ ਪਾਸ ਕਹੇ॥ ੧॥ ਏਹ ਜੀਵ ਕਿਵੇਂ ਤਰ ਸਕਦਾ ਹੈ? *ਉੱਤਰ:-*

ਮਨੁ ਘਨੈ ਭ੍ਰਮੈ ਬਨੈ॥

ਹੇ ਜੀਵ ! ਤੇਰਾ ਮਨ ਸੰਸਾਰ ਬਨ ਵਿਚ ਬਹੁਤਾ ਫਿਰ ਰਿਹਾ ਹੈ। ਤੂੰ

ਉਮਕਿਤ ਰਸਿ ਚਾਲੈ॥

ਉਮਕਿਤ=ਉਤਸ਼ਾਹ ਨਾਲ ਰਸਿ=ਪ੍ਰੇਮ ਵਿਚ ਮਸਤ ਹੋ ਕੇ ਸਤਸੰਗ ਵਿਚ ਚਲਣਾ ਕਰ।

ਪ੍ਰਭ ਮਿਲਬੇ ਕੀ ਚਾਹ॥

ਅਤੇ ਪ੍ਰਭੂ ਨਾਲ ਮਿਲਣ ਦੀ ਚਾਹ=ਇੱਛਾ ਕਰ।

ਸੰਤਾਂ ਅਗੇ ਵੀ ਬੇਨਤੀ ਕਰ, ਹੇ ਸੰਤੋ !

ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ॥ ੧॥

ਤ੍ਰਿਗੁਣ ਆਤਮਕ ਮਾਇਆ ਮੋਹਦੀ ਆਈ ਹੈ, ਹੇ ਸੰਤੋ ! ਆਪ ਜੀ ਤੋਂ ਬਿਨਾਂ ਮੈਂ ਆਪਣੀ ਬੇਦਨ=ਪੀੜਾ ਕਿਸ ਦੇ ਅੱਗੇ ਕਹਾਂ॥ ੧॥

ਜਗਿਆਸੂ ਤੋਂ ਏਹ ਗੱਲ ਸੁਣ ਕੇ ਸੰਤਾਂ ਨੇ ਕਿਹਾ—

ਤੂੰ ਕੋਈ ਉਪਾਵ ਕੀਤਾ ਹੈ ਜਾਂ ਨਹੀਂ, ਜਗਿਆਸੂ ਨੇ ਕਿਹਾ—

ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ॥

ਮੈਂ ਹੋਰ ਸਾਰੇ ਉਪਾਵ=ਜਤਨ ਕੀਤੇ ਹਨ, ਪਰ ਉਹ ਇਸ ਦੁੱਖ ਨੂੰ ਲਾਹ ਨਹੀਂ ਸਕੇ।

ਅਗੋਂ ਫੇਰ ਸੰਤਾਂ ਨੇ ਕਿਹਾ—

ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ॥੨॥੨॥੨੪॥

ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਦੀ ਸ਼ਰਨ ਵਿਚ ਦੌੜ ਕੇ ਜਾ ਪਓ ਅਤੇ ਉਹਨਾਂ ਨਾਲ ਮਿਲ ਕੇ ਗੋਬਿੰਦ ਦੇ ਗੁਣ ਗਾਉਣਾ ਕਰ॥ ੨॥ ੨॥ ੨੪॥

ਮਲਾਰ ਮਹਲਾ ੫॥

ਪ੍ਰਿਅ ਕੀ ਸੋਭ ਸੁਹਾਵਨੀ ਨੀਕੀ॥

ਨੀਕੀ=ਭਲੀ ਪ੍ਰਕਾਰ ਪਤੀ ਪਰਮਾਤਮਾ ਦੀ ਸ਼ੋਭਾ ਵੱਡੀ ਸੁੰਦਰ ਤੇ ਸ਼ੋਭਨੀਕ ਹੈ।

ਪ੍ਰਸ਼ਨ:-ਉਸ ਸ਼ੋਭਾ ਨੂੰ ਕੋਈ ਗ਼ੈਣ ਕਰਦਾ ਹੈ ਕਿ ਨਹੀਂ ? *ਉੱਤਰ:*-

ਹਾਹਾ ਹੂਹੂ ਗੰਧ੍ਰਬ ਅਪਸਰਾ

ਅਨੰਦ ਮੰਗਲ ਰਸ ਗਾਵਨੀ ਨੀਕੀ॥ ੧॥ ਰਹਾਉ॥

ਆਨੰਦ ਦਾਇਕ ਮੰਗਲਾਂ ਦੇ ਕਰਨ ਵਾਲਾ ਜੋ ਪਰਮੇਸ਼ਰ ਹੈ—ਉਸ ਦੀ ਨੀਕੀ=ਚੰਗੀ ਸ਼ੋਭਾ ਨੂੰ ਹਾਹਾ ਹੂਹੂ ਗੰਧਰਬ ਅਤੇ ਅਪੱਛਰਾਂ ਰਸ=ਪ੍ਰੇਮ ਸਹਿਤ ਗਾਂਵਦੀਆਂ ਹਨ॥ ੧॥ ਰਹਾਉ॥

ਧੁਨਿਤ ਲਲਿਤ ਗੁਨਗ੍ਰ ਅਨਿਕ ਭਾਂਤਿ

ਬਹੁ ਬਿਧਿ ਰੂਪ ਦਿਖਾਵਨੀ ਨੀਕੀ॥ ੧॥

ਗੁਨਗ੍ਰ=ਸੁਭ ਗੁਣਾਂ ਦੇ ਗਿਆਤਾ ਜੋ ਮਹਾਤਮਾ ਹਨ ਉਹ ਬਹੁ ਬਿਧਿ=ਬਹੁਤ ਤਰ੍ਹਾਂ ਨਾਲ ਲਲਿਤ ਰਾਗਣੀ ਦੇ ਰੂਪ ਨੂੰ ਦਿਖਾ ਕੇ ਪਰਮੇਸ਼ਰ ਦੀ ਨੀਕੀ=ਚੰਗੀ ਸ਼ੋਭਾ ਨੂੰ ਅਨਿਕ ਭਾਂਤਿ=ਅਨੇਕ ਤਰ੍ਹਾਂ ਨਾਲ ਧੁਨਿਤ=ਉਚਾਰਦੇ ਹਨ॥ ੧॥

ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ॥

ਗਿਰਿ=ਪਹਾੜਾਂ, ਤਰ=ਬ੍ਰਿਛਾਂ, ਜਲਾਂ ਥਲਾਂ ਵਿਚ ਅਤੇ ਚੌਦਾਂ ਭਵਨਾਂ ਵਿਚ ਜਿਤਨੇ ਕੁ ਘਟ ਘਟ ਹਨ, ਉਹਨਾਂ ਸਾਰਿਆਂ ਵਿਚ ਲਾਲਨ=ਪਿਆਰੇ ਪਰਮਾਤਮਾ ਦੀ ਨੀਕੀ=ਚੰਗੀ ਸ਼ੋਭਾ ਭਰਪੂਰ ਹੋ ਕੇ ਛਾਵਨੀ=ਛਾ ਰਹੀ ਹੈ।

ਸਾਧਸੰਗਿ ਰਾਮਈਆ ਰਸੁ ਪਾਇਓ
ਨਾਨਕ ਜਾ ਕੈ ਭਾਵਨੀ ਨੀਕੀ॥ ੨॥ ੩॥ ੨੫॥

ਗੁਰੂ ਜੀ ਕਥਨ ਕਰਦੇ ਹਨ-ਸਤਸੰਗਤ ਦੁਆਰੇ ਉਸ ਪੁਰਸ਼ ਨੇ ਰਮਈਏ ਰਸ ਨੂੰ ਪਾਉਣਾ ਕੀਤਾ ਹੈ, ਜਿਸ ਦੇ ਹਿਰਦੇ ਵਿਚ ਸਭ ਤੋਂ ਨੀਕੀ=ਚੰਗੀ ਭਾਵਨੀ=ਸ਼ਰਧਾ ਹੈ॥ ੨॥ ੩॥ ੨੫॥

ਮਲਾਰ ਮਹਲਾ ੫ ॥

ਗੁਰ ਪ੍ਰੀਤਿ ਪਿਆਰੇ ਚਰਨ ਕਮਲ ਰਿਦ ਅੰਤਰਿ ਧਾਰੇ॥ ੧॥ ਰਹਾਉ॥

ਪ੍ਰੀਤੀ ਦੇ ਪਿਆਰੇ ਜੋ ਗੁਰੂ ਹਨ ਉਹਨਾਂ ਦੇ ਸੁੰਦਰ ਚਰਨ ਕਮਲ ਅਸਾਂ ਨੇ ਹਿਰਦੇ ਅੰਦਰ ਧਾਰਨਾ ਕੀਤੇ ਹਨ॥ ੧॥ ਰਹਾਉ॥

ਦਰਸੁ ਸਫਲਿਓ ਦਰਸੁ ਪੇਖਿਓ ਗਏ ਕਿਲਬਿਖ ਗਏ ॥

ਗੁਰਾਂ ਦੇ ਸਫਲ ਦਰਸ਼ਨ ਕਰਕੇ ਪਰਮੇਸ਼ਰ ਦੇ ਦਰਸ਼ਨ ਨੂੰ ਵੇਖਿਆ ਹੈ।

ਅਥਵਾ:-ਦਰਸ਼ਨਾਂ ਵਿਚੋਂ ਗੁਰਾਂ ਦੇ ਸਫਲ ਦਰਸ਼ਨ ਨੂੰ ਵੇਖਿਆ, ਤਾਂ ਕਿਲਬਿਖ=ਪਾਪ ਕਰਮ ਗਏ= ਗਵਾਤੇ ਹੋ ਗਏ।

ਵਾ:-ਜਿਸ ਵੇਲੇ ਗੁਰਾਂ ਦੇ ਪਾਸ ਗਏ ਤਾਂ ਕਿਲਵਿਖ ਦੂਰ ਚਲੇ ਗਏ।

ਮਨ ਨਿਰਮਲ ਉਜੀਆਰੇ॥ ੧॥

ਮਨ ਦੇ ਸ਼ੁਧ ਹੋਣ ਕਰਕੇ ਗਿਆਨ ਦਾ ਉਜੀਆਰੇ=ਪ੍ਰਕਾਸ਼ ਹੋ ਗਿਆ ॥ ੧॥

ਬਿਸਮ ਬਿਸਮੈ ਬਿਸਮ ਭਈ॥ ਅਘ ਕੋਟਿ ਹਰਤੇ ਨਾਮ ਲਈ॥

(੧) ਮੈਂ ਮਨ, ਬਾਣੀ, ਸਰੀਰ ਕਰਕੇ ਅਸਚਰਜ ਰੂਪ ਹੋ ਗਈ ਹਾਂ।

(੨) ਅਸਚਰਜ ਰੂਪ ਪਰਮਾਤਮਾ ਨੂੰ ਪਾ ਕੇ ਅਸਚਰਜ ਤੋਂ ਅਸਚਰਜ ਹੋ ਗਈ ਹਾਂ।

(੩) ਜਿਸ ਵੇਲੇ ਬੁੱਧੀ ਵਿਸ਼ਿਆਂ ਤੋਂ ਬਿਸਮ=ਰਹਿਤ ਹੋਈ ਤਾਂ ਅਸਚਰਜ ਰੂਪ ਹੋ ਗਈ ਵਾਹਿਗੁਰੂ ਨਾਮ ਲੈਣ ਨਾਲ ਕ੍ਰੋੜਾਂ ਅਘ=ਪਾਪ ਹਰਤੇ=ਨਾਸ ਹੁੰਦੇ ਹਨ।

ਗੁਰ ਚਰਨ ਮਸਤਕੁ ਡਾਰਿ ਪਹੀ॥ ਪ੍ਰਭ ਏਕ ਤੂੰਹੀ ਏਕ ਤੁਹੀ॥

ਗੁਰੂ ਦੇ ਚਰਨਾਂ 'ਪਰ ਸਿਰ ਸੁੱਟ ਕੇ ਪਈ ਹਾਂ। ਹੇ ਪ੍ਰਭੂ! ਇਸ ਲੋਕ ਵਿਚ ਇਕ ਤੂੰ ਹੀ ਹੈਂ ਅਤੇ ਪ੍ਰਲੋਕ ਵਿਚ ਭੀ ਇਕ ਤੂੰ ਹੀ ਹੈਂ।

ਅਥਵਾ:-ਭੂਤ, ਭਵਿਛਤ, ਵਰਤਮਾਨ ਤਿੰਨਾਂ ਸਮਿਆਂ ਵਿਚ ਹੇ ਪ੍ਰਭੂ ! ਇਕੋ ਇਕ ਤੂੰ ਹੀ ਤੂੰ ਹੀ ਹੈਂ।

ਭਗਤ ਟੇਕ ਤੁਹਾਰੇ ॥ ਜਨ ਨਾਨਕ ਸਰਨਿ ਦੁਆਰੇ ॥ ੨ ॥ ੪ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ—ਜੋ ਭਗਤ ਤੁਹਾਡੇ ਟੇਕ=ਆਸਰੇ ਹਨ। ਮੈਂ ਸੇਵਕ ਜਨ ਉਹਨਾਂ ਦੇ ਦੁਆਰੇ 'ਪਰ ਜਾ ਕੇ ਉਹਨਾਂ ਦੀ ਸ਼ਰਨੀ ਪਿਆ ਹਾਂ॥ ੨ ॥ ੪ ॥ ੨੬ ॥

ਮਲਾਰ ਮਹਲਾ ੫ ॥

ਬਰਸੁ ਸਰਸੁ ਆਗਿਆ ॥ ਹੋਹਿ ਆਨੰਦ ਸਗਲ ਭਾਗ ॥ ੧ ॥ ਰਹਾਉ ॥

ਹੇ ਗੁਰੂ ਰੂਪ ਬੱਦਲੋ ! ਪਰਮੇਸ਼ਰ ਦੀ ਆਗਿਆ ਨਾਲ ਉਪਦੇਸ਼ ਜਲ ਦੀ ਸਰਸੁ=ਅਧਿਕ ਵਰਖਾ ਕਰੋ। ਜਿਸ 'ਤੇ ਸਾਡੇ ਭਾਗ ਜਾਗਣ ਤੇ ਸਭ ਤਰ੍ਹਾਂ ਕਰਕੇ ਅਨੰਦ ਹੋਵੇ॥ ੧ ॥ ਰਹਾਉ ॥

ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥ ੧ ॥

ਸੰਤਾਂ ਨਾਲ ਮਿਲਣ ਕਰਕੇ ਇਸ ਤਰ੍ਹਾਂ ਮਨ ਪਰਫੜੈ=ਪ੍ਰਫੁਲਤ ਹੁੰਦਾ ਹੈ। ਜਿਸ ਤਰ੍ਹਾਂ ਮੇਘਾਂ ਦਾ ਜਲ ਮਿਲਣ ਕਰਕੇ ਧਰ=ਧਰਤੀ ਨੂੰ ਸੁਹਾਗ=ਅਨੰਦ ਹੁੰਦਾ ਹੈ। ਏਸੇ ਤਰ੍ਹਾਂ ਗੁਰੂ ਰੂਪ ਬੱਦਲ ਦਾ ਉਪਦੇਸ਼ ਰੂਪ ਜਲ ਮਿਲਣ ਕਰਕੇ ਜਗਿਆਸੂ ਦੀ ਬੁੱਧੀ ਰੂਪ ਧਰਤੀ ਨੂੰ ਆਨੰਦ ਹੁੰਦਾ ਹੈ ॥ ੧ ॥

ਘਨਘੋਰ ਪ੍ਰੀਤਿ ਮੋਰ ॥ ਚਿਤੁ ਚਾਤ੍ਰਿਕ ਬੂੰਦ ਓਰ ॥

ਜਿਵੇਂ ਘਨ=ਬੱਦਲਾਂ ਦੀ ਘੋਰ=ਧੁਨ ਵਿਚ ਮੋਰਾਂ ਦੀ ਪ੍ਰੀਤੀ ਹੁੰਦੀ ਹੈ। ਤੇ

ਜਿਵੇਂ ਚਾਤ੍ਰਿਕ=ਪਪੀਹੇ ਦਾ ਚਿਤ ਸ੍ਵਾਂਤੀ ਬੂੰਦ ਦੀ ਓਰ=ਤਰਫ ਲੱਗਾ ਰਹਿੰਦਾ ਹੈ।

ਐਸੋ ਹਰਿ ਸੰਗੇ ਮਨ ਮੋਹ ॥ ਤਿਆਗਿ ਮਾਇਆ ਧੋਹ ॥
ਮਿਲਿ ਸੰਤ ਨਾਨਕ ਜਾਗਿਆ ॥ ੨ ॥ ੫ ॥ ੨੭ ॥

ਇਸੇ ਤਰ੍ਹਾਂ ਮੋਹ=ਮੇਰਾ ਮਨ ਹਰੀ ਨਾਲ ਲੱਗ ਰਿਹਾ ਹੈ। ਵਾ:-ਮੇਰੇ ਮਨ ਦਾ ਮੋਹ ਹਰੀ ਨਾਲ ਲੱਗ ਰਿਹਾ ਹੈ। ਧੋਹ=ਛੱਲ ਜਾਣ ਵਾਲੀ ਮਾਇਆ ਨੂੰ ਤਿਆਗ ਦਿੱਤਾ ਹੈ। ਗੁਰੂ ਜੀ ਕਥਨ ਕਰਦੇ ਹਨ-ਸੰਤਾਂ ਨਾਲ ਮਿਲ ਕੇ ਮੇਰਾ ਮਨ ਮੋਹ ਦੀ ਨੀਂਦ ਵਲੋਂ ਹਟ ਕੇ ਗਿਆਨ ਜਾਗ੍ਰਤ ਵਿਚ ਜਾਗ ਪਿਆ ਹੈ॥ ੨ ॥ ੫ ॥ ੨੭ ॥

ਮਲਾਰ ਮਹਲਾ ੫ ॥

ਗੁਨ ਗੋਪਾਲ ਗਾਉ ਨੀਤ ॥ ਰਾਮ ਨਾਮ ਧਾਰਿ ਚੀਤ ॥ ੧ ॥ ਰਹਾਉ ॥

ਹੇ ਭਾਈ ! ਨੀਤ=ਨਿੱਤਾ ਪ੍ਰਤੀ ਗੋਪਾਲ ਦੇ ਗੁਣ ਗਾਵਣਾ ਕਰੋ। ਆਪਣੇ ਚਿਤ ਵਿਚ ਰਾਮ ਨਾਮ ਨੂੰ ਧਾਰਨਾ ਕਰ॥ ੧ ॥ ਰਹਾਉ ॥

ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ ਕੈ ਸੰਗਿ ॥

ਸਰੇਸ਼ਟ ਸਾਧੂਆਂ ਦੇ ਸਤਸੰਗ ਵਿਚ ਮਿਲ ਕੇ ਮਨ ਦੇ ਮਾਨ ਨੂੰ ਛੱਡ ਦੇ ਅਤੇ ਤਨ ਦੇ ਗੁਮਾਨੁ=ਹੰਕਾਰ

ਨੂੰ ਭੀ ਤਜਿ=ਤਿਆਗ ਦੇ।

ਹਰਿ ਸਿਮਰਿ ਏਕ ਰੰਗਿ ਮਿਟਿ ਜਾਂਹਿ ਦੋਖ ਮੀਤ ॥ ੧ ॥

ਇਕ ਹਰੀ ਨੂੰ ਰੰਗਿ=ਪ੍ਰੇਮ ਨਾਲ ਸਿਮਰਨਾ ਕਰ, ਹੇ ਮਿੱਤਰਾ ! ਇਸ ਤਰ੍ਹਾਂ ਕਰਨ ਨਾਲ ਤੇਰੇ ਸਾਰੇ ਦੋਸ਼ ਮਿਟ ਜਾਣਗੇ॥ ੧ ॥

ਪਾਰਬ੍ਰਹਮ ਭਏ ਦਇਆਲ ॥ ਬਿਨਸਿ ਗਏ ਬਿਖੈ ਜੰਜਾਲ ॥

ਜਿਨ੍ਹਾਂ ਉਤੇ ਪਾਰਬ੍ਰਹਮ ਦਿਆਲੂ ਹੋਏ ਹਨ। ਉਹਨਾਂ ਦੇ ਅੰਦਰੋਂ ਜੰਜਾਲ ਰੂਪ ਸਭ ਵਿਸ਼ੇ ਵਿਕਾਰ ਬਿਨਸ ਗਏ ਹਨ।

ਸਾਧ ਜਨਾਂ ਕੈ ਚਰਨ ਲਾਗਿ ॥
ਨਾਨਕ ਗਾਵੈ ਗੋਬਿੰਦ ਨੀਤ ॥ ੨ ॥ ੬ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ—ਇਸ ਲਈ ਹੇ ਭਾਈ ! ਸੰਤ ਜਨਾਂ ਦੇ ਚਰਨੀਂ ਲੱਗ ਕੇ ਅਸੀਂ ਨਿਤਾਪ੍ਰਤੀ ਗੋਵਿੰਦ ਦੇ ਗੁਣ ਗਾਉਂਦੇ ਹਾਂ ਤੂੰ ਭੀ ਉਸ ਦੇ ਗੁਣ ਗਾਵਣਾ ਕਰ॥ ੨ ॥ ੬ ॥ ੨੮ ॥

ਮਲਾਰ ਮਹਲਾ ੫ ॥

ਘਨੁ ਗਰਜਤ ਗੋਬਿੰਦ ਰੂਪ ॥ ਗੁਨ ਗਾਵਤ ਸੁਖ ਚੈਨ ॥ ੧ ॥ ਰਹਾਉ ॥

ਗੋਵਿੰਦ ਦੇ ਸਰੂਪ ਜੋ ਗੁਰੂ ਹਨ ਉਹ ਘਨੁ=ਬੱਦਲ ਵਾਂਙੂ ਸਾਰੇ ਗੱਜ ਰਹੇ ਹਨ। ਉਨ੍ਹਾਂ ਗੁਰਾਂ ਦੁਆਰੇ ਗੋਬਿੰਦ ਦੇ ਗੁਣ ਗਾਵਨ ਕਰਕੇ ਸੁਖ ਚੈਨ=ਸੁਖ ਅਨੰਦ ਹੁੰਦਾ ਹੈ॥ ੧ ॥ ਰਹਾਉ ॥

ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ ॥ ੧ ॥

ਹਰੀ ਸਰੂਪ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਪੈਣ ਕਰਕੇ ਸੰਸਾਰ ਸਮੁੰਦ੍ਰ ਤੋਂ ਤਰਨਾ ਹੁੰਦਾ ਹੈ ਅਤੇ ਅਨਹਤਾ=ਇਕ ਰਸ ਨਾਮ ਰੂਪ ਬੈਨ=ਬਚਨਾਂ ਦੇ ਧੁਨਿ=ਉਚਾਰਨ ਨਾਲ ਰਸ= ਅਨੰਦ ਹੁੰਦਾ ਹੈ।

ਅਥਵਾ:-ਜਿਸ ਨੇ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਪੈ ਕੇ ਆਪਣੇ ਬੈਨ=ਬਚਨਾਂ (ਬਾਣੀ) ਦੁਆਰੇ ਅਨਹਤਾ ਰਸ=ਇਕ ਰਸ ਪ੍ਰੇਮ ਨਾਲ ਹਰੀ ਜਸ ਨੂੰ ਧੁਨਿ=ਉਚਾਰਿਆ ਹੈ ਉਹ ਸੰਸਾਰ ਸਮੁੰਦ੍ਰ ਤੋਂ ਤਰ ਗਿਆ ਹੈ॥ ੧ ॥

ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥

ਜਿਵੇਂ ਪਥਿਕ=ਰਾਹੀ ਨੂੰ ਸਰੋਵਰ ਵਿਚੋਂ ਪ੍ਰਤੱਖ ਜਲ ਲੈਣ ਦੀ ਇੱਛਾ ਹੁੰਦੀ ਹੈ, ਤਿਵੇਂ ਜਗਿਆਸੂ ਰੂਪ ਰਾਹੀ ਦੇ ਮਨ ਵਿਚ ਚਿਤ ਰੂਪੀ ਸਰੋਵਰ ਵਿਚੋਂ ਆਤਮ ਰੂਪ ਜਲ ਦੇ ਲੈਣ ਦੀ ਪਿਆਸ ਹੈ।

ਹਰਿ ਦਰਸ ਪ੍ਰੇਮ ਜਨ ਨਾਨਕ
ਕਰਿ ਕਿਰਪਾ ਪ੍ਰਭ ਦੈਨ ॥ ੨ ॥ ੭ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਦੇ ਅੰਦਰ ਹਰੀ ਦੇ ਦਰਸ਼ਨ ਦਾ ਪ੍ਰੇਮ ਹੈ, ਪ੍ਰਭੂ ਹੀ ਕਿਰਪਾ ਕਰਕੇ ਦਰਸ਼ਨ ਦੇਣ ਵਾਲਾ ਹੈ॥ ੨ ॥ ੭ ॥ ੨੯ ॥

[ਪੰਨਾ ੧੨੭੩]

ਅਗਲੇ ਸ਼ਬਦ ਵਿਚ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ:-

ਮਲਾਰ ਮਹਲਾ ੫ ॥

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥ ੧ ॥ ਰਹਾਉ।

ਹੇ ਬੇਦਾਂ ਕਰਕੇ ਜਾਨਣੇ ਜੋਗ ਗੋਬਿੰਦ, ਹੇ ਗੌ+ਪਾਲ=ਗਊਆਂ ਦੇ ਪਾਲਕ,

ਵਾ:-ਇੰਦ੍ਰੀਆਂ ਦੇ ਪਾਲਣਹਾਰੇ, ਹੇ ਦਿਆਲੂ ਸੁਭਾਅ ਵਾਲੇ ਲਾਲ ਵਾਂਙੂ ਬੇ-ਕੀਮਤੇ !

ਵਾ:-ਸਭ ਦੇ ਲਾਲ=ਪਿਆਰੇ॥ ੧ ॥ ਰਹਾਉ ॥

ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥ ੧ ॥

ਹੇ ਪ੍ਰਾਣਾਂ ਦੇ ਸੁਆਮੀ, ਅਨਾਥਾਂ ਦੇ ਸਖੇ=ਮਿੱਤ੍ਰ, ਦੀਨ=ਗਰੀਬਾਂ ਦੀਆਂ ਦਰਦਾਂ ਦੇ ਨਵਿਰਤ ਕਰਨ ਵਾਲੇ।

ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥ ੨ ॥

ਹੇ ਸਰਬ ਕਲਾ ਸਮਰੱਥ, ਹੇ ਬੇਦਾਂ ਸ਼ਾਸਤ੍ਰਾਂ ਕਰਕੇ ਅਗਮ, ਸਾਰਿਆਂ ਵਿਚ ਪਰੀ ਪੂਰਨ ਪ੍ਰਭੂ ਆਪ ਮੇਰੇ 'ਪਰ ਕਿਰਪਾ ਦ੍ਰਿਸ਼ਟੀ ਧਾਰਨਾ ਕਰੋ।

ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥ ੩ ॥ ੮ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ—ਬੜਾ ਭਿਆਨਕ ਜੋ ਅੰਨ੍ਹਾ ਖੂਹਾ ਸੰਸਾਰ ਹੈ ਇਸ ਤੋਂ ਪਾਰ ਉਤਾਰਨਾ ਕਰੋ॥ ੩ ॥ ੮ ॥ ੩੦ ॥

ਇਥੋਂ ਤੱਕ ਸ਼ਬਦਾਂ ਦੀ ਸਮਾਪਤੀ ਹੈ, ਅਗੋਂ ਅਸ਼ਟਪਦੀਆਂ ਉਚਾਰਨ ਕਰਦੇ ਹਨ। ਇਸ ਅਸ਼ਟਪਦੀ ਵਿਚ ਜਗਿਆਸੂ ਦੀ ਬਿਵਸਥਾ ਕਹਿੰਦੇ ਹਨ, ਜਿਵੇਂ ਪਤੀ ਦੇ ਵਿਛੋੜੇ ਕਰਕੇ ਉਸ ਦੀ ਹਾਲਤ ਬਤੀਤ ਹੁੰਦੀ ਹੈ।

ਮਲਾਰ ਮਹਲਾ ੧ ਅਸਟਪਦੀਆ ਘਰੁ ੧

੧ਓ ਸਤਿਗੁਰ ਪ੍ਰਸਾਦਿ ॥

ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਦ ਨ ਪਾਈ ॥

ਜਿਵੇਂ ਪ੍ਰਤੱਖ ਚਕਵੀ ਆਪਣੀਆਂ ਅੱਖਾਂ ਵਿਚ ਨੀਂਦ ਨਹੀਂ ਚਾਹੁੰਦੀ ਕਿਉਂਕਿ ਉਸ ਨੂੰ ਆਪਣੇ ਪਤੀ ਚਕਵੇ ਤੋਂ ਬਿਨਾਂ ਨੀਂਦ ਪੈਂਦੀ ਹੀ ਨਹੀਂ।

ਸੂਰੁ ਚਰੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ ॥ ੧ ॥

ਜਿਸ ਵੇਲੇ ਅਕਾਸ਼ ਵਿਚ ਸੂਰਜ ਚੜ੍ਹਦਾ ਹੈ ਤਾਂ ਆਪਣੇ ਪਤੀ ਚਕਵੇ ਨੂੰ ਅੱਖਾਂ ਨਾਲ ਵੇਖਦੀ ਹੈ ਅਤੇ ਝੁਕ ਝੁਕ ਕੇ ਸੂਰਜ ਦੀ ਚਰਨੀਂ ਲੱਗਦੀ ਹੈ। ਇਸੇ ਤਰ੍ਹਾਂ ਜਗਿਆਸੂ ਰੂਪ ਚਕਵੀ ਆਪਣੀਆਂ ਮਨ ਬੁੱਧੀ ਰੂਪ ਅੱਖਾਂ ਵਿਚ ਨੀਂਦ ਨਹੀਂ ਚਾਹੁੰਦੀ ਕਿਉਂਕਿ ਬ੍ਰਹਮ ਪਤੀ ਤੋਂ ਬਿਨਾਂ ਸ਼ਾਂਤੀ ਰੂਪ ਨੀਂਦ ਨਹੀਂ ਪੈਂਦੀ । ਜਿਸ ਵੇਲੇ

ਗੁਰੂ ਰੂਪ ਸੂਰਜ ਚੜ੍ਹਦੇ ਹਨ ਤਿਸ ਵੇਲੇ ਪਤੀ ਬ੍ਰਹਮ ਨੂੰ ਅੱਖਾਂ ਨਾਲ ਵੇਖਦੀ ਹੈ ਤੇ ਝੁਕ ਝੁਕ ਕੇ ਗੁਰੂ ਦੀ ਚਰਨੀਂ ਲੱਗਦੀ ਹੈ॥ ੧॥

ਪਿਰ ਭਾਵੈ ਪ੍ਰੇਮੁ ਸਖਾਈ॥

ਜੋ ਪਤੀ ਪਰਮਾਤਮਾ ਹਰ ਜਗ੍ਹਾਂ ਸਖਾਈ=ਸਹਾਇਤਾ ਕਰਦਾ ਹੈ, ਉਸ ਦਾ ਪ੍ਰੇਮ ਭਾਂਵਦਾ ਹੈ।

ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ॥੧॥ਰਹਾਉ॥

ਜਗਿਆਸੂ ਰੂਪ ਇਸਤ੍ਰੀ ਉਸ ਤੋਂ ਬਿਨਾਂ ਇਕ ਘੜੀ ਮਾਤ੍ਰ ਭੀ ਜਗਤ ਵਿਚ ਜੀਉਂਦੀ ਨਹੀਂ ਹੈ, ਅਜੇਹੀ ਪਿਆਸ ਕਰਕੇ ਤ੍ਰਿਖਾਤਰ ਹੈ ॥ ੧॥ ਰਹਾਉ॥

ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ॥

ਜਿਸ ਵੇਲੇ ਅਕਾਸ਼ ਚਾਰੀ ਸੂਰਜ ਆਪਣੀਆਂ ਕਿਰਨਾਂ ਨੂੰ ਪ੍ਰਕਾਸ਼ਦਾ ਹੈ ਤਿਸ ਵੇਲੇ ਸਰੋਵਰ ਵਿਚ ਰਹਿਣ ਵਾਲਾ ਕੌਲ ਫੁੱਲ ਸਹਜਿ ਸੁਭਾਈ=ਸੁਤੇ ਸਿਧ ਖਿੜ ਜਾਂਦਾ ਹੈ। ਇਸੇ ਤਰ੍ਹਾਂ ਜਦ ਚਿਦਾਕਾਸ਼ ਵਿਚ ਵਿਚਰਨੇ ਵਾਲਾ ਗੁਰੂ ਸੂਰਜ ਉਪਦੇਸ਼ ਰੂਪ ਕਿਰਨਾਂ ਨੂੰ ਪ੍ਰਕਾਸ਼ਦਾ ਹੈ, ਤਿਸ ਵੇਲੇ ਸਤਸੰਗ ਸਰੋਵਰ ਵਿਚ ਰਹਿਣ ਵਾਲਾ ਜਗਿਆਸੂ ਰੂਪ ਕਮਲ ਫੁੱਲ ਖਿੜ ਜਾਂਦਾ ਹੈ।

ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ॥ ੨॥

ਜਿਸ ਵੇਲੇ ਪ੍ਰੀਤਮ=ਪਰਮਾਤਮਾ ਦੀ ਪ੍ਰੀਤੀ ਅਭਿ=ਹਿਰਦੇ ਵਿਚ ਅਜੇਹੀ ਬਣੀ, ਤਾਂ ਜੋਤੀ=ਪਰਮਾਤਮਾ ਨਾਲ ਜੋਤ ਮਿਲ ਗਈ॥ ੨॥

ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ॥

ਜਿਵੇਂ, ਚਾਤ੍ਰਿਕੁ=ਪਪੀਹਾ ਜਲ=ਸ੍ਵਾਂਤੀ ਬੂੰਦ ਤੋਂ ਬਿਨਾਂ ਪਿਰੀ ਪਿਰੀ ਕਰਕੇ ਟੇਰੈ=ਪੁਕਾਰਦਾ ਹੈ ਤੇ ਵਿਰਲਾਪ ਕਰਨ ਵਾਲਾ ਹੋ ਕੇ ਵਿਰਲਾਪ ਕਰਦਾ ਹੈ।

ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ॥ ੩॥

ਚਾਹੇ ਘਨਹਰ=ਬੱਦਲ ਘੋਰ=ਧੁਨ ਕਰਕੇ ਦਸੋ ਦਿਸਾਂ ਵਿਚ ਜਲ ਵਰਸਦਾ ਹੈ, ਪਰ ਜਲ=ਸ੍ਵਾਂਤੀ ਬੂੰਦ ਮਿਲੇ ਤੋਂ ਬਿਨਾਂ ਪਪੀਹੇ ਦੀ ਪਿਆਸ ਜਾਂਦੀ ਨਹੀਂ ਹੈ। ਤਿਵੇਂ, ਉਤਮ ਜਗਿਆਸੂ ਰੂਪ ਚਾਤ੍ਰਿਕ ਅਭੇਦ ਬੋਧ ਰੂਪ ਸ੍ਵਾਂਤੀ ਬੂੰਦ ਦੇ ਮਿਲੇ ਤੋਂ ਬਿਨਾਂ ਪਿਰੀ ਪਿਰੀ ਕਰਕੇ ਟੇਰੈ=ਉਚਾਰਦਾ ਹੈ ਤੇ ਬਿਲਲਿਆਂ ਵਾਂਙੂ ਵਿਰਲਾਪ ਕਰਦਾ ਹੈ, ਵਾ:-ਵਿਰਲਾਪ ਕਰਨ ਵਾਲਾ ਹੋ ਕੇ ਵਿਰਲਾਪ ਕਰਦਾ ਹੈ। ਚਾਹੇ ਗੁਰੂ ਬੱਦਲ ਘੋਰ=ਧੁਨ ਕਰਕੇ ਦਸੋ ਦਿਸ਼ਾਂ ਵਿਚ, ਅਰਥਾਤ ਹਰ ਪਾਸੇ ਕਰਮ ਉਪਾਸ਼ਨਾ ਵੈਰਾਗ ਆਦਿਕ ਸਾਧਨਾਂ ਦੇ ਕਰਨ ਰੂਪ ਜਲ ਦੀ ਵਰਖਾ ਕਰਦੇ ਹਨ, ਪਰ ਅਭੇਦ ਬੋਧ ਰੂਪ ਜਲ=ਸ੍ਵਾਂਤੀ ਬੂੰਦ ਮਿਲੇ ਤੋਂ ਬਿਨਾਂ ਉੱਤਮ ਜਗਿਆਸੂ ਰੂਪ ਪਪੀਹੇ ਦੀ ਪਿਆਸ ਨਹੀਂ ਜਾਂਦੀ॥ ੩॥

ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ॥

ਜਿਵੇਂ, ਮੀਨ=ਮੱਛੀ ਜਲ ਤੋਂ ਪੈਦਾ ਹੁੰਦੀ ਹੈ, ਜਲ ਵਿਚ ਹੀ ਨਿਵਾਸ ਕਰਦੀ ਹੈ, ਪਰ ਉਸ ਨੂੰ ਜੇਹੜਾ ਸੁਖ ਦੁੱਖ ਹੋ ਰਿਹਾ ਹੈ, ਉਹ ਉਸ ਨੂੰ ਆਪਣੀ ਪੂਰਬਲੀ ਕਮਾਈ ਅਨੁਸਾਰ ਹੋ ਰਿਹਾ ਹੈ।

ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ ॥ ੪ ॥

ਜਲ ਤੋਂ ਬਿਨਾਂ ਹੋ ਕੇ ਮੱਛੀ ਖਿਨ ਪਲ ਤੇ ਤਿਲ ਸਮਾਂ ਰਹਿ ਨਹੀਂ ਸਕਦੀ, ਉਸ ਦਾ ਮਰਨਾ ਜੀਉਣਾ ਉਸ ਜਲ ਤਾਂਈ ਹੈ, ਜਲ ਦੇ ਸੰਜੋਗ ਕਰਕੇ ਜੀਊਣਾ ਹੈ, ਜਲ ਦੇ ਵਿਜੋਗ ਕਰਕੇ ਮਰਨਾ ਹੈ।

ਤਿਵੇਂ, ਸ਼ੁਧ ਬੁੱਧੀ ਰੂਪ ਮੱਛੀ ਨਾਮ ਜਲ ਤੋਂ ਪੈਦਾ ਹੁੰਦੀ ਹੈ ਅਤੇ ਓਸੇ ਨਾਮ ਜਲ ਵਿਚ ਹੀ ਸ਼ੁਧ ਬੁੱਧੀ ਦਾ ਨਿਵਾਸ ਹੈ।

ਜੇਹੜਾ ਸੁਖ ਦੁੱਖ ਹੋ ਰਿਹਾ ਹੈ ਇਹ ਆਪਣੀ ਪੂਰਬਲੀ ਕਮਾਈ ਅਨੁਸਾਰ ਹੈ। ਇਕ ਖਿਨ ਇਕ ਪਲ ਇਕ ਤਿਲ ਮਾਤ੍ਰ ਵੀ ਨਾਮ ਜਲ ਤੋਂ ਬਿਨਾਂ ਨਹੀਂ ਰਹਿ ਸਕਦੀ, ਉਸ ਦਾ ਮਰਨਾ ਜੀਊਣਾ ਤਿਸ ਨਾਮ ਜਲ ਤਾਂਹੀ ਹੈ। ਨਾਮ ਜਲ ਮਿਲਦਾ ਰਹੇ ਤਾਂ ਉਸ ਦਾ ਜੀਊਣਾ ਹੈ, ਨਾਮ ਜਲ ਤੋਂ ਬਿਨਾਂ ਉਸ ਦਾ ਮਰਨਾ ਹੈ।

ਅਥਵਾ:-ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ।

ਜੀਵ ਰੂਪ ਮੱਛੀ ਦੀ ਉਤਪਤੀ ਚੇਤਨ ਰੂਪ ਜਲ ਤੋਂ ਹੈ,
ਅਤੇ, ਜੀਵ ਰੂਪ ਮੱਛੀ ਦਾ ਨਿਵਾਸ ਭੀ ਚੇਤਨ ਵਿਚ ਹੈ,
ਪਰ, ਸੁਖ ਦੁੱਖ ਪੂਰਬਲੀ ਕਮਾਈ ਦੇ ਅਨੁਸਾਰ ਮਿਲਦੇ ਹਨ।

ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ ॥ ੪ ॥

ਚੇਤਨ ਜਲ ਤੋਂ ਬਿਨਾਂ ਪਲ ਦਾ ਖਿਨ ਮਾਤ੍ਰ ਤੇ ਤਿਲ ਜਿੰਨਾ ਸਮਾਂ ਏਹ ਜੀਵ ਰੂਪ ਮੱਛੀ ਰਹਿ ਨਹੀਂ ਸਕਦੀ, ਜੀਵ ਰੂਪ ਇਸਤ੍ਰੀ ਦਾ ਮਰਨਾ ਜੀਊਣਾ ਉਸ ਚੇਤਨ ਤਾਂਹੀ ਹੈ॥ ੪ ॥

ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਂਈ ॥

ਪਤੀ ਪਰਮਾਤਮਾ ਅੰਤਹਕਰਣ ਰੂਪੀ ਦੇਸ ਵਿਚ ਨਿਵਾਸ ਕਰ ਰਿਹਾ ਹੈ, ਪਰ ਇਹ ਜੀਵ ਰੂਪ ਧਨ= ਇਸਤ੍ਰੀ ਉਸ ਤੋਂ ਵਾਂਢੀ=ਵਿਛੜੀ ਹੋਈ ਸੀ, ਗੁਰਾਂ ਨੇ ਆਪਣਾ ਸ਼ਬਦ ਦੇ ਕੇ ਉਸ ਸੱਚ ਦੇ ਪਾਸ ਪਠਾਂਈ=ਭੇਜਿਆ ਹੈ।

ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ ॥ ੫ ॥

ਪ੍ਰਭੂ ਨੂੰ ਹਿਰਦੇ ਦਾ ਨਿਵਾਸੀ ਮੰਨ ਕੇ ਸ਼ੁਭ ਗੁਣਾਂ ਨੂੰ ਸੰਗ੍ਰਹਿ=ਇਕਤ੍ਰ ਕਰੇ, ਜੋ ਪ੍ਰੇਮਾ ਭਗਤੀ ਵਿਚ ਰਤੀ ਹੈ ਓਹੀ ਹਰਖਾਈ=ਪ੍ਰਸੰਨ ਹੋਈ ਹੈ॥ ੫ ॥

ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਂਈ ॥

ਜਿੰਨੀ ਕੁ ਸ੍ਰਿਸ਼ਟੀ ਹੈ ਉਹ ਸਾਰੀ ਪਿਰੀ ਪਿਰੀ ਉਚਾਰਦੀ ਹੈ, ਜਿਹੜੀ ਗੁਰਾਂ ਨੂੰ ਭਾਉਂਦੀ ਹੈ ਓਹੀ ਪਤੀ ਨੂੰ ਪਾਂਦੀ ਹੈ। *ਅਥਵਾ:*-ਜਿੰਨੀਆਂ ਭੀ ਹਨ ਉਹ ਸਭ ਪਤੀ ਜੀ, ਪਤੀ ਜੀ ਕਰਕੇ ਪੁਕਾਰ ਕਰਦੀਆਂ ਹਨ, ਪਰ ਜੋ ਗੁਰਾਂ ਦੇ ਭਾਣੇ ਵਿਚ ਤੁਰਦੀ ਹੈ ਓਹੀ ਪਤੀ ਨੂੰ ਪਾਂਦੀ ਹੈ।

ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ ॥ ੬ ॥

ਉਹ ਸੱਚਾ ਪਤੀ ਪਰਮਾਤਮਾ ਸਦਾ ਹੀ 'ਨਾਲੇ-ਸੰਗੇ'=ਅੰਗ ਸੰਗ ਹੈ।

ਅਥਵਾ:-ਪਤੀ ਨਾਲ ਵਸਦਾ ਹੈ, ਉਹ ਸੱਚਾ ਸਦਾ ਦਾ ਸੰਗੀ ਹੈ, ਨਦਰੀ=ਗੁਰੂ ਸਾਹਿਬ ਜੀ ਉਸ ਦੇ ਮੇਲ

ਨਾਲ ਮਿਲਾਂਦੇ ਹਨ॥ ੬॥

ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ॥

ਸਾਰਿਆਂ ਜੀਵਾਂ ਵਿਚ ਉਹ ਪਰਮਾਤਮਾ ਜੀਵ ਰੂਪ ਹੈ, *ਅਥਵਾ:*-ਜੋ ਸਾਰੇ ਜੀਵ ਹਨ, ਸਭਨਾਂ ਵਿਚ ਓਹੀ ਜੀਵਨ ਰੂਪ ਹੈ ਅਤੇ ਸਾਰਿਆਂ ਘਟਾਂ ਘਟਾਂ ਵਿਚ ਸਮਾਈ ਕਰ ਰਿਹਾ ਹੈ।

ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ॥ ੭॥

ਗੁਰਾਂ ਦੀ ਕ੍ਰਿਪਾ ਦੁਆਰੇ ਜਦ ਹਿਰਦੇ ਘਰ ਵਿਚ ਹੀ ਉਸ ਦੇ ਨਾਮਾਂ ਨੂੰ ਪਰਗਾਸਿਆ=ਉਚਾਰਿਆ ਤਾਂ ਅੰਤਹਕਰਣ ਰੂਪ ਘਰ ਦੇ ਵਿਚੋਂ ਹੀ ਉਹ ਪਰਗਾਸਿਆ=ਪ੍ਰਗਟ ਹੋ ਗਿਆ ਇਸ ਲਈ ਸਹਜੇ ਹੀ ਸਹਜ ਪਦ ਵਿਚ ਸਮਾਈ ਹੋ ਗਈ॥ ੭॥

ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈਂ॥

ਸੁਖਾਂ ਦੇ ਦੇਣ ਵਾਲੇ ਗੁਸਾਂਈ ਦਾ ਰੂਪ ਜੋ ਗੁਰੂ ਸਾਹਿਬ ਜੀ ਹਨ, ਉਹਨਾਂ ਦੁਆਰੇ ਆਪਣੇ ਮੁਕਤੀ ਦੇ ਕਾਰਜ ਨੂੰ ਆਪ ਸਵਾਰਨਾ ਕਰੋ।

ਗੁਰ ਪਰਸਾਦਿ ਘਰ ਹੀ ਪਿਰੁ ਪਾਇਆ
ਤਉ ਨਾਨਕ ਤਪਤਿ ਬੁਝਾਈ॥ ੮॥ ੧॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਗੁਰਾਂ ਦੀ ਕ੍ਰਿਪਾ ਕਰਕੇ ਅੰਤਹਕਰਣ ਰੂਪ ਘਰ ਦੇ ਵਿਚ ਹੀ ਪਤੀ ਪਰਮਾਤਮਾ ਨੂੰ ਪਾ ਲਿਆ ਤਦ ਵਿਛੋੜੇ ਦੀ ਤਪਸ਼ਤਾ ਨੂੰ ਬੁਝਾ ਦੇਣਾ ਕੀਤਾ॥ ੮॥ ੧॥

ਮਲਾਰ ਮਹਲਾ ੧॥

ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀਂ॥

ਗਿਆਨ ਜਾਗ੍ਰਤ ਵਿਚ ਜਾਗਦੇ ਜੋ ਗੁਰੂ ਹਨ, ਉਹਨਾਂ ਦੀ ਸੇਵਾ ਕਰਨ ਲਈ ਜਾਗਤੁ=ਸਾਵਧਾਨ ਹੋ ਕੇ ਜਾਗਦਾ ਰਹੇ, ਹਰੀ ਤੋਂ ਬਿਨਾਂ ਮੇਰਾ ਹੋਰ ਕੋਈ ਨਹੀਂ ਹੈ।

ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ॥ ੧॥

ਭਾਵੇਂ, ਕੋਈ ਅਨੇਕਾਂ ਜਤਨ ਕਰ ਲਵੇ, ਰਹਿਣਾ ਨਹੀਂ ਪਾਂਵਦਾ, ਜਿਵੇਂ, ਅੱਗ ਦੇ ਆਚੁ=ਸੇਕ ਕਰਕੇ ਕਚ ਢਲ ਪੈਂਦਾ ਹੈ, ਤਿਵੇਂ ਸੰਸਾਰ ਨਾਸਵੰਤ ਹੈ ਅਤੇ ਰੋਗ ਰੂਪੀ ਅੱਗ ਦੇ ਸੇਕ ਕਰਕੇ ਇਨ੍ਹਾਂ ਪਦਾਰਥਾਂ ਨੇ ਢਲ ਪੈਣਾ ਹੈ॥ ੧॥

ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ॥

ਦੱਸੋ ਖਾਂ ! ਇਸ ਸਰੀਰ ਤੇ ਧਨ ਦਾ ਕੈਸਾ ਹੰਕਾਰ ਕਰਨਾ ਹੈ।

ਬਿਨਸਤ ਬਾਰ ਨ ਲਾਗੈ ਬਵਰੇ
ਹਉਮੈ ਗਰਬਿ ਖਪੈ ਜਗੁ ਐਸਾ॥ ੧॥ ਰਹਾਉ॥

ਹੇ ਬੌਰਿਆ ! ਇਹ ਜਗਤ ਤਾਂ ਐਸੇ ਨਾਸਵੰਤ ਹੈ, ਇਸ ਦੇ ਨਾਸ ਹੁੰਦਿਆਂ ਕੋਈ ਬਾਰ=ਦੇਰੀ ਨਹੀਂ

ਲੱਗਦੀ, ਤੂੰ ਐਵੇਂ ਪਦਾਰਥਾਂ ਦੀ ਹੰਗਤਾ ਮਮਤਾ ਵਿਚ ਤੇ ਜਾਤੀ ਦੇ ਗਰਬਿ=ਹੰਕਾਰ ਵਿਚ ਖਪ ਰਿਹਾ ਹੈਂ॥ ੧ ॥ ਰਹਾਉ ॥

ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ॥

ਹੇ ਰੱਖਿਆ ਕਰਨ ਵਾਲੇ ਜਗਤ ਦੇ ਮਾਲਕ ਪ੍ਰਭੂ ! ਤੇਰੀ ਜੈ ਹੋਵੇ, ਤੂੰ ਆਪ ਹੀ ਸਭ ਦੀ ਰਾਖੈ=ਪਾਲਣਾ ਕਰਦਾ ਹੈਂ ਅਤੇ ਸੋਈ=ਤੂੰ ਹੀ ਖੋਟਿਆਂ ਖਰਿਆਂ ਜੀਵਾਂ ਦੇ ਕਰਮਾਂ ਦੀ ਪਰਖ ਕਰਦਾ ਹੈਂ।

ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ॥ ੨ ॥

ਜਿੰਨੀ ਦੁਨੀਆਂ ਹੈ ਤਿਤਨੀ ਸਾਰੀ ਤੇਰੇ ਤੋਂ ਹੀ ਪੈਦਾ ਹੋਈ ਹੈ, ਤੁਮ੍ਸਰਿ=ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ॥ ੨ ॥

ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ॥

ਜੀਵਾਂ ਨੂੰ ਪੈਦਾ ਕਰਕੇ ਉਹਨਾਂ ਦੀ ਹਰ ਇਕ ਖਾਣ ਪਾਣ ਦੀ ਜੁਗਤੀ ਆਪਣੇ ਵਸ ਵਿਚ ਕੀਤੀ ਹੋਈ ਹੈ, *ਅਥਵਾ:*-ਜੀਵਾਂ ਨੂੰ ਪੈਦਾ ਕਰਕੇ ਜੁਗਤ ਨਾਲ ਸਾਰੀ ਸ੍ਰਿਸ਼ਟੀ ਵਸ ਕੀਤੀ ਹੋਈ ਹੈ, ਤੂੰ ਆਪ ਹੀ ਗੁਰਮੁਖਾਂ ਨੂੰ ਗੁਰਾਂ ਦੁਆਰੇ ਗਿਆਨ ਰੂਪ ਅੰਜਨੁ=ਸੁਰਮਾਂ ਦੇਂਦਾ ਹੈਂ।

ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥ ੩ ॥

ਤੂੰ ਅਮਰੁ=ਮਰਨ ਤੋਂ ਰਹਿਤ ਹੈਂ, ਅਨਾਥ ਹੈਂ ਤੇਰਾ ਸੁਆਮੀ ਕੋਈ ਨਹੀਂ ਹੈ, ਸਭ ਦਾ ਸਿਰਿਮੋਰਾ=ਸ਼ਰੋਮਣੀ ਹੈਂ ਅਤੇ ਕਾਲ=ਮਰਨ, ਬਿਕਾਲ=ਜਨਮ, ਭਰਮ ਤੇ ਡਰ ਨੂੰ ਖੰਜਨੁ=ਨਾਸ ਕਰਨ ਵਾਲਾ ਹੈਂ॥ ੩ ॥

[ਪੰਨਾ ੧੨੭੪]

ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ॥

ਹੇ ਬਪੁਰੋ=ਵਿਚਾਰੇ ਜੀਵ ! ਇਹ ਜਗਤ ਕਾਗਜ਼ਾਂ ਦੇ ਕੋਟ=ਕਿਲੇ ਵਾਂਙੂ ਹੈ, ਇਸ ਵਿਚ ਜੋ ਚਤਰਾਈ ਦੇ ਚਿੰਨ੍ਹ ਹਨ ਏਹੋ ਕਾਗਜ਼ਾਂ ਦੀ ਰੰਗਤ ਹੈ।

ਅਥਵਾ:-ਜਿਵੇਂ ਕਾਗਜ਼ਾਂ ਦਾ ਕੋਟ ਚਤਰਾਈ ਪੂਰਬਕ ਕਈ ਤਰ੍ਹਾਂ ਦੇ ਰੰਗਾਂ ਨਾਲ ਚਿਤਰਿਆ ਹੁੰਦਾ ਹੈ, ਤਿਵੇਂ-ਇਹ ਸੰਸਾਰ ਭੀ ਕਈ ਤਰ੍ਹਾਂ ਦੇ ਰੰਗਾਂ ਨਾਲ ਚਿਤਰਿਆ ਹੋਇਆ ਹੈ।

ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਂਈ ॥ ੪ ॥

ਜਿਵੇਂ ਨਾਨ੍ਹੀ ਸੀ=ਨਿਕੀ ਜੇਹੀ ਪਾਣੀ ਦੀ ਬੂੰਦ ਪਵਨੁ=ਪੈਣ ਨਾਲ ਕਾਗਜ਼ਾਂ ਦੇ ਕੋਟ ਦੀ ਪਤਿ=ਇੱਜ਼ਤ ਖੋਈ ਜਾਂਦੀ ਹੈ।

ਤਿਵੇਂ ਰੋਗ ਰੂਪੀ ਨਿਕੀ ਜੇਹੀ ਪਾਣੀ ਦੀ ਬੂੰਦ ਪੈਣ ਨਾਲ ਸਰੀਰ ਦੀ ਪਤ-ਆਬਰੋ ਖੋਈ ਜਾਂਦੀ ਹੈ, ਸਰੀਰ ਝੁਰੜੀਆਂ ਪਾ ਕੇ ਕੁਮਲਾ ਜਾਂਦਾ ਹੈ, ਸਰੀਰ ਦੀ ਸਾਰੀ ਸੁੰਦਰਤਾ ਮਾਰੀ ਜਾਂਦੀ ਹੈ ਅਤੇ ਓਸੇ ਖਿਨ ਤਾਂਈ= ਝਟਪਟ ਹੀ ਮਰਦਾ ਤੇ ਜੰਮਦਾ ਹੈ॥ ੪ ॥

ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ॥

ਜਿਵੇਂ, ਨਦੀ ਦੇ ਕੰਢੇ ਦੇ ਉਪ=ਸਮੀਪ ਤਰਵਰੁ=ਬ੍ਰਿਛ ਦਾ ਘਰ ਹੋਵੇ, ਜਾਂ ਪ੍ਰਤੱਖ ਘਰ ਹੋਵੇ ਤੇ ਬ੍ਰਿਛ

ਵੀ ਹੋਵੇ, ਉਸ ਦੀ ਕੀ ਅਸਥਾਈ ਹੈ, ਪੁਨਾ ਜਿਸ ਘਰ ਦੇ ਵਿਚ ਸੱਪਣੀ ਨੇ ਆਪਣਾ ਘਰ ਕੀਤਾ ਹੋਵੇ, ਅਰਥਾਤ ਹਮੇਸ਼ਾਂ ਘਰ ਵਿਚ ਸੱਪਣੀ ਰਹੇ ਤਾਂ ਉਹ ਦੁਖਦਾਈ ਹੈ।

ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ॥ ੫॥

ਜਿਸ ਵੇਲੇ ਨਦੀ ਉਲਟਦੀ ਹੈ, ਭਾਵ ਜ਼ੋਰ ਨਾਲ ਪਾਣੀ ਆਉਂਦਾ ਹੈ ਤਾਂ ਪ੍ਰਤੱਖ ਘਰ ਤੇ ਬ੍ਰਿਛ ਕਿਥੇ ਰਹਿੰਦਾ ਹੈ। ਵਾ:-ਬ੍ਰਿਛ ਦਾ ਘਰ ਕਿਥੇ ਰਹਿੰਦਾ ਹੈ।

ਏਸੇ ਤਰ੍ਹਾਂ ਕਾਲ ਰੂਪ ਨਦੀ ਦੇ ਕਿਨਾਰੇ 'ਪਰ ਇਹ ਸਰੀਰ ਵੀ ਇਕ ਬ੍ਰਿਛ ਦਾ ਘਰ ਖੜ੍ਹਾ ਹੈ, ਸਰੀਰ ਘਰ ਦੇ ਵਿਚ ਹੀ ਮਾਇਆ ਰੂਪ ਸੱਪਣੀ ਨੇ ਘਰ ਕੀਤਾ ਹੋਇਆ ਹੈ, ਜਿਸ ਵੇਲੇ ਕਾਲ ਰੂਪ ਨਦੀ ਉਲਟੀ ਭਾਵ-ਫੜਨ ਵਾਸਤੇ ਕਾਲ ਆ ਗਿਆ ਤਾਂ ਇਸ ਸਰੀਰ ਰੂਪ ਤਰੋਵਰ (ਬ੍ਰਿਛ) ਦਾ ਘਰ ਕਿਥੇ ਹੋਣਾ ਹੈ, ਫਿਰ ਸਰੀਰ ਨੇ ਸਥਿਤ ਨਹੀਂ ਰਹਿਣਾ, ਮਨ ਦੇ ਮਾਂਹੀ=ਵਿਚ ਜੋ ਦੂਜਾ=ਦਵੈਤ ਭਾਵ ਹੈ ਏਹੀ ਮਾਇਆ ਰੂਪ ਸੱਪਣੀ ਡੰਗ ਮਾਰ ਰਹੀ ਹੈ।

*ਪ੍ਰਸ਼ਨ:-*ਇਸ ਡੰਗ ਦੀ ਨਵਿਰਤੀ ਲਈ ਗਾਰੜੂ ਮੰਤ੍ਰ ਕੇਹੜਾ ਹੈ? *ਉੱਤਰ:-*

ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ॥

ਗੁਰ=ਪੂਜਨੀਕ ਜੋ ਗੁਰੂ ਹਨ, ਜਿਨ੍ਹਾਂ ਦੇ ਬਚਨ ਗਿਆਨ ਧਿਆਨ ਦੀ ਪ੍ਰਾਪਤੀ ਕਰਨ ਵਾਲੇ ਹਨ, ਉਹਨਾਂ ਦੀ ਮਤਿ=ਸਿੱਖਿਆ ਰੂਪ ਗਾਰੜੂ ਮੰਤ੍ਰ ਕਰਕੇ ਬਿਖਿਆ-ਜਾਰੀ=ਵਿਸ਼ਿਆਂ ਰੂਪੀ ਵਿਹੁ ਸਾੜ ਦਿੱਤੀ ਹੈ।

ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ॥ ੬॥

ਗੁਰ ਕ੍ਰਿਪਾ ਦੁਆਰੇ ਸੱਚ ਨੂੰ ਪਾਇਆ ਤਾਂ ਹੀ ਮਨ ਤਨ ਆਦਿਕ ਸਾਰੇ ਇੰਦ੍ਰੀਏ ਹੇਂਵ=ਸੀਤਲ ਹੋ ਗਏ, ਹਰੀ ਦੀ ਭਗਤੀ ਸਭ ਤੋਂ ਨਿਰਾਰੀ=ਅਸੰਗ ਹੈ ਉਸ ਭਗਤੀ ਕਰਕੇ ਹੀ ਸੱਚ ਨੂੰ ਪਾਇਆ ਹੈ॥ ੬॥

ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ॥

ਹੇ ਪ੍ਰਭੂ ! ਇਹ ਜਿੰਨੀ ਭੀ ਦੁਨੀਆਂ ਹੈ, ਤੇਤੀ=ਤਿਤਨੀ (ਸਾਰੀ) ਤੈਥੋਂ ਹੀ ਮੰਗਦੀ ਹੈ ਅਤੇ ਤੂੰ ਹੀ ਸਾਰਿਆਂ ਜੀਵਾਂ ਉਤੇ ਦਿਆਲੂ ਹੈਂ।

ਤੁਮ੍ਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥ ੭॥

ਤੁਹਾਡੀ ਸ਼ਰਨ ਵਿਚ ਪਏ ਹਾਂ, ਆਪ ਇੱਜ਼ਤ ਰੱਖਣਾ ਕਰੋ, ਹੇ ਗੋਪਾਲ ! ਆਪ ਜੀ ਦਾ ਸੱਚ ਨਾਮ ਮਿਲੇ॥ ੭॥

ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ॥

ਜੀਵ ਰੂਪ ਇਸਤ੍ਰੀ ਧੰਧਿਆਂ ਵਿਚ ਬੱਧੀ ਹੋਈ ਅੰਨ੍ਹੀ ਹੋ ਰਹੀ ਹੈ, ਇਸ ਨੂੰ ਭਲਾ ਬੁਰਾ ਕੁਝ ਸੁਝਦਾ ਨਹੀਂ ਹੈ, ਏਸੇ ਕਰਕੇ ਇਹ ਬਧਿਕ=ਹਿੰਸਕ ਕਰਮਾਂ ਨੂੰ ਕਮਾਉਂਦੀ ਹੈ।

ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ॥ ੮॥

ਪੂਰੇ ਸਤਿਗੁਰ ਦੇਵ ਜੀ ਮਿਲਣ ਤਾਂ ਸੇਵਾ ਕਰਕੇ ਉਨ੍ਹਾਂ ਤੋਂ ਉਪਦੇਸ਼ ਬੁਝਨਾ ਕਰੇ, ਤਾਂ ਆਤਮਾ ਅਨਾਤਮਾ ਦੀ ਵਿਚਾਰ ਸੂਝਸਿ=ਸੁਝਦੀ ਹੈ, ਫੇਰ ਗਿਆਨ ਦੁਆਰਾ ਮਨ ਸੱਚ ਸਰੂਪ ਵਿਚ ਸਮਾਂਵਦਾ ਹੈ।

*ਅਥਵਾ:-*ਸਤਿਗੁਰ ਦੇਵ ਜੀ ਮਿਲਣ ਤਾਂ ਅਨਾਤਮਾ ਦੀ ਸੂਝਸਿ=ਸੋਝੀ ਤੇ ਆਤਮਾ ਦੀ ਬੂਝਸਿ=

ਗਿਆਤ ਹੋ ਜਾਂਦੀ ਹੈ ਅਤੇ ਸੱਚਾ ਗਿਆਨ ਮਨ ਵਿਚ ਸਮਾਂਵਦਾ ਹੈ॥ ੮॥

ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ॥

ਸ਼ੁਭ ਗੁਣਾਂ ਤੋਂ ਹੀਣੀ ਦੇਹ ਸੱਚ ਨਾਮ ਤੋਂ ਬਿਨਾਂ ਕਾਚੀ=ਨਿਸਫਲ ਹੈ, ਮੈਂ ਆਪਣਿਆਂ ਗੁਰਾਂ ਤੋਂ ਪੁਛਿਆ ਹੈ, ਉਸ ਦੀ ਪਰਾਪਤੀ ਕਿਵੇਂ ਹੁੰਦੀ ਹੈ ? *ਉੱਤਰ:-*

ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥ ੯॥ ੨॥

ਗੁਰੂ ਜੀ ਕਥਨ ਕਰਦੇ ਹਨ- ਸੋ ਪ੍ਰਭੁ=ਉਹ ਪੂਰੇ ਗੁਰੂ ਹੀ ਪ੍ਰਭੂ=ਪਰਮਾਤਮਾ ਨੂੰ ਦਿਖਾਉਂਦੇ ਹਨ, ਸੱਚੇ ਪ੍ਰਭੂ ਤੋਂ ਬਿਨਾਂ ਸਾਰਾ ਜਗਤ ਸੁਪਨੇ ਭੁਲ ਮਿਥਿਆ ਹੈ॥ ੯॥ ੨॥

ਮਲਾਰ ਮਹਲਾ ੧॥

ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ॥ ੧॥

ਜਿਵੇਂ ਚਾਤ੍ਰਿਕ=ਪਪੀਹਾ ਤੇ ਮੀਨ=ਮੱਛੀ ਜਲ ਕਰਕੇ ਹੀ ਸੁਖ ਪਾਂਵਦੇ ਹਨ ਅਤੇ ਸਾਰਿੰਗ=ਹਰਨ ਨੂੰ ਘੰਡੇ ਹੇੜੇ ਦਾ ਸ਼ਬਦ ਸੁਹਾਉਂਦਾ ਹੈ। ਤਿਵੇਂ, ਜਗਿਆਸੂ ਦਾ ਚਿਤ ਰੂਪੀ ਪਪੀਹਾ ਤੇ ਬੁੱਧੀ ਰੂਪ ਮੱਛੀ ਦੋਵੇਂ ਨਾਮ ਜਲ ਕਰਕੇ ਸੁਖ ਪਾਂਦੇ ਹਨ ਅਤੇ ਜੀਵ ਰੂਪ ਹਰਨ ਨੂੰ ਗੁਰ ਉਪਦੇਸ਼ ਰੂਪ ਘੰਡੇ ਹੇੜੇ ਦਾ ਸ਼ਬਦ ਸੁਹਾਉਂਦਾ ਹੈ॥ ੧॥

ਰੈਨਿ ਬਬੀਹਾ ਬੋਲਿਓ ਮੇਰੀ ਮਾਈ॥ ੧॥ ਰਹਾਉ॥

ਜਿਵੇਂ ਰਾਤ ਨੂੰ ਪਪੀਹਾ ਬੋਲਦਾ ਹੈ, ਹੇ ਮੇਰੇ ਭਾਈ ! ਤਿਵੇਂ, ਅਵਸਥਾ ਰੂਪੀ ਰਾਤ ਵਿਚ ਚਿਤ ਰੂਪੀ ਪਪੀਹਾ ਪਰਮੇਸ਼ਰ ਜਸ ਨੂੰ ਬੋਲਦਾ ਹੈ॥ ੧॥ ਰਹਾਉ॥

ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ॥ ੨॥

ਪਤੀ ਪਰਮਾਤਮਾ ਨਾਲੋਂ ਕਦੇ ਪ੍ਰੀਤੀ ਉਲਟਦੀ ਨਹੀਂ ਹੈ, ਜਿਹੜੀ ਪ੍ਰੀਤੀ ਉਸ ਨੂੰ ਭਾਉਂਦੀ ਹੈ ਓਹੀ ਸ੍ਰੇਸ਼ਟ ਹੈ॥ ੨॥

ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ॥ ੩॥

ਗੁਰਾਂ ਦੀ ਸੱਚੀ ਸਿੱਖਿਆ ਹਿਰਦੇ ਵਿਚ ਸਮਾਉਣ ਕਰਕੇ ਮੋਹ ਤੇ ਅਵਿਦਿਆ ਰੂਪ ਨੀਂਦ ਚਲੀ ਗਈ ਹੈ ਅਤੇ ਤਨ ਵਿਚੋਂ ਹੰਗਤਾ ਮਮਤਾ ਵੀ ਥੱਕ ਗਈ ਹੈ॥ ੩॥

ਰੂਖੀ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ॥ ੪॥

ਜਦ ਰੁੱਖਾਂ ਬ੍ਰਿਛਾਂ ਵੱਲ ਉਡਦਾ ਹਾਂ, ਤਾਂ ਭੁੱਖਾ ਰਹਿੰਦਾ ਹਾਂ, ਜਦ ਨਾਮ ਅੰਮ੍ਰਿਤ ਪੀਂਦਾ ਹਾਂ ਤਾਂ ਸੁਭਾਵਕ ਹੀ ਰੱਜ ਜਾਂਦਾ ਹਾਂ। *ਅਥਵਾ:-*ਰੁੱਖਾਂ ਬ੍ਰਿਛਾਂ 'ਪਰ ਰਹਿ ਕੇ ਭੁੱਖ ਤ੍ਰੇਹ ਨੂੰ ਸਹਾਰ ਕੇ ਮੈਂ ਸਿਧੀ ਦੇ ਬਲ ਕਰਕੇ ਉਡਨਾ ਵੀ ਕੀਤਾ ਪਰ ਪਰਮੇਸ਼ਰ ਪ੍ਰਾਪਤ ਨਾ ਹੋਇਆ ਭੂਖਾ=ਤ੍ਰਿਸ਼ਨਾਲੂ ਹੀ ਰਿਹਾ, ਜਦ ਨਾਮ ਅੰਮ੍ਰਿਤ ਪੀਤਾ ਤਾਂ ਉਸ ਨੂੰ ਪਾ ਕੇ ਸੋਭਨੀਕ ਹੋ ਗਿਆ॥ ੪॥

ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ ॥ ੫॥

ਰਜਾਈ=ਆਗਿਆ ਦੇ ਕਰਨ ਵਾਲਾ ਜੋ ਪ੍ਰਭੂ ਹੈ, ਉਸ ਦੇ ਦਰਸ਼ਨਾਂ ਦੀ ਪਿਆਸ ਹੋਣ ਕਰਕੇ ਲੋਚਨ

ਤਾਰ=ਅੱਖਾਂ ਦੀ ਬਿਰਤੀ ਲੱਗ ਰਹੀ ਹੈ ਤੇ ਲਲਤਾ=ਜੀਭ ਵੀ ਹਰੀ ਜਸ ਨੂੰ ਬਿਲਲਾਤੀ=ਉਚਾਰਦੀ ਹੈ।

ਅਥਵਾ:-ਰਜਾਈ=ਪਰਮਾਤਮਾ ਦੇ ਦਰਸ਼ਨ ਦੀ ਤਾਰ ਲੋਚਨ=ਅੱਖਾਂ ਵਿਚ ਹੈ ਅਤੇ ਨਾਮ ਜਲ ਦੀ ਪਿਆਸ ਕਰਕੇ ਲਲਤਾ=ਜੀਭ ਵਿਲਕਦੀ ਹੈ॥ ੫॥

ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥

ਪ੍ਰਿਅ=ਪਤੀ ਪਰਮਾਤਮਾ ਦੀ ਪਰਾਪਤੀ ਹੋਏ ਬਿਨਾਂ ਜਿੰਨਾ ਸਾਧਨਾ ਰੂਪੀ ਸ਼ਿੰਗਾਰੀ ਕਰਦੀ ਹਾਂ, ਉਤਨਾਂ ਹੀ ਸਰੀਰ ਨੂੰ ਅਧਿਕ ਤਾਪ ਹੁੰਦਾ ਹੈ ਯਾਂ ਤਪਦਾ ਹੈ ਅਤੇ ਸਰੀਰ ਉਤੇ ਕਪੜਾ ਲੈਣਾ ਭੀ ਨਹੀਂ ਸੁਖਾਂਵਦਾ॥ ੬॥

ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਂਉ
ਬਿਨ ਮਿਲੇ ਨੀਂਦ ਨ ਪਾਈ॥ ੭॥

ਆਪਣੇ ਪਿਆਰੇ ਪ੍ਰਭੂ ਦੇ ਮਿਲੇ ਬਿਨਾਂ ਇਕ ਖਿਨ ਭਰ ਵੀ ਰਹਿ ਨਹੀਂ ਸਕਦੀ, ਕਿਉਂਕਿ ਪਤੀ ਦੇ ਮਿਲੇ ਬਿਨਾਂ ਸ਼ਾਂਤੀ ਰੂਪ ਨੀਂਦ ਨਹੀਂ ਪੈਂਦੀ॥ ੭॥

ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ॥ ੮॥

ਪਤੀ ਪਰਮਾਤਮਾ ਨੇੜੇ ਹੀ ਵਸਦਾ ਹੈ, ਪਰ ਵਿਚਾਰ ਬੁੱਧੀ ਉਸ ਨੂੰ ਸਮਝ ਨਹੀਂ ਸਕਦੀ, ਪਰ ਸਤਿਗੁਰਾਂ ਨੇ ਕ੍ਰਿਪਾ ਕਰਕੇ ਵਿਖਾ ਦਿੱਤਾ ਹੈ॥ ੮॥

ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ॥ ੯॥

ਜਿਸ ਵੇਲੇ ਗੁਰ ਉਪਦੇਸ਼ ਦੁਆਰਾ ਤ੍ਰਿਸ਼ਨਾ ਦੀ ਅੱਗ ਬੁਝਾਵਣਾ ਕੀਤੀ ਤਾਂ ਸਹਜਿ=ਬ੍ਰਹਮ ਗਿਆਨ ਦੁਆਰਾ ਪ੍ਰਭੂ ਮਿਲ ਪਿਆ ਜਾਂ ਪ੍ਰਭੂ ਮਿਲਿਆ ਤਦ ਹੀ ਮੈਂ ਸੁਖ ਨੂੰ ਪਾਇਆ ॥ ੯॥

ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ॥੧੦॥੩॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਤੇਰੀ ਕ੍ਰਿਪਾ ਹੋ ਜਾਣ 'ਤੇ ਤੇਰੇ 'ਪਰ ਮੇਰਾ ਮਨ ਮੰਨਿਆ ਗਿਆ ਹੈ, ਇਸ ਲਈ ਮੇਰੇ ਪਾਸੋਂ ਆਪ ਜੀ ਦੀ ਕੀਮਤ ਕਹੀ ਨਹੀਂ ਜਾਂਦੀ॥ ੧੦॥ ੩॥

ਮਲਾਰ ਮਹਲਾ ੧ ਅਸਟਪਦੀਆ ਘਰੁ ੨

੧ਓ ਸਤਿਗੁਰ ਪ੍ਰਸਾਦਿ॥

ਅਖਲੀ ਊਂਡੀ ਜਲੁ ਭਰ ਨਾਲਿ॥ ਡੂਗਰੁ ਊਚਉ ਗੜੁ ਪਾਤਾਲਿ॥

ਅਖਲੀ ਇਕ ਵਿਸ਼ੇਸ਼ ਪੰਛੀ ਹੈ ਉਸ ਨੂੰ ਲਮਢੀਂਗ ਭੀ ਆਖਦੇ ਹਨ, ਜਿਸ ਦੀ ਗਰਦਨ ਹੇਠਾਂ ਮਾਸ ਦੀ ਥੈਲੀ ਹੁੰਦੀ ਹੈ ਜਦ ਵੀ ਉਡਦਾ ਹੈ ਉਹ ਥੈਲੀ ਜਲ ਨਾਲ ਭਰਕੇ ਉਡਦਾ ਹੈ। ਇਸ ਪ੍ਰਸੰਗ ਨੂੰ ਗੁਰੂ ਜੀ ਕਥਨ ਕਰਦੇ ਹਨ-ਜਿਵੇਂ ਅਖਲੀ=ਲਮਢੀਂਗ ਪੰਛੀ ਆਪਣੇ ਨਾਲ ਜਲ ਨੂੰ ਭਰ ਕੇ ਊਂਡੀ=ਕੂੰਜ ਵਾਂਙੂ ਉਡਦਾ ਹੈ। ਬੜੇ ਉੱਚੇ ਡੂਗਰੁ=ਪਹਾੜਾਂ 'ਪਰ ਜਾਂ ਗੜੁ=ਕਿਲਿਆਂ 'ਪਰ ਬੈਠਦਾ ਹੈ ਓਥੇ ਬੈਠ ਕੇ ਪਾਣੀ ਪੀਂਦਾ ਰਹਿੰਦਾ ਹੈ ਪਾਣੀ ਮੁਕ ਜਾਵੇ ਤਾਂ ਪਾਤਾਲਿ=ਹੇਠਾਂ ਆ ਜਾਂਦਾ ਹੈ। ਇਸੇ ਤਰ੍ਹਾਂ ਇਹ ਸ਼ਕਾਮੀ ਜੀਵ ਰੂਪੀ ਲਮਢੀਂਗ ਪੰਛੀ ਅੰਤਹਕਰਣ ਰੂਪ ਗੁਥੀ ਦੇ ਨਾਲ ਪੁੰਨਾਂ ਰੂਪੀ ਜਲ ਭਰ ਕੇ ਉਡਦਾ ਹੈ, ਬੜੇ ਉੱਚੇ ਡੂਗਰ ਸ੍ਵਰਗ ਮੇਂ ਜਾਂਦਾ ਹੈ, ਜਾਂ ਗੜੁ=ਬ੍ਰਹਮ ਲੋਕ ਮੇਂ ਜਾਂਦਾ ਹੈ ਜਿਸ ਵੇਲੇ ਪੁੰਨ ਕਰਮ ਖਤਮ ਹੋ ਜਾਂਦੇ ਹਨ ਫੇਰ ਪਾਤਾਲਿ=ਹੇਠਾਂ

ਆ ਕੇ ਡਿੱਗਦਾ ਹੈ।

ਪ੍ਰਸ਼ਨ:-ਕਿਸ ਨੂੰ ਸ਼ਾਂਤੀ ਪਰਾਪਤ ਹੁੰਦੀ ਹੈ? ਉੱਤਰ:-

ਸਾਗਰੁ ਸੀਤਲੁ ਗੁਰ ਸਬਦ ਵੀਚਾਰਿ॥ ਮਾਰਗੁ ਮੁਕਤਾ ਹਉਮੈ ਮਾਰਿ॥ ੧॥

ਜਿਸ ਨੇ ਗੁਰ ਸ਼ਬਦ ਨੂੰ ਵਿਚਾਰਿਆ ਹੈ, ਉਹ ਅੱਗ ਦੇ ਸਮੁੰਦ੍ਰ ਸੰਸਾਰ ਵਿਚ ਸੀਤਲ ਹੈ।

ਵਾ:-ਉਹ ਸੰਸਾਰ ਸਮੁੰਦ੍ਰ ਵਿਚ ਸੀਤਲ ਹੈ।

ਅਥਵਾ:-ਸਾਗਰੁ=ਜਲ ਵਾਂਗੂੰ ਸੀਤਲ ਹੈ। ਜਿਸ ਨੇ ਹੰਗਤਾ ਮਮਤਾ ਨੂੰ ਮਾਰਿਆ ਹੈ, ਉਸ ਨੂੰ ਗਿਆਨ ਭਗਤੀ ਰੂਪੀ ਮੁਕਤਾ=ਖੁਲਾ ਮਾਰਗੁ=ਰਸਤਾ ਪ੍ਰਾਪਤ ਹੋਇਆ ਹੈ।

ਅਥਵਾ:-ਉਹ ਆਪੋ ਆਪਣੇ ਮਾਰਗੁ=ਭੇਖਾਂ ਦੇ ਅਭਿਮਾਨ ਤੋਂ ਮੁਕਤਾ=ਛੁਟ ਗਿਆ ਹੈ ਜਾਂ ਗਿਆਨ ਮਾਰਗ ਕਰਕੇ ਮੁਕਤ ਰੂਪ ਹੋ ਗਿਆ ਹੈ॥ ੧॥

ਮੈ ਅੰਧੁਲੇ ਨਾਵੈ ਕੀ ਜੋਤਿ॥
ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ॥ ੧॥ ਰਹਾਉ॥

ਮੈਂ ਅੰਨ੍ਹੇ ਨੂੰ ਨਾਮ ਦੀ ਜੋਤਿ=ਰੋਸ਼ਨੀ, ਵਾ:-ਗਿਆਤ ਪ੍ਰਾਪਤ ਹੋਈ ਹੈ, ਇਸ ਲਈ ਨਾਮ ਦੇ ਆਸਰੇ ਤੁਰਦਾ ਹਾਂ, ਪਰ ਗੁਰਾਂ ਦੇ ਡਰ ਕਰਕੇ ਇਹ ਭੇਦ ਪ੍ਰਾਪਤ ਹੋਇਆ ਹੈ।

[ਪੰਨਾ ੧੨੭੫]

ਸਤਿਗੁਰ ਸਬਦੀ ਪਾਧਰੁ ਜਾਣਿ॥ ਗੁਰ ਕੈ ਤਕੀਐ ਸਾਚੈ ਤਾਣਿ॥

ਸਤਿਗੁਰਾਂ ਦੇ ਉਪਦੇਸ਼ ਵਾਲਿਆਂ ਨੇ ਪ੍ਰਭੂ ਦੀ ਪ੍ਰਾਪਤੀ ਦਾ ਪਾਧਰੁ=ਰਸਤਾ ਜਾਣਿਆ ਹੈ। ਇਸ ਕਰਕੇ ਗੁਰਾਂ ਦੇ ਸੱਚੇ ਤਾਣਿ=ਬਲ, ਵਾ:-ਆਸਰੇ ਨੂੰ ਤਕਣਾ ਕਰੀਏ।

ਅਥਵਾ:-ਗੁਰਾਂ ਦੇ ਤਕੀਐ=ਆਸਰੇ ਵਾਲਿਆਂ ਨੂੰ ਸੱਚੇ ਦਾ ਹੀ ਬਲ ਪ੍ਰਾਪਤ ਹੈ।

ਨਾਮੁ ਸਮ੍ਹਾਲਸਿ ਰੂੜੀ ਬਾਣਿ॥ ਥੈਂ ਭਾਵੈ ਦਰੁ ਲਹਸਿ ਪਿਰਾਣਿ॥ ੨॥

ਵਾਹਿਗੁਰੂ ਨਾਮ ਰੂਪ ਰੂੜੀ=ਸੁੰਦਰ ਬਾਣੀ ਨੂੰ ਸਮਾਲਨਾ ਕਰ।

ਹੇ ਪਰਮੇਸ਼ਰ ! ਜੇਕਰ ਥੈਂ ਭਾਵੈ=ਆਪ ਜੀ ਨੂੰ ਇਹ ਜੀਵ ਭਾਅ ਜਾਵੇ ਤਾਂ ਦਰੁ=ਅੰਦਰ ਹੀ ਆਪ ਜੀ ਨੂੰ ਪਿਰਾਣਿ=ਪਛਾਣ ਲੈਂਦਾ ਹੈ॥ ੨॥

ਊਡਾਂ ਬੈਸਾ ਏਕ ਲਿਵ ਤਾਰ॥ ਗੁਰ ਕੈ ਸਬਦਿ ਨਾਮ ਆਧਾਰ॥

ਗੁਰਮੁਖਾਂ ਨੇ ਊਡਾਂ=ਚਲਨੇ ਕਾਲ ਤੇ ਬੈਠਣੇ ਕਾਲ ਇਕ ਪ੍ਰਭੂ ਵਿਚ ਤੇਲ ਧਾਰਾ ਵਾਂਙੂ ਲਿਵ ਲਗਾਈ ਹੈ। ਅਥਵਾ:-ਗੁਰਮੁਖਾਂ ਦਾ ਉਡਣਾ ਤੇ ਬੈਠਣਾ ਏਹੀ ਹੈ ਜੇਹੜੀ ਤੇਲ ਧਾਰਾ ਵਾਂਙੂ ਇਕ ਪ੍ਰਭੂ ਵਿਚ ਲਿਵ ਲਗਾਈ ਹੈ। ਗੁਰਾਂ ਦੇ ਉਪਦੇਸ਼ ਕਰਕੇ ਗੁਰਮੁਖਾਂ ਨੂੰ ਨਾਮ ਦਾ ਆਸਰਾ ਮਿਲਿਆ ਹੈ।

ਇਸ ਕਰਕੇ ਉਹਨਾਂ ਨੂੰ-

ਨਾ ਜਲੁ ਡੂੰਗਰੁ ਨ ਊਚੀ ਧਾਰ॥

ਨ ਜਲ ਵਾਲੀ ਵੈਤਰਨੀ ਨਦੀ ਵਿਚੋਂ ਲੰਘਣਾ ਪੈਂਦਾ ਹੈ, ਨਾਹੀ ਉਚੀ ਧਾਰਾ ਵਾਲੇ ਡੂੰਗਰੁ=ਪਰਬਤਾਂ ਨੂੰ

ਦੇਖਣਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੇ ਜਲੁ=ਸ਼ਕਾਮ ਕਰਮ ਨਹੀਂ ਕੀਤੇ, ਨਾ ਉਨ੍ਹਾਂ ਨੂੰ ਡੁੰਗਰੁ=ਸੁਰਗ ਦੀ ਇੱਛਾ ਹੈ ਨਾ ਹੀ ਉਹਨਾਂ ਨੂੰ ਊਚੀ ਧਾਰ=ਬ੍ਰਹਮ ਲੋਕ ਦੀ ਇੱਛਾ ਹੈ।

ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ ॥ ੩ ॥

ਉਹਨਾਂ ਦਾ ਆਪਣੇ ਸਰੂਪ ਘਰ ਵਿਚ ਨਿਵਾਸ ਹੋਇਆ ਹੈ, ਇਸ ਕਰਕੇ ਉਹ ਤਿਸ ਜਮ ਰਸਤੇ ਪਰ ਚਲਣ ਵਾਲੇ ਨਹੀਂ ਹੁੰਦੇ।

ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ ਮਹਲੁ ਨ ਜਾਪੈ ॥

ਜਿਸ ਸਤਸੰਗ ਘਰ ਵਿਚ ਤੂੰ ਵਸਦਾ ਹੈਂ ਉਸ ਦੀ ਵਿਧੀ ਨੂੰ ਤੂੰ ਹੀ ਜਾਣਦਾ ਹੈਂ, ਸਾਨੂੰ ਆਪ ਜੀ ਤੋਂ ਬਿਨਾਂ ਦੂਜਾ ਮਹਲ ਨਹੀਂ ਜਾਪਦਾ। *ਅਥਵਾ:*-ਜਿਸ ਦੇ ਹਿਰਦੇ ਘਰ ਵਿਚ ਤੂੰ ਵਸਦਾ ਹੈਂ ਓਸੇ ਦੇ ਰਾਹੀਂ ਤੇਰੀ ਪ੍ਰਾਪਤੀ ਦੀ ਵਿਧੀ ਜਾਣੀ ਦੀ ਹੈ, ਹੋਰ ਕਿਸੇ ਦੂਜੇ ਉਪਾਵ ਕਰਕੇ ਸਰੂਪ ਨਹੀਂ ਜਾਪਦਾ।

ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ ॥

ਪੂਰਿਆਂ ਸਤਿਗੁਰਾਂ ਤੋਂ ਬਿਨਾਂ ਸਮਝ ਨਹੀਂ ਹੁੰਦੀ, ਸਾਰਾ ਜਗਤ ਮੋਹ ਦੇ,

ਵਾ:-ਮਾਇਆ ਦੇ ਛਾਪੇ ਹੇਠਾਂ ਦਬਿਆ ਪਿਆ ਹੈ।

ਕਰਣ ਪਲਾਵ ਕਰੈ ਬਿਲਲਾਤਉ ਬਿਨੁ ਗੁਰ ਨਾਮੁ ਨ ਜਾਪੈ ॥

ਭਾਵੇਂ ਕੋਈ ਕਿੰਨਾ ਕਰਣ ਪਲਾਵ=ਰੋਣਾ ਪਿਟਣਾ ਕਰੇ, *ਵਾ:*-ਕਰਣ=ਕੀਰਨੇ ਪਲਾਵ= ਜਤਨ ਤੇ ਚਾਹੇ ਕਿੰਨਾ ਵਿਰਲਾਪ ਕਰ ਲਵੇ, ਪਰ ਗੁਰਾਂ ਤੋਂ ਬਿਨਾਂ ਨਾਮ ਨਹੀਂ ਜਾਣਿਆਂ ਜਾਂਦਾ।

ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ ॥ ੪ ॥

ਜੇ ਗੁਰ ਉਪਦੇਸ਼ ਨੂੰ ਪਛਾਣੇ, *ਵਾ:*-ਗੁਰ ਉਪਦੇਸ਼ ਦੁਆਰਾ ਨਾਮ ਨੂੰ ਪਛਾਣੇ ਤਾਂ ਨੇਤ੍ਰ ਕਮਲਾਂ ਦੇ ਪਲਕਨੇ ਮਾਤ੍ਰ ਵਿਚ ਹੀ ਨਾਮ ਜਮਾਂ ਤੋਂ ਛੁਡਾ ਦੇਂਦਾ ਹੈ॥ ੪॥

ਇਕਿ ਮੂਰਖ ਅੰਧੇ ਮੁਗਧ ਗਵਾਰ ॥ ਇਕਿ ਸਤਿਗੁਰ ਕੈ ਭੈ ਨਾਮ ਅਧਾਰ ॥

ਇਕ ਅੰਨ੍ਹੇ ਅਗਿਆਨੀ ਤਨ ਕਰਕੇ ਮੂਰਖ, ਮਨ ਕਰਕੇ ਮੁਗਧ=ਜੜ੍ਹ ਬਾਣੀ ਕਰਕੇ ਗਵਾਰ ਹਨ। ਇਕ ਗੁਰਮੁਖ ਸਤਿਗੁਰਾਂ ਦੇ ਡਰ ਵਿਚ ਤੁਰ ਕੇ ਨਾਮ ਦਾ ਆਸਰਾ ਗ੍ਰਹਿਣ ਕਰਦੇ ਹਨ।

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖ ਦੁਆਰ ॥ ੫ ॥

ਗੁਰਾਂ ਦੀ ਉਪਦੇਸ਼ ਬਾਣੀ, *ਵਾ:*-ਸੱਚੀ ਨਾਮ ਬਾਣੀ ਅੰਮ੍ਰਿਤ ਧਾਰਾ ਵਾਂਙੂ ਮਿੱਠੀ ਹੈ। ਜਿਸ ਪੁਰਸ਼ ਨੇ ਨਾਮ ਰੂਪ ਅੰਮ੍ਰਿਤ ਧਾਰਾ ਪੀਤੀ ਹੈ, ਉਸ ਨੂੰ ਮੋਖ ਦਾ ਦੁਆਰਾ ਗਿਆਨ ਪ੍ਰਾਪਤ ਹੁੰਦਾ ਹੈ॥ ੫॥

ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥

ਭਾਇ=ਪ੍ਰੇਮ ਤੇ ਭੈ=ਡਰ ਦੇ ਸਹਿਤ ਹੋ ਕੇ ਜੋ ਸਤਿਨਾਮੁ ਨੂੰ ਹਿਰਦੇ ਵਿਚ ਵਸਾਉਂਦਾ ਹੈ, ਉਸ ਦੀ ਕਰਣੀ ਸਭ ਤੋਂ ਗੁਰ=ਵੱਡੀ ਹੈ ਅਤੇ ਉਸ ਦੀ ਬਾਣੀ ਭੀ ਸੱਚੀ ਹੈ।

ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥

ਜਿਵੇਂ, ਪ੍ਰਤੱਖ ਇੰਦ੍ਰ=ਬੱਦਲ ਦੇ ਵਰਸਨੇ ਕਰਕੇ ਧਰਤੀ ਸ਼ੋਭਨੀਕ ਹੁੰਦੀ ਹੈ, ਤਿਵੇਂ ਗੁਰੂ ਰੂਪ ਬੱਦਲ ਦੇ ਉਪਦੇਸ਼ ਜਲ ਵਰਸਨੇ ਕਰਕੇ ਜਿਸ ਦੀ ਬੁੱਧੀ ਰੂਪ ਧਰਤੀ ਸ਼ੋਭਾ ਵਾਲੀ ਹੋਈ ਹੈ। ਉਸ ਨੇ ਸਾਰਿਆਂ ਘਟਾਂ ਘਟਾਂ ਵਿਚ ਜੋਤੀ ਪਰਮਾਤਮਾ ਨੂੰ ਸਮਾਇਆ ਹੋਇਆ ਨਿਸਚੇ ਕੀਤਾ ਹੈ।

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ॥

ਜਿਵੇਂ, ਕੱਲਰ ਵਾਲੀ ਭੂਮੀ ਵਿਚ ਬੀਜ ਬੀਜਿਆ ਨਿਸਫਲ ਹੈ, ਤਿਵੇਂ, ਦੁਰਮਤਿ=ਖੋਟੀ ਮਤ ਵਾਲਾ ਜੋ ਨਿਗੁਰਾ ਪੁਰਸ਼ ਹੈ, ਉਸ ਦੀ ਨਿਸ਼ਾਨੀ ਭੀ ਐਸੀ ਹੈ ਉਸ ਨੂੰ ਉਪਦੇਸ਼ ਦਿੱਤਾ ਵੀ ਨਿਸਫਲ ਹੈ।

ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ॥ ੬॥

ਸਤਿਗੁਰੂ ਤੋਂ ਬਿਨਾਂ ਭਿਆਨਕ ਅਗਿਆਨ ਦਾ ਹਨੇਰਾ ਬਣਿਆ ਰਹਿੰਦਾ ਹੈ, ਜਿਸ ਕਰਕੇ ਪਦਾਰਥਾਂ ਰੂਪ ਪਾਣੀ ਦੇ ਮਿਲੇ ਤੋਂ ਬਿਨਾਂ ਹੀ ਜੁਲਾਹਿਆਂ ਵਾਂਙੂ ਡੁੱਬ ਕੇ ਮਰ ਗਏ। ਅਰਥਾਤ- ਸੰਕਲ੍ਪ ਕਰਦੇ ਕਰਦੇ ਹੀ ਮਿਰਤੂ ਹੋ ਗਏ। ਵਾ:-ਨਾਮ ਪਾਣੀ ਤੋਂ ਬਿਨਾਂ ਸੰਸਾਰ ਸਾਗਰ ਵਿਚ ਡੁਬ ਕੇ ਮਰ ਗਏ॥ ੬॥

ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ॥ ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ॥

ਜੋ ਕੁਝ ਭੀ ਕੀਤਾ ਹੈ ਉਹ ਪ੍ਰਭੂ ਨੇ ਆਪਣੀ ਰਜਾਇ=ਆਗਿਆ ਵਿਚ ਕੀਤਾ ਹੈ। ਜੋ ਲੇਖ ਧੁਰ ਤੋਂ ਲਿਖਿਆ ਹੈ ਉਹ ਭੋਗੇ ਤੋਂ ਬਿਨਾਂ ਮੇਟਿਆ ਨਹੀਂ ਜਾਂਦਾ।

ਹੁਕਮੇ ਬਾਧਾ ਕਾਰ ਕਮਾਇ॥ ਏਕ ਸਬਦਿ ਰਾਚੈ ਸਚਿ ਸਮਾਇ॥ ੭॥

ਹੁਕਮ ਦਾ ਬੱਧਾ ਹੋਇਆ ਜੀਵ ਸਾਰੇ ਕਰਮਾਂ ਨੂੰ ਕਮਾਉਂਦਾ ਹੈ। ਜੇ ਇਕ ਗੁਰਾਂ ਦੇ ਉਪਦੇਸ਼ ਵਿਚ ਰਚ ਜਾਵੇ ਤਾਂ ਸੱਚ ਸਰੂਪ ਵਿਚ ਸਮਾਉਂਦਾ ਹੈ॥ ੭॥

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ॥

ਹੇ ਪ੍ਰਭੂ ! ਚਾਰਿਆਂ ਦਿਸ਼ਾਂ ਵਿਚ ਆਪ ਜੀ ਦਾ ਹੁਕਮ ਵਰਤ ਰਿਹਾ ਹੈ ਅਤੇ ਚਾਰੇ ਦਿਸ਼ਾਂ ਵਿਚ ਤੇਰੇ ਨਾਮ ਦਾ ਹੀ ਪਤਾਲੰ=ਪਰਤਾਪ ਹੋ ਰਿਹਾ ਹੈ। ਅਥਵਾ:-ਚਾਰ ਤੇ ਚਾਰ ਅੱਠ, ਨੌਵਾਂ ਪਤਾਲ, ਦਸਵਾਂ ਅਕਾਸ਼ ਇਨ੍ਹਾਂ ਦਸ ਦਿਸ਼ਾਂ ਵਿਚ, ਹੇ ਪ੍ਰਭੂ ! ਤੇਰਾ ਹੁਕਮ ਅਤੇ ਨਾਮ ਵਰਤ ਰਿਹਾ ਹੈ।

ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥

ਸਾਰੇ ਸਬਦੁ=ਸੰਸਾਰ ਵਿਚ ਸੱਚਾ ਪ੍ਰਭੂ ਵਰਤ ਰਿਹਾ ਹੈ, ਵਾ:-ਸਾਰਿਆਂ ਵਿਚ ਸੱਚੇ ਪ੍ਰਭੂ ਦਾ ਸਬਦੁ=ਹੁਕਮ ਵਰਤ ਰਿਹਾ ਹੈ, ਪਰ ਪੂਰਬਲੇ ਕਰਮਾਂ ਕਰਕੇ, ਵਾ:-ਗੁਰਾਂ ਦੀ ਕ੍ਰਿਪਾ ਕਰਕੇ ਗਿਆਨ ਰੂਪੀ ਬੈਆਲੰ=ਦਿਨ ਮਿਲਦਾ ਹੈ।

ਅੰਨ੍ਹੇ, ਅੱਖਰ ਲਗਾਓ:-ਬੈਆਲੰ=ਅਬੈ ਆਲੰ=ਅਬਿਨਾਸੀ ਘਰ ਗੁਰਾਂ ਦੀ ਕਰਮਿ=ਕ੍ਰਿਪਾ ਕਰਕੇ ਮਿਲਦਾ ਹੈ। (ਇਹ ਦੋਵੇਂ ਅਰਥ ਸੰਪ੍ਰਦਾਈ ਹਨ ਛੋਟੇ ਪ੍ਰਿਆਵਾਂ ਵਿਚ ਹਨ)

ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ॥

ਵਾਹਿਗੁਰੂ ਦੇ ਮਿਲਾਪ ਤੋਂ ਬਿਨਾਂ ਜੰਮਣਾ, ਮਰਨਾ, ਖੁਧਿਆ=ਭੁਖ, ਨਿਦ੍ਰਾ=ਨੀਂਦ ਤੇ ਕਾਲ ਇਤਆਦਿਕ ਸਾਰੇ ਪੁਰਸ਼ ਦੇ ਸਿਰ ਉਤੇ ਊਭੌ=ਖੜ੍ਹੇ ਦਿੱਸਦੇ ਹਨ।

ਨਾਨਕ ਨਾਮੁ ਮਿਲੈ ਮਨਿ ਭਾਵੈ ਸਾਚੀ ਨਦਰਿ ਰਸਾਲੰ॥ ੮॥ ੧॥ ੪॥

ਗੁਰੂ ਜੀ ਕਥਨ ਕਰਦੇ ਹਨ—ਹੇ ਰਸਾਲੰ=ਰਸਾਂ ਦੇ ਘਰ ਸੁੰਦਰ ਪ੍ਰਭੂ ! ਮੇਰੇ ਮਨ ਵਿਚ ਆਪ ਜੀ ਦਾ ਨਾਮ ਭਾਉਂਦਾ ਹੈ, ਉਹ ਨਾਮ ਮੈਨੂੰ ਮਿਲੇ ਅਤੇ ਆਪ ਜੀ ਦੀ ਸੱਚੀ ਨਦਰ ਮੇਰੇ 'ਪਰ ਹੋਵੇ।

ਅਥਵਾ:-ਮਨ ਵਿਚ ਨਾਮ ਭਾਅ ਜਾਵੇ ਤਾਂ ਸੱਚੀ ਕਿਰਪਾ ਦ੍ਰਿਸ਼ਟੀ ਕਰਕੇ ਰਸਾਂ ਦਾ ਘਰ ਸੁੰਦਰ ਪ੍ਰਭੂ ਮਿਲਦਾ ਹੈ॥ ੮॥ ੧॥ ੪॥

ਮਲਾਰ ਮਹਲਾ ੧॥

ਇਕ ਆੜ ਨਾਮੇ ਪੰਛੀ ਧਾਨਾ ਵਿਚ ਕੀੜਿਆਂ ਨੂੰ ਮਾਰ ਕੇ ਖਾਈ ਜਾਂਦਾ ਹੈ ਬਹੁਤੇ ਕੀੜਿਆਂ ਦੇ ਖਾਣ ਕਰਕੇ ਉਸ ਦਾ ਸਿਰ ਭਾਰਾ ਹੋ ਜਾਂਦਾ ਹੈ, ਜਿਸ ਵੇਲੇ ਉਹ ਉਡਦਾ ਹੈ ਤਾਂ ਸਿਰ ਭਾਰਾ ਹੋਣ ਕਰਕੇ ਉਡਦਿਆਂ ਸਾਰ ਜਾਲ ਵਿਚ ਡਿੱਗ ਪੈਂਦਾ ਹੈ। ਕਿਉਂਕਿ, ਸ਼ਿਕਾਰੀਆਂ ਨੇ ਜਾਲ ਤਾਣਿਆ ਹੁੰਦਾ ਹੈ। ਉਸ ਵੱਲ ਵੇਖ ਕੇ ਗੁਰੂ ਜੀ ਜੀਵ ਰੂਪ ਇਸਤ੍ਰੀ ਨੂੰ ਸਿੱਖਿਆ ਦੇਂਦੇ ਹਨ-

ਤੂ ਕੈਸੇ ਆੜਿ ਫਾਥੀ ਜਾਲਿ॥ ਅਲਖੁ ਨ ਜਾਚਹਿ ਰਿਦੈ ਸਮ੍ਹਾਲਿ॥ ੧॥

ਹੇ ਜੀਵ ਰੂਪ ਇਸਤ੍ਰੀ ! ਤੂੰ ਆੜ ਪੰਛੀ ਵਾਂਙੂ ਕਿਵੇਂ ਮੋਹ ਰੂਪੀ ਜਾਲ ਵਿਚ ਫਸ ਰਹੀ ਹੈਂ। ਅਲਖ ਪ੍ਰਭੂ ਦਾ ਸੰਭਾਲਣਾ ਤੂੰ ਹਿਰਦੇ ਵਿਚ ਮੰਗਦੀ ਨਹੀਂ ਹੈਂ।

ਮਰਣ ਮੁਕਤਿ ਗਤਿ ਸਾਰ ਨ ਜਾਨੈ॥ ਕੰਠੇ ਬੈਠੀ ਗੁਰ ਸਬਦਿ ਪਛਾਨੈ॥ ੧॥

ਜੀਵਤ ਭਾ ਤੋਂ ਮਰਨ ਦੀ ਅਤੇ ਮੁਕਤੀ ਦੀ ਪ੍ਰਾਪਤੀ ਦੀ ਸਾਰ ਸੰਭਾਲ ਤੂੰ ਜਾਣਦੀ ਨਹੀਂ ਹੈਂ, ਗੁਰ ਸ਼ਬਦ ਦੇ ਪਛਾਨਣ ਤੋਂ ਤੂੰ ਕੰਠੇ=ਲਾਂਬੇ ਬੈਠੀ ਹੈਂ, ਅਰਥਾਤ- ਤੈਂਨੇ ਗੁਰ ਉਪਦੇਸ਼ ਨੂੰ ਪਛਾਣਿਆ ਨਹੀਂ॥ ੧॥

ਤੂ ਕੈਸੇ ਆੜਿ ਫਾਥੀ ਜਾਲਿ॥
ਅਲਖੁ ਨ ਜਾਚਹਿ ਰਿਦੈ ਸਮ੍ਹਾਲਿ॥ ੧॥ ਰਹਾਉ॥

ਹੇ ਜੀਵ ਰੂਪ ਇਸਤ੍ਰੀ ! ਤੂੰ ਆੜ ਪੰਛੀ ਵਾਂਙੂ ਕਿਵੇਂ ਮੋਹ ਰੂਪੀ ਜਾਲ ਵਿਚ ਫਸ ਰਹੀ ਹੈਂ। ਅਲਖ ਪ੍ਰਭੂ ਦਾ ਸੰਭਾਲਣਾ ਤੂੰ ਹਿਰਦੇ ਵਿਚ ਮੰਗਦੀ ਨਹੀਂ ਹੈਂ॥ ੧॥ ਰਹਾਉ॥

(ਮਹਾਨ ਕੋਸ਼ ਵਿਚ ਆੜਿ ਦਾ ਅਰਥ ਮੱਛੀ ਕੀਤਾ ਹੈ। ਸੰਪ੍ਰਦਾ ਵਾਲੇ ਪੰਛੀ ਕਹਿੰਦੇ ਹਨ।)

ਏਕ ਜੀਅ ਕੈ ਜੀਆ ਖਾਹੀ॥ ਜਲਿ ਤਰਤੀ ਬੂਡੀ ਜਲ ਮਾਹੀ॥ ੨॥

ਇਕ ਆਪਣੇ ਜੀਵ ਦੀ ਰਖਿਆ ਲਈ, ਜਾਂ ਪਾਲਣ ਲਈ ਤੂੰ ਕੈ=ਕਿਤਨੇ ਹੀ ਜੀਵਾਂ ਨੂੰ ਖਾਂਦੀ ਹੈਂ। ਪਦਾਰਥਾਂ ਰੂਪੀ ਜਲ ਵਿਚੋਂ ਤੈਨੇ ਤਰਨਾ ਸੀ ਪਰ ਤੂੰ ਪਦਾਰਥਾਂ ਰੂਪੀ ਜਲ ਦੇ ਵਿਚ ਹੀ ਡੁਬ ਗਈ ਹੈਂ।

ਅਥਵਾ:-ਪਹਿਲੇ ਤੂੰ ਪਾਣੀ ਤੋਂ ਤੱਰਦੀ ਸੈਂ ਪਰ ਹੁਣ ਪਾਣੀ ਦੇ ਵਿਚ ਡੁਬ ਗਈ ਹੈਂ। ਅਰਥਾਤ- ਪਹਿਲੇ ਤੂੰ ਮਾਂ ਦੇ ਗਰਭ ਵਿਚ ਪਦਾਰਥਾਂ ਤੋਂ ਰਹਿਤ ਸੀ, ਹੁਣ ਪਦਾਰਥਾਂ ਦੇ ਵਿਚ ਗਰਕ ਹੋ ਗਈ ਹੈਂ॥ ੨॥

ਸਰਬ ਜੀਅ ਕੀਏ ਪ੍ਰਤਪਾਨੀ॥ ਜਬ ਪਕੜੀ ਤਬ ਹੀ ਪਛੁਤਾਨੀ॥ ੩॥

ਸਾਰੇ ਜੀਵ ਤੈਨੇ ਆਪਣੇ ਪ੍ਰਤਪਾਨੀ=ਦਾਸ ਕੀਤੇ ਹੋਏ ਹਨ, ਅਰਥਾਤ- ਆਪਣੇ ਦਸਤ ਜੇਰ ਕੀਤੇ ਹੋਏ ਹਨ। *ਵਾ:*-ਸਾਰਿਆਂ ਜੀਵਾਂ ਨੂੰ ਤੈਨੇ ਪ੍ਰਤਪਾਨੀ=ਹੱਥਾਂ ਨਾਲ ਫੜ ਕੇ ਮਾਰ ਦਿੱਤਾ ਹੈ।

ਅਥਵਾ:-ਪਾਣੀ ਦੇ ਵਿਚ ਰਹਿਣ ਵਾਲੇ ਸਾਰਿਆਂ ਜੀਵਾਂ ਨੂੰ ਤੈਨੇ ਆਪਣਾ ਪ੍ਰਤ=ਨਿਸ਼ਾਨਾ ਬਣਾਇਆ ਹੋਇਆ ਹੈ। ਪਰ ਏਹ ਗੱਲ ਯਾਦ ਰੱਖ, ਜਿਸ ਵੇਲੇ ਤੂੰ ਆਪ ਫੜੀ ਗਈ ਤਿਸ ਵੇਲੇ ਤੂੰ ਪਛਚਾਤਾਪ ਕਰਦੀ ਰਹਿ ਜਾਵੇਂਗੀ॥ ੩॥

ਜਬ ਗਲਿ ਫਾਸ ਪੜੀ ਅਤਿ ਭਾਰੀ॥
ਊਡਿ ਨ ਸਾਕੈ ਪੰਖ ਪਸਾਰੀ॥ ੪॥

ਜਿਸ ਵੇਲੇ ਤੇਰੇ ਗੱਲ ਵਿਚ ਬੜੀ ਭਾਰੀ ਜਮਾਂ ਦੀ ਫਾਹੀ ਪਵੇਗੀ। ਤਿਸ ਵੇਲੇ ਰਿਧੀਆਂ ਸਿਧੀਆਂ ਰੂਪੀ ਖੰਭਾਂ ਨੂੰ ਪਸਾਰ ਕੇ,

ਵਾ:-ਇੰਦ੍ਰੀਆਂ ਰੂਪੀ ਖੰਭਾਂ ਨੂੰ ਪਸਾਰ ਕੇ ਉਡ ਨਹੀਂ ਸਕੇਂਗੀ, ਭਾਵ-ਦੌੜ ਨਹੀਂ ਸਕੇਂਗੀ ॥ ੪॥

ਰਸਿ ਚੁਗਹਿ ਮਨਮੁਖਿ ਗਾਵਾਰਿ॥

ਹੇ ਮਨਮੁਖ ਗਾਵਾਰਿ=ਚੰਡਾਲ, ਵਾ:-ਮੂਰਖਨੇ ! ਤੂੰ ਵਿਸ਼ੇ ਰਸਾਂ ਨੂੰ ਚੁਗ ਰਹੀ ਹੈਂ। ਅਰਥਾਤ ਵਿਸ਼ਿਆਂ ਨੂੰ ਭੋਗ ਰਹੀ ਹੈਂ।

ਫਾਥੀ ਛੂਟਹਿ ਗੁਣ ਗਿਆਨ ਬੀਚਾਰਿ॥ ੫॥

ਸੱਤ ਸੰਤੋਖ ਆਦਿਕ ਸ਼ੁਭ ਗੁਣਾਂ ਨੂੰ ਧਾਰਨ ਕਰਕੇ ਜੇ ਤੂੰ ਬ੍ਰਹਮ ਗਿਆਨ ਦਾ ਵਿਚਾਰ ਕਰੇਂਗੀ,

ਅਥਵਾ:-ਜੇ ਤੂੰ ਗਿਆਨ ਆਦਿਕ ਗੁਣਾਂ ਦਾ ਵਿਚਾਰ ਕਰੇਂਗੀ ਤਾਂ ਹੀ ਤੂੰ ਫਸੀ ਹੋਈ ਮੋਹ ਦੀ ਫਾਹੀ ਤੋਂ,

ਵਾ:-ਜਮਾਂ ਦੀ ਫਾਹੀ ਤੋਂ ਛੁਟ ਜਾਵੇਂਗੀ॥ ੫॥

ਸਤਿਗੁਰੁ ਸੇਵਿ ਤੂਟੈ ਜਮਕਾਲੁ॥ ਹਿਰਦੈ ਸਾਚਾ ਸਬਦੁ ਸਮ੍ਹਾਲੁ॥ ੬॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਜਮ-ਕਾਲੁ=ਜੰਮਣਾ ਤੇ ਮਰਨਾ ਨਵਿਰਤ ਹੋ ਜਾਂਦਾ ਹੈ।

ਵਾ:-ਜਮ ਕਾਲ ਦਾ ਫਾਹ ਟੁੱਟ ਜਾਂਦਾ ਹੈ। ਇਸ ਲਈ ਹਿਰਦੇ ਵਿਚ ਤੂੰ ਸੱਚੇ ਗੁਰਾਂ ਦੇ ਸ਼ਬਦ ਨੂੰ ਸੰਭਾਲਣਾ ਕਰ॥ ੬॥

ਗੁਰਮਤਿ ਸਾਚੀ ਸਬਦੁ ਹੈ ਸਾਰੁ॥ ਹਰਿ ਕਾ ਨਾਮੁ ਰਖੈ ਉਰਿ ਧਾਰਿ॥ ੭॥

ਸੱਚੀ ਗੁਰ ਸਿੱਖਿਆ ਦੁਆਰੇ ਜਿਸ ਨੇ ਆਪਣੇ ਹਿਰਦੇ ਵਿਚ ਹਰੀ ਦਾ ਨਾਮ ਧਾਰਨ ਕਰ ਰੱਖਿਆ ਹੈ, ਉਸ ਨੂੰ 'ਸੰਬਦੁ ਹੈ ਸਾਰੁ'=ਸਰੇਸ਼ਟ ਬ੍ਰਹਮ ਦੀ ਪ੍ਰਾਪਤੀ ਹੋਈ ਹੈ॥ ੭॥

ਸੇ ਦੁਖ ਆਗੈ ਜਿ ਭੋਗ ਬਿਲਾਸੇ॥
ਨਾਨਕ ਮੁਕਤਿ ਨਹੀ ਬਿਨੁ ਨਾਵੈ ਸਾਚੇ ॥ ੮॥ ੨॥ ੫॥

ਗੁਰੂ ਜੀ ਕਥਨ ਕਰਦੇ ਹਨ—ਜੇਹੜੇ ਪੁਰਸ਼ ਇਥੇ ਭੋਗ ਬਿਲਾਸ ਕਰਦੇ ਹਨ, ਉਹ ਆਗੈ=ਅਗੇ ਪ੍ਰਲੋਕ ਵਿਚ ਜਾ ਕੇ ਦੁੱਖ ਪਾਂਦੇ ਹਨ। ਨਿਯਮ ਹੈ ਸੱਚੇ ਨਾਮ ਸਿਮਰਨ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ॥ ੮॥ ੨॥ ੫॥

[ਪੰਨਾ ੧੨੭੬]

ਮਲਾਰ ਮਹਲਾ ੩ ਅਸਟਪਦੀਆ ਘਰੁ ੧ ॥

੧ਓ ਸਤਿਗੁਰ ਪ੍ਰਸਾਦਿ ॥

ਕਰਮੁ ਹੋਵੈ ਤਾ ਸਤਿਗੁਰੁ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥

ਪਰਮੇਸ਼ਰ ਦਾ ਕਰਮੁ=ਅਨਗ੍ਰਹੁ ਹੋਵੇ ਜਾਂ ਪੂਰਬਲਾ ਕਰਮ ਆਪਣਾ ਚੰਗਾ ਹੋਵੇ ਤਾਂ ਸਤਿਗੁਰ ਪਾਈਦਾ ਹੈ, ਚੰਗਿਆਂ ਕਰਮਾਂ ਤੋਂ ਬਿਨਾਂ ਗੁਰੂ ਨਹੀਂ ਪਾਇਆ ਜਾਂਦਾ।

ਸਤਿਗੁਰੁ ਮਿਲਿਐ ਕੰਚਨੁ ਹੋਈਐ ਜਾਂ ਹਰਿ ਕੀ ਹੋਇ ਰਜਾਇ ॥ ੧ ॥

ਸਤਿਗੁਰਾਂ ਨਾਲ ਮਿਲਣ ਕਰਕੇ ਕੰਚਨੁ=ਸੋਨੇ ਵਾਂਗੂੰ ਸ਼ੁਧ ਹੋਈਦਾ ਹੈ,
ਜਾਂ ਹਰੀ ਦੀ ਰਜਾਇ=ਆਗਿਆ ਹੋਵੇ ਤਾਂ ਹੀ ਸਤਿਗੁਰੂ ਮਿਲਦੇ ਹਨ॥ ੧ ॥

ਮਨ ਮੇਰੇ ਹਰਿ ਹਰਿ ਨਾਮਿ ਚਿਤੁ ਲਾਇ ॥

ਹੇ ਮੇਰੇ ਮਨ=ਪਿਆਰੇ ! ਤੂੰ ਹਰਿ ਹਰਿ ਨਾਮ ਵਿਚ ਚਿੱਤ ਨੂੰ ਲਗਾਉਂਣਾ ਕਰ।

ਸਤਿਗੁਰ ਤੇ ਹਰਿ ਪਾਈਐ ਸਾਚਾ ਹਰਿ ਸਿਉ ਰਹੈ ਸਮਾਇ ॥ ੧ ॥ ਰਹਾਉ ॥

ਜੇਕਰ ਸਤਿਗੁਰਾਂ ਤੋਂ ਸੱਚਾ ਹਰਿ ਨਾਮ ਪਾਈਏ ਤਾਂ ਇਹ ਜੀਵ ਹਰੀ ਨਾਲ ਅਭੇਦ ਹੋ ਰਹਿੰਦਾ ਹੈ॥ ੧ ॥ ਰਹਾਉ ॥

ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥

ਜਾਂ ਸਤਿਗੁਰਾਂ ਤੋਂ ਗਿਆਨ ਪੈਦਾ ਹੋਵੇ, ਤਾਂ ਏਹ ਪ੍ਰਤੱਖ ਸੰਸਾ ਇਸ ਜੀਵ ਦਾ ਨਵਿਰਤ ਹੋ ਜਾਂਦਾ ਹੈ।

ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥ ੨ ॥

ਸਤਿਗੁਰਾਂ ਤੋਂ ਹੀ ਹਰੀ ਦਾ ਬੁਝਣਾ ਹੁੰਦਾ ਹੈ, ਜੇ ਹਰੀ ਨੂੰ ਬੁਝ ਲਵੇ ਤਾਂ ਮਾਂ ਦੀ ਗਰਭ ਜੂਨੀ ਵਿਚ ਨਹੀਂ ਪੈਂਦਾ॥ ੨ ॥

ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥

ਗੁਰਾਂ ਦੀ ਕ੍ਰਿਪਾ ਨਾਲ ਜੀਵਤ ਭਾ ਤੋਂ ਮਰੇ, ਤਾਂ ਸ਼ਬਦ ਦੀ ਕਮਾਈ ਕਰਕੇ ਮਰਿ ਜੀਵੈ=ਜੀਵਨ ਮੁਕਤ ਹੁੰਦਾ ਹੈ। ਵਾ:-ਸ਼ਬਦ ਨੂੰ ਕਮਾ ਕੇ ਜਿਸ ਪਾਸੇ ਜੀਉਂਦਾ ਹੈ ਉਧਰੋਂ ਮਰ ਜਾਵੇ, ਜਿਧਰੋਂ ਮਰਿਆ ਹੋਇਆ ਹੈ ਉਸ ਪਾਸੇ ਜੀਵੇ।

ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥ ੩ ॥

ਮੁਕਤੀ ਦਾ ਦਰਵਾਜ਼ਾ ਜੋ ਗਿਆਨ ਹੈ ਉਸ ਨੂੰ ਓਹੀ ਪੁਰਸ਼ ਪਾਂਵਦਾ ਹੈ, ਜੇਹੜਾ ਹਿਰਦੇ ਵਿਚੋਂ ਆਪੁ= ਆਪਾ ਭਾ ਹੰਕਾਰ ਨੂੰ ਗਵਾਂਦਾ ਹੈ॥ ੩ ॥

ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥

ਗੁਰਾਂ ਦੀ ਕ੍ਰਿਪਾ ਦੁਆਰੇ ਹਿਰਦੇ ਵਿਚੋਂ ਸਕਤਿ=ਮਾਇਆ ਦੀ ਇੱਛਾ ਨੂੰ ਗੁਆ ਦੇਵੇ ਤਾਂ ਸਿਵ=

ਕਲਿਆਣ ਸਰੂਪ ਜੋ ਪਰਮੇਸ਼ਰ ਹੈ, ਉਸ ਘਰ ਵਿਚ ਜੰਮੇ=ਇਸਥਿਤ ਹੁੰਦਾ ਹੈ।

ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥ ੪ ॥

ਅਚਰੁ=ਕਾਮ ਆਦਿਕਾਂ ਨੂੰ ਚਰੈ=ਅਭਾਵ ਕਰੇ, ਬੁੱਧੀ ਵਿਚ ਵਿਵੇਕ ਨੂੰ ਪਾਵੇ, ਤਾਂ ਇਸ ਪੁਰਖ ਨੂੰ ਅਕਾਲ ਪੁਰਖ ਆਪਣੇ ਨਾਲ ਮਿਲਾ ਲੈਂਦਾ ਹੈ॥ ੪ ॥

ਧਾਤੁਰ ਬਾਜੀ ਸੰਸਾਰੁ ਅਚੇਤੁ ਹੈ ਚਲੈ ਮੂਲੁ ਗਵਾਇ ॥

ਧਾ ਜਾਣ ਵਾਲੀ ਸੰਸਾਰ ਬਾਜੀ ਵਿਚ ਲੱਗ ਕੇ ਇਹ ਜੀਵ ਅਚੇਤੁ=ਅਗਿਆਤ ਹੋ ਰਿਹਾ ਹੈ,

ਵਾ:-ਸਿਮਰਨ ਤੋਂ ਹੀਣਾ ਹੋ ਰਿਹਾ ਹੈ, ਇਸ ਕਰਕੇ ਇਹ ਜੀਵ ਆਪਣੇ ਮੂਲੁ=ਸ੍ਵਾਸਾਂ ਨੂੰ ਨਿਸਫਲ ਗੁਆ ਕੇ ਚਲਦਾ ਹੈ।

ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ ॥ ੫ ॥

ਸਤਸੰਗਤ ਵਿਚੋਂ ਹਰੀ ਨਾਮ ਦਾ ਲਾਭ ਪਾਈਦਾ ਹੈ ਅਤੇ ਕ੍ਰਮਾਂ ਨਾਲ ਸਤਸੰਗਤ ਪਲੇ ਪੈਂਦੀ ਹੈ॥ ੫ ॥

ਸਤਿਗੁਰ ਵਿਣੁ ਕਿਨੈ ਨ ਪਾਇਆ ਮਨਿ ਵੇਖਹੁ ਰਿਦੈ ਬੀਚਾਰਿ ॥

ਸਤਿਗੁਰਾਂ ਤੋਂ ਬਿਨਾਂ ਕਿਸੇ ਨੇ ਹਰੀ ਨੂੰ ਪਾਇਆ ਨਹੀਂ ਹੈ, ਮਨ ਦੇ ਰਿਦੈ=ਵਿਚ ਵਿਚਾਰ ਕੇ ਦੇਖ ਲਵੋ।

ਵਡਭਾਗੀ ਗੁਰੁ ਪਾਇਆ ਭਵਜਲੁ ਉਤਰੇ ਪਾਰਿ ॥ ੬ ॥

ਵਡਭਾਗੀਆਂ ਨੇ ਪੂਰੇ ਗੁਰੂ ਨੂੰ ਪਾਇਆ ਹੈ, ਇਸ ਕਰਕੇ ਉਹ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਏ ਹਨ॥ ੬ ॥

ਹਰਿ ਨਾਮਾਂ ਹਰਿ ਟੇਕ ਹੈ ਹਰਿ ਹਰਿ ਨਾਮੁ ਅਧਾਰੁ ॥

ਟੇਕ=ਆਸਰਾ ਰੂੰਪ ਜੋ ਹਰਿ ਹਰਿ ਨਾਮ ਹੈ, ਗੁਰਮੁਖਾਂ ਨੂੰ ਉਸ ਹਰਿ ਹਰਿ ਨਾਮ ਦਾ ਅਧਾਰੁ=ਆਸਰਾ ਹੈ। *ਅਥਵਾ:*-ਹਰਿ ਟੇਕ=ਤਮਾਮ ਜੀਵਾਂ ਦਾ ਆਸਰਾ ਜੋ ਹਰੀ ਹੈ ਹਰਿ ਨਾਮਾਂ=ਤਮਾਮ ਨਾਮਾਂ ਵਿਚੋਂ ਉਸ ਹਰੀ ਨਾਮ ਦਾ ਮੈਨੂੰ ਅਧਾਰੁ=ਆਸਰਾ ਹੈ।

ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ ਪਾਵਉ ਮੋਖ ਦੁਆਰੁ ॥ ੭ ॥

ਹੇ ਹਰਿ ਜੀਉ ! ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਗੁਰਾਂ ਨਾਲ ਮੇਲੋ, ਜਿਸ ਕਰਕੇ ਮੈਂ ਮੁਕਤੀ ਦਾ ਦਰਵਾਜ਼ਾ ਗਿਆਨ ਪਾਵਣਾ ਕਰਾਂ॥ ੭ ॥

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨ ਜਾਇ ॥

ਮਸਤਕਿ=ਸ਼ਰੋਮਣੀ ਠਾਕੁਰ ਨੇ ਜੋ ਆਦੋਂ ਹੀ ਮੱਥੇ 'ਪਰ ਸ਼ੁਭ ਅਸ਼ੁਭ ਲੇਖ ਲਿਖਿਆ ਹੈ, ਉਹ ਭੋਗੇ ਬਿਨਾਂ ਐਵੇਂ ਮੇਟਿਆ ਨਹੀਂ ਜਾਂਦਾ ।

ਨਾਨਕ ਸੇ ਜਨ ਪੂਰਨ ਹੋਏ ਜਿਨ ਹਰਿ ਭਾਣਾ ਭਾਇ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਉਹ ਪੂਰਨ ਪੁਰਖ ਹੋਏ ਹਨ, ਜਿਨ੍ਹਾਂ ਨੂੰ ਹਰੀ ਦਾ ਭਾਣਾ ਮੰਨਣਾ ਭਾਇਆ ਹੈ॥ ੮ ॥ ੧ ॥

ਮਲਾਰ ਮਹਲਾ ੩ ॥

ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥

ਸਾਰਾ ਜਗਤ ਬੇਦ ਬਾਣੀ ਅਨੁਸਾਰ ਵਰਤ ਰਿਹਾ ਹੈ, ਪਰ ਵੇਦ ਤਾਂ ਤਿੰਨਾਂ ਗੁਣਾਂ ਦਾ ਹੀ ਵਿਚਾਰ ਕਰਦਾ ਹੈ। ਏਸੇ ਕਰਕੇ ਇਹ ਜੀਵ ਭੀ ਰਜੋ, ਸਤੋ, ਤਮੋ ਰੂਪ ਤਿੰਨ ਗੁਣਾਂ ਦਾ ਵਿਚਾਰ ਕਰਦਾ ਹੈ।

ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥

ਨਾਮ ਸਿਮਰਨ ਤੋਂ ਬਿਨਾਂ ਜਮ ਦਾ ਡੰਡਾ ਸਹਾਰਦਾ ਹੈ ਤੇ ਵਾਰੰਵਾਰ ਜੰਮਦਾ ਮਰਦਾ ਹੈ।

ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ ॥ ੧ ॥

ਸਤਿਗੁਰਾਂ ਨੂੰ ਮਿਲੇ ਤਾਂ ਮੋਖ ਦੁਆਰੁ=ਗਿਆਨ ਨੂੰ ਪਾ ਕੇ ਮੁਕਤਿ ਹੋਇ=ਮੁਕਤ ਸਰੂਪ ਹੁੰਦਾ ਹੈ॥ ੧ ॥

ਮਨ ਰੇ ਸਤਿਗੁਰੁ ਸੇਵਿ ਸਮਾਇ ॥

ਹੇ ਪਿਆਰੇ ! ਤੂੰ ਸਤਿਗੁਰਾਂ ਦੀ ਸੇਵਾ ਕਰਨ ਵਿਚ ਸਮਾਉਣਾ ਕਰ।

ਵਡੈ ਭਾਗਿ ਗੁਰੁ ਪੂਰਾ ਪਾਇਆ ਹਰਿ ਹਰਿ ਨਾਮੁ ਧਿਆਇ ॥ ੧ ॥ ਰਹਾਉ ॥

ਜਿਸ ਵਡਭਾਗੀ ਨੇ ਵੱਡਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਇਆ ਹੈ ਉਹੀ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ॥ ੧ ॥ ਰਹਾਉ ॥

ਹਰਿ ਆਪਣੈ ਭਾਣੈ ਸ੍ਰਿਸਟਿ ਉਪਾਈ ਹਰਿ ਆਪੇ ਦੇਇ ਅਧਾਰੁ ॥

ਹਰੀ ਨੇ ਆਪਣੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਹਰੀ ਆਪ ਹੀ ਸਾਰਿਆਂ ਨੂੰ ਅਧਾਰੁ= ਆਸਰਾ ਦੇਂਦਾ ਹੈ।

ਹਰਿ ਆਪਣੈ ਭਾਣੈ ਮਨੁ ਨਿਰਮਲੁ ਕੀਆ ਹਰਿ ਸਿਉ ਲਾਗਾ ਪਿਆਰੁ ॥

ਹਰੀ ਨੇ ਆਪਣੇ ਹੁਕਮ ਵਿਚ ਤੋਰ ਕੇ ਜਿਸ ਦਾ ਮਨ ਨਿਰਮਲ ਕੀਤਾ ਹੈ, ਉਸ ਪੁਰਸ਼ ਦਾ ਹਰੀ ਨਾਲ ਪਿਆਰ ਲੱਗ ਗਿਆ ਹੈ।

ਹਰਿ ਕੈ ਭਾਣੈ ਸਤਿਗੁਰੁ ਭੇਟਿਆ ਸਭੁ ਜਨਮੁ ਸਵਾਰਣਹਾਰੁ ॥ ੨ ॥

ਸਭਨਾਂ ਦੇ ਜਨਮ ਨੂੰ ਸਵਾਰਨ ਵਾਲਾ ਸਤਿਗੁਰੂ ਭੀ ਹਰੀ ਦੇ ਭਾਣੇ ਵਿਚ ਆ ਕੇ ਭੇਟਿਆ=ਮਿਲਿਆ ਹੈ॥ ੨ ॥

ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ॥

ਵਾਹੁ ਵਾਹੁ=ਵਾਹਿਗੁਰੂ ਵਾਹਿਗੁਰੂ ਬਾਣੀ ਸੱਚੀ ਹੈ, ਵਾ:-ਸਤਿ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਕਰਨ ਵਾਲ਼ੀ ਹੈ, ਇਸ ਗੱਲ ਨੂੰ ਕੋਈ ਵਿਰਲਾ ਹੀ ਗੁਰਮੁਖ ਸਮਝਦਾ ਹੈ।

ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥

ਵਾਹੁ ਵਾਹੁ=ਵਾਹਿਗੁਰੂ ਵਾਹਿਗੁਰੂ ਕਰਕੇ ਪ੍ਰਭੂ ਨੂੰ ਸਲਾਹੁਣਾ ਕਰੀਏ, ਵਾ:-ਵਾਹੁ ਵਾਹੁ=ਧੰਨ ਧੰਨ

ਕਰਕੇ ਪ੍ਰਭੂ ਨੂੰ ਸਲਾਹੁਣਾ ਕਰੀਏ, ਕਿਉਂਕਿ ਉਸ ਜੇਡਾ ਹੋਰ ਕੋਈ ਨਹੀਂ ਹੈ।

ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ ॥ ੩ ॥

ਜਿਸ ਵੇਲੇ ਉਸ ਦੀ ਕਰਮਿ=ਕ੍ਰਿਪਾ ਪ੍ਰਾਪਤ ਹੁੰਦੀ ਹੈ, ਉਸ ਵੇਲੇ ਆਪ ਹੀ ਬਖ਼ਸ਼ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ॥ ੩ ॥

ਸਾਚਾ ਸਾਹਿਬੁ ਮਾਹਰੋ ਸਤਿਗੁਰਿ ਦੀਆ ਦਿਖਾਇ ॥

ਉਹ ਸੱਚਾ ਸਾਹਿਬ ਹਰ ਗੱਲ ਵਿਚ ਮਾਹਰ ਹੈ, ਵਾ:-ਉਹ ਸੱਚਾ ਸਾਹਿਬ ਸਾਰੇ ਮਾਹਰੋ=ਪ੍ਰਗਟ ਹੈ, ਵਾ:-ਮਾਹ ਰੋ=ਚੰਦ੍ਰਮਾ ਵਾਂਙ ਉਸ ਦਾ ਮੁੰਹ ਹੈ, ਪਰ ਉਸ ਦਾ ਦਰਸ਼ਨ ਸਤਿਗੁਰਾਂ ਨੇ ਵਿਖਾ ਦਿੱਤਾ ਹੈ।

ਅੰਮ੍ਰਿਤੁ ਵਰਸੈ ਮਨੁ ਸੰਤੋਖੀਐ ਸਚਿ ਰਹੈ ਲਿਵ ਲਾਇ ॥

ਗੁਰੂ ਬੱਦਲ ਉਪਦੇਸ਼ ਅੰਮ੍ਰਿਤ ਦੀ ਵਰਖਾ ਕਰਨ ਤਾਂ ਮਨ ਨੂੰ ਸੰਤੋਖ ਹੁੰਦਾ ਹੈ ਅਤੇ ਇਹ ਜੀਵ ਸੱਚ ਸਰੂਪ ਵਿਚ ਲਿਵ ਲੱਗਾ ਰਹਿੰਦਾ ਹੈ।

ਹਰਿ ਕੈ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ ॥ ੪ ॥

ਹਰੀ ਦੇ ਨਾਮ ਜਪਣੇ ਕਰਕੇ ਸ਼ੁਭ ਗੁਣਾਂ ਰੂਪੀ ਖੇਤੀ ਸਦਾ ਹਰੀਆਵਲੀ=ਹਰੀ ਭਰੀ ਰਹਿੰਦੀ ਹੈ ਜੋ ਫਿਰ ਕਦੇ ਨਾ ਸੁਕਦੀ ਹੈ ਤੇ ਨਾ ਕੁਮਲਾਂਦੀ ਹੈ। ਅਰਥਾਤ- ਨਾ ਥੋੜੇ ਗੁਣਾਂ ਦਾ ਅਭਾਵ ਹੁੰਦਾ ਹੈ ਨਾ ਹੀ ਬਹੁਤਿਆਂ ਗੁਣਾਂ ਦਾ ਅਭਾਵ ਹੁੰਦਾ ਹੈ॥ ੪ ॥

[ਪੰਨਾ ੧੨੭੭]

ਬਿਨੁ ਸਤਿਗੁਰ ਕਿਨੈ ਨ ਪਾਇਓ ਮਨਿ ਵੇਖਹੁ ਕੋ ਪਤੀਆਇ ॥

ਸਤਿਗੁਰਾਂ ਤੋਂ ਬਿਨਾਂ ਸ਼ੁਭ ਗੁਣਾਂ ਨੂੰ ਕਿਸੀ ਨੇ ਪਾਇਆ ਨਹੀਂ ਹੈ, ਬੇਸ਼ਕ ਆਪਣੇ ਮਨ ਵਿਚ ਕੋਈ ਪਤੀਆਇ=ਨਿਸਚੇ ਕਰਕੇ ਜਾਂ ਪਰਤਾ ਕੇ ਦੇਖ ਲਵੋ।

ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ ॥

ਹਰੀ ਦੀ ਕ੍ਰਿਪਾ 'ਤੇ ਹੀ ਸਤਿਗੁਰੂ ਪਾਈਦੇ ਹਨ ਅਤੇ ਸਹਜਿ ਸੁਭਾਇ=ਸ਼ਾਂਤੀ ਸੁਭਾਵ ਪ੍ਰਾਪਤ ਹੁੰਦਾ ਹੈ।

ਅਥਵਾ:-ਸਤਿਗੁਰਾਂ ਦੀ ਕ੍ਰਿਪਾ 'ਤੇ ਸ਼ੁਭ ਗੁਣਾਂ ਨੂੰ ਪਾਈਏ ਤਾਂ ਹਰੀ ਸਹਜਿ ਸੁਭਾਇ=ਸੁਤੇ ਸਿਧ ਆ ਮਿਲਦਾ ਹੈ।

ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ ॥ ੫ ॥

ਮਨਮੁਖਾਂ ਨੂੰ ਭਰਮ ਵਿਚ ਭੁਲਾਇਆ ਹੋਇਆ ਹੈ, ਭਾਗਾਂ ਤੋਂ ਬਿਨਾਂ ਹਰੀ ਧਨ ਪ੍ਰਾਪਤ ਨਹੀਂ ਹੁੰਦਾ।

ਅਥਵਾ:-ਮਨਮੁਖਾਂ ਨੂੰ ਭਰਮ ਨੇ ਭੁਲ ਦਿੱਤਾ ਹੈ, ਇਸ ਕਰਕੇ ਉਹਨਾਂ ਭਾਗ ਹੀਣਿਆਂ ਤੋਂ ਹਰੀ ਧਨ ਨਹੀਂ ਪਾਇਆ ਜਾਂਦਾ ਹੈ॥ ੫ ॥

ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥

ਤਿੰਨ ਗੁਣ ਰਚਤ ਸਾਰਾ ਸੰਸਾਰ ਧਾਤੁ=ਧਾ ਜਾਣੇ ਵਾਲਾ ਭਾਵ ਮਿਥਿਆ ਹੈ, ਏਹ ਜੀਵ ਪੋਥੀਆਂ ਨੂੰ ਪੜ੍ਹ ਪੜ੍ਹ ਕੇ ਤਿੰਨਾਂ ਗੁਣਾਂ ਦਾ ਹੀ ਵਿਚਾਰ ਕਰਦੇ ਹਨ।

ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ॥

ਉਹਨਾਂ ਨੂੰ ਕਦੇ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਉਹ ਮੋਖ ਦੁਆਰੁ=ਗਿਆਨ ਨੂੰ ਪਾਂਵਦੇ ਹਨ।

ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ॥ ੬॥

ਸਤਿਗੁਰਾਂ ਤੋਂ ਬਿਨਾਂ ਮੋਹ ਦੇ ਬੰਧਨ, ਵਾ:-ਜਨਮ ਮਰਨ ਦੇ ਬੰਧਨ ਨਹੀਂ ਟੁੱਟਦੇ, ਨਾ ਹੀ ਪ੍ਰਭੂ ਦੇ ਨਾਮ ਵਿਚ ਪਿਆਰ ਲੱਗਦਾ ਹੈ॥ ੬॥

ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ॥

ਬੇਦਾਂ ਦਾ ਪਾਠ ਪੜ੍ਹ ਪੜ੍ਹ ਕੇ ਪੰਡਿਤ ਥੱਕ ਗਏ ਹਨ ਅਤੇ ਅਭਿਆਸ ਕਰਦੇ ਹੋਏ ਮੋਨੀ ਥੱਕ ਗਏ ਹਨ।

ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥

ਚਿੱਤ ਵਿਚ ਹਰੀ ਨਾਮ ਚੇਤੇ ਆਉਂਦਾ ਨਹੀਂ ਹੈ, ਇਸ ਕਰਕੇ ਆਪਣੇ ਸਰੂਪ ਰੂਪੀ ਘਰ ਵਿਚ ਵਾਸਾ ਹੁੰਦਾ ਨਹੀਂ ਹੈ।

ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥ ੭॥

ਜਮ=ਜੰਮਣਾ ਤੇ ਕਾਲੁ=ਮਰਨਾ, ਵਾ:-ਜਮਕਾਲ ਸਿਰ ਤੋਂ ਉਤਰਦਾ ਨਹੀਂ ਹੈ, ਭਾਵ- ਪਰੇ ਹਟਦਾ ਨਹੀਂ ਹੈ, ਹਿਰਦੇ ਅੰਦਰ ਕਪਟ ਹੋਣ ਕਰਕੇ ਜੀਵ ਦਾ ਵਿਣਾਸੁ=ਨਾਸ ਹੁੰਦਾ ਹੈ॥ ੭॥

ਹਰਿ ਨਾਵੈ ਨੋ ਸਭੁ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ॥

ਹਰੀ ਨਾਮ ਨੂੰ ਸਭ ਕੋਈ ਪਰਤਾਪਦਾ=ਚਾਹੁੰਦਾ ਹੈ, ਪਰ ਉਤਮ ਭਾਗਾਂ ਤੋਂ ਬਿਨਾਂ ਪਾਇਆ ਨਹੀਂ ਜਾਂਦਾ।

ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ॥

ਪਰਮੇਸ਼ਰ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਗੁਰੂ ਮਿਲਦੇ ਹਨ ਅਤੇ ਮਨ ਵਿਚ ਹਰੀ ਨਾਮ ਆ ਕੇ ਵਸਦਾ ਹੈ।

ਨਾਨਕ ਨਾਮੇ ਹੀ ਪਤਿ ਊਪਜੈ ਹਰਿ ਸਿਉ ਰਹਾਂ ਸਮਾਇ॥ ੮॥ ੨॥

ਗੁਰੂ ਜੀ ਕਥਨ ਕਰਦੇ ਹਨ—ਨਾਮ ਸਿਮਰਨ ਤੋਂ ਹੀ ਪਤ-ਆਬਰੋ (ਇੱਜ਼ਤ) ਉਪਜਦੀ ਹੈ, ਨਾਮ ਸਿਮਰਨ ਕਰਕੇ ਹੀ ਹਰੀ ਨਾਲ ਸਮਾਅ ਰਹਿੰਦਾ ਹੈ॥ ੮॥ ੨॥

ਮਲਾਰ ਮਹਲਾ ੩ ਅਸਟਪਦੀ ਘਰੁ ੨॥

ੴ ਸਤਿਗੁਰ ਪ੍ਰਸਾਦਿ॥

ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ॥

ਜਦ ਹਰਿ ਹਰਿ ਕਿਰਪਾ ਦ੍ਰਿਸ਼ਟੀ ਕਰੇ ਤਾਂ ਜਗਿਆਸੂ ਨੂੰ ਗੁਰਾਂ ਦੀ ਸੇਵਾ ਰੂਪ ਕਾਰ ਵਿਚ ਲਗਾਉਂਦਾ ਹੈ। ਫਿਰ ਜਗਿਆਸੂ—

ਦੁਖੁ ਪਲ੍ਰਿ ਹਰਿ ਨਾਮੁ ਵਸਾਏ॥

ਬੁੱਧੀ ਰੂਪ ਪਲ੍ਰਿ=ਪਲੇ ਵਿਚੋਂ ਦੁੱਖਾਂ ਨੂੰ ਪਲ੍ਰਿ=ਤਿਆਗ ਕੇ ਹਰੀ ਨਾਮ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ।

ਸਾਚੀ ਗਤਿ ਸਾਚੈ ਚਿਤੁ ਲਾਏ ॥ ਗੁਰ ਕੀ ਬਾਣੀ ਸਬਦਿ ਸੁਣਾਏ ॥ ੧ ॥

ਸੱਚ ਸਰੂਪ ਵਿਚ ਚਿੱਤ ਦੇ ਲਗਾਉਣ ਕਰਕੇ, ਸੱਚ ਦੀ ਗਤਿ=ਪਰਾਪਤੀ ਹੁੰਦੀ ਹੈ,

ਵਾ:-ਉਸ ਦੀ ਗਤਿ=ਰੀਤੀ ਸਭ ਸੱਚੀ ਹੈ। ਕਿਉਂਕਿ ਉਹ ਹੋਰਨਾਂ ਨੂੰ ਭੀ ਗੁਰਾਂ ਦੀ ਉਪਦੇਸ਼ ਬਾਣੀ ਸੁਣਾਉਂਦੇ ਹਨ॥ ੧ ॥

ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥

ਹੇ ਮੇਰੇ ਪਿਆਰੇ ! ਨਿਧਾਨੁ=ਨਿਧੀਆਂ ਦੇ ਖਜ਼ਾਨੇ ਹਰਿ ਹਰਿ ਨੂੰ ਸੇਵਨਾ ਕਰ।

ਗੁਰ ਕਿਰਪਾ ਤੇ ਹਰਿ ਧਨੁ ਪਾਈਐ
ਅਨਦਿਨੁ ਲਾਗੈ ਸਹਜਿ ਧਿਆਨੁ ॥ ੧ ॥ ਰਹਾਉ ॥

ਗੁਰਾਂ ਦੀ ਕ੍ਰਿਪਾ ਕਰਕੇ ਹੀ ਹਰੀ ਨਾਮ ਧਨ ਪਾਈਦਾ ਹੈ ਅਤੇ ਰਾਤ ਦਿਨ ਸਹਜ ਪਦ ਵਿਖੇ ਧਿਆਨ ਲੱਗ ਜਾਂਦਾ ਹੈ॥ ੧ ॥ ਰਹਾਉ ॥

ਬਿਨੁ ਪਿਰ ਕਾਮਣਿ ਕਰੇ ਸਿੰਗਾਰੁ ॥
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥

ਜੋ ਦੁਹਾਗਣ ਇਸਤ੍ਰੀ ਪ੍ਰਭੀ ਤੋਂ ਬਿਨਾਂ ਸ਼ਿੰਗਾਰ ਕੁਰਦੀ ਹੈ। ਉਹ ਦੁਰਾਚਾਰਨੀ ਕਹੀਦੀ ਹੈ ਤੇ ਨਿਤਾਪ੍ਰਤੀ ਖੁਆਰੁ=ਖਰਾਬ ਹੁੰਦੀ ਹੈ।

ਮਨਮੁਖ ਕਾ ਇਹੁ ਬਾਦਿ ਆਚਾਰੁ ॥
ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥ ੨ ॥

ਇਸੇ ਤਰ੍ਹਾਂ ਮਨਮੁਖ ਦਾ ਏਹ ਸਾਰਾ ਆਚਾਰੁ=ਕਰਤੱਬ ਬਾਦਿ=ਵਿਅਰਥ ਹੈ। ਕਿਉਂਕਿ ਨਾਮ ਨੂੰ ਭੁਲਾ ਕੇ ਆਪ ਬਹੁਤ ਸਾਰੇ ਕਰਮ ਦ੍ਰਿੜ ਕਰਦਾ ਹੈ ਤੇ ਹੋਰਨਾਂ ਨੂੰ ਭੀ ਕਰਮ ਦ੍ਰਿੜਾਉਂਦਾ ਹੈ॥ ੨ ॥

ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥

ਗੁਰਮੁਖ ਇਸਤ੍ਰੀਆਂ ਦਾ ਸ਼ਿੰਗਾਰ ਸ਼ੋਭਨੀਕ ਬਣਿਆ ਹੈ। ਕਿਉਂਕਿ ਉਸ ਨੇ ਗੁਰੂ ਦੇ ਉਪਦੇਸ਼ ਦ੍ਵਾਰਾ ਵਾਹਿਗੁਰੂ ਪਤੀ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

ਏਕੁ ਪਛਾਣੈ ਹਉਮੈ ਮਾਰਿ ॥ ਸੋਭਾਵੰਤੀ ਕਹੀਐ ਨਾਰਿ ॥ ੩ ॥

ਉਸ ਨੇ ਹੰਗਤਾ ਮਮਤਾ ਨੂੰ ਮਾਰ ਕੇ ਇਕ ਪ੍ਰਭੂ ਨੂੰ ਪਛਾਣ ਲਿਆ ਹੈ। ਇਸ ਕਰਕੇ ਉਹ ਇਸਤ੍ਰੀ ਸ਼ੋਭਾ ਵਾਲੀ ਕਹੀ ਜਾਂਦੀ ਹੈ॥ ੩ ॥

ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥

ਦਾਤੇ ਗੁਰੂ ਤੋਂ ਬਿਨਾਂ ਕਿਸੀ ਨੇ ਭੀ ਪਰਮੇਸ਼ਰ ਨੂੰ ਨਹੀਂ ਪਾਇਆ । ਲੋਭੀ ਮਨਮੁਖ ਦਵੈਤ ਭਾਵ ਵਿਚ ਲੁਭਾਏਮਾਨ ਹੋ ਰਿਹਾ ਹੈ।

ਅਥਵਾ:-ਮਨਮੁਖ ਤਾਂ ਦੂਜੇ ਪਦਾਰਥਾਂ ਦੇ ਲੋਭ ਵਿਚ ਲੁਭਾਏਮਾਨ ਹੋ ਰਿਹਾ ਹੈ।

ਐਸੇ ਗਿਆਨੀ ਬੂਝਹੁ ਕੋਇ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ॥ ੪॥

ਭਾਵੇਂ ਕਿਸੇ ਗਿਆਨੀ ਤੋਂ ਪੁਛ ਲਵੋ ਸਾਰੇ ਇਸੇ ਤਰ੍ਹਾਂ ਕਹਿੰਦੇ ਹਨ। ਕਿ-

ਗੁਰੂ ਨੂੰ ਮਿਲੇ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ॥ ੪॥

ਕਹਿ ਕਹਿ ਕਹਣੁ ਕਹੈ ਸਭੁ ਕੋਇ॥ ਬਿਨੁ ਮਨ ਮੂਏ ਭਗਤਿ ਨ ਹੋਇ॥

ਕਹੇ ਹੋਇ ਕਹਣੁ=ਪ੍ਰਸੰਗਾਂ ਨੂੰ ਕਹਿਣੇ ਵਾਲਾ ਹੋ ਕੇ ਸਭ ਕੋਈ ਕਹਿੰਦਾ ਹੈ । ਪਰ ਮਨ ਦੇ ਮਰੇ ਤੋਂ ਬਿਨਾਂ ਭਗਤੀ ਕਬੂਲ ਨਹੀਂ ਹੁੰਦੀ ।

ਗਿਆਨ ਮਤੀ ਕਮਲ ਪਰਗਾਸੁ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ॥ ੫॥

ਜਿਸ ਦੀ ਮਤੀ ਗਿਆਨ ਦੇ ਗ੍ਰਹਿਣ ਕਰਨੇ ਜੋਗ ਹੈ ਉਸ ਦਾ ਹਿਰਦਾ ਕੌਲ ਪਰਗਾਸੁ=ਖਿੜਿਆ ਰਹਿੰਦਾ ਹੈ। ਜਿਸ ਘਟ ਵਿਚ ਨਾਮ ਸਿਮਰਨ ਹੈ, ਉਸੀ ਘਟ ਵਿਚ ਨਾਮੀ ਦਾ ਨਿਵਾਸ ਹੈ॥ ੫॥

ਹਉਮੈ ਭਗਤਿ ਕਰੇ ਸਭੁ ਕੋਇ॥ ਨਾ ਮਨੁ ਭੀਜੈ ਨਾ ਸੁਖੁ ਹੋਇ॥

ਸਭ ਕੋਈ ਹਉਮੈ ਵਿਚ ਭਗਤੀ ਕਰਦਾ ਹੈ। ਇਸ ਲਈ ਉਹਨਾਂ ਦਾ ਮਨ ਨਾ ਭਗਤੀ ਵਿਚ ਭਿਜਦਾ ਹੈ ਅਤੇ ਨਾ ਹੀ ਉਹਨਾਂ ਨੂੰ ਸੁਖ ਪ੍ਰਾਪਤ ਹੁੰਦਾ ਹੈ।

ਕਹਿ ਕਹਿ ਕਹਣੁ ਆਪੁ ਜਾਣਾਏ॥
ਬਿਰਥੀ ਭਗਤਿ ਸਭੁ ਜਨਮੁ ਗਵਾਏ॥ ੬॥

ਕਹਣੁ=ਪ੍ਰਸੰਗਾਂ ਨੂੰ ਕਹਿ ਕਹਿ ਕੇ ਆਪਣੇ ਆਪ ਨੂੰ ਉੱਚਾ ਜਣਾਉਂਦੇ ਹਨ। ਉਸ ਦੀ ਸਾਰੀ ਭਗਤੀ ਵਿਅਰਥ ਹੈ ਅਤੇ ਮਨੁੱਖਾ ਜਨਮ ਨੂੰ ਭੀ ਵਿਅਰਥ ਗਵਾਂਦਾ ਹੈ॥ ੬॥

ਸੇ ਭਗਤ ਸਤਿਗੁਰ ਮਨਿ ਭਾਏ॥ ਅਨਦਿਨੁ ਨਾਮਿ ਰਹੇ ਲਿਵ ਲਾਏ॥

ਅਸਲ ਭਗਤ,ਓਹੀ ਹਨ, ਜੋ ਸਤਿਗੁਰਾਂ ਦੇ ਮਨ ਵਿਚ ਭਾਅ ਗਏ ਹਨ ਅਤੇ ਰਾਤ ਦਿਨ ਨਾਮੀ ਤੇ ਨਾਮ ਸਿਮਰਨ ਵਿਚ ਲਿਵ ਲੱਗਾ ਰਹੇ ਹਨ।

ਸਦ ਹੀ ਨਾਮੁ ਵੇਖਹਿ ਹਜੂਰਿ॥ ਗੁਰ ਕੈ ਸਬਦਿ ਰਹਿਆ ਭਰਪੂਰਿ॥ ੭॥

ਸਦਾ ਹੀ ਨਾਮ ਨੂੰ ਜਪਦੇ ਰਹਿੰਦੇ ਹਨ ਤੇ ਪ੍ਰਭੂ ਨੂੰ ਹਾਜ਼ਰਾ ਹਜ਼ੂਰ ਦੇਖਦੇ ਹਨ। ਕਿਉਂਕਿ ਸਤਿਗੁਰਾਂ ਦੇ ਉਪਦੇਸ਼ ਕਰਕੇ ਉਹਨਾਂ ਨੇ ਪ੍ਰਭੂ ਨੂੰ ਸਾਰੇ ਭਰਪੂਰ ਹੋ ਰਿਹਾ ਨਿਸਚੇ ਕੀਤਾ ਹੈ॥ ੭॥

[ਪੰਨਾ ੧੨੭੮]

ਆਪੇ ਬਖਸੇ ਦੇਇ ਪਿਆਰੁ॥ ਹਉਮੈ ਰੋਗੁ ਵਡਾ ਸੰਸਾਰਿ॥

ਹਰੀ ਆਪ ਹੀ ਬਖਸ਼ ਕੇ ਆਪਣਾ ਪਿਆਰ ਦੇਂਦਾ ਹੈ। ਇਸ ਸੰਸਾਰ ਵਿਚ ਵੱਡਾ ਭਾਰੀ ਹਉਮੈ ਦਾ ਰੋਗ

ਫੈਲ ਰਿਹਾ ਹੈ।

ਗੁਰ ਕਿਰਪਾ ਤੇ ਏਹੁ ਰੋਗੁ ਜਾਇ॥
ਨਾਨਕ ਸਾਚੇ ਸਾਚਿ ਸਮਾਇ॥ ੮॥ ੧॥ ੩॥ ੫॥ ੮॥

ਗੁਰੂ ਜੀ ਕਥਨ ਕਰਦੇ ਹਨ—ਗੁਰੂ ਦੀ ਕ੍ਰਿਪਾ ਨਾਲ ਇਹ ਰੋਗ ਮਿਟ ਜਾਂਦਾ ਹੈ ਅਤੇ ਸੱਚੇ ਨਾਮ ਕਰਕੇ ਏਹ ਜੀਵ ਸੱਚੇ ਪ੍ਰਭੂ ਵਿਚ ਸਮਾਅ ਜਾਂਦਾ ਹੈ॥ ੮॥ ੧॥ ੩॥ ੫॥ ੮॥

ਰਾਗੁ ਮਲਾਰ ਛੰਤ ਮਹਲਾ ੫॥
ੴ ਸਤਿਗੁਰ ਪ੍ਰਸਾਦਿ॥

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ-

ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥ ਅਪਨੇ ਜਨ ਸੰਗਿ ਰਾਤੇ॥

ਹੇ ਪ੍ਰੀਤਮ ਪਰਮਾਤਮਾ ! ਆਪ ਹੀ ਪ੍ਰੇਮਾ ਭਗਤੀ ਦੇ ਦਾਤੇ ਹੋ। ਤੁਸੀਂ ਆਪ ਹੀ ਆਪਣੇ ਸੇਵਕ ਜਨਾਂ ਦੇ ਨਾਲ ਰਤੇ ਹੋਏ ਹੋ।

ਜਨ ਸੰਗਿ ਰਾਤੇ ਦਿਨਸੁ ਰਾਤੇ ਇਕ ਨਿਮਖ ਮਨਹੁ ਨ ਵੀਸਰੈ॥

ਰਾਤ ਦਿਨ ਆਪਣੇ ਸੇਵਕ ਜਨਾਂ ਦੇ ਨਾਲ ਰਤੇ ਹੋਏ, ਸੇਵਕਾਂ ਦੇ ਮਨ ਵਿਚੋਂ ਆਪ ਇਕ ਨਿਮਖ ਮਾਤ੍ਰ ਭੀ ਭੁਲਦੇ ਨਹੀਂ ਹੋ।

ਗੋਪਾਲ ਗੁਣ ਨਿਧਿ ਸਦਾ ਸੰਗੇ ਸਰਬ ਗੁਣ ਜਗਦੀਸਰੈ॥

ਹੇ ਗੋਪਾਲ ! ਆਪ ਸ਼ੁਭ ਗੁਣਾਂ ਦੇ ਨਿਧਿ=ਸਮੁੰਦਰ ਹੋ, ਹਮੇਸ਼ਾ ਅੰਗ ਸੰਗ ਹੋ ਅਤੇ ਹੇ ਜਗਤ ਦੇ ਮਾਲਕ ਪ੍ਰਭੂ ! ਆਪ ਜੀ ਵਿਚ ਸਾਰੇ ਗੁਣ ਹਨ।

ਮਨੁ ਮੋਹਿ ਲੀਨਾ ਚਰਨ ਸੰਗੇ ਨਾਮ ਰਸਿ ਜਨ ਮਾਤੇ॥

ਆਪਣੇ ਚਰਨਾਂ ਨਾਲ ਉਹਨਾਂ ਸੇਵਕਾਂ ਦਾ ਮਨ ਮੋਹ ਲੀਤਾ ਹੈ ਜੋ ਸੇਵਕ ਜਨ ਨਾਮ ਰਸ ਵਿਚ ਮਾਤੇ= ਮਸਤ ਰਹਿੰਦੇ ਹਨ।

ਨਾਨਕ ਪ੍ਰੀਤਮ ਕ੍ਰਿਪਾਲ ਸਦ ਹੂੰ ਕਿਨੈ ਕੋਟਿ ਮਧੇ ਜਾਤੇ॥ ੧॥

ਗੁਰੂ ਜੀ ਕਥਨ ਕਰਦੇ ਹਨ-ਹੇ ਪ੍ਰੀਤਮ ਪਰਮਾਤਮਾ ! ਆਪ ਸਦਾ ਕ੍ਰਿਪਾਲੂ ਹੋ, ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਆਪ ਜੀ ਨੂੰ ਜਾਣਿਆ ਹੈ॥ ੧॥

ਪ੍ਰੀਤਮ ਤੇਰੀ ਗਤਿ ਅਗਮ ਅਪਾਰੇ॥ ਮਹਾ ਪਤਿਤ ਤੁਮ੍ ਤਾਰੇ॥

ਹੇ ਪ੍ਰੀਤਮ ਪਰਮਾਤਮਾ ! ਆਪ ਜੀ ਦੀ ਗਤੀ ਅਗਮ ਤੇ ਅਪਾਰ ਹੈ। ਬੜੇ ਬੜੇ ਪਾਪੀ ਪੁਰਸ਼ ਤੁਸਾਂ ਨੇ ਤਾਰ ਦਿੱਤੇ ਹਨ।

ਪਤਿਤ ਪਾਵਨ ਭਗਤਿ ਵਛਲ ਕ੍ਰਿਪਾ ਸਿੰਧੁ ਸੁਆਮੀਆ॥

ਹੇ ਸੁਆਮੀ ਪਰਮਾਤਮਾ ! ਤੂੰ ਪਤਿਤ ਪਾਵਨ=ਪਾਪੀਆਂ ਦੇ ਪਵਿੱਤਰ ਕਰਨ ਵਾਲਾ ਹੈਂ, ਭਗਤਾਂ ਦਾ

ਪਿਆਰਾ ਹੈਂ ਅਤੇ ਕ੍ਰਿਪਾ ਦਾ ਸਿੰਧੁ=ਸਮੁੰਦਰ ਹੈਂ।

ਸੰਤ ਸੰਗੇ ਭਜੁ ਨਿਸੰਗੇ ਰੰਉ ਸਦਾ ਅੰਤਰਜਾਮੀਆ ॥

ਸੰਤਾਂ ਦੇ ਸਤਸੰਗ ਦੁਆਰਾ ਜੋ ਨਿਸੰਕ ਹੋ ਕੇ ਆਪ ਜੀ ਨੂੰ ਭਜਦੇ ਹਨ, ਹੇ ਅੰਤਰਜਾਮੀ ਪ੍ਰਭੂ ! ਤੂੰ ਸਦਾ ਹੀ ਉਹਨਾਂ ਨਾਲ ਰੰਉ=ਗਮਨ ਕਰਦਾ ਹੈਂ। ਵਾ:-ਉਨ੍ਹਾਂ ਦੇ ਨਾਲ ਰਹਿੰਦਾ ਹੈਂ।

ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ ॥

ਜੋ ਕ੍ਰੋੜਾਂ ਜਨਮ ਜੂਨੀਆਂ ਵਿਚ ਭਰਮਦੇ ਸਨ, ਨਾਮ ਦੇ ਸਿਮਰਨ ਕਰਕੇ ਉਹਨਾਂ ਨੂੰ ਤੁਸਾਂ ਨੇ ਤਾਰ ਦਿੱਤਾ ਹੈ।

ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮ੍ਹਾਰੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰਿ ਜੀਉ ! ਆਪ ਜੀ ਦੇ ਦਰਸ਼ਨ ਦੀ ਚਾਹ ਮੈਨੂੰ ਲੱਗ ਰਹੀ ਹੈ, ਆਪ ਮੇਰੀ ਸੰਭਾਲ ਲੈਣਾ ਕਰੋ॥ ੨ ॥

ਹਰਿ ਚਰਨ ਕਮਲ ਮਨੁ ਲੀਨਾ ॥ ਪ੍ਰਭ ਜਲ ਜਨ ਤੇਰੇ ਮੀਨਾ ॥

ਹੇ ਹਰੀ ! ਆਪ ਜੀ ਦੇ ਚਰਨ ਕਮਲਾਂ ਨਾਲ ਮੇਰਾ ਮਨ ਲੀਣ ਹੋ ਗਿਆ ਹੈ। ਹੇ ਪ੍ਰਭੂ ! ਤੂੰ ਜਲ ਰੂਪ ਹੈਂ ਤੇਰੇ ਸੇਵਕ ਜਨ ਤੇਰੇ ਵਿਚ ਰਹਿਣ ਵਾਲੇ ਮੱਛ ਰੂਪ ਹਨ। ਜਿਵੇਂ; ਮੱਛ ਜਲ ਤੋਂ ਬਿਨਾਂ ਨਹੀਂ ਰਹਿ ਸਕਦਾ, ਤਿਵੇਂ ਤੇਰੇ ਜਨ ਤੇਰੇ ਤੋਂ ਬਿਨਾਂ ਨਹੀਂ ਰਹਿ ਸਕਦੇ।

ਜਲ ਮੀਨ ਪ੍ਰਭ ਜੀਉ ਏਕ ਤੂਹੈ ਭਿੰਨ ਆਨ ਨ ਜਾਨੀਐ ॥

ਹੇ ਪ੍ਰਭੂ ਜੀ ! ਇਕ ਤੂੰ ਹੀ ਪਾਣੀ ਤੇ ਮੱਛ ਰੂਪ ਹੈਂ ਕਿਉਂਕਿ ਆਪ ਜੀ ਤੋਂ ਭਿੰਨ=ਵਖਰਾ ਹੋਰ ਕੋਈ ਨਹੀਂ ਜਾਣੀਦਾ। ਅਰਥਾਤ- ਨਾਮ ਰੂਪੀ ਜਲ ਤੇ ਸੇਵਕ ਜਨ ਮੱਛ ਇਹ ਸਭ ਕੁਝ ਆਪ ਹੀ ਹੋ।

ਗਹਿ ਭੁਜਾ ਲੇਵਹੁ ਨਾਮੁ ਦੇਵਹੁ ਤਉ ਪ੍ਰਸਾਦੀ ਮਾਨੀਐ ॥

ਮੇਰੀ ਬੁੱਧੀ ਰੂਪ ਭੁਜਾ ਫੜ ਲਵੋ ਤੇ ਨਾਮ ਦਾਨ ਦੇਣਾ ਕਰੋ, ਆਪ ਜੀ ਦੀ ਕਿਰਪਾ ਨਾਲ ਹੀ ਮਾਣੀਕ ਹੋਈਦਾ ਹੈ।

ਭਜੁ ਸਾਧ ਸੰਗੇ ਏਕ ਰੰਗੇ ਕ੍ਰਿਪਾਲ ਗੋਬਿਦ ਦੀਨਾ ॥

ਹੇ ਦੀਨਾਂ 'ਪਰ ਕ੍ਰਿਪਾਲੂ ਗੋਬਿੰਦ ! ਇਹ ਕ੍ਰਿਪਾ ਕਰ ਜੋ ਸਤਸੰਗ ਦੁਆਰੇ ਰੰਗੇ=ਪ੍ਰੇਮ ਸਹਿਤ ਇਕ ਆਪ ਜੀ ਨੂੰ ਭਜਨਾ ਕਰਾਂ। ਜਦ ਇਸ ਤਰ੍ਹਾਂ ਬੇਨਤੀ ਕੀਤੀ, ਤਾਂ—

ਅਨਾਥ ਨੀਚ ਸਰਣਾਇ ਨਾਨਕ ਕਰਿ ਮਇਆ ਅਪੁਨਾ ਕੀਨਾ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਅਨਾਥ ਨੀਚ ਨੂੰ ਆਪਣੀ ਸ਼ਰਨ ਵਿਚ ਆਇਆ ਜਾਣ ਕੇ, ਮਇਆ=ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣਾ ਹੀ ਕਰ ਲੀਤਾ॥ ੩ ॥

ਆਪਸ ਕਉ ਆਪੁ ਮਿਲਾਇਆ ॥ ਭ੍ਰਮ ਭੰਜਨ ਹਰਿ ਰਾਇਆ ॥

ਹੇ ਹਰੀ ਰਾਜੇ ! ਭਰਮ ਭੈ ਆਦਿਕਾਂ ਨੂੰ ਭੰਜਨ=ਨਵਿਰਤ ਕਰਕੇ ਤੁਸਾਂ ਨੇ ਆਪਣੇ ਸੇਵਕ ਨੂੰ ਆਪਣੇ

ਨਾਲ ਮਿਲਾ ਲਿਆ ਹੈ।

ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ ਪਿਆਰਿਆ ॥

ਹੇ ਪਿਆਰੇ ਸੁਆਮੀ ! ਆਪ ਅਸਚਰਜ ਹੋ, ਅੰਤਰਜਾਮੀ ਹੋ, ਸ਼ੁਭ ਗੁਣਾਂ ਦੇ ਨਿਧਿ=ਸਮੁੰਦਰ, ਵਾ:-ਖਜ਼ਾਨੇ ਹੋ, ਸੇਵਕਾਂ ਨਾਲ ਮਿਲੇ ਰਹਿੰਦੇ ਹੋ।

ਮਹਾ ਮੰਗਲ ਸੂਖ ਉਪਜੇ ਗੋਬਿੰਦ ਗੁਣ ਨਿਤ ਸਾਰਿਆ ॥

ਹੇ ਗੋਬਿੰਦ ! ਜਿਸ ਵੇਲੇ ਆਪ ਜੀ ਦੇ ਗੁਣਾਂ ਨੂੰ ਨਿਤਾਪ੍ਰਤੀ ਸੰਭਾਲਣਾ ਕੀਤਾ ਤਿਸ ਵੇਲੇ ਬੜੇ ਮੰਗਲ ਤੇ ਬੇਅੰਤ ਸੁਖ ਉਤਪੰਨ ਹੋਏ।

ਮਿਲਿ ਸੰਗਿ ਸੋਹੇ ਦੇਖਿ ਮੋਹੇ ਪੁਰਬਿ ਲਿਖਿਆ ਪਾਇਆ ॥

ਜਿਸ ਵੇਲੇ ਪੂਰਬਲੇ ਕਰਮਾਂ ਦਾ ਚੰਗਾ ਲੇਖ ਲਿਖਿਆ ਪਾਇਆ, ਉਸ ਵੇਲੇ ਹੇ ਪ੍ਰਭੂ ! ਆਪ ਜੀ ਨਾਲ ਮਿਲ ਕੇ ਸੋਹੇ=ਸ਼ੋਭਨੀਕ ਹੋਏ ਅਤੇ ਆਪ ਜੀ ਦੇ ਦਰਸ਼ਨ ਨੂੰ ਵੇਖ ਕੇ ਮੋਹੇ ਗਏ।

ਬਿਨਵੰਤਿ ਨਾਨਕ ਸਰਨਿ ਤਿਨ ਕੀ ਜਿਨੀ ਹਰਿ ਹਰਿ ਧਿਆਇਆ ॥੪ ॥੧ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ, ਮੈਂ ਉਹਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ॥ ੪॥ ੧॥

ਵਾਰ ਮਲਾਰ ਕੀ ਮਹਲਾ ੧
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ॥
੧ੴ ਸਤਿਗੁਰ ਪ੍ਰਸਾਦਿ॥

ਇਹ ਮਲਾਰ ਦੀ ਵਾਰ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰੀ ਹੈ ਇਸ ਵਿਚ ਵਾਰ=ਪੌੜੀਆਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਹਨ ਤੇ ਸਲੋਕ ਸਾਂਝੇ ਹਨ-

ਰਾਣਾ ਕੈਲਾਸ਼ ਦੇਵ, ਰਾਣਾ ਮਾਲਦੇਵ ਇਹ ਦੋਵੇਂ ਸਕੇ ਭਰਾ ਸਨ, ਸਮੇਂ ਅਨੁਸਾਰ ਇਨ੍ਹਾਂ ਦਾ ਪਿਤਾ ਸੁਰਗਵਾਸ ਹੋ ਗਿਆ, ਪਿਤਾ ਦੇ ਮਰਨ ਪਿਛੋਂ ਵੱਡੇ ਭਾਈ ਰਾਣੇ ਕੈਲਾਸ਼ ਦੇਵ ਨੇ ਸਾਰੀ ਜਾਇਦਾਦ ਅਤੇ ਰਾਜ ਭਾਗ ਆਪ ਸਾਂਭ ਲਿਆ, ਛੋਟੇ ਭਰਾ ਮਾਲਦੇਵ ਨੂੰ ਕੁਝ ਵੀ ਨਾ ਦਿੱਤਾ। ਇਸ ਨੇ ਪਿਆਰ ਮੁਹੱਬਤ ਨਾਲ ਬਹੁਤ ਵਾਰ ਕਿਹਾ ਕਿ ਜੋ ਹੱਕ ਮੇਰਾ ਬਣਦਾ ਹੈ ਉਹ ਮੈਨੂੰ ਦੇ ਦੇ, ਪਰ ਵੱਡੇ ਭਾਈ ਨੇ ਬਿਲਕੁਲ ਪਰਵਾਹ ਨਾ ਕੀਤੀ, ਜਦ ਇਸ ਨੂੰ ਮੰਗਿਆਂ ਵੀ ਕੁਝ ਨਾ ਮਿਲਿਆ ਤਾਂ ਇਸ ਨੇ ਰਾਜਨੀਤੀ ਅਤੇ ਆਪਣੇ ਰਸੂਖ ਨਾਲ ਸਾਰੀ ਪਰਜਾ ਫੌਜਾਂ ਸਮੇਤ ਆਪਣੇ ਵੱਲ ਕਰ ਲਈ ਤੇ ਬੜਾ ਭਾਰੀ ਜੰਗ ਕੀਤਾ, ਜੰਗ ਵਿਚ ਵੱਡੇ ਭਾਈ ਕੈਲਾਸ਼ ਦੇਵ ਨੂੰ ਬੰਨ੍ਹ ਕੇ ਕੈਦ ਕਰ ਲਿਆ ਤੇ ਰਿਆਸਤ ਦਾ ਸਾਰਾ ਪ੍ਰਬੰਧ ਆਪਣੇ ਹੱਥ ਕਰ ਲਿਆ, ਜਿਸ ਵੇਲੇ ਕੈਦ ਵਿਚ ਪਿਆਂ ਇਕ ਸਾਲ ਗੁਜ਼ਰ ਗਿਆ ਤਾਂ ਕੈਲਾਸ਼ ਦੇਵ ਨੇ ਦੁੱਖੀ ਹੋ ਕੇ ਛੋਟੇ ਭਾਈ ਤੋਂ ਮਾਫੀ ਮੰਗਦਿਆਂ ਕਿਹਾ, ਹੁਣ ਮੈਨੂੰ ਛੱਡ ਦੇ ਅਗੋਂ ਲਈ ਮੈਂ ਤੇਰੇ ਕਹੇ ਅਨੁਸਾਰ ਚਲਾਂਗਾ। ਇਹ ਗੱਲ ਸੁਣ ਕੇ ਮਾਲਦੇਵ ਨੇ ਸ਼ੁਭ ਸਿੱਖਿਆ ਦਿੰਦਿਆਂ ਕਿਹਾ-ਗਰੀਬਾਂ ਦੀ ਰੱਖਿਆ ਕਰਨੀ, ਪੂਰਾ ਪੂਰਾ ਨਿਆਂ ਕਰਨਾ, ਆਪ ਧਰਮਾਊ ਬਣ ਕੇ ਪਰਜਾ ਨੂੰ ਧਰਮ ਵਿਚ ਤੋਰਨਾ ਆਦਿਕ ਚੰਗੇ ਚੰਗੇ ਕੰਮ ਕਰਨੇ, ਇਹ ਗੱਲ ਸੁਣ ਕੇ ਕੈਲਾਸ਼ ਨੇ ਕਿਹਾ, ਏਸੇ ਤਰ੍ਹਾਂ ਕਰਾਂਗਾ, ਮਾਲਦੇਵ

ਨੇ ਓਸੇ ਵੇਲੇ ਹੁਕਮ ਦੇ ਕੇ ਉਸ ਦੀ ਬੰਦ ਖਲਾਸ ਕਰ ਦਿੱਤੀ ਅਤੇ ਅੱਧੀ ਰਿਆਸਤ ਦਾ ਰਾਜ ਭਾਗ ਸੰਭਾਲ ਦਿੱਤਾ। ਇਹਨਾਂ ਦੇ ਸੋਹਣੇ ਕਰਤੱਬ ਨੂੰ ਵੇਖ ਕੇ ਢਾਢੀਆਂ ਨੇ ਵਾਰ ਬਣਾਈ, ਏਹ ਵਾਰ ਸਮੇਂ ਅਨੁਸਾਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਸ ਢਾਢੀਆਂ ਨੇ ਆ ਕੇ ਅਕਾਲ ਤਖਤ ਦੇ ਹੇਠਾਂ ਖਲੋ ਕੇ ਸੁਣਾਈ ਗੁਰੂ ਜੀ ਨੂੰ ਪਸੰਦ ਆਈ ਓਸੇ ਵੇਲੇ ਭਾਈ ਗੁਰਦਾਸ ਜੀ ਪਾਸੋਂ ਮਲਾਰ ਦੀ ਵਾਰ ਦੇ ਅਰੰਭ 'ਪਰ ਏਹ ਅੱਖਰ ਲਿਖਵਾ ਕੇ ਹੁਕਮ ਦੇ ਦਿੱਤਾ ਕਿ ਜਿਵੇਂ, ਰਾਣੇ ਕੈਲਾਸ਼ ਦੀ ਤੇ ਮਾਲਦੇਵ ਦੀ ਪਉੜੀ ਗਾਈ ਜਾਂਦੀ ਹੈ, ਤਿਵੇਂ ਮਲਾਰ ਦੀਆਂ ਪਉੜੀਆਂ ਤੁਸਾਂ ਨੇ ਭੀ ਗਾਉਣੀਆਂ।

ਧਰਤ ਘੋੜਾ ਪਰਬਤ ਪਲਾਣ, ਸਿਰ ਟਟਰ ਅੰਬਰ। ਨਉ ਸੈ ਨਦੀ ਨੜਿਨਵੇਂ ਰਾਣਾ ਜਲ ਕੰਧਰ।
ਢੁਕਾ ਰਾਇ ਅਮੀਰ ਦੇ ਕਰ ਮੇਘ ਅਡੰਬਰ। ਆਨਤ ਖੰਡਾ ਰਾਣਿਆ ਕੈਲਾਸ਼ੇ ਅੰਦਰ।
ਬਿਜੁਲ ਜਿਉਂ ਚਮਕਾਣੀਆਂ ਤੇਗਾਂ ਵਿਚ ਅੰਬਰ। ਮਾਲਦੇਵ ਕੈਲਾਸ਼ ਨੂੰ ਬੰਨ੍ਹਿਆ ਕਰ ਸੰਘਰ।
ਫਿਰ ਅੱਧਾ ਧਨ ਮਾਲ ਦੇ ਛੱਡਿਆ ਗੜ੍ਹ ਅੰਦਰ। ਮਾਲਦੇਉ ਜਸ ਖੱਟਿਆ ਜਿਉਂ ਸ਼ਾਹ ਸਿਕੰਦਰ।

ਸਲੋਕ ਮਹਲਾ ੩ ॥

ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥

ਗੁਰਾਂ ਨਾਲ ਮਿਲਣ ਕਰਕੇ ਮਨ ਇਸ ਤਰ੍ਹਾਂ ਰਹਸੀਐ=ਪ੍ਰਸੰਨ ਹੁੰਦਾ ਹੈ, ਜਿਵੇਂ, ਬੱਦਲਾਂ ਦੇ ਵੁਠੈ=ਵਸਣ ਕਰਕੇ ਧਰਤੀ ਨੂੰ ਸ਼ਿੰਗਾਰ ਹੁੰਦਾ ਹੈ, ਅਰਥਾਤ ਅਨੰਦ ਹੁੰਦਾ ਹੈ। ਏਸੇ ਤਰ੍ਹਾਂ ਬੁੱਧੀ ਰੂਪ ਧਰਤੀ ਨੂੰ ਜਪ ਤਪ ਆਦਿਕਾਂ ਦਾ ਸ਼ਿੰਗਾਰ ਹੁੰਦਾ ਹੈ।

ਸਭ ਦਿਸੈ ਹਰੀਆਵਲੀ ਸਰ ਭਰੇ ਸਭਰ ਤਾਲ ॥

ਮੀਂਹ ਪੈਣ ਕਰਕੇ ਸਭ ਪਾਸੇ ਹਰੀਆਵਲਤਾ ਹੀ ਦਿੱਸਦੀ ਹੈ, ਕਚੇ ਸਰ=ਸਰੋਵਰ ਤੇ ਪਕੇ ਤਲਾਵ ਸਭਰ=ਲਬਾ ਲਬ (ਨੱਕੋ ਨੱਕ) ਪਾਣੀ ਨਾਲ ਭਰ ਜਾਂਦੇ ਹਨ।

ਇਸੇ ਤਰ੍ਹਾਂ ਜਦ ਗੁਰੂ ਬੱਦਲ ਉਪਦੇਸ਼ ਜਲ ਦੀ ਵਰਖਾ ਕਰਦੇ ਹਨ ਤਾਂ ਸਭ ਪਾਸੇ ਸ਼ੁਭ ਗੁਣਾਂ ਰੂਪੀ ਹਰਿਆਵਲਤਾ ਦਿੱਸਦੀ ਹੈ, ਸਰ=ਸਰੋਵਰਾਂ ਵਾਂਙ ਉਤਮ ਜਗਿਆਸੂ, ਤਲਾਵ ਵਾਂਙ ਮੱਧਮ ਜਗਿਆਸੂ ਭੀ ਨਾਮ ਜਲ ਨਾਲ ਲਬਾ ਲਬ ਭਰ ਜਾਂਦੇ ਹਨ।

ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥

ਉਸ ਦਾ ਅੰਦਰੁ=ਅੰਤਹਕਰਣ ਸੱਚੇ ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ ਅਤੇ ਮਜੀਠੇ ਰੰਗ ਦੀ ਨਿਆਈਂ ਲਾਲੁ=ਬ੍ਰਹਮ ਗਿਆਨ ਦੇ ਸਹਿਤ ਹੋਇਆ ਹੈ।

ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥

ਸਚ ਨਾਮ ਦੇ ਮਨਨ ਕੀਤਿਆਂ ਹਿਰਦਾ ਕਮਲ ਖਿੜ ਪੈਂਦਾ ਹੈ, ਅਤੇ-
ਗੁਰਾਂ ਦੇ ਉਪਦੇਸ਼ ਕਰਕੇ ਨਿਹਾਲੁ=ਦੁੱਖਾਂ ਤੋਂ ਰਹਿਤ ਹੋਈਦਾ ਹੈ।

[ਪੰਨਾ ੧੨੭੯]

ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥

ਜੋ ਮਨਮੁਖ ਦੂਜੀ=ਮਾਇਆ ਦੀ ਤਰਫ, ਵਾ:-ਦ੍ਵੈਤ ਦੀ ਤਰਫ ਲੱਗ ਰਿਹਾ ਹੈ,

ਵਾ:-ਉਸ ਦੇ ਹਾਲ ਨੂੰ ਨਿਹਾਲਿ=ਨਿਰਣੇ ਕਰਕੇ, ਨਦਰਿ=ਨਿਗਾਹ ਭਰ ਕੇ, ਅਰਥਾਤ ਅੱਖਾਂ ਦੀ ਦ੍ਰਿਸ਼ਟੀ ਨਾਲ ਦੇਖੇ।

ਫਾਹੀ ਫਾਥੇ ਮਿਰਗ ਜਿਉ ਸਿਰਿ ਦਿਸੈ ਜਮਕਾਲੁ॥

ਫਾਹੀ ਵਿਚ ਫਸੇ ਹੋਏ ਹਰਨ ਵਾਂਙੂ ਉਸ ਦੇ ਸਿਰ ਉਤੇ ਜਮ ਕਾਲ ਖੜ੍ਹਾ ਦਿੱਸਦਾ ਹੈ।

ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥

ਪਦਾਰਥਾਂ ਦੀ ਖੁਧਿਆ=ਭੁਖ ਧਨ ਦੀ ਤ੍ਰਿਸ਼ਨਾ, ਨਿੰਦਿਆ ਇਹ ਸਭ ਬੁਰੀਆਂ ਹਨ, ਇਨ੍ਹਾਂ ਕਰਕੇ ਬੁੱਧੀ ਵੀ ਬੁਰੀ ਹੋ ਰਹੀ ਹੈ ਅਤੇ ਕਾਮ ਕ੍ਰੋਧ ਆਦਿਕ ਵਿਕਾਰਾਂ ਕਰਕੇ ਇਹ ਜੀਵ ਵਿਕਰਾਲੁ=ਭਿਆਨਕ (ਡਰਾਉਣਾ) ਹੋ ਰਿਹਾ ਹੈ।

ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥

ਇਨ੍ਹਾਂ ਪ੍ਰਤੱਖ ਅੱਖਾਂ ਨਾਲ ਪੂਰਬ ਕਹੇ ਹੋਏ ਵਿਕਾਰ ਨਿਗਾਹ ਨਹੀਂ ਆਉਂਦੇ, ਜਿੰਨਾ ਚਿਰ ਗੁਰ ਉਪਦੇਸ਼ ਦਾ ਵਿਚਾਰ ਨਹੀਂ ਕਰਦਾ। ਅਰਥਾਤ ਗੁਰ ਉਪਦੇਸ਼ ਦੇ ਵਿਚਾਰ ਕੀਤੇ ਬਿਨਾਂ ਏਹ ਵਿਕਾਰ ਦੂਰ ਨਹੀਂ ਹੁੰਦੇ।

ਅਥਵਾ:-ਜਦ ਤੱਕ ਗੁਰ ਸ਼ਬਦ ਦਾ ਵਿਚਾਰ ਨਹੀਂ ਕਰਦਾ, ਉਹਨਾਂ ਚਿਰ ਇਨ੍ਹਾਂ ਪ੍ਰਤੱਖ ਅੱਖਾਂ ਨਾਲ ਉਹ ਪ੍ਰਭੂ ਨਿਗਾਹ ਨਹੀਂ ਆਉਂਦਾ।

ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ॥

ਹੇ ਵਾਹਿਗੁਰੂ ! ਜੇਕਰ ਆਪ ਜੀ ਨੂੰ ਇਹ ਜੀਵ ਭਾ ਜਾਵੇ ਤਾਂ ਸੰਤੋਖੀ ਹੁੰਦਾ ਹੈ ਅਤੇ ਆਲ=ਘਰ ਦੇ ਸਾਰੇ ਜੰਜਾਲ=ਧੰਧੇ ਚੁੱਕ ਜਾਂਦੇ, ਭਾਵ ਨਵਿਰਤ ਹੋ ਜਾਂਦੇ ਹਨ।

ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ॥

ਗੁਰਾਂ ਦੀ ਸੇਵਾ ਕਰਨ ਨਾਲ ਮੂਲ ਰੂਪ ਸਵਾਸ ਸਫਲ ਹੋ ਰਹਿੰਦੇ ਹਨ.

ਵਾ:-ਮੂਲੁ=ਅਧਿਸ਼ਠਾਨ ਰੂਪ ਪਰਮੇਸ਼ਰ ਵਿਚ ਇਸਥਿਤ ਰਹਿੰਦਾ ਹੈ। ਬ੍ਰਹਮ ਰੂਪ ਮੰਦਰ ਉਤੇ ਚੜ੍ਹਨ ਵਾਸਤੇ ਗੁਰਾਂ ਪਾਸ ਭਗਤੀ ਰੂਪ,

ਵਾ:-ਚਤਰਥ ਭੂਮਿਕਾ ਰੂਪ ਪੌੜੀ ਹੈ, ਸੰਸਾਰ ਸਮੁੰਦ੍ਰ ਤੋਂ ਪਾਰ ਕਰਨ ਵਾਲਾ ਨਾਮ ਗਿਆਨ ਰੂਪੀ ਜਹਾਜ਼ ਗੁਰਾਂ ਪਾਸ ਹੈ।

ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ॥ ੧॥

ਗੁਰੂ ਜੀ ਕਥਨ ਕਰਦੇ ਹਨ-ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਤਤੁ=ਸਿਧਾਂਤ ਰੂਪ ਜੋ ਪਰਮੇਸ਼ਰ ਹੈ ਉਸ ਵਿਚ ਸਾਡੀ ਲੈ=ਲਿਵ ਲੱਗੀ ਹੈ, ਹੇ ਪੁਰਸ਼ਾ ! ਤੂੰ ਸਚੁ=ਨਿਸਚੇ ਕਰਕੇ ਸੱਚ ਦਾ ਮਨਨ ਕਰ ਤਾਂ ਤੂੰ ਭੀ ਸੱਚਾ ਹੋ ਜਾਵੇਂਗਾ॥ ੧॥

ਮਹਲਾ ੧॥ ਹੇਕੋ ਪਾਧਰੁ ਹੇਕ ਦਰੁ ਗੁਰ ਪਉੜੀ ਨਿਜ ਥਾਨੁ॥

ਪਰਮੇਸ਼ਰ ਦੀ ਪ੍ਰਾਪਤੀ ਦਾ ਨਾਮ ਵਾ:-ਪ੍ਰੇਮ ਰੂਪੀ ਇਕ ਹੀ ਪਾਧਰੁ=ਰਸਤਾ ਹੈ, ਇਕ ਹੀ ਗਿਆਨ ਰੂਪ ਦਰੁ=ਦਰਵਾਜ਼ਾ ਹੈ, ਆਪਣੇ ਸਰੂਪ ਅਸਥਾਨ ਦੀ ਪ੍ਰਾਪਤੀ ਲਈ ਗੁਰਾਂ ਪਾਸ ਭਗਤੀ,

ਵਾ:-ਚਤਰਥ ਭੂਮਿਕਾ ਰੂਪ ਪਉੜੀ ਹੈ।

ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਉਹ ਠਾਕੁਰ ਸਭ ਤੋਂ ਰੂੜਉ=ਸੁੰਦਰ ਹੈ, ਉਸ ਦੇ ਸੱਚੇ ਨਾਮ ਜਪਣ ਕਰਕੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ॥ ੨ ॥

ਪਉੜੀ ॥ ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥

ਹੇ ਹਰੀ ! ਤੈਂਨੇ ਆਪਣੇ ਆਪ ਜਗਤ ਨੂੰ ਸਾਜ਼ਿਆ ਹੈ ਤੇ ਆਪ ਹੀ ਸਭਨਾਂ ਨੂੰ ਖਾਣ ਪਾਣ ਦੇਣਾ ਪਛਾਣਿਆ ਹੈ।

ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥

ਪਹਿਲੇ ਅਕਾਸ਼ ਧਰਤੀ ਇਕੱਠੇ ਸਨ ਤੁਸਾਂ ਨੇ ਆਪ ਹੀ ਅੰਬਰੁ=ਅਕਾਸ਼ ਤੇ ਧਰਤੀ ਨੂੰ ਵਿਛੋੜ ਕੇ ਅਲੱਗ ਅਲੱਗ ਕੀਤਾ ਹੈ ਅਕਾਸ਼ ਨੂੰ ਚੰਦੋਆ ਤਾਣਿਆਂ ਹੈ ਧਰਤੀ ਨੂੰ ਹੇਠਾਂ ਗਲੀਚਾ ਵਿਛਾਇਆ ਹੈ।

ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥

ਥੰਮੇ ਦਿੱਤੇ ਤੋਂ ਬਿਨਾਂ ਹੀ ਗਗਨੁ=ਅਕਾਸ਼ ਨੂੰ ਇਸਥਿਤ ਰੱਖਿਆ ਹੈ ਇਹ ਸਬਦੁ=ਵਾਕ ਨੀਸਾਣਿਆ=ਪਰਗਟ ਹੈ। ਵਾ:-ਇਸ ਗੱਲ ਨੂੰ ਸਬਦੁ=ਬੇਦ ਨੀਸਾਣਿਆ=ਪ੍ਰਗਟ ਦੱਸਦਾ ਹੈ। ਵਾ:-ਜਿਸ ਨੇ ਥੰਮੇ ਤੋਂ ਬਿਨਾਂ ਹੀ ਅਕਾਸ਼ ਨੂੰ ਇਸਥਿਤ ਰੱਖਿਆ ਹੈ, ਉਹ ਸਬਦੁ=ਬ੍ਰਹਮ ਸਾਰੇ ਨੀਸਾਣਿਆ=ਪ੍ਰਗਟ ਹੈ।

ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥

ਪ੍ਰਕਾਸ਼ ਕਰਨ ਲਈ ਸੂਰਜ ਚੰਦ੍ਰਮਾ ਨੂੰ ਉਤਪੰਨ ਕਰਕੇ ਵਿਚ ਆਪਣੀ ਜੋਤ ਨੂੰ ਸਮਾਇਆ ਹੋਇਆ ਹੈ।

ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥

ਹੇ ਵਿਡਾਣਿਆ=ਅਸਚਰਜ ਕੌਤਕਾਂ ਦੇ ਕਰਨ ਵਾਲੇ ਹਰੀ ! ਤੁਸਾਂ ਨੇ ਆਪ ਹੀ ਰਾਤ ਦਿਨ ਕੀਤੇ ਹਨ।

ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥

ਤੁਸਾਂ ਨੇ ਆਪ ਹੀ ਤੀਰਥ, ਧਰਮ ਤੇ ਸ਼ੁਭ ਵਿਚਾਰ ਰਚੇ ਹਨ ਅਤੇ ਇਸ਼ਨਾਨ ਕਰਨ ਵਾਸਤੇ ਪੁਰਬ ਬਨਾਉਣਾ ਕੀਤੇ ਹਨ।

ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥

ਆਪ ਜੀ ਦੇ ਸਰਿ=ਸਦ੍ਰਸ (ਤੁਲ) ਹੋਰ ਕੋਈ ਨਹੀਂ ਹੈ, ਆਖਿ=ਮੂੰਹ ਤੋਂ ਕੀ ਆਖ ਕੇ ਕਥਨ ਕਰੀਏ ਜਾਂ ਸੁਨਾਉਣਾ ਕਰੀਏ।

ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ ੧ ॥

ਹੇ ਸੱਚੇ ਵਾਹਿਗੁਰੂ ! ਜਿਨ੍ਹਾਂ ਦਾ ਤੇਰੇ ਸੱਚੇ ਸਰੂਪ ਤਖ਼ਤ 'ਪਰ ਨਿਵਾਸ ਹੈ, ਉਹ ਅਚੱਲ ਹਨ, ਹੋਰ ਸਾਰੇ ਆਉਣ ਜਾਣ ਵਾਲੇ ਹਨ॥ ੧ ॥

ਸਲੋਕ ਮ: ੧ ॥

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥

ਗੁਰੂ ਜੀ ਕਥਨ ਕਰਦੇ ਹਨ—ਜੇਕਰ ਸਾਵਣ ਦੇ ਮਹੀਨੇ ਬੱਦਲ ਵਸਣ ਤਾਂ ਚੌਂਹ ਜਣਿਆਂ ਨੂੰ ਓਮਾਹਾ ਹੋਇ=ਖੁਸ਼ੀ ਹੁੰਦੀ ਹੈ।

ਪ੍ਰਸ਼ਨ:-ਕਿਸ ਕਿਸ ਨੂੰ ਖੁਸ਼ੀ ਹੁੰਦੀ ਹੈ? ਉੱਤਰ:-

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥ ੧ ॥

ਨਾਗਾਂ=ਸੱਪਾਂ ਨੂੰ, ਮਿਰਗਾਂ=ਹਰਨਾਂ ਨੂੰ, ਮੱਛੀਆਂ ਨੂੰ ਅਤੇ ਜਿਨ੍ਹਾਂ ਰਸੀਆਂ ਦੇ ਘਰ ਵਿਚ ਧਨ ਪ੍ਰਾਪਤ ਹੁੰਦਾ ਹੈ, ਉਹਨਾਂ ਰਸੀਆਂ ਨੂੰ ਖੁਸ਼ੀ ਹੁੰਦੀ ਹੈ ਉਹ ਘਰ ਪਲੰਘਾਂ ਉਤੇ ਬੈਠੇ ਹੀ ਖੀਰ ਤੇ ਮਾਲ ਪੂੜੇ ਆਦਿਕ ਬਣਾਵਾ ਕੇ ਖਾਂਦੇ ਰਹਿੰਦੇ ਹਨ।

ਮ: ੧ ॥ ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥

ਗੁਰੂ ਜੀ ਕਥਨ ਕਰਦੇ ਹਨ—ਸਾਵਣ ਦੇ ਮਹੀਨੇ ਜੇਕਰ ਬੱਦਲ ਵਸਣ ਤਾਂ ਚੌਂਹ ਜਣਿਆਂ ਨੂੰ ਵੇਛੋੜਾ= ਦੁੱਖ ਹੁੰਦਾ ਹੈ। ਵਾ:-ਸੁਖਾਂ ਦਾ ਵਿਛੋੜਾ ਹੋ ਜਾਂਦਾ ਹੈ।

ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥ ੨ ॥

ਗਾਈ=ਗਊਆਂ ਦੇ ਪੁਤ੍ਰ ਬੈਲਾਂ ਨੂੰ ਦੁੱਖ ਹੁੰਦਾ ਹੈ ਕਿਉਂਕਿ ਉਸ ਮੌਕੇ ਜਿਮੀਂਦਾਰ ਬਲਦਾਂ ਨੂੰ ਰਾਤ ਦਿਨ ਜੁਪੀ ਰੱਖਦੇ ਹਨ।

ਨਿਰਧਨਾ=ਧਨ ਹੀਣ ਗਰੀਬਾਂ ਨੂੰ ਬੜਾ ਦੁੱਖ ਹੁੰਦਾ ਹੈ ਜੇਹੜੇ ਰੋਜ਼ ਨਵੀਂ ਕਿਰਤ ਕਰਕੇ ਖਾਂਦੇ ਹਨ, ਮੀਂਹ ਵਿਚ ਕੋਈ ਕੰਮ ਨਹੀਂ ਕੀਤਾ ਜਾਂਦਾ।

ਪੰਥੀ=ਰਾਹੀਆਂ ਨੂੰ ਭੀ ਬੜਾ ਦੁੱਖ ਹੁੰਦਾ ਹੈ ਕਿਉਂਕਿ ਮੀਂਹ ਵਿਚ ਸਫਰ ਨਹੀਂ ਹੁੰਦਾ ਕਪੜੇ ਚਿੱਕੜ ਨਾਲ ਖਰਾਬ ਹੋ ਜਾਂਦੇ ਹਨ।

ਚਾਕਰੁ ਹੋਇ=ਨੌਕਰਾਂ ਨੂੰ ਭੀ ਦੁੱਖ ਹੁੰਦਾ ਹੈ ਕਿਉਂਕਿ ਨੌਕਰਾਂ ਨੂੰ ਮੀਂਹ ਦੇ ਵਿਚ ਜਾ ਕੇ ਸ਼ਬਜੀ ਦੁੱਧ ਵਗੈਰਾ ਲਿਆਉਣਾ ਪੈਂਦਾ ਹੈ।

ਏਸੇ ਤਰ੍ਹਾਂ ਮਨੁੱਖਾ ਦੇਹ ਰੂਪ ਸਾਵਣ ਦੇ ਮਹੀਨੇ ਵਿਚ ਗੁਰੂ ਬੱਦਲ ਉਪਦੇਸ਼ ਜਲ ਦੀ ਵਰਖਾ ਕਰਨ, ਤਾਂ ਚੌਂਹ ਜਣਿਆਂ ਨੂੰ ਓਮਾਹਾ ਹੋਇ=ਖੁਸ਼ੀ ਹੁੰਦੀ ਹੈ।

ਨਾਗਾਂ=ਸਮਾਧੀ ਲਗਾਉਣ ਵਾਲਿਆਂ ਨੂੰ ਇਸ ਕਰਕੇ ਖੁਸ਼ੀ ਹੁੰਦੀ ਹੈ, ਸਮਾਧੀ ਲਗਾਉਣ ਵੇਲੇ ਜੇਹੜੀ ਕਠਨਤਾ ਹੁੰਦੀ ਹੈ, ਉਹ ਉਪਦੇਸ਼ ਦੇ ਸੁਨਣ ਨਾਲ ਦੂਰ ਹੋ ਜਾਂਦੀ ਹੈ, ਜੇਹੜੀ ਬਿਰਤੀ ਉਖੜਦੀ ਸੀ ਉਹ ਭੀ ਹਟ ਜਾਂਦੀ ਹੈ।

ਮਿਰਗਾਂ=ਬਾਨ ਪ੍ਰਸਤੀਆਂ ਨੂੰ ਭੀ ਖੁਸ਼ੀ ਹੁੰਦੀ ਹੈ ਕਿਉਂਕਿ ਉਪਦੇਸ਼ ਸੁਨਣ ਨਾਲ ਉਹਨਾਂ ਦਾ ਭੇਖ ਧਾਰਿਆ ਸਫਲ ਹੋ ਜਾਂਦਾ ਹੈ।

ਮਛੀਆਂ=ਪ੍ਰੇਮੀਆਂ ਨੂੰ ਭੀ ਖੁਸ਼ੀ ਹੁੰਦੀ ਹੈ ਕਿਉਂਕਿ ਉਦੇਸ਼ ਸੁਨਣ ਨਾਲ ਹੋਰ ਪ੍ਰੇਮ ਵੱਧਦਾ ਹੈ।

ਰਸੀਆਂ ਘਰਿ ਧਨੁ ਹੋਇ=ਜਿਨ੍ਹਾਂ ਜਗਿਆਸੂਆਂ ਦੇ ਘਰ ਵਿਚ ਸ਼ੁਭ ਗੁਣਾਂ ਰੂਪ ਧਨ ਹੁੰਦਾ ਹੈ ਉਹਨਾਂ ਨੂੰ ਭੀ ਉਪਦੇਸ਼ ਸੁਨਣ ਨਾਲ ਖੁਸ਼ੀ ਹੁੰਦੀ ਹੈ ਕਿਉਂਕਿ ਸ਼ੁਭ ਗੁਣਾਂ ਦੀ ਬਿਰਧੀ ਹੁੰਦੀ ਹੈ॥ ੧॥

ਮ: ੧॥ ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥

ਮਨੁੱਖਾ ਦੇਹ ਰੂਪ ਸਾਵਨ ਦੇ ਮਹੀਨੇ ਵਿਚ ਜੇ ਗੁਰੂ ਬੱਦਲ ਉਪਦੇਸ਼ ਜਲ ਦੀ ਵਰਖਾ ਕਰਨ ਤਾਂ ਚੌਂਹ ਜਣਿਆਂ ਨੂੰ ਵੇਛੋੜਾ ਹੋਇ=ਦੁੱਖ ਹੁੰਦਾ ਹੈ। ਵਾ:-ਪ੍ਰਭੂ ਨਾਲੋਂ ਵਿਛੋੜਾ ਹੁੰਦਾ ਹੈ।

ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥ ੨॥

ਗਾਈ ਪੁਤਾ=ਬਲਦ ਭਾਵ ਆਲਸੀਆਂ ਨੂੰ ਦੁੱਖ ਹੁੰਦਾ ਹੈ।

ਗੁਰੂ ਜੀ ਆਖਦੇ ਹਨ- ਅੰਮ੍ਰਿਤ ਵੇਲੇ ਜਾਗੋ, ਇਸ਼ਨਾਨ ਕਰੋ ਨਾਮ ਜਪੋ।

ਯਥਾ:- ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ॥ (ਪੰਨਾ ੨)

ਸਲੋਕੁ॥ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾੜਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ ੧॥ (ਪੰਨਾ ੨੫੫)
ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥ (ਸੋਰਠ ਮ: ੫ ਪੰਨਾ ੬੧੧)

ਤਥਾ:- ਬਾਬੀਹਾ ਅੰਮ੍ਰਿਤ ਵੇਲੇ ਬੋਲਿਆ ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥ (ਪੰਨਾ ੧੨੮੫)
ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੇ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥ ੧੦੭॥ (ਪੰਨਾ ੧੩੮੩)
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ ੭੧॥ (ਪੰਨਾ ੧੩੮੧)

ਇਸ ਤਰ੍ਹਾਂ ਦਾ ਉਪਦੇਸ਼ ਸੁਣ ਕੇ ਬਲਦ ਆਲਸੀਆਂ ਨੂੰ ਦੁੱਖ ਹੁੰਦਾ ਹੈ।

ਨਿਰਧਨਾ=ਨਾਮ ਧਨ ਤੋਂ ਹੀਣਿਆਂ ਨੂੰ ਭੀ ਦੁੱਖ ਹੁੰਦਾ ਹੈ।

ਨਿਰਧਨ ਉਹ ਹਨ ਜਿਨ੍ਹਾਂ ਪਾਸ ਨਾਮ ਧਨ ਨਹੀਂ ਹੈ।

ਯਥਾ:- ਧਨਵੰਤਾ ਇਵਹੀ ਕਹੈ ਅਵਰੀ ਧਨ ਕਉ ਜਾਉ॥
ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ॥ ੧॥ (ਪੰਨਾ ੧੨੮੪)

ਕਿਉਂਕਿ ਗੁਰਾਂ ਨੇ ਉਪਦੇਸ਼ ਦੁਆਰਾ ਆਖਣਾ ਹੋਇਆ ਨਾਮ ਧਨ ਇਕੱਠਾ ਕਰੋ।

ਯਥਾ:- ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ॥ (ਪੰਨਾ ੫੧)

ਪੰਥੀ=ਜੋ ਪੰਥਾਂ ਦੇ ਅਭਿਮਾਨੀ ਹਨ ਉਹਨਾਂ ਨੂੰ ਭੀ ਦੁੱਖ ਹੁੰਦਾ ਹੈ। ਕਿਉਂਕਿ ਗੁਰੂ ਜੀ ਆਖਦੇ ਹਨ ਪੰਥਾਂ ਦਾ ਅਭਿਮਾਨ ਕਰਨਾ ਤਿਆਗ ਦਿਓ ਪਰ ਉਹ ਤਿਆਗਦੇ ਨਹੀਂ।

ਯਥਾ:- ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ॥
ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ॥ ੧॥ (ਪੰਨਾ ੩੩੪)

ਤਥਾ:- ਜੋਗੀ ਜੰਗਮ ਸੰਨਿਆਸੀ ਭੂਲੇ ਉਨਾਂ ਅਹੰਕਾਰੁ ਬਹੁ ਗਰਬੁ ਵਧਾਇਆ॥

ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ॥ (ਪੰਨਾ ੫੧੩)

ਚਾਕਰੁ ਹੋਇ=ਜੇਹੜੇ ਪੁਰਸ਼ ਇਸਤ੍ਰੀ ਪੁਤ੍ਰ ਆਦਿਕਾਂ ਦੇ ਚਾਕੁਰ ਹੋ ਰਹੇ ਹਨ, ਭਾਵ ਜੋ ਔਰਤਾਂ ਦੇ ਕਹੇ ਅਨੁਸਾਰ ਚਲਦੇ ਹੰਨ ਕੇਵਲ ਘਰ ਦੇ ਧੰਧਿਆਂ ਵਿਚ ਹੀ ਫਸੇ ਰਹਿੰਦੇ ਹਨ ਨਾ ਨਿਤਨੇਮ ਕਰਦੇ ਹਨ ਨਾ ਹੀ ਗੁਰਦੁਆਰੇ ਮੰਦਰ ਆਦਿਕਾਂ ਵਿਚ ਜਾ ਕੇ ਸਤਸੰਗ ਕਰਦੇ ਹਨ ਉਹਨਾਂ ਨੂੰ ਭੀ ਦੁੱਖ ਹੁੰਦਾ ਹੈ।

ਯਥਾ:- ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ॥
ਰਾਤੀ ਉਘੈ ਦਬਿਆ ਨਵੇ ਸੋਤ ਸਭਿ ਢਿਲਾ॥
ਮਨਮੁਖਾ ਦੇ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ॥
ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ॥

(ਪੰਨਾ ੩੦੪)

ਪਉੜੀ॥ ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ॥

ਹੇ ਸੱਚੇ ਵਾਹਿਗੁਰੂ ! ਤੂੰ ਸਚਿਆਰ ਹੈਂ, ਜਿਸ ਆਪ ਨੇ ਜਗਤ ਵਿਚ ਸੱਚਾ ਹੁਕਮ ਵਰਤਾਇਆ ਹੈ।

ਬੈਠਾ ਤਾੜੀ ਲਾਇ ਕਵਲੁ ਛਪਾਇਆ॥

ਮਹਾਂ ਪਰਲੋ ਵੇਲੇ ਆਪਣੀ ਨਾਭੀ ਕਮਲ ਵਿਚ ਬ੍ਰਹਮਾ ਆਦਿਕਾਂ ਨੂੰ ਛਪਾ ਕੇ, ਭਾਵ- ਸਾਰੀ ਸ੍ਰਿਸ਼ਟੀ ਨੂੰ ਲੈਯ ਕਰਕੇ ਆਪਣੀ ਮਹਿਮਾ ਵਿਚ ਤਾੜੀ=ਸਮਾਧੀ ਲੱਗਾ ਕੇ ਬੈਠਾ ਸੀ।

ਜਿਸ ਵੇਲੇ ਜੀਵਾਂ ਦੇ ਕਰਮ ਫਲ ਦੇਣ ਨੂੰ ਤਿਆਰ ਹੋਏ , ਉਸ ਵੇਲੇ ਸ੍ਰਿਸ਼ਟੀ ਦੀ ਉਤਪਤੀ ਕਰਨ ਲਈ ਪਹਿਲੇ ਬ੍ਰਹਮਾ ਨੂੰ ਉਤਪੰਨ ਕੀਤਾ।

ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥

ਬ੍ਰਹਮਾ ਨੇ ਭੀ ਵੱਡਾ ਕਹਾ ਕੇ ਆਪ ਜੀ ਦਾ ਅੰਤ ਨਹੀਂ ਪਾਇਆ।

ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ॥

ਤਿਸੁ=ਆਪ ਜੀ ਦਾ ਨਾ ਪਿਉ ਹੈ, ਨਾ ਮਾਂ ਹੈ, ਤੈਨੂੰ ਕਿਸ ਨੇ ਪੈਦਾ ਕੀਤਾ ਹੈ।

ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ॥

ਤਿਸੁ=ਆਪ ਜੀ ਦਾ ਨਾ ਕੋਈ ਰੂਪ ਹੈ ਨਾ ਹੀ ਕਛਮਛ ਆਦਿਕ ਰੇਖਾਂ ਹਨ, ਸਾਰਿਆਂ ਵਰਨਾਂ ਵਿਚੋਂ ਆਪ ਜੀ ਦਾ ਵਰਨ ਭੀ ਕੋਈ ਨਹੀਂ। ਵਾ:-ਤੂੰ ਸਾਰਿਆਂ ਵਰਨਾਂ ਵਿਚ ਆਇਆ ਹੋਇਆ ਹੈਂ।

ਨਾ ਤਿਸੁ ਭੁਖ ਪਿਆਸ ਰਜਾ ਧਾਇਆ॥

ਤਿਸੁ=ਆਪ ਜੀ ਨੂੰ ਨਾ ਭੁਖ ਹੈ ਨਾ ਪਿਆਸ ਹੈ ਅਤੇ ਰਜਾ ਧਾਇਆ=ਰੱਜਿਆ ਫਿਰਦਾ ਹੈਂ।

ਅਥਵਾ:-ਧਾਵਨੇ ਵਲੋਂ ਰੱਜਿਆ ਹੋਇਆ ਹੈਂ।

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥

ਹੇ ਵਾਹਿਗੁਰੂ ! ਤੁਸਾਂ ਨੇ ਗੁਰਾਂ ਵਿਚ ਆਪਣੇ ਆਪ ਨੂੰ ਸਮੋਇ=ਮੇਲ ਕੇ ਸਬਦੁ=ਹੁਕਮ,

ਵਾ:-ਉਪਦੇਸ਼ ਵਰਤਾਉਣਾ ਕੀਤਾ ਹੈ।

ਸਚੇ ਹੀ ਪਤੀਆਇ ਸਚਿ ਸਮਾਇਆ ॥ ੨ ॥

ਗੁਰਮੁਖਾਂ ਨੇ ਸੱਚੇ ਉਪਰ ਹੀ ਭਰੋਸਾ ਕਰਕੇ ਸੱਚ ਸਰੂਪ ਵਿਚ ਸਮਾਉਣਾ ਕੀਤਾ ਹੈ॥ ੨ ॥

ਸਲੋਕ ਮ: ੧ ॥

ਜਦ ਇਕ ਸਮੇਂ ਗੁਰੂ ਜੀ ਵੈਰਾਗੀ ਬਣ ਕੇ ਅੰਨ ਜਲ ਛਕਣਾ ਤਿਆਗ ਬੈਠੇ ਤਾਂ ਸਰੀਰ ਨਿਰਬਲ ਹੋ ਗਿਆ ਮਾਤਾ ਪਿਤਾ ਬਹੁਤ ਬੁਲਾਉਣ ਪਰ ਗੁਰੂ ਜੀ ਬੋਲਣ ਨਾ, ਪਿਤਾ ਜੀ ਨੇ ਰੋਗੀ ਸਮਝ ਕੇ ਹਰਦਾਸ ਨਾਮੇ ਵੈਦ ਨੂੰ ਬੁਲਾ ਲਿਆਂਦਾ, ਜਿਸ ਵੇਲੇ ਉਹ ਗੁਰੂ ਜੀ ਦੀ ਨਾੜ ਫੜ ਕੇ ਦੇਖਣ ਲੱਗ ਪਿਆ ਉਸ ਵੇਲੇ ਗੁਰੂ ਜੀ ਨੇ ਕਿਹਾ—

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥

ਵੈਦਗੀ ਦੇ ਕਰਨੇ ਵਾਸਤੇ ਹਰਦਾਸ ਨਾਮੇ ਵੈਦ ਨੂੰ ਬੁਲਾਇਆ ਹੈ ਜੋ ਆ ਕੇ ਬਾਂਹ ਫੜ ਕੇ ਰੋਗ ਨੂੰ ਢੂੰਢਦਾ ਹੈ।

ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ ੧ ॥

ਏਹ ਭਲਾ=ਮੂਰਖ ਵੈਦ ਜਾਣਦਾ ਨਹੀਂ ਹੈ, ਵੈਰਾਗ ਦੀ ਕਰਕ=ਪੀੜਾ ਤਾਂ ਕਲੇਜੇ ਮਾਹਿ=ਹਿਰਦੇ ਵਿਚ ਹੈ। ਇਨ੍ਹਾਂ ਨਾੜੀਆਂ ਚੋਂ ਕੀ ਲੱਭਣਾ ਹੈ॥ ੧ ॥

ਮ: ੨ ॥

ਇਕ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਸੰਸਾਰ ਵਲੋਂ ਉਦਾਸ ਹੋ ਕੇ ਵੈਰਾਗ ਮਈ ਦਸ਼ਾ ਵਿਚ ਬੈਠ ਗਏ ਕੋਈ ਬੁਲਾਵੇ ਤਾਂ ਬੋਲਦੇ ਨਹੀਂ ਹਨ, ਆਪਿਤਾ ਬਾਬਾ ਫੇਰੂ ਜੀ ਨੇ ਮਹਾਰਾਜ ਜੀ ਨੂੰ ਰੋਗੀ ਸਮਝ ਕੇ ਇਲਾਜ ਕਰਾਉਣ ਲਈ ਵੈਦ ਸੱਦਿਆ ਜਿਸ ਵੇਲੇ ਉਹ ਆ ਕੇ ਵੇਖਣ ਲੱਗਾ ਤਾਂ ਗੁਰੂ ਜੀ ਨੇ ਕਿਹਾ—

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥

ਹੇ ਵੈਦ ! ਵੈਦਾਂ ਵਿਚੋਂ ਤਾਂ ਤੂੰ ਸੁ=ਸਰੇਸ਼ਟ ਵੈਦ ਹੈਂ ਜੇਕਰ ਤੂੰ ਪਹਿਲੇ ਰੋਗ ਨੂੰ ਪਛਾਣੇ। ਰੋਗ ਤਾਂ ਪ੍ਰਭੂ ਦੀ ਪ੍ਰਾਪਤੀ ਦਾ ਹੈ।

ਵਾ:-ਪਹਿਲੇ ਤੂੰ ਆਪਣੇ ਰੋਗ ਨੂੰ ਪਛਾਣ ਤੇਰੇ ਅੰਦਰ ਹਉਮੈ ਦਾ ਰੋਗ ਹੈ।

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥

ਅਜੇਹਾ ਦਾਰੂ ਲੱਭ ਲੈ ਜਿਸ ਕਰਕੇ ਘਾਣਿ=ਸਮੂਹ ਰੋਗਾਂ ਦਾ ਅਭਾਵ ਹੋ ਜਾਵੇ।

ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥

ਜਿਸ ਦਾਰੂ ਦੇ ਲੈਣ ਕਰਕੇ ਸਾਰੇ ਰੋਗ ਉੱਠ ਜਾਣ ਤੇ ਤਨ ਵਿਚ ਸੁਖ ਆ ਕੇ ਵਸ ਜਾਣ।

ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ-ਪਹਿਲੇ ਆਪਣੇ ਰੋਗ ਨੂੰ ਗਵਾਵਣਾ ਕਰ ਤਾਂ ਆਪਣੇ ਆਪ ਨੂੰ ਵੈਦ ਸਦਾਉਣਾ ਕਰ॥ ੨ ॥

ਦੂਜਾ ਅਰਥ:-

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥

ਵੈਦਗੀ ਦੇ ਕਰਨ ਵਾਸਤੇ ਵੈਦੁ=ਗੁਰਾਂ ਨੂੰ ਬੁਲਾਯਾ, ਉਹ ਜਗਿਆਸੂ ਦੀ ਬੁੱਧੀ ਰੂਪੀ ਬਾਂਹ=ਭੁਜਾਂ ਫੜ ਕੇ ਢੂੰਢਦਾ ਹੈ।

ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥ ੧॥

ਭੋਲਾ ਵੈਦੁ=ਅਗਿਆਤ ਗੁਰੂ ਜਾਣਦਾ ਨਹੀਂ ਹੈ ਕਿ ਪ੍ਰਭੂ ਦੀ ਪ੍ਰਾਪਤੀ ਦੀ ਪੀੜਾ ਅੰਤਹਕਰਣ ਦੇ ਵਿਚ ਹੈ॥ ੧॥

ਮ : ੨॥ ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥

ਹੇ ਵੈਦਾ=ਸੰਤ ! ਵੈਦੁ=ਸਾਧੂਆਂ ਵਿਚੋਂ ਤਾਂ ਤੂੰ ਸਰੇਸ਼ਟ ਵੈਦੁ=ਸੰਤ ਹੈਂ ਜੇਕਰ ਤੂੰ ਪਹਿਲੇ ਅੰਤਹਕਰਣ ਵਿਚ ਰੋਗ ਨੂੰ ਪਛਾਣੇ ਮਲ ਹੈ, ਵਿਖੇਪ ਹੈ, ਕਿ ਅਵਰਨ ਹੈ, ਫੇਰ ਇਹ ਕਿਵੇਂ ਦੂਰ ਹੁੰਦੇ ਹਨ।

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥

ਇਸ ਤਰ੍ਹਾਂ ਦਾ ਨਾਮ ਦਾਰੂ ਚਾਹ ਲੈਣਾ ਕਰ ਜਿਸ ਕਰਕੇ ਰੋਗਾਂ ਦੀ ਘਾਣੀ ਅਗਿਆਨ ਦੂਰ ਹੋ ਜਾਵੇ।

ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ॥

ਜਿਸ ਨਾਮ ਦਾਰੂ ਦੇ ਗ੍ਰਹਿਣ ਕਰਨ ਨਾਲ ਸਾਰੇ ਰੋਗ ਉੱਠ ਜਾਂਦੇ ਹਨ ਤੇ ਤਨਿ=ਅੰਤਹਕਰਣ ਵਿਚ ਸੁਖ ਹੀ ਸੁਖ ਆ ਕੇ ਵਸਦਾ ਹੈ।

ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ॥ ੨॥

ਗੁਰੂ ਜੀ ਕਥਨ ਕਰਦੇ ਹਨ- ਪਹਿਲੇ ਆਪਣੇ ਅਗਿਆਨ ਰੂਪੀ ਰੋਗ ਨੂੰ ਗਵਾਉਣਾ ਕਰ, ਤਾਂ ਫਿਰ ਆਪਣੇ ਆਪ ਨੂੰ ਵੈਦੁ=ਗੁਰੂ ਸਦਾਉਣਾ ਕਰ॥ ੨॥

ਪਉੜੀ॥ ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥

ਬ੍ਰਹਮਾ, ਵਿਸ਼ਨੂ ਤੇ ਮਹੇਸੁ=ਸ਼ਿਵ ਆਦਿਕ ਸਾਰਿਆਂ ਦੇਵਤਿਆਂ ਨੂੰ ਪਹਿਲੇ ਉਤਪੰਨ ਕੀਤਾ ਹੈ।

ਬ੍ਰਹਮੇ ਦਿਤੇ ਬੇਦ ਪੂਜਾ ਲਾਇਆ॥

ਬੇਦ ਰਚ ਕੇ ਬ੍ਰਹਮਾ ਨੂੰ ਫੜਾ ਦਿੱਤੇ, ਪੁਨਾ ਬ੍ਰਹਮਾ ਨੂੰ ਬੇਦਾਂ ਦੀ ਪੂਜਾ ਦੇ ਕੰਮ ਵਿਚ ਲੱਗਾ ਦਿੱਤਾ।

ਦਸ ਅਵਤਾਰੀ ਰਾਮੁ ਰਾਜਾ ਆਇਆ॥

ਚਵੀ ਅਵਤਾਰਾਂ ਵਿਚੋਂ ਦਸ ਅਵਤਾਰ 'ਰਾਮੁ ਰਾਜਾ'=ਪਰਧਾਨ ਹੋ ਕੇ ਆਏ ਹਨ।

ਵਾ:-ਚਵੀ ਅਵਤਾਰਾਂ ਵਿਚੋਂ ਰਾਮਚੰਦ੍ਰ ਆਦਿਕ ਦਸ ਅਵਤਾਰ ਰਾਜਾ ਰੂਪ ਹੋ ਕੇ ਆਏ ਹਨ।

ਪ੍ਰਸ਼ਨ:-ਦਸ ਅਵਤਾਰ ਕੇਹੜੇ ਹਨ? *ਉੱਤਰ:-*

ਦੋ ਬਨ ਚਰ ਦੋ ਬਾਰ ਚਾਰ ਚਾਰ ਬਿਪਰ ਦੁਇ ਭੂਪ।
ਇਨ ਦਸਹਨ ਕੋ ਬੰਦ ਕੈ ਤੁਲਸੀ ਤਰ ਭਵ ਸਿੰਧ।

ਦੋ ਬਨ ਵਿਚ ਵਿਚਰਨੇ ਵਾਲੇ ਬਰਾਹ ਅਵਤਾਰ ਤੇ ਨਰਸਿੰਘ ਅਵਤਾਰ।

ਦੋ ਬਾਰ=ਜਲ ਵਿਚ ਵਿਚਰਨ ਵਾਲੇ ਮਛ ਅਵਤਾਰ ਤੇ ਕਛ ਅਵਤਾਰ।

ਚਾਰ ਬਿਪ੍=ਬ੍ਰਾਹਮਣ ਜਾਮੇ ਵਿਚ ਹੋਏ-ਬੋਧਾ ਅਵਤਾਰ, ਬਾਵਨ ਅਵਤਾਰ, ਪਰਸਰਾਮ, ਨਿਹਕਲੰਕ, ਦੁਇ ਭੂਪ=ਦੋ ਰਾਜਾ ਰੂਪ ਅਵਤਾਰ ਹੋਏ-ਸ੍ਰੀ ਰਾਮਚੰਦ ਜੀ ਤੇ ਕ੍ਰਿਸ਼ਨ ਜੀ।

ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥

ਸਬਾਇਆ=ਸਾਰਿਆਂ ਵਿਚ ਆਇਆ ਹੋਇਆ ਜੋ ਪਰਮੇਸ਼ਰ ਹੈ ਉਸ ਦੇ ਹੁਕਮ ਨਾਲ ਸ੍ਰੀ ਰਾਮਚੰਦ੍ ਜੀ ਧਾਇ=ਦੌੜ ਕੇ ਦੈਤਾਂ ਨੂੰ ਮਾਰਦੇ ਹੋਏ।

ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥

ਮਹੇਸੁਰੁ=ਸ਼ਿਵਾਂ ਨੇ ਬਹੁਤ ਸਾਰਾ ਸਮਾਂ ਸਮਾਧੀ ਲੱਗਾ ਕੇ ਈਸ=ਪਰਮਾਤਮਾ ਨੂੰ ਸੇਵਨਾ ਕੀਤਾ ਹੈ। ਪਰ ਉਸ ਨੇ ਭੀ ਪ੍ਰਭੂ ਦਾ ਅੰਤ ਨਹੀਂ ਪਾਇਆ।

ਅਥਵਾ:-ਮਹੇਸੁਰੁ=ਸ਼ਿਵ ਆਦਿਕ ਪੰਜ ਈਸ਼ਰ ਹਨ, ਇਨ੍ਹਾਂ ਨੂੰ ਜਿਨ੍ਹਾਂ ਨੇ ਸੇਵਿਆ ਹੈ ਉਹਨਾਂ ਨੇ ਭੀ ਪ੍ਰਭੂ ਦਾ ਅੰਤ ਨਹੀਂ ਪਾਇਆ।

ਪ੍ਰਸ਼ਨ:-ਪੰਜ ਈਸ਼੍ਵਰ ਕੇਹੜੇ ਹਨ? *ਉੱਤਰ:*-

ਵਿਸ਼ਨੂੰ, ਸੂਰਜ, ਸ਼ਿਵ, ਗਨੇਸ਼, ਦੇਵੀ।

ਸਚੀ ਕੀਮਤਿ ਪਾਇ ਤਖਤੁ ਰਚਾਇਆ ॥

ਚੇਤਨ ਸੱਤਾ ਰੂਪੀ ਸੱਚੀ ਕੀਮਤ ਪਾ ਕੇ ਸੰਸਾਰ ਤਖ਼ਤ ਨੂੰ ਰਚਨਾ ਕੀਤਾ ਹੈ।

ਦੁਨੀਆ ਧੰਧੈ ਲਾਇ ਆਪੁ ਛਪਾਇਆ ॥

ਦੁਨੀਆਂ ਨੂੰ ਧੰਧਿਆਂ ਵਿਚ ਲੱਗਾ ਕੇ ਉਹਨਾਂ ਤੋਂ ਆਪਣਾ ਆਪ ਲੁਕਾ ਰਖਿਆ ਹੈ।

[ਪੰਨਾ ੧੨੮੦]

ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥ ੩ ॥

ਕਰਮ ਹੀ ਧਰਮ ਕਰਵਾ ਰਿਹਾ ਹੈ ਕਿਉਂਕਿ ਸ਼ੁਭ ਕਰਮ ਜਨ ਧਰਮ ਹੁੰਦਾ ਹੈ, ਇਹ ਧੁਰ ਰੂਪ ਪਰਮੇਸ਼ਰ ਦਾ ਹੁਕਮ ਹੈ। *ਅਥਵਾ:*-ਜੋ ਤੂੰ ਧੁਰ ਤੋਂ ਫੁਰਮਾਇਆ ਹੈ ਉਸ ਅਨੁਸਾਰ ਜੀਵਾਂ ਪਾਸੋਂ ਕਰਮ ਧਰਮ ਕਰਵਾ ਰਿਹਾ ਹੈਂ॥ ੩ ॥

ਸਲੋਕ ਮ: ੨ ॥

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥

ਹੇ ਜਗਿਆਸੂ ਰੂਪ ਸਖੀ ! ਮਨੁੱਖਾ ਦੇਹ ਰੂਪ ਸਾਵਣ ਦਾ ਮਹੀਨਾ ਆਇਆ ਹੈ, ਇਸ ਵਿਖੇ ਤੂੰ ਆਪਣੇ ਕੰਤੈ=ਪਤੀ ਪਰਮਾਤਮਾ ਨੂੰ ਚੇਤੇ ਕਰ, *ਵਾ:*-ਚਿੱਤ ਵਿਚ ਧਾਰਨ ਕਰ।

ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਉਹ ਦੁਹਾਗਣ ਇਸਤ੍ਰੀਆਂ ਝੁਰ ਕੇ ਮਰਦੀਆਂ ਹਨ, ਜਿਨ੍ਹਾਂ ਦਾ

ਅਵਰੀ=ਹੋਰਨਾਂ ਨਾਲ ਪ੍ਰੇਮ ਲੱਗਾ ਹੈ॥ ੧॥

ਮ: ੨ ॥ ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ ॥

ਹੇ ਜਗਿਆਸੂ ਰੂਪ ਸਖੀ! ਮਨੁੱਖਾ ਦੇਹ ਰੂਪੀ ਸਾਵਣ ਦਾ ਮਹੀਨਾ ਆਇਆ ਹੈ ਅਤੇ ਗੁਰੂ ਰੂਪ ਜਲਹਰੁ=ਬੱਦਲ ਵਸਣ ਵਾਲੇ ਹਨ, ਭਾਵ ਉਪਦੇਸ਼ ਦੇਣ ਨੂੰ ਤਿਆਰ ਹਨ।

ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਉਹ ਸੁਹਾਗਣ ਇਸਤ੍ਰੀਆਂ ਸੁਖੀ ਸਹਿਤ ਸੌਂਦੀਆਂ ਹਨ, ਜਿਨ੍ਹਾਂ ਦਾ ਸਹ=ਪਤੀ ਪਰਮਾਤਮਾ ਨਾਲ ਪਿਆਰ ਹੈ॥ ੨॥

ਪਉੜੀ ॥ ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ ॥

ਪ੍ਰਭੂ ਨੇ ਆਪ ਹੀ ਸੰਸਾਰ ਰੂਪ ਛਿੰਝ ਪਵਾ ਕੇ ਗੁਰਮੁਖਾਂ ਤੇ ਮਨਮੁਖਾਂ ਰੂਪ ਮਲਾ=ਪਹਿਲਵਾਨਾਂ ਦਾ ਅਖਾੜਾ ਰਚਿਆ=ਬਣਾਇਆ ਹੈ।

ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥

ਜੇਹੜੇ ਗੁਰਮੁਖ ਨਾਮ ਵਿਚ ਮਚਿਆ=ਤਦਾਕਾਰ ਹਨ ਉਹ ਭੜਥੂ=ਡੰਡ ਰੌਲਾ ਪਾ ਕੇ ਸੰਸਾਰ ਵਿਚ ਲਥੇ=ਉਤਰੇ ਹਨ ਉਨ੍ਹਾਂ ਦਾ ਡੰਡ ਰੌਲਾ ਪਾਣਾ ਏਹੋ ਹੈ ਜੇਹੜੇ ਉਹ ਹਲੇ ਦੇ ਸ਼ਬਦ ਪੜ੍ਹਦੇ ਆਉਂਦੇ ਹਨ:-

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥ ੧॥

ਪਹਿਲੇ ਵੀ ਨਾਮ ਵਿਚ ਮਚੇ ਹੋਏ ਸਨ, ਇਹ ਸ਼ਬਦ ਪੜ੍ਹਕੇ ਫਿਰ ਵੀ ਨਾਮ ਹੀ ਮੰਗਿਆ ਹੈ। ਅਤੇ-

ਮਨਮੁਖ ਪੁਰਸ਼ ਗਾਲ ਤੇ ਗਾਲ ਕਢਣੇ ਰੂਪ ਭੜਥੂ ਪਾ ਕੇ ਸੰਸਾਰ ਵਿਚ ਉਤਰੇ ਹਨ।

ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥

ਜਿਵੇਂ ਧੋਬੀ ਕਪੜਿਆਂ ਨੂੰ ਪਛਾੜਦਾ ਹੈ, ਤਿਵੇਂ ਮੂਰਖ ਤੇ ਕਚੇ ਜੋ ਮਨਮੁਖ ਹਨ ਉਹਨਾਂ ਨੂੰ ਜਮ ਪਛਾੜ ਕੇ ਮਾਰਦਾ ਹੈ।

ਯਥਾ:- ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ॥
ਨਾਨਕ ਸਚੇ ਨਾਮ ਬਿਨ ਸਿਰਹੁ ਨ ਚੁਕੈ ਜੰਜਾਲੁ॥ *(ਪੰਨਾ ੧੦੮੮)*
ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥
ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ॥
ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ॥
ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ॥ *(ਪੰਨਾ ੫੨੪)*
ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ॥ *(ਪੰਨਾ ੩੨੩)*

ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥

ਆਪਿ ਭਿੜੈ=ਆਪ ਹੀ ਘੁਲਦਾ ਹੈ, ਆਪ ਹੀ ਮਾਰਦਾ ਹੈ,

ਆਪ ਹੀ ਸਾਰੇ ਕਾਰਜ ਰਚਿਆ=ਬਣਾਉਂਦਾ ਹੈ।

ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ॥

ਸਾਰਿਆਂ ਜੀਵਾਂ ਦਾ ਇਕ ਪ੍ਰਭੂ ਹੀ ਮਾਲਕ ਹੈ, ਇਹ ਗੱਲ ਗੁਰਾਂ ਦੁਆਰੇ ਜਾਣੀ ਜਾਂਦੀ ਹੈ।

ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ॥

ਹੁਕਮੀ=ਪਰਮਾਤਮਾ ਕਲਮ ਦਵਾਤ ਤੋਂ ਬਿਨਾਂ ਆਪਣੇ ਹੁਕਮ ਨਾਲ ਸਾਰਿਆਂ ਦੇ ਸਿਰ ਉਤੇ ਲੇਖ ਲਿਖਦਾ ਹੈ। *ਪ੍ਰਸ਼ਨ:*-ਉਸ ਨਾਲ ਮਿਲਾਪ ਕਿਵੇਂ ਹੁੰਦਾ ਹੈ? *ਉੱਤਰ:*-

ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥

ਸਤਸੰਗਤ ਕਰਕੇ ਉਸ ਪ੍ਰਭੂ ਨਾਲ ਮਿਲਾਪ ਹੁੰਦਾ ਹੈ।

ਪ੍ਰਸ਼ਨ:-ਸਤਸੰਗਤ ਕਿਸ ਨੂੰ ਕਹਿੰਦੇ ਹਨ? *ਉੱਤਰ:*-

ਜਿਥੇ ਸਦਾ ਹਰੀ ਦੇ ਗੁਣ ਕਥਨ ਕੀਤੇ ਜਾਂਦੇ ਹਨ ਓਹੀ ਸਤਸੰਗਤ ਹੈ।

ਯਥਾ:- ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ *(ਪੰਨਾ ੭੨)*

ਮਿਲਿਆ ਚਾਹੇ ਸਿੰਧ ਕੋ ਕਰ ਸਰਤਾ ਕੋ ਸੰਗ।
ਪਰਸਰਾਮ ਹਰਿ ਮਿਲਨ ਕੋ ਮਾਰਗ ਹੈ ਸਤਸੰਗ।

ਤਥਾ:- ਸਤਸੰਗਤ ਨਿਜ ਕਲਪਤਰ ਸਗਲ ਕਾਮਨਾ ਦੇਤ।
ਅੰਮ੍ਰਿਤ ਰੂਪੀ ਬਚਨ ਕਹਿ ਤਿਹੂੰ ਤਾਪ ਹਰਿ ਲੇਤ।
ਸਤਸੰਗਤ ਸੁਖ ਪਲਕ ਜੋ ਮੁਕਤਿ ਨ ਤਾਸ ਸਮਾਨ।
ਬ੍ਰਹਮਾਦਿਕ ਇਦ੍ਰਾਦ ਭੂ* ਨਿਪਟ ਅਲਪ ਏ ਜਾਨ। *(ਵਿਚਾਰ ਮਾਲਾ)*

ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦਾ ਸੱਚਾ ਉਪਦੇਸ਼ ਸਲਾਹੁਣਾ ਕਰ ਤਾਂ ਤੂੰ ਸੱਚ ਸਰੂਪ ਪਰਮਾਤਮਾ ਨੂੰ ਪਛਾਣ ਲਵੇਂਗਾ ॥ ੪ ॥

ਬ੍ਰਿਧ ਅਵਸਥਾ ਦਾ ਹਾਲ ਦੱਸਦੇ ਹਨ:-

ਸਲੋਕ ਮ: ੩ ॥ ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ ॥

ਇਹ ਸਰੀਰ ਊਂਨਵਿ ਊਂਨਵਿ=ਝੁਕਦਾ ਝੁਕਦਾ ਹੋਰ ਹੀ ਵੰਨ=ਰੰਗ ਕਰਦਾ ਆਇਆ ਹੈ ਪਹਿਲੇ ਬਾਲਕ, ਫੇਰ ਕਿਸ਼ੋਰ, ਜੋਬਨ, ਅੱਧ ਖੜ ਅਤੇ ਬੁੱਢਾ ਹੋ ਗਿਆ। ਕੀ ਜਾਣੀਏ ਉਸ ਸ਼ਾਹ ਨਾਲ ਕਿਵੇਂ ਪ੍ਰੇਮ ਰਵ੍ਹੇਗਾ।

ਵਾ:-ਇਹ ਸਰੀਰ ਝੁਕਦਾ ਝੁਕਦਾ ਕੁੱਬਾ ਹੋ ਆਇਆ ਹੈ ਅਤੇ ਵੰਨ=ਰੰਗ ਭੀ ਹੋਰ ਕਰ ਦਿੱਤਾ ਹੈ ਕਿਉਂਕਿ

---

*ਭੂ=ਸੁਖ, ਨਿਪਟ=ਅਤਸੇ ਕਰਕੇ, ਅਲਪ=ਤੁਛ ਕਰਕੇ ਜਾਨਣਾ ਕਰ।

ਬੁਢੇਪੇ ਦੇ ਆਉਣ ਕਰਕੇ ਸਰੀਰ ਦਾ ਰੰਗ ਬਦਲ ਜਾਂਦਾ ਹੈ। ਬੁਢੇਪੇ ਕਰਕੇ ਕੀਹ ਜਾਣੀਏ ਜੋ ਉਸ ਪਤੀ ਨਾਲ ਕਿਵੇਂ ਪ੍ਰੇਮ ਰਵ੍ਹੇਗਾ।

ਅਥਵਾ:- ਗੁਰੂ ਰੂਪ ਬੱਦਲ ਊਂਨਵਿ ਊਂਨਵਿ=ਝੁਕਦੇ ਝੁਕਦੇ, ਭਾਵ ਅਤੀ ਕ੍ਰਿਪਾਲੂ ਹੁੰਦੇ ਆਏ ਹਨ- ਪਰ ਜਗਿਆਸੂ ਤੋਂ ਕੋਈ ਅਵੱਗਿਆ ਹੋ ਗਈ।

ਯਥਾ:- ਮਤਿ ਥੋੜੀ ਸੇਵ ਗਵਾਈਐ॥

ਉਸ ਵੇਲੇ ਗੁਰਾਂ ਨੇ ਹੋਰ ਹੀ ਰੰਗ, ਅਰਥਾਤ ਸੁਭਾਅ ਕਰ ਲਿਆ ਭਾਵ, ਗੁੱਸੇ ਹੋ ਕੇ ਚਲੇ ਗਏ।

ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ॥

ਕੀਹ ਜਾਣੀਏ ਹੁਣ ਉਸ ਸਾਹ=ਪਤੀ ਪਰਮਾਤਮਾ ਨਾਲ ਕਿਸ ਤਰ੍ਹਾਂ ਰੰਗੁ=ਪ੍ਰੇਮ ਰਵ੍ਹੇਗਾ।

ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ॥

ਉਹਨਾਂ ਜੀਵ ਰੂਪ ਇਸਤ੍ਰੀਆਂ ਦਾ ਮਾਲਕ ਪਰਮਾਤਮਾ ਨਾਲ ਰੰਗੁ=ਪ੍ਰੇਮ ਰਿਹਾ ਹੈ, ਜਿਨ੍ਹਾਂ ਦੇ ਮਨ ਵਿਚ ਭਉ=ਡਰ ਤੇ ਭਾਉ=ਪ੍ਰੇਮ ਹੁੰਦਾ ਹੈ।

ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ॥ ੧॥

ਗੁਰੂ ਜੀ ਕਥਨ ਕਰਦੇ ਹਨ—ਜੇਹੜੀਆਂ ਜੀਵ ਰੂਪ ਇਸਤ੍ਰੀਆਂ ਭੈ=ਡਰ ਤੇ ਭਾਇ=ਪ੍ਰੇਮ ਤੋਂ ਬਾਹਰ ਹਨ, ਉਹਨਾਂ ਦੇ ਤਨ ਵਿਚ ਸੁਖ ਪ੍ਰਾਪਤ ਨਹੀਂ ਹੁੰਦਾ॥ ੧॥

ਮ: ੩॥ ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ॥

ਗੁਰੂ ਰੂਪ ਬੱਦਲ ਊਂਨਵਿ ਊਂਨਵਿ=ਨਿਉਂ ਨਿਉਂ ਕੇ, ਭਾਵ ਝੁਕ ਝੁਕ ਕੇ (ਅਤੀਅੰਤ ਕ੍ਰਿਪਾਲੂ) ਹੋ ਕੇ ਆਇਆ ਹੈ, ਨਿਪੰਗੁ=ਉੱਜਲ (ਨਿਰਮਲ) ਨਾਮ ਰੂਪ ਜਲ ਵਰਸਦਾ ਹੈ।

ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ॥ ੨॥

ਗੁਰੂ ਜੀ ਕਥਨ ਕਰਦੇ ਹਨ—ਉਸ ਇਸਤ੍ਰੀ ਨੂੰ ਦੁੱਖ ਲੱਗਾ ਹੈ, ਜਿਸ ਦਾ ਪਤੀ ਪਰਮਾਤ੍ਮਾ ਨਾਲੋਂ ਮਨ ਭੰਗੁ=ਮੁੜਿਆ ਹੋਇਆ ਹੈ॥ ੨॥

ਪਉੜੀ॥ ਦੋਵੈ ਤਰਫਾ ਉਪਾਇ ਇਕੁ ਵਰਤਿਆ॥

ਗੁਰਮੁਖ ਮਨਮੁਖ, ਦੇਵਤਾ ਦੈਂਤ, ਲੋਕ ਪ੍ਰਲੋਕ ਇਹ ਦੋਵੇਂ ਤਰਫਾਂ ਪੈਦਾ ਕਰਕੇ ਸਾਰਿਆਂ ਵਿਚ ਇਕ ਪ੍ਰਭੂ ਆਪ ਹੀ ਵਰਤ ਰਿਹਾ ਹੈ।

ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ॥

ਬੇਦਾਂ ਦੀ ਬਾਣੀ ਵਰਤਾਇ ਕੇ, ਅਰਥਾਤ ਪ੍ਰਗਟ ਕਰਕੇ ਉਸ ਦੇ ਅੰਦਰ ਭੀ ਵਾਦੁ ਘਤਿਆ=ਝਗੜਾ ਪਾਇਆ ਹੋਇਆ ਹੈ, ਜੋ ਕਈ ਮਤ ਭਿੰਨ ਭਿੰਨ ਕੀਤੇ ਹਨ।

ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ॥

ਮਨਮੁਖਾਂ ਵਿਚ ਪ੍ਰਵਿਰਤੀ, ਗੁਰਮੁਖਾਂ ਵਿਚ ਨਿਰਵਿਰਤੀ ਇਹ ਦੋਵੇਂ ਹਾਠਾ=ਤਰਫਾਂ (ਧਿਰਾਂ) ਉਤਪਤ

ਕੀਤੀਆਂ ਹਨ, ਇਨ੍ਹਾਂ ਦੋਹਾਂ ਦੇ ਵਿਚ ਧਰਮ ਤੇ ਅਧਰਮ ਰੈਬਾਰਿਆ=ਵਕੀਲ ਬਣ ਕੇ ਫਿਰਦੇ ਹਨ।

ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥

ਜੋ ਮਨਮੁਖ ਪੁਰਸ਼ ਕਚੇ ਤੇ ਕੂੜਿਆਰ=ਝੂਠੇ ਹਨ ਉਹਨਾਂ ਨੇ ਨਿਸਚੇ ਕਰਕੇ (ਜ਼ਰੂਰ) ਹੀ ਦਰਗਾਹ ਵਿਚ ਹਾਰਿਆ=ਹਾਰਨਾ ਹੈ।

ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥

ਜਿਨ੍ਹਾਂ ਗੁਰਮਤੀਆਂ ਨੇ ਗੁਰ ਉਪਦੇਸ਼ ਦੁਆਰਾ ਮਤੀ ਵਿਚੋਂ ਕਾਮ ਕ੍ਰੋਧ ਆਦਿਕ ਸ਼ਤ੍ਰੂਆਂ ਨੂੰ ਮਾਰ ਦਿੱਤਾ ਹੈ ਉਹ ਸੂਰਬੀਰ ਹਨ।

ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥

ਜਿਸ ਨੇ ਗੁਰ ਸ਼ਬਦ ਦੁਆਰਾ ਮਨ ਨੂੰ ਸਵਾਰਿਆ ਹੈ ਓਹੀ ਸੱਚੇ ਮਹਲਿ=ਸਰੂਪ ਦੇ ਅੰਦਰ ਜਾਂਦਾ ਹੈ।

ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥

ਉਹ ਅਸਲ ਭਗਤ ਹਨ ਜੋ ਆਪ ਜੀ ਨੂੰ ਭਾਉਂਦੇ ਹਨ ਅਤੇ ਉਹਨਾਂ ਦਾ ਸੱਚੇ ਨਾਮ ਨਾਲ ਪਿਆਰ ਹੈ।

ਅਥਵਾ:-ਹੇ ਸੱਚੇ ! ਜੋ ਨਾਮ ਦੇ ਪਿਆਰੇ ਹਨ, ਉਹ ਭਗਤ ਆਪ ਜੀ ਨੂੰ ਭਾਉਂਦੇ ਹਨ।

ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ ॥ ੫ ॥

ਜੋ ਆਪਣੇ ਸਤਿਗੁਰਾਂ ਨੂੰ ਸੇਂਵਦੇ ਹਨ ਉਹਨਾਂ ਦੇ ਉਪਰੋਂ ਹਉ=ਮੈਂ ਬਲਿਹਾਰ ਜਾਂਦਾ ਹਾਂ॥ ੫ ॥

ਸਲੋਕ ਮ: ੩ ॥ ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥

ਗੁਰੂ ਰੂਪ ਬੱਦਲ ਉੱਨਵਿ ਉੱਨਵਿ=ਝੁਕ ਝੁਕ ਕੇ ਆਇਆ ਹੈ ਖੂਬ ਝੜੀ ਲਗਾ ਕੇ ਲਗਾਤਾਰ ਦਿਸਟਾਤੋਂ ਪ੍ਰਮਾਣੋਂ ਸਹਤ ਉਪਦੇਸ਼ ਜਲ ਵੀ ਵਰਖਾ ਕਰ ਰਿਹਾ ਹੈ।

ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥ ੧ ॥

ਗੁਰੂ ਜੀ ਕਥਨ ਕਰਦੇ ਹਨ- ਜੋ ਗੁਰਮੁਖ ਇਸਤ੍ਰੀ ਪਤੀ ਦੇ ਭਾਣੇ ਵਿਚ ਚਲਦੀ ਹੈ, ਉਹ ਸਦੀਵ ਕਾਲ ਖ਼ੁਸ਼ੀ ਨੂੰ ਭੋਗਦੀ ਹੈ॥ ੧ ॥

ਮ: ੩ ॥

ਜਿਸ ਵੇਲੇ ਤਪੇ ਦੇ ਕਹੇ ਲੱਗ ਕੇ ਖਡੂਰ ਸਾਹਿਬ ਦੇ ਖਹਿਰੇ ਜਾਤੀ ਦੇ ਜੱਟ ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਪਲੰਘ ਉਠਾ ਕੇ ਬਾਹਰ ਛੱਡ ਆਏ ਤੇ ਗੁਰੂ ਜੀ ਨੂੰ ਭੀ ਪਿੰਡੋਂ ਬਾਹਰ ਕੱਢ ਆਏ ਤੇ ਆ ਕੇ ਤਪੇ ਨੂੰ ਆਖਿਆ, ਗੁਰੂ ਜੀ ਨੂੰ ਬਾਹਰ ਕੱਢ ਆਏ ਹਾਂ ਹੁਣ ਆਪ ਵਰਖਾ ਪਾਓ ਉਸ ਵੇਲੇ ਤਪੇ ਨੇ ਬੜੇ ਮੰਤ੍ਰ ਪੜ੍ਹੇ ਬੱਦਲ ਤਾਂ ਆਉਂਦੇ ਹਨ ਪਰ ਮੀਂਹ ਨਹੀਂ ਵਸਦਾ ਇਤਨੇ ਨੂੰ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਤੋਂ ਆ ਗਏ ਵੇਖਿਆ ਗੁਰੂ ਸਾਹਿਬ ਜੀ ਨਹੀਂ ਹਨ, ਪੁਛਣ ਤੋਂ ਪਤਾ ਲੱਗਾ ਕਿ ਤਪੇ ਦੇ ਆਖੇ ਲੱਗ ਕੇ ਇਹ ਜਟ ਪਿੰਡ ਤੋਂ ਬਾਹਰ ਕੱਢ ਆਏ ਹਨ ਤੇ ਬੱਦਲਾਂ ਵੱਲ ਵੇਖਦੇ ਹਨ ਕਿ ਹੁਣ ਮੀਂਹ ਪੈਂਦਾ ਹੈ, ਜਦ ਮੀਂਹ ਨਾ ਪਿਆ ਉਸ ਵੇਲੇ ਗੁਰੂ ਜੀ ਨੇ ਕਿਹਾ—

ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ॥

ਹੇ ਬਪੁੜੇ=ਵਿਚਾਰੇ ਜੀਵੋ ! ਉਠ ਉਠ ਕੇ ਕੀ ਵੇਖਦੇ ਹੋ, ਇਸ ਬੱਦਲ ਦੇ ਹੱਥ ਵਿਚ ਕੁਝ ਨਹੀਂ ਹੈ।

ਅਥਵਾ:-ਹੇ ਵਿਚਾਰੇ ਜੀਵੋ ! ਉਠ ਉਠ ਕੇ ਕੀ ਵੇਖਦੇ ਹੋ, ਇਸ ਮੇਘੈ=ਪਖੰਡੀ ਤਪੇ ਦੇ ਹੱਥ ਕੁਝ ਭੀ ਨਹੀਂ ਹੈ।

ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ॥

ਜਿਸ ਪ੍ਰਭੂ ਨੇ ਇਹ ਪ੍ਰਤੱਖ ਬੱਦਲ,

ਵਾ:-ਗੁਰੂ ਰੂਪ ਬੱਦਲ ਭੇਜਿਆ ਹੈ, ਉਸ ਪ੍ਰਭੂ ਨੂੰ ਮਨ ਵਿਚ ਯਾਦ ਰਖੋ।

ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ॥

ਜਿਸ ਉਤੇ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਸ ਦੇ ਮਨ ਵਿਚ ਗੁਰ ਭਗਤੀ ਜਾਂ ਨਾਮ ਵਸਾਉਂਦਾ ਹੈ।

ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ॥ ੨॥

ਗੁਰੂ ਜੀ ਕਥਨ ਕਰਦੇ ਹਨ— ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਤੋਂ ਬਾਹਰ ਸਾਰੀ ਦੁਨੀਆਂ ਕਰਣ=ਕੀਰਨੇ ਤੇ ਪਲਾਹ=ਜਤਨ, ਵਾ:-ਰੋਣਾ ਪਿਟਣਾ ਕਰਦੀ ਹੈ॥ ੨॥

ਪਉੜੀ॥ ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ॥

ਉਸ ਹਰੀ ਨੂੰ ਸਦਾ ਸਿਮਰਨਾ ਕਰੀਏ, ਜਿਸ ਨੂੰ ਉਤਪਤੀ ਕਰਦਿਆਂ ਕੁਝ ਵਾਰ=ਦੇਰ ਨਹੀਂ ਲੱਗਦੀ।

ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ॥

ਜਿਸ ਨੇ ਅਕਾਸ਼ ਨੂੰ ਥੰਮੇ ਤੋਂ ਬਿਨਾਂ ਆਡਾਣੇ=ਫੈਲਾਉਣਾ ਕੀਤਾ ਹੈ, ਓਹੀ ਇਕ ਖਿਨ ਵਿਚ ਸੰਸਾਰ ਰਚਨਾ ਨੂੰ ਉਤਪੰਨ ਕਰਨ ਵਾਲਾ ਹੈ ਤੇ ਢਾਹਿ=ਲਯ ਕਰਨ ਵਾਲਾ ਹੈ।

ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਵੀਚਾਰ॥

ਆਪੇ ਹੀ ਜਗੰਤ ਨੂੰ ਪੈਦਾ ਕਰਕੇ ਆਪਣੀ ਸ਼ਕਤੀ ਨਾਲ ਸਭ ਦੀ ਵਿਚਾਰ ਕਰਦਾ ਹੈ।

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥

ਅਗੈ=ਪ੍ਰਲੋਕ ਵਿਚ ਮਨਮੁਖਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਅਤੇ ਜਮਦੂਤ ਪਾਸੋਂ ਉਸ ਨੂੰ ਬਹੁਤੀ ਮਾਰ ਹੁੰਦੀ ਹੈ।

[ਪੰਨਾ ੧੨੮੧]

ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥

ਸਿਫਤਿ=ਸਿਫਤੀ ਪਰਮਾਤਮਾ ਨੇ ਜਿਨ੍ਹਾਂ ਗੁਰਮੁਖਾਂ ਨੂੰ ਨਾਮ ਦੇ ਭੰਡਾਰੇ ਬਖਸ਼ੇ ਹਨ ਉਹਨਾਂ ਗੁਰਮੁਖਾਂ ਦਾ ਲੇਖਾ ਬੜੀ ਇੱਜ਼ਤ ਨਾਲ ਨਿਬੜਦਾ ਹੈ।

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥

ਓਥੈ=ਪ੍ਰਲੋਕ ਵਿਚ ਹਰ ਇਕ ਦਾ ਹੱਥ ਨਹੀਂ ਅਪੜੈ=ਪਹੁੰਚ ਸਕਦਾ, ਨਾ ਹੀ ਕਿਸੇ ਦੀਆਂ ਕੂਕ=

ਉਚੀਆਂ ਪੁਕਾਰਾਂ ਸੁਣੀਆਂ ਜਾਂਦੀਆਂ ਹਨ।

ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥

ਓਥੈ=ਪ੍ਰਲੋਕ ਵਿਚ ਇਕ ਸਤਿਗੁਰੂ ਹੀ ਬੇਲੀ=ਮਿੱਤ੍ਰ ਹੁੰਦੇ ਹਨ, ਜੋ ਅੰਤ ਵੇਲੇ ਦੇ ਦੁੱਖਾਂ ਵਿਚੋਂ ਕੱਢ ਲੈਂਦੇ ਹਨ।

ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ॥ ੬॥

ਇਨ੍ਹਾਂ ਜੀਵਾਂ ਨੂੰ ਹੋਰ ਕਿਸੇ ਦੀ ਕੀਤੀ ਹੋਈ ਸੇਵਾ ਤੋਂ ਸੁਖ ਨਹੀਂ ਹੁੰਦਾ ਇਕ ਕਰਤਾਰ ਰੂਪ ਸਤਿਗੁਰਾਂ ਦੀ ਸੇਵਾ ਹੀ ਸਭ ਤੋਂ ਸਿਰਿ=ਸ਼ਰੋਮਣੀ ਹੈ ਜਾਂ ਸਤਿਗੁਰਾਂ ਦਾ ਕਰ=ਹੱਥ ਸਿਰ ਉਤੇ ਹੋਵੇ ਤਾਂ ਉਹ ਤਾਰ ਦੇਂਦਾ ਹੈ॥ ੬॥

ਸਲੋਕ ਮ: ੩ ॥

ਬਾਬੀਹਾ* ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ॥

ਹੇ ਜਗਿਆਸੂ ਰੂਪ ਪਪੀਹੇ ! ਜਿਸ ਨੂੰ ਲੈਣ ਵਾਸਤੇ ਤੂੰ ਪੁਕਾਰ ਕਰਦਾ ਹੈਂ ਉਸ ਪਰਮਾਤਮਾ ਨੂੰ ਸਭ ਕੋਈ ਲੋਚੈ=ਚਾਹੁੰਦਾ ਹੈ।

ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ॥

ਜਿਸ ਵੇਲੇ ਗੁਰੂ ਰੂਪ ਮੇਘ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਨਾਮ ਜਲ ਵਸਣਗੇ, ਤਾਂ ਵਣੁ=ਸਰੀਰ, ਤ੍ਰਿਣੁ=ਇੰਦ੍ਰੀਏ ਸਾਰੇ ਸ਼ੁਭ ਗੁਣਾਂ ਨਾਲ ਹਰੇ ਹੋਣਗੇ।

ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ॥

ਗੁਰਾਂ ਦੀ ਕਿਰਪਾ ਨਾਲ ਨਾਮ ਅਤੇ ਆਤਮ ਜਲ ਪਾਈਦਾ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਸਮਝਦਾ ਹੈ।

ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ॥

ਹੇ ਭਾਈ ! ਬਹਿੰਦਿਆਂ ਉਠਦਿਆਂ ਨਿਤਾ ਪ੍ਰਤੀ ਵਾਹਿਗੁਰੂ ਨਾਮ ਧਿਆਉਂਣਾ ਕਰੀਏ, ਤਾਂ ਸਦਾ ਸਦਾ ਹੀ ਸੁਖ ਪ੍ਰਾਪਤ ਹੁੰਦਾ ਹੈ।

ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ॥ ੧॥

ਗੁਰੂ ਜੀ ਕਥਨ ਕਰਦੇ ਹਨ—ਅੰਮ੍ਰਿਤ ਤਾਂ ਸਦਾ ਹੀ ਵਰਸਦਾ ਹੈ, ਭਾਵ ਗੁਰੂ ਰੂਪ ਮੇਘ ਹਮੇਸ਼ਾਂ ਉਪਦੇਸ਼ ਕਰਦੇ ਰਹਿੰਦੇ ਹਨ, ਪਰ ਉਹ ਨਾਮ ਹਰੀ ਗੁਰਾਂ ਦੁਆਰੇ ਦੇਂਦਾ ਹੈ॥ ੧॥

ਮ: ੩ ॥

ਸ੍ਰੀ ਗੁਰੂ ਅਮਰਦਾਸ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ ਗਰੀਬ ਨਿਵਾਜ਼ ਜੀਓ ! ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਇਸ ਧਰਤੀ 'ਪਰ ਕਿਉਂ ਹੋਇਆ ਹੈ ਗੁਰੂ ਜੀ ਦੇ ਅਵਤਾਰ ਹੋਣ ਦਾ ਕਾਰਨ ਦੱਸੋ ਇਹ

---

*ਬਾਬੀਹਾ ਦਾ ਅਰਥ ਗੁਰੂ ਸਾਹਿਬਾਂ ਨੇ ਅਗੇ ਯਾਰਵੇਂ ਸਲੋਕ ਦੇ ਵਿਚ ਹੀ ਕਰ ਦੇਣਾ ਹੈ।

ਗੱਲ ਸੁਣ ਕੇ ਗੁਰੂ ਆਖਦੇ ਹਨ— ਜਿਸ ਵੇਲੇ-

ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥

ਪ੍ਰਤੱਖ ਮੇਦਨੀ=ਧਰਤੀ ਪਾਪਾਂ ਕਰਕੇ ਕਲਮਲਿ=ਵਿਆਕੁਲ ਹੋਈ ਤਾਂ ਬ੍ਰਹਮਾ ਨੂੰ ਨਾਲ ਲੈ ਕੇ ਖੀਰ ਨਿਧੀ ਭਗਵਾਨ ਦੇ ਪਾਸ ਜਾ ਕੇ ਲਿਵ ਲੱਗਾ ਕੇ ਅਰਦਾਸਿ=ਬੇਨਤੀ ਕਰਦੀ ਹੋਈ।

ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥

ਉਸ ਦੀ ਬੇਨਤੀ ਨੂੰ ਸੱਚੇ ਪ੍ਰਭੂ ਨੇ ਕੰਨ ਦੇ ਕੇ ਸੁਣਿਆ ਤਾਂ ਸਹਜਿ ਸੁਭਾਇ=ਸੁਤੇ ਸਿਧ ਧੀਰਜਤਾ ਦਿੱਤੀ ਕਿ ਫਿਕਰ ਨਾ ਕਰ ਹੁਣ ਮੈਂ ਆਪ ਹੀ ਦਸ ਅਵਤਾਰ ਧਾਰ ਕੇ ਨਾਮ ਸਿਮਰਨ ਕਰਵਾ ਕੇ ਤੇਰੇ ਦੁੱਖਾਂ ਦੀ ਨਵਿਰਤੀ ਕਰਾਂਗਾ। *ਅਥਵਾ:-*ਜਗਿਆਸੂ ਦੀ ਮੇਦਨੀ=ਬੁੱਧੀ ਪਾਪਾਂ ਕਰਕੇ ਕਲਮਲਿ=ਵਿਆਕੁਲ ਹੋਈ ਤੇ ਲਿਵ ਲੱਗਾ ਕੇ ਬੇਨਤੀ ਕਰਦੀ ਹੋਈ।

ਜਿਸ ਵੇਲੇ ਸੱਚੇ ਪ੍ਰਭੂ ਨੇ ਕੰਨ ਦੇ ਕੇ ਉਸ ਦੀ ਬੇਨਤੀ ਨੂੰ ਸੁਣਿਆ, ਤਾਂ ਸਹਜਿ ਸੁਭਾਇ=ਸੁਤੇ ਸਿਧ ਧੀਰਕ=ਧੀਰਜ ਦੇਂਦਾ ਹੋਇਆ।

ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ॥

ਗੁਰੂ ਰੂਪ 'ਇੰਦ੍ਰੈ ਨੋ'=ਬੱਦਲ ਨੂੰ ਹੁਕਮ ਦਿੱਤਾ ਤਾਂ ਉਹ ਛਹਬਰ=ਝੜੀ ਲੱਗਾ ਕੇ ਵਸਦਾ ਹੋਇਆ, ਭਾਵ ਖੂਬ ਦ੍ਰਿਸ਼ਟਾਂਤਾਂ ਪ੍ਰਮਾਣਾਂ ਦੇ ਸਹਿਤ ਉਪਦੇਸ਼ ਜਲ ਦੀ ਵਰਖਾ ਕੀਤੀ। ਅਰਥਾਤ ਹਰ ਥਾਂ 'ਤੇ ਫਿਰ ਕੇ ਨਾਮ ਦਾ ਪ੍ਰਚਾਰ ਕੀਤਾ।

ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ॥

ਅਨੁ=ਹੋਰ ਤਰ੍ਹਾਂ ਦਾ ਅਰਥਾਤ ਦੈਵੀ ਸੰਪਦਾ ਰੂਪ ਸ਼ੁਭ ਗੁਣਾਂ ਰੂਪੀ ਧਨ ਬਹੁਤ ਤੋਂ ਬਹੁਤ ਉਪਜਦਾ ਹੋਇਆ, *ਵਾ:-* ਨਾਮ ਰੂਪੀ ਅੰਨ ਬਹੁਤ ਸਾਰਾ ਤੇ ਸ਼ੁਭ ਗੁਣਾਂ ਰੂਪੀ ਧਨ ਘਣਾ=ਬਹੁਤ ਸਾਰਾ ਉਪਜਦਾ ਹੋਇਆ, ਜਿਸ ਅੰਨ ਧਨ ਦੀ ਕੁਝ ਕੀਮਤ ਕਹੀ ਨਹੀਂ ਜਾਂਦੀ।

ਨਾਨਕ ਨਾਮੁ ਸਲਾਹਿ ਤੂ ਸਭਨਾ ਜੀਆ ਦੇਦਾ ਰਿਜਕੁ ਸੰਬਾਹਿ॥

ਗੁਰੂ ਜੀ ਕਥਨ ਕਰਦੇ ਹਨ—ਜੋ ਪ੍ਰਭੂ ਸਾਰਿਆਂ ਨੂੰ ਰਿਜਕੁ ਸੰਬਾਹਿ=ਖਾਣ ਪਾਣ ਪਹੁੰਚਾ ਦੇਂਦਾ ਹੈ ਉਸ ਪ੍ਰਭੂ ਦੇ ਨਾਮ ਨੂੰ ਤੂੰ ਸਲਾਹੁਣਾ ਕਰ।

ਜਿਤੁ ਖਾਧੈ ਸੁਖੁ ਊਪਜੈ ਫਿਰਿ ਦੂਖੁ ਨ ਲਾਗੈ ਆਇ॥ ੨॥

ਜਿਸ ਨਾਮ ਦੇ ਖਾਧੈ=ਧਾਰਨੇ ਕਰਕੇ ਸੁਖ ਪੈਦਾ ਹੁੰਦਾ ਹੈ, ਫੇਰ ਜਨਮ ਮਰਨ ਦਾ ਕੋਈ ਦੁੱਖ ਆ ਕੇ ਲੱਗਦਾ ਨਹੀਂ ਹੈ॥ ੨॥

ਪਉੜੀ॥ ਹਰਿ ਜੀਉ ਸਚਾ ਸਚੁ ਤੂ ਸਚੇ ਲੈਹਿ ਮਿਲਾਇ॥

ਹੇ ਹਰਿ ਜੀਉ ! ਤੂੰ ਸੱਚਾ ਹੈਂ ਸਚੁ=ਨਿਸਚੇ ਕਰਕੇ ਸੱਚ ਨਾਮ ਜਪਣ ਵਾਲਿਆਂ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ।

ਦੂਜੈ ਦੂਜੀ ਤਰਫ ਹੈ ਕੂੜਿ ਮਿਲੈ ਨ ਮਿਲਿਆ ਜਾਇ॥

ਦੂਜੇ ਮਨਮੁਖ ਪੁਰਸ਼ ਦੂਜੀ=ਦਵੈਤ, ਵਾ:-ਮਾਇਆ ਦੀ ਤਰਫ ਲੱਗ ਰਹੇ ਹਨ, ਜੇਹੜੇ ਕੂੜਿ= ਝੂਠ ਵਿਚ ਮਿਲੇ ਹਨ ਉਹਨਾਂ ਕੂੜਿਆਂ ਤੋਂ ਤੇਰੇ ਨਾਲ ਮਿਲਿਆ ਨਹੀਂ ਜਾਂਦਾ।

ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ॥

ਤੂੰ ਆਪ ਹੀ ਜੋੜਦਾ ਹੈਂ ਤੇ ਆਪ ਹੀ ਵਿਛੋੜਦਾ ਹੈਂ, ਤੂੰ ਆਪ ਹੀ ਆਪਣੀ ਕੁਦਰਤ ਦੇ ਰੰਗ ਵਿਖਾ ਦੇਂਦਾ ਹੈਂ। ਵਾ:-ਆਪਣੀ ਕੁਦਰਤ ਦੁਆਰਾ ਸਰੂਪ ਨੂੰ ਵਿਖਾ ਦੇਂਦਾ ਹੈਂ।

ਮੋਹੁ ਸੋਗੁ ਵਿਜੋਗੁ ਹੈ ਪੂਰਬਿ ਲਿਖਿਆ ਕਮਾਇ॥

ਮੋਹ ਕਰਕੇ ਪਦਾਰਥਾਂ ਦੇ ਵਿਜੋਗੁ=ਵਿਛੋੜੇ ਦਾ ਸੋਗ ਹੁੰਦਾ ਹੈ, ਇਹ ਜੀਵ ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਕਰਮ ਕਮਾਉਂਦਾ ਹੈ।

ਹਉ ਬਲਿਹਾਰੀ ਤਿਨ ਕਉ ਜੋ ਹਰਿ ਚਰਣੀ ਰਹੇ ਲਿਵ ਲਾਇ॥

ਹਉ=ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ, ਜੋ ਹਰੀ ਦੇ ਚਰਨਾਂ ਨਾਲ ਲਿਵ ਲੱਗਾ ਰਹੇ ਹਨ।

ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ॥

ਜਿਵੇਂ, ਜਲ ਵਿਚ ਰਹਿੰਦਾ ਹੋਇਆ ਕੌਲ ਫੁਲ ਜਲ ਤੋਂ ਅਸੰਗ ਰਹਿੰਦਾ ਹੈ, ਤਿਵੇਂ, ਗੁਰਮੁਖਾਂ ਨੇ ਭੀ ਐਸੀ ਬਣਾਵਟ ਬਣਾਈ ਹੈ ਸੰਸਾਰ ਵਿਚ ਰਹਿੰਦੇ ਹੋਈ ਭੀ ਸੰਸਾਰ ਤੋਂ ਅਲੇਪ ਰਹਿੰਦੇ ਹਨ।

ਸੇ ਸੁਖੀਏ ਸਦਾ ਸੋਹਣੇ ਜਿਨ੍ ਵਿਚਹੁ ਆਪੁ ਗਵਾਇ॥

ਉਹ ਸਦਾ ਸੁਖੀ ਤੇ ਸੋਭਨੀਕ ਹਨ, ਜਿਨ੍ਹਾਂ ਨੇ ਹਿਰਦੇ ਵਿਚੋਂ ਆਪੁ=ਆਪਾ ਭਾ ਹੰਕਾਰ ਨੂੰ ਗਵਾਇਆ ਹੈ।

ਤਿਨ੍ ਸੋਗੁ ਵਿਜੋਗੁ ਕਦੇ ਨਹੀ ਜੋ ਹਰਿ ਕੈ ਅੰਕਿ ਸਮਾਇ॥ ੭॥

ਜੋ ਹਰੀ ਦੇ ਅੰਕਿ=ਸਰੂਪ ਵਿਚ ਸਮਾਏ ਹਨ, ਉਹਨਾਂ ਨੂੰ ਪਦਾਰਥਾਂ ਦਾ ਵਿਜੋਗ ਜਨ ਸੋਗ ਕਦੇ ਨਹੀਂ ਹੁੰਦਾ॥ ੭॥

ਸਲੋਕ ਮ: ੩॥

ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ॥

ਗੁਰੂ ਜੀ ਕਥਨ ਕਰਦੇ ਹਨ—ਉਸ ਪਰਮੇਸ਼ਰ ਨੂੰ ਸਲਾਹੁਣਾ ਕਰੀਏ ਜਿਸ ਦੇ ਵਸ ਵਿਚ ਸਭ ਕੁਝ ਹੋ ਰਿਹਾ ਹੈ।

ਤਿਸੈ ਸਰੇਵਿਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ॥

ਹੇ ਪ੍ਰਾਣੀਓ ! ਓਸੇ ਨੂੰ ਸਰੇਵਿਹੁ=ਸਿਮਰਨਾ ਕਰੋ, ਉਸ ਤੋਂ ਬਿਨਾਂ ਹੋਰ ਕੋਈ ਸਿਮਰਨੇ ਜੋਗ ਨਹੀਂ ਹੈ। ਵਾ:-ਉਸ ਤੋਂ ਬਿਨਾਂ ਹੋਰ ਕੋਈ ਰੱਖਣੇ ਵਾਲਾ ਨਹੀਂ ਹੈ।

ਗੁਰਮੁਖਿ ਹਰਿ ਪ੍ਰਭੁ ਮਨਿ ਵਸੈ ਤਾਂ ਸਦਾ ਸਦਾ ਸੁਖੁ ਹੋਇ॥

ਗੁਰਮੁਖਿ=ਗੁਰਾਂ ਦੁਆਰੇ ਪ੍ਰਭੂ ਦਾ ਹਰੀ ਨਾਮ ਮਨ ਵਿਚ ਵਸ ਜਾਵੇ ਤਾਂ ਸਦਾ ਸਦਾ ਸੁਖ ਹੀ ਪ੍ਰਾਪਤ ਹੁੰਦਾ ਹੈ।

ਸਹਸਾ ਮੂਲਿ ਨ ਹੋਵਈ ਸਭ ਚਿੰਤਾ ਵਿਚਹੁ ਜਾਇ॥

ਮੂਲਿ=ਕਦਾਚਿਤ ਸੰਸਾ ਤਾਂ ਹੁੰਦਾ ਹੀ ਨਹੀਂ ਅਤੇ ਹਿਰਦੇ ਵਿਚੋਂ ਸਾਰੀ ਚਿੰਤਾ ਮਿਟ ਜਾਂਦੀ ਹੈ।

ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ॥

ਜੋ ਕੁਝ ਹੁੰਦਾ ਹੈ ਉਹ ਸੁਭਾਵਕ ਹੀ ਹੁੰਦਾ ਹੈ ਅਤੇ ਹੋਰ ਕੁਝ ਕਿਹਾ ਨਹੀਂ ਜਾਂਦਾ।

ਸਚਾ ਸਾਹਿਬੁ ਮਨਿ ਵਸੈ ਤਾਂ ਮਨਿ ਚਿੰਦਿਆ ਫਲੁ ਪਾਇ॥

ਸੱਚਾ ਮਾਲਕ ਪ੍ਰਭੂ ਮਨ ਵਿਚ ਵਸ ਜਾਵੇ, ਤਾਂ ਮਨ ਇੱਛਤ ਫਲ ਪਾਂਦਾ ਹੈ।

ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ॥ ੧॥

ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦਾ ਆਖਿਆ ਆਪ ਸੁਣਦਾ ਹੈ, ਜਿਨ੍ਹਾਂ ਨੂੰ ਆਪਣੇ ਪੰਨੈ=ਪਲੇ ਵਿਚ, ਵਾ:-ਸ਼ਰਨ ਵਿਚ, ਵਾ:-ਦਫ਼ਤਰ ਵਿਚ, ਵਾ:-ਆਸਰੇ ਵਿਚ ਪਾ ਲੀਤਾ ਹੈ॥ ੧॥

ਮ: ੩॥ ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥

ਗੁਰੂ ਮੇਘ ਸਦਾ ਹੀ ਨਾਮ ਜਲ ਦੀ ਵਰਖਾ ਕਰਦਾ ਹੈ, ਪਰ ਕੋਈ ਬੂਝਣਹਾਰ=ਸਮਝਣ ਵਾਲਾ ਅਧਿਕਾਰੀ ਜਗਿਆਸੂ ਹੀ ਇਸ ਭੇਦ ਨੂੰ ਬੂਝਨਿ=ਸਮਝਦਾ ਹੈ।

ਗੁਰਮੁਖਿ ਜਿਨੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥

ਜਿਨ੍ਹਾਂ ਗੁਰਮੁਖਾਂ ਨੇ ਸਮਝਿਆ ਹੈ ਉਹਨਾਂ ਨੇ ਹਰੀ ਨਾਮ ਅੰਮ੍ਰਿਤ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥

ਜੋ ਰੰਗਿ=ਪ੍ਰੇਮ ਵਿਚ ਰਤੇ ਹੋਏ ਸਦਾ ਹਰੀ ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਉਹਨਾਂ ਨੇ ਹੰਗਤਾ ਮਮਤਾ ਅਤੇ ਪਦਾਰਥਾਂ ਦੀ ਤ੍ਰਿਸ਼ਨਾ ਨੂੰ ਮਾਰ ਲਿਆ ਹੈ।

ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥

ਹਰੀ ਦਾ ਨਾਮ ਹੀ ਅੰਮ੍ਰਿਤ ਰੂਪ ਹੈ, ਗੁਰੂ ਰੂਪ ਬੱਦਲ ਕਿਰਪਾ ਧਾਰ ਕੇ ਜਿਸ ਉਤੇ ਵਰਸਦੇ ਹਨ।

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਗੁਰਮੁਖਾਂ ਨੂੰ ਆਤਮ=ਆਪਣਾ ਆਪ ਰੂਪ ਹਰੀ ਰਾਮ ਮੁਰਾਰੀ ਨਦਰੀ=ਨਿਗਾਹ ਆਇਆ ਹੈ॥ ੨॥

[ਪੰਨਾ ੧੨੮੨]

ਪਉੜੀ॥ ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ॥

ਜੋ ਪ੍ਰਭੂ ਅਤੁਲੁ=ਵਿਚਾਰਿਆ ਨਹੀਂ ਜਾਂਦਾ, ਉਸ ਨੂੰ ਕਿਸ ਤਰ੍ਹਾਂ ਤੋਲੀਐ=ਵਿਚਾਰੀਏ, ਕਿਉਂਕਿ ਤੋਲੇ=ਵਿਚਾਰੇ ਤੋਂ ਬਿਨਾਂ ਪਾਇਆ ਨਹੀਂ ਜਾਂਦਾ।

ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ॥

ਗੁਰਾਂ ਦੇ ਉਪਦੇਸ਼ ਦੀ ਵੀਚਾਰ ਕਰੀਏ, ਤਾਂ ਉਹ ਗੁਣ=ਵਿਚਾਰ ਦੇ ਵਿਚ ਹੀ ਸਮਾਅ ਰਹਿੰਦਾ ਹੈ।

ਅਥਵਾ:-ਸ਼ੁਭ ਗੁਣਾਂ ਦੇ ਧਾਰਨ ਵਿਚ ਸਮਾਅ ਰਹਿੰਦਾ ਹੈ, ਵਾ:-ਗੁਣੀ ਪਰਮਾਤਮਾ ਵਿਚ ਸਮਾਅ ਰਹਿੰਦਾ ਹੈ।

ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ॥

ਆਪਣੇ ਆਪ ਨੂੰ ਉਹ ਪ੍ਰਭੂ ਆਪ ਹੀ ਤੋਲਸੀ=ਵਿਚਾਰਦਾ ਹੈ, ਗੁਰਾਂ ਦਾ ਮਿਲਾਇਆ ਹੋਇਆ ਉਹ ਪ੍ਰਭੂ ਆਪ ਹੀ ਮਿਲਦਾ ਹੈ।

ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ॥

ਬੇਅੰਤ ਹੋਣ ਕਰਕੇ ਉਸ ਦੀ ਕੀਮਤ ਨਹੀਂ ਪੈਂਦੀ ਅਤੇ ਨਾ ਹੀ ਕੁਝ ਜਸ ਕਿਹਾ ਜਾਂਦਾ ਹੈ।

ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥

ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਨੇ ਮੈਨੂੰ ਇਹ ਸੱਚੀ ਸਮਝ ਸਮਝਾ ਦਿੱਤੀ ਹੈ।

ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥

ਜਗਤੁ=ਜੀਵ, ਮੁਸੈ=ਲੁਟਿਆ ਗਿਆ ਹੈ ਅੰਮ੍ਰਿਤ ਰੂਪ ਸਵਾਸ,

ਵਾ:-ਸ਼ੁਭ ਗੁਣ ਲੁਟੇ ਜਾ ਰਹੇ ਹਨ, ਪਰ ਮਨਮੁਖ ਨੂੰ ਕੁਝ ਸਮਝ ਨਹੀਂ ਪੈਂਦੀ।

ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥

ਨਾਮ ਤੋਂ ਬਿਨਾਂ ਕੁਝ ਵੀ ਨਾਲ ਨਹੀਂ ਚਲੇਗਾ, ਮਨਮੁਖ ਪੁਰਸ਼ ਆਪਣੇ ਅਮੋਲਕ ਜਨਮ ਨੂੰ ਨਿਸਫਲ ਗਵਾ ਕੇ ਚਲਿਆ ਜਾਵੇਗਾ।

ਗੁਰਮਤੀ ਜਾਗੇ ਤਿਨੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥ ੮॥

ਜੋ ਗੁਰ ਸਿੱਖਿਆ ਲੈ ਕੇ ਮੋਹ ਦੀ ਨੀਂਦ ਵਲੋਂ ਜਾਗੇ ਹਨ, ਉਹਨਾਂ ਨੇ ਸਰੂਪ ਘਰ ਨੂੰ ਰੱਖ ਲਿਆ ਹੈ,

ਵਾ:-ਅੰਤਹਕਰਣ ਰੂਪੀ ਘਰ ਨੂੰ ਸੰਭਾਲ ਰੱਖਿਆ ਹੈ, ਅਰਥਾਤ ਸ਼ੁਭ ਗੁਣਾਂ ਨੂੰ ਸੰਭਾਲ ਲਿਆ ਹੈ, ਕਾਮ, ਕ੍ਰੋਧ ਆਦਿਕ ਦੂਤਾਂ ਦਾ ਉਹਨਾਂ ਉਤੇ ਕੁਝ ਜ਼ੋਰ ਨਹੀਂ ਚਲਦਾ॥ ੮॥

ਸਲੋਕ ਮ: ੩॥

ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ॥

ਹੇ ਬਾਬੀਹਾ=ਜੀਵ ! ਦੂਜੇ ਪਾਸ ਧਨ ਵੇਖ ਕੇ ਵਿਰਲਾਪ ਨਾ ਕਰ, ਦੂਜੇ ਨੂੰ ਚੰਗੇ ਚੰਗੇ ਪਦਾਰਥ ਖਾਂਦਿਆਂ ਵੇਖ ਕੇ ਇਸ ਆਪਣੇ ਮਨ ਨੂੰ ਤਰਸਾਉਣਾ ਨਾ ਕਰ।

ਯਥਾ:- ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ ੨੯॥ *(ਪੰਨਾ ੧੩੭੯)*

ਪ੍ਰਸ਼ਨ:-ਮੈ ਫਿਰ ਕੀ ਕਰਾਂ? *ਉੱਤਰ:*-ਤੂੰ ਖਸਮ ਦਾ ਹੁਕਮ ਮੰਨਣਾ ਕਰ।

ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ॥ ੧॥

ਗੁਰੂ ਜੀ ਕਥਨ ਕਰਦੇ ਹਨ—ਹੁਕਮੀ ਦੇ ਹੁਕਮ ਮੰਨਣ ਕਰਕੇ ਹੀ ਪਦਾਰਥਾਂ ਦੀ ਤਰੇਹ ਉਤਰ ਜਾਂਦੀ ਹੈ ਅਤੇ ਚਵਗਲਿ=ਚੌਥੀ ਭੂਮਿਕਾ ਦਾ ਵੰਨੁ=ਰੰਗ ਚੜ੍ਹਦਾ ਹੈ॥ ੧॥

ਮ: ੩॥ ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ॥

ਹੇ ਜੀਵ ਰੂਪ ਪਪੀਹੇ ! ਚੇਤਨ ਰੂਪ ਜਲ ਵਿਚ ਤੇਰਾ ਨਿਵਾਸ ਹੈ, ਅਤੇ
ਚੇਤਨ ਰੂਪ ਜਲ ਦੇ ਵਿਚ ਹੀ ਫਿਰਦਾ ਹੈਂ, ਅਰਥਾਤ ਕਾਰ ਵਿਹਾਰ ਕਰਦਾ ਹੈਂ।

ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ॥

ਪਰ ਤੂੰ ਜਲ=ਚੇਤਨ ਦੀ ਸਾਰ ਸੰਭਾਲ ਜਾਣਦਾ ਨਹੀਂ ਹੈਂ,
ਤਾਂ ਹੀ ਹੂੰ ਦੁੱਖੀ ਹੋ ਕੇ ਕੂਕਾਂ ਪਾਉਂਦਾ ਮਾਰਦਾ ਹੈਂ।

ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ॥

ਗੁਰੂ ਬੱਦਲ ਚਹੁ ਦਿਸਿ=ਚਾਰੋਂ ਤਰਫ ਪ੍ਰਤੱਖ ਜਲਾਂ ਥਲਾਂ ਵਿੱਚ,

ਵਾ:- ਜਲ-ਥਲ=ਪ੍ਰੇਮੀ ਅਪ੍ਰੇਮੀਆਂ ਦੇ ਹਿਰਦੇ ਵਿਚ ਚੇਤਨ ਜਲ ਦੀ ਵਰਖਾ ਕਰਦਾ ਹੈ, ਕੋਈ ਥਾਂ ਖਾਲੀ ਨਹੀਂ ਰਹੀ ਜਿਥੇ ਵਰਖਾ ਨਾ ਕੀਤੀ ਹੋਵੇ।

ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ॥

ਏਨੇ ਪਾਣੀ ਦੇ ਵਸਦਿਆਂ ਹੋਇਆਂ ਜੋ ਤਿਖ=ਤਿਹਾਏ ਮਰਦੇ ਹਨ, ਸਮਝੋ ਉਹਨਾਂ ਦੇ ਭਾਗ ਚੰਗੇ ਨਹੀਂ ਹਨ।

ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਗੁਰਮੁਖਾਂ ਦੇ ਮਨ ਵਿਚ ਗੁਰਾਂ ਦੁਆਰੇ ਨਾਮ ਵਸਿਆ ਹੈ ਉਹਨਾਂ ਨੂੰ ਚੇਤਨ ਦੀ ਸੋਝੀ=ਗਿਆਤ ਪਈ ਹੈ॥ ੨॥

ਪਉੜੀ॥ ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ॥

ਨੌਂ ਨਾਥ, ਛੇ ਜਤੀ, ਚੌਰਾਸੀ ਸਿਧ ਅਤੇ ਬੜੇ ਬੜੇ ਪੀਰ ਇਨ੍ਹਾਂ ਵਿਚੋਂ ਕਿਸੇ ਨੇ ਭੀ ਆਪ ਜੀ ਦਾ ਅੰਤ ਨਹੀਂ ਪਾਇਆ।

ਗੁਰਮੁਖਿ ਨਾਮੁ ਧਿਆਇ ਤੁਝੈ ਸਮਾਇਆ॥

ਜਿਸ ਨੇ ਗੁਰਾਂ ਦੁਆਰੇ ਨਾਮ ਨੂੰ ਧਿਆਇਆ ਹੈ ਉਹ ਆਪ ਦੇ ਵਿਚ ਹੀ ਸਮਾਇਆ=ਅਭੇਦ ਹੋ ਗਿਆ ਹੈ।

ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ॥

ਛੱਤੀ ਜੁਗ ਪੂਰੇ, ਵਾ:-ਜੁਗ ਛਤੀਹ=ਬਹੁਤੇ ਜੁਗ ਮਹਾਂ ਪਰਲੋ ਰੂਪ ਗੁਬਾਰੁ=ਹਨੇਰਾ ਕਰਨਾ
ਤਿਸ ਆਪ ਜੀ ਨੂੰ ਹੀ ਭਾਇਆ ਹੈ। ਮਹਾਂ ਪਰਲੋ ਵੇਲੇ ਚਾਰ ਚੁਫੇਰੇ

ਜਲਾਬਿੰਬੁ ਅਸਰਾਲੁ ਤਿਨੈ ਵਰਤਾਇਆ ॥

ਤੁਸਾਂ ਨੇ ਆਪ ਹੀ ਅਸਰਾਲੁ=ਭਿਆਨਕ (ਡਰ ਦੇਣ ਵਾਲਾ) ਜਲਾ-ਬਿੰਬੁ=ਪਾਣੀ ਹੀ ਪਾਣੀ ਵਰਤਾਇਆ ਹੋਇਆ ਸੀ।

ਨੀਲੁ ਅਨੀਲੁ ਅਗੰਮੁ ਸਰਜੀਤੁ ਸਬਾਇਆ ॥

ਹੇ ਨੀਲ-ਅਨੀਲੁ=ਗਿਣਤੀ ਤੋਂ ਅਨਗਿਣਤ ਅਗੰਮ ਰੂਪ ਪਰਮਾਤਮਾ ਫੇਰ ਤੈਨੇ ਆਪ ਹੀ ਕਰਮਾਂ ਅਨੁਸਾਰ ਸਾਰਿਆਂ ਨੂੰ ਸਰਜੀਤੁ=ਸਿਰਜਨਾ ਕੀਤਾ।

ਅਥਵਾ:-ਹੇ ਅਗੰਮ ਰੂਪ ਪਰਮਾਤਮਾ ! ਤੈਂਨੇ ਗਿਣਤੀ ਤੋਂ ਅਨਗਿਣਤ ਦੁਨੀਆਂ ਸਰਜੀਤੁ=ਸਿਰਜਨਾ ਕੀਤੀ, ਫਿਰ ਤੂੰ ਹੀ ਸਾਰਿਆਂ ਵਿਚ ਸਮਾਅ ਗਿਆ।

ਅਗਨਿ ਉਪਾਈ ਵਾਦੁ ਭੁਖ ਤਿਹਾਇਆ ॥

ਜੀਵਾਂ ਦੇ ਅੰਦਰ ਤ੍ਰਿਸ਼ਨਾ ਅੰਗ ਪੈਦਾ ਕਰ ਦਿੱਤੀ ਅਤੇ ਭੁਖ ਤਰੇਹ ਦਾ ਵਾਦੁ=ਝਗੜਾ ਖੜ੍ਹਾ ਕਰ ਦਿੱਤਾ।

ਦੁਨੀਆ ਕੈ ਸਿਰਿ ਕਾਲੁ ਦੂਜਾ ਭਾਇਆ ॥

ਉਹਨਾਂ ਦੁਨੀਆਂ ਦਾਰਾਂ ਦੇ ਸਿਰ ਉਤੇ ਕਾਲ ਖੜਾ ਕੀਤਾ ਹੈ ਜਿਨ੍ਹਾਂ ਨੂੰ ਦਵੈਤ ਭਾਵ ਚੰਗਾ ਲੱਗਾ ਹੈ।

ਰਖੈ ਰਖਣਹਾਰੁ ਜਿਨਿ ਸਬਦੁ ਬੁਝਾਇਆ ॥ ੯ ॥

ਜਿਨ੍ਹਾਂ ਨੇ ਗੁਰ ਉਪਦੇਸ਼ ਨੂੰ ਆਪ ਸਮਝਿਆ ਹੈ ਤੇ ਹੋਰਨਾਂ ਨੂੰ ਭੀ ਸਮਝਾਇਆ ਹੈ ਰੱਖਣ ਵਾਲਾ ਪ੍ਰਭੂ ਉਹਨਾਂ ਨੂੰ ਆਪ ਰੱਖਦਾ ਹੈ॥ ੯ ॥

ਸਲੋਕ ਮਃ ੩ ॥

ਗੁਰੂ ਰੂਪ ਬੱਦਲ ਉਪਦੇਸ਼ ਜਲ ਦੀ ਵਰਖਾ ਕਿਥੇ ਕਰਦੇ ਹਨ? *ਉੱਤਰ:-*

ਇਹੁ ਜਲੁ ਸਭਤੈ ਵਰਸਦਾ ਵਰਸੈ ਭਾਇ ਸੁਭਾਇ ॥

ਸਮਾਨਤਾ ਕਰਕੇ ਇਹ ਨਾਮ ਉਪਦੇਸ਼ ਰੂਪੀ ਜਲ ਸਾਰਿਆਂ ਉਤੇ ਵਰਸਦਾ ਹੈ, ਪਰ ਜਿਨ੍ਹਾਂ ਉਤੇ ਭਾਇ= ਪ੍ਰੇਮ ਸਹਿਤ ਵਸਿਆ ਹੈ ਉਹ ਸੁਭਾਇ=ਸ਼ੋਭਾ ਵਾਲਾ ਹੋਇਆ ਹੈ।

ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥

ਉਹ ਜੀਵਾਂ ਰੂਪੀ ਬ੍ਰਿਛ ਸ਼ੁਭ ਗੁਣਾਂ ਨਾਲ ਹਰੀਆਵਲੇ ਹੋਏ ਹਨ, ਜੇਹੜੇ ਗੁਰਮੁਖ ਹੋ ਕੇ ਗੁਰਾਂ ਦੁਆਰੇ ਉਪਦੇਸ਼ ਵਿਚ ਸਮਾਅ ਰਹੇ ਹਨ।

ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ-ਨਦਰੀ=ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਕਰਕੇ ਸੁਖ ਹੋਵੇ ਤਾਂ ਇਨ੍ਹਾਂ ਜੀਵਾਂ ਦਾ ਦੁੱਖ ਚਲਿਆ ਜਾਂਦਾ ਹੈ॥ ੧ ॥

ਮ: ੩ ॥ ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ ॥

ਜਿਸ ਵੇਲੇ ਜਗਿਆਸੂ ਦੀ ਅਵਸਥਾ ਰੂਪੀ ਰਾਤ ਪ੍ਰੇਮ ਵਿਚ ਭਿਜੀ, ਤਾਂ ਗੁਰੂ ਰੂਪ ਬੱਦਲ ਚਮਕਿਆ=ਸਖਿਆਤਕਾਰ ਹੋਏ ਤੇ ਛਹਬਰ=ਝੜੀ ਲੱਗਾ ਕੇ, ਭਾਵ ਇਕ ਰਸ ਦ੍ਰਿਸਟਾਂਤਾਂ ਪ੍ਰਮਾਣਾਂ ਦੇ ਸਹਿਤ ਉਪਦੇਸ਼ ਜਲ ਨੂੰ ਵਰਸਣਾ ਕੀਤਾ, ਵਰਖਾ ਹੋ ਜਾਣ ਪਿਛੋਂ ਅੰਤਹਕਰਣ ਰੂਪੀ ਅਕਾਸ਼ ਚਮਕਿਆ=ਨਿਰਮਲ ਹੋ ਗਿਆ, ਅੰਤਹਕਰਣ ਦੇ ਨਿਰਮਲ ਹੋਣ ਕਰਕੇ ਸ਼ੁਭ ਗੁਣਾਂ ਰੂਪੀ ਤਾਰੇ ਚਮਕ ਪਏ।

ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ ਜਾਂ ਸਹੁ ਕਰੇ ਰਜਾਇ ॥

ਜਿਸ ਉਪਦੇਸ਼ ਜਲ ਦੇ ਵਰਸਨੇ ਕਰਕੇ ਸ਼ੁਭ ਗੁਣਾਂ ਰੂਪੀ ਅੰਨ ਤੇ ਨਾਮ ਧਨ ਬਹੁਤ ਸਾਰਾ ਪੈਦਾ ਹੁੰਦਾ ਹੈ, ਗੁਰੂ ਬੱਦਲ ਵਸਦਾ ਤਾਂ ਹੈ ਜਾਂ ਸਹੁ=ਪਤੀ ਪਰਮਾਤਮਾ ਰਜਾਇ=ਆਗਿਆ ਦੇਣਾ ਕਰੇ।

ਜਿਤੁ ਖਾਧੈ ਮਨੁ ਤ੍ਰਿਪਤੀਐ ਜੀਆਂ ਜੁਗਤਿ ਸਮਾਇ ॥

ਜਿਸ ਅੰਨ ਦੇ ਖਾਧਿਆਂ ਮਨ ਰਜਦਾ ਹੈ ਅਤੇ ਜੀਵਾਂ ਦੇ ਸਮਾਇ=ਅਭੇਦ ਹੋਣ ਦੀ ਜੁਗਤੀ ਪ੍ਰਾਪਤ ਹੁੰਦੀ ਹੈ।

ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥

ਏਹ ਪ੍ਰਤੱਖ ਧਨ ਤਾਂ ਕਰਤੇ ਪੁਰਖ ਦਾ ਖੇਲੁ=ਤਮਾਸ਼ਾ ਹੈ ਜੋ ਕਰਮਾਂ ਅਨੁਸਾਰ ਕਦੇ ਆ ਜਾਂਦਾ ਹੈ ਤੇ ਕਦੇ ਚਲਿਆ ਜਾਂਦਾ ਹੈ।

ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥

ਗਿਆਨਵਾਨਾਂ ਦਾ ਧਨ ਨਾਮ ਹੀ ਹੈ ਜੋ ਸਰਬਦਾ ਕਾਲ ਓਸੇ ਵਿਚ ਸਮਾਏ ਰਹਿੰਦੇ ਹਨ।

ਨਾਨਕ ਜਿਨ ਕਉ ਨਦਰਿ ਕਰੇ ਤਾਂ ਇਹੁ ਧਨੁ ਪਲੈ ਪਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੂੰ ਵਾਹਿਗੁਰੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਤਾਂ ਉਹਨਾਂ ਦੇ ਬੁੱਧੀ ਰੂਪ ਪਲੇ ਵਿਚ ਏਹ ਨਾਮ ਧਨ ਪੈਂਦਾ ਹੈ॥ ੨ ॥

ਪਉੜੀ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥

ਉਹ ਪ੍ਰਭੂ ਆਪ ਕਰਵਾਂਦਾ ਹੈ ਆਪ ਹੀ ਕਰਦਾ ਹੈ, ਇਸ 'ਤੇ ਮੈਂ ਕਿਸ ਦੇ ਉਤੇ ਪੁਕਾਰ ਕਰਾਂ।

ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ ॥

ਹੁਣ ਆਪ ਹੀ ਜੀਵਾਂ ਪਾਸੋਂ ਕਾਰ=ਕੰਮ ਕਾਰ ਕਰਵਾਉਂਦਾ ਹੈ, ਅੰਤ ਨੂੰ ਆਪ ਹੀ ਜੀਵਾਂ ਤੋਂ ਲੇਖਾ ਮੰਗੇਗਾ।

ਜੋ ਤਿਸੁ ਭਾਵੈ ਸੋ ਥੀਐ ਹੁਕਮੁ ਕਰੇ ਗਾਵਾਰੁ ॥

ਜੋ ਉਸ ਪ੍ਰਭੂ ਨੂੰ ਭਾਉਂਦਾ ਹੈ ਹੁੰਦਾ ਓਹੀ ਕੁਝ ਹੈ, ਪਰ ਏਹ ਮੂਰਖ ਐਵੇਂ ਆਪਣਾ ਹੁਕਮ ਕਰਦਾ ਹੈ ਕਿ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਇੰਞ ਹੋਣਾ ਚਾਹੀਦਾ ਹੈ।

ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥

ਜਨਮ ਮਰਨ ਆਦਿਕ ਦੁੱਖਾਂ ਤੋਂ ਆਪ ਛਡਾਵੇ ਤਾਂ ਹੀ ਛੁਟੀਂਦਾ ਹੈ, ਉਹ ਆਪ ਹੀ ਔਗੁਣਾਂ ਦੇ ਬਖਸ਼ਣ

ਵਾਲਾ ਹੈ।

ਆਪੇ ਵੇਖੈ ਸੁਣੇ ਆਪਿ ਸਭਸੈ ਦੇ ਆਧਾਰੁ॥

ਆਪ ਹੀ ਵੇਖਦਾ ਹੈ ਆਪ ਹੀ ਸੁਣਦਾ ਹੈ, ਆਪ ਹੀ ਸਾਰਿਆਂ ਨੂੰ ਆਸਰਾ ਦੇਂਦਾ ਹੈ।

ਸਭ ਮਹਿ ਏਕੁ ਵਰਤਦਾ ਸਿਰਿ ਸਿਰਿ ਕਰੇ ਬੀਚਾਰੁ॥

ਸਾਰਿਆਂ ਵਿਚ ਇਕ ਆਪ ਹੀ ਵਰਤ ਰਿਹਾ ਹੈ, ਆਪ ਹੀ ਸਿਰਿ ਸਿਰਿ=ਸਿਰਜ ਸਿਰਜ ਕੇ , ਵਾ:-ਸਿਰ ਬਸਿਰ ਸਾਰਿਆਂ ਦਾ ਵਿਚਾਰ ਕਰਦਾ ਹੈ।

[ਪੰਨਾ ੧੨੮੩]

ਗੁਰਮੁਖਿ ਆਪੁ ਵੀਚਾਰੀਐ ਲਗੈ ਸਚਿ ਪਿਆਰੁ॥

ਗੁਰਾਂ ਦੁਆਰੇ ਆਪਣੇ ਸਰੂਪ ਨੂੰ ਵਿਚਾਰੀਏ ਤਾਂ ਹੀ ਸਚਿ=ਪਰਮਾਤਮਾ ਵਿਚ ਪਿਆਰ ਲੱਗਦਾ ਹੈ

ਨਾਨਕ ਕਿਸ ਨੋ ਆਖੀਐ ਆਪੇ ਦੇਵਣਹਾਰੁ॥ ੧੦॥

ਗੁਰੂ ਜੀ ਕਥਨ ਕਰਦੇ ਹਨ- ਜਦ ਕਿ ਉਹ ਪ੍ਰਭੂ ਆਪ ਹੀ ਸਭ ਪਦਾਰਥਾਂ ਦੇ ਦੇਣ ਵਾਲਾ ਹੈ ਤਾਂ ਅਸੀਂ ਕਿਸਨੂੰ ਆਖੀਏ ਕਿ ਸਾਨੂੰ ਫਲਾਣਾ ਫਲ ਦੇਹ॥ ੧੦॥

ਸਲੋਕ ਮ: ੩॥

ਉਥਾਨਕਾ— ਇਕ ਸਿੱਖ ਨੇ ਕਿਹਾ, ਆਪ ਸਾਰੇ ਬਾਬੀਹਾ ਬਾਬੀਹਾ ਹੀ ਆਖਦੇ ਆਏ ਹੋ ਪਰ ਬਾਬੀਹੇ ਦਾ ਅਰਥ ਕੀ ਹੈ? ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ-

ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ॥

ਇਹ ਜਗਤੁ=ਜੀਵ ਹੀ ਪਪੀਹਾ ਹੈ ਮਤਾ ਕੋਈ ਭਰਮ ਵਿਚ ਭੁਲਨਾ ਕਰੇ।

ਇਹੁ ਬਾਬੀਂਹਾ ਪਸੂ ਹੈ ਇਸ ਨੋ ਬੂਝਣੁ ਨਾਹਿ॥

ਏਹ ਬਾਹਰਲਾ ਪਪੀਹਾ ਤਾਂ ਪਸ਼ੂ ਹੈ, ਇਸਨੂੰ ਤਾਂ ਕਿਸੇ ਗੱਲ ਦੀ ਸਮਝ ਨਹੀਂ ਹੈ।

ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ॥

ਹਰੀ ਦਾ ਨਾਮ ਅੰਮ੍ਰਿਤੁ=ਸ਼ਾਂਤੀ ਬੂੰਦ ਹੈ ਜਿਸ ਦੇ ਪੀਣ ਨਾਲ ਜੀਵ ਰੂਪ ਪਪੀਹੇ ਦੀ ਤ੍ਰਿਸ਼ਨਾ ਰੂਪ ਤ੍ਰੇਹ ਮਿਟ ਜਾਂਦੀ ਹੈ।

ਨਾਨਕ ਗੁਰਮੁਖਿ ਜਿਨ੍ ਪੀਆ ਤਿਨ੍ ਬਹੁੜਿ ਨ ਲਾਗੀ ਆਇ॥ ੧॥

ਗੁਰੂ ਜੀ ਕਥਨ ਕਰਦੇ ਹਨ— ਜਿਸ ਗੁਰਮੁਖ ਨੇ ਗੁਰਾਂ ਦੁਆਰੇ ਏਹ ਨਾਮ ਅੰਮ੍ਰਿਤ ਪੀਤਾ ਹੈ, ਉਸ ਨੂੰ ਮੁੜ ਕੇ ਇਹ ਪਿਆਸ ਆ ਕੇ ਲੱਗਦੀ ਨਹੀਂ ਹੈ॥ ੧॥

ਮ: ੩॥

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥

ਭਾਵੇਂ ਮਲਾਰ ਰਾਗ ਸੀਤਲ ਹੈ ਕਿਉਂਕਿ ਇਸ ਦੇ ਗਾਇਣ ਕਰਨ ਨਾਲ ਵਰਖਾ ਹੋ ਜਾਂਦੀ ਹੈ। ਸ਼ਾਹ ਜੀਵਣੇ ਤੋਂ ਅੱਠ ਮੀਲ ਪਰ੍ਹੇ ਛੱਤਾ ਪਿੰਡ ਹੈ ਓਥੇ ਭਾਈ ਘਮੰਡਾ ਸਿੰਘ ਰਾਗੀ ਰਹਿੰਦਾ ਸੀ ਉਸ ਨੂੰ ਕਿਸੇ ਨੇ ਕਿਹਾ, ਅੱਜ ਕੱਲ ਤਾਂ ਮਲਾਰ ਰਾਗ ਦੇ ਗਾਵਣ ਨਾਲ ਵਰਖਾ ਨਹੀਂ ਹੁੰਦੀ ਹੋਣੀ ਉਸ ਨੇ ਕਿਹਾ ਕਿਉਂ ਨਹੀਂ ਹੁੰਦੀ ਜਰੂਰ ਹੁੰਦੀ ਹੈ ਉਸ ਨੇ ਅੰਦਰ ਜਾ ਕੇ ਸਿਰੰਦਾ ਕੱਢ ਲਿਆਂਦਾ ਤੇ ਮਲਾਰ ਰਾਗ ਗਾਉਣਾ ਸ਼ੁਰੂ ਕਰ ਦਿੱਤਾ, ਤੇ ਓਸੇ ਵੇਲੇ ਵਰਖਾ ਸ਼ੁਰੂ ਹੋ ਗਈ ਸਭਨਾਂ ਦੇ ਕਪੜੇ ਗਿੱਲੇ ਹੋ ਗਏ, ਫੇਰ ਸਾਰਿਆਂ ਨੇ ਕਿਹਾ, ਹੁਣ ਬਸ ਕਰ ਦਿਓ ਜਿਸ ਵੇਲੇ ਘਮੰਡਾ ਸਿੰਘ ਜੀ ਨੇ ਭੋਗ ਪਾਇਆ ਤਾਂ ਵਰਖਾ ਬੰਦ ਹੋ ਗਈ। ਪਰ ਇਸ ਵਿਚ ਹਰੀ ਨਾਮ ਦੇ ਧਿਆਉਣ ਕਰਕੇ ਸ਼ਾਂਤੀ ਹੁੰਦੀ ਹੈ।

ਅਥਵਾ:-ਮਲਾਰੁ=ਮਲ ਦਾ ਆਲਾ=ਘਰ ਜੋ ਸਰੀਰ ਹੈ ਇਸ ਦੇ ਦੇਹ ਅਧਿਆਸ ਨੂੰ ਤਿਆਗ ਕੇ ਸੀਤਲ ਸੁਭਾਅ ਵਾਲੇ ਗੁਰਾਂ ਵਿਚ ਰਾਗੁ=ਪ੍ਰੇਮ ਕਰਕੇ ਹਰੀ ਨਾਮ ਨੂੰ ਧਿਆਉਣਾ ਕਰੇ ਤਾਂ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ।

ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ॥

ਹਰਿ ਜੀਉ=ਪਰਮਾਤਮਾ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ, ਤਾਂ ਫਿਰ ਸਾਰਿਆਂ ਲੋਕਾਂ ਵਿਚ ਵਰਤ ਰਿਹਾ ਦਿਖਾਈ ਦੇਂਦਾ ਹੈ।

ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ॥

ਜਿਵੇਂ ਪ੍ਰਤੱਖ ਬੱਦਲ ਦੇ ਵਸਣ ਨਾਲ ਜੀਵਾਂ ਦੇ ਖਾਣ ਪਾਣ ਦੀ ਜੁਗਤ ਹੁੰਦੀ ਹੈ ਅਤੇ ਪ੍ਰਤੱਖ ਧਰਤੀ ਨੂੰ ਘਾਸ ਫੁਲ ਆਦਿਕਾਂ ਦਾ ਸ਼ਿੰਗਾਰ ਹੁੰਦਾ ਹੈ। ਤਿਵੇਂ—

ਗੁਰੂ ਬੱਦਲ ਉਪਦੇਸ਼ ਜਲ ਨੂੰ ਵਸਣ ਤਾਂ ਜੀਵਾਂ ਦੀ ਪ੍ਰਭੂ ਨਾਲ ਜੁਗਤਿ=ਜੁੜਨ ਦੀ ਜੁਗਤ ਹੁੰਦੀ ਹੈ, ਅਤੇ ਬੁੱਧੀ ਰੂਪ ਧਰਤੀ ਨੂੰ ਸ਼ੁਭ ਗੁਣਾਂ ਦਾ ਸ਼ਿੰਗਾਰ ਹੁੰਦਾ ਹੈ।

ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥

ਗੁਰੂ ਜੀ ਕਥਨ ਕਰਦੇ ਹਨ—ਇਹ ਸਾਰਾ ਜ਼ਗਤ ਹੀ ਜਲੁ=ਚੇਤਨ ਸਰੂਪ ਹੈ, ਕਿਉਂਕਿ ਸਭ ਕੋਈ ਜਲ ਤੋਂ ਹੀ, ਭਾਵ ਚੇਤਨ ਤੋਂ ਹੀ ਪੈਦਾ ਹੋਇਆ ਹੈ।

ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ॥ ੨॥

ਗੁਰਾਂ ਦੀ ਕ੍ਰਿਪਾ ਦੁਆਰੇ ਕੋਈ ਵਿਰਲਾ ਪੁਰਸ਼ ਹੀ ਇਸ ਭੇਦ ਨੂੰ ਸਮਝਦਾ ਹੈ ਅਤੇ ਉਹ ਫਿਰ ਨਿਤ ਹੀ ਮੁਕਤ ਸਰੂਪ ਹੁੰਦਾ ਹੈ॥ ੨॥

ਪਉੜੀ॥ ਸਚਾ ਵੇਪਰਵਾਹੁ ਇਕੋ ਤੂ ਧਣੀ॥

ਹੇ ਵੇਪਰਵਾਹ ਪ੍ਰਭੂ ! ਇਕ ਤੂੰ ਹੀ ਸਾਰਿਆਂ ਦਾ ਸੱਚਾ ਮਾਲਕ ਹੈਂ।

ਤੂ ਸਭੁ ਕਿਛੁ ਆਪੇ ਆਪਿ ਦੂਜੇ ਕਿਸੁ ਗਣੀ॥

ਤੂੰ ਸਭ ਕੁਝ ਆਪੇ ਆਪ ਹੀ ਹੈਂ, ਹੋਰ ਦੂਜਾ ਕਿਸ ਨੂੰ ਗਿਣੀਏ।

ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ॥

ਮਨੁੱਖ ਦਾ ਹੰਕਾਰ ਕਰਨਾ ਝੂਠਾ ਹੈ, ਤੇਰੀ ਮਣੀ=ਮਨੌਤ, ਵਾ:-ਵਡਿਆਈ ਸੱਚੀ ਹੈ।

ਆਵਾ ਗਉਣੁ ਰਚਾਇ ਉਪਾਈ ਮੇਦਨੀ॥

ਤੁਸਾਂ ਨੇ ਆਪ ਹੀ ਮੇਦਨੀ=ਧਰਤੀ (ਸ੍ਰਿਸ਼ਟੀ) ਉਤਪੰਨ ਕਰਕੇ ਫੇਰ 'ਆਵਾ ਗਉਣੁ ਰਚਾਇ'=ਜੰਮਣਾ ਮਰਨਾ ਬਣਾਇਆ ਹੈ।

ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ॥

ਜੋ ਆਪਣਿਆਂ ਸਤਿਗੁਰਾਂ ਨੂੰ ਸੇਂਵਦਾ ਹੈ ਉਸ ਦਾ ਆਇਆ ਸਫਲ ਗਿਣੀਂਦਾ ਹੈ।

ਜੇ ਹਉਮੈ ਵਿਚਹੁ ਜਾਇ ਤ ਕੇਹੀ ਗਣਤ ਗਣੀ॥

ਜੇਕਰ ਰਿਦੇ ਵਿਚੋਂ ਹੰਗਤਾ ਮਮਤਾ ਚਲੀ ਜਾਵੇ, ਤਾਂ ਫਿਰ ਜੀਵ ਦੇ ਕਰਮਾਂ ਦੀ ਕਾਹਦੀ ਗਿਣਤੀ ਗਿਣਨੀ ਹੈ।

ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ॥

ਮਨਮੁਖ ਮੋਹ ਦੇ ਗੁਬਾਰਿ=ਹਨੇਰੇ ਕਰਕੇ ਇਉਂ ਸੰਸਾਰ ਵਿਚ ਦੁੱਖ ਪਾ ਰਿਹਾ ਹੈ , ਜਿਵੇਂ, ਵਣੀ=ਜੰਗਲ ਵਿਚ ਰਹਿਣ ਵਾਲਾ ਹਰਨ ਝਾੜੀਆਂ ਵਿਚ ਭੁਲਾ ਫਿਰਦਾ ਦੁੱਖੀ ਹੁੰਦਾ ਹੈ। ਜਾਂ, ਜਿਵੇਂ ਜੰਗਲ ਵਿਚ ਭੁਲਾ ਹੋਇਆ ਪੁਰਸ਼ ਦੁੱਖੀ ਹੁੰਦਾ ਹੈ।

ਕਟੇ ਪਾਪ ਅਸੰਖ ਨਾਵੈ ਇਕ ਕਣੀ॥ ੧੧॥

ਨਾਮ ਦੀ ਇਕ ਕਣੀ=ਸਿੱਖਿਆ ਨੇ,

ਵਾ:-ਕਣੀ ਮਾਤ੍ਰ ਅਰਥਾਤ ਰੰਚਕ ਮਾਤ੍ਰ ਇਕ ਵਾਹਿਗੁਰੂ ਨਾਮ ਨੇ ਅਸੰਖ=ਅਨਗਿਣਤ ਪਾਪ ਕੱਟ ਦਿਤੇ ਹਨ॥ ੧੧॥

ਸਲੋਕ ਮ: ੩॥

ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ॥

ਹੇ ਪਪੀਹੇ ਜੀਵ ! ਤੂੰ ਖਸਮੈ=ਮਾਲਕ ਪਰਮੇਸ਼ਰ ਦੇ ਮਹਲੁ=ਸਰੂਪ ਨੂੰ ਜਾਣਦਾ ਨਹੀਂ ਹੈਂ, ਤੂੰ ਮਹਲੁ= ਸਰੂਪ ਦੇ ਦੇਖਣ ਲਈ ਅਰਦਾਸਿ ਪਾਇ=ਬੇਨਤੀ ਕਰ।

ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ॥

ਤੂੰ ਆਪਣੇ ਭਾਣੇ ਅੰਦਰ ਹੰਕਾਰ ਸਹਤ ਬਹੁਤ ਸਾਰਾ ਬੋਲਦਾ ਹੈਂ, ਇਸ ਲਈ ਤੇਰਾ ਬੋਲਿਆ 'ਥਾਇ ਨ ਪਾਇ'=ਕਬੂਲ ਨਹੀਂ ਪੈਂਦਾ।

ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ॥

ਖਸਮੁ=ਮਾਲਕ ਪਰਮਾਤਮਾ ਸਭ ਤੋਂ ਵੱਡਾ ਦਾਤਾ ਹੈ, ਉਸ ਪਾਸੋਂ ਪੁਰਸ਼ ਜੋ ਭੀ ਇੱਛਾ ਕਰਦਾ ਹੈ ਓਹੀ ਫਲ ਪਾ ਲੈਂਦਾ ਹੈ।

ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ॥ ੧॥

ਇਹ ਵਿਚਾਰਾ ਇਕ ਬਾਬੀਹਾ=ਜੀਵ ਕੀ ਹੈ ਮਾਲਕ ਪ੍ਰਭੂ ਦੀ ਕਿਰਪਾ ਨਾਲ ਸਾਰੇ ਜਗਤ ਦੀ ਤਿਖ= ਤਰੇਹ ਤ੍ਰਿਸ਼ਨਾ ਮਿਟ ਜਾਂਦੀ ਹੈ॥ ੧॥

ਮ: ੩ ॥ ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ॥

ਜਿਸ ਵੇਲੇ ਅਵਸੱਥਾ ਰੂਪੀ ਰਾਤ ਪ੍ਰੇਮ ਵਿਚ ਭਿਜੀ ਤਾਂ ਬਾਬੀਹਾ=ਜੀਵ ਸਹਜੇ ਸੁਭਾਇ=ਸੁਤੇ ਸਿਧ, ਵਾ:-ਸਹਜੇ ਹੀ ਸਰੇਸ਼ਟ ਪ੍ਰੇਮ ਨਾਲ ਸੱਚ ਨਾਮ ਨੂੰ ਬੋਲਿਆ।

ਤੇ ਇਸ ਤਰ੍ਹਾਂ ਆਖਦਾ ਹੈ-

ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ॥

ਏਹ ਨਾਮ ਜਲ ਹੀ ਮੇਰਾ ਜੀਉ=ਜੀਵਨ ਰੂਪ ਹੈ, ਨਾਮ ਜਲ ਤੋਂ ਬਿਨਾਂ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ।

ਗੁਰਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ॥

ਗੁਰੂ ਉਪਦੇਸ਼ ਦੁਆਰਾ ਹਿਰਦੇ ਵਿਚੋਂ ਆਪਾ ਭਾਅ ਹੰਕਾਰ ਨੂੰ ਗਵਾਵੇ ਤਾਂ ਨਾਮ ਜਲ ਪਾਈਦਾ ਹੈ।

ਨਾਨਕ ਜਿਸੁ ਬਿਨੁ ਚਸਾ ਨ ਜੀਵਈ ਸੋ ਸਤਿਗੁਰਿ ਦੀਆ ਮਿਲਾਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਪ੍ਰਭੂ ਤੋਂ ਬਿਨਾਂ ਮੈਂ ਚਸਾ ਭਰ ਵੀ ਜੀਉਂਦੀ ਨਹੀਂ ਹਾਂ ਉਸ ਪ੍ਰਭੂ ਨਾਲ ਮੈਨੂੰ ਸਤਿਗੁਰਾਂ ਨੇ ਮਿਲਾ ਦਿੱਤਾ ਹੈ॥ ੨॥

ਪਉੜੀ॥ ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥

ਅਸੰਖਾਂ ਹੀ ਖੰਡ ਤੇ ਪਤਾਲ ਹਨ ਮੇਰੇ ਪਾਸੋਂ ਉਹਨਾਂ ਦੀ ਗਿਣਤੀ ਨਹੀਂ ਹੁੰਦੀ।

ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ॥

ਹੇ ਗੋਬਿੰਦ! ਤੂੰ ਹੀ ਸਾਰਿਆਂ ਦਾ ਕਰਤਾ ਹੈਂ ਤੁਸਾਂ ਨੇ ਸ੍ਰਿਸ਼ਟੀ ਸਿਰਜੀ ਹੈ, ਤੁਸਾਂ ਨੇ ਹੀ ਗੋਈ=ਮਿਲਾਈ ਬੁਲਾਈ ਛਪਾਈ ਹੈ, ਭਾਵ ਮਹਾਂ ਪਰਲੋ ਕੀਤੀ ਹੈ।

ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ॥

ਚੁਰਾਸੀ ਲੱਖ ਤਰ੍ਹਾਂ ਦੇ ਮੇਦਨੀ=ਸ੍ਰਿਸ਼ਟੀ ਤੇਰੇ ਤੋਂ ਹੀ ਹੋਈ ਹੈ।

ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ॥

ਇਕ ਆਪਣੇ ਆਪ ਨੂੰ ਰਾਜੇ ਤੇ ਖਾਨ=ਦਸ ਹਜ਼ਾਰੀ। ਵਾ:-ਪਠਾਨ ਕਹਿੰਦੇ ਹਨ ਅਤੇ ਕੋਈ ਆਪਣੇ ਆਪ ਨੂੰ 'ਮਲੂਕ ਕਹਾਵਹਿ'=ਮੁਲਕਾਂ ਦੇ ਵਾਲੀ ਪਾਤਸ਼ਾਹ ਕਹਾਉਂਦੇ ਹਨ।

ਵਾ:-ਮਲੂਕ ਬਲੋਚਾਂ ਚੋਂ ਵੱਡੇ ਕਹਾਂਵਦੇ ਹਨ, ਵਾ:-ਆਪਣੇ ਆਪ ਨੂੰ ਮਲੂਕ=ਸੁੰਦਰ ਕਹਾਂਵਦੇ ਹਨ।

ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ॥

ਇਕ ਪੁਰਸ਼ ਐਸੇ ਹਨ ਜੋ ਧਨ ਨੂੰ ਸੰਚਿ=ਕੱਠਾ ਕਰਕੇ ਸ਼ਾਹ ਸਦਾਉਂਦੇ ਹਨ ਪਰ ਦਵੈਤ ਭਾਵ ਕਰਕੇ ਉਹਨਾਂ ਨੇ ਪਤਿ ਖੋਈ=ਇੱਜ਼ਤ ਗਵਾ ਲਈ ਹੈ।

ਇਕਿ ਦਾਤੇ ਇਕ ਮੰਗਤੇ ਸਭਨਾ ਸਿਰਿ ਸੋਈ॥

ਇਕ ਦਾਤੇ ਹਨ ਇਕ ਮੰਗਤੇ=ਭਿਖਾਰੀ ਹਨ, ਪਰ ਤੂੰ ਸਾਰਿਆਂ ਦੇ ਸਿਰ ਉਤੇ ਸ਼ੋਭਾ ਪਾਂਦਾ ਹੈਂ।

ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ॥

ਨਾਮ ਸਿਮਰਨ ਤੋਂ ਬਿਨਾਂ ਏਹ ਜੀਵ ਬਾਜਾਰੀਆ=ਮਸ਼ਕਰੇ ਤੇ ਭੀਹਾਵਲਿ=ਭਿਆਨਕ ਹੋ ਰਹੇ ਹਨ।

ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ॥ ੧੨॥

ਗੁਰੂ ਜੀ ਕਥਨ ਕਰਦੇ ਹਨ—ਅੰਤ ਨੂੰ ਕੂੜ=ਝੂਠ ਨੇ ਨਿਖੁਟੇ=ਮੁਕ ਜਾਣਾ ਹੈ, ਸੱਚਾ ਪ੍ਰਭੂ ਜੋ ਕਰੇਗਾ ਓਹੀ ਹੋਵੇਗਾ॥ ੧੨॥

ਸਲੋਕ ਮ: ੩॥

ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ॥

ਹੇ ਬਾਬੀਹਾ=ਪਪੀਹੇ ਜੀਵ ! ਗੁਣਾਂ ਵਾਲੀਆਂ ਮਹਾਤਮਾ ਰੂਪ ਸਖੀਆਂ ਨੇ ਮਹਲੁ=ਪਰਮਾਤਮਾ ਪਤੀ ਨੂੰ ਪਾ ਲਿਆ ਹੈ ਔਗੁਣਾਂ ਵਾਲੀਆਂ ਤੋਂ ਉਹ ਸੁਆਮੀ ਪਰਮਾਤਮਾ ਦੂਰ ਹੈ।

ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ॥

ਤੇਰੇ ਅੰਦਰ ਹੀ ਹਰੀ ਪਤੀ ਵਸ ਰਿਹਾ ਹੈ ਗੁਰਮੁਖ ਬਣ ਕੇ ਤੂੰ ਗੁਰਾਂ ਦੁਆਰੇ ਸਦਾ ਉਸ ਨੂੰ ਆਪਣੇ ਹਜੂਰਿ=ਪਾਸ (ਨੇੜੇ) ਜਾਣ ਲੈ।

ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ॥

ਜਿਸ ਵੇਲੇ ਨਦਰੀ=ਪਰਮਾਤਮਾ ਦੀ ਨਦਰਿ=ਕ੍ਰਿਪਾ ਦ੍ਰਿਸ਼ਟੀ ਨਾਲ ਤੂੰ ਨਿਹਾਲ=ਦੁੱਖਾਂ ਤੋਂ ਰਹਿਤ ਹੋ ਜਾਵੇਂਗਾ, ਜਾਂ ਨਦਰੀ=ਪਰਮਾਤਮਾ ਨੂੰ ਨਜ਼ਰ ਨਾਲ ਨਿਹਾਲ=ਦੇਖ ਲਵੇਂਗਾ ਤਾਂ ਤੇਰੇ ਉਤੇ ਕਿਸੇ ਤਰ੍ਹਾਂ ਦੀਆਂ ਕੂਕ ਪੁਕਾਰ=ਉਚੀਆਂ ਪੁਕਾਰਾਂ ਨਹੀਂ ਹੋਣਗੀਆਂ।

ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ॥ ੧॥

ਗੁਰੂ ਜੀ ਕਥਨ ਕਰਦੇ ਹਨ—ਗੁਰੂ ਦੇ ਉਪਦੇਸ਼ ਦੀ ਘਾਲ=ਕਮਾਈ ਨੂੰ ਕਰਕੇ,

ਵਾ:-ਗੁਰੂ ਦੇ ਉਪਦੇਸ਼ ਨੂੰ ਘਾਲ=ਪਾ ਕੇ ਜੋ ਨਾਮੀ ਦੇ ਨਾਮ ਵਿਚ ਰੱਤੇ ਹਨ ਉਹ ਸਹਜੇ=ਸੁਭਾਵਕ ਹੀ ਸ਼ਾਂਤ ਸਰੂਪ ਬ੍ਰਹਮ ਨਾਲ ਮਿਲ ਗਏ ਹਨ॥ ੧॥

[ਪੰਨਾ ੧੨੮੪]

ਮ: ੩॥ ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ॥

ਮੈਂ ਪਪੀਹਾ ਜੀਵ ਬੇਨਤੀ ਕਰਦਾ ਹਾਂ, ਹੇ ਪ੍ਰਭੂ ! ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਜੀਵਨ ਦਾਨ ਦਿਓ, ਅਰਥਾਤ ਨਾਮ ਜਲ ਦਾ ਦਾਨ ਦਿਓ।

ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥

ਨਾਮ ਜਲ ਤੋਂ ਬਿਨਾਂ ਮੇਰੀ ਪਿਆਸ=ਤ੍ਰਿਸ਼ਨਾ ਨਵਿਰਤ ਨਹੀਂ ਹੁੰਦੀ, ਕਿਰਪਾ ਕਰਕੇ ਨਾਮ ਜਲ ਦੇ ਦਿਓ

ਨਹੀਂ ਤਾਂ ਮੇਰੇ ਪ੍ਰਾਨ ਛੁਟ ਜਾਣਗੇ।

ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ॥

ਹੇ ਬੇਅੰਤ ਪ੍ਰਭੂ ! ਤੂੰ ਬਿਅੰਤ ਸੁਖਾਂ ਦਾ ਦਾਤਾ ਹੈਂ, ਫੇਰ ਸ਼ੁਭ ਗੁਣਾਂ ਦਾ ਦਾਤਾ ਹੈਂ, ਨੇਧਾਨੁ=ਨਿਧੀਆਂ ਦਾ ਖਜ਼ਾਨਾ ਹੈਂ।

ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ॥ ੨॥

ਗੁਰੂ ਜੀ ਕਥਨ ਕਰਦੇ ਹਨ—ਹੇ ਭਗਵਾਨ ! ਜਿਨ੍ਹਾਂ ਗੁਰਮੁਖਾਂ ਨੂੰ ਤੂੰ ਬਖ਼ਸ਼ ਲੈਂਦਾ ਹੈਂ, ਤੂੰ ਅੰਤ ਵੇਲੇ ਉਹਨਾਂ ਦਾ ਬੇਲੀ=ਮਿੱਤ੍ਰ ਹੁੰਦਾ ਹੈਂ। ਇਸ ਕਰਕੇ ਮੈਨੂੰ ਭੀ ਬਖ਼ਸ਼ ਲੈ॥ ੨॥

ਪਉੜੀ॥ ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ ਬੀਚਾਰੁ॥

ਉਹ ਪ੍ਰਭੂ ਆਪ ਹੀ ਜਗਤ ਨੂੰ ਉਤਪੰਨ ਕਰਕੇ ਜੀਵਾਂ ਦੇ ਗੁਣ ਔਗੁਣਾਂ ਦਾ ਵਿਚਾਰ ਕਰਦਾ ਹੈ।

ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ॥

ਸਾਰੇ ਜੀਵ ਤਿੰਨਾਂ ਗੁਣਾਂ ਦੇ ਜੰਜਾਲ ਵਿਚ ਫਸੇ ਹੋਏ ਹਨ, ਇਸ ਕਰਕੇ ਨਾਮੀ ਦੇ ਨਾਮ ਵਿਚ ਪ੍ਰੇਮ ਨਹੀਂ ਕਰਦੇ।

ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ॥

ਜੋ ਸ਼ੁਭ ਗੁਣਾਂ ਨੂੰ ਛੱਡ ਕੇ ਔਗੁਣਾਂ ਨੂੰ ਕਮਾਉਂਦੇ ਹਨ ਉਹ ਦਰਗਾਹ ਵਿਚ ਖੁਆਰ=ਖਰਾਬ ਹੁੰਦੇ ਹਨ।

ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ॥

ਉਹਨਾਂ ਮਨਮੁਖਾਂ ਨੇ ਸੰਸਾਰ ਜੂਏ ਵਿਚ ਆਪਣਾ ਮਨੁੱਖਾ ਜਨਮ ਹਾਰ ਦਿੱਤਾ ਹੈ, ਉਹ ਸੰਸਾਰ ਵਿਚ ਕਿਸ ਵਾਸਤੇ ਆਏ ਹਨ ਨਾ ਆਉਂਦੇ ਤਾਂ ਚੰਗਾ ਸੀ।

ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ॥

ਜਿਨ੍ਹਾਂ ਨੇ ਸੱਚੇ ਗੁਰਾਂ ਦੇ ਸ਼ਬਦ ਦੁਆਰਾ ਮਨ ਨੂੰ ਮਾਰਿਆ ਹੈ, ਉਹ ਗੁਰਮੁਖ ਦਿਨ ਰਾਤ ਨਾਮੀ ਦੇ ਨਾਮ ਵਿਚ ਪਿਆਰ ਕਰਦੇ ਹਨ।

ਜਿਨੀ ਪੁਰਖੀ ਉਰਿ ਧਾਰਿਆ ਸਚਾ ਅਲਖ ਅਪਾਰੁ॥

ਜਿਨ੍ਹਾਂ ਪੁਰਖਾਂ ਨੇ ਸੱਚੇ ਅਲਖ ਅਪਾਰ ਪ੍ਰਭੂ ਨੂੰ ਹਿਰਦੇ ਵਿਚ ਧਾਰਿਆ ਹੈ। ਉਹ ਇਸ ਤਰ੍ਹਾਂ ਬੇਨਤੀ ਕਰਦੇ ਹਨ ਕਿ—

ਤੂ ਗੁਣ ਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ॥

ਤੂੰ ਸ਼ੁਭ ਗੁਣਾਂ ਦਾ ਦਾਤਾ ਹੈਂ ਤੇ ਨਿਧੀਆਂ ਦਾ ਘਰ ਹੈਂ, ਤੇ ਅਸੀਂ ਔਗੁਣਾਂ ਵਾਲੇ ਹਾਂ।

ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ॥ ੧੩॥

ਜਿਸ ਨੂੰ ਤੂੰ ਬਖਸ਼ੇਂਗਾ ਓਹੀ ਗੁਰਾਂ ਦੇ ਸ਼ਬਦ ਦੀ ਵਿਚਾਰ ਨੂੰ ਪਾਵੇਗਾ।

ਵਾ:-ਗੁਰਾਂ ਦੇ ਸ਼ਬਦ ਦੀ ਵਿਚਾਰ ਕਰਕੇ ਤੈਨੂੰ ਪਾਇਸੀ=ਪਾਏਗਾ॥ ੧੩॥

ਸਲੋਕ ਮ: ੫ ॥

ਰਾਤਿ ਨ ਵਿਹਾਵੀ ਸਾਕਤਾਂ ਜਿਨ੍ਹਾ ਵਿਸਰੈ ਨਾਉ ॥

ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਭੁਲ ਗਿਆ ਹੈ, ਉਹਨਾਂ ਸਾਕਤਾਂ ਦੀ ਰਾਤ ਬੀਤਦੀ ਹੀ ਨਹੀਂ ਹੈ।

ਵਾ:-ਉਹਨਾਂ ਸਾਕਤਾਂ ਦੀ ਰਾਤ ਸੁਖ ਨਾਲ ਨਹੀਂ ਬੀਤਦੀ।

ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਂਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜੋ ਹਰੀ ਗੁਣਾਂ ਨੂੰ ਗਾਂਵਦੇ ਹਨ ਉਨ੍ਹਾਂ ਦੇ ਰਾਤ ਦਿਨ ਸੁਹੇਲੀਆ=ਸੁਖ ਨਾਲ ਬੀਤਦੇ ਹਨ॥ ੧ ॥

ਮ: ੫ ॥ ਰਤਨ ਜਵੇਹਰ ਮਾਣਕਾ ਹਭੇ ਮਣੀ ਮਥੰਨਿ ॥

ਰਤਨ=ਵੈਰਾਗ; ਜਵੇਹਰ=ਗਿਆਨ, ਮਾਣਕਾ=ਸ੍ਰਵਨ ਮਨਨ ਨਿਧਿਆਸਣ, ਮਣੀ=ਭਗਤੀ ਇਤ ਆਦਿਕ ਹਭੇ=ਸਾਰੇ ਸ਼ੁਭ ਗੁਣ ਮੱਥੇ ਦੇ ਭਾਗਾਂ ਅਨੁਸਾਰ ਮਥੰਨਿ=ਪਰਗਟ ਹੋਏ ਹਨ।

ਨਾਨਕ ਜੋ ਪ੍ਰਭਿ ਭਾਣਿਆ ਸਚੈ ਦਰਿ ਸੋਹੰਨਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜੋ ਪ੍ਰਭੂ ਨੂੰ ਭਾਣਿਆ=ਭਾਅ ਗਏ ਹਨ, ਵਾ:-ਪ੍ਰਭੂ ਦੇ ਭਾਣੇ ਵਿਚ ਤੁਰੇ ਹਨ, ਉਹ ਸੱਚੇ ਦਰਬਾਰ ਵਿਚ ਸੋਹੰਨਿ=ਸ਼ੋਭਾ ਵਾਲੇ ਹੋਏ ਹਨ॥ ੨ ॥

ਪਉੜੀ ॥ ਸਚਾ ਸਤਿਗੁਰੁ ਸੇਵਿ ਸਚੁ ਸਮ੍ਹਾਲਿਆ ॥

ਜਿਨ੍ਹਾਂ ਨੇ ਸੱਚੇ ਸਤਿਗੁਰਾਂ ਦੀ ਸੇਵਾ ਕੀਤੀ ਹੈ ਅਤੇ ਸੱਚ ਨਾਮ ਨੂੰ ਸਿਮਰਿਆ ਹੈ।

ਅੰਤਿ ਖਲੋਆ ਆਇ ਜਿ ਸਤਿਗੁਰ ਅਗੈ ਘਾਲਿਆ ॥

ਜੇਹੜਾ ਉਸ ਨੇ ਸਤਿਗੁਰਾਂ ਅਗੇ ਸੇਵਾ ਰੂਪ ਕਰਮ ਕੀਤਾ ਹੈ ਓਹੀ ਅੰਤ ਵੇਲੇ ਉਸ ਦਾ ਸਹਾਈ ਹੋ ਕੇ ਆਨ ਖਲੋਤਾ ਹੈ।

ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥

ਜਦ ਕਿ ਸੱਚਾ ਵਾਹਿਗੁਰੂ ਆਪ ਰੱਖਿਆ ਕਰਨ ਵਾਲਾ ਹੋਇਆ ਹੈ, ਤਾਂ ਜਮ ਕਾਲ,

ਵਾ:-ਜੰਮਨਾ ਤੇ ਕਾਲ=ਮਰਨਾ ਉਸ ਨੂੰ ਪੋਹਿ ਨ ਸਕੇ=ਛੋਹ ਨਹੀਂ ਸਕਦਾ, ਅਰਥਾਤ ਨੇੜੇ ਭੀ ਨਹੀਂ ਢੁੱਕ ਸਕਦਾ।

ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥

ਗੁਰਾਂ ਦੀ ਸਿੱਖਿਆ ਰੂਪੀ 'ਜੋਤਿ ਜਗਾਇ'=ਤੀਲੀ ਬਾਲ ਕੇ ਗਿਆਨ ਰੂਪ ਦੀਵਾ ਬਾਲਣਾ ਕੀਤਾ ।

ਅਥਵਾ:-ਗੁਰਾਂ ਦੀ ਸਿੱਖਿਆ ਦੁਆਰੇ ਗਿਆਨ ਰੂਪ ਦੀਵਾ ਬਾਲਿਆ ਤਾਂ ਜੋਤਿ=ਜੋਤੀ ਪਰਮਾਤਮਾ ਜਗਾਇ=ਪ੍ਰਗਟ ਹੋਇਆ।

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥

ਕੂੜਿਆਰ=ਝੂਠੇ ਮਨਮੁਖ ਨਾਮ ਸਿਮਰਨ ਤੋਂ ਬਿਨਾਂ ਬੇਤਾਲਿਆ=ਭੂਤਨਿਆਂ ਵਾਂਙੂ ਫਿਰਦੇ ਹਨ।

ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥

ਜੇਹੜੇ ਅੰਦਰੋਂ ਪਾਪਾਂ ਕਰਕੇ ਕਾਲੇ ਹਨ, ਉਹ ਮਨੁੱਖ ਦੇ ਚੰਮ ਵਿਚ ਲਪੇਟੇ ਹੋਏ ਪਸ਼ੂ ਹਨ।

ਯਥਾ:- ਕਰਤੂਤ ਪਸੂ ਕੀ ਮਾਨਸ ਜਾਤ॥ ਲੋਕ ਪਚਾਰਾ ਕਰੇ ਦਿਨ ਰਾਤ॥

ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥

ਸਭ ਪਾਸੇ ਸੱਚ ਹੀ ਸੱਚ ਵਰਤਦਾ ਹੈ, ਪਰ ਗੁਰਾਂ ਦੇ ਸੱਚੇ ਉਪਦੇਸ਼ ਦੁਆਰਾ ਨਿਹਾਲਿਆ=ਦੇਖਿਆ ਜਾਂਦਾ ਹੈ।

ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥ ੧੪ ॥

ਗੁਰੂ ਜੀ ਕਥਨ ਕਰਦੇ ਹਨ— ਪੂਰਿਆਂ ਗੁਰਾਂ ਨੇ ਨਾਮ ਨੂੰ ਨਿਧੀਆਂ ਦਾ ਖਜ਼ਾਨਾ ਦਿਖਾ ਦਿੱਤਾ ਹੈ॥ ੧੪ ॥

ਸਲੋਕ ਮ: ੩ ॥

ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ॥

ਜਿਸ ਪਪੀਹੇ ਜੀਵ ਨੇ ਗੁਰਾਂ ਦੇ ਉਪਦੇਸ਼ ਦੁਆਰਾ ਪਰਮੇਸ਼ਰ ਦੇ ਹੁਕਮ ਨੂੰ ਪਛਾਣ ਲਿਆ ਹੈ, ਉਸਦਾ 'ਸਹਜਿ ਸੁਭਾਇ'=ਸ਼ਾਂਤੀ ਸੁਭਾਵ ਹੋਇਆ ਹੈ।

ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥

ਉਸ ਉਤੇ ਗੁਰੂ ਬੱਦਲ ਦਇਆ ਦ੍ਰਿਸ਼ਟੀ ਕਰਕੇ ਗੂੜੀ ਛਹਬਰ=ਝੜੀ ਲਾ ਕੇ ਉਪਦੇਸ਼ ਜਲ ਵਰਸਦਾ ਹੈ।

ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ॥

ਉਸ ਬਾਬੀਹੇ=ਜੀਵ ਦੀਆਂ ਕੂਕ ਪੁਕਾਰ=ਉਚੀਆਂ ਪੁਕਾਰਾਂ ਕਰਨੀਆਂ ਰਹਿ ਗਈਆਂ ਹਨ ਅਤੇ ਉਸ ਦੇ ਮਨ ਵਿਚ ਆ ਕੇ ਸੁਖ ਵਸਿਆ ਹੈ।

ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਉਸ ਪ੍ਰਭੂ ਨੂੰ ਸਲਾਹੁਣਾ ਕਰੀਏ ਜੋ ਸਾਰਿਆਂ ਜੀਵਾਂ ਨੂੰ ਰਿਜਕੁ=ਖਾਨ ਪਾਣ ਸਮਾਇ=ਪੁਚਾ ਦੇਂਦਾ ਹੈ॥ ੧ ॥

ਮ: ੩ ॥

ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ ॥

ਹੇ ਜੀਵ ਰੂਪ ਚਾਤ੍ਰਿਕ=ਪਪੀਹੇ ਤੂੰ ਜਾਣਦਾ ਨਹੀਂ ਹੈਂ ਤੇਰੇ ਵਿਚ ਕੇਹੜੀ ਤ੍ਰੇਹ ਹੈਂ ਅਤੇ ਕਿਸ ਜਲ ਦੇ ਪੀਤਿਆਂ ਉਹ ਤ੍ਰੇਹ ਜਾਂਦੀ ਹੈ। ਅਰਥਾਤ- ਤੇਰੇ ਵਿਚ ਭੇਦ ਵਾਦ ਰੂਪੀ ਤ੍ਰੇਹ ਹੈ ਤੇ ਨਾਮ ਗਿਆਨ ਰੂਪੀ ਜਲ ਦੇ ਪੀਤਿਆਂ ਉਹ ਤਰੇਹ ਜਾਣੀ ਹੈ।

ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ ॥

ਤੂੰ ਦਵੈਤ ਭਾਵ ਕਰਕੇ ਭੌਂਦਾ ਫਿਰਦਾ ਹੈਂ, ਇਸ ਲਈ ਤੇਰੇ ਬੁੱਧੀ ਰੂਪ ਪਲੇ ਵਿਚ ਨਾਮ ਗਿਆਨ ਰੂਪੀ ਅੰਮ੍ਰਿਤ ਜਲ ਨਹੀਂ ਪੈਂਦਾ।

ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ॥

ਜੇਕਰ ਪਰਮਾਤਮਾ ਆਪਣੀ ਕਿਰਪਾ ਦ੍ਰਿਸ਼ਟੀ ਤੇਰੇ ਉਤੇ ਕਰੇ ਤਾਂ ਤੂੰ ਸੁਭਾਵਕ ਹੀ ਸਤਿਗੁਰਾਂ ਨੂੰ ਜਾ ਮਿਲੇਗਾ। ਅਥਵਾ:-ਜੇ ਤੂੰ ਆਪਣੀ ਹਾਲਤ ਵੱਲ ਨਦਰਿ ਕਰੇ=ਨਿਗਾਹ ਕਰੇਂ, ਤਾਂ ਫਿਰ ਸੁਭਾਵਕ ਹੀ ਸਤਿਗੁਰਾਂ ਨੂੰ ਮਿਲ ਪਵੇਂਗਾ।

ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ ਸਹਜੇ ਰਹਿਆ ਸਮਾਇ॥੨॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੇ ਸਤਿਗੁਰਾਂ ਪਾਸੋਂ ਨਾਮ ਗਿਆਨ ਰੂਪ ਅੰਮ੍ਰਿਤ ਜਲ ਪਾਇਆ ਹੈ, ਉਹ ਸੁਭਾਵਕ ਹੀ ਸਹਜ ਪਦ ਵਿਖੇ ਸਮਾਅ ਰਹਿੰਦਾ ਹੈ॥ ੨॥

ਪਉੜੀ॥ ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ॥

ਇਕ ਪੁਰਸ਼ ਜੰਗਲਾਂ ਦੇ ਅਸਥਾਨ 'ਪਰ ਜਾ ਕੇ ਅਜੇਹੀ ਮੋਨਿ ਧਾਰ ਕੇ ਬੈਠਦੇ ਹਨ, ਜੇ ਕੋਈ ਬੁਲਾਵੇ ਤਾਂ ਅਗੋਂ 'ਸਦ ਨ ਦੇਵਹੀ'=ਅਵਾਜ਼ ਭੀ ਨਹੀਂ ਦੇਂਦੇ।

ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ॥

ਇਕ ਪੁਰਸ਼ ਪਾਲੇ ਦੀ ਰੁਤ ਵਿਚ ਕਕਰ ਨੂੰ ਭੰਨ ਕੇ ਸੀਤਲੁ=ਠੰਢੇ ਜਲ ਨੂੰ ਹੇਂਵਹੀ=ਸਹਾਰਦੇ ਹਨ।

ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ॥

ਇਕ ਪੁਰਸ਼ ਆਪਣੇ ਅੰਗਿ=ਸਰੀਰ 'ਪਰ ਭਸਮ=ਸ੍ਵਾਹ (ਬਭੂਤੀ) ਚੜ੍ਹਾਵਹਿ=ਚੜ੍ਹਾਦੇ (ਮਲਦੇ) ਹਨ ਅਤੇ ਸਰੀਰ ਤੋਂ ਮੈਲ ਨੂੰ ਧੋਂਦੇ ਨਹੀਂ ਹਨ।

ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ॥

ਇਕ ਪੁਰਸ਼ ਬਿਕਟ=ਕਠਨ ਜਟਾਵਾਂ ਦਾ ਜੂੜਾ ਧਾਰ ਕੇ ਬਿਕਰਾਲ=ਭਿਆਨਕ (ਡਰੌਣੇ) ਬਣੇ ਹੋਏ ਹਨ, ਕੁਲ ਅਤੇ ਘਰ ਨੂੰ ਨਾਸ ਕਰਦੇ ਹਨ, ਅਰਥਾਤ- ਆਪਣੀ ਕੁਲ ਤੇ ਘਰ ਦਾ ਨਾਮ ਹੀ ਗੁਆ ਦੇਂਦੇ ਹਨ (ਏਹ ਸਭ ਪਖੰਡੀਆਂ ਦਾ ਜ਼ਿਕਰ ਕਰ ਰਹੇ ਹਨ)

[ਪੰਨਾ ੧੨੮੫]

ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ॥

ਇਕ ਪੁਰਸ਼ ਦਿਨ ਰਾਤ ਅਲਫ ਨੰਗੇ ਫਿਰਦੇ ਹਨ, ਨੀਂਦ ਆਉਣ ਤੇ ਭੀ ਸੋਂਦੇ ਨਹੀਂ ਹਨ।

ਵਾ:-ਸ਼ਾਂਤੀ ਰੂਪ ਨੀਂਦ ਵਿਚ ਨਹੀਂ ਸੌਂਦੇ।

ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ॥

ਇਕ ਪੁਰਸ਼ ਅਗਨਿ ਜਲਾਵਹਿ=ਅੱਗ ਬਾਲ ਕੇ, ਭਾਵ- ਪੰਜ ਧੂਣੀਆਂ ਤਪਾ ਕੇ ਵਿਚਕਾਰ ਆਪ ਬੈਠ ਕੇ ਅੰਗਾਂ ਨੂੰ, ਵਾ:-ਅੰਗੁ=ਸਰੀਰ ਨੂੰ ਸਾੜਦੇ ਹਨ ਅਤੇ ਆਪਣੇ ਆਪ ਨੂੰ ਵਿਗੋਵਹੀ=ਖਰਾਬ ਕਰ ਲੈਂਦੇ ਹਨ।

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ॥

ਜਦ ਅੰਤ ਵੇਲੇ ਤਨੁ ਛਾਰੁ=ਸਰੀਰ ਸ੍ਵਾਹ ਹੋ ਗਿਆ, ਤਿਸ ਵੇਲੇ ਨਾਮ ਸਿਮਰਨ ਤੋਂ ਬਿਨਾਂ ਜੋ ਜੀਵ ਹੈ ਉਹ ਕੀ ਕਹਿ ਕੇ ਰੋਵੇਗਾ।

ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ॥ ੧੫॥

ਜੇਹੜੇ ਗੁਰਮੁਖ ਸਤਿਗੁਰਾਂ ਦੀ ਸੇਵਾ ਕਰਦੇ ਹਨ ਉਹ ਖਸਮ=ਮਾਲਕ ਪਰਮੇਸ਼ਰ ਦੇ ਦਰਬਾਰ ਵਿਚ ਜਾ ਕੇ ਸੋਹਨਿ=ਸ਼ੋਭਾ ਪਾਂਦੇ ਹਨ॥ ੧੫॥

ਸਲੋਕ ਮ: ੩॥

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥

ਜਿਸ ਵੇਲੇ ਬਾਬੀਹਾ=ਜੀਵ ਅੰਮ੍ਰਿਤ ਵੇਲੇ ਉੱਠ ਕੇ ਬੋਲਿਆ ਤਾਂ ਇਸ ਦੀ ਪੁਕਾਰ ਪ੍ਰਭੂ ਦੇ ਦਰ 'ਤੇ ਸੁਣੀ ਗਈ। *ਅਥਵਾ:*-ਜਿਸ ਵੇਲੇ ਇਹ ਬਾਬੀਹਾ=ਜੀਵ ਮਨੁੱਖ ਜਨਮ ਦੀ ਪ੍ਰਾਪਤੀ ਰੂਪ ਅੰਮ੍ਰਿਤ ਵੇਲੇ ਬੋਲਿਆ ਤਾਂ ਇਸ ਦੇ ਦਰਿ=ਅੰਦਰ ਦੀ ਪੁਕਾਰ ਸੁਣੀ ਗਈ।

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥

ਉਸ ਵੇਲੇ ਗੁਰੂ ਰੂਪ ਮੇਘੈ=ਬੱਦਲ ਨੂੰ ਹੁਕਮ ਹੋਇਆ ਕਿ ਤੁਸੀਂ ਦੁਨੀਆਂ ਵਿਚ ਜਾ ਕੇ ਜੀਵਾਂ 'ਪਰ ਕ੍ਰਿਪਾ ਦ੍ਰਿਸ਼ਟੀ ਧਾਰ ਕੇ ਉਪਦੇਸ਼ ਜਲ ਵਰਸਨਾ ਕਰੋ।

ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ॥

ਮੈਂ ਉਨ੍ਹਾਂ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਸੱਚ ਨੂੰ ਆਪਣੇ ਹਿਰਦੇ ਵਿਚ ਧਾਰ ਰੱਖਿਆ ਹੈ। *ਅਥਵਾ:*-ਜਿਨ੍ਹਾਂ ਨੇ ਗੁਰੂ ਦੇ ਸੱਚੇ ਉਪਦੇਸ਼ ਨੂੰ ਵਾ:-ਸੱਚ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ, ਮੈਂ ਉਨ੍ਹਾਂ ਗੁਰਮੁਖਾਂ ਤੋਂ ਕੁਰਬਾਨ ਜਾਂਦਾ ਹਾਂ।

ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ॥ ੧॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਨੂੰ ਵਿਚਾਰ ਕੇ ਨਾਮ ਜਪਿਆ ਹੈ, ਉਨ੍ਹਾਂ ਦੇ ਹਿਰਦੇ ਵਿਚ ਸਾਰਿਆਂ ਸ਼ੁਭ ਗੁਣਾਂ ਦੀ ਹਰਿਆਵਲਤਾ ਹੋ ਗਈ ਹੈ॥ ੧॥

ਮ: ੩॥ ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ॥

ਹੇ ਬਾਬੀਹਾ=ਜੀਵ ! ਇਸ ਤਰ੍ਹਾਂ ਤੇਰੀ ਤਰੇਹ ਨਹੀਂ ਉਤਰੇਗੀ, ਜੇਕਰ ਤੂੰ ਸੈਂਕੜੇ ਵਾਰੀ ਭੀ ਪੁਕਾਰਾਂ ਕਰ ਲਵੇ।

ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ॥

ਨਦਰੀ=ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਗਿਆਨ ਨਜ਼ਰ ਵਾਲੇ ਸਤਿਗੁਰੂ ਪਾਈਏ, ਤਾਂ ਹਿਰਦੇ ਵਿਚ ਨਦਰੀ=ਪਰਮਾਤਮਾ ਦਾ ਪਿਆਰ ਉਪਜਦਾ ਹੈ।

ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ॥ ੨॥

ਗੁਰੂ ਜੀ ਕਥਨ ਕਰਦੇ ਹਨ- ਸਾਹਿਬੁ=ਮਾਲਕ ਪਰਮਾਤਮਾ ਮਨ ਵਿਚ ਵਸ ਜਾਵੇ, ਤਾਂ ਹਿਰਦੇ ਵਿਚੋਂ

ਸਭ ਵਿਕਾਰ ਚਲੇ ਜਾਂਦੇ ਹਨ॥ ੨॥

ਪਉੜੀ॥

ਕਿਸੀ ਨੇ ਕਿਹਾ, ਆਪ ਜੈਨੀਆਂ ਦਾ ਮਤ ਦੱਸੋ ਉਹ ਕੀ ਕਰਤੱਬ ਕਰਦੇ ਹਨ?

ਇਹ ਗੱਲ ਸੁਣ ਕੇ ਗੁਰੂ ਜੀ ਆਖਦੇ ਹਨ, ਪਿਛੇ ਮਾਝ ਦੀ ਵਾਰ ਵਿਚ ਭੀ ਕਿਹਾ ਹੈ—

ਸਿਰ ਖੋਹਾਇ ਪੀਐ ਮਲਵਾਣੀ ਜੂਠਾ ਮੰਗ ਮੰਗ ਖਾਹੀ॥

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥

ਇਕ ਜੇਹੜੇ ਜੈਨੀ ਮਤ ਵਾਲੇ ਹਨ ਉਨ੍ਹਾਂ ਨੇ ਆਪਣੇ ਆਪ ਨੂੰ ਔਝੜੇ ਪਾ ਕੇ ਮੁੱਢ ਤੋਂ ਹੀ ਪਰਮਾਤਮਾ ਨੂੰ ਖੁਆਇਆ=ਭੁਲਾ ਦਿੱਤਾ ਹੈ।

ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ॥

ਉਨ੍ਹਾਂ ਦੇ ਮੂੰਹ ਵਿਚ ਨਾਮ ਨਹੀਂ ਵਸਦਾ, ਨਾ ਹੀ ਉਹ ਤੀਰਥਾਂ 'ਪਰ ਇਸ਼ਨਾਨ ਕਰਦੇ ਹਨ।

ਹਥੀ ਸਿਰ ਖੋਹਾਇ ਨ ਭਦੁ ਕਰਾਇਆ॥

ਉਹ ਚੇਲਾ ਬਨਾਣ ਲਗਿਆਂ ਘੋਲੀ ਹੋਈ ਸੁਆਹ ਸਿਰ ਵਿਚ ਪਾ ਕੇ ਹੱਥਾਂ ਨਾਲ ਸਿਰ ਦੇ ਵਾਲ ਖੋਹਦੇ ਹਨ, ਨ ਭਦੁ ਕਰਾਇਆ=ਮੁੰਡਨ ਨਹੀਂ ਕਰਾਂਵਦੇ।

ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥

ਦਿਨ ਰਾਤ ਕੁਚਿਲ=ਗੰਦੇ ਰਹਿੰਦੇ ਹਨ, ਉਨ੍ਹਾਂ ਨੂੰ ਸਬਦੁ=ਜਲ ਦਾ ਵਰਤਨਾ ਭਾਉਂਦਾ ਨਹੀਂ ਹੈ।

ਵਾ:-ਸਬਦੁ=ਬੇਦਾਂ ਦਾ ਪੜਨਾ ਭਾਉਂਦਾ ਨਹੀਂ ਹੈ।

ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥

ਉਨ੍ਹਾਂ ਦੀ ਨਾ ਉਚੀ ਜਾਤੀ ਹੈ, ਨਾ ਪਤਿ=ਪਤਿਸ਼ਟਾ ਹੈ ਨਾ ਹੀ ਕੋਈ ਸ਼ੁਭ ਕਰਮ ਹੈ,

ਵਾ:-ਉਨ੍ਹਾਂ ਦੀ ਪਤਿ=ਇੱਜ਼ਤ ਨਹੀਂ ਜਾਤਿ=ਜਾਣੀ ਜਾਂਦੀ ਕਿਉਂਕਿ ਉਨ੍ਹਾਂ ਨੇ ਕੋਈ ਸ਼ੁਭ ਕਰਮ ਨਹੀਂ ਕੀਤਾ, ਉਨ੍ਹਾਂ ਨੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗਵਾ ਲਿਆ ਹੈ।

ਮਨਿ ਜੂਠੈ ਵੇਜਾਤਿ ਜੂਠਾ ਖਾਇਆ॥

ਉਹ ਮਨ ਦੇ ਜੂਠੇ=ਅਪਵਿੱਤਰ ਵੇਂ ਜਾਤਿ=ਨੀਚ ਜਾਤ ਵਾਲੇ ਹਨ, ਜਿਸ ਭੋਜਨ ਵਿਚੋਂ ਪਹਿਲੇ ਕਈ ਸੱਜਣ ਛਕ ਗਏ ਹੋਣ, ਸੇਸ (ਬਾਕੀ) ਜੋ ਭੋਜਨ ਬਚਿਆ ਪਿਆ ਹੈ ਉਸ ਜੂਠੇ ਭੋਜਨ ਨੂੰ ਮੰਗ ਕੇ ਖਾਂਦੇ ਹਨ।

ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ॥

ਗੁਰ ਉਪਦੇਸ਼ ਰੂਪ ਸਰੇਸ਼ਟ ਕਰਤੱਬ ਧਾਰੇ ਤੋਂ ਬਿਨਾਂ ਕਿਸੇ ਨੇ ਭੀ ਨਹੀਂ ਪਾਇਆ।

ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥

ਗੁਰਮੁਖਾਂ ਦਾ ਮਨ ਓਅੰਕਾਰ ਦੇ ਸੱਚ ਨਾਮ ਵਿਚ ਸਮਾਇਆ ਹੋਇਆ ਹੈ।

ਅਥਵਾ:-ਗੁਰਮੁਖਾਂ ਨੇ ਓਅੰਕਾਰ ਦਾ ਸਿਮਰਨ ਕਰਕੇ ਸੱਚ ਸਰੂਪ ਵਿਚ ਸਮਾਵਨਾ ਕੀਤਾ ਹੈ॥ ੧੬॥

ਸਲੋਕ ਮ: ੩ ॥

ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥

ਇਸ ਮਨੁੱਖਾ ਦੇਹ ਰੂਪ ਸਾਵਣ ਵਿਚ ਉਹ ਜੀਵ ਰੂਪ ਇਸਤ੍ਰੀ ਸਰਸੀ=ਅਧਿਕ ਅਨੰਦ ਹੋਈ ਹੈ ਜਿਸ ਨੇ ਗੁਰਾਂ ਦੇ ਸ਼ਬਦ ਦੀ ਵਿਚਾਰ ਕੀਤੀ ਹੈ।

ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਉਹ ਇਸਤ੍ਰੀਆਂ ਸਦਾ ਸੁਹਾਗ ਵੰਤੀਆਂ ਹਨ, ਜਿਨ੍ਹਾਂ ਨੇ ਗੁਰਾਂ ਦੇ ਵਿਚ ਅਪਾਰਿ=ਬਿਅੰਤ ਹੇਤਿ=ਪ੍ਰੇਮ ਕੀਤਾ ਹੈ॥ ੧ ॥

ਮ: ੩ ॥ ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ ॥

ਇਸ ਮਨੁੱਖਾ ਦੇਹ ਰੂਪ ਸਾਵਣ ਵਿਚ ਜੋ ਸ਼ੁਭ ਗੁਣਾਂ ਤੋਂ ਬਾਹਰ ਹੈ ਅਤੇ ਜਿਸ ਦਾ ਦਵੈਤ ਭਾਵ ਵਿਚ ਪਿਆਰ ਹੈ ਉਹ ਦਝੈ=ਸੜਦੀ ਰਹਿੰਦੀ ਹੈ।

ਨਾਨਕ ਪਿਰ ਕੀ ਸਾਰ ਨ ਜਾਣਈ ਸਭੁ ਸੀਗਾਰੁ ਖੁਆਰੁ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਉਹ ਪਤੀ ਪਰਮਾਤਮਾ ਦੀ ਸਾਰ ਸੰਭਾਲ ਨਹੀਂ ਜਾਣਦੀ, ਉਸ ਦਾ ਸਾਧਨਾ ਰੂਪੀ, ਵਾ:-ਸ਼ਕਾਮ ਕਰਮਾਂ ਰੂਪੀ ਸ਼ਿੰਗਾਰ ਕੀਤਾ ਹੋਇਆ ਸਾਰਾ ਇਸ ਨੂੰ ਖੁਆਰੁ=ਖਰਾਬ ਕਰਨ ਵਾਲਾ ਹੈ॥ ੨ ॥

ਪਉੜੀ ॥ ਸਚਾ ਅਲਖ ਅਭੇਉ ਹਠਿ ਨ ਪਤੀਜਈ ॥

ਅਲਖ=ਲਖਣੇ ਤੋਂ ਰਹਿਤ, ਅਭੇਉ=ਭੇਦਾਂ ਤੋਂ ਰਹਿਤ ਸੱਚਾ ਪ੍ਰਭੂ ਹਠ ਵਾਲੇ ਕਰਮਾਂ ਦੇ ਕਰਨ ਨਾਲ ਨਹੀਂ ਪਤੀਜਦਾ।

ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥

ਇਕ ਪੁਰਸ਼ ਰਾਗਾਂ ਨੂੰ ਤੇ ਪਰੀਆ=ਰਾਗਣੀਆਂ ਨੂੰ ਗਾਉਂਦੇ ਹਨ, ਪਰ ਉਹ ਪਰਮਾਤਮਾ ਰਾਗਾਂ ਕਰਕੇ ਭੀ ਭੀਜਈ=ਪ੍ਰਸੰਨ ਨਹੀਂ ਹੁੰਦਾ।

ਯਥਾ:- ਕੋਈ ਗਾਵੈ ਰਾਗੀ ਨਾਦੰੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੈ॥ *(ਪੰਨਾ ੪੫੦)*

ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥

ਇਕ ਪੁਰਸ਼ ਨਚ ਨਚ ਕੇ ਤਾਲਾਂ ਨੂੰ ਪੂਰਦੇ ਹਨ, ਪਰ ਪ੍ਰਭੂ ਦੀ ਭਗਤੀ ਨਹੀਂ ਕਰਦੇ । ਇਸ ਕਰਕੇ ਪ੍ਰਭੂ ਪ੍ਰਸੰਨ ਨਹੀ ਹੁੰਦਾ।

ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥

ਇਕ ਪੁਰਸ਼ ਅਜੇਹੇ ਮੂਰਖ ਹਨ ਜੋ ਅੰਨ ਨਹੀਂ ਖਾਂਦੇ, ਆਖਦੇ ਹਨ ਦੂਧਾਧਾਰੀ ਹੋਣ ਨਾਲ ਹੀ ਮੁਕਤੀ ਹੈ, ਉਨ੍ਹਾਂ ਨੇ ਕੀ ਮੁਕਤੀ ਪ੍ਰਾਪਤ ਕਰ ਲੈਣੀ ਹੈ, ਅਰਥਾਤ ਉਹ ਮੁਕਤੀ ਨੂੰ ਨਹੀਂ ਪਾ ਸਕਦੇ। ਯਾਂ ਉਨ੍ਹਾਂ ਨੇ ਕਿਆ ਪਰਮੇਸ਼ਰ ਨੂੰ ਪ੍ਰਸੰਨ ਕਰ ਲੈਣਾ ਹੈ, ਅਰਥਾਤ ਨਹੀਂ।

ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥

ਪਦਾਰਥਾਂ ਦੀ ਤ੍ਰਿਸ਼ਨਾ ਬਹੁਤ ਹੋ ਗਈ ਹੈ, ਇਸ ਲਈ ਉਨ੍ਹਾਂ ਦਾ ਮਨ ਕਿਸੇ ਤਰ੍ਹਾਂ ਭੀ ਨ ਧੀਜਈ=ਧੀਰਜ ਨਹੀਂ ਕਰਦਾ।

ਕਰਮ ਵਧਹਿ ਕੈ ਲੋਅ ਖਪਿ ਮਰੀਜਈ॥

ਕੈ ਲੋਅ=ਕਿਤਨੇ ਹੀ ਲੋਕ ਕਰਮਾਂ ਵਿਚ ਬੱਧੇ ਹੋਏ ਖਪ ਖਪ ਕੇ ਮਰਦੇ ਹਨ।

ਅਥਵਾ:-ਕਿਤਨੇ ਲੋਕ ਕਰਮਾਂ ਨੂੰ ਕਰਕੇ ਵਧਦੇ ਰਹਿੰਦੇ ਹਨ ਅੰਤ ਨੂੰ ਮਾਇਆ ਵਿਚ ਖਪ ਕੇ ਮਰ ਜਾਂਦੇ ਹਨ।

ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ॥

ਨਾਮ ਅੰਮ੍ਰਿਤ ਦੇ ਪੀਣ ਕਰਕੇ ਹੀ ਸੰਸਾਰ ਵਿਚ ਲਾਭ ਪ੍ਰਾਪਤ ਹੁੰਦਾ ਹੈ।

ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ॥ ੧੭॥

ਹਰੀ ਦੀ ਅਸਨੇਹਿ=ਪ੍ਰੇਮਾ ਭਗਤੀ ਦੇ ਅਨੰਦ ਨੂੰ ਗੁਰਮੁਖ ਹੀ ਘੀਜਈ=ਲੈਂਦੇ ਹਨ॥ ੧੭॥

ਸਲੋਕ ਮ: ੩॥

ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ॥

ਜੇਹੜਾ ਕੋਈ ਗੁਰਾਂ ਦੁਆਰੇ ਮਲਾਰ ਰਾਗ ਨੂੰ ਗੈਣ ਕਰਦਾ ਹੈ, *ਵਾ:*-ਸਾਰਿਆਂ ਵਿਚ ਮਲਾਰ= ਮਿਲਿਆ ਹੋਇਆ ਜੋ ਪ੍ਰਭੂ ਹੈ ਉਸ ਨਾਲ ਜੋ ਗੁਰਾਂ ਦੁਆਰੇ ਰਾਗੁ=ਪ੍ਰੇਮ ਕਰਦਾ ਹੈ।

ਅਥਵਾ:- ਅਵਿਦਿਆ ਰੂਪ ਮਲਾਰ=ਮਲ ਦਾ ਅਰੀ ਜੋ ਵਿਵੇਕ ਹੈ,

ਅਥਵਾ:-ਕਾਮ ਕ੍ਰੋਧ ਰੂਪ ਮਲ ਦਾ ਅਰੀ ਜੋ ਵੈਰਾਗ ਹੈ, ਉਸ ਨਾਲ ਜੇਹੜਾ ਗੁਰਾਂ ਦੁਆਰੇ ਪ੍ਰੇਮ ਕਰਦਾ ਹੈ ਉਸ ਦਾ ਮਨ ਤਨ ਸੀਤਲੁ ਹੋਇ=ਸ਼ਾਂਤੀ ਨੂੰ ਪਰਾਪਤ ਹੁੰਦਾ ਹੈ।

ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ॥

ਗੁਰ ਸ਼ਬਦੀਆਂ ਨੇ ਉਸ ਇਕੋ ਇਕ ਸੱਚੇ ਨੂੰ ਪਛਾਣਿਆ ਹੈ। *ਵਾ:*-ਗੁਰ ਸ਼ਬਦੀਆਂ ਨੇ ਇਕ ਨੂੰ ਪਛਾਣਿਆ ਹੈ ਅਤੇ ਨਿਸਚੇ ਕੀਤਾ ਹੈ ਕਿ ਓਹੀ ਇਕ ਸੱਚਾ ਸਾਰੇ ਵਰਤ ਰਿਹਾ ਹੈ।

ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ॥

ਸੱਚ ਦੇ ਮਨਨ ਕਰਨ ਨਾਲ ਉਨ੍ਹਾਂ ਦਾ ਤਨ ਮਨ ਸੱਚਾ ਹੈ, ਉਸ ਸੱਚੇ ਦੀ ਸੋਇ=ਸ਼ੋਭਾ ਵੀ ਸੱਚੀ ਹੈ।

ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ॥

ਉਨ੍ਹਾਂ ਦੇ ਅੰਦਰ ਸੱਚੀ ਭਗਤੀ ਹੈ ਇਸ ਕਰਕੇ ਉਨ੍ਹਾਂ ਦੀ ਸੁਭਾਵਕ ਹੀ ਇੱਜ਼ਤ ਹੋ ਰਹੀ ਹੈ।

ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ॥

ਕਲਜੁਗ ਵਿਚ ਘੋਰ=ਭਿਆਨਕ ਅਗਿਆਨ ਦਾ ਹਨੇਰਾ ਹੈ, ਇਸ ਲਈ ਮਨਮੁਖਾਂ ਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਕੋਈ ਭਗਤੀ ਗਿਆਨ ਰੂਪੀ ਰਸਤਾ ਨਹੀਂ ਦਿੱਸਦਾ।

ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਗੁਰਮੁਖਾਂ ਨੂੰ ਉਹ ਪ੍ਰਭੂ ਪ੍ਰਗਟ ਹੋਇਆ ਹੈ ਉਹ ਵੱਡਿਆਂ ਭਾਗਾਂ ਵਾਲੇ ਹਨ॥ ੧ ॥

ਮ: ੩ ॥ ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ ॥

ਜਿਸ ਵੇਲੇ ਗੁਰੂ ਰੂਪ ਇੰਦੁ=ਬੱਦਲ ਦਇਆ ਕਰਕੇ ਉਪਦੇਸ਼ ਜਲ ਨੂੰ ਵਸਿਆ, ਤਾਂ ਜਗਿਆਸੂ ਲੋਕਾਂ ਦੇ ਮਨ ਵਿਚ ਬੜਾ ਚਾਉ=ਉਤਸ਼ਾਹ ਪੈਦਾ ਹੋਇਆ।

ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਂਉ ॥

ਜਿਸ ਪ੍ਰਭੂ ਦੇ ਹੁਕਮ ਨਾਲ ਗੁਰੂ ਬੱਦਲ ਉਪਦੇਸ ਜਲ ਵਰਸਦਾ ਹੈ, ਜਗਿਆਸੂ ਆਖਦਾ ਹੈ ਮੈਂ ਉਸ ਪ੍ਰਭੂ ਤੋਂ ਸਦਾ ਬਲਿਹਾਰ ਜਾਂਦਾ ਹਾਂ।

[ਪੰਨਾ ੧੨੮੬]

ਗੁਰਮੁਖਿ ਸਬਦੁ ਸਮ੍ਹਾਲੀਐ ਸਚੇ ਕੇ ਗੁਣ ਗਾਉ ॥

ਗੁਰਾਂ ਦੁਆਰੇ ਉਸ ਸਬਦੁ=ਬ੍ਰਹਮ ਨੂੰ ਮਨ ਕਰਕੇ ਸਮਾਲਣਾ ਕਰੀਏ ਅੰਤੇ ਸੱਚੇ ਪ੍ਰਭੂ ਦੇ ਗੁਣ ਬਾਣੀ ਦੁਆਰਾ ਗਾਵਣਾ ਕਰੀਏ।

ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜੋ ਪੁਰਸ਼ ਨਾਮੀ ਦੇ ਨਾਮ ਸਿਮਰਨ ਵਿਚ ਰੱਤੇ ਹਨ ਉਹ ਨਿਰਮਲੇ=ਸ਼ੁਧ ਹਨ ਅਤੇ ਉਹ ਸੁਭਾਵਕ ਹੀ ਸੱਚ ਸਰੂਪ ਵਿਚ ਸਮਾਅ ਜਾਂਦੇ ਹਨ॥ ੨ ॥

ਪਉੜੀ ॥ ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥

ਗੁਰਮੁਖਾਂ ਨੇ ਪੂਰਿਆਂ ਸਤਿਗੁਰਾਂ ਦੀ ਸੇਵਾ ਕਰਕੇ ਪੂਰਾ ਨਾਮ ਗਿਆਨ ਪਾਇਆ ਹੈ।

ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥

ਪੂਰੈ ਕਰਮਿ=ਪੂਰਨ ਭਾਗਾਂ ਵਾਲਿਆਂ ਨੇ ਗੁਰੂ ਦਾ ਪੂਰਾ ਉਪਦੇਸ਼ ਮਨ ਵਿਚ ਵਸਾਇਆ ਹੈ ਅਤੇ ਪਰਮੇਸ਼ਰ ਨੂੰ ਧਿਆਉਣਾ ਕੀਤਾ ਹੈ।

ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥

ਪੂਰਨ ਪ੍ਰਭੂ ਦੇ ਗਿਆਨ ਧਿਆਨ ਦੀ ਤਾਕਤ ਨਾਲ ਅੰਤਹਕਰਣ ਵਿਚੋਂ ਰਾਗ ਦ੍ਵੈਸ਼ ਰੂਪੀ ਮੈਲ ਨੂੰ ਚੁੱਕਾ ਦਿੱਤਾ ਹੈ।

ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥

ਹਰੀ ਨੂੰ ਤੀਰਥ ਦੇ ਸਰਿ=ਸਦਰਸ ਜਾਣ ਕੇ ਗੁਰਮੁਖਾਂ ਦੇ ਮਨ ਨੇ ਇਸ਼ਨਾਨ ਕੀਤਾ ਹੈ।

*ਅਥਵਾ:-*ਤੀਰਥ ਨਾਲੋਂ ਭੀ ਸਰਿ=ਸ੍ਰੇਸ਼ਟ ਜਾਣ ਕੇ ਹਰੀ ਨਾਮ ਜਲ ਵਿਚ ਮਨ ਨੂੰ ਇਸ਼ਨਾਨ ਕਰਵਾਇਆ।

ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥

ਸਤਿਗੁਰਾਂ ਦੇ ਸ਼ਬਦ ਦੁਆਰਾ ਮਨ ਨੂੰ ਮਾਰ ਕੇ ਜੋ ਜੀਵਤ ਭਾ ਤੋਂ ਮਰਦੇ ਹਨ ਉਨ੍ਹਾਂ ਦੇ ਜੰਮਣ ਵਾਲੀ ਮਾਂ ਧੰਨਤਾ ਦੇ ਜੋਗ ਹੈ।

ਦਰਿ ਸਚੈ ਸਚਿਆਰੁ ਸਚਾ ਆਇਆ ॥

ਉਹ ਸੱਚੇ ਦਰਬਾਰ ਵਿਚ ਸੱਚੇ ਹਨ, ਉਨ੍ਹਾਂ ਦਾ ਜਗਤ ਵਿਚ ਆਉਣਾ ਭੀ ਸਫਲ ਹੈ।

ਪੁਛਿ ਨ ਸਕੈ ਕੋਇ ਜਾਂ ਖਸਮੈ ਭਾਇਆ ॥

ਜੇਹੜਾ ਆਪਣੇ ਮਾਲਕ ਪਰਮੇਸ਼ਰ ਨੂੰ ਭਾਅ ਗਿਆ ਹੈ, ਉਸ ਕੋਲੋਂ ਫਿਰ ਕੋਈ ਭੀ ਲੇਖਾ ਨਹੀਂ ਪੁੱਛ ਸਕਦਾ।

ਨਾਨਕ ਸਚੁ ਸਲਾਹਿ ਲਿਖਿਆ ਪਾਇਆ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ—ਜੇਹੜਾ ਸੱਚ ਨੂੰ ਸਲਾਹਿਆ ਹੈ ਏਹ ਪਿਛਲੇ ਲਿਖੇ ਕਰਮਾਂ ਦਾ ਫਲ ਪਾਯਾ ਹੈ। *ਅਥਵਾ:*-ਗੁਰਮੁਖਾਂ ਨੇ ਸੱਚ ਨਾਮ ਨੂੰ ਸਲਾਹ ਕੇ ਉਸ ਪ੍ਰਭੂ ਨੂੰ ਪਾਇਆ ਹੈ ਜਿਸ ਦਾ ਜਸ ਵੇਦਾਂ ਸ਼ਾਸਤ੍ਰਾਂ ਵਿਚ ਲਿਖਿਆ ਹੋਇਆ ਹੈ॥ ੧੮॥

ਪਖੰਡੀ ਗੁਰੂ ਚੇਲਿਆਂ ਦੀ ਦਸ਼ਾ ਸੁਨਾਂਵਦੇ ਹਨ।

ਸਲੋਕ ਮ: ੧ ॥

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥

ਚੌਕੋਣੀ ਟੋਪੀ ਨੂੰ ਕੁਲਹਾਂ ਕਹਿੰਦੇ ਹਨ, ਜਿਸ ਨੂੰ ਉਦਾਸੀਨ ਮਹਾਤਮਾ ਪਹਿਰਦੇ ਹਨ। ਇਸ ਤਰਫ ਚੇਲਾ ਬਨਾਉਣ ਲਈ ਭੇਖ ਰੂਪੀ ਕੁਲਹਾਂ=ਟੋਪੀ ਨੂੰ ਜੋ ਦੇਂਦੇ ਹਨ ਉਹ ਬਾਵਲੇ=ਝਲੇ ਹਨ ਅਤੇ ਲੈਣ ਵਾਲੇ ਭੀ ਬੜੇ ਨਿਰੱਲਜ ਹਨ। ਇਸ 'ਪਰ ਚੂਹਿਆਂ ਦਾ ਦ੍ਰਿਸ਼ਟਾਂਤ ਹੈ, ਇਕ ਜਗ੍ਹਾਂ ਚੂਹੇ ਬਹੁਤ ਰਹਿੰਦੇ ਸਨ ਬਿੱਲੀ ਆ ਕੇ ਬਹੁਤਿਆਂ ਦਾ ਨੁਕਸਾਨ ਕਰ ਜਾਂਦੀ ਸੀ। ਇਕ ਦਿਨ ਰਲ ਕੇ ਚੂਹਿਆਂ ਨੇ ਵਿਚਾਰ ਕੀਤਾ ਕਿ ਇਕ ਨੂੰ ਸਰਦਾਰ ਬਣਾ ਦੇਈਏ ਜਿਸ ਕਰਕੇ ਬਿੱਲੀ ਤੋਂ ਬਚੇ ਰਹੀਏ, ਇਕ ਮੋਟਾ ਚੂਹਾ ਸੀ ਉਸ ਦੇ ਲਕ ਨਾਲ ਛੱਜ ਬੰਨ੍ਹ ਕੇ ਸ਼ਰਦਾਰ ਬਣਾ ਦਿੱਤਾ। ਜਿਸ ਵੇਲੇ ਬਿੱਲੀ ਆਈ ਤਾਂ ਸਾਰੇ ਚੂਹੇ ਦੌੜ ਕੇ ਖੁਡ ਵਿਚ ਵੜ ਗਏ, ਜੇਹੜਾ ਚੂਹਾ ਸਭਨਾਂ ਦਾ ਸਰਦਾਰ ਬਣਿਆ ਸੀ ਉਹ ਕੁਝ ਤਾਂ ਪਹਿਲੇ ਮੋਟਾ ਸੀ ਫੇਰ ਲੱਕ ਨਾਲ ਛੱਜ ਬੱਧਾ ਹੋਇਆ ਸੀ ਖੁਡ ਵੱਲ ਗਿਆ ਤਾਂ ਸਹੀ ਪ੍ਰਵੇਸ਼ ਨਾ ਕਰ ਸਕਿਆ ਪਿਛੋਂ ਬਿੱਲੀ ਨੇ ਆ ਕੇ ਮਾਰ ਲਿਆ, ਓਹੀ ਗੱਲ ਆਖਦੇ ਹਨ—

ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥

ਮੋਟਾ ਚੂਹਾ ਤਾਂ ਅਗੇ ਹੀ ਖੁਡ ਵਿਚ ਨਹੀਂ ਸੀ ਸਮਾਂਵਦਾ ਫੇਰ ਸਭਨਾਂ ਨੇ ਉਸ ਦੇ ਲਕ ਨਾਲ ਛੱਜ ਬੰਨ੍ਹ ਦਿੱਤਾ ਫੇਰ ਕਿਵੇਂ ਖੁਡ ਵਿਚ ਵੜ ਸਕਦਾ ਸੀ, ਇਸੇ ਤਰ੍ਹਾਂ ਚੂਹੇ ਵਾਂਗੂੰ ਪਖੰਡੀ ਗੁਰੂ ਆਪ ਤਾਂ ਮੋਖ ਰੂਪੀ ਖੁਡ ਵਿਚ ਮਿਉਂਦਾ ਨਹੀਂ ਹੈ, ਸਗੋਂ ਹੋਰ ਚੇਲਿਆਂ ਰੂਪੀ ਛੱਜ ਕਮਰ ਨਾਲ ਬੰਨ੍ਹ ਲਿਆ ਹੈ ਉਹ ਕਿਵੇਂ ਮੁਕਤੀ ਨੂੰ ਪ੍ਰਾਪਤ ਹੋ ਸਕਦਾ ਹੈ ਉਸ ਨੂੰ ਜਮ ਰੂਪ ਬਿੱਲੀ ਨੇ ਮਾਰ ਲੈਣਾ ਹੈ। ਤਿਕਲਿ=ਲੱਕ ਨਾਲ ਛੱਜ ਦਾ ਬੰਨ੍ਹਣਾ ਏਹੋ ਹੈ ਜਿਹੜਾ ਗੁਰਤਾ ਦੇ ਅਭਮਾਨ ਕਰਕੇ ਚੇਲਿਆਂ ਦਾ ਬਨਾਣਾ ਹੈ।

ਦੇਨਿ੍ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥

ਜੋ ਪਖੰਡੀ ਗੁਰੂ ਚੇਲਿਆਂ ਨੂੰ ਦੁਆਈ=ਅਸੀਸਾਂ ਦੇਂਦੇ ਹਨ ਉਹ ਆਪ ਮਰ ਜਾਂਦੇ ਹਨ ਅਤੇ ਜਿਨ੍ਹਾਂ ਚੇਲਿਆਂ ਨੂੰ ਅਸੀਸਾਂ ਦੇਂਦੇ ਹਨ ਉਹ ਚੇਲੇ ਭੀ ਮਰ ਜਾਂਦੇ ਹਨ।

ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥

ਗੁਰੂ ਜੀ ਕਥਨ ਕਰਦੇ ਹਨ— ਪ੍ਰਭੂ ਦਾ ਹੁਕਮ ਜਾਣਿਆ ਨਹੀਂ ਜਾਂਦਾ, ਕਿ ਉਹ ਕਿਥੇ ਜਾ ਕੇ ਸਮਾਂਵਦੇ ਹਨ, ਭਾਵ ਕਰਮਾਂ ਅਨੁਸਾਰ ਜੂਨੀਆਂ ਵਿਚ ਜਾਂਦੇ ਹਨ।

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥

ਦਿਨ ਰੂਪ ਅਹਾੜੀ=ਹਾੜੀ ਦੀ ਫਸਲ ਵੀ ਇਕ ਨਾਮ ਹੈ, ਰਾਤ ਰੂਪੀ ਸਾਵਣੀ ਦਾ ਫਸਲ ਵੀ ਇਕ ਨਾਮ ਹੈ। ਹਾੜੀ ਤੇ ਸਾਉਣੀ ਦੇ ਦੋ ਹੀ ਫਸਲ ਹੁੰਦੇ ਹਨ ਇਸ ਤਰਫ ਦੋ ਹੀ ਦਿਨ ਰਾਤ ਹਨ, ਭਾਵ ਦਿਨ ਰਾਤ ਦੋਨੋਂ ਟਾਇਮ ਅਸੀਂ ਨਾਮ ਨੂੰ ਹੀ ਜਪਦੇ ਹਾਂ।

ਮੈ ਮਹਦ੍ਦੂ ਲਿਖਾਇਆ ਖਸਮੈ ਕੈ ਦਰਿ ਜਾਇ॥

ਖਸਮੈ=ਪਰਮਾਤਮਾ ਦੇ ਸਤਸੰਗ ਦਰਵਾਜ਼ੇ 'ਪਰ ਜਾ ਕੇ ਗੁਰਾਂ ਪਾਸੋਂ ਮੈਂਨੇ ਅਦ੍ਵੈਤ ਨਿਸਚੇ ਰੂਪੀ, ਵਾ:-ਨੌਮ ਰੂਪੀ ਮਾਫੀ ਦਾ ਮਹਦ੍ਦੂ=ਪਟਾ ਲਿਖਵਾਇਆ ਹੈ।

ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥

ਦੁਨੀਆਂ ਦੇ ਜੋ ਰਾਜੇ ਹਨ ਉਨ੍ਹਾਂ ਦੇ ਕਿਤਨੇ ਹੀ ਦਰ=ਦਰਵਾਜ਼ੇ ਹਨ, ਉਨ੍ਹਾਂ ਰਾਹੀਂ ਕਿਤਨੇ ਹੀ ਪੁਰਸ਼ ਆਉਂਦੇ ਤੇ ਜਾਂਦੇ ਹਨ।

ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥ ੧॥

ਕਿਤਨੇ ਹੀ ਮੰਗਤੇ ਉਨ੍ਹਾਂ ਦਰਵਾਜ਼ਿਆਂ 'ਪਰ ਖਲੋ ਕੇ ਮੰਗਦੇ ਹਨ ਅਤੇ ਕਿਤਨੇ ਹੀ ਮੰਗ ਮੰਗ ਕੇ ਤੁਰੇ ਜਾਂਦੇ ਹਨ॥ ੧॥

ਮ: ੧॥ ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥

ਜਿਵੇਂ ਹਸਤੀ=ਹਾਥੀ ਸਾਲ ਦਾ ਕਈ ਸੈਂਕੜੇ ਮਨ ਘਿਉ ਗੁੜ ਖਾ ਜਾਂਦਾ ਹੈ ਅਤੇ ਪੰਜ ਸੌ ਮਨਾਂ ਦਾਨਾ ਖਾ ਜਾਂਦਾ ਹੈ। ਖਾ ਕੇ-

ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥

ਡਕੈ=ਡਕਾਰ ਮਾਰਦਾ ਹੈ ਸੁੰਡ ਨਾਲ ਫੂਕੈ=ਫੁੰਕਾਰੇ ਮਾਰਦਾ ਹੈ, ਫੁੰਕਾਰ ਮਾਰ ਕੇ ਮਿੱਟੀ ਉਡਾਂਦਾ ਹੈ। ਸ੍ਵਾਸਾਂ ਦੇ ਨਿਕਲ ਜਾਣ 'ਤੇ ਪਿਛੋਂ ਪਛੁਤਾਂਦਾ ਹੈ। ਇਸੇ ਤਰ੍ਹਾਂ ਹਾਥੀ ਸਮਾਨ ਰਾਜੇ ਲੋਕ ਕਈ ਸੈਂਕੜੇ ਮਨ ਘਿਉ ਗੁੜ ਖਾਂਵਦੇ ਹਨ, ਭਾਵ ਪ੍ਰਸ਼ਾਦ ਬਣਵਾ ਕੇ ਖਾਂਦੇ ਹਨ, ਕਈ ਪੰਜ ਸੈ ਮਨਾਂ ਦਾਣਾ=ਅੰਨ ਖਾਂਦੇ ਹਨ। ਖਾ ਕੇ ਡਕੈ=ਕਠੋਰ ਬਚਨ ਬੋਲਦੇ ਹਨ, ਫੂਕੈ=ਹੰਕਾਰ ਕਰਦੇ ਹਨ ਤੇ ਵਿਸ਼ਿਆਂ ਰੂਪੀ ਖੇਹ ਉਡਾਂਦੇ ਹਨ, ਜਿਸ ਵੇਲੇ ਸ੍ਵਾਸ ਨਿਕਲਦੇ ਹਨ ਤਾਂ ਪਛਚਾਤਾਪ ਕਰਦੇ ਹਨ। ਅੰਨ ਛਕਣ ਵੇਲੇ ਰਾਂਜੇ ਪਾਸ ਕੱਠਾ ਭੋਜਨ ਤਿਆਰ ਹੋ ਕੇ ਆਉਂਦਾ ਹੈ ਉਸ ਵਿਚੋਂ ਪਹਿਲੇ ਸਭਨਾਂ ਨੂੰ ਛਕਾ ਕੇ ਆਪ ਰਾਜਾ ਪਿਛੋਂ ਖਾਂਦਾ ਹੈ, ਮਤਾਂ ਭੋਜਨ ਵਿਚ

ਕਿਸੇ ਅਸ਼ੁਭ ਚਿੰਤਕ ਨੇ ਵਿਹੁ ਨਾ ਪਾਈ ਹੋਵੇ।

ਅੰਧੀ ਫੂਕਿ ਮੁਈ ਦੇਵਾਨੀ॥ ਖਸਮਿ ਮਿਟੀ ਫਿਰਿ ਭਾਨੀ॥

ਦੇਵਾਨੀ=ਪਾਗਲ ਤੇ ਅੰਨ੍ਹੀ ਦੁਨੀਆਂ ਫੂਕਿ=ਹੰਕਾਰ ਕਰਦੀ ਹੀ ਮਰ ਗਈ ਹੈ। ਖਸਮ ਭਾਨੀ=ਮਾਲਕ ਪ੍ਰਭੂ ਦੀ ਭਾਵੀ ਵਰਤੀ ਤਾਂ ਫਿਰ ਦੇਹ ਮਿੱਟੀ ਹੋ ਗਈ। ਵਾ:-ਖਸਮ ਨੂੰ ਜਿਸ ਵੇਲੇ ਉਸ ਦੀ ਮਿਰਤੂ ਕਰਨੀ ਭਾਨੀ=ਭਾਈ ਤਾਂ ਫਿਰ ਉਹ ਮਿੱਟੀ ਰੂਪ ਹੋ ਗਈ।

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥

ਜਿਵੇਂ, ਅਧੁ ਗੁਲ੍ਹਾ=ਅੱਧਾ ਗੁਲੇਲਾ, ਵਾ :- ਅੱਧਾ ਚੁਟਨਾ, ਵਾ :- ਅੱਧਾ ਗ੍ਰਾਸ ਚਿੜੀ ਦਾ ਚੋਗਾ ਹੈ, ਉਸ ਨੂੰ ਖਾ ਕੇ ਗੈਣਿ=ਅਕਾਸ਼ ਵਿਚ ਚੜ੍ਹੀ ਹੋਈ ਬਿਲਲਾਇ=ਬੋਲਦੀ ਹੈ।

ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥

ਮਾਲਕ ਪ੍ਰਭੂ ਨੂੰ ਭਾਅ ਜਾਵੇ ਤਾਂ ਉਹ ਚਿੜੀ ਚੰਗੀ ਹੈ ਜੇਹੜੀ ਖੁਦਾ ਖੁਦਾ ਉਚਾਰਨ ਕਰਦੀ ਹੈ। ਇਸੇ ਤਰ੍ਹਾਂ ਚਿੜੀ ਸਮਾਨ ਨਿੰਮ੍ਰਤਾ ਵਾਲੇ ਜੋ ਸੰਤ ਹਨ ਜਿਨ੍ਹਾਂ ਦਾ ਚੋਗਾ ਅੱਧਾ ਗ੍ਰਾਸ ਹੈ, ਭਾਵ— ਜਿਨ੍ਹਾਂ ਦਾ ਅਹਾਰ ਥੋੜ੍ਹਾ ਹੈ, ਉਹ ਚਿਦਾ ਕਾਸ 'ਪਰ ਚੜ੍ਹੇ ਹੋਏ ਵਿਚਰਦੇ ਹਨ ਤੇ ਪਰਮੇਸ਼ਰ ਸਬੰਧੀ ਬਚਨ ਬਿਲਲਾਇ=ਬੋਲਦੇ ਹਨ। ਖਸਮੁ=ਪਰਮਾਤਮਾ ਨੂੰ ਭਾਅ ਜਾਵੇ ਤਾਂ ਸੰਤਾਂ ਰੂਪ ਚਿੜੀ ਚੰਗੀ ਹੈ ਜੋ ਖੁਦਾ ਖੁਦਾ ਨਾਮ ਨੂੰ ਉਚਾਰਨ ਕਰਦੀ ਹੈ।

ਸਕੜੁਆ ਸੀਹੁ ਮਾਰੈ ਸੈ ਮਿਰਿਆ ਸਭ ਪਿਛੈ ਪੈ ਖਾਇ॥

ਸਕਤਾ=ਬਲ ਵਾਲਾ ਜੋ ਸੀਹੁ=ਸ਼ੇਰ ਹੈ ਉਹ ਸੈ ਮਿਰਿਆ=ਸੈਂਕੜੇ ਮਿਰਗਾਂ ਨੂੰ ਮਾਰਦਾ ਹੈ, ਉਸ ਦੇ ਪਿਛੋਂ ਫੇਰ ਸਾਰੇ ਜੰਗਲੀ ਜਾਨਵਰ ਗਿੱਦੜ ਆਦਿਕ ਪੈ ਕੇ ਖਾ ਜਾਂਦੇ ਹਨ।

ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥

ਸਤਾਣ ਹੋਣ ਕਰਕੇ ਉਹ ਸ਼ੇਰ ਆਪਣੇ ਘੁਰਨੇ ਵਿਚ ਨਹੀਂ ਸਮਾਉਂਦਾ, ਸ੍ਵਾਸਾਂ ਦੇ ਨਿਕਲ ਜਾਣ ਤੋਂ ਬਾਅਦ ਪਛਾਚਾਤਾਪ ਕਰਦਾ ਹੈ। ਇਸੇ ਤਰ੍ਹਾਂ ਬਲ ਵਾਲਾ ਸ਼ੇਰ ਜੋ ਰਾਜਾ ਹੈ ਉਹ ਸੈਂਕੜੇ ਮ੍ਰਿਗਾਵਲੀ=ਗਰੀਬਾਂ ਨੂੰ ਮਾਰਦਾ ਹੈ ਉਸ ਦੇ ਪਿਛੋਂ ਫੇਰ ਸਾਰੇ ਅਹਿਲਕਾਰ ਤੇ ਵਕੀਲ ਆਦਿਕ ਪੈ ਕੇ ਖਾਂਦੇ ਹਨ। ਉਹ ਰਾਜਾ ਸਹਿਤ ਤਾਨ=ਹੰਕਾਰ ਦੇ ਹੋਣ ਕਰਕੇ ਸਰੀਰ ਰੂਪ ਘੁਰਨੇ ਵਿਚ, ਵਾ:-ਤਖ਼ਤ ਰੂਪੀ ਘੁਰਨੇ 'ਪਰ,

ਵਾ:-ਘਰ ਰੂਪੀ ਘੁਰਨੇ ਵਿਚ ਨਹੀਂ ਸਮਾਉਂਦਾ ਜਿਸ ਵੇਲੇ ਸ੍ਵਾਸ ਨਿਕਲ ਜਾਂਦੇ ਹਨ ਤਿਸ ਵੇਲੇ ਅਨਿਆਈ ਰਾਜਾ ਪਛਤਾਉਂਦਾ ਹੈ।

ਅੰਧਾ ਕਿਸ ਨੋ ਬੁਕਿ ਸੁਣਾਵੈ॥ ਖਸਮੈ ਮੂਲਿ ਨ ਭਾਵੈ॥

ਅੰਨ੍ਹਾਂ ਅਗਿਆਨੀ ਕਿਸਨੂੰ ਹੰਕਾਰ ਸਹਿਤ ਬੋਲ ਕੇ ਸੁਨਾਂਵਦਾ ਹੈ

ਵਾ:-ਕਿਸ ਨੂੰ ਬੁਕਿ=ਕਿਤਾਬ ਪੜ੍ਹ ਕੇ ਸੁਨਾਂਦਾ ਹੈ। ਹੰਕਾਰੀ ਪੁਰਸ਼ ਖਸਮ ਨੂੰ ਕਦਾਚਿਤ ਭਾਉਂਦਾ ਨਹੀਂ ਹੈ।

(ਅੰਗਰੇਜ਼ੀ ਵਿਚ ਬੁਕਿ=ਕਿਤਾਬ ਨੂੰ ਆਖਦੇ ਹਨ।)

ਅਕ ਸਿਉ ਪ੍ਰੀਤਿ ਕਰੇ ਅਕਤਿਡਾ ਅਕਡਾਲੀ ਬਹਿ ਖਾਇ॥

ਜਿਵੇਂ ਅਕਤਿਡਾ ਜਾਨਵਰ ਅਕ ਨਾਲ ਪ੍ਰੀਤਿ ਕਰਦਾ ਹੈ ਤੇ ਅਕ ਦੀ ਡਾਲੀ ਉਤੇ ਬੈਠ ਕੇ ਅਕ ਦੇ ਫਲ

ਫੁਲ ਖਾਂਦਾ ਹੈ। ਤਿਵੇਂ, ਅਕਤਿਡਾ=ਬਾਨ ਪ੍ਰਸਤੀ ਅਕ=ਬਨ ਨਾਲ ਪ੍ਰੀਤੀ ਕਰਦਾ ਹੈ ਅਕ=ਬਨ ਵਿਚ ਬੈਠ ਕੇ ਬਨ ਦੇ ਫਲ ਫੁਲ ਖਾਂਦਾ ਹੈ।

ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥

ਖਸਮੈ ਭਾਵੈ=ਮਾਲਕ ਪਰਮਾਤਮਾ ਨੂੰ ਭਾਅ ਜਾਵੇ ਤਾਂ ਓਹੀ ਚੰਗਾ ਹੈ ਜੇਹੜਾ ਖੁਦਾਇ ਖੁਦਾਇ=ਰੱਬ ਰੱਬ (ਵਾਹਿਗੁਰੂ ਵਾਹਿਗੁਰੂ) ਨਾਮ ਉਚਾਰਨ ਕਰਦਾ ਹੈ।

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥

ਗੁਰੂ ਜੀ ਕਥਨ ਕਰਦੇ ਹਨ— ਦੁਨੀਆਂ ਵਿਚ ਰਹਿਣਾ ਚਾਰ ਦਿਨ ਦਾ ਹੈ, ਸੁਖ ਪ੍ਰਾਪਤ ਕੀਤਿਆਂ ਮਗਰੋਂ ਦੁੱਖ ਹੀ ਪ੍ਰਾਪਤ ਹੁੰਦੇ ਹਨ।

ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥

ਮਾਇਆ ਦੇ ਤਿਆਗ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ, ਪਰ ਇਸ ਮਾਇਆ ਨੂੰ ਕੋਈ ਭੀ ਛੱਡ ਨਹੀਂ ਸਕਦਾ।

ਮਖੀ ਮਿਠੈ ਮਰਣਾ॥

ਜਿਵੇਂ, ਮੱਖੀ ਦਾ ਮਿੱਠੇ 'ਪਰ ਮਰਨਾ ਹੁੰਦਾ ਹੈ। ਤਿਵੇਂ, ਜੀਵ ਰੂਪ ਮੱਖੀ ਦਾ ਵਿਸ਼ੇ ਸੁਖ ਰੂਪ ਮਿੱਠੇ 'ਪਰ, ਵਾ:-ਮਾਇਆ ਰਚਤ ਪਦਾਰਥਾਂ ਰੂਪ ਮਿੱਠੇ 'ਪਰ ਮਰਨਾ ਹੁੰਦਾ ਹੈ।

ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥

ਹੇ ਵਾਹਿਗੁਰੂ ! ਜਿਨ੍ਹਾਂ ਨੂੰ ਤੂੰ ਰੱਖਦਾ ਹੈਂ, ਉਨ੍ਹਾਂ ਦੇ ਨੇੜੇ ਮਾਇਆ ਨਹੀਂ ਆਉਂਦੀ ਤਿਨ੍ਹਾਂ ਦਾ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੨॥

ਪਉੜੀ॥ ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ॥

ਹੇ ਅਗਮ ਅਗੋਚਰ ਅਲਖ ਅਪਾਰ ! ਇਕ ਤੂੰਹੀ ਸੱਚਾ ਧਣੀ=ਮਾਲਕ ਹੈਂ।

ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ॥

ਸਭ ਦਾ ਦਾਤਾ ਤੂੰਹੀ ਹੈ ਹੋਰ ਸਾਰੇ ਜੀਵ ਮੰਗਤੇ ਹਨ, ਸਾਰਿਆਂ ਨੂੰ ਦਾਤਾਂ ਦੇ ਦੇਣਵਾਲਾ ਇਕ ਤੂੰ ਹੀ ਹੈਂ।

ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥

ਗੁਰ ਸਿੱਖਿਆ ਦੁਆਰੇ ਵੀਚਾਰ ਨਾਲ ਜਿਨ੍ਹਾਂ ਨੇ ਆਪ ਜੀ ਨੂੰ ਸੇਵਿਆ ਹੈ, ਤਿਨ੍ਹਾਂ ਨੇ ਸੁਖ ਪਾਇਆ ਹੈ।

ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ॥

ਭੈਨੂੰ ਇਕਨਾਂ ਮਨਮੁਖਾਂ ਨੂੰ ਇਸ ਤਰ੍ਹਾਂ ਰੱਖਣਾ ਭਾਉਂਦਾ ਹੈ, ਜੋ ਹਰਦਮ ਉਹ ਮਨਮੁਖ ਮਾਇਆ ਨਾਲ ਹੀ ਪਿਆਰ ਕਰਦੇ ਹਨ।

ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ॥

ਜਿਨ੍ਹਾਂ ਦੇ ਹਿਰਦੇ ਅੰਦਰ ਮਨ ਬਾਣੀ ਕਰਕੇ ਪ੍ਰੇਮ ਪਿਆਰ ਹੈ, ਉਹ ਗੁਰਾਂ ਦੇ ਸ਼ਬਦ ਦੁਆਰਾ ਆਪ ਜੀ

ਨੂੰ ਸਲਾਹੁੰਦੇ ਹੰਨ।

ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ॥

ਆਪ ਜੀ ਨਾਲ ਪ੍ਰੀਤੀ ਕੀਤੇ ਬਿਨਾਂ ਭਗਤੀ ਨਹੀਂ ਹੁੰਦੀ ਅਤੇ ਸਤਿਗੁਰਾਂ ਤੋਂ ਬਿਨਾਂ ਆਪ ਜੀ ਨਾਲ ਪਿਆਰ ਨਹੀਂ ਲੱਗਦਾ।

ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ॥

ਤੂੰ ਸਾਰਿਆਂ ਦਾ ਪ੍ਰਭੁ=ਮਾਲਕ ਹੈਂ ਸਾਰੇ ਜੀਵ ਆਪ ਜੀ ਨੂੰ ਹੀ ਸੇਂਵਦੇ ਹਨ, ਇਕ ਮੈਂ ਢਾਢੀ ਤੇਰਾ ਜਸ ਗਾਉਣ ਵਾਲਾ ਤੇਰੇ ਅੱਗੇ ਪੁਕਾਰ ਕਰਦਾ ਹਾਂ।

ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ॥ ੧੯॥

ਮੈਨੂੰ ਏਹ ਦਾਨ ਦਿਓ ਜਿਸ ਕਰਕੇ ਮੈਂ ਸੰਤੋਖੀ ਹੋਵਾਂ ਅਤੇ ਸੱਚੇ ਨਾਮ ਦਾ ਆਧਾਰ=ਆਸਰਾ ਮਿਲੇ॥ ੧੯॥

[ਪੰਨਾ ੧੨੮੭]

ਇਕ ਪੁਰਸ਼ ਦੇ ਮਰ ਜਾਣ ਕਰਕੇ ਉਸ ਦੇ ਸਬੰਧੀ ਰੋਂਦੇ ਪਏ ਸਨ, ਗੁਰੂ ਜੀ ਵੇਖ ਕੇ ਆਖਦੇ ਹਨ-

ਸਲੋਕ ਮ: ੧॥

ਰਾਤੀ ਕਾਲੁ ਘਟੈ ਦਿਨਿ ਕਾਲੁ॥ ਛਿਜੈ ਕਾਇਆ ਹੋਇ ਪਰਾਲੁ॥

ਰਾਤਾਂ ਕਰਕੇ ਭੀ ਉਮਰਾਂ ਦਾ ਕਾਲੁ=ਸਮਾਂ ਤੇ ਦਿਨਾਂ ਕਰਕੇ ਭੀ ਉਮਰਾਂ ਦਾ ਕਾਲੁ=ਸਮਾਂ ਘਟਦਾ ਜਾਂਦਾ ਹੈ। ਕਾਇਆ=ਦੇਹ ਛਿਜਦੀ ਛਿਜਦੀ ਪਰਾਲੀ ਵਾਂਗੂੰ ਖਾਲੀ, ਭਾਵ ਨਿਸੱਤੀ ਹੁੰਦੀ ਜਾਂਦੀ ਹੈ।

ਵਰਤਣਿ ਵਰਤਿਆ ਸਰਬ ਜੰਜਾਲੁ॥ ਭੁਲਿਆ ਚੁਕਿ ਗਇਆ ਤਪ ਤਾਲੁ॥

ਇਹ ਜੀਵ ਸਰਬ ਜੰਜਾਲੁ=ਸਾਰਿਆਂ ਧੰਧਿਆਂ ਦੀ ਵਰਤਣ ਵਿਚ ਵਰਤ ਰਿਹਾ ਹੈ।

ਵਾਹਿਗੁਰੂ ਤੋਂ ਭੁਲੇ ਹੋਏ ਜੀਵ ਨੂੰ ਤਪ ਦਾ ਤਾਲੁ=ਤਪਨਾ ਚੁਕਿ ਗਇਆ =ਭੁਲ ਗਿਆ ਹੈ।

ਵਾ:-ਤਾਲੁ=ਸ਼ੀਘਰ ਹੀ ਜਪ ਤਪ ਦਾ ਕਰਨਾ ਭੁਲ ਗਿਆ ਹੈ।

ਅਥਵਾ:-ਤਪਤਾਲ=ਤੱਤਾ ਘਰ ਨਰਕ, ਵਾ:-ਮਾਂ ਦਾ ਉਦਰ ਭੁਲ ਗਿਆ ਹੈ।

ਅੰਧਾ ਝਖਿ ਝਖਿ ਪਇਆ ਝੇਰਿ॥ ਪਿਛੈ ਰੋਵਹਿ ਲਿਆਵਹਿ ਫੇਰਿ॥

ਅੰਨ੍ਹਾਂ ਅਗਿਆਨੀ ਪੁਰਸ਼ ਝਖਿ ਝਖਿ=ਖਪ ਖਪ ਕੇ ਸੰਸਾਰ,

ਵਾ:-ਚੁਰਾਸੀ ਲੱਖ ਜੂਨ ਦੇ ਝੇਰਿ=ਖਾਤੇ ਵਿਚ ਪਿਆ ਹੋਇਆ ਹੈ। ਜੇਹੜੇ ਸਬੰਧੀ ਪਿਛੇ ਰੋਂਦੇ ਹਨ, ਕੀ ਉਸ ਮਰੇ ਹੋਏ ਨੂੰ ਫੇਰਿ=ਮੋੜ ਲਿਆਉਣਗੇ, ਅਰਥਾਤ ਨਹੀਂ ਲਿਆ ਸਕਦੇ।

ਬਿਨੁ ਬੂਝੇ ਕਿਛੁ ਸੂਝੈ ਨਾਹੀ॥ ਮੋਇਆ ਰੋਹਿ ਰੋਂਦੇ ਮਰਿ ਜਾਂਹੀ॥

ਗੁਰਾਂ ਪਾਸੋਂ ਬੂਝੇ=ਪੁਛੇ ਬਿਨਾਂ, ਜਾਂ ਵਾਹਿਗੁਰੂ ਨਾਮ ਦੇ ਸਮਝੇ ਤੋਂ ਬਿਨਾਂ ਕੁਝ ਸੂਝੈ ਨਾਹੀ=ਸਮਝ ਪ੍ਰਾਪਤ ਨਹੀਂ ਹੁੰਦੀ। ਜੇਹੜੇ ਮਰਿਆਂ ਨੂੰ ਰੋਂਦੇ ਹਨ ਸਮੇਂ ਅਨੁਸਾਰ ਉਹ ਰੋਣੇ ਵਾਲੇ ਭੀ ਮਰ ਜਾਂਦੇ ਹਨ।

ਨਾਨਕ ਖਸਮੈ ਏਵੈ ਭਾਵੈ॥ ਸੇਈ ਮੁਏ ਜਿਨ ਚਿਤਿ ਨ ਆਵੈ॥ ੧॥

ਗੁਰੂ ਜੀ ਕਥਨ ਕਰਦੇ ਹਨ—ਖਸਮੈ=ਪਰਮਾਤਮਾ ਨੂੰ ਏਸੇ ਤਰ੍ਹਾਂ ਹੀ ਭਾਉਂਦਾ ਹੈ। ਜਿਨ੍ਹਾਂ ਨੂੰ ਵਾਹਿਗੁਰੂ ਚਿਤ ਚੇਤੇ ਨਹੀਂ ਆਉਂਦਾ ਅਸਲ ਵਿਚ ਤਾਂ ਓਹੀ ਮੋਏ ਹੋਏ ਹਨ॥ ੧॥

ਮ: ੧॥

ਕਿਸੀ ਨੇ ਕਿਹਾ, ਜੀਵ ਤਾਂ ਮਰਦਾ ਨਹੀਂ, ਫੇਰ ਕੇਹੜੀ ਚੀਜ਼ ਮਰਦੀ ਹੈ? ਉੱਤਰ-

ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ॥

ਸਮਾਨ ਕਰਕੇ ਜੋ ਪਿਆਰ ਕਰਦੇ ਸਾਂ ਉਹ ਮਰ ਗਿਆ, ਵਿਸ਼ੇਸ਼ ਕਰਕੇ ਜੋ ਪ੍ਰੀਤੀ ਕਰਦੇ ਸਾਂ ਉਹ ਮਰ ਗਈ, *ਅਥਵਾ:*-ਸਨਬੰਧੀਆਂ ਦਾ ਪਿਆਰ ਮਰ ਗਿਆ ਹੈ, ਪਦਾਰਥਾਂ ਦੀ ਪਰੀਤੀ ਮਰ ਗਈ ਹੈ, ਵੈਰ ਅਤੇ ਵਾਦੀ=ਝਗੜਾ ਕਰਨਾ ਵੀ ਮਰ ਗਿਆ ਹੈ, ਜਾਂ ਝਗੜਿਆਂ ਕਰਕੇ ਜੋ ਵੈਰ ਕਰਨਾ ਹੈ ਉਹ ਮਰ ਗਿਆ ਹੈ।

ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ॥

ਕਾਲਾ, ਪੀਲਾ, ਸੁਫੈਦ ਆਦਿਕ ਵੰਨੁ=ਰੰਗ ਚਲਾ ਗਿਆ ਹੈ, ਰੂਪੁ=ਅਕਾਰ ਵੀ ਬਿਨਸ ਗਿਆ ਹੈ, ਦੁੱਖੀ ਰਹਿਣ ਵਾਲੀ ਦੇਹ ਅੰਤ ਨੂੰ ਮਿੱਟੀ ਵਿਚ ਰੁਲਦੀ ਹੈ।

ਵਾ:-ਦੇਹ ਇਥੇ ਰੁਲਦੀ ਹੈ ਤੇ ਜੀਵ ਅੱਗੇ ਪ੍ਰਲੋਕ ਵਿਚ ਜਾ ਕੇ ਦੁੱਖੀ ਹੁੰਦਾ ਹੈ।

ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿ ਹੁਸੀ॥

ਇਹ ਜੀਵ ਕਿਥਹੁ ਆਇਆ=ਕਿਸ ਜੂਨ ਵਿਚੋਂ ਆਇਆ ਹੈ ਤੇ ਕਹ ਗਇਆ=ਕਿਸ ਜੂਨ ਵਿਚ ਗਿਆ ਹੈ, ਇਹ ਜੀਵ ਪਿਛੇ 'ਕਿਹੁ ਸੀਓ'=ਕੀ ਕੁਝ ਹੈਗਾ ਸੀ ਤੇ ਅੱਗੇ ਜਾ ਕੇ 'ਕਿ ਹੁਸੀ'=ਕੀਹ ਹੋਵੇਗਾ, ਇਸ ਗੱਲ ਦਾ ਕੁਝ ਕਿਸੇ ਨੂੰ ਪਤਾ ਨਹੀਂ ਹੈ।

ਮਨਿਮੁਖਿ ਗਲਾ ਗੋਈਆ ਕੀਤਾ ਚਾਉ ਰਲੀ॥

ਮਨਮੁਖ ਪੁਰਸ਼ਾਂ ਨੇ ਐਵੇਂ ਹੀ ਗਲਾ ਗੋਈਆ=ਕਹੀਆਂ ਹਨ, ਕਿ ਜੇਹੜਾ ਮਨੁੱਖ ਮਰ ਗਿਆ ਹੈ ਇਸਨੇ ਰਲੀ=ਖੁਸ਼ੀਆਂ ਪੂਰਬਕ ਬੜਾ ਚਾਉ=ਅਨੰਦ ਲੈਣਾ ਕੀਤਾ ਹੈ।

ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ॥ ੨॥

ਗੁਰੂ ਜੀ ਕਥਨ ਕਰਦੇ ਹਨ— ਸੱਚੇ ਨਾਮ ਤੋਂ ਬਿਨਾਂ ਜੀਵ ਦੀ ਸਿਰ ਤੋਂ ਲੈ ਕੇ ਖੁਰ=ਪੈਰਾਂ ਤੱਕ ਪਤਿ=ਇੱਜ਼ਤ ਪਾਟੀ ਹੋਈ ਹੈ। ਅਰਥਾਤ— ਜਨਮ ਤੋਂ ਲੈ ਕੇ ਮਰਨ ਤੱਕ ਬੇਇੱਜ਼ਤਾ ਹੀ ਰਿਹਾ ਹੈ॥ ੨॥

ਪਉੜੀ॥ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ॥

ਪ੍ਰਭੂ ਦਾ ਨਾਮ ਅੰਮ੍ਰਿਤ ਇਸ ਲੋਕ ਵਿਚ ਸਦਾ ਸੁਖਾਂ ਦੇ ਦੇਣ ਵਾਲਾ ਹੈ ਤੇ ਅੰਤ ਸਮੇਂ ਪ੍ਰਲੋਕ ਵਿਚ ਵੀ ਸਖਾਈ=ਸਹਾਈ ਹੁੰਦਾ ਹੈ।

ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ॥

ਗੁਰਾਂ ਤੋਂ ਬਿਨਾਂ ਜਗਤ ਪਾਗਲ ਹੈ ਇਸ ਨੇ ਨਾਮ ਦੀ ਸਾਰ=ਖਬਰ ਨਹੀਂ ਪਾਈ।

ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ ਜੋਤੀ ਜੋਤਿ ਮਿਲਾਈ॥

ਜੋ ਸਤਿਗੁਰਾਂ ਨੂੰ ਸੇਂਵਦੇ ਹਨ ਅਤੇ ਜਿਨ੍ਹਾਂ ਨੇ ਜੋਤੀ=ਪਰਮਾਤਮਾ ਨਾਲ ਆਪਣੀ ਜੋਤਿ=ਬਿਰਤੀ ਮਿਲਾਈ ਹੈ ਉਹ ਪ੍ਰਮਾਣੀਕ ਹਨ।

ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ॥

ਜੇਹੋ ਜੇਹਾ ਉਹ ਸਾਹਿਬ ਹੈ ਉਹ ਸੇਵਕ ਭੀ ਤੇਹੋ ਜੇਹਾ ਹੈ ਜਿਸ ਨੇ ਆਪਣੇ ਮਨ ਵਿਚ ਭਾਣਾ ਮੰਨਣਾ ਵਸਾਇਆ ਹੈ। (ਭਾਈ ਭਿਖਾਰੀ ਜੀ ਵਾਂਙੂ।)

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ॥

ਦੱਸੋ ਭਾਈ ! ਆਪਣੇ ਭਾਣੇ ਵਿਚ ਤੁਰ ਕੇ ਕਿਸਨੇ ਸੁਖ ਪਾਇਆ ਹੈ,
ਅੰਨ੍ਹਾਂ ਜੋ ਮਨਮੁਖ ਹੈ ਉਸਦੀ ਕਮਾਈ ਭੀ ਅੰਨ੍ਹੀ ਹੈ।

ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ॥

ਵਿਸ਼ਿਆਂ ਨੂੰ ਭੋਗਦਾ ਭੋਗਦਾ ਕਦੇ ਰੱਜਦਾ ਹੀ ਨਹੀਂ, ਕਿਉਂਕਿ ਮੂਰਖ ਦੀ ਭੁਖ=ਤ੍ਰਿਸ਼ਨਾ ਜਾਂਦੀ ਨਹੀਂ ਹੈ।

ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ॥

ਸਭ ਕੋਈ ਦਵੈਤ ਵਿਚ ਲੱਗ ਕੇ ਵਿਗੁਤਾ=ਖਰਾਬ ਹੋਇਆ ਹੈ, ਸਤਿਗੁਰ ਤੋਂ ਬਿਨਾਂ ਇਸ ਗੱਲ ਦੀ ਸਮਝ ਨਹੀਂ ਪਾਈ ਜਾਂਦੀ ।

ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ॥ ੨੦॥

ਜੋ ਸਤਿਗੁਰਾਂ ਦੀ ਸੇਵਾ ਕਰਦਾ ਹੈ ਓਹੀ ਪੁਰਸ਼ ਸੁਖ ਪਾਉਂਦਾ ਹੈ, ਪ੍ਰਸ਼ਨ-ਗੁਰੂ ਕਿਸਨੂੰ ਮਿਲਦੇ ਹਨ?
ਉੱਤਰ:-ਜਿਸ ਉਤੇ ਰਜਾਈ=ਪਰਮਾਤਮਾ ਕਿਰਪਾ ਕਰਦਾ ਹੈ ਉਸਨੂੰ ਗੁਰੂ ਮਿਲਦੇ ਹਨ॥ ੨੦॥

ਸਲੋਕ ਮ: ੧॥

ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ॥

ਗੁਰੂ ਜੀ ਕਥਨ ਕਰਦੇ ਹਨ-ਜੇਕਰ ਪੁਰਸ਼ ਦੇ ਹਿਰਦੇ ਪਲੇ ਵਿਚ ਨਾਮ ਧਨ ਪੈ ਜਾਵੇ, ਤਾਂ ਸਰਮੁ=ਲਜਾ ਤੇ ਧਰਮ ਦੋਵੇਂ ਰਹਿ ਜਾਂਦੇ ਹਨ। ਜੇ ਪਲੇ ਨਾਮ ਧਨ ਨਹੀਂ ਤਾਂ

ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥ *(ਸਾਰੰਗ ਵਾਰ ਸਲੋਕ ੧੪)*

ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ॥

ਉਹ ਪ੍ਰਤੱਖ ਧਨ ਮਿੱਤ੍ਰ ਨਹੀਂ ਕਹੀਂਦਾ, ਜਿਸ ਕਰਕੇ ਸਿਰ ਉਤੇ ਜਮ ਆਦਿਕਾਂ ਦੀਆਂ ਚੋਟਾਂ ਖਾਣੀਆਂ ਪੈਣ।

ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥

ਜਿਨ੍ਹਾਂ ਦੇ ਪਲੇ ਧਨ ਪਦਾਰਥ ਵਸਦਾ ਹੈ ਉਨ੍ਹਾਂ ਦਾ ਨਾਮ ਫਕੀਰ=ਕੰਗਾਲ ਹੈ।

ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥ ੧ ॥

ਹੇ ਪ੍ਰਭੂ ! ਜਿਨ੍ਹਾਂ ਦੇ ਹਿਰਦੇ ਵਿਚ ਤੂੰ ਵਸਦਾ ਹੈਂ ਉਹ ਪੁਰਸ਼ ਸ਼ੁਭ ਗੁਣਾਂ ਦੇ ਗਹੀਰ=ਸਮੁੰਦਰ ਹਨ॥ ੧ ॥

ਯਥਾ:- ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ॥

ਨਾਮੁ ਬਿਉਹਾਰਾ ਨਾਨਕ ਆਧਾਰਾ ਨਾਮੁ ਪਰਾਪਤਿ ਲਾਹਾ ॥ ੨ ॥ ੬ ॥ *(ਪੰਨਾ ੬੮੦)*

ਪਰਤੱਖ ਮਾਇਆ ਦਾ ਤ੍ਰਿਆਗ ਹੀ ਸ੍ਰੇਸ਼ਟ ਹੈ:- ਕਿਉਂਕਿ

ਮ: ੧ ॥ ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥

ਦੁੱਖਾਂ ਨਾਲ ਹੀ 'ਦੁਨੀ ਸਹੇੜੀਐ'=ਮਾਇਆ ਕੱਠੀ ਕਰੀਦੀ ਹੈ, ਜੇਕਰ ਹਥੋਂ ਚਲੀ ਜਾਵੇ ਤੋ ਭੀ ਦੁੱਖ ਲੱਗਦਾ ਹੈ।

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥

ਗੁਰੂ ਜੀ ਕਥਨ ਕਰਦੇ ਹਨ—ਸੱਚੇ ਨਾਮ ਤੋਂ ਬਿਨਾਂ ਕਿਸੇ ਦੀ ਭੀ ਮਾਇਆ ਦੀ ਭੁਖ=ਤ੍ਰਿਸ਼ਨਾ ਨਹੀਂ ਲੱਥੀ।

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥

ਰੂਪ ਦੇਖਦਿਆਂ ਹੋਇਆਂ ਅੱਖਾਂ ਦੀ ਭੁਖ ਨਹੀਂ ਉਤਰਦੀ ਕਿਉਂਕਿ ਜਾਂ ਸੋਹਣਾ ਰੂਪ ਦੇਖਦੇ ਹਾਂ ਤਾਂ ਹੋਰ ਭੁਖ ਲਗ ਪੈਂਦੀ ਹੈ।

ਯਥਾ:- ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ। *(ਭਾਈ ਗੁਰਦਾਸ ਜੀ ਵਾਰ ੨੭)*

ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥ ੨ ॥

ਸਰੀਰ ਦੇ ਜਿੰਨੇ ਸੁਆਦ ਹਨ, ਓਨੇ ਹੀ ਅੰਤ ਨੂੰ ਦੁੱਖ ਰੂਪ ਹੋ ਕੇ ਲੱਗਦੇ ਹਨ॥ ੨ ॥

ਮ: ੧ ॥ ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥

ਅੰਨ੍ਹਿਆਂ ਕੰਮਾਂ ਕਰਕੇ ਮਨ ਅੰਨ੍ਹਾਂ ਹੁੰਦਾ ਹੈ, ਮਨ ਦੇ ਅੰਨ੍ਹੇ ਹੋਣ ਕਰਕੇ ਤੇ ਵਿਸ਼ਿਆਂ ਵੱਲ ਦੌੜਨ ਕਰਕੇ ਸਰੀਰ ਅੰਨ੍ਹਾਂ ਹੋ ਜਾਂਦਾ ਹੈ।

ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ॥

ਜਿਸ ਹੜ ਦੇ ਪਾਣੀ ਅੱਗੇ ਜਾਂ ਪੱਥਰਾਂ ਦਾ ਬੰਧੁ=ਬੰਨ੍ਹ ਮਾਰਿਆ ਹੋਇਆ ਟੁੱਟ ਜਾਂਦਾ ਹੈ ਤਾਂ ਓਥੇ ਚਿਕੜ ਦੇ ਲਗਾਉਣ ਨਾਲ ਕੀ ਹੋ ਸਕਦਾ ਹੈ। ਇਸੇ ਤਰ੍ਹਾਂ ਜਿਥੇ ਕਾਮ ਆਦਿਕ ਵਿਕਾਰ ਬੜੇ ਬੜੇ ਜੋਗਾ ਅਭ੍ਯਾਸੀ ਸ਼ਿਵਜੀ ਵਰਗਿਆਂ ਨੂੰ ਤੇ ਗਿਆਨਵਾਨ ਜੈਮਨੀ ਰਿਖੀ ਵਰਗੇ, ਸਿੰਙੀ ਰਿਖੀ ਵਰਗੇ, ਸੌਰਭ ਰਿਖੀ ਵਰਗਿਆਂ ਨੂੰ ਭੁਲਾ ਦੇਂਦੇ ਹਨ ਤਾਂ ਓਥੇ ਕਰਮਾਂ ਰੂਪ ਚਿਕੜ ਦੇ ਲਗਾਉਣ ਨਾਲ ਕੀ ਹੋ ਸਕਦਾ ਹੈ, ਅਰਥਾਤ— ਸ਼ਕਾਮ ਕਰਮਾਂ ਦੇ ਕਰਨ ਵਾਲੇ ਜਾਂ ਵਰਤ ਰੱਖਣ ਵਾਲੇ ਕਲਜੁਗੀ ਜੀਵਾਂ ਦੀ ਓਥੇ ਕੀ ਪੇਸ਼ ਚਲ ਸਕਦੀ ਹੈ।

ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥

ਲੋਭ ਦੀ ਲਹਿਰ ਆਉਣ ਕਰਕੇ ਸੰਤੋਖ ਰੂਪੀ ਬੰਨ੍ਹ ਟੁੱਟ ਗਿਆ ਹੈ,

ਵਾ:-ਵਿਕਾਰਾਂ ਕਰਕੇ ਸਾਧਨਾਂ ਰੂਪੀ ਬੰਨ੍ਹ ਟੁੱਟ ਗਿਆ ਹੈ, ਭਗਤੀ ਰੂਪ ਬੇੜੀ ਭੀ ਨਹੀਂ ਜਿਸ ਉਤੇ ਚੜ੍ਹ ਕੇ

ਪਾਰ ਹੋ ਜਾਵੇ, ਅਦ੍ਵੈਤ ਨਿਸਚਾ ਰੂਪ, ਅਥਵਾ:-ਪ੍ਰੇਮ ਰੂਪ ਤੁਲ੍ਹਾ ਨਹੀ ਹੈ, ਨਾ ਹੀ ਵੈਰਾਗ ਰੂਪ ਹਾਥ=ਚਪਾ ਹੈ।

ਅਥਵਾ:-ਨਾ ਗਿਆਨ ਰੂਪੀ ਹਾਥ=ਜਹਾਜ਼ ਹੈ ਕਿਵੇਂ ਪਾਰ ਹੋਵੇਗਾ।

ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਸੱਚੇ ਨਾਮ ਸਿਮਰਨ ਤੋਂ ਬਿਨਾਂ, ਕਿਤਨੇ ਹੀ ਸਾਥਾਂ ਦੇ ਸਾਥ, ਅਰਥਾਤ—ਸਮੂਹ ਜੀਵ ਵਿਕਾਰਾਂ ਦੀ ਨਦੀ ਵਿਚ ਡੁੱਬ ਗਏ ਹਨ, ਜਾਂ ਕਿਤਨੇ ਹੀ ਸਾਥ=ਕਾਫਲੇ ਇਸ ਵਿਕਾਰਾਂ ਦੀ ਨਦੀ ਵਿਚ ਡੁਬ ਗਏ ਹਨ॥ ੩ ॥

ਮ: ੧ ॥ ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥

ਜੀਵ ਦੇ ਪਾਸ ਭਾਵੇਂ ਲੱਖਾਂ ਮਣ ਸੋਨਾਂ, ਲੱਖਾਂ ਮਣ ਰੁਪਾ=ਚਾਂਦੀ ਹੈ, ਲੱਖਾਂ ਹੀ ਸ਼ਾਹਾ ਵਿਚੋਂ ਸਿਰਿ ਸਾਹ=ਸ਼ਰੋਮਣੀ ਸ਼ਾਹੂਕਾਰ ਹੈ।

ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥

ਫਿਰ ਅਜੇਹਾ ਬਾਦਸ਼ਾਹ ਹੋਵੇ ਜਿਸ ਦੇ ਪਾਸ ਲੱਖਾਂ ਲਸਕਰ=ਫੌਜਾਂ ਹੋਣ, ਸਲਾਮੀ ਵੇਲੇ ਲੱਖਾਂ ਵਾਜੇ ਵਜਦੇ ਹੋਣ ਤੇ ਲੱਖਾਂ ਹੀ ਘੋੜ ਅਸਵਾਰ ਸੂਰਮੇ ਨੇਜ਼ੇ ਫੜ ਕੇ ਖਲੋਤੇ ਹੋਣ।

ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥

ਜਿਸ ਜਗ੍ਹਾਂ ਸਾਇਰੁ=ਵੈਤਰਨੀ ਨਦੀ ਨੂੰ ਲੰਘਣਾ ਹੈ ਓਥੇ ਦਸ ਹਜ਼ਾਰ ਜੋਜਨ ਅੱਗ ਦਾ ਕੁੰਡ ਆਉਂਦਾ ਹੈ ਅਤੇ ਉਸ ਨਦੀ ਵਿਚ ਅਸਗਾਹ ਪਾਣੀ ਹੈ, ਅਰਥਾਤ ਲਹੂ ਪਾਕ ਨਾਲ ਭਰੀ ਹੋਈ ਹੈ।

ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥

ਉਸ ਵੈਤਰਨੀ ਨਦੀ ਦੀ ਉਰਵਾਰਲੀ ਤੇ ਪਾਰਲੀ ਕੰਧੀ ਨਿਗਾਹ ਨਹੀਂ ਆਉਂਦੀ, ਓਥੇ ਧਾਹੀ=ਰੋਂਦਿਆਂ ਦਾ ਕਹਾਹ=ਡੰਡਰੋਲਾ ਪੈ ਰਿਹਾ ਹੈ। ਅਥਵਾ:-ਜਿਥੇ ਸੰਸਾਰ ਸਾਇਰੁ=ਸਮੁੰਦਰ ਲੰਘਣਾ ਹੈ, ਓਥੇ ਤ੍ਰਿਸ਼ਨਾ ਰੂਪ ਅੱਗ ਤੇ ਅਸਗਾਹ ਪਦਾਰਥਾਂ ਰੂਪੀ ਪਾਣੀ ਹੈ, ਸੰਸਾਰ ਸਮੁੰਦਰ ਦੀ ਉਰਵਾਰਲੀ ਤੇ ਪਾਰਲੀ ਕੰਧੀ ਨਿਗਾਹ ਨਹੀਂ ਆਉਂਦੀ, ਧਾਹਾਂ ਮਾਰਦੇ ਹਨ ਤੇ ਕਹਾਹ=ਡੰਡਰੋਲਾ ਪੈ ਰਿਹਾ ਹੈ।

ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਸ਼ਾਹ ਕੇਹੜੇ ਹਨ ਤੇ ਪਾਤਸ਼ਾਹ ਕੇਹੜੇ ਹਨ ਇਹ ਤਾਂ ਓਥੈ ਜਾ ਕੇ ਜਾਣੇ ਜਾਣਗੇ। ਕਿਉਂਕਿ ਓਥੇ ਧਨ ਤੇ ਹਕੂਮਤ ਨੇ ਪਾਰ ਨਹੀਂ ਕਰਨਾ, ਓਥੇ ਤਾਂ ਸ਼ੁਭ ਕਰਮਾਂ ਨੇ ਹੀ ਛੁਡਾਉਣਾ ਹੈ॥ ੪ ॥

ਪਉੜੀ ॥ ਇਕਨ੍ਹਾ ਗਲਾਂ ਜੰਜੀਰ ਬੰਦਿ ਰਬਾਣੀਐ ॥

ਇਕਨਾਂ ਦੇ ਗੱਲਾਂ ਵਿਚ ਜੰਜੀਰ ਪੈਂਦੇ ਹਨ ਤੇ ਰਬਾਣੀਐ=ਰੱਬ ਦੀ ਬੰਦਿ=ਕੈਦ ਵਿਚ ਸੁਟੇ ਜਾਂਦੇ ਹਨ।

ਪ੍ਰਸ਼ਨ-ਕੈਦ ਵਿਚ ਕੇਹੜੇ ਸੁਟੇ ਜਾਂਦੇ ਹਨ? ਉੱਤਰ-ਬੰਦਿਰ=ਬਾਂਦਰਾਂ ਵਾਂਙੂ ਜਿਨ੍ਹਾਂ ਦਾ ਚੰਚਲ ਬਾਣੀਐ=ਸੁਭਾਵ ਹੈ ਉਹ ਸੁਟੇ ਜਾਂਦੇ ਹਨ। (ਪਾਠ 'ਰਬਾਣੀਐ' ਕਰਨਾ ਹੈ।)

ਬਧੇ ਛੁਟਹਿ ਸਚਿ ਸਚੁ ਪਛਾਣੀਐ ॥ ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥

ਸਚਿ=ਨਿਸਚੇ ਨਾਲ ਜੋ ਸੱਚ ਨੂੰ ਪਛਾਣਦੇ ਹਨ ਉਹ ਬਧੇ ਹੋਏ ਛੁਟ ਜਾਂਦੇ ਹਨ। ਪੂਰਬਲੇ ਜਨਮ ਦਾ ਪੁੰਨ ਕਰਮ ਲਿਖਿਆ ਹੋਇਆ ਪਲੇ ਪੈ ਜਾਵੇ ਤਾਂ ਉਹ ਸੱਚੇ ਪ੍ਰਭੂ ਨੂੰ ਜਾਣਦਾ ਹੈ।

[ਪੰਨਾ ੧੨੮੮]

ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥

ਹੁਕਮੀ=ਪਰਮਾਤਮਾ ਦੇ ਹੁਕਮ ਵਿਚ ਹੀ ਨਿਬੇੜੁ=ਨਿਆਂ ਹੁੰਦਾ ਹੈ, ਜਿਸ ਵੇਲੇ ਜੀਵ ਪ੍ਰਲੋਕ ਵਿਚ ਗਿਆ ਤਾਂ ਜਾਂਦਿਆਂ ਹੀ ਪਾਪੀ ਪੁੰਨੀ ਜਾਣਿਆਂ ਜਾਂਦਾ ਹੈ।

ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥

ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਜੋ ਗੁਰ ਸ਼ਬਦ ਹੈ ਉਸ ਨੂੰ ਪਛਾਨਣਾ ਕਰ।

ਚੋਰ ਜਾਰ ਜੂਆਰ ਪੀੜੇ ਘਾਣੀਐ ॥
ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥

ਧਨ ਦੇ ਚੁਰਾਣ ਵਾਲੇ ਚੋਰ, ਇਸਤ੍ਰੀਆਂ ਦੇ ਯਾਰ, ਜੂਆ ਖੇਡਣ ਵਾਲੇ ਜੁਆਰੀਏ ਇਨ੍ਹਾਂ ਸਾਰਿਆਂ ਨੂੰ ਓਥੇ ਪ੍ਰਲੋਕ ਵਿਚ ਘਾਣੀਐ=ਕੋਹਲੂ ਵਿਚ ਪਾ ਕੇ ਪੀੜਦੇ ਹਨ। ਗੁਰ ਨਿੰਦਕਾਂ ਨੂੰ ਤੇ ਲਾਇਤਬਾਰ=ਚੁਗਲੀਆਂ ਦੇ ਲਗਾਉਣ ਵਾਲਿਆਂ ਨੂੰ ਹੜ ਦਾ ਜਲ ਮਿਲੇਗਾ, ਭਾਵ-ਹੜ ਦੇ ਜਲ ਵਿਚ ਰੁੜ੍ਹ ਜਾਣਗੇ।

ਵਾ:-ਹੜਵਾਣੀਐ=ਕਾਠ ਵਿਚ ਮਿਲਣਗੇ, ਭਾਵ ਇਨ੍ਹਾਂ ਨੂੰ ਕਾਠ ਮਾਰੇ ਜਾਣਗੇ, ਅਰਥਾਤ—ਹਥਕੜੀਆਂ ਤੇ ਬੇੜੀਆਂ ਮਾਰ ਕੇ ਕੈਦ ਕੀਤੇ ਜਾਣਗੇ।

ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥ ੨੧ ॥

ਜੇਹੜੇ ਗੁਰਮੁਖ ਗੁਰਾਂ ਦੁਆਰੇ ਸੱਚ ਵਿਚ ਸਮਾਏ ਹਨ, ਉਹ ਦਰਗਾਹ ਵਿਚ ਸੱਚੇ,

ਵਾ:-ਸੁਖੀ ਜਾਣੀਦੇ ਹਨ॥ ੨੧ ॥

ਸਲੋਕ ਮਃ ੨ ॥

ਸ੍ਰੀ ਗੁਰੂ ਅੰਗਦ ਦੇਵ ਜੀ ਅੱਗੇ ਸਿੱਖਾਂ ਨੇ ਬੇਨਤੀ ਕੀਤੀ, ਆਪ ਕਿਰਪਾ ਕਰਕੇ ਕਲਜੁਗ ਦੇ ਲਛਣ ਸੁਣਾਓ, ਇਹ ਗੱਲ ਸੁਣ ਕੇ ਗੁਰੂ ਜੀ ਆਖਦੇ ਹਨ—

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥

ਕਲਜੁਗ ਵਿਚ ਫਕੀਰੈ=ਕੰਗਲਿਆਂ ਦਾ ਨਾਮ ਬਾਦਸ਼ਾਹ ਹੈ, ਮੂਰਖਾਂ ਦਾ ਨਾਮ ਪੰਡਿਤ ਹੈ, ਮੂਰਖਾਂ ਨੂੰ ਕਹਿਣਗੇ ਆਈਏ ਪੰਡਿਤ ਜੀ।

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥

ਅੰਨਿਆਂ ਅਗਿਆਨੀਆਂ ਦਾ ਨਾਮ ਪਾਰਖੂ=ਪਰਖਣੇ ਵਾਲਾ ਹੈ, ਇਸ ਤਰ੍ਹਾਂ ਨਾਲ ਗੁਆਉ=ਉਚਾਰਨਾ ਕਰਦੇ ਹਨ।

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥

ਬਹੁਤੀਆਂ ਇਲਤਾਂ ਕਰਨ ਵਾਲੇ ਦਾ ਨਾਮ ਚੌਧਰੀ ਹੈ ਅਤੇ ਝੂਠੀ ਇਸਤ੍ਰੀ ਮਰਣੇ ਪਰਣੇ ਵਿਚ ਆਗੂ ਹੋ ਕੇ ਥਾਂ ਪੂਰਦੀ ਹੈ। ਭਾਵ—ਲੈਣ ਦੇਣ ਵਿਚ ਮੋਹਰੇ ਹੋ ਕੇ ਬੈਠਦੀ ਹੈ।

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਇਹ ਕਲਜੁਗ ਦਾ ਇਨਸਾਫ ਗੁਰਾਂ ਦੁਆਰੇ ਜਾਣੀਦਾ ਹੈ॥ ੧ ॥

ਪ੍ਰਸ਼ਨ:-ਪੜ੍ਹੇ ਹੋਏ ਤਾਂ ਕਲਜੁਗ ਦੇ ਸਮੇਂ ਤੋਂ ਬਚ ਜਾਂਦੇ ਹੋਣਗੇ? *ਉੱਤਰ:*-

ਮ: ੧ ॥ ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥

ਹਰਨ, ਬਾਜ ਤੇ ਸਿਕਦਾਰਾਂ=ਥਾਨੇਦਾਰ ਇਨ੍ਹਾਂ ਸਭਨਾਂ ਦਾ ਨਾਮ ਪੜ੍ਹਿਆ ਹੋਇਆ ਹੈ, ਕਿਉਂਕਿ ਇਹ ਸਾਰੇ ਪੜ੍ਹਾਏ ਸਿਖਾਏ ਜਾਂਦੇ ਹਨ।

ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥

ਜਿਸ ਵੇਲੇ ਫਾਹੀ ਆ ਕੇ ਲੱਗਦੀ ਹੈ ਤਾਂ ਸਾਰੇ ਆਪੋ ਆਪਣੀ ਜਾਤੀ ਦੇ ਜੀਵਾਂ ਨੂੰ ਫਹਾਇਨਿ=ਫਸਾਂਦੇ ਹਨ। ਹਿਰਨ ਹਿਰਨਾਂ ਨੂੰ ਫਸਾਉਂਦਾ ਹੈ, ਬਾਜ ਬਾਜਾਂ ਨੂੰ ਲਿਆ ਫਸਾਂਵਦਾ ਹੈ, ਇਸੇ ਤਰ੍ਹਾਂ ਥਾਨੇਦਾਰ ਆਪਣੀ ਜਾਤੀ ਦੇ ਮਨੁੱਖਾਂ ਨੂੰ ਲਿਆ ਫਸਾਉਂਦਾ ਹੈ, ਇਹੋ ਜੇਹਾਂ ਨੂੰ ਅਗੈ=ਪ੍ਰਲੋਕ ਵਿਚ ਥਾਉ=ਢੋਈ ਨਹੀਂ ਮਿਲਦੀ।

ਵਾ:-ਅੱਗੇ ਸੁਖ ਦਾ ਅਸਥਾਨ ਕੋਈ ਨਹੀਂ ਮਿਲਦਾ।

ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ ॥

ਓਹੀ ਓਹੀ ਪੜ੍ਹਿਆ ਹੋਇਆ ਬੀਨਾ=ਚਤੁਰ ਪੰਡਿਤ ਹੈ, ਜਿਸ ਨੇ ਪ੍ਰਭੂ ਦੇ ਨਾਮ ਨੂੰ ਕਮਾਉਣਾ ਕੀਤਾ ਹੈ।

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥

ਪਹਿਲਾਂ ਧਰਤੀ ਅੰਦਰ ਜੜ ਜੰਮੇ ਤਾਂ ਉਪਰ ਬ੍ਰਿਛ ਦੀ ਛਾਂ ਹੁੰਦੀ ਹੈ। ਏਸੇ ਤਰ੍ਹਾਂ ਪਹਿਲੇ ਅੰਦਰਲੀ ਕਮਾਈ ਹੋਵੇ ਤਾਂ ਬਾਹਰਲਾ ਸੁਖ ਪ੍ਰਾਪਤ ਹੁੰਦਾ ਹੈ।

ਅਥਵਾ:-ਪਹਿਲੇ ਅੰਦਰ ਜੜ ਹੋਵੇ, ਭਾਵ—ਅੰਤਰ ਮੁਖ ਬਿਰਤੀ ਹੋਵੇ, ਤਾਂ ਪ੍ਰੇਮ ਅਤੇ ਵੈਰਾਗ ਰੂਪੀ ਬ੍ਰਿਛ ਜੰਮਦਾ ਹੈ ਤਾਂ ਫਿਰ ਉਪਰ ਸ਼ਾਂਤੀ ਰੂਪ ਛਾਇਆ ਹੁੰਦੀ ਹੈ।

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥

ਕਲਜੁਗ ਦੇ ਰਾਜੇ ਸ਼ੇਰ ਹਨ, ਮੁਕਦਮ=ਚੌਧਰੀ ਕੁੱਤੇ ਹਨ। ਇਹ ਚੌਧਰੀ ਕੁੱਤੇ ਪਾਸ ਜਾ ਕੇ ਸੁੱਤੇ ਹੋਏ ਸ਼ੇਰ ਨੂੰ ਜਗਾਉਂਦੇ ਹਨ, ਤੇ ਬੈਠੇ ਹੋਏ ਨੂੰ ਉਠਾਂਦੇ ਹਨ। ਪਾਸ ਬੈਠ ਕੇ ਜੇਹੜੀਆਂ ਚੁਗਲੀਆਂ ਕਰਨੀਆਂ ਹਨ ਏਹੀ ਉਨ੍ਹਾਂ ਦਾ ਭੌਕਨਾ ਹੈ।

ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥

ਸ਼ੇਰ ਰੂਪ ਰਾਜਾ ਰਈਅਤ ਵਿਚੋਂ ਕਿਸੇ ਗੁਨਾਹੀ ਪੁਰਸ਼ ਰੂਪ ਸ਼ਿਕਾਰ ਨੂੰ ਆਪਣੇ ਚਾਕਰ ਨੌਕਰਾਂ ਰੂਪ ਨਹਦਾ=ਨੌਹਾਂ ਨਾਲ 'ਘਾਉ ਪਾਇਨਿ੍'=ਜ਼ਖਮ ਪਾ ਕੇ ਚੰਗਾ ਚੋਖਾ ਧਨ ਰੂਪ ਮਾਸ ਨੂੰ ਆਪ ਤੋੜ ਕੇ ਖਾ ਜਾਂਦਾ

ਹੈ ਤੇ ਰਤੁ ਪਿਤੁ=ਲਹੂ ਮਿਝ ਕੁੱਤੇ ਚਟ ਜਾਂਦੇ ਹਨ, ਅਰਥਾਤ—ਬਾਕੀ ਕੁਝ ਰਿਹਾ ਖੇਹਾ ਧਨ ਕੁੱਤੇ ਕੌਨ ਚੌਧਰੀ ਖੋਹ ਕੇ ਲੈ ਜਾਂਦੇ ਹਨ।

ਜਿਥੈ ਜੀਆਂ ਹੋਸੀ ਸਾਰ॥ ਨਕਾਂ ਵਢਾਂ ਲਾਇਤਬਾਰ॥ ੨॥

ਜਿਥੈ ਪ੍ਰਲੋਕ ਵਿਚ ਜੀਵਾਂ ਦੀ ਸੰਭਾਲ ਹੋਵੇਗੀ। ਓਥੇ ਚੁਗਲੀਆਂ ਦੇ ਲਗਾਉਣ ਵਾਲੇ ਚੁਗਲ ਖੋਰਾਂ ਦੇ ਤੇ ਰਿਸ਼ਵਤ ਖੋਰਾਂ ਦੇ ਪ੍ਰਤੱਖ ਨੱਕ, ਵਾ:-ਜਸ ਰੂਪੀ ਨੱਕ ਵੱਢੇ ਜਾਣਗੇ॥ ੨॥

ਪਉੜੀ॥ ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥

ਪ੍ਰਮੇਸ਼ਰ ਆਪੇ ਮੇਦਨੀ=ਸ੍ਰਿਸ਼ਟੀ ਪੈਦਾ ਕਰਦਾ ਹੈ, ਆਪੇ ਸਾਰਿਆਂ ਦੀ ਸਾਰ ਸੰਭਾਲ ਕਰਦਾ ਹੈ।

ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥

ਪਰਮੇਸ਼ਰ ਦੇ ਭੈ=ਡਰ ਧਾਰੇ ਬਿਨਾਂ ਭਰਮ ਨਹੀਂ ਕਟਿਆ ਜਾਂਦਾ ਅਤੇ ਨਾ ਹੀ ਨਾਮ ਸਿਮਰਨ ਵਿਚ ਪਿਆਰ ਲੱਗਦਾ ਹੈ।

ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥

ਸਤਿਗੁਰਾਂ ਤੋਂ ਭਉ=ਡਰ ਉਪਜਦਾ ਹੈ ਅਤੇ ਮੋਖ ਦਾ ਦੁਆਰਾ ਗਿਆਨ ਭੀ ਸਤਿਗੁਰਾਂ ਤੋਂ ਪਾਈਦਾ ਹੈ।

ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥

ਡਰ ਧਾਰਨ ਨਾਲ ਸਹਜੁ=ਗਿਆਨ ਪਾਈਦਾ ਹੈ, ਤਾਂ ਅਪਾਰ ਜੋਤੀ ਨਾਲ ਜੋਤ ਮਿਲ ਜਾਂਦੀ ਹੈ।

ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥

ਡਰ ਧਾਰਨ ਕਰਕੇ ਗੁਰ ਸਿੱਖਿਆ ਲੈ ਕੇ ਸ਼ੁਭ ਵਿਚਾਰ ਕਰੀਏ ਤਾਂ ਭੈਜਲੁ=ਸੰਸਾਰ ਸਮੁੰਦਰ ਤੋਂ ਪਾਰ ਲੰਘੀਦਾ ਹੈ।

ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ॥

ਭੈ=ਡਰ ਧਾਰਨ ਕਰਕੇ ਹੀ ਉਸ ਨਿਰਭਉ ਪ੍ਰਭੂ ਨੂੰ ਪਾਈਦਾ ਹੈ ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ ।

ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥

ਮਨਮੁਖ ਪੁਰਸ਼ ਵਾਹਿਗੁਰੂ ਦੇ ਡਰ ਦੀ ਸਾਰ ਨਹੀਂ ਜਾਣਦੇ, ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਹੋਏ ਪੁਕਾਰਾਂ ਨੂੰ ਕਰਦੇ ਰਹਿੰਦੇ ਹਨ।

ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥ ੨੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਗੁਰ ਸਿੱਖਿਆ ਨੂੰ ਹਿਰਦੇ ਵਿਚ ਧਾਰ ਕੇ ਨਾਮ ਜਪਿਆ ਹੈ ਓਸੇ ਨੇ ਹੀ ਸੁਖ ਪਾਇਆ ਹੈ॥ ੨੨॥

ਸਲੋਕ ਮ: ੧॥

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥

ਜਿਵੇਂ, ਕਾਮੀ ਪੁਰਸ਼ ਦੀ ਰੂਪ ਨਾਲ ਦੋਸਤੀ=ਪ੍ਰੀਤੀ ਹੁੰਦੀ ਹੈ ਤੇ ਭੁਖੇ ਪੁਰਸ਼ ਦੀ ਸਾਦੈ=ਪ੍ਰਸ਼ਾਦੇ ਨਾਲ ਯਾਂ ਸ੍ਵਾਦੀਕ ਪਦਾਰਥਾਂ ਨਾਲ ਗੰਢੁ=ਮਿਲੌਣੀ ਹੁੰਦੀ ਹੈ।

ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ॥

ਜਿਵੇਂ, ਲੋਭੀ ਪੁਰਸ਼ ਧਨ ਮਾਲ ਵਿਚ ਘੁਲ ਮਿਲ ਕੇ ਮਿਚਲਿ=ਤਦਾਕਾਰ ਹੋ ਰਹਿੰਦਾ ਹੈ ਅਤੇ ਊਂਘੈ=ਨੀਂਦ ਵਾਲਾ ਪੁਰਸ਼ ਸਉੜਿ=ਭੀੜੇ (ਛੋਟੇ) ਪਲੰਘ 'ਪਰ ਤੇ ਫਟੀ ਹੋਈ ਸਉੜਿ=ਗੋਦੜੀ ਵਿਚ ਹੀ ਅਨੰਦ ਰਹਿੰਦਾ ਹੈ।

ਭੰਉਕੈ ਕੋਪੁ ਖੁਆਰੁ ਹੋਇ ਢਕੜੁ ਪਿਟੇ ਅੰਧੁ॥

ਕੋਪੁ=ਕ੍ਰੋਧੀ ਪੁਰਸ਼ ਭੌਂਕਨੇ ਵਿਚ ਖੁਆਰੁ=ਖਰਾਬ ਹੋ ਰਿਹਾ ਹੈ, ਏਹ ਅੰਨ੍ਹਾਂ ਅਗਿਆਨੀ ਖ੍ਰਾਬੜ ਭਾਹੀਆਂ ਨੂੰ ਹੀ ਪਿਟਦਾ ਹੈ। *ਅਥਵਾ:*-ਇਕੱਠੇ ਅੱਖਰ ਲਗਾਉਣੇ:-ਕਾਮੀ ਪੁਰਸ਼ ਰੂਪ ਦੀ ਦੋਸਤੀ ਵਿਚ ਘੁਲਿ=ਮਿਲ ਕੇ ਭੌਂਕ ਕਰਕੇ ਅੰਧਾ ਖ੍ਰਾਬੜ ਭਾਹੀਆਂ ਨੂੰ ਪਿਟਦਾ ਹੈ, ਭੁਖਾ ਪੁਰਸ਼ ਸੁਆਦ ਦੇ ਗੰਢ ਵਿਚ ਮਿਲ ਕੇ ਕੋਪੁ=ਕ੍ਰੋਧ ਕਰਕੇ ਅੰਨ੍ਹਾਂ ਖ੍ਰਾਬੜ ਭਾਹੀਆਂ ਨੂੰ ਪਿਟਦਾ ਹੈ, ਲੋਭੀ ਪੁਰਸ਼ ਮਾਲ ਵਿਚ ਮਿਚਲਿ=ਮਿਲ ਕੇ ਖੁਆਰ ਹੋ ਕੇ ਅੰਨ੍ਹਾਂ ਖ੍ਰਾਬੜ ਭਾਹੀਆਂ ਨੂੰ ਪਿਟਦਾ ਹੈ, ਊਂਘੈ=ਨੀਂਦ ਵਾਲਾ ਪੁਰਸ਼ ਸਉੜਿ=ਭੀੜੇ ਪਲੰਘ ਨਾਲ ਮਿਲ ਕੇ ਅੰਨ੍ਹਾਂ ਖ੍ਰਾਬੜ ਭਾਹੀਆਂ ਨੂੰ ਪਿਟਦਾ ਹੈ।

ਯਥਾ:-ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ॥ ਭੁਖੈ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ॥
ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤੁ ਭਰਮਿ ਭੁਲਾਣੀ॥
ਊਂਘੈ ਸਉੜਿ ਪਲੰਘ ਜਿਉ ਸਭਿ ਰੈਣਿ ਵਿਹਾਣੀ॥ ੫॥ *(ਭਾਈ ਗੁਰਦਾਸ ਜੀ ਵਾਰ ੨੭)*

ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ॥ ੧॥

ਗੁਰੂ ਜੀ ਕਥਨ ਕਰਦੇ ਹਨ—ਵਾਹਿਗੁਰੂ ਨਾਮ ਤੋਂ ਬਿਨਾਂ ਜੋ ਆਪਣੇ ਮੂੰਹ 'ਚੋਂ ਗੰਦੇ ਬਚਨ ਬੋਲਦੇ ਹਨ, ਭਾਵ—ਵਿਸ਼ੇ ਸਬੰਧੀ ਜਾਂ ਨਿੰਦਿਆ ਦੇ ਬਚਨ ਬੋਲਦੇ ਹਨ, ਉਨ੍ਹਾਂ ਨਾਲ ਬੋਲਣ ਤੋਂ ਚੁਪ ਹੀ ਚੰਗੀ ਹੈ॥ ੧॥

ਮ: ੧॥ ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥

ਰਾਜ ਅਤੇ ਮਾਲ, ਸੁੰਦਰ ਰੂਪ, ਜਾਤੀ, ਜੋਬਨੁ=ਜੁਆਨੀ ਏਹ ਪੰਜੇ ਠੱਗ ਹਨ।

ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥

ਇਨਾਂ ਠੱਗਾਂ ਨੇ ਸਾਰੇ ਜਗਤ ਨੂੰ ਠੱਗ ਲਿਆ ਹੈ, ਇਨ੍ਹਾਂ ਠੱਗਾਂ ਨੇ ਕਿਸੇ ਦੀ ਭੀ ਲਜ=ਸ਼ਰਮ,
ਵਾ:-ਇੱਜ਼ਤ ਨਹੀਂ ਰੱਖੀ।

ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥

ਇਨ੍ਹਾਂ ਠੱਗਾਂ ਨੂੰ ਉਹ ਠੱਗਦੇ ਹਨ ਜੇਹੜੇ ਗੁਰਾਂ ਦੀ ਚਰਨੀਂ ਪੈਂਦੇ ਹਨ। *ਅਥਵਾ:*-ਜੋ ਇਨ੍ਹਾਂ ਨੂੰ ਠੱਗਦੇ ਹਨ, ਉਹ ਅਸਲੀ ਠੱਗ ਹਨ, ਪਰ ਇਨ੍ਹਾਂ ਨੂੰ ਉਹ ਠੱਗਦੇ ਹਨ ਜੇਹੜੇ ਗੁਰੂ ਦੀ ਚਰਨੀਂ ਪੈਂਦੇ ਹਨ।

ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥ ੨॥

ਗੁਰੂ ਜੀ ਕਥਨ ਕਰਦੇ ਹਨ—ਸਰੇਸ਼ਟ ਕਰਮਾਂ ਤੋਂ ਬਿਨਾਂ, ਵਾ:-ਗੁਰੂ ਦੀ ਕਰਮਾ=ਕ੍ਰਿਪਾ ਤੋਂ

ਜੇਹੜੇ ਬਾਹਰ ਹਨ, ਉਹ ਹੋਰ ਕਿੰਨੇ ਹੀ ਮੁਠੇ ਜਾਹਿ=ਠੱਗੇ ਜਾਂਦੇ ਹਨ॥ ੨ ॥

ਪਉੜੀ॥ ਪੜਿਆ ਲੇਖੇਦਾਰੁ ਲੇਖਾ ਮੰਗੀਐ॥

ਲੇਖਾ ਦੇਣ ਵਾਲਾ ਭਾਵੇਂ ਪੜ੍ਹਿਆ ਹੋਇਆ ਭੀ ਹੋਵੇ ਉਸ ਤੋਂ ਭੀ ਲੇਖਾ ਮੰਗਿਆ ਜਾਵੇਗਾ,

ਅਥਵਾ:-ਭਾਵੇਂ ਪੜ੍ਹਿਆ ਹੋਇਆ ਹੈ ਭਾਵੇਂ ਲੇਖੇ ਦੇ ਜਾਨਣ ਵਾਲਾ ਹੈ ਤਦ ਭੀ ਉਸ ਕੋਲੋਂ ਲੇਖਾ ਮੰਗਿਆ ਜਾਵੇਗਾ।

ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ॥

ਨਾਮ ਸਿਮਰਨ ਤੋਂ ਬਿਨਾਂ ਝੂਠਿਆਂ ਨੂੰ ਪੁਠਾ ਤੰਗੀਐ=ਟੰਗ ਕੇ ਅਉਖਾ ਕੀਤਾ ਜਾਂਦਾ ਹੈ।

ਅਥਵਾ:-ਤੰਗਸੀ ਵਿਖਾ ਕੇ ਔਖਾ ਕੀਤਾ ਜਾਂਦਾ ਹੈ।

ਅਉਘਟ ਰੁਧੇ ਰਾਹ ਗਲੀਆਂ ਰੋਕੀਆਂ॥

ਉਹ ਮਨਮੁਖ ਅਉਘਟ=ਕਠਨ (ਔਖੇ) ਜਮ ਰਸਤੇ ਵਿਚ ਵੈਤਰਨੀ ਆਦਿਕ ਨਦੀਆਂ 'ਪਰ ਰੁਧੇ=ਰੋਕੇ ਜਾਂਦੇ ਹਨ ਤੇ ਸਾਰੀਆਂ ਗਲੀਆਂ ਭੀ ਰੋਕੀਆਂ ਜਾਂਦੀਆਂ ਹਨ ਤਾਂ ਕਿ ਪਾਪੀ ਜੀਵ ਨੂੰ ਦੁੱਖਾਂ ਤੋਂ ਬਚਣੇ ਦਾ ਰਸਤਾ ਨਾ ਮਿਲੇ।

ਸਚਾ ਵੇਪਰਵਾਹੁ ਸਬਦਿ ਸੰਤੋਖੀਆਂ॥

ਗੁਰ ਉਪਦੇਸ਼ ਦੁਆਰਾ ਸੰਤੋਖੀ ਹੋਏ ਪੁਰਸ਼ਾਂ ਨੂੰ ਸੱਚਾ ਵੇਪਰਵਾਹ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ। ਇਸ ਕਰਕੇ ਉਹ ਜਮ ਰਸਤੇ ਜਾਂਦੇ ਹੀ ਨਹੀਂ।

ਗਹਿਰ ਗਭੀਰ ਅਥਾਹੁ ਹਾਥ ਨ ਲਭਈ॥

ਉਹ ਸੱਚਾ ਗਹਿਰ=ਡੂੰਘਾ, ਗਭੀਰ=ਨਿਰਹਲ ਤੇ ਅਥਾਹ ਹੈ, ਉਸਦਾ ਹਾਥ=ਅੰਤ ਲੱਭਦਾ ਨਹੀਂ ਹੈ।

ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ॥

ਮਾਇਆ ਦੇ ਮੋਹੇ ਹੋਏ ਪੁਰਸ਼ ਮੂੰਹ ਮੂੰਹ 'ਪਰ ਚੋਟਾਂ ਖਾਂਦੇ ਹਨ, ਗੁਰੂ ਤੋਂ ਬਿਨਾਂ ਆਪਣੇ ਆਪ ਓਥੇ ਕੋਈ ਨਹੀਂ ਛੁਟੇਗਾ।

ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥

ਵਾਹਿਗੁਰੂ ਨਾਮ ਨੂੰ ਕਥਨ ਕਰਨ ਵਾਲੇ ਗੁਰਮੁਖ ਇੱਜ਼ਤ ਨਾਲ ਪ੍ਰਲੋਕ ਘਰ ਵਿਚ ਜਾਂਦੇ ਹਨ।

ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ॥ ੨੩ ॥

ਹੁਕਮੀ ਪਰਮਾਤਮਾ ਆਪਣੇ ਹੁਕਮ ਅੰਦਰ ਸਾਹ=ਸ੍ਵਾਸ ਤੇ ਗਿਰਾਹ=ਗਿਰਾਸ (ਭੋਜਨ) ਦੇਂਦਾ ਜਾਣੀਦਾ ਹੈ॥ ੨੩॥

[ਪੰਨਾ ੧੨੮੯]

ਸਲੋਕ ਮਃ ੧ ॥

ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ॥

ਪੌਣ, ਪਾਣੀ, ਅੱਗ ਆਦਿਕ ਤੱਤਾਂ ਕਰਕੇ ਰਚੇ ਹੋਏ ਸਰੀਰ ਵਿਚ ਜੋ ਜੀਵਾਤਮਾ ਹੈ, ਉਸਨੂੰ ਆਪਣੇ ਆਪ

ਖ਼ੁਸ਼ੀਆਂ ਕੀ ਹਨ ਤੇ ਪੀੜਾਂ ਕੀ ਹੈ? ਅਰਥਾਤ—ਪਰਾਧੀਨ ਹੋਣ ਕਰਕੇ ਨਾ ਆਪਣੇ ਆਪ ਕੋਈ ਖ਼ੁਸ਼ੀ ਹੈ ਨਾ ਹੀ ਪੀੜਾ ਹੈ।

ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ॥

ਕਈ ਧਰਤੀ ਪਰ, ਕਈ ਪਤਾਲ ਮੇ, ਕਈ ਅਕਾਸ਼ ਵਿਚ ਫਿਰਦੇ ਹਨ,

ਅਥਵਾ:-ਧਰਤੀ ਪਤਾਲ ਤੇ ਅਕਾਸ ਇੰਨਾ ਤਿੰਨ ਲੋਕਾਂ ਵਿਚ ਕਈ ਰਾਜੇ ਹੋ ਬੈਠੇ ਹਨ ਤੇ ਇਕ ਪੁਰਸ਼ ਉਨ੍ਹਾਂ ਰਾਜਿਆਂ ਦੇ ਦਰਬਾਰ ਵਿਚ ਵਜ਼ੀਰ ਹੋ ਕੇ ਰਹਿੰਦੇ ਹਨ।

ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ॥

ਇਕਨਾਂ ਦੀ ਵੱਡੀ ਉਮਰਾਂ ਹੈ ਇਕਨਾਂ ਦੀ ਛੋਟੀ ਉਮਰਾਂ ਹੈ, ਇਕ ਸੁਖੀ ਰਹਿ ਕੇ ਮਰਦੇ ਹਨ ਇਕ ਜਹੀਰ=ਦੁੱਖੀ ਹੋ ਕੇ ਮਰਦੇ ਹਨ।

ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ॥

ਇਕ ਐਸੇ ਧਨਾਢ ਹਨ ਜੋ ਹੋਰਨਾਂ ਨੂੰ ਦੇ ਕੇ ਆਪ ਖਾਂਦੇ ਹਨ ਫਿਰ ਭੀ ਉਨ੍ਹਾਂ ਪਾਸੋਂ ਅੰਨ ਧਨ ਨਿਖੁਟੈ=ਮੁਕਦਾ ਨਹੀਂ ਹੈ ਤੇ ਇਕ ਫਕੀਰ=ਮੰਗਤੇ ਹੋ ਕੇ ਸਦਾ ਮੰਗਦੇ ਫਿਰਦੇ ਹਨ।

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥

ਹੁਕਮੀ=ਪਰਮਾਤਮਾ ਆਪਣੇ ਹੁਕਮ ਕਰਕੇ ਇਕ ਚਸੇ ਵਿਚ ਲੱਖਾਂ ਜੀਵਾਂ ਨੂੰ ਸਾਜੇ=ਸਾਜਦਾ (ਬਣਾਉਂਦਾ) ਹੈ ਅਤੇ ਹੁਕਮ ਵਿਚ ਹੀ ਲੱਖਾਂ ਨੂੰ ਢਾਹ ਦੇਂਦਾ ਹੈ।

ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ॥

ਸਭ ਕਿਸੇ ਨੂੰ ਮਾਇਆ ਰੂਪ ਨਥ ਵਿਚ ਨਥਿਆ ਹੋਇਆ ਹੈ, ਜਿਸ ਦੇ ਔਗੁਣ ਬਖਸ਼ਦਾ ਹੈ ਉਸ ਦੀ ਨਥ ਤੋੜ ਦੇਂਦਾ ਹੈ, ਭਾਵ ਮਾਇਆ ਤੋਂ ਬਚਾਅ ਲੈਂਦਾ ਹੈ।

ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥

ਉਹ ਅਲਖ ਪ੍ਰਭੂ ਚਾਰਿਆਂ ਵਰਨਾਂ ਤੋਂ, ਵਾ:-ਵਰਨਾ=ਰੰਗਾਂ ਤੋਂ ਤੇ ਚਿੰਨਾਂ ਤੋਂ ਬਾਹਰ ਹੈ ਅਤੇ ਲੇਖੇ ਤੋਂ ਬਾਝੁ=ਬਿਨਾਂ ਹੈ।

ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ॥

ਕਿਉ ਕਿਉ=ਕਿਸ ਕਿਸ ਵਜ੍ਹਾਂ ਕਰਕੇ ਆਖੀਐ=ਮੂੰਹ ਚੋਂ ਕਥਨ ਕਰੀਏ,

ਅਥਵਾ:-ਉਸਦਾ ਕਿਵੇਂ ਕਥਨ ਕਰੀਏ ਅਤੇ ਕਿਵੇਂ ਉਸਦਾ ਜਸ ਆਖੀਐ, ਉਹ ਸੱਚਾ ਪ੍ਰਭੂ ਸਚੁ=ਨਿਸਚੇ ਕਰਕੇ ਸਭ ਜਗ੍ਹਾਂ 'ਪਰ ਜਾਪੈ=ਜਾਣਿਆ ਜਾਂਦਾ ਹੈ।

ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ॥

ਕਰਣਾ ਜੋ ਪ੍ਰਪੰਚ ਹੈ ਇਸ ਦੀਆਂ ਸਭ ਕਾਰਾਂ ਦੇ ਕਥਨ ਕਰਨੇ ਤੋਂ ਉਹ ਆਪ ਅਕੱਥ ਹੈ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ—ਆਪ ਅਕੱਥ ਹੋਣ ਕਰਕੇ ਉਸਦੇ ਕਥਨ ਕਰਨੇ ਦੀ ਸਾਰੀ ਕਾਰ ਸੋਨੇ ਵਾਂਗੂ ਸੂਖਮ ਹੈ। ਯਥਾ:-ਨਾਨਕ ਕਥਨਾ ਕਰੜਾ ਸਾਰੁ॥

ਅਕਥ ਕੀ ਕਥਾ ਸੁਣੇਇ॥
ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ॥ ੧॥

ਤਾਂ ਤੇ ਹੇ ਭਾਈ ! ਅਕੱਥ ਪ੍ਰਭੂ ਦੀ ਕਥਾ ਸੁਣੋ, ਜਿਸ ਕਰਕੇ ਰਿਧੀ, ਬੁੱਧੀ, ਸਿਧੀ, ਗਿਆਨ ਤੇ ਸਦਾ ਸੁਖੁ=ਨਿਤ ਸੁਖ ਪਰਾਪਤ ਹੁੰਦਾ ਹੈ। ਵਾ:-ਅਕੱਥ ਪ੍ਰਭੂ ਦੀ ਕਥਾ ਸੁਣੋ, ਤਾਂ ਬੁੱਧੀ ਮੇਂ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ, ਗਿਆਨ ਕਰਕੇ ਫੇਰ ਰਿਧੀਆਂ ਸਿਧੀਆਂ ਦੇ ਸਹਤ ਨਿਤ ਸੁਖ ਪਰਾਪਤ ਹੁੰਦਾ ਹੈ॥ ੧॥

ਮ: ੧॥ ਅਜਰੁ ਜਰੈ ਤ ਨਉ ਕੁਲ ਬੰਧੁ॥ ਪੂਜੈ ਪ੍ਰਾਣ ਹੋਵੈ ਥਿਰੁ ਕੰਧੁ॥

ਅਜਰ ਵਸਤੂ ਜੋ ਨਾਮ ਹੈ ਉਸ ਨੂੰ ਜਰੈ=ਸਹਾਰੇ,

ਅਥਵਾ:-ਅਜਰੁ=ਕਾਮ ਕ੍ਰੋਧ ਆਦਿਕਾਂ ਨੂੰ ਜਰੈ=ਸਾੜੇ ਤਾਂ ਨਉ ਕੁਲ=ਨੌਂ ਗੋਲਕਾਂ ਵਿਚ ਦਸ ਇੰਦ੍ਰੀਆਂ ਨੂੰ ਬੰਧੁ=ਰੋਕਦਾ ਹੈ। ਪ੍ਰਾਣਾਂ ਨੂੰ ਦਸਮ ਦੁਆਰ ਨੂੰ ਪੂਜੈ=ਪੁਜਾਵੇ ਤਾਂ ਕੰਧੁ=ਸਰੀਰਾਂ ਵਲੋਂ ਥਿਰੁ=ਇਸਥਿਤ ਹੁੰਦਾ ਹੈ। ਵਾ:-ਜਦ ਤੱਕ ਪ੍ਰਾਣ ਹਨ ਤਦ ਤੱਕ ਗੁਰਾਂ ਨੂੰ ਪ੍ਰੂਜਨਾ ਕਰੇ, ਤਾਂ ਉਸ ਦਾ ਆਪਣਾ ਕੰਧੁ=ਸਰੀਰ ਥਿਰੁ=ਇਸਥਿਤ ਹੁੰਦਾ ਹੈ।

ਕਹਾਂ ਤੇ ਆਇਆ ਕਹਾਂ ਏਹੁ ਜਾਣੁ॥ ਜੀਵਤ ਮਰਤ ਰਹੈ ਪਰਵਾਣੁ॥

ਇਹ ਜੀਵ ਕਹਾਂ ਸੇ ਆਇਆ ਹੈ ਅਤੇ ਕਿਥੇ ਇਸ ਨੇ ਜਾਣਾ ਹੈ?

ਉੱਤਰ:- ਈਸ਼੍ਵਰ ਤੋਂ ਆਇਆ ਹੈ ਈਸ਼੍ਵਰ ਵਿਚ ਹੀ ਲੀਣ ਹੋ ਜਾਣਾ ਹੈ।

ਯਥਾ:- ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ॥ ੧੧॥

ਜੋ ਇਸ ਵਿਚਾਰ ਨੂੰ ਕਰਕੇ ਜੀਵਤ ਭਾਵ ਤੋਂ ਮਰ ਰਹਿੰਦਾ ਹੈ ਉਹ ਪ੍ਰਮਾਣੀਕ ਹੈ।

ਹੁਕਮੈ ਬੂਝੈ ਤਤੁ ਪਛਾਣੈ॥ ਇਹੁ ਪਰਸਾਦੁ ਗੁਰੂ ਤੇ ਜਾਣੈ॥

ਜੋ ਪ੍ਰਭੂ ਦੇ ਹੁਕਮ ਨੂੰ ਬੁਝਦਾ ਹੈ ਉਹ ਤਤੁ=ਸਿਧਾਂਤ ਰੂਪ ਪਰਮੇਸ਼ਰ ਨੂੰ ਪਛਾਣਦਾ ਹੈ। ਪਰ ਇਹ ਹੁਕਮ ਦਾ ਬੁਝਣਾ ਗੁਰੂ ਦੀ ਪਰਸਾਦੁ=ਕ੍ਰਿਪਾ ਕਰਕੇ ਜਾਣਦਾ ਹੈ।

ਹੋਂਦਾ ਫੜੀਅਗੁ ਨਾਨਕ ਜਾਣੁ॥ ਨਾ ਹਉ ਨਾ ਮੈ ਜੂਨੀ ਪਾਣੁ॥ ੨॥

ਜੋ ਆਪਣੇ ਆਪ ਨੂੰ ਕੁਝ ਹੋਂਦਾ=ਹੁੰਦਾ, ਭਾਵ ਹੰਕਾਰੀ ਮੰਨਦਾ ਹੈ, ਗੁਰੂ ਜੀ ਕਥਨ ਕਰਦੇ ਹਨ—ਉਸ ਨੂੰ ਫੜੀਅਗੁ ਜਾਣੁ=ਫੜਿਆ ਹੀ ਜਾਨਣਾ ਕਰੋ। ਵਾ:-ਇਉਂ ਜਾਣੋ ਉਹ ਦਰਗਾਹ ਵਿਚ ਫੜਿਆ ਜਾਏਗਾ। ਅਗੋਂ ਕਿਸੀ ਨੇ ਕਿਹਾ, ਆਪ ਭੀ ਕੁਝ ਬਣੇ ਹੋਵੋਗੇ?

ਉੱਤਰ:-ਮੈਂ ਕੁਝ ਭੀ ਨਹੀਂ ਹਾਂ, ਇਸ ਕਰਕੇ ਨਾ ਹੀ ਮੈਂ ਜੂਨੀਆਂ ਵਿਚ ਪਾਣੁ = ਪੈਣਾ ਹੈ। *ਅਥਵਾ :-* ਜਿਸ ਵਿਚ ਨਾ ਹਉ=ਹੰਗਤਾ ਹੈ, ਨਾ ਮੈ=ਮਮਤਾ ਹੈ, ਉਹ ਜੂਨੀਆਂ ਦਾ ਦੁੱਖ ਨਹੀਂ ਪਾਣੁ=ਪਾਏਗਾ॥ ੨॥

ਪਉੜੀ॥ ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ॥

ਨਾਮ ਦੀ ਸ਼ਲਾਘਾ ਕਰਨੀ ਪੜ੍ਹੀਏ, ਵਾ:-ਉਸ ਦਾ ਪੜ੍ਹਨਾ ਸਫਲ ਹੈ ਜੋ ਨਾਮ ਦੀ ਸ਼ਲਾਘਾ ਕਰਦਾ ਹੈ, ਹੋਰ ਸਭ ਅਕਲਾਂ ਝੂਠੀਆਂ ਹਨ।

ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥

ਸੱਚੇ ਨਾਮ ਦੇ ਵਾਪਾਰ ਕੀਤੇ ਬਿਨਾਂ ਜੀਵ ਦਾ ਜਨਮ ਵਿਅਰਥ ਹੈ।

ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥

ਜਿਸ ਦੇ ਪਾਰ ਉਰਵਾਰ ਦਾ ਅੰਤ ਨਹੀਂ ਹੈ, ਉਸ ਨੂੰ ਕਿਸੇ ਨੇ ਭੀ ਨਹੀਂ ਪਾਇਆ। ਕਿਉਂਕਿ-

ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥

ਸਾਰਾ ਜਗਤ ਗਰਬਿ-ਗੁਬਾਰੁ=ਹੰਕਾਰ ਦੇ ਹਨੇਰੇ ਵਿਚ ਹੈਂ, ਇਸ ਲਈ ਉਹਨਾਂ ਨੂੰ ਸੱਚ ਚੰਗਾ ਨਹੀਂ ਲੱਗਦਾ।

ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥

ਜੋ ਮਨਮੁਖ ਨਾਮ ਨੂੰ ਭੁਲਾ ਕੇ ਚਲੇਂ ਹਨ, ਉਹ ਤਤੀ ਤਾਵਨੀ ਵਾਂਙੂ ਦੁਖਾਏ ਜਾਂਦੇ ਹਨ, ਜਿਵੇਂ, ਤੇਲੀ ਤਤਾ ਜਲ ਕਰਕੇ ਘਾਣੀਂ ਵਿਚ, ਭਾਵ, ਕੋਹਲੂ ਵਿਚ ਪਾਂਦਾ ਹੈ ਤੇ ਤਿਲ ਸੁਲਗਦੇ ਹਨ, ਤਿਵੇਂ, ਉਹ ਦੁਖੀ ਹੁੰਦੇ ਹਨ। ਕਿਉਂਕਿ-

ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥

ਉਹਨਾਂ ਨੇ ਹਿਰਦੇ ਅੰਦਰ ਤ੍ਰਿਸ਼ਨਾ ਰੂਪੀ ਬਲਦੀ ਅੱਗ ਉਤੇ ਦਵੈਤ ਭਾਵ ਰੂਪੀ ਤੇਲ ਘਤਿਆ=ਪਾਇਆ ਹੈ, ਇਸ ਕਰਕੇ ਬਹੁਤ ਸੜਦੇ ਹਨ।

ਆਇਆ ਉਠੀ ਖੇਲੁ ਫਿਰੈ ਉਵਤਿਆ ॥ ਨਾਨਕ ਸਚੈ ਮੇਲੁ ਸਚੈ ਰਤਿਆ ॥੨੪ ॥

ਇਸ ਖੇਲੁ=ਖੇਡ (ਤਮਾਸ਼ਾ) ਰੂਪ ਸੰਸਾਰ ਵਿਚ ਜੋ ਭੀ ਆਇਆ ਹੈ ਉਸ ਨੇ ਉੱਠ ਕੇ ਚਲਿਆ ਜਾਣਾ ਹੈ, ਪਰ ਇਹ ਜੀਵ ਉਵਤਿਆ=ਅਵੈੜਾ ਹੀ ਫਿਰਦਾ ਹੈ, ਭਾਵ—ਗੁਰੂ ਸ਼ਾਸਤ੍ਰ ਤੋਂ ਉਲਟ ਹੋ ਕੇ ਫਿਰਦਾ ਹੈ। ਗੁਰੂ ਜੀ ਕਥਨ ਕਰਦੇ ਹਨ- ਜੋ ਸੱਚੇ ਨਾਮ ਵਿਚ ਰਤਿਆ=ਤਦਾਕਾਰ ਹੋਏ ਹਨ, ਉਹਨਾਂ ਨੂੰ ਸੱਚੇ ਵਾਹਿਗੁਰੂ ਨੇ ਆਪਣੇ ਨਾਲ ਮੇਲ ਲਿਆ ਹੈ॥ ੨੪॥

ਸਲੋਕ ਮ: ੧ ॥

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸਾਂ ਦੇਸਾਂਤਰਾਂ ਵਿਚ ਰਟਨ ਕਰਦੇ ਹੋਏ ਕੁਰੂਛੇਤ੍ਰ ਪਹੁੰਚੇ ਤਾਂ ਕੀ ਵੇਖਿਆ ਸੂਰਜ ਗ੍ਰਹਿਣ ਦਾ ਬੜਾ ਭਾਰੀ ਪਰਬ ਲੱਗਾ ਹੋਇਆ ਹੈ, ਬ੍ਰਾਹਮਣ ਆਦਿਕ ਚਾਰੇ ਵਰਨਾਂ ਦੇ ਗ੍ਰਿਹਸਤੀ, ਬਾਨ ਪ੍ਰਸਤੀ ਆਦਿਕ ਚਾਰੇ ਆਸ਼੍ਰਮ ਤੇ ਖਟ ਦਰਸ਼ਨੀ ਵਗੈਰਾ ਸਭ ਭੇਖਾਂ ਦੇ ਆਦਮੀ ਇਕੱਤ੍ਰ ਹਨ। ਪਰ ਪ੍ਰੇਮਾ ਭਗਤੀ ਕਿਸੇ ਵਿਚ ਨਹੀਂ ਹੈ ਸਭਨਾਂ ਦੇ ਹਿਰਦਿਆਂ ਵਿਚ ਹੰਕਾਰ ਭਰਿਆ ਹੋਇਆ ਹੈ, ਉਹਨਾਂ ਦੇ ਹੰਕਾਰ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਵਿਚਾਰਿਆ ਅਸੀਂ ਕੋਈ ਅਯੋਗ ਗੱਲ ਕਰੀਏ ਤਾਂ ਕਿ ਇਹ ਹੰਕਾਰੀ ਬ੍ਰਾਹਮਣ ਆਪੇ ਆ ਕੇ ਸਾਨੂੰ ਬੁਲਾਣ, ਅਸੀਂ ਨਾ ਬੁਲਾਈਏ। ਇਹ ਗੱਲ ਸੋਚ ਕੇ ਵੱਖਰੀ ਜਗ੍ਹਾਂ 'ਪਰ ਆਸਣ ਵਿਛਵਾਕੇ ਬੈਠ ਗਏ ਤੇ ਮਰਦਾਨੇ ਨੂੰ ਆਖਿਆ ਬੜੀ ਮਿੱਠੀ ਸੁਰ ਨਾਲ ਸ਼ਬਦ ਗਾਣਾ ਕਰ ਗੁਰੂ ਜੀ ਦਾ ਹੁਕਮ ਮੰਨ ਕੇ ਮਰਦਾਨਾ ਗਾਉਣ ਲੱਗ ਪਿਆ।

ਯਥਾ:- ਮਰਦਾਨਾ ਤਬ ਗਾਵਨ ਲਾਗਾ। ਮਧਰ ਰਾਗ ਸੋ ਉਰ ਅਨਰਾਗਾ।

ਇਤਨੇ ਨੂੰ ਇਕ ਹਾਸੀ ਦੇ ਰਾਜੇ 'ਅੰਮ੍ਰਿਤ ਰਾਇ' ਦੀ ਰਾਣੀ ਆਪਣੇ ਬੇਟੇ 'ਜਗਤ੍ਰ ਰਾਇ' ਨੂੰ ਨਾਲ ਲੈ ਕੇ ਗੁਰੂ ਜੀ ਅੱਗੇ ਮਰੇ ਹੋਏ ਹਰਨ ਦੀ ਭੇਟਾ ਰੱਖ ਕੇ ਚਰਨ ਫੜ ਕੇ ਮੱਥਾ ਟੇਕ ਕੇ ਕਿਹਾ, ਇਸ ਬੱਚੇ ਦਾ ਪਿਤਾ ਕਾਲ ਵਸ ਹੋ ਗਿਆ ਹੈ ਮਗਰੋਂ ਵੈਰੀਆਂ ਨੇ ਜੰਗ ਕਰਕੇ ਸਾਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ, ਆਪ ਅਸ਼ੀਰਵਾਦ ਦਿਓ ਤਾਂ ਕਿ ਇਹ ਬੱਚਾ ਆਪਣੇ ਪਿਤਾ ਦੇ ਰਾਜ ਨੂੰ ਸੰਭਾਲ ਲਵੇ। ਹਜੂਰ ਨੇ ਇਹ ਗੱਲ ਸੁਣ ਕੇ ਕਿਹਾ— ਤੁਸੀਂ ਬ੍ਰਹਮ ਭੋਜ ਕਰੋ ਫਿਰ ਤੁਹਾਨੂੰ ਓਸੇ ਤਰ੍ਹਾਂ ਰਾਜ ਪ੍ਰਾਪਤ ਹੋ ਜਾਵੇਗਾ, ਮਾਂ ਪੁਤ੍ਰ ਨੇ ਹੱਥ ਜੋੜ ਕੇ ਕਿਹਾ, ਸਭ ਕੁਝ ਜੰਗ ਵਿਚ ਗੁਆ ਆਏ ਹਾਂ ਹੁਣ ਸਾਡੇ ਪਾਸ ਕੁਝ ਭੀ ਨਹੀਂ ਹੈ। ਹੁਣ ਤਾਂ ਬਹੁਤ ਗਰੀਬ ਹੋ ਚੁੱਕੇ ਹਾਂ, ਸਾਡੇ ਕੋਲ ਪ੍ਰਸ਼ਾਦ ਲਿਆਉਣ ਦੀ ਤਾਕਤ ਭੀ ਨਹੀਂ ਹੈ ਸੰਤਾਂ ਪਾਸ ਖਾਲੀ ਹਥੀਂ ਜਾਣ ਕਰਕੇ ਦੋਸ਼ ਹੁੰਦਾ ਹੈ ਇਸ ਲਈ ਅਸੀਂ ਹਰਨ ਮਾਰ ਕੇ ਲਿਆਏ ਹਾਂ। ਗੁਰੂ ਜੀ ਨੇ ਕਿਹਾ, ਇਕ ਕੋਰਾ ਮੱਟ ਤੇ ਮਸਾਲੇ ਲਿਆ ਕੇ ਇਸ ਹਰਨ ਦੇ ਮਾਸ ਨੂੰ ਸਵਾਰ ਕੇ ਅੱਗ ਉਤੇ ਧਰ ਦਿਓ ਤੁਹਾਡੀ ਇਤਨੀ ਸੇਵਾ ਹੀ ਦਰਗਾਹ ਵਿਚ ਕਬੂਲ ਹੋ ਜਾਵੇਗੀ ਜਿਸ ਦੇ ਸਦਕੇ ਤੁਹਾਨੂੰ ਫੇਰ ਰਾਜ ਭਾਗ ਪ੍ਰਾਪਤ ਹੋ ਜਾਵੇਗਾ। ਇਹ ਗੱਲ ਸੁਣਦਿਆਂ ਉਹਨਾਂ ਨੂੰ ਚਾਰ ਚੰਨ ਚੜ੍ਹ ਗਏ ਕੋਰਾ ਮਟ ਤੇ ਮਸਾਲੇ ਲਿਆ ਕੇ ਹਰਨ ਦਾ ਮਾਸ ਸਵਾਰ ਕੇ ਅੱਗ ਬਾਲ ਕੇ ਚੁਲੇ 'ਪਰ ਧਰ ਦਿੱਤਾ ਤੇ ਗੁਰੂ ਜੀ ਪਾਸੋਂ ਆਗਿਆ ਲੈ ਕੇ ਮਾਂ ਪੁਤ੍ਰ ਚਲੇ ਗਏ।

ਜਿਸ ਵੇਲੇ ਮਾਸ ਰਿਝਣ ਦੀ ਬਦਬੂ ਫੈਲੀ ਤਾਂ ਬ੍ਰਾਹਮਣਾਂ ਨੂੰ ਗੁੱਸਾ ਚੜ੍ਹ ਗਿਆ ਹੱਥ ਵਿਚ ਡਾਗਾਂ ਫੜਕੇ ਸਾਹਮਣੇ ਆ ਖਲੋਤੇ ਤੇ ਆਖਦੇ ਹਨ ਔਹ ਵੇਖ ਸੂਰਜ ਗ੍ਰਹਿਣ ਲੱਗਾ ਹੋਇਆ ਹੈ ਇਹ ਵੇਲਾ ਇਸ਼ਨਾਨ ਦਾ ਹੈ, ਦਾਨ ਪੁੰਨ ਕਰਨ ਦਾ ਹੈ, ਜਪ ਤਪ ਆਦਿਕਾਂ ਦੇ ਕਰਨ ਦਾ ਹੈ ਪਰ ਤੂੰ ਕੁਝ ਵੀ ਸੋਚ ਵਿਚਾਰ ਨਹੀਂ ਕੀਤੀ ਇਹ ਤੂੰ ਬੜਾ ਭੈੜਾ ਕੰਮ ਕੀਤਾ ਹੈ। ਗੁਰੂ ਜੀ ਨੇ ਕਿਹਾ, ਸਾਨੂੰ ਬੜੀ ਭੁਖ ਲੱਗੀ ਹੋਈ ਸੀ ਅਸੀਂ ਤਾਂ ਕੁਝ ਭੋਜਨ ਤਿਆਰ ਕੀਤਾ ਹੈ ਭੈੜਾ ਕੰਮ ਤਾਂ ਕੋਈ ਨਹੀਂ ਕੀਤਾ, ਬ੍ਰਾਹਮਣਾਂ ਨੇ ਪੁਛਿਆ ਕੀ ਭੋਜਨ ਤਿਆਰ ਕੀਤਾ ਹੈ?

ਉਸ ਵੇਲੇ ਜਿਨ੍ਹਾਂ ਬ੍ਰਾਹਮਣਾਂ ਨੇ ਮਾਸ ਧਰਦਿਆਂ ਵੇਖਿਆ ਸੀ, ਉਹਨਾਂ ਨੇ ਝੱਟ ਆਖ ਦਿੱਤਾ, ਹੋਰ ਇਸ ਨੇ ਕੀ ਚਾੜਨਾ ਹੈ ਸਾਡੇ ਵੇਖਦਿਆਂ ਵੇਖਦਿਆਂ ਇਸ ਨੇ ਮਾਸ ਧਰਿਆ ਹੈ। ਏਹ ਬਹੁਤ ਅਧਰਮੀ ਹੈ ਇਸ ਨੂੰ ਮਾਰਦਿਆਂ ਦੇਰ ਨਹੀਂ ਕਰਨੀ ਚਾਹੀਦੀ।

ਗੁਰੂ ਜੀ ਨੇ ਕਿਹਾ—ਜੇ ਤੁਹਾਡੇ ਵਿਚ ਬਲ ਹੈ ਤਾਂ ਮਾਰ ਲੌ, ਨਹੀਂ ਤਾਂ ਜੇ ਚਰਚਾ ਕਰਨੀ ਚਾਹੁੰਦੇ ਹੋ ਤਾਂ ਚਰਚਾ ਕਰ ਲਵੋ।

ਉਸ ਵੇਲੇ ਉਹਨਾਂ ਬ੍ਰਾਹਮਣਾਂ ਨੇ ਵਿਦਵਾਨ ਪੰਡਿਤ ਸੱਦਨੇ ਸ਼ੁਰੂ ਕਰ ਦਿੱਤੇ, ਬਹੁਤ ਹੀ ਵਿਦਵਾਨ ਪੰਡਿਤਾਂ ਦਾ ਇਕੱਠ ਹੋ ਗਿਆ, ਜਿਨ੍ਹਾਂ ਵਿਚ ਚੋਟੀ ਦਾ ਵਿਦਵਾਨ ਪੰਡਿਤ ਨਾਨੂ ਭੀ ਆ ਗਿਆ, ਜਿਸ ਵੇਲੇ ਇਸ ਨੇ ਭਵਿਛਤ ਪੁਰਾਣ ਵਿਚੋਂ ਇਹ ਗੱਲ ਪੜ੍ਹੀ ਕਿ ਕਲਜੁਗ ਵਿਚ ਪਰਮੇਸ਼ਰ ਨੇ ਗੁਰੂ ਨਾਨਕ ਨਾਮ ਕਰਕੇ ਅਵਤਾਰ ਧਾਰਨਾ ਹੈ ਤੇ ਸਾਰਿਆਂ ਦੇਸਾਂ ਦੇਸਾਤਰਾਂ ਵਿਚ ਫਿਰ ਕੇ ਦਿਗ ਬਿਜੈ ਪਾਉਣੀ ਹੈ, ਇਸ ਨੇ ਵਿਚਾਰਿਆ ਇਸ ਵੇਲੇ ਤਾਂ ਮੈਂ ਹੀ ਸਾਰੇ ਦਿਗ ਬਿਜੈ ਪਾ ਰਿਹਾ ਹਾਂ ਮੇਰੇ ਮਾਂ ਪਿਓ ਨੇ ਭੁਲੇਖੇ ਵਿਚ ਮੇਰਾ ਨਾਮ ਨਾਨੂ ਰੱਖ ਦਿੱਤਾ ਹੈ।

ਗੁਰੂ ਨਾਨਕ ਤਾਂ ਮੈਂ ਹੀ ਹਾਂ ਉਸ ਦਿਨ ਤੋਂ ਇਸ ਨੇ ਆਪਣਾ ਨਾਮ ਨਾਨਕ ਰੱਖਾ ਲਿਆ। ਇਸ ਨੂੰ ਸਭਾ ਵਿਚ ਬੈਠਿਆਂ ਵੇਖ ਕੇ ਬਾਕੀ ਦੇ ਪੰਡਿਤਾਂ ਨੇ ਇਸ ਨੂੰ ਅੱਗੇ ਕਰਕੇ ਬਿਠਾ ਦਿੱਤਾ ਕਿ ਸਾਡੇ ਸਾਰਿਆਂ ਵਲੋਂ ਤੂੰ ਹੀ ਚਰਚਾ ਕਰ। ਗੁਰੂ ਜੀ ਨੇ ਇਸ ਨੂੰ ਅਗੇ ਬੈਠਾ ਵੇਖ ਕੇ ਕਿਹਾ-ਪੰਡਿਤ ਜੀ ਪਹਿਲੇ ਆਪ ਜੀ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਆਮਿਖ ਕਿਸਨੂੰ ਕਹਿੰਦੇ ਹਨ ਅਤੇ ਬ੍ਰਾਹਮਣ ਦਾ ਕਰਮ ਕੀ ਹੈ? ਤੇ ਛਤ੍ਰੀ

ਦਾ ਕਰਮ ਕੀ ਹੈ?

ਜਿਵੇਂ, ਬ੍ਰਾਹਮਣ ਦਾ ਕਰਮ ਇਹ ਹੈ ਵਿੱਦਿਆ ਪੜ੍ਹਨੀ ਪੜ੍ਹਾਉਣੀ, ਦਾਨ ਲੈਣਾ ਤੇ ਦੇਣਾ, ਯੱਗ ਕਰਨਾ ਤੇ ਕਰਾਉਣਾ।

ਤਿਵੇਂ, ਛਤ੍ਰੀ ਦਾ ਕਰਮ ਹੈ ਆਮਿਖ ਦੁਆਰੇ ਯੱਗ ਕਰਨਾ। ਅਸਾਂ ਨੇ ਆਪਣੇ ਧਰਮ ਅਨੁਸਾਰ ਇਹ ਕਰਮ ਕੀਤਾ ਹੈ ਆਪਣੇ ਧਰਮ ਤੋਂ ਕੋਈ ਉਲਟ ਕੰਮ ਨਹੀਂ ਕੀਤਾ।

ਫੇਰ ਇਹਨਾਂ ਬ੍ਰਾਹਮਣਾਂ ਨੇ ਇਤਨਾ ਗੁੱਸਾ ਕਿਉਂ ਕੀਤਾ ਹੈ। ਵਿਚਾਰ ਕੇ ਵੇਖੋ ਇਹ ਤਾਂ ਸਾਰਾ ਸੰਸਾਰ ਹੀ ਮਾਸ ਮਈ ਹੈ, ਯਥਾ:-

ਸਲੋਕ ਮ: ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥

ਸਭ ਤੋਂ ਪਹਿਲਾਂ ਮਾਂ ਪਿਓ ਦੇ ਸਬੰਧ ਕਰਕੇ ਰਕਤ ਬਿੰਦ ਦਾ ਮਿਲਾਪ ਰੂਪ ਜੋ ਨਿੰਮਣਾ ਹੈ, ਇਹ ਮਾਸ ਰੂਪ ਹੈ, ਫੇਰ ਮਾਂ ਦੇ ਪੇਟ ਰੂਪ ਮਾਸ ਦੇ ਅੰਦਰ ਜੀਵ ਦਾ ਵਾਸਾ ਹੁੰਦਾ ਹੈ।

ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥

ਦੇਹ ਵਿਚ ਜੀਵਾਤਮਾ ਨੂੰ ਪਾਇਆ ਤਾਂ ਮਾਸ ਦਾ ਹੀ ਪੜਦਾ ਮੂੰਹ ਉਤੇ ਮਿਲਿਆ, ਸਾਰਾ ਹੱਡ ਚੰਮ ਤੇ ਸਰੀਰ ਭੀ ਮਾਸ ਦਾ ਹੈ।

ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥

ਜਿਸ ਵੇਲੇ ਮਾਂ ਦੇ ਗਰਭ ਰੂਪ ਮਾਸ ਤੋਂ ਬਾਹਰ ਕੱਢਿਆ ਤਾਂ ਮਾਸ ਦਾ ਮੰਮਾ ਮੂੰਹ ਵਿਚ ਮਿਲਿਆ ਜਿਸ ਤੋਂ ਇਸ ਨੂੰ ਗਿਰਾਸ ਮਿਲਦਾ ਹੈ।

ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥

ਮੂੰਹ ਭੀ ਮਾਸ ਦਾ ਹੈ, ਜੀਭ ਵੀ ਮਾਸ ਦੀ ਹੈ, ਮਾਸ ਦੇ ਸਰੀਰ ਅੰਦਰ ਹੀ ਸਵਾਸ ਹਨ।

ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥

ਜਿਸ ਵੇਲੇ ਵੱਡਾ ਹੋ ਕੇ ਵਿਵਾਹਿਆ ਗਿਆ ਤਾਂ ਫਿਰ ਭੀ ਘਰ ਵਿਚ ਇਸਤ੍ਰੀ ਰੂਪ ਮਾਸ ਲੈ ਕੇ ਆਇਆ।

ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥

ਉਸ ਇਸਤ੍ਰੀ ਰੂਪ ਮਾਸ ਤੋਂ ਹੀ ਹੋਰ ਮਾਸ ਲੜਕੀ ਲੜਕਾ ਪੈਦਾ ਹੁੰਦੇ ਹਨ, ਇਸ ਤਰ੍ਹਾਂ ਮਾਸ ਤੋਂ ਹੀ ਸਾਰੇ ਸਾਕ ਬਣੇ ਹਨ।

ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥

ਸਤਿਗੁਰੂ ਦੇ ਮਿਲਿਆਂ ਹੀ ਕਰਤਾਰ ਦਾ ਹੁਕਮ ਮੰਨਣਾ ਸਮਝੀਦਾ ਹੈ, ਤਾਂ ਹੀ ਕੋਈ ਕਰਮ ਕੀਤਾ ਹੋਇਆ ਰਾਸ ਆਉਂਦਾ ਹੈ। ਵਾ:-ਤਾਂ ਹੀ ਕੋਈ ਰਾਸਿ=ਸੱਚ ਵਿਚ ਆਉਂਦਾ ਹੈ।

ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਨਾਸੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜੇਕਰ ਇਹ ਹੰਕਾਰ ਵਿਚ ਕਹਿੰਦਾ ਰਵ੍ਹੇ ਕਿ ਮੈਂ ਆਪ ਛੁਟ ਗਿਆ ਹਾਂ

ਛੁਟ ਗਿਆ ਹਾਂ, ਤਾਂ ਉਹ ਕਦੇ ਨਹੀਂ ਛੁਟ ਸਕਦਾ ਸਗੋਂ ਇਸ ਤਰ੍ਹਾਂ ਦੇ ਬਚਨ ਆਖਣ ਵਾਲੇ ਦਾ ਛੇਤੀ ਬਿਣਾਸੁ= ਨਾਸ ਹੁੰਦਾ ਹੈ॥ ੧॥

ਮ: ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ
ਗਿਆਨੁ ਧਿਆਨੁ ਨਹੀ ਜਾਣੈ॥

ਮਾਸ ਮਾਸ ਕਰਕੇ ਮੂਰਖ ਪੁਰਸ਼ ਝਗੜਦੇ ਹਨ, ਜਿਨ੍ਹਾਂ ਨੂੰ ਗਿਆਨ ਪ੍ਰਾਪਤ ਨਹੀਂ ਹੈ ਤੇ ਧਿਆਨ ਕਰਨਾ ਜਾਣਦੇ ਨਹੀਂ ਹਨ। ਦੂਜੀ ਲਵੰਤਾ:-ਮਾਸ ਖਾਣਾ ਚੰਗਾ ਹੈ, ਮਾਸ ਖਾਣਾ ਬੁਰਾ ਹੈ ਇਸ ਝਗੜੇ ਨੂੰ ਮੂਰਖ ਕਰਦੇ ਹਨ, ਜੋ ਗਿਆਨ ਤੇ ਧਿਆਨ ਨੂੰ ਜਾਣਦੇ ਨਹੀਂ ਹਨ।

ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥

ਕੌਣ ਮਾਸ ਹੈ ? ਤੇ ਕੌਣ ਸਾਗ ਕਹਾਉਂਦਾ ਹੈ? ਤੇ ਕਿਸ ਵਿਚ ਪਾਪ ਸਮਾਂਵਦਾ ਹੈ, ਵੇਦਾਂ ਦੇ ਅਨੁਸਾਰ ਜੋ ਕਾਰਵਾਈ ਕੀਤੀ ਜਾਂਦੀ ਹੈ ਉਹ ਸਾਗ ਹੈ ਵੇਦਾਂ ਤੋਂ ਉਲਟ ਜਾਂ ਆਪਣੇ ਵਰਨ ਆਸ੍ਰਮ ਤੋਂ ਉਲਟ ਜੋ ਕਾਰਵਾਈ ਕੀਤੀ ਜਾਂਦੀ ਹੈ ਉਹ ਮਾਸ ਹੈ।

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥

ਗੈਂਡਾ ਮਾਰ ਕੇ ਯੱਗ ਵਿਚ ਹਮਨ ਕਰਦੇ ਹਨ, ਏਹ ਦੇਵਤਿਆਂ ਦੀ ਧੁਰ ਤੋਂ ਬਾਣੇ=ਆਦਤ ਚਲੀ ਆਈ ਹੈ। ਵਾ:-ਗੈਂਡਾ ਮਾਰ ਕੇ ਹਮਨ ਤੇ ਯੱਗ ਕਰਦੇ ਹਨ ਨਾਲ ਦੇਵਤਿਆਂ ਦੀ ਬਾਣੇ=ਬਾਣੀ (ਮੰਤ੍ਰ) ਪੜ੍ਹਦੇ ਹਨ।

ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥

ਦਿਨੇ ਤਾਂ ਮਾਸ ਛੱਡ ਕੇ ਨੱਕ ਫੜ ਕੇ ਸਮਾਧੀ ਲਗਾ ਕੇ ਬੈਠਦੇ ਹਨ ਤੇ ਰਾਤ ਨੂੰ ਮਨੁੱਖ ਖਾ ਜਾਂਦੇ ਹਨ। ਅਰਥਾਤ—ਦਿਨ ਨੂੰ ਤਾਂ ਵੈਸ਼ਨਵ ਬਣ ਕੇ ਵਿਖਾਂਦੇ ਹਨ ਤੇ ਰਾਤੀ ਮਨੁੱਖਾਂ ਨੂੰ ਜਾਨੋ ਮਾਰ ਕੇ ਉਨਾਂ ਦਾ ਧਨ ਲੁਟ ਲੈਂਦੇ ਹਨ। ਵਾ:-ਰਾਤੀ ਮਨੁੱਖ ਦਾ ਖਾਣਾ ਏਹੀ ਹੈ ਜੋ ਇਸਤ੍ਰੀਆਂ ਨਾਲ ਰਮਨ ਕਰਦਿਆਂ ਰਹਿਣਾ।

ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥

ਨੱਕ ਫੜ ਕੇ, ਵਾ:-ਫੜੁ=ਪਖੰਡ ਕਰਕੇ ਲੋਕਾਂ ਨੂੰ ਦਿਖਾਂਦੇ ਹਨ ਤੇ ਗਿਆਨ ਧਿਆਨ ਦੀ ਕੁਝ ਸਮਝ ਨਹੀਂ ਹੈ।

ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥

ਗੁਰੂ ਜੀ ਕਥਨ ਕਰਦੇ ਹਨ—ਅੰਨ੍ਹੇ ਨੂੰ ਕੀ ਕਹਿਣਾ ਹੈ, ਕਿਉਂਕਿ ਜੇ ਉਸਨੂੰ ਕਹਿ ਭੀ ਦਿੱਤਾ ਜਾਵੇ ਤਾਂ ਉਹ ਕਿਹਾ ਹੋਇਆ ਉਪਦੇਸ਼ ਸਮਝਦਾ ਨਹੀਂ ਹੈ।

ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥

ਅੰਨ੍ਹਾਂ ਪੁਰਸ਼ ਉਹ ਹੈ ਜਿਹੜਾ ਅੰਨ੍ਹੇ ਕਰਮ ਕਮਾਉਂਦਾ ਹੈ ਅਤੇ ਉਸ ਦੇ ਹਿਰਦੇ ਵਿਚ 'ਸਿ ਲੋਚਨ ਨਾਹੀ'=ਉਹ ਗਿਆਨ ਵੈਰਾਗ ਰੂਪੀ ਨੇਤ੍ਰ ਨਹੀਂ ਹਨ, ਜੋ ਸ਼ਾਸਤ੍ਰਾਂ ਵਿਚ ਕਥਨ ਕੀਤੇ ਹੋਏ ਹਨ।

ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਹੀ॥

ਵੇਖੋ! ਮਾਂ ਦੀ ਰਕਤ ਤੇ ਪਿਤਾ ਦੇ ਬੀਰਜ ਤੋਂ ਨਿਪੰਨੇ=ਪੈਦਾ ਹੋਏ ਹਨ ਤੇ ਮੂੰਹੋਂ ਇੰਝ ਆਖਦੇ ਹਨ ਮੱਛੀ ਦਾ ਮਾਸ ਨਹੀਂ ਖਾਣਾ ਚਾਹੀਦਾ ਕਿਉਂਕਿ ਜਿਸ ਨੇ ਮੱਛੀ ਦਾ ਮਾਸ ਖਾ ਲਿਆ ਉਸ ਨੇ ਸਾਰੇ ਮਾਸ ਖਾ ਲਏ।

[ਪੰਨਾ ੧੨੯੦]

ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥

ਜਾਂ ਨਿਸਿ=ਰਾਤ੍ਰੀ ਨੂੰ ਇਸਤ੍ਰੀ ਪੁਰਸ਼ ਦਾ ਮਿਲਾਪ ਹੁੰਦਾ ਹੈ, ਤਾਂ ਓਥੇ ਭੀ ਮੰਧੁ=ਮਾਸ ਹੀ ਕੰਮ ਆਉਂਦਾ ਹੈ। ਵਾ:-ਓਥੇ ਭੀ ਮੰਦ ਕਰਮਾਂ ਨੂੰ ਕਮਾਂਵਦੇ ਹਨ।

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥

ਮਾਸ ਤੋਂ ਹੀ ਨਿੰਮੇ ਹਨ, ਮਾਸ ਤੋਂ ਹੀ ਜੰਮੇ ਹਨ, ਹਮ=ਤਮਾਮ (ਸਾਰੇ) ਮਾਸ ਦੇ ਹੀ ਭਾਂਡੇ ਹਨ।

ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥

ਜਿਨ੍ਹਾਂ ਨੂੰ ਕੁਝ ਭੀ ਗਿਆਨ ਧਿਆਨ ਦੀ ਸਮਝ ਨਹੀਂ ਹੈ, ਉਹ ਪਾਂਡੇ ਆਪਣੇ ਆਪ ਨੂੰ ਚਤੁਰ ਕਹਾਉਂਦੇ ਹਨ।

ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ॥

ਹੇ ਸੁਆਮੀ=ਪੰਡਿਤ ਜੀ। ਬਾਹਰ ਦਾ ਮਾਸ ਬੁਰਾ ਸਮਝਦੇ ਹੋ ਤੇ ਘਰ ਦਾ ਮਾਸ ਜੋ ਇਸਤ੍ਰੀ ਹੈ ਉਸ ਨੂੰ ਚੰਗਾ ਸਮਝਦੇ ਹੋ। ਚੰਗਾ ਸਮਝ ਕੇ ਹੀ ਉਸ ਨਾਲ ਪਿਆਰ ਕਰਦੇ ਹੋ।

ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥

ਜਿੰਨੇ ਕੁ ਜੀਆ ਜੰਤ ਹਨ ਸਾਰੇ ਮਾਸ ਤੋਂ ਹੋਏ ਹਨ ਅਤੇ ਮਾਸ ਦੇ ਵਿਚ ਹੀ ਜੀਵ ਨੇ ਵਾਸਾ ਲਿਆ ਹੈ।

ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥

ਜਿਨ੍ਹਾਂ ਦਾ ਗੁਰੂ ਅੰਨ੍ਹਾਂ ਹੈ ਉਹ ਅਭਖੁ=ਨਾ ਖਾਣੇ ਜੋਗ ਪਦਾਰਥਾਂ ਨੂੰ ਖਾਂਦੇ ਹਨ ਅਤੇ ਖਾਣ ਵਾਲੇ ਪਦਾਰਥਾਂ ਨੂੰ ਤਿਆਗ ਛੱਡਦੇ ਹਨ।

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥

ਮਾਸ ਤੋਂ ਨਿੰਮੇ=ਉਪਜੇ ਹਨ ਮਾਸ ਤੋਂ ਜੰਮੇ ਹਨ ਹਮ=ਤਮਾਮ (ਸਾਰੇ) ਮਾਸ ਦੇ ਭਾਂਡੇ ਹਨ।

ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥

ਜਿਨ੍ਹਾਂ ਨੂੰ ਗਿਆਨ ਧਿਆਨ ਦੀ ਕੁਝ ਸਮਝ ਨਹੀਂ ਹੈ, ਉਹ ਪਾਂਡੇ ਆਪਣੇ ਆਪ ਨੂੰ ਚਤੁਰ ਕਹਾਉਂਦੇ ਹਨ।

ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ॥

ਖਤ੍ਰੀਆਂ ਵਾਸਤੇ ਮਾਸ ਖਾਣਾ ਪੁਰਾਣਾਂ ਵਿਚ ਲਿਖਿਆ ਹੈ, ਕਤੇਬਾਂ ਵਿਚ ਭੀ ਲਿਖਿਆ ਹੈ, ਖੱਤਰੀ ਲੋਕ ਚਾਰਿਆਂ ਜੁਗਾਂ ਵਿਚ ਮਾਸ ਕਮਾਣਾ=ਖਾਣਾ ਕਰਦੇ ਹਨ।

ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥

ਜਿਸ ਵੇਲੇ ਜਜਿ=ਪੂਜਾ ਜਾਂ ਝੰਡ ਚੋਲਾ ਆਦਿਕ ਕਾਰਜ ਤੇ ਸ਼ੋਭਨੀਕ ਵਿਆਹ ਕਰਦੇ ਹਨ ਉਸ ਵੇਲੇ ਓਥੇ ਮਾਸ ਹੀ ਸਮਾਉਂਦਾ ਹੈ।

ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥

ਸਾਰੇ ਇਸਤ੍ਰੀ ਪੁਰਸ਼ ਮਾਸ ਤੋਂ ਉਤਪੰਨ ਹੋਏ ਹਨ, ਬਾਦਸ਼ਾਹ ਤੇ ਸੁਲਤਾਨਾ=ਚਕ੍ਰਵਰਤੀ ਬਾਦਸ਼ਾਹ ਭੀ ਮਾਸ ਤੋਂ ਪੈਦਾ ਹੋਏ ਹਨ।

ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥

ਹੇ ਪੰਡਿਤੋ ! ਜੇ ਤੁਹਾਨੂੰ ਉਹ ਨਰਕਾਂ ਵਿਚ ਜਾਂਦੇ ਦਿੱਸਦੇ ਹਨ, ਤਾਂ ਤੁਹਾਨੂੰ ਫਿਰ ਉਹਨਾਂ ਦਾ ਦਾਨ ਨਹੀਂ ਲੈਣਾ ਚਾਹੀਦਾ। ਕਿਉਂਕਿ ਜੇ ਉਹਨਾਂ ਤੋਂ ਦਾਨ ਲਓਗੇ ਤਾਂ ਤੁਸੀਂ ਭੀ ਨਰਕਾਂ ਵਿਚ ਜਾਓਗੇ। ਏਹ ਗੱਲ ਸੁਣ ਕੇ ਪੰਡਿਤਾਂ ਨੇ ਕਿਹਾ, ਅਸੀਂ ਨਰਕਾਂ ਵਿਚ ਕਿਉਂ ਜਾਵਾਂਗੇ ਤਾਂ ਗੁਰੂ ਜੀ ਨੇ ਕਿਹਾ:—

ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥

ਹੇ ਲੋਕੋ ! ਏਹ ਪੰਡਿਤਾਂ ਦਾ ਧਿਙਾਣਾ=ਧੱਕਾ ਵੇਖੋ,

ਵਾ:-ਜੋਰੋ ਜੋਰੀ ਦਾ ਕੰਮ ਵੇਖੋ, ਕਿ ਦਾਨ ਦੇਣ ਵਾਲਾ ਨਰਕਾਂ ਵਿਚ ਜਾਂਦਾ ਹੈ ਅਤੇ ਦਾਨ ਲੈਣ ਵਾਲਾ ਸੁਰਗ ਵਿਚ ਜਾਂਦਾ ਹੈ।

ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥

ਹੇ ਪਾਂਡੇ ! ਤੂੰ ਆਪ ਸਮਝਦਾ ਨਹੀਂ ਹੈਂ ਅਤੇ ਲੋਕਾਂ ਨੂੰ ਸਮਝਾਦਾ ਹੈਂ, ਇਸ ਲਈ ਤੂੰ ਚੰਗਾ ਸਿਆਣਾ ਹੈਂ, ਭਾਵ ਤੂੰ ਤਾਂ ਮੂਰਖ ਹੈਂ।

ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥

ਹੇ ਪਾਂਡੇ ! ਤੂੰ ਏਹ ਗੱਲ ਜਾਣਦਾ ਹੀ ਨਹੀਂ ਹੈਂ ਕਿ ਮਾਸ ਕਿਥੋਂ ਪੈਦਾ ਹੋਇਆ ਹੈ। ਭਾਵ ਜਲ ਤੋਂ ਪੈਦਾ ਹੋਇਆ ਹੈ।

ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥

ਤੋਇਅਹੁ=ਜਲ ਤੋਂ ਹੀ ਅੰਨ ਕਮਾਦੁ=ਗੰਨਾ ਤੇ ਕਪਾਹ ਆਦਿਕ ਹੋਏ ਹਨ।

ਤੋਇਅਹੁ=ਜਲ ਤੋਂ ਹੀ ਤਿੰਨੇ ਭਵਨ ਹੋਏ, ਗੰਨਾ=ਗਿਣੇ ਜਾਂਦੇ ਹਨ।

ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥

ਤੋਆ=ਪਾਣੀ ਕਹਿੰਦਾ ਹੈ ਮੈਂ ਬਹੁਤ ਤਰ੍ਹਾਂ ਕਰਕੇ ਚੰਗਾ ਹਾਂ, ਪਰ ਵਿਚਾਰ ਕੇ ਦੇਖਿਆ ਜਾਵੇ ਤਾਂ ਤੋਐ=ਪਾਣੀ ਵਿਚ ਬਹੁਤੇ ਵਿਕਾਰ ਹਨ।

ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜੋ ਅਸਾਂ ਨੇ ਉਪਰ ਗਿਣੇ ਹਨ ਇਤਨਿਆਂ ਰਸਾਂ ਨੂੰ ਛੱਡ ਦੇਵੇ ਤਾਂ

ਸੰਨਿਆਸੀ ਹੁੰਦਾ ਹੈ, ਏਹ ਸ਼ੁਭ ਵਿਚਾਰ ਅਸਾਂ ਨੇ ਕਿਹਾ ਹੈ॥ ੨॥

ਤੁਸਾਂ ਨੇ ਬ੍ਰਹਮਚਰਜ ਧਾਰ ਕੇ ਪ੍ਰਤੱਖ ਮਾਸ ਤਾਂ ਤਿਆਗਿਆ ਹੈ ਪਰ ਇਸਤ੍ਰੀ ਰੂਪ ਮਾਸ ਨਹੀਂ ਛੱਡਿਆ ਇਸ ਲਈ ਇਹ ਤੁਹਾਡਾ ਪਖੰਡ ਠੀਕ ਨਹੀਂ ਹੈ। ਅਸਲ ਗੁਰੂ ਜੀ ਦਾ ਸਿਧਾਂਤ ਮਾਸ ਦੇ ਤਿਆਗ ਵਿਚ ਹੈ।

ਯਥਾ:- ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ॥ *(ਮਾਝ ਵਾਰ ਪੰਨਾ ੧੪੦)*

ਉਸੀ ਵੇਲੇ ਨਾਨੂ ਪੰਡਿਤ ਨੇ ਚਰਨੀਂ ਪੈ ਕੇ ਗੁਰੂ ਜੀ ਤੋਂ ਮੁਆਫੀ ਮੰਗੀ ਤੇ ਕਿਹਾ, ਆਪ ਜੀ ਦੇ ਸਭ ਬਚਨ ਸੱਤ ਹਨ ਅਸੀਂ ਆਪ ਜੀ ਦੇ ਹੁਕਮ ਵਿਚ ਹਾਂ ਗੁਰੂ ਜੀ ਨੇ ਉਸੀ ਵੇਲੇ ਪੰਗਤ ਲਵਾ ਕੇ ਉਸ ਮਟਕੇ ਵਿਚੋਂ ਖੀਰ ਕੱਢ ਕੇ ਸਭ ਪੰਡਿਤਾਂ ਨੂੰ ਖੁਆ ਦਿੱਤੀ। ਏਹ ਅਸਚਰਜ ਕੌਤਕ ਵੇਖ ਕੇ ਨਾਨੂ ਨੇ ਕਿਹਾ, ਮੈਂ ਗੁਰ ਨਾਨਕ ਨਹੀਂ ਹਾਂ ਅਸਲ ਸ੍ਰੀ ਗੁਰੂ ਨਾਨਕ ਦੇਵ ਜੀ ਏਹੋ ਹਨ ਮੈਂ ਤਾਂ ਨਾਨੂ ਹੀ ਹਾਂ, ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੈ ਜੈ ਕਾਰ ਕਰਦੇ ਹੋਏ ਮੱਥਾ ਟੇਕ ਕੇ ਸਭ ਪੰਡਿਤ ਵਿਦਾਅ ਹੋ ਗਏ।

ਪਉੜੀ॥ ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ॥

ਹਉ=ਮੈਂ ਇਕ ਜੀਭ ਨਾਲ ਕੀ ਆਖਾਂ, ਹੇ ਵਾਹਿਗੁਰੂ ! ਆਪ ਜੀ ਦਾ ਅੰਤ ਕਿਸੀ ਨੇ ਨਹੀਂ ਪਾਇਆ।

ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ॥

ਜਿਸ ਨੇ ਗੁਰਾਂ ਦਾ ਸੱਚਾ ਸ਼ਬਦ ਵਿਚਾਰਿਆ ਹੈ ਉਹ ਤੇਰੇ ਵਿਚ ਹੀ ਸਮਾਇਆ ਹੈ।

ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ॥

ਇਕ ਭਗਵਾਂ ਭੇਖ ਕਰਕੇ ਭੌਂਦੇ ਫਿਰਦੇ ਹਨ, ਪਰ ਸਤਿਗੁਰਾਂ ਤੋਂ ਬਿਨਾਂ ਆਪ ਜੀ ਨੂੰ ਕਿਸੇ ਨੇ ਭੀ ਨਹੀਂ ਪਾਇਆ।

ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ॥

ਇਕ ਦੇਸਾਂ ਪ੍ਰਦੇਸਾਂ ਵਿਚ ਭੌਂਦੇ ਹੋਏ ਥੱਕ ਗਏ ਹਨ, ਪਰ ਉਹਨਾਂ ਦੇ ਅੰਦਰ ਹੀ ਆਪ ਜੀ ਨੇ ਆਪਣਾ ਆਪ ਲੁਕਾਇਆ ਹੋਇਆ ਹੈ।

ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ॥

ਗੁਰਾਂ ਦਾ ਉਪਦੇਸ਼ ਹੀ ਰਤਨ ਰੂਪ ਹੈ, ਉਹ ਉਤਮ ਜਗਿਆਸੂ ਨੂੰ ਦੇ ਕੇ ਤੁਸਾਂ ਨੇ ਚਾਨਣ ਕਰਕੇ ਆਪਣਾ ਆਪ ਦਿੱਤਾ ਹੈ।

ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ॥

ਜਿਸ ਨੇ ਆਪਣਾ ਆਪ ਪਛਾਣਿਆ ਹੈ ਉਹ ਗੁਰਮਤੀਆ ਸੱਚ ਵਿਚ ਅਭੇਦ ਹੋਇਆ ਹੈ।

ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥

ਜਿਨ੍ਹਾਂ ਨੇ ਬਾਜਾਰੁ=ਇੰਦ੍ਰੀਆਂ ਨੂੰ ਪਦਾਰਥਾਂ ਵਿਚ ਤਦਾਕਾਰ ਕੀਤਾ ਹੈ, ਉਹਨਾਂ ਬਜਾਰੀਆ=ਮਸ਼ਕਰਿਆਂ ਨੂੰ ਆਵਾ ਗਉਣੁ=ਜੰਮਣਾ ਮਰਨਾ ਮਿਲਦਾ ਹੈ।

ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥ ੨੫ ॥

ਜਿਨ੍ਹਾਂ ਦੇ ਮਨ ਵਿਚ ਇਕ ਸਚੇ ਗੁਰਾਂ ਦਾ ਉਪਦੇਸ਼ ਚੰਗਾ ਲੱਗਾ ਹੈ, ਉਹਨਾਂ ਨੇ ਅਚੱਲ ਹੋ ਕੇ ਸੱਚੇ ਨਾਮ ਨੂੰ ਸਲਾਹੁਣਾ ਕੀਤਾ ਹੈ॥ ੨੫॥

ਸਲੋਕ ਮ: ੧ ॥

ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ ॥

ਗੁਰੂ ਜੀ ਕਥਨ ਕਰਦੇ ਹਨ—ਮਾਇਆ ਰਚਤ ਜੋ ਕਰਮ=ਸਰੀਰ ਹੈ ਏਹ ਬ੍ਰਿਛ ਹੈ, ਇਸ ਨੂੰ ਅੰਮ੍ਰਿਤ ਫਲ=ਸੁਖ ਤੇ ਵਿਸੁ ਫਲ=ਦੁੱਖ ਲੱਗਦੇ ਹਨ।

ਸਭ ਕਾਰਣ ਕਰਤਾ ਕਰੇ ਜਿਸੁ ਖਵਾਲੇ ਤਿਸੁ ॥ ੧ ॥

ਕਰਤਾ ਪੁਰਖ ਹੀ ਸਾਰੇ ਕਾਰਨ ਕਾਰਜ ਕਰਦਾ ਹੈ, ਜਿਸ ਨੂੰ ਜੋ ਜੋ ਫਲ ਖੁਆਂਦਾ ਹੈ ਉਸ ਨੂੰ ਓਹੀ ਫਲ ਪ੍ਰਾਪਤ ਹੁੰਦੇ ਹਨ॥ ੧ ॥

ਮ: ੨ ॥ ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥

ਗੁਰੂ ਜੀ ਕਥਨ ਕਰਦੇ ਹਨ—ਦੁਨੀਆਂ ਦੀਆਂ ਵਡਿਆਈਆਂ ਨੂੰ ਅੱਗ ਨਾਲ ਸਾੜ ਦਿਓ। ਕਿਉਂਕਿ-

ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥ ੨ ॥

ਇਨ੍ਹਾਂ ਸੜੀਆਂ ਹੋਈਆਂ ਵਡਿਆਈਆਂ ਦੇ ਮਗਰ ਲੱਗ ਕਰਕੇ ਨਾਮ ਭੁਲਾਇਆ ਸੀ, ਪਰ ਇਹਨਾਂ ਵਿਚੋਂ ਇਕ ਵਡਿਆਈ ਭੀ ਨਾਲ ਨਹੀਂ ਤੁਰੀ॥ ੨ ॥

ਪਉੜੀ ॥ ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ ॥

ਪ੍ਰਭੂ ਨੇ ਸਾਰਿਆਂ ਜੀਵਾਂ ਨੂੰ ਆਪਣੇ ਹੁਕਮ ਵਿਚ ਚਲਾਇਆ ਹੈ ਅਤੇ ਹਰ ਇਕ ਦੇ ਸਿਰ ਸਿਰ ਦਾ ਵਖੋ ਵਖਰਾ ਨਿਬੇੜੁ=ਫੈਸਲਾ ਹੁੰਦਾ ਹੈ।

ਤੇਰੈ ਹਥਿ ਨਿਬੇੜੁ ਤੂਹੈ ਮਨਿ ਭਾਇਆ ॥

ਹੇ ਪ੍ਰਭੂ ! ਤੇਰੇ ਹੱਥ ਵਿਚ ਹੀ ਸਭ ਦਾ ਫੈਸਲਾ ਹੈ, ਇਸ ਲਈ ਮੇਰੇ ਮਨ ਵਿਚ ਤੂੰ ਹੀ ਭਾਇਆ=ਚੰਗਾ ਲੱਗਦਾ ਹੈਂ।

ਕਾਲੁ ਚਲਾਏ ਬੰਨਿ ਕੋਇ ਨ ਰਖਸੀ ॥ ਜਰੁ ਜਰਵਾਣਾ ਕੰਨ੍ਹਿ ਚੜਿਆ ਨਚਸੀ ॥

ਜਿਸ ਵੇਲੇ ਕਾਲ ਬੰਨ੍ਹ ਕੇ ਜੀਵ ਨੂੰ ਅੱਗੇ ਤੋਰੇਗਾ ਉਸ ਵੇਲੇ ਇਸ ਨੂੰ ਕੋਈ ਭੀ ਨਹੀਂ ਰਖੇਗਾ। ਇਸ ਦੇ ਆਉਣ ਤੋਂ ਪਹਿਲਾਂ ਜਰੁ ਜਰਵਾਣਾ=ਜੋਰ ਵਾਲਾ ਦੂਤ ਬੁਢੇਪਾ ਕੰਨ੍ਹਿ=ਮੋਢੇ ਉਤੇ ਚੜ੍ਹਿਆ ਨਚੇਗਾ।

ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ ॥

ਸਤਿਗੁਰਾਂ ਪਾਸ ਗਿਆਨ ਰੂਪੀ ਬੋਹਿਥੁ=ਜਹਾਜ਼ ਤੇ ਨਾਮ ਰੂਪ ਬੇੜਾ ਹੈ ਜੇਹੜਾ ਇਨ੍ਹਾਂ 'ਪਰ ਚੜ੍ਹਦਾ ਹੈ ਉਸ ਨੂੰ ਸੱਚਾ ਆਪ ਰੱਖਦਾ ਹੈ।

ਅਗਨਿ ਭਖੈ ਭੜਹਾੜੁ ਅਨਦਿਨੁ ਭਖਸੀ॥

ਮਾਂ ਦੇ ਪੇਟ ਅੰਦਰ ਜਠਰ ਅਗਨੀ, ਵਾ:-ਨਰਕ ਅਗਨੀ ਭੜਹਾੜੁ=ਭੱਠ ਦੇ ਸਦ੍ਰਸ ਭਖ ਰਹੀ ਹੈ, ਇਸ ਵਿਚ ਜੀਵ ਪਿਆ ਹੋਇਆ ਰਾਤ ਦਿਨ ਭਖਦਾ ਹੈ।

ਫਾਥਾ ਚੁਰੈ ਚੋਗ ਹੁਕਮੀ ਛੁਟਸੀ॥

ਮੋਹ ਜਾਲ ਵਿਚ ਫਸਿਆ ਹੋਇਆ ਜੀਵ ਪੰਛੀ ਵਿਸ਼ਿਆਂ ਦੀ ਚੋਗ ਚੁਗਦਾ ਹੈ, ਹੁਕਮੀ ਦੇ ਹੁਕਮ ਨੂੰ ਮੰਨੇ ਤਾਂ ਮੋਹ ਜਾਲ ਤੋਂ ਛੁੱਟਦਾ ਹੈ।

ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ॥ ੨੬॥

ਜੋ ਕਰਤਾ ਪੁਰਖ ਪਰਮਾਤਮਾ ਕਰੇਗਾ ਓਹੀ ਹੋਵੇਗਾ, ਝੂਠ ਨੇ ਤਾਂ ਨਿਖੁਟਸੀ=ਮੁੱਕ ਹੀ ਜਾਣਾ ਹੈ॥੨੬॥

ਇਕ ਸਿੱਖ ਨੇ ਬੇਨਤੀ ਕੀਤੀ ਸੁਜਾਣ ਸਤਿਗੁਰੂ ਕੇਹੜੇ ਹਨ? ਉੱਤਰ:-

[ਪੰਨਾ ੧੨੯੧]

ਸਲੋਕ ਮ: ੧॥

ਘਰ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥

ਜੋ ਸਰੀਰ ਘਰ ਦੇ ਵਿਚ ਹੀ ਦਸਮ ਦੁਆਰ ਰੂਪੀ ਘਰ ਨੂੰ ਵਿਖਾ ਦੇਂਦੇ ਹਨ, ਓਹੀ ਸਤਿਗੁਰੂ ਸੁਜਾਣ ਪੁਰਖ ਹਨ।

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥

ਤਤ ਤੰਤੀ, ਬਿਤ ਚਰਮ ਕਾ ਘਣ ਕਾਸ਼ੀ ਕੋ ਜਾਨ।
ਨਾਦ ਸਬਦ ਘਟ ਕਾ ਕਹਿਓ ਸ੍ਵਾਸ ਸੁਸਰ ਪਹਿਚਾਨ।

ਇਹ ਪੰਜ ਸ਼ਬਦ ਜੋ ਧੁਨ ਦੇ ਕਰਨ ਵਾਲੇ ਹਨ ਤਿਸ ਦਸਮ ਦੁਆਰ ਵਿਚ ਇਨ੍ਹਾਂ ਦੀ ਧੁਨ ਵੱਜ ਰਹੀ ਹੈ, ਏਹ ਸਬਦੁ=ਵਾਕ ਨੀਸਾਣੁ=ਪਰਗਟ ਹੈ। ਵਾ:-ਸਬਦੁ=ਬੇਦ ਇਸ ਗੱਲ ਨੂੰ ਪਰਗਟ ਕਹਿੰਦਾ ਹੈ।

ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥

ਦੀਵੇ ਦੀ ਲੋਅ ਵਾਂਗੂ ਪ੍ਰਕਾਸ਼ ਹੋ ਰਿਹਾ ਹੈ ਅਤੇ ਤਿਸ ਦਸਮ ਦੁਆਰ ਵਿਚ ਪਤਾਲ, ਨੌਂ ਖੰਡ ਤੇ ਮੰਡਲਾਂ ਨੂੰ ਵੇਖ ਕੇ ਜੋਗੀ ਹੈਰਾਨੁ=ਅਸਚਰਜ ਹੁੰਦਾ ਹੈ। ਕਿਉਂਕਿ-

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਪੰਨਾ ੬੯੫)

ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥

ਘੋਰ ਤਾਰ ਖਰਜ ਤਾਰ ਵਾਲੇ ਵਾਜੇ ਤਿਸ ਦਸਮ ਦੁਆਰ ਵਿਚ ਵੱਜ ਰਹੇ ਹਨ, ਸਾਰਿਆਂ ਦਾ ਸੁਲਤਾਨੁ= ਪਾਤਸ਼ਾਹ ਜੋ ਪਰਮੇਸ਼ਰ ਹੈ, ਉਸ ਦਾ ਏਹ ਦਸਮ ਦੁਆਰ ਸੱਚਾ ਤਖ਼ਤ ਹੈ।

ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥

ਸੁਖਮਨਾ ਸੁਰ ਦਾ ਘਰ ਜੋ ਦਸਮ ਦੁਆਰ ਹੈ, ਉਸ ਵਿਚ ਜੋਗੀ ਟਿਕ ਕੇ ਰਾਗ ਨੂੰ ਸੁਣਦਾ ਹੈ ਅਤੇ ਸੁੰਨਿ ਮੰਡਲਿ=ਦਸਮ ਦੁਆਰ ਵਿਚ ਲਿਵ ਲਗਾਉਂਦਾ ਹੈ।

ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥

ਅਕਥ ਪ੍ਰਭੂ ਦੀ ਕਥਾ ਵਿਚਾਰ ਕੇ ਮਨਸਾ=ਵਾਸ਼ਨਾ ਨੂੰ ਮਨ ਦੇ ਵਿਚ ਹੀ ਸਮਾਇ=ਅਭਾਵ ਕਰਦਾ ਹੈ।

ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥

ਜਿਸ ਵੇਲੇ ਹਿਰਦਾ ਕੌਲ ਉਲਟ ਕੇ ਜੋਗਾ ਨੰਦ ਰੂਪੀ ਅੰਮ੍ਰਿਤ ਨਾਲ ਭਰਿਆ, ਫੇਰ ਏਹ ਮਨ ਕਿਸੇ ਹੋਰ ਤਰਫ਼ ਨਹੀਂ ਜਾਂਦਾ।

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥

ਅਜਪਾ ਜਾਪੁ=ਓਅੰ ਸੋਹੰ ਮੰਤਰ ਭੁਲਦਾ ਨਹੀਂ ਹੈ, ਆਦਿ ਜੁਗਾਦਿ=ਸਦਾ ਸਦਾ ਓਸੇ ਮੰਤ੍ਰ ਵਿਚ ਹੀ ਮਨ ਸਮਾਇਆ ਰਹਿੰਦਾ ਹੈ।

ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥

ਸਾਰੀਆਂ ਸਖੀਆਂ=ਇੰਦ੍ਰੀਆਂ ਤੇ ਪੰਜ ਕਾਮ ਕ੍ਰੋਧ ਆਦਿਕ ਮਿਲੇ=ਅਧੀਨ ਹੋ ਜਾਂਦੇ ਹਨ ਅਤੇ ਉਸ ਗੁਰਮੁਖ ਦਾ ਦਸਮ ਦੁਆਰ ਰੂਪੀ ਨਿਜ ਘਰ ਵਿਚ ਵਾਸ ਹੁੰਦਾ ਹੈ।

ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥ ੧ ॥

ਗੁਰਾਂ ਦੇ ਸ਼ਬਦ ਦੁਆਰਾ ਜੇਹੜਾ ਪੁਰਸ਼ ਇਸ ਦਸਮ ਦੁਆਰ ਰੂਪੀ ਘਰ ਨੂੰ ਖੋਜ ਲੈਂਦਾ ਹੈ, ਗੁਰੂ ਜੀ ਕਥਨ ਕਰਦੇ ਹਨ—ਤੂੰ ਉਸ ਦਾ ਦਾਸ ਹੋ॥ ੧॥

ਦੂਸਰਾ ਅਰਥ:-

ਘਰ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥

ਅੰਤਹਕਰਣ ਰੂਪੀ ਘਰ ਵਿਚ ਜੋ ਸਰੂਪ ਰੂਪੀ ਘਰ ਨੂੰ ਵਿਖਾ ਦੇਂਦੇ ਹਨ, ਓਹੀ ਸਤਿਗੁਰੂ ਸੁਜਾਣ ਪੁਰਖ ਹਨ।

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੇ ਸਬਦੁ ਨੀਸਾਣੁ ॥

ਪੰਚ=ਸਰੇਸ਼ਟ ਜੋ ਗੁਰਾਂ ਦਾ ਸਬਦੁ=ਉਪਦੇਸ਼ ਧੁਨ ਦੇ ਕਰਨ ਵਾਲਾ ਹੈ, ਉਸ ਦੀ ਧੁਨ ਤਿਸ ਸਤਸੰਗ ਵਿਚ ਵੱਜ ਰਹੀ ਹੈ, ਏਹ ਸਬਦ=ਵਾਕ ਪ੍ਰਗਟ ਹੈ ।

ਵਾ:- ਉਸ ਸਤਸੰਗ ਵਿਚ ਹੀ ਸਬਦੁ ਨੀਸਾਣੁ=ਬ੍ਰਹਮ ਪ੍ਰਗਟ ਹੁੰਦਾ ਹੈ।

ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥

ਤਿਸ ਸਤਸੰਗ ਵਿਚ ਗਿਆਨ ਰੂਪ ਦੀਵਾ ਲੋਅ=ਪ੍ਰਕਾਸ਼ ਰਿਹਾ ਹੈ,

ਪਾਤਾਲ=ਨਿੰਮ੍ਰਤਾ ਦੀ ਪ੍ਰਾਪਤੀ ਹੁੰਦੀ ਹੈ।

ਤਿਸ ਸਤਸੰਗ ਵਿਚ ਕਾਮ ਕ੍ਰੋਧ ਆਦਿਕ ਖੰਡੇ ਜਾਂਦੇ ਹਨ, ਮੰਡਲ=ਸਮੂਹ ਸ਼ੁਭ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਜਗਤ ਨੂੰ ਹੈਰਾਨੁ=ਅਸਚਰਜ ਭਾਵ ਮਿਥਿਆ ਰੂਪ ਦੇਖੀਂਦਾ ਹੈ।

ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥

ਤਿਸ ਸਤਸੰਗ ਵਿਚ ਘੋਰ ਤਾਰ ਵਾਲੇ ਬਾਜਿੰਤ੍ਰ=ਵਾਜੇ ਵੱਜ ਰਹੇ ਹਨ, ਸੁਲਤਾਨੁ=ਪਾਤਸ਼ਾਹ ਪਰਮੇਸ਼ਰ

ਦਾ ਇਹ ਸਤਸੰਗ ਸੱਚਾ ਤਖ਼ਤ ਹੈ।

ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵਲਾਇ॥

ਮਨ ਨੂੰ ਸੁਖ ਦੇਣ ਵਾਲੀ ਜੋ ਭਗਤੀ ਹੈ, ਉਸ ਦਾ ਘਰ ਜੋ ਸਤਸੰਗ ਹੈ ਉਸ ਵਿਚ ਬੈਠ ਕੇ ਹੇ ਜੀਵ ! ਤੂੰ ਰਾਗੁ=ਕੀਰਤਨ ਸੁਣ ਅਤੇ ਸੁੰਨਿ ਮੰਡਲਿ=ਪਰਮਾਤਮਾ ਵਿਚ ਬਿਰਤੀ ਲਗਾਉਣਾ ਕਰ।

ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥

ਅਕਥ=ਪਰਮਾਤਮਾ ਦੀ ਕਥਾ ਵਿਚਾਰਨਾ ਕਰ, ਮਨਸਾ=ਵਾਸ਼ਨਾ ਨੂੰ ਮਨ ਦੇ ਵਿਚ ਹੀ ਸਮਾਇ=ਅਭਾਵ ਕਰ ਦੇ।

ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥

ਜਿਸ ਵੇਲੇ ਹਿਰਦਾ ਕੌਲ ਸੰਸਾਰ ਵਲੋਂ ਉਲਟ ਕੇ ਬ੍ਰਹਮਾ ਨੰਦ ਰੂਪ ਅੰਮ੍ਰਿਤ ਨਾਲ ਭਰਿਆ ਫਿਰ ਏਹ ਮਨ ਉਸ ਨੂੰ ਛੱਡ ਕੇ ਕਿਸੇ ਹੋਰ ਤਰਫ ਨਹੀਂ ਜਾਂਦਾ।

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥

ਜਪਣੇ ਕਰਕੇ ਅਜਪ ਜੋ ਪ੍ਰਭੂ ਹੈ ਉਹ ਕਦੇ ਵੀਸਰੈ ਨ=ਭੁਲਦਾ ਨਹੀਂ ਹੈ, ਆਦਿ ਜੁਗਾਦਿ=ਸਦਾ ਸਦਾ ਪਰਮੇਸ਼ਰ ਵਿਚ ਸਮਾਅ ਰਹਿੰਦਾ ਹੈ।

ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥

ਸਭ ਸਖੀਆ=ਕਰਨਾ ਮੈਤ੍ਰੀ ਮੁਦਤਾਂ ਦੇ ਸਹਿਤ ਪੰਜ ਸੱਤ ਸੰਤੋਖ ਆਦਿਕ ਸ਼ੁਭ ਗੁਣ ਮਿਲਦੇ ਹਨ, ਉਸ ਗੁਰਮੁਖ ਦਾ ਸ੍ਵੈ ਸਰੂਪ ਰੂਪੀ ਨਿਜ ਘਰ ਵਿਚ ਵਾਸਾ ਹੁੰਦਾ ਹੈ।

ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾਕਾ ਦਾਸੁ॥ ੧॥

ਜੇਹੜਾ ਪੁਰਸ਼ ਗੁਰ ਸ਼ਬਦ ਦੁਆਰਾ ਇਸ ਸਰੂਪ ਘਰ ਨੂੰ ਲੱਭ ਲੈਂਦਾ ਹੈ, ਗੁਰੂ ਜੀ ਕਥਨ ਕਰਦੇ ਹਨ— ਤੂੰ ਉਸ ਦਾ ਦਾਸ ਹੋ॥ ੧॥

ਮ: ੧॥ ਚਿਲਿਮਿਲਿ ਬਿਸੀਆਰ ਦੁਨੀਆ ਫਾਨੀ॥

ਈ=ਇਸ ਦੁਨੀਆਂ ਦਾ ਜੋ ਬਿਸੀਆਰ=ਬੜਾ ਚਿਲਿਮਿਲਿ=ਚਮਤਕਾਰਾ ਹੈ ਇਹ ਸਾਰਾ ਫਾਨੀ=ਫਨਾਹ ਰੂਪ ਹੈ। ਇਸ ਸੰਸਾਰ ਵਿਚ ਲੱਗ ਕੇ-

ਕਾਲੂਬਿ ਅਕਲ ਮਨ ਗੋਰ ਨ ਮਾਨੀ॥

ਮਨ=ਮੇਰੇ ਕਾਲੂਬਿ=ਦਿਲ ਨੇ ਅਕਲ ਨਾਲ ਗੁਰੂ ਰੂਪੀ ਗੋਰ ਵਿਚ ਪਰਵੇਸ਼ ਕਰਨਾ ਨਹੀਂ ਮੰਨਿਆ। ਗੁਰੂ ਰੂਪੀ ਗੋਰ ਵਿਚ ਓਹੀ ਪਰਵੇਸ਼ ਕਰਦਾ ਹੈ ਜੋ ਮੁਰਦੇ ਤੁਲ ਹੁੰਦਾ ਹੈ।

ਯਥਾ:- ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥ ਸਬਰ ਸਿਦਕ ਸਹੀਦ ਭਰਮ ਭਉ ਖੋਵਣਾ ॥ ੧੮॥

(ਭਾਈ ਗੁਰਦਾਸ ਜੀ ਵਾਰ ੩)

ਜਿਵੇਂ, ਮੁਰਦਾ ਅੰਗ ਨਹੀਂ ਹਿਲਾਂਦਾ ਤਿਵੇਂ ਜਗਿਆਸੂ ਭੀ ਆਪਣੇ ਚਿਤ ਵਿਚ ਸੰਕਲਪ ਵਿਕਲਪ ਨਾ

ਉਠਾਵੇ, ਸਭ ਕੰਮ ਅਕਲ ਨਾਲ ਕੀਤੇ ਜਾਂਦੇ ਹਨ ਇਸ ਲਈ ਅਕਲ ਨਾਲ ਕਿਹਾ ਹੈ।

ਯਥਾ:- ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥

ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥ (ਪੰਨਾ ੧੨੪੫)

ਸ਼ੰਕਾ-ਗੌਰ ਵਿਚ ਪ੍ਰਵੇਸ਼ ਕਿਉਂ ਨਹੀਂ ਕਰਦਾ। ਉੱਤਰ:-ਏਹ ਮਨ ਪਾਪਾਂ ਕਰਕੇ ਕਾਲਾ ਹੋ ਰਿਹਾ ਹੈ, ਬਿਅਕਲ=ਅਕਲ ਤੋਂ ਹੀਣਾ ਹੋ ਰਿਹਾ ਹੈ, ਇਸੇ ਕਰਕੇ ਗੁਰੂ ਰੂਪੀ ਗੌਰ ਵਿਚ ਪ੍ਰਵੇਸ਼ ਕਰਨਾ ਨਹੀਂ ਮੰਨਦਾ।

ਮਨ ਕਮੀਨ ਕਮ ਤਰੀਨ ਤੂ ਦਰੀਆਉ ਖੁਦਾਇਆ॥

ਤਰੀਨ=ਅਤਸੇ ਕਰਕੇ ਮਨ=ਮੈਂ ਕਮੀਨ-ਕਮ=ਨਿਉਣ ਤੋਂ ਨਿਉਣ ਭਾਵ ਛੋਟੇ ਤੋਂ ਛੋਟਾ ਹਾਂ, ਹੇ ਖੁਦਾ ! ਤੂੰ ਦਰੀਆਹ ਵਾਂਗੂੰ ਵੱਡਾ ਤੇ ਅਥਾਹ ਹੈਂ ।

ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ॥

ਮੈਨੂੰ ਇਕ ਨਾਮ ਰੂਪੀ ਮਿੱਠੀ ਚੀਜ਼ ਦੇਹ, ਹੋਰ ਸੰਸਾਰਕ ਪਦਾਰਥਾਂ ਰੂਪ ਜ਼ਹਿਰੀਲੀਆਂ ਚੀਜ਼ਾਂ ਮੈਨੂੰ ਨਹੀਂ ਭਾਉਂਦੀਆਂ।

ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ॥

ਸਰੀਰ ਰੂਪੀ ਖਾਮ ਕੂਜੈ=ਕੱਚਾ ਕੁਜਾ ਜੋ ਸ੍ਵਾਸਾਂ ਰੂਪੀ ਪੁਰਾਬ=ਜਲ ਕਰਕੇ ਪੂਰਨ ਹੈ,
ਹੇ ਖੁਦਾ ! ਏਹ ਤੇਰੀ ਹਿਕਮਤ ਹੈ।

ਮਨ ਤੁਆਨਾ ਤੂ ਕੁਦਰਤੀ ਆਇਆ॥

ਮਨ=ਮੈਂ ਤੁਆਨਾ=ਚਾਹ ਵਾਲਾ ਹੋ ਕੇ ਹੇ ਕੁਦਰਤੀ=ਪਰਮਾਤਮਾ ! ਤੇਰੀ ਸ਼ਰਨ ਵਿਚ ਆਇਆ ਹਾਂ।

ਅਥਵਾ:-ਹੇ ਮਨ ! ਭਾਵੇਂ ਤੂੰ ਤੁਆਨਾ=ਬੜੇ ਬਲ ਵਾਲਾ ਹੈਂ, ਪਰ ਕੁਦਰਤੀ=ਪਰਮਾਤਮਾ ਦੀ ਕੁਦਰਤ ਕਰਕੇ ਸੰਸਾਰ ਵਿਚ ਆਇਆ ਹੈਂ।

ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ॥

ਗੁਰੂ ਜੀ ਕਥਨ ਕਰਦੇ ਹਨ—ਉਸ ਦੇ ਦੀਬਾਨ=ਸਤਸੰਗ ਦਰਬਾਰ ਦਾ ਸਗ=ਕੁੱਤਾ ਹੋ ਤੇ ਬੇਨਤੀ ਕਰ ਹੇ ਖੁਦਾ ! ਨਿਤ ਹੀ ਮਸਤਾਨਾ ਸੁਭਾਅ ਸਵਾਏ ਤੋਂ ਸਵਾਇਆ ਚੜ੍ਹਿਆ ਰਹੇ ।

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥ ੨॥

ਏਹ ਦੁਨੀਆਂ ਆਤਸ=ਅੱਗ ਸਮਾਨ ਜਲਾਉਣ ਵਾਲੀ ਹੈ, ਹੇ ਖੁਦਾ ! ਆਪ ਜੀ ਦਾ ਨਾਮ ਖੁਨਕ=ਸੀਤਲ (ਠੰਢ) ਪਾਣ ਵਾਲਾ ਹੈ, ਇਸ ਕਰਕੇ ਨਾਮ ਦੀ ਦਾਤ ਦਿਓ॥ ੨॥

ਇਥੋਂ ਤੱਕ ੨੬ ਪੌੜੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਚਾਰੀਆਂ ਹੋਈਆਂ ਪੰਚਮ ਪਾਤਸ਼ਾਹ ਜੀ ਨੇ ਰੱਖੀਆਂ ਹਨ, ਅਗਲੀ ੨੭ ਵੀਂ ਪੌੜੀ ਪੰਚਮ ਗੁਰਦੇਵ ਜੀ ਨੇ ਆਪ ਉਚਾਰ ਕੇ ਲਿਖਵਾਈ ਹੈ-

ਪਉੜੀ ਨਵੀ ਮਃ ੫॥

ਸਭੋ ਵਰਤੈ ਚਲਤੁ ਚਲਤੁ ਵਖਾਣਿਆ॥

ਸਾਰਾ ਸੰਸਾਰ ਚਲਿਤ੍ਰ ਰੂਪ ਵਰਤ ਰਿਹਾ ਹੈ, ਬੇਦਾਂ ਸਾਸ਼ਤ੍ਰਾਂ ਨੇ ਭੀ ਸੰਸਾਰ ਨੂੰ ਚਲਿਤ੍ਰ ਰੂਪ ਹੀ ਵਖਾਣਿਆ=

ਕਥਨ ਕੀਤਾ ਹੈ।

ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ ॥

ਪਰਾ ਰੂਪ ਬ੍ਰਹਮੁ=ਵਿਆਪਕ ਪਰਮੇਸ਼ਰ ਨੂੰ ਗੁਰਮੁਖਾਂ ਨੇ ਜਾਣਿਆ ਹੈ।

ਲਥੇ ਸਭਿ ਵਿਕਾਰ ਸਬਦਿ ਨੀਸਾਣਿਆ ॥

ਗੁਰਮੁਖਾਂ ਦੇ ਅੰਦਰੋਂ ਸਾਰੇ ਵਿਕਾਰ ਲਹਿ ਗਏ ਹਨ ਤੇ ਸਬਦਿ=ਬ੍ਰਹਮ ਪ੍ਰਗਟ ਹੋਇਆ ਹੈ।

ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥

ਸੰਤਾਂ ਦੇ ਸਤਸੰਗ ਕਰਕੇ ਜਿਨ੍ਹਾਂ ਦਾ ਉਧਾਰ ਹੋਇਆ ਹੈ, ਉਹ ਜਮਾਂ ਦੀ ਕਾਣ ਤੋਂ ਨਿ=ਰਹਿਤ ਹੋਏ ਹਨ।

ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥

ਉਹਨਾਂ ਨੇ ਦਾਤੇ ਨੂੰ ਸਿਮਰ ਸਿਮਰ ਕੇ ਸਾਰਾ ਰੰਗ=ਅਨੰਦ ਭੋਗਿਆ ਹੈ।

ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥

ਉਹ ਸਾਰੇ ਸੰਸਾਰ ਵਿਚ ਪ੍ਰਗਟ ਹੋਇਆ ਹੈ, ਜਿਸ ਉਤੇ ਪ੍ਰਭੂ ਦੀ ਮੇਹਰ ਦਾ ਸਾਇਵਾਨ ਹੈ।

ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥

ਜਿਨ੍ਹਾਂ ਨੂੰ ਬਖਸ਼ ਕੇ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ, ਮੈਂ ਉਹਨਾਂ ਤੋਂ ਸਦਾ ਕੁਰਬਾਣ ਜਾਂਦਾ ਹਾਂ।

ਨਾਨਕ ਲਏ ਮਿਲਾਇ ਖਸਮੈ ਭਾਣਿਆ ॥ ੨੭ ॥

ਗੁਰੂ ਜੀ ਕਥਨ ਕਰਦੇ ਹਨ—ਜੋ ਖਸਮ ਦੇ ਭਾਣੇ ਅੰਦਰ ਭੁਰੇ ਹਨ, ਉਹਨਾਂ ਨੂੰ ਉਸ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ॥ ੨੭॥

ਸਲੋਕ ਮਃ ੧ ॥

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥

ਉਹ ਪ੍ਰਤੱਖ ਕਾਗਦ ਧੰਨ ਹੈ, ਕਲਮ ਭੀ ਧੰਨ ਹੈ, ਭਾਂਡਾ=ਦਵਾਤ ਧੰਨ ਹੈ ਉਹ ਮਸੁ=ਸਿਆਹੀ ਭੀ ਧੰਨ ਹੈ।

ਅਥਵਾ:-ਹਿਰਦਾ ਰੂਪ ਕਾਗਦ ਧੰਨ ਹੈ, ਬੁੱਧੀ ਰੂਪ ਕਲਮ ਧੰਨ ਹੈ, ਮਨ ਰੂਪ ਦਵਾਤ ਧੰਨ ਹੈ ਸ਼ਰਧਾ ਰੂਪ ਮਸੁ=ਸਿਆਹੀ ਧੰਨ ਹੈ।

ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਲੇਖਾਰੀ ਗੁਰੂ ਸਾਹਿਬ ਜੀ ਧੰਨ ਹਨ ਜਿਨ੍ਹਾਂ ਨੇ ਜਗਿਆਸੂ ਤੋਂ ਸੱਚ ਨਾਮ ਲਿਖਾਇਆ ਹੈ॥ ੧ ॥

ਭਗਤਿ ਭਾਗਉਤ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥

ਮਃ ੧ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥

ਹੇ ਪ੍ਰਭੂ ! ਤੂੰ ਆਪ ਮਸਤਕ ਰੂਪ ਪੱਟੀ ਤੇ ਆਪ ਹੀ ਹੁਕਮ ਰੂਪ ਕਲਮ ਹੈਂ, ਮੱਥੇ 'ਪਰ ਜੋ ਸ਼ੁਭ ਅਸ਼ੁਭ ਕਰਮਾਂ ਦਾ ਲੇਖ ਲਿਖਿਆ ਗਿਆ ਹੈ ਉਹ ਭੀ ਤੂੰ ਆਪ ਹੈਂ।

ਵਾ:-ਸ਼ੁਭਾ ਅਸ਼ੁਭ ਕਰਮਾਂ ਨੂੰ ਲਿਖਦਾ ਭੀ ਤੂੰ ਆਪ ਹੈਂ।

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਇਕ ਆਪ ਜੀ ਨੂੰ ਹੀ ਕਹਿੰਦੇ ਹਾਂ, ਦੂਜਾ ਹੋਰ ਕਿਸ ਨੂੰ ਕਥਨ ਕਰਨਾ ਹੈ॥ ੨ ॥

ਪਉੜੀ ॥ ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥

ਹੇ ਵਾਹਿਗੁਰੂ ! ਤੂੰ ਆਪੇ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈਂ, ਤੈਂਨੇ ਆਪ ਹੀ ਸਾਰੀ ਸ੍ਰਿਸ਼ਟੀ ਦੀ ਬਣਤ=ਬਨਾਵਟ ਬਣਾਈ ਹੈ।

ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥

ਆਪ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ, ਤੂੰ ਹੀ ਸਾਰਿਆਂ ਵਿਚ ਸਮਾਈ ਕਰ ਰਿਹਾ ਹੈਂ।

ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥

ਤੇਰੀ ਜੋ ਭੀ ਗਤਿ=ਰੀਤੀ ਤੇ ਮਿਤਿ=ਮਰਯਾਦਾ ਹੈ ਉਸ ਨੂੰ ਤੂੰ ਆਪ ਹੀ ਜਾਣਦਾ ਹੈਂ, ਤੁਸਾਂ ਨੇ ਆਪ ਹੀ ਸਾਰਿਆਂ ਦੀ ਕੀਮਤ ਪਾਈ ਹੈ।

ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥

ਹੇ ਅਲਖ ਪ੍ਰਭੂ ! ਤੂੰ ਮਨ ਕਰਕੇ ਅਗਮ ਤੇ ਇੰਦ੍ਰੀਆਂ ਕਰਕੇ ਅਗੋਚਰ ਹੈਂ, ਗੁਰਾਂ ਦੀ ਸਿੱਖਿਆ ਦੁਆਰੇ ਤੂੰ ਦਿਖਾਈ ਦੇਂਦਾ ਹੈ।

ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥

ਹਿਰਦੇ ਅੰਦਰੋਂ ਦੁਖਦਾਈ ਅਗਿਆਨ ਤੇ ਭਰਮ ਨੂੰ ਗੁਰਾਂ ਦੇ ਗਿਆਨ ਦੁਆਰਾ ਤੂੰ ਗੁਆਉਂਦਾ ਹੈਂ।

ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥

ਜਿਸ ਉਤੇ ਤੂੰ ਕ੍ਰਿਪਾ ਕਰਦਾ ਹੈਂ ਉਸ ਨੂੰ ਗੁਰਾਂ ਨਾਲ ਮੇਲ ਲੈਂਦਾ ਹੈਂ ਅਤੇ ਓਹੀ ਪੁਰਸ਼ ਨਾਮ ਨੂੰ ਧਿਆਉਂਦਾ ਹੈ।

ਤੂੰ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥

ਹੇ ਕਰਤਾ ਪੁਰਖ ! ਤੂੰ ਅਗੰਮੁ=ਬੇਅੰਤ ਹੈਂ ਅਤੇ ਸਭ ਜਗ੍ਹਾਂ 'ਪਰ ਰਵਿਆ=ਵਿਆਪਕ ਹੈਂ।

ਜਿਤੁ ਤੂ ਲਾਇਹਿ ਸਚਿਆ
ਤਿਤੁ ਕੋ ਲਗੈ ਨਾਨਕ ਗੁਣ ਗਾਈ ॥ ੨੮ ॥ ੧ ॥ ਸੁਧੁ ॥

ਹੇ ਸੱਚਿਆ ! ਜਿਸ ਪਾਸੇ ਤੂੰ ਜੀਵਾਂ ਨੂੰ ਲਗਾਉਂਦਾ ਹੈਂ ਉਸ ਪਾਸੇ ਹੀ ਹਰ ਕੋਈ ਲਗਦਾ ਹੈ, ਗੁਰੂ ਜੀ ਕਥਨ ਕਰਦੇ ਹਨ-ਅਸੀਂ ਤਾਂ ਆਪ ਜੀ ਦੇ ਗੁਣ ਗਾਉਂਦੇ ਹਾਂ॥ ੨੮ ॥ ੧ ॥

ਇਹ ਵਾਰ ਸ਼ੁਧ ਹੈ ਕਿਸੇ ਅੱਖਰ ਦੀ ਅਦਲਾ ਬਦਲੀ ਨਹੀਂ ਕਰਨੀ।

[ਪੰਨਾ ੧੨੯੨]

ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ॥

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ— ਇਕ ਸਮੇਂ ਭਗਤ ਨਾਮਦੇਵ ਜੀ ਪਾਸ ਪ੍ਰੇਮੀ ਸੇਵਕਾਂ ਨੇ ਬੇਨਤੀ ਕੀਤੀ ਕਿ-ਕਿਸ ਦੀ ਉਪਾਸ਼ਨਾ ਕਰਨੀ ਚਾਹੀਦੀ ਹੈ, ਜਿਸ ਤੇ ਭੋਗ ਮੋਖ ਦੀ ਪ੍ਰਾਪਤੀ ਹੋਵੇ? ਉੱਤਰ-

ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ॥

ਹੇ ਭਾਈ ! ਕੁਲਾਂ ਤੋਂ ਰਹਿਤ ਅਤੇ ਮਾਇਆ ਮਲ ਤੋਂ ਰਹਿਤ ਜੋ ਗੋਪਾਲ ਪਰਮਾਤਮਾ ਪ੍ਰਕਾਸ਼ ਰੂਪ ਹੈ ਉਸ ਨੂੰ ਸੇਵਨਾ ਕਰੋ ਅਤੇ ਉਸ ਅੱਗੇ ਐਸੇ ਪ੍ਰਾਰਥਨਾ ਕਰੇ, ਹੇ ਪ੍ਰਭੂ !-

ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ॥ ੧॥ ਰਹਾਉ॥

ਸਾਨੂੰ ਉਹ ਭਗਤੀ ਦਾਨ ਦਿਓ, ਜਿਸ ਭਗਤੀ ਨੂੰ ਸੰਤ ਜਨ ਆਪ ਜੀ ਪਾਸੋਂ ਜਾਚਹਿ=ਮੰਗਦੇ ਹਨ ॥ ੧॥ ਰਹਾਉ॥ ਪੁਨਾ-ਜਗਿਆਸੂ ਨੇ ਬੇਨਤੀ ਕੀਤੀ-ਉਹ ਗੋਪਾਲ ਰਾਇ ਪ੍ਰਭੂ ਕੈਸਾ ਹੈ?

ਤਾਂ ਨਾਮਦੇਵ ਜੀ ਨੇ ਕਿਹਾ-

ਜਾਂਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰ ਸਾਲਾ

ਜਾਂਚੈ=ਜਿਸ ਪਰਮਾਤਮਾ ਦੇ ਘਰ ਦਿਗ ਦਿਸੈ=ਦਸ ਦਿਸ਼ਾਂ ਸਰਾਇਚਾ=ਕਨਾਤਾਂ ਹਨ,

ਵਾ:-ਦਿਸ਼ਾਂ ਕਨਾਤਾਂ ਹਨ ਤੇ 'ਦਿਗਪਾਲ' ਜੋ ਹਾਥੀ ਹਨ ਇਹ ਕਨਾਤਾਂ ਦੇ ਤਾਨਣ ਵਾਲੇ ਹਨ*।

ਬੈਕੁੰਠ ਭਵਨ ਜਿਸ ਦਾ ਚਿਤਰਿਆ ਹੋਇਆ ਸਾਲਾ=ਮੰਦਰ ਹੈ, ਭਾਵ—ਹਵਾ ਭੱਖਣ ਵਾਲਾ ਇਹ ਵਿਸ਼ੇਸ਼ ਚੁਬਾਰਾ ਹੈ। ਅਤੇ—

ਸਪਤ ਲੋਕ ਸਾਮਾਨਿ ਪੁਰੀਅਲੇ॥

ਸਤ ਉਪਰਲੇ ਲੋਕ, ਸਤ ਹੇਠਲੇ ਲੋਕ ਇਹ ਉਸ ਦੀਆਂ ਸਾਮਾਨਿ=ਸਾਧਾਰਨ ਪੁਰੀਆਂ ਹਨ।

ਜਾਂਚੈ ਘਰਿ ਲਛਿਮੀ ਕੁਆਰੀ

ਜਿਸ ਦੇ ਘਰ ਵਿਚ ਲਛਮੀ ਤਾਂ ਕੁਮਾਰ ਅਵਸਥਾ ਵਾਲੀ ਹੀ ਰਹਿੰਦੀ ਹੈ,

ਅਰਥਾਤ-ਬ੍ਰਿਧ ਨਹੀਂ ਹੁੰਦੀ।

ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁਕਰਾ ਸਿਰੀ॥

ਚੰਦ੍ਰਮਾ ਸੂਰਜ ਇਹ ਦੋ ਦੀਵੜੇ=ਦੀਵੇ ਹਨ। (ਚੰਦ੍ਰਮਾ ਰਾਤ ਦਾ ਦੀਵਾ ਹੈ, ਸੂਰਜ ਦਿਨ ਦਾ ਦੀਪਕ ਹੈ)।

---

*ਵਾ:-ਦਿਗਪਾਲ ਜੋ ਹਨ ਇੰਦ੍ਰ ਵਰਨ ਜਮਾਦੀ ਇਹ ਫਰਾਸ਼ ਹਨ, ਫਰਸ਼ ਵਿਛਾਉਣ ਵਾਲੇ।

ਬਪੁੜਾ=ਵਿਚਾਰਾ ਜੋ ਕਾਲ ਹੈ, ਇਹ ਜਿਸ ਦੇ ਘਰ ਵਿਚ ਕੌਤਕਾਂ ਦੇ ਕਰਨ ਵਾਲਾ ਹੈ।

ਸਭ ਦੈਂਤਾਂ ਦਾ ਸਿਰੀ=ਸ਼ਰੋਮਣੀ ਭਾਵ ਗੁਰੂ ਜੋ ਸੁਕਰਾ=ਸ਼ੁਕਰ ਹੈ ਇਹ ਕੁਟਵਾਲ ਹੈ।

ਵਾ:-ਬਪੁੜਾ=ਵਿਚਾਰਾ ਜੋ ਕੌਂਤਕੀ ਕਾਲ ਹੈ ਇਹੀ ਕੁਟਵਾਲ ਹੈ, ਸਿਰੀ=ਸਿਰ ਬਸਿਰ, ਭਾਵ—ਜਿਥੇ ਕੋਈ ਹੈ ਓਥੇ ਹੀ ਸਾਰਿਆਂ ਨੂੰ ਸੁ+ਕਰਾ=ਉਹ ਮਾਰਨਾ ਕਰਦਾ ਹੈ। (ਪਾਠ ਸੁਕਰਾ 'ਕੱਠਾ ਹੈ।)

ਸੁ ਐਸਾ ਰਾਜਾ ਸ੍ਰੀ ਨਰ ਹਰੀ॥ ੧ ॥

ਸ੍ਰੀ=ਸੁਭਾਇਮਾਨ ਨਰਾਂ ਦੇ ਹਰੇ ਕਰਨ ਵਾਲਾ ਰਾਜਾ=ਪ੍ਰਕਾਸ਼ ਰੂਪ ਪਰਮਾਤਮਾ ਇਸ ਤਰ੍ਹਾਂ ਸਮਰੱਥ ਹੈ॥ ੧ ॥

ਜਾਂਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ
ਡਾਂਵਡਾ ਜਿਨਿ ਬਿਸ੍ਵ ਸੰਸਾਰ ਰਾਚੀ ਲੇ॥

ਜਿਸ ਪਰਮਾਤਮਾ ਦੇ ਘਰ ਵਿਚ ਚਾਰ ਮੂੰਹਾਂ ਵਾਲਾ ਬ੍ਰਹਮਾ ਕੁਲਾਲੁ=ਘੁਮਿਆਰ ਹੈ, ਜਿਸ ਨੇ ਡਾਂਵਡਾ=ਡੋਲ ਕੇ, ਭਾਵ—ਮਿਣ ਕੇ ਬਿਸ੍ਵ=ਸੰਪੂਰਨ ਸੰਸਾਰ ਰਚਨਾ ਕੀਤਾ ਹੈ।

ਜਾਂਕੈ ਘਰਿ ਈਸਰੁ ਬਾਵਲਾ ਜਗਤੁ ਗੁਰੂ ਤਤ ਸਾਰਖਾ ਗਿਆਨੁ ਭਾਖੀ ਲੇ॥

ਜਿਸ ਪਰਮਾਤਮਾ ਦੇ ਘਰ ਵਿਚ ਈਸਰੁ=ਸ਼ਿਵਜੀ ਬਾਵਲਾ=ਬੌਰਾ, (ਮਸਤਾਨਾ) ਹੈ। ਜਿਵੇਂ, ਪ੍ਰਤੱਖ ਰਾਜ ਦਰਬਾਰਾਂ ਵਿਚ ਮਸਤਾਨੇ ਲੋਕ ਭੀ ਹੁੰਦੇ ਹਨ, ਪਰ ਇਹ ਨਿਰਾ ਮਸਤਾਨਾ ਵੀ ਨਹੀਂ ਹੈ-

ਜਗਤ ਗੁਰੂ ਜੋ ਵਿਸ਼ਨੂੰ ਹੈ, ਤਤ+ਸਾਰਖਾ=ਉਸ ਵਰਗਾ ਗਿਆਨ ਦੇ ਭਾਖੀਲੇ=ਕਥਨ ਕਰਨ ਵਾਲਾ ਹੈ*।

ਪਾਪੁ ਪੁੰਨੁ ਜਾਂਚੈ ਡਾਂਗਿਆ ਦੁਆਰੈ ਚਿਤ੍ਰ ਗੁਪਤੁ ਲੇਖੀਆ॥

ਜਾਂਚੈ=ਜਿਸ ਪਰਮਾਤਮਾ ਦੇ ਬੂਹੇ 'ਪਰ ਪਾਪ ਤੇ ਪੁੰਨ ਇਹ ਦੋਨੋਂ ਡਾਂਗਿਆ=ਚੋਬਦਾਰ ਹਨ।

ਚਿਤ੍ਰ ਤੇ ਗੁਪਤ ਇਹ ਦੋਨੋਂ ਲੇਖੀਆ=ਮੁਨਸ਼ੀ ਹਨ, (ਚਿਤ੍ਰ ਸੱਜੇ ਮੋਢੇ 'ਪਰ ਬੈਠ ਕੇ ਦਿਨ ਦੀਆਂ ਗੱਲਾਂ ਲਿਖਦਾ ਹੈ, ਗੁਪਤ ਖੱਬੇ ਮੋਢੇ 'ਪਰ ਬੈਠ ਕੇ ਰਾਤ ਦੀਆਂ ਗੱਲਾਂ ਲਿਖਦਾ ਹੈ)

ਧਰਮ ਰਾਇ ਪਰੁਲੀ ਪ੍ਰਤਿਹਾਰੁ॥ ਸੋ ਐਸਾ ਰਾਜਾ ਸ੍ਰੀ ਗੋਪਾਲੁ॥ ੨ ॥

ਪਰਲੋ ਦੇ ਕਰਨ ਵਾਲਾ ਧਰਮਰਾਜ ਇਹ ਅਦਾਲਤੀ ਪ੍ਰਤਿਹਾਰੁ=ਦਾਸ ਹੈ।

ਸੋ=ਉਹ ਸ੍ਰੀ=ਸੁਭਾਇਮਾਨ ਗੋਪਾਲ ਰਾਜਾ ਪਰਮਾਤਮਾ ਐਸਾ ਸਮਰੱਥ ਹੈ॥ ੨ ॥

ਜਾਂਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ॥

ਜਾਂਚੈ=ਜਿਸ ਪਰਮਾਤਮਾ ਦੇ ਘਰ ਵਿਚ (ਨੰਦੀ, ਭ੍ਰਿੰਗੀ, ਟੋਣਾ, ਛੋਣਾ ਆਦਿ) ਗਣ ਤੇ ਦੇਵਤਿਆਂ ਦੇ ਰਾਗੀ 'ਹਾ ਹਾ' 'ਹੂ ਹੂ' ਗੰਧਰਬ ਅਤੇ ਬਪੁੜੇ=ਵਿਚਾਰੇ ਜੋ ਰਿਖੀ ਹਨ, ਇਹ ਸਾਰੇ ਢਾਢੀਆਂ ਦੀ ਸ਼ਕਲ ਵਿਚ

---

*ਅਥਵਾ:-ਪੰਡਿਤ ਤਾਰਾ ਸਿੰਘ ਜੀ ਨੇ ਇਸ ਤਰ੍ਹਾਂ ਅਰਥ ਕੀਤਾ ਹੈ ਕਿ -ਜਿਸ ਪਰਮਾਤਮਾ ਦੇ ਘਰ ਵਿਚ ਸ਼ਿਵਜੀ ਬਾਵਲਾ ਹੈ, ਵਾਸਤਵ ਵਿਚ ਬਾਵਲਾ ਨਹੀਂ। ਮੰਤਰ ਜੰਤਰ ਆਦਿ ਅਤੇ ਨਿਰਤਕਾਰੀ ਰੂਪ ਨਿਖਲ=ਸਮੂਹ ਵਿੱਦਿਆ ਦਾ ਜਗਤ ਵਿਚ ਉਪਦੇਸ਼ ਕਰਨ ਨਾਲ ਜਗਤ ਦਾ ਗੁੰਰੂ ਹੈ, ਪੁਨਾ-ਤਤ ਸਾਰ+ਖਾ=ਸਾਰ ਤਤ ਰੂਪ ਜੋ ਖਾ=ਚਿਦਾਕਾਸ ਬ੍ਰਹਮ ਹੈ, ਤਿਸ ਦਾ ਗਿਆਨ ਕਥਨ ਕਰਨ ਵਾਲਾ ਹੈ।

ਹੋ ਕੇ ਬਹੁਤ ਆਛੈ=ਚੰਗਾ ਜਸ ਗਾਇਣ ਕਰਦੇ ਆਛੈ=ਹੈਂ।

ਸਰਬ ਸਾਸਤ੍ਰ ਬਹੁ ਰੂਪੀਆ

ਸਾਂਖ, ਨਿਆਇ, ਮੀਮਾਂਸਾ, ਵਿਸ਼ੇਸ਼ਕ, ਪਤੰਜਲ, ਵੇਦਾਂਤ ਇਹ ਜੋ ਸਾਰੇ ਛੇ ਸ਼ਾਸਤ੍ਰ ਹੈਂ, ਏਹੀ ਬਹੁਰੂਪੀਏ ਹਨ। ਜਿਸ ਤਰ੍ਹਾਂ ਪ੍ਰਤੱਖ ਰਾਜਿਆਂ ਦੇ ਦਰਬਾਰ ਵਿਚ ਬਹੁਰੂਪੀਏ ਆ ਕੇ ਨਵੀਆਂ ਨਵੀਆਂ ਗੱਲਾਂ ਸੁਣਾਉਂਦੇ ਹਨ, ਤੈਸੇ ਪਰਮਾਤਮਾ ਦੇ ਦਰਬਾਰ ਵਿਚ ਇਹ ਖਟ (ਛੇ) ਸ਼ਾਸਤ੍ਰ ਨਵੀਂ ਨਵੀਂ ਪ੍ਰਕਿਰਿਆ ਕਥਨ ਕਰਦੇ ਹਨ।

ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ ॥

ਦੇਵਤਿਆਂ ਦੈਂਤਾਂ ਦੇ ਯੁੱਧ ਕਰਨ ਵਾਲੀ ਜਗ੍ਹਾਂ,

ਵਾ:-ਸੰਸਾਰ ਹੀ ਜਿਸ ਦਾ ਅਨਗਰੂਆ=ਵੱਡਾ ਭਾਰੀ ਅਖਾੜਾ ਹੈ। ਜਿਸ ਅਖਾੜੇ ਵਿਚ ਬੈਠ ਕੇ ਮੰਡਲੀਕ=ਰਾਜੇ ਲੋਕ,

ਵਾ:-ਅਵਤਾਰ ਕਾਛੇ=ਸੁੰਦਰ ਬੋਲਾਂ ਨੂੰ ਬੋਲਦੇ ਹਨ।

ਚਉਰ ਢੂਲ ਜਾਂਚੈ ਹੈ ਪਵਣੁ ॥ ਚੇਰੀ ਸਕਤਿ ਜੀਤਿ ਲੇ ਭਵਣੁ ॥

ਜਿਸ ਪਰਮਾਤਮਾ ਦੇ ਘਰ ਵਿਚ ਪੌਣ ਦੇਵਤਾ ਚੌਰੀ ਢੂਲ=ਝੁਲਾਂਵਦਾ ਹੈ।

ਯਥਾ:-ਪਵਣੁ ਚਵਰੋ ਕਰੇ ॥ (ਪੰਨਾ ੬੬੩)

ਜਿਸ ਦੀ ਚੇਰੀ=ਦਾਸੀ (ਮਾਇਆ) ਨੇ ਆਪਣੀ ਸ਼ਕਤੀ ਕਰਕੇ ਚੌਦਾਂ ਭਵਨ ਜਿੱਤ ਲਏ ਹੋਏ ਹਨ।

ਅੰਡ ਟੂਕ ਜਾਚੈ ਭਸਮਤੀ ॥ ਸੋ ਐਸਾ ਰਾਜਾ ਤ੍ਰਿਭਵਣ ਪਤੀ ॥ ੩ ॥

ਅੰਡ=ਬ੍ਰਹਮਾਂਡ ਦਾ ਟੂਕ=ਟੁਕੜਾ ਜੋ ਭਾਰਥ ਖੰਡ ਹੈ ਇਹ ਜਿਸ ਦਾ ਭਸਮਤੀ=ਚੁਲ੍ਹਾ ਹੈ, ਜਿਵੇਂ ਚੁੱਲ੍ਹੇ 'ਪਰ ਤਿਆਰ ਕੀਤਾ ਹੋਇਆ ਭੋਜਨ ਸਭ ਕੋਈ ਖਾਂਦਾ ਹੈ, ਤਿਵੇਂ ਇਸ ਭਾਰਥ ਖੰਡ 'ਪਰ ਰਹਿ ਕੇ ਕੀਤੇ ਕਰਮਾਂ ਅਨੁਸਾਰ ਸਾਰੇ ਜੀਵ ਫਲ ਭੋਗਦੇ ਹਨ।

ਸੋ=ਉਹ ਤਿੰਨ ਭਵਨਾਂ ਦਾ ਪਤੀ=ਮਾਲਕ ਰਾਜਾ ਪਰਮਾਤਮਾ ਐਸਾ ਸਮਰੱਥ ਹੈ ॥ ੩ ॥

ਜਾਂਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ ॥

ਜਾਚੈ=ਜਿਸ ਪਰਮਾਤਮਾ ਦੇ ਘਰ ਵਿਚ ਕੂਰਮਾ=ਕੱਛੂ, ਪਾਲੁ=ਪਲੰਘ ਹੈ।

ਸਹਸ੍ਰ+ਫਨੀ=ਹਜ਼ਾਰਾਂ ਫ਼ਨਾਂ ਵਾਲਾ ਸ਼ੇਸ਼ਨਾਗ ਸਿਹਜਾ ਹੈ। ਬਾਸਕੁ=ਬਾਸਕ ਨਾਗ ਸੇਜ+ਵਾਲੂਆ=ਸੇਜ ਬੰਦ ਹੈ।

ਅਠਾਰਹ ਭਾਰ ਬਨਾਸਪਤੀ ਮਾਲਣੀ
ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ ॥

ਸਿਹਜਾ ਉੱਤੇ ਫੁਲ ਵਿਛਾਉਣ ਵਾਸਤੇ *ਅਠਾਰਾਂ ਭਾਰ ਬਨਾਸਪਤੀ ਇਹ ਮਾਲਣ ਹੈ। ਛਿਆਨਵੇਂ ਕ੍ਰੋੜ. ਜੋ ਮੇਘਾਂ ਦੀਆਂ ਮਾਲਾ=ਪੰਗਤੀਆਂ ਹਨ, ਇਹ ਪਾਣੀ ਭਰਨ ਵਾਲੀਆਂ ਝਿਊਰੀਆਂ ਹਨ ।

*੩੨੬੦ ਤੋਲੇ ਦਾ ਇਕ ਭਾਰ ਹੁੰਦਾ ਹੈ। ਇਕ ਜ਼ਾਤਿ ਦੇ ਸਾਰਿਆਂ ਬ੍ਰਿਛਾਂ ਵਿੱਚੋਂ ਇਕ ਪੱਤਾ ਲੈਣਾ। ਅੰਬ ਦੇ ਬ੍ਰਿਛ ਚਾਹੇ ਕਿਤਨੇ ਹਨ, ਪਰ ਇਕ ਪੱਤਾ ਅੰਬ ਦਾ ਲੈਣਾ। ਟਾਹਲੀ ਦੇ ਬ੍ਰਿਛ ਚਾਹੇ ਕਿਤਨੇ ਹਨ, ਪਰ ਇਕ ਪੱਤਾ ਲੈਣਾ।

ਨਖ ਪ੍ਰਸੇਵ ਜਾਚੈ ਸੁਰਸਰੀ॥ ਸਪਤ ਸਮੁੰਦ ਜਾਂਚੈ ਘੜਥਲੀ॥

ਜਿਸ ਦੇ ਨਖ=ਨਹੁੰਆਂ ਦਾ ਪ੍ਰਸੇਵ=ਮੁੜ੍ਹਕਾ ਹੀ ਸੁਰਸਰੀ=ਗੰਗਾ ਹੈ*।

ਅਤੇ ਜਿਸ ਪਰਮਾਤਮਾ ਦੇ ਸਤ ਸਮੁੰਦਰ ਹੀ ਘੜਥਲੀ=ਘੜਵੰਜੀਆਂ ਸਹਿਤ ਘੜੇ ਹਨ।

ਏਤੇ ਜੀਅ ਜਾਂਚੈ ਵਰਤਣੀ॥ ਸੋ ਐਸਾ ਰਾਜਾ ਤ੍ਰਿਭਵਣ ਧਣੀ॥ ੪॥

ਇਤਨੇ ਜੀਵ ਜਿਸ ਪਰਮਾਤਮਾ ਦੇ ਘਰ ਵਿਚ ਸੇਵਕ ਹੋ ਕੇ ਵਰਤ ਰਹੇ ਹਨ।

ਸੋ=ਉਹ ਐਸਾ ਰਾਜਾ ਤਿੰਨਾਂ ਭਵਣਾਂ ਦਾ ਧਣੀ=ਮਾਲਕ ਹੈ॥ ੪॥

ਜਾਂਚੈ ਘਰਿ ਨਿਕਟ ਵਰਤੀ, ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ

ਜਿਸ ਪਰਮਾਤਮਾ ਦੇ ਘਰ ਵਿਚ ਇਹ ਸਾਰੇ ਨਿਕਟਿ ਵਰਤੀ, ਭ:ਵ—ਪਾਸ ਰਹਿਣ ਵਾਲੇ ਹਨ।

ਅਰਜਨ, ਧ੍ਰੂ, ਪ੍ਰਹਿਲਾਦ, ਰਾਜਾ ਅੰਬਰੀਕ, ਨਾਦਰ ਮੁਨੀ ਨੇਜੈ=ਪ੍ਰਗਟ ਹੀ,

ਵਾ:-ਨੇਜੇ ਭਗਤ ਵੀ ਨਿਕਟ ਵਰਤੀ ਰਹਿਣ ਵਾਲਾ ਹੈ।

ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ॥

੮੪ ਸਿਧ, ਬੁੱਧ ਆਦਿਕ ਨੌਂ ਗ੍ਰਹਿ, ਵਾ:-ਬੁੱਧੀਵਾਨ; ਗਣ=ਸਮੂਹ ਗੰਧਰਬ ਇਹ ਸਾਰੇ ਹੇਲਾ=ਹੱਲਾ ਕਰਨ ਵਾਲੇ ਬਾਨਵੈ=ਬਣ ਰਹੇ ਹਨ,

ਵਾ:-ਬਾਨਵੈ=ਬਵੰਜਾ ਬੀਰ ਇਹ ਸਭ ਹੇਲਾ=ਸ਼ਿਕਾਰੀ ਹਨ।

ਏਤੇ ਜੀਅ ਜਾਂਚੈ ਹਹਿ ਘਰੀ॥ ਸਰਬ ਬਿਆਪਿਕ ਅੰਤਰ ਹਰੀ॥

ਜਾਂਚੈ=ਜਿਸ ਪਰਮਾਤਮਾ ਦੇ ਘਰ ਵਿਚ ਇਤਨੇ ਜੀਵ ਸੇਵਾਦਾਰ ਬਣ ਕੇ ਸੇਵਾ ਕਰ ਰਹੇ ਹਨ। ਉਹ ਹਰੀ ਪਰਮਾਤਮਾ ਸਾਰਿਆਂ ਅੰਦਰ ਵਿਆਪਕ ਹੈ।

ਪ੍ਰਣਵੈ ਨਾਮਦੇਉ ਤਾਂਚੀ ਆਣਿ॥
ਸਗਲ ਭਗਤ ਜਾਚੈ ਨੀਸਾਣਿ॥ ੫॥ ੧॥

ਨਾਮਦੇਵ ਜੀ ਪ੍ਰਣਵੈ=ਉਚਾਰਦੇ ਹਨ ਹੇ ਪੁਰਸ਼ਾ ! ਤੂੰ ਤਾਂਚੀ=ਤਿਸ ਪਰਮਾਤਮਾ ਦੀ ਆਣਿ=ਸ਼ਰਨ ਗ੍ਰਹਿਣ ਕਰ । ਜਾਚੈ=ਜਿਸ ਪਰਮਾਤਮਾ ਦੇ ਸਾਰੇ ਭਗਤ ਨੀਸਾਣਿ=ਝੰਡਾ ਰੂਪ ਹੋ ਕੇ ਝੂਲ ਰਹੇ ਹਨ।

ਵਾ:-ਜਿਸ ਦੇ ਸਾਰੇ ਭਗਤ ਨੀਸਾਣਿ=ਪ੍ਰਗਟ ਹੋ ਰਹੇ ਹਨ।

ਵਾ:-ਨੀਸਾਣਿ=ਨਗਾਰੇ ਵਾਂਗੂ ਹਨ, ਭਾਵ ਧੌਂਸੇ ਦੀ ਤਰ੍ਹਾਂ ਉਪਦੇਸ਼ ਦੇ ਰਹੇ ਹਨ।

---

*ਇਕ ਦਿਨ ਨਾਰਦ ਮੁਨੀ ਜੀ ਨੇ ਪ੍ਰੇਮਾ ਭਗਤੀ ਵਿਚ ਮਸਤ ਹੋ ਕੇ ਭਗਵਾਨ ਜੀ ਅੱਗੇ ਬੀਣਾ ਵਜਾ ਕੇ ਐਸਾ ਸੁੰਦਰ ਰਾਗ ਗਾਇਣ ਕੀਤਾ, ਜੋ ਸੁਣਦਿਆਂ ਸਾਰ ਭਗਵਾਨ ਅਤੀ ਪ੍ਰਸੰਨ ਹੋਏ ਤੇ ਐਸੇ ਦ੍ਰਵੀ-ਭੂਤ ਹੋਏ ਜੋ ਪੈਰਾਂ ਦੇ ਨਹੁੰਆਂ ਵਿੱਚੋ ਜਲ ਨਿਕਲ ਪਿਆ। ਉਹ ਜਲ ਨੂੰ ਬ੍ਰਹਮਾ ਜੀ ਨੇ ਕਮੰਡਲ ਵਿਚ ਪਾ ਰੱਖਿਆ।

ਜਿਸ ਵੇਲੇ ਫੇਰ ਭਗਵਾਨ ਜੀ ਨੇ ਬਾਵਨ ਅਵਤਾਰ ਧਾਰਿਆ, ਤਾਂ ਓਸੇ ਹੀ ਜਲ ਨਾਲ ਬ੍ਰਹਮਾ ਜੀ ਨੇ ਚਰਨ ਧੋਤੇ। ਤਪੱਸਵੀ ਭਗੀਰਥ ਜੀ ਦੇ ਉੱਦਮ ਨਾਲ ਓਹੋ ਜਲ ਹੁਣ ਮਾਤਲੋਕ ਵਿਚ ਗੰਗਾ ਦਾ ਪਰਵਾਹ ਹੋ ਕੇ ਚੱਲ ਰਿਹਾ ਹੈ।

ਮਲਾਰ ॥

ਉਥਾਨਕਾ— ਨਾਮਦੇਵ ਜੀ ਰਟਨ ਕਰਦੇ ਹੋਏ ਜਿਸ ਵੇਲੇ ਦੱਖਣ ਦੇਸ਼ ਦੇ ਇਲਾਕੇ* ਔਂਡਾ ਪੁਰ ਸ਼ਿਵ ਮੰਦਰ ਵਿਚ ਪਹੁੰਚੇ ਹਨ ਤਾਂ ਅੱਗੇ ਆਰਤੀ ਹੋ ਰਹੀ ਵੇਖ ਕੇ ਪ੍ਰੇਮ ਵਿਚ ਮਸਤ ਹੋਏ ਹੋਏ ਛੈਣਿਆਂ ਦੀ ਜਗ੍ਹਾਂ ਜੁੱਤੀਆਂ ਕੱਢ ਕੇ ਖੜਕਾਉਣ ਲੱਗ ਪਏ।

ਯਥਾ:-ਪਰੇਮ ਭੂਤ ਨਾਮ ਬਉਰਾਇਓ॥ ਸੁਧਿ ਬੁਧਿ ਸਭੀ ਬਿਸਰਾਇਓ॥

ਇਹ ਗੱਲ ਵੇਖ ਕੇ ਮੰਦਰ ਦੇ ਪੰਡਿਆਂ ਨੂੰ ਬੜਾ ਗੁੱਸਾ ਆ ਗਿਆ। ਉਸੀ ਵੇਲੇ ਓਥੋਂ ਦੇ ਪੁਜਾਰੀਆਂ ਨੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਤਾਂ ਭਗਤ ਨਾਮਦੇਵ ਜੀ ਨੇ ਨਾਗ ਮੰਦਰ ਦੇ ਪਿੱਛੇ ਬੈਠ ਕੇ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਦੇ ਹੋਏ ਨੇ ਇਹ ਸ਼ਬਦ ਉਚਾਰਨ ਕੀਤਾ:-

ਦੂਜਾ ਭਾਵ:-ਨਾਮਦੇਵ ਜੀ ਤੀਰਥ ਯਾਤਰਾ ਕਰਦੇ ਹੋਏ ਦੱਖਣ ਦੇਸ਼ ਵਿਚ ਗਏ ਜਿਸ ਵੇਲੇ ਹਜ਼ੂਰ ਸਾਹਿਬ ਤੋਂ ੭੦ ਕਿਲੋ ਮੀਟਰ ਉਰੇ ਔਂਢਾ ਪੁਰ ਪਹੁੰਚੇ° ਤਾਂ ਸ਼ਿਵ ਮੰਦਰ ਵਿਚ ਆਰਤੀ ਹੋ ਰਹੀ ਵੇਖ ਕੇ ਅੰਦਰ ਪ੍ਰਵੇਸ਼ ਕਰ ਗਏ ਪ੍ਰੇਮ ਵਿਚ ਮਗਨ ਹੋ ਕੇ ਇਹ ਭੀ ਨਾਲ ਆਰਤੀ ਪੜ੍ਹਦੇ ਰਹੇ ਭੋਗ ਪੈਣ ਤੋਂ ਬਾਅਦ ਪੰਡਿਆਂ ਨੇ ਇਸ ਦੇ ਲੱਕ ਨਾਲ ਜੁੱਤੀ ਬੱਧੀ ਹੋਈ ਵੇਖ ਕੇ ਗੁੱਸੇ ਵਿਚ ਭਰ ਕੇ ਪੰਜ ਸਤ ਮੁਕੇ ਮਾਰ ਕੇ ਬਾਂਹ ਤੋਂ ਫੜ ਕੇ ਨਾਮਦੇਵ ਨੂੰ ਮੰਦਰ ਚੋਂ ਬਾਹਰ ਕਢ ਦਿਤਾ°। ਉਸ ਵੇਲੇ ਨਾਮਦੇਵ ਜੀ ਨੇ ਮੰਦਰ ਦੇ ਪਿਛੇ ਬੈਠ ਕੇ ਕੀਰਨੇ ਰਸ ਵਿਚ ਇਹ ਸ਼ਬਦ ਉਚਾਰਿਆ:-

ਮੋ ਕਉ ਤੂੰ ਨ ਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥੧ ॥ਰਹਾਉ ॥

ਹੇ ਸਭ ਵਿਚ ਰਮੇ ਹੋਏ ਪਰਮਾਤਮਾ ! ਮੈਨੂੰ ਤੂੰ ਨਾ ਵਿਸਾਰ, ਮੈਨੂੰ ਤੂੰ ਵਿਸਾਰ ਮੈਨੂੰ ਤੂੰ ਨਾ ਭੁਲਾ, ਤਿੰਨ ਵਾਰੀ ਕਹਿ ਕੇ ਨਿਸਚੇ ਕਰ ਦਿੱਤਾ। ਵਾ:-ਮਨ ਬਾਣੀ ਸਰੀਰ ਕਰਕੇ ਮੈਨੂੰ ਤੂੰ ਨਾ ਭੁਲਾ॥ ੧ ॥ ਰਹਾਉ ॥

---

*ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਤੋਂ ਪਏ ਮੀਲ ਅਤੇ ੭੦ ਕਿਲੋ ਮੀਟਰ ਉਰੇ ਔਂਢਾ ਨਾਮ ਕਰਕੇ ਪੁਰਾਣਾ ਸ਼ਹਿਰ ਹੈ, ਉਸ ਵਿਚ ਸ਼ਿਵਾਂ ਦਾ ਨਾਗ ਮੰਦਰ ਹੈ, ਉਸ ਵਿਚ ਨਾਮਦੇਵ ਜੀ ਪਹੁੰਚੇ ਸਨ।

ਹਜ਼ੂਰ ਸਾਹਿਬ ਤੋਂ ੨੩ ਕਿਲੋ ਮੀਟਰ ਚਲੀਏ ਤਾਂ ਅਕੋਲਾ ਰੋਡ 'ਪਰ ਜਾ ਕੇ ਇਕ ਚੌਂਕ ਆਉਂਦਾ ਹੈ, ਉਸ ਚੌਂਕ ਤੋਂ ਖੱਬੇ ਹੱਥ ਨਾਸਕ ਨੂੰ ਸੜਕ ਜਾਂਦੀ ਹੈ ਇਸ ਸੜਕ 'ਪਰ ੨੩ ਕਿਲੋ ਮੀਟਰ ਜਾ ਕੇ ਫਿਰ ਸੱਜੇ ਹੱਥ ਸੜਕ ਮੁੜਦੀ ਹੈ ਉਸ ਮੋੜ ਤੋਂ ੨੫ ਕਿਲੋ ਮੀਟਰ ਔਂਢਾ ਹੈ। ਇਸ ਤਰ੍ਹਾਂ ੨੩+੨੨+੨੫ ਦੇ ਅਨੁਸਾਰ ੭੦ ਕਿਲੋ ਮੀਟਰ ਔਂਢਾ ਹੈ। ਜ਼ਿਲ੍ਹਾ ਪਰਬਨੀ ਤੇ ਤਸੀਲ ਹਿਗੌਲੀ ਹੈ, ਹਿਗੌਲੀ ਤੋਂ ਔਂਢਾ ੧੪ ਮੀਲ ਹੈ ਮੰਦਰ ਦਾ ਨਾਮ ਨਾਗ ਨਾਥ ਹੈ ਇਹ ਮੰਦਰ ਬਹੁਤ ਕਾਲੇ ਪੱਥਰ ਦਾ ਬਣਿਆ ਹੋਇਆ ਹੈ ਅੰਦਰੋਂ ਭੋਰੇ ਦੀ ਸ਼ਕਲ ਦਾ ਡੂੰਗਾ ਹੈ।

ਬਾਹਰਲੀ ਜ਼ਮੀਨ ਨਾਲੋਂ ਅੰਦਰੋਂ ਬਹੁਤ ਨੀਵਾਂ ਹੈ ਤੇ ਹਨੇਰਾ ਬਹੁਤ ਸਾਰਾ ਹੈ। ਮੰਦਰ ਵਿਚ ਸ਼ਿਵ ਲਿੰਗ ਦੀ ਮੂਰਤੀ ਵੱਡੀ ਸਾਰੀ ਹੈ। ਨੀਵੇਂ ਉਤਰ ਕੇ ਦਰਸ਼ਨ ਕਰਨਾ ਪੈਂਦਾ ਹੈ।

°ਗਿਆਨੀ ਨਰੈਣ ਸਿੰਘ ਜੀ ਨੇ ਆਪਣੀ ਵਾਰਤਕ ਸ੍ਰੀ ਗੁਰੂ ਭਗਤਮਾਲ ਸਟੀਕ ਦੂਜੀ ਐਡੀਸ਼ਨ ਪੰਨਾ ੧੭੧ ਭਗਤ ਨਾਮਦੇਵ ਜੀ ਦੇ ਜੀਵਨ ਵਿਚ ਇਉਂ ਲਿਖਿਆ ਹੈ ਕਿ ਆਰਤੀ ਦੇ ਸਮੇਂ ਮੰਦਰ ਵਿਚ ਭੀੜਾ ਬਹੁਤ ਸਾਰੀ ਵੇਖ ਕੇ ਇਹ ਸੋਚ ਆਈ ਕਿ ਬਾਹਰੋਂ ਕੋਈ ਜੁੱਤੀ ਚੁੱਕ ਕੇ ਨਾ ਲੈ ਜਾਵੇ ਇਸ ਲਈ ਆਪ ਜੀ ਨੇ ਜੁੱਤੀ ਲੱਕ ਨਾਲ ਬੰਨ੍ਹ ਲਈ ਤੇ ਹਥ ਵਿਚ ਖੜਤਾਲਾਂ ਲੈ ਕੇ ਮੰਦਰ ਵਿਚ ਜਾ ਕੇ ਹਰੀ ਜਸ ਕਰਨ ਲੱਗ ਪਏ ਜਿਸ ਵੇਲੇ ਕਿਸੇ ਪੰਡਿਤ ਨੇ ਆਪ ਜੀ ਦੇ ਲੱਕ ਨਾਲ ਜੁੱਤੀ ਬੱਧੀ ਵੇਖੀ ਤਾਂ ਗੁੱਸੇ ਵਿਚ ਭਰ ਕੇ ਪੰਜ ਸਤ ਮੁੱਕੇ ਮਾਰ ਕੇ ਬਾਂਹ ਤੋਂ ਫੜ ਕੇ ਬਾਹਰ ਕੱਢ ਦਿੱਤਾ।

ਕਈ ਵਿਦਵਾਨ ਇਹ ਭੀ ਆਖਦੇ ਹਨ ਭਗਤ ਨਾਮਦੇਵ ਜੀ ਮੰਦਰ ਵਿਚ ਜੋੜਾ ਨਹੀਂ ਲੈ ਗਏ ਪਰ ਪੰਡਿਤਾਂ ਨੇ ਇਸ ਨੂੰ ਸ਼ੂਦਰ ਜਾਤੀ ਦਾ ਸੰਮਝ ਕੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਹੈ।

ਯਥਾ:-ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥ ੧ ॥

ਆਲਾ ਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥

ਆਲਾ+ਵੰਤੀ=ਮੰਦਰ ਵਾਲਿਆਂ ਨੂੰ ਇਹ ਜਿਹੜਾ ਭਰਮ ਹੈ ਕਿ ਮੈਂ ਸ਼ੂਦਰ ਹਾਂ ਅਤੇ ਸਾਰੇ ਹੀ ਮੇਰੇ ਉੱਤੇ ਕ੍ਰੋਧਵਾਨ ਹੋਏ ਹਨ, ਭਾਵ ਗੁੱਸਾ ਕਰਕੇ ਹਨ।

ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ ॥ ੧ ॥

ਫੇਰ ਸ਼ੂਦਰ ਸ਼ੂਦਰ ਕਹਿ ਕਰਕੇ ਧੱਕੇ ਮਾਰ ਕੇ ਮੰਦਰ 'ਚੋਂ ਉੱਠਾ ਦਿੱਤਾ ਹੈ।

ਹੇ ਬੀਠੁਲਾ=ਪਰਮਾਤਮਾ ! ਪਿਤਾ ਰੂਪ, ਦੱਸੋ ਮੈਂ ਇਕੱਲਾ ਹੁਣ ਕੀ ਕਰਾਂ ? ॥ ੧ ॥

ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਕਿਹਾ, ਫਿਕਰ ਨਾ ਕਰ, ਮੈਂ ਅੰਤ ਵੇਲੇ ਤੈਨੂੰ ਮੁਕਤ ਕਰ ਲਵਾਂਗਾ। ਇਹ ਗੱਲ ਸੁਣ ਕੇ ਨਾਮਦੇਵ ਜੀ ਨੇ ਕਿਹਾ-

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥

ਮੈਨੂੰ ਮੋਏ ਹੋਏ ਨੂੰ ਜੇ ਆਪ ਮੁਕਤੀ ਦਿਓਗੇ, ਤਾਂ ਤੁਹਾਡੀ ਇਸ ਮੁਕਤੀ ਦਿੱਤੀ ਹੋਈ ਨੂੰ ਕੋਇਲਾ=ਕੋਈ ਭੀ ਨਹੀਂ ਜਾਣੇਗਾ।

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥ ੨ ॥

ਇਹ ਪਾਂਡੇ ਮੈਨੂੰ ਢੇਢ=ਨੀਚ ਭਾਵ ਚਮਿਆਰ ਕਹਿੰਦੇ ਹਨ, ਮੈਨੂੰ ਤਾਂ ਕੋਈ ਨਹੀਂ ਤੇਰੀ ਆਪਣੀ ਹੀ ਪੈਜ ਪਿਛੰਉਡੀ=ਪਿੱਛੇ, ਹੋਇਲਾ=ਹੋ ਜਾਵੇਗੀ। ਜੇ ਆਪ ਜੀ ਨੇ ਮੇਰੀ ਸਹਾਇਤਾ ਨਾ ਕੀਤੀ ਤਾਂ ਲੋਕ ਐਸੇ ਨਿੰਦਿਆ ਕਰਣਗੇ ਕਿ ਪਰਮੇਸ਼ਰ ਦੀ ਭਗਤੀ ਵਿਚ ਕੁਝ ਤਾਕਤ ਨਹੀਂ ਹੈ।

ਤਾਂ ਭਗਵਾਨ ਨੇ ਅਕਾਸ਼ ਬਾਣੀ ਦੁਆਰਾ ਕਿਹਾ-ਤੇਰੇ ਆਪਣੇ ਕੀਤੇ ਕਰਮ ਦਾ ਫਲ ਤੈਨੂੰ ਮਿਲ ਰਿਹਾ ਹੈ, ਇਸ ਤੇ ਘਬਰਾ ਨਾ। ਇਹ ਗੱਲ ਸੁਣ ਕੇ ਭਗਤ ਨਾਮਦੇਵ ਜੀ ਨੇ ਕਿਹਾ-

ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ
ਅਤਿ ਭੁਜ ਭਇਓ ਅਪਾਰਲਾ ॥

ਹੇ ਪਰਮਾਤਮਾ! ਤੂੰ ਜੋ ਦਿਆਲੂ ਤੇ ਕ੍ਰਿਪਾਲੂ ਕਹਾਉਂਦਾ ਹੈਂ, ਤਾਂ ਕਿਹੜੀ ਗੱਲ ਦਾ ਕਹਾਉਂਦਾ ਹੈਂ। ਇਸ ਵੇਲੇ ਤੁਹਾਨੂੰ ਕਿਰਪਾ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਭਗਵਾਨ ਅਤਿ ਅੰਤ ਹੀ ਅਪਾਰ ਲੰਮੀਆਂ ਭੁਜ=ਬਾਹਾਂ ਵਾਲਾ ਹੋ ਗਿਆ।

ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥ ੩ ॥ ੨ ॥

ਉਸ ਵੇਲੇ ਭਗਵਾਨ ਨੇ ਮੰਦਰ ਨੂੰ ਕਲਾਵੇ ਵਿਚ ਭਰ ਕੇ ਨਾਮਦੇਵ ਕਉ=ਵੱਲ ਮੰਦਰ ਦਾ ਮੂੰਹ ਫੇਰ ਦਿੱਤਾ ਅਤੇ ਪਾਂਡਿਆਂ ਨੂੰ ਮੰਦਰ ਦਾ ਪਿਛਵਾਰਲਾ=ਪਿੱਛਲਾ ਪਾਸਾ ਕਰ ਦਿੱਤਾ॥ ੩ ॥ ੨ ॥

ਯਥਾ:- ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥ *(ਪੰਨਾ ੪੫੧)*

ਤਥਾ:- ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥ ੩ ॥ ੬ ॥

(ਭੈਰਉ ਨਾਮਦੇਉ ਪੰਨਾ ੧੧੬੪)

[ਪੰਨਾ ੧੨੯੩]

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

੧ੴ ਸਤਿਗੁਰ ਪ੍ਰਸਾਦਿ॥

ਛੋਟੀ ਉਥਾਨਕਾ— ਚਿਤੌੜ ਗੜ੍ਹ ਦੇ ਰਾਜਾ ਦੀ ''ਝਾਲੀ'' ਨਾਮ ਕਰਕੇ ਇਕ ਰਾਣੀ ਸੀ । ਉਸਨੇ ਭਗਤ ਰਵਿਦਾਸ ਜੀ ਪਾਸੋਂ ਉਪਦੇਸ਼ ਲੀਤਾ। ਇਕ ਦਿਨ ਉਸ ਦੇ ਦਿਲ ਵਿਚ ਇੱਛਾ ਹੋਈ ਕਿ ਮੈਂ ਸਾਰੇ ਬ੍ਰਾਹਮਣਾਂ ਨੂੰ ਸੱਦ ਕੇ ਰੋਟੀ ਖੁਆਵਾਂ।

ਰਵਿਦਾਸ ਜੀ ਪਾਸੋਂ ਆ ਕੇ ਪੁੱਛਿਆ ਤਾਂ ਰਵਿਦਾਸ ਜੀ ਨੇ ਕਿਹਾ -ਇਸ ਨਾਲੋਂ ਹੋਰ ਚੰਗਾ ਕੰਮ ਕਿਹੜਾ ਹੈ। ਰਾਣੀ ਨੇ ਕਿਹਾ, ਕਿ ਸਾਰਾ ਕੰਮ ਆਪ ਜੀ ਨੇ ਵਿਚ ਹੋ ਕੇ ਕਰਨਾ ਹੈ। ਤਾਂ ਰਵਿਦਾਸ ਜੀ ਨੇ ਕਿਹਾ, ਮੇਰਾ ਜਾਣਾ ਠੀਕ ਨਹੀਂ, 'ਕਿਉਂਕਿ ਜੇ ਮੈਂ ਵਿਚ ਚਲਾ ਗਿਆ ਤਾਂ ਕਿਸੀ ਬ੍ਰਾਹਮਣ ਨੇ ਰੋਟੀ ਨਹੀਂ ਖਾਣੀ। ਪਰ ਰਾਣੀ ਨੇ ਪ੍ਰਣ ਕਰ ਲਿਆ ਕਿ ਜੇ ਆਪ ਵਿਚ ਨਹੀਂ ਚਲੋਗੇ ਤਾਂ ਮੈਂ ਬ੍ਰਹਮ ਭੋਜ ਹੀ ਨਹੀਂ ਕਰਾਂਗੀ, ਆਖ਼ਿਰਕਾਰ ਰਾਣੀ ਨੇ ਮਨਾ ਹੀ ਲਿਆ।

ਜਿਸ ਵੇਲੇ ਸਭ ਕੁਝ ਤਿਆਰ ਹੋ ਗਿਆ ਤੇ ਬ੍ਰਾਹਮਣ ਛੱਕਣ ਵਾਸਤੇ ਆ ਗਏ, ਤਦ ਓਧਰੋਂ ਰਵਿਦਾਸ ਜੀ ਵੀ ਆ ਗਏ। ਤਾਂ ਬ੍ਰਹਮਣਾਂ ਨੇ ਰੌਲਾ ਪਾ ਦਿੱਤਾ। ਵੇਲੇ ਨੂੰ ਸੰਭਾਲਣ ਵਾਸਤੇ ਰਵਿਦਾਸ ਜੀ ਉਸ ਵੇਲੇ ਤਾਂ ਬਾਹਰ ਨਿਕਲ ਆਏ ਪਰ ਜਿਸ ਵੇਲੇ ਸਾਰੇ ਬ੍ਰਾਹਮਣ ਆਸਣਾਂ ਨੂੰ ਵਿਛਾ ਕੇ ਰੋਟੀ ਖਾਣ ਬੈਠ ਗਏ ਤਾਂ ਰੋਟੀ ਖਾਂਦਿਆਂ ਕੀ ਵੇਖਦੇ ਹਨ ''ਜੋ ਹਰ ਇਕ ਬ੍ਰਾਹਮਣ ਦੇ ਨਾਲ ਰਵਿਦਾਸ ਬੈਠਾ ਹੈ'', ਭਾਵ ਦੋ ਦੋ ਬ੍ਰਾਹਮਣਾਂ ਦੇ ਵਿਚਾਕਾਰ ਇਕ ਇਕ ਰਵਿਦਾਸ ਬੈਠਾ ਹੈ।

ਇਸ ਕੌਤਕ ਨੂੰ ਵੇਖ ਕੇ ਸਾਰੇ ਅਸਚਰਜ ਹੋ ਗਏ ਤੇ ਰਵਿਦਾਸ ਜੀ ਦੀ ਚਰਨੀਂ ਡਿੱਗ ਪਏ। ਉਸ ਵੇਲੇ ਰਵਿਦਾਸ ਜੀ ਨੇ ਇਹ ਸ਼ਬਦ ਉਚਾਰਿਆ-

ਲੰਬੀ ਉਥਾਨਕਾ— ਰਵਿਦਾਸ ਜੀ ਚਮਿਆਰ ਜਾਤੀ ਕਰਕੇ ਤਾਂ ਨੀਚ ਸਦੀਂਦੇ ਸਨ, ਪਰ ਇਨ੍ਹਾਂ ਦਾ ਆਚਰਨ ਸਭ ਤੋਂ ਉੱਚਾ ਤੇ ਸੁੱਚਾ ਸੀ । ਇਨ੍ਹਾਂ ਦੇ ਅਸਥਾਨ 'ਪਰ ਦੋ ਵੇਲੇ ਸਵੇਰੇ ਸ਼ਾਮ ਨੂੰ ਪਰਮੇਸ਼ਰ ਸਬੰਧੀ ਵਿਚਾਰ ਤੇ ਕੀਰਤਨ ਹੁੰਦਾ ਸੀ, ਜਿਸ 'ਤੇ ਲੋਕਾਂ ਦੀ ਆਵਾਜਾਈ ਬਹੁਤ ਹੋ ਗਈ। ਪਰਮੇਸ਼ਰ ਸਬੰਧੀ ਵਿਚਾਰ ਸ੍ਰਵਣ ਦੁਆਰਾ ਕਈਆਂ ਦੇ ਆਚਰਨ ਉੱਚੇ ਹੋ ਗਏ ਤੇ ਲੋਕ ਆਉਂਦੇ ਜਾਂਦੇ 'ਧੰਨ ਰਵਿਦਾਸ, ਧੰਨ ਰਵਿਦਾਸ ਜੀ' ਕਹਿੰਦੇ ਹੋਏ ਉਸਤਤੀ ਕਰਨ ਲੱਗ ਪਏ। ਇਕ ਕਾਂਸ਼ੀ ਵਿਚ ਕੀ ਰਵਿਦਾਸ ਜੀ ਦੀ ਸ਼ੋਭਾ ਤਾਂ ਸੁਗੰਧੀ ਵਾਂਗ ਦੂਰ ਦੂਰ ਤੱਕ ਫੈਲ ਗਈ।

ਇਥੋਂ ਤੱਕ ਕਿਸੀ ਸ਼ਰਧਾਲੂ ਨੇ ਚਤੌੜ ਗੜ੍ਹ ਦੇ ਕਿਲ੍ਹੇ ਵਿਚ ਜਾ ਕੇ ਰਵਿਦਾਸ ਜੀ ਦੀ ਉਪਮਾ ਕਰਨੀ ਸ਼ੁਰੂ ਕਰ ਦਿਤੀ ਕਿ-'ਰਵਿਦਾਸ ਜੀ ਪ੍ਰਭੂ ਦੇ ਪੂਰਨ ਭਗਤ ਹਨ।'

ਜਿਸ ਵੇਲੇ ਚਤੌੜ ਗੜ੍ਹ ਦੇ ਰਾਜੇ ਦੀ ਧਰਮ ਪਤਨੀ 'ਝਾਲੀ' ਨੇ ਰਵਿਦਾਸ ਦੀ ਉਪਮਾ ਸੁਣੀ ਤਾਂ ਉਸ ਦੇ ਮਨ ਵਿਚ ਭਗਤ ਜੀ ਦੇ ਦਰਸ਼ਨ ਕਰਨ ਦੀ ਲੋਂਗਨ ਲੱਗ ਗਈ ਤੇ ਵਿਚਾਰਨ ਲੱਗੀ ਕਿ ਕਿਸ ਬਹਾਨੇ ਨਾਲ ਮੈਂ ਉਹਨਾਂ ਦੇ ਜਾ ਕੇ ਦਰਸ਼ਨ ਕਰਾਂ। ਸੋਚ ਵਿਚਾਰ ਕੇ ਰਾਣੀ ਨੇ ਆਪਣੇ ਪਤੀ ਦੇਵ ਤੋਂ ਤੀਰਥ ਯਾਤਰਾ

ਕਰਨ ਦੀ ਆਗਿਆ ਮੰਗੀ, ਜਦ ਰਾਜੇ ਨੇ ਜਾਣ ਦਾ ਹੁਕਮ ਦੇ ਦਿੱਤਾ। ਉਸ ਵੇਲੇ ਰਾਣੀ ਆਪਣੇ ਨਾਲ ਆਦਮੀਆਂ ਨੂੰ ਲੈ ਕੇ ਤੀਰਥ ਯਾਤਰਾ ਦੇ ਬਹਾਨੇ ਕਾਂਸ਼ੀ ਆ ਪੁੱਜੀ। ਨਾ ਪਹਿਲੇ ਗੰਗਾ ਦਾ ਇਸ਼ਨਾਨ ਕੀਤਾ, ਨਾ ਹੀ ਕਿਸੇ ਮੰਦਰ ਵਿਚ ਜਾ ਕੇ ਦੇਵਤੇ ਦਾ ਪੂਜਨ ਕੀਤਾ, ਸਗੋਂ ਸਿਧੀ ਰਵਿਦਾਸ ਜੀ ਦੇ ਮੰਦਰ ਆ ਪੁੱਜੀ, ਅੱਗੇ ਹਰੀ ਨਾਮ ਦਾ ਕੀਰਤਨ ਹੋ ਰਿਹਾ ਸੀ।

ਪਰਮੇਸ਼ਰ ਦੇ ਸਨਮੁਖ ਰਵਿਦਾਸ ਜੀ ਬੇਨਤੀਆਂ ਕਰ ਰਹੇ ਸਨ।

ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥ ੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥ ੧॥ ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ॥ ਜਉ ਤੁਮ ਤੀਰਥ ਤਉ ਹਮ ਜਾਤੀ॥ ੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥
ਜਹ ਜਹ ਜਾਉ ਤਹਾ ਤੇਰੀ ਸੇਵਾ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ੪॥
ਤੁਮਰੇ ਭਜਨ ਕਟਹਿ ਜਮ ਫਾਸਾ॥ ਭਗਤਿ ਹੇਤ ਗਾਵੈ ਰਵਿਦਾਸਾ॥ ੫॥ ੫॥

(ਪੰਨਾ ੬੫੮)

ਇਸ ਸ਼ਬਦ ਤੋਂ ਪਿਛੋਂ ਰਵਿਦਾਸ ਜੀ ਨੇ ਸੰਗਤ ਨੂੰ ਸਮਝਾਣ ਲਈ ਇਹ ਸ਼ਬਦ ਉਚਾਰਿਆ-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ ੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥ ੧॥ ਰਹਾਉ॥
ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥ ੨॥
ਬੰਕੇ ਬਾਲ ਪਾਗ ਸਿਰ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥
ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥ ੪॥
ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥ ੫॥ ੬॥

(ਪੰਨਾ ੬੫੯)

ਰਵਿਦਾਸ ਜੀ ਦੇ ਪਵਿੱਤ੍ਰ ਮੁਖਾਰਬਿੰਦ ਤੋਂ ਇਸ ਤਰ੍ਹਾਂ ਦੀ ਬਾਣੀ ਸੁਣਦਿਆਂ ਸਾਰ ਝਾਲੀ ਰਾਣੀ ਦਾ ਅੰਦਰ ਇਸ ਤਰ੍ਹਾਂ ਵਿੰਨਿਆਂ ਗਿਆ-

ਯਥਾ:- ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥ ੧੯੪॥ *(ਸਲੋਕ ਕਬੀਰ ਜੀ ਪੰਨਾ ੧੩੭੪)*

ਜਿਸ ਵੇਲੇ ਕੀਰਤਨ ਦੀ ਸਮਾਪਤੀ ਹੋਈ, ਉਸੀ ਵੇਲੇ ਰਾਣੀ ਰਵਿਦਾਸ ਜੀ ਦੀ ਚਰਨੀਂ ਪੈ ਕੇ ਬੇਨਤੀ ਕਰਨ ਲੱਗੀ ਕਿ ਹੇ ਪ੍ਰਭੂ ! ਮੈਂ ਆਪ ਜੀ ਦੀ ਚਰਨੀਂ ਪਈ ਹਾਂ ਮੇਰੇ 'ਤੇ ਕਿਰਪਾ ਕਰੋ ਮੈਨੂੰ ਭੀ ਪਰਮੇਸ਼ਰ ਦੇ ਰਸਤੇ ਲਗਾਓ। ਮੈਂ ਤਾਂ ਰਾਜਸੀ ਪਦਾਰਥਾਂ ਵਿਚ ਲੱਗ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ।

ਰਾਣੀ ਦੀ ਬੇਨਤੀ ਸੁਣ ਕੇ ਰਵਿਦਾਸ ਜੀ ਨੇ ਰਾਮ ਨਾਮ ਦਾ ਉਪਦੇਸ਼ ਦੇ ਕੇ ਇਸ ਨੂੰ ਆਪਣੀ ਚੇਲੀ ਬਣਾ ਲਿਆ।

ਉਸ ਵੇਲੇ ਰਾਣੀ ਨੇ ਤੀਰਥ ਯਾਤਰਾ ਕਰਨ ਵਾਸਤੇ ਜਿੰਨਾ-ਕੁ ਧਨ ਪਦਾਰਥ ਤੇ ਕਪੜਾ ਵਗੈਰਾ

ਲਿਆਂਦਾ ਸੀ। ਉਹ ਸਾਰੇ ਦਾ ਸਾਰਾ ਹੀ ਰਵਿਦਾਸ ਜੀ ਦੇ ਚਰਨਾਂ ਤੇ ਰੱਖ ਕੇ ਮੱਥਾ ਟੇਕ ਦਿੱਤਾ। ਰਾਣੀ ਦੀ ਆਤਮਾ ਸ਼ਾਂਤਿ ਹੋ ਗਈ ਤੇ ਸਾਰੀ ਭਟਕਣਾ ਮਿਟ ਗਈ। ਹਰੀ ਨਾਮ ਸਿਮਰਨ ਵਿਚ ਅਜੇਹਾ ਮਨ ਜੁੜਿਆ ਜੋ ਸਾਰੇ ਵੇਖ ਕੇ ਹੈਰਾਨ ਹੋ ਗਏ। ਕੁਝ ਚਿਰ ਰਹਿ ਕੇ ਆਪਣੇ ਗੁਰੂ ਰਵਿਦਾਸ ਜੀ ਦੀ ਪ੍ਰਸੰਨਤਾ ਲੈ ਕੇ ਰਾਣੀ ਵਾਪਸ ਆਪਣੇ ਦੇਸ਼ ਚਤੌੜ ਗੜ੍ਹ ਨੂੰ ਚਲੀ ਗਈ।

ਉਸ ਵੇਲੇ ਸਾਰੇ ਕਾਂਸ਼ੀ ਸ਼ਹਿਰ ਵਿਚ ਚਰਚਾ ਸ਼ੁਰੂ ਹੋ ਗਈ ਕਿ ਚਤੌੜ ਗੜ੍ਹ ਦੇ ਰਾਜੇ ਦੀ ਰਾਣੀ ਰਵਿਦਾਸ ਦੀ ਚੇਲੀ ਬਣ ਗਈ ਹੈ। ਬ੍ਰਾਹਮਣਾਂ ਨੇ ਸੁਣ ਕੇ ਅਫਸੋਸ ਕੀਤਾ ਕਿ ਇਹ ਕੰਮ ਚੰਗਾ ਨਹੀਂ ਹੋਇਆ ਜੋ ਕਿ ਰਾਣੀ ਨੇ ਇਥੇ ਆ ਕੇ ਬ੍ਰਾਹਮਣਾਂ ਨੂੰ ਕੁਝ ਨਹੀਂ ਦਿੱਤਾ ਤੇ ਚਮਿਆਰ ਨੂੰ ਸਭ ਕੁਝ ਦੇ ਗਈ ਹੈ।

ਉਸ ਵੇਲੇ ਕੁਝ-ਕੁ ਬ੍ਰਾਹਮਣ ਚਤੌੜ ਗੜ੍ਹ ਰਾਜੇ ਦੇ ਪਾਸ ਪੁੰਜਕੇ ਰੋਵਣ ਪਿੱਟਣ ਲੱਗ ਪਏ ਤੇ ਆਖਿਆ, "ਰਾਜੇ ਲੋਕ ਪਰਜਾ ਅਤੇ ਧਰਮ ਦੇ ਰੱਖਯਕ ਹੁੰਦੇ ਹਨ, ਜੇਕਰ ਰਾਜੇ ਲੋਕ ਹੀ ਧਰਮ ਦੀ ਮਰਯਾਦਾ ਨੂੰ ਤੋੜਨ ਲੱਗ ਪਏ ਤਾਂ ਧਰਮ ਕਿਵੇਂ ਬਚੇਗਾ?"

ਇਹ ਗੱਲ ਸੁਣ ਕੇ ਰਾਜੇ ਨੇ ਕਿਹਾ, ਕੇਹੜੀ ਅਧਰਮ ਦੀ ਗੱਲ ਹੋਈ ਹੈ ?

ਪੰਡਿਤਾਂ ਨੇ ਕਿਹਾ—ਆਪ ਜੀ ਦੀ ਧਰਮ ਪਤਨੀ ਜੋ ਝਾਲੀ ਰਾਣੀ ਤੀਰਥ ਯਾਤਰਾ ਕਰਨ ਗਈ ਸੀ। ਉਹ ਕਾਂਸ਼ੀ ਦੇ ਰਹਿਣ ਵਾਲੇ ਚਮਿਆਰ ਨੂੰ ਆਪਣਾ ਗੁਰੂ ਧਾਰਨ ਕਰ ਆਈ ਹੈ ਅਤੇ ਤੀਰਥਾਂ 'ਪਰ ਦਾਨ ਕਰਨ ਵਾਸਤੇ ਜੋ ਧਨ ਪਦਾਰਥ ਲੈ ਗਈ ਸੀ ਉਹ ਸਾਰਾ ਇਕੱਲੇ ਚਮਿਆਰ ਦੀ ਭੇਟਾ ਕਰ ਆਈ ਹੈ। ਇਸ ਨੇ ਜੋ ਕੁਝ ਭੀ ਕੀਤਾ ਹੈ, ਧਰਮ ਤੋਂ ਉਲਟ ਕੀਤਾ ਹੈ ਇਸ ਨੇ ਇਹ ਨਾ ਸੋਚਿਆ ਕਿ ਮੈਂ ਕਿਸ ਕੁਲ ਦੀ ਰਾਜ ਕੁਮਾਰੀ ਹਾਂ ਅਤੇ ਕਿਸ ਰਾਜੇ ਦੀ ਪਟਰਾਣੀ ਹਾਂ। ਚਮਿਆਰ ਦੇ ਲੰਗਰ ਚੋਂ ਪ੍ਰਸ਼ਾਦ ਛੱਕ ਕੇ ਆਪਣਾ ਜਨਮ ਭ੍ਰਿਸ਼ਟ ਕਰ ਆਈ ਹੈ, ਉਸ ਉੱਗਰ ਘੋਰ ਪਾਪ ਦੀ ਨਵਿਰਤੀ ਲਈ ਹੁਣ ਇਸ ਨੂੰ ਕੋਈ ਪ੍ਰਾਸ਼ਚਿਤ ਕਰਨਾ ਚਾਹੀਦਾ ਹੈ।

ਇਹ ਗੱਲਾਂ ਸੁਣ ਕੇ ਰਾਜਾ ਬੜਾ ਕ੍ਰੋਧਵਾਨ ਹੋਇਆ ਹੋਇਆ ਅੰਦਰ ਰਾਣੀ ਤੋਂ ਪੁਛਣ ਗਿਆ ਪਰ ਅੰਦਰ ਜਾ ਕੇ ਕੀ ਵੇਖਦਾ ਹੈ ਕਿ ਰਾਣੀ ਤਾਂ ਹਰੀ ਜਸ ਗਾ ਰਹੀ ਹੈ।

ਜਿਸ ਵੇਲੇ ਕੀਰਤਨ ਕਰਕੇ ਉੱਠੀ ਤਾਂ

ਆਪਣੇਂ ਪਿੱਛੇ ਪਤੀ ਦੇਵ ਨੂੰ ਖਲੋਤਾ ਵੇਖ ਕੇ ਪਤੀ ਦੇ ਸਤਿਕਾਰ ਲਈ ਉੱਠ ਕੇ ਖਲੋ ਗਈ।

ਉਸ ਵੇਲੇ ਰਾਜਾ ਨੇ ਕਿਹਾ—ਮੈਂ ਸੁਣਿਆਂ ਹੈ ਕਿ ਤੂੰ ਰਵਿਦਾਸ ਚਮਾਰ ਨੂੰ ਗੁਰੂ ਧਾਰਨ ਕਰ ਆਈ ਹੈਂ। ਰਾਣੀ ਨੇ ਕਿਹਾ—ਹਾਂ ਜੀ ! ਇਸ ਵਿਚ ਕੋਈ ਝੂਠ ਨਹੀਂ।

ਰਾਜੇ ਨੇ ਕਿਹਾ—ਇਹ ਤੂੰ ਬਹੁਤ ਬੁਰਾ ਕੀਤਾ ਹੈ ਕਿਉਂਕਿ ਸਾਡੀ ਰੀਤ ਬ੍ਰਾਹਮਣਾਂ ਨੂੰ ਗੁਰੂ ਧਾਰਨ ਦੀ ਹੈ ਕੋਈ ਚਮਿਆਰ ਗੁਰੂ ਧਾਰਨ ਦੀ ਰੀਤ ਨਹੀਂ ਸੀ। ਬਾਹਰ ਜਾ ਕੇ ਵੇਖ ਕਾਂਸ਼ੀ ਦੇ ਬ੍ਰਾਹਮਣ ਚਲ ਕੇ ਆਏ ਬੈਠੇ ਹਨ, ਉਹ ਆਖਦੇ ਹਨ ਕਿ ਸਾਰੀ ਕਾਂਸ਼ੀ ਵਿਚ ਇਹ ਚਰਚਾ ਹੋ ਰਹੀ ਹੈ, ਸਾਰੇ ਲੋਕ ਤੇਰੀ ਅਤੇ ਮੇਰੀ ਨਿੰਦਿਆ ਕਰਦੇ ਪਏ ਹਨ। ਪੰਡਿਤ ਆਖਦੇ ਹਨ ਹੁਣ ਰਾਣੀ ਪਾਸੋਂ ਪ੍ਰਾਸ਼ਚਿਤ ਕਰਾਓ ਤਾਂ ਕਿ ਇਹ ਪਾਪ ਨਵਿਰਤ ਹੋ ਜਾਏ।

ਇਹ ਗੱਲ ਸੁਣ ਕੇ ਰਾਣੀ ਨੇ ਕਿਹਾ-ਪ੍ਰਾਸ਼ਚਿਤ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਮੈਂ ਕੋਈ ਮਾੜਾ ਕੰਮ ਜਾਂ ਪਾਪ ਕਰਮ ਨਹੀਂ ਕੀਤਾ। ਇਹ ਪੰਡਿਤ ਤਾਂ ਝੂਠੇ ਤੇ ਲਾਲਚੀ ਹਨ, ਇਹ ਰਵਿਦਾਸ ਦੀ ਰੀਸ ਨਹੀਂ ਕਰ ਸਕਦੇ ਭਗਵਾਨ ਤਾਂ ਹਰ ਵੇਲੇ ਰਵਿਦਾਸ ਜੀ ਦੇ ਪਾਸ ਬੈਠਾ ਰਹਿੰਦਾ ਹੈ। ਪੁਛੋ ਕਦੇ ਇਹਨਾਂ ਨੇ ਭਗਵਾਨ

ਦਾ ਦਰਸ਼ਨ ਕੀਤਾ ਹੈ ?

ਮੇਰੇ ਗੁਰੂ ਠੀਕ ਰਵਿਦਾਸ ਜੀ ਹਨ ਉਹਨਾਂ ਨੇ ਮੇਰਾ ਜੀਵਨ ਬੜਾ ਉੱਚਾ ਕਰ ਦਿੱਤਾ ਹੈ ਅਤੇ ਭਗਵਾਨ ਮੈਨੂੰ ਭੀ ਰੋਜ਼ ਦਰਸ਼ਨ ਦੇਂਦਾ ਹੈ, ਇਹ ਸਭ ਉਹਨਾਂ ਦੀ ਕ੍ਰਿਪਾ ਹੈ ਮੈਂ ਉਹਨਾਂ ਦੀ ਨਿੰਦਿਆਂ ਨਹੀਂ ਸੁਣ ਸਕਦੀ।

ਆਪ ਜਾਓ, ਬ੍ਰਾਹਮਣਾਂ ਨੂੰ ਕਹਿ ਦਿਓ, ਬੇਸ਼ਕ ਜਿੰਨੀ ਚਾਹੁਣ ਨਿੰਦਿਆ ਕਰ ਲੈਣ ਮੈਂ ਠੀਕ ਰਵਿਦਾਸ ਜੀ ਦੀ ਚੇਲੀ ਹਾਂ, ਮੈਂ ਇਸ ਤੋਂ ਮੁਕਰਦੀ ਨਹੀਂ।

ਰਾਣੀ ਦੇ ਇਹ ਵਾਕ ਸੁਣ ਕੇ ਰਾਜਾ ਆਪ ਭੀ ਠਠੰਬਰ ਗਿਆ। ਰਾਣੀ ਦੀ ਸੱਚੀ ਭਗਤੀ ਅੱਗੇ ਰਾਜਾ ਬੋਲਨਾ ਸਕਿਆ। ਜਿਸ ਵੇਲੇ ਰਾਜਾ ਪਿਛੇ ਮੁੜਨ ਲੱਗਾ ਤਾਂ ਰਾਣੀ ਨੇ ਕਿਹਾ ਠਹਿਰੋ ! ਮੈਂ ਭੀ ਤੁਹਾਡੇ ਨਾਲ ਚਲ ਕੇ ਪੰਡਿਤਾਂ ਪਾਸੋਂ ਪੁਛਦੀ ਹਾਂ ਕਿ ਤੁਸੀਂ ਕਿਹੜਾ ਮੂੰਹ ਲੈ ਕੇ ਰਵਿਦਾਸ ਜੀ ਦੀ ਵਿਰੋਧਤਾ ਕਰਦੇ ਹੋ ? ਜਿਸ ਵੇਲੇ ਰਾਣੀ ਨੇ ਆ ਕੇ ਕਿਹਾ, ਹੇ ਪੰਡਿਤੋ! ਤੁਹਾਨੂੰ ਏਹੋ ਦੁੱਖ ਹੈ ਜੋ ਕਿ ਰਵਿਦਾਸ ਜੀ ਨੂੰ ਮੈਂ ਸਭ ਕੁਝ ਅਰਪਣ ਕਰ ਆਈ ਹਾਂ ਤੇ ਤੁਹਾਨੂੰ ਕੁਝ ਦਾਨ ਨਹੀਂ ਦਿੱਤਾ ਜਾਂ ਕੋਈ ਹੋਰ ਦੁੱਖ ਹੈ ?

ਪੰਡਿਤਾਂ ਨੇ ਕਿਹਾ—ਹਾਂ ਜੀ, ਏਹੀ ਦੁੱਖ ਹੈ ਕਿਉਂਕਿ ਅਸਾਂ ਨੂੰ ਦਾਨ ਜ਼ਰੂਰ ਮਿਲਣਾ ਚਾਹੀਦਾ ਹੈ। ਰਾਣੀ ਨੇ ਕਿਹਾ—ਹੱਛਾ ਹੁਣ ਤੁਸੀਂ ਜਾਓ। ਕੋਈ ਦਿਨ ਮਿਥ ਕੇ ਯੱਗ ਕਰਾਂਗੇ ਤੁਹਾਨੂੰ ਬੁਲਾ ਕੇ ਸਭਨਾਂ ਨੂੰ ਦਾਨ ਦਿੱਤਾ ਜਾਏਗਾ, ਇਹ ਗੱਲ ਸੁਣ ਕੇ ਬ੍ਰਾਹਮਣ ਚਲੇ ਗਏ। ਪਿਛੋਂ ਰਾਣੀ ਨੇ ਆਪਣੇ ਪਤੀ ਦੇਵ ਨੂੰ ਪ੍ਰਸੰਨ ਕਰਕੇ ਯੱਗ ਕਰਨ ਦੀ ਵਿਉਂਤ ਬਣਾਈ ਤੇ ਆਪਣੇ ਗੁਰੂ ਰਵਿਦਾਸ ਜੀ ਨੂੰ ਸੱਦ ਲਿਆ ਤੇ ਕਿਹਾ, ਮਹਾਰਾਜ ਜੀ ! ਸਮਸ਼ਟੀ ਭੰਡਾਰਾ ਕਰਨ ਦੀ ਸਲਾਹ ਹੈ ਆਪ ਹੁਕਮ ਦਿਓ ਤਾਂ ਕਰ ਦੇਈਏ। ਪਰ ਆਪ ਜੀ ਨੇ ਦਰਸ਼ਨ ਜ਼ਰੂਰ ਦੇਣਾ ਹੋਵੇਗਾ। ਜੇ ਆਪ ਨਾ ਆਏ ਤਾਂ ਸਾਡਾ ਯੱਗ ਸਫਲ ਨਹੀਂ ਹੋਵੇਗਾ। ਰਵਿਦਾਸ ਜੀ ਨੇ ਕਿਹਾ, ਜੇ ਮੈਂ ਆਇਆ ਤਾਂ ਬ੍ਰਾਹਮਣ ਲੋਕ ਨਹੀਂ ਆਵਣਗੇ ਸਾਡੀ ਪ੍ਰਸੰਨਤਾ ਹੀ ਪ੍ਰਸੰਨਤਾ ਹੈ ਜੇ ਅਸੀਂ ਨਾ ਆਏ ਤਾਂ ਕੀ ਹੋਏਗਾ? ਤੂੰ ਭੰਡਾਰਾ ਛਕਾ ਕੇ ਬ੍ਰਾਹਮਣਾਂ ਨੂੰ ਪ੍ਰਸੰਨ ਕਰ। ਰਾਣੀ ਨੇ ਕਿਹਾ, ਜੇ ਆਪ ਨਹੀਂ ਆਓਗੇ ਤਾਂ ਮੈਂ ਕਰਨਾ ਹੀ ਨਹੀਂ। ਰਾਣੀ ਦੇ ਪਰੇਮ ਨੂੰ ਵੇਖ ਕੇ ਰਵਿਦਾਸ ਜੀ ਨੇ ਕਿਹਾ, ਹੱਛਾ ਅਸੀਂ ਜਰੂਰ ਪਹੁੰਚਾਂਗੇ। ਰਾਣੀ ਨੇ ਆਪਣੇ ਗੁਰੂ ਰਵਿਦਾਸ ਜੀ ਨੂੰ ਭੋਜਨ ਮਨਾ ਕੇ ਯੱਗ ਦੀਆਂ ਸਮਗ੍ਰੀਆਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਯੱਗ ਵਾਲਾ ਦਿਨ ਨੀਯਤ ਕਰਕੇ ਸਭ ਬ੍ਰਾਹਮਣਾਂ ਵੱਲ ਨਿਮੰਤ੍ਰਣ ਭੇਜ ਦਿੱਤਾ, ਉਸ ਮੌਕੇ ਜਦ ਸਾਰੇ ਬ੍ਰਾਹਮਣ ਆ ਕੇ ਇਕੱਠੇ ਹੋ ਗਏ ਤੇ ਪੰਗਤਾਂ ਲੱਗ ਗਈਆਂ, ਤਾਂ ਇਤਨੇ ਨੂੰ ਰਵਿਦਾਸ ਜੀ ਭੀ ਆ ਪਹੁੰਚੇ, ਬਸ ਇਨ੍ਹਾਂ ਨੂੰ ਵੇਖ ਕੇ ਬ੍ਰਾਹਮਣਾਂ ਨੇ ਰੌਲਾ ਪਾ ਦਿੱਤਾ, ਰੌਲਾ ਸੁਣ ਕੇ ਰਵਿਦਾਸ ਜੀ ਨੇ ਕਿਹਾ:-

ਰਾਣੀ ! ਮੈਂ ਤੈਨੂੰ ਕਿਹਾ ਸੀ ਕਿ ਤੂੰ ਮੈਨੂੰ ਨਾ ਸੱਦ, ਵੇਖ ਲੈ ਇਹਨਾਂ ਨੇ ਵੇਖ ਕੇ ਫਿਰ ਰੌਲਾ ਪਾ ਦਿੱਤਾ ਹੈ। ਇਤਨੀ ਗੱਲ ਆਖ ਕੇ ਰਵਿਦਾਸ ਜੀ ਪਾਸੇ ਹੋ ਗਏ ਤੇ ਬ੍ਰਾਹਮਣਾਂ ਨੂੰ ਕਹਿ ਕੇ ਫਿਰ ਪੰਗਤਾਂ ਲੱਗਾ ਦਿੱਤੀਆਂ, ਜਿਸ ਵੇਲੇ ਪਹਿਲੇ ਹੱਥ ਧੁਆ ਕੇ ਸਭ ਅੱਗੇ ਅੰਨ ਪ੍ਰੋਸਿਆ ਗਿਆ ਤੇ ਬ੍ਰਾਹਮਣ ਲੋਕ ਸਲੋਕ ਪੜ੍ਹਕੇ ਭੋਜਨ ਛੱਕਣ ਲਗੇ ਤਾਂ ਭਗਵਾਨ ਆਪ ਹੀ ਰਵਿਦਾਸ ਜੀ ਦੀ ਪਤ ਰੱਖਣ ਵਾਸਤੇ ਰਵਿਦਾਸ ਜੀ ਦੇ ਕਈ ਰੂਪ ਧਾਰ ਕੇ ਦੋ ਦੋ ਬ੍ਰਾਹਮਣਾਂ ਦੇ ਵਿਚਕਾਰ ਜਾ ਬੈਠੇ। ਜਿਸ ਵੇਲੇ ਸਾਰਿਆਂ ਨੇ ਨਿਗਾਹ ਮਾਰ ਕੇ ਵੇਖਿਆ ਤਾਂ ਸਾਰੇ ਹੈਰਾਨ ਹੋ ਕੇ ਆਖਣ ਲੱਗ ਪਏ ਇਹ ਕੀ ਕੌਤਕ ਬਣ ਗਿਆ ਹੈ ਜੋ ਸਾਰਿਆਂ ਦੇ ਨਾਲ ਰਵਿਦਾਸ ਕਈ ਰੂਪ ਧਾਰ ਕੇ ਬੈਠਾ ਹੈ। ਵਰਤਾਵੇ ਅੰਨ ਵਰਤਾਨ ਲਈ ਫਿਰ ਰਹੇ ਹਨ ਪਰ ਉਹਨਾਂ ਪਾਸੋਂ ਲੈਂਦਾ ਕੋਈ ਨਹੀਂ ਉਹਨਾਂ ਨੇ ਕਿਹਾ ਕੀ ਸਬੱਬ ਹੈ? ਪੰਡਿਤਾਂ ਨੇ ਆਖਿਆ ਸਾਡੇ ਸਾਰਿਆਂ ਦੇ ਨਾਲ ਰਵਿਦਾਸ ਬੈਠਾ ਹੋਇਆ

ਹੈ ਇਹ-ਗੱਲ ਸੁਣ ਕੇ ਵਰਤਾਵਿਆਂ ਨੇ ਕਿਹਾ ਤੁਹਾਨੂੰ ਭੁਲੇਖਾ ਹੈ ਤੁਸੀਂ ਐਵੇਂ ਕਿਉਂ ਝੂਠ ਬੋਲਦੇ ਹੋ ਉਹ ਤਾਂ ਅੰਦਰ ਬੈਠੇ ਹੋਏ ਹਨ, ਨਾਲੇ ਹਜ਼ਾਰ ਪੁਰਸ਼ਾਂ ਨਾਲ ਉਹ ਕਿਵੇਂ ਬੈਠ ਸਕਦੇ ਹਨ ?

ਉਸ ਵੇਲੇ ਸਿਆਣੇ ਪੰਡਿਤਾਂ ਨੇ ਖਲੋ ਕੇ ਕਿਹਾ, ਭਾਈ ! ਇਹ ਤਾਂ ਰਾਮ ਦੀ ਕੋਈ ਮਾਇਆ ਹੀ ਪ੍ਰਬਲ ਹੈ, ਜਿਸ ਨਾਲ ਸਾਡੀ ਕੋਈ ਪੇਸ਼ ਨਹੀਂ ਜਾ ਸਕਦੀ, ਛੱਡੋ ਈਰਖਾ ਤੇ ਉਸ ਨੂੰ ਆਪਣੇ ਵਿਚ ਬੁਲਾ ਲਓ।

ਇਹ ਗੱਲ ਆਖ ਕੇ ਰਵਿਦਾਸ ਜੀ ਨੂੰ ਬੁਲਵਾ ਕੇ ਆਪਣੀ ਪੰਗਤ ਵਿਚ ਬਿਠਾ ਲਿਆ ਤੇ ਸਾਰਿਆਂ ਨੇ ਰਲ ਕੇ ਅੰਨ ਛਕਿਆ ਜਦ ਅੰਨ ਛੱਕ ਚੁਕੇ ਤਾਂ ਰਾਣੀ ਨੇ ਸਾਰਿਆਂ ਬ੍ਰਾਹਮਣਾਂ ਨੂੰ ਦੋ ਦੋ ਮੋਹਰਾਂ ਸੋਨੇ ਦੀਆਂ ਦੇ ਕੇ ਪ੍ਰਸੰਨ ਕਰ ਲਿਆ, ਤੁਰਨ ਲਗਿਆਂ ਬ੍ਰਾਹਮਣਾਂ ਨੂੰ ਰਵਿਦਾਸ ਜੀ ਨੇ ਇਸ ਸ਼ਬਦ ਰਾਹੀਂ ਸਮਝਾਉਣਾ ਕੀਤਾ—

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥

ਹੇ ਨਗਰ ਦੇ ਚਤੁਰ ਪੁਰਸ਼ੋ ! ਵਾ:-ਹੇ ਨਾਗਰ ਜਾਤੀ ਦੇ ਉੱਤਮ ਬ੍ਰਾਹਮਣ ਜਨੋਂ ਮੇਰੀ ਜਾਤੀ ਬਿਖਿਆਤ=ਪ੍ਰਗਟ ਹੀ ਚਮਿਆਰ ਹੈ। ਨਾਗਰ ਪਦ ਦੇ ਤਿੰਨ ਅਰਥ ਹਨ—(ਨਗਰ, ਚਤੁਰ ਅਤੇ ਨਾਗਰ ਜਾਤੀ)

ਰਿਦੈ ਰਾਮ ਗੋਬਿੰਦ ਗੁਨ ਸਾਰੰ॥ ੧॥ ਰਹਾਉ॥

ਪਰ ਹਿਰਦੇ ਵਿਚ ਰਾਮ=ਰਮੇ ਹੋਏ ਗੋਬਿੰਦ ਪਰਮਾਤਮਾ ਦੇ ਗੁਣਾਂ ਨੂੰ ਸਾਰੰ=ਸੰਭਾਲਦਾ ਹਾਂ; ਜਿਸ ਕਰਕੇ ਮੇਰੀ ਇੱਜ਼ਤ ਹੋ ਰਹੀ ਹੈ॥ ੧॥

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥

ਜਿਵੇਂ ਸੁਰਸਰੀ=ਗੰਗਾ ਦੇ ਸਲਲ=ਜਲ ਦਾ ਕ੍ਰਿਤ=ਕੀਤਾ ਹੋਇਆ ਜੋ ਬਾਰੁਨੀ=ਸ਼ਰਾਬ ਹੈ, ਉਸ ਨੂੰ ਸੰਤ ਜਨ ਨਹੀਂ ਪੀਂਦੇ।

ਯਥਾ:- ਸੁਰਸਰਿ ਜਲ ਕ੍ਰਿਤ ਵਾਰੁਣਿ ਜਾਨਾ। ਕਬਹੁੰ ਨ ਸੰਤ ਕਰਹਿ ਤਿਹਿ ਪਾਨਾ।

(ਤੁਲਸੀ ਰਾਮਾਇਣ ਬਾਲ ਕਾਂਡ ਬਿਸ੍ਰਾਮ ਦੂਜਾ)

ਕਿਉਂਕਿ ਉਹ ਜਲ ਆਪਣੇ ਚਲਦੇ ਪ੍ਰਵਾਹ ਨੂੰ ਛੱਡ ਕੇ ਹੋਰਨਾਂ ਚੀਜ਼ਾਂ ਨਾਲ ਜਾ ਮਿਲਿਆ ਹੈ, ਉਸ ਕੁਸੰਗ ਦੇ ਸੰਗ ਹੋਣ ਕਰਕੇ ਉਸ ਜਲ ਦੀ ਸਗੋਂ ਨਿੰਦਿਆ ਕਰਦੇ ਹਨ। ਤੈਸੇ ਹੇ ਬ੍ਰਾਹਮਣੋ ! ਤੁਸੀਂ ਜਾਤੀ ਕਰਕੇ ਤਾਂ ਉੱਤਮ ਸੀ ਪਰ ਵਿਕਾਰਾਂ ਦਾ ਸੰਗ ਕਰਨ ਨਾਲ ਤੁਸੀਂ ਨੀਚ ਹੋ ਗਏ ਹੋ।

ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥

ਹੇ ਭਾਈ ! ਅਪਵਿੱਤ੍ਰ ਜੋ ਸੁਰਾ=ਸ਼ਰਾਬ ਹੈ ਅਤੇ ਨਤ=ਨਹੀਂ ਤਾਂ ਹੋਰ ਗਲੀਆਂ ਨਾਲਿਆਂ ਦਾ ਜੋ ਗੰਦਾ ਜਲ ਹੈ, ਉਹ ਜਿਸ ਵੇਲੇ ਸੁਰਸਰੀ=ਗੰਗਾ ਦੇ ਚਲਦੇ ਪ੍ਰਵਾਹ ਨਾਲ ਮਿਲਦਾ ਹੈ ਤਾਂ ਆਨੰ=ਹੋਰ ਰੂਪ ਵਿਚ ਨਹੀਂ ਰਹਿੰਦਾ, ਭਾਵ—ਉਸੇ ਗੰਗਾ ਜਲ ਦਾ ਰੂਪ ਹੀ ਹੋ ਜਾਂਦਾ ਹੈ।

ਯਥਾ:-ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ
ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰ ਪਾਵਨ ਹੋਇ ਜਾਵੈ॥

(ਬਿਲਾਵਲ ਵਾਰ ਮ: ੪ ਪੰਨਾ ੮੫੫)

ਚੰਗੇ ਸੰਗ ਦਾ ਐਸਾ ਪ੍ਰਤਾਪ ਹੈ। ਏਸੇ ਤਰ੍ਹਾਂ-ਅਸੀਂ ਭਾਵੇਂ ਨੀਚ ਸਾਂ, ਪਰ ਨਾਮ ਦੇ ਪ੍ਰਤਾਪ ਕਰਕੇ ਉੱਤਮ ਹੋ ਗਏ ਹਾਂ॥ ੧॥

ਯਥਾ:- ਸੁਰਸਰਿ ਮਿਲੇ ਸੋ ਪਾਵਨ ਜੈਸੇ। ਈਸ ਅਨੀਸਹਿ ਅੰਤਰ ਤੈਸੇ।

(ਤੁਲਸੀ ਰਾਮਾਇਣ ਬਾਲ ਕਾਂਡ ਦੂਸਰਾ ਬਿਸ੍ਰਾਮ)

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥

ਜੈਸੇ ਰੇ=ਹੇ ਭਾਈ ! ਤਾਰਿ=ਤਾੜ ਦਾ ਤਰ=ਬ੍ਰਿਛ ਬੜਾ ਅਪਵਿੱਤਰ ਕਰਕੇ ਮੰਨੀਦਾ ਹੈ ਅਤੇ ਸਮਝ ਵਾਲੇ ਲੋਕ ਜਿਸ ਤਰ੍ਹਾਂ ਕਾਗਰਾ=ਕਾਗਜ਼ਾਂ ਦਾ ਵਿਚਾਰ ਕਰਦੇ ਹਨ, ਭਾਵ—ਕਾਗਜ਼ਾਂ ਨੂੰ ਵੀ ਅਪਵਿੱਤਰ ਜਾਣਦੇ ਹਨ। ਪਰ-

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥ ੨॥

ਜੇਕਰ ਤਿਸ ਕਾਗਜ਼ ਜਾਂ ਤਾੜ ਬ੍ਰਿਛ ਦੇ ਪੱਤਿਆਂ ਉੱਤੇ ਭਾਗਉਤੁ=ਭਗਵੰਤ ਦੀ ਭਗਤੀ ਸਬੰਧੀ ਬਚਨ ਲਿਖ ਦੇਈਏ ਤਾਂ ਉਹ ਪੱਤੇ ਅਤੇ ਕਾਗਜ਼ ਨਮਸ਼ਕਾਰ ਕਰਕੇ ਪੂਜੇ ਜਾਂਦੇ ਹਨ। ਇਸੇ ਤਰ੍ਹਾਂ ਨਾਮ ਦੇ ਪ੍ਰਤਾਪ ਕਰਕੇ ਨੀਚ ਜਾਤੀ ਵਾਲੇ ਮਨੁੱਖ ਵੀ ਪੂਜੇ ਜਾਂਦੇ ਹਨ॥ ੨॥

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥

ਮੇਰੀ ਚਮਿਆਰ ਜਾਤੀ ਚੰਮ ਦੇ ਕੁਟ+ਬਾਂਢਲਾ=ਕੱਟਣ ਵੱਢਣ ਵਾਲੀ ਅਤੇ ਕਾਂਸ਼ੀ ਦੇ ਆਸ+ਪਾਸਾ= ਆਲੇ ਦੁਆਲੇ ਨਿਤਾ ਪ੍ਰਤੀ ਢੋਰ=ਮੋਏ ਹੋਏ ਡੰਗਰਾਂ ਦੇ ਢੋਣ ਵਾਲੀ ਸੀ। ਪਰ-

ਅਬ ਬਿਪ੍ਰ ਪਰਧਾਨ ਤਿਹ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ ੩॥ ੧॥

ਅਬ=ਹੁਣ ਪਰਧਾਨ=ਮੁਖੀ ਮੁਖੀ ਬ੍ਰਾਹਮਣ ਤਿਸ ਜਾਤੀ ਨੂੰ, ਵਾ:-ਤਿਸ ਜਾਤੀ ਵਾਲੇ ਰਵਿਦਾਸ ਨੂੰ ਨਮਸ਼ਕਾਰਾਂ ਕਰਦੇ ਹਨ। ਦਾਸਾ ਭਾਵ ਦੇ ਸਹਿਤ ਭਗਤ ਰਵਿਦਾਸ ਜੀ ਕਥਨ ਕਰਦੇ ਹਨ— ਹੇ ਪਰਮਾਤਮਾ ! ਇਹ ਤੇਰੇ ਨਾਮ ਦੀ ਸ਼ਰਨ ਗ੍ਰਹਿਣ ਕਰਨ ਦਾ ਪ੍ਰਤਾਪ ਹੈ, ਹੋਰ ਮੇਰੇ ਵਿਚ ਤਾਂ ਕੋਈ ਸ਼ਕਤੀ ਨਹੀਂ॥ ੩॥ ੧॥

ਮਲਾਰ॥ ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮ ਤੁਲਿ ਨਹੀ ਆਨ ਕੋਊ॥

ਹਰੀ ਨੂੰ ਉਹ ਪੁਰਸ਼ ਜਪਦੇ ਹਨ। *ਪ੍ਰਸ਼ਨ*-ਕਿਹੜੇ ਪੁਰਸ਼ ਜਪਦੇ ਹਨ ?

ਉੱਤਰ-ਪਦਮ=ਬ੍ਰਹਮਾ ਤੇ ਕਵਲਾਸਪਤਿ=ਸ਼ਿਵ ਜੀ। ਅਸੀਂ ਤੁਲਿ=ਵਿਚਾਰਿਆ ਹੈ ਤਾਸ=ਤਿਨ੍ਹਾਂ ਬ੍ਰਹਮਾ, ਸ਼ਿਵਜੀ ਦੇ ਸਮ=ਸਮਾਨ ਆਨ+ਕੋਊ=ਹੋਰ ਕੋਈ ਨਹੀਂ ਹੈ।

ਵਾ:-ਤਾਸ=ਤਿਸ ਪਰਮਾਤਮਾ ਦੀ ਕਵਲਾ+ਸਪਤਿ=ਲਛਮੀ ਵਲੋਂ ਸੋਹ ਪਾ ਕੇ ਜਿਹੜੇ ਆਦਮੀ ਹਰੀ ਨੂੰ ਜਪਦੇ ਹਨ, ਅਸੀਂ ਤੁਲਿ=ਵਿਚਾਰਿਆ ਹੈ ਕਿ-ਉਹਨਾਂ ਜਨਾਂ ਦੇ ਸਮਾਨ ਹੋਰ ਕੋਈ ਨਹੀਂ ਹੈ।

ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥

ਇਕ ਜੋ ਅਦੁੱਤੀ ਬ੍ਰਹਮ ਹੈ, ਉਹ ਇਕ ਹੀ ਅਨੇਕ ਰੂਪ ਹੋ ਕੇ ਸਾਰਿਆਂ ਵਿਚ ਬਿਸਥਰਿਓ=ਪਰੀ ਪੂਰਨ ਹੋ ਰਿਹਾ ਹੈ। ਉਸ ਭਰਪੂਰ ਪਰਮਾਤਮਾ ਵੱਲ ਰੇ=ਹੇ ਭਾਈ ! ਤੂੰ ਆਪਣੇ ਆਪ ਨੂੰ, ਆਨ+ਆਨ=ਲਿਆਵਣਾ ਹੀ ਲਿਆਵਣਾ ਕਰ।

ਵਾ:- ਹੇ ਭਾਈ ! ਉਸ ਭਰਪੂਰ ਪਰਮਾਤਮਾ ਦੀ ਆਨ=ਸ਼ਰਨ ਵਿਚ ਆਪਣੇ ਆਪ ਨੂੰ ਆਨ= ਲਿਆਵਣਾ ਕਰ। ਵਾ:-ਮਨ ਨੂੰ ਵੀ ਲਿਆ, ਇੰਦ੍ਰੀਆਂ ਨੂੰ ਵੀ ਲਿਆ ॥ ਰਹਾਉ ॥

ਜਾਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥

ਜਿਸ ਭਗਤ ਨਾਮਦੇਵ ਦੇ ਘਰ ਵਿਚ ਭਾਗਵਤ ਆਦਿ ਪਰਮੇਸ਼ਰ ਸੰਬੰਧੀ ਗ੍ਰੰਥ ਹੀ ਲਿਖੀਦੇ ਸਨ ਅਤੇ ਨਾਮ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਵੇਖੀਦੀ ਸੀ। ਉਸ ਭਗਤ ਨਾਮਦੇਵ ਦੀ ਜਾਤ ਅਛੋਹ ਛੀਂਬਾ ਸੀ, ਭਾਵ— ਕੋਈ ਵੀ ਕਰਮ-ਕਾਂਡੀ ਉਸ ਛੀਂਬੇ ਦੇ ਨਾਲ ਆਪਣਾ ਬਸਤਰ ਨਹੀਂ ਸੀ ਛੁਹਾਂਦਾ, ਪਰ ਨਾਮ ਦੇ ਪ੍ਰਤਾਪ ਕਰਕੇ ਸਰੇਸ਼ਟ ਜਾਤੀ ਵਾਲੇ ਬ੍ਰਾਹਮਣਾਂ ਤੋਂ ਭੀ ਨਾਮਦੇਵ ਉੱਚਾ ਹੋ ਗਿਆ।

ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ ॥ ੧ ॥

ਬਿਆਸ ਰਚਿਤ ਗ੍ਰੰਥਾਂ ਵਿਚ ਵੀ ਨਾਮ ਦੀ ਵਡਿਆਈ ਲੇਖੀਐ=ਲਖੀ ਜਾਂਦੀ ਹੈ। ਸਨਕ ਦੇ ਰੱਚੇ ਹੋਏ ਸੰਘਤਾ ਆਦਿ ਗ੍ਰੰਥਾਂ ਵਿਚ ਵੀ ਨਾਮ ਦੀ ਸਿਫ਼ਤ ਵੇਖੀ ਜਾਂਦੀ ਹੈ।

ਵਾ:-ਬਿਆਸ ਭਗਵਾਨ ਵਿਚ ਵੀ ਨਾਮ ਦੀ ਵਡਿਆਈ ਲਖੀ ਜਾਂਦੀ ਹੈ ਅਤੇ ਸਨਕ, ਸਨੰਦਨ ਆਦਿਕ ਚਾਰੇ ਭਰਾਵਾਂ ਦੇ ਹਿਰਦਿਆਂ ਵਿਚ ਵੀ ਨਾਮ ਦੀ ਸਿਫ਼ਤ ਵੇਖੀ ਜਾਂਦੀ ਹੈ। ਪਰਮੇਸ਼ਰ ਨਾਮ ਦੀ ਨਾਮਨਾ=ਵਡਿਆਈ ਸੱਤਾਂ ਦੀਪਾਂ ਵਿਚ ਹੋ ਰਹੀ ਹੈ ॥ ੧ ॥

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ
ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥

ਰੇ=ਹੇ ਭਾਈ ! ਜਿਸ ਭਗਤ ਕਬੀਰ ਜੀ ਦੀ ਕੁਲ ਦੇ ਆਦਮੀ 'ਈਦ' ਅਤੇ 'ਬਕਰੀਦ' ਦੇ ਦਿਨਾਂ ਵਿਚ ਗਊ, ਬੱਕਰੀ ਦਾ ਬਧੁ=ਨਾਸ ਕਰਦੇ ਸਨ ਅਤੇ ਆਪਣੇ ਮਜ਼ਹਬ ਦੇ ਜੋ ਸ਼ੇਖ ਸ਼ਹੀਦ ਪੀਰ ਹਨ ਉਹਨਾਂ ਨੂੰ ਮੰਨਦੇ ਸਨ[੧]।

ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨ ॥

ਜਿਸ ਕਬੀਰ ਜੀ ਦੇ ਪਿਤਾ ''ਅਲੀ ਜੁਲਾਹਾ ਵਾ:-ਨੀਰੂ'' ਨੇ ਤਾਂ ਉਸ ਤਰ੍ਹਾਂ ਦੀ ਗੱਲ ਕੀਤੀ, ਭਾਵ

---

[੧]ਰੋਜ਼ਿਆਂ ਦੀ ਸਮਾਪਤੀ ਦਾ ਜਿਹੜਾ ਦਿਨ ਹੈ, ਉਸ ਨੂੰ ਈਦ ਆਖਦੇ ਹਨ। ਤੁਰਕ ਮਤ ਵਿਚ ਮੱਕੇ ਦੇ ਹੱਜ ਵਾਲੇ ਦਿਨ ਨੂੰ 'ਬਕਰੀਦ' ਮੰਨਦੇ ਹਨ, ਜੋ ਸਾਲ ਵਿਚ ਇਕ ਵਾਰ ਆਉਂਦਾ ਹੈ। ਉਸ ਦਿਨ ਮੁਸਲਮਾਨ ਗਊ ਨੂੰ ਮਾਰਦੇ ਹਨ। ਬਕਰੀਦ ਵਾਲੇ ਦਿਨ 'ਇਬਰਾਹੀਮ' ਦੇ ਪੁੱਤਰ ਦੀ ਜਗ੍ਹਾ ਛੱਤਰੇ ਦੀ ਕੁਰਬਾਨੀ ਦਿੱਤੀ ਸੀ।

ਗਊਆਂ ਨੂੰ ਮਾਰਦੇ ਰਹੇ ਤੇ ਪੁੱਤਰ ਕਬੀਰ ਪਾਸੋਂ ਐਸੀ ਗੱਲ ਸਰੀ=ਹੋਈ।

ਜੋ ਗਊਆਂ ਦਾ ਬਧੁ ਕਰਨਾ ਹਟਾ ਦਿੱਤਾ।

(੧) ਜਿਸ ਵੇਲੇ ਕਬੀਰ ਜੀ ਅਠਾਰਾਂ ਵਰ੍ਹਿਆਂ ਦੇ ਹੋਏ ਤਾਂ ਪਿਤਾ ਨੀਰੂ ਅਤੇ ਚਾਚੇ ਨੇ ਸੁੰਨਤ ਕਰਨ ਦਾ ਉੱਦਮ ਕੀਤਾ। ਸਾਰੀ ਸਮੱਗ੍ਰੀ ਇਕੱਠੀ ਕਰਕੇ ਤੇ ਬਧ ਕਰਨ ਵਾਸਤੇ ਗਊ ਵੀ ਮੰਗਵਾ ਲਈ। ਉਸ ਵੇਲੇ ਕਬੀਰ ਜੀ ਨੇ ਕਿਹਾ-ਨਾ ਮੈਂ ਸੁੰਨਤ ਕਰਾਉਂਦਾ ਹਾਂ ਤੇ ਨਾ ਹੀ ਗਊ ਬਧ ਕਰਾਉਂਦਾ ਹਾਂ। ਉਸ ਵੇਲੇ ਸਾਰੇ ਲੋਕ ਇਕ ਪਾਸੇ ਤੇ ਕਬੀਰ ਜੀ ਇਕੱਲੇ ਇਕ ਪਾਸੇ ਸਨ। ਪਰ ਫਿਰ ਵੀ ਗਊ ਬਧ ਨਹੀਂ ਹੋਣ ਦਿੱਤੀ।

(੨) ਦੂਜੀ ਵਾਰ ਵਿਆਹ ਦੇ ਮੌਕੇ ਵੀ ਗਊ ਬਧ ਨਹੀਂ ਹੋਣ ਦਿੱਤੀ। ਸਾਰਿਆਂ ਨੂੰ ਆਖ ਦਿੱਤਾ ਕਿ-ਜੇ ਤੁਸੀਂ ਮੇਰੇ ਨਿਕਾਹ (ਵਿਆਹ) ਦੇ ਮੌਕੇ ਗਊ ਬਧ ਕਰੋਗੇ ਤਾਂ ਮੈਂ ਵਿਆਹ ਬਿਲਕੁਲ ਨਹੀਂ ਕਰਾਵਾਂਗਾ। ਓਧਰ ਧੀ ਵਾਲਿਆਂ ਨੂੰ ਵੀ ਆਖ ਦਿੱਤਾ ਜੇ ਤੁਸੀਂ ਗਊ ਬਧ ਕਰੋਗੇ ਤਾਂ ਤੁਹਾਡੀ ਧੀ ਛੱਡ ਦਿਆਂਗਾ, ਜੇ ਮੈਨੂੰ ਪ੍ਰਸੰਨ ਰੱਖਣਾ ਹੈ ਤਾਂ ਗਊ, ਬ੍ਰਾਹਮਣ ਨੂੰ ਦਾਨ ਕਰ ਦਿਓ ।.

ਇਸ ਤਰ੍ਹਾਂ ਦੇ ਧਰਮਾਤਮਾ ਖਿਆਲ ਹੋਣ ਕਰਕੇ ਅਤੇ ਨਾਮ ਦੇ ਪ੍ਰਤਾਪ ਕਰਕੇ ਹੇ ਭਾਈ ! ਕਬੀਰ ਜੀ ਤਿੰਨਾਂ ਲੋਕਾਂ ਵਿਚ ਪ੍ਰਸਿੱਧ ਹੋ ਗਏ॥ ੨ ॥

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ ॥

ਜਿਸ ਰਵਿਦਾਸ ਦੀ ਕੁਲ ਦੇ ਸਾਰੇ ਢੇਢ=ਚਮਿਆਰ ਢੋਰ=ਮੋਏ ਹੋਏ ਪਸ਼ੂਆਂ ਨੂੰ ਅਜੇ ਤੱਕ ਕਾਂਸ਼ੀ ਦੇ ਆਸ+ਪਾਸ=ਆਲੇ ਦੁਆਲੇ ਢੋਵੰਤ=ਢੋਂਦੇ ਫਿਰਦੇ ਹਨ।

ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥ ੩ ॥ ੨ ॥

ਰਵਿਦਾਸ ਜੀ ਕਥਨ ਕਰਦੇ ਹਨ—ਤਿਨ=ਤਿਨ੍ਹਾਂ ਹੀ ਚਮਿਆਰਾਂ ਦਾ ਮੈਂ ਤਨੈ=ਪੁੱਤਰ ਹਾਂ, ਪਰ ਵਾਹਿਗੁਰੂ ਦੇ ਦਾਸਾਂ ਦਾ ਦਾਸ ਹੋਣ ਕਰਕੇ ਹੁਣ ਆਚਾਰ+ਸਹਿਤ=ਸਰੇਸ਼ਟ ਕਰਤੱਬਾਂ ਦੇ ਸਹਿਤ ਜੋ ਬਿਪ੍ਰ= ਬ੍ਰਾਹਮਣ ਹਨ, ਉਹ ਮੇਰੇ ਅੱਗੇ ਆ ਕੇ ਨਮਸ਼ਕਾਰ ਕਰਦੇ ਹਨ॥ ੩ ॥ ੨ ॥

ਯਥਾ:- ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥ *(ਬਿਲਾਵਲ ਰਵਿਦਾਸ ਪੰਨਾ ੮੫੮)*

ਮਲਾਰ

ੴ ਸਤਿਗੁਰ ਪ੍ਰਸਾਦਿ ॥

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥

ਪ੍ਰਸ਼ਨ-ਪ੍ਰਾਣਾਂ ਦਾ ਸੁਆਮੀ ਪਿਆਰਾ ਪਰਮੇਸ਼ਰ ਕਿਸ ਭਗਤੀ ਕਰਨ ਨਾਲ ਮਿਲਦਾ ਹੈ ? ਉੱਤਰ-

ਸਾਧਸੰਗਤਿ ਪਾਈ ਪਰਮਗਤੇ ॥ ਰਹਾਉ ॥

ਸਾਧ ਸੰਗਤ ਕਰਨ ਨਾਲ ਪਰਮਗਤੇ=ਕੈਵਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਭਾਵ—ਸਤ ਸੰਗਤਿ ਰੂਪੀ ਭਗਤੀ ਕਰਨ ਨਾਲ ਪਰਮਾਤਮਾ ਮਿਲਦਾ ਹੈ। ਵਾ:-ਰਵਿਦਾਸ ਜੀ ਕਥਨ ਕਰਦੇ ਹਨ-ਸਤ ਸੰਗਤਿ ਕਰਨ ਨਾਲ ਮੈਂ ਕੈਵਲ ਮੁਕਤੀ ਪਾ ਲਈ ਹੈ॥ ਰਹਾਉ॥

ਮੈਲੇ ਕਪਰੇ ਕਹਾ ਲਉ ਧੋਵਉ ॥ ਆਵੈਗੀ ਨੀਦ ਕਹਾ ਲਗੁ ਸੋਵਉ ॥ ੧ ॥

ਰਾਗ ਦ੍ਵੈਸ਼, . ਵਾ:-ਪਾਪਾਂ ਰੂਪੀ ਮੈਲ ਨਾਲ ਮੈਲੇ ਹੋਏ ਅੰਤਹਕਰਣ ਰੂਪੀ ਕਪੜਿਆਂ ਨੂੰ ਮੈਂ ਕਿਥੋਂ ਤੱਕ ਧੋਵਾਂਗਾ, ਭਾਵ—ਨਾ ਅੰਤਹਕਰਣ ਰੂਪੀ ਕਪੜਿਆਂ ਨੇ ਮੈਲਾ ਹੋਣਾ ਹੈ, ਨਾ ਹੀ ਧੋਣਾ ਹੈ। ਕਿਥੋਂ ਅਵਿੱਦਿਆ ਰੂਪ ਨੀਂਦ ਆਵੇਗੀ ਤੇ ਕਿਥੋਂ ਤੱਕ ਮੈਂ ਸੌਵਾਂਗਾ, ਭਾਵ-ਨਾ ਅਵਿੱਦਿਆ ਰੂਪੀ ਨੀਂਦ ਆਉਣੀ ਹੈ, ਨਾ ਹੀ ਮੈਂ ਸੋਵਾਂਗਾ॥ ੧ ॥

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥
ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥ ੨ ॥

ਜਿਹੜਾ ਜਿਹੜਾ ਕਰਮਾਂ ਦਾ ਹਿਸਾਬ ਜੋੜਿਆ ਸੀ, ਭਾਵ—ਸੰਚਤ ਕਰਮ ਜਮ੍ਹਾਂ ਸਨ ਸੋ ਸੋ ਹੁਣ ਸਾਰਾ ਫਟ ਗਿਆ ਹੈ। ਕਿਉਂਕਿ ਝੂਠੇ ਵਣਜ ਦੀ ਦੇਹ ਅਧਿਆਸ ਰੂਪੀ ਹੱਟੀ ਉੱਠ ਗਈ ਹੈ॥ ੨ ॥

ਕਹੁ ਰਵਿਦਾਸ ਭਇਓ ਜਬ ਲੇਖੋ ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥ ੩ ॥ ੧ ॥ ੩ ॥

ਰਵਿਦਾਸ ਜੀ ਕਹਿੰਦੇ ਹਨ—ਜਿਸ ਵੇਲੇ ਧਰਮ ਰਾਜ ਪਾਸ ਕਰਮਾਂ ਦਾ ਲੇਖਾ ਹੋਇਆ।

ਤਾਂ ਜੋ ਜੋ ਕਰਮ ਕੀਤਾ ਸੀ ਓਸੇ ਓਸੇ ਕਰਮ ਦਾ ਓਹੋ ਫਲ ਵੇਖਿਆ ? ਭਾਵ ਨਹੀਂ ਵੇਖਣਾ ਕੀਤਾ ਕਿਉਂਕਿ ਸਤ-ਸੰਗਤਿ ਦੀ ਕ੍ਰਿਪਾ ਅਤੇ ਬ੍ਰਹਮ-ਗਿਆਨ ਦੇ ਪ੍ਰਤਾਪ ਕਰਕੇ ਉਹ ਸਾਰੇ ਕਰਮ ਨਸ਼ਟ ਹੋ ਗਏ॥ ੩ ॥੩ ॥

ਕਿਉਂਕਿ ਉਹਨਾਂ ਦੇ ਕੀਤੇ ਸ਼ੁਭ ਕਰਮਾਂ ਦਾ ਫਲ ਸੇਵਕ ਲੈ ਜਾਂਦੇ ਹਨ ਅਤੇ ਅਸ਼ੁਭ ਕਰਮਾਂ ਦਾ ਫਲ ਨਿੰਦਕ ਲੋਕ ਲੈ ਜਾਂਦੇ ਹਨ, ਆਪ ਉਹ ਅਸੰਗ ਰਹਿੰਦੇ ਹਨ। ਇਸੇ ਕਰਕੇ ਹੀ ਕਲਗੀਧਰ ਜੀ ਨੇ ਕਿਹਾ ਹੈ—

ਹਨੈ ਕੋਟ ਬਿਪਰੰ ਨਹੀ ਪਾਪ ਤਾਕੋ॥ ਕਰੈ ਯਗ ਕੋਟੰ ਨਹੀ ਪੁੰਨ ਵਾਕੋ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਨੂੰ ਪੰਡਿਤ ਨੂੰ ਭੀ ਇਹ ਸੁਣਾਇਆ ਹੈ ਕਿ ਹੇ ਪੰਡਿਤ ਜੀ ! ਗਿਆਨਵਾਨ ਨੂੰ ਅਸ਼ੁਭ ਕਰਮਾਂ ਦਾ ਕੋਈ ਦੋਸ਼ ਨਹੀਂ ਲੱਗਦਾ, ਚਾਹੇ ਕਿਤਨੀ ਜੀਵ ਹਿੰਸਿਆ ਕਰ ਲਵੇ।

ਯਥਾ:-ਹੰਤਾ ਖੋਇ ਭਏ ਜੇ ਗਜਾਨੀ॥ ਸਰਬ ਦ੍ਵੈਤ ਜੋ ਰਿਦੇ ਮਿਟਾਨੀ॥

ਪੂਰਨ ਸੱਤਿ ਆਤਮਾ ਜਾਨਹਿਂ॥ ਜਗਤ ਅਸੱਤਿ ਸਦਾ ਪਹਿਚਾਨਹਿਂ॥ ੩੬॥

ਤੀਨ ਕਾਲ ਜਿਹ ਜਗਤ ਅਭਾਊ॥ ਤਿਨਕੋ ਦੋਸ਼ ਨ ਲਾਗਹਿ ਕਾਊ॥

(ਨਾਨਕ ਪ੍ਰਕਾਸ਼ ਉਤਰਾਰਧ ਅਧਯਾਜ ੭)

(ਮਲਾਰ ਰਾਗ ਸਮਾਪਤ)

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ *(ਪੰਨਾ ੧੨੩੯)*

ਦੇ ਮਹਾਂ ਵਾਕ ਅਨੁਸਾਰ ਸੰਤ ਟਿਕਣ ਰਾਮ ਜੀ ਜੋ ਕਿ ਸ੍ਰੀ ਮਾਨ ੧੦ਟ ਮਹੰਤ ਹਰਦਰਸ਼ਨ ਸਿੰਘ ਜੀ ਦੇ ਚੇਲੇ ਸਨ ਤੇ ਉਹਨਾਂ ਦੇ ਹੁਕਮ ਅਨੁਸਾਰ ਪ੍ਰਤਾਪ ਭਵਨ ਖੜਖੜੀ ਹਰਦੁਆਰ ਮਨ, ਤਨ, ਧਨ ਨਾਲ ਵਿਰੱਕਤ ਸੰਤ ਮੰਡਲੀਆਂ ਦੀ ਰੋਜ਼ਾਨਾ ਨਿਤ ਨਿਯਮ ਅਨੁਸਰ ੨੫ ਸਾਲਾਂ ਤੋਂ ਅੰਨ ਛੇਤ੍ਰ ਦੀ ਸੇਵਾ ਕਰਦੇ ਆ ਰਹੇ ਸਨ। ਅਤੇ ਆਪਣੇ ਗੁਰਦੇਵ ਸ੍ਰੀ ਮਾਨ ਮਹੰਤ ਹਰਦਰਸ਼ਨ ਸਿੰਘ ਜੀ ਦੀ ਪੁੰਨ ਸਿੰਮ੍ਰਤੀ ਵਿਚ ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਹਰ ਮਹੀਨੇ ਭੋਗ ਪਾ ਲੈਂਦੇ ਸਨ ਅਤੇ ਆਪਣੀ ਜੀਵਨ ਸਫਲਤਾ ਲਈ ਭੀ ਹਰ ਮਹੀਨੇ ਭੋਗ ਪਾਉਂਦੇ ਸਨ।

ਪੁਰਾਣਿਆਂ ਮਹਾਤਮਾ ਦੀ ਤਰ੍ਹਾਂ ਆਪਣੀ ਜ਼ਿੰਦਗੀ ਦਾ ਸਾਰਾ ਸਮਾਂ ਸਾਦਗੀ ਵਿਚ ਗੁਜ਼ਾਰਿਆ ਹੈ, ਗਲ ਵਿਚ ਕੁੜਤਾ ਜਿਸ ਨੂੰ ਕਈ ਟਾਕੀਆਂ ਲੱਗੀਆਂ ਹੁੰਦੀਆ ਸਨ ਤੇੜ ਇਕ ਬਰੀ ਧੋਤੀ ਤੇ ਸਿਰ ਤੇ ਮਲਮਲ ਦਾ ਸਾਫਾ ਰੱਖਦੇ ਸਨ। ਸਾਦਾ ਭੋਜਨ ਖਾ ਕੇ ਡਿਉਢੀ ਵਿਚ ਅਲਾਣੀ ਮੰਜੀ ਤੇ ਬੈਠ ਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਿਆਂ ਰਹਿਣਾ, ਅੰਮ੍ਰਿਤ ਵੇਲੇ ਉਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਭੀ ਆਪ ਕਰਦੇ ਸਨ। ਸ੍ਰੀ ਮਾਨ ੧੦੮ ਆਪਣੇ ਪੂਜਜ ਗੁਰਦੇਵ ਮਹੰਤ ਹਰਦਰਸ਼ਨ ਸਿੰਘ ਜੀ ਦੀ ਯਾਦ ਵਿਚ ਹਰ ਸਾਲ ਦੇ ਸਾਲ ੧੯, ੨੦ ਤੇ ੨੧ ਮੱਘਰ ਮੁਤਾਬਕ ੪-੫-੬ ਦਸੰਬਰ ਨੂੰ ਅਖੰਡ ਪਾਠ ਦਾ ਭੋਗ ਪਾ ਕੇ ਸਾਰਿਆਂ ਮਹਾਂ ਪੁਰਸ਼ਾਂ ਵਿਚ ਪਕਾ ਭੰਡਾਰਾ ਵੀ ਵਰਤਾਉਂਦੇ ਸਨ।

ਇਸ ਵਾਰ ੪ ਦਸੰਬਰ ੧੯੭੯ ਮੱਘਰ ੧੯ ਸੰਮਤ ੨੦੩੬ ਪੋਹ ਵਦੀ ਏਕਮ ਮੰਗਲਵਾਰ ਪ੍ਰਭੂ ਦੇ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਗਏ। ਪੋਹ ੪ ਸੰਮਤ ੨੦੩੬ ਪੋਹ ਵਦੀ ਅਮਾਵਸ ਬੁੱਧਵਾਰ ੧੯ ਦਸੰਬਰ ਅਸਤੀਆਂ ਲਿਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਕਨਖਲ ਮਾਤ ਗੰਗਾ ਦੇ ਜਲ ਵਿਚ ਪਰਵਾਹ ਕਰ ਦਿੱਤੀਆਂ, ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਦੁਆਰੇ ਪਹੁੰਚ ਕੇ ਅਰਦਾਸਾ ਕਰਾ ਕੇ ਹੁਕਮਨਾਮਾ ਲੀਤਾ:-

ਸੋਰਠ ਮਹਲਾ ੫ ॥

ਹਮਰੀ ਗਣਤ ਨ ਗਣੀਆ ਕਾਈ ਆਪਣਾ ਬਿਰਦੁ ਪਛਾਣਿ॥
ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ॥ ੧॥ (ਪੰਨਾ ੬੧੯)

ਦੂਜੇ ਦਿਨ ਪੋਹ ੫ ਸੰਮਤ ੨੦੩੬ ਪੋਹ ਸੁਦੀ ਏਕਮ ਵੀਰਵਾਰ ੨੦-੧੨-੭੯ ਨੂੰ ਪ੍ਰਤਾਪ ਭਵਨ ਸੰਤ ਟਿਕਣ ਰਾਮ ਜੀ ਦੀ ਯਾਦ ਵਿਚ ਦੋ ਅਖੰਡ ਪਾਠਾਂ ਦੇ ਭੋਗ ਪਾਏ, ਉਪ੍ਰੰਤ ਰਾਮਕਲੀ ਸਦ ਪੜ੍ਹ ਕੇ ਰਸਭਿੰਨਾ ਵੈਰਾਗ ਮਈ ਕੀਰਤਨ ਹੋਇਆ ਅਤੇ ਸ਼ਰਧਾਂਜ਼ਲੀਆਂ ਪੇਸ਼ ਕੀਤੀਆਂ।

੧ ਸ੍ਰੀ ਮਾਨ ਮਹੰਤ ਗੁਰਮੁਖ ਸਿੰਘ ਜੀ ਪ੍ਰਧਾਨ ਸਾਹਿਬ, ੨ ਸ੍ਰੀ ਮਾਨ ਮਹੰਤ ਗੋਪਾਲ ਸਿੰਘ ਜੀ ਸਕੱਤ੍ਰ ਪਟਿਆਲਾ, ੩ ਸ੍ਰੀ ਮਾਨ ਮਹੰਤ ਤੀਰਥ ਸਿੰਘ ਜੀ ਮੀਤ ਪ੍ਰਧਾਨ ਗੁਨਿਆਣਾ ਮੰਡੀ, ੪ ਸ੍ਰੀ ਮਾਨ ਹਰੀਸ਼ ਸ਼ਾਸਤ੍ਰੀ ਜੀ ਕੈਥਲ, ੫ ਸ੍ਰੀ ਮਾਨ ਸੰਤ ਈਸ਼ਰ ਦਾਸ ਜੀ ਸਾਸ਼ਤ੍ਰੀ ਜਲੰਧਰ, ਦਾਸ ਕ੍ਰਿਪਾਲ ਸਿੰਘ ਅੰਮ੍ਰਿਤਸਰ ਹੋਰ ਭੀ ਮਹਾਂ ਪੁਰਸ਼ ਇਕੱਤ੍ਰ ਸਨ ਪਰ ਸਮਾਂ ਬਹੁਤ ਹੋਣ ਦੇ ਕਾਰਨ ਸਭ ਤੋਂ ਮਾਫੀ ਮੰਗ ਕੇ ਅਨੰਦ ਸਾਹਿਬ ਜੀ ਦਾ ਪਾਠ ਕਰਵਾ ਕੇ ਮਹੰਤ ਤੀਰਥ ਸਿੰਘ ਜੀ ਨੇ ਅਰਦਾਸ ਕੀਤੀ, ਦਾਸ ਕ੍ਰਿਪਾਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਪੜ੍ਹਿਆ ਉਸ ਵੇਲੇ ਦਾ ਇਹ ਹੁਕਮਨਾਮਾ ਆਇਆ: —

ਸੂਹੀ ਮਹਲਾ ੧ ਕਾਫੀ ਘਰੁ ੧੦ ੧ੴ ਸਤਿਗੁਰ ਪ੍ਰਸਾਦਿ॥
ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥ ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥ ੧॥
ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥ ਪਤਿਪਾਏ ਦਰਬਾਰਿ ਸਤਿਗੁਰ ਸਬਦਿ ਭੈ॥ ੧॥ ਰਹਾਉ॥

(ਪੰਨਾ ੭੫੧)

ਉਪ੍ਰੰਤ ਪ੍ਰਤਾਪ ਭਵਨ ਵਿਰੱਕਤ ਸੰਤ ਮੰਡਲੀਆਂ ਦੀ ਸੇਵਾ ਕਰਨ ਵਾਸਤੇ ਸੰਤ ਪਰਮਜੀਤ ਸਿੰਘ ਜੀ ਨੂੰ ਦਸਤਾਰ ਬੰਦੀ ਦੀ ਰਸਮ ਅਦਾ ਕੀਤੀ ਗਈ, ਆਏ ਹੋਏ ਸੇਵਾ ਪੰਥੀ ਸਾਰਿਆਂ ਮਹੰਤਾਂ ਨੇ ੧੦੧ ਤੇ ਪੱਗਾਂ ਦਿੱਤੀਆਂ, ਤੇ ਸਦ ਗ੍ਰਹਸਤੀ ਜਨਾਂ ਨੇ ਭੀ ਜਥਾਸ਼ਕਤ ਅਰਦਾਸਾਂ ਕਰਵਾਈਆਂ। ਸਮੇਂ ਅਨੁਸਾਰ ਗੁਰੂ ਦਾ ਅਤੁੱਟ ਲੰਗਰ ਵਰਤਿਆ ਗਿਆ। (੨੦-੧੨-੭੯ ਪੋਹ ੫ ਸੰਮਤ ੨੦੩੬)

[ਪੰਨਾ ੧੨੬੪]

ਕਾਨੜਾ ਰਾਗੁ

*ਰਾਗੁ ਕਾਨੜਾ ਚਉਪਦੇ ਮਹਲਾ ੪ ਘਰੁ ੧

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਕਾਨੜੇ ਰਾਗ ਦੇ ਆਰੰਭ ਵਿਚ ਵੱਡਾ ਮੰਗਲ ਉਚਾਰ ਕੇ ਅਗੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਉਚਾਰਨ ਕੀਤੇ ਹੋਏ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਨੂੰ ਸੁਣਾਂਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੀ ਬਿਵਸਥਾ ਦੱਸਦੇ ਹਨ-

ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ॥

ਹੇ ਭਾਈ ! ਸੰਤ ਜਨਾਂ ਨਾਲ ਮਿਲ ਕੇ ਮੇਰਾ ਮਨ ਸ਼ੁਭ ਗੁਣਾਂ ਕਰਕੇ ਹਰਿਆ ਹੋਇਆ ਹੈ।

ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ ਮਿਲਿ ਸੰਗਤਿ ਪਾਰਿ ਉਤਰਿਆ॥ ੧॥ ਰਹਾਉ॥

ਹਉ=ਮੈਂ ਉਨ੍ਹਾਂ ਸੰਤ ਜਨਾਂ ਤੋਂ ਚਤੁਸਟੇ ਅੰਤਹਕਰਣ ਕਰਕੇ ਬਲਿਹਾਰ ਜਾਂਦਾ ਹਾਂ।

ਵਾ:- ਚਾਰਿਆਂ ਜੁਗਾਂ ਵਿਚ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਸੰਤ ਜਨਾਂ ਦੀ ਸੰਗਤ ਵਿਚ ਮਿਲ ਕੇ ਸੰਸਾਰ ਸਮੁੰਦਰ ਤੋਂ ਪਾਰ ਉਤਰਿਆ ਹਾਂ॥ ੧॥ ਰਹਾਉ॥

ਵਾ:-ਬਲਿ ਬਲਿ=ਪ੍ਰਕਾਸ਼ ਰੂਪ ਸੰਤ ਜਨਾਂ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਅਥਵਾ:-ਬਲਿਹਾਰ ਜਾਣੇ ਜੋਗ ਸੰਤ ਜਨਾਂ ਤੋਂ ਮੈਂ ਮਨ ਕਰਕੇ ਬਲਿਹਾਰ, ਤਨ ਕਰਕੇ ਬਲਿਹਾਰ, ਬਾਣੀ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਸੰਤਾਂ ਦੀ ਸੰਗਤ ਵਿਚ ਮਿਲ ਕੇ ਸੰਸਾਰ ਤੋਂ ਪਾਰ ਉਤਰਿਆ ਹਾਂ।

---

*ਕਾਨੜਾ ਇਕ ਰਾਗ ਹੈ ਜਿਸ ਦੇ ਅੱਠਾਰਾਂ ਭੇਦ ਗਾਇਕਾਂ ਨੇ ਕਲਪੇ ਹਨ।

*੧ ਦਰਬਾਰੀ, ੨ ਨਾਯਕੀ, ੩ ਮੁੰਦ੍ਰਾ, ੪ ਕਾਸਿਕੀ, ੫ ਵਾਗੇਸ੍ਰੀ ੬ ਨਟ ੭ ਕਾਫੀ ੮ ਕੋਲਾਹਲ, ੯ ਮੰਗਲ, ੧੦ ਸ਼ਜਾਮ, ੧੧ ਟੰਕ, ੧੨ ਨਾਗ ਧੁਨਿ, ੧੩ ਅਡਾਨਾ ੧੪ ਸ਼ਹਾਨਾ ੧੫ ਸੂਹਾ, ੧੬ ਸੁਘਰ, ੧੭ ਹੁਸੈਨੀ, ੧੮ ਜਯ ਜਯੰਤਿ। ਪਾਠਕਾਂ ਦੇ ਗਿਆਨ ਲਈ ਅਗੇ ਦਰਬਾਰੀ ਕਾਨੜੇ ਦਾ ਸਰੂਪ ਦੱਸਿਆ ਹੈ ਇਹ ਆਸਾਵਰੀ ਠਾਟ ਦਾ ਸਾੜਵ ਸੰਪੂਰਨ ਰਾਗ ਹੈ, ਅਰਥਾਤ—ਆਰੋਹੀ ਵਿਚ ਛੇ ਤੇ ਅਵਰੋਹੀ ਵਿਚ ਸਤ ਸੁਰ ਹਨ, ਆਰੋਹੀ ਵਿਚ ਗੰਧਾਰ ਦੁਰਲੱਭ ਹੈ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਨੜੇ ਦਾ ਅਠਾਈਵਾਂ ਨੰਬਰ ਹੈ।

ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਹਮ ਸਾਧ ਜਨਾਂ ਪਗ ਪਰਿਆ ॥

ਹੇ ਹਰਿ ਹਰਿ ਪ੍ਰਭੂ ! ਆਪਣੀ ਅਜੇਹੀ ਕ੍ਰਿਪਾ ਕਰੋ, ਜਿਸ ਤੇ ਮੈਂ ਸੰਤ ਜਨਾਂ ਦੀ ਚਰਨੀਂ ਪਿਆ ਰਹਾਂ ।

ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾਨਿਆ
ਮਿਲਿ ਸਾਧੂ ਪਤਿਤ ਉਧਰਿਆ ॥ ੧ ॥

ਉਹ ਸੰਤ ਮਨ ਕਰਕੇ ਧੰਨ ਹੈ, ਬਾਣੀ ਕਰਕੇ ਭੀ ਧੰਨ ਹੈ, ਜਿਸ ਨੇ ਹਰੀ ਪ੍ਰਭੂ ਨੂੰ ਜਾਣਿਆ ਹੈ, ਉਸ ਸੰਤ ਨੂੰ ਜੋ ਪਾਪੀ ਭੀ ਮਿਲਿਆ ਹੈ ਉਹ ਭੀ ਤਰ ਗਿਆ ਹੈ॥ ੧ ॥

ਮਨੂਆ ਚਲੈ ਚਲੈ ਬਹੁ ਬਹੁ ਬਿਧਿ ਮਿਲਿ ਸਾਧੂ ਵਸਗਤਿ ਕਰਿਆ ॥

ਏਹ ਚਲੈ=ਚੰਚਲ ਮਨ ਬਹੁਤਿਆਂ ਪਦਾਰਥਾਂ ਵਿਚ ਬਹੁਤ ਤਰ੍ਹਾਂ ਨਾਲ ਚਲੈ=ਚੰਚਲ ਹੋ ਰਿਹਾ ਸੀ, ਪਰ ਸੰਤਾਂ ਨਾਲ ਮਿਲ ਕੇ ਇਸ ਨੂੰ ਵਸਗਤਿ=ਅਧੀਨ ਕਰ ਲਿਆ ਹੈ।

ਪ੍ਰਸ਼ਨ-ਕਿਸ ਤਰ੍ਹਾਂ ਵਸੀਕਾਰ ਕੀਤਾ ਹੈ ? ਉੱਤਰ :-

ਜਿਉਂ ਜਲ ਤੰਤੁ ਪਸਾਰਿਓ ਬਧਕਿ
ਗ੍ਰਸਿ ਮੀਨਾ ਵਸਗਤਿ ਖਰਿਆ ॥ ੨ ॥

ਜਿਵੇਂ, ਬਧਕਿ=ਬੀਵਰ ਨੇ ਜਲ ਵਿਚ ਤੰਤੁ=ਸੂਤਰ ਦਾ ਜਾਲ ਪਸਾਰ ਕੇ ਉਸ ਵਿਚ ਮੀਨਾ=ਮੱਛੀ ਨੂੰ ਗ੍ਰਸ ਲਿਆ ਫੇਰ ਬਾਹਰ ਕੱਢ ਕੇ ਆਪਣੇ ਵਸਗਤਿ=ਅਧੀਨ ਕਰਕੇ ਯਾਂ ਉਸ ਮੱਛੀ ਦੀ ਗਤਿ=ਚਾਲ ਨੂੰ ਬਸ ਕਰਕੇ ਆਪਣੇ ਨਾਲ ਖਰਿਆ=ਲੈ ਜਾਂਦਾ ਹੈ। ਤਿਵੇਂ ਅਸਾਂ ਨੇ ਵਿਚਾਰ ਰੂਪ ਜਾਲ ਪਾ ਕੇ ਪਦਾਰਥਾਂ ਰੂਪੀ ਜਲ ਵਿਚੋਂ ਮਨ ਰੂਪੀ ਮੱਛ ਨੂੰ ਫੜ ਕੇ ਆਪਣੇ ਅਧੀਨ ਕਰ ਲਿਆ ਹੈ॥ ੨ ॥

ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ ਲਹੀਆ ॥

ਸੰਤਾਂ ਵਿਚੋਂ ਹਰੀ ਦੇ ਸੰਤ ਭਲੀ ਪ੍ਰਕਾਰ ਨੀਕੇ=ਚੰਗੇ ਹਨ, ਵਾ:-ਸੰਤ=ਸ਼ਾਂਤ ਆਤਮਾ ਹਰੀ ਦੇ ਸੰਤ ਭਲ ਨੀਕੇ=ਚੰਗਿਆਂ ਤੋਂ ਚੰਗੇ ਹਨ, ਕਿਉਂਕਿ ਸੰਤ ਜਨਾਂ ਨਾਲ ਮਿਲਣ ਕਰਕੇ ਪਾਪਾਂ ਦੀ ਮੈਲ ਲਹੀਆ=ਲਹਿ ਜਾਂਦੀ ਹੈ।

ਹਉਮੈ ਦੁਰਤੁ ਗਇਆ ਸਭੁ ਨੀਕਰਿ
ਜਿਉ ਸਾਬੁਨਿ ਕਾਪਰੁ ਕਰਿਆ ॥ ੩ ॥

ਹੰਗਤਾ ਮਮਤਾ ਦੇ ਸਹਿਤ ਸਾਰਾ ਪਾਪ ਅੰਤਹਕਰਣ ਵਿਚੋਂ ਇਉਂ ਨਿਕਲ ਗਿਆ ਹੈ, ਜਿਵੇਂ:- ਸਾਬਣ ਕਪੜੇ ਨੂੰ ਉੱਜਲਾ ਕਰ ਦੇਂਦਾ ਹੈ॥ ੩ ॥

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ
ਗੁਰ ਸਤਿਗੁਰ ਚਰਨ ਉਰ ਧਰਿਆ ॥

ਮਸਤਕਿ=ਸ਼ਰੋਮਣੀ ਠਾਕੁਰ ਨੇ ਧੁਰਿ=ਆਦੋਂ ਜੋ ਪੁੰਨ ਕਰਮ ਦਾ ਲੇਖ ਲਿਲਾਟਿ=ਮੱਥੇ 'ਪਰ ਲਿਖਿਆ ਹੈ ਉਸ ਦੇ ਅਨੁਸਾਰ ਗੁਰ=ਪੂਜਨੀਕ ਸਤਿਗੁਰਾਂ ਦੇ ਚਰਨਾਂ ਨੂੰ ਹਿਰਦੇ ਵਿਚ ਧਾਰਨਾ ਕੀਤਾ ਹੈ।

ਸਭੁ ਦਾਲਦੁ ਦੂਖ ਭੰਜ ਪ੍ਰਭੁ ਪਾਇਆ ਜਨ ਨਾਨਕ ਨਾਮਿ ਉਧਰਿਆ ॥੪ ॥੧ ॥

ਸਾਰੇ ਦੁੱਖ ਦਲਿਦ੍ਰਾਂ ਦੇ ਨਾਸ ਕਰਨ ਵਾਲੇ ਪ੍ਰਭੂ ਨੂੰ ਪਾਇਆ ਹੈ, ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਨੂੰ ਨਾਮੀ ਨੇ ਤਾਰ ਲਿਆ ਹੈ॥ ੪॥ ੧॥

ਕਾਨੜਾ ਮਹਲਾ ੪ ॥

ਮੇਰਾ ਮਨੁ ਸੰਤ ਜਨਾ ਪਗ ਰੇਨ ॥

ਮੇਰਾ ਮਨ ਸੰਤ ਜਨਾਂ ਦੇ ਚਰਨਾਂ ਦੀ ਰੇਨ=ਧੂੜ ਹੋ ਗਿਆ ਹੈ।

ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਮਨੁ ਕੋਰਾ ਹਰਿ ਰੰਗਿ ਭੇਨ ॥੧ ॥ਰਹਾਉ ॥

ਸੰਤਾਂ ਦੀ ਸੰਗਤ ਵਿਚ ਮਿਲ ਕੇ ਹਰਿ ਹਰਿ ਪ੍ਰਭੂ ਦੀ ਕਥਾ ਸੁਣੀ ਹੈ, ਜਿਸ ਕਰਕੇ ਮੇਰਾ ਕੋਰਾ ਮਨ ਹਰੀ ਨਾਮ ਰੰਗ ਵਿਚ ਭੇਨ=ਭਿੱਜ ਗਿਆ ਹੈ॥ ੧॥ ਰਹਾਉ॥

ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ ਗੁਰਿ ਕੀਏ ਸੁਚਿਤ ਚਿਤੇਨ ॥

ਅਸੀਂ ਅਚਿਤ=ਜੜ੍ਹ ਸੀ, ਗੁਰਾਂ ਨੇ ਸੁਚਿਤ=ਚੇਤਨ ਕਰ ਦਿੱਤਾ ਹੈ, ਅਸੀਂ ਅਚੇਤ=ਸਿਮਰਨ ਤੋਂ ਹੀਣੇ ਸਾਂ, ਗੁਰਾਂ ਨੇ ਚਿਤੇਨ=ਚੇਤਨੇ ਵਾਲਾ, ਭਾਵ—ਸਿਮਰਨ ਕਰਨ ਵਾਲਾ ਕਰ ਦਿੱਤਾ ਹੈ, ਇਸ ਕਰਕੇ ਗੁਰਾਂ ਦੇ ਗਤ ਦੀ ਮਿਤਿ=ਮਰਯਾਦਾ ਨੂੰ ਨਹੀਂ ਜਾਣਦੇ ਹਾਂ।

ਪ੍ਰਭਿ ਦੀਨ ਦਇਆਲਿ ਕੀਓ ਅੰਗੀਕ੍ਰਿਤੁ ਮਨਿ ਹਰਿ ਹਰਿ ਨਾਮੁ ਜਪੇਨ ॥੧ ॥

ਦੀਨ ਦਿਆਲ ਪ੍ਰਭੂ ਨੇ ਮੇਰਾ ਅੰਗੀਕ੍ਰਿਤੁ=ਪੱਖ ਕੀਤਾ ਹੈ, ਇਸ ਕਰਕੇ ਹਰ ਵੇਲੇ ਮਨ ਵਿਚ ਹਰਿ ਹਰਿ ਨਾਮ ਨੂੰ ਜਪਦੇ ਹਾਂ॥ ੧॥

ਹਰਿ ਕੇ ਸੰਤ ਮਿਲਹਿ ਮਨ ਪ੍ਰੀਤਮ ਕਟਿ ਦੇਵਉ ਹੀਅਰਾ ਤੇਨ ॥

ਜੇਕਰ ਹਰੀ ਦੇ ਸੰਤ ਮੇਰੇ ਮਨ ਦੇ ਪ੍ਰੀਤਮ ਮਿਲ ਜਾਣ, ਤਾਂ ਮੈਂ ਆਪਣਾ ਹਿਰਦਾ ਕੱਟ ਕੇ ਉਨ੍ਹਾਂ ਨੂੰ ਅਰਪਣ ਕਰ ਦੇਂਦਾ ਹਾਂ ।

ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਮ ਕੀਏ ਪਤਿਤ ਪਵੇਨ ॥ ੨ ॥

ਜਿਸ ਵੇਲੇ ਹਰੀ ਦੇ ਸੰਤ ਮਿਲੇ ਤਾਂ ਹਰੀ ਆਪੇ ਆ ਮਿਲਿਆ, ਉਸ ਨੇ ਅਸਾਂ ਪਤਿਤ=ਪਾਪੀਆਂ ਨੂੰ ਪਵੇਨ=ਪਵਿੱਤ੍ਰ ਕਰ ਦਿੱਤਾ ਹੈ॥ ੨॥

ਹਰਿ ਕੇ ਜਨ ਊਤਮ ਜਗਿ ਕਹੀਅਹਿ ਜਿਨ ਮਿਲਿਆ ਪਾਥਰ ਸੇਨ ॥

ਹਰੀ ਦੇ ਸੰਤ ਜਨ ਸੰਸਾਰ ਵਿਚ ਸਭ ਤੋਂ ਉੱਤਮ ਕਹੀਦੇ ਹਨ, ਜਿਨ੍ਹਾਂ ਦੇ ਮਿਲਿਆਂ ਪੱਥਰ ਭੀ ਸੇਨ=ਸਿੰਨੇ ਭਾਵ, ਨਰਮ ਹੋ ਜਾਂਦੇ ਹਨ। ਵਾ:-ਪੱਥਰ ਵਾਂਙੂ ਕਠੋਰ ਹਿਰਦੇ ਵਾਲੇ ਜੀਵ ਸੇਨ=ਸਨਿਗਧ ਹੋ ਜਾਂਦੇ ਹਨ।

[ਪੰਨਾ ੧੨੯੫]

ਜਨ ਕੀ ਮਹਿਮਾ ਬਰਨਿ ਨ ਸਾਕਉ ਓਇ ਊਤਮ ਹਰਿ ਹਰਿ ਕੇਨ ॥ ੩ ॥

ਸੰਤ ਜਨਾਂ ਦੀ ਮਹਿਮਾ ਮੈਂ ਵਰਨਣ ਨਹੀਂ ਕਰ ਸਕਦਾ, ਕਿਉਂਕਿ ਉਨ੍ਹਾਂ ਨੂੰ ਹਰਿ ਹਰਿ ਨੇ ਉੱਤਮ ਕੇਨ= ਕਰ ਦਿੱਤਾ ਹੈ।

ਅਥਵਾ:-ਉਹ ਸੰਤ ਜਨ ਉੱਤਮ ਹਰਿ ਹਰਿ ਨੂੰ ਉਚਾਰਨਾ ਕੇਨ=ਕਰਦੇ ਹਨ॥ ੩॥

ਤੁਮ੍ ਹਰਿ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਰਾਸਿ ਦੇਨ॥

ਹੇ ਹਰੀ ਪ੍ਰਭੂ ਸੁਆਮੀ ਆਪ ਸਾਰਿਆਂ ਤੋਂ ਵੱਡੇ ਸ਼ਾਹ ਹੋ, ਅਸੀਂ ਵਣਜਾਰਿਆਂ ਨੂੰ ਆਪ ਹੀ ਸ੍ਵਾਸਾਂ ਰੂਪੀ ਪੂੰਜੀ, ਵਾ:-ਪ੍ਰਤੱਖ ਪੂੰਜੀ ਦੇਣ ਵਾਲੇ ਹੋ।

ਜਨ ਨਾਨਕ ਕਉ ਦਇਆ ਪ੍ਰਭ ਧਾਰਹੁ
ਲਦਿ ਵਾਖਰੁ ਹਰਿ ਹਰਿ ਲੇਨ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ 'ਤੇ ਕ੍ਰਿਪਾ ਦ੍ਰਿਸ਼ਟੀ ਧਾਰਨਾ ਕਰੋ, ਤਾਂਕਿ ਮੈਂ ਹਰਿ ਹਰਿ ਨਾਮ ਰੂਪੀ ਸੌਦੇ ਨੂੰ ਲੱਦ ਲੈਣਾ ਕਰਾਂ॥ ੪॥ ੨॥

ਕਾਨੜਾ ਮਹਲਾ ੪॥

ਜਪਿ ਮਨ ਰਾਮ ਨਾਮ ਪਰਗਾਸ॥

ਹੇ ਮਨ ! ਪ੍ਰਕਾਸ਼ ਰੂਪ ਰਾਮ ਨਾਮ ਨੂੰ ਜਪਣਾ ਕਰ। ਵਾ:-ਹੇ ਮਨ ! ਰਾਮ ਨਾਮ ਨੂੰ ਜਪ ਤਾਂ ਤੇਰੇ ਅੰਦਰ ਪਰਗਾਸ=ਗਿਆਨ ਹੋਵੇਗਾ।

ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ॥ ੧॥ ਰਹਾਉ॥

ਜਿਨ੍ਹਾਂ ਨੇ ਹਰੀ ਦੇ ਸੰਤਾਂ ਨਾਲ ਮਿਲ ਕੇ ਨਾਮ ਸਿਮਰਨ ਵਿਚ ਪ੍ਰੀਤ ਲਗਾਈ ਹੈ, ਉਹ ਗ੍ਰਹਸਤ ਵਿਚ ਰਹਿੰਦੇ ਹੋਏ ਉਦਾਸ ਰਹਿੰਦੇ ਹਨ॥ ੧॥ ਰਹਾਉ॥

ਹਮ ਹਰਿ ਹਿਰਦੈ ਜਪਿਓ ਨਾਮੁ ਨਰਹਰਿ ਪ੍ਰਭਿ ਕ੍ਰਿਪਾ ਕਰੀ ਕਿਰਪਾਸ॥

ਅਸਾਂ ਨੇ ਹਿਰਦੇ ਵਿਚ ਨਰਹਰਿ=ਨਰਸਿੰਘ ਹਰੀ ਦੇ ਨਾਮ ਨੂੰ ਜਪਿਆ ਹੈ, ਕਿਰਪਾਸ=ਕ੍ਰਿਪਾਲੂ ਪ੍ਰਭੂ ਨੇ ਸਾਡੇ ਤੇ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ। ਵਾ:-ਕਿਰਪਾਸ=ਕਿਰਪਾ ਦੀ ਆਸ ਰੱਖਦੇ ਸੀ ਇਸੀ 'ਤੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ।

ਅਨਦਿਨੁ ਅਨਦੁ ਭਇਆ ਮਨੁ ਬਿਗਸਿਆ
ਉਦਮ ਭਏ ਮਿਲਨ ਕੀ ਆਸ॥ ੧॥

ਰਾਤ ਦਿਨ ਅਨੰਦ ਹੋ ਗਿਆ ਹੈ, ਮਨ ਖਿੜ ਪਿਆ ਹੈ, ਉੱਦਮ ਸਫਲ ਹੋ ਗਏ ਹਨ, ਕਿਉਂਕਿ ਪ੍ਰਭੂ ਨਾਲ ਮਿਲਣ ਦੀ ਆਸ ਬੱਝ ਗਈ ਹੈ॥ ੧॥

ਹਮ ਹਰਿ ਸੁਆਮੀ ਪ੍ਰੀਤਿ ਲਗਾਈ ਜਿਤਨੇ ਸਾਸ ਲੀਏ ਹਮ ਗ੍ਰਾਸ॥

ਅਸਾਂ ਨੇ ਹਰੀ ਸੁਆਮੀ ਨਾਲ ਅਜੇਹੀ ਪ੍ਰੀਤੀ ਲਗਾਈ ਹੈ ਜਿੰਨੇ ਕੁ ਅਸਾਂ ਨੇ ਸਾਸ ਗ੍ਰਾਸ=ਅੰਦਰ ਬਾਹਰ ਸ੍ਵਾਸ ਲੀਤੇ ਹਨ ਉਹ ਸ਼ਭ ਨਾਮ ਪ੍ਰੀਤੀ ਸਹਿਤ ਲੀਤੇ ਹਨ।

ਕਿਲਬਿਖ ਦਹਨ ਭਏ ਖਿਨ ਅੰਤਰਿ ਤੂਟਿ ਗਏ ਮਾਇਆ ਕੇ ਫਾਸ॥ ੨॥

ਸਾਡੇ ਸਾਰੇ ਕਿਲਬਿਖ=ਪਾਪ ਇਕ ਖਿਨ ਦੇ ਵਿਚ ਦਹਨ ਭਏ=ਸੜ ਗਏ ਹਨ ਅਤੇ ਮਾਇਆ ਦੇ

ਫਾਸ=ਬੰਧਨ ਭੀ ਟੁੱਟ ਗਏ ਹਨ॥ ੨ ॥

ਕਿਆ ਹਮ ਕਿਰਮ ਕਿਆ ਕਰਮ ਕਮਾਵਹਿ ਮੂਰਖ ਮੁਗਧ ਰਖੇ ਪ੍ਰਭ ਤਾਸ ॥

ਅਸੀਂ ਤੁਛ ਕਿਰਮ=ਕੀੜੇ (ਜੀਵ) ਕੀ ਹਾਂ ਅਤੇ ਕੀ ਕਰਮ ਕਮਾ ਸਕਦੇ ਹਾਂ, ਅਸਾਂ ਮੂਰਖ ਮੁਗਧ=ਮਹਾਂ ਮੂਰਖਾਂ ਨੂੰ ਉਸ ਪ੍ਰਭੂ ਨੇ ਰੱਖ ਲਿਆ ਹੈ।

ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ ॥ ੩ ॥

ਅਸੀਂ ਔਗੁਣਾਂ ਦੇ ਕਰਨ ਵਾਲੇ ਪੱਥਰਾਂ ਵਾਂਙੂ ਪਾਪਾਂ ਕਰਕੇ ਭਾਰੇ ਸਾਂ, ਸਤਸੰਗਤ ਨਾਲ ਮਿਲ ਕੇ ਤਰਾਸ=ਡਰ ਰੂਪ ਸੰਸਾਰ ਸਾਗਰ ਤੋਂ ਤਰ ਗਏ ਹਾਂ। ਵਾ:-ਤਰਾਸ=ਸ਼ੀਘਰ ਤਰ ਗਏ ਹਾਂ।

ਵਾ:-ਤਰਨੇ ਦੀ ਆਸਾ ਹੋਣ ਕਰਕੇ ਤਰ ਗਏ ਹਾਂ। ਵਾ:-ਆਸਾ ਰੂਪ ਨਦੀ ਤੋਂ ਆਪ ਤਰ ਗਏ ਹਾਂ ਅਤੇ ਹੋਰਨਾਂ ਨੂੰ ਤਰਾਸ=ਤਾਰਨਾ ਕੀਤਾ ਹੈ॥ ੩ ॥

ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ ॥

ਜਗਤ ਦੇ ਮਾਲਕ ਪ੍ਰਭੂ ਨੇ ਜਿਤਨੀ ਸ੍ਰਿਸ਼ਟੀ ਰਚਨਾ ਕੀਤੀ ਹੈ ਉਹ ਸਾਰੀ ਉੱਚੀ ਹੈ ਤੇ ਅਸੀਂ ਬਿਖਿਆਸ=ਪਰਗਟ ਵਿਸ਼ਿਆਂ ਦੀ ਆਸਾ ਕਰਕੇ ਨੀਚ ਹਾਂ।

ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ ॥੪ ॥੩ ॥

ਗੁਰਾਂ ਦੇ ਸੰਗ ਨੇ ਸਾਡੇ ਸਾਰੇ ਔਗੁਣ ਮੇਟ ਦਿੱਤੇ ਹਨ, ਗੁਰੂ ਜੀ ਕਥਨ ਕਰਦੇ ਹਨ—ਸਾਨੂੰ ਪ੍ਰਭੂ ਨੇ ਆਪਣੇ ਪਾਸ=ਨਾਲ ਮੇਲ ਲੀਤਾ ਹੈ॥ ੪ ॥ ੩ ॥

ਕਾਨੜਾ ਮਹਲਾ ੪ ॥

ਮੇਰੈ ਮਨਿ ਰਾਮ ਨਾਮੁ ਜਪਿਓ ਗੁਰ ਵਾਕ ॥

ਗੁਰਾਂ ਦੇ ਵਾਕ=ਬਚਨਾਂ ਦੁਆਰੇ ਮੇਰੇ ਮਨ ਨੇ ਰਾਮ ਨਾਮ ਨੂੰ ਜਪਿਆ ਹੈ।

ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ
ਦੁਰਮਤਿ ਦੂਜਾ ਭਾਉ ਗਇਓ ਸਭ ਝਾਕ ॥ ੧ ॥ ਰਹਾਉ ॥

ਜਿਸ ਵੇਲੇ ਜਗਤ ਦੇ ਮਾਲਕ ਹਰਿ ਹਰਿ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ, ਤਿਸ ਵੇਲੇ ਦੁਰਮਤਿ=ਖੋਟੀ ਸਿੱਖਿਆ, ਦੂਜਾ ਭਾਉ=ਦਵੈਤ ਭਾਵ ਤੇ ਦੂਜਿਆਂ ਵੱਲ ਝਾਕਨਾ ਇਤਆਦਿਕ ਸਭ ਕੁਝ ਨਵਿਰਤ ਹੋ ਗਿਆ ॥ ੧ ॥ ਰਹਾਉ ॥

ਨਾਨਾ ਰੂਪ ਰੰਗ ਹਰਿ ਕੇਰੇ ਘਟਿ ਘਟਿ ਰਾਮੁ ਰਵਿਓ ਗੁਪਲਾਕ ॥

ਨਾਨਾਂ ਤਰ੍ਹਾਂ ਦੇ ਰੂਪ ਰੰਗ ਸਭ ਹਰੀ ਦੇ ਹਨ, ਉਹ ਰਾਮ ਗੁਪਲਾਕ=ਗੋਪਾਲ ਸਾਰਿਆਂ ਘਟਾਂ ਘਟਾਂ ਵਿਚ ਗੁਪਲਾਕ=ਗੁਪਤ ਰਵਿ ਰਿਹਾ ਹੈ।

ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ ॥ ੧ ॥

ਹਰੀ ਦੇ ਸੰਤ ਮਿਲੇ ਤਾਂ ਹਰਿ ਜੀ ਪ੍ਰਗਟ ਹੋ ਗਏ ਅਤੇ ਵਿਸ਼ਿਆਂ ਦੇ ਤਾਕ=ਕਿਵਾਰ (ਬੂਹੇ) ਖੁਲ੍ਹ ਗਏ,

ਅਰਥਾਤ—ਵਿਸ਼ਿਆਂ ਦਾ ਪੋਲ ਦਿੱਸ ਪਿਆ ਕਿ ਇਨ੍ਹਾਂ ਦਾ ਅੰਤ ਬੁਰਾ ਹੈ॥ ੧॥

ਸੰਤ ਜਨਾ ਕੀ ਬਹੁਤੁ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ॥

ਉਨ੍ਹਾਂ ਸੰਤ ਜਨਾਂ ਦੀ ਬਹੁਤ ਤੋਂ ਬਹੁਤ ਸੋਭਾ ਹੈ, ਜਿਨ੍ਹਾਂ ਨੇ ਰਸਾਕ=ਤਦਾਕਾਰ ਹੋ ਕੇ,

ਵਾ:-ਪ੍ਰੇਮ ਸੰਯੁਕਤ ਹੋ ਕੇ ਰਸਿਕ=ਅਨੰਦ ਰੂਪ ਹਰੀ ਨੂੰ ਹਿਰਦੇ ਵਿਚ ਧਾਰਿਆ ਹੈ।

ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ ਬਛਰਾਕ॥ ੨॥

ਜਦ ਹਰੀ ਦੇ ਸੰਤ ਮਿਲੇ ਤਾਂ ਹਰੀ ਆਪੇ ਇਉਂ ਆ ਕੇ ਮਿਲ ਪਿਆ, ਜਿਵੇਂ—ਬਛਰਾਕ=ਵੱਛੇ ਨੂੰ ਦੇਖ ਕੇ ਗਊ ਆ ਕੇ ਮਿਲਦੀ ਹੈ॥ ੨॥

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ॥

ਹਰੀ ਦੇ ਸੰਤ ਜਨਾਂ ਵਿਚ ਹਰਿ ਹਰਿ ਵਸਦਾ ਹੈ, ਇਸ ਲਈ ਉਹ ਹਰੀ ਦੇ ਜਨ ਰਾਜੇ ਜਨਕ ਨਾਲੋਂ ਭੀ ਉੱਤਮ ਜਾਣੀਦੇ ਹਨ। *ਅਥਵਾ:*-ਉਹ ਜਨ ਉੱਤਮ ਹਨ ਤੇ ਉਨ੍ਹਾਂ ਨੂੰ ਜਨਕ=ਗਿਆਨਵਾਨ ਜਾਣੋ।

ਵਾ:-ਸਾਰਿਆਂ ਦਾ ਜਨਕ=ਪਿਤਾ ਜੋ ਪਰਮੇਸ਼ਰ ਹੈ ਓਹੀ ਪਰਮੇਸ਼ਰ ਸਰੂਪ ਉਨ੍ਹਾਂ ਸੰਤਾਂ ਨੂੰ ਜਾਣੋ।

ਵਾ:-ਉਹ ਉੱਤਮ ਜਨ ਆਪ ਪਰਮੇਸਰ ਨੂੰ ਜਨਕ=ਜਾਣਦੇ ਹਨ ਤੇ ਹੋਰਨਾਂ ਨੂੰ ਜਨਾਕ=ਜਣਾਉਂਦੇ ਹਨ।

ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ॥ ੩॥

ਉਨ੍ਹਾਂ ਦੇ ਹਿਰਦੇ ਵਿਚ ਹਰੀ ਦੀ ਭਗਤੀ, ਵਾ:-ਕੀਰਤੀ ਰੂਪੀ ਵਾਸ਼ਨਾ ਵਸ ਗਈ ਹੈ, ਜੋ ਵਿਸ਼ਿਆਂ ਦੀ ਮੁਸ਼ਕ ਮੁਸਕਾਕ=ਮੁਸ਼ਕ ਰਹੀ ਸੀ, ਭਾਵ—ਫੈਲ ਰਹੀ ਸੀ ਉਹ ਸਾਰੀ ਬੁਰੀ ਵਾਸ਼ਨਾ ਛੂਟਿ ਗਈ=ਨਵਿਰਤ ਹੋ ਗਈ ਹੈ॥ ੩॥

ਤੁਮ੍ਰੇ ਜਨ ਤੁਮ੍ ਹੀ ਪ੍ਰਭ ਕੀਏ ਹਰਿ ਰਾਖਿ ਲੇਹੁ ਆਪਨ ਅਪਨਾਕ॥

ਹੇ ਹਰੀ ਪ੍ਰਭੂ! ਆਪ ਜੀ ਦੇ ਜੋ ਸੇਵਕ ਜਨ ਹਨ ਉਹ ਤੁਸਾਂ ਨੇ ਆਪ ਰੱਖ ਲੈਣਾ ਕੀਤੇ ਹਨ, ਹੇ ਹਰੀ! ਸਾਨੂੰ ਭੀ ਆਪਣਾ ਦਾਸ ਜਾਣ ਕੇ ਆਪ ਰੱਖ ਲੈਣਾ ਕਰੋ।

ਜਨ ਨਾਨਕ ਕੇ ਸਖਾ ਹਰਿ ਭਾਈ ਮਾਤ ਪਿਤਾ ਬੰਧਪ ਹਰਿ ਸਾਕ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ! ਮੈਂ ਸੇਵਕ ਜਨ ਦੇ ਹਰ ਤਰ੍ਹਾਂ ਨਾਲ ਸਖਾ, ਭਰਾ, ਮਾਤਾ, ਪਿਤਾ ਸਬੰਧੀ ਇਤਆਦਿਕ ਸਾਰੇ ਸਾਕ ਆਪ ਹੀ ਹੋ ॥ ੪॥ ੪॥

ਕਾਨੜਾ ਮਹਲਾ ੪॥

ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ॥

ਹੇ ਮੇਰੇ ਮਨ! ਹਰਿ ਹਰਿ ਨਾਮ ਨੂੰ ਜਪ ਅਤੇ ਚਿਤ ਵਿਚ ਰਾਮ ਨਾਮ ਦਾ ਚੀਤਿ=ਚਿੰਤਨ ਕਰ।

ਹਰਿ ਹਰਿ ਵਸਤੁ ਮਾਇਆ ਗੜਿ ਵੇੜ੍ਹੀ
ਗੁਰ ਕੈ ਸਬਦਿ ਲੀਓ ਗੜੁ ਜੀਤਿ॥ ੧॥ ਰਹਾਉ॥

ਹਰਿ ਹਰਿ ਰੂਪ ਵਸਤੂ ਮਾਇਆ ਰੂਪ ਗੜੀ ਵਿਚ ਵੇੜ੍ਹੀ=ਵੇਸਟਤ (ਘਿਰੀ) ਹੋਈ ਸੀ, ਪਰ ਗੁਰਾਂ ਦੇ

ਉਪਦੇਸ਼ ਦੁਆਰਾ ਮੈਂ ਮਾਇਆ ਰੂਪ ਗੜ੍ਹ=ਕਿਲੇ ਨੂੰ ਜਿੱਤ ਲਿਆ ਹੈ॥ ੧॥ ਰਹਾਉ॥

ਮਿਥਿਆ ਭਰਮਿ ਭਰਮਿ ਬਹੁ ਭ੍ਰਮਿਆ ਲੁਬਧੋ ਪੁਤ੍ਰ ਕਲਤ੍ਰ ਮੋਹ ਪ੍ਰੀਤਿ॥

ਭਰਮ ਦਾ ਭਰਮਾਇਆ ਹੋਇਆ ਇਹ ਜੀਵ ਮਿਥਿਆ ਪਦਾਰਥਾਂ ਵਿਚ ਬਹੁਤ ਹੀ ਭਰਮਦਾ ਹੈ,

ਅਥਵਾ:-ਭਰਮ ਕਰਕੇ ਇਹ ਜੀਵ ਮਿਥਿਆ ਪਦਾਰਥਾਂ ਵਿਚ ਬਹੁਤ ਹੀ ਭੱਜਾ ਫਿਰਦਾ ਹੈ ਅਤੇ ਭਰਮ ਕਰਕੇ ਹੀ ਇਸਤ੍ਰੀ ਦੀ ਪ੍ਰੀਤੀ ਤੇ ਪੁੱਤ੍ਰ ਦੇ ਮੋਹ ਵਿਚ ਲੁਬਧੋ=ਲੁਭਾਇਮਾਨ ਹੋ ਰਿਹਾ ਹੈ।

ਜੈਸੇ ਤਰਵਰ ਕੀ ਤੁਛ ਛਾਇਆ ਖਿਨ ਮਹਿ ਬਿਨਸਿ ਜਾਇ ਦੇਹ ਭੀਤਿ॥੧॥

ਜਿਵੇਂ, ਬ੍ਰਿਛ ਦੀ ਛਾਂ ਤੁਛ ਹੈ ਤਿਵੇਂ ਦੇਹ ਰੂਪ ਭੀਤਿ=ਕੰਧ ਭੀ ਇਕ ਖਿਨ ਵਿਚ ਬਿਨਸ ਜਾਣੀ ਹੈ॥ ੧॥

ਹਮਰੇ ਪ੍ਰਾਨ ਪ੍ਰੀਤਮ ਜਨ ਊਤਮ ਜਿਨ ਮਿਲਿਆ ਮਨਿ ਹੋਇ ਪ੍ਰਤੀਤਿ॥

ਉੱਤਮ ਸੰਤ ਜਨ ਮੇਰੇ ਪ੍ਰਾਣਾਂ ਦੇ ਪ੍ਰੀਤਮ ਹਨ, ਜਿਨ੍ਹਾਂ ਦੇ ਮਿਲਿਆਂ ਮਨ ਵਿਚ ਪ੍ਰਤੀਤਿ=ਭਰੋਸਾ ਹੁੰਦਾ ਹੈ।

ਪਰਚੈ ਰਾਮੁ ਰਵਿਆ ਘਟ ਅੰਤਰਿ ਅਸਥਿਰੁ ਰਾਮੁ ਰਵਿਆ ਰੰਗਿ ਪ੍ਰੀਤਿ॥੨॥

ਜਿਨ੍ਹਾਂ ਨੇ ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ ਘਟ ਅੰਦਰ ਰਾਮ ਨਾਮ ਨੂੰ ਉਚਾਰਿਆ ਹੈ, ਉਨ੍ਹਾਂ ਦੁਆਰੇ ਜਦ ਅਸਾਂ ਨੇ ਪ੍ਰੀਤੀ ਪੂਰਬਕ ਰਾਮ ਨੂੰ ਉਚਾਰਿਆ ਤਾਂ ਇਸਥਿਤ ਰੰਗਿ=ਅਨੰਦ ਹੋਇਆ॥ ੨॥

[ਪੰਨਾ ੧੨੯੬]

ਹਰਿ ਕੇ ਸੰਤ ਸੰਤ ਜਨ ਨੀਕੇ ਜਿਨ ਮਿਲਿਆਂ ਮਨੁ ਰੰਗਿ ਰੰਗੀਤਿ॥

ਸਾਰਿਆਂ ਸੰਤਾਂ ਵਿਚੋਂ ਹਰੀ ਦੇ ਸੰਤ ਜਨ ਨੀਕੇ=ਚੰਗੇ ਹਨ, ਜਿਨ੍ਹਾਂ ਸੰਤਾਂ ਨਾਲ ਮਿਲਿਆਂ ਇਹ ਮਨ ਪ੍ਰੇਮ ਰੰਗ ਵਿਚ ਰੰਗਿਆ ਜਾਂਦਾ ਹੈ।

ਹਰਿ ਰੰਗੁ ਲਹੈ ਨ ਉਤਰੈ ਕਬਹੂ ਹਰਿ ਹਰਿ ਜਾਇ ਮਿਲੈ ਹਰਿ ਪ੍ਰੀਤਿ॥੩॥

ਜੋ ਇਕ ਵਾਰ ਹਰੀ ਦੇ ਰੰਗੁ=ਅਨੰਦ ਨੂੰ ਲੈਂਦਾ ਹੈ, ਫੇਰ ਉਹ ਅਨੰਦ ਉਸ ਦੇ ਅੰਦਰੋਂ ਕਦੇ ਉਤਰਦਾ ਨਹੀਂ, ਹਰੀ ਨਾਲ ਪ੍ਰੀਤੀ ਕਰਨ ਵਾਲਾ ਗੁਰਮੁਖ ਹਰਿ ਹਰਿ ਦੇ ਨਾਲ ਜਾ ਕੇ ਮਿਲਦਾ ਹੈ॥੩॥

ਵਾ:-ਹਰੀ ਰੰਗ ਉਤਾਰਿਆ ਹੋਇਆ ਕਦੇ ਲਹਿੰਦਾ ਨਹੀਂ ਹੈ।

ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ॥

ਅਸਾਂ ਅਪਰਾਧੀਆਂ ਨੇ ਬਹੁਤ ਹੀ ਪਾਪ ਕਰਮ ਕੀਤੇ ਸਨ, ਜੋ ਪੁੰਨ ਕਰਮਾਂ ਨੂੰ ਕੱਟਦੇ ਸਨ, ਪਰ ਕਟੀਤਿ= ਕੱਟਣ ਵਾਲੇ ਜੋ ਗੁਰੂ ਹਨ ਉਨ੍ਹਾਂ ਨੇ ਆਪਣੀ ਸਮਰੱਥਾ ਨਾਲ ਉਹ ਕੱਟਣ ਵਾਲੇ ਪਾਪ ਸਾਰੇ ਕੱਟ ਦਿੱਤੇ ਹਨ।

ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ
ਜਨ ਨਾਨਕ ਪਤਿਤ ਪੁਨੀਤ॥੪॥੫॥

ਗੁਰੂ ਜੀ ਕਥਨ ਕਰਦੇ ਹਨ—ਮੇਰੇ ਮੂੰਹ ਵਿਚ ਗੁਰਾਂ ਨੇ ਹਰਿ ਹਰਿ ਨਾਮ ਦਾ ਸਿਮਰਨ ਰੂਪ ਅਉਖਧੁ= ਦਾਰੂ ਪਾ ਦਿੱਤਾ ਹੈ ਅਤੇ ਮੈਂ ਪਤਿਤ=ਪਾਪੀ ਨੂੰ ਪੁਨੀਤ=ਪਵਿੱਤ੍ਰ ਕਰ ਦਿੱਤਾ ਹੈ॥ ੪॥ ੫॥

ਕਾਨੜਾ ਮਹਲਾ ੪ ॥

ਜਪਿ ਮਨ ਰਾਮ ਨਾਮ ਜਗੰਨਾਥ ॥

ਸਾਰੇ ਜਗਤ ਦਾ ਨਾਥ ਜੋ ਰਾਮ ਹੈ ਉਸ ਦੇ ਨਾਮ ਨੂੰ ਮੈਂ ਜਪਿਆ ਹੈ ਅਤੇ ਹੇ ਮਨ ! ਤੂੰ ਉਸਦੇ ਨਾਮ ਨੂੰ ਜਪਣਾ ਕਰ।

ਘੂਮਨ ਘੇਰ ਪਰੇ ਬਿਖੁ ਬਿਖਿਆ
ਸਤਿਗੁਰ ਕਾਢਿ ਲੀਏ ਦੇ ਹਾਥ ॥ ੧ ॥ ਰਹਾਉ ॥

ਵਿਹੁ ਰੂਪ ਵਿਸ਼ਿਆਂ ਦੀ ਘੁੰਮਣ ਘੇਰੀ ਵਿਚ ਪਏ ਹੋਏ ਸੀ, ਸਤਿਗੁਰਾਂ ਨੇ ਹੱਥ ਦੇ ਕੇ ਕੱਢ ਲਿਆ ਹੈ॥ ੧ ॥ ਰਹਾਉ ॥

ਸੁਆਮੀ ਅਭੈ ਨਿਰੰਜਨ ਨਰਹਰਿ ਤੁਮ੍ ਰਾਖਿ ਲੇਹੁ ਹਮ ਪਾਪੀ ਪਾਥ ॥

ਹੇ ਨਿਰੰਜਨ ਸੁਆਮੀ ! ਆਪ ਅਭੈ=ਡਰ ਤੋਂ ਰਹਿਤ ਹੋ ਤੇ ਨਰਾਂ ਦੇ ਹਰੇ ਕਰਨ ਵਾਲੇ ਹੋ. ਅਸਾਂ ਪਾਪੀਆਂ ਨੂੰ ਪਾਪਾਂ ਦੇ ਪਾਥ=ਰਸਤੇ ਵਲੋਂ, ਵਾ:-ਪਾਂਪੀਆਂ ਦੇ ਰਸਤੇ ਤੋਂ ਰੱਖ ਲਵੋ। ਵਾ:-ਅਸੀਂ ਪਾਪੀ ਪਾਥ=ਪੱਥਰ ਵਾਂਙੂ ਭਾਰੇ ਹਾਂ, ਆਪ ਸਾਨੂੰ ਚੰਗੇ ਪਾਥ=ਰਸਤੇ ਪਾ ਕੇ ਰੱਖ ਲਓ।

ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ ਕਾਸਟ ਲੋਹ ਤਰੇ ਸੰਗਿ ਸਾਥ ॥ ੧ ॥

ਲੋਭੀ ਹੋ ਕੇ ਕਾਮ ਕ੍ਰੋਧ ਆਦਿਕ ਵਿਸ਼ਿਆਂ ਵਿਚ ਲੁਭਾਇਮਾਨ ਸੀ, ਜਿਵੇਂ ਕਾਸਟ=ਕਾਠ ਦੇ ਸੰਗ ਕਰਕੇ ਲੋਹਾ ਤਰ ਜਾਂਦਾ ਹੈ, ਤਿਵੇਂ ਆਪ ਜੀ ਦੇ ਸੰਗੀ ਹੋ ਕੇ ਅਸੀਂ ਲੋਹੇ ਵਾਂਙੂ ਪਾਪੀ ਜੀਵ ਸੰਸਾਰ ਤੋਂ ਤਰ ਗਏ ਹਾਂ॥ ੧ ॥

ਤੁਮ੍ ਵਡ ਪੁਰਖ ਬਡ ਅਗਮ ਅਗੋਚਰ ਹਮ ਢੂਢਿ ਰਹੇ ਪਾਈ ਨਹੀ ਹਾਥ ॥

ਆਪ ਵੱਡਿਆਂ ਤੋਂ ਵੱਡੇ ਅਗਮ ਅਗੋਚਰ ਪੁਰਖ ਹੋ, ਅਸੀਂ ਬਹੁਤ ਹੀ ਢੂੰਢ ਰਹੇ ਹਾਂ ਪਰ ਤੇਰੀ ਹਾਥ=ਥਾਹ ਨਹੀਂ ਪਾਈ ਜਾਂਦੀ।

ਤੂ ਪਰੈ ਪਰੈ ਅਪਰੰਪਰੁ ਸੁਆਮੀ ਤੂ ਆਪਨ ਜਾਨਹਿ ਆਪਿ ਜਗੰਨਾਥ ॥ ੨ ॥

ਹੇ ਅਪਰੰਪਰ ਸੁਆਮੀ ਆਪ ਪਰੇ ਤੋਂ ਪਰੇ ਹੋ, ਹੇ ਸਾਰੇ ਜਗਤ ਦੇ ਸੁਆਮੀ ਤੂੰ ਆਪਣੀ ਗਤੀ ਨੂੰ ਆਪ ਹੀ ਜਾਣਦਾ ਹੈਂ॥ ੨ ॥

ਅਦ੍ਰਿਸਟੁ ਅਗੋਚਰ ਨਾਮੁ ਧਿਆਏ ਸਤਸੰਗਤਿ ਮਿਲਿ ਸਾਧੂ ਪਾਥ ॥

ਇਨ੍ਹਾਂ ਅੱਖਾਂ ਕਰਕੇ ਅਦ੍ਰਿਸਟੁ=ਵੇਖਣ ਤੋਂ ਰਹਿਤ ਤੇ ਇੰਦ੍ਰੀਆਂ ਕਰਕੇ ਅਗੋਚਰ ਹੇ ਪ੍ਰਭੂ ! ਅਸਾਂ ਨੇ ਆਪ ਜੀ ਦੇ ਨਾਮ ਧਿਆਉਣਾ ਕੀਤੇ ਹਨ, ਸਤਸੰਗਤ ਵਿਚ ਮਿਲ ਕੇ ਤੇ ਸਾਧੂਆਂ ਦੇ ਦੱਸੇ ਹੋਏ ਪਾਥ=ਰਸਤੇ 'ਪਰ ਤੁਰ ਕੇ। ਵਾ:-ਸਾਧੂਆਂ ਦੀ ਸਤ ਸੰਗਤ ਵਿਚ ਮਿਲ ਕੇ ਜੋ ਨਾਮ ਧਿਆਉਣਾ ਕੀਤਾ ਹੈ ਏਹੀ ਅਗਿਆਨ ਰੋਗ ਦੀ ਨਵਿਰਤੀ ਦਾ ਪਾਥ=ਪਥ (ਪ੍ਰਹੇਜ) ਹੈ।

ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ
ਹਰਿ ਹਰਿ ਜਪਿਓ ਅਕਥ ਕਥ ਕਾਥ ॥ ੩ ॥

ਸਤਸੰਗਤ ਨਾਲ ਮਿਲ ਕੇ, ਹੇ ਹਰੀ ! ਹਰ ਤਰ੍ਹਾਂ ਨਾਲ ਤੇਰੀ ਕਥਾ ਮਨ ਕਰਕੇ ਸੁਣੀ ਹੈ ਤੇ ਤਨ ਕਰਕੇ ਹੇ ਹਰੀ ! ਤੇਰੇ ਹਰੀ ਨਾਮ ਨੂੰ ਜਪਿਆ ਹੈ ਅਤੇ ਬਾਣੀ ਕਰਕੇ, ਹੇ ਅਕਥ ਪ੍ਰਭੂ ! ਤੇਰੀ ਕਥਾ ਨੂੰ ਕਥਨ ਕੀਤਾ ਹੈ॥ ੩॥

ਹਮਰੇ ਪ੍ਰਭ ਜਗਦੀਸ ਗੁਸਾਈ ਹਮ ਰਾਖਿ ਲੇਹੁ ਜਗੰਨਾਥ॥

ਹੇ ਮੇਰੇ ਪ੍ਰਭੂ ! ਹੇ ਜਗਦੀਸ਼ਰ ਸ੍ਵਾਮੀ, ਹੇ ਸਾਰੇ ਜਗਤ ਦੇ ਨਾਥ=ਸੁਆਮੀ ! ਆਪ ਮੈਨੂੰ ਰੱਖ ਲੈਣਾ ਕਰੋ।

ਜਨ ਨਾਨਕੁ ਦਾਸੁ ਦਾਸ ਦਾਸਨ ਕੋ
ਪ੍ਰਭ ਕਰਹੁ ਕ੍ਰਿਪਾ ਰਾਖਹੁ ਜਨ ਸਾਥ॥ ੪॥ ੬॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਜੋ ਦਾਸ ਆਪ ਜੀ ਦੇ ਦਾਸਾਂ ਦੇ ਦਾਸ ਹਨ, ਮੈਂ ਸੇਵਕ ਨੂੰ ਕਿਰਪਾ ਦ੍ਰਿਸ਼ਟੀ ਕਰਕੇ ਉਨ੍ਹਾਂ ਦਾਸਾਂ ਦੇ ਨਾਲ ਹੀ ਰੱਖ ਲੈਣਾ ਕਰੋ॥ ੪॥ ੬॥

ਕਾਨੜਾ ਮਹਲਾ ੪ ਪੜਤਾਲ ਘਰੁ ੫॥

੧ੴ ਸਤਿਗੁਰ ਪ੍ਰਸਾਦਿ॥

ਪੜਤਾਲ=ਛੰਦ ਦੀ ਚਾਲ ਹੈ,

ਵਾ:-ਪਾਟਵੇਂ ਤਾਲ ਜਿਸ ਵਿਚ ਹੋਣ ਉਸ ਨੂੰ ਪੜਤਾਲ ਕਹਿੰਦੇ ਹਨ।

ਵਾ:-ਉਸ ਪ੍ਰਭੂ ਦੀ ਪੜਤਾਲ ਕਰਨ ਲਈ ਏਹ ਸ਼ਬਦ ਉਚਾਰਦੇ ਹਨ।

ਮਨ ਜਾਪਹੁ ਰਾਮ ਗੁਪਾਲ॥ ਹਰਿ ਰਤਨ ਜਵੇਹਰ ਲਾਲ॥

ਹੇ ਮਨ ! ਗੁ=ਬੇਦਾਂ, ਵਾ:-ਇੰਦ੍ਰੀਆਂ ਦੇ ਪਾਲਣ ਵਾਲੇ ਰਾਮ ਦੇ ਨਾਮ ਨੂੰ ਜਪੋ। ਉਹ ਹਰੀ ਰਤਨ ਜਵੇਹਰ ਤੇ ਲਾਲਾਂ ਦੀ ਨਿਆਈਂ ਅਮੋਲਕ ਹੈ।

ਅਥਵਾ:-ਉਹ ਹਰੀ ਪ੍ਰਤੱਖ ਰਤਨ ਜਵੇਹਰ ਲਾਲਾਂ ਦੀ ਪ੍ਰਾਪਤੀ ਕਰਨ ਵਾਲਾ ਹੈ।

ਵਾ:-ਉਹ ਹਰੀ ਰਤਨ=ਵੈਰਾਗ ਜਵੇਹਰ=ਗਿਆਨ ਲਾਲ=ਪਰੇਮ ਆਦਿਕ ਗੁਣਾਂ ਦੀ ਪ੍ਰਾਪਤੀ ਕਰਨ ਵਾਲਾ ਹੈ।

ਹਰਿ ਗੁਰਮੁਖਿ ਘੜਿ ਟਕਸਾਲ॥ ਹਰਿ ਹੋ ਹੋ ਕਿਰਪਾਲ॥ ੧॥ ਰਹਾਉ॥

ਗੁਰਮੁਖਾਂ ਦੀ ਟਕਸਾਲ ਸਤਸੰਗ ਵਿਚ ਹਰੀ ਦੀ ਪ੍ਰਾਪਤੀ ਘੜੀ ਜਾਂਦੀ ਹੈ।

ਹੋ=ਹੇ ਭਾਈ ! ਹਰੀ ਕ੍ਰਿਪਾਲੂ ਹੋ=ਹੋਵੇ ਤਾਂ ਉਹ ਟਕਸਾਲ ਪ੍ਰਾਪਤ ਹੁੰਦੀ ਹੈ॥ ੧॥ ਰਹਾਉ॥

ਤੁਮਰੇ ਗੁਨ ਅਗਮ ਅਗੋਚਰ ਏਕ ਜੀਹ ਕਿਆ ਕਥੈ ਬਿਚਾਰੀ
ਰਾਮ ਰਾਮ ਰਾਮ ਰਾਮ ਲਾਲ॥

ਹੇ ਇੰਦ੍ਰੀਆਂ ਕਰਕੇ ਅਗੋਚਰ ਪ੍ਰਭੂ ! ਆਪ ਜੀ ਦੇ ਗੁਣ ਅਗਮ=ਬੇਅੰਤ ਹਨ, ਮੇਰੀ ਇਕ ਜੀਭ ਵਿਚਾਰੀ ਕੀ ਕਥਨ ਕਰ ਸਕਦੀ ਹੈ, ਇਸ ਲਈ ਲਾਲ=ਪ੍ਰੇਮ ਨਾਲ ਰਾਮ, ਰਾਮ ਰਾਮ ਰਾਮ, ਹੀ ਜਪਦੀ ਹੈ।

ਅਥਵਾ:-ਚਾਰ ਰਾਮ ਹਨ ਇਸ ਲਈ ਚਾਰ ਜੁਗ ਵਰਤੋ:-ਹੇ ਰਾਮ ! ਤੂੰ ਚਾਰਿਆਂ ਜੁਗਾਂ ਵਿਚ ਲਾਲ= ਪਿਆਰਾ ਹੈਂ।

ਅਥਵਾ:-ਸਾਰੇ ਰਮਿਆ ਹੋਇਆ ਜੋ ਰਾਮ ਹੈ ਅਰਾਮ ਦੇਣ ਵਾਲਾ ਉਹ ਰਾਮ ਲਾਲ ਵਾਂਗੂ ਬੇ-ਕੀਮਤਾ ਹੈ।

ਤੁਮਰੀ ਜੀ ਅਕਥ ਕਥਾ ਤੂ ਤੂ ਤੂ ਹੀ ਜਾਨਹਿ
ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ॥ ੧ ॥

ਹੇ ਮਹਾਰਾਜ ਜੀ ! ਆਪ ਜੀ ਦੀ ਕਥਾ ਅਕਥ ਹੈ ਉਸ ਕਥਾ ਨੂੰ ਤਿੰਨਾਂ ਕਾਲਾਂ ਵਿਚ ਤੂੰ ਹੀ ਜਾਣਦਾ ਹੈਂ। ਵਾ:-ਹੇ ਅਕਥ ਮਹਾਰਾਜ ਜੀ ! ਤੁਮਾਰੀ ਜੋ ਕਥਾ ਹੈ ਉਸ ਨੂੰ ਤੂ=ਪੁਨਾ-ਤੁਹੀ ਤੁਹੀ ਜਾਣਦਾ ਹੈਂ, ਹੇ ਹਰੀ ! ਮੈਂ ਆਪ ਜੀ ਨੂੰ ਜਪ ਕੇ ਤਿੰਨਾਂ ਕਾਲਾਂ ਵਿਚ ਨਿਹਾਲ ਹੋਈ ਹਾਂ।

ਵਾ:-ਮਨ ਕਰਕੇ ਨਿਹਾਲ ਬਾਣੀ ਕਰਕੇ ਨਿਹਾਲ, ਤਨ ਕਰਕੇ ਭੀ ਨਿਹਾਲ ਹੋਈ ਹਾਂ।

ਵਾ:-ਨਿਹਾਲ ਰੂਪ ਹਰੀ ਨੂੰ ਨਿਹਾਲ=ਵੇਖ ਕੇ ਨਿਹਾਲ=ਕ੍ਰਿਤ ਕ੍ਰਿਤ ਹੋਈ ਹਾਂ।

ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ ਮੇਰੇ
ਮਨਿ ਤਨਿ ਜੀਹ ਹਰਿ ਹਰੇ ਹਰੇ ਰਾਮ ਨਾਮ ਧਨੁ ਮਾਲ॥

ਹਰੀ ਸੁਆਮੀ ਸਾਡੇ ਪ੍ਰਾਣਾਂ ਦਾ ਸਖਾ=ਮਿੱਤਰ ਹੈ, ਹਰੀ ਸਾਡਾ ਪ੍ਰਲੋਕ ਦਾ ਭੀ ਮਿੱਤਰ ਹੈ, ਮੇਰੇ ਮਨ ਵਿਚ ਭੀ ਹਰੀ ਨਾਮ ਧਨ ਹੈ, ਮੇਰੇ ਤਨ ਵਿਚ ਭੀ ਹਰੀ ਰਾਮ ਨਾਮ ਰੂਪੀ ਮਾਲ ਹੈ, ਮੇਰੀ ਜੀਭ ਵਿਚ ਭੀ ਹਰੇ ਰਾਮ ਦਾ ਨਾਮ ਮੰਤ੍ਰ ਹੈ।

ਜਾ ਕੋ ਭਾਗੁ ਤਿਨਿ ਲੀਓ ਰੀ ਸੁਹਾਗੁ ਹਰਿ ਹਰਿ
ਹਰੇ ਹਰੇ ਗੁਨ ਗਾਵੈ ਗੁਰਮਤਿ ਹਉ ਬਲਿ ਬਲੇ ਹਉ ਬਲਿ ਬਲੇ
ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ॥ ੨ ॥ ੧ ॥ ੭ ॥

ਜਿਸ ਦੇ ਮੱਥੇ ਦਾ ਭਾਗ ਚੰਗਾ ਹੈ, ਰੀ=ਹੇ ਸਖੀ ! ਉਸ ਨੇ ਪਰਮੇਸ਼ਰ ਪਤੀ ਨੂੰ ਪਾ ਲੀਤਾ ਹੈ, ਪੁਨਾ-ਉਹ ਗੁਰ ਸਿੱਖਿਆ ਦੁਆਰੇ ਹਰਿਆ ਕਰਨ ਵਾਲੇ ਹਰੀ ਦੇ ਗੁਣਾਂ ਨੂੰ ਮਨ ਬਾਣੀ ਸਰੀਰ ਦੁਆਰਾ ਗਾਂਵਦੇ ਹਨ, ਗੁਰੂ ਜੀ ਕਥਨ ਕਰਦੇ ਹਨ—ਜਿਸ ਗੁਰਮੁਖ ਜਨ ਦੀ ਬੁੱਧੀ ਹਰੀ ਨਾਮ ਨੂੰ ਜਪਕੇ ਮਨ, ਬਾਣੀ, ਸਰੀਰ ਕਰਕੇ,

ਵਾ:-ਤਿੰਨਾਂ ਕਾਲਾਂ ਵਿਚ ਨਿਹਾਲ ਹੋਈ ਹੈ, ਮੈਂ ਉਹਨਾਂ ਤੋਂ ਬਲਿਹਾਰ ਕੁਰਬਾਣ, ਮੈਂ ਉਹਨਾਂ ਤੋਂ ਬਲਿਹਾਰ ਕੁਰਬਾਣ ਜਾਂਦੀ ਹਾਂ॥ ੨ ॥ ੧ ॥ ੭ ॥

ਕਾਨੜਾ ਮਹਲਾ ੪ ॥

ਹਰਿ ਗੁਨ ਗਾਵਹੁ ਜਗਦੀਸ॥ ਏਕਾ ਜੀਹ ਕੀਚੈ ਲਖ ਬੀਸ॥

ਹੇ ਜਗਦੀਸ਼ਰ ਹਰੀ ! ਮੈਂ ਆਪ ਜੀ ਦੇ ਗੁਣ ਗਾਉਂਦਾ ਹਾਂ। ਮੇਰੀ ਇਕ ਜੀਭ ਤੋਂ ਵੀਹ ਲੱਖ ਜਿਹਵਾ ਕਰ ਦਿਓ।

ਜਪਿ ਹਰਿ ਹਰਿ ਸਬਦਿ ਜਪੀਸ॥ ਹਰਿ ਹੋ ਹੋ ਕਿਰਪੀਸ॥ ੧ ॥ ਰਹਾਉ ॥

ਫਿਰ ਮੈਂ ਜਪੀਸ=ਜਪਣ ਵਾਲਾ ਹੋ ਕੇ ਗੁਰ ਸ਼ਬਦ ਦੁਆਰਾ ਹੇ ਹਰਿ ਹਰਿ ! ਤੇਰੇ ਸਬਦਿ=ਨਾਮ ਨੂੰ ਜਪਦਾ ਰਹਾਂਗਾ। ਹੇ ਹਰੀ ! ਆਪ ਮੇਰੇ 'ਪਰ ਕਿਰਪਾਲੂ ਹੋ=ਹੋਵੋ।

ਅਥਵਾ:-ਹੋ=ਹੇ ਭਾਈ ਹਰੀ ਕ੍ਰਿਪਾਲੂ ਹੋ=ਹੋਵੇ ਤਾਂ ਉਸ ਦਾ ਜਪਣਾ ਹੁੰਦਾ ਹੈ॥ ੧॥ ਰਹਾਉ॥

[ਪੰਨਾ ੧੨੯੭]

ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ
ਹਰਿ ਜਪਿ ਜਪੇ ਹਰਿ ਜਪਿ ਜਪੇ ਜਪੁ ਜਾਪਉ ਜਗਦੀਸ॥

ਹੇ ਹਰੀ ਸੁਆਮੀ ! ਮੇਰੇ 'ਪਰ ਕਿਰਪਾ ਕਰ, ਮੈਨੂੰ ਹਰ ਭਰਮਾਂ ਕਰਕੇ ਸੇਵਾ ਵਿਚ ਲਾ ਲਓ, ਜਿਸ ਕਰਕੇ ਮੈਂ ਮਨ ਕਰਕੇ ਹਰੀ ਨਾਮ ਜਪ ਨੂੰ ਜਪਦਾ ਰਹਾਂ, ਬਾਣੀ ਕਰਕੇ ਭੀ ਹਰੀ ਜਪ ਨੂੰ ਜਪਦਾ ਰਹਾਂ, ਹੇ ਜਗਦੀਸ਼ਰ! ਸਰੀਰ ਕਰਕੇ ਭੀ ਹਰੀ ਜਪ ਨੂੰ ਜਪਦਾ ਰਹਾਂ।

ਵਾ:-ਤਿੰਨਾਂ ਕਾਲਾਂ ਵਿਚ ਹੇ ਜਗਦੀਸ਼ਰ ! ਹਰੀ ਜਪ ਨੂੰ ਜਪਦਾ ਰਹਾਂ।

ਅਥਵਾ:-ਹੇ ਜਗਦੀਸ਼ਰ ਹਰਿ ਹਰਿ ! ਆਪ ਜੀ ਦਾ ਜਪ ਜੋ ਜਪਣੇ ਜੋਗ ਹੈ ਉਸ ਜਪ ਨੂੰ ਜਿਨ੍ਹਾਂ ਨੇ ਜਪਿਆ ਹੈ, ਉਹਨਾਂ ਦੁਆਰੇ ਮੈਂ ਭੀ ਉਸ ਜਪ ਨੂੰ ਜਪਦਾ ਰਹਾਂ।

ਤੁਮਰੇ ਜਨ ਰਾਮੁ ਜਪਹਿ ਤੇ ਊਤਮ
ਤਿਨ ਕਉ ਹਉ ਘੁਮਿ ਘੁਮੇ ਘੁਮਿ ਘੁਮਿ ਜੀਸ॥ ੧॥

ਹੇ ਰਾਮ ! ਆਪ ਜੀ ਦੇ ਸੇਵਕ ਜਨ ਜੋ ਰਾਮ ਨਾਮ ਜਪਦੇ ਹਨ ਉਹ ਉੱਤਮ ਪੁਰਸ਼ ਹਨ, ਹਉ=ਮੈਂ ਉਹਨਾਂ ਦੇ ਉਤੋਂ ਚਤੁਸਟੇ ਅੰਤਹਕਰਣ ਕਰਕੇ ਬਲਿਹਾਰ ਕੁਰਬਾਨ ਜਾਂਦਾ ਹਾਂ।

ਵਾ:-ਚਾਰ ਘੁਮਿ ਘੁਮੇ ਹਨ ਇਸ ਕਰਕੇ ਚਾਰਿਆਂ ਜੁਗਾਂ ਵਿਚ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸੋ ਕਰਹਿ ਜਿ ਤੁਧੁ ਭਾਵੀਸ॥

ਮਨੁੱਖਾਂ ਤੋਂ ਵੱਡੇ ਰਾਜੇ, ਰਾਜਿਆਂ ਤੋਂ ਵੱਡੇ ਦੇਵਤੇ, ਦੇਵਤਿਆਂ ਤੋਂ ਵੱਡੇ ਇੰਦਰ, ਇੰਦਰ ਤੋਂ ਵੱਡੇ ਬ੍ਰਹਮਾ ਆਦਿਕ, ਹੇ ਹਰੀ ! ਆਪ ਉਹਨਾਂ ਤੋਂ ਭੀ ਉੱਚੇ ਹੋ। ਅਥਵਾ:-ਹੇ ਹਰੀ ! ਆਪ ਮਨੁੱਖਾ ਤੋਂ ਵੱਡੇ ਹੋ, ਦੇਵਤਿਆਂ ਤੋਂ ਵੱਡੇ ਹੋ, ਇੰਦਰ ਤੋਂ ਵੱਡੇ ਹੋ, ਬ੍ਰਹਸਪਤੀ ਆਦਿਕਾਂ ਤੋਂ ਵੱਡੇ ਹੋ, ਬ੍ਰਹਮਾ ਵਿਸ਼ਨੂੰ ਆਦਿਕਾਂ ਤੋਂ ਭੀ ਉੱਚੇ ਹੋ: ਜੇਹੜੀ ਗੱਲ ਆਪ ਜੀ ਨੂੰ ਭਾਅ ਜਾਵੇ ਆਪ ਓਹੀ ਗੱਲ ਕਰਕੇ ਹੋ।

ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ
ਧਨੁ ਧੰਨੁ ਧਨੁ ਧੰਨੁ ਧੰਨੁ ਗੁਰੂ ਸਾਬੀਸ॥ ੨॥ ੨॥ ੮॥

ਗੁਰੂ ਜੀ ਕਥਨ ਕਰਦੇ ਹਨ—ਸੇਵਕ ਨੇ ਗੁਰ ਸਿੱਖਿਆ ਦੁਆਰੇ ਨਾਮ ਅੰਮ੍ਰਿਤ ਪੀਤਾ ਹੈ, ਇਸ ਲਈ ਮਨ ਕਰਕੇ ਧੰਨ ਗੁਰੂ ਧੰਨ ਗੁਰੂ, ਬਾਣੀ ਦੁਆਰਾ ਧੰਨ ਗੁਰੂ ਧੰਨ ਗੁਰੂ, ਸਰੀਰ ਦੁਆਰਾ ਭੀ ਧੰਨ ਗੁਰੂ ਧੰਨ ਗੁਰੂ ਕਹਿੰਦਾ ਹਾਂ।

ਵਾ:-ਗੁਰੂ ਪਿਛੇ ਵੀ ਧੰਨ ਤੇ ਧੰਨ ਸਨ, ਹੁਣ ਭੀ ਧੰਨ ਤੇ ਧੰਨ ਹਨ, ਗੁਰੂ ਅੱਗੇ ਭੀ ਧੰਨੁ ਸਾਬੀਸ=ਧੰਨਤਾ ਜੋਗ ਹੋਣਗੇ।

ਵਾ:-ਗੁਰੂ ਜੀ ਦੇ ਮਾਤਾ ਰੂਪ ਕੌਰ ਧਨੁ ਧੰਨੁ=ਧੰਨਤਾ ਜੋਗ ਹਨ, ਗੁਰੂ ਜੀ ਦੇ ਪਿਤਾ ਤੇਜ ਭਾਨ ਜੀ ਭੀ ਧਨੁ ਧੰਨੁ=ਧੰਨਤਾ ਜੋਗ ਹਨ, ਗੁਰੂ ਅਮਰਦਾਸ ਸਾਹਿਬ ਜੀ ਆਪ ਭੀ ਧੰਨੁ ਸਾਬੀਸ=ਧੰਨਤਾ ਦੇ ਜੋਗ ਹਨ॥ ੨॥ ੨॥ ੮॥

ਕਾਨੜਾ ਮਹਲਾ ੪ ॥

ਭਜੁ ਰਾਮੋ ਮਨਿ ਰਾਮ ॥ ਜਿਸੁ ਰੂਪ ਨ ਰੇਖ ਵਡਾਮ ॥

ਹੇ ਪਿਆਰੇ ! ਮਨ ਵਿਚ ਰਾਮ ਰਾਮ ਨੂੰ ਭਜਨਾ ਕਰ। ਪ੍ਰਸ਼ਨ-ਕੇਹੜੇ ਰਾਮ ਨੂੰ ਭਜੀਏ?

ਉੱਤਰ- ਜਿਸ ਰਾਮ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਸਾਰਿਆਂ ਤੋਂ ਵਡਾਮ=ਵੱਡਾ ਹੈ।

ਸਤਸੰਗਤਿ ਮਿਲੁ ਭਜੁ ਰਾਮ ॥ ਬਡ ਹੋ ਹੋ ਭਾਗ ਮਥਾਮ ॥ ੧ ॥ ਰਹਾਉ ॥

ਸਤਸੰਗਤ ਵਿਚ ਮਿਲਕੇ ਉਸ ਵੱਡੇ ਰਾਮ ਨੂੰ ਭਜਨਾ ਕਰ। ਹੋ=ਹੇ ਭਾਈ ! ਮੱਥੇ ਦੇ ਵੱਡੇ ਭਾਗ ਹੋ=ਹੋਣ ਤਾਂ ਰਾਮ ਦਾ ਭਜਨਾ ਹੁੰਦਾ ਹੈ॥ ੧ ॥ ਰਹਾਉ ॥

ਜਿਤੁ ਗ੍ਰਿਹਿ ਮੰਦਰਿ ਹਰਿ ਹੋਤੁ ਜਾਸੁ
ਤਿਤੁ ਘਰਿ ਆਨਦੋ ਆਨੰਦੁ ਭਜੁ ਰਾਮ ਰਾਮ ਰਾਮ ॥

ਜਿਸ ਪ੍ਰਤੱਖ ਘਰ ਦੇ ਮੰਦਰਿ=ਅੰਦਰ, ਵਾ:-ਸਰੀਰ ਘਰ ਦੇ ਅੰਦਰ ਹਰੀ ਦਾ ਜਸ ਉਚਾਰਨ ਹੁੰਦਾ ਹੈ ਉਸ ਘਰ ਵਿਚ ਅਨੰਦ ਹੀ ਅਨੰਦ ਹੈ, ਵਾ:-ਉਸ ਸਰੀਰ ਘਰ ਵਿਚ ਅਨੰਦ ਰੂਪ ਹਰੀ ਦਾ ਅਨੰਦ ਹੈ, ਇਸ ਕਰਕੇ ਮਨ ਬਾਣੀ ਸਰੀਰ ਦੁਆਰਾ, ਵਾ:-ਤ੍ਰਿੰਨਾਂ ਕਾਲਾਂ ਵਿਚ ਰਾਮ ਰਾਮ ਨੂੰ ਭਜਨਾ ਕਰ।

ਅਥਵਾ:-ਜੋ ਰਾਮ ਸਾਰੇ ਰਮਿਆ ਹੋਇਆ ਹੈ ਉਸ ਰਾਮ ਨੂੰ ਭਜ।

ਰਾਮ ਨਾਮ ਗੁਨ ਗਾਵਹੁ ਹਰਿ ਪ੍ਰੀਤਮ ਉਪਦੇਸਿ ਗੁਰੂ ਗੁਰ ਸਤਿਗੁਰਾ
ਸੁਖੁ ਹੋਤੁ ਹਰਿ ਹਰੇ ਹਰਿ ਹਰੇ ਹਰੇ ਭਜੁ ਰਾਮ ਰਾਮ ਰਾਮ ॥ ੧ ॥

ਗੁਰ=ਪੂਜਨੀਕ ਸਤਿਗੁਰਾਂ ਦੇ ਗੁਰੂ=ਵੱਡੇ ਉਪਦੇਸ਼ ਦੁਆਰਾ=ਹਰੀ ਰਾਮ ਪ੍ਰੀਤਮ ਦੇ ਨਾਮ ਗੁਣਾਂ ਨੂੰ ਗਾਵਣਾ ਕਰੋ, ਕਿਉਂਕਿ ਮਨ ਕਰਕੇ ਹਰਿ ਹਰਿ ਰਾਮ ਦੇ ਭਜਨੇ ਕਰਕੇ, ਬਾਣੀ ਦੁਆਰਾ ਹਰਿ ਹਰਿ ਰਾਮ ਦੇ ਭਜਨੇ ਕਰਕੇ, ਸਰੀਰ ਦੁਆਰਾ ਹਰਿ ਹਰਿ ਰਾਮ ਦੇ ਭਜਨੇ ਕਰਕੇ ਸੁਖ ਹੀ ਸੁਖ ਪ੍ਰਾਪਤ ਹੁੰਦਾ ਹੈ॥ ੧ ॥

ਸਭ ਸਿਸਟਿ ਧਾਰ ਹਰਿ ਤੁਮ ਕਿਰਪਾਲ ਕਰਤਾ
ਸਭੁ ਤੂ ਤੂ ਤੂ ਰਾਮ ਰਾਮ ਰਾਮ ॥

ਹੇ ਕਿਰਪਾਲੂ ਸੁਭਾਅ ਵਾਲੇ ਹਰੀ ਕਰਤਾ ! ਆਪ ਹੀ ਸਾਰੀ ਸ੍ਰਿਸ਼ਟੀ ਦੇ ਧਾਰਨ ਵਾਲੇ ਹੋ, ਹੇ ਰਾਮ ! ਪਿਛੇ ਭੀ ਸਾਰੇ ਤੂੰ ਸੀ, ਹੇ ਰਾਮ ! ਹੁਣ ਭੀ ਸਾਰੇ ਤੂੰ ਹੈਂ, ਹੇ ਰਾਮ ! ਅੱਗੇ ਭੀ ਸਾਰੇ ਤੂੰ ਹੀ ਹੋਵੇਂਗਾ।

ਜਨ ਨਾਨਕੋ ਸਰਣਾਗਤੀ ਦੇਹੁ ਗੁਰਮਤੀ
ਭਜੁ ਰਾਮ ਰਾਮ ਰਾਮ ॥ ੨ ॥ ੩ ॥ ੯ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਨੂੰ ਸ਼ਰਨ ਵਿਚ ਪ੍ਰਾਪਤ ਹੋਇਆ ਸਮਝ ਕੇ ਗੁਰ ਸਿੱਖਿਆ ਦਿਓ; ਜਿਸ ਕਰਕੇ ਮਨ, ਬਾਣੀ, ਸਰੀਰ ਦੁਆਰਾ ਰਾਮ ਰਾਮ ਨੂੰ ਭਜਨਾ ਕਰਾਂ।

ਵਾ:-ਹੇ ਰਮਣ ਰੂਪ ਰਾਮ ਆਪ ਜੀ ਦੇ ਰਾਮ ਰਾਮ ਨਾਮ ਨੂੰ ਭਜਨਾਂ ਕਰਾਂ॥ ੨ ॥ ੩ ॥ ੯ ॥

ਕਾਨੜਾ ਮਹਲਾ ੪ ॥

ਸਤਿਗੁਰ ਚਾਟਉ ਪਗ ਚਾਟ ॥

ਚਾਟ=ਚਟਨੇ ਜੋਗ ਸਤਿਗੁਰਾਂ ਦੇ ਚਰਨਾਂ ਨੂੰ ਚਟਦਾ ਹਾਂ।

ਵਾ:-ਚਾਟ=ਉਚਾਟ ਦੇ ਲਗਣੇ ਕਰਕੇ ਸਤਿਗੁਰਾਂ ਦੇ ਚਰਨਾਂ ਨੂੰ ਚਟਦਾ ਹਾਂ।

ਜਿਤੁ ਮਿਲਿ ਹਰਿ ਪਾਧਰ ਬਾਟ ॥

ਜਿਨ੍ਹਾਂ ਗੁਰਾਂ ਨਾਲ ਮਿਲਣ ਕਰਕੇ ਹਰੀ ਦੀ ਪ੍ਰਾਪਤੀ ਦਾ ਪਾਧਰ ਬਾਟ=ਖੁਲ੍ਹਾ ਰਸਤਾ ਪ੍ਰਾਪਤ ਹੋਇਆ ਹੈ।

ਭਜੁ ਹਰਿ ਰਸੁ ਰਸ ਹਰਿ ਗਾਟ ॥ ਹਰਿ ਹੋ ਹੋ ਲਿਖੇ ਲਿਲਾਟ ॥ ੧ ॥ ਰਹਾਉ ॥

ਰਸੁ=ਪ੍ਰੇਮ ਸਹਿਤ ਹਰੀ ਨੂੰ ਭਜਨਾ ਕਰ ਤੇ ਗਟ ਗਟ ਕਰਕੇ ਹਰੀ ਰਸ ਨੂੰ ਪੀਣਾ ਕਰ ਹੋ=ਹੇ ਭਾਈ ! ਮੱਥੇ ਦੇ ਚੰਗੇ ਲੇਖ ਲਿਖੇ ਹੋਏ ਹੋ=ਹੋਣ ਤਾਂ ਹਰੀ ਦਾ ਭਜਨਾ ਹੁੰਦਾ ਹੈ॥ ੧ ॥ ਰਹਾਉ ॥

ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ
ਸਿਧ ਸਾਧਿਕ ਜੋਗਿਆ ਕਰਿ ਜਟ ਜਟਾ ਜਟ ਜਾਟ ॥

ਬਹੁਤੇ ਪੰਡਿਤ ਜਪ, ਹੋਮ, ਸੰਧਿਆ, ਇਸ਼ਨਾਨ, ਅਥਿਤ ਪੂਜਾ, ਦੇਵ ਅਰਚਾ ਇਨ੍ਹਾਂ ਛੇ ਕਰਮਾਂ ਨੂੰ ਕਰਦੇ ਹਨ, ਕਈ ਸਿਧ ਤੇ ਸਾਧਿਕ ਬਹੁਤ ਹੀ ਸਮਾਨ ਕਿਰਿਆ ਦਾ ਵਿਸਤਾਰ ਕਰਦੇ ਹਨ ਅਤੇ ਕਈ ਜੋਗੀ ਜਟ=ਸਮੂਹ ਜਟਾਂ ਦੇ ਜੜਾਊਆਂ ਦਾ ਜਾਟ=ਜੂੜਾ ਕਰਦੇ ਹਨ। ਪਰ-

ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ
ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ ॥ ੧ ॥

ਇਤਆਦਿਕ ਭੇਖਾਂ ਕਰਕੇ ਹਰੀ ਬ੍ਰਹਮ ਵਿਖੇ ਜੋਗੁ=ਜੁੜਨਾ ਨਹੀਂ ਪਾਈਦਾ,

ਪ੍ਰਸ਼ਨ—ਉਹ ਬ੍ਰਹਮ ਕਿਵੇਂ ਪਾਈਦਾ ਹੈ? *ਉੱਤਰ*—ਸਤਸੰਗਤ ਦੇ ਕਰਨ ਨਾਲ ਹਰੀ ਪਾਈਦਾ ਹੈ। ਆਪ ਜੀ ਨੇ ਸਮਾਨ ਤੇ ਕਿਹਾ ਹੈ ਨਿਰਣੇ ਕਰਕੇ ਨਹੀਂ ਦੱਸਿਆ ? *ਉੱਤਰ*—ਸੰਤ ਜਨਾਂ ਦੀ ਸੰਗਤ ਵਿਚੋਂ ਗੁਰਾਂ ਦੇ ਗੁਰੂ=ਵੱਡੇ ਉਪਦੇਸ਼ ਕਰਕੇ ਹਰੀ ਪਾਈਦਾ ਹੈ। *ਪ੍ਰਸ਼ਨ*—ਕੇਹੜਿਆਂ ਗੁਰਾਂ ਦੇ ਉਪਦੇਸ਼ ਕਰਕੇ ਪਾਈਦਾ ਹੈ? *ਉੱਤਰ*—ਜਿੰਨਾਂ ਦੇ ਆਪਣੇ ਪੰਜਾਂ ਕੋਸ਼ਾਂ ਰੂਪੀ ਤਖਤੇ ਖੁਲ੍ਹੇ ਹੋਏ ਹਨ ਤੇ ਹੋਰਨਾਂ ਦੇ ਤਖਤੇ ਖੋਲ੍ਹ ਦੇਂਦੇ ਹਨ, ਉਹਨਾਂ ਗੁਰਾਂ ਦੁਆਰੇ ਹਰੀ ਪਾਈਦਾ ਹੈ॥ ੧ ॥

ਤੂ ਅਪਰੰਪਰੁ ਸੁਆਮੀ ਅਤਿ ਅਗਾਹ ਤੂ ਭਰਪੁਰਿ ਰਹਿਆ
ਜਲ ਥਲੇ ਹਰਿ ਇਕੁ ਇਕੋ ਇਕ ਏਕੈ ਹਰਿ ਥਾਟ ॥

ਹੇ ਅਪਰੰਪਰ ਸੁਆਮੀ ! ਤੂੰ ਅਤਿ ਅਗਾਹ=ਵੱਡਾ ਅਗਾਧ ਹੈਂ, ਹੇ ਹਰੀ ! ਜਲਾਂ ਵਿਚ ਭੀ ਇਕ ਤੂੰ ਹੀ ਤੇ ਥਲਾਂ ਵਿਚ ਭੀ ਇਕ ਤੂੰ ਹੀ ਭਰਪੂਰ ਹੋ ਰਿਹਾ ਹੈਂ, ਹੇ ਇਕੋ ਇਕ ਹਰੀ! ਇਹ ਸੰਸਾਰ ਥਾਟ ਆਪ ਜੀ ਦਾ ਬਣਾਇਆ ਹੋਇਆ ਹੈ। ਵਾ:-ਇਕ ਸ਼ਬਦ ਚਾਰ ਹਨ, ਇਸ ਕਰਕੇ ਏਹ ਅਰਥ ਕਰਨਾ ਕਿ ਚਾਰਿਆਂ ਜੁਗਾਂ ਦਾ ਥਾਟ ਇਕੋ ਇਕ ਹਰੀ ਨੇ ਕੀਤਾ ਹੈ।

ਤੂ ਜਾਣਹਿ ਸਭ ਬਿਧਿ ਬੂਝਹਿ ਆਪੇ
ਜਨ ਨਾਨਕ ਕੇ ਪ੍ਰਭ ਘਟਿ ਘਟੇ ਘਟਿ ਘਟੇ ਘਟਿ ਹਰਿ ਘਾਟ ॥੨ ॥੪ ॥੧੦ ॥

ਸਾਰੀਆਂ ਵਿਧੀਆਂ ਨੂੰ ਤੂੰ ਆਪ ਹੀ ਜਾਣਦਾ ਹੈਂ, ਤੂੰ ਆਪ ਹੀ ਬੁਝਦਾ ਹੈਂ, ਗੁਰੂ ਜੀ ਕਥਨ ਕਰਦੇ ਹਨ— ਹੇ ਮੇਰੇ ਪ੍ਰਭੂ ! ਪਿਛੇ ਸਾਰਿਆਂ ਘਟਾਂ ਘਟਾਂ ਵਿਚ ਆਪ ਸੀ, ਹੁਣ ਭੀ ਸਾਰਿਆਂ ਘਟਾਂ ਘਟਾਂ ਵਿਚ ਆਪ ਹੈ, ਅੱਗੇ ਭੀ ਸਾਰਿਆਂ ਘਟਾਂ ਘਟਾਂ ਵਿਚ ਆਪ ਇਸਥਿਤ ਹੋਵੇਗੇ।

ਵਾ:-ਚਾਰ ਖਾਣੀਆਂ ਦੇ ਘਟਾਂ ਘਟਾਂ ਵਿਚ ਅਘਟ=ਇਕ ਰਸ ਆਪ ਘਾਟ=ਇਸਥਿਤ ਹੈ॥ ੨ ॥ ੪ ॥੧੦ ॥

ਕਾਨੜਾ ਮਹਲਾ ੪ ॥

ਜਪਿ ਮਨ ਗੋਬਿਦ ਮਾਧੋ ॥ ਹਰਿ ਹਰਿ ਅਗਮ ਅਗਾਧੋ ॥

ਹੇ ਮਨ ! ਗੋਬਿੰਦ ਮਾਧੋ ਨੂੰ ਜਪਣਾ ਕਰ। ਹਰਿਆਂ ਕਰਨ ਵਾਲਾ ਹਰੀ ਅਗਮ ਤੇ ਅਗਾਧ ਹੈ।

ਮਤਿ ਗੁਰਮਤਿ ਹਰਿ ਪ੍ਰਭੁ ਲਾਧੋ ॥
ਧੁਰਿ ਹੋ ਹੋ ਲਿਖੇ ਲਿਲਾਧੋ ॥ ੧ ॥ ਰਹਾਉ ॥

ਮਤੀ ਵਿਚ ਗੁਰ ਸਿੱਖਿਆ ਦੇ ਧਾਰਨੇ ਕਰਕੇ ਹਰੀ ਪ੍ਰਭੂ ਲੱਭਦਾ ਹੈ। ਹੋ=ਹੇ ਭਾਈ ! ਮੱਥੇ 'ਪਰ ਧੁਰ ਤੋਂ ਚੰਗੇ ਲੇਖ ਲਿਖੇ ਹੋਏ ਹੋ=ਹੋਣ ਤਾਂ ਗੁਰਮਤ ਪ੍ਰਾਪਤ ਹੁੰਦੀ ਹੈ॥ ੧ ॥ ਰਹਾਉ ॥

ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ
ਸੁਖੁ ਪਾਈਐ ਹਰਿ ਭਜੁ ਸੰਤ ਸੰਤ ਸੰਗਤੀ ਮਿਲਿ ਸਤਿਗੁਰੂ ਗੁਰੁ ਸਾਧੋ ॥

ਬਿਖ ਰੂਪ ਮਾਇਆ ਦੇ ਸੰਚਿ=ਇਕੱਠ੍ਰ ਕਰਨ ਨਾਲ ਤੇ ਬਹੁਤਿਆਂ ਵਿਕਾਰਾਂ ਦੇ ਚਿਤਵਨੇ ਕਰਕੇ ਇਹ ਜੀਵ ਦੁੱਖੀ ਰਹਿੰਦਾ ਹੈ।

ਪ੍ਰਸ਼ਨ-ਸੁਖ ਕਿਵੇਂ ਪ੍ਰਾਪਤ ਹੁੰਦਾ ਹੈ?

ਉੱਤਰ- ਸੰਤਾਂ ਦੀ ਸਤਸੰਗਤ ਵਿਚ ਸਾਧੋ=ਸਰੇਸ਼ਟ ਗੁਰੁ=ਪੂਜਨੀਕ ਸਤਿਗੁਰਾਂ ਨਾਲ ਮਿਲ ਕੇ ਹਰੀ ਦਾ ਭਜਨ ਕਰੇ ਤਾਂ ਸੁਖ ਪ੍ਰਾਪਤ ਹੁੰਦਾ ਹੈ।

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ
ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ ॥ ੧ ॥

ਜਿਵੇਂ ਮਨੂਰ=ਲੋਹਾ ਪਾਰਸ ਨਾਲ ਛੋਹ ਕੇ ਕੰਚਨ=ਸੋਨਾ ਹੋ ਜਾਂਦਾ ਹੈ, ਤਿਵੇਂ ਪਤਿਤ=ਪਾਪੀ ਪੁਰਸ਼ ਸਤਸੰਗਤ ਨਾਲ ਮਿਲ ਕੇ ਸ਼ੁਧ ਹੋ ਜਾਂਦਾ ਹੈ ਅਤੇ ਅਨੇਕਾਂ ਪਾਪੀ ਗੁਰ ਸਿੱਖਿਆ ਕਰਕੇ ਸੁਧ ਹਾਧੋ=ਹੋ ਗਏ ਹਨ।

ਅਥਵਾ:-ਜੋ ਗੁਰਮਤੀਏ ਆਪ ਸੁਧ ਹਾਧੋ=ਹੈਨ ਉਹਨਾਂ ਦੀ ਸੰਗਤ ਨਾਲ ਮਿਲਕੇ ਤਿਵੇਂ ਪਾਪੀ ਪੁਰਸ਼ ਸ਼ੁਧ ਹੋ ਜਾਂਦੇ ਹਨ॥ ੧ ॥

ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ
ਸਾਧ ਸੰਗਤੀ ਗੁਰ ਸਤਿਗੁਰੁ ਗੁਰ ਸਾਧੋ॥

ਹੇ ਸਾਧੋ=ਸੰਤੋ ! ਜਿਵੇਂ ਕਾਸਟ=ਕਾਠ (ਲੱਕੜ) ਦੇ ਨਾਲ ਲੱਗ ਕੇ ਬਹੁਤ ਸਾਰਾ ਲੋਹਾ ਤਰ ਜਾਂਦਾ ਹੈ, ਤਿਵੇਂ ਗੁਰ=ਪੂਜਨੀਕ ਜੋ ਸਤਿਗੁਰੂ ਹਨ ਗੁਰ-ਸਾਧ=ਬੜੇ ਸਰੇਸ਼ਟ, ਉਨ੍ਹਾਂ ਦੀ ਸਾਧ ਸੰਗਤੀ=ਸਤਸੰਗਤ ਨਾਲ ਮਿਲਕੇ ਪਾਪੀ ਪੁਰਸ਼ ਤਰ ਜਾਂਦੇ ਹਨ।

ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ
ਸੋ ਆਪਿ ਤਰੈ ਕੁਲ ਸਗਲ ਤਰਾਧੋ॥ ੨॥ ੫॥ ੧੧॥

ਬ੍ਰਾਹਮਣ, ਖਤ੍ਰੀ, ਸੂਦ੍ਰ, ਵੈਸ਼ ਏਹ ਚਾਰ ਵਰਨ ਹਨ, ਗ੍ਰਹਿਸਤੀ, ਬਾਨਪ੍ਰਸਤੀ, ਸੰਨਿਆਸੀ ਬ੍ਰਹਮਚਾਰੀ ਏਹ ਚਾਰ ਆਸ਼੍ਰਮ ਹਨ। ਇਨਾਂ ਵਿਚੋਂ ਚਾਹੇ ਕੋਈ ਗੁਰ=ਪੂਜਨੀਕ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲਦਾ ਹੈ,

ਵਾ:-ਪੂਰਿਆਂ ਗੁਰਾਂ ਨਾਲ ਮਿਲਦਾ ਹੈ ਉਹ ਆਪ ਤਰ ਜਾਂਦਾ ਹੈ ਸਾਰੀਆਂ ਕੁਲਾਂ ਨੂੰ ਭੀ ਤਾਰ ਦੇਂਦਾ ਹੈ॥ ੨॥ ੫॥ ੧੧॥

ਕਾਨੜਾ ਮਹਲਾ ੪॥ ਹਰਿ ਜਸੁ ਗਾਵਹੁ ਭਗਵਾਨ॥

ਹੇ ਭਾਈ ! ਹਰੀ ਭਗਵਾਨ ਦੇ ਜਸ ਨੂੰ ਗਾਵਨਾ ਕਰੋ।

ਜਸੁ ਗਾਵਤ ਪਾਪ ਲਹਾਨ॥

ਜਸ ਦੇ ਗਾਉਣ ਕਰਕੇ ਸਾਰੇ ਪਾਪ ਲਹਾਨ=ਲਹਿ ਜਾਂਦੇ ਹਨ।

ਮਤਿ ਗੁਰਮਤਿ ਸੁਨਿ ਜਸੁ ਕਾਨ॥
ਹਰਿ ਹੋ ਹੋ ਕਿਰਪਾਨ॥ ੧॥ ਰਹਾਉ॥

ਮਤੀ ਵਿਚ ਗੁਰ ਸਿੱਖਿਆ ਧਾਰਕੇ ਕੰਨਾਂ ਰਾਹੀਂ ਪ੍ਰਭੂ ਦੇ ਜਸ ਨੂੰ ਸੁਣ। ਹੋ=ਹੇ ਭਾਈ ! ਤਾਂ ਹਰੀ ਕਿਰਪਾਨ=ਕ੍ਰਿਪਾਲੂ, ਹੋ=ਹੁੰਦਾ ਹੈ। ਅਥਵਾ:-ਹਰੀ ਪਾਸੋਂ ਕਿਰਪਾਨ ਧਾਰਨੀ ਪ੍ਰਾਪਤ ਹੋ=ਹੁੰਦੀ ਹੈ।

ਵਾ:-ਹਰੀ ਪਾਸੋਂ ਗਿਆਨ ਰੂਪ ਕਿਰਪਾਨ=ਖੰਡਾ ਪ੍ਰਾਪਤ ਹੋ=ਹੁੰਦਾ ਹੈ॥ ੧॥ ਰਹਾਉ॥

[ਪੰਨਾ ੧੨੬੮]

ਤੇਰੇ ਜਨ ਧਿਆਵਹਿ ਇਕ ਮਨਿ ਇਕ ਚਿਤ
ਤੇ ਸਾਧੂ ਸੁਖ ਪਾਵਹਿ ਜਪਿ ਹਰਿ ਹਰਿ ਨਾਮੁ ਨਿਧਾਨ॥

ਹੇ ਪ੍ਰਭੂ ! ਜੋ ਆਪ ਜੀ ਦੇ ਸੇਵਕ ਜਨ ਇਕਾਗਰ ਮਨ ਤੇ ਇਕ ਚਿਤ ਹੋ ਕੇ ਆਪ ਜੀ ਨੂੰ ਧਿਆਉਂਦੇ ਹਨ, ਉਹ ਸਾਧੂ ਜਨ ਸੁਖਾਂ ਨੂੰ ਪਾਉਂਦੇ ਹਨ ਅਤੇ ਹਰਿ ਹਰਿ ਨਾਮ ਨੂੰ ਜਪ ਕੇ ਨਿਧੀਆਂ ਦੇ ਖਜ਼ਾਨੇ ਹੋਏ ਹਨ।

ਉਸਤਤਿ ਕਰਹਿ ਪ੍ਰਭ ਤੇਰੀਆ ਮਿਲਿ ਸਾਧੂ
ਸਾਧ ਜਨਾ ਗੁਰ ਸਤਿਗੁਰੁ ਭਗਵਾਨ॥ ੧॥

ਜੇਹੜੇ ਸਾਧੂ ਆਪਸ ਵਿਚ ਮਿਲ ਕੇ ਹੇ ਪ੍ਰਭੂ ! ਆਪ ਜੀ ਦੀ ਉਸਤਤੀ ਕਰਦੇ ਹਨ, ਉਹ ਸਾਧ

ਜਨਾ=ਸੰਤ ਜਨ ਅਤੇ ਗੁਰ=ਪੂਜਨੀਕ ਸਤਿਗੁਰ ਦੇਵ ਜੀ ਦੋਵੇਂ ਭਗਵਾਨ ਦਾ ਸਰੂਪ ਹਨ॥ ੧॥

ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ
ਤੇ ਤਰੇ ਭਵ ਸਿੰਧੁ ਤੇ ਭਗਤ ਹਰਿ ਜਾਨ॥

ਹੇ ਹਰੀ ਸੁਆਮੀ ! ਤੂੰ ਜਿਨ੍ਹਾਂ ਦੇ ਹਿਰਦੇ ਵਿਚ ਵਸਦਾ ਹੈਂ ਉਹ ਸੁਖ ਫਲ ਨੂੰ ਪਾਂਦੇ ਹਨ ਅਤੇ ਉਹ ਸੰਸਾਰ-ਸਮੁੰਦਰ ਤੋਂ ਤਰੇ ਹਨ, ਪੁਨਾ-ਉਹ ਹੇ ਹਰੀ ! ਆਪ ਜੀ ਦੇ ਭਗਤ ਜਾਣੇ ਗਏ ਹਨ।

ਤਿਨ ਸੇਵਾ ਹਮ ਲਾਇ ਹਰੇ ਹਮ ਲਾਇ ਹਰੇ
ਜਨ ਨਾਨਕ ਕੇ ਹਰਿ ਤੂ ਤੂ ਤੂ ਤੂ ਤੂ ਭਗਵਾਨ॥ ੨॥ ੬॥ ੧੨॥

ਹੇ ਹਰੀ ! ਮੈਨੂੰ ਉਹਨਾਂ ਦੀ ਸੇਵਾ ਵਿਚ ਲਗਾਓ, ਹੇ ਹਰੀ ! ਮੈਨੂੰ ਉਹਨਾਂ ਦੀ ਸੇਵਾ ਵਿਚ ਲਗਾਓ, ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ਭਗਵਾਨ ਮੈਂ ਸੇਵਕ ਜਨ ਦੇ ਪਿਛੇ ਭੀ ਤੂੰਹੀ ਤੂੰਹੀ ਰੱਖਕ ਸੀ, ਹੁਣ ਭੀ ਤੂੰਹੀ ਤੂੰਹੀ ਰੱਖਕ ਹੈਂ, ਅੱਗੇ ਭੀ ਤੂੰਹੀ ਤੂੰਹੀ ਰਖਕ ਹੋਵੇਂਗਾ।

ਵਾ:-ਤੂ=ਪੁਨਾ—ਚਾਰਿਆਂ ਜੁਗਾਂ ਵਿਚ ਤੂੰਹੀ ਤੂੰਹੀ ਹੈਂ॥ ੨॥ ੬॥ ੧੨॥

ਕਾਨੜਾ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ॥ ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ॥

ਹੇ ਭਾਈ ! ਕਿਰਪਾ ਨਿਧੀ ਗੋਪਾਲ ਦੇ ਗੁਣ ਗਾਵਣਾ ਕਰ।

ਦੁਖ ਬਿਦਾਰਨ ਸੁਖਦਾਤੇ ਸਤਿਗੁਰ
ਜਾ ਕਉ ਭੇਟਤ ਹੋਇ ਸਗਲ ਸਿਧਿ॥ ੧॥ ਰਹਾਉ॥

ਇਕ ਸਤਿਗੁਰੂ ਹੀ ਦੁੱਖਾਂ ਦੇ ਨਾਸ ਕਰਨ ਵਾਲੇ ਤੇ ਸਮੂਹ ਸੁਖਾਂ ਦੇ ਦਾਤੇ ਹਨ । ਜਿਨ੍ਹਾਂ ਗੁਰਾਂ ਨਾਲ ਮਿਲਣ ਕਰਕੇ ਸਾਰੇ ਕਾਰਜ ਸਿਧਿ=ਪੂਰੇ ਹੁੰਦੇ ਹਨ।

ਵਾ:-ਸਾਰੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ॥ ੧॥ ਰਹਾਉ॥

ਸਿਮਰਤ ਨਾਮੁ ਮਨਹਿ ਸਾਧਾਰੈ॥ ਕੋਟਿ ਪਰਾਧੀ ਖਿਨ ਮਹਿ ਤਾਰੈ॥ ੧॥

ਨਾਮ ਸਿਮਰਨੇ ਕਰਕੇ ਮਨ ਸਾਧਾਰੈ=ਸਹਿਤ ਆਸਰੇ ਦੇ ਹੁੰਦਾ ਹੈ। ਵਾਹਿਗੁਰੂ ਨਾਮ ਕ੍ਰੋੜਾਂ ਅਪਰਾਧੀਆਂ ਨੂੰ ਇਕ ਖਿਨ ਵਿਚ ਤਾਰ ਦੇਂਦਾ ਹੈ॥ ੧॥

ਜਾ ਕਉ ਚੀਤਿ ਆਵੈ ਗੁਰੁ ਅਪਨਾ॥ ਤਾ ਕਉ ਦੂਖੁ ਨਹੀ ਤਿਲੁ ਸੁਪਨਾ॥੨॥

ਜਿਸ ਨੂੰ ਆਪਣਾ ਗੁਰੂ ਚੇਤੇ ਆਉਂਦਾ ਹੈ। ਉਸ ਨੂੰ ਸੰਸਾਰ ਸੁਪਨੇ ਦਾ ਤਿਲ ਮਾਤਰ ਭੀ ਦੁੱਖ ਨਹੀਂ ਹੁੰਦਾ॥ ੧॥

ਜਾ ਕਉ ਸਤਿਗੁਰੁ ਅਪਨਾ ਰਾਖੈ॥ ਸੋ ਜਨੁ ਹਰਿ ਰਸੁ ਰਸਨਾ ਚਾਖੈ॥ ੩॥

ਜਿਸ ਪੁਰਸ਼ ਨੂੰ ਆਪਣਾ ਸਤਿਗੁਰੂ ਹੱਥ ਦੇ ਕੇ ਰੱਖਦਾ ਹੈ। ਉਹ ਪੁਰਸ਼ ਰਸਨਾ ਦੁਆਰੇ ਹਰੀ ਨਾਮ ਰਸ ਨੂੰ ਚੱਖਦਾ ਹੈ॥ ੩॥

ਕਹੁ ਨਾਨਕ ਗੁਰਿ ਕੀਨੀ ਮਇਆ ॥
ਹਲਤਿ ਪਲਤਿ ਮੁਖ ਊਜਲ ਭਇਆ ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਉਤੇ ਗੁਰਾਂ ਨੇ ਮਇਆ=ਕ੍ਰਿਪਾ ਦ੍ਰਿਸ਼ਟੀ ਕੀਤੀ ਹੈ। ਉਸ ਦਾ ਹਲਤਿ ਪਲਤਿ=ਲੋਕ ਪਰਲੋਕ ਵਿਚ ਮੂੰਹ ਉੱਜਲਾ ਹੋਇਆ ਹੈ॥ ੪ ॥ ੧ ॥

ਕਾਨੜਾ ਮਹਲਾ ੫ ॥
ਆਰਾਧਉ ਤੁਝਹਿ ਸੁਆਮੀ ਅਪਨੇ ॥

ਹੇ ਆਪਣੇ ਸੁਆਮੀ ! ਮੈਂ ਆਪ ਜੀ ਨੂੰ ਆਰਾਧਦਾ ਹਾਂ।

ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ
ਸਾਸਿ ਹਰਿ ਜਪਨੇ ॥ ੧ ॥ ਰਹਾਉ ॥

ਉਠਦਿਆਂ ਬੈਠਦਿਆਂ ਸਵਾਸ ਸਵਾਸ ਮੈਂ ਆਪ ਜੀ ਨੂੰ ਜਪਦਾ ਹਾਂ ਅਤੇ ਸੁਤਿਆਂ ਜਾਗਦਿਆਂ ਭੀ ਹਰ ਇਕ ਸਵਾਸ ਵਿਚ ਮੈਂ ਆਪ ਜੀ ਨੂੰ ਜਪਦਾ ਹਾਂ॥ ੧ ॥ ਰਹਾਉ ॥

ਤਾ ਕੈ ਹਿਰਦੈ ਬਸਿਓ ਨਾਮੁ ॥ ਜਾ ਕਉ ਸੁਆਮੀ ਕੀਨੋ ਦਾਨੁ ॥ ੧ ॥

ਉਸ ਪੁਰਸ਼ ਦੇ ਹਿਰਦੇ ਵਿਚ ਵਾਹਿਗੁਰੂ ਨਾਮ ਵਸਿਆ ਹੈ। ਹੇ ਸੁਆਮੀ ! ਜਿਸ ਨੂੰ ਤੂੰ ਨਾਮ ਦਾਨ ਦੇਣਾ ਕੀਤਾ ਹੈ॥ ੧ ॥

ਤਾ ਕੈ ਹਿਰਦੈ ਆਈ ਸਾਂਤਿ ॥ ਠਾਕੁਰ ਭੇਟੇ ਗੁਰ ਬਚਨਾਂਤਿ ॥ ੨ ॥

ਉਸ ਪੁਰਸ਼ ਦੇ ਹਿਰਦੇ ਵਿਚ ਸ਼ਾਂਤੀ ਆਈ ਹੈ।

ਹੇ ਠਾਕੁਰ ! ਜਿਸ ਨੂੰ ਗੁਰਾਂ ਦੇ ਬਚਨਾਂ ਦੁਆਰੇ ਤੁਸੀਂ ਆ ਕੇ ਭੇਟੇ=ਮਿਲੇ ਹੋ॥ ੨ ॥

ਸਰਬ ਕਲਾ ਸੋਈ ਪਰਬੀਨ ॥ ਨਾਮ ਮੰਤ੍ਰੁ ਜਾ ਕਉ ਗੁਰਿ ਦੀਨ ॥ ੩ ॥

ਓਹੀ ਪੁਰਸ਼ ਸਰਬ ਕਲਾ ਸਪੰਨ ਤੇ ਪਰਬੀਨ=ਚਤੁਰ ਹੈ। ਜਿਸ ਨੂੰ ਗੁਰਾਂ ਨੇ ਨਾਮ ਸਿਮਰਨ ਦਾ ਮੰਤ੍ਰ= ਉਪਦੇਸ਼ ਦਿੱਤਾ ਹੈ॥ ੩ ॥

ਕਹੁ ਨਾਨਕ ਤਾ ਕੈ ਬਲਿ ਜਾਉ ॥
ਕਲਿਜੁਗ ਮਹਿ ਪਾਇਆ ਜਿਨਿ ਨਾਉ ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਅਸੀਂ ਉਸ ਤੋਂ ਕੁਰਬਾਨ ਜਾਂਦੇ ਹਾਂ। ਜਿਸ ਨੇ ਕਲਜੁਗ ਵਿਚ ਜਨਮ ਧਾਰਕੇ ਨਾਮ ਪਾਇਆ ਹੈ॥ ੪ ॥ ੨ ॥

ਕਾਨੜਾ ਮਹਲਾ ੫ ॥
ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥

ਹੇ ਮੇਰੀ ਰਸਨਾ ! ਤੂੰ ਪ੍ਰਭੂ ਦੀ ਕੀਰਤੀ ਨੂੰ ਗਾਵਣਾ ਕਰ।

ਅਨਿਕ ਬਾਰ ਕਰਿ ਬੰਦਨ ਸੰਤਨ
ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥ ੧ ॥ ਰਹਾਉ ॥

ਸਮੂਹ ਸੰਤਾਂ ਨੂੰ ਅਨੇਕ ਵਾਰੀ ਨਮਸਕਾਰ ਕਰ, ਊਹਾਂ=ਉਹਨਾਂ ਸੰਤਾਂ ਦੇ ਸੰਗ ਕਰਕੇ ਗੋਬਿੰਦ ਜੀ ਦੇ ਚਰਨਾਂ ਵਿਚ ਬਸਨਾ=ਨਿਵਾਸ ਹੁੰਦਾ ਹੈ।

ਅਥਵਾ:-ਤਦ ਤੇਰਾ ਊਹਾਂ=ਪ੍ਰਲੋਕ ਵਿਚ ਜਾ ਕੇ ਗੋਬਿੰਦ ਜੀ ਦੇ ਚਰਨਾਂ ਵਿਚ ਬਸਨਾ=ਨਿਵਾਸ ਹੋਵੇਗਾ।

ਅਥਵਾ:-ਊਹਾਂ=ਉਹਨਾਂ ਸੰਤਾਂ ਦੇ ਹਿਰਦੇ ਵਿਚ ਗੋਬਿੰਦ ਜੀ ਦੇ ਚਰਨਾਂ ਦਾ ਬਸਨਾ=ਨਿਵਾਸ ਹੈ॥ ੧ ॥ ਰਹਾਉ ॥

ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥
ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥ ੧ ॥

ਅਨੇਕ ਤਰ੍ਹਾਂ ਦੇ ਸਾਧਨ ਕਰਨ ਨਾਲ ਭੀ ਨਾਮ ਤੋਂ ਬਿਨਾਂ 'ਦੁਆਰੁ ਨ ਪਾਵਉ'=ਗਿਆਨ ਦਰਵਾਜ਼ਾ ਨਹੀਂ ਪਾਈਂਦਾ। ਗੁਰੂ ਕ੍ਰਿਪਾਲੂ ਹੋਵੇ ਤਾਂ ਹਰਿ ਹਰਿ ਨਾਮ ਦਾ ਧਿਆਉਣਾ ਹੁੰਦਾ ਹੈ, ਹਰੀ ਨਾਮ ਕਰਕੇ ਗਿਆਨ ਪ੍ਰਾਪਤ ਹੁੰਦਾ ਹੈ॥ ੧ ॥

ਕੋਟਿ ਕਰਮ ਕਰਿ ਦੇਹ ਨ ਸੋਧਾ ॥ ਸਾਧਸੰਗਤਿ ਮਹਿ ਮਨੁ ਪਰਬੋਧਾ ॥ ੨ ॥

ਕ੍ਰੋੜਾਂ ਕਰਮਾਂ ਦੇ ਕਰਨ ਨਾਲ ਦੇਹ ਦਾ ਸੋਧਨਾ ਨਹੀਂ ਹੁੰਦਾ, ਭਾਵ—ਮਨੁੱਖਾ ਦੇਹ ਸਫਲ ਨਹੀਂ ਹੁੰਦੀ ਸੰਤਾਂ ਦੀ ਸੰਗਤ ਵਿਚ ਬੈਠਕੇ ਸ਼ੁਭ ਵਿਚਾਰ ਸੁਨਣ ਨਾਲ ਮਨ ਨੂੰ ਪਰਬੋਧਾ=ਗਿਆਨ ਹੁੰਦਾ ਹੈ॥ ੨ ॥

ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥ ਨਾਮੁ ਲੈਤ ਸਰਬ ਸੁਖ ਪਾਇਆ ॥ ੩ ॥

ਮਾਇਆ ਦੇ ਬਹੁਤੇ ਰੰਗ=ਅਨੰਦ ਮਾਣ ਕੇ ਭੀ ਤ੍ਰਿਸ਼ਨਾ ਨਵਿਰਤ ਨਹੀਂ ਹੋਈ। ਪ੍ਰਭੂ ਦਾ ਨਾਮ ਲੈਂਦਿਆਂ ਹੀ ਸਾਰੇ ਸੁਖ ਪਾ ਲਏ ਹਨ॥ ੩ ॥

ਪਾਰਬ੍ਰਹਮ ਜਬ ਭਏ ਦਇਆਲ ॥ ਕਹੁ ਨਾਨਕ ਤਉ ਛੂਟੇ ਜੰਜਾਲ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਵੇਲੇ ਪਾਰਬ੍ਰਹਮ ਆਪ ਦਿਆਲੂ ਹੋਏ । ਤਿਸ ਵੇਲੇ ਦੁਨੀਆਂ ਦੇ ਸਾਰੇ ਜੰਜਾਲ ਛੁਟ ਗਏ ॥ ੪ ॥ ੩ ॥

ਕਾਨੜਾ ਮਹਲਾ ੫ ॥ ਐਸੀ ਮਾਂਗੁ ਗੋਬਿਦ ਤੇ ॥

ਹੇ ਭਾਈ ! ਗੋਬਿੰਦ ਪਾਸੋਂ ਅਜੇਹੀ ਦਾਤ ਮੰਗਣਾ ਕਰ।

ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ ॥ ੧ ॥ ਰਹਾਉ ॥

ਇਕ ਤਾਂ ਸੰਤਾਂ ਦੀ ਟਹਲ=ਸੇਵਾ, ਦੂਜਾ ਸੰਤਾਂ ਦਾ ਸਤਸੰਗ ਕਰਨਾ, ਤੀਜਾ ਹਰੀ ਨਾਮ ਦਾ ਜਪਣਾ ਮੰਗ ਤਾਂ ਤੇਰੀ ਪਰਮਗਤੀ ਹੋਵੇਗੀ॥ ੧ ॥ ਰਹਾਉ ॥

ਪੂਜਾ ਚਰਨਾ ਠਾਕੁਰ ਸਰਨਾ ॥ ਸੋਈ ਕੁਸਲੁ ਜੁ ਪ੍ਰਭ ਜੀਉ ਕਰਨਾ ॥ ੧ ॥

ਹੇ ਭਾਈ ! ਠਾਕੁਰ ਦੇ ਚਰਨਾਂ ਦੀ ਪੂਜਾ ਕਰ ਤੇ ਠਾਕੁਰ ਦੀ ਸ਼ਰਨ ਵਿਚ ਰਹਿਣਾ ਕਰ।

ਵਾ:-ਠਾਕੁਰ ਦੇ ਚਰਨਾਂ ਦੀ ਸ਼ਰਨ ਦਾ ਜੋ ਗ੍ਰਹਿਣ ਕਰਨਾ ਹੈ ਏਹੋ ਪੂਜਾ ਕਰ।

ਜੋ ਪ੍ਰਭੂ ਜੀ ਨੇ ਕਰਨਾ ਹੈ ਉਸ ਨੂੰ ਕੁਸਲੁ=ਸੁਖ ਰੂਪ ਮੰਨਣਾ ਕਰ॥ ੧॥

ਸਫਲ ਹੋਤ ਇਹ ਦੁਰਲਭ ਦੇਹੀ॥ਜਾ ਕਉ ਸਤਿਗੁਰੁ ਮਇਆ ਕਰੇਹੀ॥੨॥

ਉਸ ਦੀ ਇਹ ਮਨੁੱਖਾ ਦੇਹੀ ਸਫਲ ਹੁੰਦੀ ਹੈ। ਜਿਸ ਉਤੇ ਸਤਿਗੁਰਾਂ ਨੇ ਮਇਆ=ਕਿਰਪਾ ਦ੍ਰਿਸ਼ਟੀ ਕੀਤੀ ਹੈ॥ ੨॥

[ਪੰਨਾ ੧੨੬੬]

ਅਗਿਆਨ ਭਰਮੁ ਬਿਨਸੈ ਦੁਖ ਡੇਰਾ॥ਜਾ ਕੈ ਹ੍ਰਿਦੈ ਬਸਹਿ ਗੁਰ ਪੈਰਾ॥੩॥

ਦੁੱਖਾਂ ਦਾ ਡੇਰਾ ਅਗਿਆਨ ਤੇ ਭਰਮ ਉਸ ਦੇ ਅੰਦਰੋਂ ਬਿਨਸ ਜਾਂਦਾ ਹੈ। ਜਿਸ ਦੇ ਹਿਰਦੇ ਵਿਚ ਗੁਰਾਂ ਦੇ ਪਵਿੱਤ੍ਰ ਚਰਨ ਵਸਦੇ ਹਨ॥ ੩॥

ਸਾਧਸੰਗਿ ਰੰਗਿ ਪ੍ਰਭੁ ਧਿਆਇਆ॥
ਕਹੁ ਨਾਨਕ ਤਿਨਿ ਪੂਰਾ ਪਾਇਆ॥੪॥੪॥

ਜਿਸ ਨੇ ਸੰਤਾਂ ਦੇ ਸਤਸੰਗ ਵਿਚ ਰੰਗਿ=ਪ੍ਰੇਮ ਕਰਕੇ ਪ੍ਰਭੂ ਨੂੰ ਧਿਆਇਆ ਹੈ।

ਗੁਰੂ ਜੀ ਕਥਨ ਕਰਦੇ ਹਨ—ਉਸ ਨੇ ਪੂਰੇ ਪਰਮੇਸ਼ਰ ਨੂੰ ਪਾਇਆ ਹੈ॥ ੪॥ ੪॥

ਕਾਨੜਾ ਮਹਲਾ ੫॥

ਭਗਤਿ ਭਗਤਨ ਹੂੰ ਬਨਿ ਆਈ॥

ਪ੍ਰਭੂ ਦੀ ਭਗਤੀ ਕਰਨੀ ਭਗਤਾਂ ਨੂੰ ਹੀ ਬਣਿ ਆਈ ਹੈ। (ਮਨਮੁਖ ਪੁਰਸ਼ ਭਗਤੀ ਨਹੀਂ ਕਰ ਸਕਦੇ)

ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ॥੧॥ਰਹਾਉ॥

ਭਗਤ ਲੋਕ ਤਨ ਮਨ ਕਰਕੇ ਠਾਕੁਰ ਜੀ ਦੇ ਨਾਲ ਗਲਤ=ਗਲਤਾਨ, ਅਰਥਾਤ—ਤਦ ਰੂਪ ਹੋਏ ਹਨ, ਇਸ ਲਈ ਉਹਨਾਂ ਨੂੰ ਠਾਕੁਰ ਜੀ ਨੇ ਆਪਣੇਂ ਨਾਲ ਮਿਲਾ ਲੀਤਾ ਹੈ॥ ੧॥ ਰਹਾਉ॥

ਗਾਵਨਹਾਰੀ ਗਾਵੈ ਗੀਤ॥ ਤੇ ਉਧਰੇ ਬਸੇ ਜਿਹ ਚੀਤ॥੧॥

ਗਾਵਨਹਾਰੀ=ਗਾਵਣ ਵਾਲਿਆਂ ਨੇ ਗੀਤ ਤਾਂ ਗਾਏ ਹਨ ਪਰ ਉਪਰੋਂ ਉਪਰੋਂ ਗਾਏ ਹਨ ਧਾਰਨ ਸ਼ਕਤੀ ਦੇ ਨਾ ਹੋਣ ਕਰਕੇ ਤਰਦੇ ਨਹੀਂ ਹਨ। ਉਹ ਪੁਰਸ਼ ਤਰਦੇ ਹਨ ਜਿਨ੍ਹਾਂ ਦੇ ਚਿਤ ਵਿਚ ਉਹ ਗੀਤ ਵਸ ਗਏ ਹਨ॥ ੧॥ ਇਸ ਪਰ ਦਿਸਟਾਂਤ ਦੇਂਦੇ ਹਨ-

ਪੇਖੇ ਬਿੰਜਨ ਪਰੋਸਨਹਾਰੈ॥ ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ॥੨॥

ਪਰੋਸਣ ਵਾਲੇ ਰਸੋਈਏ ਨੇ ਨਾਨਾ ਤਰ੍ਹਾਂ ਦੇ ਬਿੰਜਨ=ਸਲੂਣੇ ਥਾਲ ਵਿਚ ਪਰੋਸਨ ਲੱਗਿਆਂ ਦੇਖੇ ਤਾਂ ਹਨ, ਪਰ ਖਾਧੇ ਨਹੀਂ ਇਸ ਕਰਕੇ ਉਹ ਤ੍ਰਿਪਤ ਨਹੀਂ ਹੁੰਦਾ। ਜਿਸ ਨੇ ਭੋਜਨ ਛਕਣਾ ਕੀਤਾ ਹੈ। ਉਹ ਪੁਰਸ਼ ਤ੍ਰਿਪਤ ਹੁੰਦਾ ਹੈ॥ ੨॥

(ਨੋਟ—ਰੋਟੀ ਨਾਲ ਲਾ ਕੇ ਖਾਣ ਦੀ ਚੀਜ਼ ਸਾਗ, ਟਿੰਡੇ, ਵਤਾਊਂ, ਤਰਕਾਰੀ ਆਦਿਕ ਨੂੰ ਬਿੰਜਨ ਆਖਦੇ ਹਨ।)

ਯਥਾ:- ਬਿੰਜਨ ਭੋਜਨ ਅਨਿਕ ਪਰਕਾਰਾ ॥ (ਆਸਾ ਮਹਲਾ ੫ ॥)

ਅਨਿਕ ਸ੍ਵਾਂਗ ਕਾਛੇ ਭੇਖਧਾਰੀ ॥ ਜੈਸੋ ਸਾ ਤੈਸੋ ਦ੍ਰਿਸਟਾਰੀ ॥ ੩ ॥

ਜੀਵ ਨਾਲੋਂ ਤਾਂ ਸ੍ਵਾਂਗੀ ਸਰੇਸ਼ਟ ਹੈ ਕਿਉਂਕਿ ਜਿਵੇਂ ਭੇਖਧਾਰੀ=ਨਟ ਅਨੇਕਾਂ ਹੀ ਭੇਖ ਕਾਛੇ=ਬਨਾਂਦਾ ਹੈ। ਪਰ ਜੇਹੋ ਜੇਹਾ ਉਹ ਪਹਿਲੇ ਸੀ ਅੰਤ ਨੂੰ ਫਿਰ ਉਸੇ ਤਰ੍ਹਾਂ ਦਾ ਦਿੱਸਦਾ ਹੈ। ਉਹ ਆਪਣਾ ਆਪ ਭੁੱਲਦਾ ਨਹੀਂ ਹੈ ਤੇ ਏਹ ਜੀਵ ਜਿਸ ਜੂਨੀ ਵਿਚ ਜਾਂਦਾ ਹੈ ਉਸੀ ਜੂਨ ਵਿਚ ਆਪਣਾ ਆਪ ਭੁੱਲ ਜਾਂਦਾ ਹੈ॥ ੩ ॥

ਕਹਨ ਕਹਾਵਨ ਸਗਲ ਜੰਜਾਰ ॥ ਨਾਨਕ ਦਾਸ ਸਚੁ ਕਰਣੀ ਸਾਰ ॥ ੪ ॥ ੫ ॥

ਹੋਰ ਕਹਿਣਾ ਕਹਾਵਣਾ ਸਾਰਾ ਜੰਜਾਲ ਰੂਪ ਹੈ। ਗੁਰੂ ਜੀ ਕਥਨ ਕਰਦੇ ਹਨ—ਦਾਸਾਂ ਨੇ ਸੱਚੀ ਭਗਤੀ ਰੂਪ ਕਰਨੀ ਸਾ:ਰ=ਸਰੇਸ਼ਟ ਜਾਣੀ ਹੈ॥ ੪ ॥ ੫ ॥

ਕਾਨੜਾ ਮਹਲਾ ੫ ॥

ਤੇਰੋ ਜਨੁ ਹਰਿ ਜਸੁ ਸੁਨਤ ਉਮਾਹਿਓ ॥ ੧ ॥ ਰਹਾਉ ॥

ਹੇ ਹਰੀ ! ਮੈਂ ਤੇਰਾ ਸੇਵਕ ਜਨ ਆਪ ਜੀ ਦੇ ਜਸ ਨੂੰ ਸੁਣ ਕੇ ਉਤਸ਼ਾਹ ਵਾਲਾ ਹੋਇਆ ਹਾਂ॥ ੧ ॥ ਰਹਾਉ॥

ਮਨਹਿ ਪ੍ਰਗਾਸੁ ਪੇਖਿ ਪ੍ਰਭ ਕੀ ਸੋਭਾ ਜਤ ਕਤ ਪੇਖਉ ਆਹਿਓ ॥ ੧ ॥

ਹੇ ਪ੍ਰਭੂ ! ਆਪ ਜੀ ਦੀ ਸ਼ੋਭਾ ਵੇਖ ਕੇ ਮਨ ਵਿਚ ਪ੍ਰਗਾਸੁ=ਗਿਆਨ ਹੋਇਆ ਹੈ। ਜਿਥੇ ਕਿਥੇ ਦੇਖਦਾ ਹਾਂ, ਤਿਥੇ ਆਪ ਹੀ ਸਖਿਆਤਕਾਰ ਆਹਿਓ=ਹੋ ।

ਵਾ:-ਆਹਿਓ=ਚਾਹ ਕਰਕੇ ਜਿਥੇ ਕਿਥੇ ਆਪ ਜੀ ਨੂੰ ਦੇਖਦਾ ਹਾਂ॥ ੧ ॥

ਸਭ ਤੇ ਪਰੈ ਪਰੈ ਤੇ ਊਚਾ ਗਹਿਰ ਗੰਭੀਰ ਅਥਾਹਿਓ ॥ ੨ ॥

ਸਾਰਿਆਂ ਤੋਂ ਪਰ੍ਹੇ ਦੇਵਤੇ, ਦੇਵਤਿਆਂ ਤੋਂ ਪਰ੍ਹੇ ਇੰਦ੍ਰ ਆਦਿਕ ਉਹਨਾਂ ਤੋਂ ਆਪ ਉੱਚੇ ਹੋ, ਗਹਿਰ=ਡੂੰਘੇ, ਗੰਭੀਰ=ਨਿਰਹਲ ਤੇ ਅਥਾਹਿਓ=ਅਤੁਲ ਅਸਪ੍ਰਸ ਹੋ ॥ ੨ ॥

ਓਤਿ ਪੋਤਿ ਮਿਲਿਓ ਭਗਤਨ ਕਉ ਜਨ ਸਿਉ ਪਰਦਾ ਲਾਹਿਓ ॥ ੩ ॥

ਭਗਤਾਂ ਨੂੰ ਓਤਿ ਪੋਤਿ=ਤਾਣੇ ਪੇਟੇ ਵਾਂਗੂ ਹੋ ਕੇ ਮਿਲੇ ਹੋਏ ਹੋ, ਸੇਵਕ ਜਨਾਂ ਨਾਲੋਂ ਆਪ ਜੀ ਨੇ ਪੜਦਾ ਲਾਹ ਦਿੱਤਾ ਹੈ, ਅਰਥਾਤ—ਸੇਵਕਾਂ ਨੂੰ ਹਰ ਥਾਂ ਪ੍ਰਗਟ ਹੋ ॥ ੩ ॥

ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜ ਸਮਾਧਿ ਸਮਾਹਿਓ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਜੇਹੜਾ ਪੁਰਸ਼ ਗੁਰਾਂ ਦੀ ਕ੍ਰਿਪਾ ਦੁਆਰੇ ਤੇਰੇ ਗੁਣਾਂ ਨੂੰ ਗਾਉਂਦਾ ਹੈ, ਉਹ ਸਹਜ=ਨਿਰ ਵਿਕਲਪ ਸਮਾਧੀ ਦੇ ਅਨੰਦ ਵਿਚ ਸਮਾਉਂਦਾ ਹੈ॥ ੪ ॥ ੬ ॥

ਕਾਨੜਾ ਮਹਲਾ ੫ ॥

ਸੰਤਨ ਪਹਿ ਆਪਿ ਉਧਾਰਨ ਆਇਓ ॥ ੧ ॥ ਰਹਾਉ ॥

ਉਹ ਪ੍ਰਭੂ ਸੰਤਾਂ ਪਾਸ ਆਪ ਆਇਆ ਹੈ ਸੰਤਾਂ ਨੂੰ ਤਾਰਨ ਵਾਸਤੇ।

ਅਥਵਾ:-ਮੈਂ ਆਪਿ ਉਧਾਰਨ=ਆਪਣੇ ਆਪ ਨੂੰ ਤਾਰਨ ਵਾਸਤੇ ਸੰਤਾਂ ਪਾਸ ਆਇਆ ਹਾਂ॥ ੧॥ ਰਹਾਉ॥

ਦਰਸਨ ਭੇਟਤ ਹੋਤ ਪੁਨੀਤਾ ਹਰਿ ਹਰਿ ਮੰਤ੍ਰੁ ਦ੍ਰਿੜਾਇਓ॥ ੧॥

ਜਿਨ੍ਹਾਂ ਸੰਤਾਂ ਦਾ ਦਰਸਨ ਭੇਟਤ=ਕਰਦਿਆਂ ਜੀਵ ਪਵਿੱਤਰ ਹੁੰਦਾ ਹੈ, ਉਨ੍ਹਾਂ ਸੰਤਾਂ ਨੇ ਹਰਿ ਹਰਿ ਨਾਮ ਮੰਤ੍ਰ ਦ੍ਰਿੜ ਕਰਵਾ ਦਿੱਤਾ ਹੈ॥ ੧॥

ਕਾਟੇ ਰੋਗ ਭਏ ਮਨ ਨਿਰਮਲ ਹਰਿ ਹਰਿ ਅਉਖਧੁ ਖਾਇਓ॥ ੨॥

ਹਰਿ ਹਰਿ ਨਾਮ ਰੂਪ ਅਉਖਧੁ=ਦਾਰੂ ਦੇ ਖਾਣ ਨਾਲ, ਹਉਮੈ ਆਦਿਕ ਰੋਗ ਕਟੇ ਗਏ ਹਨ ਤੇ ਮਨ ਆਦਿਕ ਇੰਦ੍ਰੀਏ ਨਿਰਮਲ ਹੋ ਗਏ ਹਨ॥ ੨॥

ਅਸਥਿਤ ਭਏ ਬਸੇ ਸੁਖ ਥਾਨਾ ਬਹੁਰਿ ਨ ਕਤਹੂ ਧਾਇਓ॥ ੩॥

ਅਸਥਿਤ=ਇਸਥਿਤ ਹੋ ਕੇ ਭਾਵ ਅਚੱਲ ਹੋ ਕੇ ਸੁਖ ਥਾਨਾ=ਸੁਖ ਸਰੂਪ ਵਿਚ ਵਸੇ ਹਾਂ,

ਬਹੁਰਿ=ਮੁੜ ਕੇ ਮਨ ਹੁਣ ਕਿਸੇ ਤਰਫ਼ ਦੌੜਦਾ ਨਹੀਂ ਹੈ॥ ੩॥

ਸੰਤ ਪ੍ਰਸਾਦਿ ਤਰੇ ਕੁਲ ਲੋਗਾ ਨਾਨਕ ਲਿਪਤ ਨ ਮਾਇਓ॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਦੀ ਕ੍ਰਿਪਾ ਕਰਕੇ ਕੁਲ ਲੋਕ ਤਰ ਗਏ ਹਨ,

ਵਾ:-ਕੁਲ ਦੇ ਲੋਕਾਂ ਸਮੇਤ ਅਸੀਂ ਤਰ ਗਏ ਹਾਂ, ਹੁਣ ਮਾਇਆ ਲਿਪਾਇਮਾਨ ਨਹੀਂ ਹੁੰਦੀ ॥ ੪॥ ੭॥

ਕਾਨੜਾ ਮਹਲਾ ੫॥

ਬਿਸਰਿ ਗਈ ਸਭ ਤਾਤਿ ਪਰਾਈ॥

ਜਬ ਤੇ ਸਾਧਸੰਗਤਿ ਮੋਹਿ ਪਾਈ॥ ੧॥ ਰਹਾਉ॥

ਤਦ ਕਾਲ ਤੋਂ ਪਰਾਏ ਨੂੰ ਦੁੱਖ ਦੇਣ ਦੀ ਤਾਤਿ=ਇੱਛਾ ਸਭ ਭੁਲ ਗਈ ਹੈ।

ਵਾ:-ਫਲਾਣਾ ਆਦਮੀ ਮੇਰੀ ਪਾਲਣਾ ਕਰਦਾ ਹੈ ਏਹ ਪਰਾਈ ਤਾਤਿ=ਖਾਹਸ਼ ਤਦ ਤੋਂ ਭੁਲ ਗਈ ਹੈ. ਜਦ ਤੋਂ ਮੈਂ ਸਤਸੰਗਤ ਕਰਨੀ ਪਾਈ ਹੈ॥ ੧॥ ਰਹਾਉ॥

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ ੧॥

ਨਾ ਕੋਈ ਸਾਡਾ ਵੈਰੀ ਹੈ ਅਤੇ ਨਾ ਹੀ ਕੋਈ ਬਿਗਾਨਾ=ਓਪਰਾ ਹੈ,

ਹੁਣ ਸਾਡੀ ਸਾਰਿਆਂ ਨਾਲ ਪ੍ਰੀਤੀ ਬਣਿ ਆਈ ਹੈ॥ ੧॥

ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥ ੨॥

ਪ੍ਰਭੂ ਨੇ ਜੋ ਕੀਤਾ ਹੈ ਉਹ ਅਸਾਂ ਨੇ ਭਲਾ ਕਰਕੇ ਮੰਨਿਆ ਹੈ ਇਹ ਸੁਮਤਿ=ਸ਼ੁਭ ਮਤੀ ਸੰਤਾਂ ਪਾਸੋਂ ਪਾਈ ਹੈ॥ ੨॥

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥ ੩ ॥ ੮ ॥

ਗੁਰੂ ਜੀ ਕਥਨ ਕਰਦੇ ਹਨ—ਸਾਰਿਆਂ ਵਿਚ ਇਕ ਪ੍ਰਭੂ ਹੀ ਮਿਲ ਰਿਹਾ ਹੈ, ਉਸ ਦੇ ਕੌਤਕਾਂ ਨੂੰ ਵੇਖ ਵੇਖਕੇ ਖੁਸ਼ ਹੁੰਦੇ ਹਾਂ। ਵਾ:-ਉਸਨੂੰ ਦੇਖ ਦੇਖ ਕੇ ਸਾਡੀ ਬੁੱਧੀ ਖੁਸ਼ੀ ਨੂੰ ਪ੍ਰਾਪਤ ਹੋਈ ਹੈ॥ ੩ ॥ ੮ ॥

ਕਾਨੜਾ ਮਹਲਾ ੫ ॥

ਠਾਕੁਰ ਜੀਉ ਤੁਹਾਰੋ ਪਰਨਾ ॥

ਹੇ ਠਾਕੁਰ ਜੀਉ ! ਮੈਨੂੰ ਇਕ ਆਪ ਜੀ ਦਾ ਹੀ ਪਰਨਾ=ਆਸਰਾ ਹੈ।

ਮਾਨੁ ਮਹਤੁ ਤੁਮ੍ਹਾਰੈ ਊਪਰ ਤੁਮ੍ਰੀ ਓਟ ਤੁਮ੍ਹਾਰੀ ਸਰਨਾ ॥ ੧ ॥ ਰਹਾਉ ॥

ਮਾਨ ਸਮਾਨ ਕਰਕੇ, ਮਹਤੁ=ਮਰਾਤਬਾ ਆਪ ਜੀ ਉਤੇ ਹੈ, ਮਨ ਕਰਕੇ ਆਪ ਜੀ ਦੀ ਓਟ ਫੜੀ ਹੈ , ਤੇ ਤਨ ਕਰਕੇ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ॥ ੧ ॥ ਰਹਾਉ ॥

ਤੁਮ੍ਰੀ ਆਸ ਭਰੋਸਾ ਤੁਮ੍ਰਾ ਤੁਮਰਾ ਨਾਮੁ ਰਿਦੈ ਲੈ ਧਰਨਾ ॥

ਇਕ ਆਪ ਜੀ ਦੀ ਆਸਾ ਹੈ ਅਤੇ ਭਰੋਸਾ ਭੀ ਆਪ ਜੀ ਉਤੇ ਹੈ, ਇਕ ਆਪ ਜੀ ਦਾ ਹੀ ਨਾਮ ਲੈ ਕੇ ਹਿਰਦੇ ਵਿਚ ਧਾਰਨ ਕਰ ਲਿਆ ਹੈ।

ਤੁਮਰੋ ਬਲੁ ਤੁਮ ਸੰਗਿ ਸੁਹੇਲੇ ਜੋ ਜੋ ਕਹਹੁ ਸੋਈ ਸੋਈ ਕਰਨਾ ॥ ੧ ॥

ਤੁਹਾਡਾ ਹੀ ਬਲ ਬਖਸ਼ਿਆ ਹੋਇਆ ਹੈ, ਤੁਹਾਡੇ ਸੰਗ ਕਰਕੇ ਮੈਂ ਸੁਹੇਲੇ=ਸੁਖੀ ਹਾਂ, ਜੋ ਜੋ ਤੁਸੀਂ ਕਹਿੰਦੇ ਹੋ ਮੈਂ ਓਹੀ ਓਹੀ ਕਰਮ ਕਰਦਾ ਹਾਂ॥ ੧ ॥

ਤੁਮਰੀ ਦਇਆ ਮਇਆ ਸੁਖੁ ਪਾਵਉ ਹੋਹੁ ਕ੍ਰਿਪਾਲ ਤ ਭਉਜਲੁ ਤਰਨਾ ॥

ਹੇ ਮਇਆ ਸਰੂਪ ਪਰਮਾਤਮਾ ! ਤੁਹਾਡੀ ਦਇਆ ਕਰਕੇ ਮੈਂ ਸੁਖ ਪਾਂਦਾ ਹਾਂ, ਤੁਸੀਂ ਕ੍ਰਿਪਾਲੂ ਹੋਵੋ ਤਾਂ ਮੇਰਾ ਸੰਸਾਰ-ਸਮੁੰਦਰ ਤੋਂ ਤਰਨਾ ਹੋਵੇਗਾ।

ਅਭੈ ਦਾਨੁ ਨਾਮੁ ਹਰਿ ਪਾਇਓ ਸਿਰੁ ਡਾਰਿਓ ਨਾਨਕ ਸੰਤ ਚਰਨਾ ॥ ੨ ॥ ੯ ॥

ਗੁਰੂ ਜੀ ਕਥਨ ਕਰਦੇ ਹਨ—ਹੇ ਅਭੈ ਹਰਿ=ਨਿਰਭਉ ਹਰੀ ! ਜਿਨ੍ਹਾਂ ਸੰਤਾਂ ਪਾਸੋਂ ਮੈਂ ਨਾਮ ਦਾਨ ਪਾਇਆ ਹੈ, ਉਨ੍ਹਾਂ ਸੰਤਾਂ ਦੇ ਚਰਨਾਂ ਉਤੇ ਸਿਰ ਡਾਰਿਓ=ਸੁੱਟ ਦਿੱਤਾ ਹੈ॥ ੨ ॥ ੯ ॥

[ਪੰਨਾ ੧੩੦੦]

ਕਾਨੜਾ ਮਹਲਾ ੫ ॥

ਸਾਧ ਸਰਨਿ ਚਰਨ ਚਿਤੁ ਲਾਇਆ ॥

ਸੰਤਾਂ ਦੀ ਸ਼ਰਨ ਵਿਚ ਪੈ ਕੇ ਗੁਰ ਚਰਨਾਂ ਵਿਚ ਚਿਤ ਬਿਰਤੀ ਨੂੰ ਲਗਾਇਆ।

ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ
ਨਾਮ ਮੰਤ੍ਰ ਸਤਿਗੁਰੂ ਦ੍ਰਿੜਾਇਆ ॥ ੧ ॥ ਰਹਾਉ ॥

ਜੋ ਪਹਿਲੇ ਸੰਸਾਰਕ ਰਚਨਾ ਸੁਪਨੇ ਦੀ ਗੱਲ ਵਾਂਙੂ ਸੁਣੀ ਸੀ, ਜਿਸ ਵੇਲੇ ਸਤਿਗੁਰਾਂ ਨੇ ਨਾਮ ਮੰਤ੍ਰ ਦ੍ਰਿੜ ਕਰਵਾਇਆ ਤਾਂ ਉਹ ਸੰਸਾਰ ਰਚਨਾ ਹੁਣ ਪ੍ਰਤੱਖ ਸੁਪਨੇ ਸਮਾਨ ਦੇਖ ਲਈ ਹੈ, ਕਿ ਵਾਕਿਆ ਸੰਸਾਰ ਰਚਨਾ ਸੁਪਨੇ ਤੁਲ ਮਿਥਿਆ ਹੈ॥ ੧ ॥ ਰਹਾਉ॥

ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ ॥

ਇਹ ਜੀਵ ਰਾਜ ਭਾਗ, ਜੁਆਨੀ ਤੇ ਧਨ ਆਦਿਕਾਂ ਨੂੰ ਪਾ ਕੇ ਰੱਜਦਾ ਨਹੀਂ ਹੈ,

ਬਹੁਰਿ ਬਹੁਰਿ=ਮੁੜ ਮੁੜ ਕੇ ਫਿਰ ਉਨ੍ਹਾਂ ਵੱਲ ਦੌੜਦਾ ਫਿਰਦਾ ਹੈ।

ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ ॥ ੧ ॥

ਸਾਰਿਆਂ ਪਦਾਰਥਾਂ ਦੀ ਤ੍ਰਿਸ਼ਨਾ ਬੁਝਨੇ ਕਰਕੇ ਅਚੱਲ ਸੁਖ ਪਾਇਆ ਹੈ,

ਪ੍ਰਭੂ ਦੇ ਗੁਣ ਗਾਉਣੇ ਕਰਕੇ ਸ਼ਾਂਤੀ ਪਾਈ ਹੈ॥ ੧ ॥

ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥

ਸਮਝੇ ਤੋਂ ਬਿਨਾਂ ਇਹ ਜੀਵ ਪਸ਼ੂ ਦੀ ਨਿਆਈ ਹੈ, ਭਰਮ ਕਰਕੇ ਮਾਇਆ ਦੇ ਮੋਹ ਵਿਚ ਵਿਆਪ ਰਿਹਾ ਹੈ।

ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ ॥ ੨ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ—ਜਿਸਨੇ ਸਤਸੰਗਤ ਕਰਕੇ ਜਮਾਂ ਦੀ ਫਾਹੀ ਕਟੀ ਹੈ, ਉਹ ਸਹਜ ਪਦ ਵਿਚ ਸਮਾਇਆ ਹੈ॥ ੨ ॥ ੧੦ ॥

ਕਾਨੜਾ ਮਹਲਾ ੫ ॥ ਹਰਿ ਕੇ ਚਰਨ ਹਿਰਦੈ ਗਾਇ ॥
ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥ ੧ ॥ ਰਹਾਉ ॥

ਹੇ ਭਾਈ ! ਸਾਂਤਿ ਮੂਰਤਿ=ਸ਼ਾਂਤੀ ਸਰੂਪ ਹਰੀ ਦੇ ਚਰਨਾਂ ਨੂੰ ਨਿਤਾਪ੍ਰਤੀ ਧਿਆਉਣਾ ਕਰ ਤੇ ਹਿਰਦੇ ਵਿਚ ਸਿਮਰ ਸਿਮਰ ਕੇ ਉਸਦੇ ਜਸ ਰੂਪ ਗੁਣਾਂ ਨੂੰ ਗਾਉਣਾ ਕਰ ਤਾਂ ਮੈਨੂੰ ਸੀਤਲ ਸੁਖ ਪ੍ਰਾਪਤ ਹੋਵੇਗਾ॥ ੧ ॥ ਰਹਾਉ ॥

ਸਗਲ ਆਸ ਹੋਤ ਪੂਰਨ ਕੋਟਿ ਜਨਮ ਦੁਖੁ ਜਾਇ ॥ ੧ ॥

ਤੇਰੀਆਂ ਸਭ ਆਸਾਂ ਪੂਰਨ ਹੋਣਗੀਆਂ ਤੇ ਕ੍ਰੋੜਾਂ ਜਨਮਾਂ ਦਾ ਦੁੱਖ ਮਿਟ ਜਾਏਗਾ॥ ੧ ॥

ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥

ਸਾਧੂਆਂ ਦੀ ਸੰਗਤ ਵਿਚ ਸਮਾਉਣ ਕਰਕੇ ਪੁੰਨ ਦਾਨ ਦਾ ਫਲ ਅਤੇ ਅਨੇਕ ਤਰ੍ਹਾਂ ਦੀ ਸ਼ੁਭ ਕਿਰਿਆ ਦੇ ਕਰਨ ਦਾ ਫਲ ਪ੍ਰਾਪਤ ਹੁੰਦਾ ਹੈ।

ਤਾਪ ਸੰਤਾਪ ਮਿਟੇ ਨਾਨਕ ਬਹੁੜਿ ਕਾਲੁ ਨ ਖਾਇ ॥ ੨ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ—ਸੰਤਾਪ=ਦੁੱਖ ਦੇਣ ਵਾਲੇ ਤਿੰਨੇ ਤਾਪ ਮਿਟ ਜਾਂਦੇ ਹਨ, ਫਿਰ ਇਸਨੂੰ ਜਮਕਾਲ ਖਾਂਦਾ ਨਹੀਂ ਹੈ॥ ੨ ॥ ੧੧ ॥

ਕਾਨੜਾ ਮਹਲਾ ੫ ਘਰੁ ੩

੧ੴ ਸਤਿਗੁਰ ਪ੍ਰਸਾਦਿ ॥ ਕਥੀਐ ਸੰਤਸੰਗਿ ਪ੍ਰਭ ਗਿਆਨੁ ॥

ਹੇ ਭਾਈ ! ਸੰਤਾਂ ਨਾਲ ਮਿਲ ਕੇ ਪ੍ਰਭੂ ਦਾ ਜਸ ਕਥਨ ਕਰੀਏ ਤਾਂ ਆਤਮ ਗਿਆਨ ਪ੍ਰਾਪਤ ਹੁੰਦਾ ਹੈ।

ਵਾ:-ਸੰਤਾਂ ਦੇ ਸਤਸੰਗ ਵਿਚ ਪ੍ਰਭੂ ਦਾ ਗਿਆਨ ਕਥਨ ਹੁੰਦਾ ਹੈ।

ਪੂਰਨ ਪਰਮ ਜੋਤਿ ਪਰਮੇਸੁਰ ਸਿਮਰਤ ਪਾਈਐ ਮਾਨੁ ॥ ੧ ॥ ਰਹਾਉ ॥

ਸਾਰਿਆਂ ਵਿਚ ਪੂਰਨ ਜੋ ਪਰਮ ਜੋਤੀ ਪਰਮਾਤਮਾ ਹੈ ਉਸ ਦੇ ਸਿਮਰਨੇ ਕਰਕੇ ਲੋਕ ਪ੍ਰਲੋਕ ਵਿਚ ਮਾਨੁ=ਆਦਰ ਪਾਈਦਾ ਹੈ॥ ੧ ॥ ਰਹਾਉ ॥

ਆਵਤ ਜਾਤ ਰਹੇ ਸ੍ਰਮ ਨਾਸੇ ਸਿਮਰਤ ਸਾਧੂ ਸੰਗਿ ॥

ਸਾਧੂਆਂ ਦੀ ਸੰਗਤ ਵਿਚ ਪ੍ਰਭੂ ਦੇ ਸਿਮਰਨ ਨਾਲ 'ਆਵਤ ਜਾਤ ਰਹੇ'=ਜਨਮ ਮਰਨ ਵਲੋਂ ਰਹਿ ਗਏ ਹਾਂ ਤੇ ਸਾਰੇ ਸ੍ਰਮ=ਕਸ਼ਟ ਭੀ ਨਾਸ ਹੋ ਗਏ ਹਨ।

ਪਤਿਤ ਪੁਨੀਤ ਹੋਹਿ ਖਿਨ ਭੀਤਰਿ ਪਾਰਬ੍ਰਹਮ ਕੈ ਰੰਗਿ ॥ ੧ ॥

ਪਾਰਬ੍ਰਹਮ ਦੇ ਰੰਗਿ=ਪ੍ਰੇਮ ਕਰਕੇ ਇਕ ਖਿਨ ਵਿਚ ਬੜੇ ਬੜੇ ਪਤਿਤ=ਪਾਪੀ ਪੁਨੀਤ=ਪਵਿੱਤ੍ਰ ਹੋ ਜਾਂਦੇ ਹਨ॥ ੧ ॥

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥

ਜੇਹੜਾ ਪੁਰਸ਼ ਹਰੀ ਜਸ ਨੂੰ ਕਥਨ ਕਰਦਾ ਹੈ ਤੇ ਜੇਹੜਾ ਹਰੀ ਦੇ ਕੀਰਤਨ ਨੂੰ ਸੁਣਦਾ ਹੈ, ਉਸ ਦੀ ਦੁਰਮਤਿ=ਖੋਟੀ ਮਤ ਨਾਸ ਹੋ ਜਾਂਦੀ ਹੈ।

ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥ ੨ ॥ ੧ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ—ਉਹ ਸਾਰੇ ਮਨੋਰਥ ਪਾ ਲੈਂਦਾ ਹੈ ਅਤੇ ਉਸ ਦੀ ਆਸ ਪੂਰਨ ਹੁੰਦੀ ਹੈ॥ ੨ ॥ ੧ ॥ ੧੨ ॥

ਕਾਨੜਾ ਮਹਲਾ ੫ ॥

ਸਾਧਸੰਗਤਿ ਨਿਧਿ ਹਰਿ ਕੋ ਨਾਮ ॥
ਸੰਗਿ ਸਹਾਈ ਜੀਅ ਕੈ ਕਾਮ ॥ ੧ ॥ ਰਹਾਉ ॥

ਸਤ ਸੰਗਤ ਕਰਨ ਨਾਲ ਨਿਧੀ ਰੂਪ ਹਰੀ ਦਾ ਨਾਮ ਪ੍ਰਾਪਤ ਹੁੰਦਾ ਹੈ। ਇਸ ਲੋਕ ਵਿਚ ਸੰਗੀ ਹੋ ਕੇ ਜੀਵ ਦੀ ਸਹਾਇਤਾ ਕਰਦਾ ਹੈ, ਪ੍ਰਲੋਕ ਵਿਚ ਭੀ ਜੀਵ ਦੇ ਕੰਮ ਆਉਣ ਵਾਲਾ ਹੈ॥ ੧ ॥ ਰਹਾਉ ॥

ਸੰਤ ਰੇਨੁ ਨਿਤਿ ਮਜਨੁ ਕਰੈ ॥ ਜਨਮ ਜਨਮ ਕੇ ਕਿਲਬਿਖ ਹਰੈ ॥ ੧ ॥

ਜੇਹੜਾ ਪੁਰਸ਼ ਸੰਤ ਧੂੜੀ ਵਿਚ ਨਿਤਾਪ੍ਰਤੀ ਇਸ਼ਨਾਨ ਕਰਦਾ ਹੈ। ਉਹ ਜਨਮਾਂ ਜਨਮਾਂ ਦੇ 'ਕਿਲਬਿਖ ਹਰੈ'=ਪਾਪਾਂ ਨੂੰ ਨਾਸ ਕਰਦਾ ਹੈ॥ ੧ ॥

ਸੰਤ ਜਨਾ ਕੀ ਊਚੀ ਬਾਨੀ॥
ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ॥ ੨॥ ੨॥ ੧੩॥

ਸੰਤ ਜਨਾਂ ਦੀ ਉਪਦੇਸ਼ ਬਾਣੀ ਸਭ ਤੋਂ ਉਚੀ ਹੈ। ਗੁਰੂ ਜੀ ਕਥਨ ਕਰਦੇ ਹਨ—ਉਸ ਬਾਣੀ ਨੂੰ ਸਿਮਰ ਸਿਮਰ ਕੇ ਕਈ ਪ੍ਰਾਣੀ ਤਰ ਗਏ ਹਨ॥ ੨॥ ੨॥ ੧੩॥

ਕਾਨੜਾ ਮਹਲਾ ੫॥
ਸਾਧੂ ਹਰਿ ਹਰੇ ਗੁਨ ਗਾਇ॥

ਸਾਧੂ ਹਰੀ ਗੁਣਾਂ ਨੂੰ ਗਾ ਕੇ ਸ਼ੁਭ ਗੁਣਾਂ ਨਾਲ ਹਰੇ ਰਹਿੰਦੇ ਹਨ। ਵਾ:-ਹੇ ਭਾਈ ! ਸਾਧੂਆਂ ਨਾਲ ਮਿਲ ਕੇ ਹਰੀ ਗੁਣਾਂ ਨੂੰ ਗਾਉਣਾ ਕਰ ਤਾਂ ਸ਼ੁਭ ਗੁਣਾਂ ਨਾਲ ਹਰੇ ਹੋ ਜਾਉਗੇ ।

ਮਾਨ ਤਨੁ ਧਨੁ ਪ੍ਰਾਨ ਪ੍ਰਭ ਕੇ ਸਿਮਰਤ ਦੁਖੁ ਜਾਇ॥ ੧॥ ਰਹਾਉ॥

ਇਹ ਗੱਲ ਮਾਨੁ=ਜਾਣ ਲੈ, ਤਨ ਧਨ ਤੇ ਪ੍ਰਾਨ ਆਦਿਕ ਸਭ ਪ੍ਰਭੂ ਦੇ ਦਿੱਤੇ ਹੋਏ ਹਨ, ਉਸ ਦੇ ਸਿਮਰਨੇ ਕਰਕੇ ਜਨਮ ਮਰਨ ਦਾ ਦੁੱਖ ਚਲਿਆ ਜਾਂਦਾ ਹੈ॥ ੧॥ ਰਹਾਉ॥

ਈਤ ਊਤ ਕਹਾ ਲੋਭਾਵਹਿ ਏਕ ਸਿਉ ਮਨੁ ਲਾਇ॥ ੧॥

ਈਤ ਊਤ=ਇਧਰ ਉਧਰ ਕੀ ਲੋਭਾਇਮਾਨ ਹੋ ਰਿਹਾ ਹੈਂ,
ਇਕ ਪ੍ਰਭੂ ਨਾਲ ਮਨ ਨੂੰ ਲਗਾਉਣਾ ਕਰ॥ ੧॥

ਮਹਾ ਪਵਿਤ੍ਰ ਸੰਤ ਆਸਨੁ ਮਿਲਿ ਸੰਗਿ ਗੋਬਿਦੁ ਧਿਆਇ॥ ੨॥

ਸੰਤਾਂ ਦਾ ਆਸਨੁ=ਅਸਥਾਨ ਬੜਾ ਪਵਿੱਤਰ ਹੈ, ਸੰਤਾਂ ਨਾਲ ਮਿਲ ਕੇ ਗੋਬਿੰਦ ਨੂੰ ਧਿਆਉਣਾ ਕਰ॥ ੨॥ ਤੇ ਇਸ ਤਰ੍ਹਾਂ ਬੇਨਤੀ ਕਰ-

ਸਗਲ ਤਿਆਗਿ ਸਰਨਿ ਆਇਓ
ਨਾਨਕ ਲੇਹੁ ਮਿਲਾਇ॥ ੩॥ ੩॥ ੧੪॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸਾਰਿਆਂ ਨੂੰ ਤਿਆਗ ਕੇ ਹੇ ਗੁਰੋ ! ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਮੈਨੂੰ ਆਪਣੇ ਨਾਲ ਜਾਂ ਪ੍ਰਭੂ ਨਾਲ ਮਿਲਾ ਲਓ॥ ੩॥ ੩॥ ੧੪॥

ਕਾਨੜਾ ਮਹਲਾ ੫॥
ਪੇਖਿ ਪੇਖਿ ਬਿਗਸਾਉ ਸਾਜਨ ਪ੍ਰਭੁ ਆਪਨਾ ਇਕਾਂਤ॥ ੧॥ ਰਹਾਉ॥

ਆਪਣਾ ਸੱਜਣ ਜੋ ਪ੍ਰਭੂ ਹੈ ਸਾਰਿਆਂ ਤੋਂ ਇਕਾਂਤ=ਅਸੰਗ, ਉਸ ਨੂੰ ਇਕਾਂਤ=ਨਿਯਮ ਨਾਲ ਦੇਖ ਦੇਖ ਕੇ ਬਿਗਸਾਉ=ਪ੍ਰਸੰਨ ਹੁੰਦਾ ਹਾਂ॥ ੧॥ ਰਹਾਉ॥

ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ॥ ੧॥

ਉਸ ਸੁਖ ਅਨੰਦ ਦੇ ਦੇਣ ਵਾਲਾ ਪ੍ਰਭੂ ਸਹਜ ਮੂਰਤਿ=ਸ਼ਾਂਤੀ ਸਰੂਪ ਹੈ, ਉਸ ਦੇ ਭਾਂਤਿ=ਸਦਰਸ 'ਆਨ-ਨਾਹੀਂ'=ਹੋਰ ਕੋਈ ਨਹੀਂ ਹੈ॥ ੧॥

ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ॥ ੨॥

ਇਕ ਵਾਰ ਹਰਿ ਹਰਿ ਦਾ ਸਿਮਰਨ ਕਰਦਿਆਂ ਕ੍ਰੋੜਾਂ ਕਸਮਲ=ਪਾਪ ਮਿਟ ਜਾਂਦੇ ਹਨ॥ ੨॥

[ਪੰਨਾ ੧੩੦੧]

ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ॥ ੩॥

ਪ੍ਰਭੂ ਦੇ ਗੁਣ ਰਮੰਤ=ਉਚਾਰਨ ਨਾਲ ਸਾਰੇ ਦੁੱਖ ਨਸ ਜਾਂਦੇ ਹਨ ਅਤੇ ਹਿਰਦੇ ਵਿਚ ਸ਼ਾਂਤੀ ਪ੍ਰਾਪਤ ਭਇਅੰਤ=ਹੁੰਦੀ ਹੈ॥ ੩॥

ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ॥ ੪॥ ੪॥ ੧੫॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਰਸਨਾ ਨਾਲ ਨਾਮ ਅੰਮ੍ਰਿਤ ਰਸ ਨੂੰ ਪੀਣਾ ਕਰੋ ਅਤੇ ਮਨ ਰੂਪ ਬਸਤ੍ਰ ਨੂੰ ਹਰੀ ਰੰਗ ਵਿਚ ਰਾਤ=ਰੰਗ ਲਵੋ।

ਵਾ:-ਹਰੀ ਦੇ ਰੰਗਿ=ਪ੍ਰੇਮ ਵਿਚ ਮਨ ਨੂੰ ਰਾਤ=ਤਦਾਕਾਰ ਕਰ॥ ੪॥ ੪॥ ੧੫॥

ਕਾਨੜਾ ਮਹਲਾ ੫॥ ਸਾਜਨਾ ਸੰਤ ਆਉ ਮੇਰੈ॥ ੧॥ ਰਹਾਉ॥

ਹੇ ਸੱਜਣ ਸੰਤੋ ! ਆਪ ਮੇਰੇ ਪਾਸ ਚਲ ਕੇ ਆਓ॥ ੧॥ ਰਹਾਉ॥

ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੈਰੈ॥ ੧॥

ਅਨੰਦ ਦੇ ਦੇਣ ਵਾਲਾ ਜੋ ਪ੍ਰਭੂ ਹੈ ਉਸ ਦੇ ਮੰਗਲ ਰੂਪ ਗੁਣਾਂ ਦੇ ਗਾਉਣ ਕਰਕੇ ਸੰਪੂਰਨ ਕਸਮਲਾ= ਪਾਪ ਮਿਟ ਕੇ ਪਰੈ ਦੌੜ ਜਾਂਦੇ ਹਨ॥ ੧॥

ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ॥ ੨॥

ਮੱਥੇ 'ਪਰ ਸੰਤਾਂ ਦੇ ਚਰਨ ਰੱਖਣਾ ਕਰੋ, ਤਾਂ ਹਨੇਰੇ ਘਰ ਅੰਤਹਕਰਣ ਵਿਚ ਗਿਆਨ ਦਾ ਚਾਂਦਨਾ=ਪ੍ਰਕਾਸ਼ ਹੋ ਜਾਵੇਗਾ॥ ੨॥

ਸੰਤ ਪ੍ਰਸਾਦਿ ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ॥ ੩॥

ਸੰਤਾਂ ਦੀ ਕਿਰਪਾ ਨਾਲ ਹਿਰਦਾ ਕੌਲ ਖਿੜ ਜਾਂਦਾ ਹੈ, ਆਪਣੇ ਨੇੜੇ ਵੇਖ ਕੇ ਗੋਵਿੰਦ ਦਾ ਸਿਮਰਨ ਕਰੋ॥ ੩॥

ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ॥ ੪॥ ੫॥ ੧੬॥

ਜਿਸ ਵੇਲੇ ਪ੍ਰਭੂ ਦੀ ਕਿਰਪਾ ਨਾਲ ਸੰਤ ਪਾਏ, ਗੁਰੂ ਜੀ ਕਥਨ ਕਰਦੇ ਹਨ-ਉਸ ਵੇਲੇ ਤੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੪॥ ੫॥ ੧੬॥

ਕਾਨੜਾ ਮਹਲਾ ੫॥ ਚਰਨ ਸਰਨ ਗੋਪਾਲ ਤੇਰੀ॥

ਹੇ ਗੋਪਾਲ ! ਮੈਂ ਤੇਰੇ ਚਰਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ।

ਮੋਹ ਮਾਨ ਧੋਹ ਭਰਮ ਰਾਖਿ ਲੀਜੈ ਕਾਟਿ ਬੇਰੀ॥ ੧॥ ਰਹਾਉ॥

ਮੈਨੂੰ ਮੋਹ, ਮਾਨ, ਧੋਹ=ਛਲ, ਭਰਮ ਆਦਿਕਾਂ ਤੋਂ ਰੱਖ ਲੈਣਾ ਕਰੋ ਅਤੇ ਹੰਗਤਾ ਦੀ ਬੇੜੀ,

ਵਾ:-ਵਾਸ਼ਨਾਂ ਦੀ ਬੇੜੀ ਕੱਟ ਦਿਓ॥ ੧॥ ਰਹਾਉ॥

ਬੂਡਤ ਸੰਸਾਰ ਸਾਗਰ॥ ਉਧਰੇ ਹਰਿ ਸਿਮਰਿ ਰਤਨਾਗਰ॥ ੧॥

ਅਸੀਂ ਸੰਸਾਰ-ਸਮੁੰਦਰ ਵਿਚ ਡੁਬ ਰਹੇ ਸੀ।

ਹੇ ਸ਼ੁਭ ਗੁਣਾਂ ਰੂਪ ਰਤਨਾਂ ਦੀ ਖਾਣ ਹਰੀ ! ਆਪ ਜੀ ਨੂੰ ਸਿਮਰ ਕੇ ਤਰ ਗਏ ਹਾਂ॥ ੧॥

ਸੀਤਲਾ ਹਰਿ ਨਾਮੁ ਤੇਰਾ॥ ਪੂਰਨੋ ਠਾਕੁਰ ਪ੍ਰਭੁ ਮੇਰਾ॥ ੨॥

ਹੇ ਹਰੀ ! ਤੇਰਾ ਨਾਮ ਸੀਤਲ ਕਰਨ ਵਾਲਾ ਹੈ।

ਹੇ ਮੇਰੇ ਪ੍ਰਭੂ ! ਆਪ ਹੀ ਪੂਰਨੋ=ਸੰਪੂਰਨ ਸੰਸਾਰ ਦੇ ਠਾਕੁਰ=ਮਾਲਕ ਹੋ॥ ੨॥

ਦੀਨ ਦਰਦ ਨਿਵਾਰਿ ਤਾਰਨ॥ ਹਰਿ ਕ੍ਰਿਪਾ ਨਿਧਿ ਪਤਿਤ ਉਧਾਰਨ॥ ੩॥

ਦੀਨ=ਗਰੀਬਾਂ ਦੇ ਦੁੱਖ ਜਨ ਦਰਦ ਦੇ ਨਵਿਰਤ ਕਰਨ ਵਾਲੇ ਤੇ ਸੰਸਾਰ ਤੋਂ ਤਾਰਨ ਵਾਲੇ ਹੇ ਕਿਰਪਾ ਨਿਧਿ ਹਰੀ ! ਤੂੰ ਹੀ ਪਾਪੀਆਂ ਦੇ ਤਾਰਨ ਵਾਲਾ ਹੈਂ। ਇਸ ਲਈ ਹੇ ਤਾਰਨ ਰੂਪ ਪ੍ਰਭੂ ! ਮੈਂ ਦੀਨ ਦੇ ਦੁੱਖ ਦੂਰ ਕਰ, ਹੇ ਕਿਰਪਾ ਨਿਧੀ ਹਰੀ ਮੈਂ ਪਾਪੀ ਨੂੰ ਤਾਰਨਾ ਕਰ॥ ੩॥

ਕੋਟਿ ਜਨਮ ਦੂਖ ਕਰਿ ਪਾਇਓ॥
ਸੁਖੀ ਨਾਨਕ ਗੁਰਿ ਨਾਮੁ ਦ੍ਰਿੜਾਇਓ॥ ੪॥ ੬॥ ੧੭॥

ਕ੍ਰੋੜਾਂ ਜਨਮ ਧਾਰ ਕੇ ਦੁੱਖ ਹੀ ਪਾਇਆ ਸੀ। ਗੁਰੂ ਜੀ ਕਥਨ ਕਰਦੇ ਹਨ-ਜਦ ਗੁਰਾਂ ਨੇ ਨਾਮ ਦ੍ਰਿੜ ਕਰਵਾਇਆ ਤਾਂ ਸੁਖੀ ਹੋਏ ਹਾਂ॥ ੪॥ ੬॥ ੧੭॥

ਕਾਨੜਾ ਮਹਲਾ ੫॥ ਧਨਿ ਉਹ ਪ੍ਰੀਤਿ ਚਰਨ ਸੰਗਿ ਲਾਗੀ॥

ਉਹ ਪੁਰਸ਼ ਧੰਨ ਹਨ, ਜਿਨ੍ਹਾਂ ਦੀ ਪ੍ਰੀਤੀ ਤੇਰੇ ਚਰਨਾਂ ਨਾਲ ਲੱਗੀ ਹੈ।

ਕੋਟਿ ਜਾਪ ਤਾਪ ਸੁਖ ਪਾਏ ਆਇ ਮਿਲੇ ਪੂਰਨ ਬਡਭਾਗੀ॥ ੧॥ ਰਹਾਉ॥

ਹੇ ਪੂਰਨ ਪਰਮਾਤਮਾ ! ਵਡਭਾਗੀ ਪੁਰਸ਼ ਆਪ ਜੀ ਨਾਲ ਆ ਕੇ ਮਿਲੇ ਹਨ ਅਤੇ ਉਹਨਾਂ ਨੇ ਕ੍ਰੋੜਾਂ ਜਪ ਤਪ ਆਦਿਕਾਂ ਦੇ ਸੁਖ ਪਾਏ ਹਨ॥ ੧॥ ਰਹਾਉ॥

ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ॥

ਮੈਂ ਅਨਾਥ ਜਨ ਤੇਰਾ ਦਾਸ ਹਾਂ, ਅਵਰ=ਹੋਰ ਸਾਰਿਆਂ ਦੀ ਓਟ ਮੈਂ ਤਿਆਗੀ=ਛੱਡ ਦਿੱਤੀ ਹੈ।

ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ॥ ੧॥

ਹੇ ਪ੍ਰਭੂ ! ਭੋਰਾ ਮਾਤ੍ਰ ਤੇਰੇ ਸਿਮਰਨ ਨਾਲ ਭਰਮ ਕੱਟ ਦਿੱਤੇ ਹਨ,

ਅਥਵਾ:-ਹੇ ਪ੍ਰਭੂ ! ਤੇਰੇ ਸਿਮਰਨ ਨਾਲ ਜਦ ਗਿਆਨ ਰੂਪੀ ਭੋਰ=ਦਿਨ ਉਦੇ ਹੋਇਆ, ਤਾਂ ਭਰਮ ਕਟੇ ਗਏ, ਗਿਆਨ ਰੂਪੀ ਸੁਰਮੇ ਦੇ ਮਿਲਣ ਕਰਕੇ ਅਵਿੱਦਿਆ ਦੀ ਨੀਂਦ ਵਿਚ ਸੁਤੀ ਹੋਈ ਬੁੱਧੀ ਗਿਆਨ ਜਾਗ੍ਰਤ ਵਿਚ ਜਾਗ ਪਈ॥ ੧॥

ਤੂ ਅਥਾਹੁ ਅਤਿ ਬਡੋ ਸੁਆਮੀ ਕ੍ਰਿਪਾ ਸਿੰਧੁ ਪੂਰਨ ਰਤਨਾਗੀ॥

ਹੇ ਸੁਆਮੀ ਪਰਮਾਤਮਾ ! ਤੂੰ ਅਥਾਹ ਹੈਂ ਤੇ ਅਤਿ ਬਡੋ=ਬਹੁਤ ਵੱਡਾ ਹੈਂ, ਕਿਰਪਾ ਦਾ ਸਮੁੰਦਰ ਹੈਂ ਅਤੇ ਪੂਰਨ ਰਤਨਾਂ ਦੀ ਖਾਣ ਹੈਂ।

ਨਾਨਕੁ ਜਾਚਕੁ ਹਰਿ ਹਰਿ ਨਾਮੁ ਮਾਂਗੈ
ਮਸਤਕੁ ਆਨਿ ਧਰਿਓ ਪ੍ਰਭ ਪਾਗੀ॥ ੨॥ ੭॥ ੧੮॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਜਾਚਕੁ=ਮੰਗਤਾ ਹੋ ਕੇ ਹਰਿ ਹਰਿ ਨਾਮ ਮੰਗਦਾ ਹਾਂ ਅਤੇ ਆਨਿ=ਆ ਕੇ ਤੇਰੇ ਪ੍ਰਾਗੀ=ਚਰਨਾਂ 'ਪਰ ਸਿਰ ਧਰ ਦਿੱਤਾ ਹੈ॥ ੨॥ ੭॥ ੧੮॥

ਕਾਨੜਾ ਮਹਲਾ ੫॥ ਕੁਚਿਲ ਕਠੋਰ ਕਪਟ ਕਾਮੀ॥
ਜਿਉ ਜਾਨਹਿ ਤਿਉ ਤਾਰਿ ਸੁਆਮੀ॥ ੧॥ ਰਹਾਉ॥

ਹੇ ਸੁਆਮੀ ! ਮੈਂ ਕੁਚਿਲ=ਬਦਚਲਣ, ਮਨ ਦਾ ਕਠੋਰ, ਕਪਟੀ ਤੇ ਕਾਮੀ ਹਾਂ। ਜਿਵੇਂ, ਜਾਣੋਂ ਤਿਵੇਂ ਤਾਰ ਲੈ।

ਅਥਵਾ:-ਤਨ ਕਰਕੇ ਕੁਚਿਲ=ਅਪਵਿਤ੍ਰ ਤੇ ਕਾਮੀ ਹਾਂ, ਮਨ ਦਾ ਕਠੋਰ ਹਾਂ, ਬਾਣੀ ਕਰਕੇ ਕਪਟੀ ਹਾਂ, ਕਾਮੀ=ਕਾਮਨਾ ਵਾਲਾ ਹਾਂ।

ਹੇ ਸੁਆਮੀ ਪਰਮਾਤਮਾ ! ਜਿਵੇਂ ਜਾਣੋਂ ਤਿਵੇਂ ਤਾਰ ਲੈ॥ ੧॥ ਰਹਾਉ॥

ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ॥ ੧॥

ਤੂੰ ਹਰ ਤਰ੍ਹਾਂ ਸਮਰੱਥ ਹੈਂ, ਸ਼ਰਨ ਆਇਆਂ ਦੀ ਪਾਲਣਾ ਕਰਨੇ ਜੋਗ ਹੈਂ ਅਤੇ ਤੂੰ ਆਪਣੀ ਸ਼ਕਤੀ ਧਾਰ ਕੇ ਰੱਖ ਲੈਂਦਾ ਹੈਂ॥ ੧॥

ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ॥

ਆਪ ਜੀ ਦੀ ਕ੍ਰਿਪਾ ਤੋਂ ਬਿਨਾਂ-ਜਪ ਤਪ ਨੇਮ ਸੁਚਿ=ਪਵਿੱਤ੍ਰਤਾ ਤੇ ਸੰਜਮ ਆਦਿਕ ਜੋ ਭੀ ਸਾਧਨ ਹਨ, ਇਨ੍ਹਾਂ ਬਿਧੀਆਂ ਦੇ ਕਰਨ ਨਾਲ ਛੁਟਕਾਰਾ ਨਹੀਂ ਹੁੰਦਾ ।

ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ॥ ੨॥ ੮॥ ੧੯॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਕ੍ਰਿਪਾ ਦ੍ਰਿਸ਼ਟੀ ਨਾਲ ਵੇਖ ਕੇ ਮੈਨੂੰ ਘੋਰ=ਭਿਆਨਕ ਅੰਨ੍ਹੇ ਗਰਤ=ਖਾਤੇ ਸੰਸਾਰ ਵਿਚੋਂ ਕੱਢ ਲਵੋ॥ ੨॥ ੮॥ ੧੯॥

ਕਾਨੜਾ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ॥ ਨਾਰਾਇਨ ਨਰਪਤਿ ਨਮਸਕਾਰੈ॥

ਸਾਰਿਆਂ ਨਰਪਤਿ=ਮਨੁੱਖਾਂ ਦੇ ਪਤੀ ਨਰਾਇਣ ਨੂੰ ਜੋ ਨਮਸਕਾਰ ਕਰਦੇ ਹਨ।

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥੧॥ਰਾਹਉ॥

ਇਸ ਤਰ੍ਹਾਂ ਦੇ ਗੁਰਾਂ ਤੋਂ ਅਸੀਂ ਬਲਿਹਾਰ ਕੁਰਬਾਨ ਜਾਂਦੇ ਹਾਂ, ਜੋ ਆਪ ਮੁਕਤ ਰੂਪ ਹਨ ਅਤੇ ਮੈਨੂੰ ਤਾਰਨਗੇ॥ ੧॥ ਰਹਾਉ॥

ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਿਛੁ ਪਾਰੈ॥

ਕੌਣਸੇ ਕੌਣਸੇ ਗੁਣ ਕਥਨ ਕਰੀਏ,

ਵਾ:-ਮਨ, ਬਾਣੀ, ਸਰੀਰ ਦੁਆਰੇ ਕੇਹੜੇ ਕੇਹੜੇ ਗੁਣ ਕਥਨ ਕਰੀਏ ।

ਅਥਵਾ:-ਮੈਂ ਕੌਣ ਹਾਂ ਤੇ ਕਵਨ=ਕਿਸ ਦੇ ਨਾਲ ਮਿਲ ਕੇ ਕੇਹੜੇ ਗੁਣ ਕਥਨ ਕਰਾਂ ਕਿਉਂਕਿ ਉਸ ਦੇ ਪਾਰ ਉਰਵਾਰ ਦਾ ਕੁਝ ਅੰਤ ਨਹੀਂ ਆਉਂਦਾ।

ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥ ੧॥

ਕਈ ਲੱਖਾਂ ਕ੍ਰੋੜਾਂ ਮਨ ਕਰਕੇ ਗੁਣਾਂ ਨੂੰ ਉਚਾਰਦੇ ਹਨ, ਕਈ ਲੱਖਾਂ ਕ੍ਰੋੜਾਂ ਬਾਣੀ ਦੁਆਰਾ ਗੁਣਾਂ ਨੂੰ ਉਚਾਰਦੇ ਹਨ, ਕਈ ਲੱਖਾਂ ਕ੍ਰੋੜਾਂ ਸਰੀਰ ਕਰਕੇ ਗੁਣਾਂ ਨੂੰ ਉਚਾਰਦੇ ਹਨ।

ਅਥਵਾ:-ਕਈ ਲੱਖਾਂ ਕ੍ਰੋੜਾਂ ਪਿਛੇ, ਕਈ ਲੱਖਾਂ ਕ੍ਰੋੜਾਂ ਹੁਣ, ਕਈ ਲੱਖਾਂ ਕ੍ਰੋੜਾਂ ਅੱਗੇ ਉਚਾਰਨਗੇ।

ਅਥਵਾ:-ਆਪਣੇ ਲਖ ਸਰੂਪ ਦੇ ਲਖਨੇ ਵਾਸਤੇ ਕਈ ਲੱਖਾਂ ਕ੍ਰੋੜਾਂ ਫਿਰਦੇ ਹਨ-ਪਰ ਐਸਾ ਕੋਈ ਹੈ ਜੋ ਸੱਤ-ਅਸਤ ਦਾ ਵਿਚਾਰ ਕਰੇ, ਭਾਵ—ਕੋਈ ਵਿਰਲਾ ਹੀ ਹੈ॥ ੧॥

[ਪੰਨਾ ੧੩੦੨]

ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥

(੧) ਅਸਚਰਜ ਤੋਂ ਅਸਚਰਜ ਜੋ ਪਰਮਾਤਮਾ ਹੈ ਉਸ ਨੂੰ ਦੇਖ ਕੇ ਮੇਰੀ ਬੁੱਧੀ ਅਸਚਰਜ ਹੋਈ ਹੈ।

(੨) ਅਸਚਰਜ ਰੂਪ ਨੂੰ ਪਾ ਕੇ ਮੈਂ ਅਸਚਰਜ ਤੋਂ ਅਸਚਰਜ ਹੋ ਗਈ ਹਾਂ।

(੩) ਜਿਸ ਵੇਲੇ ਵਿਸ਼ਿਆਂ ਵਲੋਂ ਬੁੱਧੀ ਬਿਸਮ=ਰਹਿਤ ਹੋਈ ਤਾਂ ਮੈਂ ਅਸਚਰਜ ਰੂਪ ਹੋ ਗਈ ਅਤੇ ਲਾਲ=ਪਿਆਰੇ ਪ੍ਰਭੂ ਦੇ ਗੁਲਾਲ=ਗਾਹੜੇ ਰੰਗ ਵਿਚ ਰੰਗੀ ਗਈ।

ਕਹੁ ਨਾਨਕ ਸੰਤਨ ਰਸੁ ਆਈ ਹੈ
ਜਿਉ ਚਾਖਿ ਗੂੰਗਾ ਮੁਸਕਾਰੈ॥ ੨॥ ੧॥ ੨੦॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਸੰਤਾਂ ਨੂੰ ਆਤਮ ਰਸ ਆਇਆ ਹੈ ਉਹ ਕਹਿ ਨਹੀਂ ਸਕਦੇ, ਜਿਵੇਂ ਗੂੰਗਾ ਪੁਰਸ਼ ਮਿਠਿਆਈ ਚਾਖਿ=ਖਾ ਕੇ ਮੁਸਕਾਰੈ=ਹਸਦਾ ਤਾਂ ਬਹੁਤ ਹੈ ਪਰ ਉਸ ਦਾ ਸੁਆਦ ਦੱਸ ਨਹੀਂ ਸਕਦਾ, ਤਿਵੇਂ ਸੰਤ ਆਤਮ ਰਸ ਨੂੰ ਚੱਖ ਕੇ ਬਹੁਤ ਹੀ ਅਨੰਦ ਰਹਿੰਦੇ ਹਨ ਪਰ ਦੱਸ ਨਹੀਂ ਸਕਦੇ॥ ੨॥ ੧॥ ੨੦॥

ਕਾਨੜਾ ਮਹਲਾ ੫॥ ਨ ਜਾਨੀ ਸੰਤਨ ਪ੍ਰਭ ਬਿਨੁ ਆਨ॥

ਸੰਤਨ=ਸੰਤਾਂ ਨੇ ਪ੍ਰਭੂ ਤੋਂ ਬਿਨਾਂ ਆਨ=ਹੋਰ ਕੋਈ ਗੱਲ ਨਹੀਂ ਜਾਣੀ।

ਊਚ ਨੀਚ ਸਭ ਪੇਖਿ ਸਮਾਨੋ ਮੁਖਿ ਬਕਨੋ ਮਨਿ ਮਾਨ॥ ੧॥ ਰਹਾਉ॥

ਭਾਵੇਂ ਕੋਈ ਉੱਚਾ ਹੈ, ਭਾਵੇਂ ਕੋਈ ਨੀਚ ਹੈ ਸਭ ਨੂੰ ਇਕ ਸਮਾਨ ਵੇਖਦੇ ਹਨ, ਮੁਖਿ ਬਕਨੋ=ਮੂੰਹੋਂ ਕਹਿੰਦੇ ਹਨ ਤੇ ਮਨ ਵਿਚ ਏਹੋ ਗੱਲ ਮੰਨਦੇ ਹਨ।

ਅਥਵਾ:-ਊਚ ਨੀਚ ਸਾਰਿਆਂ ਵਿਚ ਇਕ ਪਰਮੇਸ਼ਰ ਨੂੰ ਸਮਾਇਆ ਦੇਖਦੇ ਹਨ, ਮੁਖਿ ਬਕਨੋ=ਮੂੰਹੋਂ

ਪਰਮੇਸ਼ਰ ਦੇ ਜਸ ਨੂੰ ਉਚਾਰਦੇ ਹਨ ਅਤੇ ਮਨ ਵਿਚ ਪਰਮੇਸ਼ਰ ਨੂੰ ਮਨਨ ਕਰਦੇ ਹਨ॥ ੧॥ ਰਹਾਉ॥

ਪੁਨਾ—ਐਸੇ ਨਿਸਚੇ ਕਰਦੇ ਹਨ—

ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ॥

ਉਹ ਸੁਖ ਸਾਗਰ ਪ੍ਰਭੂ ਘਟਾਂ ਘਟਾਂ ਵਿਚ ਭਰਪੂਰ ਹੋ ਰਹੇ ਹਨ, ਉਹ ਡਰ ਦੇ ਨਾਸ ਕਰਨ ਵਾਲੇ ਪ੍ਰਭੂ ਮੇਰੇ ਪ੍ਰਾਨ ਰੂਪ ਹਨ।

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ॥ ੧॥

ਜਿਸ ਵੇਲੇ ਸੰਸਾਰ ਤੋਂ ਕਾਨ=ਕਿਨਾਰੇ ਕਰਨਂ ਵਾਲਾ ਮੰਤ੍ਰ ਗੁਰਾਂ ਨੇ ਮੇਰੇ ਕਾਨ=ਕੰਨਾਂ ਵਿਚ ਦਿੱਤਾ ਤਾਂ ਮਨ ਵਿਚ ਉਸ ਪ੍ਰਭੂ ਦਾ ਪ੍ਰਗਾਸੁ=ਗਿਆਨ ਹੋਇਆ, ਗਿਆਨ ਦੇ ਹੋਣ ਨਾਲ ਭਰਮ ਨਾਸ ਹੋ ਗਿਆ॥ ੧॥

ਕਰਤ ਰਹੇ ਕ੍ਰਤਗੑ ਕਰੁਣਾ ਮੈ ਅੰਤਰਜਾਮੀ ਗਿ੍ਆਨ॥

ਕ੍ਰਤਗੑ=ਕਰਤੱਬਾਂ ਦਾ ਗਿਆਤਾ ਜਾਨਣ ਵਾਲਾ, ਕਰੁਣਾ ਮੈ=ਕ੍ਰਿਪਾ ਸਰੂਪ ਅੰਤਰਜਾਮੀ ਪਰਮਾਤਮਾ ਦਾ ਗਿਆਨ ਹੋਇਆ ਤਾਂ ਅਸੀਂ 'ਕਰਤ ਰਹੇ'=ਕਰਮਾਂ ਦੇ ਕਰਨੇ ਤੋਂ ਰਹਿ ਗਏ।

ਵਾ:-ਕ੍ਰਤਗੑ=ਕਰਤੱਬਾਂ ਦੇ ਗਿਆਤੇ ਕ੍ਰਿਪਾ ਸਰੂਪ ਅੰਤਰਜਾਮੀ ਪਰਮਾਤਮਾ ਦੇ ਗਿਆਨ ਨੂੰ ਅਸੀਂ ਕਰਤ ਰਹੇ=ਕਰਦੇ ਰਹਿੰਦੇ ਹਾਂ।

ਆਠ ਪਹਰ ਨਾਨਕ ਜਸੁ ਗਾਵੈ ਮਾਂਗਨ
ਕਉ ਹਰਿ ਦਾਨ॥ ੨॥ ੨॥ ੨੧॥

ਗੁਰੂ ਜੀ ਕਥਨ ਕਰਦੇ ਹਨ—ਹਰੀ ਨਾਮ ਦਾਨ ਮੰਗਣ ਦੇ ਵਾਸਤੇ, ਅਸੀਂ ਅਠੇ ਪਹਿਰ ਉਸ ਪ੍ਰਭੂ ਦੇ ਜਸ ਨੂੰ ਗਾਉਂਦੇ ਹਾਂ॥ ੨॥ ੨॥ ੨੧॥

ਕਾਨੜਾ ਮਹਲਾ ੫॥ ਕਹਨ ਕਹਾਵਨ ਕਉ ਕਈ ਕੇਤੈ॥

ਆਪਣੇ ਆਪ ਨੂੰ ਤਤਵੇਤਾ ਕਹਿਣ ਵਾਲੇ ਕਈ ਹਨ ਅਤੇ ਹੋਰਨਾਂ ਸਿੱਖਾਂ ਪਾਸੋਂ ਤਤਵੇਤਾ ਕਹਾਵਣੇ ਨੂੰ ਭੀ ਕਿਤਨੇ ਹਨ।

ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ॥ ੧॥ ਰਹਾਉ॥

ਪਰ ਅਜੇਹਾ ਸੇਵਕ ਜਨ ਕੋਈ ਵਿਰਲਾ ਹੈ ਜੇਹੜਾ ਤਤ ਸਰੂਪ ਵਿਚ ਜੋਗ=ਜੁੜਦਾ ਹੈ ਅਤੇ ਤਤ ਸਰੂਪ ਨੂੰ ਬੇਤੈ=ਜਾਣਦਾ ਹੈ॥ ੧॥ ਰਹਾਉ॥

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥

ਹੇ ਭਾਈ ! ਉਸ ਨੂੰ ਦੁੱਖ ਨਹੀਂ ਹੈ, ਸਭ ਥਾਂ ਸੁਖ ਹੀ ਸੁਖ ਹੈ, ਜੋ ਇਕੋ ਇਕ ਨੇਤੈ=ਨਿਯੰਤੇ (ਪ੍ਰੇਰਕ) ਪਰਮਾਤਮਾ ਨੂੰ ਨੇਤੈ=ਨੇਤ੍ਰਾਂ (ਅੱਖਾਂ) ਨਾਲ ਵੇਖਦੇ ਹਨ।

ਬੁਰਾ ਨਹੀ ਸੁਭ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥ ੧॥

ਹੇ ਭਾਈ ! ਉਸ ਦਾ ਬੁਰਾ ਨਹੀਂ ਹੁੰਦਾ ਸਭ ਤਰ੍ਹਾਂ ਨਾਲ ਭਲਾ ਹੀ ਹੁੰਦਾ ਹੈ ਅਤੇ ਉਸ ਦੀ ਹਾਰ ਭੀ ਨਹੀਂ ਹੁੰਦੀ, ਸਭ ਥਾਂ 'ਤੇ ਜੇਤੈ=ਜਿੱਤ ਹੁੰਦੀ ਹੈ॥ ੧॥

ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥

ਹੇ ਭਾਈ ! ਉਸ ਨੂੰ ਸੋਗੁ=ਚਿੰਤਾ (ਫਿਕਰ) ਨਹੀਂ ਹੁੰਦਾ, ਸਦਾ ਹੀ ਅਨੰਦ ਹੈ, ਨਾ ਕੁਝ ਛੱਡਦੇ ਹਨ ਨਾ ਕੁਝ ਲੈਂਦੇ ਹਨ, ਭਾਵ—ਉਹਨਾਂ ਵਿਚ ਤਿਆਗ ਕਰਨ ਦੀ ਤੇ ਗ੍ਰਹਿਣ ਕਰਨ ਦੀ ਦ੍ਰਿਸ਼ਟੀ ਨਹੀਂ ਹੈ।

ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨ ॥੩ ॥੨੨ ॥

ਗੁਰੂ ਜੀ ਕਥਨ ਕਰਦੇ ਹਨ—ਜਦ ਕਿ ਹਰੀ ਨੂੰ ਜਾਣ ਕੇ ਹਰੀ ਦਾ ਸੇਵਕ ਹਰੀ ਰੂਪ ਹੈ ਤੇ ਹਰੀ ਆਪ ਹੀ ਜਨ ਰੂਪ ਹੈ, ਅਰਥਾਤ—ਦੋਵੇਂ ਅਭੇਦ ਰੂਪ ਹਨ ਤਾਂ ਫਿਰ ਆਉਣਾ ਕਹਾਂ ਤੇ ਰਮਤੈ=ਜਾਣਾ ਕਹਾਂ ਹੈ, ਭਾਵ—ਫੇਰ ਜੰਮਣਾ ਮਰਨਾ ਨਹੀਂ ਹੈ॥ ੨॥ ੩॥ ੨੨॥

ਕਾਨੜਾ ਮਹਲਾ ੫ ॥ ਹੀਏ ਕੋ ਪ੍ਰੀਤਮੁ ਬਿਸਰਿ ਨ ਜਾਇ ॥

ਹੇ ਸੰਤੋ ! ਏਹ ਕ੍ਰਿਪਾ ਕਰੋ ਦਿਲ ਦਾ ਪ੍ਰੀਤਮ ਪਰਮਾਤਮਾ ਮੈਨੂੰ ਭੁੱਲ ਨਾ ਜਾਵੇ।

ਤਨ ਮਨ ਗਲਤ ਭਏ ਤਿਹ ਸੰਗੇ
ਮੋਹਨੀ ਮੋਹਿ ਰਹੀ ਮੋਰੀ ਮਾਇ ॥ ੧ ॥ ਰਹਾਉ ॥

ਭਾਵੇਂ ਮੇਰਾ ਮਨ ਤੇ ਤਨ ਉਸ ਦੇ ਨਾਲ ਹੀ ਗਲਤਾਨ ਹੋ ਗਿਆ ਹੈ, ਪਰ ਹੇ ਮੇਰੀ ਮਾਇ=ਮਾਤਾ ਪਿਤਾ ਰੂਪ ਸੰਤੋ ! ਮੋਹਨੀ=ਮਾਇਆ ਮੇਰੀ ਬੁੱਧੀ ਨੂੰ ਮੋਹ ਰਹੀ ਹੈ॥ ੧॥ ਰਹਾਉ॥

ਜੈ ਜੈ ਪਹਿ ਕਹਉ ਬ੍ਰਿਥਾ ਹਉ ਅਪੁਨੀ ਤੇਉ ਤੇਉ ਗਹੇ ਰਹੇ ਅਟਕਾਇ ॥

ਜੈ ਜੈ ਪਹਿ=ਜਿਸ ਜਿਸ ਦੇ ਪਾਸ ਹਉ=ਮੈਂ ਆਪਣੀ, ਬ੍ਰਿਥਾ=ਹਾਲਤ ਕਹਿੰਦਾ ਹਾਂ, ਤੇਉ ਤੇਉ=ਓਹੀ ਓਹੀ ਮਾਇਆ ਦੇ ਗਹੇ=ਫੜੇ ਹੋਏ (ਗ੍ਰਸੇ ਹੋਏ) ਮਾਇਆ ਵਿਚ,

ਵਾ:-ਵਿਸ਼ਿਆਂ ਵਿਚ ਅਟਕ ਰਹੇ ਹਨ।

ਅਨਿਕ ਭਾਂਤਿ ਕੀ ਏਕੈ ਜਾਲੀ ਤਾ ਕੀ ਗੰਠਿ ਨਹੀ ਛੋਰਾਇ ॥ ੧ ॥

ਇਕ ਮਾਇਅ ਰੂਪੀ ਜਾਲੀ ਅਨੇਕ ਤਰ੍ਹਾਂ ਦੀ ਹੈ, ਤਿਸ ਮਾਇਆ ਦੀ ਮੋਹ ਰੂਪ ਗੰਢ ਨੂੰ ਉਹ ਛੁਡਾ ਨਹੀਂ ਸਕਦੇ, ਭਾਵ ਖੋਹਲ ਨਹੀਂ ਸਕਦੇ॥ ੧॥

ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਦਾਸ ਦੇਸਾਂ ਪ੍ਰਦੇਸਾਂ ਵਿਚ ਫਿਰਦਾ ਫਿਰਦਾ ਹੀ=ਨਿਸਚੇ ਸਹਿਤ ਸੰਤਾਂ ਦੀ ਸ਼ਰਨ ਵਿਚ ਆਇਆ ਹੈ।

ਕਾਟੇ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ ॥੨ ॥੪ ॥੨੩ ॥

ਉਨ੍ਹਾਂ ਨੇ ਮੇਰਾ ਅਗਿਆਨ ਭਰਮ ਤੇ ਮਾਇਆ ਦਾ ਮੋਹ ਕੱਟ ਦਿੱਤਾ ਹੈ ਅਤੇ ਆਪਣੇ ਗਲ ਨਾਲ ਲਗਾ ਲਿਆ ਹੈ॥ ੨॥ ੪॥ ੨੩॥

ਕਾਨੜਾ ਮਹਲਾ ੫ ॥ ਆਨਦ ਰੰਗ ਬਿਨੋਦ ਹਮਾਰੈ ॥

ਰੰਗਾਂ ਰੰਗਾਂ ਦੇ ਬਿਨੋਦ=ਕੌਤਕਾਂ ਦੇ ਕਰਨ ਵਾਲਾ ਜੋ ਪ੍ਰਭੂ ਹੈ, ਉਸਦਾ ਅਨੰਦ ਸਾਡੇ ਹਿਰਦੇ ਵਿਚ ਹੈ।

ਨਾਮੋ ਗਾਵਨੁ ਨਾਮੁ ਧਿਆਵਨੁ ਨਾਮੁ ਹਮਾਰੇ ਪ੍ਰਾਨ ਅਧਾਰੈ॥ ੧ ॥ ਰਹਾਉ ॥

ਨਾਮ ਦਾ ਗਾਉਣਾ ਕਰਦੇ ਹਾਂ, ਨਾਮ ਨੂੰ ਧਿਆਉਂਦੇ ਹਾਂ ਅਤੇ ਨਾਮ ਹੀ ਮੇਰੇ ਪ੍ਰਾਣਾਂ ਦਾ ਅਧਾਰੈ=ਆਸਰਾ ਹੈ॥ ੧ ॥ ਰਹਾਉ ॥

ਨਾਮੋ ਗਿਆਨੁ ਨਾਮੋ ਇਸਨਾਨਾ ਹਰਿ ਨਾਮੁ ਹਮਾਰੇ ਕਾਰਜ ਸਵਾਰੈ॥

ਨਾਮ ਦਾ ਗਿਆਨ ਹੈ, ਨਾਮ ਜਲ ਵਿਚ ਹੀ ਮੈਂ ਇਸ਼ਨਾਨ ਕਰਦਾ ਹਾਂ, ਹਰੀ ਨਾਮ ਹੀ ਸਾਡੇ ਸਾਰਿਆਂ ਕਾਰਜਾਂ ਨੂੰ ਸਵਾਰਦਾ ਹੈ।

ਹਰਿ ਨਾਮੋ ਸੋਭਾ ਨਾਮੁ ਬਡਾਈ ਭਉਜਲੁ ਬਿਖਮੁ ਨਾਮੁ ਹਰਿ ਤਾਰੈ॥ ੧ ॥

ਹਰੀ ਨਾਮ ਕਰਕੇ ਮੇਰੀ ਸੋਭਾ ਹੈ, ਹਰੀ ਨਾਮ ਕਰਕੇ ਸਾਰੇ ਵਡਿਆਈ ਹੋ ਰਹੀ ਹੈ,
ਹਰੀ ਨਾਮ ਹੀ ਬਿਖਮੁ=ਕਠਨ ਸੰਸਾਰ ਸਮੁੰਦਰ ਤੋਂ ਤਾਰੇਗਾ॥ ੧ ॥

ਅਗਮ ਪਦਾਰਥ ਲਾਲ ਅਮੋਲਾ ਭਇਓ ਪਰਾਪਤਿ ਗੁਰ ਚਰਨਾਰੈ॥

ਲਾਲਾਂ ਦੀ ਨਿਆਈਂ ਅਮੋਲਕ ਪਦਾਰਥ ਜੋ ਅਗਮ ਰੂਪ ਪਰਮਾਤਮਾ ਹੈ, ਉਹ ਗੁਰ ਚਰਨਾਂ ਦਾ ਧਿਆਨ ਕਰਨ ਨਾਲ ਪ੍ਰਾਪਤ ਹੋਇਆ ਹੈ।

ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ
ਮਗਨ ਭਏ ਹੀਅਰੈ ਦਰਸਾਰੈ॥ ੨ ॥ ੫ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ—ਪ੍ਰਭੂ ਜੀ ਕ੍ਰਿਪਾਲੂ ਹੋਏ ਹਨ, ਇਸ ਲਈ ਹਿਰਦੇ ਵਿਚੋਂ ਹੀ ਉਸ ਦਾ ਦਰਸਾਰੈ=ਦਰਸ਼ਨ ਕਰਕੇ ਮਗਨ=ਮਸਤ ਹੋ ਗਏ ਹਾਂ॥ ੨ ॥ ੫ ॥ ੨੪ ॥

ਕਾਨੜਾ ਮਹਲਾ ੫ ॥ ਸਾਜਨ ਮੀਤ ਸੁਆਮੀ ਨੇਰੋ॥

ਸੱਜਣ ਪ੍ਰਲੋਕ ਦਾ, ਮਿੱਤ੍ਰ ਇਸ ਲੋਕ ਦਾ ਉਹ ਸੁਆਮੀ ਪ੍ਰਮਾਤਮਾ ਸਭ ਦੇ ਨੇੜੇ ਹੈ।

ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ॥ ੧ ॥ ਰਹਾਉ ॥

ਜੋ ਸਾਰਿਆਂ ਦੇ ਅੰਗ ਸੰਗ ਹੋ ਕੇ ਜੀਵਾਂ ਦੇ ਕਰਤੱਬਾਂ ਨੂੰ ਵੇਖਦਾ ਤੇ ਸਭਨਾਂ ਦੀਆਂ ਗੱਲਾਂ ਸੁਣਦਾ ਹੈ, ਉਸ ਨੂੰ ਤਿਆਗ ਕੇ ਥੋੜੇ ਜੀਵਨ ਵਾਸਤੇ ਕਿਸ ਲਈ ਬੁਰੇ ਕਾਰਜ ਕਰਦਾ ਫਿਰਦਾ ਹੈਂ।

ਅਥਵਾ:-ਇਹ ਸਰੀਰ ਅਤੇ ਪਦਾਰਥ ਥੋੜਾ ਚਿਰ ਕਾਜ=ਕੰਮ ਆਉਣ ਵਾਲੇ ਹਨ ਆਖਿਰ ਇਨ੍ਹਾਂ ਨੇ ਨਾਸ ਹੋ ਜਾਣਾ ਹੈ। ਹੇ ਭਾਈ ! ਤੂੰ ਇਨ੍ਹਾਂ ਪਦਾਰਥਾਂ ਲਈ ਕਿਸ ਵਾਸਤੇ ਬੁਰੇ ਕੰਮ ਕਰਦਾ ਫਿਰਦਾ ਹੈਂ॥ ੧ ॥ ਰਹਾਉ ॥

ਨਾਮ ਬਿਨਾ ਜੇਤੋ ਲਪਟਾਇਓ ਕਛੂ ਨਹੀ ਨਾਹੀ ਕਛੁ ਤੇਰੋ॥

ਨਾਮ ਤੋਂ ਬਿਨਾਂ ਤੂੰ ਜਿੰਨਾਂ ਕੁ ਪਦਾਰਥਾਂ ਵਿਚ ਲੰਪਟ ਹੋ ਰਿਹਾ ਹੈਂ, ਇਨ੍ਹਾਂ ਵਿਚ ਪਿਛੇ ਭੀ ਤੇਰਾ ਕੁਝ ਨਹੀਂ ਸੀ, ਹੁਣ ਭੀ ਤੇਰਾ ਕੁਝ ਨਹੀਂ ਹੈ ਅੱਗੇ ਭੀ ਤੇਰਾ ਕੁਝ ਨਹੀਂ ਹੋਵੇਗਾ।

ਅਥਵਾ:-ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਇਨ੍ਹਾਂ ਪਦਾਰਥਾਂ ਵਿਚੋਂ ਕੁਝ ਸੱਤ ਨਹੀਂ ਹੈ, ਜੇ ਕੁਝ ਹੈ ਤਾਂ ਤੇਰਾ ਕੁਝ ਭੀ ਨਹੀਂ ਹੈ।

ਆਗੈ ਦ੍ਰਿਸਟਿ ਆਵਤ ਸਭ ਪਰਗਟ ਈਹਾ ਮੋਹਿਓ ਭਰਮ ਅੰਧੇਰੋ ॥ ੧ ॥

ਜਿਸ ਵੇਲੇ ਅੱਗੇ ਪ੍ਰਲੋਕ ਵਿਚ ਜਾਏਂਗਾ ਤਾਂ ਇਨ੍ਹਾਂ ਸਾਰਿਆਂ ਕਰਮਾਂ ਦਾ ਫਲ ਤੈਨੂੰ ਪ੍ਰਤੱਖ ਨਜ਼ਰ ਆ ਜਾਵੇਗਾ, ਇਥੇ ਤਾਂ ਤੂੰ ਭਰਮ ਰੂਪ ਹਨੇਰੇ ਕਰਕੇ ਮੋਹਿਓ=ਲੁਟਿਆ ਗਿਆ ਹੈਂ।

ਅਥਵਾ:-ਇਸ ਜਗ੍ਹਾਂ ਭਰਮ ਰੂਪ ਹਨੇਰੇ ਕਰਕੇ ਤੂੰ ਮੋਹਤ ਹੋ ਰਿਹਾ ਹੈਂ ਤੇ ਛੁਪ ਕੇ ਕਰਮ ਕਰਦਾ ਹੈਂ, ਆਗੈ=ਪ੍ਰਲੋਕ ਵਿਚ ਸਭ ਕੁਝ ਪ੍ਰਗਟ ਨਿਗਾਹ ਆਉਂਦਾ ਹੈ॥ ੧ ॥

ਅਟਕਿਓ ਸੁਤ ਬਨਿਤਾ ਸੰਗਿ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ ॥

ਸੁਤ=ਪੁੱਤ੍ਰ, ਬਨਿਤਾ=ਇਸਤ੍ਰੀ ਤੇ ਮਾਇਆ ਨਾਲ ਤੂੰ ਅਟਕਿਓ=ਫਸ ਰਿਹਾ ਹੈਂ ਤੇ ਦਾਤਾਂ ਦੇ ਦੇਣ ਵਾਲੇ ਪ੍ਰਭੂ ਨੂੰ ਬਿਸੇਰੋ=ਭੁਲਾ ਬੈਠਾ ਹੈਂ।

[ਪੰਨਾ ੧੩੦੩]

ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰੁ ਮੇਰੋ ॥ ੨ ॥ ੬ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ-ਸਾਨੂੰ ਤਾਂ ਇਕੋ ਭਰੋਸਾ ਹੈ, ਕਿ ਮੇਰਾ ਗੁਰੂ ਹੀ ਬੰਧਨਾਂ ਦੇ ਕੱਟਣ ਵਾਲਾ ਹੈ॥ ੨ ॥ ੬ ॥ ੨੫ ॥

ਕਾਨੜਾ ਮਹਲਾ ੫ ॥ ਬਿਖੈ ਦਲੁ ਸੰਤਨਿ ਤੁਮ੍ਰੈ ਗਾਹਿਓ ॥

ਹੇ ਪ੍ਰਭੂ ! ਤੁਹਾਡੇ ਸੰਤਾਂ ਨੇ ਵਿਸ਼ਿਆਂ ਦੇ ਦਲੁ=ਸਮਦਾ ਨੂੰ ਗਾਹਿਓ=ਗਾਹ ਲਿਆ, ਅਰਥਾਤ ਦਬਾ ਲਿਆ ਹੈ।

ਤੁਮਰੀ ਟੇਕ ਭਰੋਸਾ ਠਾਕੁਰ ਸਰਨਿ ਤੁਮ੍ਹਾਰੀ ਆਹਿਓ ॥ ੧ ॥ ਰਹਾਉ ॥

ਹੇ ਠਾਕੁਰ ! ਮੈਨੂੰ ਇਕ ਆਪ ਦੀ ਟੇਕ=ਓਟ ਹੈ ਅਤੇ ਆਪ ਜੀ ਦਾ ਹੀ ਭਰੋਸਾ ਹੈ, ਏਸੇ ਕਰਕੇ ਮੈਂ ਆਹਿਓ=ਚਾਹ ਕਰਕੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ॥ ੧ ॥ ਰਹਾਉ ॥

ਜਨਮ ਜਨਮ ਕੇ ਮਹਾ ਪਰਾਛਤ ਦਰਸਨੁ ਭੇਟਿ ਮਿਟਾਹਿਓ ॥

ਜਨਮਾਂ ਜਨਮਾਂ ਦੇ ਜੋ 'ਮਹਾ ਪਰਾਛਤ'=ਬੜੇ ਪਾਪ ਸਨ, ਤੇਰੇ ਦਰਸ਼ਨ ਦੇ ਮਿਲਦਿਆਂ ਹੀ ਉਹਨਾਂ ਪਾਪਾਂ ਨੂੰ ਮਿਟਾ ਲਿਆ ਹੈ।

ਭਇਓ ਪ੍ਰਗਾਸੁ ਅਨਦ ਉਜੀਆਰਾ ਸਹਜਿ ਸਮਾਧਿ ਸਮਾਹਿਓ ॥ ੧ ॥

ਜਿਸ ਵੇਲੇ ਸਹਜਿ ਸਮਾਧਿ=ਨਿਰ ਵਿਕਲਪ ਸਮਾਧੀ ਵਿਚ ਸਮਾਇਆ, ਤਾਂ ਪ੍ਰਭੂ ਦਾ ਪ੍ਰਗਾਸੁ=ਗਿਆਨ ਹੋਇਆ, ਗਿਆਨ ਦੇ ਹੋਣ ਨਾਲ ਅਨੰਦ ਰੂਪ ਪਰਮਾਤਮਾ ਦਾ ਉਜੀਆਰਾ=ਪ੍ਰਕਾਸ਼ ਸਾਰੇ ਵੇਖਿਆ॥ ੧ ॥

ਅਥਵਾ:-ਜਿਸ ਅਨੰਦ ਰੂਪ ਪ੍ਰਭੂ ਦਾ ਸਾਰੇ ਪ੍ਰਕਾਸ਼ ਹੈ ਉਸ ਦਾ ਪ੍ਰਗਾਸੁ ਭਇਓ=ਗਿਆਨ ਹੋਇਆ ਹੈ॥ ੧ ॥

ਕਉਨੁ ਕਹੈ ਤੁਮ ਤੇ ਕਛੁ ਨਾਹੀ ਤੁਮ ਸਮਰਥ ਅਥਾਹਿਓ ॥

ਕੌਣ ਰਹਿੰਦਾ ਹੈ, ਕਿ ਆਪ ਜੀ ਤੋਂ ਕੁਝ ਨਹੀਂ ਹੋ ਸਕਦਾ ? ਤੁਸੀਂ ਤਾਂ ਸਭ ਗੱਲਾਂ ਦੇ ਕਰਨ ਨੂੰ ਅਥਾਹਿਓ=ਬਿਅੰਤ ਸਮਰੱਥ ਹੋ।

ਕ੍ਰਿਪਾ ਨਿਧਾਨ ਰੰਗ ਰੂਪ ਰਸ ਨਾਮੁ ਨਾਨਕ ਲੈ ਲਾਹਿਓ ॥ ੨ ॥ ੭ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ—ਹੇ ਰੰਗਾਂ ਰੂਪਾਂ ਵਿਚ ਰਸੇ ਹੋਏ ਕਿਰਪਾ ਦੇ ਖਜ਼ਾਨੇ ਪ੍ਰਭੂ ! ਮੈਂਨੇ ਆਪ ਜੀ ਦੇ ਨਾਮ ਦਾ ਲਾਭ ਲੀਤਾ ਹੈ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ—ਹੇ ਕ੍ਰਿਪਾ ਦੇ ਖਜ਼ਾਨੇ ਪ੍ਰਭੂ ! ਆਪ ਜੀ ਦਾ ਨਾਮ ਲੈ ਕੇ ਜਿੰਨੇ ਭੀ ਰੰਗ, ਰੂਪ, ਰਸ ਹਨ ਉਹ ਸਾਰੇ ਹੀ ਲਾਹਿਓ=ਪਾ ਲਏ ਹਨ॥ ੨॥ ੭॥ ੨੬॥

ਕਾਨੜਾ ਮਹਲਾ ੫॥

ਬੂਡਤ ਪ੍ਰਾਨੀ ਹਰਿ ਜਪਿ ਧੀਰੈ॥

ਬਿਨਸੈ ਮੋਹੁ ਭਰਮੁ ਦੁਖੁ ਪੀਰੈ॥ ੧॥ ਰਹਾਉ॥

ਹਰੀ ਨਾਮ ਜਪਣ ਕਰਕੇ ਇਹ ਡੁਬਦਾ ਪ੍ਰਾਣੀ ਧੀਰੈ=ਧੀਰਜ ਨੂੰ ਪ੍ਰਾਪਤ ਹੁੰਦਾ ਹੈ। ਮੋਹ ਦਾ ਦੁੱਖ ਬਿਨਸ ਜਾਂਦਾ ਹੈ, ਭਰਮ ਦੀ ਪੀੜਾ ਭੀ ਦੂਰ ਹੋ ਜਾਂਦੀ ਹੈ॥ ੧॥ ਰਹਾਉ॥

ਸਿਮਰਉ ਦਿਨੁ ਰੈਨਿ ਗੁਰ ਕੇ ਚਰਨਾ॥ ਜਤ ਕਤ ਪੇਖਉ ਤੁਮਰੀ ਸਰਨਾ॥੧॥

ਦਿਨ ਰਾਤ ਗੁਰਾਂ ਦੇ ਚਰਨਾਂ ਨੂੰ ਸਿਮਰਨਾ ਕਰੋ, ਅਰਥਾਤ ਪੂਜਣਾ ਕਰੋ। ਜਿਥੇ ਕਿਥੇ ਉਸ ਪ੍ਰਭੂ ਦੀ ਸਰਨਾ=ਓਟ ਨੂੰ ਦੇਖਣਾ ਕਰੋ॥ ੧॥

ਸੰਤ ਪ੍ਰਸਾਦਿ ਹਰਿ ਕੇ ਗੁਨ ਗਾਇਆ॥

ਜਿਸ ਨੇ ਸੰਤਾਂ ਦੀ ਕ੍ਰਿਪਾ ਨਾਲ ਹਰੀ ਦੇ ਗੁਣਾਂ ਨੂੰ ਗਾਇਆ ਹੈ।

ਗੁਰ ਭੇਟਤ ਨਾਨਕ ਸੁਖੁ ਪਾਇਆ॥ ੨॥ ੮॥ ੨੭॥

ਗੁਰੂ ਜੀ ਕਥਨ ਕਰਦੇ ਹਨ—ਉਸ ਨੇ ਗੁਰੂ ਨਾਲ ਮਿਲਦਿਆਂ ਹੀ ਆਤਮ ਸੁਖ ਪਾਇਆ ਹੈ॥ ੨॥ ੮॥ ੨੭॥

ਕਾਨੜਾ ਮਹਲਾ ੫॥

ਸਿਮਰਤ ਨਾਮੁ ਮਨਹਿ ਸੁਖੁ ਪਾਈਐ॥

ਨਾਮ ਦੇ ਸਿਮਰਨੇ ਕਰਕੇ ਮਨ ਵਿਚ ਸੁਖ ਪ੍ਰਾਪਤ ਹੁੰਦਾ ਹੈ।

ਸਾਧ ਜਨਾ ਮਿਲਿ ਹਰਿ ਜਸੁ ਗਾਈਐ॥ ੧॥ ਰਹਾਉ॥

ਇਸ ਲਈ ਸੰਤ ਜਨਾਂ ਨਾਲ ਮਿਲ ਕੇ ਹਰੀ ਜਸ ਨੂੰ ਗਾਵਣਾ ਕਰ॥ ੧॥ ਰਹਾਉ॥

ਕਰਿ ਕਿਰਪਾ ਪ੍ਰਭ ਰਿਦੈ ਬਸੇਰੋ॥ ਚਰਨ ਸੰਤਨ ਕੈ ਮਾਥਾ ਮੇਰੋ॥ ੧॥

ਜਸ ਦੇ ਗਾਵਣੇ ਕਰਕੇ ਪ੍ਰਭੂ ਕਿਰਪਾ ਕਰਕੇ ਹਿਰਦੇ ਵਿਚ ਆ ਕੇ ਵਸਦਾ ਹੈ।

ਸੰਤਾਂ ਦੇ ਚਰਨਾਂ ਪਰ ਮੇਰਾ ਮਾਥਾ=ਸਿਰ ਝੁਕ ਪਿਆ ਹੈ॥ ੧॥

ਪਾਰਬ੍ਰਹਮ ਕਉ ਸਿਮਰਹੁ ਮਨਾਂ॥

ਹੇ ਮਨ ! ਪਾਰਬ੍ਰਹਮ ਨੂੰ ਸਿਮਰਨਾ ਕਰ। ਅਤੇ—

ਗੁਰਮੁਖਿ ਨਾਨਕ ਹਰਿ ਜਸੁ ਸੁਨਾਂ ॥ ੨ ॥ ੯ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖ ਬਣਕੇ ਗੁਰਾਂ ਦੁਆਰੇ ਹਰੀ ਜਸ ਨੂੰ ਸੁਨਣਾ ਕਰ ॥ ੨ ॥੯ ॥੨੮ ॥

ਕਾਨੜਾ ਮਹਲਾ ੫ ॥

ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ ॥

ਮੇਰੇ ਮੰਨ ਨੂੰ ਪ੍ਰਭੂ ਦੇ ਚਰਨ ਪਰਸਨੇ ਦੀ ਪ੍ਰੀਤੀ ਲੱਗ ਰਹੀ ਹੈ।

ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ
ਅਖੀਅਨ ਕਉ ਸੰਤੋਖੁ ਪ੍ਰਭ ਦਰਸਨ ॥ ੧ ॥ ਰਹਾਉ ॥

ਹਰਿ ਹਰਿ ਨਾਮ ਦਾ ਭੋਜਨ ਛੱਕ ਕੇ ਰਸਨਾ ਰੱਜ ਗਈ ਹੈ,
ਅਤੇ ਪ੍ਰਭੂ ਦਾ ਦਰਸ਼ਨ ਕਰਕੇ ਅੱਖੀਆਂ ਨੂੰ ਸੰਤੋਖ ਹੋਇਆ ਹੈ ॥ ੧ ॥ ਰਹਾਉ ॥

ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ ॥

ਕਰਨਨਿ=ਕੰਨਾਂ ਵਿਚ ਪ੍ਰੀਤਮ ਪਰਮਾਤਮਾ ਦਾ ਜਸ ਪੂਰਨ ਹੋ ਰਿਹਾ ਹੈ, ਕਲਮਲ=ਪਾਪ, ਦੋਖ=ਕਾਮ ਕ੍ਰੋਧ ਆਦਿਕ ਅਤੇ ਰਾਗ ਦ੍ਵੈਸ਼ ਰੂਪੀ ਮਲ ਇਨ੍ਹਾਂ ਸਾਰਿਆਂ ਨੂੰ ਹਰਸਨ=ਘਟਾਉਣਾ ਅਰਥਾਤ ਮਿਟਾਉਣਾ ਕੀਤਾ ਹੈ।

ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ ॥ ੧ ॥

ਸੁਆਮੀ ਦੇ ਸੁਖਦਾਇਕ ਪੰਥਾ=ਰਸਤੇ 'ਪਰ ਪਾਵਨ=ਪੈਰਾਂ ਨਾਲ ਧਾਵਨ=ਦੌੜਦੇ ਹਾਂ,
ਵਾ:-ਸੁਆਮੀ ਦੇ ਸੁਖਦਾਇਕ ਰਸਤੇ 'ਪਰ ਧਾਵਨ=ਦੌੜਨ ਕਰਕੇ ਪਾਵਨ=ਪਵਿੱਤ੍ਰ ਹੋਏ ਹਾਂ,
ਵਾ:-ਸੁਆਮੀ ਦੇ ਰਸਤੇ 'ਪਰ ਧਾਵਨ=ਤੁਰਨ ਕਰਕੇ 'ਪਾਵਨ ਸੁਖ'=ਪੈਰਾਂ ਨੂੰ ਸੁਖ ਹੋਇਆ ਹੈ,
ਸੰਤਾਂ ਦੇ ਅੰਗਾਂ ਦਾ ਸੰਗ ਕਰਕੇ ਕਾਇਆ=ਸਰੀਰ ਨੂੰ ਸਰਸਨ=ਅਨੰਦ ਹੋਇਆ ਹੈ ॥ ੧ ॥

ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ ॥

ਪੂਰਨ ਅਬਿਨਾਸੀ ਪਰਮਾਤੰਮਾ ਦੀ ਸ਼ਰਨ ਗ੍ਰਹਿਣ ਕੀਤੀ ਹੈ, 'ਆਨ ਉਪਾਵ ਥਕਿਤ'=ਹੋਰ ਉਪਾਵਾਂ ਦੇ ਕਰਨ ਵਲੋਂ ਥਕ ਗਏ ਹਾਂ, ਹੁਣ ਹੋਰ ਉਪਾਵਾਂ ਨੂੰ ਨਹੀਂ ਕਰਦੇ।

ਕਰੁ ਗਹਿ ਲੀਏ ਨਾਨਕ ਜਨ ਅਪਨੇ
ਅੰਧ ਘੋਰ ਸਾਗਰ ਨਹੀ ਮਰਸਨ ॥ ੨ ॥ ੧੦ ॥ ੨੯ ॥

ਗੁਰੂ ਜੀ ਕਥਨ ਕਰਦੇ ਹਨ—ਪ੍ਰਭੂ ਨੇ ਆਪਣੇ ਦਾਸ ਦੇ ਮਨ ਰੂਪੀ ਕਰੁ=ਹੱਥ ਨੂੰ ਗਹਿ ਲੀਏ=ਫੜ ਲਿਆ ਹੈ, ਇਸ ਕਰਕੇ ਦਾਸ ਅੰਨ੍ਹੇ ਭਿਆਨਕ ਸੰਸਾਰ-ਸਮੁੰਦਰ ਵਿਚ ਡੁਬ ਕੇ ਨਹੀਂ ਮਰਦੇ ॥ ੨ ॥ ੧੦ ॥ ੨੯ ॥

ਕਾਨੜਾ ਮਹਲਾ ੫ ॥

ਕੁਹਕਤ ਕਪਟ ਖਪਟ ਖਲ ਗਰਜਤ
ਮਰਜਤ ਮੀਚੁ ਅਨਿਕ ਬਰੀਆ ॥ ੧ ॥ ਰਹਾਉ ॥

ਜਿੰਨਾ ਚਿਰ ਹਿਰਦੇ ਵਿਚ ਖਪਟ=ਖਪਾਉਣ ਵਾਲੇ ਕਪਟ ਆਦਿਕ ਵਿਕਾਰ ਕੁਹਕਤ=ਬੋਲਦੇ ਹਨ ਤੇ ਖਲ=ਮੂਰਖ ਦੁਸ਼ਟ ਕਾਮ ਕ੍ਰੋਧ ਆਦਿਕ ਗਜਦੇ ਹਨ, ਉਤਨਾ ਚਿਰ ਮੀਚੁ=ਮੌਤ ਅਨੇਕਾਂ ਵਾਰੀ ਆ ਕੇ ਮਰਜਤ=ਮਲ਼ਦੀ ਹੈ॥ ੧॥ ਰਹਾਉ॥

ਅਹੰਮਤ ਅਨ ਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲਾਖ ਗਰੀਆ ॥੧॥

ਇਹ ਜੀਵ ਅਹੰਮਤ=ਹੰਗਤਾ ਵਿਚ ਮਸਤ ਹੋ ਕੇ, ਅਨ-ਰਤ=ਦਵੈਤ ਵਿਚ ਪ੍ਰੀਤੀ ਕਰਦਾ ਹੈ ਤੇ ਕੁਮਿਤ-ਹਿਤ=ਖੋਟਿਆਂ ਮਿਤ੍ਰਾਂ ਵਿਚ ਪ੍ਰੇਮ ਕਰਦਾ ਹੋਇਆ ਲੱਖਾਂ ਗਲੀਆਂ ਵਿਚ ਭੌਂਦਾ ਫਿਰਦਾ ਹੈ ਪਰ ਉਹ ਪ੍ਰੀਤਮ ਪਰਮਾਤਮਾ ਇਸ ਨੂੰ ਦੇਖ ਰਿਹਾ ਹੈ॥ ੧॥

ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ ॥

ਅਨਿਤ=ਝੂਠੇ ਵਿਹਾਰ ਕਰਦਾ ਹੋਇਆ 'ਅਚਾਰ ਬਿਧਿ ਹੀਨਤ'=ਸਰੇਸ਼ਟ ਕਰਤੱਬਾਂ ਦੀ ਵਿਧੀ ਤੋਂ ਰਹਿਤ ਹੈ, ਮਮ=ਮਮਤਾ, ਮਦ=ਹੰਕਾਰ ਵਿਚ ਮਾਤ=ਮਸਤ ਹੋ ਕੇ ਕ੍ਰੋਧ ਅਗਨੀ ਵਿਚ ਜਰੀਆ=ਸੜਦਾ ਹੈ।

ਕਰੁਣ ਕ੍ਰਿਪਾਲ ਗੋਪਾਲ ਦੀਨ ਬੰਧੁ
ਨਾਨਕ ਉਧਰੁ ਸਰਨਿ ਪਰੀਆ ॥ ੨ ॥ ੧੧ ॥ ੩੦ ॥

ਗੁਰੂ ਜੀ ਕਥਨ ਕਰਦੇ ਹਨ—ਤਰਨ ਦੀ ਇੱਛਾ ਨੂੰ ਮੁਖ ਰੱਖ ਕੇ ਬੇਨਤੀ ਕਰ-ਹੇ ਕ੍ਰਿਪਾ ਦੇ ਕਰਨ ਵਾਲੇ ! ਕ੍ਰਿਪਾਲੂ ਗੋਪਾਲ ਦੀਨਾਂ ਦੇ ਸਬੰਧੀ ਮੈਂ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ ਮੈਨੂੰ ਸੰਸਾਰ-ਸਮੁੰਦਰ ਤੋਂ ਉਧਾਰ ਲਓ॥ ੨॥ ੧੧॥ ੩੦॥

ਕਾਨੜਾ ਮਹਲਾ ੫॥

ਜੀਅ ਪ੍ਰਾਨ ਮਾਨ ਦਾਤਾ ॥ ਹਰਿ ਬਿਸਰਤੇ ਹੀ ਹਾਨਿ ॥ ੧ ॥ ਰਹਾਉ ॥

ਜੋ ਪ੍ਰਭੂ ਜੀਅ ਨੂੰ ਪ੍ਰਾਣ ਤੇ ਮਾਨ ਆਦਿਕਾਂ ਦਾ ਦਾਤਾ ਹੈ। ਉਸ ਹਰੀ ਦੇ ਭੁਲ ਜਾਣ ਨਾਲ ਹੀ-ਨਿਸਚੇ ਕਰਕੇ, ਅਰਥਾਤ ਜ਼ਰੂਰ ਇਸ ਦੀ ਹਾਨੀ ਹੁੰਦੀ ਹੈ॥ ੧॥ ਰਹਾਉ॥

ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥

ਗੋਬਿੰਦ ਨੂੰ ਤਿਆਗ ਕੇ ਜੇਹੜਾ ਹੋਰ ਕੰਮਾਂ ਵਿਚ ਲਗਣਾ ਹੈ ਏਹ ਇਸ ਤਰ੍ਹਾਂ ਨਿਸਫਲ ਹੈ, ਜਿਵੇਂ ਅੰਮ੍ਰਿਤ ਨੂੰ ਡਾਰਿ=ਤਿਆਗ ਕੇ ਭੂਮਿ ਪਾਗਹਿ=ਮਿੱਟੀ ਵਿਚ ਰਪਨਾ ਹੈ।

ਅਥਵਾ:-ਇਹ ਜੀਵ ਗੋਬਿੰਦ ਨੂੰ ਤਿਆਗ ਕੇ ਹੋਰ ਕੰਮਾਂ ਵਿਚ ਲੱਗ ਰਹੇ ਹਨ ਤੇ ਅੰਮ੍ਰਿਤ ਰੂਪ ਸ੍ਵਾਸਾਂ ਨੂੰ ਭੂਮਿ=ਵਿਸ਼ਿਆਂ ਵਿਚ ਡਾਰਿ ਪਾਗਹਿ=ਸੁਟ ਪਾਇਆ ਹੈ। ਵਾ:-ਨਾਮ ਅੰਮ੍ਰਿਤ ਨੂੰ ਡਾਰਿ=ਤਿਆਗ ਕੇ ਭੂਮਿ ਪਾਗਹਿ=ਵਿਸ਼ਿਆਂ ਵਿਚ ਤਦਾਕਾਰ ਹੁੰਦੇ ਹਨ।

ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥ ੧ ॥

ਹੇ ਮੂਰਖਾ ! ਵਿਸ਼ੇ ਰਸਾਂ ਨਾਲ ਆਸਕਤ=ਤਦਾਕਾਰ ਹੋ ਕੇ ਕਿਸ ਵਾਸਤੇ ਆਪਣੇ ਵਿਚ ਸੁਖ ਪ੍ਰਾਪਤ ਹੋਇਆ ਮੰਨਦਾ ਹੈਂ॥ ੧॥

[ਪੰਨਾ ੧੩੦੪]

ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ॥

ਜਿਨ੍ਹਾਂ ਕਾਮ, ਕ੍ਰੋਧ, ਲੋਭ ਆਦਿਕਾਂ ਵਿਚ ਵਿਆਪ ਰਿਹਾ ਹੈਂ ਇਹ ਤਾਂ ਜਨਮ ਮਰਨ ਦੀ ਹੀ ਖਾਣ ਹਨ।

ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ॥੨॥੧੨॥੩੧॥

ਗੁਰੂ ਜੀ ਕਥਨ ਕਰਦੇ ਹਨ—ਪਾਪੀਆਂ ਦੇ ਪਵਿੱਤ੍ਰ ਕਰਨ ਵਾਲੇ ਪ੍ਰਭੂ ਦੀ ਸ਼ਰਨ ਵਿਚ ਜੋ ਆਇਆ ਹੈ ਉਸ ਨੂੰ ਮੁਕਤ ਰੂਪ ਜਾਣ ਲੈ। *ਅਥਵਾ:*-ਹੇ ਪਤਿਤ ਪਾਵਨ ਪ੍ਰਭੂ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਮੈਨੂੰ ਆਪਣਾ ਸੇਵਕ ਜਾਣ ਕੇ ਉਧਾਰ ਲੈ॥ ੨॥ ੧੨॥ ੩੧॥

ਕਾਨੜਾ ਮਹਲਾ ੫॥ ਅਵਿਲੋਕਉ ਰਾਮ ਕੋ ਮੁਖਾਰਬਿੰਦ॥

ਮੈਂ ਤਾਂ ਰਾਮ ਦੇ ਮੁਖਾਰਬਿੰਦ=ਮੁਖ ਕਮਲ ਨੂੰ ਅਵਿਲੋਕਉ=ਵੇਖਦਾ ਹਾਂ।

ਖੋਜਤ ਖੋਜਤ ਰਤਨੁ ਪਾਇਓ ਬਿਸਰੀ ਸਭ ਚਿੰਦ॥੧॥ਰਹਾਉ॥

ਢੂੰਢਦਿਆਂ ਢੂੰਢਦਿਆਂ ਮੈਨੇ ਰਤਨ ਰੂਪ ਹਰੀ ਨੂੰ ਪਾਇਆ ਹੈ, ਇਸੀ ਤੇ ਸਾਰੀ ਚਿੰਤਾ ਉਤਰ ਗਈ ਹੈ॥ ੧॥ ਰਹਾਉ॥

ਚਰਨ ਕਮਲ ਰਿਦੈ ਧਾਰਿ ਉਤਰਿਆ ਦੁਖੁ ਮੰਦ॥੧॥

ਹਿਰਦੇ ਵਿਚ ਚਰਨ ਕਮਲਾਂ ਦਾ ਧਿਆਨ ਧਾਰਨੇ ਕਰਕੇ ਮੰਦ=ਬੁਰਾ ਸੁਭਾਵ ਤੇ ਦੁੱਖ ਉਤਰ ਗਿਆ ਹੈ। *ਵਾ:*-ਜਨਮ ਮਰਨ ਆਦਿਕਾਂ ਦਾ ਮੰਦ ਦੁੱਖ ਮਿਟ ਗਿਆ ਹੈ॥ ੧॥

ਰਾਜ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ॥

ਰਾਜ ਭਾਗ, ਧਨ ਦੌਲਤ ਅਤੇ ਪ੍ਰਵਾਰ ਮੇਰਾ ਤਾਂ ਸਭ ਕੁਝ ਗੋਵਿੰਦ ਹੀ ਹੈ।

ਸਾਧਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ॥੨॥੧੩॥੩੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੇ ਸਾਧ ਸੰਗਤ ਕਰਕੇ ਏਹ ਲਾਭ ਪਾਇਆ ਹੈ, ਉਹ ਫਿਰ ਮਰਦਾ ਨਹੀਂ ਹੈ॥ ੨॥ ੧੩॥ ੩੨॥

ਕਾਨੜਾ ਮਹਲਾ ੫ ਘਰੁ ੫

ੴ ਸਤਿਗੁਰ ਪ੍ਰਸਾਦਿ॥

ਪ੍ਰਭ ਪੂਜਹੋ ਨਾਮੁ ਅਰਾਧਿ॥ ਗੁਰ ਸਤਿਗੁਰ ਚਰਨੀ ਲਾਗਿ॥

ਗੁਰ=ਪੂਜਨੀਕ ਸਤਿਗੁਰਾਂ ਦੀ ਚਰਨੀਂ ਲੱਗ ਕੇ, ਪ੍ਰਭੂ ਨੂੰ ਪੂਜਦਾ ਹਾਂ ਅਤੇ ਉਸ ਦੇ ਨਾਮ ਨੂੰ ਅਰਾਧਦਾ ਹਾਂ। ਤੁਸੀਂ ਭੀ ਪੂਜਨੀਕ ਸਤਿਗੁਰਾਂ ਦੀ ਚਰਨੀਂ ਲੱਗ ਕੇ ਨਾਮ ਦੇ ਅਰਾਧਨੇ ਰੂਪ ਪ੍ਰਭੂ ਦੀ ਪੂਜਾ ਕਰੋ।

ਹਰਿ ਪਾਵਹੁ ਮਨੁ ਅਗਾਧਿ॥ਜਗੁ ਜੀਤੋ ਹੋ ਹੋ ਗੁਰ ਕਿਰਪਾਧਿ॥੧॥ਰਹਾਉ॥

ਮੈਂ ਆਪਣੇ ਮਨ ਵਿਚੋਂ ਅਗਾਧ ਹਰੀ ਨੂੰ ਪਾਇਆ ਹੈ, ਤੁਸੀਂ ਭੀ ਮਨ ਵਿਚੋਂ ਪਾਵਨਾ ਕਰੋ। ਹੋ=ਹੇ ਭਾਈ !

ਜਿਸ ਵੇਲੇ ਗੁਰਾਂ ਦੀ ਅਧਿਕ ਕਿਰਪਾ ਹੋ=ਹੋਈ ਤਾਂ ਜਗਤ ਨੂੰ ਜਿੱਤਨਾ ਕੀਤਾ॥ ੧॥ ਰਹਾਉ॥

ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ॥

ਜੋ ਅਨੇਕ ਤਰ੍ਹਾਂ ਦੀ ਪੂਜਾ ਹੈ ਉਹ ਮੈਂ ਬਹੁਤ ਤਰ੍ਹਾਂ ਕਰਕੇ ਖੋਜ ਡਿੱਠੀ ਹੈ, ਪਰ ਉਹ ਪੂਜਾ ਸਫਲ ਹੈ ਜੇਹੜੀ ਹਰੀ ਨੂੰ ਭਾਵਾਸਿ=ਭਾਉਂਦੀ ਹੈ।

ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ॥

ਇਹ ਦੇਹ ਮਿੱਟੀ ਦੀ ਪੁਤਲੀ ਜੋਰੀ=ਬਣਾਈ ਹੋਈ ਹੈ, ਆਪਣੇ ਆਪ ਇਹ ਕੀ ਕਰਮ ਕਮਾ ਸਕਦੀ ਹੈ।

ਯਥਾ:- ਪੁਤਰੀ ਤੇਰੀ ਬਿਧਿ ਕਰਿ ਥਾਟੀ॥ ਜਾਨੁ ਸਤਿ ਕਰਿ ਹੋਇਗੀ ਮਾਟੀ॥ *(ਪੰਨਾ ੩੭੪)*

ਤਥਾ:- ਪਾਨੀ ਮੈਲਾ ਮਾਟੀ ਗੋਟੀ॥ ਇਸ ਮਾਟੀ ਕੀ ਪੁਤਰੀ ਜੋਰੀ॥ *(ਪੰਨਾ ੩੩੬)*

ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ ਸੋ ਤੁਧੁ ਜੰਤ ਮਿਲਾਸਿ॥ ੧॥

ਹੇ ਪ੍ਰਭੂ ! ਬੁੱਧ ਰੂਪ ਬਾਂਹ ਫੜ ਕੇ ਜਿਸ ਨੂੰ ਰਸਤੇ ਪਾਂਦੇ ਹੋ, ਉਹ ਜੀਵ ਤੁਧੁ ਮਿਲਾਸਿ=ਆਪ ਜੀ ਨੂੰ ਮਿਲਦਾ ਹੈ।

ਅਵਰ ਓਟ ਮੈ ਕੋਇ ਨ ਸੂਝੈ ਇਕ ਹਰਿ ਕੀ ਓਟ ਮੈ ਆਸ॥

ਹੇ ਹਰੀ ! ਮੈਨੂੰ ਹੋਰ ਕੋਈ ਓਟ ਸੁਝਦੀ ਨਹੀਂ ਹੈ, ਹੇ ਹਰੀ ! ਮੈਨੂੰ ਇਕ ਆਪ ਜੀ ਦੀ ਓਟ ਆਸ=ਹੈ।

ਵਾ:- ਓਟ ਭੀ ਆਪ ਜੀ ਦੀ ਹੈ ਤੇ ਆਸਾ ਭੀ ਆਪ ਜੀ ਦੀ ਹੈ।

ਕਿਆ ਦੀਨੁ ਕਰੇ ਅਰਦਾਸਿ॥ ਜਉ ਸਭ ਘਟਿ ਪ੍ਰਭੂ ਨਿਵਾਸ॥

ਹੇ ਪ੍ਰਭੂ ! ਮੈਂ ਦੀਨੁ=ਗਰੀਬ ਦਾਸ ਆਪ ਜੀ ਅੱਗੇ ਕੀ ਬੇਨਤੀ ਕਰ ਸਕਦਾ ਹਾਂ। ਜਦ ਕਿ ਹੇ ਪ੍ਰਭੂ ! ਤੂੰ ਹੀ ਸਾਰਿਆਂ ਘਟਾਂ ਵਿਚ ਨਿਵਾਸ ਕਰ ਰਿਹਾ ਹੈਂ।

ਪ੍ਰਭ ਚਰਨਨ ਕੀ ਮਨਿ ਪਿਆਸ॥

ਹੇ ਪ੍ਰਭੂ ! ਆਪ ਜੀ ਦੇ ਚਰਨਾਂ ਦੀ ਮੇਰੇ ਮਨ ਵਿਚ ਪਿਆਸ=ਚਾਹ ਲੱਗ ਰਹੀ ਹੈ।

ਜਨ ਨਾਨਕ ਦਾਸੁ ਕਹੀਅਤੁ ਹੈ ਤੁਮ੍ਰਾ
ਹਉ ਬਲਿ ਬਲਿ ਸਦ ਬਲਿ ਜਾਸ॥ ੨॥ ੧॥ ੩੩॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਆਪ ਜੀ ਦਾ ਦਾਸ ਕਹੀਂਦਾ ਹਾਂ,
ਹੇ ਬਲਿ ਬਲਿ=ਪ੍ਰਕਾਸ਼ ਰੂਪ ਪ੍ਰਭੂ ਮੈਂ ਸਦਾ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ।

ਅਥਵਾ:- ਮੈਂ ਮਨ, ਬਾਣੀ, ਸਰੀਰ ਦੁਆਰਾ ਸਦਾ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ॥ ੨॥ ੧॥ ੩੩॥

ਕਾਨੜਾ ਮਹਲਾ ੫ ਘਰੁ ੬

ੴ ਸਤਿਗੁਰ ਪ੍ਰਸਾਦਿ॥ ਜਗਤ ਉਧਾਰਨ ਨਾਮ ਪ੍ਰਿਅ ਤੇਰੈ॥

ਹੇ ਪਿਆਰੇ ਪਿਰੀ ਪਰਮਾਤਮਾ ! ਤੇਰੇ ਨਾਮ ਜਗਤ ਤੋਂ ਤਾਰਨ ਵਾਲੇ ਹਨ।

ਨਵ ਨਿਧਿ ਨਾਮੁ ਨਿਧਾਨੁ ਹਰਿ ਕੇਰੈ॥

ਹੇ ਹਰੀ ! ਆਪ ਜੀ ਦੇ ਨਾਮ ਨੌ ਨਿਧੀਆਂ ਦੇ ਨਿਧਾਨੁ=ਖਜ਼ਾਨੇ ਹਨ।

ਹਰਿ ਰੰਗ ਰੰਗ ਰੰਗ ਅਨੂਪੇਰੈ॥ ਕਾਹੇ ਰੇ ਮਨ ਮੋਹਿ ਮਗਨੇਰੈ॥

ਹਰਿ=ਤਮਾਮ ਰੰਗਾਂ ਵਿਚ ਰੰਗਿਆ ਹੋਇਆ ਜੋ ਹਰੀ ਹੈ ਉਸ ਅਨੂਪੰ ਹਰੀ ਵਿਚ ਰੰਗ=ਪ੍ਰੇਮ ਕਰ।

ਅਥਵਾ:-ਜੋ ਹਰੀ ਦੇ ਰੰਗ=ਪ੍ਰੇਮ ਵਿਚ ਰੰਗੇ ਗਏ ਹਨ ਉਨ੍ਹਾਂ ਨੂੰ ਅਨੂਪੰ ਰੰਗ=ਅਨੰਦ ਹੋਇਆ ਹੈ। ਹੇ ਮਨ ! ਤੂੰ ਕਿਸ ਵਾਸਤੇ ਮੋਹ ਵਿਚ ਮਗਨੇਰੈ=ਮਸਤ ਹੋ ਰਿਹਾ ਹੈਂ।

ਨੈਨਹੁ ਦੇਖੁ ਸਾਧ ਦਰਸੇਰੈ॥ ਸੋ ਪਾਵੈ ਜਿਸੁ ਲਿਖਤੁ ਲਿਲੇਰੈ॥ ੧॥ ਰਹਾਉ॥

ਹੇ ਮਨ ! ਤੂੰ ਨੈਨਹੁ=ਅੱਖਾਂ ਨਾਲ ਸੰਤਾਂ ਦਾ ਦਰਸ਼ਨ ਵੇਖਣਾ ਕਰ। ਪਰ ਜਿਸ ਦੇ ਮੱਥੇ 'ਪਰ ਚੰਗਾ ਲੇਖ ਲਿਖਿਆ ਹੋਇਆ ਹੈ ਓਹੀ ਪੁਰਸ਼ ਦਰਸ਼ਨ ਨੂੰ ਪਾਂਦਾ ਹੈ॥ ੧॥ ਰਹਾਉ॥

ਯਥਾ:- ਸਰਬ ਦੋਖ ਪਰੰ ਤਿਆਗੀ ਸਰਬ ਧਰਮ ਦ੍ਰਿੜੰਤਣ:॥

ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖਣ:॥ ੨੨॥ *(ਪੰਨਾ ੧੩੬੧*)*

ਸੇਵਉ ਸਾਧ ਸੰਤ ਚਰਨੇਰੈ॥ ਬਾਂਛਉ ਧੂਰਿ ਪਵਿਤ੍ਰ ਕਰੇਰੈ॥

ਸਾਧ=ਸਰੇਸ਼ਟ ਸੰਤਾਂ ਦੇ ਚਰਨਾਂ ਦੀ ਸੇਵਾ ਕਰੋ। ਮਨ ਨੂੰ ਪਵਿੱਤ੍ਰ ਕਰਨ ਵਾਲੀ ਜੋ ਚਰਨ ਧੂੜ ਹੈ ਉਸਨੂੰ ਬਾਂਛਉ=ਚਾਹੁਣਾ ਕਰੋ।

ਅਠਸਠਿ ਮਜਨੁ ਮੈਲੁ ਕਟੇਰੈ॥ ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ॥

ਜੋ ਅਠਸਠਿ=ਅਠਾਠ ਤੀਰਥਾਂ ਦੇ ਇਸ਼ਨਾਨ ਦਾ ਫਲ ਦੇਣ ਵਾਲੀ ਹੈ ਤੇ ਮੈਲ ਨੂੰ ਕੱਟਣ ਵਾਲੀ ਹੈ।

ਅਥਵਾ:-ਅਠਾਠ ਤੀਰਥਾਂ ਦੇ ਇਸ਼ਨਾਨ ਦੇ ਸਮਾਨ ਪਾਪਾਂ ਰੂਪੀ ਮੈਲ ਦੇ ਕਟਣੇ ਨੂੰ ਸਮਰੱਥ ਹੈ।

ਅੰਦਰ ਸ੍ਵਾਸ ਜਾਂਦਿਆਂ ਬਾਹਰ ਸ੍ਵਾਸ ਨਿਕਲਦਿਆਂ ਨਾਮ ਨੂੰ ਧਿਆਉਣਾ ਕਰੋ, ਕਦੇ ਭੀ ਮੂੰਹ ਨਾ ਮੋੜੋ।

ਕਿਛੁ ਸੰਗਿ ਨ ਚਾਲੈ ਲਾਖ ਕਰੋਰੈ॥ ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ॥ ੧॥

ਲੱਖਾਂ ਕ੍ਰੋੜਾਂ ਰੁਪਇਆਂ ਵਿਚੋਂ ਅੰਤਮ ਸਮੇਂ ਕੁਝ ਭੀ ਨਾਲ ਨਹੀਂ ਜਾਂਦਾ।

ਪ੍ਰਭੂ ਜੀ ਦਾ ਨਾਮ ਹੀ ਅੰਤ ਵੇਲੇ ਪੁਰਕੋਰੈ=ਪਕਰਨਾ, ਅਰਥਾਤ ਫੜਨਾ ਕਰਦਾ ਹੈ।

ਜਿਥੇ ਕੋਈ ਸਹਾਇਕ ਨਾ ਹੋਵੇ ਉਥੇ ਨਾਮ ਸਹਾਇਕ ਹੁੰਦਾ ਹੈ॥ ੧॥

ਮਨਸਾ ਮਾਨਿ ਏਕ ਨਿਰੰਕੇਰੈ॥ ਸਗਲ ਤਿਆਗਹੁ ਭਾਉ ਦੁਜੇਰੈ॥

ਮਨਸਾ=ਬੁੱਧੀ ਵਿਚ ਇਕ ਨਿਰੰਕਾਰ ਪ੍ਰਭੂ ਨੂੰ ਮੰਨਣਾ ਕਰ। ਅਤੇ—

ਸਾਰੇ ਦਵੈਤ ਭਾਵ ਨੂੰ ਤਿਆਗਣਾ ਕਰ।

**ਕਹਿਣਾ ਉਸੀ ਪਹਿ ਜੋ ਮਾਨਹਿ ਕਹਿਣਾ ਨਾ ਮਾਨਹਿ ਕਹਿਣਾ ਤਾਂ ਕਿਆ ਕਹਿਣਾ।*
ਬਹਿਣਾ ਉਸੀ ਪਹਿ ਜੋ ਲਖੇ ਗੁਣ ਕੋ ਨਾ ਲਖੇ ਗੁਣ ਕੋ ਤਾਂ ਕਿਆ ਬਹਿਣਾ ।
ਰਹਿਣਾ ਉਸੀ ਪਹਿ ਜੋ ਰਖੇ ਹਿਤ ਸਿਉ ਨਾ ਰਖੇ ਹਿਤ ਸਿਉ ਤਾ ਕਿਆ ਰਹਿਣਾ।
ਲਹਿਣਾ ਓਹੀ ਜੋ ਲਿਖਾ ਲਿਲਾਰ ਮੇ ਨਾ ਲਿਖਾ ਲਿਲਾਰ ਮੇ ਤਾਂ ਕਿਆ ਲਹਿਣਾ।

ਕਵਨ ਕਹਾਂ ਹਉ ਗੁਨ ਪ੍ਰਿਅ ਤੇਰੈ ॥ ਬਰਨਿ ਨ ਸਾਕਉ ਏਕ ਟੁਲੇਰੈ ॥

ਹੇ ਪਿਆਰੇ ਪਿਰੀ ਪਰਮਾਤਮਾ ! ਹਉ=ਮੈਂ ਆਪ ਜੀ ਦੇ ਕੇਹੜੇ ਕੇਹੜੇ ਗੁਣ ਕਵਾਂ। ਮੈਂ ਤਾਂ ਆਪ ਜੀ ਦਾ ਇਕ ਭੀ ਟੁਲੇਰੈ=ਉਪਕਾਰ ਕਥਨ ਨਹੀਂ ਕਰ ਸਕਦਾ ਯਾਂ ਆਪ ਜੀ ਦਾ ਦਿੱਤਾ ਹੋਇਆ ਇਕ ਟੁਲੇਰੈ= ਪਦਾਰਥ ਭੀ ਵਰਨਣ ਨਹੀਂ ਕਰ ਸਕਦਾ।

ਦਰਸਨ ਪਿਆਸ ਬਹੁਤੁ ਮਨਿ ਮੇਰੈ ॥
ਮਿਲੁ ਨਾਨਕ ਦੇਵ ਜਗਤ ਗੁਰ ਕੇਰੈ ॥ ੨ ॥ ੧ ॥ ੩੪ ॥

ਮੇਰੇ ਮਨ ਵਿਚ ਦਰਸ਼ਨ ਦੀ ਬਹੁਤੀ ਪਿਆਸ=ਚਾਹ ਲੱਗ ਰਹੀ ਹੈ। ਹੇ ਜਗਤ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਮੈਨੂੰ ਮਿਲਣਾ ਕਰੋ॥ ੨ ॥ ੧ ॥ ੩੪ ॥

[ਪੰਨਾ ੧੩੦੫]

ਕਾਨੜਾ ਮਹਲਾ ੫ ॥

ਐਸੀ ਕਉਨ ਬਿਧੇ ਦਰਸਨ ਪਰਸਨਾ ॥ ੧ ॥ ਰਹਾਉ ॥

ਅਜੇਹੀ ਕੋਣਸੀ ਜੁਗਤੀ ਹੈ ਜਿਸ ਕਰਕੇ ਮੈਂ ਭਗਵਾਨ ਦੇ ਦਰਸ਼ਨ ਪਰਸਨ ਕਰਾਂ ? ॥ ੧ ॥ ਰਹਾਉ ॥

ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ ॥ ੧ ॥

ਸਫਲ ਮੂਰਤੀ ਦੇ ਦਰੁਸ਼ਨ ਦੀ ਮਨ ਬਾਣੀ ਕਰਕੇ ਆਸ ਤੇ ਪਿਆਸ ਲੱਗ ਰਹੀ ਹੈ,

ਵਾ:-ਪਿਆਸਿਆਂ ਦੀ ਨਿਆਈਂ ਆਸ ਲੱਗ ਰਹੀ ਹੈ, ਉਮਗਿ=ਉਛਲ ਕੇ (ਪ੍ਰੇਮ) ਕਰਕੇ ਹੀਉ=ਹਿਰਦਾ ਤਰਸ ਰਿਹਾ ਹੈ॥ ੧ ॥

ਦੀਨ ਲੀਨ ਪਿਆਸ ਮੀਨ ਸੰਤ ਨਾ ਹਰਿ ਸੰਤ ਨਾ ॥

ਜਿਵੇਂ, ਪਿਆਸ ਕਰਕੇ ਮੀਨ=ਮੱਛੀ ਦੀਨਤਾ ਵਿਚ ਲੀਣ ਹੁੰਦੀ ਹੈ, ਹਰਿ=ਜਲ ਤੋਂ ਬਿਨਾਂ ਉਸ ਨੂੰ ਸੰਤ ਨਾ=ਸ਼ਾਂਤੀ ਨਹੀਂ, ਸੰਤ ਨਾ=ਸ਼ਾਂਤੀ ਨਹੀਂ। ਤਿਵੇਂ, ਜਗਿਆਸੂ ਰੂਪ ਮੱਛੀ ਨਾਮ ਦੀ ਪਿਆਸ ਕਰਕੇ ਦੀਨਤਾ ਵਿਚ ਲੀਣ ਹੁੰਦੀ ਹੈ, ਹਰੀ ਨਾਮ ਜਲ ਤੋਂ ਬਿਨਾਂ ਉਸ ਨੂੰ ਸ਼ਾਂਤੀ ਨਹੀਂ ਹੁੰਦੀ, ਸ਼ਾਂਤੀ ਨਹੀਂ ਹੁੰਦੀ।

ਵਾ:-ਹਰੀ ਦੇ ਸੰਤਾਂ ਤੋਂ ਬਿਨਾਂ ਉਸ ਨੂੰ ਸ਼ਾਂਤੀ ਨਹੀਂ ਹੁੰਦੀ।

ਹਰਿ ਸੰਤਨਾ ਕੀ ਰੇਨ ॥ ਹੀਉ ਅਰਪਿ ਦੇਨ ॥ ਪ੍ਰਭ ਭਏ ਹੈ ਕਿਰਪੇਨ ॥

ਹਰੀ ਦੇ ਸੰਤਾਂ ਦੀ ਚਰਨ ਧੂੜ ਹੋਵੇ ਅਤੇ ਆਪਣਾ ਹੀਉ=ਹਿਰਦਾ ਅਰਪ ਦੇਣਾ ਕਰੇ।

ਤਾਂ ਉਹ ਪ੍ਰਭੂ ਕ੍ਰਿਪਾਲੂ ਹੁੰਦੇ ਹਨ।

ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ
ਹਰਿ ਜੀਉ ਭੇਟਨਾ ॥ ੨ ॥ ੨ ॥ ੩੫ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਮਾਨ ਮੋਹ ਆਦਿਕਾਂ ਨੂੰ ਤਿਆਗ ਛੱਡਿਆ,

ਵਾ:-ਮਾਨ ਨੂੰ ਤਿਆਗਿਆ ਤੇ ਮੋਹ ਨੂੰ ਭੀ ਛੱਡਿਆ ਤਾਂ ਹਰਿ ਜੀ ਪਰਮਾਤਮਾ ਭੇਟਨਾ=ਮਿਲ ਪਿਆ॥ ੨॥ ੨॥ ੩੫॥

ਕਾਨੜਾ ਮਹਲਾ ੫॥

ਰੰਗਾ ਰੰਗ ਰੰਗਨ ਕੇ ਰੰਗਾ॥ ਕੀਟ ਹਸਤ ਪੂਰਨ ਸਭ ਸੰਗਾ॥ ੧॥ ਰਹਾਉ॥

ਰੰਗਨ=ਅਨੰਦ ਰੂਪ ਹਰੀ ਰੰਗਾਂ ਰੰਗਾਂ ਵਿਚ ਰੰਗਾ=ਰੰਗਿਆ (ਰਚਿਆ) ਹੋਇਆ ਹੈ। ਕੀੜੀ ਤੋਂ ਲੈ ਕੇ ਹਸਤ=ਹਾਥੀ ਤੱਕ ਸਾਰਿਆਂ ਨਾਲ ਪੂਰਨ ਹੈ॥ ੧॥ ਰਹਾਉ॥

ਬਰਤ ਨੇਮ ਤੀਰਥ ਸਹਿਤ ਗੰਗਾ॥ ਜਲੁ ਹੇਵਤ ਭੂਖ ਅਰੁ ਨੰਗਾ॥
ਪੂਜਾਚਾਰ ਕਰਤ ਮੇਲੰਗਾ॥ ਚਕ੍ਰ ਕਰਮ ਤਿਲਕ ਖਾਟੰਗਾ॥
ਦਰਸਨੁ ਭੇਟੇ ਬਿਨੁ ਸਤਸੰਗਾ॥ ੧॥

ਕਈ ਲੋਕ ਇਕਾਦਸ਼ੀ ਆਦਿਕ ਵਰਤ ਰੱਖਦੇ ਹਨ, ਕਈ ਯਮ ਨੇਮ ਆਦਿਕ ਸਾਧਨ ਕਰਦੇ ਹਨ, ਇਕ ਗੰਗਾ ਜੀ ਦੇ ਸਹਿਤ ਬਹੁਤਿਆਂ ਤੀਰਥਾਂ ਦਾ ਇਸ਼ਨਾਨ ਕਰਦੇ ਹਨ। ਕਈ ਜਲਧਾਰਾ ਕਰਦੇ ਹਨ, ਕਈ ਭੁਖ ਤੇ ਨੰਗ ਨੂੰ ਹੇਵਤ=ਸਹਾਰਦੇ ਹਨ। ਕਈ ਮੇਲੰਗਾ=ਅੰਗਾਂ ਨੂੰ ਮੇਲਕੇ (ਸੰਕੋਚ ਕੇ) ਪੂਜਾ ਦਾ ਅਚਾਰ (ਕਰਤੱਬ) ਕਰਦੇ ਹਨ।

ਵਾ:-ਸਮਗ੍ਰੀਆਂ ਨੂੰ ਮੇਲੰਗਾ=ਮੇਲ ਕੇ ਪੂਜਾ ਦਾ ਕਰਤੱਬ ਕਰਦੇ ਹਨ।

ਕੋਈ ਦੁਆਰਕਾ ਤੇ ਹਿੰਗਲਾਜ ਜਾ ਕੇ ਚੱਕਰ ਲਗਾਂਦਾ ਹੈ, ਵਾ:-ਸਰੀਰ 'ਪਰ ਚਕ੍ਰ ਆਦਿਕ ਛਾਪੇ ਲੁਆਂਦਾ ਹੈ। ਵਾ:-ਗਣੇਸ਼ ਚੱਕਰ ਲਗਾਂਦਾ ਹੈ, ਮਥੇ 'ਪਰ ਲੰਬਾ ਤਿਲਕ ਲਗਾਂਦਾ ਹੈ ਅਤੇ ਕਰਮ ਖਾਟੰਗਾ=ਛੇ ਪ੍ਰਕਾਰ ਦੇ ਕਰਮ ਕਰਦਾ ਹੈ, ਵਾ:-ਛੇ ਸ਼ਾਸਤ੍ਰ ਪੜ੍ਹਦਾ ਹੈ, ਛੇ ਵੇਦ ਦੇ ਅੰਗ ਪੜ੍ਹਦਾ ਹੈ,

ਵਾ:-ਛੇ ਦਰਸ਼ਨ=ਭੇਖ ਧਾਰਦਾ ਹੈ। ਇਤਿਆਦਿਕ ਸਾਧਨ ਕਰਨੇ ਸਤਸੰਗ ਦੇ ਦਰਸ਼ਨ ਮਿਲੇ ਤੋਂ ਬਿਨਾਂ ਸਭ ਨਿਸਫਲ ਹਨ॥ ੧॥ ***ਦਰਸਨ ਭੇਟੇ ਬਿਨੁ ਸਤਸੰਗਾ॥***

ਇਹ ਤੁਕ ਸਭ ਤੁਕਾਂ ਨਾਲ ਅਰਥ ਕਰਨ ਵੇਲੇ ਲਗਾਉਣੀ।

ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ॥ ਹਉ ਰੋਗੁ ਬਿਆਪੈ ਚੁਕੈ ਨ ਭੰਗਾ॥

ਨਿ=ਵਿਸ਼ੇਸ਼ ਹਠ ਨੂੰ ਗ੍ਰਹਿਣ ਕਰਕੇ ਅਤੀਅੰਤ ਬਿਟੰਗਾ=ਬੇਢੰਗੇ ਜੇਹੇ ਹੋ ਕੇ ਰਹਿੰਦੇ ਹਨ। ਅਰਥਾਤ—ਬਿਟੰਗਾ=ਕਪਾਲੀ ਆਸਣ ਲਗਾਉਂਦੇ ਹਨ ਸਿਰ ਹੇਠਾਂ ਤੇ ਪੈਰ ਉਪਰ ਕਰਕੇ ਖੜੇ ਰਹਿੰਦੇ ਹਨ। ਇਹਨਾਂ ਸਾਧਨਾਂ ਵਿਚ ਹਉਮੈ ਰੂਪੀ ਰੋਗ ਦੇ ਵਿਆਪਨ ਕਰਕੇ ਮਨ ਪਰਮੇਸ਼ਰ ਵਲੋਂ ਭੰਗਾ=ਵਿਘਨ ਵਾਲਾ ਹੋ ਰਿਹਾ ਹੈ, ਉਹ ਹਉਮੈ ਰੂਪੀ ਰੋਗ ਕਦੇ ਸਤਸੰਗ ਦੇ ਦਰਸ਼ਨ ਮਿਲੇ ਤੋਂ ਬਿਨਾਂ ਚੁਕੈ ਨ=ਦੂਰ ਨਹੀਂ ਹੁੰਦਾ ।

ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ॥

ਕਾਮ ਕ੍ਰੋਧ ਤੇ ਤ੍ਰਿਸ਼ਨਾ ਅੱਗ ਨਾਲ ਉਹਨਾਂ ਦਾ ਹਿਰਦਾ ਬਹੁਤਾ ਸੜਦਾ ਰਹਿੰਦਾ ਹੈ।

ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ॥ ੨॥ ੩॥ ੩੬॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਚੰਗਾ ਸਤਿਗੁਰੂ ਬ੍ਰਹਮਨੇਸਟੀ ਬ੍ਰਹਮ ਸਰੋਤਰੀ ਮਿਲਦਾ ਹੈ ਉਹ

ਮੁਕਤ ਹੁੰਦਾ ਹੈ॥ ੨॥ ੩॥ ੩੬॥

ਜਗਿਆਸੂ ਨੇ ਬੇਨਤੀ ਕੀਤੀ ਹੈ ਸੰਤੋ ! ਆਪ ਦੀ ਜੀ ਤ੍ਰਿਸ਼ਨਾ ਅੱਗ ਕਿਵੇਂ ਬੁਝੀ ਹੈ? ਉੱਤਰ:-

ਕਾਨੜਾ ਮਹਲਾ ੫ ਘਰੁ ੭

੧ੴ ਸਤਿਗੁਰ ਪ੍ਰਸਾਦਿ॥

ਤਿਖ ਬੁਝਿ ਗਈ ਗਈ ਮਿਲਿ ਸਾਧ ਜਨਾ॥

ਜਿਸ ਵੇਲੇ ਮੈਂ ਸੰਤ ਜਨਾਂ ਦੇ ਨਾਲ ਮਿਲ ਗਈ, ਤਾਂ ਮੇਰੀ ਤ੍ਰਿਸ਼ਨਾ ਰੂਪ ਅੱਗ ਬੁਝ ਗਈ ਹੈ।

ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ॥ ੧॥ ਰਹਾਉ॥

ਕਾਮ ਕ੍ਰੋਧ ਆਦਿਕ ਪੰਜ ਚੋਰਾਂ ਦੇ ਦੌੜਨ ਕਰਕੇ ਮੈਨੂੰ ਸਹਿਜੇ ਸੁਖ ਹੋਇਆ ਹੈ, ਪਿਆਰੇ ਪ੍ਰਭੂ ਦੇ ਦਰਸ਼ਨ ਵਾਸਤੇ ਮੈਂ ਮਨ ਕਰਕੇ ਹਰੀ ਦੇ ਗੁਣ ਗਾਂਵਦੀ ਹਾਂ, ਬਾਣੀ ਦੁਆਰਾ ਹਰੀ ਦੇ ਗੁਣ ਗਾਂਵਦੀ ਹਾਂ, ਸਰੀਰ ਕਰਕੇ ਹਰੀ ਦੇ ਗੁਣ ਗਾਂਵਦੀ ਹਾਂ। ਵਾ:-ਗਾਵਤੀ ਜੋ ਗੁਰੂ ਹਨ ਉਹਨਾਂ ਦੁਆਰੇ ਗਾਵਣੇ ਵਾਲੀ ਹੋ ਕੇ ਮੈਂ ਹਰੀ ਦੇ ਗੁਣ ਗਾਂਵਦੀ ਹਾਂ ॥ ੧॥ ਰਹਾਉ॥

ਜੈਸੀ ਕਰੀ ਪ੍ਰਭ ਮੋ ਸਿਉ ਮੋ ਸਿਉ ਐਸੀ ਹਉ ਕੈਸੇ ਕਰਉ॥

ਹੇ ਪ੍ਰਭੂ ! ਜਿਸ ਤਰ੍ਹਾਂ ਦੀ ਪ੍ਰੀਤੀ ਤੁਸਾਂ ਨੇ ਮੇਰੇ ਨਾਲ ਕੀਤੀ ਹੈ, ਮੇਰੇ ਨਾਲ ਕੀਤੀ ਹੈ।

ਵਾ:-ਮੋ ਸਿਓ=ਮੈਂ ਸੁਗੰਧ ਖਾ ਕੇ ਕਹਿੰਦੀ ਹਾਂ ਜਿਸ ਤਰ੍ਹਾਂ ਦੀ ਪ੍ਰੀਤੀ ਤੁਸਾਂ ਨੇ ਮੇਰੇ ਨਾਲ ਕੀਤੀ ਹੈ, ਅਜੇਹੀ ਪ੍ਰੀਤੀ ਮੈਂ ਆਪ ਜੀ ਨਾਲ ਕਿਵੇਂ ਕਰ ਸਕਦੀ ਹਾਂ।

ਅਥਵਾ:-ਹੇ ਪ੍ਰਭੂ ! ਜੇਹੋ ਜੇਹੀ ਤੁਸਾਂ ਨੇ ਮੇਰੇ ਨਾਲ ਨੇਕੀ ਕੀਤੀ ਹੈ, ਮੋ ਸਿਉ=ਮੈਂ ਮੋਹ ਨਾਲ ਲਿਬੜੀ ਹੋਈ ਹਾਂ, ਇਸ ਕਰਕੇ ਤੁਹਾਡੇ ਨਾਲ ਉਸ ਤਰ੍ਹਾਂ ਦੀ ਪ੍ਰੀਤੀ ਕਿਸ ਤਰ੍ਹਾਂ ਕਰ ਸਕਦੀ ਹਾਂ।

ਹੀਉ ਤੁਮ੍ਹਾਰੇ ਬਲਿ ਬਲੇ ਬਲਿ ਬਲੇ ਬਲਿ ਗਈ॥ ੧॥

ਹੇ ਬਲਿ ਬਲੇ=ਪ੍ਰਕਾਸ਼ ਰੂਪ ਪ੍ਰਭੂ ! ਬਲਿਹਾਰ ਕੁਰਬਾਨ ਜਾਣੇ ਜੋਗ ਮੈਂ ਹੀਉ=ਹਿਰਦੇ ਕਰਕੇ ਆਪ ਜੀ ਤੋਂ ਬਲਿਹਾਰ ਗਈ ਹਾਂ।

ਵਾ:-ਮਨ, ਬਾਣੀ, ਸਰੀਰ ਕਰਕੇ ਮੈਂ ਆਪ ਜੀ ਤੋਂ ਬਲਿਹਾਰ ਕੁਰਬਾਨ ਗਈ ਹਾਂ॥ ੧॥

ਪਹਿਲੇ ਪੈ ਸੰਤ ਪਾਇ ਧਿਆਇ ਧਿਆਇ ਪ੍ਰੀਤੀ ਲਾਇ॥

ਸਭ ਤੋਂ ਪਹਿਲੇ ਸੰਤਾਂ ਦੀ ਪਾਇ=ਪੈਰੀਂ ਪੈ ਕੇ, ਤੇਰੇ ਨਾਲ ਪ੍ਰੀਤੀ ਲਗਾਈ ਹੈ, ਫਿਰ ਹੇ ਧਿਆਵਨ ਜੋਗ ਪ੍ਰਭੂ ! ਆਪ ਜੀ ਨੂੰ ਧਿਆਉਣਾ ਕੀਤਾ ਹੈ।

ਪ੍ਰਭ ਥਾਨੁ ਤੇਰੋ ਕੇਹਰੋ ਜਿਤੁ ਜੰਤਨ ਕਰਿ ਬੀਚਾਰੁ॥

ਹੇ ਪ੍ਰਭੂ ! ਆਪ ਜੀ ਦਾ ਉਹ ਕੇਹੜਾ ਅਸਥਾਨ ਹੈ ? ਜਿਥੇ ਬੈਠ ਕੇ ਜੀਵਾਂ ਨੂੰ ਖਾਣ ਪਾਣ ਦੇਣ ਦਾ ਵਿਚਾਰ ਕਰਦੇ ਹੋ।

ਅਨਿਕ ਦਾਸ ਕੀਰਤਿ ਕਰਹਿ ਤੁਹਾਰੀ॥ ਸੋਈ ਮਿਲਿਓ ਜੋ ਭਾਵਤੋ॥

ਭਾਵੇਂ ਅਨੇਕਾਂ ਦਾਸ ਆਪ ਜੀ ਦੀ ਕੀਰਤੀ ਨੂੰ ਕਰਦੇ ਹਨ। ਪਰ ਓਹੀ ਆਪ ਜੀ ਨੂੰ ਮਿਲਿਆ ਹੈ ਜੋ ਆਪ ਜੀ ਨੂੰ ਭਾਉਂਦਾ ਹੈ।

ਜਨ ਨਾਨਕ ਠਾਕੁਰ ਰਹਿਓ ਸਮਾਇ॥
ਏਕ ਤੂਹੀ ਤੂਹੀ ਤੂਹੀ॥ ੨॥ ੧॥ ੩੭॥

ਗੁਰੂ ਜੀ ਕਥਨ ਕਰਦੇ ਹਨ—ਹੇ ਠਾਕੁਰ ! ਪਿਛੇ ਵੀ ਇਕ ਤੂੰ ਹੀ ਸਮਾਅ ਰਿਹਾ ਸੀ, ਹੁਣ ਭੀ ਇਕ ਤੂੰ ਹੀ ਸਮਾਅ ਰਿਹਾ ਹੈਂ, ਅੱਗੇ ਭੀ ਇਕ ਤੂੰਹੀ ਸਮਾਅ ਰਿਹਾ ਹੋਵੇਂਗਾ॥ ੨॥ ੧॥ ੩੭॥

ਕਾਨੜਾ ਮਹਲਾ ੫ ਘਰੁ ੮
ੴ ਸਤਿਗੁਰ ਪ੍ਰਸਾਦਿ॥
ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ
ਹਾਂ ਹਾਂ ਮਨ ਚਰਨ ਰੇਨ॥ ੧॥ ਰਹਾਉ॥

ਵਿੱਦਿਆ ਦਾ ਗੁਮਾਨੁ=ਹੰਕਾਰ ਤੇ ਜਾਤੀ ਦਾ ਮਾਨ ਤਿਆਗਣਾ ਕਰ।

ਅਥਵਾ:-ਗੁ ਮਾਨੁ=ਇੰਦ੍ਰੀਆਂ ਦਾ ਮਾਨ ਤੇ ਬਿਭੂਤੀ ਦਾ ਮਾਨ ਤਿਆਗਣਾ ਕਰ, ਕਿਉਂਕਿ ਲਾਲ= ਪਿਆਰਾ ਦਿਆਲੂ ਪਰਮਾਤਮਾ ਸਾਡੇ ਹਾਲ ਨੂੰ ਦੇਖਦਾ ਹੈ, ਹਾਂ=ਬੜਾ ਕਸ਼ਟ ਹੈ, ਹਾਂ=ਬੜਾ ਕਸ਼ਟ ਹੈ, ਮਨੁਖਾ ਜਨਮ ਨਿਸਫਲ ਜਾ ਰਿਹਾ ਹੈ, ਹੇ ਮਨ ! ਤੂੰ ਖ਼ਬਰਦਾਰ ਹੋ ਕੇ ਸੰਤਾਂ ਦੇ ਚਰਨਾਂ ਦੀ ਰੇਨ=ਧੂੜ ਗ੍ਰਹਿਣ ਕਰ॥ ੧॥ ਰਹਾਉ॥ ਅਤੇ-

ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ॥ ੧॥

ਸੰਤਾਂ ਪਾਸੋਂ ਮੰਤ੍ਰ ਲੈ ਕੇ ਹਰੀ ਦਾ ਧਿਆਨ ਕਰ, ਤਾਂ ਗੋਪਾਲ ਦਾ ਗਿਆਨ ਹੋਵੇਗਾ॥ ੧॥

ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ॥

ਗੁਰਾਂ ਦੇ ਚਰਨ ਕਮਲਾਂ ਨਾਲ ਪ੍ਰੀਤੀ ਲੱਗਾ ਕੇ, ਮਨ ਦੇ ਮੋਹਣੇ ਵਾਲਾ ਜੋ ਦੀਨ ਦਿਆਲ ਗੋਬਿੰਦ ਹੈ ਹਿਰਦੇ ਕਰਕੇ ਉਸ ਦੇ ਗੁਣ ਗਾਉਣਾ ਕਰ। ਅਤੇ ਇਸ ਤਰ੍ਹਾਂ ਬੇਨਤੀ ਕਰ-

ਕ੍ਰਿਪਾਲ ਦਇਆ ਮਇਆ ਧਾਰਿ॥ ਨਾਨਕੁ ਮਾਗੈ ਨਾਮੁ ਦਾਨੁ॥

ਹੇ ਦਇਆ ਸਰੂਪ ਕ੍ਰਿਪਾਲੂ ਮੇਰੇ ਉਤੇ ਮਇਆ ਧਾਰਿ=ਮੇਹਰ ਕਰ।

ਗੁਰੂ ਜੀ ਕਥਨ ਕਰਦੇ ਹਨ—ਮੈਂ ਆਪ ਜੀ ਤੋਂ ਨਾਮ ਦਾਨ ਮੰਗਦਾ ਹਾਂ। ਪਰ—

ਤਜਿ ਮੋਹੁ ਭਰਮੁ ਸਗਲ ਅਭਿਮਾਨੁ॥ ੨॥ ੧॥ ੩੮॥

ਮੋਹ ਭਰਮ ਅਤੇ ਸਾਰੇ ਅਭਿਮਾਨੁ=ਹੰਕਾਰ ਨੂੰ ਤਿਆਗ ਕੇ ਨਾਮ ਦਾਨ ਮੰਗਦਾ ਹਾਂ ਆਪ ਕਿਰਪਾ ਕਰਕੇ ਦੇਣਾ ਕਰੋ॥ ੨॥ ੧॥ ੩੮॥

ਕਾਨੜਾ ਮਹਲਾ ੫ ॥

ਪ੍ਰਭ ਕਹਨ ਮਲਨ ਦਹਨ ਲਹਨ
ਗੁਰ ਮਿਲੇ ਆਨ ਨਹੀ ਉਪਾਉ ॥ ੧ ॥ ਰਹਾਉ ॥

ਪੂਰਬਲੇ ਚੰਗੇ ਲਹਨ=ਲੇਖਾਂ ਅਨੁਸਾਰ ਗੁਰੂ ਮਿਲੇ ਤੇ ਪ੍ਰਭੂ ਦੇ ਜਸ ਨੂੰ ਕਹਨ=ਕਿਹਾ, ਤਾਂ ਸਾਰੇ ਮਲਨ= ਪਾਪ, ਦਹਨ=ਦਗਦ (ਨਾਸ) ਹੋ ਗਏ, ਗੁਰੂ ਤੋਂ ਬਿਨਾਂ ਆਨ=ਹੋਰ ਕਿਸੇ ਉਪਾਉ=ਜਤਨ ਕਰਕੇ ਪ੍ਰਭੂ ਨਹੀਂ ਮਿਲਦਾ।

[ਪੰਨਾ ੧੩੦੬]

ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥ ੧ ॥

ਤੀਰਥਾਂ ਦੇ ਤਟਨ=ਕਿਨਾਰੇ ਰਹਿਣ ਨਾਲ, ਖਟਨ=ਛੇ ਸ਼ਾਸਤ੍ਰ,

ਵਾ:-ਛੇ ਵੇਦ ਦੇ ਅੰਗ ਪੜ੍ਹਨ ਨਾਲ, ਵਾ:-ਛੇ ਪ੍ਰਕਾਰ ਦੇ ਕਰਮਾਂ ਦੇ ਕਰਨ ਨਾਲ, ਜਟਨ= ਜੜਾਵਾਂ ਧਾਰਨ ਨਾਲ, ਹੋਮਨ=ਹਮਨ ਕਰਨ ਨਾਲ, ਡੰਡਾ ਧਾਰ ਕੇ ਸੰਨਿਆਸੀ ਹੋਣ ਨਾਲ ਕੋਈ 'ਨਾਹੀ ਸੁਆਉ'=ਆਤਮ ਲਾਭ ਪ੍ਰਾਪਤ ਨਹੀਂ ਹੁੰਦਾ ॥ ੧ ॥

ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥

ਭਾਂਤਨ=ਤਰ੍ਹਾਂ ਤਰ੍ਹਾਂ ਦੇ ਜਤਨ ਕਰਨ ਵਾਲਿਆਂ ਨੇ, ਜਤੀਆਂ ਦੀ ਤਰ੍ਹਾਂ ਫਿਰਨ ਵਾਲਿਆਂ ਨੇ, ਜਪ ਤਪ ਦੇ ਕਰਨ ਵਾਲਿਆਂ ਨੇ, ਧਰਤੀ ਉਪਰ ਭ੍ਰਮਨ=ਫਿਰਨ ਵਾਲਿਆਂ ਨੇ ਤੇ ਅਨੇਕ ਤਰ੍ਹਾਂ ਦੀ ਕਥਾ ਕਥਨ ਕਰਨ ਵਾਲਿਆਂ ਨੇ ਭੀ ਸਰੂਪ ਅਸਥਾਨ ਦੀ ਥਾਹ ਨਹੀਂ ਪਾਈ।

ਵਾ:-ਠਾਉ=ਸਰੂਪ ਦੀ ਥਾਹ=ਜਗ੍ਹਾਂ ਨਹੀਂ ਪਾਈ।

ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥ ੨ ॥ ੨ ॥ ੩੯ ॥

ਸਾਰੀਆਂ ਸੋਧਨਾ=ਪਵਿੱਤ੍ਰਤਾਈਆਂ ਨੂੰ ਸੋਧਿਆ ਹੈ,

ਵਾ:-ਸਾਰਿਆਂ ਸੋਧਨਾ=ਗ੍ਰੰਥਾਂ ਨੂੰ ਸੋਧਿਆ ਹੈ,

ਵਾ:-ਸਾਰੇ ਸੋਧਨ ਸੋਧੇ ਅਰਥਾਤ ਵਿਚਾਰ ਵਿਚਾਰੇ ਹਨ, ਗੁਰੂ ਜੀ ਕਥਨ ਕਰਦੇ ਹਨ—ਇਕ ਨਾਮ ਦੇ ਭਜਨ ਨਾਲ ਸੁਖ ਪ੍ਰਾਪਤ ਹੁੰਦਾ ਹੈ॥ ੨ ॥ ੨ ॥ ੩੯ ॥

ਕਾਨੜਾ ਮਹਲਾ ੫ ਘਰੁ ੯
੧ਓ ਸਤਿਗੁਰ ਪ੍ਰਸਾਦਿ ॥

ਪਤਿਤ ਪਾਵਨੁ ਭਗਤਿ ਬਛਲੁ ਭੈ ਹਰਨ ਤਾਰਨ ਤਰਨ ॥ ੧ ॥ ਰਹਾਉ ॥

ਹੇ ਪਤਿਤ ਪਾਵਨੁ=ਪਾਪੀਆਂ ਦੇ ਪਵਿੱਤਰ ਕਰਨ ਵਾਲੇ, ਭਗਤਾਂ ਦੇ ਬਛਲੁ=ਪਿਆਰੇ, ਭੈ ਹਰਨ=ਡਰ ਦੇ ਨਾਸ ਕਰਨ ਵਾਲੇ, ਤਾਰਨੇ ਨੂੰ ਤਰਨ=ਜਹਾਜ਼ ਰੂਪ ਪਰਮਾਤਮ ਦੇਵ ! ॥ ੧ ॥

ਨੈਨ ਤਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ॥ ੧ ॥

ਆਪ ਜੀ ਦਾ ਦਰਸ਼ਨ ਵੇਖ ਕੇ ਨੇਤ੍ਰ ਤ੍ਰਿਪਤ ਹੋਏ ਹਨ ਅਤੇ ਆਪ ਜੀ ਦਾ ਜਸ ਸੁਣਦਿਆਂ ਕਰਨ=ਕੰਨਾਂ ਨੂੰ ਤੋਖਿ=ਸੰਤੋਖ ਹੋਇਆ ਹੈ। ਵਾ:- ਕਰਨ=ਕੰਨ, ਤੋਖਿ=ਸੰਤੁਸ਼ਟ (ਪ੍ਰਸੰਨ) ਹੋਏ ਹਨ॥ ੧ ॥

ਪ੍ਰਾਨ ਨਾਥ ਅਨਾਥ ਦਾਤੇ ਦੀਨ ਗੋਬਿਦ ਸਰਨ॥

ਹੇ ਪ੍ਰਾਣ ਦਾਤੇ ! ਹੇ ਅਨਾਥਾਂ ਦੇ ਨਾਥ ! ਹੇ ਗੋਬਿੰਦ ! ਮੈਂ ਦੀਨ ਆਪ ਜੀ ਦੇ ਚਰਨਾਂ ਦੀ ਸ਼ਰਨ ਹਾਂ।

ਆਸ ਪੂਰਨ ਦੁਖ ਬਿਨਾਸਨ ਗਹੀ ਓਟ ਨਾਨਕ ਹਰਿ ਚਰਨ॥੨ ॥੧ ॥੪੦ ॥

ਗੁਰੂ ਜੀ ਕਥਨ ਕਰਦੇ ਹਨ—ਹੇ ਆਸਾ ਪੂਰਨ ਕਰਨ ਵਾਲੇ, ਹੇ ਦੁਖਾਂ ਦੇ ਨਾਸ ਕਰਨ ਵਾਲੇ ਹਰੀ ! ਮੈਂਨੇ ਆਪ ਜੀ ਦੇ ਚਰਨਾਂ ਦੀ ਓਟ ਗ੍ਰਹਿਣ ਕੀਤੀ ਹੈ॥ ੨॥ ੧॥ ੪੦॥

ਕਾਨੜਾ ਮਹਲਾ ੫ ॥

ਚਰਨ ਸਰਨ ਦਇਆਲ ਠਾਕੁਰ ਆਨ ਨਾਹੀ ਜਾਇ॥

ਹੇ ਦਿਆਲੂ ਠਾਕੁਰ ! ਮੈਂਨੇ ਆਪ ਜੀ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕੀਤੀ ਹੈ, ਆਪ ਜੀ ਤੋਂ ਬਿਨਾਂ ਆਨ=ਹੋਰ ਕੋਈ ਜਗ੍ਹਾ ਨਹੀਂ ਹੈ।

ਪਤਿਤ ਪਾਵਨ ਬਿਰਦੁ ਸੁਆਮੀ ਉਧਰਤੇ ਹਰਿ ਧਿਆਇ॥ ੧ ॥ ਰਹਾਉ ॥

ਹੇ ਸ੍ਵਾਮੀ ! ਆਪ ਜੀ ਦਾ ਬਿਰਦੁ=ਧਰਮ ਪਤਿਤ ਪਾਵਨ ਹੈ,

ਹੇ ਹਰੀ ! ਤੇਰਾ ਧਿਆਨ ਕਰਨ ਵਾਲੇ ਅਨੇਕਾਂ ਜੀਵ ਉਧਰ ਜਾਂਦੇ ਹਨ॥ ੧॥ ਰਹਾਉ॥

ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ॥

ਮੋਹ ਤੇ ਮਾਨ ਕਰਕੇ ਅੰਨ੍ਹਾਂ ਜੀਵ ਸੰਸਾਰ-ਸਮੁੰਦਰ ਦੀ ਵਿਕਾਰਾਂ ਰੂਪ ਗਾਰ=ਜਿਲਨ ਵਿਚ ਪਤਿਤ=ਡਿੱਗ ਪਿਆ ਹੈ। ਅਤੇ-

ਬਿਕਲ ਮਾਇਆ ਸੰਗਿ ਧੰਧ॥

ਮਾਇਆ ਦੇ ਧੰਧਿਆਂ ਦੇ ਨਾਲ ਵਿਆਕੁਲ ਹੋ ਰਿਹਾ ਹੈ, ਅਰਥਾਤ ਮਹਾਂ ਦੁੱਖੀ ਹੋ ਰਿਹਾ ਹੈ।

ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ॥ ੧ ॥

ਹੇ ਪ੍ਰਭੂ ! ਮੇਰਾ ਮਨ ਰੂਪੀ ਕਰੁ ਗਹੇ=ਹੱਥ ਫੜ ਕੇ ਆਪ ਕੱਢ ਲਵੋ।

ਹੇ ਗੋਬਿੰਦ ਰਾਜੇ ! ਆਪ ਮੈਨੂੰ ਰੱਖ ਲਓ॥ ੧ ॥

ਅਨਾਥ ਨਾਥ ਸਨਾਥ ਸੰਤਨ ਕੋਟਿ ਪਾਪ ਬਿਨਾਸ॥

ਹੇ ਅਨਾਥਾਂ ਦੇ ਨਾਥ=ਸ੍ਵਾਮੀ, ਸੰਤਾਂ ਦੀ ਸਨਾਥ=ਕਲਿਆਣ ਕਰਨ ਵਾਲੇ ਅਤੇ ਕ੍ਰੋੜਾਂ ਪਾਪਾਂ ਦੇ ਨਾਸ ਕਰਨ ਵਾਲੇ ਪ੍ਰਭੂ-

ਮਨਿ ਦਰਸਨੈ ਕੀ ਪਿਆਸ॥ ਪ੍ਰਭ ਪੂਰਨ ਗੁਨਤਾਸ॥

ਮੇਰੇ ਮਨ ਵਿਚ ਆਪ ਜੀ ਦੇ ਦਰਸ਼ਨਾਂ ਦੀ ਪਿਆਸ ਹੈ, ਹੇ ਪੂਰਨ ਪ੍ਰਭੂ ! ਆਪ ਸ਼ੁਭ ਗੁਣਾਂ ਦੇ

ਭਾਸ=ਖਜ਼ਾਨੇ ਹੋ।

ਕ੍ਰਿਪਾਲ ਦਇਆਲ ਗੁਪਾਲ ਨਾਨਕ
ਹਰਿ ਰਸਨਾ ਗੁਨ ਗਾਇ ॥ ੨ ॥ ੨ ॥ ੪੧ ॥

ਗੁਰੂ ਜੀ ਕਥਨ ਕਰਦੇ ਹਨ—ਹੇ ਕ੍ਰਿਪਾਲ=ਕ੍ਰਿਪਾ ਦੇ ਘਰ ਦਿਆਲੂ ਸੁਭਾਅ ਵਾਲੇ ਹਰੀ ਗੋਪਾਲ ! ਮੈਂ ਰਸਨਾ ਦੁਆਰੇ ਆਪ ਜੀ ਦੇ ਹੀ ਗੁਣ ਗਾਉਂਦਾ ਹਾਂ॥ ੨ ॥ ੨ ॥ ੪੧ ॥

ਪਤਿਬ੍ਰਤਾ ਧਰਮ ਵਾਲੀ ਇਸਤ੍ਰੀ ਆਖਦੀ ਹੈ—

ਕਾਨੜਾ ਮਹਲਾ ੫ ॥
ਵਾਰਿ ਵਾਰਉ ਅਨਿਕ ਡਾਰਉ ॥
ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥ ੧ ॥ ਰਹਾਉ ॥

ਪਤੀ ਦੇ ਸੁਹਾਗ ਦੀ ਰਾਤ ਦਾ ਜੋ ਪਲ ਜਿੰਨਾ ਸੁਖ ਹੈ ਉਸ ਤੋਂ ਅਨੇਕਾਂ ਪਦਾਰਥ ਵਾਰ ਵਾਰ ਕੇ ਡਾਰਉ=ਸੁੱਟਦੀ ਹਾਂ। ਇਸੇ ਤਰ੍ਹਾਂ ਜਗਿਆਸੂ ਰੂਪ ਇਸਤ੍ਰੀ ਆਖਦੀ ਹੈ:-ਅਵਸਥਾ ਰੂਪੀ ਰਾਤ ਵਿਚ ਪਿਰੀ ਪਰਮਾਤਮਾ ਦਾ ਜੋ ਪਲ ਮਾਤ੍ਰ ਸੁਹਾਗ=ਸੁਖ ਹੈ, ਉਸ ਸੁਖ ਦੇ ਉਪਰੋਂ ਪਦਾਰਥਾਂ ਰੂਪੀ ਵਾਰਿ=ਜਲ ਨੂੰ ਅਨੇਕਾਂ ਵਾਰੀ ਵਾਰਨੇ ਕਰਕੇ ਸੁਟਦੀ ਹਾਂ॥ ੧ ॥ ਰਹਾਉ ॥

ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥ ੧ ॥

ਹੇ ਸਖੀ ! ਕਨਿਕ=ਸੋਨੇ ਦੇ ਮੰਦਰ ਪਾਟ ਸੇਜ=ਰੇਸ਼ਮੀ ਸੇਜਾ,

ਅਥਵਾ:-ਸੋਨੇ ਦੇ ਗਹਿਣੇ, ਪੱਕੇ ਮੰਤਰ, ਪਾਟ=ਬਸਤਰ ਤੇ ਚੰਗੀਆਂ ਚੰਗੀਆਂ ਸੇਜਾ, ਹੇ ਸਖੀ ! ਮੇਰਾ ਇਨ੍ਹਾਂ ਚੀਜ਼ਾਂ ਨਾਲ ਕੋਈ ਤਾਤ=ਪਿਆਰ ਨਹੀਂ ਹੈ ਜਾਂ ਇਨ੍ਹਾਂ ਦੇ ਨਾਲ ਮੇਰੀ ਕੋਈ ਤਾਤ=ਇੱਛਾ ਨਹੀਂ ਹੈ॥ ੧ ॥

ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥

ਗੁਰੂ ਜੀ ਕਥਨ ਕਰਦੇ ਹਨ-ਮੁਕਤ=ਮੋਤੀ ਅਤੇ ਲਾਲ ਆਦਿਕ ਜੋ ਅਨੇਕਾਂ ਭੋਗ=ਪਦਾਰਥ ਹਨ, ਇਹ ਵਾਹਿਗੁਰੂ ਨਾਮ ਤੋਂ ਬਿਨਾਂ ਸਾਰੇ ਹਾਤ=ਹਤ (ਨਾਸ) ਰੂਪ ਹਨ।

ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥ ੨ ॥ ੩ ॥ ੪੨ ॥

ਹੇ ਸਖੀ ! ਪਤੀ ਪਰਮਾਤਮਾ ਦੇ ਸੰਗ ਵਿਚ ਚਾਹੇ ਰੁਖਾ ਭੋਜਨ ਮਿਲੇ ਤੇ ਜ਼ਮੀਨ ਪਰ ਸੈਨ=ਸੌਣਾ ਮਿਲੇ ਤੋਂ ਭੀ ਸਾਰੀ ਅਵਸਥਾ ਸੁਖਾਂ ਵਿਚ ਬਿਹਾਤ=ਬੀਤਦੀ ਹੈ॥ ੨ ॥ ੩ ॥ ੪੨ ॥

ਕਾਨੜਾ ਮਹਲਾ ੫ ॥
ਅਹੰ ਤੋਰੋ ਮੁਖੁ ਜੋਰੋ ॥ ਗੁਰੁ ਗੁਰੁ ਕਰਤ ਮਨੁ ਲੋਰੋ ॥

ਅਹੰ=ਹੰਗਤਾ ਨੂੰ ਤੋੜਦਾ ਹਾਂ, ਮੂੰਹ ਨੂੰ ਸੰਤਾਂ ਨਾਲ ਜੋੜਦਾ ਹਾਂ ਭਾਵ—ਸੰਤਾਂ ਨਾਲ ਮੇਲ ਰੱਖਦਾ ਹਾਂ।

ਗੁਰੁ ਗੁਰੁ ਕਰਤ=ਵਾਹਿਗੁਰੂ ਵਾਹਿਗੁਰੂ ਕਰਦਾ ਹਾਂ, ਮਨ ਵਿਚ ਦਰਸ਼ਨ ਚਾਹੁੰਦਾ ਹਾਂ।

ਵਾ:-ਮਨ ਵਿਚ ਲੋਰੋ=ਚਾਹ ਕੇ ਧੰਨ ਗੁਰੂ ਧੰਨ ਗੁਰੂ ਕਰਦਾ ਹਾਂ।

ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥ ੧ ॥ ਰਹਾਉ ॥

ਮੇਰਾ ਪਿਆਰਾ ਪਤੀ ਪਰਮਾਤਮਾ ਪ੍ਰੀਤੀ ਦਾ ਪਿਆਰਾ ਹੈ, ਅਰਥਾਤ—ਪ੍ਰੀਤ ਕਰਨ ਵਾਲਿਆਂ ਨਾਲ ਪਿਆਰ ਕਰਦਾ ਹੈ।

ਅਥਵਾ:-ਪਿਰੀ ਦੀ ਪ੍ਰੀਤੀ ਮੈਨੂੰ ਪਿਆਰੀ ਲੱਗ ਰਹੀ ਹੈ॥ ੧ ॥ ਰਹਾਉ ॥

ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ
ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ ॥ ੧ ॥

ਸਰੀਰ ਰੂਪੀ ਘਰ ਵਿਚ ਸ਼ਰਧਾ ਵਸਿਸ ਬੁੱਧੀ ਰੂਪ ਸੇਜਾ ਸ਼ੋਭਨੀਕ ਹੋਈ, ਤਾਂ ਅੰਤਹਕਰਣ ਰੂਪ ਆਗਨਿ=ਵੇਹੜੇ ਵਿਚ ਸੁਖ ਪ੍ਰਾਪਤ ਹੋਇਆ।

ਰੀ=ਹੇ ਸਖੀ ! ਤੋੜ ਦੇ ਤੋੜ ਦੇ, ਅਗੋਂ ਉਸ ਨੇ ਪੁਛਿਆ ਕੀ ਤੋੜਾਂ ? *ਉੱਤਰ:*-ਪੰਚ ਦੂਤਨ ਸਿਉ ਸੰਗੁ ਤੋਰੋ=ਪੰਜ ਕਾਮ ਆਦਿਕ ਦੂਤਾਂ ਨਾਲੋਂ ਸਬੰਧ ਤੋੜ ਦੇ।

ਵਾ:-ਮਨ, ਬਾਣੀ, ਸਰੀਰ ਕਰਕੇ ਪੰਜ ਦੂਤਾਂ ਨਾਲੋਂ ਸਬੰਧ ਤੋੜ ਦੇ।

ਅਥਵਾ:-ਹੇ ਸਖੀ ! ਪਰਮੇਸ਼ਰ ਵੱਲ ਆਪਣੇ ਆਪ ਨੂੰ ਤੋਰਨਾ ਕਰ, ਫਿਰ ਉਸ ਦਾ ਤੋਰੋ=ਤੋਲ (ਵਿਚਾਰ) ਕਰ ਅਤੇ ਪੰਜ ਕਾਮ ਆਦਿਕ ਦੂਤਾਂ ਨਾਲੋਂ ਸਬੰਧ ਤੋਰੋ=ਤੋੜ ਦੇ। ਤਿੰਨ ਤੋਰੋ ਹਨ ਤਿੰਨੇ ਵੱਖੋ ਵੱਖਰੇ ਲਗਾਏ ਹਨ।

ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ ॥

ਹੁਣ ਆਪਣੇ ਸਰੂਪ ਆਸਣ 'ਪਰ ਵਸਣੇ ਕਰਕੇ ਆਉਂਦੇ ਜਾਂਦੇ ਨਹੀਂ ਹਾਂ, ਪਰਮੇਸ਼ਰ ਵਲੋਂ ਬੇਮੁਖ ਹੋਣ ਕਰਕੇ ਮੂੰਧਾ ਹਿਰਦਾ ਕਮਲ ਬਿਗਸੋਰੋ=ਖਿੜ ਪਿਆ ਹੈ।

ਛੁਟਕੀ ਹਉਮੈ ਸੋਰੋ ॥
ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ ॥ ੨ ॥ ੪ ॥ ੪੩ ॥

ਹੌਮੈ ਦਾ ਸੋਰੋ=ਸ਼ੋਰ ਸ਼ਰਾਬਾ ਛੁਟ ਗਿਆ ਹੈ, ਜਾਂ ਹੰਗਤਾ ਮਮਤਾ ਦੀ ਸੋਰੋ=ਸੁਹਰਤ ਛੁਟ ਗਈ ਹੈ।

ਗੁਰੂ ਜੀ ਕਥਨ ਕਰਦੇ ਹਨ—ਰੀ=ਹੇ ਸਖੀ ! ਸ਼ੁਭ ਗੁਣਾਂ ਦਾ ਗਹੇਰੋ=ਸਮੁੰਦਰ ਜੋ ਪ੍ਰਭੂ ਹੈ ਉਸ ਦੇ ਜਸ ਨੂੰ ਮੈਂ ਗਾਇਆ ਹੈ, ਗਾਇਆ ਹੈ॥ ੨ ॥ ੪ ॥ ੪੩ ॥

ਕਾਨੜਾ ਮ: ੫ ਘਰੁ ੯ ॥
ਤਾਂ ਤੇ ਜਾਪਿ ਮਨਾ ਹਰਿ ਜਾਪਿ ॥
ਜੋ ਸੰਤ ਬੇਦ ਕਹਤ ਪੰਥੁ ਗਾਖਰੋ ਮੋਹ ਮਗਨ ਅਹੰ ਤਾਪ ॥ ਰਹਾਉ ॥

ਅੰਨਵੇ:-ਸੰਤ ਅਤੇ ਵੇਦ ਆਦਿਕ ਸਾਰੇ ਗ੍ਰੰਥ ਜਿਸ ਪ੍ਰਲੋਕ ਰਸਤੇ ਨੂੰ ਬੜਾ ਗਾਖਰੋ=ਕਠਨ ਆਖਦੇ ਹਨ, ਉਸ ਤੋਂ ਸੁਖੇਣ ਲੰਘਣ ਵਾਸਤੇ ਇਕ ਹਰੀ ਦਾ ਜਾਪ ਹੈ, ਇਸ ਲਈ ਹੇ ਮਨਾ ! ਤੂੰ ਹਰੀ ਜਾਪ ਨੂੰ ਜਪਨਾ ਕਰ। ਤੂੰ ਮੋਹ ਵਿਚ ਮਗਨ ਹੋ ਕੇ ਕਿਉਂ ਹੰਕਾਰ ਵਿਚ ਤਪ ਰਿਹਾ ਹੈਂ।

ਵਾ:-ਹੇ ਭਾਈ ! ਤੂੰ ਹਰੀ ਜਾਪ ਨੂੰ ਜਪਨਾ ਕਰ। ਸੰਤ ਤੇ ਬੇਦ ਜਿਸ ਗਿਆਨ ਭਗਤੀ ਰੂਪ ਰਸਤੇ ਨੂੰ ਪ੍ਰਾਪਤ ਹੋਣਾ ਬੜਾ ਕਠਨ ਕਥਨ ਕਰਦੇ ਹਨ ਉਸ ਨੂੰ ਤਿਆਗ ਕੇ ਇਹ ਮੋਹ ਦੀ ਮਗਨਤਾ ਤੇ ਹੰਕਾਰ ਵਿਚ ਤਪ ਰਿਹਾ ਹੈ॥ ਰਹਾਉ॥

ਜੋ ਰਾਤੇ ਮਾਤੇ ਸੰਗਿ ਬਪੁਰੀ ਮਾਇਆ ਮੋਹ ਸੰਤਾਪ॥ ੧॥

ਜੇਹੜੇ ਪੁਰਸ਼ ਮਾਤੇ=ਮਸਤ ਹੋ ਕੇ ਬਪੁਰੀ=ਵਿਚਾਰੀ ਮਾਇਆ ਦੇ ਨਾਲ ਰਾਤੇ=ਤਦਾਕਾਰ ਰਹਿੰਦੇ ਹਨ, ਉਹ ਮਾਇਆ ਦੇ ਮੋਹ ਕਰਕੇ ਸੰ=ਭਲੀ ਪ੍ਰਕਾਰ ਤਪਦੇ ਹੀ ਰਹਿੰਦੇ ਹਨ॥ ੧॥

ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ॥

ਨਾਮ ਨੂੰ ਜਪਦੇ ਹੋਏ ਉਹ ਪੁਰਸ਼ ਪਾਰ ਉਤਰੇ ਹਨ, ਜਿਨ੍ਹਾਂ ਨੂੰ ਗੁਰਾਂ ਨੇ ਆਪ ਉਧਾਰਿਆ ਹੈ।

ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ॥ ੨॥ ੫॥ ੪੪॥

ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਦੇ ਪਰਤਾਪ ਕਰਕੇ ਮੋਹ ਭਰਮ ਤੇ ਭੈ=ਡਰ ਨਾਸ ਹੋ ਜਾਂਦਾ ਹੈ॥ ੨॥ ੫॥ ੪੪॥

[ਪੰਨਾ ੧੩੦੭]

ਕਾਨੜਾ ਮਹਲਾ ੫ ਘਰੁ ੧੦

੧ੴ ਸਤਿਗੁਰ ਪ੍ਰਸਾਦਿ॥

ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ॥

ਹੇ ਸੰਤੋ ਜੀ ! ਮੈਨੂੰ ਅਜੇਹਾ ਦਾਨ ਦਿਓ, ਮੇਰਾ ਜੀਉ ਆਪ ਜੀ ਤੋਂ ਕੁਰਬਾਨ ਜਾਂਦਾ ਹੈ।

ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ
ਤਾ ਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ॥ ੧॥ ਰਹਾਉ॥

ਮਾਨ ਨੇ ਬੁੱਧੀ ਮੋਹ ਲਈ ਹੈ, ਕਾਮ ਕ੍ਰੋਧ ਆਦਿਕ ਪੰਜ ਦੂਤਾਂ ਦੀ ਸਰੀਰ ਵਿਚ ਦੋਹੀ=ਦੁਹਾਈ ਫਿਰ ਰਹੀ ਹੈ, ਮੈਂ ਇਨ੍ਹਾਂ ਵਿਚ ਉਰਝ ਰਹੀ ਹਾਂ ਤੇ ਇਹ ਮੇਰੇ ਨਿਕਟ ਵਸ ਰਹੇ ਹਨ, ਪੰਜ ਕਾਮ ਆਦਿਕ ਦੂਤਾਂ ਦਾ ਸੰਗ ਨਵਿਰਤ ਕਰਨ ਲਈ ਮੈਂ ਸੰਤਾਂ ਦੀ ਸ਼ਰਨ ਤੱਕੀ ਹੈ॥ ੧॥ ਰਹਾਉ॥

ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ॥ ੧॥

ਜੂਨੀਆਂ ਦੁਆਰੇ ਕ੍ਰੋੜਾਂ ਜਨਮਾਂ ਵਿਚ ਫਿਰਿਆ ਹਾਂ, ਹੇ ਸੰਤੋ ! ਹੁਣ ਹਾਰ ਕੇ ਆਪ ਜੀ ਦੇ ਦਰਵਾਜ਼ੇ 'ਪਰ ਪਿਆ ਹਾਂ॥ ੧॥ ਇਸ ਤਰ੍ਹਾਂ ਬੇਨਤੀ ਕਰਨ ਨਾਲ—

ਕਿਰਪਾ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ॥

ਜਿਸ ਵੇਲੇ ਗੋਬਿੰਦ ਦੀ ਕਿਰਪਾ ਹੋਈ ਤਾਂ ਨਾਮ ਦਾ ਅਧਾਰੁ=ਆਸਰਾ ਮਿਲਿਆ।

ਦੁਲਭ ਜਨਮੁ ਸਫਲੁ ਨਾਨਕ ਭਵ ਉਤਾਰਿ ਪਾਰਿ॥ ੨॥ ੧॥ ੪੫॥

ਗੁਰੂ ਜੀ ਕਥਨ ਕਰਦੇ ਹਨ—ਦੁਰਲੱਭ ਮਨੁੱਖਾ ਜਨਮ ਸਫਲ ਹੋਇਆ ਹੈ, ਕਿਉਂਕਿ ਸੰਤਾਂ ਨੇ ਸੰਸਾਰ-ਸਮੁੰਦਰ ਤੋਂ ਪਾਰ ਉਤਾਰ ਲਿਆ ਹੈ॥ ੨॥ ੧॥ ੪੫॥

ਕਾਨੜਾ ਮਹਲਾ ੫ ਘਰੁ ੧੧

ੴ ਸਤਿਗੁਰ ਪ੍ਰਸਾਦਿ॥ ਸਹਜ ਸੁਭਾਏ ਆਪਨ ਆਏ॥

ਜਗਿਆਸੂ ਕਥਨ ਕਰਦਾ ਹੈ—ਮੈਂਨੇ ਕੋਈ ਸਾਧਨ ਤਾਂ ਕੀਤਾ ਨਹੀਂ, ਪਰ-

ਸਹਜ ਸੁਭਾਏ=ਸੁਤੇ ਸਿਧ ਪ੍ਰਭੂ ਆਪੇ ਆ ਕੇ ਪਰਾਪਤ ਹੋਏ ਹਨ।

ਕਛੂ ਨ ਜਾਨੌ ਕਛੂ ਦਿਖਾਏ॥ ਪ੍ਰਭੁ ਮਿਲਿਓ ਸੁਖ ਬਾਲੇ ਭੋਲੇ॥ ੧॥ ਰਹਾਉ॥

ਏਹ ਮੈਂ ਕੁਝ ਨਹੀਂ ਜਾਣਦੀ, ਕਿ ਮੇਰਾ ਕੀ ਕੁਝ ਵੇਖ ਕੇ ਆਏ ਹਨ।

(ਮੈਂ ਕੇਹੜਾ ਚੰਗਾ ਸਾਧਨ ਕੀਤਾ ਹੈ ਜਿਸ ਨੂੰ ਵੇਖ ਕੇ ਪ੍ਰਸੰਨ ਹੋਏ ਹਨ, ਇਹ ਓਸੇ ਨੂੰ ਪਤਾ ਹੈ, ਮੈਂ ਤਾਂ ਏਹ ਸਮਝਦੀ ਹਾਂ ਕਿ) ਸੁਖ ਸਰੂਪ ਪ੍ਰਭੂ ਬਾਲੇ ਭੋਲੇ=ਸੂਧੇ ਸਾਧੇ ਸੁਭਾਵ ਕਰਕੇ ਮਿਲਿਆ ਹੈ।

ਵਾ:-ਮੈਨੂੰ ਭੋਲੇ ਭਾਅ ਕਰਕੇ ਹੀ ਪ੍ਰਭੂ ਦਾ ਬਾਲੇ=ਬਾਹਲਾ ਸੁਖ ਮਿਲਿਆ ਹੈ॥ ੧॥ ਰਹਾਉ॥

ਸੰਜੋਗਿ ਮਿਲਾਏ ਸਾਧ ਸੰਗਾਏ॥ ਕਤਹੂ ਨ ਜਾਏ ਘਰਹਿ ਬਸਾਏ॥

ਪੂਰਬਲੇ ਚੰਗਿਆਂ ਕਰਮਾਂ ਦੇ ਸੰਜੋਗ ਨੇ ਸੰਤਾਂ ਦੇ ਨਾਲ ਮਿਲਾਇਆ ਹੈ। ਹੁਣ ਮੇਰਾ ਮਨ ਹੋਰ ਕਿਸੇ ਤਰਫ ਨਹੀਂ ਜਾਂਦਾ, ਅੰਤਰ ਮੁਖਤਾ ਰੂਪੀ ਘਰ ਵਿਚ ਵਸ ਰਿਹਾ ਹੈ।

ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ॥ ੧॥

ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਪਰਮਾਤਮਾ ਇਸ ਸਰੀਰ ਰੂਪ ਚੋਲੇ ਵਿਚ ਹੀ ਪ੍ਰਗਟ ਹੋਇਆ ਹੈ॥ ੧॥

ਚਰਨ ਲੁਭਾਏ ਆਨ ਤਜਾਏ॥ ਥਾਨ ਥਨਾਏ ਸਰਬ ਸਮਾਏ॥

ਥਾਨ ਥਨਾਏ=ਥਾਨਾਂ ਅੰਦਰ ਥਾਨਾਂ ਮੇਂ, ਵਾ:-ਥਾਨਾਂ ਵਿਚ ਤੇ ਥਨਾਏ=ਥਨੰਤਰੀਆਂ ਵਿਚ ਜੋ ਪਰਮੇਸਰ ਸਾਰਿਆਂ ਵਿਚ ਸਮਾਅ ਰਿਹਾ ਹੈ, ਉਸ ਦੇ ਚਰਨਾਂ ਵਿਚ ਲੁਭਾਏਮਾਨ ਹੋ ਕੇ ਆਨ=ਹੋਰ ਸਭਨਾਂ ਨੂੰ,

ਵਾ:-ਆਨ=ਦਵੈਤ ਆਦਿਕਾਂ ਨੂੰ ਤਿਆਗ ਦਿੱਤਾ।

ਰਸਕਿ ਰਸਕਿ ਨਾਨਕੁ ਗੁਨ ਬੋਲੈ॥ ੨॥ ੧॥ ੪੬॥

ਗੁਰੂ ਜੀ ਕਥਨ ਕਰਦੇ ਹਨ—ਰਸਕਿ=ਪ੍ਰੇਮ ਰਸ ਵਿਚ ਤਦਾਕਾਰ ਹੋ ਕੇ ਅਸੀਂ ਰਸਕਿ=ਅਨੰਦ ਰੂਪ ਪ੍ਰਭੂ ਦੇ ਗੁਣਾਂ ਨੂੰ ਉਚਾਰਦੇ ਹਾਂ॥ ੨॥ ੧॥ ੪੬॥

ਕਾਨੜਾ ਮਹਲਾ ੫॥

ਗੋਬਿੰਦ ਠਾਕੁਰ ਮਿਲਨ ਦੁਰਾਈ॥

ਗੋ-ਬਿੰਦ=ਵੇਦਾਂ ਕਰਕੇ ਜਾਨਣੇ ਜੋਗ ਸ੍ਵਾਮੀ ਦੇ ਨਾਲ ਮਿਲਣਾ ਬਹੁਤ ਦੁਰਾਈ=ਔਖਾ (ਕਠਨ) ਹੈ।

ਪਰਮਿਤਿ ਰੂਪੁ ਅਗੰਮ ਅਗੋਚਰ ਰਹਿਓ ਸਰਬ ਸਮਾਈ॥ ੧ ॥ ਰਹਾਉ ॥

ਉਹ ਪ੍ਰਭੂ ਪਰ-ਮਿਤਿ=ਮਰਯਾਦਾ ਤੋਂ ਪਰੇ ਹੈ, ਅਗਮ ਰੂਪ ਹੈ ਤੇ ਅਗੋਚਰ=ਇੰਦ੍ਰੀਆਂ ਕਰਕੇ ਅਵਿਸ਼ੇ ਹੈ ਅਤੇ ਸਾਰਿਆਂ ਵਿਚ ਉਹ ਆਪ ਸਮਾਅ ਰਿਹਾ ਹੈ॥ ੧ ॥ ਰਹਾਉ ॥

ਕਹਨਿ ਭਵਨਿ ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ॥ ੧ ॥

ਬਹੁਤੀਆਂ ਗੱਲਾਂ ਦੇ ਕਹਿਣ ਨਾਲ ਨਹੀਂ ਪਾਇਆ ਜਾਂਦਾ, ਬਹੁਤੇ ਭਵਨਿ=ਫਿਰਨ ਕਰਕੇ ਵੀ ਨਹੀਂ ਪਾਇਆ ਜਾਂਦਾ, ਅਨੇਕ ਤਰ੍ਹਾਂ ਦੀਆਂ ਉਕਤਿ=ਜੁਗਤੀਆਂ ਕਰਕੇ ਭੀ ਨਹੀਂ ਪਾਇਆ ਜਾਂਦਾ, ਬਾਣੀ ਦੀ ਚਤੁਰਾਈ ਕਰਕੇ ਭੀ ਨਹੀਂ ਪਾਇਆ ਜਾਂਦਾ ਹੈ॥ ੧ ॥

ਜਤਨ ਜਤਨ ਅਨਿਕ ਉਪਾਵ ਰੇ ਤਉ ਮਿਲਿਓ ਜਉ ਕਿਰਪਾਈ॥

ਰੇ=ਹੇ ਭਾਈ ! ਮਨ ਕਰਕੇ ਅਨੇਕਾਂ ਜਤਨ ਕੀਤੇ, ਬਾਣੀ ਕਰਕੇ ਅਨੇਕਾਂ ਜਤਨ ਕੀਤੇ, ਤਨ ਕਰਕੇ ਅਨੇਕਾਂ ਉਪਾਵ=ਜਤਨ ਕੀਤੇ ਤੋਂ ਭੀ ਨਾ ਮਿਲਿਆ,

ਅਥਵਾ:-ਜਤਨ ਕਰਨ ਵਾਲਿਆਂ ਨਾਲ ਮਿਲ ਕੇ ਜਤਨ ਪੂਰਬਕ ਅਨੇਕਾਂ ਉਪਾਵ ਕੀਤੇ ਤਦ ਵੀ ਨਾ ਮਿਲਿਆ, ਜਦ ਆਪੇ ਉਸ ਦੇ ਮਨ ਵਿਚ ਕਿਰਪਾਈ=ਮੇਹਰ ਆਈ ਤਦ ਉਹ ਆਪੇ ਆ ਮਿਲਿਆ।

ਪ੍ਰਭੂ ਦਇਆਰ ਕਿਪਾਰ ਕ੍ਰਿਪਾ ਨਿਧਿ
ਜਨ ਨਾਨਕ ਸੰਤ ਰੇਨਾਈ॥ ੨ ॥ ੨ ॥ ੪੭ ॥

ਉਹ ਪ੍ਰਭੂ ਪਿਛੇ ਭੀ ਦਿਆਲੂ ਸੀ, ਹੁਣ ਭੀ ਕ੍ਰਿਪਾਲੂ ਹੈ, ਅੱਗੇ ਭੀ ਕਿਰਪਾ ਦੀ ਨਿਧੀ ਹੋਵੇਗਾ, ਉਸ ਦੀ ਕਿਰਪਾ ਨਾਲ ਹੀ ਮੈਂ ਜਨ ਨੇ ਸੰਤਾਂ ਦੀ ਰੇਨਾਈ=ਧੂੜ ਗ੍ਰਹਿਣ ਕੀਤੀ ਹੈ॥ ੨ ॥ ੨ ॥ ੪੭ ॥

ਕਾਨੜਾ ਮਹਲਾ ੫ ॥

ਮਾਈ ਸਿਮਰਤ ਰਾਮ ਰਾਮ ਰਾਮ॥ ਪ੍ਰਭ ਬਿਨਾ ਨਾਹੀ ਹੋਰੁ॥

ਹੇ ਮਾਈ=ਭਾਈ ! ਮਨ ਕਰਕੇ ਰਾਮ ਨੂੰ ਸਿਮਰ, ਬਾਣੀ ਦੁਆਰਾ ਰਾਮ ਨੂੰ ਸਿਮਰ, ਸਰੀਰ ਕਰਕੇ ਰਾਮ ਨੂੰ ਸਿਮਰਨਾ ਕਰ। *ਅਥਵਾ:*-ਜੋ ਰਾਮ ਸਾਰੇ ਰਾਮ=ਰਮਿਆ ਹੋਇਆ ਹੈ ਉਸ ਰਾਮ ਨੂੰ ਸਿੰਮਰਨਾ ਕਰ। ਪ੍ਰਭੂ ਤੋਂ ਬਿਨਾਂ ਹੋਰ ਕੋਈ ਰੱਖਜਕ ਨਹੀਂ ਹੈ।

ਚਿਤਵਉ ਚਰਨਾਰ ਬਿੰਦ ਸਾਸਨ ਨਿਸਿ ਭੋਰ॥ ੧ ॥ ਰਹਾਉ ॥

ਸਾਸਨ=ਸ੍ਵਾਸ ਸ੍ਵਾਸ ਨਿਸਿ-ਭੋਰ=ਰਾਤ ਦਿਨ ਉਸ ਪ੍ਰਭੂ ਦੇ ਚਰਨਾਰ ਬਿੰਦ=ਚਰਨ ਕਮਲਾਂ ਨੂੰ ਮੈਂ ਚਿਤਵਦਾ ਹਾਂ ਤੂੰ ਚਿਤਵਨਾ ਕਰ॥ ੧ ॥ ਰਹਾਉ ॥

ਲਾਇ ਪ੍ਰੀਤਿ ਕੀਨ ਆਪਨ ਤੂਟਤ ਨਹੀ ਜੋਰੁ॥

ਪ੍ਰੀਤੀ ਲੱਗਾ ਕੇ ਉਸ ਨੂੰ ਆਪਣਾ ਕਰ ਲਿਆ ਹੈ, ਇਸ ਲਈ ਉਸ ਨਾਲੋਂ ਜੋਰੁ=ਮੇਲ ਟੁੱਟਦਾ ਨਹੀਂ।

ਵਾ:-ਉਸ ਨਾਲ ਅਜੇਹੀ ਪ੍ਰੀਤੀ, ਵਾ:-ਬਿਰਤੀ ਜੋੜੀ ਹੈ ਜੋ ਕਦੇ ਟੁੱਟਦੀ ਨਹੀਂ ਹੈ।

ਪ੍ਰਾਨ ਮਨੁ ਧਨੁ ਸਰਬਸੋ ਹਰਿ ਗੁਨ ਨਿਧੇ ਸੁਖ ਮੋਰ ॥੧॥

ਪ੍ਰਾਣ, ਮਨ, ਧਨ ਆਦਿਕ ਜੋ ਭੀ ਸਰਬੰਸ ਹੈ ਮੇਰਾ ਸਭ ਕੁਝ ਹਰੀ ਹੈ, ਸ਼ੁਭ ਗੁਣਾਂ ਦੀ ਨਿਧੀ ਅਤੇ ਸੁਖਾਂ ਦੀ ਨਿਧੀ ਭੀ ਮੇਰਾ ਹਰੀ ਹੀ ਹੈ॥ ੧॥

ਈਤ ਊਤ ਰਾਮ ਪੂਰਨੁ ਨਿਰਖਤ ਰਿਦ ਖੋਰਿ॥

ਈਤ ਊਤ=ਲੋਕ ਪ੍ਰਲੋਕ ਵਿਚ ਜੋ ਰਾਮ ਪੂਰਨ ਹੈ ਉਸ ਰਾਮ ਨੂੰ ਮੈਂ ਹਿਰਦੇ ਰੂਪ ਖੋਰਿ=ਖੁਡ ਵਿਚ ਨਿਰਖਤ=ਦੇਖ ਰਿਹਾ ਹਾਂ।

ਸੰਤ ਸਰਨ ਤਰਨ ਨਾਨਕ ਬਿਨਸਿਓ ਦੁਖੁ ਘੋਰ ॥੨॥੩॥੪੮॥

ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਦੀ ਸ਼ਰਨ ਗ੍ਰਹਿਣ ਕਰਨ ਨਾਲ ਤਰਨਾ ਹੁੰਦਾ ਹੈ,

ਵਾ:-ਸੰਤਾਂ ਦੀ ਸ਼ਰਨ ਤਰਨ=ਜਹਾਜ਼ ਰੂਪ ਹੈ, ਉਸ ਸ਼ਰਨ ਕਰਕੇ ਘੋਰ=ਭਿਆਨਕ ਦੁੱਖ ਬਿਨਸ ਗਿਆ ਹੈ॥ ੨॥ ੩॥ ੪੮॥

ਕਾਨੜਾ ਮਹਲਾ ੫॥ ਜਨ ਕੋ ਪ੍ਰਭੁ ਸੰਗੇ ਅਸਨੇਹੁ॥

ਹੇ ਪ੍ਰਭੂ ! ਮੈਂ ਸੇਵਕ ਜਨ ਦਾ ਆਪ ਜੀ ਨਾਲ ਅਸਨੇਹੁ=ਪ੍ਰੇਮ ਹੈ।

ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥੧॥ਰਹਾਉ॥

ਸੱਜਣ ਪ੍ਰਲੋਕ ਦਾ, ਮਿੱਤ੍ਰ ਇਸ ਲੋਕ ਦਾ ਤੂੰ ਹੀ ਹੈਂ, ਆਪ ਜੀ ਦੇ ਘਰ ਵਿਚ ਸਭ ਕੁਝ ਹੈ॥ ੧॥ ਰਹਾਉ॥

ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥੧॥

ਮੈਂ ਮਨ ਦਾ ਮਾਨ ਮੰਗਦਾ ਹਾਂ, ਤਨ ਦਾ ਤਾਨੁ=ਬਲ ਮੰਗਦਾ ਹਾਂ, ਧਨੁ=ਦੌਲਤ, ਲਖਮੀ=ਇਸਤ੍ਰੀ ਸੁਤ=ਪੁੱਤ੍ਰ ਆਦਿਕ ਸਭ ਕੁਝ ਦੇਣਾ ਕਰੋ। *ਅਥਵਾ:*-ਮਾਨੁ=ਮਨਨ ਕਰਨਾ ਮੰਗਦਾ ਹਾਂ, ਆਪ ਜੀ ਵੱਲ ਤਾਨੁ=ਤਨਣਾ ਮੰਗਦਾ ਹਾਂ, ਸ਼ੁਭ ਗੁਣਾਂ ਰੂਪੀ ਧਨ, ਲਖਮੀ=ਭਗਤੀ ਤੇ ਸੁਤ=ਪੁਤ੍ਰ ਗਿਆਨ ਦੇਣਾ ਕਰੋ॥ ੧॥

ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ॥

ਹੇ ਪਰਮ ਅਨੰਦ ਸਰੂਪ ਪਰਮਾਤਮਾ ਤੂੰ ਮੁਕਤੀ ਦੀ ਜੁਗਤੀ ਵਿਚ ਤੇ ਭੁਗਤੀ ਦੀ ਜੁਗਤੀ ਵਿਚ ਪੂਰਨ ਹੈਂ ਅਤੇ ਸਾਰਿਆਂ ਤੋਂ ਪਰਮ=ਵੱਡਾ ਹੈਂ ਤੇ ਪਰਮ ਨਿਧੀਆਂ ਦਾ ਖਜ਼ਾਨਾ ਹੈਂ।

[ਪੰਨਾ ੧੩੦੮]

ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ॥੨॥੪॥੪੯॥

ਗੁਰੂ ਜੀ ਕਥਨ ਕਰਦੇ ਹਨ—ਭੈ=ਡਰ ਨਾਲ ਭਾਇ ਭਗਤਿ=ਪ੍ਰੇਮਾ ਭਗਤੀ ਕਰਨ ਵਾਲਿਆਂ ਨੂੰ ਤੂੰ ਨਿਹਾਲ ਕਰਦਾ ਹੈਂ, ਮੈਂ ਆਪ ਜੀ ਤੋਂ ਸਦਾ ਸਦਾ ਬਲਿਹਾਰ ਜਾਂਦਾ ਹਾਂ॥ ੨॥ ੪॥ ੪੯॥

ਉਥਾਨਕਾ: — ਜੋਗੀ ਭੇਖੀ, ਧਿਆਨੀ ਭੇਖੀ, ਗਿਆਨੀ ਭੇਖੀ ਹੰਕਾਰ ਸਹਿਤ ਗੁਰੂ ਜੀ ਪਾਸ ਆਏ ਗੁਰੂ ਜੀ ਉਪਦੇਸ਼ ਦੇ ਕੇ ਉਹਨਾਂ ਦਾ ਹੰਕਾਰ ਦੂਰ ਕਰਦੇ ਹਨ—

ਕਾਨੜਾ ਮਹਲਾ ੫ ॥ ਕਰਤ ਕਰਤ ਚਰਚ ਚਰਚ ਚਰਚਰੀ ॥
ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧ ॥ਰਹਾਉ ॥

ਦੋਹਾਂ ਤੁਕਾਂ ਨੂੰ ਮਿਲਾ ਕੇ ਅਰਥ ਕੀਤਾ ਹੈ, ਧਿਆਨ ਨਾਲ ਪੜ੍ਹਨਾ:-

ਜੋਗੀ ਭੇਖੀ ਧਰਤੀ ਉਤੇ ਚਰਚਾ ਕਰਦੇ ਫਿਰਦੇ ਹਨ, ਬਗਲੇ ਵਾਂਗੂ ਧਿਆਨ ਲਗਾਣ ਵਾਲੇ ਧਿਆਨੀ ਭੇਖੀ ਵੀ ਧਰਤੀ ਪਰ ਚਰਚਾ ਕਰਦੇ ਫਿਰਦੇ ਹਨ, ਚੁੰਚ ਗਿਆਨ ਕਥਨ ਕਰਨ ਵਾਲੇ ਗਿਆਨੀ ਭੇਖੀ ਵੀ ਧਰਚਰੀ=ਧਰਤੀ ਪਰ ਚਰਚਰੀ=ਚਰਚਾ ਕਰਦੇ ਫਿਰਦੇ ਹਨ॥ ੧ ॥ ਰਹਾਉ ॥

ਅਹੰ ਅਹੰ ਅਹੈ ਅਵਰ ਮੂੜ ਮੂੜ ਬਵਰਈ ॥

ਜੋਗੀ ਭੇਖ ਅਹੰ=ਹੰਕਾਰ ਸੇ ਅਵਰ=ਆਵਰਿਆ ਹੋਇਆ ਮੂੜ=ਮੂਰਖ ਹੋ ਰਿਹਾ ਹੈ, ਧਿਆਨੀ ਭੇਖੀ ਵੀ ਅਹੰ=ਹੰਕਾਰ ਸੇ ਬਵਰਈ=ਝੱਲਾ ਹੋਇਆ ਮੂੜ=ਮੂਰਖ ਹੋ ਰਿਹਾ ਹੈ, ਗਿਆਨੀ ਭੇਖੀ ਭੀ ਅਹੰ=ਹੰਕਾਰ ਸੇ ਬਵਰਈ=ਝੱਲਾ ਹੋਇਆ ਮੂੜ=ਮੂਰਖ ਹੋ ਰਿਹਾ ਹੈ।

ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧ ॥

ਜੋਗੀ ਭੇਖੀ 'ਜਤਿ ਜਾਤ'=ਜਿਸ ਤਰਫ਼ ਜਾਂਦਾ ਹੈ ਤਿਧਰ ਹੀ ਸਦਾ ਸਦਾ ਉਸ ਨੂੰ ਕਾਲ ਹਈ=ਹਤ ਕਰਦਾ ਹੈ। ਧਿਆਨੀ ਭੇਖੀ ਜਤਿ ਜਾਤ=ਜਿਸ ਤਰਫ਼ ਜਾਂਦਾ ਹੈ ਤਿਧਰ ਹੀ ਸਦਾ ਸਦਾ ਉਸ ਨੂੰ ਕਾਲ ਹਈ= ਹਤ ਕਰਦਾ ਹੈ। ਗਿਆਨੀ ਭੇਖੀ ਭੀ ਜਤਿ ਜਾਤ=ਜਿਸ ਤਰਫ਼ ਜਾਂਦਾ ਹੈ ਤਿਧਰ ਹੀ ਸਦਾ ਸਦਾ ਉਸ ਨੂੰ ਕਾਲ ਹਈ=ਹੰਤ ਕਰਦਾ ਹੈ, ਅਰਥਾਤ ਮਾਰਨਾ ਕਰਦਾ ਹੈ।

ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ ॥

ਹੋ ਜੋਗੀ ਭੇਖੀ ! ਮਾਨ ਨੂੰ ਤਿਆਗ ਦੇ, ਕਿਉਂਕਿ ਮੌਤ ਸਦਾ ਤੇਰੇ ਨਿਕਟਿ=ਸਮੀਪ ਹਈ=ਹੈ।

ਹੇ ਧਿਆਨੀ ਭੇਖੀ ! ਮਾਨ ਨੂੰ ਤਿਆਗ ਦੇ, ਕਿਉਂਕਿ ਮੌਤ ਸਦਾ ਤੇਰੇ ਨਿਕਟਿ=ਨੇੜੇ ਹਈ=ਹੈ।

ਹੇ ਗਿਆਨੀ ਭੇਖੀ ! ਮਾਨ ਨੂੰ ਤਿਆਗ ਦੇ, ਕਿਉਂਕਿ ਮੌਤ ਸਦਾ ਤੇਰੇ ਨਿਕਟਿ=ਨੇੜੇ ਹਈ=ਹੈ।

ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ
ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨ ॥੫ ॥੫੦ ॥੧੨ ॥੬੨ ॥

ਗੁਰੂ ਜੀ ਕਥਨ ਕਰਦੇ ਹਨ—ਹੇ ਮੂਰਖ ਜੋਗੀ ਭੇਖੀ ਸੁਣ, ਤੂੰ ਹਰੀ ਦਾ ਭਜਨ ਕਰ, ਭਜਨ ਬਿਨਾਂ ਤੇਰਾ ਮਨੁੱਖਾ ਜਨਮ ਅਹਿਲਾ=ਨਿਸਫਲ ਚਲਾ ਗਿਆ ਹੈ। ਹੇ ਮੂਰਖ ਧਿਆਨੀ ਭੇਖੀ ਸੁਣ, ਹਰੀ ਦਾ ਭਜਨ ਕਰ ਭਜਨ ਤੋਂ ਬਿਨਾਂ ਤੇਰਾ ਜਨਮ ਨਿਸਫਲ ਚਲਾ ਗਿਆ ਹੈ। ਹੇ ਮੂਰਖ ਗਿਆਨੀ ਭੇਖੀ ਸੁਣ, ਤੂੰ ਹਰੀ ਦਾ ਭਜਨ ਕਰ; ਭਜਨ ਤੋਂ ਬਿਨਾਂ ਤੇਰਾ ਸਾਰਾ ਜਨਮ ਨਿਸਫਲ ਚਲਾ ਗਿਆ ਹੈ॥ ੨ ॥ ੫ ॥ ੫੦ ॥ ੧੨ ॥ ੬੨ ॥

ਦੂਜਾ ਅਰਥ:- ਫਰਤ ਕਰਤ ਚਰਚ ਚਰਚ ਚਰਚਰੀ ॥
ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥

ਜੋਗੀ ਭੇਖੀ, ਧਿਆਨੀ ਭੇਖ, ਗਿਆਨੀ ਭੇਖੀ ਧਰਚਰੀ ਹੋ ਕੇ ਧਰਤੀ ਹੀ ਧਰਤੀ ਉਪਰ ਚਰਚਰੀ=ਚਰ ਦੇ ਕਰਨ ਵਾਲੇ ਚਰਚਾ ਹੀ ਚਰਚਾ ਨੂੰ ਫਿਰਤ ਕਰਤ=ਫਿਰ ਕਰਕੇ ਕਰਦੇ ਫਿਰਦੇ ਹਨ।

ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ॥

ਏਹ ਜੀਵ ਅਹੰ ਅਹੰ=ਹੰਗਤਾ ਹੀ ਹੰਗਤਾ ਕਰਕੇ ਅਵਰੇ ਹੋਏ ਅਹੈ=ਹਨ।

ਮੂੜਤਾਈ ਜੋ ਮੂੜ ਕਰਨ ਵਾਲੀ ਹੈ ਉਸ ਮੂੜਤਾ ਕਰਕੇ ਬਵਰਈ=ਝੱਲੇ ਹੋ ਰਹੇ ਹਨ।

ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ॥

ਜਾਤਿ =ਜਿਸ ਜਾਤ=ਜੂਨੀ ਵਿਚ ਜਾਤ=ਜਾ ਕੇ ਜਾਤ=ਉਤਪੰਨ ਹੁੰਦੇ ਹਨ, ਅਰਥਾਤ—ਦੇਹ ਧਾਰਦੇ ਹਨ। ਉਸੀ ਜੂਨ ਵਿਚ ਕਾਲ ਸਦਾ ਸਦਾ-ਸਦਾ ਸਦਾ=ਨਿਤਾ ਪ੍ਰਤੀ ਹਈ=ਹਤ (ਨਾਸ) ਕਰਦਾ ਹੈ।

ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ॥

ਮਾਨੁ-ਮਨ ਵਿਚ ਜੋ ਮਾਨੁ=ਹੰਕਾਰ ਮੰਨਿਆ ਹੋਇਆ ਹੈ ਉਸ ਨੂੰ ਤਿਆਗ ਦੇ, ਨਹੀਂ ਤਾਂ ਸਦਾ ਦੇ ਮਾਰਨ ਵਾਲੀ ਜੋ ਮਿਰਤੁ=ਮੌਤ ਹੈ ਉਹ ਸਦਾ ਤੇਰੇ ਨਿਕਟ ਤੇ ਨਿਕਟ ਹਈ=ਹੈ।

ਹਰਿ ਹਰੇ ਹਰੇ ਭਾਜੁ ਕਹਤੁ ਨਾਨਕ ਸੁਨਹੁ ਰੇ ਮੂੜ
ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ॥ ੨॥੫॥ ੫੦॥ ੧੨॥ ੬੨॥

ਗੁਰੂ ਜੀ ਕਥਨ ਕਰਦੇ ਹਨ—ਹੇ ਮੂਰਖ ਪੁਰਸ਼ ਸੁਨਣਾ ਕਰ, ਹਰ ਇਕ ਦੇ ਹਰਿਆਂ ਕਰਨ ਵਾਲਾ ਜੋ ਹਰੀ ਹੈ ਉਸ ਨੂੰ ਭਜਨਾ ਕਰ, ਪ੍ਰਭੂ ਦਾ ਭਜਨ ਜੋ ਭਜਨੇ ਜੋਗ ਹੈ ਉਸ ਦੇ ਭਜਨ ਸਿਮਰਨ ਕੀਤੇ ਬਿਨਾਂ ਤੇਰਾ ਮਨੁੱਖਾ ਜਨਮ ਅਹਿਲਾ=ਨਿਸਫਲ ਚਲਾ ਗਿਆ ਹੈ॥ ੨॥ ੫॥ ੫੦॥ ੧੨॥ ੬੨॥

ਕਾਨੜਾ ਅਸਟਪਦੀਆ ਮਹਲਾ ੪ ਘਰੁ ੧

ਸੁਖਮਨੇ ਸਾਹਿਬ ਜੀ ਦੀਆਂ ਛੇ ਅਸਟਪਦੀਆਂ ਉਚਾਰ ਕੇ ਉਪਦੇਸ਼ ਦਿੰਦੇ ਹਨ।

੧ੴ ਸਤਿਗੁਰ ਪ੍ਰਸਾਦਿ॥

ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ॥

ਹੇ ਮਨ ! ਰਾਮ ਨਾਮ ਨੂੰ ਜਪਣਾ ਕਰ ਤਾਂ ਤੂੰ ਸੁਖ ਪਾਵੇਂਗਾ।

ਜਿਉ ਜਿਉ ਜਪੈ ਤਿਵੈ ਸੁਖੁ ਪਾਵੈ
ਸਤਿਗੁਰੁ ਸੇਵਿ ਸਮਾਵੈਗੋ॥ ੧॥ ਰਹਾਉ॥

ਜਿਉਂ ਜਿਉਂ ਜਪੇਂਗਾ ਤਿਵੇਂ ਤੂੰ ਸੁਖ ਪਾਵੇਂਗਾ ਅਤੇ ਸਤਿਗੁਰਾਂ ਦੀ ਸੇਵਾ ਕਰਕੇ ਰਾਮ ਵਿਚ ਸਮਾਅ ਜਾਵੇਂਗਾ॥ ੧॥ ਰਹਾਉ॥

ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ॥

ਭਗਤ ਜਨਾਂ ਦੀ ਬੁੱਧੀ ਵਿਚ ਖਿਨ ਖਿਨ ਕਾਲ ਨਾਮ ਜਪਣ ਦੀ ਲੋਚਾ=ਚਾਹ ਵੱਧਦੀ ਜਾ ਰਹੀ ਹੈ, ਹੇ ਭਾਈ ! ਤੂੰ ਭੀ ਨਾਮ ਜਪਣਾ ਕਰ ਤਾਂ ਹੀ ਸੁਖ ਪਾਵੇਂਗਾ।

ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ॥ ੧॥

ਅਨ=ਹੋਰ ਦੁਨਿਆਵੀ ਰਸਾਂ ਦੇ ਸੁਆਦ ਸਾਰੇ ਬੁੱਧੀ ਵਿਚੋਂ ਨਿਕਲ ਗਏ ਹਨ, ਵਾਹਿਗੁਰੂ ਨਾਮ ਤੋਂ ਬਿਨਾਂ ਹੋਰ ਕੁਝ ਚੰਗਾ ਲੱਗਦਾ ਨਹੀਂ ਹੈ॥ ੧॥

ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥

ਜਿਸ ਵੇਲੇ ਗੁਰੂ ਤੁਹਾਡੇ ਪਾਸੋਂ ਮਿੱਠੇ ਬਚਨ ਕਢਾਵੈਗੋ=ਬੁਲਾਵੇਗਾ, ਤਾਂ ਗੁਰ ਸਿੱਖਿਆ ਦੁਆਰੇ ਤੁਹਾਨੂੰ ਹਰਿ ਹਰਿ ਨਾਮ ਮਿੱਠਾ ਲੱਗੇਗਾ।

ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥ ੨ ॥

ਸਤਿਗੁਰਾਂ ਦੀ ਬਾਣੀ ਪੁਰਖਾਂ ਵਿਚੋਂ ਉਤਮ ਪੁਰਖ ਪਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਹੈ, ਇਸ ਲਈ ਤੂੰ ਗੁਰਬਾਣੀ ਦੇ ਨਾਲ ਹੀ ਚਿਤ ਨੂੰ ਲਗਾਉਣਾ ਕਰ॥ ੨ ॥

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥

ਗੁਰਬਾਣੀ ਨੂੰ ਸੁਣਦਿਆਂ ਹੀ ਮੇਰਾ ਮਨ ਦ੍ਰਵਿਆ=ਫਲ ਗਿਆ ਹੈ, ਪ੍ਰੇਮ ਵਿਚ ਭਿੱਜਾ ਹੋਇਆ ਮਨ ਹੀ ਸਰੂਪ ਘਰ ਵਿਚ ਆਉਂਦਾ ਹੈ।

ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥ ੩ ॥

ਤਹ=ਤਿਸ ਸਤਸੰਗ ਵਿਚ ਨਿਤਾਪ੍ਰਤੀ ਅਨਹਦ ਧੁਨ ਦੇ ਵਾਜੇ ਵੱਜ ਰਹੇ ਹਨ, ਨੀਝਰ=ਇਕ ਰਸ ਬ੍ਰਹਮਾਨੰਦ ਦੀ ਧਾਰਾ ਚੋ ਰਹੀ ਹੈ॥ ੩ ॥

ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥

ਸਤਸੰਗ ਵਿਚ ਸੰਤ ਰਾਮ ਨਾਮ ਨੂੰ ਇਕ ਤਿਲ ਤਿਲ ਸਮਾਂ ਗਾਂਵਦੇ ਹਨ ਅਤੇ ਗੁਰ ਸਿੱਖਿਆ ਕਰਕੇ ਉਹਨਾਂ ਦਾ ਮਨ ਨਾਮਿ=ਨਾਮੀ ਪਰਮਾਤਮਾ ਵਿਚ ਸਮਾਉਂਦਾ ਹੈ।

ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥ ੪ ॥

ਉਹ ਸੰਤ ਨਾਮ ਨੂੰ ਸੁਣਦੇ ਹਨ, ਨਾਮ ਹੀ ਮਨ ਵਿਚ ਭਾਂਵਦਾ ਹੈ, ਨਾਮ ਕਰਕੇ ਹੀ ਉਹਨਾਂ ਦਾ ਹੀ=ਹਿਰਦਾ ਤ੍ਰਿਪਤਾਵੈਗੋ=ਤ੍ਰਿਪਤ ਹੁੰਦਾ ਹੈ, ਅਰਥਾਤ ਰੱਜ ਜਾਂਦਾ ਹੈ॥ ੪ ॥

ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥

ਦੁਨਿਆਵੀ ਪੁਰਸ਼ਾਂ ਨੇ ਕਨਿਕ-ਕਨਿਕ=ਸੋਨੇ ਹੀ ਸੋਨੇ ਦੇ, ਵਾ:-ਸੋਨੇ ਵਿਚੋਂ ਬਾਰਾਵੰਨੀਆਂ ਦੇ ਸੋਨੇ ਦੇ ਬਹੁਤ ਹੀ ਕੰਗਣ ਆਦਿਕ ਗਹਿਣੇ ਪਹਿਰਨਾ ਕੀਤੇ ਅਤੇ ਕਪੜੇ ਭੀ ਭਾਂਤਿ=ਤਰ੍ਹਾਂ ਤਰ੍ਹਾਂ ਦੇ ਬਨਾਵਣਾ ਕੀਤੇ।

ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮੇ ਮਰੈ ਫਿਰਿ ਆਵੈਗੋ ॥ ੫ ॥

ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਸਾਰੇ ਪਦਾਰਥ ਫੀਕ ਫਿਕਾਨੇ=ਫਿਕਿਆਂ ਤੋਂ ਫਿਕੇ ਹਨ,

ਵਾ:-ਕੰਗਣ ਵੀ ਫਿਕੇ ਹਨ, ਕਪੜੇ ਭੀ ਫਿਕਾਨੇ=ਫਿਕੇ ਭਾਵ ਨਿਸਫਲ ਹਨ,

ਵਾ:-ਫਿਕੇ ਹੋਣ ਕਰਕੇ ਫਿਕਾਨੇ=ਫੈਂਕਨੇ ਜੋਗ ਹਨ, ਇਨ੍ਹਾਂ ਵਿਚ ਚਿਤ ਲਗਾਉਣ ਵਾਲਾ ਮੁੜ ਮੁੜ ਕੇ ਜਨਮ ਮਰਨ ਵਿਚ ਆਵੇਗਾ॥ ੫ ॥

ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥

ਪਟਲ=ਸਮੂਹ ਮਾਇਆ ਭਾਰੀ ਪਟਲ=ਪੜਦਾ ਰੂਪ ਹੈ,

ਵਾ:-ਪੜਦਿਆਂ ਵਿਚੋਂ ਮਾਇਆ ਦਾ ਪੜਦਾ ਬੜਾ ਭਾਰੀ ਹੈ, ਇਸ ਕਰਕੇ ਜੀਵ ਦਾ ਘਰੁ=ਸਰੀਰ।

ਵਾ:-ਹਿਰਦਾ ਤਿੰਨਾਂ ਗੁਣਾਂ ਰੂਪੀ ਘੁੰਮਨ ਘੇਰੀ ਵਿਚ ਘੁਲਾਵੈਗੋ=ਮਿਲ ਜਾਵੇਗਾ।

ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥ ੬ ॥

ਵਿਸ਼ੇ ਵਿਕਾਰਾਂ ਕਰਕੇ ਸਾਰੇ ਮਨੂਰ=ਲੋਹੇ ਦੀ ਮੈਲ ਵਾਂਗੂ ਨਿੱਗਰ ਤੇ ਭਾਰੇ ਪਾਪ ਸਿਰ ਉਤੇ ਚੁੱਕ ਲਏ ਹਨ, ਇਸ ਲਈ ਇਸ ਦੇ ਪਾਸੋਂ ਬਿਖੁ=ਜ਼ਹਿਰ ਰੂਪ ਕਠਨ ਸੰਸਾਰ-ਸਮੁੰਦਰ ਤੋਂ ਤਰਿਆ ਨਹੀਂ ਜਾਵੇਗਾ ॥ ੬ ॥

ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥

(੧) ਜਿਸ ਨੂੰ ਭਉ=ਡਰ ਤੇ ਵੈਰਾਗ ਰੂਪ ਬੋਹਿਥੁ=ਜਹਾਜ਼ ਪ੍ਰਾਪਤ ਹੋਇਆ ਹੈ, ਉਸ ਨੂੰ ਗੁਰੂ ਖੇਵਟੁ=ਮਲਾਹ ਰੂਪ ਹੋ ਕੇ ਸਬਦਿ=ਸੰਸਾਰ ਸਮੁੰਦ੍ ਤੋਂ ਤਾਰ ਲਵੇਗਾ।

(੨) ਜਿਸ ਨੂੰ ਵੈਰਾਗ ਭਉ=ਹੋਇਆ ਹੈ ਉਸ ਨੂੰ ਏਹੋ ਜਹਾਜ਼ ਪਰਾਪਤ ਹੋਇਆ ਹੈ,

(੩) ਜਿਸ ਨੂੰ ਪਰਮੇਸ਼ਰ ਦਾ ਭਉ=ਡਰ ਤੇ ਸੰਸਾਰ ਵਲੋਂ ਵੈਰਾਗ ਪ੍ਰਾਪਤ ਹੋਇਆ ਹੈ ਉਸ ਨੂੰ ਗਿਆਨ ਰੂਪ ਜਹਾਜ਼ ਮਿਲਿਆ ਹੈ, ਗੁਰੂ ਰੂਪੀ ਖੇਵਟੁ=ਮਲਾਹ ਸ਼ਬਦ ਰੂਪੀ ਅਨਕੂਲੀ ਪੌਣ (ਹਵਾ) ਦੇ ਕੇ ਸੰਸਾਰ-ਸਮੁੰਦਰ ਤੋਂ ਤਾਰ ਦੇਂਦੇ ਹਨ।

ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥ ੭ ॥

ਜਦੀ ਜੀਵ ਨੂੰ ਗੁਰਾਂ ਪਾਸੋਂ ਹਰੀ ਰਾਮ ਦਾ ਨਾਮ ਭੇਟੀਐ=ਮਿਲ ਜਾਵੇ, ਤਾਂ ਏਹ ਨਾਮ ਕਰਕੇ ਰਾਮੈ=ਵਿਆਪਕ ਹਰੀ ਵਿਚ ਸਮਾਅ ਜਾਵੇਗਾ ॥ ੭ ॥

ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥

ਪਰਮੇਸ਼ਰ ਨੇ ਅਗਿਆਨ ਵਿਚ ਲੱਗਾ ਕੇ ਜੀਵ ਨੂੰ ਮੋਹ ਨੀਂਦ ਵਿਚ ਸੁਆ ਦਿੱਤਾ ਹੈ ਤੇ ਗੁਰੂ ਸਾਹਿਬ ਜੀ ਆਪਣੇ ਤਰਫ਼ ਲੱਗਾ ਕੇ ਗਿਆਨ ਜਾਗ੍ਰਤ ਵਿਚ ਜਗਾਉਣਗੇ।

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥ ੮ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਉਹ ਪ੍ਰਭੂ ਆਪਣੇ ਭਾਣੇ ਦੇ ਅੰਦਰ ਜਿਵੇਂ ਚਾਹੁੰਦਾ ਹੈ ਤਿਵੇਂ ਚਲਾਉਂਦਾ ਹੈ ॥ ੮ ॥ ੧ ॥

ਕਾਨੜਾ ਮਹਲਾ ੪ ॥ ਜਪਿ ਮਨ ਹਰਿ ਹਰਿ ਨਾਮੁ ਤਰਾਵੈਗੋ ॥

ਹੇ ਮਨ ! ਤੂੰ ਹਰੀ ਨਾਮ ਨੂੰ ਜਪਣਾ ਕਰ, ਹਰੀ ਹੀ ਤੈਨੂੰ ਤਾਰ ਲਵੇਗਾ।

ਜੋ ਜੋ ਜਪੈ ਸੋਈ ਗਤਿ ਪਾਵੈ ਜਿਉ ਧ੍ਰੂ ਪ੍ਰਹਿਲਾਦੁ ਸਮਾਵੈਗੋ ॥ ੧ ॥ ਰਹਾਉ ॥

ਜੇਹੜਾ ਜੇਹੜਾ ਪੁਰਸ਼ ਜਪੇਗਾ, ਓਹੀ ਗਤਿ=ਮੁਕਤੀ ਨੂੰ ਪਾਵੇਗਾ ਅਤੇ ਧ੍ਰੂਅ ਪ੍ਰਹਿਲਾਦ ਵਾਂਗੂ ਓਸੇ ਪਰਮਾਤਮਾ ਵਿਚ ਸਮਾਅ ਜਾਵੇਗਾ ॥ ੧ ॥ ਰਹਾਉ ॥

[ਪੰਨਾ ੧੩੦੯]

ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ ਕਰਿ ਕਿਰਪਾ ਨਾਮਿ ਲਗਾਵੈਗੋ ॥

ਹੇ ਹਰਿ ਜੀਉ ! ਕ੍ਰਿਪਾ ਕਰ, ਕ੍ਰਿਪਾ ਕੁਰ, ਕ੍ਰਿਪਾ ਕਰ, ਤਿੰਨ ਵਾਰ ਕਹਿਣ ਨਾਲ ਨਿਸਚੇ ਅਰਥ ਹੈ।

ਵਾ:-ਹੇ ਕ੍ਰਿਪਾ ਦੇ ਕਰਨ ਵਾਲੇ ਪ੍ਰਭੂ ਕ੍ਰਿਪਾ ਦੀ ਖਾਣ ਹਰਿ ਜੀਉ ਮੇਰੇ 'ਪਰ ਕ੍ਰਿਪਾ ਕਰ, ਇਸ ਤਰ੍ਹਾਂ ਬੇਨਤੀ ਕਰਨ ਨਾਲ ਉਹ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਕੇ ਤੈਨੂੰ ਨਾਮ ਸਿਮਰਨ ਵਿਚ ਲਗਾਵੇਗਾ।

ਕਰਿ ਕਿਰਪਾ ਸਤਿਗੁਰੁ ਮਿਲਾਵਹੁ
ਮਿਲਿ ਸਤਿਗੁਰ ਨਾਮੁ ਧਿਆਵੈਗੋ ॥ ੧ ॥

ਹੇ ਹਰੀ ! ਕ੍ਰਿਪਾ ਦ੍ਰਿਸ਼ਟੀ ਕਰਕੇ ਸਤਿਗੁਰਾਂ ਨਾਲ ਮਿਲਾਵਣਾ ਕਰੋ, ਤਾਂ ਕਿ ਸਤਿਗੁਰਾਂ ਨਾਲ ਮਿਲ ਕੇ ਮੈਂ ਨਾਮ ਨੂੰ ਧਿਆਵਾਂਗਾ ॥ ੧ ॥

ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥

ਕਈ ਜਨਮਾਂ ਜਨਮਾਂ ਦੀ ਹੌਮੈ ਰੂਪੀ ਮੈਲ ਲੱਗੀ ਹੋਈ ਹੈ ਸਤਸੰਗਤ ਨਾਲ ਮਿਲਣ ਕਰਕੇ ਉਹ ਹੌਮੈਂ ਰੂਪੀ ਮੈਲ ਲਹਿ ਜਾਵੇਗੀ।

ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ ॥ ੨ ॥

ਜਿਵੇਂ, ਲੋਹਾ ਕਾਠ ਦੇ ਨਾਲ ਲੱਗ ਕੇ ਤਰ ਜਾਂਦਾ ਹੈ, ਤਿਵੇਂ ਲੋਹੇ ਵਾਂਗੂ ਪਾਪੀ ਜੀਵ ਗੁਰ ਸ਼ਬਦ ਨਾਲ ਲੱਗ ਕੇ ਹਰੀ ਨੂੰ ਪਾਵਣਾ ਕਰੇ ਤਾਂ ਸੰਸਾਰ ਤੋਂ ਤਰ ਜਾਵੇਗਾ ॥ ੨ ॥

ਸੰਗਤਿ ਸੰਤ ਮਿਲਹੁ ਸਤਸੰਗਤਿ ਮਿਲਿ ਸੰਗਤਿ ਹਰਿ ਰਸੁ ਆਵੈਗੋ ॥

ਸੰਗਤਾਂ ਵਿਚੋਂ ਸੰਤਾਂ ਦੀ ਸਤਸੰਗਤ ਵਿਚ ਮਿਲੋ, ਵਾ:-ਹੇ ਸੰਗਤੀਓ ! ਸੰਤਾਂ ਦੀ ਸਤਸੰਗਤ ਵਿਚ ਮਿਲੋ, ਕਿਉਂਕਿ ਸੰਤਾਂ ਦੀ ਸੰਗਤ ਵਿਚ ਮਿਲਿਆਂ ਹੀ ਹਰੀ ਰਸ ਆਉਂਦਾ ਹੈ, ਜਾਂ ਹਰੀ ਰਸ ਆਵੇਗਾ।

ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ ॥ ੩ ॥

ਸਤਸੰਗਤ ਕੀਤੇ ਬਗੈਰ ਇਹ ਹੰਕਾਰੀ ਪੁਰਸ਼ ਜੋ ਕਰਮ ਕਰਦਾ ਹੈ ਉਹ ਇਸ ਤਰ੍ਹਾਂ ਨਿਸਫਲ ਹਨ, ਜਿਵੇਂ ਕੋਈ ਖੂਹੇ ਵਿਚੋਂ ਪਾਣੀ ਕੱਢ ਕੇ ਚਿਕੜ ਵਿਚ ਪਾ ਦੇਵੇ। ਵਾ:-ਕਰਮ ਕਰਕੇ ਜੇਹੜਾ ਫਲ ਮੰਗਣਾ ਹੈ, ਇਹ ਭੀ ਇਸ ਤਰ੍ਹਾਂ ਨਿਸਫਲ ਹੈ। ਜਿਵੇਂ ਖੂਹੇ ਵਿਚੋਂ ਪਾਣੀ ਕੱਢ ਕੇ ਚਿੱਕੜ ਵਿਚ ਪਾ ਦੇਵੇ।

ਵਾ:- ਕਰਮਾਂ ਨੂੰ ਕਰਕੇ ਜੇਹੜਾ ਹੰਕਾਰ ਕਰਨਾ ਹੈ ਇਹ ਇਸ ਤਰ੍ਹਾਂ ਨਿਸਫਲ ਹੈ, ਜਿਵੇਂ ਚਿੱਕੜ ਨੂੰ ਕੱਢ ਕੇ ਪਾਣੀ ਵਿਚ ਪਾ ਦੇਣਾ ਹੈ॥ ੩ ॥

ਭਗਤ ਜਨਾ ਕੇ ਹਰਿ ਰਖਵਾਰੇ ਜਨ ਹਰਿ ਰਸੁ ਮੀਠਾ ਲਗਾਵੈਗੋ ॥

ਉਹਨਾਂ ਭਗਤ ਜਨਾਂ ਦੇ ਰਖਵਾਲੇ ਹਰੀ ਆਪ ਹਨ, ਜਿਨ੍ਹਾਂ ਹਰੀ ਜਨਾਂ ਨੂੰ ਹਰੀ ਨਾਮ ਰਸ ਗੁਰਾਂ ਨੇ ਮਿੱਠਾ ਲਗਾਉਣਾ ਕੀਤਾ ਹੈ।

ਖਿਨੁ ਖਿਨੁ ਨਾਮੁ ਦੇਇ ਵਡਿਆਈ ਸਤਿਗੁਰ ਉਪਦੇਸਿ ਸਮਾਵੈਗੋ ॥ ੪ ॥

ਜਿਸ ਨੂੰ ਸਤਿਗੁਰ ਦੇਵ ਜੀ ਖਿਨ ਖਿਨ ਕਾਲ ਵਿਚ ਨਾਮ ਦੀ ਵਡਿਆਈ ਦੇਂਦੇ ਹਨ, ਉਹ ਜਨ ਸਤਿਗੁਰਾਂ ਦੇ ਉਪਦੇਸ਼ ਦੁਆਰਾ ਪਰਮੇਸ਼ਰ ਵਿਚ ਸਮਾਅ ਜਾਂਦਾ ਹੈ॥ ੪ ॥

ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ ॥

ਭਗਤ ਜਨਾਂ ਅੱਗੇ ਹਮੇਸ਼ਾਂ ਨਿਉਂਕੇ ਰਹਿਣਾ ਚਾਹੀਦਾ ਹੈ, ਭਗਤ ਜਨਾਂ ਨੂੰ ਨਿਵੇਂਗਾ ਤਾਂ ਸ਼ੁਭ ਗੁਣਾਂ ਦੀ ਪ੍ਰਾਪਤੀ ਰੂਪ ਫਲ ਨੂੰ ਪਾਵੇਗਾ।

ਵਾ:-ਗਿਆਨ ਗੁਣ ਰੂਪ ਫਲ ਨੂੰ ਪਾਵੇਂਗਾ।

ਜੋ ਨਿੰਦਾ ਦੁਸਟ ਕਰਹਿ ਭਗਤਾ ਕੀ ਹਰਨਾਖਸ ਜਿਉ ਪਚਿ ਜਾਵੈਗੋ ॥ ੫ ॥

ਜੇਹੜਾ ਦੁਸ਼ਟ ਪੁਰਸ਼ ਭਗਤਾਂ ਦੀ ਨਿੰਦਿਆ ਕਰੇਗਾ, ਉਹ ਹਰਨਾਖਸ਼ ਦੀ ਤਰ੍ਹਾਂ ਪਚਿ ਜਾਵੈਗੋ=ਸੜ ਬਲ ਜਾਵੇਗਾ ਭਾਵ ਨਾਸ ਹੋ ਜਾਵੇਗਾ ॥ ੫ ॥

ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ ॥

ਬ੍ਰਹਮਾ ਜੀ ਕੋਲ ਦੋ ਪੁੱਤ੍ਰ ਹੋਏ ਹਨ, ਬਿਆਸ ਜੀ ਮੀਨ=ਮਛੋਦਰੀ ਦੇ ਪੇਟੋਂ ਹੋਏ ਹਨ, ਪਰ ਤਪ ਨੂੰ ਤਪਨ ਕਰਕੇ ਹੀ ਪੂਜਾ ਕਰਵਾਉਂਦੇ ਰਹੇ ਹਨ। ਇਸ ਕਰਕੇ ਤੂੰ ਭੀ ਭਜਨ ਸਿਮਰਨ ਰੂਪ ਤਪ ਨੂੰ ਤਪਨਾ ਕਰ ਤਾਂ ਤੂੰ ਆਪਣੀ ਪੂਜਾ ਕਰਾਵੇਂਗਾ।

ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ ॥ ੬ ॥

ਜਿਸ ਜਿਸ ਜਾਤੀ ਵਿਚ ਜੇਹੜਾ ਜੇਹੜਾ ਭੀ ਭਗਤ ਹੋਵੇ ਉਹ ਨੂੰ ਪੂਜਣਾ ਕਰੋ, ਭਰਮ ਨੂੰ ਚੁਕਾ ਕੇ ਨਿਭਰਮ ਹੋ ਜਾਵੋ, ਜਾਤ ਪਾਤ ਦਾ ਭਰਮ ਨਾ ਕਰੋ।

ਵਾ:-ਭਰਮ ਕਰਕੇ ਜੋ ਭਰਮਨਾ ਹੈ ਇਸ ਨੂੰ ਦੂਰ ਕਰ ਦਿਓ ॥ ੬ ॥

ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥

ਅਪਾਣੀ ਉੱਚੀ ਜਾਤ ਤੇ ਦੂਜੇ ਦੀ ਨਜਾਤਿ=ਨੀਚ ਜਾਤੀ ਵੇਖ ਕੇ 'ਮਤ ਭਰਮਹੁ'=ਨਾ ਭੁਲੋ, ਦੇਖੋ ਸੁਕਦੇਵ ਜੀ ਬ੍ਰਾਹਮਣ ਜਾਤੀ ਦੇ ਸਨ, ਰਾਜਾ ਜਨਕ ਜੀ ਛਤ੍ਰੀ ਸਨ, ਪਰ ਸੁਕਦੇਵ ਜੀ ਰਾਜੇ ਜਨਕ ਦੀ ਚਰਨੀਂ ਲੱਗਾ ਕੇ ਪਰਮੇਸ਼ਰ ਨੂੰ ਧਿਆਉਂਦੇ ਹੋਏ। ਫੇਰ ਰਾਜੇ ਜਨਕ ਨੇ ਪ੍ਰੀਖਿਆ ਲੈਣ ਵਾਸਤੇ ਅੰਦਰ ਨਹੀਂ ਆਉਣ ਦਿੱਤਾ ਦਰਵਾਜ਼ੇ ਦੇ ਬਾਹਰ ਹੀ ਖੜ੍ਹਾ ਰੱਖਿਆ ਤੇ ਲਾਂਗਰੀ ਨੂੰ ਕਹਿ ਕੇ ਸਭ ਸੰਤਾਂ ਨੂੰ ਰੋਟੀ ਖੁਆ ਕੇ ਏਸੇ ਦੇ ਸਿਰ ਉਤੇ ਪਤਲਾਂ ਤੇ ਕਸੋਰੇ ਸੁਟਵਾਏ, ਉਹ ਗੱਲ ਆਖਦੇ ਹਨ-

ਜੂਠਨ ਜੂਠਿ ਪਈ ਸਿਰ ਉਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥ ੭ ॥

ਜੂਠਨ=ਰਸੋਈ ਦੀਆਂ ਜੂਠੀਆਂ ਪੱਤਲਾਂ ਸਿਰ ਉਤੇ ਪਾਈਆਂ ਸਨ, ਪਰ ਸੁਕਦੇਵ ਨੇ ਇਕ ਖਿਨ ਅਤੇ ਤਿਲ ਭਰ ਵੀ ਆਪਣੇ ਮਨ ਨੂੰ ਡੋਲਨ ਨਹੀਂ ਦਿੱਤਾ ॥ ੭ ॥

ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥

ਜਿਸ ਵੇਲੇ ਜਨਕ ਨਾਮੇ ਸਿੰਘਾਸਨ 'ਪਰ ਜਨਕ ਰਾਜਾ ਅਰਥਾਤ ਨਿੰਮੀ ਨਾਮੇ ਰਾਜਾ ਬੈਠਾ* ਤਾਂ ਰਾਜ

ਇਹ ਨਿਮੀ ਨਾਮੇ ਰਾਜਾ ੭੫ਵੀਂ ਜਗ੍ਹਾਂ 'ਪਰ ਰਾਜ ਗੱਦੀ 'ਪਰ ਬੈਠਾ ਹੈ। ਤਰੇਤੇ ਜੁਗ ਵਿਚ ਜੋ ਵਿਦੇਹ ਰਾਜਾ ਜਨਕ ਜੀ ਹੋਏ ਹਨ ਜਿਸ ਨੇ ਆਪਣੀ ਸਪੁੱਤ੍ਰੀ 'ਸੀਤਾ' ਦਾ ਵਿਆਹ ਸ੍ਰੀ ਰਾਮਚੰਦ੍ਰ ਜੀ ਨਾਲ ਕੀਤਾ ਹੈ ਉਹ ਜਨਕ ਰਾਜਾ ੫੪ਵੀਂ ਜਗ੍ਹਾਂ ਰਾਜ ਗੱਦੀ 'ਪਰ ਬੈਠਾ ਹੈ। ਜਨਕ ਗੱਦੀ ਦਾ ਵਾਚਕ ਹੈ ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਪਰ ਜੋ ਬੈਠਾ ਹੈ ਉਸ ਦਾ ਨਾਮ ਗੁਰੂ ਨਾਨਕ ਪਿਆ ਹੈ।

ਭਾਗ ਦਾ ਹੰਕਾਰ ਨਾ ਹੋਣ ਕਰਕੇ ਨੌਂ ਮੁਨੀਆਂ ਦੇ ਚਰਨਾਂ ਦੀ ਧੂੜ ਲੈ ਕੇ ਲਾਵਣਾ ਕੀਤੀ।

ਅਥਵਾ:-ਰਾਜਾ ਜਨਕ ਜੀ ਜਨਕ=ਗਿਆਨ ਦੇ ਸਿੰਘਾਸਨ 'ਪਰ ਬੈਠੇ ਸਨ, ਫਿਰ ਭੀ ਉਹ ਨੌਂ ਮੁਨੀਆਂ ਦੇ ਚਰਨਾਂ ਦੀ ਧੂੜ ਲੈ ਕੇ ਮੱਥੇ 'ਪਰ ਲਾਉਂਦੇ ਸਨ। ਕਿਉਂਕਿ ਉਹਨਾਂ ਨੂੰ ਗਿਆਨ ਦਾ ਹੰਕਾਰ ਨਹੀਂ ਸੀ।

ਨੌਂ ਮੁਨੀਆਂ ਦੇ ਨਾਮ ਇਹ ਹਨ:-

੧. ਕਵੀ ਨਾਮੇ, ੨. ਹਰੀ ਨਾਮੇ, ੩. ਕਰਭਾਂਜਨ ਨਾਮੇ, ੪. ਅੰਤ੍ਰ ਰਿਖ ਨਾਮੇ, ੫. ਚਸਮ ਨਾਮੇ, ੬. ਆਵਰ ਹੋਤਾ ਨਾਮੇ, ੭. ਪ੍ਰਬੁਧ ਨਾਮੇ, ੮. ਪਿਪਲਾ ਨਾਮੇ, ੯. ਦੁਮਲਾ ਨਾਮੇ।

ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੈ ਦਾਸਨਿ ਦਾਸ ਕਰਾਵੈਗੋ ॥ ੮ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਹੇ ਕ੍ਰਿਪਾ ਦੀ ਖਾਨ ਠਾਕੁਰ ਮੇਰੇ 'ਪਰ ਕ੍ਰਿਪਾ ਦ੍ਰਿਸ਼ਟੀ ਕਰਕੇ ਮੈਨੂੰ ਦਾਸਾਂ ਦਾ ਦਾਸ ਬਣਾ ਲੈਣਾ ਕਰੋ॥ ੮ ॥ ੨ ॥

ਕਾਨੜਾ ਮਹਲਾ ੪ ॥ ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥

ਮਨੁ=ਮੈਂ ਗੁਰ ਸਿੱਖਿਆ ਲੈ ਕੇ ਰਸਿ=ਪਰੇਮ ਨਾਲ ਸ਼ੁਭ ਗੁਣਾਂ ਨੂੰ ਗਾਉਂਦਾ ਹਾਂ ਅਤੇ ਹੇ ਮਨ ! ਤੂੰ ਭੀ ਗੁਰ ਸਿੱਖਿਆ ਦੁਆਰੇ ਪਰੇਮ ਨਾਲ ਗੁਣਾਂ ਨੂੰ ਗਾਉਣਾ ਕਰ।

ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥ ੧ ॥ ਰਹਾਉ ॥

ਇਕ ਜੀਭ ਤੋਂ ਲੱਖਾਂ ਕ੍ਰੋੜਾਂ ਜਿਹਵਾ ਹੋ ਜਾਣ, ਉਹਨਾਂ ਲੱਖਾਂ ਕ੍ਰੋੜਾਂ ਜੀਭ ਦੁਆਰਾ ਫਿਰ ਮੈਂ ਕ੍ਰੋੜਾਂ ਵਾਰੀ ਨਾਮ ਨੂੰ ਧਿਆਵਾਂਗਾ।

ਵਾ:-ਕੋਟਿ=ਕੋਟੀਆਂ (ਪ੍ਰਮਾਣਾਂ) ਨੂੰ ਦੇ ਕੇ ਲੱਖਾਂ ਕ੍ਰੋੜਾਂ ਵਾਰੀ ਨਾਮ ਨੂੰ ਧਿਆਵਾਂਗਾ॥ ੧ ॥ ਰਹਾਉ ॥

ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥

ਸਹਸ ਫਨੀ=ਹਜ਼ਾਰਾਂ ਫਲਾਂ ਵਾਲੇ ਸ਼ੇਸਨਾਗ ਨੇ, ਹੇ ਹਰੀ ! ਆਪ ਜੀ ਦੇ ਨਾਮਾਂ ਨੂੰ ਜਪਿਆ ਹੈ ਪਰ ਹਰੀ ਨਾਮ ਜਪਦਿਆਂ ਜਪਦਿਆਂ ਆਪ ਜੀ ਦਾ ਅੰਤ ਨਹੀਂ ਪਾਇਆ।

ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਾਤੇ ਗੁਰਮਤਿ ਮਨੁ ਠਹਰਾਵੈਗੋ ॥ ੧ ॥

ਹੇ ਹਰੀ ! ਤੂੰ ਪਿਛੇ ਅਥਾਹ ਸੀ, ਹੁਣ ਭੀ ਅਤੀਅੰਤ ਅਗੰਮ ਹੈਂ, ਅਗੇ ਭੀ ਅਗੰਮ ਹੋਵੇਂਗਾ, ਜਿਸ ਨੇ ਮਤਿ=ਬੁੱਧੀ ਵਿਚ ਗੁਰ ਸਿੱਖਿਆ ਨੂੰ ਧਾਰਨਾ ਕੀਤਾ ਹੈ, ਉਸ ਦਾ ਮਨ ਠਹਰਾਵੈਗੋ=ਇਸਥਿਤੀ ਨੂੰ ਪ੍ਰਾਪਤ ਹੁੰਦਾ ਹੈ॥ ੧ ॥

ਜਿਨ ਤੂ ਜਪਿਓ ਤੇਈ ਜਨ ਨੀਕੇ ਹਰਿ ਜਪਤਿਅਹੁ ਕਉ ਸੁਖੁ ਪਾਵੈਗੋ ॥

ਹੇ ਹਰੀ ! ਜਿੰਨ੍ਹਾਂ ਨੇ ਆਪ ਜੀ ਨੂੰ ਜਪਿਆ ਹੈ ਉਹ ਪੁਰਸ਼ ਨੀਕੇ=ਚੰਗੇ ਹਨ,
ਨਾਮ ਜਪਨ ਵਾਲਿਆਂ ਨੂੰ ਹੇ ਹਰੀ ! ਤੂੰ ਸੁਖ ਪਾਂਵਦਾ ਹੈਂ।

ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ ॥ ੨ ॥

ਦਾਸੀ ਪੁੱਤ੍ਰ ਜੋ ਬਿਦਰ ਹੈ ਛੋਕ=ਛੂਤ ਕਰਨ ਵਾਲਾ ਸ਼ੂਦਰ, ਛੋਹਰਾ=ਬਾਲਕਾ ਉਸ ਦਾ ਅੰਕਿ=ਪੱਖ ਕਰਕੇ ਕ੍ਰਿਸ਼ਨ ਜੀ ਨੇ ਆਪਣੇ ਗਲ ਨਾਲ ਲਗਾਉਣਾ ਕੀਤਾ॥ ੨ ॥

ਜਲ ਤੇ ਓਪਤਿ ਭਈ ਹੈ ਕਾਸਟ ਕਾਸਟ ਅੰਗਿ ਤਰਾਵੈਗੋ ॥

ਜਿਵੇਂ, ਜਲ ਤੋਂ ਕਾਂਸਟ=ਲੱਕੜ ਪੈਦਾ ਹੋਈ ਹੈ, ਉਸ ਲੱਕੜ ਨੂੰ ਜਲ ਡੋਲਦਾ ਨਹੀਂ, ਉਤਪਤੀ ਦਾ ਅੰਗਿ=ਪੱਖ ਕਰਕੇ ਕਿ ਇਹ ਮੇਰੇ ਤੋਂ ਪੈਦਾ ਹੋਈ ਹੈ ਇਹ ਸਮਝ ਕੇ ਪਾਣੀ ਲੱਕੜ ਨੂੰ ਤਾਰ ਲੈਂਦਾ ਹੈ।

ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ ਰਖਾਵੈਗੋ ॥ ੩ ॥

ਤਿਵੇਂ, ਹਰੀ ਰਾਮ ਆਪਣਿਆਂ ਭਗਤ ਜਨਾਂ ਨੂੰ ਭਗਤੀ ਦੇ ਕੇ ਆਪ ਹੀ ਸਵਾਰਦਾ ਹੈ, ਪੁਨਾ-ਆਪਣਾ ਭਗਤ ਵਛਲ ਵਾਲਾ ਬਿਰਦ ਆਪ ਹੀ ਰਖੇਗਾ ॥ ੩ ॥

ਯਥਾ:- ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦ ਸੁਆਮੀ ਸੰਦਾ ॥ *(ਪੰਨਾ ੫੪੪)*

ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ ॥

ਅਸੀਂ ਪੱਥਰਾਂ ਵਿਚੋਂ ਵੱਡੇ ਪੱਥਰ ਹਾਂ, ਭਾਵ ਬਾਣੀ ਕਰਕੇ ਕਠੋਰ ਹਾਂ, ਲੋਹੇ ਵਿਚੋਂ ਵੱਡੇ ਲੋਹੇ ਵਾਂਙੂ ਪਾਪੀ ਹਾਂ, ਗੁਰਾਂ ਦੀ ਸੰਗਤ ਰੂਪੀ ਨਾਵ=ਬੇੜੀ ਸਾਨੂੰ ਤਾਰ ਲਏਗੀ।

ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ ॥ ੪ ॥

ਜਿਵੇਂ, ਸਤ ਸੰਗਤ ਕਰਕੇ ਕਬੀਰ ਜੁਲਾਹਿਆ ਤਰ ਗਿਆ ਹੈ,
ਅਤੇ ਉਹ ਸੰਤ ਜਨਾਂ ਦੇ ਮਨ ਵਿਚ ਭਾਅ ਗਿਆ ਹੈ ॥ ੪ ॥

ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥

ਖਰੋਏ=ਖਲੋਤਿਆਂ, ਬੈਠਦਿਆਂ ਉਠਦਿਆਂ ਮਾਰਗਿ=ਰਾਹ ਵਿਚ ਤੁਰਦਿਆਂ ਨਾਮ ਰੂਪੀ ਖਰੇ ਪੰਥਿ ਨੂੰ ਧਿਆਉਣਾ ਕਰੇ। ਵਾ:-ਸੰਸਾਰ ਮਾਰਗ ਵਿਚ ਭਗਤੀ ਗਿਆਨ ਰੂਪੀ ਖਰੇ ਪੰਥ ਨੂੰ ਧਿਆਉਣਾ ਕਰੇ।

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥ ੫ ॥

ਸਤਿਗੁਰ ਦੇਵ ਜੀ ਬਚਨ=ਬਾਣੀ ਰੂਪ ਹਨ, ਬਚਨ=ਬਾਣੀ ਸਤਿਗੁਰਾਂ ਦਾ ਰੂਪ ਹੈ, ਜੋ ਬਾਣੀ ਮੁਕਤੀ ਦੇ ਪਾਧਰੁ=ਖੁਲੇ ਰਸਤੇ ਨੂੰ ਜਣਾ ਦੇਂਦੀ ਹੈ।

ਯਥਾ:- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥ *(ਪੰਨਾ ੯੮੨)*

ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥

ਅਸੀਂ ਸ੍ਵਾਸਾਂ ਤੋਂ ਨਿਸਾਸ ਹੋ ਰਹੇ ਹਾਂ ਸਾਡੇ ਵਿਚ ਏਹ ਬਲ ਪਾਣਾ ਕਰੋ, ਕਿ ਨਿਹਸਾਸਨਿ=ਇਕ ਰਸ ਸ੍ਵਾਸ ਸ੍ਵਾਸ ਨਾਮ ਨੂੰ ਧਿਆਉਣਾ ਕਰੀਏ। ਅਥਵਾ:-ਹੇ ਸਾਸਨਿ=ਆਗਿਆ ਦੇ ਕਰਨ ਵਾਲੇ ਪ੍ਰਭੂ ਸਾਡੇ ਵਿਚ ਏਹ ਬਲ ਪਾਓ ਕਿ ਸ੍ਵਾਸ ਸ੍ਵਾਸ ਆਪ ਜੀ ਦੇ ਨਾਮ ਨੂੰ ਧਿਆ ਕੇ ਨਿਹਸਾਸਨਿ=ਸੰਸਿਆਂ ਤੋਂ ਰਹਿਤ ਹੋਈਏ।

ਅਥਵਾ:-ਸਾਸਨਿ=ਤਾੜਨਾ ਦੇ ਕਰਨ ਵਾਲੇ ਜਮਦੂਤ ਸ੍ਵਾਸ ਸ੍ਵਾਸ ਸਾਡੇ 'ਪਰ ਆਪਣਾ ਬਲ ਪਾ ਰਹੇ ਹਨ, ਇਹ ਕਿਰਪਾ ਕਰੋ ਆਪ ਜੀ ਦਾ ਨਾਮ ਧਿਆ ਕੇ ਨਿਹਸਾਸਨਿ=ਤਾੜਨਾ ਤੋਂ ਰਹਿਤ ਹੋ ਜਾਈਏ।

ਵਾ:-ਸਾਸਨਿ=ਆਗਿਆ ਦੇ ਕਰਨ ਵਾਲੇ ਸਤਿਗੁਰ ਦੇਵ ਜੀ ਜਗਿਆਸੂ ਨੂੰ ਕਹਿੰਦੇ ਹਨ ਕਿ ਤੂੰ ਬੈਖਰੀ

ਬਾਣੀ ਦੁਆਰਾ ਸ੍ਵਾਸ ਸ੍ਵਾਸ ਨਾਮ ਜਪਨ ਦਾ ਬਲ ਪਾਣਾ ਕਰ ਤੇ ਪਰਾ, ਪਸੰਤੀ ਦੁਆਰੇ ਨਿਹਸ੍ਵਾਸਨਿ=ਸ੍ਵਾਸਾਂ ਤੋਂ ਰਹਿਤ ਹੋ ਕੇ ਨਾਮ ਨੂੰ ਧਿਆਉਣਾ ਕਰ।

ਗੁਰਪਰਸਾਦੀ ਹਉਮੈ ਬੁਝੈ ਤੌ ਗੁਰਮਤਿ ਨਾਮਿ ਸਮਾਵੈਗੋ ॥ ੬ ॥

ਗੁਰਾਂ ਦੀ ਕਿਰਪਾ ਦੁਆਰੇ ਹੰਗਤਾ ਮਮਤਾ ਰੂਪ ਅੱਗ ਬੁਝ ਜਾਵੇ, ਤਾਂ ਗੁਰ ਸਿੱਖਿਆ ਦੁਆਰੇ ਨਾਮੀ ਵਿਚ ਸਮਾਂਵਦਾ ਹੈ॥ ੬ ॥

[ਪੰਨਾ ੧੩੧੦]

ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗ ਹੀਨ ਨਹੀ ਭਾਵੈਗੋ ॥

ਸਤਿਗੁਰ ਦੇਵ ਜੀ ਜੀਵਾਂ ਨੂੰ ਜੀਵਨ ਦਾਤਾ ਹਨ, ਪਰ ਜੋ ਭਾਗਾਂ ਤੋਂ ਹੀਣ ਹਨ ਉਨ੍ਹਾਂ ਨੂੰ ਸਤਿਗੁਰੂ ਨਹੀਂ ਭਾਉਂਦਾ।

ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥ ੭ ॥

ਮੁੜ ਕੇ ਇਹ ਮਨੁੱਖ ਜਨਮ ਦੀ ਪ੍ਰਾਪਤੀ ਦਾ ਸਮਾਂ ਹੱਥ ਨਹੀਂ ਆਵੇਗਾ,

ਪਰ=ਭਲੀ ਪ੍ਰਕਾਰ ਤਾਪੈ=ਦੁੱਖੀ ਹੋ ਕੇ ਪਛਚਾਤਾਪ ਕਰੇਗਾ॥ ੭ ॥

ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥

ਜੇ ਕੋਈ ਭਲਾ ਪੁਰਸ਼ ਆਪਣਾ ਭਲਾ ਚਾਹੁੰਦਾ ਹੈ, ਤਾਂ ਗੁਰਾਂ ਅੱਗੇ ਢਹਿ ਕੇ ਡਿੱਗ ਪਵੇ, ਭਾਵ—ਅਤੀ ਨਿੰਮ੍ਰਤਾ ਧਾਰਕੇ ਚਰਨਾਂ 'ਪਰ ਡਿੱਗ ਪਵੇ ਤੇ ਇਸ ਤਰ੍ਹਾਂ ਬੇਨਤੀ ਕਰੇ-

ਨਾਨਕ ਦਇਆ ਦਇਆ ਕਰਿ ਠਾਕੁਰ
ਮੈ ਸਤਿਗੁਰ ਭਸਮ ਲਗਾਵੈਗੋ ॥ ੮ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਹੇ ਦਇਆ ਸਰੂਪ ਠਾਕੁਰ ! ਮੇਰੇ 'ਪਰ ਦਇਆ ਕਰ, ਤਾਂ ਕਿ ਮੈਂ ਸਤਿਗੁਰਾਂ ਦੀ ਚਰਨ ਧੂੜੀ ਮੱਥੇ 'ਪਰ ਲੱਗਾ ਲਵਾਂ॥ ੮ ॥ ੩ ॥

ਕਾਨੜਾ ਮਹਲਾ ੪ ॥ ਮਨੁ ਹਰਿ ਰੰਗਿ ਰਾਤਾ ਗਾਵੈਗੋ ॥

ਗੁਰਮੁਖਾਂ ਦਾ ਮਨ ਰੰਗਿ=ਪ੍ਰੇਮ·ਵਿਚ ਰਤਾ ਹੋਇਆ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ।

ਭੈ ਭੈ ਤ੍ਰਾਸ ਭਏ ਹੈ ਨਿਰਮਲ ਗੁਰਮਤਿ ਲਾਗਿ ਲਗਾਵੈਗੋ ॥ ੧ ॥ ਰਹਾਉ ॥

ਗੁਰਾਂ ਦੀ ਸਿੱਖਿਆ ਦੁਆਰੇ ਪਰਮੇਸ਼ਰ ਦੇ ਭਜਨ ਸਿਮਰਨ ਰੂਪੀ ਲਾਗ ਨੂੰ ਲਗਾਵੇ ਤਾਂ ਭੈ ਦਾਇਕ ਜਮਾਂ ਦੇ ਜੋ· ਤ੍ਰਾਸ=ਡਰ ਭੈ=ਹੋ ਰਹੇ ਸਨ, ਉਨ੍ਹਾਂ ਵਲੋਂ ਨਿਰਮਲ ਹੋ ਗਏ। ਵਾ:-ਪਰਮੇਸ਼ਰ ਦਾ ਭੈ=ਡਰ ਧਾਰਿਆ, ਤਾਂ ਜਮਾਂ ਦਾ ਜੋ ਤ੍ਰਾਸ=ਡਰ ਭੈ=ਹੋ ਰਿਹਾ ਸੀ ਉਸ ਤੋਂ ਨਿਰਮਲ ਹੋ ਗਏ॥ ੧ ॥ ਰਹਾਉ ॥

ਹਰਿ ਰੰਗਿ ਰਾਤਾ ਸਦ ਬੈਰਾਗੀ ਹਰਿ ਨਿਕਟਿ ਤਿਨਾ ਘਰਿ ਆਵੈਗੋ ॥

ਜੋ ਹਰੀ ਦੇ ਰੰਗਿ=ਪ੍ਰੇਮ ਵਿਚ ਰੱਤਾ ਹੋਇਆ, ਸਦਾ ਸੰਸਾਰ ਵਲੋਂ ਵੈਰਾਗਵਾਨ ਹੋਇਆ ਹੈ, ਜੋ ਹਰੀ ਸਭ ਦੇ ਨਿਕਟ ਵਸਣ ਵਾਲਾ ਹੈ, ਉਹ ਉਨ੍ਹਾਂ ਦੇ ਅੰਤਹਕਰਣ ਰੂਪ ਘਰ ਵਿਚ ਆ ਕੇ ਸਾਖਿਆਤਕਾਰ ਹੁੰਦਾ ਹੈ।

ਤਿਨ ਕੀ ਪੰਕ ਮਿਲੈ ਤਾਂ ਜੀਵਾ ਕਰਿ ਕਿਰਪਾ ਆਪਿ ਦ੍ਰਿਵਾਵੈਗੋ ॥ ੧ ॥

ਉਨ੍ਹਾਂ ਦੀ ਚਰਨ ਧੂੜੀ ਮਿਲੇ ਤਾਂ ਜੀਵਨਾ ਹੁੰਦਾ ਹੈ, ਪਰ ਉਹ ਪ੍ਰਭੂ ਆਪ ਹੀ ਕਿਰਪਾ ਕਰੇ ਤਾਂ ਚਰਨ ਧੂੜੀ ਦਿਵਾਉਂਦਾ ਹੈ॥ ੧ ॥

ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥

ਜੋ ਪ੍ਰਾਣੀ ਦੁਬਿਧਾ ਦੇ ਲੋਭ ਵਿਚ ਲੱਗੇ ਹੋਏ ਹਨ, ਉਨ੍ਹਾਂ ਦੇ ਮਨ ਰੂਪ ਬਸਤ੍ਰ ਕੋਰੇ ਹਨ ਇਸ ਲਈ ਉਨ੍ਹਾਂ ਨੂੰ ਪ੍ਰੇਮ ਦਾ ਰੰਗ ਨਹੀਂ ਆਉਂਦਾ।

ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨ ॥

ਗੁਰਾਂ ਦੇ ਬਚਨਾਂ ਦੁਆਰੇ ਫਿਰ ਮਨੁੱਖਾ ਜਨਮ ਸੰਸਾਰ ਵਲੋਂ ਉਲਟ ਹੁੰਦਾ ਹੈ,

ਗੁਰੂ ਪੁਰਖ ਮਿਲਣ ਤਾਂ ਉਹ ਹਰੀ ਵਿਚ ਰੰਗੁ=ਪ੍ਰੇਮ ਲੱਗਾ ਦੇਂਦੇ ਹਨ॥ ੨ ॥

ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥

ਜੋ ਦਸ ਇੰਦ੍ਰੀਆਂ ਹਨ ਇਸ ਪੁਨਾ ਦਸੋ ਦਿਸਾਂ ਵੱਲ ਧਾਵਤ=ਦੌੜਦੀਆਂ ਹਨ,

ਤ੍ਰਿਗੁਣ ਆਤਮਕ ਜੋ ਸੰਸਾਰ ਹੈ ਇਸ ਵਿਚ ਏਹ ਮਨ ਖਿਨ ਮਾਤ੍ਰ ਭੀ ਟਿਕਦਾ ਨਹੀਂ।

ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥ ੩ ॥

ਸਤਿਗੁਰਾਂ ਦੇ ਪਰਚੈ=ਉਪਦੇਸ਼ ਦੁਆਰਾ ਜਿਸਦਾ ਮਨ ਵਸੀਕਾਰ ਹੋ ਆਉਂਦਾ ਹੈ,

ਉਹ ਪੁਰਸ਼ ਮੋਖ ਮੁਕਤਿ=ਕੈਵਲ ਮੁਕਤੀ ਨੂੰ ਪਾਂਦਾ ਹੈ॥ ੩ ॥

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥

ਇਕ ਓਅੰਕਾਰਿ=ਮੰਗਲ ਸਰੂਪ ਪਰਮਾਤਮਾ ਹੀ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ ਅਤੇ ਅੰਤ ਨੂੰ ਸਾਰੇ ਜੀਵ ਇਕ ਪ੍ਰਭੂ ਦੇ ਵਿਚ ਹੀ ਸਮਾਅ ਜਾਣਗੇ।

ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥ ੪ ॥

ਬਹੁਤਿਆਂ ਰੰਗਾਂ ਵਿਚ ਇਕੋ ਇਕ ਦਾ ਰੂਪ ਹੈ,

ਵਾ:-ਬਹੁਰੰਗੀ ਜੋ ਇਕੋ ਇਕ ਪਰਮਾਤਮਾ ਹੈ ਉਸ ਤੋਂ ਇਹ ਰੂਪੁ=ਅਕਾਰ ਸੰਸਾਰ ਹੋਇਆ ਹੈ, ਸਾਰਿਆਂ ਜੀਵਾਂ ਨੂੰ ਇਕ ਆਪਣੇ ਬਚਨਿ=ਹੁਕਮ ਵਿਚ ਚਲਾਉਂਦਾ ਹੈ॥ ੪ ॥

ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥

ਗੁਰਮੁਖਾਂ ਨੇ ਇਕ ਪ੍ਰਭੂ ਨੂੰ ਪਛਾਣ ਲਿਆ ਹੈ, ਇਹ ਨਿਯਮ ਹੈ ਜੋ ਗੁਰਮੁਖ ਹੋਵੇਗਾ ਉਸਨੂੰ ਇਕ ਪਰਮਾਤਮਾ ਆਪਣਾ ਰੂਪ ਲਖਾਵੈਗੋ=ਜਣਾਵੇਗਾ।

ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥ ੫ ॥

ਜੋ ਅਨਹਦ=ਇਕ ਰਸ ਗੁਰਾਂ ਦੇ ਸਬਦੁ=ਉਪਦੇਸ਼ ਨੂੰ ਉਚਾਰੇਗਾ,

ਉਹ ਗੁਰਮੁਖ ਨਿਜਮਹਲੀ=ਆਪਣੇ ਸਰੂਪ ਵਿਚ ਜਾ ਮਿਲੇਗਾ॥ ੫॥

ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ॥

ਸਾਰੀ ਸ੍ਰਿਸ਼ਟੀ ਵਿਚ ਜਿਤਨੇ-ਕੁ ਛੋਟੇ ਵੱਡੇ ਜੀਆ ਜੰਤ ਪੈਦਾ ਕੀਤੇ ਹਨ, ਸਾਰਿਆਂ ਵਿਚੋਂ ਗੁਰਮੁਖ ਹੀ ਸੋਭਾ ਪਾਂਦੇ ਹਨ, ਜਾਂ ਪਾਵਣਗੇ।

ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ॥ ੬॥

ਗੁਰਾਂ ਦੇ ਭੇਟੇ=ਮਿਲੇ ਬਿਨਾਂ ਕੋਈ ਸਰੂਪ ਨੂੰ ਨਹੀਂ ਪਾਂਦਾ, ਆਇ ਜਾਇ=ਜਨਮ ਮਰਨ ਦੇ ਦੁੱਖਾਂ ਨੂੰ ਪਾਵੇਗਾ॥ ੬॥

ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੁ ਮਿਲਾਵੈਗੋ॥

ਹੇ ਮੇਰੇ ਪ੍ਰੀਤਮ ਪ੍ਰਮਾਤਮਾ ! ਅਸੀਂ ਅਨੇਕ ਜਨਮਾਂ ਦੇ ਤੇਰੇ ਤੋਂ ਵਿਛੜੇ ਹੋਏ ਹਾਂ, ਤੂੰ ਕ੍ਰਿਪਾ ਕਰਕੇ ਗੁਰਾਂ ਨਾਲ ਮਿਲਾਵੇਂ ਤਾਂ ਫਿਰ ਗੁਰੂ ਸਾਨੂੰ ਆਪ ਨਾਲ ਮਿਲਾ ਦੇਣਗੇ।

ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ॥ ੭॥

ਗੁਰਮੁਖਾਂ ਨੇ ਸਤਿਗੁਰਾਂ ਨਾਲ ਮਿਲ ਕੇ ਮਹਾ=ਵੱਡਾ ਸੁਖ ਪਾਇਆ ਹੈ, ਮਲੀਨ ਮਤੀ ਦੇ ਦੂਰ ਹੋਣ ਕਰਕੇ ਸ਼ੁਭਮਤੀ ਖਿੜ ਆਵੇਗੀ॥ ੭॥

ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ ਮੈ ਸਰਧਾ ਨਾਮਿ ਲਗਾਵੈਗੋ॥

ਹੇ ਜਗਜੀਵਨ ਹਰਿ ਹਰਿ ! ਮੇਰੇ 'ਪਰ ਕ੍ਰਿਪਾ ਕਰੋ, ਤਾਂ ਮੇਰੀ ਨਾਮ ਸਿਮਰਨ ਵਿਚ ਸ਼ਰੱਧਾ ਲੱਗ ਜਾਵੇਗੀ।

ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ॥ ੮॥ ੪॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ—ਨਾਨਕ ਗੁਰੂ=ਪਰਮਾਤਮਾ ਸਤਿਗੁਰੂ ਰੂਪ ਹੈ ਤੇ ਸਤਿਗੁਰ ਦੇਵ ਜੀ ਗੁਰੂ=ਚੇਤਨ ਪਰਮੇਸ਼ਰ ਦਾ ਸਰੂਪ ਹਨ, ਉਹ ਪ੍ਰਭੂ ਮੈਨੂੰ ਆਪਣੀ ਸ਼ਰਨ ਵਿਚ ਜ਼ਰੂਰ ਮਿਲਾਵੇਗਾ॥ ੮॥ ੪॥

ਕਾਨੜਾ ਮਹਲਾ ੪॥

ਮਨ ਗੁਰਮਤਿ ਚਾਲ ਚਲਾਵੈਗੋ॥

ਗੁਰ ਸਿੱਖਿਆ ਦੁਆਰੇ ਮਨ ਨੂੰ ਚੰਗੀ ਚਾਲ ਵਿਖੇ ਚਲਾਉਣਾ ਕਰੇ।

ਅਥਵਾ:-ਮਨ ਨੂੰ ਗੁਰ ਸਿੱਖਿਆ ਦੀ ਚਾਲ ਵਿਚ ਚਲਾਉਣਾ ਕਰੇ।

ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ
ਗੁਰ ਅੰਕਸੁ ਸਬਦੁ ਦ੍ਰਿੜਾਵੈਗੋ॥ ੧॥ ਰਹਾਉ॥

ਜਿਵੇਂ ਮਸਤ ਮੈਗਲੁ=ਹਾਥੀ ਕੁੰਡੇ ਹੇਠ ਦੇਣ ਕਰਕੇ ਵਸੀਕਾਰ ਹੁੰਦਾ ਹੈ, ਤਿਵੇਂ ਗੁਰ ਉਪਦੇਸ਼ ਦੇ ਦ੍ਰਿੜਾਉਣ ਰੂਪ ਕੁੰਡੇ ਹੇਠ ਦੇਵੇ ਤਾਂ ਮਨ ਰੂਪ ਹਾਥੀ ਵਸੀਕਾਰ ਹੁੰਦਾ ਹੈ॥ ੧॥ ਰਹਾਉ॥

ਚਲਤੋ ਚਲੈ ਚਲੈ ਦਹ ਦਹਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥

ਚਲਤੋ=ਭੰਭੀਰੀ ਵਾਂਙੂ ਚਲੈ=ਚੰਚਲ ਮਨ ਤ੍ਰਿਸ਼ਨਾ ਅੱਗ ਦਾ ਦਹ=ਦਗਧ ਕੀਤਾ ਹੋਇਆ ਦਸੋ ਦਿਸਾਂ ਵੱਲ ਚਲੈ=ਚਲਦਾ ਹੈ, ਜੋ ਹਰੀ ਵਿਚ ਲਿਵ ਲਗਾਂਦਾ ਹੈ ਉਸਦੇ ਰਾਖੇ ਗੁਰੂ ਹਨ।

ਅਥਵਾ:-ਚਲਤੋ=ਚਲਿਤ੍ਰ ਰੂਪ ਸੰਸਾਰ ਵਿਚ ਤ੍ਰਿਸ਼ਨਾ ਅੱਗ ਦਾ ਦਹ=ਦਗਧ ਕੀਤਾ ਹੋਇਆ ਮਨ ਚਲਾਇਮਾਨ ਹੋ ਕੇ ਦਸੋ ਦਿਸਾਂ ਵੱਲ ਚਲਦਾ ਹੈ, ਜਿਸਦੇ ਗੁਰੂ ਰਾਖੇ ਹੋਏ ਹਨ, ਉਹ ਹਰੀ ਵਿਚ ਲਿਵ ਲਗਾਉਂਦਾ ਹੈ।

ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ ॥ ੧ ॥

ਮੂੰਹ ਵਿਚ ਨਾਮ ਅੰਮ੍ਰਿਤ ਚੁਆ ਕੇ ਸਤਿਗੁਰ ਦੇਵ ਜੀ ਹਿਰਦੇ ਅੰਦਰ ਸਬਦੁ=ਬ੍ਰਹਮ ਦੀ ਪ੍ਰਾਪਤੀ ਕਰ ਦੇਂਦੇ ਹਨ॥ ੧॥

ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥

ਕਾਮ ਆਦਿਕਾਂ ਰੂਪੀ ਬਿਸੀਅਰ=ਸੱਪ, ਇਸਤ੍ਰੀ ਦੀ ਇੱਛਿਆ ਰੂਪ ਪੂਰਨ ਵਿਸ਼ਿਆਂ ਰੂਪ ਵਿਹੁ ਕਰਕੇ ਭਰੇ ਹੋਏ ਹਨ, ਉਸ ਵਿਸ਼ਿਆਂ ਦੀ ਵਿਹੁ ਦੇ ਨਵਿਰਤ ਕਰਨੇ ਨੂੰ ਗੁਰਾਂ ਦਾ ਜੋ ਮੁਖ ਸ਼ਬਦ ਹੈ ਏਹੋ ਗਾਰੜੂ ਮੰਤ੍ਰ ਮੂੰਹ ਵਿਚ ਪਾਣਾ ਕਰੇ।

ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ
ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥ ੨ ॥

ਮਾਇਆ ਤੋਂ ਉਤਪੰਨ ਹੋਏ ਹੋਏ ਕਾਮ ਆਦਿਕਾਂ ਰੂਪ ਸੱਪ ਉਸ ਦੇ ਨੇੜੇ ਨਹੀਂ ਆਉਂਦੇ,
ਜੋ ਵਿਸ਼ਿਆ ਰੂਪੀ ਵਿਹੁ ਨੂੰ ਝਾੜ ਝਾੜ ਕੇ ਪ੍ਰਭੂ ਵਿਚ ਲਿਵ ਲਗਾਉਂਦੇ ਹਨ॥ ੨॥

ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥

ਇਸ ਸਰੀਰ ਨਗਰ ਵਿਚ ਸਬਲਾ=ਬਲਵਾਨ ਇਕ ਲੋਭ ਰੂਪੀ ਸੁਆਨੁ=ਕੁੱਤਾ ਰਹਿੰਦਾ ਹੈ, ਗੁਰਾਂ ਨੇ ਉਪਦੇਸ਼ ਰੂਪੀ ਡੰਡਾ ਮਾਰਕੇ ਇੱਕ ਖਿਨ ਵਿਚ ਬਾਹਰ ਕੱਢ ਦਿੱਤਾ ਹੈ।

ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥ ੩ ॥

ਜਿਸ ਦੇ ਸਰੀਰ ਵਿਚ ਗੁਰਾਂ ਨੇ ਸੱਤ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ ਗੁਣ ਆਨਿ=ਲਿਆ ਰੱਖੇ ਹਨ, ਉਹ ਜੀਵ ਹਰੀ ਦੀ ਇਸ ਮਨੁੱਖਾ ਦੇਹ ਰੂਪ ਨਗਰੀ ਵਿਚ ਹਰ ਤਰ੍ਹਾਂ ਨਾਲ ਹਰੀ ਦੇ ਗੁਣ ਗਾਉਂਦਾ ਹੈ॥ ੩॥

[ਪੰਨਾ ੧੩੧੧]

ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥

ਜੋ ਪ੍ਰਾਣੀ ਮੋਹ ਕੇ ਪੰਕ=ਚਿੱਕੜ ਵਿਚ ਨਿਘਰਦਾ ਜਾਂਦਾ ਹੈ, ਕੱਢਣ ਜੋਗ ਗੁਰੂ ਹੀ ਉਸ ਨਿਘਰਦੇ ਜਾਂਦੇ ਨੂੰ ਬਾਹਰ ਕੱਢਣਗੇ। ਵਾ:-ਨਿਘਰਦੇ ਜਾਂਦੇ ਨੂੰ ਕੱਢਣ ਵਾਲੇ ਹੋ ਕੇ ਗੁਰੂ ਜੀ ਕੱਢ ਲੈਂਦੇ ਹਨ।

ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ ॥ ੪ ॥

ਤ੍ਰਾਹਿ ਤ੍ਰਾਹਿ=ਰੱਖ ਲੋ ਰੱਖ ਲੋ, ਇਸ ਤਰ੍ਹਾਂ ਕਹਿਕੇ ਜੋ ਪੁਰਸ਼ ਸ਼ਰਨ ਵਿਚ ਆਏ ਹਨ, ਉਹਨਾਂ ਨੂੰ ਗੁਰੂ ਸ੍ਰਵਨ, ਮਨਨ, ਨਿਧਿਆਸਣ ਰੂਪ ਹਾਥੀ ਦੇ ਕੇ ਨਿਕਾਲ ਦੇਂਦੇ ਹਨ।

ਅਥਵਾ:-ਨਿਸ਼ਕਾਮ ਕਰਮਾਂ ਰੂਪੀ, ਵਾ:-ਕ੍ਰਿਪਾ ਰੂਪੀ ਹੱਥ ਦੇ ਕੇ ਨਿਕਾਲ ਦੇਂਦੇ ਹਨ।

ਵਾ:-ਪ੍ਰੇਮ ਰੂਪੀ ਹਾਥੀ=ਚਪੀ ਦੇ ਕੇ, ਵਾ:-ਭਗਤੀ ਰੂਪੀ ਹਾਥੀ=ਨੌਕਾ ਦੇ ਕੇ ਨਿਕਾਲ ਦੇਂਦੇ ਹਨ॥ ੪ ॥

ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ ॥

ਜਿਵੇਂ ਸੁਪਨੇ ਅੰਦਰ ਪਦਾਰਥ ਦਿਖਾਈ ਦੇਂਦੇ ਹਨ, ਉਹ ਮਿਥਿਆ ਹਨ, ਤਿਵੇਂ ਸਾਰਾ ਸੰਸਾਰ ਬਾਜੀਗਰ ਦੀ ਖੇਲ ਵਾਂਗੂੰ ਹੈ, ਜਿਵੇਂ ਬਾਜੀਗਰ ਦਾ ਸਾਰਾ ਖੇਲ ਖਿਲਰ ਜਾਣ ਵਾਲਾ ਹੈ, ਤਿਵੇਂ ਸਾਰਾ ਸੰਸਾਰ ਅਭਾਵ ਰੂਪ ਹੈ।

ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ ॥ ੫ ॥

ਹੇ ਭਾਈ ! ਗੁਰ ਸਿੱਖਿਆ ਦੁਆਰੇ ਨਾਮ ਦਾ ਲਾਭ ਲੈ ਚਲੋ, ਤਾਂ ਹਰੀ ਦੀ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਪਹਿਣ ਕੇ ਜਾਓਗੇ॥ ੫ ॥

ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ ॥

ਜੋ ਪੁਰਸ਼ ਹੌਮੈ ਦੇ ਸਹਿਤ ਆਪ ਕਰਮ ਕਰਦਾ ਹੈ ਅਤੇ ਹੰਗਤਾ ਮਮਤਾ ਦੇ ਸਹਿਤ ਹੋਰਨਾਂ ਪਾਸੋਂ ਕਰਮ ਕਰਵਾਉਂਦਾ ਹੈ, ਉਹ ਸੰਸਾਰ ਵਿਚ ਆਨਿ=ਆ ਕੇ ਪਾਪਾਂ ਰੂਪੀ ਕੋਲਿਆਂ ਨੂੰ ਜਮ੍ਹਾਂ ਕਰਦਾ ਹੈ।

ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ ॥ ੬ ॥

ਜਦੋਂ ਕਾਲ ਇਸ ਦੇ ਸਿਰ ਉਤੇ ਆਇਆ, ਤਾਂ ਇਸ ਦੇ ਕੀਤੇ ਹੋਏ ਪਾਪ ਕਰਮ ਹੀ ਇਸ ਲਈ ਦੁਖਦਾਈ ਹੋ ਗਏ, ਇਹ ਜੀਵ ਜੋ ਭੀ ਕਰਮਾਂ ਰੂਪੀ ਬੀਜ ਬੀਜਦਾ ਹੈ ਪਰਮਾਤਮਾ ਇਸ ਨੂੰ ਓਹੀ ਫਲ ਖਵਾਉਂਦਾ ਹੈ॥ ੬ ॥

ਸੰਤਹੁ ਰਾਮ ਨਾਮੁ ਧਨੁ ਸੰਚਹੁ ਲੈ ਖਰਚੁ ਚਲੇ ਪਤਿ ਪਾਵੈਗੋ ॥

ਹੇ ਸੰਤੋ ! ਰਾਮ ਨਾਮ ਰੂਪੀ ਧਨ ਨੂੰ ਸੰਚਹੁ=ਇਕੱਠਾ ਕਰੋ, ਕਿਉਂਕਿ ਜਦ ਇਹ ਰਾਮ ਨਾਮ ਰੂਪੀ ਖਰਚ ਨਾਲ ਲੈ ਕੇ ਚਲੋਗੇ ਤਾਂ ਦਰਗਾਹ ਵਿਚ ਇੱਜ਼ਤ ਪਾਓਗੇ।

ਖਾਇ ਖਰਚਿ ਦੇਵਹਿ ਬਹੁਤੇਰਾ ਹਰਿ ਦੇਦੇ ਤੋਟਿ ਨ ਆਵੈਗੋ ॥ ੭ ॥

ਗੁਰਮੁਖ ਹਰੀ ਨਾਮ ਧਨ ਨੂੰ ਆਪ ਖਾਂਦੇ ਹਨ, ਸਬੰਧੀਆਂ ਨੂੰ ਖਰਚਦੇ ਹਨ, ਆਮ ਖਾਸ ਦੁਨੀਆਂ ਨੂੰ ਬਹੁਤ ਸਾਰਾ ਦੇਂਦੇ ਹਨ; ਪਰ ਦੇਂਦਿਆਂ ਹੋਇਆ ਤੋਟਿ=ਘਾਟਾ ਨਹੀਂ ਆਉਂਦਾ॥ ੭ ॥

ਰਾਮ ਨਾਮ ਧਨੁ ਹੈ ਰਿਦ ਅੰਤਰਿ ਧਨੁ ਗੁਰ ਸਰਣਾਈ ਪਾਵੈਗੋ ॥

ਰਾਮ ਨਾਮ ਰੂਪੀ ਧਨ ਹਿਰਦੇ ਦੇ ਅੰਦਰ ਹੀ ਹੈ; ਪਰ ਗੁਰੂ ਦੀ ਸ਼ਰਨ ਵਿਚ ਆਇਆਂ ਇਹ ਰਾਮ ਨਾਮ ਰੂਪੀ ਧਨ ਪਾਇਆ ਜਾਂਦਾ ਹੈ।

ਨਾਨਕ ਦਇਆ ਦਇਆ ਕਰਿ ਦੀਨੀ
ਦੁਖੁ ਦਾਲਦੁ ਭੰਜਿ ਸਮਾਵੈਗੋ ॥ ੮ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਦਇਆ ਦੀ ਆਕਰਿ=ਖਾਨ ਗੁਰਾਂ ਨੇ ਦਇਆ ਦ੍ਰਿਸ਼ਟੀ ਕਰਕੇ ਨਾਮ ਰੂਪ ਨਿਧੀ ਦਿੱਤੀ ਤਾਂ ਦੁੱਖ ਅਤੇ ਦਲਿਦ੍ਰ ਨੂੰ ਭੰਨ ਕੇ ਪਰਮੇਸ਼ਰ ਵਿਚ ਸਮਾਂਵਦਾ ਹੈ॥ ੮॥ ੫॥

ਕਾਨੜਾ ਮਹਲਾ ੪ ॥
ਮਨੁ ਸਤਿਗੁਰ ਸਰਨਿ ਧਿਆਵੈਗੋ ॥

ਜਿਸ ਜਗਿਆਸੂ ਦਾ ਮਨ ਸਤਿਗੁਰਾਂ ਦੀ ਸ਼ਰਨ ਵਿਚ ਪੈ ਕੇ ਨਾਮ ਨੂੰ ਧਿਆਉਂਦਾ ਹੈ।

ਲੋਹਾ ਹਿਰਨੁ ਹੋਵੈ ਸੰਗਿ ਪਾਰਸ ਗੁਨੁ ਪਾਰਸ ਕੋ ਹੋਇ ਆਵੈਗੋ ॥੧ ॥ਰਹਾਉ ॥

ਜਿਵੇਂ ਪਾਰਸ ਨਾਲ ਲੱਗ ਕੇ ਲੋਹਾ ਹਿਰਨੁ=ਬਾਰਾਂ ਵੰਨੀਆਂ ਦਾ ਸੋਨਾ ਹੋ ਜਾਂਦਾ ਹੈ; ਤਿਵੇਂ ਉਸ ਜਗਿਆਸੂ ਵਿਚ ਪਾਰਸ ਦਾ ਗੁਣ ਹੋ ਆਉਂਦਾ ਹੈ। ਅਰਥਾਤ—ਉਹ ਪੂਰਨ ਮਹਾਂ ਪੁਰਸ਼ ਹੋ ਕੇ ਨੀਚਾਂ ਨੂੰ ਉੱਚ ਕਰ ਦੇਣ ਦੀ ਸਮਰੱਥਾ ਵਾਲਾ ਹੋ ਜਾਂਦਾ ਹੈ॥ ੧॥ ਰਹਾਉ॥

ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ ॥

ਮਹਾਂ ਪੁਰਸ਼ ਸਤਿਗੁਰੂ ਦੇਵ ਜੀ ਪਾਰਸ ਰੂਪ ਹਨ ਜੋ ਉਹਨਾਂ ਦੇ ਚਰਨਾਂ ਨਾਲ ਲੱਗੇਗਾ ਉਹ ਗਿਆਨ ਫਲ ਨੂੰ ਪਾਵੇਗਾ।

ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰੁ ਸੇਵਕ ਪੈਜ ਰਖਾਵੈਗੋ ॥ ੧ ॥

ਜਿਵੇਂ ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਹਿਲਾਦ ਜੀ ਤਰੇ ਹਨ, ਤਿਵੇਂ ਹੁਣ ਭੀ ਗੁਰੂ ਆਪਣਿਆਂ ਸੇਵਕਾਂ ਦੀ ਪੈਜ=ਇੱਜ਼ਤ ਰੱਖੇਗਾ॥ ੧॥

ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰਬਚਨੀ ਅੰਮ੍ਰਿਤੁ ਪਾਵੈਗੋ ॥

ਬਚਨਾਂ ਵਿਚੋਂ ਸਤਿਗੁਰਾਂ ਦਾ ਬਚਨ ਅਤੀਅੰਤ ਨੀਕੋ=ਚੰਗਾ ਹੈ, ਅਰਥਾਤ—ਬਾਣੀ ਵਿਚੋਂ ਸਤਿਗੁਰਾਂ ਦੀ ਬਾਣੀ ਉੱਤਮ ਹੈ ਕਿਉਂਕਿ ਗੁਰਬਚਨੀ=ਗੁਰਬਾਣੀ ਦੇ ਅਭਿਆਸ ਦੁਆਰਾ ਹੀ ਜੀਵ ਨਾਮ ਅੰਮ੍ਰਿਤ ਨੂੰ,

ਵਾ:-ਮੁਕਤੀ ਨੂੰ ਪਾਵੇਗਾ।

ਜਿਉ ਅੰਬਰੀਕਿ ਅਮਰਾਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ॥ ੨ ॥

ਜਿਵੇਂ ਰਾਜੇ ਅੰਬ੍ਰੀਕ ਨੇ ਅਮਰਾਪਦ=ਮੁਕਤੀ ਪਦ ਨੂੰ ਪਾਇਆ ਹੈ, ਜੋ ਸਤਿਗੁਰਾਂ ਦੇ ਮੁਖ=ਉੱਤਮ ਬਚਨਾਂ ਦੁਆਰੇ ਨਾਮ ਨੂੰ ਧਿਆਵੇਗਾ ਉਹ ਅੰਬ੍ਰੀਕ ਵਾਂਗੂੰ ਅਮਰ ਪਦਵੀ ਨੂੰ ਪਾਵੇਗਾ॥ ੨॥

ਸਤਿਗੁਰ ਸਰਨਿ ਸਰਨਿ ਮਨਿ ਭਾਈ ਸੁਧਾ ਸੁਧਾ ਕਰਿ ਧਿਆਵੈਗੋ ॥

ਸ਼ਰਨਾਂ ਵਿਚੋਂ ਸਤਿਗੁਰਾਂ ਦੀ ਸ਼ਰਨ ਮਨ ਵਿਚ ਭਾਈ ਹੈ, ਵਾ:-ਜਿਨ੍ਹਾਂ ਸਤਿਗੁਰਾਂ ਦੇ ਸਰਨਿ= ਸਦ੍ਰਸ ਕੋਈ ਨਹੀਂ ਹੈ ਉਹਨਾਂ ਦੀ ਸ਼ਰਨ ਗ੍ਰਹਿਣ ਕਰਨੀ ਮਨ ਵਿਚ ਭਾਈ ਹੈ, ਉਹ ਸੁਧਾ ਕਰਿ=ਅੰਮ੍ਰਿਤ ਦੀ ਖਾਨ ਜੋ ਨਾਮ ਅੰਮ੍ਰਿਤ ਹੈ ਉਸ ਨੂੰ ਧਿਆਂਵਦਾ ਹੈ।

ਵਾ:-ਸੁਧਾ ਕਰਿ=ਸੁਧਾਰਨੇ ਵਾਲੇ ਨਾਮ ਸੁਧਾ=ਅੰਮ੍ਰਿਤ ਨੂੰ ਧਿਆਉਂਦਾ ਹੈ।

ਅਥਵਾ:-ਸ਼ਰਨਾਂ ਵਿਚੋਂ ਜਿਨ੍ਹਾਂ ਨੂੰ ਸਤਿਗੁਰਾਂ ਦੀ ਸ਼ਰਨ ਗ੍ਰਹਿਣ ਕਰਨੀ ਮਨ ਵਿਚ ਭਾਈ=ਚੰਗੀ ਲੱਗੀ ਹੈ, ਉਹ ਪ੍ਰਭੂ ਦਾ ਇਉਂ ਧਿਆਨ ਧਾਰਦੇ ਹਨ, ਜਿਵੇਂ ਸੁਧਾ=ਅੰਮ੍ਰਤਾ (ਸੋਮਲਤਾ)* ਸੁਧਾਕਰ=ਚੰਦ੍ਰਮਾਂ ਦਾ ਧਿਆਨ ਧਾਰਦੀ ਹੈ।

ਦਇਆਲ ਦੀਨ ਭਏ ਹੈ ਸਤਿਗੁਰ ਹਰਿ ਮਾਰਗੁ ਪੰਥੁ ਦਿਖਾਵੈਗੋ ॥ ੩ ॥

ਜਿਨ੍ਹਾਂ ਦੀਨਾਂ 'ਪਰ ਸਤਿਗੁਰ ਦੇਵ ਜੀ ਦਿਆਲੂ ਹੋਏ ਹਨ, ਉਹਨਾਂ ਨੂੰ ਸਤਿਗੁਰ ਦੇਵ ਜੀ ਹਰੀ ਦੀ ਪ੍ਰਾਪਤੀ ਦਾ ਮਾਰਗੁ ਪੰਥੁ=ਖੁਲ੍ਹਾ ਰਸਤਾ ਦਿਖਾਣਗੇ। ਵਾ:-ਸੰਸਾਰ ਮਾਰਗ ਵਿਚ,

ਵਾ:-ਮਾਰਗਾਂ ਵਿਚੋਂ ਹਰੀ ਦੀ ਪ੍ਰਾਪਤੀ ਦਾ ਗਿਆਨ ਭਗਤੀ ਰੂਪ ਰਸਤਾ ਦਿਖਾਉਣਗੇ॥ ੩ ॥

ਸਤਿਗੁਰ ਸਰਨਿ ਪਏ ਸੇ ਥਾਪੇ ਤਿਨ ਰਾਖਨ ਕਉ ਪ੍ਰਭੁ ਆਵੈਗੋ ॥

ਜੋ ਸਤਿਗੁਰਾਂ ਦੀ ਸ਼ਰਨ ਵਿਚ ਪਏ ਹਨ ਉਹ ਮੋਖ ਪਦਵੀ 'ਪਰ ਇਸਥਿਤ ਕੀਤੇ ਹਨ, ਉਹਨਾਂ ਦੀ ਰੱਖਿਆ ਕਰਨੇ ਨੂੰ ਪ੍ਰਭੂ ਆਪ ਆਉਂਦਾ ਹੈ, ਵਾ:-ਆਵੇਗਾ।

ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈਗੋ ॥ ੪ ॥

ਜੇਹੜਾ ਕੋਈ ਸੰਤ ਜਨਾਂ ਦਾ ਪ੍ਰਤਾਪ ਵੇਖ ਕੇ ਉਹਨਾਂ ਦੇ ਮਾਰਨ ਲਈ ਉਹਨਾਂ ਉੱਪਰ ਪ੍ਰਤੱਖ ਸਰੁ=ਬਾਨ, ਸੰਧੈ=ਖਿੱਚੇਗਾ, ਵਾ:-ਈਰਖਾ ਰੂਪੀ ਬਾਨ ਖਿੱਚ ਕੇ ਮਾਰੇਗਾ, ਤਾਂ ਫਿਰ ਉਲਟ ਕੇ ਓਸੇ ਨੂੰ ਲੱਗੇਗਾ। ਅਰਥਾਤ—ਸੰਤਾਂ ਨਾਲ ਵੈਰ ਕਰਨ ਵਾਲੇ ਦਾ ਆਪਣਾ ਹੀ ਬੁਰਾ ਹਾਲ ਹੁੰਦਾ ਹੈ॥ ੪ ॥

ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥

ਹਰੀ ਦੇ ਸਤਸੰਗ ਸਰੁ=ਸਰੋਵਰ 'ਪਰ ਜਾ ਕੇ ਜੋ ਹਰੀ ਹਰਿ=ਤਮਾਮ ਦੁੱਖਾਂ ਦੇ ਹਰਿ=ਨਾਸ ਕਰਨ ਵਾਲਾ ਹੈ, ਉਸ ਦੇ ਹਰਿ ਹਰਿ ਨਾਮ ਨੂੰ ਸਿਮਰਦੇ ਹਨ, ਉਨ੍ਹਾਂ ਨੂੰ ਹਰੀ ਦਰਗਾਹ ਵਿਚ ਮਾਨ ਦਿਵਾਵੇਗਾ।

ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ
ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥ ੫ ॥

ਮਨ ਕਰਕੇ ਗੁਰਮਤ ਦੁਆਰੇ, ਬਾਣੀ ਕਰਕੇ ਗੁਰਮਤ ਦੁਆਰੇ, ਤਨ ਕਰਕੇ ਗੁਰਮਤ ਦੁਆਰੇ ਜੋ ਹਰੀ ਨਾਮ ਨੂੰ ਧਿਆਉਂਦੇ ਹਨ, ਉਹ ਹਰੀ ਦੇ ਗਲ ਨਾਲ ਆਪ ਮਿਲੇ ਹਨ ਤੇ ਹੋਰਨਾਂ ਨੂੰ ਉਸ ਦੇ ਮੇਲ ਨਾਲ ਮਿਲਾਉਣਗੇ।

ਅਥਵਾ:-ਮਤਾਂ ਵਿਚੋਂ ਗੁਰ=ਪੂਜਨੀਕ ਜੋ ਗੁਰੂ ਹਨ ਉਹਨਾਂ ਦੀ ਗੁਰਮਤਿ=ਗੁਰ ਸਿੱਖਿਆ ਨੂੰ ਜੋ ਆਪਣੀ ਮਤੀ ਵਿਚ ਧਿਆਂਵਦਾ ਹੈ, ਉਹ ਹਰੀ ਦੀਆਂ ਗੱਲਾਂ ਵਿਚ ਮਿਲਦਾ ਹੈ ਫੇਰ ਹਰੀ ਉਸ ਨੂੰ ਆਪਣੇ ਮੇਲ ਵਿਚ ਮਿਲਾ ਲਵੇਗਾ॥ ੫ ॥

---

*ਸੋਮਲਤਾ-ਇਸ ਬੂਟੀ ਦੇ ੧੬ ਪੱਤੇ ਨਿਕਲਦੇ ਹਨ ਤੇ ਪੂਰਨਮਾਸ਼ੀ ਵਾਲੇ ਦਿਨ ਭੀ ਸੋਲ੍ਹਾਂ ਹੁੰਦੇ ਹਨ।
ਜਿਉਂ ਜਿਉਂ ਚੰਦ੍ਰਮਾਂ ਦੀ ਕਲਾ ਘਟਦੀ ਜਾਂਦੀ ਹੈ ਤਿਉਂ ਤਿਉਂ ਇਸ ਦੇ ਪੱਤੇ ਘਟਦੇ ਜਾਂਦੇ ਹਨ। ਮੱਸਿਆ ਵਾਲੇ ਦਿਨ ਇਕੋ ਪੱਤਾ ਰਹਿ ਜਾਂਦਾ ਹੈ।

ਗੁਰਮੁਖਿ ਨਾਦੁ ਬੇਦੁ ਹੈ ਗੁਰਮੁਖਿ ਗੁਰ ਪਰਚੈ ਨਾਮੁ ਧਿਆਵੈਗੋ ॥

ਜਿਸ ਗੁਰਮੁਖ ਜਗਿਆਸੂ ਨੇ ਮੁਖੀ ਗੁਰਾਂ ਦੇ ਨਾਦੁ=ਉਪਦੇਸ਼ ਨੂੰ ਬੇਦੁ=ਜਾਣਿਆਂ ਹੈ ਓਹੀ ਗੁਰਾਂ ਦੇ ਪਰਚੈ=ਉਪਦੇਸ਼ ਦੁਆਰਾਂ ਨਾਮ ਨੂੰ ਧਿਆਵੇਗਾ।

ਹਰਿ ਹਰਿ ਰੂਪੁ ਹਰਿ ਰੂਪੋ ਹੋਵੈ ਹਰਿ ਜਨ ਕਉ ਪੂਜ ਕਰਾਵੈਗੋ ॥ ੬ ॥

ਉਹ ਪਿਛੇ ਭੀ ਹਰਿ ਹਰਿ ਦਾ ਰੂਪ ਸਨ, ਹੁਣ ਭੀ ਹਰੀ ਦਾ ਰੂਪ ਹੋ ਰਹੇ ਹਨ, ਅੱਗੇ ਭੀ ਹਰੀ ਉਹਨਾਂ ਜਨਾਂ ਨੂੰ ਪੂਜਨੀਕ ਕਰਾਵੇਗਾ। *ਅਥਵਾ:*-ਏਹ ਸਾਰੇ ਰੂਪ ਹਰਿ ਹਰਿ ਤੋਂ ਉਤਪੰਨ ਹੋਏ ਹਨ ਤੇ ਹਰੀ ਆਪ ਹੀ ਇਨ੍ਹਾਂ ਰੂਪਾਂ ਵਿਚ ਇਸਥਿਤ ਹੋ ਰਿਹਾ ਹੈ,

ਅਥਵਾ:-ਜੋ ਹਰੀ ਨਾਮ ਨੂੰ ਜਪਦਾ ਹੋਇਆ ਹਰੀ ਦੇ ਰੂਪੁ=ਸਰੂਪ ਨੂੰ ਜਾਣਦਾ ਹੈ ਉਹ ਹਰੀ ਦਾ ਰੂਪ ਹੋ ਜਾਂਦਾ ਹੈ, ਹਰੀ ਉਸ ਸੇਵਕ ਜਨ ਨੂੰ ਸੰਸਾਰ ਵਿਚ ਪੂਜਨੀਕ ਕਰਾਵੇਗਾ॥ ੬ ॥

ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥

ਜਿਨ੍ਹਾਂ ਸਾਕਤ ਪੁਰਸ਼ਾਂ ਨੇ ਸਤਿਗੁਰਾਂ ਨੂੰ ਧਾਰਨ ਨਹੀਂ ਕੀਤਾ, ਉਹਨਾਂ ਬੇਮੁਖਾਂ ਨੂੰ ਹਰੀ ਚੌਰਾਸੀ ਲੱਖ ਜੂਨੀਆਂ ਵਿਚ ਭਰਮਾਵੈਗੋ=ਭੁਆਏਗਾ।

ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ ॥ ੭ ॥

ਲੋਭ ਦੀ ਜੋ ਲਹਿਰ ਹੈ ਏਹੋ ਸੁਆਨ=ਕੁੱਤੇ ਦੀ ਸੰਗਤ ਹੈ, ਮਾਇਆ ਦੇ ਰੱਚੇ ਹੋਏ ਵਿਸ਼ਿਆਂ ਵਿਚ, *ਵਾ:*-ਬਿਖ ਰੂਪ ਮਾਇਆ ਵਿਚ ਜੋ ਲੱਗ ਰਹੇ ਹਨ ਇਹ ਕਰੰਗਿ=ਮੁਰਦਾਰ ਦੇ ਖਾਣੇ ਵਿਚ ਲੱਗ ਰਹੇ ਹਨ॥ ੭ ॥

ਰਾਮ ਨਾਮੁ ਸਭ ਜਗ ਕਾ ਤਾਰਕੁ ਲਗਿ ਸੰਗਤਿ ਨਾਮੁ ਧਿਆਵੈਗੋ ॥

ਰਾਮ ਨਾਮ ਸਾਰੇ ਜਗਤ ਦਾ ਤਾਰਕੁ=ਤਾਰਨ ਵਾਲਾ ਹੈ, ਪਰ ਜੋ ਸਤਸੰਗਤ ਵਿਚ ਲੱਗੇਗਾ ਓਹੀ ਨਾਮ ਨੂੰ ਧਿਆਵੇਗਾ।

ਨਾਨਕ ਰਾਖੁ ਰਾਖੁ ਪ੍ਰਭ ਮੇਰੇ ਸਤਸੰਗਤਿ ਰਾਖਿ ਸਮਾਵੈਗੋ ॥ ੮ ॥ ੬ ॥ ਛਕਾ ੧

ਗੁਰੂ ਜੀ ਕਥਨ ਕਰਦੇ ਹਨ—ਹੇ ਮੇਰੇ ਪ੍ਰਭੂ ! ਮੈਨੂੰ ਸਤਸੰਗਤ ਵਿਚ ਰੱਖ ਲੈ ਰੱਖ ਲੈ, ਕਿਉਂਕਿ ਜਿਸ ਨੂੰ ਆਪ ਜੀ ਨੇ ਸਤਸੰਗਤ ਵਿਚ ਰੱਖਿਆ ਹੈ ਉਹ ਆਪ ਜੀ ਵਿਚ ਸਮਾਅ ਜਾਵੇਗਾ॥ ੮ ॥ ੬ ॥ ਛਕਾ ੧

(ਛਿਆਂ ਸ਼ਬਦਾਂ ਦਾ ਛਕਾ ਹੁੰਦਾ ਹੈ ਇਥੇ ਛੇ ਅਸਟਪਦੀਆਂ ਪੂਰੀਆਂ ਹੋਈਆਂ ਹਨ ਇਸ ਕਰਕੇ ਇਕ ਛਕਾ ਲਿਖਿਆ ਹੈ। ਨੋਟ:- ਯਾਦ ਰੱਖਣਾ ਇਹ ਛੇ ਅਸਟਪਦੀਆਂ ਸੁਖਮਨੇ ਸਾਹਿਬ ਜੀ ਦੀਆਂ ਹਨ।)

[ਪੰਨਾ ੧੩੧੨]

ਕਾਨੜਾ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ ॥ ਸੇ ਉਧਰੇ ਜਿਨ ਰਾਮ ਧਿਆਏ ॥

ਜਿਨ੍ਹਾਂ ਨੇ ਰਾਮ ਨਾਮ ਧਿਆਏ ਹਨ ਉਹ ਸੰਸਾਰ ਤੋਂ ਤਰ ਗਏ ਹਨ। ਅਤੇ-

ਜਤਨ ਮਾਇਆ ਕੇ ਕਾਮਿ ਨ ਆਏ॥

ਜੋ ਮਾਇਆ ਦੇ ਜਤਨ ਕਰਦੇ ਸਨ ਉਹ ਉਹਨਾਂ ਦੇ ਕਿਸੇ ਕੰਮ ਵਿਚ ਨਹੀਂ ਆਏ।

ਰਾਮ ਧਿਆਏ ਸਭਿ ਫਲ ਪਾਏ ਧਨਿ ਧੰਨਿ ਤੇ ਬਡਭਾਗੀਆ॥

ਜਿਨ੍ਹਾਂ ਨੇ ਰਾਮ ਨਾਮ ਨੂੰ ਧਿਆਇਆ ਹੈ ਉਹਨਾਂ ਨੇ ਸਾਰੇ ਫਲ ਪਾਏ ਹਨ, ਉਹ ਵੱਡਿਆਂ ਭਾਗਾਂ ਵਾਲੇ ਧਨਿ ਧੰਨਿ=ਧੰਨਤਾ ਜੋਗ ਹਨ।

ਸਤਸੰਗਿ ਜਾਗੇ ਨਾਮਿ ਲਾਗੇ ਏਕ ਸਿਉ ਲਿਵ ਲਾਗੀਆ॥

ਜੋ ਸਤਸੰਗ ਕਰਕੇ ਮੋਹ ਨੀਂਦ ਤੋਂ ਜਾਗੇ ਹਨ, ਉਹ ਨਾਮ ਵਿਚ ਲੱਗੇ ਹਨ ਅਤੇ ਉਹਨਾਂ ਦੀ ਇਕ ਵਾਹਿਗੁਰੂ ਨਾਲ ਲਿਵ=ਬ੍ਰਿਤੀ ਲੱਗ ਗਈ ਹੈ।

ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ॥

ਜਿਨ੍ਹਾਂ ਨੇ ਮਾਨ ਮੋਹ ਤੇ ਵਿਸ਼ੇ ਵਿਕਾਰਾਂ ਨੂੰ ਤਿਆਗਿਆ ਹੈ, ਉਹਨਾਂ ਸੰਤਾਂ ਦੇ ਪਾਏ=ਚਰਨਾਂ ਨਾਲ ਲੱਗ ਕੇ ਤਰਨਾ ਕਰੋ।

ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ॥੧॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ'—ਜੋ ਸੁਆਮੀ ਦੀ ਸ਼ਰਨ ਵਿਚ ਪਏ ਹਨ, ਉਹਨਾਂ ਦੇ ਦਰਸ਼ਨ ਵੱਡਿਆਂ ਭਾਗਾਂ ਕਰਕੇ ਪਾਏ ਜਾਂਦੇ ਹਨ॥ ੧॥

ਮਿਲਿ ਸਾਧੂ ਨਿਤ ਭਜਹ ਨਾਰਾਇਣ॥

ਸਾਧੂ ਆਪਸ ਵਿਚ ਮਿਲਕੇ ਨਿਤਾਪ੍ਰਤੀ ਨਰਾਇਣ ਨੂੰ ਭਜਦੇ ਹਨ।

ਰਸਕਿ ਰਸਕਿ ਸੁਆਮੀ ਗੁਣ ਗਾਇਣ॥

ਰਸਕਿ=ਪ੍ਰੇਮ ਰਸ ਵਿਚ ਤਦਾਕਾਰ ਹੋ ਕੇ ਰਸਕਿ=ਸੁੰਦਰ ਸੁਆਮੀ ਦੇ ਗੁਣ ਗਾਇਣ=ਗਾਉਂਦੇ ਹਨ।

ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ ਭਾਗਏ॥

ਜੋ ਗੁਣਾਂ ਨੂੰ ਗਾ ਕੇ ਜੀਉਂਦੇ ਹਨ ਤੇ ਹਰੀ ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਉਹਨਾਂ ਦਾ ਜਨਮ ਮਰਨ ਰੂਪ ਦੁੱਖ ਭਾਗਏ=ਭੱਜ ਗਿਆ ਹੈ।

ਸਤਸੰਗਿ ਪਾਈਐ ਹਰਿ ਧਿਆਈਐ ਬਹੁੜਿ ਦੂਖੁ ਨ ਲਾਗਏ॥

ਸਤਸੰਗਤ ਨੂੰ ਪਾ ਕੇ ਹਰੀ ਨਾਮ ਨੂੰ ਧਿਆਉਣਾ ਕਰੀਏ, ਬਹੁੜਿ=ਫਿਰ ਕੋਈ ਦੁੱਖ ਨਹੀਂ ਲੱਗਦਾ।

ਕਰਿ ਦਇਆ ਦਾਤੇ ਪੁਰਖ ਬਿਧਾਤੇ ਸੰਤ ਸੇਵ ਕਮਾਇਣ॥

ਹੇ ਬਿਧਾਤੇ=ਫਲ ਬਰ ਦਾਤੇ ਅਕਾਲ ਪੁਰਖ ਸਭ ਜੀਵਾਂ ਦੇ ਦਾਤੇ ਏਹ ਦਇਆ ਦ੍ਰਿਸ਼ਟੀ ਕਰ ਜੋ ਸੰਤ ਸੇਵਾ ਨੂੰ ਕਮਾਉਣਾ ਕਰੀਏ।

ਬਿਨਵੰਤਿ ਨਾਨਕ ਜਨ ਧੂਰਿ ਬਾਂਛਹਿ ਹਰਿ ਦਰਸਿ ਸਹਜਿ ਸਮਾਇਣ॥੨॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਉਹਨਾਂ ਦੀ ਚਰਨ ਧੂੜ ਬਾਂਛਹਿ=ਚਾਹੁੰਦਾ ਹਾਂ, ਜੋ

ਸਹਜਿ=ਗਿਆਨ ਕਰਕੇ ਹਰੀ ਦੇ ਦਰਸਿ=ਸਰੂਪ ਵਿਚ ਸਮਾਏ ਹਨ॥ ੨॥

ਸਗਲੇ ਜੰਤ ਭਜਹੁ ਗੋਪਾਲੈ॥ ਜਪ ਤਪ ਸੰਜਮ ਪੂਰਨ ਘਾਲੈ॥

ਹੇ ਸਾਰੇ ਜੀਵੋ ! ਤੁਸੀਂ ਵਾਹਿਗੁਰੂ ਦਾ ਭਜਨ ਕਰੋ। ਤਾਂ ਜਪ ਤਪ ਤੇ ਸੰਜਮ=ਇੰਦ੍ਰੀਆਂ ਦਾ ਦਮਨ ਕਰਨੇ ਰੂਪ ਸਾਰੀ ਘਾਲ=ਕਮਾਈ ਤੁਹਾਡੀ ਪੂਰਨ=ਸਫਲ ਹੋਵੇਗੀ।

ਨਿਤ ਭਜਹੁ ਸੁਆਮੀ ਅੰਤਰਜਾਮੀ ਸਫਲ ਜਨਮੁ ਸਬਾਇਆ॥

ਅੰਤਰਜਾਮੀ ਸੁਆਮੀ ਨੂੰ ਨਿਤਾਪ੍ਰਤੀ ਸਿਮਰਨਾ ਕਰੋ, ਤਾਂ ਤੁਹਾਡਾ ਸਾਰਾ ਮਨੁੱਖਾ ਜਨਮ ਸਫਲ ਹੋਵੇਗਾ।

ਗੋਬਿਦੁ ਗਾਈਐ ਨਿਤ ਧਿਆਈਐ ਪਰਵਾਣੁ ਸੋਈ ਆਇਆ॥

ਜੋ ਮਨੁੱਖ ਗੋਬਿੰਦ ਦੇ ਜਸ ਨੂੰ ਗਾਉਂਦਾ ਹੈ ਤੇ ਨਿਤਾਪ੍ਰਤੀ ਨਾਮ ਨੂੰ ਧਿਆਉਂਦਾ ਹੈ, ਉਹ ਪੁਰਸ਼ ਜਗਤ ਵਿਚ ਆਇਆ ਪ੍ਰਮਾਣੀਕ ਹੈ।

ਜਪ ਤਾਪ ਸੰਜਮ ਹਰਿ ਹਰਿ ਨਿਰੰਜਨ ਗੋਬਿੰਦ ਧਨੁ ਸੰਗਿ ਚਾਲੈ॥

ਹਰਿ ਹਰਿ ਨਿਰੰਜਨ ਦੇ ਨਾਮ ਜਪਣ ਕਰਕੇ ਜਪ ਤਪ ਤੇ ਸੰਜਮ ਵਗੈਰਾ ਸਭ ਸਫਲ ਹੁੰਦੇ ਹਨ, ਗੋਵਿੰਦ ਦਾ ਨਾਮ ਧਨ ਹੀ ਜੀਵ ਦੇ ਨਾਲ ਚਲਦਾ ਹੈ।

ਬਿਨਵੰਤਿ ਨਾਨਕ ਕਰਿ ਦਇਆ ਦੀਜੈ ਹਰਿ ਰਤਨੁ ਬਾਧਉ ਪਾਲੈ॥ ੩॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ—ਹੇ ਪ੍ਰਭੂ ! ਦਇਆ ਦ੍ਰਿਸ਼ਟੀ ਕਰਕੇ ਰਤਨੁ=ਅਮੋਲਕ ਹਰੀ ਨਾਮ ਧਨ ਦੇਣਾ ਕਰੋ, ਤਾਂ ਕਿ ਮੈਂ ਬੁੱਧੀ ਰੂਪ ਪੱਲੇ ਵਿਚ ਹਰੀ ਨਾਮ ਰਤਨ ਨੂੰ ਬੰਨ੍ਹ ਲਵਾਂ॥ ੩॥

ਮੰਗਲਚਾਰ ਚੋਜ ਆਨੰਦਾ॥ ਕਰਿ ਕਿਰਪਾ ਮਿਲੇ ਪਰਮਾਨੰਦਾ॥

ਅੰਨਵੇਂ:-ਅਨੰਦ ਦਾਇਕ ਚੋਜ=ਕੌਤਕਾਂ ਦੇ ਕਰਨ ਵਾਲਾ ਪਰਮ ਅਨੰਦ ਸਰੂਪ ਪ੍ਰਭੂ ਜਿਸ ਵੇਲੇ ਕਿਰਪਾ ਦ੍ਰਿਸ਼ਟੀ ਕਰਕੇ ਮਿਲੇ ਤਾਂ ਮੰਗਲਚਾਰ ਹੋਇਆ ।

ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਇਛ ਮਨ ਕੀ ਪੁੰਨੀਆ॥

ਸੁਖਾਂ ਵਿਚ ਗਮਨ ਕਰਨ ਵਾਲੇ ਪ੍ਰਭੂ ਸੁਆਮੀ ਜਿਸ ਨੂੰ ਮਿਲੇ ਹਨ, ਉਸ ਦੇ ਮਨ ਦੀਆਂ ਇੱਛਾਂ ਪੂਰੀਆਂ ਹੋਈਆਂ ਹਨ।

ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ॥

ਸਹਜੇ=ਗਿਆਨ ਕਰਕੇ ਸਹਜਪਦ ਵਿਚ ਸਮਾਈ ਹੋਈ ਤਾਂ ਅਨੰਦ ਦੀ ਵਧਾਈ ਵਜੀ, ਬਹੁੜਿ=ਫੇਰ ਦੁੱਖਾਂ ਵਿਚ ਰੁਦਨ ਨਹੀਂ ਕਰਦੀ ।

ਲੈ ਕੰਠਿ ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ॥

ਜਿਸ ਵੇਲੇ ਜੀਵ ਰੂਪ ਇਸਤ੍ਰੀ ਨੂੰ ਲੈ ਕੇ ਗਲ ਨਾਲ ਲਗਾਇਆ ਤਾਂ ਸਾਰੇ ਸੁਖ ਦਿਖਾਏ, ਮੰਦਾ ਸੁਭਾਵ ਤੇ ਸਾਰੇ ਵਿਕਾਰ ਬਿਨਸ ਗਏ।

ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ ਪਰਮਾਨੰਦਾ॥ ੪॥ ੧॥

ਗੁਰੂ ਜੀ ਬਿਨਵੰਤਿ=ਕਥਨ ਕਰਦੇ ਹਨ-ਸੁਆਮੀ ਦੇ ਮਿਲਣ ਕਰਕੇ ਪੁਰਸ਼ ਨੂੰ ਪਰਮ=ਬੜਾ ਅਨੰਦ

ਹੋਇਆ। ਵਾ:-ਨਾਮ ਦੇ ਜਪਣ ਕਰਕੇ ਪਰਮ ਅਨੰਦ ਸਰੂਪ ਸੁਆਮੀ ਪੁਰਖ ਮਿਲੇ ਹਨ।

ਇਸ ਲਈ ਤੁਸੀਂ ਸਾਰੇ ਨਾਮ ਜਪਣਾ ਕਰੋ॥ ੪॥ ੧॥

ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ

'ਮੂਸਾ' ਪਠਾਣ ਇਕ ਬੜਾ ਭਾਰੀ ਬਹਾਦਰ ਜੋਧਾ ਹੋਇਆ ਹੈ, ਚੜ੍ਹਦੀ ਜੁਆਨੀ ਵੇਲੇ ਇਸ ਦੀ ਮੰਗਣੀ ਕਿਸੇ ਚੰਗੇ ਘਰਾਣੇ ਵਿਚ ਹੋ ਗਈ, ਪਰ ਕਿਸੇ ਦੁਸ਼ਮਨ ਨੇ ਲੜਕੀ ਦੇ ਮਾਪਿਆਂ ਨੂੰ ਅਣਹੋਏ ਸ਼ਬਦ ਕਹਿ ਕੇ ਭਰਮਾ ਦਿੱਤਾ ਕਿ ਮੂਸਾ ਠੀਕ ਨਹੀਂ ਹੈ ਜੇ ਇਸ ਨਾਲ ਲੜਕੀ ਦਾ ਵਿਆਹ ਕਰੋਗੇ ਤਾਂ ਤੁਹਾਡੀ ਲੜਕੀ ਦੁੱਖੀ ਰਹੇਗੀ, ਇਹ ਗੱਲਾਂ ਸੁਣਕੇ ਲੜਕੀ ਦੇ ਮਾਪਿਆਂ ਨੇ ਆਪਣੀ ਸੁੰਦਰ ਬੱਚੀ ਕਿਸੇ ਹੋਰ ਰਾਜੇ ਨਾਲ ਵਿਆਹ ਦਿੱਤੀ। ਜਿਸ ਵੇਲੇ ਮੂਸੇ ਪਠਾਣ ਨੂੰ ਪਤਾ ਲਗਾ ਕਿ ਮੇਰੀ ਮਰੀ ਕੋਈ ਹੋਰ ਰਾਜਾ ਵਿਆਹ ਕੇ ਲੈ ਗਿਆ ਹੈ, ਤਿਸ ਵੇਲੇ ਗੁੱਸੇ ਵਿਚ ਲਾਲੋ ਲਾਲ ਹੋ ਗਿਆ ਤੇ ਜੰਗ ਕਰਨ ਦੀ ਤਿਆਰੀ ਕਰਕੇ ਆਪਣੀ ਫੌਜ ਆਪਣੇ ਨਾਲ ਲੈ ਕੇ ਉਸ ਨਾਲ ਜੰਗ ਕਰਕੇ ਵੈਰੀ ਰਾਜੇ ਨੂੰ ਜੇਹਲ ਵਿਚ ਪਾ ਕੇ ਆਪਣੀ ਇਸਤ੍ਰੀ ਨੂੰ ਆਪਣੇ ਘਰ ਲੈ ਆਇਆ। ਲਿਆ ਕੇ ਇਸਤ੍ਰੀ ਤੋਂ ਪੁੱਛਿਆ, ਤੇਰਾ ਕੀ ਖਿਆਲ ਹੈ?

ਤੂੰ ਮੇਰੇ ਘਰ ਰਹਿਣਾ ਚਾਹੁੰਦੀ ਹੈਂ, ਜਾਂ ਉਸ ਰਾਜੇ ਦੇ ਘਰ ਰਹਿਣਾ ਚਾਹੁੰਦੀ ਹੈਂ? ਪਤਿਬ੍ਰਤ ਧਰਮ ਵਾਲੀ ਨੇਕ ਔਰਤ ਨੇ ਕਿਹਾ-ਮਾਪਿਆਂ ਨੇ ਮੈਨੂੰ ਜਿਥੇ ਇਕ ਵਾਰ ਵਿਆਹ ਦਿੱਤਾ ਹੈ ਮੇਰੇ ਲਈ ਓਹੀ ਠੀਕ ਹੈ ਜੇ ਮੈਂ ਦੂਜੀ ਜਗ੍ਹਾਂ ਬੈਠਦੀ ਹਾਂ ਤਾਂ ਮੈਂ ਆਪਣੇ ਧਰਮ ਤੋਂ ਪਤਿਤ ਹੁੰਦੀ ਹਾਂ, ਆਪ ਕਿਰਪਾ ਕਰੋ ਮੇਰਾ ਧਰਮ ਬਣਿਆਂ ਰਹਿਣ ਦਿਓ।

ਮੂਸਾ ਪਠਾਣ ਏਹ ਗੱਲ ਸੁਣ ਕੇ ਬੜਾ ਖੁਸ਼ ਹੋਇਆ, ਇਸਤ੍ਰੀ ਦੀ ਮਰਜ਼ੀ ਅਨੁਸਾਰ ਉਸ ਦੇ ਪਤੀ ਕੈਦੀ ਰਾਜੇ ਨੂੰ ਕੈਦ ਵਿਚੋਂ ਬੁਲਵਾ ਕੇ ਬੜੇ ਸਨਮਾਨ ਨਾਲ ਦੋਹਾਂ ਨੂੰ ਵਿਦਾਅ ਕਰ ਦਿੱਤਾ, ਏਸੇ ਦੀ ਬਹਾਦਰੀ 'ਪਰ ਢਾਡੀਆਂ ਨੇ ਵਾਰ ਬਣਾ ਕੇ ਗਾਉਣਾ ਕੀਤੀ :-

ਤ੍ਰੈ ਸੌ ਸੱਠ ਮਰਾਤਬਾ ਇਕ ਘੁਰਿਐ ਡੱਗੇ।
ਚੜ੍ਹਿਆ ਮੂਸਾ ਪਾਤਸ਼ਾਹ ਸਭ ਸੁਣਿਆ ਜੱਗੇ।
ਦੰਦ ਚਿਟੇ ਬਡ ਹਾਥੀਆਂ ਕਹੁ ਕਿੱਤ ਵੱਰਗੇ।
ਰੁਤ ਪਛਾਤੀ ਬਗੁਲਿਆਂ ਘਟ ਕਾਲੀ ਬੱਗੇ।
ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੇ।

ਏਹ ਪੌੜੀ ਜਿਸ ਵੇਲੇ ਢਾਡੀਆਂ ਨੇ ਅਕਾਲ ਤਖ਼ਤ ਦੇ ਹੇਠਾਂ ਖਲੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੁਣਾਈ ਤਾਂ ਗੁਰੂ ਜੀ ਨੇ ਪ੍ਰਸੰਨਤਾ ਵਿਚ ਆ ਕੇ ਮੂਸੇ ਕੀ ਵਾਰ ਕੀ ਧੁਨੀ। ਇਹ ਅੱਖਰ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਕੇ ਰਾਗੀਆਂ ਨੂੰ ਹੁਕਮ ਦਿੱਤਾ, ਜਿਵੇਂ ਮੂਸੇ ਪਠਾਣ ਦੀ ਪੌੜੀ ਢਾਡੀਆਂ ਨੇ ਗਾਈ ਹੈ, ਉਸੇ ਤਰ੍ਹਾਂ ਤੁਸੀਂ ਇਹ ਕਾਨੜੇ ਦੀ ਵਾਰ ਦੀਆਂ ਪਉੜੀਆਂ ਗਾਇਣ ਕਰਨੀਆਂ ਹਨ।

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗਿਆ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗਿਆ॥

੧ਓ ਸਤਿਗੁਰ ਪ੍ਰਸਾਦਿ॥

ਸਲੋਕ ਮਃ ੪॥

ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ॥

ਹਰੀ ਰਾਮ ਦਾ ਨਾਮ ਨਿਧਾਨੁ=ਨਿਧੀਆਂ ਦਾ ਖਜ਼ਾਨਾ ਹੈ, ਗੁਰ ਸਿੱਖਿਆ ਦੁਆਰੇ ਹਿਰਦੇ ਵਿਚ ਧਾਰਨ ਕਰਕੇ ਰੱਖ।

ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ॥

ਹੰਗਤਾ ਮਮਤਾ ਅਤੇ ਵਿਸ਼ਿਆ ਨੂੰ ਮਾਰ ਕੇ ਦਾਸਾਂ ਦਾ ਦਾਸ ਹੋ ਕੇ ਰਹਿਣਾ ਕਰ।

ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ॥

ਇਸ ਰੀਤੀ ਅਨੁਸਾਰ ਜਿਸ ਨੇ ਜਨਮ ਪਦਾਰਥ ਜਿੱਤ ਲਿਆ ਹੈ, ਅਰਥਾਤ ਸਫਲ ਕਰ ਲਿਆ ਹੈ, ਉਸ ਨੂੰ ਕਦੇ ਹਾਰ ਨਹੀਂ ਆਉਂਦੀ।

ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥

ਗੁਰੂ ਜੀ ਕਥਨ ਕਰਦੇ ਹਨ—ਉਹ ਵਡਭਾਗੀ ਪੁਰਸ਼ ਧਨੁ ਧਨੁ=ਧੰਨਤਾ ਦੇ ਜੋਗ ਹੈ ਜਿਸ ਨੇ ਗੁਰ ਸਿੱਖਿਆ ਦੁਆਰੇ ਹਰੀ ਰਸ ਨੂੰ ਸਾਰਿ=ਪਾਇਆ ਹੈ, ਵਾ:-ਸੰਭਾਲਿਆ ਹੈ॥ ੧॥

ਮਃ ੪॥ ਗੋਵਿੰਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ॥

ਚਾਰ ਗੋਵਿੰਦੁ ਹਨ ਇਸ ਕਰਕੇ ਚਾਰੇ ਜੁਗ ਲਗਾਓ:-ਚਾਰਿਆਂ ਜੁਗਾਂ ਵਿਚ ਹਰੀ ਗੋਬਿੰਦ ਸ਼ੁਭ ਗੁਣਾਂ ਦਾ ਨਿਧਾਨੁ=ਖਜ਼ਾਨਾ ਹੈ।

[ਪੰਨਾ ੧੩੧੩]

ਗੋਵਿਦੁ ਗੋਵਿਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ॥

ਗੋਵਿਦੁ=ਬੇਦਾਂ ਕਰਕੇ ਜਾਨਣੇ ਜੋਗ ਗੋਬਿੰਦ ਨੂੰ ਗੁਰ ਸਿੱਖਿਆ ਦੁਆਰੇ ਧਿਆਈਏ, ਤਾਂ ਦਰਗਾਹ ਵਿਚ ਮਾਨੁ=ਆਦਰ ਪਾਈਦਾ ਹੈ।

ਗੋਵਿਦੁ ਗੋਵਿਦੁ ਗੋਵਿਦੁ ਜਪਿ ਮੁਖੁ ਊਜਲਾ ਪਰਧਾਨੁ॥

ਜਿਸ ਨੇ ਮਨ ਕਰਕੇ ਗੋਬਿੰਦ ਨੂੰ ਜਪਿਆ ਹੈ, ਬਾਣੀ ਦੁਆਰਾ ਗੋਬਿੰਦ ਨੂੰ ਜਪਿਆ ਹੈ, ਸਰੀਰ ਕਰਕੇ ਗੋਬਿੰਦ ਨੂੰ ਜਪਿਆ ਹੈ। ਅਥਵਾ:-ਹੇ ਗੋਵਿੰਦੁ=ਭਾਈ ! ਗੋਬਿੰਦ ਲੋਕਾਂ ਨਾਲ ਮਿਲ ਕੇ ਜਿਸ ਨੇ ਗੋਬਿੰਦ ਨੂੰ ਜਪਿਆ ਹੈ ਉਸ ਦਾ ਮੂੰਹ ਉਜਲਾ ਹੈ ਅਤੇ ਉਹ ਸਾਰਿਆਂ ਚੋਂ ਪਰਧਾਨੁ=ਮੁਖੀ ਹੈ।

ਨਾਨਕ ਗੁਰੁ ਗੋਵਿੰਦੁ ਹਰਿ ਜਿਤੁ ਮਿਲਿ ਹਰਿ ਪਾਇਆ ਨਾਮੁ॥੨॥

ਗੁਰੂ ਜੀ ਕਥਨ ਕਰਦੇ ਹਨ—ਗੁਰੂ ਸਾਹਿਬ ਜੀ ਹਰੀ ਗੋਬਿੰਦ ਦਾ ਸਰੂਪ ਹਨ, ਜਿਨ੍ਹਾਂ ਨਾਲ ਮਿਲ ਕੇ ਗੁਰਮੁਖਾਂ ਨੇ ਹਰੀ ਨਾਮ ਪਾਇਆ ਹੈ॥ ੨॥

ਪਉੜੀ॥ ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਰਗਿਆ॥

ਹੇ ਹਰੀ ! ਤੂੰ ਆਪ ਹੀ ਸਿਧ ਰੂਪ ਹੈਂ ਆਪ ਹੀ ਸਾਧਿਕੋ=ਜਗਿਆਸੂ ਰੂਪ ਹੈਂ, ਤੂੰ ਆਪ ਹੀ ਸਰੂਪ ਵਿਚ ਜੁਗ=ਜੁੜਨੇ ਵਾਲਾ ਜੋਗੀ ਰੂਪ ਹੈਂ।

ਵਾ:-ਤੂੰ ਆਪ ਹੀ ਚਾਰਿਆਂ ਜੁਗਾਂ ਵਿਚ ਜੁੜਨ ਵਾਲਾ ਹੈਂ।

ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਰਗਿਆ॥

ਹੇ ਹਰੀ ! ਤੂੰ ਆਪ ਹੀ ਰਸ ਰੂਪ ਹੈਂ, ਆਪ ਹੀ ਰਸੀਅੜਾਂ=ਰਸਾਂ ਦੇ ਉਤਪੰਨ ਕਰਨ ਵਾਲਾ ਹੈਂ, ਤੂੰ ਆਪ ਹੀ ਭੋਗਾਂ ਦੇ ਭੋਗਣ ਵਾਲਾ ਹੈਂ।

ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਰਗਿਆ॥

ਸਾਰਿਆਂ ਵਿਚ ਤੂੰ ਆਪੇ ਹੀ ਆਪ ਵਰਤਦਾ ਹੈਂ, ਜੋ ਤੂੰ ਆਪ ਕਰਦਾ ਹੈਂ ਓਹੀ ਹੁੰਦਾ ਹੈ।

ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ
ਜਿਤੁ ਮਿਲਿ ਹਰਿ ਬੁਲਗ ਬੁਲੋਰਗਿਆ॥

ਸਤਗੁਰਾਂ ਦੀ ਸਤਸੰਗਤ ਪਿਛੇ ਧੰਨੁ ਧਨੋ=ਧੰਨਤਾ ਦੇ ਜੋਗ ਸੀ, ਹੁਣ ਭੀ ਧੰਨ=ਧੰਨਤਾ ਦੇ ਜੋਗ ਹੈ, ਅੱਗੇ ਭੀ ਧਨੋ=ਧੰਨਤਾ ਦੇ ਜੋਗ ਹੋਵੇਗੀ; ਜਿਸ ਸਤਸੰਗਤ ਨਾਲ ਮਿਲ ਕੇ ਹਰੀ ਦੇ ਬੁਲਗ=ਬਚਨ ਬੋਲੀਦੇ ਹਨ।

ਵਾ:-ਬਚਨਾਂ ਦੁਆਰੇ ਹਰੀ ਨਾਮ ਬੋਲੀਂਦਾ ਹੈ।

ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ
ਹਰਿ ਬੋਲਤ ਸਭਿ ਪਾਪ ਲਹੋਰਗਿਆ॥ ੧॥

ਹੇ ਭਾਈ ! ਤੁਸੀਂ ਸਾਰੇ ਮਿਲ ਕੇ ਮੂੰਹੋਂ ਹਰੀ ਦੇ ਹਰਿ ਹਰਿ ਨਾਮ ਨੂੰ ਬੋਲੋ; ਹਰੀ ਦੇ ਹਰਿ ਹਰਿ ਨਾਮ ਨੂੰ ਬੋਲੋ, ਹਰੀ ਨਾਮ ਦੇ ਬੋਲਣ ਕਰਕੇ ਸਾਰੇ ਪਾਪ ਲਹੋਰਗਿਆ=ਲਹਿ ਜਾਂਦੇ ਹਨ!

ਅਥਵਾ:-ਸਾਰੇ ਮਿਲ ਕੇ ਮੂੰਹੋਂ ਮਨ ਕਰਕੇ ਹਰਿ ਹਰਿ ਕਵੋ; ਬਾਣੀ ਦੁਆਰਾ ਹਰਿ ਹਰਿ ਨੂੰ ਕਵੋ; ਸਰੀਰ ਦੁਆਰਾ ਹਰਿ ਹਰਿ ਨੂੰ ਕਵੋ, ਹਰੀ ਨਾਮ ਦੇ ਬੋਲਣ ਕਰਕੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੧॥

ਸਲੋਕ ਮ: ੪॥ ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ॥

ਜੋ ਹਰੀ ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਹੈ, ਉਸ ਹਰੀ ਦੇ ਨਾਮ ਨੂੰ ਕੋਈ ਵਿਰਲਾ ਹੀ ਗੁਰਮੁਖ ਪਾਂਦਾ ਹੈ। ਨਾਮ ਕਰਕੇ-

ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ॥

ਹੰਗਤਾ ਮਮਤਾ ਨਾਸ ਹੋ ਜਾਂਦੀ ਹੈ ਅਤੇ ਵਾਹਿਗੁਰੂ ਨਾਮ ਖੋਟੀ ਬੁੱਧੀ ਨੂੰ ਧੋ ਕੇ ਬਾਹਰ ਕੱਢ ਦੇਂਦਾ ਹੈ।

ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ॥ ੧॥

ਗੁਰੂ ਜੀ ਕਥਨ ਕਰਦੇ ਹਨ—ਉਹ ਰਾਤ ਦਿਨ ਹਰੀ ਗੁਣਾਂ ਨੂੰ ਉਚਾਰਦਾ ਹੈ, ਜਿਸ ਨੂੰ ਧੁਰ ਤੋਂ ਹੀ ਸ਼ੁਭ

ਕਰਮਾਂ ਦਾ ਲੇਖ ਲਿਖਿਆ ਹੁੰਦਾ ਹੈ॥ ੧॥

ਮਃ ੪॥ ਹਰਿ ਆਪੇ ਆਪਿ ਦਇਆਲੁ ਹਰਿ ਆਪੇ ਕਰੇ ਸੁ ਹੋਇ॥

ਹਰੀ ਦਿਆਲੂ ਆਪੇ ਆਪ ਸਾਰੇ ਵਿਆਪਕ ਹੈ, ਜੋ ਹਰੀ ਆਪ ਕਰਦਾ ਹੈ ਓਹੀ ਕੁਝ ਹੁੰਦਾ ਹੈ।

ਹਰਿ ਆਪੇ ਆਪਿ ਵਰਤਦਾ ਹਰਿ ਜੇਵਡੁ ਅਵਰੁ ਨ ਕੋਇ॥

ਆਪੇ ਆਪ ਹਰੀ ਸਾਰੇ ਵਰਤ ਰਿਹਾ ਹੈ, ਹਰੀ ਜੇਡਾ ਹੋਰ ਕੋਈ ਨਹੀਂ ਹੈ।

ਜੋ ਹਰਿ ਪ੍ਰਭ ਭਾਵੈ ਸੋ ਥੀਐ ਜੋ ਹਰਿ ਪ੍ਰਭੁ ਕਰੇ ਸੁ ਹੋਇ॥

ਜੋ ਹਰੀ ਪ੍ਰਭੂ ਨੂੰ ਭਾਉਂਦਾ ਹੈ ਓਹੀ ਕੁਝ ਥੀਐ=ਹੁੰਦਾ ਹੈ, ਜੋ ਹਰੀ ਪ੍ਰਭੂ ਕਰਦਾ ਹੈ ਓਹੀ ਹੁੰਦਾ ਹੈ।

ਕੀਮਤਿ ਕਿਨੈ ਨ ਪਾਈਆ ਬੇਅੰਤੁ ਪ੍ਰਭੂ ਹਰਿ ਸੋਇ॥

ਉਹ ਹਰੀ ਪ੍ਰਭੂ ਬੇਅੰਤ ਹੈ ਉਸ ਦੀ ਕੀਮਤ ਕਿਸੀ ਨੇ ਨਹੀਂ ਪਾਈ।

ਨਾਨਕ ਗੁਰਮੁਖਿ ਹਰਿ ਸਾਲਾਹਿਆ ਤਨੁ ਮਨੁ ਸੀਤਲੁ ਹੋਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਜਿਸ ਗੁਰਮੁਖ ਨੇ ਗੁਰਾਂ ਦੁਆਰਾ ਹਰੀ ਨੂੰ ਸਲਾਹਿਆ ਹੈ, ਉਸ ਦਾ ਤਨ ਮਨ ਸੀਤਲ ਹੋਇਆ ਹੈ॥ ੨॥

ਪਉੜੀ॥ ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ॥

ਹੇ ਜਗਜੀਵਨ ਪਰਮਾਤਮਾ ! ਸਾਰਿਆਂ ਵਿਚ ਆਪ ਜੀ ਦੀ ਜੋਤ ਹੈ, ਹੇ ਹਰੀ ! ਤੂੰ ਸਾਰਿਆਂ ਘਟਾਂ ਘਟਾਂ ਵਿਚ ਵਿਆਪਕ ਹੈਂ ਤੇ ਸਭ ਰੰਗਾਂ ਵਿਚ ਰੰਗਿਆ ਹੋਇਆ ਹੈਂ।

ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ॥

ਹੇ ਮੇਰੇ ਪ੍ਰੀਤਮਾ ! ਸਾਰੇ ਤੈਨੂੰ ਧਿਆਉਂਦੇ ਹਨ, ਹੇ ਨਿਰੰਜਨ ਪੁਰਖ ! ਤੂੰ ਤਿੰਨਾਂ ਕਾਲਾਂ ਵਿਚ ਸੱਤ ਸਰੂਪ ਹੈਂ। ਵਾ:-ਸਤਿ=ਨਿਸਚੇ ਕਰਕੇ ਹੇ ਨਿਰੰਜਨ ਪੁਰਖ ਤੂੰ ਸੱਚਾ ਹੈਂ।

ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ॥

ਦਾਤਾ ਇਕ ਤੂੰਹੀ ਹੈਂ ਹੋਰ ਸਾਰਾ ਜਗਤ ਭਿਖਾਰੀਆ=ਮੰਗਤਾ ਹੈ, ਹੇ ਹਰੀ ! ਮੰਗਨੇ ਵਾਲੇ ਹੋ ਕੇ ਸਭ ਮੰਗਨੀਆਂ ਨੂੰ ਆਪ ਜੀ ਤੋਂ ਜਾਚਹਿ=ਮੰਗਦੇ ਹਨ।

ਸੇਵਕੁ ਠਾਕੁਰੁ ਸਭੁ ਤੂਹੈ ਤੂਹੈ ਗੁਰਮਤੀ ਹਰਿ ਚੰਗ ਚੰਗਨਾ॥

ਸੇਵਕ ਰੂਪੀ ਭੀ ਤੂੰ ਆਪ ਹੈਂ, ਸਾਰਿਆਂ ਦਾ ਠਾਕੁਰ=ਸੁਆਮੀ ਭੀ ਤੂੰ ਆਪ ਹੈਂ, ਗੁਰਮਤੀਆਂ ਨੇ ਹੇ ਹਰੀ ! ਆਪ ਜੀ ਨੂੰ ਚੰਗਿਆਂ ਤੋਂ ਚੰਗਾ ਨਿਸਚੇ ਕੀਤਾ ਹੈ।

ਅਥਵਾ:-ਹੇ ਹਰੀ ! ਗੁਰ ਸਿੱਖਿਆ ਲੈਣ ਵਾਲਿਆਂ ਨੂੰ ਤੂੰ ਚੰਗਿਆਂ ਤੋਂ ਚੰਗਾ ਕਰਦਾ ਹੈਂ।

ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ ਰਿਖੀਕੇਸੁ ਹਰੇ
ਜਿਤੁ ਪਾਵਹਿ ਸਭ ਫਲ ਫਲਨਾ॥ ੨॥

ਰਿਖੀ ਕੇਸੁ ਹਰੇ=ਇੰਦ੍ਰੀਆਂ ਦਾ ਈਸ਼੍ਵਰ ਜੋ ਹਰੀ ਹੈ, ਰਿਖੀਕੇਸੁ ਹਰੇ=ਮਹਾਤਮਾ ਦਾ ਈਸ਼੍ਵਰ ਜੋ ਹਰੀ ਹੈ,

ਤੁਸੀਂ ਸਾਰੇ ਉਸ ਦੇ ਜਸ ਨੂੰ ਮੂੰਹ ਤੋਂ ਕਵੋ, ਜਿਸ ਕਰਕੇ ਸਾਰਿਆਂ ਫਲਾਂ ਕਰਕੇ ਪ੍ਰਫੁਲਤ ਹੋਣਾ ਪਾਉਗੇ।

ਵਾ:-ਜਿਸ ਕਰਕੇ ਸਾਰਿਆਂ ਫਲਾਂ ਵਿਚੋਂ ਗਿਆਨ ਫਲ ਨੂੰ ਪਾਓਗੇ॥ ੨॥

ਸਲੋਕ ਮ: ੪॥

ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ॥

ਹੇ ਮਨ=ਪਿਆਰੇ ! ਤੂੰ ਹਰਿ ਹਰਿ ਨਾਮ ਨੂੰ ਧਿਆਉਣਾ ਕਰ, ਤਾਂ ਹਰੀ ਦੀ ਦਰਗਾਹ ਵਿਚ ਮਾਨੁ= ਆਦਰ ਪਾਵੇਂਗਾ।

ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ॥

ਗੁਰ ਉਪਦੇਸ਼ ਵਿਚ ਧਿਆਨ ਦੇ ਲਗਣ ਕਰਕੇ ਜੋ ਭੀ ਇੱਛਾ ਕਰੇਂਗਾ ਓਹੀ ਫਲ ਪਾਵੇਂਗਾ।

ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੂਕੈ ਗੁਮਾਨੁ॥

ਚਾਰੇ ਕਿਲਵਿਖ ਅਤੇ ਸਾਰੇ ਪਾਪ ਕਟੇ ਜਾਂਦੇ ਹਨ, ਹੰਗਤਾ ਮਮਤਾ ਤੇ ਵਿਦਿਆ ਜਾਤੀ ਦਾ ਗੁਮਾਨੁ=ਹੰਕਾਰ ਭੀ ਚੂਕੈ= ਦੂਰ ਹੋ ਜਾਂਦਾ ਹੈ।

ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ॥

ਉਨ੍ਹਾਂ ਗੁਰਮੁਖਾਂ ਦਾ ਹਿਰਦਾ ਕਮਲ ਵਿਗਸਿਆ=ਖਿੜਿਆ ਹੈ, ਜਿਨ੍ਹਾਂ ਨੇ ਸਾਰਿਆਂ ਵਿਚ ਬ੍ਰਹਮ ਆਤਮਾ ਨੂੰ ਅਭੇਦ ਰੂਪ ਪਛਾਣਿਆ ਹੈ।

ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ॥ ੧॥

ਹੇ ਹਰਿ ਹਰਿ ਪ੍ਰਭੂ ! ਹਰ ਤਰ੍ਹਾਂ ਕ੍ਰਿਪਾ ਦ੍ਰਿਸ਼ਟੀ ਧਾਰਨਾ ਕਰ, ਗੁਰੂ ਜੀ ਕਥਨ ਕਰਦੇ ਹਨ—ਜਿਸ 'ਤੇ ਮੈਂ ਸੇਵਕ ਜਨ ਹਰੀ ਨਾਮ ਜਪਦਾ ਰਹਾਂ॥ ੧॥

ਮ: ੪॥ ਹਰਿ ਹਰਿ ਨਾਮੁ ਪਵਿਤੁ ਹੈ ਨਾਮੁ ਜਪਤ ਦੁਖੁ ਜਾਇ॥

ਹਰਿ ਹਰਿ ਨਾਮ ਪਵਿੱਤਰ ਹੈ ਅਤੇ ਹਰੀ ਨਾਮ ਜਪਦਿਆਂ ਹੀ ਦੁੱਖ ਚਲਿਆ ਜਾਂਦਾ ਹੈ।

ਜਿਨ ਕਉ ਪੂਰਬਿ ਲਿਖਿਆ ਤਿਨ ਮਨਿ ਵਸਿਆ ਆਇ॥

ਜਿਨ੍ਹਾਂ ਨੂੰ ਪੂਰਬਲਾ ਲੇਖ ਚੰਗਾ ਲਿਖਿਆ ਹੋਇਆ ਹੈ, ਉਨ੍ਹਾਂ ਦੇ ਮਨ ਵਿਚ ਨਾਮ ਆ ਕੇ ਵਸਿਆ ਹੈ।

ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ ਦੁਖੁ ਲਹਿ ਜਾਇ॥

ਜੋ ਪੁਰਸ਼ ਸਤਿਗੁਰਾਂ ਦੇ ਭਾਣੇ ਵਿਚ ਚਲਦਾ ਹੈ, ਉਸ ਦਾ ਦੁੱਖ ਦਲਿਦ੍ਰ ਸਾਰਾ ਲਹਿ ਜਾਇ=ਨਵਿਰਤ ਹੋ ਜਾਂਦਾ ਹੈ।

ਆਪਣੇ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ॥

ਆਪਣੇ ਭਾਣੇ ਵਿਚ ਤੁਰ ਕੇ ਕਿਸੀ ਨੇ ਸੁਖ ਨਹੀਂ ਪਾਇਆ, ਹੇ ਜਨੋ ! ਬੇਸ਼ਕ ਆਪਣੇ ਮਨ ਵਿਚ ਪਤੀਆਇ=ਪਰਤਾ ਕੇ (ਨਿਰਣੇ) ਕਰਕੇ ਵੇਖ ਲਓ।

ਜਨੁ ਨਾਨਕੁ ਦਾਸਨ ਦਾਸੁ ਹੈ ਜੋ ਸਤਿਗੁਰ ਲਾਗੇ ਪਾਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਮੈਂ ਉਹਨਾਂ ਦੇ ਦਾਸਾਂ ਦਾ ਦਾਸ ਹਾਂ; ਜੋ ਸਤਿਗੁਰਾਂ ਦੀ ਪਾਇ=ਚਰਨੀਂ ਆ ਕੇ ਲੱਗੇ ਹਨ॥ ੨॥

[ਪੰਨਾ ੧੩੧੪]

ਪਉੜੀ॥ਤੂੰ ਥਾਨ ਥਨੰਤਰਿ ਭਰਪੂਰੁ ਹਹਿ ਕਰਤੇ ਸਭ ਤੇਰੀ ਬਣਤ ਬਣਾਵਣੀ॥

ਹੇ ਕਰਤੇ=ਪਰਮਾਤਮਾ ! ਤੂੰ ਥਾਨਾਂ ਅੰਦਰ ਥਾਨਾਂ ਵਿਚ ਭਰਪੂਰ ਹੈਂ, ਇਹ ਸਾਰੀ ਬਨਾਵਟ ਤੇਰੀ ਬਣਾਈ ਹੋਈ ਹੈ।

ਰੰਗ ਪਰੰਗ ਸਿਸਟਿ ਸਭ ਸਾਜੀ ਬਹੁ ਬਹੁ ਬਿਧਿ ਭਾਂਤਿ ਉਪਾਵਣੀ॥

ਰੰਗਾਂ ਬਰੰਗਾਂ ਵਾਲੀ ਇਹ ਸਾਰੀ ਸ੍ਰਿਸ਼ਟੀ ਤੇਰੀ ਸਾਜੀ ਹੋਈ ਹੈ ਤੇ ਬਹੁਤੀਆਂ ਵਿਧੀਆਂ ਕਰਕੇ ਬਹੁਤ ਤਰ੍ਹਾਂ ਦੀ ਤੂੰ ਹੀ ਪੈਦਾ ਕੀਤੀ ਹੈ।

ਅਥਵਾ:-ਨਿਖਾਲਸ ਰੰਗਾਂ ਦੀ ਸਾਰੀ ਸ੍ਰਿਸ਼ਟੀ ਬਹੁਤ ਪ੍ਰਕਾਰ ਸੇ ਤੁਸਾਂ ਨੇ ਪੈਦਾ ਕੀਤੀ ਹੈ; ਅਤੇ ਪਰੰਗ=ਮਿਸਰਤ ਰੰਗਾਂ ਦੀ ਸਾਰੀ ਸ੍ਰਿਸ਼ਟੀ ਭੀ ਬਹੁਤ ਤਰ੍ਹਾਂ ਦੀ ਤੁਸਾਂ ਨੇ ਉਪਾਵਣੀ=ਪੈਦਾ ਕੀਤੀ ਹੈ।

ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ ਗੁਰਮਤੀ ਤੁਧੈ ਲਾਵਣੀ॥

ਹੇ ਜੋਤੀ=ਪਰਮਾਤਮਾ ! ਸਾਰਿਆਂ ਵਿਚ ਤੇਰੀ ਜੋਤਿ=ਚੇਤਨ ਸਤਾ ਵਰਤ ਰਹੀ ਹੈ, ਗੁਰਮਤੀਆਂ ਨੇ ਤੇਰੇ ਵਿਚ ਪ੍ਰੀਤੀ, *ਵਾ:*-ਬਿਰਤੀ ਲਗਾਉਣਾ ਕੀਤੀ ਹੈ।

ਜਿਨ ਹੋਹਿ ਦਇਆਲੁ ਤਿਨ ਸਤਿਗੁਰੁ ਮੇਲਹਿ
ਮੁਖਿ ਗੁਰਮੁਖਿ ਹਰਿ ਸਮਝਾਵਣੀ॥

ਹੇ ਹਰੀ ! ਜਿਨ੍ਹਾਂ ਉਤੇ ਤੂੰ ਦਿਆਲੂ ਹੁੰਦਾ ਹੈਂ ਉਨ੍ਹਾਂ ਨੂੰ ਸਤਿਗੁਰਾਂ ਨਾਲ ਮੇਲਦਾ ਹੈਂ, ਸਾਰਿਆਂ ਤੋਂ ਮੁਖੀ ਹਰੀ ਦੀ ਸਮਝ ਗੁਰਮੁਖਾਂ ਨੂੰ ਆਉਂਦੀ ਹੈ।

ਸਭਿ ਬੋਲਹੁ ਰਾਮ ਰਮੋ ਸ੍ਰੀ ਰਾਮ ਰਮੋ
ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਵਣੀ ॥ ੩॥

ਹੇ ਭਾਈ ! ਰਮੋ=ਸੁੰਦਰ ਰਾਮ ਨੂੰ ਸਾਰੇ ਬੋਲਣਾ ਕਰੋ ਅਤੇ ਸ੍ਰੀ=ਸੋਭਾ ਵਾਲੇ ਰਾਮ ਨੂੰ ਭੀ ਰਮੋ=ਉਚਾਰਨਾ ਕਰੋ, ਜਿਸ ਕਰਕੇ ਦੁੱਖ ਦਲਿਦ੍ਰ ਤੇ ਭੁਖ ਆਦਿਕ ਸਾਰੇ ਵਿਕਾਰ ਲਹਿ ਜਾਵਣੀ=ਦੂਰ ਹੋ ਜਾਂਦੇ ਹਨ॥ ੩॥

ਸਲੋਕ ਮ: ੪॥

ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿ ਉਰ ਧਾਰਿ॥

ਹਰਿ ਹਰਿ ਨਾਮ ਰਸ ਅੰਮ੍ਰਿਤ ਰੂਪ ਹੈ, ਇਸ ਲਈ ਅੰਮ੍ਰਿਤ ਰੂਪ ਹਰਿ ਹਰਿ ਨਾਮ ਨੂੰ ਹਿਰਦੇ ਵਿਚ ਧਾਰਨਾ ਕਰ।

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥

ਜੋ ਹਰੀ ਪ੍ਰਭੂ ਸਤ ਸੰਗਤ ਵਿਚ ਵਰਤ ਰਿਹਾ ਹੈ, ਗੁਰ ਸ਼ਬਦ ਦੀ ਵਿਚਾਰ ਕਰਕੇ ਉਸਨੂੰ ਬੁਝ ਲੈਣਾ ਕਰੋ।

ਮਨਿ ਹਰਿ ਹਰਿ ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ॥

ਜਿਨ੍ਹਾਂ ਨੇ ਮਨ ਵਿਚ ਹਰਿ ਹਰਿ ਨਾਮ ਧਿਆਇਆ ਹੈ, ਉਨ੍ਹਾਂ ਨੇ ਵਿਸ਼ਿਆ ਦੀ ਹੰਗਤਾਂ ਮਮਤਾ ਮਾਰ ਕੇ ਮਨ ਵਿਚੋਂ ਬਾਹਰ ਕੱਢ ਦਿਤੀ ਹੈ।

ਜਿਨ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿ॥

ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਸਿਮਰਿਆ ਨਹੀਂ ਹੈ, ਉਨ੍ਹਾਂ ਨੇ ਸਾਰਾ ਮਨੁੱਖਾ ਜਨਮ ਸੰਸਾਰ ਜੂਏ ਵਿਚ ਹਾਰ ਲਿਆ ਹੈ।

ਗੁਰਿ ਤੁਠੈ ਹਰਿ ਚੇਤਾਇਆ ਹਰਿ ਨਾਮਾ ਹਰਿ ਉਰ ਧਾਰਿ॥

ਜਿਨ੍ਹਾਂ ਉਤੇ ਗੁਰੂ ਤੁਠੈ=ਪ੍ਰਸੰਨ ਹੋਏ ਹਨ, ਉਨ੍ਹਾਂ ਨੂੰ ਹਰੀ ਨਾਮ ਯਾਦ ਕਰਵਾਇਆ ਹੈ ਅਤੇ ਉਨ੍ਹਾਂ ਨੇ ਹਰਿ ਹਰਿ ਨਾਮਾਂ ਨੂੰ ਹਿਰਦੇ ਵਿਚ ਧਾਰ ਲਿਆ ਹੈ।

ਜਨ ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥ ੧॥

ਗੁਰੂ ਜੀ ਕਥਨ ਕਰਦੇ ਹਨ-ਉਸ ਸੱਚੇ ਦਰਬਾਰ ਵਿਚ ਉਨ੍ਹਾਂ ਪੁਰਸ਼ਾਂ ਦੇ ਮੂੰਹ ਉੱਜਲੇ ਹਨ॥ ੧॥

ਮਃ ੪॥ ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ॥

ਹਰੀ ਨਾਮ ਦੀ ਕੀਰਤੀ ਕਰਨੀ ਉੱਤਮ ਹੈ, ਕਲਜੁਗ ਵਿਚ ਏਹੋ ਕਰਣੀ ਸਾਰੁ=ਸਰੇਸ਼ਟ ਹੈ।

ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ॥

ਗੁਰਾਂ ਦੀ ਸਿੱਖਿਆ ਦੁਆਰੇ ਮਤਿ=ਬੁੱਧੀ ਵਿਚ ਕੀਰਤੀ ਕਰਨੀ ਪ੍ਰਾਪਤ ਹੁੰਦੀ ਹੈ,
ਅਤੇ ਹਰਿ ਹਰਿ ਨਾਮ ਦਾ ਹਾਰ ਹਿਰਦੇ ਵਿਚ ਪੈ ਜਾਂਦਾ ਹੈ।

ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ॥

ਜਿਨ੍ਹਾਂ ਵਡਿਭਾਗੀਆਂ ਨੇ ਹਰੀ ਨਾਮ ਧਿਆਇਆ ਹੈ, ਉਨ੍ਹਾਂ ਨੂੰ ਹਰੀ ਨੇ ਭਗਤੀ ਰੂਪ ਭੰਡਾਰਾ ਸੌਂਪ ਦਿੱਤਾ ਹੈ।

ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ॥

ਨਾਮ ਸਿਮਰਨ ਤੋਂ ਬਿਨਾਂ ਜੇਹੜੇ ਹੋਰ ਕਰਮ ਕਮਾਉਣੇ ਹਨ, ਉਨ੍ਹਾਂ ਕਰਕੇ ਇਹ ਜੀਵ ਹਉਮੈ ਵਿਚ ਹੀ ਖੁਆਰੁ=ਖਰਾਬ ਹੁੰਦਾ ਹੈ।

ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ॥

ਜਿਵੇਂ ਹਸਤੀ=ਹਾਥੀ ਨੂੰ ਪਾਣੀ ਵਿਚ ਮਲ ਕੇ ਨਵਾਈਏ, ਤਾਂ ਉਹ ਫਿਰ ਪਾਣੀ ਚੋਂ ਬਾਹਰ ਨਿਕਲ ਕੇ ਸਿਰ ਉਤੇ ਛਾਰੁ=ਸੁਆਹ (ਮਿੱਟੀ) ਪਾ ਲੈਂਦਾ ਹੈ। ਤਿਵੇਂ ਜੀਵ ਕਰਮਾਂ ਨੂੰ ਕਰਕੇ ਹੰਕਾਰ ਰੂਪੀ ਸੁਆਹ ਸਿਰ 'ਤੇ ਪਾ ਲੈਂਦਾ ਹੈ।

ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ॥

ਹਰੀ ਦਇਆ ਕਰਕੇ ਜਿਸਨੂੰ ਸਤਿਗੁਰਾਂ ਨਾਲ ਮੇਲਦਾ ਹੈ, ਉਸਦੇ ਮਨ ਵਿਚ ਓਅੰਕਾਰ ਪ੍ਰਭੂ ਵਸਦਾ ਹੈ।

ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ॥ ੨॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਗੁਰਮੁਖਾਂ ਨੇ ਹਰੀ ਨਾਮ ਸੁਣ ਕੇ ਮਨਨ ਕੀਤਾ ਹੈ, ਉਨ੍ਹਾਂ ਦਾ ਸਾਰੇ ਜੈ ਜੈ ਕਾਰ ਹੁੰਦਾ ਹੈ, ਵਾ:-ਉਨ੍ਹਾਂ ਨੂੰ ਮੈਂ ਜੈਕਾਰੁ=ਨਮਸ਼ਕਾਰ ਕਰਦਾ ਹਾਂ॥ ੨॥

ਪਉੜੀ॥ ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ॥

ਰਾਮ ਨਾਮ ਰੂਪ ਵਖਰੁ=ਸੌਦਾ ਸਭ ਤੋਂ ਉੱਤਮ ਹੈ, ਹੇ ਹਰੀ ! ਤੂੰ ਸਾਡਾ ਨਾਇਕੁ=ਮਾਲਕ ਪੁਰਖ ਹੈਂ।

ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ॥

ਹੇ ਹਰੀ ! ਇਹ ਜਗਤ ਦਾ ਖੇਲ ਤੁਸਾਂ ਨੇ ਆਪ ਕੀਤਾ ਹੈ, ਫਿਰ ਤੂੰ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈਂ, ਸਾਰਾ ਜਗਤ ਤੁਸਾਂ ਨੇ ਆਪਣਾ ਵਣਜਾਰਾ ਕੀਤਾ ਹੈ।

ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ॥

ਹੇ ਜੋਤੀ ਪਰਮਾਤਮਾ ! ਸਾਰਿਆਂ ਜੀਵਾਂ ਵਿਚ ਤੇਰੀ ਜੋਤਿ=ਚੇਤਨ ਸਤਾ ਹੈ,

ਹੇ ਕਰਤੇ ਪੁਰਖ ਤੇਰਾ ਪਸਾਰਾ ਭੀ ਸਾਰਾ ਸੱਚਾ ਹੈ।

ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ॥

ਹੇ ਹਰੀ ਨਿਰੰਕਾਰ ! ਗੁਰ ਸਿੱਖਿਆ ਲੈ ਕੇ ਜੇਹੜੇ ਪੁਰਸ਼ ਆਪ ਜੀ ਦੇ ਜਸ ਨੂੰ ਗਾਉਂਦੇ ਹਨ ਤੇ ਨਾਮ ਨੂੰ ਧਿਆਉਂਦੇ ਹਨ ਉਹ ਸਾਰੇ ਸਫਲ ਹਨ।

ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ
ਜਿਤੁ ਭਵਜਲ ਪਾਰਿ ਉਤਾਰਾ॥ ੪॥

ਹੇ ਭਾਈ ! ਤੁਸੀਂ ਸਾਰੇ ਆਪਣੇ ਮੁੰਹ ਚੋਂ ਜਗੰਨਾਥੁ=ਜਗਤ ਦੇ ਮਾਲਕ ਨੂੰ ਉਚਾਰੋ ਅਤੇ ਮਨ ਵਿਚ ਜਗਤ ਦੇ ਮਾਲਕ ਦਾ ਧਿਆਨ ਧਾਰਨਾ ਕਰੋ, ਫਿਰ ਜਗਤ ਦੇ ਜੀਵਨ ਰੂਪ ਪ੍ਰਭੂ ਦੀ ਸੇਵਾ ਕਰੋ, ਜਿਸ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋਵੇ॥ ੪॥

ਸਲੋਕ ਮ: ੪॥

ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ॥

ਸਾਡੀ ਜੀਭ ਇਕ ਹੈ, ਹੇ ਹਰੀ ਪ੍ਰਭੂ ! ਆਪ ਜੀ ਦੇ ਗੁਣ ਅਗਮ ਤੇ ਅਥਾਹ ਹਨ।

ਹਮ ਕਿਉ ਕਰਿ ਜਪਹ ਇਆਣਿਆ
ਹਰਿ ਤੁਮ ਵਡ ਅਗਮ ਅਗਾਹ॥

ਅਸੀਂ ਇਆਣੇ ਬਾਲਕੇ ਕਿਸ ਤਰ੍ਹਾਂ ਜਪ ਸਕਦੇ ਹਾਂ, ਕਿਉਂਕਿ ਹੇ ਹਰੀ ! ਤੁਸੀਂ ਵੱਡੇ ਅਗਮ ਤੇ ਅਗਾਧ ਹੋ।

ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ ਪਗਿ ਪਾਹ॥

ਹੇ ਹਰੀ ਪ੍ਰਭੂ! ਮੈਨੂੰ ਉੱਤਮ ਮਤੀ ਦਿਓ ਜਿਸ ਕਰਕੇ ਮੈਂ ਗੁਰ=ਪੂਜਨੀਕ ਸਤਿਗੁਰਾਂ ਦੀ ਪਗਿ ਪਾਹ=ਚਰਨੀਂ ਪੈ ਜਾਵਾਂ।

ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ॥

ਹੇ ਹਰੀ ਪ੍ਰਭੂ ! ਸਤਸੰਗਤ ਵਿਚ ਮੇਲਣਾ ਕਰ, ਜਿਨ੍ਹਾਂ ਦਾ ਸੰਗ ਕਰਕੇ ਅਸੀਂ ਪਾਪੀ ਭੀ ਤਰ ਜਾਵਾਂਗੇ।

ਜਨ ਨਾਨਕ ਕਉ ਹਰਿ ਬਖਸਿ ਲੈਹੁ ਹਰਿ ਤੁਠੈ ਮੇਲਿ ਮਿਲਾਹ॥

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਦਾਸ ਨੂੰ ਬਖਸ਼ ਲੈਣਾ ਕਰੋ,

ਹੇ ਹਰੀ ! ਜੇ ਆਪ ਤੁਠੈ=ਪ੍ਰਸੰਨ ਹੋਏ ਹੋ ਤਾਂ ਆਪਣੇ ਮੇਲ ਵਿਚ ਮਿਲਾ ਲਓ।

ਹਰਿ ਕਿਰਪਾ ਕਰਿ ਸੁਣਿ ਬੇਨਤੀ ਹਮ ਪਾਪੀ ਕਿਰਮ ਤਰਾਹ॥ ੧॥

ਹੇ ਹਰੀ ! ਕ੍ਰਿਪਾ ਦ੍ਰਿਸ਼ਟੀ ਕਰਕੇ ਮੇਰੀ ਬੇਨਤੀ ਸੁਣੋ, ਅਸਾਂ ਪਾਪੀ ਕਿਰਮ=ਕੀੜਿਆਂ ਨੂੰ ਤਾਰ ਲਵੋ॥ ੧॥

ਮ: ੪॥ ਹਰਿ ਕਰਹੁ ਕ੍ਰਿਪਾ ਜਗਜੀਵਨਾ ਗੁਰੁ ਸਤਿਗੁਰੁ ਮੇਲਿ ਦਇਆਲੁ॥

ਹੇ ਜਗਜੀਵਨ ਹਰੀ ! ਕ੍ਰਿਪਾ ਦ੍ਰਿਸ਼ਟੀ ਕਰਕੇ, ਗੁਰੁ=ਪੂਜਨੀਕ ਦਿਆਲੂ ਸਤਿਗੁਰਾਂ ਨਾਲ ਮੇਲਨਾ ਕਰ।

[ਪੰਨਾ ੧੩੧੫]

ਗੁਰ ਸੇਵਾ ਹਰਿ ਹਮ ਭਾਈਆ ਹਰਿ ਹੋਆ ਹਰਿ ਕਿਰਪਾਲੁ॥

ਹੇ ਹਰੀ ! ਗੁਰਾਂ ਦੀ ਸੇਵਾ ਕਰਨੀ ਸਾਨੂੰ ਭਾਈਆ=ਚੰਗੀ ਲੱਗੀ ਹੈ। ਜਿਨ੍ਹਾਂ ਨੇ ਗੁਰ ਸੇਵਾ ਕੀਤੀ ਹੈ ਉਨ੍ਹਾਂ ਉਤੇ ਹੇ ਹਰੀ ! ਤੂੰ ਹਰ ਤਰ੍ਹਾਂ ਕ੍ਰਿਪਾਲੂ ਹੋਇਆ ਹੈਂ।

ਸਭ ਆਸਾ ਮਨਸਾ ਵਿਸਰੀ ਮਨਿ ਚੂਕਾ ਆਲ ਜੰਜਾਲੁ॥

ਉਨ੍ਹਾਂ ਦੀ ਮਨਸਾ=ਬੁੱਧੀ ਚੋਂ ਸਾਰੀ ਆਸਾ ਭੁਲ ਗਈ ਹੈ,

ਅਤੇ ਆਲ=ਘਰ ਦਾ ਸਾਰਾ ਜੰਜਾਲੁ=ਧੰਧਾ ਭੀ ਚੁਕ ਗਿਆ ਹੈ।

ਗੁਰਿ ਤੁਠੈ ਨਾਮੁ ਦ੍ਰਿੜਾਇਆ ਹਮ ਕੀਏ ਸਬਦਿ ਨਿਹਾਲੁ॥

ਗੁਰਾਂ ਨੇ ਤੁਠੈ=ਪ੍ਰਸੰਨ ਹੋ ਕੇ ਨਾਮ ਦ੍ਰਿੜ ਕਰਵਾਇਆ ਹੈ ਅਤੇ ਸਾਨੂੰ ਸਬਦਿ=ਉਪਦੇਸ਼ ਦੇ ਕੇ ਨਿਹਾਲ ਕੀਤਾ ਹੈ।

ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ॥ ੨॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਨੇ ਅਤੁਟੁ=ਨਾ ਮੁਕਣ ਵਾਲਾ ਧਨ ਪਾਇਆ ਹੈ,

ਪ੍ਰਸ਼ਨ:-ਉਹ ਕੇਹੜਾ ਧਨ ਹੈ? *ਉੱਤਰ:*-ਹਰੀ ਨਾਮ ਹੀ ਮੇਰਾ ਧਨ ਹੈ ਹਰੀ ਨਾਮ ਹੀ ਮੇਰਾ ਮਾਲ ਹੈ॥ ੨॥

ਪਉੜੀ॥ ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ॥

ਜੋ ਪਿਛੇ ਵੱਡਿਆਂ ਤੋਂ ਵੱਡੇ ਸਨ, ਹੇ ਹਰੀ ! ਆਪ ਉਹਨਾਂ ਤੋਂ ਉਚੇ ਸੀ ਜੋ ਹੁਣ ਵੱਡਿਆਂ ਤੋਂ ਵੱਡੇ ਹਨ

ਉਹਨਾਂ ਤੋਂ ਭੀ ਆਪ ਉਚੇ ਹੋ, ਜੋ ਅੱਗੇ ਵੱਡਿਆਂ ਤੋਂ ਵੱਡੇ ਹੋਣਗੇ ਉਹਨਾਂ ਤੋਂ ਭੀ ਆਪ ਊਪਰਿ=ਉਚੇ ਹੋਵੋਗੇ।

ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ ॥

ਹੇ ਅਪਰੰਪਰ ਹਰੀ ! ਜੋ ਮਨ ਕਰਕੇ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ, ਜੋ ਬਾਣੀ ਕਰਕੇ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ, ਜੋ ਸਰੀਰ ਕਰਕੇ ਹਰਿ ਹਰਿ ਨਾਮ ਨੂੰ ਧਿਆਉਂਦੇ ਹਨ ਉਹ ਸ਼ੁਭ ਗੁਣਾਂ ਕਰਕੇ ਹਰੇ ਹੋਣਾ ਕਰਦੇ ਹਨ।

ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ ॥

ਹੇ ਸੁਆਮੀ ਪਰਮਾਤਮਾ ! ਜੋ ਆਪ ਜੀ ਦੇ ਜਸ ਨੂੰ ਗਾਂਵਦੇ ਤੇ ਸੁਣਦੇ ਹਨ, ਉਹਨਾਂ ਦੇ ਕੱਟਣ ਵਾਲੇ ਪਾਪ ਤੁਸਾਂ ਨੇ ਕੱਟ ਦਿੱਤੇ ਹਨ।

ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡਭਾਗ ਵਡੋਨਾ ॥

ਜਿਨ੍ਹਾਂ ਗੁਰਾਂ ਦੇ ਵੱਡਿਆਂ ਤੋਂ ਵੱਡੇ ਮੁਖੀ ਭਾਗ ਹਨ, ਐਸੇ ਜੋ ਵਡੋਨਾ=ਵੱਡੇ ਗੁਰੂ ਹਨ ਉਹਨਾਂ ਦੀ ਮਤਿ= ਸਿੱਖਿਆ ਦੁਆਰੇ, ਹੇ ਹਰੀ ਪੁਰਖ ! ਜੈਸੇ ਆਪ ਹੋ ਤੈਸੇ ਹੀ ਮਤੀ ਵਿਚ ਜਾਨਣਾ ਕੀਤਾ ਹੈ।

ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ
ਸਦਾ ਸਦਾ ਸਤੇ ਜਨੁ ਨਾਨਕੁ ਦਾਸੁ ਦਸੋਨਾ ॥ ੫ ॥

ਹੇ ਸਾਰੇ ਜਨੋਂ ! ਉਸ ਪ੍ਰਭੂ ਨੂੰ ਧਿਆਉਣਾ ਕਰੋ, ਜੋ ਸ੍ਰਿਸ਼ਟੀ ਦੀ ਪੈਦਾਵਾਰ ਤੋਂ ਪਹਿਲਾਂ ਸੱਤ ਸੀ, ਜੁਗਾਦਿ=ਜੁਗਾਂ ਦੀ ਆਦ ਸਤਜੁਗ ਵਿਚ ਭੀ ਸੱਤ ਸੀ, ਪ੍ਰਤੱਖ ਹੁਣ ਵਰਤਮਾਨ ਵਿਚ ਭੀ ਸੱਤ ਹੈ, ਸਦਾ ਸਦਾ ਅੱਗੇ ਭੀ ਸੱਤ ਹੋਵੇਗਾ, ਗੁਰੂ ਜੀ ਕਥਨ ਕਰਦੇ ਹਨ—ਮੈਂ ਉਸ ਦੇ ਦਾਸਾਂ ਦਾ ਦਾਸ ਸਦਾਉਂਦਾ ਹਾਂ ॥ ੫ ॥

ਸਲੋਕ ਮਃ ੪ ॥ ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰ ਮੰਤ ॥

ਹਮਰੇ=ਮੇਰੇ ਮਨ ਵਿਚ ਹਰੀ ਜਗਜੀਵਨ ਵਸਦਾ ਹੈ,

ਵਾ:-ਸਹਾਇਤਾ ਕਰਨ ਲਈ ਹਰੀ ਜਗ ਜੀਵਨ ਹਮਰੇ=ਸਾਡੇ ਨਾਲ ਹੀ ਰਹਿੰਦਾ ਹੈ, ਗੁਰਾਂ ਦੇ ਮੰਤਰ ਦੁਆਰਾ ਉਸ ਹਰਿ ਹਰਿ ਨੂੰ ਜਪਿਆ ਹੈ।

ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ ॥

ਜੋ ਹਰੀ ਮਨ, ਬਾਣੀ, ਸਰੀਰ ਕਰਕੇ ਅਗਮ ਤੇ ਅਗੋਚਰ ਹੈ, ਉਹ ਹਰਿਆਂ ਕਰਨ ਵਾਲਾ ਅਗਮ ਹਰੀ ਮੈਨੂੰ ਅਚਿੰਤ=ਅਚਾਨਕ ਹੀ ਆਪਣੇ ਆਪ ਆ ਮਿਲਿਆ ਹੈ।

ਹਰਿ ਆਪੇ ਘਟਿ ਘਟਿ ਵਰਤਦਾ ਹਰਿ ਆਪੇ ਆਪਿ ਬਿਅੰਤ ॥

ਹਰੀ ਆਪ ਹੀ ਸਾਰਿਆਂ ਘਟਾਂ ਘਟਾਂ ਵਿਚ ਵਰਤਦਾ ਹੈ ਅਤੇ ਆਪੇ ਆਪ ਹਰੀ ਬੇਅੰਤ ਹੈ।

ਹਰਿ ਆਪੇ ਸਭ ਰਸ ਭੋਗਦਾ ਹਰਿ ਆਪੇ ਕਵਲਾ ਕੰਤ ॥

ਹਰੀ ਆਪ ਹੀ ਸਾਰਿਆਂ ਰਸਾਂ ਨੂੰ ਭੋਗਦਾ ਹੈ ਤੇ ਹਰੀ ਆਪ ਹੀ ਕਵਲਾ ਕੰਤ=ਲਛਮੀ ਦਾ ਪਤੀ ਹੈ।

ਹਰਿ ਆਪੇ ਭਿਖਿਆ ਪਾਇਦਾ ਸਭ ਸਿਸਟਿ ਉਪਾਈ ਜੀਅ ਜੰਤ ॥

ਜਿਸ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਉਹ ਹਰੀ ਆਪ ਹੀ ਸਾਰਿਆਂ ਜੀਆਂ ਜੰਤਾਂ ਨੂੰ ਭਿਖਿਆ ਪਾਉਂਦਾ ਹੈ।

ਹਰਿ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਮਾਂਗਹਿ ਹਰਿ ਜਨ ਸੰਤ॥

ਹੇ ਦਿਆਲੂ ਪ੍ਰਭੂ ! ਮੈਨੂੰ ਉਹ ਹਰੀ ਨਾਮ ਦਾਨ ਦੇਣਾ ਕਰੋ, ਜਿਸ ਹਰਿ ਹਰਿ ਨਾਮ ਨੂੰ ਸੰਤ ਜਨ ਆਪ ਜੀ ਪਾਸੋਂ ਮੰਗਦੇ ਹਨ।

ਜਨ ਨਾਨਕ ਕੇ ਪ੍ਰਭ ਆਇ ਮਿਲੁ ਹਮ ਗਾਵਹ ਹਰਿ ਗੁਣ ਛੰਤ॥ ੧॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਦਾਸ ਨੂੰ ਆ ਕੇ ਮਿਲੋ, ਅਸੀਂ ਹਰ ਵੇਲੇ ਤੁਹਾਡੇ ਗੁਣਾਂ ਦੇ ਛੰਤ=ਗੀਤ ਗਾਉਂਦੇ ਹਾਂ।

ਵਾ:-ਛੰਤ=ਰਾਗ ਵਿਚ ਪਾ ਕੇ ਛੰਤ=ਜਸ ਦਾਇਕ ਆਪ ਜੀ ਦੇ ਗੁਣ ਗਾਉਂਦੇ ਹਾਂ ॥ ੧॥

ਮ: ੪॥ ਹਰਿ ਪ੍ਰਭੁ ਸਜਣੁ ਨਾਮੁ ਹਰਿ ਮੈ ਮਨਿ ਤਨਿ ਨਾਮੁ ਸਰੀਰਿ॥

ਹਰਿ ਹਰਿ ਪ੍ਰਭੂ ਦਾ ਨਾਮ ਜੋ ਜੀਵ ਦਾ ਸੱਜਣ ਹੈ, ਮੈਂਨੇ ਓਹੀ ਨਾਮ ਮਨ ਤੇ ਤਨਿ=ਨਾਲੇ ਸਰੀਰ ਵਿਚ ਧਾਰਿਆ ਹੈ। *ਅਥਵਾ:*-ਹਰੀ ਪ੍ਰਭੂ ਦਾ ਹਰੀ ਨਾਮ ਮੇਰਾ ਸੱਜਣ ਹੈ, ਉਹ ਨਾਮ ਹੀ ਮੇਰੇ ਮਨ ਵਿਚ, ਸੂਖਮ ਤਨ ਵਿਚ ਤੇ ਸਥੂਲ ਸਰੀਰ ਵਿਚ ਵਸ ਰਿਹਾ ਹੈ।

ਸਭਿ ਆਸਾ ਗੁਰਮੁਖਿ ਪੂਰੀਆ ਜਨ ਨਾਨਕ ਸੁਣਿ ਹਰਿ ਧੀਰ॥ ੨॥

ਗੁਰੂ ਜੀ ਕਥਨ ਕਰਦੇ ਹਨ—ਮੇਰੀਆਂ ਸਭ ਆਸਾ ਮੁਖ ਗੁਰਾਂ ਨੇ ਪੂਰੀਆਂ ਕੀਤੀਆਂ ਹਨ ਅਤੇ ਦਾਸ ਦਾ ਮਨ ਹਰੀ ਨਾਮ ਨੂੰ ਸੁਣ ਕੇ ਧੀਰ=ਟਿਕ ਗਿਆ ਹੈ॥ ੨॥

ਪਉੜੀ॥ ਹਰਿ ਊਤਮੁ ਹਰਿਆ ਨਾਮੁ ਹੈ ਹਰਿ ਪੁਰਖੁ ਨਿਰੰਜਨੁ ਮਉਲਾ॥

ਉੱਤਮ ਹਰੀ ਦਾ ਨਾਮ ਸ਼ੁਭ ਗੁਣਾ ਨਾਲ ਹਰਿਆਂ ਕਰਨ ਵਾਲਾ ਹੈ, ਹਰੀ ਨਿਰੰਜਨ ਪੁਰਖ ਹਰ ਇਕ ਵਿਚ ਮਉਲਾ=ਮਿਲ ਰਿਹਾ ਹੈ।

ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਸੇਵੇ ਚਰਨ ਨਿਤ ਕਉਲਾ॥

ਜੋ ਪੁਰਸ਼ ਦਿਨ ਰਾਤ ਹਰਿ ਹਰਿ ਨਾਮ ਨੂੰ ਜਪਦੇ ਹਨ, ਕਉਲਾ=ਲਛਿਮੀ ਨਿਤਾਪ੍ਰਤੀ ਉਹਨਾਂ ਦੇ ਚਰਨਾਂ ਦੀ ਸੇਵਾ ਕਰਦੀ ਹੈ।

ਨਿਤ ਸਾਰਿ ਸਮ੍ਹਾਲੇ ਸਭ ਜੀਅ ਜੰਤ ਹਰਿ ਵਸੈ ਨਿਕਟਿ ਸਭ ਜਉਲਾ॥

ਸਾਰਿਆਂ ਜੀਆਂ ਜੰਤਾਂ ਦੀ ਉਹ ਪ੍ਰਭੂ ਨਿਤਾਪ੍ਰਤੀ ਸਾਰ ਸੰਭਾਲ ਕਰਦਾ ਹੈ, ਹਰੀ ਸਭ ਦੇ ਨੇੜੇ ਵਸਦਾ ਹੋਇਆ ਭੀ ਸਭ ਤੋਂ ਜਉਲਾ=ਜੁਦਾ (ਵੱਖਰਾ) ਰਹਿੰਦਾ ਹੈ।

ਸੋ ਬੂਝੈ ਜਿਸੁ ਆਪਿ ਬੁਝਾਇਸੀ ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ॥

ਜਿਸ ਨੂੰ ਆਪ ਹਰੀ ਸਮਝਾਉਂਦਾ ਹੈ ਓਹੀ ਸਮਝਦਾ ਹੈ, ਜਿਸ ਨੂੰ ਸਤਿਗੁਰੂ ਪੁਰਖ ਮਿਲੇ ਹਨ ਉਹ ਪ੍ਰਭੂ ਦੇ ਸਉਲਾ=ਅਨਕੂਲ ਹੋਇਆ ਹੈ। ਵਾ:-ਉਸ ਨੂੰ ਪ੍ਰਭੂ ਪੁਰਖ ਸਉਲਾ=ਮਿਲਿਆ ਹੈ।

ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦ ਹਰੇ
ਗੁਣ ਗਾਵਤ ਗੁਣੀ ਸਮਉਲਾ॥ ੬॥

ਸਾਰੇ ਮਿਲ ਕੇ ਮਨ ਕਰਕੇ ਹਰੀ ਗੋਬਿੰਦ ਦੇ ਗੁਣ ਗਾਉਣਾ ਕਰੋ, ਬਾਣੀ ਕਰਕੇ ਹਰੀ ਗੋਬਿੰਦ ਦੇ ਗੁਣ

ਗਾਉਣਾ ਕਰੋ, ਸਰੀਰ ਕਰਕੇ ਹਰੀ ਗੋਬਿੰਦ ਦੇ ਗੁਣ ਗਾਉਣਾ ਕਰੋ, ਗੁਣਾਂ ਦੇ ਗਾਉਣ ਕਰਕੇ ਗੁਣੀ ਸਮਉਲਾ= ਪਰਮਾਤਮਾ ਵਿਚ ਸਮਾਅ ਜਾਓਗੇ॥ ੬॥

ਸਲੋਕ ਮਃ ੪॥

ਸੁਤਿਆ ਹਰਿ ਪ੍ਰਭੁ ਚੇਤਿ ਮਨਿ ਹਰਿ ਸਹਜਿ ਸਮਾਧਿ ਸਮਾਇ॥

ਹੇ ਭਾਈ ! ਸੁਤਿਆਂ ਪਿਆਂ ਮਨ ਵਿਚ ਹਰੀ ਪ੍ਰਭੂ ਨੂੰ ਚੇਤੇ ਰੱਖ ਅਤੇ ਜਾਗਦਿਆਂ ਭੀ ਸਹਜ ਸਮਾਧੀ ਵਿਚ ਹਰੀ ਵਿਚ ਸਮਾਈ ਰੱਖ।

ਵਾ:- ਸੁਤਿਆ=ਵਿਹਾਰ ਕਾਲ ਮੇਂ ਹਰੀ ਪ੍ਰਭੂ ਨੂੰ ਚੇਤੇ ਕਰ, ਸਹਜਿ ਸਮਾਧਿ=ਨਿਰਵਿਕਲਪ ਸਮਾਧੀ ਵਿਚ ਸਮਾਅ ਕੇ ਭੀ ਹਰੀ ਨੂੰ ਚੇਤੇ ਰੱਖ।

ਜਨ ਨਾਨਕ ਹਰਿ ਹਰਿ ਚਾਉ ਮਨਿ ਗੁਰੁ ਤੁਠਾ ਮੇਲੇ ਮਾਇ॥ ੧॥

ਗੁਰੂ ਜੀ ਕਥਨ ਕਰਦੇ ਹਨ—ਜਿਸ ਪੁਰਸ਼ ਦੇ ਮਨ ਵਿਚ ਹਰਿ ਹਰਿ ਨਾਮ ਦਾ ਚਾਉ=ਉਤਸ਼ਾਹ ਹੈ; ਉਸ ਨੂੰ ਗੁਰੂ ਸਾਹਿਬ ਤੁਠਾ=ਪ੍ਰਸੰਨ ਹੋ ਕੇ ਮਾਇ=ਮਾਇਆ ਪਤੀ ਪਰਮਾਤਮਾ ਨਾਲ ਮੇਲ ਦੇਂਦੇ ਹਨ॥ ੧॥

ਮਃ ੪॥ ਹਰਿ ਇਕਸੁ ਸੇਤੀ ਪਿਰਹੜੀ ਹਰਿ ਇਕੋ ਮੇਰੈ ਚਿਤਿ॥

ਇਕ ਹਰੀ ਨਾਲ ਮੇਰੀ ਪਿਰਹੜੀ=ਪਰੀਤੀ ਹੈ ਇਕ ਹਰੀ ਮੇਰੇ ਚਿਤ ਵਿਚ ਵੱਸਦਾ ਹੈ।

ਜਨ ਨਾਨਕ ਇਕੁ ਅਧਾਰੁ ਹਰਿ ਪ੍ਰਭ ਇਕਸ ਤੇ ਗਤਿ ਪਤਿ॥ ੨॥

ਗੁਰੂ ਜੀ ਕਥਨ ਕਰਦੇ ਹਨ-ਦਾਸ ਨੂੰ ਇਕ ਹਰੀ ਪ੍ਰਭੂ ਦਾ ਅਧਾਰੁ=ਆਸਰਾ ਹੈ, ਇਕ ਪ੍ਰਭੂ ਤੋਂ ਹੀ ਗਤਿ=ਮੁਕਤੀ ਤੇ ਪਤਿ=ਪਤਿਸ਼ਟਾ ਪ੍ਰਾਪਤ ਹੁੰਦੀ ਹੈ॥ ੨॥

ਪਉੜੀ॥ ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ॥

ਗੁਰਮਤਿ=ਗੁਰਸਿੱਖਿਆਂ ਦੁਆਰੇ ਜਿਨ੍ਹਾਂ ਦੀ ਬੁੱਧੀ ਵਿਚ ਪੰਚੇ=ਸਰੇਸ਼ਟ ਨਾਮਾਂ ਰੂਪੀ 'ਸਬਦ ਵਜੇ'=ਵਾਜੇ ਵਜੇ ਹਨ, ਉਹਨਾਂ ਵਡਭਾਗੀਆਂ ਨੂੰ ਅਨਹਦੁ=ਇਕ ਰਸ ਬ੍ਰਹਮ ਵਜਿਆ=ਪ੍ਰਗਟ ਹੋਇਆ ਹੈ।

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥

ਜਿਨ੍ਹਾਂ ਗੁਰ ਸ਼ਬਦੀਆਂ ਨੇ ਗੋਵਿੰਦ ਨਾਮ ਨੂੰ ਗਜਿਆ=ਉਚਾਰਿਆ ਹੈ, ਉਹਨਾਂ ਨੇ ਸਾਰਿਆਂ ਅਨੰਦਾਂ ਦੇ ਮੂਲ ਰੂਪ ਰਾਮ ਨੂੰ ਦੇਖ ਲਿਆ ਹੈ।

ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ॥

ਜਿਸ ਹਰੀ ਪ੍ਰਭੂ ਦਾ ਆਦਿ ਜੁਗਾਦਿ=ਸਦਾ ਸਦਾ ਇਕ ਹੀ ਵੇਸੁ=ਸਰੂਪ ਹੈ, ਗੁਰਾਂ ਦੀ ਸਿੱਖਿਆ ਦੁਆਰੇ ਉਸ ਹਰੀ ਪ੍ਰਭੂ ਨੂੰ ਬੁੱਧੀ ਵਿਚ ਭਜਿਆ=ਜਪਿਆ ਹੈ।

[ਪੰਨਾ ੧੩੧੬]

ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ॥

ਹੇ ਹਰੀ ਪ੍ਰਭੂ ! ਦਿਆਲੂ ਹੋ ਕੇ ਨਾਮ ਦਾ ਦਾਨ ਦਿਓ ਅਤੇ ਹੇ ਹਰੀ ਪ੍ਰਭੂ ! ਮੈਂ ਸੇਵਕ ਜਨ ਦੀ ਲੱਜਿਆ ਰੱਖੋ।

ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ
ਜਿਤੁ ਮਿਲਿ ਹਰਿ ਪੜਦਾ ਕਜਿਆ ॥ ੭ ॥

ਮਨ, ਬਾਣੀ, ਸਰੀਰ ਦੁਆਰਾ ਸਾਰੇ ਮਿਲ ਕੇ ਗੁਰੁ=ਪੂਜਨੀਕ ਸਤਿਗੁਰਾਂ ਨੂੰ ਧੰਨ ਕਹੋ, ਗੁਰੁ=ਪੂਜਨੀਕ ਸਤਿਗੁਰਾਂ ਨੂੰ ਧੰਨ ਕਹੋ, ਜਿਸ ਗੁਰੂ ਨੂੰ ਮਿਲਣ ਕਰਕੇ ਹਰੀ ਨੇ ਸਾਡਾ ਪੜਦਾ ਕੱਜ ਲਿਆ ਹੈ॥ ੭॥

ਯਥਾ:-ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ॥ ੨੯॥ ੧॥

(ਸੋਰਠਿ ਵਾਰ ਪੰਨਾ ੬੫੪)

ਸਲੋਕੁ ਮ: ੪ ॥
ਭਗਤਿ ਸਰੋਵਰੁ ਉਛਲੈ ਸੁਭਰ ਭਰੇ ਵਹੰਨਿ ॥

ਗੁਰੂ ਰੂਪ ਸਰੋਵਰ ਭਗਤੀ ਜਲ ਨਾਲ ਭਰੇ ਹੋਏ ਉਛਲ ਰਹੇ ਹਨ, ਭਾਵ ਉਪਦੇਸ਼ ਕਰਦੇ ਹਨ, ਨਾਮ ਜਲ ਨਾਲ ਭਰੇ ਹੋਏ ਸੁਭਰ=ਲਬਾਲਬ (ਨਕੋ ਨਕ) ਵਹੰਨਿ=ਵਗ ਰਹੇ ਹਨ।

ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡ ਭਾਗ ਲਹੰਨਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਸਤਿਗੁਰਾਂ ਨੂੰ ਮੰਨਿਆ=ਪੂਜਿਆ ਹੈ, ਉਹ ਪੁਰਸ਼ ਵੱਡਿਆਂ ਭਾਗਾਂ ਵਾਲੇ ਲਹੰਨਿ=ਜਾਣੇ ਜਾਂਦੇ ਹਨ॥ ੧ ॥

ਮ: ੪ ॥ ਹਰਿ ਹਰਿ ਨਾਮ ਅਸੰਖ ਹਰਿ ਹਰਿ ਕੇ ਗੁਨ ਕਥਨੁ ਨ ਜਾਹਿ ॥

ਹਰੀ ਆਪ ਬੇਅੰਤ ਹੈ ਹਰੀ ਦੇ ਨਾਮ ਭੀ ਬੇਅੰਤ ਹਨ, ਹਰੀ ਨਾਮ ਨੂੰ ਜਪਣ ਵਾਲੇ ਭੀ ਬੇਅੰਤ ਹਨ ਪਰ ਹਰੀ ਦੇ ਗੁਣ ਕਿਸੇ ਤੋਂ ਭੀ ਕਥਨ ਨਹੀਂ ਕੀਤੇ ਜਾਂਦੇ।

ਹਰਿ ਹਰਿ ਅਗਮੁ ਅਗਾਧਿ ਹਰਿ ਜਨ ਕਿਤੁ ਬਿਧਿ ਮਿਲਹਿ ਮਿਲਾਹਿ ॥

ਹਰੀ ਪਿਛੇ ਵੀ ਅਗਮ ਸੀ, ਹਰੀ ਹੁਣ ਭੀ ਅਗਮ ਹੈ, ਹਰੀ ਅੱਗੇ ਭੀ ਅਗਾਧ ਹੋਵੇਗਾ, ਮਿਲਾਹਿ=ਮਿਲਣ ਦੀ ਇੱਛਾ ਵਾਲੇ ਜਨ=ਪੁਰਸ਼ ਕਿਸ ਵਿਧੀ ਕਰਕੇ ਉਸ ਨਾਲ ਮਿਲਣਾ ਕਰਨ।

ਹਰਿ ਹਰਿ ਜਸੁ ਜਪਤ ਜਪੰਤ ਜਨ ਇਕੁ ਤਿਲੁ ਨਹੀ ਕੀਮਤਿ ਪਾਇ ॥

ਜੋ ਗੁਰਮੁਖ ਜਨ ਹਰਿ ਹਰਿ ਜਸ ਨੂੰ ਆਪ ਜਪਦੇ ਤੇ ਹੋਰਨਾਂ ਪਾਸੋਂ ਜਪਾਉਂਦੇ ਹਨ, ਉਹਨਾਂ ਦੁਆਰੇ ਹਰੀ ਮਿਲਦਾ ਹੈ, ਪਰ ਉਸ ਪ੍ਰਭੂ ਦੀ ਕੀਮਤ ਇਕ ਤਿਲ ਮਾਤ੍ਰ ਭੀ ਨਹੀਂ ਪਾ ਸਕਦੇ।

ਜਨ ਨਾਨਕ ਹਰਿ ਅਗਮ ਪ੍ਰਭ ਹਰਿ ਮੇਲਿ ਲੈਹੁ ਲੜਿ ਲਾਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਹੇ ਅਗਮ ਰੂਪ ਹਰੀ ਪ੍ਰਭੂ ! ਆਪਣੇ ਹਰੀ ਨਾਮ ਰੂਪ ਲੜਿ=ਪਲੇ ਨਾਲ ਲੱਗਾ ਕੇ ਮੇਲ ਲੈਣਾ ਕਰੋ॥ ੨ ॥

ਪਉੜੀ ॥ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ ॥

ਹਰੀ ਅਗਮ ਹੈ, ਹਰੀ ਅਗੋਚਰ ਹੈ, ਉਸ ਅਗਮ ਰੂਪ ਹਰੀ ਦਾ ਦਰਸ਼ਨ ਮੈਂ ਕਿਸ ਤਰ੍ਹਾਂ ਕਰਕੇ ਪਿਖਾ= ਦੇਖਣਾ ਕਰਾਂ।

ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ ॥

ਜੇ ਕੁਝ ਵਖਰੁ=ਵਸਤੂ ਹੋਵੇ ਤਾਂ ਉਸ ਦਾ ਕਥਨ ਭੀ ਕਰੀਏ, ਉਸ ਹਰੀ ਦਾ ਕੋਈ ਰੂਪ ਰੇਖ ਨਹੀਂ ਹੈ।

ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ ॥

ਜਿਸ ਨੂੰ ਆਪ ਸਮਝਾਉਣਾ ਚਾਹੁੰਦਾ ਹੈ ਓਸੇ ਨੂੰ ਸਮਝਾ ਦੇਂਦਾ ਹੈ, ਓਹੀ ਪੁਰਸ਼ ਪਰਮੇਸ਼ਰ ਨੂੰ ਦਿਖਾ=ਵੇਖਦਾ ਹੈ।

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥

ਸਤਿਗੁਰਾਂ ਦੀ ਸਤਸੰਗਤ ਹੀ ਚਟਸਾਲ=ਪਾਠਸ਼ਾਲਾ ਹੈ, ਜਿਥੋਂ ਹਰੀ ਦੇ ਗੁਣ ਸਿੱਖੇ ਜਾਂਦੇ ਹਨ।

ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ
ਜਿਤੁ ਮਿਲਿ ਹਰਿ ਲੇਖਾ ਲਿਖਾ ॥ ੮ ॥

ਉਹ ਰਸਨਾ ਧੰਨ ਧੰਨ ਹੈ ਜਿਸ ਨੇ ਹਰੀ ਨਾਮ ਪੜ੍ਹਿਆ ਹੈ, ਉਹ ਕਰ=ਹੱਥ ਭੀ ਧੰਨ ਹਨ, ਸਤਿਗੁਰੂ ਪਾਂਧੇ ਭੀ ਧੰਨ ਹਨ ਜਿਨ੍ਹਾਂ ਦੇ ਨਾਲ ਮਿਲ ਕੇ ਹਰੀ ਨਾਮ ਦਾ ਲੇਖਾ ਲਿਖਿਆ ਹੈ॥ ੮॥

ਸਲੋਕ ਮਃ ੪ ॥

ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ ॥

ਹਰੀ ਦਾ ਹਰਿ ਨਾਮ ਅੰਮ੍ਰਿਤ ਰੂਪ ਹੈ, ਪੂਰਿਆਂ ਸਤਿਗੁਰਾਂ ਵਿਚ ਭਾਇ=ਪ੍ਰੇਮ ਕਰਕੇ ਹਰੀ ਨਾਮ ਨੂੰ ਜਪਣਾ ਕਰੀਏ।

ਹਰਿ ਹਰਿ ਨਾਮੁ ਪਵਿਤੁ ਹੈ ਹਰਿ ਜਪਤ ਸੁਨਤ ਦੁਖੁ ਜਾਇ ॥

ਹਰਿ ਹਰਿ ਨਾਮ ਪਵਿਤ੍ਰ=ਪਵਿੱਤਰ ਹੈ, ਹਰੀ ਨਾਮ ਜਪਦਿਆਂ ਸੁਣਦਿਆਂ ਦੁੱਖ ਨਵਿਰਤ ਹੋ ਜਾਂਦਾ ਹੈ।

ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਲਿਖਿਆ ਧੁਰਿ ਪਾਇ ॥

ਉਹਨਾਂ ਗੁਰਮੁਖਾਂ ਨੇ ਹਰੀ ਨਾਮ ਅਰਾਧਿਆ ਹੈ, ਜਿਨ੍ਹਾਂ ਦੇ ਮੱਥੇ 'ਪਰ ਧੁਰ ਤੋਂ ਲੇਖ ਲਿਖ ਪਾਇਆ ਹੈ।

ਹਰਿ ਦਰਗਹ ਜਨ ਪੈਨਾਈਅਨਿ ਜਿਨ ਹਰਿ ਮਨਿ ਵਸਿਆ ਆਇ ॥

ਹਰੀ ਦੀ ਦਰਗਾਹ ਵਿਚ ਉਹਨਾਂ ਜਨਾਂ ਨੂੰ ਜਸ ਦਾ ਸਿਰੋਪਾ ਪਹਿਨਾਇਆ ਜਾਂਦਾ ਹੈ, ਅਰਥਾਤ—ਉਹ ਜਨ ਵਡਿਆਏ ਜਾਂਦੇ ਹਨ, ਜਿਨ੍ਹਾਂ ਦੇ ਮਨ ਵਿਚ ਹਰੀ ਆ ਵਸਿਆ ਹੈ।

ਜਨ ਨਾਨਕ ਤੇ ਮੁਖ ਉਜਲੇ ਜਿਨ ਹਰਿ ਸੁਣਿਆ ਮਨਿ ਭਾਇ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਦੇ ਮੂੰਹ ਉੱਜਲੇ ਹਨ, ਜਿਨ੍ਹਾਂ ਨੇ ਮਨ ਦੇ ਭਾਇ=ਪ੍ਰੇਮ ਕਰਕੇ ਹਰੀ ਨਾਮ ਸੁਣਿਆ ਹੈ॥ ੧॥

ਮਃ ੪ ॥ ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥

ਜੋ ਹਰਿ ਹਰਿ ਨਾਮ ਰੂਪ ਨਿਧਾਨੁ=ਖਜ਼ਾਨਾ ਹੈ, ਉਹ ਗੁਰਮੁਖਿ=ਗੁਰਾਂ ਦੁਆਰੇ ਪਾਇਆ ਜਾਂਦਾ ਹੈ।

ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ॥

ਜਿਨ੍ਹਾਂ ਦੇ ਮੱਥੇ 'ਪਰ ਧੁਰ ਤੋਂ ਚੰਗਾ ਲੇਖ ਲਿਖਿਆ ਹੈ, ਉਹਨਾਂ ਨੂੰ ਸਤਿਗੁਰੂ ਆ ਕੇ ਮਿਲਿਆ ਹੈ।

ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ॥

ਉਹਨਾਂ ਦਾ ਤਨ ਮਨ ਸੀਤਲੁ=ਠੰਢਾ ਹੋਇਆ ਹੈ ਕਿਉਂਕਿ ਮਨ ਵਿਚ ਸ਼ਾਂਤੀ ਆ ਕੇ ਵਸੀ ਹੈ।

ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖੁ ਲਹਿ ਜਾਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਹਰਿ ਹਰਿ ਨਾਮ ਚਉਦਿਆ=ਉਚਾਰਦਿਆਂ ਹੋਇਆਂ ਸਾਰਾ ਦੁੱਖ ਦਲਿਦ੍ਰ ਲਹਿ ਜਾਇ=ਨਵਿਰਤ ਹੋ ਜਾਂਦਾ ਹੈ॥ ੨॥

ਪਉੜੀ॥ ਹਉ ਵਾਰਿਆ ਤਿਨ ਕਉ ਸਦਾ ਸਦਾ
ਜਿਨਾ ਸਤਿਗੁਰੁ ਮੇਰਾ ਪਿਆਰਾ ਦੇਖਿਆ॥

ਹਉ=ਮੈਂ ਉਹਨਾਂ ਤੋਂ ਸਦਾ ਸਦਾ ਬਲਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਮੇਰੇ ਪਿਆਰੇ ਸਤਿਗੁਰਾਂ ਨੂੰ ਦੇਖਿਆ ਹੈ।

ਤਿਨ ਕਉ ਮਿਲਿਆ ਮੇਰਾ ਸਤਿਗੁਰੂ ਜਿਨ ਕਉ ਧੁਰਿ ਮਸਤਕਿ ਲੇਖਿਆ॥

ਉਹਨਾਂ ਨੂੰ ਮੇਰਾ ਪਿਆਰਾ ਸਤਿਗੁਰੂ ਮਿਲਿਆ ਹੈ, ਜਿਨ੍ਹਾਂ ਨੂੰ ਧੁਰ ਤੋਂ ਮੱਥੇ 'ਪਰ ਚੰਗਾ ਲੇਖ ਲਿਖਿਆ ਹੋਇਆ ਹੈ।

ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪੁ ਨਹੀ ਪ੍ਰਭ ਰੇਖਿਆ॥

ਗੁਰਮਤੀਆਂ ਨੇ ਉਸ ਅਗਮ ਰੂਪ ਹਰੀ ਨੂੰ ਧਿਆਇਆ ਹੈ, ਜਿਸ ਪ੍ਰਭੂ ਦਾ ਕੋਈ ਰੂਪ ਰੇਖ ਨਹੀਂ ਹੈ।

ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ॥

ਜਿਨ੍ਹਾਂ ਨੇ ਅਗਮ ਰੂਪ ਹਰੀ ਨੂੰ ਗੁਰਾਂ ਦੇ ਬਚਨਾਂ ਦੁਆਰੇ ਧਿਆਉਣਾ ਕੀਤਾ ਹੈ, ਉਹ ਠਾਕੁਰ ਤੇ ਸੇਵਕ ਰਲ ਕੇ ਇਕ ਮਿਕ ਹੋ ਗਏ ਹਨ।

ਸਭਿ ਕਹਹੁ ਮੁਖਹੁ ਨਰ ਨਰਹਰੇ ਨਰ ਨਰਹਰੇ ਨਰ ਨਰਹਰੇ
ਹਰਿ ਲਾਹਾ ਹਰਿ ਭਗਤਿ ਵਿਸੇਖਿਆ॥ ੯॥

ਹੇ ਨਰੋ ! ਤੁਸੀਂ ਸਾਰੇ ਰਲ ਕੇ ਮੁਖ ਤੋਂ ਨਰ ਹਰ ਨੂੰ ਕਵੋ, ਹੇ ਨਰੋ ! ਮਨ ਕਰਕੇ ਭੀ ਨਰ ਹਰ ਨੂੰ ਕਵੋ, ਹੇ ਨਰੋ ! ਸਰੀਰ ਕਰਕੇ ਭੀ ਨਰ ਹਰ ਨੂੰ ਕਵੋ।

ਅਥਵਾ:-ਹੇ ਨਰੋ ! ਤੁਸੀਂ ਸਾਰੇ ਰਲ ਕੇ ਮੂੰਹ ਤੋਂ ਨਰ ਹਰ ਨੂੰ ਕਵੋ,

ਪ੍ਰਸ਼ਨ:-ਕੇਹੜੇ ਨਰਹਰ ਨੂੰ ਕਹੀਏ ? *ਉੱਤਰ:*-ਹੇ ਨਰੋ ! ਜਿਸ ਨੇ ਨਰ ਹਰੇ=ਨਰ ਨਰਾਇਣ ਅਵਤਾਰ ਧਾਰਿਆ ਹੈ ਤੇ ਜਿਸ ਨੇ ਹੇ ਨਰੋ ! ਨਰਹਰੇ=ਨਰਸਿੰਘ ਅਵਤਾਰ ਧਾਰਿਆ ਹੈ ਉਸ ਨੂੰ ਕਵੋ, ਕਿਉਂਕਿ ਹਰਿ ਹਰਿ ਦੀ ਭਗਤੀ ਦਾ ਵਿਸ਼ੇਸ਼ ਲਾਭ ਹੈ॥ ੯॥

ਸਲੋਕ ਮਃ ੪ ॥

ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ ॥

ਰਾਮੋ=ਹੇ ਭਾਈ ! ਜੋ ਰਾਮ ਰਮੀਤਿ=ਰਮਨ ਕਰਨੇ ਜੋਗ ਸਾਰੇ ਰਮਿਆ ਹੋਇਆ ਤੇ ਰਮੁ=ਸੁੰਦਰ ਹੈ ਉਸ ਰਾਮ ਨਾਮ ਨੂੰ ਗੁਰਮੁਖ ਜਨ ਰਵਿ ਰਹੇ=ਉਚਾਰਨ ਕਰ ਰਹੇ ਹਨ।

ਘਟਿ ਘਟਿ ਆਤਮ ਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ ॥

ਉਹ ਆਤਮ ਰਾਮ ਘਟਾਂ ਘਟਾਂ ਵਿਚ ਵਿਆਪਕ ਹੈ, ਸਾਰਿਆਂ ਰੰਗਾਂ ਵਿਚ ਰੱਤੇ ਹੋਏ ਪ੍ਰਭੂ ਨੇ ਹੀ ਏਹ ਖੇਲ ਰਚਨਾ ਕੀਤਾ ਹੈ।

ਹਰਿ ਨਿਕਟਿ ਵਸੈ ਜਗ ਜੀਵਨਾ ਪਰਗਾਸੁ ਕੀਓ ਗੁਰ ਮੀਤਿ ॥

ਜਗਤ ਦਾ ਜੀਵਣ ਰੂਪ ਹਰੀ ਕੋਲ ਹੀ ਵਸ ਰਿਹਾ ਹੈ, ਮਿੱਤ੍ਰ ਗੁਰਾਂ ਨੇ ਇਹ ਪ੍ਰਕਾਸ਼ ਕੀਤਾ ਹੈ।

[ਪੰਨਾ ੧੩੧੭]

ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥

ਹਰਿ ਹਰਿ ਪ੍ਰਭੂ ਸੁਆਮੀ ਉਸ ਨੂੰ ਮਿਲਦਾ ਹੈ ਜਿਸ ਨੂੰ ਧੁਰ ਤੋਂ ਹਰੀ ਦੀ ਪ੍ਰੀਤੀ ਦਾ ਲੇਖ ਲਿਖਿਆ ਹੋਇਆ ਹੈ।

ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਨੇ ਗੁਰ ਬਚਨਾਂ ਦੁਆਰੇ ਮਨ ਵਿਚ ਨਾਮ ਨੂੰ ਧਿਆਇਆ ਹੈ ਤੇ ਚਿਤ ਵਿਚ ਨਾਮ ਨੂੰ ਜਪਿਆ ਹੈ॥ ੧॥

ਮਃ ੪ ॥ ਹਰਿ ਪ੍ਰਭੁ ਸਜਣੁ ਲੋੜਿ ਲਹੁ ਭਾਗਿ ਵਸੈ ਵਡਭਾਗਿ ॥

ਜਿਨ੍ਹਾਂ ਭਾਗਾਂ ਵਾਲਿਆਂ ਦੇ ਮਨ ਵਿਚ ਹਰੀ ਪ੍ਰਭੂ ਵਸਦਾ ਹੈ, ਉਹਨਾਂ ਦੁਆਰੇ ਤੁਸੀਂ ਭੀ ਹਰੀ ਸੱਜਣ ਨੂੰ ਲੋੜਿ ਲਹੁ=ਚਾਹ ਲਵੋ, ਵਾ:-ਲੱਭ ਲਵੋ, ਤਾਂ ਤੁਸੀਂ ਵਡਭਾਗੀ ਹੋਵੋਗੇ।

ਅਥਵਾ:-ਹਰੀ ਸੱਜਣ ਪ੍ਰਭੂ ਨੂੰ ਚਾਹ ਲਵੋ, ਉਹ ਕਰਮਾਂ ਦੇ ਭਾਗਿ=ਹਿੱਸੇ ਕਰਕੇ ਵਡਭਾਗੀਆਂ ਦੇ ਮਨ ਵਿਚ ਵਸਦਾ ਹੈ।

ਗੁਰਿ ਪੂਰੈ ਦੇਖਾਲਿਆ ਨਾਨਕ ਹਰਿ ਲਿਵ ਲਾਗਿ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਦੀ ਹਰੀ ਵਿਚ ਲਿਵ ਲੱਗੀ ਹੈ, ਉਹਨਾਂ ਨੂੰ ਪੂਰਿਆਂ ਗੁਰਾਂ ਨੇ ਵਿਖਾ ਦਿੱਤਾ ਹੈ॥ ੨॥

ਪਉੜੀ ॥ ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥

ਉਹ ਸਫਲ ਘੜੀ ਧੰਨ ਧੰਨ ਤੇ ਸੁਹਾਵਣੀ ਹੈ, ਜਿਸ ਵੇਲੇ ਹਰੀ ਦੀ ਸੇਵਾ ਮੇਰੇ ਮਨ ਵਿਚ ਭਾਣੀ=ਚੰਗੀ ਲੱਗੀ ਹੈ।

ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ॥

ਹੇ ਗੁਰ ਸਿੱਖੋ ! ਮੇਰੇ ਹਰੀ ਦੀ ਕਥਾ ਸੁਣਾਓ, ਮੇਰੇ ਹਰੀ ਪ੍ਰਭੂ ਦੀ ਕਹਾਣੀ ਅਕੱਥ ਹੈ।

ਕਿਉ ਪਾਈਐ ਕਿਉ ਦੇਖੀਐ ਮੇਰਾ ਹਰਿ ਪ੍ਰਭੁ ਸੁਘੜੁ ਸੁਜਾਣੀ॥

ਜੋ ਮੇਰਾ ਹਰੀ ਪ੍ਰਭੂ ਸੁਘੜੁ=ਸਰੇਸ਼ਟ ਘਾੜਤ ਦੇ ਘੜਨ ਵਾਲਾ ਤੇ ਬੜਾ ਸੁਜਾਣੀ=ਚਤਰ ਹੈ, ਉਸ ਦੇ ਨਾਮ ਨੂੰ ਕਿਵੇਂ ਪਾਈਦਾ ਹੈ ? ਅਤੇ ਉਸ ਨੂੰ ਕਿਵੇਂ ਦੇਖੀਦਾ ਹੈ? *ਉੱਤਰ:-*

ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ॥

ਹਰੀ ਨਾਲ ਮਿਲੇ ਹੋਏ ਜੋ ਗੁਰੂ ਆਪ ਹਰੀ ਦਾ ਸਰੂਪ ਹਨ ਓਹੀ ਪਰਮੇਸ਼ਰ ਨੂੰ ਦਿਖਾਂਦੇ ਹਨ ਅਤੇ ਗੁਰ ਬਚਨਾਂ ਦੁਆਰੇ ਹੀ ਹਰੀ ਨਾਮ ਵਿਖੇ ਬਿਰਤੀ ਸਮਾਉਂਦੀ ਹੈ, ਭਾਵ ਗੁਰ ਬਚਨਾਂ ਦੁਆਰੇ ਨਾਮ ਪਾਈਂਦਾ ਹੈ। ਤੇ ਗੁਰੂ ਹੀ ਉਸ ਪ੍ਰਭੂ ਨੂੰ ਦਿਖਾਂਦੇ ਹਨ।

ਤਿਨ ਵਿਟਹੁ ਨਾਨਕੁ ਵਾਰਿਆ ਜੋ ਜਪਦੇ ਹਰਿ ਨਿਰਬਾਣੀ॥ ੧੦॥

ਗੁਰੂ ਜੀ ਕਥਨ ਕਰਦੇ ਹਨ—ਮੈਂ ਉਹਨਾਂ ਉਪਰੋਂ ਕੁਰਬਾਨ ਜਾਂਦਾ ਹਾਂ, ਜੋ ਨਿਰਬੰਧ ਹਰੀ ਨੂੰ ਜਪਣਾ ਕਰਦੇ ਹਨ॥ ੧੦॥

ਸਲੋਕ ਮ: ੪॥

ਹਰਿ ਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ॥

ਗੁਰੂ ਨੇ ਗਿਆਨ ਰੂਪ ਅੰਜਨੁ=ਸੁਰਮਾ ਬੁੱਧੀ ਰੂਪ ਅੱਖਾਂ ਵਿਚ ਪਾ ਦਿੱਤਾ ਹੈ, ਇਸ ਲਈ ਮੇਰੇ ਲੋਇਣਾ=ਨੇਤ੍ਰ ਹਰੀ ਪ੍ਰਭੂ ਦੇ ਦਰਸ਼ਨ ਵਿਚ ਰਤੇ=ਮਿਲ ਰਹੇ ਹਨ।

ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ॥ ੧॥

ਗੁਰੂ ਜੀ ਕਥਨ ਕਰਦੇ ਹਨ:—ਸਹਜਿ=ਸ਼ਾਂਤੀ ਸਰੂਪ ਗੁਰੂ ਦੇ ਮਿਲਣ ਕਰਕੇ ਮੈਂ ਸੱਜਣ ਪ੍ਰਭੂ ਨੂੰ ਪਾ ਲਿਆ ਹੈ॥ ੧॥

ਮ: ੪॥ ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ॥

ਗੁਰਮੁਖਾਂ ਦੇ ਹਿਰਦੇ ਅੰਦਰ ਸ਼ਾਂਤੀ ਹੈ, ਕਿਉਂਕਿ ਉਹਨਾਂ ਦਾ ਮਨ ਤਨ ਨਾਮੀ ਦੇ ਨਾਮ ਵਿਚ ਸਮਾਇਆ ਹੋਇਆ ਹੈ।

ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ॥

ਉਹ ਨਾਮ ਨੂੰ ਚਿਤਵਦੇ ਹਨ, ਨਾਮ ਨੂੰ ਹੀ ਪੜ੍ਹਦੇ ਹਨ ਅਤੇ ਨਾਮੀ ਵਿਚ ਹੀ ਲਿਵ=ਬਿਰਤੀ ਲਗਾਈ ਰੱਖਦੇ ਹਨ।

ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ॥

ਨਾਮ ਪਦਾਰਥ ਦੇ ਪਾਉਣ ਕਰਕੇ ਉਹਨਾਂ ਦੀ ਚਿੰਤਾ ਸਾਰੀ ਬਿਲਾਇ=ਦੂਰ ਹੋ ਗਈ ਹੈ।

ਸਤਿਗੁਰਿ ਮਿਲਿਐ ਨਾਮੁ ਊਪਜੈ ਤ੍ਰਿਸਨਾ ਭੁਖ ਸਭ ਜਾਇ॥

ਪੂਰਿਆਂ ਸਤਿਗੁਰਾਂ ਦੇ ਮਿਲਣ ਕਰਕੇ ਨਾਮ ਸਿਮਰਨ ਦਾ ਪ੍ਰੇਮ ਪੈਦਾ ਹੁੰਦਾ ਹੈ ਅਤੇ ਤ੍ਰਿਸ਼ਨਾ ਦੀ ਭੁਖ ਸਾਰੀ ਮਿਟ ਜਾਂਦੀ ਹੈ।

ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ॥ ੨॥

ਗੁਰੂ ਜੀ ਕਥਨ ਕਰਦੇ ਹਨ—ਨਾਮ ਸਿਮਰਨ ਵਿਚ ਰਤਿਆ=ਪ੍ਰੀਤੀ ਕੀਤਿਆਂ, ਬੁੱਧੀ ਰੂਪ ਪੱਲੇ ਵਿਚ ਨਾਮ ਹੀ ਪੈਂਦਾ ਹੈ ॥ ੨॥

ਪਉੜੀ॥ ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਵਸਗਤਿ ਕੀਤਾ॥

ਹੇ ਪ੍ਰਭੂ ! ਤੁਸਾਂ ਨੇ ਆਪ ਹੀ ਜਗਤ ਨੂੰ ਪੈਦਾ ਕੀਤਾ ਹੈ ਅਤੇ ਤੁਸਾਂ ਨੇ ਆਪ ਹੀ ਆਪਣੇ ਵਸਗਤਿ= ਅਧੀਨ (ਵਸ ਵਿਚ) ਕੀਤਾ ਹੋਇਆ ਹੈ।

ਇਕਿ ਮਨਮੁਖ ਕਰਿ ਹਾਰਾਇਅਨੁ ਇਕਨਾ ਮੇਲਿ ਗੁਰੂ ਤਿਨਾ ਜੀਤਾ॥

ਇਕਨਾ ਨੂੰ ਮਨਮੁਖਤਾ ਕਰਕੇ ਹਰਾ ਦਿੱਤਾ ਹੈ, ਜਿਨ੍ਹਾਂ ਇਕਨਾ ਨੂੰ ਗੁਰੂ ਨਾਲ ਮੇਲਿਆ ਹੈ ਉਹਨਾਂ ਨੇ ਮਨੁੱਖਾ ਜਨਮ ਜਿੱਤ ਲਿਆ, ਅਰਥਾਤ ਸਫਲ ਕਰ ਲਿਆ ਹੈ।

ਹਰਿ ਊਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ॥

ਹਰਿ ਹਰਿ ਪ੍ਰਭੂ ਦਾ ਨਾਮ ਸਭ ਸਾਧਨਾਂ ਤੋਂ ਉੱਤਮ ਹੈ, ਸਰੇਸ਼ਟ ਭਾਗਾਂ ਵਾਲਿਆ ਨੇ ਗੁਰ ਬਚਨਿ=ਗੁਰ ਉਪਦੇਸ਼ ਦੁਆਰਾ ਉਸ ਨਾਮ ਨੂੰ ਲੀਤਾ ਹੈ।

ਦੁਖੁ ਦਾਲਦੁ ਸਭੋ ਲਹਿ ਗਇਆ ਜਾਂ ਨਾਉ ਗੁਰੂ ਹਰਿ ਚੀਤਾ॥

ਜਾਂ ਗੁਰਾਂ ਨੇ ਹਰੀ ਨਾਮ ਦਾ ਉਪਦੇਸ਼ ਦਿੱਤਾ, ਤਾਂ ਮੇਰਾ ਸਾਰਾ ਹੀ ਦੁੱਖ ਦਲਿਦ੍ਰ ਲਹਿ ਗਿਆ ਹੈ।

ਸਭਿ ਸੇਵਹੁ ਮੋਹਨੋ ਮਨਮੋਹਨੋ ਜਗਮੋਹਨੋ
ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ॥ ੧੧॥

ਹੇ ਭਾਈ ! ਮਨ ਕਰਕੇ ਤੁਸੀਂ ਸਾਰੇ ਮੋਹਨ ਨੂੰ ਸੇਵੋ, ਬਾਣੀ ਦੁਆਰਾ ਮਨਮੋਹਨ ਨੂੰ ਸੇਵੋ, ਤਨ ਕਰਕੇ ਜਗਮੋਹਨ ਨੂੰ ਸੇਵਨਾ ਕਰੋ, *ਅਥਵਾ:*-ਤਿੰਨਾਂ ਕਾਲਾਂ ਵਿਚ ਉਸ ਮਨਮੋਹਨ ਨੂੰ ਸੇਵਨਾ ਕਰੋ।

ਅਥਵਾ:-ਤੁਸੀਂ ਸਾਰੇ ਮੋਹਨ ਨੂੰ ਸੇਵੋ,

ਪ੍ਰਸ਼ਨ-ਮੋਹਨ ਤਾਂ ਕ੍ਰਿਸ਼ਨ ਦਾ ਨਾਮ ਹੈ ਉਸ ਨੂੰ ਸੇਵੀਏ ? *ਉੱਤਰ:*-ਮਨਮੋਹਨ ਨੂੰ ਸੇਵੋ,

ਪ੍ਰਸ਼ਨ-ਮਨ ਦੇ ਮੋਹਨੇ ਵਾਲੀ ਤਾਂ ਮਾਇਆ ਹੈ ਉਸ ਨੂੰ ਸੇਵੀਏ?

ਉੱਤਰ:-ਜਗਮੋਹਨੋ=ਜੋ ਜਗਤ ਦੇ ਅਤੇ ਮਾਇਆ ਦੇ ਮੋਹਨੇ ਵਾਲਾ ਪ੍ਰਭੂ ਹੈ ਉਸ ਨੂੰ ਸੇਵਨਾ ਕਰੋ, ਜਿਸ ਨੇ ਸਾਰੇ ਜਗਤ ਨੂੰ ਪੈਦਾ ਕਰਕੇ ਆਪਣੇ ਵਸ ਵਿਚ ਕੀਤਾ ਹੋਇਆ ਹੈ॥ ੧੧॥

ਸਲੋਕ ਮਃ ੪ ॥

ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥

ਜਿਨ੍ਹਾਂ ਦੇ ਮਨ ਅੰਦਰ ਹਉਮੈ ਰੂਪੀ ਰੋਗ ਹੈ ਉਹ ਦੁਰਜਨਾ=ਖੋਟੇ ਮਨਮੁਖ ਪੁਰਸ਼ ਭਰਮ ਵਿਚ ਭੁਲੇ ਫਿਰਦੇ ਹਨ।

ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਨੇ ਸੱਜਣ ਸਤਿਗੁਰਾਂ ਨਾਲ ਮਿਲ ਕੇ ਹਉਮੈ ਰੂਪੀ ਰੋਗ ਵਞਾਇ=ਗੁਆ ਦਿੱਤਾ ਹੈ॥ ੧ ॥

ਮਃ ੪ ॥ ਮਨੁ ਤਨੁ ਤਾਮਿ ਸਗਾਰਵਾ ਜਾਂ ਦੇਖਾ ਹਰਿ ਨੈਣੇ ॥

ਇਸ ਜੀਵ ਦਾ ਮਨ ਤਨ ਤਾਮਿ=ਤਦੋਂ ਸਗਾਰਵਾ=ਸਹਿਤ ਗੌਰਵਤਾ (ਵੱਡਿਆਈ) ਦੇ ਹੁੰਦਾ ਹੈ,

ਅਥਵਾ:-ਤਾਮਿ=ਤਦੋਂ ਸਗਾਰਵਾ=ਸਕਾਰਥਾ (ਸਫ਼ਲਾ) ਹੁੰਦਾ ਹੈ ਜਾਂ ਨੈਣੇ=ਨਯੰਤੇ ਹਰੀ ਨੂੰ ਨੈਣੇ=ਅੱਖਾਂ ਨਾਲ ਦੇਖੇ। *ਅਥਵਾ:*-ਸੰਸਾਰ ਵੱਲ ਲੱਗੇ ਹੋਏ ਮਨ ਤਨ ਨੂੰ ਜਾਂ ਤਾਮਿਸ=ਤਮੋ ਗੁਣ ਦੇ ਸਹਿਤ ਗਾਰਵਾ=ਗਾਲ ਦੇਵੇ ਤਾਂ ਅੱਖਾਂ ਨਾਲ ਹਰੀ ਪ੍ਰਭੂ ਨੂੰ ਦੇਖਦਾ ਹੈ।

ਨਾਨਕ ਸੋ ਪ੍ਰਭੁ ਮੈ ਮਿਲੈ ਹਉ ਜੀਵਾ ਸਦੁ ਸੁਣੇ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਉਹ ਪ੍ਰਭੂ ਮੈਨੂੰ ਮਿਲੇ, ਤਾਂ ਮੈਂ ਉਸ ਦਾ ਸਦੁ=ਬੋਲ ਸੁਣ ਕੇ ਜੀਵਾਂਗਾ॥ ੨ ॥

ਪਉੜੀ ॥ ਜਗੰਨਾਥ ਜਗਦੀਸਰ ਕਰਤੇ ਅਪਰੰਪਰ ਪੁਰਖੁ ਅਤੋਲੁ ॥

ਜਗਤ ਦੇ ਸੁਆਮੀ, ਜਗਤ ਦੇ ਈਸ਼ੁਰ ਅਪਰੰਪਰ=ਸੰਸਾਰ ਤੋਂ ਪਰੇ ਕਰਤੇ ਪੁਰਖ ਪਰਮਾਤਮਾ ਦੇ ਗੁਣ ਅਤੋਲ ਹਨ।

ਹਰਿ ਨਾਮੁ ਧਿਆਵਹੁ ਮੇਰੇ ਗੁਰਸਿਖਹੁ ਹਰਿ ਊਤਮੁ ਹਰਿ ਨਾਮੁ ਅਮੋਲੁ ॥

ਹੇ ਮੇਰੇ ਗੁਰਸਿੱਖੋ ! ਉਸ ਹਰੀ ਦੇ ਨਾਮ ਨੂੰ ਧਿਆਉਣਾ ਕਰੋ, ਉੱਤਮ ਹਰੀ ਦਾ ਹਰੀ ਨਾਮ ਅਮੋਲਕ ਹੈ,

ਵਾ:-ਹਰ ਇਕ ਨਾਮ ਅਮੋਲਕ ਹੈ।

ਜਿਨ ਧਿਆਇਆ ਹਿਰਦੈ ਦਿਨਸੁ ਰਾਤਿ ਤੇ ਮਿਲੇ ਨਹੀ ਹਰਿ ਰੋਲੁ ॥

ਜਿਨ੍ਹਾਂ ਨੇ ਦਿਨ ਰਾਤ ਹਰੀ ਨਾਮ ਨੂੰ ਹਿਰਦੇ ਵਿਚ ਧਿਆਇਆ ਹੈ, ਉਹ ਹਰੀ ਨਾਲ ਮਿਲ ਗਏ ਹਨ, ਇਸ ਵਿਚ ਕੋਈ ਰੋਲਾ ਨਹੀਂ ਹੈ, *ਵਾ:*-ਉਹ ਰੋਲਾ ਰੂਪ ਪ੍ਰਪੰਚ ਵਿਚ ਨਹੀਂ ਫਸਦੇ।

ਵਡਭਾਗੀ ਸੰਗਤਿ ਮਿਲੈ ਗੁਰ ਸਤਿਗੁਰ ਪੂਰਾ ਬੋਲੁ ॥

ਵੱਡਿਆਂ ਭਾਗਾਂ ਵਾਲੇ ਹੀ ਗੁਰੂ ਦੀ ਸੰਗਤ ਵਿਚ ਮਿਲਦੇ ਹਨ ਅਤੇ ਪੂਰਿਆਂ ਸਤਿਗੁਰਾਂ ਦਾ ਬੋਲੁ=ਬਚਨ ਸੁਣਦੇ ਹਨ।

ਸਭਿ ਧਿਆਵਹੁ ਨਰ ਨਾਰਾਇਣੋ ਨਾਰਾਇਣੋ
ਜਿਤੁ ਚੂਕਾ ਜਮ ਝਗੜੁ ਝਗੋਲੁ ॥ ੧੨ ॥

ਹੇ ਨਰੋ ! ਤੁਸੀਂ ਸਾਰੇ ਮਿਲ ਕੇ ਨਰਾਇਣ ਹੀ ਨਰਾਇਣ ਨੂੰ ਧਿਆਉਣਾ ਕਰੋ,

ਵਾ:-ਮਨ ਕਰਕੇ ਨਰਾਇਣ ਨੂੰ ਧਿਆਵੋ, ਬਾਣੀ ਦੁਆਰਾ ਭੀ ਨਰਾਇਣ ਨੂੰ ਧਿਆਵੋ,

ਵਾ:-ਜਿਸ ਨੇ ਨਰ ਨਰਾਇਣ ਅਵਤਾਰ ਧਾਰਿਆ ਹੈ ਉਸ ਨਰਾਇਣ ਨੂੰ ਸਾਰੇ ਧਿਆਵੋ, ਜਿਸ ਕਰਕੇ ਜਮਾਂ ਦਾ ਮਾਰਨਾ ਰੂਪ ਝਗੜਾ ਤੇ ਨਰਕਾਂ ਵਿਚ ਝਗੋਲੁ=ਮੰਡਨਾਂ (ਰਪਨਾ) ਭੀ ਚੁਕ ਜਾਵੇ॥ ੧੨॥

ਸਲੋਕ ਮ: ੪॥ ਹਰਿ ਜਨ ਹਰਿ ਹਰਿ ਚਉਦਿਆ ਸਰੁ ਸੰਧਿਆ ਗਾਵਾਰ॥

ਹਰੀ ਦੇ ਜੋ ਸੰਤ ਜਨ ਹਨ ਉਹਨਾਂ ਨੂੰ ਹਰਿ ਹਰਿ ਨਾਮ ਚਉਦਿਆ=ਉਚਾਰਦਿਆਂ ਵੇਖ ਕੇ ਗਾਵਾਰ=ਮੂਰਖ ਨੇ ਪ੍ਰਤੱਖ ਸਰੁ=ਬਾਣ ਖਿੱਚ ਕੇ ਮਾਰਨਾ ਕੀਤਾ।

ਵਾ:-ਈਰਖਾ ਬਖੀਲੀ ਰੂਪੀ ਬਾਣ ਖਿੱਚ ਕੇ ਮਾਰਿਆ।

ਨਾਨਕ ਹਰਿ ਜਨ ਹਰਿ ਲਿਵ ਉਬਰੇ ਜਿਨ ਸੰਧਿਆ ਤਿਸੁ ਫਿਰਿ ਮਾਰ॥੧॥

ਗੁਰੂ ਜੀ ਕਥਨ ਕਰਦੇ ਹਨ—ਹਰੀ ਵਿਚ ਲਿਵ ਲੱਗਾ ਕੇ ਹਰੀ ਦੇ ਸੰਤ ਜਨ ਤਾਂ ਉਬਰੇ=ਬਚ ਗਏ ਹਨ, ਜਿਸ ਮੂਰਖ ਨੇ ਬਾਣ ਖਿੱਚ ਕੇ ਮਾਰਿਆ ਸੀ ਫਿਰ ਉਲਟ ਕੇ ਓਸੇ ਨੂੰ ਵਜਦਾ ਹੈ ਤੇ ਉਹ ਮਰ ਜਾਂਦਾ ਹੈ॥੧॥

[ਪੰਨਾ ੧੩੧੮]

ਮ: ੪॥ ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨ੍ਹਿ॥

ਜਿਨ੍ਹਾਂ ਅੱਖਾਂ ਨੂੰ ਪ੍ਰੇਮ ਦੀ ਕਸ=ਖਿੱਚ ਆਈ ਹੈ ਉਹ ਹਰਿ ਹਰਿ ਨਾਮ ਜਪਣ ਵਾਲਿਆਂ ਦਾ ਦਰਸ਼ਨ ਵੇਖਦੀਆਂ ਹਨ। ਵਾ:-ਉਹ ਹਰ ਇਕ ਵਿਚ ਹਰ ਵੇਲੇ ਹਰੀ ਨੂੰ ਨਾਮੁ=ਪ੍ਰਸਿੱਧ ਵੇਖਦੀਆਂ ਹਨ।

ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ॥੨॥

ਜੇਕਰ ਅੱਖਾਂ ਦੂਜਾ=ਦਵੈਤ ਭਾਵ ਨੂੰ ਦੇਖਦੀਆਂ ਹਨ ਤਾਂ ਭਗਤ ਜਨ ਬਾਹਰ ਕੱਢ ਦੇਂਦੇ ਹਨ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ-ਹੇ ਭਾਈ ! ਜੇਕਰ ਇਹ ਅੱਖਾਂ ਹਰਿ ਹਰਿ ਤੋਂ ਬਿਨਾਂ ਜਾਂ ਹਰੀ ਨਾਮ ਜਪਣ ਵਾਲੇ ਗੁਰਮੁਖਾਂ ਤੋਂ ਬਿਨਾਂ ਕਿਸੇ ਹੋਰ ਦੂਜੇ ਵੱਲ ਦੇਖਦੀਆਂ ਹਨ ਤਾਂ ਕੱਢ ਦੇਣੀਆਂ ਚਾਹੀਦੀਆਂ ਹਨ॥ ੨॥

ਪਉੜੀ॥ ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ ਸੋਈ॥

ਉਹ ਅਪਰੰਪਰ ਪਰਮਾਤਮਾ ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਵੀ ਵਿਚ ਤੇ ਅਲਿ=ਅਕਾਸ਼ ਵਿਚ ਪੂਰਨ ਹੈ।

ਜੀਅ ਜੰਤ ਪ੍ਰਤਿਪਾਲਦਾ ਜੋ ਕਰੇ ਸੁ ਹੋਈ॥

ਨਿਤਾ ਪ੍ਰਤੀ ਸਾਰਿਆਂ ਜੀਆਂ ਜੰਤਾਂ ਨੂੰ ਪਾਲਦਾ ਹੈ ਅਤੇ ਜੋ ਕੁਝ ਕਰਦਾ ਹੈ ਓਹੀ ਕੁਝ ਹੁੰਦਾ ਹੈ।

ਮਾਤ ਪਿਤਾ ਸੁਤ ਭ੍ਰਾਤ ਮੀਤ ਤਿਸੁ ਬਿਨੁ ਨਹੀ ਕੋਈ॥

ਮਾਂ, ਪਿਓ, ਸੁਤ=ਪੁੱਤ੍ਰ, ਭ੍ਰਾਤ=ਭਰਾ ਤੇ ਮਿੱਤ੍ਰ ਆਦਿਕ ਜਿੰਨੇ ਭੀ ਸਬੰਧੀ ਹਨ, ਉਸ ਪ੍ਰਭੂ ਤੋਂ ਬਿਨਾਂ ਜੀਵ ਦਾ ਕੋਈ ਸਹਾਇਕ ਨਹੀਂ ਹੁੰਦਾ।

ਘਟਿ ਘਟਿ ਅੰਤਰਿ ਰਵਿ ਰਹਿਆ ਜਪਿਅਹੁ ਜਨ ਕੋਈ॥

ਜੋ ਸਾਰਿਆਂ ਘਟਾਂ ਘਟਾਂ ਵਿਚ ਰਵਿ ਰਹਿਆ=ਮਿਲ ਰਿਹਾ ਹੈ, ਹੇ ਜਨੋ ! ਉਸ ਪ੍ਰਭੂ ਨੂੰ ਕੋਈ ਸ੍ਵਾਸ ਤਾਂ

ਜਪਣਾ ਕਰੋ। ਅਥਵਾ:-ਭਾਵੇਂ ਕੋਈ ਜਨ ਉਸ ਨੂੰ ਜਪਣਾ ਕਰੇ ਉਹ ਸਭ ਦੀ ਕਲਿਆਣ ਕਰਦਾ ਹੈ।

ਸਗਲ ਜਪਹੁ ਗੋਪਾਲ ਗੁਨ ਪਰਗਟੁ ਸਭ ਲੋਈ॥ ੧੩॥

ਹੇ ਭਾਈ ! ਤੁਸੀਂ ਸਾਰੇ ਰਲ ਕੇ ਉਸ ਗੋਪਾਲ ਦੇ ਗੁਣ ਜਪਣਾ ਕਰੋ (ਉਚਾਰਨਾ ਕਰੋ), ਜੋ ਸਾਰਿਆਂ ਲੋਕਾਂ ਵਿਚ ਪ੍ਰਗਟ ਹੈ॥ ੧੩॥

ਸਲੋਕ ਮ: ੪॥

ਗੁਰਮੁਖਿ ਮਿਲੇ ਸਿ ਸਜਣਾ ਹਰਿ ਪ੍ਰਭ ਪਾਇਆ ਰੰਗੁ॥

ਜੇਹੜੇ ਰੰਗੁ=ਪਰੇਮ ਸਹਿਤ ਮੁਖੀ ਗੁਰਾਂ ਨਾਲ ਮਿਲੇ ਹਨ, ਸੇ ਸੱਜਣਾਂ=ਉਹਨਾਂ ਸ਼ੱਜਣਾ ਨੇ ਹਰੀ ਪ੍ਰਭੂ ਨੂੰ ਪਾਇਆ ਹੈ। ਅਥਵਾ:-ਮੁਖੀ ਸੱਜਣ ਜੋ ਗੁਰੂ ਹਨ ਉਹਨਾਂ ਨਾਲ ਜੋ ਮਿਲੇ ਹਨ, ਉਹਨਾਂ ਨੇ ਹਰੀ ਪ੍ਰਭੂ ਦਾ ਰੰਗੁ=ਪ੍ਰੇਮ, ਵਾ:-ਆਨੰਦ ਪਾਇਆ ਹੈ।

ਜਨ ਨਾਨਕ ਨਾਮੁ ਸਲਾਹਿ ਤੂ ਲੁਡਿ ਲੁਡਿ ਦਰਗਹਿ ਵੰਞੁ॥ ੧॥

ਗੁਰੂ ਜੀ ਕਥਨ ਕਰਦੇ ਹਨ—ਹੇ ਜਨ=ਪੁਰਸ਼ਾ ! ਤੂੰ ਨਾਮ ਨੂੰ ਸਲਾਹਿ=ਜਪ ਲੈ, ਤਾਂ ਸੱਜੀ ਬਾਂਹ ਨੂੰ *ਲੁਡਾ ਕੇ ਤੇ ਖੱਬੀ ਬਾਂਹ ਨੂੰ ਭੀ ਲੁਡਾ ਕੇ; ਵਾ:-ਮਨ ਬੁੱਧੀ ਰੂਪ ਬਾਹਵਾਂ ਨੂੰ ਲੁਡਾ ਕੇ, ਅਰਥਾਤ ਨਫਿਕਰ ਹੋ ਕੇ ਪ੍ਰਲੋਕ ਦਰਗਾਹ ਵਿਚ ਵੰਞੁ=ਜਾਵੇਂਗਾ॥ ੧॥

ਮ: ੪॥ ਹਰਿ ਤੂਹੈ ਦਾਤਾ ਸਭਸ ਦਾ ਸਭਿ ਜੀਅ ਤੁਮ੍ਹਾਰੇ॥

ਹੇ ਹਰੀ ! ਤੂੰ ਸਾਰਿਆਂ ਦਾ ਦਾਤਾ ਹੈਂ ਅਤੇ ਸਾਰੇ ਜੀਵ ਤੇਰੇ ਮੰਗਤੇ ਹਨ।

ਸਭਿ ਤੁਧੈ ਨੋ ਆਰਾਧਦੇ ਦਾਨੁ ਦੇਹਿ ਪਿਆਰੇ॥

ਸਾਰੇ ਜੀਵ ਆਪ ਜੀ ਨੂੰ ਅਰਾਧਦੇ ਹਨ; ਹੇ ਪਿਆਰੇ ਪ੍ਰਭੂ ! ਤੂੰ ਹੀ ਉਹਨਾਂ ਸਾਰਿਆਂ ਨੂੰ ਦਾਨ ਦੇਂਦਾ ਹੈਂ।

ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ ਵੁਠਾ ਸੈਸਾਰੇ॥

ਦਾਤਾਰਾਂ ਦਾ ਦਾਤਾ ਜੋ ਹਰੀ ਹੈ; ਵਾ:-ਦਾਤਾਂ ਦੇ ਦੇਣ ਵਾਲੇ ਦਾਤਾਰ ਹਰੀ ਨੇ ਕ੍ਰਿਪਾ ਰੂਪ ਹੱਥ ਕੱਢਿਆ ਹੈ, ਜਿਸ ਕਰਕੇ ਗੁਰੂ ਰੂਪ ਬੱਦਲ ਤੋਂ ਸਾਰੇ ਸੰਸਾਰ ਵਿਚ ਉਪਦੇਸ਼ ਦਾ ਮੀਂਹ ਵਸਿਆ ਹੈ।

ਅੰਨੁ ਜੰਮਿਆ ਖੇਤੀ ਭਾਉ ਕਰਿ ਹਰਿ ਨਾਮੁ ਸਮ੍ਹਾਰੇ॥

ਭਾਉ=ਪਰੇਮ ਦੀ ਖੇਤੀ ਕਰਨ ਵਾਲਿਆਂ ਨੂੰ ਸ਼ੁਭ ਗੁਣਾਂ ਰੂਪੀ ਅੰਨ ਜੰਮਿਆ ਹੈ; ਹਰੀ ਨਾਮ ਦਾ ਸੰਭਾਲਣਾ ਇਹ ਬੋਹਲ ਹੈ।

ਜਨੁ ਨਾਨਕੁ ਮੰਗੈ ਦਾਨੁ ਪ੍ਰਭ ਹਰਿ ਨਾਮੁ ਅਧਾਰੇ ॥ ੨॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਸੇਵਕ ਜਨ ਭੀ ਦਾਨ ਮੰਗਦਾ ਹਾਂ, ਮੈਨੂੰ ਹਰੀ ਨਾਮ ਦਾ ਅਧਾਰੇ=ਆਸਰਾ ਦਿਓ॥ ੨॥

ਪਉੜੀ॥ ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ॥

ਸੁਖਾਂ ਦੇ ਸਾਗਰੁ=ਸਮੁੰਦਰ ਪ੍ਰਭੂ ਨੂੰ ਜਪੀਏ ਤਾਂ ਮਨ ਦੀ ਇੱਛਾ ਪੂਰੀ ਹੁੰਦੀ ਹੈ।

---

*ਲੁਡਿ ਲੁਡਿ=ਲਟਕਾ ਲਟਕਾ ਕੇ ਭਾਵ ਨਫਿਕਰ ਹੋ ਕੇ ਜਾਵੇਂਗਾ।

ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥

ਵੈਰਾਗ ਆਦਿਕ ਸ਼ੁਭ ਗੁਣਾਂ ਰੂਪ ਰਤਨਾਂ ਦੀ ਆਗਰੁ=ਖਾਣ ਜੋ ਗੁਰੂ ਸਾਹਿਬ ਜੀ ਹਨ ਉਹਨਾਂ ਦੇ ਸਬਦਿ=ਉਪਦੇਸ਼ ਦੁਆਰਾ ਹਰੀ ਦੇ ਚਰਨਾਂ ਨੂੰ ਅਰਾਧਨਾ ਕਰੋ।

ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥

ਸਾਧੂਆਂ ਦੀ ਸੰਗਤ ਵਿਚ ਮਿਲਣ ਕਰਕੇ ਸੰਸਾਰ ਤੋਂ ਤਰਨਾ ਹੁੰਦਾ ਹੈ ਅਤੇ ਜਮਾਂ ਦੇ ਕਾਗਦ ਫਟ ਜਾਂਦੇ ਹਨ।

ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥

ਬੈਰਾਗਰੁ=ਹੀਰਿਆਂ ਦੀ ਖਾਨ ਜੋ ਹਰੀ ਹੈ ਉਹ ਨੂੰ ਜਪਦਿਆਂ ਜਨਮ ਪਦਾਰਥੁ=ਮਨੁੱਖਾ ਦੇਹ ਜਿੱਤਿਆ ਜਾਂਦਾ, ਭਾਵ ਸਫਲ ਹੋ ਜਾਂਦਾ ਹੈ।

ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ ॥੧੪॥

ਤੁਸੀਂ ਸਾਰੇ ਸਤਿਗੁਰਾਂ ਦੀ ਸ਼ਰਨ ਵਿਚ ਪੈ ਜਾਵੋ; ਤਾਂ ਦੁੱਖ ਅਤੇ ਦਾਗਰੁ=ਦਲਿੱਦਰ,
ਵਾ:-ਦਾਗਰੁ=ਦਾਗ (ਕਲੰਕ) ਵਗੈਰਾ ਸਭ ਨਾਸ ਹੋ ਜਾਣਗੇ॥ ੧੪॥

ਸਲੋਕ ਮ: ੪ ॥

ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥

ਹਉ=ਮੈਂ ਤਾਂ ਸੱਜਣ ਪਰਮਾਤਮਾ ਨੂੰ ਬਾਹਰ ਹੀ ਢੂੰਢਦੀ ਫਿਰਦੀ ਸਾਂ, ਪਰ
ਹੁਣ ਗੁਰੂ ਦੀ ਕ੍ਰਿਪਾ ਨਾਲ ਜਾਣ ਲਿਆ ਹੈ ਕਿ ਸੱਜਣ ਪਰਮਾਤਮਾ ਤਾਂ ਮੇਰੇ ਨਾਲ ਹੀ ਹੈ।

ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਅਲਖ ਸਰੂਪ ਹੋਣ ਕਰਕੇ ਉਸ ਨੂੰ ਕੋਈ ਜਨ ਭੀ ਜਾਣ ਨਹੀਂ ਸਕਦਾ; ਮੈਨੂੰ ਤਾਂ ਮੁਖੀ ਗੁਰਾਂ ਨੇ ਵਿਖਾ ਦਿੱਤਾ ਹੈ॥ ੧॥

ਮ: ੪ ॥ ਨਾਨਕ ਪ੍ਰੀਤਿ ਲਾਈ ਤਿਨਿ ਸਚੈ ਤਿਸੁ ਬਿਨੁ ਰਹਣੁ ਨ ਜਾਈ ॥

ਗੁਰੂ ਜੀ ਕਥਨ ਕਰਦੇ ਹਨ—ਉਸ ਸੱਚੇ ਪ੍ਰਭੂ ਨੇ ਮੇਰੇ ਅੰਦਰ ਅਜੇਹੀ ਪ੍ਰੀਤੀ ਲਗਾਈ ਹੈ; ਜੋ ਉਸ ਤੋਂ ਬਿਨਾਂ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ ।

ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ ॥ ੨ ॥

ਸਤਿਗੁਰਾਂ ਨਾਲ ਮਿਲ ਕੇ ਰਸਨਾ ਹਰੀ ਰਸ ਵਿਚ ਰਸਾਈ ਜਾਵੇ ਤਾਂ ਪੂਰਾ ਪ੍ਰਭੂ ਪਾਈਦਾ ਹੈ॥ ੨॥

ਪਉੜੀ ॥ ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ॥

ਚਾਹੇ ਕੋਈ ਰਾਗ ਵਿਚ ਪਾ ਕੇ ਗਾਉਂਦਾ ਹੈ; ਚਾਹੇ ਕੋਈ ਸੁਣਦਾ ਹੈ, ਚਾਹੇ ਕੋਈ ਬਾਣੀ ਦੁਆਰਾ ਉਚਾਰ ਕੇ ਸੁਣਾਉਂਦਾ ਹੈ।

ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ॥

ਉਸ ਦੇ ਜਨਮਾਂ ਜਨਮਾਂ ਦੀ ਪਾਪਾਂ ਰੂਪੀ ਮੈਲ ਉਤਰ ਜਾਂਦੀ ਹੈ, ਅਤੇ—
ਮਨ ਇੱਛਤ ਫਲਾਂ ਨੂੰ ਪਾਂਦਾ ਹੈ।

ਆਵਣੁ ਜਾਣਾ ਮੇਟੀਐ ਹਰਿ ਕੇ ਗੁਣ ਗਾਵੈ॥

ਜੋ ਹਰੀ ਦੇ ਗੁਣ ਗਾਉਂਦਾ ਹੈ ਉਸ ਦਾ ਆਵਣੁ ਜਾਣਾ=ਜੰਮਣਾ ਮਰਨਾ ਮਿਟ ਜਾਂਦਾ ਹੈ।

ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ॥

ਉਹ ਆਪ ਤ੍ਰਦਾ ਹੈ, ਸੰਗੀਆਂ ਨੂੰ ਤਾਰਦਾ ਹੈ ਅਤੇ ਸਾਰੇ ਪ੍ਰਵਾਰ ਨੂੰ ਭੀ ਤਾਰ ਲੈਂਦਾ ਹੈ।

ਜਨੁ ਨਾਨਕੁ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ॥੧੫॥੧॥ਸੁਧੁ॥

ਗੁਰੂ ਜੀ ਕਥਨ ਕਰਦੇ ਹਨ—ਜੋ ਮੇਰੇ ਹਰੀ ਪ੍ਰਭੂ ਨੂੰ ਭਾਉਂਦਾ ਹੈ ਮੈਂ ਉਸ ਤੋਂ ਬਲਿਹਾਰੇ ਜਾਂਦਾ ਹਾਂ॥ ੧੫॥ ੧॥

ਸੁਧੁ:-ਇਹ ਬਾਈਵੀਂ ਵਾਰ ਹੈ ਗੁਰੂ ਸਾਹਿਬਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰੀ ਹੈ ਇਸ ਕਰਕੇ ਸੁੱਧ ਹੈ ਏਹ ਬਾਣੀ ਕਿਸੇ ਮਨੁੱਖ ਨੇ ਨਹੀਂ ਉਚਾਰੀ ਸਾਹਿਬਾਂ ਨੇ ਸਾਰੀ ਬਾਣੀ ਆਪ ਉਚਾਰੀ ਹੈ ਇਸ ਲਈ ਇਸ ਨੂੰ ਸੁਧ ਸਮਝਣਾ ਤੇ ਗੁਰਬਾਣੀ ਦੀ ਅਦਲਾ ਬਦਲੀ ਕਰਨ ਦਾ ਕਿਸੇ ਨੂੰ ਹੱਕ ਨਹੀਂ ਹੈ। ਕਿਉਂਕਿ ਏਹ ਰੱਬੀ ਬਾਣੀ ਹੈ।

ਯਥਾ:- ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ॥

ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ
੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ:— ਇਕ ਪ੍ਰੇਮੀ ਭਗਤ ਨੇ ਆ ਕੇ ਨਾਮਦੇਵ ਜੀ ਤੋਂ ਪੁਛਿਆ ਉਹ ਪ੍ਰਭੂ ਸਾਰੇ ਕਿਸ ਤਰ੍ਹਾਂ ਵਿਆਪਕ ਹੈ ?

ਏਹ ਗਲ ਸੁਣ ਕੇ ਨਾਮਦੇਵ ਜੀ ਨੇ ਆਖਿਆ-

ਐਸੋ ਰਾਮ ਰਾਇ ਅੰਤਰਜਾਮੀ॥

ਸਾਰਿਆਂ ਦੇ ਘਟ ਘਟ ਦੀ ਜਾਨਣ ਵਾਲਾ ਅੰਤਰਜਾਮੀ ਰਾਮ ਸਭਨਾਂ ਵਿਚ ਇਸ ਤਰ੍ਹਾਂ ਵਿਆਪਕ ਹੈ।

ਜੈਸੇ ਦਰਪਨ ਮਾਹਿ ਬਦਨ ਪਰਵਾਨੀ॥੧॥ਰਹਾਉ॥

ਜਿਸ ਤਰ੍ਹਾਂ ਦਰਪਨ=ਸ਼ੀਸ਼ੇ ਵਿਚ ਮਨੁੱਖ ਦਾ ਬਦਨ=ਸਰੀਰ। ਵਾ:-ਬਦਨ=ਮੂੰਹ ਦਾ ਪ੍ਰਤਿਬਿੰਬ ਪ੍ਰਮਾਣੀਕ ਵਿਆਪਕ ਹੈ। *ਅਥਵਾ:*-ਜਿਵੇਂ ਇਹ ਗੱਲ ਪਰਵਾਨੀ=ਨਿਸਚੇ ਨਾਲ ਮੰਨੀ ਜਾਂਦੀ ਹੈ, ਕਿ ਪ੍ਰਤਿਬਿੰਬ ਬਿਨਾਂ ਦਰਪਨ ਨਹੀਂ ਰਹਿੰਦਾ, ਤਿਵੇਂ ਜੀਵ ਸਾਖੀ ਤੋਂ ਬਗੈਰ ਨਹੀਂ ਰਹਿ ਸਕਦਾ॥ ੧॥ ਰਹਾਉ॥

ਯਥਾ:- ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕੋ ਕਹਤ ਗੁਸਾਈ॥
ਸੋ ਤੁਮਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥ ੩॥ *(ਪੰਨਾ ੬੩੨)*

ਤਥਾ:- ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧॥ (ਪੰਨਾ ੬੮੪)

ਬਸੈ ਘਟਾ ਘਟ ਲੀਪ ਨ ਛੀਪੈ॥

ਭਾਵੇਂ, ਉਹ ਪ੍ਰਭੂ ਸਾਰਿਆਂ ਘਟਾ ਘਟ=ਸਰੀਰਾਂ ਸਰੀਰਾਂ ਵਿਚ ਵਸ ਰਿਹਾ ਹੈ, ਫਿਰ ਭੀ ਉਸ ਨੂੰ ਮਾਇਆ ਰੂਪ ਛਾਪੇ ਦਾ ਕੋਈ ਲੇਪ ਨਹੀਂ ਹੈ।

ਯਥਾ:- ਗੁਰਹਿ ਦਿਖਾਇਓ ਲੋਇਨਾ॥ ੧॥ ਰਹਾਉ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ, ਤੂੰਹੀ ਤੂੰਹੀ ਮੋਹਿਨਾ॥ ੧॥ (ਪੰਨਾ ੪੦੭)

ਤਥਾ:- ਪੂਰਨ ਪੂਰ ਰਹਿਓ ਸ੍ਰਬ ਥਾਈ ਆਨ ਨ ਕਤਹੂੰ ਜਾਤਾ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ ਰਵਿਓ ਰੰਗਿ ਰਾਤਾ॥ ੩॥ (ਪੰਨਾ ੪੯੬)

ਤਥਾ:- ਸਮਰਥ ਅਥਾਹ ਬਡਾ ਪ੍ਰਭ ਮੇਰਾ॥ ਘਟ ਘਟ ਅੰਤਰਿ ਸਾਹਿਬੁ ਨੇਰਾ॥ (ਪੰਨਾ ੫੩੫)

ਬੰਧਨ ਮੁਕਤਾ ਜਾਤੁ ਨ ਦੀਸੈ॥ ੧॥

ਉਹ ਪ੍ਰਭੂ ਬੰਧਨਾਂ ਤੋਂ ਮੁਕਤਾ=ਛੁੱਟਿਆ ਹੋਇਆ ਹੈ ਉਸ ਦੀ ਕੋਈ ਜਾਤਿ ਪਾਤ ਨਿਗਾਹ ਨਹੀਂ ਆਉਂਦੀ।

ਯਥਾ:- ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥

*ਅਥਵਾ:-*ਉਹ ਪ੍ਰਭੂ ਕਿਧਰੇ ਆਉਂਦਾ ਜਾਂਦਾ ਨਿਗਾਹ ਨਹੀਂ ਆਉਂਦਾ।

ਯਥਾ:- ਮਲੈ ਨ ਲਾਛੈ ਪਾਰਮਲੋ ਪਰਮਲੀਓ ਬੈਠੋ ਰੀ ਆਈ ॥
ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ॥ (ਪੰਨਾ ੫੨੫)

ਪਾਨੀ ਮਾਹਿ ਦੇਖੁ ਮੁਖੁ ਜੈਸਾ॥ ਨਾਮੇ ਕੋ ਸੁਆਮੀ ਬੀਠਲੁ ਐਸਾ॥ ੨॥ ੧॥

ਜਿਸ ਤਰ੍ਹਾਂ ਪਾਣੀ ਵਿਚ ਮੂੰਹ ਦਾ ਪ੍ਰਤਿਬਿੰਬ ਹਿਲਦਾ ਨਜ਼ਰ ਆਉਂਦਾ ਹੈ। ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਮੂੰਹ ਨਹੀਂ ਹਿਲਦਾ, ਪਾਣੀ ਦੇ ਸਬੰਧ ਕਰਕੇ ਭਰਮ ਸੇ ਪ੍ਰਤੀਤ ਹੁੰਦਾ ਹੈ॥ ੨॥ ੧॥

ਨਾਮਦੇਵ ਜੀ ਕਥਨ ਕਰਦੇ ਹਨ—ਏਸੇ ਤਰ੍ਹਾਂ ਮੇਰਾ ਬੀਠਲ ਸੁਆਮੀ ਹੈ ਉਹ ਸੰਸਾਰ ਦੀ ਬੀਠਲ= ਉਤਪਤੀ, ਪਾਲਨਾ, ਲੈਤਾ ਆਦਿਕ ਵਿਹਾਰ ਕਰਦਾ ਹੋਇਆ ਅਸੰਗ ਹੈ ਉਸ ਨੂੰ ਕਿਸੇ ਕਿਸਮ ਦਾ ਕੋਈ ਲੇਪ ਨਹੀਂ ਹੈ।

ਕਾਨੜਾ ਰਾਗ ਸੰਪੂਰਨ

[ਪੰਨਾ ੧੩੧੯]

*ਰਾਗੁ ਕਲਿਆਨ ਮਹਲਾ ੪

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਹ ਪ੍ਰਭੂ ਦਾ ਵੱਡਾ ਮੰਗਲ ਉਚਾਰ ਕੇ ਅਗੋਂ ਕਲਿਆਣ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਬਾਣੀ ਉਚਾਰ ਕੇ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ—

ਰਾਮਾ ਰਮ ਰਾਮੈ ਅੰਤੁ ਨ ਪਾਇਆ ॥

ਹੇ ਰਮਨ ਕਰਨੇ ਜੋਗ ਰਾਮ ! ਆਪ ਜੀ ਦੇ ਰਾਮ ਨਾਮ ਨੂੰ ਬਹੁਤਿਆਂ ਨੇ ਉਚਾਰਿਆਂ ਹੈ, ਪਰ ਕਿਸੀ ਨੇ ਆਪ ਜੀ ਦਾ ਅੰਤ ਨਹੀਂ ਪਾਇਆ।

ਹਮ ਬਾਰਿਕ ਪ੍ਰਤਿਪਾਰੇ ਤੁਮਰੇ
ਤੂ ਬਡ ਪੁਰਖੁ ਪਿਤਾ ਮੇਰਾ ਮਾਇਆ ॥ ੧ ॥ ਰਹਾਉ ॥

ਅਸੀਂ ਆਪ ਜੀ ਦੇ ਪਾਲੇ ਹੋਏ ਬੱਚੇ ਹਾਂ, ਤੂੰ ਸਾਰਿਆਂ ਤੋਂ ਵੱਡਾ ਪੁਰਖ ਹੈਂ ਅਤੇ ਮੇਰਾ=ਸਾਡਾ ਮਾਤਾ ਪਿਤਾ ਰੂਪ ਹੈਂ॥ ੧ ॥ ਰਹਾਉ ॥

ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥

ਹੇ ਅਗਮ ਰੂਪ ਹਰੀ ! ਆਪ ਜੀ ਦੇ ਨਾਮ ਅਸੰਖ=ਅਨਗਿਣਤ ਹਨ, ਹੇ ਹਰੀ ਰਾਜਾ ਤੂੰ ਪਿਛੇ ਅਗਮ ਸੀ, ਹੁਣ ਅਗਮ ਹੈਂ, ਅੱਗੇ ਭੀ ਅਗਮ ਹੋਵੇਂਗਾ।

ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧ ॥

ਗੁਣੀਆਂ ਗਿਆਨੀਆਂ ਨੇ ਮਿਲ ਕੇ ਬਹੁਤ ਹੀ ਸੁਰਤਿ=ਵਿਚਾਰ ਕੀਤੀ ਹੈ।

ਵਾ:-ਸੁਰਤ ਜੋੜਨਾ ਕੀਤੀ ਹੈ, ਪਰ ਇਕ ਤਿਲ ਜਿੰਨਾ ਭੀ ਕਿਸੀ ਨੇ ਕੀਮਤਿ=ਅੰਤ ਨਹੀਂ ਪਾਇਆ ॥ ੧ ॥

ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥

ਹੇ ਗੋਬਿੰਦ ! ਮਨ ਕਰਕੇ ਅਸੀਂ ਸਦਾ ਤੇਰੇ ਗੁਣ ਗਾਉਂਦੇ ਹਾਂ, ਹੇ ਗੋਬਿੰਦ ! ਬਾਣੀ ਦੁਆਰਾ ਅਸੀਂ ਸਦਾ ਤੇਰੇ ਗੁਣ ਗਾਉਂਦੇ ਹਾਂ, ਹੇ ਗੋਬਿੰਦ ! ਸਰੀਰ ਕਰਕੇ ਅਸੀਂ ਸਦਾ ਤੇਰੇ ਗੁਣ ਗਾਉਂਦੇ ਹਾਂ, ਪਰ ਤੇਰੇ ਗੁਣਾਂ ਦਾ

---

*ਕਲਿਆਣ ਇਹ ਠਾਟ ਦੀ ਓੜਵ ਸੰਪੂਰਣ ਰਾਗਣੀ ਹੈ। ਇਸ ਰਾਗ ਦੇ ਕਈ ਭੇਦ ਹਨ, ਇਸ ਥਾਂ ਇਸ ਦਾ ਸ਼ੁਧ ਸਰੂਪ ਹੈ, ਆਰੋਹੀ ਵਿਚ ਮੱਧਮ ਤੇ ਨਿਸ਼ਾਦ ਵਰਜਿਤ ਹਨ ਗਾਂਧਾਰ ਵਾਦੀ ਹੈ ਅਤੇ ਧੈਵਤ ਸੰਬਾਦੀ ਹੈ ਮੱਧਮ ਤੀਬਰ ਹੈ ਬਾਕੀ ਦੇ ਸਾਰੇ ਸੁਰ ਸ਼ੁਧ ਹਨ ਗਾਉਣ ਦਾ ਵੇਲਾ ਰਾਤ ਦਾ ਪਹਿਲਾ ਪਹਿਰ ਹੈ।

ਆਰੋਹੀ-ਸ ਰੇ ਗ ਪ ਧ ਸ

ਅਵਰੋਹੀ:-ਸ ਨ ਧ ਪ ਮਾ ਗ ਰ ਸ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਲਿਆਨ ਦਾ ਉਨਤ੍ਰੀਵਾਂ ਨੰਬਰ ਹੈ।

ਅੰਤ ਸਾਥੋਂ ਨਹੀਂ ਪਾਇਆ ਜਾਂਦਾ।

ਅਥਵਾ:-ਹੇ ਗੋਬਿੰਦ=ਵੇਦਾਂ ਕਰਕੇ ਜਾਨਣੇ ਜੋਗ ਗੋਬਿੰਦ ਪਰਮਾਤਮਾ ਅਸੀਂ ਸਦਾ ਤੇਰੇ ਗੁਣਾਂ ਨੂੰ ਗਾਂਵਦੇ ਹਾਂ, ਪਰ ਹੇ ਗੋਬਿੰਦ ! ਤੇਰੇ ਗੁਣਾਂ ਦਾ ਅੰਤ ਨਹੀਂ ਪਾਇਆ ਜਾਂਦਾ।

ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥੨॥

ਹੇ ਅਪਰੰਪਰ ਸੁਆਮੀ ! ਤੂੰ ਅਮਿਤਿ=ਮਰਯਾਦਾ (ਹਦ) ਤੋਂ ਰਹਿਤ ਹੈਂ, ਅਤੋਲੁ=ਤੋਲਨ ਤੋਂ ਰਹਿਤ ਹੈਂ,

ਵਾ:-ਵਿਚਾਰ ਤੋਂ ਰਹਿਤ ਹੈਂ, ਜਪਦੇ ਬਹੁਤ ਸਾਰੇ ਹਨ, ਪਰ ਉਹਨਾਂ ਨੇ ਭੀ ਤੇਰਾ ਥਾਹ=ਅੰਤ ਨਹੀਂ ਪਾਇਆ। ਵਾ:-ਬਹੁਤ ਸਾਰੇ ਜਪੀਆਂ ਨੇ ਭੀ ਤੇਰਾ ਅੰਤ ਨਹੀਂ ਪਾਇਆ ॥ ੨ ॥

ਉਸਤਤਿ ਕਰਹਿ ਤੁਮਰੀ ਜਨ ਮਾਧੌ ਗੁਨ ਗਾਵਹਿ ਹਰਿ ਰਾਇਆ ॥

ਹੇ ਮਾਧੌ=ਮਾਇਆ ਪਤੀ ਪਰਮਾਤਮਾ ! ਸੰਤ ਜਨ ਆਪ ਜੀ ਦੀ ਉਸਤਤੀ ਕਰਦੇ ਹਨ ਅਤੇ ਸੰਤ ਜਨ ਹੇ ਹਰੀ ਰਾਜੇ ! ਆਪ ਜੀ ਦੇ ਗੁਣ ਗਾਉਂਦੇ ਹਨ। ਪਰ ਅੰਤ ਨਹੀਂ ਪਾ ਸਕਦੇ।

ਤੁਮ੍ ਜਲਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ ॥ ੩ ॥

ਆਪ ਜਲਨਿਧਿ=ਸਮੁੰਦਰ ਰੂਪ ਹੋ, ਅਸੀਂ ਆਪ ਜੀ ਵਿਚ ਰਹਿਣ ਵਾਲੇ ਮੀਨੇ=ਮੱਛ ਹਾਂ, ਸਾਥੋਂ ਕਿਸੇ ਤਰ੍ਹਾਂ ਭੀ ਆਪ ਜੀ ਦਾ ਅੰਤ ਨਹੀਂ ਪਾਇਆ ਜਾਂਦਾ॥ ੩ ॥

ਜਨ ਕਉ ਕ੍ਰਿਪਾ ਕਰਹੁ ਮਧਸੂਦਨ ਹਰਿ ਦੇਵਹੁ ਨਾਮੁ ਜਪਾਇਆ ॥

ਹੇ ਮਧਸੂਦਨ ਪਰਮਾਤਮਾ ! ਮੈਂ ਸੇਵਕ ਜਨ ਉਤੇ ਕ੍ਰਿਪਾ ਦ੍ਰਿਸ਼ਟੀ ਕਰੋ, ਮੈਨੂੰ ਹਰੀ ਨਾਮ ਦਾ ਜਪਣਾ ਜਪਾਣਾ ਦਿਓ।

ਮੈ ਮੂਰਖ ਅੰਧੁਲੇ ਨਾਮੁ ਟੇਕ ਹੈ ਜਨ ਨਾਨਕ ਗੁਰਮੁਖਿ ਪਾਇਆ ॥ ੪ ॥ ੧ ॥

ਗੁਰੂ ਜੀ ਨਿਮ੍ਰਤਾ ਸਹਿਤ ਬੇਨਤੀ ਕਰਦੇ ਹਨ—ਮੈਂ ਮੂਰਖ ਅੰਨ੍ਹੇ ਨੂੰ ਤੇਰੇ ਨਾਮ ਦੀ ਟੇਕ=ਓਟ ਹੈ, ਦਾਸ ਨੇ ਮੁਖੀਗੁਰਾਂ ਦੁਆਰੇ ਨਾਮ ਪਾਇਆ ਹੈ॥ ੪ ॥ ੧ ॥

ਕਲਿਆਨੁ ਮਹਲਾ ੪ ॥

ਹਰਿ ਜਨੁ ਗੁਨ ਗਾਵਤ ਹਸਿਆ ॥

ਹਰੀ ਦਾ ਸੇਵਕ ਜਨ ਪਰਮੇਸ਼ਰ ਦੇ ਗੁਣ ਗਾਉਂਦਾ ਹੋਇਆ ਹਸਿਆ=ਪ੍ਰਸੰਨ ਰਹਿੰਦਾ ਹੈ।

ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ
ਧੁਰਿ ਮਸਤਕਿ ਪ੍ਰਭਿ ਲਿਖਿਆ ॥ ੧ ॥ ਰਹਾਉ ॥

ਗੁਰਾਂ ਦੀ ਸਿੱਖਿਆ ਦੁਆਰੇ ਹਰਿ ਹਰਿ ਨਾਮ ਦੇ ਸਿਮਰਨ ਕਰਨੇ ਰੂਪ ਭਗਤੀ ਮਤਿ=ਬੁੱਧੀ ਵਿਚ ਹਰ ਵੇਲੇ ਬਣੀ ਰਹਿੰਦੀ ਹੈ, ਜਦ ਕਿ ਪ੍ਰਭੂ ਨੇ ਧੁਰ ਤੋਂ ਹੀ ਮੱਥੇ 'ਪਰ ਚੰਗਾ ਲੇਖ ਲਿਖਿਆ ਹੋਇਆ ਹੈ॥ ੧ ॥ ਰਹਾਉ ॥

ਗੁਰ ਕੇ ਪਗ ਸਿਮਰਉ ਦਿਨੁ ਰਾਤੀ ਮਨਿ ਹਰਿ ਹਰਿ ਹਰਿ ਬਸਿਆ ॥

ਉਹਨਾਂ ਗੁਰਾਂ ਦੇ ਚਰਨਾਂ ਨੂੰ ਦਿਨ ਰਾਤ ਸਿਮਰਨਾ ਕਰੋ, ਜਿਨ੍ਹਾਂ ਗੁਰਾਂ ਦੇ ਮਨ, ਬਾਣੀ, ਸਰੀਰ ਵਿਚ ਹਰਿ ਹਰਿ ਨਾਮ ਵਸਿਆ ਰਹਿੰਦਾ ਹੈ।

ਹਰਿ ਹਰਿ ਹਰਿ ਕੀਰਤਿ ਜਗਿ ਸਾਰੀ ਘਸਿ ਚੰਦਨੁ ਜਸੁ ਘਸਿਆ ॥ ੧ ॥

ਮਨ ਕਰਕੇ ਹਰੀ ਦੀ ਕੀਰਤੀ ਕਰਨੀ, ਬਾਣੀ ਦੁਆਰਾ ਹਰੀ ਦੀ ਕੀਰਤੀ ਕਰਨੀ, ਤਨ ਕਰਕੇ ਹਰੀ ਦੀ ਕੀਰਤੀ ਕਰਨੀ ਹੀ ਜਗਤ ਵਿਚ ਸਾਰੀ=ਸਰੇਸ਼ਟ ਹੈ। ਜੇਹੜਾ ਪ੍ਰਭੂ ਦੇ ਜਸ ਨੂੰ ਘਸਿਆ=ਉਚਾਰਿਆ ਹੈ ਏਹੋ ਚੰਦਨ ਘਸਾ ਕੇ ਲਗਾਇਆ ਹੈ।

ਅਥਵਾ:-ਹਰੀ ਦੀ ਕੀਰਤੀ ਹਰਿ=ਚੰਦ੍ਰਮਾਂ ਦੀ ਹਰਿ=ਚਾਂਦਨੀ ਨਾਲੋਂ ਭੀ ਸਰੇਸ਼ਟ ਹੈ, ਇਸ ਜਸ ਰੂਪ ਚੰਦਨ ਨੂੰ ਜੀਭ ਰੂਪ ਘਸਵਟੀ ਤੇ ਘਸਿਆ ਹੈ, ਅਰਥਾਤ ਜੀਭ ਨਾਲ ਮੁੜ ਮੁੜ ਕੇ ਜਸ ਉਚਾਰਿਆ ਹੈ॥ ੧ ॥

ਹਰਿ ਜਨੁ ਹਰਿ ਹਰਿ ਹਰਿ ਲਿਵ ਲਾਈ ਸਭਿ ਸਾਕਤ ਖੋਜਿ ਪਇਆ ॥

ਹਰੀ ਦੇ ਸੰਤ ਜਨ ਹਰੀ ਦੇ ਹਰਿ ਹਰਿ ਨਾਮ ਵਿਚ ਲਿਵ ਲਗਾਈ ਰਹਿੰਦੇ ਹਨ ਅਤੇ ਸਾਰੇ ਸਾਕਤ= ਦੁਸ਼ਟ ਪੁਰਸ਼ ਦੁੱਖ ਦੇਣ ਵਾਸਤੇ ਉਹਨਾਂ ਸੰਤਾਂ ਦੇ ਪਿਛੇ ਪਏ ਰਹਿੰਦੇ ਹਨ।

ਜਿਉ ਕਿਰਤ ਸੰਜੋਗਿ ਚਲਿਓ
ਨਰ ਨਿੰਦਕੁ ਪਗੁ ਨਾਗਨਿ ਛੁਹਿ ਜਲਿਆ ॥ ੨ ॥

ਭੈੜੇ ਕਿਰਤ=ਕੀਤੇ ਹੋਏ ਕਰਮਾਂ ਦੇ ਸੰਜੋਗ ਕਰਕੇ ਨਿੰਦਕ ਪੁਰਸ਼ ਜਿਉਂ ਚਲਿਓ=ਤੁਰਿਆ ਹੈ ਤਾਂ ਉਸ ਦਾ ਪਗੁ=ਪੈਰ, ਨਾਗਨਿ=ਸੱਪਨੀ ਨਾਲ ਛੁਹ ਗਿਆ ਤਾਂ ਉਸ ਦੇ ਡੰਗ ਨਾਲ ਹੀ ਨਿੰਦਕ ਸੜ ਗਿਆ। *ਵਾ:*-ਮਾਇਆ ਰੂਪ ਸੱਪਨੀ ਨਾਲ ਛੋਹਣ ਕਰਕੇ ਸੜ ਗਿਆ ॥ ੨ ॥

ਜਨ ਕੇ ਤੁਮ ਹਰਿ ਰਾਖੇ ਸੁਆਮੀ ਤੁਮ੍ ਜੁਗਿ ਜੁਗਿ ਜਨ ਰਖਿਆ ॥

ਹੇ ਹਰੀ ਸੁਆਮੀ ! ਤੁਸੀਂ ਆਪ ਹੀ ਭਗਤਾਂ ਦੇ ਰਾਖੇ ਹੋ, ਤੁਸਾਂ ਨੇ ਆਪ ਹੀ ਜੁਗਾਂ ਜੁਗਾਂ ਵਿਚ ਹੱਥ ਦੇ ਕੇ ਭਗਤ ਜਨਾਂ ਨੂੰ ਰੱਖਿਆ ਹੈ।

ਕਹਾ ਭਇਆ ਦੈਤਿ ਕਰੀ ਬਖੀਲੀ ਸਭ ਕਰਿ ਕਰਿ ਝਰਿ ਪਰਿਆ ॥ ੩ ॥

ਉਸ ਦਾ ਕੀ ਹਾਲ ਹੋਇਆ ਸੀ, ਜਿਸ ਦੈਂਤ ਨੇ ਭਗਤ ਨਾਲ ਈਰਖਾ ਕੀਤੀ ਸੀ; ਭਗਤ ਨੂੰ ਮਾਰਨ ਦੇ ਸਾਰੇ ਜਤਨ ਕਰਦਾ ਕਰਦਾ ਆਪ ਹੀ ਝੜ ਪਿਆ।

ਵਾ:-ਈਰਖਾ ਕਰਕੇ ਕਰਿ=ਹੱਥਾਂ ਤੋਂ ਝੜ ਪਿਆ॥ ੩ ॥

ਜੇਤੇ ਜੀਅ ਜੰਤ ਪ੍ਰਭਿ ਕੀਏ ਸਭਿ ਕਾਲੈ ਮੁਖਿ ਗ੍ਰਸਿਆ ॥

ਜਿੰਨੇ ਕੁ ਜੀਆ ਜੰਤ ਪ੍ਰਭੂ ਨੇ ਪੈਦਾ ਕੀਤੇ ਹੋਏ ਹਨ, ਸਭਨਾਂ ਨੂੰ ਕਾਲ ਨੇ ਆਪਣੇ ਮੂੰਹ ਵਿਚ ਗ੍ਰਸਿਆ= ਫੜਿਆ ਹੋਇਆ ਹੈ।

ਹਰਿ ਜਨ ਹਰਿ ਹਰਿ ਹਰਿ ਪ੍ਰਭਿ ਰਾਖੇ ਜਨ ਨਾਨਕ ਸਰਨਿ ਪਇਆ ॥੪ ॥੨ ॥

ਗੁਰੂ ਜੀ ਕਥਨ ਕਰਦੇ ਹਨ—ਹਰਿ ਹਰਿ ਪ੍ਰਭੂ ਨੇ ਹਰਿ ਜਨ=ਭਗਤ ਜਨਾਂ ਨੂੰ ਹਰ ਤਰ੍ਹਾਂ ਕਰਕੇ ਰੱਖਿਆ

ਹੈ। ਅਥਵਾ:-ਹਰੀ ਪ੍ਰਭੂ ਨੇ ਹਰਿ ਜਨ=ਭਗਤਾਂ ਨੂੰ ਕਾਲ ਰੂਪੀ ਹਰਿ=ਸੱਪ ਤੋਂ, ਤੇ ਹਰਿ=ਯਮ ਤੋਂ ਰੱਖ ਲਿਆ ਹੈ, ਇਸ ਲਈ ਮੈਂ ਭੀ ਹਰੀ ਦੀ ਸ਼ਰਨ ਵਿਚ ਪਿਆ ਹਾਂ॥ ੪॥ ੨॥

[ਪੰਨਾ ੧੩੨੦]

ਕਲਿਆਨ ਮਹਲਾ ੪॥

ਮੇਰੇ ਮਨ ਜਪੁ ਜਪਿ ਜਗੰਨਾਥੇ॥

ਹੇ ਜਗਤ ਦੇ ਸੁਆਮੀ ਪਰਮਾਤਮਾ ! ਮੇਰੇ ਮਨ ਨੇ ਆਪ ਦੇ ਨਾਮ ਜਪ ਨੂੰ ਜਪਿਆ ਹੈ।

ਗੁਰ ਉਪਦੇਸਿ ਹਰਿ ਨਾਮੁ ਧਿਆਇਓ
ਸਭਿ ਕਿਲਬਿਖ ਦੁਖ ਲਾਥੇ॥ ੧॥ ਰਹਾਉ॥

ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਨਾਮ ਨੂੰ ਧਿਆਇਆ ਹੈ, ਇਸ ਲਈ ਸਾਰੇ ਪਾਪ ਤੇ ਦੁੱਖ ਦੂਰ ਹੋ ਗਏ ਹਨ॥ ੧॥ ਰਹਾਉ॥

ਰਸਨਾ ਏਕ ਜਸੁ ਗਾਇ ਨ ਸਾਕੈ ਬਹੁ ਕੀਜੈ ਬਹੁ ਰਸੁਨਥੇ॥

ਮੇਰੀ ਜੀਭ ਇਕ ਹੈ, ਆਪ ਜੀ ਦੇ ਜਸ ਨੂੰ ਬਹੁਤਾ ਨਹੀਂ ਗੈਣ ਕਰ ਸਕਦੀ, ਇਸ ਲਈ ਮੇਰੀਆਂ ਬਹੁਤ ਸਾਰੀਆਂ ਜੀਭਾਂ ਕਰ ਦਿਓ। ਜਿਸ ਕਰਕੇ ਮੈਂ ਬਹੁਤਾ ਜਸ ਉਚਾਰਾਂ।

ਬਾਰ ਬਾਰ ਖਿਨੁ ਪਲ ਸਭਿ ਗਾਵਹਿ ਗੁਨ ਕਹਿ ਨ ਸਕਹਿ ਪ੍ਰਭ ਤੁਮਨਥੇ॥੧॥

ਹੇ ਪ੍ਰਭੂ ! ਸਾਰੇ ਪੁਰਸ਼ ਮੁੜ ਮੁੜ ਕੇ ਛਿਣ ਛਿਣ ਸਮੇਂ ਪਲ ਪਲ ਕਾਲ ਮੇਂ ਤੇਰੇ ਹੀ ਗੁਣ ਗਾਉਂਦੇ ਹਨ, ਪਰ ਤੁਮਨਥੇ=ਆਪ ਜੀ ਦੇ ਸਮੱਗਰ ਗੁਣਾਂ ਨੂੰ ਕਹਿ ਨਹੀਂ ਸਕਦੇ॥ ੧॥

ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ ਦਿਖਨਥੇ॥

ਹੇ ਪ੍ਰਭੂ ਸੁਆਮੀ ! ਸਾਡੀ ਬਹੁਤ ਸਾਰੀ ਪ੍ਰੀਤੀ ਆਪ ਜੀ ਨਾਲ ਲੱਗੀ ਹੈ, ਹੇ ਪ੍ਰਭੂ ! ਅਸੀਂ ਆਪ ਜੀ ਦਾ ਦਰਸ਼ਨ ਵੇਖਣਾ ਲੋਚਹ=ਚਾਹੁੰਦੇ ਹਾਂ।

ਤੁਮ ਬਡ ਦਾਤੇ ਜੀਅ ਜੀਅਨ ਕੇ ਤੁਮ ਜਾਨਹੁ ਹਮ ਬਿਰਥੇ॥ ੨॥

ਆਪ ਸਭ ਤੋਂ ਵੱਡੇ ਹੋ, ਜੀਵਾਂ ਨੂੰ ਜੀਵਨ ਪਦਵੀ ਦੇ ਦਾਤੇ ਹੋ,

ਵਾ:-ਆਪ ਜੀਆਂ ਜੀਆਂ ਦੇ ਵੱਡੇ ਦਾਤੇ ਹੋ, ਅਸਾਡੀ ਬਿਰਥੇ=ਪੀੜਾਂ ਨੂੰ ਤੁਸੀਂ ਆਪ ਹੀ ਜਾਣਦੇ ਹੋ॥ ੨॥

ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ ਕਹੁ ਤਿਨ ਕਉ ਕਿਆ ਦਿਨਥੇ॥

ਹੇ ਜਗਿਆਸੂ ! ਜੇ ਤੈਨੂੰ ਕੋਈ ਮਾਰਗਾਂ ਵਿਚੋਂ ਪ੍ਰਭੂ ਦੀ ਪ੍ਰਾਪਤੀ ਦਾ ਪੰਥੁ=ਰਸਤਾ, ਬਤਾਵੈ=ਦੱਸਣਾ ਕਰੇ, ਤਾਂ ਕਹੁ ਖਾਂ ਤੂੰ ਉਸ ਨੂੰ ਕਿਆ ਦਿਨਥੇ=ਕੀ ਦੇਵੇਂਗਾ? ਉੱਤਰ:-

ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ ਮਿਲਥੇ॥ ੩॥

ਜੇ ਮੈਨੂੰ ਕੋਈ ਪ੍ਰਭੂ ਨਾਲ ਮੇਲਣਾ ਕਰੇ, ਤਾਂ ਮੈਂ ਉਸ ਮਿਲਥੇ=ਮਿਲਾਣ ਵਾਲੇ ਨੂੰ ਸਾਰੇ ਪਦਾਰਥ ਅਰਪਾਂਗਾ,

ਤਨ ਵੀ ਅਰਪਾਂਗਾ, ਮਨ ਭੀ ਅਰਪਾਂਗਾ। ਅਥਵਾ:-ਜੋ ਪ੍ਰਭੂ ਸਾਰੇ ਮਿਲਥੇ=ਮਿਲ ਰਿਹਾ ਹੈ ਉਸ ਨਾਲ ਜੇ ਕੋਈ ਮੇਲੇਗਾ। ਵਾ:-ਅਸੀਂ ਜੋ ਮਿਲਣੇ ਵਾਲੇ ਹਾਂ ਜੇ ਸਾਨੂੰ ਕੋਈ ਪ੍ਰਭੂ ਨਾਲ ਮੇਲੇਗਾ ਤਾਂ ਤਨ ਮਨ ਆਦਿਕ ਮੈਂ ਸਭ ਕੁਝ ਅਰਪ ਦਿਆਂਗਾ, ਅਰਪਨੇ ਦਾ ਜੋ ਹੰਕਾਰ ਹੈ ਉਸ ਨੂੰ ਭੀ ਅਰਪ ਦਿਆਂਗਾ॥ ੩॥

ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ॥

ਹਰੀ ਦੇ ਗੁਣ ਬਹੁਤ ਤੋਂ ਬਹੁਤ ਹਨ। ਵਾ:-ਹਰੀ ਦੇ ਗੁਣ ਬਹੁਤ ਹਨ, ਕਹਿਣੇ ਵਾਲੇ ਭੀ ਬਹੁਤ ਹਨ, ਹਰੀ ਦੀ ਸ਼ੋਭਾ ਵੀ ਬਹੁਤ ਹੈ, ਅਸੀਂ ਤੁਛ=ਥੋੜੇ ਤੋਂ ਥੋੜਾ ਕਰ ਕਰ ਕੇ ਬਰਨਥੇ=ਕਥਨ ਕਰਦੇ ਹਾਂ।

ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ॥੪॥੩॥

ਗੁਰੂ ਜੀ ਕਥਨ ਕਰਦੇ ਹਨ—ਸਾਡੀ ਮਤਿ=ਬੁੱਧੀ ਤੇਰੇ ਵਸ ਵਿਚ ਹੈ ਮੈਂ ਸੇਵਕ ਜਨ ਦੇ ਆਪ ਹੀ ਸਮਰੱਥ ਪ੍ਰਭੂ ਹੋ॥ ੪॥ ੩॥

ਕਲਿਆਨ ਮਹਲਾ ੪॥

ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ॥

ਹੇ ਮੇਰੇ ਮਨ ! ਜਿਸ ਨੇ ਅਕਥ ਹਰੀ ਨੂੰ ਜਪਿਆ ਹੈ ਅਤੇ ਉਸ ਹਰੀ ਦੇ ਗੁਣਾਂ ਨੂੰ ਸੁਨਥਈ=ਸੁਣਿਆਂ ਹੈ। ਵਾ:-ਕੰਨਾਂ ਰੂਪ ਥਾਂ ਦੁਆਰੇ ਹਰੀ ਗੁਣਾਂ ਨੂੰ ਸੁਣਿਆਂ ਹੈ।

ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਈ॥੧॥ਰਹਾਉ॥

ਧਰਮ, ਅਰਥ, ਕਾਮ, ਮੋਖ ਆਦਿਕ ਜੋ ਭੀ ਪਦਾਰਥ ਹਨ ਉਹ ਸਾਰੇ ਹੀ ਉਸ ਪੁਰਸ਼ ਦੇ ਪਿਛੇ ਲੱਗੇ ਫਿਰਦੇ ਹਨ॥ ੧॥ ਰਹਾਉ॥

ਸੋ ਹਰਿ ਹਰਿ ਨਾਮੁ ਧਿਆਵੈ ਹਰਿ ਜਨੁ ਜਿਸੁ ਬਡਭਾਗ ਮਥਈ॥

ਉਹ ਹਰੀ ਦਾ ਸੇਵਕ ਜਨ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ, ਜਿਸ ਦੇ ਮਥਈ=ਮੱਥੇ ਦੇ ਬੜੇ ਚੰਗੇ ਭਾਗ ਹਨ।

ਜਹ ਦਰਗਹਿ ਪ੍ਰਭੁ ਲੇਖਾ ਮਾਗੈ ਤਹ ਛੁਟੈ ਨਾਮੁ ਧਿਆਇ ਥਈ॥੧॥

ਜਿਸ ਪ੍ਰਲੋਕ ਦਰਗਾਹ ਵਿਚ ਪ੍ਰਭੂ ਲੇਖਾ ਮੰਗਦਾ ਹੈ ਤਹ ਥਈ=ਤਿਸ ਜਗ੍ਹਾਂ 'ਪਰ ਨਾਮ ਧਿਆਉਣ ਵਾਲਾ ਹੀ ਛੁਟ ਜਾਂਦਾ ਹੈ॥ ੧॥

ਹਮਰੇ ਦੋਖ ਬਹੁ ਜਨਮ ਜਨਮ ਕੇ ਦੁਖੁ ਹਉਮੈ ਮੈਲੁ ਲਗਥਈ॥

ਜਨਮਾਂ ਜਨਮਾਂ ਦੇ ਸਾਡੇ ਬਹੁਤ ਸਾਰੇ ਦੋਖ=ਪਾਪ ਇਕੱਠੇ ਹੋ ਚੁਕੇ ਹਨ, ਜਿਸ ਕਰਕੇ ਦੁੱਖ ਦੇਣ ਵਾਲੀ ਹਉਮੈ ਦੀ ਮੈਲ ਲਗਥਈ=ਲੱਗ ਗਈ ਹੈ।

ਗੁਰਿ ਧਾਰਿ ਕ੍ਰਿਪਾ ਹਰਿ ਜਲਿ ਨਾਵਾਏ ਸਭ ਕਿਲਬਿਖ ਪਾਪ ਗਥਈ॥੨॥

ਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਧਾਰ ਕੇ ਹਰੀ ਨਾਮ ਜਲ ਵਿਚ ਨ੍ਹਵਾ ਦਿੱਤਾ ਹੈ, ਜਿਸ ਕਰਕੇ ਚਾਰੇ ਕਿਲਵਿਖ ਅਤੇ ਸਾਰੇ ਪਾਪ ਗਥਈ=ਮਿਟ ਗਏ ਹਨ॥ ੨॥

ਜਨ ਕੈ ਰਿਦ ਅੰਤਰਿ ਪ੍ਰਭੁ ਸੁਆਮੀ ਜਨ ਹਰਿ ਹਰਿ ਨਾਮੁ ਭਜਥਈ॥

ਜਿਸ ਪੁਰਸ਼ ਦੇ ਹਿਰਦੇ ਅੰਦਰ ਪ੍ਰਭੂ ਸੁਆਮੀ ਵਸਿਆ ਹੈ, ਉਹ ਸੇਵਕ ਜਨ ਹਰਿ ਹਰਿ ਨਾਮ ਨੂੰ ਭਜਥਈ=ਭਜਦਾ ਰਹਿੰਦਾ ਹੈ।

ਜਹ ਅੰਤੀ ਅਉਸਰੁ ਆਇ ਬਨਤੁ ਹੈ ਤਹ ਰਾਖੈ ਨਾਮੁ ਸਾਥਈ॥ ੩॥

ਜਹ=ਜਿਥੇ ਪ੍ਰਲੋਕ ਰਸਤੇ ਵਿਚ ਅੰਤ ਸਮੇਂ ਦੁੱਖ ਆ ਕੇ ਬਣਦਾ ਹੈ, ਓਥੇ ਨਾਮ ਹੀ ਸਾਥੀ ਹੋ ਕੇ ਜੀਵ ਦੀ ਰੱਖਿਆ ਕਰਦਾ ਹੈ॥ ੩॥

ਜਨ ਤੇਰਾ ਜਸੁ ਗਾਵਹਿ ਹਰਿ ਹਰਿ ਪ੍ਰਭ ਹਰਿ ਜਪਿਓ ਜਗੰਨਥਈ॥

ਹੇ ਹਰੀ ਪ੍ਰਭੂ ! ਭਗਤ ਜਨ ਤੇਰਾ ਹੀ ਜਸ ਗਾਉਂਦੇ ਹਨ ਅਤੇ ਹੇ ਜਗੰਨਥਈ=ਜਗਤ ਦੇ ਮਾਲਕ ਪਰਮਾਤਮਾ ! ਉਹਨਾਂ ਨੇ ਤੇਰੇ ਹਰਿ ਹਰਿ ਨਾਮ ਨੂੰ ਜਪਿਆ ਹੈ।

ਜਨ ਨਾਨਕ ਕੇ ਪ੍ਰਭ ਰਾਖੇ ਸੁਆਮੀ ਹਮ ਪਾਥਰ ਰਖੁ ਬੁਡਥਈ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ—ਹੇ ਸੇਵਕ ਜਨਾਂ ਦੇ ਰਾਖੇ ਪ੍ਰਭੂ ਸੁਆਮੀ ਜੀ ! ਅਸੀਂ ਡੁੱਬਦੇ ਪੱਥਰਾਂ ਨੂੰ ਭੀ ਰੱਖ ਲਵੋ॥ ੪॥ ੪॥

ਕਲਿਆਨ ਮਹਲਾ ੪॥

ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ॥

ਸਾਡੀ ਚਿਤਵਨੀ ਨੂੰ ਹਰੀ ਪ੍ਰਭੂ ਹੀ ਜਾਣਦਾ ਹੈ।

ਅਉਰੁ ਕੋਈ ਨਿੰਦ ਕਰੈ ਹਰਿ ਜਨ ਕੀ
ਪ੍ਰਭੁ ਤਾ ਕਾ ਕਹਿਆ ਇਕੁ ਤਿਲੁ ਨਹੀ ਮਾਨੈ॥ ੧॥ ਰਹਾਉ॥

ਹਰੀ ਦੇ ਭਗਤ ਜਨਾਂ ਦੀ ਜੇਹੜਾ ਭੀ ਹੋਰ ਕੋਈ ਨਿੰਦਿਆ ਕਰਦਾ ਹੈ, ਉਸ ਦਾ ਕਿਹਾ ਹੋਇਆ ਬਚਨ ਪ੍ਰਭੂ ਇਕ ਤਿਲ ਜਿੰਨਾ ਭੀ ਨਹੀਂ ਮੰਨਦਾ॥ ੧॥ ਰਹਾਉ॥

ਅਉਰ ਸਭ ਤਿਆਗਿ ਸੇਵਾ ਕਰਿ ਅਚੁਤ ਜੋ ਸਭ ਤੇ ਊਚ ਠਾਕੁਰੁ ਭਗਵਾਨੈ॥

ਅਉਰ=ਹੋਰ ਸਾਰਿਆਂ ਨੂੰ ਤਿਆਗ ਕੇ ਉਸ ਅਚੁਤ=ਅਗਿੜ ਪ੍ਰਭੂ ਦੀ ਸੇਵਾ ਕਰ, ਜੋ ਭਗਵਾਨ ਸਭ ਦਾ ਠਾਕੁਰੁ=ਸੁਆਮੀ ਅਤੇ ਸਾਰਿਆਂ ਤੋਂ ਉੱਚਾ ਹੈ।

ਹਰਿ ਸੇਵਾ ਤੇ ਕਾਲੁ ਜੋਹਿ ਨ ਸਾਕੈ ਚਰਨੀ ਆਇ ਪਵੈ ਹਰਿ ਜਾਨੈ॥ ੧॥

ਹਰੀ ਦੀ ਸੇਵਾ ਕਰਨ ਨਾਲ ਕਾਲ 'ਜੋਹਿ ਨ ਸਾਕੈ'=ਵੇਖ ਭੀ ਨਹੀਂ ਸਕਦਾ, ਸਗੋਂ ਉਸ ਨੂੰ ਹਰੀ ਸਰੂਪ ਜਾਣ ਕੇ ਉਸ ਦੀ ਚਰਨੀਂ ਆ ਕੇ ਪੈਂਦਾ ਹੈ।

ਵਾ:-ਹਰਿ ਜਾਨੈ=ਹਰੀ ਜਨਾਂ ਦੇ ਚਰਨੀਂ ਆ ਕੇ ਪੈਂਦਾ ਹੈ॥ ੧॥

ਜਾ ਕਉ ਰਾਖਿ ਲੇਇ ਮੇਰਾ ਸੁਆਮੀ ਤਾ ਕਉ ਸੁਮਤਿ ਦੇਇ ਪੈ ਕਾਨੈ॥

ਮੇਰਾ ਸੁਆਮੀ ਪਰਮਾਤਮਾ ਜਿਸ ਨੂੰ ਰੱਖ ਲੈਂਦਾ ਹੈ, ਉਸ ਨੂੰ ਪੈ ਕਾਨੈ=ਕੰਨਾਂ ਦੇ ਪਾਸ ਸੁਮੱਤੀ ਦੇਂਦਾ ਹੈ।

ਅਥਵਾ:-ਪੈ=ਬਹੁੜੋਂ ਸੰਸਾਰ ਤੋਂ ਕਾਨੈ=ਕਿਨਾਰੇ ਕਰਨ ਵਾਲੀ ਸੁਮਤਿ=ਸ਼ੁਭ ਸਿੱਖਿਆ ਦੇਂਦਾ ਹੈ।

ਤਾ ਕਉ ਕੋਈ ਅਪਰਿ ਨ ਸਾਕੈ ਜਾ ਕੀ ਭਗਤਿ ਮੇਰਾ ਪ੍ਰਭੁ ਮਾਨੈ ॥ ੨ ॥

ਉਸ ਨੂੰ ਦੁੱਖ ਦੇਣ ਲਈ ਕੋਈ ਭੀ ਉਸ ਦੇ ਪਾਸ ਅਪਰਿ=ਪਹੁੰਚ ਨਹੀਂ ਸਕਦਾ, ਜਿਸ ਦੀ ਭਗਤੀ ਨੂੰ ਮੇਰਾ ਪ੍ਰਭੂ ਮੰਨਦਾ ਹੈ॥ ੨ ॥

ਹਰਿ ਕੇ ਚੋਜ ਵਿਡਾਨ ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ ॥

ਹੇ ਗੁਰਮੁਖ ਜਨੋ ! ਹਰੀ ਦੇ 'ਵਿਡਾਨ ਚੋਜ'=ਅਸਚਰਜ ਕੌਤਕ ਵੇਖੋ, ਜੋ ਇਕ ਨਿਮਖ ਕਾਲ ਵਿਚ ਖੋਟੇ ਤੇ ਖਰੇ ਮਨੁੱਖ ਨੂੰ ਪਛਾਣ ਲੈਂਦਾ ਹੈ।

ਤਾ ਤੇ ਜਨ ਕਉ ਅਨਦੁ ਭਇਆ ਹੈ ਰਿਦ ਸੁਧ ਮਿਲੇ ਖੋਟੇ ਪਛੁਤਾਨੈ ॥ ੩ ॥

ਏਸੇ ਕਰਕੇ ਗੁਰਮੁਖ ਭਗਤ ਜਨਾਂ ਨੂੰ ਅਨੰਦ ਪ੍ਰਾਪਤ ਹੋਇਆ ਹੈ, ਉਹ ਸ਼ੁਧ ਹਿਰਦੇ ਕਰਕੇ ਪ੍ਰਭੂ ਨਾਲ ਮਿਲ ਗਏ ਹਨ ਤੇ ਖੋਟੇ ਪੁਰਸ਼ ਬੀਤ ਚੁਕੇ ਵੇਲੇ ਨੂੰ ਪਛਤਾਉਂਦੇ ਹਨ॥ ੩ ॥

ਤੁਮ ਹਰਿ ਦਾਤੇ ਸਮਰਥ ਮੁਆਮੀ
ਇਕੁ ਮਾਗਉ ਤੁਝ ਪਾਸਹੁ ਹਰਿ ਦਾਨੈ ॥

ਹੇ ਸਮਰੱਥ ਸੁਆਮੀ ! ਆਪ ਹਰਿ=ਤਮਾਮ ਜੀਵਾਂ ਦੇ ਦਾਤੇ ਹੋ,

ਵਾ:-ਹੇ ਹਰੀ ਦਾਤੇ ! ਆਪ ਸਮਰੱਥ ਸੁਆਮੀ ਹੋ, ਮੈਂ ਆਪ ਜੀ ਪਾਸੋਂ ਇਕ ਹਰੀ ਨਾਮ ਦਾਨ ਮੰਗਦਾ ਹਾਂ।

ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਦੀਜੈ
ਸਦ ਬਸਹਿ ਰਿਦੈ ਮੋਹਿ ਹਰਿ ਚਰਾਨੈ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਹੇ ਹਰੀ ! ਕ੍ਰਿਪਾ ਕਰਕੇ ਮੈਂ ਸੇਵਕ ਜਨ ਨੂੰ ਏਹ ਅਸੀਸ ਦਿਓ, ਜੋ ਕਿ ਮੇਰੇ ਹਿਰਦੇ ਵਿਚ ਹੇ ਹਰੀ ! ਆਪ ਜੀ ਦੇ ਚਰਾਨੈ=ਚਰਨਾਂ ਦਾ ਧਿਆਨ ਸਦਾ ਵਸਦਾ ਰਹੇ॥ ੪ ॥ ੫ ॥

[ਪੰਨਾ ੧੩੨੧]

ਕਲਿਆਨ ਮਹਲਾ ੪ ॥

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥

ਹੇ ਕ੍ਰਿਪਾ ਦੇ ਨਿਧਾਨ=ਖਜ਼ਾਨੇ ਹਰੀ ਪ੍ਰਭੂ ! ਸਾਡੇ 'ਤੇ ਕ੍ਰਿਪਾ ਕਰੋ, ਤਾਂ ਅਸੀਂ ਹਰ ਵੇਲੇ ਆਪ ਜੀ ਦੇ ਗੁਣ ਗਾਵਾਂਗੇ।

ਹਉ ਤੁਮਰੀ ਕਰਉ ਨਿਤ ਆਸ
ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥ ੧ ॥ ਰਹਾਉ ॥

ਹਉ=ਮੈਂ ਨਿਤਾਪ੍ਰਤੀ ਆਪ ਜੀ ਦੀ ਆਸਾ ਕਰਦਾ ਹਾਂ, ਆਪ ਮੈਨੂੰ ਆਪਣੇ ਗਲ ਨਾਲ ਕਦੋਂ ਲਗਾਓਗੇ॥ ੧ ॥ ਰਹਾਉ ॥

ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥

ਅਸੀਂ ਮੁਗਧ=ਮੂਰਖ ਤੇ ਇਆਨ=ਬੇਸਮਝ ਬਾਲਕ ਹਾਂ, ਸਾਨੂੰ ਇਹ ਨਿਸਚਾ ਹੈ ਕਿ ਹੇ ਪਿਤਾ ਜੀ ਆਪ ਜੀ ਸਾਨੂੰ ਸਮਝਾ ਲਵੋਗੇ।

ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥ ੧ ॥

ਭਾਵੇਂ ਪੁੱਤ੍ਰ ਖਿਨ ਖਿਨ ਕਾਲ ਭੁਲ ਕੇ ਕਈ ਕੰਮ ਵਿਗਾੜਨਾ ਕਰਦਾ ਹੈ ਤੋਂ ਭੀ ਜਗਤ ਵਿਚ ਪਿਓ ਨੂੰ ਪੁੱਤ੍ਰ ਹੀ ਚੰਗਾ ਲੱਗਦਾ ਹੈ। ਪੁੱਤ੍ਰ ਦੇ ਔਗੁਣ ਵੇਖਕੇ ਪਿਤਾ ਉਸ ਨੂੰ ਤਿਆਗਦਾ ਨਹੀਂ। ਇਸੇ ਤਰ੍ਹਾਂ ਹੇ ਪਿਤਾ ਰੂਪ ਪ੍ਰਭੂ ! ਜੇ ਅਸੀਂ ਸ਼ਾਸਤ੍ਰ ਦੇ ਵਿਰੁੱਧ ਭੀ ਕਰਮ ਕਰ ਬੈਠੀਏ ਤੋਂ ਭੀ ਆਪ ਸਾਨੂੰ ਤਿਆਗੋਗੇ ਨਹੀਂ ॥ ੧ ॥

ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ॥

ਹੇ ਹਰੀ ਸੁਆਮੀ ! ਜੋ ਭੀ ਪਦਾਰਥ ਤੁਸੀਂ ਦਿਓਗੇ, ਓਹੀ ਪਦਾਰਥ ਅਸੀਂ ਪਾ ਲਵਾਂਗੇ।

ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ॥ ੨ ॥

ਮੈਨੂੰ ਹੋਰ ਕੋਈ ਦੂਜੀ ਜਗ੍ਹਾਂ ਦਿੱਸਦੀ ਨਹੀਂ ਹੈ ਜਿਸ ਦੇ ਕੋਲ ਅਸੀਂ ਚਲੇ ਜਾਵਾਂਗੇ॥ ੨ ॥

ਜੋ ਹਰਿ ਭਾਵਹਿ ਭਗਤਿ ਤਿਨਾ ਹਰਿ ਭਾਵਹਿਗੇ ॥

ਹੇ ਹਰੀ ! ਜੋ ਭਗਤ ਆਪ ਜੀ ਨੂੰ ਭਾਉਂਦੇ ਹਨ, ਹੇ ਹਰੀ ! ਤੂੰ ਉਹਨਾਂ ਨੂੰ ਭਾਅ ਜਾਵੇਂਗਾ।

ਅਥਵਾ:-ਜੋ ਹਰੀ ਨੂੰ ਭਾਉਂਦੇ ਹਨ, ਉਹਨਾਂ ਨੂੰ ਹਰੀ ਦੀ ਭਗਤੀ ਭਾਅ ਜਾਵੇਗੀ।

ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥ ੩ ॥

ਉਹ ਭਗਤ ਜੋਤੀ=ਪਰਮਾਤਮਾ ਨਾਲ ਆਪਣੀ ਜੋਤਿ=ਸੁਰਤ ਮਿਲਾ ਕੇ ਜੋਤੀ ਪਰਮਾਤਮਾ ਦੇ ਵਿਚ ਹੀ ਰਲਿ ਜਾਵਹਗੇ=ਅਭੇਦ ਹੋ ਜਾਣਗੇ॥ ੩ ॥

ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ॥

ਹਰੀ ਆਪ ਹੀ ਕ੍ਰਿਪਾਲੂ ਹੋ ਕੇ ਆਪਣੇ ਵਿਚ ਬਿਰਤੀ ਲਗਾਉਣਗੇ।

ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ॥੪ ॥੬ ॥ਛਕਾ ॥੧ ॥

ਗੁਰੂ ਜੀ ਕਥਨ ਕਰਦੇ ਹਨ—ਜੇਹੜਾ ਜਨ ਹਰੀ ਦੇ ਦੁਆਰੇ ਸਤਸੰਗ ਦੀ ਸ਼ਰਨ ਵਿਚ ਆਇਆ ਹੈ, ਹਰਿ ਜੀ ਆਪ ਹੀ ਉਸ ਦੀ ਲੱਜਾ ਰੱਖਣਗੇ॥ ੪ ॥ ੬ ॥ ਛਕਾ ੧

(ਛਿਆਂ ਸ਼ਬਦਾਂ ਦਾ ਇਕ ਛੱਕਾ ਆਇਆ ਹੈ।)

ਕਲਿਆਨੁ ਭੋਪਾਲੀ ਮਹਲਾ ੪

੧ੴ ਸਤਿਗੁਰ ਪ੍ਰਸਾਦਿ ॥

ਪਾਰਬ੍ਰਹਮੁ ਪਰਮੇਸੁਰੁ ਸੁਆਮੀ ਦੂਖ ਨਿਵਾਰਣੁ ਨਾਰਾਇਣੇ ॥

ਹੇ ਪਰਾ ਰੂਪ ਬ੍ਰਹਮੁ=ਵਿਆਪਕ ਪਰਮੇਸ਼ਰ ! ਤੂੰ ਸਭ ਦਾ ਸੁਆਮੀ ਹੈਂ, ਅਤੇ—

ਹੇ ਨਾਰਾਇਣ ! ਤੂੰਹੀ ਸਾਰਿਆਂ ਦੁੱਖਾਂ ਦੇ ਨਵਿਰਤ ਕਰਨ ਵਾਲਾ ਹੈਂ।

ਸਗਲ ਭਗਤ ਜਾਚਹਿ ਸੁਖ ਸਾਗਰ
ਭਵਨਿਧਿ ਤਰਣ ਹਰਿ ਚਿੰਤਾਮਣੇ ॥ ੧ ॥ ਰਹਾਉ ॥

ਹੇ ਸੁਖਾਂ ਦੇ ਸਮੁੰਦਰ ਪ੍ਰਭੂ ! ਸਾਰੇ ਭਗਤ ਆਪ ਜੀ ਤੋਂ ਜਾਚਹਿ=ਮੰਗਦੇ ਹਨ, ਸੰਸਾਰ-ਸਮੁੰਦਰ ਤੋਂ ਤਾਰਨ ਲਈ ਆਪ ਤਰਣ=ਜਹਾਜ਼ ਰੂਪ ਹੋ ਅਤੇ ਹੇ ਹਰੀ ! ਮਨ ਬਾਂਛਤ ਫਲ ਦੇਣੇ ਨੂੰ ਆਪ ਚਿੰਤਾ ਮਣੀ ਵਾਂਗੂ ਹੋ ॥ ੧ ॥ ਰਹਾਉ ॥

ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ ॥

ਹੇ ਦੀਨ ਦਿਆਲ ! ਹੇ ਜਗਦੀਸ਼ੁਰ ! ਹੇ ਦਮੋਦਰ ! ਹੇ ਅੰਦਰ ਦੀ ਜਾਨਣ ਵਾਲੇ ਹਰੀ ! ਹੇ ਬੇਦਾਂ ਕਰਕੇ ਜਾਨਣੇ ਜੋਗ ਗੋਬਿੰਦ! ॥

ਤੇ ਨਿਰਭਉ ਜਿਨ੍ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ ॥ ੧ ॥

ਹੇ ਮੁਰਾਰੀ ! ਹੇ ਮੁਕੰਦੇ=ਮੁਕਤੀ ਦਾਤੇ ਹਰੀ ! ਹੇ ਸ੍ਰੀ ਰਾਮ ! ਜਿਨ੍ਹਾਂ ਨੇ ਗੁਰਮਤਿ=ਉਪਦੇਸ਼ ਲੈ ਕੇ ਇਸ ਤਰ੍ਹਾਂ ਦੇ ਨਾਮਾਂ ਨੂੰ ਧਿਆਉਣਾ ਕੀਤਾ ਹੈ, 'ਤੇ ਨਿਰਭਉ'=ਉਹ ਡਰ ਤੋਂ ਰਹਿਤ ਹੋਏ ਹਨ ॥ ੧ ॥

ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵਨਿਧਿ ਪਾਰਿ ਪਰੇ ॥

ਜਗਤ ਦੇ ਮਾਲਕ ਪਰਮਾਤਮਾਂ ਦੇ ਚਰਨਾਂ ਦੀ ਸ਼ਰਨ ਵਿਚ ਜੋ ਆਏ ਹਨ, ਉਹ ਪੁਰਸ਼ ਭਵਨਿਧਿ=ਸੰਸਾਰ ਸਮੁੰਦਰ ਤੋਂ ਪਾਰਿ ਪਰੇ=ਪਾਰ ਉਤਰੇ ਹਨ।

ਭਗਤ ਜਨਾ ਕੀ ਪੈਜ ਹਰਿ ਰਾਖੈ
ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ ॥ ੨ ॥ ੧ ॥ ੭ ॥

ਗੁਰੂ ਜੀ ਕਥਨ ਕਰਦੇ ਹਨ—ਹਰੀ ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣਿਆਂ ਭਗਤ ਜਨਾਂ ਦੀ ਪੈਜ= ਪਤ ਆਬਰੋ (ਇੱਜ਼ਤ) ਹਰ ਤਰ੍ਹਾਂ ਨਾਲ ਰੱਖਦਾ ਹੈ ॥ ੨ ॥ ੧ ॥ ੭ ॥

ਰਾਗੁ ਕਲਿਆਨੁ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥ ਹਮਾਰੈ ਏਹ ਕਿਰਪਾ ਕੀਜੈ ॥

ਹੇ ਪ੍ਰਭੂ ! ਸਾਡੇ ਉਪਰ ਇਹ ਕ੍ਰਿਪਾ ਕਰੋ।

ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥ ੧ ॥ ਰਹਾਉ ॥

ਆਪ ਜੀ ਦੇ ਚਰਨ ਕਮਲਾਂ ਨਾਲ ਜੋ ਪ੍ਰਤੱਖ ਮਕਰੰਦ=ਧੂੜੀ ਹੈ।

ਵਾ:-ਸ਼ਰਧਾ ਰੂਪ ਧੂੜੀ ਹੈ ਤੇ ਪਰੇਮ ਰੂਪੀ ਮਕਰੰਦ=ਰਸ ਹੈ ਅਤੇ ਭਗਤੀ ਰੂਪ ਮਕਰੰਦ=ਸੁਗੰਧੀ ਹੈ, ਉਸ ਉਤੇ ਮੇਰਾ ਮਨ ਰੂਪੀ ਅਲਿ=ਭੌਰਾ 'ਫੇਰਿ ਫੇਰਿ ਰੀਝੈ'=ਮੁੜ ਮੁੜ ਕੇ ਪ੍ਰਸੰਨ ਹੁੰਦਾ ਰਹੇ ॥ ੧ ॥ ਰਹਾਉ ॥

ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥ ੧ ॥

ਜਿਵੇਂ ਚਾਤ੍ਰਿਕ ਦਾ ਆਨ=ਹੋਰ ਜਲ ਨਾਲ ਕੋਈ ਕੁਝ ਕੰਮ ਨਹੀਂ ਹੈ, ਹਰਿ ਬੂੰਦ=ਸ੍ਵਾਂਤੀ ਜਲ ਦੀ ਬੂੰਦ ਪਪੀਹੇ

ਨੂੰ ਦੇਈਏ ਤਾਂ ਉਹ ਤ੍ਰਿਪਤ ਹੁੰਦਾ ਹੈ। ਇਸੇ ਤਰ੍ਹਾਂ ਹੋਰਨਾਂ ਪਦਾਰਥਾਂ ਰੂਪੀ ਜਲ ਨਾਲ ਕੋਈ ਕੁਝ ਕੰਮ ਨਹੀਂ ਹੈ, ਮੈਂ ਜਗਿਆਸੂ ਰੂਪ ਪਪੀਹੇ ਨੂੰ ਹਰੀ ਨਾਮ ਰੂਪ ਸ੍ਵਾਂਤੀ ਬੂੰਦ ਦੇਣਾ ਕਰੋ ਤਾਂ ਮਨ ਪ੍ਰਸੰਨ ਹੁੰਦਾ ਹੈ॥ ੧॥

ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ॥ ੨॥ ੧॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਆਪ ਜੀ ਦੇ ਮਿਲੇ ਬਿਨਾਂ ਮਨ ਨੂੰ ਸੰਤੋਖ ਨਹੀਂ ਹੁੰਦਾ, ਆਪ ਜੀ ਦਾ ਦਰਸ਼ਨ ਵੇਖ ਕੇ ਹੀ ਜੀਜੈ=ਜੀਉਂਦਾ ਹਾਂ॥ ੨॥ ੧॥

ਕਲਿਆਨ ਮਹਲਾ ੫॥

ਜਾਚਿਕੁ ਨਾਮੁ ਜਾਚੈ ਜਾਚੈ॥

ਮੈਂ ਜਾਚਿਕੁ=ਮੰਗਤਾ ਨਾਮ ਨੂੰ ਜਾਚੈ ਜਾਚੈ=ਮੰਗਦਾ ਹੀ ਮੰਗਦਾ ਹਾਂ।

ਵਾ:-ਜਾਚੈ=ਮੰਗਣੇ ਵਾਲਾ ਹੋ ਕੇ ਮੈਂ ਜਾਚਕ ਨਾਮ ਨੂੰ ਜਾਚੈ=ਮੰਗਦਾ ਹਾਂ।

ਸਰਬ ਧਾਰ ਸਰਬ ਕੇ ਨਾਇਕ ਸੁਖ ਸਮੂਹ ਕੇ ਦਾਤੇ॥ ੧॥ ਰਹਾਉ॥

ਆਪ ਸਰਬ ਦੇ ਧਾਰਨੇ ਵਾਲੇ ਹੋ। ਵਾ:-ਸਰਬ ਦਾ ਧਾਰ=ਆਸਰਾ ਰੂਪ ਹੋ, ਸਭ ਦੇ ਨਾਇਕ=ਸੁਆਮੀ ਹੋ, ਪੁਨਾ-ਆਪ ਸਮੂਹ ਸੁਖਾਂ ਦੇ ਦਾਤੇ ਹੋ॥ ੧॥ ਰਹਾਉ॥

ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ ॥ ੧॥

ਕੇਤੀ=ਕਿਤਨੀ ਹੀ ਸ੍ਰਿਸ਼ਟੀ ਕੇਤੀ=ਕਿਤਨੀਆਂ ਹੀ ਮੰਗਣੀਆਂ ਨੂੰ ਮੰਗਦੀ ਹੈ, ਪਰ ਜੋ ਭਾਵਨੀਆ= ਸ਼ਰਧਾ ਨਾਲ ਮੰਗਦੀ ਹੈ ਉਹ ਆਪ ਜੀ ਪਾਸੋਂ ਪਾ ਲੈਂਦੀ ਹੈ॥ ੧॥

ਸਫਲ ਸਫਲ ਸਫਲ ਦਰਸੁ ਰੇ ਪਰਸਿ ਪਰਸਿ ਗੁਨ ਗਾਈਐ॥

ਗੁਰਾਂ ਦਾ ਦਰਸ਼ਨ ਪਿਛੇ ਸਫਲ ਸੀ। ਹੁਣ ਭੀ ਸਫਲ ਹੈ ਅੱਗੇ ਭੀ ਸਫਲ ਹੋਵੇਗਾ। ਗੁਰੂ ਆਪ ਸਫਲ ਹਨ ਉਹਨਾਂ ਦਾ ਦਰਸ਼ਨ ਭੀ ਸਫਲ ਹੈ ਜੇ ਤੂੰ ਦਰਸ਼ਨ ਕਰੇਂਗਾ ਤਾਂ ਤੂੰ ਭੀ ਸਫਲ ਹੋ ਜਾਵੇਂਗਾ। ਹੇ ਭਾਈ ! ਗੁਰੂ ਦੇ ਚਰਨ ਪਰਸ ਪਰਸ ਕੇ। ਵਾ:-ਪਰਸਨੇ ਜੋਗ ਗੁਰਾਂ ਦੇ ਚਰਨ ਪਰਸ ਕੇ ਗੁਣ ਗਾਉਣਾ ਕਰ।

ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ॥ ੨॥ ੨॥

ਗੁਰੂ ਜੀ ਕਥਨ ਕਰਦੇ ਹਨ—ਗੁਰ ਉਪਦੇਸ਼ ਰੂਪ ਹੀਰੇ ਨਾਲ ਜਿਸ ਦਾ ਮਨ ਰੂਪ ਹੀਰਾ ਵਿੰਨਿਆਂ ਗਿਆ ਹੈ, ਉਹ ਤਤ ਰੂਪ ਹੋ ਕੇ ਤਤ ਸਿਉ=ਸਿਧਾਂਤ ਰੂਪ ਪਰਮਾਤਮਾ ਨਾਲ ਮਿਲ ਗਿਆ ਹੈ॥ ੨॥ ੨॥

[ਪੰਨਾ ੧੩੨੨]

ਕਲਿਆਨ ਮਹਲਾ ੫॥

ਮੇਰੇ ਲਾਲਨ ਕੀ ਸੋਭਾ॥ ਸਦ ਨਵਤਨ ਮਨ ਰੰਗੀ ਸੋਭਾ॥ ੧॥ ਰਹਾਉ॥

ਮੇਰੇ ਲਾਲਨ=ਪਿਆਰੇ ਪ੍ਰਭੂ ਦੀ ਜੋ ਸ਼ੋਭਾ ਹੈ। ਉਹ ਸਦਾ ਹੀ ਨਵਤਨ=ਨਵੀਨ ਹੈ, ਪੁਨਾ-ਉਹ ਸ਼ੋਭਾ ਮਨ ਨੂੰ ਰੰਗੀ=ਅਨੰਦ ਦੇਣ ਵਾਲੀ ਹੈ ॥ ੧॥ ਰਹਾਉ॥

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ॥ ੧॥

ਬ੍ਰਹਮਾ ਮਹੇਸ=ਸ਼ਿਵ, ਚੌਰਾਸੀ ਸਿਧ, ਰਿਖੀ, ਮੁਨੀ, ਇੰਦ੍ਰਾ=ਲਛਿਮੀ।

ਵਾ:-ਇੰਦ੍ਰ ਆਦਿਕ ਦੇਵਤੇ ਏਹ ਸਾਰੇ ਹੀ ਜਿਸ ਦੀ ਜਸ ਦਾਇਕ ਭਗਤੀ ਦਾ ਦਾਨ ਮੰਗਦੇ ਹਨ।

ਵਾ:-ਜਸੁੰ=ਜਿਸ ਪ੍ਰਭੂ ਤੋਂ ਭਗਤੀ ਦਾਨ ਮੰਗਦੇ ਹਨ॥ ੧॥

ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ॥

ਜੋਗ ਵਾਲੇ, ਗਿਆਨ ਵਾਲੇ, ਧਿਆਨ ਲਗਾਉਣ ਵਾਲੇ ਅਤੇ ਸ਼ੇਸ਼ਨਾਗ ਵਰਗੇ ਸਾਰੇ ਹੀ ਉਸ ਤਰੰਗੀ= ਅਨੰਦੀ ਪਰਮਾਤਮਾ ਨੂੰ ਜਪਦੇ ਹਨ। ਵਾ:-ਇਤਆਦਿਕ ਸਾਰੇ ਹੀ ਜਿਸ ਪ੍ਰਭੂ ਚੋਂ ਤਰੰਗ ਉੱਠ ਰਹੇ ਹਨ ਉਸ ਲਹਿਰਾਂ ਵਾਲੇ ਪ੍ਰਭੂ ਨੂੰ ਜਪਦੇ ਹਨ।

ਯਥਾ:-ਅਬਿਧ ਅਪਾਰ ਸਰੂਪ ਮਮ ਲਹਿਰੀ ਬਿਸ਼ਨ ਮਹੇਸ਼॥

ਵਿਧ ਰਵਿ ਚੰਦਾ ਵਰਣ ਯਮ ਸਕਤਿ ਧਨੇਸ਼ ਗਨੇਸ਼॥ *(ਵਿਚਾਰ ਸਾਗਰ)*

ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ॥ ੨॥ ੩॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਸੰਤਾਂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ, ਜੋ ਸੰਤ ਸਦੀਵ ਕਾਲ ਪ੍ਰਭੂ ਦੇ ਸਾਥੀ ਹਨ॥ ੨॥ ੩॥

ਕਲਿਆਨ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ॥ ਤੇਰੈ ਮਾਨਿ ਹਰਿ ਹਰਿ ਮਾਨਿ॥

ਹੇ ਪੁਰਸ਼ਾ ! ਹਰਿ ਹਰਿ ਦੇ ਮਾਨਿ=ਮਨਨ ਕਰਨ ਨਾਲ ਤੇਰੇ ਤਾਈਂ ਮਾਨ ਪ੍ਰਾਪਤ ਹੋਵੇਗਾ।

ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ ॥ ੧॥ ਰਹਾਉ॥

ਹੇ ਪ੍ਰਾਣੀ ! ਨੈਨ=ਅੱਖਾਂ ਨਾਲ ਦਰਸ਼ਨ ਕਰ, ਬੈਨ=ਬਚਨਾਂ ਨਾਲ ਸਿਮਰਨ ਕਰ, ਸ੍ਰਵਨ=ਕੰਨਾਂ ਨਾਲ ਜਸ ਸੁਨਣਾ ਕਰ, ਤਾਂ ਤੇਰੇ ਅੰਗਾਂ ਅੰਗਾਂ ਵਿਚ ਸੁਖ ਹੋਵੇਗਾ। ਵਾ:-ਹੇ ਅੰਗੇ=ਪਿਆਰੇ ਅੰਗ=ਸਰੂਪ ਦੀ ਪ੍ਰਾਪਤੀ ਹੋਣ ਕਰਕੇ ਤੈਨੂੰ ਸੁਖ ਹੋਵੇਗਾ। ਵਾ:-ਪਰਮਾਤਮਾ ਨਾਲ ਅੰਗੇ=ਮਿਲਾਉਣ ਕਰਕੇ ਤੇਰੇ ਅੰਗ=ਹਿਰਦੇ 'ਤੇ ਪ੍ਰਾਣਾਂ ਨੂੰ ਸੁਖ ਹੋਵੇਗਾ॥ ੧॥ ਰਹਾਉ॥

ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ॥ ੧॥

ਇਧਰ ਉਧਰ ਦਸੋ ਦਿਸ਼ਾਂ ਵਿਚ, ਮੇਰ=ਸੁਮੇਰ ਪਰਬਤ ਤੇ ਤਿਨਹਿ=ਕੱਖਾਂ ਵਿਚ ਇਕ ਸਮਾਨ ਰਵਿਓ= ਪੂਰਨ ਹੈ। ਵਾ:-ਸੁਮੇਰ ਵਾਂਗੂ ਹਾਥੀ ਆਦਿਕਾਂ ਵਿਚ ਤਿਨਹਿ=ਕੱਖਾਂ ਵਾਂਗੂ ਕੀੜੀ ਆਦਿਕਾਂ ਵਿਚ ਇਕ ਸਾਰ ਪੂਰਨ ਹੈ॥ ੧॥

ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ॥

ਜਿਥੇ ਕਿਥੇ ਵੇਖਦੇ ਹਾਂ ਓਥੇ ਹੀ ਹਰੀ ਪਰਧਾਨ ਪੁਰਖ ਸਾਰਿਆਂ ਦਾ ਪਤਿ=ਸੁਆਮੀ ਪੂਰਨ ਹੈ।

ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ॥ ੨॥ ੧॥ ੪॥

ਕਥੇ ਨਾਨਕ=ਗੁਰੂ ਜੀ ਕਥਨ ਕਰਦੇ ਹਨ—ਸੰਤਾਂ ਦੀ ਸਤਸੰਗਤ ਕਰਨ ਨਾਲ ਬ੍ਰਹਮ ਗਿਆਨ ਦੁਆਰਾ

ਪੰਜ ਪ੍ਰਕਾਰ ਦਾ ਭਰਮ ਅਤੇ ਜਮਾਂ ਦਾ ਭੈ=ਡਰ ਮਿਟ ਜਾਂਦਾ ਹੈ॥ ੨॥ ੧॥ ੪॥

ਇਸ ਸ਼ਬਦ ਵਿਚ ਮੁਨੀਜਨਾਂ ਦਾ ਕਰਤੱਬ ਦੱਸਦੇ ਹਨ, ਆਪਣੀਂ ਸੰਤ ਮੰਡਲੀ ਵਿਚ ਮਿਲ ਕੇ ਮੁਨੀ ਜਨਃ-

ਕਲਿਆਨ ਮਹਲਾ ੫॥

ਗੁਨ ਨਾਦ ਧੁਨਿ ਅਨੰਦ ਬੇਦ॥

ਅਨੰਦ ਦਾਇਕ ਵੇਦ ਧੁਨੀ ਸਹਿਤ ਗੁਣਾਂ ਨੂੰ ਨਾਦ=ਉਚਾਰਦੇ ਹਨ। ਪੁਨਾ-

ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ॥ ੧॥ ਰਹਾਉ॥

ਮੁਨੀ ਜਨ ਸੰਤ ਮੰਡਲੀ ਵਿਚ ਮਿਲ ਕੇ ਗੁਣਾਂ ਨੂੰ ਕਥਨ ਕਰਦੇ ਹਨ ਤੇ ਕੰਨ ਲੱਗਾ ਕੇ ਪ੍ਰਭੂ ਦੇ ਜਸ ਨੂੰ ਸੁਣਦੇ ਹਨ॥ ੧॥ ਰਹਾਉ॥

ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ
ਨਾਮੁ ਜਪਤ ਤਹ ਪਾਪ ਖੰਡਲੀ॥ ੧॥

ਸੰਤ ਮੰਡਲੀ ਵਿਚ ਕੋਈ ਗਿਆਨ ਕਥਨ ਕਰਦਾ ਹੈ, ਕੋਈ ਧਿਆਨ ਲੱਗਾ ਕੇ ਸਮਾਧੀ ਵਿਚ ਜੁੜ ਬੈਠਦਾ ਹੈ, ਕੋਈ ਮਾਨ=ਮਨਨ ਕਰਦਾ ਹੈ, ਕੋਈ ਦਾਨ ਦੇ ਰਿਹਾ ਹੈ, ਵਾ:-ਪ੍ਰਭੂ ਨੂੰ ਦਾਨ=ਜਣਾ ਰਿਹਾ ਹੈ, ਕੋਈ ਮਨ ਤੇ ਰਸਨਾ ਨੂੰ ਰਸਿਕ=ਤਦਾਕਾਰ ਕਰਕੇ ਨਾਮ ਜਪਦਾ ਹੈ, ਐਹੋ ਜੇਹੇ ਤਿਸ ਸਤਸੰਗ ਵਿਚ ਪਾਪੀਆਂ ਦੇ ਪਾਪ ਖੰਡੇ ਜਾਂਦੇ ਹਨ॥ ੧॥

ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ॥

ਭਗਤੀ ਜੋਗ ਵਿਚ ਜੁਗਤਿ=ਜੁੜ ਕੇ ਜੋ ਗਿਆਨ ਰੂਪ ਭੁਗਤ ਨੂੰ ਛਕਦੇ ਹਨ, ਗੁਰ ਸ਼ਬਦ ਵਿਚ ਸੁਰਤ ਜੋੜ ਕੇ ਤਤ ਬੇਤੇ=ਸਿਧਾਂਤ ਦੇ ਜਾਨਣ ਵਾਲੇ ਹੋਏ ਹਨ ਤੇ ਅਖੰਡਲੀ=ਇਕ ਰਸ ਜਪ ਤਪ ਕਰਦੇ ਹਨ।

ਵਾ:-ਇਕ ਰਸ ਜਪ ਤਪ ਕਰਕੇ ਸੁਰੜੀਆਂ ਕਰਕੇ ਪ੍ਰਤਿਪਾਦਕ ਜੋ ਸਬਦ=ਬ੍ਰਹਮ ਹੈ ਉਸ ਤਤ=ਸਿਧਾਂਤ ਰੂਪ ਪ੍ਰਭੂ ਦੇ ਬੇਤੇ=ਜਾਨਣ ਵਾਲੇ ਹੋਏ ਹਨ।

ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥੨॥੨॥੫॥

ਗੁਰੂ ਜੀ ਕਥਨ ਕਰਦੇ ਹਨ—ਉਹ ਓਤਿ ਪੋਤਿ=ਤਾਣੇ ਪੇਟੇ ਵਾਂਗੂ ਜੋਤੀ ਪਰਮਾਤਮਾ ਨਾਲ ਮਿਲ ਗਏ ਹਨ, ਉਹਨਾਂ ਨੂੰ ਨਾ ਕੁਝ ਦੁੱਖ ਤੇ ਨਾ ਹੀ ਜਮਾਂ ਦਾ ਡੰਡਲੀ=ਡੰਨ ਹੁੰਦਾ ਹੈ॥ ੨॥ ੨॥ ੫॥

ਕਲਿਆਨੁ ਮਹਲਾ ੫॥

ਕਉਨੁ ਬਿਧਿ ਤਾ ਕੀ ਕਹਾ ਕਰਉ॥

ਦੱਸੋ ! ਉਸ ਪ੍ਰਭੂ ਦੀ ਪ੍ਰਾਪਤੀ ਦੀ ਕੇਹੜੀ ਵਿਧੀ ਹੈ ? ਅਤੇ ਮੈਂ ਕੀ ਜਤਨ ਕਰਾਂ ? ਕਿਉਂਕਿ-

ਧਰਤ ਧਿਆਨੁ ਗਿਆਨੁ ਸਸਤ੍ਰਗਿਆ ਅਜਰ ਪਦੁ ਕੈਸੇ ਜਰਉ॥੧॥ਰਹਾਉ॥

ਕਈ ਤਾਂ ਧਿਆਨ ਧਾਰਦੇ ਹਨ, ਕਈ ਸਸਤ੍ਰਗਿਆ=ਸ਼ਾਸਤ੍ਰ ਗਿਆਤਾ ਹੋ ਕੇ ਗਿਆਨ ਦੀਆਂ ਗੱਲਾਂ

ਕਥਨ ਕਰਦੇ ਹਨ, ਮੈਂ ਉਸ ਅਜਰ ਪਦ ਨੂੰ ਕਿਸ ਤਰ੍ਹਾਂ ਜਰਉ=ਸਹਾਰਨਾ ਕਰਾਂ ? ॥ ੧ ॥ ਰਹਾਉ ॥

ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ ॥ ੧ ॥

. ਕੋਈ ਵਿਸ਼ਨੂੰ ਦੀ ਉਪਾਸ਼ਨਾ ਕਰਦਾ ਹੈ, ਕੋਈ ਮਹੇਸ=ਸ਼ਿਵਾਂ ਦੀ ਉਪਾਸ਼ਨਾ ਕਰਦਾ ਹੈ, ਕੋਈ ਸਿਧਾਂ ਦੀ ਉਪਾਸ਼ਨਾਂ ਵਿਚ, ਕੋਈ ਮੁਨੀਆਂ ਦੇ ਚਰਨਾਂ ਵਿਚ, ਕੋਈ ਇੰਦ੍ਰਾ=ਲਛਿਮੀ ਦੀ ਪੂਜਾ ਕਰਦਾ ਹੈ,

ਵਾ:-ਇੰਦਰ ਆਦਿਕ ਦੇਵਤਿਆਂ ਦੀ ਉਪਾਸ਼ਨਾਂ ਕਰਦਾ ਹੈ। ਮੈਨੂੰ ਦੱਸੋ ਮੈਂ ਕਿਸ ਦੇ ਦਰ ਦੀ ਸ਼ਰਨ ਵਿਚ ਪਵਾਂ॥ ੧ ॥

ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ ॥

ਇਨ੍ਹਾਂ ਵਿਚੋਂ ਕਿਸੇ ਪਾਸ ਰਾਜ ਭਾਗ ਦੇਣ ਦੀ ਸ਼ਕਤੀ ਹੈ, ਕਿਸੇ ਪਾਸ ਸੁਰਗ ਵਿਚ ਪਹੁੰਚਾਣ ਦੀ ਸ਼ਕਤੀ ਹੈ, ਪਰ ਮੁਕਤੀ ਦਾ ਸਾਧਨ ਕਹਿਣ ਵਾਲਾ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੈ। ਮੈਨੂੰ ਦੱਸੋ ਉਹ ਕੌਣ ਹੈ?

ਉੱਤਰ:-

ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ ॥ ੨ ॥ ੩ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਪੂਰਨ ਸੰਤਾਂ ਦੇ ਚਰਨ ਫੜ ਕੇ ਨਾਮ ਰਸ ਨੂੰ ਪਾਉਣਾ ਕਰੀਏ, ਤਾਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ॥ ੨ ॥ ੩ ॥ ੬ ॥

ਕਲਿਆਨ ਮਹਲਾ ੫ ॥

ਪ੍ਰਾਨਪਤਿ ਦਇਆਲ ਪੁਰਖ ਪ੍ਰਭ ਸਖੇ ॥

ਹੇ ਪ੍ਰਭੂ ! ਆਪ ਪ੍ਰਾਣਾਂ ਦੇ ਪਤੀ ਹੋ, ਦਿਆਲੂ ਪੁਰਖ ਹੋ, ਤੇ ਜੀਵ ਦੇ ਸਖੇ=ਮਿੱਤਰ ਹੋ।

ਗਰਭ ਜੋਨਿ ਕਲਿ ਕਾਲ ਜਾਲ ਦੁਖ ਬਿਨਾਸਨੁ ਹਰਿ ਰਖੇ ॥ ੧ ॥ ਰਹਾਉ ॥

ਹੇ ਹਰੀ ! ਆਪ ਮਾਂ ਦੀ ਗਰਭ ਜੂਨੀ ਤੋਂ ਰੱਖਣ ਵਾਲੇ ਹੋ, ਜਾਲ=ਸਾੜਨ ਵਾਲਾ ਜੋ ਕਲਜੁਗ ਦਾ ਕਾਲ= ਸਮਾਂ ਹੈ ਉਸ ਤੋਂ ਭੀ ਰੱਖਣ ਵਾਲੇ ਹੋ, ਪੁਨਾ-ਹੇ ਹਰੀ ! ਆਪ ਦੁੱਖਾਂ ਦੇ ਬਿਨਾਸਨੁ=ਅਭਾਵ ਕਰਨ ਵਾਲੇ ਹੋ॥ ੧ ॥ ਰਹਾਉ ॥

ਨਾਮ ਧਾਰੀ ਸਰਨਿ ਤੇਰੀ ॥ ਪ੍ਰਭ ਦਇਆਲ ਟੇਕ ਮੇਰੀ ॥ ੧ ॥

ਹੇ ਨਾਮ ਰੂਪ ਪ੍ਰਪੰਚ ਦੇ ਧਾਰਨ ਵਾਲੇ ਪ੍ਰਭੂ ! ਅਸਾਂ ਨੇ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ।

ਹੇ ਦਿਆਲੂ ਪ੍ਰਭੂ ! ਤੂੰ ਹੀ ਮੇਰੀ ਟੇਕ=ਓਟ ਹੈਂ॥ ੧ ॥

ਅਨਾਥ ਦੀਨ ਆਸਵੰਤ ॥ ਨਾਮੁ ਸੁਆਮੀ ਮਨਹਿ ਮੰਤ ॥ ੨ ॥

ਮੈਂ ਅਨਾਥ ਹਾਂ, ਦੀਨ=ਗਰੀਬ ਹਾਂ, ਆਸਵੰਤ=ਆਸਾ ਵਾਲਾ ਹਾਂ।

ਹੇ ਸੁਆਮੀ ! ਇਕ ਆਪ ਜੀ ਦਾ ਨਾਮ ਮੰਤ੍ਰ ਮੇਰੇ ਮਨ ਵਿਚ ਵਸਦਾ ਹੈ॥ ੨ ॥

ਤੁਝ ਬਿਨਾ ਪ੍ਰਭ ਕਿਛੁ ਨ ਜਾਨੂ ॥ ਸਰਬ ਜੁਗ ਮਹਿ ਤੁਮ ਪਛਾਨੂ ॥ ੩ ॥

ਹੇ ਪ੍ਰਭੂ ! ਆਪ ਜੀ ਤੋਂ ਬਿਨਾਂ ਹੋਰ ਮੈਂ ਕੁਝ ਜਾਣਦਾ ਨਹੀਂ ਹਾਂ।

ਵਾ:-ਹੋਰ ਕਿਸੇ ਦਾ ਜਾਣੂ ਨਹੀਂ ਹਾਂ। ਸਾਰਿਆਂ ਜੁਗਾਂ ਵਿਚ ਮੈਂ ਤੁਹਾਨੂੰ ਹੀ ਪਛਾਣਦਾ ਹਾਂ॥ ੩॥

ਹਰਿ ਮਨਿ ਬਸੇ ਨਿਸਿ ਬਾਸਰੋ॥ ਗੋਬਿੰਦ ਨਾਨਕ ਆਸਰੋ॥ ੪॥ ੪॥ ੭॥

ਹੇ ਹਰੀ ! ਨਿਸਿ-ਬਾਸਰੋ=ਰਾਤ ਦਿਨ ਆਪ ਮੇਰੇ ਮਨ ਵਿਚ ਵਸਣਾ ਕਰੋ।

ਗੁਰੂ ਜੀ ਕਥਨ ਕਰਦੇ ਹਨ—ਹੇ ਗੋਬਿੰਦ ਇਕ ਤੂੰ ਹੀ ਮੇਰਾ ਆਸਰਾ ਹੈਂ॥ ੪॥ ੪॥ ੭॥

ਕਲਿਆਨ ਮਹਲਾ ੫॥ ਮਨਿ ਤਨਿ ਜਾਪੀਐ ਭਗਵਾਨ॥

ਮਨ ਤਨ ਵਿਖੇ ਭਗਵਾਨ ਨੂੰ ਜਪਣਾ ਕਰੋ।

*ਅਥਵਾ:-*ਅਸੀਂ ਆਪਣੇ ਮਨ ਤਨ ਵਿਚ ਭਗਵਾਨ ਨੂੰ ਜਪਦੇ ਹਾਂ। ਇਸ ਕਰਕੇ-

ਗੁਰ ਪੂਰੇ ਸੁਪ੍ਰਸੰਨ ਭਏ ਸਦਾ ਸੂਖ ਕਲਿਆਨ॥ ੧॥ ਰਹਾਉ॥

ਪੂਰੇ ਗੁਰੂ ਆਪੇ ਪ੍ਰਸੰਨ ਹੋ ਗਏ ਹਨ ਤੇ ਸਦਾ ਸੁਖ ਅਨੰਦ ਪ੍ਰਾਪਤ ਹੋਇਆ ਹੈ।

ਵਾ:-ਕਲਿਆਨ=ਮੁਕਤੀ ਸੁਖ ਪ੍ਰਾਪਤ ਹੋਇਆ ਹੈ॥ ੧॥ ਰਹਾਉ॥

ਸਰਬ ਕਾਰਜ ਸਿਧਿ ਭਏ ਗਾਇ ਗੁਨ ਗੁਪਾਲ॥

ਗੋਪਾਲ ਦੇ ਗੁਣ ਗਾਏ ਹਨ, ਇਸ ਲਈ ਸਾਰੇ ਕਾਰਜ ਸਿਧਿ=ਪੂਰੇ ਹੋ ਗਏ ਹਨ।

ਮਿਲਿ ਸਾਧਸੰਗਤਿ ਪ੍ਰਭੂ ਸਿਮਰੇ ਨਾਠਿਆ ਦੁਖ ਕਾਲ॥ ੧॥

ਸਤਸੰਗਤ ਵਿਚ ਮਿਲ ਕੇ ਪ੍ਰਭੂ ਨੂੰ ਸਿਮਰਿਆ ਹੈ, ਇਸ ਕਰਕੇ ਕਾਲ ਦਾ ਦੁੱਖ ਨੱਸ ਗਿਆ ਹੈ॥ ੧॥

ਕਰਿ ਕਿਰਪਾ ਪ੍ਰਭ ਮੇਰਿਆ ਕਰਉ ਦਿਨੁ ਰੈਨਿ ਸੇਵ॥

ਹੇ ਮੇਰੇ ਪ੍ਰਭੂ ! ਇਹ ਕ੍ਰਿਪਾ ਕਰ, ਜੋ ਮੈਂ ਦਿਨ ਰਾਤੀਂ ਆਪ ਜੀ ਦੀ ਸੇਵਾ ਸਕਦਾ ਰਹਾਂ।

ਨਾਨਕ ਦਾਸ ਸਰਣਾਗਤੀ ਹਰਿ ਪੁਰਖ ਪੂਰਨ ਦੇਵ॥ ੨॥ ੫॥ ੮॥

ਗੁਰੂ ਜੀ ਕਥਨ ਕਰਦੇ ਹਨ—ਹੇ ਦੇਵ=ਪ੍ਰਕਾਸ਼ ਰੂਪ ਹਰੀ ਪੂਰਨ ਪੁਰਖ ! ਮੈਂ ਦਾਸ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਆ ਕੇ ਪ੍ਰਾਪਤ ਹੋਇਆਂ ਹਾਂ॥ ੨॥ ੫॥੮॥

[ਪੰਨਾ ੧੩੨੩]

ਕਲਿਆਨੁ ਮਹਲਾ ੫॥ ਪ੍ਰਭੁ ਮੇਰਾ ਅੰਤਰਜਾਮੀ ਜਾਣੁ॥

ਹੇ ਅੰਤਰਜਾਮੀ ਪ੍ਰਭੂ ! ਤੂੰਹੀ ਮੇਰਾ ਮਨੋਰਥ ਜਾਣਦਾ ਹੈਂ।

ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ ਸਚੁ ਸਬਦੁ ਨੀਸਾਣੁ॥ ੧॥ ਰਹਾਉ॥

ਹੇ ਪੂਰਨ ਪਰਮੇਸ਼ਰ ! ਜਿਸ ਉਤੇ ਤੂੰ ਕ੍ਰਿਪਾ ਕਰਦਾ ਹੈਂ ਉਸ ਨੂੰ ਅਚੱਲ ਸੱਚਾ ਸਬਦੁ=ਬ੍ਰਹਮ ਨੀਸਾਣੁ=ਪਰਗਟ ਹੁੰਦਾ ਹੈ॥ ੧॥ ਰਹਾਉ॥

ਹਰਿ ਬਿਨੁ ਆਨ ਨ ਕੋਈ ਸਮਰਥੁ ਤੇਰੀ ਆਸ ਤੇਰਾ ਮਨਿ ਤਾਣੁ॥

ਹੇ ਹਰੀ ! ਆਪ ਤੋਂ ਬਿਨਾਂ ਆਨ=ਹੋਰ ਕੋਈ ਸਮਰੱਥ ਨਹੀਂ ਹੈ, ਮੈਨੂੰ ਇਕ ਤੇਰੀ ਆਸ ਹੈ ਅਤੇ ਮਨ ਵਿਚ ਤੇਰਾ ਹੀ ਤਾਣੁ=ਬਲ ਹੈ।

ਸਰਬ ਘਟਾ ਕੇ ਦਾਤੇ ਸੁਆਮੀ ਦੇਹਿ ਸੁ ਪਹਿਰਣੁ ਖਾਣੁ ॥ ੧ ॥

ਹੇ ਸਾਰਿਆਂ ਘਟਾਂ ਦੇ ਦਾਤੇ ਸੁਆਮੀ ਪਰਮਾਤਮਾ ! ਤੁਸੀਂ ਆਪ ਹੀ ਸਾਰਿਆਂ ਨੂੰ ਖਾਣਾ ਅਤੇ ਪਹਿਨਣ ਲਈ ਕਪੜਾ ਦੇਂਦੇ ਹੋ॥ ੧ ॥

ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ ॥

ਸੁਰਤਿ=ਗਿਆਤ, ਮਤਿ=ਬੁੱਧੀ, ਵਾਕਾਂ ਦੀ ਚਤੁਰਾਈ, ਦੁਨੀਆਂ ਦੀ ਸ਼ੋਭਾ, ਸੁੰਦਰ ਰੂਪ, ਗੌਰ ਰੰਗ, ਧਨ, ਮਾਨ ਪਤਿਸ਼ਟਾ।

ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ ॥ ੨ ॥ ੬ ॥ ੯ ॥

ਗੁਰੂ ਜੀ ਕਥਨ ਕਰਦੇ ਹਨ—ਸਾਰੇ ਸੁਖ ਅਨੰਦ ਇਤਆਦਿਕ ਜੋ ਭੀ ਪਦਾਰਥ ਹਨ ਉਹ ਸਾਰੇ ਹੀ ਕਲਿਆਣ ਰੂਪ ਰਾਮ ਨਾਮ ਦੇ ਜਪਣ ਵਿਚ ਪ੍ਰਾਪਤ ਹੁੰਦੇ ਹਨ॥ ੨ ॥ ੬ ॥ ੯ ॥

ਕਲਿਆਣੁ ਮਹਲਾ ੫ ॥

ਹਰਿ ਚਰਨ ਸਰਨ ਕਲਿਆਨ ਕਰਨ ॥

ਹਰੀ ਦੇ ਚਰਨਾਂ ਦੀ ਸ਼ਰਨ ਜੀਵ ਨੂੰ ਕਲਿਆਨ=ਮੁਕਤ ਕਰਨ ਵਾਲੀ ਹੈ।

ਪ੍ਰਭ ਨਾਮੁ ਪਤਿਤ ਪਾਵਨੋ ॥ ੧ ॥ ਰਹਾਉ ॥

ਪ੍ਰਭੂ ਦਾ ਨਾਮ ਹੀ ਪਤਿਤ=ਪਾਪੀਆਂ ਨੂੰ ਪਾਵਨੋ=ਪਵਿੱਤ੍ਰ ਕਰਨ ਵਾਲਾ ਹੈ॥ ੧ ॥ ਰਹਾਉ ॥

ਸਾਧਸੰਗ ਜਪਿ ਨਿਸੰਗ ਜਮਕਾਲੁ ਤਿਸੁ ਨ ਖਾਵਨੋ ॥ ੧ ॥

ਜਿਸ ਨੇ ਸਤਸੰਗਤ ਦੁਆਰਾ ਨਿਸੰਗ=ਨਿਰ ਸੰਸੇ ਹੋ ਕੇ ਨਾਮ ਜਪਿਆ ਹੈ, ਉਸ ਨੂੰ ਜਮ ਕਾਲ ਖਾਂਦਾ ਨਹੀਂ ਹੈ॥ ੧ ॥

ਮੁਕਤਿ ਜੁਗਤਿ ਅਨਿਕ ਸੂਖ ਹਰਿ ਭਗਤਿ ਲਵੈ ਨ ਲਾਵਨੋ ॥

ਮੁਕਤੀ ਦੀ ਜੁਗਤੀ ਅਤੇ ਅਨੇਕਾਂ ਸੁਖ ਹਰੀ ਦੀ ਭਗਤੀ ਕਰਨ ਨਾਲ ਪ੍ਰਾਪਤ ਹੁੰਦੇ ਹਨ, ਇਸ ਕਰਕੇ ਹਰੀ ਦੀ ਭਗਤੀ ਦੇ ਲਵੈ=ਸਦ੍ਰਸ ਕੁਝ ਲੱਗਦਾ ਨਹੀਂ ਹੈ।

ਪ੍ਰਭ ਦਰਸ ਲੁਬਧ ਦਾਸ ਨਾਨਕ ਬਹੁੜਿ ਜੋਨਿ ਨ ਧਾਵਨੋ ॥ ੨ ॥ ੭ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ—ਜੋ ਦਾਸਾ ਭਾਵ ਦੇ ਸਹਿਤ ਹੋ ਕੇ ਪ੍ਰਭੂ ਦੇ ਦਰਸ਼ਨ ਦਾ ਲੁਬਧ=ਲੋਭੀ ਹੋਇਆ ਹੈ, ਉਹ ਮੁੜ ਕੇ ਜੂਨੀਆਂ ਵਿਚ ਧਾਵਨੋ ਨ=ਦੌੜਦਾ ਨਹੀਂ ਹੈ॥ ੨ ॥ ੭ ॥ ੧੦ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਪਵਿੱਤ੍ਰ ਮੁਖਰਬਿੰਦ ਤੋਂ ੨੪ ਅਸਟਪਦੀਆਂ ਉਚਾਰ ਕੇ ਥਮਨਾ ਸਾਹਿਬ ਤਿਆਰ ਕੀਤਾ ਹੈ।

੬ ਅਸਟਪਦੀਆਂ ਬਿਲਾਵਲ ਰਾਗ ਵਿਚ ਉਚਾਰੀਆਂ ਹਨ।

੬ ਅਸਟਪਦੀਆਂ ਨਟ ਨਰਾਇਣ ਰਾਗ ਵਿਚ ਉਚਾਰੀਆਂ ਹਨ।

੬ ਅਸਟਪਦੀਆਂ ਕਾਨੜੇ ਰਾਗ ਵਿਚ ਉਚਾਰੀਆਂ ਹਨ।

ਹੁਣ ੬ ਅਸਟਪਦੀਆਂ ਕਲਿਆਣ ਰਾਗ ਵਿਚ ਉਚਾਰ ਕੇ ਸੁਖਮਨਾ ਸਾਹਿਬ ਪੂਰਾ ਕਰਦੇ ਹਨ:-

ਕਲਿਆਨ ਮਹਲਾ ੪ ਅਸਟਪਦੀਆ ॥

੧ਓ ਸਤਿਗੁਰ ਪ੍ਰਸਾਦਿ ॥ ਰਾਮਾ ਰਮ ਰਾਮੋ ਸੁਨਿ ਮਨੁ ਭੀਜੈ ॥

ਰਾਮਾ=ਹੇ ਭਾਈ ! ਰਮ=ਸੁੰਦਰ ਰਾਮ ਨਾਮ ਦੇ ਸੁਨਣ ਵਿਚ ਮੇਰਾ ਮਨ ਭਿਜ ਰਿਹਾ ਹੈ।

ਹਰਿ ਹਰਿ ਨਾਮੁ ਅੰਮ੍ਰਿਤੁ ਰਸੁ ਮੀਠਾ ਗੁਰਮਤਿ ਸਹਜੇ ਪੀਜੈ ॥ ੧ ॥ ਰਹਾਉ ॥

ਹਰਿ ਹਰਿ ਨਾਮ ਰਸ ਅੰਮ੍ਰਿਤ ਸਮਾਨ ਮਿੱਠਾ ਹੈ, ਗੁਰ ਸਿੱਖਿਆ ਦੁਆਰੇ ਮੈਂਨੇ ਸੁਭਾਵਕ ਹੀ ਉਸ ਨੂੰ ਪੀਣਾ ਕੀਤਾ ਹੈ॥ ੧ ॥ ਰਹਾਉ ॥

ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥

ਜਿਵੇਂ ਕਾਸਟ=ਲੱਕੜਾਂ ਵਿਚ ਅੱਗ ਪੂਰਨ ਹੈ ਪਰ ਕੱਢਣ ਵਾਲਾ ਪੁਰਸ਼ ਲੱਕੜਾਂ ਨੂੰ ਸੰਜਮਿ=ਜੁਗਤੀ ਨਾਲ ਮਥਿ=ਘਸਾ ਕੇ ਅੱਗ ਨੂੰ ਕੱਢ ਲੈਂਦਾ ਹੈ। ਤਿਵੇਂ—

ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥ ੧ ॥

ਰਾਮ ਹੈ ਨਾਮ ਜਿਸ ਦਾ ਉਸ ਦੀ ਜੋਤਿ=ਸੱਤਾ ਸਾਰਿਆਂ ਵਿਚ ਸਮਾਈ ਹੋਈ ਹੈ, ਪਰ ਉਸ ਤਤ ਵਸਤੂ ਨੂੰ ਗੁਰਮਤੀਆ ਹੀ ਇੰਦ੍ਰੀਆਂ ਦਾ ਦਮਨ ਕਰਨੇ ਰੂਪ ਸੰਜਮ ਨਾਲ ਕੱਢ ਲੈਂਦਾ ਹੈ॥ ੧ ॥

ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥

ਸਰੀਰ ਦੇ ਨੌਂ ਦਰਵਾਜ਼ੇ ਨੌਂ ਗੋਲਕਾਂ ਪ੍ਰਗਟ ਹਨ ਉਹਨਾਂ ਨੌਂ ਗੋਲਕਾਂ ਰੂਪ ਨੌਂ ਦਰਵਾਜ਼ਿਆਂ ਨੂੰ ਫਿਕਾ ਜਾਣੇ। ਵਾ:-ਨੌਂ ਦਰਵਾਜ਼ੇ ਨੌਂ ਗੋਲਕਾਂ ਹਨ ਉਹਨਾਂ ਨੌਂ ਗੋਲਕਾਂ ਵਿਚ ਦਸ ਇੰਦਰੀਆਂ ਨੂੰ ਵਿਸ਼ੇ ਰਸਾਂ ਵਲੋਂ ਫਿਕਾ ਕਰੇ ਤਾਂ ਦਸਮ ਰੂਪ ਅੰਮ੍ਰਿਤ ਰਸ। ਵਾ:-ਦਸਵੇਂ ਦੁਆਰ ਚੋਂ ਅੰਮ੍ਰਿਤ ਰਸ ਚੋਂਦਾ ਹੈ।

ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥ ੨ ॥

ਹੇ ਪਿਆਰੇ ਪ੍ਰਭੂ ਕ੍ਰਿਪਾ ਕਰੋ, ਕ੍ਰਿਪਾ ਕਰ, ਕ੍ਰਿਪਾ ਕਰ।

ਵਾ:-ਹੇ ਕ੍ਰਿਪਾ ਦੀ ਖਾਨ ਕ੍ਰਿਪਾ ਕਰਨ ਵਾਲੇ ਹਰੀ ਆਪ ਕ੍ਰਿਪਾ ਕਰੋ, ਪੂਰੇ ਗੁਰੂ ਮਿਲਾਓ ਜਿਨ੍ਹਾਂ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਰਸ ਪੀਣਾ ਕਰਾਂ॥ ੨ ॥

ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥

ਨਗਰਾਂ ਵਿਚੋਂ ਕਾਇਆਂ ਰੂਪੀ ਨਗਰ ਤਾਂ ਨੀਕੋ=ਚੰਗਾ ਹੈ ਜੇਕਰ ਇਸ ਦੇ ਵਿਚ ਹਰੀ ਰਸ ਦੇ ਲੈਣੇ ਰੂਪੀ ਸੌਦਾ ਕੀਤਾ ਜਾਵੇ।

ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥ ੩ ॥

ਉਹ ਅਮੋਲ=ਮੁਲ ਤੋਂ ਰਹਿਤ ਪਰਮਾਤਮਾ ਰਤਨਾਂ ਲਾਲਾਂ ਤੋਂ ਅਮੋਲਕ ਹੈ ਪਰ ਸਤਿਗੁਰਾਂ ਦੀ ਸੇਵਾ ਕਰਕੇ ਉਹ ਲੀਤਾ ਜਾਂਦਾ ਹੈ।

ਅਥਵਾ:-ਅਮੋਲਕ ਰਤਨ=ਵੈਰਾਗ, ਅਮੋਲਕ ਲਾਲ=ਪਰੇਮ ਆਦਿਕ ਸਾਧਨ ਸਤਿਗੁਰਾਂ ਦੀ ਸੇਵਾ ਕਰਕੇ

ਲੀਤੇ ਜਾਂਦੇ ਹਨ॥ ੩॥

ਸਤਿਗੁਰੁ ਅਗਮੁ ਅਗਮੁ ਹੈ ਠਾਕੁਰੁ ਭਰਿ ਸਾਗਰ ਭਗਤਿ ਕਰੀਜੈ॥

ਪੂਰੇ ਸਤਿਗੁਰੂ ਅਗਮ ਹਨ, ਸਾਰਿਆਂ ਦਾ ਠਾਕੁਰ=ਸੁਆਮੀ ਪਰਮਾਤਮਾ ਭੀ ਅਗਮ ਹੈ, ਭਰਿ=ਭਲੀ ਪਰਕਾਰ ਸੰਸਾਰ ਸਾਗਰ ਵਿਚ ਭਗਤੀ ਕਰੀਏ ਤਾਂ ਠਾਕੁਰ ਪ੍ਰਸੰਨ ਹੁੰਦਾ ਹੈ।

ਕ੍ਰਿਪਾ ਕ੍ਰਿਪਾ ਕਰਿ ਦੀਨ ਹਮ ਸਾਰਿੰਗ ਇਕ ਬੂੰਦ ਨਾਮੁ ਮੁਖਿ ਦੀਜੈ॥ ੪॥

ਹੇ ਕਿਰਪਾ ਦੀ ਆਕਰਿ=ਖਾਨ ਪ੍ਰਭੂ ਕ੍ਰਿਪਾ ਕਰਕੇ ਮੈਂ ਦੀਨ ਸਾਰਿੰਗ=ਪਪੀਹੇ ਦੇ ਮੂੰਹ ਵਿਚ ਇਕ ਨਾਮ ਰੂਪ ਸ਼ਾਂਤੀ ਬੂੰਦ ਪਾ ਦੇਣਾ ਕਰੋ॥ ੪॥

ਲਾਲਨੁ ਲਾਲੁ ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੈ॥

ਹੇ ਲਾਲਨੁ ਲਾਲੁ=ਪਿਆਰਿਆਂ ਚੋਂ ਪਿਆਰੇ ਹਰੀ ! ਲਾਲ ਕਰਨ ਵਾਲੀ ਜੋ ਗੁਰੂ ਰੂਪ ਰੰਗਨੁ=ਮਟੀ ਹੈ, ਮਨ ਰੂਪ ਬਸਤਰ ਦੇ ਰੰਗਣੇ ਨੂੰ ਓਹੀ ਗੁਰੂ ਰੂਪ ਮਟੀ ਦੇਣਾ ਕਰੋ, ਭਾਵ ਗੁਰੂ ਦੀ ਪ੍ਰਾਪਤੀ ਕਰ ਦਿਓ।

ਰਾਮ ਰਾਮ ਰਾਮ ਰੰਗਿ ਰਾਤੇ ਰਸ ਰਸਿਕ ਗਟਕ ਨਿਤ ਪੀਜੈ॥ ੫॥

ਜੋ ਰਾਮ ਸਾਰੇ ਰਮਿਆ ਹੋਇਆ ਹੈ ਤੇ ਅਰਾਮ ਦੇਣ ਵਾਲਾ ਹੈ ਜੋ ਪੁਰਸ਼ ਉਸ ਦੇ ਰੰਗਿ=ਪ੍ਰੇਮ ਵਿਚ ਰੱਤੇ ਹਨ ਉਹ ਰਸਿਕ=ਤਦਾਕਾਰ ਹੋ ਕੇ ਆਤਮ ਰਸ ਨੂੰ ਨਿਤਾਪ੍ਰਤੀ ਗਟ ਗਟ ਕਰਕੇ ਪੀਂਦੇ ਹਨ॥ ੫॥

ਬਸੁਧਾ ਸਪਤ ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ॥

ਸਤਾਂ ਦੀਪਾਂ ਵਾਲੀ ਜੋ ਪ੍ਰਿਥਵੀ ਹੈ ਇਸ ਵਿਚੋਂ ਕੰਚਨੁ=ਸੋਨਾ ਕੱਢ ਕੇ ਅੱਗੇ ਧਰੀਏ ਅਤੇ ਸਤਾਂ ਸਮੁੰਦਰਾਂ ਵਿਚੋਂ ਰਤਨ ਹੀਰੇ ਆਦਿਕ ਕੱਢ ਕੇ ਅੱਗੇ ਧਰ ਦੇਈਏ।

ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ
ਹਰਿ ਮਾਗਹਿ ਹਰਿ ਰਸੁ ਦੀਜੈ॥ ੬॥

ਪਰ ਮੇਰੇ ਠਾਕੁਰ ਪਰਮਾਤਮਾ ਦੇ ਜੋ ਦਾਸ ਜਨ ਹਨ, ਉਹ ਇਹਨਾਂ ਪਦਾਰਥਾਂ ਨੂੰ ਨਹੀਂ ਚਾਹੁੰਦੇ, ਉਹ ਹਰੀ ਤੋਂ ਮੰਗਦੇ ਹਨ ਕਿ ਸਾਨੂੰ ਹਰੀ ਰਸ ਹੀ ਦੇਣਾ ਕਰੋ॥ ੬॥

ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ॥

ਸਾਕਤ ਪੁਰਸ਼ ਸਦੀਵ ਕਾਲ ਭੁਖੇ ਹੀ ਰਹਿੰਦੇ ਹਨ ਅਤੇ ਉਹ ਪ੍ਰਾਣੀ ਨਿਤਾਪ੍ਰਤੀ ਭੁਖ ਹੀ ਭੁਖ ਵਿਚ ਕਰੀਜੈ=ਕਰਿਝਦੇ ਰਹਿੰਦੇ ਹਨ। ਵਾ:-ਨਿਤਾਪ੍ਰਤੀ ਭੁਖ ਹੀ ਭੁਖ ਨੂੰ ਪੁਕਾਰਨਾ ਕਰਦੇ ਹਨ ਕਿ ਹਾਏ ਭੁਖੇ ਮਰ ਗਏ ਹਾਂ।

ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਧਿ ਦੀਜੈ॥ ੭॥

ਧਾ ਜਾਣੇ ਵਾਲੀ ਜੋ ਮਾਇਆ ਹੈ ਉਸ ਦੀ ਪ੍ਰੀਤੀ ਕਰਕੇ ਧਾਵਨੇ ਵਾਲੇ ਹੋ ਕੇ ਧਾਵਹਿ=ਦੌੜੀ ਜਾਂਦੇ ਹਨ, ਆਪਣੇ ਘਰ ਨੂੰ ਜਾਂ ਆਪਣੇ ਨਗਰ ਨੂੰ ਲੱਖਾਂ ਕੋਹਾਂ ਦੀ ਵਿਥ ਦੇ ਜਾਂਦੇ ਹਨ, ਅਰਥਾਤ—ਆਪਣੇ ਘਰ ਤੋਂ ਕੋੜਾਂ ਕੋਹ ਦੂਰ ਚਲੇ ਜਾਂਦੇ ਹਨ॥ ੭॥

ਹਰਿ ਹਰਿ ਹਰਿ ਹਰਿ ਹਰਿ, ਜਨ ਊਤਮ ਕਿਆ ਉਪਮਾ ਤਿਨ੍ ਦੀਜੈ॥

ਜੋ ਹਰੀ ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਹੈ ਉਸ ਦੇ ਹਰਿ ਹਰਿ ਨਾਮ ਨੂੰ ਜਪ ਕੇ ਜੋ ਪੁਰਸ਼ ਉਤਮ ਹੋਏ ਹਨ ਉਹਨਾਂ ਨੂੰ ਕੀ ਉਪਮਾ ਦੇਣੀ ਕਰੀਏ। ਕਿਉਂਕਿ—

[ਪੰਨਾ ੧੩੨੪]

ਰਾਖ ਨਾਮ ਭੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ॥ ਟ॥੧॥

ਰਾਮ ਨਾਮ ਦੇ ਸਦ੍ਰਸ ਹੋਰ ਕੋਈ ਉਪਮਾ ਨਹੀਂ ਹੈ, ਗੁਰੂ ਜੀ ਕਥਨ ਕਰਦੇ ਹਨ—ਕਿਰਪਾ ਦ੍ਰਿਸ਼ਟੀ ਕਰਕੇ ਮੈਂ ਸੇਵਕ ਜਨ ਨੂੰ ਨਾਮ ਹੀ ਬਖਸ਼ਣਾ ਕਰੋ॥ ਟ॥ ੧॥

ਕਲਿਆਨ ਮਹਲਾ ੪॥

ਰਾਮ ਗੁਰੁ ਪਾਰਸੁ ਪਰਸੁ ਕਰੀਜੈ॥

ਹੇ ਰਾਮ ! ਕ੍ਰਿਪਾ ਕਰਕੇ ਗੁਰੂ ਪਾਰਸ ਨਾਲ ਸਾਡਾ ਪਰਸੁ ਕਰੀਜੈ=ਮੇਲ ਕਰਾ ਦਿਓ।

ਹਮ ਨਿਰਗੁਣੀ ਮਨੂਰ ਅਤਿ ਫੀਕੇ ਮਿਲਿ
ਸਤਿਗੁਰ ਪਾਰਸੁ ਕੀਜੈ॥ ੧॥ ਰਹਾਉ॥

ਅਸੀਂ ਨਿਰਗੁਣੀ=ਸ਼ੁਭ ਗੁਣਾਂ ਤੋਂ ਰਹਿਤ ਹਾਂ, ਮਨੂਰ=ਲੋਹੇ ਦੀ ਮੈਲ ਵਾਂਗੂ ਪਾਪਾਂ ਕਰਕੇ ਭਾਰੇ ਤੇ ਕਾਲੇ ਹਾਂ, ਅਤੀਅੰਤ ਫਿਕੇ ਬਚਨ ਬੋਲਦੇ ਹਾਂ, ਸਤਿਗੁਰਾਂ ਨਾਲ ਮਿਲਾ ਕੇ ਸਾਨੂੰ ਭੀ ਪਾਰਸ ਕਰ ਦਿਓ॥ ੧॥ ਰਹਾਉ॥

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ॥

ਕਈ ਮਨੁੱਖ ਸੁਰਗ ਨੂੰ ਚਾਹੁੰਦੇ ਹਨ, ਕਈ ਸਲੋਕ ਸਮੀਪ ਆਦਿਕ ਮੁਕਤੀਆਂ ਨੂੰ ਚਾਹੁੰਦੇ ਹਨ, ਕਈ ਬੈਕੁੰਠ ਸੁਖ ਨੂੰ ਚਾਹੁੰਦੇ ਹਨ ਏਹ ਸਾਰੇ ਦੁਨਿਆਵੀ ਪੁਰਸ਼ ਨਿਤਾਪ੍ਰਤੀ ਆਸਾ ਹੀ ਆਸਾ ਨੂੰ ਕਰਦੇ ਹਨ।

ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ
ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ॥ ੧॥

ਹਰੀ ਦੇ ਦਰਸ਼ਨ ਦੀ ਇੱਛਾ ਵਾਲੇ ਪੁਰਸ਼ ਸਲੋਕ ਸਰੂਪ ਆਦਿਕ ਮੁਕਤੀਆਂ ਨੂੰ ਨਹੀਂ ਮੰਗਦੇ, ਉਹ ਕੇਵਲ ਦਰਸ਼ਨ ਹੀ ਮੰਗਦੇ ਹਨ ਕਿਉਂਕਿ ਦਰਸ਼ਨ ਦੇ ਮਿਲਿਆਂ ਹੀ ਉਹਨਾਂ ਦਾ ਮਨ ਤ੍ਰਿਪਤੀ ਨੂੰ ਪ੍ਰਾਪਤ ਹੋ ਕੇ ਧੀਜੈ=ਧੀਰਜ ਧਾਰਦਾ ਹੈ॥ ੧॥

ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ॥

ਮਾਇਆ ਦਾ ਮੋਹ ਅਤੀਅੰਤ ਬਲ ਦੇ ਸਹਿਤ ਹੈ, ਉਸ ਮੋਹ ਕਰਕੇ ਜੀਵ ਦੇ ਮੂੰਹ ਉਤੇ ਪਾਪਾਂ ਰੂਪੀ ਕਾਲਖ=ਸ਼ਾਹੀ ਦਾ ਦਾਗ ਲੱਗਦਾ ਹੈ।

ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ॥੨॥

ਮੇਰੇ ਸੁਆਮੀ ਪਰਮਾਤਮਾ ਦੇ ਭਗਤ ਜਨ ਮਾਇਆ ਤੋਂ ਮੁਕਤੇ=ਛੁਟਕੇ ਅਲਿਪਤ=ਅਸੰਗ ਰਹਿੰਦੇ ਹਨ।

ਵਾ:-ਮਾਇਆ ਵਿਚ ਮੁਕਤੇ=ਖੁਲੇ ਵਰਤਦੇ ਹੋਏ ਭੀ ਇਸ ਤਰ੍ਹਾਂ ਅਸੰਗ ਰਹਿੰਦੇ ਹੰਨ, ਜਿਵੇਂ ਮੁਰਗਾਈ ਦੇ ਖੰਭ ਪਾਣੀ ਵਿਚ ਫਿਰਦਿਆਂ ਭੀ ਭਿਜਦੇ ਨਹੀਂ ਹਨ। ਵਾ:-ਪੰਕੁ=ਚਿਕੜ ਵਿਚ ਨਹੀਂ ਭਿਜਦੇ। ਇਸੇ ਤਰ੍ਹਾਂ ਭਗਤਾਂ ਦੇ ਮਨ ਬੁੱਧੀ ਰੂਪੀ ਖੰਭ ਪਦਾਰਥਾਂ ਰੂਪ ਜਲ ਵਿਚ, ਵਾ:-ਮੋਹ ਰੂਪ ਚਿਕੜ ਵਿਚ ਨਹੀਂ ਭਿਜਦੇ॥ ੨॥

ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲੀਐ ਚੰਦਨੁ ਲੀਜੈ॥

ਜਿਵੇਂ ਚੰਦਨ ਦੀ ਵਾਸ਼ਨਾ ਨੂੰ ਭੁਇਅੰਗਮ-ਵੇੜੀ=ਸੱਪਾਂ ਨੇ ਘੇਰਿਆ ਹੋਇਆ ਹੈ ਕਿਸ ਤਰ੍ਹਾਂ ਮਿਲਕੇ ਚੰਦਨ ਲੈਣਾ ਕਰੀਏ। ਇਸੇ ਤਰ੍ਹਾਂ ਬ੍ਰਹਮਾਨੰਦ ਰੂਪੀ ਚੰਦਨ ਦੀ ਵਾਸ਼ਨਾ ਨੂੰ ਕਾਮ ਕ੍ਰੋਧ ਆਦਿਕ ਸੱਪਾਂ ਨੇ,

ਵਾ:-ਪੰਜ ਕੋਸ਼ਾਂ ਰੂਪ ਸੱਪਾਂ ਨੇ ਘੇਰਿਆ ਹੋਇਆ ਹੈ ਕਿਸ ਤਰ੍ਹਾਂ ਮਿਲਕੇ ਬ੍ਰਹਮਾਨੰਦ ਰੂਪ ਚੰਦਨ ਨੂੰ ਲੈਣਾ ਕਰੀਏ?

ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ॥ ੩॥

ਜਿਸ ਵੇਲੇ ਗੁਰਾਂ ਨੇ ਗਿਆਨ ਰੂਪੀ ਕਰਾਰਾ=ਕਰੜਾ (ਤਕੜਾ) ਖੰਡਾ ਕੱਢ ਕੇ ਸਿੱਖ ਦੇ ਮਨ ਰੂਪ ਹੱਥ ਵਿਚ ਫੜਾਇਆ ਤਾਂ ਉਸ ਨੇ ਵਿਸ਼ਿਆਂ ਰੂਪੀ ਵਿਹੁ ਦੇ ਧਾਰਨ ਵਾਲੇ ਜੋ ਕਾਮ ਆਦਿਕ ਸੱਪ ਹਨ, ਉਹਨਾਂ ਨੂੰ ਉਸ ਖੰਡੇ ਨਾਲ ਛੇਦਿ ਛੇਦਿ=ਕੱਟ ਕੱਟ ਕੇ ਆਤਮ ਰਸ ਨੂੰ ਪੀਣਾ ਕੀਤਾ॥ ੩॥

ਆਨਿ ਆਨਿ ਸਮਧਾ ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ॥

ਜਿਵੇਂ ਆਨਿ ਆਨਿ=ਲਿਆ ਲਿਆ ਕੇ ਸਮਧਾ=ਲੱਕੜਾਂ ਬਹੁਤ ਹੀ ਇਕੱਠੀਆਂ ਕੀਤੀਆਂ ਹਨ, ਪਰ ਉਹਨਾਂ ਲੱਕੜਾਂ ਨੂੰ ਬੈਸੰਤਰ=ਅੱਗ ਇਕ ਪਲ ਵਿਚ ਭਸਮ=ਸ੍ਵਾਹ ਕਰ ਦੇਂਦੀ ਹੈ। ਤਿਵੇਂ-

ਮਹਾ ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ॥ ੪॥

ਸਾਕਤ=ਦੁਸ਼ਟ ਪੁਰਸ਼ ਨੇ ਜੋ ਵੱਡੇ ਉਗ੍ਰ ਪਾਪ ਕੀਤੇ ਹਨ ਏਹੀ ਲੱਕੜਾਂ ਹਨ, ਸੰਤਾਂ ਨਾਲ ਮਿਲ ਕੇ ਨਾਮ ਰੂਪ ਅੱਗ ਦੀ ਲੂਕੀ=ਚੁਆਤੀ ਲੱਗਾ ਦੇਣਾ ਕਰੋ, ਤਾਂ ਸਾਰੇ ਪਾਪ ਭਸਮ (ਸ੍ਵਾਹ) ਹੋ ਜਾਣਗੇ ॥ ੪॥

ਯਥਾ:- ਘੋਰ ਦੁਖੰ ਅਨਿਕ ਹਤ੍ਹੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ੧੮॥

(ਪੰਨਾ ੧੩੫੫)

ਸਾਧੂ ਸਾਧ ਸਾਧ ਜਨ ਨੀਕੇ ਜਿਨ ਅੰਤਰਿ ਨਾਮੁ ਧਰੀਜੈ॥

ਜਿਨ੍ਹਾਂ ਸਾਧੂਆਂ ਨੇ ਸਾਧ ਵਸਤੂ (ਆਤਮ ਵਸਤੂ) ਸਾਧੀ ਹੈ ਉਹ ਜਨ ਸਭ ਤੋਂ ਨੀਕੇ=ਚੰਗੇ ਹਨ, ਜਿਨ੍ਹਾਂ ਨੇ ਹਿਰਦੇ ਅੰਦਰ ਨਾਮ ਨੂੰ ਧਰਿਆ ਹੋਇਆ ਹੈ।

ਪਰਸਨਿ ਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ॥ ੫॥

ਜਿਸ ਵੇਲੇ ਸਾਧੂ ਜਨ ਪਰਸਨਿ=ਪ੍ਰਸੰਨ ਹੋ ਕੇ ਪਰਸੁ ਭਏ=ਮਿਲਦੇ ਹੋਏ, ਤਾਂ ਜਗਿਆਸੂ ਜਨ ਹਰੀ ਭਗਵਾਨ ਨੂੰ ਦਿਖੀਜੈ=ਦੇਖਦਾ ਹੈ।

ਅਥਵਾ:-ਨੀਚ ਜਾਤ ਵਾਲੇ ਹੋਣ ਕਰਕੇ ਜੋ ਨਿਪਰਸੁ=ਪਰਸਨੇ ਯੋਗ ਨਹੀਂ ਸਨ ਉਹਨਾਂ ਨਾਲ ਜਿਸ ਵੇਲੇ

ਸਾਧੂ ਜਨ ਪਰਸ=ਮਿਲਦੇ ਹੋਏ, ਤਾਂ ਉਹਨਾਂ ਨੀਚ ਜਨਾਂ ਨੇ ਭੀ ਹਰੀ ਭਗਵਾਨ ਨੂੰ ਦੇਖ ਲਿਆ॥ ੫॥

ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ॥

ਸਾਕਤਾਂ ਰੂਪੀ ਸੂਤ੍ਰ ਬਹੁਤ ਹੀ ਵਰਨ ਆਸ਼੍ਰਮਾਂ ਰੂਪੀ; ਵਾ:-ਸੰਕਲਪਾਂ ਵਿਕਲਪਾਂ ਰੂਪੀ ਗੁਰਝੀ=ਗੰਢਾਂ ਨਾਲ ਭਰਿਆ ਹੋਇਆ ਹੈ; ਕਿਸ ਵਜ੍ਹਾਂ ਕਰਕੇ ਉਸ ਸੂਤ੍ਰ ਦਾ ਤਾਣਾ ਤਣਿਆ ਜਾ ਸਕਦਾ ਹੈ, ਅਰਥਾਤ— ਉਹ ਨਿਸਕਪਟ ਹੋ ਕੇ ਕਿਵੇਂ ਪਰਮੇਸ਼ਰ ਪ੍ਰਾਇਣ ਹੋ ਸਕਦਾ ਹੈ।

ਤੰਤੁ ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ॥ ੬॥

ਸਾਕਤਾਂ ਰੂਪੀ ਸੂਤਰ ਵਿਚੋਂ ਮਨ ਬੁੱਧੀ ਰੂਪੀ ਤੰਤੂ ਕੁਝ ਭੀ ਪਰਮੇਸ਼ਰ ਵੱਲ ਨਿਕਲਦਾ ਨਹੀਂ, ਅਰਥਾਤ— ਸਾਕਤਾਂ ਦਾ ਮਨ ਆਦਿਕ ਕੋਈ ਭੀ ਇੰਦ੍ਰੀਆਂ ਪਰਮੇਸ਼ਰ ਵੱਲ ਨਹੀਂ ਲੱਗਦਾ ਇਸ ਕਰਕੇ ਸਾਕਤਾਂ ਦਾ ਸੰਗ ਨਹੀਂ ਕਰਨਾ ਚਾਹੀਦਾ॥ ੬॥

ਸਤਿਗੁਰ ਸਾਧਸੰਗਤਿ ਹੈ ਨੀਕੀ ਮਿਲਿ ਸੰਗਤਿ ਰਾਮੁ ਰਵੀਜੈ॥

ਸਤਿਗੁਰਾਂ ਦੀ ਸਤਸੰਗਤ ਸਭ ਤੋਂ ਨੀਕੀ=ਚੰਗੀ ਹੈ, ਇਸ ਲਈ ਸਤਸੰਗਤ ਵਿਚ ਮਿਲ ਕੇ ਤੂੰ ਰਾਮ ਨਾਮ ਨੂੰ ਰਵੀਜੈ=ਉਚਾਰਨਾ ਕਰ।

ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ॥ ੭॥

ਰਤਨ=ਵੈਰਾਗ, ਜਵੇਹਰ=ਗਿਆਨ, ਮਾਣਕੁ=ਸ੍ਰਵਨ ਮਨਨ ਨਿਧਿਆਸਣ, ਲਾਲ=ਪ੍ਰੇਮ, ਮਣੀ=ਭਗਤੀ, ਹੀਰਾ=ਨਾਮ ਇਤਆਦਿਕ ਸਾਰੇ ਗੁਣ ਅੰਦਰ ਹਨ, ਪਰ ਗੁਰ ਕ੍ਰਿਪਾ ਨਾਲ ਲਏ ਜਾਂਦੇ ਹਨ॥ ੭॥

ਮੇਰਾ ਠਾਕੁਰੁ ਵਡਾ ਵਡਾ ਹੈ ਸੁਆਮੀ ਹਮ ਕਿਉ ਕਰਿ ਮਿਲਹ ਮਿਲੀਜੈ॥

ਹੇ ਸੁਆਮੀ ! ਤੂੰ ਮੇਰਾ ਵੱਡਿਆਂ ਤੋਂ ਵੱਡਾ ਠਾਕੁਰੁ=ਮਾਲਕ ਹੈਂ, ਸਾਨੂੰ ਤੇਰੇ ਨਾਲ ਮਿਲਣ ਦੀ ਬਹੁਤ ਇੱਛਾ ਹੈ ਪਰ ਕਿਸ ਜਤਨ ਕਰਕੇ ਮਿਲਣਾ ਕਰੀਏ ?

ਨਾਨਕ ਮੇਲਿ ਮਿਲਾਏ ਗੁਰੁ ਪੂਰਾ ਜਨ ਕਉ ਪੂਰਨੁ ਦੀਜੈ॥ ੮॥ ੨॥

ਗੁਰੂ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਬੇਨਤੀ ਕਰੋ, ਹੇ ਪੂਰਨ ਪਰਮਾਤਮਾ ! ਤੂੰ ਸਾਨੂੰ ਪੂਰਿਆਂ ਗੁਰਾਂ ਦੇ ਮੇਲ ਵਿਚ ਮਿਲਾਉਣਾ ਕਰ, ਪੂਰੇ ਗੁਰੂ ਹੀ ਸੇਵਕ ਜਨ ਨੂੰ ਪੂਰਨ ਗਿਆਨ ਦੇਂਦੇ ਹਨ, ਗਿਆਨ ਦੁਆਰਾ ਹੀ ਆਪ ਜੀ ਨਾਲ ਮਿਲਾਪ ਹੁੰਦਾ ਹੈ॥ ੮॥ ੨॥

ਕਲਿਆਨੁ ਮਹਲਾ ੪॥

ਰਾਮਾ ਰਮ ਰਾਮੋ ਰਾਮੁ ਰਵੀਜੈ॥

ਰਾਮਾ=ਹੇ ਭਾਈ ! ਰਮ=ਸੁੰਦਰ ਜੋ ਰਾਮ ਹੈ ਉਸ ਰਾਮ ਨਾਮ ਨੂੰ ਰਵੀਜੈ=ਉਚਾਰਨਾ ਕਰ।

ਸਾਧੂ ਸਾਧ ਸਾਧ ਜਨ ਨੀਕੇ ਮਿਲਿ ਸਾਧੂ ਹਰਿ ਰੰਗੁ ਕੀਜੈ॥ ੧॥ ਰਹਾਉ॥

ਜਿਨ੍ਹਾਂ ਸਾਧੂਆਂ ਨੇ ਸਾਧ ਵਸਤੂ (ਆਤਮ ਵਸਤੂ) ਸਾਧੀ ਹੈ ਉਹ ਜਨ ਸਭ ਤੋਂ ਨੀਕੇ=ਚੰਗੇ ਹਨ; ਉਹਨਾਂ ਸੰਤਾਂ ਨਾਲ ਮਿਲ ਕੇ ਤੂੰ ਹਰੀ ਵਿਚ ਰੰਗੁ=ਪ੍ਰੇਮ ਕਰ॥ ੧॥ ਰਹਾਉ॥

ਜੀਅ ਜੰਤ ਸਭੁ ਜਗੁ ਹੈ ਜੇਤਾ ਮਨੁ ਡੋਲਤ ਡੋਲ ਕਰੀਜੈ॥

ਸਾਰੇ ਜਗਤ ਵਿਚ ਜਿਤਨਾ-ਕੁ ਸੂਖਮ ਅਸਥੂਲ ਜੀਆ ਜੰਤ ਹੈ, ਉਹਨਾਂ ਦਾ ਮਨ ਡੋਲਨਾ ਹੀ ਡੋਲਨਾ ਕਰਦਾ ਹੈ। ਵਾ:-ਡੋਲ ਵਾਂਗੂ ਡੋਲਨਾ ਕਰਦਾ ਹੈ,

ਅਥਵਾ:-ਮਾਇਆ ਨੇ ਸਭ ਦਾ ਮਨ ਡਾਵਾਂ ਡੋਲ ਕਰ ਦਿੱਤਾ ਹੈ।

ਕ੍ਰਿਪਾ ਕ੍ਰਿਪਾ ਕਰਿ ਸਾਧੁ ਮਿਲਾਵਹੁ ਜਗੁ ਥੰਮਨ ਕਉ ਥੰਮੁ ਦੀਜੈ॥ ੧॥

ਹੇ ਕ੍ਰਿਪਾ ਦੀ ਖਾਨ ਕ੍ਰਿਪਾਲੂ ਪ੍ਰਭੂ ! ਕ੍ਰਿਪਾ ਕਰਕੇ ਮੈਨੂੰ ਸੰਤਾਂ ਨਾਲ ਮਿਲਾਵੋ, ਜਗੁ=ਜੀਵ ਦੇ ਥੰਮਨੇ ਨੂੰ ਗੁਰ ਉਪਦੇਸ਼ ਰੂਪੀ ਥੰਮਾ ਹੇਠਾਂ ਦੇਣਾ ਕਰੋ॥ ੧॥

ਬਸੁਧਾ ਤਲੈ ਤਲੈ ਸਭ ਊਪਰਿ ਮਿਲਿ ਸਾਧੂ ਚਰਨ ਰੁਲੀਜੈ॥

ਜਿਵੇਂ ਬਸੁਧਾ=ਪ੍ਰਿਥਵੀ ਸਭ ਦੇ ਪੈਰਾਂ ਦੀਆਂ ਤਲੀਆਂ ਦੇ ਤਲੈ=ਹੇਠ ਹੋਣ ਕਰਕੇ ਧੂੜ ਰੂਪ ਹੋ ਕੇ ਸਭ ਦੇ ਉਪਰ ਹੋ ਜਾਂਦੀ ਹੈ। ਵਾ:-ਸਾਰਿਆਂ ਅੰਗਾਂ ਤੋਂ ਤਲੇ ਪੈਰ ਹਨ ਪੈਰਾਂ ਦੇ ਤਲੇ ਪ੍ਰਿਥਵੀ ਹੈ ਉਹ ਫਿਰ ਧੂੜ ਹੋ ਕੇ ਸਭ ਦੇ ਉਪਰ ਹੋ ਜਾਂਦੀ ਹੈ । ਏਸੇ ਤਰ੍ਹਾਂ ਸੰਤਾਂ ਨਾਲ ਮਿਲ ਕੇ ਉਹਨਾਂ ਦੇ ਚਰਨਾਂ ਹੇਠ ਰੁਲਨਾ ਕਰੇ ਤਾਂ ਇਸ ਦਾ ਜਸ ਸਾਰਿਆਂ ਤੋਂ ਉੱਚਾ ਹੁੰਦਾ ਹੈ।

ਅਤਿ ਊਤਮ ਅਤਿ ਊਤਮ ਹੋਵਹੁ ਸਭ ਸਿਸਟਿ ਚਰਨ ਤਲ ਦੀਜੈ॥ ੨॥

ਸਾਰੀ ਸ੍ਰਿਸ਼ਟੀ ਦੇ ਚਰਨਾਂ ਹੇਠ ਸਿਰ ਦੇਣਾ ਕਰੋ ਤਾਂ ਅਤਿ ਊਤਮ=ਵੱਡੇ ਉੱਤਮ ਪੁਰਸ਼ਾਂ ਨਾਲੋਂ ਭੀ 'ਅਤਿ ਊਤਮ ਹੋਵਹੁ'=ਬੜੇ ਉੱਤਮ ਪੁਰਸ਼ ਹੋ ਜਾਵੋਗੇ॥ ੨॥

ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ॥

ਜਿਨ੍ਹਾਂ ਗੁਰਮੁਖਾਂ ਨੂੰ ਸਿਵ=ਕਲਿਆਣ ਰੂਪ ਪਰਮਾਤਮਾ ਦੀ ਭਲੀ-ਨੀਕੀ=ਚੰਗੀ ਤੋਂ ਚੰਗੀ ਜੋਤਿ= ਗਿਆਤ ਪ੍ਰਾਪਤ ਹੋਈ ਹੈ, ਸਕਤਿ=ਮਾਇਆ ਆ ਕੇ ਉਹਨਾਂ ਦਾ ਪਾਣੀ ਭਰਦੀ ਹੈ।

ਅਥਵਾ:-ਜਿਨ੍ਹਾਂ ਗੁਰਮੁਖਾਂ ਨੂੰ ਕਲਿਆਣ ਸਰੂਪ ਪਰਮਾਤਮਾ ਦੀ ਚੰਗੀ ਗਿਆਤ ਆ ਕੇ ਪ੍ਰਾਪਤ ਹੋਈ ਹੈ ਤੇ ਨੀਕੀ=ਚੰਗੀ ਕਿਰਿਆ ਨੂੰ ਕਰਦੇ ਹਨ ਉਹਨਾਂ ਦੇ ਪਾਸ ਆ ਕੇ ਸਾਰੀਆਂ ਸ਼ਕਤੀਆਂ ਦੇਵੀਆਂ ਪਾਣੀ ਭਰਦੀਆਂ ਹਨ।

ਮੈਨ ਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ॥ ੩॥

ਗੁਰਾਂ ਦੇ ਉਪਦੇਸ਼ ਦੁਆਰਾ ਕਾਮ ਕ੍ਰੋਧ ਆਦਿਕ ਮੋਮ ਦੇ ਦੰਦ ਬਾਹਰ ਨਿਕਲ ਜਾਂਦੇ ਹਨ।

ਅਥਵਾ:-ਗੁਰਾਂ ਦੇ ਬਚਨਾਂ ਦੁਆਰੇ ਗਿਆਨ ਵੈਰਾਗ ਰੂਪੀ ਮੈਨ=ਮੋਮ ਦੇ ਦੰਦ ਮੂੰਹ ਵਿਚ ਨਿਕਲ ਆਉਂਦੇ ਹਨ ਤਾਂ ਜਗਤ ਰੂਪੀ ਸਾਰੁ=ਲੋਹੇ ਨੂੰ ਚੱਬ ਚੱਬ ਕੇ ਭਾਵ ਮਿਥਿਆ ਰੂਪ ਨਿਸਚੇ ਕਰਕੇ ਹਰੀ ਰਸ ਨੂੰ ਪੀਂਦਾ ਹੈ॥ ੩॥

ਰਾਮ ਨਾਮ ਅਨੁਗ੍ਰਹੁ ਬਹੁ ਕੀਆ ਗੁਰ ਸਾਧੂ ਪੁਰਖ ਮਿਲੀਜੈ॥

ਜਿਸ ਦਾ ਰਾਮ ਨਾਮ ਹੈ ਉਸ ਨੇ ਸਾਡੇ 'ਤੇ ਬਹੁਤ ਕ੍ਰਿਪਾ ਕੀਤੀ ਹੈ, ਕਿਰਪਾ ਦੇ ਸਦਕੇ ਸਾਧੂ=ਸਰੇਸ਼ਟ ਗੁਰੂ ਪੁਰਖ ਮਿਲ ਪਏ ਹਨ।

ਗੁਨ ਰਾਮ ਨਾਮ ਬਿਸਥੀਰਨ ਕੀਏ ਹਰਿ ਸਗਲ ਭਵਨ ਜਸੁ ਦੀਜੈ॥ ੪॥

ਗੁਰਾਂ ਦੀ ਕਿਰਪਾ ਨਾਲ ਜਿਸ ਵੇਲੇ ਰਾਮ ਨਾਮ ਜਪ ਕੇ ਹਰੀ ਦੇ ਗੁਣ ਵਿਸਤੀਰਨ ਕੀਤੇ ਤਾਂ ਹਰੀ ਨੇ ਸਾਰਿਆਂ ਭਵਨਾਂ ਵਿਚ ਮੇਰਾ ਜਸ ਪ੍ਰਗਟ ਕਰ ਦਿੱਤਾ॥ ੪॥

ਸਾਧੂ ਸਾਧ ਸਾਧ ਮਨਿ ਪ੍ਰੀਤਮ ਬਿਨੁ ਦੇਖੇ ਰਹਿ ਨ ਸਕੀਜੈ॥

ਜਿਨ੍ਹਾਂ ਸਾਧੂਆਂ ਨੇ ਸਾਧ=ਆਤਮ ਵਸਤੂ ਸਾਧੀ ਹੈ ਉਹ ਮੇਰੇ ਮਨ ਦੇ ਪ੍ਰੀਤਮ ਹਨ, ਉਹਨਾਂ ਦੇ ਦਰਸ਼ਨ ਦੇਖੇ ਬਿਨਾਂ ਮੈਂ ਰਹਿ ਨਹੀਂ ਸਕਦਾ। *ਅਥਵਾ:*-ਉਹ ਸਾਧੂ ਸਾਧ=ਸਰੇਸ਼ਟ ਹਨ ਜਿਨ੍ਹਾਂ ਨੇ ਮਨ ਨੂੰ ਸਾਧ ਲਿਆ ਭਾਵ, ਵਸੀਕਾਰ ਕਰ ਲਿਆ ਹੈ, ਅਤੇ ਪ੍ਰੀਤਮ=ਪਰਮਾਤਮਾ ਦੇ ਵੇਖੇ ਬਿਨਾਂ ਰਹਿ ਨਹੀਂ ਸਕਦੇ।

ਜਿਉ ਜਲ ਮੀਨ ਜਲੰ ਜਲ ਪ੍ਰੀਤਿ ਹੈ ਖਿਨੁ ਜਲ ਬਿਨੁ ਫੂਟਿ ਮਰੀਜੈ॥ ੫॥

ਜਿਵੇਂ ਮੀਨ=ਮੱਛੀ ਪਾਣੀ ਵਿਚ ਰਹਿੰਦੀ ਹੈ, ਜਲ ਹੀ ਜਲ ਨਾਲ ਮੱਛੀ ਦੀ ਪ੍ਰੀਤੀ ਹੈ, ਜਲ ਤੋਂ ਬਿਨਾਂ ਉਹ ਮੱਛੀ ਇਕ ਖਿਣ ਵਿਚ ਫੂਟਿ=ਦੁੱਖੀ ਹੋ ਕੇ ਮਰ ਜਾਂਦੀ ਹੈ।

ਤਿਵੇਂ ਗੁਰਮੁਖ ਨਾਮ ਜਲ ਵਿਚ ਰਹਿੰਦੇ ਹਨ, ਨਾਮ ਜਲ ਨਾਲ ਉਹਨਾਂ ਦੀ ਡਾਢੀ ਪ੍ਰੀਤ ਹੈ, ਨਾਮ ਜਲ ਤੋਂ ਬਿਨਾਂ ਦੁੱਖੀ ਹੋ ਕੇ ਮਰ ਜਾਂਦੇ ਹਨ॥ ੫॥

[ਪੰਨਾ ੧੩੨੫]

ਮਹਾ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ॥

ਜਿਨ੍ਹਾਂ ਮੰਦਭਾਗੀਆਂ ਦੇ ਮਹਾ ਅਭਾਗ=ਬੜੇ ਖੋਟੇ ਭਾਗ ਹਨ; ਉਹਨਾਂ ਨੇ ਸੰਤਾਂ ਦੀ ਧੂੜੀ ਵਾਲਾ ਚਰਨਾਂਮ੍ਰਿਤ ਨਹੀਂ ਪੀਤਾ।

ਤਿਨਾ ਤਿਸਨਾ ਜਲਤ ਜਲਤ ਨਹੀ ਬੂਝਹਿ ਡੰਡੁ ਧਰਮ ਰਾਇ ਕਾ ਦੀਜੈ॥ ੬॥

ਉਹਨਾਂ ਦਾ ਮਨ ਮਾਇਆ ਦੀ ਤ੍ਰਿਸ਼ਨਾ ਰੂਪ ਜਲਤ=ਅੱਗ ਵਿਚ ਜਲਤ=ਸੜਦਾ ਰਹਿੰਦਾ ਹੈ। ਉਹ ਤ੍ਰਿਸ਼ਨਾ ਦੀ ਅੱਗ ਕਦੇ ਬੁਝਦੀ ਨਹੀਂ; ਉਸ ਨੂੰ ਧਰਮਰਾਜੇ ਦਾ ਡੰਨ ਦਿੱਤਾ ਜਾਂਦਾ ਹੈ॥ ੬॥

ਸਭਿ ਤੀਰਥ ਬਰਤ ਜਗ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ॥

ਚਾਹੇ ਸਾਰਿਆਂ ਤੀਰਥਾਂ ਦੀ ਯਾਤਰਾ ਭੀ ਕਰ ਲਵੇ, ਸਾਰੇ ਵਰਤ ਭੀ ਰੱਖ ਲਵੇ, ਸਾਰੇ ਯੱਗ ਭੀ ਕਰ ਲਵੇ, ਦਾਨ ਪੁੰਨ ਭੀ ਕੀਤੇ ਜਾਣ, ਹਿਵੈ=ਬਰਫ ਦਾ ਘਰ ਜੋ ਹਿਮਾਲਾ ਹੈ ਉਸ ਵਿਚ ਗਾਲ ਗਾਲ ਕੇ ਤਨ ਨੂੰ ਭੀ ਛੀਜੈ=ਨਾਸ ਕਰ ਲਵੇ, ਪਰ ਨਾਮ ਦੇ ਸਦ੍ਰਸ ਕੋਈ ਸਾਧਨ ਨਹੀਂ ਹੈ, ਨਾਮ ਸਭ ਸਾਧਨਾਂ ਤੋਂ ਉੱਚਾ ਹੈ।

ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ॥ ੭॥

ਰਾਮ ਨਾਮ ਦਾ ਤੋਲ ਅਤੁਲ ਹੈ, ਗੁਰ ਸਿੱਖਿਆ ਦੁਆਰੇ ਜੋ ਰਾਮ ਨਾਮ ਜਪਿਆ ਹੈ ਉਸ ਦੇ ਤੋਲ ਨਾਲ ਜੇ ਤੋਲਨਾ ਕਰੀਏ ਤਾਂ ਪੂਰਬਲੇ ਸਾਧਨਾਂ ਵਿਚੋਂ ਕੋਈ ਭੀ ਸਾਧਨ ਪੁੱਜ ਨਹੀਂ ਸਕਦਾ॥ ੭॥

ਤਵ ਗੁਨ ਬ੍ਰਹਮ ਬ੍ਰਹਮ ਤੂ ਜਾਨਹਿ ਜਨ ਨਾਨਕ ਸਰਨਿ ਪਰੀਜੈ॥

ਹੇ ਬ੍ਰਹਮ ! ਆਪ ਜੀ ਦੇ ਗੁਣ ਜੋ ਬ੍ਰਹਮ=ਵੇਦਾਂ ਕਰਕੇ ਪ੍ਰਤਿਪਾਦਕ ਹਨ ਉਹਨਾਂ ਨੂੰ ਤੂੰ ਆਪ ਹੀ ਜਾਣਦਾ ਹੈਂ, ਮੈਂ ਸੇਵਕ ਜਨ ਆਪ ਜੀ ਦੀ ਸ਼ਰਨ ਵਿਚ ਪਿਆ ਰਹਿੰਦਾ ਹਾਂ।

ਤੂ ਜਲ ਨਿਧਿ ਮੀਨ ਹਮ ਤੇਰੇ ਕਰਿ ਕਿਰਪਾ ਸੰਗਿ ਰਖੀਜੈ॥ ੮॥ ੩॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਤੂੰ ਜਲ ਨਿਧਿ=ਸਮੁੰਦਰ ਰੂਪ ਹੈਂ ਅਸੀਂ ਤੇਰੇ ਵਿਚ ਰਹਿਣ ਵਾਲੇ ਮੀਨ=ਮੱਛ ਹਾਂ, ਕ੍ਰਿਪਾ ਦ੍ਰਿਸ਼ਟੀ ਕਰਕੇ ਸਾਨੂੰ ਆਪਣੇ ਸੰਗ ਵਿਚ ਰੱਖ ਲੈ॥ ੮॥ ੩॥

ਕਲਿਆਨ ਮਹਲਾ ੪॥

ਰਾਮਾ ਰਮ ਰਾਮੋ ਪੂਜ ਕਰੀਜੈ॥

ਰਾਮਾ=ਹੇ ਭਾਈ ! ਰਮ=ਸੁੰਦਰ ਜੋ ਰਾਮ ਹੈ ਤੂੰ ਉਸ ਦੀ ਪੂਜਾ ਕਰ।

ਮਨੁ ਤਨੁ ਅਰਪਿ ਧਰਉ ਸਭੁ ਆਗੈ
ਰਸੁ ਗੁਰਮਤਿ ਗਿਆਨੁ ਦ੍ਰਿੜੀਜੈ॥ ੧॥ ਰਹਾਉ॥

ਪ੍ਰਭੂ ਅੱਗੇ ਮਨ ਤਨ ਅਰਪਨ ਕਰ ਦੇ ਅਤੇ ਸਾਰਾ ਧਨ ਭੀ ਅੱਗੇ ਧਰ ਦੇ, ਗੁਰਮਤਿ=ਗੁਰਸਿੱਖਿਆ ਦੁਆਰੇ ਗਿਆਨ ਰਸ ਨੂੰ ਦ੍ਰਿੜ ਕਰ॥ ੧॥ ਰਹਾਉ॥

ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ॥

ਬ੍ਰਹਮ=ਵੇਦ ਰੂਪ ਤਰੋਵਰ=ਬ੍ਰਿਛ ਹੈ, ਨਾਮ ਰੂਪ ਸ਼ਾਖਾ ਟਾਹਣੀਆਂ ਹਨ, ਸੰਤ ਸੰਤੋਖ ਆਦਿਕ ਸ਼ੁਭ ਗੁਣ ਪੁਸ਼ਪ ਹਨ, ਇਹਨਾਂ ਪੁਸ਼ਪ=ਫੁਲਾਂ ਨੂੰ ਨਿਤਾਪ੍ਰਤੀ ਚੁਣ ਚੁਣ ਕੇ ਭਾਵ, ਸ਼ੁਭ ਗੁਣਾਂ ਨੂੰ ਧਾਰਨ ਕਰ ਕਰ ਕੇ ਆਤਮ ਦੇਵ ਜੀ ਪੂਜਾ ਕਰ।

ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ॥ ੧॥

ਅੰਨਵੇਂ:-ਰਸਿ=ਪ੍ਰੇਮ ਵਿਚ ਲੱਗ ਕੇ ਜੋ ਪੂਜਾ ਕਰਦਾ ਹੈ ਉਹ ਪੁਰਸ਼ ਇਸ ਤਰ੍ਹਾਂ ਨਿਸਚੇ ਕਰਦਾ ਹੈ। ਕਿ-ਮੇਰਾ ਆਤਮ=ਆਪਣਾ ਆਪ ਦੇਉ=ਪ੍ਰਕਾਸ਼ ਰੂਪ ਹੈ ਤੇ ਦੇਉ=ਪ੍ਰਕਾਸ਼ ਰੂਪ ਪਰਮਾਤਮਾ ਆਤਮਾ ਰੂਪ ਹੈ।

ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ॥

ਵਿਵੇਕ ਬੁੱਧੀ ਵਾਲਾ ਪੁਰਸ਼ ਸਾਰੇ ਜਗਤ ਵਿਚ ਨਿਰਮਲ ਹੈ, ਓਹੀ ਬਿਚਰਿ-ਬਿਚਰਿ=ਵਿਚਾਰ ਵਿਚਾਰ ਕੇ ਆਤਮ ਰਸ ਨੂੰ ਪੀਜੈ=ਪੀਣਾ ਕਰਦਾ ਹੈ।

ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ॥ ੨॥

ਉਸ ਪੁਰਸ਼ ਨੇ ਗੁਰ ਕ੍ਰਿਪਾ ਦੁਆਰੇ ਨਾਮ ਗਿਆਨ ਰੂਪ ਪਦਾਰਥ ਪਾਇਆ ਹੈ, ਜਿਸ ਨੇ ਸਤਿਗੁਰਾਂ ਨੂੰ ਇਹ ਆਪਣਾ ਮਨ ਤਨ ਅਰਪਨ ਕਰ ਦਿੱਤਾ ਹੈ॥ ੨॥

ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ॥

ਅਤਿ ਨਿਰਮੋਲਕੁ=ਬੜੇ ਅਨਮੁੱਲੇ ਹੀਰੇ ਵਾਂਗੂ ਸਾਰਿਆਂ ਤੋਂ ਨੀਕੋ=ਚੰਗਾ ਜੋ ਪਰਮਾਤਮਾ ਹੈ ਉਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਜੇਕਰ ਗੁਰ ਉਪਦੇਸ਼ ਰੂਪ ਹੀਰੇ ਨਾਲ ਮਨ ਰੂਪ ਹੀਰੇ ਨੂੰ ਬਿਧੀਜੈ=ਵਿੰਨ੍ਹ ਦੇਈਏ।

ਮਨੁ ਮੋਤੀ ਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ॥ ੩॥

ਗੁਰ ਸ਼ਬਦੀਆਂ ਦਾ ਮਨ ਮੋਤੀ ਵਾਂਗੂ ਸਾਲੁ=ਸ਼ੁਧ ਹੈ, ਜਿਸ ਸ਼ੁਧ ਮਨ ਕਰਕੇ ਹੀਰਾ=ਪਰਮੇਸ਼ਰ ਪਰਖ

ਲਈਦਾ ਹੈ। ਅਥਵਾ:-ਗੁਰਾਂ ਦੇ ਉਪਦੇਸ਼ ਕਰਕੇ ਮਨ ਮੋਤੀ=ਸ਼ੁਧ ਤੇ ਸਾਲੁ=ਵੱਡਾ ਸਿਆਣਾ ਹੋ ਜਾਂਦਾ ਹੈ ਜਿਸ ਕਰਕੇ ਫਿਰ ਬ੍ਰਹਮ ਰੂਪ ਹੀਰਾ ਪਰਖ ਲਈਦਾ ਹੈ॥ ੩॥

ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ॥

ਸੰਤਾਂ ਦੀ ਸੰਗਤ ਨਾਲ ਲੱਗਣ ਕਰਕੇ ਸਾਰਿਆਂ ਤੋਂ ਉੱਚੇ ਹੋਈਦਾ ਹੈ, ਜਿਵੇਂ ਪੀਪ=ਪਿਪਲ ਪਲਾਸ ਵਿਚ ਪੈਦਾ ਹੋਵੇ ਤਾਂ ਉਹ ਪਲਾਸ ਨੂੰ ਖਾ ਲੈਂਦਾ ਹੈ, ਇਸੇ ਤਰ੍ਹਾਂ ਜਦ ਅੰਤਹਕਰਣ ਰੂਪ ਪਲਾਸ ਵਿਚ ਗਿਆਨ ਰੂਪ ਪਿਪਲ ਪੈਦਾ ਹੋਵੇ, ਤਾਂ ਉਹ ਅੰਤਹਕਰਣ ਰੂਪ ਪਲਾਸ ਦੇ ਸਹਿਤ ਹੀ ਸਾਰੇ ਜਗਤ ਨੂੰ ਖਾ ਲੈਂਦਾ ਹੈ, ਅਰਥਾਤ—ਸਾਰੇ ਜਗਤ ਦਾ ਅਭਾਵ ਕਰ ਦੇਂਦਾ ਹੈ।

ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ ਬਸੀਜੈ॥ ੪॥

ਸਾਰਿਆਂ ਪੁਰਸ਼ਾਂ ਵਿਚੋਂ ਉਹ ਪ੍ਰਾਣੀ ਉੱਤਮ ਹੁੰਦਾ ਹੈ, ਜਿਸ ਵਿਚ ਰਾਮ ਨਾਮ ਦੀ ਬਾਸੁ=ਵਾਸ਼ਨਾ ਭਗਤੀ ਵਸ ਜਾਂਦੀ ਹੈ॥ ੪॥

ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ॥

ਨਿਰਮਲ ਹੋ ਕੇ ਬਹੁਤ ਹੀ ਨਿਰਮਲ ਕਰਮ ਕੀਤੇ,

ਵਾ:-ਨਿਰਮਲ ਕਰਨ ਵਾਲੇ ਬਹੁਤ ਹੀ ਨਿਰਮਲ ਕਰਮ ਕੀਤੇ, ਨਿਤਾਪ੍ਰਤੀ ਹਰੀ ਨਾਮ ਰੂਪ ਸਾਖਾ= ਟਾਹਣੀਆਂ ਹਿਰਦੇ ਵਿਚ ਜੜਨਾ ਕੀਤੀਆਂ। ਉਹਨਾਂ ਸਾਖਾ=ਟਾਹਣੀਆਂ ਨਾਲ।

ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ
ਬਹਕਾਰ ਬਾਸੁ ਜਗਿ ਦੀਜੈ॥ ੫॥

ਧਰਮ ਰੂਪ ਫੁਲ ਤੇ ਗੁਰਾਂ ਨੇ ਜੋ ਗਿਆਨ ਦ੍ਰਿੜ ਕਰਵਾਇਆ ਹੈ ਏਹ ਫਲ ਲੱਗਾ ਹੈ, ਉਸ ਫਲ ਫੁਲ ਦੀ ਬਹਕਾਰ=ਮਹਿਕਦਾਰ ਵਾਸ਼ਨਾ ਭਗਤੀ ਜਗਤ ਵਿਚ ਦੇਣਾ ਕੀਤੀ ਹੈ॥ ੫॥

ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ॥

ਇਕੋ ਇਕ ਜੋਤੀ ਪਰਮਾਤਮਾ ਜਿਸ ਦੇ ਮਨ ਵਿਚ ਵਸਿਆ ਹੈ ਉਹ ਸਾਰਿਆਂ ਨੂੰ ਇਕ ਬ੍ਰਹਮ ਦ੍ਰਿਸ਼ਟੀ ਨਾਲ ਦੇਖਣਾ ਕਰਦਾ ਹੈ।

ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ॥ ੬॥

ਸਾਰਿਆਂ ਵਿਚ ਇਕ ਆਤਮ ਰਾਮ ਹੀ ਪਸਰ ਰਿਹਾ ਹੈ, ਏਹ ਨਿਸਚੇ ਕਰਕੇ ਸਾਰਿਆਂ ਦੇ ਚਰਨਾਂ ਹੇਠ ਆਪਣਾ ਸਿਰ ਦੇਣਾ ਕਰੋ॥ ੬॥

ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ॥

ਇਸ ਲੋਕ ਵਿਚ ਜੋ ਪੁਰਸ਼ ਨਾਮ ਸਿਮਰਨ ਤੋਂ ਬਿਨਾਂ ਹਨ ਉਹ ਜਸ ਰੂਪ ਨਕਟੇ=ਨੱਕ ਤੋਂ ਬਿਨਾਂ ਦੇਖੋ, ਪ੍ਰਲੋਕ ਵਿਚ ਭੀ ਉਹਨਾਂ ਦਾ ਨੱਕ ਘਸਾ ਘਸਾ ਕੇ ਵੱਢਿਆ ਜਾਂਦਾ ਹੈ, ਵਾ:-ਜਸ ਰੂਪੀ ਨੱਕ ਘਸਾ ਘਸਾ ਕੇ ਵੱਢਿਆ ਜਾਂਦਾ ਹੈ, ਅਰਥਾਤ—ਪ੍ਰਲੋਕ ਵਿਚ ਚੰਗਾ ਅਪਜਸ ਹੁੰਦਾ ਹੈ।

ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ॥ ੭॥

ਜੋ ਦੁਸ਼ਟ ਪੁਰਸ਼ ਹੰਕਾਰੀ ਕਹੇ ਜਾਂਦੇ ਹਨ, ਨਾਮ ਸਿਮਰਨ ਤੋਂ ਬਿਨਾਂ ਉਹਨਾਂ ਦੇ ਜੀਵੀਜੈ=ਜੀਵਨ ਨੂੰ ਧ੍ਰਿਕਾਰ ਹੈ॥ ੭॥

ਜਬ ਲਗੁ ਸਾਸੁ ਸਾਸੁ ਮਨ ਅੰਤਰਿ ਤਤੁ ਬੇਗਲ ਸਰਨਿ ਪਰੀਜੈ॥

ਜਬ ਲਗ=ਜਿੰਨਾ ਚਿਰ ਤਕ ਮਨ=ਸਰੀਰ ਦੇ ਅੰਦਰ ਸ੍ਵਾਸ ਜਾਂਦੇ ਹਨ ਤੇ ਸ੍ਵਾਸ ਬਾਹਰ ਨਿਕਲਦੇ ਹਨ, ਉਨਾ ਚਿਰ ਬੇਗਲ=ਸ਼ੀਘਰ ਹੀ ਸ਼ਰਨ ਵਿਚ ਪੈਣਾ ਕਰ।

ਅਥਵਾ:-ਹੇ ਮਨ ! ਜਿੰਨਾਂ ਚਿਰ ਸਰੀਰ ਦੇ ਅੰਦਰ ਸ੍ਵਾਸ ਹਨ, ਤਤੁ=ਉਨਾ ਚਿਰ ਬੇਗਲ=ਸ਼ੀਘਰ (ਛੇਤੀ ਤੋਂ ਛੇਤੀ) ਪ੍ਰਭੂ ਦੀ ਸ਼ਰਨ ਵਿਚ ਪੈ ਕੇ ਆਪਣੇ ਸਵਾਸ ਸਫਲੇ ਕਰ।

ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ ਮੈ ਸਾਧੂ ਚਰਨ ਪਖੀਜੈ॥ ੮॥ ੪॥

ਨਾਨਕ=ਗੁਰੂ ਜੀ ਕਥਨ ਕਰਦੇ ਹਨ—ਹੇ ਕ੍ਰਿਪਾ ਦੀ ਖਾਨ ਪ੍ਰਭੂ ! ਆਪ ਮੇਰੇ 'ਪਰ ਕਿਰਪਾ ਧਾਰੋ, ਤਾਂ ਕਿ ਮੈਂ ਸੰਤਾਂ ਦੇ ਚਰਨ ਪਖੀਜੈ=ਵੇਖਣਾ ਕਰਾਂ। *ਅਥਵਾ:*-ਧੋਣਾ ਕਰਾਂ॥ ੮॥ ੪॥

ਕਲਿਆਨ ਮਹਲਾ ੪॥

ਰਾਮਾ ਮੈ ਸਾਧੂ ਚਰਨ ਧੁਵੀਜੈ॥

ਹੇ ਰਾਮ ! ਮੈਨੂੰ ਸੁਮੱਤੀ ਦਿਓ ਮੈਂ ਸੰਤਾਂ ਦੇ ਚਰਨ ਧੋਣਾ ਚਹੁੰਦਾ ਹਾਂ।

ਕਿਲਬਿਖ ਦਹਨ ਹੋਹਿ ਖਿਨ ਅੰਤਰਿ ਮੇਰੇ ਠਾਕੁਰ ਕਿਰਪਾ ਕੀਜੈ॥੧॥ਰਹਾਉ॥

ਹੇ ਠਾਕੁਰ ! ਮੇਰੇ 'ਪਰ ਕ੍ਰਿਪਾ ਦ੍ਰਿਸ਼ਟੀ ਕਰ, ਤਾਂ ਇਕ ਖਿਨ ਦੇ ਵਿਚ ਹੀ ਸਾਰੇ ਜਨਮਾਂ ਦੇ ਕਿਲਬਿਖ= ਪਾਪ ਦਹਨ ਹੋਹਿ=ਭਸਮ ਹੋ ਜਾਣਗੇ॥ ੧॥ ਰਹਾਉ॥

ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ॥

ਮੈਂ ਦੀਨ=ਗਰੀਬ ਮੰਗਤਾ ਆਪ ਜੀ ਦੇ ਖਰੇ=ਚੰਗੇ ਸਤਸੰਗ ਦਰਵਾਜ਼ੇ 'ਪਰ ਠਾਢੇ=ਖਲੋ ਕੇ ਅਤਿ= ਬਹੁਤ ਤਰਸ ਰਿਹਾ ਹਾਂ ਆਪ 'ਜਨ ਕਉ'=ਸੇਵਕ ਜਨ ਨੂੰ ਨਾਮ ਦਾਨ ਦੇਣਾ ਕਰੋ।

ਅਥਵਾ:-ਮੈਂ ਖਰੇ=ਚੰਗਾ ਗਰੀਬ ਜਨ ਮੰਗਤਾ ਹੋ ਕੇ ਆਪ ਜੀ ਦੇ ਦਰਵਾਜ਼ੇ 'ਪਰ ਖੜਾ ਹੋ ਕੇ ਅਤਿ=ਬੜਾ ਤਰਸ ਰਿਹਾ ਹਾਂ ਆਪ ਮੈਨੂੰ ਨਾਮ ਦਾਨ ਦੇਣਾ ਕਰੋ।

ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥ ੧॥

ਤ੍ਰਾਹਿ ਤ੍ਰਾਹਿ=ਰੱਖ ਲੋ ਰੱਖ ਲੋ, ਹੇ ਪ੍ਰਭੂ ! ਆਪ ਜੀ ਦੀ ਸ਼ਰਨ ਵਿਚ ਆਏ ਹਾਂ, ਮੈਨੂੰ ਗੁਰਮਤ ਅਨੁਸਾਰ ਨਾਮ ਦ੍ਰਿੜ ਕਰਵਾਓ॥ ੧॥

ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥

ਕਾਮ ਕਰੋਧ ਆਦਿਕ ਸੂਰਮੇ ਇਸ ਸਰੀਰ ਰੂਪ ਨਗਰ ਵਿਚ ਸਹਿਤ ਬਲ ਦੇ ਹਨ, ਇਹ ਨਿਤਾਪ੍ਰਤੀ ਉੱਠ ਉੱਠ ਕੇ ਜੁੱਧ ਕਰਦੇ ਹਨ, ਭਾਵ ਆਪਣਾ ਜ਼ੋਰ ਪਾ ਕੇ ਮੈਨੂੰ ਦਬਾਉਂਦੇ ਹਨ।

ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ॥ ੨॥

ਹੇ ਪੂਰੇ ਗੁਰੋ ! ਆਪ ਮੇਰਾ ਅੰਗੀਕਾਰੁ=ਪੱਖ ਕਰੋ, ਹੱਥ ਦੇ ਕੇ ਰੱਖ ਲਵੋ ਅਤੇ ਇਸ ਕਾਢਿ=ਜਿੱਲਣ ਵਿਚੋਂ ਕੱਢ ਲਓ॥ ੨॥

[ਪੰਨਾ ੧੩੨੬]

ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ॥

ਹੇ ਗੁਰੋ ! ਮੇਰੇ ਹਿਰਦੇ ਅੰਦਰ ਵਿਸ਼ਿਆਂ ਦੀ ਅੱਗ ਅਤੀਅੰਤ ਸਬਲ=ਬਲ ਦੇ ਸਹਿਤ ਹੈ ਉਸ ਅੱਗ ਨੂੰ ਸੀਤਲ ਕਰਨ ਲਈ ਮੈਨੂੰ ਹਿਵ=ਬਰਫ ਰੂਪ ਉਪਦੇਸ਼ ਦਿਓ ।

ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੁਖਿ ਸਵੀਜੈ॥ ੩॥

ਹੇ ਗੁਰੋ ! ਜਦੋਂ ਆਪ ਹਉਮੈ ਰੂਪ ਰੋਗ ਕੱਟ ਦਿਓਗੇ, ਤਾਂ ਮੇਰੇ ਤਨ ਮਨ ਵਿਚ ਅਧਿਕ ਸ਼ਾਂਤੀ ਹੋਵੇਗੀ ਅਤੇ ਮੈਂ ਸੁਖਾਂ ਵਿਚ ਸੋਵਾਂਗਾ॥ ੩॥

ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ॥

ਜਿਵੇਂ ਸੂਰਜ ਕਿਰਨਾਂ ਕਰਕੇ ਸਭ ਜਗ੍ਹਾਂ 'ਪਰ ਰਵਿਆ ਹੋਇਆ ਹੈ, ਤਿਵੇਂ ਸਾਰਿਆਂ ਘਟਾਂ ਘਟਾਂ ਵਿਚ ਰਾਮ ਰਵ ਰਿਹਾ ਹੈ।

ਸਾਧੂ ਸਾਧ ਮਿਲੇ ਰਸੁ ਪਾਵੈ ਤਤੁ ਨਿਜ ਘਰਿ ਬੈਠਿਆ ਪੀਜੈ॥ ੪॥

ਸਾਧਨਾ ਕਰਨ ਵਾਲਾ ਸਰੇਸ਼ਟ ਸਾਧੂ ਮਿਲ ਜਾਵੇ ਤਾਂ ਆਤਮ ਰਸ ਨੂੰ ਪਾਂਦਾ ਹੈ ਅਤੇ ਆਪਣੇ ਸਰੂਪ ਘਰ ਵਿਚ ਬੈਠਿਆਂ ਹੀ ਤਤੁ=ਬ੍ਰਹਮਾਨੰਦ ਨੂੰ ਪੀਂਦਾ ਹੈ॥ ੪॥

ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ ਸੂਰੀਜੈ॥

ਜਿਵੇਂ ਚਕਵੀ ਸੂਰਜ ਨੂੰ ਦੇਖਦੀ ਰਹਿੰਦੀ ਹੈ, ਤਿਵੇਂ ਗੁਰਮੁਖ ਜਨਾਂ ਦੀ ਗੁਰੂਆਂ ਨਾਲ ਪ੍ਰੀਤੀ ਲੱਗ ਰਹੀ ਹੈ।

ਨਿਰਖਤ ਨਿਰਖਤ ਰੈਨਿ ਸਭ ਨਿਰਖੀ ਮੁਖੁ ਕਾਢੈ ਅੰਮ੍ਰਿਤੁ ਪੀਜੈ॥ ੫॥

ਜਿਵੇਂ ਸੂਰਜ ਵੱਲ ਦੇਖਦਿਆਂ ਦੇਖਦਿਆਂ ਚਕਵੀ ਦੀ ਸਾਰੀ ਰਾਤ ਨਿਰਖੀ=ਬਤੀਤ ਹੋ ਜਾਂਦੀ ਹੈ, ਜਿਸ ਵੇਲੇ ਸੂਰਜ ਮੂੰਹ ਕੱਢਦਾ ਹੈ, ਤਾਂ ਚਕਵੀ ਆਪਣੇ ਪਤੀ ਚਕਵੇ ਨਾਲ ਮਿਲਾਪ ਹੋਣੇ ਰੂਪ ਅੰਮ੍ਰਿਤ ਨੂੰ ਪੀਂਦੀ ਹੈ। ਤਿਵੇਂ ਗੁਰੂ ਰੂਪ ਸੂਰਜ ਨੂੰ ਦੇਖਦਿਆਂ ਦੇਖਦਿਆਂ ਸਾਰੀ ਅਵਸਥਾ ਰੂਪੀ ਰਾਤ ਬਤੀਤ ਹੋ ਜਾਂਦੀ ਹੈ ਜਿਸ ਵੇਲੇ ਪੂਰਬਲੇ ਕਰਮਾਂ ਅਨੁਸਾਰ ਗੁਰਾਂ ਨੇ ਮੂੰਹ ਕੱਢਿਆ ਭਾਵ ਕ੍ਰਿਪਾਲੂ ਹੋਏ ਤਾਂ ਜਗਿਆਸੂ ਰੂਪ ਚਕਵੀ ਬ੍ਰਹਮ ਚਕਵੇ ਨਾਲ ਮਿਲਾਪ ਹੋਣੇ ਰੂਪ ਅੰਮ੍ਰਿਤ ਨੂੰ ਪੀਂਦੀ ਹੈ॥ ੫॥

ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ॥

ਸਾਕਤ=ਮਾਇਆਧਾਰੀ ਪੁਰਸ਼ ਸੁਆਨ=ਕੁੱਤੇ ਵਾਂਗੂ ਬਹੁਤੇ ਲੋਭੀ ਕਹੀਂਦੇ ਹਨ, ਇਸ ਲਈ ਉਹ ਦੁਰਮਤਿ=ਖੋਟੀ ਮਤ ਰੂਪ ਮੈਲ ਨਾਲ ਬਹੁਤੇ ਭਰੀਜੈ=ਭਰੇ ਹੋਏ (ਲਿਬੜੇ ਹੋਏ) ਹਨ।

ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥ ੬ ॥

ਉਹ ਆਪਣੇ ਸੁਆਇ=ਮਤਲਬ ਵਾਸਤੇ ਬਹੁਤੀਆਂ ਗੱਲਾਂ ਕਰਦੇ ਹਨ, ਇਸ ਕਰਕੇ ਉਹਨਾਂ ਦਾ ਵਿਸਾਹੁ=ਭਰੋਸਾ ਕ਼ੀ ਕਰਨਾ ਹੈ॥ ੬ ॥

ਸਾਧੂ ਸਾਧ ਸਰਨਿ ਮਿਲਿ ਸੰਗਤਿ ਜਿਤੁ ਹਰਿ ਰਸੁ ਕਾਢਿ ਕਢੀਜੈ ॥

ਸਾਧ=ਸਾਧਨਾ ਕਰਨ ਵਾਲੇ ਸਰੇਸ਼ਟ ਜੋ ਸਾਧੂ ਹਨ ਉਹਨਾਂ ਦੀ ਸੰਗਤ ਵਿਚ ਜਾ ਕੇ ਸ਼ਰਨ ਵਿਚ ਮਿਲ ਜਾ, ਜਿਸ ਕਰਕੇ ਕੱਢਣੇ ਵਾਲਾ ਹੋ ਕੇ ਹਰੀ ਰਸ ਨੂੰ ਕੱਢ ਲਵੇ,

ਅਥਵਾ:-ਜਿਥੋਂ ਹਰੀ ਰਸ ਪ੍ਰਾਪਤੀ ਦੀ ਕੋਈ ਕਾਢਿ=ਵਿਉਂਤ ਕੱਢੀ ਜਾਂਦੀ ਹੈ।

ਪਰਉਪਕਾਰ ਬੋਲਹਿ ਬਹੁ ਗੁਣੀਆ ਮੁਖਿ ਸੰਤ ਭਗਤ ਹਰਿ ਦੀਜੈ ॥ ੭ ॥

ਬਹੁਤੇ ਗੁਣਵਾਨ ਮਹਾਤਮਾ ਪਰਉਪਕਾਰ ਦੇ ਬਚਨਾਂ ਨੂੰ ਬੋਲਦੇ ਹਨ, ਪੁਨਾ-ਉਹ ਮੁਖੀ ਸੰਤ ਹਰੀ ਦੀ ਭਗਤੀ ਕਰਨੀ ਦੇਂਦੇ ਹਨ।

ਅਥਵਾ:-ਹੇ ਹਰੀ ! ਮੈਨੂੰ ਮੁਖੀ ਸੰਤਾਂ ਦੀ ਭਗਤੀ ਕਰਨੀ ਦੇਣਾ ਕਰ॥ ੭ ॥

ਤੂ ਅਗਮ ਦਇਆਲ ਦਇਆ ਪਤਿ ਦਾਤਾ ਸਭ ਦਇਆ ਧਾਰਿ ਰਖਿ ਲੀਜੈ ॥

ਹੇ ਦਇਆ ਪਤੀ ਦਾਤਾ ! ਤੂੰ ਅਗਮ=ਬੇਅੰਤ ਦਿਆਲੂ ਹੈਂ, ਦਇਆ ਦ੍ਰਿਸ਼ਟੀ ਧਾਰ ਕੇ ਸਭ ਨੂੰ ਰੱਖ ਲੈਂਦੇ ਹੋ। *ਅਥਵਾ:*-ਹੇ ਦਿਆਲੂ ਪਰਮਾਤਮਾ ! ਤੂੰ ਅਗਮ ਹੈਂ, ਦਇਆਵਾਨ ਹੈਂ ਸਭ ਦਾ ਪਤੀ ਹੈਂ ਅਤੇ ਦਾਤਾ ਹੈਂ ਦਇਆ ਦ੍ਰਿਸ਼ਟੀ ਧਾਰ ਕੇ ਸਭ ਨੂੰ ਰੱਖ ਲੈਣਾ ਕਰ।

ਸਰਬ ਜੀਅ ਜਗਜੀਵਨੁ ਏਕੋ ਨਾਨਕ ਪ੍ਰਤਿਪਾਲ ਕਰੀਜੈ ॥ ੮ ॥ ੫ ॥

ਹੇ ਜਗਜੀਵਨ ਪਰਮਾਤਮਾ ! ਇਕ ਆਪ ਹੀ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਦੇ ਹੋ।

ਅਥਵਾ:-ਗੁਰੂ ਜੀ ਕਥਨ ਕਰਦੇ ਹਨ—ਜਗਤ ਦੇ ਸਭ ਜੀਵਾਂ ਦੇ ਇਕ ਆਪ ਹੀ ਜੀਵਨੁ=ਪ੍ਰਾਣ ਰੂਪ ਹੋ ਅਤੇ ਆਪ ਹੀ ਸਭ ਦੀ ਪ੍ਰਤਿਪਾਲਾ ਕਰਦੇ ਹੋ॥ ੮ ॥ ੫ ॥

ਕਲਿਆਨੁ ਮਹਲਾ ੪ ॥

ਰਾਮਾ ਹਮ ਦਾਸਨ ਦਾਸ ਕਰੀਜੈ ॥

ਹੇ ਰਾਮ ! ਮੈਨੂੰ ਆਪਣੇ ਦਾਸਾਂ ਦਾ ਦਾਸ ਕਰ ਲੈ।

ਜਬ ਲਗਿ ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ ॥ ੧ ॥ ਰਹਾਉ ॥

ਜਿੰਨਾ ਚਿਰ ਮਨ=ਸਰੀਰ ਦੇ ਅੰਦਰ ਸ੍ਵਾਸ ਹੋਣ, ਉਨਾ ਚਿਰ ਮੈਂ ਸੰਤ ਧੂੜੀ ਨੂੰ ਪਿਵੀਜੈ=ਪੀਣਾ ਕਰਾਂ॥ ੧ ॥ ਰਹਾਉ ॥

ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ ॥

ਸੰਕਰੁ=ਸ਼ਿਵ ਜੀ, ਨਾਰਦ ਮੁਨੀ, ਸ਼ੇਸ਼ਨਾਗ ਤੇ ਮੁਨੀ ਇਹ ਸਾਰੇ ਸੰਤਾਂ ਦੀ ਧੂੜੀ ਨੂੰ ਲੋਚੀਜੈ=ਲੋਚਦੇ (ਚਾਹੁੰਦੇ) ਹਨ।

ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ॥ ੧॥

ਭਵਨ=ਸੰਸਾਰ ਵਿਚ ਉਹ ਸਾਰੇ ਭਵਨ=ਘਰ ਪਵਿੱਤ੍ਰ ਹੋਏ ਹਨ, ਜਿਥੇ ਸੰਤਾਂ ਨੇ ਚਰਨ ਧਰੇ ਹਨ।

ਅਥਵਾ:-ਜਹ ਭਵਨ=ਜਿਨ੍ਹਾਂ ਘਰਾਂ ਵਿਚ ਸਾਧੂ ਚਰਨ ਧਾਰ ਕੇ ਭਵਨ=ਫਿਰਨਾ ਕਰਦੇ ਹਨ ਉਹ ਭਵਨ=ਘਰ ਸਾਰੇ ਪਵਿੱਤ੍ਰ ਹੁੰਦੇ ਹਨ॥ ੧॥

ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ॥

ਲੋਕ ਲੱਜਿਆ ਤਿਆਗ ਕੇ ਅਤੇ ਸਾਰਾ ਹੰਕਾਰ ਛੱਡ ਕੇ, ਸੰਤਾਂ ਦੇ ਸੰਗ ਵਿਚ ਮਿਲ ਕੇ ਰਹਿਣਾ ਚਾਹੀਦਾ ਹੈ।

ਧਰਮ ਰਾਇ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ ॥ ੨॥

ਸੰਤਾਂ ਦਾ ਸਤਸੰਗ ਐਸਾ ਹੈ, ਜੋ ਧਰਮ ਰਾਜਾ ਦੀ ਕਾਨ ਕਨੌਡ ਚੁਕਾ ਦੇਂਦਾ ਹੈ ਤੇ ਜ਼ਹਿਰ ਦੇ ਸਮੁੰਦਰ ਵਿਚ ਡੁੱਬਦੇ ਹੋਏ ਜੀਵ ਨੂੰ ਕੱਢਣੇ ਵਾਲਾ ਹੋ ਕੇ ਕੱਢ ਦੇਂਦਾ ਹੈ।

ਵਾ:-ਕਾਢਿ=ਜੁਗਤੀ ਨਾਲ ਕੱਢ ਦੇਂਦਾ ਹੈ॥ ੨॥

ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ॥

ਭਰਮ ਕਰਕੇ ਜੋ ਜੀਵ ਸ਼ੁਭ ਗੁਣਾਂ ਵਲੋਂ ਸੁਕ ਗਏ ਹਨ, ਉਹ ਬਹੁਤ ਹੀ ਉਭਿ ਸੁਕ=ਖੜ ਸੁਕ ਬ੍ਰਿਛ ਵਾਂਗੂ ਕਹੇ ਜਾਂਦੇ ਹਨ,

ਯਥਾ:- ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ॥ ੪॥ (ਪੰਨਾ ੬੬)

ਫਿਰ ਸੰਤਾਂ ਦੇ ਸੰਗ ਵਿਚ ਮਿਲ ਕੇ ਉਹ ਸ਼ੁਭ ਗੁਣਾਂ ਕਰਕੇ ਹਰੀਜੈ=ਹਰੇ ਜੋ ਜਾਂਦੇ ਹਨ।

ਤਾ ਤੇ ਬਿਲਮੁ ਪਲੁ ਢਿਲ ਨ ਕੀਜੈ ਜਾਇ ਸਾਧੂ ਚਰਨਿ ਲਗੀਜੈ॥ ੩॥

ਇਸ ਕਰਕੇ ਢਿੱਲੇ ਹੋ ਕੇ ਪਲ ਜਿੰਨੀ ਭੀ ਬਿਲਮੁ=ਦੇਰ ਨਹੀਂ ਕਰਨੀ ਚਾਹੀਦੀ, ਛੇਤੀ ਨਾਲ ਜਾ ਕੇ ਸੰਤਾਂ ਦੇ ਚਰਨੀਂ ਲੱਗਣਾ ਚਾਹੀਦਾ ਹੈ॥ ੩॥

ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ॥

ਰਤਨ=ਅਮੋਲਕ ਕੀਰਤਨ ਤੇ ਰਾਮ ਨਾਮ ਰੂਪ ਵਸਤੂ ਹਰੀ ਨੇ ਸੰਤਾਂ ਪਾਸ ਰੱਖੀ ਹੋਈ ਹੈ।

ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ॥ ੪॥

ਜੋ ਪੁਰਖ਼ ਗੁਰੂ ਦੇ ਬਚਨੁ=ਹੁਕਮ ਨੂੰ ਸੱਤ ਸੱਤ ਕਰਕੇ ਮੰਨਦਾ ਹੈ, ਉਸ ਸਿੱਖ ਦੇ ਅੱਗੇ ਗੁਰੂ ਉਹ ਵਸਤੂ ਕੱਢ ਕੇ ਧਰ ਦੇਂਦੇ ਹਨ॥ ੪॥

ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ॥

ਹੇ ਸੰਤੋ ! ਸੁਣੋ, ਹੇ ਭਾਈ ਜਨੋ ! ਤੁਸੀਂ ਭੀ ਸੁਣੋ, ਗੁਰੂ ਸਾਹਿਬ ਜੀ ਕਿਰਪਾ ਰੂਪੀ ਬਾਂਹ ਕੱਢ ਕੇ,

ਵਾ:-ਪ੍ਰਤੱਖ ਬਾਂਹ ਖੜੀ ਕਰਕੇ ਕੁਕੀਜੈ=ਕੂਕਦੇ ਹਨ, ਅਰਥਾਤ ਉਪਦੇਸ਼ ਕਰਦੇ ਹਨ।

ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥ ੫ ॥

ਜੇਕਰ ਆਪਣੇ ਆਤਮ ਕਉ=ਮਨ ਨੂੰ ਨਿਤਾਪ੍ਰਤੀ ਸੁਖ ਹੀ ਸੁਖ ਲੋੜਹੁ=ਚਾਹੁੰਦੇ ਹੋ,

ਵਾ:-ਜੇਕਰ ਸੁਖਾਂ ਵਿਚੋਂ ਆਤਮ ਸੁਖ ਨੂੰ ਨਿਤਾਪ੍ਰਤੀ ਚਾਹੁੰਦੇ ਹੋ, ਤਾਂ ਪੂਰਿਆਂ ਸਤਿਗੁਰਾਂ ਦੀ ਸ਼ਰਨੀ ਜਾ ਪਵੋ॥ ੫॥

ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥

ਜੇਕਰ ਅਤਿ=ਬਹੁਤ ਹੀ ਨੀਕਾ=ਚੰਗਾ ਉੱਤਮ ਭਾਗ ਹੋਵੇ, ਤਾਂ ਗੁਰੂ ਪਾਸੋਂ ਸਿੱਖਿਆ ਲੈ ਕੇ ਰਾਮ ਨਾਮ ਨੂੰ ਦ੍ਰਿੜ ਕਰ।

ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ ॥ ੬ ॥

ਅੰਨਵੇਂ:-ਹਰੀ ਨਾਮ ਰਸ ਨੂੰ ਪੀਣਾ ਕਰ ਤਾਂ ਸਹਜੇ=ਸੁਭਾਵਕ ਹੀ ਸਾਰਾ ਮਾਇਆ ਦਾ ਮੋਹ ਤੇ ਕਠਨ ਸੰਸਾਰ-ਸਮੁੰਦਰ ਤੋਂ ਤਰ ਜਾਈਦਾ ਹੈ॥ ੬॥

ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥

ਮਾਇਆ=ਛਲ ਰੂਪ ਜੋ ਮਾਇਆ ਹੈ ਇਸ ਦੇ ਜੋ ਅਧਿਕਾਈ=ਅਧਿਕਾਰੀ ਹੋ ਰਹੇ ਹਨ,

ਵਾ:-ਮਾਇਆ ਹੀ ਮਾਇਆ ਵਿਚ ਜੋ ਅਧਿਕ ਪ੍ਰੀਤੀ ਕਰਨ ਵਾਲੇ ਹਨ, ਉਹ ਆਪ ਮਾਇਆ ਵਿਚ ਖਰਾਬ ਹੁੰਦੇ ਹਨ ਤੇ ਹੋਰਨਾਂ ਨੂੰ ਪਚੀਜੈ=ਖਰਾਬ ਕਰਦੇ ਹਨ।

ਵਾ:-ਜੇਹੜੇ ਮਾਇਆ ਵਿਚ ਅਧਿਕ ਪ੍ਰੀਤੀ ਕਰਨ ਵਾਲੇ ਮਾਇਆ ਨੂੰ ਹੀ ਚਾਹੁੰਦੇ ਹਨ, ਉਹ ਮਾਇਆ ਰੂਪ ਪਚੀਜੈ=ਆਵੇ ਵਿਚ ਪਚੈ=ਸੜਦੇ ਹਨ।

ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥ ੭ ॥

ਅਗਿਆਨ ਰੂਪ ਹਨੇਰੇ ਕਰਕੇ ਮਹਾਂ ਬਿਖੜਾ ਪੰਥ ਜੋ ਜਮਾਂ ਦਾ ਹੈ ਉਸ ਪਰ ਚਲਦਾ ਹੈ, ਫਿਰ ਹੰਕਾਰ ਕਰਕੇ ਪਾਪਾਂ ਦਾ ਭਾਰ ਵੀ ਲੱਦ ਲਿਆ ਹੈ॥ ੭॥

ਨਾਨਕ ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥

ਗੁਰੂ ਜੀ ਕਥਨ ਕਰਦੇ ਹਨ—ਰਮ=ਸੁੰਦਰ ਜੋ ਰਾਮ ਹੈ ਰਮੁ=ਰਮਨ ਕਰਨੇ ਜੋਗ ਸਾਰਿਆਂ ਵਿਚ ਰਮ=ਰਮਿਆ ਹੋਇਆ, ਉਸ ਰਾਮ ਨੂੰ ਰਮ=ਉਚਾਰ ਕੇ ਤੂੰ ਆਪਣੀ ਗਤਿ=ਮੁਕਤੀ ਕਰ ਲੈ।

ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ
ਰਾਮ ਨਾਮੈ ਰਲੈ ਮਿਲੀਜੈ ॥ ੮ ॥ ੬ ॥ ਛਕਾ ੧

ਸਤਿਗੁਰ ਦੇਵ ਜੀ ਮਿਲਣ ਤਾਂ ਉਹ ਨਾਮ ਨੂੰ ਦ੍ਰਿੜ ਕਰਵਾਂਦੇ ਹਨ, ਨਾਮ ਵਿਚ ਮਿਲੀਜੈ=ਮਿਲਣ ਕਰਕੇ, ਰਾਮ ਰਲੈ=ਪਰਮਾਤਮਾ ਵਿਚ ਅਭੇਦ ਹੁੰਦਾ ਹੈ॥ ੮॥ ੬॥ ਛਕਾ ੧

ਛੇ ਅਸ਼ਟਪਦੀਆਂ ਪੂਰੀਆਂ ਹੋਣ ਕਰਕੇ ਇਕ ਛਕਾ ਲਿਖਿਆ ਹੈ, ਇਸ ਜਗ੍ਹਾਂ ਸੁਖਮਨਾ ਸਾਹਿਬ ਪੂਰਾ ਹੋ ਗਿਆ ਹੈ, ਜਿਤਨਾ ਸੁਖਮਨੀ ਸਾਹਿਬ ਜੀ ਦੇ ਪੜ੍ਹਨ ਦਾ ਮਹਾਤਮ ਹੈ ਉਨਾਂ ਹੀ ਸੁਖਮਨੇ ਸਾਹਿਬ ਦੇ ਪੜ੍ਹਨ ਦਾ ਮਹਾਤਮ ਹੈ ਪੁਰਾਣੇ ਬਜ਼ੁਰਗ ਰੋਜ਼ ਸੁਖਮਨੇ ਸਾਹਿਬ ਦਾ ਪਾਠ ਕਰਦੇ ਸਨ।

-ਕਲਿਆਣ ਰਾਗ ਸੰਪੂਰਣ-

[ਪੰਨਾ ੧੩੨੭]

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਏਹ ਵੱਡਾ ਮੂਲ ਮੰਤਰ ੧੬ ਨਾਮਾਂ ਵਾਲਾ ਉਚਾਰ ਕੇ ਅੱਗੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਉਚਾਰਨ ਕੀਤੇ ਹੋਏ ਸ਼ਬਦ ਭਾਈ ਗੁਰਦਾਸ ਜੀ ਪਾਸੋਂ ਲਿਖਵਾ ਕੇ ਸੰਗਤਾਂ ਨੂੰ ਸ੍ਰਵਣ ਕਰਵਾਉਂਦੇ ਹਨ।

°ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧ ॥

ਪਰਭਾਤੀ ਰਾਗ ਦੇ ਨਾਲ ਬਿਭਾਸ ਰਾਗਣੀ ਮਿਲੀ ਹੋਈ ਹੈ, ਜਿਵੇਂ ਬਸੰਤ ਨਾਲ ਹਿੰਡੋਲ ਹੈ।

ਅੱਗੋਂ ਪਰਮੇਸ਼ਰ ਦੇ ਸਨਮੁਖ ਉਚਾਰਦੇ ਹਨ-

ਨਾਇ ਤੇਰੈ ਤਰਣਾ ਨਾਇ ਪਤਿ ਪੂਜ ॥

ਹੇ ਪ੍ਰਭੂ ! ਤੇਰੇ ਨਾਮ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ ਤੇਰੇ ਨਾਮ ਕਰਕੇ ਹੀ ਪਤਿ=ਇੱਜ਼ਤ ਤੇ ਪੂਜਾ ਹੁੰਦੀ ਹੈ, ਵਾ:-ਪੂਜਨੀਕ ਹੁੰਦਾ ਹੈ।

ਨਾਉ ਤੇਰਾ ਗਹਣਾ ਮਤਿ ਮਕਸੂਦੁ ॥

ਹੇ ਪ੍ਰਭੂ ! ਤੇਰਾ ਨਾਮ ਦੀ ਮੇਰਾ ਗਹਿਣਾ ਹੈ, ਵਾ:-ਆਸਰਾ ਹੈ, ਤੇਰਾ ਨਾਮ ਹੀ ਮਤਿ=ਬੁੱਧੀ ਨੂੰ ਮਕਸੂਦੁ=ਨਫਾ ਦੇਣ ਵਾਲਾ ਹੈ।

ਨਾਇ ਤੇਰੈ ਨਾਉ ਮੰਨੇ ਸਭ ਕੋਇ ॥ ਵਿਣੁ ਨਾਵੈ ਪਤਿ ਕਬਹੁ ਨ ਹੋਇ ॥ ੧ ॥

ਹੇ ਪ੍ਰਭੂ ! ਤੇਰੇ ਨਾਮ ਜਪਣ ਵਾਲੇ ਦੇ ਨਾਮ ਨੂੰ ਸਭ ਕੋਈ ਮੰਨਦਾ ਹੈ।

ਨਾਮ ਜਪੇ ਤੋਂ ਬਿਨਾਂ ਕਦੇ ਭੀ ਪਤਿ=ਇੱਜ਼ਤ ਨਹੀਂ ਹੁੰਦੀ ॥ ੧ ॥

ਨਾਮ ਸਿਮਰਨ ਤੋਂ ਬਿਨਾਂ-

ਅਵਰ ਸਿਆਣਪ ਸਗਲੀ ਪਾਜੁ ॥ ਜੈ ਬਖਸੇ ਤੈ ਪੂਰਾ ਕਾਜੁ ॥ ੧ ॥ ਰਹਾਉ ॥

ਅਵਰ=ਹੋਰ ਜੋ ਦੁਨੀਆਂ ਦੀਆਂ ਸਿਆਣਪਾਂ ਹਨ ਉਹ ਸਭ ਪਾਜੁ=ਲੋਕ ਦਿਖਲਾਵਾ ਹੈ।

ਹੇ ਪ੍ਰਭੂ ! ਜਿਸ ਨੂੰ ਤੂੰ ਬਖਸ਼ਦਾ ਹੈਂ, ਤਿਸਦਾ ਮੋਖ ਰੂਪੀ ਕਾਰਜ ਪੂਰਾ ਹੁੰਦਾ ਹੈ॥ ੧ ॥ ਰਹਾਉ ॥

ਨਾਉ ਤੇਰਾ ਤਾਣੁ ਨਾਉ ਦੀਬਾਣੁ ॥ ਨਾਉ ਤੇਰਾ ਲਸਕਰੁ ਨਾਉ ਸੁਲਤਾਨੁ ॥

ਤੇਰਾ ਨਾਮ ਹੀ ਮੇਰੇ ਤਨ ਦਾ ਤਾਣੁ=ਬਲ ਹੈ ਤੇਰਾ ਨਾਮ ਹੀ ਮੇਰੇ ਮਨ ਦਾ ਦੀਬਾਣੁ=ਆਸਰਾ ਹੈ,

---

°ਇਹ ਰਾਗ ਸੰਪੂਰਨ ਹੈ ਆਸਾ ਤੇ ਭੈਰੌ ਦੇ ਮਿਲਾਪ ਤੋਂ ਬਣਦਾ ਹੈ ਇਸ ਨੂੰ ਪ੍ਰਾਤਾਕਾਲ ਗਾਉਂਦੇ ਹਨ, ਹੋਰਨਾਂ ਰਾਗ ਗ੍ਰੰਥਾਂ ਵਿਚ ਇਸ ਦਾ ਕੋਈ ਉਲੇਖ ਨਹੀਂ ਮਿਲਦਾ ਇਸ ਤੋਂ ਸਿਧ ਹੁੰਦਾ ਹੈ ਇਹ ਪ੍ਰਭਾਤੀ ਰਾਗ ਗੁਰੂ ਜੀ ਨੇ ਆਪ ਪ੍ਰਚਲਤ ਕੀਤਾ ਹੈ।

ਬਿਭਾਸ ਇਕ ਵੱਖਰੀ ਰਾਗਣੀ ਹੈ ਜੋ ਮਤੰਗ ਮੁਨੀ ਦੇ ਮਤ ਵਿਚ ਪੰਚਮ ਦੀ ਰਾਗਣੀ ਹੈ।

ਰਾਧਾ ਗੋਬਿੰਦ ਸੰਗੀਤ ਸਾਰ ਦੇ ਮਤ ਵਿਚ ਹਿੰਡੋਲ ਦਾ ਪੁੱਤ੍ਰ ਹੈ ਰਾਤ ਦੇ ਚੌਥੇ ਪਹਿਰ ਗਾਉਂਦੇ ਹਨ।

ਸੁਰ ਤਾਲ ਸਮੂਹ ਵਿਚ ਭੀ ਇਸ ਨੂੰ ਹਿੰਡੋਲ ਦਾ ਪੁੱਤ੍ਰ ਲਿਖਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ੩੦ਵਾਂ ਨੰਬਰ ਹੈ।

ਵਾ:-ਸਭਾ ਹੈ, ਤੇਰਾ ਨਾਮ ਹੀ ਪ੍ਰਤੱਖ ਲਸਕਰੁ=ਫੌਜ ਹੈ, ਵਾ:-ਸ਼ੁਭ ਗੁਣਾਂ ਰੂਪੀ ਫੌਜ ਹੈ ਅਤੇ ਤੇਰਾ ਨਾਮ ਹੀ ਸੁਲਤਾਨੁ=ਰਾਜਾ ਹੈ, ਵਾ:-ਗਿਆਨ ਰੂਪ ਰਾਜਾ ਹੈ।

ਨਾਇ ਤੇਰੈ ਮਾਨੁ ਮਹਤ ਪਰਵਾਨੁ॥

ਹੇ ਪ੍ਰਭੂ ! ਤੇਰੇ ਨਾਮ ਕਰਕੇ ਮਾਨ ਸਮਾਨ ਤੇ ਮਹਤ=ਮਰਾਤਬਾ ਵਿਸ਼ੇਸ਼ ਪ੍ਰਾਪਤ ਹੁੰਦਾ ਹੈ ਤੇਰੇ ਨਾਮ ਕਰਕੇ ਹੀ ਜੀਵ ਸਾਰਿਆਂ ਵਿਚ ਪ੍ਰਮਾਣੀਕ ਹੁੰਦਾ ਹੈ।

ਪ੍ਰਸ਼ਨ-ਜਿਸ ਨਾਮ ਦੀ ਏਡੀ ਸਿਫਤ ਆਪ ਜੀ ਨੇ ਕਹੀ ਹੈ ਉਹ ਨਾਮ ਕਿਵੇਂ ਪ੍ਰਾਪਤ ਹੁੰਦਾ ਹੈ? ਉੱਤਰ-

ਤੇਰੀ ਨਦਰੀ ਕਰਮਿ ਪਵੈ ਨੀਸਾਨੁ॥ ੨ ॥

ਹੇ ਨਦਰੀ=ਪਰਮਾਤਮਾ ! ਤੇਰੀ ਕਰਮਿ=ਕ੍ਰਿਪਾ ਹੋਵੇ ਤਾਂ ਨਾਮ ਜਪਣ ਦੀ ਨਿਸ਼ਾਨੀ ਪੈਂਦੀ ਹੈ।

ਵਾ:-ਹੇ ਨਦਰੀ=ਪਰਮਾਤਮਾ ਤੇਰੀ ਕਰਮਿ=ਕ੍ਰਿਪਾ ਰੂਪ ਨਿਸ਼ਾਨੀ ਪਵੇ ਤਾਂ ਨਾਮ ਪ੍ਰਾਪਤ ਹੁੰਦਾ ਹੈ॥ ੨ ॥

ਨਾਇ ਤੇਰੈ ਸਹਜੁ ਨਾਇ ਸਾਲਾਹ॥ ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ॥

ਹੇ ਪ੍ਰਭੂ ! ਤੇਰੇ ਨਾਮ ਕਰਕੇ ਸਹਜੁ=ਸ਼ਾਂਤੀ, ਵਾ:-ਗਿਆਨ ਪ੍ਰਾਪਤ ਹੁੰਦਾ ਹੈ, ਤੇਰੇ ਨਾਮ ਕਰਕੇ ਹੀ ਜੀਵ ਦੀ ਸਾਲਾਹ=ਸ਼ਲਾਘਾ (ਉਸਤਤੀ) ਹੁੰਦੀ ਹੈ।

ਤੇਰਾ ਨਾਮ ਅੰਮ੍ਰਿਤ ਰੂਪ ਹੈ ਜਿਸ ਦੇ ਪੀਣ ਨਾਲ ਵਿਸ਼ਿਆਂ ਰੂਪੀ ਜ਼ਹਿਰ ਉੱਠ ਜਾਂਦੀ ਹੈ।

ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ॥

ਤੇਰੇ ਨਾਮ ਸਿਮਰਨ ਕਰਕੇ ਹੀ ਸਾਰੇ ਸੁਖ ਮਨ ਵਿਚ ਆ ਕੇ ਵਸਦੇ ਹਨ।

ਬਿਨੁ ਨਾਵੈ ਬਾਧੀ ਜਮ ਪੁਰਿ ਜਾਇ॥ ੩ ॥

ਨਾਮ ਸਿਮਰਨ ਤੋਂ ਬਿਨਾਂ ਸਾਰੀ ਦੁਨੀਆਂ ਮੋਹ ਦੇ ਬੰਧਨਾਂ ਵਿਚ ਬੱਧੀ ਹੋਈ ਜਮਪੁਰੀ ਵਿਚ ਜਾਂਦੀ ਹੈ॥ ੩ ॥

ਨਾਰੀ ਬੇਰੀ ਘਰ ਦਰ ਦੇਸ॥ ਮਨ ਕੀਆ ਖੁਸੀਆ ਕੀਚਹਿ ਵੇਸ॥

ਨਾਰੀ=ਇਸਤ੍ਰੀ, ਬੇਰੀ=ਬੇਲੀ, ਸੁੰਦਰ ਘਰ, ਸੁੰਦਰ ਦਰ=ਦਰਵਾਜ਼ੇ, ਬੜੇ ਸੋਹਣੇ ਦੇਸ਼ ਅਤੇ ਮਨ ਦੀਆਂ ਖੁਸ਼ੀਆਂ ਅਨੁਸਾਰ ਜੋ ਚੰਗੇ ਚੰਗੇ ਲਿਬਾਸ ਕੀਤੇ ਜਾਂਦੇ ਹਨ। ਪਰ ਅੰਤ ਨੂੰ ਏਹ ਸਭ ਬੇਰੀ=ਬੇੜੀ ਰੂਪ ਹਨ।

ਜਾਂ ਸਦੇ ਤਾਂ ਢਿਲ ਨ ਪਾਇ॥ ਨਾਨਕ ਕੂੜੁ ਕੂੜੋ ਹੋਇ ਜਾਇ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਜਾਂ=ਜਿਸ ਵੇਲੇ ਪ੍ਰਭੂ ਇਸ ਨੂੰ ਸੱਦਦਾ ਹੈ ਤਾਂ ਇਸ ਦੇ ਪਾਸੋਂ ਢਿਲ=ਦੇਰੀ ਨਹੀਂ ਪੈਂਦੀ। ਏਹ ਝੂਠਾ ਪ੍ਰਪੰਚ ਅੰਤ ਨੂੰ ਝੂਠਾ ਹੀ ਹੋ ਜਾਂਦਾ ਹੈ॥ ੪ ॥ ੧ ॥

ਇਸ ਸ਼ਬਦ ਵਿਚ ਭੀ ਨਾਮ ਦੀ ਮਹਿਮਾ ਕਥਨ ਕਰਦੇ ਹਨ-

ਪ੍ਰਭਾਤੀ ਮਹਲਾ ੧ ॥

ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ॥

ਹੇ ਪ੍ਰਭੂ ! ਆਪ ਜੀ ਦਾ ਨਾਮ ਰਤਨ ਰੂਪ ਹੈ, ਉਸ ਨਾਮ ਦਾ ਕਰਮ ਕੀ ਹੈ? ਉੱਤਰ:-

ਗਿਆਨ ਦਾ ਚਾਨਣ ਕਰਨਾ, ਜਿਸ ਅੰਤਹਕਰਣ ਵਿਚ ਨਾਮ ਦੀ ਸੁਰਤ ਹੈ, ਓਸੇ ਅੰਤਹਕਰਣ ਵਿਚ ਗਿਆਨ ਦਾ ਲੋਇ=ਪ੍ਰਕਾਸ਼ ਹੈ।

ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ॥ ੧॥

ਜਿਸ ਵਾਪਰੈ=ਵਿਚਾਰੇ ਜੀਵ ਦੀ ਬੁੱਧੀ ਅਗਿਆਨ ਰੂਪ ਹਨੇਰੇ ਕਰਕੇ ਅੰਨ੍ਹੀ ਹੈ, ਉਸ ਦੇ ਪਾਸੋਂ ਸਾਰੇ ਸ਼ੁਭ ਗੁਣ ਖੋਹ ਲਈਦੇ ਹਨ। *ਅਥਵਾ:-*ਅਗਿਆਨ ਰੂਪ ਹਨੇਰੇ ਕਰਕੇ ਜੋ ਪੁਰਸ਼ ਅੰਨ੍ਹੀ ਮਾਇਆ ਵਿਚ ਵਾਪਰੈ=ਲੱਗੇ ਹੋਏ ਹਨ, ਉਹ ਸਾਰੇ ਪ੍ਰਲੋਕ ਰਸਤੇ ਵਿਚ ਲੁਟ ਲਏ ਜਾਂਦੇ ਹਨ॥ ੧॥

ਯਥਾ:- ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ *(ਪੰਨਾ ੭੪੭)*

ਇਹੁ ਸੰਸਾਰੁ ਸਗਲ ਬਿਕਾਰੁ॥

ਏਹ ਸਾਰਾ ਸੰਸਾਰ ਬਿਕਾਰੁ=ਰੋਗ ਰੂਪ ਹੈ। ਭਾਵ, ਜਨਮ ਮਰਨ ਰੂਪੀ ਰੋਗ ਦੇ ਸਹਿਤ ਹੈ।

ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ॥ ੧॥ ਰਹਾਉ॥

ਹੇ ਸ੍ਰਿਸ਼ਟੀ ਦੇ ਕਰਨ ਵਾਲੇ ਅਪਾਰ ਪ੍ਰਭੂ ! ਤੇਰਾ ਨਾਮ ਹੀ ਇਸ ਰੋਗ ਦੀ ਨਵਿਰਤੀ ਦਾ ਦਾਰੂ ਹੈ, ਹੋਰ ਕੋਈ ਭੀ ਦਾਰੂ ਨਾਸਤਿ=ਨਹੀਂ ਹੈ॥ ੧॥ ਰਹਾਉ॥

ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ॥

ਸਤਾਂ ਪਤਾਲਾਂ ਤੇ ਇੰਦ੍ਰ ਆਦਿਕ ਪੁਰੀਆਂ ਦੇ ਲੱਖਾਂ ਕ੍ਰੋੜਾਂ ਪਦਾਰਥ ਛਾਬੇ ਦੇ ਇਕ ਭਾਰ=ਤਰਫ ਹੋਵਣ ਤੇ ਦੂਜੇ ਪਾਸੇ ਨਾਮ ਹੋਵੇ ਤੌਭੀ ਉਹ ਪਦਾਰਥ ਨਾਮ ਦੇ ਬਰਾਬਰ ਨਹੀਂ ਹੋ ਸਕਦੇ।

ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ॥ ੨॥

ਹੇ ਪ੍ਰਭੂ ! ਤੇਰੇ ਲਾਲ ਰੂਪ ਨਾਮ ਦੀ ਕੀਮਤ ਤਾਂ ਪੈਂਦੀ ਹੈ, ਜਾਂ ਦੂਜੇ ਸਿਰੇ 'ਪਰ ਨਾਮ ਦੇ ਸਦ੍ਰਸ ਕੋਈ ਹੋਰ ਲਾਲ ਰੂਪ ਵਸਤੂ ਹੋਵੇ॥ ੨॥ ਪਰ ਨਾਮ ਦੇ ਸਦ੍ਰਸ ਹੋਰ ਕੋਈ ਵਸਤੂ ਨਹੀਂ ਹੈ।

ਯਥਾ:- ਨਾਮ ਤੁਲਿ ਕਛੁ ਅਵਰੁ ਨ ਹੋਇ॥

ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ੮॥ ੨॥ *(ਪੰਨਾ ੨੬੫)*

[ਪੰਨਾ ੧੩੨੮]

ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ॥

ਕਰਮਾਂ ਅਨੁਸਾਰ ਦੁੱਖਾਂ ਤੋਂ ਸੁਖ ਨਿਕਲ ਆਉਂਦੇ ਹਨ ਅਤੇ ਸੁਖਾਂ ਤੋਂ ਦੁੱਖ ਹੋ ਜਾਂਦੇ ਹਨ।

ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ॥ ੩॥

ਜਿਸ ਮੂੰਹ ਤੋਂ ਤੂੰ ਸਲਾਹਿਆ ਜਾਂਦਾ ਹੈਂ ਉਸ ਮੂੰਹ ਨੂੰ ਕਿਸ ਵਸਤੂ ਦੀ ਭੁੱਖ ਹੈ, ਅਰਥਾਤ—ਨਾਮ ਜਪਣ ਵਾਲੇ ਦੀਆਂ ਸਭ ਇਛਾਵਾਂ ਪੂਰਨ ਹੋਣ ਕਰਕੇ ਕੋਈ ਭੀ ਤ੍ਰਿਸਨਾ ਨਹੀਂ ਰਹਿੰਦੀ ਹੈ॥ ੩॥

ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ॥

ਗੁਰੂ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਇਕ ਤੂੰ ਆਪਣੇ ਆਪ ਨੂੰ ਮੂਰਖ ਸਮਝ, ਹੋਰ ਸਾਰੇ ਸੰਸਾਰ

ਨੂੰ ਭਲਾ=ਚੰਗਾ ਮੰਨ। ਅਥਵਾ:-ਮੂਰਖਾਂ ਵਿਚ ਅਤੇ ਹੋਰ ਸਾਰੇ ਭਲੇ ਸੰਸਾਰ ਵਿਚ ਤੂੰ ਇਕ ਪਰਮਾਤਮਾ ਨੂੰ ਹੀ ਨਿਸਚੇ ਕਰ।

ਅਥਵਾ:-ਇਕ ਪਰਮੇਸ਼ਰ ਨੂੰ ਤੂੰ ਭਲਾ ਨਿਸਚੇ ਕਰ ਤੇ ਹੋਰ ਸਾਰਾ ਸੰਸਾਰ ਮੂਰਖ ਹੈ।

ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ॥ ੪॥ ੨॥

ਜਿਸ ਸਰੀਰ ਵਿਚ ਨਾਮ ਨਹੀਂ ਉਪਜਦਾ, ਉਹ ਸਰੀਰ ਖੁਆਰ=ਖਰਾਬ ਹੁੰਦਾ ਹੈ॥ ੪॥ ੨॥

ਪ੍ਰਭਾਤੀ ਮਹਲਾ ੧॥

ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ॥

ਜੈ ਕਾਰੰਣਿ=ਜਿਸ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਬ੍ਰਹਮਾਂ ਨੇ ਬੇਦ ਉਚਾਰੇ ਹਨ ਅਤੇ ਜਿਸ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਸੰਕਰਿ=ਸ਼ਿਵਾਂ ਨੇ ਮਾਇਆ ਤਿਆਗੀ ਹੈ।

ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ ॥ ੧॥

ਜੈ ਕਾਰਣਿ=ਜਿਸ ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਸਿਧ ਲੋਕ ਘਰਾਂ ਵਲੋਂ ਉਦਾਸੀਨ ਹੋਏ ਹਨ ਤੇ ਸੁਮੇਰ ਪਰਬਤ 'ਪਰ ਬੈਠ ਕੇ ਤਪਸਿਆ ਕੀਤੀ ਹੈ, ਤੇਤੀ ਕ੍ਰੋੜ ਦੇਵਤਿਆਂ ਨੇ ਭੀ,

ਵਾ:-ਛਿਆਨਵੇਂ ਕ੍ਰੋੜ ਦੇਵੀਆਂ ਨੇ ਭੀ ਉਸ ਪ੍ਰਭੂ ਦਾ ਮਰਮੁ=ਭੇਦ ਨਹੀਂ ਪਾਇਆ ॥ ੧॥

ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ॥

ਬਾਬਾ=ਹੇ ਭਾਈ ! ਮਨ ਵਿਚ ਸੱਚਾ ਨਾਮ ਹੋਵੇ, ਮੂੰਹ ਤੋਂ ਭੀ ਸੱਚਾ ਨਾਮ ਕਹੀਏ, ਤਾਂ ਸਾਚਾ ਹੋਈ=ਸੱਚੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਤਾਂ ਹੀ ਸੰਸਾਰ ਤੋਂ ਤਰੀਦਾ ਹੈ।

ਅਥਵਾ:-ਹੇ ਭਾਈ ! ਜਿਸ ਦੇ ਮਨ ਵਿਚ ਸੱਚਾ ਨਾਮ ਵਸਦਾ ਹੈ ਉਸ ਦਾ ਮੂੰਹ ਸੱਚਾ ਕਹੀਦਾ ਹੈ, ਸੱਚ ਨਾਮ ਦੀ ਪ੍ਰਾਪਤੀ ਹੋਣ ਕਰਕੇ ਹੀ ਸੰਸਾਰ ਤੋਂ ਤਰਦਾ ਹੈ।

ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ॥ ੧॥ ਰਹਾਉ॥

ਜੇਹੜਾ ਕੋਈ ਹਰੀ ਦੀ ਪ੍ਰਾਪਤੀ ਦੀ ਮਤਿ=ਸਿੱਖਿਆ ਨੂੰ ਪਾਂਦਾ ਹੈ ਉਸ ਦੇ ਨੇੜੇ ਨਾ ਦੁੱਖ ਨਾ ਹੀ ਕੋਈ ਦੁਸ਼ਮਨ ਆਉਂਦਾ ਹੈ॥ ੧॥ ਰਹਾਉ॥

ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ॥

ਇਹ ਸਾਰਾ ਸੰਸਾਰ ਅੱਗ, ਬਿੰਬ=ਜਲ ਤੇ ਪੌਣ ਇਨ੍ਹਾਂ ਤਿੰਨ ਤੱਤਾਂ ਦੀ ਬਾਣੀ=ਬਨਾਵਟ ਹੈ,

ਅਥਵਾ:-ਅਗਨਿ=ਤਮੋ ਗੁਣ, ਬਿੰਬ=ਸਤੋ ਗੁਣ, ਪਵਣੈ=ਰਜੋ ਗੁਣ ਇਨ੍ਹਾਂ ਤਿੰਨਾਂ ਗੁਣਾਂ ਦੀ ਬਾਣੀ= ਬਨਾਵਟ ਹੈ, ਅਰਥਾਤ—ਤਿੰਨਾਂ ਗੁਣਾਂ ਤੋਂ ਸਾਰਾ ਸੰਸਾਰ ਬਣਿਆ ਹੈ, ਇਹ ਤਿੰਨੇ ਤੱਤ ਅਤੇ ਤਿੰਨੇ ਗੁਣ ਨਾਮੀ ਦੇ ਦਾਸ ਹਨ, ਵਾ:-ਨਾਮ ਜਪਣ ਵਾਲੇ ਦੇ ਦਾਸ ਹਨ।

ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥ ੨॥

ਜੋ ਮਨੁੱਖ ਹੋ ਕੇ ਵਾਹਿਗੁਰੂ ਨਾਮ ਨੂੰ ਨਹੀਂ ਲੈਂਦੇ ਉਹ ਤਸਕਰ=ਚੋਰ ਹਨ, ਮੁੜ ਕੇ ਪੰਜਾਹਵੇਂ ਕ੍ਰੋੜ ਤਾਂਬੇ ਦੀ ਧਰਤੀ 'ਪਰ ਸੱਪ ਹੋ ਕੇ ਵਸਦੇ ਹਨ॥ ੨॥

ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਢਾਵੈ ॥

ਜੇ ਕੋਈ ਮਨੁੱਖ ਕਿਸੇ ਉੱਤੇ ਇਕ ਭੀ ਚੰਗਿਆਈ=ਭਲਿਆਈ (ਨੇਕੀ) ਕਰਦਾ ਹੈ, ਤਾਂ ਉਹ ਆਪਣੇ ਮਨ ਤੇ ਚਿਤ ਵਿਚ ਬਹੁਤ ਹੀ ਬਢਾਵੈ=ਹੰਕਾਰ ਕਰਦਾ ਹੈ।

ਅਥਵਾ:-ਮਨੋ ਚਿਤੋਂ ਹੋ ਕੇ ਆਪਣੇ ਆਪ ਨੂੰ ਬਹੁਤ ਹੀ ਬਢਾਵੈ=ਵਡਿਆਉਂਦਾ ਹੈ।

ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ ॥ ੩ ॥

ਪਰ ਧੰਨ ਪਰਮੇਸ਼ਰ ਹੈ ਜੋ ਸਾਨੂੰ ਇਤਨੇ ਗੁਣ ਦੇ ਕੇ ਤੇ ਏਨੀਆਂ ਨੇਕੀਆਂ ਸਾਡੇ ਉੱਤੇ ਕਰਕੇ ਪਛਤਾਂਦਾ ਨਹੀਂ ਹੈ। ਅਰਥਾਤ—ਸਾਡਾ ਔਗੁਣ ਵੇਖ ਕੇ ਭੀ ਆਪਣਾ ਪਰਉਪਕਾਰ ਕਰਨ ਵਾਲਾ ਸੁਭਾਵ ਛੱਡਦਾ ਨਹੀਂ ਹੈ॥ ੩ ॥

ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ ॥

ਗੁਰੂ ਜੀ ਕਥਨ ਕਰਦੇ ਹਨ-ਹੇ ਵਾਹਿਗੁਰੂ ! ਜੋ ਆਪ ਜੀ ਨੂੰ ਸਲਾਹੁੰਦੇ ਹਨ ਉਹਨਾਂ ਦੇ ਪਲੇ ਨਾਮ ਧਨ ਹੈ ਅਤੇ ਮੈਂ ਨਾਨਕ ਦਾ ਭੀ ਓਹੀ ਨਾਮ ਧਨ ਹੈ। ਅਥਵਾ:-ਜੋ ਸੰਤ ਆਪ ਜੀ ਨੂੰ ਸਲਾਹੁੰਦੇ ਹਨ ਉਨ੍ਹਾਂ ਦੇ ਬੁੱਧੀ ਰੂਪ ਪਲੇ ਵਿਚ ਨਾਮ ਧਨ ਹੈ, ਮੈਂ ਨਾਨਕ ਦਾ ਭੀ ਓਹੀ ਨਾਮ ਧਨ ਹੈ।

ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥ ੪ ॥ ੩ ॥

ਜੇਹੜਾ ਕੋਈ ਪੁਰਸ਼ ਉਹਨਾਂ ਨਾਮ ਜਪਣ ਵਾਲਿਆਂ ਨੂੰ ਜੀਉ ਸ਼ਬਦ ਕਰਕੇ ਕਹਿੰਦਾ ਹੈ, ਅਰਥਾਤ—ਵਡਿਆਈ ਨਾਲ ਬੁਲਾਂਦਾ ਹੈ, ਤਾਂ ਉਸ ਨੂੰ ਜਮਾਂ ਦੀ ਤਲਬ ਨਹੀਂ ਹੁੰਦੀ, ਅਰਥਾਤ—ਉਸ ਨੂੰ ਜਮ ਆਪਣੇ ਪਾਸ ਬੁਲਾਂਦਾ ਨਹੀਂ ਹੈ॥ ੪ ॥ ੩ ॥

ਪ੍ਰਭਾਤੀ ਮਹਲਾ ੧ ॥

ਜਾ ਕੈ ਰੂਪੁ ਨਾਹੀ ਜਾਤਿ ਨਾਹੀ ਨਾਹੀ ਮੁਖੁ ਮਾਸਾ ॥

ਜਿਸ ਪਰਮਾਤਮਾ ਦਾ ਰੂਪ ਨਹੀਂ ਹੈ ਜਾਤੀ ਨਹੀਂ ਹੈ ਅਤੇ ਮੂੰਹ ਤੇ ਮਾਸ ਭੀ ਨਹੀਂ ਹੈ।

ਸਤਿਗੁਰਿ ਮਿਲੇ ਨਿਰੰਜਨੁ ਪਾਇਆ ਤੇਰੈ ਨਾਮਿ ਹੈ ਨਿਵਾਸਾ ॥ ੧ ॥

ਪੂਰਿਆਂ ਸਤਿਗੁਰਾਂ ਨਾਲ ਮਿਲ ਕੇ ਅਸਾਂ ਨੇ ਉਸ ਨਿਰੰਜਨ ਪਰਮਾਤਮਾ ਨੂੰ ਪਾਇਆ ਹੈ,
ਹੇ ਜੋਗੀ ! ਤੇਰੇ ਹਿਰਦੇ ਵਿਚ ਭੀ ਉਸ ਨਾਮੀ ਪਰਮਾਤਮਾ ਦਾ ਨਿਵਾਸ ਹੈ॥ ੧ ॥

ਅਉਧੂ ਸਹਜੇ ਤਤੁ ਬੀਚਾਰਿ ॥
ਜਾ ਤੇ ਫਿਰਿ ਨ ਆਵਹੁ ਸੈਸਾਰਿ ॥ ੧ ॥ ਰਹਾਉ ॥

ਹੇ ਅਉਧੂ=ਸ਼ੁਧ ਜੋਗੀ ! ਤੂੰ ਸਹਜੇ=ਗਿਆਨ ਦੁਆਰਾ ਤਤ ਵਸਤੂ ਨੂੰ ਵਿਚਾਰਨਾ ਕਰ।
ਜਾਤੇ=ਜਿਸ ਤਤ ਵਸਤੂ ਦੇ ਵਿਚਾਰਨੇ ਕਰਕੇ ਤੂੰ ਮੁੜ ਕੇ ਸੰਸਾਰ ਵਿਚ ਨਹੀਂ ਆਵੇਂਗਾ ॥ ੧ ॥ ਰਹਾਉ ॥

ਜਾ ਕੈ ਕਰਮੁ ਨਾਹੀ ਧਰਮੁ ਨਾਹੀ ਨਾਹੀ ਸੁਚਿ ਮਾਲਾ ॥

ਜਿਸ ਪ੍ਰਭੂ ਦੇ ਵਾਸਤਵ ਸਰੂਪ ਵਿਚ ਕਰਮ ਨਹੀਂ ਹੈ, ਧਰਮ ਭੀ ਨਹੀਂ ਹੈ, ਸੁਚਿ=ਪਵਿੱਤ੍ਰਤਾ ਭੀ ਨਹੀਂ ਹੈ ਅਤੇ ਜਾਪ ਕਰਨ ਲਈ ਮਾਲਾ ਭੀ ਨਹੀਂ ਹੈ।

ਸਿਵ ਜੋਤਿ ਕੰਨਹੁ ਬੁਧਿ ਪਾਈ ਸਤਿਗੁਰੂ ਰਖਵਾਲਾ ॥ ੨ ॥

ਰੱਖਿਆ ਕਰਨ ਵਾਲੇ ਜੋ ਸਤਿਗੁਰੂ ਹਨ ਉਹਨਾਂ ਦੇ ਕੰਨਹੁ=ਪਾਸੋਂ, ਸਿਵ=ਕਲਿਆਣ ਸਰੂਪ ਜੋਤੀ ਦੀ ਪ੍ਰਾਪਤੀ ਲਈ ਸ਼ੁਧ ਬੁੱਧੀ ਪਾਈ ਹੈ॥ ੨ ॥

ਜਾ ਕੈ ਬਰਤੁ ਨਾਹੀ ਨੇਮੁ ਨਾਹੀ ਨਾਹੀ ਬਕਬਾਈ॥

ਜਿਸ ਪ੍ਰਭੂ ਦੇ ਵਾਸਤਵ ਸਰੂਪ ਵਿਚ ਵਰਤ ਨਹੀਂ ਹੈ, ਨੇਮ ਭੀ ਨਹੀਂ ਹੈ ਅਤੇ ਨਾ ਹੀ ਬਕਵਾਂਦਾ ਦਾ ਉਚਾਰਨ ਹੈ।

ਗਤਿ ਅਵਗਤਿ ਕੀ ਚਿੰਤ ਨਾਹੀ ਸਤਿਗੁਰੂ ਫੁਰਮਾਈ॥ ੩ ॥

ਗਤਿ ਅਵਗਤਿ=ਪ੍ਰਾਪਤੀ ਅਪ੍ਰਾਪਤੀ ਦੀ, ਵਾ:-ਗਮਨ ਅਗਮਨ ਦੀ,

ਵਾ:-ਮੋਖ ਤੇ ਬੰਧਨ ਦੀ ਕੋਈ ਚਿੰਤਾ ਨਹੀਂ ਹੈ, ਉਸ ਦੀ ਪ੍ਰਾਪਤੀ ਸਤਿਗੁਰਾਂ ਨੇ ਫੁਰਮਾਈ ਹੈ॥ ੩ ॥

ਜਾ ਕੈ ਆਸ ਨਾਹੀ ਨਿਰਾਸ ਨਾਹੀ ਚਿਤਿ ਸੁਰਤਿ ਸਮਝਾਈ॥

ਜਿਸ ਪ੍ਰਭੂ ਦੇ ਵਾਸਤਵ ਸਰੂਪ ਵਿਚ ਆਸਾ ਤੇ ਨਿਰਾਸਤਾ ਰੂਪ ਦੁੰਦਵਾਦ ਨਹੀਂ ਹੈ, ਉਸ ਚਿਤਿ=ਚੇਤਨ ਦੀ ਸੁਰਤਿ=ਗਿਆਤ ਗੁਰਾਂ ਨੇ ਸਮਝਾਈ ਹੈ।

ਤੰਤ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਵੇਲੇ ਪ੍ਰਭੂ ਪ੍ਰਾਪਤੀ ਦੀ ਬੁੱਧੀ ਗੁਰਾਂ ਤੋਂ ਪਾਈ, ਤਾਂ ਤੰਤ ਕਉ=ਜੀਵ ਨੂੰ ਪਰਮ ਤੰਤੁ=ਪਰਮਾਤਮਾ ਮਿਲ ਪਿਆ॥ ੪ ॥ ੪ ॥

ਪ੍ਰਭਾਤੀ ਮਹਲਾ ੧ ॥

ਤਾ ਕਾ ਕਹਿਆ ਦਰਿ ਪਰਵਾਣੁ॥

ਉਹਨਾਂ ਸੰਤਾਂ ਦਾ ਕਿਹਾ ਹੋਇਆ ਬਚਨ ਦਰਗਾਹੇ ਪ੍ਰਵਾਣ ਹੁੰਦਾ ਹੈ।

ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ॥ ੧ ॥

ਜਿਨ੍ਹਾਂ ਨੇ ਬਿਖੁ=ਜ਼ਹਿਰ ਤੇ ਅੰਮ੍ਰਿਤ ਇਨ੍ਹਾਂ ਦੋਹਾਂ ਨੂੰ ਇਕੋ ਜੇਹਾ ਕਰਕੇ ਜਾਣਿਆ ਹੈ।

ਅਥਵਾ:-ਬਿਖੁ ਅੰਮ੍ਰਿਤੁ=ਦੁੱਖ ਤੇ ਸੁਖ ਇਨ੍ਹਾਂ ਦੋਹਾਂ ਨੂੰ ਇਕ ਸਮਾਨ ਕਰਕੇ ਜਾਣਿਆਂ ਹੈ॥ ੧ ॥

ਕਿਆ ਕਹੀਐ ਸਰਬੇ ਰਹਿਆ ਸਮਾਇ॥

ਜਾਂ ਉਹ ਪਰਮੇਸ਼ਰ ਸਾਰਿਆਂ ਵਿਚ ਸਮਾਅ ਰਿਹਾ ਹੈ, ਤਾਂ ਕਿਸੇ ਨੂੰ ਕੀ ਕਹਿਣਾ ਹੈ।

ਜੋ ਕਿਛੁ ਵਰਤੈ ਸਭ ਤੇਰੀ ਰਜਾਇ॥ ੧ ॥ ਰਹਾਉ ॥

ਜੋ ਕੁਝ ਭੀ ਵਰਤ ਰਿਹਾ ਹੈ ਉਹ ਸਭ ਉਸ ਪ੍ਰਭੂ ਦੀ ਰਜਾਇ=ਆਗਿਆ ਵਿਚ ਹੈ॥ ੧ ॥ ਰਹਾਉ ॥

ਪ੍ਰਗਟੀ ਜੋਤਿ ਚੂਕਾ ਅਭਿਮਾਨੁ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥ ੨ ॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਨਾਮ ਅੰਮ੍ਰਿਤ ਦਿੱਤਾ ਹੈ। ਉਨ੍ਹਾਂ ਦੇ ਅੰਦਰੋਂ ਅਭਿਮਾਨੁ=ਹੰਕਾਰ ਚੁਕ ਗਿਆ ਹੈ

ਤੇ ਜੋਤੀ ਪਰਮਾਤਮਾ ਦੀ ਜੋਤ ਪ੍ਰਗਟ ਹੋਈ ਹੈ॥ ੨॥

ਕਲਿ ਮਹਿ ਆਇਆ ਸੋ ਜਨੁ ਜਾਣੁ॥ ਸਾਚੀ ਦਰਗਹ ਪਾਵੈ ਮਾਣੁ॥ ੩॥

ਉਹ ਪੁਰਸ਼ ਕਲਜੁਗ ਵਿਚ ਆਇਆ ਹੋਇਆ ਪ੍ਰਮਾਣੀਕ ਹੈ ਅਤੇ ਓਹੀ ਪੁਰਸ਼ ਸੱਚੀ ਦਰਗਾਹ ਵਿਚ ਮਾਣੁ=ਆਦਰ ਪਾਉਂਦਾ ਹੈ॥ ੩॥

ਕਹਣਾ ਸੁਨਣਾ ਅਕਥ ਘਰਿ ਜਾਇ॥
ਕਥਨੀ ਬਦਨੀ ਨਾਨਕ ਜਲਿ ਜਾਇ॥ ੪॥ ੫॥

ਜੋ ਪੁਰਸ਼ ਨਾਮ ਦਾ ਕਹਿਣਾ ਸੁਨਣਾ ਕਰਦੇ ਹਨ ਉਹ ਅਕਥ=ਪਰਮਾਤਮਾ ਦੇ ਸਰੂਪ ਘਰ ਵਿਚ ਜਾਂਦੇ ਹਨ। ਗੁਰੂ ਜੀ ਕਥਨ ਕਰਦੇ ਹਨ—ਹੋਰ ਕਥਨੀਆਂ ਤੇ ਬਦਨੀ=ਕਵੀਸ਼ਰੀਆਂ ਦੇ ਕਰਨ ਵਾਲੇ ਨਰਕਾਂ ਵਿਚ ਜਾ ਕੇ ਸੜਦੇ ਹਨ।

ਅਥਵਾ:-ਅਕਥ=ਪਰਮੇਸ਼ਰ ਦੇ ਸਤਸੰਗ ਘਰ ਵਿਚ ਜਾ ਕੇ ਨਾਮ ਦਾ ਕਹਿਣਾ ਸੁਨਣਾ ਕਰੇ। ਗੁਰੂ ਜੀ ਕਥਨ ਕਰਦੇ ਹਨ—ਨਾਮ ਤੋਂ ਬਿਨਾਂ ਹੋਰ ਕਥਨੀਆਂ ਤੇ ਕਵੀਸ਼ਰੀਆਂ ਸਾਰੀਆਂ ਹੀ ਸੜ ਜਾਣ ॥ ੪॥ ੫॥
(ਨੋਟ :-ਰਹਾਉ ਦੀ ਤੁਕ ਤੋਂ ਅਰਥ ਸ਼ੁਰੂ ਕਰਨਾ।)

ਪ੍ਰਭਾਤੀ ਮਹਲਾ ੧॥
ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ॥

ਨਾਮ ਰੂਪੀ ਅੰਮ੍ਰਿਤ ਜਲ ਹੈ, ਮਨ ਵਿਚ ਜੇਹੜਾ ਗਿਆਨ ਹੋਣਾ ਹੈ ਏਹ ਇਸ਼ਨਾਨ ਹੈ; ਏਸ ਇਸ਼ਨਾਨ ਕਰਕੇ ਅਠਾਠ ਤੀਰਥ ਉਸ ਦਾ ਸੰਗ ਗ੍ਰਹਿਣ ਕਰਦੇ ਹਨ, ਅਰਥਾਤ—੬੮ ਤੀਰਥ ਉਸ ਦੇ ਚਰਨਾਂ ਵਿਚ ਰਹਿੰਦੇ ਹਨ।

ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ॥ ੧॥

ਪ੍ਰਤੱਖ ਜਵਾਹਰ ਤੇ ਮਾਣਿਕ ਆਦਿਕ, *ਵਾ:*-ਜਵਾਹਰ=ਗਿਆਨ ਤੇ ਮਾਣਕ=ਸ੍ਰਵਨ ਮਨਨ ਨਿਧਿਆਸਣ ਆਦਿਕ ਸ਼ੁਭ ਗੁਣ ਗੁਰਾਂ ਦੇ ਉਪਦੇਸ਼ ਵਿਚ ਹਨ, ਜੇਹੜਾ ਸਿੱਖ ਪ੍ਰੇਮ ਨਾਲ ਗੁਰਾਂ ਨੂੰ ਸੇਂਵਦਾ ਹੈ ਉਹ ਜਵਾਹਰ ਤੇ ਮਾਣਿਕ ਆਦਿਕਾਂ ਨੂੰ ਖੋਜਿ ਲਹੈ=ਲੱਭ ਲੈਂਦਾ ਹੈ॥ ੧॥

(ਇਹਨਾਂ ਦੋ ਤੁਕਾਂ ਦਾ ਅਰਥ ਪਹਿਲੇ ਕਰਕੇ ਫੇਰ ਆਦ ਵਾਲੀਆਂ ਤੁਕਾਂ ਦਾ ਅਰਥ ਸ਼ੁਰੂ ਕਰਨਾ)

ਗੁਰ ਸਮਾਨਿ ਤੀਰਥੁ ਨਹੀ ਕੋਇ॥

ਗੁਰਾਂ ਦੇ ਸਦ੍ਰਸ ਪਵਿੱਤਰ ਤੀਰਥ ਸੰਸਾਰ ਵਿੱਚ ਹੋਰ ਕੋਈ ਨਹੀਂ ਹੈ।

ਸਰੁ ਸੰਤੋਖੁ ਤਾਸੁ ਗੁਰੁ ਹੋਇ॥ ੧॥ ਰਹਾਉ॥

ਤਾਸੁ=ਉਹਨਾਂ ਗੁਰਾਂ ਕਰਕੇ ਏਹ ਜੀਵ ਸੱਤ ਸੰਤੋਖ ਆਦਿਕ ਸ਼ੁਭ ਗੁਣਾਂ ਦਾ ਸਰੁ=ਸਰੋਵਰ ਹੋ ਜਾਂਦਾ ਹੈ। *ਪ੍ਰਸ਼ਨ*-ਪ੍ਰਤੱਖ ਸਰੋਵਰ ਵਿਚ ਜਲ ਹੁੰਦਾ ਹੈ ਤੇ ਉਸ ਵਿਚ ਇਸ਼ਨਾਨ ਕੀਤਾ ਜਾਂਦਾ ਹੈ, ਇਸ ਗੁਰੂ ਰੂਪ ਸਰੋਵਰ ਵਿਚ ਜਲ ਕੇਹੜਾ ਹੈ? ਤੇ ਇਸ਼ਨਾਨ ਕਿਹੜਾ ਹੈ?

ਜਿਥੋਂ ਸ਼ਬਦ ਅਰੰਭ ਹੁੰਦਾ ਹੈ ਉਹਨਾਂ ਤੁਕਾਂ ਦਾ ਅਰਥ ਕਰਨਾ।

ਉੱਤਰ:-

[ਪੰਨਾ ੧੩੨੯]

ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥

ਗੁਰੂ ਸਾਹਿਬ ਜੀ ਦਰੀਆਉ=ਪਵਿੱਤਰ ਰੂਪ ਹਨ, ਵਾ:-ਦਰੀਆਉ=ਚਲਦੇ ਤੀਰਥ ਹਨ;

ਵਾ:-ਦਰੀਆਉ=ਦ੍ਰਵੀ ਭੂਤ ਅਰਥਾਤ ਕ੍ਰਿਪਾਲੂ ਹਨ, ਜਿਨ੍ਹਾਂ ਵਿਚ ਸਦਾ ਹੀ ਨਾਮ ਰੂਪ ਨਿਰਮਲ ਜਲ ਵਗਦਾ ਰਹਿੰਦਾ ਹੈ ਤੇ ਅਜੇਹੇ ਗੁਰਾਂ ਨਾਲ ਮਿਲਣ ਕਰਕੇ ਦੁਰਮਤਤਾ ਰੂਪੀ ਮੈਲੁ ਹਰੈ=ਦੂਰ ਹੁੰਦੀ ਹੈ।

ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ॥ ੨॥

ਜੋ ਸਤਿਗੁਰਾਂ ਪਾਸੋਂ ਉਪਦੇਸ਼ ਪਾਉਣਾ ਹੈ ਏਹੋ ਪੂਰਾ ਇਸ਼ਨਾਨ ਹੈ, ਗੁਰੂ ਸਾਹਿਬ ਜੀ ਪਸ਼ੂ ਤੇ ਪਰੇਤ ਤੋਂ ਦੇਵਤਾ ਬਣਾ ਦੇਂਦੇ ਹਨ॥ ੨॥

ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ॥

ਜਿਨ੍ਹਾਂ ਗੁਰਾਂ ਦਾ ਹੀਅਲੁ ਤਲ=ਹਿਰਦਾ ਸਥਾਨ ਸੱਚੇ ਨਾਮ ਸਿਮਰਨ ਵਿਚ ਰੱਤਾ ਹੈ, ਉਹ ਗੁਰੂ ਪਰਮਲੁ=ਚੰਦਨ ਸਮਾਨ ਕਹੇ ਜਾਂਦੇ ਹਨ।

ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ॥ ੩॥

ਜਾ ਕੀ ਵਾਸੁ=ਜਿਸ ਗੁਰੂ ਦੀ ਭਗਤੀ ਰੂਪ ਵਾਸ਼ਨਾ ਕਰਕੇ ਜੀਵਾਂ ਰੂਪ ਬਨਾਸਪਤੀ ਸੌਰ ਜਾਂਦੀ ਹੈ, ਉਸ ਗੁਰੂ ਦੇ ਚਰਨਾਂ ਨਾਲ ਪ੍ਰੀਤ ਲੱਗਾ ਕੇ ਰਹਿਣਾ ਚਾਹੀਦਾ ਹੈ॥ ੩॥

ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ॥

ਗੁਰਾਂ ਦੁਆਰੇ ਜੀਵਾਂ ਦੇ ਪ੍ਰਾਨ ਉਪਜਹਿ=ਉਬਰ ਜਾਂਦੇ ਹਨ,

ਅਥਵਾ:-ਗੁਰਾਂ ਦੁਆਰੇ ਜੀਵਾਂ ਦੇ ਪ੍ਰਾਣਾਂ ਵਿਚ ਨਾਮ ਉਪਜਦਾ ਹੈ ਅਤੇ ਗੁਰਾਂ ਦੁਆਰੇ ਹੀ ਸਿਵ ਘਰਿ=ਮੁਕਤੀ ਘਰ ਵਿਚ ਜਾਈਦਾ ਹੈ।

ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ॥ ੪॥ ੬॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੁਆਰੇ ਹੀ ਸੱਚ ਸਰੂਪ ਵਿਚ ਸਮਾਈਦਾ ਹੈ ਅਤੇ ਗੁਰਾਂ ਦੁਆਰੇ ਹੀ ਨਿਜ ਪਦੁ=ਆਤਮ ਪਦ ਪਾਈਦਾ ਹੈ॥ ੪॥ ੬॥

ਪ੍ਰਭਾਤੀ ਮਹਲਾ ੧॥

ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ॥

ਗੁਰਾਂ ਦੀ ਕ੍ਰਿਪਾ ਨਾਲ ਬ੍ਰਹਮ ਵਿੱਦਿਆ ਨੂੰ ਵਿਚਾਰਿਆ ਹੈ ਅਤੇ ਉਸ ਨੂੰ ਪੜ੍ਹ ਪੜ੍ਹ ਕੇ ਮਾਨੁ=ਆਦਰ ਪਾਇਆ ਹੈ।

ਆਪਾ ਮਧੇ ਆਪੁ ਪਰਗਾਸਿਆ ਪਾਇਆ ਅਮ੍ਰਿਤੁ ਨਾਮੁ॥ ੧॥

ਆਪਣੇ ਹਿਰਦੇ ਦੇ ਵਿਚੋਂ ਆਪਣਾ ਸਰੂਪ ਪ੍ਰਕਾਸ਼ ਹੋ ਆਇਆ ਹੈ ਅਤੇ ਗੁਰਾਂ ਪਾਸੋ ਨਾਮ ਅੰਮ੍ਰਿਤ ਪਾਇਆ ਹੈ। ਅਥਵਾ:-ਜਾਂ ਗੁਰਾਂ ਪਾਸੋਂ ਨਾਮ ਅੰਮ੍ਰਿਤ ਪਾਇਆ ਤਾਂ ਅੰਤਹਕਰਣ ਵਿਚੋਂ ਆਪਣਾ ਆਪ

ਬ੍ਰਹਮ ਪਰਗਾਸਿਆ=ਪਰਗਟ ਹੋ ਆਇਆ॥ ੧॥

ਕਰਤਾ ਤੂ ਮੇਰਾ ਜਜਮਾਨੁ॥

ਹੇ ਕਰਤਾ ਪੁਰਖ ਪਰਮਾਤਮਾ ! ਤੂੰ ਮੇਰਾ ਜਜਮਾਨ ਹੈਂ। ਮੈਂ ਆਪ ਜੀ ਦਾ ਪ੍ਰੋਹਤ ਹਾਂ,

ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥ ੧॥ ਰਹਾਉ॥

ਹਉ=ਮੈਂ ਆਪ ਜੀ ਪਾਸੋਂ ਇਕ ਏਹੋ ਦੱਖਣਾ ਮੰਗਦਾ ਹਾਂ, ਤੁਸੀਂ ਮੈਨੂੰ ਆਪਣਾ ਨਾਮ ਦੇਣਾ ਕਰੋ॥ ੧॥ ਰਹਾਉ॥

ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ॥

ਜਿਸ ਨਾਮ ਦੇ ਪ੍ਰਤਾਪ ਕਰਕੇ ਪੰਜ ਕਾਮ ਕ੍ਰੋਧ ਆਦਿਕ ਚੋਰ ਦੌੜ ਦੇ ਹੋਏ ਰੋਕ ਰੱਖੇ ਹਨ ਅਤੇ ਮਨ ਵਿਚੋਂ ਅਭਿਮਾਨੁ=ਹੰਕਾਰ ਚੁੱਕ ਗਿਆ ਹੈ।

ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ॥ ੨॥

ਨਾਮ ਐਸਾ ਹੈ ਜਿਸ ਨਾਮ ਕਰਕੇ ਬ੍ਰਹਮ ਗਿਆਨ ਪ੍ਰਾਪਤ ਹੋਇਆ ਹੈ ਤੇ ਵਿਕਾਰਾਂ ਵਾਲੀ ਦ੍ਰਿਸ਼ਟੀ ਦੇ ਸਹਿਤ 'ਦੁਰਮਤਿ ਭਾਗੀ'=ਖੋਟੀ ਮਤੀ ਭੱਜ ਗਈ ਹੈ॥ ੨॥

ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥

ਜਤ ਸੱਤ ਰੂਪੀ ਚਾਵਲ ਦਿਓ, ਦਇਆ ਰੂਪ ਕਣਕ ਦੇਣਾ ਕਰੋ, ਧਾਨ=ਧਿਆਨ ਦੀ ਪ੍ਰਾਪਤੀ ਰੂਪ ਪਾਤੀ=ਪਤਲ ਦੇਣਾ ਕਰੋ।

ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ॥ ੩॥

ਨਿਸ਼ਕਾਮ ਕਰਮਾਂ ਰੂਪ ਦੁੱਧ ਅਤੇ ਜਥਾ ਲਾਭ ਤਥਾ ਸੰਤੁਸ਼ਟ ਰਹਿਣਾ ਅਜੇਹਾ ਸੰਤੋਖ ਰੂਪੀ ਘਿਓ ਦੇਣਾ ਕਰੋ, ਅਜੇਹਾ ਭੋਜਨ ਕਰਨ ਦਾ ਦਾਨ ਮੈਂ ਆਪ ਜੀ ਤੋਂ ਮੰਗਦਾ ਹਾਂ॥ ੩॥

ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ॥

ਖਿਮਾ ਰੂਪ ਲਵੇਰੀ ਗਊ ਦਿਓ, ਜਿਸ ਦਾ ਧੀਰਜ ਰੂਪ ਵੱਛਾ ਹੈ ਉਹ ਭੀ ਨਾਲ ਦਿਓ, ਤਦ ਸੁਤੇ ਹੀ ਮੇਰਾ ਮਨ ਨਿਸ਼ਕਾਮ ਕਰਮਾਂ ਰੂਪੀ ਦੁੱਧ ਪੀਵੇਗਾ।

ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ॥ ੪॥ ੭॥

ਆਪ ਜੀ ਦੀ ਸਿਫਤ ਕਰਨੀ ਤੇ ਸਰਮ=ਵੈਰਾਗ ਧਾਰਨਾ ਏਹੋ ਕਪੜਾ ਮੰਗਦਾ ਹਾਂ ਸਰੀਰ 'ਪਰ ਲੈਣ ਵਾਸਤੇ, ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ! ਆਪ ਜੀ ਦੇ ਗੁਣਾਂ ਨੂੰ ਮੇਰਾ ਮਨ ਰਵਤੁ ਰਹੈ=ਉਚਾਰਦਾ ਹੀ ਰਹੇ ਏਹ ਵਿਚ ਮਿੱਠਾ ਪਾਵੇ॥ ੪॥ ੭॥

ਪ੍ਰਭਾਤੀ ਮਹਲਾ ੧॥

ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ॥

ਜਦ ਜੀਵ ਨੂੰ ਆਉਂਦਿਆਂ ਕਿਸੇ ਨੇ ਨਹੀਂ ਰੋਕ ਰੱਖਿਆ ਕਿ ਮਾੜੇ ਘਰ ਨਾ ਜੰਮੇ, ਤਾਂ ਮਰ ਕੇ ਜਾਂਦਿਆਂ

ਹੋਇਆਂ ਕਿਵੇਂ ਰੱਖਿਆ ਜਾ ਸਕਦਾ ਹੈ।

ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥ ੧ ॥

ਜਿਸ ਪਰਮਾਤਮਾ ਤੋਂ ਇਹ ਜੀਵ ਪੈਦਾ ਹੋਇਆ ਹੈ, ਜਾਂ ਓਸੇ ਦੇ ਸਰੂਪ ਨੂੰ ਪਰੁ=ਭਲੀ ਪਰਕਾਰ ਜਾਣੇ, ਤਾਂ ਅੰਤ ਨੂੰ ਓਸੇ ਦੇ ਵਿਚ ਹੀ ਸਮਾਅ ਜਾਂਦਾ ਹੈ॥ ੧॥

ਤੂਹੈ ਹੈ ਵਾਹੁ ਤੇਰੀ ਰਜਾਇ ॥

ਹੇ ਵਾਹਿਗੁਰੂ ! ਤੂੰ ਆਪ ਵਾਹੁ=ਅਸਚਰਜ ਹੈਂ, ਜੋ ਤੇਰੀ ਰਜਾਇ=ਆਗਿਆ ਹੁੰਦੀ ਹੈ ਉਹ ਗੱਲ ਪੂਰੀ ਹੁੰਦੀ ਹੈ।

ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥ ੧ ॥ ਰਹਾਉ ॥

ਜੋ ਕੁਝ ਤੂੰ ਕਰਦਾ ਹੈਂ ਓਹੀ ਪਰੁ=ਭਲੀ ਪ੍ਰਕਾਰ ਹੁੰਦਾ ਹੈ, ਹੋਰ ਕਿਸੇ ਤੋਂ ਕੁਝ ਕੀਤਾ ਨਹੀਂ ਜਾਂਦਾ॥ ੧ ॥ ਰਹਾਉ॥

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥

ਜਿਸ ਤਰ੍ਹਾਂ ਹਰਟ ਦੀ ਮਾਹਲ ਨਾਲ ਟਿੰਡਾਂ ਲੱਗੀਆਂ ਹੁੰਦੀਆਂ ਹਨ, ਉਹਨਾਂ ਵਿਚੋਂ ਇਕ ਖਾਲੀ ਹੁੰਦੀਆਂ ਹਨ ਅਤੇ ਹੋਰ ਦੂਜੀਆਂ ਫਿਰ ਭਰ ਜਾਂਦੀਆਂ ਹਨ।

ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥ ੨ ॥

ਉਸੇ ਤਰ੍ਹਾਂ ਹੀ ਏਹ ਸੰਸਾਰ ਰੂਪ ਖੇਲ ਮਾਲਕ ਪਰਮਾਤਮਾ ਦਾ ਬਣਾਇਆ ਹੋਇਆ ਹੈ, ਜਿਵੇਂ ਉਸ ਦੀ ਵਡਿਆਈ=ਇੱਛਾ ਹੁੰਦੀ ਹੈ ਤਿਵੇਂ ਹੁੰਦਾ ਹੈ॥ ੨ ॥

ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥

ਸੁਰਤੀ=ਵੇਦਾਂ ਦੇ ਰਸਤੇ ਤੁਰਕੇ, ਵਾ:-ਸੁਰਤੀ=ਗਿਆਨ ਗੋਅ ਜੋ ਮਹਾਤਮਾ ਹਨ ਉਨ੍ਹਾਂ ਦੇ ਦੱਸੇ ਹੋਏ ਰਸਤੇ 'ਪਰ ਚਲ ਕੇ ਜਿਨ੍ਹਾਂ ਦੀ ਬਿਰਤੀ ਸੰਸਾਰ ਵਲੋਂ ਉਲਟੀ ਹੋਈ ਹੈ ਉਹਨਾਂ ਨੂੰ ਬ੍ਰਹਮ ਦ੍ਰਿਸ਼ਟੀ ਪ੍ਰਕਾਸ਼ੀ ਹੈ।

ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥ ੩ ।

ਹੇ ਬ੍ਰਹਮ ਗਿਆਨੀ ! ਤੂੰ ਮਨ ਵਿਚ ਵਿਚਾਰ ਕੇ ਵੇਖਣਾ ਕਰ, ਗ੍ਰਿਹਸਤੀ ਕੌਣ ਹੈ? ਤੇ ਉਦਾਸੀ=ਸਾਧੂ (ਤਿਆਗੀ) ਕੌਣ ਹੈ?॥ ੩ ॥

ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥

ਜਿਸ ਦੀ ਆਸਾ ਲਗਾਈ ਹੋਈ ਹੈ ਜੇ ਓਸੇ ਨੂੰ ਹੀ ਸੌਂਪ ਦੇਵੇ, ਤਾਂ ਏਹ ਜੀਵ ਨਿਰਬਾਣੁ=ਦੁੱਖਾਂ ਤੋਂ ਰਹਿਤ, ਵਾ:-ਬੰਧਨਾਂ ਤੋਂ ਰਹਿਤ ਹੋ ਰਹਿੰਦਾ ਹੈ।

ਜਿਸ ਤੇ ਹੋਆ ਸੋਈ ਕਰਿ ਮਾਨਿਆ
ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥ ੪ ॥ ੮ ॥

ਜਿਸ ਪ੍ਰਭੂ ਤੋਂ ਇਹ ਜੀਵ ਪੈਦਾ ਹੋਇਆ ਹੈ, ਜਿਸਨੇ ਉਸ ਦੇ ਹੁਕਮ ਨੂੰ ਮੰਨਣਾ ਕੀਤਾ ਹੈ, ਗੁਰੂ ਜੀ ਕਥਨ

ਕਰਦੇ ਹਨ—ਭਾਵੇਂ ਉਹ ਗਿਰਹੀ=ਗ੍ਰਹਸਤੀ ਹੈ ਭਾਵੇਂ ਉਹ ਉਦਾਸੀ=ਸਾਧੂ ਹੈ ਉਹ ਪ੍ਰਮਾਣੀਕ ਹੈ॥ ੪॥ ੮॥

ਪ੍ਰਭਾਤੀ ਮਹਲਾ ੧॥

ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ॥

ਜਿਸ ਨੇ ਵਿਕਾਰਾਂ ਵਾਲੀ ਦ੍ਰਿਸ਼ਟੀ ਨੂੰ ਵਿਚਾਰ ਦੇ ਬੰਧਨਿ=ਰਸਿਆਂ ਨਾਲ ਬੰਨ੍ਹ ਲਿਆ ਹੈ ਹਉ=ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ।

ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ॥ ੧॥

ਜੋ ਪੁਰਸ਼ ਪਾਪਾਂ ਪੁੰਨਾਂ ਦੀ ਸਾਰ ਨੂੰ ਨਹੀਂ ਜਾਣਦਾ, ਉਹ ਅਜਾਈ=ਨਿਕੰਮੇ ਕੰਮਾਂ ਵਿਚ ਭੁਲਿਆ ਫਿਰਦਾ ਹੈ॥ ੧॥

ਬੋਲਹੁ ਸਚੁ ਨਾਮੁ ਕਰਤਾਰ॥ ਫੁਨਿ ਬਹੁੜਿ ਨ ਆਵਣ ਵਾਰ॥ ੧॥ ਰਹਾਉ॥

ਕਰਤਾਰ ਦੇ ਸੱਚੇ ਨਾਮ ਨੂੰ ਬੋਲਹੁ=ਜਪਣਾ ਕਰੋ। ਪੁਨਾ—ਸੰਸਾਰ ਵਿਚ ਵਾਰੰਵਾਰ ਆਉਣਾ ਜਾਣਾ ਅਰਥਾਤ, ਜੰਮਣਾ ਮਰਨਾ ਨਹੀਂ ਹੋਵੇਗਾ॥ ੧॥ ਰਹਾਉ॥

ਊਚਾ ਤੇ ਫੁਨਿ ਨੀਚੁ ਕਰਤੁ ਹੈ ਨੀਚ ਕਰੈ ਸੁਲਤਾਨੁ॥

ਜੋ ਉਚਿਆਂ ਤੋਂ ਨੀਚੁ=ਨੀਵਾਂ ਕਰ ਦੇਂਦਾ ਹੈ, ਪੁਨਾ ਨੀਚ=ਨੀਵਿਆਂ ਨੂੰ ਸੁਲਤਾਨੁ=ਬਾਦਸ਼ਾਹ ਕਰ ਦੇਂਦਾ ਹੈ।

ਯਥਾ:- ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ॥

ਜਿਨੀ ਜਾਣੁ ਸੁ ਜਾਣਿਆ ਜਗਿ ਤੇ ਪੂਰੇ ਪਰਵਾਣੁ॥ ੨॥

ਜਾਨਣੇ ਜੋਗ ਜੋ ਪਰਮੇਸ਼ਰ ਹੈ ਜਿਨ੍ਹਾਂ ਨੇ ਸੁ ਜਾਣਿਆ=ਉਸ ਨੂੰ ਜਾਣਿਆ ਹੈ ਉਹ ਪੁਰਸ਼ ਜਗਤ ਵਿਚ ਸ਼ੁਭ ਗੁਣਾਂ ਨਾਲ ਪੂਰਨ ਤੇ ਪ੍ਰਮਾਣੀਕ ਹਨ।

ਅਥਵਾ:- ਜਿਨ੍ਹਾਂ ਸੁਜਾਣਿਆ=ਚਤੁਰ ਪੁਰਸ਼ਾਂ ਨੇ ਜਾਨਣੇ ਜੋਗ ਪ੍ਰਭੂ ਨੂੰ ਜਾਣਿਆਂ ਹੈ, ਜਗਤ ਵਿਚ ਉਹ ਸ਼ੁਭ ਗੁਣਾਂ ਕਰਕੇ ਪੂਰਨ ਤੇ ਪ੍ਰਮਾਣੀਕ ਹਨ॥ ੨॥

ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ॥

ਜੇ ਕੋਈ ਭੁਲਾ ਹੋਇਆ ਹੋਵੇ ਤਾਂ ਉਸ ਨੂੰ ਸਮਝਾਣ ਲਈ ਜਾਈਏ।

ਆਪੇ ਖੇਲ ਕਰੇ ਸਭ ਕਰਤਾ ਐਸਾ ਬੂਝੈ ਕੋਈ॥ ੩॥

ਕਰਤਾ ਪੁਰਖ ਪਰਮਾਤਮਾ ਸਾਰੇ ਖੇਲ ਆਪੇ ਕਰਦਾ ਹੈ ਪਰ ਅਜੇਹਾ ਵਿਚਾਰ ਕੋਈ ਵਿਰਲਾ ਹੀ ਬੂਝੈ=ਸਮਝਦਾ (ਜਾਣਦਾ) ਹੈ॥ ੩॥

[ਪੰਨਾ ੧੩੩੦]

ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥

ਜੋ ਪ੍ਰਭਾਤੈ=ਪ੍ਰਾਤਾਕਾਲ ਉੱਠ ਕੇ ਗੁਰ ਸ਼ਬਦ ਦੁਆਰਾ ਨਾਮ ਨੂੰ ਧਿਆਉਂਦਾ ਹੈ ਅਤੇ ਦੁਨੀ=ਮਾਇਆ

ਦੀ ਪ੍ਰੀਤੀ ਨੂੰ ਛੱਡ ਦਿੱਤਾ ਹੈ।

ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥ ੪ ॥ ੯ ॥

ਗੁਰੂ ਜੀ ਪ੍ਰਣਵਤਿ=ਕਥਨ ਕਰਦੇ ਹਨ—ਮੈਂ ਉਸ ਦੇ ਦਾਸਾਂ ਦਾ ਦਾਸ ਹਾਂ, ਕਿਉਂਕਿ ਜਗਤ ਹਾਰ ਗਿਆ ਹੈ ਅਤੇ ਉਸ ਨੇ ਸਾਰਾ ਜਗਤ ਜਿੱਤ ਲਿਆ ਹੈ॥ ੪॥ ੯॥

ਪ੍ਰਭਾਤੀ ਮਹਲਾ ੧ ॥

ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ ॥

ਇਹ ਮਨ ਮਾਇਆ ਦੇ ਮਨੁ=ਮਨਨ ਕਰਨ ਵਿਚ ਧਾਇਆ=ਦੌੜ ਰਿਹਾ ਹੈ, ਫੇਰ ਇਹ ਪੰਛੀ ਹੋ ਕੇ ਅਕਾਸ਼ ਦੇ ਪਦਾਰਥਾਂ ਲਈ ਉੱਡਦਾ ਫਿਰਦਾ ਹੈ।

ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ ॥

ਜਿਸ ਨੇ ਗੁਰ ਸ਼ਬਦ ਦੁਆਰਾ ਮਨ ਰੂਪ ਤਸਕਰ=ਚੋਰ ਨੂੰ ਮਾਇਆ ਵਲੋਂ ਨਿਵਾਰਿਆ=ਹਟਾਇਆ ਹੈ, ਉਸ ਦਾ ਸਰੀਰ ਨਗਰ ਸ਼ਾਬਾਸ਼ ਦੇਣ ਵਾਲੇ ਸ਼ੁਭ ਗੁਣਾਂ ਨਾਲ ਵੁਠਾ=ਵੱਸਿਆ ਹੈ।

ਜਾ ਤੂ ਰਾਖਹਿ ਰਾਖਿ ਲੈਹਿ ਸਾਬਤੁ ਹੋਵੈ ਰਾਸਿ ॥ ੧ ॥

ਹੇ ਵਾਹਿਗੁਰੂ ! ਜਦ ਤੂੰ ਰਾਖਾ ਹੋ ਕੇ ਮਨ ਨੂੰ ਬੁਰਿਆਈਆਂ ਵਲੋਂ ਰੱਖ ਲੈਂਦਾ ਹੈ, ਤਾਂ ਸਵਾਸਾਂ ਰੂਪੀ ਪੂੰਜੀ ਜਿਉਂ ਦੀ ਤਿਉਂ ਸਾਬਤ ਹੁੰਦੀ ਹੈ ਭਾਵ ਸਫਲ ਹੁੰਦੀ ਹੈ॥ ੧॥

ਐਸਾ ਨਾਮੁ ਰਤਨੁ ਨਿਧਿ ਮੇਰੈ ॥
ਗੁਰਮਤਿ ਦੇਹਿ ਲਗਉ ਪਗਿ ਤੇਰੈ ॥ ੧ ॥ ਰਹਾਉ ॥

ਆਪ ਜੀ ਦਾ ਨਾਮ ਐਸਾ ਹੈ ਜੋ ਕਿ ਸ਼ੁਭ ਗੁਣਾਂ ਰੂਪ ਰਤਨਾਂ ਦੀ ਨਿਧੀ ਹੈ, ਉਹ ਨਾਮ ਗੁਰ ਸਿੱਖਿਆ ਦੁਆਰੇ ਮੈਨੂੰ ਦੇਣਾ ਕਰ, ਮੈਂ ਆਪ ਜੀ ਦੇ ਚਰਨੀਂ ਲੱਗਦਾ ਹਾਂ॥ ੧॥ ਰਹਾਉ॥

ਮਨੁ ਜੋਗੀ ਮਨੁ ਭੋਗਿਆ ਮਨੁ ਮੂਰਖੁ ਗਾਵਾਰੁ ॥

ਮਨ ਐਸਾ ਹੈ ਜੋਗੀਆਂ ਨਾਲ ਮਿਲ ਕੇ ਜੋਗੀ ਹੋ ਰਿਹਾ ਹੈ, ਭੋਗੀਆਂ ਨਾਲ ਮਿਲ ਕੇ ਭੋਗੀ ਰੂਪ ਹੋ ਰਿਹਾ ਹੈ, ਫਿਰ ਇਹ ਮਨ ਮੂਰਖਾਂ ਦੀ ਸੰਗਤ ਕਰਕੇ ਅਤੀ ਗਾਵਾਰੁ=ਮੂਰਖ ਹੋ ਰਿਹਾ ਹੈ।

ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥

ਇਹ ਮਨ ਦਾਤਿਆਂ ਦੀ ਸੰਗਤ ਕਰਕੇ ਦਾਤਾ ਹੋ ਰਿਹਾ ਹੈ, ਪੁਨਾ ਇਹ ਮਨ ਮੰਗਤਿਆਂ ਨਾਲ ਮਿਲਕੇ ਮੰਗਤਾ ਹੋ ਰਿਹਾ ਹੈ, ਫਿਰ ਇਹ ਮਨ ਗੁਰਾਂ ਨਾਲ ਮਿਲ ਕੇ ਸਿਰਿ=ਸ਼ਰੋਮਣੀ ਕਰਤਾਰ ਦਾ ਰੂਪ ਹੋ ਰਿਹਾ ਹੈ।

ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ ॥ ੨ ॥

ਐਸਾ ਜੋ ਮਨ ਹੈ ਇਸ ਨੂੰ ਮਾਰ ਕੇ ਤੇ ਬ੍ਰਹਮ ਦੀ ਵਿਚਾਰ ਕਰਕੇ ਪੰਚ=ਸ੍ਰੇਸ਼ਟ ਸੰਤਾਂ ਨੇ ਆਤਮ ਸੁਖ ਪਾਇਆ ਹੈ॥ ੨॥

ਘਟਿ ਘਟਿ ਏਕੁ ਵਖਾਣੀਐ ਕਹਉ ਨ ਦੇਖਿਆ ਜਾਇ ॥

ਘਟਾਂ ਘਟਾਂ ਵਿਚ ਇਕ ਪਰਮੇਸ਼ਰ ਹੀ ਕਥਨ ਕਰੀਦਾ ਹੈ, ਪਰ ਗੁਰਾਂ ਤੋਂ ਬਗੈਰ ਆਪਣੇ ਆਪ ਕਿਸੀ ਤਰ੍ਹਾਂ ਦੇਖਿਆ ਨਹੀਂ ਜਾਂਦਾ।

ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ ॥

ਖੋਟਾ ਪੁਰਸ਼ ਦਰਗਾਹ ਵਿਚ ਪੁਠਾ ਕਰਕੇ ਰੁਲਾਇਆ ਜਾਂਦਾ ਹੈ;

ਵਾ:-ਖੋਟਾ ਪੁਰਸ਼ ਪੂਠੋ=ਟੇਢੀਆਂ ਜੂਨੀਆਂ ਵਿਚ ਰੁਲਾਇਆ ਜਾਂਦਾ ਹੈ। ਨਾਮ ਸਿਮਰਨ ਤੋਂ ਬਿਨਾਂ ਮਨਮੁਖ ਦੀ ਇੱਜ਼ਤ ਲਹਿ ਜਾਂਦੀ ਹੈ।

ਜਾ ਤੂ ਮੇਲਹਿ ਤਾ ਮਿਲਿ ਰਹਾਂ ਜਾਂ ਤੇਰੀ ਹੋਇ ਰਜਾਇ ॥ ੩ ॥

ਹੇ ਵਾਹਿਗੁਰੂ ! ਜਾਂ ਤੂੰ ਕ੍ਰਿਪਾ ਕਰਕੇ ਮੇਲੇਂਗਾ ਤਾਂ ਹੀ ਮੈਂ ਸਤਸੰਗ ਵਿਚ ਮਿਲ ਰਹਾਂਗਾ ਜਾਂ ਤੇਰੀ ਆਗਿਆ ਹੋਵੇਗੀ ਤਦ ਹੀ ਮਿਲਿਆ ਜਾਂਦਾ ਹੈ॥ ੩ ॥

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥

ਸੰਤਾਂ ਪਾਸ ਜਾ ਕੇ ਉਹਨਾਂ ਤੋਂ ਜਾਤੀ ਤੇ ਜਨਮ ਕਦੇ ਨਾ ਪੁਛੀਏ, ਸੰਤਾਂ ਪਾਸ ਬੇਨਤੀ ਕਰਕੇ ਕੇਵਲ ਆਪਣੇ ਸੱਚੇ ਸਰੂਪ ਘਰ ਨੂੰ ਬਤਾਇ=ਪੁੱਛ ਲੈਣਾ ਕਰੋ।

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

ਜੇਹੋ ਜੇਹੇ ਕੋਈ ਕਰਮ ਕਮਾਉਂਦਾ ਹੈ ਉਸ ਦੀ ਓਹੀ ਜਾਤੀ ਤੇ ਓਹੀ ਪਤਿ=ਇੱਜ਼ਤ ਹੈ।

ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ—ਨਾਮ ਕਰਕੇ ਜਮਾਂ ਤੋਂ ਛੁਟੀਦਾ ਹੈ ਅਤੇ ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ॥ ੪ ॥ ੧੦ ॥

ਪ੍ਰਭਾਤੀ ਮਹਲਾ ੧ ॥

ਜਾਗਤੁ ਬਿਗਸੈ ਮੂਠੋ ਅੰਧਾ ॥

ਇਹ ਅੰਨ੍ਹਾਂ ਅਗਿਆਨੀ ਜੀਵ ਪ੍ਰਤੱਖ ਜਾਗਦਿਆਂ, ਵਾ:-ਗੁਰੂ ਦਾ ਸਿੱਖ ਹੋ ਕੇ,

ਵਾ:-ਫਕੀਰ ਬਣ ਕੇ, ਵਾ:-ਪੜ੍ਹ ਸੁਣ ਕੇ, ਵਾ:-ਮਨੁੱਖ ਜਨਮ ਨੂੰ ਪਾ ਕੇ ਮੂਠੋ=ਲੁਟਿਆ ਜਾ ਰਿਹਾ ਹੈ ਫਿਰ ਇਹ ਅੰਨ੍ਹਾਂ ਬਿਗਸੈ=ਪ੍ਰਸੰਨ ਹੁੰਦਾ ਹੈ।

ਗਲਿ ਫਾਹੀ ਸਿਰਿ ਮਾਰੇ ਧੰਧਾ ॥

ਗਲ ਵਿਚ ਮੋਹ ਰੂਪੀ, ਵਾ:-ਇਸਤ੍ਰੀ ਰੂਪੀ ਫਾਹੀ ਹੈ ਇਸ ਕਰਕੇ ਸਿਰ ਨੂੰ ਧੰਧਿਆਂ ਵਿਚ ਮਾਰਦਾ ਹੈ।
ਵਾ:-ਗਲ ਵਿਚ ਵਾਸ਼ਨਾ ਰੂਪ ਫਾਹੀ ਪਈ ਹੋਈ ਹੈ ਇਸ ਲਈ ਧੰਧਿਆਂ ਵਿਚ ਸਿਰ ਮਾਰਦਾ ਹੈ।

ਆਸਾ ਆਵੈ ਮਨਸਾ ਜਾਇ ॥ ਉਰਝੀ ਤਾਣੀ ਕਿਛੁ ਨ ਬਸਾਇ ॥ ੧ ॥

ਪਦਾਰਥਾਂ ਦੀ ਆਸਾ ਤੇ ਮਨਸਾ=ਵਾਸ਼ਨਾ ਕਰਕੇ ਆਉਂਦਾ ਜਾਂਦਾ ਅਰਥਾਤ, ਜੰਮਦਾ ਮਰਦਾ ਹੈ। ਦੇਹ

ਰੂਪ ਤਾਣੀ ਵਿਸ਼ਿਆਂ ਵਿਚ ਅਜੇਹੀ ਉਰਝੀ ਹੈ ਕਿ ਜੀਵ ਦਾ ਕੁਝ ਵੱਸ ਨਹੀਂ ਚਲਦਾ॥ ੧॥

ਜਾਗਸਿ ਜੀਵਣ ਜਾਗਣਹਾਰਾ ॥ਸੁਖ ਸਾਗਰ ਅੰਮ੍ਰਿਤ ਭੰਡਾਰਾ ॥੧ ॥ਰਹਾਉ ॥

ਜੋ ਸਭ ਨੂੰ ਜੀਵਨ ਦਾਨ ਵਾਲਾ ਹੈ ਤੇ ਜਾਗਣ ਵਾਲਾ ਹੈ ਉਸ ਦੇ ਨਾਮ ਸਿਮਰਨ ਵਿਚ ਤੂੰ ਜਾਗਸਿ=ਜਾਗਣਾ ਕਰ। ਉਹ ਸੁਖਾਂ ਦਾ ਸਮੁੰਦਰ ਤੇ ਨਾਮ ਅੰਮ੍ਰਿਤ ਦਾ ਭੰਡਾਰਾ ਹੈ॥ ੧॥ ਰਹਾਉ॥

ਕਹਿਓ ਨ ਬੂਝੈ ਅੰਧੁ ਨ ਸੂਝੈ ਭੋਂਡੀ ਕਾਰ ਕਮਾਈ ॥

ਜੋ ਕੁਝ ਮਹਾਂ ਪੁਰਸ਼ਾਂ ਨੇ ਕਿਹਾ ਹੈ, ਉਸ ਨੂੰ ਬੁਝਦਾ ਨਹੀਂ ਹੈ, ਇਸ ਅੰਨ੍ਹੇ ਅਗਿਆਨੀ ਨੂੰ ਆਪਣੇ ਆਪ ਕੁਝ ਸਮਝ ਨਹੀਂ ਹੈ, ਭੋਂਡੀ=ਭੈੜੀ ਕਾਰ ਕਮਾ ਰਿਹਾ ਹੈ।

ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ॥ ੨ ॥

ਜਿਸ ਨੂੰ ਪਰਮੇਸ਼ਰ ਆਪਣੇ ਪ੍ਰੇਮ ਵਿਚ ਪ੍ਰੀਤੀ ਕਰਨੀ ਦੇਂਦਾ ਹੈ, ਉਸ ਕਰਮੀ=ਜੀਵ ਨੂੰ ਵੱਡਿਆਈ ਮਿਲਦੀ ਹੈ॥ ੨॥

ਦਿਨੁ ਦਿਨੁ ਆਵੈ ਤਿਲੁ ਤਿਲੁ ਛੀਜੈ ਮਾਇਆ ਮੋਹੁ ਘਟਾਈ॥

ਅੰਨਵੇਂ:-ਮਾਇਆ ਦੇ ਮੋਹ ਕਰਕੇ ਜਿਸ ਨੇ ਪਰਮੇਸ਼ਰ ਦੀ ਪ੍ਰੀਤੀ ਘਟਾਈ ਹੈ,

ਅਥਵਾ:-ਮੋਹਨੇ ਵਾਲੀ ਮਾਇਆ ਜਿਸ ਦੇ ਘਟਾਈ=ਹਿਰਦੇ ਵਿਚ ਆਈ ਹੈ, ਦਿਨ ਦਿਨ ਦੀ ਸੰਗਿਆ ਕਰਕੇ ਤਿਲ ਤਿਲ ਕਾਲ ਵਿਚ ਉਸ ਦੀ ਆਵੈ=ਉਮਰਾ ਛਿਜਦੀ ਜਾਂਦੀ ਹੈ।

ਜੋ ਦਿਨ ਆਉਂਦਾ ਹੈ ਉਸ ਦਿਨ ਵਿਚ ਆਵੈ=ਉਮਰਾ ਤਿਲ ਤਿਲ ਕਰਕੇ ਛਿਜਦੀ ਜਾਂਦੀ ਹੈ, ਜਿਉਂ ਜਿਉਂ ਉਮਰਾ ਘਟਦੀ ਹੈ ਤਿਉਂ ਤਿਉਂ ਘਟਾਈ=ਹਿਰਦੇ ਵਿਚ ਮਾਇਆ ਦਾ ਮੋਹ ਵੱਧਦਾ ਜਾਂਦਾ ਹੈ।

ਬਿਨੁ ਗੁਰ ਬੂਡੋ ਠਉਰ ਨ ਪਾਵੈ ਜਬ ਲਗ ਦੂਜੀ ਰਾਈ॥ ੩ ॥

ਜਬ ਤੱਕ ਰਾਈ ਦੇ ਦਾਣੇ ਜਿੰਨੀ ਭੀ ਦਵੈਤ ਹੈ ਤਬ ਤੱਕ ਗੁਰੂ ਤੋਂ ਬਿਨਾਂ ਵਿਕਾਰਾਂ ਵਿਚ ਡੁੱਬਦਾ ਹੈ ਠਉਰ ਨ ਪਾਵੈ=ਸਰੂਪ ਜਗ੍ਹਾਂ ਨੂੰ ਨਹੀਂ ਪਾਂਦਾ॥ ੩॥

ਅਹਿਨਿਸਿ ਜੀਆ ਦੇਖਿ ਸਮ੍ਹਾਲੈ ਸੁਖੁ ਦੁਖੁ ਪੁਰਬਿ ਕਮਾਈ॥

ਜੋ ਪ੍ਰਭੂ ਦਿਨ ਰਾਤ ਜੀਵਾਂ ਦੇ ਕਰਤੱਬ ਦੇਖਦਾ ਹੈ ਅਤੇ ਸਭ ਦੀ ਸੰਭਾਲ ਕਰਦਾ ਹੈ, ਉਹ ਪ੍ਰਭੂ ਜੀਵਾਂ ਦੀ ਪੂਰਬਲੀ ਕਮਾਈ ਅਨੁਸਾਰ ਸੁਖ ਦੇਂਦਾ ਹੈ।

ਅਥਵਾ:-ਜੋ ਜੀਵਾਂ ਦੇ ਕਰਤੱਬਾਂ ਨੂੰ ਦੇਖਦਾ ਹੈ ਉਸ ਨੂੰ ਦਿਨ ਰਾਤ ਸਮਾਲਨਾ ਕਰੇ ਅਤੇ ਸੁਖ ਦੁੱਖ ਨੂੰ ਆਪਣੀ ਪੂਰਬਲੀ ਕਮਾਈ ਅਨੁਸਾਰ ਨਿਸਚੇ ਕਰੇ।

ਕਰਮਹੀਣੁ ਸਚੁ ਭੀਖਿਆ ਮਾਂਗੈ ਨਾਨਕ ਮਿਲੈ ਵਡਾਈ॥ ੪ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ—ਇਹ ਕਰਮਾਂ ਤੋਂ ਹੀਣਾ ਜੀਵ ਜਦ ਗੁਰੂ ਪਾਸੋਂ ਸੱਚ ਨਾਮ ਦੀ ਭਿੱਖਿਆ ਮੰਗਣਾ ਕਰੇ ਤਾਂ ਇਸ ਨੂੰ ਜ਼ਰੂਰ ਵੱਡਿਆਈ ਮਿਲੇਗੀ॥ ੪॥ ੧੧॥

ਦੁਨੀਆਂ ਦੇ ਲੋਕ ਕਿਸੇ ਤਰ੍ਹਾਂ ਭੀ ਛੱਡ ਦੇ ਨਹੀਂ ਹਨ।

ਪ੍ਰਭਾਤੀ ਮਹਲਾ ੧ ॥

ਮਸਟਿ ਕਰਉ ਮੂਰਖੁ ਜਗਿ ਕਹੀਆ ॥

ਜੇ ਮੈਂ ਮਸਟਿ=ਚੁਪ ਕਰਦਾ ਹਾਂ ਤਾਂ ਜਗਤ ਵਿਚ ਸਾਰੇ ਜੀਵ ਮੂਰਖ ਕਹਿੰਦੇ ਹਨ। ਕਿ ਇਸ ਨੂੰ ਬੋਲਣ ਦਾ ਵੱਲ ਨਹੀਂ ਆਉਂਦਾ ।

ਅਧਿਕ ਬਕਉ ਤੇਰੀ ਲਿਵ ਰਹੀਆ ॥

ਜੇ ਅਧਿਕ ਬਕਉ=ਬਹੁਤਾ ਬੋਲਦਾ ਹਾਂ ਤਾਂ ਤੇਰੀ ਪ੍ਰੀਤੀ ਰਹਿੰਦੀ ਹੈ ਜਾਂ ਤੇਰੇ ਵਿਚ ਲਿਵ ਲਗਾਣੀ ਰਹਿ ਜਾਂਦੀ ਹੈ।

ਭੂਲ ਚੂਕ ਮੇਰੈ ਦਰਬਾਰਿ ॥ ਨਾਮ ਬਿਨਾ ਕੈਸੇ ਆਚਾਰ ॥ ੧ ॥

ਮੈਂ ਭੁਲਣੇ ਚੁਕਣੇ ਵਾਲਾ ਤੇਰੇ ਸਤਸੰਗ ਦਰਬਾਰ ਵਿਚ ਪਿਆ ਰਹਿੰਦਾ ਹਾਂ।

ਵਾ:-ਤੇਰੇ ਆਸਰੇ ਰਹਿੰਦਾ ਹਾਂ। ਨਾਮ ਸਿਮਰਨ ਤੋਂ ਬਿਨਾਂ ਸ਼ੁਭ ਆਚਾਰ=ਕਰਤੱਬ ਕਰਨਾ ਕਿਵੇਂ ਪ੍ਰਾਪਤ ਹੋ ਸਕਦਾ ਹੈ॥ ੧ ॥

ਐਸੇ ਝੂਠਿ ਮੁਠੇ ਸੰਸਾਰਾ ॥ ਨਿੰਦਕੁ ਨਿੰਦੈ ਮੁਝੈ ਪਿਆਰਾ ॥ ੧ ॥ ਰਹਾਉ ॥

ਇਸ ਤਰ੍ਹਾਂ ਦੇ ਝੂਠੇ ਵਿਚਾਰਾਂ ਵਿਚ ਲੱਗ ਕੇ ਸੰਸਾਰੀ ਜੀਵ ਮੁਠੇ=ਲੁਟੇ ਗਏ ਹਨ। ਜੋ ਨਿੰਦਕ ਪੁਰਸ਼ ਮੇਰੀ ਨਿੰਦਿਆ ਕਰਦਾ ਹੈ ਉਹ ਮੈਨੂੰ ਪਿਆਰਾ ਹੈ। ਕਿਉਂਕਿ ਨਿੰਦਕ ਪੁਰਸ਼ ਨਿੰਦਿਆ ਕਰਕੇ ਪਾਪਾਂ ਦਾ ਭਾਰ ਆਪਣੇ ਸਿਰ 'ਤੇ ਚੁਕ ਲੈਂਦਾ ਹੈ॥ ੧ ॥ ਰਹਾਉ ॥

ਜਿਸੁ ਨਿੰਦਹਿ ਸੋਈ ਬਿਧਿ ਜਾਣੈ ॥ ਗੁਰ ਕੈ ਸਬਦੇ ਦਰਿ ਨੀਸਾਣੈ ॥

ਜਿਸ ਪ੍ਰਕਾਰ ਇਹ ਨਿੰਦਕ ਲੋਕ ਮੇਰੀ ਨਿੰਦਿਆ ਕਰਦੇ ਹਨ ਉਸ ਨੂੰ ਅਸੀਂ ਵਿਧੀ ਕਰਕੇ ਜਾਣਦੇ ਹਾਂ ਅਤੇ ਸਤਿਗੁਰਾਂ ਦੇ ਸ਼ਬਦ ਕਰਕੇ ਮੈਂ ਸਤਸੰਗ ਰੂਪ ਦਰਵਾਜ਼ੇ 'ਪਰ ਨੀਸਾਣੈ=ਪ੍ਰਗਟ ਹੋਇਆ ਹਾਂ।

ਕਾਰਣ ਨਾਮੁ ਅੰਤਰਗਤਿ ਜਾਣੈ ॥
ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ ॥ ੨ ॥

ਕਾਰਨ ਰੂਪ ਪਰਮੇਸ਼ਰ ਦੇ ਨਾਮ ਨੂੰ ਜਪੇ ਤਾ ਅੰਤਰੇ ਭੇਦ ਦੀ ਨਵਿਰਤੀ ਨੂੰ ਜਾਣਦਾ ਹੈ। ਜਿਸ ਉਤੇ ਪ੍ਰਭੂ ਕਿਰਪਾ ਦ੍ਰਿਸ਼ਟੀ ਕਰਦਾ ਹੈ ਓਹੀ ਪੁਰਸ਼ ਇਸ ਵਿਧੀ ਨੂੰ ਜਾਣਦਾ ਹੈ॥ ੨ ॥

ਮੈ ਮੈਲੌ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥

ਮੈਂ ਤਾਂ ਪਾਪਾਂ ਰੂਪੀ ਮੈਲ ਕਰਕੇ ਮੈਲਾ ਹਾਂ, ਉਹ ਸੱਚਾ ਉੱਜਲ ਹੈ। ਆਪਣੇ ਆਪ ਨੂੰ ਉੱਤਮ ਆਖਣ ਕਰਕੇ ਮੈਂ ਕੋਈ ਉੱਚਾ ਨਹੀਂ ਹੋ ਸਕਦਾ ।

ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥

ਮਨਮੁਖ ਪੁਰਸ਼ ਖੁਲ੍ਹ ਕਰਕੇ ਭਾਵ ਨਿਸੰਗ ਹੋ ਕੇ ਮਹਾਂ ਜ਼ਹਿਰ ਰੂਪ ਵਿਸ਼ਿਆਂ ਨੂੰ ਖਾਂਦਾ ਹੈ।

ਅਥਵਾ:-ਮਨਮੁਖ ਪੁਰਸ਼ ਭੁਲ ਕਰਕੇ ਬਹੁਤ ਹੀ ਵਿਸ਼ਿਆਂ ਨੂੰ ਭੋਗਦਾ ਹੈ।

(ਨੋਟ-ਖੂਲਿ ਦੀ ਜਗ੍ਹਾਂ ਭੂਲ ਪਾਠ ਭੀ ਹੁੰਦਾ ਹੈ ਇਸ ਕਰਕੇ ਦੂਜਾ ਅਰਥ ਕੀਤਾ ਹੈ)

ਗੁਰਮੁਖਿ ਹੋਇ ਸੁ ਰਾਚੈ ਨਾਇ ॥ ੩ ॥

ਜੋ ਗੁਰਮੁਖ ਹੁੰਦਾ ਹੈ ਉਹ ਨਾਮ ਸਿਮਰਨ ਵਿਚ ਰਾਚੈ=ਤਦਾਕਾਰ ਹੁੰਦਾ ਹੈ॥ ੩ ॥

[ਪੰਨਾ ੧੩੩੧]

ਅੰਧੌ ਬੋਲੌ ਮੁਗਧੁ ਗਵਾਰੁ ॥ ਹੀਣੌ ਨੀਚੁ ਬੁਰੌ ਬੁਰਿਆਰੁ ॥

ਹੇ ਪ੍ਰਭੂ ! ਮੈਂ ਭਾਵੇਂ ਗਿਆਨ ਵੈਰਾਗ ਰੂਪ ਅੱਖਾਂ ਤੋਂ ਬਿਨਾਂ ਹੋਣ ਕਰਕੇ ਅੰਨ੍ਹਾਂ ਤੇ ਮੂਰਖ ਹਾਂ ਨਿਸਚਾ ਵਿਚਾਰ ਰੂਪ ਕੰਨਾਂ ਤੋਂ ਬਿਨਾਂ ਹੋਣ ਕਰਕੇ ਬੋਲਾ ਤੇ ਗਵਾਰ ਹਾਂ। ਸ਼ੁਭ ਗੁਣਾਂ ਤੋਂ ਬਿਨਾਂ ਹੋਣ ਕਰਕੇ ਨੀਚ ਹਾਂ ਬੁਰਿਆਈਆਂ ਦੇ ਕਰਨ ਕਰਕੇ ਬੁਰਾ ਹਾਂ।

ਨੀਧਨ ਕੌ ਧਨੁ ਨਾਮੁ ਪਿਆਰੁ ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥ ੪ ॥

ਪਰ ਮੈਂ ਨਿਰਧਨ ਦਾ ਤੇਰੇ ਨਾਮ ਧਨ ਨਾਲ ਪਿਆਰ ਹੈ। ਕਿਉਂਕਿ ਇਹ ਨਾਮ ਧਨ ਹੀ ਸਾਰਿਆਂ ਦਾ ਸਾਰੁ=ਸਿਧਾਂਤ ਰੂਪ ਹੈ ਹੋਰ ਵਿਸ਼ਿਆਂ ਨੂੰ ਛਾਰੁ=ਸੁਆਹ ਰੂਪ ਨਿਸਚੇ ਕੀਤਾ ਹੈ॥ ੪ ॥

ਉਸਤਤਿ ਨਿੰਦਾ ਸਬਦੁ ਵੀਚਾਰੁ ॥ ਜੋ ਦੇਵੈ ਤਿਸ ਕਉ ਜੈਕਾਰੁ ॥

ਗੁਰ ਸ਼ਬਦ ਨੂੰ ਵਿਚਾਰ ਕੇ ਉਸਤਤੀ ਤੇ ਨਿੰਦਿਆਂ ਨੂੰ ਇਕ ਸਮ ਜਾਣਿਆ ਹੈ। ਸਮ ਦ੍ਰਿਸ਼ਟੀ ਦਾ ਵਿਚਾਰ ਜੋ ਗੁਰੂ ਦੇਂਦਾ ਹੈ ਮੈਂ ਉਸ ਨੂੰ ਜੈਕਾਰੁ=ਨਮਸ਼ਕਾਰ ਕਰਦਾ ਹਾਂ।

ਤੂ ਬਖਸਹਿ ਜਾਤਿ ਪਤਿ ਹੋਇ ॥ ਨਾਨਕੁ ਕਹੈ ਕਹਾਵੈ ਸੋਇ ॥ ੫ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ—ਜਿਸ ਨੂੰ ਤੂੰ ਨਾਮ ਬਖ਼ਸ਼ਦਾ ਹੈ ਉਸ ਦੀ ਜਾਤੀ ਉੱਚੀ ਤੇ ਸਾਰਿਆਂ ਵਿਚ ਪਤਿ=ਇੱਜ਼ਤ ਹੁੰਦੀ ਹੈ। ਉਹ ਆਪ ਪਰਮੇਸ਼ਰ ਦੇ ਨਾਮ ਨੂੰ ਕਹਿੰਦਾ ਹੈ ਤੇ ਹੋਰਨਾਂ ਪਾਸੋਂ ਕਹਾਉਂਦਾ ਹੈ॥ ੫ ॥ ੧੨ ॥

ਪ੍ਰਭਾਤੀ ਮਹਲਾ ੧ ॥

ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥

ਨਾਮ ਤੋਂ ਬਿਨਾਂ ਪਦਾਰਥਾਂ ਨੂੰ ਖਾ ਕੇ ਮੈਲੁ=ਸਰੀਰ ਨੂੰ ਵਧਾ ਲਿਆ, ਵਾ:-ਗੰਦਗੀ ਨੂੰ ਵਧਾਉਣਾ ਕੀਤਾ ਅਤੇ ਚੰਗੇ ਚੰਗੇ ਕੱਪੜਿਆਂ ਨੂੰ ਪਹਿਨ ਕੇ ਸਰੂਪ ਘਰ ਦੀ ਹਾਨੀ ਕਰ ਲਈ।

ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥ ੧ ॥

ਬਕਿ ਬਕਿ=ਬੋਲ ਬੋਲ ਕੇ ਵਿਅਰਥ ਝਗੜਿਆਂ ਨੂੰ ਚਲਾਉਣਾ ਕੀਤਾ, ਨਾਮ ਸਿਮਰਨ ਤੋਂ ਬਿਨਾਂ ਸਾਰਿਆਂ ਕਰਮਾਂ ਨੂੰ ਜ਼ਹਿਰ ਵਾਂਗੂ ਦੁੱਖ ਰੂਪ ਜਾਨਣਾ ਕਰ॥ ੧ ॥

ਬਾਬਾ ਐਸਾ ਬਿਖਮ ਜਾਲਿ ਮਨੁ ਵਾਸਿਆ ॥

ਬਾਬਾ=ਹੇ ਭਾਈ ! ਮੋਹ ਰੂਪੀ ਜਾਲ ਅਜੇਹਾ ਕਠਨ ਹੈ ਜਿਸ ਵਿਚ ਮਨ ਵਾਸਿਆ=ਵਸੀਕਾਰ ਹੋ ਗਿਆ ਅਰਥਾਤ ਫਸ ਗਿਆ।

ਬਿਬਲੁ ਝਾਗਿ ਸਹਜਿ ਪਰਗਾਸਿਆ ॥ ੧ ॥ ਰਹਾਉ ॥

ਬਿ=ਵਿਸ਼ੇਸ਼ ਕਰਕੇ ਵੈਰਾਗ ਦੇ ਬਲ ਨਾਲ ਵਿਸ਼ੇ ਵਿਕਾਰਾਂ ਨੂੰ ਝਾਗਿ=ਲੰਘਿਆ,

ਬਿ=ਵਿਸ਼ੇਸ਼ ਕਰਕੇ ਰਾਗ ਦਵੈਸ਼ ਰੂਪ ਮੈਲ ਨੂੰ ਲੰਘਿਆ ਤਾਂ ਸਹਜਿ=ਗਿਆਨ ਦਾ ਪ੍ਰਕਾਸ਼ ਹੋ ਗਿਆ ॥ ੧ ॥ ਰਹਾਉ ॥ (ਪਾਠਾਂਤ੍ਰ:-ਬਿਮਲੁ ਪਾਠ ਭੀ ਹੁੰਦਾ ਹੈ)

ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥

ਮਨਮੁਖ ਵਿਸ਼ਿਆਂ ਨੂੰ ਭੋਗਣਾ ਕਰਦਾ ਹੈ, ਵਿਸ਼ੇ ਸਬੰਧੀ ਬਚਨਾਂ ਨੂੰ ਬੋਲਦਾ ਹੈ ਅਤੇ ਵਿਸ਼ਿਆਂ ਦੀ ਕਾਰ ਕਮਾਉਂਦਾ ਹੈ। ਇਸ ਲਈ ਉਹ ਮਨਮੁਖ-

ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥ ੨ ॥

ਜਮਾਂ ਦੇ ਦਰਵਾਜ਼ੇ 'ਪਰ ਬੱਧੇ ਹੋਏ ਮਾਰ ਖਾਣਗੇ ਅਤੇ ਸੱਚ ਨਾਮ ਜਪਣ ਵਾਲੇ ਗੁਰਮੁਖ ਛੁੱਟ ਜਾਣਗੇ।

ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ ॥

ਜਿਵੇਂ ਇਹ ਖਾਲੀ ਆਇਆ ਹੈ ਤਿਵੇਂ ਖਾਲੀ ਉੱਠ ਕੇ ਚਲਿਆ ਜਾਵੇਗਾ, ਜੋ ਇਸ ਨੇ ਕਰਮ ਕੀਤਾ ਹੈ ਉਹ ਚਿਤ੍ਰ ਗੁਪਤ ਲਿਖ ਕੇ ਲੈ ਜਾਣਗੇ।

ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ ॥ ੩ ॥

ਮਨਮੁਖਾਂ ਨੇ ਮੂਲ ਰੂਪ ਸਵਾਸਾਂ ਨੂੰ ਨਿਸਫਲ ਗੁਆ ਲਿਆ ਹੈ, ਇਸ ਕਰਕੇ ਪ੍ਰਲੋਕ ਦਰਗਾਹ ਵਿਚ ਭਾਰੀ ਸਜਾ ਮਿਲੇਗੀ ॥ ੩ ॥

ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥

ਜਗਤ ਖੋਟਾ ਹੈ, ਵਾ:-ਜਗੁ=ਜੀਵ ਖੋਟਾ ਹੈ, ਸੱਚ ਸਰੂਪ ਪਰਮਾਤਮਾ ਨਿਰਮਲ ਹੈ, ਅਜੇਹਾ ਸ਼ੁਭ ਵਿਚਾਰ ਗੁਰ ਸ਼ਬਦੀਆਂ ਨੂੰ ਪ੍ਰਾਪਤ ਹੋਇਆ ਹੈ।

ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥ ੪ ॥

ਜਿਨ੍ਹਾਂ ਦੇ ਅੰਦਰ ਮੁਰਾਰੀ ਦਾ ਗਿਆਨ ਹੈ ਉਹ ਮਨੁੱਖ ਜਗਤ ਵਿਚ ਵਿਰਲੇ ਜਾਣੇ ਜਾਂਦੇ ਹਨ ॥ ੪ ॥

ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ ॥

ਅਜਰੁ=ਕਾਮ ਕ੍ਰੋਧ ਆਦਿਕਾਂ ਨੂੰ ਜਰੈ=ਸਾੜਨਾ ਕਰੇ,

ਵਾ:-ਅਜਰ ਵਸਤੂ ਨੂੰ ਜਰੈ=ਸਹਾਰੇ ਤਾਂ 'ਨੀਝਰੁ ਝਰੈ'=ਇਕ ਰਸ ਬ੍ਰਹਮਾਨੰਦ ਝੜਦਾ ਹੈ ਅਤੇ ਅਮਰ ਅਨੰਦ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

ਨਾਨਕੁ ਜਲ ਕੌ ਮੀਨੁ ਸੈ ਥੇ* ਭਾਵੈ ਰਾਖਹੁ ਪ੍ਰੀਤਿ ॥ ੫ ॥ ੧੩ ॥

ਗੁਰੂ ਜੀ ਕਥਨ ਕਰਦੇ ਹਨ—ਜਿਵੇਂ ਜਲ ਨੂੰ ਮੱਛੀ ਚਾਹੁੰਦੀ ਹੈ, ਤਿਵੇਂ ਮੈਂ ਨਾਮ ਜਲ ਨੂੰ ਚਾਹੁੰਦਾ ਹਾਂ, ਜਿਵੇਂ ਆਪ ਜੀ ਨੂੰ ਭਾਵੇ ਤਿਵੇਂ ਥੇ=ਤੁਸੀਂ ਮੇਰੀ ਪ੍ਰੀਤੀ ਜ਼ਰੂਰ ਰੱਖਣਾ ਕਰੋ ॥ ੫ ॥ ੧੩ ॥

*ਬੂੰਦੀ ਕੋਟੇ ਦੀ ਬੋਲੀ ਹੈ, ਥੇ=ਤੁਸੀਂ।

ਪ੍ਰਭਾਤੀ ਮਹਲਾ ੧ ॥

ਗੀਤ ਨਾਦ ਹਰਖ ਚਤੁਰਾਈ ॥ ਰਹਸ ਰੰਗ ਫੁਰਮਾਇਸਿ ਕਾਈ ॥

ਗੀਤਾਂ ਦਾ ਨਾਦ=ਅਲਾਪਨਾ ਤੇ ਨਾਦ=ਵਾਜੇ ਵਜਾਉਣੇ, ਵਾ:-ਨਾਦ=ਸੰਖ ਪੂਰਨੇ, ਹਰਖ ਸਹਿਤ ਚਤੁਰਾਈਆਂ ਕਰਨੀਆਂ ਰੰਗਾਂ ਰੰਗਾਂ ਦਾ ਰਹਸ=ਅਨੰਦ ਲੈਣਾ,

ਵਾ:-ਕਈ ਤਰ੍ਹਾਂ ਦੇ ਰੰਗਾਂ ਵਿਚ ਰਹਸ=ਇਸਥਿਤ ਰਹਿਣਾ ਤੇ ਫੁਰਮਾਇਸਾਂ ਚਲਾਉਣੀਆਂ, ਨਾਮ ਤੋਂ ਬਿਨਾਂ ਇਹ ਕਾਈ=ਕਿਸ ਕੰਮ ਹਨ।

ਪੈਨ੍ਹਣੁ ਖਾਣਾ ਚੀਤਿ ਨ ਪਾਈ ॥ ਸਾਚੁ ਸਹਜੁ ਸੁਖੁ ਨਾਮਿ ਵਸਾਈ ॥ ੧ ॥

ਚੰਗੇ ਚੰਗੇ ਕਪੜਿਆਂ ਦੇ ਪਹਿਨਣ ਦੀ ਤੇ ਪਦਾਰਥਾਂ ਦੇ ਖਾਣ ਦੀ ਕੋਈ ਗੱਲ ਮੈਂ ਆਪਣੇ ਚਿਤ ਵਿਚ ਨਹੀਂ ਪਾਈ। ਸੱਚੇ ਸੁਖ ਦੇ ਦੇਣ ਵਾਲੀ ਨਾਮ ਦੀ ਪ੍ਰੀਤੀ ਮੈਂ ਸੁਭਾਵਕ ਮਨ ਵਿਚ ਵਸਾਈ ਹੈ॥ ੧ ॥

ਕਿਆ ਜਾਨਾਂ ਕਿਆ ਕਰੈ ਕਰਾਵੈ ॥

ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥ ੧ ॥ ਰਹਾਉ ॥

ਕੀ ਜਾਣੀਏ, ਜੋ ਪ੍ਰਭੂ ਕੀ ਕਰਦਾ ਤੇ ਕਰਾਉਂਦਾ ਹੈ ? ਮੇਰੇ ਤਨ ਵਿਚ ਤਾਂ ਨਾਮ ਤੋਂ ਬਿਨਾਂ ਹੋਰ ਕੁਝ ਭੀ ਸੁਖਾਂਦਾ ਨਹੀਂ ਹੈ॥ ੧ ॥ ਰਹਾਉ ॥

ਜੋਗ ਬਿਨੋਦ ਸ੍ਵਾਦ ਆਨੰਦਾ ॥ ਮਤਿ ਸਤ ਭਾਇ ਭਗਤਿ ਗੋਬਿੰਦਾ ॥

ਮਤੀ ਵਿਚ ਸਤ=ਨਿਸਚੇ ਕਰਕੇ ਜੋ ਗੋਬਿੰਦ ਦੀ ਪ੍ਰੇਮਾ ਭਗਤੀ ਭਾਈ ਹੈ। ਏਹੀ ਜੋਗ ਦਾ ਅਨੰਦ ਹੈ ਏਹੋ ਬਿਨੋਦਾਂ ਦਾ ਸੁਆਦ ਹੈ।

ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੌ ਰਾਜ ਰਵਿੰਦਾ ॥ ੨ ॥

ਕੀਰਤੀ ਰੂਪ ਕਰਮ ਦਾ ਜੋ ਕਾਰ=ਕਰਨਾ ਹੈ ਏਹੋ ਨਿਜ ਸੰਦਾ=ਆਪਣੇ ਕੰਮ ਆਉਣੇ ਵਾਲਾ ਹੈ। ਜੋ ਪ੍ਰਭੂ ਰਾਜ ਰਵਿੰਦਾ=ਰਾਜਿਆਂ ਦਾ ਰਾਜਾ ਹੈ ਉਸ ਨੂੰ ਹਿਰਦੇ ਅੰਦਰ ਰਵਤੌ=ਉਚਾਰਨਾ ਕਰ।

ਵਾ:-ਰਵਿੰਦਾ=ਸੂਰਜ ਚੰਦ੍ਰਮਾ ਦਾ ਜੋ ਰਾਜਾ ਹੈ ਉਸ ਨੂੰ ਹਿਰਦੇ ਅੰਦਰ ਰਵਤੌ=ਉਚਾਰਨਾ ਕਰ।

ਵਾ:-ਰਵਿੰਦਾ=ਸੂਰਜ ਤੇ ਚੰਦ੍ਰਮਾ ਅੰਦਰ ਜਿਸ ਦਾ ਰਾਜ=ਪ੍ਰਕਾਸ਼ ਹੈ ਉਸ ਨੂੰ ਹਿਰਦੇ ਅੰਦਰ ਉਚਾਰਨਾ ਕਰ॥ ੨ ॥

ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰ ਧਾਰੀ ॥ ਦੀਨਾ ਨਾਥੁ ਪੀਉ ਬਨਵਾਰੀ ॥

ਪ੍ਰਿਉ=ਪਿਆਰਾ ਜੋ ਪਤੀ ਪਰਮਾਤਮਾ ਹੈ ਉਸ ਦੀ ਪ੍ਰੀਤੀ ਪ੍ਰੇਮ ਨਾਲ ਹਿਰਦੇ ਵਿਚ ਧਾਰੀ ਹੈ। ਉਹ ਪੀਉ=ਪਤੀ ਪਰਮਾਤਮਾ ਦੀਨਾ=ਗਰੀਬਾਂ ਦਾ ਸੁਆਮੀ ਹੈ ਤੇ ਸੰਸਾਰ ਬਨ ਦਾ ਮਾਲਕ ਹੈ।

ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥ ਤ੍ਰਿਪਤਿ ਤਰੰਗ ਤਤੁ ਬੀਚਾਰੀ ॥ ੩ ॥

ਰਾਤ ਦਿਨ ਨਾਮ ਦਾਨ ਦਾ ਵਰਤ ਕਰਨ ਵਾਲੇ ਹਾਂ। ਅਰਥਾਤ ਰਾਤ ਦਿਨ ਨਾਮ ਜਪਣ ਦਾ ਤੇ ਦਾਨ ਦੇਣ ਦਾ ਬ੍ਰਤ=ਨਿਯਮ ਕੀਤਾ ਹੋਇਆ ਹੈ। ਤਤ ਮਿਥਿਆ ਦੀ ਵੀਚਾਰ ਪ੍ਰਾਪਤ ਹੋਣ ਕਰਕੇ ਸੰਕਲਪਾਂ

ਵਿਕਲਪਾਂ ਰੂਪ ਤਰੰਗਾਂ ਤੋਂ, ਵਾ:-ਲੋਭ ਦੀਆਂ ਤਰੰਗ=ਲਹਿਰਾਂ ਤੋਂ ਤ੍ਰਿਪਤ ਹੋਏ ਹਾਂ॥ ੩॥

ਅਕਥੌ ਕਥਉ ਕਿਆ ਮੈ ਜੋਰੁ॥ ਭਗਤਿ ਕਰੀ ਕਰਾਇਹਿ ਮੋਰ॥

ਮੇਰੇ ਵਿਚ ਕੀ ਜ਼ੋਰ ਹੈ ਜੋ ਹੇ ਅਕਥ ਪ੍ਰਭੂ ! ਮੈਂ ਆਪ ਜੀ ਨੂੰ ਕਥਨ ਕਰ ਸਕਾਂ। ਜੇ ਆਪ ਮੋਰ=ਮੇਰੇ ਪਾਸੋਂ ਕਰਵਾਓ ਤਾਂ ਮੈਂ ਆਪ ਜੀ ਦੀ ਭਗਤੀ ਕਰ ਸਕਦਾ ਹਾਂ।

ਅੰਤਰਿ ਵਸੈ ਚੂਕੈ ਮੈ ਮੋਰ॥ ਕਿਸੁ ਸੇਵੀ ਦੂਜਾ ਨਹੀ ਹੋਰੁ॥ ੪॥

ਜੇ ਤੂੰ ਹਿਰਦੇ ਅੰਦਰ ਵਸ ਜਾਵੇਂ, ਤਾਂ ਮੈਂ ਤੂੰ ਤੇ ਮੇਰਾ ਤੇਰਾ ਆਦਿਕ ਸਭ ਕੁਝ ਦੂਰ ਹੋ ਜਾਵੇਗਾ। ਆਪ ਜੀ ਤੋਂ ਬਿਨਾਂ ਕਿਸ ਦੀ ਸੇਵਾ ਕਰਾਂ, ਕਿਉਂਕਿ ਮੈਨੂੰ ਹੋਰ ਕੋਈ ਦੂਜਾ ਨਹੀਂ ਦਿੱਸਦਾ॥ ੪॥

ਗੁਰ ਕਾ ਸਬਦੁ ਮਹਾ ਰਸੁ ਮੀਠਾ॥ ਐਸਾ ਅੰਮ੍ਰਿਤੁ ਅੰਤਰਿ ਡੀਠਾ॥

ਗੁਰਾਂ ਦਾ ਉਪਦੇਸ਼ ਜੋ ਮਹਾਂ ਮਿੱਠਾ ਰਸਦਾਇਕ ਹੈ। ਅਜੇਹਾ ਅੰਮ੍ਰਿਤ ਰਸ ਪ੍ਰਾਪਤ ਹੋਣ 'ਤੇ ਪਰਮਾਤਮਾ ਨੂੰ ਹਿਰਦੇ ਅੰਦਰ ਵੇਖਿਆ ਹੈ।

ਜਿਨਿ ਚਾਖਿਆ ਪੂਰਾ ਪਦੁ ਹੋਇ॥
ਨਾਨਕ ਧ੍ਰਾਪਿਓ ਤਨਿ ਸੁਖੁ ਹੋਇ॥ ੫॥ ੧੪॥

ਗੁਰੂ ਜੀ ਕਥਨ ਕਰਦੇ ਹਨ—ਜਿਸ਼ ਨੇ ਗੁਰ ਉਪਦੇਸ਼ ਰਸ ਨੂੰ ਚਖਿਆ ਹੈ ਉਸ ਨੂੰ ਪੂਰਾ ਆਤਮ ਪਦ ਪ੍ਰਾਪਤ ਹੋਇਆ ਹੈ ਅਤੇ ਪਦਾਰਥਾਂ ਵਲੋਂ ਤ੍ਰਿਪਤ ਹੋਣ ਕਰਕੇ ਤਨ ਵਿਚ ਸੁਖ ਪ੍ਰਾਪਤ ਹੋਇਆ ਹੈ॥ ੫॥ ੧੪॥

ਪ੍ਰਭਾਤੀ ਮਹਲਾ ੧॥

ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ॥

ਗੁਰ ਉਪਦੇਸ਼ ਵਿਚ ਮਨ ਮੰਨਿਆਂ ਗਿਆ ਤਾਂ ਪ੍ਰਭੂ ਨੂੰ ਹਿਰਦੇ ਅੰਦਰ ਹੀ ਵੇਖ ਲਿਆ ਅਤੇ ਇਹ ਨਿਸਚੇ ਕੀਤਾ ਕਿ ਗੁਰੂਆਂ ਤੋਂ ਬਿਨਾਂ ਮਨ ਰੂਪ ਬਸਤਰ ਨੂੰ ਨਾਮ ਰੰਗ ਵਿਚ ਰੰਗਣ ਵਾਲਾ ਹੋਰ ਕੋਈ ਨਹੀਂ ਹੈ।

ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ॥ ੧॥

ਜੋ ਦਿਨ ਰਾਤ ਜੀਵਾਂ ਨੂੰ ਵੇਖ ਕੇ ਉਹਨਾਂ ਦੀ ਸੰਭਾਲ ਕਰਦਾ ਹੈ ਓਸੇ ਪ੍ਰਭੂ ਦੀ ਸਭ ਦੇ ਸਿਰ ਉਤੇ ਹੁਕਮ ਰੂਪੀ ਕਾਰ ਹੈ। ਵਾ:-ਓਸੇ ਦੀ ਇਹ ਸਾਰੀ ਸਰਕਾਰ=ਰੱਯਤ ਹੈ॥ ੧॥

ਮੇਰਾ ਪ੍ਰਭੁ ਰਾਂਗਿ ਘਣੋ ਅਤਿ ਰੂੜੌ॥

ਮੇਰਾ ਪ੍ਰਭੂ ਮਾਲਕ ਪਰਮਾਤਮਾ ਘਣੋ ਰਾਂਗਿ=ਬੜੇ ਅਨੰਦ ਵਾਲਾ ਹੈ ਤੇ ਅਤੀਅੰਤ ਰੂੜੌ=ਸੁੰਦਰ ਹੈ।

ਦੀਨ ਦਇਆਲੁ ਪ੍ਰੀਤਮ ਮਨਮੋਹਨੁ
ਅਤਿ ਰਸ ਲਾਲ ਸਗੂੜੌ॥ ੧॥ ਰਹਾਉ॥

ਉਹ ਪ੍ਰੀਤਮ ਪਰਮਾਤਮਾ ਦੀਨ ਦਿਆਲ ਹੈ ਤੇ ਮਨ ਦੇ ਮੋਹਨੇ ਵਾਲਾ ਹੈ, ਉਸ ਲਾਲ=ਪਿਆਰੇ ਦਾ ਰਸ ਅਤੀਅੰਤ ਗੂੜਤਾ ਦੇ ਸ=ਸਹਿਤ ਹੈ॥ ੧॥

ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥

ਸਭ ਤੋਂ ਉੱਪਰ ਜੋ ਚੇਤਨ ਦੇਵ ਰੂਪ ਖੂਹਾ ਹੈ ਉਸ ਦੇ ਵਿਚੋਂ ਜਿਸ ਦੀ ਬੁੱਧੀ ਨਾਮ ਜਲ ਦੇ ਭਰਨੇ ਵਾਲੀ ਹੋਈ ਹੈ ਉਹ ਬ੍ਰਹਮਾਨੰਦ ਰੂਪੀ ਅੰਮ੍ਰਿਤ ਦੇ ਪੀਣ ਵਾਲਾ ਹੋਇਆ ਹੈ।

ਜਿਵੇਂ ਪ੍ਰਤੱਖ ਅਕਾਸ਼ੀ ਖੂਹਾ ਹੁੰਦਾ ਹੈ ਜੋ ਉੱਚਾ ਕਰਕੇ ਲਗਵਾਇਆ ਹੁੰਦਾ ਹੈ ਅਜੇਹਾ ਖੂਹਾ ਮਾਲਵੇ ਵਿਚ ਜਸੋਵਾਲ ਨਗਰ ਵਿਚ ਹੈ, ਜਾਂ ਫਿਰ ਰਮਦਾਸ ਨਗਰ ਵਿਚ ਹੈ, ਜੋ ਸਾਰੇ ਪਿੰਡ ਵਿਚ ਘਰ ਘਰ ਵਿਚ ਛੱਤਾਂ ਦੇ ਉੱਪਰ ਪਾਣੀ ਪਹੁੰਚਾਂਦਾ ਹੈ।

ਇਸੇ ਤਰ੍ਹਾਂ ਨੌਂ ਗੋਲਕਾਂ ਦੇ ਉਪਰ ਜੋ ਗਗਨ=ਦਸਮ ਦੁਆਰ ਰੂਪ ਖੂਹ ਹੈ, ਪ੍ਰਾਣਾਯਾਮ ਰੂਪ ਪਨਿਹਾਰੀ= ਚਰਖੜੀਆਂ ਹਨ ਪਾਣੀ ਭਰਨ ਵਾਲੀਆਂ, ਜੋ ਪੁਰਸ਼ ਪ੍ਰਾਣਾਂਯਾਮ ਕਰਦਾ ਹੈ ਉਹ ਜੋਗਾਨੰਦ ਰੂਪ ਅੰਮ੍ਰਿਤ ਦੇ ਪੀਣ ਵਾਲਾ ਹੁੰਦਾ ਹੈ।

[ਪੰਨਾ ੧੩੩੨]

ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥ ੨ ॥

ਜਿਸ ਪਰਮਾਤਮਾ ਦੀ ਇਹ ਸੰਸਾਰ ਰਚਨਾ ਹੈ ਇਸ ਦੀ ਵਿਧੀ ਨੂੰ ਓਹੀ ਜਾਣਦਾ ਹੈ, ਗੁਰਮੁਖਾਂ ਨੇ ਉਸ ਪ੍ਰਭੂ ਦੇ ਗਿਆਨ ਨੂੰ ਵਿਚਾਰਿਆ ਹੈ॥ ੨ ॥

ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥

ਸਸਿ=ਸਤੋ ਗੁਣ ਵਿਸ਼ਿਸਟ ਅੰਤਹਕਰਣ ਰੂਪ ਘਰ ਵਿਚ ਗਿਆਨ ਰੂਪ ਸੂਰਜ ਸਮਾਇਆ ਤੇ ਕਰੁਣਾ ਮੈਤ੍ਰੀ ਆਦਿਕ ਕਿਰਣਾਂ ਪਸਰੀ=ਫੈਲੀਆਂ ਤਾਂ ਰਸਿ=ਪ੍ਰੇਮ ਨਾਲ ਹਿਰਦਾ ਕਮਲ ਖਿੜ ਗਿਆ।

ਵਾ:-ਪਦਾਰਥਾਂ ਰੂਪ ਰਸਿ=ਜਲ ਵਿਚ ਰਹਿੰਦਾ ਹੋਇਆ ਹਿਰਦਾ ਕਮਲ ਖਿੜ ਗਿਆ।

ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥ ੩ ॥

ਜਾਂ ਗੁਰਾਂ ਦੀ ਕ੍ਰਿਪਾ ਦੁਆਰੇ ਪਦਾਰਥਾਂ ਦੀਆਂ ਮਨਸਾ=ਵਾਸ਼ਨਾ ਨੂੰ ਮਨ ਵਿਚੋਂ ਮਾਰ ਦਿੱਤਾ ਤੇ ਪ੍ਰਭੂ ਨੂੰ ਪਾਇਆ ਤਾਂ ਕਾਲ ਨੂੰ ਬਿਧੁੰਸਿ=ਮਾਰ ਦਿੱਤਾ ॥ ੩ ॥

ਅਤਿ ਰਸਿ ਰੰਗਿ ਚਲੂਲੈ ਰਾਤੀ ਦੂਜਾ ਰੰਗੁ ਨ ਕੋਈ ॥

ਜਿਸ ਦੀ ਬੁੱਧੀ ਅਤੀਅੰਤ ਰਸਿ=ਪ੍ਰੇਮ ਨਾਲ ਨਾਮ ਰੂਪੀ ਗੂੜ੍ਹੇ ਰੰਗ ਵਿਚ ਰੰਗੀ ਗਈ ਹੈ ਉਸ ਨੂੰ ਦੂਜਾ ਹੋਰ ਕੋਈ ਸੰਸਾਰਕ ਰੰਗ ਨਹੀਂ ਚੜ੍ਹਦਾ।

ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ ॥ ੪ ॥ ੧੫ ॥

ਗੁਰੂ ਜੀ ਕਥਨ ਕਰਦੇ ਹਨ—ਉਹ ਰਸਨ ਆਦਿਕ ਇੰਦ੍ਰੀਆਂ ਨੂੰ ਰਸਾ ਕੇ ਉਸ ਪ੍ਰਭੂ ਵਿਚ ਰੱਤੇ ਹਨ, ਜੋ ਪ੍ਰਭੂ ਸਾਰੇ ਰਵ ਰਿਹਾ ਹੈ॥ ੪ ॥ ੧੫ ॥

ਪ੍ਰਭਾਤੀ ਮਹਲਾ ੧ ॥

ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥

ਆਤਮ ਵਿਚਾਰ ਤੋਂ ਬਿਨਾਂ ਆਪਣੇ ਬਾਰਾਂ ਪੰਥਾਂ ਵਿਚ ਰਾਵਲ=ਜੋਗੀ ਖਪ ਜਾਂਦੇ ਹਨ, ਚਹੁ ਛਿਆ=ਦਸ

ਨਾਮ ਸੰਨਿਆਸੀਆਂ ਦੇ ਹਨ, ਦਸ ਭੇਖਾਂ ਵਿਚ ਸੰਨਿਆਸੀ ਖਪਦੇ ਜਾਂਦੇ ਹਨ।

ਜੋਗੀ ਕਾਪੜੀਆ ਸਿਰ ਖੂਥੇ ਬਿਨੁ ਸਬਦੈ ਗਲਿ ਫਾਸੀ॥ ੧॥

ਪ੍ਰਾਣਾਂਯਾਮ ਕਰਨ ਵਾਲੇ ਜੋਗੀ, ਕਾਪੜੀ ਭੇਖ ਧਾਰਨ ਵਾਲੇ ਕਾਪੜੀਏ, ਸਿਰ ਖੂਥੇ=ਜੈਨੀ ਗੁਰ ਸ਼ਬਦ ਤੋਂ ਹੀਣ ਹੋਣ ਕਰਕੇ,

ਵਾ:-ਸਬਦੈ=ਬ੍ਰਹਮ ਦੇ ਜਾਣੇ ਬਿਨਾਂ ਇਹਨਾਂ ਦੇ ਗੱਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ॥ ੧॥

ਸਬਦਿ ਰਤੇ ਪੂਰੇ ਬੈਰਾਗੀ॥

ਜੋ ਸਬਦਿ=ਬ੍ਰਹਮ ਵਿਚ ਰੱਤੇ ਹੋਏ ਹਨ ਉਹ ਪੂਰੇ ਵੈਰਾਗੀ ਹਨ।

ਅਉਹਠਿ ਹਸਤ ਮਹਿ ਭੀਖਿਆ ਜਾਚੀ
ਏਕ ਭਾਇ ਲਿਵ ਲਾਗੀ॥ ੧॥ ਰਾਹਉ॥

ਜਿਨ੍ਹਾਂ ਦੀ ਏਕ ਭਾਇ=ਇਕ ਰਸ, ਇਕ ਭਾਇ=ਪ੍ਰੇਮ ਵਿਚ ਲਿਵ ਲੱਗੀ ਹੈ, ਉਹਨਾਂ ਨੇ ਅਉ=ਪੁਨਾ ਹਠਿ=ਹਿਰਦੇ ਵਿਚ ਨਾਮ ਰੂਪ ਭਿੱਖਿਆ ਜਾਚੀ=ਮੰਗਣਾ ਕੀਤੀ ਹਸਤ=ਹੈ॥ ੧॥ ਰਹਾਉ॥

ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ॥

ਬ੍ਰਾਹਮਣ ਲੋਕ ਕਿਰਿਆ ਕਰਕੇ ਵਾਦੁ=ਵਿਅਰਥ ਪੜ੍ਹਦੇ ਹਨ,

ਵਾ:-ਪੜ੍ਹ ਕੇ ਵਾਦੁ=ਝਗੜੇ ਕਰਦੇ ਹਨ ਅਤੇ ਸ਼ਕਾਮ ਕਰਮਾਂ ਦੀ ਕਰਣੀ ਨੂੰ ਆਪ ਕਰਦੇ ਹਨ ਤੇ ਹੋਰਨਾਂ ਪਾਸੋਂ ਕਰਾਉਂਦੇ ਹਨ।

ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥ ੨॥

ਗੁਰਾਂ ਪਾਸੋਂ ਬੁਝੇ ਬਿਨਾਂ, ਵਾ:-ਬੂਝੇ=ਗਿਆਨ ਤੋਂ ਬਿਨਾਂ ਹੋਣ ਕਰਕੇ ਉਹਨਾਂ ਨੂੰ ਸੁਝਦਾ ਕੁਝ ਨਹੀਂ ਹੈ, ਉਹ ਮਨਮੁਖ ਪ੍ਰਭੂ ਤੋਂ ਵਿਛੜ ਕੇ ਜਨਮ ਮਰਨ ਦੇ ਦੁੱਖ ਨੂੰ ਪਾਂਦੇ ਹਨ॥ ੨॥

ਸਬਦਿ ਮਿਲੇ ਸੇ ਸੂਚਾ ਚਾਰੀ ਸਾਚੀ ਦਰਗਹ ਮਾਨੇ॥

ਜੋ ਗੁਰ ਸ਼ਬਦ ਵਿਚ ਮਿਲੇ ਹਨ, ਉਹ ਸੂਚਾ ਚਾਰੀ=ਪਵਿੱਤ੍ਰ ਅਚਾਰ ਵਾਲੇ ਹਨ ਅਤੇ ਸੱਚੀ ਪ੍ਰਲੋਕ ਦਰਗਾਹ ਵਿਚ ਮੰਨੇ ਗਏ ਹਨ।

ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ॥ ੩॥

ਉਹ ਰਾਤ ਦਿਨ ਰਤਨਿ=ਅਮੋਲਕ ਨਾਮ ਵਿਚ ਲਿਵ ਲੱਗਾ ਕੇ,

ਵਾ:-ਨਾਮ ਵਿਚ ਤੇ ਰਤਨਿ=ਵੈਰਾਗ ਵਿਚ ਲਿਵ ਲੱਗਾ ਕੇ ਜੁਗਿ=ਚਾਰ ਸਾਧਨਾਂ ਵਿਚ ਜੁਗਿ=ਜੁੜ ਕੇ ਸੱਚ ਸਰੂਪ ਵਿਚ ਸਮਾਏ ਹਨ॥ ੩॥

ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ॥

ਸਾਰੇ ਕਰਮ, ਧਰਮ, ਸੁਚਿ=ਪਵਿੱਤ੍ਰਤਾ, ਸੰਜਮ=ਇੰਦ੍ਰੀਆਂ ਦਾ ਦਮਨ ਕਰਨਾ, ਜਪ ਤਪ ਆਦਿਕ ਸਾਧਨ ਤੇ ਤੀਰਥ ਇਹ ਸਾਰੇ ਗੁਰ ਉਪਦੇਸ਼ ਵਿਚ ਵਸਦੇ ਹਨ।

ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪ ॥੧੬ ॥

ਗੁਰੂ ਜੀ ਕਥਨ ਕਰਦੇ ਹਨ—ਪੂਰਬਲੇ ਪੁੰਨਾਂ ਦਾ ਮਿਲਾਇਆ ਹੋਇਆ, ਜਾਂ ਪ੍ਰਭੂ ਦਾ ਮਿਲਾਇਆ ਹੋਇਆ ਸਤਿਗੁਰੂ ਮਿਲਦਾ ਹੈ, ਗੁਰਾਂ ਦੇ ਮਿਲਣ ਕਰਕੇ ਜਨਮ ਮਰਨ ਦਾ ਦੁੱਖ ਪਰਾਂਛਤ=ਪਾਪ ਅਤੇ ਕਾਲ ਆਦਿਕ ਸਭ ਨਸ ਜਾਂਦੇ ਹਨ॥ ੪॥ ੧੬॥

ਪ੍ਰਭਾਤੀ ਮਹਲਾ ੧ ॥

ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ॥

ਹੇ ਪੁਰਸ਼ਾ ! ਸੰਤ ਜਨਾਂ ਦੀ ਸੰਗਤ ਵਿਚ ਜਾ ਕੇ ਸੰਤਾਂ ਦੀ ਚਰਨ ਧੂੜ ਲੈ ਕੇ ਹਰੀ ਦੀ ਕੀਰਤੀ ਰੂਪ ਤਾਰੀ=ਬੇੜੀ ਦੇ ਆਸਰੇ ਹੋ ਕੇ ਇਸ ਸੰਸਾਰ, ਵਾ:-ਮਾਇਆ ਰੂਪ ਨਦੀ ਤੋਂ ਤਰਨਾ ਕਰ।

ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ॥ ੧ ॥

ਜਿਸ ਗੁਰਮੁਖ ਦੇ ਹਿਰਦੇ ਵਿਚ ਗੁਰਾਂ ਦੁਆਰੇ ਮੁਰਾਰੀ ਆਪ ਵਸਦਾ ਹੈ, ਬਪੁਰਾ=ਵਿਚਾਰਾ ਜਮ ਉਸ ਦਾ ਕੀ ਵਿਗਾੜ ਕਰ ਸਕਦਾ ਹੈ ਉਸ ਕੋਲੋਂ ਸਗੋਂ ਜਮ ਆਪ ਡਰਦਾ ਹੈ॥ ੧॥

ਜਲਿ ਜਾਉ ਜੀਵਨੁ ਨਾਮ ਬਿਨਾ॥

ਨਾਮ ਤੋਂ ਬਿਨਾਂ ਜੋ ਜੀਉਂਣਾ ਹੈ ਉਹ ਸੜ ਬਲ ਜਾਵੇ।

ਹਰਿ ਜਪਿ ਜਾਪੁ ਜਪਉ ਜਪਮਾਲੀ ਗੁਰਮੁਖਿ ਆਵੈ ਸਾਦੁ ਮਨਾ ॥੧ ॥ਰਹਾਉ ॥

ਜਪ ਮਾਲੀ=ਮਾਲਾ ਲੈ ਕੇ ਜਪਣੇ ਜੋਗ ਹਰੀ ਜਪ ਨੂੰ ਜਪਣਾ ਕਰੋ,

ਵਾ:-ਜਪਣੇ ਜੋਗ ਹਰੀ ਜਪ ਨੂੰ ਜੋ ਜਪਣਾ ਹੈ ਏਹੀ ਜਪਮਾਲੀ=ਮਾਲਾ ਫੇਰਨਾ ਕਰੋ, ਤਾਂ ਗੁਰਾਂ ਦੁਆਰੇ ਮਨ ਵਿਚ ਆਤਮ ਸੁਆਦ ਆਉਂਦਾ ਹੈ॥ ੧॥ ਰਹਾਉ॥

ਗੁਰ ਉਪਦੇਸ ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ॥

ਗੁਰਾਂ ਦੇ ਉਪਦੇਸ਼ ਦੁਆਰਾ ਜਿਸ ਨੂੰ ਸੱਚਾ ਸੁਖ ਪ੍ਰਾਪਤ ਹੋਇਆ ਹੈ, ਉਸ ਦੀ ਉਪਮਾ ਮੂੰਹ ਤੋਂ ਕੀ ਕਹੀਏ।

ਲਾਲ ਜਵੇਹਰ ਰਤਨ ਪਦਾਰਥ ਖੋਜਤ ਗੁਰਮੁਖਿ ਲਹੀਐ॥ ੨ ॥

ਲਾਲ ਜਵੇਹਰ ਰਤਨਾਂ ਵਾਂਗੂ ਜੋ ਅਮੋਲਕ ਨਾਮ ਪਦਾਰਥ ਹੈ, ਉਹ ਗੁਰਾਂ ਦੁਆਰੇ ਖੋਜਨ ਕਰਕੇ ਲਈਦਾ ਹੈ। ਅਥਵਾ:-ਲਾਲ=ਪ੍ਰੇਮ, ਜਵੇਹਰ=ਗਿਆਨ, ਰਤਨ=ਵੈਰਾਗ ਆਦਿਕ ਸ਼ੁਭ ਗੁਣਾਂ ਰੂਪ ਪਦਾਰਥ ਗੁਰਾਂ ਦੁਆਰੇ ਖੋਜਨੇ ਕਰਕੇ ਲਈਦੇ ਹਨ॥ ੨॥

ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ॥

ਗਿਆਨ ਧਿਆਨ ਰੂਪ ਸੱਚੇ ਧਨ ਨੂੰ ਚੀਨੈ=ਜਾਣ ਕੇ ਇਕ ਬ੍ਰਹਮ ਵਿਚ ਲਿਵ ਲਗਾਉਣਾ ਕਰੇ।

ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ॥ ੩ ॥

ਉਹ ਬ੍ਰਹਮ ਨਿਰਾਲੰਬੁ=ਆਸਰੇ ਤੋਂ ਬਿਨਾਂ ਹੈ, ਨਿਰਹਾਰੁ=ਅਹਾਰ ਤੋਂ ਰਹਿਤ ਹੈ ਅਤੇ ਨਿਹਕੇਵਲੁ=ਸ਼ੁਧ ਸਰੂਪ ਹੈ, ਉਸ ਨਿਰਭਉ ਪ੍ਰਭੂ ਵਿਚ ਤਾੜੀ=ਸਮਾਧੀ ਲਗਾਵੇ॥ ੩॥

ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਤਰਾਵੈ॥

ਜਿਸ ਨੇ ਪੰਜ ਗਿਆਨ ਇੰਦ੍ਰੀਏ ਤੇ ਮਨ ਬੁੱਧੀ ਰੂਪ ਸਪਤ ਸਾਇਰ=ਸਤ ਸਮੁੰਦਰ ਨਾਮ ਰੂਪ ਨਿਰਮਲ ਜਲ ਨਾਲ ਭਰ ਕੇ ਬਿਰਤੀ ਰੂਪ ਨੌਕਾ ਸੰਸਾਰ ਵਲੋਂ ਉਲਟਾਈ ਹੈ,

ਵਾ:-ਸੰਸਾਰ ਵਲੋਂ ਬਿਰਤੀ ਉਲਟਾ ਕੇ ਭਗਤੀ ਰੂਪ ਨੌਕਾ 'ਪਰ ਚੜ੍ਹੇ ਹਨ ਉਹ ਆਪ ਤਰੇ ਹਨ ਤੇ ਹੋਰਨਾਂ ਨੂੰ ਤਰਾਉਂਦੇ ਹਨ।

ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ॥ ੪॥

ਬਾਹਰ ਜਾਂਦੇ ਹੋਏ ਮਨ ਨੂੰ 'ਠਾਕਿ ਰਹਾਵੈ'=ਰੋਕ ਰੱਖੇ ਤਾਂ ਉਹ ਗੁਰਮੁਖ ਗੁਰਾਂ ਦੁਆਰੇ ਸਹਜ ਪਦ ਵਿਚ ਸਮਾਂਵਦਾ ਹੈ॥ ੪॥

ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ॥

ਜਿਸ ਨੇ ਗੁਰਮੁਖਿ=ਗੁਰਾਂ ਦੁਆਰੇ ਆਪਣੇ ਸਰੂਪ ਨੂੰ ਪਛਾਣਿਆ ਹੈ, ਉਹ ਗ੍ਰਹਸਤੀ ਧੰਨ ਹੈ ਉਹ ਸੇਵਕ ਭੀ ਧੰਨ ਹੈ, ਉਹ ਉਦਾਸੀ ਸੰਤ ਭੀ ਧੰਨਤਾ ਜੋਗ ਹੈ।

ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ॥ ੫॥ ੧੭॥

ਗੁਰੂ ਜੀ ਕਥਨ ਕਰਦੇ ਹਨ-ਜਿਸ ਦਾ ਮਨ ਸੱਚੇ ਗੁਰਾਂ ਦੇ ਸ਼ਬਦ ਉਤੇ ਮੰਨਿਆਂ ਗਿਆ ਹੈ, ਉਸ ਦੀ ਨਿਗਾਹ ਵਿਚ ਪ੍ਰਭੂ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ॥ ੫॥ ੧੭॥

ਰਾਗੁ ਪ੍ਰਭਾਤੀ ਮਹਲਾ ੩ ਚਉਪਦੇ

੧ਓ ਸਤਿਗੁਰ ਪ੍ਰਸਾਦਿ॥

ਗੁਰਮੁਖਿ ਵਿਰਲਾ ਕੋਈ ਬੂਝੈ ਸਬਦੇ ਰਹਿਆ ਸਮਾਈ॥

ਜੋ ਪਰਮਾਤਮਾ ਸਬਦੇ=ਸੰਸਾਰ ਵਿਚ ਸਮਾਅ ਰਿਹਾ ਹੈ ਉਸ ਨੂੰ ਕੋਈ ਵਿਰਲਾ ਹੀ ਗੁਰਮੁਖ ਬੂਝੈ= ਸਮਝਦਾ ਹੈ।

ਨਾਮਿ ਰਤੇ ਸਦਾ ਸੁਖੁ ਪਾਵੈ ਸਾਚਿ ਰਹੈ ਲਿਵ ਲਾਈ॥ ੧॥

ਜੋ ਨਾਮੀ ਦੇ ਨਾਮ ਵਿਚ ਰੱਤੇ ਹਨ ਉਹ ਨਿਤ ਸੁਖ ਨੂੰ ਪਾਂਦੇ ਹਨ ਅਤੇ ਉਹ ਸੱਚ ਸਰੂਪ ਵਿਚ ਬਿਰਤੀ ਲਗਾਈ ਰੱਖਦੇ ਹਨ॥ ੧॥

[ਪੰਨਾ ੧੩੩੩]

ਹਰਿ ਹਰਿ ਨਾਮੁ ਜਪਹੁ ਜਨ ਭਾਈ॥

ਹੇ ਭਾਈ ਜਨ ! ਹਰਿ ਹਰਿ ਨਾਮ ਨੂੰ ਜਪਣਾ ਕਰੋ।

ਗੁਰ ਪ੍ਰਸਾਦਿ ਮਨੁ ਅਸਥਿਰੁ ਹੋਵੈ
ਅਨਦਿਨੁ ਹਰਿ ਰਸਿ ਰਹਿਆ ਅਘਾਈ॥ ੧॥ ਰਹਾਉ॥

ਗੁਰ ਕਿਰਪਾ ਨਾਲ ਇਹ ਚੰਚਲ ਮਨ ਇਸਥਿਤ ਹੁੰਦਾ ਹੈ ਅਤੇ ਰਾਤ ਦਿਨ ਹਰੀ ਨਾਮ ਰਸ ਲੈਣ ਕਰਕੇ

ਅਘਾਈ=ਤ੍ਰਿਪਤ ਹੋ ਰਹਿੰਦਾ ਹੈ॥ ੧ ॥ ਰਹਾਉ ॥

ਅਨਦਿਨੁ ਭਗਤਿ ਕਰਹੁ ਦਿਨੁ ਰਾਤੀ ਇਸੁ ਜੁਗ ਕਾ ਲਾਹਾ ਭਾਈ॥

ਹੇ ਭਾਈ ! ਰਾਤ ਦਿਨ ਇਕ ਰਸ ਭਗਤੀ ਕਰੋ, ਇਸ ਕਲਜੁਗ ਦਾ ਏਹੋ ਹੀ ਲਾਭ ਹੈ।

ਸਦਾ ਜਨ ਨਿਰਮਲ ਮੈਲੁ ਨ ਲਾਗੈ ਸਚਿ ਨਾਮਿ ਚਿਤੁ ਲਾਈ॥ ੨ ॥

ਜਿਨ੍ਹਾਂ ਨੇ ਸੱਚ ਨਾਮ ਵਿਚ ਚਿਤ ਨੂੰ ਲਗਾਇਆ ਹੈ ਉਹ ਪੁਰਸ਼ ਸਦਾ ਨਿਰਮਲ ਹਨ ਉਹਨਾਂ ਨੂੰ ਰਾਗ ਦਵੈਸ਼ ਰੂਪੀ ਮੈਲ ਲੱਗਦੀ ਨਹੀਂ ਹੈ॥ ੨ ॥

ਸੁਖੁ ਸੀਗਾਰੁ ਸਤਿਗੁਰੂ ਦਿਖਾਇਆ ਨਾਮਿ ਵਡੀ ਵਡਿਆਈ॥

ਸਤਿਗੁਰਾਂ ਨੇ ਸੁਖ ਦਾ ਸੀਗਾਰੁ=ਅਨੰਦ ਵਿਖਾ ਦਿੱਤਾ ਹੈ ਨਾਮ ਕਰਕੇ ਹੀ ਵੱਡੀ ਵੱਡਿਆਈ ਪ੍ਰਾਪਤ ਹੁੰਦੀ ਹੈ। *ਅਥਵਾ:*-ਸਤਿਗੁਰਾਂ ਦੁਆਰੇ ਸਾਧਨਾਂ ਰੂਪ ਸ਼ਿੰਗਾਰ ਕੀਤਾ, ਤਾਂ ਸੁਖ ਸਰੂਪ ਨਾਮੀ ਪਰਮਾਤਮਾ ਦਿੱਸ ਆਇਆ ਇਸ ਕਰਕੇ ਉਸ ਦੀ ਵੱਡੀ ਵੱਡਿਆਈ ਹੋਈ ਹੈ।

ਅਖੁਟ ਭੰਡਾਰ ਭਰੇ ਕਦੇ ਤੋਟਿ ਨ ਆਵੈ ਸਦਾ ਹਰਿ ਸੇਵਹੁ ਭਾਈ॥ ੩ ॥

ਉਸ ਦੇ ਅੰਤਹਕਰਣ ਰੂਪ ਭੰਡਾਰੇ ਅਖੁਟ ਨਾਮ ਧਨ ਨਾਲ ਭਰ ਗਏ ਹਨ, ਜਿਸ ਤੇ ਕਦੇ ਘਾਟਾ ਨਹੀਂ ਆਉਂਦਾ, ਇਸ ਕਰਕੇ ਹੇ ਭਾਈ ! ਤੁਸੀਂ ਸਦਾ ਹਰੀ ਨੂੰ ਸੇਵਹੁ=ਸਿਮਰਨਾ ਕਰੋ॥ ੩ ॥

ਆਪੇ ਕਰਤਾ ਜਿਸ ਨੋ ਦੇਵੈ ਤਿਸੁ ਵਸੈ ਮਨਿ ਆਈ॥

ਕਰਤਾ ਪੁਰਖ ਆਪ ਜਿਸ ਨੂੰ ਦੇਂਦਾ ਹੈ ਉਸ ਦੇ ਮਨ ਵਿਚ ਨਾਮ ਆ ਕੇ ਵਸਦਾ ਹੈ।

ਨਾਨਕ ਨਾਮੁ ਧਿਆਇ ਸਦਾ ਤੂ ਸਤਿਗੁਰਿ ਦੀਆ ਦਿਖਾਈ॥ ੪ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਹੇ ਭਾਈ ! ਤੂੰ ਸਦੀਵ ਕਾਲ ਨਾਮ ਨੂੰ ਧਿਆਉਂਣਾ ਕਰ, ਸਾਨੂੰ ਨਾਮ ਦਾ ਮਹਾਤਮ ਸਤਿਗੁਰਾਂ ਨੇ ਦਿਖਾ ਦਿੱਤਾ ਹੈ॥ ੪ ॥ ੧ ॥

ਪ੍ਰਭਾਤੀ ਮਹਲਾ ੩ ॥

ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ ਆਪੇ ਲੈਹੁ ਮਿਲਾਈ॥

ਹੇ ਮੇਰੇ ਸੁਆਮੀ ਪਰਮਾਤਮਾ ! ਮੈਂ ਨਿਰਗੁਣਆਰੇ ਗੁਣ ਹੀਣੇ ਨੂੰ ਬਖਸ਼ ਲਓ, ਅਤੇ—
ਆਪਣੇ ਨਾਲ ਜਾਂ ਆਪਣੇ ਸਰੂਪ ਵਿਚ ਮਿਲਾ ਲਵੋ।

ਤੂ ਬਿਅੰਤੁ ਤੇਰਾ ਅੰਤੁ ਨ ਪਾਇਆ ਸਬਦੇ ਦੇਹੁ ਬੁਝਾਈ॥ ੧ ॥

ਤੂੰ ਬੇਅੰਤ ਸਰੂਪ ਹੈਂ ਤੇਰਾ ਅੰਤ ਕਿਸੀ ਨੇ ਪਾਇਆ ਨਹੀਂ ਹੈ, ਸ਼ਬਦ ਦੁਆਰਾ ਜਿਸ ਨੂੰ ਸਮਝਾ ਦੇਂਦੇ ਹੋ ਓਸੇ ਨੂੰ ਸਮਝ ਆਈ ਹੈ॥ ੧ ॥

ਹਰਿ ਜੀਉ ਤੁਧੁ ਵਿਟਹੁ ਬਲਿ ਜਾਈ॥

ਹੇ ਹਰਿ ਜੀਉ ! ਮੈਂ ਆਪ ਜੀ ਉਪਰੋਂ ਬਲਿਹਾਰ ਜਾਂਦਾ ਹਾਂ।

ਤਨੁ ਮਨੁ ਅਰਪੀ ਤੁਧੁ ਆਗੈ ਰਾਖਉ ਸਦਾ ਰਹਾਂ ਸਰਣਾਈ॥ ੧ ॥ ਰਹਾਉ ॥

ਤਨ ਮਨ ਅਰਪਨ ਕਰਕੇ ਆਪ ਜੀ ਦੇ ਅੱਗੇ ਰੱਖਦਾ ਹਾਂ ਅਤੇ ਸਦਾ ਤੇਰੀ ਸ਼ਰਨ ਵਿਚ ਪਿਆ ਰਹਿੰਦਾ ਹਾਂ॥ ੧ ॥ ਰਹਾਉ ॥

ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹਿ ਵਡਿਆਈ॥

ਹੇ ਸੁਆਮੀ ! ਤੂੰ ਆਪਣੇ ਭਾਣੇ ਵਿਚ ਮੈਨੂੰ ਸਦਾ ਰੱਖਣਾ ਕਰ। ਅਤੇ-

ਹਰੀ ਨਾਮ ਸਿਮਰਨ ਦੀ ਵੱਡਿਆਈ ਦੇਣਾ ਕਰ।

ਪੂਰੇ ਗੁਰ ਤੇ ਭਾਣਾ ਜਾਪੈ ਅਨਦਿਨੁ ਸਹਜਿ ਸਮਾਈ॥ ੨ ॥

ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਪੂਰਿਆਂ ਗੁਰਾਂ ਤੋਂ ਭਾਣਾ ਮੰਨਣਾ ਜਾਪੈ=ਜਾਣੇ, ਤਾਂ ਰਾਤ ਦਿਨ ਸਹਜ ਪਦ ਵਿਚ ਸਮਾਈ ਰਹਿੰਦੀ ਹੈ॥ ੨ ॥

ਤੇਰੈ ਭਾਣੈ ਭਗਤਿ ਜੇ ਤੁਧੁ ਭਾਵੈ ਆਪੇ ਬਖਸਿ ਮਿਲਾਈ॥

ਜੇਹੜੇ ਭਗਤ ਤੇਰੇ ਭਾਣੇ ਵਿਚ ਤੁਰਦੇ ਹਨ ਓਹੀ ਤੈਨੂੰ ਭਾਉਂਦੇ ਹਨ, ਉਹਨਾਂ ਨੂੰ ਤੂੰ ਆਪ ਹੀ ਬਖ਼ਸ਼ ਕੇ ਮਿਲਾ ਲੈਂਦਾ ਹੈਂ। *ਅਥਵਾ:*-ਤੇਰੇ ਭਾਣੇ ਦੇ ਮੰਨਣੇ ਰੂਪ ਭਗਤੀ ਉਹਨਾਂ ਨੂੰ ਪ੍ਰਾਪਤ ਹੁੰਦੀ ਹੈ ਜੇਹੜੇ ਤੈਨੂੰ ਭਾਂਵਦੇ ਹਨ, ਉਹਨਾਂ ਦੇ ਔਗੁਣ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈਂ।

ਤੇਰੈ ਭਾਣੈ ਸਦਾ ਸੁਖੁ ਪਾਇਆ ਗੁਰਿ ਤ੍ਰਿਸਨਾ ਅਗਨਿ ਬੁਝਾਈ॥ ੩ ॥

ਗੁਰਮੁਖਾਂ ਨੇ ਤੇਰੇ ਭਾਣੇ ਵਿਚ ਚਲ ਕੇ ਸਦਾ ਸੁਖ ਪਾਇਆ ਹੈ ਅਤੇ ਗੁਰਾਂ ਨੇ ਤ੍ਰਿਸ਼ਨਾ ਰੂਪ ਅੱਗ ਬੁਝਾ ਦਿੱਤੀ ਹੈ॥ ੩ ॥

ਜੋ ਤੂ ਕਰਹਿ ਸੁ ਹੋਵੈ ਕਰਤੇ ਅਵਰੁ ਨ ਕਰਣਾ ਜਾਈ॥

ਹੇ ਕਰਤੇ ਪੁਰਖ ! ਜੋ ਤੂੰ ਕਰਦਾ ਹੈਂ ਓਹੀ ਕੁਝ ਹੁੰਦਾ ਹੈ, ਤੇਰੇ ਬਿਨਾਂ ਹੋਰ ਕੁਝ ਨਹੀਂ ਕੀਤਾ ਜਾਂਦਾ।

ਨਾਨਕ ਨਾਵੈ ਜੇਵਡੁ ਅਵਰੁ ਨ ਦਾਤਾ ਪੂਰੇ ਗੁਰ ਤੇ ਪਾਈ॥ ੪ ॥ ੨ ॥

ਗੁਰੂ ਜੀ ਕਥਨ ਕਰਦੇ ਹਨ—ਤੇਰੇ ਨਾਮ ਜੈਸਾ ਸੁਖ ਦੇਣ ਵਾਲਾ ਹੋਰ ਕੋਈ ਦਾਤਾ ਨਹੀਂ ਹੈ, ਉਹ ਨਾਮ ਦੀ ਦਾਤ ਅਸਾਂ ਨੇ ਪੂਰਿਆਂ ਗੁਰਾਂ ਤੋਂ ਪਾਈ ਹੈ॥ ੪ ॥ ੨ ॥

ਪ੍ਰਭਾਤੀ ਮਹਲਾ ੩ ॥

ਗੁਰਮੁਖਿ ਹਰਿ ਸਾਲਾਹਿਆ ਜਿੰਨ੍ਹਾ ਤਿਨ ਸਲਾਹਿ ਹਰਿ ਜਾਤਾ॥

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਹਰੀ ਦਾ ਸਲਾਹੁਣਾ ਜਾਣਿਆਂ ਹੈ, ਤਿਨ੍ਹਾਂ ਨੇ ਸਲਾਹੁਣੇ ਜੋਗ ਹਰੀ ਨੂੰ ਜਾਤਾ=ਜਾਣ ਲਿਆ ਹੈ।

ਵਿਚਹੁ ਭਰਮੁ ਗਇਆ ਹੈ ਦੂਜਾ ਗੁਰ ਕੈ ਸਬਦਿ ਪਛਾਤਾ॥ ੧ ॥

ਉਹਨਾਂ ਦੇ ਹਿਰਦੇ ਵਿਚੋਂ ਦਵੈਤ ਭਾਵ ਤੇ ਭਰਮ ਚਲਾ ਗਿਆ ਹੈ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਉਹਨਾਂ ਨੇ ਆਪਣੇ ਸਰੂਪ ਨੂੰ ਪਛਾਣ ਲਿਆ ਹੈ॥ ੧ ॥

ਹਰਿ ਜੀਉ ਤੂ ਮੇਰਾ ਇਕੁ ਸੋਈ॥

ਹੇ ਹਰਿ ਜੀਉ ! ਇਕ ਤੂੰ ਹੀ ਮੇਰਾ ਸੁਆਮੀ ਹੈਂ ਤੇ ਸੋਈ=ਸ਼ੋਭਾ ਦੇ ਦੇਣ ਵਾਲਾ ਹੈਂ।

ਤੁਧੁ ਜਪੀ ਤੁਧੈ ਸਾਲਾਹੀ ਗਤਿ ਮਤਿ ਤੁਝ ਤੇ ਹੋਈ॥ ੧॥ ਰਹਾਉ॥

ਮੈਂ ਆਪ ਜੀ ਨੂੰ ਜਪਦਾ ਹਾਂ, ਆਪ ਜੀ ਨੂੰ ਹੀ ਸਲਾਹੁੰਦਾ ਹਾਂ, ਇਹ ਮਤਿ=ਅਕਲ ਆਪ ਜੀ ਤੋਂ ਹੀ ਮੈਨੂੰ ਗਤਿ=ਪ੍ਰਾਪਤ ਹੋਈ ਹੈ॥ ੧॥ ਰਹਾਉ॥

ਗੁਰਮੁਖਿ ਸਾਲਾਹਨਿ ਸੇ ਸਾਦੁ ਪਾਇਨਿ ਮੀਠਾ ਅੰਮ੍ਰਿਤੁ ਸਾਰੁ॥

ਜੋ ਗੁਰਮੁਖਿ=ਗੁਰਾਂ ਦੁਆਰੇ ਸਲਾਹੁੰਦੇ ਹਨ, ਉਹ ਸਾਰੁ=ਸਰੇਸ਼ਟ ਨਾਮ ਅੰਮ੍ਰਿਤ ਦਾ ਮਿੱਠਾ ਸੁਆਦ ਪਾਇਨਿ=ਪਾਉਂਦੇ ਹਨ।

ਸਦਾ ਮੀਠਾ ਕਦੇ ਨ ਫੀਕਾ ਗੁਰ ਸਬਦੀ ਵੀਚਾਰੁ॥ ੨॥

ਜੋ ਸਦੀਵ ਕਾਲ ਮਿੱਠਾ ਹੈ, ਕਦੇ ਭੀ ਫਿਕਾ ਨਹੀਂ ਹੁੰਦਾ, ਪਰ ਗੁਰ ਸ਼ਬਦੀਆਂ ਨੇ ਇਸ ਗੱਲ ਨੂੰ ਵਿਚਾਰਿਆ ਹੈ॥ ੨॥

ਜਿਨਿ ਮੀਠਾ ਲਾਇਆ ਸੋਈ ਜਾਣੈ ਤਿਸੁ ਵਿਟਹੁ ਬਲਿ ਜਾਈ॥

ਜਿਸ ਨੇ ਇਹ ਮਿੱਠਾ ਰਸ ਮਨ ਨੂੰ ਲਗਾਇਆ ਹੈ ਓਹੀ ਇਸ ਦਾ ਮਹਾਤਮ ਜਾਣਦਾ ਹੈ ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ।

ਸਬਦਿ ਸਲਾਹੀ ਸਦਾ ਸੁਖਦਾਤਾ ਵਿਚਹੁ ਆਪੁ ਗਵਾਈ॥ ੩॥

ਗੁਰ ਸ਼ਬਦ ਦੁਆਰਾ ਹਿਰਦੇ ਵਿਚੋਂ ਆਪਾ ਭਾਅ ਹੰਕਾਰ ਨੂੰ ਗੁਆ ਕੇ ਸੁਖ ਦਾਤੇ ਪ੍ਰਭੂ ਨੂੰ ਸਦਾ ਸਲਾਹੁਣਾ ਕਰ॥ ੩॥

ਸਤਿਗੁਰੁ ਮੇਰਾ ਸਦਾ ਹੈ ਦਾਤਾ ਜੋ ਇਛੈ ਸੋ ਫਲੁ ਪਾਏ॥

ਮੇਰਾ ਸਤਿਗੁਰੂ ਸਦਾ ਹੀ ਸਭ ਪਦਾਰਥਾਂ ਦਾ ਦਾਤਾ ਹੈ, ਗੁਰੂ ਪਾਸ ਜਾ ਕੇ ਜੋ ਭੀ ਕੋਈ ਇਛੈ=ਚਾਹੁੰਦਾ ਹੈ ਓਹੀ ਫਲ ਪਾਉਂਦਾ ਹੈ।

ਨਾਨਕ ਨਾਮੁ ਮਿਲੈ ਵਡਿਆਈ ਗੁਰ ਸਬਦੀ ਸਚੁ ਪਾਏ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ—ਨਾਮ ਜਪਣ ਕਰਕੇ ਵੱਡਿਆਈ ਮਿਲਦੀ ਹੈ, ਗੁਰਸ਼ਬਦੀਆਂ ਗੁਰੂ ਦੀ ਕ੍ਰਿਪਾ ਨਾਲ ਸਚੁ ਪਾਏ=ਸੁਖ ਨੂੰ ਪਾਂਦਾ ਹੈ। *ਅਥਵਾ:*-ਜੋ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਨਾਮ ਨੂੰ ਪਾਉਂਦਾ ਹੈ ਉਸ ਨੂੰ ਵੱਡਿਆਈ ਮਿਲਦੀ ਹੈ॥ ੪॥ ੩॥

ਪ੍ਰਭਾਤੀ ਮਹਲਾ ੩॥

ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ ਰਾਖਨ ਜੋਗੁ॥

ਇਹ ਸ਼ਬਦ ਤੀਜੇ ਪਾਤਸ਼ਾਹ ਜੀ ਨੇ ਉਚਾਰਿਆ ਹੈ ਇਸ ਕਰਕੇ ਪ੍ਰਭਾਤੀ ਮਹਲਾ ੩ ॥ ਲਿਖਿਆ ਹੈ, ਏਹੋ ਸ਼ਬਦ ਪੰਚਮ ਪਿਤਾ ਜੀ ਨੇ ਭੀ ਉਚਾਰਿਆ ਹੈ ਇਸ ਕਰਕੇ ਮਹਲਾ ਦੇ ਹੇਠ ੫ ਅੰਕ ਲਿਖਿਆ ਹੈ।

'ਮਤਲਬ' ਇਹ ਸ਼ਬਦ ਦੋਹਾਂ ਪਾਤਸ਼ਾਹਾਂ ਜੀ ਨੇ ਉਚਾਰਿਆ ਹੈ ਇਸ ਕਰਕੇ ਤਿੰਨ ਅਤੇ ਪੰਜ ਦੋਵੇਂ ਅੰਕ ਲਿਖੇ ਹਨ।

ਬੇਨਤੀ ਕਰਦੇ ਹਨ—ਹੇ ਹਰਿ ਜੀਓ ! ਜੋ ਪੁਰਸ਼ ਆਪ ਜੀ ਦੀ ਸ਼ਰਨ ਵਿਚ ਆਏ ਹਨ, ਉਹਨਾਂ ਨੂੰ ਤੂੰ ਰੱਖਣੇ ਯੋਗ ਹੈਂ।

ਤੁਧੁ ਜੇਵਡੁ ਮੈ ਅਵਰੁ ਨ ਸੂਝੈ ਨਾ ਕੋ ਹੋਆ ਨ ਹੋਗੁ॥ ੧॥

ਤੁਹਾਡੇ ਜੇਡਾ ਵੱਡਾ ਮੈਨੂੰ ਹੋਰ ਕੋਈ ਨਿਗਾਹ ਨਹੀਂ ਆਉਂਦਾ, ਨਾ ਕੋਈ ਪਿਛੇ ਹੋਇਆ ਹੈ ਅਤੇ ਨਾ ਹੀ ਕੋਈ ਅੱਗੇ ਹੋਗੁ=ਹੋਵੇਗਾ॥ ੧॥

ਹਰਿ ਜੀਉ ਸਦਾ ਤੇਰੀ ਸਰਣਾਈ॥

ਹੇ ਹਰਿ ਜੀਉ ! ਮੈਂ ਸਦਾ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ ਏਹ ਤੇਰੀ ਵਡਿਆਈ॥੧॥ਰਹਾਉ॥

ਹੇ ਮੇਰੇ ਸੁਆਮੀ ! ਜਿਵੇਂ ਆਪ ਜੀ ਨੂੰ ਭਾਵੇਂ ਤਿਵੇਂ ਆਪ ਮੈਨੂੰ ਰੱਖ ਲਓ ਇਹ ਸੰਪੂਰਨ ਆਪ ਜੀ ਦੀ ਹੀ ਵੱਡਿਆਈ ਹੈ॥ ੧॥ ਰਹਾਉ॥

ਜੋ ਤੇਰੀ ਸਰਣਾਈ ਹਰਿ ਜੀਉ ਤਿਨ ਕੀ ਕਰਹਿ ਪ੍ਰਤਿਪਾਲ॥

ਹੇ ਹਰਿ ਜੀਉ ! ਜੋ ਭੀ ਆਪ ਜੀ ਦੀ ਸ਼ਰਨ ਵਿਚ ਆਇਆ ਹੈ, ਤੂੰ ਆਪ ਹੀ ਉਹਨਾਂ ਦੀ ਹਰ ਤਰ੍ਹਾਂ ਪ੍ਰਤਿਪਾਲਾ ਕਰਦਾ ਹੈਂ।

[ਪੰਨਾ ੧੩੩੪]

ਆਪਿ ਕ੍ਰਿਪਾ ਕਰਿ ਰਾਖਹੁ ਹਰਿ ਜੀਉ ਪੋਹਿ ਨ ਸਕੈ ਜਮਕਾਲੁ॥ ੨॥

ਹੇ ਹਰਿ ਜੀਉ ! ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਜਿਸ ਨੂੰ ਵਿਕਾਰਾਂ ਵਲੋਂ ਰੱਖਦੇ ਹੋ, ਉਸ ਨੂੰ ਜਮ ਕਾਲ ਪੋਹਿ ਨ ਸਕੈ=ਛੋਹ ਨਹੀਂ ਸਕਦਾ, ਅਰਥਾਤ ਦੁਖ ਨਹੀਂ ਦੇ ਸਕਦਾ॥ ੨॥

ਤੇਰੀ ਸਰਣਾਈ ਸਚੀ ਹਰਿ ਜੀਉ ਨਾ ਓਹ ਘਟੈ ਨ ਜਾਇ॥

ਹੇ ਹਰਿ ਜੀਉ ! ਆਪ ਜੀ ਦੀ ਸ਼ਰਨ ਸੱਚੀ ਹੈ, ਨਾ ਉਹ ਘਟਦੀ ਹੈ, ਨਾ ਹੀ ਨਾਸ ਹੁੰਦੀ ਹੈ।

ਅਥਵਾ:- ਜਿਸ ਨੇ ਸ਼ਰਨ ਗ੍ਰਹਿਣ ਕੀਤੀ ਹੈ ਉਸ ਪੁਰਸ਼ ਦਾ ਜਸ ਘਟਦਾ ਨਹੀਂ ਹੈ ਨਾ ਹੀ ਉਹ ਜੰਮਦਾ ਮਰਦਾ ਹੈ।

ਜੋ ਹਰਿ ਛੋਡਿ ਦੂਜੈ ਭਾਇ ਲਾਗੈ ਓਹੁ ਜੰਮੈ ਤੈ ਮਰਿ ਜਾਇ॥ ੩॥

ਹੇ ਹਰੀ ! ਜੋ ਆਪ ਜੀ ਨੂੰ ਛੱਡ ਕੇ ਦਵੈਤ ਭਾਵ ਵਿਚ ਲੱਗੇ ਹਨ, ਉਹ ਜੰਮਦੇ ਅਤੇ ਮਰ ਜਾਂਦੇ ਹਨ॥ ੩॥

ਜੋ ਤੇਰੀ ਸਰਣਾਈ ਹਰਿ ਜੀਉ ਤਿਨਾ ਦੂਖ ਭੂਖ ਕਿਛੁ ਨਾਹਿ॥

ਹੇ ਹਰਿ ਜੀਉ ! ਜੇਹੜੇ ਪੁਰਸ਼ ਤੇਰੀ ਸ਼ਰਨ ਵਿਚ ਆਏ ਹਨ ਉਹਨਾਂ ਨੂੰ ਕਿਛੁ=ਰੰਚਕ ਮਾਤਰ ਭੀ ਦੁੱਖ ਭੁੱਖ ਨਹੀਂ ਹੈ।

ਨਾਨਕ ਨਾਮੁ ਸਲਾਹਿ ਸਦਾ ਤੂ ਸਚੈ ਸਬਦਿ ਸਮਾਹਿ॥ ੪॥ ੪॥

ਗੁਰੂ ਜੀ ਕਥਨ ਕਰਦੇ ਹਨ—ਹੇ ਪੁਰਸ਼ਾ! ਤੂੰ ਸੱਚੇ ਗੁਰ ਉਪਦੇਸ਼ ਵਿਚ ਸਮਾਅ ਕੇ ਨਾਮ ਨੂੰ ਸਲਾਹੁਣਾ ਕਰ ਤਾਂ ਤੈਨੂੰ ਸੱਚੇ ਸਬਦਿ ਸਮਾਹਿ=ਬ੍ਰਹਮ ਦਾ ਅਨੰਦ ਹੋਵੇਗਾ॥ ੪॥ ੪॥

ਪ੍ਰਭਾਤੀ ਮਹਲਾ ੩॥

ਗੁਰਮੁਖਿ ਹਰਿ ਜੀਉ ਸਦਾ ਧਿਆਵਹੁ ਜਬ ਲਗੁ ਜੀਅ ਪਰਾਨ॥

ਹੇ ਭਾਈ ! ਜਦ ਤੱਕ ਤੇਰੇ ਵਿਚ ਜੀਵ ਤੇ ਪ੍ਰਾਣ ਹਨ, ਤਦ ਤੱਕ ਗੁਰਾਂ ਦੁਆਰੇ ਸਦਾ ਹਰਿ ਜੀਉ ਨੂੰ ਧਿਆਉਂਣਾ ਕਰ।

ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ॥

ਗੁਰ ਉਪਦੇਸ਼ ਦੁਆਰਾ ਜਿਨ੍ਹਾਂ ਦਾ ਮਨ ਨਿਰਮਲ ਹੋਇਆ ਹੈ, ਉਹਨਾਂ ਦੇ ਮਨ ਵਿਚੋਂ ਅਭਿਮਾਨੁ=ਹੰਕਾਰ ਦੂਰ ਹੋ ਗਿਆ ਹੈ।

ਸਫਲੁ ਜਨਮੁ ਤਿਸੁ ਪ੍ਰਾਨੀ ਕੇਰਾ ਹਰਿ ਕੈ ਨਾਮਿ ਸਮਾਨ॥ ੧॥

ਜਿਸ ਦਾ ਮਨ ਹਰੀ ਦੇ ਨਾਮ ਵਿਚ ਸਮਾਇਆ ਹੈ ਉਸ ਪ੍ਰਾਣੀ ਦਾ ਮਨੁੱਖਾ ਜਨਮ ਸਫਲ ਹੈ॥ ੧॥

ਮੇਰੇ ਮਨ ਗੁਰ ਕੀ ਸਿਖ ਸੁਣੀਜੈ॥

ਹੇ ਮੇਰੇ ਮਨ ! ਤੂੰ ਗੁਰਾਂ ਦੀ ਸਿੱਖਿਆ ਸੁਨਣਾ ਕਰ।

ਹਰਿ ਕਾ ਨਾਮੁ ਸਦਾ ਸੁਖਦਾਤਾ ਸਹਜੇ ਹਰਿ ਰਸੁ ਪੀਜੈ॥ ੧॥ ਰਹਾਉ॥

ਹਰੀ ਦਾ ਨਾਮ ਸਦੀਵ ਕਾਲ ਸੁਖਾਂ ਦਾ ਦਾਤਾ ਹੈ, ਇਸ ਲਈ ਉਸ ਹਰੀ ਨਾਮ ਰਸ ਨੂੰ ਸਹਜੇ ਸਹਜੇ ਪੀਣਾ ਕਰ॥ ੧॥ ਰਹਾਉ॥

ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ॥

ਜੋ ਪੁਰਸ਼ ਆਪਣੇ ਮੂਲਿ=ਮੁਢ ਰੂਪ ਪਰਮਾਤਮਾ ਨੂੰ ਪਛਾਣਦੇ ਹਨ, ਉਹਨਾਂ ਦਾ ਆਪਣੇ ਸਰੂਪ ਘਰ ਵਿਚ ਨਿਵਾਸ ਹੁੰਦਾ ਹੈ ਅਤੇ ਸੁਭਾਵਕ ਹੀ ਸੁਖ ਪ੍ਰਾਪਤ ਹੁੰਦਾ ਹੈ।

ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ॥

ਜਿਸ ਨੇ ਗੁਰਾਂ ਦੇ ਉਪਦੇਸ਼ ਦੁਆਰਾ ਹੰਗਤਾ ਮਮਤਾ ਅਤੇ ਦੁਰਮਤਿ=ਖੋਟੀ ਸਿੱਖਿਆ ਨੂੰ ਨਾਸ ਕੀਤਾ ਹੈ ਉਸ ਦਾ ਹਿਰਦਾ ਕਮਲ ਪ੍ਰਗਾਸਿਆ=ਖਿੜ ਆਇਆ ਹੈ।

ਸਭਨਾ ਮਹਿ ਏਕੋ ਸਚੁ ਵਰਤੈ ਵਿਰਲਾ ਬੂਝੈ ਕੋਈ॥ ੨॥

ਇਕ ਸੱਚਾ ਵਾਹਿਗੁਰੂ ਸਾਰਿਆਂ ਵਿਚ ਵਰਤ ਰਿਹਾ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਪੁਰਸ਼ ਹੀ ਸਮਝਦਾ ਹੈ॥ ੨॥

ਗੁਰਮਤੀ ਮਨੁ ਨਿਰਮਲੁ ਹੋਆ ਅੰਮ੍ਰਿਤੁ ਤਤੁ ਵਖਾਨੈ॥

ਗੁਰ ਮਤੀ=ਗੁਰ ਸਿੱਖਿਆ ਕਰਕੇ ਜਿਸ ਦਾ ਮਨ ਨਿਰਮਲੁ=ਸ਼ੁਧ ਹੋਇਆ ਹੈ, ਤਤੁ=ਉਹ, ਤਤੁ=ਸਿਧਾਂਤ

ਰੂਪ ਨਾਮ ਅੰਮ੍ਰਿਤ ਨੂੰ ਵਖਾਨੈ=ਕਥਨ ਕਰਦਾ ਹੈ।

ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ॥

ਉਸ ਦੇ ਮਨ ਵਿਚ ਹਰੀ ਦਾ ਨਾਮ ਸਦਾ ਵਸਿਆ ਰਹਿੰਦਾ ਹੈ, ਜਿਸ ਦਾ ਗੁਰਾਂ ਦੇ ਮਨ=ਮੰਤਰ ਵਿਚ ਹੀ ਮਨ ਮੰਨਿਆ ਗਿਆ ਹੈ।

ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮ ਰਾਮੁ ਪਛਾਨੈ॥ ੩॥

ਮੈਂ ਆਪਣੇ ਗੁਰੂ ਤੋਂ ਸਦਾ ਬਲਿਹਾਰ ਜਾਂਦਾ ਹਾਂ, ਜਿਸ ਗੁਰੂ ਦੀ ਕ੍ਰਿਪਾ ਨਾਲ ਆਤਮ=ਆਪਣੇ ਆਪ ਨੂੰ ਰਾਮ ਰੂਪ ਪਛਾਣ ਲਿਆ ਹੈ॥ ੩॥

ਮਾਨਸ ਜਨਮਿ ਸਤਿਗੁਰੂ ਨ ਸੇਵਿਆ ਬਿਰਥਾ ਜਨਮੁ ਗਵਾਇਆ॥

ਜਿਸ ਨੇ ਮਨੁੱਖ ਜਨਮ ਨੂੰ ਪਾ ਕੇ ਸਤਿਗੁਰਾਂ ਨੂੰ ਨਹੀਂ ਸੇਵਨਾ ਕੀਤਾ, ਉਸ ਨੇ ਮਨੁੱਖਾ ਜਨਮ ਵਿਅਰਥ ਗਵਾ ਲਿਆ ਹੈ।

ਨਦਰਿ ਕਰੇ ਤਾਂ ਸਤਿਗੁਰੁ ਮੇਲੇ ਸਹਜੇ ਸਹਜਿ ਸਮਾਇਆ॥

ਪਰਮਾਤਮਾ ਕ੍ਰਿਪਾ ਦ੍ਰਿਸ਼ਟੀ ਕਰੇ, ਤਾਂ ਸਤਿਗੁਰੂ ਮਿਲਦੇ ਹਨ, ਸਤਿਗੁਰਾਂ ਦੀ ਕ੍ਰਿਪਾ ਨਾਲ ਹੀ ਸਹਜੇ= ਸੁਭਾਵਕ ਹੀ ਸਹਜਿ=ਗਿਆਨ ਵਿਚ ਸਮਾਅ ਜਾਂਦਾ ਹੈ।

ਨਾਨਕ ਨਾਮੁ ਮਿਲੈ ਵਡਿਆਈ ਪੂਰੈ ਭਾਗਿ ਧਿਆਇਆ॥ ੪॥ ੫॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਪਾਸੋਂ ਨਾਮ ਦੀ ਵੱਡਿਆਈ ਮਿਲਦੀ ਹੈ, ਪਰ ਪੂਰਿਆਂ ਭਾਗਾਂ ਨਾਲ ਨਾਮ ਸਿਮਰਿਆ ਜਾਂਦਾ ਹੈ॥ ੪॥ ੫॥

ਪ੍ਰਭਾਤੀ ਮਹਲਾ ੩॥

ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ॥

ਬਹੁ ਰੰਗੀ ਪਰਮਾਤਮਾ ਨੇ ਆਪ ਹੀ ਬਹੁਤ ਤਰ੍ਹਾਂ ਦੀ ਸ੍ਰਿਸ਼ਟੀ ਉਤਪੰਨ ਕਰਨੇ ਰੂਪੀ ਖੇਲ ਕੀਤਾ ਹੈ ਅਤੇ ਇਸ ਵਿਚ ਬਹੁਤ ਤਰ੍ਹਾਂ ਦੇ ਜੀਵ ਬਣਾਏ ਹਨ।

ਦਸਤਾਰ ਗੁਫ਼ਤਾਰ ਰਫ਼ਤਾਰ ਸਭ ਦੀ ਭਿੰਨ ਭਿੰਨ ਹੈ।

ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ॥ ੧॥

ਆਪ ਹੀ ਕਰਿ=ਉਤਪਤੀ ਕਰਕੇ ਵੇਖੈ=ਪਾਲਣਾ ਕਰਦਾ ਹੈ, ਆਪ ਹੀ ਕਰਮ ਕਰਾਉਂਦਾ ਹੈ, ਆਪ ਹੀ ਫਲ ਦੇਣਾ ਕਰਦਾ ਹੈ ਅਤੇ ਸਾਰਿਆਂ ਜੀਵਾਂ ਨੂੰ ਰੋਜ਼ੀ ਦੇਂਦਾ ਹੈ॥ ੧॥

ਕਲੀ ਕਾਲ ਮਹਿ ਰਵਿਆ ਰਾਮੁ॥

ਜਿਸ ਨੇ ਕਲਜੁਗ ਦੇ ਸਮੇਂ ਵਿਚ ਰਾਮ ਨਾਮ ਨੂੰ ਰਵਿਆ=ਉਚਾਰਿਆ ਹੈ।

ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ
ਗੁਰਮੁਖਿ ਪਰਗਟੁ ਹਰਿ ਹਰਿ ਨਾਮੁ॥ ੧॥ ਰਹਾਉ॥

ਉਸ ਨੇ ਸਾਰਿਆਂ ਘਟਾਂ ਘਟਾਂ ਵਿਚ ਇਕ ਪ੍ਰਭੂ ਨੂੰ ਪੂਰਨ ਹੋ ਰਿਹਾ ਨਿਸਚੇ ਕੀਤਾ ਹੈ, ਹਰੀ ਨਾਮ ਜਪਣ ਕਰਕੇ ਗੁਰਮੁਖਾਂ ਨੂੰ ਹਰੀ ਪ੍ਰਗਟ ਹੋਇਆ ਹੈ॥ ੧॥ ਰਹਾਉ॥

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ॥

ਜੋ ਹਰੀ ਸਾਰਿਆਂ ਘਟਾਂ ਘਟਾਂ ਵਿਚ ਗੁਪਤ ਰੂਪ ਹੋ ਕੇ ਭਰਪੂਰ ਹੋ ਰਿਹਾ ਹੈ, ਉਸ ਦਾ ਨਾਮ ਕਲਜੁਗ ਵਿਚ ਮੁਕਤੀ ਦਾਤਾ ਹੋ ਕੇ ਵਰਤ ਰਿਹਾ ਹੈ।

ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ॥੨॥

ਜੋ ਪੁਰਸ਼ ਦੌੜ ਕੇ ਗੁਰਾਂ ਦੀ ਸ਼ਰਨ ਵਿਚ ਆ ਪਿਆ ਹੈ, ਉਹਨਾਂ ਦੇ ਹਿਰਦੇ ਵਿਚ ਰਤਨ ਰੂਪ ਨਾਮ ਪ੍ਰਗਟਿਆ ਹੈ॥ ੨॥

ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ॥

ਪੰਜ ਜੋ ਗਿਆਨ ਇੰਦਰੀਆਂ ਹਨ ਉਹਨਾਂ ਪੰਜਾਂ ਨੂੰ ਵਸ ਵਿਚ ਲਿਆਵੇ,

ਵਾ:-ਪੰਜਾਂ ਗ਼ਿਆਨ ਇੰਦਰੀਆਂ ਨੂੰ ਤੇ ਪੰਜ ਕਾਮ ਕ੍ਰੋਧ ਆਦਿਕਾਂ ਨੂੰ ਵਸ ਵਿਚ ਲਿਆਵੇ, ਅਤੇ-

ਗੁਰ ਸਿੱਖਿਆ ਦੁਆਰੇ ਖਿਮਾਂ ਦੇ ਸਹਿਤ ਸੱਤ ਸੰਤੋਖ ਆਦਿਕ ਸ਼ੁਭ ਗੁਣਾਂ ਨੂੰ ਪਾਵੇ।

ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ॥ ੩॥

ਉਹ ਹਰੀ ਦਾ ਸੇਵਕ ਜਨ ਧੰਨਤਾ ਦੇ ਜੋਗ ਹੈ, ਸਾਰਿਆਂ ਤੋਂ ਵੱਡਾ ਹੈ ਤੇ ਸ਼ੁਭ ਗੁਣਾਂ ਨਾਲ ਪੂਰਾ ਹੈ, ਜੋ ਭੈ=ਡਰ ਤੇ ਬੈਰਾਗ ਵਿਚ ਹੋ ਕੇ ਹਰੀ ਦੇ ਗੁਣ ਗਾਉਂਦਾ ਹੈ॥ ੩॥

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ॥

ਜੇਹੜਾ ਕੋਈ ਗੁਰੂ ਤੋਂ ਮੂੰਹ ਮੋੜ ਲੈਂਦਾ ਹੈ ਅਤੇ ਗੁਰੂ ਦਾਂ ਕਿਹਾ ਹੋਇਆ ਉਪਦੇਸ਼ ਚਿਤ ਵਿਚ ਨਹੀਂ ਧਾਰਦਾ।

ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ॥ ੪॥

ਸੋਹਣੇ ਸੋਹਣੇ ਆਚਾਰ=ਕਰਤੱਬ ਕਰਕੇ ਬਹੁਤ ਸਾਰੀ ਸੰਪਦਾ ਨੂੰ ਸੰਚਦਾ ਹੈ, ਅਰਥਾਤ ਬਹੁਤੇ ਧਨ ਨੂੰ 'ਕੱਠਾ ਕਰਦਾ ਹੈ, ਲੋਕ ਦਿਖਲਾਵੇ ਲਈ ਜੋ ਕੁਝ ਭੀ ਕਰਦਾ ਹੈ ਉਹ ਨਿਸਫਲ ਚਲਿਆ ਜਾਂਦਾ ਹੈ ਅਤੇ ਨਰਕਾਂ ਵਿਚ ਜਾ ਕੇ ਪੈਂਦਾ ਹੈ॥ ੪॥

ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ॥

ਇਕ ਹੀ ਸਬਦੁ=ਬ੍ਰਹਮ ਹੈ, ਇਕ ਪ੍ਰਭੂ ਹੀ ਸਾਰੇ ਵਰਤ ਰਿਹਾ ਹੈ, ਸਾਰੇ ਜਗਤ ਦੀ ਉਤਪਤੀ ਤੇ ਪਰਲੋ ਇਕ ਪ੍ਰਭੂ ਤੋਂ ਹੀ ਚਲ ਰਹੀ ਹੈ।

ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ॥ ੫॥ ੬॥

ਗੁਰੂ ਜੀ ਕਥਨ ਕਰਦੇ ਹਨ,—ਉਹ ਪਰਮਾਤਮਾ ਜਿਨ੍ਹਾਂ ਨੂੰ ਮੁਖੀ ਗੁਰਾਂ ਦੇ ਮੇਲ ਨਾਲ ਮਿਲਾਉਂਦਾ ਹੈ ਉਹ ਗੁਰਮੁਖ ਜਗਿਆਸੂ ਹਰੀ ਨਾਮ ਜਪਕੇ ਹਰੀ ਨਾਲ ਜਾ ਰਲਦੇ ਹਨ॥ ੫॥ ੬॥

ਪ੍ਰਭਾਤੀ ਮਹਲਾ ੩ ॥

ਮੇਰੇ ਮਨ ਗੁਰੁ ਅਪਣਾ ਸਾਲਾਹਿ ॥

ਹੇ ਮੇਰੇ ਮਨ ! ਤੂੰ ਆਪਣੇ ਗੁਰੂ ਦੀ ਉਪਮਾ ਕਰ।

[ਪੰਨਾ ੧੩੫]

ਪੂਰਾ ਭਾਗੁ ਹੋਵੈ ਮੁਖਿ ਮਸਤਕਿ ਸਦਾ ਹਰਿ ਕੇ ਗੁਣ ਗਾਹਿ ॥ ੧ ॥ ਰਹਾਉ ॥

ਮੱਥੇ ਦਾ ਪੂਰਾ ਭਾਗ ਹੋਵੇ ਤਾਂ ਮੁਖ ਰੂਪ ਹਰੀ ਦੇ ਗੁਣਾਂ ਨੂੰ ਸਦਾ ਗਾਉਂਦਾ ਹੈ॥ ੧ ॥ ਰਹਾਉ ॥

ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ ਕੋਟਿ ਮਧੇ ਕੋਈ ਵਿਰਲਾ ਲੇਇ ॥

ਗੁਰੂ ਸਾਹਿਬ ਜੀ ਹਰੀ ਨਾਮ ਅੰਮ੍ਰਿਤ ਭੋਜਨ ਨੂੰ ਦੇਂਦੇ ਹਨ ਪਰ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਜਗਿਆਸੂ ਲੈਂਦਾ ਹੈ।

ਜਿਸ ਨੋ ਅਪਣੀ ਨਦਰਿ ਕਰੇਇ ॥ ੧ ॥

ਜਿਸ ਉਤੇ ਪ੍ਰਭੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ॥ ੧ ॥

ਗੁਰ ਕੇ ਚਰਣ ਮਨ ਮਾਹਿ ਵਸਾਇ ॥ ਦੁਖੁ ਅਨ੍ਹੇਰਾ ਅੰਦਰਹੁ ਜਾਇ ॥

ਹੇ ਭਾਈ ! ਤੂੰ ਗੁਰਾਂ ਦੇ ਚਰਨਾਂ ਨੂੰ ਮਨ ਵਿਚ ਵਸਾਉਂਣਾ ਕਰ। ਤਾਂ ਤੇਰੇ ਹਿਰਦੇ ਵਿਚੋਂ ਦੁਖਦਾਈ ਅਗਿਆਨ ਰੂਪ ਹਨੇਰਾ ਚਲਿਆ ਜਾਵੇਗਾ।

ਆਪੇ ਸਾਚਾ ਲਏ ਮਿਲਾਇ ॥ ੨ ॥

ਫੇਰ ਸੱਚਾ ਵਾਹਿਗੁਰੂ ਆਪਣੇ ਨਾਲ ਮਿਲਾ ਲਵੇਗਾ॥ ੨ ॥

ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ ਐਥੈ ਓਥੈ ਏਹੁ ਅਧਾਰੁ ॥

ਸਤਿਗੁਰਾਂ ਦੀ ਬਾਣੀ ਨਾਲ ਪਿਆਰ ਲਗਾਉਣਾ ਕਰ। ਐਥੈ ਓਥੈ=ਲੋਕ ਪ੍ਰਲੋਕ ਵਿਚ ਏਹ ਗੁਰਬਾਣੀ ਹੀ ਅਧਾਰੁ=ਆਸਰਾ ਰੂਪ ਹੈ।

ਆਪੇ ਦੇਵੈ ਸਿਰਜਨਹਾਰੁ ॥ ੩ ॥

ਜਿਸ ਨੂੰ ਸਿਰਜਨਹਾਰੁ=ਪਰਮਾਤਮਾ ਆਪ ਦੇਂਦਾ ਹੈ ਉਸ ਦਾ ਗੁਰਬਾਣੀ ਹੀ ਅਧਾਰੁ=ਆਸਰਾ ਰੂਪ ਹੈ।

ਸਚਾ ਮਨਾਏ ਅਪਣਾ ਭਾਣਾ ॥ ਸੋਈ ਭਗਤੁ ਸੁਘੜੁ ਸੋਜਾਣਾ ॥

ਸੱਚਾ ਵਾਹਿਗੁਰੂ ਜਿਸ ਦੇ ਪਾਸੋਂ ਆਪਣਾ ਭਾਣਾ ਮਨਾਉਂਦਾ ਹੈ। ਓਹੀ ਪੂਰਨ ਭਗਤ ਹੈ, ਓਹੀ ਸਰੇਸ਼ਟ ਘਾੜਤ ਦੇ ਘੜਨ ਵਾਲਾ ਹੈ ਓਹੀ ਸੁਜਾਣਾ=ਚਤੁਰ ਹੈ।

ਨਾਨਕੁ ਤਿਸ ਕੈ ਸਦ ਕੁਰਬਾਣਾ ॥ ੪ ॥ ੭ ॥ ੧੭ ॥ ੭ ॥ ੨੪ ॥

ਗੁਰੂ ਜੀ ਕਥਨ ਕਰਦੇ ਹਨ—ਮੈਂ ਉਸ ਦੇ ਉਪਰੋਂ ਸਦਾ ਕੁਰਬਾਨ ਜਾਂਦਾ ਹਾਂ॥ ੪ ॥ ੭ ॥ ੧੭ ॥ ੭ ॥ ੨੪ ॥

ਪ੍ਰਭਾਤੀ ਮਹਲਾ ੪ ਬਿਭਾਸ ੧ੴ ਸਤਿਗੁਰ ਪ੍ਰਸਾਦਿ॥

ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ॥

ਅਸੀਂ ਗੁਰ ਸਿੱਖਿਆ ਵਿਚ ਰਸਕਿ=ਤਦਾਕਾਰ ਹੋ ਕੇ ਰਸਕਿ=ਅਨੰਦ ਰੂਪ ਹਰੀ ਦੇ ਗੁਣ ਰਸਕਿ=ਪ੍ਰੇਮ ਨਾਲ ਗਾਉਂਦੇ ਹਾਂ, ਇਸ ਲਈ ਸਾਡੀ ਲਿਵ ਉਨਮਨਿ=ਤੁਰੀਆ ਪਦ ਰੂਪ ਨਾਮੀ ਵਿਚ ਲੱਗ ਗਈ ਹੈ।

ਵਾ:-ਨਾਮ ਜਪਣੇ ਕਰਕੇ ਸਾਡੀ ਲਿਵ ਤੁਰੀਆ ਪਦ ਵਿਚ ਲੱਗ ਗਈ ਹੈ।

ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ ਕੁਰਬਾਨ॥ ੧॥

ਅਸਾਂ ਨੇ ਗੁਰ ਉਪਦੇਸ਼ ਦੁਆਰਾ ਨਾਮ ਅੰਮ੍ਰਿਤ ਰਸ ਪੀਤਾ ਹੈ, ਏਸੇ ਕਰਕੇ ਨਾਮ ਦੇ ਉਪਰੋਂ ਕੁਰਬਾਨ ਜਾਂਦੇ ਹਾਂ॥ ੧॥

ਹਮਰੇ ਜਗਜੀਵਨ ਹਰਿ ਪ੍ਰਾਨ॥

ਜਗਤ ਦੇ ਜੀਵਨ ਰੂਪ ਹਰੀ ਹੀ ਮੇਰੇ ਪ੍ਰਾਣ ਰੂਪ ਹੈ।

ਹਰਿ ਊਤਮੁ ਰਿਦ ਅੰਤਰਿ ਭਾਇਓ
ਗੁਰਿ ਮੰਤੁ ਦੀਓ ਹਰਿ ਕਾਨ॥ ੧॥ ਰਹਾਉ।

ਸਾਰਿਆਂ ਤੋਂ ਉੱਤਮ ਹਰੀ ਮੇਰੇ ਹਿਰਦੇ ਵਿਚ ਭਾਅ ਗਿਆ ਹੈ, ਕਿਉਂਕਿ ਉਸੇ ਦੀ ਪ੍ਰਾਪਤੀ ਦਾ ਮੰਤ੍ਰ=ਉਪਦੇਸ਼ ਗੁਰਾਂ ਨੇ ਸਾਡੇ ਕੰਨ ਵਿਚ ਦਿੱਤਾ ਹੈ॥ ੧॥ ਰਹਾਉ॥

ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ॥

ਹੇ ਮੇਰੇ ਭਾਈ=ਪਿਆਰੇ ਸੰਤ ਜਨੋਂ ! ਮੈਨੂੰ ਆ ਕੇ ਮਿਲਣਾ ਕਰੋ, ਜੋ ਅਸੀਂ ਤੁਸੀਂ ਆਪਸ ਵਿਚ ਮਿਲ ਕੇ ਹਰਿ ਹਰਿ ਨਾਮ ਨੂੰ ਵਖਾਨ=ਕਥਨ ਕਰੀਏ।

ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ
ਮੋ ਕਉ ਕਰਹੁ ਉਪਦੇਸੁ ਹਰਿ ਦਾਨ॥ ੨॥

ਮੈਨੂੰ ਇਹ ਉਪਦੇਸ਼ ਕਰੋ, ਮੇਰਾ ਆਪਣਾ ਪ੍ਰਭੂ ਕਿਸ ਤਰ੍ਹਾਂ ਦਾ ਹੈ ? ਅਤੇ ਉਸ ਨੂੰ ਕਿਵੇਂ ਪਾਈਦਾ ਹੈ ? ਅਤੇ ਹਰੀ ਨਾਮ ਦਾ ਦਾਨ ਕਰੋ।

ਦੂਜੀ ਲਵੰਤਾ:-ਕਿਸ ਕਿਸ ਵਿਧੀ ਕਰਕੇ ਆਪਣੇ ਪ੍ਰਭੂ ਨੂੰ ਪਾਣਾ ਕਰੀਏ ?

ਮੈਨੂੰ ਹਰੀ ਨਾਮ ਦਾ ਉਪਦੇਸ਼ ਦਾਨ=ਜਨਾਵਨਾ ਕਰੋ॥ ੨॥ ਉੱਤਰ:-

ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ॥

ਸਤਸੰਗਤ ਵਿਚ ਹਰ ਵੇਲੇ ਹਰੀ ਵਸਿਆ ਰਹਿੰਦਾ ਹੈ, ਇਸ ਲਈ ਸਤਸੰਗਤ ਵਿਚ ਮਿਲਣ ਕਰਕੇ ਹਰੀ ਪ੍ਰਾਪਤੀ ਦੇ ਗੁਣ ਜਾਣੀਦੇ ਹਨ।

ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ॥ ੩॥

ਅਸਾਂ ਨੇ ਵੱਡਿਆਂ ਭਾਗਾਂ ਨਾਲ ਸਤਸੰਗਤ ਪਾਈ ਹੈ, ਗੁਰੁ=ਪੂਜਨੀਕ ਸਤਿਗੁਰਾਂ ਦੇ ਚਰਨਾਂ ਨੂੰ ਪਰਸ ਕੇ

ਭਗਵਾਨ ਦੀ ਪ੍ਰਾਪਤੀ ਕੀਤੀ ਹੈ॥ ੩॥

ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ॥

ਅਸੀਂ ਅਗਮ ਰੂਪ ਪ੍ਰਭੂ ਠਾਕੁਰ ਦੇ ਗੁਣ ਗਾਉਂਦੇ ਹਾਂ, ਗੁਣਾਂ ਨੂੰ ਗਾਉਂਦੇ ਹੋਏ ਹੈਰਾਨ=ਅਸਚਰਜ ਹੋ ਰਹੇ ਹਾਂ।

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ
ਹਰਿ ਨਾਮੁ ਦੀਓ ਖਿਨ ਦਾਨ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਉਤੇ ਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਧਾਰੀ ਹੈ ਅਤੇ ਖਿਨ ਵਿਚ ਹੀ ਹਰੀ ਨਾਮ ਦਾ ਦਾਨ ਦੇ ਦਿੱਤਾ ਹੈ॥ ੪॥ ੧॥

ਪ੍ਰਭਾਤੀ ਮਹਲਾ ੪॥

ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹਾਲਹਿ ਹਰਿ ਗਾਲ॥

ਉਗਵੈ ਸੂਰੁ=ਸੂਰਜ ਚੜ੍ਹਦਿਆਂ ਹੀ ਗੁਰਮੁਖ ਹਰੀ ਨਾਮ ਨੂੰ ਬੋਲਦੇ ਹਨ ਅਤੇ ਸਾਰੀ ਰਾਤ ਭੀ ਹਰੀ ਦੀਆਂ ਗੱਲਾਂ ਨੂੰ ਸਮ੍ਹਾਲਹਿ=ਯਾਦ ਕਰਦੇ ਰਹਿੰਦੇ ਹਨ।

ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ॥ ੧॥

ਸਾਡੇ ਪ੍ਰਭੂ ਨੇ ਮੈਨੂੰ ਆਪਣੀ ਲੋਚ=ਇੱਛਾ ਲੱਗਾ ਦਿੱਤੀ ਹੈ, ਇਸ ਲਈ ਅਸੀਂ ਹਰ ਵੇਲੇ ਪ੍ਰਭੂ ਦੀ ਭਾਲ=ਖੋਜ ਕਰਦੇ ਹਾਂ॥ ੧॥

ਮੇਰਾ ਮਨ ਸਾਧੂ ਧੂਰਿ ਰਵਾਲ॥

ਰਵਾਲ=ਨਿਮ੍ਰਤਾ ਨੂੰ ਧਾਰ ਕੇ ਮੇਰਾ ਮਨ ਰਵਾਲ=ਅਲਪ ਮਾਤਰ ਸੰਤਾਂ ਦੀ ਚਰਨ ਧੂੜੀ ਚਾਹੁੰਦਾ ਹੈ, ਵਾ:- ਮੇਰਾ ਮਨ ਸੰਤਾਂ ਦੀ ਚਰਨ ਧੂੜੀ ਦਾ ਰਵਾਲ=ਕਿਨਕਾ ਹੋ ਗਿਆ ਹੈ।

ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ
ਗੁਰ ਪਗ ਝਾਰਹ ਹਮ ਬਾਲ॥ ੧॥ ਰਹਾਉ॥

ਜਿਸ ਗੁਰੂ ਨੇ ਮਿੱਠਾ ਹਰਿ ਹਰਿ ਨਾਮ ਦ੍ਰਿੜ ਕਰਵਾਇਆ ਹੈ, ਉਸ ਗੁਰੂ ਦੇ ਚਰਨਾਂ ਨੂੰ ਮੈਂ ਬਾਲਕਾ ਬਾਲ=ਕੇਸਾਂ ਨਾਲ ਝਾੜਦਾ ਹਾਂ॥ ੧॥ ਰਹਾਉ॥

ਸਾਕਤ ਕਉ ਦਿਨੁ ਰੈਨਿ ਅੰਧਾਰੀ ਮੋਹਿ ਫਾਥੇ ਮਾਇਆ ਜਾਲ॥

ਮਨਮੁਖਾਂ ਨੂੰ ਦਿਨ ਰਾਤ ਹਨੇਰਾ ਹੀ ਹੈ, ਕਿਉਂਕਿ ਉਹ ਅਗਿਆਨ ਕਰਕੇ ਮਾਇਆ ਦੇ ਮੋਹ ਰੂਪ ਜਾਲ ਵਿਚ ਫਸੇ ਹੋਏ ਹਨ।

ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ ਰਿਨਿ ਬਾਧੇ ਬਹੁ ਬਿਧਿ ਬਾਲ॥ ੨॥

ਜਿਨ੍ਹਾਂ ਦੇ ਹਿਰਦੇ ਵਿਚ ਇਕ ਖਿਨ ਦਾ ਪਲ ਮਾਤਰ ਭੀ ਹਰੀ ਪ੍ਰਭੂ ਨਹੀਂ ਵਸਿਆ, ਉਹ ਬਾਲ=ਅਗਿਆਤ ਜੀਵ ਬਹੁਤ ਤਰ੍ਹਾਂ ਕਰਕੇ ਰਿਖੀ ਦੰਡ, ਪਿਤਰ ਦੰਡ, ਦੇਵ ਦੰਡ ਆਦਿਕ ਰਿਣਾਂ ਵਿਚ ਬੱਧੇ ਹੋਏ ਹਨ।

ਵਾ:-ਉਹ ਪੁਰਸ਼ ਬਹੁਤ ਤਰ੍ਹਾਂ ਕਰਕੇ ਬਾਲ=ਰੋਮ ਰੋਮ ਰਿਨਿ=ਕਰਜ਼ਿਆਂ ਵਿਚ ਬੱਧੇ ਹੋਏ ਹਨ॥ ੨॥

ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ॥

ਜਿਨ੍ਹਾਂ ਨੇ ਸਤਸੰਗਤ ਵਿਚ ਮਿਲ ਕੇ ਬੁੱਧੀ ਵਿਚ ਗੁਰਾਂ ਦੀ ਮਤਿ=ਸਿੱਖਿਆ ਪਾਈ ਹੈ, ਉਹ ਹੰਗਤਾ ਮਮਤਾ ਰੂਪੀ ਜਾਲ ਤੋਂ ਛੁਟ ਗਏ ਹਨ।

ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ॥ ੩॥

ਜਿਨ੍ਹਾਂ ਨੂੰ ਹਰਿ ਹਰਿ ਦਾ ਨਾਮ ਮਿੱਠਾ ਲੱਗ ਆਇਆ ਹੈ,

ਵਾ:-ਗਾਨਾ=ਗੰਨੇ ਦੀ ਰਸ ਵਾਂਗੂ ਮਿੱਠਾ ਲੱਗ ਆਇਆ ਹੈ ਉਹਨਾਂ ਨੂੰ ਗੁਰਾਂ ਨੇ ਸ਼ਬਦ ਦੇ ਕੇ ਨਿਹਾਲ ਕਰ ਦਿੱਤਾ ਹੈ।

ਹਮ ਬਾਰਿਕ ਗੁਰ ਅਗਮ ਗੁਸਾਈ ਗੁਰ ਕਰਿ ਕਿਰਪਾ ਪ੍ਰਤਿਪਾਲ॥

ਹੇ ਅਗਮ ਗੁਸਾਂਈ ਗੁਰੋ ! ਅਸੀਂ ਆਪ ਜੀ ਦੇ ਛੋਟੇ ਬੱਚੇ ਹਾਂ, ਹੇ ਗੁਰੇ ! ਆਪ ਗੁਰ=ਵੱਡੀ ਕ੍ਰਿਪਾ ਕਰਕੇ ਸਾਡੀ ਪਾਲਣਾ ਕਰੋ।

ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ ਗੁਰ ਨਾਨਕ ਬਾਲ ਗੁਪਾਲ॥੪॥੨॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭ=ਸਮਰੱਥ ਗੁਰੋ ! ਮੈਂ ਆਪ ਜੀ ਦੇ ਬਾਲ ਗੁਪਾਲ=ਦਾਸਾਂ ਦਾ ਦਾਸ ਹਾਂ, ਬਿਖੁ ਭਉਜਲ=ਜ਼ਹਿਰ ਦੇ ਸਮੁੰਦਰ ਵਿਚ ਡੁੱਬ ਰਹੇ ਹਾਂ ਆਪ ਸਾਨੂੰ ਕੱਢ ਲਓ॥ ੪॥ ੨॥

[ਪੰਨਾ ੧੩੩੬]

ਪ੍ਰਭਾਤੀ ਮਹਲਾ ੪॥

ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ ਰਸਕ ਰਸੀਕ॥

ਜਦ ਇਕ ਛਿਣ ਮਾਤ੍ਰ ਹਰੀ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਤਾਂ ਰਸਕ=ਮਹਾਤਮਾ ਦੁਆਰੇ ਰਸੀਕ= ਤਦਾਕਾਰ ਹੋ ਕੇ ਇਕ ਰ੍ਹਸ ਹਰੀ ਦੇ ਗੁਣ ਗਾਉਣਾ ਕੀਤੇ।

ਗਾਵਤ ਸੁਨਤ ਦੋਊ ਭਏ ਮੁਕਤੇ ਜਿਨਾ ਗੁਰਮੁਖਿ ਖਿਨੁ ਹਰਿ ਪੀਕ॥ ੧॥

ਉਹ ਗਾਵਣ ਵਾਲੇ ਤੇ ਸੁਨਣ ਵਾਲੇ ਦੋਵੇਂ ਮੁਕਤ ਰੂਪ ਹੋਏ ਹਨ, ਜਿਨ੍ਹਾਂ ਗੁਰਮੁਖਾਂ ਨੇ ਖਿਨ ਖਿਨ ਕਾਲ ਹਰੀ ਨਾਮ ਰਸ ਨੂੰ ਪੀਕ=ਪੀਤਾ ਹੈ॥ ੧॥

ਮੇਰੈ ਮਨਿ ਹਰਿ ਹਰਿ ਰਾਮ ਨਾਮੁ ਰਸੁ ਟੀਕ॥

ਮੇਰੇ ਮਨ ਵਿਚ ਹਰ ਤਰ੍ਹਾਂ ਕਰਕੇ ਟੀਕ=ਸ਼੍ਰੋਮਣੀ ਹਰਿ ਹਰਿ ਨਾਮ ਰਸ ਟੀਕ=ਟਿਕ ਗਿਆ ਹੈ।

ਗੁਰਮੁਖਿ ਨਾਮੁ ਸੀਤਲ ਜਲੁ ਪਾਇਆ
ਹਰਿ ਹਰਿ ਨਾਮੁ ਪੀਆ ਰਸੁ ਝੀਕ॥ ੧॥ ਰਹਾਉ॥

ਗੁਰਾਂ ਦੁਆਰੇ ਇਹ ਠੰਢਾ ਨਾਮ ਜਲ ਪਾਇਆ ਹੈ ਅਤੇ ਇਸ ਹਰਿ ਹਰਿ ਨਾਮ ਰਸ ਨੂੰ ਝੀਕ=ਡੀਕ ਲੱਗਾ ਕੇ ਪੀਤਾ ਹੈ॥ ੧॥ ਰਹਾਉ॥

ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ ਟੀਕ॥

ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦੀ ਪ੍ਰੀਤੀ ਲੱਗੀ ਹੈ, ਉਹਨਾਂ ਦੇ ਮੱਥੇ 'ਪਰ ਉੱਜਲ ਜਸ ਰੂਪ ਟੀਕ=ਟਿੱਕੇ ਨਿਕਲਦੇ ਹਨ।

ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ॥ ੨॥

ਹਰੀ ਦੇ ਸੰਤ ਜਨਾਂ ਦੀ ਸ਼ੋਭਾ ਸਾਰੇ ਜਗਤ ਤੋਂ ਉੱਚੀ ਹੈ, ਜਿਵੇਂ ਉਡਵਾ=ਤਾਰਿਆਂ ਵਿਚ ਸਸਿ ਕੀਕ=ਚੰਦ੍ਰਮਾ ਸ਼ਰੋਮਣੀ ਕੀਤਾ ਗਿਆ ਹੈ॥ ੨॥

ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ॥

ਜਿਨ੍ਹਾਂ ਦੇ ਹਿਰਦੇ ਵਿਚ ਹਰੀ ਨਾਮ ਵਸਿਆ ਨਹੀਂ ਹੈ, ਉਹਨਾਂ ਦੇ ਸਾਰੇ ਕੰਮ ਫਿਕੇ ਹਨ।

ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ ਨਕਟੇ ਨਕ ਕੀਕ॥ ੩॥

ਜਿਵੇਂ ਕੋਈ ਨਕਟੇ=ਨੱਕ ਵੱਢੇ ਮਨੁੱਖਾ ਦੇਹ ਉਤੇ ਸ਼ਿੰਗਾਰ ਕਰੇ ਤਾਂ ਉਸ ਦੀ ਕੀ ਸ਼ੋਭਾ ਹੈ, ਏਸੇ ਤਰ੍ਹਾਂ ਮਨੁੱਖਾ ਦੇਹ ਉਤੇ ਜੇ ਕੋਈ ਜਪ ਤਪ ਰੂਪੀ ਸ਼ਿੰਗਾਰ ਕਰੇ ਤਾਂ ਨਾਮ ਸਿਮਰਨ ਤੋਂ ਬਿਨਾਂ ਜਸ ਰੂਪ ਨੱਕ ਤੋਂ ਨਕਟੇ=ਰਹਿਤ, ਕੀਕ=ਕੀਤੇ ਜਾਂਦੇ ਹਨ। ਉਸ ਦੇ ਜਪ ਤਪ ਰੂਪੀ ਸ਼ਿੰਗਾਰ ਕੀਤੇ ਹੋਏ ਸਭ ਨਿਸਫਲ ਹਨ॥ ੩॥

ਘਟਿ ਘਟਿ ਰਮਈਆ ਰਮਤ ਰਾਮ ਰਾਇ ਸਭ ਵਰਤੈ ਸਭ ਮਹਿ ਈਕ॥

ਉਹ ਰਾਮ ਰਾਜਾ ਰਮਈਆ ਸਾਰਿਆਂ ਘਟਾਂ ਘਟਾਂ ਵਿਚ ਰਮਤ=ਵਿਆਪਕ ਹੈ, ਉਹ ਇਕ ਰਮਈਆ ਹੀ ਸਭ ਸਮੇਂ ਸਭਨਾਂ ਵਿਚ ਵਰਤ ਰਿਹਾ ਹੈ।

ਜਨ ਨਾਨਕ ਕਉ ਹਰਿ ਕਿਰਪਾ ਧਾਰੀ
ਗੁਰ ਬਚਨ ਧਿਆਇਓ ਘਰੀ ਮੀਕ॥ ੪॥ ੩॥

ਗੁਰੂ ਜੀ ਕਥਨ ਕਰਦੇ ਹਨ—ਮੈਂ ਸੇਵਕ ਜਨ ਉਤੇ ਹਰੀ ਨੇ ਕ੍ਰਿਪਾ ਕੀਤੀ ਹੈ, ਇਸ ਲਈ ਗੁਰ ਉਪਦੇਸ਼ ਦੁਆਰਾ ਮੀਕ=ਇਕ ਇਕ ਘੜੀ ਵਿਚ ਹਰੀ ਨੂੰ ਧਿਆਉਣਾ ਕੀਤਾ ਹੈ॥ ੪॥ ੩॥

ਪ੍ਰਭਾਤੀ ਮਹਲਾ ੪॥

ਅਗਮ ਦਇਆਲ ਕ੍ਰਿਪਾ ਪ੍ਰਭਿ ਧਾਰੀ ਮੁਖਿ ਹਰਿ ਹਰਿ ਨਾਮੁ ਹਮ ਕਹੇ॥

ਅਗਮ=ਬੇਅੰਤ ਦਿਆਲੂ ਸੁਭਾਅ ਵਾਲੇ ਪ੍ਰਭੂ ਨੇ ਜਦ ਕ੍ਰਿਪਾ ਕੀਤੀ, ਤਾਂ ਹੀ ਅਸਾਂ ਨੇ ਮੂੰਹ 'ਚੋਂ ਹਰਿ ਹਰਿ ਨਾਮ ਕਥਨ ਕੀਤੇ।

ਪਤਿਤ ਪਾਵਨ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਪਾਪ ਲਹੇ॥ ੧॥

ਪਾਪੀਆਂ ਦੇ ਪਵਿੱਤਰ ਕਰਨ ਵਾਲੇ ਹਰੀ ਦੇ ਨਾਮ ਨੂੰ ਜਦ ਧਿਆਉਣਾ ਕੀਤਾ, ਤਾਂ ਚਾਰੇ ਕਿਲ ਵਿਖ ਅਤੇ ਸਾਰੇ ਪਾਪ ਲਹੇ=ਦੂਰ ਹੋ ਗਏ ॥ ੧॥

ਜਪਿ ਮਨ ਰਾਮ ਨਾਮੁ ਰਵਿ ਰਹੇ॥

ਹੇ ਮਨ ! ਉਸ ਨਾਮ ਨੂੰ ਜਪਿਆ ਕਰ ਜਿਸ ਰਾਮ ਨਾਮ ਨੂੰ ਸਾਰੇ ਸੰਤ ਜਨ ਜਪ ਰਹੇ ਹਨ।

ਦੀਨ ਦਇਆਲੁ ਦੁਖ ਭੰਜਨੁ ਗਾਇਓ
ਗੁਰਮਤਿ ਨਾਮੁ ਪਦਾਰਥੁ ਲਹੇ ॥ ੧ ॥ ਰਹਾਉ ॥

ਉਹਨਾਂ ਨੇ ਦੀਨ ਦਿਆਲ ਤੇ ਦੁੱਖਾਂ ਦੇ ਅਭਾਵ ਕਰਨ ਵਾਲੇ ਹਰੀ ਦੇ ਗੁਣਾਂ ਨੂੰ ਗਾਇਆ ਹੈ ਜਿਨ੍ਹਾਂ ਨੇ ਗੁਰਮਤਿ=ਗੁਰ ਸਿੱਖਿਆ ਦੁਆਰੇ ਨਾਮ ਪਦਾਰਥ ਨੂੰ ਲੀਤਾ ਹੈ॥ ੧ ॥ ਰਹਾਉ ॥

ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥

ਉਸ ਨੇ ਨਗਰਾਂ ਵਿਚੋਂ ਕਾਇਆ ਰੂਪ ਨਗਰ ਵਿਚ ਹਰੀ ਨੂੰ ਵਸਿਆ ਨਿਸਚੇ ਕੀਤਾ ਹੈ, ਜਿਸ ਨੇ ਗੁਰ ਸਿੱਖਿਆ ਦੁਆਰੇ ਮਤਿ=ਬੁੱਧੀ ਵਿਚ ਹਰਿ ਹਰਿ ਨਾਮ ਨੂੰ ਸਹੇ=ਧਾਰਿਆ ਹੈ।

ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥ ੨ ॥

ਇਸ ਸਰੀਰ ਰੂਪ ਸਰੋਵਰ ਵਿਚ ਜਾਂ ਹਰੀ ਨਾਮ ਜਲ ਪ੍ਰਗਟਿਓ=ਪ੍ਰਗਟ ਹੋਇਆ, ਤਾਂ ਅੰਤਹਕਰਣ ਰੂਪ ਘਰ ਦੇ ਮੰਦਰਿ=ਅੰਦਰ ਹੀ ਹਰੀ ਪ੍ਰਭੂ ਨੂੰ ਲਖ ਲਿਆ, ਅਰਥਾਤ ਜਾਣ ਲਿਆ॥ ੨ ॥

ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥

ਜੋ ਪੁਰਸ਼ ਭਰਮ ਕਰਕੇ ਸੰਸਾਰ ਉਜਾੜ ਵਿਚ ਭਰਮਿ=ਭੌਂਦੇ ਹਨ, ਉਹ ਸਾਕਤ ਮੂਰਖ ਕਾਮ ਆਦਿਕ ਠੱਗਾ ਕਰਕੇ ਮੁਹੇ=ਲੁਟੇ ਗਏ ਹਨ।

ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥ ੩ ॥

ਜਿਵੇਂ ਹਰਨ ਦੀ ਨਾਭਿ=ਧੁੰਨੀ ਵਿਚ ਬਾਸੁ=ਕਸਤੂਰੀ ਦਾ ਬਸਨਾ=ਨਾਪਾ ਵਸਦਾ ਹੈ ਪਰ ਉਹ ਭਰਮ ਦਾ ਭਰਮਾਇਆ ਹੋਇਆ ਝਾੜੀਆਂ ਨੂੰ ਗਹੇ=ਫੜਕੇ ਸੁੰਘਦਾ ਹੈ। ਏਸੇ ਤਰ੍ਹਾਂ ਬ੍ਰਹਮਾਨੰਦ ਅੰਤਹਕਰਣ ਦੇ ਵਿਚ ਹੈ ਪਰ ਏਹ ਜੀਵ ਭਰਮ ਦਾ ਭਰਮਾਇਆ ਹੋਇਆ ਉਜਾੜਾਂ ਵਿਚ ਢੂੰਢਦਾ ਹੈ॥ ੩ ॥

ਤੁਮ ਵਡ ਅਗਮ ਅਗਾਧਿ ਬੋਧਿ ਪ੍ਰਭ ਮਤਿ ਦੇਵਹੁ ਹਰਿ ਪ੍ਰਭ ਲਹੇ ॥

ਹੇ ਗੁਰੋ ! ਆਪ ਬੜੇ ਅਗੰਮ ਹੋ ਅਤੇ ਅਗਾਧ ਪ੍ਰਭੂ ਦੇ ਬੋਧ ਵਾਲੇ ਹੋ, ਮੈਨੂੰ ਉਹ ਮਤਿ=ਸਿੱਖਿਆ ਦੇਵੋ, ਜਿਸ ਕਰਕੇ ਹਰੀ ਪ੍ਰਭੂ ਨੂੰ ਲੱਭ ਲਵਾਂ। ਇਹ ਗੱਲ ਸੁਣ ਕੇ-

ਜਨ ਨਾਨਕ ਕਉ ਗੁਰਿ ਹਾਥੁ ਸਿਰਿ ਧਰਿਓ
ਹਰਿ ਰਾਮ ਨਾਮਿ ਰਵਿ ਰਹੇ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ--ਮੈਂ ਸੇਵਕ ਜਨ ਦੇ ਸਿਰ ਉਤੇ ਗੁਰੂ ਨੇ ਕ੍ਰਿਪਾ ਦਾ ਹੱਥ ਧਰਿਆ ਹੈ ਇਸ ਲਈ ਹਰ ਵੇਲੇ ਰਾਮ ਨਾਮ ਨੂੰ ਜਪ ਰਹੇ ਹਾਂ॥ ੪ ॥ ੪ ॥

ਪ੍ਰਭਾਤੀ ਮਹਲਾ ੪ ॥

ਮਨਿ ਲਾਗੀ ਪ੍ਰੀਤਿ ਰਾਮ ਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ ਵਡਫਾ ॥

ਜਦ ਤੋਂ ਮਨ ਵਿਚ ਰਾਮ ਨਾਮ ਦੀ ਪ੍ਰੀਤੀ ਲੱਗੀ ਹੈ, ਤਦ ਤੋਂ ਸਾਰਿਆਂ ਤੋਂ ਵਡਫਾ=ਵੱਡੇ,

ਵਾ:-ਫਾਹਾਂ ਦੇ ਵੱਢਣੇ ਵਾਲਾ ਜੋ ਹਰੀ ਪ੍ਰਭੂ ਹੈ ਉਸ ਦੇ ਹਰਿ ਹਰਿ ਨਾਮ ਨੂੰ ਜਪਿਆ ਹੈ।

ਸਤਿਗੁਰ ਬਚਨ ਸੁਖਾਨੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ ॥ ੧ ॥

ਸਤਿਗੁਰਾਂ ਦੇ ਬਚਨ ਹਰ ਤਰ੍ਹਾਂ ਕਰਕੇ ਹਿਰਦੇ ਵਿਚ ਸੁਖਾਏ ਹਨ ਇਸ ਲਈ ਹਰਿ ਹਰਿ ਪ੍ਰਭੂ ਨੇ ਕ੍ਰਿਪਫਾ=ਕ੍ਰਿਪਾ ਦ੍ਰਿਸ਼ਟੀ ਧਾਰੀ ਹੈ॥ ੧ ॥

ਮੇਰੇ ਮਨ ਭਜੁ ਰਾਮ ਨਾਮ ਹਰਿ ਨਿਮਖਫਾ ॥

ਹੇ ਮੇਰੇ ਮਨ ! ਹਰ ਇਕ ਨਿਮਖ ਨਿਮਖ ਕਾਲ ਵਿਚ ਰਾਮ ਨਾਮ ਭਜਨਾ ਕਰ।

ਹਰਿ ਹਰਿ ਦਾਨੁ ਦੀਓ ਗੁਰਿ ਪੂਰੈ
ਹਰਿ ਨਾਮਾ ਮਨਿ ਤਨਿ ਬਸਫਾ ॥ ੧ ॥ ਰਹਾਉ ॥

ਜਾਂ ਪੂਰਿਆਂ ਗੁਰਾਂ ਨੇ ਹਰਿ ਹਰਿ ਦਾ ਨਾਮ ਦਾਨ ਦਿੱਤਾ, ਤਾਂ ਉਹ ਹਰੀ ਨਾਮ ਮੇਰੇ ਮਨ ਤਨ ਵਿਚ ਬਸਫਾ=ਵਸ ਗਿਆ॥ ੧ ॥ ਰਹਾਉ ॥

ਕਾਇਆ ਨਗਰਿ ਵਸਿਓ ਘਰਿ ਮੰਦਰਿ ਜਪਿ ਸੋਭਾ ਗੁਰਮੁਖਿ ਕਰਪਫਾ ॥

ਜੋ ਪਰਮਾਤਮਾ ਕਾਇਆਂ ਰੂਪ ਨਗਰ ਵਿਚ ਵਸ ਰਿਹਾ ਹੈ, ਉਸ ਨੂੰ ਜਪ ਕੇ ਗੁਰਮੁਖ ਹਿਰਦੇ ਵਿਚੋਂ ਹੀ ਸਰੂਪ ਘਰ ਦੀ ਸ਼ੋਭਾ ਨੂੰ ਪ੍ਰਾਪਤ ਕਰਪਫਾ=ਕਰਦੇ ਹਨ।

ਅਥਵਾ:-ਜੋ ਘਰ ਦਾ ਮਾਲਕ ਮੰਦਰਿ=ਅਧਿਸ਼ਠਾਨ ਰੂਪ ਪਰਮਾਤਮਾ ਕਾਇਆਂ ਰੂਪ ਨਗਰ ਵਿਚ ਵਸ ਰਿਹਾ ਹੈ ਗੁਰਮੁਖ ਓਸੇ ਪ੍ਰਭੂ ਦਾ ਜਪ ਤੇ ਸ਼ੋਭਾ ਕਰਦੇ ਹਨ।

ਹਲਤਿ ਪਲਤਿ ਜਨ ਭਏ ਸੁਹੇਲੇ ਮੁਖ ਊਜਲ ਗੁਰਮੁਖਿ ਤਰਫਾ ॥ ੨ ॥

ਜੋ ਮੁਖੀ ਗੁਰਾਂ ਦੀ ਤਰਫ਼ ਹੋਏ ਹਨ ਇਕ ਤਾਂ ਉਹਨਾਂ ਦੇ ਮੂੰਹ ਉੱਜਲੇ ਹਨ, ਪੁਨਾ-ਉਹ ਜਨ ਹਲਤਿ ਪਲਤਿ=ਲੋਕ ਪ੍ਰਲੋਕ ਵਿਚ ਸੁਹੇਲੇ=ਸੁਖੀ ਹੋਏ ਹਨ।

ਅਥਵਾ:-ਉੱਜਲ ਮੂੰਹ ਵਾਲੇ ਗੁਰਮੁਖ ਸੰਸਾਰ ਸਮੁੰਦ੍ਰ ਤੋਂ ਤਰਫਾ=ਤਰ ਗਏ ਹਨ॥ ੨ ॥

ਅਨਭਉ ਹਰਿ ਹਰਿ ਹਰਿ ਲਿਵ ਲਾਗੀ ਹਰਿ ਉਰ ਧਾਰਿਓ ਗੁਰਿ ਨਿਮਖਫਾ ॥

ਜਾਂ ਗੁਰਾਂ ਨੇ ਮੇਰੇ ਹਿਰਦੇ ਵਿਚ ਨਿਮਖ ਨਿਮਖ ਕਾਲ ਹਰੀ ਨਾਮ ਨੂੰ ਧਾਰਨਾ ਕੀਤਾ,

ਤਾਂ ਅਨਭਉ=ਗਿਆਨ ਸਰੂਪ ਜੋ ਹਰੀ ਹੈ ਉਸ ਹਰਿ ਹਰਿ ਵਿਖੇ ਲਿਵ ਲੱਗ ਗਈ।

ਕੋਟਿ ਕੋਟਿ ਕੇ ਦੋਖ ਸਭ ਜਨ ਕੇ ਹਰਿ ਦੂਰਿ ਕੀਏ ਇਕ ਪਲਫਾ ॥ ੩ ॥

ਭਗਤ ਜਨਾਂ ਦੇ ਕੋਟਾਨ ਕੋਟ ਜਨਮਾਂ ਦੇ ਸਾਰੇ ਦੋਸ਼, ਹਰੀ ਨਾਮ ਨੇ ਇਕ ਪਲ ਵਿਚ ਦੂਰ ਕਰ ਦਿੱਤੇ ਹਨ॥ ੩ ॥

ਤੁਮਰੇ ਜਨ ਤੁਮ ਹੀ ਤੇ ਜਾਨੇ ਪ੍ਰਭ ਜਾਨਿਓ ਜਨ ਤੇ ਮੁਖਫਾ ॥

ਹੇ ਪ੍ਰਭੂ ! ਤੇਰੇ ਸੇਵਕ ਜਨ ਤੈਥੋਂ ਹੀ ਜਾਣੇ ਜਾਂਦੇ ਹਨ ਅਤੇ ਉਹਨਾਂ ਸੇਵਕ ਜਨਾਂ ਦੇ ਮੁਖਫਾ=ਮੂੰਹ ਤੋਂ ਹੇ ਪ੍ਰਭੂ ! ਤੂੰ ਜਾਣਿਆਂ ਜਾਂਦਾ ਹੈਂ।

ਅਥਵਾ:-ਜਿਨ੍ਹਾਂ ਨੇ ਪ੍ਰਭੂ ਨੂੰ ਜਾਣਿਆਂ ਹੈ ਉਹ ਜਨ ਮੁਖਫਾ=ਮੁਖੀ ਹੋਏ ਹਨ।

ਹਰਿ ਹਰਿ ਆਪੁ ਧਰਿਓ ਹਰਿ ਜਨ ਮਹਿ
ਜਨ ਨਾਨਕੁ ਹਰਿ ਪ੍ਰਭੁ ਇਕਫਾ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ-ਹਰਿ ਹਰਿ ਨੇ ਆਪਣਾ ਆਪ ਹਰੀ ਜਨਾਂ ਵਿਚ ਧਰਿਆ ਹੋਇਆ ਹੈ, ਇਸ ਲਈ ਹਰੀ ਦੇ ਸੰਤ ਜਨ ਤੇ ਹਰੀ ਪ੍ਰਭੂ ਦੋਵੇਂ ਇਕਫਾ=ਇਕ ਸਰੂਪ ਹਨ॥ ੪ ॥ ੫ ॥

[ਪੰਨਾ ੧੩੩੭]

ਪ੍ਰਭਾਤੀ ਮਹਲਾ ੪ ॥

ਗੁਰ ਸਤਿਗੁਰਿ ਨਾਮੁ ਦ੍ਰਿੜਾਇਓ ਹਰਿ ਹਰਿ ਹਮ ਮੁਏ ਜੀਵੇ ਹਰਿ ਜਪਿਭਾ ॥

ਜਾਂ ਗੁਰ=ਪੂਜਨੀਕ ਸਤਿਗੁਰਾਂ ਨੇ ਹਰਿ ਹਰਿ ਨਾਮ ਦ੍ਰਿੜ ਕਰਵਾਇਆ,

ਤਾਂ ਅਸੀਂ ਭਾ=ਪ੍ਰੇਮ ਸਹਿਤ ਹਰੀ ਨਾਮ ਨੂੰ ਜਪ ਕੇ ਮੋਏ ਹੋਏ ਤੋਂ ਜੀਵਨ ਵਾਲੇ ਹੋ ਗਏ ਹਾਂ।

ਧਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ ਬਿਖੁ ਡੁਬਦੇ ਬਾਹ ਦੇਇ ਕਢਿਭਾ ॥ ੧ ॥

ਗੁਰੂ ਗੁਰੁ=ਵੱਡਿਆਂ ਤੋਂ ਵੱਡਾ ਪੂਰਾ ਸਤਿਗੁਰੂ ਧੰਨ ਧੰਨ ਹੈ, ਜਿਸ ਨੇ ਸਾਨੂੰ ਵਿਕਾਰਾਂ ਵਿਚ ਡੁਬਦਿਆਂ ਵੇਖ ਕੇ ਬਾਂਹ ਦਾ ਆਸਰਾ ਦੇ ਕੇ ਕੱਢ ਲਿਆ ਹੈ॥ ੧ ॥

ਜਪਿ ਮਨ ਰਾਮ ਨਾਮੁ ਅਰਧਾਂਭਾ ॥

ਹੇ ਮਨ ! ਅਰਧਾਂਭਾ=ਅਰਾਧਨੇ ਜੋਗ ਰਾਮ ਨਾਮ ਨੂੰ ਜਪ ਲੈ।

ਅਥਵਾ:-ਅਰਧ=ਅੱਧਾ ਨਾਮ ਹੀ ਭਾ=ਪ੍ਰੇਮ ਨਾਲ ਜਪ ਲੈ, ਤਾਂ ਤੇਰੇ ਸਾਰੇ ਪਾਪ ਦੂਰ ਹੋ ਜਾਣਗੇ,

ਯਥਾ:-ਰਾ ਕਹਤ ਅਘ ਸਭ ਹਰੇ ਦੂਰ ਦੇਸ ਤਜ ਜਾਇ।
ਮਤ ਮਕਾਰ ਕੇ ਪਟ ਮਿਲੇ ਬੀਚ ਭਸਮ ਹੋਇ ਜਾਇ।

ਅਥਵਾ:-ਅਰਧ=ਅੱਧਾ ਪਲ ਵੀ ਭਾ=ਪ੍ਰੇਮ ਨਾਲ ਨਾਮ ਜਪੇਂਗਾ ਤਾਂ ਮੁਕਤ ਹੋ ਜਾਵੇਂਗਾ।

ਪਰ:— ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰਰ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰ॥

(ਪੰਨਾ ੨੭੩)

ਉਪਜੰਪਿ ਉਪਾਇ ਨ ਪਾਈਐ ਕਤਹੂ
ਗੁਰਿ ਪੂਰੈ ਹਰਿ ਪ੍ਰਭੁ ਲਾਭਾ ॥ ੧ ॥ ਰਹਾਉ ॥

ਰਾਮ ਨਾਮ ਤੋਂ ਬਿਨਾਂ-ਹੋਰ ਕਿਸੇ ਉਪਾਵ ਕਰਕੇ ਭੀ ਉਸ ਪਰਮੇਸ਼ਰ ਦੇ ਉਪ=ਸਮੀਪ, ਜੰਪਿ=ਜਾਣਾ ਨਹੀਂ ਪਾਈਦਾ, ਪੂਰਿਆਂ ਗੁਰਾਂ ਦੁਆਰੇ ਅਸਾਂ ਨੇ ਹਰੀ ਪ੍ਰਭੂ ਨੂੰ ਲੱਭ ਲਿਆ ਹੈ॥ ੧ ॥ ਰਹਾਉ ॥

ਰਾਮ ਨਾਮੁ ਰਸੁ ਰਾਮ ਰਸਾਇਣੁ ਰਸੁ ਪੀਆ ਗੁਰਮਤਿ ਰਸਭਾ ॥

ਤਮਾਮ ਦੁਨੀਆਂ ਦੇ ਰਸਾਂ ਵਿਚੋਂ ਰਾਮ ਦਾ ਜੋ ਰਾਮ ਨਾਮ ਰੂਪੀ ਰਸਾਇਣ ਰਸ ਹੈ ਉਸ ਰਸ ਨੂੰ ਗੁਰਮਤਿ ਰਸਭਾ=ਗੁਰ ਸਿੱਖਿਆ ਵਿਚ ਤਦਾਕਾਰ ਹੋ ਕੇ ਪੀਤਾ ਹੈ।

ਲੋਹ ਮਨੂਰ ਕੰਚਨੁ ਮਿਲਿ ਸੰਗਤਿ ਹਰਿ ਉਰ ਧਾਰਿਓ ਗੁਰਿ ਹਰਿਭਾ ॥ ੨ ॥

ਜਿਵੇਂ ਲੋਹਾ ਪਾਰਸ ਨਾਲ ਛੋਹ ਕੇ ਕੰਚਨੁ=ਸੋਨਾ ਹੋ ਜਾਂਦਾ ਹੈ, ਤਿਵੇਂ ਮਨੂਰ ਵਰਗਾ ਕਾਲਾ ਕਿਟ ਪਾਪੀ ਮਨ ਸਤਸੰਗਤ ਨਾਲ ਮਿਲ ਕੇ ਸੋਨੇ ਵਾਂਗੂ ਸ਼ੁਧ ਹੋ ਜਾਂਦਾ ਹੈ, ਗੁਰਾਂ ਦੁਆਰੇ ਭਾ=ਪ੍ਰੇਮ ਸਹਿਤ ਹਰਿ ਹਰਿ ਨੂੰ ਹਿਰਦੇ ਵਿਚ ਧਾਰਿਆ ਤਾਂ ਹਰਿ.ਭਾ=ਹਰੀ ਦਾ ਸਰੂਪ ਹੋ ਗਿਆ ॥ ੨ ॥

ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ ॥

ਜੋ ਪੁਰਸ਼ ਹਉਮੈ ਕਰਕੇ ਨਿਤਾਪ੍ਰਤੀ ਬਿਖਿਆ=ਮਾਇਆ ਦੇ ਲੋਭ ਵਿਚ ਲੁਭਾਇਮਾਨ ਰਹਿੰਦੇ ਹਨ ਅਤੇ ਪੁੱਤਰ ਕਲਤ=ਇਸਤ੍ਰੀ ਦੇ ਮੋਹ ਵਿਚ ਭੀ ਲੁਭਿਭਾ=ਲੁਭਾਇਮਾਨ ਰਹਿੰਦੇ ਹਨ।

ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ ॥ ੩ ॥

ਉਹਨਾਂ ਨੇ ਕਦੇ ਭੀ ਸੰਤਾਂ ਦੇ ਚਰਨਾਂ ਦੀ ਸੇਵਾ ਨਹੀਂ ਕੀਤੀ, ਕਿਉਂਕਿ ਉਹ ਮਨਮੁਖ ਤ੍ਰਿਸ਼ਨਾ, ਵਾਸ਼ਨਾ, ਈਰਖਾ, ਬਖੀਲੀ, ਵਾ:-ਵਿਸ਼ਿਆਂ ਰੂਪੀ, ਵਾ:-ਮਾਇਆ ਰੂਪੀ ਭੂੰਭਰ=ਤੱਤੀ ਸੁਆਹ ਨਾਲ ਭਰੇ ਹੋਏ ਹਨ॥ ੩ ॥

ਤੁਮਰੇ ਗੁਨ ਤੁਮ ਹੀ ਪ੍ਰਭ ਜਾਨਹੁ ਹਮ ਪਰੇ ਹਾਰਿ ਤੁਮ ਸਰਨਭਾ ॥

ਹੇ ਪ੍ਰਭੂ ! ਆਪ ਜੀ ਦੇ ਜੋ ਗੁਣ ਹਨ ਉਹਨਾਂ ਨੂੰ ਤੁਸੀਂ ਆਪ ਹੀ ਜਾਣਦੇ ਹੋ, ਅਸੀਂ ਹਾਰ ਕੇ ਤੁਹਾਡੀ ਸ਼ਰਨ ਵਿਚ ਪਏ ਹਾਂ।

ਜਿਉ ਜਾਨਹੁ ਤਿਉ ਰਾਖਹੁ ਸੁਆਮੀ
ਜਨ ਨਾਨਕੁ ਦਾਸੁ ਤੁਮਨਭਾ ॥ ੪ ॥ ੬ ॥ ਛਕਾ ੧

ਗੁਰੂ ਜੀ ਕਥਨ ਕਰਦੇ ਹਨ—ਹੇ ਸ੍ਵਾਮੀ ! ਜਿਵੇਂ ਜਾਣੋਂ ਤਿਵੇਂ ਰੱਖ ਲਓ, ਮੈਂ ਜਨ ਤੁਮਨਭਾ=ਆਪ ਜੀ ਦਾ ਦਾਸ ਹਾਂ॥ ੪ ॥ ੬ ॥ ਛਕਾ ੧ (ਇਹ ਛਿਆਂ ਸ਼ਬਦਾਂ ਦਾ ਇਕ ਛੱਕਾ ਆਇਆ ਹੈ।)

ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

ਜਪਿ ਮਨ ਹਰਿ ਹਰਿ ਨਾਮੁ ਨਿਧਾਨ ॥

ਹੇ ਮਨ ! ਨਿਧੀਆਂ ਦੇ ਖਜ਼ਾਨੇ ਹਰਿ ਹਰਿ ਨਾਮ ਨੂੰ ਜਪ ਲੈ।

ਹਰਿ ਦਰਗਹ ਪਾਵਹਿ ਮਾਨ ॥
ਜਿਨਿ ਜਪਿਆ ਤੇ ਪਾਰਿ ਪਰਾਨ ॥ ੧ ॥ ਰਹਾਉ ॥

ਤਾਂ ਤੂੰ ਹਰੀ ਦੀ ਦਰਗਾਹ ਵਿਚ ਮਾਨ=ਆਦਰ ਪਾਵੇਂਗਾ। ਜਿਨ੍ਹਾਂ ਨੇ ਨਾਮ ਜਪਿਆ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਹੋਏ ਪਰਾਨ=ਪਛਾਣ ਲੈ॥ ੧ ॥ ਰਹਾਉ ॥

ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥

ਹੇ ਮਨ ! ਧਿਆਨ ਲੱਗਾ ਕੇ ਹਰੀ ਨਾਮ ਸੁਨਣਾ ਕਰ।

ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ ॥

ਹੇ ਮਨ ! ਹਰੀ ਦੀ ਕੀਰਤੀ ਸੁਣ ਲੈ ਤਾਂ ਅਠਾਠ ਤੀਰਥਾਂ ਦੇ ਇਸ਼ਨਾਨ ਕਰਨ ਦਾ ਫਲ ਪ੍ਰਾਪਤ ਹੋਵੇਗਾ।

ਸੁਨਿ ਮਨ ਗੁਰਮੁਖਿ ਪਾਵਹਿ ਮਾਨੁ ॥ ੧ ॥

ਹੇ ਮਨ ! ਗੁਰਾਂ ਦੁਆਰੇ ਨਾਮ ਨੂੰ ਸੁਣ ਲੈ ਤਾਂ ਲੋਕ ਪਰਲੋਕ ਵਿਚ ਮਾਨੁ=ਆਦਰ ਪਾਵੇਂਗਾ ॥ ੧ ॥

ਜਪਿ ਮਨ ਪਰਮੇਸੁਰੁ ਪਰਧਾਨੁ ॥ ਖਿਨ ਖੋਵੈ ਪਾਪ ਕੋਟਾਨ ॥

ਹੇ ਮਨ ! ਪਰਮੇਸ਼ਰ ਨੂੰ ਜਪ ਤਾਂ ਸਭ ਤੋਂ ਪਰਧਾਨੁ=ਮੁਖੀ ਹੋ ਜਾਵੇਂਗਾ।

ਅਥਵਾ:-ਹੇ ਮਨ ! ਸਾਰਿਆਂ ਦਾ ਪ੍ਰਧਾਨ ਜੋ ਪਰਮੇਸ਼ਰ ਹੈ ਉਸ ਨੂੰ ਜਪ ।

ਉਹ ਤੇਰੇ ਕ੍ਰੋੜਾਂ ਪਾਪਾਂ ਨੂੰ ਇਕ ਖਿਣ ਵਿਚ ਨਾਸ ਕਰ ਦੇਵੇਗਾ।

ਮਿਲੁ ਨਾਨਕ ਹਰਿ ਭਗਵਾਨ ॥ ੨ ॥ ੧ ॥ ੭ ॥

ਗੁਰੂ ਜੀ ਕਥਨ ਕਰਦੇ ਹਨ— ਤਦ ਹਰ ਤਰ੍ਹਾਂ ਕਰਕੇ ਭਗਵਾਨ ਨਾਲ ਮਿਲ ਜਾਵੇਂਗਾ ॥ ੨ ॥ ੧ ॥ ੭ ॥

ਪ੍ਰਭਾਤੀ ਮਹਲਾ ੫ ਬਿਭਾਸ

ੴ ਸਤਿਗੁਰ ਪ੍ਰਸਾਦਿ ॥

ਮਨੁ ਹਰਿ ਕੀਆ ਤਨੁ ਸਭੁ ਸਾਜਿਆ ॥

ਜਿਸ ਹਰੀ ਨੇ ਮਨ ਨੂੰ ਪੈਦਾ ਕੀਤਾ ਹੈ, ਫੇਰ ਅੰਗਾਂ ਦੇ ਸਹਿਤ ਸਾਰੇ ਸਰੀਰ ਨੂੰ ਸਾਜਿਆ ਹੈ।

ਅਥਵਾ:-ਜਿਸ ਹਰੀ ਨੇ ਪਹਿਲੇ ਮਨ=ਸੂਖਮ ਸਰੀਰ ਕੀਤਾ ਹੈ ਫੇਰ ਸਾਰੇ ਅਸਥੂਲ ਸਰੀਰ ਨੂੰ ਸਾਜਿਆ ਹੈ। *ਅਥਵਾ:*-ਹੇ ਮਨ ! ਜਿਸ ਹਰੀ ਨੇ ਸਾਰੇ ਸਰੀਰ ਨੂੰ ਸਾਜਨਾ ਕੀਤਾ ਹੈ,

ਪ੍ਰਸ਼ਨ:-ਕਿਸ ਤਰ੍ਹਾਂ ਸਾਜਿਆ ਹੈ ? *ਉੱਤਰ:*-

ਪੰਚ ਤਤ ਰਚਿ ਜੋਤਿ ਨਿਵਾਜਿਆ ॥ ਸਿਹਜਾ ਧਰਤਿ ਬਰਤਨ ਕਉ ਪਾਨੀ ॥

ਪੰਜਾਂ ਤੱਤਾਂ ਦੁਆਰੇ ਸਰੀਰ ਨੂੰ ਰਚ ਕੇ ਵਿਚ ਆਪਣੀ ਜੋਤਿ=ਚੇਤਨ ਸੱਤਾ ਪਾ ਕੇ ਇਸ ਨੂੰ ਨਿਵਾਜਿਆ=ਵਡਿਆਇਆ ਹੈ। ਪੁਨਾ:-ਜਿਸ ਪਰਮਾਤਮਾ ਨੇ ਧਰਤੀ ਰੂਪ ਸੇਜਾ ਤੇ ਵਰਤਨ ਨੂੰ ਪਾਣੀ ਦਿੱਤਾ ਹੈ।

ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ ॥ ੧ ॥

ਉਸ ਨੂੰ ਇਕ ਨਿਮਖ ਮਾਤ੍ਰ ਭੀ ਭੁਲਾਵੇ ਨਾ, ਉਸ ਸਾਰਿਗ ਪਾਣੀ ਪਰਮਾਤਮਾ ਨੂੰ ਸੇਵਨਾ ਕਰੋ ॥ ੧ ॥

ਮਨ ਸਤਿਗੁਰੁ ਸੇਵਿ ਹੋਇ ਪਰਮਗਤੇ ॥

ਹੇ ਮਨ ! ਸਤਿਗੁਰਾਂ ਦੀ ਸੇਵਾ ਕਰ ਤਾਂ ਤੇਰੀ ਪਰਮਗਤੇ=ਕੇਵਲ ਮੁਕਤੀ ਹੋਵੇਗੀ।

ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ ॥ ੧ ॥ ਰਹਾਉ ॥

ਜਦ ਤੋਂ ਹਰਖ ਸੋਗ ਤੋਂ ਨਿਰਲੇਪ ਰਹੇਂਗਾ ਤਦ ਤੂੰ ਪ੍ਰਾਣ ਪਤੀ ਪਰਮਾਤਮਾ ਨੂੰ ਪਾ ਲਵੇਂਗਾ ॥ ੧ ॥ ਰਹਾਉ ॥

ਕਾਪੜ ਭੋਗ ਰਸ ਅਨਿਕ ਭੁੰਚਾਏ॥ ਮਾਤ ਪਿਤਾ ਕੁਟੰਬ ਸਗਲ ਬਨਾਏ॥

ਜਿਸ ਪਰਮੇਸ਼ਰ ਨੇ ਤੈਨੂੰ ਕਪੜੇ ਭੋਗ=ਭੋਜਨ ਆਦਿਕ ਅਨੇਕਾਂ ਰਸ ਭੁੰਚਾਏ=ਭੁਗਵਾਏ ਹਨ।

ਮਾਂ, ਪਿਉ ਪਰਵਾਰ ਆਦਿਕ ਸਾਰੇ ਸਨਬੰਧੀ ਬਣਾ ਦਿੱਤੇ ਹਨ।

ਰਿਜਕੁ ਸਮਾਹੇ ਜਲਿ ਥਲਿ ਮੀਤ॥ ਸੋ ਹਰਿ ਸੇਵਹੁ ਨੀਤਾ ਨੀਤ॥ ੨॥

ਹੇ ਮਿੱਤ੍ਰਾ ! ਜੋ ਪਰਮਾਤਮਾ ਜਲਾਂ ਵਿਚ ਥਲਾਂ ਵਿਚ ਜਿੰਨੇ ਕੁ ਜੀਆ ਜੰਤ ਹਨ ਉਹਨਾਂ ਸਾਰਿਆਂ ਨੂੰ ਰਿਜ਼ਕ ਸਮਾਹੇ=ਪਹੁੰਚਾਂਦਾ ਹੈ। ਉਸ ਹਰੀ ਨੂੰ ਨਿਤਾਪ੍ਰਤੀ (ਹਰ ਰੋਜ਼) ਚੇਤੇ ਕਰੋ॥ ੨॥

ਤਹਾ ਸਖਾਈ ਜਹ ਕੋਇ ਨ ਹੋਵੈ॥ ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ॥

ਜਿਥੇ ਕੋਈ ਸਹਾਇਕ ਨਹੀਂ ਹੁੰਦਾ ਉਥੇ ਉਹ ਪ੍ਰਭੂ ਸਹਾਈ ਹੁੰਦਾ ਹੈ।

ਅਤੇ ਇਕ ਖਿਨ ਵਿਚ ਕ੍ਰੋੜਾਂ ਅਪਰਾਧ=ਪਾਪਾਂ ਨੂੰ ਧੋ ਦੇਂਦਾ ਹੈ।

ਦਾਤਿ ਕਰੈ ਨਹੀ ਪਛੋਤਾਵੈ॥
ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ॥ ੩॥

ਜੋ ਸਾਰਿਆਂ ਨੂੰ ਦਾਤ ਦੇਣਾ ਕਰਦਾ ਹੈ, ਦਾਤ ਦੇ ਕੇ ਕਦੇ ਭੀ ਪਛਤਾਂਦਾ ਨਹੀਂ ਹੈ। ਜਿਸ ਨੂੰ ਇਕ ਵਾਰੀ ਬਖਸ਼ ਦੇਂਦਾ ਹੈ ਉਸ ਨੂੰ ਫਿਰ ਮੁੜ ਕੇ ਬੁਲਾਂਦਾ ਨਹੀਂ ਹੈ॥ ੩॥

[ਪੰਨਾ ੧੩੩੮]

ਕਿਰਤ ਸੰਜੋਗੀ ਪਾਇਆ ਭਾਲਿ॥
ਸਾਧਸੰਗਤਿ ਮਹਿ ਬਸੇ ਗੁਪਾਲ॥

ਪੂਰਬਲੇ ਕੀਤੇ ਹੋਏ ਕਰਮਾਂ ਦੇ ਸੰਜੋਗ ਕਰਕੇ ਪਰਮੇਸ਼ਰ ਨੂੰ ਭਾਲਿ=ਢੂੰਢ ਪਾਇਆ ਹੈ।

ਵਾ:-ਭਾਲਿ=ਮੱਥੇ ਦੇ ਸਰੇਸ਼ਟ ਕਰਮਾਂ ਦੇ ਸੰਜੋਗ ਕਰਕੇ ਪਰਮੇਸ਼ਰ ਨੂੰ ਪਾਇਆ ਹੈ। ਉਹ ਗੁਪਾਲ ਪ੍ਰਭੂ ਸਤਸੰਗਤ ਵਿਚ ਵਸ ਰਿਹਾ ਹੈ। ਉਸ ਅੱਗੇ ਇਸ ਤਰ੍ਹਾਂ ਬੇਨਤੀ ਕਰੋ:-

ਗੁਰ ਮਿਲਿ ਆਏ ਤੁਮਰੈ ਦੁਆਰ॥
ਜਨ ਨਾਨਕ ਦਰਸਨੁ ਦੇਹੁ ਮੁਰਾਰਿ॥ ੪॥ ੧॥

ਗੁਰੂ ਜੀ ਕਥਨ ਕਰਦੇ ਹਨ—ਹੇ ਮੁਰਾਰੀ ! ਗੁਰਾਂ ਨਾਲ ਮਿਲਕੇ ਆਪ ਜੀ ਦੇ ਸਤਸੰਗ ਦੁਆਰੇ 'ਪਰ ਆਏ ਹਾਂ ਆਪ ਮੈਂ ਸੇਵਕ ਜਨ ਨੂੰ ਦਰਸ਼ਨ ਦੇਣਾ ਕਰੋ॥ ੪॥ ੧॥

ਪ੍ਰਭਾਤੀ ਮਹਲਾ ੫॥

ਪ੍ਰਭ ਕੀ ਸੇਵਾ ਜਨ ਕੀ ਸੋਭਾ॥ ਕਾਮ ਕ੍ਰੋਧ ਮਿਟੇ ਤਿਸੁ ਲੋਭਾ॥

ਹੇ ਪ੍ਰਭੂ ! ਆਪ ਜੀ ਦੀ ਸੇਵਾ ਹੀ ਮੈਂ ਦਾਸ ਦੀ ਸ਼ੋਭਾ ਹੈ। ਉਸ ਸੇਵਾ ਕਰਕੇ ਕਾਮ, ਕ੍ਰੋਧ ਤੇ ਲੋਭ ਆਦਿਕ ਵਿਕਾਰ ਮਿੱਟ ਗਏ ਹਨ।

ਨਾਮੁ ਤੇਰਾ ਜਨ ਕੈ ਭੰਡਾਰਿ॥ ਗੁਨ ਗਾਵਹਿ ਪ੍ਰਭ ਦਰਸ ਪਿਆਰਿ॥ ੧॥

ਹੇ ਪ੍ਰਭੂ ! ਆਪ ਜੀ ਦਾ ਨਾਮ ਹੀ ਮੈਂ ਸੇਵਕ ਜਨ ਦਾ ਭੰਡਾਰਾ ਹੈ।

ਹੇ ਪ੍ਰਭੂ ! ਤੇਰੇ ਦਰਸ਼ਨ ਦੇ ਪਿਆਰੇ ਹੋ ਕੇ ਤੇਰੇ ਹੀ ਗੁਣਾਂ ਨੂੰ ਗਾਉਂਦੇ ਹਾਂ॥ ੧॥

ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ॥
ਕਾਟਿ ਜੇਵਰੀ ਜਨ ਲੀਏ ਛਡਾਈ॥ ੧॥ ਰਹਾਉ॥

ਹੇ ਪ੍ਰਭੂ ! ਤੁਹਾਡੀ ਜੋ ਭਗਤੀ ਹੈ ਉਹ ਤੁਸਾਂ ਨੇ ਆਪ ਹੀ ਜਣਾਈ ਹੈ। ਮੋਹ ਦੀ ਜੇਵਰੀ=ਰੱਸੀ ਕੱਟ ਕੇ ਤੁਸਾਂ ਨੇ ਦਾਸ ਨੂੰ ਛੁਡਾ ਲਿਆ ਹੈ॥ ੧॥ ਰਹਾਉ॥

ਜੋ ਜਨੁ ਰਾਤਾ ਪ੍ਰਭ ਕੈ ਰੰਗਿ॥ ਤਿਨਿ ਸੁਖੁ ਪਾਇਆ ਪ੍ਰਭ ਕੈ ਸੰਗਿ॥

ਜੇਹੜਾ ਪੁਰਸ਼ ਪ੍ਰਭੂ ਦੇ ਰੰਗ ਵਿਚ ਰੰਗਿਆ ਗਿਆ ਹੈ। ਓਸੇ ਨੇ ਪ੍ਰਭੂ ਦੇ ਸੰਗ ਹੋਣ ਦਾ ਸੁਖ ਪਾਇਆ ਹੈ।

ਜਿਸੁ ਰਸੁ ਆਇਆ ਸੋਈ ਜਾਨੈ॥ ਪੇਖਿ ਪੇਖਿ ਮਨ ਮਹਿ ਹੈਰਾਨੈ॥ ੨॥

ਜਿਸ ਨੂੰ ਨਾਮ ਦਾ ਰਸ ਆਇਆ ਹੈ ਓਹੀ ਉਸ ਪ੍ਰਭੂ ਦੇ ਆਨੰਦ ਨੂੰ ਜਾਣਦਾ ਹੈ। ਉਹ ਪ੍ਰਭੂ ਦੇ ਪ੍ਰਤਾਪ ਨੂੰ ਜਾਂ ਸਰੂਪ ਨੂੰ ਵੇਖ ਵੇਖ ਕੇ ਮਨ ਵਿਚ ਹੈਰਾਨ ਹੁੰਦਾ ਹੈ॥ ੨॥

ਸੋ ਸੁਖੀਆ ਸਭ ਤੇ ਊਤਮੁ ਸੋਇ॥ ਜਾ ਕੈ ਹ੍ਰਿਦੈ ਵਸਿਆ ਪ੍ਰਭੁ ਸੋਇ॥

ਉਹ ਪੁਰਸ਼ ਸੁਖੀ ਅਤੇ ਸਾਰਿਆਂ ਤੋਂ ਉੱਤਮ ਹੁੰਦਾ ਹੈ। ਜਿਸ ਦੇ ਹਿਰਦੇ ਵਿਚ ਉਹ ਪ੍ਰਭੂ ਆਪ ਆ ਕੇ ਵਸਿਆ ਹੈ।

ਸੋਈ ਨਿਹਚਲੁ ਆਵੈ ਨ ਜਾਇ॥
ਅਨਦਿਨੁ ਪ੍ਰਭ ਕੇ ਹਰਿ ਗੁਣ ਗਾਇ॥ ੩॥

ਓਹੀ ਪੁਰਸ਼ ਨਿਹਚਲੁ=ਅਚੱਲ ਹੈ, ਆਵੈ ਨ ਜਾਇ=ਜੰਮਦਾ ਮਰਦਾ ਨਹੀਂ ਹੈ। ਜੋ ਰਾਤ ਦਿਨ ਹਰੀ ਪ੍ਰਭੂ ਦੇ ਗੁਣ ਗਾਉਂਦਾ ਹੈ॥ ੩॥

ਤਾ ਕਉ ਕਰਹੁ ਸਗਲ ਨਮਸਕਾਰੁ॥ ਜਾ ਕੈ ਮਨਿ ਪੂਰਨੁ ਨਿਰੰਕਾਰੁ॥

ਉਸ ਗੁਰਮੁਖ ਨੂੰ ਸਾਰੇ ਜਨੇ ਨਮਸ਼ਕਾਰ ਕਰੋ। ਜਿਸ ਦੇ ਮਨ ਵਿਚ ਨਿਰੰਕਾਰ ਵਾਹਿਗੁਰੂ ਪੂਰਨ ਹੈ।

ਕਰਿ ਕਿਰਪਾ ਮੋਹਿ ਠਾਕੁਰ ਦੇਵਾ॥ ਨਾਨਕੁ ਉਧਰੈ ਜਨ ਕੀ ਸੇਵਾ॥ ੪॥ ੨॥

ਗੁਰੂ ਜੀ ਕਥਨ ਕਰਦੇ ਹਨ—ਹੇ ਦੇਵਾ=ਪ੍ਰਕਾਸ਼ ਰੂਪ ਠਾਕੁਰ ਮੇਰੇ 'ਪਰ ਕ੍ਰਿਪਾ ਕਰ।

ਤਾਂ ਕਿ ਮੈਂ ਸੰਤ ਜਨਾਂ ਦੀ ਸੇਵਾ ਕਰਕੇ ਤਰ ਜਾਵਾਂ ॥ ੪॥ ੨॥

ਪ੍ਰਭਾਤੀ ਮਹਲਾ ੫॥

ਗੁਨ ਗਾਵਤ ਮਨਿ ਹੋਇ ਅਨੰਦ॥

ਜਿਸ ਪਰਮਾਤਮਾ ਦੇ ਗੁਣ ਗਾਉਂਦਿਆਂ ਮਨ ਵਿਚ ਅਨੰਦ ਹੁੰਦਾ ਹੈ।

ਆਠ ਪਹਰ ਸਿਮਰਉ ਭਗਵੰਤ ॥

ਉਸ ਭਗਵੰਤ ਨੂੰ ਅੱਠੇ ਪਹਿਰ ਸਿਮਰਨਾ ਕਰੋ।

ਜਾ ਕੈ ਸਿਮਰਨਿ ਕਲਮਲ ਜਾਹਿ ॥ ਤਿਸੁ ਗੁਰ ਕੀ ਹਮ ਚਰਨੀ ਪਾਹਿ ॥ ੧ ॥

ਜਿਸ ਗੁਰੂ ਦੇ ਸਿਮਰਨ ਕਰਨ ਨਾਲ ਸਾਰੇ ਕਲਮਲ=ਪਾਪ ਨਾਸ ਹੋ ਜਾਂਦੇ ਹਨ।

ਅਸੀਂ ਉਸ ਗੁਰੂ ਦੀ ਚਰਨੀਂ ਪਾਹਿ=ਪੈਂਦੇ ਹਾਂ ॥ ੧ ॥

ਸੁਮਤਿ ਦੇਵਹੁ ਸੰਤ ਪਿਆਰੇ ॥
ਸਿਮਰਉ ਨਾਮੁ ਮੋਹਿ ਨਿਸਤਾਰੇ ॥ ੧ ॥ ਰਹਾਉ ॥

ਹੇ ਹਰੀ ਦੇ ਪਿਆਰੇ ਸੰਤੋ ! ਮੈਨੂੰ ਸ਼ੁਭ ਮਤ ਦੇਣਾ ਕਰੋ, ਤਾਂ ਕਿ ਨਾਮ ਨੂੰ ਸਿਮਰਨਾ ਕਰਾਂ, ਜੋ ਮੈਨੂੰ ਸੰਸਾਰ ਸਮੁੰਦਰ ਤੋਂ ਨਿਸਤਾਰੇ=ਤਾਰੇਗਾ ॥ ੧ ॥ ਰਹਾਉ ॥

ਜਿਨਿ ਗੁਰਿ ਕਹਿਆ ਮਾਰਗੁ ਸੀਧਾ ॥ ਸਗਲ ਤਿਆਗਿ ਨਾਮਿ ਹਰਿ ਗੀਧਾ ॥

ਜਿਸ ਗੁਰੂ ਨੇ ਪਰਮੇਸ਼ਰ ਦੀ ਪ੍ਰਾਪਤੀ ਦਾ ਸਿਧਾ ਰਸਤਾ ਮੈਨੂੰ ਦੱਸਿਆ ਹੈ। ਅਤੇ-

ਜਿਸ ਗੁਰੂ ਦੀ ਕ੍ਰਿਪਾ ਨਾਲ ਸਭ ਪਦਾਰਥਾਂ ਨੂੰ ਤਿਆਗ ਕੇ ਸਾਡਾ ਮਨ ਹਰੀ ਨਾਮ ਵਿਚ ਗੀਧਾ=ਗਿਝ ਗਿਆ, ਅਰਥਾਤ ਤਦਾਕਾਰ ਹੋ ਗਿਆ ਹੈ।

ਤਿਸੁ ਗੁਰ ਕੈ ਸਦਾ ਬਲਿ ਜਾਈਐ ॥
ਹਰਿ ਸਿਮਰਨੁ ਜਿਸੁ ਗੁਰ ਤੇ ਪਾਈਐ ॥ ੨ ॥

ਉਸ ਗੁਰੂ ਤੋਂ ਸਦਾ ਬਲਿਹਾਰ ਜਾਣਾ ਕਰ। ਜਿਸ ਗੁਰੂ ਤੋਂ ਹਰੀ ਦਾ ਸਿਮਰਨ ਕਰਨਾ ਪਾਈਦਾ ਹੈ ॥ ੨ ॥

ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥
ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥

ਜਿਸ ਗੁਰੂ ਨੇ ਡੁੱਬਦੇ ਜੀਵ ਨੂੰ ਨਾਮ ਸਿਮਰਨ ਨਾਲ ਤਰਾ ਲਿਆ ਹੈ। ਜਿਸ ਗੁਰੂ ਦੀ ਪ੍ਰਸਾਦਿ=ਕਿਰਪਾ ਕਰਕੇ ਹੁਣ ਮਾਇਆ ਨਹੀਂ ਮੋਹ ਸਕਦੀ, ਵਾ:-ਠੱਗ ਨਹੀਂ ਸਕਦੀ।

ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥

ਜਿਸ ਗੁਰੂ ਨੇ ਮੇਰਾ ਹਲਤੁ ਪਲਤੁ=ਲੋਕ ਪਰਲੋਕ ਸਵਾਰ ਦਿੱਤਾ ਹੈ।

ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥ ੩ ॥

ਉਸ ਗੁਰੂ ਦੇ ਉਪਰੋ ਹਉ=ਮੈਂ ਸਦਾ ਹੀ ਵਾਰਨੇ ਜਾਂਦਾ ਹਾਂ ॥ ੩ ॥

ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥

ਮਹਾ ਮੁਗਧ=ਬੜੇ ਮੂਰਖ ਤੋਂ ਜਿਸ ਗੁਰੂ ਨੇ ਮੈਨੂੰ ਗਿਆਨਵਾਨ ਕੀਤਾ ਹੈ। ਉਸ ਪੂਰਿਆਂ ਗੁਰਾਂ ਦੀ ਕਹਾਣੀ ਅਕਥ=ਕਥਨ ਤੋਂ ਬਾਹਰ ਹੈ।

ਪਾਰਬ੍ਰਹਮ ਨਾਨਕ ਗੁਰਦੇਵ ॥
ਵਡੈ ਭਾਗਿ ਪਾਈਐ ਹਰਿ ਸੇਵ ॥ ੪ ॥ ੩ ॥

ਗੁਰੂ ਜੀ ਕਥਨ ਕਰਦੇ ਹਨ—ਅਜੇਹੇ ਪਰਉਪਕਾਰੀ ਗੁਰੂ ਪਾਰਬ੍ਰਹਮ ਦਾ ਸਰੂਪ ਹਨ। ਹਰੀ ਦੀ ਸੇਵਾ ਕਰਨੀ ਵੱਡਿਆਂ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।

ਅਥਵਾ:-ਹਰੀ ਸਰੂਪ ਪੂਰਿਆਂ ਗੁਰਾਂ ਦੀ ਸੇਵਾ ਕਰਨੀ ਵੱਡਿਆਂ ਭਾਗਾਂ ਨਾਲ ਪਾਈਦੀ ਹੈ॥ ੪ ॥ ੩ ॥

ਪ੍ਰਭਾਤੀ ਮਹਲਾ ੫ ॥
ਸਗਲੇ ਦੂਖ ਮਿਟੇ ਸੁਖ ਦੀਏ ਅਪਨਾ ਨਾਮੁ ਜਪਾਇਆ ॥

ਜਿਸ ਵੇਲੇ ਪ੍ਰਭੂ ਨੇ ਸਾਡੇ ਪਾਸੋਂ ਆਪਣਾ ਨਾਮ ਜਪਵਾਇਆ, ਤਾਂ ਸਾਰੇ ਦੁੱਖ ਮਿੱਟ ਗਏ ਤੇ ਸੰਪੂਰਨ ਸੁਖ ਪ੍ਰਾਪਤ ਕਰ ਦਿੱਤੇ।

ਕਰਿ ਕਿਰਪਾ ਅਪਨੀ ਸੇਵਾ ਲਾਏ ਸਗਲਾ ਦੁਰਤੁ ਮਿਟਾਇਆ ॥ ੧ ॥

ਜਿਸ ਵੇਲੇ ਪ੍ਰਭੂ ਨੇ ਕ੍ਰਿਪਾ ਕਰਕੇ ਆਪਣੀ ਸੇਵਾ ਵਿਚ ਲਗਾਇਆ, ਤਾਂ ਦੁਰਤੁ=ਪਾਪਾਂ ਦਾ ਸਾਰਾ ਸਮਦਾ ਮਿਟਾ ਦਿੱਤਾ॥ ੧ ॥

ਹਮ ਬਾਰਿਕ ਸਰਨਿ ਪ੍ਰਭ ਦਇਆਲ ॥

ਅਸੀਂ ਬਾਲਕੇ ਦਿਆਲੂ ਸੁਭਾਅ ਵਾਲੇ ਪ੍ਰਭੂ ਦੀ ਸ਼ਰਨ ਵਿਚ ਆਏ ਹਾਂ।

ਅਵਗਣ ਕਾਟਿ ਕੀਏ ਪ੍ਰਭਿ ਅਪੁਨੇ
ਰਾਖਿ ਲੀਏ ਮੇਰੈ ਗੁਰ ਗੋਪਾਲਿ ॥ ੧ ॥ ਰਹਾਉ ॥

ਮੇਰੇ ਔਗੁਣ ਕੱਟ ਕੇ ਪ੍ਰਭੂ ਨੇ ਆਪਣਾ ਦਾਸ ਕਰ ਲਿਆ ਹੈ, ਗੋਪਾਲ ਰੂਪ ਮੇਰੇ ਗੁਰਾਂ ਨੇ ਮੈਨੂੰ ਰੱਖ ਲੀਤਾ ਹੈ॥ ੧ ॥ ਰਹਾਉ ॥

ਤਾਪ ਪਾਪ ਬਿਨਸੇ ਖਿਨ ਭੀਤਰਿ ਭਏ ਕ੍ਰਿਪਾਲ ਗੁਸਾਈ ॥

ਗੁਸਾਂਈ ਜੀ ਕਿਰਪਾਲੂ ਹੋਏ ਹਨ, ਇਸ ਲਈ ਇਕ ਖਿਨ ਦੇ ਵਿਚ ਹੀ ਤਿੰਨੇ ਤਾਪ ਅਤੇ ਸਾਰੇ ਪਾਪ ਬਿਨਸ ਗਏ ਹਨ।

ਸਾਸਿ ਸਾਸਿ ਪਾਰਬ੍ਰਹਮੁ ਅਰਾਧੀ ਅਪੁਨੇ ਸਤਿਗੁਰ ਕੈ ਬਲਿ ਜਾਈ ॥ ੨ ॥

ਅੰਦਰ ਬਾਹਰ ਸ੍ਵਾਸ ਆਉਂਦਿਆਂ ਜਾਂਦਿਆਂ ਪਾਰਬ੍ਰਹਮ ਨੂੰ ਅਰਾਧਦਾ ਹਾਂ, ਅਤੇ—
ਆਪਣਿਆਂ ਸਤਿਗੁਰਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨ ॥

ਅਗਮ ਅਗੋਚਰੁ ਬਿਅੰਤੁ ਸੁਆਮੀ ਤਾ ਕਾ ਅੰਤੁ ਨ ਪਾਈਐ ॥

ਜੋ ਸੁਆਮੀ ਮਨ ਕਰਕੇ ਅਗਮ ਤੇ ਇੰਦਰੀਆਂ ਕਰਕੇ ਅਗੋਚਰ ਹੈ ਬਿਅੰਤ ਗੁਣਾਂ ਸਪੰਨ ਹੈ ਉਸ ਸੁਆਮੀ ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾਂਦਾ।

ਲਾਹਾ ਖਾਟਿ ਹੋਈਐ ਧਨਵੰਤਾ ਅਪੁਨਾ ਪ੍ਰਭੂ ਧਿਆਈਐ ॥ ੩ ॥

ਆਪਣੇ ਪ੍ਰਭੂ ਨੂੰ ਧਿਆਉਣਾ ਕਰੀਏ ਤਾਂ ਨਾਮ ਦਾ ਲਾਭ ਖੱਟ ਕੇ ਆਤਮ ਧਨਵੰਤਾ=ਧਨ ਵਾਲੇ ਧਨਾਢ ਹੋਈਦਾ ਹੈ॥ ੩ ॥

[ਪੰਨਾ ੧੩੩੯]

ਆਠ ਪਹਰ ਪਾਰਬ੍ਰਹਮੁ ਧਿਆਈ ਸਦਾ ਸਦਾ ਗੁਨ ਗਾਇਆ ॥

ਮੈਂ ਅੱਠੇ ਪਹਿਰ ਪਾਰਬ੍ਰਹਮ ਨੂੰ ਧਿਆਉਂਦਾ ਹਾਂ ਅਤੇ ਸਦਾ ਸਦਾ ਉਸ ਦੇ ਗੁਣਾਂ ਨੂੰ ਗਾਉਂਦਾ ਹਾਂ।

ਅਥਵਾ:-ਸਦਾ=ਨਿੱਤ ਰੂਪ ਪਰਮਾਤਮਾ ਦੇ ਗੁਣਾਂ ਨੂੰ ਸਦਾ ਹੀ ਗਾਉਂਦਾ ਹਾਂ।

ਕਹੁ ਨਾਨਕ ਮੇਰੇ ਪੂਰੇ ਮਨੋਰਥ ਪਾਰਬ੍ਰਹਮੁ ਗੁਰੁ ਪਾਇਆ ॥ ੪ ॥ ੪ ॥

ਗੁਰੂ ਜੀ ਕਥਨ ਕਰਦੇ ਹਨ—ਪਾਰਬ੍ਰਹਮ ਸਰੂਪ ਗੁਰਾਂ ਨੂੰ ਮੈਂ ਪਾਇਆ ਹੈ, ਇਸ ਲਈ ਮੇਰੇ ਸਾਰੇ ਮਨੋਰਥ= ਸੰਕਲਪ ਪੂਰੇ ਹੋ ਗਏ ਹਨ॥ ੪ ॥ ੪ ॥

ਪ੍ਰਭਾਤੀ ਮਹਲਾ ੫ ॥

ਸਿਮਰਤ ਨਾਮੁ ਕਿਲਬਿਖ ਸਭਿ ਨਾਸੇ ॥

ਸਤਿਨਾਮੁ ਸਿਮਰਦਿਆਂ ਸਿਮਰਦਿਆਂ ਉਹਨਾਂ ਦੇ ਸਾਰੇ ਕਿਲਬਿਖ=ਪਾਪ ਨਸ ਗਏ ਹਨ।

ਸਚੁ ਨਾਮੁ ਗੁਰਿ ਦੀਨੀ ਰਾਸੇ ॥

ਜਿਨ੍ਹਾਂ ਨੂੰ ਗੁਰਾਂ ਨੇ ਸੱਚ ਨਾਮ ਰੂਪੀ ਰਾਸੇ=ਪੂੰਜੀ ਦਿੱਤੀ ਹੈ।

ਅਥਵਾ:-ਸੱਚ ਨਾਮ ਦੀ ਸ਼ਰਧਾ ਰੂਪ ਰਾਸੇ=ਪੂੰਜੀ ਦਿੱਤੀ ਹੈ।

ਪ੍ਰਭ ਕੀ ਦਰਗਹ ਸੋਭਾਵੰਤੇ ॥ ਸੇਵਕ ਸੇਵਿ ਸਦਾ ਸੋਹੰਤੇ ॥ ੧ ॥

ਉਹ ਪ੍ਰਭੂ ਦੀ ਦਰਗਾਹ ਵਿਚ ਸਦਾ ਸ਼ੋਭਾ ਵਾਲੇ ਹੋਏ ਹਨ। ਜੋ ਸੇਵਕ ਹੋ ਕੇ ਸਦਾ ਸੇਵਾ ਕਰਦੇ ਹੀ ਸੋਹੰਤੇ=ਸ਼ੋਭਦੇ ਹਨ॥ ੧ ॥

ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥

ਹੇ ਮੇਰੇ ਭਾਈ ਜਨੋ ! ਤੁਸੀਂ ਹਰਿ ਹਰਿ ਨਾਮ ਨੂੰ ਜਪਣਾ ਕਰੋ।

ਸਗਲੇ ਰੋਗ ਦੋਖ ਸਭਿ ਬਿਨਸਹਿ
ਅਗਿਆਨੁ ਅੰਧੇਰਾ ਮਨ ਤੇ ਜਾਈ ॥ ੧ ॥ ਰਹਾਉ ॥

ਤਾਂ ਤੁਹਾਡੇ ਸਾਰੇ ਰੋਗ ਅਤੇ ਸਾਰੇ ਦੋਸ਼ ਨਾਸ ਹੋ ਜਾਣਗੇ ਅਤੇ ਮਨ ਵਿਚੋਂ ਅਗਿਆਨ ਰੂਪ ਹਨੇਰਾ ਮਿਟ ਜਾਵੇਗਾ॥ ੧ ॥ ਰਹਾਉ ॥

ਜਨਮ ਮਰਨ ਗੁਰਿ ਰਾਖੇ ਮੀਤ ॥ ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ ॥

ਗੁਰੂ ਮਿੱਤ੍ਰ ਨੇ ਜਨਮ ਮਰਨ ਵਲੋਂ ਰੱਖ ਲੀਤਾ ਹੈ। ਗੁਰ ਕ੍ਰਿਪਾ ਕਰਕੇ ਹਰੀ ਦੇ ਨਾਮ ਨਾਲ ਸਾਡੀ ਪ੍ਰੀਤੀ ਲੱਗ ਗਈ ਹੈ।

ਕੋਟਿ ਜਨਮ ਕੇ ਗਏ ਕਲੇਸ ॥ ਜੋ ਤਿਸੁ ਭਾਵੈ ਸੋ ਭਲ ਹੋਸ ॥ ੨ ॥

ਕ੍ਰੋੜਾਂ ਜਨਮਾਂ ਦੇ ਕਲੇਸ਼ ਮਿਟ ਗਏ ਹਨ। ਜੋ ਉਸ ਦੇ ਭਾਵੈ=ਭਾਣੇ ਵਿਚ ਹੋਸ=ਹੋਇਆ ਹੈ ਉਸ ਨੂੰ ਭਲਾ ਕਰਕੇ ਜਾਣਿਆ ਹੈ॥ ੨ ॥

ਤਿਸੁ ਗੁਰ ਕਉ ਹਉ ਸਦ ਬਲਿ ਜਾਈ ॥ ਜਿਸੁ ਪ੍ਰਸਾਦਿ ਹਰਿ ਨਾਮੁ ਧਿਆਈ ॥

ਉਸ ਗੁਰੂ ਤੋਂ ਹਉ=ਮੈਂ ਸਦਾ ਬਲਿਹਾਰ ਜਾਂਦਾ ਹਾਂ। ਜਿਸ ਗੁਰੂ ਦੀ ਪ੍ਰਸਾਦਿ=ਕ੍ਰਿਪਾ ਨਾਲ ਮੈਂ ਹਰੀ ਨਾਮ ਨੂੰ ਧਿਆਉਂਦਾ ਹਾਂ।

ਐਸਾ ਗੁਰੁ ਪਾਈਐ ਵਡਭਾਗੀ ॥ ਜਿਸੁ ਮਿਲਤੇ ਰਾਮ ਲਿਵ ਲਾਗੀ ॥ ੩ ॥

ਅਜੇਹਾ ਗੁਰੂ ਵੱਡਿਆਂ ਭਾਗਾਂ ਨਾਲ ਪਾਈਦਾ ਹੈ। ਜਿਸ ਗੁਰੂ ਨੂੰ ਮਿਲਦਿਆਂ ਰਾਮ ਵਿਚ ਲਿਵ ਲੱਗ ਜਾਂਦੀ ਹੈ॥ ੩ ॥

ਕਰਿ ਕਿਰਪਾ ਪਾਰਬ੍ਰਹਮ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥

ਹੇ ਪਾਰਬ੍ਰਹਮ ਸੁਆਮੀ ! ਕ੍ਰਿਪਾ ਦ੍ਰਿਸ਼ਟੀ ਕਰ। ਤੂੰ ਹੀ ਸਾਰਿਆਂ ਦਿਲਾਂ ਦੇ ਅੰਦਰ ਦੀ ਗੱਲ ਜਾਣਦਾ ਹੈਂ।

ਆਠ ਪਹਰ ਅਪੁਨੀ ਲਿਵ ਲਾਇ ॥
ਜਨੁ ਨਾਨਕੁ ਪ੍ਰਭ ਕੀ ਸਰਨਾਇ ॥ ੪ ॥ ੫ ॥

ਗੁਰੂ ਜੀ ਕਥਨ ਕਰਦੇ ਹਨ—ਹੇ ਪ੍ਰਭੂ ! ਮੈਂ ਸੇਵਕ ਜਨ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਮੈਨੂੰ ਅੱਠੇ ਪਹਿਰ ਆਪਣੀ ਲਿਵ ਵਿਚ ਲਗਾਈ ਰੱਖ॥ ੪ ॥ ੫ ॥

ਪ੍ਰਭਾਤੀ ਮਹਲਾ ੫ ॥
ਕਰਿ ਕਿਰਪਾ ਅਪੁਨੇ ਪ੍ਰਭਿ ਕੀਏ ॥

ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਸਾਨੂੰ ਆਪਣੇ ਦਾਸ ਕਰ ਲਿਆ ਹੈ।

ਹਰਿ ਕਾ ਨਾਮੁ ਜਪਨ ਕਉ ਦੀਏ ॥

ਅਤੇ ਜਪਣੇ ਨੂੰ ਹਰੀ ਦਾ ਨਾਮ ਦੇ ਦਿੱਤਾ ਹੈ।

ਆਠ ਪਹਰ ਗੁਨ ਗਾਇ ਗੁਬਿੰਦ ॥ ਭੈ ਬਿਨਸੇ ਉਤਰੀ ਸਭ ਚਿੰਦ ॥ ੧ ॥

ਅੱਠੇ ਪਹਿਰ ਗੋਬਿੰਦ ਦੇ ਗੁਣ ਗਾਉਣ ਕਰਕੇ, ਡਰ ਬਿਨਸ ਗਏ ਹਨ ਤੇ ਸਾਰੀ ਚਿੰਦ=ਚਿੰਤਾ ਉਤਰ ਗਈ ਹੈ॥ ੧ ॥

ਉਬਰੇ ਸਤਿਗੁਰ ਚਰਨੀ ਲਾਗਿ ॥

ਸਤਿਗੁਰਾਂ ਦੀ ਚਰਨੀਂ ਲੱਗ ਕੇ ਦੁੱਖਾਂ ਤੋਂ ਉਬਰੇ=ਬਚ ਗਏ ਹਾਂ।

*ਅਥਵਾ:-*ਸੰਸਾਰ ਸਮੁੰਦਰ ਤੋਂ ਉਬਰੇ=ਤਰ ਗਏ ਹਾਂ।

ਜੋ ਗੁਰੁ ਕਹੈ ਸੋਈ ਭਲ ਮੀਠਾ ਮਨ ਕੀ ਮਤਿ ਤਿਆਗਿ ॥ ੧ ॥ ਰਹਾਉ ॥

ਗੁਰੂ ਜੋ ਕੁਝ ਭੀ ਰਹਿੰਦਾ ਹੈ ਉਸ ਨੂੰ ਭਲ=ਚੰਗਾ ਤੇ ਮਿੱਠਾ ਕਰਕੇ ਮੰਨਿਆਂ ਹੈ ਅਤੇ ਮਨ ਦੀ ਮਤ ਨੂੰ ਤਿਆਗ ਦਿੱਤਾ ਹੈ॥ ੧ ॥ ਰਹਾਉ ॥

ਮਨਿ ਤਨਿ ਵਸਿਆ ਹਰਿ ਪ੍ਰਭੁ ਸੋਈ ॥ ਕਲਿ ਕਲੇਸ ਕਿਛੁ ਬਿਘਨੁ ਨ ਹੋਈ ॥

ਸਾਡੇ ਮਨ ਤਨ ਵਿਚ ਉਹ ਹਰੀ ਪ੍ਰਭੂ ਵਸਿਆ ਹੈ। ਇਸ ਲਈ ਸਾਨੂੰ ਕਲਜੁਗ ਦੇ ਕਲੇਸ਼ ਅਤੇ ਕੁਝ ਵਿਘਨ ਨਹੀਂ ਹੁੰਦਾ .।

ਸਦਾ ਸਦਾ ਪ੍ਰਭੁ ਜੀਅ ਕੈ ਸੰਗਿ ॥ ਉਤਰੀ ਮੈਲੁ ਨਾਮ ਕੈ ਰੰਗਿ ॥ ੨ ॥

ਉਹ ਸਦਾ=ਨਿੱਤ ਸਰੂਪ ਪ੍ਰਭੂ ਸਦਾ ਜੀਵ ਦੇ ਅੰਗ-ਸੰਗ ਵਸਦਾ ਹੈ ਉਸ ਦੇ ਨਾਮ ਵਿਚ ਪ੍ਰੇਮ ਕਰਨ ਨਾਲ ਮਨ ਤੋਂ ਪਾਪਾਂ ਦੀ ਮੈਲ ਉਤਰ ਗਈ ਹੈ॥ ੨ ॥

ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥

ਉਸ ਦੇ ਚਰਨ ਕਮਲਾਂ ਨਾਲ ਮਨ ਦਾ ਪਿਆਰ ਲੱਗ ਗਿਆ ਹੈ। ਇਸ ਲਈ ਮਨ ਵਿਚੋਂ ਕਾਮ, ਕ੍ਰੋਧ, ਹੰਕਾਰ ਆਦਿਕ ਵਿਕਾਰ ਬਿਨਸ ਗਏ ਹਨ।

ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥
ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥ ੩ ॥

ਪ੍ਰਭੂ ਨਾਲ ਮਿਲਣ ਦਾ ਰਸਤਾ ਜਾਣ ਲਿਆ ਹੈ। ਇਸ ਲਈ ਹਰੀ ਦੀ ਪ੍ਰੇਮਾ ਭਗਤੀ ਨਾਲ ਮਨ ਮੰਨਿਆ ਗਿਆ ਹੈ॥ ੩ ॥

ਸੁਣਿ ਸਜਣ ਸੰਤ ਮੀਤ ਸੁਹੇਲੇ ॥ ਨਾਮੁ ਰਤਨੁ ਹਰਿ ਅਗਹ ਅਤੋਲੇ ॥

ਹੇ ਸੱਜਣ ਸੰਤੋ ! ਤੇ ਸੁਹੇਲੇ=ਸੁਖਦਾਇਕ ਮਿੱਤਰੋ ਸੁਣੋ। ਅਗਹ=ਅਪਕੜ ਹਰੀ ਦਾ ਨਾਮ ਰਤਨਾਂ ਵਾਂਗੂ ਅਮੋਲਕ ਤੇ ਅਤੋਲ ਹੈ।

ਸਦਾ ਸਦਾ ਪ੍ਰਭੁ ਗੁਣ ਨਿਧਿ ਗਾਈਐ ॥
ਕਹੁ ਨਾਨਕ ਵਡਭਾਗੀ ਪਾਈਐ ॥ ੪ ॥ ੬ ॥

ਗੁਰੂ ਜੀ ਕਥਨ ਕਰਦੇ ਹਨ—ਸ਼ੁਭ ਗੁਣਾਂ ਦੀ ਨਿਧੀ ਰੂਪ ਪ੍ਰਭੂ ਦੇ ਜਸ ਨੂੰ ਸਦਾ ਸਦਾ ਗਾਉਣਾ ਕਰੀਏ। ਪਰ ਉਸ ਦੇ ਗੁਣਾਂ ਦਾ ਗਾਉਣਾ ਵੱਡਿਆਂ ਭਾਗਾਂ ਕਰਕੇ ਪ੍ਰਾਪਤ ਹੁੰਦਾ ਹੈ॥ ੪ ॥ ੬ ॥

ਪ੍ਰਭਾਤੀ ਮਹਲਾ ੫ ॥

ਸੇ ਧਨਵੰਤ ਸੇਈ ਸਚੁ ਸਾਹਾ ॥ ਹਰਿ ਕੀ ਦਰਗਹ ਨਾਮੁ ਵਿਸਾਹਾ ॥ ੧ ॥

ਉਹ ਧਨ ਵਾਲਾ ਧਨਾਢ ਹੈ, ਓਹੀ ਸੱਚਾ ਸ਼ਾਹ ਹੈ। ਜਿਸ ਨੇ ਹਰੀ ਦੀ ਸਤਸੰਗ ਦਰਗਾਹ ਵਿਚ ਜਾ ਕੇ ਨਾਮ ਨੂੰ ਵਿਸਾਹਾ=ਖਰੀਦਿਆ ਹੈ॥ ੧ ॥

ਹਰਿ ਹਰਿ ਨਾਮੁ ਜਪਹੁ ਮਨ ਮੀਤ॥

ਹੇ ਮਨ ਦੇ ਪਿਆਰੇ ਮਿੱਤਰੋ ! ਤੁਸੀਂ ਹਰਿ ਹਰਿ ਨਾਮ ਨੂੰ ਜਪਣਾ ਕਰੋ।

ਗੁਰੁ ਪੂਰਾ ਪਾਈਐ ਵਡਭਾਗੀ ਨਿਰਮਲ ਪੂਰਨ ਰੀਤਿ॥ ੧॥ ਰਹਾਉ॥

ਪੂਰਾ ਗੁਰੂ ਵੱਡਿਆਂ ਭਾਗਾਂ ਕਰਕੇ ਪਾਈਏ ਤਾਂ ਹੀ ਨਿਰਮਲ ਅਤੇ ਪੂਰਨ ਰੀਤੀ ਪ੍ਰਾਪਤ ਹੁੰਦੀ ਹੈ।

ਅਥਵਾ:-ਵੱਡਿਆਂ ਭਾਗਾ ਕਰਕੇ ਪੂਰਿਆਂ ਗੁਰਾਂ ਤੋਂ ਜੇਹੜਾ ਨਾਮ ਪਾਉਣਾ ਹੈ ਪੂਰਨ=ਪਰਮਾਤਮਾ ਨਾਲ ਮਿਲਣ ਦੀ ਏਹੋ ਨਿਰਮਲ ਰੀਤੀ ਹੈ॥ ੧॥ ਰਹਾਉ॥

ਪਾਇਆ ਲਾਭੁ ਵਜੀ ਵਾਧਾਈ॥
ਸੰਤ ਪ੍ਰਸਾਦਿ ਹਰਿ ਕੇ ਗੁਨ ਗਾਈ॥ ੨॥

ਜਿਨ੍ਹਾਂ ਨੇ ਨਾਮ ਦਾ ਲਾਭ ਪਾਇਆ ਹੈ ਉਹਨਾਂ ਨੂੰ ਆਨੰਦ ਦੀ ਵਧਾਈ ਵਜੀ ਹੈ।

ਸੰਤਾਂ ਦੀ ਪ੍ਰਸਾਦਿ=ਕ੍ਰਿਪਾ ਨਾਲ ਹੀ ਹਰੀ ਦੇ ਗੁਣ ਗੈਣ ਕੀਤੇ ਜਾਂਦੇ ਹਨ॥ ੨॥

ਸਫਲ ਜਨਮੁ ਜੀਵਨ ਪਰਵਾਣੁ॥ ਗੁਰ ਪਰਸਾਦੀ ਹਰਿ ਰੰਗੁ ਮਾਣੁ॥ ੩॥

ਉਸ ਦਾ ਜਨਮ ਸਫਲ ਹੈ ਤੇ ਜੀਊਣਾ ਭੀ ਪ੍ਰਮਾਣੀਕ ਹੈ। ਜਿਸ ਨੇ ਗੁਰਾਂ ਦੀ ਕ੍ਰਿਪਾ ਨਾਲ ਹਰੀ ਦੇ ਰੰਗੁ=ਆਨੰਦ ਨੂੰ ਮਾਣਿਆ ਹੈ॥ ੩॥

ਬਿਨਸੇ ਕਾਮ ਕ੍ਰੋਧ ਅਹੰਕਾਰ॥
ਨਾਨਕ ਗੁਰਮੁਖਿ ਉਤਰਹਿ ਪਾਰਿ॥ ੪॥ ੭॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਦੇ ਅੰਦਰੋਂ ਕਾਮ, ਕ੍ਰੋਧ, ਹੰਕਾਰ ਆਦਿਕ ਬਿਨਸ ਗਏ ਹਨ। ਇਸ ਲਈ ਉਹ ਗੁਰਮੁਖ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਨ॥ ੪॥ ੭॥

ਪ੍ਰਭਾਤੀ ਮਹਲਾ ੫॥
ਗੁਰੁ ਪੂਰਾ ਪੂਰੀ ਤਾ ਕੀ ਕਲਾ॥

ਜੋ ਗੁਰੂ ਪੂਰਾ ਹੈ ਉਸ ਦੀ ਕਲਾ=ਸ਼ਕਤੀ ਭੀ ਪੂਰੀ ਹੈ।

ਗੁਰ ਕਾ ਸਬਦੁ ਸਦਾ ਸਦ ਅਟਲਾ॥

ਗੁਰਾਂ ਦਾ ਸਦ=ਸਰੇਸ਼ਟ ਉਪਦੇਸ਼ ਸਦਾ ਹੀ ਅਟੱਲ ਹੈ।

[ਪੰਨਾ ੧੩੪੦]

ਗੁਰ ਕੀ ਬਾਣੀ ਜਿਸੁ ਮਨਿ ਵਸੈ॥

ਉਸ ਪੂਰੇ ਗੁਰੂ ਦੀ ਬਾਣੀ ਜਿਸ ਪੁਰਸ਼ ਦੇ ਮਨ ਵਿਚ ਵਸਦੀ ਹੈ।

ਦੂਖੁ ਦਰਦੁ ਸਭੁ ਤਾ ਕਾ ਨਸੈ॥ ੧॥

ਉਸ ਦਾ ਦੁੱਖ ਜਨ ਦਰਦ ਸਾਰਾ ਨਸ ਜਾਂਦਾ ਹੈ।

ਹਰਿ ਰੰਗਿ ਰਾਤਾ ਮਨੁ ਰਾਮ ਗੁਨ ਗਾਵੈ॥
ਮੁਕਤੁ ਸਾਧੂ ਧੂਰੀ ਨਾਵੈ॥ ੧॥ ਰਹਾਉ॥

ਜਿਸ ਦਾ ਮਨ ਸੰਤ ਚਰਨ ਧੂੜ ਵਿਚ ਇਸ਼ਨਾਨ ਕਰਕੇ, ਹਰੀ ਰੰਗ ਵਿਚ ਰੱਤਾ ਹੋਇਆ ਰਾਮ ਦੇ ਗੁਣ ਗਾਉਂਦਾ ਹੈ ਉਹ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ॥ ੧॥ ਰਹਾਉ॥

ਗੁਰ ਪਰਸਾਦੀ ਉਤਰੇ ਪਾਰਿ॥ ਭਉ ਭਰਮੁ ਬਿਨਸੇ ਬਿਕਾਰ॥

ਗੁਰ ਕ੍ਰਿਪਾ ਨਾਲ ਜਿਸ ਦੇ ਅੰਦਰੋਂ ਭਉ=ਡਰ, ਭਰਮ ਤੇ ਵਿਕਾਰ ਆਦਿਕ ਬਿਨਸ ਗਏ ਹਨ ਉਹ ਸੰਸਾਰ-ਸਮੁੰਦਰ ਤੋਂ ਪਾਰ ਉਤਰ ਗਏ ਹਨ।

ਮਨ ਤਨ ਅੰਤਰਿ ਬਸੇ ਗੁਰ ਚਰਨਾ॥ ਨਿਰਭੈ ਸਾਧ ਪਰੇ ਹਰਿ ਸਰਨਾ॥ ੨॥

ਜਿਨ੍ਹਾਂ ਦੇ ਮਨ ਤਨ ਅੰਦਰ ਗੁਰਾਂ ਦੇ ਚਰਨ ਵਸੇ ਹਨ। ਉਹ ਸਾਧਨਾ ਵਾਲੇ ਸਰੇਸ਼ਟ ਸੰਤ ਹਰੀ ਦੀ ਸ਼ਰਨ ਪੈ ਕੇ ਜਮਾਂ ਦੇ ਡਰ ਤੋਂ ਰਹਿਤ ਹੋਏ ਹਨ॥ ੨॥

ਅਨਦ ਸਹਜ ਰਸ ਸੂਖ ਘਨੇਰੇ॥ ਦੁਸਮਨੁ ਦੂਖੁ ਨ ਆਵੈ ਨੇਰੇ॥

ਆਨੰਦ ਰੂਪ ਪਰਮਾਤਮਾ ਵਿਚ ਰਸ=ਪ੍ਰੇਮ ਕਰਨ ਨਾਲ ਸੁਭਾਵਕ ਘਣੇ ਸੁਖ ਹੁੰਦੇ ਹਨ। ਉਹਨਾਂ ਦੇ ਨੇੜੇ ਕੋਈ ਦੁਸ਼ਮਨ ਅਤੇ ਦੁੱਖ ਨਹੀਂ ਆਉਂਦਾ ।

ਗੁਰਿ ਪੂਰੈ ਅਪੁਨੇ ਕਰਿ ਰਾਖੇ॥
ਪੰਨਾ ੧੩੪੦
ਹਰਿ ਨਾਮੁ ਜਪਤ ਕਿਲਵਿਖ ਸਭਿ ਲਾਥੇ॥ ੩॥

ਜਿਨ੍ਹਾਂ ਨੂੰ ਪੂਰਿਆਂ ਗੁਰਾਂ ਨੇ ਆਪਣੇ ਸੇਵਕ ਬਣਾ ਕੇ ਰੱਖਿਆ ਹੈ। ਹਰੀ ਨਾਮ ਜਪਦਿਆਂ ਜਪਦਿਆਂ ਉਹਨਾਂ ਦੇ ਸਾਰੇ ਕਿਲਬਿਖ=ਪਾਪ ਲੱਥ ਗਏ ਹਨ॥ ੩॥

ਸੰਤ ਸਾਜਨ ਸਿਖ ਭਏ ਸੁਹੇਲੇ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ॥

ਉਹ ਸੰਤ ਸੱਜਣ ਅਤੇ ਸਿੱਖ ਸਾਰੇ ਹੀ ਸੁਹੇਲੇ=ਸੁਖੀ ਹੋਏ ਹਨ। ਵਾ:-ਸੱਜਣ ਸੰਤਾਂ ਦੀ ਸਿਖ=ਸਿੱਖਿਆ ਲੈ ਕੇ ਜੋ ਸੁਖੀ ਹੋਏ ਹਨ। ਉਹਨਾਂ ਨੂੰ ਲੈ ਕੇ ਪੂਰਿਆਂ ਗੁਰਾਂ ਨੇ ਪ੍ਰਭੂ ਨਾਲ ਮੇਲ ਦਿੱਤਾ ਹੈ।

ਜਨਮ ਮਰਨ ਦੁਖ ਫਾਹਾ ਕਾਟਿਆ॥
ਕਹੁ ਨਾਨਕ ਗੁਰਿ ਪੜਦਾ ਢਾਕਿਆ॥ ੪॥ ੮॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਦਾ ਜਨਮ ਮਰਨ ਰੂਪ ਦੁਖਾਂ ਦਾ ਫਾਹ ਕਟਿਆ ਗਿਆ ਹੈ। ਗੁਰੂ ਜੀ ਨੇ ਜਿਸ ਦਾ ਪੜਦਾ ਢਾਕਿਆ=ਕੱਜ ਲਿਆ ਹੈ॥ ੪॥ ੮॥

ਪ੍ਰਭਾਤੀ ਮਹਲਾ ੫॥
ਸਤਿਗੁਰਿ ਪੂਰੈ ਨਾਮੁ ਦੀਆ॥

ਪੂਰੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸਾਨੂੰ ਨਾਮ ਦਾਨ ਦਿੱਤਾ ਹੈ।

ਅਨਦ ਮੰਗਲ ਕਲਿਆਣ ਸਦਾ ਸੁਖੁ
ਕਾਰਜੁ ਸਗਲਾ ਰਾਸਿ ਥੀਆ ॥ ੧ ॥ ਰਹਾਉ ॥

ਅਨੰਦ ਦਾਇਕ ਮੰਗਲਾਂ ਦੇ ਕਰਨ ਵਾਲੇ ਕਲਿਆਣ ਸਰੂਪ ਪਰਮੇਸ਼ਰ ਦਾ ਸਦਾ=ਨਿੱਤ ਸੁਖ ਪ੍ਰਾਪਤ ਹੋਇਆ ਹੈ ਅਤੇ ਸਾਰਾ ਕਾਰਜ ਭੀ ਰਾਸਿ ਥੀਆ=ਸੰਪੂਰਨ ਹੋ ਗਿਆ ਹੈ॥ ੧॥ ਰਹਾਉ॥

ਚਰਨ ਕਮਲ ਗੁਰ ਕੇ ਮੰਨਿ ਵੂਠੇ ॥ ਦੂਖ ਦਰਦ ਭ੍ਰਮ ਬਿਨਸੇ ਝੂਠੇ ॥ ੧ ॥

ਜਿਸ ਦੇ ਮਨ ਵਿਚ ਗੁਰੂ ਦੇ ਚਰਨ ਕਮਲ ਵੂਠੇ=ਵਸੇ ਹਨ। ਉਸ ਦੇ ਦੁੱਖ ਜਨ ਦਰਦ ਤੇ ਝੂਠੇ ਭਰਮ ਬਿਨਸ ਗਏ ਹਨ॥ ੧॥

ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥
ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥ ੨ ॥

ਨਿਤਾਪ੍ਰਤੀ ਰੋਜ਼ ਉੱਠ ਕੇ ਪ੍ਰਭੂ ਦੀ ਬਾਣੀ ਗਾਉਣਾ ਕਰੋ। ਅਤੇ—

ਹੇ ਪ੍ਰਾਣੀਓ ! ਅੱਠੇ ਪਹਿਰ ਹਰੀ ਨਾਮ ਨੂੰ ਸਿਮਰਨਾ ਕਰੋ॥ ੨॥

ਘਰਿ ਬਾਹਰਿ ਪ੍ਰਭੁ ਸਭਨੀ ਥਾਈ ॥ ਸੰਗਿ ਸਹਾਈ ਜਹ ਹਉ ਜਾਈ ॥ ੩ ॥

ਮੇਰਾ ਪ੍ਰਭੂ ਘਰ ਤੇ ਬਾਹਰ ਆਦਿਕ ਸਾਰੀਆਂ ਜਗ੍ਹਾਂ 'ਪਰ ਵਿਆਪਕ ਹੈ। ਹਉ=ਮੈਂ ਜਿਥੇ ਜਾਂਦਾ ਹਾਂ, ਓਥੇ ਹੀ ਮੇਰਾ ਸਹਾਇਕ ਸੰਗੀ ਹੈ॥ ੩॥

ਦੁਇ ਕਰ ਜੋੜਿ ਕਰੀ ਅਰਦਾਸਿ ॥
ਸਦਾ ਜਪੇ ਨਾਨਕੁ ਗੁਣਤਾਸੁ ॥ ੪ ॥ ੯ ॥

ਗੁਰੂ ਜੀ ਕਥਨ ਕਰਦੇ ਹਨ—ਦੋ ਹੱਥ ਜੋੜ ਕੇ ਮੈਂ ਅਰਦਾਸ (ਬੇਨਤੀ) ਕਰਦਾ ਹਾਂ।

ਹੇ ਗੁਣ ਤਾਸੁ=ਸ਼ੁਭ ਗੁਣਾਂ ਦੇ ਸਮੁੰਦਰ ਮੈਂ ਸਦਾ ਹੀ ਆਪ ਜੀ ਨੂੰ ਜਪਦਾ ਰਹਾਂ॥ ੪॥ ੯॥

ਪ੍ਰਭਾਤੀ ਮਹਲਾ ੫ ॥

ਪਾਰਬ੍ਰਹਮੁ ਪ੍ਰਭੁ ਸੁਘੜ ਸੁਜਾਣੁ ॥

ਉਹ ਮੇਰਾ ਪ੍ਰਭੂ ਪਾਰਬ੍ਰਹਮ ਸੁਘੜ=ਸਰੇਸ਼ਟ ਘਾੜਤ ਦੇ ਘੜਣ ਵਾਲਾ ਤੇ ਸੁਜਾਣੁ=ਚਤੁਰ ਹੈ।

ਗੁਰੁ ਪੂਰਾ ਪਾਈਐ ਵਡਭਾਗੀ ਦਰਸਨ ਕਉ ਜਾਈਐ ਕੁਰਬਾਣੁ ॥੧ ॥ਰਹਾਉ ॥

ਵੱਡਿਆਂ ਭਾਗਾਂ ਕਰਕੇ ਪੂਰਾ ਗੁਰੂ ਪਾਈਏ ਤਾਂ ਉਸ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਮੈਂ ਉਸ ਦੇ ਦਰਸ਼ਨਾਂ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥ ਰਹਾਉ॥

ਕਿਲਬਿਖ ਮੇਟੇ ਸਬਦਿ ਸੰਤੋਖੁ ॥ ਨਾਮੁ ਅਰਾਧਨ ਹੋਆ ਜੋਗੁ ॥

ਗੁਰੂ ਦੇ ਸਬਦਿ=ਉਪਦੇਸ਼ ਕਰਕੇ ਜਿਸ ਨੂੰ ਸੰਤੋਖ ਹੋਇਆ ਹੈ ਉਸ ਦੇ ਪਾਪ ਮਿਟ ਗਏ ਹਨ ਅਤੇ ਓਹੀ ਨਾਮ ਅਰਾਧਨ ਦੇ ਜੋਗੁ=ਲਾਇਕ ਹੋਇਆ ਹੈ।

ਸਾਧਸੰਗਿ ਹੋਆ ਪਰਗਾਸੁ ॥ ਚਰਨ ਕਮਲ ਮਨ ਮਾਹਿ ਨਿਵਾਸੁ ॥ ੧ ॥

ਸਤਸੰਗ ਵਿਚ ਜਾਣ ਕਰਕੇ ਜਿਸ ਦੇ ਮਨ ਵਿਚ ਗੁਰੂ ਜੀ ਦੇ ਚਰਨ ਕਮਲਾਂ ਦਾ ਨਿਵਾਸ ਹੋਇਆ ਹੈ ਓਸੇ ਨੂੰ ਪ੍ਰਭੂ ਦਾ ਪਰਗਾਸੁ=ਗ਼ਿਆਨ ਹੋਇਆ ਹੈ॥ ੧ ॥

ਜਿਨਿ ਕੀਆ ਤਿਨਿ ਲੀਆ ਰਾਖਿ ॥ ਪ੍ਰਭੁ ਪੂਰਾ ਅਨਾਥ ਕਾ ਨਾਥੁ ॥

ਜਿਸ ਨੇ ਮੈਨੂੰ ਆਪਣਾ ਦਾਸ ਬਣਾਇਆ ਹੈ ਓਸੇ ਨੇ ਰੱਖ ਲਿਆ ਹੈ।

ਮੇਰਾ ਪ੍ਰਭੂ ਸਰਬ ਸ਼ਕਤੀਆਂ ਨਾਲ ਪੂਰਾ ਹੈ ਅਤੇ ਅਨਾਥਾਂ ਦਾ ਨਾਥ ਹੈ।

ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰ ॥ ੨ ॥

ਆਪਣੀ ਕਿਰਪਾ ਦ੍ਰਿਸ਼ਟੀ ਧਾਰ ਕੇ ਜਿਸ ਨੂੰ ਨਿਵਾਜੇ=ਵਡਿਆਉਂਦਾ ਹੈ।

ਉਸ ਦੇ ਆਚਾਰ=ਕਰਤੱਬ ਸਫਲ ਹਨ ਅਤੇ ਉਸ ਦੇ ਕਰਮ ਭੀ ਪੂਰਨ ਹਨ॥ ੨ ॥

ਗੁਣ ਗਾਵੈ ਨਿਤ ਨਿਤ ਨਿਤ ਨਵੇ ॥ ਲਖ ਚਉਰਾਸੀਹ ਜੋਨਿ ਨ ਭਵੇ ॥

ਜੋ ਨਿਤਾਪ੍ਰਤੀ ਨਿਤ ਸਰੂਪ ਪਰਮਾਤਮਾ ਦੇ ਨਿਤ ਨਵੇਂ ਤੋਂ ਨਵੇਂ ਗੁਣ ਗਾਉਂਦਾ ਹੈ।

ਉਹ ਚੁਰਾਸੀ ਲੱਖ ਜੂਨੀਆਂ ਵਿਚ ਨਹੀਂ ਫਿਰਦਾ।

ਈਹਾਂ ਊਹਾਂ ਚਰਣ ਪੂਜਾਰੇ ॥ ਮੁਖੁ ਊਜਲੁ ਸਾਚੇ ਦਰਬਾਰੇ ॥ ੩ ॥

ਈਹਾਂ ਊਹਾਂ=ਲੋਕ ਪਰਲੋਕ ਵਿਚ ਉਸ ਦੇ ਚਰਨ ਪੂਜੇ ਜਾਂਦੇ ਹਨ। ਅਤੇ—

ਸੱਚੇ ਦਰਬਾਰ ਵਿਚ ਉਸ ਦਾ ਮੂੰਹ ਉੱਜਲਾ ਹੁੰਦਾ ਹੈ॥ ੩ ॥

ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥ ਕੋਟਿ ਮਧੇ ਕੋ ਵਿਰਲਾ ਦਾਸੁ ॥

ਜਿਸ ਦੇ ਮਸਤਕਿ=ਸਿਰ ਉਤੇ ਗੁਰਾਂ ਨੇ ਹੱਥ ਰੱਖਿਆ ਹੈ। ਉਹ ਦਾਸ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੈ।

ਜਲਿ ਥਲਿ ਮਹੀਅਲਿ ਪੇਖੈ ਭਰਪੂਰਿ ॥

ਜੇਹੜਾ ਪੁਰਸ਼ ਉਸ ਪਰਮਾਤਮਾ ਨੂੰ ਜਲਾਂ ਵਿਚ ਥਲਾਂ ਵਿਚ ਮਹੀ=ਪ੍ਰਿਥਮੀ ਤੇ ਅਲਿ=ਅਕਾਸ਼ ਆਦਿਕਾਂ ਵਿਚ ਭਰਪੂਰਿ=ਵਿਆਪਕ ਦੇਖਦਾ ਹੈ।

ਨਾਨਕ ਉਧਰਸਿ ਤਿਸੁ ਜਨ ਕੀ ਧੂਰਿ ॥ ੪ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ—ਉਸ ਗੁਰਮੁਖ ਜਨ ਦੀ ਚਰਨ ਧੂੜ ਗ੍ਰਹਿਣ ਕਰਨ ਨਾਲ ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ॥ ੪ ॥ ੧੦ ॥

ਪ੍ਰਭਾਤੀ ਮਹਲਾ ੫ ॥

ਕੁਰਬਾਣੁ ਜਾਈ ਗੁਰ ਪੂਰੇ ਅਪਨੇ ॥

ਆਪਣੇ ਪੂਰਨ ਗੁਰਾਂ ਤੋਂ ਮੈ ਕੁਰਬਾਨ ਜਾਂਦਾ ਹਾਂ।

ਜਿਸੁ ਪ੍ਰਸਾਦਿ ਹਰਿ ਹਰਿ ਜਪੁ ਜਪਨੇ ॥ ੧ ॥ ਰਹਾਉ ॥

ਜਿਸ ਗੁਰੂ ਦੀ ਕਿਰਪਾ ਨਾਲ ਮੈਂ ਹਰਿ ਹਰਿ ਨਾਮ ਜਪ ਨੂੰ ਜਪਿਆ ਹੈ॥ ੧ ॥ ਰਹਾਉ ॥

ਅੰਮ੍ਰਿਤ ਬਾਣੀ ਸੁਣਤ ਨਿਹਾਲ ॥ ਬਿਨਸਿ ਗਏ ਬਿਖਿਆ ਜੰਜਾਲ ॥ ੧ ॥

ਜਿਸ ਗੁਰੂ ਦੀ ਅੰਮ੍ਰਿਤ ਰੂਪ ਬਾਣੀ ਸੁਣਦਿਆਂ ਹੀ ਮੈਂ ਨਿਹਾਲ=ਦੁੱਖਾਂ ਤੋਂ ਰਹਿਤ ਹੋ ਗਿਆ ਹਾਂ ਅਤੇ ਵਿਸ਼ਿਆਂ ਦੇ ਸਾਰੇ ਜੰਜਾਲ ਬਿਨਸ ਗਏ ਹਨ॥ ੧ ॥

ਸਾਚ ਸਬਦ ਸਿਉ ਲਾਗੀ ਪ੍ਰੀਤਿ ॥
ਹਰਿ ਪ੍ਰਭੁ ਅਪੁਨਾ ਆਇਆ ਚੀਤਿ ॥ ੨ ॥

ਜਾਂ ਗੁਰਾਂ ਦੇ ਸੱਚੇ ਸ਼ਬਦ ਨਾਲ ਪ੍ਰੀਤੀ ਲੱਗੀ ਤਾਂ ਹੀ ਆਪਣਾ ਹਰੀ ਪ੍ਰਭੂ ਚਿਤ ਵਿਖੇ ਚੇਤੇ ਆਇਆ ਹੈ॥ ੨ ॥

ਨਾਮੁ ਜਪਤ ਹੋਆ ਪਰਗਾਸੁ ॥ ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥ ੩ ॥

ਨਾਮ ਜਪਣ ਕਰਕੇ ਪਰਗਾਸੁ=ਗਿਆਨ ਹੋਇਆ ਹੈ। ਅਤੇ—

ਗੁਰਾਂ ਦੇ ਸ਼ਬਦ ਕਰਕੇ ਪ੍ਰਭੂ ਨੇ ਹਿਰਦੇ ਵਿਚ ਆ ਕੇ ਨਿਵਾਸ ਕੀਤਾ ਹੈ॥ ੩ ॥

[ਪੰਨਾ ੧੩੪੧]

ਗੁਰ ਸਮਰਥ ਸਦਾ ਦਇਆਲ ॥
ਹਰਿ ਜਪਿ ਜਪਿ ਨਾਨਕ ਭਏ ਨਿਹਾਲ ॥ ੪ ॥ ੧੧ ॥

ਮੇਰਾ ਸਮਰੱਥ ਗੁਰੂ ਸ੍ਰੀ ਰਾਮਦਾਸ ਸਾਹਿਬ ਸਦਾ ਦਿਆਲੂ ਹੈ। ਗੁਰੂ ਜੀ ਕਥਨ ਕਰਦੇ ਹਨ-ਉਹਨਾਂ ਦੁਆਰੇ ਹਰੀ ਨੂੰ ਜਪ ਜਪ ਕੇ ਅਸੀਂ ਸਦਾ ਨਿਹਾਲ ਹੋਏ ਹਾਂ॥ ੪ ॥ ੧੧ ॥

ਪ੍ਰਭਾਤੀ ਮਹਲਾ ੫ ॥
ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ॥

ਧੰਨ ਗੁਰੂ ਧੰਨ ਗੁਰੂ ਕਰਦਿਆਂ ਅਸਾਂ ਨੇ ਸਦਾ=ਨਿਤ ਸੁਖ ਪਾਇਆ ਹੈ।

ਦੀਨ ਦਇਆਲ ਭਏ ਕਿਰਪਾਲਾ
ਅਪਣਾ ਨਾਮੁ ਆਪਿ ਜਪਾਇਆ ॥ ੧ ॥ ਰਹਾਉ ॥

ਦੀਨ ਦਇਆਲ=ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਕ੍ਰਿਪਾਲੂ ਹੋਏ ਹਨ ਇਸ ਕਰਕੇ ਉਹਨਾਂ ਨੇ ਆਪਣਾ ਨਾਮ ਮੇਰੇ ਪਾਸੋਂ ਆਪ ਹੀ ਜਪਵਾਇਆ ਹੈ॥ ੧ ॥ ਰਹਾਉ ॥

ਸੰਤਸੰਗਤਿ ਮਿਲਿ ਭਇਆ ਪ੍ਰਗਾਸ ॥
ਹਰਿ ਹਰਿ ਜਪਤ ਪੂਰਨ ਭਈ ਆਸ ॥ ੧ ॥

ਸੰਤਾਂ ਦੀ ਸੰਗਤ ਵਿਚ ਮਿਲਣ ਕਰਕੇ ਸਾਨੂੰ ਪ੍ਰਗਾਸ=ਗਿਆਨ ਹੋਇਆ ਹੈ। ਹਰਿ ਹਰਿ ਨਾਮ ਜਪਦਿਆਂ ਸਭ ਆਸਾ ਪੂਰਨ ਹੋਈ ਹੈ॥ ੧ ॥

ਸਰਬ ਕਲਿਆਣ ਸੂਖ ਮਨਿ ਵੂਠੇ॥
ਹਰਿ ਗੁਣ ਗਾਏ ਗੁਰ ਨਾਨਕ ਤੂਠੇ॥ ੨॥ ੧੨॥

ਗੁਰੂ ਜੀ ਕਥਨ ਕਰਦੇ ਹਨ—ਗੁਰੂ ਸਾਹਿਬਾਂ ਦੇ ਤੂਠੇ=ਪ੍ਰਸੰਨ ਹੋਣ 'ਤੇ ਜਾਂ ਹਰੀ ਦੇ ਗੁਣ ਗੈਣ ਕੀਤੇ ਤਾਂ ਸਾਰੇ 'ਕਲਿਆਣ ਸੂਖ'=ਅਨੰਦ ਸੁਖ ਮਨ ਵਿਚ ਆ ਕੇ ਵੂਠੇ=ਵਸ ਗਏ॥ ੨॥ ੧੨॥

ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ

ੴ ਸਤਿਗੁਰ ਪ੍ਰਸਾਦਿ॥

ਅਵਰੁ ਨ ਦੂਜਾ ਠਾਉ॥ ਨਾਹੀ ਬਿਨੁ ਹਰਿ ਨਾਉ॥

ਹਰੀ ਨਾਮ ਤੋਂ ਬਿਨਾਂ ਇਸ ਲੋਕ ਵਿਚ ਹੋਰ ਕੋਈ ਦੂਜਾ ਸੁਖ ਥਾਂ ਨਹੀਂ ਹੈ। ਪਰਲੋਕ ਵਿਚ ਭੀ ਹਰੀ ਨਾਮ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੈ।

ਸਰਬ ਸਿਧਿ ਕਲਿਆਨ॥ ਪੂਰਨ ਹੋਹਿ ਸਗਲ ਕਾਮ॥ ੧॥

ਨਾਮ ਜਪਣ ਕਰਕੇ ਸਾਰੀਆਂ ਰਿਧੀਆਂ ਸਿਧੀਆਂ ਤੇ ਕਲਿਆਨ=ਮੁਕਤੀ ਸੁਖ ਪ੍ਰਾਪਤ ਹੁੰਦਾ ਹੈ। ਅਤੇ ਮਨ ਦੇ ਸਾਰੇ ਕੰਮ (ਮਨੋਰਥ) ਪੂਰਨ ਹੁੰਦੇ ਹਨ॥ ੧॥

ਹਰਿ ਕੋ ਨਾਮੁ ਜਪੀਐ ਨੀਤ॥

ਨੀਤ=ਨਿਤਾਪ੍ਰਤੀ ਹਰੀ ਦੇ ਨਾਮ ਜਪਣ ਕਰਕੇ।

ਕਾਮ ਕ੍ਰੋਧ ਅਹੰਕਾਰੁ ਬਿਨਸੈ ਲਗੈ ਏਕੈ ਪ੍ਰੀਤਿ॥ ੧॥ ਰਹਾਉ॥

ਇਕ ਪ੍ਰਭੂ ਨਾਲ ਪ੍ਰੀਤੀ ਲੱਗ ਜਾਂਦੀ ਹੈ ਅਤੇ ਕਾਮ ਕ੍ਰੋਧ ਹੰਕਾਰ ਆਦਿਕ ਵਿਕਾਰ ਬਿਨਸੈ=ਨਾਸ ਹੋ ਜਾਂਦੇ ਹਨ॥ ੧॥ ਰਹਾਉ॥

ਨਾਮਿ ਲਾਗੈ ਦੂਖੁ ਭਾਗੈ ਸਰਨਿ ਪਾਲਨ ਜੋਗੁ॥

ਜੋ ਨਾਮ ਸਿਮਰਨ ਵਿਚ ਲੱਗਦਾ ਹੈ ਉਸ ਦੇ ਦੁੱਖ ਭੱਜ ਜਾਂਦੇ ਹਨ ਅਤੇ ਉਸ ਦੀ ਸ਼ਰਨ ਵਿਚ ਜੋ ਭੀ ਆਉਂਦਾ ਹੈ ਉਸ ਦੀ ਪਾਲਣਾ ਕਰਨ ਦੇ ਉਹ ਜੋਗੁ=ਲਾਇਕ ਹੋਇਆ ਹੈ।

ਸਤਿਗੁਰੁ ਭੇਟੈ ਜਮੁ ਨ ਤੇਟੈ ਜਿਸੁ ਧੁਰਿ ਹੋਵੈ ਸੰਜੋਗੁ॥ ੨॥

ਜਿਸਨੂੰ ਸਤਿਗੁਰ ਦੇਵ ਜੀ ਭੇਟੈ=ਮਿਲਦੇ ਹਨ ਉਹ ਜਮ ਦੇ ਤੇਟੈ=ਅੜਿੱਕੇ ਵਿਚ ਨਹੀਂ ਆਉਂਦਾ, ਜਿਸ ਨੂੰ ਧੁਰ ਦੇ ਕੀਤੇ ਹੋਏ ਚੰਗਿਆਂ ਕਰਮਾਂ ਦਾ ਸੰਜੋਗ ਪ੍ਰਾਪਤ ਹੁੰਦਾ ਹੈ ਓਸੇ ਨੂੰ ਗੁਰੂ ਸਾਹਿਬ ਜੀ ਆ ਕੇ ਮਿਲਦੇ ਹਨ॥ ੨॥

ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ॥

ਹੇ ਭਾਈ ! ਮਨ ਦੇ ਭਰਮ ਤਿਆਗ ਕੇ ਰਾਤ ਦਿਨ ਹਰਿ ਹਰਿ ਨਾਮ ਨੂੰ ਧਿਆਵੋ।

ਸਾਧਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ॥ ੩॥

ਜਿਸ ਦੇ ਕਰਮ-ਭਾਗ ਪੂਰਨ ਹਨ, ਉਸ ਨੂੰ ਸਤਸੰਗਤ ਵਿਚ ਨਾਮ ਜਪਦਿਆਂ ਹਰਿ ਜੀ ਮਿਲਿਆ ਹੈ॥ ੩॥

ਜਨਮ ਜਨਮ ਬਿਖਾਦ ਬਿਨਸੇ ਰਾਖਿ ਲੀਨੇ ਆਪਿ॥

ਉਸ ਦੇ ਜਨਮਾਂ ਜਨਮਾਂ ਦੇ ਬਿਖਾਦ=ਦੁੱਖ, ਵਾ:-ਝੋਰੇ ਬਿਨਸ ਗਏ ਹਨ, ਉਸ ਨੂੰ ਪ੍ਰਭੂ ਨੇ ਆਪ ਹੱਥ ਦੇ ਕੇ ਰੱਖ ਲਿਆ ਹੈ।

ਮਾਤ ਪਿਤਾ ਮੀਤ ਭਾਈ ਜਨ ਨਾਨਕ ਹਰਿ ਹਰਿ ਜਾਪਿ॥ ੪॥ ੧॥ ੧੩॥

ਗੁਰੂ ਜੀ ਕਥਨ ਕਰਦੇ ਹਨ—ਮੇਰਾ ਮਾਂ, ਪਿਉ, ਮਿੱਤ੍ਰ ਤੇ ਭਰਾ ਇਕ ਹਰੀ ਹੀ ਹੈ ਇਸ ਕਰਕੇ ਹਰੀ ਦੇ ਨਾਮ ਜਪ ਨੂੰ ਹੀ ਜਪਦਾ ਹਾਂ, ਤੁਸੀਂ ਜਪਣਾ ਕਰੋ॥ ੪॥ ੧॥ ੧੩॥

ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ

੧ੴ ਸਤਿਗੁਰ ਪ੍ਰਸਾਦਿ॥

ਰਮ ਰਾਮ ਰਾਮ ਰਾਮ ਜਾਪ॥

ਹੇ ਭਾਈ ! ਰਾਮ=ਅਰਾਮ ਦੇਣ ਵਾਲਾ ਜੋ ਰਮ=ਸੁੰਦਰ ਰਾਮ ਹੈ ਉਸ ਰਾਮ ਨਾਮ ਨੂੰ ਜਪਣਾ ਕਰ।

ਵਾ:-ਮਨ ਕਰਕੇ ਸੁੰਦਰ ਰਾਮ ਨੂੰ ਜਪ, ਬਾਣੀ ਦੁਆਰਾ ਸੁੰਦਰ ਰਾਮ ਨੂੰ ਜਪ, ਤਨ ਕਰਕੇ ਭੀ ਸੁੰਦਰ ਰਾਮ ਨੂੰ ਜਪ।

ਕਲਿ ਕਲੇਸ ਲੋਭ ਮੋਹ ਬਿਨਸਿ ਜਾਇ ਅਹੰ ਤਾਪ॥ ੧॥ ਰਹਾਉ॥

ਜਿਸ ਕਰਕੇ ਤੇਰੇ ਕਲਪਣਾ, ਕਲੇਸ਼, ਲੋਭ, ਮੋਹ ਅਤੇ ਹੰਕਾਰ ਦਾ ਤਾਪ=ਦੁੱਖ,

ਵਾ:-ਹੰਕਾਰ ਤੇ ਆਧ, ਬਿਆਧ, ਉਪਾਧਿ ਰੂਪ ਤਿੰਨੇ ਤਾਪ ਬਿਨਸ ਜਾਣਗੇ॥ ੧॥ ਰਹਾਉ॥

ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ॥ ੧॥

ਆਪਾ ਭਾਅ ਹੰਕਾਰ ਤਿਆਗ ਕੇ ਸੰਤਾਂ ਦੀ ਚਰਨੀਂ ਲੱਗ ਜਾ, ਤਾਂ ਤੇਰਾ ਮਨ ਪਵਿੱਤ੍ਰ ਹੋਵੇਗਾ ਤੇ ਪਾਪ ਮਿਟ ਜਾਣਗੇ॥ ੧॥

ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ॥੨॥੧॥੧੪॥

ਗੁਰੂ ਜੀ ਕਥਨ ਕਰਦੇ ਹਨ—ਇਸ ਤਰ੍ਹਾਂ ਬੇਨਤੀ ਕਰੋ:—ਮੈਂ ਆਪ ਜੀ ਦਾ ਬਾਲਕਾ ਕੁਝ ਜਪ ਤਪ ਆਦਿਕ ਸਾਧਨ ਕਰਨੇ ਜਾਣਦਾ ਨਹੀਂ ਹਾਂ, ਹੇ ਪ੍ਰਭੂ ! ਮੇਰੀ ਰੱਖਿਆ ਕਰਨੇ ਨੂੰ ਆਪ ਹੀ ਮੇਰੇ ਮਾਂ ਪਿਉ ਰੂਪ ਹੋ॥ ੨॥ ੧॥ ੧੪॥

(ਵਾਹਿਗੁਰੂ ਅੱਗੇ ਬੇਨਤੀ ਕਰਕੇ ਸੰਤਾਂ ਦੀ ਚਰਨ ਧੂੜ ਦੀ ਮੰਗ ਕਰਦੇ ਹਨ)

ਪ੍ਰਭਾਤੀ ਮਹਲਾ ੫॥

ਚਰਨ ਕਮਲ ਸਰਨਿ ਟੇਕ॥

ਹੇ ਸਾਰਿਆਂ ਦਾ ਟੇਕ=ਆਸਰਾ ਰੂਪ ਪ੍ਰਭੂ ! ਮੈਂ ਆਪ ਜੀ ਦੇ ਚਰਨ ਕਮਲਾਂ ਦੀ ਸ਼ਰਨ ਵਿਚ ਆਇਆ ਹਾਂ।

ਊਚ ਮੂਚ ਬੇਅੰਤੁ ਠਾਕੁਰੁ ਸਰਬ ਊਪਰਿ ਤੁਹੀ ਏਕ॥ ੧॥ ਰਹਾਉ॥

ਹੇ ਠਾਕੁਰ ! ਤੂੰ ਸਾਰਿਆਂ ਤੋਂ ਉੱਚਾ ਹੈਂ, ਬੜੇ ਮੂਚ=ਵਿਸਤਾਰ ਵਾਲਾ ਹੈਂ, ਬੇਅੰਤ ਗੁਣਾਂ ਸਪੰਨ ਹੈਂ, ਸਾਰਿਆਂ ਦੇ ਉਪਰ ਹੁਕਮ ਕਰਨ ਵਾਲਾ ਇਕ ਤੂੰ ਹੀ ਸਆਮੀ ਹੈਂ॥ ੧॥ ਰਹਾਉ॥

ਪ੍ਰਾਨ ਅਧਾਰ ਦੁਖ ਬਿਦਾਰ ਦੈਨਹਾਰ ਬੁਧਿ ਬਿਬੇਕ॥ ੧॥

ਪ੍ਰਾਣਾਂ ਦਾ ਅਧਾਰ=ਆਸਰਾ ਹੈਂ, ਦੁੱਖਾਂ ਦੇ ਬਿਦਾਰ=ਨਾਸ ਕਰਨ ਵਾਲਾ ਹੈਂ ਅਤੇ ਬੁੱਧੀ ਵਿਚ ਵਿਵੇਕ ਦੇ ਦੇਣ ਵਾਲਾ ਹੈਂ॥ ੧॥

ਨਮਸਕਾਰ ਰਖਨਹਾਰ ਮਨਿ ਅਰਾਧਿ ਪ੍ਰਭੂ ਮੇਕ॥

ਹੇ ਰੱਖਣ ਵਾਲੇ ਪ੍ਰਭੂ ! ਆਪ ਜੀ ਨੂੰ ਨਮਸ਼ਕਾਰ ਹੈ ਅਤੇ ਮੇਕ=ਇਕ ਆਪ ਜੀ ਨੂੰ ਹੀ ਮੈਂ ਮਨ ਵਿਚ ਅਰਾਧਦਾ ਹਾਂ।

ਸੰਤ ਰੇਨੁ ਕਰਉ ਮਜਨੁ ਨਾਨਕ ਪਾਵੈ ਸੁਖ ਅਨੇਕ॥ ੨॥ ੨॥ ੧੫॥

ਗੁਰੂ ਜੀ ਕਥਨ ਕਰਦੇ ਹਨ—ਜੇ ਮੈਂ ਸੰਤਾਂ ਦੀ ਚਰਨ ਧੂੜੀ ਵਿਚ ਮਜਨੁ=ਇਸ਼ਨਾਨ ਕਰਾਂ, ਤਾਂ ਮੈਂ ਅਨੇਕ ਤਰ੍ਹਾਂ ਦਾ ਸੁਖ ਪਾਵਾਂਗਾ॥ ੨॥ ੨॥ ੧੫॥

[ਪੰਨਾ ੧੩੪੨]

ਪ੍ਰਭਾਤੀ ਅਸਟਪਦੀਆ ਮਹਲਾ ੧ ਬਿਭਾਸ

੧ੴ ਸਤਿਗੁਰ ਪ੍ਰਸਾਦਿ॥

ਪ੍ਰਸ਼ਨ:-ਇਹ ਜੀਵ ਸੰਸਾਰ ਤੋਂ ਕਿਉਂ ਨਹੀਂ ਤਰਦਾ? ਉੱਤਰ-

ਦੁਬਿਧਾ ਬਉਰੀ ਮਨੁ ਬਉਰਾਇਆ॥

ਦੁਬਿਧਾ ਰੂਪ ਮਾਇਆ ਜੋ ਬਉਰੀ=ਸ਼ੁਦੈਣ ਹੈ ਇਸ ਕਰਕੇ ਜੀਵ ਦਾ ਮਨ ਬਉਰਾਇਆ=ਝੱਲਾ ਹੋ ਰਿਹਾ ਹੈ।

ਝੂਠੈ ਲਾਲਚਿ ਜਨਮੁ ਗਵਾਇਆ॥ ਲਪਟਿ ਰਹੀ ਫੁਨਿ ਬੰਧੁ ਨ ਪਾਇਆ॥

ਝੂਠੇ ਪਦਾਰਥਾਂ ਦੇ ਲਾਲਚ ਵਿਚ ਇਸ ਨੇ ਆਪਣੇ ਜਨਮ ਨੂੰ ਨਿਸਫਲ ਗੁਆ ਲਿਆ ਹੈ। ਅਜੇ ਭੀ ਜੀਵ ਨੂੰ ਮਾਇਆ ਲਪਟ ਰਹੀ ਹੈ ਇਸ ਕਰਕੇ ਜੀਵ ਨੇ ਬੰਧੁ=ਸੰਤੋਖ ਨਹੀਂ ਪਾਇਆ।

ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ॥ ੧॥ ਨਾ ਮਨੁ ਮਰੈ ਨ ਮਾਇਆ ਮਰੈ॥

ਜਿਨ੍ਹਾਂ ਨੂੰ ਨਾਮ ਦ੍ਰਿੜ ਕਰਵਾਇਆ ਹੈ ਉਹਨਾਂ ਨੂੰ ਸਤਿਗੁਰਾਂ ਨੇ ਮਾਇਆ ਵਲੋਂ ਰੱਖ ਲਿਆ ਹੈ। ਮਾਇਆ ਵਲੋਂ ਮਨ ਮਰਦਾ ਨਹੀਂ ਹੈ ਤੇ ਨਾ ਹੀ ਮਾਇਆ ਮਨ ਵਲੋਂ ਮਰਦੀ ਹੈ॥ ੧॥

ਜਿਨਿ ਕਿਛੁ ਕੀਆ ਸੋਈ ਜਾਣੈ

ਸਬਦੁ ਵੀਚਾਰਿ ਭਉ ਸਾਗਰੁ ਤਰੈ॥ ੧॥ ਰਹਾਉ॥

(੧) ਜਿਸ ਨੇ ਕੁਝ ਉੱਦਮ ਕੀਤਾ ਹੈ, ਓਹੀ ਦੁਬਿਧਾ ਦੀ ਨਵਿਰਤੀ ਨੂੰ ਜਾਣਦਾ ਹੈ,

(੨) ਜਿਸ ਨੇ ਕੁਝ ਜਪ ਤਪ ਆਦਿਕ ਸਾਧਨਾ ਨੂੰ ਕੀਤਾ ਹੈ ਓਹੀ ਪਰਮਾਤਮਾ ਨੂੰ ਜਾਣਦਾ ਹੈ,

(੩) ਜਿਸ ਪਰਮਾਤਮਾ ਨੇ ਕੁਝ ਜਗਤ ਕੀਤਾ ਹੈ ਓਹੀ ਇਸ ਦੀ ਪ੍ਰਤਿਪਾਲਾ ਕਰਨੀ ਜਾਣਦਾ ਹੈ, ਜੋ ਗੁਰ ਸ਼ਬਦ ਨੂੰ ਵਿਚਾਰਦਾ ਹੈ ਉਹ ਭੈ ਦਾਇਕ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ॥ ੧॥ ਰਹਾਉ॥

ਮਾਇਆ ਸੰਚਿ ਰਾਜੇ ਅਹੰਕਾਰੀ॥ ਮਾਇਆ ਸਾਥਿ ਨ ਚਲੈ ਪਿਆਰੀ॥

ਮਾਇਆ ਨੂੰ ਸੰਚਿ='ਕੱਠੀ ਕਰਕੇ ਰਾਜੇ ਲੋਕ ਹੰਕਾਰੀ ਹੋ ਰਹੇ ਹਨ।

ਪਰ ਏਹ ਪਿਆਰੀ ਮਾਇਆ ਕਿਸੀ ਦੇ ਨਾਲ ਚਲਦੀ ਨਹੀਂ ਹੈ।

ਮਾਇਆ ਮਮਤਾ ਹੈ ਬਹੁ ਰੰਗੀ॥ ਬਿਨੁ ਨਾਵੈ ਕੋ ਸਾਥਿ ਨ ਸੰਗੀ॥ ੨॥

ਮਾਇਆ ਦੀ ਮਮਤਾ ਬਹੁਤਿਆਂ ਰੰਗਾਂ ਵਾਲੀ ਹੈ, ਵਾ:-ਮਾਇਆ ਦੀ ਮਮਤਾ ਕਰਕੇ ਏਹ ਜੀਵ ਬਹੁ ਰੰਗੀ ਹੋ ਰਿਹਾ ਹੈ। ਨਾਮ ਤੋਂ ਬਿਨਾਂ ਜੀਵ ਦੇ ਸੰਗ ਦਾ ਕੋਈ ਸਾਥੀ ਨਹੀਂ ਹੈ॥ ੨॥

ਜਿਉ ਮਨੁ ਦੇਖਹਿ ਪਰ ਮਨੁ ਤੈਸਾ॥ ਜੈਸੀ ਮਨਸਾ ਤੈਸੀ ਦਸਾ॥

ਜੇਹੋ ਜੇਹੇ ਪਦਾਰਥ ਨੂੰ ਮਨ ਵੇਖਦਾ ਹੈ, ਪਰ=ਭਲੀ ਪਰਕਾਰ ਏਹ ਮਨ ਓਸੇ ਪਰ-ਪਦਾਰਥ ਵਰਗਾ ਹੋ ਜਾਂਦਾ ਹੈ। *ਅਥਵਾ:*-ਹੇ ਭਾਈ ! ਜਿਵੇਂ ਤੂੰ ਆਪਣੇ ਮਨ ਨੂੰ ਵੇਖਦਾ ਹੈਂ ਕਿ ਜੇ ਕੋਈ ਕੁਬੋਲ ਬੋਲੇ ਤਾਂ ਦੁੱਖ ਹੁੰਦਾ ਹੈ, ਤਿਵੇਂ ਤੂੰ ਪਰ=ਪਰਾਏ ਮਨ ਨੂੰ ਭੀ ਵੇਖਣਾ ਕਰ ਕਿ ਜੇ ਮੈਂ ਕੌੜੀ ਬਾਣੀ ਬੋਲਾਂਗਾ ਤਾਂ ਦੂਜੇ ਨੂੰ ਭੀ ਦੁੱਖ ਹੋਵੇਗਾ। ਜੀਵ ਦੀ ਜੇਹੋ ਜੇਹੀ ਮਨਸਾ=ਵਾਸ਼ਨਾ ਹੁੰਦੀ ਹੈ ਤੇਹੋ ਜੇਹੀ ਇਸ ਦੀ ਦਸ਼ਾ=ਹਾਲਤ ਹੋ ਜਾਂਦੀ ਹੈ।

ਜੈਸਾ ਕਰਮੁ ਤੈਸੀ ਲਿਵ ਲਾਵੈ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ॥ ੩॥

ਜੇਹੋ ਜੇਹਾ ਜੀਵ ਦਾ ਪੂਰਬਲਾਂ ਕਰਮ ਹੈ ਤੇਹੋ ਜੇਹੀ ਕਿਰਿਆ ਵਿਚ ਲਿਵ ਲਗਾਂਦਾ ਹੈ। ਜੇ ਸਤਿਗੁਰਾਂ ਪਾਸੋਂ ਪਰਮੇਸ਼ਰ ਪ੍ਰਾਪਤੀ ਦਾ ਰਾਹ ਪੁਛੇ, ਤਾਂ ਸੁਭਾਵਕ ਹੀ ਸਰੂਪ ਘਰ ਨੂੰ ਪਾਂਵਦਾ ਹੈ॥ ੩॥

ਰਾਗਿ ਨਾਦਿ ਮਨੁ ਦੂਜੈ ਭਾਇ॥ ਅੰਤਰਿ ਕਪਟੁ ਮਹਾ ਦੁਖੁ ਪਾਇ॥

ਜਿੰਨਾਂ ਚਿਰ ਮਨ ਦਵੈਤ ਭਾਵ ਵਿਚ ਲੱਗ ਰਿਹਾ ਹੈ ਓਨਾ ਚਿਰ ਰਾਗ ਦੀ ਨਾਦਿ=ਅਲਾਪਚਾਰੀ ਕਰਨੀ ਨਿਸਫਲ ਹੈ। ਅੰਚੇਰਲੇ ਕਪਟ ਕਰਕੇ ਏਹ ਬੜੇ ਭਾਰੀ ਦੁੱਖ ਨੂੰ ਪਾਂਦਾ ਹੈ।

ਯਥਾ:- ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥

ਜਿਨ੍ਹਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥ *(ਪੰਨਾ ੪੫੦)*

ਸਤਿਗੁਰੁ ਭੇਟੈ ਸੋਝੀ ਪਾਇ॥ ਸਚੈ ਨਾਮਿ ਰਹੈ ਲਿਵ ਲਾਇ॥ ੪॥

ਅੰਨਵੇ:—ਸਤਿਗੁਰਾਂ ਨੂੰ ਮਿਲ ਕੇ ਸੱਚੇ ਨਾਮੀ ਦੇ ਨਾਮ ਸਿਮਰਨ ਵਿਚ ਲਿਵ ਲੱਗਾ ਰਹਿਣਾ ਕਰੇ ਤਾਂ ਸਰੂਪ ਦੀ ਸੋਝੀ=ਗਿਆਤ ਨੂੰ ਪਾਂਵਦਾ ਹੈ॥ ੪॥

ਸਚੈ ਸਬਦਿ ਸਚੁ ਕਮਾਵੈ॥ ਸਚੀ ਬਾਣੀ ਹਰਿ ਗੁਣ ਗਾਵੈ॥

ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸੱਚ ਨਾਮ ਨੂੰ ਕਮਾਵੇ ਅਤੇ ਸੱਚੀ ਬਾਣੀ ਦੁਆਰਾ ਹਰੀ ਗੁਣਾਂ ਨੂੰ ਗਾਵੇ।

ਨਿਜ ਘਰਿ ਵਾਸੁ ਅਮਰ ਪਦੁ ਪਾਵੈ॥ ਤਾ ਦਰਿ ਸਾਚੈ ਸੋਭਾ ਪਾਵੈ॥ ੫॥

ਤਾਂ ਅਮਰ ਪਦ ਰੂਪ ਨਿਜ ਘਰ ਵਿਚ ਨਿਵਾਸ ਪਾਂਵਦਾ ਹੈ।

ਵਾ:-ਅਮਰ ਪਦੁ=ਗਿਆਨ ਨੂੰ ਪਾ ਕੇ ਆਪਣੇ ਸਰੂਪ ਘਰ ਵਿਚ ਵਸਦਾ ਹੈ। ਤਾਂ ਹੀ ਸਤਸੰਗ ਰੂਪ ਸੱਚੇ ਦਰਬਾਰ ਅੰਦਰ ਸ਼ੋਭਾ ਨੂੰ ਪਾਂਵਦਾ ਹੈ॥ ੫॥

ਗੁਰ ਸੇਵਾ ਬਿਨੁ ਭਗਤਿ ਨ ਹੋਈ॥ ਅਨੇਕ ਜਤਨ ਕਰੈ ਜੇ ਕੋਈ॥

ਗੁਰ ਸੇਵਾ ਕੀਤੇ ਬਿਨਾਂ ਵਾਹਿਗੁਰੂ ਦੀ ਭਗਤੀ ਪ੍ਰਾਪਤ ਨਹੀਂ ਹੁੰਦੀ।

ਵਾ:-ਭਗਤੀ ਪੂਰਨ ਨਹੀਂ ਹੁੰਦੀ । ਚਾਹੇ ਕੋਈ ਅਨੇਕ ਤਰ੍ਹਾਂ ਦੇ ਜਤਨ ਭੀ ਕਰ ਲਵੇ।

ਹਉਮੈ ਮੇਰਾ ਸਬਦੇ ਖੋਈ॥ ਨਿਰਮਲ ਨਾਮੁ ਵਸੈ ਮਨਿ ਸੋਈ॥ ੬॥

ਗੁਰ ਸ਼ਬਦ ਦੁਆਰਾ ਹੰਗਤਾ ਮਮਤਾ ਤੇ ਮੇਰ ਤੇਰ ਨੂੰ ਖੋਈ=ਨਾਸ ਕਰੇ। ਤਾਂ ਉਸ ਪ੍ਰਭੂ ਦਾ ਨਿਰਮਲ ਨਾਮ ਮਨ ਵਿਚ ਆ ਕੇ ਵਸਦਾ ਹੈ॥ ੬॥

ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥

ਇਸ ਸੰਸਾਰ ਵਿਚ ਗੁਰ ਉਪਦੇਸ਼ ਰੂਪ ਕਰਨੀ ਸਾਰੁ=ਸਰੇਸ਼ਟ ਹੈ। ਗੁਰ ਸ਼ਬਦ ਤੋਂ ਬਿਨਾਂ ਹੋਰ ਜਿੰਨੇ ਭੀ ਕਰਮ ਕਰਨੇ ਹਨ, ਸਭ ਮੋਹ ਦਾ ਗੁਬਾਰ ਹਨ।

ਵਾ:-ਗੁਰ ਸ਼ਬਦ ਤੋਂ ਬਿਨਾਂ ਹੋਰ ਜੇਹੜਾ ਮੋਹ ਕਰਨਾ ਹੈ ਏਹ ਗੁਬਾਰੁ=ਹਨੇਰਾ ਰੂਪ ਹੈ।

ਸਬਦੇ ਨਾਮੁ ਰਖੈ ਉਰਿ ਧਾਰਿ॥ ਸਬਦੇ ਗਤਿ ਮਤਿ ਮੋਖ ਦੁਆਰੁ॥ ੭॥

ਗੁਰ ਸ਼ਬਦ ਦੁਆਰਾ ਹਿਰਦੇ ਵਿਚ ਨਾਮ ਨੂੰ ਧਾਰਨ ਕਰ ਰੱਖੇ। ਗੁਰ ਸ਼ਬਦ ਦੀ ਗਤਿ=ਪ੍ਰਾਪਤੀ ਕਰਕੇ ਹੀ ਮਤਿ=ਬੁੱਧੀ ਵਿਚ ਮੋਖ ਦੁਆਰੁ=ਗਿਆਨ ਪ੍ਰਾਪਤ ਹੁੰਦਾ ਹੈ॥ ੭॥

ਅਵਰੁ ਨਾਹੀ ਕਰਿ ਦੇਖਣਹਾਰੋ॥ ਸਾਚਾ ਆਪਿ ਅਨੂਪੁ ਅਪਾਰੋ॥

ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਨਾ ਜਗਤ ਦੇ ਕਰਨ ਵਾਲਾ ਹੈ ਨਾ ਹੀ ਵੇਖਣ ਵਾਲਾ ਹੈ। ਉਹ ਅਨੂਪੁ= ਉਪਮਾ ਤੋਂ ਰਹਿਤ ਅਪਾਰੋ=ਬੇਅੰਤ ਗੁਣਾਂ ਵਾਲਾ ਸੱਚਾ ਪ੍ਰਭੂ ਆਪ ਹੀ ਜਗਤ ਦੇ ਕਰਨ ਵਾਲਾ ਹੈ ਤੇ ਆਪ ਹੀ ਵੇਖਣ ਵਾਲਾ ਹੈ।

ਰਾਮ ਨਾਮ ਊਤਮ ਗਤਿ ਹੋਈ॥ ਨਾਨਕ ਖੋਜਿ ਲਹੈ ਜਨੁ ਕੋਈ॥ ੮॥ ੧॥

ਗੁਰੂ ਜੀ ਕਥਨ ਕਰਦੇ ਹਨ—ਰਾਮ ਨਾਮ ਜਪਣੇ ਕਰਕੇ ਉੱਤਮ ਗਤੀ ਦੀ ਪ੍ਰਾਪਤੀ ਹੁੰਦੀ ਹੈ। ਪਰ ਕੋਈ ਵਿਰਲਾ ਪੁਰਸ਼ ਹੀ ਉਸ ਨੂੰ ਖੋਜ ਲੈਂਦਾ ਹੈ॥ ੮॥ ੧॥

ਪ੍ਰਭਾਤੀ ਮਹਲਾ ੧॥

ਮਾਇਆ ਮੋਹਿ ਸਗਲ ਜਗੁ ਛਾਇਆ॥

ਸਾਰੇ ਜਗਤ ਵਿਚ ਮਾਇਆ ਦਾ ਮੋਹ ਛਾ ਰਿਹਾ ਹੈ।

ਕਾਮਣਿ ਦੇਖਿ ਕਾਮਿ ਲੋਭਾਇਆ॥

ਕਾਮਣਿ=ਇਸਤ੍ਰੀ ਨੂੰ ਵੇਖ ਕੇ ਕਾਮੀ ਪੁਰਸ਼ ਲੁਭਾਇਮਾਨ ਹੋ ਰਿਹਾ ਹੈ।

ਸੁਤ ਕੰਚਨ ਸਿਉ ਹੇਤੁ ਵਧਾਇਆ॥

ਸੁਤ=ਪੁੱਤ੍ਰ ਆਦਿਕਾਂ ਨਾਲ ਤੇ ਕੰਚਨ=ਸੋਨੇ ਦੇ ਗਹਿਣਿਆਂ ਨਾਲ ਹੇਤੁ=ਮੋਹ ਵਧਾਇਆ ਹੋਇਆ ਹੈ।

ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ ੧ ॥

ਹੋਰ ਤਾਂ ਸਭ ਕੁਝ ਆਪਣਾ ਮੰਨਿਆ ਹੈ ਪਰ ਇਕ ਰਾਮ ਨੂੰ ਪਰਾਇਆ=ਬੇਗਾਨਾ ਸਮਝਿਆ ਹੈ॥ ੧ ॥

ਐਸਾ ਜਾਪੁ ਜਪਉ ਜਪਮਾਲੀ ॥
ਦੁਖ ਸੁਖ ਪਰਹਰਿ ਭਗਤਿ ਨਿਰਾਲੀ ॥ ੧ ॥ ਰਹਾਉ ॥

ਹੇ ਜਪਮਾਲੀ=ਮਾਲਾ ਫੇਰਨ ਵਾਲੇ ਪੁਰਸ਼ਾ ! ਮਾਲਾ ਲੈ ਕੇ ਅਜੇਹਾ ਜਾਪ ਜਪਣਾ ਕਰ। ਅਤੇ-

ਦੁੱਖ ਸੁਖ ਦੇ ਦੇਣ ਵਾਲੇ ਕਰਮਾਂ ਨੂੰ ਤਿਆਗ ਕੇ ਸੰਸਾਰ ਤੋਂ ਨਿਰਾਲਿਆਂ ਕਰਨ ਵਾਲੀ ਭਗਤੀ ਕਰ॥ ੧ ॥ ਰਹਾਉ ॥

ਗੁਣ ਨਿਧਾਨ ਤੇਰਾ ਅੰਤੁ ਨ ਪਾਇਆ ॥ ਸਾਚ ਸਬਦਿ ਤੁਝ ਮਾਹਿ ਸਮਾਇਆ ॥

ਹੇ ਸ਼ੁਭ ਗੁਣਾਂ ਦੇ ਖਜ਼ਾਨੇ ਵਾਹਿਗੁਰੂ ! ਆਪ ਜੀ ਦਾ ਅੰਤ ਕਿਸੀ ਨੇ ਪਾਇਆ-ਨਹੀਂ ਹੈ। ਜਿਸ ਦਾ ਮਨ ਸੱਚੇ ਸ਼ਬਦ ਵਿਚ ਲੱਗਾ ਹੈ ਉਹ ਜੀਵ ਤੇਰੇ ਵਿਚ ਸਮਾਅ ਗਿਆ ਹੈ।

ਆਵਾ ਗਉਣੁ ਤੁਧੁ ਆਪਿ ਰਚਾਇਆ ॥
ਸੇਈ ਭਗਤ ਜਿਨ ਸਚਿ ਚਿਤੁ ਲਾਇਆ ॥ ੨ ॥

ਤੁਸਾਂ ਨੇ ਆਪ ਹੀ ਆਵਾਂ ਗਉਣੁ=ਜੰਮਣਾ ਮਰਨਾ ਬਣਾਇਆ ਹੈ।

ਜਿਨ੍ਹਾਂ ਨੇ ਸੱਚ ਨਾਮ ਸਿਮਰਨ ਵਿਚ ਚਿਤ ਨੂੰ ਲਗਾਇਆ ਹੈ, ਓਹੀ ਆਪ ਜੀ ਦੇ ਅਸਲ ਭਗਤ ਹਨ।

ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥
ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥

ਨਰਾਂ ਦੇ ਹਰੇ ਕਰਨ ਵਾਲੇ ਨਿਰਬੰਧ ਪਰਮਾਤਮਾ ਦੇ ਗਿਆਨ ਧਿਆਨ ਨੂੰ-

ਸਤਿਗੁਰਾਂ ਦੇ ਭੇਟੇ=ਮਿਲੇ ਤੋਂ ਬਿਨਾਂ ਕੋਈ ਮਨੁੱਖ ਨਹੀਂ ਜਾਣ ਸਕਦਾ ।

ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥ ੩ ॥

ਸਾਰਿਆਂ ਸਰੀਰਾਂ ਰੂਪ ਤਲਾਵਾਂ ਵਿਚ ਜਿਸ ਦੀ ਜੋਤਿ=ਚੇਤਨ ਸਤਾ ਸਮਾਅ ਰਹੀ ਹੈ। ਮੈਂ ਉਸ ਅਨੰਦ ਸਰੂਪ ਪਰਮਾਤਮਾ ਤੋਂ ਕੁਰਬਾਨ ਜਾਂਦਾ ਹਾਂ॥ ੩ ॥

ਭਾਉ ਭਗਤਿ ਗੁਰਮਤੀ ਪਾਏ ॥ ਹਉਮੈ ਵਿਚਹੁ ਸਬਦਿ ਜਲਾਏ ॥

ਗੁਰਮਤੀ=ਗੁਰ ਸਿੱਖਿਆ ਦੁਆਰੇ ਪ੍ਰੇਮਾ ਭਗਤੀ ਨੂੰ ਪਾਵਨਾ ਕਰੇ ਅਤੇ ਗੁਰੂ ਸ਼ਬਦ ਦੁਆਰਾ ਹਿਰਦੇ ਵਿਚੋਂ ਹੰਗਤਾ ਮਮਤਾ ਨੂੰ ਜਲਾਏ=ਸਾੜਨਾ ਕਰੇ।

[ਪੰਨਾ ੧੩੪੩]

ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥ ੪ ॥

ਧਾਵਤੁ=ਦੌੜਦੇ ਮਨ ਨੂੰ ਵਸ ਵਿਚ ਰੱਖੇ, ਇੰਦ੍ਰੀਆਂ ਨੂੰ ਭੀ ਠਾਕਿ ਰਹਾਏ=ਰੋਕ ਰੱਖੇ ਅਤੇ ਸੱਚੇ ਪ੍ਰਭੂ ਦੇ ਨਾਮ ਨੂੰ ਮਨ ਵਿਚ ਵਸਾਉਣਾ ਕਰੇ॥ ੪॥

ਬਿਸਮ ਬਿਨੋਦ ਰਹੇ ਪਰਮਾਦੀ॥ ਗੁਰਮਤਿ ਮਾਨਿਆ ਏਕ ਲਿਵ ਲਾਗੀ॥

ਬਿਸਮ=ਵਿਸ਼ਿਆਂ ਦੇ ਬਿਨੋਦ=ਕੌਤਕਾਂ ਵਿਚ ਲੱਗ ਕੇ ਏਹ ਜੀਵ ਪ੍ਰਮਾਦੀ ਹੋ ਰਹੇ ਹਨ।

ਪ੍ਰਸ਼ਨ:-ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ ? *ਗੁਰ ਉੱਤਰ:-*

ਜਿਸ ਨੇ ਗੁਰਮਤਿ ਮਾਨਿਆ=ਗੁਰ ਸਿੱਖਿਆ ਨੂੰ ਮੰਨਿਆਂ ਹੈ ਉਸ ਦੀ ਬਿਸਮ ਬਿਨੋਦ=ਅਸਚਰਜ ਕੌਤਕਾਂ ਦੇ ਕਰਨ ਵਾਲੇ ਇਕ ਪਰਮਾਤਮਾ ਵਿਚ ਲਿਵ ਲੱਗੀ ਹੈ ਜਿਸ ਦੀ ਲਿਵ ਲੱਗੀ ਹੈ ਉਹ ਸਾਰਿਆਂ ਦੀ ਆਦੀ=ਆਦ ਰੂਪ ਪਰਮ=ਉਤਕ੍ਰਿਸਟ ਪਰਮਾਤਮਾ ਨੂੰ ਦੇਖ ਰਹੇ ਹਨ।

ਦੇਖਿ ਨਿਵਾਰਿਆ ਜਲ ਮਹਿ ਆਗੀ॥ ਸੋ ਬੂਝੈ ਹੋਵੈ ਵਡਭਾਗੀ॥ ੫॥

ਜਲ ਆਦਿਕ ਤੱਤਾਂ ਵਿਚ ਵਿਆਪਕ ਪਰਮੇਸ਼ਰ ਨੂੰ ਦੇਖਿਆ ਤਾਂ ਤ੍ਰਿਸ਼ਨਾ ਅੱਗ ਨੂੰ ਨਵਿਰਤ ਕਰ ਦਿੱਤਾ।

ਵਾ:-ਆਗੀ=ਅਗਿਆਨਤਾ ਨੂੰ ਨਵਿਰਤ ਕਰ ਦਿੱਤਾ।

ਅਥਵਾ:-ਜਲ ਤੇ ਅੱਗ ਆਦਿਕ ਪੰਜ ਤੱਤਾਂ ਵਿਚ ਪਰਮੇਸ਼ਰ ਨੂੰ ਦੇਖ ਕੇ ਆਪਾ ਭਾਅ ਹੰਕਾਰ ਨੂੰ ਨਵਿਰਤ ਕਰ ਦਿੱਤਾ। ਇਸ ਗੱਲ ਨੂੰ ਉਹ ਪੁਰਸ਼ ਬੁਝਦਾ ਹੈ ਜੋ ਵੱਡਿਆਂ ਭਾਗਾਂ ਵਾਲਾ ਹੁੰਦਾ ਹੈ॥ ੫॥

ਸਤਿਗੁਰੁ ਸੇਵੇ ਭਰਮੁ ਚੁਕਾਏ॥ ਅਨਦਿਨੁ ਜਾਗੈ ਸਚਿ ਲਿਵ ਲਾਏ॥

ਭਰਮ ਨੂੰ ਚੁਕਾਏ=ਦੂਰ ਕਰਕੇ ਸਤਿਗੁਰਾਂ ਨੂੰ ਸੇਵਨਾ ਕਰੇ।

ਅਤੇ ਸੱਚੀ ਲਿਵ ਲਗਾਉਣ ਵਿਚ ਰਾਤ ਦਿਨ ਜਾਗਣਾ ਕਰੇ।

ਏਕੋ ਜਾਣੈ ਅਵਰੁ ਨ ਕੋਇ॥ ਸੁਖਦਾਤਾ ਸੇਵੇ ਨਿਰਮਲੁ ਹੋਇ॥ ੬॥

ਇਕ ਵਾਹਿਗੁਰੂ ਨੂੰ ਜਾਣੇ ਉਸ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਜਾਣੇ।

ਨਿਰਮਲ ਮਨ ਹੋ ਕੇ ਸੁਖਦਾਤੇ ਪ੍ਰਭੂ ਨੂੰ ਸੇਵਨਾ ਕਰੇ।

ਸੇਵਾ ਸੁਰਤਿ ਸਬਦਿ ਵੀਚਾਰਿ॥ ਜਪੁ ਤਪੁ ਸੰਜਮੁ ਹਉਮੈ ਮਾਰਿ॥

ਸੇਵਾ ਵਿਚ ਸੁਰਤ ਜੋੜ ਕੇ ਜੋ ਗੁਰ ਸ਼ਬਦ ਦਾ ਵਿਚਾਰ ਕਰਦਾ ਹੈ। ਉਹ ਜਪ ਤਪ ਸੰਜਮ ਆਦਿਕ ਸਾਧਨ ਕਰਕੇ ਹਉਮੈ ਨੂੰ ਮਾਰਦਾ ਹੈ।

ਜੀਵਨ ਮੁਕਤੁ ਜਾ ਸਬਦੁ ਸੁਣਾਏ॥ ਸਚੀ ਰਹਤ ਸਚਾ ਸੁਖੁ ਪਾਏ॥ ੭॥

ਜਾਂ ਗੁਰਾਂ ਦੇ ਸ਼ਬਦ ਸੁਨਣ ਵਿਚ ਆਵੇ ਤਾਂ ਜੀਵਨ ਮੁਕਤ ਅਵੱਸਥਾ ਨੂੰ ਪ੍ਰਾਪਤ ਹੁੰਦਾ ਹੈ। ਸੱਚੀ ਰਹਿਣੀ ਵਿਚ ਰਹਿਣ ਕਰਕੇ ਸੱਚੇ ਸੁਖ ਨੂੰ ਪਾਂਦਾ ਹੈ॥ ੭॥

ਸੁਖਦਾਤਾ ਦੁਖੁ ਮੇਟਣਹਾਰਾ॥ ਅਵਰੁ ਨ ਸੂਝਸਿ ਬੀਜੀ ਕਾਰਾ॥

ਜੋ ਪ੍ਰਭੂ ਸੁਖਾਂ ਦੇ ਦੇਣ ਵਾਲਾ ਹੈ ਤੇ ਦੁੱਖਾਂ ਦੇ ਮੇਟਣੇ ਵਾਲਾ ਹੈ। ਉਸ ਤੋਂ ਬਿਨਾਂ ਸਾਨੂੰ ਹੋਰ ਕੋਈ ਦੂਜੀ ਕਾਰ ਸੁਝਦੀ ਨਹੀਂ ਹੈ।

ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥ ਨਾਨਕੁ ਕਹੈ ਮਹਾ ਰਸੁ ਚਾਖਿਆ ॥੮ ॥੨ ॥

ਗੁਰੂ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਤਨ, ਮਨ, ਧਨ ਆਦਿਕ ਹਰੀ ਸਰੂਪ ਗੁਰਾਂ ਅੱਗੇ ਰੱਖਿਆ ਹੈ। ਉਸ ਨੇ ਮਹਾਂ ਆਤਮ ਰਸ ਨੂੰ ਚਖਣਾ ਕੀਤਾ ਹੈ॥ ੮॥ ੨॥

ਪ੍ਰਭਾਤੀ ਮਹਲਾ ੧ ॥

ਨਾਮ ਤੋਂ ਬਿਨਾਂ ਹੋਰ ਕਰਮਾਂ ਦੀ ਨਿਸਫਲਤਾ ਦੱਸਦੇ ਹਨ—

ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥

ਨਿਵਲੀ ਕਰਮ=ਨੇਤੀ ਧੋਤੀ ਧਾਗਾ ਬਣਾ ਕੇ ਮੂੰਹ ਵਿਚ ਪਾ ਕੇ ਨਾਸਕਾ ਰਾਹੀਂ ਖਿਚਣਾ, ਨਾਸਕਾ ਵਿਚ ਪਾ ਕੇ ਮੂੰਹ 'ਚੋਂ ਬਾਹਰ ਕੱਢਣਾ ਇਸ ਨੂੰ ਨੇਤੀ ਆਖਦੇ ਹਨ ਇਸ ਦੇ ਕਰਨ ਨਾਲ ਬਲਗਮ ਸਾਫ ਹੋ ਜਾਂਦੀ ਹੈ।

ਬਰੀਕ ਕਪੜਾ ਤਿੰਨ ਉਂਗਲ ਚੌੜਾ ਸਤਾਰਾਂ ਉਂਗਲ ਲੰਬਾ ਮੂੰਹ ਵਿਚ ਪਾ ਕੇ ਗੁਦਾ ਰਾਹੀਂ ਕੱਢਣਾ ਸਭ ਨਾੜੀਆਂ ਸਾਫ ਕਰਨੀਆਂ ਇਸ ਨੂੰ ਧੋਤੀ ਆਖਦੇ ਹਨ। ਆਦਿਕ ਕਰਮ ਕਰਨੇ, ਭੁਅੰਗਮ ਨਾੜੀ ਨੂੰ ਭੱਠੀ ਵਾਂਗੂ ਤਪਾਣਾ, ਦਸਮ ਦੁਆਰ ਵਿਚ ਪ੍ਰਾਣਾਂ ਦਾ ਪੂਰਕ=ਚੜ੍ਹਾਉਣਾ, ਕੁੰਭ=ਠਹਿਰਾਉਣਾ, ਰੇਚਕ=ਉਤਾਰਨਾ ਭੀ ਕਰੇ।

ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥

ਫਿਰ ਭੀ ਸਤਿਗੁਰਾਂ ਤੋਂ ਬਿਨਾਂ ਕੁਝ ਸੂਝ ਨਹੀਂ ਹੁੰਦੀ, ਭਰਮ ਵਿਚ ਭੁਲਾ ਹੋਇਆ ਜੀਵ ਮੋਹ ਵਿਚ ਡੁੱਬ ਮਰਦਾ ਹੈ।

ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥

ਅੰਨ੍ਹਾਂ ਅਗਿਆਨੀ ਜੀਵ ਪਾਪਾਂ ਨਾਲ ਭਰਿਆ=ਲਿਬੜਿਆ ਹੋਇਆ ਭਰਿ=ਭਲੀ ਪ੍ਰਕਾਰ ਸ਼ਕਾਮ ਕਰਮਾਂ ਦੇ ਕਰਨੇ ਰੂਪ ਜਲ ਨੂੰ ਭਰ ਕੇ ਉਹਨਾਂ ਪਾਪਾਂ ਨੂੰ ਧੋਂਦਾ ਹੈ, ਇਸ ਤਰ੍ਹਾਂ ਕਰਨ ਨਾਲ ਅੰਦਰਲੀ ਮੈਲ ਕਦੇ ਭੀ ਨਹੀਂ ਲਹਿੰਦੀ।

ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥ ੧ ॥

ਨਾਮ ਸਿਮਰਨ ਤੋਂ ਬਿਨਾਂ ਸਾਰੇ ਕਰਮ ਫੋਕਟ=ਨਿਸਫਲ ਹਨ, ਜਿਵੇਂ ਬਾਜੀਗਰ ਦੀ ਖੇਡ ਨੂੰ ਵੇਖ ਕੇ ਅਗਿਆਤ ਜੀਵ ਭਰਮ ਵਿਚ ਭੁਲਾ ਹੋਇਆ ਪ੍ਰਸੰਨ ਹੁੰਦਾ ਹੈ। ਤਿਵੇਂ ਜਗਤ ਦੀ ਝੂਠੀ ਮਾਇਆ ਵੇਖ ਕੇ ਜੀਵ ਭਰਮ ਵਿਚ ਭੁਲਾ ਹੋਇਆ ਪ੍ਰਸੰਨ ਹੁੰਦਾ ਹੈ॥ ੧॥

ਖਟੁ ਕਰਮ ਨਾਮੁ ਨਿਰੰਜਨੁ ਸੋਈ ॥
ਤੂ ਗੁਣ ਸਾਗਰੁ ਅਵਗੁਣ ਮੋਹੀ ॥ ੧ ॥ ਰਹਾਉ ॥

ਹੇ ਨਿਰੰਜਨ ਪਰਮਾਤਮਾ ! ਆਪ ਜੀ ਦਾ ਜੋ ਨਾਮ ਹੈ ਮੇਰੇ ਲਈ ਓਹੀ ਖਟੁ=ਛੇ ਪਰਕਾਰ ਦੇ ਕਰਮ ਹਨ। ਤੂੰ ਸ਼ੁਭ ਗੁਣਾਂ ਦਾ ਸਾਗਰੁ=ਸਮੁੰਦਰ ਹੈਂ ਅਤੇ ਮੇਰੇ ਵਿਚ ਸਾਰੇ ਔਗੁਣ ਹਨ॥ ੧॥ ਰਹਾਉ॥

ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥

ਮਾਇਆ ਦਾ ਜੋ ਧੰਧਾ ਹੈ ਉਸ ਵੱਲ ਧਾਵਣੀ=ਦੌੜ ਲੱਗਾ ਕੇ ਏਹ ਜੀਵ ਖੋਟੀ ਮਤ ਕਰਕੇ ਵਿਕਾਰਾਂ

ਦੀ ਕਾਰ ਕਰਦਾ ਹੈ।

ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ॥

ਇਸ ਵਿਚ ਲੱਗ ਕੇ ਮੂਰਖ ਪੁਰਸ਼ ਆਪਣੇ ਆਪ ਨੂੰ ਚੰਗਾ ਗਿਣਾਉਂਦਾ ਹੈ, ਸੱਚੀ ਕਾਰ ਨੂੰ ਜਾਣ ਨਹੀਂ ਸਕਦਾ।

ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ॥

ਮੋਹਣੇ ਵਾਲੀ ਮਾਇਆ ਦੀ ਮਨਸਾ=ਇੱਛਾ ਵਿਚ ਲੱਗ ਕੇ, ਮਨਮੁਖ ਝੂਠੇ ਬੋਲ=ਬਚਨਾਂ ਨੂੰ ਬੋਲ ਕੇ ਖੁਆਰ=ਖਰਾਬ ਹੋ ਰਿਹਾ ਹੈ।

ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ॥ ੨॥

ਜਿਵੇਂ ਚੰਡਾਲ ਦਾ ਮਜਨੁ=ਇਸ਼ਨਾਨ ਕੀਤਾ ਹੋਇਆ ਝੂਠਾ ਹੈ, ਬਾਹਰਲੇ ਇਸ਼ਨਾਨ ਕਰਕੇ ਉਸ ਨੇ ਕੋਈ ਬ੍ਰਾਹਮਣ ਨਹੀਂ ਹੋ ਜਾਣਾ, ਤਿਵੇਂ ਬਾਹਰ ਮੁਖੀ ਸਾਧਨਾ ਰੂਪੀ ਸੁੰਦਰ ਸ਼ਿੰਗਾਰ ਭੀ ਨਿਸਫਲ ਹੈ। ਕਿਉਂਕਿ ਬਹਰੰਗ ਸਾਧਨਾ ਕਰਕੇ ਕੋਈ ਬ੍ਰਹਮ ਗਿਆਨੀ ਨਹੀਂ ਹੁੰਦਾ ॥ ੨॥

ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥

ਮਨ ਦੀ ਮਤੀ ਝੂਠੀ ਹੈ, ਬਿਬਾਦੁ=ਝਗੜਾ ਰੂਪ ਕਰਨੀ ਭੀ ਬਾਦਿ=ਵਿਅਰਥ ਹੈ।

ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥

ਉਹ ਪੁਰਸ਼ ਝੂਠੇ ਹਨ ਜਿਨ੍ਹਾਂ ਦੇ ਹਿਰਦੇ ਵਿਚ ਹੰਕਾਰ ਹੈ, ਉਹ ਖਸਮ=ਪਰਮਾਤਮਾ ਦੇ ਸਾਦੁ=ਅਨੰਦ ਨੂੰ ਨਹੀਂ ਪਾਂਦੇ ।

ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ॥

ਨਾਮ ਸਿਮਰਨ ਤੋਂ ਬਿਨਾਂ ਜੇਹੜਾ ਹੋਰ ਕਰਮਾਂ ਦਾ ਕਮਾਉਣਾ ਹੈ ਉਹਨਾਂ ਵਿਚ ਫਿਕਾ ਹੀ ਸੁਆਦ ਆਉਂਦਾ ਹੈ।

ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ॥ ੩॥

ਦੁਸ਼ਟਾਂ ਦੀ ਸਭਾ ਵਿਚ ਜਾ ਕੇ ਵਿਗੁਚੀਐ=ਖਰਾਬ ਹੋਈਦਾ ਹੈ, ਕਿਉਂਕਿ ਉਹਨਾਂ ਦੀਆਂ ਬਿਖੁ ਵਾਤੀ= ਜ਼ਹਿਰ ਰੂਪ ਗੱਲਾਂ ਮਨੁੱਖੀ ਜੀਵਨ ਨੂੰ ਬਾਦਿ=ਬਰਬਾਦ ਕਰਦੀਆਂ ਹਨ।

ਅਥਵਾ:-ਉਹਨਾਂ ਦੇ ਵਾਤੀ=ਮੂੰਹ ਵਿਚ ਵਿਹੁ ਰੂਪ ਕੌੜੇ ਬਚਨ ਹਨ ਇਸ ਕਰਕੇ ਉਹਨਾਂ ਦਾ ਜੀਊਣਾ ਬਾਦਿ=ਵਿਅਰਥ ਹੈ॥ ੩॥

ਏ ਭ੍ਰਮਿ ਭੂਲੇ ਮਰਹੁ ਨ ਕੋਈ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ॥

ਹੇ ਭਰਮ ਵਿਚ ਭੁਲੇ ਹੋਏ ਜੀਵੋ ! ਇਹਨਾਂ ਕਰਮਾਂ ਦੇ ਕਰਨ ਵਿਚ ਕੋਈ ਭੀ ਨਾ ਮਰੋ।

ਸਤਿਗੁਰਾਂ ਦੀ ਸੇਵਾ ਕੀਤਿਆਂ ਨਿਤ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ॥
ਆਵਹਿ ਜਾਂਹਿ ਮਰਹਿ ਮਰਿ ਜਾਈ॥ ੪॥

ਸਤਿਗੁਰਾਂ ਤੋਂ ਬਿਨਾਂ ਕਿਸੀ ਨੇ ਮੁਕਤੀ ਨਹੀਂ ਪਾਈ। ਗੁਰੂ ਤੋਂ ਹੀਣੇ ਪੁਰਸ਼ ਜੂਨੀਆਂ ਵਿਚ ਆਉਂਦੇ ਜਾਂਦੇ ਹਨ ਤੇ ਮਰ ਹੀ ਮਰ ਜਾਂਦੇ ਹਨ॥ ੪॥

ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ॥ ਇਸ ਨੋ ਵਿਆਪੈ ਸੋਗ ਸੰਤਾਪੁ॥

ਇਹ ਸਰੀਰ ਤ੍ਰਿਗੁਣ ਆਤਮਕ ਮਾਇਆ ਦੀ ਤਰਫ ਧਾਵਤੁ=ਦੌੜ ਰਿਹਾ ਹੈ।

ਅਥਵਾ:-ਰਜੋ, ਸਤੋ, ਤਮੋ ਰੂਪ ਤਿੰਨ ਗੁਣਾਂ ਕਰਕੇ ਰਚਿਆ ਹੋਇਆ ਜੋ ਸਰੀਰ ਹੈ ਏਹ ਧਾਤੁ=ਧਾ ਜਾਣ ਵਾਲਾ ਹੈ, ਅਰਥਾਤ ਨਾਸਵੰਤ ਹੈ।

ਇਸ ਸਰੀਰ ਨੂੰ ਸੋਗ=ਚਿੰਤਾ ਤੇ ਸੰਤਾਪੁ=ਦੁੱਖ ਵਿਆਪ ਰਿਹਾ ਹੈ।

ਸੋ ਸੇਵਹੁ ਜਿਸੁ ਮਾਈ ਨ ਬਾਪੁ॥ ਵਿਚਹੁ ਚੂਕੈ ਤਿਸਨਾ ਅਰੁ ਆਪੁ॥ ੫॥

ਉਸ ਪ੍ਰਭੂ ਦੀ ਸੇਵਾ ਕਰੋ ਜਿਸ ਦਾ ਮਾਂ ਪਿਉ ਨਹੀਂ ਹੈ। ਸੇਵਾ ਕਰਨ ਨਾਲ ਹਿਰਦੇ ਵਿਚੋਂ ਪਦਾਰਥਾਂ ਦੀ ਤ੍ਰਿਸ਼ਨਾ ਅਤੇ ਆਪਾ ਭਾਅ ਹੰਕਾਰ ਦੂਰ ਹੋ ਜਾਂਦਾ ਹੈ॥ ੫॥

ਜਹ ਜਹ ਦੇਖਾ ਤਹ ਤਹ ਸੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥

ਜਿਥੇ ਜਿਥੇ ਵੇਖਦੇ ਹਾਂ ਉਥੇ ਉਥੇ ਹੀ ਉਹ ਪ੍ਰਭੂ ਪੂਰਨ ਹੈ। ਪਰ ਸਤਿਗੁਰਾਂ ਦੇ ਭੇਟੇ=ਮਿਲੇ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥ ੬॥

ਹਿਰਦੇ ਵਿਚ ਜੋ ਸੱਚ ਨਾਮ ਦਾ ਧਾਰਨ ਕਰਨਾ ਹੈ ਏਹੋ ਕਰਣੀ ਸਾਰੁ=ਸਰੇਸ਼ਟ ਹੈ। ਹੋਰ ਸਾਰੀ ਪਖੰਡ ਦੀ ਪੂਜਾ ਇਸ ਜੀਵ ਨੂੰ ਖੁਆਰੁ=ਖਰਾਬ ਕਰਨ ਵਾਲੀ ਹੈ॥ ੬॥

ਦੁਬਿਧਾ ਚੂਕੈ ਤਾਂ ਸਬਦੁ ਪਛਾਣੁ॥ ਘਰਿ ਬਾਹਰਿ ਏਕੋ ਕਰਿ ਜਾਣੁ॥

ਦੁਬਿਧਾ ਚੂਕੈ=ਦਵੈਤ ਦੂਰ ਹੋਵੇ ਤਾਂ ਸਬਦੁ=ਬ੍ਰਹਮ ਨੂੰ ਪਛਾਣਦਾ ਹੈ। ਅਤੇ-

ਘਰ ਬਾਹਰ ਸਾਰਿਆਂ ਨੂੰ ਇਕ ਰੂਪ ਕਰਕੇ ਜਾਣਦਾ ਹੈ।

ਏਹਾ ਮਤਿ ਸਬਦੁ ਹੈ ਸਾਰੁ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ॥ ੭॥

ਏਹੋ ਮਤੀ ਸਾਰੁ=ਸਰੇਸ਼ਟ ਹੈ ਜੋ ਗੁਰ ਸ਼ਬਦ ਨੂੰ ਸੰਭਾਲਦੀ ਹੈ। ਜੇ ਬੁੱਧੀ ਵਿਚ ਦਵੈਤ ਹੈ ਤਾਂ ਸਿਰ ਉਤੇ ਲਾਹਨਤਾਂ ਰੂਪੀ ਸੁਆਹ ਪੈਂਦੀ ਹੈ॥ ੭॥

ਕਰਣੀ ਕੀਰਤਿ ਗੁਰਮਤਿ ਸਾਰੁ॥ ਸੰਤ ਸਭਾ ਗੁਣ ਗਿਆਨੁ ਬੀਚਾਰੁ॥

ਗੁਰਾਂ ਦੀ ਸਿੱਖਿਆ ਦੁਆਰੇ ਜੋ ਵਾਹਿਗੁਰੂ ਦੀ ਕੀਰਤੀ ਕਰਨੀ ਹੈ ਏਹੋ ਸਾਰੁ=ਸਰੇਸ਼ਟ ਹੈ।

ਹੇ ਭਾਈ ! ਸੰਤ ਸਭਾ ਵਿਚ ਬੈਠ ਕੇ ਸ਼ੁਭ ਗੁਣਾਂ ਦਾ ਤੇ ਗਿਆਨ ਦਾ ਵਿਚਾਰ ਕਰ।*

**੧. ਸਿਖ ਸਭਾ, ੨. ਗੁਰ ਸਭਾ, ੩. ਸਿਧ ਸਭਾ, ੪ ਸੰਤ ਸਭਾ, ੫ ਦੁਸਟ ਸਭਾ। ਇਹ ਪੰਜ ਸਭਾ ਦੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਆਉਂਦੇ ਹਨ। ਅੱਜ ਕਲ੍ ਇਕ ਸਿੰਘ ਸਭਾ ਭੀ ਹੈ।*

ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥ ੮ ॥ ੩ ॥

ਜਿਸ ਨੇ ਮਨ ਦੇ ਸੰਕਲਪ ਮਾਰੇ ਹਨ, ਓਸੇ ਨੂੰ ਜੀਵਤ ਭਾਅ ਤੋਂ ਮਰਿਆ ਜਾਨਣਾ ਕਰੋ।

ਗੁਰੂ ਜੀ ਕਥਨ ਕਰਦੇ ਹਨ—ਉਸ ਨੇ ਬ੍ਰਹਮ ਦ੍ਰਿਸ਼ਟੀ ਕਰਕੇ ਬ੍ਰਹਮ ਨੂੰ ਪਛਾਣ ਲਿਆ ਹੈ॥ ੮ ॥ ੩ ॥

[ਪੰਨਾ ੧੩੪੪]

ਪ੍ਰਭਾਤੀ ਮਹਲਾ ੧ ਦਖਣੀ॥

ਉਥਾਨਕਾ—ਇਹ ਜੀਵ ਸੁਤੰਤਰ ਹੈ ਜਾਂ ਪਤੰਤਰ ?

ਗੁਰ ਉੱਤਰ:-

ਏਹ ਜੀਵ ਪਤੰਤਰ ਹੈ। ***ਕੋਈ ਜਾਣਿ ਨ ਭੂਲੈ ਭਾਈ॥***

ਹੇ ਭਾਈ ! ਜਾਣ ਬੁਝ ਕੇ ਆਪਣੇ ਆਪ ਕੋਈ ਭੁਲਦਾ ਨਹੀਂ ਹੈ।

ਸੋ ਭੂਲੈ ਜਿਸੁ ਆਪਿ ਭੁਲਾਏ ਬੁਝੈ ਜਿਸੈ ਬੁਝਾਈ॥

ਜਿਸ ਨੂੰ ਕਰਮਾਂ ਅਨੁਸਾਰ ਆਪ ਭੁਲਾਂਵਦਾ ਹੈ ਓਹੀ ਭੁਲਦਾ ਹੈ, ਜਿਸ ਨੂੰ ਆਪ ਕਰਮਾਂ ਅਨੁਸਾਰ ਸਮਝਾਉਂਦਾ ਹੈ ਓਹੀ ਸਮਝਦਾ ਹੈ।

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥

ਬੜੇ ਤਪ ਦੇ ਕਰਨ ਵਾਲਾ ਜੋ ਗੌਤਮ ਰਿਖੀ ਹੈ ਉਸ ਦੀ ਅਹਿਲਿਆ ਨਾਮੇ ਜੋ ਇਸਤ੍ਰੀ ਹੈ ਉਸ ਦੇ ਸੁੰਦਰ ਸਰੀਰ ਨੂੰ ਵੇਖ ਕੇ ਤੇਤੀ ਕ੍ਰੋੜ ਦੇਵਤਿਆਂ ਦਾ ਰਾਜਾ ਇੰਦਰ ਲੁਭਾਇਮਾਨ ਹੋ ਗਿਆ ।

ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧ ॥

ਗੌਤਮ ਰਿਖੀ ਦੇ ਸਰਾਪ ਕਰਕੇ ਜਿਸ ਵੇਲੇ ਸਰੀਰ ਉਤੇ ਸਹਸ=ਹਜ਼ਾਰ ਭਗਾਂ ਦੇ ਚਿੰਨ ਹੋ ਗਏ ਤਾਂ ਮਨ ਵਿਚ ਬੜਾ ਪਛਤਾਉਂਦਾ ਹੋਇਆ।

ਸਾਖੀ—ਗੌਤਮ ਰਿਖੀ ਦੀ

ਜਿਸ ਵੇਲੇ ਗੌਤਮ ਰਿਖੀ ਦੀ ਇਸਤ੍ਰੀ ਅਹਿਲਿਆ ਦੇ ਸੋਹਣੇ ਸਰੀਰ ਨੂੰ ਦੇਖਦਿਆਂ ਸਾਰ ਰਾਜੇ ਇੰਦਰ ਨੂੰ ਆਪਣੀ ਸਾਰੀ ਸੁਧ ਬੁਧ ਵਿਸਰ ਗਈ, ਉਸ ਵੇਲੇ ਗੌਤਮ ਰਿਖੀ ਤੋਂ ਚੋਰੀ ਉਸ ਨੂੰ ਮਿਲਣਾ ਚਾਹਿਆ ਪਰ ਮਿਲਣ ਦਾ ਕੋਈ ਸਮਾਂ ਨਾ ਮਿਲਿਆ, ਫਿਰ ਇਸ ਨੇ ਸੂਰਜ ਨੂੰ ਕਿਹਾ, ਤੂੰ ਮੇਰੀ ਮਦਦ ਕਰ ਪਰ ਓਹ ਨਾ ਮੰਨਿਆ, ਜਾਂ ਇਸ ਨੇ ਚੰਦਰਮਾਂ ਨੂੰ ਕਿਹਾ, ਤਾਂ ਚੰਦਰਮਾਂ ਨੇ ਇੰਦ੍ਰ ਦੇ ਆਖੇ ਲੱਗ ਕੇ ਕੁੱਕੜ ਦਾ ਰੂਪ ਧਾਰ ਕੇ ਉਸ ਦੇ ਮੰਦਰ ਉਤੇ ਬੈਠ ਕੇ ਬੋਲਣਾ ਸ਼ੁਰੂ ਕਰ ਦਿੱਤਾ, ਕੁੱਕੜ ਦੀ ਅਵਾਜ਼ ਸੁਣ ਕੇ ਗੌਤਮ ਰਿਖੀ ਨੇ ਸਮਝਿਆ ਹੁਣ ਇਸ਼ਨਾਨ ਕਰਨ ਦਾ ਵੇਲਾ ਪ੍ਰਾਤਾਕਾਲ ਹੋ ਗਿਆ ਹੈ, ਅਗੋਛਾ ਲੈ ਕੇ ਇਸ਼ਨਾਨ ਕਰਨ ਲਈ

ਗੰਗਾ ਨਦੀ 'ਪਰ ਚਲਿਆ ਗਿਆ। *ਪਿਛੋਂ ਇੰਦਰ ਨੇ ਆ ਕੇ ਅਹਿਲਿਆ ਨਾਲ ਮਿਲਕੇ ਆਪਣੇ ਦਿਲ ਨੂੰ ਠੰਢਾ ਕੀਤਾ।

ਜਿਸ ਵੇਲੇ ਗੌਤਮ ਰਿਖੀ ਨੇ ਇਸ਼ਨਾਨ ਕਰਨ ਵਾਸਤੇ ਗੰਗਾ ਨਦੀ ਵਿਚ ਪ੍ਰਵੇਸ਼ ਕੀਤਾ, ਤਾਂ ਮਾਤਾ ਗੰਗਾ ਨੇ ਕਿਹਾ, ਰਿਖੀ ਜੀ ! ਅਜੇ ਤਾਂ ਅੱਧੀ ਰਾਤ ਦਾ ਵੇਲਾ ਹੈ ਤੂੰ ਹੁਣੇ ਇਸ਼ਨਾਨ ਕਰਨ ਕਿਉਂ ਆ ਗਿਆ ਹੈਂ, ਤੇਰੇ ਘਰ ਵਿਚ ਤਾਂ ਚੋਰ ਆਏ ਹੋਏ ਹਨ ਤੂੰ ਜਲਦੀ ਵਾਪਸ ਚਲਿਆ ਜਾ, ਇਹ ਗੱਲ ਸੁਣਦਿਆਂ ਸਾਰ ਗੌਤਮ ਰਿਖੀ ਉਸੀ ਵੇਲੇ ਗੰਗਾ ਨਦੀ ਤੋਂ ਬਾਹਰ ਨਿਕਲ ਕੇ ਗਿਲਾ ਪਰਨਾ ਹੱਥ ਵਿਚ ਨਚੋੜਦਾ ਤੇ ਦੌੜਦਾ ਆਇਆ, ਘਰ ਵੜਦਿਆਂ ਸਾਰ ਪਹਿਲੇ ਅੰਜਨਾ ਨਾਮੇ ਲੜਕੀ ਮਿਲੀ ਉਸ ਤੋਂ ਪੁਛਿਆ ਅੰਦਰ ਕੌਣ ਹੈ? ਪਹਿਲੇ ਤਾਂ ਘਬਰਾ ਗਈ ਫੇਰ ਵਿਚਾਰ ਤੋਂ ਕੰਮ ਲੀਤਾ ਮਾਂ ਦੀ ਚੁਗਲੀ ਕਰਨੀ ਵੀ ਮੁਨਾਸਬ ਨਾ ਸਮਝੀ ਤੇ ਪਿਤਾ ਜੀ ਅੱਗੇ ਝੂਠ ਬੋਲਣਾ ਵੀ ਠੀਕ ਨਾ ਸਮਝਿਆ ਸਿਆਣਪ ਤੋਂ ਕੰਮ ਲੈਂਦਿਆਂ ਇਸ ਤਰ੍ਹਾਂ ਆਖਿਆ ਕਿ ਅੰਦਰ 'ਮਾਂਜਾਰ' ਹੈ, ਮਾਜਾਰ ਦਾ ਅਰਥ ਚੋਰ ਹੈ ਬਿਲਾ ਹੈ ਅਤੇ ਮਾਂ ਦਾ ਯਾਰ ਭੀ ਬਣਦਾ ਹੈ। ਪਰ ਗੌਤਮ ਰਿਖੀ ਨੇ ਕ੍ਰੋਧ ਵਿਚ ਹੋ ਕੇ ਸਰਾਪ ਦੇ ਦਿੱਤਾ ਕਿ ਤੈਂਨੇ ਮੇਰੇ ਪਾਸੋਂ ਲੁਕਾ ਰੱਖਿਆ ਹੈ ਜਾ ਕੁਆਰੀ ਦੇ ਪੇਟੋਂ ਤੈਨੂੰ ਬੱਚਾ ਪੈਦਾ ਹੋਵੇਗਾ। ਫਿਰ ਜਿਸ ਵੇਲੇ ਅੰਦਰ ਜਾ ਕੇ ਇੰਦਰ ਨੂੰ ਦੇਖਿਆ ਤਾਂ ਲਾਲੋ ਲਾਲ ਹੋ ਕੇ ਗੌਤਮ ਰਿਖੀ ਨੇ ਕਿਹਾ—ਤੂੰ ਦੇਵਤਿਆਂ ਦਾ ਰਾਜਾ ਨਹੀਂ ਤੂੰ ਦੁਸ਼ਟ ਹੈਂ ਜੋ ਇਤਨੀ ਬਿਭੂਤੀ ਪਾ ਕੇ ਭੀ ਤ੍ਰਿਪਤ ਨਹੀਂ ਹੋਇਆ ਤੇ ਰਿਖੀਆਂ ਦੇ ਘਰ ਦੀ ਭੀ ਸ਼ਰਮ ਨਾ ਕੀਤੀ । ਜਾਹ ਤੇਰੇ ਸਰੀਰ 'ਪਰ ਹਜ਼ਾਰ 'ਭਗ' ਹੋ ਜਾਂਣ ਰਿਖੀ ਜੀ ਦੀ ਰਸਨਾਂ ਤੋਂ ਏਹ ਸਰਾਪ ਸੁਣਦਿਆਂ ਹੀ ਇੰਦਰ ਦਾ ਸਰੀਰ ਫਿਟ ਗਿਆ, ਅਰਥਾਤ ਸਰੀਰ 'ਪਰ ਹਜ਼ਾਰਾਂ ਭਗ ਹੋ ਗਏ ਜੋ ਕਿਧਰੇ ਜਾਣ ਜੋਗਾ ਨਾ ਰਿਹਾ ਫੇਰ ਏਹ ਕਿਤਨਾ ਚਿਰ ਕੌਲਾਂ ਵਿਚ ਹੀ ਲੁਕਿਆ ਰਿਹਾ।

ਯਥਾ:- *ਸਤਿਮੰਨ੍ਹੁ ਅਵਿਲੋਕਯੋ ਜਬ ਹੀ। ਕੋਪਿਕ ਰਿਖੀ ਸ੍ਰਾਪ ਦਿਯ ਤਬ ਹੀ।*
ਇਕ ਭਗ ਕਾਰਨ ਇਹ ਠਾਂ ਆਯੋ। ਨਹੀਂ ਰਿਖਨ ਤੇ ਨੈਕ ਡਰਾਯੋ॥ ੪੯॥
ਭਗ ਸਹੰਸ੍ਰ ਹੋਵਹਿ ਤਨ ਤੇਰੇ। ਭਯੋ ਸ੍ਰਾਪ ਨਹਿਂ ਜਾਵਹਿਂ ਡੇਰੇ।
ਅਤਿ ਕਰੂਪ ਤਿਹ ਬਨਾ ਸਰੀਰਾ। ਜਸ ਅਘ ਤਸ ਫਲ ਪਾਇ ਅਖੀਰਾ॥ ੫੦॥

(ਨਾਨਕ ਪ੍ਰਕਾਸ਼ ਉਤ੍ਰਾਰਧ ਧਿਆ ੨੩)

ਤਥਾ:- ਸਹੰਸਰ ਦਾਨ ਦੇ ਇੰਦ੍ਰ ਰੋਆਇਆ॥ ਪਰਸਰਾਮ ਰੋਵੈ ਘਰਿ ਆਇਆ॥ *(ਪੰਨਾ ੯੫੩)*

(ਇਸ ਤੁਕ ਅਨਸਾਰ ਇੰਦ੍ਰ ਦਾ ਪ੍ਰਸੰਗ ਰਾਮਕਲੀ ਰਾਗੁ ਸਟੀਕ ਸਤਵੀਂ ਪੋਥੀ ਵਿਚ ਭੀ ਹੈ।)

ਤਥਾ:- ਗੌਤਮ ਨਾਰਿ ਅਹਿੱਲਿਆ ਤਿਸਨੋਂ ਦੇਖ ਇੰਦ੍ਰ ਲੋਭਾਣਾ।
ਪਰ ਘਰ ਜਾਇ ਸਰਾਪ ਲੈ ਹੋਇ ਸਹਸ ਭਗ ਪਛੋਤਾਣਾ।

---

*ਮਘਵਾ[੧] ਬਧਯੋ ਨੇਹ[੨] ਤਿਹ ਡੋਰੀ। ਕਿਯੋ ਚਹਿਤ ਗਤਿ[੩] ਗੌਤਮ ਚੋਰੀ।
ਰਹਯੋ ਦੇਖਿ ਅਵਸਰ[੪] ਨਹਿ ਪਾਵੈ। ਚਿਤਹਿ ਉਪਾਵ ਮਿਲਯਾ ਕਿਉ[੫] ਜਾਵੈ।
ਮਿਲ ਮਯੰਕ[੬] ਸੰਗ ਘਾਤ ਬਿਚਾਰੀ। ਗਮਨੇ ਅਰਧ ਰਾਤ੍ਰਿ ਛਲ ਧਾਰੀ।
ਅਰੁਨ ਚੂੜ[੭] ਕੋ ਤਨ ਸਸਿ[੮] ਭਯੋ। ਜਾਇ ਸਮੀਪ ਸਬਦ ਨਿਜ ਕਯੋ।
ਗੌਤਮ ਲਖੀ ਭਈ ਅਬ ਪ੍ਰਾਤਾ। ਮੱਜਨ ਕਰਨ ਚਲਾ ਅਧਿ ਰਾਤਾ।
ਸੁਨਾਸੀਰ[੯] ਲਖਿ ਸੂਨ[੧੦] ਨਿਸ਼ੰਕਾ। ਮਿਲਿਜੋ ਅਹਿਲਿਆ ਕੋ ਭਰਿ ਅੰਕਾ[੧੧]।

---

੧ ਇੰਦਰ। ੨ ਪ੍ਰੇਮ। ੩ ਕਾਮ ਚੇਸਟਾ। ੪ ਸਮਾਂ। ੫ ਕਿਸ ਤਰ੍ਹਾਂ। ੬ ਚੰਦਰਮਾਂ ਨਾਲ। ੭ ਕੁੱਕੜ ਦਾ ਸਰੀਰ।
੮ ਚੰਦਰਮਾਂ। ੯ ਇੰਦਰ ਨੇ। ੧੦ ਘਰ ਖਾਲੀ ਜਾਣ ਕੇ। ੧੧ ਜਫੀ ਵਿਚ ਭਰ ਕੇ ਮਿਲਿਆ।

ਸੁੰਞਾ ਹੋਆ ਇੰਦ੍ਰ ਲੋਕ ਲੁਕਿਆ ਸਰੋਵਰ ਮਨ ਸ਼ਰਮਾਣਾ।
ਸਹਸ ਭਗਹੁ ਲੋਇਣ ਸਹਸ ਲੈ ਦੋਈ ਇੰਦ੍ਰ ਪੁਰੀ ਸਿਧਾਣਾ।

(ਭਾਈ ਗੁਰਦਾਸ ਜੀ ਵਾਰ ੧੦ ਪਉੜੀ ੧੮)

ਕੋਈ ਜਾਣਿ ਨ ਭੂਲੈ ਭਾਈ॥
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥ ੧ ॥ ਰਹਾਉ॥

ਹੇ ਭਾਈ ! ਆਪਣੇ ਆਪ ਕੋਈ ਭੀ ਜਾਣ ਬੁਝ ਕੇ ਭੁਲਦਾ ਨਹੀਂ ਹੈ। ਜਿਸ ਪੁਰਸ਼ ਨੂੰ ਕਰਮਾਂ ਅਨੁਸਾਰ ਆਪ ਭੁਲਾਉਂਦਾ ਹੈ ਓਹੀ ਭੁਲਦਾ ਹੈ, ਜਿਸ ਪੁਰਸ਼ ਨੂੰ ਆਪ ਸਮਝਾਉਂਦਾ ਹੈ ਓਹੀ ਬੂਝੈ=ਸਮਝਦਾ ਹੈ॥ ੧ ॥ ਰਹਾਉ॥

ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥

ਸਾਰੀ ਪ੍ਰਿਥਵੀ ਦਾ ਪਤੀ ਜੋ ਚਕ੍ਰਵਰਤੀ ਰਾਜਾ ਹਰੀਚੰਦ ਹੈ ਉਸ ਨੇ ਇਤਨੇ ਪੁੰਨ ਕੀਤੇ ਸਨ, ਜੇਕਰ ਕਾਗਦ ਲੈ ਕੇ ਉਹਨਾਂ ਨੂੰ ਲਿਖੀਏ ਤਾਂ ਉਹਨਾਂ ਪੁੰਨਾਂ ਦੀ ਕੀਮਤ ਨਹੀਂ ਪਾਈ ਜਾਂਦੀ।

ਅਥਵਾ:-ਉਸ ਨੇ ਮਸਤਕ ਰੂਪ ਕਾਗਦ ਦੀ ਕੀਮਤ ਨਾ ਪਾਉਣਾ ਕੀਤੀ, ਕਿ ਮੇਰੇ ਮੱਥੇ 'ਪਰ ਕਿਸ ਤਰ੍ਹਾਂ ਦਾ ਲੇਖ ਲਿਖਿਆ ਹੋਇਆ ਹੈ।

ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥ ੨ ॥

ਜੇਕਰ ਰਾਜਾ ਹਰੀ ਚੰਦ ਪੁੰਨ ਦਾ ਫਲ ਔਗੁਣ ਰੂਪ ਜਾਣ ਲੈਂਦਾ ਤਾਂ ਉਹ ਪੁੰਨ ਕਰਮ ਨੂੰ ਕਰਦਾ ਹੀ ਕਿਉਂ ਅਤੇ ਕਾਸ਼ੀ ਦੀ ਨੇਖਾਸਿ=ਮੰਡੀ ਵਿਚ ਜਾ ਕੇ ਕਿਉਂ ਵਿਕਦਾ।

(ਇਸ ਤੋਂ ਏਹ ਸਿਧ ਹੁੰਦਾ ਹੈ ਕੋਈ ਜਾਣਕੇ ਭੁਲਦਾ ਨਹੀਂ ਹੈ)

ਸਾਖੀ—ਰਾਜੇ ਹਰੀ ਚੰਦ ਦੀ

ਇਕ ਸਮੇਂ 'ਵਸ਼ਿਸ਼ਟ' ਮਹਾਰਾਜ ਜੀ ਦੇ ਪਾਸ ਰਾਜੇ 'ਤ੍ਰਿਸ਼ੰਕੂ' ਨੇ ਕਿਹਾ-''ਮੈਨੂੰ ਸੁਰਗ ਵਿਖੇ ਜਾਣ ਦੀ ਇੱਛਾ ਹੈ, ਆਪ ਉਥੇ ਭੇਜਣ ਦੀ ਕਿਰਪਾ ਕਰੋ।

ਵਸ਼ਿਸ਼ਟ ਜੀ ਨੇ ਕਿਹਾ— ''ਹੇ ਰਾਜਨ ! ਇਹ ਮਲ ਮੂਤਰ ਦੀ ਦੇਹ ਮਹਾਂ ਅਸ਼ੁੱਧ ਹੈ, ਇਸ ਦੇਹ ਸਹਿਤ ਸੁਰਗ ਵਿਚ ਕੋਈ ਨਹੀਂ ਜਾਂਦਾ। ਜੇ ਜ਼ਰੂਰ ਜਾਣ ਦੀ ਇੱਛਾ ਹੈ ਤਾਂ ਇਸ ਦੇਹ ਨੂੰ ਤਿਆਗ ਕੇ ਜਾ ਸਕਦਾ ਹੈਂ।'' ਰਾਜੇ 'ਤ੍ਰਿਸ਼ੰਕੂ' ਨੇ ਕਿਹਾ — ''ਮੈਂ ਇਸ ਦੇਹ ਦੇ ਸਹਿਤ ਹੀ ਸੁਰਗ ਵਿਖੇ ਜਾਣਾ ਚਾਹੁੰਦਾ ਹਾਂ ਜੇ ਆਪ ਨਹੀਂ ਭੇਜ ਸਕਦੇ ਤਾਂ ਮੈਂ ਕਿਸੇ ਹੋਰ ਨੂੰ ਗੁਰੂ ਧਾਰ ਲੈਂਦਾ ਹਾਂ।''

ਵਸ਼ਿਸ਼ਟ ਜੀ ਨੇ ਗੁੱਸੇ ਨਾਲ ਕਿਹਾ, ''ਜਾਹ ਜਿਥੇ ਤੇਰੀ ਇੱਛਾ ਹੈ ਚਲਿਆ ਜਾਹ।''

ਉਸ ਵੇਲੇ ਰਾਜੇ ਤ੍ਰਿਸ਼ੰਕੂ ਨੇ ਵਿਸ਼ਵਾਮਿੱਤਰ ਜੀ ਨੂੰ ਜਾ ਕੇ ਕਿਹਾ, 'ਵਸ਼ਿਸ਼ਟ ਜੀ ਨੇ ਤਾਂ ਮੈਨੂੰ ਸੁਰਗ ਵਿਚ ਨਹੀਂ ਭੇਜਿਆ ਆਪ ਕਿਰਪਾ ਕਰਕੇ ਮੈਨੂੰ ਦੇਹ ਦੇ ਸਹਿਤ ਸੁਰਗ ਵਿਖੇ ਭੇਜੋ।'

ਵਸ਼ਿਸ਼ਟ ਜੀ ਦਾ ਤੇ ਵਿਸ਼ਵਾਮਿੱਤਰ ਜੀ ਦਾ ਆਪਸ ਵਿਚ ਵਿਰੋਧ ਸੀ। ਰਾਜੇ ਤ੍ਰਿਸ਼ੰਕੂ ਪਾਸੋਂ ਸੁਣਕੇ ਵਿਸ਼ਵਾਮਿੱਤ੍ਰ ਜੀ ਨੇ ਕਿਹਾ—''ਤੂੰ ਫਿਕਰ ਨਾ ਕਰ, ਪਹਿਲੇ ਯੱਗ ਕਰ, ਫਿਰ ਤੈਨੂੰ ਸੁਰਗ ਵਿਚ ਭੇਜ ਦਿਆਂਗਾ।''

ਵਿਸ਼ਵਾਮਿੱਤ੍ਰ ਜੀ ਦੇ ਕਹੇ ਅਨੁਸਾਰ ਰਾਜੇ ਨੇ ਯੱਗ ਆਰੰਭ ਦਿੱਤਾ। ਯੱਗ ਤੋਂ ਪਿੱਛੋਂ ਵਿਸ਼ਵਾਮਿੱਤ੍ਰ ਜੀ ਨੇ ਰਾਜੇ ਤ੍ਰਿਸ਼ੰਕੂ ਨੂੰ ਸੁਰਗ ਵਿਚ ਭੇਜ ਦਿੱਤਾ।

ਜਿਸ ਵੇਲੇ ਵਸ਼ਿਸ਼ਟ ਜੀ ਨੂੰ ਪਤਾ ਲੱਗਾ ਕਿ ਰਾਜਾ ਸੁਰਗ ਵਿਚ ਚਲਾ ਗਿਆ ਹੈ, ਤਾਂ ਵਸ਼ਿਸ਼ਟ ਜੀ ਨੇ ਦੇਵਤਿਆਂ ਨੂੰ ਕਿਹਾ, "ਇਹ ਗੁਰੂ ਤੋਂ ਬੇਮੁਖ ਹੈ, ਇਸ ਨੂੰ ਸੁਰਗ ਵਿਚ ਨਾ ਰੱਖੋ।"

ਇਹ ਗੱਲ ਸੁਣਕੇ ਦੇਵਤਿਆਂ ਨੇ ਸੁਰਗ 'ਚੋਂ ਗਿਰਾ ਦਿੱਤਾ, ਅਰਥਾਤ ਡੇਗ ਦਿੱਤਾ।

ਜਦ ਵਿਸ਼ਵਾਮਿੱਤ੍ਰ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੀ ਤਾਕਤ ਨਾਲ ਰਾਜੇ ਤ੍ਰਿਸ਼ੰਕੂ ਨੂੰ ਫੇਰ ਸੁਰਗ ਵਿਚ ਭੇਜ ਦਿੱਤਾ।

ਵਸ਼ਿਸ਼ਟ ਜੀ ਨੇ ਫੇਰ ਗਿਰਵਾ ਦਿੱਤਾ, ਤਾਂ ਵਿਸ਼ਵਾਮਿੱਤ੍ਰ ਜੀ ਨੇ ਉਸ ਨੂੰ ਹੇਠਾਂ ਨਾ ਆਉਣ ਦਿੱਤਾ ਤੇ ਵਸ਼ਿਸ਼ਟ ਜੀ ਨੇ ਉੱਪਰ ਨਾ ਜਾਣ ਦਿੱਤਾ, ਉਹ ਰਾਜਾ ਹੁਣ ਤੱਕ ਵਿਚਕਾਰ ਖੜ੍ਹਾ ਹੈ। ਉਸ ਦੀਆਂ ਲਾਲਾਂ ਨਾਲ 'ਕਰਮ ਨਾਸਾਂ' ਨਦੀ ਚੱਲ ਰਹੀ ਹੈ। ਜਿਸ ਵਿਚ ਇਸ਼ਨਾਨ ਕਰਨ ਨਾਲ ਪੁੰਨ ਨਾਸ ਹੁੰਦੇ ਹਨ।

ਜ਼ਰੂਰੀ ਨੋਟ—ਜਿਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਟਨੇ ਸਾਹਿਬ ਜਾਂਦੇ ਹੋਏ ਮਿਰਜ਼ਾ ਪੁਰ ਦੀ ਸੰਗਤ ਨੂੰ ਨਿਹਾਲ ਕਰਕੇ ਅੱਗੇ ਤੁਰੇ ਹਨ ਤਾਂ ਚਲਦਿਆਂ ਚਲਦਿਆਂ 'ਕਰਮ ਨਾਸਾਂ' ਨਦੀ ਆ ਗਈ। ਭਾਵੇਂ ਇਹ ਨਦੀ ਅਪਵਿੱਤ੍ਰ ਸੀ, ਇਸ ਵਿਚ ਇਸ਼ਨਾਨ ਕਰਨ ਨਾਲ ਲੋਕ ਸ਼ੁਭ ਕਰਮਾਂ ਦਾ ਨਾਸ ਮੰਨਦੇ ਸਨ। ਪਰ ਗੁਰੂ ਸਾਹਿਬ ਜੀ ਨੇ ਆਪਣੇ ਪਵਿੱਤ੍ਰ ਚਰਨ ਪਾ ਕੇ ਇਸ ਨਦੀ ਨੂੰ ਪਵਿੱਤਰ ਕਰ ਦਿੱਤਾ।

ਯਥਾ:—"ਚਲਤਿ ਚਲਤਿ ਕ੍ਰਮਨਾਸ਼ਾ ਸਲਿਤਾ। ਤਹਾਂ ਆਇ ਹੇਰਜੋ ਜਲ ਚਲਤਾ।
ਉਤਰਿ ਤਹਾਂ ਕੀਨਸਿ ਇਸ਼ਨਾਨਾ। ਜੇ ਅਪਵਿੱਤ੍ਰ ਅਹੈ ਇਸਥਾਨਾ॥ ੧੨॥
ਸਤਿਗੁਰ ਪਰਸੇ ਹੋਹਿ ਪੁਨੀਤ। ਮਹਾਂ ਦੋਸ਼ ਤਿਸ ਜਾਇ ਬਿਤੀਤ॥
ਪੁਨ ਸੰਤਨਿ ਸੋਂ ਬਾਕ ਬਖਾਨਾ। ਹੁਤੋ ਤ੍ਰਿਸ਼ੰਕੂ ਭੂਪ ਮਹਾਨਾ॥ ੧੩॥
ਮੁਨਿ ਗਨ ਤੀਰਥ ਗਨ ਜਲ ਲੀਨੋ। ਤਿਸ ਨ੍ਰਿਪ ਕੋ ਮਜਨਾਵਨਿ ਕੀਨੋ॥
ਤਿਸ ਤੇ ਨਦੀ ਕਹੈਂ ਕ੍ਰਮਨਾਸ਼ਾ। ਅਬਿ ਤੇ ਭਈ ਕੁਕਰਮ ਬਿਨਾਸਾ॥ ੧੪॥"

(ਗੁਰ ਪ੍ਰਤਾਪ ਸੂਰਜ, ਰਾਸ ੧੧ ਅੰਸੁ ੫੫)

ਉਸ ਰਾਜੇ ਤ੍ਰਿਸ਼ੰਕੂ ਦਾ ਪੁੱਤਰ ਰਾਜਾ ਹਰੀ ਚੰਦ ਹੋਇਆ ਹੈ ਇਸ ਨੇ ਵਸ਼ਿਸ਼ਟ ਜੀ ਨੂੰ ਗੁਰੂ ਧਾਰਨ ਕੀਤਾ ਹੈ। ਜਦ ਵਿਸ਼ਵਾਮਿੱਤ੍ਰ ਨੂੰ ਪਤਾ ਲੱਗਾ ਕਿ ਰਾਜੇ ਹਰੀ ਚੰਦ ਨੇ ਵਸ਼ਿਸ਼ਟ ਨੂੰ ਗੁਰੂ ਧਾਰਨ ਕੀਤਾ ਹੈ ਤਾਂ ਮਨ ਵਿਚ ਬੜਾ ਗੁੱਸਾ ਆਇਆ, ਗੁੱਸੇ ਵਿਚ ਆ ਕੇ ਉਸ ਨੂੰ ਬਿਪਤਾ ਵਿਚ ਪਾ ਦਿੱਤਾ, ਉਹ ਪ੍ਰਸੰਗ ਇਸ ਤਰ੍ਹਾਂ ਹੈ—

ਇਕ ਸਮੇਂ ਵਿਸ਼ਵਾਮਿੱਤਰ ਜੀ ਸੂਰ ਦਾ ਰੂਪ ਧਾਰ ਕੇ ਰਾਜੇ ਹਰੀ ਚੰਦ ਦੇ ਬਾਗ ਵਿਚ ਫਿਰਨ ਲੱਗ ਪਏ। ਸ਼ਾਹੀ ਬਾਗ ਅੰਦਰ ਸੂਰ ਫਿਰਦਿਆਂ ਦੇਖ ਕੇ ਬਾਗ਼ ਦੇ ਰਾਖੇ (ਮਾਲੀ) ਨੇ ਰਾਜਾ ਹਰੀ ਚੰਦ ਦੇ ਦਰਬਾਰ ਵਿਚ ਜਾ ਕੇ ਇਓਂ ਕਿਹਾ, "ਹੇ ਰਾਜਨ ! ਜੇਕਰ ਆਪ ਜੀ ਨੇ ਸ਼ਿਕਾਰ ਖੇਡਣਾ ਹੈ ਤਾਂ ਆਪ ਜੀ ਦੇ ਬਾਗ਼ ਵਿਖੇ ਇਕ ਬੜਾ ਸੂਰ ਆਇਆ ਹੈ।"

ਇਹ ਗੱਲ ਸੁਣਕੇ ਰਾਜਾ ਹਰੀ ਚੰਦ ਸ਼ਿਕਾਰ ਖੇਡਣ ਨੂੰ ਤੁਰ ਪਿਆ, ਰਾਜੇ ਨੂੰ ਦੇਖ ਕੇ ਸੂਰ ਦੌੜ ਪਿਆ। ਸੂਰ ਅੱਗੇ ਅੱਗੇ ਰਾਜਾ ਪਿੱਛੇ ਪਿੱਛੇ ਬੜੇ ਗਾੜ੍ਹੇ ਜੰਗਲ ਵਿਚ ਰਾਜੇ ਨੂੰ ਲੈ ਗਿਆ, ਆਪ ਫਿਰ ਰਾਜੇ ਦੀਆਂ ਅੱਖਾਂ ਤੋਂ ਓਲ੍ਹੇ ਹੋ ਕੇ ਛੁਪ ਗਿਆ ਤੇ ਬ੍ਰਾਹਮਣ ਦਾ ਰੂਪ ਧਾਰ ਲਿਆ। ਰਾਜੇ ਨੂੰ ਬੜੀ ਤ੍ਰਿਖਾ ਲੱਗੀ ਹੋਈ ਸੀ, ਉਹ ਪਾਣੀ ਪੀਣ ਵਾਸਤੇ ਇਕ ਸਰੋਵਰ 'ਪਰ ਆਇਆ। ਜਦ ਪਾਣੀ ਪੀਣ ਲੱਗਾ ਤਾਂ ਮਨ ਵਿਚ ਵਿਚਾਰ ਆਈ

ਕਿ ਮੇਰਾ ਤਾਂ ਨਿਯਮ ਹੈ ੨੧ ਭਾਰ ਸੋਨਾ ਦਾਨ ਕਰਨ ਦਾ, ਜੇਕਰ ਮੈਂ ਪਾਣੀ ਪੀਂਦਾ ਹਾਂ ਤਾਂ ਨਿਯਮ ਭੰਗ ਹੁੰਦਾ ਹੈ, ਜੇ ਨਹੀਂ ਪੀਂਦਾ ਤਾਂ ਪ੍ਰਾਣ ਨਿਕਲਦੇ ਹਨ।

ਇਹ ਗੱਲ ਵਿਚਾਰ ਰਿਹਾ ਸੀ ਇਤਨੇ ਨੂੰ ਵਿਸ਼ਵਾਮਿੱਤਰ ਨੇ ਆ ਕੇ ਕਿਹਾ, "ਹੇ ਰਾਜਨ ! ਆਪ ਇਥੇ ਕਿਸ ਤਰ੍ਹਾਂ ਆਏ ਹੋ ? ਅਤੇ ਬੜੇ ਚਿੰਤਾਤੁਰ ਪ੍ਰਤੀਤ ਹੋ ਰਹੇ ਹੋ, ਆਪ ਸੱਚੀ ਸੱਚੀ ਗੱਲ ਕਵੋ? ਮੈਂ ਬ੍ਰਾਹਮਣ ਹਾਂ, ਤੁਹਾਡੀ ਚਿੰਤਾ ਨੂੰ ਦੂਰ ਕਰਾਂਗਾ।" ਉਸ ਵੇਲੇ ਰਾਜੇ ਨੇ ਆਪਣਾ ਸਾਰਾ ਹਾਲ ਸੁਣਾਇਆ ਕਿ ਮੈਂ ਰੋਜ਼ ਇੱਕੀ ਭਾਰ ਸੋਨਾ ਦਾਨ ਦੇ ਕੇ ਅੰਨ-ਜਲ ਛਕਦਾ ਹਾਂ ਪਰ ਇਥੇ ਮੇਰੇ ਪਾਸ ਕੁਝ ਨਹੀਂ ਹੈ ਤੇ ਤਰੇਹ ਬਹੁਤ ਲੱਗੀ ਹੋਈ ਹੈ, ਦਾਨ ਦਿੱਤੇ ਬਗੈਰ ਜੇ ਮੈਂ ਪਾਣੀ ਪੀਂਦਾ ਹਾਂ ਤਾਂ ਮੇਰਾ ਨਿਯਮ ਟੁੱਟਦਾ ਹੈ। ਉਸ ਬ੍ਰਾਹਮਣ ਨੇ ਕਿਹਾ— "ਤੂੰ ਇਥੇ ਬੈਠ ਕੇ ਮੈਨੂੰ ਸੰਕਲਪ ਕਰ ਦੇਹ ਫਿਰ ਘਰ ਜਾ ਕੇ ਮੈਨੂੰ ਦਾਨ ਦੇ ਦੇਣਾ, ਹੁਣ ਤੂੰ ਪਾਣੀ ਪੀ ਕੇ ਆਪਣੇ ਪ੍ਰਾਣ ਬਚਾ ਲੈ।"

ਰਾਜੇ ਨੇ ਉਸੀ ਵੇਲੇ ਦਾਨ ਦੇਣ ਦਾ ਸੰਕਲਪ ਕਰਕੇ ਪਾਣੀ ਪੀ ਲਿਆ।

ਜਿਸ ਵੇਲੇ ਵਾਪਸ ਮੁੜ ਕੇ ਸ਼ਹਿਰ ਨੂੰ ਆਏ ਤਾਂ ਉਸ ਬ੍ਰਾਹਮਣ (ਵਿਸ਼ਵਾਮਿੱਤਰ) ਨੇ ਰਾਜੇ 'ਹਰੀ ਚੰਦ' ਦੇ ਖਜ਼ਾਨੇ ਰੇਤ ਦੇ ਕਰ ਦਿੱਤੇ। ਜਿਸ ਵੇਲੇ ਰਾਜਾ ਹਰੀ ਚੰਦ ਨੇ ਖਜ਼ਾਨੇ ਦਾ ਜੰਦਰਾ ਖੋਲ੍ਹਿਆ ਤਾਂ ਕੀ ਵੇਖਦਾ ਹੈ ਅੰਦਰ ਰੇਤ ਹੀ ਰੇਤ ਹੈ ਸੋਨਾ ਬਿਲਕੁਲ ਨਹੀਂ ਹੈ। ਬੜਾ ਹੈਰਾਨ ਹੋ ਕੇ ਆਖਦਾ ਹੈ—

"ਬ੍ਰਾਹਮਣ ਜੀ ! ਖਜ਼ਾਨੇ ਵਿਚ ਤਾਂ ਕੁਝ ਭੀ ਨਹੀਂ ਹੈ।"

ਵਿਸ਼ਵਾਮਿੱਤਰ ਨੇ ਕਿਹਾ—"ਹੇ ਰਾਜਨ ! ਜੇ ਤੂੰ ਆਪਣਾ ਕੀਤਾ ਹੋਇਆ ਬਚਨ ਹਾਰੇਂਗਾ ਤਾਂ ਨਰਕਾਂ ਵਿਚ ਪਵੇਂਗਾ, ਨਹੀਂ ਤਾਂ ਮੈਂ ਤੈਨੂੰ ਵੇਖਕੇ ਆਪਣਾ ਕਾਰਜ ਪੂਰਾ ਕਰ ਲਵਾਂਗਾ।"

ਰਾਜੇ ਹਰੀ ਚੰਦ ਨੇ ਕਿਹਾ—"ਭਲੀ ਗੱਲ ਹੈ, ਇਕ ਮੈਂ, ਇਕ ਮੇਰਾ ਪੁੱਤਰ, ਇਕ ਮੇਰੀ ਇਸਤਰੀ ਹੈ ਸਾਨੂੰ ਤਿੰਨਾਂ ਨੂੰ ਵੇਚ ਕੇ ਤੂੰ ਆਪਣਾ 'ਕਰ=ਕਰਜਾ' ਪੂਰਾ ਕਰ ਲੈ।"

ਉਸ ਵੇਲੇ ਬ੍ਰਾਹਮਣ 'ਵਿਸ਼ਵਾਮਿੱਤਰ' ਨੇ ਤਿੰਨਾਂ ਨੂੰ ਕਾਂਸ਼ੀ ਦੀ ਮੰਡੀ ਵਿਚ ਲਿਆ ਕੇ ਵੇਚ ਦਿੱਤਾ।

ਇਕ ਚੰਡਾਲ ਬੜਾ ਧਨੀ ਸੀ ਉਸ ਨੇ ਰਾਜੇ ਹਰੀ ਚੰਦ ਨੂੰ ਮੁੱਲ ਲੈ ਲਿਆ ਤੇ ਇਕ ਹੋਰ ਸ਼ਾਹੂਕਾਰ ਸੀ ਉਸ ਨੇ ਇਸਤਰੀ ਤੇ ਲੜਕੇ ਨੂੰ ਮੁੱਲ ਲੈ ਲਿਆ।

ਇਸ ਤਰ੍ਹਾਂ ਰਾਜਾ ਹਰੀ ਚੰਦ ਪ੍ਰਵਾਰ ਸਮੇਤ ਕਾਂਸ਼ੀ ਦੀ ਮੰਡੀ ਵਿਚ ਆ ਕੇ ਵਿਕਿਆ ਹੈ।

ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥

ਜਿਸ ਵੇਲੇ ਭਗਵਾਨ ਨੇ ਬਾਵਨ ਅਵਤਾਰ ਦਾ ਰੂਪ ਧਾਰ ਕੇ 'ਬਲ' ਰਾਜੇ ਪਾਸ ਆ ਕੇ ਵੇਦਾਂ ਦੀਆਂ ਸੁਰਤੀਆਂ ਸੁਣਾਈਆਂ ਤਾਂ ਬਲ ਰਾਜੇ ਨੇ ਪ੍ਰਸੰਨ ਹੋ ਕੇ ਕਿਹਾ ਮੰਗ ਸੁਆਮੀ ਜੋ ਤੁਧੁ ਭਾਵੈ। ਤਾਂ ਬਾਵਨ ਅਵਤਾਰ ਨੇ ਕਿਹਾ, ਅਸੀਂ ਤਾਂ ਨਰਿਛਤ ਮਹਾਤਮਾ ਹਾਂ, ਸਾਨੂੰ ਕਿਸੇ ਪਦਾਰਥ ਦੀ ਰੁਚੀ ਨਹੀਂ ਹੈ ਬਲ ਰਾਜਾ ਨੇ ਫੇਰ ਦੋ ਚਾਰ ਵਾਰ ਆਖਿਆ ਆਪ ਜ਼ਰੂਰ ਕੁਝ ਅੰਗੀਕਾਰ ਕਰੋ ਤਾਂ ਭਗਵਾਨ ਨੇ ਕਿਹਾ—ਹਛਾ ਜੇ ਤੂੰ ਜ਼ਰੂਰ ਦੇਣਾ ਹੈ ਤਾਂ ਕੁਟੀਆ ਵਾਸਤੇ ਢਾਈ ਕਰਮਾਂ ਧਰਤੀ ਦੇ ਦਿਓ ਤੇਰੇ ਦਰਵਾਜ਼ੇ 'ਪਰ ਕੁਟੀਆ ਬਣਾ ਕੇ ਬੈਠਾਂਗਾ ਤੇ ਤੈਨੂੰ ਵੇਦਾਂ ਦੀਆਂ ਸੁਰਤੀਆਂ ਸੁਣਾਵਾਂਗਾ, ਉਹ ਗੱਲ ਗੁਰੂ ਜੀ ਆਖਦੇ ਹਨ—ਭਗਵਾਨ ਨੇ ਬਾਵਨ ਅਵਤਾਰ ਦਾ ਰੂਪ ਹੋ ਕੇ ਕੁਟੀਆ ਪਾਉਣ ਦੇ ਬਹਾਨੇ ਬਲ ਰਾਜੇ ਤੋਂ ਢਾਈ ਕਰਉ=ਕਰਮਾਂ ਧਰਤੀ ਮੰਗਣਾ ਕੀਤੀ ਹੈ।

ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥ ੩ ॥

ਜੇਕਰ ਬਲ ਰਾਜਾ ਭਗਵਾਨ ਦੇ ਰੂਪ ਨੂੰ ਪਛਾਣ ਲੈਂਦਾ ਤਾਂ ਕਿਉਂ ਛਲਿਆ ਜਾਂਦਾ, ਜਾਂ ਉਸਦੇ ਛਲੀਐ= ਧੋਖੇ ਵਿਚ ਕਿਉਂ ਆਉਂਦਾ ਅਤੇ ਪਇਆਲਿ=ਪਤਾਲ ਵਿਚ ਕਿਉਂ ਜਾਂਦਾ ? ॥ ੩ ॥

(ਇਸ ਤੋਂ ਇਹ ਨਿਯਮ ਹੈ ਆਪਣੇ ਆਪ ਜਾਣ ਬੁਝ ਕੇ ਕੋਈ ਨਹੀਂ ਭੁਲਦਾ)

ਸਾਖੀ—ਬਲ ਰਾਜੇ ਦੀ

ਪ੍ਰਹਿਲਾਦ ਜੀ ਦਾ ਪੋਤਰਾ ਬਲ ਰਾਜਾ ਆਪਣੀ ਰਾਜਧਾਨੀ ਮੁਲੱਤਾਨ ਸ਼ਹਿਰ ਵਿਚ ਇੰਦ੍ਰ ਪਦਵੀ ਦੀ ਇੱਛਾ ਰੱਖ ਕੇ ਅਸੁਮੇਧ ਯੱਗ ਕਰਾਉਣ ਲੱਗਾ। ਜਦੋਂ ਇਕ ਸੌ ਅਸੁਮੇਧ ਯੱਗ ਆਪਣੇ ਗੁਰੂ ਸ਼ੁਕਰ ਪਰੋਹਤ ਦੇ ਅਨੁਸਾਰ ਹੋ ਕੇ ਕਰਵਾ ਚੁਕਾ ਅਤੇ ਕੇਵਲ ਬਾਕੀ ਇਕੋ ਹੀ ਯੱਗ ਰਹਿ ਗਿਆ (ਕਿਉਂਕਿ ਇਹ ਸ਼ਾਸਤ੍ਰ ਦਾ ਕਥਨ ਹੈ ੧੦੧ ਅਸੁਮੇਧ ਯੱਗ ਕਰੌਣ ਵਾਲਾ ਦਾਨੀ "ਦੇਵ-ਲੋਕ" ਵਿਖੇ ਜਾ ਕੇ ਦੇਵਤਿਆਂ ਦਾ ਰਾਜਾ ਬਣਦਾ ਹੈ।) ਤਾਂ ਇੰਦ੍ਰ ਨੂੰ ਫ਼ਿਕਰ ਪੈ ਗਿਆ ਕਿ ਹੁਣ ਮੇਰੇ ਪਾਸੋਂ ਸੁਰਗ ਦਾ ਰਾਜ ਖੋਹਿਆ ਜਾਵੇਗਾ। ਉਸ ਨੇ ਆਪਣੇ ਬਚਾਓ ਵਾਸਤੇ ਬੜੇ ਜਤਨ ਕੀਤੇ, ਸਾਰੇ ਦੇਵਤਿਆਂ ਦੇ ਪਾਸ ਵੀ ਬੇਨਤੀ ਕੀਤੀ ਕਿ ਮੇਰੀ ਰੱਖਿਆ ਕਰੋ ਪਰ ਦੇਵਤੇ ਤਾਂ ਆਪ ਹੀ ਇੰਦ੍ਰ ਦੇ ਅਧੀਨ ਸਨ ਅਤੇ ਜੋ ਯੱਗ ਕਰਕੇ ਦੇਵ ਲੋਕ ਨੂੰ ਆ ਰਿਹਾ ਹੈ ਉਸ ਨੂੰ ਕੋਈ ਰੋਕ ਭੀ ਨਹੀਂ ਸੀ ਸਕਦਾ। ਅਖੀਰ ਨੂੰ ਇੰਦ੍ਰ ਨੇ ਵਿਸ਼ਨੂੰ ਮਹਾਰਾਜ ਜੀ ਦੇ ਪਾਸ ਜਾ ਕੇ ਬੇਨਤੀ ਕੀਤੀ ਕਿ ਦੈਂਤਾਂ ਦਾ ਰਾਜਾ ਸੁਰਗ ਦਾ ਰਾਜ ਲੈਣ ਵਾਸਤੇ ਯੱਗ ਕਰਵਾ ਰਿਹਾ ਹੈ। ਕੇਵਲ ਇਕੋ ਹੀ ਯੱਗ ਬਾਕੀ ਹੈ, ਉਸ ਦਾ ਏਥੇ ਔਣਾ ਸਾਨੂੰ ਤੁਹਾਨੂੰ ਸਭਨਾਂ ਨੂੰ ਹੀ ਦੁਖਦਾਈ ਹੋ ਜਾਵੇਗਾ। ਉਸ ਦੇ ਇਥੇ ਔਣ ਨਾਲ ਸਾਰੇ ਹੀ ਸ੍ਰੇਸ਼ਟਾਚਾਰ ਬੰਦ ਹੋ ਜਾਣਗੇ ਅਤੇ ਮੁੜ ਸੁਰਗ ਦੀ ਰਾਜਧਾਨੀ 'ਪਰ ਦੈਂਤਾਂ ਦਾ ਕਬਜ਼ਾ ਹੋ ਜਾਵੇਗਾ।

ਆਰਤ (ਦੁੱਖੀ) ਹੋਏ ਇੰਦ੍ਰ ਦੀ ਬੇਨਤੀ ਨੂੰ ਸੁਣ ਕੇ ਭਗਵਾਨ ਵਿਸ਼ਨੂੰ ਜੀ ਨੇ ਧੀਰਜ ਦਿੱਤਾ ਕਿ ਤੂੰ ਕੋਈ ਚਿੰਤਾ ਨਾ ਕਰ ਮੈਂ ਤੇਰੀ ਸਹਾਇਤਾ ਕਰਾਂਗਾ।

ਉਸ ਵੇਲੇ ਇੰਦ੍ਰ ਦੀ ਰੱਖਿਆ ਵਾਸਤੇ ਵਿਸ਼ਨੂੰ ਮਹਾਰਾਜ ਜੀ 'ਬਾਵਨ ਅਵਤਾਰ' ਧਾਰ ਕੇ ਭਾਵ ਬਵੰਜਾ ਉਂਗਲਾਂ ਦਾ ਸਰੀਰ ਬਣਾ ਕੇ ਬਲ ਰਾਜੇ ਦੇ ਮੰਦਰ ਅੱਗੇ, ਜਿਥੇ ਉਹ ਸ਼ੁਕਰ ਪਰੋਹਤ ਦੇ ਸਮੇਤ ਬੈਠਾ ਯੱਗ ਕਰਵਾ ਰਿਹਾ ਸੀ: ਓਥੇ ਪੁੱਜ ਗਏ ਅਤੇ ਆਪਣੇ ਮੁਖੋਂ ਮਿੱਠੀ ਸੁਰ ਨਾਲ ਬੇਦਾਂ ਦੀਆਂ ਰਿਚਾਂ ਉਚਾਰਨ ਲੱਗ ਪਏ। ਬਲ ਰਾਜੇ ਨੇ ਬਾਲਕ ਬ੍ਰਾਹਮਣ ਦੇ ਮੁਖੋਂ ਜਦ ਬੇਦਾਂ ਦੀ ਧੁਨੀ ਸੁਣੀ ਤਾਂ ਇਉਂ ਮੋਹਤ ਹੋ ਗਏ ਜਿਵੇਂ ਬੀਨ 'ਤੇ ਸੱਪ ਮਸਤ ਹੁੰਦਾ ਹੈ। ਉੱਠ ਕੇ ਬੜਾ ਸੁਆਗਤ ਕੀਤਾ ਅਤੇ ਬੇਨਤੀ ਕੀਤੀ ਮਹਾਰਾਜ ! ਮੰਗੋ ਜੋ ਤੁਹਾਡੇ ਹਿਰਦੇ ਵਿਚ ਇੱਛਾ ਹੈ ਮੈਂ ਸੇਵਾ ਕਰਕੇ ਪ੍ਰਸੰਨਤਾ ਲਵਾਂ। ਭਗਵਾਨ ਜੀ ਕਹਿਣ ਲੱਗੇ ਰਾਜਨ ! ਸੰਤੋਖੀ ਬ੍ਰਾਹਮਣ ਹਾਂ ਇਸ ਵਾਸਤੇ ਕਿਸੇ ਵੀ ਪਦਾਰਥ ਦੀ ਮੈਨੂੰ ਲੋੜ ਨਹੀਂ ਹੈ । ਬਲ ਰਾਜੇ ਨੇ ਫਿਰ ਬੇਨਤੀ ਕੀਤੀ ਮਹਾਰਾਜ ਮੇਰੀ ਪ੍ਰਸੰਨਤਾ ਤਦੇ ਹੀ ਹੋਵੇਗੀ ਜੇਕਰ ਆਪ ਮੇਰੇ ਪਾਸੋਂ ਕੋਈ ਸੇਵਾ ਲਵੋਗੇ। ਬਾਵਨ ਨੇ ਫਿਰ ਕਿਹਾ, ਮੈਂ ਸ੍ਵੈ-ਇੱਛਾ ਅਨੁਸਾਰ ਸਾਰੇ ਵਿਚਰ ਰਿਹਾ ਹਾਂ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਬਲ ਰਾਜੇ ਦੇ ਬਾਰੰਬਾਰ ਬੇਨਤੀ ਕਰਨ ਤੇ ਬਾਵਨ ਨੇ ਆਖਿਆ, ਜੇ ਤੁਹਾਡੇ ਮਨ ਵਿਚ ਸੇਵਾ ਕਰਨ ਦੀ ਬਹੁਤ ਇੱਛਾ ਹੈ ਤਾਂ ਮੈਨੂੰ ਮੇਰੀਆਂ ਢਾਈ ਕਰਮਾਂ ਧਰਤੀ ਦਾਨ ਦਾ ਸੰਕਲਪ ਕਰ ਦਿਓ, ਮੈਂ ਛਪਰੀ ਬਣਾ ਕੇ ਤੁਹਾਡੇ ਬੂਹੇ ਅੱਗੇ ਹੀ ਖੜ੍ਹਾ ਬੇਦਾਂ ਦੀਆਂ ਰਿਚਾਂ ਸੁਣਾਂਦਾ ਰਹਾਂਗਾ। ਹੋਰ ਮੈਨੂੰ ਕਿਸੇ ਪਦਾਰਥ ਦੀ ਇੱਛਾ ਨਹੀਂ।

ਇਹ ਗੱਲ ਸੁਣ ਕੇ ਬਲ ਰਾਜਾ ਕਹਿਣ ਲੱਗਾ ਕਿ ਮਹਾਰਾਜ ! ਮੈਂ ਚਕ੍ਰਵਰਤੀ ਬਾਦਸ਼ਾਹ ਅਤੇ ਬੜੇ ਬੜੇ ਅਸੁਮੇਧ ਯੱਗਾਂ ਦੇ ਕਰਨ ਵਾਲਾ, ਆਪ ਨੇ ਮੇਰੇ ਪਾਸੋਂ ਇਹ ਕੀ ਦਾਨ ਮੰਗਿਆ ਹੈ? ਮੈਨੂੰ ਤਾਂ ਦਿੰਦਿਆਂ ਹੀ

ਸ਼ਰਮ ਆਉਂਦੀ ਹੈ। ਭਗਵਾਨ ਜੀ ਕਹਿਣ ਲੱਗੇ ਨਹੀਂ ਰਾਜਨ ! ਮੈਨੂੰ ਇਤਨਾ ਹੀ ਦਾਨ ਬੜਾ ਹੈ ਮੈਂ ਸੰਤੋਖੀ ਜੋ ਹੋਇਆ, ਆਪ ਢਾਈ ਕਰਮਾਂ ਧਰਤੀ ਦੇ ਦਾਨ ਦਾ ਸੰਕਲਪ ਕਰ ਦਿਓ। ਬਹੁਤ ਸਾਰੇ ਬਚਨ ਬਿਲਾਸ ਹੋਣ ਤੋਂ ਪਿਛੋਂ ਜਦ ਬਲ ਰਾਜਾ ਸੰਕਲਪ ਕਰਨ ਲੱਗਾ ਤਾਂ ਪਾਸ ਬੈਠੇ ਸ਼ੁਕਰ ਪਰੋਹਤ ਨੇ ਰੋਕ ਕੇ ਕਿਹਾ–ਹੇ ਰਾਜਨ ! ਇਸ ਨੂੰ ਤੂੰ ਗਰੀਬ ਤੇ ਸੰਤੋਖੀ ਬ੍ਰਾਹਮਣ ਨਾ ਸਮਝ, ਇਹ ਛਲੀਆ ਵਿਸ਼ਨੂੰ ਤੈਨੂੰ ਛਲਣ ਵਾਸਤੇ ਆਇਆ ਹੈ ਤੂੰ ਦਾਨ ਦੇਣ ਦਾ ਸੰਕਲਪ ਨਾ ਕਰ।

ਆਪਣੇ ਗੁਰੂ ਸ਼ੁਕਰ ਦੇ ਪਾਸੋਂ ਸੁਣ ਕੇ ਬਲ ਰਾਜਾ ਨੇ ਕਿਹਾ, ਕੋਈ ਚਿੰਤਾ ਵਾਲੀ ਗੱਲ ਨਹੀਂ, ਜੇਕਰ ਆਪ ਵਿਸ਼ਨੂੰ ਭਗਵਾਨ ਮੰਗਤਾ ਬਣ ਕੇ ਆਇਆ ਹੈ ਤਾਂ ਮੈਨੂੰ ਦਾਨ ਦੇਣ ਦਿਓ, ਤੁਸੀਂ ਮੈਨੂੰ ਰੋਕੋ ਨਾ।

ਇਹ ਕਹਿ ਕੇ ਬਲ ਰਾਜਾ ਜਲ ਲੈ ਕੇ ਜਦ ਸੰਕਲਪ ਕਰਨ ਲੱਗਾ ਤਾਂ ਸ਼ੁਕਰ ਨੇ ਆਪਣਾ ਧਰਮ ਵਿਚਾਰ ਕੇ ਕਿਹਾ, ਜਿਥੋਂ ਤੱਕ ਹੋ ਸਕੇ ਮੈਨੂੰ ਇਸ ਦੀ ਰੱਖਿਆ ਕਰਨੀ ਚਾਹੀਦੀ ਹੈ, ਆਪਣੇ ਸੁਆਮੀ ਦੀ ਰੱਖਿਆ ਵਾਸਤੇ ਸ਼ੁਕਰ ਨੇ ਗੰਗਾ ਸਾਗਰ ਦੀ ਨਾਲੀ, ਜਿਸ ਦੁਆਰੇ ਜਲ ਔਣਾ ਸੀ, ਨਿੱਕਾ ਜਿਹਾ ਰੂਪ ਧਾਰ ਕੇ ਵਿਚ ਬੈਠ ਕੇ ਬੰਦ ਕਰ ਦਿੱਤੀ। ਜਦੋਂ ਪਾਣੀ ਨਾ ਆਇਆ ਤਾਂ ਭਗਵਾਨ ਜੀ ਸ਼ੁਕਰ ਦੀ ਸ਼ੈਤਾਨੀ ਸਮਝ ਗਏ ਅਤੇ ਬਲ ਰਾਜੇ ਨੂੰ ਕਿਹਾ, ਕਿ ਪਾਣੀ ਕਿਉਂ ਬੰਦ ਹੋ ਗਿਆ ਹੈ? ਤਾਂ ਬਲ ਰਾਜੇ ਨੇ ਇਕ ਤੀਲਾ ਲੈ ਕੇ ਜਦ ਨਾਲੀ ਵਿਚ ਮਾਰਿਆ ਤਾਂ ਸ਼ੁਕਰ ਦੀ ਅੱਖ ਵਿਚ ਜਾ ਵਜਾ, ਉਸ ਦਿਨ ਤੋਂ ਸ਼ੁਕਰ ਕਾਣਾ ਹੋ ਗਿਆ ਤੇ ਸ਼ੁਕਰ ਦੀ ਅੱਖ ਚੋਂ ਜੇਹੜਾ ਪਾਣੀ ਨਿਕਲਿਆ ਉਸ ਜਲ ਨਾਲ ਸੰਕਲਪ ਕਰ ਦਿੱਤਾ। ਸੰਕਲਪ ਹੋ ਜਾਣ ਤੋਂ ਪਿਛੋਂ ਭਗਵਾਨ ਵਿਸ਼ਨੂੰ ਜੀ ਨੇ ਆਪਣਾ ਸਰੀਰ ਇਤਨਾ ਵਧਾਇਆ ਕਿ ਦੋ ਕਦਮਾਂ ਵਿਚ ਦੋਵੇਂ ਲੋਕ ਮਾਪ ਲਏ ਅਤੇ ਅੱਧਾ ਕਦਮ ਬਾਕੀ ਰਹਿ ਗਿਆ।

(ਜਦੋਂ ਭਗਵਾਨ ਜੀ ਦਾ ਚਰਨ ਬ੍ਰਹਮ ਲੋਕ ਵਿਖੇ ਪੁੱਜਾ ਤਾਂ ਬ੍ਰਹਮਾ ਜੀ ਨੇ ਚਰਨ ਧੋ ਕੇ ਉਸ ਜਲ ਨੂੰ ਗੰਗਾ ਸਾਗਰ ਵਿਚ ਪਾ ਲਿਆ ਜਿਸ ਤੋਂ ਗੰਗਾ ਬਣੀ ਅਤੇ ਰਾਜੇ ਭਗੀਰਥ ਨੇ ਮਾਤ ਲੋਕ ਦੀ ਧਰਤੀ 'ਪਰ ਆਪਣੇ ਪਿੱਤਰਾਂ ਦੀ ਕਲਿਆਣ ਵਾਸਤੇ ਬ੍ਰਹਮਾ ਦੀ ਤਪਸਿਆ ਕਰਕੇ ਲਿਆਂਦੀ।)

ਤਾਂ ਬਲ ਰਾਜੇ ਨੂੰ ਫਿਰਕ ਪੈ ਗਿਆ ਕਿ ਸ਼ੁਕਰ ਵਾਲੀ ਗੱਲ ਸੱਚੀ ਹੋ ਗਈ ਹੈ, ਪਰ ਉਸ ਵੇਲੇ ਕੀ ਬਣ ਸਕਦਾ ਸੀ? ਸੰਕਲਪ ਜੋ ਪਹਿਲਾਂ ਕਰ ਚੁਕਿਆ ਸੀ, ਤਾਂ ਕਿਹਾ, ਮਹਾਰਾਜ ! ਹੁਣ ਤਾਂ ਮੇਰਾ ਸਰੀਰ ਹੀ ਕੇਵਲ ਬਾਕੀ ਹੈ, ਇਹ ਮਾਪ ਲਉ।

ਭਗਵਾਨ ਵਿਸ਼ਨੂੰ ਨੇ ਆਪਣਾ ਚਰਨ ਬਲ ਰਾਜੇ ਦੇ ਸਿਰ 'ਪਰ ਰੱਖ ਕੇ ਉਸ ਨੂੰ ਪਤਾਲ ਵਿਚ ਭੇਜ ਕੇ ਕਿਹਾ, ਹੁਣ ਤੂੰ ਏਥੋਂ ਦਾ ਰਾਜ ਕਰ ਤੇ ਏਥੇ ਹੀ ਰਹਿਣਾ ਕਰ। ਜਦੋਂ ਭਗਵਾਨ ਵਿਸ਼ਨੂੰ ਜੀ ਵਾਪਸ ਆਉਣ ਲੱਗੇ ਤਾਂ ਸਤਪ੍ਰਤੱਗੀ ਬਲ ਰਾਜੇ ਨੇ ਭਗਵਾਨ ਦਾ ਚਰਨ ਫੜ ਲਿਆ ਤੇ ਕਿਹਾ ਮਹਾਰਾਜ ! ਜਿਵੇਂ ਮੈਂ ਆਪਣੇ ਬਚਨ ਤੇ ਪੱਕਾ ਰਿਹਾ ਹਾਂ, ਤਿਵੇਂ ਆਪ ਭੀ ਆਪਣੇ ਬਚਨ ਤੇ ਪੱਕਿਆਂ ਰਵੋ, ਤੁਸਾਂ ਕਿਹਾ ਸੀ ਕਿ ਤੇਰੇ ਬੂਹੇ 'ਪਰ ਛਪਰੀ ਪਾ ਕੇ ਖੜ੍ਹਾ ਰਹਾਂਗਾ, ਹੁਣ ਉਹ ਆਪਣਾ ਬਚਨ ਪੂਰਾ ਕਰੋ। ਇਹ ਗੱਲ ਸੁਣ ਕੇ ਵਿਸ਼ਨੂੰ ਭਗਵਾਨ ਜੀ ਨੂੰ ਮੰਨਣਾ ਪਿਆ।

ਯਥਾ—ਬਲਿ ਰਾਜਾ ਘਰਿ ਆਪਣੈ ਅੰਦਰ ਬੈਠਾ ਜਗ ਕਰਾਵੈ।
ਬਾਵਨ ਰੂਪੀ ਆਇਆ ਚਾਰ ਬੇਦ ਮੁਖ ਪਾਠ ਸੁਣਾਵੈ।
ਰਾਜੇ ਅੰਦਰ ਸਦਿਆ ਮੰਗ ਸੁਆਮੀ ਜੋ ਤੁਧ ਭਾਵੈ।
ਅਛਲ ਛਲਣ ਤੁਧੁ ਆਇਆ ਸ਼ੁਕ੍ਰ ਪਰੋਹਤ ਕਹਿ ਸਮਝਾਵੈ।
ਕਰੌ ਅਢਾਈ ਧਰਤਿ ਮੰਗ ਪਿਛਹੁੰ ਦੇ ਤ੍ਰਿਹੁ ਲੋਅ ਨ ਮਾਵੈ।

ਦੋਇ ਕਰਵਾ ਕਰ ਤਿੰਨ ਲੋਅ ਬਲਿ ਰਾਜਾ ਲੈ ਮਗੁਰ ਮਿਣਾਵੈ।
ਬਲ ਛਲ ਆਪ ਛਲਾਇਅਨ ਹੋਇ ਦਯਾਲ ਮਿਲੈ ਗਲ ਲਾਵੈ।
ਦਿਤਾ ਰਾਜ ਪਤਾਲ ਦਾ ਹੋਇ ਅਧੀਨ ਭਗਤ ਜਸ ਗਾਵੈ।
ਹੋਇ ਦਰਵਾਨ ਮਹਾਂ ਸੁਖੁ ਪਾਵੈ॥ ੩॥ (ਭਾਈ ਗੁਰਦਾਸ ਜੀ ਵਾਰ ੧੦)

ਤਥਾ— ਬਲਿ ਪੋਤਾ ਪ੍ਰਹਿਲਾਦ ਦਾ ਇੰਦ੍ਰ ਪੁਰੀ ਦੀ ਇਛ ਇਛੰਦਾ।
ਕਰ ਸੰਪੂਰਨ ਜਗ ਸਉ ਇਕ ਇਕੋਤਰ ਜਗ ਕਰੰਦਾ।
ਬਾਵਨ ਰੂਪੀ ਆਇਕੈ ਗਰਬ ਨਿਵਾਰ ਭਗਤ ਉਧਰੰਦਾ।
ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲ ਸੁ ਹੁਕਮੀ ਬੰਦਾ।
ਬਲ ਛਲ ਆਪ ਛਲਾਇਓਨ ਦਰਵਾਜੇ ਦਰਵਾਨ ਹੋਵੰਦਾ।

(ਭਾਈ ਗੁਰਦਾਸ ਜੀ ਵਾਰ ੨੪ ਪਉੜੀ ੭)

ਰਾਜਾ ਜਨਮੇਜਾ ਦੇ ਮਤੰਰੀ ਬਰਜਿ ਬਿਆਸਿ ਪੜ੍ਹਾਇਆ॥

ਰਾਜੇ ਪ੍ਰੀਛਤ ਦਾ ਪੁੱਤ੍ਰ ਜੋ ਜਨਮੇਜਾ ਹੈ ਉਸ ਜਨਮੇਜੇ ਰਾਜੇ ਨੂੰ ਮਤ੍ਰੀ=ਸਿੱਖਿਆ ਦੇ ਦੇ ਕਰਕੇ ਬਿਆਸ ਜੀ ਨੇ ਬਰਜਿ=ਰੋਕ ਕੇ ਚੰਗੀ ਤਰ੍ਹਾਂ ਪੜ੍ਹਾਇਆ ਸੀ ਕਿ ਤੇਰੇ 'ਪਰ ਬਿਪਤਾ ਆਉਣ ਵਾਲੀ ਹੈ ਤੂੰ ਘੋੜੀ ਖਰੀਦ ਕੇ ਯੱਗ ਕਰਨਾ ਹੈ ਅਠਾਰਾਂ ਪ੍ਰਕਾਰ ਦੇ ਬ੍ਰਾਹਮਣ ਬੁਲਾ ਕੇ ਰੋਟੀ ਖੁਆਣੀ ਹੈ ਤੇ ਇਸਤਰੀ ਨੂੰ ਨਾਲ ਲਿਜਾ ਕੇ ਜਿਸ ਵੇਲੇ ਤੂੰ ਦੱਛਣਾ ਦੇਣੀ ਹੈ ਤੇ ਬ੍ਰਾਹਮਣਾਂ ਨੇ ਹੱਸਣਾ ਹੈ ਉਸ ਵੇਲੇ ਗੁੱਸੇ ਵਿਚ ਆ ਕੇ ਤੂੰ ਅਠਾਰਾਂ ਪਰਕਾਰ ਦੇ ਬ੍ਰਾਹਮਣਾਂ ਨੂੰ ਮਾਰ ਦੇਣਾ ਹੈ ਜਿਸ ਕਰਕੇ ਤੇਰੇ ਸਰੀਰ 'ਪਰ ਅਠਾਰਾਂ ਪਰਕਾਰ ਦਾ ਕੋਹੜ ਹੋ ਜਾਣਾ ਹੈ ਇਸ ਕਰਕੇ ਮੈਂ ਤੈਨੂੰ ਬਰਜਿ=ਰੋਕਦਾ ਹਾਂ ਤੂੰ ਘੋੜੀ ਨਾ ਖਰੀਦੀਂ ਨਾ ਹੀ ਯੱਗ ਕਰੀਂ ਜਿਨ੍ਹਾਂ ਕੰਮਾਂ ਤੋਂ ਬਿਆਸ ਜੀ ਨੇ ਰੋਕਿਆ ਸੀ ਰਾਜੇ ਜਨਮੇਜੇ ਨੇ ਓਹੀ ਸਾਰੇ ਕੰਮ ਕੀਤੇ।

ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥ ੪॥

ਉਸ ਨੇ ਅਸਮੇਧ ਯੱਗ ਕਰਕੇ ਅਠਾਰਾਂ ਜਾਤੀਆਂ ਦੇ ਬ੍ਰਾਹਮਣ ਘਾਏ=ਮਾਰ ਦਿੱਤੇ, ਜਿਸ ਕਰਕੇ ਅਠਾਰਾਂ ਹੀ ਪਰਕਾਰ ਦਾ ਕੋਹੜ ਹੋ ਗਿਆ, ਕਿਉਂਕਿ ਕੀਤਾ ਹੋਇਆ ਕਰਮ ਕਿਸੇ ਦਾ ਹਟਾਇਆ ਹੋਇਆ ਹਟਦਾ ਨਹੀਂ ਹੈ॥ ੪॥

ਸਾਖੀ—ਰਾਜੇ ਜਨਮੇਜੇ ਦੀ

ਇਕ ਦਿਨ ਰਾਜੇ ਜਨਮੇਜੇ ਨੇ ਬਿਆਸ ਭਗਵਾਨ ਜੀ ਪਾਸੋਂ ਪੁੱਛਿਆ ਕਿ ਸਾਡੇ ਵੱਡੇ ਪਾਡਵਾਂ ਨੇ ਆਪਣਾ ਰਾਜ-ਭਾਗ ਛੱਡ ਕੇ ੧੩ ਸਾਲ ਬਨਵਾਸ ਕਿਉਂ ਭੋਗਿਆ, ਉਸ ਦਾ ਕੀ ਕਾਰਨ ਸੀ?

ਬਿਆਸ ਜੀ ਨੇ ਕਿਹਾ—"ਹੇ ਰਾਜਨ ! ਉਹਨਾਂ ਨੇ ਜੂਆ ਖੇਡਿਆ ਸੀ ਉਸ ਦੇ ਬਦਲੇ ਉਹਨਾਂ ਨੇ ਬਹੁਤ ਦੁੱਖ ਸਹਾਰੇ ਸਨ। ਪਹਿਲੇ ੜਾਂ ਸਾਰਾ ਰਾਜ-ਭਾਗ ਆਪਣਾ ਗੁਆ ਬੈਠੇ ਫਿਰ ੧੨ ਸਾਲ ਬਨਬਾਸ ਭੋਗਿਆ। ਫੇਰ-ਤੇਰ੍ਹਵਾਂ ਸਾਲ ਵੈਰਾਟ ਰਾਜੇ ਦੇ ਪਾਸ ਆਪਣਾ ਨਾਮ ਬਦਲਾ ਕੇ ਛੁਪ ਕੇ ਨੌਕਰੀ ਕਰਦੇ ਰਹੇ।

ਰਾਜਾ ਯੁਧਿਸ਼ਟਰ-'ਕੰਕ' ਨਾਮ ਰਖਵਾ ਕੇ ਰਾਜੇ ਵੈਰਾਟ ਨੂੰ ਚੌਪੜ ਖਿਡਾਉਂਦਾ ਰਿਹਾ।

ਭੀਮਸੈਨ- 'ਬੱਲਭ' ਨਾਮ ਰਖਾ ਕੇ ਰਸੋਈਆ ਬਣ ਕੇ ਰਸੋਈ ਦਾ ਕੰਮ ਕਰਦਾ ਰਿਹਾ।

ਅਰਜਨ- 'ਬਿਹੰਡੜਾ' ਨਾਮ ਰਖਾ ਕੇ ਰਾਜ ਪੁੱਤਰੀ ਨੂੰ ਨ੍ਰਿਤਕਾਰੀ ਸਿਖਾਉਂਦਾ ਰਿਹਾ।

ਨਕੁਲ-'ਗ੍ਰੰਥੀ ਪਾਲ' ਨਾਮ ਰਖਾ ਕੇ ਘੋੜਿਆਂ ਦੀ ਸੇਵਾ ਕਰਦਾ ਰਿਹਾ।

ਸਹਦੇਵ-'ਤੰਤੀਪਾਲ' ਨਾਮ ਰਖਾ ਕੇ ਗਊਆਂ ਦੀ ਸੇਵਾ ਕਰਦਾ ਰਿਹਾ।

ਦਰੋਪਤੀ-'ਸਿਯੰਦਰੀ' ਨਾਮ ਰਖਾ ਕੇ ਰਾਣੀ ਦੀ ਸੇਵਾ ਕਰਦੀ ਰਹੀ।

ਯਥਾ:-*"ਦ੍ਵਾਦਸ ਸੰਮਤ ਫਿਰਤਿ ਬਿਤਾਏ। ਤ੍ਰੈਦਸਵੇਂ ਦੁਰਨੌ ਠਹਿਰਾਏ।*
ਹੁਤੋ ਬਰਾਠ ਮੱਦ੍ਰ ਅਵਨੀਪਾ। ਪਹੁੰਚੇ ਤਿਹ ਕੇ ਜਾਇ ਸਮੀਪਾ॥ ੯॥
ਧਰਮਜ ਚੌਪਰ ਕੇਰ ਖਿਡਾਵਾ। ਕੰਕ ਨਾਮ ਅਪਨੌ ਧਰਿਵਾਵਾ।
ਭੀਮ ਰਸੋਈਆ ਬੱਲਭ ਨਾਮੁ। ਭੋਜਨ ਕਰਨ ਕੀਨ ਸਭਿ ਕਾਮੁ॥ ੧੦॥
ਸ਼ਸਤ੍ਰ ਅਸਤ੍ਰ ਧਰਿ ਬਾਹਰ ਸਭਿ ਹੀ। ਭਾ ਬਿਹੰਡੜਾ ਅਰਜਨ ਤਬਹੀ।
ਉੱਤ੍ਰਾਂ ਹੁਤੀ ਬਰਾਠ ਕੁਮਾਰੀ। ਲਗਜੋ ਸਿਖਾਵਨ ਤਿਹ ਨ੍ਰਿਤਕਾਰੀ॥ ੧੧॥
ਬਾਜਪਾਲ ਕੌ ਬੇਖ ਬਨਾਈ। ਰਹਜੋ ਨਕੁਲ ਨ੍ਰਿਪ ਕੇ ਢਿਗ ਜਾਈ।
ਭਾ ਗੋਪਾਲ ਤਬਹਿ ਸਹਿਦੇਵਾ। ਦੁਰਿਕੈ ਰਹੇ ਨ ਕੌ ਲਖਿ ਭੇਵਾ॥ ੧੨॥
ਦ੍ਰੁਪਦਸੁਤਾ ਹੁਇ ਸਜੰਦਰੀ, ਨ੍ਰਿਪਤ ਨਾਰਿ ਢਿਗ ਜਾਇ।
ਸੇਵ ਕਰਨ ਪਰ ਸੋ ਰਹੀ, ਜਿਹ ਤਨ ਰੁਚਿਰ ਸੁਹਾਇ॥ ੧੩॥

(ਨਾਨਕ ਪ੍ਰਕਾਸ਼ ਉਤਰਾਰਧ ਧਿਆ ੨੪)

ਜਨਮੇਜੇ ਨੇ ਕਿਹਾ—"ਉਹਨਾਂ ਨੂੰ ਜੂਆ ਖੇਡਣ ਵੱਲੋਂ ਕਿਸੀ ਨੇ ਹਟਾਇਆ ਨਾ ? ਮਰਯਾਦਾ ਪੁਰਸ਼ੋਤਮ ਸ਼ੁਭ ਕਰਮ ਧਰਮ ਦੇ ਕਰਨ ਵਾਲਿਆਂ ਨੇ ਇਹ ਮੰਦ ਕਰਮ ਕਿਉਂ ਕੀਤਾ ?

ਉਹਨਾਂ ਦੀ ਮਲੀਣ ਬੁੱਧੀ ਕਿਸ ਕਾਰਨ ਹੋਈ ? "

ਇਸ ਗੱਲ ਸੁਣ ਕੇ ਬਿਆਸ ਜੀ ਨੇ ਕਿਹਾ, "ਹੇ ਰਾਜਨ ! ਜੋ ਹੋਣਹਾਰ ਭਵਿੱਖਤ ਹੈ ਉਹ ਜ਼ਰੂਰ ਹੋ ਕੇ ਰਹਿੰਦੀ ਹੈ ਚਾਹੇ ਕੋਈ ਕਿਤਨਾਂ ਬਲੀ ਅਤੇ ਸਿਆਣਾ ਵੀ ਹੋਵੇ। "

ਜਨਮੇਜੇ ਨੇ ਕਿਹਾ, 'ਹੇ ਬਿਆਸ ਜੀ ! ਜੇ ਕੋਈ ਪਹਿਲੇ ਹੋਣਹਾਰ ਨੂੰ ਦੱਸ ਦੇਵੇ ਤਾਂ ਇਹ ਪੁਰਸ਼ ਬਚ ਸਕਦਾ ਹੈ।

ਬਿਆਸ ਜੀ ਨੇ ਕਿਹਾ- "ਹੇ ਰਾਜਨ ! ਇਹ ਕਿਸੇ ਦੇ ਵੱਸ ਨਹੀਂ ਹੈ ਜੋ ਲੇਖ ਲਿਖੇ ਗਏ ਹਨ ਉਹ ਜ਼ਰੂਰ ਭੋਗਣੇ ਪੈਂਦੇ ਹਨ।"

ਰਾਜੇ ਨੇ ਫਿਰ ਵੀ ਆਪਣੀ ਗੱਲ ਤੇ ਹਠ ਕਰ ਲਿਆ। ਤਾਂ ਬਿਆਸ ਜੀ ਨੇ ਕਿਹਾ-ਸੁਣ, ਹੇ ਰਾਜਨ ! ਤੇਰੇ ਉੱਪਰ ਵੀ ਭਾਵੀ ਆਉਣ ਵਾਲੀ ਹੈ। ਹੁਣ ਤੈਨੂੰ ਦੱਸ ਦਿੱਤਾ ਹੈ ਤੂੰ ਤਕੜਾ ਹੋ ਕੇ ਰਹੀ। ਤੂੰ ਇਕ ਘੋੜੀ ਖਰੀਦੇਂਗਾ ਉਸ ਉਤੇ ਚੜ੍ਹ ਕੇ ਸ਼ਿਕਾਰ ਖੇਡਣ ਜਾਏਂਗਾ। ਸ਼ਿਕਾਰ ਖੇਡਦਿਆਂ ਖੇਡਦਿਆਂ ਤੂੰ ਥੱਕ ਜਾਏਂਗਾ ਫਿਰ ਬ੍ਰਿਛ ਨਾਲ ਘੋੜੀ ਬੰਨ੍ਹ ਕੇ ਇਕ ਤਲਾਬ ਦੇ ਕਿਨਾਰੇ 'ਪਰ ਆਰਾਮ ਕਰੇਂਗਾ। ਤਲਾਬ ਵਿਚੋਂ ਇਕ ਦਰਿਆਈ ਘੋੜਾ ਨਿਕਲ ਕੇ ਤੇਰੀ ਘੋੜੀ ਨਾਲ ਸਬੰਧ ਕਰੇਗਾ ਉਸ ਨੂੰ ਹਮਲ (ਗਰਭ) ਹੋ ਜਾਏਗਾ। ਫਿਰ ਉਸ ਤੋਂ ਇਕ ਬੜਾ ਸੁੰਦਰ ਵਛੇਰਾ ਪੈਦਾ ਹੋਵੇਗਾ। ਸਮੇਂ ਅਨੁਸਾਰ ਉਸ ਘੋੜੇ ਨੂੰ ਛੱਡ ਕੇ ਸਾਰਿਆਂ ਰਾਜਿਆਂ ਨੂੰ ਜੈ ਕਰਕੇ ਤੂੰ ਰਾਜਸੂ ਯੱਗ ਅਰੰਭੇਂਗਾ। ਉਸ ਸਮੇਂ ਤੂੰ ੧੮ ਜਾਤੀਆ* ਦੇ ਕੁਲ ਬ੍ਰਾਹਮਣ ਸੱਦੇਂਗਾ। ਅਹੂਤੀਆਂ ਤੋਂ ਪਿੱਛੋਂ

---

*੧. ਗੌਡ। ੨. ਸਾਸਵਤ। ੩. ਸ਼ੁਕਲਾ। ੪. ਤਿਵਾੜੀ। ੫. ਦੂਬੇ। ੬. ਤ੍ਰਿਵੇਦੀ। ੭. ਮੈਥਿਲ। ੮. ਕਾਨਜਕੁਬਜ਼। ੯. ਪ੍ਰਾਸ਼ਰ। ੧੦. ਵਿਆਸ। ੧੧.ਭਾਰਦਵਾਜ। ੧੨. ਸਾਰਸੁਤ। ੧੩. ਮੈਨਣ। ੧੪. ਪਿਤਾਂਜਲੀ। ੧੫. ਪਿਤੇਜਲੀ। ੧੬. ਪੁਸ਼ਕਰਨਾ ਆਦਿ।

ਜਦ ਤੂੰ ਭੰਡਾਰਾ ਵਰਤਾਏਂਗਾ ਤੇ ਸਾਰੇ ਛਕ ਲੈਣਗੇ ਫਿਰ ਤੂੰ ਰਾਣੀ ਨੂੰ ਨਾਲ ਲੈ ਕੇ ਦੱਛਣਾ ਦੇਣ ਜਾਵੇਂਗਾ। ਦੱਛਣਾ ਦੇਂਦਿਆਂ-ਦੇਂਦਿਆਂ ਤੇਰੀ ਰਾਣੀ ਦੇ ਸਿਰ ਉਤੋਂ ਕਪੜਾ ਲਹਿ ਜਾਏਗਾ ਬ੍ਰਾਹਮਣ ਵੇਖ ਕੇ ਹੱਸਣਗੇ। ਉਸ ਵੇਲੇ ਤੇਰੇ ਅੰਦਰ ਕ੍ਰੋਧ ਆਉਣ ਨਾਲ, ਕਿਸੇ ਨੂੰ ਖੀਰ ਵਿਚ, ਕਿਸੇ ਨੂੰ ਅੱਗ ਵਿਚ ਪਾ ਕੇ ਤੂੰ ਸਾਰਿਆਂ ਨੂੰ ਖਤਮ ਕਰ ਦੇਵੇਂਗਾ।

ਇਸ ਤਰ੍ਹਾਂ ਬ੍ਰਹਮ ਹੱਤਿਆ ਦੇ ਪਾਪ ਕਰਕੇ ਤੈਨੂੰ ਅਠਾਰਾਂ ਹੀ ਪ੍ਰਕਾਰ ਦਾ ਕੋੜ੍ਹ ਨਿਕਲੇਗਾ ਜਿਸ ਕਰਕੇ ਤੂੰ ਬਹੁਤ ਦੁੱਖੀ ਹੋਵੇਂਗਾ ਅਤੇ ਸਾਰੇ ਭਾਰਤ ਵਰਸ਼ ਵਿਖੇ ਤੇਰੀ ਨਿੰਦਿਆ ਹੋਵੇਗੀ। ਹੁਣ ਤੈਨੂੰ ਸਮਝਾਉਂਦੇ ਹਾਂ ਤੂੰ ਘੋੜੀ ਨ ਖਰੀਦੀਂ। ਜੇ ਖਰੀਦ ਵੀ ਲਵੇਂ ਤਾਂ ਬਾਹਰ ਸ਼ਿਕਾਰ ਖੇਡਣ ਨਾ ਜਾਵੀਂ। ਜੇ ਸ਼ਿਕਾਰ ਖੇਡਣ ਚਲਾ ਵੀ ਜਾਵੇਂ ਤਾਂ ਰਾਹ ਵਿਚ ਕਿਧਰੇ ਠਹਿਰੀਂ ਨਾ। ਜੇ ਠਹਿਰੇਂ ਵੀ ਸਹੀ ਤਾਂ ਯੱਗ ਨੂੰ ਨਾ ਅਰੰਭੀਂ ਜੇ ਯੱਗ ਨੂੰ ਅਰੰਭੇ ਤਾਂ ਔਰਤ ਨੂੰ ਨਾਲ ਲੈ ਕੇ ਦੱਛਣਾ ਦੇਣ ਨਾ ਜਾਵੀਂ । ਪਰ ਦੇਖ ਲਈਂ ਤੂੰ ਸਾਰੇ ਹੀ ਕੰਮ ਕਰਨੇ ਹਨ। ਇਸ ਪ੍ਰਕਾਰ ਤੇਰੇ 'ਪਰ ਬਿਪਤਾ ਆਉਣੀ ਹੈ ਤੂੰ ਹੋਸ਼ ਦੇ ਨਾਲ ਰਹੀਂ ਵੱਡਿਆਂ 'ਪਰ ਤੂੰ ਸ਼ੰਕਾ ਕੀਤੀ ਹੈ ਪਰ ਹੁਣ ਤੈਨੂੰ ਦੱਸ ਵੀ ਦਿੱਤਾ ਹੈ ਤੂੰ ਬੱਚ ਕੇ ਵਿਖਾਵੀਂ।

ਬਿਆਸ ਭਗਵਾਨ ਜੀ ਤੋਂ ਇਹ ਭਵਿੱਛਤ ਵਾਕ ਸੁਣ ਕੇ ਰਾਜੇ ਨੇ ਆਪਣੇ ਮਨ ਵਿਚ ਪੱਕੀ ਸਲਾਹ ਕਰ ਲਈ ਕਿ ਅੱਗੋਂ ਲਈ ਘੋੜਾ ਘੋੜੀ ਕੋਈ ਨਹੀਂ ਖਰੀਦਣਾ।

ਜਦ ਕਿਤਨਾ ਸਮਾਂ ਗੁਜ਼ਰ ਗਿਆ ਤੇ ਇਸ ਨੇ ਕੋਈ ਘੋੜੀ ਘੋੜਾ ਨਾ ਖਰੀਦਿਆ ਤਦ ਅਗਲੇ ਘੋੜੇ ਸੈਨਾਂ ਪਾਸੋਂ ਕਈ ਮਰ ਗਏ ਤਾਂ ਵਜ਼ੀਰਾਂ ਨੇ ਕਿਹਾ, ''ਐ ਬਾਦਸ਼ਾਹ ! ਜੇ ਘੋੜਾ ਘੋੜੀ ਕੋਈ ਵੀ ਨਾ ਖਰੀਦਿਆ ਤਾਂ ਸੈਨਾਂ ਦਾ ਕੰਮ ਕਿਵੇਂ ਨਿਭੇਗਾ, ਤੇਰੀ ਬਾਦਸ਼ਾਹੀ ਹੀ ਕਿਵੇਂ ਚਲੇਗੀ ਤੂੰ ਘੋੜੀ ਭਾਵੇਂ ਨਾ ਖਰੀਦ ਪਰ ਘੋੜੇ ਤਾਂ ਖਰੀਦਣ ਦੇਹ।'' ਉਸ ਵੇਲੇ ਬਾਦਸ਼ਾਹ ਨੇ ਘੋੜੇ ਖਰੀਦਣ ਦਾ ਹੁਕਮ ਦੇ ਦਿੱਤਾ। ਵਜ਼ੀਰਾਂ ਨੇ ਬਹੁਤ ਹੀ ਘੋੜੇ ਖਰੀਦੇ ਪਰ ਉਸ ਵੇਲੇ ਇਕ ਅੱਵਲ ਜਾਤੀ ਦੀ ''ਖੁਰਾਸਾਨੀ'' ਘੋੜੀ ਬਹੁਤ ਅਣਮੁੱਲੀ ਆ ਗਈ । ਵਜ਼ੀਰ ਵੇਖ ਕੇ ਬੜਾ ਚਿੰਤਾਤੁਰ ਹੋਇਆ ਕਿ ਜੇ ਇਹ ਘੋੜੀ ਕਿਸੇ ਹੋਰ ਬਾਦਸ਼ਾਹ ਨੇ ਖਰੀਦ ਲਈ ਤਾਂ ਚੰਗਾ ਨਹੀਂ। ਇਹ ਘੋੜੀ ਅਸਾਡੇ ਕੋਲ ਹੀ ਰਹਿਣੀ ਚਾਹੀਦੀ ਹੈ। ਵਜ਼ੀਰ ਨੇ ਬਾਦਸ਼ਾਹ ਨੂੰ ਲਿਆ ਕੇ ਘੋੜੀ ਵਿਖਾਈ ਤੇ ਕਿਹਾ ਕਿ ਇਹ ਘੋੜੀ ਆਪ ਜੀ ਦੇ ਯੋਗ ਦੀ ਹੈ ਜੇ ਕਿਸੇ ਹੋਰ ਬਾਦਸ਼ਾਹ ਨੇ ਖਰੀਦ ਲਈ ਤਾਂ ਸਾਡੀ ਹੱਤਕ ਹੈ। ਆਪ ਜੀ ਨੇ ਚੜ੍ਹਨਾ ਨਹੀਂ, ਪਰ ਖਰੀਦਣ ਵਿਚ ਤਾਂ ਕੋਈ ਡਰ ਨਹੀਂ। ਆਪ ਜੀ ਦੇ ਤਬੇਲੇ ਵਿਚ ਖੜ੍ਹੀ ਰਹੇਗੀ। ਇਹ ਗਲ ਸੁਣ ਕੇ ਬਾਦਸ਼ਾਹ ਨੇ ਹੁਕਮ ਦੇ ਦਿੱਤਾ ਕਿ ਚੰਗਾ, ਖਰੀਦ ਲਓ।'

ਉਸੀ ਵੇਲੇ ਖਜ਼ਾਨੇ 'ਚੋਂ ਰੁਪਯਾ ਦਿਵਾ ਕੇ ਘੋੜੀ ਖਰੀਦ ਲਈ। ਤਬੇਲੇ ਬੱਧੀ ਨੂੰ ਕਈ ਸਾਲ ਗੁਜ਼ਰ ਗਏ ਤਾਂ ਵਜ਼ੀਰ ਨੇ ਕਿਹਾ, ''ਬਾਦਸ਼ਾਹ ਸਲਾਮਤ ! ਇਕ ਵੇਰ ਇਸ ਉਤੇ ਚੜ੍ਹ ਕੇ ਤਾਂ ਵੇਖੋ ਕੈਸੀ ਹੈ।'' ਜਿਸ ਵੇਲੇ ਰਾਜਾ ਜਨਮੇਜਾ ਉਸ ਉਤੇ ਚੜ੍ਹਿਆ ਤਾਂ ਉਹ ਇਸ ਨੂੰ ਲੈ ਕੇ ਅਜੇਹੀ ਉੱਡੀ ਕਿ ਧਰਤੀ 'ਪਰ ਪੈਰ ਲੱਗਣ ਹੀ ਨਾ ਦਿੱਤਾ। ਸੰਘਣੇ ਜੰਗਲ ਵਿਚ ਲੈ ਗਈ। ਉਥੇ ਤਲਾਬ ਦੇ ਕਿਨਾਰੇ ਇਸ ਨੂੰ ਬੰਨ੍ਹ ਕੇ ਆਪ ਸੌਂ ਗਿਆ। ਉਸੀ ਵੇਲੇ ਤਾਲਾਬ ਵਿੱਚੋਂ ਦਰਿਆਈ ਘੋੜਾ ਨਿਕਲਿਆ ਤੇ ਉਸ ਨੇ ਘੋੜੀ ਨਾਲ ਸਬੰਧ ਕੀਤਾ ਅਤੇ ਉਸ ਤੋਂ ਕਾਲੇ ਕੰਨਾਂ ਵਾਲਾ ਬੜਾ ਸੁੰਦਰ ਵਛੇਰਾ ਹੋਇਆ ਤਾਂ ਰਾਜੇ ਨੇ ਸਾਰੇ ਦਿਗ ਬਿਜੇ ਕਰਕੇ ਅਸਮੇਧ ਯੱਗ ਅਰੰਭ ਦਿੱਤਾ। ਅਹੂਤੀਆਂ ਪਾਉਣ ਲਈ ਬੜੇ ਬੜੇ ਵਿਦਵਾਨ ਪੰਡਤ ਬੁਲਾਏ। ਫਿਰ ੧੮ ਜਾਤੀਆਂ ਦੇ ਬ੍ਰਾਹਮਣ ਬੁਲਾ ਕੇ ਸਭ ਨੂੰ ਨਿਉਂਤਾ ਛਕਾਇਆ। ਪਹਿਲੀਆਂ ਗੱਲਾਂ ਇਸ ਨੂੰ ਸਭ ਭੁੱਲ ਗਈਆਂ । ਪ੍ਰਸ਼ਾਦ ਛਕਾ ਕੇ ਜਦ ਰਾਣੀ ਨੂੰ ਨਾਲ ਲੈ ਕੇ ਦੱਛਣਾ ਦੇਣ ਗਿਆ, ਤਾਂ ਉਸ ਦੇ ਸਿਰ ਤੋਂ ਪੱਲਾ ਲਹਿ ਗਿਆ।

ਸਿਰ ਨੰਗੇ ਹੋਣ ਦੇ ਸਬੱਬ ਕਰਕੇ ਸਾਰੇ ਬ੍ਰਾਹਮਣ ਹੱਸ ਪਏ। ਇਸ ਨੇ ਕ੍ਰੋਧ ਵਿਚ ਆ ਕੇ ਕਿਸੇ ਨੂੰ ਖੀਰ ਦੇ ਕੜਾਹੇ ਵਿਚ ਸੁਟਿਆ, ਕਿਸੇ ਨੂੰ ਅੱਗ ਵਿਚ, ਕਿਸੇ ਨੂੰ ਭਾਜੀ ਦੇ ਕੜਾਹੇ ਵਿਚ, ਕਿਸੇ ਦੇ ਸਿਰ 'ਤੇ ਬਿੰਨ੍ਹੂ ਟਿਕਾ ਕੇ ਸਿਰ ਵਿਚ ਖੀਰ ਪਾ ਦਿੱਤੀ। ਜਦ ਇਸ ਤਰ੍ਹਾਂ ਬ੍ਰਾਹਮਣਾਂ ਦੀ ਹਾਲਤ ਕੀਤੀ ਤਾਂ ਇਸ ਨੂੰ ਅਠਾਰਾਂ ਹੀ ਪਰਕਾਰ ਦਾ ਕੋੜ੍ਹ ਨਿਕਲ ਆਇਆ। ਫਿਰ ਇਸ ਨੇ ਬਿਆਸ ਭਗਵਾਨ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ! ਜੋ ਜੋ ਗੱਲਾਂ ਆਪ ਜੀ ਨੇ ਕਹੀਆਂ ਸਨ, ਮੇਰੇ ਪਾਸੋਂ ਉਹੀ ਹੋ ਗਈਆਂ ਹਨ। ਤਾਂ ਬਿਆਸ ਜੀ ਨੇ ਕਿਹਾ, ਹੇ ਰਾਜਨ ! ਜੋ ਮੱਥੇ ਦੇ ਲੇਖ ਲਿਖੇ ਹੁੰਦੇ ਹਨ ਉਹ ਅਵੱਸ਼ ਭੋਗਣੇ ਪੈਂਦੇ ਹਨ, ਭੋਗੇ ਬਗੈਰ ਮਿਟ ਨਹੀਂ ਸਕਦੇ।

ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ॥

ਕਰਮਾਂ ਦੀ ਗਿਣਤੀ ਨੂੰ ਨਾ ਗਿਣੇ, ਵਾਹਿਗੁਰੂ ਦੇ ਹੁਕਮ ਨੂੰ ਪਛਾਨਣਾ ਕਰੇ ਅਤੇ ਸੁਭਾਈ=ਸੁਭਾਵਕ ਹੀ ਪ੍ਰੇਮ ਦੀ ਬੋਲੀ ਬੋਲਣਾ ਕਰੇ।

ਅਥਵਾ:-ਹੇ ਪ੍ਰਭੂ ! ਮੈਂ ਕੋਈ ਕਿਸੇ ਕਿਸਮ ਦੀ ਗਣਤ ਨ ਗਣੀ=ਸੋਚ ਸੋਚਦਾ ਨਹੀਂ ਹਾਂ, ਕੇਵਲ ਤੇਰਾ ਹੁਕਮ ਪਛਾਣਦਾ ਹਾਂ ਅਤੇ ਸੁਭਾਵੀ=ਸੁਭਾਵਕ ਹੀ ਭਾਇ=ਪ੍ਰੇਮ ਨਾਲ ਤੇਰਾ ਜਸ ਬੋਲਦਾ ਹਾਂ।

ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ॥ ੫॥

ਜੋ ਕੁਝ ਵਰਤ ਰਿਹਾ ਹੈ ਸਭ ਕੁਝ ਆਪ ਜੀ ਦੇ ਹੁਕਮ ਅਨੁਸਾਰ ਵਰਤ ਰਿਹਾ ਹੈ, ਏਹ ਨਿਸਚੇ ਕਰਕੇ ਮੈਂ ਆਪ ਜੀ ਨੂੰ ਸਲਾਹੁੰਦਾ ਹਾਂ, ਕਿਉਂਕਿ ਸਭ ਕੁਝ ਆਪ ਜੀ ਦੀ ਵਡਿਆਈ=ਇੱਛਾ ਅਨੁਸਾਰ ਹੁੰਦਾ ਹੈ॥ ੫॥

ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥

ਗੁਰਮੁਖ ਹਰ ਗੱਲ ਤੋਂ ਅਲਿਪਤੁ=ਅਸੰਗ (ਨਿਰਲੇਪ) ਰਹਿੰਦੇ ਹਨ, ਉਹਨਾਂ ਨੂੰ ਕਦੇ ਕਿਸੇ ਕਰਮ ਦਾ ਲੇਪ ਨਹੀਂ ਲੱਗਦਾ, ਜੋ ਗੁਰਮੁਖ ਸਦਾ ਆਪ ਜੀ ਦੀ ਸ਼ਰਨ ਵਿਚ ਰਹਿੰਦੇ ਹਨ।

ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥ ੬॥

ਮੂਰਖ ਮਨਮੁਖ ਮੁਸੀਬਤ ਆਉਣ ਤੋਂ ਪਹਿਲਾਂ ਤਾਂ ਪ੍ਰਭੂ ਨੂੰ ਯਾਦ ਨਹੀਂ ਕਰਦੇ, ਜਾਂ ਕਰਮਾਂ ਅਨੁਸਾਰ ਦੁੱਖ ਆ ਕੇ ਲੱਗਦਾ ਹੈ ਤਾਂ ਪਛੁਤਾਂਦੇ ਹਨ॥ ੬॥

ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥

ਉਹ ਕਰਤਾ ਪੁਰਖ ਪਰਮਾਤਮਾ ਆਪ ਹੀ ਸਭ ਕੁਝ ਕਰਦਾ ਕਰਾਉਂਦਾ ਹੈ, ਜਿਸ ਨੇ ਇਸ ਸੰਸਾਰਕ ਰਚਨਾ ਨੂੰ ਰਚਿਆ ਹੈ।

ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ॥ ੭॥

(੧) ਹਰ ਤਰ੍ਹਾਂ ਦਾ ਹੰਕਾਰ ਜੀਅਹੁ=ਦਿਲ ਵਿਚੋਂ ਜਾਂਦਾ ਨਹੀਂ ਹੈ।

(੨) ਹੇ ਹਰੀ ! ਜੀਅ ਦੇ ਹਿਰਦੇ ਵਿਚੋਂ ਅਭਿਮਾਨੁ=ਹੰਕਾਰ ਜਾਂਦਾ ਨਹੀਂ ਹੈ,

(੩) ਜਿੰਨਾ ਚਿਰ ਜੀਅਹੁ=ਦਿਲ ਵਿਚੋਂ ਹੰਕਾਰ ਹਰਿ=ਹਰਿਆ (ਨਾਸ) ਨਹੀਂ ਹੋ ਜਾਂਦਾ, ਉਤਨਾ ਚਿਰ ਹੰਕਾਰ ਵਿਚ ਪੈ ਕੇ ਹੀ ਪਚੀਐ=ਸੜਨਾ ਹੁੰਦਾ ਹੈ॥ ੭॥

ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥

ਜੋ ਕੁਝ ਭੀ ਬਣਾਇਆ ਹੈ ਸਭ ਕੋਈ ਭੁਲਣ ਵਿਚ ਹੀ ਪੈਦਾ ਕੀਤਾ ਹੈ, ਇਕ ਕਰਤਾ ਪੁਰਖ ਪਰਮਾਤਮਾ

ਆਪ ਨਹੀਂ ਭੁਲਦਾ।

ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ॥ ੮॥ ੪॥

ਗੁਰੂ ਜੀ ਕਥਨ ਕਰਦੇ ਹਨ—ਸੱਚੇ ਨਾਮੀ ਦੇ ਨਾਮ ਜਪਣ ਕਰਕੇ ਸੰਸਾਰ-ਸਮੁੰਦਰ ਤੋਂ ਨਿਸਤਾਰਾ= ਤਰਨਾ ਹੁੰਦਾ ਹੈ।

ਪਰ ਗੁਰਾਂ ਦੀ ਕ੍ਰਿਪਾ ਨਾਲ ਕੋਈ ਵਿਰਲਾ ਹੀ ਜਮਾਂ ਤੋਂ ਅਘੁਲੈ=ਛੁਟਦਾ ਹੈ॥ ੮॥ ੪॥

ਪ੍ਰਭਾਤੀ ਮਹਲਾ ੧॥

ਆਖਣਾ ਸੁਨਣਾ ਨਾਮੁ ਅਧਾਰੁ॥

ਜਿਨ੍ਹਾਂ ਗੁਰਮੁਖਾਂ ਨੇ ਜੀਭ ਨਾਲ ਪਰਮਾਤਮਾ ਦੇ ਨਾਮ ਨੂੰ ਆਖਣਾ ਕੀਤਾ ਹੈ, ਕੰਨਾਂ ਨਾਲ ਸੁਣਿਆ ਹੈ ਅਤੇ ਨਾਮ ਦਾ ਹੀ ਅਧਾਰੁ=ਆਸਰਾ ਗ੍ਰਹਿਣ ਕੀਤਾ ਹੈ।

ਧੰਧਾ ਛੁਟਕਿ ਗਇਆ ਵੇਕਾਰੁ॥

ਉਹਨਾਂ ਦਾ ਵੇਕਾਰੁ=ਦੁੱਖ ਰੂਪ ਧੰਧਾ ਛੁਟ ਗਿਆ ਹੈ।

ਜਿਉ ਮਨਮੁਖਿ ਦੂਜੈ ਪਤਿ ਖੋਈ॥ ਬਿਨੁ ਨਾਵੈ ਮੈ ਅਵਰੁ ਨ ਕੋਈ॥ ੧॥

ਜਿਵੇਂ ਮਨਮੁਖਾਂ ਨੇ ਦਵੈਤ ਭਾਵ ਵਿਚ ਲੱਗ ਕੇ ਇੱਜ਼ਤ ਗਵਾ ਲਈ ਹੈ, ਤਿਵੇਂ ਮੈਂ ਨਹੀਂ ਗਵਾਈ। ਕਿਉਂਕਿ ਨਾਮ ਤੋਂ ਬਿਨਾਂ ਮੇਰਾ ਹੋਰ ਕੋਈ ਵਿਹਾਰ ਨਹੀਂ ਹੈ।

ਅਥਵਾ:-ਨਾਮ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਸੁਖ ਸਰੂਪ ਨਹੀਂ ਜਾਣਿਆ।

ਸੁਣਿ ਮਨ ਅੰਧੇ ਮੂਰਖ ਗਵਾਰ॥

ਹੇ ਮੂਰਖਾਂ ਤੋਂ ਵੱਡੇ ਮੂਰਖ ਅੰਨ੍ਹੇ ਮਨ ! ਤੂੰ ਸੁਨਣਾ ਕਰ।

ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ॥ ੧॥ ਰਹਾਉ॥

ਤੈਨੂੰ ਸੰਕਲਪਾਂ ਵਿਚ ਆਉਂਦਿਆਂ ਜਾਂਦਿਆਂ ਲਾਜ=ਸ਼ਰਮ ਨਹੀਂ ਲੱਗਦੀ, ਯਾਦ ਰੱਖ, ਗੁਰੂ ਤੋਂ ਬਿਨਾਂ ਹੋਣ ਕਰਕੇ ਮੁੜ ਮੁੜ ਕੇ ਸੰਸਾਰ-ਸਮੁੰਦਰ ਵਿਚ ਡੁਬੇਂਗਾ॥ ੧॥ ਰਹਾਉ॥

ਇਸੁ ਮਨ ਮਾਇਆ ਮੋਹਿ ਬਿਨਾਸੁ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ॥

ਮਾਇਆ ਦਾ ਮੋਹ ਹੀ ਇਸ ਮਨ ਨੂੰ ਨਾਸ ਕਰਦਾ ਹੈ। ਜਾਂ ਧੁਰ ਤੋਂ ਪ੍ਰਭੂ ਦਾ ਹੁਕਮ ਹੀ ਐਸੇ ਲਿਖਿਆ ਹੋਇਆ ਹੈ ਤਾਂ ਕਾਸੁ=ਕਿਸਨੂੰ ਕੁਝ ਕਹਿਣਾ ਹੈ।

ਗੁਰਮੁਖਿ ਵਿਰਲਾ ਚੀਨੈ ਕੋਈ॥ ਨਾਮ ਬਿਹੂਨਾ ਮੁਕਤਿ ਨ ਹੋਈ॥ ੨॥

ਕੋਈ ਵਿਰਲਾ ਗੁਰਮੁਖ ਹੀ ਇਸ ਗੱਲ ਨੂੰ ਜਾਣਦਾ ਹੈ। ਕਿ ਨਾਮ ਸਿਮਰਨ ਤੋਂ ਬਿਨਾਂ ਜੀਵ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ॥ ੨॥

ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ॥ ਬਿਨੁ ਗੁਰ ਬੂਝੇ ਜਮ ਕੀ ਫਾਸੀ॥

ਭਰਮ ਦਾ ਭਰਮਾਇਆ ਹੋਇਆ ਜੀਵ ਚੁਰਾਸੀ ਲੱਖ ਜੂਨੀਆਂ ਵਿਚ ਡੋਲੈ=ਫਿਰਦਾ ਹੈ।

ਪੂਰਿਆਂ ਗੁਰਾਂ ਪਾਸੋਂ ਪੁਛੇ ਬਿਨਾਂ ਜਮਾਂ ਦੀ ਫਾਹੀ ਵਿਚ ਫਸਦਾ ਹੈ।

ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥

ਇਹ ਮਨ ਖਿਨ ਵਿਚ ਊਭਿ=ਅਕਾਸ਼ ਨੂੰ ਜਾਂਦਾ ਹੈ ਤੇ ਖਿਨ ਵਿਚ ਪਇਆਲਿ=ਪਤਾਲ ਨੂੰ ਜਾਂਦਾ ਹੈ।

ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥ ੩ ॥

ਪਰ ਗੁਰਮੁਖ ਜਨ ਨਾਮ ਨੂੰ ਸਮਾਲ ਕੇ ਮਨ ਦੀ ਚੰਚਲਤਾ ਤੋਂ ਛੁਟ ਗਿਆ ਹੈ॥ ੩ ॥

ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥

ਜਿਸ ਨੂੰ ਪਰਮਾਤਮਾ ਆਪਣੇ ਸਰੂਪ ਵਿਚ ਸੱਦਦਾ ਹੈ ਉਸ ਨੂੰ ਉਸ ਨਾਲ ਮਿਲਦਿਆਂ 'ਢਿਲ ਨ ਹੋਇ'=ਦੇਰ ਨਹੀਂ ਹੁੰਦੀ। ਗੁਰਾਂ ਦੇ ਉਪਦੇਸ਼ ਕਰਕੇ ਜੋ ਜੀਵਤ ਭਾ ਤੋਂ ਮਰਦਾ ਹੈ, ਉਹ ਪੁਰਸ਼ ਸਹਿਲਾ=ਸੁਖੀ ਜੀਊਂਦਾ ਹੈ, ਵਾ:-ਲਾਭ ਦੇ ਸਹਿਤ ਜੀਊਂਦਾ ਹੈ।

ਬਿਨੁ ਗੁਰ ਸੋਝੀ ਕਿਸੈ ਨ ਹੋਇ ॥ ਆਪੇ ਕਰੈ ਕਰਾਵੈ ਸੋਇ ॥ ੪ ॥

ਗੁਰੂ ਤੋਂ ਬਿਨਾਂ ਇਸ ਗੱਲ ਦੀ ਸੋਝੀ ਹੋਰ ਕਿਸੇ ਕਰਮ ਕਰਕੇ ਨਹੀਂ ਹੁੰਦੀ।

ਉਹ ਪ੍ਰਭੂ ਆਪ ਹੀ ਸਭ ਕੁਝ ਕਰਦਾ ਕਰਾਉਂਦਾ ਹੈ॥ ੪ ॥

ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥

ਜੋ ਹਰੀ ਗੁਣਾਂ ਨੂੰ ਗਾਉਂਦਾ ਹੈ ਉਹ ਜਨਮ ਮਰਨ ਰੂਪ ਝਗੜੇ ਨੂੰ ਦੂਰ ਕਰ ਲੈਂਦਾ ਹੈ। ਜਿਸ ਦਾ ਸ਼ਤਿਗੁਰੂ ਪੂਰਾ ਹੈ ਓਹੀ ਪੁਰਸ਼ ਸਹਜ ਪਦ ਵਿਚ ਸਮਾਂਵਦਾ ਹੈ।

ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥ ੫ ॥

ਇਹ ਮਨ ਡੋਲਤ=ਚੰਚਲਤਾ ਤੋਂ ਤਦ ਠਹਿਰਦਾ ਹੈ। ਜਦ ਸੱਚੀ ਕਰਨੀ ਕਰਨੇ ਰੂਪ ਕਾਰ ਨੂੰ ਕਮਾਉਣਾ ਕਰੇ॥ ੫ ॥

ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥

ਜੂਠਾ=ਅਪਵਿੱਤ੍ਰ, ਅੰਤਰਿ=ਅੰਤਹਕਰਣ ਕਿਵੇਂ ਪਵਿੱਤਰ ਹੁੰਦਾ ਹੈ ? ਉੱਤਰ:-

ਕੋਈ ਵਿਰਲਾ ਹੀ ਪੁਰਸ਼ ਗੁਰ ਸ਼ਬਦ ਦੁਆਰੇ ਅਪਵਿੱਤ੍ਰ ਅੰਤਹਕਰਣ ਨੂੰ ਧੋਂਦਾ ਹੈ।

ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ ॥ ੬ ॥

ਜੇਹੜਾ ਕੋਈ ਗੁਰਮੁਖ ਗੁਰਾਂ ਦੁਆਰੇ ਸੱਚ ਨਾਮ ਨੂੰ ਕਮਾਉਂਦਾ ਹੈ। ਉਹ ਮਨ ਨੂੰ ਆਉਣ ਜਾਣ ਵਲੋਂ 'ਠਾਕਿ ਰਹਾਵੈ'=ਰੋਕ ਰੱਖਦਾ ਹੈ॥ ੬ ॥

[ਪੰਨਾ ੧੩੪੫]

ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥

ਜਿਸ ਨੇ ਸਾਰੁ=ਸਰੇਸ਼ਟ ਸੁਖ ਦੇਣ ਵਾਲੇ ਪਰਮਾਤਮਾ ਦੇ ਡਰ ਦਾ ਖਾਣਾ ਪੀਣਾ ਕੀਤਾ ਹੈ। ਉਹ ਹਰੀ ਦੇ ਸੰਤ ਜਨਾਂ ਦੀ ਸੰਗਤ ਕਰਕੇ ਸੰਸਾਰ-ਸਮੁੰਦਰ ਤੋਂ ਪਾਰ ਹੋਣਾ ਪਾਂਦਾ ਹੈ॥

ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥ ੭ ॥

ਉਹ ਪੁਰਸ਼ ਪਿਆਰ ਨਾਲ ਸੱਚ ਨਾਮ ਨੂੰ ਆਪ ਬੋਲਦਾ ਹੈ ਤੇ ਹੋਰਨਾਂ ਪਾਸੋਂ ਬੁਲਾਉਂਦਾ ਹੈ। ਜਿਸ ਨੂੰ ਗੁਰਾਂ ਦਾ ਉਪਦੇਸ਼ ਰੂਪ ਸਾਰੁ=ਸਰੇਸ਼ਟ ਕਰਨੀ ਪ੍ਰਾਪਤ ਹੋਈ ਹੈ॥ ੭ ॥

ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥

ਉਸ ਨੇ ਹਰੀ ਦੇ ਜਸ ਨੂੰ ਹੀ ਕਰਮ ਧਰਮ ਪਤਿ=ਪਤਿਸ਼ਟਾ ਤੇ ਪੂਜਾ ਆਦਿਕ ਸਭ ਕੁਝ ਨਿਸਚੇ ਕੀਤਾ ਹੈ ਅਤੇ ਕਾਮ ਕ੍ਰੋਧ ਆਦਿਕਾਂ ਨੂੰ ਬ੍ਰਹਮ ਗਿਆਨ ਰੂਪ ਅੱਗ ਵਿਚ ਭੂੰਜਾ=ਭੁੰਨ ਲਿਆ ਹੈ।

ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥
ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥ ੮ ॥ ੫ ॥

ਜਾਂ ਹਰੀ ਨਾਮ ਰਸ ਨੂੰ ਚਖਿਆ ਤਾਂ ਓਸੇ ਵਿਚ ਮਨ ਭੀਜਾ=ਭਿੱਜ ਗਿਆ। ਗੁਰੂ ਜੀ ਕਥਨ ਕਰਦੇ ਹਨ- ਹੁਣ ਮਨ ਨੂੰ ਹੋਰ ਕੋਈ ਦੂਜਾ ਪਦਾਰਥ ਚੰਗਾ ਲੱਗਦਾ ਨਹੀਂ ਹੈ॥ ੮ ॥ ੫ ॥

ਪ੍ਰਭਾਤੀ ਮਹਲਾ ੧ ॥
ਰਾਮ ਨਾਮੁ ਜਪਿ ਅੰਤਰਿ ਪੂਜਾ ॥

ਹੇ ਭਾਈ ! ਅਸਾਂ ਨੇ ਰਾਮ ਨਾਮ ਨੂੰ ਜਪਿਆ ਹੈ ਤੂੰ ਜਪਣਾ ਕਰ, ਇਹ ਅੰਦਰਲੀ ਪੂਜਾ ਹੈ।

ਅਥਵਾ:-ਰਾਮ ਹੈ ਨਾਮ ਜਿਸ ਦਾ ਪੂਜਣੇ ਜੋਗ, ਉਸ ਨੂੰ ਹਿਰਦੇ ਅੰਤਰ ਜਪਣਾ ਕਰ।

ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ ॥ ੧ ॥

ਗੁਰ ਸ਼ਬਦ ਨੂੰ ਵਿਚਾਰ ਕੇ ਅਸਾਂ ਨੇ ਇਹ ਨਿਸਚੇ ਕੀਤਾ ਹੈ ਕਿ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਠਾਕੁਰ ਨਹੀਂ ਹੈ॥ ੧ ॥

ਏਕੋ ਰਵਿ ਰਹਿਆ ਸਭ ਠਾਈ ॥

ਸਾਰੀਆਂ ਜਗ੍ਹਾਂ 'ਪਰ ਇਕ ਪ੍ਰਭੂ ਹੀ ਵਿਆਪਕ ਹੋ ਰਿਹਾ ਹੈ,

ਅਵਰੁ ਨ ਦੀਸੈ ਕਿਸੁ ਪੂਜ ਚੜਾਈ ॥ ੧ ॥ ਰਹਾਉ ॥

ਮੈਨੂੰ ਹੋਰ ਕੋਈ ਦਿੱਸਦਾ ਨਹੀਂ ਹੈ ਮੈਂ ਕਿਸਨੂੰ ਪੂਜਾ ਚੜ੍ਹਾਵਾਂ॥ ੧ ॥ ਰਹਾਉ ॥

ਵਾ:- ਮੈਨੂੰ ਹੋਰ ਕੋਈ ਦਿੱਸਦਾ ਨਹੀਂ ਹੈ ਮੈਂ ਕਿਸ ਨੂੰ ਪੂਜ=ਪੂਜ ਕੇ ਪੁਸ਼ਪ ਆਦਿਕ ਚੜ੍ਹਾਵਾਂ।

ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ॥
ਜਿਉ ਭਾਵੈ ਤਿਉ ਰਖਹੁ ਅਰਦਾਸਿ ॥ ੨ ॥

ਹੇ ਪ੍ਰਭੂ ! ਮੇਰਾ ਮਨ ਤਨ ਤੇਰੇ ਅੱਗੇ ਹਾਜ਼ਰ ਹੈ ਅਤੇ ਮੇਰਾ ਜੀਅੜਾ=ਜੀਵ,

ਵਾ:-ਜਾਨ ਭੀ ਤੇਰੇ ਪਾਸ ਹਾਜ਼ਰ ਹੈ, ਜਿਵੇਂ ਭਾਉਂਦਾ ਹੈ ਤਿਵੇਂ ਰੱਖ ਲਓ, ਮੇਰੀ ਆਪ ਜੀ ਅੱਗੇ ਏਹੋ ਅਰਦਾਸਿ=ਬੇਨਤੀ ਹੈ॥ ੨ ॥

ਸਚੁ ਜਿਹਵਾ ਹਰਿ ਰਸਨ ਰਸਾਈ॥ ਗੁਰਮਤਿ ਛੂਟਸਿ ਪ੍ਰਭ ਸਰਣਾਈ॥ ੩॥

ਉਹ ਜੀਭ ਸੱਚੀ ਹੈ ਜੋ ਰਸਨਾ ਹਰੀ ਨਾਮ ਰਸ ਵਿਚ ਰਸ ਗਈ ਹੈ। ਗੁਰਮਤੀਏ ਪ੍ਰਭੂ ਦੀ ਸ਼ਰਨ ਗ੍ਰਹਿਣ ਕਰਕੇ ਛੁਟ ਗਏ ਹਨ॥ ੩॥

ਕਰਮ ਧਰਮ ਪ੍ਰਭਿ ਮੇਰੈ ਕੀਏ॥ ਨਾਮੁ ਵਡਾਈ ਸਿਰਿ ਕਰਮਾਂ ਕੀਏ॥ ੪॥

ਸਾਰੇ ਕਰਮ ਧਰਮ ਮੇਰੇ ਪ੍ਰਭੂ ਨੇ ਹੀ ਬਨਾਉਣਾ ਕੀਤੇ ਹਨ। ਪਰ-ਨਾਮ ਦੀ ਜੋ ਵੱਡਿਆਈ ਹੈ ਇਹ ਸਾਰਿਆਂ ਕਰਮਾਂ ਤੋਂ ਸਿਰਿ=ਸ਼ਰੋਮਣ ਕੀਤੀ ਹੈ॥ ੪॥

ਸਤਿਗੁਰ ਕੈ ਵਸਿ ਚਾਰਿ ਪਦਾਰਥ॥ ਤੀਨਿ ਸਮਾਏ ਏਕ ਕ੍ਰਿਤਾਰਥ॥ ੫॥

ਸਤਿਗੁਰਾਂ ਦੇ ਵਸ ਵਿਚ ਧਰਮ, ਅਰਥ, ਕਾਮਜ, ਮੋਖ ਰੂਪ ਚਾਰੇ ਪਦਾਰਥ ਹਨ। ਜਿਨ੍ਹਾਂ ਨੇ ਤਿੰਨ ਧਰਮ, ਅਰਥ, ਕਾਮਜ ਸਮਾਏ=ਅਭਾਵ ਕੀਤੇ ਹਨ ਉਹ ਇਕ ਮੋਖ ਨੂੰ ਪਾ ਕੇ ਕ੍ਰਿਤਾਰਥ=ਕ਼ਲਿਆਣ ਹੋਏ ਹਨ।

ਅਥਵਾ:-ਰਜੋ, ਸਤੋ, ਤਮੋ ਰੂਪ ਤਿੰਨ ਗੁਣ ਅਭਾਵ ਕਰਕੇ ਇਕ ਨੂੰ ਪਾ ਕੇ ਕਲਿਆਣ ਹੋਏ ਹਨ।

ਅਥਵਾ:-ਸ੍ਰਵਨ, ਮਨਨ, ਨਿਧਿਆਸਣ ਰੂਪ ਤਿੰਨ ਗੁਣ ਹਿਰਦੇ ਵਿਚ ਸਮਾਏ=ਧਾਰਨ ਕਰਕੇ ਇਕ ਨੂੰ ਪਾ ਕੇ ਕ੍ਰਿਤਾਰਥ=ਕਲਿਆਣ ਹੋਏ ਹਨ॥ ੫॥

ਸਤਿਗੁਰਿ ਦੀਏ ਮੁਕਤਿ ਧਿਆਨਾਂ॥ ਹਰਿ ਪਦੁ ਚੀਨ੍ਹਿ ਭਏ ਪਰਧਾਨਾ॥ ੬॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਧਿਆਨ ਆਦਿਕ ਗੁਣ ਦੇ ਕੇ ਮੁਕਤ ਸਰੂਪ ਕੀਤਾ ਹੈ। ਉਹ ਹਰੀ ਪਦ ਨੂੰ ਚੀਨ੍ਹਿ=ਜਾਣ ਕੇ ਪਰਧਾਨਾ=ਮੁਖੀ ਹੋਏ ਹਨ॥ ੬॥

ਮਨੁ ਤਨੁ ਸੀਤਲੁ ਗੁਰਿ ਬੂਝ ਬੁਝਾਈ॥
ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ॥ ੭॥

ਜਿਨ੍ਹਾਂ ਨੂੰ ਸਤਿਗੁਰਾਂ ਨੇ ਚੰਗੀ ਬੂਝ=ਸਿੱਖਿਆ ਸਮਝਾ ਦਿੱਤੀ ਹੈ ਉਹਨਾਂ ਦਾ ਮਨ ਤਨ ਸੀਤਲ ਹੋਇਆ ਹੈ। ਜੋ ਪ੍ਰਭੂ ਨੇ ਨਿਵਾਜੇ=ਵੱਡਿਆਏ ਹਨ ਉਹਨਾਂ ਦੀ ਕੀਮਤ ਕਿਸ ਨੇ ਪਾਈ ਹੈ, ਅਰਥਾਤ ਕਿਸੀ ਨੇ ਨਹੀਂ ਪਾਈ ॥ ੭॥

ਕਹੁ ਨਾਨਕ ਗੁਰਿ ਬੂਝ ਬੁਝਾਈ॥
ਨਾਮ ਬਿਨਾ ਗਤਿ ਕਿਨੈ ਨ ਪਾਈ॥ ੮॥ ੬॥

ਗੁਰੂ ਜੀ ਕਥਨ ਕਰਦੇ ਹਨ—ਸਾਨੂੰ ਗੁਰਾਂ ਨੇ ਏਹ ਬੂਝ=ਸੋਝ (ਸਿੱਖਿਆ) ਸਮਝਾ ਦਿੱਤੀ ਹੈ। ਕਿ—ਨਾਮ ਸਿਮਰਨ ਤੋਂ ਬਿਨਾਂ ਕਿਸੀ ਨੇ ਭੀ ਮੁਕਤੀ ਨਹੀਂ ਪਾਈ॥ ੮॥ ੬॥

ਪ੍ਰਭਾਤੀ ਮਹਲਾ ੧॥

ਉਥਾਨਕਾ—ਕਿਸੇ ਪ੍ਰੇਮੀ ਨੇ ਆ ਕੇ ਪੁਛਿਆ ਪਰਮਾਤਮਾ ਕਿਸ ਨੂੰ ਬਖ਼ਸ਼ਦਾ ਹੈ ਤੇ ਕਿਸ ਨੂੰ ਸਜ਼ਾ ਦੇਂਦਾ ਹੈ?

ਉੱਤਰ:-ਗੁਰਮੁਖਾਂ ਨੂੰ ਬਖਸ਼ਦਾ ਹੈ ਤੇ ਮਨਮੁਖਾਂ ਨੂੰ ਸਜ਼ਾ ਦੇਂਦਾ ਹੈ, ਏਹੋ ਪ੍ਰਸੰਗ ਅੱਗੇ ਕਥਨ ਕਰਦੇ ਹਨ—

ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ॥

ਇਕਨਾਂ ਗੁਰਮੁਖਾਂ ਨੂੰ ਪੂਰਿਆਂ ਗੁਰਾਂ ਨੇ ਧੁਰਿ=ਮੁਢ ਤੋਂ ਬਖਸ਼ ਲਿਆ ਹੈ, ਜਿਨ੍ਹਾਂ ਨੇ ਸਾਧਨਾਂ ਰੂਪ ਸੱਚੀ ਬਨਾਵਟ ਬਣਾਈ ਹੈ।

ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ॥ ੧ ॥

ਹਰੀ ਦੇ ਰੰਗ=ਪ੍ਰੇਮ ਵਿਚ ਤਦਾਕਾਰ ਹੋਣ ਕਰਕੇ ਗੁਰਮੁਖਾਂ ਨੂੰ ਸਦਾ ਸਚਾ ਰੰਗੁ=ਅਨੰਦ ਬਣਿਆ ਰਹਿੰਦਾ ਹੈ, ਜਨਮ ਮਰਨ ਦੇ ਦੁੱਖ ਵਿਸਰ ਗਏ ਹਨ ਤੇ ਪਤਿ=ਇੱਜ਼ਤ ਪਾਈ ਹੈ॥ ੧ ॥

ਝੂਠੀ ਦੁਰਮਤਿ ਕੀ ਚਤੁਰਾਈ॥
ਬਿਨਸਤ ਬਾਰ ਨ ਲਾਗੈ ਕਾਈ॥ ੧ ॥ ਰਹਾਉ ॥

ਦੁਰਮਤਿ=ਖੋਟੀ ਮਤ ਵਾਲਿਆਂ ਦੀ ਸਾਰੀ ਚਤੁਰਾਈ ਝੂਠੀ ਹੈ। ਉਸ ਚਤੁਰਾਈ ਨੂੰ ਨਾਸ ਹੁੰਦਿਆਂ ਕੋਈ ਬਾਰ=ਦੇਰ ਨਹੀਂ ਲੱਗਦੀ॥ ੧ ॥ ਰਹਾਉ॥

ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ॥

ਮਨਮੁਖ ਨੂੰ ਦੁੱਖ ਜਨ ਦਰਦ ਵਿਆਪਦਾ ਰਹਿੰਦਾ ਹੈ, ਮਨਮੁਖਾਂ ਦੇ ਅੰਦਰੋਂ ਦੁੱਖ ਜਾਂਦਾ ਹੀ ਨਹੀਂ ਹੈ।

ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ॥ ੨ ॥

ਗੁਰਮੁਖਾਂ ਨੇ ਸੁਖ ਦੁੱਖ ਦੇ ਦੇਣ ਵਾਲੇ ਦਾਤੇ ਪਰਮਾਤਮਾ ਨੂੰ ਜਾਣ ਲਿਆ ਹੈ,

ਵਾ:-ਸੁਖਾਂ ਦੀ ਪ੍ਰਾਪਤੀ ਦੇ ਦਾਤੇ ਨੂੰ ਤੇ ਦੁੱਖਾਂ ਦੀ ਨਵਿਰਤੀ ਦੇ ਦਾਤੇ ਮੁਖ ਗੁਰਾਂ ਨੂੰ ਗੁਰਮੁਖਾਂ ਨੇ ਜਾਣ ਲਿਆ ਹੈ, ਸ਼ਰਨ ਵਿਚ ਆਇਆ ਜਾਣ ਕੇ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ॥ ੨ ॥

ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ॥

ਮਨਮੁਖਾਂ ਤੋਂ ਅਭ ਭਗਤਿ=ਮਾਨਸਕ ਭਗਤੀ ਨਹੀਂ ਹੁੰਦੀ, ਕਿਉਂਕਿ ਉਹ ਦਿਵਾਨੇ=ਝੱਲੇ ਮਨਮੁਖ ਹੰਗਤਾ ਮਮਤਾ ਵਿਚ ਪਚਹਿ=ਸੜ ਰਹੇ ਹਨ।

ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ॥ ੩ ॥

ਜਿੰਨਾਂ ਚਿਰ ਏਹ ਸਬਦ=ਬ੍ਰਹਮ ਨੂੰ ਨਹੀਂ ਜਾਣਦਾ ਉਨਾਂ ਚਿਰ ਏਹ ਚੰਚਲ ਮਨ ਖਿਨ ਕਾਲ ਊਭਿ=ਉੱਚੇ ਅਕਾਸ਼ਾਂ ਵਿਚ ਤੇ ਪਇਆਲੀ=ਪਤਾਲਾਂ ਵਿਚ ਚਲਿਆ ਜਾਂਦਾ ਹੈ॥ ੩ ॥

ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ॥

ਇਹ ਜਗੁ=ਜੀਵ ਭੁੱਖਾ ਤੇ ਪਿਆਸਾ ਹੋ ਰਿਹਾ ਹੈ, ਸਤਿਗੁਰਾਂ ਦੇ ਪਾਏ ਤੋਂ ਬਿਨਾਂ ਇਸ ਨੂੰ ਤ੍ਰਿਪਤੀ ਨਹੀਂ ਆਉਂਦੀ।

ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ॥ ੪ ॥

ਸਹਜੈ=ਗਿਆਨ ਦੁਆਰਾ ਸਹਜੁ=ਸ਼ਾਂਤ ਸਰੂਪ ਪਰਮਾਤਮਾ ਨਾਲ ਮਿਲੇ ਤਾਂ ਸੁਖ ਪਾਈਂਦਾ ਹੈ ਅਤੇ ਦਰਗਾਹ ਵਿਚ ਭੀ ਜਸ ਰੂਪ ਪੁਸ਼ਾਕ ਪਹਿਨ ਕੇ ਜਾਂਦਾ ਹੈ॥ ੪ ॥

ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ॥

ਜਿਸ ਨੂੰ ਇਕ ਗੁਰਾਂ ਦੀ ਨਿਰਮਲ ਬਾਣੀ ਪ੍ਰਾਪਤ ਹੋਈ ਹੈ, ਉਸ ਨੇ ਅੰਤਹਕਰਣ ਰੂਪ ਦਰਗਹ=ਜਗ੍ਹਾਂ ਅੰਦਰ ਇਕ ਦਾਨਾ ਬੀਨਾ ਰੂਪ ਪਰਮਾਤਮਾ ਨੂੰ ਆਪਣਾ ਆਪ ਰੂਪ ਨਿਸਚੇ ਕੀਤਾ ਹੈ।

ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ॥ ੫॥

ਉਹ ਆਪੇ ਸੁਰਤਾ=ਸਰੋਤਾ ਹੈ, ਆਪੇ ਸੱਚ ਨੂੰ ਵਿਚਾਰਦਾ ਹੈ ਅਤੇ ਆਪ ਹੀ ਨਿਰਬਾਣ ਪਦ ਨੂੰ ਜਾਣਦਾ ਹੈ। *ਅਥਵਾ:*-ਉਹ ਪ੍ਰਭੂ ਆਪੇ ਸੁਰਤਾ=ਗਿਆਤ ਗੇਅ ਹੋ ਕੇ ਨਿਰਬੰਧ ਪਦ ਨੂੰ ਬੁਝਦਾ ਹੈ ਅਤੇ ਆਪ ਹੀ ਸਰੋਤਾ ਹੋ ਕੇ ਸੱਚ ਨਾਮ ਨੂੰ ਵਿਚਾਰਦਾ ਹੈ॥ ੫॥

ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ॥

ਜਲ, ਅੱਗ, ਪੁਨਾ ਪੌਣ ਇਨ੍ਹਾਂ ਤਿੰਨ ਤੱਤਾਂ ਨੂੰ ਮਿਲਾਕੇ,

ਅਥਵਾ:-ਸਤੋ, ਤਮੋ, ਰਜੋ ਰੂਪ ਤਿੰਨ ਗੁਣਾਂ ਨੂੰ ਮਿਲਾ ਕੇ ਏਹ ਤਰੰਗ ਰੂਪ ਜਗਤ ਨੂੰ ਪੈਦਾ ਕੀਤਾ ਹੈ।

ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ॥ ੬॥

ਉਹਨਾਂ ਤੱਤਾਂ ਨੂੰ ਅਜੇਹਾ ਬਲੁ ਛਲੁ=ਬਲ ਬੁਲ ਦਿੱਤਾ ਹੈ ਜੋ ਚਾਹੁਣ ਓਹੀ ਕਰ ਸਕਦੇ ਹਨ, ਏਹ ਇਕ ਦੂਜੇ ਦੇ ਨਾਸ ਕਰਨ ਨੂੰ ਸਮਰੱਥ ਹਨ, ਪਰ ਹੁਕਮੀ=ਪਰਮਾਤਮਾ ਨੇ ਇਨ੍ਹਾਂ ਵਿਰੋਧੀ ਤੱਤਾਂ ਨੂੰ ਆਪਣੇ ਹੁਕਮ ਵਿਚ ਠਾਕਿ ਰਹਾਇਆ=ਰੋਕ ਰੱਖਿਆ ਹੈ, ਜਿਸ 'ਤੇ ਏਹ ਮਰਯਾਦਾ ਵਿਚ ਹੀ ਰਹਿੰਦੇ ਹਨ।

ਅਥਵਾ:-ਜਿਸ ਤੇ ਛਲ ਕਰਨੇ ਵਲੋਂ ਰੋਕ ਰੱਖਿਆ ਹੈ ਇਸੀ 'ਤੇ ਜਲ ਧਰਤੀ ਨੂੰ ਡੋਬ ਨਹੀਂ ਸਕਦਾ ਹੈ॥ ੬॥

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥

ਐਹੋ ਜੇਹੇ ਗੁਰਮੁਖ ਜਨ ਜਗਤ ਅੰਦਰ ਵਿਰਲੇ ਹਨ ਜਿਨ੍ਹਾਂ ਨੂੰ ਪਰਖ ਕੇ ਸਰੂਪ ਖਜ਼ਾਨੇ ਵਿਚ ਪਾਇਆ ਹੈ।

ਅਥਵਾ:-ਜਗਤ ਅੰਦਰ ਐਹੋ ਜੇਹੇ ਵਿਰਲੇ ਗੁਰਮੁਖ ਜਨ ਹਨ ਜਿਨ੍ਹਾਂ ਨੇ ਪਰਖ ਕੇ ਸ਼ੁਭ ਗੁਣਾਂ ਰੂਪ ਖਜ਼ਾਨੇ ਨੂੰ ਪਾਇਆ ਹੈ।

ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥ ੭॥

ਉਹ ਜਾਤੀ ਬਰਨ ਆਦਿਕਾਂ ਦੇ ਅਭਿਆਨ ਤੋਂ ਅਤੀਤਾ=ਅਸੰਗ ਹੋਏ ਹਨ ਅਤੇ ਉਹਨਾਂ ਨੇ ਪਦਾਰਥਾਂ ਦੇ ਲੋਭ ਨੂੰ ਤੇ ਸਬੰਧੀਆਂ ਦੀ ਮਮਤਾ ਨੂੰ ਚੁਕਾਇਆ=ਦੂਰ ਕਰ ਦਿੱਤਾ ਹੈ॥ ੭॥

ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥

ਜੋ ਨਾਮੀ ਪਰਮਾਤਮਾ ਦੇ ਨਾਮ ਸਿਮਰਨ ਵਿਚ ਰੱਤੇ ਹਨ ਉਹ ਤੀਰਥਾਂ ਸ੍ਰੀਖੇ ਨਿਰਮਲ ਹਨ,

ਵਾ:-ਤੀਰਥਾਂ ਨਾਲੋਂ ਭੀ ਨਿਰਮਲ ਹਨ, ਉਹਨਾਂ ਨੇ ਜਨਮ ਮਰਨ ਦੇ ਦੁੱਖ ਨੂੰ ਅਤੇ ਹੰਗਤਾ ਮਮਤਾ ਰੂਪ ਮੈਲ ਨੂੰ ਦਿਲ ਚੋਂ ਚੁਕਾਇਆ=ਦੂਰ ਕਰ ਲਿਆ ਹੈ।

ਨਾਨਕੁ ਤਿਨ ਕੇ ਚਰਨ ਪਖਾਲੈ
ਜਿਨਾ ਗੁਰਮੁਖਿ ਸਾਚਾ ਭਾਇਆ॥ ੮॥ ੭॥

ਗੁਰੂ ਜੀ ਕਥਨ ਕਰਦੇ ਹਨ—ਉਹਨਾਂ ਦੇ ਚਰਨਾਂ ਨੂੰ ਪਖਾਲੈ=ਧੋਣਾ ਕਰ, ਜਿਨ੍ਹਾਂ ਗੁਰਮੁਖਾਂ ਨੂੰ ਸੱਚਾ ਨਾਮ

ਜਪਣਾ ਭਾਇਆ=ਚੰਗਾ ਲੱਗਾ ਹੈ॥ ੮ ॥੭ ॥

[ਪੰਨਾ ੧੩੪੬]

ਪ੍ਰਭਾਤੀ ਮਹਲਾ ੩ ਬਿਭਾਸ

੧ੴ ਸਤਿਗੁਰ ਪ੍ਰਸਾਦਿ॥

ਗੁਰ ਪਰਸਾਦੀ *ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ॥

ਇਸ ਮਨੁੱਖਾ ਦੇਹ ਰੂਪ ਹਰੀ ਮੰਦਰ ਵਿਚ ਹਰੀ ਤੇਰੇ ਨਾਲ ਹੈ,

ਅਥਵਾ:-ਮੰਦਰੁ=ਅਧਿਸ਼ਠਾਨ ਰੂਪ ਹਰੀ ਤੇਰੇ ਨਾਲ ਹੈ, ਵਾ:-ਮੰਦਰੁ=ਅੰਦਰ ਹੋਣ ਕਰਕੇ ਹਰੀ ਤੇਰੇ ਨਾਲ ਹੈ ਤੂੰ ਗੁਰੂ ਦੀ ਕ੍ਰਿਪਾ ਦੁਆਰੇ ਉਸ ਨੂੰ ਵੇਖਣਾ ਕਰ।

ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ॥ ੧ ॥

ਮੰਦਰੁ=ਅਧਿਸ਼ਠਾਨ ਰੂਪ ਹਰੀ ਨੂੰ ਗੁਰਾਂ ਦੇ ਉਪਦੇਸ਼ ਦੁਆਰਾ ਸਰੀਰ ਦੇ ਮੰਦਰੁ=ਅੰਦਰ ਹੀ ਖੋਜਨਾ ਕਰ ਅਤੇ ਹਰੀ ਨਾਮ ਨੂੰ ਸੰਭਾਲ ਲੈਣਾ ਕਰ॥ ੧ ॥

ਮਨ ਮੇਰੇ ਸਬਦਿ ਰਪੈ ਰੰਗੁ ਹੋਇ॥

ਹੇ ਮੇਰੇ ਮਨ ! ਗੁਰ ਉਪਦੇਸ਼ ਵਿਚ ਰਪੈ=ਤਦਾਕਾਰ ਹੋਣ ਕਰਕੇ ਰੰਗੁ ਹੋਇ=ਅਨੰਦ ਪ੍ਰਾਪਤ ਹੁੰਦਾ ਹੈ।

ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ॥ ੧ ॥ ਰਹਾਉ॥

ਸੱਚੀ ਭਗਤੀ ਕਰਨ ਨਾਲ ਮਨੁੱਖਾ ਦੇਹ ਰੂਪ ਹਰੀ ਮੰਦਰ ਸਚਾ=ਸ਼ਫਲ ਹੁੰਦਾ ਹੈ ਅਤੇ ਮਨੁੱਖ ਦੀ ਸੱਚੀ ਸੋਇ=ਸ਼ੋਭਾ ਪ੍ਰਗਟ ਹੁੰਦੀ ਹੈ॥ ੧ ॥ ਰਹਾਉ॥

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥

ਇਹ ਮਨੁੱਖਾ ਸਰੀਰ ਹੀ ਹਰੀ ਮੰਦਰ ਹੈ, ਇਸ ਵਿਚ ਗਿਆਨ ਆਦਿਕ ਰਤਨ ਪ੍ਰਗਟ ਹੁੰਦੇ ਹਨ।

ਅਥਵਾ:-ਰਤਨਿ=ਵੈਰਾਗ ਤੇ ਬ੍ਰਹਮ ਗਿਆਨ ਦੇ ਪ੍ਰਗਟ ਹੋਣ 'ਤੇ ਏਹ ਮਨੁੱਖ ਸਰੀਰ ਸਫਲ ਹੁੰਦਾ ਹੈ।

ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥ ੨ ॥

ਮਨਮੁਖ ਇਸ ਗੱਲ ਨੂੰ ਮੂਲੁ=ਕਦਾਚਿਤ ਜਾਣਦੇ ਨਹੀਂ ਹਨ ਕਿ ਮਨੁੱਖ ਸਰੀਰ ਹਰੀ ਦਾ ਮੰਦਰ ਹੈ, ਉਹ ਸਗੋਂ ਇਸ ਤਰ੍ਹਾਂ ਆਖਦੇ ਹਨ ਕਿ ਮਨੁੱਖ ਸਰੀਰ ਹਰੀ ਦਾ ਮੰਦਰ ਨਹੀਂ ਹੋ ਸਕਦਾ ॥ ੨ ॥

ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ॥

ਇਸ ਮਨੁੱਖਾ ਦੇਹ ਰੂਪ ਹਰੀ ਮੰਦਰ ਨੂੰ ਹਰਿ ਜੀ ਨੇ ਆਪੇ ਹੀ ਸਾਜਿਆ ਹੈ ਅਤੇ ਹੁਕਮ ਵਿਚ ਸਵਾਰ ਕੇ ਫਿਰ ਇਸ ਦੀ ਰੱਖਿਆ ਕੀਤੀ ਹੈ।

ਵਾ: —ਆਪਣੇ ਹੁਕਮ ਵਿਚ ਹੀ ਇਸ ਨੂੰ ਸਵਾਰ ਕੇ ਰੱਖਿਆ ਹੈ।

---

*ਕਈ ਥੀੜਾਂ ਵਿਚ ਪਾਠ ਇਸ ਤਰ੍ਹਾਂ ਹੈ:-ਗੁਰਪਰਸਾਦੀ ਵੇਖੁ ਤੂ।

ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥ ੩ ॥

ਜੋ ਲੇਖ ਧੁਰ ਤੋਂ ਲਿਖਿਆ ਗਿਆ ਹੈ ਓਹੀ ਜੀਵ ਕਮਾਵਣਾ ਕਰਦਾ ਹੈ, ਭੋਗੇ ਤੋਂ ਬਿਨਾਂ ਉਸ ਨੂੰ ਕੋਈ ਮੇਟਣ ਵਾਲਾ ਨਹੀਂ ਹੈ॥ ੩ ॥

ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥

ਗੁਰ ਉਪਦੇਸ਼ ਨੂੰ ਚੀਨ੍ਹਿ=ਜਾਣ ਕੇ ਜਿਸ ਨੇ ਸੱਚੇ ਨਾਮ ਸਿਮਰਨ ਨਾਲ ਪਿਆਰ ਕੀਤਾ ਹੈ ਉਸ ਨੇ ਸੁਖ ਪਾਇਆ ਹੈ॥

ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥ ੪ ॥

ਏਹ ਮਨੁੱਖਾ ਦੇਹ ਰੂਪ ਹਰੀ ਮੰਦਰ ਗੁਰਾਂ ਦੇ ਸ਼ਬਦ ਕਰਕੇ ਸੋਹਣਾ=ਸ਼ੋਭਦਾ ਹੈ, ਇਹ ਸੋਨੇ ਦੇ ਕੋਟੁ=ਕਿਲ੍ਹੇ ਨਾਲੋਂ ਭੀ ਅਪਾਰ=ਸਰੇਸ਼ਟ ਹੈ॥ ੪ ॥

ਇਥੋਂ ਤੱਕ ਵਿਅੱਸਟੀ ਹਰੀਮੰਦਰ ਕਿਹਾ ਹੈ, ਅੱਗੋਂ ਸਮਸੱਟੀ ਜਗਤ ਨੂੰ ਹਰੀਮੰਦਰ ਕਥਨ ਕੀਤਾ ਹੈ: —

ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥

ਇਹ ਸਾਰਾ ਜਗਤ ਹੀ ਹਰੀ ਦਾ ਮੰਦਰ ਹੈ, ਪਰ ਨਿਗੁਰਿਆਂ ਨੂੰ ਗੁਰੂ ਤੋਂ ਬਿਨਾਂ ਘੋਰੰਧਾਰ=ਘੋਰ, ਅੰਧਾਰ= ਭਿਆਨਕ ਹਨੇਰਾ ਬਣਿਆ ਰਹਿੰਦਾ ਹੈ, ਇਸ ਲਈ ਉਹਨਾਂ ਨੂੰ ਇਸ ਸੰਸਾਰ ਵਿਚ ਹਰੀ ਦਿੱਸਦਾ ਨਹੀਂ ਹੈ।

ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥ ੫ ॥

ਦਵੈਤ ਭਾਵ ਦੇ ਸਹਿਤ ਹੋ ਕੇ ਜੋ ਪੂਜਾ ਕਰਦੇ ਹਨ ਉਹ ਮਨਮੁਖ ਅੰਨ੍ਹੇ ਤੇ ਗਵਾਰ=ਚੰਡਾਲ ਹਨ॥ ੫ ॥

ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥

ਜਿਥੇ ਪਰਲੋਕ ਵਿਚ ਕਰਮਾਂ ਦਾ ਲੇਖਾ ਜੀਵ ਤੋਂ ਮੰਗਿਆ ਜਾਂਦਾ ਹੈ, ਉਥੇ ਦੇਹ ਤੇ ਜਾਤੀ ਜੀਵ ਦੇ ਨਾਲ ਨਹੀਂ ਜਾਂਦੀ ।

ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥ ੬ ॥

ਜੋ ਸੱਚ ਨਾਮ ਵਿਚ ਰੱਤੇ=ਤਦਾਕਾਰ ਹੋਏ ਹਨ ਉਹ ਤਾਂ ਪ੍ਰਲੋਕ ਵਿਚ ਲੇਖੇ ਦੇਣ ਤੋਂ ਉਬਰੇ=ਬਚ ਗਏ ਹਨ ਅਤੇ ਦਵੈਤ ਭਾਵ ਵਾਲੇ ਪੁਰਸ਼ ਪਰਲੋਕ ਵਿਚ ਦੁੱਖੀ ਹੁੰਦੇ ਹਨ॥ ੬ ॥

ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥

ਇਸ ਮਨੁੱਖਾ ਦੇਹ ਰੂਪ ਹਰੀ ਮੰਦਰ ਵਿਚ ਨਾਮ ਰੂਪ ਨਿਧਾਨੁ=ਖਜ਼ਾਨਾ ਹੈ, ਪਰ ਮੁਗਧ ਗਵਾਰ=ਮਹਾਂ ਮੂਰਖ ਪੁਰਸ਼ ਉਸ ਨੂੰ ਜਾਣਦੇ ਨਹੀਂ ਹਨ।

ਗੁਰ ਪਰਸਾਦੀ ਚੀਨਿਆ ਹਰਿ ਰਾਖਿਆ ਉਰਿ ਧਾਰਿ ॥ ੭ ॥

ਜਿਨ੍ਹਾਂ ਨੇ ਗੁਰੂ ਦੀ ਕ੍ਰਿਪਾ ਨਾਲ ਨਾਮ ਨੂੰ ਪਛਾਣਿਆ ਹੈ, ਉਹਨਾਂ ਨੇ ਹਰੀ ਨਾਮ ਨੂੰ ਹਿਰਦੇ ਵਿਚ ਧਾਰ ਰੱਖਿਆ ਹੈ॥ ੭ ॥

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥

ਜੇਹੜੇ ਰੰਗੁ=ਪ੍ਰੇਮ ਲੱਗਾ ਕੇ ਗੁਰ ਉਪਦੇਸ਼ ਵਿਚ ਰੱਤੇ=ਤਦਾਕਾਰ ਹੋਏ ਹਨ, ਉਹਨਾਂ ਨੇ ਸਾਰਿਆਂ ਤੋਂ ਗੁਰ=ਵੱਡੇ ਪਰਮਾਤਮਾ ਦੀ ਨਾਮ ਬਾਣੀ ਗੁਰਾਂ ਤੋਂ ਜਾਤੀ=ਜਾਣੀ ਹੈ।

ਅਥਵਾ:-ਸਾਰਿਆਂ ਤੋਂ ਗੁਰ=ਵੱਡੇ ਪਰਮਾਤਮਾ ਦੀ ਸੰਸਾਰ ਬਾਣੀ=ਬਨਾਵਟ ਗੁਰਾਂ ਦੁਆਰੇ ਬ੍ਰਹਮ ਰੂਪ ਕਰਕੇ ਜਾਤੀ=ਜਾਣੀ ਹੈ।

ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥ ੮ ॥

ਜੋ ਹਰੀ ਨਾਮੀ ਦੇ ਨਾਮ ਸਿਮਰਨ ਵਿਚ ਸਮਾਏ ਹਨ, ਉਹ ਪੁਰਸ਼ ਮਨ ਕਰਕੇ ਪਵਿੱਤ੍ਰ ਹਨ, ਬਾਣੀ ਕਰਕੇ ਪਾਵਨ=ਪਵਿੱਤ੍ਰ ਹਨ, ਤਨ ਕਰਕੇ ਭੀ ਨਿਰਮਲ=ਪਵਿੱਤ੍ਰ ਹਨ॥ ੮ ॥

ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥

ਹਰਿ ਮੰਦਰੁ=ਮਨੁੱਖਾ ਦੇਹ ਹਰੀ ਦਾ ਹੱਟ ਹੈ, ਇਸ ਮਨੁੱਖਾ ਦੇਹ ਰੂਪ ਹੱਟ ਨੂੰ ਸਬਦਿ=ਬ੍ਰਹਮ ਨੇ ਆਪਣੇ ਸਬਦਿ=ਹੁਕਮ ਵਿਚ ਆਪ ਹੀ ਸਵਾਰ ਰੱਖਿਆ ਹੈ।

ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥ ੯ ॥

ਉਸ ਮਨੁੱਖ ਸਰੀਰ ਰੂਪ ਹੱਟ ਦੇ ਵਿਚ ਇਕ ਨਾਮ ਰੂਪ ਸੌਦਾ ਹੈ, ਜਿਸ ਨਾਮ ਸੌਦੇ ਨੂੰ ਗੁਰਮੁਖ ਜਨ ਸਵਾਰ ਕੇ ਲੈਂਦੇ ਹਨ॥ ੯ ॥

ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥

ਇਸ ਮਨੁੱਖਾ ਦੇਹ ਰੂਪ ਹਰੀ ਮੰਦਰ ਵਿਚ ਮਨ ਲੋਹਟੁ=ਲੋਹੇ ਵਾਂਗੂ ਕਠੋਰ ਸੁਭਾਅ ਵਾਲਾ ਅਤੇ ਪਾਪਾਂ ਨਾਲ ਕਾਲਾ ਹੋ ਰਿਹਾ ਹੈ, ਜੋ ਦਵੈਤ ਭਾਵ ਵਿਚ ਮੋਹਿਆ ਗਿਆ ਹੈ।

ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥ ੧੦ ॥

ਗੁਰੂ ਰੂਪ ਪਾਰਸ ਨਾਲ ਮਿਲ ਕੇ ਜਿਸ ਦਾ ਮਨ 'ਕੰਚਨੁ ਭਇਆ'=ਸੋਨੇ ਵਾਂਗੂ ਸ਼ੁਧ ਹੋ ਗਿਆ ਹੈ, ਉਸ ਦੀ ਕੀਮਤ ਕਥਨ ਨਹੀਂ ਕੀਤੀ ਜਾਂਦੀ॥ ੧੦ ॥

ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥

ਇਸ ਮਨੁੱਖਾ ਦੇਹ ਰੂਪ ਹਰੀ ਮੰਦਰ ਵਿਚ ਜੋ ਹਰੀ ਵਸ ਰਿਹਾ ਹੈ, ਓਹੀ ਹਰੀ ਸਾਰਿਆਂ ਵਿਚ ਇਕ ਸਾਰ ਪੂਰਨ ਹੈ।

ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥ ੧੧ ॥ ੧ ॥

ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਦੁਆਰੇ ਵਣਜੀਐ=ਖਰੀਦਣਾ ਕਰੀਏ, ਤਾਂ ਨਾਮ ਦਾ ਸੱਚਾ ਸੌਦਾ ਪ੍ਰਾਪਤ ਹੁੰਦਾ ਹੈ॥ ੧੧ ॥ ੧ ॥

ਪ੍ਰਭਾਤੀ ਮਹਲਾ ੩ ॥

ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥

ਜੋ ਪੁਰਸ਼ ਪਰਮਾਤਮਾ ਦੇ ਭੈ=ਡਰ ਤੇ ਭਾਇ=ਪ੍ਰੇਮ ਵਿਚ ਜਾਗ ਕੇ ਹੰਗਤਾ ਮਮਤਾ ਦੀ ਮੈਲ ਨੂੰ ਦਿਲ

ਚੋਂ ਉਤਾਰਦੇ ਹਨ ਉਹ ਪੁਰਸ਼ ਗਿਆਨ ਜਾਗ੍ਰਤ ਵਿਚ ਜਾਗਣਾ ਕਰਦੇ ਹਨ।

ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥ ੧ ॥

ਜੋ ਗਿਆਨ ਜਾਗ੍ਰਤ ਵਿਚ ਸਦਾ ਜਾਗਦੇ ਹਨ ਤੇ ਮਾਰਿ=ਕਾਮ ਆਦਿਕ ਪੰਜ ਚੋਰਾਂ ਨੂੰ ਮਾਰ ਕੇ ਬਾਹਰ ਕੱਢ ਦੇਂਦੇ ਹਨ ਉਹ ਆਪਣੇ ਅੰਤਹਕਰਣ ਰੂਪ ਘਰ ਨੂੰ ਸੰਭਾਲ ਕੇ ਰੱਖਦੇ ਹਨ॥ ੧ ॥

ਮਨ ਮੇਰੇ ਗੁਰਮੁਖਿ ਨਾਮੁ ਧਿਆਇ॥

ਹੇ ਮੇਰੇ ਮਨ ! ਤੂੰ ਗੁਰਮੁਖਿ=ਗੁਰਾਂ ਦੁਆਰੇ ਰਾਮ ਨਾਮ ਨੂੰ ਧਿਆਉਂਣਾ ਕਰ।

ਜਿਤੁ ਮਾਰਗਿ ਹਰਿ ਪਾਈਐ
ਮਨ ਸੇਈ ਕਰਮ ਕਮਾਇ॥ ੧ ॥ ਰਹਾਉ॥

ਜਿਸ ਭਗਤੀ ਰੂਪ ਚੰਗੇ ਰਾਹ 'ਤੇ ਤੁਰਨ ਨਾਲ ਹਰੀ ਪਾਈਂਦਾ ਹੈ, ਹੇ ਮਨ ! ਤੂੰ ਓਹੀ ਚੰਗੇ ਕਰਮ-ਕਮਾਉਣਾ ਕਰ॥ ੧ ॥ ਰਹਾਉ॥

ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ॥

ਗੁਰਮੁਖਿ=ਗੁਰਾਂ ਦੁਆਰੇ ਸਹਜ ਧੁਨਿ=ਸ਼ਾਂਤੀ ਦਾਇਕ ਬਾਣੀ ਉਤਪੰਨ ਹੋਵੇ, ਤਾਂ ਹਿਰਦੇ ਵਿਚੋਂ ਦੁਖਦਾਈ ਹਉਮੈ ਰੂਪੀ ਰੋਗ ਦੂਰ ਹੋ ਜਾਂਦਾ ਹੈ।

ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ॥ ੨ ॥

ਮਨ ਵਿਚ ਹਰਿ ਹਰਿ ਨਾਮ ਦਾ ਪ੍ਰੇਮ ਵਸ ਜਾਵੇ, ਤਾਂ ਸੁਭਾਵਕ ਹੀ ਹਰੀ ਗੁਣਾਂ ਨੂੰ ਗਾਇਣ ਕਰਦਾ ਹੈ॥ ੨ ॥

ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ॥

ਉਹਨਾਂ ਗੁਰਮਤੀਆਂ ਦੇ ਮੂੰਹ ਸੋਹਣੇ=ਸ਼ੋਭਾ ਵਾਲੇ ਹਨ, ਜਿਨ੍ਹਾਂ ਨੇ ਹਰੀ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਰੱਖਿਆ ਹੈ।

ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ॥ ੩ ॥

ਐਥੈ-ਓਥੈ=ਲੋਕ ਪਰਲੋਕ ਵਿਚ ਉਹਨਾਂ ਨੂੰ ਘਣਾ=ਬਹੁਤਾ ਸੁਖ ਪ੍ਰਾਪਤ ਹੁੰਦਾ ਹੈ, ਕਿਉਂਕਿ ਉਹ ਹਰਿ ਹਰਿ ਨਾਮ ਨੂੰ ਜਪ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ ਹਨ॥ ੩ ॥

[ਪੰਨਾ ੧੩੪੭]

ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ॥

ਹਿਰਦੇ ਵਿਚ ਹੰਗਤਾ ਮਮਤਾ ਦੇ ਹੋਣ ਕਰਕੇ ਪ੍ਰਭੂ ਵੱਲ ਜਾਗਣਾ ਨਹੀਂ ਹੁੰਦਾ ਅਤੇ ਨਾ ਹੀ ਹਰੀ ਦੀ ਭਗਤੀ ਕੀਤੀ ਹੋਈ ਥਾਂ ਪੈਂਦੀ ਹੈ, ਅਰਥਾਤ ਕਬੂਲ ਨਹੀਂ ਹੁੰਦੀ।

ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ॥ ੪ ॥

ਜੇਹੜੇ ਮਨਮੁਖ ਦਵੈਤ ਭਾਵ ਵਿਚ ਕਰਮ ਕਮਾਉਂਦੇ ਹਨ, ਪ੍ਰਲੋਕ ਦਰਗਾਹ ਵਿਚ ਸੁਖ ਦੀ ਢੋਈ=ਜਗ੍ਹਾਂ ਨਹੀਂ ਲੈਂਦੇ।

ਵਾ:-ਕੋਈ ਭੀ ਢੋਈ=ਆਸਰਾ ਨਹੀਂ ਲੈਂਦੇ॥ ੪॥

ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ ਜਿਨ੍ਾ ਦੂਜੈ ਭਾਇ ਪਿਆਰੁ॥

ਜਿਨ੍ਾ ਦਾ ਦਵੈਤ ਭਾਵ ਨਾਲ ਪਿਆਰ ਹੈ ਉਹਨਾਂ ਦੇ ਖਾਣੇ ਨੂੰ ਧ੍ਰਿਕਾਰ ਹੈ ਅਤੇ ਕਪੜਿਆਂ ਦੇ ਪੈਹਰਣ ਨੂੰ ਭੀ ਧ੍ਰਿਕਾਰ ਹੈ।

ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ॥ ੫॥

ਉਹ ਪਿਛੇ ਭੀ ਗੰਦਗੀ ਦੇ ਕੀੜੇ ਸਨ ਹੁਣ ਭੀ ਵਿਸ਼ਿਆਂ ਰੂਪ ਗੰਦਗੀ ਵਿਚ ਰੱਤੇ ਹੋਏ ਹਨ,

ਵਾ:-ਗੰਦਗੀ ਦੇ ਕੀੜੇ ਹੋ ਕੇ ਵਿਸ਼ੇ ਵਿਕਾਰਾਂ ਰੂਪ ਗੰਦਗੀ ਵਿਚ ਰੱਤੇ ਹੋਏ ਹਨ, ਇਸ ਕਰਕੇ ਉਹ ਜਨਮ ਮਰਨ ਵਿਚ ਖੁਆਰੁ=ਖਰਾਬ ਹੁੰਦੇ ਹਨ॥ ੫॥

ਜਿਨ ਕਉ ਸਤਿਗੁਰੁ ਭੇਟਿਆ ਤਿਨਾ ਵਿਟਹੁ ਬਲਿ ਜਾਉ॥

ਜਿਨ੍ਾਂ ਨੂੰ ਪੂਰਾ ਸਤਿਗੁਰੂ ਮਿਲਿਆ ਹੈ, ਮੈਂ ਉਹਨਾਂ ਉਪਰੋਂ ਬਲਿਹਾਰ ਜਾਂਦਾ ਹਾਂ।

ਤਿਨ ਕੀ ਸੰਗਤਿ ਮਿਲਿ ਰਹਾਂ ਸਚੇ ਸਚਿ ਸਮਾਉ॥ ੬॥

ਜੇ ਉਹਨਾਂ ਦੀ ਸੰਗਤ ਵਿਚ ਮਿਲ ਰਹਿਣਾ ਕਰਾਂ, ਤਾਂ ਸਚਿ=ਨਿਸ੍ਚੇ ਕਰਕੇ ਸੱਚ ਸਰੂਪ ਵਿਚ ਸਮਾਉ=ਅਭੇਦ ਹੋ ਜਾਵਾਂਗਾ॥ ੬॥

ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ॥

ਪੂਰਿਆਂ ਭਾਗਾਂ ਕਰਕੇ ਗੁਰਾਂ ਤੋਂ ਨਾਮ ਪਾਈਂਦਾ ਹੈ, ਗੁਰੂ ਤੋਂ ਬਿਨਾਂ ਹੋਰ ਕਿਸੇ ਉਪਾਇ=ਜਤਨ ਕਰਕੇ ਨਹੀਂ ਪਾਇਆ ਜਾਂਦਾ।

ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ॥ ੭॥

ਸਤਿਗੁਰਾਂ ਦੀ ਕ੍ਰਿਪਾ ਨਾਲ ਤਾਂ ਸਹਜੁ=ਗਿਆਨ ਉਪਜਦਾ ਹੈ, ਜਾਂ ਸਤਿਗੁਰਾਂ ਦੇ ਉਪਦੇਸ਼ ਦੁਆਰਾ ਹੰਗਤਾ ਮਮਤਾ ਨੂੰ ਜਲਾਇ=ਸਾੜਨਾ ਕਰੇ॥ ੭॥

ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ॥

ਹੇ ਮੇਰੇ ਮਨ ! ਦੌੜ ਕੇ ਹਰੀ ਦੀ ਸ਼ਰਨ ਵਿਚ ਜਾ ਪਉ, ਉਹ ਹਰੀ ਸਭ ਕੁਝ ਕਰਨੇ ਜੋਗੁ=ਲਾਇਕ ਹੈ।

ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ॥ ੮॥ ੨॥ ੭॥ ੨॥ ੯॥

ਗੁਰੂ ਜੀ ਕਥਨ ਕਰਦੇ ਹਨ—ਮੈਨੂੰ ਉਸ ਦਾ ਨਾਮ ਕਦੇ ਵੀ ਭੁਲੇ ਨਾ, ਉਹ ਪ੍ਰਭੂ ਜੋ ਕੁਝ ਕਰਦਾ ਹੈ ਓਹੀ ਕੁਝ ਹੁੰਦਾ ਹੈ॥ ੮॥ ੨॥ ੭॥ ੨॥ ੯॥

ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ

੧ੴ ਸਤਿਗੁਰ ਪ੍ਰਸਾਦਿ॥

ਮਾਤ ਪਿਤਾ ਭਾਈ ਸੁਤੁ ਬਨਿਤਾ॥

ਮਾਂ, ਪਿਓ, ਭਾਈ=ਭਰਾ, ਸੁਤੁ=ਪੁੱਤ੍ਰ ਤੇ ਬਨਿਤਾ=ਇਸਤਰੀ।

ਚੁਗਹਿ ਚੋਗ ਅਨੰਦ ਸਿਉ ਜੁਗਤਾ ॥

ਇਨ੍ਹਾਂ ਦੇ ਨਾਲ ਜੁਗਤਾ=ਜੁੜ ਕੇ (ਮਿਲ ਕੇ) ਵਿਸ਼ਿਆਂ ਦੀ ਚੋਗ ਨੂੰ ਜੀਵ ਅਨੰਦ ਨਾਲ ਚੁਗਦਾ ਹੈ।

ਉਰਝਿ ਪਰਿਓ ਮਨ ਮੀਠ ਮੋਹਾਰਾ ॥

ਮੋਹਾਰਾ=ਮੋਹ ਨੂੰ ਮਿੱਠਾ ਜਾਣ ਕੇ ਮਨ ਸਬੰਧੀਆਂ ਵਿਚ ਉਲਝ ਪਿਆ ਹੈ।

ਅਥਵਾ:-ਪਰਮੇਸ਼ਰ ਵਲੋਂ ਜੋ ਮੋਹ ਆਰੇ ਵਾਂਗੂ ਕੱਟਨ ਵਾਲਾ ਹੈ ਉਹ ਇਸ ਨੂੰ ਮਿੱਠਾ ਲੱਗ ਰਿਹਾ ਹੈ।

ਅਥਵਾ:-ਜੀਵ ਦਾ ਅਰੀ ਜੋ ਮੋਹ ਹੈ ਉਸ ਨੂੰ ਮਿੱਠਾ ਜਾਣ ਕੇ ਏਹ ਮਨ ਸਬੰਧੀਆਂ ਵਿਚ ਫਸ ਰਿਹਾ ਹੈ।

ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥ ੧ ॥ ਏਕੁ ਹਮਾਰਾ ਅੰਤਰਜਾਮੀ ॥

ਪਰ ਸ਼ੁਭ ਗੁਣਾਂ ਦਾ ਗਾਹਕ ਜੋ ਸੰਤ ਹੈ ਓਹੀ ਮੇਰੇ ਪ੍ਰਾਣਾਂ ਦਾ ਅਧਾਰਾ=ਆਸਰਾ ਹੈ॥ ੧ ॥ ਇਕ ਪ੍ਰਭੂ ਹੀ ਸਾਡਾ ਅੰਤਰਜਾਮੀ ਹੈ।

ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧ ॥ਰਹਾਉ ॥

ਮੈਨੂੰ ਇਕ ਪ੍ਰਭੂ ਦਾ ਧਰ=ਆਸਰਾ ਹੈ, ਇਕ ਪ੍ਰਭੂ ਦੀ ਹੀ ਟਿਕ=ਓਟ ਹੈ, ਉਹ ਸੁਆਮੀ ਸਿਰਿ=ਸ਼ਰੋਮਣੀ ਸ਼ਾਹ ਹੈ ਅਤੇ ਸਾਰਿਆਂ ਤੋਂ ਵੱਡਾ ਪੁਰਖ ਹੈ॥ ੧ ॥ ਰਹਾਉ ॥

ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥

ਛਲਨੇ ਵਾਲੀ ਜੋ ਨਾਗਨਿ=ਸੱਪਨੀ ਮਾਇਆ ਹੈ ਉਸ ਨਾਲੋਂ ਮੇਰੀ ਪ੍ਰੀਤੀ ਟੁੱਟਣ ਵਾਲੀ ਹੋ ਗਈ ਹੈ। ਮੈਨੂੰ ਗੁਰਾਂ ਨੇ ਕਿਹਾ ਹੈ ਏਹ ਝੂਠੀ ਮਾਇਆ ਧੋਹੀ=ਛਲਨੇ ਵਾਲੀ ਹੈ।

ਮੁਖਿ ਮੀਠੀ ਖਾਈ ਕਉਰਾਇ ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥ ੨ ॥

ਮਿੱਠੀ ਜਾਣ ਕੇ ਮੂੰਹ ਨਾਲ ਖਾਧੀ ਹੈ ਪਰ ਅੰਤ ਨੂੰ ਕੌੜੀ ਨਿਕਲੀ ਹੈ।

ਅਥਵਾ:-ਇਹ ਮੂੰਹ ਦੀ ਮਿੱਠੀ ਹੈ ਪਰ ਖਾਧੀ ਜਾਏ ਤਾਂ ਕੌੜੀ ਲੱਗਦੀ ਹੈ; ਅਰਥਾਤ ਦਿੱਸਣ ਵਿਚ ਤਾਂ ਮਾਇਆ ਸੁਖਦਾਈ ਹੈ ਪਰ ਵਰਤਿਆਂ ਇਸ ਤੋਂ ਦੁੱਖ ਪ੍ਰਾਪਤ ਹੁੰਦੇ ਹਨ। ਇਸ ਮਾਇਆ ਵਲੋਂ ਹਟ ਕੇ ਨਾਮ ਅੰਮ੍ਰਿਤ ਨੂੰ ਪੀ ਕੇ ਮੇਰਾ ਮਨ ਅਘਾਇ=ਰੱਜ ਰਿਹਾ ਹੈ॥ ੨ ॥

ਲੋਭ ਮੋਹ ਸਿਉ ਗਈ ਵਿਖੋਟਿ ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥

ਲੋਭ ਅਤੇ ਮੋਹ ਦੇ ਨਾਲ ਵਿ=ਵਿਸ਼ੇਸ ਕਰਕੇ ਖੋਟਤਾਹੀ ਚਲੀ ਗਈ ਹੈ। ਕ੍ਰਿਪਾਲੂ ਗੁਰਾਂ ਨੇ ਮੇਰਾ ਇਨ੍ਹਾਂ ਤੋਂ ਛੋਟਿ ਕੀਨੀ=ਛੁਟਕਾਰਾ ਕਰਵਾ ਦਿੱਤਾ ਹੈ।

ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥ ੩ ॥

ਇਨ੍ਹਾਂ ਠੱਗਣ ਵਾਲਿਆਂ ਨੇ, ਜਾਂ ਠੱਗਣ ਵਾਲੀ ਮਾਇਆ ਨੇ ਬਹੁਤੇ ਘਰ ਗਾਲ ਦਿੱਤੇ ਹਨ। ਕ੍ਰਿਪਾਲੂ ਗੁਰਾਂ ਨੇ ਹਮ=ਸਾਨੂੰ ਇਨ੍ਹਾਂ ਤੋਂ ਹੱਥ ਦੇ ਕੇ ਰੱਖ ਲਿਆ ਹੈ॥ ੩ ॥

ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥

ਉਸ ਦਿਨ ਦਾ ਮੇਰਾ ਕਾਮ ਕ੍ਰੋਧ ਆਦਿਕਾਂ ਨਾਲ ਠਾਟੁ=ਬਣਾ (ਮੇਲ) ਨਹੀਂ ਬਣਿਆ।

ਜਿਸ ਦਿਨ ਦਾ ਮੈਂ ਗੁਰ ਉਪਦੇਸ਼ ਆਪਣੀ ਕੰਨੀ ਸੁਣ ਲਿਆ ਹੈ।

ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥ ੪ ॥

ਜਿਥੇ ਭੀ ਨਿਗਾਹ ਕਰਕੇ ਵੇਖਦਾ ਹਾਂ ਤਿਥੇ ਹੀ ਇਹ ਕਾਮ ਕ੍ਰੋਧ ਆਦਿਕ ਮਹਾਂ ਚੰਡਾਲ ਜੀਵਾਂ ਨੂੰ ਦੁੱਖ ਦੇ ਰਹੇ ਹਨ। ਪਰ ਗੋਪਾਲ ਰੂਪ ਆਪਣੇ ਗੁਰਾਂ ਨੇ ਮੈਨੂੰ ਆਪਣਾ ਸੇਵਕ ਜਾਣ ਕੇ ਇਨ੍ਹਾਂ ਕਾਮ ਆਦਿਕਾਂ ਤੋਂ ਰੱਖ ਲਿਆ ਹੈ॥ ੪॥

ਦਸ ਨਾਰੀ ਮੈ ਕਰੀ ਦੁਹਾਗਨਿ ॥ ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥

ਦਸ ਇੰਦ੍ਰੀਆਂ ਰੂਪ ਨਾਰੀਆਂ ਮੈਂ ਦੁਹਾਗਨਿ=ਛੁਟੜ ਕਰ ਦਿੱਤੀਆਂ ਹਨ, ਭਾਵ ਵਿਸ਼ਿਆਂ ਤੋਂ ਰਹਿਤ ਕੀਤੀਆਂ ਹਨ। ਗੁਰਾਂ ਨੇ ਮੈਨੂੰ ਕਿਹਾ ਹੈ ਕਿ ਇਨ੍ਹਾਂ ਇੰਦ੍ਰੀਆਂ ਤੋਂ ਹੀ ਵਿਸ਼ਿਆਂ ਰੂਪ ਅੱਗ ਰਸਹਿ=ਨਿਕਲਦੀ ਹੈ। *ਅਥਵਾ:-*ਇਹ ਵਿਸ਼ੇ ਰਸ ਅੱਗ ਵਾਂਗੂ ਸਾੜਨ ਵਾਲੇ ਹਨ।

ਇਨ ਸਨਬੰਧੀ ਰਸਾਤਲਿ ਜਾਇ ॥ ਹਮ ਗੁਰਿ ਰਾਖੇ ਹਰਿ ਲਿਵ ਲਾਇ ॥ ੫ ॥

ਇਨ੍ਹਾਂ ਇੰਦ੍ਰੀਆਂ ਦੇ ਜੋ ਸਨਬੰਧੀ ਹਨ ਉਹ ਰਸਾਤਲਿ=ਨਰਕਾਂ ਵਿਚ ਜਾਂਦੇ ਹਨ। ਹਰੀ ਵਿਚ ਲਿਵ ਲਗਵਾ ਕੇ ਗੁਰਾਂ ਨੇ ਸਾਨੂੰ ਰੱਖ ਲਿਆ ਹੈ॥ ੫॥

ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥

ਏਵ=ਨਿਸਚੇ ਕਰਕੇ ਹੰਕਾਰ ਨਾਲ ਮਸਲਤਿ=ਸਲਾਹ ਕਰਨੀ ਭੀ ਅਸਾਂ ਨੇ ਛੱਡ ਦਿੱਤੀ ਹੈ। ਗੁਰਾਂ ਨੇ ਮੈਨੂੰ ਕਿਹਾ ਹੈ ਇਹ ਹੰਕਾਰ ਮੂਰਖ ਤੇ ਹੋਡੀ=ਜਿੱਦੀਆ ਹੈ ਕਿਉਂਕਿ ਹੰਕਾਰੀ ਪੁਰਸ਼ ਮੂਰਖ ਤੇ ਜਿੱਦੀਆ ਹੁੰਦਾ ਹੈ।

ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥ ੬ ॥

ਇਸ ਨਿਘਰੇ ਹੰਕਾਰ ਨੇ ਕਦੇ ਸਰੂਪ ਘਰ ਨਹੀਂ ਪਾਇਆ ।

ਹਰੀ ਵਿਚ ਲਿਵ ਲਗਵਾ ਕੇ ਗੁਰਾਂ ਨੇ ਸਾਨੂੰ ਰੱਖ ਲਿਆ ਹੈ॥ ੬॥

ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥

ਇਨ੍ਹਾਂ ਕਾਮ ਕ੍ਰੋਧ ਆਦਿਕ ਲੋਕਾਂ ਨਾਲ ਅਸੀਂ ਵੈਰੀ ਹੋ ਗਏ ਹਾਂ, ਅਰਥਾਤ ਸਾਡੀ ਦੁਸ਼ਮਨੀ ਹੋ ਗਈ ਹੈ। ਕਿਉਂਕਿ ਇਕ ਅੰਤਹਕਰਣ ਰੂਪ ਘਰ ਵਿਚ ਦੈਵੀ ਸੰਪਦਾ ਦੇ ਗੁਣ ਤੇ ਆਸੁਰੀ ਸੰਪਦਾ ਦੇ ਗੁਣ ਇਹ ਦੋਵੇਂ ਖਟਾਂਈ=ਮਿਲ ਕੇ ਨਹੀਂ ਰਹਿ ਸਕਦੇ।

ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗਿ ॥ ੭ ॥

ਪ੍ਰਭ=ਗੁਰੂ ਦੀ ਪਾਸ ਆ ਕੇ ਨਾਮ ਪਲੇ ਨਾਲ ਲੱਗ ਕੇ, *ਵਾ:-*ਅੰਚਰਿ=ਚਰਨੀਂ ਲੱਗ ਕੇ ਬੇਨਤੀ ਕੀਤੀ ਕਿ ਹੇ ਸਰਬ ਸ਼ਕਤੀ ਮਾਨ ਗੁਰੋ ! ਆਪ ਮੇਰਾ ਤਪਾਵਸੁ=ਨਿਆਂ ਕਰੋ॥ ੭॥

ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ ਸਗਲ ਦੂਤ ਮੇਰੀ ਸੇਵਾ ਲਾਏ ॥

ਉਸ ਵੇਲੇ ਪ੍ਰਭ=ਗੁਰੂ ਜੀ ਹੱਸ ਕੇ ਬੋਲੇ ਤੇ ਨਿਆਂਏਂ=ਫੈਸਲਾ ਕਰ ਦਿੱਤਾ, ਜੋ ਕਿ-ਕਾਮ ਕ੍ਰੋਧ ਆਦਿਕ ਸਾਰੇ ਦੂਤ ਮੇਰੀ ਸੇਵਾ ਵਿਚ ਲੱਗਾ ਦਿੱਤੇ। ਅਰਥਾਤ—ਹੁਣ ਮੇਰੇ 'ਪਰ ਉਹਨਾਂ ਦਾ ਕੋਈ ਜ਼ੋਰ ਨਹੀਂ ਹੈ, ਉਹ

ਮੇਰੇ ਵੱਸ ਵਿਚ ਹਨ।

ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥
ਕਹੁ ਨਾਨਕ ਗੁਰਿ ਕੀਆ ਨਿਬੇਰਾ ॥ ੮ ॥ ੧ ॥

ਅੰਨਵੇਂ:—ਗੁਰੂ ਜੀ ਕਥਨ ਕਰਦੇ ਹਨ—ਗੁਰਾਂ ਨੇ ਏਹ ਨਿਬੇਰਾ=ਫੈਸਲਾ ਕਰ ਦਿੱਤਾ ਹੈ। ਕਿ ਤੂੰ ਠਾਕੁਰੁ=ਮਾਲਕ ਹੈਂ ਇਹ ਸਾਰਾ ਘਰ ਤੇਰਾ ਹੈ ਤੂੰ ਹੀ ਹੁਕਮ ਦੇ ਕਰਨ ਵਾਲਾ ਹੈਂ॥ ੮ ॥ ੧ ॥

ਅਗਲੇ ਸ਼ਬਦ ਵਿਚ ਭੇਖੀਆਂ ਨੂੰ ਉਪਦੇਸ਼ ਦੇ ਕੇ ਸਮਝਾਂਦੇ ਹਨ-

ਪ੍ਰਭਾਤੀ ਮਹਲਾ ੫ ॥
ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥

ਹੇ ਭਾਈ ! ਤੇਰੇ ਮਨ ਵਿਚ ਕਰੋਧ ਤੇ ਹੰਕਾਰ ਬਹੁਤ ਸਾਰਾ ਹੈ।

[ਪੰਨਾ ੧੩੪੮]

ਪੂਜਾ ਕਰਹਿ ਬਹੁਤੁ ਬਿਸਥਾਰਾ ॥

ਪਰ ਬਾਹਰੋਂ ਲੋਕ ਦਿਖਲਾਵੇ ਲਈ ਬੜੇ ਵਿਸਤਾਰ ਨਾਲ ਪੂਜਾ ਕਰਦਾ ਹੈਂ।

ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥
ਅੰਤਰ ਕੀ ਮਲੁ ਕਬ ਹੀ ਨ ਜਾਏ ॥ ੧ ॥

ਇਸ਼ਨਾਨ ਕਰਦਾ ਹੈ, ਸਰੀਰ ਉਤੇ ਚੱਕ੍ਰ ਆਦਿਕ ਚਿੰਨ ਭੀ ਬਣਾਏ ਹੋਏ ਹਨ। ਪਰ—
ਅੰਤਹਕਰਣ ਦੀ ਹੰਗਤਾ ਮਮਤਾ ਰੂਪ, ਵਾ:-ਪਾਪਾਂ ਰੂਪੀ ਮੈਲ ਕਦੇ ਜਾਂਦੀ ਨਹੀਂ ਹੈ॥ ੧ ॥

ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥

ਇਤੁ ਸੰਜਮਿ=ਇੰਨਾਂ ਸਾਧਨਾ ਕਰਕੇ ਪ੍ਰਭੂ ਨੂੰ ਕਿਸੀ ਨੇ ਪਾਇਆ ਨਹੀਂ ਹੈ।

***ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥ ੧ ॥ ਰਹਾਉ ॥**

ਬਾਹਰੋਂ ਭਗਉਤੀ=ਭਗਤਾਂ ਵਾਲਾ ਮੁਦ੍ਰਾ=ਚਿੰਨ੍ਹ ਕਰ ਲਿਆ,
ਵਾ:-ਭਗਉਤੀ ਮੁਦ੍ਰਾ=ਰਾਸਧਾਰੀਆਂ ਵਾਲਾ ਚਿੰਨ੍ਹ ਕਰ ਲਿਆ ਤਾਂ ਕੀ ਹੋਇਆ ਕੋਈ ਫਾਇਦਾ ਨਹੀਂ

---

*ਅਮਰ ਸਿੰਘ ਮਰਹਟੇ ਨੇ ਹਿੰਦੀ ਵਿਚ ਇਕ ਅਮਰ ਕੋਸ਼ ਬਣਾਇਆ ਹੈ ਉਸ ਵਿਚ ਭਗਉਤੀ ਦੇ ਚਾਰ ਅਰਥ ਲਿਖੇ ਹਨ:-
੧. ਭਗਉਤੀ:—ਤਲਵਾਰ, ਨੂੰ ਕਹਿੰਦੇ ਹਨ-
ਯਥਾ:—ਸ੍ਰੀ ਭਗਉਤੀ ਜੀ ਸਹਾਇ:—ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥ (ਸ਼ਸਤ੍ਰ ਨਾਮ ਮਾਲਾ)
ਯਥਾ:—ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦॥
੨. ਭਗਉਤੀ:—ਚੰਡੀ, ਨੂੰ ਕਹਿੰਦੇ ਹਨ।
੩. ਭਗਉਤੀ:—ਪਰਮੇਸ਼ਰ, ਨੂੰ ਕਹਿੰਦੇ ਹਨ। ਯਥਾ:—ਪ੍ਰਥਮ ਭਗਉਤੀ ਸਿਮਰ ਕੈ
੪. ਭਗਉਤੀ:—ਪੰਥ ਨੂੰ ਕਹਿੰਦੇ ਹਨ— ਯਥਾ:- ਕਿ (ਰਾਸਧਾਰੀਏ)।

ਕਿਉਂਕਿ ਮਨ ਮਾਇਆ ਵਿਚ ਮੋਹਿਆ ਹੋਇਆ ਹੈ।

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥

ਹੇ ਪਾਪੀ ! ਤੂੰ ਪੰਜਾਂ ਕਾਮ ਕ੍ਰੋਧ ਆਦਿਕਾਂ ਦੇ ਵਸ ਵਿਚ ਹੋ ਕੇ ਪਾਪ ਕਰਮ ਕਰਦਾ ਹੈਂ। ਫਿਰ ਤੂੰ ਤੀਰਥਾਂ ਪਰ ਇਸ਼ਨਾਨ ਕਰਕੇ ਆਖਦਾ ਹੈਂ ਕਿ ਮੇਰੇ ਪਾਪ ਉਤਰੇ=ਲਹਿ ਗਏ ਹਨ।

ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮਪੁਰਿ ਬਾਂਧਿ ਖਰੇ ਕਾਲੰਕ ॥ ੨ ॥

ਫਿਰ ਤੂੰ ਨਿਸ਼ੰਗ ਹੋ ਕੇ ਪਾਪ ਕਰਮਾਂ ਨੂੰ ਕਮਾਉਂਦਾ ਹੈਂ। ਚੇਤੇ ਰੱਖ ਕਾਲੰਕ=ਪਾਪ ਕਰਮਾਂ ਦੇ ਕਰਨ ਵਾਲੇ ਕਲੰਕੀਆਂ ਨੂੰ ਜਮਦੂਤ ਚੰਗੀ ਤਰ੍ਹਾਂ ਬੰਨ੍ਹ ਕੇ ਜਮਪੁਰੀ ਵਿਚ ਖਰੇ=ਲੈ ਜਾਣਗੇ॥ ੨ ॥

ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥

ਪੈਰਾਂ ਨੂੰ ਘੁੰਘਰੂ ਬੰਨ੍ਹ ਕੇ ਨੱਚਦਾ ਹੈਂ ਅਤੇ ਤਾਲਾ=ਤਾੜੀਆਂ ਮਾਰਦਾ ਹੈਂ।

ਹਿਰਦੇ ਅੰਦਰ ਕਪਟ ਹੋਣ ਕਰਕੇ ਬੇਤਾਲਾ=ਭੂਤਨਿਆਂ ਵਾਂਗੂ ਫਿਰਦਾ ਹੈਂ।

ਵਰਮੀ ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥ ੩ ॥

ਜਿਵੇਂ 'ਵਰਮੀ ਮਾਰੀ'=ਖੁੱਡ ਨੂੰ ਕੁਟਿਆਂ ਸੱਪ ਨਹੀਂ ਮਰਦਾ, ਤਿਵੇਂ ਸਰੀਰ ਨੂੰ ਦੁੱਖ ਦਿੱਤਿਆਂ ਮਨ ਨਹੀਂ ਮਰਦਾ। ਉਹ ਪ੍ਰਭੂ ਤੇਰੇ ਸਭ ਕੁਝ ਅੰਦਰਲੇ ਹਾਲ ਨੂੰ ਜਾਣਦਾ ਹੈ ਜਿਸ੍ ਨੇ ਤੈਨੂੰ ਪੈਦਾ ਕੀਤਾ ਹੈ॥ ੩ ॥

ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥

ਉਸ ਵੇਲੇ ਤੂੰ ਪੂੰਅਰ=ਪੰਜ ਧੂਣੀਆਂ ਤਪਦਾ ਹੈਂ ਤੇ ਗੇਰੀ ਦੇ ਰੰਗੇ ਹੋਏ ਕਪੜੇ ਪਾਂਦਾ ਹੈਂ। ਜਿਸ ਵੇਲੇ ਅਪਦਾ=ਬਿਪਤਾ ਦਾ ਮਾਰਿਆ ਹੋਇਆ ਵਿਹਾਰ ਵਿਚ ਘਾਟਾ ਪੈ ਜਾਣ 'ਤੇ ਘਰ ਚੋਂ ਉੱਠ ਕੇ ਨਸਦਾ ਹੈਂ ਤੇ ਫਕੀਰਾਂ ਵਿਚ ਆ ਕੇ ਬੈਠਦਾ ਹੈਂ।

ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥ ੪ ॥

ਆਪਣੇ ਦੇਸ ਨੂੰ ਛੱਡ ਕੇ ਪਰਦੇਸਾਂ ਵਿਚ ਦੌੜਿਆ ਫਿਰਦਾ ਹੈਂ। ਕਾਮ ਕਰੋਧ ਆਦਿਕ ਪੰਜ ਚੰਡਾਲਾਂ ਨੂੰ ਤੂੰ ਨਾਲ ਹੀ ਲੈ ਆਇਆ ਹੈਂ॥ ੪ ॥

ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥

ਕੰਨ ਪੜਵਾ ਕੇ ਕੰਨਾਂ ਵਿਚ ਮੁੰਦ੍ਰਾਂ ਪਾ ਕੇ ਭੀ ਟੁਕੜਿਆਂ ਵੱਲ ਹਿਰਾਏ=ਦੇਖਦਾ ਹੈਂ।

ਵਾ:-ਜੋਗੀਆਂ ਦਾ ਚੇਲਾ ਬਣ ਕੇ ਗੁਰੂ ਪਾਸ ਟੁਕੜਿਆਂ ਨੂੰ ਮੰਗਕੇ ਹਿਰਾਏ=ਢੋਂਦਾ ਹੈਂ ਘਰ ਘਰ ਵਿਚ ਜਾ ਕੇ ਭਿੱਖਿਆ ਮੰਗਦਾ ਹੈਂ, ਤ੍ਰਿਪਤ ਹੋਣ ਵਲੋਂ ਚੂਕਾ=ਭੁਲ ਗਿਆ ਹੈਂ।

*ਯਥਾ:-*ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾ ਮਹਿ ਚੂਕ ॥ *(ਪੰਨਾ ੧੩੭੨)*

ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥
ਵੇਸਿ ਨ ਪਾਈਐ ਮਹਾ ਦੁਖਿਆਰੀ ॥ ੫ ॥

ਆਪਣੀ ਬਨਿਤਾ=ਇਸਤ੍ਰੀ ਛੱਡ ਕੇ ਪਰ ਇਸਤ੍ਰੀਆਂ ਵੱਲ 'ਬਦ ਨਦਰਿ'=ਖੋਟੀ ਨਜ਼ਰ ਕਰਦਾ ਹੈਂ।

ਹੇ ਮਹਾਂ ਦੁਖਿਆਰੀ ! ਇਸ ਤਰ੍ਹਾਂ ਦੇ ਭੇਸ ਧਾਰਨੇ ਕਰਕੇ ਪਰਮੇਸ਼ਰ ਨਹੀਂ ਪਾਈਂਦਾ ।

ਅਥਵਾ:-ਪਖੰਡ ਵਾਲੇ ਭੇਸਾਂ ਕਰਕੇ ਪਰਮੇਸ਼ਰ ਨਹੀਂ ਪਾਈਂਦਾ, ਪਖੰਡੀ ਵੇਸਾਂ ਕਰਕੇ ਬਹੁਤ ਹੀ ਦੁੱਖੀ ਹੋਈਂਦਾ ਹੈ।

ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥

ਮੁੰਹੋਂ ਬੋਲਦਾ ਨਹੀਂ ਹੈ, ਮੋਨੀ ਹੋ ਕੇ ਬੈਠਾ ਹੈ। ਪਰ ਹਿਰਦੇ ਵਿਚ ਕਲਪਨਾ ਹੋਣ ਕਰਕੇ ਜੂਨੀਆਂ ਵਿਚ ਭੁਆਇਆ ਜਾਂਦਾ ਹੈ।

ਵਾ:- ਕਲਪ ਪ੍ਰਯੰਤ ਅਰਥਾਤ ਬ੍ਰਹਮਾ ਦੇ ਦਿਨ ਤੱਕ ਜੂਨੀਆਂ ਵਿਚ ਭਵਾਇਆ ਜਾਂਦਾ ਹੈ।

ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥
ਹੁਕਮੁ ਨ ਬੂਝੈ ਵਿਆਪਿਆ ਮਮਤਾ ॥ ੬ ॥

ਜੋ ਅੰਨ ਛਕਣ ਤੋਂ ਰਹਿਤ ਹੋ ਕੇ ਦੂਧਾਧਾਰੀ ਹੋ ਕੇ ਦੇਹ 'ਪਰ ਦੁੱਖ ਸਹਾਰਦਾ ਹੈ। ਉਹ ਭੀ ਮਮਤਾ ਵਿਚ ਵਿਆਪਿਆ ਹੋਇਆ ਪ੍ਰਭੂ ਦੇ ਹੁਕਮ ਨੂੰ ਬੁਝਦਾ ਨਹੀਂ ਹੈ॥ ੬ ॥

ਯਥਾ:- ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਨੀ ਖੋਵਹਿ ॥ ੨ ॥
ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੁਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾ ਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥ ੩ ॥ (ਪੰਨਾ ੮੭੩)

ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥ ਪੂਛਹੁ ਸਗਲ ਬੇਦ ਸਿੰਮ੍ਰਿਤੇ ॥

ਬੇਸ਼ਕ:—ਸਾਰਿਆਂ ਵੇਦਾਂ ਤੇ ਸਿੰਮ੍ਰਤੀਆਂ ਦੇ ਵਕਤਿਆਂ ਤੋਂ ਪੁਛ ਦੇਖੋ। ਸਾਰੇ ਰਿਖੀ ਮੁਨੀ ਏਹੋ ਗੱਲ ਆਖਦੇ ਹਨ ਕਿ ਸਤਿਗੁਰਾਂ ਤੋਂ ਬਿਨਾਂ ਕਿਸੇ ਨੇ ਭੀ ਕੈਵਲ ਮੁਕਤੀ ਨਹੀਂ ਪਾਈ।

ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥ ੭ ॥

ਮਨਮੁਖਾਂ ਦੇ ਕਰਮ ਕਰਨੇ ਇਸ ਤਰ੍ਹਾਂ ਅਜਾਈ=ਨਿਸਫਲ ਹਨ। ਜਿਵੇਂ ਬਾਲੂ=ਰੇਤੇ ਦੇ ਘਰ ਦਾ ਥਾਂ ਥੇਹ ਨਹੀਂ ਹੈ। ਜਾਂ ਜਿਵੇਂ ਰੇਤੇ ਦੇ ਘਰ ਨੂੰ ਠਹਿਰਨ ਲਈ ਕੋਈ ਜਗ੍ਹਾਂ ਨਹੀਂ ਹੈ॥ ੭ ॥

ਜਿਸ ਨੋ ਭਏ ਗੋਬਿੰਦ ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥

ਉਹ ਗੋਬਿੰਦ ਪਰਮਾਤਮਾ ਜਿਸ ਉਤੇ ਦਿਆਲੂ ਹੋਇਆ ਹੈ। ਉਸ ਨੇ ਗੁਰੂ ਦਾ ਉਪਦੇਸ਼ ਆਪਣੇ ਬੁੱਧੀ ਰੂਪ ਪਲੇ ਵਿਚ ਬੰਨ੍ਹ ਲਿਆ ਹੈ।

ਕੋਟਿ ਮਧੇ ਕੋਈ ਸੰਤੁ ਦਿਖਾਇਆ ॥ ਨਾਨਕੁ ਤਿਨ ਕੈ ਸੰਗਿ ਤਰਾਇਆ ॥ ੮ ॥

ਕ੍ਰੋੜਾਂ ਭੇਖੀਆਂ ਵਿਚੋਂ ਜਦ ਰਹਿਣੀ, ਬਹਿਣੀ, ਕਹਿਣੀ ਵਾਲਾ ਕੋਈ ਪੂਰਾ ਸੰਤ ਦੇਖਣ ਵਿਚ ਆਇਆ।

ਗੁਰੂ ਜੀ ਕਥਨ ਕਰਦੇ ਹਨ—ਤਾਂ ਉਹਨਾਂ ਦੇ ਸਤਸੰਗ ਵਿਚ ਮੇਲ ਕੇ ਸੰਸਾਰ-ਸਮੁੰਦਰ ਤੋਂ ਤਰਾ ਦੇਣਾ ਕੀਤਾ॥ ੮ ॥

ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥

ਜੇਕਰ ਉੱਤਮ ਭਾਗ ਹੋਣ ਤਾਂ ਦਰਸ਼ਨ ਪਾਈਂਦਾ ਹੈ।

ਆਪਿ ਤਰੈ ਸਭੁ ਕੁਟੰਬੁ ਤਰਾਈਐ ॥ ੧ ॥ ਰਹਾਉ ਦੂਜਾ ॥ ੨ ॥

ਉਹ ਫਿਰ ਆਪ ਤਰਕੇ ਆਪਣੇ ਸਾਰੇ ਪਰਿਵਾਰ ਨੂੰ ਭੀ ਤਾਰ ਲੈਂਦਾ ਹੈ॥ ੧॥ ਰਹਾਉ ਦੂਜਾ ॥ ੨॥

ਪ੍ਰਭਾਤੀ ਮਹਲਾ ੫ ॥

ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥ ਧਰਮ ਰਾਇ ਕੇ ਕਾਗਰ ਫਾਟੇ ॥

ਰਾਮ ਨਾਮ ਦੇ ਸਿਮਰਨ ਕਰਕੇ ਸਾਰੇ ਕਿਲਬਿਖ=ਪਾਪ ਕਟੇ ਗਏ ਹਨ ਅਤੇ ਧਰਮ ਰਾਜਾ ਦੇ ਦਫ਼ਤਰ ਦੇ ਲੇਖੇ ਵਾਲੇ ਸਾਰੇ ਕਾਗਦ ਫਟ ਗਏ ਹਨ।

ਯਥਾ:- ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥ *(ਪੰਨਾ ੬੧੪)*

ਤਥਾ:- ਬਹਤਰਿ ਘਰ ਇਕ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥
ਧਰਮਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥ ੩ ॥ *(ਪੰਨਾ ੭੯੩)*

ਸਾਧਸੰਗਤਿ ਮਿਲਿ ਹਰਿ ਰਸੁ ਪਾਇਆ ॥
ਪਾਰਬ੍ਰਹਮੁ ਰਿਦ ਮਾਹਿ ਸਮਾਇਆ ॥ ੧ ॥

ਸਤਸੰਗਤ ਵਿਚ ਮਿਲਣ ਕਰਕੇ ਹਰੀ ਨਾਮ ਰਸ ਨੂੰ ਪਾਇਆ ਹੈ। ਜਿਸ ਕਰਕੇ ਪਾਰਬ੍ਰਹਮ ਸਾਡੇ ਹਿਰਦੇ ਵਿਚ ਸਮਾਅ ਗਿਆ, ਅਰਥਾਤ ਪ੍ਰਗਟ ਹੋ ਗਿਆ ਹੈ॥ ੧ ॥

ਰਾਮ ਰਮਤ ਹਰਿ ਹਰਿ ਸੁਖੁ ਪਾਇਆ ॥

ਹੇ ਰਮਤ ਰਾਮ=ਵਿਆਪਕ ਰਾਮ ! ਤੇਰੇ ਹਰਿ ਹਰਿ ਨਾਮ ਨੂੰ ਜਪ ਕੇ ਸੁਖ ਪਾਇਆ ਹੈ।

ਅਥਵਾ:- ਹੇ ਹਰੀ ਰਾਮ ! ਆਪ ਨੂੰ ਰਮਤ=ਉਚਾਰ ਕੇ ਹਰ ਤਰ੍ਹਾਂ ਸੁਖ ਪਾਇਆ ਹੈ।

ਤੇਰੇ ਦਾਸ ਚਰਨ ਸਰਨਾਇਆ ॥ ੧ ॥ ਰਹਾਉ ॥

ਮੈਂ ਤੇਰਿਆਂ ਦਾਸਾਂ ਦੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ॥ ੧॥ ਰਹਾਉ॥

ਚੂਕਾ ਗਉਣੁ ਮਿਟਿਆ ਅੰਧਿਆਰੁ ॥ ਗੁਰਿ ਦਿਖਲਾਇਆ ਮੁਕਤਿ ਦੁਆਰੁ ॥

ਹੁਣ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ ਅਤੇ ਚੁਰਾਸੀ ਦਾ ਗਉਣੁ=ਫਿਰਨਾ ਭੀ ਚੁਕ ਗਿਆ ਹੈ। ਕਿਉਂਕਿ ਧੰਨ ਗੁਰੂ ਹਨ ਜਿਨ੍ਹਾਂ ਨੇ ਮੁਕਤੀ ਦਾ ਦਰਵਾਜ਼ਾ ਗਿਆਨ ਸਾਨੂੰ ਵਿਖਾ ਦਿੱਤਾ ਹੈ।

ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ ॥

ਹਰੀ ਦੀ ਪ੍ਰੇਮਾ ਭਗਤੀ ਵਿਚ ਮੇਰਾ ਮਨ ਤਨ ਸਦੀਵ ਕਾਲ ਰੱਤਾ ਰਹਿੰਦਾ ਹੈ।

ਪ੍ਰਭੂ ਜਨਾਇਆ ਤਬ ਹੀ ਜਾਤਾ ॥ ੨ ॥

ਜਾਂ ਪ੍ਰਭੂ ਨੇ ਆਪਣਾ ਸਰੂਪ ਜਣਾਇਆ ਤਾਂ ਮੈਂ ਜਾਨਣਾ ਕੀਤਾ ਹੈ॥ ੨ ॥

ਘਟਿ ਘਟਿ ਅੰਤਰਿ ਰਵਿਆ ਸੋਇ ॥ ਤਿਸੁ ਬਿਨੁ ਬੀਜੋ ਨਾਹੀ ਕੋਇ ॥

ਉਹ ਪ੍ਰਭੂ ਸਾਰਿਆਂ ਘਟਾਂ ਘਟਾਂ ਅੰਦਰ ਵਿਆਪਕ ਹੋ ਰਿਹਾ ਹੈ। ਉਸ ਪ੍ਰਭੂ ਤੋਂ ਬਿਨਾਂ ਬੀਜੋ=ਦੂਜਾ ਹੋਰ

ਕੋਈ ਨਹੀਂ ਹੈ।

ਬੈਰ ਬਿਰੋਧ ਛੇਦੇ ਭੈ ਭਰਮਾਂ॥ ਪ੍ਰਭਿ ਪੁੰਨਿਆਤਮੈ ਕੀਨੇ ਧਰਮਾ॥ ੩॥

ਬੈਰ ਅਨਾਦੀ ਕਾਲ ਦਾ, ਬਿਰੋਧ ਉਪਰੋਂ ਪੈ ਜਾਣਾ, ਜਮਾਂ ਦਾ ਭੈ ਤੇ ਪੰਜ ਤਰ੍ਹਾਂ ਦਾ ਭਰਮ ਇਤਆਦਿਕ ਸਭ ਛੇਦੇ=ਕੱਟ ਦਿੱਤੇ ਹਨ। ਪ੍ਰਭੂ ਨੇ ਪੁੰਨਿਆਤਮੈ=ਪਵਿੱਤ੍ਰ ਆਤਮਾ ਵਾਲੇ ਧਰਮਾਤਮਾ ਕਰ ਦਿੱਤਾ ਹੈ।

ਵਾ:-ਪੁੰਨਿਆਤਮੈ=ਪੁੰਨ ਸਰੂਪ ਪ੍ਰਭੂ ਨੇ ਜੀਵ ਨੂੰ ਸਰੇਸ਼ਟ ਧਰਮ ਵਾਲਾ ਕਰ ਦਿੱਤਾ ਹੈ॥ ੩॥

ਮਹਾ ਤਰੰਗ ਤੇ ਕਾਂਢੈ ਲਾਗਾ॥ ਜਨਮ ਜਨਮ ਕਾ ਟੂਟਾ ਗਾਂਢਾ॥

ਵੱਡੀਆਂ ਲਹਿਰਾਂ ਵਾਲੇ ਸੰਸਾਰ-ਸਮੁੰਦਰ ਚੋਂ ਨਿਕਲ ਕੇ ਗਿਆਨ ਦੇ ਕੰਢੇ ਲੱਗ ਗਿਆ ਹਾਂ।

ਜਨਮਾਂ ਜਨਮਾਤਰਾਂ ਦਾ ਵਹਿਗੁਰੂ ਨਾਲੋਂ ਟੂਟਾ=ਵਿਛੁੜਿਆ ਹੋਇਆ ਫੇਰ ਵਾਹਿਗੁਰੂ ਨਾਲ ਗਾਂਢਾ=ਜੁੜ ਗਿਆ ਹਾਂ।

ਜਪੁ ਤਪੁ ਸੰਜਮੁ ਨਾਮੁ ਸਮ੍ਹਾਲਿਆ॥
ਅਪੁਨੈ ਠਾਕੁਰਿ ਨਦਰਿ ਨਿਹਾਲਿਆ॥ ੪॥

ਜਿਸ ਵੇਲੇ ਜਪ ਤਪ ਸੰਜਮ ਦੇ ਸਹਿਤ ਵਾਹਿਗੁਰੂ ਨਾਮ ਨੂੰ ਸੰਭਾਲਣਾ ਕੀਤਾ। ਤਾਂ ਆਪਣੇ ਸੁਆਮੀ ਪਰਮਾਤਮਾ ਨੇ ਮੇਰੇ ਵੱਲ ਕ੍ਰਿਪਾ ਦ੍ਰਿਸ਼ਟੀ ਕਰਕੇ ਨਿਹਾਲਿਆ=ਵੇਖਣਾ ਕੀਤਾ॥ ੪॥

ਮੰਗਲ ਸੂਖ ਕਲਿਆਣ ਤਿਥਾਈਂ॥ ਜਹ ਸੇਵਕ ਗੋਪਾਲ ਗੁਸਾਈ॥

ਜਿਸ ਜਗ੍ਹਾਂ 'ਪਰ ਗੋਪਾਲ=ਇੰਦ੍ਰੀਆਂ ਦੇ ਪਾਲਣ ਵਾਲੇ ਗੁਸਾਈਂ ਪਰਮਾਤਮਾ ਦੇ ਸੇਵਕ ਨਿਵਾਸ ਕਰਦੇ ਹਨ। ਤਿਥਾਈਂ=ਉਸੀ ਜਗ੍ਹਾਂ 'ਪਰ ਸਾਰੇ ਕਲਿਆਣ ਸੁਖ ਅਤੇ ਅਨੰਦ ਮੰਗਲ ਹਨ।

[ਪੰਨਾ ੧੩੪੯]

ਪ੍ਰਭ ਸੁਪ੍ਰਸੰਨ ਭਏ ਗੋਪਾਲ॥ ਜਨਮ ਜਨਮ ਕੇ ਮਿਟੇ ਬਿਤਾਲ॥ ੫॥

ਉਹ ਗੋ-ਪਾਲ=ਪ੍ਰਿਥਵੀ ਦੇ ਪਾਲਣ ਵਾਲੇ, ਗੋ=ਬੇਦਾਂ ਦੇ ਪਾਲਣ ਵਾਲੇ ਅਤੇ ਗੋ=ਇੰਦ੍ਰੀਆਂ ਦੇ ਪਾਲਣ ਵਾਲੇ ਪ੍ਰਭੂ ਆਪ ਪ੍ਰਸੰਨ ਹੋਏ। ਤਾਂ ਜਨਮਾਂ ਜਨਮਾਤਰਾਂ ਦੇ ਮਗਰ ਲੱਗੇ ਹੋਏ ਜੋ ਬਿਤਾਲ=ਭੂਤਨੇ ਕਾਮ ਆਦਿਕ ਸਨ ਉਹ ਸਾਰੇ ਹੀ ਮਿਟੇ=ਨਵਿਰਤ ਹੋ ਗਏ॥ ੫॥

ਹੋਮ ਜਗ ਉਰਧ ਤਪ ਪੂਜਾ॥ ਕੋਟਿ ਤੀਰਥ ਇਸਨਾਨੁ ਕਰੀਜਾ॥

ਉਸ ਨੇ ਹੋਮ=ਹਮਨ ਕਰ ਲਿਆ ਹੈ, ਯੱਗ ਭੀ ਕਰ ਲਿਆ ਹੈ, ਉਰਧ=ਉਲਟਾ ਹੋ ਕੇ ਤਪ ਭੀ ਕਰ ਲਿਆ ਹੈ ਪੂਜਾ ਭੀ ਕਰ ਲਈ ਹੈ। ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਭੀ ਕਰ ਲਿਆ ਹੈ।

ਯਥਾ:- ਜੋਗੇਨ ਕਿੰ, ਜਗੇਨ ਕਿੰ, ਦਾਨੇਨ ਕਿੰ ਤਪਸਾ॥

ਚਰਨ ਕਮਲ ਨਿਮਖ ਰਿਦੈ ਧਾਰੇ॥

ਜਿਸ ਨੇ ਇਕ ਨਿਮਖ ਮਾਤ੍ਰ ਸ਼ਰਧਾ ਸਹਿਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤ੍ਰ ਚਰਨ ਕਮਲ ਹਿਰਦੇ ਵਿਚ ਧਾਰਨ ਕੀਤੇ ਹਨ, ਸਮਝੋ ਉਸ ਨੇ ਸਭ ਕੁਝ ਕਰ ਲਿਆ ਹੈ।

ਗੋਬਿੰਦ ਜਪਤ ਸਭਿ ਕਾਰਜ ਸਾਰੇ ॥ ੬ ॥

ਵਾਹਿਗੁਰੂ ਵਾਹਿਗੁਰੂ ਨਾਮ ਜਪਣ ਕਰਕੇ ਗੋਬਿੰਦ ਨੇ ਸਾਰੇ ਕੰਮ ਸਾਰੇ=ਸਵਾਰ ਦਿੱਤੇ, ਅਰਥਾਤ ਪੂਰੇ ਕਰ ਦਿੱਤੇ ਹਨ॥ ੬ ॥

ਊਚੇ ਤੇ ਊਚਾ ਪ੍ਰਭ ਥਾਨੁ ॥ ਹਰਿ ਜਨ ਲਾਵਹਿ ਸਹਜਿ ਧਿਆਨੁ ॥

ਪ੍ਰਭੂ ਦਾ ਸਰੂਪ ਅਸਥਾਨ ਉੱਚਿਆਂ ਤੋਂ ਉੱਚਾ ਹੈ। ਹਰੀ ਦੇ ਸੰਤ ਜਨ ਸਹਜਿ=ਸੁਭਾਵਕ ਹੀ ਉਸ ਸਰੂਪ ਅਸਥਾਨ ਵਿਚ ਧਿਆਨ ਲਗਾਉਂਦੇ ਹਨ।

ਦਾਸ ਦਾਸਨ ਕੀ ਬਾਂਛਉ ਧੂਰਿ ॥ ਸਰਬ ਕਲਾ ਪ੍ਰੀਤਮ ਭਰਪੂਰਿ ॥ ੭ ॥

ਉਹ ਪ੍ਰੀਤਮ ਪਰਮਾਤਮਾ ਸਰਬ ਕਲਾ=ਸ਼ਕਤੀਆਂ ਕਰਕੇ ਭਰਪੂਰਿ=ਪੂਰਨ ਹੈ ਉਸ ਪ੍ਰਭੂ ਦੇ ਦਾਸਾਂ ਦੇ ਦਾਸਾਂ ਦੀ ਚਰਨ ਧੂੜ ਬਾਂਛਉ=ਚਾਹੁੰਦਾ ਹਾਂ॥ ੭ ॥

ਮਾਤ ਪਿਤਾ ਹਰਿ ਪ੍ਰੀਤਮੁ ਨੇਰਾ ॥ ਮੀਤ ਸਾਜਨ ਭਰਵਾਸਾ ਤੇਰਾ ॥

ਹੇ ਹਰੀ ! ਮੇਰਾ ਮਾਂ ਪਿਉ ਤੂੰਹੀ ਹੈਂ, ਮੇਰਾ ਪ੍ਰੀਤਮ ਭੀ ਤੂੰਹੀ ਹੈਂ, ਸਭਨਾਂ ਦੇ ਨੇਰਾ=ਨੇੜੇ ਭੀ ਤੂੰਹੀ ਹੈਂ। ਮਿੱਤ੍ਰ ਇਸ ਲੋਕ ਦਾ, ਸੱਜਣ ਪ੍ਰਲੋਕ ਦਾ ਭੀ ਤੂੰਹੀ ਹੈਂ। ਹੇ ਹਰੀ ! ਮੈਨੂੰ ਇਕ ਆਪ ਜੀ ਦਾ ਭਰੋਸਾ ਹੈ।

ਕਰੁ ਗਹਿ ਲੀਨੇ ਅਪੁਨੇ ਦਾਸ ॥
ਜਪਿ ਜੀਵੈ ਨਾਨਕੁ ਗੁਣਤਾਸ ॥ ੮ ॥ ੩ ॥ ੨ ॥ ੭ ॥ ੧੨ ॥

ਤੁਸਾਂ ਨੇ ਆਪਣੇ ਦਾਸ ਨੂੰ ਮਨ ਰੂਪ ਹੱਥ ਤੋਂ ਫੜ ਕੇ ਰੱਖ ਲਿਆ ਹੈ। ਗੁਰੂ ਜੀ ਕਥਨ ਕਰਦੇ ਹਨ—

ਹੇ ਗੁਣਤਾਸ=ਸ਼ੁਭ ਗੁਣਾਂ ਦੇ ਖਜ਼ਾਨੇ ਪ੍ਰਭੂ ! ਮੈਂ ਆਪ ਜੀ ਦੇ ਨਾਮ ਨੂੰ ਜਪ ਕੇ ਜਿਉਂਦਾ ਹਾਂ॥ ੮ ॥ ੩ ॥ ੨ ॥ ੭ ॥ ੧੨ ॥

ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ
੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ: — ਇਕ ਸਮੇ ਕਾਂਸ਼ੀ ਸ਼ਹਿਰ ਵਿਚ ਹੈਜ਼ੇ ਦੀ ਬੀਮਾਰੀ ਪੈਣ ਕਰਕੇ ਕਈ ਲੋਕ ਮਰਨ ਲੱਗ ਪਏ। ਮੌਤ ਤੋਂ ਡਰ ਕੇ ਬਹੁਤੇ ਲੋਕ ਕਾਂਸ਼ੀ ਨੂੰ ਤਿਆਗ ਕੇ ਬਾਹਰ ਚਲੇ ਗਏ, ਪਰ ਕਬੀਰ ਜੀ ਨਾ ਗਏ। ਬਿਮਾਰੀ ਦੇ ਦੂਰ ਹੋ ਜਾਣ 'ਤੇ ਜਿਸ ਵੇਲੇ ਲੋਕ ਆਪੋ ਆਪਣੇ ਘਰੀਂ ਵਾਪਸ ਆਏ ਤਾਂ ਕਬੀਰ ਜੀ ਨੂੰ ਕਹਿੰਦੇ ਹਨ "ਤੁਸੀਂ ਇਥੇ ਕਿਉਂ ਬੈਠੇ ਰਹੇ ਬਾਹਰ ਕਿਉਂ ਨਹੀਂ ਗਏ?" ਕਬੀਰ ਜੀ ਨੇ ਕਿਹਾ—ਤੁਹਾਡੇ ਗ੍ਰੰਥਾਂ ਵਿਚ ਤਾਂ ਲਿਖਿਆ ਹੈ—

(ਕਾਂਸ਼ੀ ਮਰਨਾਤ ਮੁਕਤੇ) ਕਿ—ਜਿਹੜਾ ਕਾਂਸ਼ੀ ਵਿਚ ਮਰਦਾ ਹੈ, ਉਸ ਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਜੇ ਇਹ ਗੱਲ ਠੀਕ ਹੈ, ਤਾਂ ਤੁਹਾਨੂੰ ਸਗੋਂ ਬਾਹਰ ਨਹੀਂ ਜਾਣਾ ਚਾਹੀਦਾ ਸੀ।

ਇਹ ਸੁਣ ਕੇ ਲੋਕਾਂ ਆਖਿਆ ਇਨ੍ਹਾਂ ਗੱਲਾਂ ਤੋਂ ਮਲੂਮ ਹੁੰਦਾ ਹੈ ਕਿ-ਆਪ ਜੀ ਦਾ ਕਾਂਸ਼ੀ ਦੇ ਉੱਪਰ ਬਹੁਤ ਭਰੋਸਾ ਹੈ।

ਕਬੀਰ ਜੀ ਨੇ ਕਿਹਾ— ਮੇਰਾ ਭਰੋਸਾ ਤਾਂ ਪ੍ਰਭੂ ਦੇ ਨਾਮ ਉਤੇ ਹੈ, ਕਾਂਸ਼ੀ ਉਪਰ ਨਹੀਂ ਹੈ। ਲੋਕਾਂ ਨੇ

ਕਿਹਾ— ਜੇਕਰ ਕਾਂਸ਼ੀ ਉੱਪਰ ਆਪ ਜੀ ਦਾ ਭਰੋਸਾ ਨਹੀਂ ਹੈ ਤਾਂ ਫਿਰ ਤੁਹਾਨੂੰ ਜਨਮ ਮਰਨ ਹਮੇਸ਼ਾਂ ਬਣਿਆਂ ਰਹੇਗਾ। ਏਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ—

ਮਰਨ ਜੀਵਨ ਕੀ ਸੰਕਾ ਨਾਸੀ॥

ਹੇ ਭਾਈ ! ਮਰਨ ਜੀਵਣ ਦੀ ਸ਼ੰਕਾ ਮੇਰੀ ਨਾਸ ਹੋ ਗਈ ਹੈ।

ਯਥਾ- ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ॥ *(ਸਿਰੀ ਰਾਗੁ ਮਹਲਾ ੧ ਪੰਨਾ ੨੦)*

ਇਹ ਗੱਲ ਭੀ ਚੇਤੇ ਰੱਖਣੀ ਜਿਤਨਾ ਚਿਰ ਦੇਹ ਅਭਿਮਾਨ ਹੈ ਉਤਨਾ ਚਿਰ ਜੀਵ ਮਰਨ ਤੋਂ ਡਰਦਾ ਹੈ ਅਤੇ ਜਿਉਣ ਦੀ ਆਸ ਰੱਖਦਾ ਹੈ। ਗਿਆਨ ਹੋਣ 'ਤੇ ਜੀਵਣ ਦੀ ਇੱਛਾ ਦਾ ਅਭਾਵ ਹੋ ਜਾਂਦਾ ਹੈ।

ਯਥਾ- ਜਿਹ ਮਰਨੈ ਸਭੁ ਜਗਤੁ ਤਰਾਸਿਆ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥ ੧॥

(ਗਉੜੀ ਕਬੀਰ ਜੀ ਪੰਨਾ ੩੨੭)

ਤਥਾ- ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ੨੨॥ *(ਪੰਨਾ ੧੩੬੫)*

ਆਪਨ ਰੰਗਿ ਸਹਜ ਪਰਗਾਸੀ॥ ੧॥

ਆਪਣੇ ਸ੍ਵੈ ਸਰੂਪ ਦਾ ਰੰਗਿ=ਅਨੰਦ, ਸਹਜ=ਸੁਭਾਵਕ ਹੀ ਪ੍ਰਕਾਸ਼ ਆਇਆ ਹੈ। *ਅਥਵਾ:-*ਆਪਣੇ ਸ੍ਵੈ ਸਰੂਪ ਵਿਚ ਰੰਗਿ=ਪ੍ਰੇਮ ਕਰਨ ਨਾਲ ਸਹਜ ਅਵਸਥਾ ਪ੍ਰਕਾਸ਼ ਆਈ ਹੈ॥ ੧॥*

ਪ੍ਰਗਟੀ ਜੋਤਿ ਮਿਟਿਆ ਅੰਧਿਆਰਾ॥

ਪ੍ਰਭੂ ਦੀ ਜੋਤਿ=ਗਿਆਤ ਪ੍ਰਗਟ ਹੋਣ ਕਰਕੇ ਅਗਿਆਨ ਰੂਪ ਹਨੇਰਾ ਮਿਟ ਗਿਆ ਹੈ।

ਰਾਮ ਰਤਨੁ ਪਾਇਆ ਕਰਤ ਬੀਚਾਰਾ॥ ੧॥ ਰਹਾਉ॥

ਸੱਤ ਅਸੱਤ ਦਾ ਵਿਚਾਰ ਕਰਨ ਨਾਲ ਰਤਨ ਰੂਪ ਰਾਮ ਨੂੰ ਪਾਇਆ ਹੈ।

*ਅਥਵਾ:-*ਸੱਤ ਅਸੱਤ ਦਾ ਵਿਚਾਰ ਕਰਨ ਨਾਲ ਪ੍ਰਗਟੀ ਜੋਤਿ=ਵਾਹਿਗੁਰੂ ਦੀ ਗਿਆਤ ਪ੍ਰਗਟ ਹੋਈ, ਗਿਆਤ ਦੇ ਪ੍ਰਗਟ ਹੋਣ ਕਰਕੇ, ''ਮਿਟਿਆ+ਅੰਧਿਆਰਾ''=ਅਗਿਆਨ ਰੂਪ ਹਨੇਰਾ ਮਿਟ ਗਿਆ ਹੈ, ਹਨੇਰੇ ਦੇ ਦੂਰ ਹੋਣ ਨਾਲ ''ਰਾਮ ਰਤਨੁ ਪਾਇਆ'=ਰਤਨ ਰੂਪ ਰਾਮ ਨੂੰ ਪਾ ਲਿਆ ਹੈ।

*ਅਥਵਾ:-*ਰਤਨੁ=ਵੈਰਾਗ ਤੇ ਬੀਚਾਰਾ=ਵਿਵੇਕ ਇਤਿਆਦਿ ਸਾਧਨ ਕਰਦਿਆਂ ਕਰਦਿਆਂ ਵਾਹਿਗੁਰੂ ਦੀ ਜੋਤ ਪ੍ਰਗਟੀ, ਜੋਤ ਦੇ ਪ੍ਰਗਟ ਹੋਣ 'ਤੇ ਅਗਿਆਨ ਰੂਪ ਹਨੇਰਾ ਮਿਟ ਗਿਆ, ਹਨੇਰੇ ਦੇ ਦੂਰ ਹੋਣ ਤੇ ਰਾਮ=ਰਮੇ ਹੋਏ ਪਰਮੇਸ਼ਰ ਨੂੰ ਮੈਂ ਪਾ ਲਿਆ ਹੈ॥ ੧॥ ਰਹਾਉ॥

**ਇਨ੍ਹਾਂ ਦੋ ਤੁਕਾਂ ਦਾ ਅਰਥ ਇਸ ਤਰ੍ਹਾਂ ਭੀ ਕਰਦੇ ਹਨ। ਕਿਸੀ ਪ੍ਰੇਮੀ ਨੇ ਆ ਕੇ ਕਿਹਾ, ਕਿ ਮਰਨ ਜੀਵਨ ਦੀ ਸ਼ੰਕਾ ਕਿਵੇਂ ਦੂਰ ਹੋਈ ਹੈ? ਕਬੀਰ ਜੀ ਨੇ ਕਿਹਾ-(ਅੰਨਵੇਂ ਤੁਕਾਂ ਕਰਨੀਆਂ)*

ਆਪਨ ਰੰਗਿ ਸਹਜ ਪਰਗਾਸੀ॥

ਆਪਣੀ ਆਤਮਾ ਨਾਲ ਰੰਗਿ=ਪ੍ਰੇਮ ਕਰਨ ਨਾਲ ਜਦ ਸਹਜ=ਗਿਆਨ ਵਾਲੀ ਬਿਰਤੀ ਪ੍ਰਕਾਸ਼ੀ।

ਮਰਨ ਜੀਵਨ ਦੀ ਸੰਕਾ ਨਾਸੀ॥

ਤਾਂ ਮਰਨ ਜੀਵਨ ਦੀ ਸ਼ੰਕਾ ਨਾਸ ਹੋ ਗਈ।

ਜਹ ਅਨੰਦੁ ਦੁਖੁ ਦੂਰਿ ਪਇਆਨਾ॥

ਜਹ-ਜਿਸ ਆਪਣੇ ਸਰੂਪਾ ਨੰਦ ਦੇ ਪ੍ਰਾਪਤ ਹੋਣ ਕਰਕੇ ਸੰਸਾਰਕ ਦੁੱਖ ਦੂਰਿ+ਪਇਆਨਾ=ਦੂਰ ਚਲਾ ਗਿਆ ਹੈ।

ਮਨੁ ਮਾਨਕੁ ਲਿਵ ਤਤੁ ਲੁਕਾਨਾ॥ ੨॥

ਮਨ ਮਾਣਕ ਵਾਂਗੂ ਸ਼ੁੱਧ ਹੋ ਕੇ ਤਤੁ=ਸਿਧਾਂਤ ਰੂਪ ਪ੍ਰਭੂ ਦੀ ਲਿਵ ਵਿਚ ਲੁਕਾਨਾ=ਤਦਾਕਾਰ ਹੋ ਗਿਆ ਹੈ। *ਅਥਵਾ:*-ਮਾਨਕੁ=ਸ੍ਰਵਨ, ਮਨਨ, ਨਿਧਿ-ਆਸਣ ਨੂੰ ਕਰਕੇ ਮਨ, ਸਿਧਾਂਤ ਰੂਪ ਪ੍ਰਭੂ ਦੀ ਲਿਵ ਵਿਚ ਲੁਕ ਗਿਆ ਹੈ॥ ੨॥

ਅਥਵਾ:-ਮਾਨਕੁ ਦੀ ਨਿਆਈ ਅਮੋਲਕ ਜੋ ਤਤ ਰੂਪ ਪਰਮਾਤਮਾ ਹੈ, ਉਸ ਦੀ ਲਿਵ ਵਿਚ ਮਨ ਤਦਾਕਾਰ ਹੋ ਗਿਆ ਹੈ॥ ੨॥

ਜੋ ਕਿਛੁ ਹੋਆ ਸੁ ਤੇਰਾ ਭਾਣਾ॥ ਜੋ ਇਵ ਬੂਝੈ ਸੁ ਸਹਜਿ ਸਮਾਣਾ॥ ੩॥

ਸੰਸਾਰ ਵਿਚ ਜੋ ਕੁਝ ਹੋ ਰਿਹਾ ਹੈ, ਹੇ ਵਾਹਿਗੁਰੂ ! ਸੋ ਤੇਰੇ ਭਾਣੇ ਅੰਦਰ ਹੀ ਹੋ ਰਿਹਾ ਹੈ। ਜਿਹੜਾ ਆਦਮੀ ਇਸ ਤਰ੍ਹਾਂ ਸਮਝਦਾ ਹੈ, ਉਹ ਸਹਜ-ਪਦ ਵਿਚ ਸਮਾਂਵਦਾ ਹੈ॥ ੩॥

ਕਹਤੁ ਕਬੀਰੁ ਕਿਲਬਿਖ ਗਏ ਖੀਣਾ॥
ਮਨੁ ਭਇਆ ਜਗਜੀਵਨ ਲੀਣਾ॥ ੪॥ ੧॥

ਕਬੀਰ ਜੀ ਕਹਿੰਦੇ ਹਨ—ਸਾਰੇ ਕਿਲਬਿਖ=ਪਾਪ, ਖੀਣਾ=ਨਾਸ ਹੋ ਗਏ ਹਨ ਅਤੇ ਮਨੁ=ਜੀਵ ਜਗਜੀਵਨ=ਪਰਮਾਤਮਾ ਵਿਚ ਤਦਾਕਾਰ ਹੋ ਗਿਆ ਹੈ॥ ੪॥ ੧॥

ਪ੍ਰਭਾਤੀ

ਉਥਾਨਕਾ: — ਕਬੀਰ ਜੀ ਪਾਸ ਕਾਜ਼ੀ ਤੇ ਬ੍ਰਾਹਮਣ ਦੋਵੇਂ ਚਲ ਕੇ ਆਏ, ਕਾਜ਼ੀ ਨੇ ਕਿਹਾ, ਅੱਲਾ ਮਸੀਤ ਵਿਚ ਰਹਿੰਦਾ ਹੈ। ਬ੍ਰਾਹਮਣ ਨੇ ਕਿਹਾ-ਪਰਮੇਸ਼ਰ ਮੂਰਤੀ ਵਿਚ ਵਸਦਾ ਹੈ।

ਇਹ ਗੱਲਾਂ ਸੁਣ ਕੇ ਦੋਹਾਂ ਨੂੰ ਸਮਝਾਂਦੇ ਹਨ-

ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥

ਹੇ ਕਾਜ਼ੀ ! ਜੇ ਅੱਲਾ ਇਕ ਮਸੀਤ ਵਿੱਚ ਹੀ ਵਸਦਾ ਹੈ, ਤਾਂ ਬਾਕੀ ਹੋਰ ਮੁਲਕ ਕਿਸ ਦਾ ਹੈ ? ਭਾਵ ਬਾਕੀ ਦੇ ਮੁਲਕਾਂ ਨੂੰ ਕਿਸ ਦਾ ਆਸਰਾ ਹੈ?

ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥ ੧॥

ਪੱਥਰ ਆਦਿਕਾਂ ਦੀਆਂ ਜੋ ਮੂਰਤੀਆਂ ਹਨ-ਹਿੰਦੂ ਲੋਕ ਉਸ ਮੂਰਤੀ ਨਾਮ=ਮਾਤ੍ਰ ਵਿਚ ਹੀ ਪਰਮੇਸ਼ਰ ਦਾ ਨਿਵਾਸ ਮੰਨਦੇ ਹਨ, ਪਰ ਪੂਰਾ ਨਿਸਚਾ ਨਹੀਂ ਰੱਖ ਦੇ ਐਵੇਂ ਰਸਮ ਹੀ ਪੂਰੀ ਕਰਦੇ ਹਨ। ਪੁਜਾਰੀ ਲੋਕ ਚੜ੍ਹਾਵਾ ਆਪ ਖਾ ਲੈਂਦੇ ਹਨ ਤੇ ਠਾਕੁਰਾਂ ਦੀ ਮੂਰਤੀ ਨੂੰ ਜੋ ਮਿੱਠਾ ਲੱਗਾ ਹੁੰਦਾ ਹੈ ਉਸ ਦੇ ਸਾਫ ਕਰਨ ਲਈ ਉਸ ਦੇ ਮੂੰਹ ਵਿਚ ਰਾਖ (ਸੁਆਹ) ਮਲਦੇ ਹਨ।

ਯਥਾ:-ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥ ੪॥ (ਪੰਨਾ ੪੭੯)

ਦੋਹਾਂ ਨੇ ਆਪਣੇ ਹਿਰਦੇ ਵਿਚ ਸਿਧਾਂਤ ਰੂਪ ਪਰਮਾਤਮਾ ਨੂੰ ਨ ਹੇਰਾ=ਨੰਹੀਂ ਵੇਖਿਆ।

ਯਥਾ- ਬੁਤ ਪੂਜਿ ਪੂਜਿ ਹਿੰਦੂ ਮੂਏ॥ ਤੁਰਕ ਮੂਏ ਸਿਰ ਨਾਈ॥ (ਪੰਨਾ ੬੫੪)

ਏਸੇ ਲਈ-ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥ ੧॥ (ਪੰਨਾ ੧੧੫੮)

ਵਾ:-ਇਨ੍ਹਾਂ ਦੋਹਾਂ ਵਿਚ ਮੈਂ ਤਤੁ=ਸਿਧਾਂਤ ਰੂਪ ਪਰਮਾਤਮਾ ਨੂੰ ਨਹੀਂ ਵੇਖਿਆ।

ਪੁਨਾ-ਕਬੀਰ ਜੀ ਤੋਂ ਪੁੱਛਿਆ-ਹੇ ਭਗਤ ਜੀ ! ਮੁਸਲਮਾਨ ਤਾਂ ਅੱਲਾ ਨੂੰ ਮੰਨਦੇ ਹਨ ਤੇ ਹਿੰਦੂ ਰਾਮ ਨੂੰ ਮੰਨਦੇ ਹਨ। ਆਪ ਕਿਸ ਨੂੰ ਮੰਨਦੇ ਹੋ?

ਕਬੀਰ ਜੀ ਨੇ ਕਿਹਾ—ਕੇਵਲ ਭਾਸ਼ਾ ਦਾ ਭੇਦ ਹੈ, ਫ਼ਾਰਸੀ ਵਿਚ ਅੱਲ੍ਹਾ ਕਹਿੰਦੇ ਹਨ, ਸੰਸਕ੍ਰਿਤ ਵਿਚ ਰਾਮ ਕਹਿੰਦੇ ਹਨ। ਇਸ ਲਈ ਮੈਂ ਦੋਵਾਂ ਨਾਮਾਂ ਨੂੰ ਇਕ ਰੂਪ ਨਿਸਚੇ ਕਰਦਾ ਹਾਂ॥ ੧॥

ਅਲਹ ਰਾਮ ਜੀਵਉ ਤੇਰੇ ਨਾਈ॥ ਤੂ ਕਰਿ ਮਿਹਰਾਮਤਿ ਸਾਈ॥੧॥ਰਹਾਉ॥

ਹੇ ! ਸਾਰਿਆਂ ਵਿਚ ਰਾਮ=ਰਮੇ ਹੋਏ ਅਲਹ=ਅਲਖ ਪਰਮਾਤਮਾ ! ਮੈਂ ਤੇਰੇ ਨਾਮ ਨੂੰ ਜਪ ਕੇ ਜੀਉਂਦਾ ਹਾਂ। ਹੇ ਸਾਂਈ ! ਤੂੰ ਮੇਰੇ ਉੱਤੇ ਅਮਿੱਤ ਮਿਹਰ ਕਰ। ਹਿੰਦੂ ਮੁਸਲਮਾਨਾਂ ਦੇ ਪੱਖ-ਪਾਤ ਤੋਂ ਮੈਨੂੰ ਪਰੇ ਹੀ ਰੱਖਣਾ ਕਰ॥ ੧॥ ਰਹਾਉ॥

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥

ਹਿੰਦੂ ਕਹਿੰਦੇ ਹਨ—*ਦੱਖਣ ਦੇਸ਼ ਵਿਚ ਹਰੀ ਦਾ ਨਿਵਾਸ ਹੈ। ਮੁਸਲਮਾਨ ਆਖਦੇ ਹਨ—ਪਸਚਮ ਵਿਚ ਅੱਲ੍ਹਾ ਦਾ ਮੁਕਾਮ ਹੈ।

ਯਥਾ:-ਕਾਹੂ ਲੈ ਪਾਹਨ ਪੂਜ ਧਰਿਓ ਸਿਰ, ਕਾਹੂ ਲੈ ਲਿੰਗੁ ਗਰੇ ਲਟਕਾਇਓ॥

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ॥ ੯॥

(ਦਸਮ ਗ੍ਰੰਥ ਪੰਨਾ ੧੪)

ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥ ੨॥

ਪਹਿਲੇ ਤੁਸੀਂ ਆਪਣੇ ਦਿਲ ਵਿਚ ਖੋਜੋ, ਫਿਰ ਹੋਰਨਾਂ ਦੇ ਦਿਲ ਹੀ ਦਿਲ ਵਿਚ ਖੋਜਣਾ ਕਰੋ, ਤਾਂ ਤੁਹਾਨੂੰ ਮਲੂਮ ਹੋਵੇ ਕਿ ਪਰਮੇਸ਼ਰ ਦੇ ਠਹਿਰਨ ਦਾ ਮੁਕਾਮ ਏਹੋ ਦਿਲ ਹੀ ਹੈ।

ਵਾ:-ਮੈਂ ਆਪਣੇ ਦਿਲ ਵਿਚ ਖੋਜਿਆ ਹੈ, ਹੇ ਕਾਜ਼ੀ ! ਤੂੰ ਵੀ ਆਪਣੇ ਦਿਲ ਵਿਚ ਖੋਜ। ਹੇ ਬ੍ਰਾਹਮਣ ! ਤੂੰ ਵੀ ਆਪਣੇ ਦਿਲ ਵਿਚ ਖੋਜਣਾ ਕਰ। ਨਿਯਮ ਸਮਝ ਲੈ, ਏਹ ਦਿਲ ਹੀ ਪਰਮਾਤਮਾ ਦੇ ਠਹਿਰਨ ਦਾ ਮੁਕਾਮ ਹੈ॥ ੨॥

ਯਥਾ:-ਦਿਲ ਦਰਵਾਜਾ ਰਬ ਦਾ ਇਸ ਨੂੰ ਕਦੇ ਨ ਢਾਹ। ਢਠਾ ਔਖਾ ਬਣੇਗਾ ਤੂੰ ਲੰਘਸੈਂ ਕੇਹੜੇ ਰਾਹ।

ਤਥਾ:-ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥

---

*ਓਥੇ ਰਾਮੇਸ਼ੁਰ ਨਾਮੇ ਸ਼ਿਵਾਂ ਦਾ ਮੰਦਰ ਹੈ ਉਸ ਵਿਚ ਸ਼ਿਵਲਿੰਗ ਹੈ ਜਿਥੇ ਸ੍ਰੀ ਰਾਮਚੰਦ੍ਰ ਜੀ ਨੇ ਸਾਗਰ 'ਪਰ ਪੁਲ ਬੰਨ੍ਹਿਆਂ ਹੈ। ੧੦੦ ਫੁੱਟ ਉੱਚਾ ਮੰਦਰ ਹੈ, ਮੰਦਰ ਦੇ ਕਾਰਨ ਉਸ ਦੇ ਪਾਸ ਦੀ ਬਸਤੀ ਦਾ ਨਾਮ ਵੀ ਰਾਮੇਸ਼ੁਰ ਹੋ ਗਿਆ ਹੈ। (ਮਹਾਨ ਕੋਸ਼ ਪੰਨਾ ੩੧੦੪)

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥ ੧੩੦॥

(ਸਲੋਕ ਫ਼ਰੀਦ ਪੰਨਾ ੧੩੮੪)

ਵਾ:-ਸਾਰਿਆਂ ਦਿਲਾਂ ਦਾ ਦਿਲ=ਨਿਅੰਤਾ ਪ੍ਰੇਰਕ ਜੋ ਪਰਮਾਤਮਾ ਹੈ ਖੋਜਣੇ ਵਾਲੇ ਹੋ ਕੇ ਉਸ ਨੂੰ ਦਿਲ ਵਿਚ ਹੀ ਖੋਜਨਾ ਕਰ, ਕਿਉਂਕਿ ਉਸ ਦੇ ਠਹਿਰਨ ਦਾ ਮੁਕਾਮ ਏਹ ਦਿਲ ਹੀ ਹੈ॥ ੨॥

ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ ॥

ਬ੍ਰਾਹਮਣ ਲੋਕ ਚਉਬੀਸਾ-ਗਿਆਸ=੨੪ ਇਕਾਦਸ਼ੀਆਂ ਦੇ ਵਰਤ ਰੱਖਦੇ ਹਨ, ਕਿਉਂਕਿ ਬਾਰਾਂ ਮਹੀਨਿਆਂ ਵਿਚ ਚਵ੍ਹੀ ਇਕਾਦਸ਼ੀਆਂ ਆਉਂਦੀਆਂ ਹਨ ਤੇ ਛੇ ਮੁਖ ਮੁਖ ਵਰਤ ਰੱਖਦੇ ਹਨ। (੧ ਜਨਮ ਅਸ਼ਟਮੀ, ੨ ਰਾਮਨੌਮੀ, ੩ ਸ਼ਿਵਰਾਤ੍ਰੀ, ੪ ਗਨੇਸ਼ ਚਤੁਰਥੀ, ੫ ਬਾਵਨ ਦੁਆਦਸ਼ੀ, ੬ ਨਰ ਸਿੰਘ)

(ਚੌਦਸ਼) ਚਵ੍ਹੀ ਤੇ ਛੇ ੩੦। ਤੀਹਾਂ ਦਿਨਾਂ ਦਾ ਇਕ ਮਹੀਨਾ ਹੁੰਦਾ ਹੈ ਬ੍ਰਾਹਮਣ ਲੋਕ ਏਸੇ ਇਕ ਮਹੀਨੇ ਵਿਚ ਹੀ ਪਰਮੇਸ਼ਰ ਦੀ ਪ੍ਰਾਪਤੀ ਸਮਝਦੇ ਹਨ। ਤੇ ਕਾਜ਼ੀ ਲੋਕ ਰਮਜ਼ਾਨ ਦਾ ਮਹੀਨਾ ਹੀ ਉੱਤਮ ਗਿਣਦੇ ਹਨ। ਜਿਸ ਮਹੀਨੇ ਵਿਚ ਰੋਜ਼ੇ ਰੱਖਦੇ ਹਨ, ਰੋਜ਼ੇ ਦੇ ਅਖੀਰਲੇ ਦਿਨ ਨੂੰ "ਈਦ" ਕਹਿੰਦੇ ਹਨ।

ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ॥ ੩॥

ਬ੍ਰਾਹਮਣ ਅਤੇ ਕਾਜ਼ੀਆਂ ਨੇ ਯਾਰਾਂ ਮਹੀਨੇ ਤਾਂ ਪਾਸ=ਲਾਂਭੇ ਕਰ ਰੱਖੇ ਹਨ ਅਤੇ ਇਕ ਮਹੀਨੇ ਵਿਚ ਹੀ ਨਿਧੀਆਂ ਦੇ ਖਜ਼ਾਨੇ ਪਰਮਾਤਮਾ ਨੂੰ ਜਾਣ ਰੱਖਿਆ ਹੈ॥ ੩॥

ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥

ਉਡੀਆ* ਦੇਸ਼ੇ ਦੇ ਈਸ਼ਵਰ ਜਗਨ ਨਾਥ ਤੀਰਥ 'ਪਰ ਜਾ ਕੇ ਇਸ਼ਨਾਨ ਕੀਤਾ ਤਾਂ ਕੀ ਹੋਇਆ ? ਅਤੇ ਮਸੀਤ ਵਿਚ ਜਾ ਕੇ ਸਿਰ ਨਾਂਏਂ=ਨਿਵਾਇਆ ਤਾਂ ਕੀ ਹੋਇਆ? ਭਾਵ ਕੋਈ ਫਲ ਨਹੀਂ।

ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥ ੪॥

ਜੇ ਦਿਲ ਵਿਚ ਕਪਟ ਹੈ ਤਾਂ ਨਿਵਾਜ਼ਾਂ ਦੇ ਗੁਜਾਰੈ=ਪੜ੍ਹਨ ਦਾ ਕੀ ਲਾਭ ਹੈ ਅਤੇ ਹਾਜੀ ਹੋ ਕੇ ਕਾਬੇ ਵਿਚ ਜਾਏਂ=ਜਾਣ ਦਾ ਕੀ ਲਾਭ ਹੈ, ਭਾਵ ਕੋਈ ਲਾਭ ਨਹੀਂ ॥ ੪॥

ਯਥਾ:- ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ॥

ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾਕਉ ਕਹਾਂ ਖੁਜਾਇ॥ ੧੮੫॥ *(ਪੰਨਾ ੧੩੭੪)*

ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥

ਇਤਨੀਆਂ ਔਰਤਾਂ ਅਤੇ ਇਤਨੇ ਮਰਦ ਜੋ ਸਾਜੇ=ਬਣਾਏ ਹਨ, ਹੇ ਪਰਮਾਤਮਾ ! ਇਹ ਸਾਰੇ ਆਪ ਜੀ ਦਾ ਹੀ ਰੂਪ ਹਨ।

**ਉੜੀਸਾ, ਬੰਗਾਲ ਦਾ ਇਲਾਕਾ ਹੈ, ਜਿਸ ਵਿਚ ਕਟਕ, ਬਲਸੁਰ ਤੇ ਪੁਰੀ ਇਤਿ ਆਦਿ ਜ਼ਿਲ੍ਹੇ ਹਨ। ਉੜੀਸਾ ਵਿਚ ਕਟਕ ਜ਼ਿਲ੍ਹੇ ਵਿਚ ਸਮੁੰਦਰ ਦੇ ਕਿਨਾਰੇ ਪੁਰੀ ਵਿਖੇ ਜਗਨ ਨਾਥ ਦਾ ਮੰਦਰ ਹੈ। ਹਾੜ ਸੁਦੀ ਦੂਜ ਨੂੰ ਬੜਾ ਭਾਰੀ ਮੇਲਾ ਲੱਗਦਾ ਹੈ। ਇਸ ਮੌਕੇ ਕ੍ਰਿਸ਼ਨ ਜੀ ਦੀ ਮੂਰਤੀ ਨੂੰ ਰੱਥ ਵਿਚ ਬਿਠਾਉਂਦੇ ਹਨ, ਜੋ ਰਥ ੧੬ ਪਹੀਆਂ ਵਾਲਾ ਤੇ ੪੮ ਫੁਟ ਉੱਚਾ ਹੁੰਦਾ ਹੈ, ਭਗਤ ਲੋਕ ਇਸ ਰੱਥ ਨੂੰ ਖਿੱਚਦੇ ਹਨ। ਕਈ ਲੋਕ ਰੱਥ ਹੇਠਾਂ ਆ ਕੇ ਮਰ ਭੀ ਜਾਂਦੇ ਹਨ ਤੇ ਆਪਣੇ ਆਪ ਨੂੰ ਮੁਕਤ ਰੂਪ ਸਮਝਦੇ ਹਨ।*

ਬਲਰਾਮ ਦਾ ਰੱਥ ੧੪ ਪਹੀਆਂ ਵਾਲਾ ਤੇ ੪੪ ਫੁਟ ਉੱਚਾ ਹੁੰਦਾ ਹੈ। ਸੁਭੱਦਰਾਂ ਦਾ ਰੱਥ ੧੨ ਪਹੀਆਂ ਵਾਲਾ ਤੇ ੪੩ ਫੁਟ ਉੱਚਾ ਹੁੰਦਾ ਹੈ।

ਵਾ:-ਏਤੇ=ਜਿਤਨੇ ਕੁ ਇਸਤ੍ਰੀਆਂ ਮਰਦ ਬਣਾਏ ਹਨ।

ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥ ੫ ॥

ਰਾਮ ਤੇ ਅੱਲ੍ਹਾ ਜੋ ਅਭੇਦ ਰੂਪ ਹਨ, ਮੈਂ ਕਬੀਰ ਉਸ ਦਾ *ਪੂੰਗਰਾ=ਬੱਚਾ (ਪੁੱਤ੍ਰ) ਹਾਂ। ਹਿੰਦੂਆਂ ਦੇ ਮਤ ਵਿਚ ਜੋ ਬ੍ਰਹਮ ਗਿਆਨੀ ਹਨ, ਉਹ ਸਾਡੇ ਗੁਰੂ ਹਨ ਅਤੇ ਮੁਸਲਮਾਨਾਂ ਦੇ ਮਤ ਵਿਚ ਜੋ ਬ੍ਰਹਮ ਗਿਆਨੀ ਹਨ, ਉਹ ਸਾਡੇ ਪੀਰ ਹਨ। ਵਾ:-ਹਿੰਦੂਆਂ ਤੇ ਮੁਸਲਮਾਨਾਂ ਦੇ ਜੋ ਗੁਰੂ ਪੀਰ ਹਨ, ਉਹ ਸਭ ਸਾਡੇ ਹੀ ਪੀਰ=ਪੂਜਨੀਕ ਹਨ॥ ੫ ॥

ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥

ਕਬੀਰ ਜੀ ਕਹਿੰਦੇ ਹਨ—ਹੇ ਨਰ+ਨਰਵੈ=ਪੁਰਸ਼ ਇਸਤ੍ਰੀਓ ! ਤੁਸੀਂ ਸੁਣਨਾ ਕਰੋ, ਤੁਸੀਂ ਇਕ ਅਕਾਲ ਪੁਰਖ ਦੀ ਸ਼ਰਨ ਪਵੋ। ਵਾ:-ਹੇ ਨਰੋ ! ਨਰਵੈ=ਨਿਰਣਾ ਸੁਣੋ।

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥ ੬ ॥ ੨ ॥

ਹੇ ਪ੍ਰਾਨੀ=ਪ੍ਰਾਣ ਧਾਰੀ ਜੀਵੋ ! ਸਾਰੇ ਧੰਧੇ ਛੱਡ ਕੇ ਕੇਵਲ ਨਾਮ ਜਪਣਾ ਕਰੋ, ਤਦ ਹੀ ਤੁਹਾਡਾ ਨਿਸਚੇ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਹੋਵੇਗਾ॥ ੬ ॥ ੨ ॥

ਕੋਟਿ ਮਨੋਰਥ ਆਵਹਿ ਹਾਥ॥ ਜਮ ਮਾਰਗ ਕੈ ਸੰਗੀ ਪਾਂਥ॥ ੧ ॥

ਗੰਗਾ ਜਲੁ ਗੁਰ ਗੋਬਿੰਦ ਨਾਮ। ਜੋ ਸਿਮਰੈ ਤਿਸ ਕੀ ਗਤਿ ਹੋਵਹਿ ਪੀਵਤ ਬਹੁੜਿ ਨ ਜੋਨਿ ਭ੍ਰਮਾਮ॥

(ਪੰਨਾ ੧੧੩੨)

ਪ੍ਰਭਾਤੀ

ਉਥਾਨਕਾ: — ਇਕ ਪ੍ਰੇਮੀ ਨੇ ਕਬੀਰ ਜੀ ਦੇ ਪਾਸ ਆ ਕੇ ਪੁੱਛਿਆ, ਜਗਤ ਦੀ ਉਤਪਤੀ ਕਿਥੋਂ ਹੋਈ ਹੈ ਅਤੇ ਇਹ ਜਗਤ ਕੀ ਰੂਪ ਹੈ? *ਉੱਤਰ:-*

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥

ਸਭ ਤੋਂ ਅਵਲਿ=ਪਹਿਲੇ, ਨੂਰੁ=ਪ੍ਰਕਾਸ਼ ਰੂਪ ਅੱਲ੍ਹਾ ਨੇ ਆਪਣੀ ਕੁਦਰਤ ਦੁਆਰਾ ਸਭ ਬੰਦਿਆਂ ਨੂੰ ਉਪਾਇਆ=ਉਤਪੰਨ ਕੀਤਾ ਹੈ।

*ਅਥਵਾ:-*ਸਭ ਤੋਂ ਪਹਿਲਾਂ ਅੱਲ੍ਹਾ ਨੇ ਨੂਰ ਤੇ ਕੁਦਰਤ ਦੁਆਰਾ ਸਭ ਬੰਦਿਆਂ ਨੂੰ ਉਤਪੰਨ ਕੀਤਾ ਹੈ।

ਅਰਥਾਤ ਨੂਰੁ=ਚੇਤਨ ਤੇ ਕੁਦਰਤਿ=ਮਾਇਆ, ਇਨ੍ਹਾਂ ਦੋਹਾਂ ਦੇ ਮਿਲਾਪ ਕਰਕੇ ਭਾਵ ਮਾਇਆ ਸਬਲ ਤੋਂ ਸਭ ਜੀਵਾਂ ਨੂੰ ਉਤਪੰਨ ਕੀਤਾ ਹੈ।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥

ਇਕ ਨੂਰ=ਚੇਤਨ ਤੋਂ ਸਾਰਾ ਸੰਸਾਰ ਉਤਪੰਨ ਹੋਇਆ ਹੈ, ਭਲਾ ਦੱਸੋ ਖਾਂ ਚੰਗੇ ਕੌਣ ਤੇ ਮੰਦੇ ਕੌਣ ਹਨ॥ ੧ ॥

---

*ਪੂੰਗਰਾ ਪੁੱਤ੍ਰ ਦਾ ਨਾਮ ਹੈ,

ਯਥਾ:-ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥ ੭॥ (ਪੰਨਾ ੧੧੬੫)

[ਪੰਨਾ ੧੩੫੦]

ਲੋਗਾ ਭਰਮਿ ਨ ਭੂਲਹੁ ਭਾਈ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥

ਹੇ ਭਾਈ ਲੋਕੋ ! ਆਪ ਨੂੰ ਵੱਡਾ ਜਾਨਣਾ ਹੋਰਨਾਂ ਨੂੰ ਛੋਟਾ ਜਾਨਣਾ, ਇਸ ਭਰਮ ਵਿਚ ਨਾ ਭੁਲਣਾ ਕਰੋ। ਜਿਵੇਂ ਰੱਜੂ ਵਿਚ ਸੱਪ ਦਾ ਭਰਮ ਹੈ, ਸਿੱਪੀ ਵਿਚ ਚਾਂਦੀ ਦਾ ਭਰਮ ਹੈ, ਤਿਵੇਂ ਈਸ਼ਵਰ ਵਿਚ ਜਗਤ ਦਾ ਭਰਮ ਹੈ। ਵਾਸਤਵ ਵਿਚ ਸਾਰੇ ਪਰਮੇਸ਼ਰ ਹੀ ਹੈ ਐਵੇਂ ਭਰਮ ਵਿਚ ਨਾ ਭੁਲਣਾ ਕਰੋ॥ ੧॥ ਰਹਾਉ॥

ਵਾ:-ਹੇ ਲੋਕੋ ! ਭਰਮ ਵਿਚ ਨਾ ਭੁਲੋ ਸਾਡੀ ਸਿੱਖਿਆ ਭਾਈ=ਪ੍ਰੇਮ ਸਹਿਤ ਸੁਣੋ।

ਖਾਲਿਕੁ=ਪਰਮਾਤਮਾ ਖਲਕਤ ਵਿਚ ਹੈ ਤੇ ਖਲਕਲ ਖਾਲਿਕੁ=ਪਰਮੇਸ਼ਰ ਵਿਚ ਹੈ, ਇਸ ਤਰ੍ਹਾਂ ਸਾਰੀਆਂ ਜਗ੍ਹਾਂ 'ਪਰ ਪੂਰਨ ਹੋ ਰਿਹਾ ਹੈ। ਵਾ:-ਖਾਲਿਕੁ=ਪਰਮੇਸ਼ਰ ਵਿਚ ਖਲਕਤ ਕਲਪਤ ਰੂਪ ਹੈ, ਰੱਜੂ ਵਿਚ ਸੱਪ ਦੀ ਨਿਆਈਂ ਅਤੇ ਖਾਲਿਕੁ=ਪਰਮੇਸ਼ਰ ਖਲਕਤ ਦਾ ਅਧਿਸ਼ਠਾਨ ਰੂਪ ਹੈ, ਜਿਵੇਂ ਰੱਜੂ ਸੱਪ ਦਾ ਆਸਰਾ ਰੂਪ ਹੈ।

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥

ਜਿਸ ਤਰ੍ਹਾਂ ਮਿੱਟੀ ਇੱਕ ਹੁੰਦੀ ਹੈ, ਪਰ ਸਾਜਨ+ਹਾਰੈ=ਘੁਮਿਆਰ ਘੜੇ, ਮਟ, ਪਿਆਲੀਆਂ, ਕਸੋਰੇ, ਤੋੜੀ, ਕੁੱਜੇ ਆਦਿਕ ਅਨੇਕ ਤਰ੍ਹਾਂ ਕਰਕੇ ਸਾਜਨਾ ਕਰਦਾ ਹੈ।

ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥ ੨॥

ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਨਾ ਕੁਝ ਪੋਚ=ਨੂਨਤਾ ਮਿੱਟੀ ਦੇ ਭਾਂਡਿਆਂ ਵਿਚ ਹੈ ਅਤੇ ਨਾ ਹੀ ਕੁਛ ਪੋਚ=ਨੂਨਤਾ ਘੁਮਿਆਰ ਵਿਚ ਹੈ।

ਯਥਾ:- ਕੁਮਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥

ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥ ੨॥ *(ਆਸਾ ਕਬੀਰ ਜੀ ਪੰਨਾ ੪੭੯)*

ਏਸੇ ਤਰ੍ਹਾਂ ਪੰਜਾਂ ਤੱਤਾਂ ਰੂਪੀ ਮਿੱਟੀ ਇੱਕ ਹੈ, ਸਾਜਨਹਾਰ ਪਰਮਾਤਮਾ ਨੇ ਅਨੇਕ ਤਰ੍ਹਾਂ ਦੇ ਰਾਜਸੀ ਸਾਤਕੀ ਤਾਮਸੀ ਭੇਦ ਕਰਕੇ ਜੀਵਾਂ ਰੂਪ ਭਾਂਡੇ ਸਾਜੇ ਹਨ।

ਨਾ ਕੁਝ ਨੂਨਤਾ ਪੰਜਾਂ ਤੱਤਾਂ ਰੂਪ ਮਿੱਟੀ ਵਿਚ ਹੈ, ਨਾ ਹੀ ਕੁਛ ਨੂਨਤਾ ਭਾਂਡੇ=ਜੀਵਾਂ ਵਿਚ ਹੈ, ਨਾ ਕੁਝ ਪੋਚ=ਨੂਨਤਾ ਪਰਮੇਸ਼ਰ ਰੂਪੀ ਘੁਮਿਆਰ ਵਿਚ ਹੈ। ਆਪਣੇ ਕਰਮਾਂ ਵਿਚ ਹੀ ਨੂਨਤਾ ਹੈ॥ ੨॥

ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥

ਸਾਰਿਆਂ ਵਿਚ ਓਹੀ ਇਕ ਸੱਚਾ ਪਰਮਾਤਮਾ ਹੈ, ਉਸ ਦਾ ਕੀਤਾ ਹੋਇਆ ਸਭ ਕੁਝ ਹੋ ਰਿਹਾ ਹੈ, ਅਰਥਾਤ ਸੰਸਾਰ ਦੀ ਉਤਪਤੀ ਪਾਲਣਾ ਲੈਤਾ ਉਸ ਵਲੋਂ ਹੀ ਹੋ ਰਹੀ ਹੈ।

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥ ੩॥

ਜੋ ਆਦਮੀ ਇਕ ਵਾਹਿਗੁਰੂ ਦੇ ਹੁਕਮ ਨੂੰ ਪਛਾਨਣਾ ਜਾਣਦਾ ਹੈ, ਓਹੀ ਸ੍ਰੇਸ਼ਟ ਬੰਦਾ ਕਹੀਂਦਾ ਹੈ॥ ੩॥

ਯਥਾ:- ਬੰਦਉ ਹੋਇ ਬੰਦਗੀ ਗਹੈ॥ ਬੰਦਕ ਹੋਇ ਬੰਧ ਸੁਧਿ ਲਹੈਂ॥ ੨੯॥ (ਪੰਨਾ ੩੪੧)

ਤਥਾ:- ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥ ੪॥ ੨॥ (ਪੰਨਾ ੩੫੯)

ਤਥਾ:- ਬੰਦੇ ਬੰਦਗੀ ਇਕਤੀਆਰ॥ ਸਾਹਿਬੁ ਰੋਸੁ ਧਰਉ ਕਿ ਪਿਆਰੁ॥ ੧॥ (ਪੰਨਾ ੩੩੮)

ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥

ਅੱਲ੍ਹਾ ਪਰਮੇਸ਼ਰ ਅਲੱਖ ਸਰੂਪ ਹੈ, ਗੁਰਾਂ ਤੋਂ ਬਿਨਾਂ ਆਪਣੇ ਆਪ ਜਾਣਿਆਂ ਨਹੀਂ ਜਾਂਦਾ।

ਪ੍ਰਸ਼ਨ:-ਆਪ ਜੀ ਨੇ ਕਿਵੇਂ ਜਾਣਿਆਂ ਹੈ ?

ਉੱਤਰ:-ਗੁਰਾਂ ਨੇ ਕ੍ਰਿਪਾ ਕਰਕੇ ਉਪਦੇਸ਼, ਵਾ:-ਗਿਆਨ ਰੂਪੀ ਮਿੱਠਾ ਗੁੜ ਦਿੱਤਾ ਹੈ।

ਯਥਾ:- ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥ (ਪੰਨਾ ੩੬੦)

ਇਸ ਤਰ੍ਹਾਂ ਮੈਂ ਪਰਮਾਤਮਾ ਨੂੰ ਜਾਣ ਲਿਆ ਹੈ।

ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ ੪॥ ੩॥

ਕਬੀਰ ਜੀ ਕਹਿੰਦੇ ਹਨ—ਉਸ ਗਿਆਨ ਕਰਕੇ ਮੇਰੀ ਸ਼ੰਕਾ ਦੂਰ ਹੋ ਗਈ ਹੈ ਅਤੇ ਨਿਰੰਜਨ ਪਰਮਾਤਮਾ ਨੂੰ ਸਾਰਿਆਂ ਵਿਚ ਪਰੀਪੂਰਨ ਵੇਖਿਆ ਹੈ, ਭਾਈ ਘਨੱਈਏ ਸਾਹਿਬ ਜੀ ਵਾਂਗੂ ॥ ੪॥ ੩॥

ਯਥਾ:- ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ॥ ੪॥

(ਸੋਰਠਿ ਮਹਲਾ ੫ ਪੰਨਾ ੬੧੨)

ਪ੍ਰਭਾਤੀ॥

ਉਥਾਨਕਾ:—ਬ੍ਰਾਹਮਣ ਤੇ ਕਾਜ਼ੀ ਆਪਸ ਵਿਚ ਕੁਰਬਾਨੀ ਦੀਆਂ ਗੱਲਾਂ ਉਤੇ ਝਗੜਦੇ ਹੋਏ ਵੇਦਾਂ ਕਤੇਬਾਂ ਦਾ ਖੰਡਨ ਕਰ ਰਹੇ ਸਨ, ਅਚਾਨਕ ਹੀ ਉੱਪਰੋਂ ਕਬੀਰ ਜੀ ਆ ਗਏ ਤੇ ਉਹਨਾਂ ਦੇ ਝਗੜੇ ਨੂੰ ਸੁਣ ਕੇ ਉਪਦੇਸ਼ ਦੇਂਦੇ ਹਨ—

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥

ਹੇ ਭਾਈ! ਵੇਦਾਂ ਕਤੇਬਾਂ ਨੂੰ ਮਤ ਝੂਠਾ ਕਹੋ, ਝੂਠਾ ਉਹ ਆਦਮੀ ਹੈ ਜੋ ਇਨ੍ਹਾਂ ਦੇ ਸਿਧਾਂਤ ਨੂੰ ਵਿਚਾਰਦਾ ਨਹੀਂ ਹੈ।

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥ ੧॥

ਜੇ ਤੁਸੀਂ ਸਾਰਿਆਂ ਵਿਚ ਇਕ ਪਰਮਾਤਮਾ ਪਰੀਪੂਰਨ ਕਹਿੰਦੇ ਹੋ, ਤਾਂ ਫਿਰ ਮੁਰਗੀ ਆਦਿਕਾਂ ਨੂੰ ਕਿਉਂ ਮਾਰਦੇ ਹੋ॥ ੧॥ (ਜਾਂ ਉਸ ਨੂੰ ਪਰੀਪੂਰਨ ਨਾ ਕਹੋ)

ਮੁਲਾਂ ਕਹਹੁ ਨਿਆਉ ਖੁਦਾਈ॥
ਤੇਰੇ ਮਨ ਕਾ ਭਰਮੁ ਨ ਜਾਈ॥ ੧॥ ਰਹਾਉ॥

ਹੇ ਮੁਲਾਂ ! ਮੈਂ ਖੁਦਾ ਸਬੰਧੀ ਨਿਰਣਾ ਕਹਿੰਦਾ ਹਾਂ, ਖੁਦਾ ਸਬੰਧੀ ਨਿਰਣਾ ਇਸ ਕਰਕੇ ਕਹਿਣ ਲੱਗਾ ਹਾਂ "ਕਿਉਂਕਿ ਬਾਹਜ ਗੱਲਾਂ ਕਰਨ ਨਾਲ ਤੇਰੇ ਮਨ ਦਾ ਭਰਮ ਨਹੀਂ ਜਾਂਦਾ। ਤੂੰ ਮੁਰਗੀ ਵਿਚ ਹੋਰ ਪਰਮੇਸ਼ਰ ਅਤੇ ਆਪਣੇ ਵਿਚ ਹੋਰ ਪਰਮੇਸ਼ਰ ਜਾਣਦਾ ਹੈਂ।" ਵਾ:-ਹਿੰਦੂਆਂ ਨੂੰ ਮਾੜਾ ਤੇ ਆਪ ਨੂੰ ਚੰਗਾ

ਸਮਝਣਾ, ਇਹ ਤੇਰੇ ਮਨ ਦਾ ਭਰਮ ਨਹੀਂ ਜਾਂਦਾ॥ ੧॥ ਰਹਾਉ॥

ਪਹਿਲੇ ਤੂੰ ਇਹ ਦੱਸ, ਮਿੱਟੀ ਨੂੰ ਹਲਾਲ ਕੀਤਾ ਹੈ ਜਾਂ ਰੂਹ ਨੂੰ ?

ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ॥

ਕਿਸੇ ਜੀਅ ਨੂੰ ਫੜ ਕੇ ਲਿਆਂਦਾ ਤੇ ਛੁਰੀ ਫੇਰ ਕੇ ਉਸ ਦੀ ਦੇਹ ਬਿਨਾਸੀ=ਨਾਸ ਕਰ ਦਿੱਤੀ, ਤਾਂ ਸਮਝੋ ਇਹ ਤੁਸੀਂ ਮਿੱਟੀ ਨੂੰ ਹੀ ਬਿਸਮਿਲਿ=ਹਲਾਲ ਕੀਤਾ ਹੈ। ਜੇ ਤੁਸੀਂ ਕਵੋ ਕਿ ਅਸਾਂ ਨੇ ਰੂਹ ਨੂੰ ਹਲਾਲ ਕੀਤਾ ਹੈ, ਤਾਂ ਕਬੀਰ ਜੀ ਨੇ ਕਿਹਾ—

ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥ ੨॥

ਜੋਤਿ=ਚੇਤਨ ਸੱਤਾ ਤਾਂ ਅਨਾਹਦ ਸਰੂਪ ਪਰਮਾਤਮਾਂ ਦੇ ਨਾਲ ਜਾ ਲੱਗੀ ਹੈ, ਤਾਂ ਦੱਸੋ, ਹਲਾਲ ਕਿਸ ਚੀਜ਼ ਦਾ ਕੀਤਾ ਹੈ। ਗੁਰਮੁਖਾਂ ਦੀ ਜੋਤ ਤਾਂ ਪਰਮਾਤਮਾ ਨਾਲ ਜਾ ਲੱਗਦੀ ਹੈ ਤੇ ਮਨਮੁਖਾਂ ਦੀ ਜੋਤ ਅਨਾਹਤ=ਇਕ ਰਸ ਹੋਰ ਜੂਨੀਆਂ ਵਿਚ ਜਾ ਲੱਗਦੀ ਹੈ॥ ੨॥

ਯਥਾ:- ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥ ਸਬਦਿ ਅਤੀਤਿ ਅਨਾਹਦਿ ਰਾਤਾ॥

(ਗਉੜੀ ਕਬੀਰ ਜੀ, ਪੰਨਾ ੩੨੭)

ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ॥

ਹੱਥ, ਪੈਰ, ਅਰਕਾਂ, ਮੂੰਹ ਆਦਿ ਧੋਣਾ ਰੂਪ *ਉਜੂ=ਪੰਜ ਇਸ਼ਨਾਨਾਂ ਕਰਕੇ ਜੇ ਆਪਣੇ ਆਪ ਨੂੰ ਪਾਕੁ+ਕੀਆ=ਪਵਿੱਤਰ ਕਰ ਲਿਆ ਤਾਂ ਕੀ ਹੋਇਆ ਅਤੇ ਜੇ ਮਸੀਤ ਵਿਖੇ ਸਿਰ ਲਾਇਆ=ਨਿਵਾਇਆ ਤਾਂ ਕੀ ਹੋ ਗਿਆ।

ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ॥ ੩॥

ਜੇਕਰ ਦਿਲ ਵਿਚ ਕਪਟ ਦੇ ਸਹਿਤ ਹੋ ਕੇ ਨਿਮਾਜ਼ਾਂ ਨੂੰ ਗੁਜਾਰਹੁ=ਪੜ੍ਹਦੇ ਹੋ ਤਾਂ ਹਾਜੀ ਹੋ ਕੇ ਕਾਬੇ ਦੀ ਜ਼ਿਆਰਤ ਨੂੰ ਕਿਸ ਵਾਸਤੇ ਜਾਣਾ ਹੈ॥ ੩॥

ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ॥

ਹੇ ਮੁਲਾਂ ! ਇਸ ਰੀਤੀ ਨਾਲ ਤੂੰ ਬੜਾ ਨਾਪਾਕੁ=ਅਪਵਿੱਤਰ ਹੋ ਰਿਹਾ ਹੈਂ, ਤੈਨੂੰ ਪਾਕੁ=ਪਵਿੱਤਰ ਰੂਪ ਪਰਮਾਤਮਾ ਸੂਝਿਆ=ਸਾਖਿਆਤਕਾਰ ਨਹੀਂ ਹੋਇਆ, ਕਿਉਂਕਿ ਦਇਆ, ਧਰਮ, ਸੱਤ, ਸੰਤੋਖ ਆਦਿਕ ਸਾਧਨਾਂ ਦੁਆਰੇ ਤੈਂਨੇ ਉਸ ਦੀ ਪ੍ਰਾਪਤੀ ਦਾ ਭੇਦ ਜਾਣਿਆਂ ਨਹੀਂ ਹੈ।

ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ॥ ੪॥ ੪॥

ਕਬੀਰ ਜੀ ਆਖਦੇ ਹਨ-ਹੇ ਮੁਲਾਂ ! ਇਸ ਰੀਤੀ ਦੇ ਕਰਨ ਨਾਲ ਤੂੰ ਭਿਸਤਿ=ਸਵਰਗ ਵਿਚ ਜਾਣ ਤੋਂ

**ਉਜੂ-ਪੰਜ ਇਸ਼ਨਾਨਾਂ ਕਰਨ ਨੂੰ ਆਖਦੇ ਹਨ:-*

(੧) ਮੱਥੇ ਤੋਂ ਲੈ ਕੇ ਠੋਡੀ ਤੱਕ ਮੂੰਹ ਧੋਣਾ ਤੇ ਕੰਨਾਂ ਵਿਚ ਭੀ ਤੇ ਨਾਸਾਂ ਵਿਚ ਭੀ ਪਾਣੀ ਨਾਲ ਚੀਚੀ ਉਂਗਲ ਦਾ ਫੇਰਨਾ ਇਹ ਸਾਰਾ ਇਕ ਅੰਗ ਹੈ। (੨) ਅਰਕਾਂ ਤੱਕ ਹੱਥਾਂ ਬਾਂਹਾਂ ਦਾ ਧੋਣਾ। (੩) ਗੋਡਿਆਂ ਤੱਕ ਲੱਤਾਂ ਪੈਰਾਂ ਦਾ ਧੋਣਾ। (੪) ਲਿੰਗ ਇੰਦ੍ਰੀ ਦਾ ਧੋਣਾ। (੫) ਗੁਦਾ ਦਾ ਧੋਣਾ।
(ਉਠ ਫਰੀਦਾ ਉਜੂ ਸਾਜ) ਵਾਲੇ ਸਲੋਕ 'ਪਰ' ਚੰਗੀ ਤਰ੍ਹਾਂ ਉਜੂ ਦਾ ਨਿਰਣਾ ਕੀਤਾ ਹੈ।

ਚੂਕਾ=ਭੁੱਲ ਗਿਆ ਹੈਂ ਅਤੇ ਦੋਜਕ=ਨਰਕਾਂ ਵਿਚ ਜਾਣ ਨਾਲ ਤੇਰਾ ਮਨ ਮੰਨਿਆਂ ਗਿਆ ਹੈ॥ ੪॥ ੪॥

ਪ੍ਰਭਾਤੀ॥

ਉਥਾਨਕਾ: — ਇਕ ਦਿਨ ਭਗਵਾਨ ਨੇ ਅਕਾਸ਼ ਬਾਣੀ ਦੁਆਰੇ ਭਗਤ ਕਬੀਰ ਜੀ ਨੂੰ ਕਿਹਾ ਹੋਰ ਸਭਨਾਂ ਭਗਤਾਂ ਨੇ ਮੇਰੀ ਆਰਤੀ ਕੀਤੀ ਹੈ, ਇਕ ਤੂੰ ਨਹੀਂ ਕੀਤੀ। ਇਹ ਗੱਲ ਸੁਣ ਕੇ ਹੁਣ ਕਬੀਰ ਜੀ "ਪ੍ਰਭਾਤੀ ਰਾਗੁ ਵਿਚ" ਭਗਵਾਨ ਜੀ ਅੱਗੇ ਆਰਤੀ ਕਰਦੇ ਹਨ, ਜਿਵੇਂ ਪਿੱਛੇ ਧਨਾਸਰੀ ਰਾਗੁ ਵਿਚ ਸਾਰਿਆਂ ਭਗਤਾਂ ਨੇ ਆਰਤੀਆਂ ਕੀਤੀਆਂ ਹਨ।

ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ॥

ਹੇ ਦੇਵਤਿਆਂ ਦੇ ਦੇਵ ! ਵਾ:-ਪ੍ਰਕਾਸ਼ਾਂ ਦੇ ਪ੍ਰਕਾਸ਼ਕ ! ਵਾ:-ਹੇ ਸੂਰਜਾਂ ਦੇ ਸੂਰਜ ਰੂਪ !

ਵਾ:-ਰਾਜਿਆਂ ਦੇ ਰਾਜਾ ਸੁੰਨ=ਅਫੁਰ ਰੂਪ ਪਰਮਾਤਮਾ ! ਮੈਂ ਤੇਰੀ ਸੰਧਿਆ=ਆਰਤੀ ਕਰਦਾ ਹਾਂ ਆਪ ਸੁਨਣਾ ਕਰੋ, ਆਪ ਕੈਸੇ ਹੋ ਕਿ ਸਾਰਿਆਂ ਦੇ ਅਧਪਤਿ=ਰਾਜਾ ਰੂਪ ਹੋ ਕੇ ਸੁਆਮੀ ਹੋ, ਸਾਰਿਆਂ ਦੇ ਆਦਿ ਰੂਪ ਹੋ ਅਤੇ ਸਭ ਵਸਤੂਆਂ ਵਿਚ ਸਮਾਅ ਰਹੇ ਹੋ।*

ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ॥ ੧॥

ਸਮਾਧੀਆਂ ਦੇ ਲਗਾਉਣ ਵਾਲੇ ਚੁਰਾਸੀ ਸਿੱਧਾਂ ਨੇ ਵੀ ਆਪ ਜੀ ਦਾ ਅੰਤ ਨਹੀਂ ਪਾਵਣਾ ਕੀਤਾ, ਉਹ ਸਾਰਿਆਂ ਜਤਨਾਂ ਨੂੰ ਛੱਡ ਕੇ ਇਕ ਆਪ ਜੀ ਦੇ ਚਰਨਾਂ ਦੀ ਸ਼ਰਨ ਵਿਚ ਲੱਗ ਰਹੇ ਹਨ॥ ੧॥

ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ॥

ਹੇ ਨਿਰੰਜਨੁ=ਮਾਇਆ ਮਲ ਅਵਿੱਦਿਆ ਤੋਂ ਰਹਿਤ ਅਕਾਲ ਪੁਰਖ ! ਆਪ ਅਸਾਡੀ ਕੀਤੀ ਹੋਈ ਆਰਤੀ ਨੂੰ ਮਨਜ਼ੂਰ ਕਰ ਲਵੋ। ਕਿਉਂਕਿ ਪੂਰਨ ਸਤਿਗੁਰਾਂ ਦੇ ਉਪਦੇਸ਼ ਦੁਆਰਾ ਭਾਈ=ਪ੍ਰੇਮ ਸਹਿਤ ਆਪ ਜੀ ਨੂੰ ਪੂਜਦੇ ਹਾਂ।

ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ॥ ੧॥ ਰਹਾਉ॥

ਜਿਸ ਆਪ ਜੀ ਦੇ ਦਰਵਾਜ਼ੇ 'ਪਰ ਬ੍ਰਹਮਾ ਠਾਢਾ=ਖੜ੍ਹਾ ਹੋ ਕੇ ਨਿਗਮ=ਬੇਦਾਂ ਦਾ ਵਿਚਾਰ ਕਰਦਾ ਹੈ। ਪਰ ਹੇ ਅਲਖ ਸਰੂਪ ਪਰਮਾਤਮਾ ! ਗੁਰੂ ਤੋਂ ਬਿਨਾਂ ਤੂੰ ਵੇਦਾਂ ਦੁਆਰੇ ਵੀ ਜਾਣਿਆਂ ਨਹੀਂ ਜਾਂਦਾ॥ ੧॥ ਰਹਾਉ॥

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜਾਰਾ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ॥ ੨॥

ਤਤ ਮਿਥਿਆ ਦਾ ਵਵੇਚਨ ਕਰਨੇ ਰੂਪ ਤੇਲ ਪਾਇਆ ਹੈ, ਨਾਮ ਨੂੰ ਵੱਟੀ ਬਨਾਉਣਾ ਕੀਤਾ ਹੈ ਅਤੇ ਉਜਾਰਾ=ਪ੍ਰਗਟ ਹੀ ਅਸਥੂਲ ਦੇਹ ਨੂੰ ਦੀਵਾ ਬਣਾਇਆ ਹੈ। ਉਸ ਅਸਥੂਲ ਦੇਹ ਰੂਪ ਦੀਵੇ ਵਿਚ ਨਾਮ ਰੂਪ

---

*(ਵਾ:-ਇਕੱਠੇ ਅੱਖਰ ਲਗਾਵਣੇ—) ਹੇ ਸਰਬ ਤੋਂ ਵੱਡੇ ਪਾਤਿਸ਼ਾਹ ! ਆਪ ਆਦਿ ਤੋਂ ਹੀ ਭਾਵ ਮੁੱਢ ਤੋਂ ਹੀ ਸਾਰੇ ਸੰਸਾਰ ਵਿਚ ਸਮਾਅ ਰਹੇ ਹੋ। ਵਾ:-ਹੋਰ ਸਾਰੇ ਆਪ ਤੋਂ ਅਧ=ਨੀਵੇਂ ਹਨ, ਆਪ ਸਭ ਦੇ ਪਤੀ ਹੋ। ਹੇ ਆਦੀ ਸਰੂਪ ! ਤੇਰੀ ਸੱਤਾ ਸਭ ਵਿਚ ਸਮਾਈ ਹੋਈ ਹੈ।

ਵਾ:-ਹੇ ਅਧਪਤੀ ! ਜੋ ਸਾਡੀ ਬਿਰਤੀ ਤੇਰੇ ਵਿਚ ਸਮਾਈ ਹੈ, ਇਹੋ ਸਾਡੇ ਵਲੋਂ ਆਪ ਜੀ ਦੀ ਆਰਤੀ ਹੈ।

ਵੱਟੀ ਰੱਖ ਕੇ, ਤਤ ਮਿਥਿਆ ਦਾ ਵਵੇਚਨ ਕਰਨੇ ਰੂਪ ਤੇਲ ਪਾ ਕੇ ਗੁਰਾਂ ਦੀ ਸਹਾਇਤਾ ਦੁਆਰੇ, ਹੇ ਜਗਦੀਸ਼ ! ਆਪ ਜੀ ਦੇ ਜਗਾਇਆ=ਗਿਆਨ ਰੂਪ ਜੋਤਿ=ਅੱਗ ਨੂੰ ਲੱਗਾ ਕੇ ਜਿਸ ਵੇਲੇ ਐਸਾ ਦੀਪਕ ਬਾਲਿਆ ਤਾਂ ਮੈਂ ਬੁਝਣੇ ਵਾਲਾ ਹੋ ਕੇ ਆਪ ਜੀ ਨੂੰ ਬੁਝਣਾ ਕੀਤਾ ॥ ੨॥

ਜਿਵੇਂ ਆਰਤੀ ਤੋਂ ਪਿੱਛੋਂ ਅਸਤੋਤ੍ਰ ਪੜ੍ਹਦੇ ਹਨ, ਤਿਵੇਂ ਮੈਂ ਭੀ ਅਸਤੋਤ੍ਰ ਪੜ੍ਹਦਾ ਹਾਂ।

ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥

ਜਿਸ ਵੇਲੇ ਅਨਾਹਦ=ਇਕ ਰਸ ਦਸਮ ਦੁਆਰ ਦੇ ਤਤ ਤੰਤੀ ਆਦਿਕ ਪੰਜ ਸ਼ਬਦ ਵੱਜੇ,

ਵਾ:-ਸੁਧੋਹੰ ਬੁਧੋਹੰ ਨਿਰਵਿਕਾਰੋਹੁੰ ਆਦਿ ਇਕ ਰਸ ਪੰਜ ਸ਼ਬਦ ਵੱਜੇ ਤਾਂ ਹੇ ਸਾਰਿੰਗਪਾਨੀ ਪਰਮਾਤਮਾ ! ਆਪ ਜੀ ਨੂੰ ਨਾਲ ਹੀ ਨਿਸਚੇ ਕੀਤਾ।

ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥ ੩ ॥ ੫ ॥

ਕਬੀਰ ਜੀ ਆਖਦੇ ਹਨ—ਹੇ ਨਿਰੰਕਾਰ ਵਾਹਿਗੁਰੂ ! ਨਿਰਬਾਨੀ=ਦੁੱਖਾਂ ਤੋਂ ਰਹਿਤ ਮੈਂ ਦਾਸਾ ਭਾਵ ਨੂੰ ਧਾਰ ਕੇ ਆਪ ਜੀ ਦੀ ਆਰਤੀ ਕੀਤੀ ਹੈ। ਇਸ 'ਤੇ ਮੇਰੀ ਕੀਤੀ ਹੋਈ ਆਰਤੀ ਨੂੰ ਆਪ ਕਬੂਲ ਕਰ ਲਵੋ॥ ੩॥ ੫॥

ਪ੍ਰਭਾਤੀ ਬਾਣੀ ਭਗਤ ਨਾਮਦੇਵ ਜੀ ਕੀ

੧ਓ ਸਤਿਗੁਰ ਪ੍ਰਸਾਦਿ॥

ਉਥਾਨਕਾ: — ਜਦ ਨਾਮਦੇਵ ਜੀ ਨੂੰ ਹਾਥੀ ਅੱਗੇ ਸੁਟਿਆ ਗਿਆ ਤਦ ਵਾਹਿਗੁਰੂ ਨੇ ਆਪ ਸਹਾਇਤਾ ਕੀਤੀ। ਵਾ:-ਜਿਸ ਵੇਲੇ ਸਲੇਮ ਬਾਦਸ਼ਾਹ ਤੋਂ ਛੁਟਕੇ ਨਾਮਦੇਵ ਜੀ ਆਏ ਤਾਂ ਪਿੱਛੋਂ ਲੋਕਾਂ ਨੇ ਮੂੰਹ ਰੱਖਣੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿੱਤੀਆਂ "ਕਿ ਮਹਾਰਾਜ ਜੀ ! ਤੁਸੀਂ ਅਸਾਨੂੰ ਕਹਿੰਦੇ ਅਸੀਂ ਆਪ ਨੂੰ ਇਤਨੀ ਤਕਲੀਫ਼ ਵੀ ਨਹੀਂ ਸੀ ਹੋਣ ਦੇਣੀ", ਤਾਂ ਨਾਮਦੇਵ ਜੀ ਨੇ ਕਿਹਾ, ਇਹ ਸਭ ਤੁਹਾਡੀਆਂ ਮੂੰਹ ਰੱਖਣੀਆਂ ਗੱਲਾਂ ਹਨ। ਤੁਹਾਨੂੰ ਕਹਿਣ ਦੀ ਕੀ ਲੋੜ ਹੈ, ਉਸ ਪਾਸ ਕਹਿਣਾ ਚਾਹੀਦਾ ਹੈ ਜੋ ਸੁਣ ਕੇ ਦੁੱਖ ਨੂੰ ਦੂਰ ਕਰੇ।

ਮਨੁੱਖ ਨੂੰ ਚਾਹੀਦਾ ਹੈ ਕਿ-

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ॥

ਆਪਣੇ ਮਨ ਦੇ ਦੁੱਖ ਸੁਖ ਦੀ ਬਿਰਥਾ=ਗੱਲ ਨੂੰ ਆਪਣੇ ਮਨ ਵਿਚ ਹੀ ਜਾਨਣਾ ਕਰੇ। ਅਗਿਆਨੀਆਂ ਪਾਸ ਕਹਿਣ ਦੀ ਕੋਈ ਲੋੜ ਨਹੀਂ। ਕੈ=ਅਥਵਾ, ਬੁਝਣ ਵਾਲੇ ਸਤਿਗੁਰਾਂ ਅੱਗੇ,

ਵਾ:-ਪਰਮੇਸ਼ਰ ਅੱਗੇ ਕਥਨ ਕਰੀਏ ਜੋ ਸੁਣ ਕੇ ਅੱਗੋਂ ਪੀੜਾ ਨੂੰ ਦੂਰ ਕਰ ਦੇਣ।

(ਜਿਵੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕੋਈ ਭੀ ਤਕਲੀਫ ਆਉਂਦੀ ਸੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਕੇ ਮਹਲਾਂ ਚੋਂ ਕੜਾਹ ਪ੍ਰਸ਼ਾਦ ਮੰਗਵਾ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅੱਗੇ ਅਰਦਾਸ ਕਰਦੇ ਸਨ।)

ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ॥ ੧ ॥

ਸਭ ਦੇ ਘਟ ਘਟ ਦੀ ਜਾਨਣ ਵਾਲਾ ਜੋ ਅੰਤਰਜਾਮੀ ਰਾਮ ਹੈ, ਮੈਂ ਉਸ ਅੱਗੇ ਬੇਨਤੀਆਂ ਰਵਾਂਈ=ਉਚਾਰਦਾ ਹਾਂ ਇਸ 'ਤੇ ਹੁਣ ਮੈਨੂੰ ਕਿਵੇਂ ਡਰ ਪ੍ਰਾਪਤ ਹੋਣਾ ਚਾਹੀਦਾ ਹੈ, ਅਰਥਾਤ ਮੈਨੂੰ ਕੋਈ ਡਰ ਨਹੀਂ॥ ੧॥

ਬੇਧੀਅਲੇ ਗੋਪਾਲ ਗੁੋਸਾਈ॥

ਮੇਰਾ ਪ੍ਰਭੁ ਰਵਿਆ ਸਰਬੇ ਠਾਈ॥ ੧॥ ਰਹਾਉ॥

ਮੇਰਾ ਮਨ ਉਸ ਗੋਪਾਲ ਗੁਸਾਂਈ ਵਿਚ ਬੇਧੀਅਲੇ=ਵਿੰਨ੍ਹਿਆਂ ਗਿਆ ਹੈ।

ਜੋ ਮੇਰਾ ਪ੍ਰਭੂ ਗੁਸਾਂਈ ਸਾਰਿਆਂ ਅਸਥਾਨਾਂ 'ਪਰ ਰਵਿਆ=ਵਿਆਪਕ ਹੋ ਰਿਹਾ ਹੈ॥ ੧॥ ਰਹਾਉ॥

ਪ੍ਰਸ਼ਨ:-ਇਹ ਜੀਵ ਤਰਦਾ ਕਿਉਂ ਨਹੀਂ ? *ਉੱਤਰ:*-

ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ॥

ਕੋਈ ਤਾਂ ਹਾਟੁ=ਹੱਟੀਆਂ ਨੂੰ ਮੰਨਦਾ ਹੈ। ਕੋਈ ਪਾਟੁ=ਸ਼ਹਿਰਾਂ ਨੂੰ ਮੰਨਦਾ ਹੈ, ਕੋਈ ਹੋਰ ਪਸਾਰੇ ਨੂੰ, ਅਰਥਾਤ ਜੰਡ, ਪਿਪਲ ਆਦਿਕਾਂ ਨੂੰ ਮੰਨਦਾ ਹੈ। ਇਸ ਕਰਕੇ ਜੀਵਾਂ ਦਾ ਤਰਨਾ ਮੁਸ਼ਕਲ ਹੈ।

ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ॥

ਅਥਵਾ:-ਜੀਵਾਂ ਦਾ ਮਨ ਹੀ ਹੱਟੀ ਰੂਪ ਹੋ ਰਿਹਾ ਹੈ, ਮਨ ਹੀ ਪਾਟੁ=ਸ਼ਹਿਰ ਰੂਪ ਹੋ ਰਿਹਾ ਹੈ, ਮਨ ਹੀ ਸਰਬ ਪਸਾਰਾ ਰੂਪ ਹੋ ਰਿਹਾ ਹੈ।

ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ॥ ੨॥

ਮਾਨੈ=ਮਨ ਹੀ ਨਾਨਾ ਪਰਕਾਰਾਂ ਦੇ ਭੇਦਾਂ ਵਿਚ ਵਸਦਾ ਹੋਇਆ ਸੰਸਾਰ ਵਿਚ ਭਰਮਦਾ ਫਿਰਦਾ ਹੈ। ਇਸ ਕਰਕੇ ਜੀਵਾਂ ਦਾ ਤਰਨਾ ਨਹੀਂ ਹੁੰਦਾ॥ ੨॥

ਪ੍ਰਸ਼ਨ-ਆਪ ਕਿਸ ਦ੍ਰਿਸ਼ਟੀ ਨੂੰ ਲੈ ਕੇ ਤਰੇ ਹੋ ? *ਉੱਤਰ:*-ਉਸ ਨੂੰ ਸਾਰੇ ਵਿਆਪਕ ਜਾਣਕੇ ਮੈਂ ਤਰਿਆ ਹਾਂ।

ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ॥

ਹੱਟਾਂ ਵਿਚ ਵੀ ਪਰਮੇਸ਼ਰ ਨੂੰ ਮੰਨਿਆਂ ਹੈ, ਪਟਨਾ ਵਿਚ ਵੀ ਪਰਮੇਸ਼ਰ ਨੂੰ ਮੰਨਿਆਂ ਹੈ, ਹੋਰ ਸਾਰੇ ਪਸਾਰੇ ਵਿਚ ਵੀ ਪਰਮੇਸ਼ਰ ਨੂੰ ਮੰਨਿਆਂ ਹੈ। ਅਥਵਾ:-ਹਾਟ=ਹਿਰਦੇ ਵਿਚ ਤੇ ਪਾਟੁ=ਸਰੀਰ ਵਿਚ ਤੇ ਪਾਸਾਰੀ=ਇੰਦ੍ਰੀਆਂ ਵਿਚ ਸਾਰੇ ਪਰਮੇਸ਼ਰ ਨੂੰ ਨਿਸਚੇ ਕੀਤਾ ਹੈ।

ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ॥ ੨॥

ਤੇ ਨਾਨਾ ਪਰਕਾਰਾਂ ਦੇ ਭੇਸਾਂ ਭਾਵ ਰੰਗਾਂ ਵਿਚ ਉਹ ਵਾਹਿਗੁਰੂ ਵਸ ਰਿਹਾ ਹੈ, ਇਸ ਤਰ੍ਹਾਂ ਦੇ ਨਿਸਚੇ ਹੋਣ ਕਰਕੇ ਮੈਂ ਤਰਿਆਂ ਹਾਂ ਅਤੇ ਜਿਹੜੇ ਭੇਦ-ਵਾਦੀ ਸੰਸਾਰੀ ਜੀਵ ਹਨ ਉਹ ਭਟਕਦੇ ਫਿਰਦੇ ਹਨ।

ਅਥਵਾ:-ਆਪ ਹੀ ਉਹ ਪਰਮੇਸ਼ਰ ਸੰਸਾਰੀ ਹੋ ਕੇ ਸੰਸਾਰ ਵਿਚ ਭਰਮਤੁ=ਫਿਰ ਰਿਹਾ ਹੈ।

ਯਥਾ:- ਕਤਹੂੰ ਸੁਚੇਤ ਹ੍ਵੈ ਕੈ ਚੇਤਨਾ ਕੋ ਚਾਰ ਕੀਯੋ, ਕਤਹੂੰ ਅਚੇਤ ਹ੍ਵੈ ਕੈ ਸੋਵਤ ਅਚੇਤ ਹੋ॥ ੨॥

(ਦਸਮ ਗ੍ਰੰਥ ਅਕਾਲ ਉਸਤਤ, ਪੰਨਾ ੧੧)

ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ॥

ਜਿਸ ਵੇਲੇ ਗੁਰਾਂ ਦੇ ਉਪਦੇਸ਼ ਦੁਆਰਾ ਇਹ ਚੰਚਲ ਮਨ ਹਰੀ ਨਾਮ ਵਿਚ ਰਾਂਤਾ=ਤਦਾਕਾਰ ਹੋਇਆ ਤਾਂ ਸਹਜਿ=ਸੁਭਾਵਕ ਭਾਵ ਅਚਨਚੇਤ ਦ੍ਵੈਤ ਭਾਵਨਾ ਸਮਾਣੀ=ਨਾਸ ਹੋ ਗਈ।

(ਪੰਨਾ ੧੩੫੧)

ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ॥ ੩॥

ਸਮਤੁ=ਸਮ ਦ੍ਰਿਸ਼ਟੀ ਦੁਆਰੇ ਇੰਹ ਗੱਲ ਵਿਚਾਰੀ ਹੈ ਕਿ—ਨਿਰਭਉ ਪਰਮਾਤਮਾ ਆਪ ਹੀ ਹੁਕਮ ਰੂਪ ਹੈ, ਆਪ ਹੀ ਸਭਨਾਂ ਉੱਪਰ ਹੁਕਮ ਕਰਨ ਵਾਲਾ ਹੈ ਅਤੇ ਆਪ ਹੀ ਹੁਕਮ ਦੇ ਮੰਨਣੇ ਵਾਲਾ ਹੈ॥ ੩॥

ਇਸ ਤਰ੍ਹਾਂ ਜਾਣ ਕੇ-

ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾਚੀ ਅਬਿਗਤੁ ਬਾਣੀ॥

ਜਿਹੜਾ ਪੁਰਸ਼ ਪੁਰਖੋਤਮੁ=ਅਕਾਲ ਪੁਰਖ ਨੂੰ ਭਜਨਾ ਜਾਣਦਾ ਹੈ।

ਅਥਵਾ:-ਪੁਰਖੋਤਮ ਦੇ ਭਜਨੇ ਕਰਕੇ ਜਿਹੜਾ ਪੁਰਸ਼ ਜਾਨਿ=ਗਿਆਨਵਾਨ ਹੋਇਆ ਹੈ, ਤਾਚੀ=ਤਿਸਦੀ ਬਾਣੀ ਅਬਿਗਤੁ=ਪਰਮਾਤਮਾ ਦੀ ਪ੍ਰਾਪਤੀ ਕਰਨ ਨੂੰ ਸਮਰੱਥ ਹੋਈ ਹੈ।

ਨਾਮਾ ਕਹੈ ਜਗ ਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ॥ ੪॥ ੧॥

ਨਾਮਦੇਵ ਜੀ ਆਖਦੇ ਹਨ—ਸਾਰੇ ਜਗਤ ਦੇ ਜਿਵਾਉਣ ਵਾਲਾ ਜੋ ਅਲੱਖ ਪਰਮਾਤਮਾ ਬਿਡਾਣੀ= ਅਸਚਰਜ ਰੂਪ ਹੈ ਉਸ ਨੂੰ ਮੈਂ ਹਿਰਦੇ ਵਿਚ ਪਾਇਆ ਹੈ॥ ੪॥ ੧॥

ਪ੍ਰਭਾਤੀ॥

ਉਥਾਨਕਾ:—ਇਕ ਪ੍ਰੇਮੀ ਨੇ ਭਗਤ ਨਾਮਦੇਵ ਜੀ ਦੇ ਪਾਸ ਆ ਕੇ ਪੁੱਛਿਆ ਉਸ ਪ੍ਰਭੂ ਦਾ ਅੰਤ ਕਿਸੀ ਨੇ ਜਾਣਿਆਂ ਹੈ, ਕਿ ਨਹੀਂ ? *ਉੱਤਰ:*-

ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ॥

ਆਦਿ+ਜੁਗਾਦਿ=ਸਦਾ ਸਦਾ ਜੋ ਵਾਹਿਗੁਰੂ ਚਾਰੇ ਜੁਗਾਦਿ=ਜੁਗਾਂ ਦੀ ਆਦ ਹੈ ਅਤੇ ਜੋ ਸਭ ਜੁਗਾਂ ਵਿਚ ਜੁਗੁ=ਜੁੜ ਰਿਹਾ ਹੈ, ਤਾ ਕਾ=ਉਸ ਪਰਮਾਤਮਾ ਦਾ ਅੰਤ ਜਾਣਿਆਂ ਨਹੀਂ ਜਾਂਦਾ।

ਅਥਵਾ:-ਜੋ ਸਾਰੀ ਸ੍ਰਿਸ਼ਟੀ ਦੀ ਆਦ ਹੈ ਤੇ ਜੁਗਾਦਿ=ਦੋ, ਜੀਵ ਤੇ ਪ੍ਰਕਿਰਤੀ ਦੀ ਆਦ ਰੂਪ ਹੈ। ਪੁਨਾ ਜੁਗਾਦਿ=ਦੋ, ਜੜ੍ਹ ਤੇ ਚੇਤਨ ਦੀ ਆਦ ਰੂਪ ਹੈ ਤੇ ਸਰਬ ਜੁਗਾਂ ਵਿਚ ਜੁਗੁ=ਜੁੜ ਰਿਹਾ ਹੈ ਉਸ ਵਾਹਿਗੁਰੂ ਦਾ ਅੰਤ ਕਿਸੀ ਪਾਸੋਂ ਜਾਣਿਆਂ ਨਹੀਂ ਜਾਂਦਾ।

ਅਕਾਲ ਉਸਤਤ ਵਿਚ ਲਿਖਿਆ ਹੈ-

ਯਥਾ- ਜਿਹ ਅਲਖ ਰੂਪ ਆਸਨ ਅਡੋਲ॥ ਜਿਹ ਅਮਿਤ ਤੇਜ ਅੱਛੈ ਅਤੋਲ॥
ਜਿਹ ਧਿਆਨ ਕਾਜ ਮੁਨ ਜਨ ਅਨੰਤ॥ ਕਈ ਕਲਪ ਜੋਗ ਸਾਧਤ ਦੁਰੰਤ॥ ੧੨੮॥
ਤਨ ਸੀਤ ਘਾਮ ਬਰਖਾ ਸਹੰਤ॥ ਕਈ ਕਲਪ ਏਕ ਆਸਨ ਬਿਤੰਤ॥
ਕਈ ਜਤਨ ਜੋਗ ਬਿੱਦਿਆ ਬਿਚਾਰ॥ ਸਾਧੰਤ ਤਦਪ ਪਾਵਤ ਨ ਪਾਰ॥ ੧੨੯॥
ਕਈ ਦੇਸ ਦੇਸ ਭਾਖਾ ਰਟੰਤ॥ ਕਈ ਦੇਸ ਦੇਸ ਬਿੱਦਿਆ ਪੜੰਤ॥
ਕਈ ਕਰਤ ਭਾਂਤ ਭਾਂਤਨ ਬਿਚਾਰ॥ ਨਹੀ ਨੈਕ ਤਾਸ ਪਾਯਤ ਨ ਪਾਰ॥ ੧੩੩॥

(ਦਸਮ ਗ੍ਰੰਥ ਪੰਨਾ ੨੪)

ਕਈ ਤੀਰਥ ਤੀਰਥ ਭਰਮਤ ਸੁ ਭਰਮ॥ ਕਈ ਅਗਨ ਹੋਤ੍ਰ ਕਈ ਦੇਵ ਕਰਮ॥
ਕਈ ਕਰਤ ਬੀਰ ਬਿਦਿਆ ਬਿਚਾਰ॥ ਨਹੀ ਤਦਪ ਤਾਸ ਪਾਯਤ ਨ ਪਾਰ॥ ੧੩੪॥

(ਦਸਮ ਗ੍ਰੰਥ ਪੰਨਾ ੨੪)

ਤਥਾ- ਗਜਾਧਪੀ ਨਰਾਧਪੀ ਕਰੰਤ ਸੇਵ ਹੈ ਸਦਾ॥
ਸਿਤਸੁਤੀ ਤਪਸਪਤੀ ਬਨਸਪਤੀ ਜਪਸ ਸਦਾ॥
ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਐ॥
ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ॥ ੧੭੯॥
ਦੇਵ ਭੇਵ ਨ ਜਾਨਹੀ ਜਿਹ ਮਰਮ ਬੇਦ ਕਤੇਬ॥
ਸਨਕ ਅਉ ਸਨਕੇਸ ਨੰਦਨ ਪਾਵਹੀ ਨ ਹਸੇਬ॥
ਜੱਛ ਕਿੰਨਰ ਮੱਛ ਮਾਨਸ ਮੁਰਗ ਉਰਗ ਅਪਾਰ॥
ਨੇਤ ਨੇਤ ਪੁਕਾਰ ਹੀ ਸ਼ਿਵ ਸਕ੍ ਔ ਮੁਖ ਚਾਰ॥ ੧੮੩॥ *(ਦਸਮ ਗ੍ਰੰਥ ਪੰਨਾ ੨੮)*

ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ॥ ੧॥

ਉਹ ਰਾਮ ਸਾਰਿਆਂ ਵਿਚ ਨਿਰੰਤਰਿ=ਇਕ ਰਸ ਰਵਿ+ਰਹਿਆ=ਪਰੀਪੂਰਨ ਹੋ ਰਿਹਾ ਹੈ। ਉਸ ਵਾਹਿਗੁਰੂ ਦਾ ਐਸਾ ਰੂਪ ਪੂਰਨ ਮਹਾਤਮਾ ਨੇ ਬਖਾਨਿਆ=ਕਥਨ ਕੀਤਾ ਹੈ॥ ੧॥

ਪੁਨਾ—ਬੇਨਤੀ ਕੀਤੀ—ਐਸਾ ਵਾਹਿਗੁਰੂ ਪ੍ਰਗਟ ਕਿਵੇਂ ਹੁੰਦਾ ਹੈ? *ਉੱਤਰ-*

ਗੋਬਿਦੁ ਗਾਜੈ ਸਬਦੁ ਬਾਜੈ॥ ਆਨਦ ਰੂਪੀ ਮੇਰੋ ਰਾਮਈਆ॥ ੧॥ ਰਹਾਉ॥

ਮੇਰਾ ਆਨੰਦ ਸਰੂਪ ਜੋ ਸਭ ਵਿਚ ਰਮਿਆਂ ਹੋਇਆ ਗੋਵਿੰਦ ਹੈ ਉਹ ਗੁਰ ਉਪਦੇਸ਼ ਦੇ ਬਾਜੈ=ਉਚਾਰਨ ਨਾਲ ਗਾਜੈ=ਪਰਗਟ ਹੁੰਦਾ ਹੈ॥ ੧॥ ਰਹਾਉ॥ ਪੁਨਾ ਬੇਨਤੀ ਕੀਤੀ—

ਗੁਰ ਉਪਦੇਸ਼ ਪ੍ਰਾਪਤ ਕਿਥੋਂ ਹੁੰਦਾ ਹੈ? *ਉੱਤਰ*—ਸਤਿਸੰਗ ਵਿਚੋਂ ਪ੍ਰਾਪਤ ਹੁੰਦਾ ਹੈ।

ਪ੍ਰਸ਼ਨ—ਸਤਿਸੰਗ ਕੈਸਾ ਹੈ? *ਉੱਤਰ*—ਪਹਿਲੇ ਦ੍ਰਿਸ਼ਟਾਂਤ-

ਬਾਵਨ ਬੀਖੁ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ॥

ਜਿਸ ਤਰ੍ਹਾਂ ਬਾਵਨ ਚੰਦਰ ਦੇ *ਬੀਖੁ=ਬ੍ਰਿਛ ਨਾਲ ਬਾਸੁਤੇ=ਵਸਣੇ ਕਰਕੇ ਇਤਰ ਬਾਨੈ=ਬਨ ਦੇ ਬੀਖੇ=ਬ੍ਰਿਛਾਂ ਨੂੰ ਸੁਗੰਧੀ ਰੂਪ ਸੁਖ ਲੱਗ ਜਾਂਦਾ ਹੈ। ਇਸੇ ਤਰ੍ਹਾਂ ਸਤਸੰਗ ਦੇ ਸੰਗ ਕਰਕੇ ਇਤਰ ਜੀਵਾਂ ਨੂੰ ਭਗਤੀ ਰੂਪ ਸੁਗੰਧੀ ਦਾ ਸੁਖ ਲੱਗ ਜਾਂਦਾ ਹੈ।

ਕਈ ਗੁਣੀ ਜਨ "ਬਾਸੁਤੇ" ਦਾ ਅਰਥ ਵਾਸ਼ਨਾ ਭੀ ਕਰ ਲੈਂਦੇ ਹਨ, ਕਿ-ਜਿਸ ਤਰ੍ਹਾਂ ਬਾਵਨ ਚੰਦਨ ਦੇ ਬ੍ਰਿਛ ਦੀ ਵਾਸ਼ਨਾ ਕਰਕੇ ਹੋਰਨਾਂ ਬਨਾਂ ਦੇ ਬ੍ਰਿਛਾਂ ਨੂੰ ਉੱਤਮ ਬਣਨੇ ਰੂਪ ਸੁਖ ਲੱਗ ਜਾਂਦਾ ਹੈ, ਭਾਵ ਉਹ ਚੰਦਨ ਰੂਪ ਹੋ ਜਾਂਦੇ ਹਨ। ਇਸੀ ਤਰ੍ਹਾਂ ਸਤਸੰਗ ਦੀ ਭਗਤੀ ਰੂਪ ਵਾਸ਼ਨਾ ਦੁਆਰੇ ਇਤਰ ਜੀਵਾਂ ਨੂੰ ਆਤਮ ਸੁਖ ਪ੍ਰਾਪਤ ਹੋ ਜਾਂਦਾ ਹੈ।

**ਬੀਖੁ, ਬੀਖੇ=ਇਹ ਪੁੰਡਰ ਪੁਰ ਦੀ ਬੋਲੀ ਹੈ ਅਰਥਾਤ ਦੱਖਣ ਦੀ ਬੋਲੀ ਹੈ।*

ਯਥਾ- ਕਬੀਰ ਚੰਦਨ ਕਾ ਬਿਰਵਾ ਭਲਾ ਬੇੜਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ੧੧॥ (ਪੰਨਾ ੧੩੬੫)

ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ॥ ੨॥

ਜੋ ਪਰਮਾਤਮਾ ਸਰਬ ਜੰਗਮ ਸ੍ਰਿਸ਼ਟੀ ਦੀ ਆਦ ਹੈ ਤੇ ਸਰਬ ਪਰਮਲ=ਜੜ ਸ੍ਰਿਸ਼ਟੀ ਦੀ ਵੀ ਆਦ ਹੈ ਉਹ ਵਾਹਿਗੁਰੂ ਕਾਸਟ ਤੇ ਚੰਦਨ ਆਦਿ ਸਭ ਵਸਤੂਆਂ ਵਿਚ ਭੈਇਲਾ=ਮਿਲ ਰਿਹਾ ਹੈ।

ਵਾ:-ਜਿਵੇਂ ਚੰਦਨ ਦੀ ਵਾਸ਼ਨਾ ਕਰਕੇ ਹੋਰ ਕਾਸਟ ਭੀ ਚੰਦਨ ਰੂਪ ਭੈਇਲਾ=ਹੋ ਜਾਂਦਾ ਹੈ। ਤੈਸੇ ਸੰਤਾਂ ਨਾਲ ਮਿਲ ਕੇ ਹੋਰ ਜੀਵ ਭੀ ਭਗਤੀ ਰੂਪ ਸੁਗੰਧੀ ਵਾਲੇ ਸ਼ਾਂਤ ਆਤਮਾ ਹੋ ਜਾਂਦੇ ਹਨ।

ਅਥਵਾ:-ਚੰਦਨ ਵਤ ਗੁਰੂ, ਕਾਸਟ ਵਤ ਸਿੱਖ, ਇਨ੍ਹਾਂ ਸਾਰਿਆਂ ਵਿਚ ਉਹ ਪ੍ਰਭੂ ਭੈਇਲਾ=ਮਿਲ ਰਿਹਾ ਹੈ॥ ੨॥

ਉਸ ਪ੍ਰਭੂ ਅੱਗੇ ਅਸੀਂ ਇਸ ਤਰ੍ਹਾਂ ਬੇਨਤੀਆਂ ਕਰਦੇ ਹਾਂ—

ਤੁਮ੍ਚੇ ਪਾਰਸੁ ਹਮਚੇ ਲੋਹਾ ਸੰਗੇ ਕੰਚਨੁ ਭੈਇਲਾ॥

ਹੇ ਵਾਹਿਗੁਰੂ ! ਤੁਮ੍ਚੇ=ਆਪ ਪਾਰਸ ਵਾਂਗੂ ਹੋ ਹਮਚੇ+ਲੋਹਾ=ਅਸੀਂ ਲੋਭ ਕਰਕੇ ਲੋਹੇ ਵਾਂਗ ਨਿਕੰਮੇ ਸਾਂ। ਪਰ ਆਪ ਜੀ ਦੇ ਨਾਲ ਭੈਇਲਾ=ਮਿਲਣ ਕਰਕੇ ਅਸੀਂ ਕੰਚਨੁ=ਸੋਨੇ ਵਾਂਗੂ ਸ਼ੁੱਧ ਹੋ ਗਏ ਹਾਂ।

ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ॥ ੩॥ ੨॥

ਹੇ ਦਿਆਲੂ ਸੁਭਾਅ ਵਾਲੇ ਅਕਾਲ ਪੁਰਖ ! ਤੂੰ ਰਤਨ ਤੇ ਲਾਲ ਵਾਂਗੂ ਅਮੋਲਕ ਹੈਂ, ਕਿਰਪਾ ਕਰਕੇ ਹੇ ਸੱਚੇ ! ਮੈਂ ਨਾਮਦੇਵ ਨੂੰ ਆਪਣੇ ਸੱਚ ਸਰੂਪ ਵਿਚ ਅਭੇਦ ਕਰ ਲੈ।

ਅਥਵਾ:-ਤੂੰ ਦਇਆਲੁ=ਤੂੰ ਦਇਆ ਦਾ ਘਰ ਹੈਂ, ਰਤਨ ਵਤ ਪ੍ਰਕਾਸ਼ ਰੂਪ ਹੈਂ, ਸਾਰਿਆਂ ਨਾਲ ਲਾਲੁ=ਪ੍ਰੇਮ ਕਰਨ ਵਾਲਾ ਹੈਂ। ਵਾ:-ਲਾਲ ਵਤ ਅਮੋਲਕ ਹੈਂ।

ਵਾ:-ਤੂੰ ਦਿਆਲੂ ਹੈਂ, ਮੈਂ ਦੀਨ ਹਾਂ। ਤੂੰ ਰਤਨ ਵਤ ਪ੍ਰਕਾਸ਼ ਰੂਪ ਹੈਂ, ਮੈਂ ਜੜ੍ਹ ਹਾਂ। ਤੂੰ ਲਾਲ ਵਤ ਅਮੋਲਕ ਹੈਂ, ਮੈਂ ਮਸਕੀਨ ਹਾਂ।

ਵਾ:-ਰਤਨੁ=ਵੈਰਾਗ ਤੇ ਲਾਲੁ=ਪ੍ਰੇਮ ਆਦੀ ਸਮੂਹ ਗੁਣਾਂ ਦਾ ਦਾਤਾ ਹੈਂ, ਮੈਂ ਨਾਮਦੇਵ ਤੇਰੇ ਸੱਚ ਸਰੂਪ ਵਿਚ ਸਮਾਅ ਗਿਆ ਹਾਂ॥ ੩॥ ੨॥

ਪ੍ਰਭਾਤੀ॥

ਉਥਾਨਕਾ:— ਇਕ ਪ੍ਰੇਮੀ ਨੇ ਆ ਕੇ ਭਗਤ ਨਾਮਦੇਵ ਜੀ ਪਾਸ ਬੇਨਤੀ ਕੀਤੀ ਕਿ-ਇਹ ਜੀਵ ਸਾਰੇ ਪਦਾਰਥਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਕਰ ਸਕਦਾ ਹੈ ਤੇ ਵਾਹਿਗੁਰੂ ਵਿਚ ਲੀਣ ਕਿਵੇਂ ਹੋ ਸਕਦਾ ਹੈ ?

ਉੱਤਰ—ਉਸ ਅਕਾਲ ਪੁਰਖ ਦਾ ਪਹਿਲੇ ਚਿੰਤਨ ਕਰੇ ਤਾਂ ਇਹ ਜੀਵ ਸਾਰਿਆਂ ਪਦਾਰਥਾਂ ਨੂੰ ਪਾ ਸਕਦਾ ਹੈ।

ਅਕੁਲ ਪੁਰਖ ਇਕੁ ਚਲਿਤੁ ਉਪਾਇਆ॥

ਜਿਸ ਅਕੁਲ=ਕੁਲਾਂ ਤੋਂ ਰਹਿਤ, ਸਰਬ ਥਾਂ ਵਿਆਪਕ ਅਕਾਲ ਪੁਰਖ ਨੇ ਇਕ ਐਸਾ ਸੰਸਾਰ ਰੂਪ ਚਲਿਤੁ=ਕੌਤਕ ਉਤਪਤ ਕੀਤਾ ਹੈ।

ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥ ੧ ॥

ਜਿਸ ਬ੍ਰਹਮ ਨੇ ਸਭ ਘਟਾਂ ਘਟਾਂ ਦੇ ਅੰਦਰ ਆਪਣੇ ਆਪ ਦਾ ਲੁਕਾਵਣਾ ਰੂਪ ਕੌਤਕ ਉਤਪਤ ਕੀਤਾ ਹੈ। ਵਾ:-ਜਿਸ ਬ੍ਰਹਮ ਨੇ ਸਾਰਿਆਂ ਘਟਾਂ ਘਟਾਂ ਦੇ ਅੰਦਰ ਆਪਣਾ ਆਪ ਛੁਪਾਇਆ ਹੋਇਆ ਹੈ, ਤੁਸੀਂ ਉਸ ਦਾ ਸਿਮਰਨ ਕਰੋ।

ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥ ੧ ॥ ਰਹਾਉ ॥

ਜਿਸ ਦੇ ਜੀਅ ਦੀ ਜੋਤਿ=ਗੱਲ ਨੂੰ ਕੋਈ ਸੰਸਾਰੀ ਪੁਰਸ਼ ਜਾਣ ਨਹੀਂ ਸਕਦਾ।

ਵਾ:-ਪਰਮੇਸ਼ਰ ਦੇ ਹਿਰਦੇ ਦੀ ਜੋਤਿ=ਗਿਆਤ ਨੂੰ ਕੋਈ ਜਾਣ ਨਹੀਂ ਸਕਦਾ।

"ਮੈ ਕੀਆ" =ਜੋ ਕੁਝ ਅਸੀਂ ਕਰਮ ਕੀਤਾ ਹੈ "ਸੁ ਤੈ ਮਾਲੂਮੁ ਹੋਈ" =ਉਹ ਆਪ ਜੀ ਨੂੰ ਮਾਲੂਮ ਹੋ ਰਿਹਾ ਹੈ। ਭਾਵ ਆਪ ਤੋਂ ਕੁਝ ਛਿਪਿਆ ਹੋਇਆ ਨਹੀਂ ਹੈ॥ ੧ ॥ ਰਹਾਉ ॥

ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥ ੨ ॥

ਜਿਸ ਤਰ੍ਹਾਂ ਮਾਟੀ=ਮਿੱਟੀ ਤੋਂ ਕੁੰਭੇਉ=ਘੜਾ, ਪ੍ਰਗਾਸਿਆ=ਬਣਦਾ ਹੈ।

ਤਿਸੀ ਤਰ੍ਹਾਂ ਪਰਮਾਤਮਾ ਤੋਂ ਇਹ ਸਾਰਾ ਸੰਸਾਰ ਬਣਿਆ ਹੈ।

ਦੇਉ=ਪ੍ਰਕਾਸ਼ ਰੂਪ ਬੀਠੁਲੁ=ਪਰਮਾਤਮਾ ਆਪ ਹੀ ਸਾਰੇ ਸੰਸਾਰ ਦਾ ਕਰਤਾ ਹੈ॥ ੨ ॥

ਅਰਥਾਤ—ਜੈਸੇ ਘੜਾ ਮਿੱਟੀ ਤੋਂ ਭਿੰਨ ਨਹੀਂ ਹੋ ਸਕਦਾ ਐਸੇ ਇਹ ਸੰਸਾਰ ਵੀ ਬ੍ਰਹਮ ਤੋਂ ਭਿੰਨ ਨਹੀਂ ਹੋ ਸਕਦਾ। *ਪ੍ਰਸ਼ਨ*—ਜੇਕਰ ਬ੍ਰਹਮ ਤੋਂ ਭਿੰਨ ਨਹੀਂ ਹੈ ਤਾਂ ਫਿਰ ਇਸ ਨੂੰ ਬੰਧਨ ਕਿਉਂ ਪੈਂਦਾ ਹੈ?

ਉੱਤਰ—

ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥ ੩ ॥

ਜੀਵ ਦਾ ਕੀਤਾ ਹੋਇਆ ਜੋ ਕਰਮ ਹੈ ਓਹੀ ਇਸ ਨੂੰ ਬੰਧਨ ਰੂਪ ਹੋ ਕੇ ਵਿਆਪ ਰਿਹਾ ਹੈ।

ਜੋ ਵੀ ਕੁਛ ਕਰਮ ਇਸ ਜੀਵ ਨੇ ਆਪ ਕੀਤਾ ਹੈ ਤਿਸ ਦਾ ਫਲ ਆਪ ਹੀ ਭੋਗਦਾ ਹੈ॥ ੩ ॥

ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥

ਨਾਮਦੇਵ ਜੀ ਪ੍ਰਣਵਤਿ=ਉਚਾਰਦੇ ਹਨ—ਹੇ ਭਾਈ ! ਜੇਕਰ ਇਹ ਪੁਰਸ਼ ਨਾਮ ਦਾ ਚਿਤਵੈ=ਚਿੰਤਨ ਕਰੇ ਤਾਂ ਜੋ ਵੀ ਪਦਾਰਥ ਆਪਣੇ ਚਿੱਤ ਵਿਚ ਚਿਤਵਨਾ ਕਰੇ ਓਸੇ ਪਦਾਰਥ ਨੂੰ ਲੈ ਸਕਦਾ ਹੈ।

ਅਮਰੁ ਹੋਇ ਸਦ ਆਕੁਲ ਰਹੈ ॥ ੪ ॥ ੩ ॥

ਅਤੇ ਅਮਰੁ=ਮ੍ਰਿਤੂ ਤੋਂ ਰਹਿਤ ਹੋ ਕੇ ਕੁਲਾਂ ਤੋਂ ਰਹਿਤ ਜੋ ਪਰਮੇਸ਼ਰ ਹੈ ਉਸ ਵਿਚ ਹਮੇਸ਼ਾਂ ਟਿਕਿਆ ਰਹਿੰਦਾ ਹੈ॥ ੪ ॥ ੩ ॥

ਪ੍ਰਭਾਤੀ ਭਗਤ ਬੇਣੀ ਜੀ ਕੀ

੧ਓ ਸਤਿਗੁਰ ਪ੍ਰਸਾਦਿ ॥

ਉਥਾਨਕਾ: — ਇਕ ਨਾਮ-ਹੀਣ ਪਖੰਡੀ ਪੁਰਸ਼ ਆਇਆ, ਉਸ ਦੇ ਉਪਰਲੇ ਲਿਬਾਸ ਨੂੰ ਵੇਖ ਕੇ ਬੇਣੀ ਭਗਤ ਜੀ ਇਸ ਸ਼ਬਦ ਦੁਆਰਾ ਉਸ ਦੇ ਮੰਦ ਆਚਰਨਾਂ ਦਾ ਨਖੇਧ ਕਰਦੇ ਹੋਏ ਸ਼ੁਭ ਮਾਰਗ ਦਾ ਉਪਦੇਸ਼ ਦੇਂਦੇ ਹਨ:-

ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰਤਲ ਕਾਤੀ॥

ਹੇ ਪਖੰਡੀ ! ਤੇਰੇ ਤਨਿ=ਸਰੀਰ ਉਤੇ ਚੰਦਨ ਦੇ ਟਿੱਕੇ ਲੱਗੇ ਹੋਏ ਹਨ ਅਤੇ ਮੱਥੇ 'ਪਰ ਤੁਲਸੀ ਦੇ ਪਾਤੀ=ਪੱਤੇ ਲੱਗੇ ਹੋਏ ਹਨ। *ਅਥਵਾ:*-ਠਾਕੁਰ ਦੇ ਤਨ ਉਤੇ ਚੰਦਨ ਲਗਾ ਕੇ ਪੁਨਾ-ਠਾਕੁਰ ਦੇ ਮੱਥੇ 'ਤੇ ਤੁਲਸੀ ਦਲ ਲਗਾਉਂਦਾ ਹੈਂ। ਪਰ ਤੇਰੇ-

ਰਿਦੇ ਵਿਚ ਕਰਤਲ=ਕਤਲ ਕਰਨ ਵਾਲੀ ਈਰਖਾ ਰੂਪੀ ਕਾਤੀ=ਛੁਰੀ ਹੈ।

ਅਥਵਾ:- ਰਿਦੇ ਰੂਪ ਕਰ+ਤਲ=ਹੱਥ ਦੀ ਤਲੀ 'ਪਰ ਤੂੰ ਈਰਖਾ ਰੂਪ ਛੁਰੀ ਫੜੀ ਹੋਈ ਹੈ।

ਠਗ ਦਿਸਟਿ ਬਗਾ ਲਿਵ ਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥ ੧॥

ਅੰਦਰੋਂ ਤੇਰੀ ਨਜ਼ਰ ਠੱਗੀ ਵਿਚ ਹੈ ਤੇ ਬਾਹਰੋਂ ਬਗਾ=ਬਗਲੇ ਵਾਂਗੂ ਲਿਵ ਲੱਗਾ ਕੇ ਭਾਵ ਸਮਾਧੀ ਵਿਚ ਜੁੜ ਬਹਿੰਦਾ ਹੈਂ। ੬੬੮

ਵੇਖਣ ਨੂੰ ਬੈਸਨੋ=ਵਿਸ਼ਨੂੰ ! ਮਹਾਰਾਜ ਜੀ ਦਾ ਭਗਤ ਜਾਪਦਾ ਹੈਂ ਤੇ ਮੂੰਹ ਚੋਂ ਸਵਾਸ ਭਾਗਾ=ਭਜੇ ਹੋਏ ਮਾਲੂਮ ਹੁੰਦੇ ਹਨ ਭਾਵ ਉੱਪਰੋਂ ਬਹੁਤ ਹੌਲੇ ਹੌਲੇ ਬੋਲਦਾ ਹੈਂ।

ਅਥਵਾ:-ਇਸ ਤਰ੍ਹਾਂ ਸਮਾਧੀ ਲਗਾ ਕੇ ਬੈਠਦਾ ਹੈਂ ਜੋ ਸ੍ਵਾਸ ਚਲਦੇ ਮਲੂਮ ਹੀ ਨਹੀਂ ਹੁੰਦੇ', ਮਾਨੋਂ ਮੂੰਹ 'ਚੋਂ ਸਵਾਸ ਭੱਜ ਹੀ ਗਏ ਹਨ॥ ੧॥

ਕਲਿ ਭਗਵਤ ਬੰਦ ਚਿਰਾਂਮੰ॥
ਕੂਰ ਦਿਸਟਿ ਰਤਾ ਨਿਸਿ ਬਾਦੰ॥ ੧॥ ਰਹਾਉ॥

ਭਗਵਤ ਠਾਕੁਰ ਦੀ ਕਲਿ=ਸੁੰਦਰ ਮੂਰਤੀ ਅੱਗੇ ਚਿਰਾਂਮੰ+ਬੰਦ=ਬੜਾ ਚਿਰ ਬੰਦਨਾ ਕਰਦਾ ਰਹਿੰਦਾ ਹੈਂ। ਨਿਸਿ+ਬਾਦੰ=ਰਾਤ ਦਿਨੇ ਕਰੜੀ ਦ੍ਰਿਸ਼ਟੀ ਵਿਚ ਭਾਵ ਨਿਰਦੱਈ ਦ੍ਰਿਸ਼ਟੀ ਵਿਚ ਤਦਾਕਾਰ ਰਹਿੰਦਾ ਹੈਂ।

ਅਥਵਾ:-ਬਾਦੰ=ਦਿਨ ਵਿਚ ਤਾਂ ਕਰੜੀ ਦ੍ਰਿਸ਼ਟੀ ਨਾਲ ਪਰਾਈ ਔਰਤਾਂ ਨੂੰ ਵੇਖਦਾ ਹੈਂ ਤੇ ਨਿਸਿ=ਰਾਤ ਵਿਚ ਉਹਨਾਂ ਨਾਲ ਮੈਥਨ ਕਰਨ ਵਾਸਤੇ ਰੱਤਾ ਰਹਿੰਦਾ ਹੈਂ।

ਅਥਵਾ:-ਕਰੜੀ ਦ੍ਰਿਸ਼ਟੀ ਵਿਚ ਤਦਾਕਾਰ ਹੋ ਕੇ ਸਾਰੀ ਰਾਤ ਤੇ ਸਾਰਾ ਦਿਨ ਤੂੰ ਬਾਦੰ=ਵਿਅਰਥ ਹੀ ਬਾਦੰ=ਝਗੜਿਆਂ ਨੂੰ ਕਰਦਾ ਰਹਿੰਦਾ ਹੈਂ॥ ੧॥ ਰਹਾਉ॥

ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥

ਨਿਤਪ੍ਰਤਿ=ਰੋਜ਼ਾਨਾ ਹੀ ਸਰੀਰ 'ਪਰ ਇਸ਼ਨਾਨ ਕਰਦਾ ਹੈਂ। ਇਸ਼ਨਾਨ ਕਰਨ ਲਈ ਦੋ ਧੋਤੀਆਂ ਰੱਖਦਾ ਹੈਂ। ਨਿਯਮ ਨਾਲ ਇਕ ਲਾਹੁਣੀ ਤੇ ਦੂਜੀ ਬੰਨ੍ਹ ਲੈਣੀ, ਅਤੇ-

ਸਾਰਿਆਂ ਤੋਂ ਮੁਖੀ ਬਣਨ ਵਾਸਤੇ ਖੀਰੰ=ਦੁੱਧ ਵਾਂਗੂ ਉੱਜਲ ਕਰਮਾਂ ਨੂੰ ਕਰਦਾ ਹੈਂ।

ਅਥਵਾ:-ਕਰਮ ਵੀ ਕਰਦਾ ਹੈਂ ਤੇ ਮੂੰਹ ਨਾਲ ਖੀਰ (ਦੁੱਧ) ਪੀਂਦਾ ਹੈਂ ਅਰਥਾਤ—ਅੰਨ ਦਾ ਤਿਆਗ ਕਰਕੇ ਆਪਣੇ ਆਪ ਨੂੰ ਦੁਧਾਧਾਰੀ ਅਖਵਾਉਂਦਾ ਹੈਂ।

ਯਥਾ:- ਜਗ ਮਹਿ ਬਕਤੇ ਦੂਧਾ ਧਾਰੀ॥ ਗੁਪਤੀ ਖਾਵਹਿ ਵਟਿਕਾ ਸਾਰੀ॥ ੩॥ *(ਪੰਨਾ ੮੭੩)*

ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥ ੨॥

ਹਿਰਦੇ ਵਿਚ ਈਰਖਾ ਰੂਪ ਛੁਰੀ। ਵਾ:-ਜੀਵ ਹਿੰਸਿਆ ਕਰਨੇ ਰੂਪ ਛੁਰੀ,

ਵਾ:-ਕਪਟੁ ਰੂਪ ਛੁਰੀ ਤੂੰ ਸੰਧਿਆਨੀ=ਖਿੱਚੀ ਹੋਈ ਹੈ।

ਪਰਾਏ ਧਨ ਦੇ ਹਿਰਨ=ਚੁਰਾਉਣ ਦੀ ਤੈਨੂੰ ਬਾਨੀ=ਵਾਦੀ ਭਾਵ ਆਦਤ ਪਈ ਹੋਈ ਹੈ।

ਅਥਵਾ:-ਪਰਾਏ ਪਾਸੋਂ ਧਨ ਹਿਰਨ=ਠੱਗ ਲੈਣ ਵਾਲੀ ਤੂੰ ਮੁਖ ਤੋਂ ਬਾਣੀ ਬੋਲਦਾ ਹੈਂ॥ ੨॥

ਸਿਲ ਪੂਜਸਿ ਚਕ੍ ਗਣੇਸੰ॥ ਨਿਸਿ ਜਾਗਸਿ ਭਗਤਿ ਪ੍ਰਵੇਸੰ॥

ਧਨ ਦੇ ਠੱਗਣ ਵਾਸਤੇ ਹੀ-''ਤੂੰ ਸਾਲਗਰਾਮ ਆਦਿ ਸਿਲਾ ਦਾ ਪੂਜਨ ਕਰਦਾ ਹੈਂ ਤੇ ਗਣੇਸ਼ ਚੱਕਰ ਪੂਰਦਾ ਹੈਂ।''

ਅਥਵਾ:-ਗਣੇਸ਼ ਦੀ ਮੂਰਤੀ ਅੱਗੇ ਬੈਠ ਕੇ ਬੜੇ ਸੋਹਣੇ ਹਾਵ ਭਾਵਾਂ ਨਾਲ ਗਣੇਸ਼ ਦੇ ਮੱਥੇ 'ਪਰ ਚਕ੍=ਤਿਲਕ ਲਗਾਂਦਾ ਹੈਂ। ਵਾ:-ਗਣੇਸ਼ ਮੂਰਤੀ ਦੇ ਆਲੇ ਦੁਆਲੇ ਚਕ੍=ਪ੍ਰਕ੍ਰਮਾਂ ਲੈਂਦਾ ਹੈਂ।

ਸਾਰੀ ਨਿਸਿ=ਰਾਤ ਜਾਗਦਾ ਰਹਿੰਦਾ ਹੈਂ ਜੋ ਲੋਕ ਜਾਨਣ ਕਿ-ਇਸ ਦਾ ਸਾਰੀ ਰਾਤ ਭਗਤੀ ਵਿਚ ਪਰਵੇਸ਼ ਰਹਿੰਦਾ ਹੈ।

ਭਾਵ—ਆਪਣੇ ਆਪ ਨੂੰ ਭਗਤ ਅਖਵਾਣ ਲਈ ਤੂੰ ਸਾਰੀ ਰਾਤ ਜਾਗਦਾ ਰਹਿੰਦਾ ਹੈਂ।

ਪਗ ਨਾਚਸਿ ਚਿਤੁ ਅਕਰਮੰ॥ ਏ ਲੰਪਟ ਨਾਚ ਅਧਰਮੰ॥ ੩॥

ਪੈਰਾਂ ਨਾਲ ਨੱਚਦਾ ਹੈਂ ਤੇ ਚਿੱਤ ਤੇਰਾ ਖੋਟੇ ਕੰਮਾਂ ਦੇ ਕਰਨ ਵੱਲ ਲੱਗ ਰਿਹਾ ਹੈ।

ਹੇ ਪਰ ਇਸਤਰੀ ਲੰਪਟ ! ਏਹ ਨੱਚਣਾ ਤੇਰਾ ਅਧਰਮ ਦੀ ਉਤਪਤੀ ਕਰਨ ਵਾਲਾ ਹੈ॥ ੩॥

ਮ੍ਰਿਗ ਆਸਣੁ ਤੁਲਸੀ ਮਾਲਾ॥ ਕਰ ਊਜਲ ਤਿਲਕੁ ਕਪਾਲਾ॥

ਮ੍ਰਿਗਛਾਲਾ ਉੱਪਰ ਤੂੰ ਆਸਣ ਲਗਾਇਆ ਹੋਇਆ ਹੈ ਤੇ ਗੱਲ ਵਿਚ ਤੁਲਸੀ ਦੀ ਮਾਲਾ ਪਹਿਰੀ ਹੋਈ ਹੈ। ਵਾ:-ਹੱਥ ਵਿਚ ਫੇਰਨ ਵਾਸਤੇ ਤੁਲਸੀ ਦੀ ਮਾਲਾ ਫੜੀ ਹੋਈ ਹੈ।

ਉੱਜਲ *ਗੋਪੀ ਚੰਦਨ ਦਾ ਤਿਲਕ ਲਗਾ ਕੇ ਕਪਾਲਾ=ਮੱਥੇ ਨੂੰ ਸ਼ਿੰਗਾਰਿਆ ਹੋਇਆ ਹੈ।

ਵਾ:-ਕਪਾਲਾ=ਮੱਥੇ 'ਪਰ ਤੇ ਕਰ=ਹੱਥਾਂ 'ਪਰ ਉੱਜਲ ਗੋਪੀ ਚੰਦਨ ਦਾ ਤਿਲਕ ਲਗਾਇਆ ਹੋਇਆ ਹੈ।

ਰਿਦੈ ਕੂੜੁ ਕੰਠਿ ਰੁਦ੍ਰਾਖੰ॥ ਰੇ ਲੰਪਟ ਕ੍ਰਿਸਨੁ ਅਭਾਖੰ॥ ੪॥

ਤੇਰੇ ਰਿਦੇ ਵਿਚ ਝੂਠ ਹੈ ਤੇ ਕੰਠਿ=ਗਲ ਵਿਚ ਰੁਦ੍ਰਾਖ ਦੀ ਮਾਲਾ ਪਹਿਰੀ ਹੋਈ ਹੈ। ਹੇ ਪਰ ਇਸਤਰੀ ਲੰਪਟ ਕਾਮੀ ਪੁਰਸ਼ਾ ! ਤੂੰ ਕ੍ਰਿਸਨੁ=ਜਿਸ ਵਿਚ ਕ੍ਰਿਸ਼ਤਾਹੀ ਨਾ ਹੋਵੇ ਉਸ ਪਰਮਾਤਮਾ ਦੇ ਜਸ ਉਚਾਰਨ ਤੋਂ ਰਹਿਤ ਹੋ ਰਿਹਾ ਹੈਂ॥ ੪॥

ਜਿਨਿ ਆਤਮ ਤਤੁ ਨ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥

ਤੇਰੇ ਜੈਸੇ ਜਿਨ੍ਹਾਂ ਪਖੰਡੀ ਪੁਰਸ਼ਾਂ ਨੇ ਸਰਬ ਵੇਦਾਂ ਸ਼ਾਸਤਰਾਂ ਦੇ ਤਤੁ=ਸਿਧਾਂਤ ਰੂਪ ਆਤਮਾ=ਪਰਮਾਤਮਾ ਨੂੰ ਚੀਨ੍ਹਿਆ=ਜਾਣਿਆਂ ਨਹੀਂ ਹੈ। ਉਹਨਾਂ ਅਬੀਨਿਆ=ਅੰਨ੍ਹੇ ਅਗਿਆਨੀਆਂ ਦੇ ਕੀਤੇ ਹੋਏ ਧਰਮ ਸਭ

*ਗੰਡਕਾ ਨਦੀ ਦੀ ਜੋ ਮਿੱਟੀ ਹੈ ਓਸੇ ਨੂੰ ਗੋਪੀ ਚੰਦਨ ਆਖਦੇ ਹਨ

ਫੋਕਟ=ਨਿਸਫਲ ਹਨ।

ਕਹੁ ਬੇਣੀ ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ ੫॥ ੧॥

ਬੇਣੀ ਭਗਤ ਜੀ ਆਖਦੇ ਹਨ-ਜੋ ਗੁਰਮੁਖ ਪੁਰਸ਼ ਗੁਰਾਂ ਦੇ ਉਪਦੇਸ਼ ਦੁਆਰਾ ਵਾਹਿਗੁਰੂ ਨੂੰ ਧਿਆਉਂਦੇ ਹਨ, ਉਹ ਭਾਂ ਮੁਕਤੀ ਦਾ ਬਾਟ=ਰਾਹ ਪਾ ਲੈਂਦੇ ਹਨ ਤੇ ਜਿਹੜੇ ਮਨਮੁਖ ਪੁਰਸ਼ ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ ਹਨ, "ਉਹ ਮੁਕਤੀ ਦੇ ਰਸਤੇ ਨੂੰ ਨਹੀਂ ਪਾ ਸਕਦੇ"॥ ੫॥ ੧॥

ਪ੍ਰਭਾਤੀ ਰਾਗੁ ਸਮਾਪਤ॥

[ਪੰਨਾ ੧੩੫੨]

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

*ਰਾਗੁ ਜੈਜਾਵੰਤੀ ਮਹਲਾ ੯

ਉਥਾਨਕਾ: — ਜੈਜਾਵੰਤੀ ਰਾਗੁ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਨਾਮ ਤੋਂ ਬੇਮੁਖ ਮਾਇਆ ਧਾਰੀਆਂ ਨੂੰ ਉਪਦੇਸ਼ ਦੇਂਦੇ ਹਨ-

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥

ਹੇ ਭਾਈ ! ਮਨ ਕਰਕੇ ਰਾਮ ਨੂੰ ਸਿਮਰ ਤੇ ਬਾਣੀ ਦੁਆਰਾ ਵੀ ਰਾਮ ਨੂੰ ਸਿਮਰਨਾ ਕਰ, ਅੰਤ ਸਮੇਂ ਇਹ ਰਾਮ ਨਾਮ ਹੀ ਤੇਰੇ ਕੰਮ ਆਉਣ ਵਾਲਾ ਹੈ।

ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥

ਮਾਇਆਵੀ ਪਦਾਰਥਾਂ ਦੇ ਸੰਗ ਨੂੰ ਤਿਆਗ ਕੇ-ਪ੍ਰਭੂ ਜੀ ਦੀ ਸ਼ਰਨ ਵਿਚ ਲੱਗਣਾ ਕਰ।

ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥ ੧॥ ਰਹਾਉ॥

ਸੰਸਾਰ ਦੇ ਸੁਖਾਂ ਨੂੰ ਮਿਥਿਆ ਕਰਕੇ ਮੰਨ, ਸੰਸਾਰ ਦਾ ਜਿਤਨਾ-ਕੁ ਸਾਜੋ ਸਮਾਜ ਹੈ, ਇਹ ਸਾਰਾ ਝੂਠਾ ਹੀ ਹੈ॥ ੧॥ ਰਹਾਉ॥

ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ॥

ਧਨ ਦੌਲਤ ਨੂੰ ਸੁਪਨੇ ਦੀ ਨਿਆਈਂ ਮਿਥਿਆ ਪਹਿਚਾਨਣਾ ਕਰ।

ਇਹ ਧਨ ਤੇਰਾ ਆਪਣਾ ਨਹੀਂ ਹੈ, ਇਹ ਪਰਾਇਆ ਹੈ, ਅਰਥਾਤ — ਪ੍ਰਭੂ ਦਾ ਹੈ, ਇਸ ਪਰਾਏ ਧਨ ਪਰ ਤੂੰ ਕਿਸ ਲਈ ਮਾਣ ਕਰਦਾ ਹੈਂ।

ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥ ੧॥

ਬਸੁਧਾ=ਪ੍ਰਿਥਵੀ ਦਾ ਜਿਤਨਾ-ਕੁ ਰਾਜ ਭਾਗ ਹੈ ਇਹ ਬਾਰੂ=ਰੇਤੇ ਦੀ ਭੀਤ+ਜੈਸੇ=ਕੰਧ ਵਾਂਗੂ ਖਿਨ ਭੰਗਰ ਹੈ। ਜਿਸ ਵੇਲੇ ਪੁੰਨਾਂ ਦੇ ਅਭਾਵ ਰੂਪ ਜਲ ਦੀ ਲਹਿਰ ਆਈ ਤਾਂ ਇਸ ਨੇ ਝੱਟ ਨਸ਼ਟ ਹੋ ਜਾਦਾ ਹੈ॥ ੧॥

ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਹੇ ਪੁਰਸ਼ਾ ! ਮੈਂ ਇਹ ਗੱਲ ਤੈਨੂੰ ਨਿਸਚੇ ਨਾਲ ਆਖਦਾ ਹਾਂ ਕਿ-ਜਿਸ ਦੇਹ ਦਾ ਤੂੰ ਹੰਕਾਰ ਕਰਦਾ ਹੈਂ ਇਹ ਤੇਰਾ ਗਾਤ=ਸਰੀਰ ਅਵੱਸ਼ ਬਿਨਸਿ ਜੈਹੈ=ਨਾਸ ਹੋ ਜਾਏਗਾ।

---

*ਜੈਜਾਵੰਤੀ ਰਾਗਣੀ ਕਾਨੜਾ ਤੇ ਸੋਰਠੀ ਦੇ ਮੇਲ ਤੋਂ ਬਣਦੀ ਹੈ ਪਰ ਸੁਰਤਾਲ ਸਮੂਹ ਵਿਚ ਇਸ ਨੂੰ ਦੀਪਕ ਦੀ ਨੂੰਹ ਲਿਖਿਆ ਹੈ ਇਹ ਔੜਵ ਜਾਤੀ ਦੀ ਰਾਗਣੀ ਹੈ, ਪਹਿਰ ਰਾਤ ਬਤੀਤ ਹੋ ਜਾਣ ਪਿਛੋਂ ਗਾਉਂਦੇ ਹਨ। ਧੌਲ ਸਿਰੀ, ਸੋਰਠ ਤੇ ਬਿਲਾਵਲ ਦੇ ਮੇਲ ਤੋਂ ਬਣਦੀ ਹੈ ਮੌਸਮ ਗ੍ਰੀਖਮ ਰੁਤ ਹੈ, ਖੁਸ਼ੀ ਪੈਦਾ ਕਰਦੀ ਹੈ, ਸੁਧ ਸੰਕੀਰਣ ਹੈ, ਕਿਸੇ ਮਤ ਨੇ ਇਸ ਨੂੰ ਸੰਪੂਰਨ ਦੀ ਰਾਗਣੀ ਭੀ ਮੰਨਿਆ ਹੈ।

ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ॥ ੨॥ ੧॥

ਜਿਵੇਂ ਕੱਲ੍ਹ ਦਾ ਸਮਾਂ ਛਿਨ ਛਿਨ ਕਾਲ ਦੀ ਸੰਗਿਆ ਕਰਕੇ ਬਤੀਤ ਹੋ ਗਿਆ ਹੈ।

ਤਿਵੇਂ ਅੱਜ ਦਾ ਸਮਾਂ ਗੁਜ਼ਰਦਾ ਜਾ ਰਿਹਾ ਹੈ॥ ੨॥ ੧॥

ਜੈਜਾਵੰਤੀ ਮਹਲਾ ੯॥

ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ॥

ਹੇ ਪੁਰਖ਼ਾ ! ਤੂੰ ਰਾਮ ਨੂੰ ਭਜਨਾ ਕਰ, ਤੂੰ ਰਾਮ ਨੂੰ ਸਿਮਰਨਾ ਕਰ, ਤੇਰਾ ਮਨੁੱਖਾ ਜਨਮ ਸਿਰਾਤੁ=ਬਤੀਤ ਹੁੰਦਾ ਜਾ ਰਿਹਾ ਹੈ।

ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ॥

ਮੈਂ ਤੈਨੂੰ ਵਾਰੰ ਵਾਰ ਕੀ ਕਵਾਂ, ਹੇ ਗਵਾਰ=ਮੂਰਖਾ ! ਤੂੰ ਸਮਝਦਾ ਕਿਉਂ ਨਹੀਂ ਹੈਂ ?

ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ॥ ੧॥ ਰਹਾਉ॥

ਇਸ ਸਰੀਰ ਦੇ ਬਿਨਸਨੇ ਵਿਚ ਕੋਈ ਬਾਰ=ਦੇਰ ਨਹੀਂ ਲੱਗਣੀ।

*ਓਰੇ=ਗੜਿਆਂ ਦੇ ਸਮਾਨ ਇਸ ਗਾਤੁ=ਸਰੀਰ ਨੇ ਢੱਲ ਜਾਣਾ ਹੈ॥ ੧॥ ਰਹਾਉ॥

ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ॥

**ਭੇਦ ਭਰਮ, ਕਰਤਤ ਭਰਮ, ਪੁਨ ਸੰਗ ਭਰਮ ਵਿਕਾਰ॥

ਬ੍ਰਹਮ ਇਤਰ ਜਗ ਸਤ ਹੈ, ਪਾਂਚੋ ਭਰਮ ਸੰਸਾਰ॥

ਇਤਿਆਦਿਕ ਸਾਰਿਆਂ ਭਰਮਾਂ ਨੂੰ ਪੰਜ ਦ੍ਰਿਸ਼ਟਾਂਤਾ ਰਾਹੀਂ ਡਾਰਿ+ਦੇਹ=ਨਵਿਰਤ ਕਰਦੇ, ਬਿੰਬ ਪ੍ਰਤਿਬਿੰਬ,

ਲੋਹਤ ਸਫੱਟਕ ਘਟਾ ਕਾਸ ਗੁਣ ਮਾਰ॥ ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੋ ਭਰਮ ਨਿਵਾਰ ॥

ਅਤੇ ਗੋ=ਬੇਦਾਂ ਕਰਕੇ ਬਿੰਦ=ਜਾਣਣੇ ਜੋਗ ਪ੍ਰਭੂ ਦੇ ਨਾਮ ਨੂੰ ਲੈਣਾ ਕਰ।

ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ॥ ੧॥

ਅੰਤਮ ਸਮੇਂ ਭਾਵ ਪ੍ਰਾਣਾਂ ਦੇ ਵਿਜੋਗ ਕਾਲ ਵਿਚ ਤੇਰੇ ਨਾਲ, ਏਹੀ ਇਕ ਗੋਬਿੰਦ ਦਾ ਨਾਮ ਜਾਣ ਵਾਲਾ ਹੈ॥ ੧॥

ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ॥

ਵਿਸ਼ਿਆਂ ਨੂੰ ਅਥਵਾ-ਬਿਖਿਆ=ਮਾਇਆ ਨੂੰ ਬਿਖ+ਜਿਉ=ਵਿਹੁ ਦੀ ਨਯਾਈਂ ਦੁੱਖ ਰੂਪ ਸਮਝ ਕੇ ਬਿਸਾਰਿ=ਭੁਲਾ ਦੇਣਾ ਕਰ।

---

*ਗੜੇ ਸਮਾਨ ਸਰੀਰ ਹੈ ਜਿਵੇਂ ਸੂਰਜ ਦੀਆਂ ਕਿਰਨਾਂ ਨਾਲ ਗੜਾ ਢਲ ਜਾਂਦਾ ਹੈ, ਤਿਵੇਂ ਕਾਲ ਰੂਪ ਸੂਰਜ ਦੀਆਂ ਦੂਤਾਂ ਰੂਪ ਕਿਰਨਾਂ ਨਾਲ ਸਰੀਰ ਨੇ ਢਲ ਜਾਣਾ ਹੈ।

**ਪੰਜ ਪ੍ਰਕਾਰ ਦੇ ਭਰਮਾਂ ਦਾ ਨਿਰਣਾ ਭਗਤ ਬਾਣੀ ਸਟੀਕ ਦੇ ਪਹਿਲੀ ਐਡੀਸ਼ਨ ਪਹਿਲੇ ਭਾਗ ਦਾ ਪੰਨਾ ੧੭੯ ਪੜ੍ਹੋ। ਦੂਜੀ ਐਡੀਸ਼ਨ ਦਾ ੧੬੯ ਪੰਨਾ ਪੜ੍ਹਕੇ ਦੇਖੋ।

ਪ੍ਰਭ=ਪਰਮਾਤਮਾ ਦੇ ਜਸ ਨੂੰ ਆਪਣੇ ਹਿਰਦੇ ਵਿਚ ਧਾਰਨਾ ਕਰ।

ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ॥ ੨॥ ੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਮੈਂ ਜਨ ਤੇਰੇ ਭਾਈਂ ਪੁਕਾਰ ਕੇ ਕਹਿੰਦਾ ਹਾਂ ਕਿ—ਛੇਤੀ ਛੇਤੀ ਸਿਮਰਨ ਕਰ ਲੈ, ਨਹੀਂ ਤਾਂ ਤੇਰੀ ਜ਼ਿੰਦਗੀ ਦਾ ਅਉਸਰੁ=ਸਮਾਂ, ਬਿਹਾਤੁ=ਬਤੀਤ ਹੁੰਦਾ ਜਾ ਰਿਹਾ ਹੈ॥ ੨॥ ੨॥

ਜੈਜਾਵੰਤੀ ਮਹਲਾ ੯॥

ਰੇ ਮਨ ਕਉਨ ਗਤਿ ਹੋਇ ਹੈ ਤੇਰੀ॥

ਹੇ ਮਨ ! ਅੱਗੋਂ ਤੇਰੀ ਕੌਣ ਸੀ ਗਤਿ=ਹਾਲਤ ਹੋਵੇਗੀ ? ਭਾਵ ਬਹੁਤ ਬੁਰੀ ਹਾਲਤ ਹੋਵੇਗੀ। ਕਿਉਂਕਿ-

ਇਹ ਜਗ ਮਹਿ ਰਾਮ ਨਾਮੁ ਸੋ ਤਉ ਨਹੀ ਸੁਨਿਓ ਕਾਨਿ॥

ਇਸ ਸੰਸਾਰ ਵਿਚ ਆਰਾਮ ਦੇਣ ਵਾਲਾ ਜੋ ਪ੍ਰਭੂ ਦਾ ਰਾਮ ਨਾਮ ਹੈ-
ਉਸ ਨਾਮ ਨੂੰ ਤਾਂ ਤੂੰ ਕੰਨਾਂ ਵਿਚ ਸੁਣਿਆਂ ਹੀ ਨਹੀਂ ਹੈ।

ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ॥ ੧॥ ਰਹਾਉ॥

ਵਿਸ਼ਿਆਂ ਨਾਲ ਅਤਯੰਤ ਲੁਭਾਇਮਾਨ ਹੋ ਰਿਹਾ ਹੈਂ।
ਤੂੰ ਆਪਣੀ ਬੁੱਧੀ ਵਿਸ਼ਿਆਂ ਵਲੋਂ ਹਟਾਣਾ ਨਹੀਂ ਕੀਤੀ।
*ਅਥਵਾ-*ਤੂੰ ਆਪਣੀ ਮਤਿ, ਨਾਮ ਜਪਣ ਵੱਲ ਨਹੀਂ ਫੇਰੀ॥ ੧॥ ਰਹਾਉ॥

ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ॥

ਪੂਰਬਲੇ ਸ਼ੁਭ ਕਰਮਾਂ ਦੇ ਸੰਜੋਗ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਅਮਲੋਕ ਮਨੁੱਖਾ ਜਨਮ ਨੂੰ ਲੈਣਾ ਕੀਤਾ ਹੈ। ਪਰ ਉਸ ਪ੍ਰਭੂ ਦਾ ਸਿਮਰਨ ਤੂੰ ਇਕ ਨਿਮਖ ਮਾਤ੍ਰ ਵੀ ਨਹੀਂ ਕੀਤਾ॥

ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ॥ ੧॥

ਦਾਰਾ=ਇਸਤਰੀ ਆਦਿਕਾਂ ਦੇ ਸੁਖਾਂ ਵਿਚ ਗ੍ਰਸਿਆ ਹੋਇਆ ਤੂੰ ਦੀਨ ਮਨ ਹੋ ਗਿਆ ਹੈਂ।
ਤੇਰੇ ਮਨ ਬੁੱਧੀ ਰੂਪ ਪੈਰਾਂ ਵਿਚ ਮੋਹ ਰੂਪ ਬੇਰੀ=ਬੇੜੀ ਪਈ ਹੋਈ ਹੈ॥ ੧॥

ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗੁ ਪਸਾਰੁ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ—ਮੈਂ ਜਨ ਪੁਕਾਰ ਕੇ ਭਾਵ ਦੁਹਾਈ ਦੇ ਕੇ ਕਹਿੰਦਾ ਹਾਂ,
ਜਗਤ ਪਸਾਰੇ ਨੂੰ ਸੁਪਨੇ ਦੀ ਨਜਾਈਂ ਮਿਥਿਆ ਨਿਸਚੇ ਕਰ।

ਸਿਮਰਤ ਨਹ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ॥ ੨॥ ੩॥

ਉਸ ਮੁਰਾਰੀ ਨੂੰ ਤੂੰ ਕਿਉਂ ਨਹੀਂ ਸਿਮਰਦਾ ? ਜਿਸ ਪ੍ਰਭੂ ਦੀ ਮਾਇਆ ਚੇਰੀ=ਦਾਸੀ ਹੈ॥ ੨॥ ੩॥

ਜੈਜਾਵੰਤੀ ਮਹਲਾ ੯ ॥ ਬੀਤ ਜੈ ਹੈ ਬੀਤ ਜੈ ਹੈ ਜਨਮੁ ਅਕਾਜੁ ਰੇ ॥

ਹੇ ਭਾਈ ! ਤੇਰਾ ਅਮੋਲਕ ਮਨੁੱਖਾ ਜਨਮ ਅਕਾਜ=ਅਸ਼ੁਭ ਕਾਰਜਾਂ ਵਿਖੇ ਭਾਵ ਭੈੜਿਆਂ ਕੰਮਾਂ ਵਿਚ ਬੀਤਦਾ ਜਾ ਰਿਹਾ ਹੈ ਤੇ ਬਾਕੀ ਦਾ ਬਤੀਤ ਹੋ ਜਾਵੇਗਾ।

ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥

ਰਾਤ ਦਿਨੇ ਪੁਰਾਣਾਂ ਦੀ ਕਥਾ ਸੁਣ ਕਰਕੇ ਵੀ-ਹੇ ਅਗਿਆਤ ਪੁਰਖ਼ਾ ! ਤੂੰ ਕੁਝ ਭਲਾ ਬੁਰਾ ਸਮਝਦਾ ਨਹੀਂ ਹੈ।

ਯਥਾ:-ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥ *(ਪੰਨਾ ੧੨੫੩)*

ਕਾਲੁ ਤਉ ਪਹੂਚਿਓ ਆਨਿ ਕਹਾ ਜੈ ਹੈ ਭਾਜਿ ਰੇ ॥ ੧ ॥ ਰਹਾਉ ॥

ਬਿਰਧ ਅਵਸਥਾ ਹੋਣ ਕਰਕੇ, ਕਾਲ ਤੇਰੇ ਸਮੀਪ ਆ ਕੇ ਪਹੁੰਚ ਗਿਆ ਹੈ। ਹੁਣ ਕਾਲ ਤੋਂ ਦੌੜ ਕੇ ਕਿਥੇ ਭੱਜ·ਜਾਵੇਂਗਾ ॥ ੧ ॥ ਰਹਾਉ ॥

[ਪੰਨਾ ੧੩੫੨]

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥

ਜਿਸ ਦੇਹ=ਸਰੀਰ ਨੂੰ ਤੂੰ ਇਸਥਿਤ ਕਰਕੇ ਮੰਨਿਆਂ ਹੋਇਆ ਹੈ। ਉਹ ਤੇਰਾ ਸਰੀਰ ਖੇਹ=ਖਾਕ ਰੂਪ ਹੋ ਜਾਵੇਗਾ।

ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥ ੧ ॥

ਹੇ ਮੂਰਖ ਨਿਰਲੱਜ ਪੁਰਖ਼ਾ ! ਤੂੰ ਹਰੀ ਨਾਮ ਨੂੰ ਕਿਉਂ ਨਹੀਂ ਲੈਣਾ ਕਰਦਾ ॥ ੧ ॥

ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥

ਰਾਮ ਦੀ ਪ੍ਰੇਮਾ ਭਗਤੀ ਨੂੰ ਹੀਏ+ਆਨਿ=ਹਿਰਦੇ ਵਿਚ ਲਿਆਉਣਾ ਕਰ,
ਅਤੇ ਤੂੰ ਮਨ ਦੇ ਝੂਠੇ ਗੁਮਾਨ ਨੂੰ ਛੱਡ ਦੇਣਾ ਕਰ।

ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥ ੨ ॥ ੪ ॥

ਗੁਰੂ ਜੀ ਆਖਦੇ ਹਨ ਹੇ ਪੁਰਖ਼ਾ ! ਜੇ ਤੂੰ ਮੇਰਾ ਇਹ ਕਥਨ ਭਾਵ ਵਖਯਾਨ ਮੰਨ ਲਵੇਂ ਤਾਂ ਜਗਤ ਵਿਚ ਤੇਰਾ ਜਸ ਪ੍ਰਤਾਪ ਬਿਰਾਜ ਜਾਵੇਗਾ।

ਅਥਵਾ:-ਰੇ+ਜਨ=ਹੇ ਪੁਰਖ਼ਾ ! ਸਾਰੇ ਜਗਤ ਵਿਚ ਜੋ ਪ੍ਰਭੂ ਬਿਰਾਜ ਰਿਹਾ ਹੈ ਉਸ ਪ੍ਰਭੂ ਦੇ ਨਾਮ ਨੂੰ ਇਹ=ਇਸ ਮਨ ਦੀ ਬਿਰਤੀ ਦੀ ਇਕਾਗਰਤਾ ਦੁਆਰੇ ਬਖਾਨ=ਕਥਨ ਕਰ ॥ ੨ ॥ ੪ ॥

ਜੈਜਾਵੰਤੀ ਰਾਗ ਸਮਾਪਤ

ਵਿਸ਼ੇਸ਼ ਵਿਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੇ ੩੧ ਰਾਗੁ ਹਨ:-

(੧) ਸਿਰੀ ਰਾਗੁ, (੨) ਮਾਝ ਰਾਗੁ, (੩) ਗਉੜੀ ਰਾਗੁ, (੪) ਆਸਾ ਰਾਗੁ, (੫) ਗੂਜਰੀ ਰਾਗੁ, (੬) ਦੇਵਗੰਧਾਰੀ ਰਾਗੁ, (੭) ਬਿਹਾਗੜਾ ਰਾਗੁ, (੮) ਵਡਹੰਸੁ ਰਾਗੁ, (੯) ਸੋਰਠਿ ਰਾਗੁ, (੧੦) ਧਨਾਸਰੀ ਰਾਗੁ, (੧੧) ਜੈਤਸਰੀ ਰਾਗੁ, (੧੨) ਟੋਡੀ ਰਾਗੁ, (੧੩) ਬੈਰਾੜੀ ਰਾਗੁ, (੧੪) ਤਿਲੰਗ ਰਾਗੁ, (੧੫) ਸੂਹੀ ਰਾਗੁ। (੧੬) ਬਿਲਾਵਲੁ ਰਾਗੁ, (੧੭) ਗੌਂਡ ਰਾਗੁ, (੧੮) ਰਾਮਕਲੀ ਰਾਗੁ, (੧੯) ਨਟ ਨਾਰਾਇਣ ਰਾਗੁ, (੨੦) ਮਾਲੀ ਗਉੜਾ ਰਾਗੁ, (੨੧) ਮਾਰੂ ਰਾਗੁ, (੨੨) ਤੁਖਾਰੀ ਰਾਗੁ, (੨੩) ਕੇਦਾਰਾ ਰਾਗੁ, (੨੪) ਭੈਰਉ ਰਾਗੁ, (੨੫) ਬਸੰਤੁ ਰਾਗੁ, (੨੬) ਸਾਰਗ ਰਾਗੁ, (੨੭) ਮਲਾਰ ਰਾਗੁ, (੨੮) ਕਾਨੜਾ ਰਾਗੁ, (੨੯) ਕਲਿਆਣ ਰਾਗੁ, (੩੦) ਪ੍ਰਭਾਤੀ ਰਾਗੁ, (੩੧) ਜੈਜਾਵੰਤੀ ਰਾਗੁ।

ਯਥਾ:—

ਕਬਿੱਤ— ਸਿਰੀ ਰਾਗੁ ਮਾਝ ਗਉੜੀ ਆਸਾ ਸੰਗ ਭਈ ਬਉਰੀ,
ਗੂਜਰੀ ਗੰਧਾਰੀ ਤੇ ਬਿਹਾਗੜਾ ਸੁਹਾਇਓ ਹੈ॥
ਵਡਹੰਸ ਸੋਰਠਿ ਧਨਾਸਰੀ ਤੇ ਜੈਤਸਰੀ,
ਟੋਡੀ ਤੇ ਬੈਰਾੜੀ ਅਯ ਤਿਲੰਗ ਸੂਹੀ ਛਾਇਓ ਹੈ॥
ਬਿਲਾਵਲੁ ਤੇ ਗੌਂਡ ਰਾਮਕਲੀ ਨਟ ਮਾਲੀ ਗਉੜਾ,
ਮਾਰੂ ਤੇ ਤੁਖਾਰੀ ਔ ਕਿਦਾਰ ਭੈਰਉ ਪਾਇਓ ਹੈ॥
ਬਸੰਤੁ ਸਾਰਗ ਮਲਾਰ ਕਾਨੜਾ ਕਲਿਆਣ,
ਪ੍ਰਭਾਤੀ ਬਿਭਾਸ ਤੇ ਜੈਜਾਵੰਤੀ ਗੁਣ ਗਾਇਓ ਹੈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠ ਲਿਖੇ ੧੫ ਭਗਤਾਂ ਦੀ ਬਾਣੀ ਹੈ:—

(੧) ਭਗਤ ਕਬੀਰ ਜੀ। (੨) ਭਗਤ ਨਾਮਦੇਵ ਜੀ। (੩) ਭਗਤ ਰਵਿਦਾਸ ਜੀ। (੪) ਭਗਤ ਤ੍ਰਿਲੋਚਨ ਜੀ। (੫) ਭਗਤ ਧੰਨਾ ਜੀ। (੬) ਭਗਤ ਭੀਖਨ ਜੀ। (੭) ਭਗਤ ਜੈਦੇਵ ਜੀ। (੮) ਭਗਤ ਬੇਣੀ ਜੀ। (੯) ਭਗਤ ਸ੍ਰੀ ਸੈਣ ਜੀ। (੧੦) ਭਗਤ ਪੀਪਾ ਜੀ। (੧੧) ਭਗਤ ਫਰੀਦ ਜੀ। (੧੨) ਭਗਤ ਸਧਨਾ ਜੀ। (੧੩) ਭਗਤ ਰਾਮਾਨੰਦ ਜੀ। (੧੪) ਭਗਤ ਪਰਮਾਨੰਦ ਜੀ। (੧੫) ਭਗਤ ਸੂਰਦਾਸ ਜੀ।

ਯਥਾ:-

ਸਧਨਾ ਵਿਚਾਰ ਕੇ ਉਚਾਰਕੇ ਕਬੀਰ, ਰਵਿਦਾਸ ਸੈਣ ਭੀਵਣ ਤ੍ਰਿਲੋਚਨ ਨਿਹਾਰੀਏ॥
ਜੈਦੇਉ ਸੁਖਿਆਲ ਧੰਨਾ ਭਗਤ ਬਿਸਾਲ, ਨਾਮਦੇਵ ਔ ਫਰੀਦ ਰਾਮਾਨੰਦ ਜੂ ਨਿਹਾਰੀਏ॥
ਮਨ ਕੀਨੋ ਹੈ ਪਤੰਗ ਬੇਣੀ ਭਗਤ ਉਤੰਗ, ਸੂਰਦਾਸ ਕਾ ਪ੍ਰਸੰਗ ਸਭ ਜਗਤ ਉਜਾਰੀਏ॥
ਪੀਪਾ ਰਾਜ ਤਿਆਗ ਪਰਮਾਨੰਦ ਜਗੇ ਭਾਗ, ਹਰੀ ਪੂਰਨ ਮੇ ਰਾਗ ਗੁਰੂ ਗ੍ਰੰਥ ਮੇ ਲਿਖਾਰੀਏ॥

ਸਾਰਿਆਂ ਭਗਤਾਂ ਦੀ ਬਾਣੀ ੨੨ ਰਾਗਾਂ ਵਿਚ ਹੈ—

ਪਰ ਹੇਠ ਲਿਖੇ ੯ ਰਾਗਾਂ ਵਿਚ ਭਗਤਾਂ ਦੀ ਬਾਣੀ ਨਹੀਂ ਹੈ—

(੧) ਮਾਝ ਰਾਗੁ। (੨) ਦੇਵਗੰਧਾਰੀ ਰਾਗੁ। (੩) ਬਿਹਾਗੜਾ ਰਾਗੁ। (੪) ਵਡਹੰਸ ਰਾਗੁ। (੫) ਬੈਰਾੜੀ ਰਾਗੁ। (੬) ਨਟ ਨਾਰਾਇਣ ਰਾਗੁ। (੭) ਤੁਖਾਰੀ ਰਾਗੁ। (੮) ਕਲਿਆਣ ਰਾਗੁ। (੯) ਜੈਜਾਵੰਤੀ ਰਾਗੁ।

ਨੋਟ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੫ ਭਗਤਾਂ ਤੋਂ ਇਲਾਵਾ ਹੋਰ ਭੀ ਬਾਣੀ ਦਰਜ ਹੈ ਜਿਹਾ ਕਿ—

(੧) ਪੰਨਾ ੯੨੩ 'ਪਰ ਰਾਮਕਲੀ ਸੱਦ ਦੇ ਸਿਰਲੇਖ ਹੇਠ ੬ ਪਉੜੀਆਂ ਭਾਈ ਸੁੰਦਰ ਜੀ ਵਲੋਂ ਹਨ। ਜੋ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪੜਪੋਤਰੇ, ਬਾਬਾ ਮੋਹਰੀ ਜੀ ਦੇ ਪੋਤਰੇ ਅਤੇ ਅਨੰਦ ਜੀ ਦੇ ਪੁੱਤਰ ਸਨ। (ਵਿਸਥਾਰ ਲਈ ਅਨੰਦ ਸਾਗਰ ਦੇ ੧੪੨ ਪੰਨੇ 'ਪਰ ਦੇਖੋ।)

ਇਸ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਅੰਤਮ ਸਮੇਂ ਦਾ ਉਪਦੇਸ਼ ਹੈ।

(੨) ਪੰਨਾ ੯੬੬ 'ਪਰ ਰਾਮਕਲੀ ਦੀ ਤੀਜੀ ਵਾਰ ਰਾਇ ਬਲਵੰਡ ਅਤੇ ਸੱਤੇ ਡੂਮ ਵਲੋਂ ਉਚਾਰੀ ਹੋਈ ਹੈ, ਜਿਸ ਦੀਆਂ ਅੱਠ ਪਉੜੀਆਂ ਹਨ।

(੩) ਪੰਨਾ ੧੩੮੫ ਤੋਂ ਸਵੱਈਏ ਸ਼ੁਰੂ ਹੁੰਦੇ ਹਨ, ਜਿਨ੍ਹਾਂ ਵਿੱਚੋਂ ਪਹਿਲੇ ਸ੍ਰੀ ਮੁਖਵਾਕ ਮਹਲਾ ੫ ਵਾਲੇ ਸਵੱਈਏ ਪੰਚਮ ਪਾਤਿਸ਼ਾਹ ਜੀ ਵਲੋਂ ਹਨ ਅਤੇ ੧੨੩ ਸਵੱਈਏ ੧੭ ਭੱਟਾਂ ਵਲੋਂ ਹਨ।

ਸਤਾਰਾਂ ਭੱਟਾਂ ਦੇ ਨਾਂ ਸਵੱਈਆਂ ਦੇ ਅਰੰਭ ਵਿਚ ਦਿੱਤੇ ਹਨ।

ਨੋਟ—ਪੰਨਾ ੫੫੩ 'ਪਰ ਬਿਹਾਗੜੇ ਦੀ ਵਾਰ ਵਿਚ ਸਲੋਕੁ ਮਰਦਾਨਾ ੧ ਲਿਖਿਆ ਹੈ, ਇਸ ਦਾ ਭਾਵ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਪ੍ਰਤੀ ਤਿੰਨ ਸਲੋਕ ਉਚਾਰੇ ਹਨ।

ਪੰਨਾ ੧੩੯੩ 'ਪਰ ਚਉਬੋਲੇ ਮਹਲਾ ੫ ਬਾਣੀ ਪੰਚਮ ਪਾਤਿਸ਼ਾਹ ਜੀ ਨੇ ਉਚਾਰੀ ਹੈ,

ਜਿਸ ਵਿਚ ਸੰਮਨ, ਮੂਸਨ, ਜਮਾਲ ਅਤੇ ਪਤੰਗ ਇਹਨਾਂ ਚਹੁੰਆਂ ਦਾ ਸੰਬਾਦ ਹੈ। ਇਸ ਕਰਕੇ ਇਸ ਬਾਣੀ ਦਾ ਨਾਂ ਹੀ ਚਉਬੋਲੇ ਰੱਖਿਆ ਹੈ।

ਪੰਨਾ	ਬਾਣੀਆਂ ਦੇ ਨਾਮ
੧੩੩	ਬਾਰਹ ਮਾਹਾ ਮਾਝ ਮਹਲਾ ੫: — ਕਿਰਤਿ ਕਰਮ ਕੇ ਵੀਛੁੜੇ
੨੫੦	ਬਾਵਨ ਅਖਰੀ: — ਗੁਰਦੇਵ ਮਾਤਾ ਗੁਰਦੇਵ ਪਿਤਾ
੨੬੨	ਸੁਖਮਨੀ ਸਾਹਿਬ: — ਆਦਿ ਗੁਰ ਏ ਨਮਹ
੪੪੮	ਛਕੇ ਛੰਤ: — ਹਰਿ ਅੰਮ੍ਰਿਤ ਭਿੰਨੇ ਲੋਇਣਾ
੪੬੨	ਆਸਾ ਜੀ ਦੀ ਵਾਰ (ਜੋ ਅੰਮ੍ਰਿਤ ਵੇਲੇ ਗਾਇਣ ਕੀਤੀ ਜਾਂਦੀ ਹੈ)
੫੭੫	ਘੋੜੀਆ
੫੭੮	ਅਲਾਹਣੀਆ
੭੦੫	ਜੈਤਸਰੀ ਦੀ ਵਾਰ
੭੬੪	ਹਮ ਘਰਿ ਸਾਜਨ ਆਏ
੭੭੩	ਲਾਵਾਂ (ਹਰਿ ਪਹਿਲੜੀ ਲਾਵ ਪਰਵਿਰਤੀ)
੯੧੭	ਅਨੰਦ ਸਾਹਿਬ
੯੨੩	ਰਾਮਕਲੀ ਸਦ
੯੨੯	ਦਖਣੀ ਓਅੰਕਾਰ
੯੩੮	ਸਿਧ ਗੋਸਟ
੯੬੬	ਸਤੇ ਬਲਵੰਡ ਦੀ ਵਾਰ
੧੦੮੨	ਸਹੰਸਰ ਨਾਮਾ

੧੦੯੪	ਡਖਣੇ ਦੀ ਵਾਰ
੧੧੦੭	ਬਾਰਹ ਮਾਹ ਤੁਖਾਰੀ
੧੧੯੮	ਬਸੰਤ ਰਾਗ
੧੩੫੩	ਸਹਸਕ੍ਰਿਤੀ
੧੩੯੪	ਸਲੋਕ ਕਬੀਰ
੧੩੭੭	ਸਲੋਕ ਫਰੀਦ
੧੩੮੫	ਸਵਯੇ

(ਏਹ ਪੰਨੇ ਮੁਖ ਬਾਣੀਆਂ ਸੁਖੈਣ ਲੱਭਣ ਵਾਸਤੇ ਲਿਖੇ ਹਨ)

ਛੇ ਰਾਗਾਂ ਵਿਚ ਆਏ ਹੋਏ ਸ਼ਬਦਾਂ ਦੀ ਗਿਣਤੀ

ਰਾਗੁ ਸਾਰੰਗ ਵਿਚ

ਪਹਿਲੇ ਪਾਤਸ਼ਾਹ ਜੀ ਦੇ ਸ਼ਬਦ	੩
ਚੌਥੇ ਪਾਤਸ਼ਾਹ ਜੀ ਦੇ ਸ਼ਬਦ	੧੩
ਪੰਜਵੇਂ ਪਾਤਸ਼ਾਹ ਜੀ ਦੇ ਘਰੁ ੧ ਦੇ	੧੪
ਪੰਜਵੇਂ ਪਾਤਸ਼ਾਹ ਜੀ ਦੇ ਘਰੁ ੨ ਦੇ	੫
ਪੰਜਵੇਂ ਪਾਤਸ਼ਾਹ ਜੀ ਦੇ ਘਰੁ ੩ ਦੇ	੪
ਪੰਜਵੇਂ ਪਾਤਸ਼ਾਹ ਜੀ ਦੇ ਘਰੁ ੪ ਦੇ	੧੦੫
ਪੰਜਵੇਂ ਪਾਤਸ਼ਾਹ ਜੀ ਦੇ ਘਰੁ ੫ ਦੇ	੧
ਪੰਜਵੇਂ ਪਾਤਸ਼ਾਹ ਜੀ ਦੇ ਘਰੁ ੬ ਦੇ	੧੦
ਪੰਜਵੇਂ ਪਾਤਸ਼ਾਹ ਜੀ ਦੇ ਕੁਲ ੧੩੯ ਸ਼ਬਦ ਹਨ	
ਨੌਵੇਂ ਪਾਤਸ਼ਾਹ ਜੀ ਦੇ ਸ਼ਬਦ	੪

ਅਸਟਪਦੀਆਂ

ਪਹਿਲੇ ਪਾਤਸ਼ਾਹ ਜੀ ਦੀਆਂ	੨
ਤੀਜੇ ਪਾਤਸ਼ਾਹ ਜੀ ਦੀਆਂ	੩
ਪੰਜਵੇਂ ਪਾਤਸ਼ਾਹ ਜੀ ਦੀਆਂ	੨
ਪੰਜਵੇਂ ਪਾਤਸ਼ਾਹ ਜੀ ਦਾ ਛੰਤ	੧

ਚੌਥੇ ਪਾਤਸ਼ਾਹ ਜੀ ਦੀ ਵਾਰ

ਵਾਰ ਦੇ ਸਾਰੇ ਸਲੋਕ ੩੬
ਕਬੀਰ ਜੀ ਦੇ ਸ਼ਬਦ ੨
ਨਾਮਦੇਵ ਜੀ ਦੇ ਸ਼ਬਦ ੩
ਪਰਮਾਨੰਦ ਜੀ ਦਾ ਸ਼ਬਦ ੧
ਸੂਰਦਾਸ ਜੀ ਦਾ ਸ਼ਬਦ ੧
ਕਬੀਰ ਜੀ ਦਾ ਸ਼ਬਦ ੧

ਰਾਗੁ ਮਲਾਰ

ਪਹਿਲੇ ਪਾਤਸ਼ਾਹ ਜੀ ਦੇ ਸ਼ਬਦ ੯
ਤੀਜੇ ਪਾਤਸ਼ਾਹ ਜੀ ਦੇ ਸ਼ਬਦ ੧੩
ਚੌਥੇ ਪਾਤਸ਼ਾਹ ਜੀ ਦੇ ਸ਼ਬਦ ੯
ਪੰਜਵੇਂ ਪਾਤਸ਼ਾਹ ਜੀ ਦੇ ਸ਼ਬਦ ੩੦

ਅਸਟਪਦੀਆਂ

ਪਹਿਲੇ ਪਾਤਸ਼ਾਹ ਜੀ ਦੀਆਂ ੫
ਤੀਜੇ ਪਾਤਸ਼ਾਹ ਜੀ ਦੀਆਂ ੩
ਪੰਜਵੇ ਪਾਤਸ਼ਾਹ ਜੀ ਦਾ ਛੰਤ ੧

ਪਹਿਲੇ ਪਾਤਸ਼ਾਹ ਜੀ ਦੀ ਵਾਰ

ਵਾਰ ਦੇ ਸਾਰੇ ਸਲੋਕ ੨੮

ਭਗਤ ਬਾਣੀ

ਨਾਮਦੇਵ ਜੀ ਦੇ ਸ਼ਬਦ ੨
ਰਵਿਦਾਸ ਜੀ ਦੇ ਸ਼ਬਦ ੩

ਰਾਗੁ ਕਾਨੜਾ

ਚੌਥੇ ਪਾਤਸ਼ਾਹ ਜੀ ਦੇ ਸ਼ਬਦ ੧੨
ਪੰਜਵੇਂ ਪਾਤਸ਼ਾਹ ਜੀ ਦੇ ਸ਼ਬਦ ੫੦

ਅਸਟਪਦੀਆਂ

ਚੌਥੇ ਪਾਤਸ਼ਾਹ ਜੀ ਦੀਆਂ ੬
ਪੰਜਵੇਂ ਪਾਤਸ਼ਾਹ ਜੀ ਦਾ ਛੰਤ ੧

ਚੌਥੇ ਪਾਤਸ਼ਾਹ ਜੀ ਦੀ ਵਾਰ

ਵਾਰ ਦੇ ਸਾਰੇ ਸਲੋਕ ੧੫

ਭਗਤ ਬਾਣੀ

ਨਾਮਦੇਵ ਜੀ ਦਾ ਸ਼ਬਦ ੧

ਰਾਗੁ ਕਲਿਆਣ ਵਿਚ

ਚੌਥੇ ਪਾਤਸ਼ਾਹ ਜੀ ਦੇ ਸ਼ਬਦ ੭
ਪੰਜਵੇਂ ਪਾਤਸ਼ਾਹ ਜੀ ਦੇ ਸ਼ਬਦ ੧੦

ਅਸਟਪਦੀਆਂ

ਚੌਥੇ ਪਾਤਸ਼ਾਹ ਜੀ ਦੀਆਂ ੬

ਰਾਗੁ ਪ੍ਰਭਾਤੀ ਵਿਚ

ਪਹਿਲੇ ਪਾਤਸ਼ਾਹ ਜੀ ਦੇ ਸ਼ਬਦ ੧੭
ਤੀਜੇ ਪਾਤਸ਼ਾਹ ਜੀ ਦੇ ਸ਼ਬਦ ੭
ਚੌਥੇ ਪਾਤਸ਼ਾਹ ਜੀ ਦੇ ਸ਼ਬਦ ੭
ਪੰਜਵੇਂ ਪਾਤਸ਼ਾਹ ਜੀ ਦੇ ਸ਼ਬਦ ੧੫

ਅਸਟਪਦੀਆਂ

ਪਹਿਲੇ ਪਾਤਸ਼ਾਹ ਜੀ ਦੀਆਂ ੭
ਤੀਜੇ ਪਾਤਸ਼ਾਹ ਜੀ ਦੀਆਂ ੨
ਪੰਜਵੇਂ ਪਾਤਸ਼ਾਹ ਜੀ ਦੀਆਂ ੩

ਭਗਤ ਬਾਣੀ

ਕਬੀਰ ਜੀ ਦੇ ਸ਼ਬਦ ੫
ਨਾਮਦੇਵ ਜੀ ਦੇ ਸ਼ਬਦ ੩
ਬੇਣੀ ਜੀ ਦਾ ਸ਼ਬਦ ੧

ਰਾਗੁ ਜੈਜਾਵੰਤੀ

ਨੌਵੇਂ ਪਾਤਸ਼ਾਹ ਜੀ ਦੇ ਸ਼ਬਦ ੪

ਇਸ ਨੌਵੀਂ ਪੋਥੀ ਵਿਚ ਸਾਰੇ ਛੇ ਰਾਗਾਂ ਵਿਖੇ ਆਈ ਗੁਰਬਾਣੀ ਦੇ ਅਰਥ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੧੯੭ ਪੰਨੇ ਤੋਂ ਆਰੰਭ ਕਰਕੇ ੧੩੫੩ ਪੰਨੇ ਦੀਆਂ ਕੁਝ-ਕੁ ਲਾਇਨਾਂ ਤੱਕ ਸਮਾਪਤ ਕੀਤੀ ਹੈ।

੫ ਚੇਤ੍ਰ ਸੰਮਤ ੨੦੩੭ ਚੇਤ੍ਰ ਸੁਦੀ ਏਕਮ ਸੋਮਵਾਰ ੧੭ ਮਾਰਚ ੧੯੮੦

ਸਾਧ ਸੰਗਤ ਦਾ ਦਾਸ
ਕਿਰਪਾਲ ਸਿੰਘ

ਜ਼ਰੂਰੀ ਪ੍ਰਾਰਥਨਾ

ਸੋਢੀ ਸੁਲਤਾਨ ਮਾਲਕ ਦੋ ਜਹਾਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਅਪਾਰ ਬਖ਼ਸ਼ਿਸ਼ ਦਾ ਸਦਕਾ ਏਹ ਨੌਵੀਂ ਪੋਥੀ ਛਪ ਕੇ ਮੇਰੇ ਸਤਿਕਾਰ ਜੋਗ ਗੁਣੀ ਗਿਆਨੀਆਂ ਤੇ ਸਾਧ ਸੰਗਤ ਦੇ ਆਨੰਦ ਮਾਨਣ ਵਾਲੇ ਗੁਰਸਿੱਖਾਂ ਦੇ ਕਰ-ਕਮਲਾਂ ਵਿਚ ਪ੍ਰਾਪਤ ਹੋਈ ਹੈ।

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ *(ਪੰਨਾ ੬੧)*

ਤਥਾ:- ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥

ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰਪਰਸਾਦਿ ਅਘੁਲੈ॥ *(ਪੰਨਾ ੧੩੪੪)*

ਦੇ ਹੁਕਮ ਅਨੁਸਾਰ ਜਿਥੇ ਭੀ ਕੋਈ ਗਲਤੀ ਮਹਿਸੂਸ ਕਰਨ, ਦਾਸ ਨੂੰ ਖਿਮਾ ਕਰਕੇ ਪੱਤਰ ਰਾਹੀਂ ਲਿਖ ਭੇਜਣ ਦਾ ਉੱਦਮ ਕਰਨ ਤਾਂ ਕਿ ਅਗੋਂ ਲਈ ਸ਼ੁਧ ਛਾਪਣ ਦਾ ਜਤਨ ਕੀਤਾ ਜਾਵੇ।

ਗੁਰਬਾਣੀ ਦੇ ਰਸੀਆਂ ਦਾ ਅਤੀ ਧੰਨਵਾਦੀ
ਆਪ ਜੀ ਦਾ ਨਿਮਾਣਾ ਦਾਸ
ਕਿਰਪਾਲ ਸਿੰਘ
ਸੰਮਤ ੨੦੩੭ ਚੇਤਰ ੫ ਚੇਤਰ ਸੁਦੀ ਏਕਮ ਸੋਮਵਾਰ
੧੭-੩-੮੦

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ ਉਨਹ ਜੁ ਗਾਵੈ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥ ੧॥

(ਅੱਜ ਦੇ ਦਿਨ ਹੀ ਪਾਤਸ਼ਾਹੀ ਤੀਜੀ ਨੂੰ ਗੁਰਿਆਈ ਗੱਦੀ ਮਿਲੀ ਹੈ)।

ਪੂਰਣ ਸੂਰਜ ਗ੍ਰਹਿਣ

੪ ਫਗਣ ੨੦੩੬ ਅਰਥਾਤ ੧੬ ਫਰਵਰੀ ੧੯੮੦, ਸ਼ਨੀਵਾਰ ਨੂੰ ਪੂਰਣ ਸੂਰਜ ਗ੍ਰਹਿਣ ਲੱਗਾ ਇਹ ਸੂਰਜ ਗ੍ਰਹਿਣ ਇਸ ਸਦੀ ਦਾ ਇਕ ਮਹੱਤਵ ਪੂਰਨ ਦੇ ਯਾਦਗਾਰੀ ਗ੍ਰਹਿਣ ਹੈ। ਇਸ ਦਿਨ ਦੇਸ਼ ਬਦੇਸ਼ ਦੇ ਵਿਗਿਆਨੀਆਂ ਅਤੇ ਜੋਤਸ਼ੀਆਂ ਨੇ ਇਸ ਅਦੁੱਤੀ ਨਜ਼ਾਰੇ ਨੂੰ ਵੇਖਿਆ ਅਤੇ ਬ੍ਰਹਮੰਡ ਦੀ ਬਣਤਰ ਬਾਰੇ ਨਵੇਂ ਨਵੇਂ ਤਜ਼ਰਬੇ ਕੀਤੇ ਅਤੇ ਸੂਰਜ ਦੇ ਕਰੋਮੋ ਸਫੀਅਰ, ਅੰਦਰੂਨੀ ਕੋਰੋਨਾ ਅਤੇ ਬਾਹਰੀ ਕੋਰੋਨਾ ਬਾਰੇ ਅਧਿਐਨ ਕੀਤਾ । ਇਸ ਤੋਂ ਪਿੱਛਲਾ ਪੂਰਨ ਸੂਰਜ ਗ੍ਰਹਿਣ ੨੨ ਜਨਵਰੀ ੧੮੯੮ ਵਿਚ ਲੱਗਾ ਸੀ। ੧੬ ਫਰਵਰੀ ੧੯੮੦ ਦਾ ਪੂਰਨ ਗ੍ਰਹਿਣ ਇੰਝ ੮੨ ਸਾਲਾਂ ਬਾਦ ਲੱਗਾ ਹੈ। ਪਰ ਇਸ ਸਦੀ ਵਿਚ ਦੋ ਵਾਰ ਹੋਰ

ਪੂਰਣ ਸੂਰਜ ਗ੍ਰਹਿਣ ਲੱਗਣ ਦੀ ਸੰਭਾਵਨਾ ਹੈ ਜਿਹੜੇ ਭਾਰਤ ਵਿਚ ਨਜ਼ਰ ਆਉਣਗੇ। ਇਕ ੨੪ ਅਕਤੂਬਰ ੧੯੯੫ ਨੂੰ ਅਤੇ ਦੂਜਾ ੧੧ ਅਗਸਤ ੧੯੯੯ ਨੂੰ ਲੱਗੇਗਾ।

ਇਹ ਸੂਰਜ ਗ੍ਰਹਿਣ ੧੫੦੦੦ ਕਿਲੋ ਮੀਟਰ ਲੰਬੀ ਪਟੀ 'ਤੇ ਦਿਖਾਈ ਦਿੱਤਾ। ਇਸ ਵਿਚੋਂ ਕਰਵਾਰ ਤੋਂ ਪੁਰੀ ਤੱਕ ਦੀ ੧੫੦੦ ਕਿਲੋ ਮੀਟਰ ਪਟੀ ਭਾਰਤ ਦੀ ਸੀ। ਸਭ ਤੋਂ ਪਹਿਲਾਂ ਸੂਰਜ ਗ੍ਰਹਿਣ ਅਫਰੀਕਾ, ਪਛਮੀ ਦਖਣੀ ਏਸ਼ੀਆ ਅਤੇ ਦਖਣੀ ਪੂਰਬੀ ਏਸ਼ੀਆ ਦੇ ਅਨੇਕਾਂ ਦੇਸ਼ਾਂ ਵਿਚ ਦਿਖਾਈ ਦਿੱਤਾ। ਭਾਰਤ ਦੇ ਪੱਛਮੀ ਤੱਟ 'ਤੇ ਸੂਰਜ ਗ੍ਰਹਿਣ ਤਿੰਨ ਵੱਜ ਕੇ ੩੯ ਮਿੰਟਾਂ 'ਤੇ ਸ਼ੁਰੂ ਹੋਇਆ। ਇਸ ਤੋਂ ਪਿਛੋਂ ਇਹ ਕਰਨਾਟਕ, ਆਂਧਰਾ ਅਤੇ ਉੜੀਸਾ ਉਪਰ ਹੁੰਦਾ ਹੋਇਆ ਪੂਰਬ ਵੱਲ ਵਧਿਆ। ਵੱਖ ਵੱਖ ਥਾਵਾਂ 'ਤੇ ਪੂਰਣ ਸੂਰਜ ਗ੍ਰਹਿਣ ਦੀ ਮਿਆਦ ੨ ਮਿੰਟ ਤੋਂ ਲੈ ਕੇ ੨ ਮਿੰਟ ੫੦ ਸੈਕਿੰਡ ਤੱਕ ਰਹੀ । ਵੈਸੇ ਵੀ ਪੂਰਣ ਸੂਰਜ ਗ੍ਰਹਿਣ ਦੀ ਮਿਆਦ ਵਧ ਤੋਂ ਵਧ ੭ ਮਿੰਟ ੪੦ ਸੈਕਿੰਡ ਹੁੰਦੀ ਹੈ ਅਤੇ ਖਾਸ ਖਾਸ ਥਾਵਾਂ 'ਤੇ ਹੀ ਪੂਰਣ ਸੂਰਜ ਗ੍ਰਹਿਣ ਦੇਖਿਆ ਜਾਂਦਾ ਹੈ। ਇਸ ਵਾਰ ਵੀ ਪੂਰਣ ਸੂਰਜ ਗ੍ਰਹਿਣ ਭਾਰਤ ਦੇ ਕੇਵਲ ਦੱਖਣੀ ਭਾਗਾਂ ਵਿਚ ਹੀ ਦੇਖਿਆ ਗਿਆ, ਉਤਰੀ ਭਾਰਤ ਵਿਚ ਇਹ ਅਧੂਰਾ ਸੀ। ਸੂਰਜ ਗ੍ਰਹਿਣ ਵੇਲੇ ਦਿਨੇ ਹੀ ਅਜਿਹੀ ਸਥਿਤੀ ਹੋ ਗਈ ਸੀ ਜਿਵੇਂ ਸੂਰਜ ਉਦੇ ਤੋਂ ਇਕ ਘੰਟਾ ਪਹਿਲਾਂ ਤੇ ਸੂਰਜ ਅਸਤ ਤੋਂ ਇਕ ਘੰਟਾ ਬਾਅਦ ਹੁੰਦੀ ਹੈ। ਧੁੱਪ ਅਤੇ ਛਾਂ ਦੀ ਲੁਕਣਮੀਚੀ ਦਾ ਸ਼ਾਨਦਾਰ ਤੇ ਅਜੀਬ ਨਜ਼ਾਰਾ ਵੇਖਣ ਵਿਚ ਆਇਆ। ਪੂਰਨ ਸੂਰਜ ਗ੍ਰਹਿਣ ਵੇਲੇ ਸੂਰਜ ਦੇ ਚੌਹੀਂ ਪਾਸੀਂ ਤਾਰੇ ਚਮਕਦੇ ਦਿਖਾਈ ਦਿੱਤੇ । ਸੂਰਜ ਗ੍ਰਹਿਣ ਦੇ ਕੰਡਿਆਂ ਦੇ ਪ੍ਰਛਾਵਿਆਂ ਨੂੰ ਧਿਆਨ ਨਾਲ ਵੇਖਣ ਤੋਂ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਕਿ ਸੱਪਾਂ ਦੀ ਪਟਾਰੀ ਹੋਵੇ ਅਤੇ ਉਹਨਾਂ ਦੇ ਆਲੇ ਦੁਆਲੇ ਸੱਪ ਚੱਕਰ ਕੱਟ ਰਹੇ ਹੋਣ ਇਸ ਸਮੇਂ ਅਜਿਹਾ ਮਹਿਸੂਸ ਹੋਇਆ ਜਿਵੇਂ ਕਿ ਇਹ ਸੂਰਜ ਨੂੰ ਆਪਣੇ ਅੰਦਰ ਨਿਗਲ ਜਾਣਗੇ।

ਆਲ ਇੰਡੀਆ ਰੇਡੀਓ ਦੇ ਕਈ ਕੇਂਦਰਾਂ ਤੋਂ ਸੂਰਜ ਗ੍ਰਹਿਣ ਬਾਰੇ ਅੱਖੀਂ ਡਿੱਠਾ ਹਾਲ ਨਾਲ ਦੇ ਨਾਲ ਪ੍ਰਸਾਰ ਕੀਤਾ ਗਿਆ। ਟੀ ਵੀ ਕੇਂਦਰਾਂ ਤੋਂ ਖਾਸ ਸਭਾਵਾਂ ਦਾ ਇੰਤਜ਼ਾਮ ਕਰਕੇ ਗ੍ਰਹਿਣ ਦੇ ਸਮੇਂ ਦੀ ਸੂਰਜ ਦਿਸ਼ਾ ਤੇ ਬਣਤਰ ਹਰ ਦਸ ਦਸ ਮਿੰਟ ਬਾਅਦ ਦਿਖਾਈ ਗਈ।

ਸੂਰਜ ਗ੍ਰਹਿਣ ਦਾ ਇਨਸਾਨਾਂ, ਜਾਨਵਰਾਂ ਅਤੇ ਫਲ ਬੂਟਿਆਂ ਉਪਰ ਪੈਣ ਵਾਲੇ ਅਸਰ ਦਾ ਅਧਿਐਨ ਕਰਨ ਲਈ ਦੇਸ਼ ਬਿਦੇਸ਼ ਦੇ ਵਿਗਿਆਨੀਆਂ ਦੀਆਂ ਕਈ ਟੀਮਾਂ ਨੇ ਅੰਕੋਲ ਜ਼ਿਲਾ ਕਰਨਾਟਕ ਵਿਚ ਪਹਿਲਾਂ ਤੋਂ ਹੀ ਡੇਰੇ ਲਾ ਲਏ ਸਨ। ਇਹਨਾਂ ਟੀਮਾਂ ਵਿਚ ਅਮਰੀਕਾ, ਜਪਾਨ, ਸਵਿਟਜ਼ਰਲੈਂਡ, ਹਾਲੈਂਡ ਅਤੇ ਅਸਟਰੇਲੀਆਂ ਦੇ ਸਾਇੰਸਦਾਨ ਸਨ। ਵਾਤਾਵਰਣ 'ਤੇ ਪੈਣ ਵਾਲੇ ਪ੍ਰਭਾਵ ਨੂੰ ਅਧਿਐਨ ਕਰਨ ਲਈ ਭਾਰਤ ਨੇ ਬੰਬਾਂ ਦੇ ਪੁਲਾੜ ਕੇਂਦਰ ਤੋਂ ਦੋ ਰੂਸੀ ਬਣੇ ਹੋਏ ਅਤੇ ਬਾਰਾਂ ਭਾਰਤ ਵਿਚ ਤਿਆਰ ਕੀਤੇ ਹੋਏ ਰਾਕਟ ਛੱਡੇ। ਇਸ ਤੋਂ ਇਲਾਵਾ ਸ੍ਰੀ ਹਰੀ ਕੋਟਾ ਅਤੇ ਬਾਲੇਸ਼ਵਰ ਤੋਂ ਵੀ ਤਿੰਨ ਤਿੰਨ ਰਾਕਟ ਛੱਡੇ। ਬੰਗਲੌਰ ਵਿਚ ਸੇਂਟ ਜੋਨ ਹਸਪਤਾਲ ਦੇ ਡਾਕਟਰਾਂ ਦੀ ਇਕ ਟੀਮ ਨੇ ਕੈਂਪ ਲਗਾਇਆ, ਜਿਸ ਵਿਚ ਗ੍ਰਹਿਣ ਦੇ ਮੌਕੇ 'ਤੇ ਮਨੁੱਖੀ ਖੂਨ ਦੇ ਦਬਾ, ਨਾੜੀ ਦੀ ਧੜਕਨ ਆਦਿ ਤੇ ਹੋਣ ਵਾਲੀ ਸੰਭਾਵਤ ਤਬਦੀਲੀ ਬਾਰੇ ਤਜ਼ਰਬੇ ਕੀਤੇ। ਪੂਨੇ ਦੀ ਮਧੂ ਮੱਖੀਆਂ ਬਾਰੇ ਖੋਜ ਸੰਸਥਾ ਦੇ ਵਿਗਿਆਨੀਆਂ ਨੇ ੪ ਲੱਖ ਮਧੂ ਮੱਖੀਆਂ ਦੇ ਛੱਤੇ ਗੌਕਰਨਾਂ ਵਿਚ ਇਹ ਅਧਿਐਨ ਕਰਨ ਲਈ ਲਿਆਂਦੇ ਕਿ ਇਹ ਸੂਰਜ ਗ੍ਰਹਿਣ ਵੇਲੇ ਕਿਵੇਂ ਨਾਚ ਕਰਦੀਆਂ ਹਨ। ਕਰਵਾਰ ਦੇ ਨੇੜੇ ਅੰਕੋਲਾ ਵਿਚ ਕੈਲੀ ਫੋਰਨੀਆਂ ਦੇ ਵਿਗਿਆਨੀਆਂ ਦੇ ਬਾਂਦਰ ਇਕੱਠੇ ਕਰਕੇ ਇਹ ਅਧਿਐਨ ਕੀਤਾ ਕਿ ਇਹ ਸੂਰਜ ਗ੍ਰਹਿਣ ਵੇਲੇ ਕਿਵੇਂ ਬੋਲਦੇ ਹਨ। ਬੰਬਈ ਨੈਚੁਰਲ ਸੁਸਾਇਟੀ ਵਲੋਂ ਪਿੰਜਰੇ ਅੰਦਰ ਰੱਖੇ ਅਤੇ ਥੱਲੇ ਘੁੰਮ ਰਹੇ

ਪਸ਼ੂਆਂ ਉਤੇ ਤਜ਼ਰਬੇ ਕੀਤੇ ਗਏ। ਹੈਦਰਾਬਾਦ ਦੇ ਨੇੜੇ ਜਾਪਲ ਰੰਗਾ ਪੁਰ ਵਿਚ ੪੦ ਅਮ੍ਰੀਕਨ ਤੇ ੨੦ ਭਾਰਤੀ (ਤਾਰਾ) ਵਿਗਿਆਨੀਆਂ ਨੇ ੧੨੦ ਸੈਂਟੀ ਮੀਟਰ ਟੈਲੀਸਕੋਪ ਰਾਹੀਂ ਗ੍ਰਹਿਣ ਦੇ ਪ੍ਰਭਾਵ ਦਾ ਅਧਿਐਨ ਕੀਤਾ। ਹੈਦਰਾਬਾਦ ਤੋਂ ੧੨੦ ਕਿਲੋ ਮੀਟਰ ਦੂਰ ਪਾਲਮ ਪਿੰਡ ਵਿਚ ਵਿਗਿਆਨੀਆਂ ਦੀ ਮੇਲੇ ਵਾਂਗ ਰੌਣਕ ਲੱਗੀ ਰਹੀ। ਉਹਨਾਂ ਨੇ ੬੪੨ ਮੀਟਰ ਦੀ ਉਚਾਈ ਤੋਂ ਸੂਰਜ ਗ੍ਰਹਿਣ ਦਾ ਅਧਿਐਨ ਕੀਤਾ। ਇਸੇ ਪਿੰਡ ਵਿਚ ਕੈਂਟਾਸ਼ਵਰ ਮੰਦਰ ਨੇੜੇ ੧੧੬ ਬ੍ਰਹਮਣਾਂ ਨੇ ਵੈਦਿਕ ਮੰਤਰਾਂ ਦਾ ਉਚਾਰਨ ਕੀਤਾ।

ਸੂਰਜ ਗ੍ਰਹਿਣ ਦੇ ਪ੍ਰਭਾਵ ਤੋਂ ਬਚਣ ਲਈ ਸਰਕਾਰ ਵਲੋਂ ਤੇ ਵਿਗਿਆਨੀਆਂ ਵਲੋਂ ਪਹਿਲਾਂ ਹੀ ਹਦਾਇਤਾਂ ਜਾਰੀ ਹੁੰਦੀਆਂ ਰਹੀਆਂ।

(੧) ''ਸੂਰਜ ਗ੍ਰਹਿਣ ਦੌਰਾਨ ਸੂਰਜ ਵੱਲ ਨਾ ਵੇਖੋ'' ਇਹ ਖ਼ਤਰਨਾਕ ਹੈ।

(੨) ਰੰਗਦਾਰ ਸ਼ੀਸ਼ਿਆਂ ਨਾਲ ਵੀ ਗ੍ਰਹਿਣ ਲੱਗੇ ਸੂਰਜ ਵੱਲ ਵੇਖਣ ਨਾਲ ਅੰਧਾਪਨ ਹੋ ਸਕਦਾ ਹੈ।

(੩) ਸੂਰਜ ਵੱਲ ਉਸ ਵਕਤ ਹੀ ਵੇਖਿਆ ਜਾ ਸਕਦਾ ਹੈ ਜਿਸ ਵਕਤ ਪੂਰਨ ਸੂਰਜ ਗ੍ਰਹਿਣ ਲੱਗ ਜਾਵੇ ਪਰ ਇਹ ਸਮਾਂ ਵੱਖ ਵੱਖ ਥਾਵਾਂ 'ਤੇ ਵੱਖਰਾ ਵੱਖਰਾ ਹੋਵੇਗਾ ਤੇ ਉਹ ਵੀ ਕੇਵਲ ਦੋ ਕੁ ਮਿੰਟ ਹੀ ਰਹੇਗਾ।

(੪) ਪਾਣੀ ਵਿਚ ਵੀ ਸੂਰਜ ਦਾ ਅਕਸ ਨਾ ਦੇਖੋ।

(੫) ਜੇ ਸੂਰਜ ਵੱਲ ਜ਼ਰੂਰ ਹੀ ਵੇਖਣਾ ਹੋਵੇ ਤਾਂ ਉਸ ਦਾ ਇਕ ਤਰੀਕਾ ਹੈ। ਇਕ ਗਤੇ ਦਾ ਟੁਕੜਾ ਲੈ ਕੇ ਉਸ ਵਿਚ ਪਿੰਨ ਦੇ ਨਾਲ ਮੋਰੀ ਕਰ ਲਈ ਜਾਵੇ। ਇਸ ਵਿਚੋਂ ਸੂਰਜ ਦੀਆਂ ਕਿਰਨਾਂ ਨੂੰ ਲੰਘਾ ਕੇ ਇਕ ਮੀਟਰ ਪਿਛੇ ਛਾਂਵੇਂ ਰੱਖੀ ਚਿੱਟੀ ਸਕਰੀਨ ਤੇ ਜੋ ਅਕਸ ਪਵੇ, ਉਸ ਵੱਲ ਵੇਖਣ ਨਾਲ ਅੱਖਾਂ ਨੂੰ ਨੁਕਸਾਨ ਨਹੀਂ ਪਹੁੰਚਦਾ।

(੬) ਇਕ ਵਾਰ ਜੇ ਸੂਰਜ ਦਾ ਮਾੜਾ ਅਸਰ ਅੱਖਾਂ 'ਤੇ ਪੈ ਜਾਵੇ ਤਾਂ ਕੋਈ ਵੀ ਦਵਾਈ ਪੂਰੀ ਤਰ੍ਹਾਂ ਕਾਰਗਰ ਨਹੀਂ ਹੈ।

(੭) ਗ੍ਰਹਿਣ ਸਮੇਂ ਗਰਭਵਤੀ ਔਰਤਾਂ ਨੂੰ ਘਰ ਦੇ ਅੰਦਰ ਆਪਣੇ ਅੰਗ ਢਿੱਲੇ ਛੱਡ ਕੇ ਲੇਟ ਜਾਣਾ ਚਾਹੀਦਾ ਹੈ ਤੇ ਕੁਝ ਖਾਣਾ ਪੀਣਾ ਨਹੀਂ ਚਾਹੀਦਾ।

ਸ਼ਾਸਤਰਾਂ ਨੂੰ ਮੰਨਣ ਵਾਲਿਆਂ ਨੇ ਗ੍ਰਹਿਣ ਮੋਕਸ਼ (ਮੁਕਣ) ਤੋਂ ਬਾਅਦ ਇਸ਼ਨਾਨ ਕਰਕੇ, ਪੂਜਾ ਪਾਠ ਕਰਕੇ ਅਤੇ ਦਾਨ ਦੇ ਕੇ ਹੀ ਅੰਨ ਨੂੰ ਹੱਥ ਲਾਇਆ। ਸੂਰਜ ਗ੍ਰਹਿਣ ਦੇ ਅੱਖਾਂ 'ਤੇ ਅਸਰ ਬਾਰੇ ਬਹੁਤ ਪੁਰਾਣੇ ਸਮੇਂ ਵਿਚ ਭੀ ਲੋਕ ਜਾਣੂ ਸਨ। ਫਿਲਾਸਫਰ ਪਲੇਟੋ ਨੇ ਆਪਣੀ ਪੁਸਤਕ ਵਿਚ ਸੂਰਜ ਗ੍ਰਹਿਣ ਨੂੰ ਨਾ ਦੇਖਣ ਬਾਰੇ ਹਿਦਾਇਤਾਂ ਲਿਖੀਆਂ ਹੋਈਆਂ ਹਨ। ਮਸ਼ਹੂਰ ਸਾਇੰਸਦਾਨ ਗੈਲਿਲਓ, ਜਿਸ ਨੇ ਟੈਲੀਸਕੋਪ ਦੀ ਕਾਢ ਕੱਢੀ ਸੀ, ਉਸ ਨੇ ਆਪਣੇ ਟੈਲੀਸਕੋਪ ਵਿਚੋਂ ਸੂਰਜ ਵੱਲ ਵੇਖਦੇ ਹੋਏ ਆਪਣੀ ਨਜ਼ਰ ਖਰਾਬ ਕਰ ਲਈ ਸੀ।

ਦਖਣੀ ਭਾਰਤ ਵਿਚ ਵਿਗਿਆਨੀਆਂ ਤੇ ਪੰਡਤਾਂ ਦੇ ਇਕੱਠ ਹੋਏ ਅਤੇ ਉਤਰੀ ਭਾਰਤ ਵਿਚ ਕੁਰੂਕਸ਼ੇਤਰ ਦੇ ਮੈਦਾਨ ਵਿਚ ਲਗ ਭਗ ੧੫ ਲੱਖ ਲੋਕ ਇਕੱਠੇ ਹੋਏ ਤੇ ਉਹਨਾਂ ਨੇ ਬ੍ਰਹਮ ਸਰੋਵਰ ਤੇ ਸੰਨਿਹਿਤ ਸਰੋਵਰ ਵਿਚ ਇਸ਼ਨਾਨ ਕੀਤਾ। ਕੁਰੂਕ੍ਸ਼ੇਤਰ ਦੇਸ਼ ਭਰ ਦੇ ਤੀਰਥ ਅਸਥਾਨਾਂ ਵਿਚ ਪ੍ਰਮੁਖ ਥਾਂ ਰਖਦਾ ਹੈ। ਇਥੇ ਮਹਾਂ ਰਿਸ਼ੀ ਵਿਆਸ ਨੇ ਮਹਾਂ ਭਾਰਤ ਦੀ ਰਚਨਾ ਕੀਤੀ ਸੀ। ਇਸੇ ਥਾਂ 'ਤੇ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਅਮਰ ਸੰਦੇਸ਼ ਦਿੱਤਾ ਸੀ। ਇਥੇ ੩੬੦ ਤੀਰਥ ਅਸਥਾਨਾਂ ਦੀ ਹੋਂਦ ਮੰਨੀ ਗਈ ਹੈ।

ਬ੍ਰਹਮ ਸਰੋਵਰ ਇਥੋਂ ਦਾ ਪ੍ਰਮੁੱਖ ਪਵਿੱਤ੍ਰ ਸਰੋਵਰ ਹੈ। ਇਹ ੪੫੦੦ ਫੁਟ ਲੰਮਾ ਤੇ ੨੫੦੦ ਫੁਟ ਚੌੜਾ ਏਸ਼ੀਆ ਦਾ ਸਭ ਤੋਂ ਵੱਡਾ ਸਰੋਵਰ ਹੈ। ਇਸ ਦੇ ਉਤਰੀ ਕਿਨਾਰੇ 'ਤੇ ਕਈ ਮੰਦਰ ਅਤੇ ਧਰਮਸ਼ਾਲਾਂ ਹਨ ਤੇ ਸਰੋਵਰ ਦੇ ਵਿਚਕਾਰ ਸ਼ਿਵ ਜੀ ਦਾ ਮੰਦਰ ਹੈ। ਸੰਨਿਹਿਤ ਸਰੋਵਰ ੧੫੫੦ ਫੁਟ ਲੰਮਾ ਤੇ ੪੫੦ ਫੁਟ ਚੌੜਾ ਕੁਰੂਕਸ਼ੇਤਰ ਦਾ ਸਭ ਤੋਂ ਪਵਿੱਤ੍ਰ ਸਰੋਵਰ ਹੈ। ਅਜਿਹਾ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਗ੍ਰਹਿਣ ਦੇ ਸਮੇਂ ਇਥੇ ਇਸ਼ਨਾਨ ਕਰਨ ਨਾਲ ਪਿਛਲੇ ਸਭ ਪਾਪ ਨਸ਼ਟ ਹੋ ਜਾਂਦੇ ਹਨ।

੪੦ ਵਰਗ ਕਿਲੋ ਮੀਟਰ ਵਿਚ ਫੈਲੇ ਕੁਰੂਕਸ਼ੇਤਰ ਦੇ ਖੇਤਰ ਵਿਚ ੨੦ ਲੱਖ ਯਾਤਰੂਆਂ ਦੇ ਠਹਿਰਣ ਲਈ ਟੈਂਟਾਂ ਦਾ ਸ਼ਹਿਰ ਉਸਾਰਿਆ ਗਿਆ ਸੀ। ਇਸ ਦੀ ਸਫਾਈ ਆਦਿ ਕਰਾਉਂਦਿਆਂ ਲਗ ਭਗ ਇਕ ਹਜ਼ਾਰ ਅਵਾਰਾ ਕੁੱਤੇ, ੯੦੦ ਸੱਪ ਤੇ ਇਕ ਹਜ਼ਾਰ ਚੂਹੇ ਗ੍ਰਹਿਣ ਤੋਂ ਪਹਿਲਾਂ ਹੀ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਇਥੇ ਲੋਕਾਂ ਨੂੰ ਲੋੜੀਂਦੀਆਂ ਚੀਜ਼ਾਂ ਵਾਜਬੀ ਕੀਮਤਾਂ 'ਤੇ ਦੇਣ ਦਾ ਪੂਰਾ ਇੰਤਜ਼ਾਮ ਸੀ। ਡਾਕਟਰੀ ਸਹਾਇਤਾ ਅਤੇ ਸੁਰੱਖਿਆ ਦਾ ਪੂਰਾ ਇੰਤਜ਼ਾਮ ਸੀ। ਸਰੋਵਰ ਵਿਚ ੨ ਜੈਟ ਮੋਟਰਾਂ ਛੱਡੀਆਂ ਹੋਈਆਂ ਸਨ ਤਾਂ ਕਿ ਇਸ਼ਨਾਨ ਕਰ ਰਹੇ ਲੋਕਾਂ ਦੀ ਹਿਫ਼ਾਜ਼ਤ ਕੀਤੀ ਜਾ ਸਕੇ।

ਜਗਤ ਗੁਰੂ ਸ਼ੰਕਰਾਚਾਰੀਆ ਅਤੇ ਸੂਰਜ ਵਿੱਦਿਆ ਪੀਠ ਦੇ ਤੀਰਥ ਸਵਾਮੀ ਸਚਿਦਾਨੰਦ ਜੀ ਦੀ ਅਗਵਾਈ ਵਿਚ ਸੈਂਕੜੇ ਸੰਤ ਤੇ ਸੰਨਿਆਸੀ ਇਥੇ ਪਹੁੰਚੇ ਸਨ। ਬ੍ਰਹਮ ਸਰੋਵਰ ਦੇ ਕੰਢੇ ਉਤੇ ਵਿਸ਼ਪ ਸ਼ਾਂਤੀ ਮਹਾਯੱਗ ਕੀਤਾ ਗਿਆ।

ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਤੇ ਸੀਤਲਾ ਮੰਦਰ ਦੇ ਸਰੋਵਰਾਂ ਵਿਚ ਵੀ ਅਨਗਿਣਤ ਲੋਕਾਂ ਨੇ ਇਸ਼ਨਾਨ ਕੀਤਾ। ਗ੍ਰਹਿਣ ਦੇ ਸਮੇਂ ਮਹੱਲਿਆਂ ਤੇ ਬਜ਼ਾਰਾਂ ਗਲੀਆਂ ਵਿਚ ਕੇਵਲ ਮੰਗਤੇ ਹੀ ਦਿਖਾਈ ਦੇ ਰਹੇ ਸਨ। ਸਾਰੇ ਦੇਸ਼ ਵਿਚ ਦਹਿਸ਼ਤ ਦਾ ਮਾਹੌਲ ਛਾਇਆ ਰਿਹਾ। ਬਜ਼ਾਰਾਂ ਵਿਚ ਇੰਝ ਸੰਨਾਟਾ ਛਾਇਆ ਰਿਹਾ ਜਿਵੇਂ ਕਿ ਕਰਫਿਊ ਲੱਗਾ ਹੁੰਦਾ ਹੈ। ਸਾਰੀਆਂ ਵਿਦਿਅਕ ਸੰਸਥਾਵਾਂ ਤੇ ਸਰਕਾਰੀ ਦਫ਼ਤਰਾਂ ਵਿਚ ਛੁੱਟੀ ਰਹੀ। ਦੁਕਾਨਦਾਰ ਗ੍ਰਹਿਣ ਦੇ ਵਕਤ ਤੋਂ ਪਹਿਲਾਂ ਹੀ ਦੁਕਾਨਾਂ ਬੰਦ ਕਰਕੇ ਘਰਾਂ ਨੂੰ ਚਲੇ ਗਏ ਸਨ। ਬਹੁਤਿਆਂ ਲੋਕਾਂ ਨੇ ੨ ਤੋਂ ੫ ਵਜੇ ਤੱਕ ਵਰਤ ਰੱਖਿਆ।

ਇਸ ਸਾਲ ੧੦ ਅਗਸਤ ੧੯੮੦ ਨੂੰ ਫਿਰ ਸੂਰਜ ਗ੍ਰਹਿਣ ਲੱਗੇਗਾ ਪਰ ਇਹ ੧੬ ਫਰਵਰੀ ਨੂੰ ਲੱਗੇ ਸੂਰਜ ਗ੍ਰਹਿਣ ਵਾਂਗ ਪੂਰਣ ਨਹੀਂ ਹੋਵੇਗਾ। ੧੦ ਅਗਸਤ ਨੂੰ ਚੰਦ ਦੇ ਕਾਲੇ ਸਫੈਦ ਗੋਲੇ ਦੇ ਚੁਫੇਰੇ ਸੂਰਜ ਦੀ ਤੇਜ਼ ਰੋਸ਼ਨੀ ਦਾ ਛੱਲਾ ਚਮਕਦਾ ਦਿਖਾਈ ਦੇਵੇਗਾ ਗ੍ਰਹਿਣ ਇਕ ਸਾਲ ਵਿਚ ਵੱਧ ਤੋਂ ਵੱਧ ਸੱਤ ਵਾਰ ਲੱਗਦੇ ਹਨ ਜਿਹਨਾਂ ਵਿਚ ੫ ਸੂਰਜ ਗ੍ਰਹਿਣ ਅਤੇ ੨ ਚੰਦ ਗ੍ਰਹਿਣ ਜਾਂ ਚਾਰ ਸੂਰਜ ਗ੍ਰਹਿਣ ਤੇ ੩ ਚੰਦ ਗ੍ਰਹਿਣ ਜਾਂ ਕੇਵਲ ਦੋ ਸੂਰਜ ਗ੍ਰਹਿਣ ਜਿਵੇਂ ਕਿ ਇਸ ਸਾਲ ਹੋ ਰਿਹਾ ਹੈ। ਇਸ ਸਾਲ ਕੇਵਲ ਦੋ ਸੂਰਜ ਗ੍ਰਹਿਣ ਲੱਗਣਗੇ ਤੇ ਕੋਈ ਚੰਦ ਗ੍ਰਹਿਣ ਨਹੀਂ ਲੱਗੇਗਾ। ੧੮੦੫ ਤੇ ੧੯੩੫ ਵਿਚ ਸੱਤ ਗ੍ਰਹਿਣ ਹੋਏ ਸਨ। ੨੧੬੦ ਵਿਚ ਫਿਰ ਅਜਿਹੀ ਹੀ ਸੰਭਾਵਨਾ ਹੈ।

ਪ੍ਰਿਥਵੀ ਪੁਲਾੜ ਵਿਚ ਇਕ ਇਕੱਲੀ ਗ੍ਰਹਿ ਨਹੀਂ ਹੈ। ਇਹ ਸੂਰਜੀ ਪਰਿਵਾਰ ਦਾ ਇਕ ਮੈਂਬਰ ਹੈ। ਇਹ ਸੂਰਜੀ ਪਰਿਵਾਰ ਖੁਦ ਤਾਰਿਆਂ ਦੇ ਇਕ ਸਮੂਹ ਦਾ ਅੰਸ਼ ਹੈ ਜਿਸ ਨੂੰ ਅਕਾਸ਼ ਗੰਗਾ ਕਹਿੰਦੇ ਹਨ। ਸਾਡੀ ਅਕਾਸ਼ ਗੰਗਾ ਵਿਚ, ਜਿਸ ਦਾ ਕਿ ਸੂਰਜ ਵੀ ਇਕ ਮੈਂਬਰ ਹੈ, ਲਗ ਭਗ ੨੦੦ ਕਰੋੜ ਤਾਰੇ ਹਨ।

ਸੂਰਜ ਧਰਤੀ ਤੋਂ ੧੯ ਕਰੋੜ ੩੦ ਲੱਖ ਮੀਲ ਦੀ ਦੂਰੀ 'ਤੇ ਹੈ। ਸੂਰਜ ਪਰਿਵਾਰ ਵਿਚ ੯ ਗ੍ਰਹਿ ਹਨ ਜਿਵੇਂ ਕਿ ਬੁੱਧ, ਸ਼ੁਕਰ, ਪ੍ਰਿਥਵੀ, ਮੰਗਲ, ਬ੍ਰਹਸਪਤੀ, ਸ਼ਨੀ ਆਦਿ। ਗ੍ਰਹਿਣ ਲੱਗਣ ਦੇ ਤਿੰਨ ਕਾਰਨ ਹਨ।

ਧਰਤੀ ਦਾ ਉਪਗ੍ਰਹਿ ਹੋਣਾ ਅਤੇ ਧਰਤੀ, ਸੂਰਜ ਅਤੇ ਚੰਦਰਮਾ ਵਿਚਲੀ ਵਿਸ਼ੇਸ਼ ਦੂਰੀ ਅਤੇ ਉਨ੍ਹਾਂ ਦਾ ਅਕਾਰ। ਇਹਨਾਂ ਤਿੰਨਾਂ ਵਿਚੋਂ ਇਕ ਦੀ ਵੀ ਕਮੀ ਜਾਂ ਪਰੀਵਰਤਨ ਨਾਲ ਪੂਰਨ ਸੂਰਜ ਗ੍ਰਹਿਣ ਨਹੀਂ ਹੋ ਸਕਦਾ। ਸੂਰਜ ਗ੍ਰਹਿਣ ਉਦੋਂ ਹੁੰਦਾ ਹੈ ਜਦੋਂ ਚੰਦਰਮਾ ਸੂਰਜ ਅਤੇ ਧਰਤੀ ਦੇ ਵਿਚਕਾਰ ਪਹੁੰਚਦਾ ਹੈ। ਸੂਰਜ ਗ੍ਰਹਿਣ ਨੂੰ ਚੰਦਰਮਾਂ ਦੀ ਧਰਤੀ ਉਤੇ ਪ੍ਰਛਾਈਂ ਕਿਹਾ ਜਾ ਸਕਦਾ ਹੈ। ਇਸ ਪਰਛਾਈਂ ਦਾ ਜ਼ਿਆਦਾ ਤਰ ਘੇਰਾ ੧੬੭ ਮੀਲ ਹੋ ਸਕਦਾ ਹੈ।

ਇਤਿਹਾਸ ਵਿਚ ਜਿਥੇ ਪਹਿਲੇ ਸੂਰਜ ਗ੍ਰਹਿਣ ਦਾ ਜ਼ਿਕਰ ਆਉਂਦਾ ਹੈ ਉਹ ਅੱਜ ਤੋਂ ੪੧੧੭ ਸਾਲ ਪਹਿਲਾਂ ੨੨ ਅਕਤੂਬਰ ਨੂੰ ਲੱਗਾ ਸੀ ਤੇ ਇਕ ਚੀਨੀ ਬਾਹਸ਼ਾਹ ਯੂਚਿੰਗ ਨੇ ਦੋ ਜੋਤਸ਼ੀਆਂ ਨੂੰ ਕਿਹਾ ਸੀ ਕਿ ਉਹ ਇਸ ਸਬੰਧੀ ਪਸ਼ੀਨਗੋਈ ਕਰਨ ਪਰ ਉਨ੍ਹਾਂ ਨੇ ਸ਼ਰਾਬ ਪੀ ਲਈ। ਇਸ ਲਈ ਉਹ ਪਸ਼ੀਨਗੋਈ ਨਾ ਕਰ ਸਕੇ ਤਾਂ ਬਾਦਸ਼ਾਹ ਨੇ ਉਹਨਾਂ ਦੇ ਸਿਰ ਉੱਡਾ ਦਿੱਤੇ। ਪਹਿਲੀ ਜਨਵਰੀ ੧੨੦੭ ਤੋਂ ੧੨੬੧ ਸਾਲਾਂ ਦੇ ਦੌਰਾਨ ੮੦੦੦ ਸੂਰਜੀ ਤੇ ੫੦੦ ਚੰਦ ਗ੍ਰਹਿਣ ਲੱਗੇ।

ਪਰੰਪਰਾਵਾਦੀ ਹਿੰਦੂ ਲੋਕ ਅੱਜ ਵੀ ਇਹ ਸਮਝਦੇ ਹਨ ਕਿ ਗ੍ਰਹਿਣ ਉਦੋਂ ਲੱਗਦਾ ਹੈ ਜਦੋਂ ਸੂਰਜ ਨੂੰ ਉਸ ਦੇ ਲਹਿਣੇਦਾਰ ਰਾਹੂ ਤੇ ਕੇਤੂ ਘੇਰ ਲੈਂਦੇ ਹਨ। ਚੀਨੀ ਲੋਕ ਕਹਿੰਦੇ ਹਨ ਕਿ ਗ੍ਰਹਿਣ ਦੌਰਾਨ ਸੂਰਜ ਜਾਂ ਚੰਦਰਮਾ ਨੂੰ ਕੋਈ ਕੁੱਤਾ ਜਾਂ ਹੋਰ ਜਾਨਵਰ ਆਪਣੇ ਅੰਦਰ ਨਿਗਲ ਲੈਂਦਾ ਹੈ। ਇਸ ਦੇ ਬਚਾਅ ਲਈ ਉਹ ਟੱਲ ਆਦਿ ਵਜਾਉਂਦੇ ਹਨ ਤਾਂ ਕਿ ਜਾਨਵਰ, ਜਿਸ ਨੇ ਸੂਰਜ ਜਾਂ ਚੰਦਰਮਾਂ ਨੂੰ ਨਿਗਲ ਲਿਆ ਹੈ, ਇਸ ਟੱਲ ਦੀ ਅਵਾਜ਼ ਤੋਂ ਡਰ ਕੇ ਉਸ ਨੂੰ ਬਾਹਰ ਕੱਢ ਦੇਵੇ। ਕਈਆਂ ਹਿੰਦੂਆਂ ਦਾ ਖਿਆਲ ਹੈ ਕਿ ਰਾਹੂ ਜਿਸ ਨੂੰ ਕਿ ਕੁਝ ਅੰਮ੍ਰਿਤ ਪ੍ਰਾਪਤ ਹੋ ਗਿਆ ਸੀ ਅਤੇ ਅਮਰ ਹੋ ਕੇ ਅਕਾਸ਼ ਵਿਚ ਰਹਿ ਰਿਹਾ ਹੈ ਕਈ ਵਾਰੀ ਸੂਰਜ ਜਾਂ ਚੰਦਰਮਾ ਦੇ ਅੱਗੇ ਆ ਜਾਂਦਾ ਹੈ ਜਿਸ ਕਰਕੇ ਗ੍ਰਹਿਣ ਲੱਗਦੇ ਹਨ। ਪਰ ਇਹ ਸਭ ਮਿਥਿਹਾਸਕ ਕਥਾਵਾਂ ਉਤੇ ਵਿਸ਼ਵਾਸ਼ ਹੈ।

(ਇੰਦ੍ਰਜੀਤ ਸਿੰਘ)

ਏਸੇ ਤਰ੍ਹਾਂ ਪੰਜਾਂ ਬਾਣੀਆਂ ਦੇ ਪੜ੍ਹਨ ਦਾ ਮਹਾਤਮ ਹੈ

ਜਪੁਜੀ ਸਾਹਿਬ: — ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਹੈ।

ਜਾਪੁ ਸਾਹਿਬ: — ਅਕਾਲ ਪੁਰਖ ਨੂੰ ਨਮਸ਼ਕਾਰ ਕਰਨ ਵਾਸਤੇ ਹੈ।

ਸਵੱਯੇ: — ਪਖੰਡ ਦੂਰ ਕਰਨ ਲਈ ਅਤੇ ਵੈਰਾਗ ਪੈਦਾ ਕਰਨ ਵਾਸਤੇ ਹਨ।

ਚੌਪਈ: — ਬੇਨਤੀ ਕਰਨ ਵਾਸਤੇ ਅਤੇ ਰਖਿਆ ਲਈ ਹੈ।

ਅਨੰਦ ਸਾਹਿਬ: — ਜੀਵਨ ਮੁਕਤੀ ਦਾ ਅਨੰਦ ਲੈਣ ਵਾਸਤੇ ਹੈ। ਅਨੰਦ ਸਾਹਿਬ ਪੂਰਾ ਪੜ੍ਹਨਾ ਚਾਹੀਦਾ ਹੈ, ਕਿਉਂਕਿ ਦਸਮ ਪਿਤਾ ਜੀ ਨੇ ਅੰਮ੍ਰਿਤ ਤਿਆਰ ਕਰਨ ਵਾਲੇ ਅਨੰਦ ਸਾਹਿਬ ਦੀਆਂ ੪੦ ਪੌੜੀਆਂ ਪੜ੍ਹੀਆਂ ਹਨ। ਸੌ ਸਾਖੀ ਵਿਚ ਲਿਖਿਆ ਹੈ ਅਤੇ ਸੂਰਜ ਪ੍ਰਤਾਪ ਦੀ ਪੰਜਵੀਂ ਰੁਤ ਵਿਚ ਭੀ ਆਉਂਦਾ ਹੈ, ਕਿ ਚਾਹੇ ਕਿਤਨਾ ਭੀ ਕੋਈ ਕੰਮ ਅੜਿਆ ਹੋਵੇ ਤਾਂ ਉਸ ਕਾਰਜ ਦੀ ਸਿਧੀ ਵਾਸਤੇ ਤਿੰਨ ਵਾਰ ਪੂਰੀਆਂ ਪੂਰੀਆਂ ਚਾਲੀਆਂ ਪੌੜੀਆਂ ਦਾ ਪਾਠ ਕਰਕੇ ਰਹਿਤ ਵਾਲੇ ਪੰਜ ਸਿੰਘ ਅਰਦਾਸ ਕਰਨ ਤਾਂ ਗੁਰੂ ਸਾਹਿਬ ਜੀ ਉਸ ਕਾਰਜ ਨੂੰ ਪੂਰਾ ਕਰ ਦੇਂਦੇ ਹਨ।

ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਨਾਲ ਰੋਜ਼ ਦੇ ੨੪੦੦੦ ਸ੍ਵਾਸ ਸਫਲ ਹੁੰਦੇ ਹਨ।

ਆਸਾ ਦੀ ਵਾਰ, ਸਭ ਆਸਾਂ ਪੂਰਨ ਕਰਦੀ ਹੈ ਤੇ ਚੌਰਾਸੀ ਦੇ ਗੇੜ ਨੂੰ ਕਟਦੀ ਹੈ।

ਰਹਰਾਸਿ ਸਾਹਿਬ ਜੀ ਦਾ ਪਾਠ ਸਚਖੰਡ ਵਿਚ ਪਹੁੰਚਾਂਦਾ ਹੈ।

ੴ ਸਤਿਗੁਰ ਪ੍ਰਸਾਦਿ॥

ਆਦਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਭਾਗ ਦਸਵਾਂ

ੴ



ਟੀਕਾਕਾਰ

ਸੰਤ ਕਿਰਪਾਲ ਸਿੰਘ ਜੀ

www.sikhbookclub.com

ੴ ਸਤਿਗੁਰ ਪ੍ਰਸਾਦਿ॥

"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥"

ਸੰਪ੍ਰਦਾਈ ਟੀਕਾ

ਸ੍ਰੀ ਅਮੀਰ ਭੰਡਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੈਂਚੀ ਦਸਵੀਂ

ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ,
ਸਲੋਕ ਫਰੀਦ, ਸਵੱਯੇ, ਸਲੋਕ ਮਹਲਾ ੯, ਮੁੰਦਾਵਣੀ,
ਰਾਗਮਾਲਾ ਦਾ ਸਾਖੀਆਂ ਅਤੇ ਪ੍ਰਮਾਣਾਂ ਸਹਿਤ ਵਿਸਥਾਰ ਪੂਰਬਕ ਟੀਕਾ।

ਟੀਕਾਕਾਰ :

ਸ੍ਰੀ ਮਾਨ, ਪਰਮ ਪੂਜਜ, ਵਿਦਿਆ ਮਾਰਤੰਡ, ੧੦੮ ਬ੍ਰਹਮ ਗਿਆਨੀ

ਸੰਤ ਅਮੀਰ ਸਿੰਘ ਜੀ

ਦੇ ਪਰਮ ਸ਼ਿਸ਼

ਕ੍ਰਿਪਾਲ ਸਿੰਘ (ਗਿਆਨੀ)

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

www.sikhbookclub.com

ਟੀਕਾਕਾਰ- ਕ੍ਰਿਪਾਲ ਸਿੰਘ (ਗਿਆਨੀ)
ਡੇਰਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ
ਨਿਮਕ ਮੰਡੀ, ਬਜ਼ਾਰ ਸੱਤੋ ਵਾਲਾ, ਅੰਮ੍ਰਿਤਸਰ।

ਅਜਿਹੇ ਕਰਨੀ ਵਾਲੇ, ਨਾਮ ਰਸੀਏ, ਮਹਾਂਪੁਰਸ਼, ਸ਼੍ਰੀ ਮਾਨ ੧੦੮ ਮਹੰਤ ਬਾਬਾ ਉਤਮ ਸਿੰਘ ਜੀ ਮਹਾਰਾਜ ਹੋਰਾਂ ਦੀ ਅਪਾਰ ਕਿਰਪਾ ਨਾਲ ਇਹ ਡੇਰਾ ੧੯੪੫ ਬਿਕ੍ਰਮੀ ਤੋਂ ਚੜ੍ਹਦੀਆਂ ਕਲਾਂ ਵਿਚ ਜਾ ਰਿਹਾ ਹੈ।

ISBN : 81-7601-201-7
ISBN : 81-7601-104-5 (ਸੈੱਟ ਦਸ ਭਾਗ)

ਐਡੀਸ਼ਨਾਂ ਦਾ ਵੇਰਵਾ :-
ਪਹਿਲੀ ਵਾਰ : ਮਾਰਚ1977
(500) ਦਸਵੀਂ ਵਾਰ : ਜਨਵਰੀ 2013

ਭੇਟਾ : 380-00

ਪ੍ਰਕਾਸ਼ਕ :-
ਭਾ. ਜਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974 ਫੈਕਸ : 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਦਸਵੀਂ ਐਡੀਸ਼ਨ ਨੂੰ ਛਾਪਣ ਤੇ ਪ੍ਰਕਾਸ਼ਿਤ ਕਰਨ ਦੇ ਅਧਿਕਾਰ ਗਿਆਨੀ ਕ੍ਰਿਪਾਲ ਸਿੰਘ ਚੈਰੀਟੇਬਲ ਸੋਸਾਇਟੀ 126-127 ਸ਼ਕਤੀ ਨਗਰ, ਅੰਮ੍ਰਿਤਸਰ ਪਾਸੋਂ ਪ੍ਰਾਪਤ ਕੀਤੇ ਗਏ ਹਨ। ਸੋਸਾਇਟੀ/ਪ੍ਰਕਾਸ਼ਕ ਦੀ ਆਗਿਆ ਤੋਂ ਬਿਨਾਂ ਕੋਈ ਇਹਨਾਂ ਦਸ ਭਾਗਾਂ ਦੇ ਸਟੀਕ ਗ੍ਰੰਥਾਂ ਦੇ ਅਰਥ ਜਾਂ ਸਾਖੀਆਂ ਨੂੰ Computerised ਜਾਂ C.D. Player ਜਾਂ ਹੋਰ ਕਿਸੇ ਵੀ ਢੰਗ ਨਾਲ ਤਿਆਰ/ਪ੍ਰਕਾਸ ਿਤ ਨਹੀਂ ਕਰ ਸਕਦਾ। Copy Right ਦੇ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

www.sikhbookclub.com

ਧੰਨਵਾਦ

ਸਭ ਤੋਂ ਪਹਿਲਾਂ ਲੱਖ ਲੱਖ ਧੰਨਵਾਦ ਹੈ ਗੁਰੂ ਸਾਹਿਬਾਨ ਦਾ, ਜਿਨ੍ਹਾਂ ਨੇ ਆਪਣੀ ਬਾਣੀ ਵਿਚ ਆਏ ਸ਼ਬਦਾਂ ਦਾ ਸੰਕਲਪਾਂ ਦੇ ਰੂਪਾਂ ਵਿਚ ਵਰਣਨ ਕੀਤਾ ਹੈ।

ਫੇਰ ਲੱਖ ਲੱਖ ਧੰਨਵਾਦ ਹੈ ਭਾਈ ਗੁਰਦਾਸ ਜੀ ਦਾ, ਜਿਨ੍ਹਾਂ ਨੇ ਬਾਣੀ ਵਿਚ ਆਈਆਂ ਘੁੰਡੀਆਂ ਤੇ ਰਹੱਸਾਵਾਂ ਨੂੰ ਖੋਲ੍ਹਿਆ ਹੈ ਅਤੇ ਗੁਰੂ ਸਾਹਿਬਾਂ ਤੋਂ ਕੁੰਜੀ ਹੋਣ ਦਾ ਵਰ ਪ੍ਰਾਪਤ ਕੀਤਾ ਹੈ। ਉਸ ਤੋਂ ਪਿਛੋਂ ਲੱਖ ਲੱਖ ਧੰਨਵਾਦ ਹੈ ਸੋਢੀ ਸਾਹਿਬਾਨ ਦਾ, ਜਿਨ੍ਹਾਂ ਨੇ ਲਿਖਤ ਰੂਪ ਵਿਚ ਗੁਰਬਾਣੀ ਦੇ ਪ੍ਰਮਾਰਥ ਲਿਖੇ ਹਨ।

ਲੱਖ ਲੱਖ ਧੰਨਵਾਦ ਹੈ ਮਹਾਨ ਵਿਦਵਾਨ ਉਦਾਸੀਨ ਮਹਾਤਮਾ ਸਾਹਿਬਾਨ ਦਾ, ਜਿਨ੍ਹਾਂ ਨੇ ਗੁਰਬਾਣੀ ਦੀ ਸੰਗਤਾਂ ਵਿਚ ਵਿਆਖਿਆ ਵੀ ਕੀਤੀ ਹੈ ਅਤੇ ਲਿਖਤੀ ਰੂਪ ਵਿਚ ਗੁਰਬਾਣੀ ਦੇ ਟੀਕੇ ਵੀ ਲਿਖੇ ਹਨ।

ਲੱਖ ਲੱਖ ਧੰਨਵਾਦ ਹੈ ਨਿਰਮਲ ਪੰਥ ਦੇ ਵਿਦਿਆ ਭੂਸ਼ਣ ਮਹਾਂ ਪੁਰਸ਼ਾਂ ਦਾ, ਜਿਨ੍ਹਾਂ ਨੇ ਬਾਣੀ ਤੇ ਬਾਣੀ ਵਿਚ ਆਏ ਸ਼ਬਦਾਂ ਦਾ ਕੋਸ਼ਾਂ, ਪ੍ਰਤੀਕਾਂ ਤੇ ਵਿਅੰਜਨਾਂ, ਧੁਨੀਆਂ, ਲਖਸ਼ਣਾਂ ਤੇ ਬਿਰਤੀਆਂ ਅਨੁਸਾਰ ਟੀਕੇ ਬਣਾਏ ਤੇ ਵਿਆਖਿਆ ਕੀਤੀ।

ਕੋਟਾਨ ਕੋਟ ਧੰਨਵਾਦ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ, ਜਿਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਭਾਈ ਮਨੀ ਸਿੰਘ ਜੀ ਨੂੰ ਅਰਥ ਸੁਣਾਏ ਅਤੇ ਸੰਪ੍ਰਦਾਈ ਅਰਥਾਂ ਦੀ ਸ਼ਰੋਮਣੀ ਟਕਸਾਲ ਚੁਲਾਈ।

ਲੱਖ ਲੱਖ ਧੰਨਵਾਦ ਹੈ-ਆਪਣੇ ਪੂਜਜ ਸੱਚ-ਖੰਡ ਵਾਸੀ, ਬ੍ਰਹਮ ਗਿਆਨੀ, ਮਹਾਨ ਤਪਸ੍ਵੀ, ਪਰਉਪਕਾਰੀ, ਸੰਤ ਗਿਆਨੀ ਅਮੀਰ ਸਿੰਘ ਮਹਾਰਾਜ ਜੀ ਦਾ, ਜਿਨ੍ਹਾਂ ਅਪਾਰ ਕਿਰਪਾ ਕਰ ਕੇ ਪੁਰੰਪਰਾ ਦੀ ਧਾਰਾ ਅਨੁਸਾਰ ਆਏ ਅਰਥਾਂ ਦੀ ਦਾਤ ਮੇਰੀ ਝੋਲੀ ਵਿਚ ਪਾਈ ਹੈ, ਉਨ੍ਹਾਂ ਦੇ ਜੋ ਸਤਿਕਾਰ ਯੋਗ ਸ਼ਿਸ਼ ਹਨ, ਉਨ੍ਹਾਂ ਦਾ ਭੀ ਧੰਨਵਾਦ ਕਰਦਾ ਹਾਂ- ਜਿਨ੍ਹਾਂ ਨੇ ਉਨ੍ਹਾਂ ਦੇ ਚਰਨਾਂ ਵਿਚ ਬੈਠ ਕੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜ਼ੀ ਦੀ ਕਥਾ ਦਾ ਅਧਿਐਨ ਕੀਤਾ ਹੈ ਅਤੇ ਉਸ ਅਧਿਐਨ ਕੀਤੀ ਹੋਈ ਕਥਾ ਨੂੰ ਕਿਸੇ ਨਾ ਕਿਸੇ ਰੂਪ ਵਿਚ ਲਿਖਤ ਰੂਪ ਜਾਂ ਸੰਗਤਾਂ ਵਿਚ ਪ੍ਰਚਾਰ ਦੇ ਰੂਪ ਵਿਚ ਲਿਆਂਦਾ ਹੈ।

ਮੈਂ ਟੀਕਾ ਲਿਖਣ ਵੇਲੇ ਇਹ ਅਨੁਭਵ ਕਰਦਾ ਰਿਹਾ ਹਾਂ, ਕਿ ਜਿਵੇਂ ਪੂਜਜ ਬ੍ਰਹਮ ਗਿਆਨੀ ਜੀ ਮਹਾਰਾਜ ਆਪਣੇ ਹੱਥਾਂ ਨਾਲ ਆਪ ਮੇਰੀ ਕਲਮ ਨੂੰ ਫੜ ਕੇ ਲਿਖਾਉਂਦੇ ਰਹੇ ਹਨ। ਅੱਜ ਮੇਰਾ ਮਨ ਹਲਕਾ ਅਤੇ ਉਤਸ਼ਾਹ ਨਾਲ ਭਰਪੂਰ ਹੈ ਅਤੇ ਅਕਾਲ ਪੁਰਖ ਦਾ ਕ੍ਰੋੜਾਂ ਵਾਰ ਧੰਨਵਾਦ ਕਰਦਾ ਹੈ ਕਿ ਉਸ ਪ੍ਰਭੂ ਨੇ ਹੀ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਸ ਪੋਥੀਆਂ ਵਿਚ ਬਖਸ਼ੀ ਹੈ।

ਸ: ਆਤਮਾ ਸਿੰਘ ਜੀ ਦੀ ਸਪੁੱਤਰੀ ਬੱਚੀ ਦਲਜੀਤ ਕੌਰ ਮੇਰੇ ਨਾਲ ਲਿਖਣ ਵਿਚ ਬੜੀ ਮੱਦਦ ਕਰਦੀ ਰਹੀ ਹੈ। ਤਕਰੀਬਨ ੧੯੭੧-੭੨ ਤੋਂ ਉਸ ਨੇ ਮੇਰੇ ਨਾਲ ਸਹਿਯੋਗ ਦੇਣਾ ਸ਼ੁਰੂ ਕੀਤਾ। ਕਿਉਂਕਿ ਲਿਖਣ ਦਾ ਕੰਮ ਆਸਾਨ ਤਾਂ ਨਹੀਂ ਹੈ। ਪਹਿਲਾਂ ਸਾਰਾ ਮੂਲ ਪਾਠ ਤੇ ਅਰਥ ਲਿਖ ਕੇ ਫਿਰ ਸੁਧਾਈ ਕਰਨੀ, ਫਿਰ ਪਰੂਫ ਦੇਖਣੇ ਤਾਂ ਜਾ ਕੇ ਅਸਲੀ ਪੋਥੀਆਂ ਸਾਹਮਣੇ ਆਉਂਦੀਆਂ ਹਨ। ਇਕ ਇਕ ਅੱਖਰ ਬੜੇ ਧਿਆਨ ਨਾਲ

ਦੇਖਣਾ ਤੇ ਵਿਚਾਰਨਾ ਪੈਂਦਾ ਹੈ। ਸੋ ਇਸ ਦਾ ਕੰਮ ਮੂਲ ਪਾਠ ਲਿਖ ਕੇ, ਪਰੂਫ ਦੀ ਸੁਧਾਈ ਕਰਨ ਦਾ ਸੀ, ਜੋ ਵਾਹਿਗੁਰੂ ਦੀ ਅਪਾਰ ਮੇਹਰ ਦਾ ਸਦਕਾ ਇਹ ਬੜੇ ਸੋਹਣੇ ਢੰਗ ਨਾਲ ਕਰਦੀ ਰਹੀ ਹੈ।

• ੧੯੭੩ ਵਿਚ ਇਸ ਦੀ ਸ਼ਾਦੀ ਸ: ਅਨੰਦਜੀਤ ਸਿੰਘ (ਸਪੁੱਤਰ ਸ: ਸੁੰਦਰ ਸਿੰਘ ਜੀ ਮੁਨਿਆਰ) ਨਾਲ ਹੋ ਗਈ। ਲਗਦਾ ਤਾਂ ਸੀ ਕਿ ਵਿਆਹ ਤੋਂ ਬਾਅਦ ਕੰਮ ਵਿਚ ਸ਼ਾਇਦ ਵਿਘਨ ਨਾ ਆ ਜਾਵੇ ਪਰ ਉਹ ਵੀ ਗੁਰਸਿੱਖ ਬੰਦੇ ਸਨ ਸੋ ਉਹਨਾਂ ਦੇ ਸਹਿਯੋਗ ਨਾਲ ਬੱਚੀ ਨੇ ਕੰਮ ਨੂੰ ਉਸੇ ਤਰ੍ਹਾਂ ਜਾਰੀ ਰਖਿਆ ਤੇ ਅਖੀਰ ਤੱਕ ਮੇਰਾ ਸਹਿਯੋਗ ਦੇ ਕੇ ਇਹ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਟੀਕ ਦਾ ਕਾਰਜ ਸਿਰੇ ਚੜ੍ਹਾਇਆ ਹੈ। ਮੇਰੀ ਤਾਂ ਵਾਹਿਗੁਰੂ ਅੱਗੇ ਇਹੋ ਅਰਦਾਸ ਹੈ ਕਿ ਵਾਹਿਗੁਰੂ ਇਸ ਨੂੰ ਦੇਹ ਅਰੋਗਤਾ, ਸੇਵਾ ਕਰਨ ਦਾ ਬਲ ਤੇ ਚੜ੍ਹਦੀ ਕਲਾ ਬਖਸ਼ੇ।

ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ ੧੩॥

ਦੇ ਅਟੱਲ ਨਿਯਮ ਅਨੁਸਾਰ ਸਰਵ ਸ਼ਕਤੀਵਾਨ ਅਕਾਲ ਪੁਰਖ, ਵਾਹਿਗੁਰੂ, ਪਰਮੇਸ਼ਰ ਆਪਣੀ ਅਪਾਰ ਕਿਰਪਾ ਜਿਸ ਉਤੇ ਕਰਦਾ ਹੈ ਉਸੇ ਨੂੰ ਇਹ ਦਾਤ ਬਖਸ਼ ਦੇਂਦਾ ਹੈ। ਓਹੀ ਮਨੁੱਖ ਵਾਹਿਗੁਰੂ ਦੇ ਲੜ ਲੱਗ ਕੇ ਦੁਨੀਆਂ ਅੰਦਰ ਨੇਕੀ, ਭਲਾ, ਸੇਵਾ ਸਿਮਰਨ ਕਰਦਾ ਹੈ। ਜਿਥੇ ਉਹ ਆਪਣਾ ਆਪ ਸਵਾਰਦਾ ਹੈ, ਉਥੇ ਉਹ ਦੂਜਿਆਂ ਲਈ ਵੀ ਇਕ ਰੋਸ਼ਨ-ਮਿਨਾਰ ਸਾਬਤ ਹੁੰਦਾ ਹੈ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਵਸਾਈ ਹੋਈ ਪਵਿੱਤਰ ਨਗਰੀ ਸੱਚ-ਖੰਡ ਬੈਕੁੰਠ-ਧਾਮ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਸਨੀਕ ਗੁਰੂ-ਘਰ ਦੇ ਪਰਮ ਪ੍ਰੀਤਵਾਨ, ਗੁਰਸਿੱਖ, ਗੁਰਮੁਖ ਪਿਆਰੇ ਸਰਦਾਰ ਸਾਹਿਬ ਸਰਦਾਰ ਤਾਰਾ ਸਿੰਘ ਜੀ ਬੈਂਕਰ (ਸਾਬਕਾ ਮੈਂਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦਾ ਨਾਮ ਖਾਸ ਵਰਣਨ ਯੋਗ ਹੈ।

ਜਿਨ੍ਹਾਂ ਦੇ ਨਾਮ ਤੋਂ ਅੰਮ੍ਰਿਤਸਰ ਨਿਵਾਸੀ ਤਾਂ ਕੀ, ਬਲਕਿ ਹਰ ਮਨੁੱਖ ਤੇ ਬੱਚਾ ਬੱਚਾ ਜਾਣੂੰ ਹੈ। ਸ਼ਰੋਮਣੀ ਕਮੇਟੀ ਦੇ ਮੈਂਬਰ ਹੁੰਦਿਆਂ ਅਤਿ ਦਰਜੇ ਦੀ ਨਿਮਰਤਾ, ਭਾਵ ਆਪਣੇ ਆਪ ਨੂੰ ਗੁਰੂ-ਘਰ ਦੇ ਸੇਵਾਦਾਰ ਸਮਝ, ਸੰਗਤ ਦੀ ਸੇਵਾ, ਪਰਉਪਕਾਰੀ ਤੇ ਬੜਾ ਸਾਦਗੀ ਵਾਲਾ ਜੀਵਨ ਰਖਿਆ, ਕਦੇ ਹੰਕਾਰ ਨੂੰ ਨੇੜੇ ਨਹੀਂ ਆਉਣ ਦਿੱਤਾ।

ਮਾਣ ਏਨਾ ਮਿਲਦਾ ਕਿ ਕੋਈ ਸਮਾਗਮ ਹੁੰਦਾ ਉਸ ਵਿਚ ਸ: ਤਾਰਾ ਸਿੰਘ ਜੀ ਬੈਂਕਰ ਜ਼ਰੂਰ ਸ਼ਾਮਲ ਹੁੰਦੇ। ਜਿਸ ਸਮਾਗਮ ਵਿਚ ਆਪ ਨਾ ਹੁੰਦੇ ਤਾਂ ਇੰਜ ਲੱਗਦਾ ਜਿਵੇਂ ਰੌਣਕ ਹੀ ਨਾ ਹੋਵੇ। ਏਨਾ ਕੁਝ ਹੋਣ ਦੇ ਬਾਵਜੂਦ ਹਰ ਇਕ ਨਾਲ ਮੇਲ ਮਿਲਾਪ, ਦਿਲ ਅੰਦਰ ਸਦਾ ਖੇੜਾ ਭਰਿਆ ਰਹਿਣਾ, ਫੇਰ ਸਾਦਗੀ ਦੀ ਕੋਈ ਹੱਦ ਹੀ ਨਹੀਂ, ਸਾਦਾ ਜਿਹਾ ਲਿਬਾਸ, ਸਿਧੀ ਗੁਰਮੁਖੀ ਦਸਤਾਰ, ਆਮ ਆਦਮੀ ਆਪ ਨੂੰ ਪਹਿਚਾਨ ਹੀ ਨਾ ਸਕਦਾ, ਕਿ ਇਹ ਸਰਦਾਰ ਤਾਰਾ ਸਿੰਘ ਜੀ ਹੀ ਹਨ? ਨਿਮਰਤਾ, ਗਰੀਬੀ, ਸੇਵਾ, ਸਾਦਗੀ ਜਿੰਨੀ ਕੁ ਆਪ ਦੇ ਹਿੱਸੇ ਆਈ ਸ਼ਾਇਦ ਹੀ ਕਿਸੇ ਦੇ ਹਿੱਸੇ ਆਈ ਹੋਵੇ।

ਅੱਗੋਂ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ, ਗੁਰਮੁਖ ਪਿਆਰੇ ਨਿਤਨੇਮੀ, ਗੁਰੂ ਰਾਮਦਾਸ ਜੀ ਦੇ ਚਰਨਾਂ ਦੇ ਭੌਰੇ, ਪਰਮ ਪ੍ਰੀਤ-ਵਾਨ ਆਪ ਜੀ ਦੇ ਸੁਯੋਗ ਮਹਿਮਾਨ ਸ: ਹਰਭਜਨ ਸਿੰਘ ਜੀ 'ਚਾਵਲਾ' 'ਡੀਡ ਰਾਇਟਰ' ਅਤੇ ਆਪ ਜੀ ਦੀ ਧਰਮ-ਪਤਨੀ ਬੀਬੀ ਮਹਿੰਦਰ ਕੌਰ ਵੀ ਆਪ ਵਾਂਗ ਰੋਜ਼ਾਨਾ ਅੰਮ੍ਰਿਤ ਵੇਲੇ ਤਿਆਰ-ਬਰ-ਤਿਆਰ ਹੋ ਇਸ਼ਨਾਨ ਆਦਿ ਕਰ ਕੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਿਨਾਂ ਨਾਗਾ ਦਰਸ਼ਨ ਕਰਦੇ,

ਭਾਵੇਂ ਮੀਂਹ ਪਵੇ ਜਾਂ ਹਨੇਰੀ ਚੱਲੇ, ਸਰਦੀ ਹੋਵੇ ਜਾਂ ਗਰਮੀ, ਸਰੀਰ ਠੀਕ ਹੋਵੇ ਜਾਂ ਬੀਮਾਰ, ਦਰਸ਼ਨ ਕਰ ਕੇ ਹੀ ਜਲ-ਪਾਣੀ ਛਕਣਾ ਆਪ ਦਾ ਨਿਯਮ ਦੇਖਣ ਵਿਚ ਆਇਆ।

ਨਾਲ ਦੇ ਨਾਲ ਸੇਵਾ ਦੇ ਪੁੰਜ ਪਰਮ ਸਤਿਕਾਰ ਯੋਗ ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਦੀ ਸੰਗਤ ਕਰਦੇ ਰਹਿਣਾ। ਤਨੋਂ ਮਨੋਂ ਹੋ ਕੇ ਉਨ੍ਹਾਂ ਦੀ ਸੇਵਾ ਭੀ ਆਪ ਜੀ ਨੇ ਅਤੇ ਆਪ ਜੀ ਦੀ ਬੱਚੀ ਨੇ ਕੀਤੀ ਹੈ, ਜਿਸ ਤੇ ਬਾਬਾ ਜੀ ਦੀ ਪ੍ਰਸੰਨਤਾ ਦੇ ਪਾਤਰ ਬਣੇ ਰਹੇ। ਇਕ ਦਿਨ ਆਪ ਨੂੰ ਡੇਰੇ ਵੱਲੋਂ ਪ੍ਰਕਾਸ਼ਤ ਹੋਈ ਪੋਥੀ ਸ੍ਰੀ ਅਮੀਰ ਭੰਡਾਰ ਅਰਥਾਤ ਸ੍ਰੀ ਜਪੁ ਜੀ ਸਾਹਿਬ ਸਟੀਕ, ਭਗਤ ਬਾਣੀ ਸਟੀਕ ਪੜ੍ਹਨ ਦਾ ਮੌਕਾ ਲੱਗਾ। ਬੱਸ ਪੜ੍ਹਨ ਦੀ ਦੇਰ ਹੋਈ। ਮਨ ਵਿਚ ਪੱਕਾ ਖਿਆਲ ਬਣ ਗਿਆ ਕਿ ਉਸ ਡੇਰੇ ਦੇ ਵੀ ਦਰਸ਼ਨ ਕਰੀਏ, ਜਿਸ ਵਲੋਂ ਇਹ ਪੋਥੀ ਪ੍ਰਕਾਸ਼ਤ ਹੋਈ ਹੈ।

ਜੋ ਦਿਲ ਦੀ ਭਾਵਨਾ ਸੀ ਉਸ ਅਨੁਸਾਰ ਇਕ ਦਿਨ ਡੇਰੇ ਆਏ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣੀ, ਸੰਗਤ ਕੀਤੀ, ਮਨ ਵਿੰਨ੍ਹਿਆ ਗਿਆ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥ ੧੯੪॥

ਰੋਜ਼ਾਨਾ ਡੇਰੇ ਆਉਣਾ, ਕਥਾ ਕੀਰਤਨ, ਗੁਰਬਾਣੀ ਦੀ ਵਿਚਾਰ ਸੁਣਨੀ-

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥

ਦੇ ਵਾਕ ਅਨੁਸਾਰ ਸੇਵਾ ਕਰਦੇ ਰਹਿਣਾ, ਦਿਲ ਵਿਚ ਇਕ ਸੱਧਰ ਬਣ ਗਈ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਸੰਗਤ, ਪਰਮ ਪਵਿੱਤਰ ਗੁਰਬਾਣੀ ਦੀ ਵਿਚਾਰ ਤੇ ਸੇਵਾ ਕਰਦੇ ਰਹੀਏ।

ਸੋ ਉਸੇ ਭਾਵਨਾ ਅਨੁਸਾਰ ਰੋਜ਼ ਲੰਗਰ ਤਿਆਰ ਕਰ ਕੇ ਘਰੋਂ ਲਿਆਉਂਦੇ ਹਨ ਤੇ ਸੰਗਤ ਦੀ ਸੇਵਾ ਕਰਦਿਆਂ ਕਦੇ ਹੰਕਾਰ ਨਹੀਂ ਆਇਆ ਸਿਰਫ ਸੇਵਾ ਭਾਵਨਾ ਹੀ ਰੱਖੀ। ਕਈ ਤਰ੍ਹਾਂ ਦੀਆਂ ਔਕੜਾਂ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪਿਆ, ਭਾਵੇਂ ਨਿੰਦਕ ਲੋਕਾਂ ਨੇ ਆਪਣੇ ਨਿੰਦਿਆ ਵਾਲੇ ਸੁਭਾਵ ਅਨੁਸਾਰ ਨਿੰਦਿਆ ਦੇ ਸ਼ਬਦ ਵੀ ਕਹੇ, ਪਰ ਸੇਵਾ ਭਾਵਨਾ ਨਹੀਂ ਛੱਡੀ, ਦੁਨਿਆਵੀ ਕਿਸੇ ਵੀ ਗੱਲ ਦੀ ਪਰਵਾਹ ਕੀਤੇ ਬਗੈਰ ਬਿਨਾਂ ਨਾਗਾ ਸੇਵਾ ਕਰਦੇ ਰਹੇ।

ਸੇਵਾ ਪੰਥੀ ਭੇਖ ਦੇ ਪ੍ਰਧਾਨ ਸਾਹਿਬ ਸ੍ਰੀ ਮਾਨ ੧੦੮ ਪੰਡਿਤ ਨਿਸਚਲ ਸਿੰਘ ਜੀ, ਮਹੰਤ ਗੁਰਮੁਖ ਸਿੰਘ ਜੀ, ਮਹੰਤ ਮੋਤੀ ਰਾਮ ਜੀ ਤੇ ਕੈਥਲ ਵਾਲੇ ਮਹੰਤ ਸਾਹਿਬ ਤੁਲਸੀ ਦਾਸ ਜੀ ਤੇ ਬਿਹਾਰੀ ਲਾਲ ਜੀ, ਸ੍ਰੀ ਮਾਨ ਮਹੰਤ ਤਾਰਾ ਸਿੰਘ ਜੀ, ਸ੍ਰੀ ਮਾਨ ਮਹੰਤ ਨਿਰਵੈਰ ਸਿੰਘ ਜੀ, ਮਹੰਤ ਆਸਾ ਸਿੰਘ ਜੀ ਇਤ ਆਦਿਕ ਜੋ ਭੀ ਮਹੰਤ ਸਾਹਿਬ ਬਾਹਰੋਂ ਆਉਂਦੇ ਸਨ, ਸਭ ਵਾਸਤੇ ਲੰਗਰ ਤਿਆਰ ਕਰ ਕੇ ਭੈਣ ਜੀ ਨੇ ਛਕਾਉਣਾ ਤੇ ਸਾਰਿਆਂ ਮਹਾਂ ਪੁਰਸ਼ਾਂ ਦੀ ਪ੍ਰਸੰਨਤਾ ਲੈਣੀ।

ਮੇਰੇ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਟੀਕ ਲਿਖਣ ਵੇਲੇ ਵੱਧ ਤੋਂ ਵੱਧ ਸੇਵਾ, ਕੋਈ ਵੀ ਕੰਮ ਕਰਨਾ ਹੋਵੇ ਕਰ ਕੇ ਹੀ ਸਾਹ ਲੈਣਾ। ਅੱਜ ਦਾ ਕੰਮ ਕਲ੍ਹ 'ਤੇ ਨਹੀਂ ਛੱਡਣਾ। ਇਨ੍ਹਾਂ ਦਾ ਸਪੁੱਤਰ (ਕਾਕਾ ਹਰਿੰਦਰ

ਸਿੰਘ ਜੋ ਭਾਵੇਂ ਅੱਜ ਸਰੀਰ ਕਰ ਕੇ ਸਾਡੇ ਵਿਚ ਨਹੀਂ ਪਰ ਉਸ ਦੀ ਯਾਦ ਜ਼ਰੂਰ ਹੈ)* ਮੈਨੂੰ ਜਦੋਂ ਵੀ ਲੋੜ ਪਈ। ਬਾਹਰ ਅੰਦਰ ਜਾਣ ਸਮੇਂ ਕਦੇ ਨਾਂਹ ਨਹੀਂ ਕੀਤੀ, ਆਪਣੇ ਸਾਰੇ ਜ਼ਰੂਰੀ ਕੰਮ ਛੱਡ ਕੇ ਮੇਰੇ ਨਾਲ ਡਲਹੌਜੀ-ਬੰਬਈ ਦੇ ਦੌਰੇ ਸਮੇਂ ਕਈ ਕਈ ਦਿਨ ਕਾਰ ਦੀ ਡਰਾਵਿੰਗ ਦੀ ਸੇਵਾ ਕੀਤੀ, ਕਿਉਂਕਿ ਜ਼ਿਆਦਾ ਗਰਮੀ ਹੋਣੀ ਤੇ ਡਲਹੌਜੀ ਚਲੇ ਗਏ, ਸਰਦੀ ਪਈ ਤੇ ਬੰਬਈ ਅਤੇ ਜਦ ਮੈਂ ਛਿਹਰਟੇ ਜੀ.ਟੀ. ਰੋਡ ਮਕਾਨ ਕਿਰਾਏ ਤੇ ਲੈ ਕੇ ਪੋਥੀਆਂ ਲਿਖਦਾ ਰਿਹਾ ਹਾਂ, ਇਕਾਂਤ ਜਗ੍ਹਾ ਪਰ ਤਦ ਵੀ ਸਿਊਟੀ ਰੋਜ਼ ਨਿਯਮ ਅਨੁਸਾਰ ਪ੍ਰਸ਼ਾਦਾ ਲਿਆ ਕੇ ਮੈਨੂੰ ਛਕਾ ਕੇ ਪ੍ਰਸੰਨ ਰਖਦਾ ਰਿਹਾ ਹੈ ਬਹੁਤ ਵਾਰ ਘੁੱਟਣ ਦੀ ਸੇਵਾ ਵੀ ਕਰ ਜਾਂਦਾ ਸੀ। ਮੇਰੇ ਦਿਲ ਵਿਚ ਇਹੋ ਇੱਛਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਇਹ ਮਹਾਨ ਕਾਰਜ ਜੋ ਆਰੰਭ ਲਿਆ ਹੈ ਪੂਰਾ ਹੋ ਜਾਵੇ। ਕਿਉਂਕਿ ਦਿਨ-ਬ-ਦਿਨ ਸੰਗਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੀ ਮੰਗ ਬੜੀ ਜ਼ੋਰ ਫੜਦੀ ਜਾ ਰਹੀ ਸੀ, ਪਰ ਮੇਰਾ ਦਿਲ ਇਸ ਮਹਾਨ ਕਾਰਜ ਨੂੰ ਛੂਹਣ ਤੋਂ ਝਿਜਕਦਾ ਸੀ ਕਿ ਪੰਡ ਬਹੁਤ ਭਾਰੀ ਹੈ ਸਿਰ ਛੋਟਾ, ਦਿਲ ਅੰਦਰ ਇਹ ਖਿਆਲ ਕਿ ਇਹੋ ਜਿਹੇ ਕਾਰਜ ਬੜੀ ਮੁਸ਼ਕਿਲ ਨਾਲ ਹੀ ਸਿਰੇ ਚੜ੍ਹਦੇ ਹਨ। ਮਨ ਹੌਸਲਾ ਢਾਹ ਦੇਂਦਾ ਸੀ। ਸਾਹਸ ਕਰਨ ਦਾ ਹੀਆ ਨਹੀਂ ਸੀ ਪੈਂਦਾ।

ਇਕ ਦਿਨ ਬੈਠਿਆਂ ਬੈਠਿਆਂ ਟੀਕੇ ਬਾਰੇ ਗੱਲਾਂ ਚੱਲ ਪਈਆਂ। ਕਿਸੇ ਨੇ ਕਿਹਾ, 'ਜੇਕਰ ਸਟੀਕ ਛਪ ਗਿਆ ਤੇ ਲੋਕੀਂ ਕਥਾ ਵਿਚਾਰ ਸੁਣਨ ਵਾਸਤੇ ਡੇਰੇ ਨਹੀਂ ਆਉਣਗੇ, ਸੰਗਤ ਦੀ ਆਵਾਜਾਈ ਘਟ ਜਾਵੇਗੀ, ਬਾਹਰੋਂ ਕੋਈ ਵੀ ਵਿਦਿਆਰਥੀ ਕਥਾ ਸੁਣਨ ਵਾਸਤੇ ਨਹੀਂ ਆਵੇਗਾ, ਇਸ ਕਰ ਕੇ ਤੁਸੀਂ ਇਸ ਸਟੀਕ ਦੇ ਕੰਮ ਨੂੰ ਰਹਿਣ ਦਿਓ। ਨਾਲ ਹੀ ਸ: ਹਰਭਜਨ ਸਿੰਘ ਜੀ ਤੇ ਭੈਣ ਮੰਹਿਦਰ ਕੌਰ ਜੀ ਵੀ ਬੈਠੇ ਸਨ। ਇਨ੍ਹਾਂ ਨੇ ਕਿਹਾ, ਕੁਝ ਵੀ ਹੋਵੇ ਤੁਸੀਂ ਟੀਕਾ ਜ਼ਰੂਰ ਲਿਖੋ ਤੇ ਇਸ ਨਾਲ ਰਹਿੰਦੀ ਦੁਨੀਆਂ ਤਕ ਡੇਰੇ ਦਾ ਤੇ ਵਡੇ ਮਹਾਂ ਪੁਰਸ਼ਾਂ ਦਾ ਨਾਮ ਚਮਕੇਗਾ।' ਮੈਂ ਕਿਹਾ, ''ਤੁਸੀਂ ਸੋਚ ਲਵੋ, ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਤੇ ਕਈ ਤਰ੍ਹਾਂ ਦੀਆਂ ਹਨੇਰੀਆਂ, ਝੱਖੜ ਵੀ ਝੁੱਲਣਗੇ, ਦੁੱਖ ਵੀ ਸਹਾਰਨੇ ਪੈਣਗੇ।''

ਭੈਣ ਮਹਿੰਦਰ ਕੌਰ ਜੀ ਕਹਿਣ ਲੱਗੇ, 'ਜੋ ਵੀ ਹੋਵੇਗਾ ਖਿੜੇ ਮੱਥੇ ਸਹਾਰਾਂਗੇ।'

ਸੋ ਅਖੀਰ 'ਤੇ ਆ ਕੇ ਭਾਵੇਂ ਅਕਾਲ ਪੁਰਖ ਦਾ ਹੁਕਮ ਹੀ ਐਸਾ ਸੀ, ਜੋ ਇਨ੍ਹਾਂ ਦਾ ਹੋਣਹਾਰ ਲੜਕਾ ਕਾਕਾ ਹਰਿੰਦਰ ਸਿੰਘ (ਸੀਊਟੀ) ਕਈਆਂ ਦੇ ਆਖਣ ਤੋਂ ਪਤਾ ਲੱਗਾ ਹੈ ਕਿ ਕਿਸੀ ਨੇ ਕੁਝ ਪਿਲਾ ਕੇ ਟੂਣਾ ਕੀਤਾ ਹੋਇਆ ਹੈ ਉਸ ਵਜ੍ਹਾ ਕਰ ਕੇ ਅਕਾਲ ਚਲਾਣਾ ਕਰ ਗਿਆ। ਕੋਈ ਬੀਮਾਰੀ ਨਹੀਂ ਕੋਈ ਕੁਝ ਨਹੀਂ। ਇਸ ਤੋਂ ਵਡੀ ਹੋਰ ਕਿਹੜੀ ਘਟਨਾ ਵਾਪਰ ਸਕਦੀ ਸੀ।

ਮੇਰੇ ਬੀਮਾਰ ਹੋਣ ਕਾਰਨ ਡਾਕਟਰਾਂ ਨੇ ਮੈਨੂੰ ਭੀ ਜਵਾਬ ਦੇ ਦਿੱਤਾ ਅਤੇ ਕੱਕੜ ਹਸਪਤਾਲ ਦਾਖਲ ਹੋਣ ਦੀ ਰਾਇ ਦਿਤੀ, ਮੈਂ ੧੮.੩.੮੧ ਨੂੰ ਹਸਪਤਾਲ ਦਾਖਲ ਹੋ ਗਿਆ ਤੇ ਪਿਛੋਂ ੧੯.੩.੮੧. ਨੂੰ ਇਹ ਭਾਣਾ ਵਰਤ ਗਿਆ। ਪਰ ਉਸ ਦੇ ਗੁਜਰ ਜਾਣ ਦੀ ਖ਼ਬਰ ਮੈਨੂੰ ਹਸਪਤਾਲ ਨਹੀਂ ਦੱਸੀ ਤਾਂ ਕਿ ਕੋਈ ਚਿੰਤਾ ਨਾ ਕਰਨ।

---

*ਏਥੇ ਇਕ ਖਾਸ ਚੀਜ਼ ਦੇਖਣ ਵਿਚ ਇਹ ਆਈ ਹੈ ਕਿ ਇਨ੍ਹਾਂ ਦਾ ਬੜਾ ਹੋਣਹਾਰ, ਸੁਯੋਗ ਲੜਕਾ ਕਾਕਾ ਹਰਿੰਦਰ ਸਿੰਘ (ਸੀਊਟੀ) ੧੯.੩.੮੧. ਨੂੰ ਅਕਾਲ ਚਲਾਣਾ ਕਰ ਗਿਆ। ਪਰ ਆਪ ਸਦਾ ਵਾਂਗ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਦਰਸ਼ਨ ਕਰਕੇ ਬਿਨਾਂ ਨਿਯਮ ਤੋੜੇ (ਭਾਈ ਭਿਖਾਰੀ ਜੀ ਵਾਂਗ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦਿਆਂ ਹੋਇਆਂ) ਬਾਅਦ ਵਿਚ ਅੰਤਿਮ ਸੰਸਕਾਰ ਦੀ ਤਿਆਰੀ ਕੀਤੀ।

ਤੇ ਹੁਣ ਹਰ ਪੂਰਨਮਾਸ਼ੀ ਨੂੰ ਸ੍ਰੀ ਅਖੰਡ ਪਾਠ ਦਾ ਭੋਗ ਪੁਆ ਕੇ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਂਦੇ ਹਨ ਅਤੇ
''ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥'' ਦੇ ਮਾਰਗ ਉਤੇ ਤੁਰਦੇ ਹਨ।

ਸੋ ਜਿਥੇ ਮੈਂ ਉਸ ਅਕਾਲ ਪੁਰਖ ਵਾਹਿਗੁਰੂ ਦਾ ਰੋਮ ਰੋਮ ਕਰ ਕੇ ਰਿਣੀ ਹਾਂ। ਉਥੇ ਇਸ ਗੁਰਮੁਖ ਪਰਵਾਰ ਦਾ ਵੀ ਬਹੁਤ ਬਹੁਤ ਧੰਨਵਾਦੀ ਹਾਂ। ਜਿਸ ਨੇ ਮੈਨੂੰ ਲੋੜ ਤੋਂ ਵੱਧ ਸਹਿਯੋਗ ਦਿੱਤਾ ਹੈ, ਕਿਉਂਕਿ ਸ: ਹਰਭਜਨ ਸਿੰਘ ਜੀ ਨੇ ਆਪਣੇ ਸਾਰੇ ਸੁਖ ਅਰਾਮ ਛੱਡ ਕੇ ਇਸ ਟੀਕੇ ਦੀ ਲਿਖਾਈ ਨੂੰ ਮੁਖ ਰਖਦਿਆਂ ਹੋਇਆਂ ਬੀਬੀ ਮਹਿੰਦਰ ਕੌਰ ਨੂੰ ਸੇਵਾ ਕਰਨ ਵਾਸਤੇ ਅਤੇ ਦਵਾਈ ਵਗੈਰਾ ਦੇਣ ਵਾਸਤੇ ਡਾਕਟਰ ਆਗਿਆ ਸਿੰਘ ਜੀ ਦੀ ਮਰਜ਼ੀ ਨਾਲ ਮੇਰੇ ਨਾਲ ਭੇਜਦੇ ਰਹੇ ਹਨ।

ਅੰਤ ਵਿਚ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰ 'ਤੇ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ! ਆਪ ਇਸ ਪਰਵਾਰ ਨੂੰ ਹੋਰ ਵੀ ਵਧੇਰੇ ਬਲ ਤੇ ਬੁੱਧੀ ਬਖਸ਼ਣ, ਜਿਸ ਨਾਲ ਅੱਗੋਂ ਲਈ ਗੁਰੂ-ਘਰ ਨਾਲ ਜੁੜੇ ਰਹਿਣ, ਸੇਵਾ ਭਾਵ ਕਰਦੇ ਰਹਿਣ ਆਪਣੇ ਦਰੋਂ ਘਰੋਂ ਨਾਮ ਦਾਨ, ਸਿੱਖੀ ਦਾਨ, ਗੁਰਸਿੱਖੀ ਜੀਵਨ ਬਖਸ਼ਣ ਤਾਂ ਕਿ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ।

ਉਦਾਸੀਨ ਭੇਖ ਭੂਸ਼ਨ, ਭਜਨੀਕ ਆਤਮਾ, ਸਰਵ ਗੁਣ ਅਲੰਕ੍ਰਿਤ, ਨਿਤਨੇਮੀ, ਗੁਰਬਾਣੀ ਦੇ ਮਨੋਹਰ ਵਿਆਖਿਆਕਾਰ, ਸ੍ਰੀ ਮਾਨ ਪਰਮ ਸਤਿਕਾਰ ਯੋਗ ਬਾਵਾ ਸੰਤ ਦਾਸ ਜੀ ਮਹਾਰਾਜ, ਪ੍ਰੀਤਮ ਭਵਨ ਗੋਪਾਲ ਨਗਰ ਜਲੰਧਰ ਵਾਲਿਆਂ ਦਾ ਵੀ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਦੇ ਪੂਰਨ ਸਹਿਯੋਗ ਨਾਲ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਦਾ ਮਹਾਨ ਕਾਰਜ ਤੋੜ-ਸਿਰੇ ਚੜ੍ਹਿਆ ਹੈ।

ਮਹੰਤ ਸਾਹਿਬ ਜੀ ਨੇ ਕਈ ਵਾਰ ਤਾਂ ਆਪਣੇ ਟਿਕਾਣੇ ਤੇ ਹੀ ਰੱਖ ਕੇ ਸਟੀਕ ਦੀ ਲਿਖਾਈ ਕਰਾਈ, ਜਿਥੇ ਮੈਨੂੰ ਕਦੇ ਓਪਰਾਪਨ ਮਹਿਸੂਸ ਨਹੀਂ ਸੀ ਹੋਣ ਦਿੱਤਾ ਅਤੇ ਬਹੁਤੀ ਵਾਰ ਆਪਣੇ ਕੀਮਤੀ ਵਿਚਾਰ ਵੀ ਦਿੱਤੇ। ਗੁਰਬਾਣੀ ਦੇ ਭਾਵਾਂ ਨੂੰ ਖੋਲ੍ਹਣ ਸਮੇਂ ਬੜੀਆਂ ਦਲੀਲ ਭਰੀਆਂ ਗੱਲਾਂ ਵੀ ਦਸਦੇ ਰਹੇ।

ਮੈਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰ 'ਤੇ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਮਹਾਂ ਪੁਰਖਾਂ ਦੀ ਪੂਰਨ ਦੇਹ ਅਰੋਗਤਾ ਬਖਸ਼ੇ, ਜਿਸ ਕਰ ਕੇ ਹੋਰ ਵੀ ਸਿੱਖ ਸੰਗਤਾਂ ਵਿਚ ਨਾਮ ਬਾਣੀ ਦਾ ਪ੍ਰਚਾਰ ਕਰਦੇ ਰਹਿਣ।

ਗੁਰੂ-ਘਰ ਦੇ ਪਰਮ ਪ੍ਰੀਤਵਾਨ, ਗੁਰੂ-ਚਰਨਾਂ ਦੇ ਭੌਰੇ, ਗੁਰੂ-ਸਵਾਰੇ, ਗੁਰੂ-ਪਿਆਰੇ ਡਾਕਟਰ ਆਗਿਆ ਸਿੰਘ ਜੀ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਹਰ ਸਮੇਂ ਜਦੋਂ ਵੀ ਲੋੜ ਮਹਿਸੂਸ ਹੋਈ ਤੇ ਇਨ੍ਹਾਂ ਨੂੰ ਸੁਨੇਹਾ ਮਿਲਿਆ ਇਹ ਆਪਣਾ ਸਾਰਾ ਕਾਰੋਬਾਰ ਛੱਡ ਕੇ ਮੇਰੇ ਪਾਸ ਪੁੱਜਦੇ ਰਹੇ ਤੇ ਮੇਰੀ ਦੇਖ-ਭਾਲ ਕਰਦੇ ਰਹੇ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਇਨ੍ਹਾਂ ਨੂੰ ਅੱਗੋਂ ਵੀ ਏਸੇ ਤਰ੍ਹਾਂ ਗੁਰੂ-ਘਰ ਨਾਲ ਪਿਆਰ ਤੇ ਉਤਸ਼ਾਹ ਬਖਸ਼ਣ। ਏਸੇ ਤਰ੍ਹਾਂ ਗੁਰਮੁਖ ਪਿਆਰੇ ਸ: ਜੋਗਿੰਦਰ ਸਿੰਘ ਜੀ ਤੇ ਬੀਬੀ ਸੁਰਿੰਦਰ ਕੌਰ ਜੀ ਬੰਬਈ ਵਾਲਿਆਂ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੀ ਲਿਖਾਈ ਕਰਨ ਲਈ ਜਦੋਂ ਵੀ ਮੈਨੂੰ ਬੰਬਈ ਜਾਣ ਦਾ ਮੌਕਾ ਮਿਲਦਾ ਸੀ ਮੈਂ ਇਨ੍ਹਾਂ ਦੇ ਨਿਵਾਸ-ਅਸਥਾਨ 'ਤੇ ਠਹਿਰਦਾ। ਇਹ ਸਾਰਾ ਪਰਵਾਰ ਰਲ ਕੇ ਬੜੇ ਪਿਆਰ ਸਹਿਤ ਹਰ ਤਰ੍ਹਾਂ ਦਾ ਸਹਿਯੋਗ ਦੇਂਦੇ ਰਹੇ।

ਵਾਹਿਗੁਰੂ ਇਸ ਪਰਵਾਰ ਨੂੰ ਨਾਮ ਦਾਨ ਤੇ ਚੜ੍ਹਦੀਆਂ ਕਲਾਂ ਬਖਸ਼ੇ।

ਸਾਧ ਸੰਗਤ ਦਾ ਦਾਸ—

ਕਿਰਪਾਲ ਸਿੰਘ

ਦੋ ਸ਼ਬਦ

ਸਰਵ ਸ਼ਕਤੀਵਾਨ ਅਕਾਲ ਪੁਰਖ ਵਾਹਿਗੁਰੂ ਦੇ ਸਰੂਪ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚਲਾਈ ਹੋਈ ਸੰਪ੍ਰਦਾਈ ਅਰਥਾਂ ਦੀ ਟਕਸਾਲ ਦੇ ਪ੍ਰਮੁੱਖ ਸੇਵਾਦਾਰ, ਪੰਥ-ਰਤਨ, ਸੇਵਾ-ਪੰਥੀ ਭੇਖ ਭੂਸ਼ਨ, ਗੁਰਬਾਣੀ ਦੇ ਰਸੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਮਹਾਨ ਵਿਆਖਿਆਕਾਰ, ਮੇਰੇ ਵਿਦਿਆ ਦਾਤੇ ਸੰਤ ਜੀ ਮਹਾਰਾਜ ਜਿਥੇ ਆਪ ਜੀ ਆਪਣੀ ਰਸਨਾ ਨਾਲ ਰੋਜ਼ਾਨਾ ਸਵੇਰੇ ਅੰਮ੍ਰਿਤ ਵੇਲੇ ਸੰਗਤਾਂ ਨੂੰ ਗੁਰਬਾਣੀ ਦੀ ਅੰਮ੍ਰਿਤ-ਮਈ ਕਥਾ ਸੁਣਾ ਕੇ ਨਿਹਾਲ ਕਰਦੇ ਹਨ। ਉਥੇ ਆਪ ਜੀ ਨੇ ਗੁਰਸਿੱਖ ਸੰਗਤਾਂ ਦੀ ਮੰਗ ਨੂੰ ਮੁੱਖ ਰੱਖ ਕੇ, ਸੰਗਤ ਦਾ ਹੁਕਮ ਸਿਰ ਮੱਥੇ ਮੰਨ ਕੇ ਤਕਰੀਬਨ ੧੦-੧੨ ਸਾਲ ਦੀ ਸਖਤ ਮੇਹਨਤ ਤੇ ਕਠਨ ਘਾਲਣਾ ਘਾਲ ਕੇ, ਭਾਵੇਂ ਆਪ ਜੀ ਨੂੰ ਕਾਫੀ ਰੁਝੇਵਿਆਂ ਦਾ ਵੀ ਸਾਹਮਣਾ ਕਰਨਾ ਪਿਆ। ਸਰੀਰਕ ਕਮਜ਼ੋਰੀ ਕਾਰਨ ਡਾਕਟਰ ਨੇ ਅੱਗੋਂ ਆਪ ਜੀ ਨੂੰ ਮੁਕੰਮਲ ਤੌਰ 'ਤੇ ਆਰਾਮ ਕਰਨ ਲਈ ਕਿਹਾ।

ਆਪ ਜੀ ਨੇ ਕਿਹਾ,

"ਮੈਂ ਇਹ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਟੀਕ ਲਿਖਣ ਦੀ ਸਮੁਚੀ ਕੌਮ ਦੀ ਸੇਵਾ ਕਰਨ ਦਾ ਬੀੜਾ ਚੁਕਿਆ ਹੈ, ਜਿਸ ਦਿਨ ਇਹ ਪੂਰਾ ਹੋ ਗਿਆ, ਉਸ ਦਿਨ ਹੀ ਆਰਾਮ ਕਰਾਂਗਾ।"

ਸੋ ਅਕਾਲ ਪੁਰਖ ਵਾਹਿਗੁਰੂ ਦੀ ਅਪਾਰ ਬਖਸ਼ਸ਼ ਹੋਈ ਹੈ। ਜਿਸ ਨੇ ਮਹਾਂ ਪੁਰਖਾਂ ਦੇ ਸਿਰ 'ਤੇ ਪੂਰਨ ਮੇਹਰ ਭਰਿਆ ਹੱਥ ਰੱਖ ਕੇ, ਇਹ ਸੰਪ੍ਰਦਾਈ ਸਟੀਕ ਲਿਖਣ ਦੀ ਸੇਵਾ ਸੰਪੂਰਨ ਕਰਾਈ ਹੈ। ਉਸ ਦਾ ਕੋਟਾਨ ਕੋਟ ਵਾਰ ਧੰਨਵਾਦ ਹੈ।

ਮੈਂ ਵਾਹਿਗੁਰੂ ਦੇ ਦਰ 'ਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਮਹਾਂ ਪੁਰਖਾਂ ਦੀ ਪੂਰਨ ਦੇਹ ਅਰੋਗਤਾ ਅਤੇ ਅੱਗੋਂ ਨੂੰ ਹੋਰ ਵਧੇਰੇ ਕੌਮ ਦੀ, ਸਿੱਖ-ਪੰਥ ਦੀ ਵੱਧ ਤੋਂ ਵੱਧ ਸੇਵਾ ਕਰਨ ਦਾ ਬਲ ਬਖਸ਼ੇ।

ਮੇਰੇ ਖਿਆਲ ਵਿਚ ਇਸ ਸੰਸਾਰ ਰੂਪ ਜੰਗਲ ਅੰਦਰ ਅਵਿਦਿਆ ਰੂਪ ਰਾਤ ਦੇ ਅਗਿਆਨ ਦੇ ਘੁੱਪ ਹਨੇਰੇ ਵਿਚ ਭੁੱਲੇ ਭਟਕੇ ਜੀਵਾਂ ਨੂੰ ਬਾਹਰ ਕੱਢਣ ਲਈ ਅਤੇ ਮੋਖਸ਼ ਰੂਪ ਰਾਹ ਦਿਖਾਉਣ ਵਾਸਤੇ ਇਹ ਸੰਪ੍ਰਦਾਈ ਸਟੀਕ ਇਕ ਧਰੂਅ ਤਾਰੇ ਵਾਂਗ ਸੇਧ ਬਖਸ਼ੇਗਾ।

ਮੈਨੂੰ ਵੀ ਮਹਾਂ ਪੁਰਖਾਂ ਦੇ ਪਵਿੱਤਰ ਅਸਥਾਨ 'ਤੇ ਰਹਿ ਕੇ ਵਿਦਿਆ ਪੜ੍ਹਨ, ਸੇਵਾ ਕਰਨ ਅਤੇ ਇਸ ਸੰਪ੍ਰਦਾਈ ਸਟੀਕ ਦੇ ਕੁਝ-ਕੁ ਸਮਾਂ ਪਰੂਫ ਪੜ੍ਹਨ ਦੀ ਸੇਵਾ ਕਰਨ ਦਾ ਵੀ ਮੌਕਾ ਮਿਲਿਆ ਹੈ। ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਹੁਣ ਤਕ ਛਪ ਚੁਕੇ ਸਭ ਗੁਰਬਾਣੀ ਦੇ ਸਟੀਕਾਂ ਨਾਲੋਂ ਇਹ ਸੰਪ੍ਰਦਾਈ ਸਟੀਕ ਆਪਣੀ ਨਵੇਕਲੀ ਥਾਂ ਰੱਖਦਾ ਹੈ।

ਜਿਥੇ ਮੈਂ ਮਹਾਂ ਪੁਰਖਾਂ ਨੂੰ ਵਧਾਈ ਦੇਂਦਾ ਹਾਂ, ਉਥੇ ਮੈਂ ਆਸ ਕਰਦਾ ਹਾਂ ਕਿ ਗੁਰਬਾਣੀ ਦੇ ਨਿਤਨੇਮੀ, ਗੁਣੀ ਗਿਆਨੀ, ਵਿਦਵਾਨ ਸੱਜਣ, ਖੋਜੀ ਜਨ, ਪਾਠਕ, ਕਥਾ-ਵਾਚਕ, ਇਸ ਸਟੀਕ ਤੋਂ ਲਾਭ ਪ੍ਰਾਪਤ ਕਰਨਗੇ ਅਤੇ ਮਹਾਂ ਪੁਰਖਾਂ ਦੀ ਕੀਤੀ ਕਠਨ ਮੇਹਨਤ ਦੀ ਯੋਗ ਕਦਰ ਕਰ ਕੇ ਮਹਾਂ ਪੁਰਸ਼ਾਂ ਦਾ ਹੌਸਲਾ ਤੇ ਮਾਣ ਵਧਾਉਣ ਵਿਚ ਸਹਾਇਕ ਹੋਣਗੇ।

ਵਿਦਿਆ ਪ੍ਰੇਮੀਆਂ ਦਾ ਹਿਤੂ—

ਹਰਬੰਸ ਸਿੰਘ 'ਨਿਰਮਲ'

ੴ ਸਤਿਗੁਰ ਪ੍ਰਸਾਦਿ ॥

"ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥"

ਸੰਪ੍ਰਦਾਈ ਸਟੀਕ
ਸੈਂਚੀ ਦਸਵੀਂ

ਸ਼ਬਦਾਂ ਦਾ ਤਤਕਰਾ

ਸਲੋਕ ਸਹਸਕ੍ਰਿਤੀ ਮਹਲਾ ੧

ਉਥਾਨਕਾ ੧੯
ਪੜਿ ਪੁਸ੍ਤਕ ਸੰਧਿਆ ੧੯

ਸਲੋਕ ਸਹਸਕ੍ਰਿਤੀ ਮਹਲਾ ੫

ਉਥਾਨਕਾ ੨੮
ਕਤੰਚ ਮਾਤਾ ਕਤੰਚ ਪਿਤਾ ੨੯
ਬੰਸਾਵਲੀ ਦਾ ਸ਼ਿਜ਼ਰਾ ੭੧

ਮਹਲਾ ੫ ਗਾਥਾ

ਕਰਪੂਰ ਪੁਹਪ ਸੁਗੰਧਾ ੧੩੩

ਫੁਨਹੇ ਮਹਲਾ ੫

ਉਥਾਨਕਾ ੧੪੮
ਹਾਥਿ ਕਲੰਮ ਅਗੰਮ ੧੪੯

ਚਉਬੋਲੇ ਮਹਲਾ ੫

ਭੂਮਿਕਾ ੧੮੧
ਸੰਮਨ ਜਉ ਇਸ ਪ੍ਰੇਮ ੧੮੫

ਸਲੋਕ ਭਗਤ ਕਬੀਰ ਜੀਉ ਕੇ

ਸੰਖੇਪ ਜੀਵਨ ਭਗਤ ਕਬੀਰ ਜੀ ੧੯੪
ਉਥਾਨਕਾ ੧੯੬
ਕਬੀਰ ਮੇਰੀ ਸਿਮਰਨੀ ੧੯੬
ਕਬੀਰ ਮੇਰੀ ਜਾਤਿ ਕਉ ੧੯੭
ਕਬੀਰ ਡਗਮਗ ਕਿਆ ਕਰਹਿ ੨੦੦
ਕਬੀਰ ਕੰਚਨ ਕੇ ਕੁੰਡਲ ੨੦੧
ਕਬੀਰ ਐਸਾ ਏਕੁ ਆਧੁ ੨੦੧
ਕਬੀਰ ਜਾ ਦਿਨ ਹਉ ਮੂਆ ੨੦੨
ਕਬੀਰ ਸਭ ਤੇ ਹਮ ਬੁਰੇ ੨੦੨
ਕਬੀਰ ਆਈ ਮੁਝਹਿ ਪਹਿ ੨੦੩
ਕਬੀਰ ਸੋਈ ਮਾਰੀਐ ੨੦੪
ਕਬੀਰ ਰਾਤੀ ਹੋਵਹਿ ਕਾਰੀਆ ੨੦੪
ਕਬੀਰ ਚੰਦਨ ਕਾ ਬਿਰਵਾ ਭਲਾ ੨੦੬
ਕਬੀਰ ਬਾਂਸੁ ਬਡਾਈ ਬੂਡਿਆ ੨੦੭
ਕਬੀਰ ਦੀਨੁ ਗਵਾਇਆ ੨੦੮
ਕਬੀਰ ਜਹ ਜਹ ਹਉ ਫਿਰਿਓ ੨੦੯
ਕਬੀਰ ਸੰਤਨ ਕੀ ਝੁੰਗੀਆ ਭਲੀ ੨੦੯
ਕਬੀਰ ਸੰਤ ਮੂਏ ਕਿਆ ਰੋਈਐ ੨੧੦
ਕਬੀਰ ਸਾਕਤੁ ਐਸਾ ਹੈ ੨੧੧
ਕਬੀਰ ਮਾਇਆ ਡੋਲਨੀ ੨੧੧
ਕਬੀਰ ਮਾਇਆ ਡੋਲਨੀ ਪਵਨੁ ਵਹੈ ੨੧੨
ਕਬੀਰ ਮਾਇਆ ਚੋਰਟੀ ੨੧੩
ਕਬੀਰ ਸੂਖੁ ਨ ਏਹ ਜੁਗਿ ੨੧੪
ਕਬੀਰ ਜਿਸੁ ਮਰਨੇ ਤੇ ੨੧੫
ਰਾਮ ਪਦਾਰਥੁ ਪਾਇ ਕੈ ੨੧੬
ਕਬੀਰ ਤਾ ਸਿਉ ਪ੍ਰੀਤਿ ਕਰਿ ੨੧੭
ਕਬੀਰ ਪ੍ਰੀਤਿ ਇਕ ਸਿਉ ਕੀਏ ੨੧੭
ਕਬੀਰ ਜਗੁ ਕਾਜਲ ਕੀ ਕੋਠਰੀ ੨੧੭
ਕਬੀਰ ਇਹੁ ਤਨੁ ਜਾਇਗਾ ਸਕਹੁ ੨੧੮
ਕਬੀਰ ਇਹੁ ਤਨੁ ਜਾਇਗਾ ਕਵਨੈ ੨੧੮
ਕਬੀਰ ਮਰਤਾ ਮਰਤਾ ੨੧੯
ਕਬੀਰ ਮਾਨਸ ਜਨਮੁ ਦੁਲੰਭੁ ਹੈ ੨੨੦
ਕਬੀਰਾ ਤੁਹੀ ਕਬੀਰੁ ਤੂ ੨੨੦
ਕਬੀਰ ਝੰਖੁ ਨ ਝੰਖੀਐ ੨੨੧

ਕਬੀਰ ਕਸਉਟੀ ਰਾਮ ਕੀ	੨੨੨	ਕਬੀਰ ਐਸੀ ਹੋਇ ਪਰੀ	੨੪੬
ਕਬੀਰ ਊਜਲ ਪਹਿਰਹਿ ਕਾਪਰੇ	੨੨੨	ਕਬੀਰ ਰਸ ਕੋ ਗਾਂਡੋ ਚੂਸੀਐ	੨੪੭
ਕਬੀਰ ਬੇੜਾ ਜਰਜਰਾ	੨੨੩	ਕਬੀਰ ਗਾਗਰਿ ਜਲ ਭਰੀ	੨੪੭
ਕਬੀਰ ਹਾਡ ਜਰੇ ਜਿਉ ਲਾਕਰੀ	੨੨੩	ਕਬੀਰ ਕੂਕਰੁ ਰਾਮ ਕੋ	੨੪੭
ਕਬੀਰ ਗਰਬੁ ਨ ਕੀਜੀਐ ਚਾਮ	੨੨੪	ਕਬੀਰ ਜਪਨੀ ਕਾਠ ਕੀ	੨੪੮
ਕਬੀਰ ਗਰਬੁ ਨ ਕੀਜੀਐ ਊਚਾ	੨੨੪	ਕਬੀਰ ਬਿਰਹੁ ਭੁਯੰਗਮੁ	੨੪੮
ਕਬੀਰ ਗਰਬੁ ਨ ਕੀਜੀਐ ਰੰਕੁ	੨੨੪	ਕਬੀਰ ਪਾਰਸ ਚੰਦਨੈ	੨੪੯
ਕਬੀਰ ਗਰਬੁ ਨ ਕੀਜੀਐ ਦੇਹੀ	੨੨੬	ਕਬੀਰ ਜਮ ਕਾ ਠੇਂਗਾ	੨੪੯
ਕਬੀਰ ਲੂਟਨਾ ਹੈ ਤ ਲੂਟਿ ਲੈ	੨੨੬	ਕਬੀਰ ਬੈਦੁ ਕਹੈ ਹਉ ਹੀ ਭਲਾ	੨੪੯
ਕਬੀਰ ਐਸਾ ਕੋਈ ਨ ਜਨਮਿਓ	੨੨੬	ਕਬੀਰ ਨਉਬਤਿ ਆਪਨੀ	੨੫੦
ਕੋ ਹੈ ਲਰਿਕਾ ਬੇਚਈ	੨੨੭	ਕਬੀਰ ਸਾਤ ਸਮੁੰਦਹਿ	੨੫੧
ਕਬੀਰ ਇਹ ਚੇਤਾਵਨੀ	੨੨੮	ਕਬੀਰ ਜਾਤਿ ਜੁਲਾਹਾ ਕਿਆ ਕਰੈ	੨੫੧
ਕਬੀਰ ਮੈ ਜਾਨਿਓ ਪੜਿਬੋ ਭਲੋ	੨੨੯	ਕਬੀਰ ਐਸਾ ਕੋ ਨਹੀ ਮੰਦਰੁ	੨੫੧
ਕਬੀਰ ਲੋਗੁ ਕਿ ਨਿੰਦੈ ਬਪੁੜਾ	੨੩੦	ਕਬੀਰ ਐਸਾ ਕੋ ਨਹੀ ਇਹੁ	੨੫੨
ਕਬੀਰ ਪਰਦੇਸੀ ਕੈ ਘਾਘਰੈ	੨੩੦	ਕਬੀਰ ਸਤੀ ਪੁਕਾਰੈ	੨੫੨
ਕਬੀਰ ਖਿੰਥਾ ਜਲਿ	੨੩੦	ਕਬੀਰ ਮਨੁ ਪੰਖੀ ਭਇਓ	੨੫੩
ਕਬੀਰ ਥੋਰੈ ਜਲਿ ਮਾਛੁਲੀ	੨੩੧	ਕਬੀਰ ਜਾ ਕਉ ਖੋਜਤੇ	੨੫੩
ਕਬੀਰ ਸਮੁੰਦੁ ਨ ਛੋਡੀਐ	੨੩੧	ਕਬੀਰ ਮਾਰੀ ਮਰਉ ਕੁਸੰਗ ਕੀ	੨੫੪
ਕਬੀਰ ਨਿਗੁਸਾਂਏਂ ਬਹਿ ਗਏ	੨੩੨	ਕਬੀਰ ਭਾਰ ਪਰਾਈ ਸਿਰਿ ਚਰੈ	੨੫੪
ਕਬੀਰ ਬੈਸਨਉ ਕੀ	੨੩੩	ਕਬੀਰ ਬਨ ਕੀ ਦਾਧੀ ਲਾਕਰੀ	੨੫੫
ਕਬੀਰ ਹਰਨਾ ਦੂਬਲਾ	੨੩੪	ਕਬੀਰ ਏਕ ਮਰੰਤੇ ਦੁਇ ਮੂਏ	੨੫੫
ਕਬੀਰ ਗੰਗਾ ਤੀਰ	੨੩੫	ਕਬੀਰ ਦੇਖਿ ਦੇਖਿ ਜਗੁ ਢੂੰਢਿਆ	੨੫੮
ਕਬੀਰ ਮਨੁ ਨਿਰਮਲੁ ਭਇਆ	੨੩੬	ਕਬੀਰ ਸੰਗਤਿ ਕਰੀਐ ਸਾਧ ਕੀ	੨੫੮
ਕਬੀਰ ਹਰਦੀ ਪੀਅਰੀ	੨੩੬	ਕਬੀਰ ਜਗ ਮਹਿ ਚੇਤਿਓ ਜਾਨਿ ਕੈ	੨੫੯
ਕਬੀਰ ਹਰਦੀ ਪੀਰਤਨੁ ਹਰੈ	੨੩੬	ਕਬੀਰ ਆਸਾ ਕਰੀਐ ਰਾਮ ਕੀ	੨੫੯
ਕਬੀਰ ਮੁਕਤਿ ਦੁਆਰਾ ਸੰਕੁਰਾ	੨੩੮	ਕਬੀਰ ਸਿਖ ਸਾਖਾ ਬਹੁਤੇ ਕੀਏ	੨੬੦
ਕਬੀਰ ਐਸਾ ਸਤਿਗੁਰੁ ਜੇ ਮਿਲੈ	੨੩੯	ਕਬੀਰ ਕਾਰਨੁ ਬਪੁਰਾ ਕਿਆ ਕਰੈ	੨੬੦
ਕਬੀਰ ਨਾ ਮੋਹਿ ਛਾਨਿ	੨੪੦	ਕਬੀਰ ਅਵਰਹ ਕਉ ਉਪਦੇਸਤੇ	੨੬੦
ਕਬੀਰ ਮੁਹਿ ਮਰਨੇ ਕਾ	੨੪੧	ਕਬੀਰ ਸਾਧੂ ਕੀ ਸੰਗਤਿ ਰਹਉ	੨੬੧
ਕਬੀਰ ਨਾ ਹਮ ਕੀਆ	੨੪੨	ਕਬੀਰ ਸੰਗਤਿ ਸਾਧ ਕੀ	੨੬੧
ਕਬੀਰ ਸੁਪਨੈ ਹੂ ਬਰੜਾਇ ਕੈ	੨੪੨	ਕਬੀਰ ਮਨੁ ਮੂੰਡਿਆ ਨਹੀ	੨੬੨
ਕਬੀਰ ਮਾਟੀ ਕੇ ਹਮ ਪੂਤਰੇ	੨੪੩	ਕਬੀਰ ਰਾਮੁ ਨ ਛੋਡੀਐ	੨੬੨
ਕਬੀਰ ਮਹਿਦੀ ਕਰਿ ਘਾਲਿਆ	੨੪੩	ਕਬੀਰ ਜੌ ਹਮ ਜੰਤ੍ਰ ਬਜਾਵਤੇ	੨੬੨
ਕਬੀਰ ਜਿਹ ਦਰਿ ਆਵਤ	੨੪੪	ਕਬੀਰ ਮਾਇ ਮੂੰਡਉ ਤਿਹ ਗੁਰੂ ਕੀ	੨੬੩
ਕਬੀਰ ਡੂਬਾ ਥਾ	੨੪੪	ਕਬੀਰ ਜੇਤੇ ਪਾਪ ਕੀਏ	੨੬੪
ਕਬੀਰ ਪਾਪੀ ਭਗਤਿ ਨ ਭਾਵਈ	੨੪੫	ਕਬੀਰ ਹਰਿ ਕਾ ਸਿਮਰਨੁ ਛਾਡਿ ਕੈ	੨੬੪
ਕਬੀਰ ਬੈਦੁ ਮੂਆ ਰੋਗੀ ਮੂਆ	੨੪੫	ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ	੨੬੫
ਕਬੀਰ ਰਾਮੁ ਨ ਧਿਆਇਓ	੨੪੫	ਕਬੀਰ ਹਰਿ ਕਾ ਸਿਮਰਨੁ	੨੬੬

ਕਬੀਰ ਚਤੁਰਾਈ ਅਤਿ ਘਨੀ	੨੬੬
ਕਬੀਰ ਸੋਈ ਮੁਖੁ ਧੰਨਿ ਹੈ	੨੬੭
ਕਬੀਰ ਸੋਈ ਕੁਲ ਭਲੀ	੨੬੭
ਕਬੀਰ ਹੈ ਗਇ ਬਾਹਨ	੨੬੮
ਕਬੀਰ ਸਭੁ ਜਗੁ ਹਉ ਫਿਰਿਓ	੨੬੮
ਮਾਰਗਿ ਮੋਤੀ ਬੀਥਰੇ	੨੬੯
ਬੂਡਾ ਬੰਸੁ ਕਬੀਰ ਕਾ	੨੭੦
ਕਬੀਰ ਸਾਧੂ ਕਉ ਮਿਲਨੇ ਜਾਈਐ	੨੭੦
ਕਬੀਰ ਜਗੁ ਬਾਧਿਓ ਜਿਹ ਜੇਵਰੀ	੨੭੧
ਕਬੀਰ ਹੰਸੁ ਉਡਿਓ	੨੭੨
ਕਬੀਰ ਨੈਨ ਨਿਹਾਰਉ ਤੁਝ ਕਉ	੨੭੨
ਕਬੀਰ ਸੁਰਗ ਨਰਕ ਤੇ	੨੭੨
ਕਬੀਰ ਚਰਨ ਕਮਲ ਕੀ ਮਉਜ ਕੋ	੨੭੩
ਕਬੀਰ ਦੇਖਿ ਕੈ ਕਿਹ ਕਹਉ	੨੭੪
ਕਬੀਰ ਚੁਗੈ ਚਿਤਾਰੈ	੨੭੪
ਕਬੀਰ ਅੰਬਰ ਘਨਹਰੁ	੨੭੪
ਕਬੀਰ ਚਕਈ ਜਉ ਨਿਸਿ	੨੭੫
ਕਬੀਰ ਰੈਨਾਇਰ ਬਿਛੋਰਿਆ	੨੭੫
ਕਬੀਰ ਸੂਤਾ ਕਿਆ ਕਰਹਿ	੨੭੬
ਕਬੀਰ ਸੂਤਾ ਕਿਆ ਕਰਹਿ ਉਠਿ ਕਿ	੨੭੬
ਕਬੀਰ ਸੂਤਾ ਕਿਆ ਕਰਹਿ ਬੈਠਾ	੨੭੬
ਕਬੀਰ ਸੰਤ ਕੀ ਗੈਲ	੨੭੭
ਕਬੀਰ ਸਾਕਤ ਸੰਗੁ ਨ	੨੭੭
ਕਬੀਰ ਰਾਮੁ ਨ ਚੇਤਿਓ	੨੭੭
ਕਬੀਰ ਕਾਰਨੁ ਸੋ ਭਇਓ	੨੭੮
ਕਬੀਰ ਫਲ ਲਾਗੇ ਫਲਨਿ	੨੭੮
ਕਬੀਰ ਠਾਕੁਰੁ ਪੂਜਹਿ ਮੋਲਿ ਲੇ	੨੭੯
ਕਬੀਰ ਪਾਹਨ ਪਰਮੇਸੁਰੁ ਕੀਆ	੨੮੦
ਕਬੀਰ ਕਾਗਦ ਕੀ ਓਬਰੀ	੨੮੧
ਕਬੀਰ ਕਾਲਿ ਕਰੰਤਾ	੨੮੧
ਕਬੀਰ ਐਸਾ ਜੰਤੁ ਇਕੁ ਦੇਖਿਆ	੨੮੨
ਕਬੀਰ ਮੇਰੀ ਬੁਧਿ ਕਉ	੨੮੨
ਕਬੀਰ ਕਸਤੂਰੀ ਭਇਆ	੨੮੨
ਕਬੀਰ ਗਹਗਚਿ ਪਰਿਓ	੨੮੨
ਕਬੀਰ ਸਾਕਤ ਤੇ ਸੂਕਰ ਭਲਾ	੨੮੩
ਕਬੀਰ ਕਉਡੀ ਕਉਡੀ ਜੋਰਿ ਕੈ	੨੮੩
ਕਬੀਰ ਬੈਸਨੋ ਹੂਆ ਤ ਕਿਆ	੨੮੪
ਕਬੀਰ ਰੋੜਾ ਹੋਇ ਰਹੁ ਬਾਟ ਕਾ	੨੮੪
ਕਬੀਰ ਰੋੜਾ ਹੂਆ ਤ ਕਿਆ	੨੮੫
ਕਬੀਰ ਖੇਹ ਹੂਈ ਤਉ ਕਿਆ	੨੮੫
ਕਬੀਰ ਪਾਨੀ ਹੂਆ ਤ	੨੮੫
ਊਚ ਭਵਨ ਕਨਕਾਮਨੀ	੨੮੬
ਕਬੀਰ ਪਾਟਨ ਤੇ ਊਜਰੁ ਭਲਾ	੨੮੭
ਕਬੀਰ ਗੰਗ ਜਮੁਨ ਕੇ ਅੰਤਰੇ	੨੮੭
ਕਬੀਰ ਜੈਸੀ ਉਪਜੀ ਪੇਡ ਤੇ	੨੮੮
ਕਬੀਰਾ ਦੇਖੁ ਅਚੰਭਉ	੨੮੮
ਕਬੀਰਾ ਜਹਾ ਗਿਆਨੁ	੨੮੯
ਕਬੀਰ ਮਾਇਆ ਤਜੀ ਤ ਕਿਆ	੨੯੦
ਕਬੀਰ ਸਾਚਾ ਸਤਿਗੁਰੁ ਮੈ ਮਿਲਿਆ	੨੯੧
ਕਬੀਰ ਸਾਚਾ ਸਤਿਗੁਰੁ ਕਿਆ ਕਰੈ	੨੯੧
ਕਬੀਰ ਹੈ ਗੈ ਬਾਹਨ ਸਘਨ ਘਨ	੨੯੩
ਕਬੀਰ ਨ੍ਰਿਪ ਨਾਰੀ ਕਿਉ	੨੯੩
ਕਬੀਰ ਬੁਨੀ ਪਾਈ ਥਿਤਿ	੨੯੩
ਕਬੀਰ ਹਰਿ ਹੀਰਾ ਜਨ ਜਉਹਰੀ	੨੯੪
ਕਬੀਰ ਕਾਮ ਪਰੇ ਹਰਿ ਸਿਮਰੀਐ	੨੯੪
ਕਬੀਰ ਸੇਵਾ ਕਉ ਦੁਇ ਭਲੇ	੨੯੪
ਕਬੀਰ ਜਿਹ ਮਾਰਗਿ ਪੰਡਿਤ ਗਏ	੨੯੫
ਕਬੀਰ ਦੁਨੀਆ ਕੇ ਦੋਖੇ ਮੂਆ	੨੯੬
ਕਬੀਰ ਡੁਬਹਿਗੋ ਰੇ ਬਾਪੁਰੇ	੨੯੭
ਕਬੀਰ ਭਲੀ ਮਧੂਕਰੀ	੨੯੭
ਕਬੀਰ ਦਾਵੈ ਦਾਝਨੁ ਹੋਤੁ ਹੈ	੨੯੮
ਕਬੀਰ ਪਾਲਿ ਸਮੁਹਾ ਸਰਵਰੁ ਭਰਾ	੩੦੧
ਕਬੀਰ ਪਰਭਾਤੇ ਤਾਰੇ ਖਿਸਹਿ	੩੦੧
ਕਬੀਰ ਕੋਠੀ ਕਾਠ ਕੀ	੩੦੨
ਕਬੀਰ ਸੰਸਾ ਦੂਰਿ ਕਰੁ	੩੦੩
ਕਬੀਰ ਸੰਤੁ ਨ ਛਾਡੈ ਸੰਤਈ	੩੦੩
ਕਬੀਰ ਮਨੁ ਸੀਤਲੁ ਭਇਆ	੩੦੩
ਕਬੀਰ ਸਾਰੀ ਸਿਰਜਨਹਾਰ	੩੦੪
ਕਬੀਰ ਭਲੀ ਭਈ	੩੦੪
ਕਬੀਰਾ ਧੂਰਿ ਸਕੇਲਿ ਕੈ	੩੦੫
ਕਬੀਰ ਸੂਰਜ ਚਾਂਦ ਕੈ	੩੦੫
ਜਹ ਅਨਭਉ ਤਹ ਭੈ ਨਹੀ	੩੦੫
ਕਬੀਰ ਜਿਨਹੁ ਕਿਛੁ ਜਾਨਿਆ ਨਹੀ	੩੦੬
ਕਬੀਰ ਮਾਰੇ ਬਹੁਤੁ ਪੁਕਾਰਿਆ	੩੦੬
ਕਬੀਰ ਚੋਟ ਸੁਹੇਲੀ ਸੇਲ ਕੀ	੩੦੭
ਕਬੀਰ ਮੁਲਾਂ ਮੁਨਾਰੇ ਕਿਆ	੩੦੮

ਸੇਖ ਸਬੂਰੀ ਬਾਹਰਾ ੩੦੮
ਕਬੀਰ ਅਲਹ ਕੀ ਕਰਿ ਬੰਦਗੀ ੩੦੯
ਕਬੀਰ ਜੋਰੀ ਕੀਏ ਜੁਲਮੁ ਹੈ ੩੦੯
ਕਬੀਰ ਖੂਬੁ ਖਾਨਾ ਖੀਚਰੀ ੩੦੯
ਕਬੀਰ ਗੁਰੁ ਲਾਗਾ ੩੧੦
ਕਬੀਰ ਰਾਮ ਕਹਨ ਮਹਿ ੩੧੦
ਕਬੀਰ ਰਾਮੈ ਰਾਮ ਕਹੁ ੩੧੦
ਕਬੀਰ ਜਾ ਘਰ ਸਾਧ ੩੧੦
ਕਬੀਰ ਗੂੰਗਾ ਹੂਆ ਬਾਵਰਾ ੩੧੧
ਕਬੀਰ ਸਤਿਗੁਰ ਸੂਰਮੇ ੩੧੧
ਕਬੀਰ ਨਿਰਮਲ ਬੂੰਦ ੩੧੨
ਕਬੀਰ ਨਿਰਮਲ ਬੂੰਦ ਅਕਾਸ ਕੀ ੩੧੨
ਕਬੀਰ ਹਜ ਕਾਬੇ ਹਉ ਜਾਇ ਥਾ ੩੧੩
ਕਬੀਰ ਹਜ ਕਾਬੈ ਹੋਇ ੩੧੩
ਕਬੀਰ ਜੀਅ ਜੁ ਮਾਰਹਿ ੩੧੩
ਕਬੀਰ ਜੋਰੁ ਕੀਆ ਸੋ ਜੁਲਮੁ ੩੧੩
ਕਬੀਰ ਲੇਖਾ ਦੇਨਾ ਸੁਹੇਲਾ ੩੧੪
ਕਬੀਰ ਧਰਤੀ ਅਰੁ ਆਕਾਸ ੩੧੪
ਕਬੀਰ ਮੇਰਾ ਮੁਝ ਮਹਿ ੩੧੫
ਕਬੀਰ ਤੂੰ ਤੂੰ ਕਰਤਾ ੩੧੫
ਕਬੀਰ ਬਿਕਾਰਹ ਚਿਤਵਤੇ ੩੧੬
ਕਬੀਰ ਹਰਿ ਕਾ ਸਿਮਰਨੁ ਜੋ ਕਰੈ ੩੧੬
ਕਬੀਰ ਘਾਣੀ ਪੀੜਤੇ ੩੧੬
ਕਬੀਰ ਟਾਲੈ ਟੋਲੈ ਦਿਨੁ ੩੧੭
ਕਬੀਰ ਕੂਕਰੁ ਭਉਕਨਾ ੩੧੭
ਕਬੀਰ ਧਰਤੀ ਸਾਧ ਕੀ ੩੧੮
ਕਬੀਰ ਚਾਵਲ ਕਾਰਨੇ ੩੧੯
ਨਾਮਾ ਮਾਇਆ ਮੋਹਿਆ ੩੨੦
ਨਾਮਾ ਕਹੈ ਤਿਲੋਚਨਾ ੩੨੧
ਕਬੀਰਾ ਹਮਰਾ ਕੋ ਨਹੀ ੩੨੧
ਕਬੀਰ ਕੀਚੜਿ ਆਟਾ ੩੨੨
ਕਬੀਰ ਮਨੁ ਜਾਨੈ ੩੨੨
ਕਬੀਰ ਲਾਗੀ ਪ੍ਰੀਤਿ ੩੨੩
ਕਬੀਰ ਕੋਠੇ ਮੰਡਪ ੩੨੩
ਕਬੀਰ ਜੋ ਮੈ ਚਿਤਵਉ ੩੨੩
ਚਿੰਤਾ ਭਿ ਆਪਿ ਕਰਾਇਸੀ ੩੨੩
ਕਬੀਰ ਰਾਮੁ ਨ ਚੇਤਿਓ ੩੨੪
ਕਬੀਰ ਕਾਇਆ ਕਾਚੀ ੩੨੪
ਕਬੀਰ ਕੇਸੋ ਕੇਸੋ ਕੂਕੀਐ ੩੨੪
ਕਬੀਰ ਕਾਇਆ ਕਜਲੀ ੩੨੫
ਕਬੀਰ ਰਾਮ ਰਤਨੁ ੩੨੫
ਕਬੀਰ ਰਾਮ ਨਾਮੁ ਜਾਨਿਓ ੩੨੫
ਕਬੀਰ ਆਖੀ ਕੇਰੇ ਮਾਟੁਕੇ ੩੨੫
ਕਬੀਰ ਤਰਵਰ ਰੂਪੀ ਰਾਮੁ ਹੈ ੩੨੬
ਕਬੀਰ ਐਸਾ ਬੀਜੁ ਬੋਇ ੩੨੬
ਕਬੀਰ ਦਾਤਾ ਤਰਵਰੁ ੩੨੬
ਕਬੀਰ ਸਾਧੂ ਸੰਗੁ ਪਰਾਪਤੀ ੩੨੭
ਕਬੀਰ ਏਕ ਘੜੀ ਆਧੀ ਘਰੀ ੩੨੭
ਕਬੀਰ ਭਾਂਗ ਮਾਛੁਲੀ ੩੨੭
ਨੀਚੇ ਲੋਇਨ ਕਰਿ ਰਹਉ ੩੩੦
ਆਠ ਜਾਮ ਚਉਸਠਿ ੩੩੦
ਸੁਨੁ ਸਖੀ ਪੀਅ ਮਹਿ ੩੩੦
ਕਬੀਰ ਬਾਮਨੁ ਗੁਰੂ ਹੈ ੩੩੧
ਹਰਿ ਹੈ ਖਾਂਡੁ ਰੇਤੁ ਮਹਿ ੩੩੧
ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ੩੩੨
ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ੩੩੨
ਢੂੰਢਤ ਡੋਲਹਿ ਅੰਧ ਗਤਿ ੩੩੩
ਹਰਿ ਸੋ ਹੀਰਾ ਛਾਡਿ ਕੈ ੩੩੩
ਕਬੀਰ ਜਉ ਗ੍ਰਿਹੁ ਕਰਹਿ ੩੩੩

ਸਲੋਕ ਸੇਖ ਫਰੀਦ ਕੇ

ਉਥਾਨਕਾ ੩੩੫
ਜਿਤੁ ਦਿਹਾੜੈ ਧਨ ਵਰੀ ੩੩੭
ਫਰੀਦਾ ਦਰ ਦਰਵੇਸੀ ਗਾਖੜੀ ੩੩੯
ਕਿਝੁ ਨ ਬੁਝੈ ਕਿਝੁ ਨ ਸੁਝੈ ੩੪੧
ਫਰੀਦਾ ਜੇ ਜਾਣਾ ਤਿਲ ਥੋੜੜੇ ੩੪੨
ਜੇ ਜਾਣਾ ਲੜੁ ਛਿਜਣਾ ੩੪੨
ਫਰੀਦਾ ਜੇ ਤੂ ਅਕਲਿ ਲਤੀਫੁ ੩੪੩
ਫਰੀਦਾ ਜੋ ਤੈ ਮਾਰਨਿ ਮੁਕੀਆਂ ੩੪੪
ਫਰੀਦਾ ਜਾਂ ਤਉ ਖਟਣ ਵੇਲ ੩੪੪
ਦੇਖੁ ਫਰੀਦਾ ਜੁ ਥੀਆ ੩੪੫
ਦੇਖੁ ਫਰੀਦਾ ਜਿ ਥੀਆ ਸਕਰ ੩੪੫
ਫਰੀਦਾ ਅਖੀ ਦੇਖਿ ਪਤੀਣੀਆਂ ੩੪੬
ਫਰੀਦਾ ਕਾਲੀ ਜਿਨੀ ਨ ੩੪੬
ਫਰੀਦਾ ਕਾਲੀ ਧਉਲੀ ੩੪੬
ਫਰੀਦਾ ਜਿਨ੍ ਲੋਇਣ ੩੪੭
ਫਰੀਦਾ ਕੂਕੇਦਿਆ ਚਾਂਗੇਦਿਆ ੩੪੭
ਫਰੀਦਾ ਥੀਉ ਪਵਾਹੀ ਦਭੁ ੩੪੮
ਫਰੀਦਾ ਖਾਕੁ ਨ ਨਿੰਦੀਐ ੩੪੮

ਫਰੀਦਾ ਜਾ ਲਬੁ ਤਾ ਨੇਹੁ ੩੪੯
ਫਰੀਦਾ ਜੰਗਲੁ ਜੰਗਲੁ ਕਿਆ ੩੪੯
ਫਰੀਦਾ ਇਨੀ ਨਿਕੀ ਜੰਘੀਐ ੩੫੦
ਫਰੀਦਾ ਰਾਤੀ ਵਡੀਆਂ ਧੁਖਿ ੩੫੧
ਫਰੀਦਾ ਜੇ ਮੈ ਹੋਦਾ ੩੫੧
ਫਰੀਦਾ ਲੋੜੈ ਦਾਖ ਬਿਜਉਰੀਆਂ ੩੫੨
ਫਰੀਦਾ ਗਲੀਏ ਚਿਕੜੁ ੩੫੩
ਭਿਜਉ ਸਿਜਉ ਕੰਬਲੀ ੩੫੩
ਫਰੀਦਾ ਮੈ ਭੋਲਾਵਾ ਪਗ ਦਾ ੩੫੫
ਫਰੀਦਾ ਸਕਰ ਖੰਡੁ ਨਿਵਾਤ ਗੁੜੁ ੩੫੬
ਫਰੀਦਾ ਰੋਟੀ ਮੇਰੀ ਕਾਠ ਕੀ ੩੫੭
ਰੁਖੀ ਸੁਖੀ ਖਾਇ ਕੈ ੩੫੭
ਅਜੁ ਨ ਸੁਤੀ ਕੰਤ ਸਿਉ ੩੫੭
ਸਾਹੁਰੈ ਢੋਈ ਨਾ ਲਹੈ ੩੫੮
ਸਾਹੁਰੈ ਪੇਈਐ ਕੰਤ ਕੀ ੩੫੮
ਨਾਤੀ ਧੋਤੀ ਸੰਬਹੀ ੩੫੯
ਜੋਬਨ ਜਾਂਦੇ ਨਾ ਡਰਾਂ ੩੫੯
ਫਰੀਦਾ ਚਿੰਤ ਖਟੋਲਾ ੩੬੦
ਬਿਰਹਾ ਬਿਰਹਾ ਆਖੀਐ ੩੬੦
ਫਰੀਦਾ ਏ ਵਿਸੁ ਗੰਦਲਾ ੩੬੧
ਫਰੀਦਾ ਚਾਰਿ ਗਵਾਇਆ ੩੬੨
ਫਰੀਦਾ ਦਰਿ ਦਰਵਾਜੈ ਜਾਇ ਕੈ ੩੬੨
ਘੜੀਏ ਘੜੀਏ ਮਾਰੀਐ ੩੬੩
ਬੁਢਾ ਹੋਆ ਸੇਖ ਫਰੀਦੁ ੩੬੩
ਫਰੀਦਾ ਬਾਰਿ ਪਰਾਇਐ ੩੬੪
ਕੰਧਿ ਕੁਹਾੜਾ ਸਿਰਿ ਘੜਾ ੩੬੪
ਫਰੀਦਾ ਇਕਨਾ ਆਟਾ ੩੬੫
ਪਾਸਿ ਦਮਾਮੇ ਛਤੁ ਸਿਰਿ ੩੬੫
ਫਰੀਦਾ ਕੋਠੇ ਮੰਡਪ ੩੬੫
ਫਰੀਦਾ ਖਿੰਥੜਿ ਮੇਖਾ ੩੬੬
ਫਰੀਦਾ ਦੁਹੁ ਦੀਵੀ ਬਲੰਦਿਆ ੩੬੬
ਫਰੀਦਾ ਵੇਖੁ ਕਪਾਹੈ ੩੬੬
ਫਰੀਦਾ ਕੰਨਿ ਮੁਸਲਾ ੩੬੭
ਫਰੀਦਾ ਰਤੀ ਰਤੁ ਨ ਨਿਕਲੈ ੩੬੮
ਇਹੁ ਤਨੁ ਸਭੋ ਰਤੁ ਹੈ ੩੬੮
ਫਰੀਦਾ ਸੋਈ ਸਰਵਰੁ ੩੬੯
ਫਰੀਦਾ ਨੰਢੀ ਕੰਤੁ ੩੭੦
ਫਰੀਦਾ ਸਿਰੁ ਪਲਿਆ ੩੭੦
ਫਰੀਦਾ ਕੋਠੇ ਧੁਕਣੁ ੩੭੦
ਫਰੀਦਾ ਕੋਠੇ ਮੰਡਪ ਮਾੜੀਆ ੩੭੧
ਫਰੀਦਾ ਮੰਡਪ ਮਾਲੁ ਨ ਲਾਇ ੩੭੧
ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ੩੭੨
ਫਰੀਦਾ ਸਾਹਿਬ ਦੀ ਕਰਿ ਚਾਕਰੀ ੩੭੩
ਫਰੀਦਾ ਕਾਲੇ ਮੈਡੇ ਕਪੜੇ ੩੭੪
ਤਤੀ ਤੋਇ ਨ ਪਲਵੈ ੩੭੪
ਜਾਂ ਕੁਆਰੀ ਤਾ ਚਾਉ ੩੭੫
ਕਲਰ ਕੇਰੀ ਛਪੜੀ ੩੭੭
ਹੰਸੁ ਉਡਰਿ ਕੋਧ੍ਰੈ ਪਇਆ ੩੭੮
ਚਲਿ ਚਲਿ ਗਈਆਂ ਪੰਖੀਆਂ ੩੭੮
ਫਰੀਦਾ ਇਟ ਸਿਰਾਣੇ ੩੭੮
ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ੩੭੯
ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ੩੭੯
ਫਰੀਦਾ ਬੇ ਨਿਵਾਜਾ ਕੁਤਿਆ ੩੮੦
ਉਠੁ ਫਰੀਦਾ ਉਜੂ ਸਾਜਿ ੩੮੦
ਜੋ ਸਿਰੁ ਸਾਈ ਨਾ ਨਿਵੈ ੩੮੧
ਫਰੀਦਾ ਕਿਥੈ ਤੈਡੇ ਮਾਪਿਆ ੩੮੧
ਫਰੀਦਾ ਮਨੁ ਮੈਦਾਨੁ ਕਰਿ ੩੮੧
ਫਰੀਦਾ ਖਾਲਕੁ ਖਲਕ ਮਹਿ ੩੮੨
ਫਰੀਦਾ ਜਿ ਦਿਹਿ ਨਾਲਾ ਕਪਿਆ ੩੮੨
ਚਬਣ ਚਲਣ ਰਤੰਨ ਸੇ ੩੮੨
ਫਰੀਦਾ ਬੁਰੇ ਦਾ ਭਲਾ ਕਰਿ ੩੮੩
ਫਰੀਦਾ ਪੰਖ ਪਰਾਹੁਣੀ ੩੮੩
ਫਰੀਦਾ ਰਾਤਿ ਕਥੂਰੀ ਵੰਡੀਐ ੩੮੪
ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ੩੮੪
ਫਰੀਦਾ ਭੂਮਿ ਰੰਗਾਵਲੀ ੩੮੫
ਫਰੀਦਾ ਉਮਰ ਸੁਹਾਵੜੀ ੩੮੫
ਕੰਧੀ ਵਹਣ ਨ ਢਾਹਿ ੩੮੬
ਫਰੀਦਾ ਭੁਖਾ ਸੇਤੀ ੩੮੬
ਲੰਮੀ ਲੰਮੀ ਨਦੀ ਵਹੈ ੩੮੭
ਫਰੀਦਾ ਗਲਾਂ ਸੁ ਸਜਣ ਵੀਹ ੩੮੭
ਫਰੀਦਾ ਇਹੁ ਤਨੁ ਭਉਕਣਾ ੩੮੮
ਫਰੀਦਾ ਰਬ ਖਜੂਰੀ ਪਕੀਆਂ ੩੮੮
ਫਰੀਦਾ ਤਨੁ ਸੁਕਾ ਪਿੰਜਰੁ ਥੀਆ ੩੮੯
ਕਾਗਾ ਕਰੰਗ ਢੰਢੋਲਿਆ ੩੮੯
ਕਾਗਾ ਚੂੰਡਿ ਨ ਪਿੰਜਰਾ ੩੯੦
ਫਰੀਦਾ ਗੋਰ ਨਿਮਾਣੀ ੩੯੦
ਏਨੀ ਲੋਇਣੀ ਦੇਖਦਿਆ ੩੯੧
ਆਪੁ ਸਵਾਰਹਿ ਮੈ ਮਿਲਹਿ ੩੯੧

ਕੰਧੀ ਉਤੈ ਰੁਖੜਾ ੩੯੧
ਫਰੀਦਾ ਮਹਲ ਨਿਸਖਣ ੩੯੨
ਫਰੀਦਾ ਮਉਤੈ ਦਾ ਬੰਨਾ ੩੯੨
ਫਰੀਦਾ ਦਰੀਆਵੈ ਕੰਨੈ ੩੯੩
ਸਾਢੇ ਤ੍ਰੈ ਮਣ ਦੇਹੁਰੀ ੩੯੪
ਫਰੀਦਾ ਹਉ ਬਲਿਹਾਰੀ ੩੯੫
ਫਰੀਦਾ ਰੁਤਿ ਫਿਰੀ ੩੯੬
ਫਰੀਦਾ ਪਾੜਿ ਪਟੋਲਾ ੩੯੬
ਕਾਇ ਪਟੋਲਾ ਪਾੜਤੀ ੩੯੭
ਫਰੀਦਾ ਗਰਬੁ ਜਿਨ੍ਹਾ ਵਡਿਆਈਆ ੩੯੭
ਫਰੀਦਾ ਤਿਨ੍ਹਾ ਮੁਖ ਡਰਾਵਣੇ ੩੯੭
ਫਰੀਦਾ ਪਿਛਲ ਰਾਤਿ ੩੯੮
ਫਰੀਦਾ ਕੰਤੁ ਰੰਗਾਵਲਾ ੩੯੮
ਫਰੀਦਾ ਦੁਖੁ ਸੁਖੁ ਇਕੁ ਕਰਿ ੩੯੯
ਫਰੀਦਾ ਦੁਨੀ ਵਜਾਈ ਵਜਦੀ ੩੯੯
ਫਰੀਦਾ ਦਿਲੁ ਰਤਾ ਇਸੁ ਦੁਨੀ ੪੦੦
ਪਹਿਲੈ ਪਹਰੈ ਫੁਲੜਾ ੪੦੦
ਦਾਤੀ ਸਾਹਿਬ ਸੰਦੀਆ ੪੦੧
ਢੂਢੇਦੀਏ ਸੁਹਾਗ ਕੂ ੪੦੨
ਸਬਰ ਮੰਝ ਕਮਾਣ ੪੦੩
ਸਬਰ ਅੰਦਰਿ ਸਾਬਰੀ ੪੦੩
ਸਬਰੁ ਏਹੁ ਸੁਆਉ ੪੦੫
ਫਰੀਦਾ ਦਰਵੇਸੀ ਗਾਖੜੀ ੪੦੬
ਤਨੁ ਤਪੈ ਤਨੂਰ ਜਿਉ ੪੦੬
ਤਨੁ ਨ ਤਪਾਇ ਤਨੂਰ ਜਿਉ ੪੦੬
ਹਉ ਢੂਢੇਦੀ ਸਜਣਾ ੪੦੭
ਹੰਸਾ ਦੇਖਿ ਤਰੰਦਿਆ ੪੦੭
ਮੈ ਜਾਣਿਆ ਵਡ ਹੰਸੁ ਹੈ ੪੦੮
ਕਿਆ ਹੰਸੁ ਕਿਆ ਬਗੁਲਾ ੪੦੮
ਸਰਵਰ ਪੰਖੀ ਹੇਕੜੇ ੪੦੯
ਕਵਣੁ ਸੁ ਅਖਰੁ ਕਵਣੁ ਗੁਣੁ ੪੧੦
ਨਿਵਣੁ ਸੁ ਅਖਰੁ ਖਵਣੁ ਗੁਣੁ ੪੧੦
ਮਤਿ ਹੋਦੀ ਹੋਇ ਇਆਣਾ ੪੧੧
ਇਕੁ ਫਿਕਾ ਨ ਗਾਲਾਇ ੪੧੨
ਸਭਨਾ ਮਨ ਮਾਣਿਕ ੪੧੨

ਸਵਯੇ ਸ੍ਰੀ ਮੁਖਬਾਕ੍ ਮਹਲਾ ੫

ਉਥਾਨਕਾ ੪੧੯
ਆਦਿ ਪੁਰਖ ਕਰਤਾਰ ੪੨੫
ਕਾਚੀ ਦੇਹ ਮੋਹ ਫੁਨਿ ਬਾਂਧੀ ੪੩੮

ਸਵਈਏ ਮਹਲੇ ਪਹਿਲੇ ਕੇ ੧

ਇਕ ਮਨਿ ਪੁਰਖੁ ਧਿਆਇ ੪੫੩

ਸਵਈਏ ਮਹਲੇ ਦੂਜੇ ਕੇ ੨

ਸੋਈ ਪੁਰਖੁ ਧੰਨੁ ਕਰਤਾ ੪੬੧

ਸਵਈਏ ਮਹਲੇ ਤੀਜੇ ਕੇ ੩

ਸੋਈ ਪੁਰਖੁ ਸਿਵਰਿ ਸਾਚਾ ੪੭੧

ਸਵਈਏ ਮਹਲੇ ਚਉਥੇ ਕੇ ੪

ਇਕ ਮਨਿ ਪੁਰਖੁ ਨਿਰੰਜਨੁ ੪੯੮

ਸਵਈਏ ਮਹਲੇ ਪੰਜਵੇਂ ਕੇ ੫

ਸਿਮਰੰ ਸੋਈ ਪੁਰਖੁ ਅਚਲੁ ੫੮੧

ਸਲੋਕ ਵਾਰਾਂ ਤੇ ਵਧੀਕ

ਉਤੰਗੀ ਪੈ ਓਹਰੀ ੬੦੧

ਸਲੋਕ ਮਹਲਾ ੩

ਉਥਾਨਕਾ ੬੪੪
ਦੂਸਰੀ ਉਥਾਨਕਾ ੬੪੭
ਅਭਿਆਗਤ ਏਹੰ ਨ ਆਖੀਅਹਿ ੬੪੭

ਸਲੋਕ ਮਹਲਾ ੪

ਵਡਭਾਗੀਆ ਸੋਹਾਗਣੀ ੬੮੪

ਸਲੋਕ ਮਹਲਾ ੫

ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ੬੯੮
ਮੰਗਲਾ ਚਰਨ ੭੦੮

ਸਲੋਕ ਮਹਲਾ ੯

ਉਥਾਨਕਾ (ਅਰਥਾਤ ਸੰਖੇਪ ਜੀਵਨ
ਸ੍ਰੀ ਗੁਰੂ ਤੇਗ ਬਹਾਦੁਰ ਜੀ) ੭੧੦
ਗੁਨ ਗੋਬਿੰਦ ਗਾਇਓ ਨਹੀ ੭੪੨

ਮੁੰਦਾਵਣੀ ਮਹਲਾ ੫

ਥਾਲ ਵਿਚਿ ਤਿੰਨਿ ਵਸਤੂ ੭੭੬

ਸਲੋਕ ਮਹਲਾ ੫

ਤੇਰਾ ਕੀਤਾ ਜਾਤੋ ਨਾਹੀ ੭੮੦

ਰਾਗ ਮਾਲਾ

ਰਾਗ ਏਕ ਸੰਗਿ ੭੮੩

ੴ ਸਤਿਗੁਰ ਪ੍ਰਸਾਦਿ।।

"ਸੁਣਿ ਸਾਖੀ ਮਨ ਜਪਿ ਪਿਆਰ"

ਸਾਖੀਆਂ ਦਾ ਤਤਕਰਾ

ਸਾਖੀ ਰਾਜੇ ਦੀ ੨੦
ਸਾਖੀ ਝੂਠੇ ਪੁਰਸ਼ ਦੀ ੨੧
ਸਾਖੀ ਹਰਨੀ ਦੀ ੩੪
ਸਾਖੀ ਰਾਜੇ ਪ੍ਰੀਛਤ ਦੀ ੩੭
ਸਾਖੀ ਖਜ਼ੂਰਾਂ ਖਾਣ ਵਾਲੇ ਦੀ ੪੨
ਸਾਖੀ ਇਕ ਰਾਜੇ ਦੀ ੪੩
ਸਾਖੀ ਰਾਜੇ ਦਛ ਪਰਜਾ ਪਤਿ ਦੀ ੪੫
ਸਾਖੀ ਅਧਮ ਬਾਦਸ਼ਾਹ ਦੀ ੫੭
ਸਾਖੀ ਸੁਕਦੇਵ ਮੁਨੀ ਜੀ ਦੀ ੫੮
ਸਾਖੀ ਭਾਈ ਮੰਝ ਦੀ ੫੮
ਸਾਖੀ ਭਾਈ ਆਦਮ ਦੀ ੬੧
ਸਾਖੀ ਮਾਈ ਸੁਲੱਖਣੀ ਦੀ ੬੩
ਸਾਖੀ ਪ੍ਰਮੇਸ਼ਰ 'ਤੇ ਭਰੋਸਾ ਰੱਖਣ ਵਾਲੇ ਬੱਚੇ ਦੀ ੬੪
ਸਾਖੀ ਹੋਲਾਂ ਖਵਾਣ ਵਾਲੇ ਬਾਲਕੇ ਦੀ ੬੬
ਸਾਖੀ ਪ੍ਰੇਮੇ ਕੋੜ੍ਹੀ ਦੀ ੬੮
ਸਾਖੀ ਰਾਜੇ ਇੰਦਰ ਦੀ ੭੬
ਸਾਖੀ ਨਾਰਦ ਮੁਨੀ ਜੀ ਦੀ ੮੪
ਸਾਖੀ ਹੋਤੀ ਮਰਦਾਨ ਵਾਲੇ
ਸੰਤ ਆਇਆ ਸਿੰਘ ਜੀ ਦੀ ੯੦
ਸਾਖੀ ਦੁਰਬਾਸ਼ਾ ਰਿਖੀ ਦੀ ੯੨
ਸਾਖੀ ਬੀਰਬਲ ਦੀ ੯੭
ਸਾਖੀ ਮਾਨੀ ਸੰਤਾਂ ਦੀ ੧੦੦
ਸਾਖੀ ਦੁਰਬਾਸ਼ਾ ਰਿਖੀ ਦੀ ੧੦੭
ਸਾਖੀ ਸ਼ੇਖ ਚਿਲੀ ਦੀ ੧੦੮
ਸਾਖੀ ਪਰਾਸ਼ਰ ਰਿਖੀ ਦੀ ੧੨੧
ਸਾਖੀ ਸਿੰਙੀ ਰਿਖੀ ਦੀ ੧੨੨
ਸਾਖੀ ਜੈਮੁਨੀ ਰਿਖੀ ਦੀ ੧੨੪
ਸਾਖੀ ਨਾਰਦ ਮੁਨੀ ਦੀ ੧੨੫
ਸਾਖੀ ਰਾਜੇ ਹਰੀ ਚੰਦ ਤੇ ਰਾਣੀ ਤਾਰਾ ੧੩੧
ਸਾਖੀ ਭਗੀਰਥ ਭਪੇ ਦੀ ਗੰਗਾ ਲਿਆਉਣ ਦੀ ੧੪੧
ਸਾਖੀ ਮਹਾਂ ਪੁਰਸ਼ਾਂ ਦੀ ੧੫੭
ਸਾਖੀ ਰੱਜਬ ਜੀ ਦੀ ੧੫੮
ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ੧੬੧
ਸਾਖੀ ਸੰਮਨ ਮੂਸਨ ਦੀ ੧੮੧
ਸਾਖੀ ਪਤੰਗ ਅਤੇ ਜਮਾਲ ਦੀ ੧੮੧
ਕਬੀਰ ਜੀ ਦਾ ਸੰਖੇਪ ਜੀਵਨ ੧੮੪
ਸਾਖੀ ਦਸ ਜੁਲਾਹਿਆਂ ਦੀ ੧੮੮
ਸਾਖੀ ਪਠਾਣ ਕੋਲ ਨੌਕਰ ਜੁਲਾਹੇ ਦੀ ੧੯੧
ਸਾਖੀ ਚੋਰਾਂ ਦੀ ਮਾਂ ਦੀ ੨੧੩
ਸਾਖੀ ਵੈਸ਼ਨਵ ਦੀ ੨੧੫
ਸਾਖੀ ਬੀਤਰਾਗ ਸੰਤਾਂ ਦੀ ੨੨੫
ਸ਼ਾਂਖੀ- ਇਕ ਧਾੜਵੀ ਪੁਰਸ਼ ਦੀ ੨੩੪
ਸਾਖੀ ਮੂਰਖ ਪੁਰਸ਼ ਦੀ ੨੬੯
ਸਾਖੀ ਗੁਰੂ ਗੋਬਿੰਦ ਸਿੰਘ ਜੀ ਦੀ
ਸੰਤਾਂ ਨੂੰ ਮਿਲਣ ਜਾਣ ਦੀ ੨੭੦
ਸਾਖੀ ਮਾਨੀ ਸੰਤਾਂ ਦੀ ੨੮੦
ਸਾਖੀ ਤਿੰਨ ਲੜਕੀਆਂ ਦੀ ੨੮੨
ਸਾਖੀ ਛੱਜੂ ਭਗਤ ਦੀ ੨੮੬
ਸਾਖੀ ਮਹੰਤ ਜੈਤ ਰਾਮ ਦਾ
ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ ੨੮੮
ਸਾਖੀ ਬਿਰਹਾ ਦੀ ੩੬੦
ਸਾਖੀ ਕਮੰਕਨ ਰਿਖੀ ਦੀ ੩੬੮
ਸਾਖੀ ਮਹਾਰਾਜਾ ਰਣਜੀਤ ਸਿੰਘ ਜੀ ਦੀ ੩੭੩
ਸਾਖੀ ਸਰਮੱਦ ਫਕੀਰ ਦੀ ੪੦੩
ਸਾਖੀ ਭਾਈ ਬਿਧੀ ਚੰਦ ਦੀ ੪੪੮
ਸਾਖੀ ਰਾਜੇ ਰੁਕਮਾਂਗਦ ਦੀ ੪੮੫
ਸਾਖੀ ਚੰਦ੍ਰਹਾਂਸ ਦੀ ੫੧੬
ਸਾਖੀ ਭਗਤ ਸੁਦਾਮੇ ਦੀ ੫੩੮
ਸਾਖੀ ਗਨਿਕਾ ਦੀ ੫੪੪
ਸਾਖੀ ਮਨਸੁਖ ਦੀ ੬੦੬

ਸਾਖੀ ਭਾਈ ਜਗਤਾ ਸਾਹਿਬ ਜੀ ਦੀ ੬੦੮
ਸਾਖੀ ਰਾਜਾ ਕਰਨ ਦੀ ੬੧੮
ਸਾਖੀ ਹਮਜ਼ਾ ਗੌਂਸ ਤੇ ਭਾਈ ਮੂਲ ਚੰਦ ੬੨੨
ਸਾਖੀ ਨਾਰਦ ਮੁਨੀ ਦੀ (ਵਿਸ਼ਨੂੰ ਜੀ ਨੂੰ ਸਰਾਪ ਦੇਣ ਦੀ) ੬੩੪
ਸਾਖੀ ਹਮਾਊ ਪੰਛੀ ਦੇ ਖੰਭਾਂ ਦੀ ੭੦੫

ਕੁਝ ਵਿਸ਼ੇਸ਼

ਚਤੁਰ ਸਲੋਕੀ ਗੀਤਾ ੧੯
ਛੇ ਤਰ੍ਹਾਂ ਦੀਆਂ ਸਭਾ ੧੫੦
ਸੋਲ੍ਹਾਂ ਸ਼ਿੰਗਾਰਾਂ ਦਾ ਨਿਰਣਾ ੧੫੨
ਚਾਰ ਮਹਾਂ ਵਾਕ ੧੫੨
ਪੰਜ ਪ੍ਰਕਾਰ ਦੀ ਸਿੱਖੀ ੨੭੯
ਉਜੂ ੩੮੦
ਭਗਤਾਂ ਦੀ ਬਾਣੀ ਦਾ ਵੇਰਵਾ ੪੧੪
ਸਤਾਰਾਂ ਭੱਟਾਂ ਦਾ ਸ਼ਿਜਰਾ ੪੨੦
ਸ੍ਰੀ ਹਰਿਮੰਦਰ ਸਾਹਿਬ ਜੀ ਦੇ ਨਿਸ਼ਾਨ ਸਾਹਿਬਾਂ ਵਾਰੇ ਵਿਚਾਰ ੫੭੩
ਤਿੰਨ ਤਰ੍ਹਾਂ ਦੇ ਵਕਤੇ ੭੪੨

ਸਲੋਕ ਸਹਸਕ੍ਰਿਤੀ (ਪੰਨਾ ੧੩੫੩)

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਉਥਾਨਕਾ:- ਕਾਂਸ਼ੀ ਪੁਰੀ ਵਿਚ ਬਹੁਤ ਸਾਰਾ ਪਖੰਡ ਵਧ ਜਾਣ ਤੇ ਮਹਾਂਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਰਾਧਿਆ ਤੇ ਬੇਨਤੀ ਕੀਤੀ "ਜਿਵੇਂ ਆਪ ਕੁੱਲ ਧਰਤੀ ਦਾ ਸੁਧਾਰ ਕਰ ਰਹੇ ਹੋ ਤਿਵੇਂ ਆਪ ਕਿਰਪਾ ਕਰ ਕੇ ਇਸ ਕਾਂਸ਼ੀ ਪੁਰੀ ਦਾ ਭੀ ਸੁਧਾਰ ਕਰੋ।"

ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਵਿਚ ਚੱਕਰ ਲਗਾ ਕੇ ਸਤਿਨਾਮੁ ਦਾ ਉਪਦੇਸ਼ ਦੇਂਦੇ ਹੋਏ ਕਾਂਸ਼ੀ ਪੁਰੀ ਵਿਚ ਆ ਪਹੁੰਚੇ ਅਤੇ ਬਾਹਰ ਵਾਰ ਇਕ ਰਮਣੀਕ ਅਸਥਾਨ ਤੇ ਡੇਰਾ ਲਗਾ ਕੇ ਬੈਠ ਗਏ।

ਜਿਸ ਵੇਲੇ **'ਗੋਪਾਲ ਦੱਤ'** ਪੰਡਿਤ ਨੇ ਸੁਣਿਆਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਾਂਸ਼ੀ ਪੁਰੀ ਵਿਚ ਆ ਕੇ ਫਲਾਣੀ ਜਗ੍ਹਾ 'ਤੇ ਬੈਠੇ ਹਨ, ਕਿਉਂਕਿ ਇਸ ਨੇ ਭਵਿਖਜਤ ਪੁਰਾਣ ਵਿਚ ਪੜ੍ਹਿਆ ਹੋਇਆ ਸੀ ਕਿ ਕਲਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਣਾ ਹੈ :

ਏਵੰ ਵੈ ਧਰਮ ਪਰਾਚੁਰਯੰ ਭਵਿਖਜਤਿ ਯਦਾ ਕਲਊ॥ ੩੩॥
ਤਦਾ ਵੈ ਲੋਕ ਰਖਜ਼ਾਰਥੰ ਮਲੇਛਾਨਾਂ ਨਾਸ ਹੇਤੁਬੇ॥
ਪਸਚਮੇਤੁ ਸੁਭੇ ਦੇਸੇ ਬੇਦੀ ਬੰਸੇ ਚ ਨਾਨਕਊ॥ ੩੪॥

ਉਸੀ ਵੇਲੇ ਆਪਣੇ ਨਾਲ ਹੋਰਨਾਂ ਪੰਡਿਤਾਂ ਨੂੰ ਲੈ ਕੇ ਉਥੇ ਆ ਪਹੁੰਚਾ। ਵਿੱਦਿਆ ਦੇ ਗਰੂਰ ਵਿਚ ਮਸਤ ਹੋ ਕੇ ਪੁੱਛਦਾ ਹੈ- ਕਿੰ ਸ਼ਾਸਤ੍ਰ ਅਧੀਤੰ?

ਆਪ ਕਿਹੜਾ ਕਿਹੜਾ ਸ਼ਾਸਤ੍ਰ ਪੜ੍ਹੇ ਹੋਏ ਹੋ? ਆਪ ਅਸਾਡੇ ਨਾਲ ਸ਼ਾਸਤ੍ਰ ਚਰਚਾ ਕਰੋ।

ਹਜ਼ੂਰ ਨੇ ਵਿਚਾਰਿਆ, ਜੇਕਰ ਅਸਾਂ ਨੇ ਇਹਨਾਂ ਨਾਲ ਸ਼ਾਸਤ੍ਰ ਚਰਚਾ ਕੀਤੀ ਤਾਂ ਕੋਈ ਵੱਡੀ ਗੱਲ ਨਹੀਂ, ਕੋਈ ਅਨਪੜ੍ਹ ਆਦਮੀ ਕਰੇ ਤਾਂ ਚੰਗਾ ਹੈ। ਜਦ ਆਸੇ ਪਾਸੇ ਨਿਗਾਹ ਮਾਰੀ ਤਾਂ ਹੋਰ ਅਨਪੜ੍ਹ ਆਦਮੀ ਨਿਗਾਹ ਨਾ ਆਇਆ ਤੇ ਇਕ ਕੁੱਤਾ ਮਰਿਆ ਪਿਆ ਸੀ ਉਸ ਉੱਪਰ ਦ੍ਰਿਸ਼ਟੀ ਪੈ ਗਈ।

ਉਸੇ ਕੁੱਤੇ ਨੂੰ ਆਖਦੇ ਹਨ—

'ਉੱਠ ਤੇਰੇ ਭਾਈ ਆਏ ਹਨ, ਤੂੰ ਇਹਨਾਂ ਨਾਲ ਚਰਚਾ ਕਰ!"

ਉਹ ਕੁੱਤਾ ਝਟਪਟ ਉੱਠ ਕੇ ਹਜ਼ੂਰ ਪਾਸ ਆ ਪਹੁੰਚਾ। ਹਜ਼ੂਰ ਦੇ ਹੁਕਮ ਨਾਲ ਉਸ ਨੇ "ਗੋਪਾਲ ਦੱਤ"

ਜਿਸ ਅਸਥਾਨ ਤੇ ਗੁਰੂ ਜੀ ਬੈਠੇ ਸਨ ਉਸ ਅਸਥਾਨ ਦਾ ਨਾਂ 'ਗੁਰੂ ਕਾ ਬਾਗ' ਹੈ 'ਲਖਸ਼ਾ ਰੋਡ' 'ਤੇ ਹੈ। ੧੫੬੮ ਵਿਚ ਬਨਾਰਸ ਪਹੁੰਚੇ ਸਨ।

ਦੇ ਕੀਤੇ ਹੋਏ ਪ੍ਰਸ਼ਨਾਂ ਦਾ ਉੱਤਰ ਬੜੀ ਵਿਦਵਤਾ ਨਾਲ ਦਿੱਤਾ, ਵੇਦਾਂ ਦੀਆਂ ਸੁਰਤੀਆਂ ਪੜ੍ਹ-ਪੜ੍ਹ ਕੇ ਗੋਪਾਲ ਦੱਤ ਨੂੰ ਨਿਰੁੱਤਰ ਕਰ ਦਿੱਤਾ।

ਉਸ ਵੇਲੇ ਗੋਪਾਲ ਦੱਤ ਨੇ ਸਭਨਾਂ ਹੰਕਾਰੀ ਪੰਡਿਤਾਂ ਸਮੇਤ ਗੁਰੂ ਜੀ ਦੇ ਚਰਨੀਂ ਪੈ ਕੇ ਮੁਆਫੀ ਮੰਗੀ ਅਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ-"ਸੁਆਮੀ ਜੀ ਆਪ ਪੂਰਨ ਈਸ਼ਵਰ ਅਵਤਾਰ ਹੋ ਪਰ ਅਸਾਡੇ ਮਨ ਵਿਚ ਇਕ ਸ਼ੰਕਾ ਹੈ, ਆਪ ਜੀ ਨੇ ਇਸ ਕੁੱਤੇ ਨੂੰ ਸਾਡਾ ਭਾਈ ਕਿਉਂ ਕਿਹਾ ਹੈ?"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ- "ਇਸ ਦਾ ਉੱਤਰ ਇਹ ਤੁਹਾਨੂੰ ਆਪ ਹੀ ਦੇਵੇਗਾ। ਉਸ ਵੇਲੇ ਹਜ਼ੂਰ ਨੇ ਭਾਈ ਮਰਦਾਨੇ ਨੂੰ ਕਿਹਾ "ਸਤਿਨਾਮੁ ਵਾਹਿਗੁਰੂ" ਦਾ ਨਾਮ ਕਹਿ ਕੇ ਇਸ ਉੱਤੇ ਜਲ ਦਾ ਛੱਟਾ ਮਾਰ।

ਜਿਸ ਵੇਲੇ "ਸਤਿਨਾਮੁ ਵਾਹਿਗੁਰੂ" ਕਹਿ ਕੇ ਭਾਈ ਮਰਦਾਨੇ ਨੇ ਜਲ ਦਾ ਛੱਟਾ ਮਾਰਿਆ ਤਾਂ ਉਸੀ ਵੇਲੇ ਉਹ ਕੁੱਤਾ ਮਰ ਗਿਆ ਤੇ ਦਿਬਜ ਸਰੂਪ ਹੋ ਕੇ ਆਖਦਾ ਹੈ:-

ਹੇ ਗੋਪਾਲ ਦੱਤ! ਮੈਂ **'ਵਿਸ਼ਨ ਦੱਤ'** ਨਾਮ ਕਰ ਕੇ ਤੇਰਾ ਦਾਦਾ ਹਾਂ, ਮੇਰੇ ਵਿਚ ਵੀ ਵਿੱਦਿਆ ਦਾ ਔਰ ਬ੍ਰਾਹਮਣ ਜਾਤੀ ਦਾ ਹੰਕਾਰ ਬਹੁਤ ਸਾਰਾ ਸੀ। ਵਿੱਦਿਆ ਦੇ ਮਦ ਕਰ ਕੇ ਹਰ ਇਕ ਨਾਲ ਚਰਚਾ ਕਰ ਕੇ ਉਸ ਨੂੰ ਹਰਾ ਕੇ ਉਸ ਦੇ ਗ੍ਰੰਥ ਖੋਹ ਲੈਂਦਾ ਸਾਂ ਪਰ ਭਗਵੇਂ ਕਪੜੇ ਪਹਿਰਨ ਵਾਲੇ ਸੰਤਾਂ ਨਾਲ ਤਾਂ ਮੇਰੀ ਖਾਸ ਕਰ ਕੇ ਬਹਿਸ ਹੁੰਦੀ ਸੀ।

ਜਿਹੜਾ ਕੋਈ ਸੰਤ ਅਨਪੜ੍ਹ ਹੋਣ ਕਰ ਕੇ ਮੇਰੇ ਨਾਲ ਸ਼ਾਸਤ੍ਰ ਚਰਚਾ ਨਹੀਂ ਕਰਦਾ ਸੀ ਤਾਂ ਉਸ ਨੂੰ ਮੈਂ ਇਥੋਂ ਤੱਕ ਕਹਿ ਦੇਂਦਾ ਸੀ: "ਜੇ ਤੂੰ ਵਿੱਦਿਆ ਨਹੀਂ ਪੜ੍ਹੀ ਤਾਂ ਬਸਤਰ ਰੰਗ ਕੇ ਭੀ ਨਹੀਂ ਪਹਿਰਨੇ ਸਨ, ਤੂੰ ਕਖਾਏ (ਭਗਵੇਂ) ਬਸਤਰ ਪਹਿਨ ਕੇ ਭੇਖ ਨੂੰ ਕਿਉਂ ਲਾਜ ਲਾਈ ਹੈ?"

ਇਕ ਦਿਨ ਨਾਮ ਰਸੀਏ ਪੂਰਨ ਕਰਨੀ ਵਾਲੇ ਮਹਾਤਮਾ ਇਥੇ ਆ ਪਹੁੰਚੇ ਪਰ ਮੈਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਕਿ ਇਹ ਬ੍ਰਹਮ ਗਿਆਨੀ ਹਨ। ਮੈਂ ਤਾਂ ਉਹਨਾਂ ਦੇ ਉੱਪਰਲੇ ਲਿਬਾਸ ਭਾਵ ਭਗਵੇ ਕਪੜੇ ਪਾਏ ਹੋਏ ਵੇਖ ਕੇ ਕਿਹਾ :-

ਆਪ ਮੇਰੇ ਨਾਲ ਸ਼ਾਸਤ੍ਰ ਅਰਥ ਕਰੋ, ਪਰ ਉਹ ਚੁੱਪ ਰਹੇ। ਮੈਂ ਦੁਬਾਰਾ ਕਿਹਾ ਤਾਂ ਭੀ ਉਹ ਚੁੱਪ ਰਹੇ। ਫਿਰ ਮੈਂ ਤੀਜੀ, ਚੌਥੀ, ਪੰਜਵੀਂ ਵਾਰ ਭੀ ਕਿਹਾ ਤਾਂ ਭੀ ਉਹ ਨਾ ਬੋਲੇ। ਜਦ ਮੈਂ ਉਹਨਾਂ ਨੂੰ ਬਹੁਤ ਤੰਗ ਕੀਤਾ, ਕਿ ਮੇਰੇ ਨਾਲ ਸ਼ਾਸਤ੍ਰ ਚਰਚਾ ਕਰੋ, ਦੋ ਪਹਿਰ ਉਹਨਾਂ ਦੇ ਭਜਨ ਵਿਚ ਵਿਘਨ ਪਾਇਆ। ਤਾਂ ਆਖਿਰਕਾਰ ਉਹਨਾਂ ਨੇ ਮੈਨੂੰ ਸਰਾਪ ਦੇ ਦਿੱਤਾ ਕਿ ਕੁੱਤਿਆਂ ਵਾਂਙੂ ਕਿਉਂ ਭੌਂਕਦਾ ਹੈਂ? ਜਾਹ ਕੁੱਤਾ ਜਾ ਕੇ ਬਣ। ਉਹਨਾਂ ਦੇ ਸਰਾਪ ਕਰ ਕੇ ਮੈਂ ਕੁੱਤਾ ਬਣਿਆ ਰਿਹਾ ਹਾਂ, ਹੁਣ ਇਹਨਾਂ ਦੀ ਕਿਰਪਾ ਨਾਲ ਮੇਰੀ ਕਲਿਆਣ ਹੋਈ ਹੈ।

ਈਸ਼ੂਰ ਆਪ ਹੀ ਅਵਤਾਰ ਧਾਰ ਕੇ ਤੁਹਾਡੀ ਨਗਰੀ ਵਿਚ ਆਇਆ ਹੈ, ਤੁਸੀਂ ਇਹਨਾਂ ਦੇ ਸਾਹਮਣੇ ਹੰਕਾਰ ਨਾ ਕਰੋ। ਇਸ ਵਿੱਦਿਆ ਦੇ ਹੰਕਾਰ ਨੂੰ ਛੱਡ ਕੇ ਇਹਨਾਂ ਦੀ ਚਰਨੀਂ ਪੈ ਕੇ ਉਪਦੇਸ਼ ਲੈ ਕੇ ਮੁਕਤੀ ਦਾਨ ਪ੍ਰਾਪਤ ਕਰੋ।

ਇਹ ਗੱਲ ਕਹਿ ਕੇ "ਵਿਸ਼ਨ ਦੱਤ" ਆਪ ਤਾਂ ਬੈਕੁੰਠ ਧਾਮ ਵਿਚ ਚਲਾ ਗਿਆ। ਪਿੱਛੋਂ ਗੋਪਾਲ ਦੱਤ ਨੇ ਗੁਰੂ ਜੀ ਦੇ ਚਰਨ ਫੜ ਕੇ ਬੇਨਤੀ ਕੀਤੀ: "ਗੁਰੂ ਜੀ! ਅਸੀਂ ਆਪ ਜੀ ਦੇ ਸੇਵਕ ਹਾਂ, ਸਾਨੂੰ ਐਸਾ ਉਪਦੇਸ਼ ਦਿਓ ਜਿਸ ਨੂੰ ਸੁਣ ਕੇ ਸਾਡੇ ਮਨ ਵਿਚ ਸ਼ਾਂਤੀ ਹੋਵੇ ਤੇ ਹੰਕਾਰ ਦੂਰ ਹੋ ਜਾਵੇ ਅਤੇ ਲੋਕ ਪ੍ਰਲੋਕ ਸੁਹੇਲਾ ਹੋਵੇ। ਉਸ ਵੇਲੇ

ਗਰੀਬ ਨਿਵਾਜ਼ ਨੇ ਇਹ **"ਚਤੁਰ ਸਲੋਕੀ ਗੀਤਾ"** ਉਚਾਰ ਕੇ "ਗੋਪਾਲ ਦੱਤ" ਨੂੰ ਉਪਦੇਸ਼ ਦੇਣਾ ਕੀਤਾ।

ਚਤੁਰ ਦਾਸ, ਗੰਗਾ ਰਾਮ, ਆਦਿਕ ਹੋਰ ਪੰਡਿਤ ਵੀ ਬੈਠੇ ਸੁਣਦੇ ਰਹੇ।

੧	ਇਕ ਅਦੁੱਤੀ ਬ੍ਰਹਮ ਹੈ
ਓ	ਮੰਗਲ ਸਰੂਪ ਹੈ।
ਸਤਿ	ਤ੍ਰੈ ਕਾਲ ਅਬਾਧ ਹੈ।
ਨਾਮੁ	ਪਰਸਿੱਧ ਹੈ।
ਕਰਤਾ	ਸਾਰਿਆਂ ਦਾ ਰਚਨਹਾਰ ਹੈ।
ਪੁਰਖ	ਪੂਰਨ ਹੈ।
ਨਿਰਭਉ	ਡਰ ਤੋਂ ਰਹਿਤ ਹੈ।
ਨਿਰਵੈਰੁ	ਵੈਰ ਤੋਂ ਰਹਿਤ ਹੈ।
ਅਕਾਲ ਮੂਰਤਿ	ਅਕਾਲ ਸਰੂਪ ਹੈ।
ਅਜੂਨੀ	ਜੂਨੀਆਂ ਤੋਂ ਰਹਿਤ ਹੈ।
ਸੈਭੰ	ਸੁਤੇ ਪ੍ਰਕਾਸ਼ ਰੂਪ ਹੈ।
ਗੁਰ ਪ੍ਰਸਾਦਿ॥	ਵੱਡੀ ਕਿਰਪਾ ਵਾਲਾ ਹੈ।

ਇਤਨਾ ਮੰਗਲ ਕਰ ਕੇ ਹੁਣ ਸਹਸਕ੍ਰਿਤੀ ਸਲੋਕਾਂ ਨੂੰ ਕਥਨ ਕਰਦੇ ਹਨ:-

ਸਲੋਕ ਸਹਸਕ੍ਰਿਤੀ ਮਹਲਾ ੧॥

ਇਹ ਸਹਸਕ੍ਰਿਤੀ ਅਨਾਦੀ ਚਲੀ ਆ ਰਹੀ ਹੈ।

ਇਹ ਸੰਸਕ੍ਰਿਤ ਦੀ ਮਾਤਾ ਹੈ ਕਿਉਂਕਿ ਸਹਸਕ੍ਰਿਤੀ ਤੋਂ ਸੰਸਕ੍ਰਿਤ ਪੈਦਾ ਹੋਈ ਹੈ।

ਸਹਸਕ੍ਰਿਤ ਮਾਤਾ ਹੈ। ਸੰਸਕ੍ਰਿਤ ਧੀ ਹੈ।

"ਸਹਸਕ੍ਰਿਤ' ਪ੍ਰਾਤਿਕ ਭਾਸ਼ਾ ਨੂੰ ਕਹਿੰਦੇ ਹਨ।

ਸਹਸਕ੍ਰਿਤ ਕਹਿ ਦਿਓ, ਪ੍ਰਾਤਿਕ ਭਾਸ਼ਾ ਕਹਿ ਦਿਓ, ਦੇਸ਼ ਭਾਸ਼ਾ ਕਹਿ ਦਿਓ।

ਇਹ ਸਾਰੇ ਪ੍ਰਿਆਇ ਸ਼ਬਦ ਹਨ।

ਇਸ ਵਿਚ ਪ੍ਰਾਤਿਕ ਭਾਸ਼ਾ ਅਰਥਾਤ ਦੇਸ਼ ਭਾਸ਼ਾ ਅਤੇ ਹੋਰਨਾਂ ਗ੍ਰੰਥਾਂ ਦੇ ਭੀ ਆਸ਼ੇ ਕਥਨ ਕੀਤੇ ਹੋਏ ਹਨ।

ਅਥਵਾ- ਸਹਸ= ਹਜ਼ਾਰ ਮੁੱਖਾਂ ਵਾਲਾ ਜੋ ਸ਼ੇਸ਼ਨਾਗ ਹੈ ਉਸ ਦੀ ਉਚਾਰਨ ਕ੍ਰਿਤ= ਕੀਤੀ ਹੋਈ ਜੋ ਕਾਵਜ ਭਾਵ ਪਿੰਗਲਰਚਨਾ ਹੈ। ਉਹ ਕਾਵਜ ਰਚਨਾ ਅਤੇ ਸੰਗੀਤ ਰਚਨਾ ਦੋਵੇਂ ਜਿਸ ਵਿਚ ਹੋਣ ਉਸ ਦਾ ਨਾਮ ਸਹਸਕ੍ਰਿਤੀ ਹੈ।

ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਗੋਪਾਲ ਦੱਤ ਪੰਡਿਤ ਨੂੰ ਸਮਝਾਉਂਦੇ ਹਨ-

ਪੜਿ ਪੁਸ੍ਤਕ ਸੰਧਿਆ ਬਾਦੰ॥

ਹੇ ਗੋਪਾਲ ਦੱਤ! ਪਖੰਡ ਤੋਂ ਰਹਿਤ ਹੋ ਕੇ ਨਿੰਮ੍ਰਤਾ ਸਹਿਤ ਜਿਹੜਾ ਪੁਸ੍ਤਕ= ਗ੍ਰੰਥਾਂ ਦਾ ਪੜ੍ਹਨਾ

ਪੜ੍ਹਾਉਣਾ ਹੈ ਤੇ ਬਾਦੰ= ਵਖਿਆਨ ਕਰਨਾ ਹੈ ਅਤੇ ਤ੍ਰਿਕਾਲ ਸੰਧਿਆ ਦਾ ਕਰਨਾ ਹੈ, ਉਹ ਤਾਂ ਸਫਲ ਹੈ, ਪਰ ਜਿਹੜਾ ਪਖੰਡ ਪੂਰਬਕ, ਗ੍ਰੰਥਾਂ ਦਾ ਪੜ੍ਹਨਾ ਪੜ੍ਹਾਉਣਾ ਤੇ ਬਾਦੰ= ਵਖਿਆਨ ਕਰ ਕੇ ਬਾਦੰ= ਝਗੜਿਆਂ ਦਾ ਕਰਨਾ ਹੈ, ਇਹ ਸਭ ਬਾਦੰ= ਨਿਸਫਲ ਹੈ। ਪਖੰਡ ਸਹਿਤ ਤ੍ਰਿਕਾਲ ਸੰਧਿਆ ਦਾ ਕਰਨਾ ਭੀ ਨਿਸਫਲ ਹੈ।

ਯਥਾ- ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ॥ ੨॥ *(ਪੰਨਾ ੧੧੨੭)*

ਤਥਾ- ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ॥ *(ਪੰਨਾ ੧੧੩੧)*

ਸਿਲ ਪੂਜਸਿ ਬਗੁਲ ਸਮਾਧੰ॥

ਸਿਲ= ਦਸ ਪਾਰਖਦ, ਲਛਮੀ ਅਤੇ ਨਾਰਾਇਣ ਇਹਨਾਂ ਬਾਰਾਂ ਸਿਲਾਂ ਦਾ ਪੂਜਨ ਕਰਨਾ।

ਵਾ:—ਸਿਲ= ਸ਼ਿਵਾਂ ਦੇ ਜੋਤੀ ਲਿੰਗ ਦਾ ਪੂਜਨ ਕਰਨਾ।

ਵਾ: – ਸਿਲ= ਸਾਲਗਰਾਮ ਮੂਰਤੀ ਦਾ ਪੂਜਨ ਕਰਨਾ ਅਤੇ ਬਗਲੇ ਵਾਂਗੂ ਸਮਾਧੀ ਦਾ ਲਗਾਉਣਾ ਨਾਮ ਤੋਂ ਬਿਨਾਂ ਸਭ ਨਿਸਫਲ ਹੈ।

ਵਾ:—ਸਿਲਾ ਦਾ ਪੂਜਨ ਕਰ ਕੇ ਉਸ ਨੂੰ ਫਿਰ ਆਪਣੀ ਬਗੁਲ= ਕੱਛ ਵਿਚ ਲੈ ਕੇ ਸਮਾਧੀ ਦਾ ਲਗਾਉਣਾ ਇਹ ਸਭ ਨਿਸਫਲ ਹੈ (ਕੱਛ ਵਿਚ ਇਸ ਵਾਸਤੇ ਰੱਖ ਲੈਂਦੇ ਹਨ ਕਿ ਕੋਈ ਚੁਕ ਕੇ ਨਾ ਲੈ ਜਾਵੇ)।

ਵਾ:—ਸਿਲਾ ਨੂੰ ਪੂਜ ਕੇ ਨਦੀ ਦੇ ਬਗੁਲ= ਕਿਨਾਰੇ ਸਮਾਧੀ ਦਾ ਲਗਾਣਾ, ਸਭ ਨਿਸਫਲ ਹੈ।

ਮੁਖਿ ਝੂਠੁ ਬਿਭੂਖਨ ਸਾਰੰ॥

ਝੂਠੁ ਸਾਰੰ= ਲੋਹੇ ਵਾਂਗੂ ਕਾਲਾ ਤੇ ਕਰੜਾ ਹੈ, ਕਿਉਂਕਿ ਝੂਠੇ ਪੁਰਸ਼ ਦਾ ਹਿਰਦਾ ਹਮੇਸ਼ਾਂ ਕਾਲਾ ਅਤੇ ਕਠੋਰ ਹੁੰਦਾ ਹੈ ਪਰ ਇਹ ਜੀਵ ਉਸ ਝੂਠ ਨੂੰ ਮੁਖ ਤੋਂ ਬੋਲ ਕੇ ਸਾਰੰ= ਸਵਰਨ (ਸੋਨੇ) ਦੇ ਬਿਭੂਖਨ= ਗਹਿਣਿਆਂ ਵਾਂਗੂ ਸੱਚਾ ਕਰ ਵਿਖਾਉਂਦਾ ਹੈ।

ਪਹਿਲੀ ਸਾਖੀ—ਰਾਜੇ ਦੀ

ਇਕ ਰਾਜਾ ਸੀ, ਉਸ ਨੇ ਇਕ ਦਿਨ ਆਪਣੇ ਮੰਤਰੀਆਂ ਨੂੰ ਪੁੱਛਿਆ ਕਿ ਮੇਰੇ ਹੱਥ ਦੀਆਂ ਤਲੀਆਂ ਪਰ ਰੋਮ ਕਿਉਂ ਨਹੀਂ ਹਨ?

ਮੰਤਰੀਆਂ ਨੇ ਕਿਹਾ: ਹੇ ਰਾਜਨ!ਆਪ ਹਮੇਸ਼ਾਂ ਦਾਨ ਕਰਦੇ ਰਹਿੰਦੇ ਹੋ ਇਸ ਕਰ ਕੇ ਆਪ ਦੀਆਂ ਤਲੀਆਂ ਤੇ ਰੋਮ ਨਹੀਂ ਹਨ। ਰਾਜੇ ਨੇ ਕਿਹਾ: ਫੇਰ ਤੁਹਾਡੀਆਂ ਤਲੀਆਂ ਤੇ ਰੋਮ ਕਿਉਂ ਨਹੀਂ? ਤਾਂ ਮੰਤਰੀਆਂ ਨੇ ਕਿਹਾ: ਅਸੀਂ ਆਪ ਜੀ ਪਾਸੋਂ ਮਾਇਆ ਲੈਂਦੇ ਰਹਿੰਦੇ ਹਾਂ ਇਸ ਵਾਸਤੇ ਸਾਡੀਆਂ ਹੱਥ ਦੀਆਂ ਤਲੀਆਂ ਪਰ ਰੋਮ ਨਹੀਂ ਹਨ। ਰਾਜਾ ਇਹ ਸੁਣ ਕੇ ਬੜਾ ਅਸਚਰਜ ਹੋਇਆ।

ਆਖਰ ਰਾਜੇ ਨੇ ਫੇਰ ਮੰਤਰੀਆਂ ਨੂੰ ਕਿਹਾ ਕਿ ਲੋਕਾਂ ਦੇ ਹੱਥਾਂ ਦੀਆਂ ਤਲੀਆਂ ਤੇ ਰੋਮ ਕਿਉਂ ਨਹੀਂ ਹੁੰਦੇ?

ਪ੍ਰਸ਼ਨ:-ਸੰਧਿਆ ਕਿਸ ਨੂੰ ਕਹਿੰਦੇ ਹਨ? ਉੱਤਰ-ਦੋ ਚੀਜ਼ਾਂ ਦੇ ਮੇਲ ਨੂੰ ਸੰਧਿਆ ਕਹਿੰਦੇ ਹਨ। ਰਾਤ ਦਾ ਅੰਤ ਤੇ ਦਿਨ ਦਾ ਉਦੇ ਹੋਣਾ ਇਹ ਸਵੇਰ ਦੀ ਸੰਧਿਆ ਹੈ। ਦਿਨ ਪਹਿਲਾ ਪਹਿਰ ਬੀਤਣਾ ਅਤੇ ਦੂਜੇ ਪਹਿਰ ਦਾ ਆਰੰਭ ਹੋਣਾ ਇਹ ਮਧਿਆਨ ਦੀ ਸੰਧਿਆ ਹੈ। ਦਿਨ ਦਾ ਅੰਤ ਅਤੇ ਰਾਤ ਦਾ ਆਰੰਭ ਹੋਣਾ ਇਹ ਸ਼ਾਮ ਦੀ ਸੰਧਿਆ ਹੈ।

ਤਾਂ ਮੰਤਰੀਆਂ ਨੇ ਕਿਹਾ: "ਉਹਨਾਂ ਨੂੰ ਮਿਲਦਾ ਕੁਝ ਨਹੀਂ ਤੇ ਉਹ ਹੱਥ ਦੀਆਂ ਤਲੀਆਂ ਮਲਦੇ ਰਹਿੰਦੇ ਹਨ, ਇਸ ਵਾਸਤੇ ਉਹਨਾਂ ਦੀਆਂ ਤੁਲੀਆਂ ਤੇ ਰੋਮ ਨਹੀਂ ਹਨ।" ਵੇਖੋ! ਝੂਠ ਨੂੰ ਕਿਸ ਤਰ੍ਹਾਂ ਸੱਚਾ ਕਰ ਵਿਖਾਇਆ ਹੈ।

ਦੂਜੀ ਸਾਖੀ—ਝੂਠੇ ਪੁਰਸ਼ ਦੀ

ਇਕ ਝੂਠਾ ਪੁਰਸ਼ ਸੀ, ਦੇਵਨੇਤ ਨਾਲ ਉਸ ਨੂੰ ਇਕ ਹੋਰ ਉਹੋ ਜ਼ਿਹਾ ਹੀ ਝੂਠਾ ਪੁਰਸ਼ ਮਿਲ ਗਿਆ। ਦੋਹਾਂ ਦੀ ਆਪਸ ਵਿਚ ਮਿੱਤ੍ਰਤਾ ਹੋ ਗਈ।

ਯਥਾ- ਅਮਲੀ ਅੰਮਲੁ ਨ ਛਡਨੀ ਹੁਇ ਬਹਨਿ ਇਕਠੇ।
ਜਿਉ ਜੂਏ ਜੂਆਰੀਆ ਲਗਿ ਦਾਵ ਉਪਠੇ।
ਚੋਰੀ ਚੋਰ ਨ ਪਲਗਹਿ ਦੁਖ ਸਹਿਨ ਗਰਠੇ।
ਰਹਨਿ ਨ ਗਣਿਕਾ ਵਾੜਿਅਹੁ ਵੇਕਰਮੀ ਲੱਠੇ।
ਪਾਪੀ ਪਾਪੁ ਕਮਾਵਦੇ ਹੋਇ ਫਿਰਦੇ ਨੱਠੇ।
ਪੀਰ ਮੁਰੀਦਾ ਬਿਰਹੜੀ ਸਭ ਪਾਪ ਪਣਠੇ॥ ੨॥

(ਵਾਰ ੨੭ ਪਉੜੀ ੨)

ਤਾਂ ਉਹ ਦੋਵੇਂ ਸਲਾਹ ਕਰਨ ਲੱਗੇ ਕਿ ਆਪਾਂ ਗੱਲਾਂ-ਬਾਤਾਂ ਵਿਚ ਲੋਕਾਂ ਨੂੰ ਠੱਗਿਆ ਕਰੀਏ।

ਪਹਿਲਾ ਕਹਿੰਦਾ - ਜੋ ਵੀ ਮੈਂ ਗੱਲ ਕਹਾਂ, ਤੂੰ ਉਸ ਦੀ ਪੁਸ਼ਟੀ ਕਰ ਕੇ ਅੱਗੇ ਨਿਸਚਾ ਕਰਵਾ ਦਿੱਤਾ ਕਰੀਂ ਅਤੇ ਮੈਂ ਤੇਰੀ ਗੱਲ ਦੀ ਪੁਸ਼ਟੀ ਕਰ ਦਿਆ ਕਰਾਂਗਾ ਤਾਂ ਕਿ ਕਿਸੇ ਨੂੰ ਇਹ ਸ਼ੱਕ ਨਾ ਪਵੇ ਕਿ ਇਹ ਗੱਲ ਝੂਠੀ ਹੈ ਤੇ ਹੋ ਨਹੀਂ ਸਕਦੀ।

ਇਉਂ ਦੋਵੇਂ ਸਲਾਹ ਕਰ ਕੇ ਚਲ ਪਏ ਤੇ ਕਿਸੇ ਧਨਾਢ ਦੇ ਪਾਸ ਜਾ ਕੇ ਆਪਣੀ ਵਡਿਆਈ ਕਰਨ ਲੱਗ ਪਏ। ਉਹਨਾਂ ਵਿਚੋਂ ਪਹਿਲਾਂ ਕਹਿਣ ਲੱਗਾ "ਕਿ ਮੈਂ ਬੜਾ ਨਿਸ਼ਾਨਚੀ ਹਾਂ। ਜਦ ਮੈਂ ਸ਼ਿਕਾਰ ਖੇਡਣ ਗਿਆ ਤਾਂ ਬਨ ਵਿਚ ਹਰਨ ਨੂੰ ਦੇਖਿਆ ਤਾਂ ਮੈਂ ਇਕੋ ਤੀਰ ਨਾਲ ਉਸ ਦੇ ਪੈਰ ਦਾ ਖੁਰ, ਕੰਨ ਤੇ ਸਿੰਗ ਵਿੰਨ੍ਹ ਦਿੱਤੇ।"

ਇਹ ਗੱਲ ਸੁਣ ਕੇ ਉਹ ਸੁਣਨ ਵਾਲਾ ਧਨਾਢ ਕਹਿਣ ਲੱਗਾ ਇਹ ਤਾਂ ਝੂਠ ਹੈ। ਭਲਾ ਇਕੋ ਬਾਣ ਨਾਲ ਹਰਨ ਦਾ ਖੁਰ ਤੇ ਕੰਨ ਤੇ ਸਿੰਗ ਕਿਵੇਂ ਵਿੰਨ੍ਹਿਆਂ ਜਾ ਸਕਦਾ ਹੈ? ਤਾਂ ਉਸ ਦਾ ਦੂਜਾ ਸਾਥੀ ਬੋਲਿਆ, ਹਜ਼ੂਰ! ਇਹ ਗੱਲ ਠੀਕ ਹੈ, ਜਦ ਇਸ ਨੇ ਤੀਰ ਮਾਰਿਆ ਸੀ ਉਸ ਵੇਲੇ ਹਰਨ ਆਪ ਦੇ ਪੈਰ ਦੇ ਖੁਰ ਨਾਲ ਕੰਨ ਨੂੰ ਖੁਰਕ ਰਿਹਾ ਸੀ। ਇਸ ਵਾਸਤੇ ਪੈਰ ਦਾ ਖੁਰ, ਕੰਨ ਤੇ ਸਿੰਗ ਤਿੰਨੇ ਹੀ ਇਕੱਠੇ ਸਨ। ਜਿਸ ਕਰ ਕੇ ਇਕੇ ਤੀਰ ਨਾਲ ਵਿੰਨ੍ਹ ਦਿੱਤੇ।

ਫਿਰ ਉਹ ਆਪ ਕਹਿਣ ਲੱਗਾ ਕਿ ਜੇ ਤੈਨੂੰ ਇਹ ਗੱਲ ਝੂਠੀ ਜਾਪਦੀ ਹੈ ਤਾਂ ਮੇਰੀ ਬਹਾਦਰੀ ਸੁਣ—

ਇਕ ਵਾਰੀ ਮੈਂ ਕਿਸੇ ਬ੍ਰਿਛ ਤੇ ਬੈਠੇ ਕਬੂਤਰ ਨੂੰ ਗੁਲੇਲਾ ਮਾਰਿਆ ਤਾਂ ਉਹ ਕਬੂਤਰ ਦਾ ਮਾਸ ਭੁੱਜ ਕੇ ਕਬਾਬ ਬਣ ਕੇ ਖਾਣ ਵਾਲਾ ਹੋ ਗਿਆ। ਉਹ ਕਹਿਣ ਲੱਗਾ ਇਹ ਤਾਂ ਉਸ ਨਾਲੋਂ ਵੀ ਝੂਠ ਹੈ, ਇਹ ਗੱਲ ਕਿਵੇਂ ਹੋ ਸਕਦੀ ਹੈ? ਤਾਂ ਉਸ ਦਾ ਮਿੱਤਰ ਆਪਣੀ ਸਾਥੀ ਦੇ ਬਚਨ ਦੀ ਪੁਸ਼ਟੀ ਕਰਨ ਵਾਸਤੇ ਕਹਿਣ ਲੱਗਾ, ਕਿ ਇਹ ਵੀ ਠੀਕ ਹੈ ਕਿਉਂਕਿ ਜਿਸ ਵੇਲੇ ਉਸ ਕਬੂਤਰ ਨੂੰ ਇਸ ਨੇ ਗੁਲੇਲਾ ਮਾਰਿਆ ਤਾਂ ਉਸ ਸਮੇਂ ਉਸ ਨੇ ਰੋੜ ਖਾਧੇ ਹੋਏ ਸਨ ਜਦੋਂ ਪੇਟ ਦੇ ਰੋੜਾਂ ਨਾਲ ਬਾਹਰਲੇ ਗੁਲੇਲੇ ਦੀ ਰਗੜ ਵੱਜੀ ਤਾਂ ਵਿੱਚੋਂ ਅਗਨੀ ਪ੍ਰਗਟ

www.sikhbookclub.com

ਹੋਈ ਤੇ ਕਬੂਤਰ ਮਰ ਕੇ ਹੇਠਾਂ ਆ ਡਿੱਗਾ। ਬ੍ਰਿਛ ਦੇ ਹੇਠਾਂ ਸੁੱਕਾ ਘਾਹ ਪਿਆ ਸੀ ਉਸ ਨਾਲ ਕਬੂਤਰ ਦਾ ਸਰੀਰ ਭੁੱਜ ਕੇ ਓਸੇ ਵੇਲੇ ਕਬਾਬ ਬਣ ਗਿਆ।

ਸਾਧ ਸੰਗਤ ਜੀਓ! ਹੈਨ ਇਹ ਦੋਵੇਂ ਗੱਲਾਂ ਝੂਠੀਆਂ ਪਰ ਉਹਨਾਂ ਝੂਠਿਆਂ ਨੇ ਆਪਸ ਵਿਚ ਮਿਲ ਕੇ ਉਸ ਧਨਾਢ ਨੂੰ ਸੋਨੇ ਵਾਂਗ ਸੱਚੀਆਂ ਕਰ ਸੁਣਾਈਆਂ।

ਅਥਵਾ:- ਸਾਰੰ-ਸੁਵਰਨ ਦੇ ਗਹਿਣਿਆਂ ਵਾਂਗੂ ਜੋ ਸ਼ੁੱਧ ਬ੍ਰਹਮ ਹੈ, ਉਸ ਨੂੰ ਮੁਖ ਨਾਲ ਝੂਠਾ ਹੀ ਉਚਾਰਨ ਕਰਦਾ ਹੈ। ਭਾਵ ਹੋਰਨਾਂ ਨੂੰ ਤਾਂ ਬ੍ਰਹਮ ਗਿਆਨ ਦੇ ਬਚਨ ਸੁਣਾਉਂਦਾ ਹੈ ਪਰ ਆਪ ਧਾਰਨ ਨਹੀਂ ਕਰਦਾ। ਆਪ ਧਾਰਨ ਤੋਂ ਬਿਨਾਂ ਹੋਣ ਕਰ ਕੇ ਸਭ ਕੁਝ ਨਿਸਫਲ ਹੈ।

ਤ੍ਰੈਪਾਲ ਤਿਹਾਲ ਬਿਚਾਰੰ॥

ਤ੍ਰੈਪਾਲ= ਤਿੰਨ ਪਦਾਂ ਵਾਲੀ ਜੋ *ਗਾਇਤ੍ਰੀ ਹੈ ਉਸ ਨੂੰ ਤਿ-ਹਾਲ= ਤਿੰਨ ਵੇਲੇ ਵਿਚਾਰਦੇ ਹੋ। (ਸਵੇਰੇ, ਮਧਿਆਨ ਤੇ ਸ਼ਾਮ ਨੂੰ) ਪਰ ਧਾਰਨ ਸ਼ਕਤੀ ਤੋਂ ਬਿਨਾਂ ਨਿਸਫਲ ਹੀ ਹੈ।

ਵਾ:- ਤਿੰਨਾਂ ਲੋਕਾਂ ਦੇ ਪਾਲਣਹਾਰਾ ਪ੍ਰਭੂ ਤਿਹਾਲ= ਤੁਹਾਡੇ ਹਾਲ ਨੂੰ ਹਰ ਵੇਲੇ ਵਿਚਾਰਦਾ ਹੈ, ਉਸ ਤੋਂ ਕੁਝ ਭੁੱਲਿਆ ਹੋਇਆ ਨਹੀਂ, ਇਸ ਲਈ ਪਖੰਡ ਕਰਨਾ ਛੱਡ ਦਿਓ।

ਗਲਿ ਮਾਲਾ ਤਿਲਕ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥

ਗਲ ਵਿਚ ਰੁਦ੍ਰਾਖ ਦੀ ਮਾਲਾ ਪਾਈ ਹੋਈ ਹੈ ਅਤੇ ਲਿਲਾਟੰ= ਮੱਥੇ ਤੇ ਤਿਲਕ ਲਗਾਇਆ ਹੋਇਆ ਹੈ।

ਯਥਾ- ਮਾਥੇ ਤਿਲਕੁ ਹਥਿ ਮਾਲਾ ਬਾਨਾ॥ ਲੋਗਨ ਰਾਮੁ ਖਿਲਉਨਾ ਜਾਨਾਂ॥ ੧॥

(ਭੈਰਉ ਕਬੀਰ ਜੀ, ਪੰਨਾ ੧੧੫੮)

ਦੋ ਧੋਤੀਆਂ ਰੱਖੀਆਂ ਹੋਈਆਂ ਹਨ, ਇਸ਼ਨਾਨ ਵੇਲੇ ਇਕ ਲਾਹਣੀ ਤੇ ਦੂਜੀ ਬੰਨ੍ਹਣੀ ਅਤੇ ਕਪਾਟੰ= ਸਿਰ ਤੇ ਅਰਥਾਤ ਕਪਾਲੀ ਤੇ ਬਸਤ੍ਰ= ਪਰਨਾ ਗਿੱਲਾ ਕਰ ਕੇ ਰੱਖਦੇ ਹੋ ਕਿਤੇ ਸਿਰ ਤੇ ਗਰਮੀ ਨਾ ਚੜ੍ਹ ਜਾਵੇ।

ਵਾ:-ਪਵਿੱਤਰ ਜਾਣ ਕੇ, ਬਸਤ੍ਰਕ ਪਾਟੰ= ਪਟ ਦੇ ਬਸਤ੍ਰਾਂ ਦੀਆਂ ਦੋ ਧੋਤੀਆਂ ਰੱਖੀਆਂ ਹੋਈਆਂ ਹਨ। (ਦੁਇ ਧੋਤੀ ਬਸਤ੍ਰ ਕਪਾਟੰ) ਇਹੋ ਪਾਠ ਠੀਕ ਹੈ।

ਜੋ ਜਾਨਸਿ ਬ੍ਰਹਮੰ ਕਰਮੰ॥ ਸਭ ਫੋਕਟ ਨਿਸਚੈ ਕਰਮੰ॥

ਹੇ ਗੋਪਾਲ ਦੱਤ! ਜੋ ਪੁਰਸ਼ ਬ੍ਰਹਮ ਦੀ ਪ੍ਰਾਪਤੀ ਦੇ ਕਰਮਾਂ ਨੂੰ ਅਰਥਾਤ ਸਾਧਨ ਜਾਣਦਾ ਹੈ। ਉਹ ਗਿਆਨਵਾਨ ਨਿਸਚੇ ਕਰ ਕੇ ਤੁਹਾਡੇ ਕੀਤੇ ਹੋਏ ਸ਼ਕਾਮ ਕਰਮਾਂ ਨੂੰ ਫੋਕਟ= ਨਿਸਫਲ ਨਿਸਚੇ ਕਰਦਾ ਹੈ।

ਪੁਨਾ ਗੋਪਾਲ ਦੱਤ ਨੇ ਬੇਨਤੀ ਕੀਤੀ: ਸੁਆਮੀ ਜੀ! ਜੇਕਰ ਸਿਲਾ ਆਦਿਕਾਂ ਦਾ ਪੂਜਨ ਕਰਨਾ ਅਤੇ ਰੁਦ੍ਰਾਖ ਦੀ ਮਾਲਾ ਆਦਿਕ ਦਾ ਫੇਰਨਾ ਨਿਸਫਲ ਹੈ, ਤਾਂ ਫਿਰ ਉਸ ਦੀ ਪ੍ਰਾਪਤੀ ਦੀ ਬਾਟ ਕੇਹੜੀ ਹੈ?

ਉੱਤਰ:-

ਕਹੁ ਨਾਨਕ ਨਿਸਚੌ ਧ੍ਰਾਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ ੧॥

---

*ਤ੍ਰੈਪਦੀ ਗਾਇਤ੍ਰੀ ਇਹ ਹੈ-

ਓਂ ਭੂਰ ਭੁਵਾ ਸ੍ਵਾ ਤਤ ਸ੍ਰੀ ਤੁਰ ਵ੍ਰੇਣਯਮ ਕ੍ਰਯੌ ਦੇਵਸਯ ਧੀ ਮਹੀ ਧਯੋਯੋਨਾ ਪ੍ਰਚੋਦਯਾਤ॥

ਗੁਰੂ ਜੀ ਕਹਿੰਦੇ ਹਨ—ਸਤਿਗੁਰਾਂ ਦੀ ਸ਼ਰਨ ਪੈ ਕੇ ਉਹਨਾਂ ਦੇ ਉਪਦੇਸ਼ ਦੁਆਰਾ ਨਿਸਚੇ ਸਹਿਤ ਨਾਮ ਨੂੰ ਧਿਆਵੇ ਤਾਂ ਉਸ ਪ੍ਰਭੂ ਦੀ ਪ੍ਰਾਪਤੀ ਦੇ ਬਾਟ= ਰਸਤੇ ਨੂੰ ਪਾਂਦਾ ਹੈ।

ਪਰ ਸਤਿਗੁਰਾਂ ਤੋਂ ਬਿਨਾਂ ਉਸ ਪ੍ਰਭੂ ਦੀ ਪ੍ਰਾਪਤੀ ਦੇ ਬਾਟ= ਰਸਤੇ ਨੂੰ ਨਹੀਂ ਪਾਂਵਦਾ॥ ੧॥

ਨਿਹਫਲੰ ਤਸ੍ਯ ਜਨਮਸ੍ਯ *ਜਾਵਦ ਬ੍ਰਹਮ ਨ ਬਿੰਦਤੇ॥

ਇਹ ਜੀਵ ਜਾਵਦ= ਜਦ ਤਕ ਬ੍ਰਹਮ ਨੂੰ ਨਬਿੰਦਤੇ= ਨਹੀਂ ਜਾਣਦਾ, ਤਾਵਦ= ਤਦ ਤਕ ਤਸ੍ਯ ਪੁਰਸਜ ਜਨਮਸ੍ਯ ਨਿਹਫਲੰ= ਤਿਸ ਪੁਰਸ਼ ਦਾ ਮਨੁੱਖਾ ਜਨਮ ਨਿਸਫਲ ਹੈ।

ਪ੍ਰਸ਼ਨ-ਸੰਸਾਰ ਸਾਗਰ ਤੋਂ ਕੌਣ ਤਰਦੇ ਹਨ? ਉੱਤਰ-

ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ॥

ਜਿਨ੍ਹਾਂ ਉਪਰ ਗੁਰਾਂ ਦੀ ਕਿਰਪਾ ਹੋਈ ਹੈ ਉਹ ਕੋਈ ਸੰਸਾਰ-ਸਾਗਰ+ ਤੋਂ ਤਰਦੇ ਹਨ।

ਅਥਵਾ- ਇਹ ਸੰਸਾਰ ਜੋ ਸਮੁੰਦਰ ਦੇ ਸਮਾਨ ਅਸ੍= ਹੈ ਜਿਸ ਵਿਚ ਪੰਜ ਕੋਸ਼ਾਂ++ ਦੇ ਪਹਾੜ ਅਤੇ ਕਾਮ ਕ੍ਰੋਧ ਆਦਿਕ ਮਗਰ ਮੱਛ ਹਨ ਇਸ ਵਿਚੋਂ ਗੁਰਾਂ ਦੀ ਕਿਰਪਾ ਨਾਲ ਕੇ= ਕੋਈ ਕੋਈ ਗੁਰਮੁਖ ਹੀ ਤਰਦੇ ਹਨ।

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥

ਜੋ ਪਰਮਾਤਮਾ ਜਗਤ ਦੇ ਕਾਰਣ ਰੂਪ ਪੰਜ ਤਤ ਔਰ ਮਹਿਤਤ ਆਦਿਕਾਂ ਦੇ ਅਤੇ ਕਾਰਜ ਰੂਪ ਜਗਤ ਦੇ ਕਰਨੇ ਨੂੰ ਸਮਰੱਥ ਹੈ।

ਵਾ:-ਸਭ ਕਾਰਨਾਂ ਦੇ ਕਰਨ ਨੂੰ ਜੋ ਪ੍ਰਭੂ ਸਮਰੱਥ ਹੈ, ਉਸ ਦਾ ਵਿਚਾਰ ਅਸਾਂ ਨੇ ਤੇਰੇ ਤਾਈਂ ਕਿਹਾ ਹੈ। ਹੇ ਗੋਪਾਲ ਦੱਤ! ਜੇ ਤੈਨੂੰ ਤਰਨ ਦੀ ਇੱਛਾ ਹੈ ਤਾਂ ਤੂੰ ਉਸ ਦਾ ਵਿਚਾਰ ਆਪਣੇ ਦਿਲ ਵਿਚ ਕਰ।

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥ ੨॥

ਸਾਰੇ ਕਾਰਨ ਕਾਰਜ ਕਰਤੇ ਪੁਰਖ ਦੇ ਅਧੀਨ ਹਨ। ਵਾ:-ਕਾਰਨ ਰੂਪ ਕਰਤੇ ਪੁਰਖ ਦੇ ਵਸ ਵਿਚ ਸਭ ਕੋਈ ਹੈ। ਜਿਸ ਨੇ ਆਪਣੀ ਕਲ= ਸ਼ਕਤੀ ਕਰ ਕੇ ਸਾਰੀ ਸ੍ਰਿਸ਼ਟੀ ਧਾਰਨ ਕਰ ਰੱਖੀ ਹੈ॥ ੨॥

ਪੁਨਾ ਗੋਪਾਲ ਦੱਤ ਨੇ ਬੇਨਤੀ ਕੀਤੀ ਹੈ: ਪ੍ਰਭੂ! ਸਾਰਿਆਂ ਦਾ ਅਸਾਧਾਰਨ ਧਰਮ ਕਿਹੜਾ ਹੈ? ਅਰਥਾਤ ਸਾਧੂਆਂ ਦਾ ਅਤੇ ਚਾਰੇ ਵਰਨਾਂ ਦਾ ਆਪੋ ਆਪਣਾ ਭਿੰਨ ਭਿੰਨ ਧਰਮ ਕਿਹੜਾ ਹੈ? ਅਤੇ ਸਾਰਿਆਂ ਦਾ

**ਨੋਟ-ਸ੍ਰੀ ਕਰਤਾਰ ਪੁਰ ਸਾਹਿਬ ਵਾਲੀ ਬੀੜ ਵਿਚ ਅਤੇ ਬਾਬਾ ਦੀਪ ਸਿੰਘ ਜੀ ਵਾਲੀ ਬੀੜ ਵਿਚ ਜਾਵਦ ਪਾਠ ਹੀ ਹੈ। ਪਹਿਲੇ ਭਾਈ ਮਨੀ ਸਿੰਘ ਜੀ ਨੇ "ਜਾਵਤ" ਪਾਠ ਲਿਖਿਆ ਸੀ। ਇਸ ਕਰ ਕੇ ਕਿਸੇ ਕਿਸੇ ਬੀੜ ਵਿਚ ਜਾਵਤ ਪਾਠ ਆ ਜਾਂਦਾ ਹੈ। ਫਿਰ ਭਾਂ ਉਹਨਾਂ ਨੇ ਭੀ ਜਾਵਦ ਪਾਠ ਕਰ ਦਿੱਤਾ ਸੀ।*

+ਛੇਵੀਂ ਵਿਭਗਤੀ ਦੇ ਅਨੁਸਾਰ ਏਥੇ ਗਸ੍ ਦਾ ਅਰਥ ਕੋ ਕੀਤਾ ਹੈ।
ਸਾਰੀਆਂ ਸੱਤ ਵਿਭਗਤੀਆਂ ਇਹ ਹਨ-
ਹੈ ਪ੍ਰਿਥਮਾ, ਨੂੰ ਦੁਤੀਆ, ਕਰਕੇ ਤ੍ਰਿਤੀਆ ਜਾਨ।
ਤਾਹੀ ਵਾਸਤੇ ਚਤੁਰਥੀ, ਤੇ ਸੇ ਪੰਚਮ ਮਾਨ।
ਕਾ ਕੀ ਕੋ ਖਸਟੀ ਅਹੈ, ਵਿਖੇ ਸਪਤਮੀ ਜਾਨ।
ਰਾਮਾ, ਰਾਮੰ, ਰਾਮੇਣ, ਰਾਮੇਤ, ਰਾਮਾਇ, ਰਾਮਾਸਿਆ, ਰਾਮਾ ਸ਼ੁ।
ਰਾਮ ਹੈ, -ਰਾਮ ਨੂੰ-ਰਾਮ ਕਰਕੇ-ਰਾਮ ਤਾਈਂ-ਰਾਮ ਸੇ-ਰਾਮ ਕੀ, ਰਾਮ ਵਿਖੇ

++ਪੰਜ ਕੋਸ਼-੧. ਅੰਨ ਮਜ ਕੋਸ਼, ੨. ਪ੍ਰਾਣ ਮਜ ਕੋਸ਼, ੩. ਮਨੋ ਮਜ ਕੋਸ਼, ੪. ਬਿਗਯਾਨ ਮਜ ਕੋਸ਼, ੫. ਅਨੰਦ ਮਜ ਕੋਸ਼।

ਸਾਧਾਰਨ ਧਰਮ ਅਰਥਾਤ ਸਾਂਝਾ ਧਰਮ ਕਿਹੜਾ ਹੈ? *ਗੁਰ ਉੱਤਰ-*

ਜੋਗ ਸਬਦੰ ਗਿਆਨ ਸਬਦੰ

ਪਰਮਾਤਮਾ ਵਿਚ ਜੋਗ= ਜੁੜਨ ਵਾਲੇ ਜੋ ਸਾਧੂ ਮਾਤਰ ਹਨ ਉਹਨਾਂ ਦਾ ਅਸਾਧਾਰਨ ਧਰਮ ਇਹ ਹੈ ਕਿ ਸ੍ਵੈ ਸਰੂਪ ਦਾ ਗਿਆਨ ਹੋਣਾ ਅਤੇ ਸਬਦੰ= ਉਪਦੇਸ਼ ਵੀ ਇਕ ਗਿਆਨ ਦਾ ਦੇਣਾ।

ਅਥਵਾ- ਜੋਗ ਨਾਮ ਜੋਗੀ ਦਾ ਹੈ, ਜੋਗੀ ਵਿੱਚੋਂ ਖਟ ਦਰਸ਼ਨ ਲੈਣੇ:

ਜੋਗੀ, ਜੰਗਮ, ਸਰੇਵੜੇ, ਸੰਨਿਆਸੀ ਤੇ ਦਰਵੇਸ਼। ਛੇਵਾਂ ਜਾਮਾਂ ਵਿਪਰ ਦਾ, ਜਾ ਮਹਿ ਮੀਨ ਨ ਮੇਖ। ਇਹਨਾਂ ਦਾ ਅਸਾਧਾਰਨ ਧਰਮ ਕਿਹੜਾ ਹੈ? *ਉੱਤਰ:*

ਜਿਹੜਾ ਸਵੈ ਸਰੂਪ ਦਾ ਗਿਆਨ ਹੋਣਾ ਹੈ ਅਤੇ ਉਪਦੇਸ਼ ਵੀ ਇਕ ਗਿਆਨ ਦਾ ਦੇਣਾ ਹੈ।

ਬੇਦ ਸਬਦੰਤ ਬ੍ਰਾਹਮਣਹ ॥

ਬ੍ਰਾਹਮਣ ਦਾ ਅਸਾਧਾਰਨ ਧਰਮ ਇਹ ਹੈ ਵੇਦਾਂ ਦਾ ਪੜ੍ਹਨਾ-ਪੜ੍ਹਾਉਣਾ, ਯੱਗ ਕਰਨਾ-ਕਰਾਉਣਾ, ਦਾਨ ਲੈਣਾ ਤੇ ਦੇਣਾ। *ਅਥਵਾ-*ਸੰਧਿਆ, ਇਸ਼ਨਾਨ, ਜਪ, ਹੋਮ, ਦੇਵ ਅਰਚਾ, ਅਤਿਥ ਪੂਜਾ ਇਹਨਾਂ ਛੇ ਕਰਮਾਂ ਦਾ ਕਰਨਾ ਹੀ ਬ੍ਰਾਹਮਣ ਦਾ ਮੁੱਖ ਧਰਮ ਹੈ।

ਖ੍ਰਤ੍ਰੀ ਸਬਦੰ ਸੂਰ ਸਬਦੰ

ਖ੍ਰਤ੍ਰੀ= ਛੱਤ੍ਰੀ ਦਾ ਅਸਾਧਾਰਨ ਧਰਮ ਇਹ ਹੈ, ਸੂਰਮਤਾ ਹੋਣੀ ਅਤੇ ਸਬਦੰ= ਉਪਦੇਸ਼ ਭੀ ਸੂਰਬੀਰਤਾ ਦਾ ਦੇਣਾ।

ਯਥਾ- ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥ ੨ ॥

(ਸਲੋਕ ਕਬੀਰ ਜੀ, ਪੰਨਾ ੧੧੦੫)

ਤਥਾ—ਸਵੈਯਾ ॥ ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ ॥
ਅਰੁ ਅਉਰ ਜੰਜਾਰ ਜਿਤੋ ਗ੍ਰਿਹਿ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ ॥
ਅਬ ਰੀਝ ਕੈ ਦੇਹੁ ਵਹੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ ॥
ਜਬ ਆਉ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ ॥ ੨੪੮੯ ॥

(ਦਸਮ ਗ੍ਰੰਥ ਕ੍ਰਿਸ਼ਨਾ ਅਵਤਾਰ, ਪੰਨਾ ੫੭੦)

ਤਥਾ—ਸਵੈਯਾ ॥ ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥ ੨੪੯੨ ॥

(ਦਸਮ ਗ੍ਰੰਥ, ਪੰਨਾ ੫੭੦)

ਤਥਾ—ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥

www.sikhbookclub.com

ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋਂ॥ ੨੩੧॥

(ਦਸਮ ਗ੍ਰੰਥ ਚੰਡੀ ਚਰਿਤ੍ਰ, ਪੰਨਾ ੯੯)

ਸੂਦ੍ਰ ਸਬਦੰ ਪਰਾ ਕ੍ਰਿਤਹ॥

ਸ਼ੂਦਰ ਦਾ ਅਸਾਧਾਰਨ ਧਰਮ ਇਹ ਹੈ ਜਿਹੜੀ ਪਰਾ ਕ੍ਰਿਤਹ= ਪਰਾਈ ਕਿਰਤ ਅਰਥਾਤ ਨੌਕਰੀ ਵਗੈਰਾ ਕਰਨੀ ਹੈ।

ਪ੍ਰਸ਼ਨ:-ਵੈਸ਼ ਦਾ ਅਸਾਧਾਰਨ ਧਰਮ ਕਿਹੜਾ ਹੈ?

ਗੁਰ ਉੱਤਰ:- ਜਿਹੜਾ ਆਪਣੀ ਧਰਮ ਦੀ ਕ੍ਰਿਤਹ= ਕਿਰਤ ਦੁਕਾਨ 'ਤੇ ਬੈਠ ਕੇ ਕਰਨੀ ਹੈ ਜਾਂ ਕ੍ਰਿਤਹ= ਖੇਤੀ ਬਾੜੀ ਕਰਨੀ ਹੈ। ਇਹ ਵੈਸ਼ ਦਾ ਅਸਾਧਾਰਨ ਧਰਮ ਹੈ।

ਪਿਛਲੇ ਜ਼ਮਾਨੇ ਅੰਦਰ ਇਹ ਚਾਰੇ ਧਰਮ ਇਕੱਲੇ ਇਕੱਲੇ ਮਨੁੱਖ ਵਿਚ ਸਨ।

੧. ਵੇਦ ਪੜ੍ਹਨ ਦਾ ਧਰਮ ਬ੍ਰਾਹਮਣ ਵਿਚ ਸੀ।

੨. ਜੰਗ ਕਰਨਾ ਛੱਤ੍ਰੀ ਦਾ ਧਰਮ ਸੀ।

੩. ਹੱਕ ਦੀ ਕਿਰਤ ਕਮਾਈ ਕਰਨੀ ਵੈਸ਼ ਦਾ ਧਰਮ ਸੀ।

੪. ਪਰਾਏ ਦੀ ਸੇਵਾ ਅਰਥਾਤ ਨੌਕਰੀ ਕਰਨੀ ਇਹ ਸ਼ੂਦਰ ਦਾ ਧਰਮ ਸੀ।

ਪਰ ਕਲਗੀਧਰ ਪਿਤਾ ਜੀ ਨੇ ਇ ਚਾਰੇ ਧਰਮ ਖਾਲਸੇ ਵਿਚ ਕਾਇਮ ਕਰ ਦਿੱਤੇ ਹਨ।

ਪਾਠ ਕਰਨ ਵੇਲੇ ਖਾਲਸੇ ਵਿਚ ਬ੍ਰਾਹਮਣ ਦਾ ਧਰਮ ਆ ਜਾਂਦਾ ਹੈ।

ਜੰਗ ਕਰਨ ਵੇਲੇ ਛੱਤ੍ਰੀ ਦਾ ਧਰਮ ਆ ਜਾਂਦਾ ਹੈ।

ਆਪਣੀ ਕਿਰਤ ਕਰਨ ਵੇਲੇ ਵੈਸ਼ ਦਾ ਧਰਮ ਆ ਜਾਂਦਾ ਹੈ।

ਦੂਜੇ ਮਨੁੱਖ ਦੀ ਜਾਂ ਲੰਗਰ ਦੀ ਸੇਵਾ ਕਰਨ ਵੇਲੇ ਸੇਵਾਦਾਰਾਂ ਵਾਲਾ ਭਾਵ ਸ਼ੂਦਰਾਂ ਵਾਲਾ ਧਰਮ ਆ ਜਾਂਦਾ ਹੈ। ਹੁਣ ਸਾਰਿਆਂ ਦਾ ਸਧਾਰਨ ਅਰਥਾਤ ਸਾਂਝਾ ਧਰਮ ਦਸਦੇ ਹਨ-

ਸਰਬ ਸਬਦੰਤ ਏਕ ਸਬਦੰ ਜੇ ਕੋ ਜਾਨਸਿ ਭੇਉ॥

ਸਾਰਿਆਂ ਦਾ ਸਾਂਝਾ ਸਬਦੰਤ= ਧਰਮ ਇਹ ਹੈ ਜਿਹੜਾ ਇਕ ਸਬਦੰ= ਬ੍ਰਹਮ ਦਾ ਜਾਨਣਾ ਹੈ, ਜਿਹੜਾ ਕੋਈ ਪੁਰਸ਼ ਗੁਰਾਂ ਦੁਆਰੇ ਉਸ ਬ੍ਰਹਮ ਦੀ ਪ੍ਰਾਪਤੀ ਦੇ ਭੇਉ = ਭੇਦ ਨੂੰ ਜਾਣਦਾ ਹੈ।

ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥ ੩॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਉਹ ਨਿਰੰਜਨ ਦੇਵ ਦਾ ਸਰੂਪ ਹੁੰਦਾ ਹੈ, ਜਿਹੜਾ ਕੋਈ ਉਸ ਦਾ ਦਾਸ ਹੁੰਦਾ ਹੈ, ਉਹ ਸੰਸਾਰ ਤੋਂ ਤਰ ਜਾਂਦਾ ਹੈ।

ਵਾ:-ਗੁਰੂ ਸਾਹਿਬ ਜੀ ਕਹਿੰਦੇ ਹਨ—ਉਸ ਬ੍ਰਹਮ ਗਿਆਨੀ ਦਾ ਜੋ ਦਾਸ ਹੁੰਦਾ ਹੈ, ਉਹ ਨਿਰੰਜਨ ਦੇਵ ਦਾ ਸਰੂਪ ਹੋ ਜਾਂਦਾ ਹੈ॥ ੩॥

ਪੰਡਿਤ ਗੁਪਾਲ ਦੱਤ ਜਿਵੇਂ ਜਿਵੇਂ ਗਰੀਬ ਨਿਵਾਜ਼ ਤੋਂ ਬਾਣੀ ਸੁਣਦਾ ਗਿਆ ਤਿਵੇਂ ਤਿਵੇਂ ਸ਼ਰਧਾ ਵਧਦੀ

www.sikhbookclub.com

ਗਈ। ਤਿੰਨ ਪਉੜੀਆਂ ਸੁਣਦਿਆਂ ਤਕ ਜਦ ਅਤਿਅੰਤ ਸ਼ਰਧਾ ਵਧ ਗਈ ਤਦ ਗੁਰੂ ਜੀ ਨੇ ਉਸ ਨੂੰ ਚੌਥੀ ਪਉੜੀ ਵਿਚ ਮਹਾਂਵਾਕ ਦਾ ਉਪਦੇਸ਼ ਦਿੱਤਾ:

ਏਕ ਕ੍ਰਿਸ੍ਨੰਤ ਸਰਬ ਦੇਵਾ ਦੇਵ ਦੇਵਾ ਤ ਆਤਮਹ॥

ਇਕ ਜੋ ਕ੍ਰਿਸ਼ਨ ਦੇਵ ਪਰਮਾਤਮਾ ਹੈ ਸਾਰਿਆਂ ਦੇਵਤਿਆਂ ਦਾ ਦੇਵ= ਸੁਆਮੀ, ਉਹ ਤਾਂ ਆਤਮਹ= ਜੀਵ ਰੂਪ ਹੈ।

ਵਾ:-ਇਕ ਜੋ ਕ੍ਰਿਸ੍ਨੰਤ= ਪਰਮਾਤਮਾ ਹੈ ਜਿਸ ਵਿਚ ਕ੍ਰਿਸਤਾਈ ਨਹੀਂ ਹੈ।

ਯਥਾ—ਜਿਮੀ ਜਮਾਨ ਕੇ ਬਿਖੈ ਸਮਸੱਤ ਏਕ ਜੋਤ ਹੈ॥
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥ ੧੬੬॥

(ਅਕਾਲ ਉਸਤਤ, ਪੰਨਾ ੨੬)

ਸਾਰਿਆਂ ਦੇਵ+ਅਦੇਵ= ਦੇਵਤਿਆਂ ਤੇ ਦੈਂਤਾਂ ਦਾ ਦੇਵ= ਸੁਆਮੀ ਉਹ ਤਾਂ ਆਤਮਹ= ਜੀਵ ਰੂਪ ਹੈ।*

ਆਤਮੰ ਸ੍ਰੀ ਬਾਸ੍ਵਦੇਵਸ੍ ਜੇ ਕੋਈ ਜਾਨਸਿ ਭੇਵ॥

ਅਤੇ ਆਤਮੰ= ਜੀਵ, ਸ੍ਰੀ ਸੁਭਾਇਮਾਨ ਬਾਸਾ ਦੇਣ ਵਾਲਾ ਜੋ ਪਰਮਾਤਮਾ ਅਸ੍= ਹੈ, ਉਸ ਦਾ ਸਰੂਪ ਹੈ।

ਯਥਾ—ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥ *(ਪੰਨਾ ੮੭੧)*

ਤਥਾ—ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨ੍ਹਸਿ ਗੁਰ ਬੀਚਾਰਾ॥ *(ਪੰਨਾ ੧੧੫੩)*

ਤਥਾ—ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ *(ਪੰਨਾ ੪੪੧)*

ਜਿਹੜਾ ਕੋਈ ਪੁਰਸ਼ ਇਸ ਤਰ੍ਹਾਂ ਜੀਵ ਈਸ਼ਵਰ ਦੀ ਅਭੇਦਤਾ ਦੇ ਭੇਦ ਨੂੰ ਜਾਣਦਾ ਹੈ।

ਯਥਾ - ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ, ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਗੇ॥

ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਂਹਗੇ॥ ੧੭॥ ੮੭॥

(ਦਸਮ ਗ੍ਰੰਥ, ਪੰਨਾ ੧੯)

**ਵਾ:—ਇਕ ਜੋ ਪਰਮਾਤਮਾ ਹੈ ਜਿਸ ਦੀ ਕ੍ਰਿਸ੍ਨੰਤ=ਅਗਨੀ ਸਮਾਨ ਚੇਤਨ ਸੱਤਾ ਦਾ ਪ੍ਰਕਾਸ਼ ਹੈ ('ਤ' ਅਤੇ 'ਜ' ਦਾ ਆਪਸ ਵਿਚ ਸਬੰਧ ਹੋਣ ਕਰ ਕੇ 'ਤ' ਦਾ ਅਰਥ ਜੋ ਕਰਨਾ) ਜੋ ਸਭ ਦਾ ਦੇਵਾ=ਪ੍ਰਕਾਸ਼ਕ ਹੈ।*

ਪ੍ਰਸ਼ਨ—ਪ੍ਰਕਾਸ਼ਕ ਤਾਂ ਸੂਰਜ ਚੰਦ੍ਰਮਾ ਭੀ ਹਨ?

ਉੱਤਰ—ਉਹ ਪਰਮੇਸ਼ਰ ਸੂਰਜ ਚੰਦ੍ਰਮਾਂ ਆਦਿਕ ਦੇਵ ਦੇਵਾ=ਦੇਵਤਿਆਂ ਦਾ ਭੀ ਪ੍ਰਕਾਸ਼ ਰੂਪ ਹੈ, ਉਹ ਪਰਮੇਸ਼ਰ ਤਾਂ ਆਤਮਹ=ਜੀਵ ਰੂਪ ਹੈ।

www.sikhbookclub.com

ਘਟ ਉਪਾਧੀ ਭੇਦ ਕਰ ਕੇ ਜਿਵੇਂ ਪ੍ਰਤਿਬਿੰਬ ਬਿੰਬ ਤੋਂ ਭਿੰਨ ਪਰਤੀਤ ਹੁੰਦਾ ਪਰ ਜਿਸ ਵੇਲੇ ਡੰਡਾ ਮਾਰ ਕੇ ਘਟ ਨੂੰ ਭੰਨ ਦਿੱਤਾ ਜਾਵੇ ਤਾਂ ਉਸੀ ਵੇਲੇ ਪ੍ਰਤਿਬਿੰਬ ਬਿੰਬ ਨੂੰ ਜਾ ਮਿਲਦਾ ਹੈ। ਏਸੇ ਤਰ੍ਹਾਂ ਅੰਤਹਕਰਣ ਘਟ ਉਪਾਧੀ ਸ਼ਕਾਮ ਕਰਮਾਂ ਰੂਪ ਜਲ ਕਰ ਕੇ ਇਹ ਪ੍ਰਤਿਬਿੰਬ ਰੂਪ ਜੀਵ ਬ੍ਰਹਮ ਤੋਂ ਭਿੰਨ ਪਰਤੀਤ ਹੁੰਦਾ ਹੈ ਜਿਸ ਵੇਲੇ ਗਿਆਨ ਰੂਪ ਡੰਡੇ ਨਾਲ ਅੰਤਹਕਰਣ ਰੂਪ ਘਟ ਨੂੰ ਭੰਨ ਦਿੱਤਾ ਤੇ ਸ਼ਕਾਮ ਕਰਮਾਂ ਰੂਪ ਜਲ ਡੋਲ੍ਹ ਦਿੱਤਾ ਤਾਂ ਇਹ ਜੀਵ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਭੇਦ ਨੂੰ ਜਿਹੜਾ ਗਿਆਨਵਾਨ ਜਾਣਦਾ ਹੈ-

ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ ॥ ੪ ॥

ਗੁਰੂ ਜੀ ਕਥਨ ਕਰਦੇ ਹਨ- ਉਹ ਨਿਰੰਜਨ ਦੇਵ ਪਰਮਾਤਮਾ ਦਾ ਸਰੂਪ ਹੈ। ਤਾ ਕੋ ਦਾਸੁ ਹੈ= ਤਿਸ ਦੀ ਨਿਗਾਹ ਵਿਚ ਦਾਸ ਕੌਣ ਤੇ ਸੁਆਮੀ ਕੌਣ ਹੈ? ਭਾਵ ਉਸ ਦੀ ਨਿਗਾਹ ਵਿਚ ਕੋਈ ਦ੍ਵੰਦਵਾਦ ਨਹੀਂ ਹੈ ॥ ੪ ॥*

ਯਥਾ- ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ। (ਭਾਈ ਗੁਰਦਾਸ)

ਇਸ "ਚਤੁਰ ਸਲੋਕੀ ਗੀਤਾ" ਦਾ ਉਪਦੇਸ਼ ਦੇ ਕੇ ਗੁਰੂ ਜੀ ਨੇ ਕਿਹਾ ਇਸ ਦਾ ਅੰਮ੍ਰਿਤ ਵੇਲੇ ਰੋਜ਼ ਪਾਠ ਕੀਤਾ ਕਰੋ ਔਰ ਇਸ ਅਨੁਸਾਰ ਚਲ ਕੇ ਆਪਣਾ ਜੀਵਨ ਉਚੇਰਾ ਕਰੋ। ਇਹ ਸਿੱਖਿਆ ਦੇ ਕੇ ਆਪ ਚਲੇ ਗਏ।

**ਅਥਵਾ — ਆਤਮੰ ਸ੍ਰੀ ਬਾਸੁਦੇਵਸ੍ਯ ਜੇ ਕੋਈ ਜਾਨਸਿ ਭੇਵ ॥*

ਆ=ਸਰਬ ਓਰ ਸੇ ਤਮ=ਅਤਸੇ ਕਰ ਕੇ ਪਰਾਪਤ ਰੂਪ, ਵਾ:-ਅਗਿਆਨ ਰੂਪ ਤਮੰ= ਹਨ੍ਹੇਰੇ ਤੋਂ ਆ= ਰਹਿਤ ਜੋ ਪਰਮੇਸ਼ਰ ਹੈ, ਜੋ ਸਾਰਿਆਂ ਨੂੰ ਆਪਣੇ ਵਿਚ ਵਾਸਾ ਦੇਣ ਵਾਲਾ ਹੈ ਉਹ ਤਾਂ ਆਤਮਹ= ਜੀਵ ਰੂਪ ਹੈ ਅਤੇ ਜੀਵ ਪਰਮਾਤਮਾ ਸਰੂਪ ਹੈ। ਜਿਹੜਾ ਕੋਈ ਪੁਰਸ਼ ਵਾਚ ਵਾਚ ਭਾਗ ਤ੍ਯਾਗ ਕੇ ਅਰਥਾਤ ਜੀਵ ਦਾ ਵਾਚ ਭਾਗ ਅਵਿਦਿਆ, ਈਸ਼ਵਰ ਦਾ ਵਾਚ ਭਾਗ ਮਾਇਆ ਇਹਨਾਂ ਦੋਹਾਂ ਨੂੰ ਤ੍ਯਾਗ ਕੇ ਲਖਸ਼ ਲਖਸ਼ ਭਾਗ ਦੀ ਏਕਤਾ ਕਰਨ ਦਾ ਭੇਦ ਜਾਣਦਾ ਹੈ।

ਯਥਾ- ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ੧ ॥ (ਪੰਨਾ ੬੬੧)

ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ ॥ ੪ ॥

ਗੁਰੂ ਜੀ ਕਹਿੰਦੇ ਹਨ — ਉਸ ਗਿਆਨਵਾਨ ਦਾ ਜਿਹੜਾ ਕੋਈ ਜਾ ਕੇ ਦਾਸ ਹੁੰਦਾ ਹੈ, ਉਹ ਨਿਰੰਜਨ=ਮਾਇਆ ਮਲ ਅਵਿੱਦਿਆ ਤੋਂ ਰਹਿਤ ਦੇਵ=ਪ੍ਰਕਾਸ਼ ਰੂਪ ਪਰਮਾਤਮਾ ਦਾ ਸਰੂਪ ਹੁੰਦਾ ਹੈ ॥ ੪ ॥

www.sikhbookclub.com

ਸਲੋਕ ਸਹਸਕ੍ਰਿਤੀ ਮਹਲਾ ੫

੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਉਥਾਨਕਾ:- ਜਿਸ ਵੇਲੇ ਸਮੇਂ ਅਨੁਸਾਰ "ਗੋਪਾਲ ਦੱਤ" ਦੇ ਘਰ ਵਿਚ ਦੋ ਪੋਤਰੇ ਹਰੀ ਲਾਲ ਤੇ ਕ੍ਰਿਸ਼ਨ ਲਾਲ ਪੈਦਾ ਹੋਏ ਤਾਂ ਇਹ ਭੀ ਵਿੱਦਿਆ ਪੜ੍ਹ ਕੇ ਬੜੇ ਭਾਰੀ ਵਿਦਵਾਨ ਬਣ ਗਏ। ਇਹਨਾਂ ਨੇ ਗ੍ਰੰਥ ਪੜ੍ਹ-ਪੜ੍ਹ ਕੇ ਯਾਦ ਤਾਂ ਬਹੁਤ ਕਰ ਲਏ, ਪਰ ਹਿਰਦੇ ਵਿਚ ਸ਼ਾਂਤੀ ਨਾ ਆਈ। ਸਾਰਾ ਦਿਨ ਕਲਪਦਿਆਂ ਹੀ ਬੀਤਿਆ ਕਰੇ। ਇਕ ਦਿਨ ਦਿਲ ਵਿਚ ਵਿਚਾਰ ਆਈ ਕਿ ਸਾਡੇ ਵੱਡਿਆਂ ਦਾ ਜੋ ਪੁਸਤਕਾਲਯ ਹੈ ਇਸ ਨੂੰ ਖੋਜੀਏ ਇਸ ਵਿਚੋਂ ਕੋਈ ਨ ਕੋਈ ਅਜਿਹੀ ਚੀਜ਼ ਸਾਨੂੰ ਜ਼ਰੂਰ ਮਿਲੇਗੀ ਜਿਸ ਕਰ ਕੇ ਸ਼ਾਂਤੀ ਆ ਜਾਏਗੀ।

ਜਿਸ ਵੇਲੇ ਸਾਰੇ ਗ੍ਰੰਥ ਵੇਖੇ ਤਾਂ ਉਹਨਾਂ ਵਿਚੋਂ ਇਹ "ਚਤੁਰ ਸਲੋਕੀ ਗੀਤਾ" ਭਾਵ ਚਾਰੇ ਸਲੋਕ ਲਿਖੇ ਹੋਏ ਮਿਲੇ। ਦਰਸ਼ਨ ਕਰਦਿਆਂ ਸਾਰ ਮਨ ਹੋਰ ਰੰਗ ਵਿਚ ਬਦਲ ਗਿਆ। ਜਦ ਕਈ ਵਾਰ ਪਾਠ ਕੀਤਾ ਤਾਂ ਸ਼ਾਂਤੀ ਸਹਿਤ ਐਸਾ ਆਨੰਦ ਆਇਆ ਜੋ ਕਹਿਣ ਤੋਂ ਬਾਹਰ ਸੀ।

ਫੇਰ ਇਹਨਾਂ ਨੇ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਇਸ ਵੇਲੇ ਕੌਣ ਹਨ? ਪੁੱਛਦਿਆਂ ਪੁੱਛਦਿਆਂ ਪਤਾ ਲੱਗਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਥਾਂ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਹਨ।

ਉਸੀ ਵੇਲੇ ਕਾਂਸ਼ੀ ਤੋਂ ਤੁਰ ਕੇ ਸ੍ਰੀ ਅੰਮ੍ਰਿਤਸਰ ਆ ਪਹੁੰਚੇ। ਸਰੋਵਰ ਵਿਚ ਇਸ਼ਨਾਨ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਦਰਸ਼ਨ ਕੀਤਾ ਤੇ ਸਿੱਖਾਂ ਤੋਂ ਪੁੱਛ ਕੇ ਸ੍ਰੀ ਰਾਮਸਰ ਸਾਹਿਬ ਜਾ ਕੇ ਗੁਰੂ ਸਾਹਿਬ ਜੀ ਦੇ ਚਰਨਾਂ 'ਤੇ ਨਮਸ਼ਕਾਰ ਕੀਤੀ ਤੇ ਦਰਸ਼ਨ ਕਰ ਕੇ ਬਹੁਤ ਆਨੰਦ ਹੋਏ।

ਚਾਰ ਸਲੋਕ ਲਿਖੇ ਹੋਏ ਅੱਗੇ ਰੱਖ ਕੇ ਬੇਨਤੀ ਕੀਤੀ: ਸੁਆਮੀ ਜੀ! ਆਪ ਜੀ ਦੇ ਵੱਡੇ ਸਤਿਗੁਰੂ ਨਾਨਕ ਦੇਵ ਜੀ ਨੇ ਕਿਰਪਾ ਕਰ ਕੇ ਜਿਵੇਂ ਸਾਡੇ ਵੱਡਿਆਂ ਨੂੰ ਉਪਦੇਸ਼ ਦਿੱਤਾ ਸੀ, ਤਿਵੇਂ ਆਪ ਭੀ ਕਿਰਪਾ ਕਰ ਕੇ ਸਾਨੂੰ ਉਪਦੇਸ਼ ਦਿਓ ਜਿਸ ਕਰਕੇ ਮਨ ਵਿਚ ਸ਼ਾਂਤੀ ਆ ਜਾਵੇ ਅਤੇ ਜਨਮ ਮਰਨ ਕੱਟਿਆ ਜਾਏ।

ਪੰਚਮ ਪਿਤਾ ਜੀ ਨੇ ਭਾਈ ਗੁਰਦਾਸ ਜੀ ਨੂੰ ਕਹਿ ਕੇ ਪਹਿਲੇ ਤਾਂ ਉਹ ਬਾਣੀ ਲਿਖਵਾਈ ਜੇਹੜੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਕਾਂਸ਼ੀ ਤੋਂ ਲੈ ਕੇ ਆਏ ਸਨ।

ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਹਰੀ ਲਾਲ ਤੇ ਕ੍ਰਿਸ਼ਨ ਲਾਲ ਨੂੰ ਜਨਮ ਮਰਨ ਦੀ ਨਵਿਰਤੀ ਦਾ ਉਪਦੇਸ਼ ਦੇਂਦੇ ਹਨ ਕਿ ਜਨਮ ਮਰਨ ਦਾ ਕਾਰਨ ਮੋਹ ਅਤੇ ਦੇਹ ਹੰਗਤਾ ਹੈ ਇਸ ਲਈ ਮੋਹ ਅਤੇ ਦੇਹ ਹੰਗਤਾ ਦਾ ਤਿਆਗ ਕਰਨਾ ਜ਼ਰੂਰੀ ਹੈ।

ਪਹਿਲੇ ਦੋ ਸਲੋਕਾਂ ਵਿਚ ਮੋਹ ਨਵਿਰਤੀ ਦਾ ਉਪਦੇਸ਼, ਫੇਰ ਦੋ ਸਲੋਕਾਂ ਵਿਚ ਦੇਹ ਹੰਗਤਾ ਦੀ ਨਵਿਰਤੀ ਦਾ ਉਪਦੇਸ਼ ਦੇਂਦੇ ਹਨ—

www.sikhbookclub.com

ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ॥

ਮਾਤਾ ਕਤੰਚ= ਕਿਆ ਹੈ, ਪਿਤਾ ਕਤੰਚ= ਕਿਆ ਹੈ।

ਵਾ:-ਕਤੰਚ= ਕਦ ਕੇ ਹੈਂ, ਭਾਵ ਇਸ ਸਰੀਰ ਦੇ ਸਬੰਧ ਕਰ ਕੇ ਹੀ ਹਨ ਸਾਰੇ ਮਾਤਾ ਪਿਤਾ ਇਸ ਸਰੀਰ ਤੋਂ ਪਹਿਲੇ ਭੀ ਨਹੀਂ ਸਨ ਤੇ ਪਿਛੋਂ ਭੀ ਨਹੀਂ ਹੋਣੇ।

ਵਾ:-ਇਹ ਮਾਤਾ ਪਿਤਾ ਕਤੰਚ= ਕਿਸ ਦੇ ਹਨ। ਭਾਵ ਕੋਈ ਕਿਸੀ ਦਾ ਨਹੀਂ ਹੈ ਸਭ ਆਪੋ ਆਪਣੇ ਮਤਲਬ ਦੇ ਹਨ।

ਯਥਾ- ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥ ੧੧੩॥

(ਪੰਨਾ ੧੩੭੦)

ਵਾ - ਕਤੰਚ= ਕਿਤਨੇ ਹੀ ਮਾਤਾ ਪਿਤਾ ਹੈਂ।

ਯਥਾ - ਕੇਤੇ ਮਾਤ ਪਿਤਾ ਸੁਤ ਧੀਆ॥ ਕੇਤੇ ਗੁਰ ਚੇਲੇ ਫੁਨਿ ਹੂਆ॥

(ਪੰਨਾ ੯੩੨)

ਬਨਿਤਾ= ਇਸਤਰੀ ਅਤੇ ਸੁਤਹ= ਪੁੱਤਰਾਂ ਦੇ ਬਿਨੋਦ= ਕੌਤਕ ਕਤੰਚ= ਕਿਆ ਹੈਂ, ਭਾਵ ਇਹ ਕੁਝ ਨਹੀਂ, ਐਵੇਂ ਹੀ ਹਨ। ਵਾ:-ਝੂਠੇ ਹਨ।

ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਰਤੇ॥

ਸਕੇ ਭਰਾ, ਮੀਤ= ਮਿੱਤਰ, ਹਿਤ ਬੰਧਵ= ਪਿਆਰੇ ਸਨਬੰਧੀ ਇਹ ਕਤੰਚ= ਕਿਆ ਹਨ।

ਵਾ:- ਕਦ ਕੇ ਹਨ।ਵਾ:- ਕਿਸ ਦੇ ਹਨ। ਵਾ:- ਝੂਠੇ ਹਨ।

ਵਾ:- ਸਕੇ ਭਰਾਵਾਂ, ਮਿੱਤਰਾਂ ਅਤੇ ਚਾਚੇ ਤਾਏ, ਭੈਣਾਂ ਆਦਿ ਸਬੰਧੀਆਂ ਦਾ ਹਿਤ= ਪ੍ਰੇਮ ਕਿਆ ਹੈ, ਆਪਣੀ ਇਸਤਰੀ ਤੋਂ ਵਧਿਆ ਹੋਇਆ ਜੋ ਕੁਟੰਬ ਹੈ ਉਸ ਦਾ ਮੋਹ ਕਿਆ ਹੈ।

ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ॥

ਮਨ ਨੂੰ ਚਪਲ= ਚੰਚਲ ਕਰਨ ਵਾਲੀ ਜੋ ਮੋਹਣੀ ਰੂਪ ਮਾਇਆ ਹੈ ਉਹ ਕਤੰਚ= ਕਿਆ ਹੈ, ਜੋ ਦੇਖਦਿਆਂ ਦੇਖਦਿਆਂ ਪੁਰਸ਼ ਨੂੰ ਤਿਆਗਣਾ ਕਰ ਜਾਂਦੀ ਹੈ।

ਫੇਰ ਹਰੀ ਲਾਲ ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ—ਹੇ ਪ੍ਰਭੂ! ਇਸ ਜੀਵ ਦੇ ਨਾਲ ਕਿਹੜੀ ਵਸਤੂ ਰਹਿਣ ਵਾਲੀ ਹੈ? *ਗੁਰ ਉੱਤਰ:-*

ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੰ ਅਚੁਤ ਤਨਹ॥੧॥

ਇਕ ਭਗਵਾਨ ਦਾ ਸਿਮਰਨ ਹੀ ਜੀਵ ਦੇ ਨਾਲ ਰਹਿਣ ਵਾਲਾ ਹੈ।

ਫੇਰ ਬੇਨਤੀ ਕੀਤੀ ਕਿ ਉਹ ਸਿਮਰਨ ਕਿਥੋਂ ਲੱਭਦਾ ਹੈ?

ਗੁਰੂ ਜੀ ਕਥਨ ਕਰਦੇ ਹਨ—ਅਚੁਤ= ਅਗਿਜ਼ ਪਰਮਾਤਮਾ ਦੇ ਤਨਹ= ਪਿਆਰੇ ਜੋ ਸੰਤ ਹਨ।

ਵਾ :-ਅਚੁਤ= ਅਗਿਜ਼ ਪਰਮਾਤਮਾ ਦੇ ਤਨਹ= ਪੁੱਤਰ।

ਵਾ:-ਤਨਹ= ਸਰੂਪ ਜੋ ਸੰਤ ਹਨ, ਉਹਨਾਂ ਦੁਆਰੇ ਉਹ ਸਿਮਰਨ ਲਬਧੰ= ਲੱਭਦਾ ਭਾਵ ਪ੍ਰਾਪਤ ਹੁੰਦਾ ਹੈ॥ ੧॥

www.sikhbookclub.com

[ਪੰਨਾ ੧੩੫੪]

ਧ੍ਰਿਗੰਤ ਮਾਤ ਪਿਤਾ ਸਨੇਹੰ

ਮਾਤਾ ਪਿਤਾ ਦੇ ਸਨੇਹੰ= ਪ੍ਰੇਮ ਨੂੰ ਧ੍ਰਿਗਾਕਾਰ ਹੈ, ਜੋ ਸਾਧ ਸੰਗਤ ਤੋਂ ਬੇਮੁਖ ਕਰ ਕੇ ਕੁਸੰਗਤ ਵਲ ਪਰੇਰਦੇ ਹਨ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਸ਼ਨਾਂ ਨੂੰ ਨਹੀਂ ਜਾਣ ਦੇਂਦੇ, ਸਵੇਰੇ ਉੱਠ ਕੇ ਪਰਮੇਸ਼ਰ ਦਾ ਨਾਮ ਨਹੀਂ ਜਪਣ ਦੇਂਦੇ, ਆਪਣੇ ਘਰੋਗੀ ਧੰਧਿਆਂ ਵਿਚ ਫਸਾਈ ਰੱਖਦੇ ਹਨ।

ਜਿਵੇਂ ਕਬੀਰ ਜੀ ਦੀ ਮਾਂ ਕਬੀਰ ਜੀ ਨੂੰ ਨਾਮ ਨਹੀਂ ਜਪਣ ਦੇਂਦੀ ਸੀ।

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥ ੧॥

(ਪੰਨਾ ੫੨੪)

ਭਗਤ ਨਾਮਦੇਵ ਜੀ ਦੀ ਮਾਤਾ ਵੀ ਆਪਣੇ ਧਰਮ ਤੋਂ ਹਟਾ ਕੇ ਦੂਜੇ ਪਾਸੇ ਲਗਾਉਂਦੀ ਸੀ ਤੇ ਨਾਮਦੇਵ ਜੀ ਨੂੰ ਕਹਿੰਦੀ ਸੀ—

ਰੁਦਨੁ ਕਰੈ ਨਾਮੇ ਕੀ ਮਾਇ॥ ਛੋਡਿ ਰਾਮ ਕੀ ਨ ਭਜਹਿ ਖੁਦਾਇ॥ ੬॥

ਅੱਗੋਂ ਨਾਮਦੇਵ ਜੀ ਨੇ ਆਪਣੀ ਮਾਂ ਨੂੰ ਕਿਹਾ-

ਨ ਹਉ ਤੇਰਾ ਪੂਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥ ੭॥
ਕਰੈ ਗਜਿੰਦੁ ਸੁੰਡ ਕੀ ਚੋਟ॥ ਨਾਮਾ ਉਬਰੈ ਹਰਿ ਕੀ ਓਟ॥ ੮॥

(ਭੈਰਉ ਨਾਮਦੇਉ ਜੀ, ਪੰਨਾ ੧੧੬੫)

ਬਾਲਮੀਕ ਦੀ ਮਾਤਾ ਵੀ ਚੰਗੀ ਨਹੀਂ ਸੀ।

ਬਾਲਮੀਕ ਧਾੜਵੀ ਸੀ, ਰਾਹ ਜਾਂਦੇ ਮਨੁੱਖਾਂ ਨੂੰ ਪਹਿਲੇ ਮਾਰ ਕੇ ਫੇਰ ਲੁੱਟਦਾ ਸੀ। ਇਕ ਦਿਨ ਇਕ ਪੁਰਸ਼ ਨੂੰ ਮਾਰ ਕੇ ਜਦ ਖੀਸੇ ਫੋਲੇ ਤਾਂ ਚਾਰ ਕੌਡਾਂ ਨਿਕਲੀਆਂ ਉਸ ਵੇਲੇ ਮਨ ਵਿਚ ਵੈਰਾਗ ਆ ਗਿਆ ਕਿ ਆਦਮੀ ਵੀ ਮਾਰਿਆ ਤੇ ਨਿਕਲੀਆਂ ਚਾਰ ਕੌਡਾਂ, ਇਸ ਦਾ ਕੀ ਬਣੇਗਾ? ਉਦਾਸੀ ਧਾਰ ਕੇ ਘਰ ਆ ਕੇ ਲੰਮਾ ਪੈ ਗਿਆ।

ਮਾਤਾ ਨੇ ਪੁੱਛਿਆ: ਪੁੱਤਰ! ਅੱਜ ਕੀ ਕਾਰਨ ਹੈ ਕਿਉਂ ਉਦਾਸ ਹੋ ਗਿਆ ਹੈਂ? ਤਾਂ ਬਾਲਮੀਕ ਨੇ ਸਾਰਾ ਹਾਲ ਸੁਣਾਇਆ।

ਮਾਂ ਨੇ ਕਿਹਾ: ਪੁੱਤਰ! ਅਫਸੋਸ ਨਾ ਕਰ, ਇਹਨਾਂ ਚਾਰ ਕੌਡਾਂ ਦਾ ਬੜਾ ਕੁਝ ਆ ਜਾਣਾ ਹੈ। ਉਸ ਨੇ ਚਾਰ ਕੌਡਾਂ ਲੈ ਕੇ ਬਜ਼ਾਰ 'ਚੋਂ ਮੱਛੀ ਦੇ ਕਿਤਨੇ ਹੀ ਪੂੰਗ ਲੈ ਆਂਦੇ ਤੇ ਬਾਲਮੀਕ ਨੂੰ ਵਿਖਾ ਕੇ ਕਹਿੰਦੀ ਹੈ ਦੇਖ ਇਸ ਨਾਲ ਸਾਰੇ ਟੱਬਰ ਦਾ ਗੁਜ਼ਾਰਾ ਹੋ ਜਾਣਾ ਹੈ, ਤੂੰ ਕੋਈ ਚਿੰਤਾ ਨਾ ਕਰ! ਇਹ ਗੱਲ ਕਹਿ ਕੇ ਉਸ ਦਾ ਹੌਂਸਲਾ ਪਾਪ ਕਰਮਾਂ ਦੇ ਕਰਨ ਵਿਚ ਵਧਾ ਦਿੱਤਾ। ਸਾਧ ਸੰਗਤ ਜੀ! ਏਹੋ ਜੇਹੀ ਮਾਂ ਨੂੰ ਧ੍ਰਿਗਾਕਾਰ ਹੈ।

ਉਸ ਪਿਤਾ ਨੂੰ ਭੀ ਧ੍ਰਿਕਾਰ ਹੈ ਜੋ ਨਾਮ ਨਹੀਂ ਜਪਣ ਦੇਂਦਾ। ਪ੍ਰਹਿਲਾਦ ਭਗਤ ਦਾ ਪਿਤਾ ਹਰਨਾਖਸ਼ ਆਖਣੇ ਪੁੱਤਰ ਪ੍ਰਹਿਲਾਦ ਨੂੰ ਨਾਮ ਨਹੀਂ ਜਪਣ ਦੇਂਦਾ ਸੀ, ਉਸ ਨੂੰ ਭੀ ਧ੍ਰਿਗਾਕਾਰ ਹੈ।*

---

*ਸੌ ਵਾਰ ਫਿੱਟੇ ਮੂੰਹ ਕਹੀਏ ਤਾਂ ਇਕ ਲਾਹਨਤ ਹੁੰਦੀ ਹੈ।
ਸੌ ਵਾਰ ਲਾਹਨਤ ਕਹੀਏ ਤਾਂ ਇਕ ਧ੍ਰਿਗਾਕਾਰ ਹੁੰਦੀ ਹੈ।

ਯਥਾ - ਤਾਤ ਮਾਤ ਗੁਰ ਨਾਰ, ਜੋ ਵਿਘਨੀ ਹਰਿ ਭਜਨ ਮਹਿ,
ਤਾ ਕੋ ਮਾਰੋ ਡਾਰ, ਯਹਿ ਪ੍ਰਤਿਬੰਧਕ ਜੀਵ ਕੇ।

ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥

ਜੋ ਨਾਮ ਨਹੀਂ ਜਪਣ ਦੇਂਦਾ ਉਹਨਾਂ ਸਕੇ ਭਰਾਵਾਂ ਤੇ ਸੰਬੰਧੀਆਂ ਦੇ ਪ੍ਰੇਮ ਨੂੰ ਧ੍ਰਿਗਾਕਾਰ ਹੈ। ਜਿਵੇਂ ਭਭੀਸ਼ਨ ਦਾ ਭਾਈ ਰਾਵਣ ਖ਼ਰਾਬ ਸੀ, ਉਹ ਨਾਮ ਨਹੀਂ ਜਪਣ ਦੇਂਦਾ ਸੀ।

ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ ॥

ਬਨਿਤਾ= ਇਸਤਰੀ ਅਤੇ ਸੁਤਹ= ਪੁਤਰਾਂ ਦੇ ਬਿਲਾਸ= ਕੌਤਕਾਂ ਵਿਚ ਜਿਹੜਾ ਪ੍ਰੇਮ ਕਰਨਾ ਹੈ, ਉਸ ਨੂੰ ਭੀ ਧ੍ਰਿਗਾਕਾਰ ਹੈ ਜੋ ਸਤਿਸੰਗ ਵਿਚ ਨਹੀਂ ਜਾਣ ਦੇਂਦੇ।

ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ ॥

ਗ੍ਰਿਹ= ਘਰ ਦੇ ਅਰਥ= ਪਦਾਰਥਾਂ ਕਹ= ਦਾ ਜੋ ਪ੍ਰੇਮ ਹੈ ਉਸ ਨੂੰ ਭੀ ਧ੍ਰਿਗਾਕਾਰ ਹੈ।

ਵਾ- ਘਰ ਵਿਚ ਅਤੇ ਪਦਾਰਥਾਂ ਵਿਚ ਜੋ ਪ੍ਰੇਮ ਕਰਨਾ ਹੈ ਉਸ ਨੂੰ ਭੀ ਧ੍ਰਿਗਾਕਾਰ ਕਹ= ਕਹੀਦਾ ਹੈ।

ਵਾ- ਘਰ ਦੇ ਪਦਾਰਥਾਂ ਵਿਚ ਜਿਹੜਾ ਪ੍ਰੇਮ ਕਰਨਾ ਹੈ ਤਿਸ ਪ੍ਰੇਮ *ਕਹ= ਨੂੰ ਧ੍ਰਿਗਾਕਾਰ ਹੈ।

ਪੁਨਾ- ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਹੇ ਸੁਆਮੀ ਜੀ! ਸੱਚਾ ਪ੍ਰੇਮ ਕੇਹੜਾ ਹੈ?

ਉੱਤਰ-

ਸਾਧਸੰਗ ਸ੍ਨੇਹ ਸਤ੍ਯੰ ਸੁਖਯੰ ਬਸੰਤਿ ਨਾਨਕਹ ॥ ੨ ॥

ਸਾਧ ਸੰਗਤ ਵਿਚ ਜਿਹੜਾ ਸ੍ਨੇਹ= ਪ੍ਰੇਮ ਕਰਨਾ ਹੈ, ਇਹ ਸਤ੍ਯੰ= ਸੱਚਾ ਹੈ।

ਪੁਨਾ ਬੇਨਤੀ ਕੀਤੀ ਇਸ ਪ੍ਰੇਮ ਦਾ ਫਲ ਕੀ ਹੈ?

ਗੁਰੂ ਜੀ ਕਥਨ ਕਰਦੇ ਹਨ—ਸਤਿਸੰਗਤ ਵਿਚ ਪ੍ਰੇਮ ਕਰਨ ਨਾਲ ਸੁਖਾਂ ਵਿਚ ਨਿਵਾਸ ਹੁੰਦਾ ਹੈ॥ ੨ ॥

ਦੋ ਸਲੋਕਾਂ ਵਿਚ ਸਬੰਧੀਆਂ ਤੋਂ ਮੋਹ ਨਵਿਰਤੀ ਦਾ ਉਪਦੇਸ਼ ਦੇ ਕੇ, ਹੁਣ ਦੇਹ ਹੰਗਤਾ ਦੀ ਨਵਿਰਤੀ ਦਾ ਉਪਦੇਸ਼ ਦੇਂਦੇ ਹਨ-

ਮਿਥ੍ਯੰਤ ਦੇਹੰ ਖੀਣੰਤ ਬਲਨੰ ॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਦੇਹ ਹੰਗਤਾ ਛੱਡ ਦਿਓ, ਜਿਸ ਦੇਹ ਦਾ ਅਭਿਮਾਨ ਕਰਦੇ ਹੋ ਇਹ ਪੰਜ ਭੂਤਕ ਦੇਹ ਮਿੱਥਿਆ ਹੈ, ਜਿਸ ਸਰੀਰ ਦਾ ਬਲ, ਵਾ-ਇੰਦ੍ਰੀਆਂ ਦਾ ਬਲ,

ਵਾ- ਪ੍ਰਾਣਾਂ ਦਾ ਬਲ ਖੀਣ ਹੁੰਦਾ ਜਾਂਦਾ ਹੈ।

ਬਰਧੰਤਿ ਜਰੂਆ ਹਿਤ੍ਯੰਤ ਮਾਇਆ ॥

ਜਰੂਆ= ਬੁਢੇਪਾ ਵਧਦਾ ਜਾ ਰਿਹਾ ਹੈ ਪਰ ਜੀਵ ਮਾਇਆ ਵਿਚ ਹਿਤ੍ਯੰਤ= ਅਤਿਅੰਤ ਪ੍ਰੇਮ ਕਰ ਰਿਹਾ ਹੈ।

ਵਾ- ਅੰਤ ਤੱਕ ਭਾਵ ਮਰਨ ਤੱਕ ਮਾਇਆ ਵਿਚ ਪ੍ਰੇਮ ਕਰਦਾ ਹੈ।

ਵਾ- ਅੰਤ ਹੋ ਜਾਣ ਵਾਲੀ ਜੋ ਮਾਇਆ ਹੈ, ਉਸ ਵਿਚ ਹਿਤ= ਪ੍ਰੇਮ ਕਰਦਾ ਹੈ।

**'ਕਹ' ਪਦ ਦੇ ਤਿੰਨ ਅਰਥ ਹੋਏ ਹਨ, ਸਿਰਫ ਲਵੰਤਾ ਦਾ ਫਰਕ ਹੈ ਭਾਵ ਇਕੋ ਹੀ ਹੈ।*

www.sikhbookclub.com

ਅਤ੍ਰੰਤ ਆਸਾ ਆਥਿਤ੍ਰ ਭਵਨੰ॥

ਅਤਿਥੀ ਦਾ ਭਵਨੰ= ਘਰ ਜੋ ਸਰਾਂ ਹੈ ਉਸ ਵਿਚ ਜੈਸੇ ਪ੍ਰਾਹੁਣੇ ਦਾ ਇਕ ਰਾਤ ਰਹਿਣ ਹੁੰਦਾ ਹੈ, ਦਿਨ ਚੜ੍ਹਨ ਨਾਲ ਪ੍ਰਾਹੁਣਾ ਤੁਰ ਪੈਂਦਾ ਹੈ। ਐਸੇ ਆਥਿਤ੍ਰ ਭਵਨੰ= ਸਰਾਂ ਦੀ ਨਿਆਈਂ ਜੋ ਇਹ ਸੰਸਾਰ ਹੈ ਇਸ ਵਿਚ ਜੀਵ ਪ੍ਰਾਹੁਣੇ ਵਾਂਗੂ ਹਨ। ਇਨ੍ਹਾਂ ਜੀਵਾਂ ਦਾ ਇਕ ਉਮਰਾ ਰੂਪ ਰਾਤ ਦਾ ਰਹਿਣਾ ਹੈ, ਜਿਸ ਵੇਲੇ ਉਮਰ ਰੂਪ ਰਾਤ ਬੀਤ ਗਈ ਤੇ ਕਾਲ ਰੂਪ ਦਿਨ ਉਦੇ ਹੋ ਗਿਆ ਤਾਂ ਸਾਰਿਆਂ ਜੀਵਾਂ ਨੇ ਚਲਿਆ ਜਾਣਾ ਹੈ।

ਯਥਾ- ਬਿਰਧੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥ ੧॥

(ਪੰਨਾ ੧੦੧੯)

ਤੇ ਰਹਿਣ ਦੀ ਆਸਾ ਅਤਿਅੰਤ ਕਰ ਰਿਹਾ ਹੈ। *ਅਥਵਾ-* ਜਿਵੇਂ ਘਰ ਵਿਚ ਕੋਈ ਪ੍ਰਾਹੁਣਾ ਆ ਜਾਂਦਾ ਹੈ ਤਾਂ ਉਹ ਚੰਦ ਰੋਜ਼ (ਕੋਈ-ਦਿਨ) ਠਹਿਰਦਾ ਹੈ, ਐਸੇ ਸੰਸਾਰ ਵਿਚ ਕੋਈ ਦਿਨ ਦਾ ਮੇਲਾ ਹੈ ਪਰ ਇਹ ਜੀਵ ਸੰਸਾਰ ਵਿਚ ਰਹਿਣ ਦੀ ਆਸਾ ਅਤ੍ਰੰਤ= ਬਹੁਤ ਕਰਦਾ ਹੈ।

ਗਨੰਤ ਸ੍ਵਾਸਾ ਭੈਯਾਨ ਧਰਮੰ॥

ਭਿਆਨਕ ਜੋ ਧਰਮੰ= ਧਰਮ ਰਾਜਾ ਹੈ, ਵਾ-ਭਿਆਨਕ ਧਰਮ ਵਾਲਾ ਅਰਥਾਤ ਕਰੜੇ ਸੁਭਾਅ ਵਾਲਾ ਜੋ ਧਰਮ ਰਾਜ ਹੈ ਉਹ ਇਸ ਦੇ ਸ੍ਵਾਸਾਂ ਨੂੰ ਗਿਣ ਰਿਹਾ ਹੈ ਕਿ ਕਦ ਇਸ ਦੇ ਸ੍ਵਾਸ ਪੂਰੇ ਹੋਣ ਤਾਂ ਇਸ ਨੂੰ ਆਪਣੇ ਪਾਸ ਸਦਵਾਵਾਂ।

ਪਤੰਤਿ ਮੋਹ ਕੂਪ ਦੁਰਲਭ੍ਰ ਦੇਹੰ ਤਤ ਆਸ੍ਰਯੰ ਨਾਨਕ॥

ਇਹ ਜੀਵ ਮੋਹ ਰੂਪ ਖੂਹ ਵਿਚ, ਵਾ-ਮੋਹ ਕਰ ਕੇ ਸੰਸਾਰ ਰੂਪ ਖੂਹ ਵਿਚ ਪਤੰਤਿ= ਡਿੱਗ ਰਿਹਾ ਹੈ।

*ਪੁਨਾ-*ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਇਸ ਦੁਰਲੱਭ ਮਨੁੱਖਾ ਦੇਹ ਦੇ ਤਰਨ ਦਾ ਜਾਂ ਸਫਲ ਹੋਣ ਦਾ ਆਸਰਾ ਕੇਹੜਾ ਹੈ? *ਗੁਰ ਉੱਤਰ-*

ਗੁਰੂ ਜੀ ਕਥਨ ਕਰਦੇ ਹਨ—ਹੇ ਹਰੀ ਲਾਲ, ਕ੍ਰਿਸ਼ਨ ਲਾਲ! ਜੋ ਪ੍ਰਾਪਤ ਹੋਣੀ ਬਹੁਤ ਦੁਰਲਭ੍ਰ= ਕਠਿਨ ਮਨੁੱਖਾ ਦੇਹ ਹੈ ਤਤ= ਤਿਸ ਦੇ ਤਰਨ ਦਾ ਜਾਂ ਸਫਲ ਹੋਣ ਦਾ ਆਸਰਾ ਇਹ ਹੈ ਕਿ -

ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ॥ ੩॥

ਮਨ ਕਰ ਕੇ ਗੋਬਿੰਦ ਨੂੰ ਜਪ, ਬਾਣੀ ਕਰ ਕੇ ਗੋਬਿੰਦ ਨੂੰ ਜਪ, ਤਨ ਕਰ ਕੇ ਗੋਬਿੰਦ ਨੂੰ ਜਪ ਤਾਂ ਗੋਪਾਲ ਦੀ ਕਿਰਪਾ ਹੁੰਦੀ ਹੈ। *ਅਥਵਾ-* ਦੁਰਲਭ੍ਰ ਦੇਹੰ ਤਤ ਆਸ੍ਰਯੰ ਨਾਨਕ॥

ਸਾਰਿਆਂ ਵੇਦਾਂ ਸ਼ਾਸਤ੍ਰਾਂ ਦਾ ਤਤ= ਸਿਧਾਂਤ ਰੂਪ ਜੋ ਨਾਨਕ= ਪਰਮਾਤਮਾ ਹੈ ਉਸ ਦੇ ਤਤ ਸਰੂਪ ਦਾ ਜੋ ਤਤਕਾਲ ਭਾਵ ਸ਼ੀਘਰ ਚਿੰਤਨ ਕਰਨਾ ਹੈ ਏਹੀ ਦੁਰਲੱਭ ਦੇਹ ਦੇ ਸਫਲ ਹੋਣ ਦਾ ਆਸਰਾ ਹੈ।

ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ॥ ੩॥

ਗੋਬਿੰਦ ਜੋ ਪਰਮਾਤਮਾ ਹੈ ਗੋ-ਬਿੰਦ= ਵੇਦਾਂ ਕਰ ਕੇ ਜਾਨਣ ਜੋਗ ਉਹ ਗੋਬਿੰਦ ਗੋਪਾਲ ਕਿਰਪਾ ਕਰੇ ਤਾਂ ਦੁਰਲੱਭ ਮਨੁੱਖਾ ਦੇਹ ਦਾ ਉਧਾਰ ਹੁੰਦਾ ਹੈ॥ ੩॥

www.sikhbookclub.com

ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ॥

ਮਾਤਾ ਦੀ ਰਕਤ ਤੇ ਪਿਤਾ ਦੇ ਬੀਰਜ ਰੂਪ ਤੋਯੰ= ਜਲ ਕਰ ਕੇ ਰਚਿਆ ਹੋਇਆ ਜੋ ਸਰੀਰ ਰੂਪ ਕੋਟੰ= ਕਿਲ੍ਹਾ ਹੈ ਇਹ ਬਿਲਕੁਲ ਕਾਚ= ਕੱਚਾ ਹੈ। ਜਿਵੇਂ ਕੱਚਾ ਕਿਲ੍ਹਾ ਮੀਂਹ ਪੈਣ ਨਾਲ ਢਹਿ ਜਾਂਦਾ ਹੈ। ਤਿਵੇਂ ਇਹ ਸਰੀਰ ਕਾਲ ਰੂਪ ਮੀਂਹ ਦੇ ਪੈਣ ਨਾਲ ਢਹਿ ਜਾਂਦਾ ਹੈ ਪਰ ਉੱਪਰੋਂ ਚਰਮਣਹ= ਚਮੜੇ ਦਾ ਲੇਪਨ ਕਰ ਦਿੱਤਾ ਹੈ, ਇਸ ਕਰ ਕੇ ਸੁੰਦਰ ਸਡੌਲ ਪ੍ਰਤੀਤ ਹੋ ਰਿਹਾ ਹੈ।

ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ॥

ਇਸ ਸਰੀਰ ਰੂਪ ਕਿਲੇ ਦੇ ਨਵੰਤ ਦੁਆਰੰ= ਨੌ ਗੋਲਕਾਂ ਰੂਪ ਨੌ ਦਰਵਾਜ਼ੇ ਭੀਤ ਰਹਿਤੰ= ਪੜਦੇ ਤੋਂ ਰਹਿਤ ਭਾਵ ਤਖਤਿਆਂ ਤੋਂ ਰਹਿਤ ਹਨ, ਜਿਸ ਤਰਫੋਂ ਮਰਜ਼ੀ ਆਵੇ ਸ੍ਵਾਸ ਨਿਕਲ ਜਾਂਦੇ ਹਨ। ਇਸ ਸਰੀਰ ਰੂਪੀ ਕਿਲੇ ਦੇ ਹੇਠਾਂ ਬਾਇ ਰੂਪੰ= ਹਵਾ ਰੂਪ ਜੋ ਸ੍ਵਾਸ ਹਨ, ਇਹ ਥੰਮਾ ਦਿੱਤਾ ਹੋਇਆ ਹੈ। ਭਾਵ ਸ੍ਵਾਸਾਂ ਦੇ ਆਸਰੇ ਸਰੀਰ ਖਲੋਤਾ ਹੈ।

ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ॥

ਅਜੇਹੀ ਖਿਨ ਭੰਗਰ ਮਨੁੱਖਾ ਦੇਹ ਨੂੰ ਪਾ ਕੇ ਵੀ ਇਹ ਅਗਿਆਨੀ ਪੁਰਸ਼ ਆਪਣੇ ਆਪ ਨੂੰ ਇਸਥਿਤ ਰੂਪ ਜਾਣਦਾ ਹੋਇਆ, ਐਸੇ ਕਹਿੰਦਾ ਹੈ ਕਿ-

ਮੈ ਨ ਮਰਉ ਮਰਿਬੋ ਸੰਸਾਰਾ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ॥ ੧॥ ਰਹਾਉ॥

(ਪੰਨਾ ੩੨੫)

ਗੋਬਿੰਦ ਦੇ ਨਾਮ ਨੂੰ ਸਿਮਰਦਾ ਨਹੀਂ ਹੈ।

ਪੁਨਾ ਬੇਨਤੀ ਕੀਤੀ! ਇਸ ਮਨੁੱਖਾ ਦੇਹ ਦੇ ਤਰਨ ਦਾ ਸਾਧਨ ਕਿਹੜਾ ਹੈ? *ਗੁਰ ਉੱਤਰ-*

ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਉਹਨਾਂ ਸੰਤਾਂ ਦੀ ਚਰਨ ਸ਼ਰਨ ਗ੍ਰਹਿਣ ਕਰਨ ਨਾਲ ਦੁਰਲੱਭ ਮਨੁੱਖਾਂ ਦੇਹ ਤਰ ਜਾਂਦੀ ਹੈ।

ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ॥ ੪॥

ਜੋ ਸੰਤ ਮਨ ਕਰ ਕੇ ਹਰਿ ਹਰਿ ਨਾਮ ਨੂੰ ਜਪਦੇ ਹਨ, ਤਨ ਕਰ ਕੇ ਭੀ ਹਰਿ ਹਰਿ ਨਾਮ ਨੂੰ ਜਪਦੇ ਹਨ, ਬਾਣੀ ਕਰ ਕੇ ਭੀ ਹਰਿ ਹਰਿ ਨਾਮ ਨੂੰ ਜਪਦੇ ਹਨ।

ਵਾ:-ਹਰੀ ਜੋ ਹਰੇਕ ਜੀਅ ਨੂੰ ਹਰਿਆਂ ਕਰਨ ਵਾਲਾ ਹੈ, ਉਸ ਹਰੀ ਦੇ ਹਰਿ ਹਰਿ ਨਾਮ ਨੂੰ ਜੋ ਜਪਣਾ ਕਰਦੇ ਹਨ॥ ੪॥

ਪੁਨਾ ਹਰੀ ਲਾਲ ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ—ਸੁਆਮੀ ਜੀ! ਜਿਸ ਹਰੀ ਦੇ ਹਰਿ ਹਰਿ ਨਾਮ ਨੂੰ ਸੰਤ ਜਪਦੇ ਹਨ, ਉਹ ਹਰਿ ਹਰਿ ਕੈਸਾ ਹੈ?

ਸੁਭੰਤ ਤੁਯੰ ਅਚੁਤ ਗੁਣਗੰ ਪੂਰਨੰ ਬਹੁਲੋ ਕ੍ਰਿਪਾਲਾ॥

ਤੁਯੰ= ਸੋ (ਉਹ) ਪਰਮਾਤਮਾ ਸੁਭੰਤ= ਸ਼ੋਭਨੀਕ ਹੈ, ਅਚੁਤ= ਅਗਿੱਜ ਹੈ, ਗੁਨਗੰ= ਸ਼ੁਭ ਗੁਣਾਂ ਦਾ

www.sikhbookclub.com

ਗਿਆਤਾ ਹੈ, ਸਾਰੇ ਪੂਰਨੰ= ਪਰੀਪੂਰਨ ਹੈ, ਬਹੁਲੋ= ਬਹੁਲਤਾ ਕਰ ਕੇ ਕਿਰਪਾਲੂ ਦਿਆਲੂ ਹੈ।

ਅਥਵਾ-ਹੇ ਜੀਵ! ਜੇ ਤੁਯੰ= ਤੂੰ ਆਪਣੀ ਸੁਭੰਤ= ਸ਼ੋਭਾ ਨੂੰ ਚਾਹੁੰਦਾ ਹੈਂ ਤਾਂ ਅਚੁਤ= ਅਗਿੱਜ਼ ਪ੍ਰਭੂ ਦੇ ਗੁਣਾਂ ਨੂੰ ਗੰ= ਗਿਆਤ ਪੂਰਬਕ ਗਾਵਣਾ ਕਰ, ਉਹ ਪੂਰਨ ਪਰਮਾਤਮਾ ਬਹੁਤਾ ਕਿਰਪਾਲੂ ਹੈ*।

ਗੰਭੀਰੰ ਊਚੈ ਸਰਬਗਿ ਅਪਾਰਾ ॥

ਬੜੇ ਗੰਭੀਰੰ= ਡੂੰਘੇ ਦਿਲ ਵਾਲਾ ਹੈ, ਸਾਰਿਆਂ ਤੋਂ ਉੱਚਾ ਹੈ, ਸਰਬਗਿ= ਸਭ ਦਾ ਗਿਆਤਾ ਹੈ। ਵਾ:- ਸਰਬ ਸ਼ਕਤੀਮਾਨ ਹੈ, ਅਪਾਰਾ= ਪਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਭਾਵ ਬਿਅੰਤ ਹੈ।

ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥ ਅਨਾਥ ਨਾਥੇ ਨਾਨਕ ਸਰਣੰ ॥ ੫ ॥

ਆਪਣਿਆਂ ਭ੍ਰਿਤਿਆ= ਦਾਸਾਂ ਦਾ ਪ੍ਰਿਅੰ= ਪਿਆਰਾ ਹੈ।

ਪ੍ਰਸ਼ਨ- ਕਿਹੜਿਆਂ ਦਾਸਾਂ ਦਾ ਪਿਆਰਾ ਹੈ? *ਉੱਤਰ :—*

ਜਿਨ੍ਹਾਂ ਦਾ ਹਰ ਦਮ ਪਰਮੇਸ਼ਰ ਦੇ ਚਰਨਾਂ ਵਿਚ ਬਿਸਰਾਮ ਹੈ।

ਗੁਰੂ ਜੀ ਕਥਨ ਕਰਦੇ ਹਨ- ਹੇ ਹਰੀ ਲਾਲ, ਕ੍ਰਿਸ਼ਨ ਲਾਲ! ਜੋ ਪ੍ਰਭੂ ਅਨਾਥ= ਗਰੀਬਾਂ ਦਾ ਨਾਥੇ= ਸੁਆਮੀ ਹੈ ਉਸ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰ॥ ੫॥

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਹੇ ਪ੍ਰਭੂ? ਸਭ ਪਾਸਿਓਂ ਸਾਡਾ ਪ੍ਰੇਮ ਛੁਡਾ ਕੇ ਆਪ ਜੀ ਨੇ ਸਾਨੂੰ ਇਕ ਪਰਮਾਤਮਾ ਦੇ ਚਰਨਾਂ ਦੀ ਓਟ ਫੜਾਈ ਹੈ ਪਰ ਜਿਸ ਵੇਲੇ ਕੋਈ ਮੁਸੀਬਤ ਦਾ ਵੇਲਾ ਆਵੇਗਾ ਉਸ ਵੇਲੇ ਸਾਡੀ ਸਹਾਇਤਾ ਸੰਬੰਧੀਆਂ ਤੋਂ ਬਿਨਾਂ ਹੋਰ ਕੌਣ ਕਰੇਗਾ?

ਗੁਰੂ ਜੀ ਨੇ ਕਿਹਾ- ਜਿਸ ਪਰਮਾਤਮਾ ਦੀ ਓਟ ਫੜਾਈ ਹੈ ਓਹੀ ਪ੍ਰਭੂ ਤੁਹਾਡੀ ਸਹਾਇਤਾ ਕਰੇਗਾ, ਉਸ ਤੋਂ ਬਿਨਾਂ ਹੋਰ ਕੋਈ ਸਹਾਇਕ ਨਹੀਂ ਹੈ।

ਪੁਨਾ ਬੇਨਤੀ ਕੀਤੀ- ਉਸ ਪ੍ਰਭੂ ਨੇ ਕਿਸੇ ਦੀ ਸਹਾਇਤਾ ਕੀਤੀ ਭੀ ਹੈ ਜਾਂ ਨਹੀਂ? ਗੁਰੂ ਸਾਹਿਬ ਜੀ ਹਰਨੀ ਦੀ ਕਥਾ ਸੁਣਾਉਂਦੇ ਹਨ।

ਸਾਖੀ—ਹਰਨੀ ਦੀ

ਇਕ ਗਰਭਵਤੀ ਹਰਨੀ ਜੰਗਲ ਵਿਚ ਆਪਣੀ ਸੁਖ ਦੀ ਨੀਂਦ ਸੁੱਤੀ ਹੋਈ ਸੀ। ਜਦ ਸ਼ਿਕਾਰੀ ਨੇ ਆ ਕੇ ਉਸ ਨੂੰ ਦੂਰੋਂ ਦੇਖਿਆ ਕਿ ਹਰਨੀ ਸੁੱਤੀ ਹੋਈ ਹੈ, ਤਾਂ ਉਸ ਨੇ ਹਰਨੀ ਦੇ ਚਾਰੇ ਰਸਤੇ ਬੰਦ ਕਰ ਦਿੱਤੇ। ਇਕ ਪਾਸੇ ਜਾਲ ਤਾਣ ਦਿੱਤਾ। ਦੂਜੇ ਪਾਸੇ ਅੱਗ ਬਾਲ ਦਿੱਤੀ। ਤੀਜੇ ਪਾਸੇ ਸ਼ਿਕਾਰੀ ਕੁੱਤਾ ਖੜਾ ਕਰ ਦਿੱਤਾ। ਚੌਥੇ ਪਾਸੇ ਆਪ ਬਾਣ ਲੈ ਕੇ ਖਲੋ ਗਿਆ। ਅੱਗ ਦੇ ਭਾਂਬੜ ਮਚਣ ਦੀ ਅਵਾਜ਼ ਸੁਣ ਕੇ ਜਾਂ ਅੱਗ ਦਾ ਸੇਕ ਆਉਣ ਕਰ ਕੇ ਜਦ ਹਰਨੀ ਉੱਠ ਕੇ ਦੌੜੀ ਤਾਂ ਅੱਗੇ ਜਾਲ ਤਣਿਆਂ ਹੋਇਆ ਹੈ, ਦੂਜੇ ਪਾਸੇ ਗਈ ਤਾਂ ਕੁੱਤਾ ਖਲੋਤਾ ਹੈ। ਤੀਜੇ ਪਾਸੇ ਗਈ ਤਾਂ ਸ਼ਿਕਾਰੀ ਖਲੋਤਾ ਹੈ, ਸਭ ਰਸਤੇ ਬੰਦ ਵੇਖ ਕੇ ਉਸ ਵੇਲੇ ਨਿਰਾਸ ਹੋ ਕੇ ਪ੍ਰਭੂ ਨੂੰ ਯਾਦ ਕਰਦੀ ਹੋਈ ਇਸ ਤਰ੍ਹਾਂ ਬੇਨਤੀ ਕਰਨ ਲੱਗੀ-

ਹੇ ਦੀਨਾ ਬੰਧੂ! ਤੇਰੇ ਬਿਨਾਂ ਮੇਰਾ ਕੋਈ ਵੀ ਸਹਾਇਕ ਨਹੀਂ ਹੈ, ਜਲਦੀ ਆ ਕੇ ਮੇਰੀ ਰੱਖਿਆ ਕਰ।

°*ਕਈ ਬੀੜਾਂ ਵਿਚ ਇਸ ਤਰ੍ਹਾਂ ਪਾਠ ਭੀ ਹੈ-*

ਬਹੁ ਲੋਕ੍ਹ ਪਾਲਾ ॥ *ਅਰਥ: ਉਹ ਪਰਮੇਸ਼ਰ ਬਹੁਤ ਹੀ ਲੋਕਾਂ ਦੇ ਪਾਲਣਹਾਰਾ ਹੈ।*

www.sikhbookclub.com

ਉਸ ਵੇਲੇ ਭਗਵਾਨ ਨੇ ਆਪਣੇ ਸੰਕਲਪ ਮਾਤਰ ਨਾਲ ਹੀ ਉਸ ਦੇ ਚਾਰੇ ਰਸਤੇ ਖੋਹਲ ਦਿੱਤੇ।

ਪਹਿਲੇ ਬੜੀ ਹਨ੍ਹੇਰੀ ਚੱਲੀ, ਉਸ ਨੇ ਜਾਲ ਤੋੜ ਕੇ ਅੱਗ ਵਿਚ ਪਾ ਦਿੱਤਾ, ਇਸ ਵਜ੍ਹਾ ਨਾਲ ਹਰਨੀ ਦਾ ਇਕ ਰਸਤਾ ਖੁਲ੍ਹ ਗਿਆ। ਫੇਰ ਬੱਦਲਾਂ ਨੇ ਆ ਕੇ ਬਰਖਾ ਕੀਤੀ ਤਾਂ ਅੱਗ ਬੁਝ ਗਈ, ਇਉਂ ਹਰਨੀ ਦਾ ਦੂਜਾ ਰਾਹ ਸਾਫ ਹੋ ਗਿਆ। ਜਦ ਸ਼ਿਕਾਰੀ ਨੇ ਬਾਣ ਮਾਰਿਆ ਤਾਂ ਹੱਥ ਕੰਬਣ ਕਰਕੇ ਉਹ ਬਾਣ ਸ਼ਿਕਾਰੀ ਕੁੱਤੇ ਨੂੰ ਜਾ ਵੱਜਾ, ਇਸ ਵਜ੍ਹਾ ਨਾਲ ਹਰਨੀ ਦਾ ਤੀਜਾ ਰਸਤਾ ਵੀ ਖੁਲ੍ਹ ਗਿਆ।

ਜਿਸ ਜਗ੍ਹਾ 'ਤੇ ਸ਼ਿਕਾਰੀ ਆਪ ਖਲੋਤਾ ਸੀ, ਓਥੋਂ ਸੱਪ ਨੇ ਨਿਕਲ ਕੇ ਸ਼ਿਕਾਰੀ ਨੂੰ ਡੰਗ ਮਾਰਿਆ ਤਾਂ ਸ਼ਿਕਾਰੀ ਓਥੇ ਹੀ ਢੇਰੀ ਹੋ ਗਿਆ। ਇੰਜ ਹਰਨੀ ਦਾ ਚੌਥਾ ਰਾਹ ਵੀ ਖੁਲ੍ਹ ਗਿਆ। ਹਰਨੀ ਆਪਣੇ ਸੁਖ ਅਨੰਦ ਨਾਲ ਬਨ ਵਿਖੇ ਵਿਚਰਨ ਲੱਗ ਪਈ*।

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਤੁਸੀਂ ਏਹ ਨਿਯਮ ਸਮਝ ਲੈ ਜਿਥੇ ਕੋਈ ਸਹਾਇਤਾ ਨਾ ਕਰ ਸਕੇ ਉਥੇ ਆਪ ਪ੍ਰਭੂ ਸਹਾਇਤਾ ਕਰਦਾ ਹੈ।

ਯਥਾ– ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥
ਓਥੈ ਤੇਰੀ ਰਖ ਅਗਨੀ ਉਦਰ ਮਾਹਿ॥ *(ਪੰਨਾ ੯੬੨)*

ਤਥਾ–ਜਿਸ ਨੋ ਸਾਜਨ ਰਾਖਸੀ ਦੁਸ਼ਮਨ ਕਵਨ ਬਿਚਾਰ॥
ਫ੍ਹੈ ਨ ਸਕੈ ਤਿਹ ਛਾਹਿ ਕੋ ਨਿਹਫਲ ਜਾਇ ਗਵਾਰ॥ ੨੪॥
ਜੋ ਸਾਧੂ ਸ਼ਰਣੀ ਪਰੇ ਤਿਨ ਕੇ ਕਵਣ ਬਿਚਾਰ॥
ਦੰਤ ਜੀਭ ਜਿਮ ਰਾਖਿ ਹੈ ਦੁਸ਼ਟ ਅਰਿਸ਼ਟ ਸੰਘਾਰ॥ ੨੫॥

(ਦਸਮ ਗ੍ਰੰਥ ਬਚਿੱਤ੍ਰ ਨਾਟਕ, ਪੰਨਾ ੭੨)

ਤਥਾ –ਜਿਸ ਕਾ ਸਾਸੁ ਨ ਕਾਢਤ ਆਪਿ॥ ਤਾ ਕਉ ਰਾਖਤ ਦੇ ਕਰਿ ਹਾਥ॥
ਮਾਨਸ ਜਤਨ ਕਰਤ ਬਹੁ ਭਾਤਿ॥ ਤਿਸ ਕੇ ਕਰਤਬ ਬਿਰਥੇ ਜਾਤਿ॥
ਮਾਰੈ ਨ ਰਾਖੈ ਅਵਰੁ ਨ ਕੋਇ॥ ਸਰਬ ਜੀਆ ਕਾ ਰਾਖਾ ਸੋਇ॥

(ਪੰਨਾ ੨੮੫)

ਤਥਾ– ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣ॥
ਜਿਸ ਨੋ ਤੂ ਰਖਵਾਲਾ ਜਿਤਾ ਤਿਨੈ ਭੈਣੁ॥

(ਪੰਨਾ ੯੬੧)

---

*ਬਿਪਤਾ ਸਮੇਂ ਹਰਨੀ ਦੀ ਪੁਕਾਰ-

ਸੰਕਟ ਕਟੋ ਮੁਰਾਰੀ ਹਮਰਾ ਸੰਕਟ ਕਟੋ ਮੁਰਾਰੀ।
ਸੰਕਟ ਮਹਿ ਇਕ ਸੰਕਟ ਬਨਿਓ ਅਰਜ਼ ਕਰੇ ਮ੍ਰਿਗ ਨਾਰੀ।
ਏਕ ਓਰ ਲੇ ਵਾਵਰ ਗਾਡੀ, ਏਕ ਓਰ ਅੱਗ ਜਾਰੀ।
ਏਕ ਓਰ ਸੁਆਨ ਕੀਓ ਠਾਂਢੋ, ਏਕ ਓਰ ਫੰਧਕਾਰੀ।
ਉਲਟਤ ਪਵਨ ਲੈ ਵਾਵਰ ਜਾਰੀ, ਸੁਆਨ ਗਹਿਓ ਸੰਸਕਾਰੀ।
ਭੂਮਿ ਹੀ ਤੇ ਸਰਪ ਜੋ ਨਿਕਸਿਓ, ਜਾਇ ਡਸਿਓ ਫੰਧਕਾਰੀ।
ਕੂਦਤ ਫਾਂਧਤ ਮ੍ਰਿਗਨੀ ਨਿਕਸੀ, ਉਬਰੀ ਸਰਨ ਤਿਹਾਰੀ।

www.sikhbookclub.com

ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ ਆਵਧਹ ॥

(ਅੱਖਰਾਂ ਵੱਲ ਧਿਆਨ ਦਿਓ-) ਹਰਨੀ ਦੇ ਲਖ੍= ਨਿਸ਼ਾਨੇ ਨੂੰ ਪੇਖੰਤ= ਦੇਖ ਕੇ ਬਧਿਕ= ਸ਼ਿਕਾਰੀ ਨੇ ਆਵਧਹ= ਸ਼ਸਤ੍ਰ ਅਰਥਾਤ ਬਾਣ ਪ੍ਰਹਾਰੇਣ= ਮਾਰਿਆ।

ਅਹੋ ਜਸ੍ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ ॥ ੬ ॥

ਪਰ ਅਹੋ= ਬੜਾ ਅਸਚਰਜ ਹੈ, ਜਸ੍= ਜਿਸ ਦੀ ਰੱਖਿਆ ਕਰਨ ਵਾਲਾ ਪ੍ਰਭੂ ਆਪ ਹੋਵੇ ਤਾਂ ਉਸ ਦਾ ਕੋਈ ਰੋਮ ਵੀ ਛੇਦ੍ਤੇ= ਕੱਟ ਨਹੀਂ ਸਕਦਾ ॥ ੬ ॥

*ਯਥਾ-*ਜਾ ਕੋ ਰਾਖੇ ਸਾਵਲਾ, ਮਾਰ ਨ ਸਾਕੈ ਕੋਇ।
ਵਾਲ ਨ ਬਾਂਕਾ ਕਰ ਸਕੈ, ਜਉ ਸਭ ਜੰਗ ਵੈਰੀ ਹੋਇ।

ਦੇਖੋ! ਹਰਨਾਖਸ਼ ਨੇ ਭਾਵੇਂ ਕਿਤਨੇ ਦੁੱਖ ਦਿੱਤੇ ਸਨ, ਪਰ ਪ੍ਰਹਿਲਾਦ ਭਗਤ ਦੀ ਰੱਖਿਆ ਭਗਵਾਨ ਨੇ ਆਪ ਕੀਤੀ ਹੈ। ਥੰਮੇ ਵਿੱਚੋਂ ਨਿਕਲ ਕੇ ਨਰਸਿੰਘ ਰੂਪ ਧਾਰ ਕੇ ਹਰਨਾਖਸ਼ ਨੂੰ ਨਹੁੰਆਂ ਨਾਲ ਚੀਰ ਕੇ ਮਾਰ ਦਿੱਤਾ।

*ਯਥਾ-*ਦੁਸਟ ਸਭਾ ਮਹਿ ਮੰਤ੍ਰ ਪਕਾਇਆ ॥ ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ ॥

(ਪੰਨਾ ੧੧੩੩)

ਏਸੇ ਤਰ੍ਹਾਂ ਦੁਰਬਾਸ਼ਾ ਰਿਖੀ ਤੋਂ ਅਮਰੀਕ ਭਗਤ ਦੀ ਰੱਖਿਆ ਕੀਤੀ ਅਤੇ ਜਿਸ ਵੇਲੇ ਤੰਦੂਏ ਨੇ ਹਾਥੀ ਨੂੰ ਗ੍ਰਸਿਆ ਸੀ ਤਾਂ ਹਾਥੀ ਦੀ ਪੁਕਾਰ ਸੁਣ ਕੇ ਉਸ ਦੀ ਸਹਾਇਤਾ ਕੀਤੀ ਸੀ।

ਯਥਾ- ਦੀਨ ਭਇਓ ਗਜ ਰਾਜ, ਹੀਨ ਭਇਓ ਬਲ ਹੂੰ ਤੇ,
ਟੂਟ ਗਇਓ ਮਨ, ਟੇਰਿਓ ਹਰੀ ਹਰੀ ਕਰ ਕੇ।
ਪੋਢੇ ਪ੍ਰਭੂ ਰਮਾ ਸੰਗ, ਪੀਤ ਪਟ ਰਾਤੇ ਰੰਗ,
ਸੋਇ ਉਠੇ ਧਾਇ ਨਾਥ, ਨੈਣ ਆਇਓ ਭਰ ਕੇ।
ਆਧੀ ਰਾਤ ਧਾਏ ਨਾਥ, ਚਕ੍ ਸੁਦਰਸ਼ਨ ਲੀਏ ਹਾਥ,
ਤੋੜ ਦੀਨੋ ਤਦੂਏ ਕੋ, ਜਰੀ ਜਰੀ ਕਰ ਕੇ।
ਤੁਲਸੀ ਦਾਸ ਤ੍ਰਿਲੋਕੀ ਨਾਥ, ਭਗਤਨ ਕੇ ਸਦਾ ਸਾਥ,
ਗਰੜ ਛੋਡ ਧਾਏ ਨਾਥ, ਕਰੀ ਕਰੀ ਕਰ ਕੇ।

ਤਥਾ- ਕਰੀ ਕੀ ਪੁਕਾਰ ਪਰੀ ਸ੍ਵਨੇ, ਕਮਲਾਪਤਿ ਆਪ ਚੜੇ ਪਖਰੀ।
ਪਖਰੀ ਮਧਰੀ ਜਬ ਚਾਲ ਕਰੀ, ਪ੍ਰਭ ਪੈਂਡ ਪਰਿਓ ਅਪੁਰੀ ਪਗਰੀ।
ਪਗਰੀ ਸਗਰੀ ਹਰਿ ਦੌਰ ਕਰੀ, ਤਬ ਚੱਕ੍ ਪਰਿਓ ਅਪੁ ਤੇ ਅਗਰੀ।
ਅਗਰੀ ਨਕਰੀ ਹਰਿ ਮੇਹਰ ਕਰੀ, ਕਰੀ ਕੀ ਪੁਕਾਰ ਸੇ ਮੁਕਤ ਕਰੀ।

ਪੁਨਾ ਦੁਆਪੁਰ ਜੁਗ ਵਿਚ ਦ੍ਰੌਪਤਾਂ ਦੀ ਰੱਖਿਆ ਸ੍ਰੀ ਕ੍ਰਿਸ਼ਨ ਭਗਵਾਨ ਜੀ ਰੂਪ ਹੋ ਕੇ ਹਰੀ ਨੇ ਕੀਤੀ। ਫੇਰ ਕਲਜੁਗ ਵਿਖੇ ਭਗਤ ਨਾਮਦੇਵ ਜੀ ਦੀ ਰੱਖਿਆ ਕੀਤੀ, ਜਦ ਸਲੇਮ ਬਾਦਸ਼ਾਹ ਨੇ ਫੜ ਲਿਆ ਸੀ।

ਯਥਾ- ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥ ੧ ॥
ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥ ੧ ॥ ਰਹਾਉ ॥
ਬਿਸਮਿਲਿ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥ ੨ ॥

www.sikhbookclub.com

ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ॥ ੩॥
ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥ ੪॥ *(ਪੰਨਾ ੧੧੬੫)*

ਏਸੇ ਤਰ੍ਹਾਂ ਭਾਈ ਕਟਾਰੂ ਦੀ ਰੱਖਿਆ ਕੀਤੀ (ਜਿਸ ਦਾ ਵੱਟਾ ਘਟ ਸੀ) ਇਸ ਦੀ ਸਾਖੀ ਸ੍ਰੀ ਅਮੀਰ ਭੰਡਾਰ ਦੇ ੩੯੩ ਪੰਨੇ ਪਰ ਪੜ੍ਹੋ।

ਅਤੇ ਭਾਈ ਤਿਲੋਕ ਦੀ ਰੱਖਿਆ ਕੀਤੀ, ਜਿਸ ਦੀ ਤਲਵਾਰ ਲੱਕੜ ਦੀ ਸੀ। ਇਸ ਦੀ ਸਾਖੀ ਵੀ ਸ੍ਰੀ ਅਮੀਰ ਭੰਡਾਰ ਦੇ ੩੯੧ ਪੰਨੇ ਪਰ ਪੜ੍ਹੋ।

ਫੇਰ ਭਾਈ ਬਿਧੀ ਚੰਦ ਦੀ ਰੱਖਿਆ ਕੀਤੀ (ਜਦ ਭੱਠੀ ਵਿਚ ਵੜ ਗਿਆ ਸੀ) ਇਸ ਵਜ੍ਹਾ ਨਾਲ ਉਹ ਭਗਵਾਨ ਸਭ ਦੀ ਰੱਖਿਆ ਕਰਦਾ ਆਇਆ ਹੈ। ਤੁਸੀਂ ਉਸ ਦੇ ਹੋ ਜਾਓਗੇ ਤਾਂ ਉਹ ਤੁਹਾਡੀ ਵੀ ਰੱਖਿਆ ਕਰੇਗਾ।

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਜਿਸ ਮਨੁੱਖ ਦੀ ਅਉਧ ਪੁੱਜ ਜਾਵੇ ਤੇ ਪਰਮੇਸ਼ਰ ਵੀ ਮਾਰਨਾ ਚਾਹਵੇ ਤਾਂ ਉਸ ਨੂੰ ਕੋਈ ਰੱਖ ਸਕਦਾ ਹੈ ਕਿ ਨਹੀਂ?

ਉੱਤਰ- ਜਿਸ ਦੀ ਅਉਧ ਪੁੱਜ ਜਾਵੇ ਉਸ ਨੂੰ ਕੋਈ ਨਹੀਂ ਰੱਖ ਸਕਦਾ।

ਯਥਾ - ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ॥ *(ਫੁਨਹੇ, ਪੰਨਾ ੧੩੬੩)*

ਅੰਤ ਸਮੇਂ ਇਸ ਪ੍ਰਾਣੀ ਦੇ ਬਚਾਉ ਵਾਸਤੇ ਕੋਈ ਜੰਤਰ ਮੰਤਰ ਭੀ ਨਹੀਂ ਚਲਦਾ।

ਯਥਾ - ਸਭੈ ਮੰਤ੍ਰ ਹੀਣੰ ਸਮੈ ਅੰਤ ਕਾਲੰ॥ ਭਜੋ ਏਕ ਚਿੱਤੰ ਸੁ ਕਾਲੰ ਕ੍ਰਿਪਾਲੰ॥ ੪॥ ੧੩॥

(ਦਸਮ ਗ੍ਰੰਥ, ਸ੍ਰੀ ਮੁਖਵਾਕ, ਪੰਨਾ ੨੨੩)

ਸਾਖੀ—ਰਾਜੇ ਪ੍ਰੀਛਤ ਦੀ

ਇਕ ਸਮੇਂ ਰਾਜਾ ਪ੍ਰੀਛਤ ਸ਼ਿਕਾਰ ਖੇਡਣ ਵਾਸਤੇ ਗਿਆ ਤੇ ਇਸ ਦੇ ਅੱਗੋਂ ਦੀ ਹਰਨ ਨਿਕਲਿਆ, ਪਰ ਉਹ ਹੱਥ ਨਾ ਆਇਆ। ਰਾਜੇ ਨੇ ਜਤਨ ਬੜੇ ਕੀਤੇ ਪਰ ਸ਼ਿਕਾਰ ਨਾ ਮਿਲਿਆ। ਰਸਤੇ ਵਿਚ ਇਕ ਜਗ੍ਹਾ ਵਿਭਾਂਡਵ ਰਿਖੀ ਤਪ ਕਰਦਾ ਵੇਖਿਆ। ਇਸ ਪਾਸੋਂ ਆ ਕੇ ਰਾਜੇ ਨੇ ਪੁੱਛਿਆ ਕਿ ਹਰਨ ਕਿਸ ਪਾਸੇ ਗਿਆ ਹੈ? ਰਿਖੀ ਆਪਣੇ ਧਿਆਨ ਵਿਚ ਮਸਤ ਸੀ ਰਾਜੇ ਨੂੰ ਕੁਝ ਉੱਤਰ ਨਾ ਦਿੱਤਾ। ਰਾਜੇ ਨੇ ਕ੍ਰੋਧ ਕਰ ਕੇ ਪਾਸ ਇਕ ਮਰਿਆ ਹੋਇਆ ਸੁੱਕਾ ਸੱਪ ਵੇਖ ਕੇ ਧਨੁੱਖ ਦੇ ਗੋਸ਼ੇ ਨਾਲ ਉਠਾ ਕੇ ਰਿਖੀ ਦੇ ਗਲ ਪਾ ਦਿੱਤਾ ਤੇ ਆਪਣੇ ਮੰਦਰਾਂ ਵਿਚ ਚਲਾ ਆਇਆ।

ਕਈ ਦਿਨ ਗੁਜਰਨ ਤੋਂ ਬਾਅਦ ਜਿਸ ਵੇਲੇ ਵਿਭਾਂਡਵ ਰਿਖੀ ਦਾ ਚੇਲਾ ਸਿੰਙੀ ਰਿਖੀ ਬ੍ਰਹਮ ਲੋਕ ਵਿਚੋਂ ਵਰ ਲੈ ਕੇ ਆਇਆ ਕਿ "ਮੈਂ ਜੋ ਭੀ ਬਚਨ ਕਹਾਂ ਉਹ ਪੂਰਾ ਹੁੰਦਾ ਜਾਵੇ"। ਜਦ ਆਪਣੇ ਗੁਰੂ ਜੀ ਪਾਸ ਪਹੁੰਚਾ ਤਾਂ ਕੀ ਵੇਖਦਾ ਹੈ ਕਿ ਮੇਰੇ ਗੁਰੂ ਜੀ ਦੇ ਗਲ ਵਿਖੇ ਕਿਸੀ ਨੇ ਸੱਪ ਪਾਇਆ ਹੋਇਆ ਹੈ। ਪੜਤਾਲ ਕਰਨ ਤੋਂ ਪਤਾ ਲੱਗਾ ਕਿ ਰਾਜੇ ਪ੍ਰੀਛਤ ਨੇ ਪਾਇਆ ਹੈ। ਉਸੀ ਵੇਲੇ ਸਰਾਪ ਦੇ ਦਿੱਤਾ ਕਿ ਜਿਸ ਨੇ ਭੀ ਮੇਰੇ ਗੁਰੂ ਦੇ ਗਲ ਵਿਚ ਸੱਪ ਪਾਇਆ ਹੈ ਉਹ ਸੱਪ ਦੀ ਮੌਤ ਹੀ ਮਰ ਜਾਏਗਾ।

ਇਸ ਸਰਾਪ ਦਾ ਪਤਾ ਵਿਭਾਂਡਵ ਰਿਖੀ ਨੂੰ ਭੀ ਲੱਗ ਗਿਆ। ਤਦ ਗੁਰੂ ਨੇ ਆਪਣੇ ਚੇਲੇ ਸਿੰਙੀ ਰਿਖੀ ਨੂੰ ਬੁਲਾ ਕੇ ਕਿਹਾ ਕਿ ਤੂੰ ਬਹੁਤ ਮਾੜਾ ਕੰਮ ਕੀਤਾ ਹੈ, ਰਾਜਾ ਤਾਂ ਬਹੁਤ ਧਰਮਾਤਮਾ ਸੀ ਤੂੰ ਇਸ ਨੂੰ ਸਰਾਪ

ਕਿਉਂ ਦਿੱਤਾ ਹੈ?

ਸਿੰਙੀ ਰਿਖੀ ਨੇ ਕਿਹਾ- ਇਸ ਨੇ ਆਪ ਦੇ ਗਲ ਸੱਪ ਕਿਉਂ ਪਾਇਆ ਹੈ?

ਗੁਰੂ ਨੇ ਕਿਹਾ—ਇਸ ਨੇ ਨਹੀਂ ਪਾਇਆ, ਕਲਜੁਗ ਨੇ ਪਵਾਇਆ ਹੈ। ਉਹ ਕਿਵੇਂ? ਗੁਰੂ ਜੀ! ਸਿੰਙੀ ਰਿਖੀ ਨੇ ਪੁੱਛਿਆ। ਵਿਭਾਂਡਵ ਰਿਖੀ ਨੇ ਕਿਹਾ—ਇਕ ਸਮੇਂ ਇਸ ਨੂੰ ਕਲਜੁਗ ਆ ਮਿਲਿਆ ਸੀ, ਉਸ ਨੇ ਕਿਹਾ— "ਹੇ ਰਾਜਨ! ਮੈਂ ਕਿਥੇ ਰਹਾਂ?" ਰਾਜਾ ਨੇ ਕਿਹਾ—ਜਿਥੇ ਜੂਆਰੀਏ, ਚੋਰ, ਯਾਰ ਵਗੈਰਾ ਹੋਣ ਓਥੇ ਰਿਹਾ ਕਰ। ਕਲਜੁਗ ਨੇ ਕਿਹਾ—ਮੇਰੇ ਰਹਿਣ ਵਾਸਤੇ ਕੋਈ ਚੰਗੀ ਜਗ੍ਹਾ ਵੀ ਦੱਸੋ?

ਤਾਂ ਰਾਜੇ ਨੇ ਕਿਹਾ—ਸੋਨੇ ਪਰ ਭੀ ਨਿਵਾਸ ਕਰ ਸਕਦਾ ਹੈਂ।

ਇਹ ਸੁਣ ਕੇ ਕਲਜੁਗ ਚਲਾ ਗਿਆ। ਜਿਸ ਵੇਲੇ ਇਹ ਰਾਜਾ ਮੇਰੇ ਪਾਸ ਆਇਆ ਸੀ ਉਸ ਵੇਲੇ ਕਲਜੁਗ ਇਸ ਦੇ ਮੁਕਟ ਪਰ ਮੱਖੀ ਦਾ ਰੂਪ ਧਾਰ ਕੇ ਬੈਠਾ ਹੋਇਆ ਸੀ। ਉਸ ਕਲਜੁਗ ਨੇ ਬਿਪ੍ਰੀਤ ਬੁੱਧੀ ਕਰਵਾ ਕੇ ਇਸ ਪਾਸੋਂ ਮੇਰੇ ਗਲ ਵਿਚ ਸੱਪ ਪਵਾਇਆ ਹੈ, ਇਸ ਲਈ ਇਸ ਨੂੰ ਸਰਾਪ ਨਹੀਂ ਸੀ ਦੇਣਾ ਚਾਹੀਦਾ। ਸਿੰਙੀ ਰਿਖੀ ਨੇ ਕਿਹਾ—ਮੇਰਾ ਬਚਨ ਅਟੱਲ ਹੈ, ਇਹ ਤਾਂ ਮੁੜ ਨਹੀਂ ਸਕਦਾ ਇਹ ਹੁਣ ਅਵੱਸ਼ ਹੋ ਕੇ ਰਹੇਗਾ। ਉਸ ਵੇਲੇ ਵਿਭਾਂਡਵ ਰਿਖੀ ਨੇ ਰਾਜੇ ਨੂੰ ਸੁਨੇਹਾ ਭੇਜ ਦਿੱਤਾ ਕਿ ਤੂੰ ਸੱਤਾਂ ਦਿਨਾਂ ਵਿਚ ਮਰ ਜਾਣਾ ਹੈ, ਇਸ ਲਈ ਤੂੰ ਆਪਣਾ ਬੰਦੋਬਸਤ ਕਰ ਲੈ।

ਜਿਸ ਵੇਲੇ ਰਾਜੇ ਪ੍ਰੀਛਤ ਨੇ ਇਹ ਸਰਾਪ ਸੁਣਿਆ ਤਾਂ ਰਾਜੇ ਨੇ ਉਸੀ ਵੇਲੇ ਆਪਣੀ ਜਾਨ ਬਚਾਉਣ ਵਾਸਤੇ ਮੰਤਰੀਆਂ ਨੂੰ ਹੁਕਮ ਦੇ ਕੇ ਗੰਗਾ ਦੇ ਚਲਦੇ ਪ੍ਰਵਾਹ ਵਿਚ ਸ਼ੀਸ਼ ਮਹੱਲ ਉਸਰਾਵਣਾ ਕੀਤਾ, ਜਿਸ ਵਿਚ ਕੀੜੀ ਜਾਂਦੀ ਵੀ ਨਿਗਾਹ ਆਵੇ।

ਉਸੇ ਸ਼ੀਸ਼ ਮਹੱਲ ਵਿਚ ਸੁਕਦੇਵ ਰਿਖੀ ਜੀ ਪਾਸੋਂ "ਸ੍ਰੀ ਮਦ ਭਾਗਵਤ" ਦਾ ਪਾਠ ਰਖਵਾ ਲਿਆ। ਬੜੀ ਸੰਪੂਰਨ ਵਿਧੀ ਨਾਲ ਪਾਠ ਹੁੰਦਾ ਰਿਹਾ।

ਜਿਸ ਵੇਲੇ ਧਨੰਤਰ ਵੈਦ ਨੂੰ ਪਤਾ ਲੱਗਾ ਕਿ ਸਿੰਙੀ ਰਿਖੀ ਦੇ ਸਰਾਪ ਕਰਕੇ ਰਾਜੇ ਪ੍ਰੀਛਤ ਨੇ ਮਰ ਜਾਣਾ। ਹੈ ਤਾਂ ਚਿੱਤ ਵਿਚ ਬੜਾ ਅਫਸੋਸ ਕਰਦਾ ਹੋਇਆ ਤੁਰ ਪਿਆ ਕਿ ਜਿਸ ਤਰ੍ਹਾਂ ਭੀ ਹੋਵੇ ਏਹੋ ਜਿਹੇ ਧਰਮਾਤਮਾ ਰਾਜੇ ਨੂੰ ਬਚਾਉਣਾ ਚਾਹੀਦਾ ਹੈ। ਜਿਸ ਵੇਲੇ ਵੀ ਤੱਛਕ 'ਰਾਜੇ-ਪ੍ਰੀਛਤ' ਨੂੰ ਮਾਰੇਗਾ ਮੈਂ ਉਸ ਨੂੰ ਜਿੰਦਾ ਕਰ ਦਿਆਂਗਾ। ਇਸ ਤਰਫੋਂ ਧਨੰਤਰ ਵੈਦ ਚੱਲ ਪਿਆ, ਦੂਜੇ ਪਾਸਿਓਂ ਤੱਛਕ ਨਾਗ ਵੀ ਰਾਜੇ ਨੂੰ ਮਾਰਨ ਵਾਸਤੇ ਚੱਲ ਪਿਆ। ਤੁਰਦਿਆਂ-ਤੁਰਦਿਆਂ ਰਾਹ ਵਿਚ ਦੋਹਾਂ ਦਾ ਮੇਲ ਹੋ ਗਿਆ। ਦੋਨਾਂ ਦਾ ਆਹਮੋ-ਸਾਹਮਣੇ ਮੇਲ ਹੋਣ ਤੇ ਜਾਣ-ਪਛਾਣ ਹੋਣ ਲੱਗੀ।

ਤੱਛਕ ਨੇ ਪੁੱਛਿਆ - ਤੂੰ ਕੌਣ ਹੈਂ? ਧਨੰਤਰ ਨੇ ਕਿਹਾ - ਮੈਂ ਧਨੰਤਰ ਵੈਦ ਹਾਂ।

ਧਨੰਤਰ ਨੇ ਪੁੱਛਿਆ - ਤੂੰ ਕੌਣ ਹੈਂ? ਤੱਛਕ ਨੇ ਕਿਹਾ - ਮੈਂ ਤੱਛਕ ਨਾਗ ਹਾਂ।

ਧਨੰਤਰ ਨੇ ਪੁੱਛਿਆ - ਤੂੰ ਕਿਥੇ ਚਲਿਆ ਹੈਂ?

ਤੱਛਕ ਨੇ ਕਿਹਾ— ਮੈਂ ਰਾਜੇ ਪ੍ਰੀਛਤ ਨੂੰ ਮਾਰਨ ਚਲਿਆਂ ਹਾਂ।

ਫੇਰ ਤੱਛਕ ਨੇ ਪੁੱਛਿਆ - ਤੂੰ ਕਿੱਥੇ ਚਲਿਆ ਹੈਂ?

ਧਨੰਤਰ ਨੇ ਕਿਹਾ—ਮੈਂ ਰਾਜੇ ਪ੍ਰੀਛਤ ਨੂੰ ਜਿਵਾਉਣ ਲਈ ਚਲਿਆ ਹਾਂ।

ਤੱਛਕ ਨੇ ਵਿਚਾਰਿਆ ਕਿ ਪਹਿਲੇ ਵੇਖੀਏ ਤਾਂ ਸਹੀ ਇਸ ਵਿਚ ਕਿਤਨੀ-ਕੁ ਤਾਕਤ ਹੈ। ਧਨੰਤਰ ਨੂੰ

ਕਿਹਾ—ਪਹਿਲੇ ਤੂੰ ਆਪਣੀ ਤਾਕਤ ਵਿਖਾ, ਤੇਰੇ ਵਿਚ ਕਿਤਨਾ-ਕੁ ਬਲ ਹੈ।

ਧਨੰਤਰ ਨੇ ਕਿਹਾ- ਜਿਥੋਂ ਤਕ ਮੇਰੀ ਨਿਗਾਹ ਜਾਵੇਗੀ ਕਿਸੇ ਨੂੰ ਮਰਨ ਨਹੀਂ ਦਿਆਂਗਾ। ਜੇ ਤੂੰ ਮੇਰਾ ਬਲ ਵੇਖਣਾ ਚਾਹੁੰਦਾ ਹੈਂ ਤਾਂ ਇਹ ਜੋ ਪਿੱਪਲ ਦਾ ਬ੍ਰਿੱਛ ਖਲੋਤਾ ਹੈ, ਇਸ ਨੂੰ ਸਾੜ ਦੇਹ। ਤੱਛਕ ਨੇ ਆਪਣਾ ਫੁੰਕਾਰਾ ਮਾਰ ਕੇ ਉਸ ਨੂੰ ਲੱਕੜਹਾਰੇ ਦੇ ਸਮੇਤ ਸਾੜ ਦਿੱਤਾ।

ਫੇਰ ਧਨੰਤਰ ਨੇ ਕਿਹਾ ਕਿ ਇਸ ਦੀ ਸੁਆਹ ਵੀ ਉਡਾ ਲੈ। ਤੱਛਕ ਨੇ ਦੂਜਾ ਫੁੰਕਾਰਾ ਮਾਰ ਕੇ ਉਸ ਸਣੇ ਬ੍ਰਿੱਛ ਦੀ ਸੁਆਹ ਭੀ ਉਡਾ ਦਿੱਤੀ। ਬ੍ਰਿੱਛ ਦਾ ਨਾਮੋ ਨਿਸ਼ਾਨ ਹੀ ਮਿਟਾ ਦਿਤਾ। ਤੱਛਕ ਨਾਗ ਨੇ ਕਿਹਾ— ਹੁਣ ਤੇਰੀ ਬਾਰੀ ਹੈ ਤੂੰ ਆਪਣੀ ਤਾਕਤ ਵਿਖਾ!

ਧਨੰਤਰ ਵੈਦ ਨੇ ਜਦੋਂ ਨਿਗਾਹ ਭਰ ਕੇ ਵੇਖਿਆ ਤਾਂ ਲੱਕੜਹਾਰੇ ਸਮੇਤ ਉਸ ਬ੍ਰਿੱਛ ਨੂੰ ਅੱਗੇ ਨਾਲੋਂ ਭੀ ਖੂਬਸੂਰਤ ਡਾਲੀਆਂ, ਪੱਤੇ, ਫੁੱਲਾਂ ਨਾਲ ਹਰਿਆ ਭਰਿਆ ਕਰ ਦਿੱਤਾ, ਕਿਉਂਕਿ ਧਨੰਤਰ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਸੀ।

ਇਸ ਕੌਤਕ ਨੂੰ ਵੇਖ ਕੇ ਤੱਛਕ ਬੜਾ ਅਸਚਰਜ ਹੋ ਗਿਆ। ਦਿਲ ਵਿਚ ਵਿਚਾਰਦਾ ਹੈ ਕਿ ਜਿਸ ਵੇਲੇ ਮੈਂ ਰਾਜੇ ਪ੍ਰੀਛਤ ਨੂੰ ਮਾਰਨਾ ਹੈ ਤੇ ਇਸ ਨੇ ਅਵੱਛ ਜ਼ਿੰਦਾ ਕਰ ਦੇਣਾ ਹੈ, ਤਾਂ ਤੇ ਪਹਿਲੇ ਇਸ ਨੂੰ ਖਤਮ ਕਰੀਏ।

ਉਸ ਵੇਲੇ ਤੱਛਕ ਨੇ ਧਨੰਤਰ ਵੈਦ ਨੂੰ ਕਿਹਾ - ਹੇ ਭਾਈ! ਤੂੰ ਰਾਜੇ ਨੂੰ ਜਿਵਾਉਣਾ ਹੈ ਤੇ ਮੈਂ ਮਾਰਨਾ ਹੈ, ਇਸ ਤੇ ਤੇਰਾ ਮੇਰਾ ਕੀ ਸਬੰਧ ਹੈ? ਤੇਰਾ ਰਾਹ ਹੋਰ ਤੇ ਮੇਰਾ ਰਾਹ ਹੋਰ ਹੋਣਾ ਚਾਹੀਦਾ ਹੈ। ਇਤਨੀ ਗੱਲ ਆਖ ਕੇ ਦੋਨੋਂ ਅੱਡ-ਅੱਡ ਰਸਤਿਆਂ ਵਿਚ ਤੁਰ ਪਏ। ਤੱਛਕ ਬੜਾ ਕਪਟੀ ਸੀ, ਇਸ ਨੇ ਲੰਬੀ ਸੋਹਣੀ ਸੋਟੀ ਦਾ ਰੂਪ ਧਾਰ ਲਿਆ ਤੇ ਜਿਸ ਰਸਤੇ ਧਨੰਤਰ ਵੈਦ ਜਾ ਰਿਹਾ ਸੀ, ਉਸ ਰਸਤੇ ਜਾ ਲੰਮਾ ਪਿਆ।

ਜਦ ਚਲਦਾ-ਚਲਦਾ ਧਨੰਤਰ ਵੈਦ ਓਥੇ ਆ ਪਹੁੰਚਾ ਤਾਂ ਸੋਹਣੀ ਸੋਟੀ ਦੇਖ ਕੇ ਚੁੱਕ ਲਈ ਤੇ ਤੁਰ ਪਿਆ। ਜਾਂਦਿਆਂ ਰਾਹ ਵਿਚ ਪਿੱਠ ਪਿੱਛੇ ਖੁਰਕ ਹੋਈ ਤਾਂ ਓਸੇ ਸੋਟੀ ਨਾਲ ਖੁਰਕਣ ਲੱਗ ਪਿਆ (ਕਿਉਂਕਿ ਇਹ ਆਮ ਰਿਵਾਜ ਹੈ ਜਦ ਪਿੱਠ ਪਿੱਛੇ ਖੁਰਕ ਹੋਵੇ ਤਾਂ ਜੋ ਚੀਜ਼ ਹੱਥ ਵਿਚ ਫੜੀ ਹੋਵੇ ਓਸੇ ਨਾਲ ਮਨੁੱਖ ਖੁਰਕਣ ਲੱਗ ਜਾਂਦਾ ਹੈ)।

ਤੱਛਕ ਨਾਗ ਨੇ ਉਸ ਵੇਲੇ ਪਿੱਠ ਪਿੱਛੇ ਅਜੇਹਾ ਡੰਗ ਮਾਰਿਆ ਜਿਸ ਤੇ ਧਨੰਤਰ ਵੈਦ ਓਥੇ ਹੀ ਢੇਰੀ ਹੋ ਗਿਆ। ਪਿੱਠ ਪਿੱਛੇ ਇਸ ਦੀ ਨਿਗਾਹ ਨਹੀਂ ਸੀ ਜਾ ਸਕਦੀ, ਜਿਸ ਤੇ ਇਹ ਓਸੇ ਵੇਲੇ ਮਰ ਗਿਆ, ਕਿਉਂਕਿ ਇਸ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਸੀ। ਦ੍ਰਿਸ਼ਟੀ ਜਿਥੇ ਭੀ ਪੈ ਜਾਵੇ ਉਹ ਹਰਿਆ ਭਰਿਆ ਹੋ ਜਾਂਦਾ ਸੀ।

ਜਿਸ ਬਾਗ ਵਿਚ ਮਾਲੀ ਫੁੱਲ ਤੋੜ ਰਿਹਾ ਸੀ ਓਸੇ ਬਾਗ ਵਿਚ ਫੁੱਲਾਂ ਵਿਚ ਕੀੜੀ ਦਾ ਨਿੱਕਾ ਜਿਹਾ ਰੂਪ ਧਾਰ ਕੇ ਤੱਛਕ ਪ੍ਰਵੇਸ਼ ਕਰ ਗਿਆ। ਜਦ ਮਾਲੀ ਫੁੱਲ ਤੋੜ ਕੇ ਸ਼ੀਸ਼ ਮਹਲ ਵਿਚ ਪਹੁੰਚਾ ਤਾਂ ਤੱਛਕ ਵੀ ਨਾਲ ਹੀ ਪਹੁੰਚ ਗਿਆ ਫੁੱਲ ਓਥੇ ਰੱਖ ਦਿੱਤੇ।

ਜਦ ਸੁਕਦੇਵ ਜੀ ਨੇ ਸ੍ਰੀ ਮਦ ਭਾਗਵਤ ਦਾ ਭੋਗ ਪਾਇਆ ਤਾਂ ਧੂਪ ਤਿਲਕ ਫੁੱਲ ਵਗੈਰਾ ਨਾਲ ਚੰਗੀ ਤਰ੍ਹਾਂ ਪੂਜਨ ਕਰ ਕੇ ਫੇਰ ਉਹ ਫੁੱਲ ਪ੍ਰਸ਼ਾਦ ਦੇ ਤੌਰ ਤੇ ਰਾਜੇ ਪ੍ਰੀਛਤ ਨੂੰ ਦਿੱਤੇ। ਰਾਜੇ ਨੇ ਫੁੱਲਾਂ ਦਾ ਪ੍ਰਸ਼ਾਦ ਲੈ ਕੇ ਜਦ ਸੁੰਘਿਆ ਤਾਂ ਤੱਛਕ ਨੇ ਉਸੀ ਵੇਲੇ ਡੰਗ ਮਾਰ ਕੇ ਉਸ ਦੇ ਪ੍ਰਾਣ ਖਿੱਚ ਲੀਤੇ ਜਿਸ ਤੇ ਰਾਜਾ ਪ੍ਰੀਛਤ ਮਰ ਗਿਆ।

ਦੇਖੋ! ਰਾਜੇ ਨੇ ਆਪਣੀ ਜਾਨ ਬਚਾਉਣ ਲਈ ਚਾਹੇ ਕਿਤਨੇ ਯਤਨ ਭੀ ਕੀਤੇ ਪਰ ਉਮਰਾ ਪੁੱਜ ਜਾਣ

ਤੇ ਕੋਈ ਪੇਸ਼ ਨਾ ਗਈ। ਹੁਣ ਅੱਖਰਾਂ ਵੱਲ ਧਿਆਨ ਦਿਓ—

ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ॥

ਰਾਜਾ ਪ੍ਰੀਛਤ ਆਪਣੇ ਮਰਨੇ ਨੂੰ ਸੁਣ ਕੇ ਬਹੁਤ ਸਾਰੇ ਯਤਨ ਕਰਦਾ ਹੋਇਆ ਕਾਰੀ= ਔਸ਼ਧੀ ਕਰਨ ਵਿਖੇ ਜੋ ਬੜੇ ਬਲ ਵਾਲਾ ਧਨੰਤਰ ਵੈਦ ਹੈ ਉਸ ਨੂੰ ਭੀ ਬੁਲਵਾਇਆ ਪਰ ਉਹ ਤਾਂ ਰਾਹ ਵਿਚ ਹੀ ਮਰ ਗਿਆ।

ਵਾ:-ਬਲਵੰਤਕਾਰੀ= ਬੜੇ-ਬੜੇ ਬਲ ਦੇ ਕਰਨ ਵਾਲੇ ਜੋ ਸੂਰਮੇਂ ਹਨ, ਉਹਨਾਂ ਕਰ ਕੇ ਜੋ ਚਤੁਰ ਦਿਸਹ= ਚਾਰੋਂ ਤਰਫ ਸੇਵਨੇ ਜੋਗ ਹੈ।

ਭਾਵ ਆਪਣੇ ਸ਼ੀਸ਼ ਮਹਿਲ ਦੇ ਚਾਰੋਂ ਤਰਫ ਜਿਸ ਨੇ ਸੂਰਮੇਂ ਖੜੇ ਕਰ ਦਿੱਤੇ ਸਨ ਕਿ ਤੱਛਕ ਨਾਗ ਆਵਣਾ ਹੀ ਨਾ ਪਾਵੇ।

ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ॥

ਕਾਂਸ਼ੀ ਵਿਚ ਜਾ ਕੇ ਬਿਖਮ= ਕਠਨ ਗੰਗਾ ਦੇ ਚਲਦੇ ਪਰਵਾਹ ਵਿਚ ਉੱਚੇ ਅਸਥਾਨ ਭਾਵ ਸ਼ੀਸ਼ ਮਹਿਲ ਨੂੰ ਬਣਾ ਕੇ ਵਸਦਾ ਹੋਇਆ ਤੇ ਸ੍ਰੀ ਮਦ ਭਾਗਵਤ ਦਾ ਸਪਤਾਹ ਪਾਠ ਰਖਵਾ ਦਿੱਤਾ। ਜੋ ਆਪਣੇ ਮਰਨੇ ਨੂੰ ਕਦਾਂਚਹ= ਕਦਾਚਿਤ ਸਿਮਰਦਾ ਨਾ ਹੋਇਆ, ਆਖਦਾ ਸੀ ਕਿ ਮੈਂ ਮਰਨਾ ਹੀ ਨਹੀਂ। ਪਰ—

ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥ ੭॥

ਗੁਰੂ ਜੀ ਕਥਨ ਕਰਦੇ ਹਨ - (ਹੇ ਹਰੀ ਲਾਲ ਕ੍ਰਿਸ਼ਨ ਲਾਲ! ਜਿਸ ਵੇਲੇ) ਭਗਵਾਨ ਪੁਰਖ ਦੀ ਆਗਿਆ ਹੋਵੰਤਿ= ਹੋਈ (ਤਾਂ ਤੱਛਕ ਨਾਗ ਨੇ ਪਹਿਲੇ ਤਾਂ ਰਾਹ ਵਿਚ ਧਨੰਤਰ ਵੈਦ ਦੇ ਸਵਾਸ ਖਿੱਚ ਲੀਤੇ। ਪਿੱਛੇ ਫੁੱਲਾਂ ਵਿਚ ਪ੍ਰਵੇਸ਼ ਕਰ ਕੇ) ਕੀੜੀ ਰੂਪ ਵਿਚ ਸ਼ੀਸ਼ ਮਹਿਲ ਵਿਖੇ ਪਹੁੰਚ ਕੇ ਪ੍ਰੀਛਤ ਰਾਜੇ ਦੇ ਸਵਾਸਾਂ ਨੂੰ ਅਕਰਖਤੇ= ਖਿੱਚ ਲੀਤਾ* ॥ ੭॥

ਯਥਾ-ਸਚੈ ਸਾਹਿਬ ਮਾਰਿਆ ਕਉਣੁ ਤਿਸ ਨੋ ਰਖੈ॥
ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ॥ ੨੮॥

(ਗਉੜੀ ਵਾਰ ਸਲੋਕ, ੨੮, ਪੰਨਾ ੩੧੫)

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਗੁਰੂ ਜੀ! ਕਲਜੁਗ ਵਿਚ ਇਸ ਜੀਵ ਨੂੰ ਕਿਹੜੇ ਕਰਮ ਕਰਨੇ ਜੋਗ ਹਨ ਜਿਸ ਕਰ ਕੇ ਆਉਣਾ ਜਾਣਾ ਭਰਮ ਅਤੇ ਮੋਹ ਮਿਟ ਜਾਵੇ?

ਗੁਰ ਉੱਤਰ:-

ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ॥

ਗੁਰ ਸ਼ਬਦ ਵਿਖੇ ਰਤੰ= ਪਰੇਮ ਕਰਨਾ, ਸਾਰਿਆਂ ਉੱਤੇ ਮਇਆ= ਦਇਆ ਕਰਨ ਵਿੱਚ ਹਿਤੰ= ਪਰੇਮ ਕਰਨਾ, ਪਰਮਾਤਮਾ ਦਾ ਕੀਰਤਨ। ਵਾ:-ਜਸ ਕਰਨਾ, ਕਲੀ= ਕਲਜੁਗ ਵਿਖੇ ਇਹ ਤਿੰਨੇ ਕਰਮ ਕ੍ਰਿਤੁਆ= ਕਰਨ ਜੋਗ ਹਨ।

ਜਿਹੜਾ ਪੁਰਸ਼ ਇਹ ਤਿੰਨ ਪਰਕਾਰ ਦੇ ਕਰਮਾਂ ਨੂੰ ਕਰਦਾ ਹੈ-

**ਇਹ ਸਾਖੀ ਸ੍ਰੀ ਅਮੀਰ ਭੰਡਾਰ ਦੀ ਪਹਿਲੀ ਐਡੀਸ਼ਨ ਦੇ ੫੮ ਪੰਨੇ ਪਰ ਛਪੀ ਹੋਈ ਹੈ। ਦੂਜੀ, ਤੀਜੀ ਐਡੀਸ਼ਨ ਦੇ ੧੦੦ ਪੰਨੇ ਪਰ ਭੀ ਛਪੀ ਹੋਈ ਹੈ। ਪੰਜਵੀਂ ਐਡੀਸ਼ਨ ਦੇ ੧੦੬ ਪੰਨੇ ਪਰ ਛਪੀ ਹੈ।*

ਮਿਟੰਤਿ ਤਤ੍ਰਾ ਗਤ ਭਰਮ ਮੋਹੰ ॥ ਭਗਵਾਨ ਰਮਣੰ ਸਰਬਤ੍ਰ ਥਾਨ੍ਹਿੰ ॥

ਤਤ੍ਰਾ= ਤਿਸ ਪੁਰਸ਼ ਦਾ ਆਗਤ= ਆਉਣਾ ਜਾਣਾ, ਸਰੂਪ ਵਿਖੇ ਭਰਮ ਅਤੇ ਸਰੀਰ ਦਾ ਮੋਹ ਮਿਟ ਜਾਂਦਾ ਹੈ ਅਤੇ ਸਾਰਿਆਂ ਅਸਥਾਨਾਂ ਪਰ ਭਗਵਾਨ ਨੂੰ ਰਮਣੰ= ਰਮਿਆ ਹੋਇਆ ਨਿਸਚੇ ਕਰਦਾ ਹੈ।

ਦ੍ਰਿਸਟ ਤੁਯੰ ਅਮੋਘ ਦਰਸਨੰ

ਤੁਯੰ= ਉਹ ਪੁਰਸ਼ ਭਗਵਾਨ ਦੇ ਅਮੋਘ= ਦਰਸਨੰ= ਸਫਲ ਦਰਸ਼ਨ ਨੂੰ ਦ੍ਰਿਸ਼ਟ= ਅੱਖਾਂ ਨਾਲ ਦੇਖਦਾ ਹੈ।

ਵਾ:-ਉਸ ਗੁਰਮੁਖ ਦਾ ਸਫਲ ਦਰਸ਼ਨ ਦ੍ਰਿਸ਼ਟ ਤੁਯੰ= ਦੇਖਣ ਜੋਗ ਹੋ ਜਾਂਦਾ ਹੈ।

ਵਾ:-ਹੇ ਹਰੀ ਲਾਲ, ਕ੍ਰਿਸ਼ਨ ਲਾਲ! ਸਾਰਿਆਂ ਅਸਥਾਨਾਂ ਵਿਚ ਵਿਆਪਕ ਜਾਣ ਕੇ ਤੂੰ ਭਗਵਾਨ ਨੂੰ ਰਮਣੰ= ਉਚਾਰਨਾ ਕਰ ਤਾਂ ਸਫਲ ਦਰਸ਼ਨਾਂ ਵਾਲਾ ਪਰਮੇਸ਼ਰ ਤੁਯੰ ਦ੍ਰਿਸਟ= ਤੇਰੀ ਦ੍ਰਿਸ਼ਟੀ ਵਿਚ ਆ ਜਾਏਗਾ।

ਪ੍ਰਸ਼ਨ- ਉਹ ਪ੍ਰਭੂ ਕਿੱਥੇ ਵਸਦਾ ਹੈ? *ਗੁਰ ਉੱਤਰ -*

ਬਸੰਤ ਸਾਧ ਰਸਨਾ ॥

ਉਹ ਪ੍ਰਭੂ ਸੰਤਾਂ ਦੀ ਰਸਨਾ ਪਰ ਵਸਦਾ ਹੈ।

ਯਥਾ- ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥ *(ਪੰਨਾ ੨੬੩)*

ਤਥਾ- ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥ ੨ ॥ ੧ ॥ *(ਪੰਨਾ ੭੦੦)*

ਪ੍ਰਸ਼ਨ- ਕਿਹੜੇ ਸੰਤਾਂ ਦੀ ਰਸਨਾ ਪਰ ਵਸਦਾ ਹੈ? *ਗੁਰ ਉੱਤਰ-*

ਹਰਿ ਹਰਿ ਹਰਿ ਹਰੇ ਨਾਨਕ ਪ੍ਰਿਅੰ ਜਾਪੁ ਜਪਨਾ ॥ ੮ ॥

ਜੋ ਹਰੀ ਹਰਇਕ ਜੀਵ ਦੇ ਹਰੇ ਕਰਨ ਵਾਲਾ ਹੈ, ਤਿਸ ਪਿਆਰੇ ਹਰੀ ਦੇ ਜਪ ਨੂੰ ਜੋ ਜਪਣਾ ਕਰਦੇ ਹਨ, ਉਹਨਾਂ ਸੰਤਾਂ ਦੀ ਰਸਨਾ ਪਰ ਪ੍ਰਭੂ ਵਸਦਾ ਹੈ॥ ੮ ॥

ਪੁਨਾ ਬੇਨਤੀ ਕੀਤੀ ਕਿ ਸੰਸਾਰ ਵਿਚ ਕਿਹੜੀ-ਕਿਹੜੀ ਵਸਤੂ ਘਟਣੇ ਵਾਲੀ ਹੈ ਅਤੇ ਕਿਹੜੀ ਵਸਤੂ ਇਸਥਿਤ ਰੂਪ ਹੈ? *ਗੁਰ ਉੱਤਰ-*

ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਰਿ ਗਗਨੰ ॥

ਚੁਰਾਸੀ ਲੱਖ ਜੂਨੀਆਂ ਦੇ ਰੂਪੰ= ਅਕਾਰ ਘਟਣ ਵਾਲੇ ਹਨ, ਸਮੁੰਦਰਾਂ ਦੀ ਘੇਰੀ ਹੋਈ ਪ੍ਰਿਥਵੀ ਜੋ ਸੱਤ ਦੀਪ ਰੂਪ ਹੈ ਉਹ ਸੱਤ ਦੀਪ ਭੀ ਘਟਣ ਵਾਲੇ ਹਨ।

ਅਥਵਾ- ਸਰੀਰ ਦਾ ਰੂਪੰ= ਅਕਾਰ ਘਟਣੇ ਵਾਲਾ ਹੈ ਜੋ ਪ੍ਰਣਮਦਾ ਰਹਿੰਦਾ ਹੈ (ਬਾਲਕ ਤੋਂ ਕਿਸ਼ੋਰ, ਫੇਰ ਜੋਬਨ, ਫੇਰ ਅਧਖੜ ਪੁਨਾ ਬਿਰਧ ਹੋ ਜਾਂਦਾ ਹੈ)। ਸਰੀਰ ਦੇ ਦੋ ਦੀਪਕ ਭੀ ਘਟਦੇ ਜਾਂਦੇ ਹਨ, ਅਰਥਾਤ ਨੇਤਰਾਂ ਦੀ ਜੋਤ ਘਟਦੀ ਜਾਂਦੀ ਹੈ।

ਰਵਿ ਸਸੀ= ਸੂਰਜ ਚੰਦ੍ਰਮਾ ਤੇ ਉਨ੍ਹਾਂ ਦੇ ਅਰ= ਵੈਰੀ ਰਾਹੂ ਕੇਤੂ, ਨਖ੍ਰਿ= ਤਾਰੇ, ਗਗਨੰ= ਅਕਾਸ਼, ਇਹ ਸਭ ਘਟਦੇ ਜਾਂਦੇ ਹਨ।

ਯਥਾ- ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥ ੮॥ ੧੭॥

(ਸਿਰੀਰਾਗੁ ਮਹਲਾ ੧, ਪੰਨਾ ੬੪)

ਘਟੰਤ ਬਸੁਧਾ ਗਿਰਿ ਤਰ ਸਿ ਖੰਡੰ॥

ਬਸੁਧਾ= ਪ੍ਰਿਥਵੀ, ਗਿਰਿ= ਪਹਾੜ, ਤਰ= ਬ੍ਰਿਛ, ਸਿ= ਤ੍ਰਿੰਨੇ ਲੋਕ।

ਵਾ:-ਤ੍ਰਿੰਨਾਂ ਲੋਕਾਂ ਦੇ ਪਦਾਰਥ ਅਤੇ ਨੌ ਖੰਡ ਇਹ ਸਭ ਘਟ ਜਾਣ ਵਾਲੇ ਹਨ।

ਘਟੰਤ ਲਲਨਾ ਸੁਤ ਭ੍ਰਾਤ ਹੀਤੰ॥

ਬਿਰ ਅਵਸਥਾ ਦੇ ਆਇਆਂ ਲਲਨਾ= ਇਸਤਰੀ ਦਾ ਤੇ ਸੁਤ= ਪੁੱਤਰ ਦਾ ਪਰੇਮ, ਗਰੀਬੀ ਦੇ ਆਇਆਂ ਭਰਾਵਾਂ ਦਾ ਹੀਤੰ= ਪਰੇਮ ਘਟ ਜਾਣ ਵਾਲਾ ਹੈ।

ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ॥

ਕਨਿਕ= ਸੋਨਾ ਅਤੇ ਮਾਣਿਕ ਜੋ ਭੀ ਪਦਾਰਥ ਮਾਇਆ ਸਰੂਪ ਹਨ, ਉਹ ਸਭ ਘਟ ਜਾਣ ਵਾਲੇ ਅਰਥਾਤ ਨਾਸਵੰਤ ਹਨ।

ਨਹ ਘਟੰਤ ਕੇਵਲ ਗੋਪਾਲ ਅਚੁਤ॥

ਕੇਵਲ= ਫਕਤ ਸੁਖ ਸਰੂਪ ਜੋ ਗੋਪਾਲ ਹੈ, ਅਚੁਤ= ਅਗਿਜ਼, ਉਹ ਨਹੀਂ ਘਟਦਾ, ਅਰਥਾਤ ਉਹ ਸਦਾ ਇਕਰਸ ਰਹਿੰਦਾ ਹੈ।

ਅਸਥਿਰੰ ਨਾਨਕ ਸਾਧ ਜਨ॥ ੯॥

ਗੁਰੂ ਜੀ ਕਥਨ ਕਰਦੇ ਹਨ- ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਸ ਪਰਮਾਤਮਾ ਦੇ ਸਰੂਪ ਜੋ ਸੰਤ ਜਨ ਹਨ, ਉਹ ਭੀ ਇਸਥਿਤ ਰੂਪ ਹਨ।

ਯਥਾ- ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥ ੧੭॥ (ਮਾਰੂ ਵਾਰ, ਪੰਨਾ ੧੧੦੦)

ਤਥਾ- ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ॥ (ਸਾਰੰਗ ਕਬੀਰ, ਪੰਨਾ ੧੨੫੧)

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ-ਗੁਰੂ ਜੀ! ਇਸ ਜੀਵ ਨੂੰ ਕਿਸ ਕਰਮ ਦੇ ਕਰਨ ਵਿਖੇ ਦੇਰੀ ਨਹੀਂ ਕਰਨੀ ਚਾਹੀਦੀ ਅਤੇ ਕਿਸ ਕਰਮ ਦੇ ਕਰਨ ਵਿਚ ਦੇਰ ਕਰਨੀ ਚਾਹੀਦੀ ਹੈ?

ਗੁਰ ਉੱਤਰ-

ਨਹ ਬਿਲੰਬ ਧਰਮੰ

ਧਰਮ ਦੇ ਕਰਨ ਵਿਚ ਬਿਲੰਬ= ਦੇਰੀ ਨਾ ਕਰੇ, ਕਿਉਂਕਿ ਇਹ ਮਨ ਬੜਾ ਪਾਪੀ ਹੈ, ਇਸ ਦੇ ਫਿਰਦਿਆਂ ਕੁਝ ਪਤਾ ਨਹੀਂ ਲੱਗਦਾ, ਜਿਸ ਵੇਲੇ ਭੀ ਸ਼ੁਭ ਸੰਕਲਪ ਉੱਠੇ, ਉਸੇ ਵੇਲੇ ਪੂਰਾ ਕਰ ਦੇਵੇ।

ਸਾਖੀ—ਖਜੂਰਾਂ ਖਾਣ ਵਾਲੇ ਦੀ

ਕੋਈ ਕੰਜੂਸ ਆਦਮੀ ਖਜੂਰਾਂ ਖਾਣ ਦੇ ਲਾਲਚ ਵਿਚ ਇਕ ਖਜੂਰ 'ਤੇ ਚੜ੍ਹ ਗਿਆ। ਖਜੂਰ ਦਾ ਬ੍ਰਿਛ ਬੜਾ ਸਿੱਧਾ ਤੇ ਲੰਬਾ ਹੁੰਦਾ ਹੈ। ਸਨੇ ਸਨੇ ਚੜ੍ਹ ਤਾਂ ਗਿਆ ਪਰ ਉਤਰਨ ਦੀ ਚਿੰਤਾ ਲੱਗ ਗਈ। ਬੜੀ ਸੋਚ

ਵਿਚਾਰ ਤੋਂ ਪਿੱਛੋਂ ਈਸ਼ਵਰ ਅੱਗੇ ਪ੍ਰਾਰਥਨਾ ਕੀਤੀ ਕਿ ਹੇ ਪ੍ਰਭੂ! ਜੇ ਮੈਂ ਸੁਖ ਸਾਂਦ ਨਾਲ ਉਤਰ ਆਇਆ ਤਾਂ ਤੇਰੇ ਨਮਿੱਤ ਤੇਰੇ ਸੰਤਾਂ ਨੂੰ ਇਕ ਸੌ ਚਾਦਰ ਦਾਨ ਕਰਾਂਗਾ, ਇਉਂ ਸੁੱਖਣਾ ਸੁੱਖ ਕੇ ਭੈ-ਭੀਤ ਹੋਇਆ ਹੋਇਆ ਹੌਲੀ-ਹੌਲੀ ਉਤਰਨ ਲੱਗ ਪਿਆ। ਦੇਵਨੇਤ ਨਾਲ ਜਦੋਂ ਅੱਧ ਵਿਚਕਾਰ ਆਇਆ ਤਾਂ ਮਨ ਫਿਰ ਗਿਆ ਕਿ ਸੌ ਚਾਦਰ ਉਤੇ ਘਟੋ ਘਟ ਇਕ ਹਜ਼ਾਰ ਰੁਪਿਆ ਲਗੇਗਾ, ਪੰਜਾਹ ਹੀ ਬੜੀਆਂ ਹਨ। ਜਦੋਂ ਹੋਰ ਹੇਠਾਂ ਆਇਆ ਫੇਰ ਪੰਝੀ ਦਾ ਸੰਕਲਪ ਬਣ ਗਿਆ। ਜਦੋਂ ਬਿਲਕੁਲ ਉਤਰ ਆਇਆ ਤਾਂ ਦੱਸ ਹੀ ਬਾਕੀ ਰਹਿ ਗਈਆਂ। ਦੁਕਾਨ 'ਤੇ ਆ ਕੇ ਭਾਅ ਪੁੱਛਿਆ ਤਾਂ ਦੱਸ ਚਾਦਰਾਂ ਦਾ ਮੁੱਲ ਇਕ ਸੌ ਰੁਪਿਆ ਸੁਣ ਕੇ ਕਹਿਣ ਲੱਗਾ ਅੱਜ ਇਕੋ ਹੀ ਲੈ ਜਾਂਦਾ ਹਾਂ। ਬਾਕੀ ਨੌਂ ਫੇਰ ਸਹੀ। ਇਕ ਚਾਦਰ ਦਾ ਮੁੱਲ ਦੇ ਕੇ ਦੌੜਦਾ ਹੋਇਆ ਸੰਤ ਮੰਡਲੀ ਪਾਸ ਪੁੱਜਾ। ਮਹੰਤ ਦੇ ਅੱਗੇ ਚਾਦਰ ਰੱਖ ਕੇ ਕਹਿਣ ਲੱਗਾ ਛੇਤੀ ਅਰਦਾਸ ਕਰੋ, ਨਹੀਂ ਤਾਂ ਇਹ ਵੀ ਗਈ ਜੇ।

ਸੋ ਇਸ ਤਰ੍ਹਾਂ ਮਨੁੱਖ ਨੂੰ ਧਰਮ ਨਮਿੱਤ ਦਾਨ ਕਰਨ ਲਗਿਆਂ ਕੋਈ ਦੇਰ ਨਹੀਂ ਕਰਨੀ ਚਾਹੀਦੀ, ਹੋ ਸਕਦਾ ਹੈ ਕਿ ਇਸ ਚਾਦਰਾਂ ਦੇ ਦਾਨੀ ਵਾਂਗੂੰ ਮਨੁੱਖ ਦਾ ਮਨ ਫਿਰ ਜਾਵੇ।

ਬਿਲੰਬ ਪਾਪੰ॥

ਪਾਪ ਕਰਮ ਕਰਨ ਵਿਚ ਦੇਰੀ ਕਰ ਦੇਵੇ, ਪਾਪ ਕਰਮ ਕਰਨ ਲਗਿਆਂ ਕੰਧ ਪਾਸੋਂ ਭੀ ਪੁੱਛ ਲਵੇ, ਪਾਪ ਕਰਮ ਜਲਦੀ ਨਾ ਕਰੇ।

ਸਾਖੀ—ਇਕ ਰਾਜੇ ਦੀ

ਕਿਸੇ ਸ਼ਹਿਰ ਦਾ ਚੱਕ੍ਰਵਰਤੀ ਬਾਦਸ਼ਾਹ ਕਿਸ਼ੇ ਕਾਰਜ ਲਈ ਦੋ ਦਿਨਾਂ ਵਾਸਤੇ ਆਪਣੇ ਸ਼ਹਿਰ ਤੋਂ ਬਾਹਰ ਚਲਾ ਗਿਆ। ਉਸੇ ਹੀ ਦਿਨ ਸ਼ਹਿਰ ਵਿਚ ਤਮਾਸ਼ਾ ਕਰਨ ਵਾਲੇ ਰਾਸਧਾਰੀਏ ਆ ਗਏ, ਇਹ ਬੜੇ ਮਸ਼ਹੂਰ ਸਨ। ਸ਼ਹਿਰ ਵਿਖੇ ਮੁਨਿਆਦੀ ਕਰਵਾਈ ਗਈ। ਖੁਲ੍ਹੇ ਪੰਡਾਲ ਵਿਚ ਕਨਾਤਾਂ, ਸਾਇਬਾਨ ਤਾਣੇ ਗਏ, ਸਾਰੇ ਸ਼ਹਿਰ ਵਿਚ ਧੁੰਮ ਪੈ ਗਈ। ਕੀ ਗਰੀਬ, ਕੀ ਅਮੀਰ, ਅਹਿਲਕਾਰਾਂ ਸਮੇਤ ਰਾਜੇ ਦੇ ਅਫਸਰ ਵੀ ਪੁੱਜੇ। ਜਦੋਂ ਰਾਜ ਪੁੱਤਰੀ ਨੂੰ ਪਤਾ ਲੱਗਾ ਤਾਂ ਉਸ ਨੇ ਵਜ਼ੀਰ ਦੀ ਲੜਕੀ ਨਾਲ ਜਾਣ ਦੀ ਤਿਆਰੀ ਕਰ ਲਈ ਅਰ ਆਪਣੀ ਮਾਤਾ ਪਾਸ ਆ ਕੇ ਤਮਾਸ਼ਾਂ ਦੇਖਣ ਦੀ ਆਗਿਆ ਮੰਗੀ। ਪਟਰਾਣੀ ਕਹਿਣ ਲੱਗੀ- ਬੱਚੀ! ਪਬਲਕ ਦੇ ਇਕੱਠ ਵਿਚ ਸਾਡਾ ਰਾਜੇ ਲੋਕਾਂ ਦਾ ਜਾਣਾ ਨਹੀਂ ਬਣਦਾ, ਤੂੰ ਨੌਜਵਾਨ ਰਾਜ ਪੁੱਤਰੀ ਹੈਂ ਜੇਕਰ ਤੇਰੇ ਪਿਤਾ ਨੂੰ ਪਤਾ ਲੱਗ ਗਿਆ ਤਾਂ ਅਸਾਂ ਦੋਹਾਂ 'ਤੇ ਬੜਾ ਨਰਾਜ਼ ਹੋਵੇਗਾ। ਰਾਣੀ ਨੇ ਬਥੇਰਾ ਸਮਝਾਇਆ ਪਰ ਭ੍ਰਿਯ ਹਠ ਅਨੁਸਾਰ ਰਾਜ ਕੁਮਾਰੀ ਨੇ ਇਕ ਨਾ ਮੰਨੀ। ਅਖੀਰ ਨੂੰ ਮਹਾਰਾਣੀ ਨੇ ਕਿਹਾ- ਜੇਕਰ ਤੂੰ ਜ਼ਰੂਰ ਹੀ ਜਾਣਾ ਹੈ ਤਾਂ ਮਰਦਾਵੀਂ ਪੁਸ਼ਾਕ ਪਹਿਨ ਕੇ ਚਲੀ ਜਾਹ। ਰਾਜ ਕੁਮਾਰੀ ਨੇ ਆਪਣੀ ਮਾਤਾ ਦੇ ਕਹੇ ਅਨੁਸਾਰ ਰਾਜ ਕੁਮਾਰਾਂ ਵਾਲੇ ਬਸਤ੍ਰ ਸ਼ਸਤ੍ਰ ਸਜਾ ਲਏ ਅਤੇ ਤਮਾਸ਼ਾ ਦੇਖਣ ਵਾਸਤੇ ਚਲੀ ਗਈ। ਤਮਾਸ਼ੇ ਵਿਚ ਬੜਾ ਭਾਰੀ ਇਕੱਠ ਸੀ, ਚੰਗਾ ਸੋਹਣਾ ਤਮਾਸ਼ਾ ਕੀਤਾ ਰਾਤ ਦੇ ਦੋ ਵੱਜ ਗਏ। ਜਦੋਂ ਸਮਾਪਤ ਹੋਇਆ ਸਾਰੇ ਹੀ ਆਪੋ ਆਪਣੇ ਘਰਾਂ ਨੂੰ ਚਲੇ ਗਏ ਰਾਜਕੁਮਾਰੀ ਵੀ ਮਰਦਾਵੀਂ ਪੁਸ਼ਾਕ ਵਿਚ ਸ਼ਾਹੀ ਮਹਿਲਾਂ ਵਿਚ ਪੁੱਜੀ। ਬੜੀ ਨੀਂਦ ਦੇ ਕਾਰਨ ਆਪਣੇ ਕਮਰੇ ਵਿਚ ਜਾਣ ਦੀ ਬਜਾਇ ਸ਼ਸਤ੍ਰ ਬਸਤ੍ਰਾਂ ਸਮੇਤ ਆਪਣੀ ਮਾਤਾ ਨਾਲ ਹੀ ਪਲੰਘ ਪਰ ਸੌਂ ਗਈ। ਦੇਵ ਨੇਤ ਨਾਲ ਜਿਸ ਕਾਰਜ ਵਾਸਤੇ ਰਾਜਾ ਬਾਹਰ ਗਿਆ ਸੀ ਉਹ ਛੇਤੀ ਹੋ ਜਾਣ ਦੇ ਕਾਰਣ ਉਸੇ ਹੀ ਰਾਤ ਵਾਪਸ ਆ ਗਿਆ ਜਦ ਮਹਿਲਾਂ ਵਿਖੇ ਪੁੱਜਾ ਤਾਂ ਰਾਣੀ ਨਾਲ ਕਿਸੇ ਨੌਜੁਆਨ ਪਰਾਏ ਪੁਰਸ਼ ਨੂੰ ਸੁੱਤੇ ਪਿਆਂ ਦੇਖ ਕੇ ਗੁੱਸੇ ਦੀ ਹਦ ਨਾ ਰਹੀ ਉਸੇ ਵੇਲੇ ਤਲਵਾਰ ਦੀ ਮੁੱਠ 'ਤੇ ਹੱਥ ਰਖਿਆ ਕਿ ਇਕੋ ਵਾਰ ਨਾਲ ਦੋਹਾਂ ਦਾ ਸਿਰ ਲਾਹ ਦੇਵਾਂ ਪਰ ਫੇਰ ਖਿਆਲ ਕੀਤਾ ਕਿ ਦੇਖ ਤਾਂ ਲਵਾਂ ਇਹ ਹੈ ਕੋਣ? ਹੁਣ ਮੇਰੇ ਪਾਸੋਂ ਦੌੜ ਤਾਂ ਸਕਦਾ ਹੀ ਨਹੀਂ ਨੰਗੀ ਤਲਵਾਰ ਲੈ ਕੇ ਪਾਸ ਬੈਠ ਗਿਆ।

ਜਦ ਦਿਨ ਚੜ੍ਹਿਆ ਰਾਣੀ ਨੇ ਪਾਸਾ ਪਰਤਿਆ ਤਾਂ ਕਿਹਾ- ਬੱਚੀ! ਤੂੰ ਆਪਣੇ ਪਲੰਘ 'ਤੇ ਕਿਉਂ ਨਹੀਂ ਸੁੱਤੀ? ਇਹ ਦੇਖ, ਸੁਣ ਕੇ ਰਾਜੇ ਨੇ ਬੜਾ ਪਸਚਾਤਾਪ ਕੀਤਾ ਕਿ ਚੰਗਾ ਹੋ ਗਿਆ ਮੈਂ ਕਾਹਲੀ ਨਹੀਂ ਕਰ ਬੈਠਾ, ਇਸ ਲਈ ਪਾਪ ਕਰਮ ਕਰਨ ਵਿਚ ਜ਼ਰੂਰ ਹੀ ਦੇਰ ਕਰਨੀ ਚਾਹੀਦੀ ਹੈ।

ਦ੍ਰਿੜੰਤ ਨਾਮੰ ਤਜੰਤ ਲੋਭੰ॥ ਸਰਣਿ ਸੰਤੰ ਕਿਲਬਿਖ ਨਾਸੰ

ਪਰਮੇਸ਼ਰ ਦੇ ਨਾਮ ਨੂੰ ਦ੍ਰਿੜ੍ਹ ਕਰੇ, ਪਦਾਰਥਾਂ ਦੇ ਲੋਭ ਨੂੰ ਤਿਆਗਣਾ ਕਰੇ। ਸੰਤਾਂ ਦੀ ਸ਼ਰਨ ਵਿਖੇ ਪੈਦਾ ਕਰੇ, ਕਿਉਂਕਿ ਸੰਤਾਂ ਦੀ ਸ਼ਰਨ ਗ੍ਰਹਿਣ ਕਰਣ ਨਾਲ ਸਭ ਪਾਪ ਨਾਸੰ= ਨਸ ਜਾਂਦੇ ਹਨ।

ਪ੍ਰਾਪਤੰ ਧਰਮ ਲਖ੍ਹਿਣ॥ ਨਾਨਕ ਜਿਹ ਸੁਪ੍ਰਸੰਨ ਮਾਧਵਹ॥ ੧੦॥

(ਅਤੇ) ਧਰਮ ਦੇ ਚਿੰਨ ਪ੍ਰਾਪਤ ਹੁੰਦੇ ਹਨ। ਸਾਰੁਕਤਾਵਲੀ ਵਿਚ ਧਰਮ ਦੇ ਇਹ ਦਸ ਚਿੰਨ੍ਹ ਕਥਨ ਕੀਤੇ ਹਨ:

ਖਿਮਾ ਅਹਿੰਸਾ ਦਯਾ ਮ੍ਰਿਦੁ ਸਤ ਬਚਨ ਤਪ ਦਾਨ।
ਸੀਲ ਸੌਚ ਤ੍ਰਿਸ਼ਨਾ ਬਿਨਾਂ ਧਰਮ ਲਿੰਗ ਦਸ ਜਾਨ। *(ਸਾਰੁਕਤਾਵਲੀ ਅਧਿ. ੧)*

ਪ੍ਰਸ਼ਨ- ਸੰਤਾਂ ਦੀ ਸ਼ਰਨ ਵਿਚ ਕੌਣ ਜਾਂਦਾ ਹੈ? *ਉੱਤਰ :*

ਗੁਰੂ ਸਾਹਿਬ ਜੀ ਕਥਨ ਕਰਦੇ ਹਨ—ਜਿਸ ਉੱਤੇ ਉਹ ਮਾਇਆ ਪਤੀ ਪਰਮਾਤਮਾ ਪ੍ਰਸੰਨ ਹੁੰਦਾ ਹੈ, ਉਹ ਸੰਤਾਂ ਦੀ ਸ਼ਰਨ ਵਿਚ ਪ੍ਰਾਪਤ ਹੁੰਦਾ ਹੈ॥ ੧੦॥

ਯਥਾ- ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥ *(ਪੰਨਾ ੨੫੫)*

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਗੁਰੂ ਜੀ! ਇਹਨਾਂ ਸੰਸਾਰੀ ਜੀਵਾਂ ਦਾ ਉਧਾਰ ਕਿਉਂ ਨਹੀਂ ਹੁੰਦਾ? *ਗੁਰ ਉੱਤਰ-*

ਇਹ ਸੰਸਾਰੀ ਜੀਵ ਪੁਠੇ ਰਸਤੇ ਚਲਦੇ ਹਨ ਇਸ ਕਰ ਕੇ ਤਰਦੇ ਨਹੀਂ।

ਮਿਰਤ ਮੋਹੰ ਅਲਪ ਬੁਧ੍ਹਿ ਰਚੰਤਿ ਬਨਿਤਾ ਬਿਨੋਦ ਸਾਹੰ॥

ਇਹ ਅਲਪ ਬੁਧ੍ਹਿ= ਤੁੱਛ ਬੁੱਧੀ ਵਾਲਾ ਜੀਵ, ਮੋਹ ਦਾ ਮਿਰਤ= ਮਾਰਿਆ ਹੋਇਆ ਬਨਿਤਾ= ਇਸਤ੍ਰੀ ਦੇ ਬਿਨੋਦ= ਕੌਤਕਾਂ ਦੇ ਸਾਹੰ= ਉਤਸ਼ਾਹ ਵਿਚ ਰਚ ਰਿਹਾ ਹੈ।

ਵਾ:- ਸਾਹੰ= ਸਵਾਸ-ਸਵਾਸ ਇਸਤ੍ਰੀ ਦੇ ਕੌਤਕਾਂ ਵਿਚ ਤਦਾਕਾਰ ਹੋ ਰਿਹਾ ਹੈ।

ਵਾ:- ਇਸਤ੍ਰੀ ਦੇ ਕੌਤਕ ਵਿਚ ਰਚ ਕੇ ਐਸੇ ਕਹਿੰਦਾ ਹੈ ਕਿ ਸਾਹੰ= ਇਹ ਮੇਰਾ ਰੂਪ ਹੈ ਤੇ ਮੈਂ ਇਸ ਦਾ ਰੂਪ ਹਾਂ।

ਜੋਬਨ ਬਹਿਕ੍ਰਮ ਕਨਿਕ ਕੁੰਡਲਹ॥

ਜੋਬਨ ਬਹਿਕ੍ਰਮ= ਜੁਆਨੀ ਅਵਸਥਾ ਵਿਚ ਕੰਨਾਂ ਵਿਚ ਕਨਿਕ= ਸੋਨੇ ਦੇ ਕੁੰਡਲ ਪਾਉਂਦਾ ਹੈ ਪਰ ਇਹ ਸ਼ਾਸਤ੍ਰ ਤੋਂ ਵਿਰੁਧ ਹੈ, ਕੰਨਾਂ ਵਿਚ ਜਾਂ ਨੱਕ ਵਿਚ ਛੇਕ ਕਰ ਕੇ ਕੁੰਡਲ ਵਗੈਰਾ ਪਾਉਣ ਦੀ ਕੋਈ ਮਹੱਤਤਾ ਨਹੀਂ ਹੈ।

ਸਾਖੀ—ਰਾਜੇ ਦੱਛ ਪਰਜਾਪਤਿ ਦੀ

ਇਕ ਸਮੇਂ ਰਾਜਾ ਦਛ ਪਰਜਾਪਤਿ ਨੇ ਪਹਿਲੇ ਜਨਮ ਵਿਚ ਆਪਣੀ ਇਕ ਲੜਕੀ ਸਾਬਤ ਸੂਰਤ ਰੱਖ ਕੇ ਅਰਥਾਤ ਸਰੀਰ ਦੇ ਨੱਕ ਕੰਨ ਆਦਿਕ ਵਿੰਨ੍ਹੇ ਤੋਂ ਬਗੈਰ, ਭਾਵ ਗਹਿਣੇ ਪਾਏ ਤੋਂ ਬਗੈਰ ਹੀ ਦਾਨ ਕਰ ਦਿੱਤੀ।

ਉਸ ਪੁੰਨ ਦਾ ਫਲ ਇਸ ਨੂੰ ਇਹ ਮਿਲਿਆ ਕਿ ਇਕ ਤਾਂ ਦੱਛ ਪਰਜਾਪਤਿ ਦੀ ਪਦਵੀ ਮਿਲ ਗਈ, ਦੂਜਾ ਦਸ ਹਜ਼ਾਰ ਕੰਨਿਆਂ ਇਸ ਦੇ ਘਰ ਵਿਚ ਜੰਮ ਪਈਆਂ। ਸਮੇਂ ਅਨੁਸਾਰ ਇਸ ਨੇ ਸੋਚਿਆ ਕਿ ਪਿਛਲੇ ਜਨਮ ਵਿਚ ਮੈਂ ਇਕ ਕੰਨਿਆਂ ਸਾਬਤ ਸੂਰਤ ਦਾਨ ਕੀਤੀ ਸੀ ਤੇ ਉਸ ਦਾ ਫਲ ਮੈਨੂੰ ਇਹ ਮਿਲਿਆ ਹੈ ਕਿ ਸਭ ਨਾਲੋਂ ਵੱਡਾ ਰਾਜਾ ਹੋ ਗਿਆ ਹਾਂ, ਜੇ ਹੁਣ ਸਾਰੀਆਂ ਦਸ ਹਜ਼ਾਰ ਦੀਆਂ ਦਸ ਹਜ਼ਾਰ ਹੀ ਨੱਕ, ਕੰਨ ਵਿੰਨ੍ਹੇ ਬਗੈਰ ਸਾਬਤ ਸੂਰਤ ਦਾਨ ਕਰ ਦੇਵਾਂ ਤਾਂ ਕੋਈ ਇਸ ਤੋਂ ਭੀ ਉੱਚੀ ਪਦਵੀ ਮਿਲੇਗੀ।

ਜਿਸ ਵੇਲੇ ਦੱਛ ਪਰਜਾਪਤਿ ਰਾਜੇ ਨੇ ਇਹ ਸੰਕਲਪ ਕੀਤਾ ਤਾਂ ਬ੍ਰਹਮਾ ਨੂੰ ਡਰ ਪੈ ਗਿਆ ਕਿ ਹੁਣ ਤਾਂ ਇਹ ਮੇਰੀ ਪਦਵੀ ਸੰਭਾਲ ਲਏਗਾ, ਕਿਉਂਕਿ ਇੰਦਰ ਤੋਂ ਤਾਂ ਇਹ ਪਹਿਲੇ ਹੀ ਵੱਡਾ ਹੈ।

ਬ੍ਰਹਮਾ ਨੇ ਨਾਰਦ ਨੂੰ ਸੱਦ ਕੇ ਕਿਹਾ- ਜੇਕਰ ਦੱਛ ਪਰਜਾਪਤਿ ਰਾਜੇ ਨੇ ਆਪਣੀਆਂ ਸਾਰੀਆਂ ਕੰਨਿਆਂ ਨੱਕ, ਕੰਨ ਵਿੰਨ੍ਹੇ ਤੋਂ ਬਗੈਰ ਸਾਬਤ ਸੂਰਤ ਵਿਚ ਵਿਆਹ ਦਿੱਤੀਆਂ ਤਾਂ ਮੇਰਾ ਕੰਮ ਖਰਾਬ ਹੋ ਜਾਣਾ ਹੈ। ਇਸ ਲਈ ਤੂੰ ਆਪ ਹੀ ਜਾ ਕੇ ਉਸ ਦੇ ਮਨ ਨੂੰ ਪ੍ਰੇਰਨਾ ਕਰ ਜਿਸ ਤੇ ਉਹ ਲੜਕੀਆਂ ਨੂੰ ਸਾਬਤ ਸੂਰਤ ਨਾ ਵਿਆਹੇ।

ਨਾਰਦ ਮੁਨੀ ਨੇ ਝਟ 'ਦੱਛ ਪਰਜਾਪਤਿ'' ਪਾਸ ਆ ਕੇ ਕਿਹਾ - ਹੇ ਰਾਜਨ! ਇਤਨਾ ਵੱਡਾ ਰਾਜਾ ਹੋ ਕੇ ਜੇ ਤੂੰ ਨੱਕ, ਕੰਨ ਵਿਚ ਗਹਿਣੇ ਪਾਏ ਤੋਂ ਬਿਨਾਂ ਆਪਣੀਆਂ ਲੜਕੀਆਂ ਵਿਆਹੇਂਗਾ ਤਾਂ ਤੇਰੀ ਇੱਜ਼ਤ ਨਹੀਂ ਹੋਣੀ। ਇਹੋ ਜਿਹੀਆਂ ਗੱਲਾਂ ਕਹਿ ਕੇ ਨੱਕ, ਕੰਨ ਆਦਿਕਾਂ ਵਿਚ ਛੇਕ ਪੁਆ ਕੇ ਗਹਿਣੇ ਪਹਿਰਾ ਕੇ ਲੜਕੀਆਂ ਵਿਆਹ ਦਿੱਤੀਆਂ।

ਇਸ ਤਰ੍ਹਾਂ ਕਰਨ ਨਾਲ ਫਲ ਪ੍ਰਾਪਤ ਹੋਣਾ ਕਿਧਰੇ ਰਿਹਾ, ਸਗੋਂ ਦੱਛ ਪਰਜਾਪਤਿ ਨੂੰ ਦੰਡ ਮਿਲਿਆ। ਜਦੋਂ ਕਿ ਇਸ ਨੇ ਯੱਗ ਰਚਿਆ ਸੀ, ਉਸ ਸਮੇਂ ਨਾ ਸ਼ਿਵਾਂ ਨੂੰ ਬੁਲਾਇਆ ਸੀ ਤੇ ਨਾ ਹੀ ਸ਼ਿਵਾਂ ਦਾ ਹਿੱਸਾ ਕੱਢ ਕੇ ਰਖਿਆ ਸੀ, ਪਰ ਸਤੀ ਆਪਣੇ ਆਪ ਚਲੀ ਗਈ ਸੀ। ਹੋਰ ਸਾਰਿਆਂ ਦੇ ਭਾਗ ਕਢੇ ਹੋਏ ਸਨ ਤੇ ਸ਼ਿਵਾਂ ਦਾ ਭਾਗ ਨਹੀਂ ਕਢਿਆ ਹੋਇਆ ਸੀ।

ਇਹ ਗੱਲ ਵੇਖ ਕੇ ਸਤੀ ਯੱਗ ਵਿਚ ਸੜ ਮੋਈ ਤਾਂ ਫਿਰ ਸ਼ਿਵਾਂ ਨੇ ਆਪਣੀ ਲਿਟਾਂ ਵਿਚੋਂ 'ਬੀਰ ਭੱਦਰ'' ਪੈਦਾ ਕਰ ਕੇ ਉਸ ਨੂੰ ਭੇਜਿਆ ਸੀ। ਉਸ ਨੇ ਆਂ ਕੇ ਸਾਰੇ ਯੱਗ ਵਿਚ ਵਿਘਨ ਪਾ ਦਿੱਤਾ ਸੀ। ਇਹ ਦੰਡ ਮਿਲਿਆ। *ਯਥਾ - ਬੀਰ ਭਦ੍ਰ ਦਛ ਪਰ।* *(ਨਾਨਕ ਪ੍ਰਕਾਸ਼)*

ਇਹ ਪ੍ਰਸੰਗ ਭਾਗਵਤ ਪੁਰਾਨ ਦੇ ਚੌਥੇ ਸਕੰਧ ਵਿਚ ਅਧਿਆਇ ਦੂਜੇ ਤੋਂ ਲੈ ਕੇ ਸੱਤਵੇਂ ਤਕ ਲਿਖਿਆ ਹੈ।

ਸੋ ਸਾਧਸੰਗਤ ਜੀਉ! ਕੰਨ ਆਦਿਕਾਂ ਨੂੰ ਛੇਦ ਕੇ ਕੁੰਡਲ ਪਾਉਣ ਦੀ ਕੋਈ ਵਿਸ਼ੇਸ਼ਤਾ ਨਹੀਂ ਹੈ। ਇਹ ਤਾਂ ਐਵੇਂ ਸੰਸਾਰਕ ਰਸਮੋ ਰਿਵਾਜ ਹੈ।

ਦਸਮੇਸ਼ ਪਾਤਸ਼ਾਹ ਜੀ ਦਾ ਭੀ ਹੁਕਮ ਹੈ ਕਿ ''ਜੋ ਭੀ ਅੰਮ੍ਰਿਤ ਪਾਨ ਦਾ ਅਭਿਲਾਸ਼ੀ ਹੈ। ਉਹ ਗਲ ਵਿਚ ਹਾਰ, ਕੰਨਾਂ ਵਿਚ ਕੁੰਡਲ, ਹੱਥ ਵਿਚ ਮੁੰਦ੍ਰੀ, ਨੱਕ ਵਿਚ ਨੱਥ ਵਗੈਰਾ ਪਾ ਕੇ ਅੰਮ੍ਰਿਤ ਨਾ ਛਕੇ।''

ਅਥਵਾ- ਜੁਆਨੀ ਦੇ ਬਹਿਕ੍ਰਮ= ਬਲ ਵਿਚ ਇਹ ਜੀਵ ਰਚ ਰਿਹਾ ਹੈ ਅਤੇ ਕਨਿਕ= ਸੁਵਰਨ ਦੇ ਕੁੰਡਲ ਆਦਿਕਾਂ ਵਿਚ ਰਚ ਰਿਹਾ ਹੈ।

ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤ੍ਰੰਤ ਮਾਇਆ ਬ੍ਯਾਪਿਤੰ॥

ਬਚਿਤ੍ਰ= ਨਾਨ੍ਹਾ ਪ੍ਰਕਾਰ ਦੇ ਜੋ ਸੋਹਣੇ ਮੰਦਰ ਹਨ, ਜਿਸ ਵਿਚ ਵਿਕਾਰਾਂ ਦੇ ਪੈਦਾ ਕਰਨ ਵਾਲੀਆਂ ਨਗਨ ਇਸਤ੍ਰੀਆਂ ਦੀਆ ਫੋਟੋ ਚਿਤਰੀਆਂ ਹੋਣ ਅਤੇ ਸੋਭਨੀਕ ਰੇਸ਼ਮੀ ਬਸਤਰਾਂ ਦਾ ਸਮਦਾਅ ਹੈ, ਇਤ੍ਰੰਤ= ਇਤਆਦਿਕ ਪਦਾਰਥਾਂ ਦਾ ਰੂਪ ਜੋ ਮਾਇਆ ਹੈ ਅੰਤ ਵੰਤ ਹੋ ਜਾਣ ਵਾਲੀ ਤਿਸ ਵਿਚ ਮਨ ਵਿਆਪ ਰਿਹਾ ਹੈ।

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ: ਕੀਤੀ ਜੀ ਸਾਡਾ ਉਧਾਰ ਕਿਵੇਂ ਹੋਵੇ?

ਹਜ਼ੂਰ ਨੇ ਕਿਹਾ- ਪਰਮੇਸ਼ਰ ਅੱਗੇ ਇਸ ਤਰ੍ਹਾਂ ਪ੍ਰਾਰਥਨਾ ਕਰੋ-

ਹੇ ਅਚੁਤ ਸਰਣਿ ਸੰਤ ਨਾਨਕ ਭੋ ਭਗਵਾਨ ਏ ਨਮਹ॥ ੧੧॥

ਹੇ ਅਚੁਤ= ਅਗਿੜ! ਆਪ ਸੰਤਾਂ ਦਾ ਸਰਣਿ= ਆਸਰ ਰੂਪ ਹੋ, ਭੋ= ਹੇ ਭਗਵਾਨ ਆਪ ਕੇ ਏ= ਤਾਈਂ* ਮੇਰੀ ਨਮਸਕਾਰ ਹੈ॥ ੧੧॥

ਇਸ ਵਾਸਤੇ ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਸ ਸੰਸਾਰ ਦਾ ਤਿਆਗ ਕਰਨਾ ਹੀ ਸ੍ਰੇਸ਼ਟ ਹੈ ਕਿਉਂਕਿ ਇਸ ਸੰਸਾਰ ਵਿਚ ਦ੍ਵੰਦ ਵਾਦ ਬਣੇ ਰਹਿੰਦੇ ਹਨ-

ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ॥

ਜੇਕਰ ਜੰਮਣਾ ਹੈ ਤਾਂ ਮਰਨਾ ਵੀ ਨਾਲ ਹੈ, ਜੇਕਰ ਕਿਸੇ ਪਦਾਰਥ ਦੇ ਪ੍ਰਾਪਤ ਕੀਤੇ ਦੀ ਖੁਸ਼ੀ ਹੈ ਤਾਂ ਉਸ ਦੇ ਅਭਾਵ ਹੋ ਜਾਣ ਤੇ ਚਿੰਤਾ ਵੀ ਬਣੀ ਰਹਿੰਦੀ ਹੈ। ਜੇਕਰ ਚੰਗੇ-ਚੰਗੇ ਭੋਗ ਮਿਲਦੇ ਹਨ ਤਾਂ ਰੋਗ ਵੀ ਨਾਲ ਤਿਆਰ ਹੁੰਦੇ ਹਨ।

ਯਥਾ - ਭੁਗਤਾ ਜਾਣ ਭੋਗ ਮੈਂ ਭੋਗੇ ਉਲਟਾ ਭੋਗੋਂ ਭੋਗਯੋ ਮੋਹਿ॥ ੧॥ *(ਵੈਰਾਗ ਸ਼ਤਕ, ਧਿਆ ੨)*

ਭੋਗਾ ਨ ਭੁਗਤਾ ਵਈ ਮੇਵ ਭੁਗਤਾ।

ਊਚੰ ਤ ਨੀਚੰ ਨਾਨ੍ਹਾ ਸੁਮੂਚੰ॥

ਜੇਕਰ ਊਚੰ= ਉੱਚਾ ਹੈ ਭਾਵ ਮਾਇਆ ਧਾਰੀ ਹੈ ਤਾਂ ਨੀਚੰ= ਨੀਵਾਂ ਹੋਣਾ ਭਾਵ ਕੰਗਾਲ ਹੋਣਾ ਵੀ ਨਾਲ ਹੈ, ਜੇਕਰ ਨਾਨ੍ਹਾ= ਨਿੱਕਾ ਹੈ ਭਾਵ ਤੁੱਛ ਬਿਭੂਤੀ ਵਾਲਾ ਹੈ ਤਾਂ ਸੁਮੂਚੰ= ਵੱਡੇ ਵਿਸਥਾਰ ਵਾਲਾ ਵੀ ਹੋਣਾ ਨਾਲ ਹੀ ਬਣਿਆਂ ਹੈ।

ਅਥਵਾ- ਜੇਕਰ ਹੰਕਾਰ ਕਰ ਕੇ ਊਚੰ= ਉੱਚਾ ਭਾਵ ਵੱਡਾ ਅਖਵਾਉਂਦਾ ਹੈ, ਤਾਂ ਅੰਤ ਨੂੰ ਨੀਚੰ= ਟੇਢੀਆਂ ਜੂਨਾਂ ਵਿਚ ਪ੍ਰਾਪਤ ਹੋਵੇਗਾ।

ਯਥਾ- ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥ *(ਸੁਖਮਨੀ ਸਾਹਿਬ, ਪੰਨਾ ੨੭੮)*

ਤਥਾ- ਊਚਾ ਚੜੈ ਸੁ ਪਵੈ ਪਇਆਲਾ॥ ਧਰਨਿ ਪੜੈ ਤਿਸੁ ਲਗੈ ਨ ਕਾਲਾ॥ ੩॥

(ਆਸਾ ਮਹਲਾ ੫, ਪੰਨਾ ੩੭੪)

**ਇਹ ਚੌਥੀ ਵਿਭਗਤੀ ਹੈ ਜੋ 'ਏ' ਦਾ ਅਰਥ 'ਤਾਈਂ' ਕੀਤਾ ਹੈ। ਜਿਵੇਂ ਸ੍ਰੀ ਸੁਖਮਨੀ ਸਾਹਿਬ ਵਿਚ ਆਦਿ ਗੁਰ ਏ ਨਮਹ। ਓਥੇ ਭੀ 'ਏ' ਦਾ ਅਰਥ 'ਤਾਈਂ' ਕੀਤਾ ਜਾਂਦਾ ਹੈ।*

ਜੇਕਰ ਨਾਨ੍ਹਾ= ਨਿੱਕਾ (ਛੋਟਾ) ਭਾਵ ਗਰੀਬੀ ਵਾਲਾ ਹੈ ਤਾਂ ਸੁਮੂਚੰ= ਸ਼ੁਭ-ਗੁਣਾਂ ਨਾਲ ਸ੍ਰੇਸ਼ਟ ਵਿਸਥਾਰ ਵਾਲਾ ਵੀ ਹੋ ਜਾਵੇਗਾ।

ਯਥਾ- ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥ *(ਗਉੜੀ ਸੁਖਮਨੀ ਮ: ੫, ਪੰਨਾ ੨੭੬)*

[ਪੰਨਾ ੧੩੫੫]

ਰਾਜੰ ਤ ਮਾਨੰ ਅਭਿਮਾਨੰ ਤ ਹੀਨੰ॥

(ਹੇ ਹਰੀ ਲਾਲ, ਕ੍ਰਿਸ਼ਨ ਨਾਲ! ਜੇਕਰ) ਰਾਜ ਪਦਵੀ ਦੀ ਪ੍ਰਾਪਤੀ ਹੈ ਤਾਂ ਉਸ ਦੇ ਹੀਨੰ= ਨਾਸ਼ ਹੋਣ ਦਾ ਡਰ ਵੀ ਨਾਲ ਹੈ। ਇਸ ਭੈ ਕਰ ਕੇ ਰਾਜੇ ਲੋਕਾਂ ਨੂੰ ਨੀਂਦ ਨਹੀਂ ਪੈਂਦੀ ਤਾਂ ਫਿਰ ਡਾਕਟਰ ਲੋਕ ਰਾਜਿਆਂ ਨੂੰ ਬਿਜਲੀ ਨਾਲ ਅਤੇ ਦਵਾਈਆਂ ਪਿਲਾ ਕੇ, ਟੀਕੇ ਵਗੈਰਾ ਲਗਾ ਕੇ ਸਵਾਉਂਦੇ ਹਨ, ਜੇਕਰ ਮਾਨੰ= ਆਦਰ ਹੈ ਤਾਂ ਅਭਿਮਾਨੰ= ਅਪਮਾਨ ਭਾਵ ਨਿਰਾਦਰ ਹੋਣ ਦਾ ਵੀ ਭੈ ਬਣਿਆ ਰਹਿੰਦਾ ਹੈ।

ਅਥਵਾ - ਜੇ ਰਾਜ-ਭਾਗ ਪ੍ਰਾਪਤ ਹੈ ਤਾਂ ਰਾਜ ਮਦ ਕਰ ਕੇ ਮਾਨੰ= ਹੰਕਾਰ ਹੋ ਜਾਂਦਾ ਹੈ, ਜੇ ਹੰਕਾਰੀ ਹੋ ਜਾਵੇ ਤਾਂ ਉਹ ਰਾਜ ਨਿਸਫਲ ਚਲਾ ਜਾਂਦਾ ਹੈ।

ਯਥਾ- ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥ ੨॥ *(ਸੂਹੀ ਮਹਲਾ ੫, ਪੰਨਾ ੭੪੫)*

ਜੇਕਰ ਦਿਲ ਵਿੱਚ ਰਾਵਨ ਦੇ ਸਮਾਨ ਅਭਿਮਾਨੰ= ਹੰਕਾਰ ਹੈ, ਜਿਸ ਰਾਵਨ ਨੇ ਕਰ (ਡੰਨ) ਲਗਾ ਕੇ ਰਿਖੀਆਂ ਦਾ ਖੂਨ ਚੁੱਇਆ ਸੀ ਤਾਂ ਅੰਤ ਨੂੰ ਹੀਨਤਾ ਭੀ ਨਾਲ ਹੈ ਜੋ ਕਿ ਚਾਰ ਰਤੀਆਂ ਸੋਨਾ ਭੀ ਮੂੰਹ ਵਿਚ ਪਾਉਣਾ ਨਾ ਮਿਲਿਆ।

ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ॥

ਪੂਰਬ ਕਥਨ ਅਨੁਸਾਰ ਜਿਤਨਾ ਵੀ ਪ੍ਰਵਿਰਤੀ ਮਾਰਗ ਵਿਚ ਵਰਤਣਾ ਹੈ ਉਹ ਸਭ ਬਿਨਾਸਨੰ= ਨਾਸ ਰੂਪ ਹੈ। ਇਸ ਵਾਸਤੇ ਹੇ ਹਰੀ ਲਾਲ, ਕ੍ਰਿਸ਼ਨ ਲਾਲ! ਤੁਹਾਨੂੰ ਚਾਹੀਦਾ ਹੈ ਕਿ-

ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ ਨਾਨਕ ਭਗਵੰਤ ਭਜਨਾਸਨੰ॥੧੨॥

ਅਸਥਿਰ ਕਰਨ ਵਾਲਾ ਜੋ ਗੋਬਿੰਦ ਦਾ ਭਜਨ ਹੈ, ਉਸ ਨੂੰ ਸੰਤਾਂ ਨਾਲ ਮਿਲ ਕੇ ਕਰੋ।

ਅਥਵਾ- ਸੰਤਾਂ ਦੇ ਸੰਗ ਮਿਲ ਕੇ ਜੋ ਵਾਹਿਗੁਰੂ ਦਾ ਭਜਨ ਕਰਦੇ ਹਨ, ਉਹ ਅਸਥਿਰੰ= ਇਸਥਿਤ ਹੋ ਜਾਂਦੇ ਹਨ।

ਯਥਾ- ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥ ੧੭॥
ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ ੧੮॥ *(ਡਖਣੇ ਦੀ ਵਾਰ, ਪੰਨਾ ੧੧੦੦)*

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਪ੍ਰਸ਼ਨ ਕੀਤਾ ਕਿ ਪੂਰਨ ਸੰਤ ਕਿਹੜੇ ਹਨ? ਗੁਰ ਉੱਤਰ ਜੋ ਭਗਵੰਤ ਦੇ ਭਜਨ+ਅਸਨੰ= ਭਜਨ ਕਰਨੇ ਰੂਪ ਭੋਜਨ ਨੂੰ ਛਕਦੇ ਹਨ।

ਅਥਵਾ- ਜੋ ਅਠੇ ਪਹਿਰ ਭਗਵੰਤ ਨੂੰ ਭਜਨਾਸਨੰ= ਭਜਨਾ ਕਰਦੇ ਹਨ।

ਅਥਵਾ- ਜਿਨ੍ਹਾਂ ਨੇ ਕੇਵਲ ਭਗਵੰਤ ਦੇ ਭਜਨ ਸਿਮਰਨ ਵਿਚ ਹੀ ਆਸਣ ਭਾਵ ਇਸਥਿਤੀ ਕੀਤੀ ਹੈ

ਉਹ ਪੂਰਨ ਸੰਤ ਹਨ। ਉਹਨਾਂ ਨਾਲ ਮਿਲ ਕੇ ਗੋਬਿੰਦ ਦਾ ਭਜਨ ਕਰੋ॥ ੧੨॥

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ— ਸੁਆਮੀ ਜੀ! ਬੁੱਧੀ ਵਿਚ ਗਿਆਨ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ? *ਗੁਰ ਉੱਤਰ-*

ਕਿਰਪੰਤ ਹਰੀਅੰ ਮਤਿ ਤਤੁ ਗਿਆਨੰ॥ ਬਿਗਸੀਧ੍ਰਿ ਬੁਧਾ ਕੁਸਲ ਥਾਨੰ॥

ਪਹਿਲਾ ਅਰਥ- ਹਰੀ ਦੀ ਕਿਰਪੰਤ= ਕਿਰਪਾ ਹੋਵੇ ਤਾਂ ਮਤਿ= ਬੁੱਧੀ ਵਿਚ ਤਤੁ ਗਿਆਨੰ= *ਯਥਾਰਥ-* ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਕੁਸਲ ਥਾਨੰ= ਸਰੂਪ ਅਸਥਾਨ ਦੀ ਪ੍ਰਾਪਤੀ ਵਾਲੀ ਬਿਗਸੀਧ੍ਰਿ ਬੁਧਾ= ਆਤਮ ਵਿਸ਼ੈਣੀ ਬੁੱਧੀ ਖਿੜ ਆਉਂਦੀ ਹੈ।

ਪ੍ਰਸ਼ਨ- ਹਿਰਦਾ ਸੀਤਲ ਕਿਸ ਦਾ ਹੁੰਦਾ ਹੈ? *ਗੁਰ ਉੱਤਰ-*

ਬਸ੍ਯੰਤ ਰਿਖਿਅੰ ਤਿਆਗਿ ਮਾਨੰ॥ ਸੀਤਲੰਤ ਰਿਦਯੰ ਦ੍ਰਿੜ੍ਹ ਸੰਤ ਗਿਆਨੰ॥

ਜਿਸ ਨੇ ਰਿਖਿਅੰ= ਇੰਦ੍ਰੀਆਂ ਨੂੰ ਵਿਸ਼ਿਆਂ ਵਲੋਂ ਬਸ੍ਯੰਤ= ਵਸੀਕਾਰ ਕਰ ਕੇ ਆਪਣੇ ਅੰਦਰੋਂ ਮਾਨ ਨੂੰ ਤਿਆਗਿਆ ਹੈ ਅਤੇ ਸੰਤਾਂ ਦੇ ਉਪਦੇਸ਼ ਦੁਆਰਾ ਤਤ ਗਿਆਨ ਨੂੰ ਦ੍ਰਿੜ੍ਹ ਕੀਤਾ ਹੈ, ਉਸ ਦਾ ਹਿਰਦਾ ਸੀਤਲ ਹੁੰਦਾ ਹੈ।

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ ਕਿ ਜਨਮ ਮਰਨ ਤੋਂ ਰਹਿਤ ਕੌਣ ਹੁੰਦਾ ਹੈ?

ਗੁਰ ਉੱਤਰ:-

ਰਹੰਤ ਜਨਮੰ ਹਰਿ ਦਰਸ ਲੀਨਾ॥ ਬਾਜੰਤ ਨਾਨਕ ਸਬਦ ਬੀਣਾਂ॥ ੧੩॥

ਬੀਣਾਂ= ਸੁੰਦਰ ਗੁਰਾਂ ਦੇ ਸਬਦ= ਉਪਦੇਸ਼ ਦੇ ਬਾਜੰਤ= ਪ੍ਰਗਟ ਹੋਣ ਕਰ ਕੇ ਜੋ ਪੁਰਸ਼ ਹਰੀ ਦੇ ਦਰਸ਼ਨਾਂ ਵਿਚ ਲੀਨ ਹੋਇਆ ਹੈ ਉਹ ਪੁਰਸ਼ ਜਨਮ ਮਰਨ ਤੋਂ ਰਹਿਤ ਹੋ ਗਿਆ ਹੈ।

ਅਥਵਾ- ਜਨਮ ਮਰਨ ਤੋਂ ਰਹਿਤ ਕਰਨ ਵਾਲੇ ਹਰੀ ਦੇ ਦਰਸ਼ਨ ਵਿਖੇ ਜੋ ਜਗਿਆਸੂ ਲੀਨ ਹੋਇਆ ਹੈ, ਗੁਰੂ ਜੀ ਆਖਦੇ ਹਨ— ਉਸ ਨੂੰ ਬੀਣਾਂ= ਸੁੰਦਰ ਸਬਦ= ਬ੍ਰਹਮ ਬਾਜੰਤ= ਪ੍ਰਗਟ ਹੋਇਆ ਹੈ॥ ੧੩॥

ਦੂਜਾ ਅਰਥ-

(ਪਹਿਲੀ ਅੱਧੀ ਤੁਕ ਸਭ ਨਾਲ ਲਗਾਈ ਜਾਣੀ)।

ਕਿਰਪੰਤ ਹਰੀਅੰ ਮਤਿ ਤਤੁ ਗਿਆਨੰ॥

ਹਰੀ ਦੀ ਕਿਰਪਾ ਦ੍ਰਿਸ਼ਟੀ ਹੋਵੇ ਤਾਂ ਮਤਿ ਵਿਚ ਤਤੁ ਗਿਆਨੰ= ਯਥਾਰਥ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਬਿਗਸੀਧ੍ਰਿ ਬੁਧਾ ਕੁਸਲ ਥਾਨੰ॥

ਹਰੀ ਦੀ ਕ੍ਰਿਪਾ ਹੋਵੇ ਤਾਂ ਬੁੱਧੀ ਸ਼ੁਭ ਗੁਣਾਂ ਨਾਲ ਖਿੜਦੀ ਹੈ ਅਤੇ ਕੁਸਲ= ਸੁਖਦਾਈ ਸਰੂਪ ਥਾਂ ਦੀ ਪ੍ਰਾਪਤੀ ਹੁੰਦੀ ਹੈ।

ਬਸ੍ਯੰਤ ਰਿਖਿਅੰ ਤਿਆਗਿ ਮਾਨੰ॥

ਹਰੀ ਦੀ ਕਿਰਪਾ ਹੋਵੇ ਤਾਂ ਰਿਖਿਅੰ= ਇੰਦ੍ਰੀਏ ਵਸੀਕਾਰ ਹੁੰਦੇ ਹਨ।

ਵਾ:-ਰਿਖਿਅੰ= ਧਰਮ ਰਾਜਾ ਵੀ ਵਸੀਕਾਰ ਹੋ ਜਾਦਾ ਹੈ*, ਹਰੀ ਦੀ ਕਿਰਪਾ ਹੋਵੇ ਤਾਂ ਇਹ ਪੁਰਸ਼ ਮਾਨ ਨੂੰ ਤਿਆਗਦਾ ਹੈ।

ਸੀਤਲੰਤ ਰਿਦਯੰ ਦ੍ਰਿੜ੍ਹ ਸੰਤ ਗਿਆਨੰ॥

ਹਰੀ ਦੀ ਕਿਰਪਾ ਹੋਵੇ ਤਾਂ ਹਿਰਦਾ ਸੀਤਲ ਹੁੰਦਾ ਹੈ। ਹਰੀ ਦੀ ਕਿਰਪਾ ਹੋਵੇ ਤਾਂ ਸੰਤਾਂ ਦੁਆਰੇ ਗਿਆਨ ਨੂੰ ਦ੍ਰਿੜ੍ਹ ਕਰਦਾ ਹੈ।

ਰਹੰਤ ਜਨਮੰ ਹਰਿ ਦਰਸ ਲੀਣਾ॥ ਬਾਜੰਤ ਨਾਨਕ ਸਬਦ ਬੀਣਾਂ॥ ੧੩॥

ਹਰੀ ਦੀ ਕ੍ਰਿਪਾ ਹੋਵੇ ਤਾਂ ਜਨਮਾਂ ਦੇ ਧਾਰਨ ਤੋਂ ਰਹਿਤ ਹੁੰਦਾ ਹੈ। ਹਰੀ ਦੀ ਕ੍ਰਿਪਾ ਹੋਵੇ ਤਾਂ ਹਰੀ ਦੇ ਦਰਸ਼ਨ ਵਿਚ ਮਨ ਲੀਣ ਹੁੰਦਾ ਹੈ। ਹਰੀ ਦੀ ਕ੍ਰਿਪਾ ਹੋਵੇ ਤਾਂ ਅੰਦਰ ਬੀਨਾਕਾਰ ਸ਼ਬਦ ਵਜ ਆਉਂਦੇ ਹਨ।

ਅਥਵਾ- ਸਬਦ= ਬ੍ਰਹਮ ਜੋ ਬੀਣਾਂ= ਸੁੰਦਰ ਹੈ-ਉਹ ਬਾਜੰਤ= ਪ੍ਰਗਟ ਹੋ ਆਉਂਦਾ ਹੈ॥ ੧੩॥

ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ॥

(੧) ਹੇ ਹਰੀ ਲਾਲ, ਕਿਸ਼ਨ ਲਾਲ! ਕਈ ਮਹਾਤਮਾਂ ਜਨ ਵੇਦਾਂ ਨੂੰ ਕਥਨ ਕਰਦੇ ਹਨ ਤੇ ਕਈ ਗੁਨੀਆ= ਗੁਣਵਾਨ ਪੁਰਸ਼ ਆਪਣੇ ਚਿੱਤ ਵਿਚ ਸਤ ਸੰਤੋਖ ਆਦਿਕ ਗੁਣਾਂ ਦਾ ਹੀ ਗੁਣੰਤ= ਵੀਚਾਰ ਕਰਦੇ ਰਹਿੰਦੇ ਹਨ ਤੇ ਬਹੁਤ ਪ੍ਰਕਾਰ ਦੇ ਬਾਲਾ= ਜਗਿਆਸੂ ਜਨ ਬਹੁਤ ਹੀ ਪ੍ਰਕਾਰ ਨਾਲ ਸੁਣਦੇ ਰਹਿੰਦੇ ਹਨ।

(੨) ਅਥਵਾ - ***ਕਹੰਤ ਬੇਦਾ ਗੁਣੰਤ ਗੁਨੀਆ***

ਵੇਦ ਵੀ ਪਰਮਾਤਮਾ ਦੇ ਜਸ ਨੂੰ ਨੇਤਿ ਨੇਤਿ= ਬੇਅੰਤ ਬੇਅੰਤ ਕਰ ਕੇ ਕਥਨ ਕਰਦੇ ਹਨ।

ਯਥਾ- ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ॥ (ਸਹਸਕ੍ਰਿਤੀ, ਪੰਨਾ ੧੩੫੯)

ਗੁਨੀਆ= ਤਤ ਵੇਤੇ ਮਹਾਤਮਾ ਵੀ ਉਸ ਪਰਮਾਤਮਾ ਦੇ ਸਰੂਪ ਲਖਸ਼ਣ ਤੇ ਤਤਸ਼ਟ ਲਖਸ਼ਣ ਨੂੰ ਗੁਣੰਤ= ਵਿਚਾਰਦੇ ਹਨ।

ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ॥

ਅਤੇ ਬਹੁਤ ਪ੍ਰਕਾਰ ਦੇ ਬਾਲਾ= ਜਗਿਆਸੂ ਕਰਮਵਾਦੀ ਸ਼ਕਾਮੀ ਅਤੇ ਨਿਸ਼ਕਾਮੀ ਕਰਮ ਉਪਾਸ਼ਨਾਂ ਵਾਲੇ ਬਹੁਤ ਪ੍ਰਕਾਰ ਦੀਆਂ ਵਿਧੀਆਂ ਸਹਿਤ ਸੁਣੰਤ= ਸੁਣਦੇ ਹਨ।

੩. ਅਥਵਾ :- ***ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ॥***

ਗੁਨੀਆਂ= ਜੋ ਤਤਵੇਤੇ ਮਹਾਤਮਾਂ ਪੁਰਸ਼ ਹਨ, ਉਹ ਬਾਲਾ= ਬਾਲਾਨ ਬਾਲ ਭਾਵ ਵੱਡਿਆਂ ਤੋਂ ਵੱਡਾ ਜੋ ਪਰਮੇਸ਼ਰ ਹੈ, ਉਸ ਦੇ ਬੇਦਾ= ਗਿਆਨ ਨੂੰ ਪਹਿਲੇ ਆਪ ਬਹੁਤ ਹੀ ਪ੍ਰਕਾਰ ਨਾਲ ਸੁਣੰਤ= ਸੁਣਦੇ ਹਨ, ਫਿਰ ਉਸ ਨੂੰ ਗੁਣੰਤ= ਵਿਚਾਰਦੇ ਹਨ, ਪੁਨਾ ਬਹੁਤ ਪ੍ਰਕਾਰ ਨਾਲ ਜਗਿਆਸੂਆਂ ਪ੍ਰਤੀ ਕਹਿੰਦੇ ਹਨ।

ਨੋਟ:-ਰਿਖੀ ਦੇ ਘਰ ਜਾਣ ਕਰ ਕੇ ਧਰਮ ਰਾਜੇ ਦਾ ਨਾਮ ਰਿਖੀ ਪੈ ਗਿਆ ਹੈ। ਇਕ ਦਿਨ ਦਾ ਜ਼ਿਕਰ ਹੈ ਕਿ ਧਰਮ ਰਾਜਾ ਕਿਸੇ ਰਿਖੀ ਦੀ ਪ੍ਰੀਖਿਆ ਲੈਣ ਵਾਸਤੇ ਉਸ ਦੇ ਘਰ ਜਾ ਕੇ ਰਿਖੀ ਦਾ ਰੂਪ ਧਾਰ ਕੇ ਉਸ ਰਿਖੀ ਦੀ ਘਰ ਵਾਲੀ ਨਾਲ ਗ੍ਰਿਹਸਤ ਆਸ਼੍ਰਮ ਵਾਲਾ ਵਿਹਾਰ ਕਰਨ ਲੱਗ ਪਿਆ। ਇਤਨੇ ਨੂੰ ਰਿਖੀ ਘਰ ਆ ਗਿਆ ਆਪਣੀਆਂ ਅੱਖਾਂ ਨਾਲ ਸਭ ਕੁਝ ਦੇਖ ਕੇ ਭੀ ਰਿਖੀ ਨੇ ਕ੍ਰੋਧਾਤੁਰ ਹੋ ਕੇ ਧਰਮ ਰਾਜਾ ਨੂੰ ਕੁਝ ਨਾ ਕਿਹਾ, ਅੱਗੋਂ ਸ਼ਾਤ ਚਿੱਤ ਹੀ ਰਿਹਾ। ਧਰਮ ਰਾਜਾ ਨੇ ਰਿਖੀ ਦਾ ਰੂਪ ਧਾਰਨ ਕੀਤਾ ਸੀ, ਇਸ ਵਾਸਤੇ ਧਰਮ ਰਾਜੇ ਦਾ ਨਾਮ ਰਿਖੀ ਪੈ ਗਿਆ। ਪੰਚਮ ਪਾਤਿਸ਼ਾਹ ਜੀ ਨੇ ਭੀ ਧਰਮ ਰਾਜਾ ਦਾ ਨਾਮ ਰਿਖੀ ਲਿਖਿਆ ਹੈ:

ਅਨ ਤੇ ਟੂਟੀਐ ਰਿਖ ਤੇ ਛੂਟੀਐ॥ (ਬਿਲਾਵਲੁ ਮਹਲਾ ੫, ਪੰਨਾ ੮੩੦)

ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ ॥

ਕ੍ਰਿਪਾਲੂ ਜੋ ਹਰਿ ਹਰਿ ਹੈ ਉਸ ਦੀ ਪ੍ਰਾਪਤੀ ਵਾਲੀ ਆਤਮ ਵਿਦਿਆ ਨੂੰ ਦ੍ਰਿੜ੍ਹ ਕਰਦੇ ਹਨ।

ਨਾਮ ਦਾਨੁ ਜਾਚੰਤ ਨਾਨਕ ਦੈਨਹਾਰ ਗੁਰ ਗੋਪਾਲਾ ॥ ੧੪ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਹਰੀ ਲਾਲ, ਕ੍ਰਿਸ਼ਨ ਲਾਲ! ਅਸੀਂ ਤਾਂ ਉਸ ਵਾਹਿਗੁਰੂ ਦੇ ਨਾਮ ਦਾਨ ਨੂੰ ਹੀ ਜਾਚੰਤ= ਮੰਗਦੇ ਹਾਂ। ਪਰ ਐਸੇ ਦਾਨ ਨੂੰ ਦੇਣ ਵਾਲੇ ਗੋਪਾਲ ਪ੍ਰਭੂ ਦਾ ਸਰੂਪ ਗੁਰੂ ਹੀ ਹਨ, ਇਸ ਲਈ ਹੇ ਪੰਡਿਤੋ! ਤੁਸੀਂ ਭੀ ਗੁਰਾਂ ਦੀ ਸ਼ਰਨ ਗ੍ਰਹਿਣ ਕਰੋ॥ ੧੪ ॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ ਜਿਹੜਾ ਚਿੱਤ ਵਿਚ ਖਿਆਲ ਪੈਦਾ ਹੁੰਦਾ ਹੈ ਕਿ ਮਾਤਾ ਪਿਤਾ ਦੀ ਪਾਲਣਾ ਅਸੀਂ ਕਰਦੇ ਹਾਂ, ਜਾਂ ਮਾਤਾ ਪਿਤਾ ਅਸਾਡੀ ਪਾਲਣਾ ਕਰਦੇ ਹਨ, ਇਹ ਸੰਕਲਪ ਕਦੇ ਭੀ ਨਹੀਂ ਹੋਣਾ ਚਾਹੀਦਾ।

ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ ॥

ਨਾ ਮਾਤਾ ਪਿਤਾ ਦੀ ਕੁਝ ਚਿੰਤਾ ਕਰਨੀ ਚਾਹੀਦੀ ਹੈ, ਨਾ ਭਰਾਵਾਂ ਦੀ ਚਿੰਤਾ ਕਰਨੀ ਚਾਹੀਦੀ ਹੈ, ਨਾ ਹੋਰ ਸਬੰਧੀ ਲੋਕਾਂ ਦੀ ਚਿੰਤਾ ਕੁਝ ਕਰਨੀ ਚਾਹੀਦੀ ਹੈ।

ਯਥਾ- ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੋਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੋਇ ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੋਇ ॥ ੧ ॥ *(ਪੰਨਾ ੯੫੫)*

ਤਥਾ- ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥ ੨੧ ॥ *(ਗੂਜਰੀ ਕੀ ਵਾਰ ਪਹਿਲੀ, ਪੰਨਾ ੫੧੭)*

ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ ॥

ਬਨਿਤਾ= ਇਸਤ੍ਰੀ, ਸੁਤ= ਪੁੱਤਰ ਆਦਿਕਾਂ ਦੀ ਚਿੰਤਾ ਵੀ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਮਿੱਤਰਾਂ ਦੀ ਚਿੰਤਾ ਕਰਨੀ ਚਾਹੀਦੀ ਹੈ, ਕਿਉਂਕ ਇਹ ਜਿਤਨਾ ਵੀ ਪ੍ਰਵਿਰਤੀ ਮਾਰਗ (ਗ੍ਰਹਿਸਥ) ਹੈ, ਇਹ ਸਭ ਮਾਇਆ ਦੇ ਸਨਬੰਧ ਕਰ ਕੇ ਹੈ। ਭਾਵ ਇਹ ਸਾਰੇ ਪੂਰਬੋਕਤ ਸਬੰਧੀ ਆਪੋ ਆਪਣੇ ਮਤਲਬੀ ਯਾਰ ਹਨ।

ਵਾ :- ਮਾਇਆ ਦੀ ਪ੍ਰਵਿਰਤੀ ਕਰ ਕੇ ਇਹ ਸਾਰੇ ਸਨਬੰਧੀ ਹਨ।

ਯਥਾ- ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥ ੧ ॥ ਰਹਾਉ ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥ ੧ ॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥

ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥ ੨॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥
ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥ ੩॥ ੧੨॥

(ਸੋਰਠਿ ਮਹਲਾ ੯, ਪੰਨਾ ੬੩੪)

ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ ॥੧੫ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਹਰੀ ਲਾਲ, ਕ੍ਰਿਸ਼ਨ ਲਾਲ! *ਖੱਟਾਂ ਭਗਾਂ ਸਪੰਨ ਜੋ ਭਗਵਾਨ ਪੁਰਖ ਹੈ, ਉਹ ਇਕ ਪਰਮਾਤਮਾ ਹੀ ਦਿਆਲੂ ਤੇ ਕ੍ਰਿਪਾਲੂ ਹੈ ਅਤੇ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈ। ਇਸ ਤੇ ਤੁਹਾਨੂੰ ਚਾਹੀਦਾ ਹੈ ਕਿ ਹੋਰ ਸਾਰਿਆਂ ਦੀ ਚਿੰਤਾ ਤਿਆਗ ਕੇ ਇਕ ਵਾਹਿਗੁਰੂ ਦਾ ਚਿੰਤਨ ਕਰੋ॥ ੧੫॥

ਜਿਸ ਵੇਲੇ ਇਸ ਤਰ੍ਹਾਂ ਸਤਿਗੁਰਾਂ ਨੇ ਹਰੀ ਲਾਲ, ਕ੍ਰਿਸ਼ਨ ਲਾਲ ਨੂੰ ਸਮਝਾਇਆ ਤਾਂ ਉਹਨਾਂ ਨੂੰ ਪੂਰਨ ਨਿਸਚਾ ਹੋ ਗਿਆ। ਹੁਣ ਆਪਣੇ ਵਲੋਂ ਬੇਨਤੀ ਪੂਰਬਕ ਸਤਿਗੁਰਾਂ ਅੱਗੇ ਇਸੇ ਸਲੋਕ ਵਿਚ ਹੀ ਆਪਣਾ ਨਿਸਚਾ ਦਿਖਾਂਵਦੇ ਹਨ।

(ਦੂਜਾ ਅਰਥ ਕਰਨ ਵੇਲੇ ਅੰਤ ਦੀ ਪੰਗਤੀ ਪਹਿਲੇ ਲਗਾਉਣੀ ਚਾਹੀਦੀ ਹੈ—)

ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ॥

ਹੇ ਸਤਿਗੁਰੂ ਅਰਜਨ ਦੇਵ ਜੀ! ਆਪ ਜੀ ਦੀ ਕਿਰਪਾ ਦ੍ਰਿਸ਼ਟੀ ਦੁਆਰਾ ਜਦ ਅਸਾਂ ਨੇ ਆਪਣੇ ਮਨ ਵਿਚ ਐਸੇ ਨਿਸਚੇ ਕੀਤਾ ਕਿ ਇਕ ਦਿਆਲੂ ਪੁਰਖ ਭਗਵਾਨ ਹੀ ਸਾਰਿਆਂ ਜੀਵਾਂ ਦੀ ਪ੍ਰਤਿਪਾਲਾ ਕਰਨ ਵਾਲਾ ਹੈ। ਤਿਸ ਵੇਲੇ-

ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ॥

ਨਾ ਅਸਾਡੇ ਮਨ ਵਿਚ ਮਾਤਾ ਪਿਤਾ ਦੀ ਚਿੰਤਾ ਰਹੀ ਹੈ, ਨਾ ਭਰਾਵਾਂ ਦੀ ਚਿੰਤਾ ਰਹੀ ਹੈ, ਨਾ ਕੁਝ ਹੋਰ ਲੋਕਾਂ ਦੀ ਚਿੰਤਾ ਰਹੀ ਹੈ।

ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ॥

ਨਾ ਹੀ ਸਾਡੇ ਮਨ ਵਿਚ ਬਨਿਤਾ= ਇਸਤ੍ਰੀ ਦੀ ਚਿੰਤਾ ਰਹੀ ਹੈ ਅਤੇ ਨਾ ਹੀ ਪੁੱਤਰਾਂ ਦੀ ਚਿੰਤਾ ਰਹੀ ਹੈ, ਨਾ ਮਿੱਤਰਾਂ ਦੀ ਚਿੰਤਾ ਰਹੀ ਹੈ, ਕਿਉਂਕਿ ਇਹ ਮਾਇਆ-ਮਾਇਆਵਕੀ ਸੰਬੰਧ ਸਾਰਾ ਪ੍ਰਵਿਰਤੀ ਰੂਪ ਹੈ। ਪ੍ਰਵਿਰਤੀ ਜਿਤਨੀ ਵਧਾਈਏ, ਉਤਨਾ ਜ਼ਿਆਦਾ ਦੁੱਖ ਹੁੰਦਾ ਹੈ।

ਅਥਵਾ:- ਮਾਇਆ ਦੀ ਪ੍ਰਵਿਰਤੀ ਸੰ+ਬੰਧਨਹ= ਭਲੀ ਪ੍ਰਕਾਰ ਬੰਧਨ ਰੂਪ ਹੈ ਇਸ ਵਾਸਤੇ ਆਪ ਦੀ ਕਿਰਪਾ ਨਾਲ ਹੁਣ ਅਸੀਂ ਪ੍ਰਵਿਰਤੀ ਤੋਂ ਛੁਟ ਗਏ ਹਾਂ॥ ੧੫॥

ਅਗਲੇ ਸਲੋਕ ਵਿਚ ਗੁਰੂ ਜੀ ਹਰੀ ਲਾਲ ਕ੍ਰਿਸ਼ਨ ਲਾਲ ਨੂੰ ਵੈਰਾਗ ਜਨਕ ਉਪਦੇਸ਼ ਦੇਂਦੇ ਹਨ-

ਅਨਿਤ੍ ਵਿਤੰ ਅਨਿਤ੍ ਚਿਤੰ ਅਨਿਤ੍ ਆਸਾ ਬਹੁ ਬਿਧਿ ਪ੍ਰਕਾਰੰ॥

ਹੇ ਹਰੀ ਲਾਲ ਕਿਸ਼ਨ ਲਾਲ! ਵਿਤੰ= ਧਨ ਵੀ ਅ+ਨਿਤ੍= ਨਾ ਨਿਤ ਰਹਿਣੇ ਵਾਲਾ ਹੋਣ ਕਰ ਕੇ

*ਧਰਮ ਸ੍ਰੈ ਜਸ ਵੈਰਾਗ ਪੁਨ ਐਸ੍ਵਰਜ ਸ੍ਰੇਯ ਬਿਗਯਾਨ।
ਇਹ ਖਟ ਭਗਾਂ ਸਪੰਨ ਜੋ ਕਹਿਤ ਤਾਹਿ ਭਗਵਾਨ।

ਝੂਠਾ ਹੈ, ਉਸ ਧਨ ਵਿਚ ਲਗਣੇ ਵਾਲਾ ਚਿੱਤ ਵੀ ਅਨਿਤ੍ਰ= ਝੂਠਾ ਹੈ।

ਵਾ:- ਤਿਸ ਧਨ ਦਾ ਚਿਤੰ= ਚਿੰਤਨ ਕਰਨਾ ਵੀ ਝੂਠਾ ਹੈ।

ਅਥਵਾ: ਅਨਿਤ੍ਰ ਵਿਤੰ= ਧਨ (ਜੜ੍ਹ ਮਾਇਆ) ਝੂਠੀ ਹੈ ਅਤੇ ਅਨਿਤ੍ਰ ਚਿਤੰ= ਚੇਤਨ ਮਾਇਆ (ਇਸਤ੍ਰੀ) ਭੀ ਮਿਥਿਆ ਹੈ।

ਹੇ ਹਰੀ ਲਾਲ ਕਿਸ਼ਨ ਲਾਲ! ਬਹੁਤ ਪ੍ਰਕਾਰ ਦੀ ਜੋ ਪਦਾਰਥਾਂ ਦੀ ਆਸਾ ਹੈ, ਉਹ ਭੀ ਅਨਿਤ੍ਰ= ਝੂਠੀ ਹੈ ਤੇ ਬਹੁਤ ਪ੍ਰਕਾਰ ਦੀ ਆਸਾ ਕਰਨ ਵਾਲੇ ਜੀਵ ਭੀ ਝੂਠੇ ਹਨ।

ਅਨਿਤ੍ਰ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ ਬਿਕਾਰੰ॥

ਤਿਸ ਮਾਇਆ ਵਿਚ ਜੋ ਹੇਤੰ= ਪ੍ਰੇਮ ਕਰਨਾ ਹੈ ਉਹ ਭੀ ਅਨਿਤ੍ਰ= ਝੂਠਾ ਹੈ ਅਤੇ ਉਸ ਮਾਇਆ ਵਿਚ ਜੋ ਅਹੰ= ਹੰਗਤਾ ਕਰਨੀ ਹੈ ਉਹ ਭੀ ਅਨਿਤ ਰੂਪ ਹੈ, ਕਿਉਂਕਿ ਮਲਨੰ= ਮਲ ਰੂਪ ਜੋ ਇਹ ਮਾਇਆ ਹੈ ਕਈ ਤਰ੍ਹਾਂ ਦੇ ਵਿਕਾਰਾਂ ਦੇ ਉਤਪਤ ਕਰਨ ਵਾਲੀ, ਉਹ ਇਸ ਜੀਵ ਨੂੰ ਭਰਮਾ ਕੇ ਬੰਧੰ= ਬੰਧਨ ਪਾਉਣ ਵਾਲੀ ਹੈ।

ਅਥਵਾ— ਹੇਤੰ= ਮੋਹ ਤੇ ਅਹੰ= ਹੰਗਤਾ ਦੇ ਬੰਧਨ ਅਨਿੱਤ ਰੂਪ ਹਨ।

ਵਾ:- ਹੰਗਤਾ ਕਰ ਕੇ ਜੋ ਹੇਤੰ= ਮੋਹ.ਦੇ ਬੰਧਨ ਹਨ ਉਹ ਭੀ ਅਨਿਤ ਰੂਪ ਹਨ, ਮਾਇਆ ਕਰ ਕੇ ਇਸ ਜੀਵ ਨੂੰ ਸਰੂਪ ਵਲੋਂ ਭਰਮ ਪੈ ਰਿਹਾ ਹੈ ਅਤੇ ਵਿਕਾਰਾਂ ਕਰ ਕੇ ਜੀਵ ਦਾ ਚਿੱਤ ਮੈਲਾ ਹੋ ਰਿਹਾ ਹੈ।

ਫਿਰੰਤ ਜੋਨਿ ਅਨੇਕ ਜਠਰਾਗਨਿ ਨਹ ਸਿਮਰੰਤ ਮਲੀਣ ਬੁਧੰ॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਪੁਨਾ ਤਿਸ ਮਾਇਆ ਦੇ ਸੰਗ ਕਰ ਕੇ ਇਹ ਪਾਪੀ ਜੀਵ ਅਨੇਕਾਂ ਜੂਨੀਆਂ ਦੁਆਰੇ ਮਾਤਾ ਦੀ ਜਠਰ+ਅਗਨ= ਪੇਟ ਅਗਨੀ ਵਿਚ ਫਿਰਦਾ ਹੈ ਫਿਰ ਭੀ ਇਹ ਮਲੀਣ ਬੁੱਧੀ ਵਾਲਾ ਪ੍ਰਮਾਦੀ ਪੁਰਸ਼ ਉਸ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ।

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਸੁਆਮੀ ਜੀ! ਇਹ ਜੀਵ ਕੈਸੇ ਤਰ ਸਕਦਾ ਹੈ?

ਗੁਰ ਉੱਤਰ- ਉਸ ਵਾਹਿਗੁਰੂ ਅੱਗੇ ਇਸ ਤਰ੍ਹਾਂ ਬੇਨਤੀ ਕਰੇ-

ਹੇ ਗੋਬਿੰਦ ਕਰਤ ਮਇਆ ਨਾਨਕ ਪਤਿਤ ਉਧਾਰਣ ਸਾਧ ਸੰਗਮਹ॥੧੬॥

ਹੇ ਵਾਹਿਗੁਰੂ! ਮਇਆ ਕਰਤ= ਕ੍ਰਿਪਾ ਦ੍ਰਿਸ਼ਟੀ ਕਰ ਕੇ ਪਤਿਤ ਉਧਾਰਣ= ਪਾਪੀਆਂ ਦੇ ਉਧਾਰਣ ਵਾਲਾ ਸੰਤ ਸਮਾਗਮ ਮੈਨੂੰ ਦੇਣਾ ਕਰ (ਐਸੇ ਬੇਨਤੀ ਕਰਨ ਨਾਲ ਤਰਨਾ ਹੁੰਦਾ ਹੈ)॥ ੧੬॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਐਸੀਆਂ ਦੁਖਦਾਇਕ ਕਠਿਨ ਮੌਤਾਂ ਨਾਲ ਪੁਰਸ਼ ਮਰ ਜਾਵੇ ਤਾਂ ਚੰਗਾ ਹੈ, ਪਰ ਜੋ ਘਰ ਦੀ ਚਿੰਤਾ ਕਰਨੀ ਹੈ ਉਹ ਅਤਿਅੰਤ ਦੁਖਦਾਇਕ ਤੇ ਜਨਮ ਮਰਨ ਦੇ ਦੇਣ ਵਾਲੀ ਹੈ, ਇਸ ਕਰ ਕੇ ਘਰ ਦੀ ਚਿੰਤਾ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ਰ ਬੈਸ੍ਵਾਂਤਰਹ॥

ਪਹਿਲਾ ਅਰਥ- ਗਿਰਿ= ਪਹਾੜ ਦੀ ਚੋਟੀ ਤੋਂ ਗਿਰੰਤ= ਡਿਗ ਕੇ ਪਾਤਾਲੰ= ਡੂੰਘੇ ਟੋਏ ਵਿਚ ਆ ਕੇ ਪਤਿਤ= ਪੈ ਜਾਣਾ ਇਤਨਾ ਦੁਖਦਾਇਕ ਨਹੀਂ ਹੈ ਅਤੇ ਦੇਦੀਪ੍ਰ= ਪਰਜ੍ਵੱਲਤ ਬੈਸ੍ਵਾਂਤਰਹ= ਅਗਨੀ ਵਿਚ ਜਲੰਤ= ਸੜ ਕੇ ਮਰ ਜਾਣਾ ਵੀ ਇਤਨਾ ਦੁੱਖ ਰੂਪ ਨਹੀਂ ਹੈ।

ਅਥਵਾ: ਦੀਪ੍= ਦੀਵੇ ਦੀ ਬੈਸ੍ਰਾਂਤਰਹ= ਅਗਨੀ ਉਪਰ ਭਾਵ ਦੀਵੇ ਦੀ ਨਿੱਕੀ ਨਿੱਕੀ ਲਾਟ ਦੇ ਉਪਰ ਆਪਣੇ ਸਰੀਰ ਨੂੰ ਦੇ ਦੇ ਕੇ ਝੁਲਸ ਝੁਲਸ ਕੇ ਸੜ ਜਾਣਾ ਵੀ ਇਤਨਾ ਦੁੱਖ ਰੂਪ ਨਹੀਂ ਹੈ।

ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਿਹ ਚਿੰਤਾ ਜਨਮੰ ਤ ਮਰਣਹ॥

ਅਗਾਹ= ਡੂੰਘੇ ਤੋਯੰ= ਪਾਣੀ ਦੀਆਂ ਤਰੰਗੰ= ਲਹਿਰਾਂ ਵਿਚ ਬਹੰਤਿ= ਰੁੜ੍ਹ ਜਾਣਾ ਵੀ ਇਤਨਾ ਦੁੱਖ ਰੂਪ ਨਹੀਂ ਹੈ, ਜਿਤਨਾ ਕੁ ਘਰ ਦੀ ਚਿੰਤਾ ਦਾ ਦੁੱਖ ਹੁੰਦਾ ਹੈ। ਕਿਉਂਕਿ ਇਹ ਘਰ ਦੀ ਚਿੰਤਾ ਜਨਮ ਅਤੇ ਮਰਨ ਦੀ ਪ੍ਰਾਪਤੀ ਕਰਨ ਵਾਲੀ ਹੈ। ਇਸ ਵਾਸਤੇ ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਸ ਜਨਮ ਮਰਨ ਦੇ ਦੇਣ ਵਾਲੀ ਘਰ ਦੀ ਚਿੰਤਾ ਦਾ ਤੁਸੀਂ ਤਿਆਗ ਕਰੋ।

ਅਨਿਕ ਸਾਧਨੰ ਨ ਸਿਧ੍ਯਤੇ ਨਾਨਕ

ਗੁਰੂ ਜੀ ਆਖਦੇ ਹਨ— ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ ਘਰ ਐਸਾ ਹੈ ਜੋ ਅਨੇਕ ਸਾਧਨਾ ਕਰ ਕੇ ਭਾਵ ਬੇਅੰਤ ਪਦਾਰਥਾਂ ਨਾਲ ਭੀ ਨਾ ਸਿਧ੍ਯਤੇ= ਭਰਪੂਰ ਨਹੀਂ ਹੁੰਦਾ।

ਦੂਜਾ ਅਰਥ- *ਗਿਰੰਤਿ ਗਿਰਿ ਪਤਿਤ ਪਾਤਾਲੰ*: ਕਈ ਮਨੁੱਖ ਦੁਖਦਾਇਕ ਘਰ ਦੀ ਚਿੰਤਾ ਦੇ ਕਾਰਨ ਪਹਾੜ ਤੋਂ ਡਿਗ ਕੇ ਹੇਠਾਂ ਪਤਾਲ ਵਿਖੇ ਪੈ ਕੇ ਮਰ ਜਾਂਦੇ ਹਨ।

ਜਲੰਤ ਦੇਦੀਪ੍ਯ ਬੈਸ੍ਰਾਂਤਰਹ:-ਅਤੇ ਕਈ ਪੁਰਸ਼ ਘਰ ਦੀ ਚਿੰਤਾ ਦੇ ਦੁੱਖ ਕਰ ਕੇ ਦੇਦੀਪ੍ਯ ਬੈਸ੍ਰਾਂਤਰਹ= ਪ੍ਰਜ੍ਵਲਤ ਅਗਨੀ ਵਿਚ ਸੜ ਕੇ ਮਰ ਜਾਂਦੇ ਹਨ।

ਬਹੰਤਿ ਅਗਾਹ ਤੋਯੰ ਤਰੰਗੰ, ਦੁਖੰਤ ਗ੍ਰਿਹ ਚਿੰਤਾ ਜਨਮੰ ਤ ਮਰਣਹ॥

ਅਤੇ ਕਈ ਪੁਰਸ਼ ਇਸ ਘਰ ਦੀ ਚਿੰਤਾ ਦੇ ਦੁੱਖ ਕਰ ਕੇ ਦਰਿਆ ਦੇ ਡੂੰਘੇ ਪਾਣੀ ਵਿਚ ਰੁੜ੍ਹ ਕੇ ਮਰ ਜਾਂਦੇ ਹਨ। ਕਈ ਗੱਡੀ ਹੇਠ ਆ ਕੇ ਮਰ ਜਾਂਦੇ ਹਨ ਤੇ ਕਈ ਫਾਹੀ ਲੈ ਕੇ ਆਪਣੇ ਆਪ ਮਰ ਜਾਂਦੇ ਹਨ ਤੇ ਕਈ ਜ਼ਹਿਰ ਖਾ ਕੇ ਮਰ ਜਾਂਦੇ ਹਨ। ਇਸ ਤਰ੍ਹਾਂ ਘਰ ਦੀ ਚਿੰਤਾ ਕਰ ਕੇ ਜੀਵ ਹਰ ਵੇਲੇ ਜੰਮਦਾ ਮਰਦਾ ਰਹਿੰਦਾ ਹੈ।

ਅਨਿਕ ਸਾਧਨੰ ਨ ਸਿਧ੍ਯਤੇ ਨਾਨਕ:-ਗੁਰੂ ਜੀ ਕਥਨ ਕਰਦੇ ਹਨ— ਹੇ ਹਰੀ ਲਾਲ, ਕ੍ਰਿਸ਼ਨ ਲਾਲ! ਤਿਸ ਘਰ ਦੀ ਚਿੰਤਾ ਵਿਚ ਫਸ ਕੇ ਜੀਵ ਚਾਹੇ ਅਨੇਕ ਪ੍ਰਕਾਰ ਦੇ ਸਾਧਨ ਕਰ ਲਵੇ ਤਾਂ ਭੀ ਸਿਧ੍ਯਤੇ= ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ।

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਘਰ ਦੀ ਚਿੰਤਾ ਕਿਸ ਤਰ੍ਹਾਂ ਦੂਰ ਹੋਵੇ? *ਉੱਤਰ-*

ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਰਿਜਨਹ॥ ੧੭॥

ਲੋਕ ਪ੍ਰਲੋਕ ਦੇ ਸ੍ਰਿਜਨਹ= ਸੱਜਣ ਜੋ ਸਾਧੂ ਹਨ, ਉਨ੍ਹਾਂ ਦੇ ਉਪਦੇਸ਼ ਦੁਆਰਾ ਆਪਣੇ ਮਨ ਨੂੰ ਅਸਥੰਭੰ= ਇਸਥਿਤ ਕਰੇ, ਤਨ ਨੂੰ ਵੀ ਅਸਥੰਭੰ= ਇਸਥਿਤ ਕਰੇ ਅਤੇ ਬਾਣੀ ਨੂੰ ਵੀ ਅਸਥੰਭੰ= ਇਸਥਿਤ ਕਰੇ ਤਾਂ ਘਰ ਦੀ ਚਿੰਤਾ ਦੂਰ ਹੁੰਦੀ ਹੈ।

ਦੂਜਾ ਅਰਥ- ਨਿਸਚੇ ਪੂਰਬਕ ਕਥਨ ਹੈ ਕਿ ਸੱਜਣ ਸਾਧੂਆਂ ਦੇ ਸ਼ਬਦ ਦਵਾਰਾ ਮਨ ਨੂੰ ਇਸਥਿਤ ਕਰੇ, ਮਨ ਨੂੰ ਇਸਥਿਤ ਕਰੇ, ਮਨ ਨੂੰ ਇਸਥਿਤ ਕਰੇ।

ਤੀਜਾ ਅਰਥ- ਸਜਣ ਜੋ ਸਾਧੂ ਹਨ- ਉਹਨਾਂ ਦਾ ਅਸਥੰਭੰ= ਇਸਥਿਤ ਕਰਨ ਵਾਲਾ ਜੋ ਸਬਦ= ਉਪਦੇਸ਼ ਹੈ, ਤਿਸ ਦੁਆਰੇ ਅਸਥੰਭੰ= ਇਸਥਿਤ ਰੂਪ ਪਰਮਾਤਮਾ ਵਿਚ ਆਪਣੇ ਮਨ ਨੂੰ ਅਸਥੰਭੰ= ਇਸਥਿਤ

ਕਰੇ ਤਾਂ ਘਰ ਦੀ ਚਿੰਤਾ ਦੂਰ ਹੁੰਦੀ ਹੈ।

ਚੌਥਾ ਅਰਥ- ਇਸਥਿਤ ਰਹਿਣ ਵਾਲਾ ਜੋ ਪਰਮੇਸ਼ਰ ਹੈ ਅਤੇ ਇਸਥਿਤ ਰਹਿਣ ਵਾਲੇ ਜੋ ਸੰਤ ਹਨ, ਉਹਨਾਂ ਸੱਜਣ ਸਾਧੂਆਂ ਪਾਸੋਂ ਸ਼ਬਦ ਲੈ ਕੇ ਪਰਮੇਸ਼ਰ ਵਿਚ ਅਸਥੰਭੰ= ਇਸਥਿਤੀ ਕਰੇ।

ਪੰਜਵਾਂ ਅਰਥ- ਸਬਦ= ਬ੍ਰਹਮ ਵੀ ਅਸਥੰਭੰ= ਇਸਥਿਤ ਰੂਪ ਹੈ ਅਤੇ ਗੁਰਾਂ ਦਾ ਸ਼ਬਦ ਵੀ ਇਸਥਿਤ ਰੂਪ ਹੈ ਅਤੇ ਗੁਰ ਸ਼ਬਦ ਨੂੰ ਕਮਾਉਣ ਵਾਲੇ ਸੰਤ ਸੱਜਣ ਵੀ ਇਸਥਿਤ ਰੂਪ ਹਨ॥ ੧੭॥

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ— ਗਰੀਬ ਨਿਵਾਜ਼ ਜੀ! ਆਪ ਇਹ ਕਿਰਪਾ ਕਰ ਕੇ ਦੱਸੋ, ਕਿ ਇਸ ਜੀਵ ਦੇ ਕੀਤੇ ਹੋਏ ਜਨਮਾਂ ਜਨਮਾਂਤਰਾਂ ਦੇ ਪਾਪ, ਦੁੱਖ ਅਤੇ ਦਲਿਦ੍ਰਾਂ ਦੀ ਨਵਿਰਤੀ ਕਿਸ ਤਰ੍ਹਾਂ ਹੁੰਦੀ ਹੈ? *ਗੁਰ ਉੱਤਰ:*

ਘੋਰ ਦੁਖੰ ਅਨਿਕ ਹਤ੍ਹ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਘੋਰ= ਬੜੇ-ਬੜੇ ਭਿਆਨਕ ਕੋਹੜ ਆਦਿਕ ਦੁੱਖ ਅਤੇ ਗਊ, ਲੜਕੀ, ਬ੍ਰਹਮ ਗਿਆਨੀ ਦਾ ਮਾਰਨਾ ਆਦਿਕ ਅਨੇਕ ਪ੍ਰਕਾਰ ਦੀ ਹੱਤਿਆ ਦਾ ਜੋ ਦੋਸ਼ ਹੈ ਅਤੇ ਜਨਮ ਕਾਲ ਦਾ ਦਲਿਦ੍ਰੀ, ਭਾਵ ਜਨਮ ਤੋਂ ਲੈ ਕੇ ਕੰਗਾਲ ਹੋਣਾ।

ਵਾ:-ਦਲਿਦ੍ਰੀ ਦੇ ਘਰ ਵਿਚ ਜਨਮ ਹੋਣਾ। *ਅਥਵਾ* - ਜਨਮ ਮਰਨ ਰੂਪ ਦਲਿਦ੍ਰ ਦੀ ਪ੍ਰਾਪਤੀ ਹੋਈ ਰਹਿਣੀ, ਇਸ ਤੋਂ ਆਦਿ ਜੋ ਮਹਾ= ਬੜੇ-ਬੜੇ ਭਾਰੀ ਬਿਖ੍ਯਾਦੰ= ਦੁੱਖ ਜਾਂ ਉਪੱਦ੍ਰਵ ਹਨ।

ਅਥਵਾ- ਮਹਾ ਬਿਖ੍ਯਾਦੰ= ਬੜੇ ਝਗੜੇ ਗਲ ਵਿਚ ਆ ਕੇ ਪਏ ਰਹਿਣੇ।

ਅਥਵਾ- ਮਹਾ ਬਿਖ੍ਯਾਦੰ= ਬਹੁਤ ਵਿਸ਼ਿਆਂ ਦਾ ਅਦਨ ਕਰਨਾ, ਭਾਵ ਬਹੁਤ ਵਿਸ਼ਈ ਹੋ ਕੇ ਵਿਸ਼ਿਆਂ ਦਾ ਭੋਗਣਾ।

ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ

ਸਤਿਗੁਰ ਦੇਵ ਜੀ ਆਖਦੇ ਹਨ- ਹੇ ਹਰੀ ਲਾਲ, ਕ੍ਰਿਸ਼ਨ ਲਾਲ! ਪੂਰਬ ਕਥਨ ਅਨੁਸਾਰ ਸਾਰੇ ਹੀ ਉਪਦ੍ਰਵ ਇਕ ਹਰੀ ਨਾਮ ਦੇ ਸਿਮਰਨ ਕਰ ਕੇ ਇਸ ਤਰ੍ਹਾਂ ਮਿਟ ਜਾਂਦੇ ਹਨ।

ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ੧੮॥

ਜਿਸ ਤਰ੍ਹਾਂ ਕਾਸਟ= ਲੱਕੜਾਂ ਨੂੰ ਪਾਵਕ= ਅੱਗ ਭਸਮੰ ਕਰੋਤਿ= ਸੁਆਹ ਕਰ ਦੇਂਦੀ ਹੈ।

ਯਥਾ- ਆਨਿ ਆਨਿ ਸਮਧਾ ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ॥
ਮਹਾ ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ॥ ੪॥ *(ਪੰਨਾ ੧੩੨੪)*

ਯਥਾ- ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ॥
ਕਟੇ ਪਾਪ ਅਸੰਖ ਨਾਵੈ ਇਕ ਕਣੀ॥ ੧੧॥ *(ਮਲਾਰ ਕੀ ਵਾਰ, ਪੰਨਾ ੧੨੮੩)*

ਤਥਾ- ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ॥
ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ॥ ੧੦॥
(ਸੋਰਠਿ ਮਹਲਾ ੧, ਪੰਨਾ ੬੩੭)

ਤਥਾ- ਈਧਣੁ ਕੀਤੋਮੁ ਘਣਾ ਭੋਰੀ ਦਿਤੀਮੁ ਭਾਹਿ॥

ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥ ੨॥

(ਜੈਤਸਰੀ ਦੀ ਵਾਰ, ਪੰਨਾ ੭੦੬)

ਸ਼ੰਕਾ-ਇਕ ਪਰਮੇਸ਼ਰ ਦਾ ਨਾਮ ਇਤਨੇ ਦੁੱਖ ਅਤੇ ਪਾਪਾਂ ਦੇ ਦੂਰ ਕਰਨੇ ਨੂੰ ਕਿਸ ਤਰ੍ਹਾਂ ਸਮਰੱਥ ਹੈ?

ਉੱਤਰ- ਪ੍ਰਭੂ ਦਾ ਜੋ ਨਾਮ ਹੈ, ਇਹ ਅਤਰਥੀ ਸੂਰਮਾ ਹੈ, ਇਸ ਨਾਮ ਨੂੰ ਕਿਸੇ ਦੀ ਸਹਾਇਤਾ ਲੈਣ ਦੀ ਲੋੜ ਨਹੀਂ। ਜਿਸ ਤਰ੍ਹਾਂ ਪ੍ਰਤੱਖ ਇਕ ਸੂਰਮਾ ਰਥੀ ਹੁੰਦਾ ਹੈ, ਦੂਜਾ ਮਹਾਰਥੀ ਹੁੰਦਾ ਹੈ, ਤੀਜਾ ਅੱਤਰਥੀ ਹੁੰਦਾ ਹੈ।

ਜੋ ਇਕ ਨਾਲ ਇਕ ਲੜੇ ਉਹ "ਰਥੀ" ਸੂਰਮਾ ਹੈ। ਜੋ ਦਸ ਹਜ਼ਾਰ ਨਾਲ ਇਕ ਲੜੇ ਉਹ "ਮਹਾਰਥੀ" ਸੂਰਮਾ ਹੈ ਅਤੇ ਜੋ ਅਨਗਿਣਤਾਂ ਨਾਲ ਲੜੇ ਉਹ "ਅੱਤਰਥੀ" ਸੂਰਮਾ ਹੈ। ਉਸ ਨੂੰ ਹੋਰ ਕਿਸੇ ਦੀ ਸਹਾਇਤਾ ਲੈਣ ਦੀ ਲੋੜ ਨਹੀਂ ਹੈ।

ਯਥਾ- ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ॥ ੨॥ *(ਪੰਨਾ ੧੩੦੦)*

ਤਥਾ- ਏਕ ਬਾਰ ਜਿਨ ਤੁਮੈ ਸੰਭਾਰਾ॥ ਕਾਲ ਫਾਸ ਤੇ ਤਾਹਿ ਉਬਾਰਾ॥
ਜਿਨ ਨਰ ਨਾਮ ਤਿਹਾਰੋ ਕਹਾ॥ ਦਾਰਿਦ ਦੁਸ਼ਟ ਦੋਖ ਤੇ ਰਹਾ॥ *(ਦਸਮ ਗ੍ਰੰਥ, ਪੰਨਾ ੧੩੮੮)*

ਤਥਾ- ਨਾਮ ਜਿਨੇ ਹਿਰਦੇ ਧਾਰਿਆ ਪਾਪਾਂ ਕਾ ਭਇਆ ਨਾਸ।
ਜਿਉਂ ਚਗਿਆਰੀ ਅਗਨ ਕੀ ਪਈ ਪੁਰਾਨੇ ਘਾਸ।

ਤਥਾ- ਇਹ ਮੰਤ੍ਰ ਮਹਾਂ ਸਤਿ ਨਾਮੁ ਹੈ। ਨਿਜ ਜੀਹ ਜਪੇ ਜੁ ਅਰੋਗ ਚਹੈ॥ ੧੬॥
ਤਨ ਤਾਪ ਕਹਾਂ ਇਸ ਤੇ ਜੁ ਰਹੈ। ਜਗ ਤੀਨਹੁ ਤਾਪਨਿ ਖਾਪਦ ਹੈ।
ਮੁਖਿ ਧੰਨ, ਜਪੈ ਸਤਿ ਨਾਮੁ ਸਦਾ। ਕਿਹ ਸੰਕਟ ਹੋਨਿ ਨ ਦੇਤਿ ਕਦਾ॥ ੧੭॥
ਬਡਭਾਗ ਭਰੇ ਲਿਵ ਲਾਵਤਿ ਹੈਂ। ਦੁਖ ਲੋਕ ਪ੍ਰਲੋਕ ਨਸਾਵਤਿ ਹੈਂ।
ਕਹਿ ਸਿੱਖਜਨ ਸਾਥ, ਵਿਕਾਰ ਤਜੋ। ਸਤਿਨਾਮੁ ਭਜੋ, ਸਤਿਨਾਮੁ ਭਜੋ॥ ੧੮॥

(ਗੁਰ ਪ੍ਰਤਾਪ ਸੂਰਜ, ਰਾਸਿ ੩ ਅੰਸੂ ੩੦)

ਪਰਮੇਸ਼ਰ ਦਾ ਨਾਮ ਸਾਧਾਰਨ ਪ੍ਰਾਸ਼ਚਿਤ ਹੈ, ਜੋ ਸਭ ਪਾਪਾਂ ਦੇ ਨਾਸ ਕਰਨ ਵਾਲਾ ਹੈ। ਦੇਖੋ। ਕਬੀਰ ਜੀ ਦੀ ਘਰ ਵਾਲੀ ਲੋਈ ਨੇ ਕੌੜੀ ਪੁਰਸ਼ ਪਾਸੋਂ ਇਕ ਦਫਾ ਰਾਮ ਦਾ ਨਾਮ ਕਹਾ ਕੇ ਉਸ ਦਾ ਕੋਹੜ ਦੂਰ ਕਰ ਦਿੱਤਾ। ਦੂਸਰੀ ਵਾਰ, ਰਾਮ ਨਾਮ ਕਹਾ ਕੇ ਸੰਪਦਾ (ਪਦਾਰਥਾਂ) ਦੀ ਪ੍ਰਾਪਤੀ ਕਰ ਦਿੱਤੀ, ਤੀਜੀ ਵਾਰ ਰਾਮ ਨਾਮ ਕਹਾ ਕੇ ਉਸ ਦੀ ਮੁਕਤੀ ਭੀ ਕਰ ਦਿੱਤੀ।

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਪ੍ਰਭੂ ਦੇ ਨਾਮ ਵਿਚ ਇਤਨੀ ਸਮਰਥਾ ਹੈ ਕਿ ਜੋ -

ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ॥

ਵਾਹਿਗੁਰੂ ਨਾਮ ਦੇ ਸਿਮਰਨ ਕਰਨ ਨਾਲ ਅਗਿਆਨ ਰੂਪ ਅੰਧੇਰੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

ਅਥਵਾ:- ਹਰੀ ਨਾਮ ਦੇ ਸਿਮਰਨ ਕਰਕੇ ਸੰਸਾਰ ਰੂਪ ਅੰਧਕਾਰ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਨਾਮ ਆਦਿਕ ਗੁਣਾਂ ਦੇ ਰਮੰਤ= ਉਚਾਰਨ ਕਰਨ ਨਾਲ ਅਘ ਖੰਡਨਹ= ਪਾਪ ਨਾਸ ਹੋ ਜਾਂਦੇ ਹਨ।

ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ॥

ਹਿਰਦੇ ਵਿਚ ਵਾਹਿਗੁਰੂ ਨਾਮ ਦੇ ਵਸਣ ਕਰ ਕੇ ਕਾਮ ਆਦਿਕ ਦੂਤ, ਭੈ= ਖੌਫ ਵਿਚ ਭੀ= ਭੀਤੱਤ

ਹੋ ਜਾਂਦੇ ਹਨ, ਭਾਵ ਡਰ ਜਾਂਦੇ ਹਨ।

ਅਥਵਾ - ਜਮਦੂਤ ਭੈ ਕਰ ਕੇ ਭੀਤ= ਕੰਧ ਦੇ ਸਮਾਨ ਜੜ੍ਹ ਹੋ ਜਾਂਦੇ ਹਨ ਅਤੇ ਨਾਮ ਦੇ ਪ੍ਰਤਾਪ ਕਰਕੇ ਇਹ ਪੁਰਸ਼ ਮਹਾ ਨਿਰਮਲਹ= ਅਤੀ ਪਵਿੱਤਰ ਨਿਸ਼ਕਾਮ ਕਰਮਾਂ ਦੇ ਕਰਨ ਵਾਲਾ ਹੋ ਜਾਂਦਾ ਹੈ।

ਅਥਵਾ- ਕਰਮ= ਸਰੀਰ ਭੀ ਬੜਾ ਪਵਿੱਤਰ ਹੋ ਜਾਂਦਾ ਹੈ।

ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ ਦਰਸਨਹ॥

ਨਾਮ ਦੇ ਸ੍ਰਵਨ ਕਰਨ ਵਾਲਾ ਪੁਰਸ਼ ਜਨਮ ਮਰਨ ਦੀ ਤਰਫੋਂ ਰਹੰਤ= ਰਹਿ ਜਾਂਦਾ ਹੈ ਅਤੇ ਸਮੂਹ ਸੁਖਾਂ ਦੇ ਸਹਿਤ ਹੁੰਦਾ ਹੈ। ਉਸ ਨਾਮ ਜਪਣ ਵਾਲੇ ਦਾ ਦਰਸ਼ਨ ਭੀ ਅਮੋਘ= ਸਫਲ ਅਰਥਾਤ ਸਹਿਤ ਫਲਾਂ ਦੇ ਹੋ ਜਾਂਦਾ ਹੈ।

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਜਿਸ ਭਗਵਾਨ ਦਾ ਨਾਮ ਐਸਾ ਫਲ ਦਾਇਕ ਕਥਨ ਕੀਤਾ ਹੈ, ਉਹ ਭਗਵਾਨ ਕੈਸਾ ਹੈ? *ਗੁਰ ਉੱਤਰ:*

ਸਰਣਿ ਜੋਗੰ ਸੰਤ ਪ੍ਰਿਅ ਨਾਨਕ ਸੋ ਭਗਵਾਨ ਖੇਮੰ ਕਰੋਤਿ॥ ੧੯॥

ਉਹ ਪ੍ਰਭੂ ਸ਼ਰਨ ਆਇਆਂ ਦੀ ਰੱਖਿਆ ਕਰਨ ਦੇ ਯੋਗ ਹੈ ਅਤੇ ਸੰਤਾਂ ਦਾ ਪ੍ਰਿਅ= ਪਿਆਰਾ ਹੈ, ਫਿਰ ਉਹ ਭਗਵਾਨ ਖੇਮੰ= ਮੁਕਤੀ ਦੇ ਕਰੋਤਿ= ਕਰਨ ਵਾਲਾ ਹੈ। ਵਾ- ਖੇਮੰ= ਰੱਖਿਆ ਦੇ ਕਰਨ ਵਾਲਾ ਹੈ।

ਅਥਵਾ- ਖੇਮੰ= ਖਿਮਾ ਦੇ ਕਰੋਤਿ= ਕਰਨ ਵਾਲਾ ਹੈ॥ ੧੯॥

ਜਿਸ ਵੇਲੇ ਭਗਵਾਨ ਦੀ ਵੱਖੀ ਵਿਚ ਭ੍ਰਿਗੂ ਰਿਖੀ ਨੇ ਆ ਕੇ ਆਪਣਾ ਪੈਰ ਮਾਰਿਆ ਤਾਂ ਉਸ ਵੇਲੇ ਭਗਵਾਨ ਨੇ ਖਿਮਾ ਗੁਣ ਹੀ ਗ੍ਰਹਿਣ ਕੀਤਾ ਹੈ, ਕੋਈ ਸਰਾਪ ਨਹੀਂ ਦਿੱਤਾ। ਸਗੋਂ ਉੱਠ ਕੇ ਭ੍ਰਿਗੂ ਦੇ ਚਰਨ ਘੁੱਟਣ ਲੱਗ ਪਏ ਤੇ ਆਖਦੇ ਹਨ- ਸਾਡਾ ਸਰੀਰ ਪੱਥਰ ਵਾਂਗ ਸਖਤ ਹੈ, ਆਪ ਜੀ ਦੇ ਚਰਨ-ਕੰਵਲ ਫੁੱਲ ਵਾਂਗੂ ਕੋਮਲ ਹਨ, ਆਪ ਜੀ ਦੇ ਚਰਨਾਂ ਨੂੰ ਖੇਦ (ਦੁੱਖ) ਪ੍ਰਾਪਤ ਹੋਇਆ ਹੋਵੇਗਾ! ਦੇਖੋ ਭਗਵਾਨ ਨੇ ਕਿਤਨੀ ਨਿੰਮ੍ਰਤਾ ਧਾਰੀ ਹੈ।

ਯਥਾ- ਭਲਿਓਂ ਸੇ ਭਲਾ ਕਰੇ, ਤੇ ਜਗਤ ਵਿਉਹਾਰ।
ਬੁਰਿਓਂ ਸੇ ਜੋ ਭਲਾ ਕਰੇ, ਤੇ ਵਿਰਲੇ ਸੰਸਾਰ।
ਭਲੇ ਭਲਾਈ ਨਾ ਤਜੇ, ਬੁਰਿਅਨ ਕੇ ਭੀ ਸਾਥ।
ਕਿਆ ਵਿਸ਼ਨੂੰ ਦਾ ਘਟ ਗਿਆ, ਭ੍ਰਿਗੂ ਨੇ ਮਾਰੀ ਲਾਤ।
ਜੋ ਤੁਝ ਕੋ ਕਾਂਟੇ ਬੋਇ, ਤਿਨ ਕੋ ਬੋ ਤੂੰ ਫੂਲ।
ਤੁਝ ਕੋ ਫੂਲ ਕੇ ਫੂਲ ਹੈਂ, ਵਾ ਕੋ ਸੂਲ ਕੀ ਸੂਲ।

ਪ੍ਰਸ਼ਨ- ਖਿਮਾ ਕਿਸ ਨੂੰ ਆਖਦੇ ਹਨ? ਖਿਮਾ ਦਾ ਸਰੂਪ ਕੀ ਹੈ?

ਉੱਤਰ:- ਜਦ ਕੋਈ ਪੁਰਸ਼ ਆਪਣੇ ਨਾਲ ਵਧੀਕੀ ਕਰੇ ਜਾਂ ਗਾਲੀਆਂ ਕੱਢੇ ਤਾਂ ਉਸ ਪਾਸੋਂ ਬਦਲਾ ਲੈਣ ਦੀ ਤਾਕਤ ਆਪਣੇ ਸਰੀਰ ਵਿਚ ਹੁੰਦਿਆਂ ਹੋਇਆਂ ਵੀ ਉਸ ਨੂੰ ਕੁਝ ਨਾ ਕਹਿਣਾ ਇਸ ਦਾ ਨਾਮ ਖਿਮਾ ਹੈ।

ਫਿਰ ਜਿਸ ਵੇਲੇ ਸਤਿਗੁਰੂ ਅਮਰਦਾਸ ਜੀ ਦੀ ਵੱਖੀ ਵਿਚ ਦਾਤੂ ਨੇ ਲੱਤ ਮਾਰੀ, ਤਾਂ ਉਸ ਵੇਲੇ ਭੀ ਗਰੀਬ

ਨਿਵਾਜ਼ ਨੇ ਖਿਮਾ ਗੁਣ ਨੂੰ ਹੀ ਗ੍ਰਹਿਣ ਕੀਤਾ, ਅੱਗੋਂ ਆਪ ਉੱਠ ਕੇ ਉਸ ਦੇ ਚਰਣ ਘੁੱਟਣ ਲੱਗ ਪਏ। ਇਸੀ ਵਾਸਤੇ ਫਰੀਦ ਜੀ ਨੇ ਕਿਹਾ ਹੈ-

ਯਥਾ- ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥ ੭॥ *(ਪੰਨਾ ੧੩੭੮)*

ਤਥਾ- ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥
ਇਕੁ ਛਿਜਹਿ ਬਿਆ. ਲਤਾੜੀਅਹਿ॥ ਤਾਂ ਸਾਈ ਦੈ ਦਰਿ ਵਾੜੀਅਹਿ॥ ੧੬॥
(ਪੰਨਾ ੧੩੭੮)

ਤਥਾ- ਸਤ ਸੰਤੋਖਿ ਰਹਹੁ ਜਨ ਭਾਈ॥ ਖਿਮਾ ਗਹਹੁ ਸਤਿਗੁਰ ਸਰਣਾਈ॥ *(ਪੰਨਾ ੧੦੩੦)*

ਤਥਾ- ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ॥
(ਗਉੜੀ ਬਾਵਨ ਅਖਰੀ, ਪੰਨਾ ੨੫੩)

ਤਥਾ- ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ॥
ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ॥ *(ਗਉੜੀ ਬਾਵਨ ਅਖਰੀ, ਪੰਨਾ ੨੬੧)*

ਦੇਖੋ! ਜਿਸ ਤਰ੍ਹਾਂ ਅਧਮ ਬਾਦਸ਼ਾਹ ਨੇ ਖਿਮਾ ਧਾਰਨ ਕੀਤੀ ਸੀ, ਇਸੇ ਤਰ੍ਹਾਂ ਸਭ ਨੂੰ ਖਿਮਾ ਧਾਰਨ ਕਰਨੀ ਚਾਹੀਦੀ ਹੈ।

ਸਾਖੀ—ਅਧਮ ਬਾਦਸ਼ਾਹ ਦੀ

ਜਿਸ ਸਮੇਂ ਨੌਕਰਾਣੀ ਨੂੰ ਕੋਰੜੇ ਮਾਰਨ ਨਾਲ ਅਧਮ ਬਾਦਸ਼ਾਹ ਨੂੰ ਵੈਰਾਗ ਹੋਇਆ ਅਤੇ ਰਾਜ-ਭਾਗ ਛੱਡ ਕੇ ਫਕੀਰੀ ਲਿਬਾਸ ਨੂੰ ਧਾਰ ਕੇ ਇਕ ਨਦੀ ਤੋਂ ਪਾਰ ਹੋਣ ਵਾਸਤੇ ਜਦ ਬੇੜੀ ਵਿਚ ਬੈਠਾ ਤਾਂ ਉਸੇ ਨੌਕਾ ਵਿਚ ਤਮਾਸ਼ਾ ਕਰਨ ਵਾਲੇ ਨੱਟ ਵੀ ਚੜ੍ਹ ਗਏ। ਅਜੇ ਕੰਢੇ ਤੋਂ ਬੇੜੀ ਚਲੀ ਹੀ ਸੀ ਤਾਂ ਹੋਰ ਮੁਸਾਫਰ ਨੱਟਾਂ ਨੂੰ ਕਹਿਣ ਲੱਗੇ "ਸਾਨੂੰ ਆਪਣਾ ਤਮਾਸ਼ਾ ਦਿਖਾਓ।" ਮਲਾਹ ਅਤੇ ਮੁਸਾਫਰਾਂ ਦੇ ਕਹੇ ਅਨੁਸਾਰ ਨੱਟ ਬੇੜੀ ਵਿਚ ਹੀ ਤਮਾਸ਼ਾ ਕਰਨ ਲੱਗ ਪਏ। ਨੱਟਾਂ ਦੀ ਇਹ ਰੀਤੀ ਹੈ ਕਿ ਨਕਲ ਕਰ ਕੇ ਤਾਲ ਤੋੜਨ ਦੇ ਸਮੇਂ ਚੀਰਿਆ ਹੋਇਆ ਬਾਂਸ ਮਾਰਦੇ ਹਨ। ਪਰ ਉਸ ਬੇੜੀ ਵਿਚ ਤਾਂ ਸਾਰੇ ਧਨੀ ਪੁਰਸ਼ ਜਾਂ ਔਰਤਾਂ ਹੀ ਅਸਵਾਰ ਸਨ ਸਿਰਫ ਇਕ ਅਧਮ ਬਾਦਸ਼ਾਹ ਹੀ ਫ਼ਕੀਰੀ ਭੇਸ ਧਾਰਨ ਕਰ ਕੇ ਨੰਗੇ ਸਿਰ ਬੈਠਾ ਸੀ। ਜਦੋਂ ਤਾਲ ਤੋੜਨੇ ਦਾ ਵੇਲਾ ਆਵੇ ਤਾਂ ਨੱਟ ਉਸ ਦੇ ਸਿਰ ਵਿਚ ਬਾਂਸ ਮਾਰ ਕੇ ਤਾਲ ਤੋੜਨ। ਅਧਮ ਬਾਦਸ਼ਾਹ ਦੇ ਸਿਰ ਵਿਚੋਂ ਲਹੂ ਵਗ ਤੁਰਿਆ ਤਾਂ ਉਸ ਸਮੇਂ ਉਸ ਨੂੰ ਪਰਮੇਸ਼ਰ ਅੰਤਰਜਾਮੀ ਵਲੋਂ ਅਕਾਸ਼ ਬਾਣੀ ਹੋਈ ਕਿ ਐ ਬਾਦਸ਼ਾਹ! ਇਨ੍ਹਾਂ ਨੱਟਾਂ ਨੇ ਬਾਂਸ ਮਾਰ-ਮਾਰ ਕੇ ਤੇਰਾ ਸਿਰ ਲਹੂ-ਲੁਹਾਨ ਕਰ ਦਿੱਤਾ ਹੈ, ਜੇ ਤੂੰ ਕਹੇਂ ਤਾਂ ਇਨ੍ਹਾਂ ਨੱਟਾਂ ਨੂੰ ਮੈਂ ਗਰਕ ਕਰ ਦੇਵਾਂ। ਜੇ ਕਹੇਂ ਤਾਂ ਸਾਰੀ ਬੇੜੀ ਹੀ ਡੋਬ ਦੇਵਾਂ?

ਇਤਨੀ ਗੱਲ ਸੁਣ ਕੇ ਅਧਮ ਬਾਦਸ਼ਾਹ ਨੇ ਆਪਣੇ ਚਿੱਤ ਵਿਚ ਖਿਮਾ ਦਾ ਗੁਣ ਲਿਆ ਕੇ ਬੇਨਤੀ ਕੀਤੀ, ਹੇ ਭਗਵਾਨ! ਜੇਕਰ ਆਪ ਵਿਚ ਇਨ੍ਹਾਂ ਦੇ ਗਰਕ ਕਰਨ ਦੀ ਤਾਕਤ ਹੈ ਤਾਂ ਕੀ ਆਪ ਇਨ੍ਹਾਂ ਨੂੰ ਸੁਮੱਤ ਨਹੀਂ ਬਖਸ਼ ਸਕਦੇ? ਇਸ ਵਾਸਤੇ ਮੈਂ ਇਹ ਚਾਹੁੰਦਾ ਹਾਂ, ਕਿ ਇਨ੍ਹਾਂ ਉਤੇ ਕਿਰਪਾ ਕ੍ਰਿਸ਼ਟੀ ਕਰ ਕੇ ਇਨ੍ਹਾਂ ਨੂੰ ਸੁਮੱਤ ਹੀ ਬਖਸ਼ਣਾ ਕਰੋ।*

*ਇਸ ਸਾਰੇ ਪ੍ਰਸੰਗ ਨੂੰ ਪੜ੍ਹਨ ਵਾਸਤੇ ਅਮੀਰ ਭੰਡਾਰ ਦੇ ਜੁਪਜੀ ਸਟੀਕ ਦਾ ੨੨੧ ਪੰਨਾ ਤੇ ਤੀਜੀ ਐਡੀਸ਼ਨ ਦਾ ੨੮੨ ਪੰਨਾ ਦੇਖੋ।

ਆਸਾਵਰੀਆਂ ਵਿਚ ਲਿਖਿਆ ਹੈ-

ਰੱਬ ਵਾਲਿਆਂ ਦੀ ਇਹ ਨਿਸ਼ਾਨੀ, ਉਹ ਦਿਸਦੇ ਖਰੇ ਨਿਮਾਣੇ।
ਮੰਦਾ ਕਿਸੀ ਨੂੰ ਆਖਣ ਨਾਹੀਂ, ਉਹ ਸਭਸੈ ਦੇ ਮਨ ਭਾਣੇ।
ਮਿੱਠਾ ਬੋਲਣ ਤੇ ਨਿਵ ਚੱਲਣ, ਓਹ ਦਿਲ ਨਾ ਕਿਸੀ ਦਾ ਰੰਞਾਣੇ।
ਆਖ ਗੁਆਲਾ ਖ਼ੁਦੀ ਤਕੱਬਰੀ, ਉਨ੍ਹਾਂ ਉਡ ਗਈ ਵਾਂਗ ਟਿਨਾਣੇ।

ਸਾਖੀ—ਖਿਮਾ ਧਾਰਨ ਪਰ, ਸੁਕਦੇਵ ਜੀ ਦੀ

ਇਕ ਸਮੇਂ ਸੁਕਦੇਵ ਮੁਨੀ ਜੀ ਨਦੀ ਦੇ ਕਿਨਾਰੇ ਕਿਨਾਰੇ ਇਕ ਪਰੇਮੀ ਸੇਵਕ ਨਾਲ ਸੈਰ ਕਰਦੇ ਜਾ ਰਹੇ ਸਨ। ਅੱਗੇ ਕੀ ਦੇਖਦੇ ਹਨ ਕਿ ਇਕ ਬਿੱਛੂ ਪਾਣੀ ਵਿਚ ਪਿਆ ਤੜਫ ਰਿਹਾ ਹੈ। ਸੁਕਦੇਵ ਜੀ ਨੇ ਆਪਣੇ ਦਿਆਲੂ ਸੁਭਾਅ ਅਨੁਸਾਰ ਉਸ ਬਿੱਛੂ ਨੂੰ ਪਾਣੀ ਵਿਚੋਂ ਬਾਹਰ ਕਢਿਆ। ਬਿੱਛੂ ਨੇ ਆਪਣੇ ਤਾਮਸੀ ਸੁਭਾਅ ਅਨੁਸਾਰ ਸੁਕਦੇਵ ਜੀ ਦੇ ਹੱਥ 'ਤੇ ਡੰਗ ਮਾਰਿਆ। ਉਹ ਫਿਰ ਪਾਣੀ ਵਿਚ ਡਿਗ ਪਿਆ। ਮੁਨੀ ਜੀ ਨੇ ਫਿਰ ਕਢਿਆ, ਉਸ ਨੇ ਫਿਰ ਡੰਗ ਮਾਰਿਆ। ਜਦ ਦੋ ਚਾਰ ਵਾਰ ਇਸ ਤਰ੍ਹਾਂ ਹੋਇਆ ਤਾਂ ਪਾਸ ਵੇਖਣ ਵਾਲੇ ਸੇਵਕ ਨੇ ਕਿਹਾ - ਸੁਆਮੀ ਜੀ! ਜੇਕਰ ਇਹ ਤੁਹਾਨੂੰ ਡੰਗ ਮਾਰਦਾ ਹੈ ਤਾਂ ਤੁਸੀਂ ਇਸ ਦੁਸ਼ਟ ਦਾ ਖਿਆਲ ਛੱਡ ਦੇਵੋ, ਪਾਣੀ ਵਿਚ ਹੀ ਪਿਆ ਰਹਿਣ ਦਿਓ।

ਇਹ ਬਚਨ ਸੁਣ ਕੇ ਸੁਕਦੇਵ ਜੀ ਬੋਲੇ "ਐ ਪਿਆਰੇ! ਜੇਕਰ ਇਹ ਆਪਣਾ ਡੰਗ ਮਾਰਨ ਵਾਲਾ ਸੁਭਾਅ ਨਹੀਂ ਛੱਡਦਾ ਤਾਂ ਅਸੀਂ ਮਨੁੱਖ ਹੋ ਕੇ ਰੱਬੀ ਜੀਵਾਂ ਤੇ ਖਿਮਾ, ਵਾ:-ਤਰਸ ਕਰਨ ਵਾਲਾ ਸੁਭਾਅ ਕਿਉਂ ਛਡੀਏ? ਤਾਂ ਤੇ ਹੇ ਸਤਸੰਗੀ ਪੁਰਸ਼ੋ! ਖਿਮਾਂ ਦੇ ਜਾਚਕ ਬਣੋ ਤੇ ਆਪਣੇ ਮਨੁੱਖ ਜਨਮ ਨੂੰ ਸੁਧਾਰੋ।

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ ਕਿ ਸੁਆਮੀ ਜੀ! ਸਾਰਿਆਂ ਪਦਾਰਥਾਂ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ? *ਗੁਰ ਉੱਤਰ-*

ਹੇ ਭਾਈ! ਗੁਰ ਸੇਵਾ ਦੇ ਕਰਨ ਨਾਲ ਸਭ ਪ੍ਰਦਾਰਥ ਮਿਲਦੇ ਹਨ।

(ਅਰਥ ਵਾਸਤੇ ਅੰਤਲੀ ਪੰਗਤੀ ਪਹਿਲੇ ਲਗਾਵਣੀ)

ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥

ਸਭ ਪੁਰਖਾਂ ਦਾ ਦਾਤਾ ਜੋ ਪਾਰਬ੍ਰਹਮ ਹੈ, ਉਸ ਦੇ ਸਰੂਪ ਜੋ ਪੂਰਨ ਗੁਰੂ ਹਨ, ਸ਼ਰਧਾ ਭਾਵਨਾ ਨਾਲ ਤਿਨ੍ਹਾਂ ਗੁਰਾਂ ਦੀ ਸੇਵਾ ਕਰਨ ਨਾਲ ਕਿੰ= ਕਿਹੜਾ-ਕਿਹੜਾ ਪਦਾਰਥ ਨ= ਨਹੀਂ ਲੱਭਦਾ, ਭਾਵ ਸਾਰੇ ਪਦਾਰਥ ਲੱਭ ਪੈਂਦੇ ਹਨ।

ਪਾਛੰ ਕਰੋਤਿ ਅਗ੍ਰਣੀਵਹ

ਜੋ ਨਯੂਨ ਜਾਤੀ ਵਾਲੇ ਜਾਂ ਕੰਗਾਲ ਪੁਰਸ਼ ਸਭ ਤੋਂ ਪਿੱਛੇ ਰਹਿਣ ਵਾਲੇ ਹਨ, ਉਨ੍ਹਾਂ ਨੂੰ ਇਹ ਗੁਰ ਸੇਵਾ ਸਭ ਤੋਂ ਅਗ੍ਰਣੀਵਹ= ਅੱਗੇ ਕਰਨ ਵਾਲੀ ਹੈ।

ਸਾਖੀ—ਭਾਈ ਮੰਝ ਦੀ

ਦੁਆਬੇ ਦੇ ਇਲਾਕੇ ਮੰਝਕੀ ਪਿੰਡ ਦਾ ਰਾਜਪੂਤ ਚੌਧਰੀ ਭਾਈ ਮੰਝ ਜਿਸ ਦਾ ਪਹਿਲਾ ਨਾਮ "ਤੀਰਥੀ" ਸੀ, ਘਰ ਵਿਚ ਪੀਰ ਖਾਨਾ ਬਣਾ ਕੇ ਸਖੀ ਸਰਵਰ ਦੀ ਪੂਜਾ ਕਰਦਾ ਹੁੰਦਾ ਸੀ ਪਰ ਪਿਛਲੇ ਜਨਮ ਦੇ ਸੰਸਕਾਰ

ਭਗਤੀ ਭਾਵ ਵਾਲੇ ਸਨ, ਪੰਚਮ ਪਾਤਸ਼ਾਹ ਜੀ ਦੀ ਸਿਫਤ ਸੁਣੀ, ਬਾਣੀ ਪੜ੍ਹ ਕੇ ਵਿਚਾਰੀ ਜੋ ਮਨ ਨੂੰ ਅਤਿਅੰਤ ਸ਼ਾਂਤ ਕਰਦੀ ਸੀ। ਹਜ਼ੂਰ ਦੇ ਦਰਸ਼ਨਾਂ ਦੀ ਲਾਲਸ ਜਾਗੀ ਪਰ ਚੌਧਰੀ ਹੋਣ ਦੇ ਸਬੰਧ ਵਿਚ ਲੋਕ-ਲਾਜ ਦਾ ਭੈ ਕਰ ਕੇ ਦਰਸ਼ਨ ਨਾ ਕਰ ਸਕਿਆ। ਇਕ ਸਮੇਂ ਨਗਾਹੇ ਤੋਂ ਵਾਪਸ ਆਉਂਦੇ ਨੇ ਅੰਮ੍ਰਿਤਸਰ ਦੀ ਯਾਤਰਾ ਤੇ ਸਤਿਗੁਰਾਂ ਦੇ ਦਰਸ਼ਨ ਕੀਤੇ। ਚਰਨਾਂ 'ਤੇ ਸੀਸ ਰੱਖ ਕੇ ਮੱਥਾ ਟੇਕਿਆ ਤੇ ਸਿੱਖੀ ਦੀ ਯਾਚਨਾ ਕੀਤੀ। ਹਜ਼ੂਰ ਨੇ ਭਿਰਾਈਆਂ ਵਾਲਾ ਸਰੀਰ 'ਤੇ ਲਿਬਾਸ ਦੇਖ ਕੇ ਕਿਹਾ- ਹਿੰਦੂ ਹੋ ਕੇ ਮੁਸਲਮਾਨਾਂ ਦੇ ਪੀਰਾਂ ਨੂੰ ਮੰਨਦਾ ਹੈਂ? ਆਪਣਾ ਧਰਮ ਭ੍ਰਿਸ਼ਟ ਕਰ ਚੁਕਾ ਹੈਂ ਸਿੱਖੀ ਬੜੀ ਮਹਿੰਗੀ ਪਵੇਗੀ, ਲੋਕ ਨਿੰਦਾ ਕਰਨਗੇ, ਗੁਰੂ ਦੀ ਕਸਵਟੀ ਵਿਚ ਪੂਰਾ ਉਤਰਨਾ ਬੜਾ ਮੁਸ਼ਕਲ ਹੋ ਜਾਵੇਗਾ ਤੂੰ ਸਰਵਰ ਦੀ ਸੇਵਾ ਕਰੀ ਜਾਹ!

ਉਸ ਨੇ ਬੜੀ ਦੀਨਤਾ ਨਾਲ ਬੇਨਤੀ ਕੀਤੀ:"ਮਹਾਰਾਜ! ਹੁਣ ਤਕ ਤਾਂ ਭੁੱਲਿਆ ਰਿਹਾ ਹਾਂ ਅੱਗੋਂ ਵਾਸਤੇ ਕਿਰਪਾ ਕਰੋ, ਮੈਂ ਸਰਵਰ ਦੀ ਮੰਨਤਾ ਪੂਜਾ ਛੱਡੀ। ਸਦਾ ਹੀ ਆਪ ਦੀ ਸਿੱਖੀ ਧਾਰਾਂਗਾ, ਦੁੱਖ ਸੁਖ ਵਿਚ ਆਪ ਜੀ ਨੂੰ ਨਹੀਂ ਭੁੱਲਾਂਗਾ।'' ਹਜ਼ੂਰ ਨੇ ਬਥੇਰਾ ਸਮਝਾਇਆ ਸਿੱਖੀ ਪਾ ਕੇ ਆਪਾ ਭਾਵ ਨਹੀਂ ਜਨੌਣਾ ਪਵੇਗਾ, ਧਨ ਪਦਾਰਥ ਗੁਰੂ ਦਾ ਸਮਝਣਾ ਪਵੇਗਾ, ਗਰੀਬੀ ਦੀ ਹਾਲਤ ਵਿਚ ਲੋਕ ਮਖੌਲ ਕਰਨਗੇ ਕਿ ਤੈਂ ਸਿੱਖੀ ਵਿੱਚੋਂ ਕੀ ਖੱਟਿਆ? ਇਹ ਸਿੱਖੀ ਖੰਡੇ ਨਾਲੋਂ ਤਿੱਖੀ ਤੇ ਵਾਲ ਨਾਲੋਂ ਬਰੀਕ ਹੈ। ਤਾਂ ਮੰਝ ਨੇ ਕਿਹਾ- ਜੀ! ਮੈਨੂੰ ਸਭ ਕੁਝ ਮਨਜ਼ੂਰ ਹੈ ਪਰ ਸਿੱਖੀ ਜ਼ਰੂਰ ਬਖਸ਼ੋ। ਬਾਣੀ ਗਦ-ਗਦ ਹੋ ਗਈ, ਨੇਤਰਾਂ ਵਿਚੋਂ ਵੈਰਾਗ ਦਾ ਜਲ ਵਗ ਤੁਰਿਆ। ਗਰੀਬ ਨਿਵਾਜ਼ ਨੇ ਸੱਚਾ ਪਰੇਮ ਦੇਖ ਕੇ ਕਿਹਾ- ਘਰ ਜਾ ਕੇ ਪਹਿਲਾਂ ਸਰਵਰ ਦਾ ਮਕਾਨ ਢਾਹ, ਫਿਰ ਆ ਕੇ ਸਿੱਖੀ ਧਾਰਨ ਕਰੀਂ! ਉਸੇ ਵੇਲੇ ਹਜ਼ੂਰ ਦਾ ਬਚਨ ਮੰਨ ਕੇ ਮੱਥਾ ਟੇਕ ਕੇ ਘਰ ਆ ਗਿਆ। ਹੱਥ ਵਿਚ ਕਹੀ ਫੜ ਕੇ ਵੇਹੜੇ ਵਿਚ ਬਣਿਆਂ ਪੀਰਖਾਨਾ ਢਾਹ ਦਿੱਤਾ। ਏਧਰੋਂ ਸਤਿਗੁਰਾਂ ਨੇ ਅਜੇਹੀ ਕਸਵੱਟੀ ਲਾਈ ਕਿ ਉਸੇ ਦਿਨ ਤੋਂ ਹੀ ਸਭ ਕੁਛ ਨਾਸ ਹੋਣ ਲੱਗ ਗਿਆ। ਘਰ ਦੇ ਡੰਗਰ ਪਸ਼ੂ ਸਭ ਮਰ ਗਏ। ਦੇਣ ਵਾਲਿਆਂ ਨੇ ਕਰਜਾ ਨਾ ਮੋੜ ਕੇ ਦਿੱਤਾ। ਥੋੜ੍ਹੇ ਦਿਨਾਂ ਵਿਚ ਹੀ ਅਤਿਅੰਤ ਗਰੀਬ ਹੋ ਗਿਆ। ਲੋਕ ਕਹਿਣ ਇਸ ਉੱਤੇ ਸਰਵਰ ਦੀ ਕ੍ਰੋਪੀ ਹੋ ਗਈ ਹੈ, ਪੀਰ ਦੀ ਮਾਰ ਨੇ ਸਭ ਕੁਝ ਨਾਸ ਕਰ ਦਿੱਤਾ ਹੈ, ਇਹ ਸਿੱਖ ਬਣਨ ਦਾ ਨਤੀਜਾ , ਦੱਸ ! ਭੁੱਖ ਤੇ ਨੰਗ ਦਾ ਘਰ ਸਿੱਖੀ ਪਾ ਕੇ ਕੀ ਖੱਟ ਲਿਆ? ਇਸ ਤਰ੍ਹਾਂ ਸ਼ਰੀਕਾਂ ਤੇ ਸਬੰਧੀਆਂ ਦੇ ਤਰਕ ਵਾਲੇ ਬਚਨ ਸੁਣ ਕੇ ਮੰਝ ਦਾ ਮਨ ਡੋਲਿਆ ਨਹੀਂ ਉਸ ਨੇ ਉੱਤਰ ਦਿੱਤਾ।

ਯਥਾ- ਭਾਖਤ ਸਬੰਧੀ ਮਿਲ ਏਹੋ ਮਤਿ ਮੰਦ ਮੰਝ, ਲੈ ਕੇ ਗੁਰਸਿਖੀ ਦਰਿਦ੍ਰਤਾ ਵਿਸਾਹੀ ਹੈ।
ਮੰਝ ਕਹਿਓ ਦਾਰਿਦ ਜੋ ਅਹੈ ਗੁਰਸਿਖੀ ਬੀਚ, ਮੇਰੇ ਜਾਣੋ ਭਾਈ ਯਿਹ ਪੂਰੀ ਪਾਤਸ਼ਾਹੀ ਹੈ।
(ਗੁਰ ਸ਼ਬਦ ਅਲੰਕਾਰ)

ਸੰਬੰਧੀ ਕਹਿਣ ਲੱਗੇ- ''ਇਹ ਪਾਗਲ ਹੋ ਗਿਆ ਹੈ, ਪੀਰ ਦੀ ਨਰਾਜ਼ਗੀ ਨੇ ਸਭ ਕੁਝ ਤਬਾਹ ਕਰ ਦਿੱਤਾ ਹੈ।'' ਲੋਕਾਂ ਨੇ ਪਿੰਡ ਦੀ ਚੌਧਰਤਾ ਵੀ ਖੋਹ ਲਈ। ਅਖੀਰ ਨੂੰ ਪੰਚਮ ਪਾਤਸ਼ਾਹ ਜੀ ਨੇ ਆਪਣਾ ਹੁਕਮਨਾਮਾ ਭੇਜ ਕੇ ਪਾਸ ਬੁਲਾਇਆ। ਸਮੇਤ ਪਰਵਾਰ ਹਜ਼ੂਰੀ ਵਿਖੇ ਪੁੱਜਾ। ਸਤਿਗੁਰਾਂ ਨੇ ਪੁੱਛਿਆ ''ਦੱਸ, ਮਨ ਦੀ ਕੀ ਹਾਲਤ ਹੈ?'' ਮੰਝ ਨੇ ਕਿਹਾ- ਆਪ ਜੀ ਦੀ ਕ੍ਰਿਪਾ ਹੈ, ਮੈਨੂੰ ਪਦਾਰਥ ਗਏ ਦਾ ਕੋਈ ਸ਼ੋਕ ਨਹੀਂ, ਆਪ ਸਿੱਖੀ ਦੀ ਦਾਤ ਬਖਸ਼ੋ! ਹਜ਼ੂਰ ਨੇ ਸਿੱਖੀ ਬਖਸ਼ ਦਿੱਤੀ। ਇਹ ਲੰਗਰ ਵਾਸਤੇ ਹਰ ਰੋਜ਼ ਜੰਗਲ ਵਿੱਚੋਂ ਲੱਕੜਾਂ ਲਿਆਣ ਦੀ ਸੇਵਾ ਕਰਨ ਲੱਗ ਗਿਆ। ਕਾਫੀ ਚਿਰ ਤੋਂ ਪਿੱਛੋਂ ਸਤਿਗੁਰਾਂ ਨੇ ਪੁੱਛਿਆ- ''ਕੀ ਕੰਮ ਕਰਦਾ ਹੁੰਦਾ ਹੈਂ? ਮੰਝ ਨੇ ਕਿਹਾ- ''ਮਹਾਰਾਜ ਜੀ! ਲੰਗਰ ਦੀ ਸੇਵਾ। ਫਿਰ ਗੁਰਾਂ ਨੇ ਪੁੱਛਿਆ- ਪਰਸ਼ਾਦ ਕਿੱਥੋਂ ਛਕਦਾ

ਹੈਂ? ਜੀ ਲੰਗਰ ਵਿੱਚੋਂ। ਮਹਾਰਾਜ ਬੋਲੇ- ਕੰਮ ਕਰ ਕੇ ਮਜੂਰ ਨੂੰ ਮਜੂਰੀ ਮਿਲ ਗਈ ਫੇਰ ਸੇਵਾ ਕਾਹਦੀ ਹੋਈ? ਭਾਈ ਸਾਹਿਬ ਨੇ ਉਸ ਦਿਨ ਤੋਂ ਲੰਗਰ ਦੇ ਆਟੇ ਵਾਲੇ ਭਾਂਡਿਆਂ ਦਾ ਧੋਣ ਪੀਣਾ ਸ਼ੁਰੂ ਕਰ ਦਿੱਤਾ। ਮਹਾਰਾਜ ਨੂੰ ਪਤਾ ਲੱਗਿਆ ਤੇ ਫੇਰ ਕਿਹਾ- ਇਹ ਵੀ ਠੀਕ ਨਹੀਂ। ਗੁਰੂ-ਘਰ ਦੇ ਪਸ਼ੂਆਂ ਤੇ ਹੋਰ ਅਨੇਕਾਂ ਕੀੜਿਆਂ ਦੀ ਰੋਜ਼ੀ ਮਾਰਦਾ ਹੈਂ? ਫਿਰ ਉਸ ਦਿਨ ਤੋਂ ਨਿਰਾਹਾਰ ਹੀ ਰਹਿਣ ਲੱਗ ਪਿਆ। ਹਰ ਰੋਜ਼ ਸੇਵਾ ਉਸੇ ਤਰ੍ਹਾਂ ਹੀ ਕਰੀ ਜਾਂਦਾ ਹੈ ਸਰੀਰ ਭਾਵੇਂ ਕਮਜ਼ੋਰ ਹੋ ਗਿਆ ਪਰ ਮਨ ਭਗਤੀ ਦੇ ਰੰਗ ਤੇ ਸੇਵਾ ਦੇ ਬਲ ਨਾਲ ਬੜਾ ਤਕੜਾ ਹੋ ਗਿਆ, ਸਮਾਂ ਬਤੀਤ ਹੁੰਦਾ ਗਿਆ।

ਇਕ ਦਿਨ ਦਾ ਜ਼ਿਕਰ ਹੈ ਇਹ ਜੰਗਲ ਵਿਚ ਲੱਕੜਾਂ ਲੈਣ ਵਾਸਤੇ ਗਿਆ। ਸੁੱਕੀਆਂ ਲੱਕੜਾਂ ਦਾ ਭਾਰ ਬੰਨ੍ਹ ਕੇ ਸੀਸ ਤੇ ਚੁੱਕ, ਸ਼ਹਿਰ ਵੱਲ ਨੂੰ ਤੁਰ ਪਿਆ। ਰਸਤੇ ਵਿਚ ਏਹੋ ਜੇਹੀ ਅੰਧੇਰੀ ਚਲੀ ਕਿ ਦਿਨ ਦੀ ਰਾਤ ਬਣ ਗਈ। ਕੁਝ ਹੱਥ ਮਾਰਿਆਂ ਨਾ ਦਿੱਸੇ। ਰਸਤਾ ਕੁਰੱਸਤਾ ਇਕੋ ਜਿਹਾ ਹੋ ਗਿਆ। ਇਹ ਹੌਲੀ-ਹੌਲੀ ਪੈਰ ਰੱਖਦਾ ਸਿਰ 'ਤੇ ਲੱਕੜਾਂ ਦਾ ਭਾਰ ਸੰਭਾਲਦਾ ਚਲਿਆ ਆ ਰਿਹਾ ਹੈ। ਅੱਗੇ ਰਾਹ ਤੋਂ ਥੋੜ੍ਹਾ ਜੇਹਾ ਪਾਸੇ, ਇਕ ਮਣ੍ਹ ਤੋਂ ਬਗੈਰ (ਜੰਗਲ ਵਿਚ) ਖੂਹ ਸੀ। ਭਾਈ ਸਾਹਿਬ ਨੂੰ ਹਨ੍ਹੇਰੀ ਦੇ ਕਾਰਣ ਪਤਾ ਨਾ ਲੱਗਿਆ, ਲੱਕੜਾਂ ਦੇ ਭਾਰ ਸਮੇਤ ਧੜੰਮ ਕਰਦਾ ਵਿਚ ਡਿੱਗ ਪਿਆ ਪਰ ਸਿਰ ਤੋਂ ਲੱਕੜਾਂ ਨਾ ਡਿੱਗਣ ਦਿੱਤੀਆਂ। ਖੂਹ ਦੇ ਵਿਚ ਖੜਾ ਹੀ ਪੰਚਮ ਪਾਤਸ਼ਾਹ ਜੀ ਨੂੰ ਅਰਾਧਦਾ ਰਿਹਾ।

ਏਧਰ ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਮੰਜੀ ਸਾਹਿਬ ਵਾਲੀ ਜਗ੍ਹਾ ਬੈਠੇ ਹੋਏ ਸਾਰੀ ਗੱਲ ਜਾਣ ਗਏ। ਉਸੇ ਸਮੇਂ ਨੰਗੇ ਚਰਨੀਂ ਖੂਹ ਵੱਲ ਇਉਂ ਆਖਦੇ ਹੋਏ ਦੌੜੇ ਕਿ "ਛੇਤੀ ਲੱਜਾਂ ਰੱਸੇ ਲੈ ਕੇ ਸਾਡੇ ਮਗਰ ਆ ਜਾਓ! ਹੈਰਾਨੀ ਸਮੇਤ ਸੰਗਤ ਲੱਜਾਂ ਲੈ ਕੇ ਮਗਰ ਦੌੜੀ, ਖੂਹ ਦੇ ਕੰਢੇ ਤੇ ਖੜੋ ਕੇ ਹੇਠਾਂ ਲੱਜ ਵਹਾ ਕੇ ਕਿਹਾ- "ਇਸ ਨੂੰ ਫੜ ਕੇ ਉੱਪਰ ਚੜ੍ਹ ਆ।" ਉਸਨੇ ਕਿਹਾ- "ਪਹਿਲਾਂ ਲੱਕੜਾਂ ਨੂੰ ਬਾਹਰ ਕੱਢੋ ਤਾਂ ਕਿ ਗੁਰੂ ਕਾ ਲੰਗਰ ਨਾ ਰੁਕੇ।" ਇਉਂ ਕਹਿ ਕੇ ਪਹਿਲਾਂ ਲੱਜ ਨਾਲ ਲੱਕੜਾਂ ਦਾ ਭਾਰ ਬੰਨ੍ਹਿਆਂ ਫੇਰ ਆਪ ਉੱਪਰ ਆਇਆ। ਹਜ਼ੂਰ ਨੂੰ ਖੜਿਆਂ ਦੇਖ ਕੇ ਨੇਤਰਾਂ 'ਚੋਂ ਛਮਾ ਛਮ ਜਲ ਵਹਿ ਤੁਰਿਆ। ਨਮਸਕਾਰ ਕਰ ਹੰਝੂਆਂ ਨਾਲ ਚਰਨ ਧੋ ਦਿੱਤੇ। ਮਹਾਰਾਜ ਨੇ ਘੁੱਟ ਕੇ ਛਾਤੀ ਨਾਲ ਲਾਇਆ ਤੇ ਕਿਹਾ- "ਤੇਰੀ ਸੇਵਾ ਪ੍ਰਵਾਨ ਹੋ ਗਈ ਤੇ ਇਸ ਤਰ੍ਹਾਂ ਵਰ ਦਿੱਤਾ—

ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।

ਇਸ ਤੋਂ ਪਿੱਛੋਂ ਇਸ ਨੂੰ ਦਸਤਾਰ ਬਖਸ਼ ਕੇ ਗੁਰਸਿੱਖੀ ਦਾ ਪ੍ਰਚਾਰਕ ਨੀਅਤ ਕੀਤਾ ਕਿ ਤੂੰ ਅੱਜ ਤੋਂ ਗੁਰੂ ਨਮਿੱਤ ਲੰਗਰ ਚਲਾ, ਰਿੱਧੀਆਂ ਸਿੱਧੀਆਂ ਤੇਰੇ ਚਰਨ ਚੁੰਮਣਗੀਆਂ*।

ਅਥਵਾ- ਜੋ ਮਨ ਪਿੱਛੇ ਬੈਠਾ ਸੀ ਭਾਵ ਪੰਜਾਂ ਕੋਸ਼ਾਂ ਦੇ ਪੜਦੇ ਕਰ ਕੇ ਪਰਮੇਸ਼ਰ ਦੀ ਪ੍ਰਾਪਤੀ ਦੇ ਪਿੱਛੇ ਹੋ ਰਿਹਾ ਸੀ, ਉਸ ਮਨ ਨੂੰ ਪਰਮੇਸ਼ਰ ਦੇ ਅੱਗੇ ਇਹ ਗੁਰਸੇਵਾ ਕਰ ਦਿੰਦੀ ਹੈ।

ਨਿਰਾਸੰ ਆਸ ਪੂਰਨਹ ॥

ਪੂਨਾ ਇਹ ਗੁਰਸੇਵਾ ਨਿਰਾਸਿਆਂ ਪੁਰਸ਼ਾਂ ਦੀ ਆਸਾ ਪੂਰਨ ਕਰਨ ਵਾਲੀ ਹੈ।

**ਨੋਟ—ਇਹ ਖੂਹ ਜੋ ਭਾਈ ਮੰਝ ਦੇ ਖੂਹ ਦੇ ਨਾਮ ਨਾਲ ਪ੍ਰਸਿੱਧ ਹੈ ਸ੍ਰੀ ਅੰਮ੍ਰਿਤਸਰ ਤੋਂ ਚੜ੍ਹਦੇ ਵਲ ਚਾਟੀਵਿੰਡ ਗੇਟ ਤੋਂ ਬਾਹਰ ਨਹਿਰ ਤੋਂ ਪਾਰ ਤਰਨ ਤਾਰਨ ਵਾਲੀ ਸੜਕ ਤੋਂ ਖੱਬੇ ਪਾਸੇ ਕੋਈ ਡੇਢ ਮੀਲ ਦੇ ਫਾਸਲੇ ਪਰ ਮੌਜੂਦ ਹੈ। ਪੰਚਮ ਪਾਤਸ਼ਾਹ ਜੀ ਦਾ ਗੁਰਦੁਆਰਾ ਵੀ ਕਾਇਮ ਹੈ ਜਿਸ ਦੀ ਦੁਬਾਰਾ ਸੇਵਾ ਹੁਣ ਭੂਰੀ ਵਾਲੇ ਸੰਤਾਂ ਨੇ (ਸੰਮਤ ੨੦੨੦ ਸੰਨ ੧੯੬੩ ਵਿਚ) ਸ਼ੁਰੂ ਕੀਤੀ ਹੈ।*

ਪਹਿਲੀ ਸਾਖੀ—ਭਾਈ ਆਦਮ ਦੀ

ਮਾਲਵੇ ਦੀ ਧਰਤੀ ਜ਼ਿਲ੍ਹਾ ਬਠਿੰਡੇ ਵਿਚ ਭੁੱਚੋ ਨਾਮ ਦਾ ਨਗਰ 'ਤੇ ਰੇਲਵੇ ਸਟੇਸ਼ਨ ਹੈ। ਇਸ ਪਿੰਡ ਵਿਚ ਸਿੱਧੂ ਗੋਤ ਦਾ ਜ਼ਿਮੀਂਦਾਰ ਭਾਈ ਆਦਮ ਰਹਿੰਦਾ ਸੀ। ਪਿਤਾ ਪੁਰਖੀ ਕ੍ਰਿਤ ਅਨੁਸਾਰ ਖੇਤੀ ਬਾੜੀ ਦਾ ਕੰਮ ਕਰਦਾ ਅਤੇ ਵੰਡ ਛਕਦਾ ਸੀ, ਇਸ ਦੇ ਮਨ ਵਿਚ ਵੀ ਪੁੱਤਰ ਦੀ ਇੱਛਾ ਸੀ। ਹੋਰ ਧਨ-ਪਦਾਰਥ ਘਰ ਵਿਚ ਬੜਾ ਸੀ ਪਰ ਇਕੋ ਇਕ ਏਹੋ ਘਾਟ ਸੀ ਜੋ ਗ੍ਰਿਹਸਥ ਦਾ ਜ਼ਰੂਰੀ ਅੰਗ ਹੈ, ਸੋ ਕਿਤੇ ਵੀ ਪੂਰੀ ਨਾ ਹੋ ਸਕੀ। ਕਿਸੇ ਦਾ ਕਹਿਣਾ ਠੀਕ ਹੈ:

ਉੂੰ ਤਾਂ ਹੈ ਨੀ ਜਗਤ ਮੇਂ, ਕਿਸੇ ਚੀਜ਼ ਦਾ ਨੇਮ।
ਪਰ ਤਿੰਨੇ ਮੁਲ ਨੂੰ ਨਾ ਮਿਲੇਂ ਪਾਰਸ ਪੁਤਰ ਪ੍ਰੇਮ।

ਬੜੇ-ਬੜੇ ਜਾਦੂ-ਟੂਣੇ ਕਰਨ ਵਾਲੇ ਪਖੰਡੀਆਂ ਦਾ ਪੂਜਨ ਕੀਤਾ। ਮੜ੍ਹੀਆਂ ਤੇ ਕਬਰਾਂ ਤੇ ਦੀਵੇ ਜਗਾਏ, ਸਿਵਿਆਂ ਤੇ ਛਿਲੇ ਕੰਢੇ, ਚੌਰਸਤਿਆਂ ਵਿਚ ਉਤਾਰੇ ਲਾਹੇ, ਪਰ ਮਨ ਦੀ ਸੱਧਰ ਕਿਤੋਂ ਵੀ ਪੂਰੀ ਨਾ ਹੋਈ। ਜਿਉਂ-ਜਿਉਂ ਆਪਣੇ ਚਿੱਟੇ ਦਾੜ੍ਹੇ ਤੇ ਬ੍ਰਿਧ ਅਵਸਥਾ ਵਲ ਤੱਕਦਾ ਹੈ ਤਿਉਂ-ਤਿਉਂ ਨਿਰਾਸਤਾ ਦੇ ਡੂੰਘੇ ਸਾਗਰ ਵਿਚ ਗੋਤੇ ਖਾਂਦਾ ਹੈ। ਸਮਾਂ ਬਤੀਤ ਹੁੰਦਿਆਂ ਕੁਝ ਦੇਰ ਨਹੀਂ ਲਗਦੀ। ਇਸ ਤਰ੍ਹਾਂ ਯਤਨ ਕਰਦਿਆਂ ਇਸ ਦੀ ਉਮਰ ਸੱਤਰ (੭੦) ਸਾਲ ਦੀ ਹੋ ਗਈ।

ਦੇਵਨੇਤ ਨਾਲ ਕੋਈ ਗੁਰੂ ਦਾ ਸਿੱਖ ਮਿਲਿਆ ਜਿਸ ਦਾ ਨਾਮ ਭਾਈ ਗੁਰਦਾਸ ਜੀ ਇਤਿਹਾਸ ਵਿਚ ਲਿਖਿਆ ਹੈ। ਆਦਮ ਨੇ ਪ੍ਰਸ਼ਾਦ ਪਾਣੀ ਦੁਆਰਾ ਸੇਵਾ ਕੀਤੀ। ਭਾਈ ਸਾਹਿਬ ਨੇ ਚਿਹਰੇ ਦੀ ਉਦਾਸੀ ਦਾ ਕਾਰਣ ਪੁੱਛਿਆ। ਭਾਈ ਆਦਮ ਨੇ ਆਪਣੀ ਸਾਰੀ ਵਿਥਿਆ ਸੁਣਾਈ ਤਾਂ ਭਾਈ ਸਾਹਿਬ ਜੀ ਬੋਲੇ ਕਿ ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਮਹਾਰਾਜ ਨਿਰਾਸਿਆਂ ਦੀ ਆਸਾ ਪੂਰੀ ਕਰਨ ਵਾਲੇ ਹਨ, ਤੂੰ ਉਦਾਸ ਨਾ ਹੋ ਉਹਨਾਂ ਪਾਸੋਂ ਤੈਨੂੰ ਜ਼ਰੂਰ ਹੀ ਇਹ ਮੁਰਾਦ ਮਿਲੇਗੀ।

ਭਾਈ ਸਾਹਿਬ ਦੀਆਂ ਗੱਲਾਂ 'ਤੇ ਨਿਸਚਾ ਕਰ ਕੇ ਇਹ ਆਪਣੀ ਘਰ ਵਾਲੀ ਸਮੇਤ ਇਉਂ ਸਮਝ ਗੁਰੂ ਚਰਨਾਂ ਵਿਚ ਸ੍ਰੀ ਅੰਮ੍ਰਿਤਸਰ ਪੁੱਜਾ ਕਿ ਜੇਕਰ ਪੁੱਤਰ ਦੀ ਦਾਤ ਨਾ ਵੀ ਮਿਲੀ ਤਾਂ ਗੁਰੂ-ਘਰ ਦੀ ਕੀਤੀ ਸੇਵਾ ਤਾਂ ਨਿਹਫਲ ਨਹੀਂ ਜਾਵੇਗੀ, ਇਸ ਦਾ ਪ੍ਰਲੋਕ ਵਿਚ ਜ਼ਰੂਰ ਹੀ ਫਲ ਮਿਲੇਗਾ। ਗੁਰੂ ਦੇ ਲੰਗਰ ਵਾਸਤੇ ਜੰਗਲ ਵਿੱਚੋਂ ਲੱਕੜਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ, ਹਰ ਰੋਜ਼ ਦੋ ਭਾਰ ਲੈ ਕੇ ਆਉਂਦਾ ਹੈ, ਇਕ ਲੰਗਰ ਵਿਚ ਦੇ ਦਿੰਦਾ ਤੇ ਇਕ ਆਪਣੇ ਪਾਸ ਜਮ੍ਹਾਂ ਕਰ ਰੱਖਦਾ ਹੈ।

ਇਉਂ ਸੇਵਾ ਕਰਦੇ ਨੂੰ ਛੇ ਮਹੀਨੇ ਬਤੀਤ ਹੋ ਗਏ। ਸਰਦੀ ਦਾ ਮੌਸਮ ਆ ਗਿਆ। ਚੌਥੇ ਪਾਤਿਸ਼ਾਹ ਜੀ ਸਿੱਖਾਂ ਸਮੇਤ ਸ੍ਰੀ ਗੋਇੰਦਵਾਲ ਦੀ ਯਾਤਰਾ ਨੂੰ ਗਏ। ਦੋ ਤਿੰਨ ਦਿਨਾਂ ਤੋਂ ਬਾਅਦ ਸ਼ਾਮ ਨੂੰ ਵਾਪਸ ਆਏ, ਉਸ ਦਿਨ ਝੜੀ ਲੱਗੀ ਹੋਈ ਸੀ। ਠੰਢੀ ਹਵਾ ਚਲਦੀ ਤੇ ਬੜੀ ਸਰਦੀ ਪੈ ਰਹੀ ਸੀ। ਹਜ਼ੂਰ ਨੇ ਸੰਗਤ ਦੀ ਸਰਦੀ ਅਨੁਭਵ ਕਰ ਕੇ ਕਿਹਾ ਕਿ ਐਸ ਵੇਲੇ ਕੋਈ ਪਰੇਮੀ ਸਿੱਖ ਹੈ, ਜੋ ਗੁਰਸਿੱਖਾਂ ਨੂੰ ਅਗੰਨੀ ਸਿਕਾ ਕੇ ਸਰਦੀ ਦੂਰ ਕਰੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰੋਂ ਜੋ ਵੀ ਮੰਗੇਗਾ ਉਸ ਨੂੰ ਮਿਲ ਜਾਵੇਗਾ।

ਕਿਸੇ ਸਿੱਖ ਪਾਸੋਂ ਇਹ ਵਾਰਤਾ ਭਾਈ ਆਦਮ ਨੇ ਵੀ ਸੁਣ ਲਈ। ਉਹ ਇਸ ਸੁਨਹਿਰੀ ਮੌਕੇ ਨੂੰ ਕਦੋਂ ਹੱਥੋਂ ਗਵਾਉਂਦੇ ਸਨ? ਉਸੇ ਵੇਲੇ ਕਮਰਕੱਸਾ ਕੀਤਾ। ਛੇ ਮਹੀਨਿਆਂ ਦਾ ਇਕੱਠਾ ਕੀਤਾ ਬਾਲਣ ਸਿੱਖਾਂ ਦੇ ਡੇਰਿਆਂ ਵਿਚ ਦੇ ਕੇ ਅੰਗੀਠੇ ਬਾਲ ਦਿੱਤੇ। ਸਭਨਾਂ ਨੇ ਬਸਤਰ ਸੁਕਾਏ, ਸਰਦੀ ਦੂਰ ਕੀਤੀ। ਸਿੱਖ ਨੂੰ ਅਸੀਸਾਂ ਦਿੱਤੀਆਂ।

ਹਜ਼ੂਰ ਵੀ ਉੱਚੀ ਜਗ੍ਹਾ ਤੇ ਖਲੋ ਕੇ ਸਿੱਖਾਂ ਦੇ ਡੇਰਿਆਂ ਵਿਚ ਬਲ ਰਹੇ ਅੰਗੀਠਿਆਂ ਵੱਲ ਤੱਕ ਰਹੇ ਸਨ। ਰਾਤ ਬਤੀਤ ਹੋਈ, ਸਿੱਖ ਦੀ ਘਾਲਣਾਂ ਨੂੰ ਫਲ ਲਾਉਣ ਵਾਸਤੇ ਸਵੇਰ ਦੇ ਦੀਵਾਨ ਵਿਚ ਕਿਹਾ ਕਿ ਜਿਸ ਸਿੱਖ ਨੇ ਰਾਤ ਸੰਗਤ ਨੂੰ ਅੱਗ ਸਿਕਾ ਕੇ ਸੇਵਾ ਕੀਤੀ ਹੈ ਉਸ ਨੂੰ ਸਾਡੇ ਪਾਸ ਬੁਲਾਓ। ਪਰੇਮੀ ਸਿੱਖਾਂ ਨੇ ਭਾਈ ਆਦਮ ਨੂੰ ਹਜ਼ੂਰ ਦੇ ਪਾਸ ਬੁਲਾ ਲਿਆਂਦਾ। ਇਸ ਨੇ ਸਤਿਕਾਰ ਸਹਿਤ ਮੱਥਾ ਟੇਕਿਆ ਤੇ ਹੱਥ ਜੋੜ ਕੇ ਸਾਹਮਣੇ ਖੜਾ ਹੋ ਗਿਆ।

ਵਰਾਂ ਦੇ ਦਾਤੇ ਸਤਿਗੁਰੂ ਜੀ ਨੇ ਕਿਹਾ- "ਸਿੱਖਾ! ਮਨ ਦਾ ਮਨੋਰਥ ਦੱਸ, ਗੁਰੂ ਨਾਨਕ ਦੇ ਖਜ਼ਾਨੇ ਵਿਚੋਂ ਪੂਰਾ ਕਰੀਏ।" ਕੰਨਾਂ ਰੂਪੀ ਡੂਨਿਆਂ ਦੁਆਰਾ ਅੰਮ੍ਰਿਤ ਬਚਨ ਪਾਨ ਕਰ ਕੇ ਸਿੱਖ ਨੇ ਖਿਆਲ ਕੀਤਾ, ਕਿ "ਜੇ ਮੈਂ ਪੁੱਤਰ ਵਾਸਤੇ ਬੇਨਤੀ ਕਰਾਂ ਤਾਂ ਸਿੱਖਾਂ ਵਿਚ ਹਾਸੀ ਹੋਵੇਗੀ, ਕਿਉਂਕਿ ਮੇਰੀ ਤੇ ਮੇਰੀ ਘਰ ਵਾਲੀ ਦੀ ਅਵਸਥਾ ਬਹੁਤ ਬਿਰਧ ਹੋ ਗਈ ਹੈ ਸੁੱਕੇ ਬ੍ਰਿਛ ਨੂੰ ਫਲ ਲੱਗਣੇ ਕਠਿਨ ਹਨ।"

ਹੱਥ ਜੋੜ ਕੇ ਬੇਨਤੀ ਕੀਤੀ- ਸੱਚੇ ਪਾਤਿਸ਼ਾਹ ਜੀ! ਸਿੱਖੀ ਦੀ ਦਾਤ ਬਖਸ਼ੋ। ਹਜ਼ੂਰ ਨੇ ਕਿਹਾ ਕਿ ਭਾਈ ਤੇਰੇ ਮਨ ਦਾ ਸੰਕਲਪ ਤਾਂ ਕੋਈ ਹੋਰ ਹੈ, ਪਰ ਤੂੰ ਮੰਗ ਨਹੀਂ ਸਕਦਾ ਜਾਹ, ਕੱਲ੍ਹ ਆ ਕੇ ਮੰਗ ਲਵੀਂ!

ਦੂਜੇ ਦਿਨ ਫੇਰ ਹਾਜ਼ਰ ਹੋਇਆ, ਹਜ਼ੂਰ ਨੇ ਕਿਹਾ- "ਕੀ ਚਾਹੁੰਦਾ ਹੈਂ?"

ਉਸ ਨੇ ਕਿਹਾ- "ਜੀ, ਸਿੱਖੀ ਹੀ ਬਖਸ਼ੋ।"

ਹਜ਼ੂਰ ਨੇ ਕਿਹਾ- ਸਾਡਾ ਬਿਰਦ ਹੈ-

ਮਨਸਾ ਧਾਰਿ ਜੋ ਘਰ ਤੇ ਆਵੈ॥ ਸਾਧਸੰਗਿ ਜਨਮੁ ਮਰਣੁ ਮਿਟਾਵੈ॥

(ਪੰਨਾ ੧੦੭)

ਪਹਿਲਾਂ ਮਨ ਦੀ ਮੁਰਾਦ ਪੂਰੀ ਕਰ, ਫੇਰ ਮੁਕਤੀ ਵੀ ਮਿਲ ਜਾਵੇਗੀ। ਜਾਹ, ਕੱਲ੍ਹ ਫੇਰ ਆਵੀਂ!

ਘਰ ਵਾਲੀ ਨੂੰ ਪਤਾ ਲੱਗਿਆ ਕਿ ਚੌਥਾ ਗੁਰੂ ਨਾਨਕ ਤਰੁੱਠਿਆ ਹੈ, ਜੋ ਖਾਲੀਆਂ ਨੂੰ ਭਰਦਾ ਤੇ ਕੰਗਲਿਆਂ ਨੂੰ ਬਾਦਸ਼ਾਹ ਬਣਾਉਂਦਾ ਹੈ। ਉਹ ਫਿਰ ਤੀਜੇ ਦਿਨ ਪਤੀ ਦੇ ਨਾਲ ਆਈ ਤੇ ਸਾਰੀ ਸੰਕੋਚ ਛੱਡ ਕੇ ਕਿਹਾ- ਮਹਾਰਾਜ ਜੀ! ਸਾਡੇ ਮਨ ਵਿਚ ਤਾਂ ਪੁੱਤਰ ਦੀ ਇੱਛਾ ਹੈ ਪਰ ਇਹ ਮੰਗ ਨਹੀਂ ਸਕਦੇ, ਸੰਕੋਚ ਕਰਦੇ ਹਨ ਆਪ ਜਾਣੀ ਜਾਣ ਹੋ, ਕਿਰਪਾ ਕਰੋ ਤੇ ਪੁੱਤਰ ਦੀ ਦਾਤ ਬਖਸ਼ੋ।

ਹਜ਼ੂਰ ਨੇ ਇਹ ਬਚਨ ਸੁਣ ਕੇ ਨੇਤਰ ਬੰਦ ਕਰ ਲਏ। ਦੀਵਾਨ ਵਿਚ ਵੀ ਚੁਪ ਛਾ ਗਈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਡੇਢ ਘੰਟਾ ਨੇਤਰ ਨਾ ਖੁਲ੍ਹੇ। ਇਹ ਸੁਭਾਗ ਜੋੜੀ ਤੇ ਸੰਗਤ ਹੈਰਾਨ ਹੋ ਗਈ ਕਿ ਅੱਜ ਕੀ ਕਾਰਣ ਹੈ, ਸਤਿਗੁਰੂ ਦੇਵ ਜੀ ਨਿਰਵਿਕਲਪ ਸਮਾਧੀ ਵਿਚ ਲੀਨ ਹੋ ਗਏ ਹਨ।

ਅਖੀਰ ਨੂੰ ਨੇਤਰ ਕਮਲ ਖੋਲ੍ਹ ਕੇ ਕਿਹਾ- ਸਿੱਖਾ! ਅਸੀਂ ਚੰਗੀ ਤਰ੍ਹਾਂ ਖੋਜ [illegible] ਧਿਆਨ ਦੁਆਰਾ ਦੇਖਿਆ ਹੈ, ਤੇਰੇ ਭਾਗਾਂ ਵਿਚ ਪੁੱਤਰ ਨਹੀਂ ਲਿਖਿਆ ਪਰ ਤੂੰ ਗੁਰੂ ਨਾਨਕ ਦੇ ਘਰ ਦੀ ਸੇਵਾ ਕੀਤੀ ਹੈ।

ਜੋ ਨਿਰਾਸਿਆਂ ਦੀ ਆਸ ਪੂਰੀ ਕਰਨ ਵਾਲੀ ਹੈ ਅਤੇ ਅਸੀਂ ਵੀ ਬਚਨ ਕੀਤਾ ਹੈ ਕਿ ਜੋ ਤੂੰ ਮੰਗੇਂਗਾ ਸੋ ਮਿਲੇਗਾ, ਸੋ ਸੇਵਾ ਕੀਤੀ ਨਿਸਫਲ ਕਿਵੇਂ ਕਰੀਏ। ਇਸ ਲਈ ਸਾਡੇ ਘਰ ਚਾਰ ਪੁੱਤਰ ਹੋਣੇ ਸਨ, ਤਿੰਨ ਤਾਂ ਹੋ ਗਏ ਹਨ— ਇਕ ਪ੍ਰਿਥੀ ਚੰਦ, ਦੂਜਾ ਮਹਾਂਦੇਵ, ਤੀਜੇ ਗੁਰੂ ਅਰਜਨ ਦੇਵ (ਜੀ)— ਚੌਥਾ ਜੋ ਹੋਣਾ ਹੈ ਉਹ ਅਸੀਂ ਤੈਨੂੰ ਦੇ ਦਿੱਤਾ ਹੈ, ਬੜਾ ਭਗਤੀ ਦਾ ਅਵਤਾਰ ਹੋਵੇਗਾ, ਨਾਮ **"ਭਗਤੂ"** ਰੱਖਣਾ। ਮਾਲਵੇ ਦੇਸ਼ ਵਿਚ ਗੁਰਸਿੱਖੀ ਦਾ ਪ੍ਰਚਾਰ ਕਰੇਗਾ ਤੇ ਬੜਾ ਪੂਜਨੀਕ ਵਰਾਂ ਦਾ ਦਾਤਾ ਹੋਵੇਗਾ।

ਭਾਈ ਆਦਮ ਇਹ ਵਰ ਸੁਣ ਕੇ ਹਜ਼ੂਰ ਦਾ ਜਸ ਕਰਦਾ ਹੋਇਆ ਘਰ ਵਾਲੀ ਸਮੇਤ ਮੱਥਾ ਟੇਕ ਕੇ, ਆਗਿਆ ਲੈ ਕੇ ਘਰ ਪੁੱਜਾ। ਸਮਾਂ ਪਾ ਕੇ ਭਾਈ ਭਗਤੂ ਦਾ ਜਨਮ ਹੋਇਆ ਜੋ ਬੜਾ ਪ੍ਰਸਿੱਧ ਪੂਜਨੀਕ ਮਹਾਂ ਪੁਰਸ਼ ਹੋਇਆ ਹੈ।

ਸਤਵੇਂ ਪਾਤਿਸ਼ਾਹ ਤੱਕ ਗੁਰਸਿੱਖੀ ਦਾ ਪ੍ਰਚਾਰ ਕਰਦਾ ਰਿਹਾ। ਅੱਗੇ ਇਸੇ ਦੀ ਬੰਸ ਵਿਚੋਂ ਕੈਥਲ ਵਾਲਾ ਰਾਜਾ ਭਾਈ ਉਦੇ ਸਿੰਘ ਹੋਇਆ ਹੈ, ਜਿਸ ਦੇ ਪਾਸ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਠਹਿਰ ਕੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ ਹੈ। ਇਹ ਸਾਰਾ ਪ੍ਰਸੰਗ ਗੁਰ ਪ੍ਰਤਾਪ ਸੂਰਜ ਰਾਸਿ ੨ ਅੰਸੂ ੪੧ ਵਿਚ ਲਿਖਿਆ ਹੈ।

ਦੂਜੀ ਸਾਖੀ—ਮਾਈ ਸੁਲੱਖਣੀ ਦੀ

ਸ੍ਰੀ ਅੰਮ੍ਰਿਤਸਰ ਤੋਂ ਤਿੰਨਾਂ ਮੀਲਾਂ ਦੇ ਫਾਸਲੇ ਪਰ ਸ੍ਰੀ ਤਰਨ ਤਾਰਨ ਵਾਲੀ ਸੜਕ 'ਤੇ ਇੱਕ ਚੱਬਾ ਨਾਮੇ ਪਿੰਡ ਹੈ, ਏਥੋਂ ਦੇ ਰਹਿਣ ਵਾਲੀ ਇਕ ਮਾਈ ਜਿਸ ਦਾ ਨਾਮ ਸੁਲੱਖਣੀ ਸੀ। ਸਰੀਰ ਦੀ ਬਿਰਧ ਅਵਸਥਾ ਹੋ ਗਈ ਪਰ ਘਰ ਵਿਚ ਕੋਈ ਬੱਚਾ ਨਾ ਹੋਇਆ। ਇਸ ਮਿੱਠੇ ਮੇਵੇ ਦੀ ਤਲਾਸ਼ ਵਾਸਤੇ ਹਿੰਦੂ ਸਾਧਾਂ ਤੇ ਮੁਸਲਮਾਨੀ ਪੀਰਾਂ ਦੇ ਚਰਨ ਪੂਜੇ, ਮੜ੍ਹੀਆਂ ਤੇ ਪੀਰ ਖ਼ਾਨਿਆਂ ਦੀਆਂ ਸੁੱਖਣਾਂ ਸੁੱਖੀਆਂ, ਜਾਦੂ-ਟੂਣੇ ਕਰਨ ਵਾਲੇ ਪਖੰਡੀਆਂ ਨੂੰ ਬਥੇਰਾ ਕੁਝ ਖਵਾਇਆ, ਪਰ ਕਿਤੋਂ ਵੀ ਇਹ ਮੁਰਾਦ ਪੂਰੀ ਨਾ ਹੋਈ। ਅਖੀਰ ਨੂੰ ਨਿਰਾਸੀ ਹੋ ਕੇ ਘਰ ਵਿਚ ਬੈਠ ਗਈ। ਏਧਰੋਂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਸਮੇਤ ਸ਼ਿਕਾਰ ਖੇਡਦੇ ਹੋਏ ਸੰਗਰਾਣੇ ਸਾਹਿਬ ਵਾਲੀ ਜਗ੍ਹਾ ਪੁੱਜੇ। ਨਗਰ ਦੀ ਸੰਗਤ ਨੂੰ ਪਤਾ ਲਗਿਆ ਤਾਂ ਵਹੀਰਾਂ ਘੱਤ ਕੇ ਪ੍ਰਸ਼ਾਦੇ, ਲੱਸੀ, ਮੱਖਣ ਤੇ ਦੁੱਧ ਲੈ ਕੇ ਮਗਰ ਚਲ ਪਈ। ਇਸ ਸੁਲੱਖਣੀ ਨੇ ਵੀ ਹਜ਼ੂਰ ਦਾ ਜਸ ਸੁਣਿਆਂ ਤੇ ਪਾਸ ਪੁੱਜ ਕੇ ਮੱਥਾ ਟੇਕਿਆ ਅਰ ਨੂਰਾਨੀ ਕਲਗੀ ਦੇ ਦਰਸ਼ਨ ਕੀਤੇ।

ਜਿਥੇ ਹੋਰ ਪਰੇਮੀ ਆਪੋ ਆਪਣੀਆਂ ਅਰਦਾਸਾਂ ਕਰਵਾ ਕੇ ਮੰਗਾਂ ਮੰਗ ਰਹੇ ਸਨ, ਇਸ ਨੇ ਵੀ ਨਿਝੱਕ ਹੋ ਕੇ ਆਪਣੇ ਮਨ ਦਾ ਸੰਕਲਪ ਪ੍ਰਗਟ ਕੀਤਾ। ਹਜ਼ੂਰ ਨੇ ਮਸਤਕ ਵੱਲ ਤੱਕਿਆ ਤੇ ਆਖਿਆ— ਮਾਤਾ! ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ, ਇਹ ਸੰਕਲਪ ਛੱਡ ਕੇ ਪਰਮੇਸ਼ਰ ਦਾ ਸਿਮਰਨ ਕਰ। ਹਜ਼ੂਰ ਦੇ ਪਾਸੋਂ ਇਹ ਬਚਨ ਸੁਣ ਕੇ ਰਹਿੰਦੀ-ਖੁੰਹਦੀ ਆਸ ਵੀ ਟੁੱਟ ਗਈ, ਸ਼ੋਕਾਤੁਰ ਹੋਈ ਹੋਈ ਵਾਪਸ ਮੁੜੀ।

ਰਸਤੇ ਵਿਚ ਭਾਈ ਗੁਰਦਾਸ ਜੀ ਮਿਲੇ। ਇਸ ਦੇ ਚਿਹਰੇ ਵੱਲ ਤੱਕ ਕੇ ਪੁੱਛਿਆ- "ਮਾਤਾ! ਇਹ ਗੁਰੂ ਨਾਨਕ ਦਾ ਘਰ ਹੈ ਰੋਂਦੇ ਜਾਂਦੇ, ਹੱਸਦੇ ਆਉਂਦੇ ਹਨ, ਪਰ ਤੂੰ ਕਿਉਂ ਉਦਾਸ ਆ ਰਹੀ ਹੈਂ ਇਸ ਦਾ ਕੀ ਕਾਰਨ ਹੈ? ਭਾਈ ਗੁਰਦਾਸ ਦੇ ਇਹ ਬਚਨ ਸੁਣ ਕੇ ਸੁਲੱਖਣੀ ਦੀਆਂ ਭੁੱਬਾਂ ਨਿਕਲ ਗਈਆਂ, ਰੋ ਰੋ ਕੇ ਦਿਲ ਦੀ ਹਵਾੜ ਕੱਢੀ ਤੇ ਸਾਰੀ ਗੱਲ ਸੁਣਾਈ। ਭਾਈ ਗੁਰਦਾਸ ਜੀ ਕਹਿਣ ਲੱਗੇ, ਮਾਤਾ ਉਦਾਸ ਨਾ ਹੋ, ਕਲ੍ਹ ਮਹਾਰਾਜ ਨੇ ਫੇਰ ਏਸੇ ਪਾਸੇ ਆਉਣਾ ਹੈ, ਤੂੰ ਕਲਮ ਦਵਾਤ ਤੇ ਕਾਗਜ਼ ਲੈ ਕੇ ਅੱਗੇ ਤਿਆਰ ਰਹੀਂ ਅਤੇ ਕਹੀਂ ਮਹਾਰਾਜ ਓਥੇ ਵੀ ਆਪ ਲਿਖਣ ਵਾਲੇ ਹੋ, ਏਥੇ ਵੀ ਆਪ ਲਿਖਣ ਵਾਲੇ ਹੋ, ਜੇਕਰ ਉਸ ਸਮੇਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।

ਭਾਈ ਗੁਰਦਾਸ ਜੀ ਦੀ ਇਹ ਜੁਗਤੀ ਸੁਣ ਕੇ ਮਾਤਾ ਜੀ ਨੂੰ ਕੁਝ ਧੀਰਜ ਆਇਆ ਤੇ ਘਰ ਪੁੱਜੀ। ਦੂਜੇ ਦਿਨ ਸਾਰੀ ਤਿਆਰੀ ਕਰ ਕੇ ਸਤਿਗੁਰਾਂ ਦੇ ਆਉਣ ਤੋਂ ਪਹਿਲਾਂ ਉਸ ਥਾਂ 'ਤੇ ਖੜੋ ਗਈ, ਜਿਥੋਂ ਦੀ ਮਹਾਰਾਜ ਨੇ ਲੰਘਣਾ ਸੀ। ਹਜ਼ੂਰ ਨੇ "ਅਕਾਲ ਤਖਤ ਸਾਹਿਬ" ਤੋਂ ਦੀਵਾਨ ਸਮਾਪਤ ਕੀਤਾ, ਨੀਲੇ 'ਤੇ ਕਾਠੀ ਪਵਾ, ਅਸਵਾਰ ਹੋ ਕੇ ਸੁਲੱਖਣੀ ਦੀ ਮੁਰਾਦ ਪੂਰਿਆਂ ਕਰਨ ਲਈ ਉਸੇ ਰਸਤੇ ਚਲ ਪਏ, ਓਧਰ ਉਡੀਕ ਕਰਦੀ

ਸੁਲੱਖਣੀ ਅੱਗੇ ਵਧੀ ਘੋੜੇ ਦੀ ਵਾਗ ਫੜ ਕੇ ਇਹ ਸੱਦ ਪੜ੍ਹੀ-

ਸਸੀਏ ਦਾੜੀਏ ਚਿਟੀਏ ਪੱਗੇ। ਅਰਜ ਕਰੇਂਦੀ ਹਾਂ ਸਤਿਗੁਰ ਅੱਗੇ।
ਨਾਮ ਸੁਲਖਣੀ ਵਸਦੀ ਹਾਂ ਚੱਬੇ। ਅਫਲ ਜਾਂਦੀ ਨੂੰ ਇਕ ਫਲ ਲੱਗੇ।

(ਪੰਥ ਪ੍ਰਕਾਸ਼ ਐਡੀਸ਼ਨ ਚੌਥੀ, ਪੰਨਾ ੩੦੧)

ਇਹ ਸੱਦ ਸੁਣ ਕੇ ਹਜ਼ੂਰ ਮੁਸਕਰਾ ਪਏ ਤੇ ਪੁੱਛਿਆ ਮਾਤਾ ਕੀ ਚਾਹੁੰਦੀ ਹੈਂ?

ਸੁਲੱਖਣੀ ਬੋਲੀ ਆਪ ਅੰਤਰਜਾਮੀ ਹੋ, ਆਪਣੇ ਖਜ਼ਾਨੇ ਵਿੱਚੋਂ ਇਕ ਪੁੱਤਰ ਦੀ ਦਾਤ ਬਖਸ਼ੋ!

ਸਤਿਗੁਰੂ ਜੀ ਬੋਲੇ ਤੈਨੂੰ ਕੱਲ੍ਹ ਜੁ ਕਹਿ ਦਿੱਤਾ ਸੀ ਕਿ ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ।

ਮਾਤਾ ਸੁਲੱਖਣੀ ਨੇ (ਭਾਈ ਗੁਰਦਾਸ ਜੀ ਦੀ ਸਿਖਿਆ ਅਨੁਸਾਰ) ਕਾਗਜ਼ ਤੇ ਕਲਮ ਦਵਾਤ ਅੱਗੇ ਕਰ ਕੇ ਕਿਹਾ- ਮਹਾਰਾਜ! ਉਥੇ ਵੀ ਆਪ ਨੇ ਵੀ ਲਿਖਣਾ ਸੀ। ਜੇਕਰ ਉਸ ਸਮੇਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ। ਜਾਣੀ ਜਾਣ ਸਤਿਗੁਰਾਂ ਨੇ ਜਾਣਿਆਂ ਕਿ ਕਿਸੇ ਪੂਰਨ ਗੁਰਸਿੱਖ ਨੇ ਇਹ ਜੁਗਤੀ ਦੱਸੀ ਹੈ। ਹੁਣ ਮਾਈ ਨੂੰ ਟਾਲਣਾ ਮੁਸ਼ਕਲ ਹੈ। ਕਾਗਜ਼ ਤੇ ਕਲਮ ਦਵਾਤ ਪਕੜੀ, ਘੋੜੇ 'ਤੇ ਚੜ੍ਹੇ ਹੀ ਏਕਾ ਪਾਉਣ ਲੱਗੇ, ਜਦੋਂ ਏਕੇ ਦੀ ਘੁੰਢੀ ਪਾਈ ਤਾਂ ਘੋੜੇ ਨੇ ਸੁੰਮ ਚੁਕਿਆ, ਧੌਣ ਹਿਲਾਈ, ਸਿੱਧੀ ਡੰਡੀ ਦੀ ਬਜਾਏ ਕੁਝ ਕੁ ਵਿੰਗੀ ਹੋ ਗਈ ਤੇ ਏਕੇ ਦਾ ਸਾਤਾ ਬਣ ਗਿਆ ਕਿਉਂਕਿ ਏਕੇ ਤੇ ਸਾਤੇ ਦੀ ਉੱਪਰੋਂ ਤਾਂ ਮਰੋੜੀ ਇਕੋ ਜਿਹੀ ਹੀ ਹੁੰਦੀ ਹੈ। ਹਜ਼ੂਰ ਨੇ ਕਾਗਜ਼ ਇਕੱਠਾ ਕੀਤਾ ਤੇ ਕਿਹਾ ਲੈ ਮਾਤਾ! ਗੁਰੂ ਨਾਨਕ ਦੇ ਘਰੋਂ ਤੈਨੂੰ ਇਕ ਮੰਗਦੀ ਨੂੰ ਸੱਤ ਮਿਲ ਗਏ ਹਨ। ਇਕ ਪਾਸ ਰੱਖੀਂ ਅਤੇ ਛੇ ਸਾਨੂੰ ਦੇ ਦੇਵੀਂ।

ਸੁਲੱਖਣੀ ਨੇ ਬੇਨਤੀ ਕੀਤੀ- "ਆਪ ਤਾਂ ਜਾਣੀ ਜਾਣ ਹੋ ਕਿ ਜ਼ਿਮੀਂਦਾਰਾ ਕੰਮ ਕਿਤਨਾ ਔਖਾ ਹੁੰਦਾ ਹੈ। ਬਹੁਤੇ ਬੰਦਿਆਂ ਬਗੈਰ ਨਹੀਂ ਸਰਦਾ। ਦੋ ਤਾਂ ਮੇਰੇ ਪੁੱਤਰ ਹਲ ਵਾਹੁਣਗੇ ਤੇ ਇਕ ਪੱਠੇ ਪਾਵੇਗਾ, ਇਕ ਗੱਡਾ ਚਲਾਉ, ਇਕ ਖੂਹ ਖੇੜੂ, ਇਕ ਮੱਝੀਆਂ ਦਾ ਚਰਾਵਾ ਹੋਵੇਗਾ ਅਤੇ ਇਕ ਭਰਾਵਾਂ ਵਿਚ ਵਿਹਲਾ ਨੰਬਰਦਾਰ ਵੀ ਚਾਹੀਦਾ ਹੈ ਜੋ ਕਹਿ ਕੇ ਭਰਾਵਾਂ ਤੋਂ ਕੰਮ ਕਰਾਵੇ, ਆਪ ਦੱਸੋ! ਵਿਹਲਾ ਕਿਹੜਾ ਰਿਹਾ। ਹਜ਼ੂਰ ਨੇ ਹੱਸ ਕੇ ਕਾਗਜ਼ ਫੜਾ ਦਿੱਤਾ। ਉਸ ਵੇਲੇ ਸੁਲੱਖਣੀ ਮਹਾਰਾਜ ਜੀ ਦਾ ਜਸ ਕਰਦੀ ਹੋਈ ਘਰ ਨੂੰ ਚਲੀ ਗਈ।

ਤੀਜੀ ਸਾਖੀ—ਪਰਮੇਸ਼ਰ ਤੇ ਭਰੋਸਾ ਰੱਖਣ ਵਾਲੇ ਬੱਚੇ ਦੀ

ਇਕ ਚੱਕ੍ਰਵਰਤੀ ਬਾਦਸ਼ਾਹ ਸੀ, ਉਸ ਦੇ ਪਾਸ ਬੜੇ ਪਦਾਰਥ ਤੇ ਦੇਸ਼ਾਂ ਦੇਸ਼ਾਂਤਰਾਂ 'ਤੇ ਹੁਕਮ ਹਕੂਕ ਹਾਸਲ ਸਨ ਪਰ ਉਸ ਦੇ ਘਰ ਵਿਚ ਰਾਜਗੱਦੀ ਦਾ ਵਾਰਿਸ ਕੋਈ (ਪੁੱਤਰ) ਨਹੀਂ ਸੀ। ਪੁੱਤਰ ਦੀ ਪ੍ਰਾਪਤੀ ਵਾਸਤੇ ਬੜੇ ਹੀ ਯਤਨ ਕੀਤੇ। ਜਦੋਂ ਇਸ ਦਾ ਕੋਈ ਵੀ ਕੀਤਾ ਹੋਇਆ ਯਤਨ ਸਫਲਾ ਨਾ ਹੋਇਆ ਤਾਂ ਇਸ ਨੇ ਆਪਣੇ ਰਾਜ ਵਿਚੋਂ ਸਿਆਣੇ ਸਿਆਣੇ ਮਸ਼ਹੂਰ ਜੋਤਸ਼ੀ ਬੁਲਾ ਲਏ ਅਤੇ ਉਨ੍ਹਾਂ ਪਾਸੋਂ ਪੁੱਛਿਆ ਕਿ ਮੇਰੇ ਘਰ ਵਿਚ ਕਿਸ ਯਤਨ ਦੁਆਰਾ ਪੁੱਤਰ ਹੋਵੇ? ਉਹ ਉਪਾਵ ਦੱਸੋ।

ਸਾਰੇ ਜੋਤਸ਼ੀਆਂ ਨੇ ਮਿਲ ਕੇ ਆਪਣੀ ਜੋਤਸ਼ ਵਿਦਿਆ ਦਾ ਵਿਚਾਰ ਲਗਾ ਕੇ ਦੱਸਿਆ ਕਿ ਹੇ ਰਾਜਨ! ਤੇਰੇ ਕਰਮਾਂ ਵਿਚ ਸੱਤ ਜਨਮ ਤਕ ਵੀ ਪੁੱਤਰ ਨਹੀਂ ਲਿਖਿਆ ਪਰ ਇਕ ਤਰੀਕਾ ਹੈ ਕਿ ਤੂੰ ਕਿਸੇ ਦੇਵਤੇ ਨੂੰ ਪ੍ਰਸੰਨ ਕਰ ਉਹ ਆਪਣੇ ਵਰ ਦੁਆਰਾ ਤੈਨੂੰ ਪੁੱਤਰ ਦੇ ਸਕਦਾ ਹੈ।

ਰਾਜੇ ਨੇ ਉਹਨਾਂ ਤੋਂ ਦੇਵਤੇ ਦੇ ਪ੍ਰਸੰਨਤਾ ਦੀ ਬਿਧੀ ਪੁੱਛੀ, ਤਾਂ ਜੋਤਸ਼ੀ ਬੋਲੇ ਕਿ ਵਰਾਂ ਦੀ ਦਾਤੀ ਜਗਤ

ਮਾਈ ਚੰਡਕਾ ਹੀ ਛੇਤੀ ਪ੍ਰਸੰਨ ਹੋ ਸਕਦੀ ਹੈ, ਪਰ ਉਸ ਦੀ ਖੁਸ਼ੀ ਵਾਸਤੇ ਕਿਸੇ ਮਨੁੱਖ ਦੀ ਬਲੀ ਦੇਣ ਦੀ ਲੋੜ ਹੈ।

ਬਾਦਸ਼ਾਹ ਬੋਲਿਆ- ਇਹ ਮੇਰੇ ਵਾਸਤੇ ਕੋਈ ਔਖੀ ਗੱਲ ਨਹੀਂ ਕਿਉਂਕਿ ਫਾਂਸੀ ਚੜ੍ਹਨ ਵਾਲੇ ਖੂਨੀ ਜਾਂ ਉਮਰ ਕੈਦੀ ਦੀ ਬਲੀ ਦੇ ਕੇ ਜਗਤ ਮਾਤਾ ਦੀ ਪ੍ਰਸੰਨਤਾ ਹਾਸਲ ਕਰਾਂਗਾ।

ਜੋਤਸ਼ੀ ਬੋਲੇ- ਇਸ ਤਰ੍ਹਾਂ ਕਿਸੇ ਨੂੰ ਜਬਰਦਸਤੀ ਕਤਲ ਕਰ ਕੇ ਬਲੀ ਪ੍ਰਵਾਨ ਨਹੀਂ ਹੁੰਦੀ। ਜੇ ਕੋਈ ਮਾਤਾ ਪਿਤਾ ਆਪਣੀ ਖੁਸ਼ੀ ਨਾਲ ਤੁਹਾਡੇ ਪਾਸ ਆਪਣਾ ਪੁੱਤਰ ਵੇਚੇ ਤੇ ਉਹ ਬੱਚਾ ਵੀ ਆਪਣੇ ਆਪ ਨੂੰ ਪ੍ਰਸੰਨਤਾ ਨਾਲ ਕੁਰਬਾਨ ਹੋਣਾ ਪ੍ਰਵਾਨ ਕਰੇ ਤਾਂ ਦੇਵਤੇ ਦੀ ਪ੍ਰਸੰਨਤਾ ਹੋਵੇਗੀ।

ਜੋਤਸ਼ੀਆਂ ਤੋਂ ਇਹ ਗੱਲ ਸੁਣ ਕੇ ਬਾਦਸ਼ਾਹ ਨੇ ਆਪਣੇ ਸਾਰੇ ਦੇਸ਼ ਵਿਚ ਮੁਨਿਆਦੀ ਕਰਵਾ ਦਿੱਤੀ। ਕਿ ਜੇ ਕੋਈ ਮਾਤਾ ਪਿਤਾ ਮੇਰੀ ਖੁਸ਼ੀ ਵਾਸਤੇ ਆਪਣਾ ਬੱਚਾ ਮੇਰੇ ਪਾਸ ਵੇਚੇਗਾ, ਮੈਂ ਉਸ ਨੂੰ ਮੂੰਹ ਮੰਗੀ ਦੌਲਤ ਦੇਵਾਂਗਾ।

ਇਹ ਮੁਨਿਆਦੀ ਭਾਵ ਢੰਡੋਰਾ ਗ਼ਰੀਬ ਤੇ ਅਮੀਰ ਸਭ ਦੇ ਕੰਨੀਂ ਪਿਆ ਪਰ ਆਪਣੇ ਜ਼ਿਗਰ ਦੇ ਟੋਟੇ ਨੂੰ ਚਾਂਦੀ ਦੇ ਟੁਕੜਿਆਂ ਬਦਲੇ ਕੌਣ ਦੇਵੇ?

ਅਖ਼ੀਰ ਨੂੰ ਇਕ ਨਿਭਾਗਣ ਮਾਂ ਦੇ ਕੰਨੀਂ ਵੀ ਇਹ ਬਾਦਸ਼ਾਹ ਦਾ ਸੰਦੇਸ਼ਾ ਪੁੱਜਾ। ਉਸ ਦੇ ਸੱਤ ਪੁੱਤਰ ਸਨ। ਘਰ ਵਿਚ ਅਤਿਅੰਤ ਗਰੀਬੀ ਸੀ। ਛੇ ਤਾਂ ਆਗਿਆਕਾਰੀ ਘਰ ਦਾ ਕੰਮ ਕਰਨ ਵਾਲੇ ਸਨ, ਸੱਤਵਾਂ ਸਾਰਾ ਦਿਨ ਸੰਤਾਂ ਦੇ ਪਾਸ ਬੈਠਾ ਰਹਿੰਦਾ, ਉਨ੍ਹਾਂ ਦੀ ਹੀ ਸੇਵਾ ਕਰਦਾ ਕਥਾ ਕੀਰਤਨ ਸੁਣਦਾ ਰਹਿੰਦਾ ਸੀ। ਮਾਤਾ ਪਿਤਾ ਨੇ ਵਾਧੂ ਜਾਣ ਕੇ ਉਸ ਨੂੰ ਬਾਦਸ਼ਾਹ ਪਾਸ ਵੇਚ ਦਿੱਤਾ ਤੇ ਮਨ ਭਾਉਂਦਾ ਧਨ ਲੈ ਕੇ ਪ੍ਰਸੰਨ ਹੋਏ।

ਬਾਦਸ਼ਾਹ ਨੇ ਜੋਤਸ਼ੀਆਂ ਦੀ ਸਲਾਹ ਅਨੁਸਾਰ ਬਲੀ ਦੇਣ ਦਾ ਦਿਨ ਨੀਅਤ ਕਰ ਲਿਆ। ਉਸ ਬੱਚੇ ਨੂੰ ਬੜੇ ਪਿਆਰ ਨਾਲ ਚੰਗੇ-ਚੰਗੇ ਪਦਾਰਥ ਖੁਆਏ ਪਿਲਾਏ ਤੇ ਸਿਪਾਹੀਆਂ ਦੀ ਨਿਗਰਾਨੀ ਵਿਚ ਰੱਖਿਆ ਗਿਆ। ਉਸ ਨੂੰ ਵੀ ਸਾਰੀ ਗੱਲ ਦਾ ਪਤਾ ਲੱਗ ਗਿਆ ਕਿ ਹੁਣ ਮੇਰੀ ਮੌਤ ਨੇੜੇ ਆ ਗਈ ਹੈ ਪਰ ਸੰਤਾਂ ਦੀ ਸੰਗਤ ਵਿਚੋਂ ਇਹ ਨਿਸਚਾ ਹੋ ਚੁਕਾ ਸੀ-

ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ॥ (ਪੰਨਾ ੧੩੬੩)

ਜਿਸ ਕਰ ਕੇ ਮਨ ਵਿਚ ਕੋਈ ਸ਼ੋਕ ਨਾ ਹੋਇਆ। ਬਲੀ ਦੇਣ ਦੇ ਨੀਅਤ ਕੀਤੇ ਦਿਨ ਬਾਦਸ਼ਾਹ ਦੀ ਆਗਿਆ ਅਨੁਸਾਰ (ਜਿਵੇਂ ਫਾਂਸੀ ਵਾਲੇ ਮੁਜ਼ਰਮ ਨੂੰ ਕਹਿੰਦੇ ਹਨ ਕਿ ਜੋ ਕੁਝ ਖਾਣਾ ਹੈ ਖਾ ਲੈ, ਜਿਸ ਨੂੰ ਮਿਲਣਾ ਹੈ ਮਿਲ ਲੈ, ਫਲਾਣੇ ਸਮੇਂ ਤੈਨੂੰ ਫਾਂਸੀ ਦਿੱਤੀ ਜਾਵੇਗੀ) ਇਸ ਨੂੰ ਕਿਹਾ- "ਦੱਸ, ਤੇਰੇ ਮਨ ਦੀ ਕੀ ਇੱਛਾ ਹੈ? ਇਸ ਨੇ ਕਿਹਾ- ਕਿ ਮੈਂ ਇਸ ਵੇਲੇ ਨਦੀ 'ਚ ਇਸ਼ਨਾਨ ਕਰਨਾ ਚਾਹੁੰਦਾ ਹਾਂ।

ਸਿਪਾਹੀ ਬਾਦਸ਼ਾਹ ਦੀ ਇਜ਼ਾਜਤ ਨਾਲ ਇਸ ਨੂੰ ਨਾਲ ਲੈ ਗਏ। ਇਸ ਨੇ ਨਦੀ 'ਚ ਇਸ਼ਨਾਨ ਕੀਤਾ, (ਜੋ ਬਾਦਸ਼ਾਹੀ ਮਹਿਲਾਂ ਤੋਂ ਨਜ਼ਦੀਕ ਹੀ ਸੀ) ਫੇਰ ਉਸੇ ਜਗ੍ਹਾ ਕਿਨਾਰੇ 'ਤੇ ਬੈਠ ਗਿਆ। ਮਿੱਟੀ ਦੀਆਂ ਚਾਰ ਢੇਰੀਆਂ ਬਣਾ ਕੇ ਚੌਹਾਂ ਵੱਲ ਗਹੁ ਨਾਲ ਤੱਕਿਆ। ਪਹਿਲਾਂ ਇਕ ਢੇਰੀ ਢਾਹ ਦਿੱਤੀ, ਫੇਰ ਦੂਜੀ ਢਾਹ ਦਿੱਤੀ। ਅਖੀਰ ਨੂੰ ਤੀਜੀ ਨੂੰ ਢਾਹ ਕੇ, ਚੌਥੀ ਦੀਆਂ ਪ੍ਰਕਰਮਾਂ ਕਰ ਕੇ ਖਿੜ ਖਿੜਾ ਕੇ ਹੱਸਿਆ।

ਇਹ ਸਾਰਾ ਕੌਤਕ ਬਾਦਸ਼ਾਹ ਵੀ ਆਪਣੇ ਮਹਿਲਾਂ 'ਤੇ ਚੜ੍ਹਿਆ ਦੇਖ ਰਿਹਾ ਸੀ। ਹੈਰਾਨ ਹੋ ਗਿਆ ਕਿ

ਇਹ ਕੀ ਕਰ ਰਿਹਾ ਹੈ?

ਵਾਪਸ ਆਏ ਨੂੰ ਢੇਰੀਆਂ ਬਨਾਉਣ ਦਾ ਕਾਰਨ ਪੁੱਛਿਆ? ਪਹਿਲਾਂ ਤਾਂ ਉਸ ਬੱਚੇ ਨੇ ਕਿਹਾ- ਹੇ ਬਾਦਸ਼ਾਹ! ਤੇਰਾ ਇਨ੍ਹਾਂ ਗੱਲਾਂ ਨਾਲ ਕੀ ਤਅੱਲੁਕ ਹੈ ਤੂੰ ਆਪਣਾ ਮਤਲਬ ਹੱਲ ਕਰ। ਪਰ ਜਦੋਂ ਬਾਦਸ਼ਾਹ ਨੇ ਹਠ ਕੀਤਾ ਤਾਂ ਇਸ ਨੇ ਕਿਹਾ ਕਿ ਮੈਂ ਸਤਿ ਪੁਰਸ਼ਾਂ ਦੀ ਸੰਗਤ ਵਿਚੋਂ ਇਹ ਸੁਣਿਆਂ ਹੈ ਕਿ ਆਦਮੀ ਦੇ ਚਾਰ ਸਹਾਇਕ ਹੁੰਦੇ ਹਨ।

ਪਹਿਲਾਂ ਮਾਤ ਪਿਤਾ, ਫੇਰ ਬਾਦਸ਼ਾਹ, ਤੀਜੀ ਥਾਂ ਦੇਵੀ ਦੇਵਤੇ, ਚੌਥਾ ਪਰਮੇਸ਼ਰ। ਮੈਂ ਇਹ ਜਾਣ ਕੇ ਚੌਹਾਂ ਦੀਆਂ ਚਾਰ ਢੇਰੀਆਂ ਬਣਾਈਆਂ।

ਪਹਿਲਾਂ ਮਾਤਾ ਪਿਤਾ ਦੀ ਢੇਰੀ ਵੱਲ ਤੱਕਿਆ ਤੇ ਵਿਚਾਰਿਆ ਇਨ੍ਹਾਂ ਨੇ ਤਾਂ ਪੈਸਿਆਂ ਵਾਸਤੇ ਮੈਨੂੰ ਵੇਚ ਦਿੱਤਾ ਹੈ, ਇਨ੍ਹਾਂ ਨੇ ਮੇਰੀ ਕੀ ਮਦਦ ਕਰਨੀ ਹੋਈ? ਇਹ ਜਾਣ ਕੇ ਪਹਿਲੀ ਢੇਰੀ ਢਾਹ ਦਿੱਤੀ। ਫੇਰ ਤੁਹਾਡੇ ਵੱਲ ਖਿਆਲ ਕੀਤਾ ਕਿ ਬਾਦਸ਼ਾਹ ਤਾਂ ਆਪਣੇ ਮਤਲਬ ਵਾਸਤੇ ਮੈਨੂੰ ਖੁਦ ਮਰਵਾ ਰਿਹਾ ਹੈ ਇਸ ਦੀ ਆਸ ਵੀ ਕੀ ਰਖਣੀ ਏ, ਇਉਂ ਦੂਜੀ ਢੇਰੀ ਵੀ ਢਾਹ ਦਿੱਤੀ। ਫੇਰ ਸੋਚਿਆ ਦੇਵਤਿਆਂ ਨੇ ਮੇਰੀ ਕੀ ਮਦਦ ਕਰਨੀ ਹੈ, ਦੇਵੀ ਤਾਂ ਖੁਦ ਮੇਰੇ ਖੂਨ ਦੀ ਪਿਆਸੀ ਤੇ ਬਲੀ ਲੈਣ ਨੂੰ ਤਿਆਰ ਹੈ, ਇਸ ਕਰ ਕੇ ਤੀਜੀ ਢੇਰੀ ਵੀ ਢਾਹ ਦਿੱਤੀ। ਚੌਥੀ ਢੇਰੀ ਪਰਮੇਸ਼ਰ ਦੀ ਰੱਖ ਲਈ ਕਿ ਉਹ ਹਰ ਸਮੇਂ ਹਰ ਇਕ ਜੀਵ ਦੀ ਰਖਿਆ ਕਰਦਾ ਹੈ।

ਬਾਦਸ਼ਾਹ ਇਹ ਸੁਣ ਕੇ ਬੜਾ ਹੈਰਾਨ ਹੋਇਆ ਕਿ ਇਹੋ ਜਿਹਾ ਸੰਤ ਸੇਵੀ ਅਕਲਮੰਦ ਬੱਚਾ ਕਿਥੋਂ ਮਿਲਣਾ ਹੈ, ਇਸ ਦੀ ਬਲੀ ਦੇ ਕੇ ਵੀ ਸ਼ਾਇਦ ਮੇਰੇ ਘਰ ਵਿਚ ਪੁੱਤਰ ਹੋਵੇ ਜਾਂ ਨਾ ਹੋਵੇ, ਕਿਉਂ ਨਾ ਇਸ ਨੂੰ ਹੀ ਆਪਣਾ ਪੁੱਤਰ ਬਣਾ ਕੇ ਰਾਜ ਦੇ ਦੇਵਾਂ।

ਇਉਂ ਵਿਚਾਰ ਕੇ ਉਸ ਸਮੇਂ ਉਸ ਬੱਚੇ ਨੂੰ ਘੁੱਟ ਕੇ ਛਾਤੀ ਨਾਲ ਲਗਾਇਆ, ਬੜਾ ਪਿਆਰ ਕੀਤਾ, ਪੁੱਤਰ ਬਣਾ ਕੇ ਮਹਿਲਾਂ ਵਿਚ ਲੈ ਗਿਆ ਅਤੇ ਆਪਣੇ ਤਖਤ ਦਾ ਮਾਲਕ ਬਣਾ ਦਿੱਤਾ।

ਨਿਰਧਨ ਭਯੰ ਧਨਵੰਤਹ

ਫਿਰ ਗੁਰੂ ਸੇਵਾ ਦੇ ਕਰਨ ਨਾਲ ਨਿਰਧਨ= ਕੰਗਾਲ ਪੁਰਸ਼ ਪ੍ਰਤੱਖ ਧਨ ਵਾਲਾਂ (ਧਨਾਢ) ਬਣ ਜਾਂਦਾ ਹੈ।

ਸਾਖੀ—ਹੋਲਾਂ ਖਆਉਣ ਵਾਲੇ ਬਾਲਕੇ ਦੀ

ਇਕ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਤੇ ਮਰਦਾਨੇ ਸਮੇਤ ਚਲੇ ਜਾ ਰਹੇ ਸਨ, ਚਲਦਿਆਂ ਚਲਦਿਆਂ ਸ਼ਾਮ ਦਾ ਵਕਤ ਹੋ ਗਿਆ, ਮਰਦਾਨੇ ਨੂੰ ਬੜੀ ਭਾਰੀ ਭੁੱਖ ਲੱਗੀ। ਅਚਾਨ-ਚਕ ਅੱਗੇ ਇਕ ਪੱਕੇ ਛੋਲਿਆਂ ਦਾ ਖੇਤ ਆ ਗਿਆ। ਜਿਸ ਦਾ ਰਾਖਾ ਇਕ ਛੋਟਾ ਜਿਹਾ ਬਾਲਕਾ ਬੈਠਾ ਸੀ, ਮਰਦਾਨਾ ਭੁੱਖ ਨਾ ਆਤੁਰ ਹੋਇਆ ਬੋਲਿਆ- "ਮਹਾਰਾਜ! ਜੇਕਰ ਆਪ ਜੀ ਹੁਕਮ ਦਿਉ ਤਾਂ ਛੋਲਿਆਂ ਦੇ ਬੂਟੇ ਪੁੱਟ ਕੇ ਹੋਲਾਂ ਕਰ ਕੇ ਚੱਬ ਲਵਾਂ। ਹਜ਼ੂਰ ਨੇ ਕਿਹਾ- ਮਰਦਾਨਿਆ! ਬਿਨਾਂ ਪੁੱਛੇ ਕਿਸੇ ਦੀ ਚੀਜ਼ ਛੇੜਨੀ ਚੰਗੀ ਨਹੀਂ, ਤੇਰੀ ਪ੍ਰਾਰਬਧ ਤੈਨੂੰ ਆਪੇ ਹੀ ਮਿਲ ਜਾਵੇਗੀ। ਇਉਂ ਕਹਿ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਹੀ ਜਗ੍ਹਾ ਬੈਠ ਗਏ। ਇਹ ਗੱਲਾਂ ਖੇਤ ਦਾ ਰਖਵਾਲਾ ਵੀ ਸੁਣ ਰਿਹਾ ਸੀ, ਉਸ ਨੇ ਖਿਆਲ ਕੀਤਾ ਇਹ ਤਿੰਨੇ ਹੀ ਫਕੀਰ ਭੁੱਖੇ ਹਨ ਇਹਨਾਂ ਦੀ ਸੇਵਾ ਕਰਕੇ ਲਾਭ ਪ੍ਰਾਪਤ ਕਰਾਂ।

ਇਉਂ ਮਨ ਵਿਚ ਸੋਚ ਕੇ ਉਸ ਨੇ ਆਪਣੇ ਹੱਥੀਂ ਬੂਟੇ ਪੁੱਟੇ ਅੱਗ ਬਾਲ ਕੇ ਹੋਲਾਂ ਕੀਤੀਆਂ ਤੇ ਮਹਾਰਾਜ ਅੱਗੇ ਲਿਆ ਰਖੀਆਂ। ਹਜ਼ੂਰ ਨੇ ਕਿਹਾ ਲੈ ਭਾਈ ਮਰਦਾਨਿਆਂ! ਜੋ ਮੇਰੇ ਮਨ ਦਾ ਸੰਕਲਪ ਸੀ ਉਹ ਨਿਰੰਕਾਰ

ਨੇ ਪੂਰਾ ਕਰ ਦਿੱਤਾ ਹੈ, ਹੋਲਾ ਖਾ ਲੈ। ਮਰਦਾਨਾ ਏਹੋ ਕੁਝ ਹੀ ਚਾਹੁੰਦਾ ਸੀ। ਗਰਮ ਗਰਮ ਹੋਲਾਂ (ਭੁੱਖ ਦੇ ਸਤਾਏ) ਮਰਦਾਨੇ ਨੇ ਸਾਰੀਆਂ ਹੀ ਨਿਬੇੜ ਦਿੱਤੀਆਂ।

ਉਸ ਬਾਲਕ ਨੇ ਸੋਚਿਆ ਕਿ ਇਹ ਤਿੰਨਾਂ ਦਾ ਹਿੱਸਾ ਇਕੱਲਾ ਹੀ ਖਾ ਗਿਆ ਹੈ ਇਹ ਤਾਂ ਸੰਤ ਭੁੱਖੇ ਹਨ, ਮੈਂ ਘਰੋਂ ਜਾ ਕੇ ਇਹਨਾਂ ਵਾਸਤੇ ਭੋਜਨ ਲਿਆਵਾਂ।

ਇਉਂ ਵਿਚਾਰ ਕਰ ਕੇ ਜਦੋਂ ਉੱਠਣ ਲੱਗਾ ਤਾਂ ਸਤਿਗੁਰੂ ਜੀ ਬੋਲੇ ਕਾਕਾ! ਕਿੱਥੇ ਚਲਿਆ ਹੈਂ? ਉਸ ਨੇ ਬੇਨਤੀ ਕੀਤੀ- "ਸੰਤ ਜੀ! ਮੈਂ ਤੁਹਾਡੇ ਵਾਸਤੇ ਘਰੋਂ ਭੋਜਨ ਤੇ ਰਾਤਰੀ ਦੇ ਬਿਸ੍ਰਾਮ ਵਾਸਤੇ ਬਸਤਰ ਲੈਣ ਚਲਿਆ ਹਾਂ।" ਗਰੀਬ-ਨਿਵਾਜ਼ ਨੇ ਉੱਤਰ ਦਿੱਤਾ- "ਕਾਕਾ! ਤੇਰਾ ਇਹ ਘਾਸ ਫੂਸ ਦਾ ਬਿਛਾਇਆ ਹੋਇਆ ਜੋ ਵਿਛੌਣਾ ਹੈ ਏਹੀ ਸਾਡੇ ਵਾਸਤੇ ਲੇਫ ਤੇ ਤੁਲਾਈ ਹੈ, ਜੋ ਤੇਰਾ ਪਰੇਮ ਹੈ ਏਹੀ ਸਾਡੇ ਵਾਸਤੇ ਪਕਵਾਨ (ਭੋਜਨ) ਹੈ ਅਸੀਂ ਤਾਂ ਪਰਮੇਸ਼ਰ ਅੰਤਰਜਾਮੀ ਦੇ ਜਸ ਨਾਲ ਰੱਜੇ ਹੋਏ ਹਾਂ।

ਜਨਮ ਸਾਖੀ ਵਿਚ ਲਿਖਿਆ ਹੈ:-

ਸੱਥਰ ਤੇਰਾ ਲੇਫ ਨਿਹਾਲੀ, ਭਾਉ ਤੇਰਾ ਪਕਵਾਨ। ਨਾਨਕ ਸਿਫਤੀ ਰੱਜਿਆ, ਆਉ ਬਹੁ ਸੁਲਤਾਨ।

ਇਉਂ ਵਰ ਦੇ ਕੇ ਉਸ ਨੂੰ ਬਾਦਸ਼ਾਹ ਬਣਾ ਦਿੱਤਾ। ਆਪ ਤਾਂ ਸਤਿਗੁਰੂ ਜੀ ਅੱਗੇ ਚਲੇ ਗਏ ਪਰ ਰਾਤ ਹੋ ਜਾਣ ਦੇ ਕਾਰਣ ਉਹ ਬੱਚਾ ਖੇਤ ਵਿਚ ਹੀ ਸੁੱਤਾ ਰਿਹਾ, ਘਰ ਨਹੀਂ ਜਾ ਸਕਿਆ।

ਦੇਵਨੇਤ ਕਰ ਕੇ ਉਸੇ ਹੀ ਦਿਨ ਉਸ ਸ਼ਹਿਰ ਦਾ ਬਾਦਸ਼ਾਹ ਮ੍ਰਿਤੂ ਹੋ ਗਿਆ ਜਿਸ ਦੇ ਅੱਗੇ ਨਾ ਕੋਈ ਪੁੱਤਰ ਤੇ ਨਾ ਕੋਈ ਸਕਾ ਭਰਾ ਹੀ ਸੀ। ਸਾਰੇ ਸ਼ਹਿਰ ਵਿਚ ਹਾਹਾਕਾਰ ਮਚ ਗਈ, ਅਖੀਰ ਨੂੰ ਵਜ਼ੀਰ ਤੇ ਅਹਿਲਕਾਰ ਇਕੱਠੇ ਹੋ ਕੇ ਵਿਚਾਰਨ ਲੱਗੇ ਕਿ ਹੁਣ ਤਖਤ ਦਾ ਮਾਲਕ ਕਿਸ ਨੂੰ ਬਣਾਈਏ? ਕਿਉਂਕਿ ਨਾ ਬਾਦਸ਼ਾਹ ਦੇ ਅੱਗੇ ਪੁੱਤਰ ਹੈ ਨਾ ਕੋਈ ਸੱਕਾ ਭਰਾ। ਜੇਕਰ ਸਾਡੇ ਵਿੱਚੋਂ ਕੋਈ ਤਖਤ ਤੇ ਬੈਠੇ ਤਾਂ ਸਾਨੂੰ ਇਹ ਯੋਗ ਨਹੀਂ ਅਸੀਂ ਨਰਕਗਾਮੀ ਹੋਵਾਂਗੇ। ਕਾਫੀ ਸਮਾਂ ਵਿਚਾਰ ਕਰਨ ਤੋਂ ਪਿੱਛੋਂ ਇਸ ਨਤੀਜੇ ਤੇ ਪਹੁੰਚੇ ਕਿ ਇਹ ਫੈਸਲਾ ਪਰਮੇਸ਼ਰ 'ਤੇ ਛੱਡ ਦੇਈਏ। ਜਿਸ ਨੂੰ ਉਹ ਚਾਹੇਗਾ, ਓਹੋ ਹੀ ਬਾਦਸ਼ਾਹ ਬਣੇਗਾ। ਸ਼ਹਿਰ ਦੇ ਚਾਰ ਦਰਵਾਜ਼ੇ ਹਨ, ਤਿੰਨ ਤਾਂ ਬੰਦ ਕਰ ਦੇਈਏ, ਚੌਥੇ ਦਰਵਾਜ਼ੇ ਨੂੰ ਸਵੇਰੇ ਸਾਰੇ ਮਿਲ ਕੇ ਜਾ ਕੇ ਖੋਲ੍ਹੀਏ ਜੋ ਸਾਨੂੰ ਸਭ ਤੋਂ ਪਹਿਲਾਂ ਉਸ ਦਰਵਾਜ਼ੇ ਅੱਗੇ ਬਾਹਰ ਖੜੋਤਾ ਹੋਇਆ ਮਿਲੇ ਉਸ ਨੂੰ ਆਪਣਾ ਬਾਦਸ਼ਾਹ ਮੰਨ ਕੇ ਤਖਤ 'ਤੇ ਬਿਠਾ ਦੇਈਏ। ਇਹ ਫੈਸਲਾ ਸਾਰਿਆਂ ਨੇ ਮਨਜ਼ੂਰ ਕਰ ਲਿਆ। ਰਾਤ ਬਤੀਤ ਹੋਈ ਤਿੰਨ ਦਰਵਾਜ਼ੇ ਤਾਂ ਪਹਿਲਾਂ ਹੀ ਸ਼ਾਮ ਨੂੰ ਬੰਦ ਕੀਤੇ ਹੋਏ ਸਨ, ਚੌਥਾ ਦਰਵਾਜ਼ਾ ਖੋਲ੍ਹਣ ਵਾਸਤੇ ਜਦੋਂ ਸਾਰੇ ਮਿਲ ਕੇ ਚਲੇ ਤੇ ਪਾਸ ਪਹੁੰਚ ਕੇ ਦਰਵਾਜ਼ਾ ਖੋਲ੍ਹਿਆ ਤਾਂ ਏਧਰੋਂ ਰਾਤ ਦਾ ਖੇਤ ਵਿਚ ਸੁੱਤਾ ਹੋਇਆ ਬਾਲਕ ਸਵੇਰੇ ਘਰ ਆਉਣ ਵਾਸਤੇ ਉਸੇ ਸਮੇਂ ਦਰਵਾਜ਼ੇ ਪਾਸ ਪੁੱਜਾ। ਬੂਹਾ ਖੋਲ੍ਹਦਿਆਂ ਹੀ ਸਭਨਾਂ ਨੂੰ ਮਿਲ ਗਿਆ। ਸਾਰੇ ਹੀ ਬੜੇ ਪ੍ਰਸੰਨ ਹੋਏ, ਨਿਰੰਕਾਰ ਦਾ ਭੇਜਿਆ ਹੋਇਆ ਜਾਣ ਕੇ ਆਪਣਾ ਬਾਦਸ਼ਾਹ ਮੰਨ ਕੇ ਸਭਨਾਂ ਨੇ ਨਮਸਕਾਰ ਕੀਤੀ, ਮਹਿਲਾਂ ਵਿਚ ਲਿਜਾ ਕੇ ਇਸ਼ਨਾਨ ਕਰਾ ਕੇ ਨਵੀਂ ਪੁਸ਼ਾਕ ਪਹਿਨਾਈ ਤੇ ਸਿੰਘਾਸਨ 'ਤੇ ਬਿਠਾ ਦਿੱਤਾ। ਇਉਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਤੇ ਬਖਸ਼ਸ਼ ਦਾ ਸਦਕਾ ਉਹ ਨਿਰਧਨ ਤੇ ਕੰਗਲਾ ਬੱਚਾ, ਬਾਦਸ਼ਾਹੀ ਤਖਤ 'ਤੇ ਬੈਠ ਕੇ ਧਨਾਢ ਬਣ ਗਿਆ।

ਫਿਰ ਨਿਰਧਨ ਜੋ ਨਾਮਦੇਵ ਸੀ ਉਹ ਗੁਰ ਸੇਵਾ ਦੇ ਪ੍ਰਤਾਪ ਕਰਕੇ ਧਨ ਵਾਲਾ ਹੋ ਗਿਆ:

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥ (ਮਹਲਾ ੫, ਪੰਨਾ ੪੮੭)

ਫਿਰ ਦੇਖੋ ਸਲੇਮ ਬਾਦਸ਼ਾਹ ਨੂੰ ਇਕ ਸਿਹਜਾ ਦੀ ਬਜਾਇ ੧੦ ਸਿਹਜਾ ਦਰਿਆ 'ਚੋਂ ਕੱਢ ਦਿੱਤੀਆਂ।

(ਭਗਤ ਬਾਣੀ ਸਟੀਕ ਦੇ ੨੨੦ ਸਫੇ ਤੇ ਇਹ ਸਾਰਾ ਪ੍ਰਸੰਗ ਦੇਖੋ।)

ਪੁਨਾ ਨਿਰਧਨ ਜੋ ਰਵਿਦਾਸ ਸੀ-ਉਹ ਭੀ ਗੁਰ ਸੇਵਾ ਦੁਆਰੇ ਧਨਾਢ ਹੋ ਗਿਆ :

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥ *(ਬਿਲਾਵਲੁ ਰਵਿਦਾਸ, ਪੰਨਾ ੮੫੮)*

ਰਵਿਦਾਸ ਜੀ ਨੇ ਸੋਨੇ ਦੇ ਕੜੇ ਗੰਗਾ ਤੋਂ ਲੈ ਕੇ ਪੰਡਿਤ ਨੂੰ ਦਿੱਤੇ*।

ਰੋਗਿਅੰ ਰੋਗ ਖੰਡਨਹ॥

ਫਿਰ ਗੁਰ ਸੇਵਾ ਰੋਗੀ ਪੁਰਸ਼ਾਂ ਦੇ ਰੋਗਾਂ ਨੂੰ ਖੰਡਨਹ= ਅਭਾਵ ਕਰਨ ਵਾਲੀ ਹੈ।

ਸਾਖੀ—ਪਰੇਮੇ ਕੋੜ੍ਹੀ ਦੀ

ਇਕ ਅਮੀਰ ਸ਼ਾਹੂਕਾਰ ਦਾ ਇਕਲੌਤਾ ਪੁੱਤਰ ਸੀ। ਮਾਤਾ ਪਿਤਾ ਨੇ ਬੜੀਆਂ ਰੀਝਾਂ ਤੇ ਸੱਧਰਾਂ ਨਾਲ ਉਸ ਦੀ ਪਾਲਣਾ ਕੀਤੀ। ਬਹੁਤ ਪਿਆਰਾ ਹੋਣ ਦੇ ਕਾਰਣ ਨਾਮ ਹੀ ਉਸ ਦਾ ਪਰੇਮ ਚੰਦ ਰੱਖ ਦਿੱਤਾ। ਛੋਟੀ ਉਮਰ ਵਿਚ ਅਮੀਰ ਘਰਾਣੇ ਦੀ ਲੜਕੀ ਨਾਲ ਸ਼ਾਦੀ ਕਰ ਦਿੱਤੀ। ਧਨ ਪਦਾਰਥ ਪਹਿਲਾਂ ਹੀ ਬੜਾ ਸੀ ਫਿਰ ਸਹੁਰੇ ਘਰੋਂ ਭੀ ਆ ਗਿਆ ਸਮੇਂ ਅਨੁਸਾਰ ਮਾਤਾ ਪਿਤਾ ਬੁੱਢੇ ਹੋ ਗਏ, ਸਾਵਣ ਮਹੀਨੇ ਦੇ ਡੱਡੂਆਂ ਅਤੇ ਮਿੱਠੇ ਪਰ ਮੱਖੀਆਂ ਵਾਂਗੂ ਖੁਸ਼ਾਮਦੀ ਲੋਕ ਤੇ ਯਾਰਾਂ ਦੋਸਤਾਂ ਦੀ ਢਾਣੀ ਹਮੇਸ਼ਾਂ ਪਾਸ ਹੀ ਬੈਠੀ ਰਿਹਾ ਕਰੇ। ਕੁਸੰਗਤ ਦੇ ਅਸਰ ਨੇ ਜੂਏ ਤੇ ਸ਼ਰਾਬ ਦੀ ਆਦਤ ਪ੍ਰਪੱਕ ਕਰ ਦਿੱਤੀ। ਸ਼ਰਾਬ ਦੇ ਆਸਰੇ ਹੋਰ ਵੀ ਸਾਰੇ ਔਗੁਣ ਆਉਣੇ ਸ਼ੁਰੂ ਹੋ ਗਏ। ਸਰੀਰ ਤੇ ਕੁਸ਼ਟ ਦਾ ਰੋਗ ਸ਼ੁਰੂ ਹੋ ਗਿਆ। ਯਾਰ ਤੇ ਦੋਸਤ ਹੁਣ ਫਸਲ ਕੱਟਣ ਤੋਂ ਮਗਰੋਂ ਬਟੇਰਿਆਂ ਸਮਾਨ ਦੌੜ ਗਏ। ਹੌਲੀ-ਹੌਲੀ ਦੌਲਤ ਵੀ ਸਾਥ ਛੱਡ ਗਈ। ਪਰੇਮ ਚੰਦ ਤੋਂ ਖਾਲੀ ਪਰੇਮਾ ਰਹਿ ਗਿਆ। ਘਰ ਦੇ ਸੰਬੰਧੀ ਵੀ ਨਫਰਤ ਕਰਨ ਲੱਗ ਪਏ। ਘਰ ਵਾਲੀ ਨੂੰ ਜੇ ਕੋਈ ਬਚਨ ਕਹੇ ਤਾਂ ਅੱਗੋਂ ਉਹ ਚਾਰ ਸੁਣਾਵੇ।

ਇਕ ਸਮੇਂ ਕੋਈ ਮਖੌਲ ਦਾ ਬਚਨ ਕਹਿ ਬੈਠਾ, ਤਾਂ ਅੱਗੋਂ ਘਰ ਵਾਲੀ ਨੇ ਕਿਹਾ- ਤੂੰ ਕੀ ਬੋਲਣ ਨੂੰ ਮਰਦਾ ਹੈਂ, ਤੈਨੂੰ ਪਤਾ ਨਹੀਂ ਛੂਤ ਦੀ ਬੀਮਾਰੀ ਨਾਲ ਤੇਰਾ ਸਰੀਰ ਗਲਦਾ ਜਾ ਰਿਹਾ ਹੈ, ਹੁਣ ਅਸੀਂ ਤੇਰੀ ਛੱਪਰੀ ਪਿੰਡੋਂ ਬਾਹਰ ਪਾ ਕੇ ਓਥੇ ਛੱਡ ਆਉਣਾ ਹੈ।

ਘਰ ਵਾਲੀ ਦੇ ਇਹ ਬਚਨ ਇਸ ਨੂੰ ਤੀਰਾਂ ਸਮਾਨ ਲੱਗੇ, ਮਨ ਵਿਚ ਸੋਚਿਆ ਕਿ ਹੋਰ ਯਾਰ ਦੋਸਤ ਤਾਂ ਪਹਿਲਾਂ ਹੀ ਚੋਪੜੀ ਪ੍ਰੀਤੀ ਕਰਨ ਵਾਲੇ ਸਨ ਪਰ ਘਰ ਵਾਲੀ ਵੀ ਅੱਜ ਇਸ ਤਰ੍ਹਾਂ ਦਾ ਬੋਲ ਬੋਲਦੀ ਹੈ, ਇਸ ਜੀਉਣ ਨਾਲੋਂ ਤਾਂ ਮਰਨਾ ਹੀ ਚੰਗਾ ਹੈ। ਚੁੱਪ ਕੀਤਾ ਘਰੋਂ ਬਾਹਰ ਨਿਕਲਿਆ ਕਿ ਕਿਸੇ ਉਜਾੜ ਵਾਲੇ ਖੂਹ ਵਿਚ ਛਾਲ ਮਾਰ ਕੇ ਮਰ ਜਾਵਾਂ।

ਜਦੋਂ ਜੰਗਲ ਵਿਚ ਪੁੱਜਾ, ਖੂਹ ਦੀ ਮਣ੍ਹ 'ਤੇ ਬੈਠ ਗਿਆ, ਪਾਸ ਰਸਤਾ ਸੀ। ਗੁਰੂ ਕੇ ਸਿੱਖ ਤੀਸਰੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਨੂੰ ਜਾ ਰਹੇ ਸਨ। ਇਸ ਨੇ ਸੋਚਿਆ ਕਿ ਇਹਨਾਂ ਨੂੰ ਲੰਘ

**ਇਸ ਸਾਰੇ ਪ੍ਰਸੰਗ ਨੂੰ ਪੜ੍ਹਣਾ ਹੋਵੇ ਤਾਂ ਭਗਤ ਬਾਣੀ ਸਟੀਕ ਦੂਜੀ ਐਡੀਸ਼ਨ ਦੇ ਪਹਿਲੇ ਭਾਗ ਵਿਚ ਭਗਤਾਂ ਦੇ ਜੀਵਨ ੨੫ ਪੰਨੇ ਪਰ ਦੇਖੋ।*

ਜਾਣ ਦਿਆਂ ਫੇਰ ਛਾਲ ਮਾਰਾਂਗਾ, ਨਹੀਂ ਤਾਂ ਇਹ ਮੈਨੂੰ ਕੱਢ ਲੈਣਗੇ। ਜਦੋਂ ਸੰਗਤ ਪਾਸ ਪੁੱਜੀ ਸੰਗਤ ਪਾਸੋਂ ਗੁਰੂ ਸੋਭਾ ਸੁਣੀ, ਗੁਰੂ ਉਪਮਾ ਸੁਣਦਿਆਂ ਇਸ ਦੇ ਤੜਫਦੇ ਮਨ ਨੂੰ ਸ਼ਾਂਤੀ ਨਸੀਬ ਹੋਈ।

ਪ੍ਰੇਮੇ ਨੇ ਫੁਟ-ਫੁਟ ਕੇ ਸੰਗਤ ਅੱਗੇ ਆਪਣਾ ਸਾਰਾ ਦੁੱਖ ਪ੍ਰਗਟ ਕੀਤਾ, ਸੰਗਤ ਨੂੰ ਤਰਸ ਆ ਗਿਆ। ਇਸ ਨੂੰ ਨਾਲ ਲੈ ਕੇ ਸ੍ਰੀ ਗੋਇੰਦਵਾਲ ਵਿਖੇ ਪੁੱਜੇ ਅਤੇ ਹਜ਼ੂਰ ਦੇ ਦਰਬਾਰ ਤੋਂ ਬਾਹਰ ਹੀ ਛੱਡ ਦਿੱਤਾ, "ਜਿਥੇ ਕੁਸ਼ਟੀ ਤੇ ਹੋਰ ਰੋਗ ਵਾਲੇ ਰੋਗੀ ਬੈਠੇ ਰਹਿੰਦੇ ਸਨ। ਗੁਰੂ ਦੇ ਲੰਗਰੋਂ ਇਨ੍ਹਾਂ ਨੂੰ ਪ੍ਰਸ਼ਾਦਾ ਏਥੇ ਹੀ ਪਹੁੰਚਦਾ ਸੀ।" ਇਸ ਪ੍ਰੇਮੇ ਨੇ ਗੁਰੂਦੁਆਰੇ ਦੇ ਦੂਰੋਂ ਦਰਸ਼ਨ ਕੀਤੇ, ਧੂੜ ਮਸਤਕ ਨੂੰ ਲਾਈ ਤੇ ਮਸਤੀ ਵਿਚ ਗਾਉਣ ਲੱਗ ਪਿਆ

ਰਾਗ ਕਬਿੱਤ ਨ ਬਾਨੀ ਜਾਨਹਿ। ਬਿਨ ਜਾਨੇ ਹੀ ਬਦਨ ਬਖਾਨਹਿ।
ਕਹਿ ਦ੍ਰਿਸ਼ਟਾਂਤ ਬਾਕ ਕਛੁ ਮੋਟਾ। ਮੁਝ ਅਬਿ ਲੱਧਾ ਗਯਾ ਕਛੋਟਾ॥ ੨੯॥
ਸੁਨਹੁ ਜਹਾਨਾਂ ਕਹੌਂ ਬਡੇਰ। ਗਯਾ ਕਛੋਟਾ ਲੱਧਾ ਫੇਰ।
ਜਬਿ ਕਬਿ ਪ੍ਰੇਮ ਰਿਦੈ ਅਧਿਕਾਵੈ। ਗਯਾ ਕਛੋਟਾ ਲਧਾ ਗਾਵੈ।। ੩੦।।

ਹਰ ਸਮੇਂ ਇਹੋ ਹੀ ਗਾਉਂਦਾ ਰਹਿੰਦਾ ਹੈ। ਸਿੱਖ ਸੁਣ ਕੇ ਬੜੇ ਪ੍ਰਸੰਨ ਹੁੰਦੇ ਤੇ ਉਸ ਦੇ ਪਾਸੋਂ ਬਾਰ-ਬਾਰ ਪੜ੍ਹਾਉਂਦੇ ਕਿ ਫਿਰ ਕਹੁ ਫਿਰ ਕਹੁ। ਸੁਣ ਕੇ ਸਿੱਖਾਂ ਨੂੰ ਤਰਸ ਆਉਂਦਾ ਤੇ ਹਜ਼ੂਰ ਪਾਸ ਬੇਨਤੀ ਕਰਦੇ ਕਿ ਮਹਾਰਾਜ! ਇਸ ਗਰੀਬੜੇ ਦੁਖੀ ਪਰ ਕ੍ਰਿਪਾ ਕਰੋ, ਪਰ ਮਹਾਰਾਜ ਸੁਣ ਕੇ ਚੁੱਪ ਕਰ ਛੱਡਦੇ!

ਕਾਫੀ ਸਮਾਂ ਬਤੀਤ ਹੋ ਗਿਆ, ਅੱਜ ਮਿਹਰਾਂ ਦੇ ਸਾਈਂ ਤਰੁਠੇ, ਕਿਹਾ ਕਿ ਕੋਈ ਸਿੱਖ ਜਾਵੇ ਸਾਡੇ ਇਸ਼ਨਾਨ ਵਾਲੇ ਜਲ ਵਿਚ ਪ੍ਰੇਮੇ ਦਾ ਇਸ਼ਨਾਨ ਕਰਵਾ ਕੇ ਕੁਸੁੰਭੇ ਰੰਗ ਦੇ ਕੱਪੜੇ ਵਿਚ ਲਪੇਟ ਕੇ ਸਾਡੇ ਪਾਸ ਲਿਆਵੇ, ਉਸ ਸਿੱਖ ਦੀ ਮਨੋ ਕਾਮਨਾ ਪੂਰੀ ਹੋਵੇਗੀ।

ਹਜ਼ੂਰ ਦਾ ਬਚਨ ਸੁਣ ਕੇ ਇਸ ਤਰ੍ਹਾਂ ਹੀ ਕੀਤਾ ਗਿਆ। ਚਲ੍ਹੇ ਵਿਚ ਇਸ਼ਨਾਨ ਕਰਵਾ ਕੇ ਗੁਰੂ ਜੀ ਪਾਸ ਲੈ ਆਏ। ਉਸ ਵੇਲੇ ਮਹਾਰਾਜ ਨੇ ਸਿੰਘਾਸਨ ਤੋਂ ਉੱਠ ਕੇ ਆਪਣੇ ਹੱਥੀਂ ਪ੍ਰੇਮੇ ਦਾ ਮੂੰਹ ਨੰਗਾ ਕੀਤਾ, ਜਦ ਹਜੂਰ ਦੀ ਦ੍ਰਿਸ਼ਟੀ ਪਈ ਤਾਂ ਸ਼ਰੀਰ ਕੰਚਨ ਵਰਗਾ ਸੁੱਧ ਹੋ ਗਿਆ।

ਸਿੱਖ ਦੇਖ ਕੇ ਹੈਰਾਨ ਹੋ ਗਏ, ਬੇਨਤੀ ਕੀਤੀ- ਮਹਾਰਾਜ ਜੀ! ਇਹ ਤਾਂ ਹੁਣ ਲਾੜੇ ਵਰਗਾ ਬਣ ਗਿਆ ਹੈ। ਸਤਿਗੁਰੂ ਜੀ ਕਹਿਣ ਲੱਗੇ— ਇਹ ਵੀ ਤੁਹਾਡਾ ਬਚਨ ਪੂਰਾ ਕਰ ਦਿੰਦੇ ਹਾਂ, ਹੈ ਕੋਈ ਅਜਿਹਾ ਸਿੱਖ! ਜੋ ਇਸ ਨੂੰ ਆਪਣੀ ਪੁੱਤਰੀ ਦਾ ਨਾਤਾ ਦੇ ਦੇਵੇ? ਉਸ 'ਤੇ ਸਾਡੀ ਅਤਿਅੰਤ ਪ੍ਰਸੰਨਤਾ ਹੋਵੇਗੀ।"

ਸਭਾ ਮਝਾਰੀ ਕਹਯੋ ਗੁਰ ਬੈਨ। ਤਨੁਜਾ ਹੈ ਜਿਹ ਸਿਖ ਕੇ ਐਨ।
ਮਮ ਆਇਸੁ ਤੇ ਇਸ ਕੋ ਦੇਵਹਿ। ਲੋਕ ਪ੍ਰਲੋਕ ਅਨੰਦ ਸੁ ਲੇਵਹਿ।। ੫੯।।

(ਗੁਰ ਪ੍ਰਤਾਪ ਸੂਰਜ, ਰਾਸਿ ੧ ਅੰਸੂ ੬੦)

ਇਹ ਗੱਲ ਸੁਣ ਕੇ ਸਾਰੇ ਸਿੱਖ ਘਬਰਾ ਗਏ ਪਰ ਇੱਕੋ ਸਿੱਖ ਨਿਤਰਿਆ ਜੋ ਉੱਪਲ ਗੋਤ ਦਾ ਸੀਂਹਾ ਖੱਤਰੀ ਸੀ, ਉਸ ਨੇ ਆਪਣੀ ਔਰਤ ਨੂੰ ਲੰਗਰ ਦੀ ਸੇਵਾ ਕਰਨ ਵਾਸਤੇ ਭੇਜ ਦਿੱਤਾ (ਕਿਉਂਕਿ ਉਸ ਦਾ ਸੁਭਾਅ ਕੁਝ ਹੋਰ ਤਰ੍ਹਾਂ ਦਾ ਸੀ) ਪਿੱਛੋਂ ਆਪਣੀ ਲੜਕੀ ਲਿਆ ਕੇ ਹਾਜ਼ਰ ਕਰ ਦਿੱਤੀ। ਹਜ਼ੂਰ ਨੇ ਉਸ ਬੱਚੀ ਦਾ ਪ੍ਰੇਮੇ ਨਾਲ ਅਨੰਦ ਕਾਰਜ ਕਰ ਦਿੱਤਾ ਤੇ ਸੀਂਹੇ ਨੂੰ ਨਿਹਾਲ ਕੀਤਾ।

ਜਦ ਸੀਂਹੇ ਦੇ ਘਰ ਵਾਲੀ ਨੂੰ ਪਤਾ ਲੱਗਾ ਕਿ ਉਸ ਦੀ ਧੀ ਕੁਸ਼ਟੀ ਨਾਲ ਵਿਆਹ ਦਿੱਤੀ ਹੈ, ਉਸੀ

ਵੇਲੇ ਉਹ ਦੌੜੀ ਆਈ। ਮਹਾਰਾਜ ਦੇ ਪਾਸ ਆ ਕੇ ਰੋਣ ਲੱਗ ਪਈ ਕਿ ਮੇਰੀ ਧੀ ਕਿਸ ਨਾਲ ਵਿਆਹ ਦਿੱਤੀ ਹੈ?

ਇਹ ਗੱਲ ਸੁਣ ਕੇ ਹਜ਼ੂਰ ਨੇ ਕਿਹਾ ਕਿ ਇਹ ਲੜਕਾ ਹੁਣ ਸਾਡਾ ਪੁੱਤਰ ਹੋ ਚੁੱਕਾ ਹੈ ਤੂੰ ਕੋਈ ਫਿਕਰ ਨਾ ਕਰ ਅੱਜ ਤੋਂ ਤੇਰੀ ਧੀ ਦਾ ਨਾਮ "ਮੱਥੋ" ਤੇ ਇਸ ਦਾ ਨਾਮ "ਮੁਰਾਰੀ" ਰੱਖ ਦਿੱਤਾ ਹੈ । ਜੋ ਸਿੱਖ 'ਮੱਥੋ ਮੁਰਾਰੀ' ਦਾ ਜਾਪ ਕਰੇਗਾ ਉਹ ਜਮਾਂ ਨੂੰ ਨਹੀਂ ਦੇਖੇਗਾ। ਇਉਂ ਕਹਿ ਕੇ ਮੰਜੀ ਬਖਸ਼ ਦਿੱਤੀ ਧੰਨ ਗੁਰੂ ਅਮਰਦਾਸ ਜੀ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕ੍ਰਿਪਾ ਨਾਲ ਇਹ ਬਖਸ਼ਸ਼ ਹੁਣ ਤਕ ਚੌਗੁਣਾਂ ਵੱਧਦੀ ਪ੍ਰਫੁਲਤ ਹੁੰਦੀ ਚਲੀ ਆ ਰਹੀ ਹੈ।

ਇਸ ਗੱਦੀ ਪਰ ਅੱਜ ਕੱਲ੍ਹ ੧੦੮ ਪਰਮ ਪੂਜਜ ਸੇਵਾ ਸਿਮਰਨ ਵਿਚ ਭਿੱਜੇ ਹੋਏ ਮਹਾਰਾਜ ਮਹੰਤ ਸਾਹਿਬ ਮਹੰਤ ਭਾਈ ਗੁਰਮੁਖ ਸਿੰਘ ਜੀ ਸ਼ਸ਼ੋਭਤ ਹਨ।

ਇਸ ਬੰਸਾਵਲੀ ਦਾ ਸ਼ਿਜਰਾ ਅਗਲੇ ਪੰਨੇ 'ਤੇ ਦੇਖੋ—

ਇਸ ਬੰਸਾਵਲੀ ਦਾ ਸ਼ਿਜਰਾ ਇਸ ਪ੍ਰਕਾਰ ਹੈ:-

ਧੰਨ ਸ੍ਰੀ ਗੁਰੂ ਅਮਰਦਾਸ ਜੀ
↓
ਮੱਥੋ ਮੁਰਾਰੀ
↓
ਦੁਨੀ ਚੰਦ
↓

ਹੇਮ ਚੰਦ	ਖੇਮ ਚੰਦ*	ਸੋਭ ਨਰਾਇਣ	ਧੀਰ ਮੱਲ
	↓		
	ਬਾਬਾ ਕਿਸ਼ੋਰ ਦਾਸ ਜੀ	(ਸੰਮਤ ਬਿਕ੍ਰਮੀ ੧੭੬੫ ਵਿਚ ਸਮਾਏ)	
	↓		
	ਬਾਬਾਂ ਗੁਲਾਬ ਦਾਸ ਜੀ	(ਹਾੜ ੨੫ ਸੰਮਤ ੧੮੧੬ ਵਿਚ ਸਮਾਏ)	
	↓		
	ਬਾਬਾ ਧਰਮ ਦਾਸ ਜੀ	(ਫੱਗਣ ੧ ਸੰ. ੧੯੪੯ ਮਿਘਿਆਣੇ 'ਚ ਸਮਾਏ)	
	↓		
	ਭਾਈ ਦਰਬਾਰੀ ਸਾਹਿਬ ਜੀ		
	↓		
	ਭਾਈ ਮੂਲਾ ਸਾਹਿਬ ਜੀ		
	↓		
	ਭਾਈ ਲਖੂ ਸਾਹਿਬ ਜੀ		
	↓		
	ਬਾਬਾ ਸਾਹਿਬ ਦਿਆਲ ਜੀ		
	↓		
	ਮਹੰਤ ਕਰਮ ਚੰਦ ਜੀ -	(ਹਜ਼ੂਰ ਸਾਹਿਬ ਅੰਮ੍ਰਿਤ ਛਕ ਕੇ ਮਹੰਤ ਹਰਦਰਸ਼ਨ ਸਿੰਘ ਜੀ ਨਾਂ ਰਖਿਆ)	
	↓		
	↓		
	ਮਹੰਤ ਗੁਰਮੁਖ ਸਿੰਘ ਜੀ	(ਅੱਜ ਕੱਲ੍ਹ ਰੋਹਤਕ ਭਵਾਨੀ ਰੋਡ ਗੱਦੀ ਪਰ ਸ਼ਸ਼ੋਭਤ ਹਨ)।	

ਆਪ ਜੀ ਨੇ ਮਹਾਂ ਪੁਰਸ਼ਾਂ ਦੀ ਪੁਨ ਸਿੰਮ੍ਰਤੀ ਰੋਹਤਕ-ਭਵਾਨੀ ਰੋਡ ਪਰ ਨਵਾਂ ਹਰੀਮੰਦਰ ਬਣਾਇਆ ਹੈ ਜਿਸ ਦੀ ਚਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦਾ ਭੋਗ ਪਾ ਕੇ ਵੈਸਾਖ ੨੪ ਸੰਮਤ ੨੦੨੧ ਮੁਤਾਬਿਕ ੬ ਮਈ ਸੰਨ ੧੯੬੪ ਵਾਲੇ ਦਿਨ ਕੀਤੀ ਹੈ। ਉਸ ਸਮੇਂ ਸੇਵਾ ਪੰਥੀ ਭੇਖ ਦੇ ਸਿਰਮੌਰ ਸ੍ਰੀ ਮਾਨ ੧੦੮ ਪੰਡਿਤ ਨਿਹਚਲ ਸਿੰਘ ਜੀ ਪ੍ਰਧਾਨ (ਜਗਾਧਰੀ ਵਾਲੇ) ਤੋਂ ਆਦਿ ਬਹੁਤ ਸਾਰੇ ਮਹੰਤ-ਸੰਤ, ਗੁਣੀ-ਗਿਆਨੀ ਰਾਗੀ ਪ੍ਰਚਾਰਕਾਂ ਨੇ ਦਰਸ਼ਨ ਦੇ ਕੇ ਆਪਣੇ ਮਨੋਹਰ ਬਚਨਾਂ ਦੁਆਰੇ ਅਨਗਿਣਤ ਸੰਗਤਾਂ ਨੂੰ ਨਿਹਾਲ ਕੀਤਾ।

---

*ਖੇਮ ਚੰਦ ਜੀ ਨੂੰ ਦਸਵੇਂ ਪਾਤਸ਼ਾਹ ਜੀ ਨੇ ਗੱਦੀ ਬਖਸ਼ੀ ਹੈ ਅਤੇ ੧੭੫੮ ਬਿਕ੍ਰਮੀ ਵਿਚ ਇਨ੍ਹਾਂ ਨੇ ਚੰਦ੍ਰ ਭਗਾ ਨਦੀ ਤੇ ਡੇਰਾ ਲਗਾਣਾ ਕੀਤਾ।

*ਜਨਮ ਫ਼ਰੂਕੇ ਵਿਚ ਹੋਇਆ ੧੮੪੯ ਵਿਚ ਗੱਦੀ ਮਿਲੀ। ੧੮੮੦ ਵਿਚ ਭਾਈ ਮੂਲਾ ਸਾਹਿਬ ਜੀ ਆਏ।

ਬਾਬਾ ਧਰਮ ਦਾਸ ਜੀ

ਧੰਨ ਭਾਈ ਆਇਆ ਰਾਮ ਸਾਹਿਬ ਜੀ ਸਨ, ਜਿਨ੍ਹਾਂ ਦਾ ਪਵਿੱਤਰ ਅਸਥਾਨ 'ਮਿਘਿਆਣੇ' ਵਿਚ ਹੈ। ਇਹ ਭਾਈ ਅੱਡਣ ਸਾਹਿਬ ਜੀ ਦੇ ਚੇਲੇ ਸਨ ਇਨ੍ਹਾਂ ਨੇ ਹੀ ਭਾਈ ਧਰਮਦਾਸ ਜੀ ਨੂੰ ਤਿਲਕ ਤੇ ਸੇਵਾ ਪੰਥੀ ਟੋਪੀ ਦਿੱਤੀ ਸੀ ਤੇ ਅੱਗੋਂ ਲਈ ਚੜ੍ਹਤ ਲਈ ਜਾਣਾ ਬੰਦ ਕਰ ਦਿੱਤਾ ਸੀ। ਇਸ ਲਈ ਇਹ 'ਮੱਥੇ ਮੁਰਾਰੀ' ਜੀ ਦੀ ਚਲੀ ਹੋਈ ਪ੍ਰਣਾਲੀ ਭਾਈ ਧਰਮ ਦਾਸ ਜੀ ਤੋਂ ਸੇਵਾ ਪੰਥੀ ਭੇਖ ਨਾਲ ਸਬੰਧ ਰੱਖਣ ਲੱਗ ਪਈ।

ਭਾਈ ਆਇਆ ਰਾਮ ਸਾਹਿਬ ਜੀ ਦੀ ਪੁੰਨ ਸਿੰਮ੍ਰਤੀ ਵਿਚ ਵੀ ਦਿੱਲੀ ਪੰਜਾਬੀ ਬਾਗ ਵਿਖੇ ਸ੍ਰੀ ਮਾਨ ਮਹੰਤ ਗੁਰਮੁਖ ਸਿੰਘ ਜੀ ਨੇ ਆਪ ਜ਼ਮੀਨ ਖ਼ਰੀਦ ਕੇ

੧. ਸ੍ਰੀ ਮਾਨ ੧੦੮ ਪੰਡਿਤ ਨਿਹਚਲ ਸਿੰਘ ਜੀ (ਜਗਾਧਰੀ ਵਾਲੇ)।

੨. ਸ੍ਰੀ ਮਾਨ ੧੦੮ ਮਹੰਤ ਗੁਰਮੁਖ ਸਿੰਘ ਜੀ (ਰੋਹਤਕ ਵਾਲੇ)।

੩. ਦਾਸ (ਕ੍ਰਿਪਾਲ ਸਿੰਘ, ਡੇਰਾ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਅੰਮ੍ਰਿਤਸਰ)।

੪.....

੫.....

ਇਹਨਾਂ ਪੰਜਾਂ ਪਿਆਰਿਆਂ ਤੋਂ ਸੰਮਤ ੨੦੨੭ ਵੈਸਾਖ ੧੩ ਸ਼ਨੀਵਾਰ ੨੫-੪-੭੦ ਨੂੰ ਨੀਂਹ ਰਖਵਾ ਕੇ ਨਵਾਂ ਅਸਥਾਨ ਬਣਾਇਆ। ਜਿਸ ਦੀ ਚੱਠ ਸੇਵਾ ਪੰਥੀ ਭੇਖ ਦੇ ਪ੍ਰਧਾਨ ਸ੍ਰੀ ਮਾਨ ੧੦੮ ਪੰਡਿਤ ਨਿਹਚਲ ਸਿੰਘ ਜੀ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਜਾ ਕੇ ਪਰਕਾਸ਼ ਕਰ ਕੇ ਸ੍ਰੀ ਅਖੰਡ ਪਾਠ ਅਰੰਭ ਕਰ ਕੇ ਪੋਹ ੧ ਸੰਮਤ ੨੦੭੭ ਮੁਤਾਬਕ ੧੫-੧੨-੭੦ ਨੂੰ ਕੀਤੀ ਹੈ

ਭਗਤ੍ਰੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਫਿਰ ਇਹ ਗੁਰ ਸੇਵਾ) ਭਗਤੀ ਦੀ ਚਾਹ ਵਾਲਿਆਂ ਨੂੰ ਭਗਤੀ ਦਾਨ ਦੇਣ ਵਾਲੀ ਹੈ ਅਤੇ ਰਾਮ ਨਾਮ ਦੀ ਇੱਛਾ ਵਾਲਿਆਂ ਨੂੰ ਹੋਰ ਵਿਸ਼ੇਸ਼ ਰਾਮ ਨਾਮ ਦੀ ਦਾਤ ਦੇਣ ਵਾਲੀ ਹੈ ਤੇ ਸ਼ੁਭ ਗੁਣਾਂ ਦੀ ਇੱਛਾ ਵਾਲਿਆਂ ਨੂੰ ਇਹ ਗੁਰ ਸੇਵਾ ਸਤ ਸੰਤੋਖ ਆਦੀ ਸ਼ੁਭ ਗੁਣਾਂ ਦੀ ਪ੍ਰਾਪਤੀ ਕਰਨ ਵਾਲੀ ਹੈ ਤੇ ਕੀਰਤਨੀਆਂ ਨੂੰ ਹੋਰ ਵਿਸ਼ੇਸ਼ ਕੀਰਤਨ ਦੀ ਦਾਤ ਬਖਸ਼ਣ ਵਾਲੀ ਹੈ।

ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥ ੨੦॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਸਾਰਿਆਂ ਮਨੁੱਖਾਂ ਦਾ ਦਾਤਾ ਜੋ ਪਾਰਬ੍ਰਹਮ ਹੈ, ਉਸ ਦੇ ਸਰੂਪ ਜੋ ਗੁਰਦੇਵ ਜੀ ਹਨ, ਉਹਨਾਂ ਦੀ ਸੇਵਾ ਕਰਨ ਨਾਲ ਕਿੰਨ ਲਭ੍ਯਤੇ= ਕਿਹੜੀ-ਕਿਹੜੀ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਸਾਰੇ ਪਦਾਰਥ ਮਿਲ ਜਾਂਦੇ ਹਨ॥ ੨੦॥

ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰਨ ਲਭ੍ਯਤੇ॥ ੨੦॥

ਜੋ ਪਰਮੇਸ਼ਰ ਪਾਪਾਂ ਪੁੰਨਾਂ ਤੋਂ ਪਰੇ ਹੈ ਅਤੇ ਬ੍ਰਹਮ=ਵਿਆਪਕ ਸਰੂਪ ਹੈ, ਪੁਰਖ=ਪੁਰਸ਼ਾਰਥ ਵਾਲਾ ਹੈ ਅਤੇ ਸਮੂਹ ਦਾਤਾਂ ਦੇ ਦੇਣ ਵਾਲਾ ਹੈ, ਉਸ ਦੇ ਸਰੂਪ ਜੋ ਗੁਰੂ ਹਨ ਉਹਨਾਂ ਗੁਰਾਂ ਦੀ ਸੇਵਾ ਕਿੰਨ=ਕਿਸੇ ਵਿਰਲੇ ਵਡਭਾਗੀ ਨੂੰ ਲਭ੍ਯਤੇ=ਲੱਭਦੀ ਹੈ॥ ੨੦॥ (ਪਾਠ ਵੱਖਰਾ ਹੀ ਹੈ-ਕਿੰ ਨ ਲਭ੍ਯਤੇ) ਪੰਜ ਚੂਣੀਆਂ ਆਦਿਕ ਤਪ ਤਾਂ ਕਈ ਸਾਲ ਕਰਨੇ ਪੈਂਦੇ ਹਨ ਪਰ ਨਿਸ਼ਕਾਮਤਾਂ ਦੇ ਸਹਿਤ ਅਲਪ (ਥੋੜ੍ਹਾ) ਕਾਲ ਹੀ ਗੁਰ ਸੇਵਾ ਬੇਅੰਤ ਫਲ ਦੇ ਦੇਣ ਵਾਲੀ ਹੈ।

ਇਸ ਵਾਸਤੇ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਮਾਣਸ ਜਨਮੁ ਅਮੋਲੁ ਹੈ, ਹੋਇ ਅਮੋਲੁ ਸਾਧਸੰਗੁ ਪਾਏ।
ਅਖੀ ਦੁਇ ਨਿਰਮੋਲਕਾ, ਸਤਿਗੁਰੁ ਦਰਸ ਧਿਆਨ ਲਿਵ ਲਾਏ।
ਮਸਤਕੁ ਸੀਸੁ ਅਮੋਲੁ ਹੈ, ਚਰਣ ਸਰਣਿ ਗੁਰੁ ਧੂੜਿ ਸੁਹਾਏ।
ਜਿਹਬਾ ਸ੍ਰਵਣ ਅਮੋਲਕਾ, ਸਬਦ ਸੁਰਤਿ ਸੁਣਿ ਸਮਝਿ ਸੁਣਾਏ।
ਹਸਤ ਚਰਣ ਅਮੋਲਕਾ, ਗੁਰਮੁਖ ਮਾਰਗਿ ਸੇਵ ਕਮਾਏ।

(ਭਾਈ ਗੁਰਦਾਸ ਜੀ ਵਾਰ ੧੫)

ਤਥਾ- ਪੈਰੀ ਪੈ ਪਾ ਖਾਕ ਹੋਇ, ਛਡ ਮਣੀ ਮਨੂਰੀ।
ਪਾਣੀ ਪਖਾ ਪੀਹਣਾ, ਨਿਤ ਕਰੈ ਮਜੂਰੀ।
ਝੁਪੜ ਝਾੜਿ ਵਿਛਾਇੰਦਾ, ਚੁਲਿ ਝੋਕ ਨ ਝੂਰੀ।
ਮੁਰਦੇ ਵਾਂਗਿ ਮੁਰੀਦੁ ਹੋਇ, ਕਰਿ ਸਿਦਕ ਸਬੂਰੀ।
ਚੰਦਨੁ ਹੋਵੈ ਸਿੰਮਲਹੁ, ਫਲੁ ਵਾਸੁ ਹਜੂਰੀ। *(ਭਾਈ ਗੁਰਦਾਸ ਜੀ ਵਾਰ ੨੭)*

ਭਾਈ ਸਾਹਿਬ ਜੀ ਨੇ ਸੇਵਾ ਦਾ ਫਲ ਦੱਸਦਿਆਂ ਵਰਣਨ ਕੀਤਾ ਹੈ-

ਇੰਦ੍ਰ ਪੁਰੀ ਲਖ ਰਾਜ, ਨੀਰ ਭਰਾਵਣੀ।
ਲਖ ਸੁਰਗ ਸਿਰਤਾਜ, ਗਲਾ ਪੀਹਾਵਣੀ।
ਰਿਧਿ ਸਿਧਿ ਨਿਧਿ ਲਖ ਸਾਜ, ਚੁਲਿ ਝੁਕਾਵਣੀ।
ਸਾਧ ਗਰੀਬ ਨਿਵਾਜ, ਗਰੀਬੀ ਆਵਣੀ। ੧੮। *(ਭਾਈ ਗੁਰਦਾਸ ਜੀ ਵਾਰ (੧੪)*

ਗੁਰ ਸੇਵਾ ਤੋਂ ਬਿਨਾਂ ਸਾਰੇ ਅੰਗ ਨਿਸਫਲ ਹਨ-

ਧ੍ਰਿਗੁ ਸਿਰੁ ਜੋ ਗੁਰ ਨ ਨਿਵੈ, ਗੁਰ ਲਗੈ ਨ ਚਰਣੀ।
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ, ਵੇਖੈ ਪਰ ਤਰਣੀ।
ਧ੍ਰਿਗੁ ਸਰਵਣਿ ਉਪਦੇਸ ਵਿਣੁ, ਸੁਣਿ ਸੁਰਤਿ ਨ ਧਰਣੀ।
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ, ਹੋਰ ਮੰਤ੍ਰ ਸਿਮਰਣੀ।
ਵਿਣੁ ਸੇਵਾ ਧ੍ਰਿਗੁ ਹਥ ਪੈਰ, ਹੋਰ ਨਿਹਫਲ ਕਰਣੀ।

(ਭਾਈ ਗੁਰਦਾਸ ਜੀ, ਵਾਰ ੨੭)

ਅਗਲੇ ਸਲੋਕ ਵਿਚ ਵਾਹਿਗੁਰੂ ਦੀ ਸਮਰੱਥਾ ਦਾ ਵਰਣਨ ਕਰਦੇ ਹਨ-

ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਹ ਵਾਹਿਗੁਰੂ ਐਸਾ ਸਮਰੱਥ ਹੈ, ਜੋ) ਧਰੰ= ਆਸਰੇ ਤੋਂ ਅਧਰੰ= ਰਹਿਤ ਹਨ, ਉਹਨਾਂ ਨੂੰ ਧਾਰਣਹ= ਧਾਰਣਹਾਰਾ ਭਾਵ ਆਸਰਾ ਦੇਣ ਵਾਲਾ ਹੈ।

ਅਥਵਾ- ਅਧਰੰ= ਨਿਆਸਰਾ ਜੋ ਅਕਾਸ਼ ਹੈ, ਤਿਸ ਨੂੰ ਆਪਣਾ ਧਰੰ= ਆਸਰਾ ਦੇ ਕੇ ਧਾਰਨੇ ਵਾਲਾ ਹੈ।

*ਅਥਵਾ-*ਉਹ ਪਰਮਾਤਮਾ ਆਪ ਅਧਰੰ= ਨਿਆਸਰਾ ਹੈ, ਉਸ ਨੂੰ ਹੋਰ ਕਿਸੀ ਦਾ ਆਸਰਾ ਨਹੀਂ ਹੈ ਤੇ ਹੋਰਨਾਂ ਨੂੰ ਧਾਰ ਕੇ ਧਰੰ= ਆਸਰਾ ਦੇਣ ਵਾਲਾ ਹੈ। ਫਿਰ ਉਹ ਨਰਹਰਹ= ਨਰਾਂ ਦੇ ਹਰੇ ਕਰਨ ਵਾਲੇ ਪ੍ਰਭੂ ਦਾ ਨਾਮ ਨਿਰਧਨੰ= ਗਰੀਬਾਂ ਨੂੰ ਧਨ ਦੇਣ ਵਾਲਾ ਹੈ।

ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ॥

ਪੁਨਾ - ਉਹ ਗੋਬਿੰਦ ਪਰਮਾਤਮਾ ਅਨਾਥ= ਗਰੀਬਾਂ ਦਾ ਨਾਥ= ਸੁਆਮੀ ਹੈ ਅਤੇ ਕੇਸਵਹ (ਕੇ ਸਵਹ)= ਜਲ ਵਿਚ ਜੋ ਸੈਨ ਕਰਨ ਵਾਲਾ ਪਰਮਾਤਮਾ ਹੈ, ਓਹੀ ਬਲ ਹੀਣਿਆਂ ਨੂੰ ਬਲ ਦੇਣ ਵਾਲਾ ਹੈ।

ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ॥

੧. ਫਿਰ ਅਯੁਤ= ਅਗਿਜ਼ ਪ੍ਰਭੂ ਸਰਬ ਭੂਤ= ਸਾਰੇ ਜੀਵਾਂ ਪਰ ਦਿਆਲੂ ਹੈ।

੨. *ਅਥਵਾ-* ਉਹ ਅਚੁਤ ਦਿਆਲੂ ਪ੍ਰਭੂ ਸਰਬ ਭੂਤ= ਸਰਬ ਰੂਪ ਹੈ।

੩. *ਅਥਵਾ* - ਉਹ ਅਚੁਤ= ਅਗਿਜ਼ ਪਰਮਾਤਮਾ ਸਰਬ ਭੂਤ= ਸਾਰੇ ਤੱਤਾਂ ਵਿਚ ਆਪ ਹੀ ਪੂਰਨ ਹੈ ਅਤੇ

ਦਇਆ ਦਾ ਘਰ ਹੈ। ਫਿਰ ਉਹ *ਦਾਮੋਦਰਹ= ਪਰਮਾਤਮਾ ਦੀਨ ਬਾਂਧਵ= ਗਰੀਬ ਦਾ ਸਬੰਧੀ ਭਾਵ ਸਹਾਇਕ ਹੈ।

ਸਰਬਗ੍ਯ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ ਮਯਹ॥

ਉਹ ਭਗਵਾਨ ਸਰਬ ਸ਼ਕਤੀਮਾਨ ਤੇ ਸਭ ਪੁਰਖਾਂ ਵਿਖੇ ਪੂਰਨ= ਵਿਆਪਕ ਹੈ।

ਭਗਤਾਂ ਦਾ ਵਛਲ= ਪਿਆਰਾ ਹੈ, ਤੇ ਕਰੁਣਾ ਮਯਹ= ਕਿਰਪਾ ਸਰੂਪ ਹੈ।

ਯਥਾ- ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੁਟੈ ਮੋਹਿ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ ੧॥ *(ਪੰਨਾ ੧੨੫੨)*

[ਪੰਨਾ ੧੩੫੬]

ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ॥

੧. ਸੰਸਾਰ ਤੇ ਪਰਾ ਰੂਪ ਜੋ ਬ੍ਰਹਮ= ਵਿਆਪਕ ਪਰਮਾਤਮਾ ਹੈ, ਹਰ ਇਕ ਨੂੰ ਵਾਸਾ ਦੇਣ ਵਾਲਾ ਉਹ ਸਭ ਦੇ ਘਟਾਂ ਘਟਾਂ ਵਿਚ ਵਸ ਰਿਹਾ ਹੈ।

੨. *ਅਥਵਾ-* ਚਾਰ ਖਾਣੀਆਂ ਦੇ ਘਟਾਂ ਘਟਾਂ ਵਿਚ ਵਸ ਰਿਹਾ ਹੈ, ਗੁਰਮੁਖਾਂ ਨੂੰ ਆਪਣੇ ਵਿਚ, ਬਾਸੁ ਦੇਵਹ= ਨਿਵਾਸ ਦੇਣ ਵਾਲਾ ਹੈ ਤੇ ਪਾਪਾਂ ਪੁੰਨਾਂ ਤੋਂ ਪਾਰ= ਪਰੇ ਹੈ, ਅਤੇ ਪੰਜ ਪਰਮੇਸ਼ਰਾਂ+ ਤੋਂ ਬ੍ਰਹਮ= ਵੱਡਾ ਹੈ।

ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ
ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ॥ ੨੧॥

ਗੁਰੂ ਜੀ ਕਥਨ ਕਰਦੇ ਹਨ, (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਉਸ ਕ੍ਰਿਪਾਲੂ ਪਰਮਾਤਮਾ ਦੀ ਪ੍ਰਸਾਦੰ=

**ਦਾਮੋਦਰ ਦਾ ਅਰਥ ਪਰਮਾਤਮਾ ਇਸ ਵਾਸਤੇ ਹੈ ਕਿ ਕ੍ਰਿਸ਼ਨ ਸਰੂਪ ਵਿਚ ਉਹਨਾਂ ਨੂੰ ਮਾਤਾ ਜਸ਼ੋਧਾਂ ਨੇ ਲੱਕ ਨਾਲ ਦਾਮ=ਰੱਸੀ ਬੱਧੀ ਸੀ। ਅਥਵਾ-ਪ੍ਰੀਤੀ ਰੂਪ ਦਾਮ=ਰੱਸੀ ਨਾਲ ਜੋ ਆਪਣੇ ਆਪ ਨੂੰ ਬੰਨ੍ਹਵਾ ਲੈਂਦਾ ਹੈ, ਇਸ ਵਾਸਤੇ ਉਸ ਦੇ ਨਾਮ ਦੇਮੋਦਰ ਹੈ।*

+ਪੰਜ ਪਰਮੇਸ਼ਰ-੧.ਵਿਸ਼ਨੂੰ। ੨. ਸ਼ਿਵ। ੩. ਗਨੇਸ਼। ੪. ਸੂਰਜ। ੫. ਦੇਵੀ।

ਕਿਰਪਾ ਨੂੰ ਅਸੀਂ ਜਾਚੰਤਿ= ਮੰਗਦੇ ਹਾਂ, ਜੋ ਕਿ ਤਿਸ *ਨਾਰਾਇਣ ਦਾ ਨਾਮ ਅਸਾਡੇ ਚਿੱਤ ਵਿਚੋਂ ਕਦੇ ਵੀ, ਨਹ ਬਿਸਰੰਤਿ ਨਹ ਬਿਸਰੰਤਿ= ਨਾ ਭੁੱਲੇ ਨਾ ਭੁੱਲੇ॥੨੧॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਤੁਸੀਂ ਪਰਮਾਤਮਾ ਅੱਗੇ ਇਸ ਤਰ੍ਹਾਂ ਬੇਨਤੀ ਕਰੋ-

ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ॥

ਹੇ ਪੁਰਖਾਂ ਵਿਚੋ ਉੱਤਮ ਤੇ ਪਰਮ= ਵੱਡੇ ਅਕਾਲ ਪੁਰਖ! ਨਾ ਮੇਰੇ ਵਿਚ ਕਿਸੇ ਗੁਣ ਦੀ ਸਮਰੱਥਾ ਹੈ, ਨਾ ਸੇਵਾ ਕਰਨ ਦਾ ਢੰਗ ਆਂਵਦਾ ਹੈ ਅਤੇ ਨਾ ਹੀ ਮੇਰੇ ਚਿੱਤ ਵਿਚ ਪ੍ਰੀਤਿ ਵਾਲਾ ਸੁਭਾਵ ਪ੍ਰਾਪਤ ਹੈ।

ਅਥਵਾ- ਨਾ ਹੀ ਸਮਰੱਥਾ ਹੈ ਵਿਵੇਕ ਦੀ, ਨਾ ਹੀ ਦੁੱਖ ਸੁਖ ਵਿਖੇ ਸਮਬਿੰਰਤੀ ਧਾਰਨ ਵਾਲਾ ਮੈਂ ਸੇਵਕ ਹਾਂ ਅਤੇ ਨਾ ਹੀ-

ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥ ਐਸੀ ਪ੍ਰੀਤੀ ਮੇਰੇ ਵਿਚ ਹੈ।

ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ॥ ੨੨॥

ਹੇ ਪ੍ਰਭੂ! ਤਵ ਪ੍ਰਸਾਦਿ= ਆਪ ਜੀ ਦੀ ਕ੍ਰਿਪਾ ਨਾਲ ਆਪ ਜੀ ਦੇ ਨਾਮ ਨੂੰ ਸਿਮਰਦੇ ਹਾਂ ਪਰ ਨਾਮ ਸਿਮਰਿਆ ਹੋਇਆ ਗੁਰਾਂ ਦੀ ਕਿਰਪਾ ਕਰ ਕੇ ਸਫਲਾ ਹੁੰਦਾ ਹੈ ਤੇ ਗੁਰਾਂ ਦੀ ਪ੍ਰਾਪਤੀ, ਹੇ ਹਰਿ ਹਰਿ! ਤੇਰੀ ਅਨੁਗ੍ਰਹੁ ਕਰ ਕੇ ਹੁੰਦੀ ਹੈ। ਇਸ ਵਾਸਤੇ ਕਿਰਪਾ ਕਰ ਕੇ ਗੁਰਾਂ ਦੀ ਪ੍ਰਾਪਤੀ ਕਰ ਦਿਓ।

ਅਥਵਾ- ਹੇ ਹਰਿ ਹਰਿ! ਆਪ ਦੇ ਨਾਮ ਨੂੰ ਕ੍ਰਿਪਾਲੂ ਸਰੂਪ ਗੁਰਾਂ ਦੇ ਪ੍ਰਸਾਦਿ= ਅਨੁਗ੍ਰਹੁ ਦੁਆਰਾ ਸਿਮਰਨਾ ਕਰਦੇ ਹਾਂ॥ ੨੨॥

ਭਰਣ ਪੋਖਣ ਕਰੰਤ ਜੀਆ ਬਿਸ੍ਰਾਮ ਛਾਦਨ ਦੇਵੰਤ ਦਾਨੰ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਹ ਪ੍ਰਭੂ) ਕਰੰਤ ਜੀਆ= ਜੀਵਾਂ ਨੂੰ ਉਤਪਤ ਕਰ ਕੇ ਫਿਰ ਭਰ ਕੇ ਪੋਖਣ= ਪੁਸ਼ਟੀ ਕਰਦਾ ਹੈ।

ਬਿਸ੍ਰਾਮ= ਇਸਥਿਤੀ ਤੇ ਛਾਦਨ= ਬਸਤਰ ਦੇਂਦਾ ਹੈ, ਇਸ ਤੋਂ ਆਦਿ ਉਹ ਵਾਹਿਗੁਰੂ ਹਰ ਇਕ ਜੀਵ ਨੂੰ ਦਾਨ ਦੇ ਰਿਹਾ ਹੈ। *ਅਥਵਾ:-* ਉਹ ਪਰਮੇਸ਼ਰ ਜੀਵਾਂ ਨੂੰ ਪੈਦਾ ਕਰ ਕੇ ਪੇਟ ਨੂੰ ਭਰਦਾ ਹੈ। ਫਿਰ ਸਰੀਰ ਦੀ ਪਾਲਣਾ ਕਰਦਾ ਹੈ ਤੇ ਸੁੰਦਰ ਮੰਦਰਾਂ ਵਿਚ ਬਿਸ੍ਰਾਮ ਦੇਂਦਾ ਹੈ ਤੇ ਸਰੀਰ ਦੇ ਢਕਣ ਵਾਸਤੇ ਛਾਦਨ= ਬਸਤਰ ਦੇਂਦਾ ਹੈ। ਇਤਿਆਦਿ ਦਾਨ ਸਾਰੇ ਜੀਵਾਂ ਨੂੰ ਦੇ ਰਿਹਾ ਹੈ।

ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ॥ ਵਰਤੰਤਿ ਸੁਖ ਆਨੰਦ ਪ੍ਰਸਾਦਹ॥

ਵਾਹਿਗੁਰੂ ਨੇ ਇਹ ਰਤਨ ਵਤ ਅਮੋਲਕ ਮਨੁੱਖਾ ਜਨਮ ਹੋਰਨਾਂ ਜੂਨੀਆਂ ਨਾਲੋਂ ਚਤੁਰ ਆਪਣੇ ਚੇਤਨੇ ਵਾਸਤੇ ਸ੍ਰਿਜੰਤ= ਸਿਰਜਣਾ ਕੀਤਾ ਹੈ।

ਅਥਵਾ:- ਚਤੁਰ ਪੁਰਸ਼ ਇਸ ਰਤਨ ਵਤ ਅਮੋਲਕ ਮਨੁੱਖਾ ਜਨਮ ਨੂੰ ਪਾ ਕੇ ਉਸ ਵਾਹਿਗੁਰੂ ਨੂੰ ਚੇਤਨਾ ਕਰਦੇ ਹਨ ਅਤੇ ਜਿਸ ਵਾਹਿਗੁਰੂ ਦੀ ਪ੍ਰਸਾਦਹ= ਕ੍ਰਿਪਾ ਕਰ ਕੇ ਇਹ ਜੀਵ ਸੁਖ ਅਨੰਦ ਨਾਲ ਵਰਤ ਰਿਹਾ ਹੈ। ਵਾ:-ਆਨੰਦ ਪ੍ਰਸਾਦਹ= ਅਨੰਦ ਸਰੂਪ ਦੇ ਸੁਖ ਵਿਚ ਵਰਤ ਰਿਹਾ ਹੈ ।

**ਨਾਰਾਇਣ ਦੀ ਵਿਤਪਤੀ-ਜਿਸ ਦਾ ਨਾਰ ਆਇਣ=ਜਲ ਵਿਚ ਘਰ ਹੋਵੇ। ਅਥਵਾ-ਅਵਿਦਿਆ ਰੂਪ ਰਾਇਣ=ਰਾਤਰੀ ਜਿਸ ਵਿਚ ਨਾ ਹੋਵੇ ਸੋ ਕਹੀਏ ਨਾਰਾਇਣ।*

ਸਿਮਰੰਤ ਨਾਨਕ ਹਰਿ ਹਰਿ ਹਰੇ॥ ਅਨਿਤ੍ ਰਚਨਾ ਨਿਰਮੋਹ ਤੇ॥ ੨੩॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਸ ਵਾਸਤੇ ਜੀਵ ਨੂੰ ਚਾਹੀਦਾ ਹੈ)-ਹਰੀ ਦੇ ਹਰਿ ਹਰਿ ਨਾਮ ਨੂੰ ਸਿਮਰਨਾ ਕਰੇ।

ਅਤੇ ਅਨਿਤ੍= ਮਿੱਥਿਆ ਮਾਇਆ ਦੀ ਰਚਨਾ ਦੇ ਮੋਹ ਤੋਂ ਨਿਰ= ਰਹਿਤ ਹੋਵੇ। *ਅਥਵਾ-*ਜੋ ਹਰੀ ਪ੍ਰਮਾਣਗਤ ਸੰਸੇ ਨੂੰ ਹਰਿ= ਦੂਰ ਕਰਦਾ ਹੈ ਅਤੇ ਜੋ ਪ੍ਰਮੇਯ ਗਤ ਸੰਸੇ ਨੂੰ ਹਰਿ= ਦੂਰ ਕਰਦਾ ਹੈ ਅਤੇ ਜੋ ਹਰੀ ਵਿਪਰਜੇ ਭਾਵਨਾ ਨੂੰ ਦੂਰ ਕਰਦਾ ਹੈ, ਸੰਤ ਜਨ ਉਸ ਹਰੀ ਨੂੰ ਸਿਮਰਦੇ ਹਨ ਅਤੇ ਸੰਸਾਰ ਰਚਨਾ ਨੂੰ ਝੂਠੀ ਜਾਣ ਕੇ ਇਸ ਦੇ ਮੋਹ ਤੋਂ ਰਹਿਤ ਹੁੰਦੇ ਹਨ॥੨੩॥

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਰਾਜੇ ਲੋਕ ਕੋਈ ਵੀ ਭਲਿਆਈ ਦਾ ਕੰਮ ਕਰਦੇ ਨਿਗ੍ਹਾ ਨਹੀਂ ਆਉਂਦੇ ਪਰ ਸੁਖ ਬਿਅੰਤ ਭੋਗਦੇ ਹਨ ਇਸ ਦਾ ਕੀ ਕਾਰਣ ਹੈ?

ਇਹ ਗੱਲ ਸੁਣ ਕੇ ਸਤਿਗੁਰ ਦੇਵ ਜੀ ਆਖਦੇ ਹਨ-

ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ॥

ਹੇ ਭਾਈ! ਪੂਰਬੇਣ= ਪੂਰਬਲੇ ਭਾਵ ਪਿਛਲੇ ਜਨਮਾਂ ਦੇ ਪਰਾ= ਉਤਕ੍ਰਿਸ਼ਟ ਅਰਥਾਤ ਬੜੇ ਭਾਰੀ ਦਿੱਤੇ ਹੋਏ ਜੋ ਦਾਨ ਹਨ, ਉਹਨਾਂ ਦੇ ਫਲ ਨੂੰ ਮਹੀਪਤੇ= ਪ੍ਰਿਥਵੀ ਪਤੀ ਰਾਜੇ ਲੋਕ ਭੁੰਚੰਤੇ= ਭੋਗਦੇ ਹਨ।

ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ॥ ੨੪॥

ਇਸ "ਮਾਰਤ ਲੋਕਹ"= ਮਾਤ ਲੋਕ ਵਿਚ ਬੇ-ਗੁਨਾਹੀ ਲੋਕਹ= ਪੁਰਸ਼ਾਂ ਨੂੰ ਮਾਰਤ= ਮਾਰਦੇ ਹਨ, ਐਵੇਂ ਹੀ ਆਪਣੀ ਈਨ ਮਨਾਉਂਦੇ ਹਨ ਇਸ ਤੇ ਉਨ੍ਹਾਂ ਰਾਜਿਆਂ ਦੀ ਬੁੱਧੀ ਬਿਪਰੀਤ= ਉਲਟੀ ਹੋ ਜਾਂਦੀ ਹੈ। ਤਾਂ ਤੇ ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਹ ਲੋਕਾਂ ਨੂੰ ਬੇਨਿਆਈਂ ਮਾਰਨ ਵਾਲੇ ਰਾਜੇ ਪ੍ਰਲੋਕ ਵਿਚ ਜਾ ਕੇ ਚਿਰੰਕਾਲ= ਬਹੁਤ ਚਿਰ ਤੱਕ ਭਾਰੀ ਦੁੱਖਾਂ ਨੂੰ ਭੋਗਦੇ ਹਨ॥੨੪॥

*ਯਥਾ-*ਰਾਜ ਤੇ ਕੀਟ ਕੀਟ ਤੇ ਸੁਰਪਤਿ, ਕਰਿ ਦੇਖ ਜਠਰ ਕਉ ਭਰਤੇ॥ *(ਪੰਨਾ ੧੨੬੭)*

ਆਮ ਕਹਾਵਤ ਹੈ ਕਿ- 'ਤਪੋਂ ਰਾਜ, ਰਾਜੋਂ ਨਰਕ।'

ਸਾਖੀ—ਰਾਜੇ ਇੰਦਰ ਦੀ

ਇਕ ਦਿਨ ਸ੍ਰੀ ਰਾਮਚੰਦ੍ ਜੀ ਰਾਜ ਸਿੰਘਾਸਣ ਉਤੇ ਬੈਠੇ ਹੋਏ ਸਨ, ਕੋਲ ਬਹੁਤ ਸਾਰੇ ਰਿਖੀ ਮੁਨੀ ਵਸ਼ਿਸ਼ਟ ਜੀ ਆਦਿ ਸਸ਼ੋਭਤ ਸਨ।

ਸ੍ਰੀ ਰਾਮਚੰਦ੍ ਜੀ ਦੀ ਨਿਗਾਹ ਇਕ ਕੀੜੇ ਪਰ ਚਲੀ ਗਈ ਜਿਸ ਦੀਆਂ ਪਿਛਲੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਸਨ, ਉਹ ਕੰਧ 'ਤੇ ਚੜ੍ਹਨ ਦੀ ਕੋਸ਼ਿਸ਼ ਕਰਦਾ ਸੀ ਪਰ ਚੜ੍ਹਿਆ ਨਹੀਂ ਸੀ ਜਾਂਦਾ। ਕਈ ਵਾਰ ਕੰਧ ਉੱਤੇ ਚੜ੍ਹਦਾ ਤੇ ਡਿੱਗਦਾ ਸੀ, ਉਸ ਨੂੰ ਵੇਖ ਕੇ ਰਾਮਚੰਦ੍ ਜੀ ਹੱਸ ਪਏ।

ਵਸ਼ਿਸ਼ਟ ਜੀ ਨੇ ਪੁੱਛਿਆ: 'ਰਾਮ ਜੀ! ਆਪ ਹੱਸੇ ਕਿਉਂ ਹੋ?

ਰਾਮਚੰਦ੍ ਜੀ ਨੇ ਕਿਹਾ: ਉਹ ਜਿਹੜਾ ਕੀੜਾ ਕੰਧ ਪਰ ਚੜ੍ਹਦਾ ਤੇ ਵਾਰ ਵਾਰ ਡਿੱਗਦਾ ਹੈ ਇਸ ਨੂੰ ਦੇਖ ਕੇ ਹੱਸੇ ਹਾਂ। ਕਿਉਂਕਿ ਇਹ ਭੂਤ ਕਾਲ ਵਿਚ ੧੪ ਵਾਰ ਇੰਦ੍ ਬਣ ਚੁੱਕਾ ਹੈ। ਬਿਪ੍ਰੀਤ ਬੁੱਧੀ ਹੋਣ ਦੇ ਕਾਰਨ ਅਤੇ ਸਿਮਰਨ ਤੋਂ ਬਿਨਾਂ ਹੋਣ ਕਰ ਕੇ ਅੱਜ ਇਸ ਦੀ ਇਹ ਹਾਲਤ ਹੋ ਰਹੀ ਹੈ।

ਜੀਵ ਚਾਹੇ ਕਿਤਨਾ ਵੱਡਾ ਭੀ ਹੋ ਜਾਵੇ ਪਰ ਨਾਮ ਤੋਂ ਬਿਨਾਂ ਟੇਢੀਆਂ ਜੂਨਾਂ ਵਿਚ ਆਉਂਦਾ ਜਾਂਦਾ ਹੈ। ਕੀੜੇ ਆਦਿਕ ਜੂਨਾਂ ਵਿਚ ਪੈ ਕੇ ਦੁੱਖ ਸਹਾਰਦਾ ਹੈ। ਵਸ਼ਿਸ਼ਟ ਜੀ ਨੇ ਕਿਹਾ ਇਹਨਾਂ ਸਾਰਿਆਂ ਨੂੰ ਇਸ ਗੱਲ ਦਾ ਗਿਆਨ ਕਿਵੇਂ ਹੋਵੇ? ਆਪ ਕਿਰਪਾ ਕਰ ਕੇ ਚਾਰ ਘੜੀਆਂ ਵਾਸਤੇ ਇਹਨਾਂ ਸਾਰਿਆਂ ਨੂੰ ਸਰਬੱਗਤਾ ਬਖਸ਼ੋ ਤਾਂ ਕਿ ਸਾਰੇ ਦੇਖ ਲੈਣ ਕਿ ਸਿਮਰਨ ਤੋਂ ਬਿਨਾਂ ਜੀਵ ਦੀ ਇਹ ਹਾਲਤ ਹੁੰਦੀ ਹੈ।

ਉਸ ਵੇਲੇ ਸ੍ਰੀ ਰਾਮਚੰਦ੍ਰ ਜੀ ਨੇ ਸਾਰਿਆਂ ਨੂੰ ਸਰਬੱਗਤਾ ਦੇ ਦਿੱਤੀ ਤੇ ਸਭਨਾਂ ਨੇ ਅੰਤਰ ਧਿਆਨ ਹੋ ਕੇ ਦੇਖ ਲਿਆ ਕਿ ਠੀਕ ਇਸ ਨੇ ੧੪ ਵਾਰ ਇੰਦਰ ਬਣ ਕੇ ਰਾਜ ਭਾਗ ਕੀਤਾ ਹੈ ਪਰ ਸਿਮਰਨ ਤੋਂ ਬਿਨਾਂ ਹੋਣ ਕਰ ਕੇ ਪਰਮੇਸ਼ਰ ਦੀ ਨਿਗਾਹ 'ਚੋਂ ਗਿਰ ਗਿਆ ਸੀ ਤਾਂ ਹੀ ਅੱਜ ਇਸ ਦੀ ਇਹ ਹਾਲਤ ਹੋ ਰਹੀ ਹੈ।

ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸੁ ਸਿਮਰਣ ਰਿਦੰਤਰਹ॥

ਪਹਿਲਾ ਅਰਥ- (ਹੇ ਹਰੀ ਲਾਲ ਕ੍ਰਿਸ਼ਨ ਲਾਲ!) ਜਸੁ= ਜਿਸ ਪੁਰਸ਼ ਦੇ ਹਿਰਦੇ ਵਿਚ ਵਾਹਿਗੁਰੂ ਦੇ ਨਾਮ ਸਿਮਰਨ ਦੀ ਤਰਫੋਂ ਅੰਤਰਹ= ਭੇਦ ਹੈ, ਉਹ ਪੁਰਸ਼ ਗੋਬਿੰਦ ਦੀ ਅਨੁਗ੍ਰਹੰ= ਕਿਰਪਾ ਤੋਂ ਬ੍ਰਿਥਾ= ਖਾਲੀ ਹੈ।

ਆਰੋਗ੍ਹੰ ਮਹਾ ਰੋਗ੍ਹੰ ਬਿਸਿਮ੍ਰਿਤੇ ਕਰੁਣਾ ਮਯਹ॥ ੨੫॥

ਜੋ ਪੁਰਸ਼ ਕਰੁਣਾਮਯਹ= ਕਿਰਪਾ ਸਰੂਪ ਵਾਹਿਗੁਰੂ ਦੇ ਸਿਮਰਨ ਤੋਂ ਬਿ= ਰਹਿਤ ਹਨ, ਭਾਵੇਂ ਉਹ ਅਰੋਗ ਭੀ ਹਨ ਤਾਂ ਭੀ ਉਹਨਾਂ ਨੂੰ ਮਹਾਂ ਰੋਗੀ ਸਮਝੋ॥੨੫॥

ਦੂਜਾ ਅਰਥ- *ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸੁ ਸਿਮਰਣ ਰਿਦੰਤਰਹ॥*

ਜਸੁ= ਜਿਨ੍ਹਾਂ ਗੁਰਮੁਖਾਂ ਦੇ ਰਿਦ+ਅੰਤਰਹ= ਹਿਰਦੇ ਅੰਦਰ ਵਾਹਿਗੁਰੂ ਨਾਮ ਦਾ ਸਿਮਰਨ ਹਰ ਵੇਲੇ ਟਿਕਿਆ ਰਹਿੰਦਾ ਹੈ, ਜੇਕਰ ਕਰਮਾਂ ਅਨੁਸਾਰ ਉਹਨਾਂ ਦੇ ਸਰੀਰ ਤੇ ਕੋਈ ਬ੍ਰਿਥਾ= ਦੁੱਖ ਵੀ ਆ ਜਾਵੇ ਤਾਂ ਭੀ ਉਹ ਗੁਰਮੁਖ ਗੋਬਿੰਦ ਦੀ ਅਨੁਗ੍ਰਹੰ= ਕਿਰਪਾ ਸਮਝਦੇ ਹਨ, ਕਿਉਂਕਿ ਉਹਨਾਂ ਨੂੰ ਦੁੱਖ ਵਿਚ ਭੀ ਨਾਮ ਚੇਤੇ ਆਉਂਦਾ ਹੈ।

ਯਥਾ - ਬਿਖੈ ਰਾਜ ਤੇ ਅੰਧੁਲਾ ਭਾਰੀ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ॥ ੧॥ *(ਪੰਨਾ ੧੯੬)*

ਆਰੋਗ੍ਹੰ ਮਹਾ ਰੋਗ੍ਹੰ ਬਿਸਿਮ੍ਰਿਤੇ ਕਰੁਣਾ ਮਯਹ॥ ੨੫॥

ਜੋ ਗੁਰਮੁਖ ਜਨ ਕਰੁਣਾ ਮਯਹ= ਕਿਰਪਾ ਸਰੂਪ ਵਾਹਿਗੁਰੂ ਦਾ ਬਿ+ਸਿਮ੍ਰਿਤੇ= ਵਿਸ਼ੇਸ਼ ਕਰ ਕੇ ਸਿਮਰਨ ਕਰਦੇ ਹਨ, ਜੇਕਰ ਉਹ ਸਰੀਰਕ ਰੋਗਾਂ ਕਰ ਕੇ ਮਹਾਂ ਰੋਗੀ ਭੀ ਹੋਣ ਤਾਂ ਭੀ ਉਹ ਆਪਣੇ ਆਪ ਨੂੰ ਆਰੋਗ ਨਿਸਚੇ ਕਰਦੇ ਹਨ।

ਅਥਵਾ- ਸਰੀਰ ਕਰ ਕੇ ਭਾਵੇਂ ਰੋਗੀ ਹਨ, ਪਰ ਆਰੋਗ੍ਹੰ= ਹੰਕਾਰ ਰੂਪੀ ਰੋਗ ਤੋਂ ਰਹਿਤ ਹਨ॥੨੫॥

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਮਨੁੱਖਾ ਜਨਮ ਧਾਰਨ ਦਾ ਕੀ ਧਰਮ ਹੈ?

ਗੁਰ ਉੱਤਰ-

ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ॥

ਹੇ ਪਿਆਰਿਓ! ਮਨੁੱਖਾ ਜਨਮ ਦੇ ਧਾਰਨ ਦਾ ਏਹੀ ਸਰੇਸ਼ਟ ਧਰਮ ਹੈ ਅਰਥਾਤ ਉੱਤਮ ਫੱਲ ਹੈ, ਜਿਹੜਾ ਕੇਵਲੰ= ਸ਼ੁੱਧ ਸਰੂਪ ਪਰਮਾਤਮਾ ਦੇ ਕੀਰਤਨੰ= ਜਸ ਦਾ ਰਮਣੰ= ਉਚਾਰਣਾ ਹੈ।

ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਤੇ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਸ ਮਨੁੱਖਾ ਦੇਹ ਦੁਆਰੇ) ਮਹਾਤਮਾਂ ਜਨ ਨਾਰਾਇਣ ਦੇ ਨਾਮ ਰੂਪ ਅੰਮ੍ਰਿਤ ਨੂੰ ਪੀਂਵਦੇ ਹੋਏ ਨ ਤ੍ਰਿਪ੍ਤੇ= ਰੱਜਦੇ ਨਹੀਂ ਹਨ॥੨੬॥

*ਯਥਾ-*ਮਾਧਉ ਜਲ ਕੀ ਪਿਆਸ ਨ ਜਾਇ॥
ਜਲ ਮਹਿ ਅਗਨਿ ਉਠੀ ਅਧਿਕਾਇ॥੧॥ ਰਹਾਉ॥
ਤੂੰ ਜਲਨਿਧਿ ਹਉ ਜਲ ਕਾ ਮੀਨੁ॥
ਜਲ ਮਹਿ ਰਹਉ ਜਲਹਿ ਬਿਨੁ ਖੀਨੁ॥੧॥

(ਗਉੜੀ ਕਬੀਰ ਜੀ, ਪੰਨਾ ੩੨੩)

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਨਾਮ ਰੂਪ ਅੰਮ੍ਰਿਤ ਦੇ ਪੀਣ ਵਾਲੇ ਜੋ ਮਹਾਤਮਾਂ ਹਨ, ਉਹਨਾਂ ਦਾ ਸੁਭਾਵ ਕੈਸਾ ਹੁੰਦਾ ਹੈ? *ਗੁਰ ਉੱਤਰ-*

ਸਹਣ ਸੀਲ ਸੰਤੰ ਸਮ ਮਿਤ੍ਰਸ੍ਰ ਦੁਰਜਨਹ ॥

ਦੂਜੇ ਦੇ ਬਚਨਾਂ ਕੁਬਚਨਾਂ ਦੇ ਸਹਣ= ਸਹਾਰਨ ਵਾਲਾ ਤੇ ਸੀਲ= ਕੋਮਲ ਰਹਿਣੇ ਵਾਲਾ ਸੰਤਾਂ ਦਾ ਸੁਭਾਵ੍ਹ ਹੈ ਅਤੇ ਮਿੱਤਰਾਂ ਤੇ ਦੁਰਜਨਹ= ਵੈਰੀਆਂ ਵਿਖੇ ਭਾਈ ਕੱਨ੍ਹਈਆਂ ਜੀ ਵਾਂਗੂੰ ਜਿਨ੍ਹਾਂ ਦੀ ਇਕ ਸਮਾਨ ਬਿਰਤੀ ਰਹਿੰਦੀ ਹੈ।*

ਅਗਲੀ ਪੰਗਤੀ ਵਿਚ ਸੰਤਾਂ ਦੇ ਸਮ ਦ੍ਰਿਸ਼ਟੀ ਵਾਲੇ ਸੁਭਾਵ ਨੂੰ ਸਪਸ਼ਟ ਕਰਦੇ ਹਨ-

ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥

ਸਤਿਗੁਰ ਦੇਵ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਹਨਾਂ ਸੰਤਾਂ ਦੀ ਪ੍ਰਸੰਨਤਾ ਲੈਣ ਵਾਸਤੇ ਇਕ ਸ਼ਰਧਾਲੂ ਪੁਰਸ਼) ਅਨੇਕ ਪ੍ਰਕਾਰ ਦੇ ਬੜੇ ਸੋਹਣੇ ਭੋਜਨ ਲੈ ਕੇ ਸੰਤਾਂ ਦੇ ਉਪ= ਸਮੀਪ ਤਿਸਟਤੇ= ਖੜਾ ਹੈ ਕਿ ਜਦੋਂ ਸਮਾਧੀ ਤੋਂ ਵੇਹਲੇ ਹੋਣਗੇ ਮੈਂ ਭੋਜਨ ਖਵਾਵਾਂਗਾ ਅਤੇ ਦੂਸਰਾ ਨਿੰਦਕ ਪੁਰਸ਼ ਆਵਧ= ਸ਼ਸਤ੍ਰ ਲੈ ਕੇ ਮਹਾਤਮਾਂ ਦਾ ਸਿਰ ਉਤਾਰਨ ਲਈ ਪਾਸ ਖੜਾ ਹੈ, ਕਿ ਮੈਂ ਹੁਣੇ ਹੀ ਇਸ ਪਖੰਡੀ ਦਾ ਸਿਰ ਕੱਟਦਾ ਹਾਂ। ਕਿਉਂਕਿ ਇਸ ਨੇ ਪਖੰਡ ਨਾਲ ਸਾਰੀ ਦੁਨੀਆਂ ਲੁੱਟ ਖਾਧੀ ਹੈ। ਪਰ ਇਸ ਤਰ੍ਹਾਂ ਦੇ ਦੋਹਾਂ ਮਨੁੱਖਾਂ ਵਿਚ ਸੰਤਾਂ ਦੀ ਇਕ ਸਮਾਨ ਦ੍ਰਿਸ਼ਟੀ ਹੈ। ਜੋ ਸੇਵਕ ਅਨੇਕ ਪ੍ਰਕਾਰ ਦੇ ਭੋਜਨ ਲਈ ਖੜ੍ਹਾ ਹੈ, ਉਸ 'ਤੇ ਸੰਤਾਂ ਦੀ ਪ੍ਰਸੰਨਤਾ ਨਹੀਂ ਹੈ, ਤੇ ਜਿਹੜਾ ਨਿੰਦਕ ਸਿਰ ਵੱਢਣ ਨੂੰ ਸ਼ਸਤ੍ਰ ਲੈ ਕੇ ਨਜ਼ਦੀਕ ਖੜਾ ਹੈ ਉਸ ਉੱਪਰ ਕੋਈ ਰੋਸ ਨਹੀਂ ਹੈ॥ ੨੭॥

*ਯਥਾ-*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥
ਕਾਜ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥ ੧॥
ਮਨ ਮੇਰੇ ਰਾਮ ਰਉ ਨਿਤ ਨੀਤਿ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ॥ ੧॥ ਰਹਾਉ॥

(ਮਾਰੂ ਮਹਲਾ ੫, ਪੰਨਾ ੧੦੧੭)

**ਮਿਤ੍ਰਸ੍ਰ ਪਾਠ ਇਕੱਠਾ ਹੀ ਹੈ, ਕਿਉਂਕਿ ਇਹ ਬਹੁ ਵਾਚੀ ਸ਼ਬਦ ਹੈ, ਮਿੱਤਰਾਂ ਵਿਖੇ।*
ਵਾ:-ਮਿੱਤਰਾਂ ਤੇ ਦੁਰਜਨਾਂ ਵਿਖੇ ਇਕ ਸਮ ਸੁਭਾਵ ਅਸ=ਹੈ।

ਇਸ ਤਰ੍ਹਾਂ ਦੇ ਸਮਦ੍ਰਿਸ਼ਟੀ ਸੁਭਾਵ ਵਾਲੇ ਸੰਤ ਕਿਧਰੇ ਵੀ ਚਲੇ ਜਾਣ, ਉਹਨਾਂ ਦਾ ਨਿਰਾਦਰ ਨਹੀਂ ਹੁੰਦਾ।

ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ॥

(ਹੇ ਹਰੀ ਲਾਲ ਕ੍ਰਿਸ਼ਨ ਲਾਲ! ਐਸੇ ਸੰਤਾਂ ਦਾ ਇਸ ਲੋਕ ਵਿਚ ਵੀ) ਤਿਰਸਕਾਰ= ਨਿਰਾਦਰ, ਨਹ ਭਵੰਤਿ= ਨਹੀਂ ਹੁੰਦਾ, ਜੇਕਰ ਪਤਾਲ ਵਿਚ ਚਲੇ ਜਾਣ ਤਾਂ ਉਸ ਜਗ੍ਹਾ ਪਰ ਵੀ ਉਹਨਾਂ ਸੰਤਾਂ ਦਾ ਮਾਨ= ਆਦਰ ਭੰਗਨਹ= ਦੂਰ ਨਹੀਂ ਭਵੰਤ= ਹੁੰਦਾ, ਸਗੋਂ ਪਤਾਲ ਵਿਚ ਬਲ ਰਾਜਾ ਅਤੇ ਪਤਾਲੀ ਜੀਵ ਉਹਨਾਂ ਸੰਤਾਂ ਦੀ ਸੇਵਾ ਕਰਦੇ ਹਨ।

ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ॥

ਜੇਕਰ ਉਹ ਸੰਤ ਸਵਰਗ ਵਿਚ ਚਲੇ ਜਾਣ ਤਾਂ ਉਥੇ ਵੀ ਸ਼ੋਭਾ ਤੋਂ ਰਹਿਤ ਨਹੀਂ ਭਵੰਤਿ= ਹੁੰਦੇ, ਸਗੋਂ ਸਾਰੇ ਦੇਵਤੇ ਇੰਦਰ ਦੇ ਸਹਿਤ ਸੋਭਾ ਕਰਦੇ ਹਨ।

ਯਥਾ- ਸਾਧ ਕੈ ਸੰਗਿ ਸੋਭਾ ਸੁਰਦੇਵਾ॥

(ਗਉੜੀ ਸੁਖਮਨੀ ਮ: ਪੰਨਾ ੨੭੧)

ਅਥਵਾ:- ਜੇ ਉਹ ਸੰਤ ਧਰਮਰਾਜ ਦੇ ਪਾਸ ਚਲੇ ਜਾਣ ਤਾਂ ਉਥੇ ਵੀ ਸੋਭਾ ਤੋਂ ਰਹਿਤ ਨਹੀਂ ਹੁੰਦੇ, ਸਗੋਂ ਧਰਮ ਰਾਜਾ ਸੇਵਾ ਕਰਦਾ ਹੈ।

ਯਥਾ- ਸਾਧਸੰਗਿ ਧਰਮ ਰਾਇ ਕਰੇ ਸੇਵਾ॥

(ਗਉੜੀ ਸੁਖਮਨੀ ਮ: ੫, ਪੰਨਾ ੨੭੧)

ਤਥਾ- ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ॥

(ਸਾਰੰਗ ਕੀ ਵਾਰ, ਪੰਨਾ ੧੨੪੮)

ਤਥਾ- ਨਾਮੁ ਧਿਆਇਨ ਸਾਜਨਾ ਜਨਮ ਪਦਾਰਥੁ ਜੀਤਿ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ ੧੦॥ *(ਪੰਨਾ ੧੪੨੫)*

ਅਤੇ ਉਹਨਾਂ ਸੰਤਾਂ ਨੂੰ ਕੋਈ ਵੀ ਸੰਸਾਰਕ ਦੁਖ ਨਹ ਪੋਹੰਤਿ = ਨਹੀਂ ਪੋਂਹਦਾ।

ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ
ਨਾਨਕ ਸੇ ਪ੍ਰਾਣੀ ਸੁਖ ਬਾਸਨਹ॥ ੨੮॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਐਸੇ) ਸੰਤਾਂ ਦੇ ਸੰਗਹ= ਨਾਲ ਮਿਲ ਕੇ ਜਿਹੜੇ ਪੁਰਸ਼ ਗੋਵਿੰਦ ਦੇ ਨਾਮ ਨੂੰ ਜਪਦੇ ਹਨ, ਗੁਰੂ ਸਾਹਿਬ ਜੀ ਕਥਨ ਕਰਦੇ ਹਨ-ਉਹ ਪੁਰਸ਼ ਸੁਖਾਂ ਵਿਚ ਬਾਸਨਹ= ਵਸਦੇ ਹਨ।

ਅਥਵਾ- ਉਹ ਪੁਰਸ਼ ਸੁਖਾਂ ਦੇ ਬਾਸਨਹ= ਪਾਤ੍ਰ ਹੋਏ ਹਨ। *ਅਥਵਾ-* ਜਿਸ ਤਰ੍ਹਾਂ ਫੁੱਲਾਂ ਵਿੱਚੋਂ ਵਾਸ਼ਨਾ ਨਿਕਲਦੀ ਹੈ, ਤੈਸੇ ਉਹਨਾਂ ਪੁਰਸ਼ਾਂ ਵਿਚੋਂ ਸੁਖ ਨਿਕਲਦੇ ਹਨ॥ ੨੮॥

ਅਗਲੇ ਸਲੋਕ ਵਿਚ ਪਰਮਾਤਮਾ ਨੂੰ ਰਾਜਾ ਰੂਪ ਵਰਣਨ ਕਰ ਕੇ ਤੇ ਸੰਤ ਉਸ ਦੀ ਸੈਨਾ ਕਥਨ ਕਰਦੇ ਹਨ—

ਯਥਾ- ਕੋਊ ਹਰਿ ਸਮਾਨਿ ਨਹੀ ਰਾਜਾ॥

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ ੧॥

(ਬਿਲਾਵਲੁ ਕਬੀਰ ਜੀ, ਪੰਨਾ ੮੫੬)

ਸੈਨਾ ਸਾਧ ਸਮੂਹ ਸੂਰ ਅਜਿਤੰ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਪਰਮਾਤਮ ਦੇਵ ਰੂਪ ਰਾਜਾ ਦੀ) ਸਮੂਹ ਸੰਤ ਹੀ ਸੈਨਾ ਹੈ। ਫਿਰ ਇਹ ਸੰਤ ਅਜਿੱਤ ਸੂਰਮੇ ਹਨ, ਜੋ ਕਿਸੇ ਪਾਸੋਂ ਜਿੱਤੇ ਨਹੀਂ ਜਾਂਦੇ।

ਯਥਾ-ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥+

(ਆਸਾ ਮਹਲਾ ੫, ਪੰਨਾ ੩੯੨)

ਸੰਨਾਹੰ ਤਨਿ ਨਿੰਮ੍ਰਤਾਹ॥

ਤੇ ਨਿਮ੍ਰੰਤਾ ਗੁਣ ਧਾਰਨ ਰੂਪ ਸੰਨਾਹੰ= ਸੰਜੋਅ ਸੰਤਾਂ ਰੂਪ ਸੂਰਮਿਆਂ ਨੇ ਆਪਣੇ ਤਨ ਉਪਰ ਪਹਿਰੀ ਹੋਈ ਹੈ (ਤਾਂ ਕਿ ਲੋਕਾਂ ਦੀਆਂ ਤਰਕਾਂ ਰੂਪ ਤਲਵਾਰ ਨਾ ਕੱਟ ਸਕੇ)।

*ਪ੍ਰਸ਼ਨ-*ਪ੍ਰਤੱਖ ਸੂਰਮਿਆਂ ਪਾਸ ਸ਼ਸਤ੍ਰ ਹੁੰਦੇ ਹਨ, ਸੰਤਾਂ ਰੂਪ ਸੂਰਮਿਆਂ ਪਾਸ ਸ਼ਸਤ੍ਰ ਕਿਹੜੇ ਹਨ?

ਗੁਰ ਉੱਤਰ-

ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥

ਗੋਵਿੰਦ ਦੇ ਗੁਣਾਂ ਦੇ ਰਮਣੰ= ਉਚਾਰਨੇ ਰੂਪ ਆਵਧਹ= ਸ਼ਸਤ੍ਰ ਸੰਤਾਂ ਰੂਪ ਸੂਰਮਿਆਂ ਪਾਸ ਹਨ, ਭਗਤੀ ਰੂਪ ਤਲਵਾਰ ਹੈ, ਗਿਆਨ ਰੂਪ ਖੰਡਾ ਹੈ ਤੇ ਗੁਰ ਉਪਦੇਸ਼ ਰੂਪ ਚਰਮਣਹ= ਢਾਲ ਦੀ ਓਟ ਮਨ ਰੂਪ ਕਰ= ਹੱਥ ਵਿਚ ਫੜੀ ਹੋਈ ਹੈ (ਤਾਂ ਕਿ ਵਿਕਾਰਾਂ ਰੂਪ ਤੀਰ ਨਾ ਲੱਗ ਸਕਣ।)

ਪ੍ਰਸ਼ਨ- ਰਾਜਿਆਂ ਪਾਸ ਚਾਰ ਪ੍ਰਕਾਰ ਦੀ ਸੈਨਾ ਹੁੰਦੀ ਹੈ: ਘੋੜ ਅਸਵਾਰ, ਹਾਥੀ ਅਸਵਾਰ, ਰਥ ਅਸਵਾਰ, ਤੇ ਪੈਦਲ। ਇਸ ਤਰਫ ਚਾਰ ਪ੍ਰਕਾਰ ਦੀ ਸੈਨਾ ਕਿਹੜੀ ਹੈ? *ਗੁਰ ਉੱਤਰ-*

ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥

(੧) ਜਿਹੜੇ ਮਹਾਤਮਾਂ ਨਾਮ ਦੇ ਸਰਵਣ ਕਰਨ ਵਾਲੇ ਹਨ ਉਹ ਤਾਂ ਅਸ੍ਵ ਆਰੂੜਤੇ= ਘੋੜ ਅਸਵਾਰ ਸੂਰਮੇ ਹਨ।

(੨) ਜਿਹੜੇ ਮਹਾਤਮਾਂ ਨਾਮ ਦੇ ਮੰਨਨ ਕਰਨ ਵਾਲੇ ਹਨ ਤੇ= ਉਹ ਰਥ ਆਰੂੜ = ਅਸਵਾਰ ਸੂਰਮੇਂ ਹਨ।

(੩) ਜੋ ਨਿਧਿਆਸਨ ਕਰਨ ਵਾਲੇ ਹਨ ਉਹ ਨਾਗਹ= ਹਾਥੀ ਅਸਵਾਰ ਸੂਰਮੇਂ ਹਨ।

(੪) ਬਾਕੀ ਵੈਰਾਗ ਵਿਵੇਕ ਆਦਿ ਸਾਧਨਾਂ ਦੇ ਕਰਨ ਵਾਲੇ ਜੋ ਸੰਤ ਹਨ ਉਹ ਪੈਦਲ ਸੂਰਮੇਂ ਹਨ।

ਪ੍ਰਭੂ ਦੇ ਸਰੂਪ ਨੂੰ ਜਿਹੜਾ ਬੁੱਝਣਾ ਹੈ ਏਹੀ ਇਕ ਰਸਤਾ ਹੈ ਇਸ ਰਸਤੇ ਪਰ ਚਾਰ ਪ੍ਰਕਾਰ ਦੇ ਸੰਤਾਂ ਰੂਪ ਸੂਰਮੇਂ ਚਲਣਾ ਕਰਦੇ ਹਨ।

+ਅਥਵਾ-ਸੰਤ ਹੀ ਰਾਜਾ ਰੂਪ ਹਨ:
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥ *(ਜੈਤਸਰੀ ਵਾਰ, ਪੰਨਾ ੭੦੭)*
ਅਤੇ ਸੰਤਾਂ ਦੇ ਹਿਰਦੇ ਵਿਚ ਜੋ ਵੈਰਾਗ ਵਿਵੇਕ ਆਦਿਕ ਸਮੂਹ ਸ਼ੁਭ ਗੁਣ ਹਨ, ਏਹੀ ਉਹਨਾਂ ਦੀ ਸੈਨਾ ਹੈ, ਇਹ ਸ਼ੁਭ-ਗੁਣ ਅਜਿੱਤ ਸੂਰਮੇਂ ਹਨ।

ਅਥਵਾ- ਪ੍ਰਭੂ ਦੇ ਗਿਆਨ ਭਗਤੀ ਰੂਪ ਰਸਤੇ ਵਿਖੇ ਚਲਣਾ ਜਿਹੜਾ ਬੁਝਦੇ ਸਨ, ਇਹੋ ਹੀ ਰਸਤੇ ਵਿਖੇ ਚਲਦੇ ਹਨ।

ਬਿਚਰਤੇ ਨਿਰਭਯੰ ਸਤ੍ਰ ਸੈਨਾ

ਕਾਮ, ਕ੍ਰੋਧ ਆਦੀ ਸ਼ੱਤ੍ਰੂਆਂ ਦੀ ਸੈਨਾ ਵਿਚ ਐਸੇ ਸੰਤਾਂ ਰੂਪ ਸੂਰਮੇ ਨਿਰਭਯੰ= ਨਿਡਰ ਹੋ ਕੇ ਬਿਚਰਤੇ= ਫਿਰਦੇ ਹਨ।

ਜਿਵੇਂ ਜਿਸ ਮਨੁੱਖ ਦੇ ਮੂੰਹ ਵਿਚ ਗਾਰੜੂ ਮੰਤਰ ਹੋਵੇ ਤਾਂ ਉਹ ਪੁਰਸ਼ ਸੱਪਾਂ ਵਿਚ ਨਿਰਭੈ ਹੋ ਕੇ ਵਿਚਰਦਾ ਹੈ, ਉਸ ਨੂੰ ਸੱਪਾਂ ਦੀ ਵਿਹੁ ਨਹੀਂ ਚੜ੍ਹਦੀ।

ਪ੍ਰਸ਼ਨ- ਜਿਵੇਂ ਪ੍ਰਤੱਖ ਸੂਰਮਿਆਂ ਦੀ ਧਾਵਣੀ ਹੁੰਦੀ ਹੈ, ਇਸੇ ਤਰ੍ਹਾਂ ਇਹਨਾਂ ਸੰਤਾਂ ਰੂਪ ਸੂਰਮਿਆਂ ਦੀ ਧਾਵਣੀ ਕਿਹੜੀ ਹੈ? ਗੁਰ ਉੱਤਰ:-

ਧਾਯੰਤੇ ਗੋਪਾਲ ਕੀਰਤਨਹ॥

ਇਕ ਮਨ ਹੋ ਕੇ ਜੋ ਗੋਪਾਲ ਦਾ ਕੀਰਤਨ ਉੱਚੀ ਧੁਨ ਲਗਾ ਕੇ ਕਰਦੇ ਹਨ, ਏਹੀ ਸੰਤਾਂ ਦੀ ਧਾਯੰਤੇ= ਧਾਵਣੀ ਹੈ।

ਅਥਵਾ:- ਜੈਸੇ ਕਿਸੇ ਆਕੀ ਮੋਰਚੇ ਨੂੰ ਧਾਵਾ ਕਰ ਕੇ ਤੋੜੀਦਾ ਹੈ, ਐਸੇ ਵਿਕਾਰਾਂ ਰੂਪੀ ਆਕੀ ਸ਼ਤ੍ਰੂਆਂ ਨੂੰ, ਵਾ-ਮਨ ਰੂਪੀ ਆਕੀ ਦੁਸ਼ਮਣ ਨੂੰ ਜਿੱਤਣ ਵਾਸਤੇ ਜੋ ਸਾਧ ਸੰਗਤ ਵਿਖੇ ਇਕੱਠੇ ਹੋ ਕੇ ਗੋਪਾਲ ਦੇ ਕੀਰਤਨ ਨੂੰ ਕਰਦੇ ਹਨ, ਏਹੀ ਧਾਵਾ ਕਰਦੇ ਹਨ।

ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੑਂ ਕਰੋਤਿ ਪੰਚ ਤਸਕਰਹ॥ ੨੯॥

ਗੁਰੂ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਐਸੇ ਸੰਤਾਂ ਨੇ) ਬਿਸ੍ਵ= ਸੰਪੂਰਣ ਸੰਸਾਰ ਨੂੰ ਜਿੱਤ ਲਿਆ ਹੈ। ਅਰਥਾਤ ਮਿੱਥਿਆ ਰੂਪ ਨਿਸਚੇ ਕੀਤਾ ਹੈ।

ਯਥਾ- ਇਹੁ ਜਗੁ ਧੂਏਂ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ ੧॥

(ਬਸੰਤੁ ਮਹਲਾ ੯, ਪੰਨਾ ੧੧੮੯)

ਅਥਵਾ- ਮਨ ਨੂੰ ਜਿਹੜਾ ਜਿੱਤਿਆ ਹੈ ਇਸੀ ਤੇ ਸੰਪੂਰਨ ਸੰਸਾਰ ਨੂੰ ਜਿੱਤਿਆ ਹੈ।

ਯਥਾ- ਮਨਿ ਜੀਤੈ ਜਗੁ ਜੀਤੁ॥ (ਪੰਨਾ ੬)

ਅਤੇ ਪੰਜ ਕਾਮ ਆਦੀ ਤਸਕਰਹ= ਚੋਰਾਂ ਨੂੰ ਆਪਣੇ ਵਸੑਂ ਕਰੋਤਿ= ਅਧੀਨ ਕੀਤਾ ਹੈ, ਇਸ ਕਰ ਕੇ ਸੰਤ ਅਜਿੱਤ ਸੂਰਮੇ ਹਨ॥੨੯॥

ਹੁਣ ਅਨੇਕ ਦ੍ਰਿਸ਼ਟਾਂਤਾਂ ਦੁਆਰਾ ਸੰਸਾਰ ਨੂੰ ਮਿੱਥਿਆ ਜਣਾਉਂਦੇ ਹਨ-

ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ ਦੁਰਮਤਿਹ॥
ਤਤਹ ਕੁਟੰਬ ਮੋਹ ਮਿਥ੍ਯਾ

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਜਿਸ ਤਰ੍ਹਾਂ) ਮ੍ਰਿਗ ਤ੍ਰਿਸ਼ਨਾ ਦਾ ਜਲ ਮਿੱਥਿਆ ਹੁੰਦਾ ਹੈ, ਜੈਸੇ ਗੰਧਰਬ ਨਗਰੀ ਮਿੱਥਿਆ ਭਾਸਦੀ ਹੈ ਤੇ ਦ੍ਰੁਮ= ਬਿੱਛ ਦੀ ਛਾਇਆ ਜੈਸੇ ਅਨਿਸਥਿਰ ਹੁੰਦੀ ਹੈ। ਤਤਹ= ਤੈਸੇ ਹੀ ਇਹ ਕੁਟੰਬ ਦਾ ਮੋਹ ਮਿਥਿਆ ਹੈ, ਪਰ ਦੁਰਮਤੀਆ ਪੁਰਸ਼ ਐਸੇ ਨਾ ਜਾਣਦਾ ਹੋਇਆ ਤਿਸ ਕੁਟੰਬ ਦੇ

ਮਿਥਿਆ ਮੋਹ ਵਿਚ ਫਸ ਰਿਹਾ ਹੈ।

ਦੂਜਾ ਭਾਵ-

ਮ੍ਰਿਗ ਤ੍ਰਿਸਨਾ-ਮ੍ਰਿਗ ਤ੍ਰਿਸ਼ਨਾ ਦੇ ਜਲ ਸਮਾਨ ਇਹ ਪਦਾਰਥ ਹਨ। ਨਾ ਇਹ ਪਹਿਲੇ ਸਨ, ਨਾ ਹੀ ਇਹ ਪਦਾਰਥ ਅੱਗੇ ਹੋਣਗੇ, ਵਿਚ ਵਿਚਾਲੇ ਇਹ ਪਦਾਰਥ ਕਿਵੇਂ ਸਤ ਹੋ ਸਕਦੇ ਹਨ?

ਗੰਧਰਬ ਨਗਰੰ- ਗੰਧਰਬ ਨਗਰੀ ਦੇ ਸਮਾਨ ਇਹ ਸੰਸਾਰ ਝੂਠਾ ਹੈ।

ਦ੍ਰੁਮ ਛਾਯਾ-ਬ੍ਰਿੱਛ ਦੇ ਸਮਾਨ ਇਹ ਸਰੀਰ ਹੈ ਤੇ ਛਾਂ ਦੇ ਸਮਾਨ ਮਾਇਆ ਹੈ। ਜਿਸ ਵੇਲੇ ਪ੍ਰਾਰਬਧ ਰੂਪੀ ਸੂਰਜ (ਪੁੰਨੀ ਪੁਰਸ਼ਾਂ ਪਾਸ ਚਲੇ ਜਾਣ ਰੂਪੀ) ਪਸਚਮ ਦਿਸ਼ਾ ਦੀ ਤਰਫ਼ ਜਾਂਦਾ ਹੈ ਤਾਂ ਮਾਇਆ ਰੂਪੀ ਛਾਂ ਨਾਸ ਹੋ ਜਾਂਦੀ ਹੈ।

ਯਥਾ- ਦ੍ਰੁਮ ਛਾਯਾ ਜੈਸੇ ਬਿਨਸਤ ਪਵਨ ਝੂਲਤ ਮੋਹ॥

ਤਾਂ ਫਿਰ ਕੇਵਲ ਸਰੀਰ ਰੂਪ ਬ੍ਰਿੱਛ ਹੀ ਖੜਾ ਰਹਿ ਜਾਂਦਾ ਹੈ। ਪਰ

ਰਚਿ ਦੁਰਮਤਿਹ॥ ਦੁਰਮਤੀਏ ਪੁਰਸ਼ ਭਰਮ ਕਰ ਕੇ ਇਹਨਾਂ ਮਿੱਥਿਆ ਪਦਾਰਥਾਂ ਵਿਚ ਰਚ ਰਹੇ ਹਨ।

ਸਿਮਰੰਤਿ ਨਾਨਕ ਰਾਮ ਰਾਮ ਨਾਮਹ॥ ੩੦॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਤੁਹਾਨੂੰ ਚਾਹੀਦਾ ਹੈ ਕਿ ਸਾਰਿਆਂ ਵਿਚ) ਰਮੇ ਹੋਏ ਰਾਮ ਦੇ ਨਾਮ ਦਾ ਸਿਮਰਨ ਕਰੋ॥ ੩੦॥ ਅਤੇ ਵਾਹਿਗੁਰੂ ਅੱਗੇ ਨਿੰਮ੍ਰਤਾ ਸਹਿਤ ਇਸ ਤਰ੍ਹਾਂ ਬੇਨਤੀ ਕਰੋ-

ਨਚ ਬਿਦਿਆ ਨਿਧਾਨ ਨਿਗਮੰ ਨਚ ਗੁਣਗ੍ਯ ਨਾਮ ਕੀਰਤਨਹ॥

ਪਹਿਲਾ ਅਰਥ- ਹੇ ਵਾਹਿਗੁਰੂ! ਨਿਗਮੰ-ਵੇਦਾਂ ਦੀ ਵਿੱਦਿਆ ਦਾ ਨਿਧਾਨ= ਖਜ਼ਾਨਾ ਵੀ ਮੈਂ ਨਚ= ਨਹੀਂ ਹਾਂ, ਵਾ:-ਵੇਦਾਂ ਦੀ ਵਿੱਦਿਆ ਪੜ੍ਹਨ ਵਿਚ ਮੈਂ ਨਿਧਾਨ= ਚਤੁਰ ਨਹੀਂ ਹਾਂ। ਤੇ ਗੁਣਗ੍ਯ= ਸ਼ੁਭ ਗੁਣਾਂ ਦਾ ਗਿਆਤਾ ਵੀ ਮੈਂ ਨਚ= ਨਹੀਂ ਹਾਂ ਅਤੇ ਨਾਮ ਦਾ ਕੀਰਤਨ ਕਰਨਾ ਵੀ ਮੈਂ ਜਾਣਦਾ ਨਚ= ਨਹੀਂ ਹਾਂ।

ਨਚ ਰਾਗ ਰਤਨ ਕੰਠੰ ਨਹ ਚੰਚਲ ਚਤੁਰ ਚਾਤੁਰਹ॥

ਹੇ ਪ੍ਰਭੂ! ਰਤਨ ਰੂਪ ਰਾਗਾਂ ਦੇ ਗਾਉਣ ਵਾਲਾ ਮੇਰਾ ਕੰਠੰ= ਗਲਾ ਵੀ ਰਸੀਲਾ ਨਚ= ਨਹੀਂ ਹੈ,

ਅਥਵਾ- ਨਾ ਮੇਰੇ ਵਿਚ ਰਾਗ= ਪਰੇਮ ਹੈ, ਨਾ ਰਤਨ= ਵੈਰਾਗ ਹੈ, ਨਾ ਹੀ ਇਹਨਾਂ ਸਾਧਨਾਂ ਦੇ ਕੰਠੰ= ਧਾਰਨ ਦੀ ਸ਼ਕਤੀ ਹੈ ਅਤੇ ਨਾ ਮੈਂ ਸ਼ਾਸਤ੍ਰਾਂ ਵਿਚ ਚਤੁਰ ਹਾਂ, ਨਾ ਮੈਂ ਵਿਹਾਰਾਂ ਵਿਚ ਚੰਚਲ ਹਾਂ ਅਤੇ ਨਾ ਮੈਂ ਪਰਮਾਰਥ ਵਿਚ ਚਾਤੁਰ ਹਾਂ।

ਭਾਗ ਉਦਿਮ ਲਬਧ੍ਯੰ ਮਾਇਆ ਨਾਨਕ ਸਾਧਸੰਗਿ ਖਲ ਪੰਡਿਤਹ॥ ੩੧॥

ਹੇ ਵਾਹਿਗੁਰੂ! ਇਤਿਆਦਿ ਮਾਇਆ, ਵਾ- ਭਗਤੀ ਰੂਪੀ ਮਾਇਆ ਭਾਗਾਂ ਦੇ ਉਦਿਮ= ਉਦੇ ਅਰਥਾਤ ਪ੍ਰਗਟ ਹੋਣ ਤੇ ਲੱਭਦੀ ਹੈ। ਵਾ- ਭਾਗਾਂ ਕਰ ਕੇ ਤੇ ਉੱਦਮ ਕਰ ਕੇ ਮਿਲਦੀ ਹੈ।

ਹੇ ਵਾਹਿਗੁਰੂ ਪਰਮੇਸ਼ਰ! ਅਸਾਨੂੰ ਕਿਰਪਾ ਕਰਕੇ ਸਤਿਸੰਗ ਬਖਸ਼ੋ, ਕਿਉਂਕਿ ਸਾਧ ਸੰਗਤ ਦੇ ਕਰਨ ਨਾਲ ਖਲ= ਮੂਰਖ ਪੁਰਸ਼ ਵੀ ਪੰਡਿਤ ਹੋ ਜਾਂਦੇ ਹਨ॥ ੩੧॥

ਯਥਾ- ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥ ੧॥ *(ਬਿਲਾਵਲੁ ਮਹਲਾ ੫, ਪੰਨਾ ੮੦੯)*

ਦੂਜਾ ਅਰਥ-

ਨਚ ਬਿਦਿਆ ਨਿਧਾਨ ਨਿਗਮੰ

ਵਿੱਦਿਆ ਦਾ ਖਜ਼ਾਨਾ ਜੋ ਵੇਦ ਹਨ, ਉਹਨਾਂ ਵੇਦਾਂ ਦੇ ਪੜ੍ਹਨ ਵਿਚ ਨਿਗਮੰ= ਚਤੁੱਰ ਭੀ ਹੋ ਜਾਵੇ, ਤਾਂ ਭੀ ਧਾਰਨਾ ਤੋਂ ਬਿਨਾਂ ਉਸ ਪ੍ਰਭੂ ਦੀ ਪ੍ਰਾਪਤੀ ਨਚ= ਨਹੀਂ ਹੁੰਦੀ ।

ਨਚ ਗੁਣਗ੍ਹ ਨਾਮ ਕੀਰਤਨਹ॥

ਸਾਇੰਸ ਦੇ ਗੁਣਾਂ ਦਾ ਗਿਆਤਾ ਹੋਣ ਕਰ ਕੇ ਭੀ ਉਸ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਪਖੰਡ ਸਹਿਤ ਨਾਮ ਜਪਣ ਕਰ ਕੇ ਤੇ ਕੀਰਤਨਹ= ਵਿਸ਼ਨਪਦੇ ਆਦਿ ਦਾ ਕੀਰਤਨ ਕਰਨ ਨਾਲ ਭੀ ਉਸ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ।

*ਯਥਾ-*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥
(ਆਸਾ ਮਹਲਾ ੪, ਪੰਨਾ ੪੫੦)

ਪ੍ਰਸ਼ਨ- ਫਿਰ ਉਸ ਪ੍ਰਭੂ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ?

ਉੱਤਰ- ਸਾਧ ਸੰਗਤ ਦੇ ਕਰਨ ਨਾਲ।

ਪ੍ਰਸ਼ਨ- ਸਾਧ ਸੰਗਤ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਉੱਤਰ-*

ਭਾਗ ਉਦਿਮ ਲਬਧੰ ਮਾਇਆ ਨਾਨਕ ਸਾਧਸੰਗਿ ਖਲ ਪੰਡਿਤਹ ।੩੧॥

ਜੇ ਭਾਗਾਂ ਵਿੱਚ ਉੱਦਮ ਕਰਨਾ ਲਿਖਿਆ ਹੋਵੇ, ਤਾਂ ਸਾਧ ਸੰਗਤ ਦੀ ਪ੍ਰਾਪਤੀ ਰੂਪ ਮਾਇਆ ਲੱਭਦੀ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਸਾਧ ਸੰਗਤ ਕਰਕੇ ਖਲ= ਜੜ੍ਹ ਜੋ ਜੀਵ ਹੈ ਆਪਣੇ ਆਪ ਨੂੰ ਕਰਤਾ ਭੋਗਤਾ ਮੰਨਣ ਵਾਲਾ, ਉਹ ਜੀਵ ਪੰਡਿਤਹ= ਸਾਰੀਆਂ ਵਿੱਦਿਆ ਦੇ ਜਾਣਨ ਵਾਲਾ ਜੋ ਪੰਡਿਤ ਪ੍ਰਭੂ ਹੈ ਉਸ ਦਾ ਰੂਪ ਹੋ ਜਾਂਦਾ ਹੈ॥ ੩੧॥

ਯਥਾ- ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ॥ ੯॥
(ਆਸਾ ਮਹਲਾ ੧ ਪਟੀ, ਪੰਨਾ ੪੩੨)

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਅਸਾਨੂੰ ਕੋਈ ਮਾਲਾ ਦਿਓ ਜਿਸ ਨੂੰ ਫੇਰਿਆ ਕਰੀਏ। *ਗੁਰ ਉੱਤਰ-*

ਕੰਠ ਰਮਣੀਯ ਰਾਮ ਰਾਮ ਮਾਲਾ

ਪਹਿਲਾ ਅਰਥ-ਕੰਠ ਨਾਲ ਰਮੇ ਹੋਏ ਰਮਣੀਯ= ਸੁੰਦਰ ਰਾਮ ਦਾ ਜੋ ਨਾਮ ਉਚਾਰਨਾ ਹੈ, ਏਹੀ ਮਾਲਾ ਫੇਰੋ।

ਯਥਾ- ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥

ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮ॥੧॥ *(ਸਲੋਕ ਕਬੀਰ, ਪੰਨਾ ੧੩੬੪)*

ਪ੍ਰਸ਼ਨ- ਹੱਥ ਉੱਚਾ ਕਰ ਕੇ ਜੋ ਗੁਥਲੀ ਵਿਚ ਮਾਲਾ ਫੇਰੀਦੀ ਹੈ, ਉਹ ਗੁਥਲੀ (ਗੋਮੁਖੀ) ਕਿਹੜੀ ਹੈ?

ਗੁਰ ਉੱਤਰ-

ਹਸਤ ਊਚ ਪ੍ਰੇਮ ਧਾਰਣੀ॥

ਜੋ ਪ੍ਰੇਮ ਨੂੰ ਧਾਰ ਕੇ ਨਾਮ ਜਪਣਾ ਹੈ, ਏਹੀ ਇਕ ਹਸਤ ਊਚ= ਗੋਮੁਖੀ (ਗੁਥਲੀ) ਹੈ।

ਜੀਹ ਭਣਿਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ॥ ੩੨॥

ਉੱਤਮ ਪਰਮੇਸ਼ਰ ਦਾ ਜੋ ਸਲੋਕ= ਜਸ ਕਰਨਾ ਹੈ ਏਹੀ ਜਿਹਵਾ ਦੁਆਰੇ ਨਾਮ ਦਾ ਉਚਾਰਨ ਕਰਨਾ ਹੈ।

ਅਥਵਾ- ਸਲੋਕ, ਸਰੂਪ, ਸਮੀਪ, ਸਾਯੁਜ ਇਹਨਾਂ ਚਾਰ ਮੁਕਤੀਆਂ ਦਾ ਦਾਤਾ ਜੋ ਨਾਮ ਹੈ, ਉਸ ਉੱਤਮ ਨਾਮ ਨੂੰ ਰਸਨਾ ਨਾਲ ਭਣਿਜੋ= ਉਚਾਰਨਾ ਕਰੋ। ਜੋ ਜੀਵ ਦੇ ਨੈਨ= ਨੇਤਰਾਂ ਨੂੰ ਨੰਦਨੀ= ਅਨੰਦ ਨਹੀਂ ਲੈਣ ਦੇਂਦੀ ਭਾਵ ਤਪਾਉਂਦੀ ਹੈ, ਉਸ ਮਾਇਆ ਤੋਂ ਉਧਰਣੰ= ਤਰ ਜਾਂਦਾ ਹੈ।

ਦੂਜਾ ਅਰਥ-

ਪ੍ਰਸ਼ਨ- ਮਾਇਆ ਤੋਂ ਕੌਣ ਬਚਦਾ ਹੈ? *ਗੁਰ ਉੱਤਰ-*

ਕੰਠ ਰਮਣੀਯ ਰਾਮ ਰਾਮ ਮਾਲਾ

ਜਿਸ ਨੇ ਆਪਣੇ ਕੰਠ ਵਿਖੇ ਰਮਣੀਯ= ਸੁੰਦਰ ਰਾਮ ਰਾਮ ਰੂਪੀ ਮਾਲਾ ਪਹਿਰੀ ਹੈ:

ਹਸਤ ਊਚ ਪ੍ਰੇਮ ਧਾਰਣੀ॥

ਅਤੇ ਪ੍ਰੇਮੀ ਰੂਪੀ ਹਸਤ ਊਚ= ਗੋਮੁਖੀ ਵਿਚ ਧਾਰ ਕੇ ਫੇਰੀ ਹੈ।

ਜੀਹ ਭਣਿਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ॥੩੨॥

ਰਸਨਾ ਨਾਲ ਉਤਮ ਜਸ ਦਾਇਕ ਸਲੋਕਾਂ ਨੂੰ ਜਿਸ ਨੇ ਭਣਿਜੋ= ਉਚਾਰਿਆ ਹੈ, ਉਹ ਪੁਰਸ਼ਾਂ ਨੇਤਰਾਂ ਨੂੰ ਅਨੰਦ ਦੇਣ ਵਾਲੀ ਜੋ ਮਾਇਆ ਹੈ ਉਸ ਤੋਂ ਉਧਰ ਗਿਆ ਭਾਵ ਬਚ ਗਿਆ ਹੈ॥੩੨॥

ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਜੋ ਪ੍ਰਾਣੀ ਗੁਰਮੰਤਰ ਤੋਂ ਹੀਣ= ਰਹਿਤ ਅਸ= ਹੈ, ਉਸ ਦੇ ਜਨਮ ਨੂੰ ਧ੍ਰਿਗਕਾਰ ਹੈ ਅਤੇ ਉਹ ਸ੍ਰੇਸ਼ਟਾਚਾਰ ਤੋਂ ਭ੍ਰਸ਼ਟਿਆ ਹੋਇਆ ਹੈ।

ਅਥਵਾ- ਜੋ ਪ੍ਰਾਣੀ ਗੁਰਮੰਤਰ ਤੋਂ ਰਹਿਤ ਹੈ ਉਸ ਭ੍ਰਸਟਣਹ= ਪਾਪੀ ਦੇ ਜਨਮ ਨੂੰ ਧ੍ਰਿਗਕਾਰ ਹੈ।

ਸਾਖੀ—ਨਾਰਦ ਮੁਨੀ ਦੀ

ਬ੍ਰਹਮਾ ਜੀ ਦੇ ਪੁੱਤਰ ਨਾਰਦ ਮੁਨੀ ਜੀ ਨਿਤਾਪ੍ਰਤੀ ਵਿਸ਼ਨੂੰ ਭਗਵਾਨ ਜੀ ਦੀ ਸਭਾ ਵਿਚ ਜਾਇਆ ਕਰਦੇ ਸਨ ਪਰ ਅਜੇ ਇਨ੍ਹਾਂ ਨੇ ਗੁਰੂ ਨਹੀਂ ਸੀ ਧਾਰਨ ਕੀਤਾ ਹੋਇਆ। ਜਿਸ ਕਰ ਕੇ ਇਸ ਦੇ ਚਲੇ ਜਾਣ ਮਗਰੋਂ

ਵਿਸ਼ਨੂੰ ਭਗਵਾਨ ਜੀ ਦੀ ਆਗਿਆ ਅਨੁਸਾਰ ਨਾਰਦ ਮੁਨੀ ਦੇ ਬੈਠਣ ਵਾਲੀ ਜਗ੍ਹਾ (ਨਿਗੁਰਾ ਹੋਣ ਦੇ ਕਾਰਨ) ਅਪਵਿੱਤਰ ਜਾਣ ਕੇ ਸਵਾ ਹੱਥ ਜ਼ਮੀਨ ਪੁੱਟ ਕੇ ਉਸ ਦੀ ਮਿੱਟੀ ਬਾਹਰ ਸੁਟਾਈ ਜਾਂਦੀ ਸੀ ਅਤੇ ਉਸ ਦੇ ਥਾਂ ਹੋਰ ਮਿੱਟੀ ਪਵਾਈ ਜਾਂਦੀ ਸੀ। ਇਕ ਦਿਨ ਕਿਸੀ ਦੇ ਨਾਰਦ ਮੁਨੀ ਨੂੰ ਆਖਿਆ ਕਿ ਵਿਸ਼ਨੂੰ ਮਹਾਰਾਜ ਜੀ ਆਪ ਜੀ ਦੀ ਬਹੁਤ ਨਿਰਾਦਰੀ ਕਰਦੇ ਹਨ।

ਇਹ ਗੱਲ ਸੁਣ ਕੇ ਨਾਰਦ ਮੁਨੀ ਜੀ ਨੂੰ ਪਰਤੀਤ ਨਾ ਆਈ ਤਦ ਉਸ ਨੇ ਕਿਹਾ ਜੇਕਰ ਮੇਰੇ ਕਹਿਣ ਤੇ ਨਿਸਚਾ ਨਹੀਂ ਹੈ ਤਾਂ ਕੱਲ੍ਹ ਜਿਸ ਵੇਲੇ ਦਰਸ਼ਨ ਕਰ ਕੇ ਆਵੇਂ ਤਾਂ ਰਸਤਿਓਂ ਵਾਪਸ ਜਾ ਕੇ ਫੇਰ ਦੇਖ ਲਵੀਂ।

ਅਗਲੇ ਦਿਨ ਨਾਰਦ ਮੁਨੀ ਜੀ ਨੇ ਉਸੇ ਤਰ੍ਹਾਂ ਕੀਤਾ, ਵਿਸ਼ਨੂੰ ਮਹਾਰਾਜ ਜੀ ਦੇ ਦਰਸ਼ਨ ਕਰ ਕੇ ਚਲਾ ਆਇਆ। ਰਸਤਿਓਂ ਪਰਤ ਕੇ ਵਾਪਸ ਗਿਆ ਤਾਂ ਕੀ ਦੇਖਿਆ ਕਿ ਵਿਸ਼ਨੂੰ ਮਹਾਰਾਜ ਜੀ ਠੀਕ ਮਿੱਟੀ ਪੁਟਵਾ ਰਹੇ ਹਨ। ਤਾਂ ਹੈਰਾਨ ਹੋ ਕੇ ਆਖਿਆ ਕਿ ਮਹਾਰਾਜ! ਆਪ ਮੇਰੀ ਇਤਨੀ ਨਿਰਾਦਰੀ ਕਰਦੇ ਹੋ ਕਿ ਮੇਰੀ ਬੈਠਣ ਵਾਲੀ ਜਗ੍ਹਾ ਦੀ ਮਿੱਟੀ ਪੁਟਵਾ ਰਹੇ ਹੋ? ਇਹ ਗੱਲ ਸੁਣ ਕੇ ਵਿਸ਼ਨੂੰ ਮਹਾਰਾਜ ਜੀ ਨੇ ਕਿਹਾ ਕਿ ਤੂੰ ਨਿਗੁਰਾ ਜੁ ਹੋਇਆ। ਨਿਗੁਰਾ ਪੁਰਸ਼ ਜਿਥੇ ਭੀ ਬੈਠਦਾ ਹੈ, ਉਹ ਜਗ੍ਹਾ ਅਪਵਿੱਤਰ ਹੋ ਜਾਂਦੀ ਹੈ ਜੇਕਰ ਤੂੰ ਆਪਣਾ ਆਦਰ ਚਾਹੁੰਦਾ ਹੈਂ ਤਾਂ ਕੋਈ ਗੁਰੂ ਧਾਰਨ ਕਰ। ਤਾਂ ਨਾਰਦ ਮੁਨੀ ਜੀ ਨੇ ਕਿਹਾ-ਮਹਾਰਾਜ ਜੀ! ਆਪ ਕਿਰਪਾ ਕਰ ਕੇ ਦੱਸੋ, ਮੈਂ ਕਿਸ ਨੂੰ ਗੁਰੂ ਧਾਰਨ ਕਰਾਂ? ਵਿਸ਼ਨੂੰ ਜੀ ਨੇ ਕਿਹਾ- ਜੋ ਤੈਨੂੰ ਸਵੇਰੇ ਸਭ ਤੋਂ ਪਹਿਲਾਂ ਹੀ ਘਰੋਂ ਆਉਂਦੇ ਨੂੰ ਰਸਤੇ ਵਿਚ ਮਿਲ ਜਾਵੇ ਤੂੰ ਉਸ ਨੂੰ ਆਪਣਾ ਗੁਰੂ ਨਿਸਚਿਤ ਕਰ ਲਵੀਂ। ਵਿਸ਼ਨੂੰ ਮਹਾਰਾਜ ਦੇ ਪਾਸੋਂ ਇਹ ਗੱਲ ਸੁਣ ਕੇ ਨਾਰਦ ਜੀ ਆਪਣੇ ਘਰ ਚਲੇ ਗਏ। ਦੂਸਰੇ ਦਿਨ ਜਦ ਸਵੇਰੇ ਵਿਸ਼ਨੂੰ ਮਹਾਰਾਜ ਦੀ ਸਭਾ ਵੱਲ ਆਏ ਤਾਂ ਰਸਤੇ ਵਿਚ ਇਕ ਫੰਧਕ ਮਿਲ ਗਿਆ। *ਨਾਰਦ ਜੀ ਨੇ ਉਸੇ ਨੂੰ ਹੀ ਗੁਰੂ ਜਾਣ ਕੇ ਮੱਥਾ ਟੇਕਿਆ ਪਰ ਮਨ ਵਿਚ ਸ਼ੰਕਾ ਕੀਤੀ ਕਿ ਗੁਰੂ ਤਾਂ ਮਿਲਿਆ ਪਰ ਕੋਈ ਨਾਮ ਰਸੀਆ ਤਤਵੇਤਾ ਮਹਾਂ ਪੁਰਸ਼ ਨਹੀਂ ਮਿਲਿਆ, ਪਾਪੀ ਜੀਵ-ਹਿੰਸਕ ਹੀ ਮਿਲਿਆ ਹੈ। ਇਉਂ ਸ਼ੰਕਾ ਕਰਦਾ ਹੋਇਆ ਵਿਸ਼ਨੂੰ ਮਹਾਰਾਜ ਦੀ ਕਚਹਿਰੀ ਵਿਚ ਪੁੱਜਾ। ਵਿਸ਼ਨੂੰ ਜੀ ਨੇ ਪੁੱਛਿਆ ਕੀ ਗੁਰੂ ਧਾਰਨ ਕੀਤਾ ਹੈ? ਤਾਂ ਕਿਹਾ ਗੁਰੂ ਤਾਂ ਮਿਲਿਆ ਹੈ ਪਰ ਪਾਪੀ ਹੀ ਮਿਲਿਆ ਹੈ। ਵਿਸ਼ਨੂੰ ਜੀ ਕਹਿਣ ਲੱਗੇ ਤੂੰ ਆਪਣੇ ਗੁਰੂ ਤੇ ਸ਼ੰਕਾ ਕੀਤੀ ਹੈ ਹੁਣ ਤੈਨੂੰ ਚੁਰਾਸੀ ਲੱਖ ਜੂਨ ਦਾ ਚੱਕਰ ਕੱਟਣਾ ਪਵੇਗਾ। ਨਾਰਦ ਜੀ ਸੁਣ ਕੇ ਬੜੇ ਭੈ ਭੀਤ ਹੋਏ, ਕੰਬਦੇ ਹੋਏ ਨੇ ਚੁਰਾਸੀ ਦੇ ਦੁੱਖ ਤੋਂ ਬਚਣ ਦਾ ਉਪਾਅ ਪੁੱਛਿਆ ਤਾਂ ਵਿਸ਼ਨੂੰ ਜੀ ਨੇ ਕਿਹਾ ਇਸ ਦਾ ਉਪਾਅ ਹੁਣ ਤੇਰਾ ਗੁਰੂ (ਫੰਧਕ) ਹੀ ਦੱਸੇਗਾ।

ਰਾਤ ਨੂੰ ਘਰ ਆ ਕੇ ਸੁੱਤੇ, ਦੂਜੇ ਦਿਨ ਫਿਰ ਸਵੇਰੇ ਉੱਠ ਕੇ ਘਰੋਂ ਬਾਹਰ ਨਿਕਲੇ ਤਾਂ ਓਹੀ ਫੰਧਕ ਮਿਲ ਪਿਆ ਤੇ ਸਤਿਕਾਰ ਨਾਲ ਗੁਰੂ ਜਾਣ ਕੇ ਮੱਥਾ ਟੇਕਿਆ ਤੇ ਹੱਥ ਜੋੜ ਕੇ ਕਿਹਾ-ਆਪ ਮੇਰੇ ਗੁਰੂ ਹੋ, ਕੱਲ੍ਹ ਮੈਂ ਆਪ ਜੀ ਉੱਤੇ ਸ਼ੰਕਾ ਕੀਤੀ ਸੀ, ਤਾਂ ਵਿਸ਼ਨੂੰ ਭਗਵਾਨ ਜੀ ਨੇ ਚੁਰਾਸੀ ਲੱਖ ਜੂਨ ਭੋਗਣ ਦਾ ਸਰਾਪ ਦੇ ਦਿੱਤਾ ਸੀ। ਹੁਣ ਉਸ ਦੀ ਨਵਿਰਤੀ ਦਾ ਉਪਾਅ ਮੈਂ ਆਪ ਜੀ ਪਾਸੋਂ ਪੁੱਛਦਾ ਹਾਂ ਆਪ ਕਿਰਪਾ ਕਰਕੇ ਦੱਸੋ? ਨਾਰਦ ਦੇ ਇਹ ਬਚਨ ਸੁਣ ਕੇ ਦਿਆਲੂ ਸੁਭਾਅ ਵਾਲੇ ਫੰਧਕ ਦੇ ਰੂਪ ਵਿਚ ਵਸ਼ਿਸ਼ਟ ਜੀ ਕਹਿਣ ਲੱਗੇ। ਤੂੰ ਵਿਸ਼ਨੂੰ ਮਹਾਰਾਜ ਨੂੰ ਜਾ ਕੇ ਕਹੀਂ ਕਿ ਮਹਾਰਾਜ! ਜੋ ਮੈਂ ਚੁਰਾਸੀ ਲੱਖ ਜੂਨਾਂ ਭੋਗਣੀਆਂ ਹਨ, ਉਹਨਾਂ ਦਾ ਨਕਸ਼ਾ ਪਹਿਲੇ ਬਣਾ ਕੇ ਵਿਖਾਓ।

ਜਦ ਉਹ ਬਣਾ ਕੇ ਦਿਖਾਉਣ ਤਾਂ ਤੂੰ ਝੱਟ ਉੱਪਰ ਲੇਟ ਜਾਵੀਂ ਤੇ ਆਖੀਂ ਮਹਾਰਾਜ! ਮੇਰੇ ਅੰਗ ਸਾਰੀਆਂ ਜੂਨਾਂ ਨੂੰ ਲੱਗ ਗਏ ਹਨ, ਸਾਰੀਆਂ ਮੈਂ ਏਥੇ ਹੀ ਭੋਗ ਲਈਆਂ ਹਨ ਆਪ ਜੀ ਦਾ ਹੁਕਮ ਪੂਰਾ ਕਰ ਦਿੱਤਾ

*ਇਤਿਹਾਸ ਵਿਚ ਲਿਖਿਆ ਹੈ ਕਿ ਇਸ ਪਰੀਖਿਆ ਵਾਸਤੇ ਵਸ਼ਿਸ਼ਟ ਜੀ ਨੇ ਹੀ ਫੰਧਕ ਦਾ ਰੂਪ ਧਾਰਨ ਕੀਤਾ ਸੀ।

ਹੈ। ਇਉਂ ਤੇਰਾ ਚੁਰਾਸੀ ਲੱਖ ਜੂਨ ਦਾ ਚੱਕਰ ਕੱਟਿਆ ਜਾਵੇਗਾ। ਨਾਰਦ ਮੁਨੀ ਨੇ ਇਸੇ ਤਰ੍ਹਾਂ ਹੀ ਕੀਤਾ, ਭਗਵਾਨ ਤੋਂ ਸਾਰੀਆਂ ਜੂਨਾਂ ਦਾ ਨਕਸ਼ਾ ਲਿਖਵਾ ਕੇ ਉਪਰ ਲੇਟ ਗਿਆ। ਵਿਸ਼ਨੂੰ ਜੀ ਪ੍ਰਸੰਨ ਹੋ ਕੇ ਕਹਿਣ ਲੱਗੇ ਭਾਈ! ਇਹ ਜੁਗਤੀ ਗੁਰੂ ਪਾਸੋਂ ਹੀ ਮਿਲਦੀ ਹੈ ਇਸ ਤੇ ਗੁਰੂ ਧਾਰਨ ਦੀ ਅਵੱਸ਼ ਲੋੜ ਹੈ।

ਸਤਿਸੰਗੀਓ! ਨਿਗੁਰੇ ਪੁਰਸ਼ਾਂ ਦੀ ਗਤੀ ਕਦੇ ਵੀ ਨਹੀਂ ਹੋ ਸਕਦੀ, ਚਾਹੇ ਓਹ ਕਿਤਨਾ ਵੀ ਵਿਦਵਾਨ ਤੇ ਚਤੁਰ ਹੋਵੇ ਹਰੀ ਦੀ ਦਰਗਾਹ ਵਿਚ ਨਾਰਦ ਮੁਨੀ ਵਾਂਗੂ ਉਸ ਦੇ ਬੈਠਣ ਦੀ ਜਗ੍ਹਾ ਵੀ ਭਰਿਸ਼ਟ ਹੋ ਜਾਂਦੀ ਹੈ।

ਯਥਾ- ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥੧ ॥

(ਦੇਵਗੰਧਾਰੀ, ਪੰਨਾ ੫੨੮)

ਤਥਾ- ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩ ॥

(ਆਸਾ ਮਹਲਾ ੩ ਪਟੀ, ਪੰਨਾ ੪੩੫)

[ਪੰਨਾ ੧੩੫੭]

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ* ਤੁਲਿ ਖਲਹ ॥ ੩੩ ॥

ਉਹ ਖਲਹ= ਮੂਰਖ ਨਿਗੁਰਾ ਪੁਰਸ਼, ਕੂਕਰਹ= ਕੁੱਤਾ, ਸੂਕਰਹ= ਸੂਰ, ਗਰਧਭਹ= ਗਧਾ, ਕਾਕਹ= ਕਾਂ, ਸਰਪਨਹ= ਸੱਪ, ਇਹਨਾਂ ਸਾਰਿਆਂ ਦੇ ਤੁਲਿ= ਬਰਾਬਰ ਹੈ ॥੩੩ ॥

ਅਥਵਾ:- ਅਸਾਂ ਨੇ ਤੁਲਿ= ਵਿਚਾਰਿਆ ਹੈ ਕਿ ਨਿਗੁਰਾ ਪੁਰਸ਼ ਇਨ੍ਹਾਂ ਤੋਂ ਵੀ ਨਖਿਧ ਹੈ। +ਨਿਗੁਰਾ ਪੁਰਸ਼ ਕੂਕਰਹ ਨਹ ਤੁਲਿ= ਕੁੱਤੇ ਦੇ ਸਦ੍ਰਸ਼ ਭੀ ਨਹੀਂ ਹੈ। ਕਿਉਂਕਿ ਕੁੱਤੇ ਵਿਚ ਇਹ ਗੁਣ ਹੈ-

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥ ੪੫ ॥

(ਸਲੋਕ ਮਹਲਾ ੯, ਪੰਨਾ ੧੪੨੯)

ਨਿਗੁਰਾ ਪੁਰਸ਼ ਸੂਕਰਹ ਨਹ ਤੁਲਿ= ਸੂਰ ਦੇ ਸਦ੍ਰਸ ਭੀ ਨਹੀਂ ਹੈ ਕਿਉਂਕਿ ਸੂਰ ਵਿਚ ਇਹ ਭਾਰੀ ਗੁਣ ਹੈ-

*ਯਥਾ-*ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਂਛਾ ਗਾਉ ॥
ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥ ੧੪੩ ॥

(ਸਲੋਕ ਕਬੀਰ ਜੀ, ਪੰਨਾ ੧੩੭੨)

ਨਿਗੁਰਾ ਪੁਰਸ਼, ਗਰਧਭਹ ਨਹ ਤੁਲਿ= ਗਧੇ ਤੇ ਤੁਲ ਭੀ ਨਹੀਂ ਹੈ ਕਿਉਂਕਿ ਗਧੇ ਵਿਚ ਵੀ ਇਹ ਗੁਣ ਹੈ-

ਜਦ ਪੁਰਸ਼ ਕਿਸੀ ਕਾਰਜ ਨੂੰ ਚਲੇ ਤੇ ਗਧਾ ਖੱਬੇ ਹੱਥ ਬੋਲ ਪਵੇ ਤਾਂ ਕਾਰਜ ਦੀ ਸਿੱਧੀ ਦੱਸੀ ਹੈ। ਦੂਜਾ ਗਧੇ ਵਿਚ ਸੰਤੋਖ ਗੁਣ ਹੈ ਜੋ ਕਿ ਬਾਹਰੋਂ ਵਾਧੂ ਘਾਟੂ ਖੋਰ ਖਪਾ ਖਾ ਕੇ ਕੰਮ ਮਾਲਕ ਦਾ ਕਰਦਾ ਹੈ ਭਾਵ ਭਾਰ ਮਾਲਕ ਦਾ ਢੋਂਢਾ ਹੈ।

ਨਿਗੁਰਾ ਪੁਰਸ਼, ਕਾਕਹ ਨਹ ਤੁਲਿ= ਕਾਂ ਦੇ ਸਦ੍ਰਸ਼ ਭੀ ਨਹੀਂ ਹੈ ਕਿਉਂਕਿ ਕਾਂ ਵਿਚ ਵੀ ਹੇਠ ਲਿਖੇ ਗੁਣ ਹਨ-

---

**ਦਮਦਮੇ ਸਾਹਿਬ ਵਾਲੀ ਬੀੜ ਦਾ ਪਾਠ 'ਸਰਪਨਹ' ਹੈ ਤੇ ਕਰਤਾਰਪੁਰ ਸਾਹਿਬ ਵਾਲੀ ਬੀੜ ਦਾ 'ਸਰਪਨ' ਪਾਠ ਹੈ। (ਰਹੋ ਵਿਚਾਰ) ਅਰਥ ਕਰਨ ਵਾਸਤੇ 'ਸਰਪ' ਨੂੰ ਵੱਖਰਾ ਕਰ ਦਿਓ ਤੇ 'ਨਹ' ਨੂੰ ਵੱਖਰਾ ਕਰ ਲਓ।*

(੧) ਕਾਂ ਵਿਚ ਇਕ ਇਹ ਗੁਣ ਹੈ ਜੋ ਕਿਸੀ ਦੇ ਸਾਹਮਣੇ ਮੈਥਨ ਨਹੀਂ ਕਰਦਾ ਲੁਕ ਕੇ ਕਰਦਾ ਹੈ।

(੨) ਦੂਜਾ ਗੁਣ ਇਹ ਹੈ ਜੋ ਭੁੱਲੇ ਹੋਏ ਰਾਹੀਆਂ ਅਤੇ ਜਹਾਜ਼ ਚਲਾਉਣ ਵਾਲਿਆਂ ਦਾ ਦਿਸ਼ਾ ਭਰਮ ਕੱਢ ਦੇਂਦਾ ਹੈ ਕਿਉਂਕਿ ਆਮ ਤੌਰ ਤੇ ਕਾਂ ਜਦ ਵੀ ਬੈਠਦਾ ਹੈ ਤਾਂ ਮੱਕੇ ਵਲ ਮੂੰਹ ਕਰ ਕੇ ਬੈਠਦਾ ਹੈ।

(੩) ਤੀਜਾ ਗੁਣ ਇਹ ਹੈ ਜੋ ਕੁਲ ਪਾਲਕ ਹੈ ਇਕੱਲਾ ਕਦੇ ਨਹੀਂ ਖਾਵੇਗਾ, ਰੋਟੀ ਵੇਖ ਕੇ ਕਾਂ ਕਾਂ ਕਰ ਕੇ ਸਭ ਨੂੰ ਬੁਲਾ ਲੈਂਦਾ ਹੈ।

(੪) ਚੌਥਾ ਗੁਣ ਇਹ ਹੈ ਜੋ ਕਾਂ ਪਹਿਲੇ ਸਮਿਆਂ ਵਿਚ ਚਿੱਠੀ ਲਿਜਾਣ ਦਾ ਕੰਮ ਕਰਦੇ ਸਨ। ਰਾਖਵੇਂ ਕਾਂ ਦੇ ਗਲ ਵਿਚ ਚਿੱਠੀ ਬੰਨ੍ਹ ਦੇਂਦੇ ਸਨ ਉਹ ਪੁਚਾ ਕੇ ਉੱਤਰ ਲੈ ਆਉਂਦੇ ਸਨ। ਹੁਣ ਤਕ ਭੀ ਕਾਂ ਬੋਲਦੇ ਨੂੰ ਵੇਖ ਕੇ ਕਹਿੰਦੇ ਹਨ ਕਿ ਅੱਜ ਕੋਈ ਪ੍ਰਾਹੁਣਾ ਘਰ ਆਵੇਗਾ।

ਯਥਾ- ਕਾਗ ਉਡਾਵਤ ਧਨ ਖੜੀ ਪੀਆ ਆਇਓ ਤੜੱਕ।
ਅਧੀ ਕਾਕੇ ਦੇ ਗਲ ਪਰੀ ਅਧੀ ਗਈ ਕੜੱਕ।

ਨਿਗੁਰਾ ਪੁਰਸ਼ ਸਰਪ ਨਹ ਤੁਲ= ਸੱਪ ਦੇ ਸਦ੍ਰਸ ਭੀ ਨਹੀਂ ਹੈ ਕਿਉਂਕਿ ਸੱਪ ਮੰਤ੍ਰ ਕਰਕੇ ਵਸੀਕਾਰ ਹੋ ਜਾਂਦਾ ਹੈ ਪਰ ਮੂਰਖ ਪੁਰਸ਼ ਕਦੇ ਵਸ ਵਿਚ ਨਹੀਂ ਆਉਂਦਾ ਅਤੇ ਸੱਪ ਦੇ ਪਾਸ ਮਣੀ ਹੁੰਦੀ ਹੈ ਜਿਸ ਮਣੀ ਨੂੰ ਪੂਰਨਮਾਸ਼ੀ ਦੀ ਰਾਤ ਆਪਣੇ ਅੰਦਰੋਂ ਕੱਢ ਕੇ ਅੰਮ੍ਰਿਤ ਨੂੰ ਚੱਟ ਕੇ ਵਿਹੁ ਨੂੰ ਮੇਟ ਲੈਂਦਾ ਹੈ। ਜਿਸ ਤੇ ਉਸ ਨੂੰ ਮਹੀਨਾ ਭਰ ਸ਼ਾਂਤੀ ਰਹਿੰਦੀ ਹੈ।

ਸ਼ੇਸ਼-ਨਾਗ ਵੀ ਭਾਂ ਸੱਪਾਂ ਵਿਚੋਂ ਹੀ ਹੈ, ਜੋ ਹਰ ਰੋਜ਼ ਨਿਤ ਨਵੇਂ ਦੋ ਹਜ਼ਾਰ ਨਾਮ ਜਪਦਾ ਹੈ ਤੇ ਨਿਗੁਰਾ ਪੁਰਸ਼ ਕਦੇ ਭੀ ਨਾਮ ਨਹੀਂ ਜਪਦਾ, ਇਸ ਤੇ ਸੱਪ ਨਾਲੋਂ ਨਿਗੁਰਾ ਪੁਰਸ਼ ਨਖਿਧ ਹੈ।

ਯਥਾ - ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ॥
ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ॥੩॥

(ਗੂਜਰੀ ਮਹਲਾ ੪, ਪੰਨਾ ੪੯੩)

ਪ੍ਰਸ਼ਨ- ਜਮਾਂ ਦਾ ਭੈ ਕਿਸ ਦਾ ਦੂਰ ਹੁੰਦਾ ਹੈ? *ਗੁਰ ਉੱਤਰ-*

ਚਰਣਾਰਬਿੰਦ ਭਜਨੰ ਰਿਦਯੰ ਨਾਮ ਧਾਰਣਹ॥

ਜੋ ਪੁਰਸ਼ ਗੁਰਾਂ ਦੇ ਚਰਣ+ਅਰਬਿੰਦ= ਚਰਨਾ ਕਵਲਾਂ ਨੂੰ ਭਜਦਾ ਹੈ ਅਤੇ ਅਰਬਿੰਦ= ਕੌਲ ਫੁੱਲ ਵਾਂਗੂ ਪਦਾਰਥਾਂ ਰੂਪ ਜਲ ਤੋਂ ਨਿਰਲੇਪ ਰਹਿੰਦਾ ਹੈ ਤੇ ਹਿਰਦੇ ਵਿਚ ਵਾਹਿਗੁਰੂ ਨਾਮ ਧਾਰਦਾ ਹੈ। ਅਤੇ -

ਕੀਰਤਨੰ ਸਾਧਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ॥ ੩੪॥

ਸਾਧ ਸੰਗਤ ਨਾਲ ਮਿਲ ਕੇ ਕੀਰਤਨ ਦੀ ਧੁਨ ਉਚਾਰਦਾ ਹੈ। ਸਤਿਗੁਰ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਹ ਪੁਰਸ਼ ਫਿਰ) ਜਮਦੂਤਾਂ ਨੂੰ ਨਹ ਦ੍ਰਿਸਟੰਤਿ= ਨਹੀਂ ਦੇਖਦਾ॥੩੪

ਯਥਾ- ਸਲੋਕ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥੧॥

(ਬਾਵਨ ਅਖਰੀ, ਪੰਨਾ ੨੫੬)

ਅਗਲੇ ਸਲੋਕ ਵਿਚ ਪ੍ਰਭੂ ਦੇ ਨਾਮ ਦੀ ਦੁਰਲੱਭਤਾ ਕਥਨ ਕਰਦੇ ਹਨ-

ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਧਨ ਪ੍ਰਾਪਤ ਹੋਣਾ ਵੀ ਦੁਰਲਭੰ ਨਚ= ਕਠਨ ਨਹੀਂ ਹੈ। ਕਿਉਂਕਿ ਕਈ ਮਨੁੱਖ ਕਰਮਾਂ ਅਨੁਸਾਰ ਸੱਪ ਬਣ ਕੇ ਧਨ ਪਰ ਬੈਠ ਕੇ ਧਨ ਦੇ ਮਾਲਕ ਹੋ ਬੈਠਦੇ ਹਨ ਅਤੇ ਪਾਪੀ ਪਾਸ ਵੀ ਧਨ ਹੁੰਦਾ ਹੈ।

ਯਥਾ- ਸੁਤ ਦਾਰਾ ਅਰ ਲਛਿਮੀ ਪਾਪੀ ਦੇ ਭੀ ਹੋਇ।

ਇਸ ਤੇ ਧਨ ਪ੍ਰਾਪਤ ਹੋਣਾ ਭੀ ਦੁਰਲੱਭ ਨਹੀਂ ਹੈ ਅਤੇ ਸੁੰਦਰ ਰੂਪ ਪ੍ਰਾਪਤ ਹੋਣਾ ਵੀ ਦੁਰਲੱਭ ਨਹੀਂ ਹੈ- ਸੁੰਦਰ ਰੂਪ ਤਾਂ ਤੋਤੇ ਮੋਰਾਂ ਆਦਿਕਾਂ ਦਾ ਭੀ ਹੁੰਦਾ ਹੈ।

ਸ੍ਵਰਗ ਦਾ ਰਾਜ ਪ੍ਰਾਪਤ ਹੋਣਾ ਵੀ ਦੁਰਲਭੰ= ਕਠਨ ਨਹੀਂ ਹੈ। ਜੈਸੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਗੜ੍ਹ ਸ਼ੰਕਰ ਦੇ ਰਹਿਣ ਵਾਲੇ "ਮਹੇਸ਼ ਨਾਮ" ਦੇ ਜੋਗੀ ਨੇ ਕਿਹਾ ਸੀ ਕਿ ਇਕ ਸਾਲ ਭਰ ਜਿਸ ਨੇ ਸ੍ਵਰਗ ਦਾ ਸੁਖ ਲੈਣਾ ਹੈ, ਓਹ ਮੇਰਾ ਆ ਕੇ ਦਰਸ਼ਨ ਕਰੇ ਅਤੇ ਚੌਦਾਂ ਵਾਰ ਇੰਦ੍ਰ ਨੇ ਸ੍ਵਰਗ ਦਾ ਰਾਜ ਪ੍ਰਾਪਤ ਕੀਤਾ ਤੇ ਕਈ ਵਾਰੀ, ਦੈਂਤ ਰਾਜ ਖੋਹ ਕੇ ਲੈ ਗਏ। ਇਸ ਵਾਸਤੇ ਸ੍ਵਰਗ ਦਾ ਰਾਜ ਪ੍ਰਾਪਤ ਹੋਣਾ ਭੀ ਕੋਈ ਦੁਰਲੱਭ ਨਹੀਂ ਹੈ।

ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ ॥

ਸੁੰਦਰ ਭੋਜਨ ਤੇ ਕਈ ਤਰ੍ਹਾਂ ਦੇ ਬਿੰਜਨੰ= ਸਲੂਣੇ ਪ੍ਰਾਪਤ ਹੋਣੇ ਵੀ ਦੁਰਲਭੰ ਨਚ= ਕਠਿਨ ਨਹੀਂ ਹਨ, ਕਿਉਂਕਿ ਭੋਜਨ ਤੇ ਨਾਨ੍ਹਾ ਪ੍ਰਕਾਰ ਦੇ ਬਿੰਜਨ ਤਾਂ ਬਾਦਸ਼ਾਹਾਂ ਦੇ ਕੋਤਲਾਂ ਨੂੰ ਅਤੇ ਘੋੜੇ ਹਾਥੀ ਆਦਿਕਾਂ ਨੂੰ ਭੀ ਮਿਲ ਜਾਂਦੇ ਹਨ। ਸ੍ਵਛ= ਚੰਗੇ ਸੋਹਣੇ ਅੰਬਰਹ= ਬਸਤ੍ਰ ਪ੍ਰਾਪਤ ਹੋਣੇ ਵੀ ਨਚ ਦੁਰਲਭੰ= ਕਠਿਨ ਨਹੀਂ ਹਨ, ਕਿਉਂਕਿ ਬਾਦਸ਼ਾਹੀ ਕੁੱਤੇ ਵੀ ਚੰਗੇ ਬਸਤਰ (ਸੁੰਦਰ ਪੁਸ਼ਾਕੇ) ਪਹਿਨਦੇ ਹਨ।

ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ ॥

ਸੁਤ= ਪੁੱਤਰ, ਮਿੱਤਰ, ਭਰਾ ਤੇ ਹੋਰ ਸਨਬੰਧੀ ਇਨ੍ਹਾਂ ਦੀ ਪ੍ਰਾਪਤੀ ਹੋਣੀ ਵੀ ਨਚ ਦੁਰਲਭੰ= ਕਠਿਨ ਨਹੀਂ ਹੈ, ਕਿਉਂਕਿ ਸਭ ਜੂਨਾਂ ਵਿਚ ਸੰਬੰਧੀਆਂ ਦੀ ਪ੍ਰਾਪਤੀ ਹੈ। ਬਨਿਤਾ= ਇਸਤ੍ਰੀ ਆਦਿਕਾਂ ਦੇ ਬਿਲਾਸਹ= ਕੌਤਕ ਪ੍ਰਾਪਤ ਹੋਣੇ ਵੀ ਨਚ ਦੁਰਲਭੰ= ਕਠਿਨ ਨਹੀਂ ਹਨ, ਕਿਉਂਕਿ ਇਸਤ੍ਰੀ ਦਾ ਬਿਲਾਸ ਵੀ ਹਰ ਜੂਨ ਵਿਚ ਪ੍ਰਾਪਤ ਹੋ ਜਾਂਦਾ ਹੈ।

ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ ॥

ਹਰ ਪ੍ਰਕਾਰ ਦੀ ਵਿੱਦਿਆ ਵਿਚ ਪ੍ਰਬੀਣੰ= ਚਤੁਰ ਹੋਣ ਵੀ ਕਠਿਨ ਨਚ= ਨਹੀਂ ਹੈ, ਕਿਉਂਕਿ ਤੋਤਾ ਮੈਨਾ ਆਦਿਕ ਬਹੁਤ ਪੜ੍ਹੇ ਹੁੰਦੇ ਹਨ।

ਵੇਦ ਵਿੱਦਿਆ ਵਿਚ ਚਤੁਰ ਹੋਣਾ ਵੀ ਕਠਿਨ ਨਹੀਂ ਹੈ, ਤੇ ਵਿਹਾਰਾਂ ਵਿਚ ਚੰਚਲ ਹੋਣਾ ਵੀ ਕਠਿਨ ਨਹੀਂ ਹੈ, ਕਿਉਂਕਿ ਕਾਂ ਬੜਾ ਚਤੁਰ ਹੁੰਦਾ ਹੈ ਅਤੇ ਚੰਚਲਤਾ ਬਾਂਦਰ ਲੰਗੂਰਾਂ ਵਿਚ ਭੀ ਬਹੁਤ ਹੁੰਦੀ ਹੈ।

ਅਥਵਾ- ਵਾਕਾਂ ਵਿਖੇ ਚਤੁਰ ਹੋਣਾ ਤੇ ਸ਼ਾਸਤ੍ਰਕ ਜੁਗਤੀਆਂ ਵਿਚ ਚੰਚਲ ਹੋਣਾ ਵੀ ਕੋਈ ਕਠਿਨ ਨਹੀਂ।

ਦੁਰਲਭੰ ਏਕ ਭਗਵਾਨ ਨਾਮਹ
ਨਾਨਕ ਲਬਧੰ ਸਾਧਸੰਗਿ ਕ੍ਰਿਪਾ ਪ੍ਰਭੰ ॥ ੩੫ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਸਾਰਿਆਂ ਪਦਾਰਥਾਂ ਨਾਲੋਂ) ਇਕ ਭਗਵਾਨ ਦਾ ਨਾਮ ਹੀ ਪ੍ਰਾਪਤ ਹੋਣਾ ਦੁਰਲਭੰ= ਕਠਿਨ ਹੈ।

ਯਥਾ- ਸੁਤ ਦਾਰਾ ਅਰ ਲਛਿਮੀ ਪਾਪੀ ਦੇ ਭੀ ਹੋਇ।
ਸੰਤ ਸਮਾਗਮ ਹਰਿ ਕਥਾ ਤੁਲਸੀ ਦੁਰਲਭ ਦੋਇ।

ਪ੍ਰਸ਼ਨ- ਉਹ ਨਾਮ ਕਿਥੋਂ ਪ੍ਰਾਪਤ ਹੁੰਦਾ ਹੈ?

ਗੁਰ ਉੱਤਰ- ਉਹ ਦੁਰਲੱਭ ਨਾਮ ਸਤ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ।

ਪ੍ਰਸ਼ਨ- ਸਾਧ ਸੰਗਤ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ?

ਉੱਤਰ- ਜੇਕਰ ਪ੍ਰਭੂ ਦੀ ਕ੍ਰਿਪਾ ਹੋਵੇ ਤਾਂ ਸਾਧ ਸੰਗਤ ਦੀ ਪ੍ਰਾਪਤੀ ਹੁੰਦੀ ਹੈ॥ ੩੫॥

ਯਥਾ- ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥

(ਸਿਰੀਰਾਗ ਮਹਲਾ ੫, ਪੰਨਾ ੭੧)

ਫੇਰ ਹਰੀ ਲਾਲ,ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਜਿਸ ਪ੍ਰਭੂ ਦੀ ਕ੍ਰਿਪਾ ਨਾਲ ਸਤਿਸੰਗਤ ਦੀ ਪ੍ਰਾਪਤੀ ਹੁੰਦੀ ਹੈ ਉਹ ਪ੍ਰਭੂ ਕੈਸਾ ਹੈ ਤੇ ਉਸ ਨੂੰ ਕੋਈ ਮਾਇਆ ਦਾ ਲੇਪ ਲਗਦਾ ਹੈ ਕਿ ਨਹੀਂ?

ਗੁਰ ਉੱਤਰ-

ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ॥

ਜਤ ਕਤਹ= ਜਿੱਥੇ ਕਿੱਥੇ ਨਿਗਾਹ ਕਰ ਕੇ ਦੇਖੀਏ ਤਤਹ= ਤਿਥੇ ਹੀ ਭਗਵਾਨ ਦ੍ਰਿਸਟੰ= ਵੇਖੀਦਾ ਹੈ, ਸ੍ਵਰਗ ਲੋਕ ਵਿਚ ਮਰਤ= ਮਾਤ ਲੋਕ ਵਿਚ, ਅਤੇ ਪਯਾਲ ਲੋਕਹ= ਪਤਾਲ ਲੋਕ ਵਿਚ।

ਯਥਾ- ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ॥ *(ਕਲਿਆਨ ਮਹਲਾ ੫, ਪੰਨਾ ੧੩੨੨)*

ਤਥਾ- ਜਤ ਕਤ ਤੁਮ ਭਰਪੂਰ ਹਹੁ ਮੇਰੇ ਦੀਨ ਦਇਆਲੀ॥ ੩॥

(ਬਿਲਾਵਲੁ ਮਹਲਾ ੫, ਪੰਨਾ ੮੧੧)

ਤਥਾ- ਈਹਾ ਊਹਾ ਏਕੈ ਓਹੀ॥ ਜਤ ਕਤ ਦੇਖੀਐ ਤਤ ਤਤ ਤੋਹੀ॥

(ਰਾਮਕਲੀ ਮਹਲਾ ੫, ਪੰਨਾ ੯੧੩)

ਸਰਬਤ੍ਰ ਰਮਣੰ ਗੋਬਿੰਦਹ

ਇਤਿਆਦਿ ਸਾਰਿਆਂ ਅਸਥਾਨਾਂ ਪਰ ਉਹ ਗੋਬਿੰਦ ਰਮਣੰ= ਵਿਆਪਕ ਹੈ। *ਅਥਵਾ-*ਸਾਰਿਆਂ ਜੀਵਾਂ ਵਿਚ (ਭਾਵ ਦੇਵਤਾ ਦੈਂਤ ਮਨੁੱਖਾਂ ਵਿਚ) ਉਹ ਗੋਬਿੰਦ ਰਮ ਰਿਹਾ ਹੈ।

ਨਾਨਕ ਲੇਪ ਛੇਪ ਨ ਲਿਪ੍ਤੇ॥ ੩੬॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਸ ਵਾਹਿਗੁਰੂ ਨੂੰ ਮਾਇਆ ਰੂਪ) ਛੇਪ= ਛਾਪੇ ਦਾ ਕੋਈ ਲੇਪ, ਨ ਲਿਪ੍ਤੇ= ਲਿਪਾਇਮਾਨ ਨਹੀਂ ਹੈ। ਭਾਵ ਉਹ ਭਗਵਾਨ ਮਾਇਆ ਵਿਚ ਲਿਪਾਇਮਾਨ ਨਹੀਂ ਹੁੰਦਾ॥੩੬॥

(ਇਸ ਸਲੋਕ ਦਾ ਦੂਜਾ ਭਾਵ)

ਜਤ= ਜਿਥੇ ਸੁਰਗ ਵਿਚ, ਕਤਹ ਮਰਤ= ਕਿਧਰੇ ਮਾਤ ਲੋਕ ਵਿਚ ਅਤੇ ਤਤਹ ਪਯਾਲ ਲੋਕਹ= ਤਿਥੇ ਪਤਾਲ ਲੋਕ, ਇਨ੍ਹਾਂ ਤਿੰਨਾਂ ਲੋਕਾਂ ਵਿਖੇ ਦੇਖਣ ਵਿਚ ਆ ਰਿਹਾ ਹੈ ਅਤੇ ਸਰਬਤ੍ਰ= ਸਾਰੇ ਸਮਿਆਂ ਵਿਚ ਭਾਵ ਤਿੰਨਾਂ ਕਾਲਾਂ ਵਿਖੇ ਉਹ ਗੋਬਿੰਦ ਰਮਣੰ= ਵਿਆਪਕ ਹੈ। ਲੇਪ= ਪਾਪਾਂ ਰੂਪੀ ਮੈਲ ਨਾਲ ਲਿਪਾਇਮਾਨ ਨਹੀਂ ਹੈ ਅਤੇ ਛੇਪ= ਵਿਖੇਪ ਸ਼ਕਤੀ ਕਰ ਕੇ ਨਾਨ੍ਹਾ ਪਣਾ ਨਹੀਂ ਧਾਰਦਾ।

ਨ ਲਿਪ੍ਤੇ॥ ਛਿਪਦਾ ਨਹੀਂ ਹੈ॥ ੩੬॥

ਹੇ ਹਰੀ ਲਾਲ ਕ੍ਰਿਸ਼ਨ ਲਾਲ! ਜੇਕਰ ਇਸ ਜੀਵ ਉਪਰ ਹਰਿ ਹਰਿ ਦੇ ਸਰੂਪ ਗੁਰੂ ਕ੍ਰਿਪਾਲੂ ਹੋ ਜਾਵਣ ਤਾਂ ਅਪੁੱਠੀਆਂ ਗੱਲਾ ਵੀ ਸਿੱਧੀਆਂ ਹੋ ਜਾਂਦੀਆਂ ਹਨ।

ਬਿਖਯਾ ਭਯੰਤਿ ਅੰਮ੍ਰਿਤੰ

ਵਾਹਿਗੁਰੂ ਦੀ ਕਿਰਪਾ ਹੋਣ ਕਰ ਕੇ ਬਿਖਯਾ= ਵਿਹੁ ਦਿਤੀ ਹੋਈ ਵੀ ਅੰਮ੍ਰਿਤ* ਰੂਪ ਭਯੰਤਿ= ਹੋ ਜਾਂਦੀ ਹੈ। ਜਿਸ ਤਰ੍ਹਾਂ ਮੀਰਾਂ ਬਾਈ ਨੂੰ ਵਿਹੁ ਪਿਲਾਈ ਹੋਈ ਅੰਮ੍ਰਿਤ ਰੂਪ ਹੋ ਗਈ ਸੀ।

(ਇਹ ਸਾਰਾ ਪ੍ਰਸੰਗ ਭਗਤ ਮਾਲ ਟੀਕਾ ਨਾਭਾ ਜੀ ਦਾ ੨੧੦ ਪੰਨੇ ਪਰ ਲਿਖਿਆ ਹੈ)।

ਯਥਾ- ਲੋਕ ਲਾਜ ਸ੍ਰਿੰਖਲਾਂ ਤਜ ਮੀਰਾਂ ਗਿਰਧਰ ਭਜੀ।
ਸਦ੍ਰਸ ਗੋਪਕਾ ਪ੍ਰੇਮ ਪ੍ਰਗਟ ਕਲਜੁਗਹਿ ਦਿਖਾਯੋ।
ਨਿਰ ਅੰਕਸੁ ਅਤਿ ਨਿਡਰ ਰਸਕੁ ਜਸ ਰਸਨਾ ਗਾਯੋ।
ਦੁਸ਼ਟਨ ਦੋਖ ਵਿਚਾਰ ਮ੍ਰਿਤੁ ਕੋ ਉਦਮ ਕੀਯੋ।
ਬਾਰ੍ ਨ ਬਾਂਕੋ ਭਯੋ ਗਰਲ ਅੰਮ੍ਰਿਤ ਜਿਯ ਪੀਯੋ।

ਵਿਹੁ ਅੰਮ੍ਰਿਤ ਰੂਪ ਹੋ ਗਈ। ਇਸ ਪਰ-

ਸਾਖੀ—ਹੋਤੀ ਮਰਦਾਨ ਵਾਲੇ ਸੰਤ ਆਇਆ ਸਿੰਘ ਜੀ ਦੀ

ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਤੋਂ ਮਗਰੋਂ ਹੋਤੀ ਮਰਦਾਨ ਦੀ ਗੱਦੀ ਦੇ ਮਾਲਕ ਬਾਬਾ ਆਇਆ ਸਿੰਘ ਜੀ ਮਹੰਤ ਬਣੇ, ਜਿਨ੍ਹਾਂ ਦੇ ਸੇਵਕ ਅੱਗੇ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਸਨ, ਸੰਤ ਬਾਬਾ ਆਇਆ ਸਿੰਘ ਜੀ ਨੂੰ ਕਿਸੇ ਪ੍ਰੇਮੀ ਨੇ ਦੁੱਧ ਵਿਚ ਵਿਹੁ ਘੋਲ ਕੇ ਆਣ ਪਿਲਾਈ ਤਾਂ ਬਾਬਾ ਜੀ ਉਸ ਨੂੰ ਅੰਮ੍ਰਿਤ ਰੂਪ ਜਾਣ ਕੇ ਪੀ ਗਏ। ਜਦ ਕੁਝ ਸਮਾਂ ਗੁਜ਼ਰ ਗਿਆ ਤਾਂ ਪ੍ਰੇਮੀ ਨੇ ਵਿਚਾਰਿਆ ਕਿ ਮੇਰੀ ਵਿਹੁ ਪਿਲਾਈ ਦਾ ਅਸਰ ਕੁਝ ਨਹੀਂ ਹੋਇਆ ਤਾਂ ਉਸ ਨੇ ਕਈ ਦਿਨਾਂ ਮਗਰੋਂ ਫਿਰ ਦੁਬਾਰਾ ਦੁੱਧ ਵਿਚ ਵਿਹੁ ਘੋਲ ਕੇ ਲੈ ਆਂਦੀ ਤਾਂ ਜਾਣੀ ਜਾਣ ਬਾਬਾ ਜੀ ਨੇ ਇਹ ਪੰਗਤੀਆਂ-ਪੜ੍ਹਦਿਆਂ ਪੜ੍ਹਦਿਆਂ ਫਿਰ ਵੀ ਪੀ ਲਈ-

ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ॥

(ਸੁਖਮਨੀ ਸਾਹਿਬ, ਪੰਨਾ ੨੭੫)

ਸੇਵਾਦਾਰਾਂ ਨੂੰ ਵੀ ਪਤਾ ਲੱਗ ਗਿਆ ਉਹਨਾਂ ਬੇਨਤੀ ਕੀਤੀ ਮਹਾਰਾਜ! ਆਪ ਨੂੰ ਵਿਹੁ ਦਾ ਅਸਰ ਕਿਉਂ ਨਹੀਂ ਹੋਇਆ? ਸੰਤਾਂ ਨੇ ਕਿਹਾ- ਪ੍ਰੇਮੀਓ! ਜਿਥੇ ਵਿਹੁ ਨੇ ਅਸਰ ਕਰਨਾ ਸੀ, ਉਥੇ ਪਰਮੇਸ਼ਰ ਦਾ ਨਾਮ

*ਸ਼ਿਵ ਜੀ ਮਹਾਰਾਜ ਨੂੰ ਵਿਹੁ ਅੰਮ੍ਰਿਤ ਰੂਪ ਹੋ ਗਈ।ਅਤੇ ਚੰਦ੍ਰਹਾਂਸ ਨੂੰ ਵੀ ਵਿਹੁ ਦਿੱਤੀ ਅੰਮ੍ਰਿਤ ਰੂਪ ਹੋ ਗਈ।

ਟਿਕਿਆ ਹੋਇਆ ਹੈ, ਇਸ ਵਾਸਤੇ ਵਿਹੁ ਦਾ ਅਸਰ ਨਹੀਂ ਹੋਇਆ।

ਕੁਝ ਸਮੇਂ ਮਗਰੋਂ ਜਦ ਤੀਸਰੀ ਵਾਰੀ ਦੁੱਧ ਵਿਚ ਵਿਹੁ ਪਾ ਕੇ ਲਿਆਇਆ ਤਾਂ ਜਾਣੀ ਜਾਣ ਸੰਤਾਂ ਨੇ ਕਿਹਾ- ਤੂੰ ਸਾਡੇ ਮਗਰੋਂ ਟਲਦਾ ਨਹੀਂ, ਦੋ ਵਾਰ ਅੱਗੇ ਤੂੰ ਦੁੱਧ ਵਿਚ ਵਿਹੁ ਪਾ ਕੇ ਪਿਆ ਚੁੱਕਾ ਹੈਂ। ਹੁਣ ਤੀਸਰੀ ਵਾਰ ਫਿਰ ਲੈ ਆਇਆ ਹੈਂ?

ਇਹ ਗੱਲ ਸੁਣ ਕੇ ਓਹ ਕੁਝ ਠਠੰਬਰ ਗਿਆ ਅਤੇ ਵਾਪਸ ਮੁੜਨ ਲੱਗਾ ਤਾਂ ਮਹਾਂ ਪੁਰਸ਼ਾਂ ਨੇ ਅਵਾਜ਼ ਦੇ ਕੇ ਕਿਹਾ: ਭਾਈ! ਜੇਕਰ ਸਾਨੂੰ ਮਾਰਨ ਦਾ ਤੇਰਾ ਤੀਬਰ ਹੀ ਸੰਕਲਪ ਹੈ ਤਾਂ ਲਿਆ, ਦੋ ਵਾਰੀ ਪਹਿਲਾਂ ਤਾਂ ਤੇਰੀ ਵਿਹੁ ਅੰਮ੍ਰਿਤ ਕਰ ਕੇ ਪੀਤੀ ਹੈ, ਹੁਣ ਵਿਖ ਜਾਣ ਕੇ ਪੀ ਲੈਂਦੇ ਹਾਂ ਸਾਨੂੰ ਤਾਂ ਸਰੀਰ ਦਾ ਕੋਈ ਮੋਹ ਨਹੀਂ ਹੈ। ਉਹ ਭੈ ਭੀਤ ਹੋਇਆ ਵਾਪਸ ਹਟੇ ਪਰ ਸੰਤਾਂ ਨੇ ਬਦੋਬਦੀ ਆਪਣੇ ਪਾਸ ਸੱਦ ਕੇ ਉਸ ਦੁੱਧ ਦੇ ਪਿਆਲੇ ਨੂੰ ਵਿਹੁ ਰੂਪ ਜਾਣ ਕੇ ਪੀ ਲਿਆ ਤੇ ਸਰੀਰ ਸ਼ਾਂਤ ਕਰ ਗਏ।

ਅਥਵਾ-ਬਿਖਯਾ= ਮਾਇਆ, ਵਾ:-ਵਿਸ਼ੇ ਵਿਕਾਰ, ਸੰਤਾਂ ਨੂੰ ਅੰਮ੍ਰਿਤ ਰੂਪ ਹੋ ਜਾਂਦੇ ਹਨ, ਅਰਥਾਤ ਏਹ ਵਿਸ਼ੇ ਵਿਕਾਰ ਦੁੱਖ ਨਹੀਂ ਦੇਂਦੇ।

ਦ੍ਰੁਸਟਾਂ ਸਖਾ ਸ੍ਰਜਨਹ ॥

ਦ੍ਰੁਸਟਾਂ= ਦੁਸ਼ਮਣ ਭੀ ਸਖਾ= ਪਿਆਰੇ ਸੱਜਣ ਹੋ ਜਾਂਦੇ ਹਨ। ਵਾ:-ਦੁਸ਼ਟ ਕਾਮ ਆਦਿਕ ਪਿਆਰੇ ਸੱਜਣ ਅਰਥਾਤ ਸ਼ੁਭ ਗੁਣ ਹੋ ਜਾਂਦੇ ਹਨ।

ਯਥਾ- ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥੧॥

(ਗਉੜੀ ਕਬੀਰ ਜੀ, ਪੰਨਾ ੩੨੬)

ਦੁਖੰ ਭਯੰਤਿ ਸੁਖੰ ਭੈ ਭੀਤੰਤ ਨਿਰਭਯਹ ॥

ਵਾਹਿਗੁਰੂ ਦੀ ਕਿਰਪਾ ਹੋਣ ਕਰ ਕੇ ਦੁੱਖਾਂ ਤੋਂ ਸੁਖ ਭਯੰਤਿ= ਹੋ ਜਾਂਦੇ ਹਨ। ਜੋ ਬੜੇ ਭੈ ਵਿਖੇ ਭੀਤੰਤ= ਤਦਾਕਾਰ ਹਨ, ਉਹ ਨਿਰ ਭਯਹ= ਨਿਰਭੈ ਹੋ ਜਾਂਦੇ ਹਨ।

ਅਥਵਾ:- ਜੋ ਜਮਦੂਤ ਜੀਵਾਂ ਨੂੰ ਭੈ ਦੇ ਕੇ ਭੀਤੰਤ= ਕੰਧ ਸਮਾਨ ਜੜ੍ਹ ਕਰਨ ਵਾਲੇ ਹਨ, ਉਹ ਜਮਦੂਤ ਭੀ ਕਾਇਰ ਹੋ ਕੇ ਭੈ ਭੀਤੰਤ= ਭੈ-ਭੀਤ ਹੋ ਜਾਂਦੇ ਹਨ।

ਥਾਨ ਬਿਹੂਨ ਬਿਸ੍ਰਾਮ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥ ੩੭ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਜੇ ਕਰ ਕੇ) ਹਰਿ ਹਰਿ ਦੇ ਸਰੂਪ ਗੁਰੂ, ਕਿਰਪਾਲੂ ਹੋਵਣ ਤਾਂ ਨਾਮ ਚਿੰਤਨ ਦੁਆਰਾ ਪ੍ਰਤੱਖ ਅਸਥਾਨਾਂ ਤੋਂ ਬਿਨਾਂ ਜੋ ਪੁਰਸ਼ ਹਨ, ਉਹਨਾਂ ਨੂੰ ਪ੍ਰਤੱਖ ਅਸਥਾਨਾਂ ਵਿਖੇ ਸੁਖ ਅਨੰਦ ਨਾਲ ਬਿਸ੍ਰਾਮ= ਇਸਥਿਤੀ ਮਿਲਦੀ ਹੈ॥੩੭॥

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਜੀਵ ਨੂੰ ਚਾਹੀਦਾ ਹੈ-ਦੁੱਖ ਸੁਖ ਵਿਖੇ ਹਰਖ ਸ਼ੋਕ ਦੇ ਸਹਿਤ ਨਾ ਹੋਵੇ, ਆਪਣੇ ਚਿੱਤ ਵਿਚ ਐਸਾ ਵਿਚਾਰ ਧਾਰੇ ਕਿ-

ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥

ਪਹਿਲਾ ਅਰਥ-: ਜੋ ਵਾਹਿਗੁਰੂ! ਸਾਰਿਆਂ ਨੂੰ ਸੀਲ ਸੁਭਾਅ ਅਰਥਾਤ ਨੇਕ ਸੁਭਾਅ ਦੇਣ ਵਾਲਾ ਹੈ, ਉਹ ਮੈਨੂੰ ਵੀ ਸੀਲ ਸੁਭਾਅ ਬਖਸ਼ੇਗਾ ਅਤੇ ਜੋ ਵਾਹਿਗੁਰੂ ਸਰਬ ਨੂੰ ਪਾਵਨ= ਪਵਿੱਤਰਤਾ ਦੇਣ ਵਾਲਾ ਹੈ, ਓਹੀ

ਮਮ= ਮੈਨੂੰ ਪਾਵਨਹ= ਪਵਿੱਤਰਤਾ ਬਖਸ਼ੇਗਾ।

ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ ॥ ੩੮ ॥

ਜੋ ਵਾਹਿਗੁਰੂ ਸਾਰਿਆਂ ਦੇ ਕਾਰਜ ਪੂਰਨ ਕਰਦਾ ਹੈ ਓਹੀ ਮਮੰ= ਮੇਰੇ ਕਾਰਜਾਂ ਨੂੰ ਪੂਰਨ ਕਰੇਗਾ। ਸਤਿਗੁਰ ਦੇਵ ਜੀ ਆਖਦੇ ਹਨ- ਹੇ ਭਾਈ! ਤੂੰ ਐਸੇ ਨਿਸਚੇ ਕਰ ਕਿ ਉਸ ਨੂੰ ਮਾਇਆ ਰੂਪ ਛੇਪ= ਛਾਪੇ ਦਾ ਕੋਈ ਲੇਪ= ਚਿੰਨ੍ਹ ਲਿਪਾਇਮਾਨ ਨਹੀਂ ਹੁੰਦਾ।

ਅਥਵਾ- ਉਹ ਪ੍ਰਭੂ ਪਾਪਾਂ ਦੀ ਲਿਪਾਇਮਾਨਗੀ ਕਰ ਕੇ ਲਿਪਾਇਮਾਨ ਨਹੀਂ ਹੁੰਦਾ ਅਤੇ ਛੇਪ= ਵਿਖੇਪ ਸ਼ਕਤੀ ਕਰ ਕੇ ਨਾਨ੍ਹਾ ਪਣੇ ਕਰ ਕੇ ਭੀ ਲਿਪਾਇਮਾਨ ਨਹੀਂ ਹੁੰਦਾ।

ਅਥਵਾ- ਲੇਪ= ਪਾਪਾਂ ਰੂਪ ਚਿੱਕੜ ਕਰ ਕੇ ਲਿਬੜਦਾ ਨਹੀਂ ਹੈ। ਛੇਪ= ਵਿਖੇਪਤਾ ਸਹਿਤ ਵੀ ਨਹੀਂ ਹੁੰਦਾ, ਭਾਵ:-ਮਲ, ਵਿਖੇਪ, ਅਵਿੱਦਿਆ ਤੋਂ ਰਹਿਤ ਹੈ। ਨ ਲਿਪ੍ਤੇ= ਛਿਪਦਾ ਵੀ ਨਹੀਂ ਹੈ॥੩੮॥

-ਦੂਜਾ ਅਰਥ-

ਹੁਣ ਗਿਆਨਵਾਨਾਂ ਦੀ ਦ੍ਰਿਸ਼ਟੀ ਕਥਨ ਕਰਦੇ ਹਨ। ਗਿਆਨਵਾਨ ਇਸ ਤਰ੍ਹਾਂ ਕਹਿੰਦੇ ਹਨ, ਕਿ-

ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ॥

ਜੋ ਸਰਬ ਵਿਖੇ ਸੀਲ ਸੁਭਾਅ ਹੈ, ਉਹ ਸੀਲ ਸੁਭਾਅ ਮਮੰ= ਮੇਰਾ ਹੀ ਦਿੱਤਾ ਹੋਇਆ ਹੈ। ਜੋ ਸਰਬ ਵਿਖੇ ਪਾਵਨ= ਪਵਿਤ੍ਰਤਾ ਹੈ, ਉਹ ਪਵਿਤ੍ਰਤਾ ਮਮੰ= ਮੇਰੀ ਹੀ ਦਿੱਤੀ ਹੋਈ ਹੈ।

ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ॥ ੩੮॥

ਜੋ ਸਾਰੇ ਕਰਤੱਬ ਕਰ ਰਹੇ ਹਨ, ਉਹ ਮਮੰ= ਮੇਰੇ ਹੀ ਕਰਤਾ= ਕੀਤੇ ਹੋਏ ਹਨ। ਮੇਰੇ ਸਰੂਪ ਵਿਖੇ ਮਾਇਆ ਰੂਪ ਛਾਪੇ ਦਾ ਕੋਈ ਲੇਪ ਲਿਪਾਇਮਾਨ ਨਹੀਂ ਹੈ। ਅਰਥਾਤ- ਮੈਂ ਕਰਤਾ ਹੀ ਅਕਰਤਾ ਹਾਂ ਤੇ ਭੋਗਤਾ ਹੀ ਅਭੋਗਤਾ ਹਾਂ॥ ੩੮॥

ਸਾਖੀ— ਦੁਰਬਾਸ਼ਾ ਰਿਖੀ ਜੀ ਦੀ

ਇਕ ਦਿਨ ਗੋਪੀਆਂ ਨੇ ਕ੍ਰਿਸ਼ਨ ਮਹਾਰਾਜ ਨੂੰ ਕਿਹਾ-ਅਸਾਂ ਨੇ ਆਪ ਜੀ ਦੇ ਗੁਰਾਂ ਦਾ ਦਰਸ਼ਨ ਨਹੀਂ ਕੀਤਾ, ਕਿਰਪਾ ਕਰ ਕੇ ਸਾਨੂੰ ਉਹਨਾਂ ਦਾ ਥਹੁ ਟਿਕਾਣਾ ਦੱਸੋ, ਤਾਂ ਜੋ ਅਸੀਂ ਜਾ ਕੇ ਦਰਸ਼ਨ ਕਰ ਆਈਏ। ਇਹ ਗੱਲ ਸੁਣ ਕੇ ਕ੍ਰਿਸ਼ਨ ਜੀ ਨੇ ਕਿਹਾ- ਜਮਨਾ ਤੋਂ ਪਾਰ ਜਾ ਕੇ ਕੁਝਕੁ ਫਾਸਲੇ ਤੇ ਅਮਕੀ ਝਾੜੀ ਹੇਠ ਬੈਠੇ ਸਮਾਧੀ ਵਿਚ ਲਿਵ-ਲੀਨ ਹਨ। ਜਾਓ, ਜਾ ਕੇ ਦਰਸ਼ਨ ਕਰ ਆਓ। ਪਰ ਖਾਲੀ ਹੱਥੀਂ ਨਾ ਜਾਣਾ, ਕੁਝ ਨਾ ਕੁਝ ਲੈ ਕੇ ਜਾਣਾ। ਕਿਉਂਕਿ ਸ਼ਾਸਤ੍ਰ ਵਿਚ ਇਹ ਲਿਖਿਆ ਹੈ ਕਿ ਰਾਜੇ ਪਾਸ ਜਾਣਾ ਹੋਵੇ ਯਾਂ ਵੈਦ ਪਾਸ ਜਾਈਏ ਯਾਂ ਗੁਰਾਂ ਦਾ ਦਰਸ਼ਨ ਕਰਨ ਜਾਈਏ ਤਾਂ ਖਾਲੀ ਹੱਥੀਂ ਨਾ ਜਾਈਏ :

ਰਾਜ ਵੈਦ ਗੁਰ ਜੋਤਸ਼ੀ, ਇੰਨ ਕੇ ਪਾਸ ਜੁ ਜਾਇ।
ਖਾਲੀ ਹਾਥ ਨ ਜਾਈਏ, ਫਲ ਦੀਏ ਫਲ ਪਾਇ।

ਇਸ ਤਰ੍ਹਾਂ ਕ੍ਰਿਸ਼ਨ ਜੀ ਦੇ ਬਚਨ ਸੁਣ ਕੇ ਗੋਪੀਆਂ ਨੇ ਆਪੋ ਆਪਣੀ ਇੱਛਾ ਅਨੁਸਾਰ ਕਿਸੀ ਨੇ ਲੱਡੂਆਂ ਦਾ ਥਾਲ, ਕਿਸੀ ਨੇ ਬਰਫੀ ਦਾ, ਕਿਸੀ ਨੇ ਪੇੜਿਆਂ ਦਾ, ਕਿਸੀ ਨੇ ਅੰਮ੍ਰਿਤੀ ਦਾ, ਕਿਸੀ ਨੇ ਮੇਸੂ ਦਾ, ਕਿਸੀ ਨੇ ਬਦਾਣੇ ਦਾ, ਕਿਸੀ ਨੇ ਮੱਠੀਆਂ ਦਾ, ਕਿਸੀ ਨੇ ਪਕੌੜਿਆਂ ਦਾ ਲੈ ਲੀਤਾ। ਤੁਰਨ ਲੱਗਿਆਂ ਕ੍ਰਿਸ਼ਨ ਜੀ ਤੋਂ ਪੁੱਛਿਆ ਕਿ ਜਮਨਾ ਤੋਂ ਪਾਰ ਕਿਵੇਂ ਹੋਵਾਂਗੀਆਂ? ਤਾਂ ਕ੍ਰਿਸ਼ਨ ਜੀ ਨੇ ਕਿਹਾ- ਕਿਨਾਰੇ 'ਤੇ ਖਲੋ ਕੇ ਕਹਿਣਾ:

ਹੇ ਜਮਨਾ! ਜੇਕਰ ਕ੍ਰਿਸ਼ਨ ਜੀ ਬਾਲ ਜਤੀ ਹਨ, ਤਾਂ ਤੂੰ ਸਾਨੂੰ ਰਸਤਾ ਦੇ ਦੇਹ। ਇਹ ਗੱਲ ਸੁਣ ਕੇ ਗੋਪੀਆਂ ਹੱਸ ਪਈਆਂ ਤੇ ਕਹਿਣ ਲੱਗੀਆਂ : "ਮਹਾਰਾਜ! ਤੁਸੀਂ ਕਿਵੇਂ ਬਾਲ ਜਤੀ ਹੋ?"

ਕ੍ਰਿਸ਼ਨ ਜੀ ਨੇ ਕਿਹਾ- ਤੁਹਾਨੂੰ ਫਿਰ ਪਤਾ ਨਹੀਂ, ਤੁਸੀਂ ਸੰਸਾ ਦਿਲੋਂ ਕੱਢ ਦਿਓ ਤੇ ਜਾ ਕੇ ਮੇਰਾ ਸੰਦੇਸ਼ ਦਿਓ।"

ਗੋਪੀਆਂ ਤੁਰ ਪਈਆਂ ਤੇ ਕਿਨਾਰੇ ਪਰ ਖਲੋ ਕੇ ਆਖਦੀਆਂ ਹਨ- ਹੇ ਜਮਨਾ! ਜੇਕਰ ਕ੍ਰਿਸ਼ਨ ਜੀ ਬਾਲ ਜਤੀ ਹਨ, ਤਾਂ ਤੂੰ ਰਸਤਾ ਦੇ ਦੇਹ। ਇਹ ਗੱਲ ਸੁਣ ਕੇ ਜਮਨਾ ਹਾਥ ਹੋ ਗਈ ਉਸ ਵੇਲੇ ਸਭ ਗੋਪੀਆਂ ਪਾਰ ਚਲੀਆਂ ਗਈਆਂ। ਜਿਸ ਤਰ੍ਹਾਂ ਕ੍ਰਿਸ਼ਨ ਜੀ ਨੇ ਸਮਝਾਇਆ ਸੀ, ਉਸੇ ਸੇਧ ਤੇ ਤੁਰੀਆਂ ਗਈਆਂ। ਅੱਗੇ ਝਾੜੀ ਹੇਠ ਬੈਠੇ ਹੋਏ ਦੁਰਬਾਸ਼ਾ ਰਿਖੀ ਜੀ ਦਿਸ ਪਏ। ਪਾਸ ਜਾ ਕੇ ਉਹ ਮਿਠਿਆਈਆਂ ਤੇ ਪਕਵਾਨਾਂ ਦੇ ਥਾਲ ਅੱਗੇ ਰੱਖ ਕੇ ਮੱਥਾ ਟੇਕ ਕੇ ਬੈਠ ਗਈਆਂ।

ਦੁਰਬਾਸ਼ਾ ਰਿਖੀ ਜੀ ਨੇ ਪੁੱਛਿਆ- ਕਿਵੇਂ ਆਈਆਂ ਹੋ?

ਗੋਪੀਆਂ ਨੇ ਕਿਹਾ- ਗੁਰੂ ਜੀ! ਆਪ ਜੀ ਦਾ ਦਰਸ਼ਨ ਕਰਨ ਆਈਆਂ ਹਾਂ। ਇਹ ਤੁੱਛ ਭੇਟ ਆਪ ਜੀ ਵਾਸਤੇ ਲਿਆਂਦੀ ਹੈ ਆਪ ਅੰਗੀਕਾਰ ਕਰੋ। ਦੁਰਬਾਸ਼ਾ ਰਿਖੀ ਜੀ ਕਈ ਦਿਨਾਂ ਦੇ ਭੁੱਖੇ ਬੈਠੇ ਸਨ ਉਹ ਸਾਰੇ ਹੀ ਥਾਲ ਖਾ ਗਏ। ਕੁਝ ਕੁ ਪਰਸ਼ਾਦ ਉਹਨਾਂ ਨੂੰ ਦੇ ਕੇ ਅੰਮ੍ਰਿਤ ਰੂਪ ਅਮੋਲਕ ਬਚਨ ਭੀ ਸੁਣਾਏ।

ਗੋਪੀਆਂ ਅੰਮ੍ਰਿਤ ਰੂਪ ਬਚਨ ਸੁਣ ਕੇ ਅਤੇ ਦਰਸ਼ਨ ਕਰ ਕੇ ਬਹੁਤ ਨਿਹਾਲ ਹੋਈਆਂ।

ਜਿਸ ਵੇਲੇ ਆਗਿਆ ਲੈ ਕੇ ਉੱਠ ਕੇ ਤੁਰਨ ਲੱਗੀਆਂ ਤਾਂ ਪੁੱਛਿਆ- "ਗੁਰੂ ਜੀ! ਜਮਨਾ ਤੋਂ ਪਾਰ ਕਿਵੇ ਹੋਵਾਂਗੀਆਂ?" ਤਾਂ ਦੁਰਬਾਸ਼ਾ ਨੇ ਪੁੱਛਿਆ : "ਤੁਸੀਂ ਆਈਆਂ ਕਿਸ ਤਰ੍ਹਾਂ ਹੋ?

ਗੋਪੀਆਂ ਨੇ ਕਿਹਾ- ਕ੍ਰਿਸ਼ਨ ਜੀ ਦੇ ਕਹੇ ਅਨੁਸਾਰ ਅਸਾਂ ਨੇ ਕਿਹਾ ਸੀ-ਹੇ ਜਮਨਾ! ਜੇ ਕ੍ਰਿਸ਼ਨ ਜੀ ਬਾਲ ਜਤੀ ਹਨ ਤਾਂ ਤੂੰ ਰਸਤਾ ਦੇ ਦੇਹ। ਜਮਨਾ ਨੇ ਉਸ ਵੇਲੇ ਰਸਤਾ ਦੇ ਦਿੱਤਾ ਸੀ।

ਇਹ ਗੱਲ ਸੁਣ ਕੇ ਦੁਰਬਾਸ਼ਾ ਰਿਖੀ ਜੀ ਨੇ ਕਿਹਾ- ਹੁਣ ਤੁਸੀਂ ਇਹ ਕਹਿਣਾ ਕਿ ਜੇਕਰ ਦੁਰਬਾਸ਼ਾ ਰਿਖੀ ਜੀ ਪਉਣ ਅਹਾਰੀ ਹਨ, ਉਹਨਾਂ ਨੇ ਕੁਝ ਖਾਧਾ ਪੀਤਾ ਨਹੀਂ ਹੈ ਤਾਂ ਤੂੰ ਰਸਤਾ ਦੇ ਦੇਹ।

ਗੋਪੀਆਂ ਨੇ ਕਿਨਾਰੇ 'ਤੇ ਆ ਕੇ ਉਸੇ ਤਰ੍ਹਾਂ ਕਿਹਾ- ਹੇ ਜਮਨਾ! ਜੇਕਰ ਦੁਰਬਾਸ਼ਾ ਰਿਖੀ ਜੀ ਨੇ ਕੁਝ ਖਾਧਾ ਪੀਤਾ ਨਹੀਂ ਹੈ, ਤਾਂ ਤੂੰ ਰਸਤਾ ਦੇ ਦੇਹ। ਓਸੇ ਵੇਲੇ ਜਮਨਾ ਦਾ ਪਾਣੀ ਉਤਰ ਗਿਆ ਤੇ ਸਭ ਗੋਪੀਆਂ ਪਾਰ ਹੋ ਗਈਆਂ।

ਜਦ ਘਰ ਪਹੁੰਚੀਆਂ ਤਾਂ ਕ੍ਰਿਸ਼ਨ ਜੀ ਨੇ ਪੁੱਛਿਆ- ਦਰਸ਼ਨ ਕਰ ਆਈਆਂ ਹੋ?

ਗੋਪੀਆਂ ਨੇ ਆਖਿਆ-ਹਾਂ ਜੀ! ਆਪ ਜੀ ਦੀ ਕਿਰਪਾ ਨਾਲ ਸੋਹਣਾ ਦਰਸ਼ਨ ਹੋਇਆ ਹੈ।

ਫਿਰ ਪੁੱਛਿਆ ਤੁਸੀਂ ਆਈਆਂ ਕਿਵੇਂ ਹੋ? ਤਾਂ ਗੋਪੀਆਂ ਨੇ ਕਿਹਾ- ਜਿਵੇਂ ਗੁਰੂ ਜੀ ਨੇ ਕਿਹਾ ਸੀ ਓਸੇ ਤਰ੍ਹਾਂ ਕਿਹਾ ਤਾਂ ਜਮਨਾ ਨੇ ਰਾਹ ਦੇ ਦਿੱਤਾ। ਪਰ ਤੁਸੀਂ ਗੁਰੂ ਚੇਲਾ ਦੋਵੇਂ ਇਕੋ ਜੇਹੇ ਹੋ, ਤੁਹਾਡੇ ਭੇਤ ਦਾ ਸਾਨੂੰ ਕੁਝ ਨਹੀਂ ਪਤਾ ਲੱਗਾ, ਕਿ ਤੁਸੀਂ ਕਿਵੇਂ ਬਾਲ ਜਤੀ ਹੋ ਤੇ ਗੁਰੂ ਥਾਲਾਂ ਦੇ ਥਾਲ ਖਾ ਗਏ ਫੇਰ ਆਖਦੇ ਹਨ ਕੁਝ ਖਾਧਾ ਪੀਤਾ ਹੀ ਨਹੀਂ, ਇਹ ਕਿਵੇਂ ਗੱਲ ਮੰਨੀ ਜਾ ਸਕਦੀ ਹੈ। ਤਾਂ ਕ੍ਰਿਸ਼ਨ ਜੀ ਨੇ ਸਮਝਾਇਆ: ਹੇ ਗੋਪੀਓ! ਜਿਹੜੇ ਗਿਆਨਵਾਨ ਹੁੰਦੇ ਹਨ, ਉਹ ਭੋਗਤਾ ਹੀ ਅਭੋਗਤਾ ਹੁੰਦੇ ਹਨ।

ਯਥਾ- ਜਿਨੋ ਗਿਆਨ ਹੋਏ, ਤਿਨੋ ਭਰਮ ਖੋਏ। ਨਹੀਂ ਲਾਭ ਜਾਗੇ, ਨਹੀਂ ਹਾਨ ਸੋਏ।

ਹਨੇ ਲਾਖ ਬਿਪਰੰ, ਕਰੇ ਕੋਟ ਜਾਗੇ। ਨਹੀਂ ਪਾਪ ਪੁੰਨੰ, ਤਿਸੈ ਏਕ ਲਾਗੇ॥ *(ਮੋਖ ਪੰਥ)*

ਤਥਾ- ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥

(ਰਾਮਕਲੀ ਸਿਧ ਗੋਸਟਿ, ਪੰਨਾ ੯੪੩)

ਤਥਾ- ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ॥

(ਤੁਖਾਰੀ ਮਹਲਾ ੧, ਪੰਨਾ ੧੧੧੨)

ਫੇਰ ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਸੁਆਮੀ ਜੀ! ਕੋਈ ਚੰਦ੍ਰਮਾ ਨੂੰ ਸੀਤਲ ਤੇ ਕੋਈ ਬਾਵਨ ਚੰਦਨ ਨੂੰ ਸੀਤਲ ਤੇ ਕੋਈ ਪੋਹ ਮਾਘ ਦੇ ਮਹੀਨੇ ਨੂੰ ਸੀਤਲ ਆਖਦਾ ਹੈ ਆਪ ਦੱਸੋ ਸੀਤਲ ਕਿਹੜਾ ਹੈ?

ਗੁਰ ਉੱਤਰ- ਸਭ ਤੋਂ ਸੀਤਲ ਮਹਾਤਮਾਂ ਹੀ ਹਨ।

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥

ਚੰਦ੍ਰਮਾ ਦੇਵਤਾ ਸੰਸਾਰ ਵਿਖੇ ਸੀਤਲ ਨਹੀਂ ਹੈ, *ਅਥਵਾ-*ਦੇਵਹ= ਪ੍ਰਕਾਸ਼ ਕਰਨ ਵਾਲਾ ਚੰਦ੍ਰਮਾ ਵੀ ਸੀਤਲ ਨਹੀਂ, ਕਿਉਂਕਿ ਵਿਛੋੜੇ ਵਾਲੀਆਂ ਪਤਿਬ੍ਰਤਾ ਇਸਤ੍ਰੀਆਂ ਨੂੰ ਚੰਦ੍ਰਮਾ ਦੀਆਂ ਕਿਰਣਾਂ ਦੁਖਦਾਈ ਹਨ। ਬਾਵਨ ਚੰਦਨ ਵੀ ਸੰਸਾਰ ਵਿਖੇ ਸੀਤਲ ਨਹੀਂ ਹੈ, ਕਿਉਂਕਿ ਇਹ ਠੰਢ ਤਾਂ ਦੇਂਦਾ ਹੈ, ਪਰ ਸੱਪਾਂ ਦੀ ਜ਼ਹਿਰ ਨੂੰ ਦੂਰ ਨਹੀਂ ਕਰ ਸਕਦਾ।

ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਰਜਨਹ॥ ੩੯॥

ਸੀਤ ਰੁਤੇਣ= ਸਰਦੀ ਦੀ ਰੁੱਤ (ਭਾਵ ਮੱਘਰ ਪੋਹ ਦਾ ਮਹੀਨਾ) ਵੀ ਅਜੇਹਾ ਸੀਤਲ ਨਹੀਂ ਹੈ ਕਿਉਂਕਿ ਸੜਕੇ ਆਦਿਕ ਦੀ ਬੀਮਾਰੀ ਵਾਲਿਆਂ ਨੂੰ ਸੀਤ, ਰੁੱਤ ਦੁਖਦਾਈ ਹੈ।

ਸਤਿਗੁਰ ਦੇਵ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਲੋਕ ਪ੍ਰਲੋਕ ਵਿਖੇ ਜੀਵ ਦੇ) ਸੱਜਣ ਜੋ ਸਾਧੂ ਹਨ ਉਹ ਜਿਵੇਂ ਸੀਤਲ ਸੁਭਾਅ ਵਾਲੇ ਹੁੰਦੇ ਹਨ, ਉਹਨਾਂ ਵਰਗਾ ਹੋਰ ਕੋਈ ਸੀਤਲ ਨਹੀਂ ਹੈ, ਕਿਉਂਕਿ ਚੰਦ੍ਰਮਾ, ਬਾਵਨ ਚੰਦਨ ਅਤੇ ਸਰਦ ਰੁਤ ਏਹ ਬਾਹਰਲੀਆਂ ਤਪਸ਼ਾਂ ਦੇ ਦੂਰ ਕਰਨ ਨੂੰ ਭਾਵੇਂ ਸਮਰੱਥ ਹਨ ਪਰ ਅੰਦਰਲੀ ਤਪਸ਼ ਦੇ ਦੂਰ ਕਰਨ ਨੂੰ ਸਮਰੱਥ ਨਹੀਂ ਹਨ ਤੇ ਸ੍ਰਜਨ= ਸਾਧੂ ਜੋ ਮਹਾਂ ਪੁਰਸ਼ ਹਨ, ਉਹ ਨਾਮ ਸਿਮਰਨ ਦੁਆਰੇ ਅਗਿਆਨ ਰੂਪ ਸੂਰਜ ਦੀਆਂ ਰਾਗ ਦ੍ਵੈਸ਼ ਰੂਪ ਕਿਰਣਾਂ ਦੀ ਤ੍ਰਿਸ਼ਨਾ ਰੂਪ ਧੁੱਪ ਨੂੰ ਮੇਟ ਕੇ ਇਕ ਵਾਰ ਐਸੀ ਠੰਢ ਪਾ ਦੇਂਦੇ ਹਨ, ਜੋ ਫਿਰ ਕਦੇ ਗਰਮੀ ਲੱਗਦੀ ਹੀ ਨਹੀਂ॥੩੯॥

ਯਥਾ- ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥

(ਜੈਤਸਰੀ ਵਾਰ ਮਹਲਾ ੫, ਪੰਨਾ ੭੦੯)

ਪੁਨਾ-ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਆਪ ਜੀ ਨੇ ਜਿਨ੍ਹਾਂ ਸੰਤਾਂ ਨੂੰ ਸੀਤਲ ਕਿਹਾ ਹੈ ਉਹਨਾਂ ਸੰਤਾਂ ਦੇ ਲਖਸ਼ਣ ਸੁਣਾਓ ਕਿ ਸ੍ਰਜਨ-ਸਾਧੂ ਕਿਨ੍ਹਾਂ ਨੂੰ ਕਹਿੰਦੇ ਹਨ?

ਗੁਰ ਉੱਤਰ- (ਅਰਥ ਵਾਸਤੇ ਅੰਤਲੀ ਪੰਗਤੀ ਦਾ ਅਰਥ ਪਹਿਲੇ ਕਰਨਾ)

ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰਜਨਹ॥ ੪੦॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਖਟ ਲਖ੍ਹਣ= ਛੇ ਗੁਣਾਂ ਵਿਖੇ ਜੋ ਪੁਰਖ ਪੂਰਨ ਹਨ, ਉਹਨਾਂ ਦਾ ਨਾਮ ਸ੍ਰਜਨ ਸਾਧੂ ਹੈ।

ਛੇ ਤੁਕਾਂ ਦੇ ਵਿਚ ਛੇ ਗੁਣ ਲਿਖੇ ਹਨ-

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥

(੧) ਜਿਸ ਤੇ ਰਮੇ ਹੋਏ ਰਾਮ ਦੇ ਨਾਮ ਦਾ ਮੰਤਰ ਜਪਦੇ ਹਨ, ਇਸੀ ਤੇ ਸਾਰਿਆਂ ਵਿਖੇ ਪੂਰਨ ਜਾਣ ਕੇ ਵਾਹਿਗੁਰੂ ਦਾ ਧਿਆਨ ਕਰਦੇ ਹਨ(ਇਕ ਲੱਖਣ)।

ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥

(੨) ਜਿਸ ਤੇ ਦੁੱਖ ਸੁਖ ਵਿਚ ਇਕ ਸਮਾਨ ਗਿਆਨ ਹੈ, ਇਸੀ ਤੇ ਨਿਰਮਲ ਨਿਰਵੈਰ ਜੋ ਪਰਮਾਤਮਾ ਹੈ, ਤਿਸ ਵਿਚ ਜੁਗਤਿ= ਜੁੜੇ ਰਹਿੰਦੇ ਹਨ (ਇਹ ਦੂਜਾ ਲੱਖਣ ਹੈ)।

ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥

(੩) ਜਿਸ ਤੇ ਸਾਰਿਆਂ ਜੀਵਾਂ ਪਰ ਦਿਆਲੂ ਰਹਿੰਦੇ ਹਨ, ਇਸੀ ਤੇ ਪੰਜ ਕਾਮ ਆਦਿਕ, ਵਾ:- ਪੰਚ ਦੋਖ= ਪੰਜ ਦੋਸ਼ਾਂ-(ਸ਼ਬਦ, ਸਪਰਸ਼, ਰੂਪ ਰਸ, ਗੰਧ ਇਹਨਾਂ) ਨੂੰ ਬਿਵਰਜਿਤਹ= ਰੋਕਣਾ ਕਰਦੇ ਹਨ (ਇਹ ਤੀਜਾ ਲੱਖਣ ਹੈ)।

ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥

(੪) ਜਿਸ ਤੇ ਗੋਪਾਲ ਦਾ ਕੀਰਤਨ ਕਰਨੇ ਰੂਪ ਭੋਜਨ ਨੂੰ ਛਕਦੇ ਹਨ, ਇਸੀ ਤੇ ਮਾਇਆ ਦੀ ਤਰਫੋਂ ਇਸ ਤਰ੍ਹਾਂ ਅਸੰਗ ਰਹਿੰਦੇ ਹਨ ਜਿਸ ਤਰ੍ਹਾਂ ਕਮਲ ਫੁੱਲ ਪਾਣੀ ਤੋਂ ਅਲਪ= ਨਿਰਲੇਪ ਰਹਿੰਦਾ ਹੈ (ਇਹ ਚੌਥਾ ਲੱਖਣ ਹੈ)।

ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥

(੫) ਜਿਸ ਤੇ ਮਿੱਤਰ ਤੇ ਸਤ੍ਰਹ= ਦੁਸ਼ਮਣ ਨੂੰ ਇਕ ਸਮਾਨ ਜਾਣ ਕੇ ਉਪਦੇਸ਼ ਕਰਦੇ ਹਨ, ਇਸੀ ਤੇ ਭਗਵੰਤ ਦੀ ਭਗਤੀ ਕਰਨੀ ਉਹਨਾਂ ਨੂੰ ਭਾਂਵਦੀ ਹੈ।

ਜਿਸ ਤਰ੍ਹਾ ਦੁਰਜੋਧਨ ਨੇ ਰਾਜੇ ਯੁਧਿਸ਼ਟਰ ਪਾਸ ਆ ਕੇ ਕਿਹਾ ਸੀ, ਕਿ ਮੇਰਾ ਭੀਮਸੈਨ ਨਾਲ ਜੰਗ ਹੋਣ ਹੈ ਉਸ ਕੋਲੋਂ ਮੇਰਾ ਬਚਾਓ ਕਿਸ ਤਰ੍ਹਾਂ ਹੋਵੇ? ਰਾਜਾ ਯੁਧਿਸ਼ਟਰ ਨੇ ਕਿਹਾ- ਤੂੰ ਆਪਣੀ ਮਾਤਾ ਦੇ ਅੱਗੋਂ ਨੰਗਾ ਹੋ ਕੇ ਲੰਘੀ ਤਾਂ ਉਸ ਦੀ ਦ੍ਰਿਸ਼ਟੀ ਪੈਣ ਨਾਲ ਤੇਰਾ ਸਰੀਰ ਬੱਜਰ ਦਾ ਹੋ ਜਾਵੇਗਾ। ਦੇਖੋ! ਭਾਵੇਂ ਦੁਰਜੋਧਨ ਵੈਰੀ ਹੀ ਸੀ, ਪਰ ਉਸ ਨੂੰ ਸੱਚਾ ਹੀ ਉਪਦੇਸ਼ ਦਿੱਤਾ ਹੈ।

ਅਥਵਾ- ਭਾਵਨੀ= ਸ਼ਰਧਾ ਦੇ ਨਾਲ ਭਗਵੰਤ ਦੀ ਭਗਤੀ ਕਰਦੇ ਹਨ (ਇਹ ਪੰਜਵਾਂ ਲੱਖਣ ਹੈ)।

ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗਿ ਸਗਲ ਰੇਣੁਕਹ ॥

(੬) ਜਿਸ ਤੇ ਪਰ= ਪਰਾਈ ਨਿੰਦਿਆ ਨੂੰ ਆਪਣੇ ਸ੍ਰਵਣੰ= ਕੰਨਾਂ ਨਾਲ ਸ੍ਰੋਤਿ ਨਹ= ਸੁਣਦੇ ਨਹੀਂ ਹਨ, ਇਸੀ ਤੇ ਆਪਾ ਭਾਵ ਤਿਆਗ ਕੇ ਸਭਨਾਂ ਦੀ ਚਰਨ ਰੇਣੁਕਹ= ਧੂੜੀ ਹੁੰਦੇ ਹਨ ਭਾਵ-ਨਿੰਮ੍ਰਤਾ ਗੁਣ ਧਾਰਦੇ ਹਨ (ਇਹ ਛੇਵਾਂ ਲੱਖਣ ਹੈ)।

ਖਟ ਲਖ੍ਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥ ੪੦ ॥

ਸਤਿਗੁਰੂ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਇਹਨਾਂ ਛੇ ਲਖਸ਼ਣਾਂ ਦੇ ਨਾਲ ਜੋ ਪੁਰਖ ਪੂਰਨ ਹਨ, ਉਹਨਾਂ ਦਾ ਨਾਮ ਸ੍ਵਜਨ ਸਾਧੂ ਹੈ॥ ੪੦॥

ਇਸ ਸਲੋਕ ਦਾ ਦੂਸਰੀ ਰੀਤੀ ਨਾਲ ਅਰਥ ਕਰ ਕੇ ਬਾਰ੍ਹਾਂ ਲੱਖਣ ਘਟਾਉਂਦੇ ਹਨ।

ਉਹ ਰੀਤੀ ਇਸ ਪ੍ਰਕਾਰ ਹੈ-

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥

(੧) ਜੋ ਰਾਮ ਰਾਮ ਦੇ ਨਾਮ ਮੰਤਰ ਨੂੰ ਜਪਦੇ ਹਨ।

(੨) ਤੇ ਸਾਰਿਆਂ ਵਿਚ ਪੂਰਨ ਜਾਣ ਕੇ ਜੋ ਵਾਹਿਗੁਰੂ ਦਾ ਧਿਆਨ ਕਰਦੇ ਹਨ।

ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥

(੩) ਗਿਆਨ ਦੀ ਬਹੁਲਤਾ ਕਰਕੇ ਦੁੱਖ ਸੁਖ ਵਿਖੇ ਜਿਨ੍ਹਾਂ ਦੀ ਬਿਰਤੀ ਇਕ ਸਮਾਨ ਰਹਿੰਦੀ ਹੈ।

(੪) ਨਿਰਮਲ ਜੋ ਪਰਮਾਤਮਾ ਹੈ ਵੈਰ ਭਾਵ ਤੋਂ ਰਹਿਤ ਤਿਸ ਵਿਖੇ ਅੱਠੇ ਪਹਿਰ ਜੋ ਜੁਗਤਿ= ਜੁੜੇ ਰਹਿੰਦੇ ਹਨ।

ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥

(੫) ਜੋ ਸਾਰਿਆਂ ਜੀਵਾਂ ਉੱਪਰ ਦਿਆਲੂ ਰਹਿੰਦੇ ਹਨ।

(੬) ਪੰਜਾਂ ਦੋਸ਼ਾਂ ਨੂੰ ਜਿਨ੍ਹਾਂ ਨੇ ਬਿਵਰਜਿਤਹ= ਰੋਕਿਆ ਹੈ।

ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥

(੭) ਗੋਪਾਲ ਦੇ ਕੀਰਤਨ ਕਰਨ ਰੂਪ ਭੋਜਨ ਨੂੰ ਛਕਿਆ ਹੈ।

*ਯਥਾ-*ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥੮॥੨॥

(ਗਉੜੀ ਮਹਲਾ ੫, ਪੰਨਾ ੨੩੬)

ਵਾ:-ਭੋਜਨ ਛਕ ਕੇ ਜੋ ਅੱਠੇ ਪਹਿਰ ਗੋਪਾਲ ਦਾ ਕੀਰਤਨ ਕਰਦੇ ਹਨ। (੮) ਜਿਸ ਤਰ੍ਹਾਂ ਪਾਣੀ ਤੋਂ ਕਵਲ ਫੁੱਲ ਨਿਰਲੇਪ ਰਹਿੰਦਾ ਹੈ, ਇਸ ਤਰ੍ਹਾਂ ਜੋ ਮਾਇਆ ਦੀ ਤਰਫੋਂ ਅਲਪ= ਅਸੰਗ ਰਹਿੰਦੇ ਹਨ।

ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥

(੯) ਸੱਜਣ ਤੇ ਦੁਸ਼ਮਣ, ਇਹਨਾਂ ਦੋਹਾਂ ਨੂੰ ਜੋ ਇਕ ਸਮਾਨ ਉਪਦੇਸ਼ ਕਰਦੇ ਹਨ।

(੧੦) ਤੇ ਭਾਵਨੀ= ਸ਼ਰਧਾ ਨਾਲ ਜੋ ਭਗਵੰਤ ਦੀ ਭਗਤੀ ਕਰਦੇ ਹਨ।

ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਗਿ ਸਗਲ ਰੇਣੁਕਹ॥

(੧੧) ਆਪਣੇ ਕੰਨਾਂ ਨਾਲ ਜੋ ਪਰਾਈ ਨਿੰਦਿਆ ਨਹੀਂ ਸ੍ਰੋਤਿ= ਸੁਣਦੇ।

(੧੨) ਅਤੇ ਆਪੁ = ਹੰਕਾਰ ਨੂੰ ਤਿਆਗ ਕੇ ਜੋ ਸਭ ਦੀ ਚਰਨ ਧੂੜੀ ਹੋਏ ਹਨ।

ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰਜਨਹ॥ ੪੦॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹਨਾਂ) ਬਾਰ੍ਹਾਂ ਲਖਸ਼ਣਾਂ ਨੂੰ ਖਟ= ਖੱਟ ਕੇ ਅਰਥਾਤ ਕਮਾ ਕੇ ਜਿਨ੍ਹਾਂ ਪੁਰਸ਼ਾਂ ਨੇ ਆਪਣੇ ਅੰਤਹ ਕਰਨ ਨੂੰ ਪੂਰਨ ਕੀਤਾ ਹੈ, ਉਹਨਾਂ ਦਾ ਨਾਮ ਸ੍ਰਜਨ ਸਾਧੂ ਹੈ॥ ੪੦॥

ਖਟ ਦਾ ਅਰਥ ਮਿਲਣਾ ਵੀ ਹੈ ਭਾਵ ਜੋ ਪੁਰਸ਼ ਇਨ੍ਹਾਂ ਬਾਰ੍ਹਾਂ ਲਖਸ਼ਣਾਂ ਵਿਚ ਮਿਲੇ ਹਨ, ਉਹ ਪੂਰਨ

ਪੁਰਖ ਹਨ। ਵਾ:-ਖਟ ਨਾਮ ਖੱਟੀ ਦਾ ਹੈ, ਜਿਨ੍ਹਾਂ ਨੇ ਇਨ੍ਹਾਂ ਸ਼ੁਭ-ਗੁਣਾਂ ਰੂਪ ਬਾਰਾਂ ਲੱਖਣਾਂ ਦੀ ਖੱਟੀ ਨੂੰ ਖੱਟਿਆ ਹੈ, ਉਹ ਪੂਰਨ ਪੁਰਖ ਹੈ:

ਯਥਾ- ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥
ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥
ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥ ੧॥

(ਗਉੜੀ ਸੁਖਮਨੀ ਮ: ੫, ਪੰਨਾ ੨੭੪)

ਫੇਰ ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਇਸ ਸੰਸਾਰ ਦੀ ਕੀ ਦਸ਼ਾ ਹੈ?
ਗੁਰ ਉੱਤਰ:-

ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥

ਪਹਿਲਾ ਅਰਥ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਜਿਸ ਤਰ੍ਹਾਂ) ਅਜਾ= ਬੱਕਰੀ ਖੂਬ ਚੰਗੇ ਚੰਗੇ ਕੰਦ ਮੂਲ ਆਦਿਕਾਂ ਨੂੰ ਭੋਗੰਤ= ਖਾ ਕੇ ਰਿਸ਼ਟ ਪੁਸ਼ਟ ਹੁੰਦੀ ਹੈ, ਪਰ ਕੇਹਰਹ= ਸ਼ੇਰ ਦੇ ਸਮੀਪ= ਪਾਸ ਵਸਣ ਕਰ ਕੇ ਉਸ ਦਾ ਖਾਧਾ ਪੀਤਾ ਸਭ ਨਿਕਲ ਜਾਂਦਾ ਹੈ।

ਸਾਖੀ—ਬੀਰਬਲ ਦੀ

ਬੀਰਬਲ ਅਕਬਰ ਬਾਦਸ਼ਾਹ ਦਾ ਮੁਖੀ ਵਜ਼ੀਰ ਸੀ, ਜੋ ਬੜਾ ਚਤੁਰ, ਅਕਲ ਦਾ ਧਨੀ, ਨੀਤੀਵਾਨ ਤੇ ਸਿਆਣਾ ਸੀ।

ਇਕ ਸਮੇਂ ਇਸ ਪਾਸੋਂ ਕੋਈ ਅਜੇਹੀ ਗਲਤੀ ਹੋ ਗਈ ਜਿਸ ਕਰ ਕੇ ਬੀਰਬਲ ਉਤੇ ਬਾਦਸ਼ਾਹ ਦੀ ਨਾਰਾਜ਼ਗੀ ਹੋ ਗਈ। ਦੂਜਿਆਂ ਦੇ ਕਹਿਣ ਤੇ ਬਾਦਸ਼ਾਹ ਨੇ ਬੀਰਬਲ ਨੂੰ ਦੇਸ਼-ਨਿਕਾਲਾ ਦੇਣ ਦੀ ਸਲਾਹ ਕਰ ਲਈ। ਪਰ ਇਸ ਦਾ ਪਤਾ ਬੀਰਬਲ ਨੂੰ ਪਤਾ ਲੱਗ ਗਿਆ ਕਿ ਇਸ ਵੇਲੇ ਬਾਦਸ਼ਾਹ ਦੀ ਮੇਰੇ ਉੱਪਰ ਸਖਤ ਨਾਰਾਜ਼ਗੀ ਹੈ ਤੇ ਮੈਨੂੰ ਦੇਸ਼-ਨਿਕਾਲਾ ਮਿਲ ਜਾਣਾ ਹੈ।

ਇਸ ਨੇ ਆਪਣੇ ਮਨ ਵਿਚ ਵਿਚਾਰਿਆ ਜੇਕਰ ਮੈਨੂੰ ਦੇਸ਼ ਨਿਕਾਲਾ ਹੋ ਗਿਆ ਤਾਂ ਮੇਰੇ ਪਿੱਛੋਂ ਪਰਜਾ ਬਹੁਤ ਦੁਖੀ ਹੋਵੇਗੀ ਅਤੇ ਸਮਾਂ ਪਾ ਕੇ ਬਾਦਸ਼ਾਹ ਵੀ ਪਸ਼ਚਾਤਾਪ ਕਰੇਗਾ, ਕਿਉਂ ਨਾ ਹੋਵੇ ਸਭਨਾਂ ਦੀ ਭਲਿਆਈ ਵਾਸਤੇ ਕੁਝ ਸਮੇਂ ਲਈ ਇਸ ਨਗਰ ਵਿਚ ਕਿਸੇ ਦੇ ਘਰ ਛੁਪ ਕੇ ਬਹਿ ਜਾਵਾਂ।

ਇਸ ਤਰ੍ਹਾਂ ਵਿਚਾਰ ਕੇ ਉਸੇ ਨਗਰ ਵਿਚ ਹੀ ਆਪਣੇ ਪਰਮ ਪਿਆਰੇ ਮਿੱਤਰ ਦੇ ਘਰ ਛੁਪ ਕੇ ਬੈਠ ਗਿਆ, ਪਰ ਕਿਸੇ ਨੂੰ ਕੋਈ ਪਤਾ ਨਾ ਲੱਗ ਸਕਿਆ।

ਇਕ ਸਮੇਂ ਅਕਬਰ ਬਾਦਸ਼ਾਹ ਨੂੰ ਬੀਰਬਲ ਦੀ ਬੜੀ ਭਾਰੀ ਲੋੜ ਪੈ ਗਈ, ਤੇ ਪੁੱਛਿਆ ਇਸ ਵੇਲੇ ਬੀਰਬਲ ਕਿਥੇ ਹੈ? ਰਾਜ ਦਰਬਾਰੀਆਂ ਨੇ ਕਿਹਾ- ਬਾਦਸ਼ਾਹ ਸਲਾਮਤ! ਅਨੁਮਾਨ ਤੋਂ ਜਾਣਿਆਂ ਜਾਂਦਾ ਹੈ ਕਿ ਬੀਰਬਲ ਇਥੇ ਹੀ ਹੈ ਸ਼ਹਿਰ ਤੋਂ ਬਾਹਰ ਨਹੀਂ ਗਿਆ ਪਰ ਇਹ ਪਤਾ ਨਹੀਂ ਕਿਸ ਦੇ ਘਰ ਵਿਚ ਹੈ। ਬਾਦਸ਼ਾਹ ਨੇ ਸੋਚਿਆ ਉਹ ਬੜਾ ਲਾਇਕ ਤੇ ਸਿਆਣਾ ਵਜ਼ੀਰ ਹੈ, ਉਸ ਤੋਂ ਬਗੈਰ ਮੇਰਾ ਇਹ ਕੰਮ ਹੋ ਨਹੀਂ ਸਕਦਾ, ਇਸ ਕਰ ਕੇ ਉਸ ਦੀ ਖੋਜ ਜ਼ਰੂਰ ਕਰਨੀ ਚਾਹੀਦੀ ਹੈ।

ਇਹ ਵਿਚਾਰ ਕੇ ਉਸ ਦੇ ਲੱਭਣ ਦਾ ਇਕ ਨਵਾਂ ਢੰਗ ਸੋਚ ਲਿਆ ਤੇ ਉਸੇ ਅਨੁਸਾਰ ਬਾਦਸ਼ਾਹ ਨੇ

ਬਹੁਤ ਸਾਰੇ ਬੱਕਰੇ ਮੰਗਵਾ ਲਏ ਅਤੇ ਸਾਰੇ ਸ਼ਹਿਰ ਵਿਚ ਮੁਨਿਆਦੀ ਕਰਵਾ ਕੇ ਹਰੇਕ ਘਰ ਦਾ ਇਕ ਇਕ ਆਦਮੀ ਬੁਲਾ ਲਿਆ। ਉਹਨਾਂ ਸਭਨਾਂ ਨੂੰ ਇਕ ਇਕ ਬੱਕਰਾ ਤੇ ਉਸੇ ਅਨੁਸਾਰ ਇਕੱਲੇ ਇਕੱਲੇ ਬੱਕਰੇ ਦੀ ਖੁਰਾਕ ਦਿੱਤੀ ਗਈ। ਖੁਰਾਕ ਵੀ ਤੇ ਬੱਕਰਾ ਵੀ ਤੋਲ ਕੇ ਦਿੱਤਾ ਤੇ ਕਿਹਾ- ਖੁਰਾਕ ਰੋਜ਼ਾਨਾ ਖੁਆਣੀ। ਅੱਠਾਂ ਦਿਨਾਂ ਨੂੰ ਇਸ ਬੱਕਰੇ ਦਾ ਵਜ਼ਨ ਇੰਨਾਂ ਹੀ ਹੋਵੇ ਜਿੰਨ੍ਹਾਂ ਅੱਜ ਹੈ ਇਹ ਨਾ ਘਟੇ ਤੇ ਨਾ ਹੀ ਵਧੇ। ਬਾਅਦ ਵਿਚ ਸਭਨਾਂ ਦੇ ਬੱਕਰੇ ਤੋਲੇ ਜਾਣਗੇ ਜਿਸ ਆਦਮੀ ਦੇ ਬੱਕਰੇ ਦਾ ਵਜ਼ਨ ਘੱਟ ਜਾਂ ਵਧ ਨਿਕਲੇਗਾ ਉਸ ਨੂੰ ਸਜ਼ਾ ਦਿੱਤੀ ਜਾਵੇਗੀ।

ਬਾਦਸ਼ਾਹ ਦਾ ਇਹ ਹੁਕਮ ਸੁਣ ਕੇ ਸਾਰੇ ਲੋਕ ਭੈ ਭੀਤ ਹੋ ਗਏ। ਬੱਕਰੇ ਸਭਨਾਂ ਨੇ ਲੈ ਤਾਂ ਲਏ ਪਰ ਚਿੰਤਾ ਵਿਚ ਇਤਨੇ ਗਲਤਾਨ ਹੋਏ ਕਿ ਸ਼ਭਨਾਂ ਨੇ ਅੰਨ ਪਾਣੀ ਛੱਡ ਦਿੱਤਾ। ਕਹਿਣ ਲੱਗੇ ਅਫਸੋਸ ਤਾਂ ਇਸ ਗੱਲ ਦਾ ਹੈ ਜੇਕਰ ਖੁਰਾਕ ਪੂਰੀ ਖੁਆਣੀ ਹੈ ਫੇਰ ਬੱਕਰੇ ਦਾ ਵਜ਼ਨ ਕਿਵੇਂ ਨਹੀਂ ਵਧੇਗਾ, ਪਰ ਜਿਸ ਆਦਮੀ ਦੇ ਘਰ ਵਿਚ ਬੀਰਬਲ ਛੁਪਿਆ ਹੋਇਆ ਸੀ। ਜਦ ਉਸ ਪੁਰਸ਼ ਨੂੰ ਬੀਰਬਲ ਨੇ ਬੜਾ ਚਿੰਤਾਤੁਰ ਵੇਖਿਆਂ ਤਾਂ ਉਸ ਪਾਸੋਂ ਉਸ ਦੀ ਚਿੰਤਾ ਦਾ ਕਾਰਨ ਪੁੱਛਿਆ। ਉਸ ਨੇ ਸਾਰੀ ਗੱਲ ਸੁਣਾਈ ਕਿ ਅੱਜ ਅਕਬਰ ਬਾਦਸ਼ਾਹ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਬੁਲਾ ਕੇ ਘਰ ਪ੍ਰਤੀ ਇਕ ਇਕ ਬੱਕਰਾ ਤੇ ਉਸ ਦੀ ਖੁਰਾਕ ਤੋਲ ਕੇ ਦਿੱਤੀ ਹੈ ਤੇ ਇੰਜ ਹੁਕਮ ਕੀਤਾ ਹੈ, ਕਿ ਬੱਕਰੇ ਨੂੰ ਰੋਜ਼ਾਨਾ ਪੂਰੀ ਖੁਰਾਕ ਖੁਆਉਣੀ ਹੈ ਅਤੇ ਅੱਠਾਂ ਦਿਨਾਂ ਮਗਰੋਂ ਇਹ ਬੱਕਰਾ ਤੋਲਿਆ ਜਾਵੇਗਾ। ਜਿਸ ਦਾ ਭਾਰ ਵਧੇਗਾ ਜਾਂ ਘਟੇਗਾ ਉਸ ਨੂੰ ਸਜ਼ਾ ਮਿਲੇਗੀ, ਇਸ ਕਰ ਕੇ ਮੈਂ ਚਿੰਤਾ ਕਰ ਰਿਹਾ ਹਾਂ। ਬੀਰਬਲ ਕਹਿਣ ਲੱਗਾ :- ਤੂੰ ਫ਼ਿਕਰ ਨਾ ਕਰ ਜਿਤਨੀ ਮਰਜ਼ੀ ਆਵੇ ਖੁਰਾਕ ਖਵਾਈ ਜਾਹ। ਪਿਰ ਇਕ ਵਾਰ ਰੋਜ਼ਾਨਾ ਸ਼ਾਮ ਨੂੰ ਸ਼ੇਰ ਦੇ ਪਿੰਜਰੇ ਅੱਗੋਂ ਦੀ ਲੰਘਾ ਲਿਆਇਆ ਕਰ ਫੇਰ ਬੱਕਰੇ ਨੂੰ ਖਾਧੀ ਹੋਈ ਖੁਰਾਕ ਨਹੀਂ ਲਗੇਗੀ। ਉਸ ਘਰ ਵਾਲੇ ਪੁਰਸ਼ ਨੇ ਉਸੇ ਤਰ੍ਹਾਂ ਹੀ ਕੀਤਾ।

ਜਿਸ ਵੇਲੇ ਅੱਠ ਦਿਨਾਂ ਦਾ ਮੁਕੱਰਰ ਕੀਤਾ ਹੋਇਆ ਸਮਾਂ ਪੂਰਾ ਹੋ ਗਿਆ ਤਾਂ ਸਾਰੇ ਪੁਰਸ਼ ਭੈਭੀਤ ਹੋਏ ਬੱਕਰੇ ਲੈ ਕੇ ਬਾਦਸ਼ਾਹ ਦੇ ਪਾਸ ਪੁੱਜੇ, ਸਭਨਾਂ ਦਾ ਵਜ਼ਨ ਤੋਲਿਆ ਗਿਆ ਤਾਂ ਕਿਸੇ ਦਾ ਵੀ ਬੱਕਰਾ ਪੂਰਾ ਨਾ ਨਿਕਲਿਆ ਕਿਸੇ ਵੱਧ ਸੀ ਤੇ ਕਿਸੇ ਦਾ ਘੱਟ, ਬਗੈਰ ਉਸ ਪੁਰਸ਼ ਤੋਂ ਜਿਸ ਦੇ ਘਰ ਬੀਰਬਲ ਛੁਪਿਆ ਹੋਇਆ ਸੀ। ਬਾਦਸ਼ਾਹ ਨੇ ਉਸ ਆਦਮੀ ਨੂੰ ਪੁੱਛਿਆ ਦੱਸ ਤੂੰ ਕੀ ਕਰਦਾ ਰਿਹਾ ਹੈਂ? ਖੁਰਾਕ ਨਹੀਂ ਚਾਰੀ ਜਾਂ ਕੋਈ ਹੋਰ ਕਾਰਨ ਹੈ, ਸੱਚ ਦੱਸ, ਨਹੀਂ ਤਾਂ ਸਖਤ ਸਜ਼ਾ ਦੇਵਾਂਗਾ। ਤਦ ਉਸ ਨੇ ਡਰਦੇ ਹੋਏ ਨੇ ਸਾਰੀ ਗੱਲ ਦੱਸ ਦਿੱਤੀ, ਕਿ ਖੁਰਾਕ ਪੂਰੀ ਚਾਰਦਾ ਰਿਹਾ ਹਾਂ, ਪਰ ਇਕ ਦਫਾ ਹਰ ਰੋਜ਼ ਸ਼ੇਰ ਦੇ ਸਾਹਮਣੇ ਕਰ ਲਿਆਉਂਦਾ ਸਾਂ। ਇਸ ਵਾਸਤੇ ਇਸ ਨੂੰ ਖਾਧੀ ਹੋਈ ਖੁਰਾਕ ਦਾ ਕੋਈ ਅਸਰ ਨਹੀਂ ਹੋਇਆ। ਤਦ ਬਾਦਸ਼ਾਹ ਨੇ ਸੋਚਿਆ ਏਹੋ ਜੇਹੀ ਜੁਗਤੀ ਤਾਂ ਬੀਰਬਲ ਤੋਂ ਬਗੈਰ ਕਿਸੇ ਨੂੰ ਆ ਨਹੀਂ ਸਕਦੀ। ਇਹ ਸੋਚ ਕੇ ਬਾਦਸ਼ਾਹ ਨੇ ਦੱਸੇ ਤੋਂ ਬਗੈਰ ਆਪਣੇ ਆਦਮੀ ਉਸ ਦੇ ਘਰ ਭੇਜ ਕੇ ਬੀਰਬਲ* ਨੂੰ ਮੰਗਵਾ ਲਿਆ।

---

*ਐਸੇ ਹੀ ਬੀਰਬਲ ਦੀ ਅਕਲ ਪਰ ਇਕ ਹੋਰ ਸਾਖੀ ਹੈ:-

ਇਕ ਸਮੇਂ ਅਕਬਰ ਬਾਦਸ਼ਾਹ, ਬੀਰਬਲ ਤੇ ਹੋਰ ਸੈਨਾ ਸਮੇਤ ਬਾਹਰ ਜੰਗਲ ਵਿਖੇ ਸ਼ਿਕਾਰ ਖੇਡਣ ਵਾਸਤੇ ਗਿਆ। ਬੀਰਬਲ ਤੇ ਬਾਦਸ਼ਾਹ ਅੱਗੇ ਨਿਕਲ ਗਏ, ਸੈਨਾ ਕੁਝ ਪਿੱਛੇ ਰਹਿ ਗਈ। ਅੱਗੇ ਜੰਗਲ ਵਿਚ ਬਾਦਸ਼ਾਹ ਨੇ "ਕੀ ਤੱਕਿਆ ਕਿ ਇਕ ਟੋਏ ਵਿਚ ਥੋੜ੍ਹਾ ਜਿਹਾ ਪਾਣੀ ਖੜਾ ਹੈ, ਉਸ ਦੇ ਪਾਸ ਇਕ ਹਰਨ ਤੇ ਇਕ ਹਰਨੀ ਮੋਏ ਪਏ ਹਨ, ਪਰ ਮਰਨ ਦੇ ਕਾਰਨ ਦਾ ਪਤਾ ਨਹੀਂ ਲੱਗਦਾ।" ਉਸ ਵੇਲੇ ਬਾਦਸ਼ਾਹ ਨੇ ਬੀਰਬਲ ਤੋਂ ਪੁੱਛਿਆ-

"ਭੁਕਿਓ ਨ ਦੇਖਯੋ ਪਾਰਧੀ, ਲਗਯੋ ਨ ਦੇਖਯੋ ਬਾਨ। ਹੋਂ ਪੂਛੋਂ ਤੁਹਿ ਬੀਰਬਲ, ਕਿਹ ਬਿਧ ਛੂਟੇ ਪਰਾਨ?"

ਅਰਥ:- ਨਾ ਤਾਂ ਕੋਈ ਪਾਰਧੀ=ਸ਼ਿਕਾਰੀ ਭੁਕਿਆ ਵੇਖਣਾ ਕੀਤਾ ਹੈ, ਅਤੇ ਨਾ ਹੀ ਇਹਨਾਂ ਨੂੰ ਕਿਸੇ ਤੀਰ ਦਾ ਕੋਈ ਜ਼ਖਮ ਹੀ ਦਿਸਦਾ ਹੈ ਇਸ ਕਰ ਕੇ ਹੇ ਬੀਰਬਲ! ਮੈਂ ਤੇਰੇ ਪਾਸੋਂ ਪੁੱਛਦਾ ਹਾਂ ਇਨ੍ਹਾਂ ਦੋਹਾਂ ਦੇ ਪ੍ਰਾਣ ਕਿਸ ਤਰ੍ਹਾਂ ਛੁੱਟੇ ਹਨ?

ਬਾਦਸ਼ਾਹ ਪਾਸੋਂ ਇਸ ਤਰ੍ਹਾਂ ਦਾ ਬਚਨ ਸੁਣ ਕੇ ਬੀਰਬਲ ਬੋਲਿਆ : ਹੇ ਹਜ਼ੂਰ!

"ਪਾਣੀ ਥੋੜਾ ਨੇਹੁ ਘਣਾ, ਲਗੇ ਪ੍ਰੇਮ ਕੇ ਬਾਨ। ਤੂੰ ਪੀ ਤੂੰ ਪੀ ਕਹਿਤ ਹੀ, ਛੂਟੇ ਦੁਹਨ ਕੇ ਪ੍ਰਾਨ।

"ਉਸ ਵੇਲੇ ਬਾਦਸ਼ਾਹ ਕਹਿਣ ਲੱਗਾ : ਬੀਰਬਲ ਤੂੰ ਧੰਨ ਹੈਂ, ਧੰਨ ਹਨ ਤੇਰੇ ਮਾਤਾ ਪਿਤਾ, ਧੰਨ ਹੈ ਤੇਰੀ ਅਕਲ!

ਭਾਵ ਜਿਵੇਂ ਸ਼ੇਰ ਦੇ ਸਾਹਮਣੇ ਬੱਕਰੇ ਦੀ ਖੁਰਾਕ ਕਿਸੇ ਅਰਥ ਨਹੀਂ ਓਵੇਂ ਹੀ ਗ਼ਮ ਕਰਕੇ ਪੁਰਸ਼ ਦਾ ਖਾਧਾ ਪੀਤਾ ਨਿਸਫਲ ਹੈ। ਚਿੰਤਾ ਕਰ ਕੇ ਸਰੀਰ ਸੜ ਸੁੱਕ ਜਾਂਦਾ ਹੈ। ਇਸ ਤੇ ਮਨੁੱਖ ਨੂੰ ਚਾਹੀਦਾ ਹੈ ਕਿ ਚਿੰਤਾ ਦੇ ਰੋਗ ਤੋਂ ਰਹਿਤ ਹੋ ਕੇ ਆਪਣੀ ਜ਼ਿੰਦਗੀ ਸੁਖ ਦੇ ਨਾਲ ਬਤੀਤ ਕਰੇ।

ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ॥ ੪੧॥

ਤਤ੍ਰ ਗਤੇ= ਓਹੀ ਹਾਲਤ ਸੰਸਾਰ ਦੀ ਹੈ ਜੋ ਸਾਰਾ ਸੰਸਾਰ ਹਰਖ ਸ਼ੋਕ ਵਿਖੇ ਵਿਆਪ ਰਿਹਾ, ਭਾਵ ਲੱਗ ਰਿਹਾ ਹੈ। ਜਿਸ ਵੇਲੇ ਧਨ ਪਦਾਰਥ ਪ੍ਰਾਪਤ ਹੁੰਦੇ ਹਨ, ਤਾਂ ਹਰਖ ਕਰਦਾ ਹੈ ਧਨ ਪਦਾਰਥ ਦੇ ਨਾਸ਼ ਕਾਲ ਵਿਚ ਸ਼ੋਕ ਕਰਦਾ ਹੈ।

ਦੂਜਾ ਭਾਵ-

ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ= ਬੱਕਰੀ ਦੇ ਸਮਾਨ ਜੀਵ ਕੰਦ ਮੂਲੰ= ਚੰਗੇ-ਚੰਗੇ ਪਦਾਰਥ ਛਕਦਾ ਹੈ। ਪਰ ਚਿੰਤਾ ਰੂਪੀ, ਵਾ:- ਕਾਲ ਰੂਪੀ ਸ਼ੇਰ ਦੇ ਸਮੀਪ ਵਸਣ ਕਰ ਕੇ ਸੁੱਕ ਜਾਂਦਾ ਹੈ।

ਜਿਸ ਤਰ੍ਹਾਂ ਪੈਂਦੇ ਖਾਂ ਨੇ ਛੇਵੇਂ ਗੁਰੂ ਜੀ ਪਾਸ ਬੇਨਤੀ ਕੀਤੀ ਸੀ, ਹੇ ਸਤਿਗੁਰੂ ਜੀ! ਮੇਰੇ ਅੰਦਰੋਂ ਵਿਕਾਰ ਨਹੀਂ ਮਿਟਦੇ, ਇਹ ਕਿਸ ਤਰ੍ਹਾਂ ਦੂਰ ਹੋਣ?

ਤਾਂ ਹਜ਼ੂਰ ਨੇ ਉਸ ਨੂੰ ਸਮਝਾਣ ਵਾਸਤੇ ਕਿਹਾ : (ਹੇ ਭਾਈ! ਤੂੰ ਪਰਸੋਂ ਤਾਂ ਮਰ ਜਾਣਾ ਹੈ! ਜਦ ਇਹ ਗੱਲ ਸੁਣੀ ਤਾਂ ਵਿਕਾਰ ਫੁਰਨੇ ਤਾਂ ਕਿਧਰੇ ਰਹੇ ਮੰਜੀ ਤੋਂ ਉੱਠਣੋਂ ਵੀ ਰਹਿ ਗਿਆ, ਕਾਲ ਰੂਪੀ ਸ਼ੇਰ ਦਾ ਡਰ ਐਸਾ ਹੈ।

ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ॥ ੪੧॥

ਤੈਸੇ ਹੀ ਸੰਸਾਰ ਦੀ ਚਾਲ ਭਾਵ ਰੀਤੀ ਹੈ ਜਦ ਕੋਈ ਪਦਾਰਥ ਖਾਣੇ ਨੂੰ ਪ੍ਰਾਪਤ ਹੋ ਜਾਵੇ ਤਾਂ ਹਰਖ ਵਿਖੇ ਵਿਆਪਦੇ ਹਨ, ਜਦ ਕੋਈ ਮਰ ਜਾਵੇ ਤਾਂ ਕਾਲ ਰੂਪੀ ਸ਼ੇਰ ਨੂੰ ਦੇਖ ਕੇ ਸੁੱਕ ਕੇ ਸ਼ੋਕ ਸਹਿਤ ਹੁੰਦੇ ਹਨ॥ ੪੧॥

ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ ਜੀਵ) ਕਈ ਤਰ੍ਹਾਂ ਦੇ ਛਲ ਕਰਦਾ ਹੈ, ਦੂਜਿਆਂ ਵਿਖੇ ਛਿਦ੍ਰੰ= ਦੋਸ਼ ਅਰੋਪਣ ਕਰਦਾ ਹੈ ਅਤੇ ਦੂਜਿਆਂ ਦੇ ਕਾਰਜ ਵਿਚ ਕ੍ਰੋੜਾਂ ਵਿਘਨ ਪਾਂਦਾ ਹੈ ਤੇ ਗੁਰਾਂ ਦੀ ਬਿਅਦਬੀ ਆਦਿ ਅਪਰਾਧਾਂ ਨੂੰ ਕਰਦਾ ਹੈ। ਵਾ:-ਅਪਰ+ਰਾਧੰ= ਹੋਰ ਦੇਵੀ ਦੇਵਤਿਆਂ ਨੂੰ ਅਰਾਧਦਾ ਹੈ ਅਤੇ ਬ੍ਰਾਹਮਣ, ਕਾਲੀ ਗਊ, ਲੜਕੀ ਦਾ ਮਾਰਨਾ ਅਤੇ ਵੇਸ਼ਵਾ ਦੇ ਧਾਨ ਖਾਣੇ ਰੂਪ ਚਾਰੇ ਕਿਲਵਿਖਾਂ ਕਰ ਕੇ ਜੀਵ ਦਾ ਹਿਰਦਾ ਮਲੰ= ਮਲੀਨ ਹੋ ਰਿਹਾ ਹੈ।

ਯਥਾ- ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥ ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥ *(ਪੰਨਾ ੧੪੧੩)*

ਭਰਮ ਮੋਹੰ

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਫਿਰ ਜੀਵ ਦੇ ਅੰਦਰ) *ਪੰਜ ਪ੍ਰਕਾਰ ਦਾ ਭਰਮ ਹੋ ਰਿਹਾ ਹੈ। ਸਰੀਰ

---

*ਯਥਾ-ਭੇਦ ਭਰਮ, ਕਰਤਤ ਭਰਮ, ਪੁਨ ਸੰਗ ਭਰਮ ਵਿਕਾਰ।
ਬ੍ਰਹਮ ਇਤਰ, ਜਗ ਸਤ ਹੈ, ਪਾਂਚੋ ਭਰਮ ਸੰਸਾਰ।

ਦਾ ਅਥਵਾ-ਪ੍ਰਵਾਰ ਦਾ ਮੋਹ ਹੋ ਗਿਹਾ ਹੈ।

ਜਿਸ ਤਰ੍ਹਾਂ ਪੁੱਤਰਾਂ ਦੇ ਮਰਨ ਦਾ ਵਸ਼ਿਸ਼ਟ ਨੂੰ ਮੋਹ ਹੋਇਆ ਤੇ ਸਤਲੁਜ ਦਰਿਆ ਵਿਚ ਡੁੱਬਣ ਚਲਾ ਗਿਆ ਸੀ, ਫੇਰ ਫਾਹੀ ਲੈ ਕੇ ਬਿਪਾਸਾ ਵਿਚ ਡੁੱਬਣ ਲੱਗਾ ਸੀ।

ਪਰ ਧੰਨ ਕਲਗੀਆਂ ਵਾਲੇ ਪਾਤਸ਼ਾਹ ਹਨ ਜਿਨ੍ਹਾਂ ਨੇ ਇਸ ਮੋਹ ਨੂੰ ਫਤੇ ਕੀਤਾ ਹੈ। ਆਪਣੇ ਚਾਰੇ ਸਾਹਿਬਜ਼ਾਦੇ ਸ਼ਹੀਦ ਕਰਵਾ ਕੇ ਆਖਦੇ ਹਨ-ਹੇ ਅਕਾਲ ਪੁਰਖ! ਤੇਰੀ ਦਿੱਤੀ ਹੋਈ ਅਮਾਨਤ ਤੈਨੂੰ ਪਾਸ ਆ ਗਈ ਹੈ।

ਫੇਰ ਜਿਸ ਵੇਲੇ ਦਮਦਮੇ ਸਾਹਿਬ (ਗੁਰੂ ਕੀ ਕਾਸ਼ੀ) ਪਹੁੰਚੇ ਹਨ। ਤਾਂ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਜੀ ਨੇ ਪੁੱਛਿਆ ਕਿ ਸਾਹਿਬਜ਼ਾਦੇ ਕਿਥੇ ਹਨ ਕਿਧਰੇ ਵੀ ਨਿਗਾਹ ਨਹੀਂ ਆਉਂਦੇ? ਤਾਂ ਹਜ਼ੂਰ ਨੇ ਖਾਲਸੇ ਵੱਲ ਹੱਥ ਕਰ ਕੇ ਕਿਹਾ-

ਇਨ ਪੁਤ੍ਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ, ਜੀਵਤ ਲਾਖ ਹਜਾਰ।

ਫੇਰ ਭਾਈ ਰੂਪੇ ਦੇ ਪੋਤਰਿਆਂ (ਭਾਈ ਪਰਮ ਸਿੰਘ ਤੇ ਭਾਈ ਧਰਮ ਸਿੰਘ) ਨੇ ਸਾਹਿਬਜ਼ਾਦਿਆਂ ਲਈ ਅਫਸੋਸ ਕੀਤਾ। ਤਾਂ ਕਲਗੀਧਰ ਜੀ ਨੇ ਲਕੀਰਾਂ ਖਿੱਚ ਕੇ ਫੇਰ ਮਿਟਾ ਕੇ ਮੋਹ ਨੂੰ ਝੂਠਾ ਦਿਖਾਇਆ, ਕਿ ਜਿਵੇਂ ਲਕੀਰਾਂ ਖਿੱਚੀਆਂ ਤੇ ਮੇਟੀਆਂ ਹਨ, ਇਨ੍ਹਾਂ ਵਿਚ ਹਰਖ ਸ਼ੋਕ ਨਹੀਂ ਹੈ। ਤਿਵੇਂ ਪੁੱਤ੍ਰਾਂ ਵਿਚ ਭੀ ਹਰਖ ਸ਼ੋਕ ਨਹੀਂ ਕਰਨਾ ਚਾਹੀਦਾ। ਵਾਹਿਗੁਰੂ ਦੀ ਅਮਾਨਤ ਸੀ, ਉਸ ਪਾਸ ਚਲੀ ਗਈ ਹੈ।

ਇਸ ਤੋਂ ਪਹਿਲਾਂ ਅਨੰਦਪੁਰ ਸਾਹਿਬ ਮਾਤਾ ਅਜੀਤ ਕੌਰ ਜੀ ਨੂੰ ਜੋਗ ਦੁਆਰਾ, ਆਉਣ ਵਾਲਾ ਸਾਰਾ ਸਮਾਂ ਵਿਖਾ ਦਿੱਤਾ ਸੀ। ਜਦ ਮਾਤਾ ਜੀ ਨੇ ਇਹ ਸਮਾਂ ਦੇਖਿਆ ਕਿ ਦੋ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਜੰਗ ਵਿਚ ਸ਼ਹੀਦ ਹੋ ਜਾਣੇ ਹਨ, ਤੇ ਦੋ ਸਰਹੰਦ ਦੀਆਂ ਨੀਹਾਂ ਵਿਚ ਚਿਣੇ ਜਾਣੇ ਹਨ। ਤਾਂ ਮਾਤਾ ਅਜੀਤ ਕੌਰ ਜੀ ਨੇ ਦੋ ਹੱਥ ਜੋੜ ਕੇ ਬੇਨਤੀ ਕੀਤੀ, ਕਿ ਮਹਾਰਾਜ! ਆਪ ਕਿਰਪਾ ਕਰ ਕੇ ਸਾਹਿਬਜ਼ਾਦਿਆਂ ਨੂੰ ਰੱਖ ਲਓ। ਤਾਂ ਹਜ਼ੂਰ ਨੇ ਫੁਰਮਾਇਆ ਕਿ ਤੁਸੀਂ ਜੋਗ, ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਸਿੱਖਿਆ ਹੈ, ਜਾਂ ਪੁੱਤਰਾਂ ਦੇ ਮੋਹ ਵਾਸਤੇ? ਜੋ ਤੁਸੀਂ ਇਸ ਸਮੇਂ ਨੂੰ ਅੱਖਾਂ ਨਾਲ ਵੇਖ ਕੇ ਨਹੀਂ ਸਹਾਰ ਸਕਦੇ ਤਾਂ, ਸੱਚਾ ਘਰ ਜਾ ਕੇ ਮੱਲ ਲਓ। ਇਸ ਕਾਰਨ ਮਾਤਾ ਅਜੀਤ ਕੌਰ ਜੀ ਆਪਣਾ ਚੋਲਾ ਪਹਿਲੇ ਹੀ ਛੱਡ ਗਏ ਪਰ ਕਲਗੀਧਰ ਜੀ ਨਿਰਮੋਹ ਹੀ ਰਹੇ।

ਮਾਨ ਅਪਮਾਨੰ

ਆਪਣਾ ਮਾਨ= ਆਦਰ ਕਰਾਉਣਾ ਤੇ ਦੂਜਿਆਂ ਦਾ ਅਪਮਾਨੰ= ਨਿਰਾਦਾਰ ਕਰਨਾ।

ਸਾਖੀ—ਮਾਨੀ ਸੰਤ ਦੀ

ਕਿਸੇ ਬਾਦਸ਼ਾਹ ਪਾਸ ਕੋਈ ਮਾਨੀ ਸੰਤ ਰਹਿੰਦਾ ਸੀ। ਲੋਕਾਂ ਵਿਚ ਆਪਣਾ ਪ੍ਰਤਾਪ ਵਧਾਉਣ ਵਾਸਤੇ ਕਹਿੰਦਾ ਸੀ ਕਿ ਮੈਂ ਅੰਨ-ਜਲ ਨਹੀਂ ਛਕਦਾ, ਛੇ ਛੇ ਮਹੀਨੇ ਸਮਾਧੀ ਲਾ ਕੇ ਭੋਰੇ ਵਿਚ ਹੀ ਬੈਠਾ ਰਹਿੰਦਾ ਹਾਂ। ਬਾਦਸ਼ਾਹ ਤੇ ਹੋਰ ਸ਼ਹਿਰ ਦੇ ਲੋਕਾਂ ਨੂੰ ਅਤਿਅੰਤ ਸ਼ਰਧਾ ਹੋ ਗਈ। ਦਰਸ਼ਨਾਂ ਵਾਸਤੇ ਲੋਕੀਂ ਉਤਾਵਲੇ ਹੋਏ ਹੋਏ ਛੇਵੇਂ ਮਹੀਨੇ ਦੀ ਆਖਰੀ ਤਾਰੀਖ ਨੂੰ ਯਾਦ ਕਰਦੇ ਰਹਿੰਦੇ ਸਨ। ਉਸ ਦਿਨ ਬਾਦਸ਼ਾਹ ਤੇ ਅਹਿਲਕਾਰ ਤੇ ਸੈਨਾ ਸਮੇਤ ਪਰਜਾ ਦੇ ਲੋਕ ਭੋਰੇ ਦੇ ਬੂਹੇ ਅੱਗੇ ਖੜੇ ਹੋ ਜਾਂਦੇ। ਉਸ ਸਾਧੂ ਦੇ ਬਾਹਰ ਆਉਣ ਸਮੇਂ ਬੜੇ

ਬ੍ਰੈਂਡ ਵਾਜੇ ਵੱਜਦੇ, ਫੁੱਲਾਂ ਦੀ ਬਰਖਾ ਹੁੰਦੀ ਤੇ ਉਸ ਦਾ ਸਾਰੇ ਸ਼ਹਿਰ ਵਿਚ ਹਾਥੀ ਤੇ ਬਿਠਾ ਕੇ ਜਲੂਸ ਕੱਢ ਕੇ ਸੁਆਗਤ ਕੀਤਾ ਜਾਂਦਾ ਸੀ। ਇਸੇ ਮਾਨ ਦੇ ਆਸਰੇ ਹੀ ਉਹ ਮਹਾਤਮਾ ਜੀਂਵਦਾ ਸੀ।

ਦੈਵਨੇਤ ਕਰ ਕੇ ਉਸੇ ਸ਼ਹਿਰ ਵਿਚ ਇਕ ਚੰਗੇ ਬੀਤ ਰਾਗ ਮਹਾਤਮਾ ਵੀ ਆ ਗਏ। ਬਾਦਸ਼ਾਹ ਨੇ ਕੋਲ ਬੁਲਾ ਕੇ ਬੜਾ ਸਤਿਕਾਰ ਕੀਤਾ ਤੇ ਆਪਣੇ ਸੰਤਾਂ ਦੀ ਉਸਤਤੀ ਕੀਤੀ ਕਿ ਮਹਾਰਾਜ! ਵਾਰੇ ਵਾਰੇ ਜਾਈਏ ਸੰਤਾਂ ਤੋਂ, ਇਕ ਐਹੋ ਜਿਹੇ ਸੰਤ ਏਥੇ ਰਹਿੰਦੇ ਹਨ, ਜੋ ਛੇ ਮਹੀਨੇ ਕੁਝ ਖਾਂਦੇ ਪੀਂਦੇ ਹੀ ਨਹੀਂ।

ਮਹਾਤਮਾ ਬੜੇ ਸਿਆਣੇ ਸਨ ਸਾਰੀ ਗੱਲ ਜਾਣ ਗਏ ਕਿ ਉਹ ਮਾਨ ਦੀ ਖੁਰਾਕ ਖਾਂਦਾ ਹੈ। ਜਿਸ ਤੇ ਰਾਜੇ ਨੂੰ ਕਿਹਾ ਕਿ ਉਹ ਸੰਤ ਕੁਝ ਜ਼ਰੂਰ ਖਾਂਦੇ ਹੋਣਗੇ। ਰਾਜਾ ਨੇ ਕਿਹਾ- ਉਹ ਤਾਂ ਕੁਝ ਨਹੀਂ ਖਾਂਦੇ। ਅੱਗੋਂ ਮਹਾਤਮਾ ਨੇ ਕਿਹਾ- ਖਾਂਦੇ ਤਾਂ ਹਨ ਪਰ ਤੁਹਾਨੂੰ ਪਤਾ ਨਹੀਂ ਲੱਗਦਾ।

ਬਾਦਸ਼ਾਹ ਨੇ ਬੇਨਤੀ ਕੀਤੀ- ਮਹਾਰਾਜ! ਮੈਨੂੰ ਵਿਖਾਓ। ਸੰਤਾਂ ਨੇ ਕਿਹਾ- ਚੰਗਾ, ਸਾਡਾ ਇਕ ਬਚਨ ਮੰਨ। ਰਾਜੇ ਨੇ ਕਿਹਾ- ਦੱਸੋ ਜੀ?''

ਮਹਾਤਮਾ ਕਹਿਣ ਲਗੇ- ਜਿਸ ਦਿਨ ਸੰਤਾਂ ਨੇ ਭੋਰੇ ਤੋਂ ਬਾਹਰ ਆਉਣਾ ਹੈ। ਉਸ ਦਿਨ ਤੋਂ ਕੁਝ ਦਿਨ ਪਹਿਲਾਂ ਪਰਜਾ ਦੇ ਲੋਕਾਂ ਨੂੰ ਇਹ ਕਹਿ ਦੇਣਾ ਕਿ ਸੰਤਾਂ ਨੇ ਐਂਤਕੀ ਅਗਲੇ ਹਫਤੇ ਆਪਣਾ ਚਲੀਹਾ ਪੂਰਾ ਕਰ ਕੇ ਬਾਹਰ ਆਉਣਾ ਹੈ। ਇਸ ਲਈ ਕੋਈ ਵੀ ਬੰਦਾ ਵਾਜੇ ਤੇ ਹੋਰ ਸਾਜੋ ਸਮਾਨ ਲੈ ਕੇ ਨਾ ਜਾਵੇ। ਫੇਰ ਤੈਨੂੰ ਇਸ ਗੱਲ ਦਾ ਉੱਤਰ ਦੇਵਾਂਗੇ ਕਿ ਉਹ ਕੀ ਖਾਂਦਾ ਹੈ।

ਬਾਦਸ਼ਾਹ ਨੇ ਇਸੇ ਤਰ੍ਹਾਂ ਹੀ ਕੀਤਾ। ਸ਼ਹਿਰ ਵਿਚ ਮੁਨਿਆਦੀ ਕਰਵਾ ਦਿੱਤੀ, ਜਿਸ ਤੇ ਕੋਈ ਵੀ ਆਦਮੀ ਉਸ ਦਿਨ ਭੋਰੇ ਪਾਸ ਨਾ ਪੁੱਜਾ। ਜਿਸ ਵੇਲੇ ਉਹ ਮਾਨੀ ਸੰਤ ਅੰਦਰੋਂ ਬਾਹਰ ਆਇਆ ਤੇ ਕਿਸੇ ਵੀ ਆਦਮੀ ਨੂੰ ਸੁਆਗਤ ਵਾਸਤੇ ਨਾ ਡਿੱਠਾ। ਤਾਂ ਆਪਣੀ ਨਿਰਾਦਰੀ ਨੂੰ ਨਾ ਸਹਾਰਦਾ ਹੋਇਆ ਪ੍ਰਾਣ ਤਿਆਗ ਗਿਆ, ਕਿਉਂਕਿ ਉਸ ਦੀ ਆਪਣੀ ਖੁਰਾਕ ਹੀ ਮਾਨ ਸੀ, ਸੋ ਨਾ ਮਿਲੀ।

ਜਦ ਇਸ ਗੱਲ ਦਾ ਬਾਦਸ਼ਾਹ ਨੂੰ ਪਤਾ ਲੱਗਾ ਤਾਂ ਹੈਰਾਨ ਹੋ ਕੇ ਨਵੇਂ ਆਏ ਸੰਤਾਂ ਤੋਂ ਪੁੱਛਣ ਲੱਗਾ- ਮਹਾਰਾਜ! ਇਹ ਕੀ ਕਾਰਨ ਹੈ? ਸੰਤਾਂ ਨੇ ਕਿਹਾ- ਉਹ ਮਾਨ ਦਾ ਭੋਜਨ ਛਕਦਾ ਸੀ, ਸੋ ਮਾਨ ਦਾ ਭੋਜਨ ਅੱਜ ਮਿਲਿਆ ਨਹੀਂ, ਜਿਸ ਕਰ ਕੇ ਭੁੱਖ ਦੇ ਦੁੱਖ ਨਾਲ ਮਰ ਗਿਆ ਹੈ।

ਮਦੰ ਮਾਯਾ ਬਿਆਪਿਤੰ

ਆਪਣੇ ਗੁਣਾਂ ਦੀ ਮਦੰ= ਗਰੂਰੀ ਵਿਚ ਮਦੰ= ਮਸਤ ਰਹਿਣਾ ਇਤਿਆਦੀ ਅਸ਼ੁਭ-ਗੁਣ ਰੂਪ ਹੋ ਕੇ ਮਾਇਆ ਇਸ ਜੀਵ ਨੂੰ ਵਿਆਪ ਰਹੀ ਹੈ।

ਅਥਵਾ-ਮਾਇਆ ਦੇ ਮਦ ਕਰ ਕੇ ਇਹ ਜੀਵ ਭਰਮ, ਮੋਹ, ਮਾਨ, ਅਪਮਾਨ ਰੂਪ ਦੁੰਦਵਾਦ ਵਿਚ ਵਿਆਪ ਰਿਹਾ ਹੈ।

ਮ੍ਰਿਤੁ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ॥

(ਇਸੀ ਕਰ ਕੇ ਜੀਵ) ਮ੍ਰਿਤੁ= ਮਰਦਾ ਤੇ ਜਨਮਦਾ ਹੈ ਅਤੇ ਨਰਕਾਂ ਵਿਚ ਭ੍ਰਮੰਤਿ= ਫਿਰਦਾ ਹੈ। ਪਰਮੇਸ਼ਰ ਨਾਮ ਤੋਂ ਬਿਨਾਂ ਅਨੇਕਾਂ ਹੀ ਉਪਾਵੰ= ਜਤਨਾਂ ਦੇ ਕਰਨ ਨਾਲ ਭੀ ਨ ਸਿਧ੍ਯਤੇ = ਕਲਿਆਣ ਦੀ ਪ੍ਰਾਪਤੀ ਨਹੀਂ ਹੁੰਦੀ।

ਯਥਾ- ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥

ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥ ੪॥

(ਧਨਾਸਰੀ ਮਹਲਾ ੧, ਪੰਨਾ ੬੬੩)

ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਸੁਆਮੀ ਜੀ! ਇਸ ਜੀਵ ਦਾ ਮਨ ਨਿਰਮਲ ਕਿਵੇਂ ਹੋਵੇ?

ਗੁਰ ਉੱਤਰ-

ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੁਪਾਲ ਨਾਮੰ॥
ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ॥ ੪੨॥

ਗੁਰੂ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਸੰਤਾਂ ਦੇ ਸੰਗ ਮਿਲ ਕੇ ਮਨ ਕਰ ਕੇ ਗੋਪਾਲ ਨਾਮ ਨੂੰ ਜਪਣਾ ਕਰੇ ਤੇ ਨਿਤਾਪ੍ਰਤੀ ਗੋਵਿੰਦ ਦੇ ਗੁਣਾਂ ਨੂੰ ਬਾਣੀ ਦੁਆਰਾ ਰਮੰਤਿ= ਉਚਾਰਨਾ ਕਰੇ ਤਾਂ ਇਸ ਜੀਵ ਦਾ ਮਨ ਨਿਰਮਲ ਹੋ ਸਕਦਾ ਹੈ॥੪੨॥

ਪ੍ਰਸ਼ਨ- ਇਸ ਜੀਵ ਦਾ ਤਰਨਾ ਕਿਸ ਤਰ੍ਹਾਂ ਹੋਵੇ? *ਗੁਰ ਉੱਤਰ-*

ਤਰਣ ਸਰਣ ਸੁਆਮੀ ਰਮਣ ਸੀਲ ਪਰਮੇਸੁਰਹ॥

(ਅੰਨਵੇਂ)-ਜੋ ਸੁਆਮੀ ਅਕਾਲ ਪੁਰਖ ਸਾਰੇ ਰਮਣ= ਵਿਆਪਕ ਹੈ, ਇਹ ਜੀਵ ਸੀਲ ਸੁਭਾਅ ਦੇ ਸਹਿਤ ਹੋ ਕੇ ਉਸ ਪਰਮੇਸ਼ਰ ਦੀ ਸ਼ਰਨ ਗ੍ਰਹਿਣ ਕਰੇ ਤਾਂ ਇਸ ਜੀਵ ਦਾ ਸੰਸਾਰ ਸਾਗਰ ਤੋਂ ਤਰਣ= ਤਰਨਾ ਹੁੰਦਾ ਹੈ। *ਅਥਵਾ:-* ਤਰਣ= ਜਹਾਜ਼ ਰੂਪ ਜੋ ਸੁਆਮੀ ਹੈ, ਉਸ ਦੀ ਸ਼ਰਨ ਗ੍ਰਹਿਣ ਕਰਨ ਨਾਲ ਤਰਨਾ ਹੁੰਦਾ ਹੈ। ਇਸ ਤੇ ਜੀਵ ਨੂੰ ਚਾਹੀਦਾ ਹੈ ਸੀਲ ਸੁਭਾਅ ਧਾਰ ਕੇ ਪਰਮੇਸ਼ਰ ਦੇ ਜਸ ਨੂੰ ਰਮਣ= ਉਚਾਰਨਾ ਕਰੇ।

ਕਰਣ ਕਾਰਣ ਸਮਰਥਹ ਦਾਨੁ ਦੇਤ ਪ੍ਰਭੁ ਪੂਰਨਹ॥

ਉਹ ਪਰਮੇਸ਼ਰ ਕਾਰਣ= ਪ੍ਰਪੰਚ ਦੇ ਉਤਪਤ ਕਰਨੇ ਨੂੰ ਸਮਰੱਥ ਹੈ ਤੇ ਪੂਰਨਹ= ਸਾਰਿਆਂ ਨੂੰ ਉਹ ਪ੍ਰਭੂ ਖਾਣ ਪਾਣ ਰੂਪ ਦਾਨ ਦੇਤ= ਦੇ ਰਿਹਾ ਹੈ।

ਨਿਰਾਸ ਆਸ ਕਰਣੰ ਸਗਲ ਅਰਥ ਆਲਯਹ॥

ਫਿਰ ਉਹ ਵਾਹਿਗੁਰੂ ਨਿਰਾਸਿਆਂ ਜੀਵਾਂ ਦੀ ਆਸਾ ਪੂਰਨ ਕਰਨ ਵਾਲਾ ਹੈ ਅਤੇ ਸਾਰੇ ਅਰਥ= ਪਦਾਰਥ, ਭਾਵ ਧਰਮ, ਅਰਥ, ਕਾਮ, ਮੋਖ, ਦਾ ਆਲਯਹ= ਘਰ ਹੈ।

ਗੁਣ ਨਿਧਾਨ ਸਿਮਰੰਤਿ ਨਾਨਕ ਸਗਲ ਜਾਚੰਤ ਜਾਚਿਕਹ॥ ੪੩॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਸਾਰੇ ਪੁਰਸ਼ ਜਾਚਿਕਹ= ਮੰਗਤੇ ਬਣ ਕੇ ਜਿਸ ਵਾਹਿਗੁਰੂ ਪਾਸੋਂ ਸਾਰੇ ਪਦਾਰਥ ਜਾਚੰਤ= ਮੰਗਦੇ ਹਨ, ਉਸ ਗੁਣ ਨਿਧਾਨ= ਗੁਣਾਂ ਦੇ ਖਜ਼ਾਨੇ ਵਾਹਿਗੁਰੂ ਨੂੰ ਤੁਸੀਂ ਸਿਮਰਨਾ ਕਰੋ॥ ੪੩॥*

ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਇਸ ਜੀਵ ਦੀਆਂ ਪੁੱਠੀਆਂ ਗੱਲਾਂ ਕਿਸੀ ਤਰ੍ਹਾਂ ਸਿੱਧੀਆਂ ਹੋ ਸਕਦੀਆਂ ਹਨ ਕਿ ਨਹੀਂ? *ਗੁਰ ਉੱਤਰ-*

**ਜੋ ਜਾਚਿਕਹ=ਜਗਿਆਸੂ ਉਸ ਦਾ ਨਾਮ ਸਿਮਰੰਤਿ=ਸਿਮਰਦੇ ਹਨ ਅਤੇ ਉਸ ਦੀ ਕਿਰਪਾ ਨੂੰ ਜਾਚੰਤ=ਮੰਗਦੇ ਹਨ ਉਹ ਸਾਰੇ ਸ਼ੁਭ ਗੁਣਾਂ ਦਾ ਨਿਧਾਨ=ਖਜ਼ਾਨਾ ਹੋ ਜਾਂਦੇ ਹਨ।*

(ਅਖੀਰਲੀਆਂ ਪੰਗਤੀਆਂ ਦਾ ਅਰਥ ਪਹਿਲੇ ਕਰਨਾ)

ਧਰਮ ਲਖ੍ਹਣ ਪ੍ਰਭ ਮਇਆ॥ ਸਾਧ ਸੰਗਮ ਰਾਮ ਰਾਮ ਰਮਣੰ॥
ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ॥ ੪੪॥

ਪ੍ਰਭੂ ਦੀ ਮਇਆ= ਕਿਰਪਾ ਕਰ ਕੇ ਸਤ ਸੰਗਤ ਦੀ ਪ੍ਰਾਪਤੀ ਹੋਵੇ ਤੇ ਰਮੇ ਹੋਏ ਰਾਮ ਦੇ ਨਾਮ ਨੂੰ ਰਮਣੰ= ਉਚਾਰਨਾ ਕਰੇ ਤੇ ਹਰਿ ਹਰਿ ਦਿਆਲੂ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰੇ ਤਾਂ ਇਸ ਜੀਵ ਨੂੰ ਧਰਮ ਦੇ ਲਖ੍ਹਣ= ਚਿੰਨ੍ਹ ਪ੍ਰਾਪਤ ਹੁੰਦੇ ਹਨ। ਫਿਰ ਧਰਮ ਦੇ ਚਿੰਨ੍ਹਾਂ ਦੇ ਪ੍ਰਤਾਪ ਕਰਕੇ-

[ਪੰਨਾ ੧੩੫੮]

ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ॥

ਦੁਰਗਮ= ਔਖੇ ਅਸਥਾਨ ਸੁਗਮੰ= ਸੌਖੇ ਹੋ ਜਾਂਦੇ ਹਨ। *ਅਥਵਾ-* ਦੁਰ ਗਮ= ਕਠਿਨ ਹੈ ਜਿਸ ਥਾਂ ਦੀ ਗੰਮਤਾ (ਸ੍ਵਰਗ, ਪ੍ਰਲੋਕ, ਦਸਮ ਦੁਆਰ, ਸੱਚ ਖੰਡ, ਤੁਰੀਆ ਪਦ) ਉਸ ਅਸਥਾਨ ਵਿਖੇ ਸੁ+ਗਮੰ= ਸੁਖੈਣ ਹੀ ਪਹੁੰਚ ਜਾਂਦਾ ਹੈ। ਮਹਾ ਦੁਖ ਦਾਇਕ ਜੋ ਅਗਿਆਨ ਦਾ ਰੋਗ ਹੈ, ਉਹ ਵੀ ਨਵਿਰਤ ਹੋ ਜਾਂਦਾ ਹੈ ਅਤੇ ਸਰਬ ਤਰ੍ਹਾਂ ਨਾਲ ਆਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਦੁਰਬਚਨ ਭੇਦ ਭਰਮੰ ਸਾਕਤ ਪਿਸਨੰਤ ਸੁਰਜਨਹ॥

ਦੁਰ+ਬਚਨ= ਖੋਟੇ ਬਚਨਾਂ ਦੇ ਉਚਾਰਨ ਵਾਲੇ, ਭੇਦ ਪਾਉਣ ਵਾਲੇ, ਚਿੱਤ ਨੂੰ ਭਰਮਾਣ ਵਾਲੇ ਜੋ ਸਾਕਤ ਪੁਰਸ਼ ਅਤੇ ਪਿਸਨੰਤ= ਚੁਗਲ ਹਨ, ਉਹ ਸਾਰੇ ਸੁਰਜਨਹ= ਸੱਜਣ ਬਣ ਜਾਂਦੇ ਹਨ।

ਯਥਾ- ਬੈਰੀ ਉਲਟਿ ਭਏ ਹੈ ਮੀਤਾ॥ ਸਾਕਤ ਉਲਟਿ ਸੁਜਨ ਭਏ ਚੀਤਾ॥੧॥ *(ਪੰਨਾ ੭੨੬)*

ਅਥਵਾ- ਦੁਰ+ਬਚਨ= ਖੋਟਿਆਂ ਬਚਨਾਂ ਤੋਂ ਸ੍ਰੇਸ਼ਟ ਬਚਨਾਂ ਦੇ ਉਚਾਰਨ ਵਾਲਾ ਹੋ ਜਾਂਦਾ ਹੈ। ਭੇਦ= ਭੇਦਵਾਦ ਦ੍ਰਿਸ਼ਟੀ ਨੂੰ ਤਿਆਗ ਕੇ ਅਭੇਦ ਵਾਦ ਦੇ ਨਿਸਚੇ ਕਰਨ ਵਾਲਾ ਹੋ ਜਾਂਦਾ ਹੈ।

ਭਰਮੰ= ਭਰਮ ਤੋਂ ਅਭਰਮ ਹੋ ਜਾਂਦਾ ਹੈ, ਸਾਕਤ-ਬੇਮੁਖ ਤੋਂ ਗੁਰਮੁਖ ਹੋ ਜਾਂਦਾ ਹੈ। ਪਿਸਨੰਤ= ਚੁਗਲੀ ਕਰਨ ਵਾਲਾ ਸੁਭਾਅ ਛੱਡ ਕੇ ਸੁਰਜਨਹ= ਭਲਾ ਪੁਰਸ਼ ਹੋ ਜਾਂਦਾ ਹੈ।*

ਅਸਥਿਤੰ ਸੋਗ ਹਰਖੰ ਭੈ ਖੀਣੰਤ ਨਿਰਭਵਹ॥

ਹਰਖੰ= ਖੁਸ਼ੀ ਤੇ ਸੋਗ= ਗਮੀ ਦੀ ਤਰਫੋਂ ਅਸਿਥਤੰ= ਇਸਥਿਤ ਹੋ ਜਾਂਦਾ ਹੈ ਅਤੇ ਜਿਸ ਭੈ ਕਰ ਕੇ ਖੀਣੰਤ= ਖੀਣ ਹੋ ਰਿਹਾ ਹੈ ਉਸ ਭਵਹ= ਖੌਫ ਤੋਂ ਨਿਰ= ਰਹਿਤ ਹੋ ਜਾਂਦਾ ਹੈ। *ਅਥਵਾ-* ਜਮਾਂ ਦੇ ਭੈ ਦੇ ਖੀਣੰਤ= ਨਾਸ ਹੋਣ ਤੇ ਨਿਰਭਵਹ= ਨਿਰਖੌਫ ਹੋ ਜਾਂਦਾ ਹੈ।

ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖ੍ਹਣ ਪ੍ਰਭ ਮਇਆ॥

ਅਟਵੀਅੰ= ਉਸ ਜਗ੍ਹਾ ਦਾ ਨਾਮ ਹੈ ਜਿਥੇ ਅਨੇਕਾਂ ਝਾੜ ਝਪੀੜੇ ਹੋਣ, ਜਿਸ ਵਿਚ ਫਸ ਕੇ ਫਿਰ ਨਿਕਲ ਨਾ ਸਕਦਾ ਹੋਵੇ। ਐਸਾ ਭੈ ਦਾਇਕ ਜੋ ਅਟਵੀਅੰ= ਉਜਾੜ ਰੂਪ ਅਟਪਟਾ ਸੰਸਾਰ ਹੈ। ਇਸ ਵਿਚ ਮਹਾ ਨਗਰ= ਜੋ ਸਾਧ ਸੰਗਤ ਹੈ ਉਸ ਵਿਚ ਵੱਸ ਆਉਂਦਾ ਹੈ।

**ਅਥਵਾ:-ਜੋ ਸਾਕਤ, ਪਿਸਨੰਤ=ਚੁਗਲ, (ਦੁਰ ਬਚਨ) ਖੋਟੇ ਬਚਨ ਉਚਾਰ ਕੇ ਭੇਦ ਭਰਮਾਂ ਵਿਚ ਪਾਉਣ ਵਾਲੇ ਹੁੰਦੇ ਹਨ, ਉਹ ਉਲਟ ਕੇ ਸੁਰਜਨਹ=ਸ੍ਰੇਸ਼ਟ ਭਲੇ ਲੋਕ ਬਣ ਜਾਂਦੇ ਹਨ।*

ਅਥਵਾ-ਜਿਸ ਰਿਦੇ ਵਿਚ ਅਟਵੀਅੰ= ਅਟਕ (ਰੁਕਾਵਟ) ਪਾਉਣ ਵਾਲਾ ਜੋ ਅਗਿਆਨ ਹੈ, ਉਹ ਅਗਿਆਨ ਭੈ ਸੰਯੁਕਤ ਹੋ ਕੇ ਦੂਰ ਹੋ ਜਾਂਦਾ ਹੈ ਅਤੇ ਸ਼ੁਭਗੁਣਾਂ ਰੂਪੀ ਮਹਾ ਨਗਰ ਬਾਸੰ= ਵੱਸ ਜਾਂਦਾ ਹੈ। ਹੇ ਹਰੀ ਲਾਲ, ਕ੍ਰਿਸ਼ਨ ਲਾਲ! ਪ੍ਰਭੂ ਦੀ ਕਿਰਪਾ ਨਾਲ ਧਰਮ ਦੇ ਲਖ੍ਣ= ਚਿੰਨ੍ਹ ਪ੍ਰਾਪਤ ਹੋ ਜਾਂਦੇ ਹਨ, ਤਾਂ ਇਸ ਤਰ੍ਹਾਂ ਪੂਰਬਲੀਆਂ ਸਾਰੀਆਂ ਅਪੁੱਠੀਆਂ ਗੱਲਾਂ ਸਿੱਧੀਆਂ ਹੋ ਜਾਂਦੀਆਂ ਹਨ।

ਸਾਧ ਸੰਗਮ ਰਾਮ ਰਾਮ ਰਮਣੰ ॥ ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥ ੪੪ ॥

(ਇਹਨਾਂ ਤੁਕਾਂ ਦਾ ਅਰਥ ਪਹਿਲੇ ਹੋ ਚੁੱਕਾ ਹੈ॥)

ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਇਹ ਕਾਮ ਕ੍ਰੋਧ ਆਦਿਕ ਪੰਜ ਵਿਸ਼ੇ ਕੈਸੇ ਹਨ?

ਗੁਰ ਉੱਤਰ- ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ ਪੰਜ ਵਿਸ਼ੇ ਬੜੇ ਪ੍ਰਬਲ ਹਨ, ਇਹਨਾਂ ਨੇ ਵੱਡਿਆਂ ਵੱਡਿਆਂ ਨੂੰ ਨਾਸ ਕਰ ਛਡਿਆ ਹੈ ਤੇ ਇਹ ਜੀਵ ਕਿਸ ਬਾਗ ਦੀ ਮੂਲੀ ਹਨ। ਇਸ ਲਈ ਇਹਨਾਂ ਨੂੰ ਜ਼ਰੂਰ ਵਸ ਵਿਚ ਕਰਨਾ ਚਾਹੀਦਾ ਹੈ। ਆਸੁਰੀ ਸੰਪਦਾ ਦਾ ਰਾਜਾ ਜੋ ਮੋਹ ਹੈ।

ਪਹਿਲੇ ਉਸ ਦਾ ਵਰਣਨ ਕਰ ਕੇ ਫਿਰ ਉਸ ਮੋਹ ਦੇ ਜਿੱਤਣ ਦਾ ਤਰੀਕਾ ਦਸਦੇ ਹਨ-

ਹੇ ਅਜਿਤ ਸੂਰ ਸੰਗ੍ਰਾਮੰ

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ ਮੋਹ ਜੁਧ ਭੂਮਕਾ ਵਿਖੇ ਅਜਿੱਤ ਸੂਰਮਾ ਹੈ। ਅਰਜਨ ਵਰਗਾ ਸੂਰਮਾ ਭੀ ਸਬੰਧੀਆਂ ਦੇ ਮੋਹ ਕਰ ਕੇ, ਮਹਾਂਭਾਰਤ ਦੇ ਯੁੱਧ ਵਿਚ ਲੜਨੋਂ ਪਿੱਛੇ ਹੱਟ ਗਿਆ ਸੀ। ਫੇਰ ਕ੍ਰਿਸ਼ਨ ਜੀ ਨੇ ਗੀਤਾ ਸੁਣਾ ਕੇ ਉਸ ਨੂੰ ਗਿਆਨ ਦਿੱਤਾ, ਤਾਂ ਅਰਜਨ ਨੇ ਜੰਗ ਕੀਤਾ।

ਦੂਜੀ ਮਿਸਾਲ ਅਰਜਨ ਦੀ ਇਹ ਭੀ ਹੈ ਕਿ ਇਕ ਵੇਰਾਂ ਕ੍ਰਿਸ਼ਨ ਜੀ ਪਾਸ ਬੈਠੇ ਹੋਏ ਸਨ ਤੇ ਅਰਜਨ ਦੀ ਝੋਲੀ ਵਿਚ ਉਸ ਦਾ ਪੁੱਤਰ ਅਭਮੰਨ੍ਹੂ ਖੇਡ ਰਿਹਾ ਸੀ, ਖੇਡਦਿਆਂ ਖੇਡਦਿਆਂ ਪੁੱਤ੍ਰ ਅਭਮੰਨ੍ਹੂ ਨੇ ਆਪਣੇ ਪਿਤਾ ਅਰਜਨ ਦੀ ਪੱਗ ਲਾਹ ਦਿੱਤੀ ਤੇ ਅਰਜਨ ਫਿਰ ਵੀ ਉਸ ਨਾਲ ਪਿਆਰ ਕਰੀ ਜਾਵੇ। ਉਸ ਵੇਲੇ ਕ੍ਰਿਸ਼ਨ ਜੀ ਹੱਸ ਪਏ। ਅਰਜਨ ਨੇ ਪੁੱਛਿਆ- ਆਪ ਹੱਸੇ ਕਿਉਂ ਹੋ?

ਕ੍ਰਿਸ਼ਨ ਜੀ ਨੇ ਕਿਹਾ-ਹੇ ਅਰਜਨ! ਜੇ ਕੋਈ ਹੋਰ ਸੂਰਮਾ ਤੇਰੀ ਪੱਗ ਲਾਹ ਦੇਂਦਾ ਤਾਂ ਤੂੰ ਉਸ ਦਾ ਸਿਰ ਕੱਟ ਦੇਣਾ ਸੀ ਪਰ ਮੋਹ ਐਸਾ ਪ੍ਰਬਲ ਹੈ ਜੋ ਤੇਰੇ ਪੁੱਤਰ ਨੇ ਤੇਰੀ ਪੱਗ ਲਾਹੀ ਹੈ, ਤੂੰ ਸਗੋਂ ਖ਼ੁਸ਼ ਹੋ ਰਿਹਾ ਹੈਂ।

ਅਥਵਾ- ਜਿਹੜੇ ਅਜਿੱਤ ਸੂਰਮੇ ਸਨ ਵਸ਼ਿਸ਼ਟ ਆਦਿਕ ਉਹਨਾਂ ਨੂੰ ਵੀ ਇਸ ਮੋਹ ਨੇ ਜਿੱਤ ਲਿਆ । ਜਿਸ ਵੇਲੇ ਵਿਸ਼ਵਾ ਮਿੱਤ੍ਰ ਨੇ ਇਨ੍ਹਾਂ ਦਾ ਸੌ ਪੁੱਤਰ ਮਾਰ ਦਿੱਤਾ, ਤਾਂ ਪੁੱਤਰਾਂ ਦੇ ਮੋਹ ਕਰ ਕੇ ਵਸ਼ਿਸ਼ਟ ਜੀ ਸਤਿਲੁਜ ਵਿਚ ਡੁੱਬਣ ਵਾਸਤੇ ਚਲੇ ਗਏ ਪਰ ਸਤਲੁਜ ਸੌ ਟੁਕੜੇ ਹੋ ਕੇ ਵਗ ਪਿਆ, ਵਸ਼ਿਸ਼ਟ ਜੀ ਨੂੰ ਡੋਬਿਆ ਨਾ। ਫਿਰ ਫਾਂਹੀ ਲੈ ਕੇ ਬਿਪਾਸਾ ਵਿਚ ਡੁੱਬਣ ਲੱਗੇ ਤਾਂ ਬਿਪਾਸਾ ਨੇ ਭੀ ਉਨ੍ਹਾਂ ਦੀ ਫਾਹੀ ਤੋੜ ਦਿੱਤੀ।

ਅਤਿ ਬਲਨਾ ਬਹੁ ਮਰਦਨਹ ॥

ਫੇਰ ਇਹ ਮੋਹ ਅਤਿਅੰਤ ਬਲ ਵਾਲਾ ਹੈ, ਬਹੁਤਿਆਂ ਦੇ ਮਰਦਨਹ= ਮਲਣ ਵਾਲਾ ਹੈ।

ਅਥਵਾ-ਸੰਗ੍ਰਾਮੰ= ਜੁੱਧ ਭੂਮਿਕਾ ਵਿਖੇ ਜੋ ਅਜਿੱਤ ਸੂਰਮੇ ਹਨ ਉਹਨਾਂ ਦੇ ਮਰਦਨਹ= ਮਲਣੇ ਨੂੰ ਮੋਹ ਰਾਜਾ ਅਤਸੇ ਕਰਕੇ ਬਹੁਤ ਬਲ ਵਾਲਾ ਹੈ।

ਗਣ ਗੰਧਰਬ ਦੇਵ ਮਾਨੁਖੰ ਪਸੁ ਪੰਖੀ ਬਿਮੋਹਨਹ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਸ਼ਿਵਾਂ ਦੇ ਨੰਦੀ ਭ੍ਰਿੰਗੀ ਆਦਿ) ਗਣਾਂ ਨੂੰ, (ਦੇਵਤਿਆਂ ਦੇ ਰਾਗੀ ਹਾਹਾ ਹੂਹੂ ਨਾਮੇ) ਗੰਧਰਬਾਂ ਨੂੰ, *ਅਥਵਾ-* ਗਣ= ਸਮੂਹ ਗੰਧਰਬਾਂ ਨੂੰ, ਅਜਾਨ ਸੰਗਿਆ ਵਾਲੇ ਤੇਤੀ ਕ੍ਰੋੜ ਦੇਵਤੇ ਜੋ ਬ੍ਰਹਮਾ ਦੇ ਸੰਕਲਪ ਤੋਂ ਪੈਦਾ ਹੋਏ ਹਨ ਅਤੇ ਮਨੁੱਖਾਂ ਪਸ਼ੂਆਂ ਪੰਛੀਆਂ ਇਤਿਆਦਿ ਸਾਰਿਆਂ ਨੂੰ ਇਸ ਮੋਹ ਨੇ ਬਿ= ਵਿਸ਼ੇਸ਼ ਕਰ ਕੇ ਮੋਹਣਾ ਕੀਤਾ ਹੈ।

ਹਰੀ ਲਾਲ, ਕ੍ਰਿਸ਼ਨ ਲਾਲ ਨੇ ਫੇਰ ਬੇਨਤੀ ਕੀਤੀ-ਸੁਆਮੀ ਜੀ! ਇਸ ਮੋਹ ਤੋਂ ਬਚਣ ਦਾ ਕੋਈ ਤਰੀਕਾ ਦੱਸੋ? *ਗੁਰ ਉੱਤਰ-*

ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥ ੪੫ ॥

ਸਤਿਗੁਰ ਦੇਵ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਸ ਮੋਹ ਤੋਂ ਬਚਣ ਵਾਸਤੇ ਇਹ ਜੁਗਤੀ ਕਰੋ-) ਕਿ ਹਰਿ ਕਰਣਹਾਰੰ= ਸਭ ਦੇ ਕਰਣ ਵਾਲਾ ਜੋ ਹਰੀ ਹੈ, ਉਸ ਜਗਤ ਦੇ ਈਸ਼ਵਰ ਦੀ ਸ਼ਰਨ ਗ੍ਰਹਿਣ ਕਰਕੇ ਉਸੇ ਨੂੰ ਨਮਸ਼ਕਾਰਾਂ ਕਰੋ, ਤਾਂ ਇਸ ਮੋਹ ਤੋਂ ਤੁਹਾਡਾ ਛੁਟਕਾਰਾ ਹੋਵੇਗਾ ॥੪੫॥

ਹੁਣ ਕਾਮਦੇਵ ਦਾ ਬਲ ਦੱਸਦੇ ਹਨ-

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ ਕਾਮਦੇਵ ਐਸਾ ਦੁਸ਼ਟ ਹੈ) ਜੋ ਜੀਵ ਨੂੰ ਨਰਕਾਂ ਵਿਖੇ ਬਿਸ੍ਰਾਮੰ= ਵਾਸਾ ਦੇਣ ਵਾਲਾ ਅਤੇ ਬਹੁਤ ਹੀ ਜੂਨਾਂ ਵਿਖੇ ਭ੍ਰਮਾਵਣਹ= ਫਿਰਾਵਣੇ ਵਾਲਾ ਹੈ।

ਚਿਤ ਹਰਣੰ ਤ੍ਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ ॥

ਏਹ ਕਾਮਦੇਵ ਚਿਤ ਨੂੰ ਵਿਕਾਰ ਦ੍ਰਿਸ਼ਟੀ ਕਰ ਕੇ ਹਰਣੰ= ਚੁਰਾ ਲੈਂਦਾ ਹੈ ਭਾਵ ਕਾਬੂ ਕਰ ਲੈਂਦਾ ਹੈ। ਦੇਖੋ ਜੈਮਨੀ ਰਿਖੀ ਦੇ ਚਿੱਤ ਨੂੰ, ਸਿੰਡੀ ਰਿਖੀ ਦੇ ਚਿੱਤ ਨੂੰ ਤੇ ਪਰਾਸ਼ਰ ਰਿਖੀ ਦੇ ਚਿਤ ਨੂੰ ਇਸ ਨੇ ਚੁਰਾਇਆ ਹੈ।

ਅਤੇ ਤਿੰਨਾਂ ਲੋਕਾਂ* ਵਿਚ ਇਸ ਦੀ ਗੰਮੰ= ਗੰਮਤਾ ਭਾਵ ਪਹੁੰਚ ਹੈ।

ਸੌਰਭ ਰਿਖੀ ਆਦਿ ਜਪੀਆਂ ਦੇ ਜਪ, ਸਿੰਡੀ ਰਿਖੀ ਆਦਿ ਤਪੀਆਂ ਦੇ ਤਪ, ਸੀਲ= ਜਤੀਆਂ ਦੇ ਜਤ।

ਵਾ:- ਸ਼ੀਲ+= ਨੇਕ ਸੁਭਾਅ ਵਾਲਿਆਂ ਦੇ ਨੇਕ ਸੁਭਾਅ ਬਿਦਾਰਣਹ= ਦੂਰ ਕਰਨ ਵਾਲਾ ਹੈ।

ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥

ਫਿਰ ਇਸ ਕਾਮ ਦਾ ਸੁਖ ਸਪਰਸ਼ ਮਾਤਰ ਅਲਪ= ਥੋੜ੍ਹਾ ਸਮਾਂ ਰਹਿਣ ਵਾਲਾ ਹੈ ਤੇ ਧਨ ਵਾਲਿਆਂ ਨੂੰ ਅਵਿਤ= ਨਿਰਧਨ ਭਾਵ ਕੰਗਾਲ ਕਰਨ ਵਾਲਾ ਹੈ।

ਤ੍ਰੈ ਲੋਕ ਗੰਮੰ=ਬ੍ਰਹਮਾ ਨੂੰ ਬ੍ਰਹਮ ਲੋਕ ਵਿਚ ਜਾ ਕੇ ਤਿਲੋਤਮਾ ਵੇਲੇ ਮੋਹਤ ਕੀਤਾ। ਸ਼ਿਵ ਜੀ ਨੂੰ ਕੈਲਾਸ਼ ਪਰਬਤ ਉੱਤੇ ਜਾ ਕੇ ਮੋਹਣੀ ਅਵਤਾਰ ਵੇਲੇ ਮੋਹਤ ਕੀਤਾ। ਇੰਦ੍ਰ ਨੂੰ ਇੰਦ੍ਰ ਪੁਰੀ ਜਾ ਕੇ ਮੋਹਤ ਕੀਤਾ-ਜੋ ਗੌਤਮ ਰਿਖੀ ਦੀ ਇਸਤ੍ਰੀ ਅਹਿਲਿਆ ਪਾਸ ਆਇਆ। ਨਾਰਦ ਨੂੰ ਭੀ ਮੋਹਤ ਕੀਤਾ-ਜਦ ਰਾਜ ਲੜਕੀ ਦੇਖ ਕੇ ਵਿਸ਼ਨੂੰ ਭਗਵਾਨ ਪਾਸੋਂ ਹਰਿ ਰੂਪ ਮੰਗਿਆ ਸੀ ਤੇ ਅੱਗੋਂ ਵਿਸ਼ਨੂੰ ਭਗਵਾਨ ਨੇ ਬਾਂਦਰ ਦਾ ਮੂੰਹ ਕਰ ਦਿੱਤਾ ਸੀ।

+ਸੀਲ ਸੁਭਾਅ ਵਾਲੀ ਜੋ ਬ੍ਰਹਸਪਤਿ ਦੀ ਨਾਰੀ ਤਾਰਾ ਸੀ, ਉਸ ਦੇ ਸੀਲ ਸੁਭਾਅ ਨੂੰ ਇਸੇ ਕਾਮ ਨੇ ਨਾਸ ਕਰ ਦਿੱਤਾ, ਜੋ ਚੰਦ੍ਰਮਾ ਦੇ ਸੁੰਦਰ ਸਰੂਪ ਨੂੰ ਦੇਖ ਕੇ ਉਸ ਉਤੇ ਮੋਹਤ ਹੋ ਕੇ ਬੁੱਧ ਨਾਮੇ ਪੁੱਤਰ ਪੈਦਾ ਕਰ ਲਿਆ ਸੀ।

ਅਥਵਾ:- ਇਹ ਕਾਮਦੇਵ ਆਪ ਸ਼ਿਵ ਜੀ ਦੇ ਸਾੜਨ ਕਰ ਕੇ ਅਵਿਤ= ਅੰਗਾਂ ਤੋਂ ਰਹਿਤ ਹੈ ਤੇ ਸਭਨਾਂ ਦੇ ਮਨ ਚੰਚਲ ਕਰਨ ਵਾਲਾ ਹੈ।*

ਉਚ ਹਸਤੀ ਵਾਲੇ ਪੁਰਸ਼ਾਂ ਵਿਖੇ ਤੇ ਨੀਚ= ਨੀਵੀਂ ਹਸਤੀ ਵਾਲੇ ਪੁਰਸ਼ਾਂ ਵਿਚ ਏਹ ਕਾਮਦੇਵ ਸਮਾ ਰਿਹਾ ਹੈ। ਅਥਵਾ- ਉਚ ਜਾਤੀ ਵਾਲਿਆਂ ਵਿਚ ਤੇ ਨੀਚ ਜਾਤੀ ਵਾਲਿਆਂ ਵਿਚ ਵੀ ਇਹ ਕਾਮਦੇਵ ਸਮਾ ਰਿਹਾ ਹੈ। ਅਥਵਾ- ਉਚ ਜਾਤੀ ਵਾਲਿਆਂ ਨੂੰ ਨੀਚਤਾਈ ਵਿਖੇ ਸਮਾਉਣ ਵਾਲਾ ਹੈ-ਜਿਵੇਂ ਰਾਜਾ ਭਰਥਰੀ ਦੀ ਰਾਣੀ ਪਿੰਗਲਾ ਹਥਵਾਨ ਨਾਲ ਮਿਲ ਕੇ ਨੀਚ ਗਤੀ ਨੂੰ ਪ੍ਰਾਪਤ ਹੋਈ।

ਅਥਵਾ- ਜਿਸ ਵੇਲੇ ਕਾਮਦੇਵ ਦੀ ਉਛਾਲ ਆਉਂਦੀ ਹੈ, ਤਿਸ ਵੇਲੇ ਇਹ ਜੀਵ ਉਚ ਨੀਚ ਦਾ ਕੁਛ ਵਿਚਾਰ ਨਹੀਂ ਕਰਦਾ, ਫਿਰ ਤਾਂ ਕਾਮ ਚੇਸ਼ਟਾ ਦੇ ਕਰਨ ਵਿਚ ਸਮਾਵਣਹ= ਸਮਾ ਰਹਿੰਦਾ ਹੈ।

ਯਥਾ- ਛਿਵੈ ਕਾਮੁ ਨ ਪੁਛੈ ਜਾਤਿ॥ (ਵਾਰ ਮਾਝ ਮ: ੧, ਪੰਨਾ ੧੩੭)

ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥ ੪੬॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਸੰਤਾਂ ਦੇ ਸੰਗ ਕਰ ਕੇ, ਤਵ= ਤਿਸ ਕਾਮਦੇਵ ਦਾ ਖੌਫ ਬਿ-ਮੁੰਚਿਤ ਵਿਸ਼ੇਸ਼ ਕਰ ਕੇ ਨਾਸ ਹੋ ਜਾਂਦਾ ਹੈ। ਪ੍ਰਸ਼ਨ- ਸਾਧ ਕਿਹੜੇ ਹਨ? ਉੱਤਰ-

ਜਿਨ੍ਹਾਂ ਸੰਤਾਂ ਨੂੰ ਕੇਵਲ ਨਾਰਾਇਣ ਦੀ ਓਟ ਹੈ। ਅਥਵਾ-ਸੰਤਾਂ ਦੇ ਸੰਗ ਦੁਆਰਾ ਨਾਰਾਇਣ ਦੀ ਓਟ ਗ੍ਰਹਿਣ ਕਰਨ ਕਰ ਕੇ ਤਵ= ਤਿਸ ਕਾਮਦੇਵ ਦਾ ਖੌਫ਼ ਨਾਸ ਹੋ ਜਾਂਦਾ ਹੈ॥੪੬॥

ਹੁਣ ਕ੍ਰੋਧ ਦਾ ਬਲ ਦਸਦੇ ਹਨ-

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਇਹ +ਕ੍ਰੋਧ ਐਸਾ ਦੁਸ਼ਟ ਹੈ, ਜੋ ਕਲਿ= ਕਲਪਨਾ।

ਅਥਵਾ:-ਲੜਾਈ ਝਗੜਿਆਂ ਦਾ ਮੂਲ= ਮੁੱਢ ਹੈ, ਇਹ ਕ੍ਰੋਧ ਕਦੰਚ= ਕਦੇ ਵੀ ਮਨੁੱਖ ਦੇ ਚਿੱਤ ਵਿਚ ਕਰੁਣਾ= ਕਿਰਪਾ ਭਾਵ ਦਇਆ ਨੂੰ ਨ ਉਪਰਜਤੇ= ਪੈਦਾ ਹੋਣ ਹੀ ਨਹੀਂ ਦੇਂਦਾ।

ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ॥

ਏਹ ਕ੍ਰੋਧ ਬਿਖਯੰਤ ਜੀਵੰ= ਵਿਸ਼ੱਈ ਪੁਰਸ਼ਾਂ ਨੂੰ ਜਲਦੀ ਨਾਲ ਵਸ੍ਯੰ ਕਰੋਤਿ= ਵਸੀਕਾਰ ਕਰ ਲੈਂਦਾ ਹੈ, ਤੇ ਇਸ ਕ੍ਰੋਧ ਦੇ ਸੰਗ ਕਰਕੇ ਇਹ ਜੀਵ ਐਸੇ ਨਿਰਤ੍ਯੰ ਕਰੋਤਿ= ਨਾਚ ਕਰਦਾ ਹੈ, ਜਥਾ ਮਰਕਟਹ= ਜਿਸ ਤਰ੍ਹਾਂ ਬਾਂਦਰ ਦਰ-ਦਰ ਤੇ ਨਾਚ ਕਰਦਾ ਹੈ।

ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ॥

ਫਿਰ ਇਸ ਕ੍ਰੋਧ ਦੇ ਸੰਗ ਕਰ ਕੇ ਪ੍ਰਲੋਕ ਵਿਚ ਗਇਆਂ ਹੋਇਆਂ ਜੀਵ ਨੂੰ ਜਮਦੂਤ ਅਨੇਕ ਪ੍ਰਕਾਰ ਦੀ

---

*ਯਥਾ- ਭਰਥਰਿ ਭਰਮਿਆ ਦੂਧ ਭਖ ਕਹੁ ਸੰਤਨ ਕੈਸੇ ਚਲੀ।
ਰਸਬ ਮਾਰੇ ਧੌਮ ਰਿਖ ਅਤਿ ਗਤਿ ਮਦਨ ਮਹਾ ਬਲੀ।
ਕਾਮ ਦਿਵਾਨੇ ਤੇ ਕੀਏ ਜੋ ਕਰਤੇ ਪੌਨ ਅਹਾਰ।
ਕਾਮਨੀ ਕੇ ਪਾਛੇ ਫਿਰੇ ਹੋਤੇ ਬਹੁਤ ਖਵਾਰ।
ਤਥਾ- ਮਾਤ ਕਹਿਤ ਪੁਤ੍ਰੀ ਕਹਿਤ, ਭਗਨੀ ਕਹਿਤ ਹਿਤ ਸਹਿਤ। ਨਦੀ ਉਮਡਤ ਜਥ ਕਾਮ ਕੀ, ਕਹਿਤ ਕਹਿਤ ਸਭ ਬਹਿਤ।

+ਚਿਤ ਦੀ ਤੀਖਣ ਬ੍ਰਿਤੀ ਦਾ ਨਾਮ ਹੀ ਕ੍ਰੋਧ ਹੈ।

ਸਾਸਨ= ਤਾੜਨਾ ਦੇ ਕੇ ਤਾੜਦਾ ਹਨ।

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਤਵ= ਤਿਸ ਕ੍ਰੋਧ ਦੇ ਸੰਗ ਕਰ ਕੇ ਇਹ ਪੁਰਸ਼ ਚਾਹੇ ਉਤਮ ਭੀ ਹੈ ਤਾਂ ਵੀ ਅਧਮੰ= ਨੀਚ ਗਤੀ ਨੂੰ ਪ੍ਰਾਪਤ ਹੁੰਦਾ ਹੈ। ਫਿਰ ਇਹ ਕ੍ਰੋਧ ਐਸਾ ਹੈ, ਕਿ-

ਅੰਧ ਕਰੈ ਦ੍ਰਿਗਵੰਤਨ ਕੋ, ਸੂਤਵੰਤਨ ਕੋ ਬਧਰੋ ਕਰ ਡਾਰੈ। *(ਪ੍ਰਬੋਧ ਚੰਦ੍ਰ ਨਾਟਕ)*

ਇਸੀ ਕ੍ਰੋਧ ਨੇ ਦੁਰਬਾਸ਼ਾ ਰਿਖੀ ਨੂੰ ਅੰਨ੍ਹਿਆਂ ਕੀਤਾ ਸੀ। ਜਿਲੇ ਰਾਜਾ ਅਮ੍ਰੀਕ ਨੂੰ ਸਰਾਪ ਦੇਣ ਲੱਗਾ ਤਾਂ ਉਸ ਦੀ ਰਖਿਆ ਵਾਸਤੇ ਸੁਦਰਸ਼ਨ ਚੱਕਰ ਇਸ ਦੁਰਬਾਸ਼ਾ ਰਿਖੀ ਦੇ ਮਾਰਨ ਨੂੰ ਅੱਗੇ ਵਧਿਆ, ਜਿਸ ਤੇ ਦੁਰਬਾਸ਼ਾ ਰਿਖੀ ਨੇ ਦੌੜ ਕੇ ਬੜਿਆਂ ਬੜਿਆਂ ਦੀ ਸ਼ਰਨ ਗ੍ਰਹਿਣ ਕੀਤੀ ਪਰ ਕਿਸੇ ਨੇ ਸਹਾਇਤਾ ਨਾ ਕੀਤੀ ਇਸ ਵਜ੍ਹਾ ਨਾਲ ਕ੍ਰੋਧ ਕਰ ਕੇ ਜੀਵ ਨੀਚ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਸਾਖੀ— ਦੁਰਬਾਸ਼ਾ ਰਿਖੀ ਦੀ

ਰਾਜਾ ਦੱਛ ਪ੍ਰਜਾਪਤਿ ਨੇ ਜਿਸ ਵੇਲੇ ਆਪਣੀ ਲੜਕੀ ਦੁਰਬਾਸ਼ਾ ਰਿਖੀ ਨੂੰ ਵਿਆਹੀ, ਤਾਂ ਉਸ ਵੇਲੇ ਨਿੰਮ੍ਰਤਾ ਭਾਵ ਨਾਲ ਕਿਹਾ- ਹੇ ਰਿਖੀ ਜੀ! ਤੇਰਾ ਸੁਭਾਅ ਬੜਾ ਤੱਤਾ ਹੈ, ਪਰ ਜੇਕਰ ਮੇਰੀ ਲੜਕੀ ਸੌ ਔਗੁਣ ਭੀ ਕਰ ਬੈਠੇ ਤਾਂ ਭੀ ਤੂੰ ਕੋਈ ਖਿਆਲ ਨਾ ਕਰੀਂ ਮਾਫ ਕਰ ਦੇਵੀਂ। ਦੱਛ ਪ੍ਰਜਾਪਤਿ ਨੇ ਤਾਂ ਨਿੰਮ੍ਰਤਾ ਸਹਿਤ ਇਹ ਬਚਨ ਕਹੇ ਸਨ ਪਰ ਦੁਰਬਾਸ਼ਾ ਰਿਖੀ ਉਸ ਦੇ ਨਿੱਕੇ ਨਿੱਕੇ ਔਗੁਣ ਭੀ ਗਿਣਦਾ ਰਿਹਾ। ਸੌ ਤੱਕ ਤਾਂ ਕੁਝ ਭੀ ਨਾ ਕਿਹਾ, ਜਦ ਸੌ ਤੋਂ ਉਪਰ ਔਗੁਣ ਹੋ ਗਏ ਤਾਂ ਦੁਰਬਾਸ਼ਾ ਰਿਖੀ ਨੇ ਸਰਾਪ ਦੇ ਕੇ ਆਪਣੀ ਔਰਤ ਨੂੰ ਭਸਮ ਕਰ ਦਿੱਤਾ।

ਜਿਸ ਵੇਲੇ ਦਛ ਪ੍ਰਜਾਪਤਿ ਨੂੰ ਪਤਾ ਲੱਗਾ ਤਾਂ ਉਸ ਨੇ ਆਕੇ ਕਿਹਾ- ਓਇ ਬ੍ਰਾਹਮਣਾਂ! ਤੂੰ ਮੇਰੀ ਪੁੱਤਰੀ ਦਾ ਕਦਰ ਨਹੀਂ ਪਾਇਆ, ਜਾਹ ਤੇਰੀ ਭੀ ਨਿਰਾਦਰੀ ਹੋਵੇਗੀ।

ਇਉਂ ਸਰਾਪ ਦੇ ਕੇ ਦੱਛ ਪ੍ਰਜਾਪਤਿ ਚਲਾ ਗਿਆ।

ਫੇਰ ਕਿਸੇ ਸਮੇਂ ਜਦ ਦੁਰਬਾਸ਼ਾ ਰਿਖੀ ਅੰਮਰੀਕ ਰਾਜਾ ਪਾਸ ਆ ਕੇ, ਉਸ ਦੇ ਰੱਖੇ ਹੋਏ ਵਰਤ ਵਿਚ ਵਿਘਨ ਪਾਣ ਲੱਗਾ। ਤਾਂ ਸੁਦਰਸ਼ਨ ਚੱਕਰ ਨੇ ਦੁਰਭਾਸ਼ਾ ਰਿਖੀ ਪਿੱਛੇ ਹੋ ਕੇ ਉਸ ਦੀ ਬੜੀ ਨਿਰਾਦਰੀ ਕੀਤੀ। ਦੁਰਬਾਸ਼ਾ ਰਿਖੀ ਅੱਗੇ ਦੌੜਿਆ ਤੇ ਸੁਦਰਸ਼ਨ ਚੱਕਰ ਪਿੱਛੇ ਪਿੱਛੇ। ਅਖੀਰ ਅੰਮਰੀਕ ਰਾਜੇ ਤੋਂ ਮਾਫੀ ਮੰਗੀ ਤਾਂ ਦੁਰਬਾਸ਼ਾ ਰਿਖੀ ਦਾ ਛੁਟਕਾਰਾ ਹੋਇਆ।

ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਇਸ ਕ੍ਰੋਧ ਤੋਂ ਕਿਵੇਂ ਬਚ ਸਕਦਾ ਹੈ? *ਗੁਰ ਉੱਤਰ-*

ਉਸ ਦਿਆਲੂ ਪ੍ਰਭੂ ਅੱਗੇ ਇੰਜ ਬੇਨਤੀਆਂ ਕਰੇ ਤਾਂ ਇਸ ਕ੍ਰੋਧ ਤੋਂ ਬਚਾਅ ਹੋ ਸਕਦਾ ਹੈ:

ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ ॥ ੪੭ ॥

ਹੇ ਦੀਨ ਦਇਆਲ, ਦੁੱਖਾਂ ਦੇ ਭੰਜਨੇ ਵਾਲੇ ਪ੍ਰਭੂ! ਮੈਂ ਜੀਵ ਦੀ ਸਰਬ ਪ੍ਰਕਾਰ ਨਾਲ ਕ੍ਰੋਧ ਦੀ ਤਰਫੋਂ ਰਖਿਆ ਕਰੋ। *ਅਥਵਾ-* ਸਰਬ ਜੀਵਾਂ ਦੀ ਰਖਿਆ ਕਰੋ ॥੪੭ ॥

-ਹੁਣ ਲੋਭ ਦਾ ਪ੍ਰਤਾਪ ਵਰਣਨ ਕਰਦੇ ਹਨ-

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥

(ਹੇ ਹਰੀ ਲਾਲ ਕ੍ਰਿਸ਼ਨ ਲਾਲ! ਇਹ) ਲੋਭ ਐਸਾ ਬਲੀ ਹੈ ਜੋ ਸਿਰਮੋਰਹ= ਸ਼੍ਰੋਮਣੀ ਮਹਾਤਮਾਂ ਦੇ ਸੰਗ=

ਨਾਲ ਵੀ ਲੰਪਟ ਹੈ।

ਅਥਵਾ-ਸਰਬ ਨਾਲ ਲੰਪਟ= ਲਿਪ੍ਤਾਇਮਾਨ ਜੋ ਲੋਭ ਹੈ ਉਹ ਆਪਣੇ ਸੰਗ ਵਿਚੋਂ ਸਿਰਮੋਰਹ= ਸ਼ਰੋਮਣੀ ਹੈ, ਜਿਸ ਲੋਭ ਦੇ ਪ੍ਰਤਾਪ ਕਰ ਕੇ ਜੀਵ ਦੇ ਅੰਦਰ ਅਨੇਕਾਂ ਹੀ ਸੰਕਲਪਾਂ ਵਿਕਲਪਾਂ ਰੂਪ ਲਹਿਰਾਂ ਦੇ ਕਲੋਲਤੇ= ਤਰੰਗ ਉਠਦੇ ਹਨ।

ਸਾਖੀ—ਸ਼ੇਖ ਚਿਲੀ ਦੀ

ਇਕ ਸਮੇਂ ਸ਼ੇਖ ਚਿਲੀ ਕਿਸੀ ਬ੍ਰਿੱਛ ਤੇ ਬੈਠਾ ਹੋਇਆ ਫਲ ਖਾ ਰਿਹਾ ਸੀ ਅਤੇ ਜਿਸ ਟਾਹਣੇ ਪਰ ਬੈਠਾ ਸੀ ਉਸੇ ਨੂੰ ਹੀ ਕਟ ਰਿਹਾ ਸੀ। ਕਿਸੇ ਜਾਣ ਵਾਲੇ ਮੁਸਾਫਰ ਨੇ ਕਿਹਾ, ਓਏ ਮੂਰਖਾ! ਜਿਸ ਵੇਲੇ ਟਾਹਣਾ ਕਟਿਆ ਗਿਆ ਤੂੰ ਹੇਠਾਂ ਡਿੱਗ ਪਵੇਂਗਾ। ਪਰ ਸ਼ੇਖ ਚਿਲੀ ਨੇ ਉਸ ਦੇ ਬਚਨਾਂ ਦੀ ਕੋਈ ਪ੍ਰਵਾਹ ਨਾ ਕੀਤੀ। ਅਜੇ ਉਹ ਪੁਰਸ਼ ਥੋੜ੍ਹੀ ਹੀ ਦੂਰ ਗਿਆ ਸੀ ਕਿ ਟਾਹਣਾ ਕਟਿਆ ਗਿਆ ਤੇ ਸ਼ੇਖ ਚਿਲੀ ਹੇਠਾਂ ਡਿੱਗ ਪਿਆ। ਹੈਰਾਨ ਹੋ ਕੇ ਉਸ ਦੇ ਮਗਰ ਦੌੜਿਆ ਕਿ ਇਹ ਤਾਂ ਕੋਈ ਔਲੀਆ ਫਕੀਰ ਹੈ, ਜਿਸ ਨੇ ਅੰਤਰਯਾਮਤਾ ਨਾਲ ਮੇਰੇ ਹੇਠਾਂ ਡਿੱਗਣ ਨੂੰ ਦਸ ਦਿੱਤਾ ਹੈ। ਇਸ ਨੂੰ ਤਾਂ ਮੇਰੀ ਮੌਤ ਦਾ ਵੀ ਪਤਾ ਹੋਣਾ ਹੈ। ਉਸ ਨੂੰ ਜਾ ਕੇ ਪੁੱਛਣ ਲੱਗਾ- ਹੇ ਸਾਂਈ ਲੋਕ! ਤੂੰ ਬੜਾ ਅੰਤਰਯਾਮੀ ਹੈਂ, ਦਸ ਮੈਂ ਕਦੋਂ ਮਰਨਾ ਹੈ? ਉਸ ਨੇ ਕਿਹਾ- ਤੇਰੀ ਮੌਤ ਦਾ ਮੈਨੂੰ ਕੀ ਪਤਾ? ਜਦ ਸ਼ੇਖ ਚਿਲੀ ਨੇ ਬੜਾ ਹਠ ਕੀਤਾ ਤਾਂ ਉਸ ਪਾਸੋਂ ਖਹਿੜਾ ਛਡੌਣ ਵਾਸਤੇ ਮੁਸਾਫਰ ਕਹਿਣ ਲਗਾ ''ਅੱਠਾਂ ਦਿਨਾਂ ਦੇ ਅੰਦਰ ਹੀ ਮਰੇਂਗਾ, ਉਸ ਦਾ ਭਾਵ ਸੀ, ਜਦੋਂ ਵੀ ਤੇਰੀ ਮੌਤ ਆਵੇਗੀ ਤਾਂ ਇਨ੍ਹਾਂ ਅੱਠਾਂ ਦਿਨਾਂ ਸੋਮ ਮੰਗਲ ਆਦਿ ਵਾਰਾਂ ਵਿਚ ਹੀ ਹੋਵੇਗੀ।'' ਪਰ ਸ਼ੇਖ ਚਿਲੀ ਨੇ ਸਮਝਿਆ ਕਿ ਮੈਂ ਅੱਜ ਤੋਂ ਅੱਠ ਦਿਨਾਂ ਦੇ ਅੰਦਰ ਅੰਦਰ ਜ਼ਰੂਰ ਮਰ ਜਾਵਾਂਗਾ। ਘਰ ਜਾ ਕੇ ਮਰਨ ਦੀ ਪੂਰੀ ਤਿਆਰੀ ਕਰ ਲਈ। ਖੱਫਣ ਲਿਆ ਕੇ ਸਿਊਂ ਲੀਤਾ, ਕਬਰ ਵੀ ਆਪੇ ਖੋਦ ਲਈ ਲੋਕਾਂ ਨੂੰ ਅੱਠਵੇਂ ਦਿਨ ਕਹਿਣ ਲੱਗਾ ਅੱਜ ਮੈਂ ਮਰ ਜਾਣਾ ਹੈ, ਮੈਨੂੰ ਕਬਰਿਸਤਾਨ ਵਿਚ ਲੈ ਚਲੋ। ਲੋਕ ਇਸ ਦੀ ਆਦਤ ਨੂੰ ਜਾਣਦੇ ਸਨ, ਸ਼ੁਗਲ ਵਾਸਤੇ ਉਸ ਨੂੰ ਕਬਰਾਂ ਵਿਚ ਲੈ ਗਏ, ਚਿੱਟਾ ਖੱਫਨ ਪਾ ਕੇ ਜਿਊਂਦੇ ਨੂੰ ਗਲ ਤਕ ਕਬਰ ਵਿਚ ਪੋਲੀ ਪੋਲੀ ਮਿੱਟੀ ਪਾ ਕੇ ਨੱਪ ਦਿੱਤਾ। ਕਿ ਜਦ ਇਸ ਨੂੰ ਭੁੱਖ ਲਗੇਗੀ ਆਪੇ ਘਰ ਭੱਜਾ ਆਵੇਗਾ। ਅਜੇ ਉਹ ਮੁੜੇ ਹੀ ਸਨ ਕਿ ਇਤਨੇ ਨੂੰ ਉਸੇ ਰਸਤੇ (ਜੋ ਕਬਰਾਂ ਦੇ ਪਾਸ ਦੀ ਜਾਂਦਾ ਸੀ) ਕੋਈ ਸਿਪਾਹੀ ਆਪਣੇ ਸਿਰ ਤੇ ਤੇਲ ਦਾ ਕੁੱਪਾ ਚੁੱਕੀ ਤੁਰਿਆ ਆਉਂਦਾ ਦਿਸਿਆ ਜੋ ਇਹ ਆਖ ਰਿਹਾ ਸੀ- ਕਿ ਇਸ ਵੇਲੇ ਜੇ ਕੋਈ ਮਜਦੂਰ ਮਿਲ ਜਾਵੇ ਤਾਂ ਇਹ ਤੇਲ ਪਿੰਡ ਤਕ ਛੱਡ ਆਵੇ ਮੈਂ ਉਸ ਨੂੰ ਦੋ ਪੈਸੇ ਮਜ਼ਦੂਰੀ ਦੇਵਾਂਗਾ। ਇਹ ਬਚਨ ਸ਼ੇਖ ਚਿਲੀ ਵੀ ਸੁਣਦਾ ਸੀ ਉੱਚੀ ਉੱਚੀ ਕਹਿਣ ਲੱਗਾ- ਮੈਂ ਤਾਂ ਮਰਿਆ ਪਿਆਂ ਹਾਂ, ਨਹੀਂ ਤਾਂ ਤੇਰਾ ਕੰਮ ਜ਼ਰੂਰ ਕਰ ਦਿੰਦਾ।

ਸਿਪਾਹੀ ਨੇ ਉਸ ਨੂੰ ਖਿੱਚ ਕੇ ਕਬਰ ਤੋਂ ਬਾਹਰ ਕੀਤਾ ਤੇ ਤੇਲ ਸਿਰ ਤੇ ਚੁਕਾ ਦਿੱਤਾ ਤੇ ਕਿਹਾ ਕਿ ਤੂੰ ਤਾਂ ਜਿਊਂਦਾ ਹੈਂ! ਆਪਣੇ ਆਪ ਨੂੰ ਜਿਊਂਦਾ ਜਾਣ ਕੇ ਸ਼ੇਖ ਚਿਲੀ ਬੜਾ ਪ੍ਰਸੰਨ ਹੋਇਆ। ਸਿਪਾਹੀ ਦੇ ਮਗਰ ਲਗਿਆ, ਸਿਰ ਤੇ ਤੇਲ ਚੁੱਕੀ, ਮਨ ਵਿਚ ਸੋਚਦਾ ਆਉਂਦਾ ਹੈ ਕਿ ਇਹਨਾਂ ਦੋ ਪੈਸਿਆਂ ਦੇ ਦੋ ਆਂਡੇ ਲੈ ਲਵਾਂਗਾ, ਦੋ ਆਂਡਿਆਂ 'ਚੋਂ ਦੋ ਮੁਰਗੀਆਂ ਦੇ ਬੱਚੇ ਬਣ ਜਾਣਗੇ। ਫੇਰ ਉਹਨਾਂ ਦੋ ਬਚਿਆਂ ਤੋਂ ਵਧ ਕੇ ਮੇਰੇ ਪਾਸ ਬਹੁਤ ਸਾਰੇ ਮੁਰਗੇ-ਮੁਰਗੀਆਂ ਹੋ ਜਾਣਗੀਆਂ। ਉਹਨਾਂ ਸਾਰੇ ਮੁਰਗੇ-ਮੁਰਗੀਆਂ ਨੂੰ ਵੇਚ ਕੇ ਮੈਂ ਬੱਕਰੀਆਂ ਬਣਾ ਲਵਾਂਗਾ ਫੇਰ ਉਹਨਾਂ ਦਾ ਵਾਧਾ ਹੋਵੇਗਾ।

ਫਿਰ ਮੈਂ ਗਊਆਂ ਮੱਝਾਂ ਲੈ ਲਵਾਂਗਾ, ਇਨ੍ਹਾਂ ਦੇ ਮੁਨਾਫੇ ਦਾ ਮੈਂ ਵਪਾਰ ਸ਼ੁਰੂ ਕਰ ਦੇਵਾਂਗਾ। ਜਦੋਂ ਲੋਕਾਂ

ਵਿਚ ਮੇਰੀ ਚੰਗੀ ਮਸ਼ਹੂਰੀ ਹੋ ਜਾਵੇਗੀ ਤਾਂ ਕੋਈ ਅਮੀਰ ਮੈਨੂੰ ਆਪਣੀ ਲੜਕੀ ਵਿਆਹ ਦੇਵੇਗਾ। ਫੇਰ ਮੇਰੇ ਬੱਚੇ ਪੈਦਾ ਹੋਵਣਗੇ ਮੈਂ ਲੋਕਾਂ ਪਾਸ ਬੜੀ ਐਂਠ ਨਾਲ ਬੈਠਾ ਹੋਵਾਂਗਾ ਤੇ ਮੇਰਾ ਲੜਕਾ ਰੋਟੀ ਦੇ ਸਮੇਂ ਆ ਕੇ ਕਹੇਗਾ ਅੱਬਾ ਜੀ! ਰੋਟੀ ਖਾ ਲਓ। ਮੈਂ ਬੜੀ ਆਕੜ ਨਾਲ ਸਿਰ ਹਿਲਾ ਕੇ ਕਹਾਂਗਾ ਮੈਨੂੰ ਭੁੱਖ ਨਹੀਂ, ਜਾਹ ਦੌੜ ਜਾਹ।

ਜਿਉਂ ਹੀ ਸ਼ੇਖ ਚਿਲੀ ਨੇ ਸਿਰ ਹਿਲਾਇਆ ਤਾਂ ਸਿਰ ਤੋਂ ਕੁੱਪਾ ਡਿੱਗ ਕੇ ਸਾਰਾ ਤੇਲ ਜ਼ਮੀਨ 'ਚ ਵਿਖਰ ਗਿਆ। ਸਿਪਾਹੀ ਕਹਿਣ ਲੱਗਾ- ਓਹ ਮੂਰਖਾ! ਇਹ ਕੀ ਕੀਤਾ- ਮੇਰਾ ਸਾਰਾ ਹੀ ਤੇਲ ਡੋਲ੍ਹ ਦਿੱਤਾ ਈ ਪਰ ਅੱਗੋਂ ਘਬਰਾਏ ਹੋਏ ਸ਼ੇਖ ਚਿਲੀ ਨੇ ਕਿਹਾ- ਖਾਨ ਸਾਹਿਬ।ਤੁਹਾਡਾ ਤਾਂ ਸਿਰਫ ਤੇਲ ਹੀ ਡੁੱਲ੍ਹਾ ਹੈ ਪਰ ਮੇਰਾ ਤਾਂ ਸਾਰਾ ਪਰਵਾਰ ਹੀ ਰੁੜ੍ਹ ਗਿਆ ਹੈ।

ਇਸ ਤਰ੍ਹਾਂ ਸ਼ੇਖ ਚਿਲੀ ਵਾਂਗ ਜੀਵ ਦੇ ਹਿਰਦੇ ਵਿਚ ਅਨੇਕ ਪ੍ਰਕਾਰ ਦੇ ਮਾਇਆ ਦੇ ਕਲੋਲ ਉੱਠ ਰਹੇ ਹਨ।

ਧਾਵੰਤ ਜੀਆ ਬਹੁ ਪ੍ਰਕਾਰੰ ਅਨੇਕ ਭਾਂਤਿ ਬਹੁ ਡੋਲਤੇ ॥

ਇਸ ਲੋਭ ਕਰ ਕੇ ਅੰਦਰੋਂ ਜੀਅ ਬਹੁਤ ਪ੍ਰਕਾਰ ਨਾਲ ਧਾਵੰਤ= ਦੌੜਦਾ ਹੈ ਤੇ ਬਾਹਰੋਂ ਸਰੀਰ ਵੀ ਅਨੇਕ ਤਰ੍ਹਾਂ ਨਾਲ ਬਹੁਤਾ ਜਗ੍ਹਾ ਡੋਲਤੇ= ਭੌਂਦਾ ਫਿਰਦਾ ਹੈ।

*ਅਥਵਾ-*ਇਹ ਜੀਵ ਬਹੁਤ ਪ੍ਰਕਾਰ ਦੀਆਂ ਜੂਨੀਆਂ ਵਿਚ ਦੌੜਦਾ ਹੈ ਅਤੇ ਧਨ ਖੱਟਣ ਵਾਸਤੇ ਖੇਤੀ ਵਣਜ ਸੁਦਾਗਰੀ ਆਦਿ ਵਪਾਰ ਕਰਨ ਵਾਸਤੇ ਦੇਸਾਂ ਪ੍ਰਦੇਸਾਂ ਵਿਚ ਬਹੁਤ ਤਰ੍ਹਾਂ ਨਾਲ ਡੋਲਦਾ ਹੈ।

ਯਥਾ- ਕਬਹੂ ਜੀਅੜਾ ਊਭਿ ਚਢਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨ ॥

(ਰਾਮਕਲੀ ਮਹਲਾ ੧, ਪੰਨਾ ੮੭੬)

ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਤਵ= ਤਿਸ ਲੋਭ ਦੇ ਪ੍ਰਤਾਪ ਕਰ ਕੇ ਇਸ ਜੀਵ ਨੂੰ ਮਿੱਤਰਾਂ ਦੀ ਲੱਜਿਆ ਨਚ= ਨਹੀਂ ਰਹਿੰਦੀ, ਇਸ਼ਟ ਦੇਵ ਦੀ ਵੀ ਲੱਜਿਆ ਨਚ= ਨਹੀਂ ਰਹਿੰਦੀ। ਬਾਧਵ= ਸਨਬੰਧੀਆਂ (ਰਿਸ਼ਤੇਦਾਰਾਂ) ਦੀ ਲੱਜਿਆ ਵੀ ਨਹੀਂ ਰਹਿੰਦੀ। ਮਾਤਾ ਪਿਤਾ ਦੀ ਲੱਜਿਆ ਵੀ ਨਹੀਂ ਹਹਿੰਦੀ। ਭਾਵ ਲੋਭ ਕਰ ਕੇ ਸਭ ਨੂੰ ਠੱਗ ਲੈਂਦਾ ਹੈ।

ਅਕਰਣੰ ਕਰੋਤਿ ਅਖਾਦ੍ਯ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ ॥

ਮਿੱਤਰਾਂ ਅਤੇ ਇਸ਼ਟ ਦੇਵਾਂ ਦੇ ਨਾਲ ਜੋ ਗੱਲ ਅਕਰਣੰ= ਨਹੀਂ ਕਰਨ ਜੋਗ ਉਸ ਨੂੰ ਕਰੋਤਿ= ਕਰਦਾ ਹੈ। ਸਨਬੰਧੀਆਂ ਨਾਲ ਛਲ ਕਰ ਕੇ ਜੋ ਪਦਾਰਥ ਅਖਾਦਿ ਹੈ ਭਾਵ ਜੋ ਪਦਾਰਥ ਖਾਣ ਜੋਗ ਨਹੀਂ ਹਨ ਉਹਨਾਂ ਹੀ ਪਦਾਰਥਾਂ ਨੂੰ ਖਾਦ੍ਯੰ= ਖਾਂਦਾ ਹੈ।

ਤੇ ਮਾਤਾ ਪਿਤਾ ਪਾਸੋਂ ਚੁਰਾ ਕੇ ਜੋ ਧਨ ਅ-ਸਾਜ੍ਯੰ= ਇਕੱਠਾ ਕਰਨਾ ਜੋਗ ਨਹੀਂ ਹੈ, ਪਰ ਲੋਭ ਵਸ ਹੋ ਕੇ ਉਸ ਧਨ ਨੂੰ ਵਖਰਾ ਸਾਜਿ= ਇਕੱਠਾ ਕਰਦਾ ਹੈ।

ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ ਲੋਭ ਸਾਰੇ ਸਮਜਯਾ= ਸਮਾ ਰਿਹਾ ਹੈ।

ਵਾ:-ਸਮ= ਭਲੀ ਪ੍ਰਕਾਰ ਇਸ ਲੋਭ ਦੀ ਸਾਰੇ ਜਯਾ= ਜੈ ਹੋ ਰਹੀ ਹੈ।

www.sikhbookclub.com

ਦੂਜਾ ਅਰਥ-

ਨਚ ਮਿਤ੍ਰੰ ਨਚ ਇਸਟੰ ਨਚ ਬਾਧਵ, ਨਚ ਮਾਤ ਪਿਤਾ ਤਵ ਲਜਯਾ॥

ਲੋਭੀ ਪੁਰਸ਼ ਦਾ ਨਾ ਕੋਈ ਮਿੱਤਰ ਹੈ, ਕਿਉਂਕਿ ਮਿੱਤਰਾਂ ਨੂੰ ਠੱਗ ਲੈਂਦਾ ਹੈ। ਲੋਭੀ ਦਾ ਇਸ਼ਟ ਦੇਵ ਭੀ ਕੋਈ ਨਹੀਂ, ਇਸ਼ਟ ਦੇਵ ਨੂੰ ਸਮਝਦਾ ਹੀ ਕੁਝ ਨਹੀਂ ਹੈ, ਕਿਉਂਕਿ ਲੋਭੀ ਪੁਰਸ਼ ਗੁਰੂ ਦੀਆਂ ਗੋਲਕਾਂ ਭੰਨ ਲੈਂਦਾ ਹੈ ਸੋਨੇ ਦੇ ਛੱਬੇ ਉਤਾਰ ਲੈਂਦਾ ਹੈ, ਪ੍ਰਵਾਹ ਨਹੀਂ ਕਰਦਾ।

(ਕੁਝ ਕੁ ਸਾਲ ਹੋ ਚੁਕੇ ਹਨ ਜਦੋਂ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਚੰਦੋਏ ਨਾਲੋਂ ਛੱਬੇ ਉਤਾਰ ਕੇ ਦਰਸ਼ਨੀ ਡਿਉੜੀ ਦੇ ਨਾਲ ਸਰੋਵਰ ਵਿਚੋ ਛਾਲ ਮਾਰ ਕੇ ਨਿਕਲ ਗਿਆ ਸੀ)।

ਲੋਭੀ ਦਾ ਸਬੰਧੀ ਭੀ ਕੋਈ ਨਹੀਂ, ਕਿਉਂਕਿ ਸਬੰਧੀਆਂ ਦੇ ਨਾਲ ਵੀ ਛਲ ਕਰ ਲੈਂਦਾ ਹੈ। ਤ ਵ = ਤਿਸ ਲੋਭ ਕਰ ਕੇ ਮਾਤਾ ਪਿਤਾ ਦੀ ਵੀ ਲਜਯਾ= ਸ਼ਰਮ ਨਹੀਂ ਕਰਦਾ ਕਿਉਂਕਿ ਲੋਭੀ ਪੁਰਸ਼ ਧਨ ਵਾਸਤੇ ਮਾਤਾ ਪਿਤਾ ਨੂੰ ਵੀ ਜ਼ਹਿਰ ਦੇ ਕੇ ਮਾਰ ਦਿੰਦਾ ਹੈ।

ਅਕਰਣੰ ਕਰੋਤਿ ਅਖਾਦ੍ਹਿ ਖਾਦ੍ਹੰ

ਲੋਭੀ ਪੁਰਸ਼ ਨਾ ਕਰਨ ਵਾਲੇ ਕਰਤੱਬਾਂ ਨੂੰ ਕਰਦਾ ਹੈ ਭਾਵ ਲੋਕਾਂ ਦੇ ਖੀਸੇ ਕੱਟ ਲੈਂਦਾ ਹੈ, ਕੱਪੜੇ ਚੁਕ ਲੈਂਦਾ ਹੈ। ਨਾ ਖਾਣ ਜੋਗ ਗੁਰਾਂ ਦੇ ਧਨ ਨੂੰ ਖਾਂਦਾ ਹੈ, ਅੱਗੋਂ ਆਈ ਚੜ੍ਹਤ ਨੂੰ ਚੁਰਾ ਲੈਂਦਾ ਹੈ।

ਅਥਵਾ:- ਨਾ ਖਾਣ ਜੋਗ ਜੋ ਮਾਸ ਸ਼ਰਾਬ ਆਦਿਕ ਪਦਾਰਥ ਹਨ, ਉਹਨਾਂ ਨੂੰ ਖਾਂਦਾ ਹੈ।

ਅਥਵਾ:- ਸ਼ਰਾਬ ਆਦਿਕਾਂ ਦਾ ਅੰਨ ਜੋ ਨਹੀਂ ਖਾਣ ਜੋਗ ਉਸ ਨੂੰ ਖਾ ਜਾਂਦਾ ਹੈ।

ਅਸਾਜ੍ਹੰ ਸਾਜਿ ਸਮਜਯਾ॥

ਨਾ ਸਾਜਣੇ ਜੋਗ ਕੰਮਾਂ ਨੂੰ ਸਾਜਦਾ ਹੈ। ਅਥਵਾ:- ਜਿਹੜੇ ਆਪਣੇ ਸਰੀਰ ਪਰ ਭੇਸ ਸਜਾਣੇ ਯੋਗ ਨਹੀਂ ਹਨ, ਲੋਭ ਵਸ ਹੋ ਕੇ ਉਹ ਭੇਸ ਸਜਾ ਲੈਂਦਾ ਹੈ। ਭਾਵ ਅੰਮ੍ਰਿਤਧਾਰੀ ਸਿੱਖ ਨੂੰ ਕੇਸਾਂ ਦੀ ਬਿਅਦਬੀ ਨਹੀਂ ਕਰਾਉਣੀ ਚਾਹੀਦੀ ਪਰ ਲੋਭ ਵਸ ਹੋ ਕੇ ਅੰਮ੍ਰਿਤਧਾਰੀ ਸਿੱਖ ਆਪਣੇ ਧਰਮ ਤੋਂ ਪਤਿਤ ਹੋ ਕੇ ਕੇਸਾਂ ਦੀ ਬਿਅਦਬੀ ਕਰਾ ਕੇ ਟੋਪੀਆਂ ਪਹਿਨਣ ਨੂੰ ਤਿਆਰ ਹੋ ਜਾਂਦਾ ਹੈ।

ਫਿਰ ਇਸ ਲੋਭ ਦੀ ਸਮ= ਭਲੀ ਪਰਕਾਰ ਸਾਰੇ ਲੋਕਾਂ ਵਿਚ ਜਯਾ= ਜੈ ਹੋ ਰਹੀ ਹੈ, ਭਾਵ ਲੋਭ ਨੇ ਕਿਸੇ ਨੂੰ ਛੱਡਿਆ ਨਹੀਂ, ਸਭ ਨੂੰ ਅਧੀਨ ਕੀਤਾ ਹੋਇਆ ਹੈ।

ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਇਸ ਲੋਭ ਤੋਂ ਕਿਸ ਤਰ੍ਹਾਂ ਛੁਟਕਾਰਾ ਹੋਵੇ?

ਗੁਰ ਉੱਤਰ- ਵਾਹਿਗੁਰੂ ਅੱਗੇ ਇਸ ਪਰਕਾਰ ਬੇਨਤੀਆਂ ਕਰੋ-

ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਰਿ ਨਾਨਕ ਹਰਿ ਨਰਹਰਹ॥ ੪੮॥

ਹੇ ਨਰਾਂ ਦੇ ਹਰੇ ਕਰਨਹਾਰੇ ਸੁਆਮੀ ਪਰਮਾਤਮ ਦੇਵ! ਅਸੀਂ ਆਪ ਜੀ ਦੀ ਸ਼ਰਨ ਵਿਚ ਆ ਕੇ ਆਪ ਅੱਗੇ ਬਿਗ੍ਯਾਪ੍ਰਿ= ਬੇਨਤੀ ਕਰਦੇ ਹਾਂ ਕਿ ਆਪ ਆਪਣੀ ਮਿਹਰ ਦੀ ਦ੍ਰਿਸ਼ਟੀ ਕਰ ਕੇ ਇਸ ਲੋਭ ਦੀ ਤਰਫੋਂ ਤ੍ਰਾਹਿ ਤ੍ਰਾਹਿ= ਰੱਖਿਆ ਕਰੋ, ਰੱਖਿਆ ਕਰੋ॥ ੪੮॥

ਹੁਣ ਹੰਕਾਰ ਦਾ ਪਰਤਾਪ ਵਰਣਨ ਕਰਦੇ ਹਨ-

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਇਹ ਹੰਕਾਰ ਐਸਾ ਦੁਸ਼ਟ ਹੈ ਜੋ ਜੀਵ ਨੂੰ ਜਨਮ ਮਰਨ ਦੀ ਪਰਾਪਤੀ ਕਰਾਉਣ ਦਾ ਮੂਲੰ= ਕਾਰਨ ਹੈ ਤੇ ਜੀਵ ਦੇ ਆਤਮਾ= ਮਨ ਨੂੰ ਪਾਪ ਵਿਸ਼ਿਸ਼ਟ ਕਰਨ ਵਾਲਾ ਹੈ।

ਅਥਵਾ:- ਇਹ ਅਹੰਕਾਰ ਆਪ ਹੀ ਪਾਪਾਤਮਾ= ਪਾਪ ਰੂਪ ਹੈ।

ਅਥਵਾ:- ਅਹੰ-ਕਾਰੰ= ਇਹ ਅਹੰਕਾਰ ਆਤਮਾ= ਮਨ ਨੂੰ ਪਾਪਾਂ ਨਾਲ ਕਾਰੰ= ਕਾਲਾ ਕਰਨ ਵਾਲਾ ਹੈ।

ਵਾ:-ਕਾਲੇ ਮਨ ਵਾਲੇ ਜੀਵ ਹੰਕਾਰ ਕਰ ਕੇ ਸਭ ਪਾਪ ਕਰਦੇ ਹਨ।

ਮਿਤ੍ਰੰ ਤਜੰਤਿ ਸਤ੍ਰੂੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤ੍ਰੀਰਨਹ ॥

ਜਿਸ ਹੰਕਾਰ ਕਰ ਕੇ ਇਹ ਜੀਵ, ਜੇ ਕੋਈ ਮਿੱਤਰ ਇਸ ਹੰਕਾਰੀ ਦਾ ਮਾਣ ਨਾ ਕਰੇ ਤਾਂ ਉਸ ਨਾਲ ਲੜ ਕੇ ਉਸ ਨੂੰ ਤਿਆਗ ਦੇਂਦਾ ਹੈ ਤੇ ਸਤ੍ਰੂੰ ਦ੍ਰਿੜੰਤਿ= ਦੁਸ਼ਮਣਾਂ ਨਾਲ ਪੱਕੀ ਪਰੀਤੀ ਕਰ ਲੈਂਦਾ ਹੈ।

ਅਥਵਾ- ਸਤ ਸੰਤੋਖ ਆਦਿਕ ਮਿੱਤਰਾਂ ਨੂੰ ਤਿਆਗਦਾ ਹੈ ਤੇ ਕਾਮ ਕ੍ਰੋਧ ਆਦਿਕ ਸ਼ਤ੍ਰੂਆਂ ਨੂੰ ਦ੍ਰਿੜ੍ਹ ਕਰਦਾ ਹੈ ਤੇ ਅਨੇਕ ਪਰਕਾਰ ਦੀ ਮਾਇਆ ਨੂੰ ਬਿਸ੍ਤ੍ਰੀਰਨਹ= ਫੈਲਾਉਂਦਾ ਹੈ।

ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥

ਫਿਰ ਹੰਕਾਰ ਕਰ ਕੇ ਇਹ ਜੀਵ-ਜੂਨਾਂ ਵਿਖੇ ਆਵੰਤ ਜਾਵੰਤ= ਆਉਂਦਾ ਜਾਂਦਾ ਹੋਇਆ ਥਕੰਤ= ਥੱਕ ਜਾਂਦਾ ਹੈ ਤੇ ਕਰਮਾਂ ਅਨੁਸਾਰ ਬਹੁਤ ਹੀ ਦੁੱਖਾਂ ਸੁਖਾਂ ਨੂੰ ਭੋਗਦਾ ਹੈ।

ਭ੍ਰਮ ਭੰਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥

ਹੰਕਾਰ ਦੇ ਸੰਜੋਗ ਨਾਲ ਇਹ ਜੀਵ ਭਰਮ ਕਰ ਕੇ ਭਿਆਨਕ ਸੰਸਾਰ ਉਦਿਆਨ= ਉਜਾੜ ਵਿਚ ਰਮਣੰ= ਫਿਰਦਾ ਰਹਿੰਦਾ ਹੈ, ਇਹ ਜੋ ਹੰਕਾਰ ਹੈ, ਮਹਾ ਬਿਕਟ= ਬੜਾ ਕਠਿਨ ਅਸਾਧ ਰੋਗ ਹੈ, ਭਾਵ ਇਹ ਰੋਗ ਆਪਣੇ ਆਪ ਹਟਣ ਵਾਲਾ ਨਹੀਂ।

ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਸੁਆਮੀ ਜੀ! ਇਸ ਰੋਗ ਦੀ ਨਵਿਰਤੀ ਕਿਹੜੇ ਵੈਦ ਦੇ ਪਾਸ ਜਾਣ ਕਰਕੇ ਹੁੰਦੀ ਹੈ? *ਗੁਰ ਉੱਤਰ-*

ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥ ੪੯ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਅਸਾਧ) ਰੋਗਾਂ ਦੀ ਨਵਿਰਤੀ ਕਰਨ ਵਾਲਾ ਪਰਮੇਸ਼ਰ ਪਾਰਬ੍ਰਹਮ ਹੀ ਅਸਲੀ ਵੈਦ ਹੈ।

ਯਥਾ- ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥

(ਸੋਰਠਿ ਮ: ੫, ਪੰਨਾ ੬੧੮)

ਇਸ ਵਾਸਤੇ ਹੇ ਪਿਆਰੇ! ਉਸ ਹਰੀ ਦੇ ਹਰਿ ਹਰਿ ਨਾਮ ਨੂੰ ਤੁਸੀਂ ਅਰਾਧਣਾ ਕਰੋ ਤਾਂ ਹੰਕਾਰ ਆਦਿਕ ਸਭ ਰੋਗ ਦੂਰ ਹੋ ਜਾਣਗੇ ॥੪੯ ॥ ਅਤੇ ਪ੍ਰਭੂ ਅੱਗੇ ਐਸੇ ਪ੍ਰਾਰਥਨਾ ਕਰੋ-

ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥

ਹੇ ਪ੍ਰਾਣਾਂ ਦੇ ਸੁਆਮੀ ਗੋ-ਬਿੰਦਹ= ਵੇਦਾਂ ਦੁਆਰੇ ਜਾਣਨ ਯੋਗ, ਕਿਰਪਾ ਦੇ ਨਿਧਾਨ= ਖਜ਼ਾਨੇ, ਵਾ:- ਕਿਰਪਾ ਦੇ ਸਮੁੰਦਰ, ਸਾਰੇ ਸੰਸਾਰ ਦੇ ਗੁਰੋ= ਪੂਜਨੀਕ ਪ੍ਰਭੂ!

ਹੇ ਸੰਸਾਰ ਤਾਪ ਹਰਣਹ ਕਰੁਣਾਮੈ ਸਭ ਦੁਖ ਹਰੋ॥

ਹੇ ਸੰਸਾਰਕ (ਆਧਿ, ਬਿਆਧਿ, ਉਪਾਧਿ ਰੂਪ) ਤਾਪਾਂ ਦੇ ਹਰਣਹ= ਨਾਸ ਕਰਨ ਵਾਲੇ ਕਰੁਣਾਮੈ= ਕਿਰਪਾ ਸਰੂਪ ਪ੍ਰਭੂ! ਮੇਰੇ ਸਾਰੇ ਦੁੱਖਾਂ ਨੂੰ ਆਪ ਹਰੋ= ਦੂਰ ਕਰੋ। ਵਾ:-ਜਨਮ ਮਰਨ ਆਦਿਕ ਦੁੱਖਾਂ ਨੂੰ ਦੂਰ ਕਰੋ।

ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕ਼ਰੋ॥

ਹੇ ਦਿਆਲੂ, ਸ਼ਰਨ ਆਇਆਂ ਦੀ ਰੱਖਿਆ ਕਰਨ ਯੋਗ ਦੀਨਾਂ ਦੇ ਨਾਥ ਪ੍ਰਭੂ! ਮੈਂ ਦਾਸ ਉੱਪਰ ਐਸੀ ਮਯਾ= ਕਿਰਪਾ ਕਰੋ -

ਸਰੀਰ ਸ੍ਵਸਥ ਖੀਣ ਸਮਏ
ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ॥ ੫੦॥

ਜੋ ਸਰੀਰ ਦੇ ਸ੍ਵਸਥ= ਕਲਿਆਣ ਭਾਵ ਸੁਖ ਅਤੇ ਸਰੀਰ ਦੇ ਖੀਣ= ਦੁੱਖ ਇਹਨਾਂ ਦੋਹਾਂ ਸਮਏ= ਸਮਿਆਂ ਵਿਚ ਅਸੀਂ ਆਪ ਦੇ ਰਾਮ, ਦਮੋਦਰ, ਮਾਧਵ ਆਦਿਕ ਨਾਮਾਂ ਨੂੰ ਸਿਮਰਦੇ ਰਹੀਏ॥੫੦॥

ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਸੁਆਮੀ ਜੀ! ਕਠਿਨ ਭੈਦਾਇਕ ਸੰਸਾਰ ਤੋਂ ਤਰਨ ਦਾ ਸੌਖਾ ਸਾਧਨ ਕਿਹੜਾ ਹੈ?

ਗੁਰ ਉੱਤਰ- ਅੰਨਵੇ ਅੱਖਰਾਂ ਵੱਲ ਧਿਆਨ ਰੱਖਣਾ-

ਚਰਣ ਕਮਲ ਸਰਣੰ ਰਮਣੰ ਗੋਪਾਲ ਕੀਰਤਨਹ॥
ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ॥ ੫੧॥

ਸਾਧ ਸੰਗੇਣ= ਸੰਤਾਂ ਨਾਲ ਮਿਲ ਕੇ, ਚਰਣ ਕਮਲ ਸਰਣੰ= ਗੁਰੂ ਦੇ ਚਰਨਾਂ ਕਵਲਾਂ ਦੀ ਸ਼ਰਨ ਲੈ ਕੇ ਰਮਣੰ ਗੋਪਾਲ ਕੀਰਤਨਹ= ਗੋਪਾਲ ਦੇ ਕੀਰਤਨ ਨੂੰ ਉਚਾਰਨਾ ਕਰੇ, ਤਾਂ ਮਹਾ ਦੁਤਰਹ= ਅਤੀ ਕਠਿਨ ਤੇ ਭੈਦਾਇਕ ਜੋ ਸੰਸਾਰ-ਸਮੁੰਦਰ ਹੈ, ਇਸ ਤੋਂ ਤਰਨਾ ਹੁੰਦਾ ਹੈ। ਏਹੀ ਤਰਨ ਦਾ ਸੌਖਾ ਸਾਧਨ ਹੈ।

ਅਥਵਾ:- ਮਨ ਕਰ ਕੇ ਚਰਨਾਂ ਕਵਲਾਂ ਦੀ ਸ਼ਰਨ ਗ੍ਰਹਿਣ ਕਰੇ, ਬਾਣੀ ਕਰ ਕੇ ਗੋਪਾਲ ਦੇ ਕੀਰਤਨ ਨੂੰ ਉਚਾਰੇ ਤੇ ਸਰੀਰ ਕਰ ਕੇ ਸਾਧ ਸੰਗਤ ਦੀ ਸੇਵਾ ਕਰੇ, ਤਾਂ ਜਿਸ ਸੰਸਾਰ ਸਾਗਰ ਤੋਂ ਤਰਨਾ ਬੜਾ ਕਠਿਨ ਹੈ ਉਸ ਮਹਾਂ ਭੈਦਾਇਕ ਸੰਸਾਰ ਸਾਗਰ ਤੋਂ ਸੌਖਾ ਤਰ ਜਾਂਦਾ ਹੈ॥ ੫੧॥

ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਅੰਗਾਂ ਦੀ ਵੱਖੋ ਵੱਖ ਰੱਖਿਆ ਕਿਸ ਤਰ੍ਹਾਂ ਹੋ ਸਕਦੀ ਹੈ? ਏਹ ਗੱਲ ਸੁਣ ਕੇ ਸਤਿਗੁਰ ਦੇਵ ਜੀ ਆਖਦੇ ਹਨ-

ਸਿਰ ਮਸ੍ਤੁਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ॥

ਪਹਿਲਾ ਅਰਥ- ਪਾਰਬ੍ਰਹਮ ਨਾਮ ਉਚਾਰਨ ਕਰ ਕੇ, ਸਿਰ ਅਤੇ ਮੱਥੇ ਦੀ ਰੱਖਿਆ ਹੁੰਦੀ ਹੈ। ਪਰਮੇਸ਼ਰ

ਪਰਮੇਸ਼ਰ ਨਾਮ ਉਚਾਰਨ ਤੇ ਹਸ੍ਤ= ਹੱਥਾਂ ਦੀ ਤੇ ਕਾਯਾ= ਸਰੀਰ ਦੀ ਰੱਖਿਆ ਹੁੰਦੀ ਹੈ।

ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ॥

ਗੋਪਾਲ ਸੁਆਮੀ, ਗੋਪਾਲ ਸੁਆਮੀ ਨਾਮਾਂ ਦੇ ਉਚਾਰਨ ਕਰਨ ਕ਼ਰ ਕੇ ਆਤਮ= ਮਨ ਦੀ ਰੱਖਿਆ ਹੁੰਦੀ ਹੈ ਤੇ ਜਗਦੀਸ਼੍ਵਰ ਨਾਮਾਂ ਦੇ ਉਚਾਰਨ ਕਰ ਕੇ ਧਨ ਅਤੇ ਚਰਨਾਂ ਦੀ ਰੱਖਿਆ ਹੁੰਦੀ ਹੈ, ਭਾਵ ਜਗਦੀਸ਼੍ਵਰ ਦੇ ਚਿੰਤਨ ਕਰਨ ਨਾਲ ਧਨ ਦੇ ਜਾਣ ਦਾ ਦੁੱਖ ਅਤੇ ਚਰਨਾਂ ਵਿਖੇ ਸ਼ੂਲ ਆਦਿਕਾਂ ਦੇ ਚੁਭਣ ਦਾ ਦੁੱਖ ਨਹੀਂ ਹੁੰਦਾ।

ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ॥

ਦਿਆਲੂ ਸੁਭਾਅ ਵਾਲੇ ਗੁਰਾਂ ਦੇ ਨਾਮ ਉਚਾਰਨ ਕਰਨ ਨਾਲ ਸਾਰਿਆਂ ਅੰਗਾਂ ਦੀ ਰੱਖਿਆ ਹੁੰਦੀ ਹੈ ਅਤੇ ਭੈ ਦਾਇਕ ਦੁੱਖ ਵੀ ਨਾਸ ਹੋ ਜਾਂਦੇ ਹਨ।

ਅਥਵਾ- ਜਮਾਂ ਦਾ ਭੈ ਤੇ ਜਨਮ ਮਰਨ ਦੇ ਦੁੱਖ, ਇਹ ਸਭ ਨਾਸ ਹੋ ਜਾਂਦੇ ਹਨ।

[ਪੰਨਾ ੧੩੫੯]

ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ॥ ੫੨॥

ਭਗਤਾਂ ਦਾ ਵਛਲ= ਪਿਆਰਾ ਤੇ ਅਨਾਥਾਂ ਦਾ ਸੁਆਮੀ ਜੋ ਅਚੁਤਹ= ਅਗਿੜ ਪੁਰਖ ਪਰਮਾਤਮਾ ਹੈ, ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਹਰੀ ਲਾਲ, ਕ੍ਰਿਸ਼ਨ ਲਾਲ! ਤੁਸੀਂ ਉਸ ਦੀ ਸ਼ਰਨ ਲੈਣਾ ਕਰੋ॥ ੫੨॥

ਦੂਜਾ ਅਰਥ-

ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ॥

ਸਿਰ 'ਤੇ ਮੱਥਾ ਰੱਖਿਆ ਹੋਇਆ ਤਾਂ ਸਫਲਾ ਹੈ ਜੇਕਰ ਪਾਰਬ੍ਰਹਮ ਪਾਰਬ੍ਰਹਮ ਉਚਾਰਨਾ ਕਰੇ। ਹੱਥ ਤੇ ਸਰੀਰ ਰੱਖਿਆ ਹੋਇਆ ਤਾਂ ਸਫਲਾ ਹੈ ਜੇ ਕਰ ਪਰਮੇਸ਼ਰ-ਪਰਮੇਸ਼ਰ ਨਾਮਾਂ ਨੂੰ ਉਚਾਰਨਾ ਕਰੇ।

ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ॥

ਆਤਮ= ਮਨ ਰੱਖਿਆ ਹੋਇਆ ਭਾਵ ਮਨ ਪਾਸੋਂ ਕੰਮ ਲਿਆ ਤਾਂ ਸਫਲਾ ਹੈ ਜੇਕਰ ਗੋਪਾਲ ਸੁਆਮੀ, ਗੋਪਾਲ ਸੁਆਮੀ ਇਤਿਆਦਿ ਨਾਮ ਉਚਾਰਨ ਕਰੇ, ਧਨ ਤੇ ਪੈਰ ਰੱਖੇ ਹੋਏ ਤਾਂ ਸਫਲ ਹਨ ਜੇਕਰ ਜਗਦੀਸ਼੍ਵਰ ਜਗਦੀਸ਼੍ਵਰ ਉਚਾਰਨਾ ਕਰੇ।

ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ॥

ਬਾਕੀ ਦੇ ਸਾਰੇ ਅੰਗ ਰੱਖੇ ਹੋਏ ਤਾਂ ਸਫਲ ਹਨ ਜੇ ਗੁਰੂ ਦਿਆਲੂ, ਗੁਰੂ ਦਿਆਲੂ ਐਸੇ ਉਚਾਰਨਾ ਕਰੇ ਕਿਉਂਕਿ ਇਹਨਾਂ ਨਾਮਾਂ ਦੇ ਉਚਾਰਨ ਕਰਨ ਨਾਲ ਇਕ ਤਾਂ ਸਾਰਿਆਂ ਅੰਗਾਂ ਦੀ ਸਫਲਤਾ ਹੈ, ਦੂਸਰਾ ਸਾਰੇ ਭੈ ਤੇ ਸਾਰੇ ਦੁੱਖ ਨਾਸ ਹੋਂ ਜਾਂਦੇ ਹਨ।

ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ॥੫੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਭਗਤਾਂ ਦਾ ਵਛਲ= ਪਿਆਰਾ

ਤੇ ਗਰੀਬਾਂ ਦਾ ਸੁਆਮੀ ਜੋ ਅਚੁਤਹ= ਅਗਿੜ ਅਕਾਲ ਪੁਰਖ ਪਰਮਾਤਮਾ ਹੈ, ਤੁਸੀਂ ਸਾਰਿਆਂ ਆਸਰਿਆਂ ਨੂੰ ਛੱਡ ਕੇ ਕੇਵਲ ਉਸ ਦੀ ਸ਼ਰਨ ਗ੍ਰਹਿਣ ਕਰੋ, ਤਾਂ ਤੁਹਾਡਾ ਸੰਸਾਰ-ਸਾਗਰ ਤੋਂ ਨਿਸਤਾਰਾ ਹੋਵੇਗਾ ॥੫੨ ॥

ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਪਹਿਲੇ ਜੋ ਕੁਛ ਆਪ ਜੀ ਨੇ ਉਚਾਰਨ ਕੀਤਾ ਹੈ ਉਹ ਯਥਾਰਥ ਹੈ, ਪਰ ਆਪ ਇਹ ਕਿਰਪਾ ਕਰ ਕੇ ਦੱਸੋ, ਸਮੁੰਦਰ ਕਿਸ ਦੇ ਆਸਰੇ ਖੜਾ ਹੈ?

ਇਹ ਗੱਲ ਸੁਣ ਕੇ ਗੁਰੂ ਜੀ ਆਖਦੇ ਹਨ-

ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ ॥

ਜੇਨ= ਜਿਸ ਵਾਹਿਗੁਰੂ ਨੇ ਆਪਣੀ ਕਲਾ= ਸ਼ਕਤੀ ਕਰ ਕੇ ਅਕਾਸ਼ ਨੂੰ ਨਿਆਸਰੇ ਧਾਰਿਓ= ਖੜਾ ਕੀਤਾ ਹੈ। ਵਾ:-ਆਕਾਸੰ= ਉਪਰਲੇ ਲੋਕ, ਸੁਰਗ ਤੇ ਬ੍ਰਹਮ ਲੋਕ ਆਦਿਕ ਜਿਸ ਪ੍ਰਭੂ ਨੇ ਆਪਣੀ ਸ਼ਕਤੀ ਦੁਆਰੇ ਬੈਸੰਤਰੰ= ਅੱਗ ਨੂੰ, ਕਾਸਟ= ਲੱਕੜੀਆਂ ਵਿਚ ਬੇਸਟੰ= ਢਕਿਆ ਹੋਇਆ ਹੈ, ਪਰ ਅੱਗ ਉਸ ਲੱਕੜ ਨੂੰ ਸਾੜ ਨਹੀਂ ਸਕਦੀ।

ਜੇਨ ਕਲਾ ਸਸਿ ਸੂਰ ਨਖ੍ਰਤ੍ਰ ਜੋਤ੍ਰਿੰ ਸਾਸੰ ਸਰੀਰ ਧਾਰਣੰ ॥

ਜੇਨ= ਜਿਸ ਵਾਹਿਗੁਰੂ ਨੇ ਆਪਣੀ ਕਲਾ= ਸ਼ਕਤੀ ਦੁਆਰਾ ਸਸਿ= ਚੰਦ੍ਰਮਾ ਸੂਰ= ਸੂਰਜ ਤੇ ਨਖ੍ਰਤ੍ਰ= ਤਾਰਿਆਂ ਵਿਚ ਜੋਤ੍ਰਿੰ= ਪ੍ਰਕਾਸ਼ ਕੀਤਾ ਹੋਇਆ ਹੈ ਤੇ ਸਰੀਰਾਂ ਵਿਚ ਸਾਸੰ= ਸ੍ਵਾਸ ਧਾਰਣੰ= ਟਿਕਾਏ ਹੋਏ ਹਨ (ਜੇ ਪ੍ਰਭੂ ਸ੍ਵਾਸ ਕੱਢ ਲਵੇ ਤਾਂ ਸਰੀਰ ਮਿੱਟੀ ਦੀ ਢੇਰੀ ਹੋ ਜਾਂਦਾ ਹੈ)।

ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ ॥

ਜੇਨ= ਜਿਸ ਪਰਮਾਤਮਾ ਨੇ ਆਪਣੀ ਕਲਾ= ਸ਼ਕਤੀ ਦੁਆਰੇ ਤਮਾਮ ਬੱਚਿਆਂ ਦੀ ਮਾਂ ਦੇ ਗਰਭ ਵਿਚ ਪ੍ਰਤਿਪਾਲਾ ਕੀਤੀ ਹੈ ਅਤੇ ਕਰ ਰਿਹਾ ਹੈ। ਫਿਰ ਜਿਸ ਦੀ ਤਾਕਤ ਕਰ ਕੇ ਮਾਂ ਦੇ ਪੇਟ ਦੀ ਜਠਰ ਰੋਗਣਹ= ਜਠਰ ਅਗਨੀ ਰੂਪੀ ਰੋਗ ਇਸ ਜੀਵ ਨੂੰ ਨਹ ਛੇਦੰਤ= ਕੱਟ ਨਹੀਂ ਸਕਦਾ ਭਾਵ ਕੁਝ ਨੁਕਸਾਨ ਨਹੀਂ ਕਰਦਾ।

ਇਥੋਂ ਤਕ ਸਾਰੇ ਦ੍ਰਿਸ਼ਟਾਂਤ ਆਏ ਹਨ, ਹੁਣ ਅੱਗੇ ਪ੍ਰਸ਼ਨ ਦਾ ਉੱਤਰ ਹੈ-

ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥ ੫੩ ॥

ਗੁਰੂ ਜੀ ਕਥਨ ਕਰਦੇ ਹਨ-(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਐਸੀਆਂ ਸ਼ਕਤੀਆਂ ਵਾਲਾ ਜੋ ਵਾਹਿਗੁਰੂ ਹੈ ਤੇਨ= ਤਿਸ ਪ੍ਰਭੂ ਦੀ ਕਲਾ= ਸ਼ਕਤੀ ਕਰ ਕੇ ਸਰੋਵਰੰ= ਸਮੁੰਦਰ ਅਸਥੰਭੰ= ਇਸਥਿਤ ਭਾਵ ਖੜਾ ਹੈ। ਭਾਵੇਂ ਸਮੁੰਦਰ ਧਰਤੀ ਨਾਲੋਂ ਚਾਰ ਜੋਜਨ ਉੱਚਾ ਵੀ ਹੈ, ਪਰ ਇਹ ਪ੍ਰਭੂ ਦੀ ਸ਼ਕਤੀ ਹੈ ਜੋ ਸਮੁੰਦਰ ਦੇ ਤੋਯਣਹ ਤਰੰਗ= ਜਲ ਦੇ ਪ੍ਰਵਾਹ ਕਿਸੀ ਨੂੰ ਨਹ ਛਿਜੰਤਿ= ਨਾਸ ਨਹੀਂ ਕਰਦੇ। ਭਾਵ ਸਮੁੰਦਰ ਉਛਲ ਕੇ ਉਸ ਦੇ ਹੁਕਮ ਤੋਂ ਬਿਨਾਂ ਸੰਸਾਰ ਨੂੰ ਡੋਬ ਨਹੀਂ ਸਕਦਾ।

ਅਥਵਾ- ਤੇਨ= ਤਿਸ ਪਰਮੇਸ਼ਰ ਨੇ ਆਪਣੀ ਕਲਾ= ਸ਼ਕਤੀ ਕਰ ਕੇ ਹੀ ਆਪਣਿਆਂ ਭਗਤਾਂ ਨੂੰ ਸੰਸਾਰ ਸਾਗਰ ਦੇ ਪਦਾਰਥਾਂ ਰੂਪ ਤੋਯਣਹ= ਜਲ 'ਚੋਂ ਰੱਖਣਾ ਕੀਤਾ ਹੈ। ਜਿਸ ਤੋਂ ਫੁਰਨੇ ਰੂਪ ਤਰੰਗ= ਲਹਿਰਾਂ ਵੀ ਉਨ੍ਹਾਂ ਭਗਤਾਂ ਨੂੰ ਡੋਬ ਨਹੀਂ ਸਕਦੀਆਂ ਅਤੇ ਨਾ ਹੀ ਵਿਸ਼ੇ ਛਿਜੰਤਿ= ਕੱਟ ਸਕਦੇ ਹਨ॥ ੫੩ ॥

ਹਰੀ ਲਾਲ ਤੇ ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ— ਹੇ ਦੀਨ ਦਿਆਲ ਜੀ! ਐਸੇ ਸਮਰੱਥ ਪ੍ਰਭੂ ਦੀ

ਕੁਝ-ਕੁ ਹੋਰ ਮਹਿਮਾ ਵਰਣਨ ਕਰ ਕੇ ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? ਗੁਰੂ ਜੀ ਆਖਦੇ ਹਨ-

ਗੁਸਾਂਈ ਗਰਿਸ੍ਠ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਹ) ਗੁਸਾਂਈ= ਪ੍ਰਿਥਵੀ ਦਾ ਮਾਲਕ ਅਕਾਲ ਪੁਰਖ ਗਰਿਸ੍ਠ= ਬੜੇ ਭਾਰੀ ਰੂਪੇਣ= ਰੂਪ ਵਾਲਾ ਹੈ, ਅਰਥਾਤ ਦੇਸ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ ਅਤੇ ਸਾਰੇ ਜੀਵਣਹ= ਜੀਵ ਉਸ ਨੂੰ ਸਿਮਰਦੇ ਹਨ।

ਅਥਵਾ- ਉਹ ਗੁਸਾਂਈ ਪ੍ਰਭੂ ਗਰਿਸ੍ਠ= ਅਧਿਸ਼ਠਾਨ ਰੂਪ ਹੈ, ਸਿਮਰਣੰ= ਸਿਮਰਨੇ ਯੋਗ ਹੈ ਅਤੇ ਸਾਰਿਆਂ ਦਾ ਜੀਵਨ ਰੂਪ ਹੈ।

ਲਬਧ੍ਯੰ ਸੰਤ ਸੰਗੇਣ ਨਾਨਕ ਸ੍ਵਛ ਮਾਰਗ ਹਰਿ ਭਗਤਣਹ ॥ ੫੪ ॥

ਗੁਰੂ ਜੀ ਕਥਨ ਕਰਦੇ ਹਨ- ਉਹ ਪ੍ਰਭੂ ਸੰਤਾਂ ਦੇ ਸੰਗ ਦੁਆਰਾ ਲੱਭਦਾ ਹੈ, ਉਸ ਹਰੀ ਦੀ ਜੋ ਭਗਤੀ ਕਰਨੀ ਹੈ, ਏਹੋ ਉਸ ਦੀ ਪ੍ਰਾਪਤੀ ਦਾ ਸ੍ਵਛ ਮਾਰਗ= ਪਵਿੱਤਰ ਰਸਤਾ ਹੈ॥ ੫੪ ॥

ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ ॥

ਪਹਿਲਾ ਅਰਥ-ਹੇ ਹਰੀ ਲਾਲ ਕ੍ਰਿਸ਼ਨ ਲਾਲ! ਜੇਕਰ ਵਾਹਿਗੁਰੂ ਚਾਹੇ ਤਾਂ ਛੋਟਾ ਜਿਹਾ ਮਸਕੰ= ਮੱਛਰ ਟੱਕਰ ਮਾਰ ਕੇ ਸੈਲੰ= ਪਹਾੜ ਨੂੰ ਭਗਨੰਤ= ਭੰਨ (ਭ੍ਰਾਵ ਤੋੜ) ਦਿੰਦਾ ਹੈ ਅਤੇ ਪਪੀਲਕਹ= ਕੀੜੀ ਕਰਦਮੰ= ਚਿੱਕੜ ਨੂੰ ਤਰੰਤ= ਤਰ ਜਾਂਦੀ ਹੈ।

ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ ॥

ਜੇ ਵਾਹਿਗੁਰੂ ਚਾਹੇ ਤਾਂ ਪਿੰਗੰ= ਪਿੰਗਲਾ ਪੁਰਸ਼ ਸਾਗਰੰ= ਸਮੁੰਦਰ ਨੂੰ ਲੰਘ ਜਾਂਦਾ ਹੈ ਤੇ ਤਮ= ਹਨੇਰੇ ਵਿਚ ਅੰਧਕਹ= ਅੰਨ੍ਹੇ ਪੁਰਸ਼ ਨੂੰ ਪਰਗਾਸ= ਚਾਨਣ ਪ੍ਰਾਪਤ ਹੋ ਜਾਂਦਾ ਹੈ ਜਿਸ ਤੇ ਉਸ ਨੂੰ ਸਭ ਕੁਝ ਦਿਖਾਈ ਦੇਂਦਾ ਹੈ)।

ਵਾ:-ਤਮ ਅੰਧਕਹ= ਅਤਿਸੈ ਭਾਵ ਬਹੁਤੇ ਅੰਧਕਾਰ ਵਿਚ ਆਪ ਹੀ ਪਰਗਾਸ= ਚਾਨਣ ਵਿਖਾਈ ਦੇਂਦਾ ਹੈ।

ਸਾਧ ਸੰਗੇਣਿ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ ॥ ੫੫ ॥

ਇਸ ਵਾਸਤੇ ਜੀਵ ਨੂੰ ਚਾਹੀਦਾ ਹੈ ਕਿ ਸਾਧ ਸੰਗਤ ਵਿਚ ਮਿਲ ਕੇ ਤਿਸ ਸਮਰੱਥ ਗੋਵਿੰਦ ਨੂੰ ਸਿਮਰਨਾ ਕਰੇ ਤੇ ਜੋ ਹਰੀ ਹਰ ਇਕ ਜੀਵਾਂ ਨੂੰ ਹਰਿਆਂ ਕਰਨ ਵਾਲਾ ਹੈ, ਤਿਸ ਦੀ ਸ਼ਰਨ ਗ੍ਰਹਿਣ ਕਰੇ ॥੫੫ ॥

-ਦੂਜਾ ਅਰਥ- ਅੰਤਲੀਆਂ ਦੋ ਪੰਗਤੀਆਂ ਦਾ ਅਰਥ ਪਹਿਲੇ ਕਰਨਾ-

ਸਾਧ ਸੰਗੇਣਿ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ ॥ ੫੫ ॥

ਸਾਧ ਸੰਗਤ ਦੁਆਰਾ ਮਨ ਕਰ ਕੇ ਗੋਵਿੰਦ ਨਾਮ ਨੂੰ ਸਿਮਰਨਾ ਕਰੇ ਅਤੇ ਤਨ ਕਰ ਕੇ ਹਰਿਆਂ ਕਰਨ ਵਾਲੇ ਹਰਿ ਹਰਿ ਦੀ ਸ਼ਰਨ ਗ੍ਰਹਿਣ ਕਰੇ, ਤਾਂ-

ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ ॥

ਮਸਕੰ= ਮੱਛਰ ਵਤ ਜੋ ਅਲਪੱਗ (ਤੁੱਛ) ਜੀਵ ਹੈ, ਉਹ ਹੰਕਾਰ ਰੂਪ, ਵਾ:-ਅਗਿਆਨ ਰੂਪ ਪਰਬਤ ਨੂੰ

ਭੰਨ ਦੇਂਦਾ ਹੈ ਤੇ ਬਿਰਤੀ ਰੂਪ ਪਪੀਲਕਹ= ਕੀੜੀ ਮੋਹ ਰੂਪ ਕਰਦਮੰ= ਚਿੱਕੜ ਤੋਂ ਤਰ ਜਾਂਦੀ ਹੈ।

ਅਥਵਾ- ਪਪੀਲਕਹ= ਕੀੜੀ ਦੇ ਸਦ੍ਰਸ਼ ਵਿਸ਼ੇ ਅਧੀਨ ਜੋ ਤੁੱਛ ਜੀਵ ਹੈ, ਉਹ ਵਿਸ਼ਿਆਂ ਰੂਪ ਚਿੱਕੜ ਤੋਂ ਤਰ ਜਾਂਦਾ ਹੈ।

ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ॥

ਸਾਧਨਾਂ ਰੂਪ, ਵਾ:-ਭੈ ਰੂਪ ਪੈਰਾਂ ਤੋਂ ਬਿਨਾਂ ਜੋ ਪਿੰਗਲਾ ਪੁਰਸ਼ ਹੈ ਉਹ ਸੰਸਾਰ ਰੂਪ ਸਮੁੰਦਰ ਤੋਂ ਸੋਖਾ ਹੀ ਲੰਘ ਜਾਂਦਾ ਭਾਵ ਤਰ ਜਾਂਦਾ ਹੈ ਤੇ ਅੰਨ੍ਹੇ ਅਗਿਆਨੀ ਪੁਰਸ਼ ਨੂੰ ਅਗਿਆਨ ਰੂਪ ਹਨ੍ਹੇਰੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਜਿਸ ਤਰ੍ਹਾਂ ਛੇਵੇਂ ਪਾਤਿਸ਼ਾਹ ਜੀ ਦੀ ਕਿਰਪਾ ਨਾਲ "ਸਾਂਈ ਦਾਸ" ਨੂੰ ਤ੍ਰਿਕਾਲ ਦਰਸੀ ਦੀ ਪ੍ਰਾਪਤੀ ਹੋ ਗਈ ਸੀ॥ ੫੫॥

ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਵੈਸ਼ਨਵ ਦੇ ਕੀ ਲਖਸ਼ਣ ਹਨ?

ਤਿਸ ਪਰ ਸਤਿਗੁਰ ਦੇਵ ਜੀ ਰਾਜਨੀਤਕ ਸਲੋਕ ਆਖਦੇ ਹਨ-

ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ॥

ਪਹਿਲਾ ਅਰਥ-

(ਹੇ ਹਰੀ ਲਾਲ ਕ੍ਰਿਸ਼ਨ ਲਾਲ!) ਜਥਾ ਬਿਪ੍ਰਾ= ਜਿਸ ਤਰ੍ਹਾਂ ਬ੍ਰਾਹਮਣ ਤਿਲਕ ਤੋਂ ਹੀਣੰ= ਬਿਨਾਂ ਸ਼ੋਭਾ ਨਹੀਂ ਪਾਂਵਦਾ ਅਤੇ ਜਥਾ ਰਾਜਨਹ= ਜਿਸ ਤਰ੍ਹਾਂ ਰਾਜਾ, ਅਮਰ= ਹੁਕਮ ਤੋਂ ਬਿਨਾਂ ਸ਼ੋਭਾ ਨਹੀਂ ਪਾਂਵਦਾ।

ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ॥ ੫੬॥

ਜਥਾ ਸੂਰਾ= ਜਿਸ ਤਰ੍ਹਾਂ ਸੂਰਬੀਰ ਪੁਰਸ਼ ਆਵਧ= ਸ਼ਸਤ੍ਰ ਤੋਂ ਬਿਨਾਂ ਸ਼ੋਭਾ ਨਹੀਂ ਪਾਂਵਦਾ। ਗੁਰੂ ਜੀ ਕਥਨ ਕਰਦੇ ਹਨ- ਤੈਸੇ ਸ੍ਰੈ ਧਰਮ ਤੋਂ ਬਿਨਾਂ ਵੈਸ਼ਨਵ ਵੀ ਸ਼ੋਭਾ ਨਹੀਂ ਪਾਂਵਦਾ॥੫੬॥

ਦੂਜਾ ਅਰਥ-

ਤਿਲਕ ਹੀਣੰ ਜਥਾ ਬਿਪ੍ਰਾ :- ਜੋ ਪੁਰਸ਼ ਇਕ ਪ੍ਰਭੂ ਦੇ ਜਾਣਨ ਰੂਪ ਤਿਲਕ ਤੋਂ ਰਹਿਤ ਹੈ ਭਾਵ ਜੋ ਏਕਤਾ ਰੂਪ ਤਿਲਕ ਨਹੀਂ ਲਗਾਂਵਦਾ।

ਯਥਾ- ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ॥ ੪॥

(ਆਸਾ ਮਹਲਾ ੧, ਪੰਨਾ ੩੫੫)

ਉਹ ਬਿਪ੍ਰਾ= ਬ੍ਰਾਹਮਣ ਅਰਥਾਤ ਵੇਦ ਪਾਠੀ। *ਯਥਾ-*ਵੇਦ ਪਾਠੀ ਭਵੇਤ ਬਿਪ੍ਰਾ।

ਅਰਥਾਤ-ਉਪਾਸ਼ਕ ਪੋ੍ਖ ਗਿਆਨ ਵਾਲਾ ਪੁਰਸ਼ ਜੈਸੇ ਨਿਸਫਲ ਹੈ ਅਤੇ

ਅਮਰ ਹੀਣੰ ਜਥਾ ਰਾਜਨਹ॥ ਜਿਸ ਦਾ ਇੰਦ੍ਰੀਆਂ ਅਤੇ ਮਨ ਉੱਪਰ ਅਮਰ= ਹੁਕਮ ਨਹੀਂ ਹੈ ਭਾਵ ਮਨ ਇੰਦਰੇ ਜਿਸ ਦੇ ਕਾਬੂ ਨਹੀਂ ਹਨ ਤਾਂ ਜੈਸੇ ਉਸ ਦਾ ਤਤਵੇਤਾ ਮਹਾਤਮਾ ਕਹਾਉਣਾ ਨਿਸਫਲ ਹੈ।

ਆਵਧ ਹੀਣੰ ਜਥਾ ਸੂਰਾ:- ਮਨ ਨੂੰ ਜਿੱਤਣ ਵਾਲਾ ਸ਼ੂਰਵੀਰ ਪੁਰਸ਼ ਭਗਤੀ, ਵਾ:-ਗਿਆਨ ਰੂਪ ਖੰਡੇ ਤੋਂ ਬਿਨਾਂ ਨਿਸਫਲ ਹੈ।

ਨਾਨਕ ਧਰਮ ਹੀਣੰ ਤਥਾ ਬੈਸ੍ਨਵਹ॥੫੬॥

ਸਤਿਗੁਰ ਦੇਵ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਤੈਸੇ ਹੀ ਸ੍ਰੈ ਧਰਮ ਤੋਂ ਬਿਨਾਂ ਆਪਣੇ ਆਪ ਨੂੰ ਵੈਸ਼ਨਵ ਕਹਾਉਣਾ ਵੀ ਨਿਸਫਲ ਹੈ॥ ੫੬॥

ਹਰੀ ਲਾਲ ਤੇ ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ!

੧ ਨਿਰਗੁਣ ਬ੍ਰਹਮ ਦਾ ਕੀ ਸਰੂਪ ਹੈ?

੨ ਉਹ ਰਹਿੰਦਾ ਕਿੱਥੇ ਹੈ? ਅਤੇ

੩ ਉਸ ਨੂੰ ਬੁਝਦੇ ਕੌਣ ਹਨ?

ਏਹ ਗੱਲਾਂ ਸੁਣ ਕੇ ਗੁਰਦੇਵ ਜੀ ਆਖਦੇ ਹਨ-

ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ॥ ਅਸ੍ਰਜ ਰੂਪੰ ਰਹੰਤ ਜਨਮੰ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਉਹ ਨਿਰਗੁਣ ਬ੍ਰਹਮ ਨਾ ਸੰਖ ਦੇ ਸਹਿਤ ਹੈ, ਨਾ ਸੁਦਰਸ਼ਨ ਚੱਕਰ ਦੇ ਸਹਿਤ ਹੈ, ਨਾ ਗਦਾ= ਗੁਰਜ ਸ਼ਸਤ੍ਰ ਦੇ ਸਹਿਤ ਹੈ ਅਤੇ ਨਾ ਹੀ ਉਸ ਦਾ ਸਿਆਮੰ= ਸਾਵਲਾ ਰੰਗ ਹੈ ਅਰਥਾਤ ਮਹਾਂ ਵਿਸ਼ਨੂੰ ਦੀ ਮੂਰਤੀ ਜੈਸਾ ਉਸ ਦਾ ਆਕਾਰ ਨਹੀਂ ਹੈ।

ਯਥਾ- ਸੰਖ ਚਕ੍ ਗਦਾ ਪਦਮ ਆਪਿ ਆਪੁ ਕੀਓ ਛਦਮ,
ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ॥ *(ਪੰਨਾ ੧੪੦੨)*

ਉਹ ਅਸਚਰਜ ਸਰੂਪ ਹੈ ਤੇ ਜਨਮ ਮਰਨ ਤੋਂ ਰਹਿਤ ਹੈ।

ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ॥

ਸਾਰੇ ਵੇਦ ਸ਼ਾਸਤ੍ਰ ਉਸ ਨਿਰਗੁਣ ਬ੍ਰਹਮ ਨੂੰ ਨੇਤ ਨੇਤ= ਬਿਅੰਤ ਬਿਅੰਤ ਕਥੰਤਿ= ਕਥਨ ਕਰ ਰਹੇ ਹਨ।

ਯਥਾ- ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ॥ ੧੭੯॥ *(ਦਸਮ ਗ੍ਰੰਥ, ਪੰਨਾ ੨੭)*

ਅਪਾਰ ਗੁਣਾਂ ਵਾਲਾ ਗੋਬਿੰਦ ਪਰਮਾਤਮਾ ਊਚ ਮੂਚ= ਉੱਚਿਆ ਤੋਂ ਉੱਚਾ ਹੈ। *ਅਥਵਾ-*ਸਭ ਤੋਂ ਉੱਚਾ ਹੈ ਤੇ ਮੂਚ= ਬੜੇ ਵਿਸਥਾਰ ਵਾਲਾ ਹੈ।

ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ॥ ੫੭॥

ਐਸਾ ਅਚੁਤ= ਅਗਿੜ-ਅਟੱਲ ਜੋ ਵਾਹਿਗੁਰੂ ਹੈ, ਉਹ ਸੰਤਾਂ ਦੇ ਰਿਦਯੰ ਬਸੰਤਿ= ਹਿਰਦੇ ਵਿਚ ਵਸਦਾ ਹੈ। ਸਤਿਗੁਰ ਦੇਵ ਜੀ ਆਖਦੇ ਹਨ- ਉਸ ਅਕਾਲ ਪੁਰਖ ਨੂੰ ਵੱਡਿਆਂ ਭਾਗਾਂ ਵਾਲੇ ਪੁਰਸ਼ ਬੁਝੰਤਿ= ਬੁੱਝਦੇ ਹਨ॥ ੫੭॥

ਸਤਿਗੁਰ ਦੇਵ ਜੀ ਸੰਸਾਰ ਨੂੰ ਉਜਾੜ ਰੂਪ ਵਰਣਨ ਕਰਦੇ ਹੋਏ ਉਪਦੇਸ਼ ਦੇਂਦੇ ਹਨ-

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਤਮਾਮ ਜੀਵ, ਸੰਸਾਰ ਰੂਪ ਉਦਿਆਨ= ਉਜਾੜ ਵਿਚ ਬਸਨੰ= ਵਸ ਰਹੇ ਹਨ।

ਜਿਵੇਂ ਪ੍ਰਤੱਖ ਉਜਾੜਾਂ ਵਿਚ ਕੁੱਤੇ, ਗਿੱਦੜ ਤੇ ਗਧੇ ਹੁੰਦੇ ਹਨ।

ਤਿਵੇਂ ਸੰਸਾਰ-ਉਜਾੜ ਵਿਚ ਕੁੱਤੇ, ਗਿੱਦੜ ਤੇ ਗਧੇ ਕਿਹੜੇ ਹਨ? ਗੁਰ ਉੱਤਰ-

ਜਿਹੜੇ ਤਾਂ ਲੋਭ ਵਸ਼ਿਸ਼ਟ ਸਨਬੰਧੀ ਹਨ ਇਹ ਸੰਸਾਰ-ਉਜਾੜ ਵਿਚ ਸ੍ਵਾਨ= ਕੁੱਤੇ ਹਨ ਤੇ ਜਿਹੜੇ ਕਪਟੀ ਛਲੀਏ ਅਤੇ ਆਲਸ ਵਸ਼ਿਸ਼ਟ ਸਨਬੰਧੀ ਹਨ, ਇਹ ਸਿਆਲ= ਗਿੱਦੜ ਹਨ ਤੇ ਜੋ ਸਾਰਾ ਦਿਨ ਖੱਟ ਕਮਾ ਕੇ ਆਪਣੇ ਘਰ ਲਿਆ ਕੇ ਪਰਵਾਰ ਨੂੰ ਸਭ ਕੁਝ ਦੇਣ ਵਾਲੇ ਸਨਬੰਧੀ ਹਨ, ਉਹ ਭਾਰ ਚੁੱਕਣ ਵਾਲੇ ਖਰਹ= ਖੋਤੇ (ਭਾਵ ਗਧੇ) ਹਨ।

ਜਿਵੇਂ ਪ੍ਰਤੱਖ ਉਜਾੜ ਵਿਚ ਬੜੇ-ਬੜੇ ਕਠਿਨ ਸਥਾਨ ਹੁੰਦੇ ਹਨ ਅਤੇ ਡਾਕੂ ਲੋਕ ਸ਼ਰਾਬ ਦੀ ਭੱਠੀ ਲਗਾ ਕੇ ਮੱਟੀਆਂ ਰੱਖ ਛੱਡਦੇ ਹਨ, ਪਾਣੀ ਦੇ ਭੁਲੇਖੇ ਆਏ ਹੋਏ ਰਾਹੀਆਂ ਨੂੰ ਸ਼ਰਾਬ ਪਿਲਾ ਕੇ ਕੱਪੜੇ ਲਾਹ ਲੈਂਦੇ ਹਨ। ਏਸੇ ਤਰ੍ਹਾਂ-

ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸਕਰਹ॥

ਸੰਸਾਰ-ਉਜਾੜ ਵਿਚ ਬਿਖਮ ਸਥਾਨ ਮਨ= ਮਨ ਦਾ ਰੋਕਣਾ ਹੀ ਕਠਿਨ ਸਥਾਨ ਹੈ ਅਤੇ ਕਾਮ ਕ੍ਰੋਧ ਆਦਿ ਵਿਕਾਰਾਂ ਰੂਪ ਪੰਜ ਅਸਾਧ ਚੋਰ ਹਨ। ਇਹ ਚੋਰ ਮੋਹ ਮਦਿਰੰ= ਮੋਹ ਰੂਪ ਸ਼ਰਾਬ ਨੂੰ ਪਿਲਾ ਕੇ ਜਪ ਤਪ ਆਦਿ ਸ਼ੁਭ ਗੁਣਾਂ ਰੂਪ ਕੱਪੜੇ ਖੋਹ ਲੈਂਦੇ ਹਨ।

ਜਿਵੇਂ ਪ੍ਰਤੱਖ ਉਜਾੜ ਵਿਚ ਦਿਸ਼ਾ ਭਰਮ ਹੋਣ ਕਰ ਕੇ ਜੀਵ ਭਰਮ ਜਾਂਦੇ ਹਨ ਤੇ ਉਜਾੜ ਵਿਚ ਡਾਕੂ ਲੋਕ ਮੂਰਛਾ (ਬੇਹੋਸ਼) ਕਰ ਦੇਂਦੇ ਹਨ ਤੇ ਚੋਰ ਫਾਹੀ ਪਾ ਦੇਂਦੇ ਹਨ। ਏਸੇ ਤਰ੍ਹਾਂ-

ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖ੍ਣ ਕਠਿਨਹ॥

ਸੰਸਾਰ-ਉਜਾੜ ਵਿਚ, ਜੋ ਸਨਬੰਧੀਆਂ ਵਿਚ ਹੀਤ ਮੋਹ= ਗੂੜ੍ਹਾ ਪਿਆਰ ਕਰਨਾ ਹੈ।

ਅਥਵਾ- ਹਿਤੂਆਂ ਦੇ ਮੋਹ ਵਿਚ ਜਿਹੜਾ ਬਿਰਤੀ ਦਾ ਖੱਚਤ ਹੋ ਜਾਣਾ ਹੈ, ਇਹੀ ਦਿਮਾਗ ਦਾ ਚਕਰੌਣਾ, ਵਾ= ਮੂਰਛਾ ਹੋਣੀ ਹੈ। ਭੈ ਭਰਮ ਭ੍ਰਮਣੰ= ਭੈ ਅਤੇ ਭਰਮ ਕਰ ਕੇ ਜੋ ਭੌਣਾ (ਫਿਰਨਾ) ਹੈ, ਏਹੀ ਦਿਸ਼ਾ ਭਰਮ ਹੋਣਾ ਹੈ। ਅਹੰ ਫਾਂਸ ਤੀਖ੍ਣ= ਹੰਗਤਾ ਰੂਪ ਫਾਹੀ ਹੈ ਜੋ ਹੰਗਤਾ ਰੂਪ ਫਾਹੀ ਪੈਣ ਨੂੰ ਬੜੀ ਤਿੱਖੀ ਹੈ, ਝਟ ਹੀ ਹੰਗਤਾ ਕਰ ਲੈਂਦਾ ਹੈ ਤੇ ਨਵਿਰਤ ਹੋਣ ਨੂੰ ਜੋ ਬੜੀ ਕਠਿਨ ਹੈ। ਜੇ ਚੋਰਾਂ ਦੀ ਫਾਹੀ ਤੋਂ ਛੁੱਟ ਭੀ ਜਾਵੇ ਤਾਂ ਜੀਵ ਵਾਸਤੇ ਅੱਗੇ ਦੋ ਔਕੜੀਂ ਹੋਰ ਆ ਜਾਂਦੀਆਂ ਹਨ-

ਇਕ ਅਗਨੀ ਦੇ ਭਾਂਬੜ, ਦੂਜਾ ਨਦੀ ਦਾ ਪਰਵਾਹ ਜਿਸ ਤੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਉਜਾੜਾਂ ਵਿਚ ਜਿਹੜੇ ਚੋਰ ਹੁੰਦੇ ਹਨ ਉਹ ਮਨੁੱਖ ਦੇ ਦੋਨੋਂ ਰਸਤੇ ਬੰਦ ਕਰ ਰੱਖਦੇ ਹਨ। ਇਕ ਪਾਸੇ ਤਾਂ ਨਦੀ ਦਾ ਪਰਵਾਹ ਚੱਲਿਆ ਹੁੰਦਾ ਹੈ, ਦੂਜੇ ਪਾਸੇ ਅੱਗ ਬਾਲ ਲੈਂਦੇ ਹਨ ਤਾਂ ਕਿ ਐਵੇਂ ਕੋਈ ਮਨੁੱਖ ਨਿਕਲ ਨਾ ਸਕੇ। ਏਸੇ ਤਰ੍ਹਾਂ-

ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ॥

ਸੰਸਾਰ-ਉਜਾੜ ਵਿਚ ਇਕ ਪਾਸੇ ਤਾਂ ਨਾ ਸਾਧੀ ਜਾਣ ਵਾਲੀ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ ਬਲ ਰਹੀ ਹੈ ਤੇ ਦੂਜੇ ਪਾਸੇ ਘੋਰੰ= ਭਿਆਨਕ ਆਸਾ ਰੂਪ ਨਦੀ ਹੈ, ਜਿਸ ਵਿਚ ਪਦਾਰਥਾਂ ਰੂਪ ਤੋਅ= ਜਲ ਹੈ। ਅ-ਗਮ= ਮਨ ਦੀ ਗੰਮਤਾ ਤੋਂ ਪਰੇ ਜੋ ਪਾਰਲਾ ਤੀਰ= ਕਿਨਾਰਾ ਵੈਰਾਗ।

ਵਾ:-ਮੋਖਸ਼ ਰੂਪ ਹੈ ਉਹ ਬੜਾ ਅਗਮ= ਕਠਿਨ ਹੈ, ਜਿਸ ਤੇ ਇਸ ਨਦੀ ਤੋਂ ਪਾਰ, ਨਹ ਲੰਘਨਹ = ਲੰਘਿਆ ਨਹੀਂ ਜਾ ਸਕਦਾ*।

*ਆਸਾਂ ਤੋਂ ਰਹਿਤ ਹੋਣਾ ਹੀ ਅਸਲ ਪਾਰ ਲੰਘਣਾ ਹੈ।

ਪ੍ਰਸ਼ਨ- ਜੇ ਪਾਰ ਲੰਘਣਾ ਹੋਵੇ ਤਾਂ ਕਿਸ ਪਰਕਾਰ ਲੰਘਿਆ ਜਾ ਸਕਦਾ ਹੈ? ਗੁਰ ਉੱਤਰ-

ਭਜ ਸਾਧਸੰਗਿ ਗੋਪਾਲ ਨਾਨਕ ਹਰਿ ਚਰਣ ਸਰਣ ਉਧਰਣ ਕ੍ਰਿਪਾ ॥ ੫੮ ॥

ਸਾਧ-ਸੰਗ= ਸਤਿ ਸੰਗਤ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰ ਕੇ ਹਰੀ ਗੋਪਾਲ ਦੇ ਨਾਮਾਂ ਨੂੰ ਭਜੁ= ਸਿਮਰਣਾ ਕਰੇ ਤਾਂ ਉਸ ਪ੍ਰਭੂ ਦੀ ਕ੍ਰਿਪਾ ਕਰ ਕੇ ਨਦੀ ਤੋਂ ਉਧਰਣ= ਤਰਨਾ ਹੁੰਦਾ ਹੈ।

ਅਥਵਾ:- ਸਤਿਗੁਰ ਦੇਵ ਜੀ ਆਖਦੇ ਹਨ- ਸਤਿਸੰਗ ਦੁਆਰੇ ਗੋਪਾਲ ਨੂੰ ਭਜਣਾ ਕਰੇ ਤੇ ਹਰੀ ਦੇ ਚਰਨਾਂ ਦੀ ਸ਼ਰਨ ਗ੍ਰਹਿਣ ਕਰੇ ਤਾਂ ਉਸ ਵਾਹਿਗੁਰੂ ਦੀ ਕਿਰਪਾ ਨਾਲ ਤਰਨਾ ਹੁੰਦਾ ਹੈ॥੫੮॥

ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲ੍ਹ੍ਂ ਰੋਗ ਖੰਡਣਹ ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਜਿਨ੍ਹਾਂ ਗੁਰਮੁਖਾਂ ਉਪਰ) ਗੋਵਿੰਦ ਗੋਪਾਲ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹਨਾਂ ਦੇ ਸਾਰੇ ਹੀ ਰੋਗ= ਦੁਖ ਖੰਡਨਹ= ਨਾਸ ਹੋ ਜਾਂਦੇ ਹਨ।

ਅਥਵਾ- ਹੰਕਾਰ ਆਦਿਕ ਸਾਰੇ ਰੋਗ ਖੰਡੇ ਜਾਂਦੇ ਹਨ।

ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸੁਰਹ ॥ ੫੯ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ-ਜੋ ਸੰਤਾਂ ਦੇ ਨਾਲ ਮਿਲ ਕੇ ਵਾਹਿਗੁਰੂ ਦੇ ਜਸ ਕਰਨ ਰੂਪ ਸ਼ੁਭ-ਗੁਣਾਂ ਨੂੰ ਰਮਤ= ਉਚਾਰਦੇ ਹਨ, ਉਹ ਮਨੁੱਖ ਪੂਰਨ ਪਰਮੇਸ਼ਰ ਦੇ ਚਰਨਾਂ ਦੀ ਸ਼ਰਨ ਨੂੰ ਗ੍ਰਹਿਣ ਕਰਦੇ ਹਨ॥ ੫੯ ॥

ਪੁਨਾ ਹਰੀ ਲਾਲ, ਕ੍ਰਿਸ਼ਨ ਲਾਲ ਨੇ ਪੁਛਿਆ- ਸੁਆਮੀ ਜੀ! ਕਿਸ ਪੁਰਸ਼ ਦੀ ਸੰਗਤ ਤੋਂ ਸੁਚੇਤ ਰਹਿਣਾ ਚਾਹੀਦਾ ਹੈ? ਗੁਰ ਉੱਤਰ- (ਨੀਤੀ ਦੀ ਗੱਲ ਆਖਦੇ ਹਨ)

ਸਿਆਮਲੰ ਮਧੁਰ ਮਾਨੁਖ੍ਂ ਰਿਦਯੰ ਭੂਮਿ ਵੈਰਣਹ ॥

ਪਹਿਲਾ ਅਰਥ-

ਜੋ ਪੁਰਸ਼ ਸਿਆਮਲੰ= ਕਾਲੇ ਰੰਗ ਵਾਲਾ ਹੋਵੇ ਤਾਂ ਕੱਦ ਵਿਚ ਮਧਰਾ ਹੋਵੇ ਇਹ ਨਿਯਮ ਹੈ ਕਿ ਤਿਸ ਦੇ ਰਿਦਯੰ ਭੂਮਿ= ਰਿਦੇ ਰੂਪ ਧਰਤੀ ਵਿਚ ਹਮੇਸ਼ਾ ਵੈਰਣਹ= ਵੈਰ ਭਾਵ ਟਿਕਿਆ ਹੀ ਰਹਿੰਦਾ ਹੈ।

ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਰਜਨਹ ॥ ੬੦ ॥

ਐਸੇ ਕਾਲੇ ਰੰਗ ਵਾਲੇ ਤੇ ਮਧਰੇ ਪੁਰਸ਼ ਦਾ ਦੂਸਰਿਆਂ ਅੱਗੇ ਜਿਹੜਾ ਨਿਵੰਤਿ= ਨਿਵਣਾ ਹੈ ਇਹ ਮਿਥਿਆ= ਝੂਠਾ ਹੁੰਦਾ ਹੈ ਐਸੇ ਪੁਰਸ਼ਾਂ ਤੋਂ ਸੱਜਣ ਸੰਤ ਜਨ ਹਮੇਸ਼ਾਂ ਹੀ ਸੁਚੇਤ ਰਹਿੰਦੇ ਹਨ॥ ੬੦ ॥

ਇਸੇ ਸਲੋਕ ਦਾ ਅੰਤ੍ਰੀਵ

ਦੂਜਾ ਅਰਥ-

ਸਿਆਮਲੰ ਮਧੁਰ ਮਾਨੁਖ੍ਂ ਰਿਦਯੰ ਭੂਮਿ ਵੈਰਣਹ॥

ਸਿਆਮਰੰਗ ਵਾਲੇ ਭਗਵਾਨ ਦੀ ਮਧੁਰ= ਸੁੰਦਰ ਮੂਰਤੀ ਦਾ ਧਿਆਨ ਜਿਸ ਮਨੁੱਖ ਦੀ ਰਿਦੇ ਰੂਪ ਭੂਮੀ ਵਿਚ ਵਸਿਆ ਹੈ, ਤਿਸ ਮਨੁੱਖ ਦੇ ਹਿਰਦੇ ਵਿਚ ਵੈਰ ਣਹ= ਵੈਰ ਭਾਵ ਨਹੀਂ ਰਹਿੰਦਾ*।

**ਅਥਵਾ-ਜੋ ਸ਼ਿਆਮ ਆਦਿਕ ਰੂਪਾਂ ਨੂੰ ਧਾਰਨ ਵਾਲਾ ਮਾਯਾ ਸ਼ਬਲ ਬ੍ਰਹਮ ਹੈ, ਓਹ ਜਿਸ ਮਨੁੱਖ ਨੂੰ ਮਧੁਰ=ਪਿਆਰਾ ਲੱਗਾ ਹੈ, ਉਸ ਦੀ ਹਿਰਦੇ ਰੂਪ ਭੂਮੀ ਵਿਚ ਫੇਰ ਵੈਰ ਨਹੀਂ ਰਹਿੰਦਾ।*

ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਰਜਨਹ॥ ੬੦॥

ਐਸੇ ਪੂਰਨ ਕਰਣੀ ਵਾਲੇ ਮਹਾਤਮਾ ਦੇ ਚਰਨਾਂ ਤੇ ਜਿਹੜੇ ਮਨੁੱਖ ਸ਼ਰਧਾ ਨਾਲ ਨਿਵੰਤਿ= ਨਿਉਂਦੇ ਹਨ ਭਾਵ ਨਮਸਕਾਰ ਕਰਦੇ ਹਨ- ਉਹਨਾਂ ਨੂੰ ਸੰਸਾਰ ਮਿੱਥਿਆ ਪ੍ਰਤੀਤ ਹੋਣ ਲੱਗ ਪੈਂਦਾ ਹੈ ਐਸੇ ਸੱਜਣ ਸੰਤ ਚੇਤਨ ਪ੍ਰਭੂ ਦਾ ਸਰੂਪ ਹੀ ਹਨ॥ ੬੦॥

ਹੁਣ ਗੁਰੂ ਸਾਹਿਬ ਜੀ ਜੀਵ ਦੀ ਪ੍ਰਮਾਦਤਾਈ ਕਥਨ ਕਰਦੇ ਹਨ-

ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤਪ੍ਰਤੇ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਹ) ਮੂੜਾ= ਮੂਰਖ ਪੁਰਸ਼ ਅਚੇਤ= ਅਗਿਆਨਤਾ ਸਹਿਤ ਹੋਣ ਕਰ ਕੇ ਆਪਣੇ ਚਿੱਤ ਵਿਚ ਕੁਛ ਭੀ ਜਾਣਦਾ ਨਹੀਂ ਹੈ, ਕਿ ਨਿਤਾਪ੍ਰਤੀ ਮੇਰੇ ੨੪ ਹਜ਼ਾਰ ਸ੍ਵਾਸ ਘਟਦੇ ਜਾ ਰਹੇ ਹਨ। *ਅਥਵਾ-* ਸ਼ਾਸਤ੍ਰ ਗਿਆਨ ਵਲੋਂ ਮੂੜ੍ਹ ਹੈ ਤੇ ਪ੍ਰਮਾਰਥ ਵਲੋਂ ਭੀ ਅਚੇਤ ਹੈ।

ਛਿਜੰਤ ਮਹਾ ਸੁੰਦਰੀ ਕਾਂਇਆ ਕਾਲ ਕੰਨਿਆ ਗ੍ਰਾਸਤੇ॥

ਜਿਸ ਦੇਹ ਨੂੰ ਮੱਖਣਾਂ ਨਾਲ ਪਾਲਦਾ ਹੈ ਤੇ ਪੌਡਰ ਆਦਿਕ ਮਲਦਾ ਹੈ ਇਹ ਮਹਾ= ਬੜੀ ਸੁੰਦਰ ਕਾਂਇਆ= ਦੇਹ ਰਾਤ ਦਿਨ ਦੀ ਸੰਗਿਆ ਕਰ ਕੇ ਛਿਜੰਤ= ਕ੍ਰਿਸ ਹੁੰਦੀ ਜਾ ਰਹੀ ਹੈ, ਕਾਲ ਦੀ ਕੰਨਿਆ= ਲੜਕੀ ਜੋ ਮੌਤ, ਵਾ:-ਬ੍ਰਿਧ ਅਵਸਥਾ ਹੈ, ਉਹ ਇਸ ਨੂੰ ਗ੍ਰਾਸਤੇ= ਗ੍ਰਸਦੀ ਜਾ ਰਹੀ ਹੈ।

ਰਚੰਤਿ ਪੁਰਖਹ ਕੁਟੰਬ ਲੀਲਾ ਅਨਿਤ ਆਸਾ ਬਿਖਿਆ ਬਿਨੋਦ॥

ਪਰ ਇਹ ਪ੍ਰਮਾਦੀ ਪੁਰਸ਼ ਕੁਟੰਬ= ਪ੍ਰਵਾਰ ਦੀ ਲੀਲਾ ਵਿਚ ਰਚੰਤਿ= ਰਚ ਰਿਹਾ ਹੈ ਤੇ ਅਨਿਤ= ਝੂਠੇ ਪਦਾਰਥਾਂ ਦੀ ਆਸਾ ਕਰ ਰਿਹਾ ਹੈ ਅਤੇ ਵਿਸ਼ਿਆਂ ਦੇ ਬਿਨੋਦ= ਕੌਤਕਾਂ ਵਿਚ ਲੱਗ ਰਿਹਾ ਹੈ ਪਰ ਜੀਵ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ ਕਿ ਵਿਸ਼ਿਆਂ ਦੇ ਭੋਗਣ ਨਾਲ ਮੇਰੇ ਸਵਾਸ ਘਟ ਰਹੇ ਹਨ।

ਯਥਾ- ਬੈਸਤ ਬਾਰਾਂ ਚਲਤ ਅਠਾਰਾਂ, ਸੋਵਤ ਜਾਵਹਿ ਤੀਸ।

ਮੈਥਨ ਕਰਤੇ ਚੌਸਠ ਜਾਵਹਿ, ਕਿਉ ਨ ਭਜੈ ਜਗਦੀਸ।

ਅਥਵਾ- ਜੋ ਵਿਸ਼ੇ ਅਨਿਤ= ਝੂਠੇ ਹਨ, ਬਿਨੋਦ= ਖੁਸ਼ੀ ਸਹਿਤ ਉਹਨਾਂ ਹੀ ਵਿਸ਼ਿਆਂ ਦੀ ਆਸਾ ਕਰ ਰਿਹਾ ਹੈ।

ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ ਸਰਣਿ ਨਾਨਕ ਕਰੁਣਾ ਮਯਹ॥ ੬੧॥

ਇਸ ਤਰ੍ਹਾਂ ਪ੍ਰਮਾਦਤਾਈ ਕਰ ਕੇ ਇਹ ਜੀਵ ਬਹੁਤ ਹੀ ਜੂਨਾਂ ਵਿਚ ਭ੍ਰਮੰਤਿ ਭ੍ਰਮੰਤਿ= ਫਿਰਦਾ ਫਿਰਦਾ ਹਾਰਿਓ= ਥੱਕ ਜਾਂਦਾ ਹੈ, ਗੁਰੂ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਸ ਜਨਮ ਮਰਨ ਦੇ ਗੇੜੇ ਤੋਂ ਬਚਣ ਵਾਸਤੇ ਗੁਰਮੁਖਾਂ ਨੇ) ਕਰੁਣਾਮਯਹ= ਕ੍ਰਿਪਾ ਸਰੂਪ ਅਕਾਲ ਪੁਰਖ ਦੀ ਸ਼ਰਨ ਗ੍ਰਹਿਣ ਕੀਤੀ ਹੈ (ਤਾਂ ਤੇ ਤੁਸੀਂ ਵੀ ਉਸ ਪ੍ਰਭੂ ਦੀ ਸ਼ਰਨ ਗ੍ਰਹਿਣ ਕਰੋ)॥ ੬੧॥

ਜੋ ਜ਼ਬਾਨ ਬੋਲਣ ਦਾ ਤੇ ਰਸਾਂ ਦੇ ਚੱਖਣ ਦਾ ਕੰਮ ਕਰਦੀ ਹੈ, ਉਸ ਨੂੰ ਗੁਰੂ ਸਾਹਿਬ ਜੀ ਉਪਦੇਸ਼ ਦੇਂਦੇ ਹਨ-

ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ॥

ਹੇ ਜਿਹਵੇ! ਹੇ ਰਸਗੇ= ਰਸਾਂ ਦੀ ਗਿਆਤੇ, ਤੁਯੰ= ਤੈਨੂੰ ਮਧੁਰ= ਮਿੱਠੇ-ਮਿੱਠੇ ਪਦਾਰਥ ਬੜੇ ਪ੍ਰਿਅ=

ਪਿਆਰੇ ਲੱਗ ਰਹੇ ਹਨ।

ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ॥
ਗੋਬਿੰਦ ਦਾਮੋਦਰ ਮਾਧਵੇ॥ ੬੨ ॥

(ਇਨ੍ਹਾਂ ਪਦਾਰਥਾਂ ਦੇ ਰਸਾਂ ਵਿਚ ਲੱਗ ਕੇ) ਸਤ= ਸੱਚ ਬੋਲਣ ਵਲੋਂ ਵਾ:-ਸਤਿਨਾਮੁ ਜਪਣ ਵਲੋਂ ਤੂੰ ਹਤੰ= ਮੋਈ ਹੋਈ ਹੈਂ ਤੇ ਪਰਮ= ਬੜੇ-ਬੜੇ ਬਾਦੰ= ਝਗੜਿਆਂ ਨੂੰ ਕਰ ਰਹੀ ਹੈਂ। ਏਥਹ= ਇਹ ਜੋ ਸ਼ੁੱਧ ਅਛਰਣ= ਅੱਖਰ ਗੋਵਿੰਦ, ਦਾਮੋਦਰ, ਮਾਧਵ ਪ੍ਰਭੂ ਦੇ ਨਾਮ ਹਨ, ਇਨ੍ਹਾਂ ਵਿਖੇ ਤੂੰ ਅਵਰਤ= ਵਰਤਣ ਤੋਂ ਰਹਿਤ ਹੋ ਰਹੀ ਹੈਂ, ਭਾਵ ਇਨ੍ਹਾਂ ਨਾਮਾਂ ਨੂੰ ਤੂੰ ਉਚਾਰਦੀ ਨਹੀਂ ਹੈਂ। ਪਰ ਹੇ ਜਿਹਬੇ! ਤੈਨੂੰ ਚਾਹੀਦਾ ਹੈ ਕਿ ਅ= ਵਿਸ਼ੇਸ਼ ਕਰ ਕੇ ਗੋਵਿੰਦ ਦਾਮੋਦਰ ਮਾਧਵੇ ਇਨ੍ਹਾਂ ਸ਼ੁੱਧ ਅੱਖਰਾਂ ਵਿਚ ਤੂੰ ਵਰਤ= ਵਰਤਣਾ ਕਰ ਅਰਥਾਤ ਝਗੜਿਆਂ ਨੂੰ ਛੱਡ ਕੇ ਪ੍ਰਭੂ ਦੇ ਨਾਮਾਂ ਦਾ ਚਿੰਤਨ ਕਰ॥ ੬੨ ॥

ਅਥਵਾ- ਏਥਹ= ਏਥੇ ਸਤਿਸੰਗ ਵਿਚ ਅ= ਆ ਕੇ ਵਰਤਣਾ ਕਰ, ਜਿਸ ਵਿਚ ਸੁਧ= ਪਵਿੱਤਰ ਆ-ਛਰਣ= ਛਲਣ ਤੋਂ ਰਹਿਤ ਪ੍ਰਮਾਤਮਾ ਹੈ।

ਅਥਵਾ- ਆ-ਛਰਣ= ਛਲਣ ਤੋਂ ਰਹਿਤ, ਵਾ:-ਖਰਨ ਤੋਂ ਰਹਿਤ ਜੋ ਅ-ਖੱਰ ਰੂਪ ਬ੍ਰਹਮ ਹੈ, ਤਿਸ ਵਿਚ ਵਰਤਣ ਤੋਂ ਅ= ਰਹਿਤ ਹੋ ਰਹੀ ਹੈਂ।

ਗਰਬੰਤਿ ਨਾਰੀ ਮਦੋਨ ਮਤੰ॥ ਬਲਵੰਤ ਬਲਾਤ ਕਾਰਣਹ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਇਨ੍ਹਾਂ ਚੰਚਲ ਔਰਤਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਕਿਉਂਕਿ ਪਰਮਾਤਮਾ ਤੋਂ ਭੁੱਲੀਆਂ ਹੋਈਆਂ ਇਹ) ਔਰਤਾਂ ਮਦੋਨ ਮਤੰ= ਮਦ+ਉਨਮਤੰ= ਕਾਮ ਦੀ ਮਸਤੀ ਕਰ ਕੇ ਆਪਣੇ ਸਰੀਰ ਦਾ ਗਰਬੰਤਿ= ਹੰਕਾਰ ਕਰਦੀਆਂ ਹਨ।

ਅਤੇ ਬਲ ਵਾਲਿਆਂ ਪੁਰਸ਼ਾਂ ਨੂੰ ਵੀ ਇਹ ਔਰਤਾਂ ਬਲਾਤ= ਬਲਾਈਂ ਦਾ ਕਾਰਨ ਹਨ। ਭਾਵ ਬਲ ਵਾਲਿਆਂ ਨੂੰ ਵੀ ਛੱਡਦੀਆਂ ਨਹੀਂ ਹਨ।

ਅਥਵਾ- ਇਹ ਔਰਤਾਂ ਮਨੁੱਖ ਦੇ ਬਲਾਤ= ਬਲ ਦਾ ਅੰਤ ਕਰਨ ਵਾਲੀਆਂ ਹਨ।

ਸਾਖੀ—ਪਰਾਸ਼ਰ ਰਿਖੀ ਦੀ

ਇਕ ਸਮੇਂ ਮਹਾਂ ਦੀਰਘ-ਤਪੱਸ਼ਵੀ ਪਰਾਸ਼ਰ ਮੁਨੀ ਜੀ ਨਦੀ ਤੋਂ ਪਾਰ ਹੋਣ ਵਾਸਤੇ ਇਕ ਮਲਾਹ ਦੇ ਪਾਸ ਪੁੱਜੇ। ਨਦੀ ਦੇ ਕੰਢੇ ਤੇ ਪਹੁੰਚ, ਬੇੜੀ ਵਿਚ ਬੈਠ ਕੇ ਮਲਾਹ ਨੂੰ ਅਵਾਜ਼ਾਂ ਦੇਣ ਲੱਗ ਪਏ ਕਿ ਸਾਨੂੰ ਛੇਤੀ ਪਾਰ ਕਰ।

ਉਸੇ ਸਮੇਂ ਮਲਾਹ ਦੀ ਲੜਕੀ ਆਪਣੇ ਪਿਤਾ ਦਾ ਪ੍ਰਸ਼ਾਦਾ ਲੈ ਕੇ ਪੁੱਜ ਗਈ, ਜੋ ਬੜੀ ਸੋਹਣੀ ਤੇ ਨੌਜਵਾਨ ਸੀ। ਮਲਾਹ ਦੇ ਸਾਹਮਣੇ ਦੋ ਸਵਾਲ ਸਨ, ਇਕ ਰਿਖੀ ਨੂੰ ਪਾਰ ਕਰਨਾ, ਦੂਸਰਾ ਪ੍ਰਸ਼ਾਦੇ ਦਾ ਸਤਿਕਾਰ। ਜੇਕਰ ਰੋਟੀ ਖਾਣ ਲੱਗ ਜਾਂਦਾ ਹੈ ਤਾਂ ਰਿਖੀ ਦੇ ਸਰਾਪ ਦਾ ਡਰ ਹੈ, ਕਿਉਂਕਿ ਉਸ ਦੇ ਗੁੱਸੇ ਦਾ ਪਾਰਾ ਵਧਦਾ ਜਾ ਰਿਹਾ ਸੀ। ਜੇਕਰ ਰਿਖੀ ਨੂੰ ਪਾਰ ਕਰਾਉਂਦਾ ਹੈ ਤਾਂ ਅੰਨ ਦੀ ਬੇਅਦਬੀ ਦਾ ਡਰ ਹੈ।

ਕੁਝ ਸਮਾਂ ਸੋਚਣ ਤੋਂ ਮਗਰੋਂ ਇਕ ਜੁਗਤੀ ਸੁੱਝਣ ਪਰ ਆਪਣੀ ਲੜਕੀ ਨੂੰ ਕਿਹਾ- ਬੱਚੀ! ਜਾਹ ਰਿਖੀ ਨੂੰ ਪਾਰ ਕਰ ਆ।

ਪਿਤਾ ਦਾ ਬਚਨ ਮੰਨ ਕੇ ਲੜਕੀ ਰਿਖੀ ਦੇ ਪਾਸ ਪਹੁੰਚੀ। ਬੇੜੀ ਦਾ ਸੰਗਲ ਖੋਲ੍ਹ ਕੇ ਬੇੜੀ ਨਦੀ ਵਿਚ ਠੇਲ੍ਹ ਦਿੱਤੀ।

ਜਿਸ ਵੇਲੇ ਰਿਖੀ ਦਾ ਇਸ ਲੜਕੀ ਦੀ ਜੁਆਨੀ ਤੇ ਸੁੰਦਰ ਸਰੂਪ ਤੇ ਧਿਆਨ ਪਿਆ ਤਾਂ ਇਸ ਦਾ ਮਨ ਕਾਬੂ ਨਾ ਰਹਿ ਸਕਿਆ। ਤਦ ਰਿਖੀ ਨੇ ਆਪਣੇ ਮਨ ਦੀ ਮੰਦ-ਵਾਸ਼ਨਾ ਪ੍ਰਗਟ ਕੀਤੀ।

ਉਸ ਵੇਲੇ ਲੜਕੀ ਨੇ ਆਪਣੇ ਬਚਾਉ ਵਾਸਤੇ ਕਿਹਾ-ਰਿਖੀ ਜੀ! ਆਪ ਬੜੇ ਸਿਆਣੇ ਸਮਝਦਾਰ ਹੋ, ਤੁਹਾਨੂੰ ਪਤਾ ਹੀ ਹੈ ਦਿਨ ਦਾ ਸਮਾਂ ਹੈ, ਸੂਰਜ ਭਗਵਾਨ ਸਾਹਮਣੇ ਹੈ ਤੇ ਜਲ ਦੇਵਤਾ ਦੇਖਦਾ ਹੈ, ਪਿਤਾ ਜੀ ਵੀ ਕੋਈ ਦੂਰ ਨਹੀਂ ਹਨ, ਫੇਰ ਮੈਂ ਕੁਆਰੀ ਹਾਂ, ਮੱਛੀ ਦੇ ਪੇਟੋਂ ਜਨਮ ਹੋਣ ਕਰ ਕੇ ਮੇਰੇ ਵਿਚੋਂ ਬਦਬੋ ਆ ਰਹੀ ਹੈ, ਤੁਹਾਡੇ ਮਨ ਦੀ ਭਾਵਨਾ ਕਿਵੇਂ ਪੂਰੀ ਹੋ ਸਕਦੀ ਹੈ?

ਸਮਰੱਥ ਰਿਖੀ ਨੇ ਕਿਹਾ- ਤੂੰ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰ, ਮੈਂ ਇਨ੍ਹਾਂ ਸਾਰੀਆਂ ਗੱਲਾਂ ਦਾ ਆਪੇ ਹੀ ਇੰਤਜ਼ਾਮ ਕਰ ਲਵਾਂਗਾ ਅਤੇ ਤੇਰਾ ਕੁਆਰਾ-ਪਨ ਵੀ ਇਸੇ ਤਰ੍ਹਾਂ ਕਾਇਮ ਰਹੇਗਾ, ਕਿਉਂਕਿ ਮੇਰੀ ਬਿੰਦ ਨਿਸਫਲ ਨਹੀਂ ਜਾਵੇਗੀ।

ਇਉਂ ਕਹਿ ਕੇ ਜਲ ਦੀ ਚੁਲੀ ਲੈ ਕੇ ਆਕਾਸ਼ ਵੱਲ ਸੁੱਟੀ ਜਿਸ ਤੇ ਸਾਰੇ ਧੁੰਧ ਹੀ ਧੁੰਧ ਹੋ ਗਈ ਅਤੇ ਕਿਹਾ- ਅੱਜ ਤੋਂ ਤੇਰੇ ਸਰੀਰ ਵਿਚੋਂ ਇਕ ਜੋਜਨ ਤੱਕ ਖੁਸ਼ਬੋ ਆਇਆ ਕਰੇਗੀ, ਅੱਜ ਤੋਂ ਤੇਰਾ ਨਾਮ 'ਜੋਜਨ ਗੰਧਾਰੀ' ਹੋ ਗਿਆ ਹੈ। ਜਲ, ਸੂਰਜ, ਮਲਾਹ ਤੇ ਹੋਰ ਆਸੇ-ਪਾਸੇ ਦੀਆਂ ਚੀਜ਼ਾਂ ਧੁੰਧ ਨਾਲ ਦਿਸਣੋਂ ਅਲੋਪ ਕਰ ਦਿੱਤੀਆਂ। ਆਪਣੀ ਨੀਚ ਵਾਸ਼ਨਾਂ ਪੂਰੀ ਕਰ ਕੇ ਜਦੋਂ ਬੇੜੀ ਵਿਚੋਂ ਉਤਰਿਆ ਤਾਂ ਉਸੇ ਸਮੇਂ ਹੀ ਪਰਾਸ਼ਰ ਦੇ ਸੰਜੋਗ ਤੋਂ ਬਿਆਸ ਭਗਵਾਨ ਦਾ ਜਨਮ ਹੋ ਗਿਆ ਅਤੇ ਬਾਰਾਂ ਸਾਲਾਂ ਦੇ ਬਣ ਤੁੰਬੀ ਤੇ ਆਸਣ ਚੁੱਕ, ਆਪਣੇ ਪਿਤਾ ਪਰਾਸ਼ਰ ਦੇ ਮਗਰ ਤੁਰ ਪਏ। ਜਿਹੜੇ ਮਸ਼ਹੂਰ ਵਿਦਵਾਨ ੧੮ ਪੁਰਾਣਾਂ ਦੇ ਕਰਤਾ ਮਹਾਤਮਾ ਹੋਏ ਹਨ, ਦੇਖੋ ਇਹੋ ਜਿਹੇ ਸਮਰੱਥ ਪੁਰਸ਼ ਵੀ ਕਾਮ ਨੂੰ ਨਾ ਰੋਕ ਸਕੇ।

ਦੂਜੀ ਸਾਖੀ—ਸਿੰਙੀ ਰਿਖੀ ਦੀ

ਸਿੰਙੀ ਰਿਖੀ ਹਰਨੀ ਦੇ ਪੇਟ ਤੋਂ ਪੈਦਾ ਹੋਇਆ ਸੀ, ਇਹ ਬਿਭਾਂਡਵ ਰਿਖੀ ਦਾ ਪੁਤ੍ਰ ਸੀ, ਜਦ ਦੀ ਹੋਸ਼ ਸੰਭਾਲੀ, ਤਦੋਂ ਦਾ ਹੀ ਏਹ ਤਪ ਕਰ ਰਿਹਾ ਸੀ, ਏਹ ਸ਼ਹਿਰ ਵਿਚ ਕਦੇ ਨਹੀਂ ਸੀ ਆਇਆ, ਜੰਗਲ ਵਿਚ ਹੀ ਰਹਿ ਕੇ ਸਮਾਧੀ ਲਗਾਈ ਰਖਦਾ ਸੀ, ਭੁੱਖ ਵੇਲੇ ਜੰਗਲ 'ਚੋਂ ਫਲ ਚੁਣ ਕੇ ਖਾ ਲੈਂਦਾ ਸੀ:

ਭੂਖ ਪਿਆਸ ਲਗੈ ਜਬ ਹੀ ਤਬ ਕਾਨਨ ਤੇ ਚੁਨਿ ਕੈ ਫਲ ਖਾਵੈ॥

ਇਕ ਵਾਰ 'ਲੋਮਪਾਤ' ਰਾਜੇ ਦੇ ਨਗਰ ਵਿਚ ਕਾਲ ਪੈ ਗਿਆ। ਸਾਰੇ ਲੋਕ ਭੁੱਖ ਦੇ ਦੁੱਖ ਨਾਲ ਮਰਨ ਲੱਗ ਪਏ, ਇਕ ਇਕ ਦਾਣੇ ਨੂੰ ਤਰਸਦੇ ਹਨ ਪਰ ਮਿਲਦਾ ਨਹੀਂ ਹੈ। ਅਜਿਹਾ ਸਮਾਂ, ਵੇਖ ਕੇ ਰਾਜੇ ਲੋਮਪਾਤ ਦੇ ਚਿਤ ਨੂੰ ਬੜਾ ਦੁੱਖ ਹੋਇਆ ਤੇ ਬੜੇ ਬੜੇ ਸਿਆਣੇ ਜੋਤਸ਼ੀਆਂ ਨੂੰ ਬੁਲਾ ਕੇ ਪੁੱਛਿਆ: ਮੈਂ ਅਜਿਹਾ ਕਿਹੜਾ ਪਾਪ ਕੀਤਾ ਹੈ ਜਿਸ ਕਰਕੇ ਮੇਰੀ ਪਰਜਾ ਦੁਖੀ ਹੋ ਰਹੀ ਹੈ?

ਜੋਤਸ਼ੀਆਂ ਨੇ ਜੋਤਿਸ਼ ਲਗਾ ਕੇ ਕਿਹਾ- ਹੇ ਰਾਜਨ! ਆਪ ਜੀ ਨੇ ਤਾਂ ਕੋਈ ਪਾਪ ਨਹੀਂ ਕੀਤਾ ਪਰ ਇਕ ਏਹੋ ਕਾਰਨ ਹੈ ਕਿ ਆਪ ਜੀ ਦੇ ਸ਼ਹਿਰ ਤੋਂ ਬਾਹਰ ਵਾਰ ਜੰਗਲ ਵਿਚ ਇਕ ਸਿੰਙੀ ਨਾਮੀ ਰਿਖੀ ਬੈਠਾ ਤਪ ਕਰ ਰਿਹਾ ਹੈ ਉਹ ਤੇਰੀ ਨਗਰੀ ਵਿਚ ਬਿਲਕੁਲ ਨਹੀਂ ਆਇਆ। ਜੇਕਰ ਕਿਸੇ ਤਰ੍ਹਾਂ ਉਸ ਦੇ ਚਰਨ ਪੈ ਜਾਣ ਤਾਂ ਇਹ ਕਾਲ ਦੂਰ ਹੋ ਸਕਦਾ ਹੈ। ਇਹ ਗੱਲ ਸੁਣ ਕੇ ਰਾਜੇ ਨੇ ਉਸ ਨੂੰ ਬੁਲਾਉਣ ਵਾਸਤੇ ਕਈ ਵਾਰ ਵਜ਼ੀਰ

ਆਦਿਕਾਂ ਨੂੰ ਭੇਜਿਆ, ਬਲਕਿ ਆਪਣੇ ਪੁਤ੍ਰ ਨੂੰ ਭੀ ਭੇਜਿਆ, ਫੇਰ ਰਾਜਾ ਲੋਮਪਾਤ ਆਪ ਭੀ ਆ ਕੇ ਚਰਨ ਫੜ ਕੇ ਮਿੰਨਤਾਂ ਕੀਤੀਆਂ ਪਰ ਸਿੰਙੀ ਰਿਖੀ ਨਾ ਮੰਨਿਆਂ। ਅਖੀਰ ਰਾਜੇ ਨੇ ਸਾਰੇ ਸ਼ਹਿਰ ਵਿਚ ਡੌਂਡੀ ਪਿਟਵਾਈ ਕਿ ਜੋ ਵੀ ਸਿੰਙੀ ਰਿਖੀ ਨੂੰ ਸ਼ਹਿਰ ਵਿਚ ਲਿਆਵੇਗਾ ਉਸ ਨੂੰ ਅੱਧਾ ਰਾਜ ਦਿੱਤਾ ਜਾਵੇਗਾ, ਇਹ ਗੱਲ ਇਕ ਵੇਸ਼ਵਾ ਨੇ ਵੀ ਸੁਣੀ। ਵੇਸ਼ਵਾ ਨੇ ਆ ਕੇ ਰਾਜੇ ਨੂੰ ਕਿਹਾ- 'ਆਪ ਮੈਨੂੰ ਆਗਿਆ ਦਿਓ ਮੈਂ ਉਸ ਨੂੰ ਲਿਆਉਂਦੀ ਹਾਂ। ਰਾਜੇ ਨੇ ਕਿਹਾ- ਬੜੀ ਚੰਗੀ ਗੱਲ ਹੈ ਜੇ ਤੂੰ ਲੈ ਆਵੇਂ, ਮੈਂ ਤੈਨੂੰ ਬੜਾ ਧਨ ਦਿਆਂਗਾ। ਰਾਜੇ ਦੀ ਆਗਿਆ ਲੈ ਕੇ ਵੇਸ਼ਵਾ ਜਿਥੇ ਸਿੰਙੀ ਰਿਖੀ ਤਪ ਕਰਦਾ ਸੀ ਉਥੇ ਪਹੁੰਚ ਗਈ, ਕਈ ਦਿਨ ਲੁਕ ਕੇ ਰਹੀ ਤੇ ਉਸ ਦੇ ਵਤੀਰੇ ਨੂੰ ਦੇਖਦੀ ਰਹੀ।

ਜਿਨ੍ਹਾਂ ਬ੍ਰਿਛਾਂ ਨਾਲੋਂ ਫਲ ਤੋੜ ਕੇ ਖਾਂਦਾ ਸੀ ਉਹਨਾਂ ਹੀ ਟਾਹਣੀਆਂ ਨਾਲ ਵੇਸ਼ਵਾ ਨੇ ਚੰਗੇ-ਚੰਗੇ ਪਕਵਾਨ ਲਗਾ ਦਿਤੇ। ਜਿਸ ਵੇਲੇ ਸਮੇਂ ਅਨੁਸਾਰ ਆ ਕੇ ਰਿਖੀ ਨੇ ਉਹ ਪਕਵਾਨ ਖਾਧੇ ਤਾਂ ਮਨ ਵਿਚ ਬੜੀ ਖੁਸ਼ੀ ਹੋਈ ਤੇ ਆਖਦਾ ਹੈ- ਏਹ ਫਲ ਪਰਮਾਤਮਾ ਨੇ ਕਿਥੇ ਪੈਦਾ ਕੀਤੇ ਹਨ, ਮੈਂ ਅੱਜ ਤਕ ਅੱਖਾਂ ਨਾਲ ਵੇਖੇ ਨਹੀਂ:

ਸੋਚ ਬਿਚਾਰ ਕੀਯੋ ਚਿਤ ਮੋਂ ਮੁਨਿ ਏ ਫਲ ਦੈਵ ਕਹਾ ਉਪਜਾਯੋ॥
ਕਾਨਨ ਮੈਂ ਨਿਰਖੇ ਨਹਿ ਨੇਤ੍ਰਨ ਆਜੁ ਲਗੇ ਕਬਹੂੰ ਨ ਚਬਾਯੋ॥
ਕੈ ਮਘਵਾ ਬਲੁ ਕੈ ਛਲੁ ਕੈ ਹਮਰੇ ਤਪ ਕੋ ਅਵਿਲੋਕਨ ਆਯੋ॥
ਕੈ ਜਗਦੀਸ ਕ੍ਰਿਪਾ ਕਰਿ ਮੋ ਪਰ ਮੋਰੇ ਰਿਝਾਵਨ ਕਾਜ ਬਨਾਯੋ॥ ੧੩॥

ਵੇਸ਼ਵਾ ਨੂੰ ਵੇਖ ਕੇ ਸਿੰਙੀ ਰਿਖੀ ਵਿਚਾਰਦਾ ਹੈ ਏਹ ਕੋਈ ਦੇਵਤਾ ਹੈ ਜਾਂ ਕੋਈ ਰਿਖੀ ਮੁਨੀ? ਜਿਸ ਨੇ ਏਥੇ ਆ ਕੇ ਦਰਸ਼ਨ ਦਿਤੇ ਹਨ। ਸਿੰਙੀ ਰਿਖੀ ਨੂੰ ਏਹ ਬਿਲਕੁਲ ਨਹੀਂ ਪਤਾ ਹੈ ਕਿ ਏਹ ਵੇਸ਼ਵਾ ਹੈ, ਕਿ ਇਸਤਰੀ ਹੈ, ਕਿਉਂਕਿ ਅੱਜ ਤਕ ਇਹ ਕਦੇ ਸ਼ਹਿਰ ਵਿਚ ਗਿਆ ਹੀ ਨਹੀਂ ਸੀ, ਨਾ ਹੀ ਇਸ ਨੂੰ ਪਤਾ ਸੀ ਕਿ ਇਸਤ੍ਰੀ ਕੀ ਚੀਜ਼ ਹੁੰਦੀ ਹੈ ਤੇ ਕਿਸ ਲਈ ਪਰਮਾਤਮਾ ਨੇ ਪੈਦਾ ਕੀਤੀ ਹੈ? ਇਸ ਨੇ ਉਸ ਨੂੰ ਮੁਨੀ ਸਮਝ ਕੇ ਜਾ ਕੇ ਪ੍ਰਣਾਮ ਕੀਤੀ। ਉਸੇ ਵੇਲੇ ਵੇਸ਼ਵਾ ਨੇ ਆਪਣੇ ਨੇਤ੍ਰਾਂ ਦੀ ਚੰਚਲਤਾ ਨਾਲ ਅਤੇ ਕਈ ਤਰ੍ਹਾਂ ਦੇ ਹਾਵ ਭਾਵ ਕਰ ਕੇ ਸਿੰਙੀ ਰਿਖੀ ਦੇ ਮਨ ਨੂੰ ਚੁਰਾ ਲਿਆ। ਉਸ ਦੇ ਸਿਰ ਦੀਆਂ ਜਟਾਵਾਂ ਉਤਾਰ ਕੇ ਸਿਰ ਤੇ ਪਗ ਬੰਨ੍ਹਾਂ ਦਿਤੀ ਬਲਕਿ ਆਪਣਾ ਪਤੀ ਬਣਾ ਕੇ ਉਸ ਨੂੰ ਸਾਧੂ ਤੋਂ ਗ੍ਰਿਹਸਤੀ ਕਰ ਲਿਆ:

ਚੰਚਲ ਨੈਨ ਕਿ ਚੰਚਲਤਾਈ ਸੋ, ਟਾਮਨ ਸੋ ਤਿਹ ਕੋ ਕਰਿ ਦੀਨੋ॥
ਹਾਵ ਸੁ ਭਾਵ ਦਿਖਾਇ ਘਨੇ ਛਿਨਕੇਕ ਬਿਖੈ ਮੁਨਿ ਜੂ ਬਸਿ ਕੀਨੋ॥
ਪਾਗ ਬੰਧਾਇ ਜਟਾਨ ਮੁੰਡਾਇ ਸੁ ਭੂਖਨ ਅੰਗ ਬਨਾਇ ਨਵੀਨੋ॥
ਜੀਤਿ ਗੁਲਾਮ ਕਿਯੋ ਅਪਨੋ ਤਿਹ ਤਾਪਸ ਤੇ ਗ੍ਰਿਸਤੀ ਕਰਿ ਲੀਨੋ॥ ੧੯॥
ਭਾਂਤਿ ਅਨੇਕ ਬਿਹਾਰਤ ਸੁੰਦਰ ਸਾਤ ਸੁਤਾ ਖਟ ਪੂਤੁਪਜਾਯੋ॥
ਤਜਾਗ ਦਯੋ ਬਨ ਕੋ ਬਸਿਬੋ ਪੁਰ ਭੀਤਰ ਕੋ ਬਸਿਬੋ ਮਨ ਭਾਯੋ॥੨੦॥

ਜਿਸ ਵੇਲੇ ਵੇਸ਼ਵਾ ਰਿਖੀ ਨੂੰ ਨਾਲ ਲੈ ਕੇ ਸ਼ਹਿਰ ਵੱਲ ਆਈ ਤਾਂ ਸਤ ਲੜਕੀਆਂ ਅੱਗੇ ਤੋਰੀਆਂ, ਤਿੰਨ ਪੁੱਤਰ ਵੇਸ਼ਵਾ ਨੇ ਚੁੱਕੇ ਤੇ ਤਿੰਨ ਹੀ ਪੁੱਤਰ ਰਿਖੀ ਨੇ ਚੁੱਕੇ:

ਸਾਤ ਸੁਤਾ ਆਗੇ ਕਰੀ ਤੀਨ ਤ੍ਰਿਯਹਿ ਸੁਤ ਲੀਨ॥
ਇਕ ਕਾਂਧੇ ਇਕ ਕਾਂਖ ਮੈ ਖਸਟਮ ਮੁਨਿ ਸਿਰ ਦੀਨ॥ ੨੩॥

ਸ਼ਹਿਰ ਵਿਚ ਆਉਂਦਿਆਂ ਸਾਰ ਹੀ ਰਿਖੀ ਜੀ ਦੇ ਚਰਨ ਪੈਣ ਨਾਲ ਬੜੀ ਭਾਰੀ ਵਰਖਾ ਹੋਈ ਤੇ ਕਾਲ ਦੂਰ ਹੋ ਗਿਆ ਸਾਰੇ ਹੀ ਸੁਕਾਲ ਹੋ ਗਿਆ।

ਯਥਾ- ਬਰਖਜੋ ਤਹਾਂ ਅਸੇਖ ਜਲ ਹਰਖੇ ਲੋਕ ਅਪਾਰ॥
ਭਯੋ ਸੁਕਾਲ ਦੁਕਾਲ ਤੇ ਐਸੋ ਚਰਿਤ ਨਿਹਾਰ॥ ੨੬॥

(ਦਸਮ ਗ੍ਰੰਥ ਚਰਿਤ੍ਰ ੧੧੪, ਪੰਨਾ ੬੭੪-੭੭)

ਇਹ ਤਾਂ ਉਸ ਦੀ ਤਪਸਿਆ ਦਾ ਫਲ ਹੈ ਜਿਸ ਦੇ ਚਰਨ ਪੈਣ ਨਾਲ ਵਰਖਾ ਨਾਲ ਸਾਰੇ ਸੁਕਾਲ ਹੋ ਗਿਆ ਹੈ ਪਰ ਸਾਰੀ ਜ਼ਿੰਦਗੀ ਵਿਚ ਜੋ ਕਦੇ ਸ਼ਹਿਰ ਵਿਚ ਆਇਆ ਹੀ ਨਹੀਂ ਅਤੇ ਨਾ ਹੀ ਜਿਸ ਨੂੰ ਇਹ ਪਤਾ ਸੀ ਕਿ ਪਰਮਾਤਮਾ ਨੇ ਇਸਤ੍ਰੀ ਕਿਸ ਲਈ ਪੈਦਾ ਕੀਤੀ ਹੈ ਅੱਜ ਉਸ ਰਿਖੀ ਨੇ ਭੀ ਇਸਤ੍ਰੀ ਦੇ ਵਸੀਕਾਰ ਹੋ ਕੇ ੧੩ ਧੀਆਂ ਪੁੱਤਰ ਪੈਦਾ ਕਰ ਲਏ।

ਤੀਜੀ ਸਾਖੀ—ਜੈਮੁਨੀ ਰਿਖੀ ਦੀ

ਬਿਆਸ ਜੀ ਦਾ ਇਕ ਚੇਲਾ ਜੈਮੁਨੀ ਨਾਮ ਦਾ ਬੜਾ ਵਿਦਵਾਨ ਤੇ ਗਿਆਨਵਾਨ ਸੀ ਉਸ ਨੇ ਆਪਣੇ ਗ੍ਰੰਥ ਵਿਚ ਲਿਖਿਆ ਕਿ ਗਿਆਨਵਾਨ ਨੂੰ ਵਿਸ਼ੇ ਪੋਹ ਨਹੀਂ ਸਕਦੇ। ਪ੍ਰਾਰਬਧ ਕਰਮ ਕਰ ਕੇ ਇੰਦ੍ਰੀਆਂ ਨਾਲ ਵਿਸ਼ੇ ਭੋਗੇ, ਮਨ ਨਿਰਲੇਪ ਰਹੇ, ਤਾਂ ਉਸ ਦਾ ਕੁਝ ਵਿਗਾੜ ਨਹੀਂ ਕਰ ਸਕਦੇ।

ਬਿਆਸ ਜੀ ਨੇ ਪ੍ਰਕਰਨ ਪੜ੍ਹ ਕੇ ਕਿਹਾ ਕਿ ਹੇ ਜੈਮਨੀ ! ਤੂੰ ਇਹ ਠੀਕ ਨਹੀਂ ਲਿਖਿਆ ਕਿਉਂਕਿ ਵਿਸ਼ੇ ਬੜੇ ਹੀ ਪ੍ਰਬਲ ਹਨ ਗਿਆਨ ਨੂੰ ਸਥਿਰ ਨਹੀਂ ਰਹਿਣ ਦਿੰਦੇ।

ਯਥਾ- ਜੌ ਕਹਿਂ ਕਰਹਿ ਕਹ ਬਿਖੈ, ਭਯੋ ਗਜਾਨ ਉਦੋਤ।
ਬਿਖੈ ਸੰਗਿ ਮਤਿ ਭੰਗ ਹ੍ਵੈ ਗਜਾਨ ਸਿਥਲਤਾ ਹੋਤ॥ ੪॥ *(ਵਿਚਾਰ ਮਾਲਾ ਬਿਸ੍ਰਾਮ ੮)*

ਜੈਮੁਨੀ ਰਿਖੀ ਨੇ ਜ਼ਿਦ ਕੀਤੀ ਕਿ ਮਹਾਰਾਜ! ਮੈਂ ਜੋ ਕੁਝ ਲਿਖਿਆ ਹੈ ਉਹ ਠੀਕ ਲਿਖਿਆ ਹੈ। ਤਾਂ ਬਿਆਸ ਜੀ ਚੁੱਪ ਕਰ ਗਏ ਪਰ ਇਸ ਨੂੰ ਸਮਝਾਉਣ ਵਾਸਤੇ ਕਈ ਕੁ ਮਹੀਨਿਆਂ ਤੋਂ ਮਗਰੋਂ ਸ਼ਾਮ ਦੇ ਟਾਈਮ ਚੰਗੇ ਚੰਗੇ ਗਹਿਣੇ ਤੇ ਕਪੜੇ ਪਾ ਕੇ ਇਕ ਸੁੰਦਰ ਲੜਕੀ ਦਾ ਰੂਪ ਧਾਰ ਜੰਗਲ ਵਿਚ ਜਿਥੇ ਇਸ ਦੀ ਕੁਟੀਆ ਸੀ ਉਸ ਜਗ੍ਹਾ ਆ ਗਏ ਅਤੇ ਉੱਚੀ ਉਚੀ ਰੋਣ ਲੱਗ ਪਏ।

ਜੈਮੁਨੀ ਜੀ ਕਹਿਣ ਲੱਗੇ- ਅਰੀ! ਤੂੰ ਕੌਣ ਹੈਂ? ਤਾਂ ਉਸ ਨੇ ਕਿਹਾ- ਮੁਨੀ ਜੀ! ਮੈਂ ਅਬਲਾ ਹਾਂ, ਮੇਰੇ ਤੇ ਤਰਸ ਕਰੋ। ਮੇਰੇ ਪਤੀ ਨੂੰ (ਜਦੋਂ ਮੇਰਾ ਮੁਕਲਾਵਾ ਲਈ ਆਉਂਦਾ ਸੀ) ਇਸੇ ਜੰਗਲ ਵਿਚ ਚੋਰਾਂ ਨੇ ਲੁੱਟ ਲਿਆ ਹੈ, ਮੈਂ ਭੱਜ ਕੇ ਬਚੀ ਹਾਂ, ਉਸ ਦਾ ਪਤਾ ਨਹੀਂ ਕਿਥੇ ਹੈ।

ਇੰਜ ਕਹਿ ਕੇ ਫੁੱਟ-ਫੁੱਟ ਕੇ ਰੋ ਪਈ, ਮੁਨੀ ਨੂੰ ਤਰਸ ਆ ਗਿਆ, "ਕਿਹਾ ਚੰਗਾ ਤੂੰ ਇਸ ਕੁਟੀਆ ਵਿਚ ਅੰਦਰੋਂ ਕੁੰਡਾ ਮਾਰ ਕੇ ਆਰਾਮ ਕਰ ਲੈ, ਮੈਂ ਬਾਹਰ ਬ੍ਰਿਛ ਹੇਠਾਂ ਅੱਜ ਦੀ ਰਾਤ ਬਤੀਤ ਕਰ ਲੈਂਦਾ ਹਾਂ, ਕੱਲ੍ਹ ਤੈਨੂੰ ਸ਼ਹਿਰ ਛੱਡ ਆਵਾਂਗਾ।" ਪਰ ਰਾਤ ਨੂੰ ਬੂਹਾ ਨਾ ਖੋਲ੍ਹੀਂ ਚਾਹੇ ਕੋਈ ਵੀ ਆਵਾਜ਼ਾਂ ਮਾਰੇ। ਉਸ ਨੇ ਸਤਿ ਬਚਨ ਕਹਿ ਕੇ ਅੰਦਰੋਂ ਬੂਹਾ ਮਾਰ ਲਿਆ।

ਜਦ ਅੱਧੀ ਰਾਤ ਹੋਈ ਤਾਂ ਚੌਦਾਂ ਵਿਦਿਆ ਦੇ ਨਿਧਾਨ ਬਿਆਸ ਜੀ ਨੇ ਮਿੱਠੀ ਸੁਰ ਨਾਲ ਕਾਮ ਪੈਦਾ ਕਰਨ ਵਾਲਾ ਗੀਤ ਰਾਗ ਵਿਚ ਗਾਇਨ ਕੀਤਾ। ਬਾਹਰ ਬੈਠੇ ਜੈਮੁਨੀ ਦਾ ਮਨ ਥਿਰ ਨਾ ਰਿਹਾ, ਹੌਲੀ-ਹੌਲੀ ਕੁਟੀਆ ਦੇ ਨੇੜੇ ਪੁੱਜਾ ਤੇ ਆਵਾਜ਼ ਦਿੱਤੀ, ਬੂਹਾ ਖੋਲ੍ਹ! ਅੰਦਰੋਂ ਕਿਹਾ- ਤੂੰ ਕੌਣ ਹੈਂ? ਰਿਸ਼ੀ ਦਾ ਹੁਕਮ ਹੈ ਬੂਹਾ ਨਹੀਂ ਖੁਲ੍ਹੇਗਾ।

ਉਸ ਨੇ ਕਿਹਾ- ਮੈਂ ਰਿਸ਼ੀ ਹੀ ਹਾਂ। ਤਾਂ ਇਸਤ੍ਰੀ ਦੇ ਰੂਪ ਵਿਚ ਬਿਆਸ ਜੀ ਬੋਲੇ- ਹੇ ਰਿਸ਼ੀ! ਇਹ ਵਾਰਤਾ

ਠੀਕ ਨਹੀਂ ਕਿਉਂਕਿ ਮੈਂ ਇਸਤ੍ਰੀ ਹਾਂ ਤੁਸੀਂ ਪੁਰਸ਼ ਹੋ, ਦੋਨਾਂ ਦਾ ਇਕੇ ਕੁਟੀਆ ਵਿਖੇ ਰਹਿਣਾ ਠੀਕ ਨਹੀਂ।

ਜੈਮੁਨੀ ਨੇ ਕਿਹਾ- ਕੁਟੀਆ ਤਾਂ ਮੇਰੀ ਹੈ ਤੂੰ ਮਾਲਕ ਬਣ ਬੈਠੀ ਹੈਂ, ਛੇਤੀ ਬੂਹਾ ਖੋਲ੍ਹ। ਤਾਂ ਬਿਆਸ ਜੀ ਬੋਲੇ ਮਾਇਆ ਅਤੇ ਧਰਤੀ ਦਾ ਮਾਲਕ ਕੋਈ ਵੀ ਨਹੀਂ। ਫਕੀਰ ਬਣ ਕੇ ਝੂਠਾ ਦਾਅਵਾ ਕਰਦੇ ਹੋ ਅਤੇ ਤੁਸੀਂ ਮੈਨੂੰ ਬਚਨ ਦੇ ਚੁੱਕੇ ਹੋ, ਹੁਣ ਬੂਹਾ ਨਹੀਂ ਖੁਲ੍ਹੇਗਾ। ਤਾਂ ਉਸ ਵੇਲੇ ਜੈਮੁਨੀ ਰਿਖੀ ਦਾ ਮਨ ਕਾਬੂ ਨਹੀਂ ਸੀ।

ਅਖੀਰ ਜਦ ਅਵਾਜ਼ਾਂ ਮਾਰ-ਮਾਰ ਕੇ ਥੱਕ ਗਿਆ ਤੇ ਬੂਹਾ ਨਾ ਖੋਲ੍ਹਿਆ ਤਾਂ ਉਸ ਕੁਟੀਆ ਦੀ ਛੱਤ ਪਾੜ ਕੇ ਜਦ ਹੇਠਾਂ ਉਤਰਿਆ ਤਾਂ ਅੱਗੋਂ ਜਟਾ ਜੂਟ ਹੋਏ ਬਿਆਸ ਭਗਵਾਨ ਜੀ ਬੈਠੇ ਦੇਖੇ ਤਾਂ ਬੜੀ ਸ਼ਰਮ ਆਈ ਤੇ ਚਰਨਾਂ ਤੇ ਡਿਗ ਪਿਆ। ਬਿਆਸ ਜੀ ਨੇ ਕਿਹਾ- ਬੱਚੂ! ਮੈਂ ਤੈਨੂੰ ਕਿਹਾ ਸੀ ਕਿ ਵਿਸ਼ੇ ਬੜੇ ਪ੍ਰਬਲ ਹਨ ਪਰ ਤੂੰ ਮੇਰਾ ਕਿਹਾ ਬਚਨ ਨਹੀਂ ਮੰਨਿਆ ਸੀ। ਹੁਣ ਦਸ ਵਿਸ਼ੇ ਪ੍ਰਬਲ ਹਨ ਕਿ ਨਹੀਂ।

ਜੈਮੁਨੀ ਨੇ ਕਿਹਾ- ਜੋ ਕੁਝ ਆਪ ਜੀ ਨੇ ਕਿਹਾ ਸੀ ਠੀਕ ਹੈ, ਸਚਮੁਚ ਵਿਸ਼ੇ ਬਹੁਤ ਪ੍ਰਬਲ ਹਨ ਇਹ ਕਿਸੇ ਨੂੰ ਭੀ ਨਹੀਂ ਛੱਡਦੇ, ਹੁਣ ਮੈਨੂੰ ਮੁਆਫ ਕਰ ਦਿਓ ਤੇ ਆਪਣੀ ਚਰਨੀ ਲਾਈ ਰੱਖੋ।

ਚੌਥੀ—ਸਾਖੀ ਨਾਰਦ ਮੁਨੀ ਦੀ

ਇਕ ਸਮੇਂ ਨਾਰਦ ਮੁਨੀ ਜੀ ਤਪੱਸਿਆ ਵਿਚ ਲੀਨ ਹੋਏ ਹਰੀ ਸਿਮਰਨ ਕਰ ਰਹੇ ਸਨ ਤਾਂ ਉਸ ਸਮੇਂ ਕਾਮਦੇਵ ਬਾਲਕ ਰੂਪ ਧਾਰ ਕੇ ਆਪਣੇ ਹਾਵ ਭਾਵ ਦੁਆਰਾ ਮੁਨੀ ਜੀ ਨੂੰ ਭਰਮੌਣ ਲੱਗਾ। ਪਰ ਨਾਰਦ ਜੀ ਉਤੇ ਉਸ ਦਾ ਕੋਈ ਅਸਰ ਨਾ ਹੋਇਆ, ਅਖੀਰ ਹਾਰ ਕੇ ਚਲਾ ਗਿਆ। ਨਾਰਦ ਮੁਨੀ ਦੇ ਮਨ ਵਿਚ ਬੜਾ ਮਾਣ ਹੋ ਗਿਆ ਕਿ ਅੱਜ ਮੈਂ ਉਸ ਕਾਮਦੇਵ ਨੂੰ ਕਾਬੂ ਕਰ ਲਿਆ ਹੈ ਜਿਸ ਪਾਸੋਂ ਮੇਰਾ ਪਿਤਾ ਬ੍ਰਹਮਾ ਅਤੇ ਸ਼ਿਵ ਜੀ, ਵਿਸ਼ਨੂੰ ਆਦਿ ਵੀ ਨਹੀਂ ਬਚ ਸਕੇ। ਖੁਸ਼ੀ-ਖੁਸ਼ੀ ਬ੍ਰਹਮਾ ਜੀ ਪਾਸ ਪੁੱਜਾ ਤੇ ਆਪਣੇ ਮਨ ਦੀ ਗੱਲ ਸੁਣਾਈ ਕਿ ਮੈਂ ਅੱਜ ਕਾਮਦੇਵ ਨੂੰ ਜਿੱਤ ਲਿਆ ਹੈ। ਬ੍ਰਹਮਾ ਜੀ ਕਾਮ ਦੀ ਤਾਕਤ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਇਸ ਤੇ ਇਸ ਨੂੰ ਬੜਾ ਸਮਝਾਇਆ ਕਿ ਕਾਮਦੇਵ ਬੜਾ ਪ੍ਰਬਲ ਹੈ ਇਸ ਨੂੰ ਜਿੱਤਣਾ ਕੋਈ ਸੌਖਾ ਨਹੀਂ। ਪਰ ਨਾਰਦ ਮੁਨੀ ਨੇ ਬੜੀ ਜ਼ਿਦ ਕੀਤੀ ਤੇ ਪੁੱਤਰ ਹੋਣ ਦੇ ਨਾਤੇ ਵਿਚ ਬ੍ਰਹਮਾ ਦੀ ਕੋਈ ਗੱਲ ਨਾ ਮੰਨੀ। ਆਖਰ ਬ੍ਰਹਮਾ ਜੀ ਨੇ ਕਿਹਾ- ਪੁੱਤਰ! ਮੇਰੇ ਪਾਸ ਤਾਂ ਤੂੰ ਇਹ ਗੱਲ ਆਖ ਲਈ ਹੈ, ਪਰ ਸ਼ਿਵ ਜੀ ਕੋਲ ਨਾ ਕਹੀਂ। ਬ੍ਰਹਮਾ ਜੀ ਪਾਸੋਂ ਵਿਦਾ ਹੋ ਕੇ ਨਾਰਦ ਸ਼ਿਵ ਜੀ ਪਾਸ ਚਲਾ ਗਿਆ। ਉਹਨਾਂ ਨੇ ਵੀ ਮੁਨੀ ਦਾ ਸੁਆਗਤ ਕੀਤਾ ਪਰ ਇਸ ਨੇ ਮਾਣ ਨਾਲ ਕਹਿ ਹੀ ਦਿੱਤਾ, ਕਿ ਅੱਜ ਮੈਂ ਕਾਮਦੇਵ ਨੂੰ ਜਿੱਤ ਲਿਆ ਹੈ। ਭਾਵੇਂ ਸ਼ਿਵ ਜੀ ਨੂੰ ਵੀ ਮੋਹਨੀ ਅਵਤਾਰ ਦੇਖਣ ਸਮੇਂ ਕਾਮਦੇਵ ਦੀ ਤਾਕਤ ਦਾ ਚੰਗੀ ਤਰ੍ਹਾਂ ਪਤਾ ਸੀ, ਪਰ ਇਸ ਦਾ ਮਾਣ ਰੱਖਣ ਵਾਸਤੇ ਬੜੀ ਪ੍ਰਸੰਸਾ ਕੀਤੀ ਅਤੇ ਨਾਲ ਇਹ ਵੀ ਕਹਿ ਦਿੱਤਾ ਕਿ ਇਹ ਗੱਲ ਵਿਸ਼ਨੂੰ ਜੀ ਪਾਸ ਨਾ ਆਖੀਂ।

ਪਰ ਨਾਰਦ ਮੁਨੀ ਇਸੇ ਮਾਣ ਵਿਚ ਵਿਸ਼ਨੂੰ ਜੀ ਪਾਸ ਚਲੇ ਗਏ। ਅੱਗੋਂ ਵਿਸ਼ਨੂੰ ਜੀ ਨੇ ਕਿਹਾ- ਆਈਏ ਮੁਨੀ ਜੀ ਮਹਾਰਾਜ! ਕੀ ਸਮਾਚਾਰ ਹੈ? ਅੱਜ ਕਿਵੇਂ ਦਰਸ਼ਨ ਹੋਏ?

ਨਾਰਦ ਮੁਨੀ ਨੇ ਕਿਹਾ- ਮਹਾਰਾਜ! ਜਿਸ ਕਾਮਦੇਵ ਨੇ ਬੜਿਆਂ ਬੜਿਆਂ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ ਉਸ ਕਾਮਦੇਵ ਨੂੰ ਅੱਜ ਮੈਂ ਜਿੱਤ ਆਇਆ ਹਾਂ। ਅੱਗੋਂ ਵਿਸ਼ਨੂੰ ਜੀ ਨੇ ਹੱਸ ਕੇ ਕਿਹਾ ਕਿ ਜੇ ਤੁਹਾਡੇ ਵਰਗੇ ਮੁਨੀ ਰਾਜ, ਕਾਮਦੇਵ ਨੂੰ ਨਾ ਜਿੱਤ ਸਕਣ ਤਾਂ ਹੋਰ ਕਿਸ ਨੇ ਜਿੱਤਣਾ ਹੈ?

ਕਾਫੀ ਪ੍ਰਸੰਸਾ ਕਰ ਕੇ ਇਸ ਨੂੰ ਹੋਰ ਵੀ ਫੁਲਾ ਦਿੱਤਾ। ਨਾਰਦ ਜੀ ਵਿਸ਼ਨੂੰ ਜੀ ਪਾਸੋਂ ਵਿਦਾ ਹੋ ਕੇ ਅੱਗੇ

ਚਲੇ ਗਏ। ਭਗਵਾਨ ਵਿਸ਼ਨੂੰ ਜੀ ਨੇ ਆਪਣੀ ਮਾਇਆ ਨਾਲ ਇਕ ਇਹੋ ਜੇਹੀ ਸੁੰਦਰ ਨਗਰੀ ਰਚੀ, ਜਿਸ ਅੱਗੇ ਦੇਵ ਪੁਰੀ ਵਿਸ਼ਨ ਪੁਰੀ ਤੇ ਬੈਕੁੰਠ ਲੋਕ ਵੀ ਤੁਛ ਲੱਗਦੇ ਸਨ। ਨਾਰਦ ਜੀ ਉਸ ਦੀ ਸੁੰਦਰਤਾ ਤੇ ਮੋਹਤ ਹੋ ਕੇ ਅੰਦਰ ਚਲੇ ਗਏ। ਚੌੜੇ ਬਾਜ਼ਾਰ, ਸੋਹਣੀਆਂ ਸੜਕਾਂ, ਸੁੰਦਰ ਬਗੀਚੇ ਦੇਖਦੇ ਦੇਖਦੇ ਰਾਜ ਭਵਨ ਪੁੱਜ ਗਏ। ਰਿਖੀ ਜਾਣ ਕੇ ਰਾਜੇ ਨੇ ਬੜਾ ਆਦਰ ਕੀਤਾ ਅਤੇ ਰਾਜ-ਮਹਿਲਾਂ ਵਿਚ ਲਿਜਾ ਕੇ ਰਾਜ ਕੰਨਿਆਂ ਦਾ ਹੱਥ ਅੱਗੇ ਕਰ ਕੇ ਕਿਹਾ "ਮਹਾਰਾਜ! ਇਸ ਦੀ ਰੇਖਾ ਦੇਖੋ ਕੇਹੋ ਜੇਹੀ ਹੈ ਕਿਉਂਕਿ ਪਰਸੋਂ ਇਸ ਦੇ ਸੁਅੰਬਰ ਦਾ ਦਿਨ ਨੀਅਤ ਕੀਤਾ ਗਿਆ ਹੈ। ਸੋ ਆਪ ਦੱਸੋ ਇਸ ਦਾ ਸੰਜੋਗ ਕਿਹੋ ਜਿਹੇ ਰਾਜ ਕੁਮਾਰ ਨਾਲ ਹੋਵੇਗਾ।"

ਜਦ ਨਾਰਦ ਮੁਨੀ ਜੀ ਨੇ ਰਾਜ ਕੁਮਾਰੀ ਦਾ ਹੱਥ ਆਪਣੇ ਹੱਥ ਵਿਚ ਫੜ ਕੇ ਦੇਖਿਆ ਤਾਂ ਰਿਖੀ ਜੀ ਆਪਣੇ ਮਨ ਨੂੰ ਕਾਬੂ ਵਿਚ ਨਾ ਰੱਖ ਸਕੇ, ਸੋਚਣ ਲੱਗੇ ਕਿ ਇਸ ਨਾਲ ਮੈਂ ਆਪ ਹੀ ਵਿਆਹ ਕਰ ਲਵਾਂ ਤਾਂ ਚੰਗਾ ਹੈ।

ਹੱਥ ਰੇਖਾ ਵੇਖ ਕੇ ਨਾਰਦ ਜੀ ਨੇ ਕਿਹਾ- 'ਇਸ ਦਾ ਪਤੀ ਵਿਸ਼ਨੂੰ ਹੋਵੇਗਾ।' ਰਾਜੇ ਨੂੰ ਸੁਣ ਕੇ ਬੜੀ ਪ੍ਰਸੰਨਤਾ ਹੋਈ। ਫਿਰ ਨਾਰਦ ਜੀ ਉਥੋਂ ਚੱਲ ਕੇ ਆਪਣਾ ਵਿਸ਼ਨੂੰ ਸਰੂਪ ਬਨਾਣ ਲਈ ਸਿੱਧੇ ਵਿਸ਼ਨੂੰ ਜੀ ਪਾਸ ਪੁੱਜੇ, ਆ ਕੇ ਵਿਸ਼ਨੂੰ ਜੀ ਤੋਂ ਹਰਿ ਰੂਪ ਮੰਗਿਆ ਕਿ ਹੁਣ ਮੈਨੂੰ ਹਰਿ ਰੂਪ ਮਿਲਣਾ ਚਾਹੀਦਾ ਹੈ। ਉਸ ਵੇਲੇ ਵਿਸ਼ਨੂੰ ਜੀ ਨੇ ਆਪਣਾ ਵਿਸ਼ਨੂੰ ਸਰੂਪ ਤਾਂ ਨਾ ਦਿੱਤਾ, ਪਰ ਉਸ ਦਾ ਬਾਂਦਰਾਂ ਵਾਂਗੂ ਮੂੰਹ ਬਣਾ ਦਿੱਤਾ ਤੇ ਆਖਿਆ- 'ਜਾਹ ਤੈਨੂੰ ਹਰਿ ਰੂਪ ਦੇ ਦਿੱਤਾ। ਅਸਲ ਗੱਲ ਦਾ ਨਾਰਦ ਨੂੰ ਕੋਈ ਪਤਾ ਨਾ ਲੱਗਾ ਤੇ ਬੜੀ ਖੁਸ਼ੀ-ਖੁਸ਼ੀ ਓਸੇ ਨਗਰ ਵਿਚ ਆ ਪਹੁੰਚਿਆ।

ਨੀਅਤ ਕੀਤੇ ਦਿਨ ਤੇ ਰਾਜ ਪੁੱਤਰੀ ਦੇ ਸੁਅੰਬਰ ਵਿਚ ਪੁੱਜ ਕੇ ਸਭ ਤੋਂ ਅੱਗੇ ਲੰਘ ਕੇ ਰਾਜ ਕੁਮਾਰਾਂ ਦੀ ਲਾਈਨ ਵਿਚ ਜਾ ਬੈਠਾ।

ਏਧਰੋਂ ਰਾਜ ਕੰਨਿਆ ਵੀ ਹੱਥ ਵਿਚ ਜੈ ਮਾਲਾ ਫੜ ਸਖੀਆਂ ਸਮੇਤ ਸੁਅੰਬਰ ਦੇ ਪੰਡਾਲ ਵਿਚ ਪੁੱਜੀ। ਉਹ ਜਿਧਰ ਵੀ ਜਾਂਦੀ ਨਾਰਦ ਮੁਨੀ ਅੱਗੇ ਹੋ ਕੇ ਆਪਣਾ ਸਿਰ ਅਗਾਂਹ ਨੂੰ ਕਰਦਾ ਹੈ ਕਿ ਇਹ ਰਾਜ ਲੜਕੀ। ਜੈ ਮਾਲਾ ਮੇਰੇ ਗਲ ਵਿਚ ਪਾ ਦੇਵੇ ਪਰ ਉਹ ਨਫਰਤ ਨਾਲ ਅੱਗੇ ਲੰਘ ਜਾਂਦੀ ਹੈ। ਇਸ ਦੀ ਹਰਕਤ ਤੇ ਰਾਜ ਕੁਮਾਰ ਹੱਸਦੇ ਹਨ ਨਾਰਦ ਮੁਨੀ ਸ਼ਰਮਿੰਦਾ ਹੁੰਦਾ ਹੈ ਪਰ ਇਸ ਨੂੰ ਪੂਰਨ ਵਿਸ਼ਵਾਸ ਸੀ ਕਿ ਮੈਂ ਵਿਸ਼ਨੂੰ ਜੀ ਪਾਸੋਂ ਹਰਿ ਰੂਪ ਲੈ ਕੇ ਆਇਆ ਹਾਂ, ਰਾਜ ਕੰਨਿਆ ਜ਼ਰੂਰ ਹੀ ਮੈਨੂੰ ਵਰੇਗੀ ਪਰ ਇਸ ਦੀ ਇੱਛਾ ਪੂਰੀ ਨਾ ਹੋਈ। ਅਖੀਰ ਨੂੰ ਦੋ ਰਾਜ ਕੁਮਾਰ ਹੱਸ ਕੇ ਕਹਿਣ ਲੱਗੇ- "ਪਹਿਲੇ ਤੂੰ ਆਪਣੀ ਸ਼ਕਲ ਤਾਂ ਦੇਖ ਫਿਰ ਜੈ ਮਾਲਾ ਪਵਾਉਣ ਲਈ ਸਿਰ ਅੱਗੇ ਕਰੀਂ।" ਜਦ ਨਾਰਦ ਜੀ ਨੇ ਨਦੀ ਤੇ ਜਾ ਕੇ ਆਪਣਾ ਮੂੰਹ ਪਾਣੀ ਵਿਚ ਦੇਖਿਆ ਤਾਂ ਬਾਂਦਰ ਦੀ ਸ਼ਕਲ ਵੇਖ ਕੇ ਇਤਨਾ ਕ੍ਰੋਧਿਤ ਹੋ ਗਿਆ ਕਿ ਇਹ ਦੋਨੋਂ ਰਾਜ ਕੁਮਾਰ ਦੌੜ ਗਏ। ਉਸ ਵੇਲੇ ਨਾਰਦ ਨੇ ਕਿਹਾ- 'ਜਾਓ ਤੁਸੀਂ ਦੋਵੇਂ ਬਾਂਦਰ ਤੇ ਲੰਗੂਰ ਬਣੋ।' ਨਾਰਦ ਦੇ ਸਰਾਪ ਕਰ ਕੇ ਉਹ ਦੋਨੋਂ ਨਲ ਤੇ ਨੀਲ ਬਣੇ ਫਿਰ ਵਿਸ਼ਨੂੰ ਜੀ ਪਾਸ ਜਾ ਕੇ ਨਾਰਦ ਨੇ ਬਹੁਤ ਗੁੱਸੇ ਨਾਲ ਸਰਾਪ ਦਿੱਤਾ ਕਿ ਮੈਂ ਤੇਰੇ ਪਾਸੋਂ ਵਿਸ਼ਨੂੰ ਦਾ ਰੂਪ ਮੰਗਿਆ ਸੀ ਪਰ ਤੂੰ ਬਾਂਦਰ ਦਾ ਦਿੱਤਾ ਹੈ ਜਾਹ ਤੂੰ ਭੀ ਬਾਂਦਰਾਂ ਕਰ ਕੇ ਸੇਵਨ ਜੋਗ ਹੋਵੇਂਗਾ ਅਤੇ ਜਿਵੇਂ ਤੂੰ ਮੈਨੂੰ ਰਾਜ ਕੁਮਾਰੀ ਦਾ ਵਿਜੋਗ ਦੇ ਕੇ ਤੜਫਾਇਆ ਹੈ, ਤੂੰ ਭੀ ਆਪਣੀ ਔਰਤ ਦੇ ਵਿਯੋਗ ਕਰ ਕੇ ਤੜਫੇਂਗਾ।

ਚੌਪਈ॥

ਪਰ ਸੰਪਦਾ ਤੁਮ ਸਕਹੁ ਨਹਿ ਦੇਖੀ। ਤੁਮਰੇ ਈਰਖਾ ਕਪਟ ਬਿਸੇਖੀ।

www.sikhbookclub.com

ਮਥਤ ਸਿੰਧ ਰੁਦ੍ਰਹਿ ਬੌਰਾਯਹੁ। ਸੁਰਨਹ ਪ੍ਰੇਰਿ ਬਿਖ ਪਾਨ ਕਰਾਯਹੁ।

॥ ਦੋਹਰਾ॥

ਅਸੁਰ ਸੁਰਾ ਬਿਖ ਸੰਕਰਹਿ, ਆਪੁ ਰਮਾ ਮਨਿ ਚਾਰੁ।
ਸ੍ਵਾਰਥ ਸਾਧਤ ਕੁਟਲਿ ਤੁਮ੍ਹ, ਸਦਾ ਕਪਟ ਵਯਵਹਾਰ।

ਚੌਪਈ॥ ਪਰਮ ਸ੍ਵਤੰਤ੍ਰ ਨ ਸਿਰ ਪਰ ਕੋਈ। ਭਾਵਇ ਮਨਹਿ ਕਰਹੁ ਤੁਮ੍ਹ ਸੋਈ।
ਭਲਹਿ ਮੰਦ ਮੰਦਹਿ ਭਲ ਕਰਹੋ। ਬਿਸਮਯ ਹਰਖ ਨ ਹਿਯ ਕਛੁ ਧਰਹੁ।
ਡਹਕਿ ਡਹਕਿ ਪਰਿਚੇਹੁ ਸਭ ਕਾਹੂ। ਅਤਿ ਅਸ਼ੰਕ ਮਨ ਸਦਾ ਉਛਾਹੂ।
ਕਰਮ ਸ਼ੁਭਾਸ਼ੁਭ ਤੁਮਹਹਿ ਨ ਬਾਧਾ। ਅਬ ਲਗਿ ਤੁਮਹਿ ਨ ਕਾਹੂੰ ਸਾਧਾ।
ਭਲੇ ਭਵਨ ਅਬ ਬਾਯਨ ਦੀਨ੍ਹਾ। ਪਾਵਹੁਗੇ ਫਲ ਆਪਨ ਕੀਨ੍ਹਾ।
ਬਚੇਹੁ ਮੋਹਿ ਜਵਨਿ ਧਰਿ ਦੇਹਾ। ਸੋਇ ਤਨੁ ਧਰਹੁ ਸ਼੍ਰਾਪ ਮਮ ਏਹਾ।
ਕਪਿ ਆਕ੍ਰਿਤ ਤੁਮ੍ਹ ਕੀਨ੍ਹਿ ਹਮਾਰੀ। ਕਰਹਹਿ ਕੀਸ ਸਹਾਯਿ ਤੁਮ੍ਹਾਰੀ।
ਮਮ ਅਪਕਾਰ ਕੀਨ੍ਹ ਤੁਮ੍ਹ ਭਾਰੀ। ਨਾਰਿ ਬਿਰਹ ਤੁਮ੍ਹ ਹੋਵ ਦੁਖਾਰੀ।

(ਤੁਲਸੀ ਰਮਾਇਣ ਬਾਲ ਕਾਂਡ)

ਇਸ ਤਰ੍ਹਾਂ ਨਾਰਦ ਵਰਗੇ ਤਿਆਗੀ ਤੇ ਵਿੱਰਕਤ ਵੀ ਕਾਮਦੇਵ ਨੇ ਆਪਣੇ ਵਸ ਵਿਚ ਕਰ ਲਏ ਹਨ।

ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ॥

ਇਹ ਇਸਤ੍ਰੀਆਂ ਕੱਖਾਂ ਦੇ ਸਮਾਨ ਤੁੱਛ ਹਨ ਪਰ ਆਪਣੇ ਸੁੰਦਰ ਸਰੂਪ ਵਿਚ ਮਸਤ ਹੋ ਕੇ ਪ੍ਰਭੂ ਦੇ ਚਰਨ ਕਵਲਾਂ ਨੂੰ ਨਹੀਂ ਭਜਦੀਆਂ, ਇਸ ਵਾਸਤੇ ਇਨ੍ਹਾਂ ਦੇ ਮਨੁੱਖ ਜਨਮ ਨੂੰ ਧ੍ਰਿਗਕਾਰ ਹੈ।

ਦੂਜਾ ਅਰਥ-

ਗਰਬੰਤਿ ਨਾਰੀ ਮਦੋਨ ਮਤੰ॥ ਬਲਵੰਤ ਬਲਾਤ ਕਾਰਣਹ॥

ਇਹ ਜੀਵ ਆਪਣੀਆਂ ਸੁੰਦਰ ਔਰਤਾਂ ਦਾ ਗਰਬੰਤਿ= ਹੰਕਾਰ ਕਰ ਰਹੇ ਹਨ ਅਤੇ ਇਸ ਤਰ੍ਹਾਂ ਕਹਿੰਦੇ ਹਨ ਕਿ ਅਸੀਂ ਔਰਤਾਂ ਨੂੰ ਵਸ ਕੀਤਾ ਹੋਇਆ ਹੈ ਤੇ ਮਦ+ਉਨਮਤੰ= ਕਾਮ (ਵਿਸ਼ੇ) ਵਿਚ ਮਸਤ ਹੋ ਰਹੇ ਹਨ ਤੇ ਬੜੇ ਬਲ ਵਾਲੇ ਹੋ ਕੇ ਜ਼ਬਰਦਸਤੀ ਗਰੀਬ ਲੋਕਾਂ ਨੂੰ ਬੇਨਿਆਈ ਦੁੱਖ ਦੇ ਕੇ ਅਨਾਥਾਂ ਮਜ਼ਲੂਮਾਂ ਵਾਸਤੇ ਬਲਾਈਆਂ ਦਾ ਕਾਰਣ ਬਣ ਰਹੇ ਹਨ।

ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ॥

ਜੋ ਐਸੇ ਹੰਕਾਰੀ ਪੁਰੰਸ਼ ਤ੍ਰਿਣ ਸਮਾਨ ਤੁੱਛ ਹਨ ਉਹ ਪ੍ਰਭੂ ਦੇ ਚਰਨ ਕੰਵਲਾਂ ਨੂੰ ਭਜਦੇ ਨਹੀਂ ਹਨ, ਇਸ ਵਾਸਤੇ ਉਹਨਾਂ ਦੇ ਮਨੁੱਖ ਜਨਮ ਨੂੰ ਧ੍ਰਿਗਕਾਰ ਹੈ।

ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ॥

ਹੇ ਪਪੀਲਕਾ= ਜਿਹਵੇ! ਗ੍ਰਸਟੇ= ਭਾਰੀ ਗੋਵਿੰਦ ਦੇ ਸਿਮਰਨ ਕਰਨ ਨਾਲ ਤੁਯੰ= ਤੂੰ ਧੰਨਤਾ ਯੋਗ ਹੈਂ।

*ਅਥਵਾ-*ਹੇ ਨਿੰਮ੍ਰਤਾ ਵਾਲੀ ਜੀਵ ਰੂਪ ਪਪੀਲਕਾ= ਕੀੜੀਏ! ਤਾਂ ਤੂੰ ਧੰਨਤਾ ਯੋਗ ਹੋ ਸਕਦੀ ਹੈਂ ਜੇ ਤੂੰ (ਦੇਸ਼, ਕਾਲ, ਵਸਤੂ, ਪ੍ਰਛੇਦ ਭੇਦ ਤੋਂ ਰਹਿਤ) ਭਾਰੀ ਗੋਵਿੰਦ ਦਾ ਸਿਮਰਨ ਕਰੇਂ।

ਨਾਨਕ ਅਨਿਕ ਬਾਰ ਨਮੋ ਨਮਹ ॥ ੬੩ ॥

ਸਤਿਗੁਰ ਦੇਵ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਅਸੀਂ ਤਾਂ ਉਸ ਵਾਹਿਗੁਰੂ ਅੱਗੇ ਅਨੇਕਾਂ ਵਾਰੀ ਨਮੋ ਨਮਹ= ਨਮਸਕਾਰਾਂ ਕਰਦੇ ਹਾਂ॥ ੬੩ ॥

[ਪੰਨਾ ੧੩੬੦]

ਪਹਿਲਾ ਅਰਥ-

(ਅਖੀਰਲੀ ਤੁਕ ਦਾ ਅਰਥ ਪਹਿਲੇ ਕਰੋ)

ਬਿਨਵੰਤਿ ਨਾਨਕ ਹਰਿ ਗੁਰ ਦਯਾਰੰ॥ ੬੪ ॥

ਸਤਿਗੁਰ ਦੇਵ ਜੀ ਆਖਦੇ ਹਨ- (ਹੇ ਹਰੀ ਲਾਲ ਕ੍ਰਿਸ਼ਨ ਲਾਲ!) ਜੇਕਰ ਹਰੀ ਸਰੂਪ ਗੁਰੂ ਸਾਹਿਬ ਜੀ ਦਿਆਲੂ ਹੋ ਜਾਣ ਤਾਂ-

ਤ੍ਰਿਣੰਤ ਮੇਰੰ ਸਹਕੰਤ ਹਰੀਅੰ ॥ ਬੂਡੰਤ ਤਰੀਅੰ ਊਣੰਤ ਭਰੀਅੰ ॥

ਤ੍ਰਿਣੰਤ= ਕੱਖ ਤੋਂ ਵੱਡਾ ਮੇਰੰ= ਸੁਮੇਰ ਪਰਬਤ ਬਣ ਜਾਂਦਾ ਹੈ ਭਾਵ ਗਰੀਬ ਪੁਰਸ਼ ਬਾਦਸ਼ਾਹ ਬਣ ਜਾਂਦਾ ਹੈ ਤੇ ਸਹਕੰਤ ਹਰੀਅੰ= ਸੁੱਕੇ ਕੁਮਲਾਏ ਹੋਏ ਪੁਰਸ਼ ਹਰੇ ਭਰੇ ਹੋ ਜਾਂਦੇ ਹਨ।

ਯਥਾ- ਸੂਕੇ ਹਰੇ ਕੀਏ ਖਿਨ ਮਾਹੇ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥ ੧ ॥ *(ਗਉੜੀ ਮਹਲਾ ੫, ਪੰਨਾ ੧੯੧)*

ਡੁਬਦੇ ਹੋਏ ਪੁਰਸ਼ ਤਰ ਜਾਂਦੇ ਹਨ ਊਣੰਤ= ਖਾਲੀ ਪੁਰਸ਼ ਧਨ ਮਾਲ ਨਾਲ ਭਰ ਜਾਂਦੇ ਹਨ।

ਅੰਧਕਾਰ ਕੋਟਿ ਸੂਰ ਉਜਾਰੰ ॥ ਬਿਨਵੰਤਿ ਨਾਨਕ ਹਰਿ ਗੁਰ ਦਯਾਰੰ ॥ ੬੪ ॥

ਪ੍ਰਤੱਖ ਹਨ੍ਹੇਰੇ ਵਿਚ ਕ੍ਰੋੜਾਂ ਹੀ ਸੂਰਜਾਂ ਦਾ ਉਜਾਰੰ= ਚਾਨਣ ਹੋ ਜਾਂਦਾ ਹੈ। ਗੁਰੂ ਜੀ ਉਚਾਰਦੇ ਹਨ- ਜੇ ਕਰ ਹਰੀ ਸਰੂਪ ਗੁਰੂ ਸਾਹਿਬ ਜੀ ਦਿਆਲੂ ਹੋਵਣ॥ ੬੪ ॥

ਦੂਜਾ ਅਰਥ-

ਤ੍ਰਿਣੰਤ ਮੇਰੰ (ਤ੍ਰਿਣ) ਕੱਖ ਦੇ ਸਮਾਨ ਆਪਣੇ ਆਪ ਨੂੰ ਕਰਤਾ ਭੋਗਤਾ ਮੰਨਣ ਵਾਲਾ ਅਲਪੱਗ ਜੀਵ ਸਰਬ ਸ਼ਕਤੀਵਾਨ ਮੇਰੰ= ਸੁਮੇਰ ਪਰਬਤ ਵਾਂਗ ਅਚੱਲ ਜੋ ਈਸ਼ਵਰ ਹੈ, ਉਸ ਦਾ ਸਰੂਪ ਹੋ ਜਾਂਦਾ ਹੈ।

ਅਥਵਾ- ਤ੍ਰਿਣੰਤ= ਕੱਖ ਦੀ ਤਰ੍ਹਾਂ ਵਾਸ਼ਨਾਂ ਰੂਪ ਪੌਣ ਨਾਲ ਉਡਣ ਵਾਲਾ ਜੋ ਤੁੱਛ ਜੀਵ ਹੈ, ਉਹ ਸੁਮੇਰ ਪਰਬਤ ਵਾਂਗ ਅਚੱਲ ਹੋ ਜਾਂਦਾ ਹੈ।

ਸਹਕੰਤ ਹਰੀਅੰ॥ ਜਿਨ੍ਹਾਂ ਦਾ ਅੰਤਹਕਰਣ ਸੁੱਕਾ ਹੁੰਦਾ ਹੈ, ਉਹਨਾਂ ਦਾ ਅੰਤਹਕਰਣ ਸ਼ੁਭ ਗੁਣਾਂ ਤੇ ਪ੍ਰੇਮ ਕਰ ਕੇ ਹਰਿਆ ਭਰਿਆ ਹੋ ਜਾਂਦਾ ਹੈ।

*ਅਥਵਾ-*ਜੋ ਜੀਵ ਆਪਣੇ ਆਪ ਨੂੰ ਸਹਕੰਤ= ਸਹੇ ਭਾਵ ਖਰਗੋਸ਼ ਵਾਂਗੂ ਅਲਪੱਗ ਮੰਨੀ ਬੈਠਾ ਹੈ, ਉਹ ਹਰੀਅੰ= ਸ਼ੇਰ ਵਾਂਗੂ ਭਾਵ ਬ੍ਰਹਮ ਰੂਪ ਹੋ ਜਾਂਦਾ ਹੈ।

ਬੂਡੰਤ ਤਰੀਅੰ ਊਣੰਤ ਭਰੀਅੰ॥ ਜੋ ਸੰਸਾਰ-ਸਮੁੰਦਰ ਵਿਚ ਡੁੱਬ ਰਹੇ ਹਨ, ਉਹ ਤਰ ਜਾਂਦੇ ਹਨ, ਜੋ ਸ਼ੁਭ ਗੁਣਾਂ ਤੋਂ ਊਣੰਤ= ਖਾਲੀ ਹਨ, ਉਹ ਸ਼ੁਭ ਗੁਣਾਂ ਨਾਲ ਭਰ ਜਾਂਦੇ ਹਨ।

ਅੰਧਕਾਰ ਕੋਟਿ ਸੂਰ ਉਜਾਰੰ॥ ਅਗਿਆਨ ਰੂਪ ਹਨੇਰੇ ਵਿਚ ਕ੍ਰੋੜਾਂ ਸੂਰਜਾਂ ਦੇ ਸਮਾਨ ਗਿਆਨ ਦਾ ਉਜਾਰੰ= ਪ੍ਰਕਾਸ਼ ਹੋ ਜਾਂਦਾ ਹੈ।

ਬਿਨਵੰਤਿ ਨਾਨਕ ਹਰਿ ਗੁਰ ਦਯਾਰੰ॥ ੬੪॥ ਸਤਿਗੁਰ ਦੇਵ ਜੀ ਬਿਨਵੰਤਿ= ਉਚਾਰਦੇ ਹਨ, ਜੇ ਕਰ ਹਰੀ ਸਰੂਪ ਗੁਰੂ ਸਾਹਿਬ ਕ੍ਰਿਪਾਲੂ ਹੋ ਜਾਣ, ਤਾਂ ਪੂਰਬੋਕਤ ਸਾਰੀਆਂ ਗੱਲਾਂ ਬਣ ਜਾਂਦੀਆਂ ਹਨ॥ ੬੪॥

ਹਰੀ ਲਾਲ, ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ- ਸੁਆਮੀ ਜੀ! ਬ੍ਰਾਹਮਣ ਕੁਲ ਸਭ ਤੋਂ ਉੱਚੀ ਕਹੀ ਹੈ ਪਰ ਇਹ ਦੱਸੋ ਇਨ੍ਹਾਂ ਦੇ ਸੰਗ ਕਰ ਕੇ ਤਰਨਾ ਹੁੰਦਾ ਹੈ ਕਿ ਨਹੀਂ? *ਗੁਰ ਉੱਤਰ-*

ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ ਜਿ ਪੂਰਣਹ॥

(ਹੇ ਹਰੀ ਲਾਲ, ਕ੍ਰਿਸ਼ਨ ਲਾਲ! ਉਹਨਾਂ) ਬ੍ਰਾਹਮਣਾਂ ਦੇ ਸੰਗ ਕਰ ਕੇ ਸੰਸਾਰ-ਸਾਗਰ ਤੋਂ ਤਰਨਾ ਹੁੰਦਾ ਹੈ, ਜਿਹੜੇ ਬ੍ਰਹਮ ਦੀ ਪ੍ਰਾਪਤੀ ਰੂਪ ਕਰਮਾਂ ਕਰ ਕੇ ਪੂਰਨ ਹਨ।

ਯਥਾ- ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥ *(ਸਲੋਕ ਮ: ੩, ਪੰਨਾ ੮੪੯)*

ਤਥਾ- ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ।
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥
(ਵਾਰ ਸੋਰਠਿ ਪੰਨਾ, ੬੪੯)

ਤਥਾ- ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੪॥ ੭॥*
(ਗਉੜੀ ਕਬੀਰ ਜੀ, ਪੰਨਾ ੩੨੪)

ਆਤਮ ਰਤੰ ਸੰਸਾਰ॥ ਗਹੰਤੇ ਨਰ ਨਾਨਕ ਨਿਹਫਲਹ॥ ੬੫॥

ਗੁਰੂ ਜੀ ਆਖਦੇ ਹਨ-ਜੋ ਪੁਰਸ਼ ਆਤਮ ਰਤੰ= ਮਨ ਦੀ ਪ੍ਰੀਤੀ ਕਰ ਕੇ ਸੰਸਾਰ ਦੇ ਪਦਾਰਥਾਂ ਨੂੰ ਗਹੰਤੇ= ਗ੍ਰਹਿਣ ਕਰਦੇ ਹਨ, ਉਹਨਾਂ ਦਾ ਸੰਸਾਰ ਵਿਚ ਜਿਉਣਾ ਨਿਸਫਲ ਹੈ।

ਅਥਵਾ- ਜੋ ਆਤਮ= ਦੇਹ ਅਭਿਮਾਨ ਵਿਚ ਰਤੰ= ਪ੍ਰੀਤੀ ਕਰਦਾ ਹੈ ਅਤੇ ਸੰਸਾਰ ਨੂੰ ਸਤ ਜਾਣ ਕੇ ਗਹੰਤੇ= ਗ੍ਰਹਿਣ ਕਰਦਾ ਹੈ, ਉਸ ਦਾ ਜਨਮ ਨਿਸਫਲ ਹੈ।

ਅਥਵਾ- ਜੋ ਪੁਰਸ਼ ਆਤਮ ਰਤੰ= ਆਤਮਾ ਨਾਲ ਪ੍ਰੀਤੀ ਕਰਦੇ ਹਨ, ਉਹ ਤਾਂ ਛੁੱਟ ਜਾਂਦੇ ਹਨ ਅਤੇ ਜੋ ਸੰਸਾਰ ਦੇ ਪਦਾਰਥਾਂ ਨੂੰ ਸੱਚਾ ਜਾਣ ਕੇ ਗਹੰਤੇ= ਫੜਦੇ ਹਨ, ਉਨ੍ਹਾਂ ਦਾ ਮਨੁੱਖਾ ਜਨਮ ਨਿਸਫਲ ਹੈ॥ ੬੫॥

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥

(ਤੈਨੂੰ ਰਾਹੂ ਕੇਤੂ ਚੰਮੜੇ ਹੋਏ ਹਨ, ਇਉਂ ਕਹਿ ਕੇ (ਜੇਹੜੇ ਪੁਰਸ਼) ਪਰ ਦਰਬ= ਪਰਾਇਆ ਧਨ ਹਿਰਣੰ= ਚੁਰਾਉਂਦੇ ਹਨ ਤੇ ਪਰਾਏ ਕਾਰਜਾਂ ਵਿਚ ਬਹੁਤ ਸਾਰੇ ਵਿਘਨ ਪਾਂਵਦੇ ਹਨ ਭਾਵ ਪੂਰੇ ਨਹੀਂ ਹੋਣ ਦੇਂਦੇ ਤੇ ਆਪਣੀ ਜੀਅਕਹ= ਉਪਜੀਵਕਾ ਵਾਸਤੇ ਸਾਰੇ ਵੇਦਾਂ ਸ਼ਾਸਤ੍ਰਾਂ ਨੂੰ ਆਪਣੀ ਰਸਨਾ ਦੁਆਰੇ ਉਚਾਰਦੇ ਹਨ।

ਅਥਵਾ- ਸਾਰਿਆਂ ਜੀਵਾਂ ਨੂੰ ਉ= ਵਿਸ਼ੇਸ਼ ਕਰ ਕੇ ਚਰਣੰ= ਚਰ ਜਾਂਦੇ , ਭਾਵ ਦਬਾ ਲੈਂਦੇ ਹਨ।

*ਅਥਵਾ-*ਸਾਰਿਆਂ ਜੀਵਾਂ ਨੂੰ ਮਾੜੀ ਉਚਰਣੰ= ਉਚਾਟ ਲਗਾ ਦੇਂਦੇ ਹਨ।

**ਤਥਾ- ਜਨਮ ਜਾਇਤੇ ਸੂਦਰਾਂ ਸੰਸਕਾਰੋ ਦਿਜ ਊਤਮਾ।*
ਬੇਦ ਪਾਠੀ ਭਵੇਤ ਬਿਪ੍ਰਾ, ਬ੍ਰਹਮੰ ਜਨੰਤੀ ਇਤੀ ਬ੍ਰਾਹਮਣਾ।

ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ ॥ ੬੬ ॥

ਲਉ ਲਈ= ਏਹ ਵੀ ਲੈ ਲਵਾਂ ਉਹ ਵੀ ਲੈ ਲਵਾਂ ਇਤਿ ਆਦਿ ਤ੍ਰਿਸ਼ਨਾ ਕਰ ਕੇ ਜਿਨ੍ਹਾਂ ਦਾ ਮਨ ਮਾਇਆ ਵਲੋਂ ਅ-ਤਿਪਤਿ= ਤ੍ਰਿਪਤ ਨਹੀਂ ਹੁੰਦਾ ਭਾਵ ਸੰਤੋਖ ਨੂੰ ਨਹੀਂ ਪ੍ਰਾਪਤ ਹੁੰਦਾ।

(ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਸਿ ਸੂਕਰਹ= ਉਹ ਪੁਰਸ਼ ਹਰ ਵੇਲੇ ਸੂਰਾਂ ਵਾਲੇ ਕਰਮਾਂ ਨੂੰ ਕਰਦੇ ਫਿਰਦੇ ਹਨ ਅਰਥਾਤ ਸੂਰਾਂ ਦੇ ਸਮਾਨ ਪਰਾਈ ਨਿੰਦਿਆ ਰੂਪ ਵਿਸ਼ਟਾ ਨੂੰ ਫੋਲਦੇ ਹਨ। ਇਸ ਵਾਸਤੇ ਉਹਨਾਂ ਦਾ ਜੰਮਣਾ ਮਰਨਾ ਮਿਟਦਾ ਨਹੀਂ॥ ੬੬ ॥

ਹਰੀ ਲਾਲ, ਕ੍ਰਿਸ਼ਨ ਲਾਲ ਨੇ ਕਿਹਾ- ਸੁਆਮੀ ਜੀ! ਇਹ ਜੀਵ ਕਿਸ ਤਰ੍ਹਾਂ ਸੌਖਾ ਤਰ ਸਕਦਾ ਹੈ? ਅਤੇ ਕੀਤੇ ਹੋਏ ਜੀਵ ਦੇ ਸਾਰੇ ਪਾਪ ਕਿਸ ਤਰ੍ਹਾਂ ਦੂਰ ਹੋਵਣ? ਸਤਿਗੁਰ ਦੇਵ ਜੀ ਆਖਦੇ ਹੋਏ ਹੁਣ ਸਹਸਕ੍ਰਿਤੀ ਬਾਣੀ ਦੀ ਸਮਾਪਤੀ ਕਰਦੇ ਹਨ-

ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ ॥

ਜੋ ਪੁਰਸ਼ ਮਤੇ= ਮਤੀ ਕਰ ਕੇ *ਅਥਵਾ-* ਮਤ= ਮਸਤ ਹੋ ਕੇ ਵਾਹਿਗੁਰੂ ਦੇ ਚਰਨਾਂ ਦੇ ਧਿਆਨ ਕਰਨ ਵਿਚ ਸਮੇਵ= ਸਮਾਏ ਹਨ।

ਅਥਵਾ- ਸਮੇਵ (ਸਮ+ਏਵ) = ਭਲੀ ਪ੍ਰਕਾਰ ਏਵ= ਨਿਸਚੇ ਪੂਰਬਕ ਜੋ ਪੁਰਸ਼ ਪ੍ਰਭੂ ਦੇ ਚਰਨਾਂ ਦੇ ਧਿਆਨ ਵਿਚ ਮਤੇ= ਮਸਤ ਹੋਏ ਹਨ, ਉਹ ਪ੍ਰੇਮੀ ਪੁਰਸ਼ ਭੈ ਦਾਇਕ ਦੁਤਰਹ= ਕਠਿਨ ਸੰਸਾਰ ਸਮੁੰਦਰ ਤੋਂ ਸੌਖੇ ਤਰ ਗਏ ਹਨ।

ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ ॥ ੬੭ ॥ ੪ ॥

ਸਤਿਗੁਰ ਦੇਵ ਜੀ ਆਖਦੇ ਹਨ- (ਹੇ ਹਰੀ ਲਾਲ, ਕ੍ਰਿਸ਼ਨ ਲਾਲ!) ਸੰਤਾਂ ਦਾ ਸੰਗਮ= ਮਿਲਾਪ ਅਨੇਕਾਂ ਹੀ ਪਾਤਿਕ= ਪਾਪਾਂ ਦੇ ਹਰਣੰ= ਨਾਸ ਕਰਨ ਵਾਲਾ ਹੈ। ਇਸ ਕਥਨ ਵਿਚ ਕੋਈ ਨ ਸੰਸਯਹ= ਸੰਦੇਹ ਨਹੀਂ। ਇਸ ਵਾਸਤੇ ਤੁਹਾਨੂੰ ਚਾਹੀਦਾ ਹੈ ਹੋਰ ਅਨੇਕਾਂ ਸੰਸਾਰਕ ਧੰਧੇ ਛਡ ਕੇ ਸਤ ਸੰਗਤ ਜ਼ਰੂਰ ਕੀਤਾ ਕਰੋ॥ ੬੭ ॥ ੪ ॥

ਸਾਧ ਸੰਗਤ ਦੀ ਮਹਿਮਾ-

ਯਥਾ- ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ*॥ ੨੩੨ ॥

(ਸਲੋਕ ਕਬੀਰ ਜੀ, ਪੰਨਾ ੧੩੭੭)

ਤਥਾ- ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ *(ਗੂਜਰੀ ਮਹਲਾ ੫, ਪੰਨਾ ੪੯੫)*

ਯਥਾ- ਬਿਧਿ ਵਤ ਜਗ ਕਰਤ ਸਦਾ, ਜੇ ਦ੍ਵਿਜ ਉਤਮ ਗੋਤ।
ਸਾਧੁ ਨਿਕਟਿ ਚਲਿ ਜਾਤ ਹੀ, ਸੌ ਫਲੁ ਪਗੁ ਪਗੁ ਹੋਤ॥ ੧੭ ॥ (ਵਿਚਾਰ ਮਾਲਾ, ਦੂਜਾ ਬਿਸ੍ਰਾਮ)

ਤਥਾ- ਇਕ ਤੋਂ ਦੂਣੇ ਹੋਣ ਤਿਨ੍ਹਾਂ ਦੇ, ਜੋ ਸਾਧ ਸੰਗਤ ਚਲ ਆਵਣ।
ਦੂਣਿਓਂ ਚੌਣੇ ਹੋਣ ਤਿਨ੍ਹਾਂ ਦੇ, ਜੋ ਆਵਣ ਤੇ ਗੁਣ ਗਾਵਣ।
ਚੌਣਿਓਂ ਅਠੌਣੇ ਹੋਣ ਤਿਨ੍ਹਾਂ ਦੇ, ਜੋ ਸੁਣ ਕੇ ਮਨ ਵਸਾਵਣ।
ਸਾਂਵੇਂ ਸਿੱਟੇ ਹੋਣ ਤਿਨ੍ਹਾਂ ਦੇ, ਜੋ ਆਵਣ ਤੇ ਮੁੜ ਜਾਵਣ।
ਮੂੜੀ ਗੁਲ ਤਿਨ੍ਹਾਂ ਦੀ ਹੋਈ, ਜੇਹੜੇ ਮੁੱਢੋਂ ਪੈਰ ਨ ਪਾਵਣ।

www.sikhbookclub.com

ਤਥਾ- ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ (ਪੰਨਾ ੮੦੯)

ਸਾਖੀ—ਰਾਜੇ ਹਰੀ ਚੰਦ ਤੇ ਰਾਣੀ ਤਾਰਾ ਦੀ

ਰਾਜਾ ਹਰੀ ਚੰਦ ਬੜਾ ਧਰਮਾਤਮਾ ਹੋਇਆ ਹੈ, ਇਸ ਦੀ ਤਾਰਾ ਨਾਮ ਕਰ ਕੇ ਰਾਣੀ ਸੀ। ਜੋ ਪਤਿਬ੍ਰਤਾ ਧਰਮ ਵਿਚ ਬੜੀ ਪ੍ਰਪੱਕ ਸੀ। ਰੋਜ਼ਾਨਾ ਪਿਛਲੀ ਰਾਤ ਸਤਿਸੰਗ ਵਿਚ ਜਾਇਆ ਕਰਦੀ ਸੀ, ਪਰ ਰਾਜਾ ਇਸ ਪਾਸਿਓਂ ਅਜੇ ਅਗਿਆਤ ਸੀ। ਰਾਜਾ ਜੀ ਦੇ ਜਾਗਣ ਤੋਂ ਪਹਿਲਾਂ ਹੀ ਵਾਪਸ ਆ ਕੇ ਆਪਣੇ ਪਲੰਘ 'ਤੇ ਲੰਮੀ ਪੈ ਜਾਂਦੀ ਸੀ। ਇਸ ਤਰ੍ਹਾਂ ਕਰਦਿਆਂ ਰਾਣੀ ਨੂੰ ਕਾਫੀ ਸਮਾਂ ਲੰਘ ਗਿਆ।

ਇਕ ਦਿਨ ਰਾਣੀ ਦੇ ਜਾਣ ਤੋਂ ਪਿਛੋਂ ਰਾਜੇ ਦੀ ਅਚਾਨਕ ਜਾਗ ਖੁਲ੍ਹ ਗਈ। ਕੀ ਵੇਖਦਾ ਹੈ ਕਿ ਰਾਣੀ ਕੋਈ ਨਹੀਂ ਹੈ ਰਾਣੀ ਦਾ ਬਿਸਤਰਾ ਖਾਲੀ ਦੇਖ ਕੇ ਬੜਾ ਚਿੰਤਾਤੁਰ ਹੋਇਆ ਕਿ ਰਾਣੀ ਐਸੇ ਵੇਲ ਕਿਥੇ ਚਲੀ ਗਈ ਹੈ? ਰਾਜੇ ਨੂੰ ਰਾਣੀ ਦੇ ਚਾਲ-ਚਲਣ 'ਤੇ ਕੁਝ ਸ਼ੱਕ ਹੋ ਗਿਆ ਤੇ ਵਿਚਾਰਦਾ ਹੈ, ਇਸ ਦਾ ਭੇਦ ਜ਼ਰੂਰ ਲੈਣਾ ਚਾਹੀਦਾ ਹੈ ਇਹ ਰਾਤ ਨੂੰ ਕਿਥੇ ਜਾਂਦੀ ਹੈ।

ਦੂਜੀ ਰਾਤ ਨੂੰ ਜਲਦੀ ਹੀ ਘੁਰਾੜੇ ਮਾਰਨ ਲੱਗ ਪਿਆ। ਰਾਣੀ ਰਾਜੇ ਨੂੰ ਸੁੱਤਾ ਜਾਣ ਕੇ ਆਪਣੇ ਮੰਜੇ ਤੋਂ ਉਠੀ, ਖੜਾਵਾਂ ਪਾ ਕੇ ਇਸ਼ਨਾਨ ਵਾਲੀ ਜਗ੍ਹਾ ਪਰ ਆਈ ਤੇ ਇਸ਼ਨਾਨ ਕਰ ਕੇ ਬਸਤਰ ਬਦਲੇ, ਫਿਰ ਸਾਧ ਸੰਗਤ ਵਿਚ ਜਾਣ ਲਈ ਤੁਰ ਪਈ। ਰਾਜਾ ਇਸ ਦੇ ਸਾਰੇ ਕਰਤੱਬ ਨੂੰ ਵੇਖਦਾ ਰਿਹਾ, ਪਰ ਜਿਸ ਵੇਲੇ ਰਾਣੀ ਤਿਆਰ ਹੋ ਕੇ ਮਹਿਲਾਂ 'ਚੋਂ ਬਾਹਰ ਨਿਕਲੀ ਤਾਂ ਰਾਜਾ ਭੀ ਮਗਰੇ ਮਗਰ ਤੁਰ ਪਿਆ। ਜਿਸ ਵੇਲੇ ਰਾਣੀ ਆਪਣੀਆਂ ਖੜਾਵਾਂ ਲਾਹ ਕੇ ਸੰਗਤ ਵਿਚ ਜਾ ਬੈਠੀ ਤਾਂ ਮਗਰੋਂ ਰਾਜਾ ਉਸ ਦੀ ਖੜਾਂਵ ਚੁੱਕ ਕੇ ਮਹਿਲਾਂ ਵਿਚ ਲੈ ਆਇਆ ਤੇ ਕੱਪੜੇ ਵਿਚ ਲਪੇਟ ਕੇ ਸੰਦੂਕ ਵਿਚ ਰੱਖ ਜੰਦਰਾ ਮਾਰ ਕੇ ਸੌਂ ਗਿਆ। ਏਧਰੋਂ ਦੀਵਾਨ ਦੀ ਸਮਾਪਤੀ ਹੋਣ 'ਤੇ ਸੰਗਤ ਉਠ ਕੇ ਆਪੋ ਆਪਣੇ ਘਰੀਂ ਜਾਣ ਲਈ ਜਦ ਜੋੜੇ ਪਾਣ ਲੱਗੀ, ਤਾਂ ਰਾਣੀ ਨੇ ਵੀ ਆਪਣੀਆਂ ਖੜਾਵਾਂ ਜਿਥੇ ਰੱਖੀਆਂ ਸਨ ਦੇਖੀਆਂ ਪਰ ਉਹਨਾਂ ਵਿਚੋਂ ਇਕ ਹੈ ਤੇ ਇਕ ਨਹੀਂ। ਰਾਣੀ ਨੂੰ ਬੜਾ ਫਿਕਰ ਹੋ ਗਿਆ ਕਿ ਰਾਜਾ ਜੀ ਮੈਨੂੰ ਪੁੱਛਣਗੇ ਕਿ ਖੜਾਂਵ ਕਿਥੇ ਹੈ? ਹੋ ਸਕਦਾ ਹੈ ਜੋ ਮੇਰੇ ਜੀਵਨ ਤੇ ਸ਼ੱਕ ਕਰ ਕੇ ਇਹ ਸਮਝਣ ਕਿ ਰਾਣੀ ਨੇ ਖੜਾਂਵ ਕਿਸੇ ਨੂੰ ਪ੍ਰੀਤ ਨਿਸ਼ਾਨੀ ਦੇ ਦਿੱਤੀ ਹੋਣੀ ਹੈ। ਭੈ ਭੀਤ ਹੋਈ ਨੇ ਇਹ ਗੱਲ ਵਿਚਾਰ ਕੇ ਖੜਾਂਵ ਦੀ ਪ੍ਰਾਪਤੀ ਵਾਸਤੇ ਸੰਗਤ ਵਿਚ ਬੇਨਤੀ ਕੀਤੀ। ਸੰਗਤ ਨੇ ਰਾਣੀ ਦੀ ਬੇਨਤੀ ਸੁਣ ਕੇ ਨਿਰੰਕਾਰ ਪਾਸ ਅਰਦਾਸ ਕੀਤੀ ਤਾਂ ਉਸੇ ਸਮੇਂ ਓਥੇ ਹੀ ਓਹੋ ਜੇਹਾ ਪੈਰ ਲੱਭ ਪਿਆ, , ਰਾਣੀ ਨੇ ਪਰਮੇਸ਼ਰ ਦਾ ਸ਼ੁਕਰਾਨਾ ਕੀਤਾ ਤੇ ਪੈਰੀਂ ਪਾ ਕੇ ਘਰ ਪੁੱਜੀ।

ਏਧਰੋਂ ਰਾਜਾ ਵੀ ਰਾਣੀ ਦੇ ਆਉਣ ਦੀ ਉਡੀਕ ਵਿਚ ਜਾਗਦਾ ਹੋਇਆ ਸੋਚ ਰਿਹਾ ਸੀ ਕਿ ਅੱਜ ਚੋਰ ਫੜਿਆ ਗਿਆ ਹੈ ਹੁਣ ਸਾਰੀ ਗੱਲ ਦਾ ਪਤਾ ਲੱਗ ਜਾਵੇਗਾ। ਰਾਣੀ ਦੇ ਆਉਣ ਸਮੇਂ ਜਦੋਂ ਖੜਾਵਾਂ ਦੀ ਆਵਾਜ਼ ਆਈ ਤਾਂ ਰਾਜਾ ਫੇਰ ਜਾਗਦਾ ਹੀ ਘੁਰਾੜੇ ਮਾਰਨ ਲੱਗ ਗਿਆ। ਰਾਣੀ ਆਪਣੇ ਪਲੰਘ ਪਰ ਆ ਕੇ ਸੌਂ ਗਈ। ਜਿਸ ਵੇਲੇ ਸਵੇਰੇ ਰਾਜਾ ਜਾਗਿਆ ਤੇ ਕਿਹਾ- ਰਾਣੀ! ਅੱਜ ਮੇਰੀਆਂ ਖੜਾਵਾਂ ਟੁੱਟ ਗਈਆਂ ਹਨ ਤੂੰ ਆਪਣੀਆਂ ਖੜਾਵਾਂ ਉਰੇ ਕਰ, ਮੈਂ ਪਾ ਕੇ ਇਸ਼ਨਾਨ ਕਰ ਆਵਾਂ। ਰਾਣੀ ਨੇ ਆਪਣੀਆਂ ਦੋਨੋਂ ਖੜਾਵਾਂ ਰਾਜੇ ਅੱਗੇ ਰੱਖ ਦਿੱਤੀਆਂ ਰਾਜਾ ਦੇਖ ਕੇ ਬੜਾ ਹੈਰਾਨ ਹੋਇਆ। ਫਿਰ ਉਸ ਸਮੇਂ ਆਪਣੇ ਸੰਦੂਕ ਵਿਚ ਰੱਖੀ ਹੋਈ ਖੜਾਂਵ ਦੇਖੀ। ਓਹ ਉਸ ਜਗ੍ਹਾ ਨਹੀਂ ਸੀ। ਰਾਣੀ ਪਾਸੋਂ ਆ ਕੇ ਸਾਰੀ ਗੱਲ ਪੁੱਛੀ ਤਾਂ ਰਾਣੀ ਨੇ ਸੱਚੋ ਸੱਚ ਦੱਸ ਦਿੱਤਾ ਕਿ ਇਹ ਸਾਰੀ ਸਾਧ ਸੰਗਤ ਦੀ ਕਿਰਪਾ ਹੈ। ਉਸ ਦਿਨ ਤੋਂ ਰਾਜਾ ਵੀ ਸੰਗਤ ਵਿਚ ਜਾਣ ਲੱਗ ਪਿਆ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਹ ਸਾਰਾ ਪ੍ਰਸੰਗ ਆਪਣੀ ਕਲਮ ਦਵਾਰਾ ਇਉਂ ਲਿਖਿਆ ਹੈ-

ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।

ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।
ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ।
ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।
ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉਂ ਨੀਸਾਣੀ।
ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।
ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।
ਸਾਧਸੰਗਤਿ ਵਿਟਹੁ ਕੁਰਬਾਣੀ॥ ੬॥ *(ਭਾਈ ਗੁਰਦਾਸ ਜੀ, ਵਾਰ ੧੦)*

ਇਕ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਪਾਸ ਉਗ੍ਰਸੈਨ, ਰਾਮੂ ਤੇ ਦੀਪਾ, ਇਹ ਤਿੰਨ ਸਿੱਖ ਚੱਲ ਕੇ ਆਏ ਤੇ ਨਮਸਕਾਰ ਕਰ ਕੇ ਦੋ ਹੱਥ ਜੋੜ ਬੇਨਤੀ ਕੀਤੀ- "ਆਪ ਕਿਰਪਾ ਕਰ ਕੇ ਸਾਨੂੰ ਉਹ ਉਪਦੇਸ਼ ਦਿਓ ਜਿਸ ਤੇ ਸਾਡੀ ਕਲਿਆਣ ਹੋਵੇ।"

ਹਜ਼ੂਰ ਨੇ ਕਿਹਾ- ਸਭ ਤੋਂ ਪਹਿਲਾਂ ਆਪਣਾ ਅੰਮ੍ਰਿਤ ਵੇਲਾ ਬਣਾਓ।

ਯਥਾ- ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ *(ਪੰਨਾ ੨)*

ਤਥਾ- ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ ੧॥ *(ਗਉੜੀ ਬਾਵਨ ਅਖਰੀ, ਪੰਨਾ ੨੫੫)*

ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਪਾਣੀ ਕਰ ਕੇ ਚਾਰ ਘੜੀਆਂ ਸਤਿਸੰਗ ਜ਼ਰੂਰ ਕੀਤਾ ਕਰੋ। ਗੁਰੂ-ਚਰਨਾਂ ਦਾ ਧਿਆਨ ਤੇ ਸ਼ਬਦ ਦੀ ਵਿਚਾਰ ਕਰ ਕੇ ਫਿਰ ਆਪਣੇ ਦਸਾਂ ਨੌਹਾਂ ਦੀ ਕਿਰਤ ਕਮਾਈ ਕਰਕੇ ਆਪ ਭੀ ਖਾਓ ਜੇ ਕੋਈ ਚੱਲ ਕੇ ਆਵੇ ਉਸ ਨੂੰ ਭੀ ਖੁਆਓ ਤਾਂ ਤੁਹਾਡੀ ਕਲਿਆਣ ਹੋਵੇਗੀ:

ਅੰਮ੍ਰਿਤ ਵੇਲਾ ਕਰਿਹੁ ਸ਼ਨਾਨ। ਗੁਰ ਕੋ ਸ਼ਬਦ ਪਠਹੁ ਕਰਿ ਧਯਾਨ।
ਅਰਥ ਬਿਚਾਰ ਉਚਾਰਨ ਕਰੀਅਹਿ। ਕਿਧੌਂ ਸੁਨੋ ਕਰਿ ਨਿਰਨੈ ਧਰੀਅਹਿ॥ ੧੯॥
ਚਤੁਰ ਘਟੀ ਸਭਿ ਕਾਜ ਬਿਸਾਰਹੁ। ਅਰਥ ਸੁਨਹੁ ਕੈ ਆਪ ਉਚਾਰਹੁ।
ਸਲਿਤਾ ਮਹਿ ਨੌਕਾ ਬਹੁ ਭਰੀਯਤਿ। ਚੱਤੁਰੰਗਲ ਜਲ ਵਹਿਰ ਨਿਹਰੀਯਤ॥ ੨੦॥
ਭਰੀ ਭਾਰ ਸੋਂ ਉਤਰਹਿ ਪਾਰ। ਤਿਮਿ ਜਗ ਕਾਰਜ ਕੇ ਬਿਵਹਾਰ।
ਨਿਸ ਦਿਨ ਕਰਿਹੁ ਧਰਮ ਕੀ ਕਿਰਤਿ। ਚਤੁਰ ਘਟੀ ਦਿਹੁ ਗੁਰ ਮਹਿ ਬਿਰਤਿ॥ ੨੧॥

(ਗੁਰ ਪ੍ਰਤਾਪ ਸੂਰਜ, ਰਾਸਿ ੧ ਅੰਸੂ ੪੦)

ਤਥਾ- ਚਉਸਠ ਫੁਟ ਜਹਾਜ਼ ਹੈ, ਸਠ ਫੁਟ ਪਾਣੀ ਮਾਹਿ।
ਚਾਰ ਫੁਟ ਬਾਹਰ ਰਹੈ, ਕਬਹੂੰ ਡੂਬਤ ਨਾਹਿ।
ਚਉਠ ਘੜੀ ਦਿਨ ਰਾਤ ਕੀ, ਸਠ ਘੜੀ ਕਰਹੁ ਕਾਰ।
ਚਾਰ ਘੜੀ ਸਤਿਸੰਗ ਕਰਹੁ, ਭਵਨਿਧ ਉਤਰੋ ਪਾਰ।

ਸਹਸਕ੍ਰਿਤੀ ਸਲੋਕ ਸਮਾਪਤੰ॥

ਇਸ ਵਿਚ- ੪ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਏ ਹਨ।
੬੭ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਏ ਹਨ।
ਕੁਲ ਸਲੋਕ ੭੧ ਹਨ।

ਗਾਥਾ

ਮਹਲਾ ੫ ਗਾਥਾ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ— ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਨਿਤ ਦੀ ਕਿਰਿਆ ਕਰ ਕੇ ਜਿਸ ਵੇਲੇ ਦੀਵਾਨ ਵਿਚ ਆ ਕੇ ਬੈਠੇ, ਉਸ ਵੇਲੇ ਸਾਰੀ ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਪਰਉਪਕਾਰੀ, ਦੀਨ ਦਿਆਲ, ਸਰਬ ਸ਼ਕਤੀਮਾਨ ਘਟ ਘਟ ਕੀ ਜਾਣਨਹਾਰ ਗਰੀਬ ਨਿਵਾਜ਼ ਜੀਓ! ਕਿਰਪਾ ਕਰ ਕੇ ਕੋਈ ਐਸੀ ਕਥਾ ਸੁਣਾਓ ਜਿਸ ਕਥਾ ਦੇ ਸੁਣਨ ਕਰ ਕੇ ਸਾਡਾ ਮਨ ਸੰਸਾਰਕ ਜ਼ੰਜਾਲਾਂ ਵਲੋਂ ਅਤੇ ਦੇਹ ਅਧਿਆਸ ਵਲੋਂ ਹਟ ਜਾਵੇ।

ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਸਤਿਗੁਰ ਦੇਵ ਜੀ ਸਾਰੀ ਸੰਗਤ ਨੂੰ ਵੈਰਾਗ ਜਨਕ ਉਪਦੇਸ਼ ਦੇਂਦੇ ਹਨ।

ਦੂਜੀ ਉਥਾਨਕਾ :– ਸਹਸਕ੍ਰਿਤੀ ਸਲੋਕਾਂ ਨੂੰ ਸੁਣ ਕੇ ਹਰੀ ਲਾਲ ਕ੍ਰਿਸ਼ਨ ਲਾਲ ਨੂੰ ਬੜੀ ਸ਼ਾਂਤੀ ਪ੍ਰਾਪਤ ਹੋਈ ਪਰ ਗੁਰੂ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਮਨੋਹਰ ਬਚਨਾਂ ਨੂੰ ਸੁਣਨ ਦੀ ਤੀਬਰ ਇੱਛਾ ਹੋਣ ਕਰ ਕੇ ਫਿਰ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸੁਆਮੀ ਜੀ! ਹੁਣ ਕੋਈ ਹੋਰ ਕਥਾ ਸੁਣਾਓ। ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇਹ ਕਥਾ ਸੁਣਾਈ।

ਗਾਥਾ ਨਾਮ ਕਥਾ ਦਾ ਹੈ, ਇਸ ਵਾਸਤੇ ਇਸ ਬਾਣੀ ਦਾ ਨਾਮ **"ਗਾਥਾ"** ਰੱਖਿਆ ਹੈ।

*ਅਥਵਾ-*ਗਾਥਾ ਛੰਦ ਦੀ ਚਾਲ ਹੈ। *ਅਥਵਾ-*ਗਾ+ਥਾ= ਗਿਆਨ ਦਾ ਜੋ ਥਾਂ ਹੋਵੇ ਸੋ ਕਹੀਏ ਗਾਥਾ।

ਹੇ ਭਾਈ! ਜਿਸ ਸਰੀਰ ਦਾ ਤੁਸੀਂ ਹੰਕਾਰ ਕਰਦੇ ਹੋ ਇਹ ਸਰੀਰ ਐਸਾ ਮਲੀਣ ਹੈ, ਜਿਸ ਨਾਲ ਸਪਰਸ਼ ਕਰਨ ਕਰ ਕੇ ਪਵਿੱਤਰ ਚੀਜ਼ਾਂ ਵੀ ਨਿਕੰਮੀਆਂ ਹੋ ਜਾਂਦੀਆਂ ਹਨ।

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ॥

ਕਰਪੂਰ= ਮੁਸ਼ਕ ਕਪੂਰ* ਦੇ ਪੁਹਪ= ਫੁੱਲ ਤੇ ਹੋਰ ਅਤਰ ਫੁਲੇਲ ਕਸਤੂਰੀ ਆਦਿਕ ਸੁਗੰਧੀਆਂ ਇਸ ਮਨੁੱਖਾ ਦੇਹ ਨਾਲ ਪਰਸ= ਛੁਹਣ ਕਰ ਕੇ ਮਲੀਣੰ= ਅਪਵਿੱਤਰ ਹੋ ਜਾਂਦੀਆਂ ਹਨ। ਅਰਥਾਤ ਸਰੀਰ ਨਾਲ ਲੱਗਣ ਕਰ ਕੇ ਫਿਰ ਇਹ ਚੀਜ਼ਾਂ ਆਪਣੇ ਇਸਟ ਦੇਵ ਦੇ ਉੱਪਰ ਚੜ੍ਹਾਉਣ ਯੋਗ ਨਹੀਂ ਰਹਿੰਦੀਆਂ।

ਯਥਾ- ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ॥ ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ॥ ੨॥

(ਬਿਲਾਵਲੁ ਮਹਲਾ ੫, ਪੰਨਾ ੮੧੦)

ਮਜਾ ਰੁਧਿਰ ਦੂਰਗੰਧਾ ਨਾਨਕ ਅਧਿ ਗਰਬੇਣ ਅਗ੍ਯਾਨਣੋ॥ ੧॥

ਇਸ ਸਰੀਰ ਵਿਚ ਮਜਾ= ਮਿੱਝ ਭਾਵ ਚਰਬੀ, ਰੁਧਿਰ= ਲਹੂ, ਦੂਰਗੰਧਾ= ਵਿਸ਼ਟਾ ਤੇ ਬਦਬੋ ਇਤਿਆਦਿਕ ਨਿਕੰਮੀਆਂ ਚੀਜ਼ਾਂ ਹਨ ਪਰ ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਇਹ ਅਗਿਆਨੀ ਪੁਰਸ਼ ਅਧਿ= ਐਸੇ ਸਰੀਰ ਦਾ ਗਰਬੇਣ= ਹੰਕਾਰ ਕਰਦਾ ਹੈ॥ ੧॥

---

*ਭੀਮ-ਸੈਨੀ ਮੁਸ਼ਕ ਕਪੂਰ ਸਭ ਤੋਂ ਚੰਗਾ ਹੁੰਦਾ ਹੈ।

ਬੇਨਤੀ ਕੀਤੀ- ਜੀਵ ਦੀ ਕਲਿਆਣ ਕਿਉਂ ਨਹੀਂ ਹੁੰਦੀ? ਗੁਰ ਉੱਤਰ- ਸਾਧੂਆਂ ਦੀ ਸੰਗਤ ਕੀਤੇ ਬਿਨਾਂ ਹੋਰ ਕਿਸੀ ਸਾਧਨ ਦੇ ਕਾਰਨ ਨਾਲ ਮੁਕਤੀ ਨਹੀਂ ਮਿਲਦੀ।

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿ ਖੰਡਣਹ॥
ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ॥ ੨॥

ਚਾਹੇ ਪਰਮਾਣੋ ਪਰਜੰਤ= ਪ੍ਰਮਾਣੂ* ਜੈਸਾ ਸੂਖਮ ਰੂਪ ਧਾਰ ਕੇ ਸੱਤਾਂ ਅਕਾਸ਼ਾਂ ਵਿਚ, ਸੱਤਾਂ ਦੀਪਾਂ ਵਿਚ, ਸਿ= ਤਿੰਨਾਂ ਲੋਕਾਂ ਵਿਚ ਅਤੇ ਖੰਡਣਹ= ਨੌਂ ਖੰਡਾਂ ਤਕ ਨੈਣ ਭਾਰੇਣ= ਅੱਖ ਦੇ ਫਰਕਣ ਮਾਤਰ ਵਿਚ ਗਛੇਣ= ਗਛਤੀ ਅਰਥਾਤ ਫਿਰ ਕੇ ਆ ਜਾਵੇ ਭਾਵ ਛਿਲੇ ਕੱਟ-ਕੱਟ ਕੇ ਚਾਹੇ ਇਤਨੀ ਸ਼ਕਤੀ ਵਾਲਾ ਭੀ ਹੋ ਜਾਵੇ। ਪਰ ਸਤਿਗੁਰ ਦੇਵ ਜੀ ਆਖਦੇ ਹਨ- ਸਾਧੂਆਂ ਦੀ ਸੰਗਤ ਤੋਂ ਬਿਨਾਂ ਨ ਸਿਧ੍ਯਤੇ= ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਅਥਵਾ- ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ॥ ੨॥

ਯਥਾ- ਖੋਜਤ ਖੋਜਤ ਸੁਨੀ ਇਹ ਸੋਇ॥ ਸਾਧ ਸੰਗਤਿ ਬਿਨੁ ਤਰਿਓ ਨ ਕੋਇ॥

(ਆਸਾ ਮ: ੫, ਪੰਨਾ ੩੭੩)

ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ॥

(ਹੇ ਗੁਰਸਿੱਖੋ! ਇਸ ਪ੍ਰਕਾਰ ਤੁਸੀਂ) ਜਾਣਨਾ ਕਰੋ, ਕਿ ਮਨੁੱਖ ਦੇ ਉਪਰ ਜਿਹੜਾ ਮਰਨਾ ਆ ਕੇ ਪ੍ਰਾਪਤ ਹੋਵੰਤੋ= ਹੁੰਦਾ ਹੈ, ਇਹ ਸਤਿ= ਸੱਚਾ ਹੈ। ਇਸ ਲਈ ਕਿਸੇ ਦੇ ਮਰਨ ਪਰ ਅਫਸੋਸ ਨਹੀਂ ਕਰਨਾ ਚਾਹੀਦਾ। ਅਫਸੋਸ ਤਾਂ ਕਰੀਏ ਜੇ ਕੋਈ ਨਵੀਂ ਗੱਲ ਹੋਵੇ।

ਯਥਾ- ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ ੫੧॥

(ਸਲੋਕ ਮਹਲਾ ੯, ਪੰਨਾ ੧੪੨੯)

ਅਤੇ ਜੋ ਕੁਛ ਵੀ ਦ੍ਰਿਸਟੇਣ= ਨਜ਼ਰ ਆਉਂਦਾ ਹੈ, ਉਹ ਸਭ ਮਿੱਥਿਆ ਹੈ।

ਯਥਾ- ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥ ੨੩॥ (ਪੰਨਾ ੧੪੨੭)

ਤਥਾ- ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ ਇਕੁ ਮਾਗਉ ਦਾਨੁ ਗੋਬਿੰਦ ਸੰਤ ਰੇਨਾ॥

(ਪੰਨਾ ੧੦੮੩)

ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ॥ ੩॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਗੁਰਸਿਖੋ! ਇਕ ਵਾਹਿਗੁਰੂ ਦੀ ਕੀਰਤੀ ਹੀ ਇਸ ਜੀਵ ਦੇ ਨਾਲ ਚੱਲਣ ਵਾਲੀ ਹੈ, ਇਸ ਵਾਸਤੇ ਸੰਤਾਂ ਸੰਗੇਣ= ਨਾਲ ਮਿਲ ਕੇ ਉਸ ਕੀਰਤੀ ਨੂੰ ਭਣੰਤਿ= ਕਥਨ ਕਰੋ॥ ੩॥

ਫੇਰ ਬੇਨਤੀ ਕੀਤੀ- ਇਸ ਜੀਵ ਨੂੰ ਸੁਖ ਦੀ ਪ੍ਰਾਪਤੀ ਕਿਉਂ ਨਹੀਂ ਹੈ? ਗੁਰ ਉੱਤਰ-

---

*ਸੂਰਜ ਦੀ ਧੁੱਪ ਕਰ ਕੇ ਜੋ ਛੱਤ ਦੇ ਮੁਘ ਵਿਚ ਉਡਦੇ ਹੋਏ ਧੂੜ ਦੇ ਕਿਣਕੇ ਦਿਸਦੇ ਹਨ, ਉਨ੍ਹਾਂ ਦਾ ਨਾਮ ਤ੍ਰਿਸੇਣੂ ਹੈ, ਇਸ ਤੋਂ ਸੌਵਾ ਹਿੱਸਾ ਸੂਖਮ ਪ੍ਰਮਾਣੂ ਮੰਨਿਆ ਹੈ। ਕਈ ਦਾਨੇ ਉਸ ਤ੍ਰਿਸੇਣੂ ਦਾ ਛੇਵਾਂ ਹਿੱਸਾ ਸੂਖਮ ਪ੍ਰਮਾਣੂ ਮੰਨਦੇ ਹਨ। (ਰਹੌ ਵਿਚਾਰ)

ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ॥

ਮਾਇਆ ਕਰ ਕੇ ਇਸ ਪੁਰਸ਼ ਦਾ ਚਿੱਤ ਇਸਟ= ਪਿਆਰੇ ਮਿੱਤਰਾਂ ਤੇ ਪਿਆਰੇ ਸਨਬੰਧੀਆਂ ਵੱਲ ਭਰਮ ਰਿਹਾ ਹੈ, ਇਸ ਕਰ ਕੇ ਇਸ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੈ।

ਅਥਵਾ:- ਇਹ ਮਾਇਆ ਐਸੀ ਹੈ ਜੋ ਪਿਆਰੇ ਮਿੱਤਰਾਂ ਦਾ ਭੀ ਚਿੱਤ ਭਰਮਾ ਦੇਂਦੀ ਹੈ ਅਤੇ ਸੰਬੰਧੀਆਂ ਦਾ ਚਿੱਤ ਵੀ ਭਰਮਾ ਦੇਂਦੀ ਹੈ। ਮਿੱਤਰਾਂ ਨੂੰ ਮਿੱਤਰ ਆਪਣੇ ਹੱਥੀਂ ਮਾਰ ਦੇਂਦੇ ਹਨ।

ਯਥਾ- ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥
ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ॥ ੩॥

(ਧਨਾਸਰੀ ਮਹਲਾ ੫, ਪੰਨਾ ੬੭੩)

ਪੁਨਾ ਬੇਨਤੀ ਕੀਤੀ—ਜੀ, ਸੁਖ ਦੀ ਪ੍ਰਾਪਤੀ ਕਿਵੇਂ ਹੋਵੇ? *ਗੁਰ ਉੱਤਰ:-*

ਲਬਧੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ॥ ੪॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਪਿਆਰਿਓ! ਸੁਖਾਂ ਦਾ ਅਸਥਾਨੰ= ਸਰੂਪ ਤਾਂ ਪ੍ਰਾਪਤ ਹੁੰਦਾ ਹੈ, ਜੇਕਰ ਇਹ ਪੁਰਸ਼ ਸੰਤਾਂ ਦੇ ਸੰਗੇਣ= ਨਾਲ ਮਿਲ ਕੇ ਗੋਪਾਲ ਦੇ ਨਾਮ ਨੂੰ ਭਜਨਾ ਕਰੇ॥੪॥

ਅਗਲੇ ਸਲੋਕ ਵਿਚ ਸਤਿਗੁਰ ਦੇਵ ਜੀ ਦ੍ਰਿਸ਼ਟਾਂਤ ਦੇ ਕੇ ਇਹ ਗੱਲ ਦਸਦੇ ਹਨ ਕਿ ਸ਼ਰਧਾਲੂ ਮਨੁੱਖ ਤਾਂ ਸੰਤਾਂ ਦੇ ਸੰਗ ਕਰ ਕੇ ਲਾਭ ਉਠਾ ਲੈਂਦਾ ਹੈ, ਪਰ ਹੰਕਾਰੀ ਪੁਰਸ਼ ਲਾਭ ਨਹੀਂ ਲੈ ਸਕਦਾ-

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ॥

(ਦ੍ਰਿਸ਼ਟਾਂਤ-ਜਿਸ ਤਰ੍ਹਾਂ) ਮੈਲਾਗਰ= ਬਾਵਨ ਚੰਦਨ ਦੇ ਬੂਟੇ ਦਾ ਸੰਗੇਣ= ਸੰਗ ਕਰਕੇ ਨਿੰਮ ਦਾ ਜੋ ਕੌੜਾ ਬ੍ਰਿਛ ਹੈ, ਸਿ= ਉਹ ਚੰਦਨ ਰੂਪ ਹੋ ਜਾਂਦਾ ਹੈ।

ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ॥ ੫॥

ਬਾਂਸੋ= ਵਾਂਸ ਚਾਹੇ ਚੰਦਨ ਦੇ ਨਿਕਟਿ= ਪਾਸ ਹੀ ਵਸਦਾ ਹੋਵੇ, ਤਾਂ ਭੀ ਉਹ ਬਾਂਸ ਆਪਣੀ ਹੰਗਤਾ ਵਾਲੀ ਬੁੱਧੀ ਕਰ ਕੇ ਨ ਬੋਹਤੇ= ਸੁਗੰਧੀ ਵਾਲਾ ਨਹੀਂ ਹੁੰਦਾ॥ ੫॥ ਕਿਉਂਕਿ ਬਾਂਸ ਵਿਚ ਪੰਜ ਦੂਸ਼ਣ ਹਨ-

(੧) ਇਕ- ਉਚਾ ਹੁੰਦਾ ਹੈ। (੨) ਦੂਜਾ- ਗੰਢਾਂ ਵਾਲਾ ਹੁੰਦਾ ਹੈ।

(੩) ਤੀਜਾ- ਵਿਚੋਂ ਪੋਲਾ ਹੁੰਦਾ ਹੈ। (੪) ਚੌਥਾ- ਕੁਲ ਘਾਤੀ ਹੁੰਦਾ ਹੈ।

(੫) ਪੰਜਵਾਂ-ਛਿਲਦਰਾਂ ਵਾਲਾ ਹੁੰਦਾ ਹੈ।

(ਦਾ ਦ੍ਰਿਸ਼ਟਾਂਤ-ਇਸੀ ਪ੍ਰਕਾਰ) ਮੈਲਾਗਰ= ਬਾਵਨ ਚੰਦਨ ਦੇ ਸਦਰਸ਼ ਜੋ ਪੂਰਨ ਸੰਤ ਹਨ, ਉਨ੍ਹਾਂ ਦੇ ਸੰਗ ਕਰ ਕੇ ਨਿੰਮ ਬ੍ਰਿਛ ਦੀ ਤਰ੍ਹਾਂ ਜੋ ਜਗਿਆਸੂ ਜਨ ਹੈ, ਸਿ= ਉਹ ਜਗਿਆਸੂ ਸੰਤਾਂ ਦੀ ਸੰਗਤ ਕਰ ਕੇ ਚੰਦਨਹ= ਮਹਾਤਮਾ ਰੂਪ ਹੋ ਜਾਂਦਾ ਹੈ।

ਯਥਾ- ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ੧੧॥ *(ਸਲੋਕ ਕਬੀਰ ਜੀ, ਪੰਨਾ ੧੩੬੫)*

ਬਾਂਸ ਦੀ ਤਰ੍ਹਾਂ ਜੋ ਹੰਕਾਰੀ ਪੁਰਸ਼ ਹੈ ਚਾਹੇ ਮਹਾਤਮਾ ਦੇ ਪਾਸ ਹੀ ਵਸਦਾ ਹੋਵੇ, ਤਾਂ ਭੀ ਉਹ ਆਪਣੀ

www.sikhbookclub.com

ਹੰਗਤਾ ਵਾਲੀ ਬੁੱਧੀ ਕਰ ਕੇ ਭਗਤੀ ਰੂਪ ਬੋਹਤੇ= ਸੁਗੰਧੀ ਸਹਿਤ ਨਹੀਂ ਹੁੰਦਾ।

ਯਥਾ- ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥ ੧੨॥ *(ਸਲੋਕ ਕਬੀਰ ਜੀ, ਪੰਨਾ ੧੩੬੫)*

ਕਿਉਂਕਿ ਬਾਂਸ ਦੇ ਸਮਾਨ ਜੋ ਹੰਕਾਰੀ ਪੁਰਸ਼ ਹੈ, ਉਸ ਵਿਚ ਵੀ ਪੰਜ ਦੂਸ਼ਣ ਹਨ-

(੧) ਹੰਕਾਰੀ ਪੁਰਸ਼ ਵਿਖੇ ਆਪਣੀ ਕੁਲ ਦਾ, ਮਾਇਆ ਦਾ, ਜਵਾਨੀ ਦਾ ਹੰਕਾਰ ਹੁੰਦਾ ਹੈ, ਇਸ ਲਈ ਹੰਕਾਰ ਰੂਪ ਉਚਪੁਣੇ ਦੇ ਸਹਿਤ ਹੈ।

(੨) ਵਰਨ ਆਸ਼੍ਰਮ ਦੀਆਂ ਹੰਗਤਾ ਰੂਪ ਗੰਢਾਂ ਹਨ।

(੩) ਸ਼ੁਭ ਗੁਣਾਂ ਤੋਂ ਰਹਿਤ ਹੈ, ਇਹ ਉਸ ਵਿਚ ਪੋਲਾ-ਪਣ ਹੈ।

(੪) ਆਪਣੇ ਸੰਗੀਆਂ ਨੂੰ ਆਪਣੇ ਵਰਗਾ ਬਣਾ ਲੈਂਦਾ ਹੈ। ਵਾ-ਦੈਵੀ ਗੁਣਾਂ ਦੀ ਕੁਲ ਨੂੰ ਨਾਸ਼ ਕਰਦਾ ਹੈ, ਇਸ ਕਰ ਕੇ ਕੁਲ ਘਾਤੀ ਹੈ। (੫) ਈਰਖਾ ਰੂਪ ਛਿਲਦਰਾਂ ਹਨ।

ਪੁਨਾ ਬੇਨਤੀ ਕੀਤੀ ਹੈ- ਗੁਰੂ ਜੀ! ਇਸ ਗਾਥਾ ਨਾਮੇ ਬਾਣੀ ਵਿਚ ਆਪ ਜੀ ਨੇ ਕੀ ਕਥਨ ਕੀਤਾ ਹੈ? ਅਤੇ ਇਸ ਦੇ ਪੜ੍ਹਨ ਦਾ ਫਲ ਕੀ ਹੈ? *ਗੁਰ ਉੱਤਰ-*

ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ॥

ਇਹ ਗਾਥਾ= ਕਥਾ ਗੋਪਾਲ ਦੇ ਗੁਣਾਂ ਨਾਲ ਗੁੰਫ= ਗੁੰਥਨ ਹੈ, ਜੋ ਏਸ ਕਥਾ ਨੂੰ ਮਥੰ= ਵਿਚਾਰਦਾ ਹੈ, ਉਸ ਦਾ ਮਾਨ= ਹੰਕਾਰ ਮਰਦਨਹ= ਦੂਰ ਹੋ ਜਾਂਦਾ ਹੈ।

ਅਥਵਾ- ਇਸ ਗਾਥਾ= ਛੰਦ ਵਿਚ ਗੋਪਾਲ ਦੀ ਕਥਾ ਗੁੰਫ= ਗੁੰਦੀ ਹੋਈ ਹੈ, ਜੋ ਇਸ ਕਥਾ ਨੂੰ ਮਥੰ= ਵਿਚਾਰੇਗਾ, ਤਿਸ ਦੇ ਮਾਨ ਨੂੰ ਇਹ ਕਥਾ ਮਰਦਨਹ= ਮਲ ਸੁੱਟੇਗੀ।

ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ॥ ੬॥

ਗੁਰਦੇਵ ਜੀ ਆਖਦੇ ਹਨ- ਹੇ ਪਿਆਰਿਓ! ਇਸ ਕਥਾ ਦੇ ਪੜ੍ਹਨ ਸੁਣਨ ਵਾਲਾ ਜੋ ਪੁਰਸ਼ ਹੈ ਉਹ ਸਵਾਸਾਂ ਰੂਪ ਚਿੱਲੇ ਦੁਆਰਾ, ਹਰੀ ਦੇ ਪ੍ਰੇਮ ਰੂਪ ਬਾਣਾਂ ਨੂੰ ਪ੍ਰਹਾਰਣਹ= ਚਲਾ ਕੇ ਪੰਜ ਕਾਮ ਆਦਿਕਾਂ ਰੂਪ ਸਤ੍ਰੇਣ= ਦੁਸ਼ਮਣਾਂ ਨੂੰ ਹਤੰ= ਨਾਸ ਕਰਦਾ ਹੈ।

ਅਥਵਾ- ਬੁੱਧੀ ਰੂਪੀ ਕਮਾਣ ਹੈ ਨਿੰਮ੍ਰਤਾ ਰੂਪ ਚਿੱਲੇ ਵਿਚ ਜੋੜ ਕੇ, ਜੋ ਹਰੀ ਨਾਮਾਂ ਰੂਪ ਬਾਣਾਂ ਨੂੰ ਚਲਾਂਵਦਾ ਹੈ, ਉਹ ਪੰਜ ਕਾਮ ਆਦਿਕਾਂ ਰੂਪ ਦੁਸ਼ਮਣਾਂ ਨੂੰ ਮਾਰਦਾ ਹੈ॥ ੬॥

ਬੇਨਤੀ ਕੀਤੀ- ਗਰੀਬ ਨਿਵਾਜ਼ ਜੀਓ! ਸੁਖਦਾਇਕ ਰਸਤਾ ਕਿਹੜਾ ਹੈ? ਅਤੇ ਉਸ ਸੁਖਦਾਇਕ ਰਸਤੇ ਨੂੰ ਪ੍ਰਾਪਤ ਕੌਣ ਕਰਦਾ ਹੈ? *ਗੁਰ ਉੱਤਰ-*

ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਹ॥

ਪ੍ਰਭੂ ਦੇ ਪਿਆਰੇ ਸੰਤਾਂ ਦਾ ਜੋ ਬਚਨ= ਉਪਦੇਸ਼ ਹੈ ਏਹੀ ਇਕ ਸੁਖਾਂ ਦਾ ਪੰਥਾ= ਰਸਤਾ ਹੈ ਪਰ ਇਸ ਸੁਖਦਾਇਕ ਉਪਦੇਸ਼ ਰੂਪ ਰਸਤੇ ਨੂੰ ਕੋਈ ਵੱਡਿਆਂ ਭਾਗਾਂ ਵਾਲਾ ਹੀ ਲਹੰਥਾ= ਲੈਂਦਾ ਹੈ।

ਯਥਾ- ਕਥੜੀਆ ਸੰਤਾਹ ਤੇ ਸੁਖਾਊ ਪੰਧੀਆ॥
ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ॥ ੨॥

(ਮਾਰੂ ਡਖਣੇ ਵਾਰ ਮ: ੫, ਪੰਨਾ ੧੧੦੧)

ਅਥਵਾ- ਸਾਧ ਰੂਪ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਹਨਾਂ ਦਾ ਉਪਦੇਸ਼ ਹੀ ਇਕ ਸੁਖਾਂ ਦਾ ਰਸਤਾ ਹੈ, ਪਰ ਉਸ ਰਸਤੇ ਨੂੰ ਕੋਈ ਵੱਡਿਆਂ ਭਾਗਾਂ ਵਾਲਾ ਪੁਰਸ਼ ਹੀ ਲੈਣਾ ਕਰਦਾ ਹੈ।

ਯਥਾ-ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥

(ਪੰਨਾ ੮੨੭)

ਤਥਾ-'ਸਾਧ' ਰੂਪ ਅਪਨਾ ਤਨੁ ਧਾਰਿਆ॥ ਮਹਾ ਅਗਨਿ ਤੇ ਆਪਿ ਉਬਾਰਿਆ॥

(ਮਾਰੂ ਮਹਲਾ ੫, ਪੰਨਾ ੧੦੦੫)

(ਇਥੇ 'ਸਾਧ' ਗੁਰ ਨਾਨਕ ਦਾ ਵਾਚਕ ਹੈ)

ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ॥ ੭॥

ਸਤਿਗੁਰ ਦੇਵ ਜੀ ਆਖਦੇ ਹਨ-ਜੋ ਪੁਰਸ਼ ਪ੍ਰੇਮ ਭਾਵ ਨਾਲ ਹਰੀ ਦੇ ਕੀਰਤਨ ਨੂੰ ਰਮਣੰ= ਉਚਾਰਦਾ ਹੈ, ਉਹ ਪੁਰਸ਼ ਜਨਮ ਮਰਨ ਤੋਂ ਰਹਿਤ ਹੁੰਦਾ ਹੈ॥ ੭॥

ਪੁਨਾ ਬੇਨਤੀ ਕੀਤੀ- ਇਹ ਮਨੁੱਖਾ ਜਨਮ ਇਕ ਵਾਰ ਹੱਥੋਂ ਛੁਟਿਆ ਹੋਇਆ ਫਿਰ ਪ੍ਰਾਪਤ ਹੁੰਦਾ ਹੈ ਕਿ ਨਹੀਂ? ਤਿਸ ਪਰ ਗੁਰਦੇਵ ਜੀ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ-

ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ॥

ਜਿਸ ਤਰ੍ਹਾਂ ਭੁਰਿਜੇਣ= ਸਿਸੁਰ ਰੁਤ (ਮਾਘ ਫੱਗਣ) ਵਿਚ ਜੋ ਬ੍ਰਿੱਛਾਂ ਦੀਆਂ ਟਾਹਣੀਆਂ ਨਾਲੋਂ ਪਤ੍ਰ ਝੜੀਯੰ= ਪੱਤੇ ਝੜ ਜਾਂਦੇ ਹਨ, ਉਹ ਪੱਤੇ ਫਿਰ ਪੇਡ ਸੰਪਤਾ= ਬ੍ਰਿਛਾਂ ਦੀਆਂ ਟਾਹਣੀਆਂ ਨਾਲ ਨਹ ਜੜੀਅੰ= ਨਹੀਂ ਜੜੇ ਜਾਂਦੇ।

ਯਥਾ-ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ॥

(ਬਿਹਾਗੜਾ ਮਹਲਾ ੫, ਪੰਨਾ ੫੪੬)

ਇਸੀ ਪ੍ਰਕਾਰ ਮਨੁੱਖਾ ਦੇਹ ਇਕ ਵਾਰ ਹੱਥੋਂ ਗਈ ਹੋਈ ਫਿਰ ਪ੍ਰਾਪਤ ਹੋਣੀ ਮੁਸ਼ਕਲ ਹੈ।

ਅਥਵਾ- ਮਨੁੱਖ ਸਰੀਰ ਮੁੱਢ ਹੈ, ਏਸ ਦੀਆਂ ਗੋਲਕਾਂ ਰੂਪ ਟਾਹਣੀਆਂ ਨਾਲ ਇੰਦਰੇ ਰੂਪ ਪੱਤੇ ਜੜੇ ਹੋਏ ਹਨ, ਜਿਸ ਵੇਲੇ ਬ੍ਰਿਧ ਅਵਸਥਾ ਰੂਪ ਸਿਸੁਰ ਰੁੱਤ ਆਂਵਦੀ ਹੈ ਤਾਂ ਇੰਦਰਿਆਂ ਰੂਪ ਪੱਤੇ ਝੜ ਜਾਂਦੇ ਹਨ, ਭਾਵ ਕਮਜ਼ੋਰ ਪੈ ਜਾਂਦੇ ਹਨ ਤਾਂ ਫਿਰ ਜੋਬਨ ਅਵਸਥਾ ਵਰਗੇ ਬਲ ਵਾਲੇ ਨਹੀਂ ਰਹਿੰਦੇ, ਚਾਹੇ ਕਿਤਨੀਆਂ ਦਵਾਈਆਂ ਤੇ ਕੁਸ਼ਤੇ ਖਾਣਾ ਕਰੇ।

ਯਥਾ-ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ॥

(ਸਿਰੀਰਾਗੁ ਮ: ੫, ਪੰਨਾ ੭੬)

ਨਾਮ ਬਿਹੂਣ ਬਿਖਮਤਾ ਨਾਨਕ ਬਹੰਤਿ ਜੋਨਿ ਬਾਸਰੋ ਰੈਣੀ॥ ੮॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਗੁਰਸਿਖੋ! ਵਾਹਿਗੁਰੂ ਨਾਮ ਦੇ ਚਿੰਤਨ ਕੀਤੇ ਤੋਂ ਬਿਹੂਣ= ਬਿਨਾਂ ਇਹ ਜੀਵ ਬਾਸਰੋ ਰੈਣੀ= ਦਿਨ ਰਾਤ ਬਿਖਮਤਾ= ਕਠਿਨ ਭਾਵ ਟੇਢੀਆਂ ਜੂਨਾਂ ਵਿਖੇ ਬਹੰਤਿ= ਫਿਰਦਾ ਹੈ।

ਅਥਵਾ- ਮਾਤਾ ਦੀ ਗਰਭ ਜੂਨੀ ਵਿਚ ਬਿਖਮਤਾ= ਤਕਲੀਫਾਂ ਨਾਲ ਫਿਰਦਾ ਹੈ।

ਅਥਵਾ- ਸੰਸਾਰ ਰੂਪ ਬ੍ਰਿੱਛ ਦੀਆਂ ਆਸਾ ਰੂਪ ਟਾਹਣੀਆਂ ਨਾਲੋਂ ਜਦੋਂ ਜੀਵ ਰੂਪ ਪੱਤਾ ਟੁੱਟ ਜਾਂਦਾ ਹੈ

ਤਾਂ ਫਿਰ ਆਪਣੀ ਕੁਲ ਰੂਪ ਪੇੜ ਨਾਲ ਨਹੀਂ ਲਗਦਾ।

ਜੋ ਬੇਮੁਖ ਪੁਰਸ਼ ਨਾਮ-ਹੀਣ ਹਨ ਉਹ ਵਾਸ਼ਨਾਂ ਰੂਪ ਹਵਾ ਦੇ ਚਲਾਏ ਹੋਏ ਸੁੱਕੇ ਪੱਤੇ ਦੇ ਸਮਾਨ ਦਿਨ ਰਾਤ ਅਨੇਕ ਜੂਨੀਆਂ ਵਿਚ ਫਿਰਦੇ ਹਨ॥੮॥

ਭਾਵਨੀ ਸਾਧ ਸੰਗੇਣ ਲਭੰਤੰ ਬਡ ਭਾਗਣਹ॥

ਸੰਤਾਂ ਦੇ ਸੰਗੇਣ= ਸਾਥ ਭਾਵਨੀ= ਸ਼ਰਧਾ ਕਰਨੀ ਵੱਡਿਆਂ ਭਾਗਾਂ ਨਾਲ ਲਭੰਤੰ= ਲੱਭਦੀ ਹੈ।

*ਯਥਾ-*ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ॥

(ਪੰਨਾ ੪੯੮)

*ਤਥਾ-*ਸਾਧ ਸੇਵਾ ਵਡਭਾਗੀ ਪਾਈਐ॥ ਸਾਧ ਸੰਗਿ ਹਰਿ ਕੀਰਤਨੁ ਗਾਈਐ॥

(ਗਉੜੀ ਸੁਖਮਨੀ ਪੰਨਾ ੨੮੩)

ਹਰਿ ਨਾਮ ਗੁਣ ਰਮਣੰ ਨਾਨਕ ਸੰਸਾਰ ਸਾਗਰ ਨਹ ਬਿਆਪਣਹ॥ ੯॥

ਸਤਿਗੁਰ ਦੇਵ ਜੀ ਆਖਦੇ ਹਨ- ਜਿਹੜੇ ਪੁਰਸ਼ ਸ਼ਰਧਾ ਭਾਵਨਾ ਨਾਲ ਹਰੀ ਦੇ ਨਾਮ ਗੁਣਾਂ ਨੂੰ ਰਮਣੰ= ਉਚਾਰਦੇ ਹਨ, ਉਹਨਾਂ ਨੂੰ ਸੰਸਾਰ-ਸਾਗਰ ਦਾ ਕੋਈ ਦੁੱਖ ਵਿਆਪਦਾ ਨਹੀਂ।

ਅਥਵਾ- ਜੋ ਪੁਰਸ਼ ਹਰੀ ਨਾਮ ਨੂੰ ਜਪਦੇ ਹਨ ਅਤੇ ਕੀਰਤਨ ਵਿਚ ਪਾ ਕੇ ਹਰੀ ਗੁਣਾਂ ਨੂੰ ਗਾਉਂਦੇ ਹਨ, ਉਹਨਾਂ ਨੂੰ ਸੰਸਾਰ-ਸਾਗਰ ਦਾ ਜਨਮ ਮਰਨ ਰੂਪ ਦੁੱਖ ਫਿਰ ਨਹੀਂ ਵਿਆਪਦਾ॥੯॥

ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ॥

ਇਹ ਵਾਹਿਗੁਰੂ ਦੀ ਗਾਥਾ= ਕਥਾ ਗੂੜ ਅਪਾਰੰ= ਬਹੁਤ ਗੁਹਝ ਹੈ, ਇਸ ਕਰ ਕੇ ਕੋਈ ਵਿਰਲਾ ਹੀ ਪੁਰਸ਼ ਇਸ ਕਥਾ ਨੂੰ ਸਮਝਣੰ= ਸਮਝਦਾ ਹੈ। ਇਥੇ ਸਮਝਣੰ ਦਾ ਅਰਥ ਧਾਰਨ ਕਰਨਾ ਹੈ, ਕਿਉਂਕਿ ਅਰਥ ਸੁਣ ਲੈਣੇ ਤੇ ਸਿੱਖ ਲੈਣੇ ਭਾਂ ਸੌਖੇ ਹਨ, ਪਰ ਧਾਰਨ ਕਰਨੇ ਬਹੁਤ ਔਖੇ ਹਨ। ਦੱਸੇ ਹੋਏ ਉਪਦੇਸ਼ ਤੇ ਅਮਲ ਕਰਨ ਦਾ ਨਾਮ ਸਮਝਣਾ ਹੈ। ਜਿਹੜਾ ਪੁਰਸ਼ ਇਸ ਕਥਾ ਨੂੰ ਸਮਝਦਾ ਹੈ-

ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ॥ ੧੦॥

(ਫਿਰ ਉਹ ਪੁਰਸ਼ ਜੋ) ਸੰਸਾਰਕ ਕੰਮਾਂ ਨੂੰ ਤਿਆਗ ਕੇ ਸਤਿਸੰਗ ਦੁਆਰਾ ਗੋਵਿੰਦ ਦੇ ਗੁਣਾਂ ਨੂੰ ਰਮਣੰ= ਉਚਾਰਨ ਕਰਦਾ ਹੈ।

ਅਥਵਾ- ਸੰਤਾਂ ਦੇ ਇਕੱਠ ਨੂੰ ਸੰਗਮ ਕਹਿੰਦੇ ਹਨ- ਜੈਸੇ ਪ੍ਰਾਗਰਾਜ ਪਰ ਤਿੰਨ ਨਦੀਆਂ ਦੇ ਇਕੱਠ ਹੋਣ ਕਰ ਕੇ ਉਸ ਨੂੰ ਤ੍ਰਿਬੇਣੀ ਸੰਗਮ ਕਹਿੰਦੇ ਹਨ। ਇਸੇ ਤਰ੍ਹਾਂ ਏਧਰ ਸਤਿਸੰਗ ਵਿਚ ਵੀ ਕਰਮ, ਉਪਾਸ਼ਨਾ, ਗਿਆਨ ਰੂਪ ਤਿੰਨ ਨਦੀਆਂ ਚਲ ਰਹੀਆਂ ਹਨ॥ ੧੦॥

ਸੁਮੰਤ੍ਰ ਸਾਧ ਬਚਨਾ ਕੋਟਿ ਦੋਖ ਬਿਨਾਸਨਹ॥

ਸੰਤਾਂ ਦੇ ਸੁਭਾਵਕ ਬਚਨ ਉਚਾਰੇ ਹੋਏ ਵੀ ਇਕ ਸਰੇਸ਼ਟ ਮੰਤਰ ਹੈ, ਕਿਉਂਕਿ ਉਹ ਸੁਭਾਵਕ ਉਚਾਰੇ ਹੋਏ ਸੰਤਾਂ ਦੇ ਬਚਨ ਜੀਵ ਦੇ ਕ੍ਰੋੜਾਂ ਹੀ ਦੋਸ਼ਾਂ ਦੇ ਨਾਸ ਕਰਨ ਨੂੰ ਸਮਰੱਥ ਹਨ।

ਅਥਵਾ- ਸਾਧ= ਸ੍ਰੇਸ਼ਟ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋ ਬਚਨ ਹਨ, ਏਹੀ ਇਕ ਮੰਤਰ ਰੂਪ ਹਨ, ਮਨ ਰੂਪ ਸੱਪ ਨੂੰ ਕੀਲਣ ਵਾਸਤੇ, ਪੁਨਾ-ਉਹ ਬਚਨ ਕ੍ਰੋੜਾਂ ਹੀ ਦੋਸ਼ਾਂ ਦੇ ਨਾਸ ਕਰਨ ਨੂੰ ਸਮਰੱਥ ਹਨ।

ਹਰਿ ਚਰਣ ਕਮਲ ਧ੍ਯਾਨੰ, ਨਾਨਕ ਕੁਲ ਸਮੂਹ ਉਧਾਰਣਹ॥ ੧੧॥

ਜੋ ਪੁਰਸ਼ ਸੰਤਾਂ ਦੇ ਸ੍ਰੇਸ਼ਟ ਮੰਤਰ ਨੂੰ ਲੈ ਕੇ ਹਰੀ ਦੇ ਚਰਨ ਕਵਲਾਂ ਦਾ ਧਿਆਨ ਕਰਦਾ ਹੈ, ਸਤਿਗੁਰ ਦੇਵ ਆਖਦੇ ਹਨ- ਉਹ ਪੁਰਸ਼ ਆਪਣੀਆਂ ਸਮੂਹ ਕੁਲਾਂ ਨੂੰ ਤਾਰ ਲੈਂਦਾ ਹੈ॥੧੧॥

ਸੁੰਦਰ ਮੰਦਰ ਸੈਣਹ ਜੇਣ ਮਧ੍ ਹਰਿ ਕੀਰਤਨਹ॥

ਸੈਣਹ= ਉਹ ਸੁੰਦਰ ਮੰਦਰ ਹਨ, ਜੇਣ= ਜਿਨ੍ਹਾਂ ਮੰਦਰਾਂ ਦੇ ਮਧ੍= ਵਿਚ ਹਰੀ ਅਕਾਲ ਪੁਰਖ ਦਾ ਕੀਰਤਨ ਹੁੰਦਾ ਹੈ।

ਯਥਾ- ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ॥ ੧॥
(ਮਾਝ ਮਹਲਾ ੫, ਪੰਨਾ ੧੦੫)

ਤਥਾ- ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ੧॥ *(ਸੂਹੀ ਮਹਲਾ ੫, ਪੰਨਾ ੭੪੫)*

ਅਥਵਾ- ਸੈ= ਉਹ ਸਰੀਰ ਰੂਪ ਮੰਦਰ ਸੁੰਦਰ ਣਹ= ਕਥਨ ਕੀਤੇ ਜਾਂਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਕੀਰਤਨ ਹੈ। *ਅਥਵਾ-* ਬੈਕੁੰਠ ਧਾਮ ਰੂਪ ਸੁੰਦਰ ਮੰਦਰ ਵਿਚ ਉਹ ਪੁਰਸ਼ ਸੈਣਹ= ਬਿਰਾਜਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦੇ ਕੀਰਤਨ ਦਾ ਪ੍ਰੇਮ ਹੈ।

ਅਥਵਾ- ਸੈ= ਓਹ ਮੰਦਰ ਸੁੰਦਰ ਣਹ= ਨਹੀਂ ਹਨ, ਜਿਨ੍ਹਾਂ ਵਿਚ ਹਰੀ ਦਾ ਕੀਰਤਨ ਣਹ= ਨਹੀਂ ਹੈ।

ਮੁਕਤੇ ਰਮਣ ਗੋਬਿੰਦਹ ਨਾਨਕ ਲਬਧ੍ਯੰ ਬਡ ਭਾਗਣਹ॥ ੧੨॥

ਜੋ ਪੁਰਸ਼ ਵਾਹਿਗੁਰੂ ਦਾ ਨਾਮ ਰਮਣ= ਉਚਾਰਦੇ ਹਨ ਓਹੀ ਪੁਰਸ਼ ਸੰਸਾਰ ਵਿਚ ਮੁਕਤੇ= ਮੁਕਤ ਰੂਪ ਹਨ। ਸਤਿਗੁਰ ਦੇਵ ਜੀ ਆਖਦੇ ਹਨ- ਵਿਧੀ ਸਹਿਤ ਵਾਹਿਗੁਰੂ ਦਾ ਜਾਪ ਕਰਨਾ ਵੱਡਿਆਂ ਭਾਗਾਂ ਨਾਲ ਲੱਭਦਾ ਹੈ॥੧੨॥

[ਪੰਨਾ ੧੩੬੧]

ਹਰਿ ਲਬਧੋ ਮਿਤ੍ ਸੁਮਿਤੋ॥

ਅਸਲੀ ਇਸ ਜੀਵ ਦਾ ਮਿੱਤਰ ਜੋ ਪਰਮਾਤਮਾ ਹੈ, ਉਹ ਸੁਮਿਤੋ= ਸਰੇਸ਼ਟ ਮਿੱਤਰ ਮਹਾਤਮਾ ਦੁਆਰੇ ਲਬਧੋ= ਲੱਭਦਾ ਭਾਵ ਪ੍ਰਾਪਤ ਹੁੰਦਾ ਹੈ। ਜੀਵ ਦਾ ਅਸਲੀ ਮਿੱਤਰ ਪਰਮਾਤਮਾ ਹੈ।

ਇਸ ਤੋਂ ਇਲਾਵਾ ਜੀਵ ਦੇ ਤਿੰਨ ਮਿੱਤਰ ਹੋਰ ਵੀ ਕਹੇ ਹਨ-

੧. ਧਨ, ੨. ਸਬੰਧੀ, ੩. ਕਰਮ।

(੧) ਜਦ ਤਕ ਇਸ ਦੀ ਪ੍ਰਾਰਬਧ ਚੰਗੀ ਹੈ ਤਦ ਤਕ ਧਨ ਇਸ ਦਾ ਮਿੱਤਰ ਹੈ, ਪ੍ਰਾਰਬਧ ਦੇ ਨਾਸ ਹੋਣ ਤੇ ਧਨ ਪੁੰਨੀਆਂ ਪਾਸ ਚਲਾ ਜਾਂਦਾ ਹੈ।

(੨) ਦੂਜੇ ਮਿੱਤਰ ਸਨਬੰਧੀ ਹਨ ਜੋ ਸ਼ਮਸ਼ਾਨ ਭੂਮੀ ਤਕ ਹੀ ਨਾਲ ਜਾਂਦੇ ਹਨ, ਅੱਗੇ ਪ੍ਰਲੋਕ ਵਿਖੇ ਨਾਲ ਕੋਈ ਨਹੀਂ ਜਾਂਦਾ।

(੩) ਤੀਜੇ ਕਰਮ ਇਸ ਦੇ ਮਿੱਤਰ ਹਨ ਜੋ ਅੱਗੇ ਭੀ ਇਸ ਜੀਵ ਦੇ ਨਾਲ ਜਾਂਦੇ ਹਨ ਪਰ ਕਰਮਾਂ ਅਨੁਸਾਰ ਇਸ ਨੂੰ ਦੁੱਖ ਸੁਖ ਭੋਗਣਾ ਪੈਂਦਾ ਹੈ। ਇਸ ਕਰ ਕੇ ਜੀਵ ਨੂੰ ਕੇਵਲ ਸੁਖ ਦੇਣ ਵਾਲਾ ਅਸਲੀ ਮਿੱਤਰ ਪਰਮਾਤਮਾ ਹੀ ਹੈ, ਉਹ ਹਰੀ ਮਿੱਤਰ, ਸ੍ਰੇਸ਼ਟ ਮਿੱਤਰ, ਮਹਾਤਮਾ ਦੁਆਰੇ ਹੀ ਲਭਦਾ ਹੈ। ਬਾਕੀ ਦੁਨੀਆਂ ਦੇ ਮਿੱਤਰਾਂ ਦੀ ਤਾਂ ਇਹ ਹਾਲਤ ਹੈ-

ਯਥਾ- ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾ ਤਾ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾ ਤਾ॥ ੪॥ ੨॥

(ਗਉੜੀ ਚੇਤੀ ਮਹਲਾ ੧, ਪੰਨਾ ੧੫੫)

ਤਥਾ- ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥
ਵੇਖਦਿਆਂ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥ *(ਵਾਰ ਰਾਮਕਲੀ, ਪੰਨਾ ੯੫੯)*

ਤਥਾ- ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥ *(ਗੌਂਡ ਮਹਲਾ ੪, ਪੰਨਾ ੮੬੦)*

(੧) ਇਕ ਤਾਂ ਐਸੇ ਸੰਸਾਰ ਵਿਖੇ ਮਿੱਤਰ ਹਨ ਜਿਤਨਾ ਉਹਨਾਂ ਨਾਲ ਪਿਆਰ ਕਰੀਏ ਉਤਨਾ ਉਹ ਅੱਗੋਂ ਕਰਦੇ ਹਨ।

(੨) ਇਕ ਐਸੇ ਮਿੱਤਰ ਹਨ ਜੋ ਅੱਗੋਂ ਪਿਆਰ ਕਰਦੇ ਹੀ ਨਹੀਂ।

(੩) ਇਕ ਐਸੇ ਮਿੱਤਰ ਹਨ ਜੋ ਸਗੋਂ ਵੈਰ ਭਾਵ ਕਰਦੇ ਹਨ।

ਬਿਦਾਰਣ ਕਦੇ ਨ ਚਿਤੋ॥

ਜੋ ਵਾਹਿਗੁਰੂ ਕਦੇ ਵੀ ਕਿਸੇ ਪੁਰਸ਼ ਦੇ ਚਿੱਤ ਨੂੰ ਬਿਦਾਰਣ= ਨਾਸ ਭਾਵ ਦੁਖਾਉਂਦਾ ਨਹੀਂ ਹੈ।

ਯਥਾ- ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥

(ਸੂਹੀ ਮਹਲਾ ੫ ਛੰਤ, ਪੰਨਾ ੭੮੪)

ਅਥਵਾ- ਜੋ ਮਹਾਤਮਾ ਕਿਸੀ ਪੁਰਸ਼ ਦੇ ਚਿੱਤ ਨੂੰ ਕਦੇ ਬਿਦਾਰਣ= ਦੁਖਾਂਵਦੇ ਨਹੀਂ, ਕਿਉਂਕਿ ਉਹ ਇੰਜ ਨਿਸਚੇ ਕਰਦੇ ਹਨ ਕਿ-

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ੧੩੦॥ *(ਪੰਨਾ ੧੩੮੪)*

ਅਥਵਾ- ਜੋ ਮਹਾਤਮਾ ਆਪਣੇ ਚਿੱਤ ਵਿਚੋਂ ਪਰਮਾਤਮਾ ਨੂੰ ਕਦੇ ਵੀ ਬਿਦਾਰਣ ਨ= ਭੁਲਾਂਵਦੇ ਨਹੀਂ।

ਜਾ ਕਾ ਅਸਥਲੁ ਤੋਲੁ ਅਮਿਤੋ॥

ਜਾ ਕਾ= ਜਿਸ ਪਰਮਾਤਮਾ ਦੇ ਸਤਸੰਗ ਰੂਪ ਅਸਥਲੁ= ਅਸਥਾਨ ਦਾ, ਵਾ:-ਸਰੂਪ ਅਸਥਾਨ ਦਾ ਤੋਲ ਅਮਿੱਤ ਹੈ।

ਸੋਈ ਨਾਨਕ ਸਖਾ ਜੀਅ ਸੰਗਿ ਕਿਤੋ॥੧੩॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਅਸਾਂ ਨੇ ਤਾਂ ਸੋਈ= ਓਸੇ ਪਰਮਾਤਮਾ ਨੂੰ ਆਪਣੇ ਜੀਅ ਦੇ ਸੰਗ ਦਾ ਸਖਾ ਕਿਤੋ= ਮਿੱਤਰ ਬਨਾਉਣਾ ਕੀਤਾ ਹੈ।

ਅਥਵਾ- ਜਿਨ੍ਹਾਂ ਮਹਾਤਮਾਂ ਦੇ ਹਿਰਦੇ ਰੂਪ ਅਸਥਾਨ ਦਾ ਤੋਲ ਅਮਿੱਤ ਹੈ, ਉਹਨਾਂ ਮਹਾਤਮਾਂ ਨੂੰ ਅਸੀਂ ਆਪਣੇ ਜੀਅ ਦੇ ਸੰਗ ਦਾ ਮਿੱਤਰ ਬਨਾਉਣਾ ਕੀਤਾ ਹੈ॥ ੧੩॥

ਹੁਣ ਦ੍ਰਿਸ਼ਟਾਂਤ ਦੇ ਕੇ ਗੁਰਮੰਤਰ ਗ੍ਰਹਿਣ ਕਰਨ ਦੀ ਪ੍ਰੇਰ੍ਹਣਾ ਕਰਦੇ ਹਨ:

ਅਪਜਸੰ ਮਿਟੰਤ ਸਤ ਪੁਤ੍ਰਹ

ਜਿਵੇਂ ਸਤ= ਸ੍ਰੇਸ਼ਟ ਪੁੱਤਰ ਦੇ ਪੈਦਾ ਹੋਣ ਕਰ ਕੇ ਕੁਲ ਦਾ ਸਾਰਾ ਅਪਜਸ ਮਿਟੰਤ= ਮਿਟ ਜਾਂਦਾ ਹੈ। ਸੰਸਾਰ ਵਿਖੇ ਪੁੱਤਰ ਪੈਦਾ ਹੋਵੇ ਤਾਂ ਸਰਵਨ ਜੇਹਾ ਹੋਵੇ:

ਜੈਸੇ ਮਾਤ ਪਿਤਾ ਕੇਰੀ ਸੇਵਾ 'ਸਰਵਨ' ਕੀਨੀ,
ਸਿਖ ਬਿਰਲੋ ਈ ਗੁਰ ਸੇਵਾ ਠਹਿਰਾਵਈ। *(ਭਾਈ ਗੁਰਦਾਸ ਜੀ, ਕਬਿੱਤ ੬੯)*

ਫਿਰ ਧ੍ਰੂਅ ਤੇ ਪ੍ਰਹਿਲਾਦ ਵਰਗਾ ਭਜਨੀਕ ਪੁੱਤਰ ਪੈਦਾ ਹੋਵੇ:

ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ੧॥
(ਗਉੜੀ ਕਬੀਰ ਜੀ, ਪੰਨਾ ੩੩੭)

ਫਿਰ ਭਗੀਰਥ ਵਰਗਾ ਨੇਕ ਪੁੱਤਰ ਹੋਵੇ ਜਿਸ ਨੇ ਭਗਵਾਨ ਦੀ ਭਗਤੀ ਤੇ ਤਪ ਕਰ ਕੇ ਮਾਤਲੋਕ ਵਿਖੇ ਗੰਗਾ ਲਿਆ ਕੇ ਆਪਣੀਆਂ ਸਾਰੀਆਂ ਕੁਲਾਂ ਤਾਰ ਦਿੱਤੀਆਂ ਹਨ।

ਸਾਖੀ—ਭਗੀਰਥ ਤਪੇ ਦੀ ਗੰਗਾ ਲਿਆਉਣ ਦੀ

ਇਕ ਸਮੇਂ "ਸਘੜ" ਰਾਜਾ ਨੇ ਅਸਮੇਧ ਯੱਗ ਦੀ ਸੰਪੂਰਨਤਾ ਲਈ ਧਰਤੀ ਦੇ ਸਾਰੇ ਰਾਜਿਆਂ ਨੂੰ ਜਿੱਤਣ ਵਾਸਤੇ ਘੋੜਾ ਛੱਡਿਆ। ਉਸ ਘੋੜੇ ਮਗਰ ਇਸ ਦਾ ਸੱਠ ਹਜ਼ਾਰ ਪੁੱਤਰ ਸੈਨਾ ਸਮੇਤ ਗਿਆ। ਜਦੋਂ ਧਰਤੀ ਦਾ ਕਾਫੀ ਚੱਕਰ ਕੱਟ ਕੇ ਸਾਰੇ ਰਾਜੇ ਆਪਣੇ ਅਧੀਨ ਕਰ ਲਏ ਤਾਂ ਇੰਦਰ ਨੂੰ ਫਿਕਰ ਪੈ ਗਿਆ ਕਿ "ਸਘੜ" ਰਾਜਾ ਅਸਮੇਧ ਯੱਗ ਦੁਆਰਾ ਇੰਦਰ ਪਦਵੀ ਦਾ ਮਾਲਕ ਨਾ ਬਣ ਜਾਵੇ। ਉਸ ਸਮੇਂ ਇੰਦਰ ਨੇ ਗੁਪਤ ਰੂਪ ਤੇ ਘੋੜਾ ਫੜ ਕੇ ਜਿਥੇ ਕਪਲ ਮੁਨੀ ਤਪੱਸਿਆ ਕਰ ਰਿਹਾ ਸੀ, ਲਿਜਾ ਕੇ ਉਸ ਦੀ ਕੁਟੀਆ ਦੇ ਪਿਛਲੇ ਪਾਸੇ ਬੰਨ੍ਹ ਦਿੱਤਾ। ਇਹ ਵੀ ਘੋੜਾ ਲਭਦੇ ਲਭਾਉਂਦੇ ਓਥੇ ਆ ਪਹੁੰਚੇ। ਰਿਸ਼ੀ ਦੇ ਆਸ਼ਰਮ ਤੇ ਘੋੜਾ ਬੱਝਿਆ ਦੇਖ ਕੇ ਇਹਨਾਂ ਨੂੰ ਬੜਾ ਗੁੱਸਾ ਆਇਆ। ਤਪ ਕਰਦੇ ਹੋਏ ਰਿਖੀ ਦੀ ਪਿੱਠ ਵਿਚ ਲੱਤ ਮਾਰ ਕੇ ਕਿਹਾ- "ਰਾਜਿਆਂ ਨਾਲ ਮੱਥਾ ਲਾ ਕੇ ਏਥੇ ਪਖੰਡ ਖਿਲਾਰ ਬੈਠਾ ਹੈਂ?"

ਜਦੋਂ ਰਿਖੀ ਦੇ ਤਮੋਗੁਣ ਸਹਿਤ ਨੇਤਰ ਖੁਲ੍ਹੇ ਤਾਂ ਸਘੜ ਦਾ ਸੱਠ ਹਜ਼ਾਰ ਪੁੱਤਰ ਭਸਮ ਹੋ ਗਿਆ। ਉਹਨਾਂ ਦੀ ਕਲਿਆਨ ਨਮਿੱਤ ਇਹਨਾਂ ਦੀ ਸੰਤਾਨ ਨੇ ਬੜੇ ਜਤਨ ਕੀਤੇ। "ਅੰਸਮਾਨ" ਰਾਜੇ ਨੇ ਆਪਣੇ ਪੁੱਤਰ

ਦਲੀਪ ਨੂੰ ਰਾਜ ਦੇ ਕੇ ਧਰਤੀ ਤੇ ਗੰਗਾ ਲਿਆਉਣ ਵਾਸਤੇ ਤਪ ਕਰਨਾ ਸ਼ੁਰੂ ਕਰ ਦਿੱਤਾ ਪਰ ਉਸ ਦਾ ਵਿਚੇ ਹੀ ਸਰੀਰ ਛੁੱਟ ਗਿਆ। ਫੇਰ ਉਸ ਦੇ ਪੁੱਤਰ "ਦਲੀਪ" ਨੇ ਤਪ ਕੀਤਾ ਉਹ ਵੀ ਗੰਗਾ ਨੂੰ ਲਿਆ ਨਾ ਸਕਿਆ। ਫਿਰ ਉਸ ਦੇ ਪੁੱਤਰ "ਭਗੀਰਥ" ਨੇ ਤਪੱਸਿਆ ਦੁਆਰਾ ਗੰਗਾ ਨੂੰ ਪ੍ਰਸੰਨ ਕੀਤਾ ਤਾਂ ਗੰਗਾ ਨੇ ਕਿਹਾ- 'ਵਰ ਮੰਗ!' ਉਸ ਨੇ ਆਪਣੇ ਪਿੱਤਰਾਂ ਦੇ ਕਲਿਆਨ ਨਮਿੱਤ ਗੰਗਾ ਨੂੰ ਧਰਤੀ ਤੇ ਆਉਣ ਵਾਸਤੇ ਬੇਨਤੀ ਕੀਤੀ। ਗੰਗਾ ਨੇ ਕਿਹਾ- "ਮਾਤਲੋਕ 'ਤੇ ਮੇਰੇ ਵੇਗ ਨੂੰ ਕੌਣ ਝਲੇਗਾ?"

ਉਸ ਸਮੇਂ ਭਗੀਰਥ ਨੇ ਸ਼ਿਵ ਜੀ ਨੂੰ ਅਰਾਧਨਾ ਕੀਤਾ ਤਾਂ ਸ਼ਿਵਾ ਨੇ ਪ੍ਰਸੰਨ ਹੋ ਕੇ ਕਿਹਾ- "ਵਰ ਮੰਗ!" ਭਗੀਰਥ ਨੇ ਬੇਨਤੀ ਕੀਤੀ- "ਮਹਾਰਾਜ! ਗੰਗਾ ਦੇ ਪਰਵਾਹ ਨੂੰ ਕਿਸੇ ਤਰ੍ਹਾਂ ਰੋਕੋ!" ਉਸ ਵੇਲੇ ਸ਼ਿਵਾਂ ਨੇ ਆਪਣੀਆਂ ਜਟਾਂ ਇਤਨੀਆਂ ਵਧਾਈਆਂ ਕਿ ਇਕ ਸਾਲ ਵਾਸਤੇ ਗੰਗਾ ਨੂੰ ਬਾਹਰ ਜਾਣ ਵਾਸਤੇ ਰਸਤਾ ਨਾ ਮਿਲਿਆ (ਉਸ ਵੇਲੇ ਤੋਂ ਸ਼ਿਵ ਜੀ ਦਾ ਨਾਮ ਗੰਗਾਧਰ ਪੈ ਗਿਆ)। ਫੇਰ ਸ਼ਿਵ ਜੀ ਨੂੰ ਪ੍ਰਸੰਨ ਕੀਤਾ ਤਾਂ ਸ਼ਿਵ ਜੀ ਨੇ ਆਪਣੀ ਇਕ ਲਿਟ ਦੁਆਰਾ ਗੰਗਾ ਨੂੰ ਰਸਤਾ ਦਿੱਤਾ।

ਉਸ ਸਮੇਂ ਉਸ ਦੀਆਂ ਤਿੰਨ ਧਾਰਾ ਬਣ ਗਈਆਂ। ਇਕ ਧਾਰਾ ਅਕਾਸ਼ ਨੂੰ ਚਲੀ ਗਈ ਦੇਵਤਿਆਂ ਨੇ ਇਸ ਦਾ ਨਾਮ "ਮੰਦਾਕਨੀ" ਰੱਖ ਲਿਆ। ਦੂਸਰੀ ਧਾਰਾ ਪਾਤਾਲ ਨੂੰ ਗਈ ਜਿਸ ਦਾ "ਪ੍ਰਭਾਵਤੀ" ਨਾਮ ਪ੍ਰਸਿੱਧ ਹੋ ਗਿਆ। ਤੀਜੀ ਧਾਰਾ ਗੰਗਾ ਰੂਪ ਹੋ ਕੇ ਭਗੀਰਥ ਦੇ ਰਥ ਮਗਰ ਅਨੇਕਾਂ ਪਰਬਤਾਂ ਤੇ ਜੰਗਲਾਂ ਨੂੰ ਭੰਨਦੀ ਹੋਈ ਮਾਤ ਲੋਕ ਵੱਲ ਚੱਲ ਪਈ।

ਅੱਗੇ "ਜਾਹਨਵੀ-ਰਿਖੀ" ਪੂਜਾ ਦੀ ਸਮੱਗ੍ਰੀ ਰੱਖ ਕੇ ਪਾਠ ਪੂਜਾ ਕਰ ਰਿਹਾ ਸੀ। ਇਸ ਨੇ ਉਸ ਦੀ ਪੂਜਾ ਕਰਨ ਦੀ ਸਾਰੀ ਸਮੱਗ੍ਰੀ ਰੋੜ੍ਹ ਦਿਤੀ। 'ਜਾਹਨਵੀ' ਰਿਖੀ ਨੇ ਕ੍ਰੋਧਿਤ ਹੋ ਕੇ ਇਸ ਨੂੰ ਵੈਰਾਟ ਰੂਪ ਧਾਰਨ ਕਰ ਕੇ ਪੀ ਲਿਆ। ਫੇਰ ਭਗੀਰਥ ਨੇ ਸੇਵਾ ਦੁਆਰੇ ਜਾਹਨਵੀ ਦੀ ਖੁਸ਼ੀ ਲੀਤੀ ਤਾਂ ਉਸ ਨੇ ਆਪਣੇ (ਜਾਨੂ) ਗੋਡਿਆਂ ਦੁਆਰਾ ਗੰਗਾ ਨੂੰ ਫੇਰ ਪ੍ਰਗਟ ਕੀਤਾ ਜਿਸ ਕਰ ਕੇ ਇਸ ਦਾ ਨਾਮ ਹੀ ਜਾਹਨਵੀ ਪੈ ਗਿਆ।

ਅੰਤ ਨੂੰ ਸਘੜ ਦੇ ਪੁੱਤਰਾਂ ਦੀ ਸਵਾਹ ਦੇ ਢੇਰ ਨੂੰ ਗੰਗਾ ਨੇ ਆਪਣੀ ਗੋਦ ਵਿਚ ਨਿਵਾਸ ਦਿੱਤਾ। ਪ੍ਰਵਾਹ ਨਾਲ ਸਾਰੀ ਰਾਖ ਰੋੜ੍ਹ ਕੇ ਆਪਣੇ ਵਿਚ ਮਿਲਾ ਲਈ ਤੇ ਇਨ੍ਹਾਂ ਨੂੰ ਸੁਰਗ ਦਾ ਸੁਖ ਦਿੱਤਾ। ਇਉਂ ਭਗੀਰਥ ਵਰਗੇ ਸਤ ਪਰਤੱਗੀ ਪਿਤਰ ਭਗਤ, ਪੁੱਤਰ ਆਪਣੇ ਬਜੁਰਗਾਂ ਦੀ ਸੇਵਾ ਕਰ ਕੇ ਅਪਜਸ ਨੂੰ ਮੇਟ ਲੈਂਦੇ ਹਨ।

ਸਿਮਰਤਬ੍ ਰਿਦੈ ਗੁਰ ਮੰਤ੍ਰਣਹ ॥

ਤੈਸੇ ਸਿਮਰਤਬ੍= ਸਿਮਰਨ ਯੋਗ ਜੋ ਗੁਰਮੰਤਰ ਹੈ ਤਿਸ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਸਾਰੇ ਪਾਪ ਮਿਟ ਜਾਂਦੇ ਹਨ। **ਦੂਜਾ ਅਰਥ-**

ਸਤ ਦੀ ਪ੍ਰਾਪਤੀ ਵਾਸਤੇ ਜੋ ਪੁਰਸ਼ ਗੁਰਾਂ ਦੇ ਮੰਤਰ ਦੁਆਰਾ ਆਪਣੇ ਹਿਰਦੇ ਵਿਖੇ ਸਿਮਰਤਬ੍- ਸਿਮਰਤ+ਅਬ= ਅਬਿਨਾਸੀ ਪ੍ਰਭੂ ਨੂੰ ਸਿਮਰਦਾ ਹੈ ਤੇ= ਉਹ ਸ੍ਰੇਸ਼ਟ ਪੁੱਤਰ ਹੈ। ਉਸ ਕਰ ਕੇ ਸਾਰਾ ਅਪਜੱਸ ਮਿਟ ਜਾਂਦਾ ਹੈ, ਇਸ ਕਰ ਕੇ ਗੁਰਮੰਤਰ ਗ੍ਰਹਿਣ ਕਰਨਾ ਅਤੀ ਜ਼ਰੂਰੀ ਹੈ। ਗੁਰਮੰਤਰ ਦੇ ਵਿਚ ਦੂਜੀ ਇਹ ਵਿਸ਼ੇਸ਼ਤਾ ਹੈ ਕਿ-

ਪ੍ਰੀਤਮ ਭਗਵਾਨ ਅਚੁਤ

ਅਚੁਤ= ਅਗਿਜ਼ ਭਗਵਾਨ ਪ੍ਰੀਤਮ ਦੀ ਪ੍ਰਾਪਤੀ ਕਰਵਾ ਦੇਂਦਾ ਹੈ।

ਗੁਰਮੰਤਰ ਵਿਖੇ ਤੀਜੀ ਵਿਸ਼ੇਸ਼ਤਾ ਇਹ ਭੀ ਹੈ ਕਿ-

ਨਾਨਕ ਸੰਸਾਰ ਸਾਗਰ ਤਾਰਣਹ॥ ੧੪॥

ਸਤਿਗੁਰ ਦੇਵ ਜੀ ਆਖਦੇ ਹਨ- ਸੰਸਾਰ-ਸਮੁੰਦਰ ਤੋਂ ਵੀ ਪਾਰ ਤਾਰਣਹ= ਕਰ ਦੇਂਦਾ ਹੈ॥੧੪॥

ਹੁਣ ਗੁਰਮੁਖਾਂ ਦੀ ਅਵਸਥਾ ਵਰਣਨ ਕਰਦੇ ਹਨ-

ਮਰਣੰ ਬਿਸਰਣੰ ਗੋਬਿੰਦਹ ਜੀਵਣੰ ਹਰਿ ਨਾਮ ਧ੍ਯਾਵਣਹ॥

ਵਾਹਿਗੁਰੂ ਨਾਮ ਦੇ ਬਿਸਰਣੰ= ਭੁਲਣ ਕਰ ਕੇ ਗੁਰਮੁਖਾਂ ਦਾ ਮਰਨਾ ਹੁੰਦਾ ਹੈ ਅਤੇ ਹਰੀ ਨਾਮ ਦੇ ਧਿਆਉਣ ਨਾਲ ਗੁਰਮੁਖਾਂ ਦਾ ਜੀਵਣਾ ਹੁੰਦਾ ਹੈ।

ਯਥਾ- ਆਖਾ ਜੀਵਾ ਵਿਸਰੈ ਮਰਿ ਜਾਉ॥ *(ਆਸਾ ਮਹਲਾ ੧, ਪੰਨਾ ੩੪੯)*

ਬੇਨਤੀ ਕੀਤੀ ਕਿ ਉਹ ਹਰੀ ਕਿਵੇਂ ਲੱਭਦਾ ਹੈ? *ਗੁਰ ਉੱਤਰ-*

ਲਭਣੰ ਸਾਧ ਸੰਗੇਣ ਨਾਨਕ ਹਰਿ ਪੂਰਬਿ ਲਿਖਣਹ॥ ੧੫॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਪੂਰਬਲੇ ਸ੍ਰੇਸ਼ਟ ਕਰਮਾਂ ਦੇ ਲਿਖੇ ਅਨੁਸਾਰ ਸੰਤਾਂ ਦੇ ਸੰਗ ਵਿਚੋਂ ਹਰੀ ਲੱਭਦਾ ਹੈ॥ ੧੫॥

ਪੁਨਾ ਬੇਨਤੀ ਕੀਤੀ- ਜਿਨ੍ਹਾਂ ਸੰਤਾਂ ਦੀ ਸੰਗਤ ਕਰਨ ਨਾਲ ਹਰੀ ਲੱਭਦਾ ਹੈ, ਉਹ ਸੰਤ ਕੈਸੇ ਹਨ? *ਗੁਰ ਉੱਤਰ-*

ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ॥

ਦ੍ਰਿਸ਼ਟਾਂਤ- ਜਿਸ ਤਰ੍ਹਾਂ ਗਾਰੁੜੀ ਪੁਰਸ਼ ਗਾਰੜੂ ਮੰਤਰ ਨੂੰ ਪੜ੍ਹ ਕੇ ਭੁਯੰਗੰ= ਸੱਪ ਨੂੰ ਦਸਨ ਬਿਹੂਨ= ਦੰਦਾਂ ਤੋਂ ਬਿਨਾਂ ਕਰ ਦੇਂਦਾ ਹੈ ਅਤੇ ਉਸ ਸੱਪ ਦੀ ਵਿਹੁ ਨੂੰ ਵੀ ਨਿਵਾਰੰ= ਦੂਰ ਕਰ ਦਿੰਦਾ ਹੈ। ਤੈਸੇ ਹੀ ਮਹਾਤਮਾ ਆਪਣੇ ਉਪਦੇਸ਼ ਰੂਪ ਗਾਰੜੂ ਮੰਤਰ ਨੂੰ ਪੜ੍ਹ ਕੇ ਮਾਇਆ ਰੂਪ ਸੱਪਣੀ ਨੂੰ ਕਾਮ ਆਦਿਕਾਂ ਰੂਪ ਦੰਦਾਂ ਤੋਂ ਬਿਨਾਂ ਅਤੇ ਵਿਸ਼ਿਆਂ ਰੂਪ ਵਿਹੁ ਦੂਰ ਕਰ ਦਿੰਦੇ ਹਨ।

ਬ੍ਯਾਧਿ ਉਪਾੜਣ ਸੰਤੰ॥ਨਾਨਕ ਲਬਧ ਕਰਮਣਹ॥ ੧੬॥

ਸੰਤ ਜਨ ਸਾਰੀਆਂ ਬ੍ਯਾਧਿ= ਪੀੜਾਂ ਨੂੰ ਉਪਾੜਣ= ਪੁੱਟ ਦਿੰਦੇ ਹਨ।

ਅਥਵਾ- ਆਧ, ਬਿਆਧ, ਉਪਾਧ ਰੂਪ ਰੋਗਾਂ ਨੂੰ ਪੁੱਟ ਦਿੰਦੇ ਹਨ।

ਸਤਿਗੁਰੂ ਜੀ ਆਖਦੇ ਹਨ- ਐਸੇ ਸਮਰੱਥ ਸੰਤ ਸ੍ਰੇਸ਼ਟ ਕਰਮਾਂ ਨਾਲ ਲਭਦੇ ਭਾਵ ਮਿਲਦੇ ਹਨ॥ ੧੬॥

ਪੁਨਾ ਬੇਨਤੀ ਕੀਤੀ- ਜਿਸ ਭਗਵਾਨ ਨੂੰ ਪਾ ਕੇ ਸੰਤ ਜਨ ਐਸੀ ਤਾਕਤ ਵਾਲੇ ਹੋਏ ਹਨ, ਉਹ ਭਗਵਾਨ ਕਿਥੇ ਰਹਿੰਦਾ ਹੈ? ਆਪ ਦਾ ਪ੍ਰੇਮ ਕਿਸ ਵਿਚ ਲੱਗ ਰਿਹਾ ਹੈ? ਤੇ ਉਸ ਭਗਵਾਨ ਦਾ ਦਰਸ਼ਨ ਕਿਸ ਤਰ੍ਹਾਂ ਹੁੰਦਾ ਹੈ? *ਗੁਰ ਉੱਤਰ-*

ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ॥

ਜਥ ਕਥ= ਜਿਥੇ ਕਿਥੇ ਵੇਖੀਦਾ ਹੈ ਤਿਥੇ ਹੀ ਉਹ ਭਗਵਾਨ ਰਮਣੰ= ਵਿਆਪਕ ਹੈ ਤੇ ਸਾਰੇ ਜੀਵ ਉਸ ਦੀ ਸ਼ਰਨ ਵਿਖੇ ਹਨ।

ਤਥ ਲਗਣੰ ਪ੍ਰੇਮ ਨਾਨਕ ਪਰਸਾਦੰ ਗੁਰ ਦਰਸਨਹ॥ ੧੭॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਪਿਆਰਿਓ! ਤਥ= ਤਿਸ ਭਗਵਾਨ ਵਿਚ ਅਸਾਡਾ ਪਰੇਮ

ਲੱਗ ਰਿਹਾ ਹੈ ਅਤੇ ਗੁਰਾਂ ਦੀ ਪਰਸਾਦੰ= ਕਿਰਪਾ ਦ੍ਰਿਸ਼ਟੀ ਕਰ ਕੇ ਉਸ ਭਗਵਾਨ ਦਾ ਦਰਸ਼ਨ ਹੁੰਦਾ ਹੈ।

ਦੂਜਾ ਅਰਥ-

ਜਿਸ ਕਿਸ ਜਗ੍ਹਾ ਤੇ ਪ੍ਰਭੂ ਰਵ ਰਿਹਾ ਹੈ ਅਤੇ ਜੋ ਵਾਹਿਗੁਰੂ ਸਰਬ ਜੀਵਾਂ ਦਾ ਸਰਣੰ= ਆਸਰਾ ਰੂਪ ਹੈ। ਗੁਰੂ ਦੀ ਕਿਰਪਾ ਅਤੇ ਗੁਰੂ ਦੇ ਦਰਸ਼ਨ ਕਰ ਕੇ ਉਸ ਪਰਮਾਤਮਾ ਵਿਚ ਪ੍ਰੇਮ ਲੱਗਦਾ ਹੈ॥ ੧੭॥

ਚਰਣਾਰਬਿੰਦ ਮਨ ਬਿਧ੍ਰੰ ਸਿਧ੍ਰੰ ਸਰਬ ਕੁਸਲਣਹ॥

ਜਿਸ ਪੁਰਸ਼ ਦਾ ਮਨ ਵਾਹਿਗੁਰੂ ਦੇ ਚਰਨਾ ਕੰਵਲਾਂ ਉਪਰ ਬਿਧ੍ਰੰ= ਤਦਾਕਾਰ ਹੋਇਆ ਹੈ।

ਤਿਸ ਪੁਰਸ਼ ਨੂੰ ਸਾਰੀਆਂ ਕੁਸਲਣਹ= ਖੁਸ਼ੀਆਂ ਸਿਧ੍ਰੰ= ਪ੍ਰਾਪਤ ਹੋਈਆਂ ਹਨ।

ਅਥਵਾ- ਤਿਸ ਪੁਰਸ਼ ਨੂੰ ਸਾਰੀਆਂ ਸਿਧ੍ਰੰ= ਰਿੱਧੀਆਂ ਸਿੱਧੀਆਂ ਤੇ ਮੁਕਤੀਆਂ ਦੇ ਸਹਿਤ ਸਾਰੇ ਕੁਸਲਣਹ= ਸੁਖ ਪ੍ਰਾਪਤ ਹੋਏ ਹਨ।

ਪੁਨਾ ਬੇਨਤੀ ਕੀਤੀ- ਇਸ ਗਾਥਾ ਨਾਮੇ ਬਾਣੀ ਨੂੰ ਕੌਣ ਗਾਉਂਦੇ ਹਨ? *ਗੁਰ ਉੱਤਰ-*

ਗਾਥਾ ਗਾਵੰਤਿ ਨਾਨਕ ਭਬ੍ਰੰ ਪਰਾ ਪੂਰਬਣਹ॥ ੧੮॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਹੇ ਪਿਆਰਿਓ! ਇਸ ਗਾਥਾ= ਕਥਾ ਨੂੰ ਭਬ੍ਰੰ= ਚਤੁਰ ਪੁਰਸ਼, ਵਾ:-ਪ੍ਰਗਟ, *ਅਥਵਾ-* ਭਬ੍ਰੰ= ਭਾਗਾਂ ਵਾਲੇ ਪੁਰਸ਼ ਪਰਾ ਪੂਰਬਣਹ= ਉਤਰੋ ਉਤਰੀ ਅਰਥਾਤ ਪੁਸ਼ਤ ਦਰ ਪੁਸ਼ਤ ਭਾਵ ਪੀੜ੍ਹੀ-ਦਰ-ਪੀੜ੍ਹੀ ਗਾਵੰਤਿ= ਗਾਉਂਦੇ ਹਨ।

ਅਥਵਾ- ਨਾਨਕ ਭਬ੍ਰੰ= ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਜਿਸ ਦੇ ਪੂਰਬਣਹ= ਪੂਰਬਲੇ ਪਰਾ= ਉਤਕ੍ਰਿਸ਼ਟ ਭਾਗ ਹਨ, ਉਹ ਪੁਰਸ਼ ਇਸ ਗਾਥਾ ਨੂੰ ਗਾਉਂਦੇ ਹਨ॥੧੮॥

ਪੁਨਾ ਬੇਨਤੀ ਕੀਤੀ- ਇਸ ਸੰਸਾਰ-ਸਮੁੰਦਰ ਤੋਂ ਕੌਣ ਤਰਦਾ ਹੈ? *ਗੁਰ ਉੱਤਰ-*

ਸੁਭ ਬਚਨ ਰਮਣੰ ਗਵਣੰ ਸਾਧਸੰਗੇਣ ਉਧਰਣਹ॥

ਜੋ ਪੁਰਸ਼ ਸੰਤਾਂ ਦੀ ਸੰਗਤ ਵਿਖੇ ਗਵਣੰ= ਚਲ ਕੇ ਜਾਂਦਾ ਹੈ ਤੇ ਉਥੇ ਬੈਠ ਕੇ ਸ਼ੁਭ= ਚੰਗੇ-ਚੰਗੇ ਬਚਨਾਂ ਨੂੰ ਰਮਣੰ= ਉਚਾਰਦਾ ਹੈ, ਉਹ ਪੁਰਸ਼ ਸੰਸਾਰ--ਸਾਗਰ ਤੋਂ ਉਧਰਣਹ= ਤਰ ਜਾਂਦਾ ਹੈ।

ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭ੍ਰਤੇ॥ ੧੯॥

ਸਤਿਗੁਰ ਦੇਵ ਜੀ ਆਖਦੇ ਹਨ-ਸੰਸਾਰ-ਸਾਗਰ ਵਿਖੇ ਉਸ ਪੁਰਸ਼ ਦਾ ਪੁਨਰਪਿ= ਪੁਨ+ਅਪੀ= ਫਿਰ ਨਿਸਚੇ ਕਰ ਕੇ ਦੂਜੀ ਵਾਰ ਜਨਮ ਨ ਲਭ੍ਰਤੇ= ਨਹੀਂ ਪ੍ਰਾਪਤ ਹੁੰਦਾ ਭਾਵ ਫਿਰ ਜੰਮਦਾ ਮਰਦਾ ਨਹੀਂ ॥੧੯॥

ਬੇਦ ਪੁਰਾਣ ਸਾਸਤ੍ਰ ਬੀਚਾਰੰ॥ ਏਕੰਕਾਰ ਨਾਮ ਉਰ ਧਾਰੰ॥

ਜੋ ਪੁਰਸ਼ ਨਿਸ਼ਕਪਟਤਾ ਦੇ ਸਹਿਤ ਚਾਰ ਵੇਦ, ਅਠਾਰਾਂ ਪੁਰਾਣ, ਛੇ ਸ਼ਾਸਤ੍ਰ ਇਨ੍ਹਾਂ ਦੇ ਸਿਧਾਂਤ ਨੂੰ ਵਿਚਾਰ ਕੇ-ਇਕ ਅਦੁਤੀ ਵਾਹਿਗੁਰੂ ਦੇ ਨਾਮ ਦਾ ਚਿੰਤਨ ਕਰਨਾ ਹਿਰਦੇ ਵਿਚ ਧਾਰਦਾ ਹੈ।

ਅਥਵਾ- ਜੋ ਪੁਰਸ਼ ਏਕੰਕਾਰ ਦੇ ਨਾਮ ਨੂੰ ਹਿਰਦੇ ਵਿਚ ਧਾਰਦਾ ਹੈ, ਸਮਝੋ ਉਸ ਨੇ ਵੇਦ ਪੁਰਾਣ ਅਤੇ ਸਾਰੇ ਸ਼ਾਸਤ੍ਰਾਂ ਨੂੰ ਵਿਚਾਰ ਲਿਆ ਹੈ।

ਕੁਲਹ ਸਮੂਹ ਸਗਲ ਉਧਾਰੰ॥ ਬਡਭਾਗੀ ਨਾਨਕ ਕੋ ਤਾਰੰ॥ ੨੦॥

ਉਹ ਪੁਰਸ਼ ਆਪਣੀਆਂ ਸਮੂਹ= ਸਾਰੀਆਂ ਕੁਲਾਂ ਨੂੰ ਸਾਰੇ ਸੰਸਾਰ ਤੋਂ ਤਾਰ ਲੈਂਦਾ ਹੈ।

ਅਥਵਾ- ਸਮੂੰਹ ਕੁਲਾਂ ਦੇ ਸਾਰੇ ਜੀਵਾਂ ਨੂੰ ਉਧਾਰਦਾ ਹੈ।

ਯਥਾ- ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥ ੨॥ ੨੧॥

(ਦੇਵਗੰਧਾਰੀ ਮਹਲਾ ੫, ਪੰਨਾ ੫੩੨)

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਕੋਈ ਵਡਭਾਗੀ ਪੁਰਸ਼ ਹੀ ਸਾਰੀਆਂ ਕੁਲਾਂ ਨੂੰ ਤਾਰ ਸਕਦਾ ਹੈ।

ਅਥਵਾ- ਓਹ ਕੋਈ ਵਡਭਾਗੀ ਪੁਰਸ਼ ਆਪਣੇ ਆਪ ਨੂੰ ਵੀ ਤਾਰ ਲੈਂਦਾ ਹੈ॥੨੦॥

ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ॥

ਜੋ ਪੁਰਸ਼ ਸ਼ਰਧਾ ਭਾਵਨਾ ਨਾਲ ਪਰਮੇਸ਼ਰ ਦਾ ਨਾਮ-ਸਿਮਰਨਾ ਕਰਦਾ ਹੈ, ਉਹ ਪੁਰਸ਼ ਸਮੂਹ ਕੁਲਾਂ ਨੂੰ ਤਾਰਦਾ ਹੈ।

ਲਬਧਿਅੰ ਸਾਧਸੰਗੇਣ ਨਾਨਕ ਬਡਭਾਗੀ ਭੇਟੰਤਿ ਦਰਸਨਹ॥ ੨੧॥

ਸਤਿਗੁਰ ਦੇਵ ਜੀ ਆਖਦੇ ਹਨ- ਪਰ— ਵਾਹਿਗੁਰੂ ਦਾ ਸਿਮਰਨ ਸੰਤਾਂ ਦੇ ਸੰਗੇਣ= ਸੰਗ ਕਰ ਕੇ ਲਬਧਿਅੰ= ਲਭਦਾ ਹੈ, ਜਿਸ ਨੂੰ ਲੱਭਿਆ ਹੈ ਉਸੇ ਵਡਭਾਗੀ ਪੁਰਸ਼ ਨੂੰ ਭਗਵਾਨ ਦਾ ਦਰਸ਼ਨ ਭੇਟੰਤਿ= ਪ੍ਰਾਪਤ ਹੋਇਆ ਹੈ॥ ੨੧॥

ਪੁਨਾ ਬੇਨਤੀ ਕੀਤੀ- ਉਹ ਪ੍ਰਮਾਤਮਾ ਲੱਭਿਆ ਕਿਸ ਨੂੰ ਹੈ? *ਗੁਰ ਉੱਤਰ-*

ਸਰਬ ਦੋਖ ਪਰੰ ਤਿਆਗੀ ਸਰਬ ਧਰਮ ਦ੍ਰਿੜੰਤਣਃ॥

ਜਿਸ ਮਨੁੱਖ ਨੇ ਸਾਰਿਆਂ ਦੋਸ਼ਾਂ ਨੂੰ ਪਰੰ ਤਿਆਗੀ= ਦੂਰ ਤਿਆਗ ਦਿੱਤਾ ਹੈ ਅਤੇ ਸਭਨਾਂ ਵਿਚ ਰਹਿ ਕੇ ਆਪਣੇ ਸ੍ਵੈ-ਧਰਮ ਨੂੰ ਦ੍ਰਿੜੰਤਣਃ= ਦ੍ਰਿੜ੍ਹ ਕੀਤਾ ਹੈ।

ਅਥਵਾ- ਸਰਬ ਧਰਮਾਂ ਦੇ ਚਲਾਉਣ ਵਾਲੇ ਪ੍ਰਭੂ ਨੂੰ ਆਪਣੇ ਚਿੱਤ ਵਿਖੇਂ ਦ੍ਰਿੜ੍ਹ ਕੀਤਾ ਹੈ।

ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਣਃ॥ ੨੨॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਮੱਥੇ ਦੇ ਸ੍ਰੇਸ਼ਟ ਲੇਖ ਲਿਖੇ ਹੋਏ ਦੇ ਅਨੁਸਾਰ ਸਾਧਸੰਗੇਣਿ= ਸੰਤਾਂ ਦੇ ਸਤਿਸੰਗ ਵਿਚੋਂ ਉਹਨਾਂ ਪੁਰਸ਼ਾਂ ਨੂੰ ਪਰਮਾਤਮਾ ਲਬਧੇਣਿ= ਲੱਭਿਆ ਹੈ।

ਅਥਵਾ- ਸਾਰਿਆਂ ਦੋਸ਼ਾਂ ਦੇ ਤਿਆਗਣ ਦਾ ਜੋ ਫਲ ਹੈ ਅਤੇ ਸਾਰੇ ਧਰਮਾਂ ਦੇ ਦ੍ਰਿੜ੍ਹ ਕਰਨ ਦਾ ਜੋ ਫਲ ਹੈ, ਉਹ ਸੰਤਾਂ ਦੇ ਸੰਗ ਕਰਨ ਨਾਲ ਲੱਭਦਾ ਹੈ ਪਰ ਸੰਤਾਂ ਦਾ ਸੰਗ, ਮੱਥੇ ਦੇ ਲਿਖੇ* ਅਨੁਸਾਰ ਮਿਲਦਾ ਹੈ॥ ੨੨॥

ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ॥

ਉਹ ਅਕਾਲ ਪੁਰਖ ਹੋਯੋ= ਪਿੱਛੇ ਭੂਤ ਕਾਲ ਵਿਖੇ ਹੈ ਸੀ, ਹੁਣ ਵਰਤਮਾਨ ਕਾਲ ਵਿਖੇ ਹੈ, ਹੋਵੰਤੋ=

**ਕਹਿਣਾ ਉਸੀ ਪਹਿ ਜੋ ਮਾਨਹਿ ਕਹਿਣਾ, ਨ ਮਾਨਹਿ ਕਹਿਣਾ ਤਾਂ ਕਿਆ ਕਹਿਣਾ।*
ਬਹਿਣਾ ਉਸੀ ਪਹਿ ਜੋ ਲਖੇ ਗੁਣ ਕੋ, ਨ ਲਖੇ ਗੁਣ ਕੋ ਤਾਂ ਕਿਆ ਬਹਿਣਾ।
ਰਹਿਣਾ ਉਸੀ ਪਹਿ ਜੋ ਰਾਖੇ ਹਿਤ ਸਿਉ, ਨ ਰਾਖੇ ਹਿਤ ਸਿਉ ਤਾਂ ਕਿਆ ਰਹਿਣਾ।
ਲਹਿਣਾ ਓਹੀ ਜੋ ਲਿਖਾ ਲਿਲਾਰ ਮੇਂ, ਨਾ ਲਿਖਾ ਲਿਲਾਰ ਮੇਂ ਤਾਂ ਕਿਆ ਲਹਿਣਾ।

ਅੱਗੇ ਭਵਿੱਖਤ ਕਾਲ ਵਿਖੇ ਭੀ ਹੋਵੇਗਾ ਭਾਵ ਤਿੰਨਾਂ ਕਾਲਾਂ ਵਿਚ ਵਿਆਪਕ ਹੈ।

ਯਥਾ- ਹੈ ਭੂਹੈ ਭੂ ਹੋਵਨਹਾਰ॥ ਅਗਮ ਅਗਾਧਿ ਊਚ ਆਪਾਰ॥ *(ਪੰਨਾ ੭੨੪)*

ਅਤੇ ਸੰਪੂਰਣਃ- ਸਾਰਿਆਂ ਜੀਵਾਂ ਨੂੰ ਅੱਖਾਂ ਦੇ ਫਰਕਣ ਵਿਚ ਹਰਣ= ਖਾਲੀ ਕਰਨ ਵਾਲਾ ਹੈ ਤੇ ਭਰਣ= ਭਰਪੂਰ ਕਰਨ ਵਾਲਾ ਹੈ।

ਯਥਾ- ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥ *(ਸੁਖਮਨੀ, ਪੰਨਾ ੨੮੪)*

ਤਥਾ- ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ॥ *(ਗਉੜੀ ਮਹਲਾ ੫, ਪੰਨਾ ੨੧੨)*

ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ॥ ੨੩॥

ਸਤਿਗੁਰ ਦੇਵ ਜੀ ਆਖਦੇ ਹਨ- ਐਸੇ ਸਮਰੱਥ ਅਕਾਲ ਪੁਰਖ ਦੀ ਪ੍ਰੀਤੀ ਦੀ ਪ੍ਰਾਪਤੀ ਦਾ ਕਾਰਨ ਸਤਮ= ਨਿਸਚੇ ਸਹਿਤ ਸਾਧੂ ਹੀ ਜਾਨਣਾ ਕਰੋ।

ਅਥਵਾ- ਉਸ ਵਾਹਿਗੁਰੂ ਦੇ ਸੰਤਾਂ ਨੂੰ ਸ-ਤਮ= ਸਭ ਤੋਂ ਉੱਤਮ ਜਾਣੋ। ਉਸ ਵਾਹਿਗੁਰੂ ਦੀ ਪ੍ਰਾਪਤੀ ਦਾ ਕੇਵਲ ਪ੍ਰੀਤੀ ਹੀ ਮੁਖ ਸਾਧਨ ਹੈ॥ ੨੩॥

ਪੁਨਾ ਬੇਨਤੀ ਕੀਤੀ ਕਿ ਜਿਹੜੇ ਮਨੁੱਖ ਵਾਹਿਗੁਰੂ ਨਾਮ ਨੂੰ ਭੁਲਾ ਕੇ ਇਸਤ੍ਰੀ ਪੁੱਤਰ ਆਦਿਕਾਂ ਦੇ ਮੋਹ ਵਿਖੇ ਫਸੇ ਰਹਿੰਦੇ ਹਨ, ਉਹਨਾਂ ਦੀ ਕੀ ਹਾਲਤ ਹੁੰਦੀ ਹੈ? *ਗੁਰ ਉੱਤਰ-*

ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣਃ॥

ਪਹਿਲਾ ਅਰਥ-

ਜਿਹੜੇ ਪੁਰਸ਼ ਇਸਤ੍ਰੀ ਪੁੱਤਰ ਆਦਿਕਾਂ ਦੇ ਸੁਖੇਣ= ਸੁਖਦਾਇਕ ਬਚਨ ਜਾਣ ਕੇ ਤਿਨ੍ਹਾਂ ਸਬੰਧੀਆਂ ਵਿਚ ਰਤਨੰ= ਤਦਾਕਾਰ ਹੋਏ ਰਹਿੰਦੇ ਹਨ ਅਤੇ ਕਸੁੰਭੇ ਰੰਗ ਵਤ ਜੋ ਖਿਨ ਭੰਗਰ ਪਦਾਰਥ ਹਨ, ਉਹਨਾਂ ਵਿਚ ਰਚਨੰ= ਮਿਲੇ ਰਹਿੰਦੇ ਹਨ।

ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ॥ ੨੪॥

(ਉਹਨਾਂ ਪੁਰਸ਼ਾਂ ਨੂੰ) ਰੋਗ ਤੇ ਸੋਗ= ਚਿੰਤਾ ਹਰ ਵੇਲੇ ਰਹਿੰਦੀ ਹੈ ਅਤੇ ਪਰਮੇਸ਼ਰ ਨਾਲੋਂ ਬਿਓਗੰ= ਵਿਛੋੜਾ ਵੀ ਬਣਿਆ ਰਹਿੰਦਾ ਹੈ।

ਯਥਾ- ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥
ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ॥ ੧੨੫॥ *(ਪੰਨਾ ੧੩੭੧)*

ਸਤਿਗੁਰ ਦੇਵ ਜੀ ਆਖਦੇ ਹਨ- ਸੁਖ ਤਾਂ ਉਸ ਨੂੰ ਸੁਪਨੇ ਵਿਚ ਵੀ ਨਹੀਂ ਮਿਲਦਾ।

ਦੂਜਾ ਅਰਥ- *ਸੁਖੇਣ ਬੈਣ ਰਤਨੰ=*

ਸੁਖੇਣ= ਸੁਖਦਾਇਕ, ਵਾ:-ਸੁਖ ਆਇਣ= ਆਤਮਕ ਸੁਖਾਂ ਦਾ ਘਰ-ਜੋ ਸੰਤਾਂ ਦੇ ਬਚਨ ਹਨ, ਉਹਨਾਂ ਬਚਨਾਂ ਦੇ ਗ੍ਰਹਿਣ ਕਰਨ ਵਿਖੇ ਜੋ ਪੁਰਸ਼ ਰਤਨੰ= ਪ੍ਰੀਤੀ ਕਰਦਾ ਹੈ।

ਅਥਵਾ- ਜੋ ਪੁਰਸ਼ ਗੁਰਾਂ ਦੇ ਬਚਨਾਂ ਨੂੰ ਸੁਖੇਣ= ਸੁਖਦਾਇਕ ਜਾਣ ਕੇ ਪ੍ਰੀਤੀ ਕਰਦਾ ਹੈ।

ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਕਿਹਾ ਕਿ ਦੁਪਹਿਰ ਦਾ ਵੇਲਾ ਹੈ, ਕਪੜੇ

ਧੋ ਲਿਆ। ਅੱਗੋਂ ਭਾਈ ਲਹਿਣਾ ਜੀ ਸਤਬਚਨ ਕਹਿ ਕੇ ਚਲੇ ਗਏ। ਉਥੇ ਜਾ ਕੇ ਕੀ ਦੇਖਿਆ ਕਿ ਸੱਚ-ਮੁਚ ਦੁਪਹਿਰ ਦਾ ਸੂਰਜ ਚੜ੍ਹਿਆ ਹੋਇਆ ਹੈ। ਕੱਪੜੇ ਧੋ ਕੇ, ਸੁਕਾ ਕੇ ਜਦ ਵਾਪਸ ਆਏ ਤਾਂ ਸਵੇਰ ਦੇ ਚਾਰ ਵੱਜੇ ਹੋਏ ਸਨ। ਐਸੇ ਜੋ ਭੀ ਸਤਿਗੁਰਾਂ ਦੇ ਬਚਨ ਹਨ, ਉਹਨਾਂ ਨੂੰ ਸੁਖਦਾਇਕ ਜਾਣ ਕੇ ਜੋ ਪੁਰਸ਼ ਤਦਾਕਾਰ ਹੁੰਦਾ ਹੈ।

ਰਚਨੰ ਕਸੁੰਭ ਰੰਗਣਃ ॥ :- ਉਹ ਪੁਰਸ਼ ਫਿਰ ਕਸੁੰਭੇ ਰੰਗ ਵਤ ਖਿਨ ਭੰਗਰ ਪਦਾਰਥਾਂ ਵਿਖੇ ਰਚ ਨੰ= ਤਦਾਕਾਰ ਨਹੀਂ ਹੁੰਦਾ (ਪਾਠ 'ਰਚਨੰ' ਇਕੱਠਾ ਹੀ ਹੈ।)

ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ॥ ੨੪॥

ਰੋਗਾਂ ਤੇ ਸੋਗਾਂ ਦੀ ਤਰਫੋਂ ਉਸ ਦਾ ਬਿਓਗੰ= ਵਿਛੋੜਾ ਪੈ ਜਾਂਦਾ ਹੈ। ਅਰਥਾਤ ਰੋਗ ਸੋਗ ਫਿਰ ਉਸ ਦੇ ਨੇੜੇ ਨਹੀਂ ਆਉਂਦੇ।

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਐਸੇ ਗੁਣਾਂ ਵਾਲਾ ਜੋ ਪੁਰਸ਼ ਹੈ ਉਹ ਸੁਖ ਸਰੂਪ ਦੇ ਸਹਿਤ ਹੋ ਜਾਂਦਾ ਹੈ, ਫਿਰ ਸੰਸਾਰ ਸੁਪਨੇ ਵਿਖੇ ਉਸ ਦਾ ਮਨ ਲਿਪਾਇਮਾਨ ਨਹੀਂ ਹੁੰਦਾ॥ ੨੪॥

ਇਸ ਪ੍ਰਕਾਰ ਜਦ ਗਰੀਬ ਨਿਵਾਜ਼ ਨੇ ਕਥਾ ਸੁਣਾਈ ਤਾਂ ਸੁਣਨ ਵਾਲੀ ਸਾਰੀ ਸੰਗਤ ਪ੍ਰਸੰਨ ਹੋਈ ਅਤੇ ਸਾਰੇ ਪਰੇਮੀ ਨਮਸਕਾਰ ਕਰ ਕੇ ਸਤਿਗੁਰੂ ਜੀ ਦੀ ਉਸਤਤੀ ਕਰਦੇ ਤੇ ਗੁਣ ਗਾਉਂਦੇ ਹੋਏ ਆਪੋ ਆਪਣੇ ਘਰਾਂ ਨੂੰ ਵਾਪਸ ਚਲੇ ਗਏ ਅਰ ਉਪਦੇਸ਼ ਨੂੰ ਕਮਾ ਕੇ ਸੰਸਾਰਕ ਬੰਧਨਾਂ ਨੂੰ ਕੱਟ ਕੈਵਲ ਮੋਖ ਨੂੰ ਪ੍ਰਾਪਤ ਹੋਏ।

✲-✲ਗਾਥਾ ਸਮਾਪਤੰ✲-✲

ਫੁਨਹੇ

ਫੁਨਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਫੁਨਹੇ ਪਿੰਗਲ ਅਨੁਸਾਰ ਛੰਦ ਦੀ ਚਾਲ ਹੈ। ਇਹ ਫੁਨਹੇ ਅੜਿਲ ਦੀ ਚਾਲ ਦੀ ਤਰ੍ਹਾਂ ਕਥਨ ਕੀਤੇ ਹਨ।

ਅਥਵਾ- ਪੁਨਹਾ ਛੰਦ ਵਿਖੇ ਕਥਨ ਕੀਤੇ ਹਨ। ਪੁਨਹਾ ਕਹਿ ਦਿਓ ਜਾਂ ਫੁਨਹਾ ਕਹਿ ਦਿਓ, ਇਕ ਹੀ ਗੱਲ, ਹੈ।

ਅਥਵਾ- ਪੁਨਾ ਪੁਨਾ ਸਤਿਗੁਰ ਦੇਵ ਜੀ ਉਪਦੇਸ਼ ਕਥਨ ਕਰਦੇ ਹਨ।

*ਅਥਵਾ-*ਫੁਨਹੇ ਦਾ ਅਰਥ ਤਿਆਗ ਹੈ, ਇਨ੍ਹਾਂ ਛੰਦਾਂ ਵਿਚ ਤਿਆਗ ਦਾ ਉਪਦੇਸ਼ ਕਥਨ ਕਰਦੇ ਹਨ।

ਉਥਾਨਕਾ:- ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ* ਵਿਆਹ ਵਾਸਤੇ ਜ਼ਿਲ੍ਹਾ ਜਲੰਧਰ ਮੌਉ ਨਾਮੇ ਪਿੰਡ ਵੱਲ ਤੁਰੇ ਸਨ ਤਾਂ ਰਾਤ ਬਿਲਗੇ ਠਹਿਰੇ ਸਨ। ਉਥੋਂ ਦੀ ਸੰਗਤ ਨੇ ਗੁਰੂ ਸਾਹਿਬ ਜੀ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ ਪਹਿਲੇ ਕਪੜੇ ਉਤਾਰ ਕੇ ਇਸ਼ਨਾਨ ਪਾਣੀ ਕਰ ਕੇ ਫਿਰ ਕੇਸਰੀ ਰੰਗ ਦੇ ਵਿਆਹਾਂ ਵਾਲੇ ਕਪੜੇ ਪਹਿਨੇ। ਜੋ ਕਪੜੇ ਰਾਤ ਵੇਲੇ ਉਤਾਰੇ ਸਨ, ਉਹ ਸਿੱਖਾਂ ਨੂੰ ਬਖਸ਼ ਦਿਤੇ, ਜੋ ਹੁਣ ਤਕ ਬਿਲਗੇ ਗੁਰਦੁਆਰੇ ਵਿਚ "ਪਗ, ਕੁੜਤਾ, ਕਛੈਹਰਾ" ਮੌਜੂਦ ਹੈ। ਜਿਸ ਵੇਲੇ ਗੁਰੂ ਸਾਹਿਬ ਜੀ 'ਨਿਤਨੇਮ' ਬਾਣੀ ਦਾ ਪਾਠ ਕਰ ਚੁਕੇ ਤਾਂ ਗੁਰੂ ਸਾਹਿਬ ਜੀ ਨੂੰ ਪ੍ਰਸੰਨਤਾ ਵਿਚ ਬੈਠਿਆਂ ਵੇਖ ਕੇ ਸਿੱਖਾਂ ਨੇ ਬੇਨਤੀ ਕੀਤੀ ਕਿ ਇਥੇ ਕਿਸੇ ਪੀਰ ਦਾ ਸਰਾਪ ਹੈ ਜਿਸ ਕਰਕੇ ੧੨ ਕੁੱਲੀਆਂ ਹੀ ਵਸਦੀਆਂ ਹਨ ਬੜੇ ਯਤਨ ਕੀਤੇ ਹਨ ਪਰ ਤੇਰ੍ਹਵੀਂ ਕੁੱਲੀ ਨਹੀਂ ਵਸਦੀ। ਆਪ ਇਸ ਦੇ ਵਸਣ ਦਾ ਵਰ ਬਖਸ਼ੋ ਤਾਂ ਗਰੀਬ ਨਿਵਾਜ਼ ਨੇ ਕਿਹਾ-ਫਿਕਰ ਨਾ ਕਰੋ ਇਹ ਨਗਰ ਇਤਨਾ ਸੰਘਣਾ ਵਸੇਗਾ ਜੋ ਕਿ ਇਸ ਦੇ ੧੨ ਦਰਵਾਜ਼ੇ ਹੋਣਗੇ।

ਉਹ ਵਰ ਦਿੱਤਾ ਹੋਇਆ ਐਸਾ ਫਲਿਆ ਹੈ ਜੋ ਹੁਣ +ਬਿਲਗੇ ਸ਼ਹਿਰ ਦੇ ਬਾਰਾਂ ਹੀ ਦਰਵਾਜ਼ੇ ਬੜੇ ਸੋਹਣੇ ਵਸਦੇ ਨਿਗਾਹ ਆ ਰਹੇ ਹਨ।

ਫਿਰ ਗੁਰੂ ਜੀ ਤਿਆਰ ਹੋ ਕੇ ਮੌਉ ਨਾਮੇ ਪਿੰਡ ਵਿਚ ਗਏ (ਜੋ ਫਲੌਰ ਸਟੇਸ਼ਨ ਤੋਂ ੬ ਮੀਲ ਹੈ)। ਬਿਲਗੇ ਸਟੇਸ਼ਨ ਤੋਂ ਤਿੰਨ ਕੁ ਮੀਲ ਹੈ, ਪ੍ਰਤਾਪ ਪੁਰੇ ਤੋਂ ਢਾਈ ਮੀਲ-ਦੱਖਣ ਵਲ ਹੈ।

ਜਿਵੇਂ ਵਿਵਾਹ ਦੇ ਸਮੇਂ ਜਦ ਲੜਕਾ ਜਾਂਦਾ ਹੈ ਤਾਂ ਇਸਤ੍ਰੀਆਂ ਕਈ ਤਰ੍ਹਾਂ ਦੇ ਮਖੌਲ ਕਰਦੀਆਂ ਹਨ।

**ਕਿਸ਼ਨ ਚੰਦ ਖੱਤ੍ਰੀ ਦੀ ਪਤਨੀ ਧਨਵੰਤੀ ਦੇ ਉਦਰ ਤੋਂ ਪੈਦਾ ਹੋਈ ਜੋ ਸਪੁੱਤਰੀ ਗੰਗਾ ਮਾਤਾ ਜੀ ਹਨ ਉਹਨਾਂ ਦੇ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ੁਭ ਵਿਆਹ ੨੩ ਹਾੜ ਸੰਮਤ ੧੬੩੬ ਨੂੰ ਹੋਇਆ ਹੈ।*

ਵਿਆਹ ਵਾਲੀ ਥਾਂ ਪਰ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਅੱਠ ਘੁਮਾਉਂ ਜ਼ਮੀਨ ਵੀ ਗੁਰਦੁਆਰੇ ਦੇ ਨਾਲ ਹੈ, ਗੁਰੂ ਸਾਹਿਬ ਜੀ ਦੇ ਸਮੇਂ ਦਾ ਇਕ ਖੂਹ ਭੀ ਹੈ।

੨੧-੨੨-੨੩ ਹਾੜ ਨੂੰ ਇਥੇ ਬੜਾ ਭਾਰੀ ਮੇਲਾ ਲਗਦਾ ਹੈ। (ਮਹਾਨ ਕੋਸ਼)

+ਬਿਲਗੇ:- ਗੁਰਦੁਆਰੇ ਨਾਲ ੩੦ ਘੁਮਾਉਂ ਜ਼ਮੀਨ ਸਮੇਤ ਦੋ ਖੂਹਾਂ ਦੇ, ਮਹਾਰਾਜ ਰਣਜੀਤ ਸਿੰਘ ਜੀ ਵਲੋਂ ਮੁਆਫੀ ਹੈ. ਪੁਜਾਰੀ ਸਿੰਘ ਹੈ। (ਮਹਾਨ ਕੋਸ਼)

ਏਥੇ ੧੮-੧੯-੨੦ ਹਾੜ ਨੂੰ ਮੇਲਾ ਲਗਦਾ ਹੈ।

ਕਿੱਲੇ ਜ਼ਮੀਨ ਵਿਚ ਗੱਡ ਕੇ ਆਖਦੀਆਂ ਹਨ ਇਸ ਨੂੰ ਪੁੱਟ। ਜੇ ਤਾਂ ਇਕੋ ਠੁੱਡੇ ਨਾਲ ਪੁੱਟ ਦੇਵੇ, ਫਿਰ ਤਾਂ ਚੁਪ ਰਹਿੰਦੀਆਂ ਹਨ ਜੇ ਨਾ ਪੁਟਿਆ ਜਾਵੇ ਤਾਂ ਫਿਰ ਹਾਸੀ ਕਰਦੀਆਂ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਵੀ ਮੋਉ ਪਿੰਡ ਦੀਆਂ ਇਸਤ੍ਰੀਆਂ ਨੇ ਮਖੌਲ ਕੀਤਾ। ਘਰ ਦੇ ਵਿਹੜੇ ਵਿਚ ਇਕ ਜੰਡ ਦਾ ਬ੍ਰਿਛ ਖਲੋਤਾ ਸੀ ਉਸ ਦੀਆਂ ਉਪਰੋਂ ਟਾਹਣੀਆਂ ਟਾਹਣ ਵਗੈਰਾ ਵਢਵਾ ਕੇ ਕਿੱਲੇ ਮਾਫਕ ਖੜਾ ਰਹਿਣ ਦਿੱਤਾ ਤੇ ਗੁਰੂ ਜੀ ਨੂੰ ਕਿਹਾ ਕਿ 'ਇਸ ਕਿੱਲੇ ਨੂੰ ਪੁੱਟੋ ਤਾਂ ਅੰਤਰਜਾਮੀ ਗੁਰੂ ਜੀ ਨੇ ਵਿਚਾਰਿਆ ਇਨ੍ਹਾਂ ਔਰਤਾਂ ਦਾ ਸਾਡੇ ਪਰ ਨਿਸਚਾ ਨਹੀਂ ਹੈ ਇਹ ਤਾਂ ਆਮ ਲੜਕਿਆਂ ਵਾਂਗ ਸਾਡੇ ਨਾਲ ਵੀ ਮਖੌਲ ਕਰ ਰਹੀਆਂ ਹਨ।

ਪਰ ਗੁਰੂ ਸਾਹਿਬ ਜੀ ਨੇ ਉਨ੍ਹਾਂ ਦਾ ਬਚਨ ਮੰਨ ਕੇ ਜਦ ਆਪਣਾ ਪਵਿੱਤਰ ਚਰਨ ਉਸ ਜੰਡ ਨਾਲ ਛੁਹਾਇਆ ਤਾਂ ਉਹ ਬ੍ਰਿਛ ਉਸੇ ਵੇਲੇ ਜੜ੍ਹਾਂ ਸਹਿਤ ਬਾਹਰ ਨਿਕਲ ਕੇ ਡਿੱਗ ਪਿਆ।

ਤਾਂ ਹਜ਼ੂਰ ਨੇ ਕਿਹਾ- ਜਿਵੇਂ ਇਸ ਬ੍ਰਿਛ ਦੀਆਂ ਜੜ੍ਹਾਂ ਪੁਟੀਆਂ ਗਈਆਂ ਹਨ, ਓਵੇਂ ਇਸ ਨਗਰ ਦੀਆਂ ਵੀ ਜੜ੍ਹਾਂ ਪੁਟੀਆਂ ਜਾਣਗੀਆਂ, ਇਹ ਨਗਰ ਇਥੇ ਨਹੀਂ ਵਸੇਗਾ। ਕਿਉਂਕਿ —

ਮਉ ਮਾਰੀ ਕਰਤਾਰ ਏਥੇ ਵਸਦੇ ਝੂਠੇ। ਸਿਰੀ ਜਿਨ੍ਹਾਂ ਦੇ ਟੋਪੀਆਂ ਹਥੀ ਫੜਾਏ ਠੂਠੇ।

ਇਹ ਸਰਾਪ ਵਾਲਾ ਬਚਨ ਸੁਣ ਕੇ ਸਭ ਔਰਤਾਂ ਡਰ ਗਈਆਂ ਤੇ ਕਹਿੰਦੀਆਂ ਹਨ ਹੁਣ ਤਾਂ ਅਸੀਂ ਮਰ ਗਈਆਂ ਜੋ ਸਰਾਪ ਮਿਲ ਗਿਆ ਹੈ। ਇਕ ਔਰਤ ਨੇ ਕਿਹਾ- ''ਇਹਨਾਂ ਦੀ ਸਾਲੀ ਨੂੰ ਕਹੋ ਉਹ ਬਖਸ਼ਵਾ ਦੇਵੇ।'' ਤਾਂ ਸਾਰੀਆਂ ਨੇ ਦੌੜ ਕੇ ਆ ਕੇ ਸਾਲੀ ਨੂੰ ਕਿਹਾ ਕਿ ਸਾਨੂੰ ਤਾਂ ਗੁਰੂ ਸਾਹਿਬ ਜੀ ਨੇ ਸਰਾਪ ਦੇ ਦਿੱਤਾ ਹੈ ਤੂੰ ਨਾਲ ਜਾ ਕੇ ਬਖਸ਼ਵਾ ਦੇ। ਉਸ ਵੇਲੇ ਗੁਰੂ ਜੀ ਦੀ ਸਾਲੀ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਦਿਆਲੂ ਕਿਰਪਾਲੂ ਹੋ ਇਨ੍ਹਾਂ ਦੇ ਕੀਤੇ ਗੁਨਾਹ ਨੂੰ ਬਖਸ਼ ਦਿਓ।

ਉਸ ਵੇਲੇ ਗਰੀਬ ਨਿਵਾਜ਼ ਨੇ ਆਪਣੀ ਸਾਲੀ 'ਹਰਿਹਾਂ' ਨੂੰ ਮੁੱਖ ਰੱਖ ਕੇ ਸਾਰੀਆਂ ਔਰਤਾਂ ਤੇ ਸੰਗਤਾਂ ਦੇ ਪ੍ਰਤੀ ਇਹ ਸਾਰੇ ਫੁਨਹੇ ਉਚਾਰਨ ਕਰ ਕੇ ਸਮਝਾਇਆ ਕਿ ਸਾਡੇ ਕੁਝ ਅਖਤਿਆਰ ਨਹੀਂ, ਪ੍ਰਭੂ ਦਾ ਹੁਕਮ ਹੀ ਐਸਾ ਹੈ ਉਸ ਦੇ ਹੁਕਮ ਵਿਚ ਹੀ ਸਭ ਕੁਝ ਹੋ ਰਿਹਾ ਹੈ।

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ॥

ਹੇ ਹਰਿਹਾਂ! ਅਗੰਮ= ਬਿਅੰਤ ਰੂਪ ਅਕਾਲ ਪੁਰਖ ਦੇ ਹੱਥ ਵਿਚ ਹੁਕਮ ਰੂਪ ਕਲਮ ਫੜੀ ਹੋਈ ਹੈ। ਉਹ ਹੁਕਮ ਰੂਪ ਕਲਮ ਹੀ ਸਾਰਿਆਂ ਜੀਵਾਂ ਦੇ ਮਸਤਕਿ ਮੱਥੇ ਉੱਤੇ ਸ਼ੁਭਾਸ਼ੁਭ ਕਰਮਾਂ ਦੇ ਲੇਖ ਲਿਖਣ ਵਿਚ ਆਵਤਿ= ਆ ਰਹੀ ਹੈ।

ਅਥਵਾ- ਹੁਕਮ ਰੂਪੀ ਹੱਥ ਵਿਖੇ ਅਗੰਮ ਕਲਮ ਨੂੰ ਪਕੜਿਆ ਹੋਇਆ ਹੈ।

ਵਾ:-ਅਗੰਮ ਹੱਥ ਵਿਖੇ ਹੁਕਮ ਰੂਪ ਕਲਮ ਨੂੰ ਪਕੜਿਆ ਹੋਇਆ ਹੈ।

ਇਸ ਹੁਕਮ ਰੂਪ ਕਲਮ ਦੁਆਰੇ ਹੀ ਸਭ ਜੀਵਾਂ ਦੇ ਮੱਥੇ ਪਰ ਲੇਖ ਲਿਖਿਆ ਹੋਇਆ ਹੈ।

ਭਾਵ ਉਸ ਅਕਾਲ ਪੁਰਖ ਨੇ ਹੀ ਇਸ ਨਗਰੀ ਦੇ ਉਜੜਨ ਦਾ ਲੇਖ ਲਿਖਿਆ ਹੋਇਆ ਹੈ। ਫਿਰ ਹਰਿਹਾਂ ਨੇ ਕਿਹਾ- ਜਿਸ ਅਕਾਲ ਪੁਰਖ ਨੇ ਇਹ ਲੇਖ ਲਿਖਿਆ ਹੈ, ਉਹ ਪ੍ਰਭੂ ਰਹਿੰਦਾ ਕਿਥੇ ਹੈ? ਆਪ ਕਿਰਪਾ ਕਰ ਕੇ ਦੱਸੋ, ਅਸੀਂ ਉਸੇ ਪਾਸੋਂ ਜਾ ਕੇ ਬਖਸ਼ਾ ਲਈਏ।

'ਹਰਿਹਾਂ' ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਗੁਰਦੇਵ ਜੀ ਆਖਦੇ ਹਨ-

ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥

ਹੇ ਹਰਿਹਾਂ! ਅਨੂਪ ਰੂਪਾਵਤੀ= ਉਪਮਾ ਤੋਂ ਰਹਿਤ ਸੁੰਦਰ ਰੂਪ ਵਾਲਾ ਜੋ ਅਕਾਲ ਪੁਰਖ ਹੈ, ਉਹ ਸਾਰਿਆਂ ਦੇ ਸੰਗਿ= ਨਾਲ ਉਰਝਿ= ਮਿਲ ਰਿਹਾ ਹੈ।

ਯਥਾ- ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥ *(ਪੰਨਾ ੧੪੨੬)*

ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥

ਹੇ ਹਰਿਹਾਂ! ਤੁਹਾਰੀਆ= ਤਿਸ ਅਕਾਲ ਪੁਰਖ ਦੀ ਉਸਤਤੀ ਮੁਖ ਨਾਲ ਕਥਨ ਨਹੀਂ ਕੀਤੀ ਜਾ ਸਕਦੀ।

ਯਥਾ- ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ॥
ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ॥ ੪॥
(ਤੁਖਾਰੀ ਛੰਤ ਮਹਲਾ ੫, ਪੰਨਾ ੧੧੧੭)

ਤਥਾ- ਪਿਤਾ ਮੇਰੋ ਬਡੋ ਧਨੀ ਅਗਮਾ॥
ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥ ੧॥ *(ਗੂਜਰੀ ਮਹਲਾ ੫, ਪੰਨਾ ੫੦੭)*

ਤਥਾ- ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ॥
(ਦੇਵਗੰਧਾਰੀ ਮਹਲਾ ੫, ਪੰਨਾ ੫੨੮)

ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ॥ ੧॥

ਸਤਿਗੁਰ ਦੇਵ ਜੀ ਆਖਦੇ ਹਨ- ਸਾਡੀ ਬੁੱਧੀ ਤਿਸ ਪ੍ਰਭੂ ਦੇ ਦਰਸ਼ਨ ਨੂੰ ਵੇਖ ਕੇ ਮੋਹੀ= ਮੋਹਤ ਹੋਈ ਹੈ ਇਸ ਕਰ ਕੇ ਮੈਂ ਤਿਸ ਉਪਰੋਂ ਬਲਿਹਾਰ ਤੇ ਕੁਰਬਾਨ ਜਾਂਦੀ ਹਾਂ॥੧॥

ਯਥਾ- ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ॥ ੨॥
(ਤੁਖਾਰੀ ਛੰਤ ਮਹਲਾ ੫, ਪੰਨਾ ੧੧੧੭)

ਪ੍ਰਸ਼ਨ- ਉਸ ਸੱਜਣ ਪਰਮਾਤਮਾ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ? *ਗੁਰ ਉੱਤਰ-*
(ਇਸ ਸਲੋਕ ਦੀ ਅਖੀਰਲੀ ਪੰਗਤੀ ਦਾ ਅਰਥ ਪਹਿਲੇ ਕਰਨਾ।)
ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ॥ ੨॥

ਹੇ ਹਰਿਹਾਂ*! ਜੇਕਰ ਮੱਥੇ ਦੇ ਪੂਰਨ ਭਾਗ ਫਲ ਦੇਣ ਨੂੰ ਸਨਮੁਖ ਹੋਣ ਤਾਂ ਸੱਜਣ ਪਰਮਾਤਮਾ ਪਾਇਆ ਜਾਂਦਾ ਹੈ। ਭਾਗ ਸ੍ਰੇਸ਼ਟ ਤਾਂ ਹੁੰਦੇ ਹਨ ਜਾਂ ਇਸ ਪ੍ਰਕਾਰ ਪ੍ਰਭੂ ਅੱਗੇ ਬੇਨਤੀਆਂ ਕਰੇ—

ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ॥

**ਹਰਿਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਾਲੀ ਦਾ ਨਾਮ ਹੈ, ਇਸ ਵਾਸਤੇ ਹਰਿਹਾਂ ਨੂੰ ਹੀ ਸਾਰਿਆਂ ਫੁਨਹਿਆਂ ਵਿਚ ਸੰਬੋਧਨ ਕੀਤਾ ਹੈ। ਇਹਨਾਂ ਫੁਨਹਿਆਂ ਵਿਚ ਗੁਰੂ ਜੀ ਨੇ ਪਰਮਾਤਮਾ ਨੂੰ ਪਤੀ ਰੂਪ ਤੇ ਆਪਣੇ ਆਪ ਨੂੰ ਇਸਤ੍ਰੀ ਰੂਪ ਕਰ ਕੇ ਵਰਣਨ ਕੀਤਾ ਹੈ।*

ਦੂਜਾ ਅਰਥ- *ਹਰਿਹਾਂ=ਹੇ ਭਾਈ !*
ਵਾ:-ਹੇ ਹਰੀ ਦੇ ਪਿਆਰੇ! ਤਿੰਨਾਂ ਅਰਥਾਂ 'ਚੋਂ ਕੋਈ ਅਰਥ ਕਰ ਲਵੋ, ਸਭ ਠੀਕ ਹਨ।

ਸੰਤਾਂ ਦੀ* ਸਭਾ ਵਿਚ ਬੈਠ ਕੇ ਹੇ ਪ੍ਰਭੂ ! ਮੈਂ ਆਪ ਜੀ ਦੀ ਕਿ= ਕਿਹੜੀ ਕਿਹੜੀ ਕੀਰਤੀ ਕਹਾਂ ਭਾਵ ਆਪ ਦੀ ਸਾਰੀ ਉਸਤਤੀ ਮੈਂ ਕਹਿ ਨਹੀਂ ਸਕਦੀ।

ਅਥਵਾ- ਕਿ= ਜੋ ਸੰਤ ਜਨ ਆਪ ਜੀ ਦੀ ਕੀਰਤਨ ਭਗਤੀ ਦੇ ਤਾਈਂ ਕਰਦੇ ਹਨ, ਤਿਨ੍ਹਾਂ ਸੰਤਾਂ ਦੀ ਸਭਾ ਵਿਖੇ ਬੈਠ ਕੇ ਹੇ ਵਾਹਿਗੁਰੂ ! ਮੈਂ ਭੀ ਆਪ ਜੀ ਦੀ ਕੀਰਤਨ ਭਗਤੀ ਨੂੰ ਕਹਿੰਦੀ ਹਾਂ।

ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ॥

ਸਾਰੇ ਜਪ ਤਪ ਰੂਪ ਸ਼ਿੰਗਾਰ, ਵਾ:-ਪ੍ਰਤੱਖ ਸ਼ਿੰਗਾਰ ਵੀ ਮੈਂ ਆਪ ਜੀ ਅੱਗੇ ਅਰਪਣ ਕਰਦੀ ਹਾਂ, ਭਾਵ ਸਾਧਨਾ ਦਾ ਹੰਕਾਰ ਤਿਆਗਦੀ ਹਾਂ ਅਤੇ ਸਾਰਾ ਜੀਵਨ ਵੀ ਮੈਂ ਆਪ ਜੀ ਅੱਗੇ ਦਿਵਾ= ਦਿੰਦੀ ਹਾਂ।

ਆਸ ਪਿਆਸੀ ਸੇਜ ਸੁ ਕੰਤਿ ਵਿਛਾਈਐ॥

ਹੇ ਕੰਤਿ= ਪਤੀ ਪਰਮਾਤਮ ਦੇਵ! ਮੈਂ ਆਪ ਦੀ ਪ੍ਰਾਪਤੀ ਦੀ ਆਸਾ ਦੀ ਪਿਆਸੀ ਹੋਣ ਕਰ ਕੇ ਬੁੱਧੀ ਰੂਪ ਸਿਹਜਾ, ਵਾ:-ਸ਼ਰਧਾ ਰੂਪ ਸਿਹਜਾ ਨੂੰ ਵਿਛਾਉਂਦੀ ਹਾਂ।

ਹਰਿਹਾਂ ਮਸਤਕਿ ਹੋਵੈ ਭਾਗੁ ਤਾਂ ਸਾਜਨੁ ਪਾਈਐ॥ ੨॥

ਹੇ ਹਰਿਹਾਂ ! ਜੇ ਮਸਤਕ ਦੇ ਚੰਗੇ ਭਾਗ ਹੋਣ ਤਾਂ ਸੱਜਣ ਪ੍ਰਮਾਤਮਾ ਪ੍ਰਾਪਤ ਹੁੰਦਾ ਹੈ।

ਅੰਤ੍ਰੀਵ ਸਿਹਜਾ ਦਾ ਰੂਪਕ ਅਲੰਕਾਰ- ਅੰਤਹਕਰਨ ਰੂਪ ਸਿਹਜਾ ਹੈ। ਮਨ ਬੁੱਧ, ਚਿੱਤ, ਹੰਕਾਰ ਰੂਪ ਚਾਰ ਪਾਵੇ ਹਨ। ਬਿਰਤੀਆਂ ਰੂਪ ਹੀਆਂ ਤੇ ਸੇਰੂ ਹਨ। ਪ੍ਰੇਮ ਰੂਪ ਵਾਣ ਹੈ। ਨਿਸਚਾ ਰੂਪ ਪੈਂਦ ਹੈ। ਤੁਲਤਾ ਦੀ ਤੁਲਾਈ ਹੈ। ਸਮਤਾ ਰੂਪ ਵਿਛਾਈ ਹੈ। ਹੰਕਾਰ ਤਿਆਗਣ ਰੂਪ ਸਿਰ੍ਹਾਣਾ ਹੈ।

ਯਥਾ- ਸਿਰਹਾਨਾ ਅਵਰ ਤੁਲਾਈ॥ *(ਪੰਨਾ ੬੫੬)*

+ਮਹਾਂ ਵਾਕਾਂ ਰੂਪ ਸੇਜ ਬੰਦ ਹਨ। ਸ਼ਬਦ ਸਪਰਸ਼ ਆਦਿਕਾਂ ਨੂੰ ਤਿਆਗ ਕੇ ਸ਼ੁਭ ਗੁਣਾਂ ਦਾ ਗ੍ਰਹਿਣ ਕਰਨਾ ਇਹ ਫੁੱਲ ਹਨ। ਇਸ ਪ੍ਰਕਾਰ ਦੀ ਮੈਂ ਸਿਹਜਾ ਵਿਛਾਈ ਹੈ, ਹੇ ਪ੍ਰਭੂ! ਆਪ ਕਿਰਪਾ ਕਰ ਕੇ ਜਲਦੀ ਮੈਨੂੰ ਪ੍ਰਾਪਤ ਹੋਵੋ। ਇਸ ਤਰ੍ਹਾਂ ਨਿੰਮ੍ਰਤਾ ਸਹਿਤ ਬੇਨਤੀ ਕਰਨ ਨਾਲ ਸ੍ਰੇਸ਼ਟ ਭਾਗ ਜਾਗਦੇ ਹਨ ਤੇ ਸ੍ਰੇਸ਼ਟ ਭਾਗਾਂ ਕਰ ਕੇ ਹੀ ਪਰਮਾਤਮਾ-ਪਤੀ ਮਿਲਦਾ ਹੈ॥ ੨॥

ਜਿਨ੍ਹਾਂ ਸਾਧਨਾਂ ਵਿਖੇ ਉਸ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੈ, ਉਹਨਾਂ ਸਾਧਨਾਂ ਵਿਖੇ ਦ੍ਰਿਸ਼ਟਾਂਤ ਦੁਆਰਾ ਨਿਸਫਲਤਾ ਕਥਨ ਕਰਦੇ ਹਨ-

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥

ਜਿਸ ਸਖੀ= ਇਸਤ੍ਰੀ ਨੇ ਅੱਖਾਂ ਵਿਚ ਕਾਜਲ= ਕੱਜਲ ਤੇ ਗਲ ਵਿਖੇ ਹਾਰ ਤੇ ਮੁਖ ਵਿਚ ਤੰਬੋਲ=

**ਸਾਰੀਆਂ ਛੇ ਸਭਾ ਕਥਨ ਕੀਤੀਆਂ ਹਨ-*

ਇਕ ਸਿਧ ਸਭਾ ਹੈ	*ਯਥਾ-ਸਿਧ ਸਭਾ ਕਰਿ ਆਸਣਿ ਬੈਠੇ... ॥*
ਦੂਜੀ ਸੰਤ ਸਭਾ ਹੈ	*ਯਥਾ-...ਸੰਤ ਸਭਾ ਜੈਕਾਰੋ॥*
ਤੀਜੀ ਗੁਰ ਸਭਾ ਹੈ	*ਯਥਾ-ਗੁਰ ਸਭਾ ਏਵ ਨ ਪਾਈਐ... ॥*
ਚੌਥੀ ਸਿੱਖ ਸਭਾ ਹੈ	*ਯਥਾ-ਸਿਖ ਸਭਾ ਦੀਖਿਆ ਕਾ ਭਾਉ॥*
ਪੰਜਵੀਂ ਦੁਸ਼ਟ ਸਭਾ ਹੈ	*ਯਥਾ-ਦੁਸਟੀ ਸਭਾ ਵਿਗੁਚੀਐ... ॥*
	ਦੁਸਟ ਸਭਾ ਮਹਿ ਮੰਤ੍ਰ ਪਕਾਇਆ॥

ਛੇਵੀਂ ਸਿੰਘ ਸਭਾ ਹੈ ਪਰ ਇਹ ਨਾਮ ਅੱਜ ਕੱਲ੍ਹ ਸਿੱਖਾਂ ਨੇ ਰਖਿਆ ਹੈ।

+ਤੁਤ੍ਵਮਸੀ, ਪਰਗਿਆਨਮਾਨੰਦ ਬ੍ਰਹਮ, ਅਹੰ ਬ੍ਰਹਮਾਸਮੀ, ਅਯੰ ਆਤਮ ਬ੍ਰਹਮ, ਏਹ ਚਾਰ ਮਹਾਵਾਕ ਹਨ।

www.sikhbookclub.com

ਪਾਨ ਦਾ ਬੀੜਾ ਇਤਿਆਦਿਕ ਸਭ ਸ਼ਿੰਗਾਰਾਂ ਨੂੰ ਸਾਜਿਆ= ਸਾਜਣਾ ਕੀਤਾ ਹੈ। ਅਤੇ-

ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥

ਆਪਣੇ ਸਰੀਰ ਉਪਰ ਸੋਲਾਂ* ਸ਼ਿੰਗਾਰ ਵੀ ਸਾਜਣਾ ਕੀਤੇ ਹਨ ਕਿ= ਜੋ ਅੱਖਾਂ ਵਿਚ ਅੰਜਨੁ= ਸੁਰਮਾਂ** ਵੀ ਪਾਇਆ ਹੈ।

ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥

ਜੇਕਰ ਘਰ ਵਿਚ ਕੰਤੁ= ਪਤੀ ਆ ਜਾਵੇ ਤਾਂ ਔਰਤ ਦਾ ਸਭ ਕੁਛ ਪਾਇਆ ਹੋਇਆ ਸਫਲ ਹੈ।

ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥ ੩ ॥

ਹੇ ਹਰਿਹਾਂ! ਆਪਣੇ ਪਤੀ (ਦੇ ਪਾਏ) ਤੋਂ ਬਾਝੁ= ਬਿਨਾਂ ਔਰਤ ਦਾ ਸਭ ਸ਼ਿੰਗਾਰ ਕੀਤਾ ਹੋਇਆ ਬਿਰਥਾ= ਨਿਸਫਲ ਚਲਿਆ ਜਾਂਦਾ ਹੈ।

ਯਥਾ- ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ ॥
ਕਾਜਲ ਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ ॥ *(ਪੰਨਾ ੧੦੯੪)*

ਤਥਾ- ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥ *(ਪੰਨਾ ੧੦੯੪)*

ਅੰਤ੍ਰੀਵ ਅਰਥ-

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ ॥

ਇਸੇ ਤਰ੍ਹਾਂ ਜਗਿਆਸੂ ਰੂਪ ਸਖੀ ਨੇ ਸਮਾਧੀ ਰੂਪ ਕੱਜਲ ਤੇ ਹਰਿ ਹਰਿ ਕਰਨ ਰੂਪ ਹਾਰ, ਚਾਰ ਵੇਦਾਂ ਦੇ ਚਾਰੇ ਮਹਾਂਵਾਕ ਉਚਾਰਨ ਰੂਪ ਪਾਨਾਂ ਦੇ ਬੀੜੇ, ਵੈਰਾਗ ਵਿਵੇਕ, ਖਟ ਸੰਪੱਤੀ, ਮੋਖ ਇੱਛਾ ਆਦਿਕ ਸਭ ਕੁਛ (ਸ਼ਿੰਗਾਰਾਂ ਨੂੰ) ਸਾਜਣਾ ਕੀਤਾ ਹੈ।

ਸੋਲਹ ਕੀਏ ਸੀਗਾਰ= ਦਸ ਇੰਦ੍ਰੇ, ਪੰਜ ਪ੍ਰਾਣ, ਇਕ ਮਨ, ਇਹਨਾਂ ਦੇ ਦਮਨ ਕਰਨ ਰੂਪ ਸੋਲ੍ਹਾਂ ਸ਼ਿੰਗਾਰਾਂ ਨੂੰ ਕੀਤਾ ਹੈ।

ਅਥਵਾ ਸੋਲਾਂ ਸ਼ਿੰਗਾਰ-

ਦੋਹਿਰਾ- ਤ੍ਰੈ ਕਾਲੇ ਦੋ ਉਜਲੇ ਪਤਲੇ ਪੰਜ ਪ੍ਰਕਾਰ।
ਚਾਰ ਪੁਸ਼ਟ ਦੁਇ ਕਠਿਨ ਹੈ, ਇਹ ਸੋਲ੍ਹਾਂ ਸ਼ਿੰਗਾਰ।

ਤ੍ਰੈ ਕਾਲੇ- ਤਿੰਨਾਂ ਕਾਲਾਂ ਵਿਖੇ ਪਰਮੇਸ਼ਰ ਦਾ ਭਜਨ ਕਰਨਾ, ਵਾ:-ਤਿੰਨਾਂ ਕਾਲਾਂ ਵਿਖੇ ਟੱਲੀਆਂ ਵਜਾ ਕੇ ਸੰਧਿਆ ਕਰਨੀ। *ਅਥਵਾ-*ਤਿੰਨਾਂ ਗੁਣਾਂ ਦਾ ਕਾਲੇ= ਅਭਾਵ ਕਰਨਾ।

**ਸੋਲ੍ਹਾਂ ਸ਼ਿੰਗਾਰ ਇਹ ਹਨ-*
ਤ੍ਰੈ ਕਾਲੇ, ਦੋ ਉਜਲੇ, ਪਤਲੇ ਪੰਜ ਪ੍ਰਕਾਰ। ਚਾਰ ਪੁਸ਼ਟ ਦੁਇ ਕਠਿਨ ਹੈ, ਇਹ ਸੋਲ੍ਹਾਂ ਸ਼ਿੰਗਾਰ।
ਤ੍ਰੈ ਕਾਲੇ- *ਸਿਰ ਦੇ ਕੇਸ, ਨੇਤਰਾਂ ਦੀਆਂ ਧੀਰੀਆਂ ਤੇ ਅਸਥਨਾਂ ਦੀਆਂ ਨੋਕਾਂ।*
ਦੋ ਉਜਲੇ- *ਨਹੁੰ ਤੇ ਦੰਦ।* ***ਪਤਲੇ ਪੰਜ ਪ੍ਰਕਾਰ-*** *ਹੋਂਠ, ਨੱਕ, ਗਰਦਨ, ਲੱਕ, ਉਂਗਲੀਆਂ।*
ਚਾਰ ਪੁਸ਼ਟ-ਦੋ ਬਾਹਵਾਂ ਦੇ ਡੌਲੇ ਤੇ ਦੋਵੇਂ ਪੱਟ।
ਦੁਇ ਕਠਿਨ-ਦੋਵੇਂ ਅਸਥਨ ਕਰੜੇ ਹੋਣਾ। ਇਹ ਸੋਲ੍ਹਾਂ ਸ਼ਿੰਗਾਰ ਬਾਹਰਲੇ ਹਨ।
***ਸੁਰਮਾਂ ਹੋਰ ਹੁੰਦਾ ਹੈ ਤੇ ਕੱਜਲ ਹੋਰ ਹੁੰਦਾ ਹੈ, ਦੋਵੇਂ ਅੱਖਾਂ ਵਿਚ ਹੀ ਪਾਈਦੇ ਹਨ।*

ਦੋ ਉਜਲੇ- ਦੋ ਲੋਕ ਪ੍ਰਲੋਕ ਵਿਖੇ ਆਪਣਾ ਉੱਜਲ ਜਸ ਕਰਵਾ ਲੈਣਾ।

ਅਥਵਾ- ਮਨ ਬੁੱਧੀ ਉੱਜਲ ਕਰਨੇ।

ਪਤਲੇ ਪੰਜ ਪ੍ਰਕਾਰ- ਪੰਜਾਂ ਕਾਮ ਆਦਿਕਾਂ ਨੂੰ ਪਤਲਿਆਂ ਕਰਨਾ ਭਾਵ ਵਿਸ਼ਿਆਂ ਤੋਂ ਰਹਿਤ ਕਰਨਾ।

ਚਾਰ ਪੁਸ਼ਟ- ਵੈਰਾਗ, ਵਿਵੇਕ, ਖਟ ਸੰਪੱਤੀ, ਮੋਖ ਇੱਛਾ ਰੂਪ ਚਾਰ ਸਾਧਨਾਂ ਨੂੰ ਚੰਗੀ ਤਰ੍ਹਾਂ ਪੁਸ਼ਟ ਕਰਨਾ।

ਦੁਇ ਕਠਿਨ- ਦੋ ਜੀਵ ਈਸ਼ਵਰ ਦੀ ਏਕਤਾ ਨਿਸਚੇ ਕਰਨ ਰੂਪ ਕਠਿਨ ਸਾਧਨ ਕਰਨੇ, ਇਤਿਆਦਿਕ ਚਾਹੇ ਸੋਲਾਂ ਸ਼ਿੰਗਾਰਾਂ ਨੂੰ ਵੀ ਕਰ ਲਿਆ ਹੈ। ***ਕਿ ਅੰਜਨੁ ਪਾਜਿਆ॥*** ਕਿ= ਜੋ ਬੁੱਧੀ ਰੂਪ ਅੱਖਾਂ ਵਿਚ ਸ਼ਾਸਤ੍ਰ ਗਿਆਨ ਰੂਪ ਸੁਰਮਾਂ ਵੀ ਪਾਇਆ ਹੈ।

ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥

ਜੇਕਰ ਇਹਨਾਂ ਪੂਰਬੋਕਤ ਸਾਧਨਾਂ ਦੇ ਕਰਨ ਨਾਲ ਘਰਿ= ਅੰਤਹਕਰਣ ਵਿਖੇ ਕੰਤੁ= ਪਤੀ-ਪਰਮੇਸ਼ਰ ਆ ਕੇ ਸਾਖਿਆਤਕਾਰ ਹੋ ਜਾਵੇ ਤਾਂ ਇਹ ਪੂਰਬਲੇ ਸਭ ਸਾਧਨਾਂ ਰੂਪ ਸ਼ਿੰਗਾਰ ਪਾਏ ਹੋਏ ਭਾਵ ਕੀਤੇ ਹੋਏ ਸਫਲ ਹੋ ਜਾਂਦੇ ਹਨ।

ਹਰਿਹਾਂ ਕੰਤੈ ਬਾਝੁ ਸੀਗਾਰੁ ਸਭ ਬਿਰਥਾ ਜਾਈਐ॥ ੩॥

ਹੇ ਹਰਿਹਾਂ! ਕੰਤੈ= ਪਤੀ-ਪਰਮੇਸ਼ਰ ਦੇ ਪ੍ਰਾਪਤ ਹੋਏ ਤੋਂ ਬਾਝੁ= ਬਿਨਾਂ ਕੀਤੇ ਹੋਏ ਪੂਰਬਲੇ ਸਾਧਨਾਂ ਰੂਪ ਸ਼ਿੰਗਾਰ, ਹੰਕਾਰ ਕਰਨ ਨਾਲ ਸਾਰੇ ਬਿਰਥਾ= ਨਿਸਫਲ ਚਲੇ ਜਾਂਦੇ ਹਨ॥੩॥

ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥
ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥

ਪ੍ਰਤੱਖ ਜਿਸ ਔਰਤ ਦੇ ਘਰ ਵਿਚ ਪਤੀ ਆ ਕੇ ਵਸਦਾ ਹੈ, ਸਾ= ਉਹ ਔਰਤ ਵੱਡਿਆਂ ਭਾਗਾਂ ਵਾਲੀ ਹੁੰਦੀ ਹੈ।

ਉਸ ਦਾ ਕੀਤਾ ਹੋਇਆ ਸ਼ਿੰਗਾਰ ਵੀ ਹਭੁ= ਸਾਰਾ ਸਫਲਾ ਬਣਿਆ ਹੈ ਅਤੇ ਸਾਈ= ਉਹੀ ਇਸਤ੍ਰੀ ਸੁਹਾਗਣ ਹੋਈ ਹੈ। ***ਅੰਤ੍ਰੀਵ ਅਰਥ-***

ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥

ਜਿਸ ਜਗਿਆਸੂ ਦੇ ਅੰਤਹਕਰਨ ਰੂਪ ਘਰ ਵਿਖੇ ਕੰਤੁ= ਪਤੀ-ਪਰਮੇਸ਼ਰ ਆ ਕੇ ਵਸਿਆ ਭਾਵ ਸਾਖਿਆਤਕਾਰ ਹੋਇਆ ਹੈ, ਉਹੀ ਜਗਿਆਸੂ ਰੂਪ ਇਸਤ੍ਰੀ ਵਡਭਾਗਣ ਹੋਈ ਹੈ।

ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥

ਉਸ ਦਾ ਜਪ, ਤਪ ਰੂਪ ਸ਼ਿੰਗਾਰ ਵੀ ਕੀਤਾ ਹੋਇਆ ਹਭੁ= ਸਾਰਾ ਸਫਲਾ ਬਣਿਆਂ ਹੈ, ਸਾਈ= ਉਹੀ ਜਗਿਆਸੂ ਰੂਪ ਇਸਤ੍ਰੀ ਸੁਹਾਗਣ ਹੋਈ ਹੈ।

ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ॥

ਜਿਸ ਨੂੰ ਪਤੀ ਦੀ ਪ੍ਰਾਪਤੀ ਹੁੰਦੀ ਹੈ, ਪੁਨਾ ਉਹ ਐਸੇ ਆਖਣ ਲੱਗ ਪੈਂਦੀ ਹੈ ਕਿ ਹੁਣ ਹਉ= ਮੈਂ ਅਚਿੰਤ= ਬੇਫਿਕਰ ਹੋ ਕੇ ਪ੍ਰਤੱਖ, ਵਾ:-ਸ਼ਾਂਤੀ ਰੂਪ ਨੀਂਦ ਵਿਖੇ ਸੁੱਤੀ ਹਾਂ।

ਅਥਵਾ- ਨਿਰਵਿਕਲਪ ਸਮਾਧੀ ਰੂਪ ਨਿੰਦ੍ਰਾ ਵਿਖੇ ਮੈਂ ਨਿਸਚਿੰਤ ਹੋ ਕੇ ਸੁੱਤੀ ਹਾਂ। ਹੁਣ ਮੇਰੇ ਮਨ ਦੀ ਆਸਾ ਵੀ ਪੁਰਾਈਆ= ਪੂਰਨ ਹੋ ਗਈ ਹੈ।

ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ ॥ ੪ ॥

ਹੇ ਹਰਿਹਾਂ! ਇਹ ਨਿਯਮ ਹੈ ਕਿ ਜਿਸ ਵੇਲੇ ਔਰਤ ਦੇ ਘਰ ਵਿਚ ਆਪਣਾ ਪਤੀ ਆ ਗਿਆ ਤਾਂ ਇਸਤ੍ਰੀ ਆਖਦੀ ਹੈ ਕਿ ਮੈਂ ਅੱਜ ਸਭ ਕੁਝ ਪਾ ਲਿਆ ਹੈ।

ਯਥਾ- ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥ ੧ ॥
ਮਃ ੫- ਹਭੇ ਟੋਲ ਸੁਹਾਵਣੇ ਸਹੁ ਬੈਠਾ ਅੰਙਣੁ ਮਲਿ॥
ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ॥ ੨ ॥

(ਮਾਰੂ ਵਾਰ ਡਖਣੇ ਮਹਲਾ ੫, ਪੰਨਾ ੧੦੯੫)

ਇਸੀ ਪ੍ਰਕਾਰ ਜਦ ਵਾਹਿਗੁਰੂ ਆ ਕੇ ਸਾਖਿਆਤਕਾਰ ਹੋ ਜਾਵੇ ਤਾਂ ਉਸ ਗੁਰਮੁਖ ਲਈ ਉਹ ਪ੍ਰਭੂ ਹੀ ਸਭ ਕੁਝ ਹੈ, ਕਿਉਂਕਿ ਗੁਰਮੁਖ ਵਾਹਿਗੁਰੂ ਤੋਂ ਬਿਨਾਂ ਹੋਰ ਕੁਝ ਨਹੀਂ ਚਾਹੁੰਦੇ।

ਯਥਾ- ਬਸੁਧਾ ਸਪਤ ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ॥
ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ ਹਰਿ ਮਾਗਹਿ ਹਰਿ ਰਸੁ ਦੀਜੈ॥੬॥

(ਕਲਿਆਨ ਮਹਲਾ ੪ ਅਸਟਪਦੀਆ, ਪੰਨਾ ੧੩੨੩)

ਤਥਾ- ਗਦਾਇ ਕੂਇ ਤੁਰਾ ਮਹਿਲ ਬਾਦਸ਼ਾਹੀ ਨੇਸ੍ਤ।
ਹਵਾਇ ਸਲਤਨਤੋ ਜੌਕਿ ਕਸ ਕੁਲਾਹੀ ਨੇਸ੍ਤ। (ਭਾਈ ਨੰਦ ਲਾਲ ਜੀ)

ਪੰਜਾਬੀ ਉਲਥਾ-

ਰਾਜ ਤਾਜ ਦੀ ਲੋੜ ਨਹੀਂ, ਤੇਰੇ ਕੂਚੇ ਦੇ ਭਿਖਿਆਰੀ ਨੂੰ।
ਤਖਤ ਬਖਤ ਵੱਲ ਮੂਲ ਨ ਵੇਖੇ, ਕੀ ਕਰਸੀ ਦੁਨੀਆਂਦਾਰੀ ਨੂੰ।

ਅਥਵਾ- ਦਰਵਾਜ਼ੇ ਤੇਰੇ ਦੇ ਮੰਗਤੇ, ਲੋੜ ਨ ਰਖਦੇ ਸ਼ਾਹੀ ਦੀ।
ਨਾ ਉਹ ਤਖਤ ਜੜਾਊ ਲੋਚਨ, ਤਾਜ ਨ ਟੋਪੀ ਪਾਈ ਦੀ।

ਅੱਗੋਂ ਹਰਿਹਾਂ ਕਹਿੰਦੀ ਹੈ, ਅਥਵਾ-ਜਗਿਆਸੂ ਰੂਪ ਸਖੀ ਕਹਿੰਦੀ ਹੈ-

[ਪੰਨਾ ੧੩੬੨]

ਆਸਾ ਇਤੀ ਆਸ ਕਿ ਆਸ ਪੁਰਾਈਐ ॥

ਹੇ ਪ੍ਰਭੂ! ਮੈਂ ਆਸਾ ਵਾਲੀ ਨੂੰ ਇਤਨੀ ਆਸਾ ਲੱਗ ਰਹੀ ਹੈ ਜੋ ਮੂੰਹ ਨਾਲ ਕੁਝ ਆਖੀ ਨਹੀਂ ਜਾਂਦੀ। ਆਪ ਕਿਰਪਾ ਕਰ ਕੇ ਕਿ= ਜੋ ਮੇਰੇ ਦਿਲ ਦੀ ਆਸਾ ਹੈ, ਉਸ ਨੂੰ ਪੂਰਨ ਕਰ ਦੇਵੋ।

ਅਥਵਾ- ਮੈਂ ਆਸ਼ਕ ਨੂੰ ਇਤਨੀ ਆਸਾ ਲੱਗ ਰਹੀ ਹੈ ਜੋ ਕਹੀ ਨਹੀਂ ਜਾਂਦੀ, ਆਪ ਕਿਰਪਾ ਕਰ ਕੇ ਮੇਰੀ ਆਸਾ ਨੂੰ ਪੂਰਨ ਕਰੋ*।

*ਆਸਾ ਇਤੀ ਆਸਕਿ, ਏਹ ਪਾਠ ਭਿੰਡਰਾਂ ਵਾਲੇ ਸੰਤ ਕਰਾਉਂਦੇ ਹਨ ਤੇ ਛੋਟੇ ਪ੍ਰਿਆਵਾਂ ਵਿਚ ਭੀ ਏਹੋ ਪਾਠ ਹੈ।

ਇਹ ਗੱਲ ਸੁਣ ਕੇ ਗਰੀਬ ਨਿਵਾਜ਼ ਜੀ ਕਥਨ ਕਰਦੇ ਹਨ-

ਸਤਿਗੁਰ ਭਏ ਦਇਆਲ ਤ ਪੂਰਾ ਪਾਈਐ॥

ਹੇ ਹਰਿਹਾਂ! ਜਿਸ ਵੇਲੇ ਸਤਿਗੁਰੂ (ਸ੍ਰੀ ਗੁਰੂ ਰਾਮਦਾਸ ਸਾਹਿਬ) ਜੀ ਦਿਆਲੂ ਹੋਵਣ ਤਾਂ ਵਾਹਿਗੁਰੂ ਦਾ ਪੂਰਾ ਨਾਮ ਗਿਆਨ ਪਾਈਦਾ ਹੈ। ਇਸ ਵਾਸਤੇ ਗੁਰਾਂ ਦੇ ਦਰਬਾਰ ਅੱਗੇ ਖਲੋ ਕੇ ਇਸ ਤਰ੍ਹਾਂ ਬੇਨਤੀਆਂ ਕਰ-

ਮੈ ਤਨਿ ਅਵਗਣ ਬਹੁਤੁ ਕਿ ਅਵਗਣ ਛਾਇਆ॥

ਹੇ ਗਰੀਬ ਨਿਵਾਜ਼ ਸਤਿਗੁਰੋ! ਮੇਰੇ ਤਨਿ= ਸਰੀਰ ਵਿਚ ਔਗੁਣ ਬਹੁਤ ਸਾਰੇ ਹਨ, ਇਤਨੇ ਔਗੁਣ ਹਨ ਕਿ= ਜੋ ਮਾਨੋ ਔਗੁਣਾਂ ਦਾ ਹੀ ਮੇਰਾ ਸਾਰਾ ਸਰੀਰ ਛਾਇਆ= ਬਣਿਆਂ ਹੋਇਆ ਹੈ।

ਅਥਵਾ- ਮੇਰੇ ਤਨ ਵਿਖੇ ਵੀ ਔਗੁਣ ਬਹੁਤ ਹਨ ਤੇ ਮਨ ਵੀ ਮੇਰਾ ਅਵਗੁਣਾਂ ਨਾਲ ਛਾਇਆ= ਢਕਿਆ ਹੋਇਆ ਹੈ।

ਯਥਾ- ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮੁ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥ ੪॥ ੫੮॥
(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੬)

ਤਥਾ- ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥ *(ਪੰਨਾ ੩੧੧)*

ਤਥਾ- ਹਮਰੈ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ॥
ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ॥ *(ਪੰਨਾ ੧੬੭)*

ਹਰਿਹਾਂ ਸਤਿਗੁਰ ਭਏ ਦਇਆਲ ਤ ਮਨੁ ਠਹਰਾਇਆ॥ ੫॥

ਹੇ ਹਰਿਹਾਂ! (ਇਸ ਪ੍ਰਕਾਰ ਬੇਨਤੀਆਂ ਕਰਨ ਨਾਲ ਜਦ) ਸਤਿਗੁਰੂ ਜੀ ਕਿਰਪਾਲੂ ਭਏ= ਹੋ ਜਾਣ ਤਾਂ ਇਹ ਚੰਚਲ ਮਨ ਠਹਰਾਇਆ= ਇਸਥਿਤੀ ਵਿਚ ਆਉਂਦਾ ਹੈ।

ਅਥਵਾ- ਸਰੀਰ ਰੂਪੀ ਥਾਂ ਵਿਚ ਆ ਕੇ ਇਸਥਿਤ ਹੋ ਜਾਂਦਾ ਹੈ॥੫॥

ਕਹੁ ਨਾਨਕ ਬੇਅੰਤੁ ਬੇਅੰਤੁ ਧਿਆਇਆ॥

ਸਤਿਗੁਰ ਦੇਵ ਜੀ ਆਖਦੇ ਹਨ- ਜਿਸ ਵੇਲੇ ਬੇਅੰਤੁ= ਵਾਹਿਗੁਰੂ ਨੂੰ ਬਿਅੰਤ ਵਾਰ ਧਿਆਉਣਾ ਕੀਤਾ।

*ਅਥਵਾ-*ਉਸ ਪ੍ਰਭੂ ਨੂੰ ਬਿਅੰਤ-ਬਿਅੰਤ ਕਰ ਕੇ ਧਿਆਇਆ।

ਦੁਤਰੁ ਇਹੁ ਸੰਸਾਰੁ ਸਤਿਗੁਰੂ ਤਰਾਇਆ॥

(ਤਿਸ ਵੇਲੇ) ਸਤਿਗੁਰੂ ਜੀ ਨੇ ਕ੍ਰਿਪਾ ਕਰ ਕੇ ਇਸ ਦੁਤਰੁ= ਕਠਿਨ ਸੰਸਾਰ-ਸਮੁੰਦਰ ਤੋਂ ਪਾਰ ਉਤਾਰਨਾ ਕੀਤਾ।

ਮਿਟਿਆ ਆਵਾ ਗਉਣੁ ਜਾਂ ਪੂਰਾ ਪਾਇਆ॥

ਜਾਂ= ਜਿਸ ਵੇਲੇ ਪੂਰਾ ਨਾਮ ਗਿਆਨ ਗੁਰੂ ਪਾਸੋਂ ਪਾਇਆ, ਉਸੀ ਵੇਲੇ ਆਵਾ ਗਉਣੁ= ਆਉਣਾ ਜਾਣਾ

www.sikhbookclub.com

ਭਾਵ ਜੰਮਣਾ ਮਰਨਾ ਮਿਟ ਗਿਆ।

ਹਰਿਹਾਂ ਅੰਮ੍ਰਿਤੁ ਹਰਿ ਕਾ ਨਾਮੁ ਸਤਿਗੁਰ ਤੇ ਪਾਇਆ ॥ ੬ ॥

ਹੇ ਹਰਿਹਾਂ! ਹਰਿ ਕਾ ਨਾਮ ਅੰਮ੍ਰਿਤ ਅਸਾਂ ਨੇ ਸਤਿਗੁਰਾਂ ਪਾਸੋਂ ਪਾਇਆ ਹੈ (ਜੇਕਰ ਤੈਨੂੰ ਭੀ ਨਾਮ-ਅੰਮ੍ਰਿਤ ਦੀ ਇੱਛਾ ਹੈ ਤਾਂ ਤੂੰ ਭੀ ਸਤਿਗੁਰੂ ਦੀ ਸ਼ਰਨ ਗ੍ਰਹਿਣ ਕਰ) ॥ ੬ ॥

ਅਥਵਾ- ਦੋਹਾਂ ਪੰਗਤੀਆਂ ਦਾ ਇਕੱਠਾ ਅਰਥ ਕਰਨਾ-

ਮਿਟਿਆ ਆਵਾ ਗਉਣੁ ਜਾਂ ਪੂਰਾ ਪਾਇਆ ॥
ਹਰਿਹਾਂ ਅੰਮ੍ਰਿਤੁ ਹਰਿ ਕਾ ਨਾਮੁ ਸਤਿਗੁਰ ਤੇ ਪਾਇਆ ॥ ੬ ॥

ਹੇ ਹਰਿਹਾਂ! ਜਾਂ= ਜਿਸ ਵੇਲੇ ਸਤਿਗੁਰਾਂ ਪਾਸੋਂ ਹਰੀ ਦਾ ਨਾਮ ਅੰਮ੍ਰਿਤ ਪਾਇਆ ਤਾਂ ਪੂਰਾ ਵਾਹਿਗੁਰੂ ਪਾਇਆ, ਜਾਂ ਪੂਰਾ ਵਾਹਿਗੁਰੂ ਪਾਇਆ ਤਾਂ ਆਵਾ ਗਉਣੁ= ਜੰਮਣਾ ਮਰਨਾ ਮਿਟ ਗਿਆ ॥੬ ॥

ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ ॥

ਜਿਸ ਭਗਵਾਨ ਦੇ ਹੱਥ ਵਿਚ (ਸੰਖ, ਚੱਕਰ, ਗਦਾ) ਪਦਮ ਫੜੇ ਹੋਏ ਹਨ, ਐਸੇ ਭਗਵਾਨ ਦਾ ਧਿਆਨ ਜਿਸ ਵੇਲੇ ਗੁਰਾਂ ਦੀ ਕਿਰਪਾ ਨਾਲ ਮੇਰੇ ਹਿਰਦੇ ਰੂਪ ਆਗਨਿ= ਵੇਹੜੇ ਵਿਚ ਬਾਸਨਾ= ਵਸਿਆ ਤਾਂ ਬਹੁਤ ਸਾਰੇ ਸੁਖ ਪ੍ਰਾਪਤ ਹੋਏ।

ਅਥਵਾ- ਜਿਸ ਵੇਲੇ ਮੇਰੇ ਮਨ ਰੂਪ ਹੱਥ ਵਿਚ ਪ੍ਰੇਮ ਰੂਪ ਪਦਮੁ= ਕੰਵਲ-ਫੁੱਲ ਪ੍ਰਾਪਤ ਹੋਇਆ, ਤਿਸ ਵੇਲੇ ਮੇਰੇ ਰਿਦੇ ਰੂਪ ਆਗਨਿ= ਵੇਹੜੇ ਵਿਚ ਸੁਖਾਂ ਦੀ ਬਾਸਨਾ= ਖੁਸ਼ਬੋ ਆ ਗਈ।

ਅਥਵਾ- ਜਿਸ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਖੇ ਪਦਮ ਦਾ ਚਿੰਨ੍ਹ ਹਾਥਿ= ਹੈ, ਉਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਧਿਆਨ ਜਿਸ ਵੇਲੇ ਮੇਰੇ ਹਿਰਦੇ ਰੂਪ ਵੇਹੜੇ ਵਿਖੇ ਵਸਿਆ ਤਾਂ ਆਤਮ-ਸੁਖ ਪ੍ਰਾਪਤ ਹੋਇਆ। (ਇਥੇ ਸਾਖੀ ਦੁਰਗੇ ਬ੍ਰਾਹਮਣ ਦੀ ਲਗਦੀ ਹੈ।)

ਅਥਵਾ- ਸੁਖ ਸਰੂਪ ਜੋ ਬ੍ਰਹਮ ਹੈ, ਪਦਮੁ= ਕੌਲ ਫੁੱਲ ਦੀ ਤਰ੍ਹਾਂ ਨਿਰਲੇਪ, ਉਹ ਬ੍ਰਹਮ ਜਦ ਮੇਰੇ ਹਿਰਦੇ ਰੂਪ ਵੇਹੜੇ ਵਿਖੇ ਸਾਖਿਆਤਕਾਰ ਹੋਇਆ ਤਾਂ ਪਦਾਰਥਾਂ ਦੀਆਂ ਸਾਰੀਆਂ ਵਾਸ਼ਨਾਵਾਂ ਨੂੰ ਹਾਥਿ= ਅਧੀਨ ਕਰ ਲਿਆ।

ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ ॥

ਹੇ ਸਖੀ! ਜਿਸ ਵੇਲੇ ਮੇਰੇ ਕੰਠਿ= ਹਿਰਦੇ ਵਿਚ ਰਤੰਨੁ= ਰਤਨ ਵਾਂਗ ਅਮੋਲਕ ਪਰਮਾਤਮਾ ਮਿਲਿਆ, ਤਾਂ ਉਸ ਦਾ ਦਰਸ਼ਨ ਦੇਖ ਕੇ ਮੇਰੇ ਦੁੱਖਾਂ ਦਾ ਪੁੰਜ ਨਾਸ ਹੋ ਗਿਆ।

ਬਾਸਉ ਸੰਗਿ ਗੁਪਾਲ ਸਗਲ ਸੁਖ ਰਾਸਿ ਹਰਿ ॥

ਹੁਣ ਤਾਂ ਉਸ ਗੋਪਾਲ ਦੇ ਨਾਲ ਬਾਸਉ= ਵਸਦੇ ਹਾਂ, ਜੋ ਹਰੀ ਸਾਰੇ ਸੁਖਾਂ ਦੀ ਰਾਸਿ= ਖਾਨ ਹੈ।

ਹਰਿਹਾਂ ਰਿਧਿ ਸਿਧਿ ਨਵ ਨਿਧਿ ਬਸਹਿ ਜਿਸੁ ਸਦਾ ਕਰਿ ॥ ੭ ॥

ਹੇ ਹਰਿਹਾਂ! ਜਿਸ ਹਰੀ ਦੇ ਕਰਿ= ਹੱਥਾਂ ਵਿਚ ਹਮੇਸ਼ਾਂ ਰਿੱਧੀਆਂ ਸਿੱਧੀਆਂ ਤੇ ਨੌਂ ਨਿੱਧੀਆਂ ਵਸਦੀਆਂ ਹਨ, ਤਾਂ ਕਿ ਭਗਤਾਂ ਨੂੰ ਦੇਣ ਲਗਿਆਂ ਦੇਰ ਨਾ ਲੱਗੇ ॥ ੭ ॥

ਯਥਾ- ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ *(ਪੰਨਾ ੪੯੫)*

ਹੁਣ ਸਤਿਗੁਰ ਦੇਵ ਜੀ ਜੀਵ ਦੀ ਪ੍ਰਮਾਦਤਾਈ ਦਾ ਫਲ ਦੱਸਦੇ ਹਨ-

ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥

ਜਿਹੜੇ ਪੁਰਸ਼ ਵਾਹਿਗੁਰੂ ਦਾ ਚਿੰਤਨ ਕਰਨਾ ਭੁਲਾ ਕੇ ਪਰ ਤ੍ਰਿਅ= ਪਰਾਈਆਂ ਔਰਤਾਂ ਨਾਲ ਜਾ ਕੇ ਵਿਸ਼ੇ ਭੋਗ ਰਾਵਣਿ= ਭੋਗਣਾ ਕਰਦੇ ਹਨ।

ਅਥਵਾ- ਜੋ ਇਸਤ੍ਰੀਆਂ ਪਰ ਪੁਰਸ਼ਾਂ ਨਾਲ ਵਿਸ਼ੇ ਭੋਗ ਕਰਨ ਜਾਂਦੀਆਂ ਹਨ ਸੇਈ= ਉਹ ਤਾਂ ਲੋਕ ਪ੍ਰਲੋਕ ਵਿਚ ਬਹੁਤ ਹੀ ਲਾਜੀਅਹਿ= ਲਜਿਆਵਾਨ ਹੁੰਦੀਆਂ ਹਨ।

ਅਥਵਾ- ਪਰਾਈ ਇਸਤਰੀ ਜੋ ਮਾਇਆ ਹੈ ਕਿਉਂਕਿ ਮਾਇਆ ਬ੍ਰਹਮ ਦੀ ਹੈ। ਇਸ ਜੀਵ ਦੀ ਨਹੀਂ, ਪਰ ਇਹ ਜੀਵ ਬਦੋਬਦੀ ਆਪਣੀ ਮੰਨੀ ਬੈਠਾ ਹੈ। ਇਸ ਕਰ ਕੇ ਇਹ ਅਰਥ ਕਰਨਾ ਕਿ ਜੋ ਪੁਰਸ਼ ਮਾਇਆ ਰੂਪ ਪਰਾਈ ਇਸਤ੍ਰੀ ਨੂੰ ਭੋਗਣ ਜਾਂਦੇ ਹਨ ਭਾਵ ਮਾਇਆ ਵਿਚ ਆਪਣੀ ਹੰਗਤਾ ਕਰਦੇ ਹਨ ਉਹ ਪੁਰਸ਼ ਵੀ ਤਾਲਾਜੀਅਹਿ= ਤਲੇ ਭਾਵ ਨਰਕਾਂ ਵਿਚ ਜਾਂਦੇ ਹਨ।

ਅਥਵਾ- ਜੋ ਪੁਰਸ਼ ਜਾ ਕੇ ਪਰ ਇਸਤ੍ਰੀਆਂ ਨਾਲ ਵਿਭਚਾਰ ਕਰਦੇ ਹਨ, ਉਹ ਮਨੁੱਖ ਨਰਕਾਂ ਦੇ ਕੜਾਹੇ ਵਿਚ ਪਾ ਕੇ ਤੱਤੇ ਤੇਲ ਵਿਚ ਤਾਲਾਜੀਅਹਿ= ਤਲੇ ਜਾਂਦੇ ਹਨ ਤੇ ਚੌਲਾਂ ਵਾਂਗੂ ਉਬਾਲੇ ਜਾਂਦੇ ਹਨ।

(ਪਾਠ:-ਤਾ ਲਾਜੀਅਹਿ ਠੀਕ ਹੈ)

ਦਸਮੇਸ਼ ਪਿਤਾ ਜੀ ਨੇ ਕਥਨ ਕੀਤਾ ਹੈ-

ਸਾਲਗ੍ਰਾਮ ਪਰਮੇਸ੍ਰ ਇਹੀ ਗਤਿ ਤੇ ਭਏ॥
ਦਸ ਰਾਵਨ ਕੇ ਸੀਸ ਇਹੀ ਬਾਤਨ ਗਏ॥
ਸਹੱਸ ਭਗਨ ਬਾਸਵ ਯਾਹੀ ਤੇ ਪਾਇਯੋ॥
ਹੋ ਇਨ ਬਾਤਨ ਤੇਂ ਮਦਨ ਅਨੰਗ ਕਹਾਇਯੋ॥ ੧੯॥
ਇਨ ਬਾਤਨ ਤੇ ਚੰਦ੍ ਕਲੰਕਿਤ ਤਨ ਭਏ॥
ਸੁੰਭ ਅਸੁੰਭ ਅਸੁਰਿੰਦ੍ ਸਦਨ ਜਮ ਕੇ ਗਏ॥
ਇਹੀ ਕਾਜ ਕ੍ਰੀਚਕ ਕ੍ਰੀਚਕਨ ਖਪਾਇਯੋ॥
ਹੋ ਧਰਮਰਾਟ ਦਾਸੀ ਸੁਤ ਬਿਦੁਰ ਕਹਾਇਯੋ॥ ੨੦॥

(ਦਸਮ ਗ੍ਰੰਥ ਚਰਿਤ੍ ੨੦੧, ਪੰਨਾ ੧੦੯੬)

ਤਥਾ- ਨਾਰੀ ਕੀ ਸਮੀਪਤਾਈ, ਜਤ ਸਤ ਕਰੇ ਹਤ, ਸਭ ਸੈ ਵਿਰੋਧ ਜੋਈ, ਮਾਨੋ ਅੰਤ ਕਾਲ ਹੈ।
ਕਪਟ ਸੇ ਪ੍ਰੀਤ, ਔਰ ਪ੍ਰਤੀਤ ਭਾਗ ਜਾਤ, ਭੋਗਨ ਕਾ ਨੇਹ, ਦੇਹ ਬੁਧ ਦੇਤ ਗਾਲ ਹੈ।

(ਅਨੰਦ ਸਰੋਵਰ ਗ੍ਰੰਥ)

ਪਹਿਲੀ ਸਾਖੀ—ਮਹਾਂ ਪੁਰਸ਼ਾਂ ਦੀ

ਇਕ ਮਹਾਤਮਾਂ ਜੰਗਲ 'ਚੋਂ ਤਪ ਕਰਦੇ ਉਠ ਕੇ ਸ਼ਹਿਰ ਨੂੰ ਮਧੂਕੜੀ ਦਾ ਅੰਨ ਮੰਗਣ ਵਾਸਤੇ ਜਾ ਰਹੇ ਸਨ, ਜਾਂਦਿਆਂ ਜਾਂਦਿਆਂ ਕੀ ਵੇਖਿਆ ਕਿ ਇਕ ਮਾਤਾ ਬੂਹੇ ਵਿਚ ਬੈਠੀ ਚਰਖਾ ਚਲਾ ਰਹੀ ਹੈ। ਉਸ ਵਿਚੋਂ ਘੂੰ ਘੂੰ ਦੀ ਆਵਾਜ਼ ਆ ਰਹੀ ਹੈ ਤੇ ਚਰਖਾ ਬਹੁਤ ਤੇਜ ਘੁੰਮ ਰਿਹਾ ਹੈ। ਉਸ ਦੀ ਆਵਾਜ਼ ਸੁਣ ਕੇ ਮਹਾਤਮਾਂ

ਖੜੇ ਹੋ ਕੇ ਆਖਦੇ ਹਨ-

ਰੇ ਰੇ ਜੰਤ੍ਰੀ ਕਿਵਾਂ ਰੁਦਰੀ। ਕਿੰਗਰਾ ਕਿੰਗਰਾ ਭਰਮ ਯਤਵੀ।

ਹੇ ਚਰਖੇ! ਤੂੰ ਏਨਾ ਰੋਂਦਾ ਕਿਉਂ ਹੈਂ ਅਤੇ ਵਾਰ-ਵਾਰ ਕਿਉਂ ਫਿਰ ਰਿਹਾ ਹੈਂ?

ਤਾਂ ਅੱਗੋਂ ਉਸ ਚਰਖੇ 'ਚੋਂ ਆਵਾਜ਼ ਆਈ- ਸੰਤ ਜੀ! ਪਰਾਧੀਨ ਹੋਇਆ-ਹੋਇਆ ਇਸ ਔਰਤ ਦੇ ਸਬੰਧ ਕਰ ਕੇ ਮੈਂ ਰੋ ਰਿਹਾ ਹਾਂ ਅਤੇ ਵਾਰ-ਵਾਰ ਫਿਰ ਰਿਹਾ ਹਾਂ।

ਇਹ ਗੱਲ ਸੁਣ ਕੇ ਮਹਾਂ ਪੁਰਸ਼ਾਂ ਨੇ ਕਿਹਾ- ਵਾਕਿਆ, ਤੇਰਾ ਕਹਿਣਾ ਠੀਕ ਹੈ ਕਿਉਂਕਿ ਔਰਤ ਦੇ ਨੇਤਰਾਂ ਵਿਚ ਇਕ ਅਜੇਹੀ ਸ਼ਕਤੀ ਹੈ ਜੋ ਵੇਖਣ ਨਾਲ ਹੀ ਮਨੁੱਖ ਨੂੰ ਭਰਮਾ ਲੈਂਦੀ ਹੈ ਤੇ ਜੇਕਰ ਔਰਤ ਦੇ ਹੱਥ ਲੱਗ ਜਾਣ ਫਿਰ ਤਾਂ ਬਚ ਹੀ ਨਹੀਂ ਸਕਦਾ।

ਯਥਾ- ਕਟਾਖਸ਼ ਮਾਤ੍ਰੇਨ ਕ੍ਰਮਣੀ ਕਰ ਸਪਰਸੇ ਕਿਆ ਕਥਾ।

ਇਸ ਲਈ ਮਨੁੱਖ ਨੂੰ ਹਰ ਹੀਲੇ ਤੇ ਪਰ-ਇਸਤ੍ਰੀਆਂ ਤੋਂ ਬਚਣਾ ਚਾਹੀਦਾ ਹੈ।

ਦੂਜੀ ਸਾਖੀ—ਰੱਜਬ ਜੀ ਦੀ

ਇਕ ਵਾਰ ਮਹਾਤਮਾ ਰੱਜਬ ਜੀ ਦੇਸਾਂ ਪਰਦੇਸ਼ਾਂ ਵਿਚ ਫਿਰਦੇ ਹੋਏ ਜ਼ਿਲ੍ਹਾ ਗੁਜਰਾਤ ਹੋਲੀ ਨਾਮੇ ਨਗਰ ਵਿਚ ਪਹੁੰਚੇ। ਨਗਰ ਵਿਚੋਂ ਮਧੂਕੜੀ ਦਾ ਅੰਨ ਛਕ ਕੇ ਬਾਹਰ ਵਾਰ ਇਕ ਅਰਾਈਆਂ ਦੇ ਖੂਹ ਪਰ ਆ ਬਿਰਾਜੇ। ਜਿਸ ਵੇਲੇ ਅਰਾਈਆਂ ਨੇ ਮਹਾਤਮਾ ਰੱਜਬ ਜੀ ਨੂੰ ਲੰਮੇ ਪਿਆਂ ਵੇਖਿਆ ਤਾਂ ਹੱਥ ਜੋੜ ਕੇ ਬੇਨਤੀ ਕੀਤੀ- ਫਕੀਰ ਸਾਂਈ ਜੀ! ਚੁਬਾਰੇ ਉੱਪਰ ਮੰਜਾ ਵਿਛਿਆ ਹੋਇਆ ਹੈ, ਉਸ ਪਰ ਜਾ ਬਿਰਾਜੋ।

ਇਹ ਗੱਲ ਸੁਣ ਕੇ ਰੱਜਬ ਜੀ ਨੇ ਕਿਹਾ ਸਾਨੂੰ ਇਹੀ ਜਗ੍ਹਾ ਚੰਗੀ ਹੈ। ਫਕੀਰ ਹਮੇਸ਼ਾਂ ਭੂਮਿ ਆਸਣ ਹੀ ਕਰਦੇ ਹਨ। ਰਾਤ ਨੂੰ ਸੌਣਾ ਅਸੀਂ ਪਸੰਦ ਨਹੀਂ ਕਰਦੇ ਕਿਉਂਕਿ ਰਾਤ ਪ੍ਰਭੂ ਨੇ ਭਜਨ-ਸਿਮਰਨ ਵਾਸਤੇ ਬਣਾਈ ਹੈ, ਇਸ ਲਈ ਖੂਹ ਤੇ ਆਸਣ ਲਗਾ ਕੇ ਰੱਬ ਦੀ ਬੰਦਗੀ ਕਰਾਂਗੇ।

ਇਹ ਗੱਲ ਕਹਿ ਕੇ ਰੱਜਬ ਜੀ ਨੇ ਅਰਾਈਆਂ ਨੂੰ ਟਾਲ ਦਿੱਤਾ ਤੇ ਆਪ ਆਸਣ ਤੇ ਬੈਠ ਕੇ ਸਮਾਧੀ ਵਿਚ ਜੁੜ ਬੈਠੇ। ਜਦ ਅੱਧੀ ਰਾਤ ਦਾ ਸਮਾਂ ਹੋਇਆ ਤਾਂ ਨੀਂਦ ਨੇ ਜ਼ੋਰ ਪਾ ਲਿਆ। ਉਸੀ ਵੇਲੇ ਮਧੂਕੜੀ ਮੰਗਣ ਵੇਲੇ ਦਿਨ ਦੀਆਂ ਵੇਖੀਆਂ ਹੋਈਆਂ ਔਰਤਾਂ ਨੇ ਆ ਕੇ ਘੇਰਾ ਪਾ ਦਿੱਤਾ। ਉਹਨਾਂ ਤੋਂ ਬਚਣ ਵਾਸਤੇ ਜਦ ਉਠ ਕੇ ਦੌੜੇ ਤਾਂ ਖੂਹ ਵਿਚ ਜਾ ਪਏ।

ਅਰਾਈਆਂ ਨੇ ਘੜੰਮ ਦੀ ਆਵਾਜ਼ ਸੁਣ ਕੇ ਵਿਚਾਰਿਆ ਕਿ ਫਕੀਰ ਸਾਂਈ ਜੀ ਬੰਦਗੀ ਕਰਦੇ ਹੋਏ ਖੂਹ ਵਿਚ ਜਾ ਪਏ ਹਨ, ਉਹਨਾਂ ਨੇ ਜਲਦੀ-ਜਲਦੀ ਆ ਕੇ ਖੂਹ ਵਿਚੋਂ ਰੱਜਬ ਜੀ ਨੂੰ ਕਢਿਆ। ਪ੍ਰਭੂ ਨੇ ਅਜੇਹੀ ਸਹਾਇਤਾ ਕੀਤੀ ਜੋ ਰੱਜਬ ਜੀ ਨੂੰ ਰੰਚਕ ਮਾਤ੍ਰ ਕੋਈ ਤਕਲੀਫ਼ ਨਾ ਹੋਈ। ਗਿੱਲੇ ਕਪੜੇ ਲਾਹ ਕੇ ਭੂਰੇ ਦੀ ਬੁਕਲ ਮਾਰ ਕੇ ਫਿਰ ਸਮਾਧੀ ਵਿਚ ਜੁੜ ਬੈਠੇ। ਉਸ ਵੇਲੇ ਰੱਜਬ ਜੀ ਨੇ ਇਹ ਸਲੋਕ ਉਚਾਰਿਆ-

ਸੁਪਨੇ ਮਝਾਰ ਮਿਲੀ ਕਾਮਣੀ, ਗਈ ਕੂਪ ਮਹਿ ਡਾਰ।
ਰਜਬ ਜਿਨ ਕੋ ਪਰਤੱਖ ਹੈ, ਤਿਨ ਕੋ ਕਉਨ ਹਵਾਲ।

ਤਥਾ- ਪਰ ਨਾਰੀ ਮੀਠੀ ਛੁਰੀ ਮਤ ਕੋਈ ਲਾਵੈ ਅੰਗ।
ਸੀਸ ਦੀਏ ਦਸ ਲੰਕਪਤਿ ਪਰ ਨਾਰੀ ਕੇ ਸੰਗ।*

**ਸਟੀਕ ਆਸਾ ਦੀ ਵਾਰ ਚੌਥੀ ਐਡੀਸ਼ਨ ਪੰਨਾ ੧੫੮ ਤੇ ੧੫੯ ਪੜ੍ਹੋ।*

ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ॥

ਜੋ ਪੁਰਸ਼ ਨਿਤਪ੍ਰਤਿ= ਹਮੇਸ਼ਾਂ ਹੀ ਪਰ ਦਰਬੁ= ਪਰਾਇਆ ਧਨ ਹਿਰਹਿ= ਚੁਰਾਉਂਦੇ ਹਨ, ਉਹਨਾਂ ਦੇ ਛਿਦ੍ਰ ਕਤ= ਦੋਸ਼ ਕਿਸ ਤਰ੍ਹਾਂ ਢਕੇ ਜਾਂਦੇ ਹਨ। ਅਰਥਾਤ ਉਹਨਾਂ ਦੇ ਦੋਸ਼ ਢਕੇ ਨਹੀਂ ਜਾਂਦੇ, ਅੰਤ ਨੂੰ ਜ਼ਰੂਰ ਪ੍ਰਗਟ ਹੋ ਜਾਂਦੇ ਹਨ।

ਯਥਾ- ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥ ੧॥ *(ਪੰਨਾ ੬੬੨)*

ਤਥਾ- ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥ ੧੭॥ *(ਪੰਨਾ ੧੩੬੫)*

ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ॥

ਜੋ ਪੁਰਸ਼ ਮੰਦ ਖਿਆਲਾਂ ਨੂੰ ਤਿਆਗ ਕੇ ਪਵਿੱਤਰ ਮਨ ਹੋ ਕੇ ਹਰੀ ਗੁਣਾਂ ਨੂੰ ਰਸਨਾ ਦੁਆਰੇ ਰਮਤ= ਉਚਾਰਦੇ ਹਨ, ਉਹ ਪੁਰਸ਼ ਆਪਣੀਆਂ ਸਾਰੀਆਂ ਕੁਲਾਂ (ਸੰਸਾਰ-ਸਾਗਰ ਤੋਂ) ਤਾਰ ਲੈਂਦੇ ਹਨ।

ਯਥਾ- ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥
ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ॥ *(ਪੰਨਾ ੫੪੬)*

ਤਥਾ- ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ॥
ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਾਇਆ॥ *(ਪੰਨਾ ੧੨੬੪)*

ਹਰਿਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮੁ ਬੀਚਾਰਈ॥ ੮॥

ਹੇ ਹਰਿਹਾਂ! ਜੋ ਸ਼ਰਧਾ ਨਾਲ ਹਰੀ ਦੇ ਗੁਣਾਂ ਨੂੰ ਸੁਣਦੇ ਹਨ ਅਤੇ ਪਾਰਬ੍ਰਹਮ ਦਾ ਵਿਚਾਰ ਕਰਦੇ ਹਨ, ਉਹ ਪਵਿੱਤਰ ਆਤਮਾ ਹੋਏ ਹਨ॥੮॥

ਹੁਣ ਪ੍ਰਭੂ ਦੇ ਪਿਆਰਿਆਂ ਦੀ ਗੱਲ ਸੁਣਾਂਦੇ ਹਨ-

ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥

ਜੇ ਵਾਹਿਗੁਰੂ ਦੇ ਪਿਆਰੇ ਗੁਰਮੁਖ ਭਗਤ ਜਨ ਗਰਮੀ ਦੀ ਮੌਸਮ ਵਿਚ ਕਿਧਰੇ ਬਾਹਰ ਜਾਣ ਤਾਂ ਉਪਰੋਂ ਅਕਾਸ਼ ਵੀ ਸ਼ੋਭਨੀਕ ਬਣ ਜਾਂਦਾ ਹੈ, ਭਾਵ ਬੱਦਲ ਛਾਇਆ ਕਰਦੇ ਹੋਏ ਸੀਤਲ ਪਵਨ ਝੁਲਾਂਵਦੇ ਹਨ ਅਤੇ ਥਲਿਓਂ ਧਰ= ਧਰਤੀ ਵੀ ਸੋਹਤੀ= ਸ਼ੋਭਨੀਕ ਬਣ ਜਾਂਦੀ ਹੈ, ਭਾਵ ਰਸਤੇ ਵਿਚ ਜਿਤਨੇ ਵੀ ਕਠਿਨ ਦੁਖਦਾਈ ਕੰਡੇ ਰੋੜ ਆਦਿ ਹੁੰਦੇ ਹਨ, ਉਹ ਸਭ ਫੁੱਲਾਂ ਵਰਗੇ ਹੋ ਜਾਂਦੇ ਹਨ।

ਜਿਸ ਤਰ੍ਹਾਂ ਭਰਥ ਜੀ ਜਦ ਰਾਮ ਚੰਦ੍ਰ ਜੀ ਦੀ ਤਰਫ ਚਲ ਕੇ ਗਏ ਸਨ ਤਾਂ ਹੇਠੋਂ ਧਰਤੀ ਵੀ ਕੋਮਲ ਬਣ ਗਈ ਸੀ ਤੇ ਉਪਰੋਂ ਬੱਦਲਾਂ ਨੇ ਵੀ ਛਾਂ ਕਰ ਦਿੱਤੀ ਸੀ।

ਦੂਜਾ ਅਰਥ-

ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥

ਸਾਰਿਆਂ ਪਦਾਰਥਾਂ ਵਲੋਂ ਊਪਰਿ= ਉਪਰਾਮ ਹੋਣ ਕਰ ਕੇ ਗੁਰਮੁਖਾਂ ਦਾ ਹਿਰਦਾ-ਅਕਾਸ਼ ਸ਼ੋਭਨੀਕ ਬਣਦਾ ਹੈ ਤੇ ਤਲੈ= ਨਿੰਮ੍ਰਤਾ ਗੁਣ ਦੇ ਧਾਰਨ ਕਰਨ ਨਾਲ ਬੁੱਧੀ ਰੂਪ ਧਰਤੀ ਸੋਭਨੀਕ ਬਣਦੀ ਹੈ।

ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ॥

ਜਿਸ ਭਗਵਾਨ ਦਾ ਮੁਖ ਦਹ ਦਿਸ= ਚੁਤਰਫੋਂ ਬਿਜਲੀ ਦੀ ਤਰ੍ਹਾਂ ਸੁੰਦਰ ਚਮਕ ਰਿਹਾ ਹੈ, ਉਸ ਭਗਵਾਨ ਦੇ ਮੁਖ ਨੂੰ ਗੁਰਮੁਖਾਂ ਰੂਪ ਸਖੀਆਂ ਜੋਹਤੀ= ਵੇਖਦੀਆਂ ਹਨ।

ਅਥਵਾ- ਜਿਸ ਪ੍ਰਭੂ ਦੀ ਸੱਤਾ ਕਰ ਕੇ ਬਿਜਲੀ ਦਸੋ ਦਿਸ਼ਾਂ ਵਿਚ ਚਮਕਦੀ ਹੈ, ਉਸ ਭਗਵਾਨ ਦੇ ਮੁਖ ਨੂੰ ਜਗਿਆਸੂ ਰੂਪ ਸਖੀਆਂ ਵੇਖਦੀਆਂ ਹਨ।

ਅਥਵਾ- ਜਿਸ ਪ੍ਰਭੂ ਦੀ ਜੋਤ ਦਸੋ ਦਿਸ਼ਾਂ ਵਿਚ ਬਿਜਲੀ ਦੇ ਚਮਕਾਰੇ ਵਾਂਗੂੰ ਚਮਕ ਰਹੀ ਹੈ, ਉਸ ਮੁਖੀ ਪਰਮਾਤਮਾ ਨੂੰ ਮਹਾਤਮਾਂ ਰੂਪ ਸਖੀਆਂ ਵੇਖਦੀਆਂ ਹਨ। *ਅਥਵਾ-*

ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥

ਉਪਰ ਜੋ ਅਕਾਸ਼ ਚੰਦੋਏ ਦੀ ਨਿਆਈਂ ਬਣ ਰਿਹਾ ਹੈ, ਉਹ ਬੱਦਲਾਂ ਕਰ ਕੇ ਸੋਭ ਰਿਹਾ ਹੈ ਤੇ ਹੇਠਾਂ ਧਰਤੀ ਵੀ ਹਰਿਆਵਲਤਾ ਕਰ ਕੇ ਸੋਭਨੀਕ ਹੋ ਰਹੀ ਹੈ।

ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ॥

ਦਸੋਂ ਦਿਸ਼ਾਂ ਵਿਚ ਬਿਜਲੀ ਵੀ ਚਮਕ ਰਹੀ ਹੈ, ਐਸੇ ਸਮੇਂ ਵਿਚ ਪਤਿਬ੍ਰਤਾ ਇਸਤ੍ਰੀ ਕਹਿੰਦੀ ਹੈ ਕਿ ਮੈਂ ਆਪਣੇ ਪਤੀ ਦੇ ਮੁਖ ਵੱਲ ਜੋਹਤੀ= ਦੇਖ ਰਹੀ ਹਾਂ।

ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ॥

ਮੈਂ ਦੇਸਾਂ ਪ੍ਰਦੇਸ਼ਾਂ ਵਿਚ ਖੋਜਤ= ਲੱਭਦੀ ਫਿਰਦੀ ਹਾਂ, ਪਰ ਮਿਲਿਆ ਨਹੀਂ, ਹੇ ਸਖੀਓ! ਆਪ ਦੱਸੋ ਕਿ ਪਤੀ ਨੂੰ ਮੈਂ ਕਿਸ ਤਰੀਕੇ ਨਾਲ ਪਾਉਣਾ ਕਰਾਂ? ਅੱਗੋਂ ਸਖੀਆਂ ਉੱਤਰ ਦੇਂਦੀਆਂ ਹਨ-

ਹਰਿਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ॥ ੯॥

ਹੇ ਹਰੀ ਦੀ ਪਿਆਰੀ ਸਖੀ! ਜੇ ਮੱਥੇ ਦੇ ਚੰਗੇ ਭਾਗ ਹੋਣ ਤਾਂ ਪਤੀ ਦੇ ਦਰਸ਼ਨਾਂ ਵਿਚ ਸਮਾਉਣਾ ਹੁੰਦਾ ਹੈ॥੯॥ਇਸੀ ਪ੍ਰਕਾਰ-

ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥

ਜੋ ਚਿਦਾਕਾਸ਼ ਹੈ ਉਹ ਤਾਂ ਉਪਰ ਅਕਾਸ਼ ਦੀ ਨਿਆਈਂ ਬਣ ਰਿਹਾ ਹੈ, ਥੱਲੇ ਬੁੱਧੀ ਰੂਪੀ ਧਰਤੀ ਸਿਹਜਾ ਦੀ ਨਿਆਈਂ ਸੋਭ ਰਹੀ ਹੈ।

ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ॥

ਦਸੋਂ ਦਿਸ਼ਾ ਵਿਚ ਚੇਤਨ ਸੱਤਾ ਰੂਪ ਬਿਜਲੀ ਚਮਕ ਰਹੀ ਹੈ, ਜਗਿਆਸੂ ਰੂਪ ਸਖੀ ਕਹਿ ਰਹੀ ਹੈ ਤਿਸ ਚੇਤਨ ਸੱਤਾ ਨਾਲ ਹੀ ਸਾਖੀ ਚੇਤਨ ਦੇ ਮੁਖ ਵੱਲ ਮੈਂ ਦੇਖ ਰਹੀ ਹਾਂ ਪਰ ਦਿਸਦਾ ਨਹੀਂ ਹੈ।

ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ॥

ਹਿਰਦੇ ਵਿਚ ਦੇਸ਼ ਨੂੰ ਛੱਡ ਕੇ, ਬਿਦੇਸਿ= ਜੰਗਲਾਂ ਵਿਚ, ਤੀਰਥਾਂ ਵਿਚ ਮੈਂ ਉਸ ਪਤੀ-ਪਰਮਾਤਮਾ ਨੂੰ ਖੋਜਦੀ ਫਿਰਦੀ ਹਾਂ, ਪਰ ਅਨਾਤਮਾਕਾਰ ਬਿਰਤੀ ਦੇ ਹੋਣ ਕਰ ਕੇ ਮਿਲਦਾ ਨਹੀਂ ਹੈ, ਹੇ ਸੰਤੋ! ਆਪ ਦੱਸੋ ਪਤੀ-ਪਰਮਾਤਮਾ ਨੂੰ ਮੈਂ ਕਿਵੇਂ ਪਾਵਾਂ? *ਉੱਤਰ-*

ਹਰਿਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ॥੯॥

ਹਰਿਹਾਂ= ਹੇ ਜਗਿਆਸੂ ਰੂਪ ਸਖੀ! ਜੇ ਮੱਥੇ ਦੇ ਚੰਗੇ ਭਾਗ ਹੋਣ ਤਾਂ ਆਤਮਾਕਾਰ ਬਿਰਤੀ ਦੁਆਰਾ ਉਸ ਪਤੀ-ਪਰਮਾਤਮਾ ਦੇ ਦਰਸਿ= ਸਰੂਪ ਵਿਚ ਸਮਾਉਣਾ ਹੁੰਦਾ ਹੈ॥੯॥

ਅਥਵਾ- ਆਪਣੀ ਸਾਲੀ ਨੂੰ ਆਖਦੇ ਹਨ:-

ਹਰਿਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ॥੯॥

ਹੇ ਹਰਿਹਾਂ! ਜੇ ਮਸਤਕ ਦੇ ਚੰਗੇ ਭਾਗ ਹੋਣ ਤਾਂ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤਰ ਦਰਬਾਰ ਦੇ ਦਰਸ਼ਨਾਂ ਵਿਚ ਸਮਾਉਣਾ ਹੁੰਦਾ ਹੈ।

ਜੇ ਤੈਨੂੰ ਸੁਖ ਤੇ ਕਲਿਆਣਤਾ ਦੀ ਇੱਛਾ ਹੈ ਤਾਂ ਤੂੰ ਸ੍ਰੀ ਅੰਮ੍ਰਿਤਸਰ ਚੱਲ ਕੇ ਨਿਵਾਸ ਕਰ, ਹੁਣ ਇਸ "ਮੋਉ" ਨਾਮੇ ਪਿੰਡ ਦੀ ਮਮਤਾ ਛੱਡ ਦੇ।

ਇਹ ਗੱਲ ਸੁਣ ਕੇ ਹਰਿਹਾਂ ਨੇ ਕਿਹਾ- 'ਉਹ ਅਸਥਾਨ ਕੈਸਾ ਹੈ?'

ਹਜ਼ੂਰ ਨੇ ਕਿਹਾ- ਸਤਿਗੁਰਾਂ ਦੀ ਕਿਰਪਾ ਨਾਲ

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥

ਅਸਾਂ ਨੇ ਸਾਰੇ ਹੀ ਧਰੰਮ ਅਸਥਾਨ ਡਿਠੇ= ਦੇਖੇ ਹਨ, ਪਰ ਤੁਧੁ= ਤਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਅਸਥਾਨ ਵਰਗਾ ਹੋਰ ਕੋਈ ਥਾਂ ਨਹੀਂ ਹੈ। ਕਿਉਂਕਿ ਇਸ ਅਸਥਾਨ ਨੂੰ-

ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥

ਪੁਰਖਿ ਬਿਧਾਤੈ= ਫਲਬਰ ਦਾਤੇ ਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੱਧਾ ਹੈ, ਤੂੰ ਐਸੇ ਨਿਸਚੇ ਕਰ ਇਹ ਅਸਥਾਨ ਤਾਂ ਹੀ ਸੋਭਨੀਕ ਹੋਇਆ ਹੈ।

ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਇਕ ਸਮੇਂ ਦੇਸਾਂ ਪਰਦੇਸਾਂ ਵਿਚ 'ਸਤਿਨਾਮੁ' ਦਾ ਉਪਦੇਸ਼ ਦੇਂਦੇ ਹੋਏ ਗਰੀਬ ਨਿਵਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਦੁਖਭੰਜਨੀ ਵਾਲੀ ਜਗ੍ਹਾ ਜੋ ਬੜੀ ਸੰਘਣੀ ਬ੍ਰਿਛਾਂ ਦੀ ਰਮਣੀਕ ਛਾਂ ਨਾਲ ਢਕੀ ਹੋਈ ਸੀ, ਉਥੇ ਆ ਕੇ ਬੈਠੇ ਤਾਂ ਭਾਈ ਮਰਦਾਨੇ ਨੂੰ ਆਖਿਆ-ਰਬਾਬ ਲੈ ਕੇ ਉਸ ਪ੍ਰਭ ਦਾ ਸੁੰਦਰ ਜਸ, ਕੀਰਤਨ ਦੁਆਰਾ ਸੁਨਾਉਣਾ ਕਰ। ਭਾਈ ਮਰਦਾਨੇ ਨੇ ਝਟ ਉਸੇ ਵੇਲੇ ਮੋਢੇ ਤੋਂ ਰਬਾਬ ਲਾਹ ਕੇ, ਸੁਰ ਕਰ ਕੇ ਕੀਰਤਨ ਦੁਆਰਾ ਅਜੇਹਾ ਰੱਬੀ-ਜਸ ਗਾਇਆ, ਜਿਸ ਨੂੰ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦੁਖਭੰਜਨੀ ਵਾਲੀ ਜਗ੍ਹਾ 'ਤੇ ਅੰਮ੍ਰਿਤ ਰੂਪ ਹੋ ਕੇ ਢਲ ਗਏ। ਜਿਸ ਵੇਲੇ ਕੀਰਤਨ ਦਾ ਭੋਗ ਪਿਆ ਤਾਂ ਭਾਈ ਬਾਲੇ ਤੇ ਮਰਦਾਨੇ ਨੇ ਅੱਖਾਂ ਖੋਲ੍ਹੀਆਂ ਤਾਂ ਕੀ ਵੇਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕੋਈ ਨਹੀਂ ਹਨ।

ਉਸ ਵੇਲੇ ਭਾਈ ਬਾਲਾ ਜੀ ਨੇ ਦੋ ਹੱਥ ਜੋੜ ਕੇ ਅਰਦਾਸ ਕੀਤੀ- ਗਰੀਬ ਨਿਵਾਜ਼ ਜੀਓ! ਸਾਨੂੰ ਇਕੱਲਿਆਂ ਛੱਡ ਕੇ ਆਪ ਕਿਥੇ ਅਲੋਪ ਹੋ ਗਏ ਹੋ? ਤਰਸ ਕਰੋ! ਸਾਨੂੰ ਜਲਦੀ-ਜਲਦੀ ਆਪਣਾ ਦਰਸ਼ਨ ਦਿਓ।'

ਭਾਈ ਬਾਲੇ ਦੀ ਅਰਜ਼ ਸੁਣ ਕੇ ਹਜ਼ੂਰ ਨੇ ਉਸੇ ਵੇਲੇ ਪੰਜ ਭੂਤਕ ਸਰੀਰ ਵਿਖੇ ਪ੍ਰਤੱਖ ਆ ਕੇ ਦਰਸ਼ਨ ਦੇ ਦਿੱਤਾ ਤੇ ਉਸ ਅੰਮ੍ਰਿਤ ਨੂੰ ਅਲੋਪ ਕਰ ਲਿਆ।

www.sikhbookclub.com

ਫਿਰ ਭਾਈ ਬਾਲੇ ਨੇ ਬੇਨਤੀ ਕੀਤੀ- ਮਹਾਰਾਜ! ਇਹ ਅੰਮ੍ਰਿਤ ਆਪ ਜੀ ਨੇ ਕਿਉਂ ਅਲੋਪ ਕੀਤਾ ਹੈ? ਇਸ ਨੂੰ ਪਰਗਟ ਰਹਿਣ ਦੇਂਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ- ਭਾਈ! ਇਸ ਅੰਮ੍ਰਿਤ ਨੂੰ ਚੌਥੇ ਜਾਮੇ ਵਿਚ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਰੂਪ) ਵਿਚ ਪਰਗਟ ਕਰਾਂਗੇ।

ਇਹਨਾਂ ਗੱਲਾਂ ਤੋਂ ਮਲੂਮ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਹਿਲਾਂ ਤੋਂ ਹੀ ਇਸ ਅਸਥਾਨ ਨੂੰ ਬਨਾਉਣ ਦਾ ਸੰਕਲਪ ਹੈਸੀ ਤਾਂ ਹੀ ਇਹ ਬਚਨ ਕਿਹਾ ਸੀ ਕਿ ਚੌਥੇ ਸਰੂਪ ਵਿਖੇ ਇਸ ਅੰਮ੍ਰਿਤ ਨੂੰ ਪਰਗਟ ਕਰਾਂਗੇ।

ਇਹਨਾਂ ਬਚਨਾਂ ਕਰ ਕੇ ਹੀ ਇਸ ਤੁਕ ਦਾ ਅਰਥ ਇਹ ਕੀਤਾ ਹੈ ਕਿ ਫਲਬਰ ਦਾਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਅਸਥਾਨ ਬੱਧਾ ਹੈ।

ਦੂਜਾ ਭਾਵ ਇਹ ਭੀ ਸੁਣਿਆਂ ਹੈ :-

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਲਹਿਣਾ ਜੀ ਦੀ ਸੰਪੂਰਣ ਪ੍ਰੀਖਿਆ ਲੈ ਕੇ ਤੇ ਆਪਣੇ ਅੰਗਾ ਨਾਲ ਲਗਾ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨਾਮ ਰੱਖ ਕੇ ਗੁਰਤਾ ਗੱਦੀ ਬਖਸ਼ ਦਿੱਤੀ ਹੈ ਉਸ ਵੇਲੇ ਇਹ ਬਚਨ ਕਿਹਾ ਸੀ ਕਿ ਤੁਸੀਂ ਹੁਣ ਇਥੇ "ਕਰਤਾਰ ਪੁਰ ਸਾਹਿਬ" ਨਹੀਂ ਰਹਿਣਾ ਕਿਉਂਕਿ ਤੁਹਾਡੇ ਨਾਲ ਸਾਡੇ ਪੁੱਤਰ ਈਰਖਾ ਕਰਨਗੇ। ਤੁਹਾਡੇ ਪ੍ਰਤਾਪ ਨੂੰ ਸਹਾਰ ਨਹੀਂ ਸਕਣਗੇ। ਇਸ ਲਈ ਤੁਸੀਂ ਖਡੂਰ ਸਾਹਿਬ ਜਾ ਕੇ ਨਿਵਾਸ ਕਰੋ। ਤੁਸੀਂ ਇਥੇ ਨਹੀਂ ਆਉਣਾ, ਜਦੋਂ ਵੀ ਯਾਦ ਕਰੋਗੇ ਅਸੀਂ ਆਪ ਆ ਕੇ ਦਰਸ਼ਨ ਦੇ ਜਾਵਾਂਗੇ।

ਸ੍ਰੀ ਗੁਰੂ ਅੰਗਦ ਦੇਵ ਜੀ ਆਪਣੇ ਗੁਰਦੇਵਾਂ ਦਾ ਵਿਛੋੜਾ ਸਹਾਰ ਤਾਂ ਨਹੀਂ ਸਨ ਸਕਦੇ।*

ਪਰ ਹੁਕਮ ਦਾ ਮੰਨਣਾ ਵੀ ਇਕ ਜ਼ਰੂਰੀ ਫਰਜ਼ ਸਮਝਦੇ ਸਨ। ਹੁਕਮ ਮੰਨ ਕੇ ਖਡੂਰ ਸਾਹਿਬ ਆ ਪਹੁੰਚੇ।

ਜਦੋਂ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਦੇ ਸਨ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰ ਪੁਰੋਂ ਚਲ ਪੈਂਦੇ ਸਨ ਤੇ ਜਿਥੇ ਹੁਣ ਸ੍ਰੀ ਹਰਿਮੰਦਰ ਸਾਹਿਬ ਬਣਿਆ ਹੋਇਆ ਹੈ ਇਥੇ ਆ ਕੇ ਦਮ ਲੈਂਦੇ ਸਨ। ਕੁਝ ਚਿਰ ਆਰਾਮ ਤੇ ਨਿਤਨੇਮ ਬਾਣੀ ਦਾ ਪਾਠ ਕਰ ਕੇ ਫਿਰ ਤੁਰ ਪੈਂਦੇ ਸਨ।

ਖਡੂਰ ਸਾਹਿਬ ਪਹੁੰਚ ਕੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਦਰਸ਼ਨ ਦੇ ਕੇ ਬਚਨਾਂ ਦੁਆਰਾ ਪ੍ਰਸੰਨ ਕਰਦੇ ਜਦ ਫਿਰ ਖਡੂਰੋਂ ਤੁਰਦੇ ਸਨ ਤਾਂ ਸ੍ਰੀ ਗੁਰੂ ਅੰਗਦ ਸਾਹਿਬ ਜੀ ਵਿਦਾਇਗੀ ਲਈ ਨਾਲ ਤੁਰ ਪੈਂਦੇ ਸਨ। ਤੁਰਦਿਆਂ-ਤੁਰਦਿਆਂ ਕੁਝ ਪਤਾ ਨਾ ਲਗਣਾਂ ਤੇ ਪ੍ਰੇਮ ਦੇ ਬਚਨ-ਬਿਲਾਸ ਕਰਦਿਆਂ ਕਰਦਿਆਂ ਇਥੇ ਸ੍ਰੀ ਹਰਿਮੰਦਰ ਸਾਹਿਬ ਵਾਲੀ ਜਗ੍ਹਾ 'ਤੇ ਪਹੁੰਚ ਜਾਂਦੇ ਸਨ। ਦੋਨੋਂ ਗੁਰੂ ਸਾਹਿਬ ਕੁਝ ਘੜੀਆਂ ਏਥੇ ਅਰਾਮ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਪਿਛਾਂਹ ਖਡੂਰ ਸਾਹਿਬ ਨੂੰ ਆ ਜਾਂਦੇ ਸਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਕਰਤਾਰਪੁਰ ਚਲੇ ਜਾਂਦੇ ਸਨ।

ਇਕ ਵਾਰ ਇਥੇ ਬੈਠਿਆਂ ਸ੍ਰੀ ਗੁਰੂ ਨਾਨਕ਼ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕਿਹਾ ਸੀ ਕਿ ਇਹ ਮਹਾਨ ਪਵਿੱਤਰ ਅਸਥਾਨ ਹੈ ਇਸ ਨੂੰ ਜ਼ਰੂਰ ਪਰਗਟ ਕਰਨਾ ਹੈ। ਇਹ ਬਚਨ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ- 'ਸਤਿ ਬਚਨ ਜੀ, ਆਪ ਜੀ ਦੇ ਫੁਰਨੇ ਅਨੁਸਾਰ ਇਹ ਅਸਥਾਨ ਜ਼ਰੂਰ ਹੀ ਪ੍ਰਗਟ ਹੋਵੇਗਾ।'

---

*ਯਥਾ- *ਵਿਛੋੜਾ ਸੁਣੇ ਭੁਖ ਵਿਣੁ ਡਿਠੇ ਮਰਿਓਦਿ॥*
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥੩॥ (ਪੰਨਾ ੧੧੦੦)

ਇਹਨਾਂ ਬਚਨਾਂ ਦੁਆਰਾ ਵੀ ਇਹ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਕਲਪ ਨਾਲ ਹੀ ਇਹ ਅਸਥਾਨ ਬੱਧਾ ਹੈ।

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੋ ਸਤਿ ਬਚਨ ਕਰ ਕੇ ਕਿਹਾ ਕਿ ਆਪ ਜੀ ਦੇ ਫੁਰਨੇ ਅਨੁਸਾਰ ਇਹ ਅਸਥਾਨ ਜ਼ਰੂਰ ਬਣੇਗਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਹੁੰਚਾਣ ਲੱਗਿਆਂ ਇਥੇ ਆ ਕੇ ਕੁਝ ਘੜੀਆਂ ਬੈਠਦੇ ਤੇ ਬਚਨ-ਬਿਲਾਸ ਕਰਦੇ ਸਨ।

ਇਸ ਤੋਂ ਇਹ ਮਲੂਮ ਹੁੰਦਾ ਹੈ ਕਿ ਪੁਰਖਿ ਬਿਧਾਤੈ= ਫਲਬਰ ਦਾਤੇ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਹਨ ਉਹਨਾਂ ਨੇ ਭੀ ਇਸ ਅਸਥਾਨ ਨੂੰ ਬਣਾਇਆ ਹੈ।

ਅਥਵਾ- ***ਬਧੋਹੁ ਪੁਰਖਿ ਬਿਧਾਤੈ=*** ਬਿਧਾਤੇ ਪੁਰਖ ਦਾ ਸਰੂਪ ਜੋ ਸ੍ਰੀ ਗੁਰੂ ਅਮਰਦਾਸ ਜੀ ਹਨ ਉਹਨਾਂ ਨੇ ਆਪ ਇਸ ਅਸਥਾਨ ਨੂੰ ਬੱਧਾ ਹੈ ਜੋ ਆਗਿਆ ਦੇ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਇਥੇ ਭੇਜਿਆ ਹੈ ਕਿ ਜਾਓ ਅੰਮ੍ਰਿਤ ਦਾ ਸਰੋਵਰ ਤਿਆਰ ਕਰਵਾਓ।

ਜਿਨ੍ਹਾਂ ਦੀ ਆਗਿਆ ਨਾਲ ਜੋ ਚੀਜ਼ ਤਿਆਰ ਹੋਵੇ ਉਹ ਉਹਨਾਂ ਦੀ ਹੀ ਕਹੀ ਜਾਂਦੀ ਹੈ।

ਅਥਵਾ- ***ਬਧੋਹੁ ਪੁਰਖਿ ਬਿਧਾਤੈ=*** ਫਲਬਰ ਦਾਤੇ ਪੁਰਖ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਉਹਨਾਂ ਨੇ ਆਪ ਕਿਰਪਾ ਕਰ ਕੇ ਇਸ ਅਸਥਾਨ ਨੂੰ ਆ ਕੇ ਬੰਨ੍ਹਣਾ ਕੀਤਾ ਹੈ। ਸੰਮਤ ੧੬੩੧ ਬਿਕ੍ਰਮੀ ਵਿਖੇ।

ਉਸ ਵੇਲੇ ਇਸ ਦਾ ਨਾਮ ਗੁਰੂ ਕਾ ਚੱਕ ਸੀ ਤੇ ਸੰਮਤ ੧੬੩੪ ਵਿਚ ਦੁਖਭੰਜਨੀ ਬੇਰੀ ਪਾਸ ਤਾਲ ਖੁਦਾਇਆ (ਜੋ ਉਸ ਸਮੇਂ ਸੰਪੂਰਨ ਨਾ ਹੋ ਸਕਿਆ)।

ਅਥਵਾ- ***ਬਧੋਹੁ ਪੁਰਖਿ ਬਿਧਾਤੈ=*** ਬਿਧਾਤੇ ਪੁਰਖ ਸ੍ਰੀ ਵਿਸ਼ਨੂੰ ਮਹਾਰਾਜ ਜੀ ਨੇ ਆਪ ਆ ਕੇ ਇਸ ਅਸਥਾਨ ਨੂੰ ਬੰਨ੍ਹਣਾ ਕੀਤਾ ਹੈ।

ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਤਾ ਗੱਦੀ ਬੈਠ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆ ਨਾਲ ਸੰਮਤ ੧੬੪੩ ਵਿਚ ਇਸ ਸਰੋਵਰ ਦੀ ਸੇਵਾ ਨੂੰ ਅਰੰਭਿਆ ਹੈ ਤੇ ਹਰਿ ਕੀ ਪਉੜੀ ਵਾਲੀ ਜਗ੍ਹਾ ਜੋ ਬੜੀ ਸਖਤ ਸੀ ਇਥੋਂ ਦਾ ਕੜ ਕਿਸੇ ਪਾਸੋਂ ਵੀ ਨਾ ਟੁਟਿਆ, ਉਸ ਵੇਲੇ ਵਿਸ਼ਨੂੰ ਮਹਾਰਾਜ ਜੀ ਨੇ ਸਾਰਿਆਂ ਦੇਵਤਿਆਂ ਨੂੰ ਨਾਲ ਲਿਆ ਕੇ ਇਸ ਹਰਿ ਕੀ ਪਉੜੀ ਵਾਲੀ ਜਗ੍ਹਾ ਦੀ ਸੇਵਾ ਕੀਤੀ ਹੈ।

ਵਿਸ਼ਨੂੰ ਮਹਾਰਾਜ ਜੀ ਨੇ ਆਪਣੇ ਹੱਥੀਂ ਗੈਂਤੀ ਵਗੈਰਾ ਫੜ ਕੇ ਹਰਿ ਕੀ ਪਉੜੀ ਦਾ ਕੜ ਤੋੜਿਆ ਹੈ। ਬ੍ਰਹਮਾ ਜੀ ਕਹੀ ਲੈ ਕੇ ਭਰਦੇ ਰਹੇ ਹਨ, ਸ਼ਿਵ ਜੀ ਇੰਦਰ ਵਗੈਰਾ ਸਭ ਦੇਵਤੇ ਚੁੱਕ-ਚੁੱਕ ਕੇ ਕਾਰ-ਸੇਵਾ ਨੂੰ ਬਾਹਰ ਸੁਟਦੇ ਰਹੇ।

ਉਸ ਵੇਲੇ ਗਰੀਬ਼ ਨਿਵਾਜ਼ ਲਾਚੀ ਬੇਰ ਹੇਠ ਬੈਠੇ ਦੀਵਾਨ ਵਿਚ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ। ਜਿਸ ਵੇਲੇ ਹਜ਼ੂਰ ਨੂੰ ਪਤਾ ਲੱਗਾ ਕਿ ਬੜੀ ਸੰਗਤ ਆ ਕੇ ਸੇਵਾ ਕਰ ਰਹੀ ਹੈ ਤਾਂ ਕਿਹਾ- ਜਾਓ ਪਤਾ ਲਿਆਓ, ਕਿਥੋਂ ਦੀ ਸੰਗਤ ਆ ਕੇ ਸੇਵਾ ਕਰ ਰਹੀ ਹੈ?

ਸਿੱਖਾਂ ਨੇ ਆ ਕੇ ਬਹੁਤ ਪੁਛਿਆ ਪਰ ਪਤਾ ਕੋਈ ਨਾ ਲੱਗਾ। ਗੁਰੂ ਜੀ ਨੂੰ ਆ ਕੇ ਸਿੱਖਾਂ ਨੇ ਕਿਹਾ- ਹਜ਼ੂਰ! ਪਤਾ ਨਹੀਂ ਲਗਦਾ ਕਿਥੋਂ ਦੀ ਸੰਗਤ ਆਈ ਹੈ ਉਹ ਦਸਦੇ ਕੁਝ ਨਹੀਂ ਹਨ।

ਉਸ ਵੇਲੇ ਗਰੀਬ ਨਿਵਾਜ਼ ਨੇ ਅੰਤਰ ਧਿਆਨ ਹੋ ਕੇ ਦੇਖਿਆ ਤਾਂ ਕਿਹਾ-ਇਹ ਤਾਂ ਵਿਸ਼ਨੂੰ ਮਹਾਰਾਜ ਜੀ ਦੇਵਤਿਆਂ ਨੂੰ ਨਾਲ ਲਿਆ ਕੇ ਆਪ ਸੇਵਾ ਕਰ ਰਹੇ ਹਨ।

ਉਸ ਵੇਲੇ ਇਹ ਸ਼ਬਦ ਉਚਾਰਿਆ-

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੂਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥

(ਸੂਹੀ ਮਹਲਾ ੫, ਪੰਨਾ ੭੮੩)

ਇਸ ਸ਼ਬਦ ਤੋਂ ਨਿਸ਼ਚੇ ਕਰ ਲਓ ਕਿ ਫਲਬਰ ਦਾਤੇ ਵਿਸ਼ਨੂੰ ਮਹਾਰਾਜ ਜੀ ਨੇ ਆਪ ਆ ਕੇ ਇਸ ਅਸਥਾਨ ਨੂੰ ਬੱਧਾ ਹੈ ਇਸ ਤੇ ਹੇ ਹਰਿਹਾਂ! ਇਹ ਅਸਥਾਨ ਸਾਰਿਆਂ ਤੋਂ ਸੋਭਨੀਕ ਹੈ।

ਨੋਟ-ਪੰਚਮ ਪਿਤਾ ਜੀ ਨੇ ੧੬੪੫ ਸੰਮਤ ਮਾਘ ੧ ਨੂੰ ਇਸ ਹਰਿਮੰਦਰ ਦੀ ਨੀਂਹ ਰੱਖੀ ਹੈ ਤੇ ਇਸ ਹਰਿਮੰਦਰ ਨੂੰ ਸੰਪੂਰਣ ਤਿਆਰ ਕਰਵਾ ਕੇ, ੧੬੬੧ ਬਿਕ੍ਰਮੀ ਵਿਚ ਭਾਦਰੋਂ ਸੁਦੀ ਏਕਮ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੈ।

ਸਰੋਵਰ ਦੀ ਲੰਬਾਈ ੫੦੦ ਫੁੱਟ ਹੈ, ਚੌੜਾਈ ੪੯੦ ਫੁੱਟ ਹੈ ਅਤੇ ਡੂੰਘਿਆਈ ੧੭ ਫੁੱਟ ਹੈ। ਸਰੋਵਰ ਦੀ ਪਹਿਲੇ ਪ੍ਰਕਰਮਾਂ ੨੩ ਫੁੱਟ ਚੌੜੀ ਸੀ, ਅੱਜ ਕਲ੍ਹ ਦੀ ਸੰਕੀਮ ਅਨੁਸਾਰ ੨੧ ਫੁਟ ਪ੍ਰਕਰਮਾਂ ਹੋਰ ਚੌੜੀ ਕਰ ਦਿੱਤੀ ਤੇ ੧੨ ਫੁੱਟ ਦਾ ਬਰਾਂਡਾ ਵੱਖਰਾ ਵਧਾ ਦਿੱਤਾ ਹੈ। ਪ੍ਰਕਰਮਾਂ ਦੀ ਚੌੜਾਈ ਬਰਾਂਡੇ ਵਾਲੀ ਜਗ੍ਹਾ ਸਮੇਤ, ਸਰੋਵਰ ਦੇ ਕੰਢੇ ਤਕ ਕੁਲ ੫੬ ਫੁੱਟ ਹੋ ਗਈ ਹੈ।

ਘੰਟੇ ਘਰ ਵਾਲੇ ਪਾਸੇ ਦੀਆਂ ਵਿਚਕਾਰਲੀਆਂ ਪੌੜੀਆਂ ੧੮ ਹਨ, ਆਸੇ-ਪਾਸੇ ਦੀਆਂ ਪੌੜੀਆਂ ਚੌਦਾਂ ਚੌਦਾਂ ਹਨ।

ਏਸੇ ਤਰ੍ਹਾਂ ਸੰਤ ਭੂਰੀ ਵਾਲੇ ਪਾਸੇ ਦੀਆਂ ਵਿਚਕਾਰਲੀਆਂ ਪੌੜੀਆਂ ੧੭ ਹਨ ਤੇ ਆਸੇ-ਪਾਸੇ ਦੀਆਂ ਪੌੜੀਆਂ ਚੌਦਾਂ-ਚੌਦਾਂ ਹਨ।

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾਂ ੧੩ ਫੁੱਟ ਚੌੜੀ ਹੈ ਅਤੇ ਹਰ ਇਕ ਬਾਹੀ ੬੬-੬੬ ਫੁੱਟ ਹੈ। ਦਰਸ਼ਨੀ ਡਿਉਢੀ ਤੋਂ ਲੈ ਕੇ ਹਰਿਮੰਦਰ ਸਾਹਿਬ ਤਕ ਸਾਰੀ ਪੁਲ ੨੪੦ ਫੁੱਟ ਲੰਬੀ ਹੈ ਤੇ ੨੧ ਫੁੱਟ ਚੌੜੀ ਹੈ। ਪੁਲ ਦੇ ਹੇਠਾਂ ੩੮ ਸੁਰਗਦ੍ਵਾਰੀਆਂ ਹਨ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਅਪਾਰ ਕਿਰਪਾ ਦਾ ਸਦਕਾ ਏਸ ਹਰਿਮੰਦਰ ਵਿਚ ਅੱਠੇ ਪਹਿਰ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਆਪ ਵੈਸਾਖੀ ਦਾ ਬੜਾ ਭਾਰੀ ਮੇਲਾ ਆਰੰਭ ਕੀਤਾ ਹੈ ਅਤੇ ਦੀਪਮਾਲਾ ਦਾ ਮੇਲਾ ਬਾਬਾ ਬੁੱਢਾ ਜੀ ਨੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ (ਅੰਮ੍ਰਿਤਸਰ ਤੋਂ ਦਿੱਲੀ ੨੭੬ ਮੀਲ ਹੈ ਅਤੇ ਦਿੱਲੀ ਤੋਂ ਗਵਾਲੀਅਰ ੨੦੦ ਮੀਲ ਹੈ। ਦਸੰਬਰ ਦੇ ਮਹੀਨੇ ਸੰਨ ੧੯੭੦ ਵਿਚ ਦਰਸ਼ਨ ਕਰਨ ਗਏ ਸਾਂ ਗੁਰਦੁਆਰਾ ਸਾਹਿਬ ਨਵਾਂ ਬਣ ਰਿਹਾ ਸੀ। ਮੁਸਾਫਰਾਂ ਦੇ ਅਰਾਮ ਲਈ ਬਹੁਤ ਕਮਰੇ ਪੈ ਚੁਕੇ ਹਨ, ਹਰ ਮਸਿਆ ਤੇ ਬੜਾ ਭਾਰੀ ਮੇਲਾ ਲਗਦਾ ਹੈ ਅਤੇ ਆਏ ਗਏ ਮੁਸਾਫਰਾਂ ਨੂੰ ਹਰ ਵੇਲੇ ਲੰਗਰ ਮਿਲਦਾ ਹੈ।) ਗਵਾਲੀਅਰ ਕਿਲ੍ਹੇ ਤੋਂ ਵਾਪਸ ਆਉਣ ਦਾ ਅਰੰਭ ਕੀਤਾ ਹੈ।

੧੫੬ ਸਾਲ ਤਕ ਬੜਾ ਭਾਰੀ ਆਨੰਦ ਮੰਗਲ ਰਿਹਾ ਹੈ, ਮਗਰੋਂ ਸੰਮਤ ੧੮੧੮ ਵਿਚ ਆਪਣੇ ਅਹਿਲਕਾਰ, ਕਲੰਦਰ ਖਾਂ ਦੀ ਮਾਰਫਤ ਅਹਿਮਦਸ਼ਾਹ ਦੁਰਾਨੀ ਨੇ ਹਰਿਮੰਦਰ ਨੂੰ ਬਰੂਦ ਨਾਲ ਉਡਾ ਕੇ ਸਰੋਵਰ ਨੂੰ ਭਰਵਾ ਦਿੱਤਾ ਸੀ।

ਫਿਰ ਖਾਲਸਾ ਜੀ ਨੇ ੧੧ ਵੈਸਾਖ *ਸੰਮਤ ੧੮੨੧ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਨੀਂਹ ਰਖਵਾ ਕੇ ਕੁਝ-ਕੁ ਵਰ੍ਹਿਆਂ ਵਿਚ ਪਹਿਲੇ ਵਾਂਗ ਹਰਿਮੰਦਰ ਸਾਹਿਬ ਬਣਾ ਦਿੱਤਾ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਰਦਾਰ ਬਦਰ ਸਿੰਘ ਦਾ ਪੁੱਤਰ ਸੀ। ੧੭੧੮ ਸੰਨ ਵਿਚ ਇਹ ਪੈਦਾ ਹੋਇਆ ਹੈ। ਨਵਾਬ ਕਪੂਰ ਸਿੰਘ ਜੀ ਦੀ ਸੰਗਤ ਕਰਕੇ ਇਹ ਬੜਾ ਕਰਨੀ ਵਾਲਾ ਹੋਇਆ ਹੈ।

ਮਾਤਾ ਸੁੰਦਰੀ ਜੀ ਨੇ ਇਸ ਨੂੰ ਅਸ਼ੀਰਵਾਦ ਦੇ ਕੇ ਇਕ ਗੁਰਜ ਬਖਸ਼ੀ ਹੋਈ ਸੀ, ਜਿਸ ਕਰ ਕੇ ਪੰਥ ਵਿਚ ਇਸ ਦਾ ਭਾਰੀ ਮਾਣ ਸੀ।

ਪਟਿਆਲਾ ਪਤੀ ਰਾਜਾ ਅਮਰ ਸਿੰਘ ਜੀ ਨੇ ਸ੍ਰ: ਜੱਸਾ ਸਿੰਘ ਜੀ ਪਾਸੋਂ ਹੀ ਅੰਮ੍ਰਿਤ ਛਕਿਆ ਸੀ। ਸ੍ਰ: ਜੱਸਾ ਸਿੰਘ ਜੀ ਨੇ ੧੭੪੮ ਸੰਨ ਵਿਖੇ ਅੰਮ੍ਰਿਤਸਰ ਦੇ ਹਾਕਮ "ਸਲਾਬਤ ਖਾਨ" ਨੂੰ ਕਤਲ ਕਰ ਕੇ ਬਹੁਤ ਸਾਰਾ ਇਲਾਕਾ ਆਪਣੇ ਕਬਜ਼ੇ ਵਿਚ ਕੀਤਾ ਸੀ!

ਫੇਰ ੧੭੪੯ ਸੰਨ ਵਿਚ ਸ਼ਾਹ ਨਿਵਾਜ ਨੂੰ ਮੁਲਤਾਨੋਂ ਖਾਰਜ ਕਰਨ ਲਈ ਦੀਵਾਨ "ਕੌੜਾ ਮੱਲ" ਨੂੰ ਬੜੀ ਭਾਰੀ ਸਹਾਇਤਾ ਦਿਤੀ ਸੀ। ਫੇਰ ੧੭੫੩ ਸੰਨ ਵਿਚ ਜਲੰਧਰ ਦੇ ਹਾਕਮ "ਅਦੀਨਾ ਬੇਗ" ਨੂੰ ਜਿੱਤ ਕੇ ਫਤਿਹਬਾਦ ਪਰਗਨੇ ਪਰ ਕਬਜ਼ਾ ਕੀਤਾ।

ਅਹਿਮਦਸ਼ਾਹ ਦੁਰਾਨੀ ਦੇ ਗੁਲਾਮ ਬਨਾਉਣ ਲਈ ਫੜੇ ਹੋਏ ਹਿੰਦੂ ਮਰਦ ਔਰਤਾਂ ਨੂੰ ਛੁਡਾ ਕੇ ਇਸ ਨੇ 'ਬੰਦੀ ਛੋੜ' ਪਦਵੀ ਪ੍ਰਾਪਤ ਕੀਤੀ। ਇਸ ਨੇ ਵੱਡੇ ਘੱਲੂਘਾਰੇ ਵਿਚ ਵੱਡੀ ਸੂਰਬੀਰਤਾ ਵਿਖਾਈ ਹੈ। ੨੨ ਜ਼ਖਮ ਖਾ ਕੇ ਵੀ ਹੌਂਸਲੇ ਨਾਲ ਲੜਦਾ ਰਿਹਾ ਹੈ। ੧੭੭੪ ਸੰਨ ਵਿਚ ਇਸ ਨੇ ਕਪੂਰਥਲਾ ਲੈ ਕੇ ਆਪਣੀ ਰਾਜਧਾਨੀ ਕਾਇਮ ਕੀਤੀ ਤੇ ਆਪਣਾ ਸਿੱਕਾ ਚਲਾਇਆ, ਸਿੱਕੇ ਉਪਰ ਇਹ ਅੱਖਰ ਲਿਖੇ ਹੋਏ ਸਨ-

"ਸਿਕਹ ਜ਼ਦ ਦਰ ਜਹਾਂ ਬਫਜ਼ਲੇ ਅਕਾਲ। ਮੁਲਕ ਅਹਮਦ ਗਰਿਫਤ ਜੱਸਾ ਕਲਾਲ।"

ਇਸ ਦਾ ਦਿਹਾਂਤ ੧੭੮੩ ਸੰਨ ਤਥਾ ਬਿਕ੍ਰਮੀ ਸੰਮਤ ੧੮੪੦ ਵਿਚ ਹੋਇਆ ਹੈ। *(ਮਹਾਨ ਕੋਸ਼)*

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥

ਅਨੂਪੰ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪੁਰ= ਸ੍ਰੀ ਅੰਮ੍ਰਿਤਸਰ ਹੈ, ਉਸ ਵਿਖੇ ਅਪਾਰ= ਬਹੁਤ ਸਘਨ= ਸੰਘਣੀ ਵਸਦੀ= ਵੱਸੋਂ ਹੋਵੇਗੀ, ਇਸ ਵਾਸਤੇ ਹੇ ਹਰਿਹਾਂ! ਤੂੰ ਵੀ ਸਭ ਸਹੇਲੀਆਂ ਦੇ ਸਹਿਤ ਚਲ ਕੇ ਉਸ ਜਗ੍ਹਾ ਨਿਵਾਸ ਕਰ।

---

*ਗਿ: ਗਿਆਨ ਸਿੰਘ ਜੀ ਨੇ ਹਰਿਮੰਦਰ ਸਾਹਿਬ ਜੀ ਦੀ ਦੁਬਾਰਾ ਨੀਂਹ ਰੱਖਣ ਦਾ ਸੰਮਤ ੧੮੧੯ ਕੱਤਕ ਸੁਦੀ ਤਰੈਦਸੀ ਸੋਮਵਾਰ ਲਿਖਿਆ ਹੈ:

ਸੁਭ ਸੁਦੀ ਕਾਤਕ ਤਰੈਦਸੀ ਸਸਿ ਵਾਰ ਸਾਰ ਨਿਹਾਰ ਕੈ।
ਤਬ ਬ੍ਰਾ ਅਠਾਰਾਂ ਸੈ ਉਨੀਸਾ ਸੰਮਤ ਬਿਕ੍ਰਮੀ ਕਾ ਸਹੀ।
ਗੁਰੂ ਗ੍ਰੰਥ ਮੈਂ ਆਵਾਜ ਲੀਨੀ ਠੀਕ ਆਈ ਥੀ ਯਹੀ।
ਸੂਹੀ ਮਹਲਾ ੫॥ ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ। (ਪੰਨਾ ੭੮੧)

(ਪੰਥ ਪ੍ਰਕਾਸ਼ ਚੌਥੀ ਐਡੀਸ਼ਨ, ਪੰਨਾ ੮੩੪)

ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥ ੧੦॥

ਸਤਿਗੁਰੂ ਜੀ ਆਖਦੇ ਹਨ- ਹੇ ਹਰਿਹਾਂ! ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਬਣਾਏ ਹੋਏ ਅੰਮ੍ਰਿਤ ਸਰੋਵਰ ਵਿਚ ਨਾਈਐ= ਇਸ਼ਨਾਨ ਕਰਨ ਨਾਲ ਸਾਰੇ ਹੀ ਕਸਮਲ= ਪਾਪ ਜਾਹਿ= ਦੂਰ ਹੋ ਜਾਂਦੇ ਹਨ॥੧੦॥

ਯਥਾ- ਸੰਤਹੁ ਰਾਮਦਾਸ ਸਰੋਵਰੁ ਨੀਕਾ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥੧॥

(ਸੋਰਠਿ ਮਹਲਾ ੫, ਪੰਨਾ ੬੨੩)

ਤਥਾ- ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੇ ਕੀਨੇ ਦਾਨਾ॥ ੧॥

(ਸੋਰਠਿ ਮਹਲਾ ੫, ਪੰਨਾ ੬੨੫)

ਦੂਜਾ ਅਰਥ- *ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*

ਸਾਰੇ ਅਸਥਾਨ ਫਿਰ ਕੇ ਦੇਖੇ ਹਨ, ਪਰ ਤਿਸ ਸਤਿਸੰਗ ਜਿਹਾ ਕੋਈ ਹੋਰ ਅਸਥਾਨ ਨਹੀਂ।

ਥਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥

ਇਹ ਸਤਿਸੰਗ ਰੂਪ ਅਸਥਾਨ ਬਿਧਾਤੈ ਪੁਰਖਿ= ਪਰਮਾਤਮਾ ਨੇ ਆਪ ਬੱਧਾ ਹੈ।
ਹੇ ਭਾਈ ! ਤੂੰ-ਐਸੇ ਨਿਸਚੇ ਕਰ ਇਹ ਤਾਂ ਹੀ ਇਹ ਸਤਿਸੰਗ ਰੂਪ ਅਸਥਾਨ ਸ਼ੋਭਨੀਕ ਹੋ ਰਿਹਾ ਹੈ।

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥

ਰਾਮ ਦੇ ਦਾਸਾਂ ਦਾ ਅਨੂਪੰ ਪੁਰਾ ਜੇ ਸਤਿਸੰਗ ਹੈ, ਇਸ ਵਿਖੇ ਅਪਾਰ= ਬਹੁਤ ਸੰਘਣੀ ਵੱਸੋਂ ਹੁੰਦੀ ਹੈ, ਜੋ ਕਿ ਬੇਅੰਤ ਜਗਿਆਸੂ ਜਨ ਕਥਾ ਕੀਰਤਨ ਦੇ ਸਰੋਤੇ ਬੈਠ ਕੇ ਲਾਭ ਲੈਂਦੇ ਹਨ।

ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥ ੧੦॥

ਸਤਿਗੁਰੂ ਜੀ ਕਥਨ ਕਰਦੇ ਹਨ- ਹਰਿਹਾਂ= ਹੇ ਭਾਈ! ਰਾਮ ਦੇ ਦਾਸਾਂ ਦਾ ਸਰੋਵਰ ਜੋ ਸਤਿਸੰਗ ਹੈ, ਨਾਮ ਜਲ ਕਰ ਕੇ ਪੂਰਤ, ਜੋ ਉਸ ਵਿਖੇ ਇਸ਼ਨਾਨ ਕਰਦਾ ਭਾਵ ਸ਼ਰਧਾ ਸਹਿਤ ਕਥਾ ਕੀਰਤਨ ਸੁਣਦਾ ਹੈ, ਉਸ ਦੇ ਸਾਰੇ ਕਸਮਲ= ਪਾਪ ਚਲੇ ਜਾਂਦੇ ਹਨ॥੧੦॥

ਤੀਜਾ ਅਰਥ- *ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*

ਸਾਰੇ ਥਾਂ ਭਾਵ ਸਾਰੇ ਸ਼ਾਸਤ੍ਰ ਵੇਖੇ ਹਨ ਪਰ ਤਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਹਾ ਹੋਰ ਕੋਈ ਥਾਂ ਨਹੀਂ ਹੈ।

ਯਥਾ- ਪੋਥੀ ਪਰਮੇਸਰ ਕਾ ਥਾਨੁ॥ (ਸਾਰੰਗ ਮਹਲਾ ੫, ਪੰਨਾ ੧੨੨੬)

ਥਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥

ਬਿਧਾਤੇ ਪੁਰਖ ਦਾ ਰੂਪ ਜੋ ਗੁਰੂ ਸਾਹਿਬ ਜੀ ਹਨ, ਉਹਨਾਂ ਨੇ ਆਪ ਇਸ ਨੂੰ ਬੱਧਾ ਹੈ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰਚਿਆ ਹੈ। ਤਾਂ ਹੀ ਇਹ ਸਾਰਿਆਂ ਵਿਚੋਂ ਸੋਭਨੀਕ ਹਨ ਤੂੰ ਐਸੇ ਨਿਸਚੇ ਕਰ।

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥

ਇਸ ਵਿਖੇ ਅਪਾਰ ਸੰਘਣੀ ਵੱਸੋਂ ਹੈ, ਕਿਉਂਕਿ-ਪਹਿਲੇ ਪਾਤਿਸ਼ਾਹ ਜੀ ਦੀ ਬਾਣੀ। ਦੂਜੇ ਪਾਤਿਸ਼ਾਹ ਜੀ ਦੀ ਬਾਣੀ। ਤੀਜੇ ਪਾਤਿਸ਼ਾਹ ਜੀ ਦੀ ਬਾਣੀ। ਚੌਥੇ ਪਾਤਿਸ਼ਾਹ ਜੀ ਦੀ ਬਾਣੀ। ਪੰਜਵੇਂ ਪਾਤਿਸ਼ਾਹ ਜੀ ਦੀ

ਬਾਣੀ। ਛੇਵੇਂ ਪਾਤਿਸ਼ਾਹ ਜੀ ਦੀਆਂ ਧੁਨਾਂ। ਨੌਵੇਂ ਪਾਤਿਸ਼ਾਹ ਜੀ ਦੀ ਬਾਣੀ। ਦਸਵੇਂ ਪਾਤਿਸ਼ਾਹ ਜੀ ਦੀ ਬਾਣੀ-

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥ ੫੪॥ (ਪੰਨਾ ੧੪੨੯)

ਕਬੀਰ ਜੀ, ਫਰੀਦ ਜੀ, ਰਵਿਦਾਸ ਜੀ, ਨਾਮਦੇਵ ਜੀ, ਧੰਨਾ ਜੀ, ਤ੍ਰਿਲੋਚਨ ਜੀ, ਜੈਦੇਵ ਜੀ, ਬੇਣੀ ਜੀ, ਭੀਖਣ ਜੀ, ਪੀਪਾ ਜੀ, ਸਧਨਾ ਜੀ, ਰਾਮਾਨੰਦ ਜੀ, ਪਰਮਾਨੰਦ ਜੀ, ਸੂਰਦਾਸ ਜੀ ਆਦਿਕ ਸਭ ਭਗਤਾਂ ਦੀ ਬਾਣੀ ਹੈ ਇਸ ਤੇ ਸੰਘਣੀ ਵੱਸੋਂ ਹੈ।

ਵਾ:-ਗਿਆਨ, ਭਗਤੀ ਤੇ ਵੈਰਾਗ ਸਬੰਧੀ ਬਹੁਤੇ ਬਚਨਾਂ ਦੇ ਹੋਣ ਕਰ ਕੇ ਸੰਘਣੀ ਵਸਤੀ ਹੈ। ਰਾਮ ਰੂਪ ਗੁਰੂ ਸਾਹਿਬਾਂ ਦਾ ਅਤੇ ਦਾਸ ਵਿਚੋਂ ਭਗਤ ਲੈਣੇ ਭਾਵ ਗੁਰੂਆਂ ਦਾ ਤੇ ਭਗਤਾਂ ਦਾ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੂਪੰ ਪੁਰਾ ਹੈ।

ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥੧੦॥

ਹੇ ਭਾਈ! ਰਾਮ ਰੂਪ ਗੁਰੂਆਂ ਦਾ ਤੇ ਦਾਸ= ਭਗਤਾਂ ਦਾ ਸਰੋਵਰ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਇਸ ਵਿਚ ਇਸ਼ਨਾਨ ਕਰਨ ਨਾਲ ਅਰਥਾਤ ਗੁਰਬਾਣੀ ਪੜ੍ਹਨ ਸੁਣਨ ਅਤੇ ਧਾਰਨ ਕਰਨ ਨਾਲ ਸਾਰੇ ਪਾਪ ਚਲੇ ਜਾਂਦੇ ਹਨ॥ ੧੦॥

ਚੌਥਾ ਅਰਥ- *ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*

ਸਾਰੇ ਅਸਥਾਨ ਦੇਖੇ ਹਨ ਪਰ ਨਿਸਚਲ ਅਸਥਾਨ ਕੋਈ ਵੀ ਨਹੀਂ ਹੈ।

ਯਥਾ- ਇੰਦ੍ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
ਸਿਵ ਪੁਰੀ ਦਾ ਹੋਇਗਾ ਕਾਲਾ॥ (ਗਉੜੀ ਮਹਲਾ ੫, ਪੰਨਾ ੨੩੭)

ਹੇ ਤੁਰੀਆ ਅਵਸਥਾ! ਇਕ ਤੂੰ ਹੀ ਨਿਸਚਲ ਹੈਂ, ਤੇਰੇ ਜੈਸਾ ਹੋਰ ਕੋਈ ਨਹੀਂ ਹੈ।

ਬਧੋਹੁ ਪੁਰਖਿ ਬਿਧਾਤੈ ਭਾਂ ਤੂ ਸੋਹਿਆ॥

ਹੇ ਜਗਿਆਸੂ! ਬਿਧਾਤੇ ਪੁਰਖ ਰੂਪ ਗੁਰੂਆਂ ਨੇ ਤੈਨੂੰ ਤੁਰੀਆ ਪਦ ਵਿਚ ਇਸਥਿਤ ਕੀਤਾ ਹੈ, ਇਸ ਕਰ ਕੇ ਤੂੰ ਸ਼ੋਭਨੀਕ ਹੈਂ।

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥

ਇਸ ਤੁਰੀਆ ਪਦ ਵਿਚ ਬਿਅੰਤ ਸ਼ੁਭ ਗੁਣਾਂ ਦੀ ਸੰਘਣੀ ਵੱਸੋਂ ਹੈ। ਰਾਮ ਦੇ ਦਾਸ ਜੋ ਤਤਵੇਤਾ ਮਹਾਤਮਾ ਹਨ, ਉਹਨਾਂ ਦੀ ਤੁਰੀਆ ਅਵਸਥਾ ਰੂਪ ਪੁਰੀ ਅਨੂਪੰ ਹੈਂ।

ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥੧੦॥

ਗੁਰੂ ਜੀ ਕਥਨ ਕਰਦੇ ਹਨ- ਹੇ ਭਾਈ! ਰਾਮ ਦੇ ਦਾਸ ਜੋ ਤਤਵੇਤਾ ਮਹਾਤਮਾ ਹਨ ਉਹਨਾਂ ਦਾ ਸਰੋਵਰ ਜੋ ਸਤਿਸੰਗ ਹੈ; ਉਸ ਵਿਚ ਨਹਾਉਣ ਕਰ ਕੇ ਭਾਵ ਸ੍ਰਵਨ ਮੰਨਨ ਤੇ ਨਿਧਿਆਸਨ ਕਰਨ ਨਾਲ ਸਾਰੇ ਪਾਪ ਚਲੇ ਜਾਂਦੇ ਹਨ॥ ੧੦॥

ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥

ਪਹਿਲਾ ਅਰਥ-

ਜਿਸ ਪ੍ਰਕਾਰ ਚਾਤ੍ਰਿਕ= ਪਪੀਹਾ ਚਿਤ= ਚਿਤਵਦਾ ਹੋਇਆ ਸੁ-ਚਿਤ= (ਸ੍ਵੈ) ਆਪਣੇ ਚਿਤ ਵਿਖੇ ਸ੍ਰਾਂਤੀ

www.sikhbookclub.com

ਬੰਦ ਵਾਲੇ ਸੱਜਣ ਨੂੰ ਭਾਵ ਬੱਦਲ ਨੂੰ ਚਾਹੁੰਦਾ ਹੈ, ਕਿਉਂਕਿ ਇਸੇ ਦੁਆਰਾ ਇਸ ਦੀ ਮਨਸ਼ਾ ਪੂਰੀ ਹੋਣੀ ਹੈ।

ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥

ਜਿਸ ਵਸਤੂ ਦੇ ਨਾਲ ਇਸ ਪਪੀਹੇ ਦੇ ਸਵਾਸ ਲੱਗ ਰਹੇ ਹਨ, ਤਿਸੇ ਵਸਤੂ ਨੂੰ ਉਹ ਪਪੀਹਾ ਆਹੀਐ= ਚਾਹੁੰਦਾ ਹੈ।

ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥

ਇਕ ਜਲ= ਸ਼ਾਂਤੀ ਬੂੰਦ ਦੀ ਪ੍ਰਾਪਤੀ ਦੇ ਕਾਰਣੇ= ਵਾਸਤੇ ਬਨੁ ਬਨੁ= ਉਜਾੜਾਂ ਉਜਾੜਾਂ ਵਿਖੇ ਉਦਾਸੀਨ ਹੋਇਆ ਫਿਰਦਾ ਹੈ।

ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥ ੧੧॥

ਸਤਿਗੁਰੂ ਜੀ ਕਥਨ ਕਰਦੇ ਹਨ- ਹੇ ਹਰਿਹਾਂ! ਤਿਉ= ਤੈਸੇ ਪਪੀਹੇ ਦੀ ਨਿਆਈਂ ਹਰੀ ਦੇ ਸੇਵਕ ਜਨ ਹਰੀ ਨਾਮ ਰੂਪ ਸ਼ਾਂਤੀ ਬੂੰਦ ਨੂੰ ਮੰਗਦੇ ਹਨ, ਇਸ ਤੇ ਉਹਨਾਂ ਸੰਤ ਜਨਾਂ ਤੋਂ ਅਸੀਂ ਕੁਰਬਾਨ ਜਾਂਦੇ ਹਾਂ॥੧੧॥

(ਪਹਿਲੀਆਂ ਤਿੰਨੇ ਪੰਗਤੀਆਂ ਦ੍ਰਿਸ਼ਟਾਂਤ ਦੀਆਂ ਹਨ ਤੇ ਚੌਥੀ ਪੰਗਤੀ ਦਾ ਦ੍ਰਿਸ਼ਟਾਂਤ ਹੈ)।

ਪ੍ਰਸੰਗ ਅਨੁਸਾਰ ਇਕ ਅਰਥ ਇਹ ਪੂਰਾ ਹੋ ਚੁੱਕਾ ਹੈ।

ਦੂਜਾ ਅਰਥ- *ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥*

ਗੁਰਮੁਖ ਜਗਿਆਸੂ ਰੂਪ ਪਪੀਹੇ ਦਾ ਸੁਚਿਤ ਚਿਤ= ਸ੍ਰੇਸ਼ਟ ਚਿਤ ਸੁ= ਸ੍ਰੇਸ਼ਟ ਸਾਜਨੁ= ਸੱਜਣ ਪਰਮਾਤਮਾ ਨੂੰ ਚਾਹੁੰਦਾ ਹੈ।

ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥

ਜਿਸ ਸੱਜਣ-ਪਰਮਾਤਮਾ ਦੇ ਨਾਲ ਪ੍ਰਾਣ ਲੱਗ ਰਹੇ ਹਨ, ਤਿਸ ਪਰਮਾਤਮਾ ਕਉ= ਨੂੰ ਹੀ ਆਹੀਐ= ਚਾਹੁੰਦਾ ਹੈ। ਉਹ ਗੁਰਮੁਖ ਜਗਿਆਸੂ ਰੂਪ ਪਪੀਹਾ-

ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥

ਇਕ ਨਾਮ-ਜਲ ਰੂਪ ਸ਼ਾਂਤੀ ਬੂੰਦ ਦੀ ਪ੍ਰਾਪਤੀ ਵਾਸਤੇ ਬਨੁ ਬਨੁ= ਤੀਰਥਾਂ ਤੀਰਥਾਂ ਤੇ ਉਦਾਸੀਨ ਹੋਇਆ ਫਿਰਦਾ ਹੈ।

ਤੀਜਾ ਅਰਥ- *ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥*

ਤੈਸੇ ਉਤਮ ਜਗਿਆਸੂ ਦਾ ਚਿਤ ਰੂਪ ਪਪੀਹਾ ਸੁਚਿਤ= ਸਾਵਧਾਨ ਹੋ ਕੇ,

ਵਾ:- ਸ੍ਰੇਸ਼ਟ ਚਿਤਵਨੀ ਕਰ ਕੇ ਨਾਮ ਰੂਪ ਸ਼ਾਂਤੀ ਬੂੰਦ ਵਾਲੇ ਸੱਜਣ ਜੋ ਗੁਰੂ ਹਨ, ਉਹਨਾਂ ਪਾਸੋਂ ਅਭੇਦ ਬੋਧ ਰੂਪ ਸ਼ਾਂਤੀ ਬੂੰਦ ਨੂੰ ਚਾਹੁੰਦਾ ਹੈ।

ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥

ਜਿਸ ਗੁਰੂ ਨਾਲ ਉੱਤਮ ਜਗਿਆਸੂ ਦੇ ਪ੍ਰਾਣ ਲੱਗ ਰਹੇ ਹਨ ਭਾਵ ਸ੍ਵਾਸ-ਸ੍ਵਾਸ ਗੁਰੂ ਨੂੰ ਲੋਚਦਾ ਹੈ, ਉਸੇ ਗੁਰੂ ਨੂੰ ਹੀ ਹਰਦਮ ਆਹੀਐ= ਚਾਹੁੰਦਾ ਹੈ।

ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥

ਵੇਦਾਂ ਸ਼ਾਸਤ੍ਰਾਂ ਨੂੰ ਖੋਜ ਕੇ ਵਾ:-ਭੇਖਾਂ ਨੂੰ ਬਣਾ ਬਣਾ ਕੇ ਭੀ ਅਭੇਦ ਬੋਧ ਰੂਪ, ਵਾ:-ਪ੍ਰੇਮ ਰੂਪੀ ਸ਼ਾਂਤੀ

ਬੂੰਦ ਦੀ ਪ੍ਰਾਪਤੀ ਵਾਸਤੇ ਉਪਰਾਮ ਹੋਇਆ ਫਿਰਦਾ ਹੈ।

ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥ ੧੧॥

ਸਤਿਗੁਰੂ ਜੀ ਆਖਦੇ ਹਨ- ਹੇ ਹਰਿਹਾਂ! ਜੈਸੇ ਹਰੀ ਦੇ ਜਨ ਹਰੀ ਨਾਮ ਨੂੰ ਮੰਗਦੇ ਹਨ, ਤਿਉ= ਤੈਸੇ ਤੂੰ ਵੀ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਅੱਗੇ ਖਲੋ ਕੇ ਨਾਮ ਦਾਤ ਨੂੰ ਮੰਗਣਾ ਕਰ ਅਤੇ ਸਤਿਗੁਰੂ ਜੀ ਤੋਂ ਕੁਰਬਾਨ ਜਾਣਾ ਕਰ॥ ੧੧॥

ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ॥

ਅਸਲੀ ਮਿੱਤਰ ਜੋ ਅਕਾਲ ਪੁਰਖ ਹੈ ਤਿਸ ਦਾ ਚਿਤ ਅਨੂਪੰ ਹੈ, ਉਸ ਅਕਾਲ ਪੁਰਖ ਦਾ ਮਰਮੁ= ਭੇਦ ਕਿਸੇ ਪਾਸੋਂ ਵੀ ਜਾਣਿਆ ਨਹੀਂ ਜਾਂਦਾ।

ਯਥਾ- ਹਰਿ ਕੀ ਗਤਿ ਨਹਿ ਕੋਊ ਜਾਨੈ॥

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥ ੧॥ *(ਪੰਨਾ ੫੩੭)*

ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥

ਜੈਸੇ ਭੌਰਾ ਫੁੱਲ ਵਿਚ ਨਾਸਾਂ ਨੂੰ ਜੋੜ ਕੇ ਖੁਸ਼ਬੋ ਲੈਂਦਾ ਹੈ, ਐਸੇ ਹੀ ਗੁਣੀ= ਸ਼ੁਭ ਗੁਣਾਂ ਵਾਲੇ ਜੋ ਮਹਾਤਮਾ ਪੁਰਸ਼ ਹਨ, ਪਰਮੇਸ਼ਰ ਦੀ ਪ੍ਰਾਪਤੀ ਦੇ ਗਾਹਕ, ਉਹ ਅਪਾਰ= ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ ਹਨ ਤੇ ਸੰਸਾਰ ਜੋ ਇਕ ਫੁੱਲ ਦੀ ਤਰ੍ਹਾਂ ਹੈ, ਇਸ ਸੰਸਾਰ ਵਿਚ ਰਹਿ ਕੇ ਤੇ ਪ੍ਰਭੂ ਦੀ ਭਗਤੀ ਰੂਪ ਸੁਗੰਧੀ ਵਿਚ ਬਿਰਤੀ ਰੂਪ ਨਾਸਾਂ ਨੂੰ ਜੋੜ ਕੇ ਸੁ ਤਤੁ= ਉਸ ਸਿਧਾਂਤ ਰੂਪ ਪਰਮੇਸ਼ਰ ਨੂੰ ਜਾਣ ਲੈਂਦੇ ਹਨ।

ਅਥਵਾ- ਗਾਹਕ= ਜਗਿਆਸੂ ਜਨ ਗੁਨੀ= ਮਹਾਤਮਾ ਦੁਆਰੇ ਅਪਾਰ= ਪਾਰਾਵਾਰ ਤੋਂ ਰਹਿਤ ਜੋ ਤਤ ਰੂਪ ਪਰਮਾਤਮਾ ਹੈ, ਉਸ ਨੂੰ ਪਛਾਣਦੇ ਹਨ।

ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥

ਚੇਤਨ ਵਿਖੇ ਚਿਤ ਸਮਾ ਜਾਵੇ ਤਾਂ ਘਨਾ= ਬਹੁਤ ਹੀ ਰੰਗੁ= ਅਨੰਦ ਪ੍ਰਾਪਤ ਹੁੰਦਾ ਹੈ।

*ਅਥਵਾ-*ਚੇਤਨ ਰੂਪ ਹੋ ਕੇ ਚੇਤਨ ਵਿਚ ਸਮਾ ਜਾਵੇ ਤਾਂ ਘਨਾ= ਸੰਘਣਾ ਅਨੰਦ ਪ੍ਰਾਪਤ ਹੁੰਦਾ ਹੈ।

ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥ ੧੨॥

ਹੇ ਹਰਿਹਾਂ! ਜੇਕਰ ਇਹ ਪੁਰਸ਼ ਮਨ ਨੂੰ ਚੰਚਲ ਕਰਨ ਵਾਲੇ ਕਾਮ ਆਦਿਕ ਰੂਪ ਚੋਰਾਂ ਨੂੰ ਮਾਰਨਾ ਕਰੇ ਤਾਂ ਸੱਚਾ ਨਾਮ, ਵਾ:-ਆਤਮਾ ਰੂਪ ਧਨ ਨੂੰ ਪਾਉਂਦਾ ਹੈ॥੧੨॥

ਹੁਣ ਤੇਰ੍ਹਵੇਂ ਸਲੋਕ ਵਿਚ ਸਤਿਗੁਰੂ ਜੀ ਆਪ ਤਤੱਜਟੀ ਹੋ ਕੇ ਉੱਤਮ ਮਧਿਮ ਸਖੀਆਂ ਦਾ ਸੰਬਾਦ ਆਪਣੀ ਸਾਲੀ 'ਹਰਿਹਾਂ' ਨੂੰ ਸੁਣਾਉਂਦੇ ਹਨ।

ਮਧਿਮ ਸਖੀ ਆਪਣੀ ਬਿਵੱਸਥਾ ਉੱਤਮ ਸਖੀ ਨੂੰ ਸੁਣਾਉਂਦੀ ਹੈ-

ਸੁਪਨੈ ਊਭੀ ਭਈ!

ਪਹਿਲਾ ਅਰਥ-

ਹੇ ਸੰਤੋ! ਪ੍ਰਤੱਖ ਸੁਪਨੇ ਵਿਚ ਮੈਂ ਊਭੀ= ਦੋ ਰੂਪ ਹੋ ਗਈ।

ਜਿਸ ਤਰ੍ਹਾਂ ਸੁਪਨੇ ਵਿਚ ਊਖਾ ਨੂੰ ਅਨਰੁਧ ਦਾ ਦਰਸ਼ਨ ਹੋਇਆ ਸੀ ਤੇ ਉਹ ਵੀ ਦੋ ਰੂਪ ਹੋ ਗਈ ਸੀ ਅਤੇ ਉਦਾਸ ਹੋ ਕੇ ਬੈਠ ਗਈ, ਇਤਨੇ ਨੂੰ ਸਹੇਲੀ ਚਿੱਤ੍ਰ-ਰੇਖਾ ਆ ਗਈ। ਉਸ ਦੇ ਪੁੱਛਣ ਕਰ ਕੇ ਊਖਾ ਨੇ ਆਪਣਾ ਸਾਰਾ ਹਾਲ ਆਪਣੀ ਸਹੇਲੀ ਨੂੰ ਸੁਣਾਇਆ ਕਿ ਹੇ ਸਖੀ!

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਮੋਰੀ ਰੁਣਝੁਣ ਲਾਇਆ ਭੈਣੇ ਸਾਵਣ ਆਇਆ॥*

ਫਿਰ ਜਿਵੇਂ ਭਾਈ ਗੁਰਦਾਸ ਜੀ ਨੂੰ ਕਾਂਸ਼ੀ ਰਹਿੰਦਿਆਂ ਹੋਇਆਂ ਸੁਪਨੇ ਵਿਚ ਛੇਵੇਂ ਪਾਂਤਿਸ਼ਾਹ ਜੀ ਦੇ ਦਰਸ਼ਨ ਹੋਏ ਸਨ ਤੇ ਸੁਪਨੇ ਵਿਚ ਹੀ ਭਾਈ ਸਾਹਿਬ ਜੀ ਨੇ ਬੜੀਆਂ ਮੁਆਫੀਆਂ ਮੰਗੀਆਂ ਤੇ ਸਤਿਗੁਰਾਂ ਨੇ ਉਸ ਦੀਆਂ ਗਲਤੀਆਂ ਬਖਸ਼ ਦਿਤੀਆਂ। ਆਪਣੇ ਸੁਪਨੇ ਦਾ ਚਰਿਤ੍ਰ ਭਾਈ ਗੁਰਦਾਸ ਜੀ ਨੇ ਉੱਠ ਕੇ ਫਿਰ ਇਸ ਤਰ੍ਹਾਂ ਵਰਣਨ ਕੀਤਾ-

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ,
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ।
ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ,
ਬਚਨ ਰਸਾਲ ਮਧੁ ਮਧੁਰ ਪੀਆਏ ਹੈਂ।
ਸੋਭਤ ਸਿਹਜਾਸਨ ਬਿਲਾਸਨ ਦੈ ਅੰਕਮਾਲ,
ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈਂ।
ਚਾਤ੍ਰਿਕ ਸ਼ਬਦ ਸੁਨਿ ਅਖੀਆਂ ਉਘਰ ਗਈ,
ਭਈ ਜਲ ਮੀਨ ਗਤਿ ਬਿਰਹ ਜਗਾਏ ਹੈਂ।

(ਭਾਈ ਗੁਰਦਾਸ ਜੀ, ਕਬਿੱਤ ੨੦੫)

ਅਥਵਾ- ਸਮਾਧੀ ਰੂਪ ਨੀਂਦ ਵਿਚ ਚਿਤ ਬਿਰਤੀ ਦੀ ਇਕਾਗ੍ਰਤਾ ਰੂਪ ਸੁਪਨੇ ਵਿਚ ਊਭੀ= ਦੋ ਰੂਪ ਹੋ ਗਈ। ਇਕ ਮੈਂ ਤੇ ਦੂਜਾ ਪਰਮੇਸ਼ਰ।

ਗਹਿਓ ਕੀ ਨ ਅੰਚਲਾ॥

ਤਾਂ ਅੱਗੋਂ ਉੱਤਮ ਸਖੀ ਨੇ ਕਿਹਾ- ਜੇਕਰ ਤੂੰ ਸੁਪਨੇ ਵਿਚ ਦੋ ਰੂਪ ਹੋ ਗਈ ਸੈਂ, ਤਾਂ ਫਿਰ ਉਸ ਦੇ ਅੰਚਲਾ= ਪੱਲੇ ਨੂੰ ਤੂੰ ਗਹਿਓ ਕੀ ਨ= ਪਕੜਿਆ ਕਿਉਂ ਨਾ?

ਉੱਤਮ ਸਖੀ ਦੀ ਇਤਨੀ ਗੱਲ ਸੁਣ ਕੇ ਅੱਗੋਂ ਮਧਿਮ ਸਖੀ ਨੇ ਕਿਹਾ-

ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥

ਹੇ ਉੱਤਮ ਸਖੀ! ਉਹ ਪੁਰਖ ਸਾਰਿਆਂ ਨਾਲੋਂ ਬੜਾ ਸੁੰਦਰ ਬਿਰਾਜ ਰਿਹਾ ਸੀ, ਉਸ ਸੁੰਦਰ ਤੇਜ ਪ੍ਰਤਾਪੀ ਪੁਰਖ ਨੂੰ ਦੇਖ ਕੇ ਮੇਰਾ ਮਨ ਤਾਂ ਬੰਚਲਾ= ਠਗਿਆ ਹੀ ਗਿਆ। ਉਸ ਦਾ ਪੱਲਾ ਫੜਨ ਦੀ ਤਾਂ ਮੇਰੇ ਵਿਚ ਹਿੰਮਤ ਹੀ ਨਾ ਰਹੀ।

ਯਥਾ- ਤੇਰੇ ਮੁੰਧ ਕਟਾਰੇ ਜੇਵਡਾ ਤਿਨ ਲੋਭੀ ਲੋਭ ਲੁਭਾਇਆ॥

ਤਥਾ- ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ, ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।

(ਭਾਈ ਗੁਰਦਾਸ ਜੀ, ਕਬਿੱਤ ੧)

*ਇਸ ਸਾਰੇ ਪ੍ਰਸੰਗ ਨੂੰ ਪੜ੍ਹਨ ਵਾਸਤੇ ਭਗਤ ਬਾਣੀ ਸਟੀਕ ਦੇ ਦੂਜੀ ਐਡੀਸ਼ਨ ਦੇ ਪਹਿਲੇ ਭਾਗ ਦਾ ੭੨੧ ਪੰਨਾ ਦੇਖੋ।

www.sikhbookclub.com

ਵਾ:-ਹੰਗਤਾ ਦੇ ਹੋਣ ਕਰ ਕੇ (ਕਿ ਮੈਨੂੰ ਪਤੀ ਪ੍ਰਾਪਤ ਹੋ ਗਿਆ ਹੈ) ਫੇਰ ਉਹ ਸਰੂਪ ਅਲੋਪ ਹੋ ਗਿਆ।*

ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ॥

ਹੁਣ ਮੈਂ ਤਿਸ ਨੂੰ ਖੋਜਦੀ ਹਾਂ, ਹੇ ਸੰਤੋ! ਕਹੋ ਖਾਂ ਉਸ ਦੇ ਚਰਣਾਂ ਨੂੰ ਮੈਂ ਕਿਸ ਪ੍ਰਕਾਰ ਪਾਉਣਾ ਕਰਾਂ?

ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ॥ ੧੩॥

ਹੇ ਹਰਿਹਾਂ! ਮਧਿਮ ਸਖੀ ਨੇ ਉੱਤਮ ਸਖੀ ਨੂੰ ਇਸ ਤਰ੍ਹਾਂ ਕਿਹਾ ਕਿ-

ਹੇ ਉੱਤਮ ਸਖੀ! ਹੁਣ ਮੈਨੂੰ ਉਹ ਜਤਨ ਅਰਥਾਤ ਉਹ ਸਾਧਨ ਬਤਾਇ= ਦੱਸ, ਜਿਸ ਸਾਧਨ ਕਰ ਕੇ ਮੈਂ ਆਪਣੇ ਪਤੀ-ਪਰਮੇਸ਼ਰ ਨੂੰ ਪਾਉਣਾ ਕਰਾਂ॥ ੧੩॥

ਉੱਤਮ ਸਖੀ ਨੇ ਕਿਹਾ- ਹੇ ਪਿਆਰੀ! ਹੁਣ ਤੂੰ ਸਮਾਧੀ ਰੂਪ ਨੀਂਦ ਵਿਚ ਚਿਤ ਦੀ ਇਕਾਗ੍ਰਤਾ ਰੂਪ ਸੁਪਨੇ ਵਿਚ ਆਉਣਾ ਕਰ, ਤਾਂ ਉਸ ਦਾ ਤੈਨੂੰ ਦਰਸ਼ਨ ਪ੍ਰਾਪਤ ਹੋ ਜਾਵੇਗਾ।

ਮਧਿਮ ਨੇ ਕਿਹਾ- ਹੇ ਸਮਾਧੀ ਰੂਪ ਨੀਂਦ! ਤੂੰ ਜਲਦੀ ਆ ਕੇ ਪ੍ਰਾਪਤ ਹੋ।

ਯਥਾ- ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥ *(ਪੰਨਾ ੫੫੮)*

ਤਥਾ- ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ॥
ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ॥੧॥
ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥੧॥ *(ਪੰਨਾ ੮੧੬)*

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥

ਜੋ ਨੇਤ੍ਰ ਸੰਤ ਜਨਾਂ ਦੇ ਦਰਸ਼ਨ ਨੂੰ ਨਹੀਂ ਵੇਖਦੇ ਸਿ= ਉਹ ਨੇਤ੍ਰ ਬਿਹਾਲਿਆ= ਦੁਖੀ ਹੁੰਦੇ ਹਨ।

ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥

ਜੋ ਕਰਨ= ਕੰਨ ਗੁਰੂ ਦੇ ਨਾਦੁ= ਸ਼ਬਦ (ਉਪਦੇਸ਼) ਨੂੰ ਨਹੀਂ ਸੁਣਦੇ, ਉਹ ਕਰਨ= ਕੰਨ ਸਿੱਕਾ ਘਾਲਿਆ= ਪਾ ਕੇ ਮੁੰਦਿ= ਬੰਦ ਕਰ ਦੇਣੇ ਚਾਹੀਦੇ ਹਨ।

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥

ਜੋ ਜ਼ਬਾਨ ਵਾਹਿਗੁਰੂ ਦਾ ਨਾਮ ਨਹੀਂ ਜਪਦੀ ਉਹ ਜੀਭ ਤਿਲੁ ਤਿਲੁ= ਰੰਚਕ-ਰੰਚਕ ਕਰ ਕੇ ਕੱਟ ਦੇਣੀ ਚਾਹੀਦੀ ਹੈ।

**ਅਥਵਾ-ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥*
ਸੰਸਾਰ ਸੁਪਨੇ ਦੇ ਤੁਲ ਹੈ, ਇਸ ਵਿਚ ਊਭੀ=ਦੇ ਰੂਪ ਹੋ ਰਹੇ ਹਨ, ਜੀਵ ਤੇ ਈਸ਼ੁਰ।
ਹੇ ਜੀਵ! ਤੂੰ ਉਸ ਈਸ਼ੁਰ ਦੇ ਨਾਮ ਰੂਪ ਪੱਲੇ ਨੂੰ ਕਿਉਂ ਨਹੀਂ ਫੜਿਆ? ਭਾਵ ਫੜ ਲੈ।
ਅਥਵਾ- ਗੁਰੂ ਦੇ ਉਪਦੇਸ਼ ਰੂਪ ਪੱਲੇ ਨੂੰ ਕਿਉਂ ਨਹੀਂ ਫੜਿਆ?
ਤਤਵੇਤਾ ਮਹਾਤਮਾਂ ਕਹਿੰਦੇ ਹਨ- ਹੇ ਜਗਿਆਸੂ! ਤੂੰ ਗੁਰ ਉਪਦੇਸ਼ ਨੂੰ ਜ਼ਰੂਰ ਧਾਰਨਾ ਕਰ। ਜੇ ਧਾਰੇਗਾ ਤਾਂ-
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥
ਉਹ ਸੁੰਦਰ ਪੁਰਖ ਪਰਮਾਤਮਾ ਤੇਰੇ ਹਿਰਦੇ ਵਿਚ ਆ ਕੇ ਬਿਰਾਜ ਜਾਵੇਗਾ। ਭਾਵ-ਸਾਖਿਆਤਕਾਰ ਹੋ ਜਾਵੇਗਾ।
ਫੇਰ ਸੰਸਾਰਕ ਪਦਾਰਥਾਂ ਨੂੰ ਵੇਖ ਕੇ ਤੇਰਾ ਮਨ ਵਿਸ਼ਿਆਂ ਕਰ ਕੇ ਠਗਿਆ ਜਾਏਗਾ? ਕਿੰਤੂ ਨਹੀਂ ਠਗਿਆ ਜਾਏਗਾ।

ਯਥਾ- ਰੇ ਜਿਹਬਾ ਕਰਉ ਸਤ ਖੰਡ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ॥ (ਪੰਨਾ ੧੧੬੩)

ਤਥਾ- ਤੁਲਸੀ ਰਸਨਾ ਤਉ ਭਲੀ, ਜਾਂ ਮੁਖ ਕਹੀਐ ਰਾਮ।
ਨਹੀ ਤਾਂ ਕਾਢ ਨਿਕਾਰੀਐ, ਮੁਖ ਮੈ ਭਲੋ ਨ ਚਾਮ।

ਤਥਾ- ਜਿਨ ਹਰਿ ਕਥਾ ਸੁਨੀ ਨਹਿ ਕਾਨਾ[1]। ਸ੍ਰਵਨ[2] ਰੰਧਰ ਅਹਿ ਭਵਨ ਸਮਾਨਾ।
ਨੈਨਨ ਸੰਤ ਦਰਸ ਨਹ ਦੇਖਾ। ਲੋਚਨ[3] ਮੋਰ ਪੰਖ ਕੇ ਲੇਖਾ।
ਜਿਨਿ ਹਰਿ ਭਗਤਿ ਹਿਰਦੈ ਨਹ ਆਨੀ[4]। ਜੀਵਤ ਸ਼ਵ[5] ਸਮਾਨ ਤੇ ਪ੍ਰਾਨੀ।
ਜੋ ਨਹਿ ਕਰੇ ਰਾਮ ਗੁਨ ਗਾਨਾ। ਜੀਹ ਸੋ ਦਾਦੁਰ[6] ਜੀਹ ਸਮਾਨਾ।

(ਤੁਲਸੀ ਰਮਾਇਣ)

ਹਰਿਹਾਂ ਜਬ ਬਿਸਰੈ ਗੋਬਿੰਦ ਰਾਇ ਦਿਨੋ ਦਿਨੁ ਘਟੀਐ॥ ੧੪॥

ਹੇ ਹਰਿਹਾਂ! ਜਬ= ਜੇਕਰ ਰਾਇ= ਪ੍ਰਕਾਸ਼ ਰੂਪ ਵਾਹਿਗੁਰੂ ਦਾ ਚਿੰਤਨ ਕਰਨਾ ਜੀਵ ਨੂੰ ਭੁੱਲ ਜਾਵੇ ਤਾਂ ਦਿਨੋ ਦਿਨ ਇਸ ਨੂੰ ਘਟੀਐ= ਘਾਟਾ ਹੀ ਹੈ॥ ੧੪॥*

ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥

ਪਹਿਲਾ ਅਰਥ- ਦ੍ਰਿਸ਼ਟਾਂਤ ਮਹਾ ਮਦ ਗੁੰਫਿਆ= ਬੜੀ ਖੁਸ਼ਬੋ ਨਾਲ ਗੁੰਥਨ ਹੋਏ ਜੋ ਕੰਵਲ ਫੁੱਲ ਹਨ, ਜਿਸ ਵੇਲੇ ਉਹ ਪੰਕਜ= ਕੰਵਲ ਫੁੱਲ ਪੰਕ= ਚਿੱਕੜ ਵਿਚ ਫਾਥੇ= ਫਸ ਜਾਂਦੇ ਹਨ।

ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥

ਤਿਸ ਵੇਲੇ ਉਸ ਚਿੱਕੜ ਸੰਗ= ਨਾਲ ਉਹਨਾਂ ਕੰਵਲਾਂ ਦੇ ਅੰਗ ਉਰਝਾਇ= ਫਸ ਰਹਿਣ ਤੇ ਕੰਵਲ ਫੁੱਲਾਂ ਨੂੰ ਸੁੰਫਿਆ= ਖਿੜਨਾ ਬਿਸਰਤੇ= ਭੁੱਲ ਜਾਂਦਾ ਹੈ।

[ਪੰਨਾ ੧੩੬੩]

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥

ਹੇ ਹਰਿਹਾਂ! ਤੇਰੇ ਖਿਆਲ ਵਿਚ ਐਸਾ ਕੋਈ ਮਿੱਤਰ ਹੈ ਜੋ ਉਹਨਾਂ ਕੰਵਲ ਫੁੱਲਾਂ ਦੀ ਚਿੱਕੜ ਰੂਪ ਬਿਖਮ= ਕਠਿਨ ਗੰਢ ਨੂੰ ਤੋੜ ਦੇਵੇ? ਤਾਂ ਹਰਿਹਾਂ ਨੇ ਕਿਹਾ- ਹੇ ਪ੍ਰਭੂ! ਆਪ ਹੀ ਕਿਰਪਾ ਕਰ ਕੇ ਦੱਸੋ, ਮੈਨੂੰ ਤਾਂ ਕੁਝ ਸਮੱਝ ਨਹੀਂ। ਗੁਰ ਉੱਤਰ-

ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥ ੧੫॥

ਸਤਿਗੁਰੂ ਜੀ ਆਖਦੇ ਹਨ- ਹੇ ਹਰਿਹਾਂ! ਇਕ ਸ੍ਰੀ ਧਰ ਨਾਥੁ= ਪਰਮਾਤਮਾ ਹੀ ਮਿੱਤਰ ਹੈ, ਜੋ ਬੱਦਲਾਂ

---

੧. ਕੰਨਾਂ ਵਿਚ। ੨. ਉਹ ਕੰਨ ਸੱਪ ਦੀ ਖੁੱਡ ਵਾਂਗ ਹਨ। ੩. ਉਹ ਨੇਤ੍ਰ ਮੋਰਾਂ ਦੇ ਖੰਭਾਂ ਦੇ ਉਪਰਲੇ ਚਿੰਨ੍ਹਾਂ ਵਰਗੇ ਹਨ। ੪. ਨਹੀਂ ਲਿਆਂਦੀ। ੫. ਮੁਰਦੇ ਤੁਲ। ੬. ਡੱਡੂ ਦੀ ਜ਼ਬਾਨ ਵਾਂਙੂ ਹੈ।

*ਯਥਾ- ਨਾਮ ਜਪਣ ਕੋ ਜਿਹਵਾ ਦੀਨੀ, ਹਰਿ ਦਰਸ਼ਨ ਕੋ ਅੱਖੀਂ।
ਇਕ ਇਕ ਸ੍ਵਾਸ ਅਮੋਲਕ ਜਾਂਦਾ, ਹਥ ਨ ਆਵੇ ਲੱਖੀਂ।
ਚਵੀ ਹਜ਼ਾਰ ਖਰਚ ਬੰਦੇ ਦਾ, ਆਮਦ ਮੂਲ ਨ ਥੀਵੇ।
ਜਿਸ ਬੰਦੇ ਨੂੰ ਇਤਨਾ ਘਾਟਾ, ਸੋ ਬੰਦਾ ਕਿਉਂ ਜੀਵੇ।*

www.sikhbookclub.com

ਨੂੰ ਹੁਕਮ ਦੇ ਕੇ ਵਰਖਾ ਪਵਾ ਕੇ ਟੁੱਟੇ ਹੋਏ ਕੰਵਲ ਫੁੱਲਾਂ ਨੂੰ ਸਾਂਠਿ= ਖਿੜਾ ਦਿੰਦਾ ਹੈ।

ਦੂਜਾ ਅਰਥ- *ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥*

ਮਹਾ ਮਦ= ਬਹੁਤ ਹੀ ਹੰਕਾਰ ਵਿਚ ਗੁੰਫਿਆ= ਤਦਾਕਾਰ ਹੋਏ ਹੋਏ ਜੀਵਾਂ ਰੂਪੀ ਪੰਕਜ= ਕਮਲ ਫੁੱਲ ਮੋਹ ਰੂਪ ਪੰਕ= ਚਿੱਕੜ ਵਿਚ ਫਾਥੇ= ਫਸ ਰਹੇ ਹਨ।

ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥

ਮੋਹ ਰੂਪ ਚਿੱਕੜ ਦੇ ਨਾਲ ਅੰਗ= ਹਿਰਦੇ ਦੇ ਉਰਝਾਇ= ਤਦਾਕਾਰ ਹੋਣ ਕਰ ਕੇ ਪਰਮੇਸ਼ਰ ਦੀ ਤਰਫ ਸੁੰਫਿਆ= ਖਿੜਨਾ ਇਸ ਜੀਵ ਨੂੰ ਬਿਸਰਤੇ= ਭੁੱਲ ਗਿਆ ਹੈ।

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥

ਹੇ ਹਰਿਹਾਂ! ਤੇਰੀ ਨਿਗਾਹ ਵਿਚ ਐਸਾ ਕੋਈ ਮਿੱਤਰ ਹੈ ਤਾਂ ਦੱਸ, ਜਿਹੜਾ ਜੀਵ ਰੂਪ ਕੰਵਲ ਫੁੱਲ ਦੀ ਮੋਹ ਰੂਪ ਕਠਿਨ ਗੰਢ ਨੂੰ ਤੋੜ ਦੇਵੇ?.

ਹੇ ਗਰੀਬ ਨਿਵਾਜ਼! ਆਪ ਹੀ ਕਿਰਪਾ ਕਰ ਕੇ ਦੱਸੋ?

ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥ ੧੫॥

ਸਤਿਗੁਰੂ ਜੀ ਆਖਦੇ ਹਨ- ਇਕ ਸ੍ਰੀ ਧਰ ਨਾਥੁ= ਪਰਮਾਤਮਾ ਹੀ ਇਸ ਦਾ ਮਿਤ੍ਰ ਹੈ, ਜੋ ਗੁਰੂ ਰੂਪ ਬੱਦਲ ਨੂੰ ਹੁਕਮ ਦੇ ਕੇ ਉਪਦੇਸ਼ ਰੂਪ ਜਲ ਦੀ ਵਰਖਾ ਪਵਾ ਕੇ ਟੁੱਟੇ ਹੋਏ ਜੀਵਾਂ ਨੂੰ ਆਪਣੀ ਤਰਫ ਸਾਂਠਿ= ਖਿੜਾ ਦੇਂਦਾ ਹੈ॥ ੧੫॥

ਤੀਜਾ ਅਰਥ-

ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥

ਦ੍ਰਿਸ਼ਟਾਂਤ-ਜੈਸੇ ਪੰਕ= ਭੌਰੇ ਮਹਾ ਮਦ= ਸੁਗੰਧੀ ਲੈਣ ਦੇ ਲਾਲਚ ਕਰ ਕੇ ਪੰਕਜ= ਕੰਵਲ ਫੁੱਲਾਂ ਵਿਚ ਗੁੰਫਿਆ= ਤਦਾਕਾਰ ਹੋ ਕੇ ਫਾਥੇ= ਫਸ ਰਹਿੰਦੇ ਹਨ।

ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥

ਉਸ ਕੰਵਲ ਫੁੱਲ ਦੇ ਨਾਲ ਹੀ ਆਪਣੇ ਅੰਗਾਂ ਨੂੰ ਉਰਝਾਇ= ਫਸਾ ਲੈਂਦੇ ਹਨ ਅਤੇ ਉਹਨਾਂ ਨੂੰ ਸੁੰਫਿਆ= ਉਡਣਾ ਬਿਸਰਤੇ= ਭੁੱਲ ਜਾਂਦਾ ਹੈ।

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥

ਹੇ ਹਰਿਹਾਂ! ਤੇਰੇ ਖਿਆਲ ਵਿਚ ਐਸਾ ਕੋਈ ਮਿਤ੍ਰ ਹੈ ਤਾਂ ਦਸ, ਜਿਹੜਾ ਉਹਨਾਂ ਭੌਰਿਆਂ ਦੀ ਕਰੜੀ ਗੰਢ ਨੂੰ ਤੋੜਨਾ ਕਰੇ। ਤਾਂ ਹਰਿਹਾਂ ਨੇ ਕਿਹਾ- ਹੇ ਪਤਿਤ ਪਾਵਨ ਜੀ! ਆਪ ਹੀ ਕਿਰਪਾ ਕਰਕੇ ਦੱਸੋ?

ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ॥੧੫॥

ਸਤਿਗੁਰੂ ਜੀ ਆਖਦੇ ਹਨ- ਹੇ ਹਰਿਹਾਂ! ਇਕ (ਸ੍ਰੀ ਧਰ ਨਾਥ) ਪਰਮਾਤਮਾ ਹੀ ਮਿਤ੍ਰ ਹੈ, ਜਿਹੜਾ ਸੂਰਜ ਨੂੰ ਹੁਕਮ ਦੇ ਕੇ ਕੰਵਲ ਫੁੱਲਾਂ ਨੂੰ ਖਿੜਵਾਂ ਕੇ ਟੁੱਟੇ ਹੋਏ ਭੌਰਿਆਂ ਨੂੰ ਸਾਂਠਿ= ਉਡਾ ਲਵੇ (ਟੁੱਟੇ ਤੋਂ ਮੁਰਾਦ ਇਥੇ ਦੁੱਖ ਦੀ ਹੈ ਜੋ ਦੁਖੀ ਹੋਏ ਹੋਏ ਭੌਰੇ ਨੂੰ ਉਡਾ ਲਵੇ)।

ਚੌਥਾ ਅਰਥ-

ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ ॥

(ਦਾ ਦ੍ਰਿਸ਼ਟਾਂਤ)- ਇਸੀ ਪ੍ਰਕਾਰ ਜੀਵ ਰੂਪ ਪੰਕ= ਭੌਰੇ ਇਸਤ੍ਰੀ ਪੁੱਤਰ ਆਦਿ ਪੰਕਜ= ਕੰਵਲ ਫੁੱਲਾਂ ਵਿਚ ਫਾਥੇ= ਫਸ ਰਹੇ ਹਨ। ਮੁਖ ਚੁੰਮਣੇ ਰੂਪ ਮਹਾ ਮਦ= ਸੁਗੰਧੀ ਵਿਚ ਗੁੰਫਿਆ= ਤਦਾਕਾਰ ਹੋ ਕੇ।

ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ ॥

ਇਸਤਰੀ ਪੁੱਤਰ ਆਦਿਕਾਂ ਦੇ ਨਾਲ ਆਪਣੇ ਅੰਗਾਂ ਨੂੰ ਫਸਾ ਲੈਂਦੇ ਹਨ, ਇਸ ਕਰ ਕੇ ਜੀਵਾਂ ਨੂੰ ਪਰਮੇਸ਼ਰ ਦੀ ਤਰਫ ਸੁੰਫਿਆ= ਉਡਣਾ ਬਿਸਰਤੇ= ਭੁੱਲ ਹੀ ਗਿਆ ਹੈ।

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ॥

ਹੇ ਹਰਿਹਾਂ! ਤੇਰੇ ਖਿਆਲ ਵਿਚ ਐਸਾ ਕੋਈ ਮਿਤ੍ਰ ਹੈ ਤਾਂ ਦਸ, ਜਿਹੜਾ ਜੀਵਾਂ ਦੀ ਇਸਤ੍ਰੀ ਪੁਤ੍ਰ ਆਦਿਕਾਂ ਦੇ ਮੁਖ ਦੇਖਣੇ, ਵਾ:-ਮੁਖ ਚੁੰਮਣੇ ਰੂਪ ਕਠਿਨ ਗੰਢ ਨੂੰ ਤੋੜ ਦੇਵੇ ਤਾਂ ਹਰਿਹਾਂ ਨੇ ਕਿਹਾ ਆਪ ਹੀ ਕਿਰਪਾ ਕਰਕੇ ਦਸੋ? *ਗੁਰ ਉੱਤਰ-*

ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ ॥੧੫ ॥

ਸਤਿਗੁਰੂ ਜੀ ਆਖਦੇ ਹਨ- ਹੇ ਹਰਿਹਾਂ! ਇਕ ਸ੍ਰੀ= ਸੋਭਾ ਦੇ ਧਾਰਨ ਵਾਲਾ ਨਾਥੁ= ਪਰਮਾਤਮਾ ਹੀ ਅਸਲੀ ਮਿੱਤ੍ਰ ਹੈ ਜੋ ਗੁਰੂ ਰੂਪ ਸੂਰਜ ਨੂੰ ਹੁਕਮ ਦੇ ਕੇ ਉਸ ਪਾਸੋਂ ਉਪਦੇਸ਼ ਰੂਪ ਕਿਰਨਾਂ ਫੈਲਾ ਕੇ ਟੁੱਟੇ ਹੋਏ ਜੀਵ ਰੂਪ ਭੌਰੇ ਨੂੰ ਇਸਤ੍ਰੀ ਪੁੱਤਰ ਆਦਿਕਾਂ ਵਲੋਂ ਹਟਾ ਕੇ ਆਪਣੀ ਤਰਫ ਸਾਂਠਿ= ਉਡਾ ਲਵੇ। ਇਸ ਲਈ ਤੂੰ ਸਾਰਿਆਂ ਆਸਰਿਆਂ ਨੂੰ ਛੱਡ ਕੇ ਕੇਵਲ ਉਸ ਵਾਹਿਗੁਰੂ ਦਾਤੇ ਦਾ ਚਿੰਤਨ ਕਰ ॥੧੫ ॥

ਏਹ ਗੱਲ ਸੁਣ ਕੇ ਹਰਿਹਾਂ ਆਖਦੀ ਹੈ ਹੇ ਸਤਿਗੁਰੋ!

ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥

ਪ੍ਰਭੂ ਅਕਾਲ ਪੁਰਖ ਦੀ ਪ੍ਰਾਪਤੀ ਦੇ ਵਾਸਤੇ ਮੈਂ ਪ੍ਰੇਮ ਨਾਲ ਅਨੇਕਾਂ ਹੀ ਦਸਾਂ= ਤਰਫ ਧਾਵਉ= ਦੌੜਦੀ ਹਾਂ।

ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥

(ਪਰ) ਪੰਜ ਕਾਮ ਆਦਿਕਾਂ ਰੂਪੀ ਦੂਤ ਮੈਨੂੰ ਸਤਾਵਹਿ= ਦੁੱਖ ਦੇਂਦੇ ਹਨ, ਆਪ ਦੱਸੋ! ਉਹਨਾਂ ਦੂਤਾਂ ਨੂੰ ਕਿਸ ਰੀਤੀ ਨਾਲ ਮਾਰਨਾ ਕਰਾਂ? *ਗੁਰ ਉੱਤਰ-*

ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥
ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥ ੧੬ ॥

ਹੇ ਹਰਿਹਾਂ! ਪੂਰਨ ਗੁਰੂ ਨੂੰ ਪਾ ਕੇ ਪ੍ਰਭੂ= ਅਕਾਲ ਪੁਰਖ ਦੇ ਨਾਮ ਧਿਆਉਣ ਰੂਪ ਤਿਖੇ ਬਾਣਾਂ ਨੂੰ ਚਲਾਉਣਾ ਕਰ, ਤਾਂ ਮਹਾਂ ਵਿਸ਼ਿਆਂ ਨੂੰ ਖਾਣ ਵਾਲੇ ਜੋ ਕਾਮ ਕ੍ਰੋਧ ਆਦਿਕ ਸ਼ੱਤਰੂ ਹਨ, ਉਹਨਾਂ ਦਾ ਘਾਤ= ਨਾਸ ਕਰਨਾ ਪ੍ਰਾਪਤ ਹੁੰਦਾ ਹੈ॥ ੧੬॥

ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥

ਸਤਿਗੁਰੂ ਜੀ ਨੇ ਜੋ ਸਾਨੂੰ ਨਾਮ ਦੀ ਦਾਤ ਦੇਣੀ ਕੀਤੀ ਹੈ, ਉਹ ਦਾਤ ਮੂਲਿ= ਕਦਾਚਿਤ ਵੀ ਨ

www.sikhbookclub.com

ਨਿਖੁਟਈ= ਮੁੱਕਦੀ ਨਹੀਂ ਹੈ।

ਸਤਿਗੁਰੂ ਜੀ ਨੇ ਦਾਤ ਦੇ ਕੇ ਨਾਲ ਇਸ ਤਰ੍ਹਾਂ ਵਰ ਵੀ ਦਿੱਤਾ ਹੈ ਕਿ-

ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ॥

ਗੁਰਮੁਖ ਬਣ ਕੇ ਆਪ ਖਾਓ ਭਾਵ ਆਪ ਨਾਮ ਦਾ ਅਨੰਦ ਮਾਣੋ ਤੇ ਉਪਦੇਸ਼ ਦੇ ਕੇ ਹੋਰਨਾਂ ਨੂੰ ਖਰਚਣਾ ਕਰੋ ਤਦ ਸੰਸਾਰ ਤੋਂ ਛੁਟਕਾਰਾ ਹੋਵੇਗਾ। *ਅਥਵਾ-* ਖਾਵਹੁ= ਮੰਨਨ ਕਰੋ, ਭੁੰਚਹੁ= ਨਿਧਿਆਸਨ ਕਰੋ।

ਅਥਵਾ- ਖਾਵਹੁ= ਪ੍ਰੋਖ ਗਿਆਨ ਧਾਰੋ ਤੇ ਭੁੰਚਹੁ= ਅਪ੍ਰੋਖ ਗਿਆਨ ਨੂੰ ਧਾਰਨਾ ਕਰੋ।

ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ॥

ਹਰੀ ਦਾ ਨਾਮ ਅੰਮ੍ਰਿਤ ਜੋ ਨਿਧੀਆਂ ਦਾ ਖਜ਼ਾਨਾ ਹੈ, ਉਹ ਗੁਰੂ ਨੇ ਤੁਸਿ= ਪ੍ਰਸੰਨ ਹੋ ਕੇ ਬਖਸ਼ ਦਿੱਤਾ ਹੈ।

ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ॥੧੭॥

ਸਤਿਗੁਰੂ ਜੀ ਆਖਦੇ ਹਨ- ਹੇ ਹਰਿਹਾਂ!

*ਅਥਵਾ-*ਹੇ ਭਾਈ! ਤੂੰ ਉਸ ਪ੍ਰਭੂ ਦੇ ਨਾਮ ਨੂੰ ਸਦਾ ਅਰਾਧਣਾ ਕਰ, ਤਾਂ ਫਿਰ ਮਰ ਕੇ ਕਦੇ= ਕਦਾਚਿਤ ਵੀ ਜੂਨੀਆਂ ਵਿਚ, ਵਾ:-ਜਮ ਰਸਤੇ ਵਿਚ ਨਹੀਂ ਜਾਵੇਂਗਾ॥ ੧੭॥

ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ॥

ਵਾਹਿਗੁਰੂ ਦੇ ਪਿਆਰ ਵਾਲਾ ਭਗਤ ਜਨ ਜਿਥੇ ਵੀ ਜਾਂਦਾ ਹੈ, ਸੁ= ਉਹ ਅਸਥਾਨ ਸ਼ੋਭਨੀਕ ਹੋ ਜਾਂਦਾ ਹੈ।

ਯਥਾ- ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥ *(ਪੰਨਾ ੧੦੫)*

ਤਥਾ- ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥

ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥ *(ਪੰਨਾ ੩੧੯)*

ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ॥

ਹਰੀ ਨਾਮ ਦੇ ਧਿਆਉਣ ਕਰ ਕੇ ਭਗਤਾਂ ਨੂੰ ਸਾਰੇ ਸੁਖ ਪ੍ਰਾਪਤ ਹੁੰਦੇ ਹਨ।

ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ॥

ਸਰੇਸ਼ਟ ਕਰਮਾਂ ਦੇ ਕਰਨ ਵਾਲੇ ਸ਼ਰਧਾਲੂ ਮਨੁੱਖ ਭਗਤਾਂ ਅੱਗੇ ਜੈਕਾਰੁ= ਨਮਸਕਾਰਾਂ ਕਰਦੇ ਹਨ।

ਪਰ ਨਿੰਦਕ ਪੁਰਸ਼ ਭਗਤਾਂ ਦੀ ਵਡਿਆਈ ਨੂੰ ਨਾ ਸਹਾਰਦੇ ਹੋਏ ਈਰਖਾ ਦੀ ਅੱਗ ਵਿਚ ਪਚਿ= ਸੜ ਕੇ ਅਰਥਾਤ ਦੁਖੀ ਹੋ ਕੇ ਮੁਏ= ਮਰਦੇ ਹਨ।

ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ॥੧੮॥

ਸਤਿਗੁਰੂ ਜੀ ਆਖਦੇ ਹਨ- ਵਾਹਿਗੁਰੂ ਨਾਮ ਦੇ ਜਪਣ ਕਰ ਕੇ ਸਾਜਨ= ਗੁਰਮੁਖਾਂ ਦੇ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ॥ ੧੮॥

ਹੇ ਹਰਿਹਾਂ! ਸੰਸਾਰੀ ਜੀਵ ਧੰਧਿਆਂ ਵਿਖੇ ਇਤਨੇ ਖੱਚਤ ਹਨ-

ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ॥

ਪਾਵਨ ਪਵਿੱਤਰ ਰੂਪ ਜੋ ਵਾਹਿਗੁਰੂ ਦਾ ਨਾਮ ਹੈ, ਪਤਿਤ= ਪਾਪੀਆਂ ਨੂੰ ਪੁਨੀਤ= ਪਵਿੱਤਰ ਕਰਨ

www.sikhbookclub.com

ਵਾਲਾ, ਉਸ ਨਾਮ ਨੂੰ ਕਤਹ= ਕਦੇ ਵੀ ਸੇਵਨਾ ਨਹੀਂ ਕਰਦੇ ਭਾਵ ਨਾਮ ਨਹੀਂ ਜਪਦੇ।

ਅਥਵਾ- ਪਾਪੀਆਂ ਨੂੰ ਤਾਰਨ ਵਾਲੇ ਜੋ ਗੁਰੂ ਦੇ ਪੁਨੀਤ= ਪਵਿੱਤਰ ਪਾਵਨ= ਚਰਨ ਹਨ, ਉਹਨਾਂ (ਚਰਨਾਂ)ਨੂੰ (ਇਹ ਜੀਵ) ਕਦੇ ਵੀ ਸੇਂਵਦਾ ਨਹੀਂ।

ਅਥਵਾ- ਚਿਤ ਨੂੰ ਪਾਵਨ= ਪਵਿੱਤਰ ਕਰਨ ਵਾਲੇ ਅਤੇ ਧਰਮ ਤੋਂ ਪਤਿਤ ਹੋਇਆਂ ਨੂੰ ਪੁਨੀਤ ਕਰਨ ਵਾਲੇ ਜੋ ਗੁਰੂ ਸਾਹਿਬ ਜੀ ਹਨ, ਉਹਨਾਂ ਨੂੰ ਇਹ ਜੀਵ ਕਿਸੀ ਪ੍ਰਕਾਰ ਸੇਂਵਦਾ ਨਹੀਂ ਹੈ।

ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ॥

ਝੂਠੇ ਪਦਾਰਥਾਂ ਦੇ ਰੰਗਿ= ਆਨੰਦ ਵਿਚ ਖੁਆਰੁ= ਖਰਾਬ ਹੋ ਰਿਹਾ ਹੈ, ਪਤਾ ਨਹੀਂ ਲਗਦਾ, ਜੋ ਇਨ੍ਹਾਂ ਵਿਚ ਲੱਗ ਕੇ ਜੀਵ ਕਹਾਂ ਲਗੁ= ਕਦ ਤਕ ਦੁੱਖਾਂ ਨੂੰ ਖੇਵੀਐ= ਸਹਾਰੇਗਾ।

ਹਰਿਚੰਦਉਰੀ ਪੇਖਿ ਕਾਹੇ ਸੁਖੁ ਮਾਨਿਆ॥

ਹਰੀਚੰਦ ਦੀ ਨਗਰੀ ਵਤ ਜੋ ਮਿਥਿਆ ਪਦਾਰਥ ਹਨ, ਉਹਾਂ ਨੂੰ ਵੇਖ ਕੇ ਪਤਾ ਨਹੀਂ ਇਸ ਜੀਵ ਨੇ ਕਾਹੇ= ਕਿਸ ਵਾਸਤੇ ਸੁਖ ਮੰਨਣਾ ਕੀਤਾ ਹੈ।

ਹਰਿਹਾਂ ਹਉ ਬਲਿਹਾਰੀ ਤਿੰਨ ਜਿ ਦਰਗਹਿ ਜਾਨਿਆ॥ ੧੯॥

ਸਤਿਗੁਰੂ ਜੀ ਆਖਦੇ ਹਨ- ਹੇ ਹਰਿਹਾਂ! ਹਉ= ਅਸੀਂ ਤਾਂ ਉਹਨਾਂ ਗੁਰਮੁਖਾਂ ਉਪਰੋਂ ਕੁਰਬਾਨ ਜਾਂਦੇ ਹਾਂ, ਜਿਹੜੇ ਗੁਰਮੁਖ ਵਾਹਿਗੁਰੂ ਦੀ ਦਰਗਾਹ ਵਿਚ ਸ੍ਰੇਸ਼ਟ ਜਾਣੇ ਜਾਂਦੇ ਹਨ।

ਅਥਵਾ- ਜਿਨ੍ਹਾਂ ਨੇ ਆਪਣੇ ਦਰ ਗਹਿ= ਅੰਦਰ ਹੀ ਤੁਰੀਆ ਪਦ ਰੂਪ ਜਗ੍ਹਾ ਨੂੰ ਜਾਣ ਲਿਆ ਹੈ, ਉਨ੍ਹਾਂ ਗੁਰਮੁਖਾਂ ਤੋਂ ਅਸੀਂ ਕੁਰਬਾਨ ਜਾਂਦੇ ਹਾਂ॥ ੧੯॥

ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ॥

ਇਸ ਗਵਾਰ= ਮੂਰਖ ਪੁਰਸ਼ ਨੇ ਕਰਮ ਤਾਂ ਅਨੇਕਾਂ ਹੀ ਕੀਤੇ ਹਨ ਪਰ ਘਨ= ਇਕਰਸ, ਵਾ-ਘਣੇ ਵਿਕਾਰਾਂ ਦੀ ਉਤਪਤੀ ਕਰਨ ਵਾਲੇ ਕੀਤੇ ਹਨ।

ਅਥਵਾ- ਘਨ= ਸਮੂਹ ਗਵਾਰ= ਮੂਰਖ ਪੁਰਸ਼ਾਂ ਨੇ ਮਿਲ ਕੇ ਵਿਕਾਰਾਂ ਦੀ ਉਤਪਤੀ ਕਰਨ ਵਾਲੇ ਅਨੇਕਾਂ ਕਰਮ ਕੀਤੇ ਹਨ।

ਮਹਾ ਦੁਰਗੰਧਤ ਵਾਸੁ ਸਠ ਕਾ ਛਾਰੁ ਤਨ॥

ਬਹੁਤ ਵਿਸ਼ੇ-ਵਿਕਾਰਾਂ ਰੂਪ ਦੁਰਗੰਧੀ ਵਿਚ ਵਾਸਾ ਹੋ ਰਿਹਾ ਹੈ, ਇਸ ਕਰ ਕੇ ਸਠ= ਮੂਰਖ ਪੁਰਸ਼ਾਂ ਦਾ ਤਨ= ਸਰੀਰ ਛਾਰ ਦੀ ਤ੍ਰ੍ਹਾਂ ਨਿਸਫਲ ਚਲਿਆ ਜਾਂਦਾ ਹੈ।

ਅਥਵਾ- ਮਹਾ ਦੁਰਗੰਧਤ= ਅਤੀ ਬਦਬੋ ਵਾਲੀ ਥਾਂ ਭਾਵ ਮਾਤਾ ਦੇ ਪੇਟ ਵਿਚ ਵਾਸਾ ਹੁੰਦਾ ਹੈ, ਸਠ= ਮੂਰਖ ਪੁਰਸ਼ ਦਾ ਜੋ ਸਰੀਰ ਹੈ, ਤਿਸ ਪਰ ਲਾਹਨਤਾਂ ਰੂਪ ਸੁਆਹ ਪੈਂਦੀ ਹੈ।

ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ॥

ਇਹ ਹੰਕਾਰੀ ਪੁਰਸ਼ ਅਗਿਆਨ ਰੂਪ ਗੁਬਾਰਿ= ਘੁੱਪ ਹਨੇਰੇ ਵਿਚ ਹੀ ਤੁਰਿਆ ਫਿਰਦਾ ਹੈ, ਆਪਣੇ ਮਰਨ ਦੇ ਸਮੇਂ ਨੂੰ ਤਾਂ ਜਾਣਦਾ ਹੀ ਨਹੀਂ ਹੈ।

ਯਥਾ- ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥ *(ਪੰਨਾ ੧੨੫੪)*

ਹਰਿਹਾਂ ਹਰਿਚੰਦਉਰੀ ਪੇਖਿ ਕਾਹੇ ਸਚੁ ਮਾਨਈ॥ ੨੦॥

ਹੇ ਹਰਿਹਾਂ! ਇਹ ਸਾਰਾ ਸੰਸਾਰ ਹਰੀ ਚੰਦ ਦੀ ਨਗਰੀ ਵਤ ਮਿੱਥਿਆ ਹੈ, ਇਸ ਨੂੰ ਵੇਖ ਕੇ ਤੂੰ ਕਾਹੇ= ਕਿਸ ਵਾਸਤੇ ਸਚੁ= ਸੁਖ ਮੰਨਦੀ ਹੈਂ ?

ਅਥਵਾ- ਕਾਹੇ ਸਚੁ= ਕਿਸ ਵਾਸਤੇ ਸੱਚਾ ਮੰਨਦੀ ਹੈਂ?॥ ੨੦॥

ਫੇਰ ਹਰਿਹਾਂ ਨੇ ਬੇਨਤੀ ਕੀਤੀ ਕਿ ਜੀਵ ਦੀ ਉਮਰ ਪੂਰੀ ਹੋ ਜਾਣ 'ਤੇ ਮੌਤ ਤੋਂ ਕੋਈ ਬਚਾਅ ਸਕਦਾ ਹੈ? ਜਾਂ ਨਹੀਂ *ਗੁਰ ਉੱਤਰ-*

ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ॥

ਜਿਸ ਮਨੁੱਖ ਦੀ ਅਉਧ= ਉਮਰ ਪੂਜੈ= ਪੂਰੀ ਹੋ ਜਾਵੇ, ਭਲਾ ਉਸ ਨੂੰ ਫਿਰ ਕਉਣੁ= ਕੋਈ ਰੱਖ ਸਕਦਾ ਹੈ? ਭਾਵ ਉਸ ਨੂੰ ਫਿਰ ਕੋਈ ਨਹੀਂ ਰੱਖ ਸਕਦਾ। *ਪ੍ਰਸ਼ਨ-* ਵੈਦ ਤਾਂ ਰੱਖ ਲੈਂਦੇ ਹੋਣਗੇ? *ਗੁਰ ਉੱਤਰ-*

ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ॥

ਵੈਦ ਭਲਾ ਅਨੇਕ ਜਤਨਾਂ ਨੂੰ ਕਹਾਂ ਲਉ= ਕਿਥੋਂ ਤਕ ਭਾਖਈ= ਦੱਸਣਗੇ, ਅਖੀਰ ਤਾਂ ਮਰ ਹੀ ਜਾਣਾ ਹੈ।

ਯਥਾ- ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ॥

ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ॥ ੭੯॥ *(ਸਲੋਕ ਕਬੀਰ ਜੀ, ਪੰਨਾ ੧੩੬੮)*

ਜੇ ਵੈਦਾਂ ਡਾਕਟਰਾਂ ਦੇ ਕੁਝ ਵੱਸ ਹੁੰਦਾ ਤਾਂ ਫਿਰ ਸਿਕੰਦਰ* ਬਾਦਸ਼ਾਹ ਕਦੇ ਮਰਦਾ ਹੀ ਨਾ ਕਿਉਂਕਿ

---

*ਸਿਕੰਦਰ ਬਾਦਸ਼ਾਹ ਦੇ ਬਾਰੇ ਕਿਸੇ ਫਾਰਸੀ ਦੇ ਸ਼ਾਇਰ ਨੇ ਇਸ ਤਰ੍ਹਾਂ ਲਿਖਿਆ ਹੈ:

ਜ਼ਰਾ ਸਿਕੰਦਰ ਨੇ ਜਮ੍ਹਾਂ ਕਰਂ ਕਹਿ ਦੀਆ ਹੂੰ ਮੈਂ ਖ਼ੁਦਾ।
ਵਖਤ ਪੜਨੇ ਪਰ ਰਜ਼ਾ ਕੇ[2] ਸਭ ਲਗੇ ਹੋਨੇ ਜੁਦਾ।
ਸਭ ਮੁਲਕਿ ਯੂਨਾਨ ਕੇ ਹਿਕਮਤਗਰੋਂ ਸੇ ਯੂੰ ਕਹਾ।
ਹੈ ਕੋਈ ਮੇਰੇ ਲੀਏ, ਮੌਤ ਕੀ ਇਸ ਵਕਤ ਦੁਆ[3]।
ਸਭ ਅਮੀਰੋਂ ਔ ਵਜ਼ੀਰੋਂ, ਬੇਗਮੋਂ ਸੇ ਯੂੰ ਕਹਾ।
ਹੈ ਕੋਈ ਮੇਰੇ ਬਚਾਨੇ ਕੇ ਲੀਏ, ਅਹਿਲੇ ਵਫਾ[4]।
ਢੇਰ ਦੌਲਤ ਕੇ ਲਗਾ ਕਰ, ਹਾਥ ਮੇਂ ਲੇ ਯੂੰ ਕਹਾ।
ਤੂੰ ਭੀ ਮੁਝ ਕੋ ਛੋੜਤੀ ਹੈ, ਅਬ ਤੋ ਮੈਂ ਤਨਹਾ ਚਲਾ।
ਅਰ ਤਬੀਬੋਂ ਕੇ ਕਾਂਧੇ[5] ਪੈ ਯੇਹ ਮੇਰਾ ਜਨਾਜ਼ਾ[6] ਹੋ।
ਗੰਜ ਭੀ ਹੋ, ਬੇਗਮੇ ਭੀ, ਸਾਥ ਹੋ ਸਾਰੀ ਸਿਪਾਹ[7]।
ਅਰ ਸਿਕੰਦਰ ਕਾ ਜਨਾਜ਼ਾ ਕੂਚਾ ਕੂਚਾ ਮੇਂ ਫਿਰੇ।
ਤਾਂ ਕਿ ਹੋ ਮਾਲੂਮ ਸਭ ਕੋ ਆਖਿਰਤ ਕਾ ਯੇਹ ਮਜ਼ਾ।
[9]ਜਿਸ ਕਾ ਲਖਤੇ ਜਿਗਰ ਥਾ ਉਸ ਕਾ ਜਿਗਰ ਫਟਨੇ ਲਗਾ।
ਪੂਛਤੀ ਹੈ ਹਰ ਬਸ਼ਰ[10] ਕੋ ਹੈ ਸਿਕੰਦਰ ਕੌਨ ਜਾ[10]।
ਕਬਰ ਪਰ ਅਪਨੇ ਪਿਸਰ[11] ਕੀ, ਯੂੰ ਸੁਖਨਾ[12] ਕਹਿਨੇ ਲਗੀ।
ਐ ਸਿਕੰਦਰ, ਐ ਸਿਕੰਦਰ! ਵੋਹ ਮੁਹੱਬਤ ਮਤ ਭੁਲਾ।
ਆਖਰੀ ਤੋ ਅਰਸ਼[13] ਸੇ ਆਵਾਜ਼ ਯੇਹ ਆਨੇ ਲਗੀ।
ਆ ਚੁਕੇ ਐਸੇ ਸਿਕੰਦਰ, ਇਸ ਜਗੇ ਲਾਖੋਂ ਦਫਾ।

੧. ਧਨ। ੨. ਭਾਵੀ ਦੇ। ੩. ਦਵਾਈ। ੪. ਚੰਗਾ ਵਫਾਦਾਰ। ੫. ਮੋਢੇ। ੬. ਬਿਬਾਣ। ੭. ਫੌਜ। ੮. ਜਿਸ ਸਿਕੰਦਰ ਦੀ ਮਾਂ ਦੇ ਦਿਲ ਦਾ ਟੁਕੜਾ। ੯. ਬੰਦੇ ਨੂੰ। ੧੦. ਕਿਹੜੀ ਜਗ੍ਹਾ। ੧੧. ਪੁੱਤਰ। ੧੨. ਬਚਨ। ੧੩. ਅਕਾਸ਼ ਬਾਣੀ।

ਇਸ ਪਾਸ ਲੁਕਮਾਨ ਵਰਗੇ ਬੜੇ-ਬੜੇ ਸਿਆਣੇ ਹਕੀਮ ਰਹਿੰਦੇ ਸਨ।

ਏਕੋ ਚੇਤਿ ਗਵਾਰ ਕਾਜਿ ਤੇਰੈ ਆਵਈ॥
ਹਰਿਹਾਂ ਬਿਨੁ ਨਾਵੈ ਤਨੁ ਛਾਰੁ ਬ੍ਰਿਥਾ ਸਭੁ ਜਾਵਈ॥ ੨੧॥

ਅੰਨਵੇਂ-ਹੇ ਹਰਿਹਾਂ! ਇਕ ਵਾਹਿਗੁਰੂ ਨੂੰ ਤੂੰ ਚੇਤਣਾ ਕਰ, ਕਿਉਂਕਿ ਇਹ ਨਾਮ ਹੀ ਪ੍ਰਲੋਕ ਵਿਚ ਤੇਰੇ ਕੰਮ ਆਉਣ ਵਾਲਾ ਹੈ। ਵਾਹਿਗੁਰੂ ਨਾਮ ਤੋਂ ਬਿਨਾਂ ਇਕ ਤਾਂ ਗਵਾਰ= ਮੂਰਖਤਾ ਵਿਚ ਦਾਖਲ ਹੋਈਦਾ ਹੈ ਤੇ ਦੂਸਰਾ ਛਾਰੁ= ਸੁਆਹ ਰੂਪ ਜੋ ਤਨ ਹੈ. ਇਹ ਸਾਰਾ ਬ੍ਰਿਥਾ= ਨਿਸਫਲ ਚਲਿਆ ਜਾਂਦਾ ਹੈ।

ਪ੍ਰਸੰਗ ਅਨੁਸਾਰ ਇੰਜ ਅਰਥ ਹੋ ਚੁੱਕਾ ਹੈ ਪਰ ਦੂਸਰਾ ਭੀ ਇਸ ਪ੍ਰਕਾਰ ਹੈ-

ਏਕੋ ਚੇਤਿ ਗਵਾਰ ਕਾਜਿ ਤੇਰੈ ਆਵਈ॥

ਹੇ ਮੂਰਖ ਪੁਰਸ਼ਾ!

ਅਥਵਾ- ਹੇ ਗਵਾਰ ਮਨ! ਤੂੰ ਇਕ ਵਾਹਿਗੁਰੂ ਨਾਮ ਨੂੰ ਚੇਤਨਾ ਕਰ ਕਿਉਂਕਿ ਇਹ ਨਾਮ ਹੀ ਤੇਰੇ ਕੰਮ ਆਉਣ ਵਾਲਾ ਹੈ।

ਹਰਿਹਾਂ ਬਿਨੁ ਨਾਵੈ ਤਨੁ ਛਾਰੁ ਬ੍ਰਿਥਾ ਸਭੁ ਜਾਵਈ॥੨੧॥

ਹਰਿਹਾਂ= ਹੇ ਭਾਈ! ਨਾਮ ਤੋਂ ਬਿਨਾਂ ਤਨ ਨੇ ਛਾਰ ਹੋ ਜਾਣਾ ਹੈ ਅਤੇ ਹੋਰ ਸਾਰੇ ਕਰਤਬਾਂ ਨੇ ਵੀ ਬ੍ਰਿਥਾ= ਨਿਸਫਲ ਚਲਿਆਂ ਜਾਣਾ ਹੈ॥ ੨੧॥

ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ॥

ਹੇ ਭਾਈ! ਅਪਾਰੁ= ਬਹੁਤ ਅਨਮੁਲੀ ਜੋ ਨਾਮ ਰੂਪੀ ਅਉਖਧੁ= ਦਵਾਈ ਹੈ, ਤਿਸ ਨੂੰ ਪੀਜਈ= ਪੀਣਾ ਕਰ।

ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ॥

ਸੰਤ ਜਨ ਇਸ ਨਾਮ ਰੂਪ ਦਵਾਈ ਨੂੰ ਆਪਸ ਵਿਚ ਮਿਲ ਮਿਲ ਕੇ ਖਾਂਦੇ ਹਨ ਅਤੇ ਹੋਰ ਸਾਰੇ ਅਧਿਕਾਰੀ ਜਗਿਆਸੂਆਂ ਨੂੰ ਭੀ ਦੇਂਦੇ ਹਨ।

ਅਥਵਾ- ਜੋ ਸੰਤ ਪਰਮੇਸ਼ਰ ਨਾਲ ਮਿਲੇ ਹੋਏ ਹਨ, ਉਹ ਸੰਤ ਸੰਗਤ ਵਿਚ ਮਿਲ ਕੇ ਨਾਮ ਨੂੰ ਖਾਵਹਿ= ਜਪਦੇ ਹਨ ਅਤੇ ਅੱਗੇ ਸਾਰੇ ਅਧਿਕਾਰੀਆਂ ਨੂੰ ਭੀ ਨਾਮ ਦੀ ਦਾਤ ਦੇਂਦੇ ਹਨ।

ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ॥

ਜਿਸ ਨੂੰ (ਅਜੇਹੇ ਸ਼ੰਤ ਪ੍ਰਾਪਤ) ਹੁੰਦੇ ਹਨ, ਤਿਸੈ ਹੀ= ਉਹ (ਪੁਰਸ਼) ਹੀ ਨਾਮ ਰੂਪ ਦੁਆਈ ਨੂੰ ਪਾਉਂਦੇ ਹਨ।

ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ॥ ੨੨॥

ਹੇ ਹਰਿਹਾਂ! ਅਸੀਂ ਉਹਨਾਂ ਗੁਰਮੁਖਾਂ ਤੋਂ ਬਲਿਹਾਰ ਜਾਂਦੇ ਹਾਂ, ਜਿਹੜੇ ਗੁਰਮੁਖ ਰੰਗੁ= ਪ੍ਰੇਮ ਸਹਿਤ ਹਰੀ ਨਾਮ ਨੂੰ ਰਾਵਣੇ= ਉਚਾਰਦੇ ਹਨ॥ ੨੨॥

ਵੈਦਾ ਸੰਦਾ ਸੰਗੁ ਇਕਠਾ ਹੋਇਆ ॥

ਪਹਿਲਾ ਅਰਥ- ਜਿਸ ਵੇਲੇ ਵੈਦਾ ਸੰਦਾ ਸੰਗੁ= ਵੈਦਾਂ ਦਾ ਸਮੁਦਾਅ ਬੀਮਾਰ ਦੇ ਪਾਸ ਆ ਕੇ ਇਕੱਠਾ ਹੋ ਗਿਆ, ਭਾਵ ਰੋਗੀ ਨੂੰ ਦੇਖਣ ਵਾਸਤੇ ਬਹੁਤ ਸਾਰੇ ਹਕੀਮ ਤੇ ਡਾਕਟਰ ਆ ਕੇ ਇਕੱਠੇ ਹੋ ਗਏ।

ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥

ਉਸ ਵੇਲੇ ਉਹਨਾਂ ਵੈਦਾਂ ਦੇ ਅਉਖਦ= ਦਾਰੂ ਤੇ ਇਲਾਜ ਕੀਤੇ ਹੋਏ ਤਾਂ ਰਾਸ ਆਉਂਦੇ ਹਨ, ਜੇਕਰ ਆਪ ਪਰਮੇਸ਼ਰ ਵਿਚ ਆ ਕੇ ਖਲੋ ਜਾਵੇ ਭਾਵ ਸਹਾਇਤਾ ਕਰੇ।

ਦੂਜਾ ਅਰਥ- *ਵੈਦਾ ਸੰਦਾ ਸੰਗੁ ਇਕਠਾ ਹੋਇਆ ॥*

ਸੰਤਾਂ ਰੂਪ ਵੈਦਾਂ ਦਾ ਸੰਗ, ਰੋਗੀ ਜੋ ਜਗਿਆਸੂ ਹੈ ਉਸ ਦੇ ਪਾਸ ਆ ਕੇ ਇਕੱਠਾ ਹੋ ਗਿਆ ਕੋਈ ਸੰਤ ਰੂਪ ਵੈਦ ਤਾਂ ਮਹਾਂਵਾਕਾਂ ਰੂਪ ਦਵਾਈ ਦਸਦਾ ਹੈ ਤੇ ਕੋਈ ਜੋਗ ਕਰਨਾ ਦਸਦਾ ਹੈ, ਕੋਈ ਕਰਮ ਕਾਂਡ ਦਸਦਾ ਹੈ ਅਤੇ ਕੋਈ ਨਾਮ ਦੀ ਦਵਾਈ ਦਸਦਾ ਹੈ।

ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥

ਪਰ ਉਪਰਲੇ ਦੱਸੇ ਹੋਏ ਜਗਿਆਸੂ ਤਾਈਂ ਮਹਾਤਮਾਂ ਰੂਪ ਵੈਦਾਂ ਦੇ ਦਾਰੂ ਤਾਂ ਰਾਸ ਆਉਂਦੇ ਹਨ ਭਾਵ ਜਗਿਆਸੂ ਦੇ ਕੀਤੇ ਹੋਏ ਸਾਧਨ ਤਾਂ ਸਫਲ ਹੁੰਦੇ ਹਨ ਜੇਕਰ ਪਰਮਾਤਮਾ ਇਨ੍ਹਾਂ ਸਾਧਨਾਂ ਵਿਚ ਆਪ ਖਲੋ ਜਾਵੇ ਅਰਥਾਤ ਸਹਾਇਤਾ ਕਰੇ।

ਅਥਵਾ:- ਜਿਹੜੇ ਸੰਤ ਨਾਮ ਜਪਣ ਵਿਚ ਆਪ ਸਾਵਧਾਨ ਹੋ ਕੇ ਖੜੇ ਹਨ, ਉਹਨਾਂ ਸੰਤਾਂ ਦੇ ਦੱਸੇ ਹੋਏ ਸਾਧਨਾਂ ਰੂਪ ਦਾਰੂ ਪਰਮਾਤਮਾ ਦੀ ਸਹਾਇਤਾ ਵਿਚ ਹੋਣ ਕਰ ਕੇ ਰਾਸ ਆਏ ਹਨ।

ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥

ਉਹਨਾਂ ਦੇ ਜਿਹੜੇ ਜਿਹੜੇ ਸਮਾਨ ਕਰਮ ਸਨ ਉਹ ਸਾਰੇ ਦੇ ਸਾਰੇ ਸ੍ਰੇਸ਼ਟ ਕਰਮ ਹੋ ਕੇ ਪਸਰਿਆ= ਫੈਲ ਗਏ ਹਨ।

ਉਹਨਾਂ ਸ੍ਰੇਸ਼ਟ ਕਰਮਾਂ ਕਰ ਕੇ ਹੀ ਉਸ ਗੁਰਮੁਖ ਦੀ ਸਾਰੇ ਸੰਸਾਰ ਵਿਚ ਮਾਨ ਪ੍ਰਤਿਸ਼ਟਾ ਫੈਲ ਜਾਂਦੀ ਹੈ ਅਤੇ ਰਿੱਧੀਆਂ ਸਿੱਧੀਆਂ, ਨਿੱਧੀਆਂ ਆਦਿ ਸਭ ਪਦਾਰਥ ਪ੍ਰਾਪਤ ਹੋ ਜਾਂਦੇ ਹਨ-

ਯਥਾ- ਹਾਸ ਕਰਤ ਜਬ ਹਾਥ ਉਠਾਵੈ। ਤਬ ਹੀ ਕਰ ਮੇ ਨਵ ਨਿਧਿ ਪਾਵੈ।

ਹਾਸੇ ਨਾਲ ਵੀ ਜਦ ਉਹ ਹੱਥ ਉਠਾਉਂਦਾ ਹੈ ਉਦੋਂ ਹੀ ਨੌਂ ਨਿੱਧੀਆਂ ਹੱਥ ਵਿਚ ਪ੍ਰਾਪਤ ਕਰ ਲੈਂਦਾ ਹੈ।

ਹਾਸ ਕਰਤ ਜੋ ਉਦਮ ਉਠੈਹੈ॥ ਨਵੇ ਨਿਧਿ ਤਿਨ ਕੇ ਘਰਿ ਐਹੈ॥ ੧੫॥

(ਦਸਮ ਗ੍ਰੰਥ, ਬਚਿਤ੍ਰ ਨਾਟਕ ਅਧਿ ੧੩, ਪੰਨਾ ੭੨)

ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥ ੨੩ ॥

ਹੇ ਹਰਿਹਾਂ! ਉਸ ਦੇ ਦੁੱਖ, ਰੋਗ ਤੇ ਸਾਰੇ ਪਾਪਾਂ ਦਾ ਸਮੁਦਾਅ ਤਨ ਤੋਂ ਖਿਸਰਿਆ= ਅਭਾਵ ਹੋ ਗਿਆ ਹੈ।

ਅਥਵਾ- ਦੁੱਖ ਜਨਮ ਮਰਨ ਦਾ, ਰੋਗ ਅਗਿਆਨਤਾ ਦਾ, ਵਾ:- ਹੰਗਤਾ, ਮਮਤਾ ਦਾ, ਪਾਪ=

ਚਾਰ ਪ੍ਰਕਾਰ ਦਾ

੧) ਬ੍ਰਾਹਮਣ ਦਾ ਮਾਰਨਾ। ੨) ਕਾਲੀ ਗਊ ਦਾ ਮਾਰਨਾ।

੩) ਕੰਨਿਆ ਦਾ ਮਾਰਨਾਂ। ੪) ਅਣਚਾਰੀ ਭਾਵ ਵੇਸ਼ਵਾ ਦਾ ਧਾਨ ਖਾਣਾ।

ਇਹ ਸਾਰੇ ਪਾਪ ਉਸ ਦੇ ਨਾਸ ਹੋ ਜਾਂਦੇ ਹਨ॥ ੨੩॥

ਸਤਿਗੁਰੂ ਜੀ ਨੇ ਇਸ ਫੁਨਹੇ ਨਾਮੀ ਬਾਣੀ ਰਾਹੀਂ ਆਪਣੀ ਸਾਲੀ ਤੇ ਉਸ ਦੀਆਂ ਸਹੇਲੀਆਂ ਨੂੰ ਪ੍ਰਭੂ ਦੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਆਪਣੇ ਮਹਿਲ ''ਗੰਗਾ'' ਜੀ ਦਾ ਡੋਲਾ ਲੈ ਕੇ ਵਾਪਸ ਸ੍ਰੀ ਅੰਮ੍ਰਿਤਸਰ ਪੁੱਜ ਗਏ।

-o-

ਦੋਹਿਰਾ-ਗਾਥਾ ਔਰ ਫੁਨਹੇ ਕਾ, ਤਿਲਕ ਭਇਓ ਹੈ ਪੂਰ।
ਬਖਸ਼ੇ ਸੰਤ ਸਮਾਜ ਸਭ, ਰਹੀ ਜੁ ਇਸ ਮੇ ਊਰ।

ਫੁਨਹੇ ਸਮਾਪਤੰ





ਚਉਬੋਲੇ ਮਹਲਾ ੫

੧ੴ ਸਤਿਗੁਰ ਪ੍ਰਸਾਦਿ॥

ਚਉਬੋਲੇ ਵਿਚ ਦੋ ਸ਼ਬਦ ਹਨ, ਚਉ ਅਤੇ ਬੋਲੇ।

ਚਉ ਗੁਰਮਤ ਸਾਹਿਤ ਵਿਚ ਕਈ ਅਰਥਾਂ ਵਿਚ ਵਰਤਿਆ ਗਿਆ ਹੈ, ਕਹਿਣਾ, ਚਾਅ ਨਾਲ ਬੋਲਣਾ, ਚਤੁਰ, ਚਾਰ।

ਬੋਲੇ-ਬਚਨ, ਨਿੱਗਰ ਗੱਲ, ਇਕਰਾਰ।

ਚਉਬੋਲੇ-

(ੳ) ਕਾਵ ਵਿਚ ਇਕ ਛੰਦ ਹੈ, ਜਿਸ ਦੇ ਚਾਰੇ ਤੁਕਾਂਤ ਵੱਖਰੇ-ਵੱਖਰੇ ਹੋਣ।

(ਅ) ਉਹ ਛੰਦ ਭੀ ਚਉਬੋਲੇ ਹੈ, ਜਿਸ ਦੀ ਅੰਤਲੀ ਤੁਕ ਵਿਚ ਇਕ ਸ਼ਬਦ ਅੜਿਲ ਛੰਦ ਵਾਂਗ ਸੰਬੋਧਨ ਕੀਤਾ ਹੋਵੇ।

(ੲ) ਉਹ ਕਵਿਤਾ ਭੀ ਚਉਬੋਲੇ ਹੈ, ਜਿਸ ਵਿਚ ਚਾਰ ਜਾਂ ਇਸ ਤੋਂ ਵਧ ਬੋਲੀਆਂ ਦੇ ਸ਼ਬਦ ਰਲੇ ਹੋਏ ਹੋਣ।

(ਸ) ਉਹ ਕਵਿਤਾ ਭੀ ਚਉਬੋਲੇ ਹੈ, ਜਿਸ ਵਿਚ ਚਾਰ ਕਵੀਆਂ ਦੀ ਕਵਿਤਾ ਹੋਵੇ। ਬਾਣੀ ਵਿਚ ਉਹ ਰਚਨਾ ਚਉਬੋਲੇ ਹੈ, ਜਿਸ ਵਿਚ ਚਾਰ ਪ੍ਰੇਮੀਆਂ ਦੇ ਬੋਲ ਹੋਣ।

ਸੰਗੀਤ ਵਿਚ ਚਤੁਰੰਗ ਜਾਂ ਚਉਬੋਲਾ ਉਸ ਨੂੰ ਕਹਿੰਦੇ ਹਨ ਜਿਸ ਵਿਚ ਗੀਤ, ਸਰਗਮ, ਤਰਾਨਾ ਅਤੇ ਮ੍ਰਿਦੰਗ ਦੇ ਬੋਲ ਹੋਣ।

ਚਉਬੋਲੇ ਵਿਚ ਚਾਰ ਭਗਤਾਂ ਦੇ ਨਾਮ ਹਨ, ਇਹ ਚਾਰੇ ਹੀ ਪ੍ਰੇਮੀ ਸਨ ਪਰ ਇਨ੍ਹਾਂ ਦੇ ਦੋ ਜੁੱਟ ਹਨ। ਇਕ ਜੁੱਟ ਪਿਉ ਪੁੱਤਰ ਦਾ ਹੈ, ਮੂਸਨ ਪਿਤਾ ਹੈ ਅਤੇ ਸੰਮਨ ਪੁੱਤਰ।

ਦੂਜਾ ਜੋੜਾ ਭੀ ਦੋ ਸੱਚੇ ਅਤੇ ਈਮਾਨਦਾਰ ਫ਼ਕੀਰਾਂ ਦਾ ਹੈ, ਜਿਨ੍ਹਾਂ ਵਿਚ 'ਪਤੰਗਾ' ਦ੍ਰਿੜ੍ਹ ਨਿਸਚੇ ਵਾਲਾ ਅਤੇ ਇਮਾਨਦਾਰ ਸ਼ਾਹੂਕਾਰ ਹੈ ਅਤੇ 'ਜਮਾਲ' ਭੀ ਸੱਚਾ ਹੈ ਪਰ ਦ੍ਰਿੜ੍ਹ ਨਿਸਚੇ ਵਾਲਾ ਨਹੀਂ ਹੈ।

ਸੰਮਨ ਮੂਸਨ

ਸੰਮਨ ਅਤੇ ਮੂਸਨ, ਸ਼ਾਹਬਾਜ਼ ਪੁਰ ਦੇ ਵਸਨੀਕ ਸਨ ਚੋਟੀ ਦੇ ਕਾਰੀਗਰ ਹੋਣ ਕਰ ਕੇ ਲਾਹੌਰ ਸ਼ਹਿਰ ਵਿਚ ਕੰਮ ਧੰਧਾ ਕਰਦੇ ਸਨ। ਇਹ ਦੋਵੇਂ ਸਿਦਕੀ ਭੋਰੇ ਸਨ, ਨਾਮ, ਦਾਨ ਅਤੇ ਇਸ਼ਨਾਨ ਇਨ੍ਹਾਂ ਦਾ ਨਿੱਤਨੇਮ

ਸੀ। ਇਹਨਾਂ ਦੇ ਮਨ ਵਿਚ ਵਿਸ਼ਵਾਸ ਸੀ ਕਿ ਭਗਤਾਂ ਅਤੇ ਮਹਾਂ ਪੁਰਖਾਂ ਦੇ ਪ੍ਰਸ਼ਾਦ ਦੀ ਸੇਵਾ ਚੰਗੇ ਕਰਮਾਂ ਨਾਲ ਮਿਲਦੀ ਹੈ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਵਿਚ ਆਏ ਤਾਂ ਦੋਵੇਂ ਵੇਲੇ ਸ਼ਬਦ ਕੀਰਤਨ ਅਤੇ ਪ੍ਰਤੱਖ ਲੰਗਰ ਚਾਲੂ ਹੋ ਗਏ। ਗੁਰੂ ਦੇ ਅਨਿਨ ਭਗਤਾਂ ਨੇ ਆਪਣੇ ਦਸਾਂ ਨੌਹਾਂ ਦੀ ਕਮਾਈ ਸਫਲ ਕਰਨੀ ਸ਼ੁਰੂ ਕਰ ਦਿੱਤੀ।

ਜਦ ਇਹਨਾਂ ਪਿਉ ਪੁੱਤਰਾਂ ਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਵਿਚ ਆਏ ਹੋਏ ਹਨ ਤਾਂ ਇਹਨਾਂ ਦੇ ਮਨ ਵਿਚ ਬੜਾ ਉਤਸ਼ਾਹ ਹੋਇਆ। ਉਸੇ ਵੇਲੇ ਗੁਰੂ ਜੀ ਪਾਸ ਆਏ। ਜਥਾ ਸ਼ਕਤ ਭੇਟਾ ਰੱਖ ਕੇ ਨਮਸਕਾਰ ਕੀਤੀ ਤੇ ਲੰਗਰ ਲਈ ਅਰਦਾਸ ਕੀਤੀ। ਇਹਨਾਂ ਦੇ ਪ੍ਰੇਮ ਨੂੰ ਵੇਖ ਕੇ ਗੁਰੂ ਜੀ ਨੇ ਸੰਮਨ ਅਤੇ ਮੂਸਨ ਦੀ ਬੇਨਤੀ ਪਰਵਾਨ ਕਰ ਲਈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਣੇ ਸੰਗਤਾਂ ਦੇ ਮੂਸਨ ਦੇ ਘਰ ਆਉਣਾ ਮੰਨ ਲਿਆ।

ਪੁਰਾਣੇ ਸਮਿਆਂ ਵਿਚ ਬੈਂਕ ਨਹੀਂ ਸਨ ਹੁੰਦੇ, ਲੋਕ ਈਮਾਨਦਾਰ ਸ਼ਾਹੂਕਾਰਾਂ ਕੋਲ ਆਪਣੇ ਰੁਪਏ ਜਮ੍ਹਾਂ ਕਰਵਾ ਛਡਦੇ ਸਨ ਅਤੇ ਲੋੜ ਪੈਣ ਤੇ ਉਥੋਂ ਲੈ ਲੈਂਦੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਚੰਦਨ ਦੇ ਬਾਗ ਸਨ। ਇਹਨਾਂ ਦੇ ਕੀਰਤਨ ਨਾਲ ਇਹਨਾਂ ਦੀ ਮਿੱਠੀ-ਮਿੱਠੀ ਉਪਦਸ਼ ਬਾਣੀ ਨਾਲ, ਇਹਨਾਂ ਦੇ ਉਚੇ ਸੁੱਚੇ ਜੀਵਨ ਨਾਲ, ਸਾਰਾ ਲਾਹੌਰ ਸ਼ਹਿਰ ਮਹਿਕ ਉਠਿਆ। ਸਵੇਰ ਵੇਲੇ ਖੂਹਾਂ ਤੇ ਡੋਲ ਖੜਕਣ ਲੱਗ ਪਏ ਅਤੇ ਸੁਖਮਨੀ ਸਾਹਿਬ ਦੀਆਂ ਅਸ਼ਟਪਦੀਆਂ ਪ੍ਰਭਾਤ ਵੇਲੇ ਗੂੰਜ-ਗੂੰਜ ਕੇ ਤਪਦੇ ਹਿਰਦਿਆਂ ਵਿਚ ਠੰਡ ਪਾਉਣ ਲੱਗ ਪਈਆਂ ਪਰ ਵਾਂਸ ਵਰਗੇ ਵਿਚੋਂ ਪੋਲੇ, ਕੁਟਲਤਾਈ ਦੀਆਂ ਗੰਢਾਂ ਨਾਲ ਭਰੇ ਹੋਏ ਅਤੇ ਉਪਰੋਂ ਪੀਡੇ ਚੰਦੂ ਦੇ ਮਨ ਵਿਚ ਈਰਖਾ ਦੀ ਅੱਗ ਭੜਕ ਉੱਠੀ। ਉਹ ਚਾਹੁੰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਜੀ ਦਾ ਨਿਰਾਦਰ ਕਰਾਂ।

ਜਦੋਂ ਉਸ ਨੂੰ ਪਤਾ ਲੱਗਾ ਕਿ ਸ਼ਾਹੀ ਇਮਾਰਤਾਂ ਬਨਾਉਣ ਵਾਲੇ ਸੰਮਨ ਮੂਸਨ ਨੇ ਸਵੇਰ ਵੇਲੇ ਦੇ ਇਕ ਡੰਗ ਲੰਗਰ ਦੀ ਸੇਵਾ ਮੰਨ ਲਈ ਹੈ ਤਾਂ ਉਹ ਸਿੱਧਾ ਉਸ ਸ਼ਾਹੂਕਾਰ ਕੋਲ ਗਿਆ ਜਿਸ ਪਾਸੋਂ ਸੰਮਨ ਤੇ ਮੂਸਨ ਨੇ ਲੰਗਰ ਲਈ ਰੁਪਏ ਲੈਣੇ ਸਨ ਤੇ ਇੰਜ ਕਿਹਾ-

"ਜੇ ਆਪਣਾ ਭਲਾ ਚਾਹੁੰਦਾ ਹੈਂ ਤਾਂ ਸੰਮਨ ਮੂਸਨ ਦੀ ਰਕਮ ਵਾਪਸ ਨਾ ਕਰੀਂ।"

ਸ਼ਾਹੂਕਾਰ- "ਪਰ ਹਜ਼ੂਰ! ਉਹ ਰਕਮ ਤੇ ਉਹਨਾਂ ਦੀ ਆਪਣੀ ਹੈ ਮੈਂ ਇਮਾਨਤ ਵਿਚ ਖਿਆਨਤ ਕਿਸ ਤਰ੍ਹਾਂ ਕਰਾਂ?"

ਚੰਦੂ- "ਮੈਂ ਤੈਨੂੰ ਖਿਆਨਤ ਕਰਨ ਲਈ ਨਹੀਂ ਕਹਿੰਦਾ ਪਰ ਇਸ ਹਫਤੇ ਰਕਮ ਵਾਪਸ ਨਹੀਂ ਕਰਨੀ। ਹਾਂ, ਨਾਲੇ ਇਸ ਗੱਲ ਦਾ ਸੰਮਨ ਅਤੇ ਮੂਸਨ ਨੂੰ ਪਤਾ ਨਹੀਂ ਲਗਣਾ ਚਾਹੀਦਾ, ਉਹ ਏਹੋ ਸਮਝਣ ਕਿ ਤੁਸੀਂ ਰਕਮ ਦੇਣ ਤੋਂ ਮੁਕਰ ਗਏ ਹੋ। ਤੈਨੂੰ ਪਤਾ ਹੈ ਕਿ ਇਹਨਾਂ ਮੇਰੀ ਲੜਕੀ ਦਾ ਸਾਕ ਮੋੜ ਕੇ ਮੇਰਾ ਅਨਾਦਰ ਕੀਤਾ ਹੈ, ਮੈਂ ਇਹਨਾਂ ਦਾ ਨਿਰਾਦਰ ਕਰ ਕੇ ਇਹਨਾਂ ਤੋਂ ਬਦਲਾ ਲੈਣਾ ਹੈ। ਵੈਰੀ ਦਾ ਸੱਜਣ ਅਤੇ ਸਹਾਇਕ ਭੀ ਵੈਰੀ ਹੁੰਦਾ ਹੈ, ਮੈਨੂੰ ਯਕੀਨ ਹੈ ਕਿ ਤੁਸੀਂ ਕਦੇ ਭੀ ਸਰਕਾਰੀ ਬੰਦਿਆਂ ਦੇ ਵਿਰੋਧੀ ਬਣਨਾ ਪਸੰਦ ਨਹੀਂ ਕਰੋਗੇ।" ਸ਼ਾਹੂਕਾਰ ਸੋਚੀਂ ਪੈ ਗਿਆ।

ਚੰਦੂ ਸ਼ਾਹੂਕਾਰ ਦੀ ਖਾਮੋਸ਼ੀ ਨੀਮ ਰਜ਼ਾ ਜਾਣ ਕੇ ਵਾਪਸ ਆ ਗਿਆ।

ਜਦੋਂ ਸੰਮਨ ਅਤੇ ਮੂਸਨ ਸਾਰਾ ਪ੍ਰਬੰਧ ਕਰ ਕੇ ਰਕਮ ਲੈਣ ਗਏ ਤਾਂ ਸ਼ਾਹੂਕਾਰ ਨੇ ਅੱਗੋਂ ਨਾਂਹ ਕਰ ਦਿੱਤੀ।

ਫੇਰ ਸੰਮਨ ਤੇ ਮੂਸਨ ਨੇ ਵਿਆਜ਼ੀ ਰੁਪਏ ਲੈਣ ਲਈ ਬੇਨਤੀ ਕੀਤੀ ਪਰ ਸ਼ਾਹੂਕਾਰ ਨੇ ਫਿਰ ਵੀ ਸਿਰ ਫੇਰ ਦਿੱਤਾ।

ਦੋਨੋਂ ਪਿਉ-ਪੁੱਤ ਨਿਰਾਸ਼ ਹੋ ਕੇ ਵਾਪਸ ਆ ਗਏ, ਰਾਹ ਵਿਚ ਆਉਂਦਿਆਂ ਪਿਤਾ ਨੇ ਆਪਣੇ ਪੁੱਤਰ ਸੰਮਨ ਨੂੰ ਕਿਹਾ ਕਿ ਗੁਰੂ ਜੀ ਦੇ ਲੰਗਰ ਲਈ ਰਸਦ ਪਾਣੀ ਬਜ਼ਾਰੋਂ ਉਧਾਰ ਲੈ ਆ। ਇਹ ਗੱਲ ਸੁਣ ਕੇ ਸੰਮਨ ਬਜ਼ਾਰ ਚਲਾ ਗਿਆ।

ਜਦੋਂ ਸੰਮਨ ਦੁਕਾਨਦਾਰਾਂ ਅਤੇ ਹਲਵਾਈਆਂ ਵਲੋਂ ਹੋ ਕੇ ਵਾਪਸ ਘਰ ਆਇਆ ਤਾਂ ਉਸ ਨੇ ਪਿਤਾ ਜੀ ਨੂੰ ਕਿਹਾ- ਸਾਰੇ ਦੁਕਾਨਦਾਰਾਂ ਕੋਲੋਂ ਲੋੜੀਂਦੀ ਸਮੱਗਰੀ ਮੈਂ ਤੁਲਵਾ ਕੇ ਬੰਨ੍ਹਵਾ ਆਇਆ ਹਾਂ, ਪਰ ਉਧਾਰ ਦੇਣੋਂ ਸਭ ਨੇ ਨਾਂਹ ਕਰ ਦਿੱਤੀ ਹੈ।'

ਉਸ ਵੇਲੇ ਪਿਤਾ ਨੇ ਲੰਮਾ ਹਉਕਾ ਭਰ ਕੇ ਕਿਹਾ, "ਉਹਨਾਂ ਤੇ ਭੀ ਕੋਈ ਭਾਣਾ ਵਰਤ ਗਿਆ ਹੈ ਮੈਨੂੰ ਤਾਂ ਸਾਰੀ ਕਰਤੂਤ ਉਸੇ ਗੁਰੂ ਦੋਖੀ ਚੰਦੂ ਦੀ ਲਗਦੀ ਹੈ।"

"ਪਰ ਪਿਤਾ ਜੀ! ਇਹਨਾਂ ਦੁਕਾਨਦਾਰਾਂ ਅਤੇ ਸ਼ਾਹੂਕਾਰਾਂ ਨੂੰ ਕੀ ਹੋ ਗਿਆ ਹੈ? ਇਹਨਾਂ ਦਾ ਵਤੀਰਾ ਏਡੀ ਛੇਤੀ ਏਨਾਂ ਰੁੱਖਾ ਕਿਉਂ ਹੋ ਗਿਆ ਹੈ?" ਸੰਮਨ ਨੇ ਕਿਹਾ।

"ਪੁੱਤਰ! ਵਣਜਾਰੇ ਅਤੇ ਸ਼ਾਹੂਕਾਰਾਂ ਨੂੰ ਪੈਸਾ ਬੜਾ ਪਿਆਰਾ ਹੁੰਦਾ ਹੈ, ਮਾਇਆ ਦਾ ਮੋਹ ਬੜਾ ਪਰਬਲ ਹੈ, ਇਹ ਸਰਕਾਰ ਨਾਲ ਵਿਰੋਧ ਨਹੀਂ ਪਾ ਸਕਦੇ। ਮੈਂ ਤਾਂ ਨਿਰਾਸ਼ ਹੋ ਗਿਆ ਹਾਂ, ਗੁਰੂ ਜੀ ਨੂੰ ਜਾ ਕੇ ਕਹਿ ਦਿੰਦਾ ਹਾਂ ਕਿ ਚੰਦੂ ਨੇ ਸਾਡੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਤੂੰ ਦੁਕਾਨਦਾਰਾਂ ਕੋਲ ਸਮੱਗਰੀ ਬਨ੍ਹਾ ਕੇ ਕਿਉਂ ਰਖਵਾ ਆਇਆ ਏਂ?" ਮਸੂਨ ਨੇ ਕਿਹਾ।

ਸੰਮਨ ਨੇ ਕਿਹਾ-ਮੈਂ ਰਾਤ ਨੂੰ ਜਾ ਕੇ ਸ਼ਾਹੂਕਾਰ ਦੀ ਦੁਕਾਨ ਭੰਨ ਲੈਣੀ ਹੈ, ਉਥੋਂ ਪੈਸਾ ਲੈ ਕੇ ਦੁਕਾਨਦਾਰਾਂ ਨੂੰ ਦੇ ਦੇਵਾਂਗਾ, ਨਾਲੇ ਚੰਦੂ ਨੂੰ ਦੱਸ ਦੇਵਾਂਗਾ ਕਿ ਗੁਰੂ ਕੇ ਸਿੱਖ ਏਡੇ ਕਮਜ਼ੋਰ ਵੀ ਨਹੀਂ, ਉਹ ਆਪਣੇ ਬਚਨਾਂ ਨੂੰ ਤਾਕਤ ਨਾਲ ਵੀ ਪੂਰਾ ਕਰਨਾ ਜਾਣਦੇ ਹਨ। ਤਾਕਤ ਨੂੰ ਸੱਚ ਦੀ ਰਖਿਆ ਲਈ ਵਰਤਦੇ ਹਨ।

ਮੂਸਨ ਨੇ ਕਿਹਾ-ਪੁੱਤਰ! ਇਹ ਤਾਂ ਚੋਰੀ ਹੈ।

ਸੰਮਨ ਨੇ ਕਿਹਾ-ਪਿਤਾ ਜੀ ! ਚੋਰ ਅਸੀਂ ਨਹੀਂ, ਚੋਰ ਉਹ ਹੈ ਜਿਸ ਨੇ ਸਾਡਾ ਪੰਜ ਸੌ ਰੁਪਿਆ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸੂਦ ਉੱਪਰ ਰੁਪਏ ਦੇਣ ਤੋਂ ਭੀ ਨਾਂਹ ਕਰ ਦਿੱਤੀ ਹੈ। ਮੈਂ ਰਾਤੀਂ ਜ਼ਰੂਰ ਜਾ ਕੇ ਉਸ ਦੀ ਦੁਕਾਨ ਦੇ ਮੁਘ ਰਾਹੀਂ ਹੇਠਾਂ ਉਤਰ ਕੇ ਪੰਜ ਸੌ ਰੁਪਇਆ ਲੈ ਆਉਣਾ ਹੈ।

ਪੁੱਤਰ ਦੀ ਗੱਲ ਪਿਤਾ ਨੂੰ ਜਚ ਗਈ ਅਤੇ ਉਹ ਅੱਧੀ ਰਾਤ ਦੇ ਹਨੇਰੇ ਵਿਚ ਅੱਖ ਬਚਾ ਕੇ ਕੋਠੇ ਉਪਰ ਜਾ ਚੜ੍ਹੇ। ਪੰਜ ਸੌ ਰੁਪਏ ਦੀ ਥੈਲੀ ਜੋ ਸ਼ਾਹੂਕਾਰ ਨੇ ਗਿਣ ਕੇ ਰੱਖੀ ਹੋਈ ਸੀ। ਉਹ ਥੈਲੀ ਸੰਮਨ ਦੇ ਹੱਥ ਆ ਗਈ ਅਤੇ ਉਸ ਨੇ ਮੁੱਘ ਰਾਹੀਂ ਪਿਤਾ ਦੇ ਹਵਾਲੇ ਕਰ ਦਿੱਤੀ ਪਰ ਆਪ ਬਾਹਰ ਨਾ ਨਿਕਲ ਸਕਿਆ।

ਉਸ ਵੇਲੇ ਪੁੱਤਰ ਨੇ ਕਿਹਾ- ਪਿਤਾ ਜੀ! ਉਪਰ ਆਇਆ ਨਹੀਂ ਜਾਂਦਾ ਤੇ ਤੁਸੀਂ ਮੇਰਾ ਸਿਰ ਤਲਵਾਰ ਨਾਲ ਵੱਢ ਕੇ ਛੇਤੀ-ਛੇਤੀ ਲੈ ਜਾਓ ਕਿਉਂਕਿ ਦਿਨ ਚੜ੍ਹਨ ਵਾਲਾ ਹੈ ਤਾਂ ਕਿ ਕਿਸੇ ਨੂੰ ਪਤਾ ਨਾ ਲੱਗ ਜਾਏ।

ਇਸ ਗੱਲ ਨੂੰ ਪਿਤਾ ਜੀ ਮੰਨਣ ਨਾ, ਪਰ ਸੰਮਨ ਨੇ ਆਪਣੇ ਬਚਨਾਂ ਰਾਹੀਂ ਪਿਤਾ ਨੂੰ ਆਪਣਾ ਸਿਰ ਵੱਢ ਕੇ ਲੈ ਜਾਣ ਲਈ ਮਜ਼ਬੂਰ ਕਰ ਦਿੱਤਾ।

ਆਖਰਕਾਰ ਪਿਤਾ ਜੀ ਪੁੱਤਰ ਦਾ ਸਿਰ ਵੱਢ ਕੇ ਲੈ ਆਏ ਅਤੇ ਘਰ ਦੇ ਪਿਛਲੇ ਕੋਠੇ ਵਿਚ ਮੰਜੇ ਪਰ

ਰੱਖ ਕੇ ਆਪ ਸੌਦੇ ਲਈ ਬਾਜ਼ਾਰ ਚਲੇ ਗਏ। ਦੁਕਾਨਦਾਰਾਂ ਨੂੰ ਰਕਮ ਦੇ ਕੇ ਉਹਨਾਂ ਤੋਂ ਸੌਦੇ ਚੁਕਵਾ ਕੇ ਅਤੇ ਹਲਵਾਈਆਂ ਨੂੰ ਬੁਲਾ ਕੇ ਜਦੋਂ ਮੂਸਨ ਵਾਪਸ ਘਰ ਆਇਆ ਤਾਂ ਅੱਗੇ ਉਹ ਘਬਰਾਇਆ ਹੋਇਆ ਸ਼ਾਹੂਕਾਰ ਬੈਠਾ ਵੇਖਿਆ। ਮੂਸਨ ਨੂੰ ਵੇਖਦੇ ਸਾਰ ਸ਼ਾਹੂਕਾਰ ਨੇ ਕਿਹਾ- ਮੈਂ ਪਾਪੀ ਹਾਂ, ਮੈਂ ਬੇਈਮਾਨ ਹਾਂ ਜਿਸ ਨੇ ਤੁਹਾਡੀ ਧਰਮ ਦੀ ਕਿਰਤ ਵਾਪਸ ਮੋੜਨ ਤੋਂ ਨਾਂਹ ਕਰ ਦਿਤੀ ਹੈ, ਮੈਂਨੂੰ ਉਸ ਦਾ ਫਲ ਮਿਲ ਗਿਆ ਹੈ, ਜੋ ਕਿ ਮੇਰੀ ਦੁਕਾਨ ਅੰਦਰ ਇਕ ਲੰਮੇ ਆਦਮੀ ਦਾ ਸਰੀਰ ਪਿਆ ਹੈ। ਜੇਕਰ ਉਹ ਪਿਆ ਰਿਹਾ ਤੇ ਕਿਸੇ ਨੂੰ ਪਤਾ ਲੱਗ ਗਿਆ ਤਾਂ ਮੇਰੇ ਸਿਰ 'ਤੇ ਕਤਲ ਦਾ ਮੁਕੱਦਮਾ ਬਣ ਜਾਏਗਾ, ਜਿਸ ਤੇ ਮੇਰਾ ਬਚਣਾ ਮੁਸ਼ਕਿਲ ਹੋ ਜਾਵੇਗਾ।

ਮੂਸਨ ਦੇ ਪੈਰਾਂ ਨੂੰ ਹੱਥ ਲਾ ਕੇ ਸ਼ਾਹੂਕਾਰ ਨੇ ਕਿਹਾ- ''ਤੁਸੀਂ ਆਪਣੀ ਰਕਮ ਭੀ ਲੈ ਲਵੋ ਅਤੇ ਜਿੰਨੀ ਚਾਹੋ ਹੋਰ ਰਕਮ ਭੇਟਾ ਦੇ ਤੌਰ ਤੇ ਲੈ ਲਵੋ ਪਰ ਮੈਨੂੰ ਇਸ ਮੁਸੀਬਤ ਤੋਂ ਬਚਾ ਲਵੋ ਕਿਉਂਕਿ ਗੁਰੂ ਦੇ ਸਿੱਖ ਪਰਉਪਕਾਰੀ ਹੁੰਦੇ ਹਨ, ਉਹ ਆਪਣੀ ਜਾਨ ਜੋਖੋਂ ਵਿਚ ਪਾ ਕੇ ਭੀ ਲੋੜਵੰਦ ਦਾ ਭਲਾ ਕਰਦੇ ਹਨ।''

ਮੂਸਨ ਨੇ ਤਸੱਲੀ ਦਿਵਾਂਦਿਆਂ ਕਿਹਾ- ''ਅਸੀਂ ਪਹਿਲਾਂ ਵਾਂਗ ਹੀ ਹਰ ਸੇਵਾ ਕਰਨ ਨੂੰ ਤਿਆਰ ਹਾਂ ਪਰ ਤੁਹਾਨੂੰ ਪਤਾ ਹੈ, ਸੇਵਾ ਪਿਆਰ ਨਾਲ ਹੁੰਦੀ ਹੈ, ਪੈਸਿਆਂ ਨਾਲ ਨੌਕਰੀ ਹੁੰਦੀ ਹੈ।'' ਇਹ ਕਹਿ ਕੇ ਮੂਸਨ ਨਾਲ ਤੁਰ ਪਿਆ ਅਤੇ ਆਪਣੇ ਪੁੱਤਰ ਦੇ ਧੜ ਨੂੰ ਚੁੱਕ ਕੇ ਘਰ ਲਿਆ ਕੇ ਅੰਦਰਲੇ ਕਮਰੇ ਵਿਚ ਜਿਥੇ ਸਿਰ ਸੀ ਉਥੇ ਮੰਜੀ 'ਤੇ ਲਿਟਾ ਦਿੱਤਾ ਤੇ ਆਪ ਇਸ਼ਨਾਨ ਕਰ ਕੇ ਹਲਵਾਈਆਂ ਪਾਸੋਂ ਚੀਜ਼ਾਂ ਤਿਆਰ ਕਰਵਾਉਣ ਲੱਗ ਪਿਆ।

ਇਤਨੇ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਆ ਗਏ। ਅੰਤਰਯਾਮੀ ਸਤਿਗੁਰੂ ਜੀ ਨੇ ਮੂਸਨ ਨੂੰ ਲੱਕੜਾਂ ਪਾੜਦਿਆਂ ਵੇਖ, ਭਾਂਡੇ ਮਾਂਜਦਿਆਂ ਤੱਕ ਅਤੇ ਸੰਗਤਾਂ ਦੇ ਚਰਨ ਧੋਂਦੇ ਡਿੱਠਾ। ਗੁਰੂ ਜੀ ਨੇ ਸਿਦਕਵਾਨ ਮੂਸਨ ਨੂੰ ਆਪਣੇ ਕੋਲ ਸੱਦਿਆ ਤੇ ਕਿਹਾ-''ਮੂਸਨ! ਮੇਰਾ ਸੰਮਨ ਪੁੱਤਰ ਕਿਥੇ ਹੈ, ਮੈਂ ਹਮੇਸ਼ਾਂ ਤੁਹਾਨੂੰ ਦੋਹਾਂ ਨੂੰ ਵਧ-ਚੜ੍ਹ ਕੇ ਸੇਵਾ ਵਿਚ ਹਿੱਸਾ ਲੈਂਦਿਆਂ ਵੇਖਿਆ ਹੈ ਪਰ ਅੱਜ ਤੂੰ ਇਕੱਲਾ ਸੇਵਾ ਕਰ ਰਿਹਾ ਹੈਂ। ਉਹ ਕਿਧਰੇ ਗਿਆ ਹੈ?''

''ਹਜ਼ੂਰ! ਉਹ ਇਥੇ ਕਿਤੇ, ਅੰਦਰ ਬਾਹਰ ਹੋਣਾ ਹੈ।'' ਮੂਸਨ ਨੇ ਕਿਹਾ-

''ਉਸ ਨੂੰ ਅਵਾਜ਼ ਮਾਰ ਕੇ ਬੁਲਾ ਭਈ।'' ਗੁਰੂ ਜੀ ਨੇ ਕਿਹਾ-

''ਗਰੀਬ ਨਿਵਾਜ਼ ਜੀ! ਉਸ ਨੂੰ ਏਥੇ ਸੱਦਣ ਮੇਰੇ ਵਿਚ ਤਾਕਤ ਨਹੀਂ ਹੈ, ਤੁਸੀਂ ਆਪ ਹੀ ਸੱਦ ਲਵੋ।'' ਮੂਸਨ ਨੇ ਕਿਹਾ-

ਇਹ ਗੱਲ ਸੁਣ ਕੇ ਗੁਰੂ ਜੀ ਜਲਾਲ ਵਿਚ ਆਏ ਹੋਏ ਉੱਚੀ-ਉੱਚੀ ਆਵਾਜ਼ਾਂ ਮਾਰਨ ਲੱਗ ਪਏ-''ਸੰਮਨ ਪੁੱਤਰ! ਛੇਤੀ ਆ, ਸੰਗਤਾਂ ਤੇਰੀ ਉਡੀਕ ਕਰ ਰਹੀਆਂ ਹਨ, ਜਿੰਨਾ ਚਿਰ ਤੂੰ ਆਪ ਆ ਕੇ ਹੱਥ ਨਹੀਂ ਧੁਆਏਂਗਾ, ਕਿਸੇ ਨੇ ਪ੍ਰਸ਼ਾਦ ਨਹੀਂ ਛਕਣਾ, ਛੇਤੀ ਆ ਲਾਲ! ਲੰਗਰ ਨੂੰ ਦੇਰ ਨਾ ਹੋ ਜਾਵੇ, ਤੇਰੇ ਆਉਣ ਤੋਂ ਪਹਿਲਾਂ ਭੋਗ ਨਹੀਂ ਲਗਣਾ।''

ਠੀਕ ਉਸ ਵੇਲੇ ਸੰਮਨ ਹੱਥ ਵਿਚ ਗੰਗਾ ਸਾਗਰ ਲੈ ਕੇ ਗੁਰੂ ਜੀ ਦੇ ਕੋਲ ਪੁੱਜ ਗਿਆ ਨਿੰਮ੍ਰਤਾ ਸਹਿਤ ਮੱਥਾ ਟੇਕ ਸਤਿਗੁਰਾਂ ਦੇ ਹੁਕਮ ਅਨੁਸਾਰ ਸਾਰੀਆਂ ਸੰਗਤਾਂ ਦੇ ਹੱਥ ਧੁਆ ਬੜੇ ਪ੍ਰੇਮ ਨਾਲ ਭੋਜਨ ਛਕਾਇਆ।

ਜਿਸ ਵੇਲੇ ਸਭ ਸੰਗਤਾਂ ਪ੍ਰਸ਼ਾਦ ਛਕ ਕੇ ਆਪੋ ਆਪਣੀ ਘਰੀਂ ਚਲੀਆਂ ਗਈਆਂ ਤਾਂ ਗੁਰੂ ਜੀ ਉਹਨਾਂ ਦੇ ਪਿਆਰ ਦੇ ਬਧੇ ਉਥੇ ਉਹਨਾਂ ਦੇ ਘਰ ਹੀ ਰਹਿ ਪਏ। ਉਹਨਾਂ ਨੇ ਸਤਿਗੁਰਾਂ ਵਾਸਤੇ ਇਕ ਵੱਖਰੇ ਕਮਰੇ ਵਿਚ ਪਲੰਘ ਵਿਛਾ ਦਿੱਤਾ।

ਲੰਗਰ ਦਾ ਕੰਮ ਸਮਾਪਤ ਕਰ ਕੇ ਜਦੋਂ ਪਿਓ ਪੁੱਤਰ ਪ੍ਰਸ਼ਾਦ ਛਕਣ ਲਈ ਦੂਸਰੇ ਕਮਰੇ ਵਿਚ ਬੈਠੇ ਤਾਂ

ਪ੍ਰਸ਼ਾਦ ਛਕਦਿਆਂ ਪਿਤਾ ਮੂਸਨ ਦੇ ਮਨ ਵਿਚ ਸੰਕਲਪ ਫੁਰਿਆ ਕਿ ਮਤਾਂ ਮੇਰੇ ਪੁੱਤਰ ਨੂੰ ਹੰਕਾਰ ਨਾ ਹੋ ਜਾਵੇ ਕਿ ਮੈਂ ਗੁਰੂ ਨਮਿੱਤ ਸਿਰ ਦਿੱਤਾ ਹੈ।

ਇਸ ਸੰਕਲਪ ਦੇ ਹੋਣ ਕਰ ਕੇ ਆਪਣੇ ਪੁੱਤਰ ਨੂੰ ਸਮਝਾਉਣ ਲਈ ਪਿਤਾ ਮੂਸਨ ਆਪਣੇ ਪੁੱਤਰ ਸੰਮਨ ਨੂੰ ਆਖਦਾ ਹੈ-

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥

ਪਹਿਲਾ ਅਰਥ-

ਹੇ ਸੰਮਨ (ਪੁੱਤਰ)! ਜੇਕਰ ਇਸ ਸਤਿਗੁਰਾਂ ਦੇ ਪ੍ਰੇਮ ਦਾ ਕ੍ਹਿਹੁ= ਕੁਝ ਦਮ= ਦਮੜਿਆਂ ਨਾਲ ਵੱਟਾ ਸੱਟਾ ਹੁੰਦਾ ਅਰਥਾਤ ਰੁਪਿਆਂ ਨਾਲ ਜੇਕਰ ਸਤਿਗੁਰਾਂ ਦਾ ਪ੍ਰੇਮ ਮਿਲ ਜਾਂਦਾ ਤਾਂ ਵਿਚਾਰ ਨਾਲ ਦੇਖ-

ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥ ੧॥

ਰਾਵਣ ਇਕ ਰਾਜਾ ਸੀ, ਕੋਈ ਕੰਗਾਲ ਨਹੀਂ ਸੀ, ਜਿਸ ਦੀ ਸਾਰੀ ਲੰਕਾ ਸੋਨੇ ਦੀ ਸੀ, ਪਰ ਫਿਰ ਭੀ- ਜਿਸ ਰਾਵਣ ਨੇ ਆਪਣੇ ਗੁਰੂ ਸ਼ਿਵ ਜੀ ਦੀ ਪ੍ਰਸੰਨਤਾ ਲਈ ਦਸ ਸਿਰ ਕੱਟ ਕੇ ਦਿੱਤੇ ਸਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਗੁਰੂ ਧਨ ਕਰ ਕੇ ਪ੍ਰਸੰਨ ਨਹੀਂ ਹੁੰਦਾ ਕੇਵਲ ਪ੍ਰੇਮ ਨਾਲ ਪ੍ਰਸੰਨ ਹੁੰਦਾ ਹੈ।

ਯਥਾ- ਜਉਂ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ ੨੦॥ *(ਪੰਨਾ ੧੪੧੨)*

ਤਥਾ- ਤਨ ਗੰਦਰਗੀ ਦੀ ਕੋਠੜੀ, ਹਰਿ ਹੀਰਿਆਂ ਦੀ ਖਾਣ।
ਜੇ ਸਿਰ ਦਿਤਿਆਂ ਹਰਿ ਮਿਲੇ ਤਾਂ ਭੀ ਸਸਤਾ ਜਾਣ। *(ਭਾਈ ਮਨੀ ਸਿੰਘ ਜੀ ਵਾਕ)*

ਦੂਜਾ ਅਰਥ-

ਸੰਮਨ-ਸੰ= ਭਲੀ ਪ੍ਰਕਾਰ ਮਨ ਦੇ ਵਿਚ ਜਿਸ ਵੇਲੇ ਇਸ= ਈਸ਼ੂਰ ਦੇ ਪ੍ਰੇਮ-ਸਟ ਦੀ ਦਮਕ੍ਹਿਹੁ ਹੋਤੀ= ਦਮਕ ਭਾਵ ਪ੍ਰਕਾਸ਼ਤਾ ਹੁੰਦੀ ਹੈ, ਵਾ:-ਦਮਕ੍ਹਿਹੁ= ਰੰਚਕ ਮਾਤ੍ਰ ਭੀ ਸਟ ਹੁੰਦੀ ਹੈ ਤਾਂ ਰਾਵਨ ਹੁਤੇ= ਰਾਜਾ ਰੂਪ ਭਾਵ ਈਸ਼ਵਰ ਰੂਪ ਹੋ ਜਾਂਦਾ ਹੈ।

ਸੁ ਰੰਕ ਨਹਿ:- ਕੰਗਾਲ ਰੂਪ ਭਾਵ ਜੀਵ ਰੂਪ ਨਹੀਂ ਹੁੰਦਾ।

ਜਿਨਿ ਸਿਰ ਦੀਨੇ ਕਾਟਿ॥ ੧॥- ਪਰ ਜਿਸ ਨੇ ਆਪਣੇ ਅੰਦਰੋਂ ਜੋਬਨ ਦੇ ਹੰਕਾਰ ਨੂੰ, ਜ਼ਾਤੀ ਦੇ ਹੰਕਾਰ ਨੂੰ, ਵਿਦਿਆ ਦੇ ਹੰਕਾਰ ਨੂੰ, ਧਨ ਦੇ ਹੰਕਾਰ ਨੂੰ ਇਤਿਆਦਿਕ ਸਾਰੇ ਸਿਰ= ਹੰਕਾਰਾਂ ਨੂੰ ਕੱਟ ਦਿੱਤਾ ਹੈ॥ ੧॥

ਪਿਤਾ ਦੀਆਂ ਇਹ ਗੱਲਾਂ ਸੁਣ ਕੇ ਅੱਗੋਂ ਦੋ ਸਲੋਕਾਂ ਵਿਚ ਸੰਮਨ ਆਖਦਾ ਹੈ-

ਹੇ ਪਿਤਾ ਜੀ! ਗੁਰੂ ਨਮਿੱਤ ਸਿਰ ਦੇ ਕੇ ਮੈਂ ਕੋਈ ਹੰਕਾਰ ਨਹੀਂ ਕੀਤਾ, ਮੈਂ ਤਾਂ ਸਗੋਂ-

ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥

ਤਨ ਕਰ ਕੇ ਪ੍ਰੇਮ ਦੀ ਪ੍ਰੀਤੀ ਵਿਚ ਖਚਿ ਰਹਿਆ= ਤਦਾਕਾਰ ਹੋ ਰਿਹਾ ਹਾਂ।
ਅਥਵਾ- ਤਨ ਮੇਰਾ ਪ੍ਰੀਤੀ ਵਿਖੇ ਅਤੇ ਮਨ ਪ੍ਰੇਮ ਵਿਖੇ ਤਦਾਕਾਰ ਹੋ ਰਿਹਾ ਹੈ।
ਬੀਚਾ= ਭਾਵ ਪੜਦਾ ਰਾਈ ਦੇ ਦਾਣੇ ਜਿਤਨਾਂ ਭੀ ਨਹੀਂ ਹੋ ਰਿਹਾ।

ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗੁ॥ ੨॥

ਸਤਿਗੁਰੂ ਦੇ ਚਰਨ ਕੰਵਲਾਂ ਪਰ ਮੇਰਾ ਮਨ ਰੂਪ ਭੌਰਾ ਬੇਧਿਓ= ਤਦਾਕਾਰ ਹੋ ਰਿਹਾ ਹੈ।

ਸੁ ਰਤਿ= ਸ੍ਰੇਸ਼ਟ ਪ੍ਰੀਤੀ ਦੇ ਸੰਜੋਗ ਕਰ ਕੇ ਇਸ ਗੱਲ ਦਾ ਬੁਝਣਾ ਹੁੰਦਾ ਹੈ।

ਅਥਵਾ- ਵੇਦ ਦੀਆਂ ਸੁਰਤੀਆਂ ਦੇ ਸੰਜੋਗ ਕਰ ਕੇ ਅਰਥਾਤ ਵੇਦ ਸੁਰਤੀਆਂ ਦੇ ਸਿਧਾਂਤ ਜਾਣਨ ਨਾਲ ਇਸ ਗੱਲ ਦਾ ਬੁਝਣਾ ਹੁੰਦਾ ਹੈ।

ਅਥਵਾ- ਜਿਨ੍ਹਾ ਦੀ ਸੁਰਤ ਦਾ ਪਰਮੇਸ਼ਰ ਨਾਲ ਸੰਜੋਗ ਹੈ, ਅਰਥਾਤ ਭਜਨ ਨਾਲ ਜਿਨ੍ਹਾਂ ਦੀ ਸੁਰਤ ਜੁੜੀ ਹੋਈ ਹੈ, ਉਹ ਗੁਰਮੁਖ ਪੁਰਸ਼ ਇਸ ਗੱਲ ਨੂੰ ਬੁਝਦੇ ਹਨ।

ਅਥਵਾ- ਜਿਨ੍ਹਾਂ ਦਾ ਸ੍ਰੇਸ਼ਟ ਪ੍ਰੀਤੀ ਨਾਲ ਸੰਜੋਗ ਹੋਇਆ ਹੈ ਉਹ ਇਸ ਗੱਲ ਨੂੰ ਬੁਝਦੇ ਹਨ॥੨॥

ਅਗਲੇ ਸਲੋਕ ਵਿਚ ਭੀ ਸੰਮਨ ਆਖਦਾ ਹੈ- ਹੇ ਪਿਤਾ ਜੀ!

[ਪੰਨਾ ੧੩੬੪]

ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭ੍ਰਮ॥

ਸੱਤੇ ਸਾਗਰ= ਸਮੁੰਦਰ, ਮੇਰ ਸੁਮੇਰ ਪਰਬਤ, ਉਦਿਆਨ= ਜੰਗਲਾਂ ਦੇ ਪੱਧਰੇ ਰਸਤੇ ਅਤੇ ਬਨ= ਬੀਆਬਾਨ ਉਜਾੜ ਭਾਵ ਸੰਘਣੇ ਜੰਗਲ, ਨਉ ਖੰਡਾਂ ਦੀ ਬਸੁਧਾ= ਪ੍ਰਿਥਵੀ ਪਰ ਭੀ ਚਾਹੇ ਫਿਰ ਆਵਾਂ। ਪਰ-

ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ॥ ੩॥

ਹੇ ਮੂਸਨ (ਬਾਪ ਜੀ!) ਪਿਰੀ ਰੂਪ ਸਤਿਗੁਰੂ ਦੇ ਪ੍ਰੇਮ ਉਤੋਂ ਮੈਂ ਇਸ ਸਾਰੇ ਪੈਂਡੇ ਨੂੰ ਇਕ ਕਰਮ= ਕਦਮ ਕਰ ਕੇ ਗਿਣਦਾ ਹਾਂ॥੩॥

ਕਿਉਂਕਿ ਜਿਥੇ ਪ੍ਰੇਮ ਹੋਵੇ ਉਥੇ ਇਹ ਜੰਗਲ ਵਗੈਰਾ ਦੇ ਰਸਤੇ ਕੁਝ ਔਖੇ ਪ੍ਰਤੀਤ ਨਹੀਂ ਹੁੰਦੇ।

ਜਿਵੇਂ ਇਕ ਦਿਨ ਮਜਨੂੰ ਲਾਹੌਰੋਂ ਬਾਹਰ ਨਿਕਲਿਆ ਤਾਂ ਕੀ ਵੇਖਿਆ ਕਿ ਊਠਾਂ ਵਾਲੇ ਊਠਾਂ ਦਾ ਕਾਫਲਾ ਲਈ ਜਾ ਰਹੇ ਹਨ। ਉਹਨਾਂ ਦੇ ਪਾਸ ਆ ਕੇ ਮਜਨੂੰ ਨੇ ਪੁਛਿਆ- ਭਲਿਓ ਲੋਕੋ! ਤੁਸੀਂ ਕਿਥੇ ਜਾ ਰਹੇ ਹੋ? ਊਠਾਂ ਵਾਲਿਆਂ ਨੇ ਕਿਹਾ-ਅਸੀਂ ਦਿੱਲੀ ਜਾ ਰਹੇ ਹਾਂ।'' ਮਜਨੂੰ ਨੇ ਕਿਹਾ- ''ਉਥੇ ਮੇਰੀ ਪਿਆਰੀ ਲੈਲਾ ਰਹਿੰਦੀ ਹੈ ਮੇਰਾ ਇਕ ਸੰਦੇਸ਼ ਲਈ ਜਾਓ, ਉਸ ਨੂੰ ਜਾ ਕੇ ਦੇ ਦੇਣਾ।

ਊਠਾਂ ਵਾਲਿਆਂ ਨੇ ਕਿਹਾ-ਚੰਗਾ! ਪਰ ਮਜਨੂੰ* ਪ੍ਰੇਮ ਵਿਚ ਮਸਤ ਹੋਇਆ ਸੁਨੇਹੇ ਦੇਂਦਾ ਦੇਂਦਾ ਉਹਨਾਂ ਦੇ ਨਾਲ ਆਪ ਹੀ ਦਿੱਲੀ ਪੁੱਜ ਗਿਆ।

ਦੇਖੋ! ਇਸ ਤਰ੍ਹਾਂ ਪ੍ਰੇਮ ਦੀਆਂ ਗੱਲਾਂ ਕਰਨ ਨਾਲ ਮਜਨੂੰ ਨੂੰ ਕੁਝ ਪਤਾ ਨਾ ਲੱਗਾ ਕਿ ਮੈਂ ਕਿਤਨਾ ਪੈਂਡਾ

**ਲੈਲਾ ਮਜਨੂੰ ਦੇ ਪਿਆਰ ਵਿਚ ਇਕ ਕਵਿਤਾ ਹੈ-*

ਪੂਛਤ ਸਹੇਲੀ ਲੇਲੀ ਲੇਲੀ ਸੇ ਬਾਰ ਬਾਰ ਆਛੋ ਮਿੱਤਰ ਕੀਨੋ ਦੇਖਿਓ ਭਲੇ ਆਜ ਸ਼ਾਨ ਮੇਂ।
ਹਾਥ ਮੇਂ ਪਿਆਲਾ ਰੰਗ ਕਾਲਾ ਮਤਵਾਲਾ ਜੈਸਾ, ਫਕੀਰੋਂ ਕੀ ਸ਼ਾਨ ਉਹ ਤੋਂ ਫਿਰਤਾ ਗੁਮਾਨ ਮੇਂ।
ਸੁਧ ਨ ਸਰੀਰ ਕੀ ਔ ਚੀਰ ਕੀ ਲੀਰ ਨਾਹੀਂ, ਸੂਕ ਗਇਓ ਪਿੰਜਰ ਚਿਤ ਪਰਿਓ ਚਿੰਤਾ ਖਾਨ ਮੇਂ।
ਆਪਣੀ ਅਕਲ ਦੇਖ, ਵਾਂ ਕੀ ਸ਼ਕਲ ਦੇਖ, ਮਜਨੂੰ ਕੀ ਯਾਰੀ ਸੇ ਅਪਜਸ ਜਹਾਨ ਮੇਂ।
ਹੁਣ ਲੈਲਾ ਉਤਰ ਦੇਂਦੀ ਹੈ-
ਭੋਲੀ ਅਰਬੇਲੀ ਨੁਖਰੇਲੀ ਸੁਣ ਬਾਤ ਮੇਰੀ, ਮੇਰੇ ਇਸ ਲਾਲ ਕੀ ਨ ਤੁਝ ਕੋ ਪਹਿਚਾਨ ਹੈ।
ਹੋਦੀ ਹਾਂ ਹੈਰਾਨ ਕਿਧਰ ਗਏ ਸੁਬਹਾਨ ਤੇਰੇ, ਮਜਨੂੰ ਕੁਰਾਨ ਮੇਰੋ ਦੀਨ ਔ ਈਮਾਨ ਹੈ।
ਸੁੰਦਰ ਸਰੂਪ ਉਹ ਤੋ ਭੂਪਨ ਕੋ ਮਹਾ ਭੂਪ, ਮਜਨੂੰ ਸਮਾਨ ਨਾ ਕੋਈ ਜਗ ਮੇਂ ਜਵਾਨ ਹੈ।
ਲੈ ਕੇ ਮੇਰੀ ਆਂਖ ਦੇਖ ਮਜਨੂੰ ਕਾ ਰੂਹਾਨੀ ਮੁਖ, ਸੂਰਤ ਇਨਸਾਨ, ਦਰ ਅਸਲ ਭਗਵਾਨ ਹੈ।

ਕਰ ਆਇਆ ਹਾਂ। ਇਹਨਾਂ ਦੇ ਪ੍ਰੇਮ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਲੇਲੈ ਮਜਨੂੰ ਆਸ਼ਕੀ ਚਹੁ ਚਕੀ ਜਾਤੀ। ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ। ਮੇਹੀਵਾਲ ਨੂੰ ਸੋਹਣੀ ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ। ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥ ੧॥

(ਭਾਈ ਗੁਰਦਾਸ ਜੀ, ਵਾਰ ੨੭)

ਹੁਣ ਮੂਸਨ ਪਿਤਾ ਕਥਨ ਕਰਦਾ ਹੈ- ਹੇ ਪੁੱਤਰ!

ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥

ਪਹਿਲਾ ਅਰਥ-ਹਿਰਦੇ ਰੂਪ ਅੰਬਰ= ਅਕਾਸ਼ ਵਿਚ ਜੋ ਰਾਗ ਦ੍ਵੈਸ਼, ਵਾ: ਅਵਿਦਿਆ ਰੂਪ ਕਾਈ ਛਾ ਰਹੀ ਹੈ, ਉਸ ਨੂੰ ਪ੍ਰੇਮ ਦੀ ਮਸਕਰ= ਕੂਚੀ ਨਾਲ ਮਸਕਰ= ਮਾਂਜਣਾ ਕਰ।

ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥ ੪॥

ਜਿਵੇਂ ਭੌਰੇ ਕੰਵਲ ਫੁੱਲ ਦੇ ਕੰਡਿਆਂ ਨਾਲ ਬੀਧੇ= ਵਿੰਨ੍ਹੇ ਜਾਂਦੇ ਹਨ ਅਤੇ ਕੰਵਲ ਫੁੱਲ ਦੇ ਮੁੰਦੇ ਜਾਣ ਪਰ ਭੌਰੇ ਕੰਵਲ ਫੁੱਲ ਦੇ ਵਿਚ ਹੀ ਬਾਂਧੇ= ਬੰਨ੍ਹੇ ਜਾਂਦੇ ਹਨ ਭਾਵ ਕੈਦੀ ਹੋ ਜਾਂਦੇ ਹਨ। ਅਜੇਹੀ ਦਸ਼ਾ ਹੋਣ 'ਤੇ ਭੀ ਭੌਰੇ ਕੰਵਲ ਫੁੱਲਾਂ ਵਿਚ ਹੀ ਲੰਪਟ ਰਹਿੰਦੇ ਹਨ॥ ੪॥

ਇਸੇ ਪ੍ਰਕਾਰ ਸੰਤ ਜਨਾਂ ਰੂਪ ਭੌਰਿਆਂ ਨੂੰ ਚਾਹੇ ਕੋਈ ਬੀਧੇ= ਵਿੰਨ੍ਹ ਦੇਵੇ ਭਾਵ ਸੂਲੀ ਤੇ ਟੰਗ ਦੇਵੇ, ਚਾਹੇ ਕੋਈ ਕੈਦ ਵਿਚ ਬਾਂਧੇ= ਬੰਨ੍ਹ ਦੇਵੇ ਤਾਂ ਭੀ ਉਸੇ ਪ੍ਰੇਮ ਵਿਚ ਮਸਤੇ ਹੋਏ ਸੰਤਾਂ ਰੂਪੀ ਭੌਰੇ ਗੁਰੂ ਸਾਹਿਬ ਜੀ ਦੇ ਚਰਨਾਂ ਰੂਪ ਕੰਵਲਾਂ ਪਰ ਲੰਪਟ ਹੀ ਰਹਿੰਦੇ ਹਨ॥ ੪॥

ਦੂਜਾ ਅਰਥ- ਪਰੇਮ ਰੂਪ ਮਸ= ਚੰਦਰਮਾ ਦੀਆਂ ਉਪਦੇਸ਼ ਵਾ:-ਸ਼ਾਂਤੀ ਰੂਪ ਕਰ= ਕਿਰਣਾਂ ਜਿਨ੍ਹਾਂ ਦੇ ਹਿਰਦੇ ਰੂਪ ਅੰਬਰੁ= ਅਕਾਸ਼ ਵਿਚ ਛਾਇ= ਛਾ ਰਹੀਆਂ ਹਨ। ਉਹ ਭਾਈ ਮਨੀ ਸਿੰਘ ਜੀ ਵਾਂਗ ਵਿੰਨ੍ਹੇ ਹੋਏ ਭੀ ਅਤੇ ਭੌਰੇ ਦੀ ਨਿਆਂਈ ਬੱਝੇ ਹੋਏ ਭੀ ਗੁਰੂ ਸਾਹਿਬ ਜੀ ਦੇ ਚਰਨ ਕੰਵਲਾਂ ਵਿਚ ਲੰਪਟ ਰਹਿੰਦੇ ਹਨ।

ਮਨਸੂਰ ਵੱਲ ਵੇਖੋ, ਭਾਵੇਂ ਉਹ ਖਾਕ ਰੂਪ ਭੀ ਹੋ ਗਿਆ ਤਾਂ ਭੀ ਉਸ ਨੇ ਅਨਲਹਕ ਅਨਲਹਕ ਸ਼ਬਦ ਨਹੀਂ ਛਡਿਆ। ਸ਼ਮਸਤਬਰੇਜ਼ ਦੀ ਭਾਵੇਂ ਖੱਲ ਲਹਿ ਗਈ ਪਰ ਉਸ ਨੇ ਵੀ ਅਨਲਹੱਕ ਨਹੀਂ ਛਡਿਆ*।

ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥

(ਸੰਮਨ ਪੁੱਤਰ ਆਖਦਾ ਹੈ-) ਮੰਤ੍ਰਾਂ ਦਾ ਜਾਪ ਕਰਨ ਰੂਪ ਜਪ, ਪੰਜ ਧੂਣੀਆਂ ਤਪਣ ਰੂਪ ਤਪ, ਸੰਜਮ= ਇੰਦ੍ਰੀਆਂ ਦਾ ਦਮਨ ਕਰਨਾ, ਹਰਖ= ਮਨ ਦੀ ਖੁਸ਼ੀ, ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਰੂਪ ਸੁਖ, ਵਾ:-ਦੇਹ

**ਯਥਾ-ਸਾਰਸ ਦੇ ਤਨ ਕੀੜੇ ਪੈ ਗਏ, ਕਰਨ ਨ ਮਿਲੀ ਕਰੂਲੀ।*
ਸ਼ਮਸਤਬਰੇਜ਼ ਦੀ ਖਲ ਲੁਹਾਈ ਮਨਸੂਰ ਚੜ੍ਹਾਇਓ ਸੂਲੀ।
ਸਿਲੇਮਾਨ ਤੋਂ ਭਾਠ ਝੁਲਕਾਇਓ ਭਠਿਆਰਨ ਕਰੀ ਕਬੂਲੀ।
ਪਾਂਡਵਾਂ ਨੂੰ ਬਨਵਾਸ ਦਿਵਾਇਓ ਕ੍ਰਿਸ਼ਨ ਸਦਾ ਅਨਕੂਲੀ।
ਆਖ ਗੁਆਲ ਅਜੇਹਾਂ ਨਾਲ ਅਜੇਹੀ ਹੋਈ ਤੂੰ ਕਿਹੜੇ ਬਾਗ ਦੀ ਮੂਲੀ।
ਇਨ੍ਹਾਂ ਦੀ ਸਾਖੀ ਸਟੀਕ ਭਗਤ ਬਾਣੀ ਪਹਿਲੇ ਹਿੱਸੇ ਦੂਜੀ ਐਡੀਸ਼ਨ ਦੇ ੨੩੯ ਪੰਨੇ ਤੇ ਪੜ੍ਹੋ।

ਅਰੋਗਤਾ ਰੂਪ ਸੁਖ, ਮਾਨ= ਸਨਮਾਨ (ਆਦਰ) ਦੀ ਪ੍ਰਾਪਤੀ, ਮਹਤ= ਮਰਾਤਬੇ ਦੀ ਪ੍ਰਾਪਤੀ, ਅਰੁ ਗਰਬ= ਪੁਨਾ ਅਤੀਗੌਰਵਤਾ ਅਰਥਾਤ ਵਿਸ਼ੇਸ਼ ਵਡਿਆਈ ਦੀ ਪ੍ਰਾਪਤੀ।

ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥ ੫ ॥

ਹੇ ਮੂਸਨ (ਬਾਪ ਜੀ!) ਗੁਰੂ ਸਾਹਿਬ ਜੀ ਦੇ ਇਕ ਨਿਮਖ ਮਾਤ੍ਰ ਪ੍ਰੇਮ ਦੇ ਉਪਰੋਂ ਇਨ੍ਹਾਂ ਸਾਰਿਆਂ ਪਦਾਰਥਾਂ ਨੂੰ ਮੈਂ ਵਾਰਨੇ ਫੇਰਨੇ ਕਰ ਦੇਂਦਾ ਹਾਂ। ਅਰਥਾਤ ਇਨ੍ਹਾਂ ਚੀਜ਼ਾਂ ਦੇ ਬਦਲੇ ਜੇਕਰ ਗੁਰੂ ਸਾਹਿਬ ਜੀ ਦਾ ਪ੍ਰੇਮ ਮਿਲ ਜਾਵੇ ਤਾਂ ਮੈਂ ਸਭ ਪਦਾਰਥਾਂ ਨੂੰ ਅਰਪਣ ਕਰ ਦੇਂਦਾ ਹਾਂ॥ ੫ ॥

ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ ॥

ਮੂਸਨ (ਬਾਪ ਕਥਨ ਕਰਦਾ ਹੈ- ਹੇ ਪੁੱਤਰ!) ਇਹ ਜੀਵ ਪਰਮੇਸ਼ਰ ਪ੍ਰਾਪਤੀ ਦੇ ਮਰਮੁ= ਭੇਦ ਨੂੰ ਨਹੀਂ ਜਾਣਦੇ। ਇਹ ਸਾਰਾ ਸੰਸਾਰ ਮਰਦਾ ਹੋਇਆ ਹਿਰਤ= ਦੇਖਣ ਵਿਚ ਆ ਰਿਹਾ ਹੈ।

ਅਥਵਾ- ਇਹ ਸੰਸਾਰ ਜਨਮ ਤੇ ਮਰਤਹਿ= ਮਰਨ ਦੇ ਦੇਣ ਵਾਲੇ ਕਰਮਾਂ ਵਿਚ ਰਤ= ਪ੍ਰੀਤੀ ਕਰਦਾ ਹੈ।

ਅਥਵਾ- ਮਰਤਹਿ ਰਤ ਸੰਸਾਰ= ਇਹ ਜੀਵ, ਸੰਸਾਰੀ ਮਰਦਾਂ ਨਾਲ ਰਤ= ਪ੍ਰੀਤੀ ਕਰਦਾ ਹੈ। ਗੁਰੂ ਸਾਹਿਬ ਜੀ ਨਾਲ ਤੇ ਸੰਤਾਂ ਭਗਤਾਂ ਨਾਲ ਪ੍ਰੀਤੀ ਨਹੀਂ ਕਰਦਾ।

ਅਥਵਾ- ਸੰਸਾਰਕ ਪਦਾਰਥਾਂ ਵਿਚ ਰਤ= ਪ੍ਰੀਤੀ ਕਰ ਕੇ ਨਿਸਫਲ ਹੀ ਮਰਤਹਿ= ਮਰਦੇ ਹਨ।

ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ ॥ ੬ ॥

ਇਹ ਜੀਵ ਪਿਰੀ ਦੇ ਪ੍ਰੇਮ ਵਿਖੇ ਵਾ:-ਪਰਮੇਸ਼ਰ ਰੂਪ ਸਤਿਗੁਰਾਂ ਦੇ ਪ੍ਰੇਮ ਵਿਖੇ ਤਦਾਕਾਰ ਨਹੀਂ ਹੁੰਦਾ। ਮਿਥਿਆ ਅਰਥਾਤ ਝੂਠੇ ਵਿਹਾਰਾਂ ਵਿਚ ਉਰਝਿਓ= ਫਸਿਆ ਹੋਇਆ ਹੈ ॥੬ ॥

ਘਰੁ ਦਰੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ ॥

(ਸੰਮਨ ਆਖਦਾ ਹੈ- ਹੇ ਪਿਤਾ ਜੀ!) ਘਰੁ= ਘਰ ਤੇ ਦਰੁ= ਧਨ ਜਦ ਜਾਰੀਐ= ਸੜ ਜਾਵੇ ਤਾਂ ਇਤਨਾਂ ਦੁੱਖ ਮੈਨੂੰ ਨਹੀਂ ਹੁੰਦਾ। ਜਿਤਨਾ-ਕੁ ਸਤਿਗੁਰਾਂ ਦੇ ਪ੍ਰੇਮ ਤੋਂ ਵਿਛੜਨ ਕਰ ਕੇ ਬਿਹਾਲ= ਦੁੱਖ ਹੁੰਦਾ ਹੈ।

ਜਿਵੇਂ ਫਰੀਦ ਜੀ ਨੇ ਕਿਹਾ ਹੈ-

ਜੋਬਨ ਜਾਂਦੇ ਨ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥ ੩੪ ॥ *(ਪੰਨਾ ੧੩੭੯)*

ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ ॥ ੭ ॥

(ਹੇ) ਮੂਸਨ (ਬਾਪ ਜੀ) ! ਇਹ ਜੀਵ ਤਦ ਹੀ ਮੂਸੀਐ= ਲੁਟੇ ਜਾਂਦੇ ਹਨ, ਜਦ ਇਹਨਾਂ ਨੂੰ ਦਿਆਲੂ ਪੁਰਖ ਪਰਮਾਤਮਾ ਭੁੱਲ ਜਾਵੇ ॥੭ ॥

ਗਰੀਬ ਨਿਵਾਜ਼ ਸਤਿਗੁਰੂ ਜੀ ਦੋਹਾਂ ਪਿਉ ਪੁੱਤਰਾਂ ਦੀਆਂ ਗੱਲਾਂ ਸੁਣ ਕੇ ਹੁਣ ਅੱਠਵੇਂ ਸਲੋਕ ਰਾਹੀਂ ਆਪਣੇ ਪਵਿਤ੍ਰ ਮੁਖਾਰਬਿੰਦ ਤੋਂ ਆਖਦੇ ਹਨ-

ਹੇ ਸੰਮਨ ਮੂਸਨ! ਪ੍ਰੇਮ ਐਸਾ ਹੀ ਹੋਣਾ ਚਾਹੀਦਾ ਹੈ, ਜਿਵੇਂ ਤੁਹਾਡੇ ਦੋਹਾਂ ਵਿਚ ਹੈ। ਹੁਣ ਪ੍ਰੇਮ ਦਾ ਫਲ ਸੁਣੋ-

ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ॥

ਜਿਨ੍ਹਾਂ ਪ੍ਰੇਮੀਆਂ ਨੂੰ ਪਰਮੇਸ਼ਰ ਦੇ ਪ੍ਰੇਮ ਦਾ ਸੁਆਉ= ਸੁਆਦ ਜਾਂ ਰਸ ਆਇਆ ਹੈ।

ਅਥਵਾ- ਜਿਨ੍ਹਾਂ ਦਾ ਕੇਵਲ ਪ੍ਰੇਮ ਹੀ ਸੁਆਉ= ਪ੍ਰਯੋਜਨ ਹੈ ਅਤੇ ਆਪਣੇ ਮਨ ਵਿਚ ਗੁਰੂ ਸਾਹਿਬ ਜੀ ਦਿਆਂ ਚਰਨਾਂ ਨੂੰ ਚਿਤਵਦੇ ਹਨ ਅਤੇ-

ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ॥ ੮॥

ਪਰੀਪੂਰਨ ਬ੍ਰਹਮ ਦੇ ਬਿਰਹੀ= ਪ੍ਰੇਮੀ ਹੋਏ ਹਨ, ਉਹ ਗੁਰਮੁਖ ਜਨ ਬ੍ਰਹਮ ਨੂੰ ਛਡ ਕੇ ਆਨ= ਹੋਰ ਕਿਸੇ ਦੇਵੀ ਦੇਵਤਿਆਂ ਵੱਲ ਨਹੀਂ ਜਾਂਦੇ। ਅਰਥਾਤ-ਉਹ ਸਾਰੀ ਉਮਰ ਇਕ ਬ੍ਰਹਮ ਦੇ ਹੀ ਉਪਾਸ਼ਕ ਬਣੇ ਰਹਿੰਦੇ ਹਨ। ਕਿਉਂਕਿ-

ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥੩੫॥

(ਗਉੜੀ ਬਾਵਨ ਅਖਰੀ ਕਬੀਰ, ਪੰਨਾ ੩੪੨)

ਅਥਵਾ- ਉਹ ਗੁਰਮੁਖ ਜਨ ਆਨ= ਹੋਰ ਕਿਸੇ ਜੂਨ ਵਿਚ ਨਹੀਂ ਜਾਂਦੇ॥੮॥

ਅਗਲਾ ਨੌਵਾਂ ਸਲੋਕ ਜਮਾਲ ਸਾਈਂ ਕਥਨ ਕਰਦਾ ਹੈ-

ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ॥

ਪਹਿਲਾ ਅਰਥ-

ਲੱਖਾਂ ਹੀ ਘਣੀਆਂ ਉੱਚੀਆਂ ਆਸਾਂ ਤ੍ਰਿਸ਼ਨਾ ਰੂਪੀ ਘਾਟੀਆਂ ਹਨ, ਇਹਨਾਂ ਆਸਾਂ ਤ੍ਰਿਸ਼ਨਾ ਆਦਿਕਾਂ ਵਿਚ ਲੱਗ ਕੇ ਜੀਵ ਦਾ ਚਿਤ ਚੰਚਲ ਅਤੇ ਬਿਹਾਲ= ਦੁਖੀ ਹੋ ਰਿਹਾ ਹੈ।

ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥ ੯॥

ਜਿਵੇਂ ਕੀਚ= ਚਿੱਕੜ ਨੀਚ= ਨੀਵਾਂ ਹੁੰਦਾ ਹੈ ਤੇ ਉਸ ਦੀ ਕਰਨੀ ਨੂੰ ਦੇਖ ਕੇ ਜਮਾਲ ਸਾਈਂ ਜੀ ਆਖਦੇ ਹਨ ਤਿਸ ਵਿਖੇ ਜਮਾਲ= ਸਮੂਹ ਕੌਲ ਫੁੱਲ ਪੈਦਾ ਹੁੰਦੇ ਹਨ।

ਜਮਾਲ ਸਾਈਂ ਜੀ ਆਖਦੇ ਹਨ- ਤਿਵੇਂ ਚਿੱਕੜ ਦੀ ਨਿਆਈਂ ਨੀਵਾਂ ਹੋ ਕੇ ਘਣੀ ਨਿਮ੍ਰਤਾ ਨੂੰ ਧਾਰੇ ਤਾਂ ਇਸ ਕਰਨੀ ਕਰ ਕੇ ਇਸ ਦੇ ਹਿਰਦੇ ਵਿਚ ਜਮਾਲ= ਸਮੂਹ ਸ਼ੁਭ ਗੁਣਾਂ ਰੂਪ ਕੌਲ ਫੁੱਲ ਪੈਦਾ ਹੁੰਦੇ ਹਨ।

ਦੂਜਾ ਅਰਥ-

ਆਸਾਂ ਤ੍ਰਿਸ਼ਨਾ ਰੂਪ, ਲੱਖਾਂ ਘਾਟੀਆਂ ਹਨ ਅਤੇ ਰਾਗ ਦ੍ਵੈਸ਼, ਵਾ:-ਕਾਮ, ਕ੍ਰੋਧ, ਹੰਕਾਰ ਆਦਿਕ ਘਣੇ ਉੱਚੇ ਪਰਬਤ ਹਨ।

ਅਥਵਾ- ਅਗਿਆਨ ਰੂਪ ਘਣੇ ਉਚੇ ਪਰਬਤ ਹਨ, ਇਨ੍ਹਾਂ ਵਿਚ ਲੱਗ ਕੇ ਚੰਚਲ ਚਿਤ ਬਿਹਾਲ= ਦੁਖੀ ਹੋ ਰਿਹਾ ਹੈ। ਇਹਨਾਂ ਘਾਟੀਆਂ ਵਲੋਂ ਹਟ ਕੇ ਜੇ ਨੀਵੇਂ ਚਿੱਕੜ ਵਾਂਗ ਘਣੀ ਨਿੰਮ੍ਰਤਾ ਨੂੰ ਧਾਰ ਲਵੇ ਤਾਂ ਜਮਾਲ ਸਾਈਂ ਜੀ ਆਖਦੇ ਹਨ- ਉਸ ਦੀ ਬੁੱਧੀ ਰੂਪ ਭੂਮੀ ਪਰ ਜਮਾਲ= ਸੁੰਦਰ ਕਰਨੀ= ਨਿਸ਼ਕਾਮ ਕਰਮਾਂ ਰੂਪੀ ਕੰਵਲ ਫੁੱਲ ਪੈਦਾ ਹੁੰਦੇ ਹਨ ਅਤੇ ਉਸ ਮਨੁੱਖ ਦੀ ਆਪਣੀ ਸੁੰਦਰ ਕਰਨੀ ਕੌਲ ਫੁੱਲ ਵਾਂਗ ਹੋ ਜਾਂਦੀ ਹੈ। ਭਾਵ ਜਿਵੇਂ ਕੌਲ ਫੁੱਲ ਪਾਣੀ ਤੋਂ ਅਸੰਗ ਰਹਿੰਦਾ ਹੈ, ਤਿਵੇਂ ਉਹ ਸੰਸਾਰਕ ਪਦਾਰਥਾਂ ਤੋਂ ਨਿਰਲੇਪ ਰਹਿੰਦਾ ਹੈ।

ਤੀਜਾ ਅਰਥ-

ਲਖ ਘਾਟੀਂ ਊਚੌ ਘਨੌ ਚੰਚਲ ਚੀਤ ਬਿਹਾਲ॥

ਭਾਵੇਂ ਲੱਖਾਂ ਘਾਟੀਆਂ ਦੇ ਉਪਰ ਭੋਰਾ ਘਣਾ ਉੱਚਾ ਚੜ੍ਹ ਕੇ ਚੰਚਲ ਹੋ ਕੇ ਉਡਦਾ ਫਿਰੇ, ਪਰ ਸੁਗੰਧੀ ਦੀ ਨਾ ਪ੍ਰਾਪਤੀ ਹੋਣ ਕਰ ਕੇ ਉਸ ਦਾ ਚਿਤ ਬੜਾ ਬਿਹਾਲ= ਦੁਖੀ ਹੁੰਦਾ ਹੈ।

ਨੀਚ ਕੀਚ ਨਿਮ੍ਰਤ ਘਨੀ ਕਰਨੀ ਕਮਲ ਜਮਾਲ॥੯॥

ਜੇਕਰ ਭੋਰਾ ਘਣੀ ਨਿੰਮ੍ਰਤਾ ਸਹਿਤ ਨੀਚ= ਨੀਵੇਂ ਉਤਰ ਕੇ ਕੀਚ= ਚਿੱਕੜ ਵਿਚ ਕੌਲ ਫੁੱਲ ਦੇ ਪਾਸ ਆ ਜਾਵੇ ਤਾਂ ਇਸ ਕਰਨੀ ਕਰ ਕੇ ਉਹ ਕੰਵਲ ਫੁੱਲ ਦੇ ਜਮਾਲ= ਚਿਹਰੇ ਨੂੰ ਦੇਖ ਲੈਂਦਾ ਹੈ।

ਇਸੇ ਤਰ੍ਹਾਂ ਜੀਵ ਰੂਪ ਭੋਰਾ ਲੱਖਾਂ ਘਾਟੀਆਂ= ਆਸਾਂ ਤ੍ਰਿਸ਼ਨਾ ਕਰ ਕੇ ਘਣਾ ਉੱਚਾ ਜੋ ਸੁਰਗ ਹੈ ਉਸ ਵਿਚ ਭੀ ਚਲਿਆ ਜਾਵੇ ਤਾਂ ਭੀ ਅਪੱਛਰਾਂ ਨੂੰ ਦੇਖ ਕੇ ਇਸ ਦਾ ਚਿਤ ਚੰਚਲ ਹੋ ਕੇ ਬਿਹਾਲ= ਦੁਖੀ ਹੁੰਦਾ ਹੈ।

ਜੇਕਰ ਨੀਚ= ਨੀਵੇਂ ਉਤਰ ਕੇ ਭਾਵ ਹੰਕਾਰ ਨੂੰ ਤਿਆਗ ਕੇ ਨੀਵਾਂ ਮਨ ਕਰ ਕੇ ਪ੍ਰੇਮ ਰੂਪ ਚਿੱਕੜ ਵਿਚ ਆ ਕੇ ਨਿਵਾਸ ਕਰੇ ਤੇ ਘਣੀ ਨਿੰਮ੍ਰਤਾ ਨੂੰ ਧਾਰੇ ਅਤੇ ਭਗਤੀ ਰੂਪ ਕਰਨੀ ਨੂੰ ਕਰੇ ਤਾਂ ਕੌਲ ਫੁੱਲ ਵਾਂਗ ਅਸੰਗ ਜੋ ਪਰਮਾਤਮਾ ਹੈ, ਉਸ ਦੇ ਜਮਾਲ= ਪ੍ਰਕਾਸ਼ ਨੂੰ ਵੇਖ ਲੈਂਦਾ ਹੈ॥੯॥

ਸੰਮਨ ਆਖਦਾ ਹੈ- ਹੇ ਪਿਤਾ ਜੀ!

ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ॥

ਜਿਸ ਭਗਵਾਨ ਦੇ ਕੌਲ ਫੁੱਲ ਵਾਂਗ ਸੁੰਦਰ ਨੇਤਰ ਹਨ, (ਅੰਜਨ) ਸੁਰਮੇ ਵਰਗਾ ਸਿਆਮ ਰੰਗ ਹੈ। ਚੰਦ੍ਰਮਾ ਸਮਾਨ ਸੋਹਣਾ ਬਦਨ= ਮੁੰਹ ਹੈ ਅਤੇ ਜਿਸ ਦੀ ਚਿਤ= ਚਿਤਵਨੀ ਚਾਰ= ਸੁੰਦਰ ਹੈ। *ਅਥਵਾ-* ਜੋ ਚਿਤ ਨੂੰ ਚਾਰ= ਸੁੰਦਰ ਲੱਗ ਰਿਹਾ ਹੈ। ਵਾ:-ਜੋ ਚਿਤ ਨੂੰ ਚੁਰਾਉਂਦਾ ਹੈ।

ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ॥੧੦॥

ਹੇ ਮੂਸਨ (ਪਿਤਾ ਜੀ!) ਉਸ ਪ੍ਰਭੂ ਦੀ ਪ੍ਰਾਪਤੀ ਦੇ ਮਰੰਮ ਸਿਉ= ਭੇਦ ਨਾਲ ਜੋ ਮਗਨ= ਮਸਤ ਹੋਏ ਹਨ- ਉਹਨਾਂ ਨੇ ਹਾਰ= ਅਹਾਰ ਨੂੰ ਭਾਵ ਭੋਜਨ ਨੂੰ ਖੰਡ-ਖੰਡ ਕਰਿ= ਟੁਕੜੇ ਟੁਕੜੇ ਕਰ ਦਿੱਤਾ ਹੈ। ਭਾਵ ਘਟਾ ਘਟਾ ਕੇ ਭੋਜਨ ਥੋਹੜਾ ਕਰ ਲਿਆ ਹੈ।

ਯਥਾ- ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥ *(ਦਸਮ ਗ੍ਰੰਥ)*

ਅਥਵਾ- ਭਗਤੀ ਰੂਪ ਖੰਡ ਨੂੰ ਖਾ ਕੇ ਅਰਥਾਤ ਭਗਤੀ ਕਰ ਕੇ, ਹੰਕਾਰ ਨੂੰ ਖੰਡ ਕੇ ਜਗਤ ਨੂੰ ਹਰਾ ਦਿੱਤਾ ਹੈ।

ਅਥਵਾ- ਗਿਆਨ ਰੂਪ ਖੰਡੇ ਕਰ ਕੇ ਕਾਮ ਆਦਿਕ ਸ਼ੱਤਰੂਆਂ ਨੂੰ ਖੰਡ ਕੇ ਹਰਾ ਦਿੱਤਾ ਹੈ।

ਵਾ:- ਗਿਆਨ ਰੂਪ ਖੰਡੇ ਨੂੰ ਲੈ ਕੇ ਕਾਮ ਆਦਿਕਾਂ ਦੇ ਖੰਡਨ ਵਾਲੇ ਭਾਵ ਨਾਸ਼ ਕਰਨ ਵਾਲੇ ਹੋਏ ਹਨ।

ਅਥਵਾ- ਅਸੀਂ ਉਹਨਾਂ ਦੇ ਉਪਰੋਂ ਆਪਣੇ ਆਪ ਨੂੰ ਖੰਡ-ਖੰਡ ਕੇ ਭਾਵ ਨਿਛਾਵਰ ਕਰ ਕੇ ਹਰਾ ਦਿੱਤਾ ਹੈ।

ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੁਧ ਨ ਸਿਮਰਤ ਅੰਗ॥
ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ॥੧੧॥

ਪਹਿਲਾ ਅਰਥ- ਪਤੰਗ ਨਾਮੇ ਸਾਈਂ ਲੋਕ ਜੀ ਕਥਨ ਕਰਦੇ ਹਨ-ਜੋ ਪੁਰਸ਼ ਪਿਰੀ ਪ੍ਰਮਾਤਮਾ ਦੇ ਪ੍ਰੇਮ ਨਾਲ ਮਗਨੁ= ਮਸਤ ਹੋਇਆ ਹੈ, ਉਸ ਨੂੰ ਆਪਣੇ ਅੰਗਾਂ ਦੀ ਸਿਮਰਤੀ ਨਹੀਂ ਰਹਿੰਦੀ। ਜਿਵੇਂ ਸਾਰਿਆਂ ਤੋਂ ਅਧਮ= ਨੀਵਾਂ ਪਤੰਗਾ ਦੀਵੇ ਨਾਲ ਪ੍ਰੇਮ ਕਰਨ ਕਰ ਕੇ ਸਾਰੇ ਸੰਸਾਰ ਵਿਚ ਪ੍ਰਸਿਧ ਹੁੰਦਾ ਹੈ, ਤਿਵੇਂ ਉਹ ਪੁਰਸ਼ ਵੀ ਸਾਰੇ ਸੰਸਾਰ ਵਿਚ ਮਸ਼ਹੂਰ ਹੋ ਜਾਂਦਾ ਹੈ।

ਦੂਜਾ ਅਰਥ- (ਦ੍ਰਿਸ਼ਟਾਂਤ) ਪਤੰਗ ਸਾਈਂ ਲੋਕ ਜੀ ਆਖਦੇ ਹਨ- ਲੌਕਿਕ ਦ੍ਰਿਸ਼ਟੀ ਵਿਚ ਸਾਰਿਆਂ ਤੋਂ ਅਧਮ= ਨੀਵਾਂ ਜੋ ਪਤੰਗਾ ਹੈ ਉਹ ਆਪਣੇ ਪਿਆਰੇ ਦੀਵੇ ਦੇ ਪ੍ਰੇਮ ਵਿਚ ਜਿਸ ਵੇਲੇ ਮਗਨ ਹੁੰਦਾ ਹੈ, ਤਿਸ ਵੇਲੇ ਦੀਵੇ ਦੀ ਸਿਮਰਤੀ 'ਚ ਉਸ ਨੂੰ ਆਪਣੇ ਅੰਗਾਂ ਦੀ ਸੂਧ= ਸੁੱਧ ਬੁੱਧ ਨਹੀਂ ਰਹਿੰਦੀ। ਉਸੇ ਉਪਰ ਆਪਣੇ ਆਪ ਨੂੰ ਨਿਛਾਵਰ ਕਰ ਕੇ ਸੜ ਮਰ ਜਾਂਦਾ ਹੈ। ਇਸ ਕਰ ਕੇ ਉਸ ਦਾ ਕੀਤਾ ਪ੍ਰੇਮ ਸਾਰਿਆਂ ਲੋਕਾਂ ਵਿਚ ਉਜਾਗਰ ਹੈ।

(ਦਾਦ੍ਰਿਸ਼ਟਾਂਤ) ਇਸੇ ਪ੍ਰਕਾਰ ਜੋ ਪੁਰਸ਼ ਆਪਣੇ ਪਿਰੀ ਪਰਮਾਤਮਾ ਦੇ ਸਿਮਰਨ ਦੇ ਪ੍ਰੇਮ ਨਾਲ ਮਸਤ ਹੋਇਆ ਹੈ, ਉਸ ਨੂੰ ਆਪਣੇ ਅੰਗਾਂ ਦੀ ਸੁੱਧ ਬੁੱਧ ਨਹੀਂ ਰਹਿੰਦੀ।

ਪਤੰਗ ਸਾਈਂ ਜੀ ਕਹਿੰਦੇ ਹਨ-ਚਾਹੇ ਉਹ ਸਾਰਿਆਂ ਵਿਚੋਂ ਅਧਮ= ਨੀਚ ਜਾਤੀ ਵਾਲਾ ਭੀ ਹੈ ਤਾਂ ਭੀ ਉਹ ਨਾਮ ਸਿਮਰਨ ਦੇ ਪ੍ਰਤਾਪ ਕਰ ਕੇ ਸਾਰਿਆਂ ਲੋਕਾਂ ਵਿਚ ਪਤੰਗ= ਸੂਰਜ ਦੀ ਤਰ੍ਹਾਂ ਪ੍ਰਗਟ ਹੋ ਜਾਂਦਾ ਹੈ॥੧੧॥

ਯਥਾ- ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥ ੧॥

(ਆਸਾ ਮਹਲਾ ੫, ਪੰਨਾ ੩੮੬)

ਸਾਖੀ—ਪਤੰਗ ਅਤੇ ਜਮਾਲ ਦੀ

ਲਾਹੌਰ ਸ਼ਹਿਰ ਵਿਚ ਇਕ ਪਤੰਗ ਨਾਮੇ ਧਨਾਢ ਸੀ। ਇਹ ਬੜਾ ਹੀ ਇਮਾਨਦਾਰ ਅਤੇ ਧਰਮਾਤਮਾ ਸੀ। ਇਸ ਪਾਸ ਲੋਕਾਂ ਦਾ ਧਨ ਅਤੇ ਅਮਾਨਤਾਂ ਪਈਆਂ ਰਹਿੰਦੀਆਂ ਸਨ। ਇਹ ਬੜਾ ਮਿੱਠਬੋਲਾ ਅਤੇ ਇਨਸਾਫ ਪਸੰਦ ਸੀ। ਸਰਕਾਰੇ ਦਰਬਾਰੇ ਭੀ ਇਸ ਦਾ ਬੜਾ ਮਾਣ-ਆਦਰ ਸੀ। ਕਿਸੇ ਵੇਲੇ ਅਦਾਲਤ ਵਿਚ ਵੀ ਜਾਂਦਾ ਸੀ ਤਾਂ ਇਸ ਨੂੰ ਕੁਰਸੀ 'ਤੇ ਬਿਠਾਇਆ ਜਾਂਦਾ। ਇਸ ਦੀ ਸਚਿਆਈ ਸਾਰੇ ਸ਼ਹਿਰ ਵਿਚ ਧੁੰਮੀ ਹੋਈ ਸੀ। ਹਰ ਇਕ ਨੂੰ ਇਕੋ ਅੱਖ ਨਾਲ ਵੇਖਦਾ ਸੀ, ਚਾਹੇ ਬਾਲ ਚਾਹੇ ਜੁਆਨ ਤੇ ਬ੍ਰਿਧ ਆ ਜਾਵੇ, ਨਾ ਝੂਠ ਬੋਲਦਾ ਸੀ ਅਤੇ ਨਾ ਹੀ ਘੱਟ ਤੋਲਦਾ ਸੀ।

ਲਾਹੌਰ ਸ਼ਹਿਰ ਵਿਚ ਇਕ ਜਮਾਲ ਨਾਮੇ ਪਠਾਣ ਰਹਿੰਦਾ ਸੀ, ਉਸ ਨੂੰ ਇਕ ਦਿਨ ਅਚਨਚੇਤ ਪਸ਼ੌਰ ਜਾਣ ਲਈ ਜ਼ਰੂਰੀ ਕੰਮ ਪੈ ਗਿਆ। ਜਾਣ ਲੱਗਿਆਂ ਆਪਣੇ ਦਿਲ ਵਿਚ ਸੋਚਦਾ ਹੈ ਕਿ ਮੇਰੇ ਘਰ ੭੦੦ ਮੋਹਰ ਹੈ, ਜੇ ਮੈਂ ਨਾਲ ਲਿਜਾਂਦਾ ਹਾਂ ਤਾਂ ਰਾਹ ਵਿਚ ਡਾਕੂਆਂ ਦਾ ਡਰ ਹੈ। ਜੇ ਉਹਨਾਂ ਨੂੰ ਪਤਾ ਲੱਗ ਗਿਆ ਕਿ ਇਸ ਦੇ ਪਾਸ ਮੋਹਰਾਂ ਹਨ ਤਾਂ ਉਹ ਖੋਹ ਲੈਣਗੇ। ਜੇਕਰ ਮੈਂ ਘਰ ਵਿਚ ਹੀ ਰੱਖ ਜਾਂਦਾ ਹਾਂ ਤਾਂ ਪਿਛੋਂ ਵੀ ਚੋਰਾਂ ਦਾ ਭੈ ਹੈ ਜੋ ਇਕੱਲਾ ਘਰ ਜਾਣ ਕੇ ਜੰਦਰੇ ਭੰਨ ਕੇ ਲੁੱਟ ਲੈ ਜਾਣਗੇ। ਕਿਉਂ ਨਾ ਹੋਵੇ ਕਿ ਮੈਂ ੭੦੦ ਮੋਹਰਾਂ ਪਤੰਗ ਨਾਮੇ ਸ਼ਾਹੂਕਾਰ ਪਾਸ ਰੱਖ ਜਾਵਾਂ।

ਇਹ ਗੱਲ ਸੋਚ ਕੇ ੭੦੦ ਮੋਹਰਾਂ ਲੈ ਕੇ ਸ਼ਾਹੂਕਾਰ ਦੀ ਦੁਕਾਨ 'ਤੇ ਆ ਗਿਆ, ਉਸ ਦੇ ਹੱਥ ਫੜਾ ਕੇ ਜਾਂਦਾ ਜਾਂਦਾ ਕਹਿ ਗਿਆ ਕਿ ਇਹ ਮੇਰੀ ਅਮਾਨਤ ਰੱਖ ਲੈ ਮੈਂ ਪਿਛੇ ਆਪਣੇ ਘਰ ਚਲਿਆ ਹਾਂ, ਫਿਰ ਵਾਪਸ ਆ ਕੇ ਲੈ ਲਵਾਂਗਾ।

ਏਨੀ ਗੱਲ ਕਹਿ ਕੇ ਆਪਣੇ ਘਰ ਚੱਲਿਆ ਗਿਆ। ਜਦੋਂ ਸੱਤ ਅੱਠ ਮਹੀਨੇ ਪਿਛੋਂ ਜਮਾਲ ਨੇ ਵਾਪਸ ਆ ਕੇ ਸੱਤ ਸੌ ਮੋਹਰ ਦੀ ਮੰਗ ਕੀਤੀ ਤਾਂ ਪਤੰਗ ਨੇ ਸਾਰੇ ਕਾਗਜ਼ ਦੇਖ-ਭਾਲ ਕੇ ਕਿਹਾ ਕਿ ਤੁਹਾਨੂੰ ਭੁਲੇਖਾ ਲੱਗਾ ਹੈ ਤੁਸੀਂ ਮੇਰੇ ਕੋਲ ਪੈਸੇ ਜਮ੍ਹਾਂ ਨਹੀਂ ਕਰਵਾਏ। ਜਮਾਲ ਨੇ ਬੜੇ ਠਰ੍ਹੰਮੇ ਨਾਲ ਰੁਮਾਲ ਦੀਆਂ ਨਿਸ਼ਾਨੀਆਂ ਦੱਸੀਆਂ, ਲਾਗੇ ਬੈਠੇ ਹੋਏ ਆਦਮੀਆਂ ਦਾ ਚੇਤਾ ਕਰਵਾਇਆ, ਪਰ ਸੇਠ ਪਤੰਗ ਨੇ ਫਿਰ ਪਹਿਲੇ ਵਾਕ ਦੁਹਰਾ ਦਿੱਤੇ।

ਜਮਾਲ ਨੇ ਗੁੱਸੇ ਵਿਚ ਆ ਕੇ ਕਈ ਅਯੋਗ ਸ਼ਬਦ ਸੇਠ ਪਤੰਗ ਦੀ ਸ਼ਾਨ ਵਿਚ ਆਖ ਕੇ ਉਸ ਦਾ ਨਿਰਾਦਰ ਕੀਤਾ। ਸੇਠ ਨੇ ਦੂਜੀ ਵਾਰ ਫਿਰ ਕਾਗਜ਼ ਤਸੱਲੀ ਨਾਲ ਵੇਖ ਕੇ ਕਿਹਾ ਕਿ ਤੁਹਾਡੀ ਕੋਈ ਰਕਮ ਮੇਰੇ ਪਾਸ ਜਮ੍ਹਾਂ ਨਹੀਂ ਹੈ।

ਜਮਾਲ ਨੇ ਅਦਾਲਤ ਵਿਚ ਜਾ ਕੇ ਮੁਕੱਦਮਾ ਕਰ ਦਿੱਤਾ। ਦੋਹਾਂ ਪਾਸਿਆਂ ਤੋਂ ਗਵਾਹੀਆਂ ਭੁਗਤੀਆਂ। ਹਾਕਮ ਨੂੰ ਦੋਵੇਂ ਸੱਚੇ ਜਾਪੇ ਅਤੇ ਅੰਤ ਨੂੰ ਉਸ ਨੇ ਕਿਹਾ ਕਿ ਮੈਂ ਤੁਹਾਡੀ ਦੋਹਾਂ ਦੀ ਸਚਿਆਈ ਦੀ ਪ੍ਰੀਖਿਆ ਤੇਲ ਦੇ ਗਰਮ ਕੜਾਹੇ ਵਿਚ ਹੱਥ ਪਵਾ ਕੇ ਕਰਨੀ ਹੈ। ਇਸ ਪਰਖ ਲਈ ਦੋਵੇਂ ਹੀ ਤਿਆਰ ਹੋ ਗਏ। ਪਤੰਗ ਨੂੰ ਆਪਣੇ ਆਪ 'ਤੇ ਬੜਾ ਭਰੋਸਾ ਸੀ ਅਤੇ ਜਮਾਲ ਨੂੰ ਆਪਣੀ ਸਚਿਆਈ ਤੇ ਬੜਾ ਮਾਣ ਸੀ। ਦੋਵੇਂ ਇਕ ਦੂਜੇ ਨੂੰ ਬੜੇ ਧਿਆਨ ਨਾਲ ਵੇਖ ਰਹੇ ਸਨ। ਜਦੋਂ ਤੇਲ ਵਿਚ ਦੋਹਾਂ ਨੇ ਹੱਥ ਪਾਏ ਤਾਂ ਜਮਾਲ ਦਾ ਹੱਥ ਸੜ ਗਿਆ ਪਰ ਪਤੰਗ ਦੇ ਹੱਥ ਨੂੰ ਆਂਚ ਨਾ ਲੱਗੀ।

ਜਮਾਲ ਬੜਾ ਪਰੇਸ਼ਾਨ ਸੀ, ਉਸ ਦਾ ਭਰੋਸਾ ਸੱਚ ਤੋਂ ਉਠ ਰਿਹਾ ਸੀ। ਪਤੰਗ ਨੇ ਦੁਕਾਨ ਤੇ ਆ ਕੇ ਫਿਰ ਸਾਰੇ ਖਾਨੇ ਅਤੇ ਟਿਕਾਣੇ ਵੇਖੇ, ਰਕਮਾਂ ਦੀ ਗਿਣਤੀ ਕੀਤੀ ਤਾਂ ਵਾਕਿਆ ਹੀ ਸੱਤ ਸੌ ਮੋਹਰਾਂ ਵੱਧ ਨਿਕਲੀਆਂ। ਉਹ ਉਸੇ ਵੇਲੇ ਮੋਹਰਾਂ ਲੈ ਕੇ ਜਮਾਲ ਦੇ ਘਰ ਆਇਆ ਅਤੇ ਕਹਿਣ ਲੱਗਾ, 'ਤੂੰ ਸੱਚਾ ਸੈਂ ਤੇਰੀਆਂ ਮੋਹਰਾਂ ਲੱਭ ਪਈਆਂ ਹਨ।'

ਜਮਾਲ ਨੇ ਕਿਹਾ, 'ਇਹ ਕੈਸਾ ਕਲਜੁਗ ਹੈ, ਸੱਚਿਆਂ ਦੇ ਹੱਥ ਸੜ ਰਹੇ ਹਨ ਤੇ ਝੂਠਿਆਂ ਦੇ ਹੱਥ ਪਾਣ 'ਤੇ ਕੜਾਹੇ ਠੰਡੇ ਹੋ ਰਹੇ ਹਨ।' ਪਤੰਗ ਨੇ ਕਿਹਾ- 'ਮੈਨੂੰ ਇਹ ਇਲਮ ਨਹੀਂ ਸੀ ਕਿ ਤੁਹਾਡੀ ਰਕਮ ਮੇਰੇ ਕੋਲ ਜਮ੍ਹਾਂ ਹੈ ਕਿਉਂਕਿ ਜਿਸ ਵੇਲੇ ਤੂੰ ਮੇਰੇ ਪਾਸ ਆਪਣੀ ਰਕਮ ਅਮਾਨਤ ਰੱਖਣ ਵਾਸਤੇ ਆਇਆ ਸੈਂ, ਉਸ ਵੇਲੇ ਮੇਰੇ ਪਾਸ ਅਮਾਨਤੀਆਂ ਦੀ ਬਹੁਤੀ ਭੀੜ ਹੋਣ ਕਰ ਕੇ ਤੇਰੇ ਵੱਲ ਬਹੁਤਾ ਖਿਆਲ ਨਹੀਂ ਦੇ ਸਕਿਆ ਤੈਨੂੰ ਵੀ ਕਾਹਲੀ ਹੋਣ ਕਰਕੇ ਤੂੰ ਮੇਰੇ ਵਿਸ਼ਵਾਸ 'ਤੇ ਰਕਮ ਲਿਖਵਾਏ ਬਗੈਰ ਰੱਖ ਕੇ ਚਲਾ ਗਿਆ ਅਤੇ ਮੈਨੂੰ ਵੀ ਰੋਜ਼ਨਾਮਚੇ ਵਿਚ ਲਿਖਣੀ ਯਾਦ ਨਾ ਰਹੀ। ਇਸ ਕਰ ਕੇ ਦਿਲੋਂ ਮੈਂ ਭੀ ਸੱਚਾ ਸਾਂ, ਮੇਰੀ ਲੱਜਿਆ ਤਾਂ ਮੇਰੇ ਜਾਣੀ ਜਾਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰੱਖੀ ਹੈ।' ਇਹ ਗੱਲ ਸੁਣ ਕੇ ਜਮਾਲ ਦੇ ਮਨ ਵਿਚ ਸ਼ਰਧਾ ਪੈਦਾ ਹੋਈ ਜਿਸ ਕਰ ਕੇ ਦਰਸ਼ਨ ਦੀ ਅਭਿਲਾਖਾ ਰਖਦਿਆਂ ਹੋਇਆ ਜਮਾਲ ਨੇ ਕਿਹਾ ਕਿ ਮੈਂ ਤੁਹਾਡੇ ਪੀਰ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ।

ਜਮਾਲ ਦਾ ਨਿਸਚਾ ਵੇਖ ਕੇ ਪਤੰਗ ਜਮਾਲ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਪੁੱਜਾ। ਉਸ ਵੇਲੇ ਮੰਜੀ ਸਾਹਿਬ ਦੇ ਅਸਥਾਨ 'ਤੇ ਦੀਵਾਨ ਲੱਗਾ ਹੋਇਆ ਸੀ। ਦੋਹਾਂ ਨੇ ਪਾਸ ਜਾ ਕੇ ਬੜੇ ਆਦਰ-ਮਾਣ ਨਾਲ ਗੁਰੂ ਜੀ ਅੱਗੇ ਮੱਥਾ ਟੇਕਿਆ। ਗੁਰੂ ਜੀ ਨੇ ਅਸ਼ੀਰਵਾਦ ਦੇ ਕੇ ਪੁਛਿਆ- ਭਾਈ! ਤੁਸੀਂ ਕਿਵੇਂ ਆਏ ਹੋ? ਜਮਾਲ ਨੇ ਆਪਣੀ ਹੱਡ ਬੀਤੀ ਸਾਰੀ ਕਹਾਣੀ ਸੁਣਾਈ ਤੇ ਪੁੱਛਿਆ-'ਗਰੀਬ ਨਿਵਾਜ਼ ਜੀਓ! ਜਦ ਕਿ ਮੈਂ ਸੱਚਾ ਸਾਂ ਤਾਂ ਮੇਰਾ ਹੱਥ ਤੱਤੇ ਤੇਲ ਵਿਚ ਕਿਉਂ ਸੜਿਆ ਤੇ ਪਤੰਗ ਝੂਠਾ ਹੋਣ ਦੇ ਬਾਵਜੂਦ ਵੀ ਬਚ ਗਿਆ, ਕਿਰਪਾ

ਕਰ ਕੇ ਇਸ ਦਾ ਕਾਰਨ ਦੱਸੋ?'

ਉਸ ਨੂੰ ਪੂਰਾ ਪੂਰਾ ਵਿਸ਼ਵਾਸ ਕਰਾਉਣ ਲਈ ਗੁਰੂ ਜੀ ਨੇ ਕਿਹਾ ਕਿ ਹੇ ਭਾਈ! ਤੁਸੀਂ ਹੈਗੇ ਤਾਂ ਦੋਵੇਂ ਸੱਚੇ ਸੀ। ਤੂੰ ਇਸ ਲਈ ਸੱਚਾ ਸੈਂ ਕਿ ਤੂੰ ਜਾਣ ਲੱਗਿਆਂ ਇਸ ਦੇ ਪਾਸ ੭੦੦ ਮੋਹਰਾਂ ਰੱਖ ਗਿਆ ਸੈਂ, ਪਰ ਇਸ ਨੇ ਤੇਰੀ ਰਕਮ ਕੋਈ ਜਾਣ ਬੁੱਝ ਕੇ ਆਪਣੇ ਪਾਸ ਦਬਾਈ ਨਹੀਂ ਸੀ ਅਤੇ ਨਾ ਹੀ ਇਸ ਨੂੰ ਕੋਈ ਲਾਲਚ ਸੀ, ਇਸ ਲਈ ਇਹ ਭੀ ਸੱਚਾ ਸੀ ਪਰ ਇਸ ਨੇ ਇਕ ਮਨ ਅਤੇ ਪੂਰੇ ਵਿਸ਼ਵਾਸ ਨਾਲ ਗੁਰੂ ਨਾਨਕ ਸਾਹਿਬ ਨੂੰ ਯਾਦ ਕੀਤਾ ਸੀ। ਗੁਰੂ ਸਾਹਿਬ ਨੇ ਇਸ ਦੀ ਇੱਜ਼ਤ ਰੱਖ ਲਈ ਤੇ ਤੂੰ ਉਤਨੇ ਸਮੇਂ ਵਿਚ ਹੀ ਕਈ ਪੀਰਾਂ ਫਕੀਰਾਂ ਨੂੰ ਮਨਾਉਣਾ ਕੀਤਾ ਹੈ। ਤੇਰਾ ਇਕ ਉਪਰ ਅਟੱਲ ਨਿਸਚਾ ਨਾ ਹੋਣ ਕਰ ਕੇ ਤੇਰੀ ਕਿਸੇ ਪੀਰ ਫਕੀਰ ਨੇ ਸਹਾਇਤਾ ਨਾ ਕੀਤੀ ਤੇ ਤੇਰਾ ਹੱਥ ਸੜ ਗਿਆ ਹੈ।

ਗੁਰੂ ਜੀ ਨੇ ਕਿਹਾ-ਭਗਤਾ! ਸਿਦਕ ਦੇ ਬਹੁਤੇ ਪੈਰ ਨਹੀਂ ਹੁੰਦੇ, ਸਿਦਕ ਦੀਆਂ ਬਹੁਤੀਆਂ ਅੱਖਾਂ ਨਹੀਂ ਹੁੰਦੀਆਂ, ਸਿਦਕ ਦੇ ਕਈ ਘਰ ਨਹੀਂ ਹੁੰਦੇ। ਸਾਦਿਕ ਕੇਵਲ ਇਕ ਨੂੰ ਮੰਨਣ ਵਾਲੇ ਹੁੰਦੇ ਹਨ, ਪਤੰਗ ਦੀ ਸਿਦਕ ਦਿਲੀ ਨੇ ਇਸ ਨੂੰ ਸੇਕ ਤਕ ਨਹੀਂ ਲੱਗਣ ਦਿੱਤਾ ਅਤੇ ਤੇਰੀ ਬੇ-ਭਰੋਸਗੀ ਨੇ ਤੇਰਾ ਹੱਥ ਸਾੜ ਦਿੱਤਾ ਹੈ। ਇਸ ਵਿਚ ਕਿਸੇ ਗੁਰੂ ਪੀਰ ਦਾ ਉਤਨਾਂ ਹਿੱਸਾ ਨਹੀਂ, ਜਿੰਨਾਂ ਆਪਣੀ ਸ਼ਰਧਾ ਦਾ ਹੈ। ਇਹ ਗੱਲ ਸੁਣ ਕੇ ਜਮਾਲ ਗੁਰੂ ਜੀ ਦੇ ਚਰਨਾਂ ਉਪਰ ਢਹਿ ਪਿਆ ਤੇ ਗੁਰੂ ਜੀ ਦਾ ਸਾਦਿਕ ਮੁਰੀਦ ਬਣ ਗਿਆ। ਉਸ ਦਿਨ ਤੋਂ ਪਤੰਗ ਅਤੇ ਜਮਾਲ ਦੋਵੇਂ 'ਗੁਰ ਭਾਈ' ਬਣ ਕੇ ਲਾਹੌਰ ਵਿਚ ਰਹਿੰਦੇ ਹੋਏ ਗੁਰੂ ਜੀ ਦਾ ਜਸ ਕਰਦੇ ਰਹੇ।

ਚਉਬੋਲਿਆਂ ਵਿਖੇ ਸਾਰੇ ੧੧ ਸਲੋਕ ਹਨ।

੧. ਸੱਤਾਂ ਸਲੋਕਾਂ ਵਿਚ ਪਿਉ ਪੁੱਤਰਾਂ ਦਾ ਸੰਬਾਦ ਹੈ।

੨. ਅੱਠਵਾਂ ਸਲੋਕ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਆਪ ਉਚਾਰ ਕੇ ਦੋਹਾਂ ਪਿਉ ਪੁੱਤਰਾਂ ਨੂੰ ਅਸ਼ੀਰਵਾਦ ਦਿੱਤੀ ਹੈ।

੩. ਨੌਵਾਂ ਸਲੋਕ ਜਮਾਲ ਸਾਈਂ ਨੇ ਕਿਹਾ ਹੈ।

੪. ਦਸਵਾਂ ਸਲੋਕ ਸੰਮਨ ਨੇ ਫਿਰ ਆਪਣੇ ਪਿਤਾ ਮੂਸਨ ਤਾਈਂ ਉਚਾਰਿਆ ਹੈ।

੫. ਯਾਰਵਾਂ ਸਲੋਕ ਪਤੰਗ ਸਾਈਂ ਨੇ ਉਚਾਰਿਆ ਹੈ।

ਦੋਹਰਾ- ਸੰਮਨ ਮੂਸਨ ਸੁਤ ਪਿਤਾ, ਪਤੰਗ ਅਤੇ ਜਮਾਲ।
ਚਾਰੋਂ ਕੇ ਸੰਬਾਦ ਕੋ, ਇਤੀ ਕੀਓ ਗੁਰ ਦਯਾਲ।

॥ ਚਉਬੋਲੇ ਸਮਾਪਤੰ ॥

ਸਲੋਕ ਭਗਤ ਕਬੀਰ ਜੀ

ਕਬੀਰ–ਭਾਰਤ ਦੇ ਪ੍ਰਸਿੱਧ ਭਗਤ ਜੀ ਹਨ, ਜਿਨ੍ਹਾਂ ਦਾ ਜਨਮ ਇਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਜੇਠ ਸੁਦੀ ੧੫ ਸੰਮਤ ੧੪੫੫ ਨੂੰ ਹੋਇਆ, ਇਨ੍ਹਾਂ ਦੀ ਮਾਤਾ ਨੇ ਬਨਾਰਸ ਕੋਲ ਲਹਿਰ ਤਲਾਉ ਦੇ ਪਾਸ ਨਵ ਜਨਮੇ ਬਾਲਕ ਨੂੰ ਰੱਖ ਦਿੱਤਾ, ਜਿਸ ਨੂੰ ਅਲੀ (ਨੀਰੂ) ਜੁਲਾਹੇ ਨੇ ਕ੍ਰਿਪਾ ਕਰ ਕੇ ਘਰ ਲੈ ਆਂਦਾ ਅਤੇ ਉਸ ਦੀ ਇਸਤ੍ਰੀ ਨੀਮਾ ਨੇ ਪੁਤਰ ਮੰਨ ਕੇ ਪਾਲਿਆ।

ਯੋਗਜ ਸਮੇਂ ਮੁਸਲਮਾਨੀ ਮੱਤ ਅਨੁਸਾਰ ਕਬੀਰ ਨਾਉਂ ਰਖਿਆ ਗਿਆ ਅਤੇ ਇਸਲਾਮ ਦੀ ਸਿਖਿਆ ਦਿੱਤੀ ਗਈ, ਪਰ ਕਬੀਰ ਜੀ ਦਾ ਝੁਕਾਅ ਸ੍ਵਭਾਵਿਕ ਹਿੰਦੂ ਮੱਤ ਵੱਲ ਸੀ, ਯੁਵਾ ਅਵਸਥਾ ਹੋਣ ਪਰ ਆਪ ਦੀ ਸ਼ਾਦੀ ਲੋਈ ਨਾਲ ਹੋਈ ਜਿਸ ਤੋਂ ਕਮਾਲ ਪੁੱਤਰ ਉਪਜਿਆ।

ਕਬੀਰ ਜੀ ਨੇ ਰਾਮਾਨੰਦ ਜੀ ਤੋਂ ਰਾਮਨਾਮ ਦਾ ਉਪਦੇਸ਼ ਲੈ ਕੇ ਵੈਸ਼ਨਵ ਮੱਤ ਧਾਰਨ ਕੀਤਾ, ਕਾਸ਼ੀ ਵਿਦਵਾਨਾਂ ਦਾ ਅਸਥਾਨ ਹੋਣ ਕਰ ਕੇ ਕਬੀਰ ਜੀ ਨੂੰ ਮੱਤ ਮਤਾਂਤਰਾਂ ਦੇ ਨਿਯਮ ਜਾਣਨ ਅਤੇ ਚਰਚਾ ਕਰਨ ਦਾ ਚੰਗਾ ਮੌਕਾ ਮਿਲਿਆ ਅਤੇ ਤੀਖਣ ਬੁੱਧੀ ਹੋਣ ਕਰ ਕੇ ਏਹ ਖੰਡਨ ਮੰਡਨ ਵਿਚ ਵੱਡੇ ਨਿਪੁੰਨ ਹੋ ਗਏ, ਬਹੁਤ ਚਿਰ ਪੂਰਨ ਗਯਾਨੀਆਂ ਦੀ ਸੰਗਤਿ ਕਰ ਕੇ ਆਪ ਤਤ੍ਵ ਗਯਾਨੀ ਹੋਏ ਅਤੇ ਆਪਣੀ ਸੰਗਤਿ ਤੋਂ ਅਨੇਕਾਂ ਨੂੰ ਲਾਭ ਪਹੁੰਚਾਇਆ। ਸਿਕੰਦਰ ਲੋਦੀ ਜਦ ਸੰਮਤ ੧੫੪੭ ਵਿਚ ਬਨਾਰਸ ਆਇਆ ਤਦ ਕਬੀਰ ਜੀ ਨੂੰ ਮਤਾਂਧ ਮੁਸਲਮਾਨਾਂ ਦੀ ਕ੍ਰਿਪਾ ਕਰ ਕੇ ਬਹੁਤ ਕਲੇਸ਼ ਪਹੁੰਚਿਆ, ਜਿਸ ਦਾ ਜ਼ਿਕਰ ਕਬੀਰ ਜੀ ਨੇ ਆਪਣੇ ਸ਼ਬਦ ਵਿਚ ਕੀਤਾ ਹੈ:-

ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥
ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥੧॥
ਆਹਿ ਮੇਰੇ ਠਾਕੁਰ ਤੁਮਰਾ ਜੋਰੁ॥ ਕਾਜੀ ਬਕਿਬੋ ਹਸਤੀ ਤੋਰੁ॥੧॥ ਰਹਾਉ॥
ਰੇ ਮਹਾਵਤ ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥
ਹਸਤਿ ਨ ਤੋਰੈ ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥ ੨॥ *(ਪੰਨਾ ੮੭੦)*

ਪਰ ਅੰਤ ਨੂੰ ਇਨ੍ਹਾਂ ਦੀ ਬਜ਼ੁਰਗੀ ਦਾ ਅਸਰ ਬਾਦਸ਼ਾਹ ਦੇ ਚਿਤ ਉਤੇ ਹੋਇਆ। ੧੫੬੩ ਸੰਮਤ ਵਿਚ ਜਦ ਗੁਰੂ ਜੀ ਕਾਸ਼ੀ ਗਏ ਤਾਂ ਕਬੀਰ ਜੀ ਕਿਸੇ ਪ੍ਰੇਮੀ ਵੱਲ ਗਏ ਹੋਏ ਸਨ, ਇਧਰੋਂ ਗੁਰੂ ਜੀ ਚਲੇ ਉਧਰੋਂ ਕਬੀਰ ਜੀ ਚੱਲ ਪਏ ਰਸਤੇ ਵਿਚ ਦੋਹਾਂ ਦਾ ਮਿਲਾਪ* ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਕਬੀਰ

*ਕਈ ਲੋਕ ਆਖਦੇ ਹਨ ਕਬੀਰ ਜੀ ਪਹਿਲੇ ਹੋ ਚੁੱਕੇ ਹਨ ਕਬੀਰ ਜੀ ਦਾ ਮਿਲਾਪ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਨਹੀਂ ਹੋਇਆ ਹੈ, ਪਰ ਹੋਇਆ ਜ਼ਰੂਰ ਹੈ।

ਜੀ ਸਰਗੁਣ ਤੋਂ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਵਾਲੇ ਹੋ ਗਏ।

ਲੋਕਾਂ ਨੇ ਕਿਹਾ- ਕਾਸ਼ੀ ਵਿਚ ਮਰਨ ਕਰ ਕੇ ਮੁਕਤੀ ਦੀ ਪ੍ਰਾਪਤੀ ਹੈ। ਮਗਹਰ ਵਿਚ ਮਰਨ ਕਰ ਕੇ ਪੁਰਸ਼ ਬੇਗਤਾ ਜਾਂਦਾ ਹੈ (ਨਰਕਾਂ ਵਿਚ ਪੈਂਦਾ ਹੈ)। ਕਬੀਰ ਜੀ ਨੇ ਕਿਹਾ- *"ਕਾਸੀ ਮਗਹਰ ਸਮ ਬੀਚਾਰੀ"* ਮੈਂ ਤਾਂ ਇਨ੍ਹਾਂ ਦੋਨਾਂ ਪੁਰੀਆਂ ਨੂੰ ਇਕ ਸਮਾਨ ਵਿਚਾਰਨਾ ਕੀਤਾ ਹੈ ਇਸ ਬਚਨ ਦੇ ਪੂਰਿਆਂ ਕਰਨ ਵਾਸਤੇ ਦੇਹਾਂਤ ਤੋਂ ਕੁਝ ਕਾਲ ਪਹਿਲਾਂ ਮਗਹਰ (ਜੋ ਗੋਰਖ ਪੁਰ ਤੋਂ ਪੱਛਮ ਵੱਲ ੧੫ ਮੀਲ ਪਰ ਹੈ) ਉਥੇ ਜਾ ਰਹੇ ਤੇ ਬਿਨਸਨਹਾਰ ਸੰਸਾਰ ਤੋਂ ਸੰਮਤ ੧੫੭੫ ਵਿਚ ਅੰਤ੍ਰ ਧਿਆਨ ਹੋ ਗਏ।

ਕਾਸ਼ੀ ਵਿਚ ਕਬੀਰ ਜੀ ਦਾ ਅਸਥਾਨ "ਕਬੀਰ ਚੌਰਾ" ਨਾਉਂ ਤੋਂ ਪ੍ਰਸਿੱਧ ਹੈ ਇਕ ਮੰਦਰ ਵਿਚ ਬ੍ਰਿਧ ਅਵਸਥਾ ਵਾਲੀ ਵੱਡੀ ਸਾਰੀ ਮੂਰਤੀ ਬਣੀ ਹੋਈ ਹੈ। ਦੂਜੇ ਮੰਦਰ ਵਿਚ ਛੋਟੀ ਅਵਸਥਾ ਵਾਲੀ ਮੂਰਤੀ ਬਣੀ ਹੋਈ ਹੈ ਅਤੇ ਲਹਿਰ ਤਲਾਉ ਤੇ ਭੀ ਕਬੀਰ ਜੀ ਦਾ ਮੰਦਰ ਬਣਿਆ ਹੋਇਆ ਹੈ। ਕਬੀਰ ਜੀ ਦੀ ਬਾਣੀ ਦਾ ਸੰਗ੍ਰਹਿ ਜੋ ਧਰਮ ਦਾਸ ਅਤੇ ਸੂਰਤ ਗੋਪਾਲ ਆਦਿ ਚੇਲਿਆਂ ਨੇ ਕੀਤਾ ਹੈ ਉਸ ਦਾ ਨਾਉਂ "ਕਬੀਰ ਬੀਜਕ" ਹੈ। ਰਿਆਸਤ ਰੀਵਾ ਵਿਚ "ਕਬੀਰ ਬੀਜਕ" ਧਰਮ ਦਾਸ ਦਾ ਲਿਖਿਆ ਹੋਇਆ ਦਸਿਆ ਜਾਂਦਾ ਹੈ।

(ਗੁਰਸ਼ਬਦ ਰਤਨਾਕਰ)

ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਵਿਚ ਨਾਮ ਬਾਣੀ ਦਾ ਉਪਦੇਸ਼ ਦੇਂਦੇ ਹੋਏ ਜਿਸ ਵੇਲੇ ਬਨਾਰਸ ਪਹੁੰਚੇ ਤੇ ਮਰਦਾਨੇ ਪਾਸੋਂ ਰਬਾਬ ਵਜਾ ਕੇ ਸ਼ਬਦ ਗਾਵਿਆ, ਤਾਂ ਬਹੁਤ ਸਾਰੇ ਲੋਕ ਪ੍ਰਸੰਨ ਹੋ ਕੇ ਪਾਸ ਆ ਕੇ ਸੁਣਦੇ ਰਹੇ। ਨਾਮਦੇਵ, ਰਵਿਦਾਸ, ਤ੍ਰਿਲੋਚਨ ਆਦਿਕ ਬਹੁਤ ਸਾਰੇ ਭਗਤ ਵੀ ਸੋਭਾ ਸੁਣ ਕੇ ਆਏ, ਜੋ ਜੋ ਪ੍ਰਸ਼ਨ ਕੀਤੇ ਸਭਨਾਂ ਨੂੰ ਉਤਰ ਦਿੱਤੇ।

ਪੰਦਰਾਂ ਦਿਨ ਗੁਰੂ ਜੀ ਉਥੇ ਰਹੇ ਬਹੁਤ ਲੋਕ ਸਤਸੰਗੀ ਹੋ ਗਏ। ਉਸ ਸਮੇਂ ਕਬੀਰ ਜੀ ਕਾਸ਼ੀ ਵਿਚ ਨਹੀਂ ਸਨ, ਰਘੁਨਾਥ ਪੁਰੇ ਵਿਚ ਜੋ ਬਿਜਲੀ ਖਾਂ ਨਵਾਬ ਉਨ੍ਹਾਂ ਦਾ ਸੇਵਕ ਸੀ ਉਥੇ ਗਏ ਹੋਏ ਸਨ। ਜਿਸ ਵੇਲੇ ਗੁਰੂ ਜੀ ਕਬੀਰ ਜੀ ਨੂੰ ਮਿਲਣ ਵਾਸਤੇ ਕਾਸ਼ੀਓਂ ਤੁਰੇ ਹਨ, ਤਾਂ ਅੱਗੋਂ ਕਬੀਰ ਜੀ ਵੀ ਤੁਰੇ ਆਉਂਦੇ ਸਨ, ਰਸਤੇ ਵਿਚ ਪੂਸੇ ਪਿੰਡ ਪਾਸ ੨੭ ਅੱਸੂ ਸੰਮਤ ੧੫੬੩ ਨੂੰ ਦੋਨਾਂ ਦਾ ਮੇਲ* ਹੋ ਗਿਆ। ਪਰਸਪਰ ਸ਼ਬਦ ਸੁਣ ਸੁਣਾ ਕੇ ਬਹੁਤ ਖੁਸ਼ ਹੋਏ।

**ਇਸ ਕਥਾ ਦੇ ਸ਼ਬਦ ਨਾਨਕ ਪ੍ਰਬੋਧ ਪੋਥੀ ਵਿਚ ਕਬੀਰ ਜੀ ਦੇ ਚੇਲੇ ਧਰਮ ਦਾਸ ਨੇ ਲਿਖੇ ਹਨ। ਕਈ ਅਨਜਾਣ ਲੋਕ ਆਖਿਆ ਕਰਦੇ ਹਨ ਕਬੀਰ ਬਾਬੇ ਨਾਨਕ ਜੀ ਤੋਂ ਪਹਿਲਾਂ ਹੋ ਚੁੱਕਾ ਹੈ ਇਸ ਕਰ ਕੇ ਸਾਰੇ ਸੰਮਤ ਲਿਖ ਕੇ ਦਿਖਾਉਂਦੇ ਹਾਂ, ਸੰਮਤ ੧੪੫੫ ਜੇਠ ਸੁਦੀ ੧੫ ਸੋਮਵਾਰ ਕਾਸ਼ੀ ਦੇ ੧੨ ਕੋਸ ਭਰ ਜੁਲਹਾ ਪੁਰ ਵਿਚ ਲਹਿਰ ਤਲਾਵ ਦੇ ਕਿਨਾਰੇ ਗੁਦੜੀ ਵਿਚ ਲਿਪਟੇ ਪੜੇ ਦੋ ਪਹਿਰ ਦੇ ਜੰਮੇ ਹੋਏ ਨੀਰੂ ਜੁਲਾਹੇ ਮੁਸਲਮਾਨ ਨੂੰ ਲੱਭੇ, ਉਸ ਨੇ ਆਪਣਾ ਪੁਤਰ ਮੰਨ ਕੇ ਪਾਲੇ। ਸੰਮਤ ਬ੍ਰਿਕਮੀ ੧੪੬੨ ਹਾੜ ਦੇ ਮਹੀਨੇ ਗੰਗਾ ਕਿਨਾਰੇ ਬਰੇਤੀ ਵਿਚ ਸੁੱਤੇ ਪਏ ਕਬੀਰ ਨੂੰ "ਰਾਮਾਨੰਦ" ਦੇ ਪਊਏ ਦੀ ਠੋਕਰ ਲੱਗੀ ਤਾਂ ਕਬੀਰ ਸਤ ਬਰਸ ਦਾ ਬਾਲਕ ਸੀ ਰੋਣ ਲੱਗਾ, ਰਾਮਾਨੰਦ ਜੀ ਨੇ ਸਿਰ 'ਤੇ ਹੱਥ ਫੇਰ ਕੇ ਆਖਿਆ : ਬੱਚਾ ਰੋਇ ਨਹੀਂ, ਰਾਮ ਰਾਮ ਕਹੁ, ਏਹੀ ਉਪਦੇਸ਼ ਕਬੀਰ ਜੀ ਨੂੰ ਭਇਆ।*

੧੪੭੧ ਬਿਕ੍ਰਮੀ ਵਿਚ ਕਬੀਰ ਜੀ ਦੀ ਸ਼ਾਦੀ ਨੇਤੀ ਜੁਲਾਹੇ ਦੀ ਬੇਟੀ ਲੋਈ ਨਾਲ ਹੋਈ।

੧੪੮੧ ਬਿਕ੍ਰਮੀ ਵਿਚ ਕਮਾਲਾ ਜੰਮਿਆ। ੧੪੮੫ ਬਿਕ੍ਰਮੀ ਵਿਚ ਕਮਾਲੀ ਜੰਮੀ।

੧੪੯੨ ਬਿਕ੍ਰਮੀ ਵਿਚ ਕਬੀਰ ਜੀ ਦਾ ਜਗ ਪ੍ਰਭੂ ਨੇ ਕਬੀਰ ਦਾ ਰੂਪ ਧਾਰ ਕੇ ਪੂਰਾ ਕੀਤਾ।

੧੫੪੭ ਬਿਕ੍ਰਮੀ ਵਿਚ ਮਾਘ ਦੇ ਮਹੀਨੇ ਸਿਕੰਦਰ ਬਾਦਸ਼ਾਹ ਨੇ ਕਰਾਮਾਤ ਵੇਖਣ ਵਾਸਤੇ ਕਬੀਰ ਜੀ ਦੇ ਹੱਥ ਪੈਰ ਬੰਨ੍ਹ ਕੇ ਗੰਗਾ ਵਿਚ ਸੁਟਿਆ। ੧੫੭੫ ਬਿਕ੍ਰਮੀ ਵਿਚ ਮੱਘਰ ਸੁਦੀ ੧੧ ਕਬੀਰ ਜੀ ਪ੍ਰਲੋਕ ਗਵਨੇ। ਗੋਰਖਪੁਰ ਦੇ ਜ਼ਿਲ੍ਹੇ ਮਗਹਰ ਪਿੰਡ ਵਿਚ ਕਬੀਰ ਜੀ ਦੀ ਕਬਰ ਤੇ ਸਮਾਧ ਦੋਵੇਂ ਹਨ। ਇਸ ਦੀ ਸਬੂਤੀ ਵਿਚ ਏਹ ਬਚਨ ਧਰਮਦਾਸ ਦਾ ਕਬੀਰ ਦੀ ਜਨਮਸਾਖੀ ਵਿਚ ਲਿਖਿਆ ਹੈ:

ਯਥਾ- ਚੌਦਾਂ ਸੌ ਪਚਪਨ ਮੈਂ ਭਾਈ। ਜੇਠ ਸੁਦੀ ਪੰਦ੍ਰਸ ਸੁਖਦਾਈ। ਪ੍ਰਗਟੇ ਪ੍ਰਭੂ ਕਬੀਰ ਗੁਸਾਈ। ਕਲਿਜੁਗ ਜੀਵ ਤਰਾਵਨ ਆਈ।

ਪੁਨਾ- ਪੰਦ੍ਰਾਂ ਸਏ ਪਛੜੇ ਕੀਆ ਮਗਹਰ ਕੋ ਗੌਨ। ਮਘਰ ਸੁਦੀ ਇਕਾਦਸੀ ਮਿਲੀ ਪੌਨ ਮੇ ਪੌਨ।

(ਤਵਾਰੀਖ ਗੁਰੂ ਖਾਲਸਾ, ਸਫਾ ੮੧)

ਸਲੋਕ ਭਗਤ ਕਬੀਰ ਜੀਉ ਕੇ ੧ਓ ਸਤਿਗੁਰ ਪ੍ਰਸਾਦਿ॥

ਜਿਸ ਤਰ੍ਹਾਂ ਪਿਛੇ ਮਰਯਾਦਾ ਰਖਦੇ ਆਏ ਹਨ, ਹਰ ਇਕ ਰਾਗ ਵਿਚ ਪਹਿਲੇ ਗੁਰਬਾਣੀ ਤੇ ਫਿਰ ਭਗਤ ਬਾਣੀ, ਉਸੇ ਮਰਯਾਦਾ ਅਨੁਸਾਰ ਪਹਿਲੇ ਸਹਸਕ੍ਰਿਤੀ ਕਥਨ ਕੀਤੀ ਹੈ ਤੇ ਹੁਣ ਕਬੀਰ ਜੀ ਦੇ ਸਲੋਕ ਵਰਣਨ ਕਰਦੇ ਹਨ। ਪਰ ਇਹ ਸਲੋਕ ਸਾਰੇ ਵੱਖੋ ਵੱਖ ਉਪਦੇਸ਼ ਵਾਲੇ ਆਉਣਗੇ, ਕਿਉਂਕਿ ਕੋਈ ਸਲੋਕ ਕਿਸੇ ਪ੍ਰਥਾਇ ਕੋਈ ਕਿਸੇ ਦੇ ਪ੍ਰਥਾਇ ਉਚਾਰਨ ਕੀਤਾ ਹੈ। ਇਹ ਸਲੋਕ ਕਈ ਤੇ ਦੋਹਰੇ ਦੀ ਚਾਲ ਅਨੁਸਾਰ ਹਨ ਤੇ ਕਈ ਦੋਹਰੇ ਤੋਂ ਬਾਹਰ ਭੀ ਹਨ।

ਉਥਾਨਕਾ– ਇਕ ਸਮੇਂ ਕਾਂਸ਼ੀ ਨਿਵਾਸੀ ਕਿਸੇ ਮੁਖੀ ਪੰਡਿਤ ਨੇ ਵਿਚਾਰਿਆ ਕਿ ਕਬੀਰ ਭਗਤ ਦਾ ਪ੍ਰਤਾਪ ਬੜਾ ਵੱਧ ਗਿਆ ਹੈ, ਇਸ ਦੀ ਸਿੱਖੀ ਸੇਵਕੀ ਵੀ ਬਹੁਤ ਹੋ ਗਈ ਹੈ, ਜੇਕਰ ਇਹ ਮੇਰਾ ਚੇਲਾ ਬਣ ਜਾਵੇ ਤਾਂ ਸਾਰੇ ਲੋਕ ਆਪੇ ਹੀ ਮੇਰੇ ਸੇਵਕ ਹੋ ਜਾਣਗੇ।

ਇਸ ਵਿਚਾਰ ਨੂੰ ਮੁੱਖ ਰੱਖ ਕੇ ਉਸ ਪੰਡਿਤ ਨੇ ਕਬੀਰ ਜੀ ਨੂੰ ਆ ਕੇ ਕਿਹਾ–ਭਗਤ ਜੀ! ਤੁਸੀਂ ਸਾਡੇ ਪਾਸੋਂ ਮਾਲਾ ਲੈ ਲਓ ਤੇ ਇਸ ਨੂੰ ਫੇਰਿਆ ਕਰੋ (ਕਿਉਂਕਿ ਪਿਛਲੇ ਸਮੇਂ ਦਾ ਇਹ ਰਿਵਾਜ ਸੀ ਕਿ ਜਿਹੜਾ ਕੋਈ ਕਿਸੇ ਨੂੰ ਮਾਲਾ ਫੜਾਉਂਦਾ ਸੀ ਉਹ ਗੁਰੂ ਅਖਵਾਉਂਦਾ ਸੀ ਤੇ ਲੈਣ ਵਾਲਾ ਚੇਲਾ, ਨਾਲੇ ਮਾਲਾ ਦੁਆਰੇ ਸਿਮਰਨ ਦਾ ਚੌਥਾ ਹਿੱਸਾ ਫਲ ਮਾਲਾ ਦੇਣ ਵਾਲੇ ਨੂੰ ਮਿਲਦਾ ਮੰਨਿਆਂ ਜਾਂਦਾ ਸੀ।)

ਇਸ ਪ੍ਰਕਾਰ ਜਦ ਬ੍ਰਾਹਮਣ ਨੇ ਕਬੀਰ ਜੀ ਨੂੰ ਮਾਲਾ ਲੈਣ ਵਾਸਤੇ ਬਹੁਤ ਵਾਰੀ ਕਿਹਾ ਤਾਂ ਅੱਗੋਂ ਕਬੀਰ ਜੀ ਨੇ ਆਖਿਆ–

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥

ਹੇ ਪੰਡਿਤ ਜੀ! ਮੇਰੀ ਸਿਮਰਨੀ*= ਮਾਲਾ** ਤਾਂ ਅੱਗੇ ਹੀ ਮੇਰੇ ਪਾਸ ਹੈ, ਜੋ ਜ਼ਬਾਨ ਉਪਰ ਅੱਠੇ ਪਹਿਰ ਰਾਮ ਨਾਮ ਜਪਣਾ ਹੈ।

ਯਥਾ– ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ॥੧॥

(ਆਸਾ ਮਹਲਾ ੫, ਪੰਨਾ ੩੮੮)

ਅਥਵਾ– ਰਸਨਾ ਊਪਰਿ= ਰਸਨਾ ਆਦਿਕ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਜੋ ਉਪ੍ਰਾਮ ਹੋਣਾ ਹੈ, ਏਹੀ ਰਾਮ

**ਸੰਪ੍ਰਦਾਈ ਗਿਆਨੀ ਸਿਮਰਨੀ ਦਾ ਅਰਥ ਮਾਲਾ ਕਰਦੇ ਆਏ ਹਨ, ਪਰ ਕਈ ਲੋਕ ਅਠੋਤਰੀ ਮਾਲਾ ਦੇ ਚੌਥੇ ਹਿੱਸੇ ਨੂੰ ਭਾਵ ੨੭ ਮਣਕਿਆਂ ਵਾਲੇ ਨੂੰ ਸਿਮਰਨੀ ਆਖਦੇ ਹਨ। ਜਿਵੇਂ ਆਮ ਲੋਕ ੨੭ ਮਣਕਿਆਂ ਵਾਲੇ ਨੂੰ ਸਿਮਰਨਾ ਕਹਿੰਦੇ ਹਨ। (ਰਹੋ ਵਿਚਾਰ)*

***ਬਾਹਰਲੀ ਮਾਲਾ ਕਿਆ ਹੈ? ਇਸ ਸਬੰਧੀ ਜੱਲ੍ਹਣ ਨੇ ਇਸ ਤਰ੍ਹਾਂ ਲਿਖਿਆ ਹੈ–*

ਨਿੱਕੇ ਹੋਏ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ।
ਬੁੱਢੇ ਹੋਏ ਮਾਲਾ ਫੜ ਲਈ, ਰੱਬ ਦਾ ਉਲਾਂਭਾ ਲਾਹਿਆ।
ਵੱਡਾ ਕਿੱਕਰ ਵੱਢ ਕੇ, ਜਪਮਾਲ ਬਣਾਯਾ।
ਉੱਚੇ ਟਿੱਬੇ ਬੈਠ ਕੇ, ਠਾਹ ਠਾਹ ਵਜਾਯਾ।
ਲੋਕਾਂ ਦੀਆਂ ਜਪਮਾਲੀਆਂ, ਜੱਲ੍ਹਣ ਦਾ ਜਪਮਾਲ।
ਸਾਰੀ ਉਮਰ ਜਪੋਦਿਆਂ, ਇਕ ਨਾ ਖੁਥਾ ਵਾਲ।

(ਹੰਸ ਚੋਗ ਵਿਚ ਲਿਖਿਆ ਹੈ: ਪਰਮੇਸ਼ਰ ਵਿਚ ਮਾਯਾ ਵਾਲ ਦੀ ਤਰ੍ਹਾਂ ਹੈ, ਉਸ ਮਾਯਾ ਦੀ ਇੱਛਾ ਨਾ ਮੋਈ। ਫੇਰ ਇਹ ਭੀ ਕਿਹਾ ਹੈ- ਕਿਆਂ ਕਰੂੰ ਤਸਬੀ, ਕਿਆ ਕਰੂੰ ਮਾਲਾ। ਮਨ ਮਾਲਾ ਭਇਓ ਹੈ ਮੇਰਾ।

ਨਾਮ ਨੂੰ ਸਿਮਰਨ ਵਾਲੀ ਜਪ ਮਾਲਾ ਹੈ। ਅਥਵਾ- ਰਸਨਾ= ਰਸਾਂ ਤੋਂ ਜਿਹੜਾ ਉਪ੍ਰਾਮ ਹੋਣਾ ਹੈ ਤੇ ਜੋ ਰਾਮ ਰਾਮ ਜਪਣਾ ਹੈ, ਏਹੀ ਮਾਲਾ ਹੈ। ਇਸ ਤ੍ਰਹਾਂ ਦੀ ਮਾਲਾ-

ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥ ੧ ॥

ਪ੍ਰਭੂ ਦੇ ਜੋ ਸਾਰੇ ਭਗਤ ਜਨ ਹਨ ਤਾ ਕੋ= ਉਨ੍ਹਾਂ ਨੂੰ ਆਦਿ ਜੁਗਾਦੀ= ਸਦਾ ਸਦਾ ਸੁਖਾਂ ਵਿਚ ਬਿਸ੍ਰਾਮੁ= ਇਸਥਿਤ ਕਰਨ ਵਾਲੀ ਹੈ।

ਅਥਵਾ-ਆਦਿ ਜੁਗਾਦੀ= ਆਦਲਾ ਜੁਗੁ-ਸਤਜੁਗ ਵਿਚ ਧਰੂਅ ਪ੍ਰਹਿਲਾਦ, ਤਰੇਤੇ ਵਿਚ ਹੰਨੂੰਮਾਨ, ਦੁਆਪੁਰ ਵਿਚ ਬਿਦਰ ਆਦਿ ਤੇ ਕਲਜੁਗ ਵਿਚ ਨਾਮਦੇਵ ਆਦਿਕ ਜੋ ਭਗਤ ਹੋਏ ਹਨ ਉਨ੍ਹਾਂ ਸਾਰਿਆਂ ਭਗਤਾਂ ਨੂੰ ਇਹ ਸਿਮਰਨੀ* ਸੁਖਾਂ ਵਿਚ ਇਸਥਿਤ ਕਰਨ ਵਾਲੀ ਹੈ॥੧॥

ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥

ਕਬੀਰ ਜੀ ਆਖਦੇ ਹਨ-ਇਸ ਵਿਚ ਕੋਈ ਝੂਠ ਨਹੀਂ, ਸਚਮੁੱਚ ਹੀ ਮੇਰੀ ਜੁਲਾਹਾ ਜਾਤੀ ਕਉ= ਨੂੰ ਸਭ ਕੋਈ ਹੱਸਣ ਵਾਲਾ ਹੈ। ਭਾਵ ਜਿਨ੍ਹਾਂ ਵੇਦਾਂਤੀਆਂ ਨੇ ਦਸ ਜੁਲਾਹਿਆਂ ਦੀ ਮਾਰੂ ਥਲ ਦੀ ਨਦੀ ਤੋਂ ਪਾਰ ਹੋਣ ਦੀ ਸਾਖੀ ਦੁਆਰਾ ਸੰਸਾਰ ਨੂੰ ਤਿੰਨ ਕਾਲ ਅਸੱਤ ਮੰਨਿਆਂ ਹੈ, ਉਹ ਵੇਦਾਂਤੀ ਲੋਕ ਹੱਸਣ ਵਾਲੇ ਹਨ।

---

*ਨੋਟ- ੨੭ ਨਛੱਤ੍ਰਾਂ ਤੋਂ ੨੭ ਮਣਕਿਆਂ ਦਾ ਸਿਮਰਨਾ ਬਣਿਆ ਅਤੇ ਇਕ ਇਕ ਨਛੱਤ੍ਰ ਦੇ ਚਾਰ ਚਾਰ ਭਾਗ ਹਨ। ਸਤਾਈ ਚੌਕਾ ੧੦੮ ਹੈ ਏਸੇ ਕਰਕੇ ੧੦੮ ਮਣਕਿਆਂ ਦੀ ਅਠੋਤਰੀ ਮਾਲਾ ਬਣੀ ਹੈ।

ਅਥਵਾ- ਬਾਰਾਂ ਰਾਸਾਂ ਹਨ, ਇਕ ਇਕ ਰਾਸ ਦੇ ਨੌ ਨੌ ਅੱਖਰ ਹਨ। ਬਾਰੋ ਨਾਇਆਂ ੧੦੮ ਹੁੰਦਾ ਹੈ ਉਸ ਤੋਂ ੧੦੮ ਮਣਕਿਆਂ ਦੀ ਮਾਲਾ ਬਣੀ ਹੈ।

ਮੁਸਲਮਾਨਾਂ ਦੀ ਮਾਲਾ (ਤਸਬੀ) ਖੁਦਾ ਦੇ ੯੯ ਗੁਣ ਵਾਚਕ ਹੈ ਤੇ ਇਕ ਖਾਸ ਨਾਉਂ ਅੱਲਾ ਜਪਣ ਲਈ ੧੦੦ ਮਣਕਿਆਂ ਦੀ ਮਾਲਾ (ਤਸਬੀ) ਹੋਇਆ ਕਰਦੀ ਹੈ। ਗੁਣਾਂ ਦਾ ਵੇਰਵਾ ਮਹਾਨ ਕੋਸ਼ ਦੇ ੪੨੬ ਪੰਨੇ ਤੋਂ ਪੜ੍ਹੋ।

ਮਾਲਾ ਤਸਬੀ ਤੋੜਿ ਕੈ ਜਿਉ ਸਉ ਤਿਵੈ ਅਠੋਤ੍ਰੁ ਲਾਇਆ। (ਭਾਈ ਗੁਰਦਾਸ, ਵਾਰ ੩੯/੧੧)

ਕਈ ਮੁਸਲਮਾਨ ਇਮਾਮ (ਮੇਰੁ) ਮਣਕੇ ਸਮੇਤ ੧੦੧ ਮਣਕੇ ਦੀ ਤਸਬੀ ਰੱਖਦੇ ਹਨ।

ਈਸਾਈਆਂ ਦੀ ਮਾਲਾ "ਰੋਜਰੀ" ਡੇਢ ਸੌ ਕਾਠ ਦੇ ਮਣਕਿਆਂ ਦੀ ਹੁੰਦੀ ਹੈ, ਹਰ ਇਕ ਦਸ ਛੋਟੇ ਮਣਕਿਆਂ ਪਿਛੋਂ ਇਕ ਵੱਡਾ ਮਣਕਾ ਹੁੰਦਾ ਹੈ। ਇਸ ਤ੍ਰਹਾਂ ੧੩੫ ਛੋਟੇ ਅਤੇ ੧੫ ਵੱਡੇ ਮਣਕੇ ਹੁੰਦੇ ਹਨ। ਛੋਟੇ ਮਣਕਿਆਂ ਤੇ "ਧਨਜ ਮੇਰੀ" ਅਤੇ ਵੱਡੇ ਮਣਕਿਆਂ ਉਤੇ "ਸਾਡਾ ਪਿਤਾ" ਜਾਪ ਹੁੰਦਾ ਹੈ।

ਪਚਵੰਜਾ ਮਣਕੇ ਦੀ ਮਾਲਾ ਭੀ ਈਸਾਈ ਰਖਦੇ ਹਨ, ਜਿਸ ਦਾ ਨਾਮ ਚੈਪਲੇਟ ਹੈ, ਇਸ ਵਿਚ ਪੰਜਾਹ ਛੋਟੇ ਤੇ ਪੰਜ ਵੱਡੇ ਮਣਕੇ ਹੁੰਦੇ ਹਨ। ਉਨ੍ਹਾਂ ਉਤੇ ਨਾਮ ਸਿਮਰਨ ਦੀ ਉਹੀ ਰੀਤੀ ਹੈ ਜੋ ਡੇਢ ਸੌ ਮਣਕੇ ਦੀ ਮਾਲਾ ਪਰ ਹੈ। ਰੋਮਨ ਕੈਥੋਲਿਕ ਮਤ ਦੇ ਈਸਾਈਆਂ ਵਿਚ ਜਪਮਾਲਾ ਦਾ ਵਿਸ਼ੇਸ਼ ਪ੍ਰਚਾਰ ਹੈ।

ਜੈਨੀਆਂ ਦੀ ਮਾਲਾ ੧੧੧ ਮਣਕਿਆਂ ਦੀ ਹੁੰਦੀ ਹੈ।

ਸਿੱਖ ਧਰਮ ਵਿਚ ਗਿਣਤੀ ਦੀ ਕੋਈ ਲੋੜ ਨਹੀਂ, ਹਿਰਦੇ ਵਿਚ ਜਪੇ।

ਯਥਾ- ਹਰਿ ਮਾਲਾ ਉਰ ਅੰਤਰਿ ਧਾਰੈ॥ ਜਨਮ ਮਰਣ ਕਾ ਦੂਖੁ ਨਿਵਾਰੈ॥੨॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥ ਸੋ ਜਨੁ ਇਤ ਉਤ ਕਤਹਿ ਨ ਡੋਲੈ॥੩॥ (ਪੰਨਾ ੩੮੮)

ਤਥਾ- ਹਿਰਦੈ ਜਪਨੀ ਜਪਉ ਗੁਣਤਾਸਾ॥ (ਪੰਨਾ ੮੪੧)

ਤਥਾ- ਜਪਿ ਜਨੁ ਸਦਾ ਸਦਾ ਦਿਨੁ ਰੈਨੀ॥
ਸਭ ਤੇ ਊਚ ਨਿਰਮਲ ਇਹ ਕਰਨੀ॥ (ਪੰਨਾ ੨੮੩)

ਹਜ਼ਰਤ ਮੁਹੰਮਦ ਸਾਹਿਬ ਨੇ ਤਸਬੀ ਕਦੇ ਨਹੀਂ ਵਰਤੀ, ਮੁਸਲਮਾਨਾਂ ਵਿਚ ਇਸ ਦਾ ਪ੍ਰਚਾਰ ਬੋਧ ਮੱਤ ਦੇ ਫਕੀਰਾਂ ਤੋਂ ਚੱਲਿਆ ਹੈ। ਵਹਾਬੀ ਮੁਸਲਮਾਨ ਹੁਣ ਭੀ ਤਸਬੀ ਨਹੀਂ ਰੱਖਦੇ, ਉਹ ਉਂਗਲੀਆਂ ਉਪਰ ਖੁਦਾ ਦੇ ਨਾਮ ਗਿਣ ਲੈਂਦੇ ਹਨ।

ਪਹਿਲੀ ਸਾਖੀ— ਦਸ ਜੁਲਾਹਿਆਂ ਦੀ

ਇਕ ਪਿੰਡ ਵਿਚ ਦਸ ਜੁਲਾਹੇ ਰਹਿੰਦੇ ਸਨ, ਉਹਨਾਂ ਨੂੰ ਉੱਜ ਵੀ ਕੁਝ ਕੰਮ-ਕਾਰ ਦਾ ਘਾਟਾ ਹੀ ਰਹਿੰਦਾ ਸੀ, ਪਰ ਬਾਰਸ਼ ਦੇ ਦਿਨਾਂ ਵਿਚ ਤਾਂ ਖੱਡੀਆਂ ਪਾਣੀ ਨਾਲ ਭਰ ਜਾਣ ਕਾਰਨ ਉੱਕੇ ਹੀ ਭੁੱਖੇ ਮਰਨ ਲੱਗ ਪਏ। ਸਾਰਿਆਂ ਨੇ ਸਲਾਹ ਕਰ ਕੇ ਕੰਮ-ਕਾਰ ਦੀ ਭਾਲ ਵਿਚ ਬਾਹਰ ਜਾਣ ਦੀ ਤਿਆਰੀ ਕਰ ਲਈ। ਅੱਗੇ ਇਕ ਰੇਤੇ ਦੀ ਨਦੀ ਮਾਰੂ ਅਸਥਲ ਦੇ ਕਾਰਨ ਪਾਣੀ ਵਾਂਗ ਚਮਕਣ ਲੱਗੀ ਦੂਰੋਂ ਹੀ ਦੇਖ ਕੇ ਇਹਨਾਂ ਆਪਸ ਵਿਚ ਵਿਚਾਰ ਕਰ ਕੇ ਆਪੋ ਆਪਣੇ ਕੱਪੜੇ ਲਾਹ ਲਏ ਅਤੇ ਡੁੱਬ ਜਾਣ ਦਾ ਭੈ ਕਰ ਕੇ ਇਕ ਦੂਜੇ ਦਾ ਹੱਥ ਫੜ ਕੇ ਪਾਰ ਹੋਣ ਲੱਗੇ। ਪਰ ਫੇਰ ਵੀ ਦੂਜੇ ਪਾਸੇ ਜਾ ਕੇ ਇਨ੍ਹਾਂ ਵਿਚਾਰ ਕੀਤੀ ਕਿ ਆਪਾਂ ਆਪਣੇ ਬੰਦੇ ਤਾਂ ਗਿਣ ਲਈਏ, ਮਤਾਂ ਕੋਈ ਏਸ ਵਿਚ ਡੁੱਬ ਤਾਂ ਨਹੀਂ ਗਿਆ?

ਜਦੋਂ ਸਾਰੇ ਹੀ ਵਾਰੋ ਵਾਰੀ ਗਿਣਨ ਲੱਗੇ ਪਰ ਆਪਣੇ ਆਪ ਨੂੰ ਕੋਈ ਨਾ ਗਿਣੇ ਇਸ ਕਰ ਕੇ ਗਿਣਤੀ ਵਿਚ ਨੌਂ ਹੀ ਨਿਕਲਨ ਇਹ ਨਿਸਚਾ ਕਰਕੇ ਕਿ ਸਾਡਾ ਇਕ ਸਾਥੀ ਇਸ ਨਦੀ ਵਿਚ ਡੁੱਬ ਗਿਆ ਹੈ ਸਾਰੇ ਹੀ ਰੋਣ ਪਿੱਟਣ ਲੱਗ ਪਏ। ਪਾਸ ਹੀ ਇਕ ਜ਼ਿਮੀਂਦਾਰ ਖੇਤ ਵਿਚ ਹਲ ਚਲਾਉਂਦਾ ਸੀ, ਇਹਨਾਂ ਦੇ ਰੋਣ ਦੀ ਅਵਾਜ਼ ਨੂੰ ਸੁਣ ਕੇ ਉਸ ਨੇ ਕੋਲ ਆ ਕੇ ਰੋਣ ਦਾ ਕਾਰਨ ਪੁਛਿਆ ਤਾਂ ਇਹਨਾਂ ਨੇ ਆਪਣੇ ਇਕ ਸਾਥੀ ਦੇ ਡੁੱਬ ਜਾਣ ਦਾ ਕਾਰਨ ਦੱਸਿਆ। ਜੱਟ ਨੇ ਕਿਹਾ- ''ਜੇ ਕੋਈ ਤੁਹਾਡੇ ਦਸ ਆਦਮੀ ਪੂਰੇ ਕਰ ਦੇਵੇ ਤਾਂ ਇਸ ਦੇ ਬਦਲੇ ਵਿਚ ਤੁਸੀਂ ਉਸ ਨੂੰ ਕੀ ਦੇਵੋਗੇ?'' ਉਹ ਕਹਿਣ ਲੱਗੇ- ਅਸੀਂ ਸਾਰੇ ਉਸ ਦਾ ਇਕ ਮਹੀਨਾ ਬਿਨਾਂ ਮਜ਼ਦੂਰੀ ਦੇ ਕੰਮ ਕਰਾਂਗੇ ਤਾਂ ਉਸ ਜ਼ਿਮੀਂਦਾਰ ਨੇ ਉਹਨਾਂ ਦਸਾਂ ਨੂੰ ਇਕ ਪਾਲ ਵਿਚ ਬਿਠਾ ਕੇ ਉਹੋ ਹੀ ਬਲਦ ਹੱਕਣ ਵਾਲਾ ਛਾਂਟਾ ਹੱਥ ਵਿਚ ਲੈ ਕੇ ਪਹਿਲੇ ਦੀ ਪਿੱਠ ਵਿਚ ਮਾਰ ਕੇ ਕਿਹਾ- ਇਕ।''ਫੇਰ ਦੂਜੇ ਦੇ ਮਾਰ ਕੇ ਕਿਹਾ- ਦੋ।' ਇਸੇ ਤਰ੍ਹਾਂ ਦਸਵੇਂ ਦੇ ਮਾਰ ਕੇ ਕਿਹਾ- ਦਸ।' ਉਹ ਬੜੇ ਖੁਸ਼ ਹੋਏ ਕਿ ਸਾਡੇ ਸਾਰੇ ਬੰਦੇ ਪੂਰੇ ਹੋ ਗਏ ਹਨ ਸੋ ਉਹ ਆਪਣੇ ਕੀਤੇ ਇਕਰਾਰ ਅਨੁਸਾਰ ਜ਼ਿਮੀਂਦਾਰ ਦੇ ਨਾਲ ਚੱਲ ਪਏ।

ਜ਼ਿਮੀਦਾਰ ਨੇ ਘਰ ਲਿਜਾ ਕੇ ਉਹਨਾਂ ਦਸਾਂ ਨੂੰ ਰੰਬੇ ਦੇ ਕੇ ਕਪਾਹ ਦੀ ਗੋਡੀ ਕਰਨ ਵਾਸਤੇ ਬਾਹਰ ਖੇਤ ਵਿਚ ਭੇਜ ਦਿੱਤਾ। ਕਪਾਹ ਦੇ ਪੱਤੇ ਦੇਖ ਕੇ ਜੁਲਾਹੇ ਬੜੇ ਹੈਰਾਨ ਹੋਏ, ਉਸ ਜਗ੍ਹਾ ਡੀਲਾ, ਖੱਬਲ ਤੇ ਕਾਹੀ ਆਦਿਕ ਘਾਹ ਹੀ ਖੜਾ ਸੀ। ਉਹਨਾਂ ਨੇ ਕਿਹਾ- ਡੀਲਾ ਸਾਡਾ ਕਬੀਲਾ, ਕਾਹੀ ਸਾਡੀ ਜੁਲਾਹੀ, ਖੱਬਲ ਸਾਡਾ ਟੱਬਰ, ਪਰ ।ਏਹ ਪੱਤਿਆਂ ਵਾਲੀ ਕਿਉਂ ਆਈ? ਭਾਵ ਪੱਤਿਆਂ ਵਾਲੀ ਕਪਾਹ ਕਿਉਂ ਆਈ ਹੈ।

ਇਹ ਆਖ ਕੇ ਘਾਹ ਦੀ ਬਜਾਏ ਸਾਰੀ ਕਪਾਹ ਪੁੱਟ ਸੁੱਟੀ। ਜਦੋਂ ਜ਼ਿਮੀਂਦਾਰ ਉਨ੍ਹਾਂ ਪਾਸ ਪੁੱਜਾ ਤਾਂ ਇਹ ਤੱਕ ਕੇ ਬੜਾ ਹੈਰਾਨ ਹੋ, ਗੁੱਸੇ ਨਾਲ ਪੁੱਛਣ ਲੱਗਾ, ਉਏ ਪਾਵਲੀਓ! ਇਹ ਕੀ ਕੀਤਾ ਜੇ? ਤਾਂ ਉਹਨਾਂ ਏਹੋ ਹੀ ਉਤਰ ਦਿੱਤਾ :-ਕਾਹੀ ਸਾਡੀ ਜੁਲਾਹੀ, ਖੱਬਲ ਸਾਡਾ ਟੱਬਰ, ਡੀਲਾ ਸਾਡਾ ਕਬੀਲਾ, ਪਰ ਇਹ ਪੱਤਿਆਂ ਵਾਲੀ ਕਿਉਂ ਆਈ? ਜ਼ਿਮੀਂਦਾਰ ਸਬਰ ਤੇ ਗੁੱਸੇ ਦਾ ਘੁੱਟ ਭਰ ਕੇ ਚੁੱਪ ਕਰ ਰਿਹਾ। ਫੇਰ ਦੂਜੇ ਦਿਨ ਉਸ ਨੇ ਇਹਨਾਂ ਨੂੰ ਬਾਲਣ ਲਿਆਉਣ ਵਾਸਤੇ ਇਕ ਗੱਡਾ ਦਿੱਤਾ। ਸਾਰੇ ਗੱਡੇ ਵਿਚ ਬੈਠ ਕੇ ਚੱਲ ਪਏ। ਰਾਹ ਵਿਚ ਗੱਡਾ ਰੀਂ ਰੀਂ ਕਰਨ ਲੱਗਿਆ ਤੇ ਧੁੱਪ ਨਾਲ ਕਿੱਲ, ਪਤੀਆਂ ਤੱਤੇ ਹੋ ਗਏ। ਉਹਨਾਂ ਵਿਚਾਰ ਕੀਤੀ ਕਿ ਗੱਡੇ ਨੂੰ ਬੁਖਾਰ ਹੋ ਗਿਆ ਹੈ, ਇਸ ਕਰ ਕੇ ਵਿਚਾਰਾ ਰੋਂਦਾ ਹੈ।

ਥੋੜੀ ਦੂਰ ਜਾ ਕੇ ਰੀਂ ਰੀਂ ਦੀ ਅਵਾਜ਼ ਬੰਦ ਹੋ ਗਈ ਤਾਂ ਉਹਨਾਂ ਜਾਤਾ ਹੁਣ ਗੱਡਾ ਮਰ ਗਿਆ ਹੈ। ਇਹ ਵਿਚਾਰ ਕੇ ਉਹਨਾਂ ਨੇ ਬਾਲਣ ਇੱਕਠਾ ਕਰ ਕੇ ਉਸ ਗੱਡੇ ਦੇ ਉਪਰ ਪਾ ਕੇ ਉਸ ਨੂੰ ਅੱਗ ਲਾ ਦਿੱਤੀ, ਜਦ ਉਹ ਸੜ ਕੇ ਸੁਆਹ ਹੋ ਗਿਆ ਤਾਂ ਕੁਝ ਚਿਰ ਤੋਂ ਪਿਛੋਂ ਉਸ ਦੇ ਕਿੱਲ ਪੱਤੀਆਂ ਕੱਪੜੇ ਵਿਚ ਬੰਨ੍ਹ ਕੇ

ਜੱਟ ਦੇ ਘਰ ਨੂੰ ਰੋਂਦੇ ਤੁਰ ਪਏ।

ਅੱਗੇ ਜ਼ਿਮੀਂਦਾਰ ਬੂਹੇ ਵਿਚ ਖੜਾ ਬਾਲਣ ਦੀ ਉਡੀਕ ਕਰ ਰਿਹਾ ਸੀ, ਰੋਂਦੇ ਆਉਂਦਿਆਂ ਨੂੰ ਦੇਖ ਕੇ ਪੁਛਿਆ, ਗੱਡਾ ਕਿਥੇ ਹੈ? ਇਹਨਾਂ ਵਿਚੋਂ ਇਕ ਬੋਲਿਆ- ਚੌਧਰੀ ਜੀ! ਕੀ ਦੱਸੀਏ ਰਸਤੇ ਵਿਚ ਜਾਂਦਿਆਂ ਜਾਂਦਿਆਂ ਗੱਡੇ ਨੂੰ ਬੁਖਾਰ ਹੋ ਗਿਆ ਸੀ, ਵਿਚਾਰ ਥੋੜਾ ਚਿਰ ਰੋਂਦਾ ਰਿਹਾ ਫਿਰ ਉਸ ਦਾ ਦੇਹਾਂਤ ਹੋ ਗਿਆ, ਪਰ ਤੁਸੀਂ ਕੋਈ ਫ਼ਿਕਰ ਨਾ ਕਰਨਾ ਅਸੀਂ ਉਸ ਦਾ ਸਸਕਾਰ ਵੀ ਕਰ ਦਿੱਤਾ ਹੈ ਤੇ ਫੁੱਲ ਵੀ ਚੁਣ ਲਿਆਂਦੇ ਹਨ ਆਪ ਜੀ ਨੇ ਉਹਨਾਂ ਨੂੰ ਗੰਗਾ ਜੀ ਵਿਖੇ ਪੁਚਾਉਣ ਦੀ ਖੇਚਲ ਕਰਨੀ ਤਕਦੀਰ ਅੱਗੇ ਤਦਬੀਰ ਦਾ ਕੋਈ ਜ਼ੋਰ ਨਹੀਂ ਚਲਦਾ। ਪੰਜਾਂ ਦਸਾਂ ਰੁਪਿਆ ਦਾ ਕੋਈ ਖਿਆਲ ਨਾ ਕਰਨਾ। ਇਸ ਸੁਣ ਕੇ ਜੱਟ ਨੂੰ ਬੜਾ ਗੁੱਸਾ ਆਇਆ ਤੇ ਕਹਿਣ ਲੱਗਾ ਮੰਦ ਭਾਗੀਓ! ਇਸੀ ਵੇਲੇ ਹੀ ਮੇਰੇ ਘਰੋਂ ਨਿਕਲ ਜਾਉ। ਮੈਨੂੰ ਏਹੋ ਜਿਹੇ ਨੌਕਰਾਂ ਦੀ ਕੋਈ ਲੋੜ ਨਹੀਂ। ਇਸ ਤਰ੍ਹਾਂ ਦੀਆਂ ਗੱਲਾਂ ਕਰਨ ਕਰ ਕੇ ਜੁਲਾਹਿਆਂ ਨੂੰ ਸਭ ਕੋਈ ਹੱਸਦਾ ਹੈ।

ਦੂਜੀ ਸਾਖੀ—ਜੁਲਾਹੇ ਦੀ ਜੋ ਪਠਾਣ ਪਾਸ ਨੌਕਰ ਸੀ

ਇਕ ਜੁਲਾਹਾ ਕਿਸੇ ਅਮੀਰ ਪਠਾਣ ਦਾ ਨੌਕਰ ਸੀ, ਉਹ ਆਪਣੇ ਮਾਲਕ ਨਾਲ ਗਰਮੀ ਦੀ ਮੌਸਮ ਵਿਚ ਉਸ ਦੇ ਸੌਹਰੇ ਘਰ ਗਿਆ ਅੱਗੇ ਉਹਨਾਂ ਆਪਣੇ ਜਵਾਤਰੇ ਪਠਾਣ ਦਾ ਬੜਾ ਸੁਆਗਤ ਕੀਤਾ। ਰਾਤ ਨੂੰ ਮਕਾਨ ਦੀ ਛੱਤ ਉਪਰ ਪਾਣੀ ਛਿਣਕਾ ਕੇ ਉਪਰ ਨਿਵਾਰੀ ਪਲੰਘ ਵਿਛਾ ਦਿੱਤਾ। ਮੱਛਰ ਦਾਨੀ ਲਾ ਕੇ ਮਲਮਲ ਦੀ ਚਾਦਰ ਪਾਸ ਰੱਖ ਦਿੱਤੀ ਤੇ ਜੁਲਾਹੇ ਵਾਸਤੇ ਮੁੰਞ ਦੀ ਟੁੱਟੀ ਜਿਹੀ ਮੰਜੀ ਪਠਾਣ ਤੋਂ ਕੁਝ ਦੂਰੀ 'ਤੇ ਡਾਹ ਦਿੱਤੀ। ਗਰਮੀ ਹੋਣ ਦੇ ਕਾਰਨ ਪਠਾਣ ਨੇ ਇਸ ਨੂੰ ਪੱਖਾ ਕਰਨ ਵਾਸਤੇ ਪਾਸ ਸੱਦਿਆ। ਇਹ ਦਿਨ ਦਾ ਥਕਿਆ ਤੇ ਗਰਮੀ ਦਾ ਸਤਾਇਆ ਉਪਰੋਂ ਨੀਂਦਰ ਨੇ ਡਾਢਾ ਜ਼ੋਰ ਪਾਇਆ ਪਰ ਨਾਂਹ ਨਾ ਕਰ ਸਕਿਆ, ਮਜਬੂਰਨ ਪੱਖਾ ਲੈ ਕੇ ਪਠਾਣ ਨੂੰ ਝੱਲਣ ਲੱਗਾ। ਠੰਢੀਂ ਹਵਾ ਦੇ ਰੁਮਕੇ ਨਾਲ ਥੱਕੇ ਪਠਾਣ ਨੂੰ ਗਾਹੜੀ ਨੀਂਦਰ ਆ ਗਈ ਏਧਰੋਂ ਵਿਚਾਰਾ ਜੁਲਾਹਾ ਬੜਾ ਸੋਚੀਂ ਪਿਆ ਪੱਖਾ ਕਰੀ ਜਾਂਦਾ ਹੈ, ਕਿ ਦੇਖੋ ਅਲਾ ਤਆਲਾ ਵੀ ਬੜਾ ਡਾਢਾ ਹੈ ਇਸ ਨੂੰ ਕਿਤਨੇ ਸੁਖ ਬਖਸ਼ੇ ਹਨ ਤੇ ਮੈਂ ਕਿਤਨਾ ਗਰੀਬ ਤੇ ਮੁਥਾਜ ਹਾਂ।

ਕਦੇ ਏਹੋ ਜੇਹਾ ਦਿਨ ਮੇਰੇ ਤੇ ਵੀ ਖੁਦਾ ਲਿਆਵੇਗਾ, ਜਦ ਮੈਂ ਵੀ ਆਪਣੇ ਸੌਹਰੇ ਘਰ ਮਕਾਨ ਤੇ ਛਿੜਕੇ ਥਾਂ ਵਿਚ ਮੰਜਾ ਡਾਹ ਕੇ ਸੌਂਵਾਂਗਾ। ਏਹੋ ਜਿਹੀ ਲੰਮੀ ਵਿਚਾਰ ਵਿਚ ਬਾਰਾਂ ਵੱਜ ਗਏ। ਖੁਦਾ ਨੇ ਇਸ ਦੀ ਮਦਦ ਕੀਤੀ, ਹਵਾ ਚਲ ਪਈ। ਇਸ ਨੇ ਵੀ ਸੱਖ ਦਾ ਸਾਹ ਲਿਆ ਤੇ ਆਪਣੀ ਟੁੱਟੀ ਮੰਜੀ ਤੇ ਜਾ ਸੁੱਤਾ।

ਪਠਾਣ ਵਾਂਗੂ ਇਹ ਵੀ ਆਪਣੇ ਸੌਹਰੇ ਘਰ ਜਾ ਕੇ ਏਹੋ ਜੇਹੀ ਖਾਤਰ ਕਰਵਾਣੀ ਚਾਹੁੰਦਾ ਹੈ ਸੋ ਸਮਾਂ ਬੀਤਦਿਆਂ ਦੇਰ ਨਹੀਂ ਲੱਗਦੀ। ਅਗਲੇ ਚੜ੍ਹਦੇ ਸਿਆਲ ਇਸ ਦੀ ਮੰਗਣੀ ਹੋ ਗਈ ਤੇ ਨਾਲ ਹੀ ਨਿਕਾਹ ਪੜ੍ਹਿਆ ਗਿਆ, ਦੂਜੀ ਵਾਰ ਚੜ੍ਹਦੇ ਪੋਹ ਵਹੁਟੀ ਲੈਣ ਵਾਸਤੇ ਜਦ ਇਹ ਸੌਹਰੀਂ ਗਿਆ ਤੇ ਇਸ ਦੇ ਮਨ ਵਿਚ ਪਠਾਣ ਵਾਂਗੂ ਪਾਣੀ ਨਾਲ ਤਰ ਕੀਤੀ ਛੱਤ ਤੇ ਰਾਤ ਨੂੰ ਸੌਣ ਵਾਸਤੇ ਕਾਫੀ ਚਿਰ ਤੋਂ ਹੀ ਤਾਂਘ ਲੱਗੀ ਹੋਈ ਸੀ, ਪਰ ਅੱਜ ਸੌਹਰੇ ਘਰ ਦੇ ਨਿੱਘੇ ਸੁਆਗਤ ਨੇ ਉਸ ਪਠਾਣ ਦੀ ਯਾਦ ਅੱਗੇ ਲੈ ਆਂਦੀ। ਸਰਦੀ ਕਰ ਕੇ ਸੌਹਰਿਆਂ ਨੇ ਰਾਤ ਨੂੰ ਪਿਛਲੀ ਕੋਠੜੀ ਵਿਚ ਇਸ ਦਾ ਮੰਜਾ ਡਾਹ ਕੇ ਉਪਰ ਲੇਫ ਰਖਵਾ ਦਿੱਤਾ, ਪਰ ਇਹ ਦੇਖ ਕੇ ਕਹਿਣ ਲੱਗਾ ਕਿ ਮੈਂ ਤਾਂ ਬਾਹਰ ਛੱਤ ਉਪਰ ਸੌਣਾ ਹੈ।

ਘਰ ਵਾਲੇ ਕਹਿਣ ਲੱਗੇ ਸਰਦੀ ਬੜੀ ਹੈ ਤੁਸੀਂ ਬਾਹਰ ਨਾ ਸੌਵੋਂ ਪਰ ਇਸ ਨੇ ਜ਼ਿਦ ਕੀਤੀ ਤੇ ਕਿਹਾ ਮੈਂ ਬਾਹਰ ਹੀ ਸੌਣਾ ਹੈ ਤੁਸੀਂ ਮੇਰਾ ਮੰਜਾ ਬਾਹਰ ਵਿਛਾ ਦਿਓ ਅਰ ਪਹਿਲਾਂ ਪਾਣੀ ਤਰੋਂਕ ਦੇਣਾ। ਇਸ ਦੀਆਂ ਗੱਲਾਂ ਸੁਣ ਕੇ ਉਹ ਸੋਚਣ ਲੱਗੇ ਅੱਜ ਇਹਨੂੰ ਕੀ ਹੋ ਗਿਆ ਹੈ ਕਿਤੇ ਪਾਗਲਪਨ ਦਾ ਦੌਰਾ ਤਾਂ ਨਹੀਂ ਪੈ

ਗਿਆ ਪਰ ਇਸ ਦੇ ਬਹੁਤ ਕਹਿਣ ਤੇ ਉਹਨਾਂ ਨੇ ਪਾਣੀ ਤਰੋਂਕ ਕੇ ਉਪਰ ਮੰਜਾ ਡਾਹ ਹੀ ਦਿੱਤਾ ਕਿ ਜਦੋਂ ਠੰਢ ਲੱਗੂ ਆਪੇ ਹੇਠਾਂ ਭੁੱਜਾ ਆਊ ਪਰ ਇਹ ਸਰਦੀ ਹੋਣ ਦੇ ਬਾਵਜੂਦ ਵੀ ਚਾਦਰ ਹੀ ਤਾਣ ਕੇ ਸੁੱਤਾ ਰਿਹਾ। ਭਾਵੇਂ ਇਸ ਦਾ ਸਾਲਾ ਵੀ ਭਾਰਾ ਕੱਪੜਾ ਲੈ ਕੇ ਇਸ ਦੇ ਪਾਸ ਹੀ ਸੁੱਤਾ ਸੀ ਪਰ ਉਸ ਨੂੰ ਪੈਂਦਿਆਂ ਹੀ ਨੀਂਦ ਆ ਗਈ ਤੇ ਇਹ ਜੁਲਾਹਾ ਸੌਣ ਦੀ ਬੜੀ ਕੋਸ਼ਿਸ਼ ਕਰਦਾ ਹੈ ਪਰ ਸਰਦੀ ਦੇ ਕਾਰਨ ਨੀਂਦ ਇਸ ਦੇ ਲਾਗੇ ਨਹੀਂ ਢੁੱਕਦੀ। ਅਖੀਰ ਨੂੰ ਠੰਢ ਨੇ ਤੰਗ ਕੀਤਾ ਤੇ ਸਰੀਰ ਸੁੰਨ ਹੋ ਗਿਆ ਪਰ ਉਪਰ ਕਪੜਾ ਨਾ ਲਵੇ ਮੁਕਦੀ ਗੱਲ ਇਹ ਕਿ ਸਵੇਰ ਤਕ ਠੰਢ ਨਾਲ ਬੇਹੋਸ਼ ਹੋ ਕੇ ਸਰੀਰ ਚਾਕੂ ਵਾਂਗੂ ਕੱਠਾ ਹੋ ਗਿਆ ਜਦ ਸਵੇਰੇ ਇਸ ਦੀ ਘਰ ਵਾਲੀ ਉਪਰ ਜਗਾਉਣ ਆਈ ਤਾਂ ਇਹ ਕੱਸੀ ਹੋਈ ਢੋਲਕੀ ਵਾਂਗੂ ਆਕੜਿਆ ਤਕਿਆ ਤੇ ਦੰਦੀਆਂ ਬਾਹਰ ਨਿਕਲੀਆਂ ਦੇਖ ਕੇ ਕਹਿਣ ਲੱਗੀ ਅੱਲਾ ਮਾਰਿਆ ਹੱਸਦਾ ਹੈ ਪਰ ਜਦ ਪਾਸ ਗਈ ਤਾਂ ਦੇਖਿਆ ਕਿ ਅੱਲਾ ਕੋਲ ਹੀ ਪੁੱਜ ਚੁੱਕਾ ਹੈ। ਇਹ ਹੈ ਇਹਨਾਂ ਜੁਲਾਹਿਆਂ ਦੀ ਨਾ-ਸਮਝੀ ਭਰੀ ਦਸ਼ਾ, ਜਿਸ ਕਰ ਕੇ ਕਬੀਰ ਜੀ ਨੇ ਕਿਹਾ ਹੈ ਕਿ ਮੇਰੀ ਜਾਤ ਨੂੰ ਸਭ ਕੋਈ ਹੱਸਣ ਵਾਲਾ ਹੈ।

ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥ ੨ ॥

ਪਰੰਤੂ ਮੈਂ ਇਸ ਜੁਲਾਹਾ ਜਾਤੀ ਤੋਂ ਬਲਿਹਾਰੀ= ਕੁਰਬਾਨ ਜਾਂਦਾ ਹਾਂ, ਜਿਸ ਜੁਲਾਹਾ ਜਾਤੀ ਵਿਚ ਪੈਦਾ ਹੋ ਕੇ ਮੈਂ ਸਿਰਜਨਹਾਰੁ= ਪਰਮੇਸ਼ਰ ਨੂੰ ਜਪਣਾ ਕੀਤਾ ਹੈ।

ਅਥਵਾ- ਮੇਰੀ ਇਸ ਮੋਟੀ ਜਾਤਿ ਬੁੱਧੀ ਨੂੰ ਸਭ ਕੋਈ ਪੰਡਿਤ ਵਗੈਰਾ ਹਸਣ ਵਾਲਾ ਹੈ, ਪਰ ਇਸ ਜਾਤਿ= ਮੋਟੀ ਬੁੱਧੀ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਸ ਬੁੱਧੀ ਕਰ ਕੇ ਮੈਂ ਸਿਰਜਣਹਾਰ ਨੂੰ ਜਪਿਆ ਹੈ॥ ੨ ॥

ਉਥਾਨਕਾ- ਕੋਈ ਮਨੁੱਖ ਪਹਿਲੇ ਤਾਂ ਈਸ਼ਵਰ ਦੀ ਉਪਾਸਨਾ ਕਰਦਾ ਸੀ, ਫਿਰ ਕੁਸੰਗ ਦੇ ਹੋਣ ਤੇ ਟੱਲੀਆਂ ਖੜਕਾਉਂਦਾ ਤੇ ਆਸਤਾ-ਆਸਤਾ ਸ਼ਿਵ ਜੀ ਦੀ ਉਪਾਸਨਾ ਕਰਨ ਲੱਗ ਪਿਆ ਤੇ ਉਸ ਦਾ ਮਨ ਡਾਵਾਂ-ਡੋਲ ਹੁੰਦਾ ਵੇਖ ਕੇ ਉਸ ਨੂੰ ਸਮਝਾਉਂਦੇ ਹਨ-

ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥

ਕਬੀਰ ਜੀ ਕਥਨ ਕਰਦੇ ਹਨ- ਹੇ ਪੁਰਸ਼ਾਂ! ਤੂੰ ਕਿਸ ਵਾਸਤੇ ਆਪਣੇ ਚਿਤ ਨੂੰ ਮਾਇਆ ਵਾਸਤੇ ਡਗਮਗ= ਡਾਵਾਂ-ਡੋਲ ਕਰਦਾ ਹੈਂ ਮਾਇਆ ਤਾਂ ਬ੍ਰਿਛ ਦੀ ਛਾਂ ਵਾਗੂੰ ਚਲਾਏਮਾਨ (ਬਦਲ ਜਾਣ ਵਾਲੀ) ਹੈ ਤੂੰ ਕਿਸ ਵਾਸਤੇ ਆਪਣੇ ਜੀਅ ਨੂੰ ਡੁਲਾਉਂਦਾ ਹੈਂ ਜੋ ਕਦੇ ਈਸ਼ਵਰ ਦੀ ਉਪਾਸਨਾ ਕਰਦਾ ਹੈਂ ਤੇ ਕਦੀ ਸ਼ਿਵ ਜੀ ਦੀ ਉਪਾਸਨਾ ਕਰਦਾ ਹੈ।

ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ ॥ ੩ ॥

ਤੈਨੂੰ ਚਾਹੀਦਾ ਹੈ, ਸਾਰਿਆਂ ਸੁਖਾਂ ਦਾ ਨਾਇਕੋ= ਸੁਆਮੀ ਜੋ ਰਾਮ ਹੈ ਤਿਸ ਦੇ ਨਾਮ ਅੰਮ੍ਰਿਤ ਨੂੰ ਰਸੁ= ਪ੍ਰੇਮ ਸਹਿਤ ਪੀਣਾ ਕਰ॥੩ ॥*

ਯਥਾ- ਬਿਖੈ ਬਨੁ ਛੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥

(ਬਿਲਾਵਲੁ ਮਹਲਾ ੫, ਪੰਨਾ ੮੦੨)

**ਤਥਾ- ਦਰਬ ਸੋਈ ਜਾਂ ਸੋ ਦਾਨ ਕਰੇ ਨਿਤ, ਰੂਪ ਸੋਈ ਜੁ ਗੁਮਾਨ ਨਿਵਾਰੇ।*
ਤਾਣ ਸੋਈ ਜੋ ਦੁਖਾਵੇ ਨ ਕਾਹੂੰ ਕੋ, ਜਾਂ ਸੋ ਅਧੀਨ ਕਾ ਕਾਜ ਸਵਾਰੇ।
ਬੁਧਿ ਸੋਈ ਜੋ ਨ ਰਾਖੇ ਲੁਕਾਇ ਕੇ, ਭੀਰ ਮੈ ਧੀਰ ਧਰੇ, ਨਹੀ ਹਾਰੇ।
ਆਵਤ ਜਾਵਤ ਹੋਇ ਸੁਖੀ ਨਰ, ਆਠੋ ਹੀ ਜਾਮ ਮੈ ਰਾਮ ਚਿਤਾਰੇ।

ਉਥਾਨਕਾ- ਕੋਈ ਹੰਕਾਰੀ ਪੁਰਸ਼ ਕੰਨਾਂ ਵਿਚ ਸੋਨੇ ਦੇ ਕੁੰਡਲ (ਵਾਲੇ) ਪਾ ਕੇ ਕਬੀਰ ਜੀ ਦੇ ਪਾਸ ਆਇਆ, ਉਸ ਨੂੰ ਬਹੁਤ ਹੰਕਾਰ ਸਹਿਤ ਵੇਖ ਕੇ ਉਪਦੇਸ਼ ਦਿੰਦੇ ਹਨ:-

ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥

ਕਬੀਰ ਜੀ ਆਖਦੇ ਹਨ- ਜਦਪਿ ਕੰਚਨ= ਸੋਨੇ ਕੇ ਕੁੰਡਲ= ਵਾਲੇ ਵੀ ਕੰਨਾਂ ਵਿਚ ਬਣੇ ਹੋਏ ਭਾਵ ਪਾਏ ਹੋਏ ਹਨ, ਜਿਨ੍ਹਾਂ ਵਾਲਿਆਂ ਦੇ ਉਪਰ ਬੜੇ ਸੁੰਦਰ ਲਾਲ ਜੜਾਉ-ਜੜਤਕਾਰੀ ਕੀਤੇ ਹੋਏ ਹਨ।

ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥ ੪ ॥

ਪਰ ਜਿਨ੍ਹਾਂ ਪੁਰਸ਼ਾਂ ਦੇ ਮਨ ਵਿਚ ਭਗਵੰਤ ਦਾ ਨਾਮ ਨਹੀਂ ਹੈ, ਉਹ ਪੁਰਸ਼ ਦਾਧੇ= ਸੜੇ ਹੋਏ ਕਾਨ= ਕਾਨੇ ਵਾਂਗੂੰ ਦੀਸਹਿ= ਨਿਗ੍ਹਾ ਆਉਂਦੇ ਹਨ ਜਿਸ ਤਰ੍ਹਾਂ ਕਾਨਾਂ ਅੰਦਰੋਂ ਸੜਿਆ ਹੋਇਆ ਸੁਆਹ ਰੂਪ ਹੁੰਦਾ ਹੈ ਤੇ ਉਪਰੋਂ ਬੜਾ ਲਿਸ਼ਕਦਾ ਹੈ ਐਸੇ ਹੀ ਉਹ ਪੁਰਸ਼ ਅੰਦਰੋਂ ਤ੍ਰਿਸ਼ਨਾ ਅਤੇ ਵਿਸ਼ੇ ਵਿਕਾਰਾਂ ਦੀ ਅੱਗ ਕਰ ਕੇ ਸੜੇ ਹੋਏ ਸੁਆਹ ਰੂਪ ਹਨ ਤੇ ਬਾਹਰੋਂ ਸੁੰਦਰ ਬਸਤ੍ਰ ਭੂਸ਼ਨ ਪਾ ਕੇ ਲਿਸ਼ਕਦੇ ਹਨ। ਦੂਜਾ ਭਾਵ ਇਹ ਭੀ ਕਾਨੇ ਦਾ ਹੈ ਕਿ ਜਿਸ ਤਰ੍ਹਾਂ ਕਾਨਾਂ ਅੰਦਰੋਂ ਕਠੋਰ ਰਹਿੰਦਾ ਹੈ ਤੇ ਬਾਹਰੋਂ ਚਮਕਦਾ ਹੈ, ਇਸੇ ਤਰ੍ਹਾਂ ਸਾਕਤ ਪੁਰਸ਼ ਬਾਹਰੋਂ ਤਾਂ ਸੁੰਦਰ ਪ੍ਰਤੀਤ ਹੁੰਦੇ ਹਨ ਪਰ ਅੰਦਰੋਂ ਦਿਲ ਦੇ ਬੜੇ ਕਠੋਰ ਹੁੰਦੇ ਹਨ।

ਅਥਵਾ- ਉਹ ਮਨਮੁਖ ਪੁਰਸ਼ ਸੜੇ ਹੋਏ ਕਾਨ= ਜੰਗਲ ਦੀ ਨਜਾਈਂ ਹਨ ॥੪ ॥

ਕਬੀਰ ਐਸਾ ਏਕੁ ਆਧੁ ਜੋ ਜੀਵਤ ਮ੍ਰਿਤਕੁ ਹੋਇ ॥

ਕਬੀਰ ਜੀ ਆਖਦੇ ਹਨ- ਐਸਾ ਗੁਰਮੁਖ ਜਨ ਕੋਈ ਇਕ ਅੱਧਾ ਹੀ ਹੈ ਭਾਵ ਦੁਰਲਭ ਹੈ, ਜੋ ਜੀਵਤ ਭਾਵ ਤੋਂ ਮ੍ਰਿਤਕ ਹੁੰਦਾ ਹੈ। ਪਾਠਾਂਤ੍ਰ:- 'ਮਿਰਤਕੁ' ਪਾਠ ਭੀ ਹੈ।

ਯਥਾ- ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥

(ਗੂਜਰੀ ਵਾਰ, ਪੰਨਾ ੫੧੭)

ਤਥਾ- ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥

(ਗਉੜੀ ਮਹਲਾ ੯, ਪੰਨਾ ੨੧੯)

ਤਥਾ- ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨ ॥

(ਵਾਰਾਂ ਤੇ ਵਧੀਕ, ਪੰਨਾ ੧੪੧੧)

ਅਥਵਾ- ਇਕ ਗਿਆਨਵਾਨ ਤੇ ਅੱਧਾ ਜਗਿਆਸੂ ਹੈ ਜੋ ਜੀਵਤ ਭਾਵ ਤੋਂ ਮਰਦਾ ਹੈ।

ਨਿਰਭੈ ਹੋਇ ਕੈ ਗੁਨ ਰਵੈ ਜਤ ਪੇਖਉ ਤਤ ਸੋਇ ॥ ੫ ॥

ਜੋ ਪੁਰਸ਼ ਨਿਰਖੌਫ ਹੋ ਕੇ ਵਾਹਿਗੁਰੂ ਦੇ ਗੁਣਾਂ ਨੂੰ ਰਵੈ= ਉਚਾਰਦਾ ਹੈ, ਉਹ ਪੁਰਸ਼ ਫਿਰ ਜਤ= ਜਿਧਰ ਦ੍ਰਿਸ਼ਟੀ ਕਰ ਕੇ ਦੇਖਦਾ ਹੈ ਤਤ= ਓਸੇ ਤਰਫ ਉਸ ਵਾਹਿਗੁਰੂ ਨੂੰ ਹੀ ਨਿਸਚੇ ਕਰਦਾ ਹੈ।

ਇਸੇ ਸਲੋਕ ਦਾ ਦੂਜਾ ਭਾਵ- ਜੋ ਇਕ ਗਿਆਨਵਾਨ ਹੈ ਉਹ ਤਾਂ ਜਤ ਪੇਖਉ ਤਤ ਸੋਇ= ਜਿਧਰ ਵੇਖਦਾ ਹੈ ਉਧਰ ਉਸ ਪ੍ਰਮਾਤਮਾ ਨੂੰ ਵੇਖਦਾ ਹੈ ਅਤੇ ਜੋ ਅੱਧਾ ਜਗਿਆਸੂ ਹੈ ਉਹ ਨਿਰਭੈ ਹੋਇ ਕੈ ਗੁਨ ਗਵੈ= ਨਿਡਰ ਹੋ ਕੇ ਅਕਾਲ ਪੁਰਖ ਦੇ ਗੁਣਾਂ ਨੂੰ ਰਵੈ= ਉਚਾਰਦਾ ਹੈ ॥੫ ॥

ਪ੍ਰਸ਼ਨ- ਆਪ ਨੂੰ ਅਨੰਦ ਕਿਸ ਤਰ੍ਹਾਂ ਪ੍ਰਾਪਤ ਹੋਇਆ ਹੈ? *ਉੱਤਰ-*

ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥

ਕਬੀਰ ਜੀ ਆਖਦੇ ਹਨ-ਜਾ ਦਿਨੁ= ਜਿਸ ਦਿਨ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਦੇ ਹੋਣ ਕਰ ਕੇ ਮੇਰੇ ਚਿਤ ਵਿਚੋਂ ਹਉ ਮੂਆ= ਹੰਕਾਰ ਮਰ ਗਿਆ, ਤਾਂ ਹੰਕਾਰ ਦੇ ਨਵਿਰਤ ਹੋਏ ਤੋਂ ਪਿਛੋਂ ਮੈਨੂੰ ਬਹੁਤ ਹੀ ਅਨੰਦ ਆ ਕੇ ਪ੍ਰਾਪਤ ਹੋਇਆ।

ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦੁ ॥ ੬ ॥

ਮੋਹਿ= ਮੈਨੂੰ ਆਪਣਾ ਪ੍ਰਭੂ-ਪ੍ਰਮਾਤਮਾ ਮਿਲਿਆ ਹੈ ਭਾਵ ਉਸ ਦੇ ਸਾਖਿਆਤ ਦਰਸ਼ਨ ਹੋਏ ਹਨ ਅਤੇ ਨਾਲ ਦੇ ਰਹਿਣ ਵਾਲੇ ਜੋ ਪ੍ਰਤੱਖ ਸਾਥੀ ਹਨ ਉਹ ਵੀ ਗੋਬਿੰਦ ਨੂੰ ਭਜਦੇ ਹਨ। *ਅਥਵਾ*-ਨਾਲ ਦੇ ਸੰਗੀ ਜੋ ਇੰਦ੍ਰੀਏ ਹਨ ਉਹ ਜੀਵਨ ਮੁਕਤੀ ਦੇ ਅਨੰਦ ਲੈਣ ਵਾਸਤੇ ਵਾਹਿਗੁਰੂ ਨੂੰ ਭਜਦੇ ਹਨ।

ਦੂਜਾ ਅਰਥ-

ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥

ਕਬੀਰ ਜੀ ਆਖਦੇ ਹਨ-ਜਿਸ ਦਿਨ ਪ੍ਰਾਣਾਂ ਦੇ ਅੰਤ ਹੋਣ ਪਰ ਮੈਂ ਮਰ ਗਿਆ, ਤਾਂ ਪਿਛੋਂ ਵਿਦੇਹ ਮੁਕਤੀ ਕਾਲ ਵਿਚ ਬਹੁਤ ਹੀ ਅਨੰਦ ਪ੍ਰਾਪਤ ਹੋਣਾ ਹੈ।

ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦੁ ॥ ੬ ॥

ਕਿਉਂਕਿ ਪ੍ਰਾਣਾਂ ਦੇ ਅੰਤ ਹੋਣ ਤੇ ਮੋਹਿ= ਮੈਂ ਆਪਣੇ ਪ੍ਰਭੂ ਨੂੰ ਮਿਲਾਂਗਾ ਅਤੇ ਜੋ ਮੇਰੇ ਹਮੇਸ਼ਾਂ ਦੇ ਸੰਗੀ ਗੋਬਿੰਦ ਨੂੰ ਭਜਦੇ ਹਨ ਉਹ ਵੀ ਬ੍ਰਹਮ ਦੇ ਨਾਲ ਹੀ ਮਿਲ ਜਾਣਗੇ॥ ੬ ॥

(ਏਹ ਅਰਥ ਕਬੀਰ ਨੇ ਆਪਣੀ ਅੰਤ ਦਸ਼ਾ ਦਾ ਪਹਿਲੇ ਹੀ ਆਖ ਦਿੱਤਾ ਹੈ, ਤਾਂ ਤੇ ਸੰਕਾ ਕੋਈ ਨਾ ਕਰੇ)

ਪ੍ਰਸ਼ਨ- ਸੰਸਾਰ ਵਿਚ ਕਿਸ ਤਰ੍ਹਾਂ ਰਹਿਣਾ ਚਾਹੀਦਾ ਹੈ? *ਉੱਤਰ-*

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥

ਕਬੀਰ ਜੀ ਆਖਦੇ ਹਨ- ਐਸੇ ਨਿਸਚੇ ਕਰੇ, ਕਿ ਸਾਰਿਆਂ ਪੁਰਸ਼ਾਂ ਤੋਂ ਅਸੀਂ ਬੁਰੇ ਹਾਂ ਮੈਨੂੰ ਛੱਡ ਕੇ ਹੋਰ ਸਭ ਕੋਈ ਭਲਾ ਹੈ।

ਯਥਾ- ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪ ॥੭ ॥

(ਮਾਰੂ ਮਹਲਾ ੧, ਪੰਨਾ ੯੯੧)

ਤਥਾ- ਹਮ ਨਹੀ ਚੰਗੇ ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕ ਤਾਰੇ ਸੋਇ ॥ ੪ ॥ ੧ ॥ *(ਪੰਨਾ ੭੨੮)*

ਅਥਵਾ- ਕਬੀਰ ਜੀ ਕਥਨ ਕਰਦੇ ਹਨ-ਸਾਰਿਆਂ ਨਾਲੋਂ ਹਮ ਹੰਗਤਾ ਮਮਤਾ ਵਾਲੇ ਪੁਰਸ਼ ਬੁਰੇ ਹਨ, ਹਮ= ਹੰਗਤਾ ਮਮਤਾ ਵਾਲਿਆਂ ਨੂੰ ਛੱਡ ਕੇ ਹੋਰ ਸਭ ਕੋਈ ਭਲਾ ਹੈ। ਵਾ:-ਜਿਨ੍ਹਾਂ ਨੇ ਹੰਗਤਾ ਮਮਤਾ ਨੂੰ ਤਿਆਗਿਆ ਹੈ, ਉਹ ਸਭ ਕੋਈ ਭਲਾ ਹੈ।

ਜਿਨਿ ਐਸਾ ਕਰਿ ਬੁਝਿਆ ਮੀਤੁ ਹਮਾਰਾ ਸੋਇ ॥ ੭ ॥

ਕਬੀਰ ਜੀ ਆਖਦੇ ਹਨ- ਜਿਨ੍ਹਾਂ ਨੇ ਐਸਾ ਵਿਚਾਰ ਆਪਣੇ ਚਿਤ ਵਿਚ ਬੁਝਿਆ ਹੈ, ਉਹ ਪੁਰਸ਼ ਸਾਡਾ ਅਸਲੀ ਮਿੱਤਰ ਹੈ॥ ੭ ॥

ਪ੍ਰਸ਼ਨ-: ਆਪ ਜੀ ਦਾ ਮਾਇਆ ਤੋਂ ਬਚਾਅ ਕਿਸ ਤਰ੍ਹਾਂ ਹੋਇਆ ਹੈ? ਉੱਤਰ-

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥

ਕਬੀਰ ਜੀ ਆਖਦੇ ਹਨ- ਇਕ ਸਮੇਂ ਮਾਇਆ ਮੁਝਹਿ ਪਹਿ= ਮੇਰੇ ਪਾਸ ਚੱਲ ਕੇ ਆਈ, ਪਰ ਆਪਣੇ ਸਰੀਰ ਉਪਰ ਅਨੇਕ ਤਰ੍ਹਾਂ ਦੇ (ਭੇਸ) ਲਿਬਾਸ ਧਾਰਨ ਕਰ ਕੇ ਆਈ। ਜਦ ਸ਼ਾਹਣੀ ਦਾ ਰੂਪ ਧਾਰ ਕੇ ਤਾਣੀ ਉਣਾਣ ਵਾਸਤੇ ਆਈ ਤਾਂ ਆ ਕੇ ਕਿਹਾ ਅਰੇ ਜੁਲਾਹੇ! ਮੈਨੂੰ ਇਕ ਤਾਣੀ ਛੇਤੀ ਛੇਤੀ ਬੁਣ ਦੇ। ਜੋ ਲੋਕਾਂ ਪਾਸੋਂ ਲੈਂਦਾ ਹੈਂ ਮੇਰੇ ਪਾਸੋਂ ਉਸ ਨਾਲੋਂ ਦੂਣੀ ਮਜ਼ੂਰੀ ਲੈ ਲੈ ਪਰ ਮੇਰਾ ਕੰਮ ਛੇਤੀ ਛੇਤੀ ਕਰ ਦੇ। ਇਹ ਗੱਲ ਸੁਣ ਕੇ ਜਦ ਮੈਂ ਇਨਕਾਰ ਕੀਤਾ ਤਾਂ ਉਸ ਨੇ ਸਾਰੀਆਂ ਤਾਣੀ ਵਾਲੀਆਂ ਨਲੀਆਂ ਸੋਨੇ ਦੀਆਂ ਕਰ ਦਿੱਤੀਆਂ ਜਿਸ ਤੋਂ ਪਤਾ ਲੱਗਾ ਕਿ ਇਹ ਮਾਇਆ ਹੈ, ਤਾਂ ਕਮਾਲੇ ਦੇ ਪਾਸੋਂ ਛੁਰਾ ਮੰਗਵਾ ਕੇ ਉਸ ਮਾਇਆ ਦਾ ਨੱਕ ਕੰਨ ਵੱਢ ਦਿੱਤਾ।

ਯਥਾ- ਨਾਕਹੁ ਕਾਟੀ ਕਾਨਹੁ ਕਾਟੀ... ॥ (ਪੰਨਾ ੪੭੬)

ਤਾਂ ਉਹ ਮਾਇਆ ਮੈਨੂੰ ਆਦੇਸ਼ ਕਰ ਕੇ ਚਲੀ ਗਈ।

ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥ ੮ ॥

ਉਸ ਵੇਲੇ ਮੈਨੂੰ ਆਪਣੇ ਗੁਰੂ (ਰਾਮਾਨੰਦ ਜੀ) ਨੇ ਕਿਰਪਾ ਕਰ ਕੇ ਮਾਇਆ ਦੇ ਛਲ ਤੋਂ ਰੱਖ ਲਿਆ, ਤੇ ਉਸ ਮਾਇਆ ਨੇ ਮੈਨੂੰ ਆਦੇਸੁ= ਨਮਸਕਾਰ ਕਰ ਦਿੱਤੀ ਤੇ ਚਲੀ ਗਈ।

ਯਥਾ- ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਿਤੁ ਦਿਖਾਇਆ ॥
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥੪॥

(ਧਨਾਸਰੀ ਮਹਲਾ ੫, ਪੰਨਾ ੬੭੩)

ਅਥਵਾ- ***ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥***

ਅੰਨਵੇ-ਕਬੀਰ ਜੀ ਆਖਦੇ ਹਨ- ਜਿਸ ਵੇਲੇ ਉਹਨਾਂ ਗੁਰੂ ਦੇ ਚਰਨਾਂ ਤੇ ਜਾ ਕੇ ਮੈਂ ਆਦੇਸੁ= ਨਮਸਕਾਰ ਕੀਤੀ ਭਾਵ ਗੁਰੂ ਦੇ ਚਰਨਾਂ ਦੀ ਸ਼ਰਨ ਲਈ ਤਾਂ ਉਸ ਮਾਇਆ ਦੀ ਤਰਫੋਂ ਮੈਨੂੰ ਆਪਣੇ ਗੁਰੂ ਨੇ ਰੱਖ ਲਿਆ।

ਯਥਾ-ਕਾਰਤਕ ਜੈਸੇ ਦੀਪਮਾਲਕਾ ਰਜਨੀ ਸਮੈ,
ਦੀਪ ਜੋਤਿ ਕੋ ਉਦੋਤ ਹੋਤ ਹੀ ਬਿਲਾਤਿ ਹੈ।
ਬਰਖਾ ਸਮੈ ਜੈਸੇ ਤਉ ਬੁਦਬੁਦਾ ਕੋ ਪ੍ਰਗਾਸ,
ਤਾਸ ਨਾਮ ਪਲਕ ਮੈ ਨਾ ਠਹਿਰਾਤ ਹੈ।
ਗ੍ਰੀਖਮ ਸਮੇ ਜੈਸੇ ਤਉ ਮ੍ਰਿਗਤ੍ਰਿਸਨਾ ਚਰਿਤ੍ਰ,
ਝਾਈ ਸੀ ਦਿਖਾਈ ਦੇਤ ਉਪਜਿ ਸਮਾਤਿ ਹੈ।
ਤੈਸੇ ਮੋਹ ਮਾਇਆ ਛਾਇਆ ਬਿਰਖ ਚਪਲ ਛਲ,
ਛਲੈ ਛੈਲ ਸ੍ਰੀ ਗੁਰ ਚਰਨ ਲਪਟਾਤ ਹੈ।

(ਭਾ. ਗੁਰਦਾਸ ਜੀ, ਕਬਿੱਤ ੩੧੧)

ਇਸ ਸਾਰੇ ਪ੍ਰਸੰਗ ਨੂੰ ਪੜ੍ਹਨਾ ਹੋਵੇ ਤਾਂ ਇਸੇ ਭਗਤ ਬਾਣੀ ਦੇ ਪਹਿਲੇ ਭਾਗ ਦੇ ੨੬੬ ਪੰਨੇ ਪਰ ਪੜ੍ਹੋ।

ਇਸ ਕੱਬਿਤ ਦੀਆਂ ਤਿੰਨ ਪੰਗਤੀਆਂ ਵਿਚ ਭਾਈ ਸਾਹਿਬ ਜੀ ਨੇ ਦ੍ਰਿਸ਼ਟਾਂਤ ਦਿੱਤਾ ਕਿ

੧. ਜਿਸ ਤਰ੍ਹਾਂ (ਕਾਰਤਕ)-ਕੱਤਕ ਦੇ ਮਹੀਨੇ ਵਿਚ ਦੀਪਮਾਲਾ ਦੀ ਰਾਤ ਨੂੰ ਦੀਵਿਆਂ ਦੀ ਜੋਤ ਦਾ ਪ੍ਰਕਾਸ਼ ਹੁੰਦਿਆਂ ਹੀ ਬਿਲਾਤ= ਨਾਸ ਹੋ ਜਾਂਦਾ ਹੈ।

੨. ਬਰਖਾ ਸਮੇਂ ਬੁਦਬੁਦਿਆਂ ਦਾ ਪ੍ਰਕਾਸ਼ ਹੁੰਦਾ ਹੈ ਪਰ ਤਿਨ੍ਹਾਂ ਦਾ ਨਾਮ ਇਕ ਪਲ ਵੀ ਨਹੀਂ ਠਹਿਰਦਾ।

੩. ਜਿਸ ਤਰ੍ਹਾਂ ਗ੍ਰੀਖਮ ਰੁਤ ਵਿਚ ਮ੍ਰਿਗ ਤ੍ਰਿਸ਼ਨਾ ਦੇ ਜਲ ਦਾ ਚਰਿਤ੍ਰ ਝਾਈ= ਪ੍ਰਤੀਤ ਹੁੰਦਾ ਹੈ ਪਰ ਮ੍ਰਿਗ ਦੇ ਅੱਗੇ-ਅੱਗੇ ਜਾਣ ਤੇ ਉਹ ਉਪਜ ਕੇ ਨਾਸ ਹੋਈ ਜਾਂਦਾ ਹੈ।

੪. ਤੈਸੇ ਹੀ ਜੋ ਸਿੱਖ ਗੁਰੂ ਦੇ ਚਰਨਾਂ ਵਿਚ ਲੰਪਟ ਹੁੰਦੇ ਹਨ ਉਹ ਸਿੱਖ ਮਾਇਆ ਨੂੰ ਛਲ ਲੈਂਦੇ ਹਨ ਜੋ ਮਾਯਾ ਬ੍ਰਿਛ ਦੀ ਛਾਯਾ ਵਾਂਗ ਚੰਚਲ ਹੈ ਤੇ ਮਾਇਆ ਦਾ ਮੋਹ ਵੀ ਛਲ ਰੂਪ ਹੈ।

ਉਥਾਨਕਾ- ਕੋਈ ਪਾਂਧਾ ਸਕੂਲ ਵਿਚ ਪੜ੍ਹਾਉਂਦਾ ਹੋਇਆ ਲੜਕਿਆਂ ਨੂੰ ਮਾਰ ਰਿਹਾ ਸੀ ਤੇ ਕਬੀਰ ਜੀ ਨੇ ਬਾਹਰ ਜਾਂਦਿਆਂ ਹੋਇਆਂ ਵੇਖ ਕੇ ਉਸ ਨੂੰ ਐਸੇ ਕਿਹਾ।

ਦੂਜੀ ਉਥਾਨਕਾ- ਕੋਈ ਪੁਰਸ਼ ਬੱਕਰੇ ਨੂੰ ਮਾਰ ਰਿਹਾ ਸੀ, ਉਸ ਨੂੰ ਭੀ ਸਮਝਾਉਂਦੇ ਹਨ-

ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ॥

ਕਬੀਰ ਜੀ ਆਖਦੇ ਹਨ- ਹੇ ਭਲਿਆ ਲੋਕਾ! ਸੋਈ ਮਾਰੀਐ= ਉਸ (ਮਨ) ਨੂੰ ਮਾਰਨਾ ਕਰੀਏ, ਜਿਸ (ਮਨ) ਦੇ ਮਰ ਜਾਣ ਨਾਲ ਸੁਖ ਦੀ ਪ੍ਰਾਪਤੀ ਹੋਵੇ।

ਅਥਵਾ- ਉਸ ਅਗਿਆਨ ਨੂੰ ਮਾਰਨਾ ਕਰੀਏ ਜਿਸ ਅਗਿਆਨ ਦੇ ਮਰਨ ਤੇ ਆਤਮਕ ਸੁਖ ਪ੍ਰਾਪਤ ਹੋਵੇ।
ਅਥਵਾ- ਉਸ ਹੰਕਾਰ ਨੂੰ ਮਾਰਨਾ ਕਰੀਏ, ਜਿਸ ਹੰਕਾਰ ਦੇ ਮਰਨ ਤੇ ਸੁਖ ਦੀ ਪ੍ਰਾਪਤੀ ਹੋਵੇ।

ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ॥ ੯॥

ਜਿਸ ਤੇ ਐ ਮਨੁੱਖ! ਤੈਨੂੰ ਸਭ ਕੋਈ ਭਲੋ ਭਲੋ= ਚੰਗਾ ਚੰਗਾ ਕਹੇ ਅਤੇ ਕੋਈ ਵੀ ਬੁਰਾ ਨਾ ਮੰਨਣਾ ਕਰੇ॥ ੯॥

ਕਬੀਰ ਰਾਤੀ ਹੋਵਹਿ ਕਾਰੀਆ

ਪਹਿਲਾ ਅਰਥ-

(ਦ੍ਰਿਸ਼ਟਾਂਤ-) ਕਬੀਰ ਜੀ ਆਖਦੇ ਹਨ- ਜਿਸ ਵੇਲੇ ਕ੍ਰਿਸ਼ਨਾ ਪਖ ਵਿਚ ਰਾਤਾਂ ਕਾਲੀਆਂ ਹੋ ਜਾਂਦੀਆਂ ਹਨ।

ਕਾਰੇ ਊਭੇ ਜੰਤ॥

ਉਸ ਵੇਲੇ ਕਾਲੇ ਮਨ ਵਾਲੇ ਜੰਤ, ਚੋਰ ਪੁਰਸ਼ ਚੋਰੀ ਕਰਨ ਵਿਚ ਊਭੇ= ਖੜੇ ਹੋ ਜਾਂਦੇ ਹਨ ਭਾਵ ਕਮਰ-ਕੱਸੇ ਕਰ ਕੇ (ਖੂਬ ਤਿਆਰੀਆਂ ਕਰ ਕੇ ਚੋਰੀ ਕਰਨ ਤੁਰ ਪੈਂਦੇ ਹਨ)। ਕਿਉਂਕਿ-

ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ ੩॥

(ਆਸਾ ਮਹਲਾ ੧, ਪੰਨਾ ੪੧੭)

[ਪੰਨਾ ੧੩੬੫]

ਲੈ ਫਾਹੇ ਉਠਿ ਧਾਵਤੇ

ਫਾਹਾਂ ਨੂੰ ਲੈ ਕੇ ਘਰ ਵਿਚੋਂ ਉੱਠ ਕੇ ਚੋਰੀ ਕਰਨ ਵਾਸਤੇ ਧਾਵਤੇ= ਦੌੜਦੇ ਹਨ।

ਸਿ ਜਾਨਿ ਮਾਰੇ ਭਗਵੰਤ ॥ ੧੦ ॥

ਜਾਣਨਾ ਕਰੋ ਸਿ= ਉਹਨਾਂ ਚੋਰਾਂ ਨੂੰ ਭਗਵੰਤ= ਪਰਮਾਤਮਾ ਅੰਤ ਸਮੇਂ ਮਾਰਦਾ ਹੈ। *ਅਥਵਾ-* ਜਾਣਨਾ ਕਰੋ ਕਿ ਸਿ= ਉਹ ਪੁਰਸ਼ ਭਗਵੰਤ ਦੇ ਮਾਰੇ ਹੋਏ ਹਨ।

ਯਥਾ- ਸੋ ਮੂਆ ਜਿਸੁ ਮਨਹੁ ਬਿਸਾਰੈ॥ *(ਗਉੜੀ ਸੁਖਮਨੀ ਮ: ੫, ਪੰਨਾ ੨੯੨)*

ਦੂਜਾ ਅਰਥ-

ਕਬੀਰ ਰਾਤੀ ਹੋਵਹਿ ਕਾਰੀਆ

(ਦਾਦ੍ਰਿਸ਼ਟਾਂਤ) ਕਬੀਰ ਜੀ ਆਖਦੇ ਹਨ- ਜਿਨ੍ਹਾਂ ਪੁਰਸ਼ਾਂ ਦੀਆਂ ਅਵਸਥਾ ਰੂਪ ਰਾਤਾਂ ਅਵਿਦਿਆ, ਵਾ:-ਪਾਪਾਂ ਕਰ ਕੇ ਕਾਰੀਆ= ਕਾਲੀਆਂ ਹੋ ਰਹੀਆਂ ਹਨ। ਭਾਵ ਜਿਨ੍ਹਾਂ ਮਨੁੱਖਾਂ ਨੇ ਆਪਣੀਆਂ ਸਾਰੀਆਂ ਅਵਸਥਾਂ-(ਬਾਲਕ, ਜੋਬਨ, ਅਧਖੜ, ਬ੍ਰਿਧ) ਪਾਪ ਕਰਮ ਕਰਦਿਆਂ ਬਤੀਤ ਕੀਤੀਆਂ ਹਨ। ਅਤੇ-

ਕਾਰੇ ਊਭੇ ਜੰਤ ॥

ਹਿਰਦੇ ਵਿਚ ਮਨ ਨੂੰ ਕਾਲਿਆਂ ਕਰਨ ਵਾਲੇ ਕਾਮ ਕ੍ਰੋਧ ਆਦਿਕ ਜੰਤ ਊਭੇ= ਖੜੇ ਹੋ ਰਹੇ ਹਨ। ਭਾਵ ਉਹਨਾਂ ਪੁਰਸ਼ਾਂ ਨੂੰ ਆਪਣੇ ਵਸ ਕਰਨ ਵਾਸਤੇ ਕਾਮ ਆਦਿਕ ਸਾਵਧਾਨ ਹੋ ਰਹੇ ਹਨ। ਅਤੇ-

ਲੈ ਫਾਹੇ ਉਠਿ ਧਾਵਤੇ

ਜੋ ਪੁਰਸ਼ (ਸੰਕਲਪਾਂ ਵਿਕਲਪਾਂ ਰੂਪ) ਫਾਹਾਂ ਨੂੰ ਲੈ ਕੇ ਘਰ 'ਚੋਂ ਉਠ ਕੇ ਪਾਪ ਰੂਪ ਧੰਧਿਆਂ ਦੇ ਕਰਨ ਵਿਚ ਦੌੜਦੇ ਹਨ।

ਸਿ ਜਾਨਿ ਮਾਰੇ ਭਗਵੰਤ ॥੧੦ ॥

ਜਾਣਨਾ ਕਰੋ ਸਿ= ਉਹ ਪੁਰਸ਼ ਭਗਵਾਨ ਨੇ ਜਾਨੋ ਹੀ ਮਾਰ ਦੇਣਾ ਕੀਤੇ ਹਨ ਅਤੇ ਉਹਨਾਂ ਪਾਪੀਆਂ ਵਾਸਤੇ ਜਮਦੂਤ ਪ੍ਰਤੱਖ ਫਾਹਾਂ ਨੂੰ ਲੈ ਕੇ ਦੌੜਦੇ ਆਉਂਦੇ ਹਨ ਤੇ ਬੰਨ੍ਹ ਕੇ ਲੈ ਜਾਂਦੇ ਹਨ॥੧੦॥

ਯਥਾ- ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥੨੭॥

(ਗਉੜੀ ਕੀ ਵਾਰ ਮ: ੫, ਪਉੜੀ, ਪੰਨਾ ੩੧੫)

*ਤਥਾ-*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥

ਨਾਨਕ ਜਿਉ ਮਥਨਿ ਮਾਧਾਣੀਆਂ ਤਿਉ ਮਥੇ ਧ੍ਰੂਮਰਾਇ॥੯॥

(ਸਲੋਕ ਵਾਰਾਂ ਤੇ ਵਧੀਕ ਮਹਲਾ ੫, ਪੰਨਾ ੧੪੨੫)

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥

ਪਹਿਲਾ ਅਰਥ-

(ਦ੍ਰਿਸ਼ਟਾਂਤ) ਕਬੀਰ ਜੀ ਆਖਦੇ ਹਨ- ਚੰਦਨ* ਦਾ ਬਿਰਵਾ= ਬੂਟਾ ਹੋਰ ਸਾਰਿਆਂ ਬ੍ਰਿਛਾਂ ਨਾਲੋਂ ਭਲਾ= ਚੰਗਾ ਹੈ, ਜੋ ਨਰ ਮਾਦੀ ਢਕ ਪਲਾਸਾਂ ਕਰ ਕੇ ਬੇੜ੍ਹਿਓ= ਘਿਰਿਆ ਹੋਇਆ ਹੈ। *ਅਥਵਾ-*ਜੋ ਢਾਕ= ਸਮੂਹ ਪਲਾਸ= ਛਛਰਿਆਂ ਕਰ ਕੇ ਘਿਰਿਆ ਹੋਇਆ ਹੈ।

ਅਥਵਾ- ਜੋ ਚੰਦਨ ਢਾਕ ਪਲਾਸ= ਪਲਾਹ ਦੇ ਪੱਤਿਆਂ ਨਾਲ ਘੇਰਿਆ ਹੋਇਆ ਹੈ।

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥

ਅਠਾਰਾਂ ਭਾਰ ਬਨਾਸਪਤੀ ਵਿਚੋਂ ਜਿਹੜੇ ਵੀ ਬ੍ਰਿਛ ਚੰਦਨ ਦੇ ਪਾਸਿ= ਆਲੇ ਦੁਆਲੇ ਵਸਦੇ ਹਨ, ਉਹ ਵੀ ਚੰਦਨ ਦਾ ਰੂਪ ਹੋ ਰਹਿੰਦੇ ਹਨ॥੧੧॥

ਯਥਾ- ਬਾਵਨ ਬੀਖੁ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ॥
ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ॥੨॥

(ਪ੍ਰਭਾਤੀ ਨਾਮਦੇਉ, ਪੰਨਾ ੧੩੫੧)

ਦੂਜਾ ਅਰਥ-

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥

(ਦਾ ਦ੍ਰਿਸ਼ਟਾਂਤ) ਕਬੀਰ ਜੀ ਆਖਦੇ ਹਨ- ਤੈਸੇ ਹੀ ਪੂਰਨ ਮਹਾਤਮਾ ਵੀ ਇਕ ਚੰਦਨ ਦੇ ਬੂਟੇ ਸਮਾਨ ਉਤਮ ਹੈ, ਜੋ ਮਹਾਤਮਾ ਰੂਪ ਚੰਦਨ ਦਾ ਬੂਟਾ ਉਤਮ ਤੇ ਮਧਿਮ ਜਗਿਆਸੂਆਂ ਰੂਪ ਢਕ ਪਲਾਸ ਨਾਲ ਘੇਰਿਆ ਹੋਇਆ ਹੈ।

ਅਥਵਾ- ਇਸਤ੍ਰੀਆਂ ਦੇ ਸਰੀਰ ਢਕ ਤੇ ਪਲਾਹ ਦੀ ਤਰ੍ਹਾਂ ਪੁਰਸ਼ਾਂ ਦੇ ਸਰੀਰ, ਇਹਨਾਂ ਕਰ ਕੇ ਮਹਾਤਮਾ ਰੂਪ ਚੰਦਨ ਦਾ ਬੂਟਾ ਘੇਰਿਆ ਹੋਇਆ ਹੈ।

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥ ੧੧॥

ਅਠਾਰਾਂ ਵਰਨਾਂ 'ਚੋਂ ਜੋ ਵੀ ਮਨੁੱਖ ਸ਼ਰਧਾ ਭਾਵ ਨਾਲ ਚੰਦਨ= ਮਹਾਤਮਾ ਦੇ ਪਾਸ ਆ ਕੇ ਵਸੇ ਹਨ, ਉਸ ਪੁਰਸ਼ ਚੰਦਨ= ਮਹਾਤਮਾ ਦਾ ਰੂਪ ਹੀ ਹੋ ਰਹੇ ਹਨ ਅਰਥਾਤ ਭਗਤੀ ਰੂਪ ਸੁਗੰਧੀ ਦੇ ਸਹਿਤ ਹੋ ਰਹੇ ਹਨ॥ ੧੧॥

ਕੋਈ ਸ਼ਾਹੂਕਾਰ ਆਪਣੀ ਵਡਿਆਈ ਦੇ ਮਦ ਵਿਚ ਮਸਤ ਸੀ ਉਸ ਨੂੰ ਦੇਖ ਕੇ ਕਥਨ ਕਰਦੇ ਹਨ-

---

**ਚੰਦਨ ਦਾ ਬੂਟਾ ੫੨ ਉਂਗਲ ਉੱਚਾ ਮੰਨ੍ਹਿਆ ਹੈ। ਮੈਸੂਰ ਦੇ ਇਲਾਕੇ ਅਤੇ ਮਦਰਾਸ ਦੇ ਦੱਖਣੀ ਭਾਗ ਵਿਚ ਬਹੁਤ ਹੁੰਦਾ ਹੈ। ਇਸ ਦੀ ਤਾਸੀਰ ਸਰਦ ਤਰ ਹੈ ਚੰਦਨ ਦੇ ਕਾਠ ਤੋਂ ਕੱਢਿਆ ਤੇਲ ਬਹੁਤ ਸੁਗੰਧ ਵਾਲਾ ਹੁੰਦਾ ਹੈ ਇਸ ਤੋਂ ਬਹੁਤ ਸਾਰੇ ਅਤਰ ਬਣਾਏ ਜਾਂਦੇ ਹਨ। ਚੰਦਨ ਘਸਾ ਕੇ ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਹੈ। ਪਹਿਲੇ ਅਰਥ ਵਿਚ ਢਕਾਂ ਅਤੇ ਪਲਾਸਾਂ ਕਰ ਕੇ ਘਿਰਿਆ ਦਸਿਆ ਹੈ। ਸੋ ਢਕ ਦਾ ਨਾਮ ਭੀ ਛਛਰਾ ਹੈ ਤੇ ਪਲਾਸ ਦਾ ਅਰਥ ਭੀ ਛਛਰਾ ਹੈ। ਨਰ ਮਾਦੀ ਛਛਰੇ ਸਮਝ ਲੈਣੇ।*

ਕਬੀਰ ਬਾਂਸੁ ਬਡਾਈ ਬੂਡਿਆ

ਪਹਿਲਾ ਅਰਥ-

(ਦ੍ਰਿਸ਼ਟਾਂਤ) ਕਬੀਰ ਜੀ ਆਖਦੇ ਹਨ- ਜਿਸ ਤਰ੍ਹਾਂ ਬਾਂਸ ਚੰਦਨ ਦੇ ਪਾਸ ਵਸਦਾ ਹੋਇਆ ਭੀ ਆਪਣੀ ਵਡਿਆਈ ਵਿਚ ਬੂਡਿਆ= ਡੁੱਬਾ ਰਹਿੰਦਾ ਹੈ ਭਾਵ ਚੰਦਨ ਨਾਲੋਂ ਬਹੁਤ ਉੱਚਾ ਹੋਣ ਦੇ ਕਾਰਣ ਸੁੰਗਧੀ ਤੋਂ ਹੀਣ ਰਹਿੰਦਾ ਹੈ।

ਇਉ ਮਤ ਡੂਬਹੁ ਕੋਇ ॥

ਇਸ ਤਰ੍ਹਾਂ ਕਰ ਕੇ ਹੇ ਭਾਈ! ਤੁਹਾਡੇ ਵਿਚੋਂ ਮਤਾਂ ਕੋਈ ਡੁੱਬਣਾ ਕਰੇ।

ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥ ੧੨ ॥

ਚੰਦਨ ਦੇ ਨੇੜੇ ਵਸਣ ਤੇ ਭੀ ਪੰਜ ਔਗੁਣਾਂ ਦੇ ਹੋਣ ਕਰ ਕੇ ਬਾਂਸ ਸੁਗੰਧੀ ਵਾਲਾ ਨਹੀਂ ਹੁੰਦਾ।

ਬਾਂਸ ਵਿਚ ਪੰਜ ਔਗੁਣ ਇਹ ਹਨ-

ਇਕ) ਉੱਚਾ ਹੁੰਦਾ ਹੈ। ਦੂਜਾ) ਗੰਢਾਂ ਵਾਲਾ ਹੁੰਦਾ ਹੈ।

ਤੀਜਾ) ਵਿਚੋਂ ਪੋਲਾ ਹੁੰਦਾ ਹੈ। ਚੌਥਾ) ਕੁਲ ਘਾਤੀ ਹੁੰਦਾ ਹੈ।

ਪੰਜਵਾਂ) ਛਿਲਦਰਾਂ ਵਾਲਾ ਹੁੰਦਾ ਹੈ।

ਯਥਾ- ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥
ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ ॥੫ ॥

(ਮਹਲਾ ੫ ਗਾਥਾ, ਪੰਨਾ ੧੩੬੦)

ਦੂਜਾ ਅਰਥ-

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥

ਕਬੀਰ ਜੀ ਆਖਦੇ ਹਨ- ਹੇ ਪਿਆਰੇ! ਬਾਂਸ ਦੇ ਸਦਰਸ਼ ਹੰਕਾਰੀ ਪੁਰਸ਼ ਆਪਣੀ ਬਡਾਈ= ਮਾਨਤਾ ਕਰਾਉਣ ਵਿਚ ਡੁਬਿਆ ਹੋਇਆ ਹੈ। ਇਸ ਪ੍ਰਕਾਰ ਤੁਸੀਂ ਮਤਾਂ ਕੋਈ ਡੁੱਬਣਾ ਕਰੋ, ਕਿਉਂਕਿ ਹੰਕਾਰ ਵਿਚ ਆ ਕੇ ਕੋਈ ਗੱਲ ਦੂਸ਼ਨ ਵਾਲੀ ਦੂਸਰੇ ਨੂੰ ਕਹੀ ਜਾਂਦੀ ਹੈ ਜਿਸ ਤੇ ਫਿਰ ਤਰਨਾ ਮੁਸ਼ਕਲ ਹੋ ਜਾਂਦਾ ਹੈ।

*ਯਥਾ-*ਬਿਰਖ ਬਲੀ ਮਿਲਾਪ ਸਫਲ ਸਘਨ ਛਾਇਆ, ਬਾਂਸ ਤਉ ਬਰਨ ਦੋਖੀ ਮਿਲੈ ਜਰੈ ਜਾਰਿ ਹੈ।
ਸਫਲ ਹੁਇ ਤਰਹਰਿ ਝੁਕਤ ਸਕਲ ਤਰੁ, ਬਾਂਸ ਤਉ ਬਡਾਈ ਬੂਡਿਓ ਆਪਨੁ ਸਮਾਰਿ ਹੈ।
ਸਕਲ ਬਨਾਸਪਤੀ ਸੁਧਿ ਰਿਦੈ ਮੋਨਿ ਗਹੇ, ਬਾਂਸ ਤਉ ਰੀਤੋ ਗਠੀਲੋ ਬਾਜੇ ਧਾਰਿ ਮਾਰਿ ਹੈ।
ਚੰਦਨ ਸਮੀਪ ਹੀ ਅਛਤ ਨਿਰਗੰਧ ਰਹੇ, ਗੁਰਸਿਖ ਦੋਖੀ ਬਜਰ ਪ੍ਰਾਨੀ ਨ ਉਧਾਰ ਹੈ।

(ਭਾਈ ਗੁਰਦਾਸ ਜੀ ਕਬਿੱਤ ੩੦੮)

ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥੧੨ ॥

ਮਹਾਤਮਾ ਰੂਪ ਚੰਦਨ ਦੇ ਬੂਟੇ ਪਾਸ ਵਸਣ ਤੇ ਭੀ ਬਾਂਸ ਦੀ ਨਜਾਈਂ ਜੋ ਹੰਕਾਰੀ ਪੁਰਸ਼ ਹੈ, ਤਿਸ ਨੂੰ ਭਗਤੀ ਰੂਪ ਸੁਗੰਧੀ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਬਾਂਸ ਦੀ ਤਰ੍ਹਾਂ ਹੰਕਾਰੀ ਪੁਰਸ਼ ਵਿਚ ਵੀ ਪੰਜ ਔਗੁਣ ਹਨ :

੧. ਹੰਕਾਰੀ ਪੁਰਸ਼ ਵਿਚ ਆਪਣੀ ਕੁਲ ਮਾਇਆ ਤੇ ਜੋਬਨ ਦਾ ਹੰਕਾਰ ਹੁੰਦਾ ਹੈ, ਇਸ ਲਈ ਹੰਕਾਰ ਰੂਪ ਉਚਪਣੇ ਦੇ ਸਹਿਤ ਹੈ।

੨. ਵਰਨ ਆਸ਼੍ਰਮਾਂ ਦੀਆਂ ਹੰਗਤਾਂ ਰੂਪ ਗੰਢਾਂ ਵਾਲਾ ਹੁੰਦਾ ਹੈ।

੩. ਸ਼ੁਭ ਗੁਣਾਂ ਤੋਂ ਰਹਿਤ ਹੋਣਾ, ਇਹ ਉਸ ਵਿਚ ਪੋਲਾ-ਪਨ ਹੈ।

੪. ਆਪਣੇ ਸੰਗੀਆਂ ਨੂੰ ਆਪਣੇ ਵਰਗਾ ਬਣਾ ਲੈਂਦਾ ਹੈ।

*ਯਥਾ-*ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥ *(ਆਸਾ ਮਹਲਾ ੫, ਪੰਨਾ ੩੭੩)*

ਇਸ ਕਰ ਕੇ ਕੁਲ ਘਾਤੀ ਹੈ। *ਅਥਵਾ-*ਸ਼ੁਭ ਗੁਣਾਂ ਰੂਪੀ ਕੁਲ ਨੂੰ ਨਾਸ ਕਰਦਾ ਹੈ।

੫. ਈਰਖਾ ਬਖੀਲੀ ਰੂਪ ਛਿਲਦਰਾਂ ਵਾਲਾ ਹੁੰਦਾ ਹੈ। ਇਸ ਪ੍ਰਕਾਰ ਦੇ ਪੰਜ ਦੂਸ਼ਣਾਂ ਵਾਲਾ ਹੋਣ ਕਰ ਕੇ ਹੰਕਾਰੀ ਪੁਰਸ਼ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਜਾ ਕੇ ਕੁਝ ਲਾਭ ਨਹੀਂ ਉਠਾ ਸਕਦਾ ॥੧੨॥

ਕਬੀਰ ਦੀਨੁ ਗਵਾਇਆ ਦੁਨੀ ਸਿਉ

ਕਬੀਰ ਜੀ ਆਖਦੇ ਹਨ- ਹੇ ਪਿਆਰਿਓ! ਜਿਸ ਦੁਨੀ= ਮਾਇਆ ਦੀ ਪ੍ਰੀਤੀ ਨਾਲ ਲੱਗ ਕੇ ਸੰਸਾਰੀ ਪੁਰਸ਼ਾਂ ਨੇ ਆਪਣਾ ਦੀਨੁ= ਧਰਮ ਗਵਾ ਲਿਆ ਹੈ।

ਜਿਸ ਤਰ੍ਹਾਂ ਪਾਕਿਸਤਾਨ ਤੇ ਹਿੰਦੁਸਤਾਨ ਦੀ ਵੰਡ ਵੇਲੇ ਮੁਰੱਬਿਆਂ ਦੇ ਲਾਲਚ ਕਰ ਕੇ ਕਈ ਹਿੰਦੂ ਸਿੱਖ ਮੁਸਲਮਾਨ ਬਣ ਗਏ ਅਤੇ ਮੁਸਲਮਾਨ ਸਿੱਖ ਬਣ ਗਏ। ਅਜੇ ਵੀ ਕਈ ਮਨੁੱਖ ਕੇਸ ਮੁਨਾ ਕੇ ਔਹਦੇ ਲੈਂਦੇ ਫਿਰਦੇ ਹਨ, ਮਾਇਆ ਪਿਛੇ ਆਪਣੇ ਧਰਮ ਦੀ ਪ੍ਰਵਾਹ ਨਹੀਂ ਕਰਦੇ।

*ਯਥਾ-*ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ॥
ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ ॥੧॥

(ਮਾਰੂ ਕਬੀਰ ਜੀ, ਪੰਨਾ ੧੧੦੫)

ਦੁਨੀ ਨ ਚਾਲੀ ਸਾਥਿ॥

ਉਹ ਦੁਨੀ= ਮਾਇਆ ਕਿਸੇ ਦੇ ਨਾਲ ਵੀ ਨਹੀਂ ਚਲਦੀ।

ਯਥਾ- ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥
ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ॥੧॥

(ਜੈਤਸਰੀ ਦੀ ਵਾਰ ਮ: ੫, ਪੰਨਾ ੭੦੮)

ਤਥਾ- ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥
ਅਢੁ ਨ ਲਹਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ॥੨॥

(ਜੈਤਸਰੀ ਦੀ ਵਾਰ ਮ:੫, ਪੰਨਾ ੭੦੮)

ਤਥਾ- ਮਾਇਆ ਮਾਇਆ ਕਰਿ ਮੂਏ ਮਾਇਆ ਕਿਸੈ ਨ ਸਾਥਿ॥

(ਰਾਮਕਲੀ ਦਖਣੀ ਓਅੰਕਾਰੁ, ਪੰਨਾ ੯੩੫)

ਤਥਾ- ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ॥
ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ॥ ੧੪੪॥ *(ਸਲੋਕ ਕਬੀਰ ਜੀ, ਪੰਨਾ ੧੩੭੨)*

www.sikhbookclub.com

ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥ ੧੩ ॥

ਪਰ ਇਸ ਜੀਵ ਨੇ ਆਪਣੀ ਹੱਥੀਂ ਆਪ ਹੀ ਆਪਣੇ ਮਨ ਰੂਪ ਪਾਇ= ਪੈਰਾਂ ਉਪਰ ਗਾਫਲਤਾ ਰੂਪ ਕੁਹਾੜਾ ਵਾ ਲੋਭ ਰੂਪ ਕੁਹਾੜਾ ਮਾਰਿਆ ਹੈ। *ਅਥਵਾ*-ਇਸ ਪ੍ਰਮਾਦੀ ਪੁਰਸ਼ ਨੇ ਆਪਣੇ ਮਨ ਰੂਪ ਹੱਥ ਨਾਲ ਆਪਣੀ ਜ਼ਿੰਦਗੀ ਰੂਪ ਪੈਰਾਂ ਤੇ ਗਾਫਲਤਾ ਰੂਪ ਕੁਹਾੜਾ ਮਾਰ ਲਿਆ ਹੈ॥੧੩॥

ਉਥਾਨਕਾ- ਇਕ ਸਮੇਂ ਕਾਂਸ਼ੀ ਤੋਂ ਬਾਹਰ **ਬ੍ਰਹਮ-ਠਾਂ** ਤੇ ਮੇਲਾ ਲੱਗਾ, ਰਾਮਾਨੰਦ ਜੀ ਦੇ ਸਾਰੇ ਚੇਲੇ ਕਬੀਰ ਸਮੇਤ ਆਗਿਆ ਲੈ ਕੇ ਦੇਖਣ ਵਾਸਤੇ ਚਲੇ ਗਏ। ਜਿਸ ਵੇਲੇ ਮੇਲਾ ਵੇਖ ਕੇ ਵਾਪਸ ਆਏ ਤਾਂ ਰਾਮਾਨੰਦ ਜੀ ਨੇ ਸਰਿਆਂ ਤੋਂ ਪੁਛਿਆ ਕਿ ਮੇਲੇ ਵਿਚ ਕੀ ਵੇਖ ਕੇ ਆਏ ਹੋ? ਤਾਂ ਸਾਰਿਆਂ ਨੇ ਆਪੋ ਆਪਣੇ ਖਿਆਲਾਂ ਅਨੁਸਾਰ ਜੋ ਵੇਖਿਆ ਸੀ ਉਹ ਦਸ ਦਿੱਤਾ। ਜਦ ਕਬੀਰ ਜੀ ਤੋਂ ਪੁਛਿਆ ਤਾਂ ਕਬੀਰ ਜੀ ਨੇ ਇਹ ਸਲੋਕ ਉਚਾਰਿਆ-

ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ॥

ਕਬੀਰ ਜੀ ਆਖਦੇ ਹਨ--ਜਿਥੇ ਜਿਥੇ ਹਉ= ਮੈਂ ਮੇਲੇ ਦੇ ਸਮੇਂ ਫਿਰਿਆ ਹਾਂ, ਬਸ ਫਿਰ ਕੇ ਏਹੋ ਦੇਖਿਆ ਹੈ ਕਿ ਠਾਓ ਠਾਇ= ਹਰੇਕ ਜਗ੍ਹਾ ਠੱਗਣ ਵਾਸਤੇ ਕਉਤਕ= ਤਮਾਸ਼ੇ ਹੀ ਹੋ ਰਹੇ ਹਨ।

ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ॥ ੧੪ ॥

ਉਥੇ ਇਕਾਂਤ ਸਥਾਨ 'ਤੇ ਇਕ ਰੱਬ ਦਾ ਪਿਆਰਾ ਮੈਨੂੰ ਮਿਲਿਆ ਸੀ, ਉਸ ਨਾਲ ਮਿਲ ਕੇ ਮੈਂ ਰੱਬ ਦੀਆਂ ਗੱਲਾਂ ਕੀਤੀਆਂ ਤਾਂ ਮੈਂ ਅਨੰਦ ਹੋਇਆ, ਪ੍ਰੰਤੂ ਇਕ ਰਾਮ ਦੇ ਸਨੇਹੀ= ਪਿਆਰਿਆਂ ਦੇ ਦਰਸ਼ਨ ਕੀਤੇ ਤੋਂ ਬਿਨਾਂ ਮੇਰੇ ਭਾਂਇ= ਭਾਣੇ ਤਾਂ ਸਾਰਾ ਮੇਲਾ ਉਜਾੜ ਹੀ ਸੀ॥ ੧੪॥

ਕਬੀਰ ਸੰਤਨ ਕੀ ਝੁੰਗਿਆ ਭਲੀ ਭਠਿ ਕੁਸਤੀ ਗਾਉ॥

ਪਹਿਲਾ ਅਰਥ-

ਕਬੀਰ ਜੀ ਆਖਦੇ ਹਨ- ਵਾਹਿਗੁਰੂ ਦੇ ਪਿਆਰੇ, ਸੰਤ ਜਨਾਂ ਦੇ ਰਹਿਣ ਵਾਲੀ ਝੁੰਗੀਆਂ= ਕੱਖਾਂ ਦੀ ਕੁਟੀਆ ਚੰਗੀ ਹੈ ਤੇ ਕੁਸਤੀ= ਖੋਟਿਆਂ ਪੁਰਸ਼ਾਂ ਦਾ ਚਾਹੇ ਆਪਣਾ ਸਾਰਾ ਗਾਉ= ਪਿੰਡ ਪੱਕਾ ਵੀ ਹੈ ਤਾਂ ਭੀ ਉਹ ਭਠਿ= ਸ੍ਵਾਹ ਰੂਪ ਹੈ। ਵਾ:-ਭੱਠ ਦੇ ਸਦਰਸ ਸੜ ਰਿਹਾ ਜਾਣੋ।

ਯਥਾ- ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥੧॥

(ਸੂਹੀ ਮਹਲਾ ੫, ਪੰਨਾ ੭੪੫)

ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ॥ ੧੫ ॥

ਤਿਹ ਧਉਲਹਰ= ਉਨ੍ਹਾਂ ਉਚੇ ਮੰਦਰਾਂ ਨੂੰ ਅੱਗ ਲੱਗ ਜਾਵੇ ਤਾਂ ਠੀਕ ਹੈ, ਜਿਨ੍ਹਾਂ ਮੰਦਰਾਂ ਵਿਚ ਹਰੀ ਨਾਮ ਦਾ ਚਿੰਤਨ ਨਹੀਂ ਹੈ॥੧੫॥

ਦੂਜਾ ਅਰਥ-

ਕਬੀਰ ਸੰਤਨ ਕੀ ਝੁੰਗਿਆ ਭਲੀ ਭਠਿ ਕੁਸਤੀ ਗਾਉ॥

ਕਬੀਰ ਜੀ ਆਖਦੇ ਹਨ— ਸੰਤਾਂ ਦਾ ਸਰੀਰ ਭਾਵੇਂ ਝੁੱਗੀ ਦੀ ਨਯਾਈ ਕਮਜ਼ੋਰ ਭੀ ਹੈ, ਤਾਂ ਭੀ ਉਹ ਚੰਗਾ ਹੈ ਅਤੇ ਕੁਸਤੀ= ਖੋਟੇ ਪੁਰਸ਼ ਦਾ ਸਰੀਰ ਭਾਵੇਂ ਨਗਰ ਦੀ ਤਰ੍ਹਾਂ ਮੋਟਾ ਭਾਰੀ ਭੀ ਹੋਵੇ ਤਾਂ ਭੀ ਉਹ ਵਿਸ਼ਿਆਂ ਰੂਪੀ ਭੱਠੀ ਕਰ ਕੇ ਅੰਦਰੋਂ ਸੜਦਾ ਰਹਿੰਦਾ ਹੈ।

ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ॥ ੧੫॥

ਜਿਸ ਦੇ ਸਰੀਰ ਰੂਪ ਮੰਦਰ ਵਿਚ ਪ੍ਰਭੂ ਦਾ ਨਾਮ ਨਹੀਂ ਹੈ, ਉਸ ਦੇ ਸਰੀਰ ਰੂਪ ਧਉਲਹਰ= ਮੰਦਰ ਨੂੰ ਅੱਗ ਲੱਗ ਜਾਵੇ ਤਾਂ ਚੰਗੀ ਹੈ॥੧੫॥

ਉਥਾਨਕਾ- ਕੋਈ ਪੂਰਨ ਮਹਾਤਮਾ ਆਪਣੀ ਸੰਸਾਰਕ ਯਾਤਰਾ ਸਮਾਪਤ ਕਰ ਕੇ ਵਾਹਿਗੁਰੂ ਦੇ ਭਾਣੇ ਵਿਚ ਇਸ ਸੰਸਾਰ ਤੋਂ ਕੂਚ ਕਰ ਗਿਆ। ਉਨ੍ਹਾਂ ਦੇ ਵਿਛੋੜੇ ਦਾ ਦੁੱਖ ਬਹੁਤ ਸਾਰਾ ਚਿਤ ਵਿਚ ਮੰਨ ਕੇ ਕਈਆਂ ਲੋਕਾਂ ਨੇ ਰੋਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਦੀ ਦਸ਼ਾ ਦੇਖ ਕੇ ਕਬੀਰ ਜੀ ਉਹਨਾਂ ਪ੍ਰਤੀ ਆਖਦੇ ਹਨ।

ਦੂਜਾ ਉਥਾਨਕਾ- ਜਿਸ ਵੇਲੇ ਰਾਮਾਨੰਦ ਜੀ ਸੰਸਾਰਕ ਯਾਤਰਾ ਪੂਰੀ ਕਰ ਕੇ ਪੰਚ ਭੌਤਕ ਸਰੀਰ ਨੂੰ ਛੱਡ ਗਏ ਤਾਂ ਉਸ ਵੇਲੇ ਲੋਕ ਰੋਣ ਲੱਗ ਪਏ ਤਾਂ ਕਬੀਰ ਜੀ ਸਿਖਿਆ ਦੇਂਦੇ ਹਨ ਕਿ--

ਸੰਤ ਮੂਏ ਕਿਆ ਰੋਈਐ

ਮਹਾਂ ਪੁਰਸ਼ਾਂ ਦੇ ਸਰੀਰ ਅੰਤ ਹੋਣ ਤੇ ਜਗਿਆਸੂਆਂ ਨੂੰ ਘਾਟਾ ਤਾਂ ਬੜਾ ਪੈਂਦਾ ਹੈ ਤੇ ਬੇਅੰਤ ਪੁਰਸ਼ਾਂ ਨੂੰ ਵੈਰਾਗ ਭੀ ਹੋ ਜਾਂਦਾ ਹੈ, ਜੋ ਉਹਨਾਂ ਦੇ ਗੁਣਾਂ ਨੂੰ ਯਾਦ ਕਰ ਕਰ ਕੇ ਤਰ ਜਾਂਦੇ ਹਨ। ਇਸ ਵਾਸਤੇ ਮਹਾਂ ਪੁਰਸ਼ ਰੋਣ ਯੋਗ ਨਹੀਂ ਹਨ।

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥

ਕਬੀਰ ਜੀ ਆਖਦੇ ਹਨ:- ਹੇ ਭਾਈ ! ਸੰਤਾਂ ਦੇ ਮਰ ਜਾਣ ਤੇ ਭਲਾ ਕਿਸ ਵਾਸਤੇ ਰੋਣਾ ਹੈ, ਜੋ ਮਹਾਤਮਾ ਆਪਣੇ ਸਰੂਪ ਰੂਪ ਘਰ ਵਿਚ ਚਲੇ ਗਏ ਹਨ।

ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ।੧੬॥

ਬਾਪੁਰੇ= ਵਿਚਾਰੇ ਸਾਕਤ= ਦੁਸ਼ਟ ਪੁਰਸ਼ਾਂ ਨੂੰ ਰੋਣਾ ਕਰੋ, ਜੋ ਆਪਣੇ ਅਮੋਲਕ ਸਵਾਸਾਂ ਰੂਪ ਪੂੰਜੀ ਨੂੰ ਨਿਸਫਲ ਗਵਾ ਕੇ ਚੌਦਾਂ ਭਵਨ ਰੂਪ ਬਜ਼ਾਰ ਦੀ ਚੁਰਾਸੀ ਲੱਖ ਜੂਨ ਰੂਪ ਹੱਟ ਹੱਟ ਉਪਰ ਵਿਕਦੇ ਹਨ, ਭਾਵ ਚੁਰਾਸੀ ਲੱਖ ਜੂਨ ਦਾ ਦੁੱਖ ਭੋਗਦੇ ਹਨ।

ਗੁਰੂ ਅਰਜਨ ਸਾਹਿਬ ਜਦ ਗੋਇੰਦਵਾਲ ਤੋਂ ਪੋਥੀਆਂ ਲੈ ਕੇ ਵਾਪਿਸ ਆਉਂਣ ਲੱਗੇ ਤਾਂ ਅੱਗੋਂ ਮੋਹਰੀ ਜੀ ਮਿਲੇ ਉਹ ਗੁਰੂ ਸਾਹਿਬ ਨੂੰ ਘਰ ਲੈ ਗਏ। ਮੋਹਰੀ ਜੀ ਦੇ ਪਰਿਵਾਰ ਨੇ ਬੜਾ ਹੀ ਆਦਰ-ਮਾਣ ਕੀਤਾ। ਪ੍ਰਸ਼ਾਦ ਪਾਣੀ ਛਕਾਉਣ ਤੋਂ ਬਾਅਦ ਜਦ ਸਾਰਾ ਪਰਿਵਾਰ ਰਲ ਕੇ ਇਕੱਠੇ ਬੈਠੇ ਤਾਂ ਮੋਹਰੀ ਜੀ ਦੀ ਪਤਨੀ ਨੇ ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਜੀ ਦੇ ਅਕਾਲ ਚਲਾਣੇ 'ਤੇ ਅਫਸੋਸ ਪ੍ਰਗਟ ਕੀਤਾ ਤੇ ਅੱਖਾਂ ਭਰ ਲਈਆਂ ਗੁਰੂ ਸਾਹਿਬ ਤਾਂ ਚੁੱਪ ਰਹੇ ਪਰ ਮੋਹਰੀ ਜੀ ਉਨ੍ਹਾਂ ਨੂੰ ਸਮਝਾਇਆ ਕਿ ਅਫਸੋਸ ਨਹੀਂ ਕਰਨਾ। ਓਸ ਗੱਲ-ਬਾਤ ਨੂੰ ਕਵੀ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਵਿਚ ਇੰਜ ਲਿਖਿਆ ਹੈ।

ਅਪਨੇ ਸਦਨ ਬਿਕੁੰਠ ਸਿਧਾਰੇ। ਸੋਚਨਿ ਜੋਗ ਨ ਸੋ ਸੁਖ ਭਾਰੇ।
ਮਨਮਤਿ ਉਰਝੇ ਭਗਤਿ ਬਿਹੀਨੇ। ਕਬਹੁੰ ਨ ਪ੍ਰਭੁ ਕੋ ਸਿਮਰਨਿ ਕੀਨੇ।

ਸੋ ਸੋਚਨਿ ਕੇ ਜੋਗ ਮਹਾਨਾ। ਧਰਮ ਤਜਾਗ ਜਿਨ ਕਿਯ ਅਘ ਨਾਨਾ।
ਨਹਿੰ ਸਤਿਗੁਰ ਕੀ ਸੇਵ ਕਮਾਈ। ਸਤਿਗੁਰ ਗਿਰਾ ਨ ਰਿਦੈ ਬਸਾਈ॥ ੩੦॥
ਨਿਸ ਦਿਨ ਪਚੀ ਕੁਟੰਬ ਮਝਾਰੇ। ਕੂੜ ਬੋਲਿ ਸੰਚਹਿੰ ਧਨ ਭਾਰੇ।
ਤਪ ਤੀਰਥ ਜਿਨ ਕੀਨਿ ਨ ਕੋਊ। ਸੋਚਨਿ ਜੋਗ ਜਾਨੀਯਹਿ ਸੋਊ॥ ੩੧॥
ਸੁਪਨਹਿ ਕਬਿ ਸਤਿਸੰਗ ਨ ਸੇਵਾ। ਗੁਨ ਬਿਹੀਨ ਅਫਰੇ ਅਹੰਮੇਵਾ।
ਰਿਦੇ ਦਯਾ ਨਹਿੰ ਦੀਨਹੁ ਦਾਨਾ। ਸੇ ਸੋਚਨਿ ਕੇ ਜੋਗ ਮਹਾਨਾ॥ ੩੨॥

(ਗੁਰ ਪ੍ਰਤਾਪ ਸੂਰਜ, ਰਾਸਿ ੩ ਅੰਸੂ ੩੯)

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥

ਕਬੀਰ ਜੀ ਆਖਦੇ ਹਨ- ਹੇ ਪਿਆਰਿਓ! ਸਾਕਤੁ= ਦੁਸ਼ਟ ਪੁਰਸ਼ ਐਸਾ ਨਖਿਧ ਹੈ, ਜਿਸ ਤਰ੍ਹਾਂ ਲਸਨ= ਥੋਮ ਦੀ ਖਾਣ ਹੁੰਦੀ ਹੈ। *ਅਥਵਾ-*ਜਿਸ ਤਰ੍ਹਾਂ ਲਸਨ ਦੀ ਫਾੜੀ ਖਾਨਿ= ਖਾਧੀ ਜਾਵੇ।

ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥ ੧੭॥

ਭਾਵੇਂ ਥੋਮ ਨੂੰ ਲੁਕਾਉਣ ਵਾਸਤੇ ਘਰ ਦੇ ਕਿਸੇ ਕੋਨੇ= ਨੁੱਕਰ ਵਿਚ ਬੈਠ ਕੇ ਖਾਈਏ, ਤਾਂ ਭੀ ਨਿਦਾਨਿ= ਅੰਤ ਨੂੰ ਉਸ ਥੋਮ ਦੀ ਦੁਰਗੰਧੀ ਪ੍ਰਗਟ ਹੋ ਜਾਂਦੀ ਹੈ।

ਯਥਾ- ਜੈਸੇ ਤਉ ਲਸਨ ਖਾਏ ਮੋਨਿ ਕੈ ਸਭਾ ਮੈ ਬੈਠੇ, ਪ੍ਰਗਟੈ ਦੁਰਗੰਧਿ ਨਾਹਿ ਦੁਰਤਿ ਦੁਰਾਈਐ।

(ਭਾਈ ਗੁਰਦਾਸ ਜੀ, ਕਬਿੱਤ ੫੧੭)

ਤੈਸੇ ਹੀ ਮਨਮੁਖ ਸਾਕਤ ਦੀ ਕਿਰਿਆ ਹੈ, ਚਾਹੇ ਮਨਮੁਖ ਪੁਰਸ਼ ਕਿਤਨਾ ਹੀ ਛਿਪਾ ਕੇ ਮੰਦ ਕਰਮ ਕਰੇ ਪਰ ਅੰਤ ਨੂੰ ਜ਼ਰੂਰ ਹੀ ਪ੍ਰਗਟ ਹੋ ਜਾਂਦੇ ਹਨ।

ਯਥਾ- ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥

(ਵਾਰ ਮਾਝ, ਪੰਨਾ ੧੩੮)

ਤਥਾ- ਅਨਿਕ ਪੜਦੇ ਮਹਿ ਕਮਾਵੈ ਵਿਕਾਰ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ॥੩॥

(ਗਉੜੀ ਮਹਲਾ ੫, ਪੰਨਾ ੧੮੪)

ਤਥਾ- ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥੧੭॥

(ਗਉੜੀ ਵਾਰ ਮ: ੪, ਪੰਨਾ ੩੧੬)

ਉਥਾਨਕਾ- ਇਸ ਸੰਸਾਰ ਵਿਚ ਵਾਹਿਗੁਰੂ ਦੇ ਪਿਆਰੇ ਸੰਤ ਜਨ ਹੀ ਲਾਭ ਲੈ ਸਕਦੇ ਹਨ, ਹੋਰ ਕੋਈ ਨਹੀਂ ਲੈ ਸਕਦਾ, ਏਹ ਵਾਰਤਾ ਹੁਣ ਆਖਦੇ ਹਨ—

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥

ਕਬੀਰ ਜੀ ਆਖਦੇ ਹਨ- ਮਾਇਆ ਰਚਿਤ ਜੋ ਅਸਥੂਲ ਦੇਹ ਹੈ ਏਹੀ ਇਕ ਡੋਲਨੀ= ਮੱਟੀ, ਭਾਵ ਚਾਟੀ ਹੈ। ਇਸ ਵਿਚ ਜੋ ਪਵਨੁ= ਸਵਾਸ ਚਲ ਰਹੇ ਹਨ ਏਹੀ ਇਕ ਝਕੋਲਨਹਾਰੁ= ਹਿਲਾਉਣ ਵਾਲੀ ਭਾਵ ਦੁੱਧ ਰਿੜਕਨ ਵਾਲੀ ਮਧਾਣੀ ਹੈ। ਇਸ ਦੁਆਰੇ ਨਿਸ਼ਕਾਮ ਕਰਮਾਂ ਰੂਪ ਦੁੱਧ, ਉਪਾਸ਼ਨਾ ਰੂਪ ਦਹੀਂ ਨੂੰ ਰਿੜਕ ਕੇ-

ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥ ੧੮ ॥

ਵਾਹਿਗੁਰੂ ਦੇ ਪਿਆਰੇ ਸੰਤਾਂ ਨੇ ਤਾਂ ਬ੍ਰਹਮ ਗਿਆਨ ਰੂਪ ਮੱਖਣ ਖਾਣਾ ਕੀਤਾ ਹੈ, ਪਰ ਸੰਸਾਰੀ ਜੀਵ ਕੇਵਲ ਨਾਸਵੰਤ ਪਦਾਰਥ, ਵਾ ਵਿਸ਼ੇ ਸੁਖ ਰੂਪ ਛਾਛਿ= ਲੱਸੀ ਨੂੰ ਪੀਂਦੇ ਹਨ॥੧੮॥

ਉਪਰ ਕਹੇ ਪ੍ਰਸੰਗ ਨੂੰ ਫੇਰ ਸਪੱਸ਼ਟ ਕਰਦੇ ਹਨ—

ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ* ਧਾਰ ॥

ਕਬੀਰ ਜੀ ਆਖਦੇ ਹਨ- ਮਾਇਆ ਰਚਿਤ ਅਸਥੂਲ ਦੇਹ ਤਾਂ ਇਕ ਡੋਲਨੀ= ਚਾਟੀ ਹੈ ਤੇ ਹਿਵ ਧਾਰ= ਬਰਫ ਦੀ ਧਾਰਾ ਵਾਂਗ ਸੀਤਲ ਕਰਨ ਵਾਲੇ ਭਾਵ ਭਜਨ ਸਿਮਰਨ ਨਾਲ ਮਿਲੇ ਹੋਏ ਜੋ ਪਵਨੁ= ਸਵਾਸ ਵਹੈ= ਚਲ ਰਹੇ ਹਨ, ਇਹੋ ਇਕ ਮਧਾਣੀ ਹੈ। ਇਸ ਦੁਆਰਾ--

ਜਿਨਿ ਬਿਲੋਇਆ ਤਿਨਿ ਖਾਇਆ

ਜਿਸ ਨੇ ਨਿਸ਼ਕਾਮ ਕਰਮਾਂ ਰੂਪ ਦੁੱਧ ਤੇ ਉਪਾਸ਼ਨਾ ਰੂਪ ਦਹੀਂ ਨੂੰ ਬਿਲੋਇਆ= ਰਿੜਕਿਆ ਹੈ, ਓਸੇ ਨੇ ਬ੍ਰਹਮਾਨੰਦ ਰੂਪ ਮੱਖਣ ਖਾਣਾ ਕੀਤਾ ਹੈ। ਐਸੇ ਮਹਾਤਮਾ ਦੁਆਰਾ-

ਅਵਰ ਬਿਲੋਵਨਹਾਰ ॥ ੧੯ ॥

ਹੋਰ ਵੀ ਗੁਰਮੁਖ ਜਗਿਆਸੂ ਜਨ ਨਿਸ਼ਕਾਮ ਕਰਮਾਂ ਰੂਪ ਦੁੱਧ ਤੇ ਉਪਾਸ਼ਨਾ ਰੂਪ ਦਹੀਂ ਦੇ ਬਿਲੋਵਨਹਾਰ= ਰਿੜਕਣ ਵਾਲੇ ਹੋ ਰਹੇ ਹਨ। *ਅਥਵਾ*-ਹੋਰ ਜੋ ਸੰਸਾਰੀ ਪੁਰਸ਼ ਸ਼ਕਾਮ ਕਰਮਾਂ ਦੇ ਕਰਨ ਵਾਲੇ ਹਨ, ਉਹਨਾਂ ਨੂੰ ਕੇਵਲ ਸੰਸਾਰਕ ਸੁਖ ਰੂਪੀ ਲੱਸੀ ਹੀ ਮਿਲਦੀ ਹੈ।

ਅਥਵਾ- ਨਿਸ਼ਕਾਮ ਕਰਮਾਂ ਰੂਪ ਦੁੱਧ ਤੋਂ ਬਿਨਾਂ-

ਅਵਰ ਬਿਲੋਵਨਹਾਰ॥

ਅਵਰ= ਹੋਰ ਸ਼ਕਾਮ ਕਰਮਾਂ ਰੂਪ ਪਾਣੀ ਹੈ, ਪਰ ਜੋ ਪੁਰਸ਼ ਸ਼ਕਾਮ ਕਰਮਾਂ ਰੂਪ ਪਾਣੀ ਨੂੰ ਰਿੜਕਣਵਾਲਾ ਹੈ, ਉਹ ਮਨੁੱਖ ਵਿਸ਼ੇ ਅਨੰਦ ਰੂਪੀ ਝੱਗ ਨੂੰ ਹੀ ਪ੍ਰਾਪਤ ਕਰਦਾ ਹੈ। ਕਿਉਂਕਿ ਪਾਣੀ ਦੇ ਰਿੜਕਣ ਨਾਲ ਝੱਗ ਹੀ ਦਿਸਦੀ ਹੈ ਪਰ ਮੱਖਣ ਨਹੀਂ ਨਿਕਲਦਾ। ਜਿਸ ਤਰ੍ਹਾਂ ਪੰਜਾ ਸਾਹਿਬ ਗਰਮੀ ਦੀ ਰੁੱਤ ਵਿਚ ਲੋਕ ਸੋਮੇ ਦਾ ਠੰਢਾ ਪਾਣੀ ਪਾ ਕੇ ਦਹੀਂ ਰਿੜਕ ਕੇ ਮੱਖਣ ਕੱਢ ਕੇ ਘਰ ਨੂੰ ਲੈ ਜਾਂਦੇ ਹਨ। ਇਸ਼ਨਾਨ ਅਤੇ ਦਰਸ਼ਨ ਆਦਿ ਵੀ ਕਰ ਜਾਂਦੇ ਹਨ। ਇਕ ਪੋਠੋਹਾਰ ਦੀ ਮਾਈ ਆਈ, ਉਸ ਨੇ ਪੁੱਛਿਆ- ਇਹ ਕੀ ਕਾਰਨ ਹੈ ਜੋ ਤੁਸੀਂ ਸਾਰੀਆਂ ਇਥੇ ਚਾਟੀਆਂ ਲਿਆ ਕੇ ਰਿੜਕਦੀਆਂ ਹੋ? ਤਾਂ ਅੱਗੋਂ ਉਨ੍ਹਾਂ ਔਰਤਾਂ ਨੇ ਕਿਹਾ ਕਿ ਅਸੀਂ ਇਸ ਵਾਸਤੇ ਇਥੇ ਚਾਟੀਆਂ ਲਿਆ ਕੇ ਰਿੜਕਦੀਆਂ ਹਾਂ, ਕਿ ਬਾਬਾ ਮੱਖਣ ਦੇਂਦਾ ਹੈ। ਇਹ ਗੱਲ ਸੁਣ ਕੇ ਉਸ ਨੇ ਭੀ ਚਾਟੀ ਅਤੇ ਮਧਾਣੀ ਖਰੀਦੀ ਤੇ ਉਹ ਵੀ ਉਥੇ ਆ ਕੇ ਪਾਣੀ ਪਾ ਕੇ ਰਿੜਕਣ ਲੱਗ ਪਈ, ਪਰ ਮੱਖਣ ਨਾ ਆਇਆ। ਬੜੀ ਹੈਰਾਨ ਹੋ ਕੇ ਥੱਕ ਕੇ ਬੈਠ ਗਈ ਤਾਂ ਨਾਲ ਦੀਆਂ ਮਾਈਆਂ ਨੇ ਕਿਹਾ- ਦੁੱਧ ਪਾ ਕੇ

**ਜੋ ਹਿਮਾਲੇ ਪਰਬਤ ਦੀ ਧਾਰਾ ਨਾਲ ਹਵਾ ਛੋਹ ਕੇ ਲੰਘਦੀ ਹੈ, ਉਹ ਸੀਤਲ ਹੋ ਜਾਂਦੀ ਹੈ। ਇਸੇ ਤਰ੍ਹਾਂ ਹਿਮਾਲੇ ਪਰਬਤ ਦੀ ਧਾਰਾ ਵਾਂਗੂ ਗੁਰੂ ਸਾਹਿਬ ਜੀ ਹਨ।

ਯਥਾ-ਗੁਰ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥ (ਵਾਰ ਮਾਝ, ਪੰਨਾ ੧੩੭)

ਐਸੇ ਗੁਰੂ ਦੀ ਆਗਿਆ ਨਾਲ ਮਿਲ ਕੇ ਜੋ ਸਿੱਖ ਦੇ ਸੀਤਲ ਸਵਾਸ ਚਲਦੇ ਹਨ, ਉਹ ਭੀ ਇਕ ਹਿਮਾਲੇ ਦੀ ਧਾਰਾ ਵਾਂਗ ਹਨ।

ਰਿੜਕ ਤਾਂ ਮੱਖਣ ਆਵੇਗਾ। ਦੁੱਧ ਤੋਂ ਬਗੈਰ ਕਿਵੇਂ ਮੱਖਣ ਆ ਸਕਦਾ ਹੈ? ਇਥੋਂ ਦੀ ਇਹ ਖੂਬੀ ਹੈ ਕਿ ਇਸ ਸੋਮੇ ਦਾ ਪਾਣੀ ਠੰਡਾ ਹੈ ਇਸ ਕਰ ਕੇ ਅਸੀਂ ਇਥੇ ਆ ਕੇ ਦਹੀਂ ਰਿੜਕਦੀਆਂ ਹਾਂ ਤੇ ਮੱਖਣ ਛੇਤੀ ਨਿਕਲ ਆਉਂਦਾ ਹੈ, ਹੋਰ ਥਾਵਾਂ ਦਾ ਪਾਣੀ ਤੱਤਾ ਹੋਣ ਕਰ ਕੇ ਮੱਖਣ ਵਿਚੇ ਮਿਲ ਜਾਂਦਾ ਹੈ। ਇਸ ਸਾਖੀ ਤੋਂ ਇਹ ਭਾਵ ਪ੍ਰਗਟ ਹੁੰਦਾ ਹੈ ਕਿ ਨਿਰੇ ਪਾਣੀ ਦੇ ਰਿੜਕਣ ਨਾਲ ਮੱਖਣ ਨਹੀਂ ਨਿਕਲਦਾ।

ਯਥਾ- ਨੀਰੁ ਬਿਲੋਵੈ ਅਤਿ ਸ੍ਮ੍ਰ ਪਾਵੈ ਨੈਨੂ ਕੈਸੇ ਰੀਸੈ॥ *(ਸਾਰਗ ਮਹਲਾ ੫, ਪੰਨਾ ੧੨੦੭)*

ਤਥਾ- ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ॥੪੧॥

(ਸੋਰਠਿ ਮਹਲਾ ੧, ਅਸਟਪਦੀਆ, ਪੰਨਾ ੬੩੫)

ਪ੍ਰਸ਼ਨ- ਜਿਸ ਮਾਇਆ ਕਰ ਕੇ ਇਹ ਦੇਹ ਰਚੀ ਗਈ ਹੈ, ਉਹ ਮਾਇਆ ਕੈਸੀ ਹੈ? *ਉੱਤਰ-*

ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥

ਕਬੀਰ ਜੀ ਆਖਦੇ ਹਨ- ਇਹ ਮਾਇਆ ਚੋਰਟੀ= ਚੋਰਨੀ ਹੈ, ਜੋ ਜੀਵਾਂ ਨੂੰ ਮੁਸਿ ਮੁਸਿ= ਮੋਹ ਮੋਹ ਕੇ ਹਾਟਿ= ਵਿਸ਼ੇ ਵਿਕਾਰਾਂ ਦੀ ਤਰਫ ਲਾਵੈ=, ਲਾਉਂਦੀ ਹੈ।

ਅਥਵਾ- ਜੋ ਮਾਇਆ ਹਾਟਿ= ਇੰਦ੍ਰੀਆਂ ਨੂੰ ਈਸ਼ਵਰ ਦੀ ਤਰਫੋਂ ਮੁਸਿ ਮੁਸਿ= ਖੋਹ ਹੀ ਖੋਹ ਲੈਂਦੀ ਹੈ। ਭਾਵ ਇੰਦ੍ਰੀਆਂ ਨੂੰ ਚੰਗੇ ਪਾਸੇ ਨਹੀਂ ਲੱਗਣ ਦੇਂਦੀ। *ਅਥਵਾ-*

ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥

ਕਬੀਰ ਜੀ ਆਖਦੇ ਹਨ- ਇਹ ਮਾਇਆ ਚੋਰਟੀ= ਚੋਰਾਂ ਦੀ ਮਾਂ ਵਾਂਗੂੰ ਹੈ, ਜੋ ਹਿਰਦੇ ਰੂਪ ਹਾਟਿ= ਦੁਕਾਨ ਵਿਚੋਂ ਸ਼ੁਭ ਗੁਣਾਂ ਰੂਪ ਧਨ ਨੂੰ ਮੁਸਿ ਮੁਸਿ= ਲੁੱਟ ਹੀ ਲੁੱਟ ਲੈਂਦੀ ਹੈ।

ਸਾਖੀ—ਚੋਰਾਂ ਦੀ ਮਾਂ ਦੀ

ਇਕ ਚੋਰਾਂ ਦੀ ਮਾਂ ਸੀ, ਉਹ ਇਸ ਗੱਲ ਦਾ ਬੜਾ ਖਿਆਲ ਰੱਖਦੀ ਸੀ ਕਿ ਜਦ ਕਿਸੇ ਦੇ ਘਰ ਨਵੀਂ ਨੂੰਹ ਵਿਆਹੀ ਆਵੇ ਤਾਂ ਉਹ ਉਸ ਦੇ ਘਰ ਚਲੀ ਜਾਂਦੀ, ਉਸ ਨਵੀਂ ਵਿਆਹੀ ਦੁਲਹਨ ਨਾਲ ਬੜਾ ਪਿਆਰ ਕਰਦੀ। ਉਹ ਲੜਕੀ ਸ਼ਾਮ ਨੂੰ ਜਿਥੇ ਗਹਿਣੇ ਲਾਹ ਕੇ ਰੱਖਦੀ ਇਹ ਚੋਰਾਂ ਦੀ ਵੇਖਦੀ ਰਹਿੰਦੀ। ਫੇਰ ਕਿਸੇ ਆਨੇ ਬਹਾਨੇ ਉਸ ਜੰਦਰੇ ਨੂੰ ਹਿੰਗ ਲਾ ਆਉਂਦੀ ਤੇ ਆਪਣੇ ਘਰ ਆ ਕੇ ਆਪਣੇ ਪੁੱਤਰਾਂ ਨੂੰ ਕਹਿ ਦੇਂਦੀ ਕਿ ਜਿਸ ਜੰਦਰੇ ਨਾਲ ਹਿੰਗ ਲੱਗੀ ਹੋਵੇ ਉਥੇ ਗਹਿਣੇ ਪਏ ਹੋਏ ਹਨ ਤੁਸੀਂ ਕੱਢ ਲਿਆਓ। ਉਹ ਪੰਜੇ ਪੁੱਤਰ ਉਸੇ ਤਰ੍ਹਾਂ ਹੀ ਕਰਨ। ਰਾਤ ਨੂੰ ਲੋਕਾਂ ਦੇ ਘਰ ਜਾ ਕੇ ਜਿਥੇ ਵੀ ਹਿੰਗ ਦੀ ਖੁਸ਼ਬੋ ਆਵੇ ਉਥੋਂ ਗਹਿਣੇ ਕੱਢ ਲਿਆਉਣ।

ਇਸੇ ਤਰ੍ਹਾਂ ਇਹ ਮਇਆ ਚੋਰਟੀ ਹੈ ਭਾਵ ਚੋਰਾਂ ਦੀ ਮਾਂ ਵਾਂਗੂੰ ਹੈ ਜੋ ਹੰਗਤਾ ਰੂਪ ਹਿੰਗ ਜੀਵਾਂ ਨੂੰ ਲਗਾ ਦੇਂਦੀ ਹੈ। ਫੇਰ ਇਸ ਮਾਇਆ ਦੇ ਪੰਜ ਪੁੱਤਰਾਂ (ਪੰਜ ਕਾਮ ਕ੍ਰੋਧ ਆਦਿਕ) ਨੂੰ ਭੇਜ ਦਿੰਦੀ ਹੈ। ਸੋ ਹੰਗਤਾ ਵਾਲੇ ਪੁਰਸ਼ਾਂ ਪਾਸ ਆ ਕੇ ਸ਼ੁਭ ਗੁਣਾਂ ਰੂਪੀ ਧਨ ਲੁੱਟ ਕੇ ਲੈ ਜਾਂਦੇ ਹਨ।

ਭਾਵ-ਜਦ ਜੀਵ ਪਾਸ ਮਾਇਆ ਆਉਂਦੀ ਹੈ ਤਾਂ ਹੰਗਤਾ ਭੀ ਨਾਲ ਲੱਗ ਜਾਂਦੀ ਹੈ। ਫਿਰ ਇਹ ਜੀਵ ਹੰਗਤਾ ਕਰ ਕੇ ਵਿਸ਼ਿਆਂ ਵਿਚ ਲੱਗ ਜਾਂਦਾ ਹੈ। ਤਦ ਕਾਮ ਆਦਿਕ ਚੋਰ ਇਸ ਦੇ ਸ਼ੁਭ ਗੁਣਾਂ ਰੂਪ ਗਹਿਣਿਆਂ ਨੂੰ ਲੁੱਟ ਲੈਂਦੇ ਹਨ।

ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥ ੨੦॥

ਕਬੀਰ ਜੀ ਆਖਦੇ ਹਨ- ਇਕ ਮੈਂ ਨਹੀਂ ਮੁਸੈ= ਲੁਟਿਆ ਗਿਆ ਕਿਉਂਕਿ ਮੈਂ ਇਸ ਮਾਇਆ ਨੂੰ ਬਾਰਹ ਬਾਟ= ਬਾਰਾਂ ਥਾਈਂ ਵੰਡ ਦਿੱਤਾ ਹੈ, ਭਾਵ ਇਸ ਦੇ ਬਾਰਾਂ ਟੋਟੇ ਕਰ ਦਿੱਤੇ ਹਨ। ਵਾ:-ਜਿਨਿ= ਮੈਂ ਇਸ ਮਾਇਆ ਨੂੰ ਬਾਰਹ ਬਾਟ= ਵਿਪਤਾ ਵਿਚ ਪਾ ਦਿੱਤਾ ਹੈ। *ਅਥਵਾ-*ਬਾਹਰੋਂ ਆਉਂਦੀ ਨੂੰ ਹੀ ਮੈਂ ਬਾਟ= ਰਸਤੇ ਵਿਚ ਪਾ ਦਿੱਤਾ ਹੈ। *ਅਥਵਾ-* ***ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥੨੦॥***

ਕਬੀਰ ਜੀ ਆਖਦੇ ਹਨ- ਇਕ ਉਹ ਪੁਰਸ਼ ਨਹੀਂ ਲੁਟੀਂਦਾ, ਜਿਸ ਨੇ ਦਸਾਂ ਇੰਦ੍ਰੀਆਂ ਦੇ ਵਿਸ਼ੇ ਛੱਡ ਦਿੱਤੇ ਹਨ, ਯਾਰਵਾਂ ਮਨ ਦਾ ਸੰਕਲਪ ਅਤੇ ਬਾਰ੍ਹਵੀਂ ਬੁੱਧੀ ਦੀ ਸਿਆਣਪ, ਇਹਨਾਂ ਬਾਰਾਂ ਦਾ ਤਿਆਗ ਰੂਪ ਬਾਰਾਂ ਟੁਕੜੇ ਕੀਤੇ ਹਨ॥ ੨੦॥

ਉਥਾਨਕਾ- ਕੋਈ ਮਨੁੱਖ ਆਪਣੇ ਸੁਖ ਵਾਸਤੇ ਬਹੁਤ ਸਾਰੇ ਸੰਸਾਰੀ ਮਨੁੱਖਾਂ ਨੂੰ, ਵਾ-ਦੇਵੀ ਦੇਵਤਿਆਂ ਨੂੰ ਆਪਣਾ ਮਿੱਤਰ ਬਣਾਉਂਦਾ ਪਿਆ ਸੀ ਤੇ ਪ੍ਰਭੂ ਦਾ ਚਿੰਤਨ ਨਹੀਂ ਸੀ ਕਰਦਾ। ਇਕ ਦਿਨ ਕਬੀਰ ਜੀ ਪਾਸ ਚੱਲ ਕੇ ਆ ਗਿਆ ਤੇ ਪੁੱਛਦਾ ਹੈ ਭਗਤ ਜੀ! ਸੁਖ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ? *ਉੱਤਰ-*

ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ॥

ਕਬੀਰ ਜੀ ਆਖਦੇ ਹਨ- ਹੇ ਭਾਈ! ਇਸ ਕਲਜੁਗ ਵਿਚ ਜਿਹੜੇ ਬਹੁਤ ਸੰਸਾਰਕ ਮਿੱਤਰ ਬਣਾਉਣੇ ਹਨ ਜਾਂ ਬਹੁਤੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੀ ਹੈ, ਤਿਨ੍ਹਾਂ ਕਰਕੇ ਸੁਖ ਦੀ ਪ੍ਰਾਪਤੀ ਨਹੀਂ ਹੈ।

ਜੈਸੇ ਕੋਈ ਸ਼ਿਵ ਜੀ ਦੀ ਪੂਜਾ ਕਰਦਾ ਸੀ ਉਸ ਨੂੰ ਵੇਖ ਕੇ ਭਗਤ ਨਾਮਦੇਵ ਜੀ ਨੇ ਕਿਹਾ-

ਆਜੁ ਨਾਮੇ ਬੀਠਲੁ ਦੇਖਿਆ ਮੂਰਖੁ ਕੋ ਸਮਝਾਊ ਰੇ॥ ਰਹਾਉ॥

....

ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥

ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥ ੨॥

ਇਹ ਗੱਲ ਸੁਣ ਕੇ ਝੱਟ ਮੁੱਕਰ ਗਿਆ ਤੇ ਆਖਣ ਲੱਗਾ ਕਿ ਮੈਂ ਤਾਂ ਰਾਮ ਦਾ ਉਪਾਸ਼ਕ ਹਾਂ! ਫਿਰ ਭਗਤ ਨਾਮਦੇਵ ਜੀ ਨੇ ਕਿਹਾ-

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥

ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥੩॥

ਇਹ ਗੱਲ ਸੁਣ ਕੇ ਉਹ ਕਹਿਣ ਲੱਗਾ ਕਿ ਮੈਂ ਤਾਂ ਕ੍ਰਿਸ਼ਨ ਦਾ ਉਪਾਸ਼ਕ ਹਾਂ। ਕੁਝ ਸਮੇਂ ਤੋਂ ਮਗਰੋਂ ਫਿਰ ਕਹਿੰਦਾ ਹੈ ਮੈਂ ਤਾਂ ਗਣੇਸ਼ ਦਾ ਉਪਾਸ਼ਕ ਹਾਂ। ਇਸ ਤਰ੍ਹਾਂ ਕਹਿ ਕਹਿ ਕੇ ਆਖਿਰ ਬਿਲਕੁਲ ਹੀ ਮੁੱਕਰ ਗਿਆ ਕਿ ਮੈਂ ਕਿਸੇ ਦਾ ਵੀ ਸੇਵਕ ਨਹੀਂ ਹਾਂ ਤਾਂ ਅਖੀਰ ਤੇ ਭਗਤ ਨਾਮਦੇਵ ਜੀ ਨੂੰ ਇਹ ਕਹਿਣਾ ਹੀ ਪਿਆ ਕਿ-

ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥

(ਬਿਲਾਵਲੁ ਨਾਮਦੇਉ, ਪੰਨਾ ੮੭੫)

ਸਾਖੀ—ਵੈਸ਼ਨਵ ਦੀ

ਇਕ ਵੈਸ਼ਨਵ ਬਾਹਰ ਜੰਗਲ ਵਿਚ ਝੁੱਗੀ ਬਣਾ ਕੇ ਰਹਿੰਦਾ ਸੀ। ਦੇਵਨੇਤ ਨਾਲ ਉਸ ਵੈਸ਼ਨਵ ਦੀ ਝੁੱਗੀ ਨੂੰ ਅੱਗ ਲੱਗ ਗਈ। ਅੱਗ ਬੁਝਾਉਣ ਦੇ ਯਤਨ ਤਾਂ ਬਹੁਤ ਕੀਤੇ ਪਰ ਅੱਗ ਨਾ ਬੁਝੀ, ਹਾਰ ਕੇ ਪਹਿਲੇ ਉਸ ਨੇ ਗਣੇਸ਼ ਨੂੰ ਆਰਾਧਿਆ ਕਿ ਮੇਰੀ ਸਹਾਇਤਾ ਕਰੋ ਪਰ ਜਿਸ ਵੇਲੇ ਕੁਝ ਸਮਾਂ ਬਤੀਤ ਹੋ ਗਿਆ ਤਾਂ ਗਣੇਸ਼ ਵਲੋਂ ਨਿਰਾਸ ਹੋ ਕੇ ਫਿਰ ਸ਼ਿਵ ਜੀ ਨੂੰ ਆਰਾਧਿਆ। ਕੁਝ ਸਮੇਂ ਮਗਰੋਂ ਫਿਰ ਬ੍ਰਹਮਾ ਦਾ ਅਰਾਧਨ ਕੀਤਾ। ਮੁੱਕਦੀ ਗੱਲ ਕੀ ਕਿ ਥੋੜੇ ਸਮੇਂ ਵਿਚ ਬਹੁਤ ਹੀ ਦੇਵੀ ਦੇਵਤਿਆਂ ਨੂੰ ਸਹਾਇਤਾ ਵਾਸਤੇ ਯਾਦ ਕੀਤਾ ਪਰ ਕਿਸੇ ਨੇ ਭੀ ਸਹਾਇਤਾ ਨਾ ਕੀਤੀ ਤੇ ਝੁੱਗੀ ਸੜ ਗਈ। ਇਸੇ ਵਾਸਤੇ ਕਬੀਰ ਜੀ ਕਹਿੰਦੇ ਹਨ ਕਿ ਦੇਵੀ ਦੇਵਤਿਆਂ ਨੂੰ ਮਿੱਤਰ ਬਣਾਉਣ ਤੇ ਸੁਖ ਦੀ ਪ੍ਰਾਪਤੀ ਨਹੀਂ ਹੈ।

ਪ੍ਰਸ਼ਨ- ਫਿਰ ਸੁਖ ਕਿਸ ਨੂੰ ਪ੍ਰਾਪਤ ਹੁੰਦਾ ਹੈ? *ਉੱਤਰ-*

ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥ ੨੧॥

ਜਿਹੜੇ ਪੁਰਸ਼ ਇਕ ਵਾਹਿਗੁਰੂ ਨਾਲ ਆਪਣੇ ਚਿਤ ਨੂੰ ਜੋੜੀ ਰੱਖਦੇ ਹਨ ਤੇ= ਉਹ ਪੁਰਸ਼ ਨੀਤ= ਨਿਤਾ ਪ੍ਰਤੀ ਸੁਖ ਪਾਉਂਦੇ ਹਨ॥੨੧॥

ਯਥਾ- ਨਾਮ ਵਿਹੂਣੇ ਭਰਮਸਹਿ ਆਵਹਿ ਜਾਵਹਿ ਨੀਤ॥
ਇਕਿ ਬਾਂਧੇ ਇਕਿ ਢੀਲਿਆ ਇਕਿ ਸੁਖੀਏ ਹਰਿ ਪ੍ਰੀਤਿ॥

(ਮਾਰੂ ਕੀ ਵਾਰ, ਮ: ੪, ਪੰਨਾ ੧੦੮੭)

ਉਥਾਨਕਾ- ਇਕ ਵਾਰ ਕਾਂਸ਼ੀ ਪੁਰੀ ਵਿਚ ਹੈਜ਼ੇ ਦੀ ਬੀਮਾਰੀ ਫੈਲ ਗਈ, ਉਸ ਬੀਮਾਰੀ ਦੇ ਡਰ ਕਰ ਕੇ ਸਭ ਲੋਕ ਬਾਹਰ ਨੂੰ ਦੌੜਨ ਲੱਗ ਪਏ ਤੇ ਕਬੀਰ ਜੀ ਨੂੰ ਵੀ ਕਈ ਲੋਕ ਆ ਕੇ ਕਹਿਣ ਲੱਗੇ ਕਿ ਭਗਤ ਜੀ! ਸ਼ਹਿਰ ਵਿਚ ਡਾਕੀ ਦੀ ਬੀਮਾਰੀ ਬੜਾ ਜ਼ੋਰ ਪਾ ਰਹੀ ਹੈ ਇਸ ਵਾਸਤੇ ਆਪ ਵੀ ਜਲਦੀ ਨਾਲ ਕਾਂਸ਼ੀ ਪੁਰੀ ਤੋਂ ਬਾਹਰ ਨਿਕਲ ਚਲੋ।

ਇਹ ਗੱਲ ਸੁਣ ਕੇ ਕਬੀਰ ਜੀ ਕਹਿਣ ਲੱਗੇ- ਭਾਈ! ਤੁਸੀਂ ਤਾਂ ਕਹਿੰਦੇ ਹੋ ਕਾਂਸ਼ੀ ਵਿਚ ਮਰਨ ਤੇ ਮੁਕਤ ਹੋਈਦਾ ਹੈ ਤੇ ਹੁਣ ਬਾਹਰ ਕਿਉਂ ਨਿਕਲਦੇ ਹੋ? ਤਾਂ ਉਹਨਾਂ ਲੋਕਾਂ ਨੇ ਕਿਹਾ- ਤੁਹਾਨੂੰ ਮੌਤ ਦਾ ਡਰ ਨਹੀਂ ਹੈ?

ਇਹ ਗੱਲ ਸੁਣ ਕੇ ਭਗਤ ਕਬੀਰ ਜੀ ਆਪਣਾ ਨਿਸਚਾ ਪ੍ਰਗਟ ਕਰਦੇ ਹੋਏ ਕਹਿੰਦੇ ਹਨ-

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥

ਪਹਿਲਾ ਅਰਥ-

ਕਬੀਰ ਜੀ ਆਖਦੇ- ਜਿਸ ਮੌਤ ਤੋਂ ਸਾਰਾ ਸੰਸਾਰ ਡਰਦਾ ਹੈ (ਅਤੇ ਹੁਣ ਜਿਸ ਮਰਨ ਦੇ ਡਰ ਕਰ ਕੇ ਕਾਂਸ਼ੀ ਪੁਰੀ ਨੂੰ ਲੋਕ ਛੱਡ ਕੇ ਬਾਹਰ ਦੌੜੇ ਜਾ ਰਹੇ ਹਨ) ਉਸ ਮਰਨ ਨੂੰ ਸੁਣ ਕੇ ਮੇਰੇ ਮਨ ਵਿਚ ਤਾਂ ਅਨੰਦ ਹੁੰਦਾ ਹੈ। ਕਿਉਂਕਿ-

ਜਿਹ ਮਰਨੈ ਸਭੁ ਜਗਤੁ ਤਰਾਸਿਆ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥ ੧॥

(ਗਉੜੀ ਕਬੀਰ ਜੀ, ਪੰਨਾ ੩੨੭)

ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥

ਵਿਦੇਹ ਮੁਕਤੀ ਦੇ ਅਨੰਦ ਲੈਣ ਵਾਸਤੇ ਮਰ ਜਾਣ ਤੇ ਹੀ ਪੂਰਨ ਪਰਮਾਨੰਦ ਵਿਖੇ ਅਭੇਦ ਹੋਣਾ ਪਾਈਦਾ ਹੈ॥ ੨੨ ॥

ਦੂਜਾ ਅਰਥ-

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥

ਜਿਸ ਜੀਵਤ ਭਾਵ ਦੇ ਮਰਨ ਵਲੋਂ ਸਾਰਾ ਸੰਸਾਰ ਡਰ ਰਿਹਾ ਹੈ, ਉਸ ਜੀਵਤ ਭਾਵ ਤੋਂ ਮਰਨ ਨਾਲ ਮੇਰੇ ਮਨ ਵਿਚ ਅਨੰਦ ਹੈ। ਕਿਉਂਕਿ-

ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨ ॥

ਜੀਵਤ ਭਾਵ ਤੋਂ ਮਰਨ ਨਾਲ ਹੀ ਪੂਰਨ ਪਰਮਾਨੰਦ ਸਰੂਪ ਜੋ ਪ੍ਰਭੂ ਹੈ, ਉਸ ਨੂੰ ਪਾਈਦਾ ਹੈ॥੨੨ ॥

ਉਥਾਨਕਾ- ਕੋਈ ਸਾਧੂ ਅਨਅਧਿਕਾਰੀ ਪੁਰਸ਼ ਨੂੰ ਉਪਦੇਸ਼ ਕਰ ਰਿਹਾ ਸੀ, ਉਸ ਪ੍ਰਤੀ ਕਹਿੰਦੇ ਹਨ ਕਿ ਜਣੇ-ਖਣੇ ਨੂੰ ਉਪਦੇਸ਼ ਨਹੀਂ ਦੇਣਾ ਚਾਹੀਦਾ। ਨੀਤੀ ਵਿਚ ਕਥਨ ਕੀਤਾ ਹੈ-

ਯਥਾ- ਜੈਸੇ ਕੈਸੇ ਪੁਰਖ ਕੋ ਦੈ ਉਪਦੇਸ਼ ਨ ਸੰਤ।
ਮੂਰਖ ਕਪਿ ਬਿਨੁ ਗ੍ਰਹਿ ਕਰੀ ਚਟਿਕਾ ਜੋ ਗ੍ਰਹਿਵੰਤ ॥੧੬ ॥

(ਸਾਰੁਕਤਾਵਲੀ, ਧਿਆਇ ੧੩)

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥

ਕਬੀਰ ਜੀ ਆਖਦੇ ਹਨ- ਹੇ ਸੰਤ ਜੀ! ਰਾਮ ਰੂਪ ਰਤਨ ਪਦਾਰਥ ਨੂੰ ਪ੍ਰਾਪਤ ਕਰ ਕੇ ਬੁੱਧੀ ਰੂਪ ਗੰਢ ਨੂੰ, ਵਾ:-ਰਸਨਾ ਰੂਪ ਗੰਢ ਨੂੰ ਐਵੇਂ ਨਾ ਖੋਲ੍ਹ ਭਾਵ ਅਨਅਧਿਕਾਰੀ ਪੁਰਸ਼ ਨੂੰ ਉਪਦੇਸ਼ ਨਾ ਦੇਣਾ ਕਰ।

ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ ੨੩ ॥

ਕਿਉਂਕਿ ਇਸ ਜਗ੍ਹਾ ਤੇ ਨਾ ਸਤਿਸੰਗ ਰੂਪ ਪਟਣ= ਸ਼ਹਿਰ ਹੈ, ਨਾ ਹੀ ਕੋਈ ਤਤਵੇਤਾ ਮਹਾਤਮਾ ਰੂਪ ਪਰਖਊਆ ਹੈ, ਨਾ ਹੀ ਉਤਮ ਅਧਿਕਾਰੀ ਜਗਿਆਸੂ ਰੂਪ ਗਾਹਕ ਹੈ ਅਤੇ ਇਸ ਰਤਨ ਪਦਾਰਥ ਦਾ ਉਸ ਪਾਸ ਸ਼ਰਧਾ ਰੂਪ *ਅਥਵਾ* ਤਨ, ਮਨ, ਧਨ ਦਾ ਅਰਪਣ ਰੂਪ ਮੋਲੁ= ਮੁੱਲ ਵੀ ਨਹੀਂ ਹੈ। ਇਸ ਵਾਸਤੇ ਰਾਮ ਰੂਪ ਰਤਨ ਪਦਾਰਥ ਨੂੰ ਬੁੱਧੀ ਰੂਪ ਗੰਢ ਵਿਚੋਂ ਨਾ ਖੋਲ੍ਹ॥ ੨੩ ॥ ਕਿਉਂਕਿ-

ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥

(ਮਾਰੂ ਵਾਰ, ਮ: ੧, ਪੰਨਾ ੧੦੮੬)

ਉਥਾਨਕਾ- ਇਕ ਮਨੁੱਖ ਕਬੀਰ ਜੀ ਦਾ ਸਤਿਸੰਗੀ ਪਹਿਲੇ ਰੋਜ਼ ਆਇਆ ਕਰਦਾ ਸੀ। ਜਦ ਉਹ ਕਈ ਮਹੀਨਿਆਂ ਤੋਂ ਮਗਰੋਂ ਆਇਆ ਤਾਂ ਕਬੀਰ ਜੀ ਨੇ ਪੁੱਛਿਆ, ਕੀ ਕਾਰਨ ਹੈ ਅੱਗੇ ਤੂੰ ਰੋਜ਼ ਆਉਂਦਾ ਸੈਂ ਹੁਣ ਬਹੁਤ ਦੇਰ ਮਗਰੋਂ ਆਇਆ ਹੈਂ? ਤਾਂ ਉਸ ਪ੍ਰੇਮੀ ਨੇ ਕਿਹਾ-ਮਹਾਰਾਜ! ਬੜੇ-ਬੜੇ ਰਾਜਿਆਂ ਅਤੇ ਪੰਡਤਾਂ ਨਾਲ ਮਿਲਵਰਤਨ ਹੋਣ ਕਰ ਕੇ ਟਾਈਮ ਹੀ ਨਹੀਂ ਮਿਲਦਾ। ਇਹ ਗੱਲ ਸੁਣ ਕੇ-

ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ ॥

ਕਬੀਰ ਜੀ ਆਖਦੇ ਹਨ- ਹੇ ਪਿਆਰੇ! ਉਹਨਾਂ ਮਹਾਤਮਾਂ ਨਾਲ ਪ੍ਰੀਤੀ ਕਰ, ਜਿਨ੍ਹਾਂ ਨੇ ਰਾਮ ਨੂੰ ਆਪਣਾ ਠਾਕੁਰ= ਸੁਆਮੀ ਬਣਾਇਆ ਹੈ।

ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ ॥ ੨੪ ॥

ਬੜੇ-ਬੜੇ ਵਿਦਵਾਨ ਪੰਡਿਤ ਤੇ ਭੂਪਤੀ= ਪ੍ਰਿਥਵੀ ਦੇ ਮਾਲਕ ਜੋ ਰਾਜੇ ਲੋਕ ਹਨ, ਇਹ ਭਲਾ ਕਉਨੇ= ਕਿਸ ਕੰਮ ਆਉਣ ਵਾਲੇ ਹਨ, ਇਨ੍ਹਾਂ ਦਾ ਕੋਈ ਭਰੋਸਾ ਨਹੀਂ।

ਯਥਾ- ਪ੍ਰੀਤ ਕੀਚੀਏ ਤਿਨ੍ਹਾਂ ਸੰਗ ਜੋ ਪਹੁਚਾਵਨ ਤੋੜ।
ਤਿਨ ਸਿਉ ਪ੍ਰੀਤਿ ਨ ਕੀਚਈ ਜੋ ਵੰਞਨ ਇਥਾਹੀ ਛੋੜ।

ਅਥਵਾ- ਰਾਜੇ= ਰਜਵਾੜੇ, ਭੂ ਪਤੀ= ਜ਼ਿਮੀਦਾਰ, ਵਾ:-ਚਕ੍ਰਵਰਤੀ ਪਾਤਿਸ਼ਾਹ ਤੇ ਪੰਡਿਤ= ਰਾਹੂ ਕੇਤੂ ਆਦਿ ਗ੍ਰਹਿ ਦੱਸਣ ਵਾਲੇ ਜੋਤਸ਼ੀ ਇਹ ਅੰਤ ਸਮੇਂ ਕਿਸ ਕੰਮ ਆਉਣ ਵਾਲੇ ਹਨ ਭਾਵ ਇਹਨਾਂ ਵਿਚੋਂ ਕਿਸੇ ਨੇ ਸਹਾਇਤਾ ਨਹੀਂ ਕਰਨੀ॥ ੨੪॥

ਉਥਾਨਕਾ- ਕਬੀਰ ਜੀ ਪਾਸ ਦੋ ਆਦਮੀ ਆਏ, ਇਕ ਕਹਿੰਦਾ ਸੀ ਪ੍ਰਵਿਰਤੀ ਪੱਖ ਦੇ ਗ੍ਰਹਿਣ ਕਰਨ ਤੇ ਮੁਕਤੀ ਮਿਲਦੀ ਹੈ, ਦੂਜਾ ਕਹਿੰਦਾ ਸੀ ਨਵਿਰਤੀ ਪੱਖ ਦੇ ਗ੍ਰਹਿਣ ਕਰਨ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।ਇਉਂ ਦੋਹਾਂ ਦੇ ਵਿਚਾਰਾਂ ਨੂੰ ਸੁਣ ਕੇ ਭਗਤ ਕਬੀਰ ਜੀ ਕਹਿੰਦੇ ਹਨ-

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥

ਕਬੀਰ ਜੀ ਆਖਦੇ ਹਨ- ਹੇ ਭਾਈ! ਇਕ ਵਾਹਿਗੁਰੂ ਨਾਲ ਪ੍ਰੀਤੀ ਕਰਨ ਨਾਲ ਆਨ= ਹੋਰ ਸਰਬ ਪ੍ਰਕਾਰ ਦੀ ਦੁਬਿਧਾ ਚਲੀ ਜਾਂਦੀ ਹੈ। *ਅਥਵਾ-* ਇਕ ਨਾਲ ਪ੍ਰੀਤੀ ਕਰਨ ਨਾਲ ਜੀਵ ਦਾ ਮਨ ਆਨਦੁ ਬਿਧਾ ਜਾਇ= ਅਨੰਦ ਵਿਚ ਵਿੰਨ੍ਹਿਆਂ ਜਾਂਦਾ ਹੈ। (ਸੰਪ੍ਰਦਾਈ ਪਾਠ ਪਹਿਲਾ ਠੀਕ ਹੈ : ਆਨ ਦੁਬਿਧਾ ਜਾਇ।)

ਭਾਵੈ ਲਾਂਬੇ ਕੇਸ ਕਰੁ ਭਾਵੈ ਘਰਿ ਮੁਡਾਇ ॥ ੨੫ ॥

ਵਾਹਿਗੁਰੂ ਦੇ ਨਾਮ ਵਿਚ ਪ੍ਰੀਤੀ ਕੀਤੇ ਤੋਂ ਬਿਨਾਂ ਲੰਬੇ ਕੇਸ* ਰੱਖ ਲਵੇ, ਤੇ ਚਾਹੇ ਉਸਤਰੇ ਨਾਲ ਘਰਿ= ਘਸਾ ਕੇ ਸਿਰ ਦੇ ਵਾਲ ਮੁਨਾ ਦੇਵੇ ਅਰਥਾਤ ਸਿਰ ਦਾ ਵਾਲ ਕੋਈ ਨਾ ਰਹਿਣ ਦੇਵੇ। *ਅਥਵਾ-* **ਭਾਵੈ ਲਾਂਬੇ ਕੇਸ ਕਰੁ:** ਪ੍ਰਵਿਰਤੀ ਵਧਾ ਲਵੇ ਤੇ ਚਾਹੇ **ਘਰਿ ਮੁਡਾਇ=** ਨਵਿਰਤੀ ਪੱਖ ਨੂੰ ਗ੍ਰਹਿਣ ਕਰ ਲਵੇ। ਵਾ:-**ਭਾਵੈ ਲਾਂਬੇ ਕੇਸ** = ਬ੍ਰਹਮਚਾਰੀ ਹੋ ਜਾਵੇ ਤੇ ਭਾਵੇਂ **ਘਰਿ ਮੁਡਾਇ=** ਸੰਨਿਆਸੀ ਹੋ ਜਾਵੇ। *ਅਥਵਾ-* ਭਾਵੇਂ ਜੰਗਲਾਂ ਦੇ **ਲੰਬੇ ਕੇਸ=** ਰਸਤੇ ਵਿਚ ਪੈ ਜਾਵੇ ਤੇ ਭਾਵੇਂ ਘਰ ਨੂੰ ਮੁੜ ਆਵੇ। ਇਸ ਪ੍ਰਕਾਰ ਕਰ ਲਵੇ ਤਾਂ ਭੀ ਇਨ੍ਹਾਂ ਭੇਖਾਂ ਦੇ ਧਾਰਨ ਕਰਨ ਤੇ ਮਨ ਵਿਚੋਂ ਦੁਬਿਧਾ ਨਹੀਂ ਜਾਂਦੀ॥ ੨੫॥

ਕਬੀਰ ਜਗੁ ਕਾਜਲ ਕੀ ਕੋਠਰੀ

ਕਬੀਰ ਜੀ ਆਖਦੇ ਹਨ- ਹੇ ਪਿਆਰਿਓ! ਇਹ ਸੰਸਾਰ ਤਾਂ ਵਿਕਾਰਾਂ ਰੂਪ, ਵਾ:-ਪਾਪਾਂ ਰੂਪ ਕਾਜਲ= ਕਾਲਖ ਦੀ ਕੋਠੀ ਹੈ, ਜੋ ਜੀਆਂ ਨੂੰ ਕਲੰਕਤ ਕਰਨ ਵਾਲੀ ਹੈ।

**ਕੇਸ ਧਰੇ ਪਾਹੁਲ ਬਿਨਾ ਭੇਖੀ ਮੂਰਖ ਸਿਖ। ਮੇਰੋ ਦਰਸ਼ਨ ਨਾਹਿ ਤਿਸ ਪਾਪੀ ਤਿਆਗੇ ਭਿਖ। (ਰਹਿਤਨਾਮਾ)*

ਅੰਧ ਪਰੇ ਤਿਸ ਮਾਹਿ॥

ਅੰਧੇ= ਅਗਿਆਨੀ ਜੀਵ ਤਿਸ ਐਸੀ ਕਾਲਖ ਦੀ ਕੋਠੀ ਵਿਚ ਪਰੇ= ਪ੍ਰਵੇਸ਼ ਕਰ ਰਹੇ ਹਨ।

ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ॥ ੨੬॥

ਅਸੀਂ ਉਹਨਾਂ ਪੁਰਸ਼ਾਂ ਤੋਂ ਕੁਰਬਾਨ ਜਾਂਦੇ ਹਾਂ ਜਿਹੜੇ ਗੁਰਮੁਖ ਇਸ ਕੱਜਲ ਦੀ ਕੋਠੀ ਸੰਸਾਰ ਵਿਚ ਪੈਸਿ= ਪ੍ਰਵੇਸ਼ ਕਰ ਕੇ ਭਾਵ ਜਨਮ ਲੈ ਕੇ ਫਿਰ ਨਿਸਕਲੰਕ ਹੋ ਕੇ ਸਿਮਰਨ ਦੇ ਪ੍ਰਤਾਪ ਕਰ ਕੇ ਬਾਹਰ ਨਿਕਲ ਜਾਂਦੇ ਹਨ।

ਯਥਾ- ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ॥
ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ॥

(ਦੇਵਗੰਧਾਰੀ ਮਹਲਾ ੫, ਪੰਨਾ ੫੩੫)

ਤਥਾ- ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥

(ਆਸਾ ਮਹਲਾ ੫, ਪੰਨਾ ੩੭੪)

ਛੇਵੇਂ ਪਾਤਿਸ਼ਾਹ ਜੀ ਦੀ ਉਸਤਤਿ ਵਿਚ ਕਵੀ ਸੰਤੋਖ ਸਿੰਘ ਜੀ ਨੇ ਲਿਖਿਆ ਹੈ-

ਯਥਾ- ਬਾਸਹਿੰ ਸਾਗਰ ਮਹਿੰ ਦਿਨ ਰੈਨ। ਪਟ ਪਾਲੋ ਭੀ ਆਲੋ* ਹੈ ਨ।
ਕਾਜਰ ਕੋ ਕੋਠਾ ਬਡ ਕਾਰੋ। ਕਰਹਿੰ ਕਾਰ ਵਿਚ ਸੰਝ ਸਕਾਰੋ॥੬॥
ਤਊ ਸ਼ਜਾਮਤਾ ਛੁਈ ਨ ਲੇਸ਼। ਉੱਜਲ ਪੋਸ਼ਿਸ਼ ਰਹੇ ਹਮੇਸ਼।

(ਗੁਰਪ੍ਰਤਾਪ ਸੂਰਜ ਰਾਸ ੫ ਅੰਸੂ ੫੫)

ਉਥਾਨਕਾ- ਕੋਈ ਮਨੁੱਖ ਮਾਇਆ ਦੇ ਧੰਧਿਆਂ ਵਿਚ ਖੱਚਤ ਹੋ ਰਿਹਾ ਸੀ, ਉਸ ਨੂੰ ਕਹਿੰਦੇ ਹਨ-

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥

ਕਬੀਰ ਜੀ ਆਖਦੇ ਹਨ- ਹੇ ਭਾਈ! ਇਹ ਤੇਰਾ ਅਮੋਲਕ ਮਨੁੱਖਾ ਜਨਮ ਮਾਇਆ ਦੇ ਇਕੱਠਿਆਂ ਕਰਨ ਵਿਚ ਹੀ ਨਿਸਫਲ ਚਲਿਆ ਜਾਵੇਗਾ। ਜੇਕਰ ਬਹੋਰਿ= ਮੋੜ ਸਕਦੇ ਹੋ ਤਾਂ ਮੋੜ ਲਵੋ ਅਰਥਾਤ ਜੇ ਸਫਲ ਕਰ ਸਕਦੇ ਹੋ ਤਾਂ ਸਫਲਾ ਕਰ ਲਓ। ਭੂੰ ਭਲਾ ਕਿਤਨੀ ਕੁ ਮਾਇਆ ਇਕੱਠੀ ਕਰ ਲਏਂਗਾ? ਦੇਖ!

ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥ ੨੭॥

ਜਿਨ੍ਹਾਂ ਰਾਜਿਆਂ ਮਹਾਰਾਜਿਆਂ ਦੇ ਪਾਸ ਲੱਖਾਂ ਕ੍ਰੋੜਾਂ ਰੁਪਏ ਜਮ੍ਹਾਂ ਸਨ ਤੇ= ਉਹ ਧਨਾਢ ਰਾਜੇ ਮਹਾਰਾਜੇ ਵੀ ਨੰਗੇ ਪੈਰੀਂ ਚਲੇ ਗਏ ਹਨ॥੨੭॥

ਯਥਾ- ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥੩॥

(ਭੈਰਉ ਕਬੀਰ ਜੀਉ, ਪੰਨਾ ੧੧੫੮)

ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਇਸ ਸਰੀਰ ਨੇ ਤਾਂ ਨਿਸਫਲ ਚਲਿਆਂ ਹੀ ਜਾਣਾ ਹੈ, ਇਸ ਲਈ

**ਆਲੋ=ਗਿੱਲਾ ਨਹੀਂ ਹੁੰਦਾ।*

ਤੂੰ ਇਸ ਨੂੰ ਸਫਲ ਕਰਨ ਵਾਸਤੇ ਕਵਨੈ ਮਾਰਗਿ= ਕਿਸੇ ਚੰਗੇ ਰਸਤੇ ਲਾਇ= ਲਗਾਉਣਾ ਕਰ।

ਤੁਕ ਦੇ ਵਿਚ ਹੀ ਸੇਵਕ ਪ੍ਰਸ਼ਨ ਕਰਦੇ ਹਨ— ਭਗਤ ਜੀ ! ਇਸ ਸਰੀਰ ਨੇ ਤਾਂ ਠੀਕ ਚਲਿਆਂ ਜਾਣਾ ਹੈ, ਇਸ ਨੂੰ ਫਿਰ ਕਵਨੈ= ਕਿਸ ਰਸਤੇ ਲਗਾਉਣਾ ਕਰੀਏ? *ਉੱਤਰ-*

ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ॥ ੨੮॥

ਹੇ ਭਾਈ! ਕੈ= ਜਾਂ ਤਾਂ ਵਾਹਿਗੁਰੂ ਦੇ ਪਿਆਰੇ ਸੰਤਾਂ ਦੀ ਸਤਿ ਸੰਗਤ ਕਰ, ਕੈ= *ਅਥਵਾ* ਹਰੀ ਦੇ ਗੁਣ ਗਾਉਣਾ ਕਰ। ਅਰਥਾਤ ਸੰਤਾਂ ਦੀ ਸੰਗਤ ਕਰ ਕੇ ਹਰੀ ਦੇ ਗੁਣ ਗਾਉਣਾ ਕਰ ਤਾਂ ਸਰੀਰ ਸਫਲ ਹੋਵੇਗਾ॥ ੨੮॥

ਉਥਾਨਕਾ- ਜਿਸ ਜਗ੍ਹਾ ਭਗਤ ਕਬੀਰ ਜੀ ਰਹਿੰਦੇ ਸਨ, ਨਾਲ ਹੀ ਕਿਸੇ ਗਵਾਂਢੀ ਦੇ ਘਰ ਵਿਚ ਬੀਮਾਰੀ ਪੈਣ ਕਰ ਕੇ ਕਈ ਜੀਵ ਮਰ ਗਏ, ਉਨ੍ਹਾਂ ਦੇ ਮਰਨ ਨੂੰ ਦੇਖ ਕੇ ਭਗਤ ਜੀ ਕਹਿੰਦੇ ਹਨ-

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥

ਪਹਿਲਾ ਅਰਥ-

ਕਬੀਰ ਜੀ ਆਖਦੇ ਹਨ- ਹੇ ਮਨਾ! ਮਰਦਾ ਮਰਦਾ ਸਾਰਾ ਜਗਤ ਹੀ ਮਰ ਰਿਹਾ ਹੈ, ਪ੍ਰੰਤੂ ਅਸਲ ਵਿਚ ਮਰਨਾ ਕਿਸੇ ਨੇ ਜਾਣਿਆ ਨਹੀਂ ਹੈ ਅਰਥਾਤ ਮਰਨ ਦੀ ਕਿਸੇ ਨੂੰ ਜਾਚ ਨਹੀਂ ਆਈ।

[ਪੰਨਾ ੧੩੬੬]

ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥ ੨੯॥

ਜਿਸ ਤਰ੍ਹਾਂ ਮਹਾਤਮਾ ਜੀਵਤ ਭਾਵ ਤੋਂ ਮਰੇ ਹਨ, ਐਸੇ= ਇਸ ਤਰ੍ਹਾਂ ਜੋ ਜੀਵਤ ਭਾਵ ਤੋਂ ਮਰ ਕੇ ਅੰਤ ਨੂੰ ਮਰਦੇ ਹਨ, ਤਿਨ੍ਹਾਂ ਗੁਰਮੁਖਾਂ ਦਾ ਬਹੁਰਿ= ਫਿਰ ਮਰਨਾ ਨਹੀਂ ਹੁੰਦਾ। *ਅਥਵਾ-* ਮਰਨ ਵਾਲੇ ਹੋ ਕੇ ਜੋ ਐਸੇ= ਐਸ਼ਾਂ ਦੀ ਤਰਫੋਂ ਮਰੇ ਹਨ, ਉਹਨਾਂ ਦਾ ਫਿਰ ਨਿਸਫਲ ਮਰਨਾ ਨਹੀਂ ਹੁੰਦਾ।

ਦੂਜਾ ਅਰਥ-

ਕਬੀਰ ਮਰਤਾ ਮਰਤਾ ਜਗੁ ਮੂਆ

ਕਈ ਪੁਰਸ਼ ਕਹਿੰਦੇ ਹਨ ਕਿ ਮੈਂ ਮਸਾਂ ਮਰ ਕੇ ਹਲ ਵਾਹਿਆ ਹੈ, ਮੈਂ ਅੱਜ ਮਸਾਂ ਮਰ ਕੇ ਸਾਵਣੀ ਬੀਜੀ ਹੈ, ਮੈਂ ਅੱਜ ਮਸਾਂ ਮਰ ਕੇ ਹਾੜੀ ਬੀਜੀ ਹੈ। ਇਹੋ ਜਿਹੀਆਂ ਗੱਲਾਂ ਸੁਣ ਕੇ ਭਗਤ ਕਬੀਰ ਜੀ ਕਹਿੰਦੇ ਹਨ- ਐਵੇਂ ਮਰਦਾ ਮਰਦਾ ਕਹਿ ਕੇ ਸਾਰਾ ਸੰਸਾਰ ਹੀ ਮਰ ਰਿਹਾ ਹੈ।

ਮਰਿ ਭੀ ਨ ਜਾਨਿਆ ਕੋਇ॥

ਅਸਲੀ ਮਰਨਾ ਕਿਸੇ ਨੇ ਜਾਣਿਆ ਨਹੀਂ ਹੈ।

ਐਸੇ ਮਰਨੇ ਜੋ ਮਰੈ

ਇਸ ਪ੍ਰਕਾਰ ਦੀ ਮੌਤੇ ਜਿਹੜਾ ਮਰਦਾ ਹੈ। ਜੈਸੇ ਕਿਹਾ ਹੈ-

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

(ਗੂਜਰੀ ਤ੍ਰਿਲੋਚਨ, ਪੰਨਾ ੫੨੬)

ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਬਿਹਾਗੜੇ ਦੀ ਵਾਰ ਵਿਚ ਕਿਹਾ ਹੈ-

ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ॥

ਉੱਤਰ-

ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥

ਉਸ ਦਾ ਫਿਰ ਨਿਸਫਲ ਮਰਨਾ ਨਹੀਂ ਹੁੰਦਾ॥ ੨੯॥

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥

ਕਬੀਰ ਜੀ ਆਖਦੇ ਹਨ- ਹੇ ਭਾਈ! ਦੂਜੀ ਵਾਰ ਮਨੁੱਖਾ ਜਨਮ ਪ੍ਰਾਪਤ ਹੋਣਾ ਬੜਾ ਦੁਲੰਭੁ= ਮੁਸ਼ਕਲ ਹੈ, ਕਿਉਂਕਿ ਇਹ ਮਨੁੱਖਾ ਜਨਮ ਬਾਰੈ ਬਾਰ= ਵਾਰ-ਵਾਰ ਪ੍ਰਾਪਤ ਨਹੀਂ ਹੁੰਦਾ।

ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ ੩੦॥

ਜਿਸ ਤਰ੍ਹਾਂ ਬਨ= ਬ੍ਰਿਛਾਂ ਨਾਲ ਫਲ ਪੱਕ ਕੇ ਭੁਇ= ਧਰਤੀ ਉਪਰਿ ਗਿਰਹਿ= ਡਿੱਗ ਪੈਣ ਤਾਂ ਉਹ ਫਲ ਬਹੁਰਿ= ਫਿਰ ਡਾਰ= ਟਾਹਣੀ ਨਾਲ ਨਹੀਂ ਲੱਗਦੇ। ਇਸੇ ਤਰ੍ਹਾਂ ਸੰਸਾਰ ਰੂਪ ਦਰੱਖਤ ਹੈ, ਮਨੁੱਖਾ ਦੇਹ ਇਕ ਫਲ ਦੇ ਸਮਾਨ ਹੈ। ਇਹ ਫਲ ਪੱਕ ਕੇ ਭਾਵ ਬ੍ਰਿਧ ਅਵਸਥਾ ਦੇ ਸਹਿਤ ਹੋ ਕੇ ਧਰਤੀ ਤੇ ਡਿੱਗ ਪਵੇ ਤਾਂ ਸਬੰਧੀਆਂ ਰੂਪ ਟਾਹਣੀਆਂ ਨਾਲ ਫਿਰ ਨਹੀਂ ਲੱਗਦੇ ਅਰਥਤ ਇਕ ਵਾਰ ਮਨੁੱਖਾ ਜਨਮ ਹੱਥੋਂ ਗਿਆ ਮੁੜ ਪ੍ਰਾਪਤ ਹੋਣਾ ਬੜਾ ਕਠਿਨ ਹੈ॥੩੦॥

ਉਥਾਨਕਾ- ਕੋਈ ਹੰਕਾਰੀ ਪੁਰਸ਼ ਕਬੀਰ ਜੀ ਦਾ ਪ੍ਰਤਾਪ ਸੁਣ ਕੇ ਕਾਂਸ਼ੀ ਵਿਚ ਆਇਆ ਤੇ ਘਰ ਦਾ ਪਤਾ ਪੁੱਛਦਾ ਪੁੱਛਦਾ ਕਬੀਰ ਜੀ ਦੇ ਪਾਸ ਪਹੁੰਚ ਗਿਆ ਤੇ ਇਸ ਤਰ੍ਹਾਂ ਕਿਹਾ-

ਕਬੀਰਾ ਤੁਹੀ

ਪਹਿਲਾ ਅਰਥ-

ਕਬੀਰ ਤੂੰ ਹੀ ਹੈਂ?

ਤਾਂ ਅੱਗੋਂ ਕਬੀਰ ਜੀ ਨੇ ਆਖਿਆ--

ਕਬੀਰੁ ਤੂ

ਵੱਡਾ ਹੰਕਾਰੀ ਤਾਂ ਤੂੰ ਹੈਂ।

ਤਦ ਕੁਛਕੁ ਨਿਮ੍ਰਤਾਵਾਨ ਹੋ ਕੇ ਉਸ ਪੁਰਸ਼ ਨੇ ਕਿਹਾ ਕਿ ਹੇ ਮਹਾਰਾਜ-

ਵਾ:-ਮਰਤਾ ਮਰਤਾ= ਮੌਤ ਦਾ ਮਾਰਿਆ ਹੋਇਆ ਸਾਰਾ ਜਗਤ ਮਰ ਰਿਹਾ ਹੈ। ਪਰ ਜੀਵਤ ਭਾਵ ਤੋਂ ਮਰਨਾ ਕਿਸੇ ਨੇ ਜਾਣਿਆ ਨਹੀਂ ਹੈ। ਅਥਵਾ-ਸਰੀਰ ਰੂਪ ਬ੍ਰਿਛ ਹੈ, ਨਾੜੀਆਂ ਰੂਪ ਟਾਹਣੀਆਂ ਹਨ, ਸਵਾਸਾਂ ਰੂਪ ਫਲ ਹਨ। ਜਿਸ ਵੇਲੇ ਸਵਾਸ ਨਿਕਲ ਜਾਂਦੇ ਹਨ, ਤਾਂ ਫੇਰ ਨਾੜੀਆਂ ਰੂਪ ਟਾਹਣੀਆਂ ਨਾਲ ਨਹੀਂ ਲੱਗਦੇ। ਇਸ ਵਾਸਤੇ ਇਸ ਮਨੁੱਖਾ ਜਨਮ ਵਿਚ ਭਜਨ ਕਰਨਾ ਹੀ ਅਤੀ ਸ੍ਰੇਸ਼ਟ ਹੈ।

ਯਥਾ- ਫਫਾ ਫਿਰਤ ਫਿਰਤ ਤੂੰ ਆਇਆ॥ ਦੁਲਭ ਦੇਹ ਕਲਿਜੁਗ ਮਹਿ ਪਾਇਆ॥
ਫਿਰਿ ਇਆ ਅਉਸਰੁ ਚਰੈ ਨ ਹਾਥਾ॥ ਨਾਮੁ ਜਪਹੁ ਤਉ ਕਟੀਅਹਿ ਫਾਸਾ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੮)

ਤੇਰੋ ਨਾਉ ਕਬੀਰੁ ॥

ਮੈਂ ਤਾਂ ਤੇਰੋ= ਆਪ ਜੀ ਦਾ ਨਾਮ ਕਬੀਰ ਸੁਣਿਆ ਹੈ।

ਤਾਂ ਕਬੀਰ ਜੀ ਨੇ ਕਿਹਾ- ਹੱਛਾ! ਜੇਕਰ ਤੂੰ ਮੇਰਾ ਹੀ ਨਾਂ ਕਬੀਰ ਸੁਣਿਆ ਹੈ, ਤਾਂ ਦਸ ਫਿਰ ਤੂੰ ਕੀ ਕਹਿੰਦਾ ਹੈਂ?

ਤਦ ਉਸ ਨੇ ਕਿਹਾ- ਭਗਤ ਜੀ! ਇਹ ਕ੍ਰਿਪਾ ਕਰ ਕੇ ਦੱਸੋ ਕਿ ਰਾਮ ਰੂਪ ਰਤਨ ਦੀ ਪ੍ਰਾਪਤੀ ਕਿਸ ਤਰ੍ਹਾਂ ਹੁੰਦੀ ਹੈ? ਉੱਤਰ-

ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥ ੩੧ ॥

ਰਾਮ ਰੂਪ ਰਤਨ ਤਦ ਪ੍ਰਾਪਤ ਹੁੰਦਾ ਹੈ, ਜੇਕਰ ਪਹਿਲੇ ਆਪਣੇ ਸਰੀਰ ਨੂੰ ਤਿਆਗ ਦੇਵੇ ਭਾਵ ਦੇਹ ਅਧਿਆਸ ਤੋਂ ਰਹਿਤ ਹੋ ਜਾਵੇ।

ਦੂਜਾ ਅਰਥ-

ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ:-

ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ ॥

ਹੇ ਅਕਾਲ ਪੁਰਖ! ਪਿਛੇ ਵੀ ਤੂੰ ਸਾਰਿਆਂ ਨਾਲੋਂ ਕਬੀਰਾ= ਵੱਡਾ ਸੀ, ਹੁਣ ਵੀ ਤੂੰ ਸਭ ਤੋਂ ਕਬੀਰੁ= ਵੱਡਾ ਹੈਂ, ਅੱਗੇ ਵੀ ਤੇਰਾ ਨਾਮ ਸਭ ਤੋਂ ਕਬੀਰੁ= ਵੱਡਾ ਹੋਵੇਗਾ।

ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥੩੧ ॥

ਹੇ ਰਤਨ ਵਤ ਬੇਕੀਮਤੇ ਰਾਮ! ਤੂੰ ਪ੍ਰਾਪਤ ਤਾਂ ਹੁੰਦਾ ਹੈਂ, ਜੇਕਰ ਇਹ ਪੁਰਸ਼ ਪਹਿਲੇ ਆਪਣੇ ਸਰੀਰ ਦੇ ਹੰਕਾਰ ਨੂੰ ਤਿਆਗ ਦੇਵੇ॥੩੧ ॥

ਉਥਾਨਕਾ- ਕੋਈ ਮਨੁੱਖ ਪ੍ਰਭੂ ਵਿਚ ਦੂਸ਼ਨ ਅਰੋਪ ਰਿਹਾ ਸੀ ਕਿ ਭਗਵਾਨ ਨੇ ਮੇਰੇ ਪੁੱਤਰ ਮਾਰ ਦਿੱਤੇ ਹਨ, ਮੇਰੇ ਕੰਮ ਵਿਚ ਘਾਟਾ ਪਾ ਦਿੱਤਾ ਹੈ। ਇਸ ਪ੍ਰਕਾਰ ਦੇ ਬਚਨ ਸੁਣ ਕੇ ਇਸ ਸਲੋਕ ਰਾਹੀਂ ਉਸ ਨੂੰ ਸਮਝਾਉਂਦੇ ਹਨ-

ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥

ਕਬੀਰ ਜੀ ਆਖਦੇ ਹਨ- ਹੇ ਭਾਈ! ਪਰਮਾਤਮਾ ਵਿਚ ਦੂਸ਼ਣ ਅਰੋਪਣ ਰੂਪ ਝੰਖੁ ਨ ਝੰਖੀਐ= ਗੱਪਾਂ ਨਾ ਮਾਰਨਾ ਕਰ, ਕਿਉਂਕਿ ਤੇਰੇ ਕਹਿਣ ਤੇ ਕੁਝ ਵੀ ਨਹੀਂ ਹੋ ਸਕਦਾ।

ਕਰਮ ਕਰੀਮ ਜੁ ਕਰਿ ਰਹੇ

ਉਹ ਕਰੀਮ= ਕ੍ਰਿਪਾਲੂ ਪਰਮਾਤਮਾ ਜੋ ਵੀ ਕਰਮ= ਕਰਤਬ ਕਰ ਰਿਹਾ ਹੈ। *ਅਥਵਾ-* ਕਰੀਮ= ਕਿਰਪਾਲੂ ਪਰਮਾਤਮਾ ਤੇਰੇ ਕਰਮਾਂ ਅਨੁਸਾਰ ਜੋ ਕਰ ਰਿਹਾ ਹੈ।

ਮੇਟਿ ਨ ਸਾਕੈ ਕੋਇ ॥ ੩੨ ॥

ਉਸ ਨੂੰ ਭੋਗੇ ਬਿਨਾਂ ਕੋਈ ਵੀ ਮੇਟਿ= ਹਟਾ ਨਹੀਂ ਸਕਦਾ॥ ੩੨ ॥

*ਯਥਾ-*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ *(ਦਖਣੀ ਓਅੰਕਾਰੁ, ਪੰਨਾ ੯੩੭)*

www.sikhbookclub.com

ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥

ਕਬੀਰ ਜੀ ਆਖਦੇ ਹਨ- ਰਾਮ ਦੀ ਜੋ ਭਗਤੀ ਰੂਪ ਕਸਵੱਟੀ ਹੈ, ਉਸ ਉਪਰ ਕੋਈ ਝੂਠਾ ਪੁਰਸ਼ ਟਿਕ ਨਹੀਂ ਸਕਦਾ।

*ਯਥਾ-*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ॥

(ਸਲੋਕ ਮਹਲਾ ੫, ਪੰਨਾ ੧੪੨੪)

ਜਿਸ ਤਰ੍ਹਾਂ ਸ੍ਰੀ ਦਸਮੇਸ਼ ਜੀ ਦੇ ਨਿਸ਼ਾਨੇ ਲਈ ਡੱਲੇ ਦੀ ਭਾਰੀ ਤੇ ਬਲਵਾਨ ਫੌਜ ਵਿਚੋਂ ਇਕ ਭੀ ਸੂਰਮਾ ਅੱਗੇ ਨਾ ਆਇਆ।*

ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥ ੩੩ ॥+

ਰਾਮ ਦੀ ਭਗਤੀ ਰੂਪ ਵਾ-ਕਠਿਨ ਤਪ ਰੂਪ ਕਸਵੱਟੀ ਨੂੰ ਸੋ= ਓਹੀ ਪੁਰਸ਼ ਸਹੈ= ਸਹਾਰ ਸਕਦਾ ਹੈ, ਜੋ ਮਰਿਜੀਵਾ= ਮਰਜੀਵੜਾ ਹੋਵੇ ਭਾਵ ਜੀਵਤ ਭਾਵ ਤੋਂ ਮਰਨ ਵਾਲਾ ਹੋਵੇ॥੩੩॥

(੧) ਪਰਖ ਰੂਪ ਕਸਵੱਟੀ ਤੇ ਭਾਈ ਲਹਿਣਾ ਜੀ ਹੀ ਪੂਰੇ ਉਤਰੇ ਸਨ-ਜਦ ਕਿਹਾ ਸੀ "ਖਾਹ ਮੁਰਦਾ!"

(੨) ਫਿਰ ਭਾਈ ਭਿਖਾਰੀ ਜੀ ਨੇ ਪਰਖ ਰੂਪ ਕਸਵੱਟੀ ਸਹਾਰੀ ਸੀ।

(੩) ਜਾਂ ਦਸਮ ਪਾਤਸ਼ਾਹ ਜੀ ਵੇਲੇ ਪੰਜਾਂ ਪਿਆਰਿਆਂ ਨੇ ਪਰਖ ਰੂਪ ਕਸਵੱਟੀ ਸਹਾਰੀ ਸੀ।

ਉਥਾਨਕਾ- ਕੋਈ ਵਿਸ਼ਈ ਪੁਰਸ਼ ਚਿੱਟੇ ਕੱਪੜੇ ਪਾ ਕੇ ਪਾਨਾਂ ਦੇ ਬੀੜੇ ਖਾਂਦਾ ਹੋਇਆ ਜਾ ਰਿਹਾ ਸੀ, ਉਸ ਨੂੰ ਵੇਖ ਕੇ ਕਹਿੰਦੇ ਹਨ-

ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥

ਕਬੀਰ ਜੀ ਆਖਦੇ ਹਨ--ਜਿਹੜੇ ਪੁਰਸ਼ ਬੜੇ ਚਿੱਟੇ ਚਿੱਟੇ ਕਪੜੇ ਸਰੀਰ ਤੇ ਪਾ ਕੇ ਮੂੰਹ ਵਿਚ ਪਾਨਾਂ ਦੇ ਬੀੜਿਆਂ ਨੂੰ (ਮਲੱਠੀ) ਸੁਪਾਰੀਆਂ ਦੇ ਸਹਿਤ ਖਾਹਿ= ਖਾਂਦੇ ਹਨ।

ਅਥਵਾ- ਧਾਰਨਾ ਤੋਂ ਬਿਨਾਂ ਜੋ ਮਨੁੱਖ ਮਹਾਂਵਾਕਾਂ ਦੇ ਉਚਾਰਨ ਰੂਪ ਪਾਨਾਂ ਦੇ ਬੀੜਿਆਂ ਨੂੰ ਅਤੇ ਸਿੰਮ੍ਰਿਤੀਆਂ ਦੇ ਪੜ੍ਹਨ ਰੂਪ ਸੁਪਾਰੀਆਂ ਨੂੰ ਖਾਂਦੇ ਹਨ ਤੇ ਵਿਸ਼ੇ ਵਿਕਾਰਾਂ ਨੂੰ ਭੋਗਦੇ ਹਨ। ਭਗਤ ਜੀ ਕਹਿੰਦੇ ਹਨ-

ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ॥ ੩੪ ॥

ਇਕ ਵਾਹਿਗੁਰੂ ਨਾਮ ਚਿੰਤਨ ਕੀਤੇ ਤੋਂ ਬਿਨਾਂ ਉਹ ਪੁਰਸ਼ ਫਿਰ ਜਮਾਂ ਦੇ ਬੱਧੇ ਹੋਏ ਜਮਪੁਰੀ ਵਿਚ ਜਾਂਦੇ

**ਸਾਬੋ ਕੀ ਤਲਵੰਡੀ ਦਾ ਜੱਟ ਸਰਦਾਰ ਜਿਸ ਨੇ ਸੰਮਤ ੧੭੬੨-੬੩ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪ੍ਰੇਮ ਨਾਲ ਆਪਣੇ ਪਿੰਡ ਠਹਿਰਾਇਆ ਅਤੇ ਪੂਰੀ ਸੇਵਾ ਕੀਤੀ। ਜਿੱਥੇ ਦਸ਼ਮੇਸ਼ ਵਿਰਾਜੇ ਹਨ ਉਸ ਗੁਰਦੁਆਰੇ ਦਾ ਨਾਮ ਦਮਦਮਾ ਸਾਹਿਬ ਹੈ।' ਡੱਲੇ ਨੂੰ ਸੰਬੋਧਨ ਕਰ ਕੇ ਕਲਗੀਧਰ ਨੇ ਮਾਲਵੇ ਨੂੰ ਵਰਦਾਨ ਦਿੱਤਾ ਸੀ ਕਿ ਇਸ ਭੂਮੀ ਵਿਚ ਨਹਿਰਾਂ ਚੱਲਣਗੀਆਂ, ਅੰਬ ਲੱਗਣਗੇ ਕਣਕ ਪੈਦਾ ਹੋਵੇਗੀ ਆਦਿਕ। ਇਸ ਅਨੰਨ ਸੇਵਕ ਨੇ ਦਸ਼ਮੇਸ਼ ਤੋਂ ਅੰਮ੍ਰਿਤ ਛਕਿਆ ਅਤੇ ਡੱਲਾ ਸਿੰਘ ਪ੍ਰਸਿੱਧ ਹੋਇਆ। (ਮਹਾਨ ਕੋਸ਼)*

**ਇਹ ਸਲੋਕ ਸ੍ਰੀ ਗੁਰੂ ਜੀ ਨੇ ਰਾਮਕਲੀ ਦੀ ਪਹਿਲੀ ਵਾਰ ਦੇ ਚੌਥੇ ਸਲੋਕ ਦੇ ਆਰੰਭ ਵਿਚ ਵੀ ਅੰਕਿਤ ਕੀਤਾ ਹੈ।*

(ਪੰਨਾ ੯੪੮)

ਹਨ॥ ੩੪॥

ਯਥਾ- ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥ *(ਤਿਲੰਗ ਮਹਲਾ ੪, ਪੰਨਾ ੭੨੬)*

ਤਥਾ- ਰਾਤਿ ਜਿ ਸੋਵਹਿ ਦਿਨ ਕਰਹਿ ਕਾਮ॥ ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥ ੨॥
ਹਾਥਿਤ ਡੋਰ ਮੁਖਿ ਖਾਇਓ ਤੰਬੋਰ॥ ਮਰਤੀ ਬਾਰ ਕਸਿ ਬਾਧਿਓ ਚੋਰ॥੩॥

(ਗਉੜੀ ਕਬੀਰ ਜੀ, ਪੰਨਾ ੩੨੬)

ਉਥਾਨਕਾ- ਇਕ ਦਿਨ ਕਬੀਰ ਜੀ ਨੇ ਦਰਿਆ ਦੇ ਕੰਢੇ ਜਾ ਕੇ ਵੇਖਿਆ ਕਿ ਇਕ ਬੜਾ ਪੁਰਾਣਾ ਬੇੜਾ ਦਰਿਆ ਵਿਚ ਜਾ ਰਿਹਾ ਸੀ, ਉਸ ਵਿਚ ਨਿੱਕੇ-ਨਿੱਕੇ ਹਜ਼ਾਰਾਂ ਹੀ ਛੇਕ ਸਨ, ਜਦ ਪਾਣੀ ਪੈ ਕੇ ਡੁੱਬ ਗਿਆ ਤਾਂ ਹਲਕੇ ਆਦਮੀ ਭਾਂ ਤਰ ਗਏ ਤੇ ਜਿਨ੍ਹਾਂ ਦੇ ਸਿਰ 'ਤੇ ਬਹੁਤ ਭਾਰ ਸੀ ਉਹ ਵਿਚੇ ਹੀ ਡੁੱਬ ਗਏ।

ਇਸ ਦੁਰਘਟਨਾ ਨੂੰ ਵੇਖ ਕੇ ਕਬੀਰ ਜੀ ਨੇ ਇਹ ਸਲੋਕ ਉਚਾਰਿਆ-

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥

ਕਬੀਰ ਜੀ ਆਪਣੇ ਨਾਲ ਦੇ ਸਾਥੀਆਂ ਨੂੰ ਕਹਿੰਦੇ ਹਲ-ਹੇ ਪਿਆਰਿਓ! ਪ੍ਰਤੱਖ ਬੇੜੇ ਦੀ ਨਯਾਈਂ ਇਹ ਸਰੀਰ ਰੂਪ ਬੇੜਾ ਜਰਜਰਾ= ਪੁਰਾਣਾ ਹੈ ਅਰਥਾਤ ਬ੍ਰਿਧ ਅਵਸਥਾ ਆ ਗਈ ਹੈ, ਇਸ ਸਰੀਰ ਰੂਪ ਬੇੜੇ ਵਿਚ ਹਜ਼ਾਰਾਂ ਹੀ ਦੋਸ਼ਾਂ ਰੂਪੀ ਛੇਕ ਫੁਟ ਰਹੇ ਹਨ, ਭਾਵ ਇਸ ਸਰੀਰ ਵਿਚ ਹਜ਼ਾਰਾਂ ਹੀ ਦੋਸ਼ ਹਨ। *ਅਥਵਾ-* ਰੋਮਾਂ ਰੂਪ ਹਜ਼ਾਰਾਂ ਛੇਕ, ਵਾ-੨੪ ਹਜ਼ਾਰ ਜੋ ਰੋਜ਼ਾਨਾ ਸਵਾਸ ਨਿਕਲਦੇ ਹਨ ਏਹੀ ਹਜ਼ਾਰਾਂ ਛੇਕ ਹਨ। ਜਿਸ ਵੇਲੇ ਪਦਾਰਥਾਂ ਰੂਪ ਵਾ-ਸੰਸਕਾਰਾਂ ਰੂਪ ਪਾਣੀ ਇਸ ਵਿਚ ਭਰ ਗਿਆ ਤਾਂ ਡੁੱਬ ਜਾਂਦਾ ਹੈ।

ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ॥ ੩੫॥

ਜੇਹੜੇ ਤਾਂ ਹਰੂਏ ਹਰੂਏ= ਹੌਲੇ-ਹੌਲੇ ਮਨੁੱਖ ਸਨ, ਭਾਵ ਜੋ ਪਾਪਾਂ ਰੂਪ ਬੋਝ ਤੋਂ ਰਹਿਤ ਸਨ, ਉਹ ਤਾਂ ਸੰਸਾਰ ਰੂਪ ਸਮੁੰਦਰ ਤੋਂ ਤਿਰਿ= ਤਰ ਗਏ ਹਨ ਤੇ ਜਿਨ੍ਹਾਂ ਦੇ ਸਿਰ ਪਾਪਾਂ ਰੂਪ ਬੋਝ ਨਾਲ ਭਾਰੇ ਸਨ ਉਹ ਵਿਚ ਹੀ ਡੁੱਬ ਗਏ ਹਨ, ਇਸ ਤੇ ਜੀਵ ਨੂੰ ਪਾਪ ਕਰਮਾਂ ਤੋਂ ਰਹਿਤ ਹੋਣਾ ਚਾਹੀਦਾ ਹੈ॥੩੫॥

ਉਥਾਨਕਾ- ਕਾਸ਼ੀ ਪੁਰੀ ਵਿਚ ਜਦ ਵੀ ਕੋਈ ਪ੍ਰਾਣੀ ਚਲਾਣਾ ਕਰ ਜਾਂਦਾ ਸੀ ਤਾਂ ਕਬੀਰ ਜੀ ਸ਼ਮਸ਼ਾਨਾਂ ਤੱਕ ਨਾਲ ਜਾਂਦੇ ਸਨ। ਇਕ ਵਾਰੀ ਜਦ ਗਏ ਤਾਂ ਮੁਰਦੇ ਨੂੰ ਸੜਦਿਆਂ ਵੇਖ ਕੇ ਨਾਲ ਦੇ ਸਾਥੀਆਂ ਨੂੰ ਇਸ ਸਲੋਕ ਦਵਾਰਾ ਵੈਰਾਗ ਜਨਕ ਉਪਦੇਸ਼ ਦੇਂਦੇ ਹਨ-

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ॥

ਕਬੀਰ ਜੀ ਆਖਦੇ ਹਨ- ਹੇ ਭਾਈ! ਇਸ ਦੇਹ ਦਾ ਕੀ ਹੰਕਾਰ ਕਰਨਾ ਹੈ ਕਿਉਂਕਿ ਮਰਨ ਦੇ ਪਿਛੋਂ ਜਦ ਇਸ ਨੂੰ ਮਸਾਣਾਂ ਵਿਚ ਲੈ ਜਾਂਦੇ ਹਨ ਉਸ ਵੇਲੇ ਹੱਡ ਤਾਂ ਲਾਕਰੀ= ਲੱਕੜ ਦੀ ਨਿਆਈਂ ਜਰੇ= ਸੜਦੇ ਹਨ ਅਤੇ ਰੋਮ ਘਾਹ ਵਾਂਗ ਸੜਦੇ ਹਨ।

ਯਥਾ- ਹਾਡ ਜਲੇ ਜੈਸੇ ਲਕਰੀ ਕਾ ਤੂਲਾ॥ ਕੇਸ ਜਲੇ ਜੈਸੇ ਘਾਸ ਕਾ ਪੂਲਾ॥ ੨॥

(ਗੌਂਡ ਕਬੀਰ ਜੀ, ਪੰਨਾ ੮੭੦)

ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ॥ ੩੬॥

ਕਬੀਰ ਜੀ ਕਹਿੰਦੇ ਹਨ- ਇੰਜ ਇਸ ਸੰਸਾਰ ਨੂੰ ਜਰਤਾ= ਸੜਦਾ ਹੋਇਆ ਵੇਖ ਕੇ ਮੈਂ ਸੰਸਾਰ ਤੋਂ ਉਦਾਸ

www.sikhbookclub.com

ਹੋ ਗਿਆ ਹਾਂ॥ ੩੬॥

ਉਥਾਨਕਾ- ਇਸ ਸਲੋਕ ਦੁਆਰਾ ਪਹਿਲਾਂ ਕਹੇ ਪ੍ਰਸੰਗ ਅਨੁਸਾਰ ਦੇਹ ਹੰਗਤਾ ਦੀ ਨਵਿਰਤੀ ਦਾ ਉਪਦੇਸ਼ ਦਿੰਦੇ ਹਨ-

ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ॥

ਕਬੀਰ ਜੀ ਆਖਦੇ ਹਨ- ਹੇ ਭਾਈ! ਇਸ ਦੇਹ ਦਾ ਹੰਕਾਰ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹ ਸਰੀਰ ਲਹੂ ਹੱਡ ਮਾਸ ਨਾਲ ਪੂਰਤ ਹੈ ਤੇ ਉਪਰੋਂ ਚਮੜੇ ਨਾਲ ਲਪੇਟਿਆ ਹੋਇਆ ਹੈ।

ਅਥਵਾ- ਹੱਡਾਂ ਉਪਰ ਚੰਮ ਦਾ ਪੋਚਾ ਦਿੱਤਾ ਗਿਆ ਹੈ।*

ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ॥ ੩੭॥

ਹੈਵਰ= ਸ੍ਰੇਸ਼ਟ ਦਰਿਆਈ ਘੋੜਿਆਂ ਉਪਰ ਚੜ੍ਹਨ ਵਾਲੇ ਅਤੇ ਸੁੰਦਰ ਛਤਰਾਂ ਦੀ ਛਾਇਆਂ ਤਰ= ਤਲੇ ਜੋ ਫਿਰਨ ਵਾਲੇ ਰਾਜੇ ਮਹਾਰਾਜੇ ਸਨ ਤੇ= ਉਹ ਵੀ ਫੁਨਿ= ਫਿਰ ਇਸ ਧਰਤੀ ਵਿਚ ਯਤੀਮਾਂ ਵਾਂਗ ਗਾਡ= ਗੱਡੇ ਗਏ ਹਨ॥ ੩੭॥

ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ॥

ਕਬੀਰ ਜੀ ਆਖਦੇ ਹਨ- ਹੇ ਪੁਰਸ਼ਾ! ਤੂੰ ਆਪਣੇ ਉਚੇ ਤੇ ਖੂਬਸੂਰਤ ਅਵਾਸੁ= ਘਰ ਨੂੰ ਵੇਖ ਕੇ ਗਰਬੁ= ਹੰਕਾਰ ਨਾ ਕਰ ਕਿਉਂਕਿ-

ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ॥ ੩੮॥

ਅੱਜ *ਅਥਵਾ* ਕਲ੍ਹ ਨੂੰ ਪ੍ਰਾਣਾਂ ਦੇ ਨਿਕਲ ਜਾਣ ਤੇ ਭੁਇ= ਧਰਤੀ ਪਰ ਲੇਟਣਾ ਹੋਵੇਗਾ, ਉਸ ਵੇਲੇ ਉਪਰ ਘਾਸ ਜਾਮੈ= ਉਗ ਪਵੇਗਾ॥੩੮॥

(ਕਿਉਂਕਿ ਮੀਂਹ ਦੇ ਪੈਣ ਕਰ ਕੇ ਚਿਖਾ ਵਾ ਕਬਰਾਂ ਵਾਲੀ ਜਗ੍ਹਾ ਤੇ ਘਾਹ ਜੰਮ ਪੈਂਦਾ ਹੈ।)+

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥

ਕਬੀਰ ਜੀ ਆਖਦੇ ਹਨ-ਹੇ ਭਾਈ! ਹੰਕਾਰ ਨਾ ਕਰੀਏ ਅਤੇ ਕਿਸੇ ਰੰਕੁ= ਗਰੀਬ ਨੂੰ ਵੇਖ ਕੇ ਹੱਸੀਏ ਵੀ ਨਾ। ਕਿਉਂਕਿ-

ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ ੩੯॥

ਅਜੇ ਤਾਂ ਤੇਰੀ ਦੇਹ ਰੂਪ ਨਾਉ= ਬੇੜੀ ਸੰਸਾਰ ਰੂਪ ਸਮੁੰਦਰ ਵਿਚ ਪਈ ਹੋਈ ਹੈ ਕੀ ਪਤਾ ਇਹ ਸਹੀ-ਸਲਾਮਤ ਕੰਢੇ ਲੱਗਦੀ ਹੈ ਕਿ ਵਿਚੇ ਡੁੱਬ ਜਾਂਦੀ ਹੈ। ਅਜੇ ਕੁਝ ਪਤਾ ਨਹੀਂ ਕਿ ਸੰਸਾਰ ਵਿਚ ਅਖੀਰ ਜ਼ਿੰਦਗੀ ਤਕ ਮਨੁੱਖ ਦਾ ਕੀ ਹਾਲ ਹੋਣਾ ਹੈ।

---

* *ਯਥਾ— ਉਤੋਂ ਚਿਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ,*
ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।

\+ *ਯਥਾ— ਸਾਵਾ ਘਾਹ ਇਉਂ ਪੈਰਾਂ ਹੇਠੋਂ ਆਖਣ ਲਗਾ ਮੈਨੂੰ।*
ਤਕ ਕੇ ਤੁਰ ਓਇ ਜਾਵਣ ਵਾਲੇ ਦਿਸਦਾ ਕੁਝ ਨਹੀਂ ਤੈਨੂੰ।
ਅਜ ਤੂੰ ਨਸ਼ੇ ਜਵਾਨੀ ਦੇ ਵਿਚ ਮੈਨੂੰ ਪਿਆ ਲਿਤਾੜੇਂ,
ਭਲਕੇ ਤੇਰੀ ਮਿਟੀ ਉਤੇ ਰਬ ਪੈਦਾ ਕਰਸੀ ਮੈਨੂੰ।

ਸਾਖੀ ਬੀਤ-ਰਾਗ ਸੰਤਾਂ ਦੀ

ਇਕ ਬਾਤ-ਰਾਗ ਤਪਸਵੀ ਮਹਾਤਮਾ ਬੜੇ ਸੰਘਣੇ ਜੰਗਲ ਵਿਚ ਤਪਸਿਆ ਕਰਦੇ ਸਨ। ਸਿਰਫ ਅੱਠਾਂ ਪਹਿਰਾਂ ਵਿਚ ਇਕੋ ਵੇਲੇ ਦੁਪਹਿਰ ਨੂੰ ਸ਼ਹਿਰ ਵਿਚ ਭਿਖਿਆ ਲੈਣ ਵਾਸਤੇ ਆਉਂਦੇ ਤਾਂ ਬਾਕੀ ਸਮਾਂ ਉਸੇ ਹੀ ਜੰਗਲ ਵਿਚ ਬਿਤਾਇਆ ਕਰਦੇ ਸਨ। ਰੋਜ਼ ਹੀ ਇਕ ਵੇਸਵਾ ਉਸੇ ਰਸਤੇ'ਤੇ ਸੰਤਾਂ ਦੇ ਆਉਣ ਤੋਂ ਪਹਿਲਾਂ ਹੀ ਆ ਕੇ ਖਲੋ ਜਾਇਆ ਕਰੇ ਸੰਤਾਂ ਅੱਗੇ ਸਵਾਲ ਕਰੇ ਕਿ ਮਹਾਰਾਜ ਜੀ! ਤੁਹਾਡਾ ਦਾਹੜਾ ਚੰਗਾ ਹੈ ਜਾਂ ਮੇਰੇ ਇਸ ਕੁੱਤੇ ਦੀ ਪੂਛ?

ਦੀਰਘ ਦ੍ਰਿਸ਼ਟੀ ਭੂਤ ਭਵਿੱਖਤ ਦੇ ਜਾਣੂ ਮਹਾਤਮਾ ਇਨ੍ਹਾਂ ਬਚਨਾਂ ਦੁਆਰਾ ਟਾਲ ਦਿਆ ਕਰਦੇ ਸਨ, ਬੀਬੀ! ਇਸ ਗੱਲ ਦਾ ਉੱਤਰ ਫਿਰ ਕਦੇ ਦਿਆਂਗੇ। ਇਉਂ ਸਮਾਂ ਲੰਘਦਾ ਗਿਆ, ਉਹ ਰੋਜ਼ ਪੁੱਛਦੀ ਗਈ ਪਰ ਮਹਾਤਮਾ ਟਾਲਦੇ ਗਏ। ਆਖਰ ਨੂੰ ਮਹਾਤਮਾ ਦਾ ਅੰਤ ਸਮਾਂ ਆ ਗਿਆ। ਜਿਸ ਵੇਲੇ ਜੀਵਨ ਦੇ ਕੁਝ ਕੁ ਸਵਾਸ ਬਾਕੀ ਰਹਿ ਗਏ ਤਾਂ ਅੱਧੀ ਰਾਤ ਦੇ ਸਮੇਂ ਇਕ ਸੇਵਕ ਨੂੰ ਭੇਜ ਕੇ ਉਸ ਵੇਸਵਾ ਨੂੰ ਪਾਸ ਬੁਲਾ ਲਿਆ।

ਉਸ ਵੇਲੇ ਕੁਝ ਮਨਚਲੇ ਕਹਿਣ ਲੱਗੇ ਦੇਖੋ ਜੀ! ਇਹ ਸੰਤ ਅੰਤ ਸਮੇਂ ਵੇਸਵਾ ਨੂੰ ਯਾਦ ਕਰ ਰਿਹਾ ਹੈ। ਵੇਖ ਲਈ ਹੈ, ਅਸੀਂ ਇਸ ਦੀ ਫਕੀਰੀ ਇਹ ਤਾਂ ਕੋਈ ਪਖੰਡੀ ਹੈ ਪਰ ਸ਼ਰਧਾਲੂਆਂ ਨੂੰ ਇਹ ਨਿਸਚਾ ਸੀ ਕਿ ਇਹ ਵੀ ਮਹਾਂ ਪੁਰਸ਼ਾਂ ਦਾ ਜਗਿਆਸੂਆਂ ਦੀ ਸਿਖਿਆ ਲਈ ਕੋਈ ਕੌਤਕ ਹੈ।

ਜਿਸ ਵੇਲੇ ਵੇਸਵਾ ਸੰਤਾਂ ਦੇ ਪਾਸ ਆਈ ਤੇ ਨਮਸਕਾਰ ਕਰ ਕੇ ਬੈਠ ਗਈ ਤਾਂ ਸੰਤਾਂ ਨੇ ਇਸ ਵੱਲ ਤੱਕ ਕੇ ਆਪਣੇ ਦਾਹੜੇ 'ਤੇ ਹੱਥ ਫੇਰਦਿਆਂ ਕਿਹਾ- "ਬੱਚੀ! ਅੱਜ ਮੇਰਾ ਦਾਹੜਾ ਤੇਰੇ ਕੁੱਤੇ ਦੀ ਪੂਛ ਨਾਲੋਂ ਚੰਗਾ ਹੈ। ਵੇਸਵਾ ਨੇ ਕਿਹਾ- "ਮਹਾਰਾਜ! ਇਹ ਬਚਨ ਤੁਸੀਂ ਉਸ ਵੇਲੇ ਕਿਉਂ ਨਾ ਕਿਹਾ, ਇਤਨਾ ਸਮਾਂ ਐਵੇਂ ਕਿਉਂ ਲੰਘਾ ਦਿੱਤਾ? ਸੰਤਾਂ ਆਖਿਆ- "ਬੱਚੀ! ਉਸ ਵੇਲੇ ਜ਼ਿੰਦਗੀ ਦੇ ਸਵਾਸ ਬਾਕੀ ਰਹਿੰਦੇ ਸਨ ਅਤੇ ਜ਼ਿੰਦਗੀ ਵਿਚ ਇਹ ਕੁਝ ਨਹੀਂ ਪਤਾ ਲੱਗਦਾ ਕਿ ਆਉਣ ਵਾਲਾ ਸਮਾਂ ਕਿਸ ਤਰ੍ਹਾਂ ਦਾ ਗੁਜ਼ਰਨਾ ਹੈ। ਇਸ ਵਾਸਤੇ ਤੈਨੂੰ ਕੁਝ ਨਹੀਂ ਸੀ ਕਿਹਾ। ਹੁਣ ਸਰੀਰ ਸ਼ਾਂਤ ਹੋਣ ਲੱਗਾ ਹੈ ਤਾਂ ਤੈਨੂੰ ਬੁਲਾ ਕੇ ਕਿਹਾ ਹੈ ਕਿ ਤੇਰੇ ਕੁੱਤੇ ਦੀ ਪੂਛ ਨਾਲੋਂ ਮੇਰਾ ਦਾਹੜਾ ਚੰਗਾ ਹੈ।

ਮਹਾਂ ਪੁਰਸ਼ਾਂ ਤੋਂ ਇਸ ਤਰ੍ਹਾਂ ਦੇ ਅਮੋਲਕ ਬਚਨ ਸੁਣ ਕੇ ਵੇਸਵਾ ਦਾ ਮਨ ਸ਼ਾਂਤ ਹੋ ਗਿਆ ਅਤੇ ਅੰਤ ਦਾ ਸਮਾਂ ਜਾਣ ਕੇ ਨੇਤਰਾਂ ਵਿਚੋਂ ਜਲ ਵਹਿ ਤੁਰਿਆ। ਘਿਘਿਆ ਕੇ ਬੇਨਤੀ ਕੀਤੀ- "ਬਾਬਾ ਜੀ! ਇਹ ਤੁਹਾਡਾ ਦਾਹੜਾ ਤਾਂ ਪਹਿਲਾਂ ਹੀ ਮੇਰੇ ਕੁੱਤੇ ਦੀ ਪੂਛ ਨਾਲੋਂ ਚੰਗਾ ਸੀ ਪਰ ਮੈਂ ਤੁਹਾਨੂੰ ਮਖੌਲ ਹੀ ਕਰਦੀ ਸਾਂ, ਜਿਵੇਂ ਜਾਣੋ ਮੈਨੂੰ ਬਖਸ਼ ਲਓ।"

ਸੰਤਾਂ ਨੇ ਪਿਆਰ ਭਰਿਆ ਸਿਰ ਤੇ ਹੱਥ ਫੇਰਦੇ ਹੋਏ ਕਿਹਾ- "ਬੱਚੀਏ! ਅੱਗੇ ਤੋਂ ਕਿਸੇ ਵੀ ਸਾਧੂ ਨਾਲ ਮਖੌਲ ਨਹੀਂ ਕਰਨਾ। ਹਰ ਵੇਲੇ ਰੱਬ ਤੋਂ ਡਰਦਿਆਂ ਰਹਿਣਾ ਚਾਹੀਦਾ ਹੈ, ਇਹ ਕੋਈ ਪਤਾ ਨਹੀਂ ਕਿ ਮਨੁੱਖ ਤੇ ਕਿਸ ਵੇਲੇ ਬਿਪਤਾ ਦਾ ਸਮਾਂ ਆ ਜਾਣਾ ਹੈ।

ਸੰਤਾਂ ਦੇ ਬਚਨ ਸੁਣ ਕੇ ਵੇਸ਼ਵਾ ਦਾ ਮਨ ਪਾਪਾਂ ਵਲੋਂ ਹਟ ਕੇ ਪ੍ਰਭੂ-ਚਰਨਾਂ ਵਿਚ ਜੁੜ ਗਿਆ ਕਿਉਂਕਿ ਸੰਤਾਂ ਦਾ ਮਿਲਾਪ ਖਾਲੀ ਨਹੀਂ ਜਾਂਦਾ:

ਬਿਰਥਾ ਨ ਸਾਧ ਮਿਲਾਪ॥

ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ॥

ਕਬੀਰ ਜੀ ਆਖਦੇ ਹਨ- ਹੇ ਪਿਆਰੇ! ਆਪਣੀ ਦੇਹੀ ਦਾ ਸੋਹਣਾ ਅਤੇ ਗੋਹਾ ਰੰਗ ਵੇਖ ਕੇ ਗ਼ਰਬੁ= ਹੰਕਾਰ ਨਹੀਂ ਕਰਨਾ ਚਾਹੀਦਾ। ਕਿਉਂਕਿ-

ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ॥ ੪੦॥

ਅੱਜ ਯਾਂ ਕਲ੍ਹ ਇਸ ਦੇਹ ਨੂੰ ਇਸ ਤਰ੍ਹਾਂ ਤਿਆਗ ਜਾਉਗੇ, ਜਿਉ= ਜਿਸ ਤਰ੍ਹਾਂ ਭੁਯੰਗ= ਸੱਪ ਕਾਂਚੁਰੀ= ਕੁੰਜ ਨੂੰ ਤਿਆਗ ਦੇਂਦਾ ਹੈ॥੪੦॥

ਯਥਾ- ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥੩॥

(ਰਾਮਕਲੀ ਵਾਰ, ਪੰਨਾ ੯੫੬)

ਉਥਾਨਕਾ- ਇਕ ਵਾਰ ਕਾਂਸ਼ੀ ਪੁਰੀ ਵਿਚ ਲੁੱਟ ਪੈ ਗਈ ਤੇ ਸਾਰੇ ਲੋਕ ਲੁੱਟਣ ਤੁਰ ਪਏ ਪਰ ਕਬੀਰ ਜੀ ਨਾ ਗਏ। ਕਿਸੇ ਪ੍ਰੇਮੀ ਨੇ ਆ ਕੇ ਕਬੀਰ ਜੀ ਨੂੰ ਕਿਹਾ- ਭਗਤ ਜੀ! ਆਪ ਵੀ ਕੁਝ ਹੱਥ ਰੰਗ ਲਵੋ ਜਿਸ ਨਾਲ ਆਪ ਜੀ ਦਾ ਗੁਜ਼ਾਰਾ ਚੰਗਾ ਚਲ ਪਵੇਗਾ। ਇਤਨੀ ਗੱਲ ਸੁਣ ਕੇ ਕਹਿੰਦੇ ਹਨ-

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥

ਕਬੀਰ ਜੀ ਆਖਦੇ ਹਨ- ਹੇ ਭਾਈ! ਬਾਹਰਲੀ ਲੁੱਟ ਵਿਚ ਕੀ ਲੁੱਟਣਾ ਹੈ, ਸਤਿਸੰਗ ਰੂਪ ਸ਼ਹਿਰ ਵਿਚ ਰਾਮ ਨਾਮ ਦੀ ਲੁੱਟ ਪੈ ਰਹੀ ਹੈ ਜੇ ਲੁੱਟਣਾ ਹੈ ਤਾਂ ਰਾਮ ਨਾਮ ਨੂੰ ਲੁੱਟੋ (ਅਨਿੱਤ ਪਦਾਰਥਾਂ ਦੀ ਲੁੱਟ ਨਾਲੋਂ ਨਿੱਤ ਅਤੇ ਅਮਰ ਪਦਾਰਥਾਂ ਦੀ ਲੁੱਟ ਲੁੱਟਣਾ ਕਰੋ)।

ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥ ੪੧॥

ਹੇ ਭਾਈ! ਜਿਸ ਵੇਲੇ ਸਰੀਰ 'ਚੋਂ ਪ੍ਰਾਣ ਛੁਟ ਜਾਣਗੇ ਤਾਂ ਫਿਰ ਪਿਛੋਂ ਪਸਚਾਤਾਪ ਕਰਦੇ ਰਹਿ ਜਾਉਗੇ ਪਰ ਫਿਰ ਤੁਹਾਡੇ ਪਾਸੋਂ ਹੋਣਾ ਕੁਝ ਨਹੀਂ॥ ੪੧॥

ਯਥਾ- ਜੈਸੇ ਘਰਿ ਲਾਗੈ ਆਗਿ ਜਾਗਿ ਕੂਆ ਖੋਦਿਓ ਚਾਹੈ,
ਕਾਰਜੁ ਨ ਸਿਧਿ ਹੋਇ ਰੋਇ ਪਛੁਤਾਈਐ।
ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ,
ਅਨਿਥਾ ਉਦਮ ਜੈਤ ਪਦਵੀ ਨ ਪਾਈਐ।
ਜੈਸੇ ਨਿਸਿ ਸੋਵਤ ਸੰਗਾਤੀ ਚਲਿ ਜਾਤਿ ਪਾਛੈ,
ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ।
ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ,
ਅੰਤਿ ਕਾਲ ਕੈਸੇ ਹਰਿ ਨਾਮ ਲਿਵ ਲਾਈਐ। *(ਭਾਈ ਗੁਰਦਾਸ ਜੀ, ਕਬਿੱਤ ੪੯੫)*

ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥

ਕਬੀਰ ਜੀ ਆਖਦੇ ਹਨ- ਦੁਨੀਆਂ ਵਿਚ ਅਜਿਹਾ ਕੋਈ ਪੁਰਸ਼ ਨਹੀਂ ਜੰਮਿਆਂ ਜੋ ਆਪਣੇ ਘਰ ਨੂੰ ਆਪ

ਹੀ ਅੱਗ ਲਗਾ ਦੇਵੇ। ਅਤੇ-

ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ॥ ੪੨ ॥

ਪੰਜ ਸਤ ਲੜਕਿਆਂ ਨੂੰ ਜਾਰਿ ਕੈ= ਸਾੜ ਕੇ ਰਾਮ ਨਾਮ ਵਿਚ ਲਿਵ ਲਗਾ ਰਹਿਣਾ ਕਰੇ।

*ਅਥਵਾ- **ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥***

ਕਬੀਰ ਜੀ ਆਖਦੇ ਹਨ- ਸੰਸਾਰ ਵਿਚ ਅਜਿਹਾ ਕੋਈ ਮਨੁੱਖ ਪੈਦਾ ਨਹੀਂ ਹੋਇਆ ਜੋ ਸੰਸਾਰ ਵੱਲੋਂ ਹਟ ਕੇ ਆਪਣੇ ਅੰਤਹਕਰਨ ਰੂਪ ਘਰ ਵਿਖੇ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਨੂੰ ਲਾਉਣਾ ਕਰੇ ਅਤੇ-

ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ॥ ੪੨ ॥

ਪੰਜ ਕਾਮ ਆਦਿਕ ਰੂਪ ਲੜਕਿਆਂ ਨੂੰ ਜਾਰਿ ਕੈ= ਸਾੜ ਕੇ ਵਾਹਿਗੁਰੂ ਵਿਚ ਲਿਵ ਲਗਾ ਰਹਿਣਾ ਕਰੇ॥ ੪੨ ॥

ਉਥਾਨਕਾ- ਭਗਤ ਕਬੀਰ ਜੀ ਦਾ ਪੁੱਤਰ ਕਮਾਲਾ ਤੇ ਲੜਕੀ ਕਮਾਲੀ ਜਦ ਦੋਵੇਂ ਵਿਆਹੁਣ ਦੇ ਯੋਗ ਹੋ ਗਏ ਤਾਂ ਕਬੀਰ ਜੀ ਨੇ ਵਿਚਾਰ ਕੀਤਾ ਕਿ ਆਮ ਦੁਨੀਆਂ ਦੇ ਲੋਕਾਂ ਵਾਂਗ ਕਿਸ ਵਾਸਤੇ ਐਵੇਂ ਸਮਾਂ ਬਤੀਤ ਕਰਨਾ ਹੈ। ਵਰ ਤੇ ਲੜਕੀ ਲੱਭਦਿਆਂ ਪਰਮੇਸ਼ਰ ਦੇ ਸਿਮਰਨ ਵਿਚ ਬੜਾ ਵਿਘਨ ਪਏਗਾ ਅਤੇ ਖੇਚਲ ਭੀ ਬੜੀ ਹੋਵੇਗੀ। ਇਹਨਾਂ ਗੱਲਾਂ ਨੂੰ ਮੁੱਖ ਰਖਦਿਆਂ ਹੋਇਆਂ ਭਗਤ ਜੀ ਨੇ ਇਕ ਦਿਨ ਕਥਾ ਕਰਦਿਆਂ ਹੋਇਆਂ ਸੰਗਤ ਦੇ ਵਿਚ ਹੀ ਕਹਿ ਦਿੱਤਾ ਕਿ-

ਕੋ ਹੈ ਲਰਿਕਾ ਬੇਚਈ

ਹੇ ਪਿਆਰਿਓ! ਤੁਹਾਡੇ ਵਿਚੋਂ ਐਸਾ ਕੋਈ ਹੈ ਜੋ ਮੇਰੇ ਪਾਸ ਆਪਣਾ ਲੜਕਾ ਵੇਚੇ? ਭਾਵ ਲੜਕੇ ਦਾ ਸਾਕ ਕਰਨਾ ਚਾਹੇ ਤਾਂ ਮੈਂ ਉਸ ਨੂੰ ਆਪਣੀ ਲੜਕੀ ਕਮਾਲੀ ਦੇ ਦੇਂਦਾ ਹਾਂ। ਅਤੇ-

ਲਰਿਕੀ ਬੇਚੈ ਕੋਇ॥

ਅਤੇ ਜੋ ਕੋਈ ਆਪਣੀ ਲੜਕੀ ਵੇਚਣ ਵਾਲਾ ਹੈ। ਭਾਵ ਲੜਕੀ ਦਾ ਸਾਕ ਕਰਨਾ ਚਹੁੰਦਾ ਹੈ ਤਾਂ ਉਸ ਨੂੰ ਮੈਂ ਆਪਣਾ ਲੜਕਾ ਕਮਾਲਾ ਦੇਂਦਾ ਹਾਂ। ਭਾਵ ਆਪਸ ਵਿਚ ਇਕ ਦੂਜੇ ਦੀ ਸ਼ਾਦੀ ਕਰ ਦੇਂਦੇ ਹਾਂ।

ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ॥ ੪੩ ॥

ਕਬੀਰ ਜੀ ਆਖਦੇ ਹਨ- ਇਸ ਤਰ੍ਹਾਂ ਦੀ ਜੋ ਮੇਰੇ ਨਾਲ ਸਾਝਾ= ਭਾਈਵਾਲੀ ਕਰੇਗਾ, ਉਹ ਹਰੀ ਨਾਲ ਵਣਜ ਕਰੇਗਾ। ਭਾਵ ਦੋਹਾਂ ਤਰ੍ਹਾਂ ਨਾਲ ਨਾਮ ਜਪ ਕੇ ਲਾਭ ਉਠਾ ਲਵੇਗਾ॥ ੪੩ ॥

*ਅਥਵਾ- **ਕੋ ਹੈ ਲਰਿਕਾ ਬੇਚਈ***

ਭਗਤ ਜੀ ਆਖਦੇ ਹਨ- ਜਿਹੜਾ ਕੋਈ ਮੇਰੇ ਕੋਲ ਆਪਣੇ ਮਨ ਰੂਪ ਲੜਕੇ ਨੂੰ ਵੇਚੇਗਾ, ਭਾਵ ਮਨ ਅਰਪਣ ਕਰੇਗਾ, ਉਸ ਨੂੰ ਮੈਂ ਬ੍ਰਹਮ ਵਿਦਿਆ ਰੂਪ ਲੜਕੀ ਦੇ ਦੇਵਾਂਗਾ। ਤੇ

ਲਰਿਕੀ ਬੇਚੈ ਕੋਇ॥

ਜਿਹੜਾ ਕੋਈ ਆਪਣੀ ਬੁੱਧੀ ਰੂਪ ਲੜਕੀ ਮੇਰੇ ਕੋਲ ਵੇਚੇਗਾ ਭਾਵ ਦੇਵੇਗਾ, ਤਾਂ ਮੈਂ ਉਸ ਨੂੰ ਬ੍ਰਹਮ ਗਿਆਨ ਰੂਪ ਲੜਕਾ ਦੇਵਾਂਗਾ।

ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ॥੪੩ ॥

ਕਬੀਰ ਜੀ ਆਖਦੇ ਹਨ- ਇਸ ਪ੍ਰਕਾਰ ਮੇਰੇ ਨਾਲ ਜੋ ਸਾਝਾ= ਭਾਈਵਾਲੀ ਕਰੇਗਾ, ਉਹ ਹਮੇਸ਼ਾਂ ਲਈ

ਹਰੀ ਨਾਲ ਅਭੇਦਤਾ ਰੂਪੀ ਵਣਜ ਕਰੇਗਾ ॥੪੩ ॥

ਉਥਾਨਕਾ- ਕੋਈ ਵਿਸ਼ਈ ਪੁਰਸ਼ ਭੋਗਾਂ ਦੀ ਵਡਿਆਈ ਕਰ ਰਿਹਾ ਸੀ ਕਿ ਭੋਗਾਂ ਵਿਚ ਬੜਾ ਸੁਖ ਹੈ, ਇਹ ਗੱਲ ਸੁਣ ਕੇ ਉਸ ਨੂੰ ਸਮਝਾਉਂਦੇ ਹਨ-

ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ ॥

ਕਬੀਰ ਜੀ ਆਖਦੇ ਹਨ- ਹੇ ਭਾਈ! ਇਹ ਗੱਲ ਤੈਨੂੰ ਅਸੀਂ ਚੇਤਾਵਨੀ= ਯਾਦ ਕਰਾਉਂਦੇ ਹਾਂ, ਮਤਾਂ ਤੇਰੇ ਮਨ ਵਿਚ ਕੋਈ ਸਹਸਾ= ਸੰਸਾ ਰਹਿ ਜਾਵੇ ਕਿ ਮੈਨੂੰ ਤਾਂ ਕਿਸੇ ਨੇ ਸਮਝਾਇਆ ਹੀ ਨਹੀਂ।

ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ ॥ ੪੪ ॥

ਪਰਮੇਸ਼ਰ ਨੂੰ ਭੁਲਾ ਕੇ ਜੋ ਅੱਜ ਤੋਂ ਪਹਿਲਾਂ ਪਹਿਲਾਂ ਤੂੰ ਭੋਗ ਭੋਗੇ ਹਨ, ਉਨ੍ਹਾਂ ਦੇ ਬਦਲੇ ਹੇ ਪੁਰਸ਼ਾ! ਤੂੰ ਬਜ਼ਾਰ 'ਚੋਂ ਥੋੜ੍ਹਾ ਜਿਹਾ ਗੁੜ ਤਾਂ ਲੈ ਕੇ ਖਾ ਕੇ ਦਸ।

ਭਾਵਾਰਥ- ਇਹਨਾਂ ਵਿਸ਼ਿਆਂ ਦੇ ਭੋਗਣ ਕਰ ਕੇ ਰੰਚਕ ਮਾਤ੍ਰ ਗੁੜ ਮੰਗਿਆ ਵੀ ਨਹੀਂ ਮਿਲਦਾ ਅਤੇ ਵਾਹਿਗੁਰੂ ਦਾ ਨਾਮ ਚਿੰਤਨ ਕਰਨ ਨਾਲ ਅਨੇਕਾਂ ਪਦਾਰਥ ਮਗਰ-ਮਗਰ ਫਿਰਦੇ ਹਨ। ਇਸ ਤੇ ਜੀਵ ਨੂੰ ਚਾਹੀਦਾ ਹੈ ਕਿ ਵਿਸ਼ਿਆਂ ਦਾ ਤਿਆਗ ਕਰ ਕੇ ਪਰਮੇਸ਼ਰ ਨੂੰ ਯਾਦ ਕਰੇ।

ਅਥਵਾ- ***ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ ॥***

ਹੇ ਪੁਰਸ਼ਾ! ਜਿਨ੍ਹਾਂ ਇੰਦ੍ਰੀਆਂ ਦੇ ਪਿੱਛੇ ਲੱਗ ਕੇ ਤੂੰ ਵਿਸ਼ੇ ਭੋਗਾਂ ਨੂੰ ਭੋਗਿਆ ਹੈ, ਉਨ੍ਹਾਂ ਇੰਦ੍ਰੀਆਂ ਦਾ ਗੁੜੁ= ਗੁਰੂ ਜੋ ਮਨ ਹੈ, ਤਿਸ ਮਨ ਨੂੰ ਖਾਹਿ= ਖਾਣਾ ਕਰ ਭਾਵ ਮਨ ਨੂੰ ਵਸੀਕਾਰ ਕਰ।

ਅਥਵਾ- ***ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ ॥***

ਕਬੀਰ ਜੀ ਆਖਦੇ ਹਨ-ਹੇ ਪੁਰਸ਼ਾ! ਇਹ ਚੇਤਾਵਨੀ ਤੈਨੂੰ ਕਰਵਾਈ ਹੈ, ਮਤਾਂ ਤੇਰੇ ਅੰਦਰ *ਪ੍ਰਮਾਣਗਤ ਸੰਸਾ ਅਤੇ ਪ੍ਰਮੇਯ ਗਤ ਸੰਸਾ ਰਹਿ ਜਾਵੇ।

ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ ॥੪੪ ॥

ਹੇ ਭਾਈ! ਅੱਜ ਤੋਂ ਪਹਿਲਾਂ ਜੋ ਭੋਗ ਭੋਗੇ ਹਨ, ਇਹ ਹੈ ਕੁੜੱਤਣ, ਇਸ ਕੁੜੱਤਣਤਾ ਦੀ ਨਵਿਰਤੀ ਵਾਸਤੇ ਗੁਰੂ ਪਾਸੋਂ ਨਾਮ ਗਿਆਨ ਰੂਪ ਗੁੜ ਲੈ ਕੇ ਖਾਣਾ ਕਰ ॥੪੪ ॥

ਯਥਾ- ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥
ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥੨ ॥

(ਗਉੜੀ ਕੀ ਵਾਰ ਮ: ੫, ਪੰਨਾ ੩੨੦)

ਉਥਾਨਕਾ- ਕਬੀਰ ਜੀ ਪਾਸ ਤਿੰਨ ਪੁਰਸ਼ ਚਲ ਕੇ ਆਏ-ਅਨਪੜ੍ਹ, ਪੜ੍ਹਿਆ ਹੋਇਆ ਅਤੇ ਜੋਗੀ।

੧- ਅਨਪੜ੍ਹ ਨੇ ਕਿਹਾ- ਪੜ੍ਹਨਾ ਚੰਗਾ ਨਹੀਂ, ਕਿਉਂਕਿ ਪੜ੍ਹਨ ਕਰ ਕੇ ਜਿਵੇਂ ਅੱਖਰ ਕਾਲੇ ਹੁੰਦੇ ਹਨ ਤਿਵੇਂ ਮਨ ਭੀ ਕਾਲਾ ਹੋ ਜਾਂਦਾ ਹੈ।

**ਪ੍ਰਮਾਣ ਗਤ ਸੰਸਾ ਉਸ ਨੂੰ ਕਹਿੰਦੇ ਹਨ ਜੋ ਮਨ ਵਿਚ ਇਸ ਤਰ੍ਹਾਂ ਦੀ ਭਾਵਨਾ ਬਣੀ ਰਹਿਣੀ ਕਿ ਵੇਦਾਂਤ ਵਾਕ ਇਕ ਅਦੁਤੀ ਬ੍ਰਹਮ ਦੇ ਪ੍ਰਤਿ ਪਾਦਕ ਹਨ ਜਾਂ ਸੰਸਾਰ ਅਨਰਥ ਦੇ ਪ੍ਰਤਿਪਾਦਕ ਹਨ। ਪ੍ਰਮੇਯ ਗਤ ਸੰਸਾ ਉਸ ਨੂੰ ਕਹਿੰਦੇ ਹਨ ਕਿ ਜੀਵ ਬ੍ਰਹਮ ਦਾ ਅਭੇਦ ਸੱਤ ਹੈ ਜਾਂ ਭੇਦ ਸੱਤ ਹੈ।*

੨-ਪੜ੍ਹੇ ਹੋਏ ਨੇ ਕਿਹਾ- ਪੜ੍ਹਨਾ ਚੰਗਾ ਹੈ।

੩-ਜੋਗੀ ਨੇ ਕਿਹਾ-ਜੋਗ ਧਾਰਨਾ ਹੀ ਸਭ ਤੋਂ ਸ੍ਰੇਸ਼ਟ ਹੈ।

ਹੁਣ ਕਬੀਰ ਜੀ ਤਿੰਨਾਂ ਨੂੰ ਇਸ ਸਲੋਕ ਦੁਆਰਾ ਸਮਝਾਉਂਦੇ ਹਨ- ਪਹਿਲੇ ਅਨਪੜ੍ਹ ਨੂੰ ਕਹਿੰਦੇ ਹਨ ਕਿ ਭਾਈ! ਅਨਪੜ੍ਹ ਆਦਮੀ ਤਾਂ ਕਿਸੇ ਕੰਮ ਦਾ ਨਹੀਂ ਹੁੰਦਾ।

ਯਥਾ- ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥ ੫॥ *(ਪੰਨਾ ੭੪੦)*

ਇਹ ਗੱਲ ਸੁਣ ਕੇ ਪੜ੍ਹਿਆ ਹੋਇਆ ਬੜਾ ਖੁਸ਼ ਹੋਇਆ। ਹੁਣ ਉਸ ਨੂੰ ਹੰਕਾਰੀ ਹੋਇਆ ਵੇਖ ਕੇ ਪੜ੍ਹਾਕੂ ਨੂੰ ਸਮਝਾਉਂਦੇ ਹਨ-

ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥

ਕਬੀਰ ਜੀ ਆਖਦੇ ਹਨ-ਹੇ ਭਾਈ! ਪਹਿਲੇ ਮੈਂ ਇਹ ਜਾਣਿਆਂ ਸੀ ਕਿ ਪੜ੍ਹਨਾ ਚੰਗਾ ਹੈ, ਪਰ ਪੜ੍ਹਨ ਨਾਲ ਹੰਕਾਰ ਹੋ ਜਾਂਦਾ ਹੈ।

ਯਥਾ- ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥ *(ਪੰਨਾ ੪੬੭)*

ਇਸ ਵਾਸਤੇ ਪੜ੍ਹਨ ਨਾਲੋਂ ਜੋਗ ਕਰਨਾ ਭਲਾ ਹੈ, ਇਹ ਵਾਰਤਾ ਸੁਣ ਕੇ ਜੋਗੀ ਖੁਸ਼ ਹੋ ਗਿਆ, ਤਾਂ ਜੋਗੀ ਨੂੰ ਕਹਿੰਦੇ ਹਨ- ਇਸ ਕਲਜੁਗ ਦੇ ਸਮੇਂ ਵਿਚ ਜੋਗ ਕਰਨਾ ਬੜਾ ਕਠਿਨ ਹੈ ਇਸ ਤੇ ਭਗਤੀ ਚੰਗੀ ਹੈ।

ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥ ੪੫॥

ਭਾਵੇਂ ਲੋਕ ਮੈਨੂੰ ਅਨਪੜ੍ਹ ਸਮਝ ਕੇ ਮੇਰੀ ਨਿੰਦਿਆ ਵੀ ਕਰਦੇ ਰਹਿਣ ਪਰ ਮੈਂ ਰਾਮ ਦੀ ਭਗਤੀ ਕਰਨੀ ਨਹੀਂ ਛੱਡ ਸਕਦਾ। ਕਿਉਂਕਿ ਮੈਨੂੰ ਇਹ ਪੱਕਾ ਨਿਸਚਾ ਹੈ ਕਿ ਰਾਮ ਦੀ ਭਗਤੀ ਕਰ ਕੇ ਹੀ ਸਾਰੇ ਸਾਧਨ* ਸਫਲ ਹੁੰਦੇ ਹਨ॥ ੪੫॥

ਯਥਾ- ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ॥
ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ॥੨॥

(ਗਉੜੀ ਕਬੀਰ ਜੀ, ਪੰਨਾ ੩੩੭)

*ਤਥਾ-*ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ॥੧੩॥

(ਮਾਰੂ ਸੋਲਹੇ ਮਹਲਾ ੫, ਪੰਨਾ ੧੦੮੩)

**ਨਾਮ ਲੀਆ ਹਰਿ ਕਾ ਜਿਸ ਨੇ, ਤਿਨ ਔਰ ਕਾ ਨਾਮ ਲੀਆ ਨ ਲੀਆ।*
ਪੰਜੂ ਪੰਛੀ ਸਭ ਜਗ ਜੀਵਨ ਕੋ, ਜਿਸ ਨੇ ਅਪਨੇ ਸਮ ਜਾਨ ਸਦਾ,
ਸਭ ਕਾ ਪ੍ਰਤਿਪਾਲਨ ਨਿਤ ਕੀਆ, ਤਿਨ ਬਿਪ੍ਰਨ ਦਾਨ ਦੀਆ ਨ ਦੀਆ।
ਜਿਨ ਕੇ ਘਰ ਮੇ ਪ੍ਰਭੁ ਕੀ ਚਰਚਾ, ਨਿਤ ਹੋਵਤ ਹੈ ਦਿਨ ਰਾਤ ਸਦਾ,
ਸੰਤ ਸੰਗ ਕਥਾ ਅੰਮ੍ਰਿਤ ਪਾਨ ਕੀਆ, ਤਿਨ ਤੀਰਥ ਨੀਰ ਪੀਆ ਨ ਪੀਆ।
ਜਿਨ ਕਰਮ ਕੀਏ ਪ੍ਰਮਾਰਥ ਕੇ, ਤਨ ਸੇ ਮਨ ਸੇ ਧਨ ਸੇ ਕਰ ਕੇ,
ਜਗ ਅੰਦਰ ਕੀਰਤ ਛਾਇ ਰਹੀ, ਦਿਨ ਚਾਰ ਵਿਸ਼ੇਸ਼ ਜੀਆ ਨ ਜੀਆ।
ਗੁਰ ਕੇ ਉਪਦੇਸ਼ ਸਮਾਗਮ ਸੇ, ਜਿਸ ਨੇ ਅਪਨੇ ਘਟ ਮੇ ਭਗਤੀ ਕੇ ਅਨੰਦ ਕੋ ਜਾਨ ਲੀਆ,
ਤਿਨ ਸਾਧਨ ਯੋਗ ਕੀਆ ਨ ਕੀਆ।

ਫੇਰ ਪੜ੍ਹੇ ਹੋਏ ਪੰਡਿਤ ਨੇ ਕਿਹਾ ਕਿ ਪੜ੍ਹਾਈ ਤੋਂ ਬਿਨ੍ਹਾਂ ਲੋਕ ਬਹੁਤ ਸਾਰੇ ਠੱਠੇ ਮਖੌਲ ਤੇ ਨਿੰਦਿਆ ਕਰਦੇ ਹਨ। ਉਸ ਪਰ ਕਹਿੰਦੇ ਹਨ-

ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ ॥

ਕਬੀਰ ਜੀ ਆਖਦੇ ਹਨ- ਹੇ ਪੰਡਤ ਜੀ! ਲੋਕ ਬਪੁੜਾ= ਵਿਚਾਰਾ ਕੀ ਮੇਰੀ ਨਿੰਦਿਆ ਕਰ ਸਕਦਾ ਹੈ, ਜਿਸ ਦੇ ਮਨ ਵਿਚ ਕੁਛ ਗਿਆਨ ਹੀ ਨਹੀਂ ਕਿ ਨਿੰਦਣ ਯੋਗ ਕਿਹੜਾ ਹੈ ਤੇ ਨਾ ਨਿੰਦਿਆ ਕਰਨ ਯੋਗ ਕਿਹੜਾ ਹੈ?

ਅਥਵਾ- ਜਿਨ੍ਹਾਂ ਲੋਕਾਂ ਦੇ ਮਨ ਵਿਚ ਸਰੂਪ ਦਾ ਗਿਆਨ ਹੀ ਨਹੀਂ ਹੈ, ਉਹਨਾਂ ਵਿਚਾਰੇ ਲੋਕਾਂ ਨੇ ਕੀ ਨਿੰਦਿਆ ਕਰਨੀ ਹੈ?

ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ ॥ ੪੬ ॥

ਕਬੀਰ ਜੀ ਆਖਦੇ ਹਨ ਕਿ ਅਸੀਂ ਤਾਂ ਕੇਵਲ ਇਕ ਵਾਹਿਗੁਰੂ ਦੇ ਨਾਮ ਨੂੰ ਰਵਿ ਰਹੇ= ਉਚਾਰਨ ਕਰ ਰਹੇ ਹਾਂ। *ਅਥਵਾ-* ਰਾਮ ਨਾਲ ਰਵਿ ਰਹੇ= ਮਿਲ ਰਹੇ ਹਾਂ। ਵਾਹਿਗੁਰੂ ਨਾਮ ਤੋਂ ਬਿਨਾਂ ਅਵਰ= ਹੋਰ ਦੁਨੀਆਂ ਦੇ ਸਭ ਕੰਮ ਕਰਨੇ ਤਿਆਗ ਦਿੱਤੇ ਹਨ॥੪੬॥

ਉਥਾਨਕਾ- ਕਿਸੇ ਪਾਪੀ ਦੀ ਦੇਹ ਚਿਖਾ ਵਿਚ ਸੜ ਰਹੀ ਸੀ, ਉਸ ਨੂੰ ਵੇਖ ਕੇ ਇਸ ਸਲੋਕ ਦੁਆਰਾ ਉਪਦੇਸ਼ ਦਿੰਦੇ ਹਨ-

ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ ॥

ਕਬੀਰ ਜੀ ਆਖਦੇ ਹਨ-ਸਰੂਪ ਦੇਸ਼ ਤੋਂ ਪਰੇ ਹੋਣ ਕਰ ਕੇ ਪਰਦੇਸੀ= ਜੀਵ ਦੇ ਸਰੀਰ ਰੂਪ ਘਾਘਰੈ= ਚੋਲੇ ਨੂੰ ਚਹੁ ਦਿਸਿ= ਚੁਤਰਫੋਂ ਪ੍ਰਤੱਖ ਅੱਗ ਲੱਗ ਰਹੀ ਹੈ।

ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ ॥ ੪੭ ॥

ਖਿੰਥਾ= ਦੇਹ ਭਾਂ ਪ੍ਰਤੱਖ ਅੱਗ ਵਿਚ ਜਲਿ= ਸੜ ਕੇ ਕੋਇਲਾ= ਸਵਾਹ ਰੂਪ ਹੋ ਗਈ ਪਰ ਤਾਗੇ= ਚੇਤਨ ਨੂੰ ਕੋਈ ਭੀ ਆਂਚ= ਸੇਕ ਭਾਵ ਦੁੱਖ ਨਹੀਂ ਲੱਗਦਾ। *ਅਥਵਾ-*

ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ ॥

ਕਬੀਰ ਜੀ ਆਖਦੇ ਹਨ- ਪਰਦੇਸੀ= ਜੀਵ ਦੇ ਸਰੀਰ ਰੂਪ ਘਾਘਰੈ= ਚੋਲੇ ਨੂੰ ਚੁਤਰਫੋਂ ਹੀ ਕਾਲ ਰੂਪ ਅੱਗ ਲੱਗ ਰਹੀ ਹੈ।

ਯਥਾ- ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ ॥

(ਗਉੜੀ ਕਬੀਰ ਜੀ, ਪੰਨਾ ੩੩੬)

ਤਥਾ- ***ਚਾਰ ਕੁੰਟ ਕਾਲ ਕੇ ਵਸ। ਕਹਾਂ ਜਾਈਐ ਕਾਲ ਤੇ ਨਸ।***

ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ ॥ ੪੭ ॥

ਇਸ ਕਰ ਕੇ ਖਿੰਥਾ ਜਲਿ= ਦੇਹ ਸੜ ਕੇ ਕੋਲਾ ਹੋ ਗਈ ਹੈ, ਪਰੰਤੂ ਤਾਗੇ= ਸੂਖਮ ਸਰੀਰ ਨੂੰ ਕੋਈ ਕਾਲ ਰੂਪ ਅਗਨੀ ਦਾ ਆਂਚ= ਸੇਕ ਨਹੀਂ ਲੱਗਦਾ॥ ੪੭॥ ਫਿਰ ਕਹੇ ਨੂੰ ਸਪੱਸ਼ਟ ਕਰਦੇ ਹਨ-

ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ॥

ਕਬੀਰ ਜੀ ਆਖਦੇ ਹਨ-ਖਿੰ-ਥਾ= ਅਕਾਸ਼ ਤੇ ਧਰਤੀ, ਜਲ ਤੇ ਕੋਇਲਾ= ਅਗਨੀ ਅਤੇ ਪੌਣ ਦਾ ਅਧਿਆਹਾਰ ਕਰ ਲੈਣਾ ਇਨ੍ਹਾਂ ਪੰਜਾਂ ਤੱਤਾਂ ਕਰ ਕੇ ਜੋ ਦੇਹ ਉਤਪਤ ਹੋਈ ਹੈ ਇਸ ਦੇਹ ਰੂਪ ਖਾਪਰੁ= ਖੱਪਰ ਨੇ ਫੁੱਟ ਜਾਣਾ ਹੈ, ਪਰ ਇਸ ਨੂੰ ਪ੍ਰਮਾਦੀ ਜੀਵ ਨੇ ਮਫੂਟ= ਅਫੁਟ ਜਾਣਿਆ ਹੈ।

ਜੋਗੀ ਬਪੁੜਾ ਖੇਲਿਓ

ਜਿਸ ਵੇਲੇ ਬਪੁੜਾ= ਵਿਚਾਰਾ ਜੋਗੀ= ਜੀਵਾਤਮਾ ਸੰਸਾਰ ਤੋਂ ਖੇਲ ਗਿਆ ਭਾਵ ਮਰ ਗਿਆ। ਤਾਂ-

ਆਸਨਿ ਰਹੀ ਬਿਭੂਤਿ॥ ੪੮॥

ਬਿਭੂਤਿ= ਸ੍ਵਾਹ ਆਸਣ ਦੇ ਉਪਰ ਹੀ ਪਈ ਰਹੀ। *ਅਥਵਾ-* ਜੋ ਸੇਵਕ-ਲੋਕਾਂ ਨੇ ਭੇਟਾ ਚੜ੍ਹਾਈ ਹੋਈ ਸੀ, ਉਹ ਬਿਭੂਤਿ= ਮਾਇਆ ਆਸਣ ਦੇ ਤਲੇ ਹੀ ਪਈ ਰਹੀ।

ਅਥਵਾ- ਹਿਰਦੇ ਰੂਪ ਆਸਣ ਵਿਚ ਬਿਭੂਤਿ= ਮਾਇਆ ਦੀ ਇੱਛਾ ਬਣੀ ਰਹੀ। ਇਸ ਕਰ ਕੇ ਵਿਚਾਰਾ ਜੋਗੀ= ਜੀਵਾਤਮਾ ਵਾਸ਼ਨਾ ਦੇ ਅਨੁਸਾਰ ਹੋਰ ਜੂਨਾਂ ਵਿਚ ਜਾ ਖੇਲਿਆ ਭਾਵ ਅਨੇਕ ਪ੍ਰਕਾਰ ਦੀਆਂ ਜੂਨਾਂ ਧਾਰਦਾ ਹੋਇਆ ॥ ੪੮॥

ਉਥਾਨਕਾ- ਇਕ ਦਿਨ ਕਬੀਰ ਜੀ ਸੈਰ ਕਰ ਕੇ ਵਾਪਸ ਆ ਰਹੇ ਸਨ ਤੇ ਰਸਤੇ ਵਿਚ ਇਕ ਛੋਟੇ ਜਿਹੇ ਤਲਾਵ ਤੇ ਝੀਵਰ ਨੂੰ ਮੱਛੀਆਂ ਫੜਦਿਆਂ ਵੇਖ ਇਹ ਸਲੋਕ ਉਚਾਰਿਆ-

[ਪੰਨਾ ੧੩੬੭]

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥

ਕਬੀਰ ਜੀ ਆਖਦੇ ਹਨ- ਹੇ ਮਛੁਲੀਓ! ਥੋਹੜੇ ਪਾਣੀ ਵਿਚ ਰਹਿਣ ਕਰ ਕੇ ਤੁਹਾਨੂੰ ਝੀਵਰ ਨੇ ਆਪਣੇ ਜਾਲ ਵਿਚ ਮੇਲਿਓ= ਫਸਾ ਲਿਆ ਹੈ। ਇਸ ਤੇ ਇਹ ਨਿਸਚੇ ਕਰੋ ਕਿ-

ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ॥ ੪੯॥

ਇਹਨਾਂ ਟੋਘਨੈ= ਛੱਪੜੀਆਂ ਵਿਚ ਰਹਿਣ ਕਰਕੇ ਤੁਹਾਡਾ ਛੂਟਸਹਿ= ਛੁਟਕਾਰਾ ਨਹੀਂ ਹੋਵੇਗਾ, ਤੁਹਾਨੂੰ ਆਪਣੇ ਬਚਾਅ ਵਾਸਤੇ ਚਾਹੀਦਾ ਹੈ ਕਿ ਫਿਰ ਕਰ ਕੇ ਸਮੁੰਦਰ ਨੂੰ ਯਾਦ ਕਰੋ। *ਅਥਵਾ-* ਸਮੁੰਦ੍ਰ ਵਿਚ ਫਿਰਨਾ ਸੰਭਾਲਨਾ ਕਰੋ॥੪੯॥

ਜੇ ਮੱਛੀਆਂ ਕਹਿਣ ਕਿ ਸਮੁੰਦਰ ਤਾਂ ਖਾਰਾ ਹੈ ਇਸ ਕਰ ਕੇ ਉਸ ਵਿਚ ਸਾਡਾ ਰਹਿਣਾ ਮੁਸ਼ਕਿਲ ਹੈ ਤਾਂ ਕਹਿੰਦੇ ਹਨ-

ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥

ਕਬੀਰ ਜੀ ਆਖਦੇ ਹਨ- ਸਮੁੰਦ੍ਰ ਨੂੰ ਕਦੇ ਵੀ ਨਾ ਛਡੀਏ ਜੇਕਰ ਅਤਿ= ਬਹੁਤ ਖਾਰਾ ਵੀ ਹੋਵੇ। ਕਿਉਂਕਿ-

ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ॥ ੫੦॥

ਪੋਖਰਿ ਪੋਖਰਿ= ਛੱਪੜ-ਛੱਪੜ ਦੀ ਢੂਢਤੇ= ਭਾਲ ਕਰਨ ਨਾਲ ਭਾਵ ਛੱਪੜ ਵਿਚ ਰਹਿਣ ਕਰ ਕੇ ਕੋਈ

www.sikhbookclub.com

ਵੀ ਪੁਰਸ਼ ਤੁਹਾਨੂੰ ਚੰਗਾ ਨਹੀਂ ਕਹੇਗਾ ॥੫੦॥

ਦੂਜਾ ਅਰਥ-

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥

ਕਬੀਰ ਜੀ ਆਖਦੇ ਹਨ- ਹੇ ਭਾਈ! ਪਦਾਰਥਾਂ ਰੂਪ ਥੋਰੈ= ਤੁਛ ਜਲ ਵਿਚ ਰਹਿਣ ਕਰ ਕੇ ਜੀਵ ਰੂਪ ਮੱਛੀ ਨੂੰ, ਜਮ ਰੂਪ ਝੀਵਰ ਆਪਣੇ ਜਾਲ ਵਿਚ ਫਸਾ ਲੈਂਦਾ ਹੈ।

ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ॥੪੯॥

ਇਹਨਾਂ ਦੇਵੀ ਦੇਵਤਿਆਂ ਦੀ ਉਪਾਸਨਾ ਰੂਪ ਟੋਘਨ= ਛੱਪੜਾਂ ਵਿਚ ਰਹਿਣ ਕਰ ਕੇ ਛੁਟਕਾਰਾ ਨਹੀਂ ਹੁੰਦਾ। ਇਸ ਵਾਸਤੇ ਇਹਨਾਂ ਦੀ ਉਪਾਸਨਾ ਵਲੋਂ ਫਿਰਿ ਕਰਿ= ਹਟ ਕੇ ਬ੍ਰਹਮ ਰੂਪ ਸਮੁੰਦ੍ਰ ਦੀ ਸੰਭਾਲ ਕਰ। *ਅਥਵਾ-* ਬ੍ਰਹਮ ਰੂਪ ਸਮੁੰਦ੍ਰ ਵਿਚ ਫਿਰਨਾ ਕਰ॥ ੪੯॥

ਤੀਜਾ ਅਰਥ-

ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਬ੍ਰਹਮ ਰੂਪ ਸਮੁੰਦਰ ਨੂੰ ਛੱਡਣਾ ਨਹੀਂ ਚਾਹੀਦਾ, ਜਉ= ਚਾਹੇ ਅਤਿਅੰਤ ਖਾਰੋ= ਦੁੱਖ ਵੀ ਆ ਕੇ ਪ੍ਰਾਪਤ ਹੋਵੇ। *ਅਥਵਾ-* ਵਿਸ਼ੇ ਸੁਖਾਂ ਦੇ ਤਿਆਗ ਰੂਪ ਚਾਹੇ ਖਾਰਾਪਣ ਭੀ ਹੋਵੇ। *ਅਥਵਾ-*ਭਾਣੇ ਦੇ ਮੰਨਣ ਰੂਪ ਚਾਹੇ ਖਾਰਾਪਣ ਭੀ ਹੋਵੇ ਤਾਂ ਭੀ ਪ੍ਰਭੂ ਦਾ ਤਿਆਗ ਨਹੀਂ ਕਰਨਾ ਚਾਹੀਦਾ।

ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ॥੫੦॥

ਹੇ ਭਾਈ! ਦੇਵੀ ਦੇਵਤਿਆਂ ਦੀ ਉਪਾਸਨਾ ਕਰਨ ਰੂਪ ਛੱਪੜ-ਛੱਪੜ ਦੀ ਭਾਲ ਕਰਨ ਤੇ ਤੁਹਾਨੂੰ ਕੋਈ ਮਹਾਤਮਾਂ ਪੁਰਸ਼, ਭਲਾ ਨਹੀਂ ਕਹੇਗਾ ॥੫੦॥

ਹੁਣ ਨਿਗੁਰਿਆਂ ਦੀ ਹਾਲਤ ਕਹਿੰਦੇ ਹਨ-

ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ॥

ਕਬੀਰ ਜੀ ਆਖਦੇ ਹਨ- ਜੋ ਪੁਰਸ਼ ਗੁਰ ਗੁਸਾਈਂ ਤੋਂ ਨਿ= ਰਹਿਤ ਹਨ ਭਾਵ ਜਿਨ੍ਹਾਂ ਨੇ ਆਪਣਾ ਕੋਈ ਗੁਰੂ ਧਾਰਨ ਨਹੀਂ ਕੀਤਾ, ਉਹ ਸੰਸਾਰ-ਸਮੁੰਦਰ ਦੇ ਪ੍ਰਵਾਹ ਵਿਚ ਹੀ ਬਹਿ ਗਏ= ਰੁੜ੍ਹ ਗਏ ਹਨ। ਉਨ੍ਹਾਂ ਨੂੰ ਭਗਤੀ ਰੂਪ ਦਸਤ ਪੰਜਾ ਦੇ ਕੇ ਥਾਂਘੀ= ਥੰਮਣ ਵਾਲਾ ਭਾਵ ਰੋਕਣ ਵਾਲਾ ਹੋਰ ਕੋਈ ਨਹੀਂ ਹੈ।

ਤਥਾ- ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥
ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥੩॥

(ਸਿਰੀਰਾਗੁ ਮਹਲਾ ੩, ਪੰਨਾ ੨੬)

ਤਥਾ- ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜੇ॥
ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ॥
ਮਨਿ ਖੋਟੇ ਦਯਿ ਵਿਛੋੜੇ॥ ੧੧॥

(ਗਉੜੀ ਕੀ ਵਾਰ, ਪੰਨਾ ੩੦੬)

ਤਥਾ- ਸਿਰ[੧] ਤਲਵਾਏ ਪਾਈਐ ਚਮਗਿਦੜ ਜੂਹੈ[੨]।
ਮੜੀ ਮਸਾਣੀ ਜੇ ਮਿਲੈ ਵਿਚਿ ਖੁਡਾਂ ਚੂਹੈ।
ਮਿਲੈ ਨ ਵਡੀ ਆਰਜਾ ਬਿਸੀਅਰੁ ਵਿਹੁ ਲੂਹੈ।
ਹੋਇ ਕੁਚੀਲਾ ਵਰਤੀਐ ਖਰ ਸੂਰ ਭਸੂਹੈ[੩]।
ਕੰਦ ਮੂਲ ਚਿਤੁ ਲਾਈਐ [੪]ਅਈਅੜ ਵਣ ਧੂਹੈ।
[੫]ਵਿਣੁ ਗੁਰ ਮੁਕਤਿ ਨ ਹੋਵਈ ਜਿਉਂ ਘਰੁ ਵਿਣੁ ਬੂਹੈ॥੧੩॥

(ਭਾਈ ਗੁਰਦਾਸ ਜੀ ਵਾਰ, ੩੬)

ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ॥ ੫੧॥

ਜਿਨ੍ਹਾਂ ਪੁਰਸ਼ਾਂ ਨੂੰ ਕਰਤੇ= ਵਾਹਿਗੁਰੂ ਨੇ ਆਪਣੇ ਦਰਬਾਰੋਂ ਗਰੀਬੀ ਬਖਸ਼ੀ ਹੈ, ਉਹਨਾਂ ਦੀ ਦ੍ਰਿਸ਼ਟੀ ਵਿਚ ਜੋ ਹੋਣਾ ਹੈ ਸੋ ਹੁੰਦਾ ਰਹਿੰਦਾ ਹੈ ਪਰ ਉਹ ਹਰ ਹਾਲਤ ਵਿਚ ਅਨੰਦ ਰਹਿੰਦੇ ਹਨ। *ਅਥਵਾ-* ਦੀਨੁ= ਧਰਮ ਅਤੇ ਗਰੀਬੀ ਆਪਣੀ ਤਰਫੋਂ ਜਿਨ੍ਹਾਂ ਨੂੰ ਦਿੱਤੀ ਹੈ ਉਹ ਐਸੇ ਸਮਝਦੇ ਹਨ ਕਿ ਕਰਤਾ ਵਾਹਿਗੁਰੂ ਜੋ ਪਿੱਛੇ ਕਰਦਾ ਸੀ ਉਹ ਹੁੰਦਾ ਸੀ ਅਤੇ ਜੋ ਅੱਗੇ ਕਰੇਗਾ ਉਹ ਹੋਵੇਗਾ।

ਅਥਵਾ- ਦੀਨ= ਪ੍ਰਲੋਕ ਵਾਸਤੇ ਜਿਨ੍ਹਾਂ ਨੂੰ ਨਿਰੰਕਾਰ ਨੇ ਆਪਣੇ ਪਾਸੋਂ ਗਰੀਬੀ= ਨਿੰਮ੍ਰਤਾ ਆਦਿ ਸ਼ੁਭ ਗੁਣ ਦਿੱਤੇ ਹਨ, ਉਹ ਕਰਤੇ ਦਾ ਨਾਮ ਜਪਦੇ ਹੋਏ ਕਰਤੇ ਦਾ ਰੂਪ ਹੀ ਹੋ ਗਏ ਹਨ॥੫੧॥

ਯਥਾ- ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥੧॥ *(ਗਉੜੀ ਸੁਖਮਨੀ ਮਹਲਾ ੫, ਪੰਨਾ ੨੭੮)*

ਇਸ ਅਗਲੇ ਸਲੋਕ ਵਿਚ ਪ੍ਰਭੂ ਦੇ ਨਾਮ ਦੀ ਵਿਸ਼ੇਸ਼ਤਾ ਵਰਣਨ ਕਰਦੇ ਹਨ-

ਕਬੀਰ ਬੈਸਨਉ ਕੀ ਕੂਕਰਿ ਭਲੀ

ਕਬੀਰ ਜੀ ਆਖਦੇ ਹਨ- ਬੈਸਨਉ= ਵਿਸ਼ਨ ਉਪਾਸ਼ਕ ਜੋ ਗੁਰਮੁਖ ਪੁਰਸ਼ ਹਨ, ਉਨ੍ਹਾਂ ਦੀ ਕੂਕਰਿ= ਕੁੱਤੀ ਵੀ ਚੰਗੀ ਹੈ। ਅਤੇ-

ਸਾਕਤ ਕੀ ਬੁਰੀ ਮਾਇ॥

ਸਾਕਤ= ਦੁਸ਼ਟ ਪੁਰਸ਼ ਦੀ ਮਾਇ= ਮਾਂ ਵੀ ਬੁਰੀ ਹੈ।

ਪ੍ਰਸ਼ਨ- ਦੁਸ਼ਟ ਦੀ ਮਾਂ ਕਿਉਂ ਬੁਰੀ ਹੈ? ਅਤੇ ਸੰਤਾਂ ਦੀ ਕੁੱਤੀ ਕਿਉਂ ਚੰਗੀ ਹੈ? *ਉੱਤਰ-*

ਓਹ ਨਿਤ ਸੁਨੈ ਹਰਿ ਨਾਮ ਜਸੁ

ਮਹਾਤਮਾ ਦੀ ਕੁੱਤੀ ਇਸ ਵਾਸਤੇ ਭਲੀ ਹੈ ਜੋ ਕਿ ਮਹਾਤਮਾ ਦੇ ਪਾਸ ਰਹਿ ਕੇ ਹਰੀ ਨਾਮ-ਜਸ ਨੂੰ ਨਿਤਾਪ੍ਰਤੀ ਸੁਣਦੀ ਰਹਿੰਦੀ ਹੈ। ਅਤੇ-

ਓਹ ਪਾਪ ਬਿਸਾਹਨ ਜਾਇ॥ ੫੨॥

---

੧. ਨੀਵਾਂ ਕਰ ਕੇ। ੨ ਉਜਾੜ। ੩ ਭਸ ਵਿਚ ਰੁਲਦੇ ਹਨ। ੪ ਬੱਕਰੀਆਂ ਦਾ ਇੱਜੜ ਦਰਖਤਾਂ ਨੂੰ ਧੂੰਹਦਾ ਹੈ।
੫. ਜਿਵੇਂ ਬੂਹੇ ਤੋਂ ਬਿਨਾਂ ਘਰ ਅੰਦਰ ਨੱਹੀਂ ਜਾ ਸਕੀਦਾ, ਇੰਜ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ।

(ਦੁਸ਼ਟ ਪੁਰਸ਼ ਦੀ ਮਾਂ ਇਸ ਵਾਸਤੇ ਬੁਰੀ ਕਹੀ ਹੈ, ਕਿਉਂਕਿ) ਉਹ ਹਮੇਸ਼ਾਂ ਪਾਪਾਂ ਨੂੰ ਹੀ ਬਿਸਾਹਨ= ਖਰੀਦਣ ਜਾਂਦੀ ਹੈ॥੫੨॥

ਅਥਵਾ- ਬੈਸਨਉ= ਵਿਸ਼ਨ ਉਪਾਸ਼ਕ ਜੋ ਮਹਾਤਮਾ ਹਨ, ਉਹਨਾਂ ਦੀ ਕੂਕਰਿ= ਦਾਸੀ ਬਣ ਕੇ ਰਹਿਣਾ ਚੰਗਾ ਹੈ ਪਰ ਸਾਕਤਾਂ ਦੀ ਮਾਂ ਬਣ ਕੇ ਰਹਿਣਾ ਬੁਰਾ ਹੈ।

ਸਾਖੀ - ਇਕ ਧਾੜਵੀ ਪੁਰਸ਼ ਦੀ

ਇਕ ਧਾੜਵੀ ਨੇ ਆਪਣੀ ਮਾਤਾ ਤੋਂ ਪਿਤਾ ਪੁਰਖੀ ਕੰਮ ਨੂੰ ਪੁੱਛ ਕੇ ਧਾੜੇ ਤੇ ਰਾਹ ਮਾਰ ਕਰਨੀ ਸ਼ੁਰੂ ਦਿੱਤੀ। ਆਏ ਗਏ ਮੁਸਾਫਰ ਨੂੰ ਅੱਗੋਂ ਘੇਰ ਕੇ ਪਹਿਲਾਂ ਉਸ ਨੂੰ ਜਾਨੋ ਮਾਰ ਦੇਣਾ, ਫੇਰ ਉਸ ਦੇ ਬਸਤਰ ਫਰੋਲ ਕੇ ਜੋ ਕੁਝ ਵੀ ਲੱਭਦਾ ਉਹ ਲੈ ਲੈਣਾ।

ਇਸ ਤਰ੍ਹਾਂ ਸਮਾਂ ਬਤੀਤ ਹੁੰਦਾ ਗਿਆ, ਇਕ ਦਿਨ ਸੋਹਣਾ ਸੁਨੱਖਾ ਨੌਜੁਆਨ ਲੜਕਾ ਜੰਗਲ ਉਸ ਧਾੜਵੀ ਪੁਰਸ਼ ਦੇ ਕਾਬੂ ਆ ਗਿਆ। ਧਾੜਵੀ ਪੁਰਸ਼ ਨੇ ਆਪਣੇ ਸੁਭਾਅ ਅਨੁਸਾਰ ਇਸ ਨੂੰ ਲਾਠੀ ਕੱਢ ਮਾਰੀ ਪਰ ਰੱਬ ਦੀ ਮਰਜ਼ੀ ਲਾਠੀ ਸਿਰ 'ਚ ਅਜੇਹੀ ਜਗ੍ਹਾ ਵੱਜੀ ਕਿ ਪਹਿਲੀ ਲਾਠੀ ਨਾਲ ਹੀ ਉਹ ਡਿੱਗ ਪਿਆ ਤੇ ਉਸੇ ਵੇਲੇ ਉਹਦੀ ਮੌਤ ਹੋ ਗਈ ਜਦੋਂ ਉਸ ਦੇ ਕੱਪੜੇ ਫਰੋਲੇ ਤਾਂ ਉਨ੍ਹਾਂ ਵਿਚੋਂ ਸਿਰਫ, ਇਕ ਦਮੜੀ ਹੀ ਨਿਕਲੀ।

ਇਹ ਦੇਖ ਕੇ ਧਾੜਵੀ ਪੁਰਸ਼ ਦੇ ਮਨ 'ਤੇ ਬੜੀ ਸੱਟ ਵੱਜੀ ਤੇ ਮੁਰਝਾਏ ਮਨ ਨਾਲ ਘਰ ਪੁੱਜਾ।ਮਾਂ ਦੇ ਸ਼ਾਹਮਣੇ ਹਥਿਆਰ ਸੁੱਟ ਕੇ ਕਹਿਣ ਲੱਗਾ- "ਮਾਂ! ਮੈਂ ਅੱਜ ਤੋਂ ਬਾਅਦ ਇਹੋ ਜਿਹਾ ਪਾਪ ਕਰਮ ਨਹੀਂ ਕਰਾਂਗਾ। ਅੱਜ ਇਕ ਦਮੜੀ ਪਿਛੇ ਇਕ ਬੜੀ ਸੋਹਣੀ ਜਿੰਦੜੀ ਦਾ ਨਾਸ ਕਰ ਦਿੱਤਾ ਹੈ। ਉਸ ਦੇ ਗ਼ਮ ਵਿਚ ਅੱਜ ਉਸ ਦੀ ਮਾਂ ਵੀ ਮਰ ਜਾਵੇਗੀ।"

ਧਾੜਵੀ ਦੀ ਮਾਂ ਨੇ ਉਹ ਦਮੜੀ ਫੜ ਕੇ ਝੀਵਰ ਤੋਂ ਮੱਛੀਆਂ ਦੇ ਨਿੱਕੇ-ਨਿੱਕੇ ਕਈ ਬੱਚੇ (ਪੂੰਗ) ਲੈ ਆਂਦੇ ਅਤੇ ਪੁੱਤਰ ਨੂੰ ਦਿਖਾ ਕੇ ਕਿਹਾ- ਦੇਖ, ਪੁੱਤ! ਝੀਵਰ ਨੇ ਇਕ ਦਮੜੀ ਵਾਸਤੇ ਕਿਤਨਾ ਪਾਪ ਕੀਤਾ ਹੈ ਤੇ ਜੇ ਤੂੰ ਇਕ ਨੂੰ ਮਾਰ ਆਇਆ ਹੈਂ ਤਾਂ ਕੀ ਹੋ ਗਿਆ? ਫਿਰ ਤੂੰ ਕਹਿੰਦਾ ਸੈਂ ਇਸ ਇਕ ਦਮੜੀ ਦਾ ਕੀ ਆਉਣਾ ਹੈ? ਵੇਖ! ਤੇਰੇ ਸਾਹਮਣੇ ਕਿਤਨੀਆਂ ਮੱਛੀਆਂ ਆ ਗਈਆਂ ਹਨ, ਜਿਸ ਨਾਲ ਸਾਰੇ ਟੱਬਰ ਦਾ ਗੁਜ਼ਾਰਾ ਹੋ ਜਾਣਾ ਹੈ। ਇਉਂ ਕਹਿ ਕੇ ਉਹ ਮੱਛੀ ਦੇ ਪੂੰਗ ਭਾਂਡੇ ਵਿਚ ਰਿੰਨ੍ਹ ਕੇ ਸਾਰੇ ਟੱਬਰ ਨੂੰ ਖਵਾਏ। ਇਸ ਤਰ੍ਹਾਂ ਪਾਪਣ ਮਾਂ ਨੇ ਧਾੜਵੀ ਨੂੰ ਫਿਰ ਪਾਪ ਕਰਨ ਵਿਚ ਜੋੜ ਦਿੱਤਾ।

ਉਥਾਨਕਾ- ਹਰੀ ਨਾਮ ਤੋਂ ਬਿਨਾਂ ਇਸ ਜੀਵ ਦੇ ਸਾਰੇ ਵੈਰੀ ਹਨ।

ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥

ਅੰਨਵੇ--ਕਬੀਰ ਜੀ ਆਖਦੇ ਹਨ- ਹੇ ਭਾਈ! ਇਹ ਸੰਸਾਰ ਰੂਪੀ ਤਲਾਬ ਜੋ ਵਿਸ਼ਿਆਂ ਦੀ ਹਰੀਆਰਾ= ਹਰਿਆਵਲਤਾ ਕਰ ਕੇ ਹਰਿਆ ਹੈ, ਇਸ ਵਿਚ ਇਹ ਜੀਵ ਰੂਪ ਹਰਨ ਅਗਿਆਨ ਦੇ ਪ੍ਰਤਾਪ ਕਰ ਕੇ ਦੂਬਲਾ= ਕਮਜ਼ੋਰ ਹੋ ਰਿਹਾ ਹੈ।

ਲਾਖ ਅਹੇਰੀ ਏਕੁ ਜੀਉ

ਨਿਮਾਣਾ ਜੀਵ ਇਕ ਹੈ ਤੇ ਇਸ ਨੂੰ ਮਾਰਨ ਵਾਲੇ ਲੱਖਾਂ ਹੀ ਅਹੇਰੀ= ਸ਼ਿਕਾਰੀ ਹਨ- (ਸੱਪ, ਕੰਨ ਖਜੂਰਾ, ਠੂੰਹੇਂ ਆਦਿਕ) *ਅਥਵਾ-* ਜੀਵ ਵਿਚਾਰਾ ਇਕ ਹੈ ਤੇ ਇਸ ਦੇ ਮਾਰਨ ਵਾਲੇ ਲੱਖਾਂ ਹੀ ਅਹੇਰੀ= ਸ਼ਿਕਾਰੀ ਕਾਮਾਦਿਕ ਹਨ। ਜੇਕਰ ਇਹਨਾਂ ਤੋਂ ਬਚ ਗਿਆ ਤਾਂ-

ਕੇਤਾ ਬੰਚਉ ਕਾਲੁ ॥ ੫੩ ॥

ਕਾਲ ਭਗਵਾਨ ਤੋਂ ਭਲਾ ਕੇਤਾ ਬੰਚਉ= ਕਿੰਨਾ ਚਿਰ ਬਚੇਗਾ, ਉਸ ਨੇ ਤਾਂ ਛੱਡਣਾ ਹੀ ਨਹੀਂ* ॥੫੩ ॥

ਉਥਾਨਕਾ- ਇਕ ਵੈਰਾਗੀ ਕਾਂਸ਼ੀ ਵਿਚ ਗੰਗਾ ਦੇ ਕਿਨਾਰੇ ਘਰ ਬਣਾ ਕੇ ਆਪ ਮੁਹਾਰਾ ਕਹਿ ਰਿਹਾ ਸੀ ਕਿ ਗੰਗਾ ਜੀ ਦੇ ਕਿਨਾਰੇ ਪਰ ਵੱਸਣ ਤੇ ਹੀ ਮੋਖ ਹੈ। ਉਸ ਦੇ ਕਹਿਣੇ ਨੂੰ ਸੁਣ ਕੇ ਉੱਤਰ ਦੇਂਦੇ ਹਨ-

ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ॥

ਕਬੀਰ ਜੀ ਆਖਦੇ ਹਨ- ਜੋ ਪੁਰਸ਼ ਗੰਗਾ ਜੀ ਦੇ ਕਿਨਾਰੇ ਤੇ ਘਰ ਬਣਾਵਉਣਾ ਕਰਦਾ ਹੈ ਅਤੇ ਹਮੇਸ਼ਾਂ ਹੀ ਗੰਗਾ ਜੀ ਦੇ ਉਜਲ ਪਾਣੀ ਨੂੰ ਪੀਂਵਦਾ ਹੈ। ਪ੍ਰੰਤੂ--

ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ ॥ ੫੪ ॥

ਹਰੀ ਦੀ ਭਗਤੀ ਕੀਤੇ ਬਿਨਾਂ ਉਸ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਪ੍ਰਕਾਰ ਕਹਿ ਕੇ ਕਬੀਰ ਜੀ ਜਲਦੀ ਨਾਲ ਉਥੋਂ ਅੱਗੇ ਨੂੰ ਰਮੇ= ਤੁਰ ਪਏ ਤਾਂ ਕਿ ਵੈਰਾਗੀ ਚਿੜ੍ਹ ਕੇ ਲੜ ਹੀ ਨਾ ਪਵੇ।

ਅਥਵਾ- ਇਉਂ ਕਹਿ= ਇਸ ਤਰ੍ਹਾਂ ਵੈਰਾਗੀ ਨੂੰ ਕਹਿ ਕੇ ਕਬੀਰ ਜੀ ਆਪ ਵਾਹਿਗੁਰੂ ਨਾਮ ਨੂੰ ਰਮੇ=

**ਜੋ ਜੰਮਿਆ ਤਿਸ ਨੇ ਮਰ ਜਾਣਾ, ਕਿਆ ਅਦਨਾ ਕਿਆ ਆਲਾ ਜੀ।*
ਤਨ ਦੇ ਕਪੜੇ ਸਭ ਲੈ ਲਾਹਸਨ, ਊਪਰ ਕਾ ਦੁਸ਼ਾਲਾ ਜੀ।
ਬਾਹੁ ਲਾਹਸਨ ਚੂੜੀਆਂ ਚੂੜੇ, ਕੰਨੋ ਮੁੰਦ੍ਰਾਂ ਵਾਲਾ ਜੀ।
'ਦੇਵੀਦਾਸਾ' ਮੌਤ ਨ ਛੋਡੇ, ਭਾਵੇਂ ਰਾਣੀ ਖਾਂ ਦਾ ਸਾਲਾ ਜੀ।

ਤਥਾ- ਭੀਮ ਸੈਨ ਜੈਸੇ ਬਲੀ ਬਲਕਾਰ ਕਾਂਪ ਗਏ, ਸੁਧ ਬੁਧ ਗਈ ਦੇਖ ਕਾਲ ਬਿਕ੍ਰਾਲ ਕੌ।
ਨਾਦਿਰ, ਸਿਕੰਦ੍ ਔਰ ਦਾਰਾ ਅਕਬਰ ਸ਼ਾਹਿ, ਚਲੇ ਹਾਥ ਖਾਲੀ ਤਜਾਗ ਮਾਲ ਇਕਬਾਲ ਕੌ।
ਬਿਕ੍ਰਮ ਦਤ ਜੈਸੇ ਨਿਆਂਕਾਰੀ ਉਪਕਾਰੀ, ਵਹੁ ਭੀ ਨ ਨਿਕਾਲ ਸਾਕੇ ਆਇ ਪਾਸ ਕਾਲ ਕੌ।
'ਧਰਮਦਾਸ' ਜਪੀ ਤਪੀ ਰਿਖੀ ਮੁਨੀ ਸਿਧ ਸਾਧ, ਕਾਹੂੰ ਕੋ ਨ ਛੋੜੇ ਖਾਏ ਜਵਾਨ ਬ੍ਰਿਧ ਬਾਲ ਕੌ।

(ਅਨੰਦ ਸਰੋਵਰ ਗ੍ਰੰਥ ਦਾ ੯੪ਵੇਂ ਛੰਦ)

ਤਥਾ- ਮਾਮਾ ਜਿਸ ਕਾ ਕ੍ਰਿਸ਼ਨ ਜੀ ਪਿਤਾ ਧਨੰਜੇ ਬੀਰ।
ਵੋਹ ਭੀ ਹੁਆ ਕਾਲ ਵਸ ਲਗੇ ਮ੍ਰਿਤ ਕੇ ਤੀਰ।
ਤਥਾ- ਬਲੀ ਕਾਲ ਭਗਵਾਨ ਅਪਾਰਾ। ਭੱਖਤਿ ਹੈ ਸਗਰੋ ਸੰਸਾਰਾ।
ਸੁਰ ਬ੍ਰਹਮਾਦਿਕ ਤੇ ਹੈਂ ਜੇਤੇ। ਪੰਨਗ ਮਾਨਵ ਦਾਨਵ ਕੇਤੇ॥ ੪੭॥
ਅਪਰ ਸਮਰਥ ਸਰਬ ਬਿਧਿ ਜੋਊ। ਤਿਹ ਤੇ ਆਗੇ ਛੁਟੈ ਨ ਕੋਊ॥
ਜਿਉਂ ਦਾਨੇ ਕੋ ਚਾਬਤਿ ਚਾਕੀ। ਤਿਉਂ ਨ ਬਚੈ ਕੁ ਅਗਾਰੀ ਵਾਂ ਕੀ॥ ੪੮॥

(ਨਾਨਕ ਪ੍ਰਕਾਸ਼ ਉਤ੍ਰਾਰਧ ਧਿਆਇ ੧੯)

ਤਥਾ- ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ॥
ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ॥੧॥ ਰਹਾਉ॥
ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ॥
ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ॥੧॥
ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥

(ਬਿਲਾਵਲੁ ਕਬੀਰ, ਪੰਨਾ ੮੫੫)

www.sikhbookclub.com

ਉਚਾਰਦੇ ਹੋਏ॥ ੫੪॥

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥

ਕਬੀਰ ਜੀ ਆਖਦੇ ਹਨ- ਸਾਡਾ ਮਨ ਐਸੇ ਉੱਜਲ ਹੋਇਆ ਹੈ, ਜਿਵੇਂ ਗੰਗਾ ਦਾ ਜਲ ਨਿਰਮਲ ਹੁੰਦਾ ਹੈ।

ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ ੫੫॥

ਕਬੀਰ ਜੀ ਕਹਿੰਦੇ ਹਨ- ਹੁਣ ਤਾਂ ਨਾਮ ਦੇ ਪ੍ਰਤਾਪ ਕਰ ਕੇ ਕਬੀਰ= ਸਭ ਤੋਂ ਵੱਡਾ ਜੋ ਹਰੀ ਹੈ, ਸੋ ਮੇਰੇ ਪਿਛੇ ਲੱਗਾ ਫਿਰਦਾ ਹੈ। ਜਿਸ ਤਰ੍ਹਾਂ ਮਾਂ ਬੱਚੇ ਦੇ ਪਿੱਛੇ-ਪਿੱਛੇ ਤੁਰੀ-ਫਿਰਦੀ ਹੈ॥੫॥

ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ॥

ਪਹਿਲਾ ਅਰਥ-

ਕਬੀਰ ਜੀ ਆਖਦੇ ਹਨ- ਜਿਸ ਤਰ੍ਹਾਂ ਹਰਦੀ= ਹਲਦੀ ਪੀਅਰੀ= ਪੀਲੀ ਹੁੰਦੀ ਹੈ ਤੇ ਚੂਨੇ ਦਾ ਭਾਇ= ਰੰਗ ਊਜਲ= ਚਿੱਟਾ ਹੁੰਦਾ ਹੈ। ਪ੍ਰੰਤੂ—

ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ॥ ੫੬॥

ਰਾਮ ਸਨੇਹੀ= ਲਾਲ ਰੰਗ ਤਾਂ ਮਿਲਦਾ ਹੈ, ਜੇਕਰ ਉਹਨਾਂ ਦੋਨਾਂ ਦਾ ਵੱਖੋ-ਵੱਖ ਬਰਨ= ਰੰਗ ਗਵਾ ਦੇਵੇ॥ ੫੬॥

ਪਹਿਲੇ ਪ੍ਰਸੰਗ ਨੂੰ ਫਿਰ ਸਪੱਸ਼ਟ ਕਰਦੇ ਹਨ-

ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ॥

ਕਬੀਰ ਜੀ ਆਖਦੇ ਹਨ- ਹਲਦੀ ਦੀ ਪੀਰਤਨੁ= ਪੀਲੱਤਣਤਾ ਨੂੰ ਹਰੈ= ਨਾਸ ਕਰ ਦੇਵੇ ਤੇ ਚੂਨੇ ਦੇ ਚਿੱਟੇ ਰੰਗ ਦੇ ਚਿਹਨੁ= ਨਿਸ਼ਾਨ ਨੂੰ ਨਾ ਰਹਿਣ ਦੇਵੇ।

ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥ ੫੭॥

ਇਹ ਪ੍ਰੀਤਿ= ਇਸ ਲਾਲ ਰੰਗ ਤੋਂ ਅਸੀਂ ਬਲਿਹਾਰੀ ਜਾਂਦੇ ਹਾਂ, ਜਿਸ ਕਰ ਕੇ ਜਾਤਿ ਬਰਨੁ= ਹਲਦੀ ਦੀ ਪੀਲੱਤਣਤਾ ਅਤੇ ਕੁਲੁ ਜਾਇ= ਚੂਨੇ ਦਾ ਚਿੱਟਾ ਪਨ ਚਲਿਆ ਜਾਂਦਾ ਹੈ॥ ੫੭॥

ਦੂਜਾ ਅਰਥ-

ਕਬੀਰ ਹਰਦੀ ਪੀਅਰੀ

ਕਬੀਰ ਜੀ ਆਖਦੇ ਹਨ- ਹਰ੍ਦੀ ਪੀਅਰੀ= ਗੁਰੂ ਵਿਚ ਜੋ ਦੋਖ ਦ੍ਰਿਸ਼ਟੀ ਕਰਨੀ ਹੈ ਕਿ ਗੁਰੂ ਦੀ ਜਾਤਿ ਛੋਟੀ (ਨੀਵੀਂ) ਹੈ ਅਤੇ ਵਿਦਿਆ ਵਿਚ ਵੀ ਘਟ (ਕਮਜ਼ੋਰ) ਹੈ।

ਚੂੰਨਾਂ ਊਜਲ ਭਾਇ॥

ਆਪਣੀ ਉੱਚੀ ਜ਼ਾਤੀ ਦਾ ਹੰਕਾਰ ਹੋਣਾ ਜਾਂ ਵਿਦਿਆ ਦਾ ਹੰਕਾਰ ਹੋਣਾ ਹੈ।

ਰਾਮ ਸਨੇਹੀ ਤਉ ਮਿਲੈ

ਸਨੇਹੀ= ਪਿਆਰਾ ਜੋ ਰਾਮ ਹੈ ਉਹ ਤਾਂ ਆ ਕੇ ਪ੍ਰਾਪਤ ਹੁੰਦਾ ਹੈ।

ਦੋਨਉ ਬਰਨ ਗਵਾਇ॥ ੫੬॥

ਜੇਕਰ ਦੋਹਾਂ ਹੀ ਬਰਨ= ਰੰਗਾਂ ਨੂੰ ਗਵਾ ਦੇਵੇ ਭਾਵ ਗੁਰੂ ਵਿਚ (ਨੀਵੀਂ ਜ਼ਾਤਿ ਸਮਝ ਕੇ) ਜੋ ਦੋਖ ਦ੍ਰਿਸ਼ਟੀ ਕਰਨੀ ਹੈ ਤੇ ਆਪਣੀ ਜ਼ਾਤਿ ਉੱਚੀ ਸਮਝ ਕੇ ਜੋ ਜ਼ਾਤਿ ਦਾ ਹੰਕਾਰ ਕਰਨਾ ਹੈ, ਇਨ੍ਹਾਂ ਦੋਨਾਂ ਦਾ ਤਿਆਗ ਕਰ ਦੇਵੇ।

ਅਥਵਾ- ਗੁਰੂ ਨੂੰ ਅਨਪੜ੍ਹ ਮੰਨਣਾ ਅਤੇ ਆਪਣੇ ਆਪ ਨੂੰ ਪੜ੍ਹਿਆ ਹੋਇਆ ਵਿਦਵਾਨ ਮੰਨਣਾ ਇਹ ਦੋਨੋਂ ਰੰਗ ਗਵਾ ਦੇਵੇ ਤਾਂ ਪਿਆਰਾ ਰਾਮ ਮਿਲਦਾ ਹੈ॥੫੬॥

ਉਪ੍ਰੋਕਤ ਪ੍ਰਸੰਗ ਨੂੰ ਫੇਰ ਸਪੱਸ਼ਟ ਕਰਦੇ ਹੁਨ-

ਕਬੀਰ ਹਰਦੀ ਪੀਰਤਨੁ ਹਰੈ

ਕਬੀਰ ਜੀ ਆਖਦੇ ਹਨ- ਹਰਦੀ ਪੀਰਤਨੁ= ਗੁਰੂ ਵਿਚ ਜੋ ਦੋਖ ਦ੍ਰਿਸ਼ਟੀ ਕਰਨੀ ਹੈ, ਇਸ ਨੂੰ ਹਰੈ= ਤਿਆਗਣਾ ਕਰੇ।

ਚੂਨ ਚਿਹਨੁ ਨ ਰਹਾਇ॥

ਅਤੇ ਆਪਣੀ ਉੱਚੀ ਜ਼ਾਤਿ ਦੀ ਹੰਗਤਾ ਭੀ ਨਾ ਰਹਿਣ ਦੇਵੇ।

ਬਲਿਹਾਰੀ ਇਹ ਪ੍ਰੀਤਿ ਕਉ

ਇਸ ਪ੍ਰਕਾਰ ਦੀ ਪ੍ਰੀਤੀ ਉਪਰੋਂ ਅਸੀਂ ਕੁਰਬਾਨ ਜਾਂਦੇ ਹਾਂ।

ਜਿਹ ਜਾਤਿ ਬਰਨੁ ਕੁਲੁ ਜਾਇ॥ ੫੭॥

ਜਿਸ ਪ੍ਰੀਤੀ ਕਰ ਕੇ ਜ਼ਾਤਿ ਵਰਨ ਤੇ ਕੁਲ ਦਾ ਅਭਿਮਾਨ ਚਲਿਆ ਜਾਂਦਾ ਹੈ॥ ੫੭॥

ਅਥਵਾ-

ਕਬੀਰ ਹਰਦੀ ਪੀਅਰੀ

ਕਬੀਰ ਜੀ ਆਖਦੇ ਹਨ- ਪੀਲੀ ਹਲਦੀ ਦੀ ਨਯਾਈਂ ਜੀਵ ਵਿਚ ਖਟ ਵਿਕਾਰ ਹਨ:

ਜੰਮਣਾ, ਮਰਣਾ, ਭੁੱਖ, ਤ੍ਰੇਹ, ਹਰਖ ਸੋਗ।

ਅਥਵਾ- ਖਟ ਵਿਕਾਰ-

ਜਨਮ, ਅਸਤ ਅਰ ਬ੍ਰਿਧ ਪੁਨ, ਬਿਪ੍ਰਨ ਛੈ ਤਨ ਨਾਸ।
ਖਟ ਵਿਕਾਰ ਹੈਂ ਦੇਹ ਕੇ ਆਤਮ ਸੂੰ ਪ੍ਰਕਾਸ਼। *(ਅਧਿਆਤਮ ਪ੍ਰਕਾਸ਼)*

ਚੂੰਨਾਂ ਊਜਲ ਭਾਇ॥

ਸਤੋਗੁਣ ਦੇ ਪ੍ਰਭਾਵ ਕਰ ਕੇ ਈਸ਼ਵਰ ਵਿਚ ਚੂਨੇ ਵਰਗੇ ਚਿੱਟੇ ਗੁਣ ਹਨ-ਉਤਪਤੀ ਪਾਲਣਾ, ਲੈਤਾ ਅਤੇ ਅੰਤਰਜਾਮਤਾ ਆਦਿਕ।

ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ॥ ੫੬॥

ਇਹਨਾਂ ਦੋਹਾਂ ਬਰਨ= ਰੰਗਾਂ ਨੂੰ ਗਵਾ ਦੇਵੇ ਤਾਂ ਪਿਆਰਾ ਰਾਮ ਮਿਲਦਾ ਹੈ॥ ੫੬॥

ਅਥਵਾ- **ਹਰਦੀ ਪੀਅਰੀ**= ਜੀਵ ਦੀ ਅਲਪੱਗਤਾ।

ਚੂੰਨਾਂ ਊਜਲ ਭਾਇ= ਈਸ਼ਵਰ ਦੀ ਸਰਬੱਗਤਾ।

ਜੇ ਇਹਨਾਂ ਦੋਨਾਂ ਰੰਗਾਂ ਨੂੰ ਗੁਆ ਦੇਵੇ ਭਾਵ ਜੀਵ ਦੀ ਅਲਪੱਗਤਾ ਨੂੰ ਤੇ ਈਸ਼ੂਰ ਦੀ ਸਰਬੱਗਤਾ ਨੂੰ ਛੱਡ ਦੇਵੇ ਤਾਂ ਹੀ ਪਿਆਰਾ ਰਾਮ ਪ੍ਰਭੂ ਮਿਲਦਾ ਹੈ।

ਫੇਰ ਕਹੇ ਨੂੰ ਸਪੱਸ਼ਟ ਕਰਦੇ ਹਨ-

ਕਬੀਰ ਹਰਦੀ ਪੀਰਤਨੁ ਹਰੈ

ਜੀਵ ਦੇ ਜੀਵਤ ਭਾਵ ਨੂੰ ਦੂਰ ਕਰੇ ਅਰਥਾਤ ਜੀਵ ਦੀ ਅਲਪੱਗਤਾ ਦੂਰ ਕਰ ਦੇਵੇ ਅਤੇ-

ਚੂਨ ਚਿਹਨੁ ਨ ਰਹਾਇ॥

ਈਸ਼ਵਰ ਦੇ ਈਸ਼ੂਰਤ ਭਾਵ ਨੂੰ ਵੀ ਨਾ ਰਹਿਣ ਦੇਵੇ ਭਾਵ ਈਸ਼ੂਰ ਦੀ ਸਰਬੱਗਤਾ ਨੂੰ ਵੀ ਛੱਡ ਦੇਵੇ।

ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥ ੫੭॥

ਐਸੀ ਪ੍ਰੀਤੀ ਉਪਰੋਂ ਅਸੀਂ ਬਲਿਹਾਰ ਜਾਂਦੇ ਹਾਂ, ਜਿਸ ਕਰਕੇ ਜ਼ਾਤਿ, ਵਰਨ ਤੇ ਕੁਲ ਦਾ ਹੰਕਾਰ ਚਲਿਆ ਜਾਂਦਾ ਹੈ॥ ੫੭॥

ਅਥਵਾ-

ਕਬੀਰ ਹਰਦੀ ਪੀਅਰੀ

ਕਬੀਰ ਜੀ ਕਹਿੰਦੇ ਹਨ- ਜੀਵ ਦੀ ਉਪਾਧੀ ਜੋ ਅਵਿਦਿਆ ਹੈ।

ਚੂੰਨਾਂ ਊਜਲ ਭਾਇ॥

ਈਸ਼ੂਰ ਦੀ ਉਪਾਧੀ ਜੋ ਸ਼ੁੱਧ ਮਾਇਆ ਹੈ।

ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ॥੫੬॥

ਇਹਨਾਂ ਦੋਨਾਂ ਰੰਗਾਂ ਨੂੰ ਗੁਆ ਦੇਵੇ ਭਾਵ ਦੋਨਾਂ ਉਪਾਧੀਆਂ ਨੂੰ ਦੂਰ ਕਰ ਦੇਵੇ ਤਾਂ ਪਿਆਰਾ ਰਾਮ ਮਿਲਦਾ ਹੈ॥ ੫੬॥

ਕਹੇ ਪ੍ਰਸੰਗ ਨੂੰ ਫਿਰ ਸਪੱਸ਼ਟ ਕਰਦੇ ਹਨ-

ਕਬੀਰ ਹਰਦੀ ਪੀਰਤਨੁ ਹਰੈ

ਕਬੀਰ ਜੀ ਆਖਦੇ ਹਨ- ਜੀਵ ਦੀ ਅਵਿਦਿਆ ਉਪਾਧੀ ਨੂੰ ਦੂਰ ਕਰੇ ਤੇ-

ਚੂਨ ਚਿਹਨੁ ਨ ਰਹਾਇ॥

ਈਸ਼ੂਰ ਦੀ ਮਾਇਆ ਉਪਾਧੀ ਨੂੰ ਰਹਿਣ ਦੇਵੇ।

ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥੫੭॥

ਇਸ ਪ੍ਰੀਤੀ ਤੋਂ ਅਸੀਂ ਬਲਿਹਾਰ ਜਾਂਦੇ ਹਾਂ, ਜਿਸ ਕਰਕੇ ਜ਼ਾਤਿ ਵਰਨ ਤੇ ਕੁਲ ਦਾ ਅਭਿਮਾਨ ਦੂਰ ਹੋ ਜਾਂਦਾ ਹੈ॥ ੫੭॥

ਕਬੀਰ ਮੁਕਤਿ ਦੁਆਰਾ ਸੰਕੁਰਾ

ਕਬੀਰ ਜੀ ਆਖਦੇ ਹਨ- ਹੇ ਭਾਈ! ਮੁਕਤੀ ਦੀ ਪ੍ਰਾਪਤੀ ਦਾ ਦੁਆਰਾ= ਦਰਵਾਜ਼ਾ ਜੋ ਬ੍ਰਹਮ ਗਿਆਨ ਹੈ, ਉਹ ਬਹੁਤ ਹੀ ਸੰਕੁਰਾ= ਭੀੜਾ ਹੈ।

ਰਾਈ ਦਸਏਂ ਭਾਇ॥

ਰਾਈ ਦਾ ਜੋ ਦਾਣਾ ਹੈ ਉਸ ਦੇ ਦਸਵੇਂ ਭਾਇ= ਹਿੱਸੇ ਦੇ ਬਰਾਬਰ ਹੈ। ਪਰ-

ਮਨੁ ਤਉ ਮੈਗਲੁ ਹੋਇ ਰਹਿਓ

ਹੰਕਾਰ ਕਰ ਕੇ ਜੀਵ ਦਾ ਮਨ ਮੈਗਲੁ= ਹਾਥੀ ਦੀ ਤਰ੍ਹਾਂ ਮੋਟਾ ਹੋ ਰਿਹਾ ਹੈ।

ਨਿਕਸੋ ਕਿਉ ਕੈ ਜਾਇ॥ ੫੮॥

ਭਲਾ ਇਤਨੇ ਬਾਰੀਕ (ਨਿੱਕੇ ਜਿਹੇ) ਬ੍ਰਹਮ ਗਿਆਨ ਰੂਪ ਦਰਵਾਜੇ 'ਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ॥ ੫੮॥

ਯਥਾ- ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥

(ਵਾਰ ਗੂਜਰੀ ਮਹਲਾ ੩, ਪੰਨਾ ੫੦੯)

*ਪ੍ਰਸ਼ਨ-*ਕਿਸੇ ਤਰੀਕੇ ਨਾਲ ਉਸ ਦਰਵਾਜ਼ੇ ਵਿਚੋਂ ਨਿਕਲ ਸਕਦਾ ਹੈ ਜਾਂ ਨਹੀਂ? *ਉੱਤਰ-*

ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥

ਕਬੀਰ ਜੀ ਆਖਦੇ ਹਨ- (ਬ੍ਰਹਮ ਨੇਸ਼ਟੀ ਬ੍ਰਹਮ ਸੋ੍ਤੀ, ਅਜਿਹਾ ਸਤਿਗੁਰੂ ਦਾ ਜੇਕਰ ਦਰਸ਼ਨ ਮਿਲੈ= ਪ੍ਰਾਪਤ ਹੋ ਜਾਵੇ ਤੇ ਉਹ ਤੁਠਾ= ਪ੍ਰਸੰਨ ਹੋ ਕੇ ਆਪਣੀ ਸ਼ੁਭ ਸਿਖਿਆ ਰੂਪ ਪਸਾਉ= ਦਾਤ ਦੇਣੀ ਕਰੇ ਤਾਂ-

ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥ ੫੯॥

ਮੁਕਤੀ ਦਾ ਦੁਆਰਾ= ਦਰਵਾਜ਼ਾ ਜੋ ਬ੍ਰਹਮ ਗਿਆਨ ਹੈ, ਉਸ ਵਿਖੇ ਮੋਕਲਾ= ਖੁਲ੍ਹਮ-ਖੁਲ੍ਹਾ ਸਹਜੇ= ਸੁਭਾਵਕ ਹੀ ਆਉਂਦਾ ਜਾਂਦਾ ਹੈ।*

ਅਥਵਾ- ਉਸ ਦਾ ਆਉਣਾ ਜਾਣਾ ਭਾਵ ਜੰਮਣਾ ਮਰਨਾ ਸਹਜੇ= ਸ਼ਾਂਤ ਭਾਵ ਨਸ਼ਟ ਹੋ ਜਾਂਦਾ ਹੈ॥੫੯॥

ਪ੍ਰਸ਼ਨ- ਸੱਚੇ ਸਤਿਗੁਰੂ ਦੇ ਕੀ ਲੱਛਣ ਹੁੰਦੇ ਹਨ? *ਉੱਤਰ-*

ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ॥
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ॥

(ਪ੍ਰਭਾਤੀ ਮਹਲਾ ੧, ਪੰਨਾ ੧੩੨੯)

ਤਥਾ- ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥ ੧॥

(ਗਉੜੀ ਮਹਲਾ ੪, ਪੰਨਾ ੧੬੮)

ਉਥਾਨਕਾ- ਇਕ ਸਮੇਂ ਕਬੀਰ ਜੀ ਦੀ ਛੰਨ ਟੁੱਟ ਗਈ ਪਰ ਭਗਤ ਜੀ ਨੇ ਕੋਈ ਨਾ ਬਣਾਈ। ਰੜੇ

**ਇਹ ਸਲੋਕ ਗੂਜਰੀ ਦੀ ਪਹਿਲੀ ਵਾਰ ਵਿਚ ਵੀ ਥੋੜੇ ਜਿਹੇ ਫ਼ਰਕ ਨਾਲ ਆ ਚੁੱਕੇ ਹਨ।*
ਸਲੋਕੁ॥ ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥
ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥੧॥੩॥

ਮੈਦਾਨ ਵਿਚ ਕਬੀਰ ਜੀ ਨੂੰ ਬੈਠਿਆਂ ਵੇਖ ਕੇ, ਪ੍ਰੇਮੀਆਂ ਨੇ ਆਖਿਆ ਕਿ ਆਪ ਛੰਨ ਬਣਾ ਲਓ। ਤਾਂ ਕਬੀਰ ਜੀ ਨੇ ਕਿਹਾ- ਜੇਕਰ ਛੰਨ ਬਣਾ ਲਈ ਤਾਂ ਹੰਕਾਰ ਹੋ ਜਾਵੇਗਾ, ਇਸ ਕਰ ਕੇ ਮੈਂ ਇਥੇ ਹੀ ਚੰਗਾ ਹਾਂ।

ਕਬੀਰ ਨਾ ਮੋਹਿ ਛਾਨਿ ਨ ਛਾਪਰੀ ਨਾ ਮੋਹਿ ਘਰੁ ਨਹੀ ਗਾਉ ॥

ਕਬੀਰ ਜੀ ਆਖਦੇ ਹਨ ਕਿ ਨਾ ਕੋਈ ਮੇਰੀ ਛੰਨ ਹੈ, ਨਾ ਛੱਪਰੀ, ਨਾ ਕੋਈ ਮੇਰਾ ਘਰ ਹੈ, ਨਾ ਕੋਈ ਮੇਰਾ ਗਾਉ= ਪਿੰਡ, ਕਿਉਂਕਿ ਜੇ ਇਨ੍ਹਾਂ ਦੀ ਮਮਤਾ ਪਾ ਕੇ ਬੈਠ ਜਾਂਦਾ। ਤਾਂ-

ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ ॥ ੬੦ ॥

ਮਤਾਂ ਹਰੀ ਆ ਕੇ ਪੁੱਛ ਲੈਂਦਾ ਕਿ ਤੂੰ ਕੌਣ ਹੈਂ? ਤਾਂ ਫਿਰ ਮੈਂ ਕੀ ਜਵਾਬ ਦੇਂਦਾ ਕਿਉਂਕਿ ਨਾ ਮੇਰੀ (ਉਚੀ) ਜ਼ਾਤੀ ਹੈ ਤੇ ਨਾ ਹੀ ਮੇਰਾ ਨਾਮ (ਮਸ਼ਹੂਰ) ਹੈ॥ ੬੦॥

ਅਥਵਾ- ***ਕਬੀਰ ਨਾ ਮੋਹਿ ਛਾਨਿ ਨ ਛਾਪਰੀ...***

ਕਬੀਰ ਜੀ ਆਖਦੇ ਹਨ- ਨਾ ਮੇਰੀ ਤ੍ਰਿਸ਼ਨਾ ਰੂਪੀ ਛੰਨ ਹੈ, ਨਾ ਹੀ ਆਸਾ ਰੂਪੀ ਛੱਪਰੀ ਹੈ।

ਨਾ ਮੋਹਿ ਘਰੁ ਨਹੀ ਗਾਉ॥

ਨਾ ਮੇਰਾ ਘਰੁ= ਸੂਖਮ ਸਰੀਰ ਹੈ ਅਤੇ ਨਾ ਹੀ ਮੇਰਾ ਗਾਉ= ਅਸਥੂਲ ਸਰੀਰ ਹੈ।

ਮਤ ਹਰਿ ਪੂਛੈ ਕਉਨੁ ਹੈ ਮੇਰੇ

ਹਰੀ ਸਰੂਪ ਸਤਿਗੁਰਾਂ ਦੇ ਪਾਸ ਜਾ ਕੇ ਇਹ ਮਤ= ਸਿਖਿਆ ਪੁੱਛੇ ਕਿ ਮੇਰਾ ਸਰੂਪ ਕਿਹੜਾ ਹੈ? *ਉੱਤਰ*

ਜਾਤਿ ਨ ਨਾਉ॥ ੬੦॥

ਤਾਂ ਅੱਗੋਂ ਗੁਰਦੇਵ ਜੀ ਇਹ ਉੱਤਰ ਦੇਂਦੇ ਹਨ ਕਿ ਹੇ ਜਗਿਆਸੂ! ਤੇਰੇ ਸਰੂਪ ਦੀ ਨਾ ਕੋਈ ਜ਼ਾਤੀ ਹੈ, ਨਾ ਕੋਈ ਨਾਮ ਹੈ, ਨਾ ਚੱਕ੍ਰ ਹੈ, ਨਾ ਚਿੰਨ੍ਹ ਹੈ॥ ੬੦॥

*ਯਥਾ-*ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥

(ਦਸਮ ਗ੍ਰੰਥ, ਪੰਨਾ ੧)

ਅਥਵਾ- ਗੁਣਾਂ ਨੂੰ ਪਾ ਕੇ ਨਿਰਹੰਕਾਰ ਹੋਵੇ ਤੇ ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀਆਂ ਕਰੇ ਕਿ-

ਕਬੀਰ ਨਾ ਮੋਹਿ ਛਾਨਿ ਨ ਛਾਪਰੀ

ਹੇ ਸਾਰਿਆਂ ਤੋਂ ਕਬੀਰ= ਵੱਡੇ ਪ੍ਰਮਾਤਮਾ! ਨਾ ਮੇਰੇ ਵਿਚ ਛਾਨਿ= ਖਿਮਾ ਹੈ, ਨਾ ਹੀ ਮੇਰੇ ਵਿਚ ਛਾਪਰੀ= ਸ਼ਾਂਤੀ ਹੈ। ਵਾ-ਨਾ ਮੇਰੇ ਵਿਚ ਛਾਨਿ= ਸ਼ਰਧਾ ਹੈ, ਨਾ ਹੀ ਮੇਰੇ ਵਿਚ ਛਾਪਰੀ ਹੈ= ਭਗਤੀ ਹੈ। ਵਾ- ਨਾ ਮੇਰੇ ਵਿਚ ਛਾਨਿ= ਭਗਤੀ ਹੈ, ਨਾ ਹੀ ਮੇਰੇ ਵਿਚ ਛਾਪਰੀ= ਸ਼ਾਂਤੀ ਹੈ।

ਨਾ ਮੋਹਿ ਘਰੁ ਨਹੀ ਗਾਉ॥

ਨਾ ਮੈਨੂੰ ਘਰੁ= ਸਰੂਪ ਦੀ ਪ੍ਰਾਪਤੀ ਹੈ, ਨਾ ਹੀ ਮੈਨੂੰ ਗਾਉ= ਸਤਿਸੰਗ ਦੀ ਪ੍ਰਾਪਤੀ ਹੈ।

ਮਤ ਹਰਿ ਪੂਛੈ ਕਉਨੁ ਹੈ

ਇਸ ਪ੍ਰਕਾਰ ਦੀ ਨਿੰਮ੍ਰਤਾ ਦੇਖ ਕੇ ਮਤ= ਸ਼ਾਇਦ ਹਰੀ ਆ ਕੇ ਮੈਨੂੰ ਪੁੱਛ ਲਵੇ ਕਿ ਤੂੰ ਕੌਣ ਹੈਂ? ਇਤਨੇ ਵਿਚ ਹੀ ਨਿਹਾਲ ਹੋ ਜਾਵਾਂ, ਇਹ ਭਗਵਾਨ ਦੀ ਕ੍ਰਿਪਾ ਹੈ। ਕਿਉਂਕਿ-

ਮੇਰੇ ਜਾਤਿ ਨ ਨਾਉ॥ ੬੦॥

ਨਾ ਤਾਂ ਮੇਰੀ ਬ੍ਰਹਮ ਗਿਆਨੀਆਂ ਵਾਲੀ ਉੱਚੀ ਅਚੁਤ ਜਾਤੀ ਹੈ ਤੇ ਨਾ ਹੀ ਮੇਰਾ (ਭਗਤ ਜਾਂ ਗਿਆਨਵਾਨ) ਨਾਮ ਹੈ॥ ੬੦॥

ਕਬੀਰ ਮੁਹਿ ਮਰਨੇ ਕਾ ਚਾਉ ਹੈ

ਕਬੀਰ ਜੀ ਆਖਦੇ ਹਨ- ਹੇ ਭਾਈ! ਮੈਨੂੰ ਮਰਨ ਦਾ ਬਹੁਤ ਹੀ ਉਤਸ਼ਾਹ ਹੋ ਰਿਹਾ ਹੈ। ਇਸ ਲਈ-

ਮਰਉ ਤ ਹਰਿ ਕੈ ਦੁਆਰ॥

ਜਦ ਵੀ ਮੈਂ ਮਰਾਂ ਤਾਂ ਹਰੀ ਦੇ ਦੁਆਰੇ ਸਤਿਸੰਗ ਵਿਚ ਹੀ ਮਰਾਂ, ਕਿਉਂਕਿ ਸਤਿ ਸੰਗ ਰੂਪ ਦੁਆਰੇ ਤੇ ਮਰਨ ਕਰ ਕੇ-

ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥ ੬੧॥

ਮਤ= ਸ਼ਾਇਦ ਹਰੀ ਆ ਕੇ ਪੁੱਛ ਲਵੇ ਕਿ ਤੂੰ ਕਿਹੜਾ ਹੈਂ, ਜੋ ਸਾਡੇ ਬਾਰ= ਦਰਵਾਜ਼ੇ ਅੱਗੇ ਪਿਆ ਹੋਇਆ ਹੈਂ ਤਾਂ ਬਸ ਮੈਂ ਇਤਨੇ ਵਿਚ ਹੀ ਨਿਹਾਲ ਹੋ ਜਾਵਾਂਗਾ॥ ੬੧॥

ਉਥਾਨਕਾ- ਕਾਂਸ਼ੀ ਸ਼ਹਿਰ ਵਿਚ ਕਬੀਰ ਜੀ ਦੀ ਬਹੁਤ ਸਾਰੀ ਪ੍ਰਭੁਤਾ ਵਧਦੀ ਦੇਖ ਕੇ ਜ਼ਾਤਿ ਅਭਿਮਾਨੀ ਈਰਖਾਲੂ ਬ੍ਰਾਹਮਣਾਂ ਨੇ ਕਬੀਰ ਦੀ ਬਦਨਾਮੀ ਕਰਨ ਵਾਸਤੇ ਇਕ ਗੋਂਦ ਗੁੰਦੀ ਤੇ ਕਬੀਰ ਜੀ ਦੇ ਨਾਂ ਉੱਤੇ ਚਿੱਠੀਆਂ ਲਿਖ ਕੇ ਜਗ੍ਹਾ ਜਗ੍ਹਾ ਸਾਧੂ, ਬ੍ਰਾਂਹਮਣਾਂ, ਬ੍ਰਹਮਚਾਰੀਆਂ, ਵੈਰਾਗੀਆਂ ਨੂੰ ਪਹੁੰਚਾ ਦਿੱਤੀਆਂ ਕਿ ਫਲਾਣੇ ਦਿਨ ਯੱਗ ਹੈ ਤੁਸੀਂ ਸੰਤ ਮੰਡਲੀ ਸਮੇਤ ਜ਼ਰੂਰ ਪੁੱਜਣਾ। ਚਿੱਠੀਆਂ ਪੁੱਜਣ ਦੀ ਦੇਰ ਹੀ ਸੀ ਕਿ ਨਿਯਤ ਕੀਤੀ ਹੋਈ ਤਰੀਕ ਤੋਂ ਕਈ ਦਿਨ ਪਹਿਲਾਂ ਹੀ ਸੰਤਾਂ ਦੀਆਂ ਜਮਾਤਾਂ, ਵੈਰਾਗੀਆਂ ਦੇ ਟੋਲੇ ਵਹੀਰਾਂ ਘੱਤ ਕੇ ਕਬੀਰ ਜੀ ਦੇ ਘਰ ਪੁੱਜਣ ਲੱਗ ਪਈਆਂ।

ਜਦ ਕਬੀਰ ਜੀ ਨੇ ਉਹਨਾਂ ਪਾਸੋਂ ਆਉਣ ਦਾ ਕਾਰਨ ਪੁੱਛਿਆ ਤਾਂ ਉਹਨਾਂ ਨੇ ਕਬੀਰ ਜੀ ਵਲੋਂ ਲਿਖੀਆਂ ਹੋਈਆਂ ਚਿੱਠੀਆਂ ਵਿਖਾ ਕੇ ਕਿਹਾ ਕਿ ਅਸੀਂ ਤੁਹਾਡੇ ਸੱਦੇ 'ਤੇ ਹੀ ਪਹੁੰਚੇ ਹਾਂ। ਕਬੀਰ ਜੀ ਬ੍ਰਾਹਮਣਾਂ ਦੀ ਸ਼ਰਾਰਤ ਜਾਣ ਕੇ ਸੋਚੀਂ ਪੈ ਗਏ ਕਿ ਹੁਣ ਕੀ ਬਣੇਗਾ? ਸਾਰੇ ਲੋਕ ਤੇ ਸਾਧੂ ਸਾਡੀ ਭੰਡੀ ਕਰਨਗੇ ਪਰ ਇਸ ਗੱਲ ਦਾ ਲੁਕਣ ਤੋਂ ਬਗੈਰ ਹੋਰ ਕੋਈ ਤਰੀਕਾ ਨਾ ਸੁਝਿਆ। ਇਸ ਲਈ ਸਹਿਤ ਪ੍ਰਵਾਰ ਸਵੇਰ ਸਾਰ ਹੀ ਘਰੋਂ ਨਿਕਲ ਤੁਰੇ ਤੇ ਬਾਹਰ ਜੰਗਲ ਵਿਚ ਜਾ ਕੇ ਝਾੜੀਆਂ ਓਹਲੇ ਜਾ ਛੁਪੇ ਕਿ ਮੇਰੇ ਮਗਰੋਂ ਆਪੇ ਹੀ ਸਾਰੇ ਮੁੜ ਜਾਣਗੇ।

ਏਧਰੋਂ ਕੁਝ ਤਾਂ ਸਾਧੂ ਰਾਤ ਦੇ ਆਏ ਹੋਏ ਸਨ, ਕੁਝ ਸਵੇਰੇ ਆ ਗਏ ਪਰ ਕਬੀਰ ਜੀ ਘਰ ਨਹੀਂ ਸਨ, ਸਾਰੇ ਹੀ ਆਏ ਹੋਏ ਮਹਾਤਮਾ ਭੁੱਖੇ ਸਨ। ਕੋਈ ਤਾਂ ਕਬੀਰ ਜੀ ਦਾ ਜਸ ਕਰਦਾ ਹੈ ਕਿ ਇਤਨਾ ਵੱਡਾ ਕੰਮ ਰਾਜੇ ਮਹਾਰਾਜਿਆਂ ਵਾਲਾ ਏਹੋ ਜਿਹੇ ਭਗਤਾਂ ਬਗੈਰ ਕੌਣ ਕਰ ਸਕਦਾ ਹੈ ਤੇ ਕਈ ਕਾਹਲੇ ਮਨ ਵਾਲੇ ਕਬੀਰ ਜੀ ਦੀ ਸ਼ਾਨ ਦੇ ਖਿਲਾਫ ਬੋਲਣ ਲੱਗ ਪਏ ਕਿ ਸਵੇਰ ਦੇ ਭੁੱਖੇ ਭਾਣੇ ਬੈਠੇ ਹਾਂ, ਹੁਣ ਤਕ ਕਿਸੇ ਨੇ ਸਾਡੀ ਸਾਰ ਨਹੀਂ ਲਈ, ਜੇ ਇਸੇ ਤਰ੍ਹਾਂ ਕਰਨਾ ਸੀ ਤਾਂ ਕਾਹਨੂੰ ਚਿਠੀਆਂ ਪਾ ਕੇ ਫੋਕੀ ਵਡਿਆਈ ਹਾਸਲ ਕਰਨੀ ਸੀ। ਗੱਲ ਕੀ ਜੋ ਮੂੰਹ ਆਉਂਦਾ ਓਹ ਬੋਲੀ ਜਾਂਦਾ।

ਏਧਰੋਂ ਅੰਤਰਜਾਮੀ ਪਰਮੇਸ਼ਰ ਨੇ ਵਿਚਾਰਿਆ ਕਿ ਮੇਰੇ ਭਗਤ ਦੀ ਜੋ ਨਿੰਦਿਆ ਹੋ ਰਹੀ ਹੈ, ਇਸ ਵਿਚ ਮੇਰੀ ਹੀ ਬਦਨਾਮੀ ਹੈ।

ਇਹ ਵਿਚਾਰ ਕੇ ਉਸੇ ਵੇਲੇ ਇਕ ਪਾਸੇ ਤਾਂ ਭਗਵਾਨ ਨੇ ਕਬੀਰ ਦਾ ਰੂਪ ਧਾਰ ਲਿਆ ਤੇ ਲਛਮੀ ਨੂੰ ਲੋਈ ਬਣਾ ਲਿਆ ਅਤੇ ਦੂਜੇ ਪਾਸੇ ਸ਼ਾਹੂਕਾਰ ਦਾ ਰੂਪ ਧਾਰ ਕੇ ਰਸਦਾਂ ਦੇ ਗੱਡੇ ਲਿਆਉਣੇ ਸ਼ੁਰੂ ਕਰ ਦਿੱਤੇ। ਦੇਵਤੇ ਮਨੁੱਖੀ-ਸਰੀਰ ਵਿਚ ਕੜਾਹੇ ਚਾੜ੍ਹ ਕੇ ਪਕਵਾਨ ਤਿਆਰ ਕਰਨ ਲੱਗ ਪਏ। ਜਿਸ ਵੇਲੇ ਭੋਜਨ ਤਿਆਰ ਹੋ ਗਿਆ ਤਾਂ ਪੰਗਤਾਂ ਲਗਵਾ ਕੇ ਹੱਥ ਧੁਵਾ ਕੇ ਸੋਨੇ ਦੇ ਥਾਲ ਤੇ ਕੌਲੀਆਂ ਵਿਚ ਸਾਰਿਆਂ ਨੂੰ ਭੋਜਨ ਪਰੋਸ ਕੇ ਛਕਾ ਦਿੱਤਾ।

ਜਦ ਸਾਰੇ ਭੋਜਨ ਛਕ ਚੁੱਕੇ ਤਾਂ ਵਿਸ਼ਨੂੰ ਭਗਵਾਨ ਜੀ ਨੇ ਦੱਛਣਾ ਦੇ ਕੇ ਕਿਹਾ ਇਹ ਆਪੋ ਆਪਣੇ ਸੋਨੇ ਦੇ ਬਰਤਨ ਵੀ ਤੁਸੀਂ ਨਾਲ ਲਈ ਜਾਓ ਇਹ ਵੀ ਤੁਹਾਨੂੰ ਸੌਪੇਂ।

ਸਾਰੇ ਬ੍ਰਾਹਮਣ ਤੇ ਸਾਧੂ ਇਹ ਬ੍ਰਚਨ ਸੁਣ ਕੇ ਬੜੇ ਪ੍ਰਸੰਨ ਹੋਏ ਤੇ 'ਧੰਨ ਕਬੀਰ', 'ਧੰਨ ਕਬੀਰ' ਕਹਿੰਦੇ ਆਪੋ ਆਪਣੇ ਰਾਹੇ ਤੁਰ ਪਏ।

ਜਿਸ ਝਾੜੀ ਓਹਲੇ ਕਬੀਰ ਜੀ ਬੈਠੇ ਸਨ ਜਦ ਉਥੋਂ ਕੁਝ ਕੁ ਸਾਧੂ ਲੰਘੇ ਤਾਂ ਉਨ੍ਹਾਂ ਨੇ ਉਸ ਨੂੰ ਵੇਖ ਕੇ ਕਿਹਾ ਕਿ ਤੁਸੀਂ ਇਥੇ ਕਿਉਂ ਬੈਠੇ ਹੋ? ਭਗਤ ਕਬੀਰ ਨੇ ਬੜਾ ਵੱਡਾ ਭੰਡਾਰਾ ਕੀਤਾ ਹੈ ਭੋਜਨ ਬੜਾ ਉਤਮ ਛਕਾ ਕੇ ਸੋਨੇ ਦੇ ਭਾਂਡਿਆਂ ਸਹਿਤ ਦੱਛਣਾ ਵਗੈਰਾ ਦੇ ਕੇ ਸਾਰਿਆਂ ਨੂੰ ਵਿਦਾ ਕੀਤਾ ਹੈ। ਤੁਸੀਂ ਭੀ ਜਾਓ! ਭੰਡਾਰਾ ਛੱਕ ਕੇ ਦੱਛਣਾ ਲੈ ਆਓ।

ਇਹ ਗੱਲ ਸੁਣ ਕੇ ਕਬੀਰ ਜੀ ਨੇ ਵਿਚਾਰਿਆ ਕਿ ਇਹ ਸਾਰਾ ਕੰਮ ਅੰਤਰਜਾਮੀ ਭਗਵਾਨ ਦਾ ਹੈ, ਉਸੇ ਨੇ ਹੀ ਆ ਕੇ ਏਨਾ ਵੱਡਾ ਯੱਗ ਕੀਤਾ ਹੋਣਾ ਹੈ।

ਇਸ ਤਰ੍ਹਾਂ ਦਾ ਮਨ ਵਿਚ ਧੰਨਵਾਦ ਕਰਦੇ ਹੋਏ ਆਪਣੇ ਘਰ ਪੁੱਜੇ ਤਾਂ ਭਗਵਾਨ ਦਾ ਦਰਸ਼ਨ ਕਰ ਕੇ ਬੜੇ ਪ੍ਰਸੰਨ ਹੋਏ। ਉਸ ਵੇਲੇ ਭਗਵਾਨ ਜੀ ਦਰਸ਼ਨ ਦੇ ਕੇ ਚਲੇ ਗਏ ਫਿਰ ਲੋਕਾਂ ਨੇ ਕਬੀਰ ਜੀ ਦੀ ਬੜੀ ਉਸਤਤੀ ਕੀਤੀ ਕਿ ਮਹਾਰਾਜ! ਜਿਹੋ ਜਿਹਾ ਭੰਡਾਰਾ ਆਪ ਨੇ ਕੀਤਾ ਹੈ, ਇਸ ਤਰ੍ਹਾਂ ਦਾ ਕਿਸੇ ਹੋਰ ਨੇ ਨਹੀਂ ਕਦੇ ਕੀਤਾ। ਇਹ ਗੱਲ ਸੁਣ ਕੇ ਕਬੀਰ ਜੀ ਆਖਦੇ ਹਨ-

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥

ਕਬੀਰ ਜੀ ਆਖਦੇ ਹਨ ਕਿ ਨਾ ਤਾਂ ਮੈਂ ਪਿਛੇ ਕੋਈ ਐਸਾ ਕੰਮ ਕੀਤਾ ਹੈ ਤੇ ਨਾ ਮੈਂ ਅੱਗੇ ਅਜੇਹਾ ਕੰਮ ਕਰ ਸਕਾਂਗਾ ਅਤੇ ਨਾ ਹੀ ਮੈਂ ਵਰਤਮਾਨ ਸਮੇਂ ਵਿਚ ਇਸ ਸਰੀਰ ਨਾਲ ਅਜੇਹਾ ਕੰਮ ਕਰ ਸਕਦਾ ਹਾਂ ਕਿਉਂਕਿ ਇਹੋ ਜਿਹੇ ਵੱਡੇ ਕੰਮ ਵੱਡੇ ਬੰਦੇ ਹੀ ਕਰ ਸਕਦੇ ਹਨ।

ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥ ੬੨॥

ਕਿਆ ਜਾਣੀਏ ਜੋ ਹਰੀ ਨੇ ਕੀ ਕੁਝ ਕੀਤਾ ਹੈ, ਜਿਸ ਕਰ ਕੇ ਮੇਰਾ ਨਾਮ ਤਾਂ ਐਵੇਂ ਹੀ ਸਾਰੇ ਪ੍ਰਸਿੱਧ ਹੋ ਗਿਆ ਹੈ ਜੋ ਸਾਰੇ ਲੋਕ 'ਧੰਨ ਕਬੀਰ' ਧੰਨ ਕਬੀਰ' ਐਸੇ ਉਚਾਰਦੇ ਹਨ॥ ੬੨॥

ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥

ਕਬੀਰ ਜੀ ਆਖਦੇ ਹਨ- ਜਾਗ੍ਰਤ ਦੀ ਗੱਲ ਤਾਂ ਵਖਰੀ ਰਹੀ, ਸੁਪਨੇ ਵਿਚ ਬਰੜਾ ਕੇ ਵੀ ਜਿਸ ਪੁਰਸ਼ ਦੇ ਮੂੰਹੋਂ ਰਾਮ ਰਾਮ ਨਿਕਲਦਾ ਹੈ।

ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥ ੬੩ ॥

ਤਾ ਕੇ= ਤਿਸ ਗੁਰਮੁਖ ਪਿਆਰੇ ਦੇ, ਪਗ ਕੀ= ਚਰਨਾਂ ਦੀ ਪਾਨਹੀ= ਜੁੱਤੀ, ਮੇਰੇ ਤਨ ਕੋ= ਸਰੀਰ ਦੇ ਚਮੜੇ ਦੀ ਹੋਣੀ ਚਾਹੀਦੀ ਹੈ॥ ੬੩ ॥

*ਯਥਾ-*ਵਿਚਿ ਸਨਾਤੀ ਸੇਵਕੁ ਹੋਇ॥ ਨਾਨਕ ਪਣ੍ਹੀਆ ਪਹਿਰੈ ਸੋਇ॥੪ ॥

(ਮਲਾਰ ਮਹਲਾ ੧, ਪੰਨਾ ੧੨੫੬)

ਤਥਾ- ਸਿਰ ਉਚਾ ਨੀਵੇਂ ਚਰਣ ਸਿਰਿ ਪੈਰੀ ਪਾਂਦੇ।
ਮੁਹੁ ਅਖੀ ਨਕੁ ਕੰਨ ਹਥ ਦੇਹ ਭਾਰ ਉਚਾਂਦੇ।
ਸਭ ਚਿਹਨ ਛਡਿ ਪੂਜੀਅਨਿ ਕਉਣੁ ਕਰਮ ਕਮਾਂਦੇ।
ਗੁਰ ਸਰਣੀ ਸਾਧ ਸੰਗਤੀ ਨਿਤ ਚਲਿ ਚਲਿ ਜਾਂਦੇ।
ਵਤਨਿ ਪਰਉਪਕਾਰ ਨੋ ਕਰਿ ਪਾਰਿ ਵਸਾਂਦੇ।
ਮੇਰੀ ਖਲਹੁ ਮੋਜੜੇ ਗੁਰਸਿਖ ਹੰਢਾਂਦੇ।
ਮਸਤਕ ਲਗੇ ਸਾਧ ਰੇਣੁ ਵਡਭਾਗ ਜਿਨ੍ਹਾਂ ਦੇ॥੧੮॥

(ਭਾਈ ਗੁਰਦਾਸ ਜੀ, ਵਾਰ ੮)

ਜੇ ਇਤਨੀ ਸ਼ਰਧਾ ਸੱਚੇ ਦਿਲੋਂ ਹੋਵੇ ਤਾਂ ਸੰਸਾਰ-ਸਾਗਰ ਤੋਂ ਨਿਸਤਾਰਾ ਹੋ ਸਕਦਾ ਹੈ।

ਇਸ ਸਲੋਕ ਦੁਆਰਾ ਵੈਰਾਗ ਜਨਕ ਉਪਦੇਸ਼ ਦਿੰਦੇ ਹਨ-

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥

ਕਬੀਰ ਜੀ ਆਖਦੇ ਹਨ- ਹੇ ਭਾਈ! ਹਮ= ਤਮਾਮ ਜੀਵ ਪੰਜਾਂ ਤੱਤਾਂ ਦੀ ਮਿੱਟੀ ਦੇ ਪੂਤਰੇ= ਪੁਤਲੇ ਹਨ, ਪ੍ਰੰਤੂ ਇਨ੍ਹਾਂ ਪੁਤਲਿਆਂ ਦਾ ਨਾਮ ਮਨੁੱਖ ਰੱਖਣਾ ਕੀਤਾ ਹੈ।

ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥ ੬੪ ॥

ਉਂਜ ਤਾਂ ਸਾਰੇ ਜੀਵ ਚਾਰ ਦਿਨਾਂ ਦੇ ਪਾਹੁਨੇ= ਪ੍ਰਾਹੁਣੇ ਹਨ ਪਰ ਬੜੇ ਬੜੇ ਠਾਉ= ਅਸਥਾਨ ਰੂੰਧਹਿ= ਰੋਕ ਕੇ ਭਾਵ ਮਲਕੀਅਤਾਂ ਬਣਾ ਕੇ ਬੈਠੇ ਹੋਏ ਹਨ॥ ੬੪ ॥

ਕਬੀਰ ਮਹਿਦੀ ਕਰਿ ਘਾਲਿਆ

ਕਬੀਰ ਜੀ ਆਖਦੇ ਹਨ- ਹੇ ਭਾਈ! ਮੈਂ ਆਪਣੇ ਆਪ ਨੂੰ ਮਹਿੰਦੀ (ਦੀ ਤਰ੍ਹਾਂ ਬਰੀਕ) ਕਰ ਘਾਲਿਆ= ਪਾਇਆ ਹੈ, ਭਾਵ ਸਰੀਰ ਨੂੰ ਸੂਖਸ਼ਮ ਤੇ ਕਮਜ਼ੋਰ ਕਰ ਲਿਆ ਹੈ।

ਆਪੁ ਪੀਸਾਇ ਪੀਸਾਇ ॥

ਸਾਧਨਾਂ ਰੂਪ ਚੱਕੀ ਦੁਆਰਾ ਆਪਣੇ ਆਪ ਨੂੰ ਪਿਸਾ ਪਿਸਾ ਕੇ ਭਾਵ ਸੂਖਸ਼ਮ ਵਾਸ਼ਨਾ ਦਾ ਅਭਾਵ ਕਰ ਕੇ ਅਤੇ ਅਸਥੂਲ ਵਾਸ਼ਨਾ ਦਾ ਅਭਾਵ ਕਰ ਕੇ।

ਅਥਵਾ- ਸਾਧਨਾਂ ਰੂਪ ਚੱਕੀ ਦੁਆਰਾ ਇੰਦ੍ਰੀਆਂ ਨੂੰ ਪੀਸ ਪੀਸ ਕੇ ਭਾਵ ਦਮਨ ਕਰ ਕੇ ਮੈਂ ਆਪਣੀ

ਬਿਰਤੀ ਨੂੰ ਮਹਿੰਦੀ ਵਾਂਗ ਬਰੀਕ ਕਰ ਪਾਇਆ ਹੈ।* ਪਰ-

ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ ॥ ੬੫ ॥

ਤੈ ਸਹ= ਤਿਸ ਪ੍ਰਮਾਤਮਾ ਨੇ ਸਰਗੁਣ ਰੂਪ ਹੋ ਕੇ ਵੀ ਕੋਈ ਗੱਲ ਬਾਤ ਨਹੀਂ ਪੁੱਛੀ ਅਤੇ ਨਿਰਗੁਣ ਬ੍ਰਹਮ ਰੂਪ ਹੋ ਕੇ ਵੀ ਆਪਣੇ ਵਿਖੇ ਨਾ ਪਾ ਲੀਤੀ ਭਾਵ ਆਪਣੇ ਵਿਖੇ ਅਭੇਦ ਨਾ ਕੀਤੀ, ਕਿਉਂਕਿ ਕਿਸੀ ਸਾਧਨ ਦੀ ਨਯੂਨਤਾ ਕਰ ਕੇ ਜਾਂ ਸਾਧਨਾ ਦਾ ਹੰਕਾਰ ਹੋਣ ਕਰ ਕੇ॥ ੬੫ ॥+

ਕਬੀਰ ਜਿਹ ਦਰ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥

ਕਬੀਰ ਜੀ ਆਖਦੇ ਹਨ--ਹੇ ਭਾਈ! ਜਿਸ ਸਤਿਸੰਗਤ ਰੂਪ ਦਰਵਾਜ਼ੇ ਵਿਚੋਂ ਆਉਂਦਿਆਂ ਜਾਂਦਿਆਂ ਨੂੰ ਕੋਈ ਹਟਕੈ= ਹਟਾਉਂਦਾ ਨਹੀਂ ਹੈ, ਚਾਹੇ ਰਾਜਾ ਆਵੇ ਚਾਹੇ ਕੰਗਾਲ।

ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥ ੬੬ ॥

ਉਹ ਐਸਾ ਸਤਿਸੰਗਤ ਰੂਪ ਦਰੁ= ਦਰਵਾਜ਼ਾ ਕਿਸ ਤਰ੍ਹਾਂ ਛਡੀਏ ਅਰਥਾਤ ਨਹੀਂ ਛਡਿਆ ਜਾਂਦਾ, ਜੋ ਸਤਿਸੰਗ ਰੂਪ ਦਰਵਾਜ਼ਾ ਐਸਾ ਖੁਲ੍ਹਾ ਤੇ ਸਰੇਸ਼ਟ ਹੋਵੇ॥ ੬੬॥

ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ ॥

ਕਬੀਰ ਜੀ ਆਖਦੇ ਹਨ- ਪਹਿਲੇ ਅਗਿਆਨ ਸਮੇਂ ਤਿੰਨਾਂ ਗੁਣਾਂ ਰੂਪ ਲਹਿਰ ਦੀ ਝਬਕਿ= ਉਛਾਲ ਦੇ ਆਉਣ ਕਰਕੇ ਮੈਂ ਸੰਸਾਰ ਰੂਪ ਸਮੁੰਦਰ ਵਿਚ ਡੁੱਬ ਰਿਹਾ ਸੀ, ਪੈ= ਬਹੁੜੋਂ ਜਿਸ ਵੇਲੇ ਸ਼ੁਭ ਗੁਣਾਂ ਰੂਪ ਲਹਿਰ ਦੀ ਝਬਕਿ= ਉਛਾਲ ਆਈ ਤਾਂ ਸੰਸਾਰ ਰੂਪ ਸਮੁੰਦਰ ਤੋਂ ਮੈਂ ਉਬਰਿਓ= ਬਚ ਗਿਆ।

[ਪੰਨਾ ੧੩੬੮]

ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ ॥ ੬੭ ॥

ਜਿਸ ਵੇਲੇ ਸਤਿਸੰਗ ਦੇ ਪ੍ਰਤਾਪ ਕਰ ਕੇ ਸਰੀਰ ਰੂਪ ਬੇੜਾ ਦਿਨ ਰਾਤ ਦੇ ਸਬੰਧ ਕਰ ਕੇ ਜਰਜਰਾ=

---

*ਅਥਵਾ- *ਨਿਸਚੇ ਰੂਪ ਦੋਰੀ (ਕੁੰਡਾ) ਤੇ ਅਭਿਆਸ ਰੂਪ ਘੋਟਣਾ ਲੈ ਕੇ ਘਾਲਿਆ=ਸ਼ੁਭ ਕਮਾਈ ਕਰਨ ਰੂਪ ਮੈਂ ਆਪਣੇ ਆਪ ਨੂੰ ਰਗੜਿਆ ਹੈ ਅਤੇ **ਆਪੁ ਪੀਸਾਇ ਪੀਸਾਇ ॥***

*ਸ੍ਰਵਣ ਕਰਕੇ ਸਥੂਲ ਵਾਸ਼ਨਾ ਨੂੰ ਤੇ ਮਨਨ ਦੁਆਰੇ ਸੂਖਸ਼ਮ ਵਾਸ਼ਨਾ ਨੂੰ ਪੀਸਿਆ ਹੈ।

+ਨੋਟ-ਏਹੋ ਕਬੀਰ ਜੀ ਦਾ ਸਲੋਕ ਹਜ਼ੂਰ ਨੇ ਰਾਮਕਲੀ ਦੀ ਪਹਿਲੀ ਵਾਰ ਦੇ ਦੂਜੇ ਸਲੋਕ ਦੇ ਅਰੰਭ ਵਿਚ ਵੀ ਲਿਖਿਆ ਹੈ ਅਤੇ ਇਸ ਸਲੋਕ ਵਿਚ ਸਾਧਨਾਂ ਦੀ ਨਿਸਫਲਤਾ ਵਿਖੇ ਸ਼ੰਕਾ ਵਾਦੀਆਂ ਦਾ ਸ਼ੰਕਾ ਦੂਰ ਕਰਨ ਵਾਸਤੇ ਅੱਗੇ ਤੀਜੀ ਪਾਤਸ਼ਾਹੀ ਜੀ ਦਾ ਮਹਲਾ ਰੱਖ ਕੇ ਸ਼ੰਕਾ ਦੂਰ ਕੀਤਾ ਹੈ:

ਸਲੋਕ॥ ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥
ਤੈ ਸਹ ਬਾਤ ਨ ਪੂਛੀਆ ਕਬਹੂ ਨ ਲਾਈ ਪਾਇ॥੧॥
ਮ: ੩॥ ਨਾਨਕ ਮਹਿਦੀ ਕਰਿ ਕੈ ਰਖਿਆ ਸੋ ਸਹੁ ਨਦਰਿ ਕਰੇਇ॥
ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ॥
ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ ੨॥

(ਰਾਮਕਲੀ ਕੀ ਵਾਰ, ਪੰਨਾ ੯੪੭)

ਕ੍ਰਿਸ ਭਾਵ ਕਮਜ਼ੋਰ ਹੁੰਦਾ ਵੇਖਿਆ, ਓਸੇ ਵੇਲੇ ਮੈਂ ਇਸ ਸਰੀਰ ਤੋਂ ਫਰਕਿ= ਫਾਰਗ ਹੋ ਕੇ ਅਰਥਾਤ ਦੇਹ ਅਧਿਆਸ ਨੂੰ ਤਿਆਗ ਕੇ ਝਟ ਸੰਸਾਰ-ਸਮੁੰਦਰ ਤੋਂ ਪਾਰ ਉਤਰ ਪਿਆ॥ ੬੭॥

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥

ਕਬੀਰ ਜੀ ਆਖਦੇ ਹਨ- ਪਾਪੀ ਪੁਰਸ਼ ਨੂੰ ਵਾਹਿਗੁਰੂ ਦੀ ਭਗਤੀ ਕਰਨੀ ਭਾਉਂਦੀ ਨਹੀਂ ਅਤੇ- ਨਾ ਹੀ ਹਰੀ ਦੀ ਪੂਜਾ ਕਰਨੀ ਸੁਹਾਇ= ਚੰਗੀ ਲਗਦੀ ਹੈ। ਤਿਨ੍ਹਾਂ ਪਾਪੀਂ ਪੁਰਸ਼ਾਂ ਦਾ ਮੱਖੀ ਵਾਲਾ ਨਿਕੰਮਾ ਸੁਭਾਅ ਹੈ, ਕਿਉਂਕਿ-

ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥ ੬੮॥

ਮੱਖੀ ਚੰਦਨ ਦੀ ਖੁਸ਼ਬੋ ਪਰਹਰੈ= ਤਿਆਗ ਕਰ ਕੇ ਜਿਥੇ ਬਿਗੰਧਿ= ਦੁਰਗੰਧੀ ਆਉਂਦੀ ਹੋਵੇ ਓਥੇ ਜਾ ਕੇ ਬੈਠਦੀ ਹੈ। ਓਵੇਂ ਹੀ ਪਾਪੀ ਜੀਵ ਰੂਪ ਮੱਖੀ, ਚੰਦਨ ਰੂਪ ਮਹਾਤਮਾ ਦੇ ਸੰਗ ਨੂੰ ਛੱਡ ਕੇ ਜਿਥੇ ਸਾਕਤਾਂ ਪਾਸੋਂ ਵਿਸ਼ਿਆਂ ਰੂਪ ਦੁਰਗੰਧੀ ਆਉਂਦੀ ਹੋਵੇ, ਤਿਨ੍ਹਾਂ ਸਾਕਤਾਂ ਦੇ ਪਾਸ ਜਾ ਕੇ ਬੈਠਦੇ ਹਨ॥ ੬੮॥*

ਉਥਾਨਕਾ- ਕਿਸੇ ਪੁਰਸ਼ ਨੇ ਆ ਕੇ ਭਗਤ ਕਬੀਰ ਜੀ ਦੇ ਪਾਸ ਕਿਹਾ ਕਿ ਮਹਾਰਾਜ! ਫਲਾਣਾ ਵੈਦ ਜੋ ਬੜਾ ਸਿਆਣਾ ਸੀ, ਜਿਸ ਪਾਸੋਂ ਬਹੁਤਿਆਂ ਨੂੰ ਅਰਾਮ ਆ ਜਾਂਦਾ ਸੀ, ਉਸ ਦੇ ਮਰ ਜਾਣ ਕਰ ਕੇ ਸਾਰੇ ਲੋਕ ਰੋਂਦੇ ਪਏ ਹਨ। ਇਤਨੀ ਗੱਲ ਸੁਣ ਕੇ ਭਗਤ ਜੀ ਨੇ ਕਿਹਾ-

ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜਿਸ ਤਰ੍ਹਾਂ ਅੱਜ ਵੈਦ ਗਿਆ ਹੈ, ਤੈਸੇ ਕੁਝ ਸਮੇਂ ਪਿਛੋਂ ਰੋਗੀ ਨੂੰ ਵੀ ਮਰਿਆ ਜਾਣੋ, ਹੋਰ ਭਲਾ ਕੀ ਕਹਿਣਾ ਹੈ ਸਾਰਾ ਸੰਸਾਰ ਹੀ ਮਰਿਆ ਜਾਣਨਾ ਕਰੋ, ਕਿਉਂਕਿ ਇਸ ਦੇ ਨਾਸ ਹੁੰਦਿਆਂ ਕੋਈ ਦੇਰ ਨਹੀਂ ਲੱਗਦੀ। ਪਰ-

ਏਕੁ ਕਬੀਰਾ ਨਾ ਮੂਆ ਜਿਹ ਨਾਹੀ ਰੋਵਨਹਾਰੁ॥ ੬੯॥

ਕਬੀਰਾ= ਸਭ ਤੋਂ ਵੱਡਾ ਜੋ ਇਕ ਪਰਮਾਤਮਾ ਹੈ, ਉਹ ਨਾ ਪਿੱਛੇ ਮੋਇਆ ਹੈ, ਨਾ ਉਸ ਨੇ ਅੱਗੋਂ ਮਰਨਾ ਹੈ, ਜਿਸ ਪ੍ਰਮਾਤਮਾ ਨੂੰ ਕੋਈ ਰੋਣ ਵਾਲਾ ਨਹੀਂ ਹੈ। *ਅਥਵਾ-* ਇਕ ਮੈਂ ਕਬੀਰ ਨੇ ਨਹੀਂ ਮਰਨਾ, ਕਿਉਂਕਿ ਜਿਸ (ਕਬੀਰ) ਨੂੰ ਰੋਣ ਵਾਲਾ ਕੋਈ ਵੀ ਨਹੀਂ ਹੈ॥ ੬੯॥

ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ॥

ਕਬੀਰ ਜੀ ਆਖਦੇ ਹਨ- ਇਹਨਾਂ ਸੰਸਾਰੀ ਜੀਵਾਂ ਨੇ ਰਾਮ ਨੂੰ ਨਹੀਂ ਧਿਆਉਣਾ ਕੀਤਾ, ਇਸੀ ਤੇ ਇਸ ਸੰਸਾਰ ਨੂੰ ਮੋਟੀ= ਬੜੀ ਭਾਰੀ ਕਾਲ ਰੂਪੀ ਖੋਰਿ= ਘਾਰੀ ਲੱਗ ਰਹੀ ਹੈ।

ਅਥਵਾ- ਇਹਨਾਂ ਜੀਵਾਂ ਨੂੰ ਦੇਹ ਰੂਪੀ ਖੋਰਿ= ਖੁੱਡ ਬਹੁਤ ਹੀ ਮੋਟੀ= ਪਿਆਰੀ ਲੱਗ ਰਹੀ ਹੈ। ਵਾ:- ਪਰ ਇਸਤ੍ਰੀ ਰੂਪ ਖੁੱਡ ਮੋਟੀ= ਪਿਆਰੀ ਲੱਗ ਰਹੀ ਹੈ।

ਅਥਵਾ- ਰਾਜਿਆਂ ਲੋਕਾਂ ਦੀ ਖੋਰੀ ਹੋਈ ਅਰਥਾਤ ਭੋਰੀ ਹੋਈ ਮਾਇਆ, ਇਸ ਜੀਵ ਨੂੰ ਮੋਟੀ= ਪਿਆਰੀ

**ਯਥਾ-ਪਾਪੀ ਭਗਤ ਨ ਭਾਵਈ ਹਰਿ ਜਸੁ ਸੁਨਿਓ ਨ ਜਾਇ।*
ਨਾਰਾਇਣ-ਮਾਖੀ ਚੰਦਨ ਪਰਹਰੈ ਜਹਿਂ ਦੁਰਗੰਧ ਤਹ ਜਾਇ। (ਮਹਾਤਮਾ ਰੱਜਬ ਦਾ ੧੦੮ਵਾਂ ਛਪਯ)

ਲੱਗ ਰਹੀ ਹੈ। *ਅਥਵਾ-* ਰਾਮ ਦੇ ਨਾ ਧਿਆਉਣ ਕਰਕੇ ਮੋਟੀ= ਭੈੜੀ ਖੋਰਿ= ਵਾਦੀ ਲੱਗ ਰਹੀ ਹੈ।

ਕਾਇਆ ਹਾਂਡੀ ਕਾਠ ਕੀ

ਏਹ ਕਾਇਆ= ਮਨੁੱਖਾ ਦੇਹ ਕਾਠ= ਲੱਕੜ ਦੀ ਹਾਂਡੀ= ਤਉੜੀ ਦੇ ਸਮਾਨ ਹੈ।

ਨਾ ਓਹੁ ਚੜੈ ਬਹੋਰਿ ॥ ੭੦ ॥

ਜਿਸ ਤਰ੍ਹਾਂ ਕਾਠ ਦੀ ਤਉੜੀ ਇਕ ਵਾਰ ਚੁਲ੍ਹੇ ਉਪਰ ਚੜ੍ਹ ਜਾਵੇ ਤਾਂ ਉਹ ਤਉੜੀ ਬਹੋਰਿ= ਮੁੜ ਕੇ ਦੂਜੀ ਵਾਰ ਚੁਲ੍ਹੇ ਤੇ ਨਹੀਂ ਚੜੈ= ਚੜ੍ਹਦੀ। ਇਸੀ ਭਰ੍ਹਾਂ ਇਕ ਵਾਰ ਪ੍ਰਾਪਤ ਹੋਈ ਹੋਈ ਮਨੁੱਖਾ ਦੇਹ ਮੁੜ ਕੇ ਦੂਜੀ ਵਾਰ ਨਹੀਂ ਮਿਲਦੀ।

ਯਥਾ- ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥

(ਸਲੋਕ ਕਬੀਰ ਜੀ, ਪੰਨਾ ੧੩੬੬)

ਅਥਵਾ- ਸੰਸਾਰ ਰੂਪ ਚੁੱਲ੍ਹਾ ਹੈ ਦੇਹ ਰੂਪੀ ਹਾਂਡੀ, ਪੰਜਾਂ ਤੱਤਾਂ ਰੂਪੀ ਕਾਠ= ਲੱਕੜ ਦੀ ਬਣੀ ਹੋਈ ਹੈ, ਕਾਲ ਰੂਪ ਅੱਗ ਹੈ, ਇਕ ਵਾਰ ਸੰਸਾਰ ਰੂਪ ਚੁੱਲ੍ਹੇ ਤੇ ਚੜ੍ਹ ਕੇ ਫੇਰ ਨਹੀਂ ਚੜ੍ਹਦੀ ਭਾਵ ਫੇਰ ਉਸ ਘਰ ਵਿਚ ਜਨਮ ਨਹੀਂ ਹੁੰਦਾ॥ ੭੦॥*

ਉਥਾਨਕਾ- ਕੋਈ ਪੁਰਸ਼ ਖੁਸ਼ੀ ਨਾਲ ਪਹਿਲੇ ਤਾਂ ਫਕੀਰ ਬਣ ਗਿਆ ਪਰ ਫਕੀਰੀ ਨੂੰ ਨਿਭਾ ਨਾ ਸਕਿਆ ਫਕੀਰੀ ਤੋਂ ਡਿਗਦਿਆਂ ਵੇਖ ਕੇ ਉਸ ਨੂੰ ਇਸ ਸਲੋਕ ਰਾਹੀਂ ਉਪਦੇਸ਼ ਦਿੰਦੇ ਹਨ:

ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜੇਕਰ ਐਸੀ ਵਾਰਤਾ ਹੋ ਪਈ ਹੈ, ਜੋ ਤੂੰ ਮਨ ਕੋ ਭਾਵਤੁ ਕੀਨੁ= ਮਨ ਮਰਜ਼ੀ ਅਨੁਸਾਰ ਫਕੀਰੀ ਧਾਰਨ ਕੀਤੀ ਹੈ ਤਾਂ ਫਿਰ ਹੁਣ ਤੂੰ ਡਰਦਾ ਕਿਉਂ ਹੈਂ? ਯਾਦ ਰੱਖ, ਜੇਕਰ ਹੁਣ ਤੂੰ ਫਕੀਰੀ ਨੂੰ ਛੱਡ ਦਿੱਤਾ ਤਾਂ ਤੈਨੂੰ ਸਖਤ ਸਜ਼ਾ ਮਿਲੇਗੀ, ਜਿਸ ਤਰ੍ਹਾਂ-

ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥ ੭੧ ॥

ਪਤੀ ਦੇ ਮਰ ਜਾਣ ਪਿਛੋਂ ਘਰੋਂ ਚਲਣ ਵੇਲੇ ਸਤੀ ਹੋਣ ਦਾ ਸੰਕਲਪ ਧਾਰ ਕੇ ਜਦ ਇਸਤ੍ਰੀ ਨੇ ਆਪਣੇ ਹਾਥਿ= ਹੱਥ ਵਿਚ ਸਿਧਉਰਾ= ਨਰੀਏਲ ਫਲ ਫੜ ਲਿਆ, ਤਦ ਫਿਰ ਸੜ ਮਰਨ ਤੋਂ ਕੀ ਡਰਨਾ ਹੈ? ਕਿਉਂਕਿ ਜੇ ਉਹ ਸ਼ਮਸ਼ਾਨਾਂ ਵਿਚ ਆ ਕੇ ਪਤੀ ਨਾਲ ਸੜਨ ਤੋਂ ਡਰ ਜਾਵੇ ਤਾਂ ਉਹ ਇਸਤ੍ਰੀ ਚੰਡਾਲਾਂ ਦੇ ਹਵਾਲੇ ਕੀਤੀ ਜਾਂਦੀ ਹੈ॥ ੭੧॥ ਇਸੀ ਪ੍ਰਕਾਰ-

ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥ ੭੧॥

ਜਦ ਹੱਥ ਵਿਚ ਭੇਖ ਰੂਪੀ ਨਰੀਏਲ ਫਲ ਫੜ ਲਿਆ ਤਾਂ ਜੀਵਤ ਭਾਵ ਦੇ ਮਰਨ ਤੋਂ ਕੀ ਡਰਨਾ ਹੈ

*ਅਥਵਾ-**ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥੭੧॥***

ਜਿਵੇਂ ਸੂਰਮੇ ਨੇ ਜੰਗ ਕਰਨ ਵਾਸਤੇ ਜਦ ਹੱਥ ਵਿਚ ਸਿਧਉਰਾ= ਖੰਡਾ ਫੜ ਲਿਆ ਤਾਂ ਫਿਰ ਯੁੱਧ ਭੂਮੀ ਵਿਚ ਜਾ ਕੇ ਮਰਨ ਤੋਂ ਕੀ ਡਰਨਾ ਹੈ, ਫਿਰ ਤਾਂ ਨਿਸ਼ੰਕ ਹੋ ਕੇ ਮਰਨ ਮਾਰਨ ਕਰੇ, ਤਾਂ ਮੋਖਸ਼ ਹੁੰਦੀ ਹੈ। ਜੇਕਰ

ਮਿੱਟੀ ਦੀ ਭੀ ਹਾਂਡੀ ਹੁੰਦੀ ਹੈ। ਯਥਾ-ਕੁੰਭਾਰ ਕੇ ਘਰ ਹਾਂਡੀ ਆਛੈ... ॥ (ਪੰਨਾ ੭੧੮)

ਕਾਇਰ ਬਣ ਕੇ ਡਰ ਕੇ ਪਿੱਠ ਦੇ ਜਾਵੇ ਤਾਂ ਨਰਕਾਂ ਵਿਚ ਜਾਂਦਾ ਹੈ। ਤੈਸੇ ਹੀ-ਜਿਸ ਗਿਆਨਵਾਨ ਨੇ ਮਨ ਰੂਪ ਹੱਥ ਵਿਚ ਗਿਆਨ ਰੂਪ ਖੰਡਾ ਫੜਨਾ ਕੀਤਾ ਹੈ, ਤਾਂ ਉਸ ਨੇ ਮਰਨ ਵਲੋਂ ਕੀ ਡਰਨਾ ਹੈ? ॥੭੧॥

ਯਥਾ- ਮਨ ਰੇ ਛਾਡਹੁ ਭਰਮੁ ਪ੍ਰਗਟੁ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ॥
ਸੂਰ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ॥ ੧॥
ਡਗਮਗ ਛਾਡਿ ਰੇ ਮਨ ਬਉਰਾ॥ ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ॥ ੧॥ *(ਗਉੜੀ ਕਬੀਰ ਜੀ, ਪੰਨਾ ੩੩੮)*

ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥

ਕਬੀਰ ਜੀ ਆਖਦੇ ਹਨ- ਹੇ ਭਾਈ!ਆਤਮ-ਰਸ ਨਾਲ ਭਰੇ ਹੋਏ ਜੋ ਮਹਾਤਮਾ ਰੂਪ ਗਾਂਡੇ= ਗੰਨੇ ਹਨ, ਉਨ੍ਹਾਂ ਨੂੰ ਚੂਸੀਐ= ਚੂਸਣਾ ਕਰੀਏ ਭਾਵ ਉਹਨਾਂ ਵਿਚੋਂ ਸ਼ੁਭ ਗੁਣ ਗ੍ਰਹਿਣ ਕਰੀਏ। ਜੇਕਰ ਉਹ ਮਹਾਤਮਾ ਸ਼ੁਭ ਗੁਣ ਨਾ ਦੇਣ ਤਾਂ ਸ਼ੁਭ ਗੁਣਾਂ ਰੂਪ ਰਸ ਦੇ ਲੈਣ ਵਾਸਤੇ ਰੋ ਰੋ ਕੇ ਮਰ ਜਾਈਏ ਭਾਵ ਪੂਰਾ-ਪੂਰਾ ਜਤਨ ਕਰ ਕੇ ਗੁਣਾਂ ਨੂੰ ਗ੍ਰਹਿਣ ਕਰੀਏ ਜਿਸ ਤੇ ਸਭ ਕੋਈ ਭਲਾ ਭਲਾ ਕਹੇ। ਕਿਉਂਕਿ-

ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥ ੭੨॥

ਅਉਗੁਣਾਂ ਦਾ ਆਰੇ= ਘਰ ਜੋ ਪਾਪੀ ਮਾਨਸੈ= ਮਨੁੱਖ ਹਨ, ਉਨ੍ਹਾਂ ਨੂੰ ਕੋਈ ਵੀ ਭਲੋ= ਚੰਗਾ ਨਹੀਂ ਕਹਿੰਦਾ ਹੈ॥ ੭੨॥

ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ ਜੈਹੈ ਫੂਟਿ॥

ਕਬੀਰ ਜੀ ਆਖਦੇ ਹਨ- ਹੇ ਭਾਈ! ਦੇਹ ਰੂਪ ਗਾਗਰ ਜੋ ਸਵਾਸਾਂ ਰੂਪ ਪਾਣੀ ਨਾਲ ਭਰੀ ਹੋਈ ਹੈ, ਇਹ ਅੱਜ ਜਾਂ ਕਲ੍ਹ ਨੂੰ ਫੁੱਟ ਜੈਹੈ= ਜਾਵੇਗੀ।

ਗੁਰੁ ਜੁ ਨ ਚੇਤਹਿ ਆਪਨੋ ਅਧਮਾਝਿ ਲੀਜਹਿਗੇ ਲੂਟਿ॥ ੭੩॥

ਇਸ ਮਨੁੱਖਾ ਦੇਹ ਕਰ ਕੇ ਜੋ ਪੁਰਸ਼ ਆਪਣੇ ਗੁਰੂ ਨੂੰ ਨਹੀਂ ਯਾਦ ਕਰਨਗੇ, ਭਾਵ ਗੁਰੂ ਤੋਂ ਬੇਮੁਖ ਰਹਿਣਗੇ। ਉਹਨਾਂ ਪਾਪੀਆਂ ਨੂੰ ਜਮਦੂਤ-ਅਧਮਾਝਿ= ਅਧ-ਵਿਚਾਲੇ ਭਾਵ ਪ੍ਰਲੋਕ ਰਸਤੇ ਵਿਚ ਹੀ ਲੁਟ ਲੈਣਗੇ॥ ੭੩॥

ਯਥਾ- ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥
(ਸੂਹੀ ਮਹਲਾ ੫, ਪੰਨਾ ੭੪੭)

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥

ਕਬੀਰ ਜੀ ਆਖਦੇ ਹਨ-ਹੇ ਭਾਈ! ਮੈਂ ਰਾਮ ਦੇ ਦਰ ਦਾ ਕੂਕਰੁ= ਕੁੱਤਾ ਹਾਂ ਤੇ ਮੁਤੀਆ= ਮੋਤੀ ਮੇਰਾ ਨਾਮ ਹੈ।

*ਯਥਾ-*ਹਮ ਕੂਕਰ ਤੇਰੇ ਦਰਬਾਰਿ॥ ਭਉਕਹਿ ਆਗੈ ਬਦਨੁ ਪਸਾਰਿ॥
(ਰਾਮਕਲੀ ਕਬੀਰ ਜੀ, ਪੰਨਾ ੯੬੯)

ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥ ੭੪॥

ਮੇਰੇ ਗਲ ਵਿਚ ਜੇਵਰੀ= ਰੱਸੀ ਬੱਧੀ ਹੋਈ ਹੈ, ਜਿੱਧਰ ਰਾਮ ਖਿੱਚਦਾ ਹੈ, ਉਸੇ ਪਾਸੇ ਮੈਂ ਜਾਂਦਾ ਹਾਂ।

*ਅਥਵਾ-**ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥***

ਕਬੀਰ ਜੀ ਆਖਦੇ ਹਨ-ਮੈਂ ਰਾਮ ਦਾ ਕੂਕਰੁ= ਸੇਵਕ ਹਾਂ, ਮੁਤੀਆ= ਆਗਿਆ ਦੇ ਮੰਨਣ ਵਾਲਾ ਮੇਰਾ ਨਾਮ ਹੈ।

ਯਥਾ- ਫੁਰਮਾਨੁ ਤੇਰਾ ਸਿਰੈ ਉਪਰਿ ਫਿਰਿ ਨ ਕਰਤ ਬੀਚਾਰ॥
ਤੁਹੀ ਦਰਿਆ ਤੁਹੀ ਕਰੀਆ ਤੁਝੈ ਤੇ ਨਿਸਤਾਰ॥੧॥

(ਗਉੜੀ ਕਬੀਰ ਜੀ, ਪੰਨਾ ੩੩੮)

ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥੭੪॥

ਸਾਡੇ ਗਲ ਵਿਚ ਪ੍ਰਾਰਬਧ ਰੂਪ ਵਾ:-ਹੁਕਮ ਰੂਪੀ ਜੇਵਰੀ=ਰੱਸੀ ਹੈ, ਜਿਸ ਤਰਫ ਪ੍ਰਾਰਬਧ ਅਨੁਸਾਰ ਰਾਮ ਖਿੱਚਦਾ ਹੈ, ਉਸੇ ਤਰਫ ਅਸੀਂ ਜਾਂਦੇ ਹਾਂ॥੭੪॥

ਯਥਾ-ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ॥
ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ॥

(ਸੋਰਠਿ ਮਹਲਾ ੪, ਪੰਨਾ ੬੦੬)

ਉਥਾਨਕਾ- ਕੋਈ ਪੁਰਸ਼ ਆਪਣੀ ਪੂਜਾ ਪ੍ਰਤਿਸ਼ਟਾ ਕਰਾਉਣ ਵਾਸਤੇ ਪਖੰਡ ਸਹਿਤ ਰੁਦ੍ਰਾਖ ਦੀ ਮਾਲਾ ਲੈ ਕੇ ਰਸਤੇ ਵਿਚ ਬੈਠਾ ਫੇਰ ਰਿਹਾ ਸੀ ਕਿ ਲੋਕ ਜਾਣਨ ਇਹ ਬੜਾ ਭਗਤ ਹੈ, ਤਿਸ ਦੇ ਪਖੰਡ ਨੂੰ ਦੇਖ ਕੇ-

ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਕਾਠ= ਰੁਦ੍ਰਾਖ ਦੀ ਜਪਨੀ= ਮਾਲਾ ਹੱਥਾਂ ਵਿਚ ਲੈ ਕੇ ਤੂੰ ਕਿਸ ਵਾਸਤੇ ਲੋਕਾਂ ਨੂੰ ਦਿਖਾਉਂਦਾ ਹੈਂ।

ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ॥ ੭੫॥

ਤੂੰ ਆਪਣੇ ਹਿਰਦੇ ਵਿਚ ਨਿਸਚੇ ਸਹਿਤ ਰਾਮ ਨੂੰ ਤਾਂ ਯਾਦ ਨਹੀਂ ਕਰਦਾ ਤੇ ਇਹ ਪ੍ਰਤੱਖ ਰੁਦ੍ਰਾਖ ਦੀਆਂ ਮਾਲਾ ਫੇਰਨ ਕਰ ਕੇ ਤੈਨੂੰ ਭਲਾ ਕੀ ਫਲ ਪ੍ਰਾਪਤ ਹੋਣਾ ਹੈ॥ ੭੫॥*

ਉਥਾਨਕਾ-ਇਸ ਸਲੋਕ ਦੁਆਰਾ ਪ੍ਰੇਮ ਦੀ ਅਵਸਥਾ ਕਥਨ ਕਰਦੇ ਹੋਏ ਉਪਦੇਸ਼ ਦਿੰਦੇ ਹਨ-

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤ੍ਰੁ ਨ ਮਾਨੈ ਕੋਇ॥

ਕਬੀਰ ਜੀ ਆਖਦੇ ਹਨ- ਜਿਸ ਗੁਰਮੁਖ ਪੁਰਸ਼ ਦੇ ਮਨ ਵਿਚ ਵਾਹਿਗੁਰੂ ਦਾ ਬਿਰਹੁ= ਪ੍ਰੇਮ ਰੂਪੀ ਭੁਯੰਗਮੁ= ਸੱਪ ਵਸਦਾ ਹੈ, ਉਹ ਗੁਰਮੁਖ ਜਨ ਫਿਰ ਹੋਰ ਕਿਸੀ ਦੂਸਰੇ ਦੇ ਮੰਤ੍ਰ ਨੂੰ ਨਹੀਂ ਮੰਨਦਾ।

ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥ ੭੬॥

ਉਹ ਪ੍ਰੇਮੀ ਪੁਰਸ਼ ਰਾਮ ਤੋਂ ਬਿਓਗੀ= ਵਿਛੁੜ ਕੇ ਨਹੀਂ ਜਿਉਂਦਾ। ਜੇਕਰ ਪ੍ਰਾਰਬਧ ਦੇ ਅਨੁਸਾਰ ਜਿਉਣਾ ਵੀ ਕਰੇ ਤਾਂ ਸੰਸਾਰ ਵਲੋਂ ਬਉਰਾ= ਝੱਲਾ ਹੋ ਕੇ ਜਿਉਂਦਾ ਹੈ॥ ੭੬॥

ਸੰਤਾਂ ਦੇ ਸੰਗ ਕਰ ਕੇ ਹੀ ਲਾਭ ਹੁੰਦਾ ਹੈ-

ਯਥਾ- ਮਾਲਾ ਫਿਰਤੀ ਹਾਥ ਮੇਂ ਜੀਭ ਫਿਰੇ ਮੁਖ ਮਾਂਹਿ।
ਠੌਰ ਠੌਰ ਮਨੂਆ ਫਿਰੈ ਇਹ ਭਜਨ ਕਛੂ ਨਾਹਿ।

ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜਿਸ ਤਰ੍ਹਾਂ ਪਾਰਸ ਤੇ ਚੰਦਨ ਇਹਨਾਂ ਦੋਹਾਂ ਦਾ ਇਕ ਹੀ ਸੁਗੰਧ= ਸੁਭਾਅ ਹੈ।

ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ॥ ੭੭॥

ਉਸ ਪਾਰਸ ਨਾਲ ਮਿਲ ਕੇ ਤੇਊ= ਉਹ ਕਾਲਾ ਲੋਹਾ ਉਤਮ ਸੋਨਾ ਹੋ ਜਾਂਦਾ ਹੈ ਤੇ ਉਸ ਚਿਨ ਨਾਲ ਮਿਲ ਕੇ ਨਿਰਗੰਧ= ਸੁਗੰਧੀ ਤੋਂ ਰਹਿਤ ਜੋ ਲੱਕੜ ਹੈ, ਉਹ ਚੰਦਨ ਰੂਪ ਹੋ ਜਾਂਦੀ ਹੈ।

ਤੈਸੇ ਹੀ ਪਾਰਸ ਤੇ ਚੰਦਨ ਦੇ ਸਮਾਨ ਜੋ ਸੰਤਾਂ ਦਾ ਸਤਿਸੰਗ ਹੈ ਉਨ੍ਹਾਂ ਨਾਲ ਮਿਲ ਕੇ ਲੋਹੇ ਵਤ ਜੋ ਪਾਪੀ ਜੀਵ ਹੈ ਓਹ ਸੋਨੇ ਵਾਂਗ ਸ਼ੁੱਧ ਹੋ ਜਾਂਦਾ ਹੈ ਤੇ ਕਾਠ ਵਾਂਗ ਜੋ ਭਗਤੀ ਤੋਂ ਰਹਿਤ ਪੁਰਸ਼ ਹੈ ਉਹ ਭੀ ਭਗਤੀ ਰੂਪ ਸੁਗੰਧੀ ਦੇ ਸਹਿਤ ਹੋ ਜਾਂਦਾ ਹੈ॥ ੭੭॥

ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜਮਾਂ ਦਾ ਠੇਂਗਾ*= ਸੋਟਾ (ਡੰਡਾ) ਬਹੁਤ ਬੁਰਾ ਹੈ, ਉਹ ਕਿਸੇ ਪਾਸੋਂ ਵੀ ਸਹਿਆ= ਸਹਾਰਿਆ ਨਹੀਂ ਜਾਂਦਾ।

ਏਕੁ ਜੁ ਸਾਧੂ ਮੋਹਿ ਮਿਲਿਓ ਤਿਨਿ੍ ਲੀਆ ਅੰਚਲਿ ਲਾਇ॥ ੭੮॥

ਇਕ ਸਾਧੂ ਜੋ (ਰਾਮਾਨੰਦ ਜੀ) ਹਨ, ਉਹ ਜਿਸ ਵੇਲੇ ਮੈਨੂੰ ਮਿਲੇ ਤਾਂ ਉਨ੍ਹਾਂ ਨੇ ਮੈਨੂੰ ਆਪਣੇ ਉਪਦੇਸ਼ ਰੂਪ ਅੰਚਲਿ= ਪੱਲੇ ਨਾਲ ਲਗਾ ਲਿਆ ਉਸ ਕਰ ਕੇ ਮੈਂ ਜਮਾਂ ਤੋਂ ਬਚ ਗਿਆ ਹਾਂ॥੭੮॥

ਅਥਵਾ- ਏਕੁ ਜੁ ਸਾਧੂ ਮੋਹਿ ਮਿਲਿਓ

ਇਕ ਸਾਧੂ= ਸਰੇਸ਼ਟ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਮੈਨੂੰ ਮਿਲੇ ਤਾਂ ਉਹ੍ਨਾਂ ਨੇ ਨਾਮ ਰੂਪ ਪੱਲੇ ਨਾਲ ਲਗਾ ਲਿਆ॥ ੭੮॥+

ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ॥

ਕਬੀਰ ਜੀ ਆਖਦੇ ਹਨ- ਵੈਦ ਤਾਂ ਕਹਿੰਦਾ ਹੈ ਇਕ ਮੈਂ ਹੀ ਸਾਰਿਆਂ ਨਾਲੋਂ ਭਲਾ= ਚੰਗਾ ਹਾਂ, ਜੋ ਸਾਰੇ ਦੁੱਖਾਂ ਨੂੰ ਹਟਾ ਦੇਂਦਾ ਹਾਂ ਅਤੇ ਸਾਰੇ ਦਾਰੂ ਮੇਰੇ ਵਸਿ= ਅਧੀਨ ਹਨ। ਪਰੰਤੂ ਇਹ ਗੱਲ ਨਹੀਂ

---

*ਯਥਾ :- ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂੜ ਲੁਕਈਹੈ॥ (ਗੂਜਰੀ, ਪੰਨਾ ੫੨੪)

ਤਥਾ :- ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥ (ਪੰਨਾ ੮੭੮)

+ਨੋਟ-ਕਬੀਰ ਪੰਥੀ ਇਕ ਲਹਿਣਾ ਸਿੰਘ ਹੋਇਆ ਹੈ, ਜਿਸ ਨੇ ਸਾਰਿਆਂ ਭਗਤਾਂ ਦਾ ਜੀਵਨ ਲਿਖਿਆ ਹੈ। ਉਸ ਨੇ ਕਬੀਰ ਜੀ ਦੇ ਜੀਵਨ ਵਿਚ ਲਿਖਿਆ ਹੈ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਕਾਂਸ਼ੀ ਵਿਚ ਗਏ ਸਨ ਤਾਂ ਉਨ੍ਹਾਂ ਨੂੰ ਬਹੁਤ ਸਾਰੇ ਭਗਤ ਮਿਲੇ ਸਨ ਪਰ ਕਬੀਰ ਜੀ ਨਹੀਂ ਮਿਲੇ, ਕਿਉਂਕਿ ਇਹ ਬਾਹਰ ਗਏ ਹੋਏ ਸਨ। ਰਾਹ ਦੇ ਵਿਚ ਪੰਜ ਕੋਸ਼ੀ ਤੋਂ ਆਉਂਦੇ ਹੋਏ ਗੁਰੂ ਜੀ ਨੂੰ ਮਿਲੇ ਹਨ। ਉਸ ਵੇਲੇ ਕਬੀਰ ਦੀ ਉਮਰ ੧੦੬ ਬਰਸ ਦੀ ਲਿਖੀ ਦੱਸੀ ਹੈ। ਪਹਿਲੇ ਭਗਤ ਕਬੀਰ ਜੀ ਸਰਗੁਣ ਦੇ ਉਪਾਸ਼ਕ ਸਨ ਪਰ ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਮਿਲੇ ਤੇ ਉਹਨਾਂ ਪਾਸੋਂ ਕਬੀਰ ਜੀ ਨੇ ਉਪਦੇਸ਼ ਲਿਆ। ਉਸ ਦਿਨ ਤੋਂ ਕਬੀਰ ਜੀ ਨਿਰਗੁਣ ਬ੍ਰਹਮ ਦੇ ਉਪਾਸ਼ਕ ਬਣ ਗਏ। ਇਸ ਵਾਸਤੇ ਕਬੀਰ ਜੀ ਨੇ ਉਹ ਧੁਨ ਜਣਾਈ ਹੈ ਕਿ ਜਦ ਇਕ ਸਾਧੂ ਸ੍ਰੀ ਗੁਰੂ ਨਾਨਕ ਦੇਵ ਜੀ ਮਿਲੇ ਤਾਂ ਮੈਨੂੰ ਉਹਨਾਂ ਨੇ ਆਪਣੇ ਨਾਮ-ਉਪਦੇਸ਼ ਰੂਪ ਪੱਲੇ ਨਾਲ ਲਾ ਲਿਆ।

ਜਾਣਦਾ ਕਿ-

ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ ॥ ੭੯ ॥

ਇਹ ਪ੍ਰਾਣਾਂ ਰੂਪ ਵਸਤੂ (ਪੂੰਜੀ) ਤਾਂ ਗੁਪਾਲ ਦੀ ਆਪਣੀ ਹੀ ਦਿੱਤੀ ਹੋਈ ਹੈ, ਜਿਸ ਵੇਲੇ ਉਹ ਭਾਵੈ= ਚਾਹੁੰਦਾ ਹੈ ਉਸੀ ਵੇਲੇ ਖਸਿ= ਖੋਹ ਲੈਂਦਾ ਹੈ-ਭਾਵ ਪ੍ਰਾਣ ਕੱਢ ਲੈਂਦਾ ਹੈ॥ ੭੯॥

ਯਥਾ- ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥

(ਗਉੜੀ ਬਾਵਨ ਅਖਰੀ, ਪੰਨਾ ੨੫੪)

ਤਥਾ- ਜੜੀ ਬੂਟੀ ਜੇ ਜੀਵੀਐ ਕਿਉ ਮਰੈ ਧਨੰਤਰੁ।

(ਭਾਈ ਗੁਰਦਾਸ ਜੀ, ਵਾਰ ੩੬ ਪੌ: ੧੫)

ਉਥਾਨਕਾ- ਇਸ ਸਲੋਕ ਦੁਆਰਾ ਸਮਝਾਉਂਦੇ ਹਨ ਕਿ ਸੰਸਾਰ ਵਿਚ ਮੁਤ ਸਬੰਧੀਆਂ ਨਾਲ ਮਿਲਾਪ ਨਹੀਂ ਹੋਣਾ-

ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥

ਕਬੀਰ ਜੀ ਆਖਦੇ ਹਨ- ਹੇ ਭਾਈ! ਆਪਣੀ ਹੁਕਮ ਰੂਪ ਨੌਬਤ ਨੂੰ ਦਸ ਵੀਹ ਦਿਨ ਵਜਾ ਲੈਣਾ ਕਰੋ ਭਾਵ ਦਸ ਵੀਹ ਦਿਨ ਆਪਣਾ ਹੁਕਮ ਹਾਸਲ ਜੇਹੜਾ ਕਰਨਾ ਹੈ ਕਰ ਲਵੋ, ਕਿਉਂਕਿ ਫੇਰ ਸਬੰਧੀਆਂ ਨਾਲ ਮਿਲਾਪ ਨਹੀਂ ਹੋਣਾ।

ਅਥਵਾ- ਦੇਹ ਰੂਪ ਨੌਬਤ ਨੂੰ ਦਸ ਕੁ ਦਿਨ ਭਾਵ ਜਿਤਨਾ ਚਿਰ ਆਪਣੀ ਜ਼ਿੰਦਗੀ ਹੈ ਉਤਨਾ ਚਿਰ ਵਜਾ ਲਉ। ਨਾਮ ਰੂਪ ਚੋਬਾਂ ਨੂੰ ਮਾਰ ਕੇ ਤੇ ਪ੍ਰੇਮ ਰੂਪ ਗੂੰਜ ਪਾ ਕੇ ਭਜਨ ਕਰਨਾ ਇਹ ਵਜਾਉਣਾ ਹੈ ਕਿਉਂਕਿ ਫੇਰ ਇਹ ਰੂਪ ਨੌਬਤ ਦੀ ਪ੍ਰਾਪਤੀ ਨਹੀਂ ਹੋਣੀ।

ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ॥ ੮੦ ॥

ਜਿਸ ਤਰ੍ਹਾਂ ਨਦੀ ਪਰ ਨਾਵ= ਨਉਕਾ ਦੇ ਵਿਚ ਜਿਨ੍ਹਾਂ ਪੁਰਸ਼ਾਂ ਦਾ ਸੰਜੋਗ= ਮਿਲਾਪ ਹੁੰਦਾ ਹੈ, ਉਹ ਸਾਰੇ ਪੁਰਸ਼ ਆ ਕੇ ਫਿਰ ਨਹੀਂ ਮਿਲਦੇ। *ਅਥਵਾ-*ਨਦੀ ਵਿਚ ਜਿਸ ਜਲ ਨਾਲ ਨਉਕਾ ਦਾ ਸੰਜੋਗ ਹੋਇਆ ਹੈ ਉਹ ਜਲ ਫਿਰ ਨਉਕਾ ਨਾਲ ਆ ਕੇ ਨਹੀਂ ਮਿਲਦਾ। ਤੈਸੇ ਹੀ ਫਿਰ ਕੁਟੰਬੀਆਂ ਨਾਲ ਆ ਕੇ ਜੀਵ ਦਾ ਮਿਲਾਪ ਨਹੀਂ ਹੁੰਦਾ॥ ੮੦॥

ਯਥਾ- ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥

(ਆਸਾ ਮਹਲਾ ੧ ਛੰਤ, ਪੰਨਾ ੪੩੯)

*ਤਥਾ-*ਸੁਪਨ ਚਰਿਤ੍ਰ ਚਿਤ੍ਰ ਜਾਗਤ ਨ ਦੇਖੀਅਤ,
ਤਾਰਕਾ ਮੰਡਲ ਪਰਭਾਤਿ ਨ ਦਿਖਾਈਐ।
ਤਰਵਰ ਵਾਸਾ ਲਘੁ ਦੀਰਘ ਚਪਲ ਬਲ,
ਤੀਰਥ ਪੁਰਬ ਜਾਤ੍ਰਾ ਥਿਰ ਨ ਰਹਾਈਐ।
ਨਦੀ ਨਾਵ ਕੋ ਸੰਜੋਗ ਲੋਗ ਬਹੁਰਯੋ ਨ ਮਿਲੈ
ਗੰਧਰਬ ਨਗਰ ਮ੍ਰਿਗ ਤ੍ਰਿਸ਼ਨਾ ਬਿਲਾਈਐ। *(ਭਾਈ ਗੁਰਦਾਸ ਜੀ, ਕਬਿਤ ੧੧੭)*

ਉਥਾਨਕਾ- ਇਸ ਸਲੋਕ ਦੁਆਰਾ ਪ੍ਰਭੂ ਦੀ ਬਿਅੰਤਤਾ ਦੱਸਦੇ ਹੋਏ ਜੀਵਾਂ ਨੂੰ ਉਪਦੇਸ਼ ਦਿੰਦੇ ਹਨ-

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥

ਕਬੀਰ ਜੀ ਆਖਦੇ ਹਨ- ਸਤਾਂ ਸਮੁੰਦਰਾਂ ਦੀ ਚਾਹੇ ਮਸੁ= ਸਿਆਹੀ ਕਰ ਲਈਏ ਤੇ ਸਾਰੀ ਅਠਾਰਾਂ ਭਾਰ ਬਨਰਾਇ= ਬਨਸਪਤੀ ਦੀਆਂ ਕਲਮ= ਕਲਮਾਂ ਲਿਖਣ ਵਾਸਤੇ ਬਣਾ ਲਈਏ।

ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥ ੮੧॥

(ਅਤੇ ੪੯ ਕ੍ਰੋੜ ਜੋਜਨ ਸਾਰੀ) ਬਸੁਧਾ= ਧਰਤੀ ਨੂੰ ਚਾਹੇ ਕਾਗਜ਼ ਬਣਾ ਲਈਏ, ਤਾਂ ਭੀ ਹਰੀ ਦਾ ਸੰਪੂਰਨ ਜਸ ਲਿਖਿਆ ਨਹੀਂ ਜਾਂਦਾ।

ਯਥਾ- ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥੨॥

(ਸਿਰੀ ਰਾਗੁ ਮਹਲਾ ੧, ਪੰਨਾ ੧੫)

ਤਥਾ- ਕਾਗਦ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੌ॥
ਕਾਟ ਬਨਾਸਪਤੀ ਸਗਰੀ ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੌ॥
ਸਾਰਸੁਤੀ ਬਕਤਾ ਕਰਿ ਕੈ ਜੁਗ ਕੋਟ ਗਨੇਸ ਕੇ ਹਾਥ ਲਿਖੈ ਹੌ॥
ਕਾਲ ਕ੍ਰਿਪਾਲ ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭ ਨੈਕ ਰਿਝੈ ਹੌ॥ ੧੦੧॥

(ਬਚਿੱਤ੍ਰ ਨਾਟਕ ਦਸਮ ਗ੍ਰੰਥ)

ਉਥਾਨਕਾ- ਕਿਸੇ ਪੰਡਿਤ ਨੇ ਭਗਤ ਜੀ ਨੂੰ ਆ ਕੇ ਕਿਹਾ- ਕਬੀਰ! ਚਾਹੇ ਤੂੰ ਕਿਤਨਾ ਕੁਝ ਕਰ ਲੈ ਪਰ ਤੂੰ ਜੁਲਾਹਾ ਜ਼ਾਤੀ ਦਾ ਹੋਣ ਕਰ ਕੇ ਤਰਨਾ ਨਹੀਂ ਹੈ। ਇਸ ਤਰ੍ਹਾਂ ਦੇ ਬਚਨ ਕਹਿਣ ਵਾਲੇ ਨੂੰ ਕਬੀਰ ਜੀ ਸਮਝਾਉਂਦੇ ਹਨ-

ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜੁਲਾਹਾ ਜਾਤੀ ਭਲਾ ਕੀ ਵਿਗਾੜ ਕਰ ਸਕਦੀ ਹੈ? ਜਦ-ਗੁਪਾਲ ਦਾ ਨਾਮ ਮੇਰੇ ਹਿਰਦੇ ਵਿਚ ਵਸ ਰਿਹਾ ਹੈ। *ਅਥਵਾ-* ਜੁਲਾਹਿਆਂ ਵਾਲੀ ਜਾਤਿ= ਬੁੱਧੀ ਮੇਰਾ ਕੀ ਵਿਗਾੜ ਕਰ ਸਕਦੀ ਹੈ? ਜਦ ਮੈਂ ਲਾਭ ਵਾਲੇ ਆਤਮ ਪਦ ਨੂੰ ਜਾਤਿ= ਜਾਣ ਲਿਆ ਹੈ।

ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ॥ ੮੨॥

ਕਬੀਰ ਜੀ ਆਖਦੇ ਹਨ- ਵਾਹਿਗੁਰੂ ਦੇ ਕੰਠਿ= ਗਲ ਨਾਲ ਮਿਲਣ ਕਰ ਕੇ ਸਾਰੇ ਜੰਜਾਲ= ਧੰਦੇ ਚੂਕਹਿ= ਦੂਰ ਹੋ ਜਾਂਦੇ ਹਨ। ਵਾ:-ਨਿਸਚੇ ਰੂਪ ਗਲੇ ਨਾਲ ਮਿਲਣ ਕਰ ਕੇ ਮੇਰੇ ਸਾਰੇ ਧੰਦੇ ਚੁੱਕ ਗਏ ਹਨ॥ ੮੨॥

ਉਥਾਨਕਾ- ਇਸ ਸਲੋਕ ਦੁਆਰਾ ਵਾਹਿਗੁਰੂ ਦੇ ਉਪਾਸ਼ਕਾਂ ਦੀ ਦੁਰਲੱਭਤਾ ਵਰਣਨ ਕਰਦੇ ਹਨ-

ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥

ਕਬੀਰ ਜੀ ਆਖਦੇ ਹਨ- ਦੁਨੀਆਂ ਵਿਚ ਅਜੇਹਾ ਕੋਈ ਪੁਰਸ਼ ਨਹੀਂ ਜੋ ਆਪਣੇ ਮੰਦਰ ਨੂੰ ਆਪ ਹੀ

ਜਰਾਇ= ਸਾੜ ਦੇਵੇ। ਅਤੇ-

ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ॥ ੮੩ ॥

ਆਪਣੇ ਪੰਜ ਸਤ ਲੜਕਿਆਂ ਨੂੰ ਮਾਰ ਕੇ ਭਾਵ ਤਿਆਗ ਕੇ ਰਾਮ ਵਿਚ ਲਿਉ= ਬਿਰਤੀ ਲਗਾ ਰਹਿਣਾ ਕਰੇ।

*ਅਥਵਾ- **ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥***

ਕਬੀਰ ਜੀ ਆਖਦੇ ਹਨ- ਅਜੇਹਾ ਕੋਈ ਪੁਰਸ਼ ਨਹੀਂ ਜੋ ਆਪਣੇ ਸਰੀਰ ਰੂਪ ਮੰਦਰ ਨੂੰ ਸਾੜ ਦੇਵੇ, ਭਾਵ ਦੇਹ ਅਧਿਆਸ ਨੂੰ ਤਿਆਗਣਾ ਕਰੇ। ਅਤੇ-

ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ॥੮੩ ॥

ਪੰਜ ਲੜਕੇ ਕਾਮ ਆਦਿਕਾਂ ਨੂੰ ਮਾਰ ਕੇ ਪਰਮਾਤਮਾ ਵਿਚ ਬਿਰਤੀ ਲਗਾ ਰਹੇ॥੮੩॥

ਪਹਿਲੇ ਕਹੇ ਪ੍ਰਸੰਗ ਨੂੰ ਫਿਰ ਸਪਸ਼ਟ ਕਰਦੇ ਹਨ-

ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ॥

ਕਬੀਰ ਜੀ ਆਖਦੇ ਹਨ- ਸੰਸਾਰ ਵਿਚ ਐਸਾ ਕੋਈ ਪੁਰਸ਼ ਨਹੀਂ ਹੈ, ਜੋ ਇਸ ਆਪਣੇ ਸਰੀਰ ਨੂੰ ਫੂਕ ਦੇਵੇ, ਅਰਥਾਤ ਗਿਆਨ-ਅਗਨੀ ਕਰ ਕੇ ਦੇਹ ਅਧਿਆਸ ਨੂੰ ਸਾੜ ਦੇਵੇ।

ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ॥ ੮੪ ॥

ਕਬੀਰ ਜੀ ਆਖਦੇ ਹਨ- ਇਹ ਅੰਧਾ ਅਗਿਆਨੀ ਜੀਵ ਜਾਣਦਾ ਨਹੀਂ ਹੈ, ਕਿ ਮੈਂ ਤਾਂ ਬਥੇਰਾ ਕੂਕਿ= ਪੁਕਾਰ ਕੇ ਕਹਿ ਰਿਹਾ ਹਾਂ (ਪਰ ਸਮਝਦਾ ਕੋਈ ਨਹੀਂ ਹੈ)॥ ੮੪॥

ਉਥਾਨਕਾ- ਕੋਈ ਪੁਰਸ਼ ਚਲਾਣਾ ਕਰ ਗਿਆ ਸੀ, ਉਸ ਨੂੰ ਲੋਕ ਮਸਾਣ ਭੂਮਿਕਾ ਵਿਚ ਲੈ ਗਏ। ਕਬੀਰ ਜੀ ਭੀ ਆਪਣੇ ਸਾਥੀਆਂ ਸਹਿਤ ਗਏ ਹੋਏ ਸਨ। ਜਿਹੜਾ ਮਨੁੱਖ ਮਰ ਗਿਆ ਸੀ ਉਸ ਦੇ ਘਰ ਵਾਲੀ ਆਪਣੇ ਪਤੀ ਦੇ ਨਾਲ ਸਤੀ ਹੋਣ ਵੇਲੇ ਉੱਚੀ ਬਾਂਹ ਕਰ ਕੇ ਸ਼ਮਸ਼ਾਣਾਂ ਵਿਚ ਆਏ ਹੋਏ ਲੋਕਾਂ ਨੂੰ ਕੁਝ ਕਹਿ ਰਹੀ ਸੀ ਪਰ ਲੋਕਾਂ ਨੂੰ ਕੁਝ ਪਤਾ ਨਾ ਲੱਗਾ, ਤਾਂ ਲੋਕਾਂ ਨੇ ਭਗਤ ਕਬੀਰ ਜੀ ਪਾਸੋਂ ਪੁਛਿਆ ਕਿ ਇਹ ਔਰਤ ਕੀ ਕਹਿ ਰਹੀ ਹੈ?

ਕਬੀਰ ਜੀ ਇਸ ਸਲੋਕ ਦੁਆਰਾ ਉਸ ਦਾ ਭਾਵ ਸਮਝਾਉਂਦੇ ਹਨ-

ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥

ਕਬੀਰ ਜੀ ਆਖਦੇ ਹਨ- ਹੇ ਪਿਆਰਿਓ! ਇਹ ਸਤੀ ਚਿਹ= ਚਿਖਾ ਉਪਰ ਚੜ੍ਹੀ ਹੋਈ ਪੁਕਾਰ ਕੇ ਕਹਿ ਰਹੀ ਹੈ ਕਿ ਹੇ ਮਸਾਣ ਭੂਮਿਕਾ ਵਿਚ ਆਏ ਹੋਏ ਬੀਰ= ਵੀਰੋ! ਤੁਸੀਂ ਸੁਣਨਾ ਕਰੋ-

ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥ ੮੫ ॥

ਸਭ ਲੋਕਾਂ ਦਾ ਸਮੁਦਾਅ ਪਿਛੇ ਚਲਾ ਗਿਆ ਭਾਵ ਮਰ ਖਪ ਗਿਆ ਹੈ ਤੇ ਹੁਣ ਹਮ= ਮੈਂ ਭੀ ਤੁਹਾਡੇ ਸਾਹਮਣੇ ਚਲੀ ਹਾਂ ਅਤੇ ਤੁਹਾਡਾ ਵੀ ਨਿਦਾਨ= ਅੰਤ ਨੂੰ ਇਸੀ ਜਗ੍ਹਾ ਪਰ ਆਉਣ ਦਾ ਕੰਮ ਹੈ। ਇਸ ਲਈ ਮੌਤ ਤੋਂ ਡਰਨਾ ਨਾ॥੮੫॥

ਅਥਵਾ- ***ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥***

ਜਿਨ੍ਹਾਂ ਨੂੰ ਗਿਆਨ ਵੈਰਾਗ ਰੂਪ ਚਿਹ= ਰੰਗਤ ਚੜ੍ਹੀ ਹੋਈ ਹੈ ਉਹ ਸਤੀ= ਸਤਵਾਦੀ ਗੁਰਮੁਖ ਜਨ ਪੁਕਾਰਦੇ ਹਨ ਕਿ ਹੇ ਪਿਆਰਿਓ ਵੀਰੋ ਸੁਣੋ! ਨਾਮ ਤੋਂ ਬਿਨਾਂ ਤੁਸੀਂ ਮਸਾਨ= ਭੂਤਨੇ ਹੋ ਰਹੇ ਹੋ।

ਯਥਾ- ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥੧੯੨॥

(ਸਲੋਕ ਕਬੀਰ ਜੀ, ਪੰਨਾ ੧੩੭੪)

ਤਥਾ- ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ॥
ਪੁਤੁ ਜਿੰਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥

(ਬਿਹਾਗੜਾ ਵਾਰ ਸਲੋਕ ੨੦, ਪੰਨਾ ੫੫੬)

ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥੬੫॥

ਹੰਗਤਾ ਮਮਤਾ ਕਰ ਕੇ ਸਾਰਾ ਸੰਸਾਰ ਚਲਾ ਗਿਆ ਹੈ, ਜੋ ਹੰਗਤਾ ਮਮਤਾ ਦਾ ਕਰਨਾ ਹੈ, ਇਹ ਨਿਦਾਨ= ਮੂਰਖਾਂ ਦਾ ਕੰਮ ਹੈ॥੬੫॥

[ਪੰਨਾ ੧੩੬੯]

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥

ਕਬੀਰ ਜੀ ਆਖਦੇ ਹਨ- ਏਹ ਚੰਚਲ ਮਨ ਪੰਛੀ ਵਾਂਗ ਉਡਾਰੂ ਹੋ ਕੇ ਉਡ-ਉਡ ਕੇ ਭਾਵ ਭਟਕ-ਭਟਕ ਦੇ ਦਸੋਂ ਦਿਸ਼ਾਂ 'ਵਿਚ ਜਾਂਦਾ ਹੈ।

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥ ੬੬॥

ਇਹ ਜੋ ਚੰਚਲ ਮਨ ਹੈ ਇਸ ਨੂੰ ਜੈਸੀ= ਜੇਹੋ ਜੇਹੀ ਸੰਗਤ ਮਿਲਦੀ ਹੈ ਸੋ= ਉਸ ਸੰਗਤ ਦੇ ਅਨੁਸਾਰ ਤੈਸਾ ਹੀ ਫਲ ਖਾਂਦਾ ਹੈ। ਚੰਗੀ ਸੰਗਤ ਹੋਣ ਨਾਲ ਚੰਗਾ ਫਲ ਭਾਵ ਸੁਖ ਮਿਲਦਾ ਹੈ, ਬੁਰੀ ਸੰਗਤ ਮਿਲਣ ਨਾਲ ਬੁਰਾ ਫਲ ਭਾਵ ਦੁੱਖ ਮਿਲਦਾ ਹੈ॥ ੬੬॥

ਯਥਾ- ਅੰਤ ਕਾਲ ਏਕ ਘਰੀ ਨਿਗ੍ਰਹ ਕੈ ਸਤੀ ਹੋਇ, ਧੰਨਜ ਧੰਨਜ ਕਹਿਤ ਹੈ ਸਕਲ ਸੰਸਾਰ ਜੀ।
ਅੰਤ ਕਾਲ ਏਕ ਘਰੀ ਨਿਗ੍ਰਹ ਕੈ ਜੋਧਾ ਜੂਝੈ, ਇਤ ਉਤ ਜਤ ਕਤ ਹੋਤ ਜੈ ਜੈਕਾਰ ਜੀ।
ਅੰਤ ਕਾਲ ਏਕ ਘਰੀ ਨਿਗ੍ਰਹ ਕੈ ਚੋਰ ਮਰੈ, ਫਾਸੀ ਕੈ ਸੂਰੀ ਚਢਾਏ ਜਗ ਮੈਂ ਧਿਕਾਰ ਜੀ।
ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ, ਸੰਗਤਿ ਸੁਭਾਵ ਗਤਿ ਮਾਨਸ ਔਤਾਰ ਜੀ।

(ਭਾਈ ਗੁਰਦਾਸ ਜੀ, ਕਬਿੱਤ ੭੦)

ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥

ਕਬੀਰ ਜੀ ਆਖਦੇ ਹਨ- ਹੇ ਪਿਆਰਿਓ! ਜਾ ਕਉ= ਜਿਸ ਅਕਾਲ ਪੁਰਖ ਨੂੰ ਤੀਰਥਾਂ 'ਤੇ ਖੋਜਦੇ ਫਿਰਦੇ ਸੀ, ਉਸ ਨੂੰ ਹੁਣ ਸਤਸੰਗ ਦੁਆਰਾ ਅਸੀਂ ਰਿਦੇ ਰੂਪ ਠਉਰੁ= ਥਾਂ 'ਚੋਂ ਪਾ ਲੀਤਾ ਹੈ।

ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥ ੬੭॥

'ਮੈਂ' 'ਤੂੰ' ਦੀ ਤਰਫੋਂ ਫਿਰਿ ਕੈ= ਹਟ ਕੇ ਸੋਈ= ਉਸ ਅਕਾਲ ਪੁਰਖ ਦਾ ਸਰੂਪ ਭਇਆ= ਹੋ ਗਿਆ

ਹਾਂ, ਜਾ ਕਉ= ਜਿਸ ਨੂੰ ਅਸੀਂ ਅਉਰ= ਹੋਰ ਹੀ ਭਾਵ ਆਪਣੇ ਤੋਂ ਵੱਖਰਾ ਕਹਿੰਦੇ ਸਾਂ॥੮੭॥

ਉਥਾਨਕਾ- ਇਸ ਸਲੋਕ ਵਿਚ ਕੇਲੇ ਤੇ ਬੇਰੀ ਦੇ ਦ੍ਰਿੱਖਤ ਦਾ ਦ੍ਰਿਸ਼ਟਾਂਤ ਦੇ ਕੇ ਕੁਸੰਗਤ ਦੇ ਤਿਆਗਣ ਦਾ ਉਪਦੇਸ਼ ਦੇਂਦੇ ਹਨ-

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥

ਕਬੀਰ ਜੀ ਆਖਦੇ ਹਨ- ਕੁਸੰਗਤ ਦੀ ਮਾਰੀ ਹੋਈ ਸਾਰੀ ਸ੍ਰਿਸ਼ਟੀ ਮਰ ਰਹੀ ਹੈ, ਜਿਵੇਂ ਕੇਲੇ ਦੇ ਪਾਸ ਬੇਰੀ ਹੁੰਦੀ ਹੈ। ਉਸ ਦਾ ਦ੍ਰਿਸ਼ਟਾਂਤ ਸੁਣੋ-

ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥ ੮੮॥

ਉਹ ਕੇਲੇ ਦੇ ਪੱਤੇ ਤਾਂ ਉਸ ਨੂੰ ਹਵਾ ਝੁਲਾਉਂਦੇ ਹਨ ਪਰ ਉਹ ਬੇਰੀ ਉਸ ਦੇ ਉਪਕਾਰ ਨੂੰ ਨਾ ਸਮਝਦੀ ਹੋਈ ਉਸ ਨੂੰ ਚੀਰ ਸੁਟਦੀ ਹੈ। ਤੈਸੇ ਬੇਰੀ ਵਾਂਗ ਦੁਸ਼ਟ ਪੁਰਸ਼ ਹਨ ਤੇ ਕੇਲੇ ਸਮਾਨ ਗੁਰਮੁਖ ਹਨ। ਗੁਰਮੁਖ ਤਾਂ ਸੁਖ ਦੇਂਦੇ ਹਨ ਪਰ ਬੇਰੀ ਵਾਂਗ ਦੁਸ਼ਟ ਪੁਰਸ਼ ਕੋਮਲ ਚਿਤ ਵਾਲੇ ਜਗਿਆਸੂ ਨੂੰ ਸੇਵਾ ਕਰਦਿਆਂ ਵੇਖ ਕੇ ਕਹਿੰਦੇ ਹਨ ਕਿ ਇਸ ਨੇ ਜ਼ਰੂਰ ਕੋਈ ਗੁਨਾਹ ਕੀਤਾ ਹੈ, ਜਿਸ ਕਰ ਕੇ ਹੁਣ ਸੇਵਾ ਕਰਦਾ ਫਿਰਦਾ ਹੈ। ਏਸ ਤਰ੍ਹਾਂ ਦੀਆਂ ਕੁਤਰਕਾਂ ਰੂਪੀ ਕੰਡੇ ਮਾਰ ਕੇ ਉਸ ਦੇ ਕੋਮਲ ਚਿਤ ਨੂੰ ਚੀਰ ਦੇਂਦੇ ਹਨ। ਇਸ ਤੇ ਜਿਤਨਾ ਚਾਰਾ ਲੱਗੇ ਜੀਵ ਨੂੰ ਚਾਹੀਦਾ ਹੈ ਦੁਸ਼ਟਾਂ* ਦੇ ਸੰਗ ਨੂੰ ਨਹੇਰਿ= ਨਾ ਦੇਖਣਾ ਕਰੇ॥ ੮੮॥

ਉਥਾਨਕਾ- ਕੋਈ ਪਖੰਡੀ ਪੁਰਸ਼ ਗੁਰੂ ਬਣ ਕੇ ਉਪਦੇਸ਼ ਦੇ ਕੇ ਲੋਕਾਂ ਨੂੰ ਆਪਣੇ ਚੇਲੇ ਬਣਾ ਰਿਹਾ ਸੀ, ਉਸ ਨੂੰ ਇਸ ਸਲੋਕ ਦੁਆਰਾ ਸਮਝਾਉਂਦੇ ਹਨ-

ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥

ਕਬੀਰ ਜੀ ਆਖਦੇ ਹਨ- ਜਿਵੇਂ ਕਿਸੇ ਅੰਨ੍ਹੇ ਪੁਰਸ਼ ਪਾਸ ਆਪਣਾ ਵੀ ਬੋਝ ਹੈ ਅਤੇ ਪਰਾਈ= ਦੂਜੇ ਦਾ ਭਾਰ ਵੀ ਆਪਣੇ ਸਿਰ ਉਤੇ ਚਰੈ= ਚੁਕਿਆ ਹੋਇਆ ਹੈ, ਫਿਰ ਬਾਟ= ਰਸਤੇ ਵਿਚ ਚਲਣਾ ਚਾਹੁੰਦਾ ਹੈ।

ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥ ੮੯॥

ਆਪਣੇ ਭਾਰ ਤੋਂ ਤਾਂ ਡਰਦਾ ਨਹੀਂ ਹੈ ਪਰ ਅੱਗੋਂ ਬੜੇ ਬੜੇ ਅਉਘਟ= ਕਠਿਨ ਘਾਟ= ਪਰਬਤ ਹਨ, ਉਹਨਾਂ ਨੂੰ ਕਿਵੇਂ ਲੰਘੇਗਾ, ਭਾਵ ਨਹੀਂ ਲੰਘ ਸਕਦਾ। ਇਸੇ ਤਰ੍ਹਾਂ ਪੁੰਨਾਂ ਰੂਪ ਅੱਖਾਂ ਤੋਂ ਰਹਿਤ ਹੋਣ ਕਰ ਕੇ ਤੂੰ ਅੰਧਾ ਹੈਂ ਤੇ ਸਿਰ ਉਪਰ ਤੂੰ ਆਪਣਾ ਵੀ ਪਾਪਾਂ ਰੂਪ ਭਾਰ ਲੱਦਿਆ ਹੋਇਆ ਹੈ ਅਤੇ ਹੁਣ ਤੂੰ ਚੇਲੇ ਬਣਾ ਕੇ ਦੂਜਿਆਂ ਦੇ ਭਾਰ ਨੂੰ ਵੀ ਆਪਣੇ ਸਿਰ 'ਤੇ ਚੁੱਕ ਰਿਹਾ ਹੈਂ ਜਦ ਅੰਤ ਨੂੰ ਪ੍ਰਾਣਾਂ ਦੇ ਵਿਜੋਗ ਨਾਲ ਜਮ

---

*ਰਾਮ ਸਿੰਘ ਕਵੀ ਨੇ ਜਿਵੇਂ ਲਿਖਿਆ ਹੈ-

ਅਹਿ ਕਾਟੈ ਕਾਟੇ ਭਲੋ, ਵਿਛੂਆ ਨਿਸੰਗ ਕਾਟੈ, ਅਗਨੀ ਜਲਾਇ ਤਉ ਨਿਸੰਗ ਜਲ ਜਾਈਏ।
ਸਿੰਘ ਪੇਟ ਫਾੜ ਕੇ ਅਘਾਇ ਨਿਜ ਪੇਟ ਭਰੇ, ਜਲ ਮਾਹਿ ਡੂਬਤ ਨ ਦੇਰ ਕੋ ਲਗਾਈਏ।
ਗਿਰ ਤਰ ਗਿਰ ਮਰ ਬਾਰਨ ਕੇ ਝੁੰਡ ਪਰ, ਸੰਖਿਆ ਬਦਨ ਧਰ ਮਰ ਭਲੋ ਜਾਈਏ।
ਦਸਰਥ ਸੁਤ ਪਤਿ ਮ੍ਰਿਗਨੇ ਕਹਿਤ ਕਵੀ, ਖੋਟਨ ਕੀ ਸੰਗਤ ਨ ਸੁਪਨੈ ਹੀ ਮਹਿ ਪਾਈਏ।
ਤਥਾ-ਸਿੰਘਨ ਕੇ ਬਨ ਮੇਂ ਬਸੀਏ, ਧਸੀਏ ਜਲ ਮਹਿ, ਬਿਛੂਆ ਗਹਿ ਲੀਜੈ।
ਗਿਰ ਤੇਂ ਗਿਰੀਏ, ਅੱਗ ਮਹਿ ਜਰੀਏ, ਸਾਂਪ ਕੇ ਮੁਖ ਮੈ ਆਂਗੁਲ ਦੀਜੈ।
ਕੰਨੇ ਖਜੂਰਾ ਪ੍ਰਵੇਸ ਕਰੈ ਆਰੀ ਕੇ ਸਾਥ ਨਿਜ ਤਨ ਚਰੀਜੈ।
ਏਤੇ ਸੰਕਟ ਸੀਸ ਸਹੌਂ, ਪਰ ਮੂਰਖ ਮਿਤ੍ਰ ਕੋ ਸੰਗ ਨ ਕੀਜੈ।

ਰਸਤੇ ਵਿਚ ਚਲੇਂਗਾ ਉਸ ਵੇਲੇ ਅੱਗੇ ਬੜੇ ਬੜੇ ਕਠਿਨ ਦੁਖਦਾਈ ਘਾਟ ਆਉਣਗੇ। ਇਕ ਲੱਖ ਜੋਜਨ ਜਮ ਰਸਤੇ ਦੀ ਲੰਬਾਈ ਦਸੀਦੀ ਹੈ, ਕਈ ੮੬ ਹਜ਼ਾਰ ਜੋਜਨ ਦਸਦੇ ਹਨ। ਤੂੰ ਆਪਣੇ ਮਨ ਵਿਚ ਵਿਚਾਰ ਕਿ ਉਹਨਾਂ ਤੋਂ ਕਿਵੇਂ ਲੰਘੇਂਗਾ ?॥੮੯॥

ਉਥਾਨਕਾ– ਇਕ ਦਿਨ ਭਗਤ ਕਬੀਰ ਜੀ ਪ੍ਰੇਮ ਵਿਚ ਮਸਤ ਹੋਏ ਹੋਏ ਸੰਸਾਰ ਵਲੋਂ ਹਟ ਕੇ ਕੋਈ ਵਿਚਾਰ ਕਰ ਰਹੇ ਸਨ ਤਾਂ ਕਿਸੇ ਨੇ ਆ ਕੇ ਪੁੱਛਿਆ ਮਹਾਰਾਜ! ਅੱਜ ਕਿਸ ਵਿਚਾਰ ਵਿਚ ਬੈਠੇ ਹੋ? ਤਾਂ ਉੱਤਰ ਦਿੱਤਾ–

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥

ਕਬੀਰ ਜੀ ਆਖਦੇ ਹਨ– ਹੇ ਭਾਈ! ਜਿਵੇਂ ਬਨ= ਜੰਗਲ ਦੀ ਇਕ ਵਾਰੀ ਦਾਧੀ= ਸੜੀ ਹੋਈ ਲਾਕਰੀ= ਲੱਕੜ ਠਾਢੀ= ਖਲੋਤੀ ਹੋਈ ਪੁਕਾਰਾਂ ਕਰਦੀ ਹੈ ਕਿ–

ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥ ੯੦॥

ਇਕ ਵੇਰ ਮੈਂ ਸੜ ਕੇ ਕੋਇਲੇ ਤਾਂ ਹੋ ਗਈ ਹਾਂ ਪਰੰਤੂ ਹੁਣ ਮੈਂ ਲੁਹਾਰ ਦੇ ਵਸ ਵਿਚ ਮਤਿ ਪਰਉ= ਨਾ ਪਵਾਂ ਜੋ ਫੇਰ ਦੂਜੀ ਵਾਰ ਮੈਨੂੰ ਜਾਰੈ= ਸਾੜਨਾ ਕਰੇ॥੯੦॥

ਕਬੀਰ ਜੀ ਆਖਦੇ ਹਨ¬ ਇਸੇ ਤਰ੍ਹਾਂ ਸੰਸਾਰ ਰੂਪ ਜੰਗਲ ਦੀ ਕਾਮ ਆਦਿਕ ਵਾ ਤ੍ਰਿਸ਼ਨਾ ਰੂਪ ਅੱਗ ਦੀ ਸੜੀ ਹੋਈ ਜੀਵ ਰੂਪ ਲੱਕੜੀ ਖੜੀ ਹੋਈ ਪੁਕਾਰਾਂ ਕਰਦੀ ਹੈ। ਮਤਾਂ ਮੈਂ ਜਮ ਰੂਪ ਲੁਹਾਰ ਦੇ ਵਸ ਵਿਚ ਪੈ ਜਾਵਾਂ, ਜੋ ਫਿਰ ਦੂਜੀ ਵਾਰ ਨਰਕ ਰੂਪ ਅਗਨੀ ਵਿਚ, ਵਾ– ਮਾਤਾ ਦੇ ਪੇਟ ਵਿਚ ਸਾੜਨਾ ਕਰੇ॥ ੯੦॥

ਹੁਣ ਕਾਲ ਦੀ ਗਤੀ ਅਗਾਧ ਕਥਨ ਕਰਦੇ ਹਨ–

ਜਿਸ ਤਰ੍ਹਾਂ ਕਲਗੀਧਰ ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਸਾਹਿਬ ਤੇ ਉਨੇ ਸਾਹਿਬ ਦੇ ਵਿਚਕਾਰ ਸਤਿਲੁਜ ਦਰਿਆ ਦੇ ਕਿਨਾਰੇ, ਜੋ ਗੁਰਦੁਆਰਾ ਬਿਭੌਰ ਸਾਹਿਬ ਹੈ ਉਥੇ ਬੈਠ ਕੇ ਕਾਲ ਦਾ ਕੌਤਕ ਵੇਖ ਕੇ ਇਹ ਪੰਗਤੀ ਉਚਾਰੀ –

ਜਲ ਕਹਾਂ ਥਲ ਕਹਾਂ ਗਗਨ ਕੇ ਗਉਨ ਕਹਾਂ
ਕਾਲ ਕੇ ਬਨਾਇ ਸਬੈ ਕਾਲ ਹੀ ਚਬਾਇ ਹੈਂ॥੧੮॥੮੮॥*

(ਅਕਾਲ ਉਸਤਤ)

ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥

(ਪਹਿਲਾ ਅਰਥ) ਕਬੀਰ ਜੀ ਆਖਦੇ ਹਨ– ਇਕ ਹਰਨੀ ਦੇ ਮਰਨੇ ਤੇ ਦੁਇ ਮੂਏ= ਦੂਸਰਾ ਨਾਲ ਬੱਚਾ ਵੀ ਮਰ ਗਿਆ। ਇਹਨਾਂ ਦੋਹਾਂ ਦੇ ਮਰਨ ਤੇ ਦੋ ਹੋਰ ਮਰ ਗਏ ਸੱਪ ਅਤੇ ਸ਼ਿਕਾਰੀ ਸਾਰੇ ਚਾਰ ਹੋ ਗਏ।

ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥ ੯੧॥

ਇਹਨਾਂ ਚਹੁੰਆਂ ਦੇ ਮਰਨ ਤੇ ਦੋ ਹੋਰ ਮਰ ਗਏ; ਸ਼ਿਕਾਰੀ ਦੇ ਘਰ ਵਾਲੀ ਤੇ ਘਰ ਵਾਲੀ ਦੇ ਨਾਲ ਹੀ ਉਹਦਾ ਬੱਚਾ ਮਰ ਗਿਆ ਕਿਉਂਕਿ ਇਹ ਵੀ ਗਰਭਵਤੀ ਸੀ, ਸਾਰੇ ਛੇ ਮਰ ਗਏ। ਇਹਨਾਂ ਛੇਆਂ ਵਿਚੋਂ ਚਾਰ ਤਾਂ ਪੁਰਸ਼ ਹਨ ਤੇ ਦੋ ਔਰਤਾਂ।

**ਉਨੇ ਸਾਹਿਬ ਦਾ ਇਹ ਬਿਭੌਰ ਪਿੰਡ ਹੈ ਕਲਗੀਧਰ ਜੀ ਇਥੇ ਕਾਫੀ ਸਮਾਂ ਠਹਿਰੇ ਹਨ, ਕਈ ਆਖਦੇ ਹਨ– ਮਹਾਰਾਜ ਜੀ ਨੇ ਚੌਪਈ ਏਥੇ ਹੀ ਉਚਾਰੀ ਹੈ। ਗੁਰਦੁਆਰੇ ਦੇ ਨਾਉਂ ੧੭ ਘੁਮਾਓਂ ਜ਼ਮੀਨ ਹੈ।*

(੧) ਹਰਨੀ ਦਾ ਬੱਚਾ। (੨) ਸ਼ਿਕਾਰੀ।

(੩) ਸੱਪ। (੪) ਸ਼ਿਕਾਰਨ ਦੇ ਪੇਟ ਦਾ ਬੱਚਾ।

ਇਹ ਚਾਰੇ ਪੁਰਸ਼ ਹਨ, ਸ਼ਿਕਾਰੀ ਦੀ ਘਰ ਵਾਲੀ ਤੇ ਹਰਨੀ ਇਹ ਦੋ ਔਰਤਾਂ ਹਨ।

ਇਸ ਦੀ ਸਾਖੀ ਇਸ ਤਰ੍ਹਾਂ ਹੈ ਕਿ ਜਿਸ ਵੇਲੇ ਸ਼ਿਕਾਰੀ ਆਪਣੇ ਘਰ ਵਿਚੋਂ ਨਿਕਲ ਕੇ ਬਾਹਰ ਸ਼ਿਕਾਰ ਖੇਡਣ ਗਿਆ ਤਾਂ ਅੱਗੋਂ ਹੀ ਇਕੱ ਗਰਭ ਵਾਲੀ ਹਰਨੀ ਮਿਲ ਗਈ। ਤਿਸ ਵੇਲੇ ਸ਼ਿਕਾਰੀ ਨੇ ਖਿਚ ਕੇ ਨਿਸ਼ਾਨਾ ਚਲਾਇਆ, ਉਸੀ ਵੇਲੇ ਹਰਨੀ ਮਰ ਗਈ ਤੇ ਨਾਲ ਹੀ ਉਸ ਦਾ ਬੱਚਾ ਮਰ ਗਿਆ। ਇਤਨੇ ਨੂੰ ਜਿਥੇ ਸ਼ਿਕਾਰੀ ਖਲੋਤਾ ਸੀ, ਉਸ ਜਗ੍ਹਾ ਸੱਪ ਦੀ ਖੁੱਡ ਸੀ, ਸੱਪ ਨੇ ਖੁੱਡ ਵਿਚੋਂ ਨਿਕਲ ਕੇ ਸ਼ਿਕਾਰੀ ਨੂੰ ਐਸਾ ਡੰਗ ਮਾਰਿਆ ਜੋ ਸ਼ਿਕਾਰੀ ਤਾਂ ਹਿੱਲਣ ਜੋਗਾ ਹੀ ਨਾ ਰਿਹਾ। ਸੱਪ ਦੀ ਵਿਹੁ ਨਾਲ ਸ਼ਿਕਾਰੀ ਮਰ ਗਿਆ ਤੇ ਸ਼ਿਕਾਰੀ ਦੀ ਵਿਹੁ ਨਾਲ ਸੱਪ ਮਰ ਗਿਆ।

ਜਦ ਕੁਝ ਚਿਰ ਤੋਂ ਮਗਰੋਂ ਸ਼ਿਕਾਰੀ ਦੀ ਔਰਤ ਰੋਟੀ ਲੈ ਕੇ ਆਈ ਤਾਂ ਉਸ ਨੇ ਆਪਣਾ ਪਤੀ ਮਰਿਆ ਵੇਖ ਕੇ ਟੱਕਰਾਂ ਮਾਰ-ਮਾਰ ਕੇ ਉਹ ਵੀ ਮਰ ਗਈ। ਇਹ ਵੀ ਗਰਭਵਤੀ ਸੀ ਭਾਵ ਇਸ ਦੇ ਪੇਟ ਵਿਚ ਲੜਕਾ ਸੀ, ਔਰਤ ਦੇ ਮਰਨ ਨਾਲ ਉਹ ਬੱਚਾ ਵੀ ਨਾਲ ਹੀ ਮਰ ਗਿਆ। ਗੁਰੂ ਕਲਗੀਧਰ ਜੀ ਫੁਰਮਾਉਂਦੇ ਹਨ ਕਿ ਇਸ ਕਾਲ ਨੇ ਤਾਂ ਵੱਡਿਆਂ ਵੱਡਿਆਂ ਨੂੰ ਨਹੀਂ ਛੱਡਿਆ :

ਕਟੀ ਮੇਟ ਡਾਰੇ ਉਸਾਰੇ ਬਨਾਏ॥ ਉਪਾਰੇ ਗੜੇ ਫੇਰ ਮੇਟੇ ਉਪਾਏ॥
ਕ੍ਰਿਆ ਕਾਲ ਜੂ ਕੀ ਕਿਨੂ ਨ ਪਛਾਨੀ॥ ਘਨਿਯੋ ਪੈ ਬਿਹੈ ਹੈ, ਘਨਿਯੋ ਪੈ ਬਿਹਾਨੀ॥ ੨੬॥
ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ॥
ਮਹਾਂਦੀਨ ਕੇਤੇ ਪ੍ਰਿਥੀ ਮਾਝ ਹੂਏ॥ ਸਮੈ ਆਪਨੀ ਆਪਨੀ ਅੰਤਿ ਮੂਏ॥ ੨੭॥
ਜਿਤੇ ਅਉਲੀਆ ਅੰਬੀਆ ਹੋਇ ਬੀਤੇ॥ ਤਿਤਿਯੋ ਕਾਲ ਜੀਤਾ ਨ ਤੇ ਕਾਲ ਜੀਤੇ॥
ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ॥ ਤਿਤਿਯੋ ਕਾਲ ਖਾਪਿਓ ਨ ਤੇ ਕਾਲ ਘਾਏ॥ ੨੮॥
ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ॥ ਤਿਤਿਯੋ ਕਾਲ ਖਾਪਾ ਨ ਤੇ ਕਾਲ ਘਾਏ॥
ਜਿਤੇ ਅਉਲੀਆ ਅੰਬੀਆ ਗਉਸ ਹੁਵੈ ਹੈਂ॥ ਸਭੈ ਕਾਲ ਕੇ ਅੰਤ ਦਾੜਾ ਤਲੈ ਹੈਂ॥ ੨੯॥
ਜਿਤੇ ਮਾਨਧਾਤਾਦਿ ਰਾਜਾ ਸੁਹਾਏ॥ ਸਭੈ ਬਾਂਧ ਕੈ ਕਾਲ ਜੇਲੈ ਚਲਾਏ॥ ੩੦॥*

(ਦਸਮ ਗ੍ਰੰਥ ਬਚਿੱਤ੍ਰ ਨਾਟਕ)

ਦੂਜਾ ਅਰਥ- ***ਕਬੀਰ ਏਕ ਮਰੰਤੇ ਦੁਇ ਮੂਏ***

ਇਕ ਇਸ ਲੋਕ ਦੇ ਪਦਾਰਥਾਂ ਦਾ ਸੰਕਲਪ ਮਰਨ ਨਾਲ ਦੂਜੇ ਪਤਾਲ ਲੋਕ ਦੇ ਪਦਾਰਥਾਂ ਦਾ ਸੰਕਲਪ ਮਰ ਗਿਆ।

ਦੋਇ ਮਰੰਤਹ ਚਾਰਿ॥

ਇਨ੍ਹਾਂ ਦੋਹਾਂ ਦੇ ਮਰਨ ਨਾਲ ਦੋ ਹੋਰ ਮਰ ਗਏ, ਸਵਰਗ ਲੋਕ ਦੇ ਪਦਾਰਥਾਂ ਦਾ ਸੰਕਲਪ ਤੇ ਬ੍ਰਹਮ

ਯਥਾ-ਕਬਿੱਤ॥

**ਮਨੂ ਮਾਨਧਾਤਾ ਤੇ ਦਿਲੀਪ ਪ੍ਰਿਥੂ ਰਘੂ ਅੱਜ, ਦਸ੍ਰਥ ਸੁਤ ਰਾਮ ਰਾਵਨ ਦੇਹ ਦਲੀ ਹੈ।*
ਮਾਰਕੰਡੇ ਲੋਮਸ ਅਗਸਤ ਦੁਰਬਾਸ਼ਾ ਰਿਖ, ਕੌਸ਼ਕ ਵਸ਼ਿਸ਼ਟ ਬਜਾਸ ਕਥਾ ਜਾ ਕੀ ਚਲੀ ਹੈ।
ਜੀਵਨ ਮ੍ਰਿਗੰਦੇ ਜੋਗੀ ਜਨਕ ਜਗ ਜਾਨਤ ਹੈ, ਗੋਰਖ ਕੇ ਮੁੰਡੇ ਮਰ ਦੇਹ ਖਾਕ ਮੈ ਰਲੀ ਹੈ।
ਕਾਲ ਮਹਾਂਬਲੀ ਹਲਚਲੀ ਮੇਲੀ ਗਲੀ ਗਲੀ, ਹਾਰੇ ਛਲੀ ਬਲੀ ਦਾਲ ਕਾਹੂ ਕੀ ਨ ਗਲੀ ਹੈ।

ਲੋਕ ਦੇ ਪਦਾਰਥਾਂ ਦਾ ਸੰਕਲਪ ਸਾਰੇ ਚਾਰ ਹੋ ਗਏ।

ਚਾਰਿ ਮਰੰਤਹ ਛਹ ਮੂਏ

ਇਹਨਾਂ ਚਹੁੰਆਂ ਦੇ ਮਰਨ ਨਾਲ ਦੋ ਹੋਰ ਮਰ ਗਏ, ਉਸਤਤੀ ਨਿੰਦਿਆਂ ਸਾਰੇ ਛੇ ਮਰ ਗਏ ਜਿਨ੍ਹਾਂ ਵਿਚੋਂ

ਚਾਰਿ ਪੁਰਖ ਦੁਇ ਨਾਰਿ॥ ੯੧॥

ਚਾਰੇ ਲੋਕਾਂ ਦੇ ਸੰਕਲਪ ਰੂਪ ਚਾਰ ਪੁਰਸ਼ ਹਨ ਤੇ ਉਸਤਤੀ ਨਿੰਦਿਆ ਰੂਪ ਦੋ ਨਾਰੀਆ ਹਨ।

ਤੀਜਾ ਅਰਥ- ***ਕਬੀਰ ਏਕ ਮਰੰਤੇ ਦੁਇ ਮੂਏ***

ਕਬੀਰ ਜੀ ਕਥਨ ਕਰਦੇ ਹਨ- ਇਕ ਰਾਗ ਦੇ ਮਰਨ ਨਾਲ ਦੂਜਾ ਦ੍ਵੈਸ਼ ਮਰ ਗਿਆ।

ਦੋਇ ਮਰੰਤਹ ਚਾਰਿ॥

ਇਹਨਾਂ ਦੋਹਾਂ ਦੇ ਮਰਨ ਨਾਲ ਦੋ ਹੋਰ ਮਰ ਗਏ ਆਸਾ ਤ੍ਰਿਸ਼ਨਾ ਸਾਰੇ ਛੇ ਮਰ ਗਏ। ਜਿਹਨਾਂ ਵਿਚੋਂ

ਚਾਰਿ ਪੁਰਖ ਦੁਇ ਨਾਰਿ॥ ੯੧॥

ਰਾਗ, ਦ੍ਵੈਸ਼, ਸੁਖ, ਦੁੱਖ ਇਹ ਚਾਰ ਪੁਰਸ਼ ਹਨ, ਆਸਾ ਤੇ ਤ੍ਰਿਸ਼ਨਾ ਇਹ ਦੋ ਨਾਰੀਆਂ ਹਨ॥੯੧॥

ਇਥੋਂ ਤਕ ਪਹਿਲੇ ਦ੍ਰਿਸ਼ਟਾਂਤ ਅਨੁਸਾਰ ਦੋਵੇਂ ਅਰਥ ਦਾ ਦ੍ਰਿਸ਼ਟਾਂਤ ਦੇ ਰੂਪ ਵਿਚ ਕਥਨ ਕੀਤੇ ਹਨ। ਹੁਣ ਚੌਥਾ ਅਰਥ ਵਿਲੱਖਣ ਹੈ-

ਕਬੀਰ ਏਕ ਮਰੰਤੇ ਦੁਇ ਮੂਏ

ਇਕ ਅਗਜਾਨ ਵਿਸ਼ਿਸ਼ਟ ਹੰਕਾਰ ਦੇ ਮਰਨ ਤੇ ਦੋ ਰਾਗ ਦ੍ਵੈਸ਼ ਮਰ ਗਏ।

ਦੋਇ ਮਰੰਤਹ ਚਾਰਿ॥

ਇਹਨਾਂ ਦੋਹਾਂ ਦੇ ਮਰਨ ਨਾਲ ਚਾਰ ਹੋਰ ਮਰ ਗਏ ਕਾਮ ਕ੍ਰੋਧ ਲੋਭ ਮੋਹ।

ਚਾਰਿ ਮਰੰਤਹ ਛਹ ਮੂਏ

ਇਹਨਾਂ ਚਹੁੰਆਂ ਦੇ ਮਰਨ ਨਾਲ ਛੇ ਹੋਰ ਮਰ ਗਏ ਪੰਜ ਗਿਆਨ ਇੰਦ੍ਰੀਏ, ਇਕ ਮਨ।

ਚਾਰਿ ਪੁਰਖ ਦੁਇ ਨਾਰਿ॥

ਚਾਰ ਪੁਰਖ ਹੋਰ ਮਰ ਗਏ-ਹਰਖ, ਸੋਕ, ਜੰਮਣਾ, ਮਰਨਾ ਤੇ ਦੋ ਨਾਰੀਆਂ ਮਰ ਗਈਆਂ-ਭੁੱਖ ਪਿਆਸ॥੯੧॥

ਪੰਜਵਾਂ ਅਰਥ- ***ਕਬੀਰ ਏਕ ਮਰੰਤੇ***

ਕਬੀਰ ਜੀ ਕਥਨ ਕਰਦੇ ਹਨ- ਬ੍ਰਹਮ ਗਿਆਨ ਦੇ ਪ੍ਰਾਪਤ ਹੋਣ ਨਾਲ ਇਕ ਅਵਿਦਿਆ ਮਰ ਗਈ।

ਦੁਇ ਮੂਏ

ਫੇਰ-ਦੋ ਹੋਰ ਮਰ ਗਈਆਂ ਸੰਸੇ ਭ੍ਰਾਂਤੀ ਤੇ ਵਿਪਰਜੇ ਭ੍ਰਾਂਤੀ।

ਦੋਇ ਮਰੰਤਹ ਚਾਰਿ॥

ਇਹਨਾਂ ਦੋ ਭ੍ਰਾਂਤੀਆਂ ਦੇ ਮਰਨ ਨਾਲ ਚਾਰ ਹੋਰ ਮਰ ਗਏ, ਭਲੇ ਬੁਰੇ ਦਾ ਅਧਿਆਸ ਤੇ ਭਲੇ ਬੁਰੇ ਅਧਿਆਸ ਦਾ ਕਾਰਜ ਰਾਗ ਦ੍ਵੈਸ਼।

ਚਾਰਿ ਮਰੰਤਹ ਛਹ ਮੂਏ

ਇਹਨਾਂ ਚਹੁੰ ਦੇ ਮਰਨ ਨਾਲ ਛੇ ਹੋਰ ਮਰ ਗਏ ਰਾਜਸੀ, ਸਾਂਤਕੀ ਤੇ ਤਾਮਸੀ ਕਰਮ ਅਤੇ ਇਹਨਾਂ ਤਿੰਨ

ਪ੍ਰਕਾਰ ਦੇ ਕਰਮਾਂ ਦੇ ਕਰਨ ਵਾਲੇ ਤਿੰਨ ਹੀ ਪ੍ਰਕਾਰ ਦੇ ਪੁਰਸ਼ ਦੇਵਤਾ, ਦੈਂਤ, ਮਨੁੱਖ ਵਾ ਉੱਤਮ ਮਧਿਮ, ਕਨਿਸ਼ਟ ਇਹ ਛੇ ਮਰ ਗਏ।

ਚਾਰਿ ਪੁਰਖ ਦੁਇ ਨਾਰਿ॥ ੯੧॥

ਇਹਨਾਂ ਵਿਚੋਂ ਚਾਰ ਪੁਰਸ਼ ਹਨ-

੧. ਭਲਾ ਬੁਰਾ ਅਧਿਆਸ।

੨. ਭਲੇ ਬੁਰੇ ਅਧਿਆਸ ਦਾ ਕਾਰਜ ਰਾਗ ਦ੍ਵੈਸ਼।

੩. ਤਿੰਨ ਪ੍ਰਕਾਰ ਦੇ ਕਰਮ। (ਪਰ ਗਿਣਤੀ ਕੇਵਲ ਕਰਮ ਦੀ ਹੈ)

੪. ਤਿੰਨ ਪ੍ਰਕਾਰ ਦੇ ਪੁਰਸ਼। (ਪਰ ਗਿਣਤੀ ਇਕ ਪੁਰਸ਼ ਮਾਤ੍ਰ ਦੀ ਹੈ) ਦੋ ਨਾਰੀਆਂ ਅਵਿਦਿਆ ਤੇ ਭ੍ਰਾਂਤੀ॥੯੧॥

ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ॥

ਕਬੀਰ ਜੀ ਆਖਦੇ ਹਨ- ਸਾਰੇ ਵੇਖ-ਵੇਖ ਕੇ ਸੰਸਾਰ ਵਿਚ ਢੂੰਢਿਆਂ= ਖੋਜਿਆ ਹੈ। *ਅਥਵਾ-*ਸ਼ਾਸਤ੍ਰ ਦੁਆਰਾ ਵੀ ਵੇਖਿਆ ਹੈ ਤੇ ਆਪਣੇ ਅਨੁਭਵ ਦੁਆਰਾ ਵੀ ਵੇਖਿਆ ਹੈ ਪਰ ਕਹੂੰ= ਕਿਸੀ ਅਸਥਾਨ ਤੇ ਵੀ ਭਾਵ ਸੁਰਗ ਆਦਿਕਾਂ ਤੇ ਵੀ ਕਿਸੇ ਨੇ ਰਹਿਣਾ ਨਹੀਂ ਪਾਇਆ।

ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ॥ ੯੨॥

ਜਿਨ੍ਹਾਂ ਪੁਰਸ਼ਾਂ ਨੇ ਵਾਹਿਗੁਰੂ ਦੇ ਨਾਮ ਨੂੰ ਯਾਦ ਨਹੀਂ ਕੀਤਾ ਉਹਨਾਂ ਤੋਂ ਇਲਾਵਾ ਅਉਰ= ਹੋਰ ਕੋਈ ਕਹਾ= ਕੈਸੇ ਭੁੱਲੇ ਹੋਏ ਨਿਸਚੇ ਕਰੀਏ ਭਾਵ ਅਸਲੀਅਤ ਵਿਚ ਓਹੀ ਪੁਰਸ਼ ਭੁੱਲੇ ਹੋਏ ਹਨ ਜੋ ਵਾਹਿਗੁਰੂ ਨੂੰ ਯਾਦ ਨਹੀਂ ਕਰਦੇ *ਅਥਵਾ-* ਉਹ ਹੋਰਨਾਂ ਕਰਮਾਂ ਵਿਚ ਕਿਸ ਲਈ ਭੁੱਲੇ ਹੋਏ ਹਨ? ॥੯੨॥

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥

ਕਬੀਰ ਜੀ ਆਖਦੇ ਹਨ- ਹੇ ਭਾਈ! ਵਾਹਿਗੁਰੂ ਦੇ ਪਿਆਰਿਆਂ ਸੰਤਾਂ ਦੀ ਸੰਗਤ ਹਮੇਸ਼ਾਂ ਕਰੀਏ ਜੋ ਅੰਤ ਤਕ ਨਾਲ ਨਿਰਬਾਹੁ= ਇੰਤਜਾਮ ਕਰਦੇ ਹਨ। ਵਾ : ਪਾਲਣਾ ਕਰਦੇ ਹਨ।

ਯਥਾ- ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ *(ਸੂਹੀ ਮ: ੧, ਪੰਨਾ ੭੨੯)*

ਤਥਾ- ਨਹੀਂ ਦਦਸਾਰ ਪਿਤਾ ਪਿਤਾਮਾ ਪਰਪਿਤਾਮਾ, ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।
ਨਹੀਂ ਨਨਸਾਰ ਮਾਤਾ-ਪਰਮਾਤਾ ਬ੍ਰਿਧਮਾਤਾ, ਮਾਮੂ ਮਾਮੀ ਮਾਸੀ ਮੌਸਾ ਬਿਬਧਿ ਬਿਖਯਾਤਾ ਹੈ।
ਨਹੀ ਸਸੁਰਾਰ ਸ੍ਵਾਸ ਸਸੁਰ ਸਾਰੋ ਔ ਸਾਰੀ, ਨਹੀਂ ਵਿਰਤੀਸਰ ਔ ਜਾਚਕ ਨ ਦਾਤਾ ਹੈ।
ਅਸਨ ਬਸਨ ਧਨ ਧਾਮ ਕਾਹੂੰ ਮੈਂ ਨ ਦੇਖਿਜੋ, ਜੈਸੋ ਗੁਰਸਿੱਖ ਸਾਧ ਸੰਗਤ ਕੋ ਨਾਤਾ ਹੈ।

(ਭਾਈ ਗੁਰਦਾਸ ਜੀ, ਕਬਿੱਤ ੧੦੦)

ਤਥਾ- ਸਾਹੁਰੁ ਪੀਹਰੁ ਪਖ ਤ੍ਰੈ, ਘਰੁ ਨਾਨੇਹਾਲਾ। ਸਹੁਰਾ ਸੱਸ ਵਖਾਣੀਐ, ਸਾਲੀ ਤੈਂ ਸਾਲਾ।
ਮਾਂ ਪਿਉ ਭੈਣਾ ਭਾਇਰਾ, ਪਰਵਾਰੁ ਦੁਰਾਲਾ। ਨਾਨੀ ਨਾਨੀ ਮਾਸੀਆ, ਮਾਮੇ ਜੰਞਾਲਾ।
ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ। ਪੀਰ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ।

(ਭਾਈ ਗੁਰਦਾਸ ਜੀ ਵਾਰ ੨੭, ਪਉੜੀ ੭)

ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ ੯੩ ॥

ਜਿਤਨਾ ਵਸ ਚਲੇ ਉਤਨਾ ਹੀ ਦੁਸ਼ਟਾਂ ਦਾ ਸੰਗ ਨਾ ਕਰੀਏ ਜਾ ਤੇ= ਜਿਨ੍ਹਾਂ ਦੁਸ਼ਟਾਂ ਦੇ ਸੰਗ ਕਰ ਕੇ ਸਰੀਰ ਦਾ, ਵਾ:- ਲੋਕ ਪ੍ਰਲੋਕ ਦੇ ਸੁਖ ਦਾ ਬਿਨਾਹੁ= ਨਾਸ ਹੁੰਦਾ ਹੈ॥ ੯੩ ॥

*ਯਥਾ-*ਨਾਨਕ ਕਚੜਿਆ ਸਿਉ ਤੋੜ ਢੁੰਢ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥

ਸਾਕਤ ਭਾਵੇਂ ਮਿੱਤਰ ਦੀ ਬਣ ਜਾਵੇ ਤਾਂ ਭੀ ਭਰੋਸਾ ਨਾ ਕਰੇ:

ਸ਼ਤ੍ਰੂ ਹੋਇ ਕੈ ਜੋ ਕਰੈ ਮਿਤ੍ਰਾਈ ਕੀ ਬਾਤ॥
ਤਿਹ ਵਿਸ਼ਵਾਸ ਨ ਕੀਜੀਐ ਅੰਤ ਕਰੈ ਵਹੁ ਘਾਤ॥ ੯੩ ॥

ਉਥਾਨਕਾ- ਨਾਮਹੀਨ ਪੁਰਸ਼ਾਂ ਦੀ ਨਿਸਫਲਤਾ ਦਿਖਾਉਂਦੇ ਹਨ-

ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ॥

ਕਬੀਰ ਜੀ ਆਖਦੇ ਹਨ- ਉਸ ਵਾਹਿਗੁਰੂ ਨੂੰ ਸਭ ਦਾ ਕਰਤਾ ਜਾਣ ਕੇ ਅਸੀਂ ਜਗਤ ਵਿਚ ਚੇਤਨਾ ਕੀਤਾ ਹੈ, ਜੋ ਸਾਰੇ ਸੰਸਾਰ ਵਿਚ ਸਮਾਇ= ਮਿਲ ਰਿਹਾ ਹੈ।

ਵਾ:- ਜਿਸ ਨੇ ਜਗਤ ਵਿਚ ਪੂਰਨ ਜਾਣ ਕੇ ਪਰਮੇਸ਼ਰ ਨੂੰ ਚੇਤਿਆ ਹੈ, ਉਸ ਦਾ ਜਸ ਸਾਰੇ ਜਗਤ ਵਿਚ ਸਮਾ ਰਿਹਾ ਹੈ।

ਵਾ :- ਜਿਨ੍ਹਾਂ ਨੇ ਹਿਰਦੇ ਵਿਚ ਜਗਤ ਨੂੰ ਸਚਾ ਜਾਣ ਕੇ ਚੇਤਿਆ ਹੈ, ਭਾਵ ਸਿਮਰਨ ਕੀਤਾ ਹੈ, ਉਹ ਜਗਤ ਦੀਆਂ ਜੂਨਾਂ ਵਿਚ ਹੀ ਸਮਾ ਰਹਿੰਦਾ ਹੈ।

ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ॥ ੯੪ ॥

ਜਿਨ੍ਹਾਂ ਨੇ ਉਸ ਵਾਹਿਗੁਰੂ ਦੇ ਨਾਮ ਨੂੰ ਚੇਤਨਾ ਨਹੀਂ ਕੀਤਾ, ਉਹਨਾਂ ਦਾ ਜੰਮ ਕੇ ਸੰਸਾਰ ਵਿਚ ਆਉਣਾ ਬਾਦਹਿ= ਨਿਸਫਲ ਹੈ॥੯੪ ॥

ਯਥਾ- ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥

(ਆਸਾ ਮਹਲਾ ੪, ਪੰਨਾ ੪੫੦)

ਤਥਾ- ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ॥
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ॥

(ਮਾਰੂ ਮਹਲਾ ੧, ਪੰਨਾ ੧੦੧੦)

ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥

ਕਬੀਰ ਜੀ ਆਖਦੇ ਹਨ- ਹੇ ਜੀਵ! ਇਕ ਰਾਮ ਦੀ ਆਸਾ ਕਰੀਏ ਆਸਾਂ ਤੋਂ ਨਿਰਾਸ ਹੋ ਕੇ। ਵਾ :- ਸਭ ਕੰਮਾਂ ਦੇ ਅਰੰਭ ਵਿਖੇ ਇਕ ਰਾਮ ਦੀ ਆਸਾ ਕਰੀਏ ਤੇ ਹੋਰ ਕਰਮਾਂ ਦੀ ਆਸ ਤੋਂ ਨਿਰਾਸ ਹੋ ਰਹੀਏ।

ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ॥ ੯੫ ॥

ਤੇ= ਓਹ, ਮਾਨਈ= ਪੁਰਸ਼ ਨਰਕਾਂ ਵਿਚ ਪਰਹਿ= ਪੈਣਾ ਕਰਦੇ ਹਨ।

ਵਾ- ਤੇ= ਉਹ ਪੁਰਸ਼ ਨਰਕਾਂ ਵਿਚ ਪਏ ਹੋਇ *ਮਾਨਈ= ਮੰਨਣਾ ਕਰੋ, ਜਿਹੜੇ ਹਰੀ ਨਾਮ ਜਪਣ ਵਲੋਂ ਉਦਾਸੀਨ ਹਨ।

ਅਥਵਾ- ਜਿਹੜੇ ਪੁਰਸ਼ ਸੰਸਾਰ ਵਲੋਂ ਉਦਾਸੀਨ ਹੋ ਕੇ ਹਰੀ ਨਾਮ ਦਾ ਚਿੰਤਨ ਕਰਦੇ ਹਨ ਤੇ ਮਾਨਈ= ਉਹ ਪੁਰਸ਼ ਨਰਕਾਂ ਤੋਂ ਪਰੇ ਰਹਿੰਦੇ ਹਨ॥ ੯੫॥

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥

ਕਬੀਰ ਜੀ ਆਖਦੇ ਹਨ- ਹੇ ਪੁਰਸ਼ਾ! ਤੂੰ ਆਪਣੇ ਸਿਖ ਸਾਖਾ= ਚੇਲੇ ਤੇ ਪੋਤਰੇ ਚੇਲੇ ਬਹੁਤ ਬਨਾਉਣਾ ਕੀਤੇ ਹਨ ਪਰੰਤੂ ਕੇਸੋ= ਵਾਹਿਗੁਰੂ ਨੂੰ ਤੂੰ ਮਿੱਤਰ ਨਹੀਂ ਕੀਤਾ ਬਣਾਇਆ।

ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥ ੯੬॥

ਤੁਸੀਂ ਲੋਕ ਚਲੇ ਤਾਂ ਹਰੀ ਨੂੰ ਮਿਲਣ ਵਾਸਤੇ ਸੀ ਭਾਵ ਗ੍ਰਿਹਸਤ ਨੂੰ ਛੱਡ ਕੇ ਸਾਧੂਆਂ ਵਾਲੇ ਭੇਖ ਨੂੰ ਧਾਰ ਕੇ ਹਰੀ ਪ੍ਰਮਾਤਮਾ ਨਾਲ ਮਿਲਣ ਵਾਸਤੇ ਚਲੇ ਸੀ ਪਰ ਚੇਲਿਆਂ ਦੇ ਵਿਚ ਹੀ ਤੁਹਾਡਾ ਚਿਤ ਅਟਕਿਓ= ਰੁਕ ਗਿਆ ਹੈ॥੯੬॥

ਉਥਾਨਕਾ- ਹੁਣ ਇਹ ਗੱਲ ਆਖਦੇ ਹਨ ਕਿ ਵਾਹਿਗੁਰੂ ਦੀ ਸਹਾਇਤਾ ਤੋਂ ਬਿਨਾਂ ਆਪਣੇ ਜਤਨਾਂ ਨਾਲ ਕੋਈ ਕੰਮ ਸਿਰੇ ਨਹੀਂ ਚੜ੍ਹਦਾ-

ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥

ਕਬੀਰ ਜੀ ਆਖਦੇ ਹਨ- ਕਰਮਾਂ ਦੇ ਕਾਰਨੁ= ਕਰਨ ਵਾਲਾ ਜੋ ਬਪੁਰਾ= ਵਿਚਾਰਾ ਜੀਵ ਹੈ, ਇਹ ਆਪਣੇ ਆਪ ਭਲਾ ਕੀ ਕੁਝ ਕਰ ਸਕਦਾ ਹੈ? ਜੇਕਰ ਰਾਮ ਇਸ ਦੀ ਸਹਾਇਤਾ ਨਾ ਕਰੇ।

ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥ ੯੭॥

ਇਹ ਜੀਵ ਜਿਸ ਜਿਸ ਵਿਵਹਾਰ ਰੂਪੀ ਡਾਲੀ ਉਤੇ ਪੈਰ ਧਰਦਾ ਹੈ, ਰਾਮ ਦੀ ਸਹਾਇਤਾ ਤੋਂ ਬਿਨਾਂ ਓਹੀ ਡਾਲੀ ਪਿਛੇ ਨੂੰ ਮੁੜ-ਮੁੜ ਜਾਂਦੀ ਹੈ, ਭਾਵ ਜਿਸ ਵੀ ਕੰਮ ਨੂੰ ਸ਼ੁਰੂ ਕਰਦਾ ਹੈ, ਉਸੇ ਵਿਚ ਘਾਟਾ ਪੈ ਜਾਂਦਾ ਹੈ।

ਯਥਾ- ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ॥ *(ਪੰਨਾ ੩੦੭)*

ਅਥਵਾ- ਜਗਿਆਸੂ ਜਿਸ ਜਿਸ ਸਾਧਨਾ ਰੂਪੀ ਡਾਲੀ ਉਪਰ ਮਨ ਰੂਪੀ ਪੈਰ ਧਰਦਾ ਹੈ, ਰਾਮ ਦੀ ਕਿਰਪਾ ਬਿਨਾਂ ਓਹੀ ਡਾਲੀ ਮੁੜ ਮੁੜ ਜਾਂਦੀ ਹੈ ਭਾਵ ਸਿਮਰਨ ਤੋਂ ਬਿਨਾਂ ਸਭ ਸਾਧਨ ਨਿਸਫਲ ਚਲੇ ਜਾਂਦੇ ਹਨ॥੯੭॥

ਉਥਾਨਕਾ- ਕੋਈ ਪੁਰਸ਼ ਆਪ ਤਾਂ ਵਿਸ਼ੇ-ਵਿਕਾਰਾਂ ਵਿਚ ਫਸਿਆ ਹੋਇਆ ਸੀ, ਪਰ ਹੋਰਨਾਂ ਨੂੰ ਨਾਮ ਸਿਮਰਨ ਦਾ ਉਪਦੇਸ਼ ਕਰਦਾ ਸੀ, ਉਸ ਦੇ ਪ੍ਰਤੀ ਉਚਾਰਦੇ ਹਨ-

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥

ਕਬੀਰ ਜੀ ਆਖਦੇ ਹਨ- ਜਿਹੜੇ ਪੁਰਸ਼ ਅਵਰਹ= ਹੋਰਨਾਂ ਨੂੰ ਉਪਦੇਸ਼ ਕਰਦੇ ਹਨ ਤੇ ਆਪ ਨਹੀਂ

**ਮਾਨਈ=ਪੁਰਸ਼ ਇਹ ਕਾਂਸ਼ੀ ਦੀ ਬੋਲੀ ਹੈ।*

ਧਾਰਦੇ ਉਹਨਾਂ ਦੇ ਮੂੰਹ ਵਿਚ *ਫਲਗੂ ਦੀ ਮੋਟੀ ਰੇਤ ਪੈਂਦੀ ਹੈ। ਵਾ- ਲਾਹਨਤਾਂ ਰੂਪੀ ਰੇਤ ਪੈਂਦੀ ਹੈ।

ਰਾਸਿ ਬਿਰਾਨੀ ਰਾਖਤੇ

ਉਹ ਉਪਦੇਸ਼ਕ ਬਿਰਾਨੀ= ਦੂਜਿਆਂ ਦੀ ਤਾਂ ਸਵਾਸਾਂ ਰੂਪੀ ਰਾਸਿ= ਪੂੰਜੀ ਰੱਖਦੇ ਹਨ ਭਾਵ ਨਾਮ ਜਪਵਾ ਕੇ ਸਵਾਸ ਸਫਲ ਕਰਾਉਂਦੇ ਹਨ। ਪਰ-

ਖਾਯਾ ਘਰ ਕਾ ਖੇਤੁ ॥ ੯੮ ॥

ਵਿਸ਼ਈ ਹੋਣ ਕਰ ਕੇ ਆਪਣੇ ਘਰ ਦਾ ਸਵਾਸਾਂ ਰੂਪੀ ਖੇਤ ਕਾਮ ਆਦਿਕਾਂ ਰੂਪ ਬੈਲਾਂ ਪਾਸੋਂ ਖਵਾ ਦਿੱਤਾ।

ਅਥਵਾ- ਦੂਜਿਆਂ ਦੀ ਰਾਸਿ= ਮਾਇਆ ਰੱਖ ਲੈਂਦੇ ਹਨ। ਭਾਵ ਦਾਨ ਕਰਵਾ ਕੇ ਸਫਲ ਕਰਦੇ ਹਨ ਪਰ ਸੂਮ ਬਣ ਕੇ ਆਪਣੇ ਘਰ ਦਾ ਖੇਤ ਭਾਵ ਆਪਣਾ ਪ੍ਰਤੱਖ ਵਾ ਸ਼ੁਭ ਗੁਣਾਂ ਰੂਪੀ ਧਨ ਨਿਸਫਲ ਗਵਾ ਲੈਂਦੇ ਹਨ॥ ੯੮ ॥

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥

ਕਬੀਰ ਜੀ ਆਖਦੇ ਹਨ- ਸੰਤਾਂ ਦੀ ਸਤਿਸੰਗਤ ਵਿਚ ਜ਼ਰੂਰ ਰਹਿਣਾ ਕਰੋ, ਉਥੇ ਜੇਕਰ ਕਣਕ ਦੀ ਰੋਟੀ ਨਾ ਮਿਲੇ। ਤਾਂ ਜਉ= ਜਵਾਂ ਦੇ ਭੂਸੀ= ਭੋਂ (ਛਿਲਕੇ) ਦੀ ਰੋਟੀ ਖਾਣਾ ਕਰੋ ਭਾਵ ਸੰਤੋਖ ਧਾਰਨਾ ਕਰੋ ਪਰ ਸਤਿਸੰਗਤ ਨਾ ਛੱਡੋ।

ਯਥਾ- ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥

(ਬਿਲਾਵਲੁ ਮਹਲਾ ੫, ਪੰਨਾ ੮੧੧)

ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ ॥ ੯੯ ॥

ਸਰੀਰ ਨਾਲ ਜੋ ਹੋਨਹਾਰੁ= ਭਾਵੀ ਹੋਣੀ ਹੈ ਉਹ ਤਾਂ ਹੋ ਕੇ ਹੀ ਰਹਿਣੀ ਹੈ, ਚਾਹੇ ਕਿਧਰੇ ਰਹੋ। ਇਸ ਵਾਸਤੇ ਦੁੱਖਾਂ ਤੋਂ ਨਾ ਡਰੋ। ਪ੍ਰਾਰਬਧ ਕਰਮ ਦਾ ਭੋਗ ਜਾਣ ਕੇ ਸਤਿਸੰਗ ਵਿਚ ਹੀ ਰਹੋ। ਪਰ ਦੁਸ਼ਟਾਂ ਦੇ ਨਾਲ ਨਾ ਜਾਣਾ ਕਰੋ ਭਾਵ ਸਾਕਤਾਂ ਦੀ ਸੰਗਤ ਵਿਚ ਨਾ ਜਾਉ ॥੯੯॥

ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥

ਕਬੀਰ ਜੀ ਆਖਦੇ ਹਨ- ਪੂਰਨ ਸੰਤਾਂ ਦੀ ਸੰਗਤ ਵਿਚ ਦਿਨ ਦਿਨ= ਦਿਨ-ਬ-ਦਿਨ ਭਾਵ ਹਰ ਰੋਜ਼ ਆਪਣੇ ਚਿਤ ਦਾ ਦੂਣਾ ਹੇਤੁ= ਪ੍ਰੇਮ ਵਧਾਉਣਾ ਕਰੋ ਤਾਂ ਤੁਹਾਡਾ ਮਨ ਉੱਜਲਾ ਹੋ ਜਾਵੇਗਾ। ਵਾ : ਸੰਤਾਂ ਦੀ ਸੰਗਤ ਕਰਨ ਨਾਲ ਪਹਿਲੇ ਦੂਣਾ ਪ੍ਰੇਮ ਸੰਤਾਂ ਨਾਲ ਹੁੰਦਾ ਹੈ, ਫੇਰ ਗੁਰਬਾਣੀ ਨਾਲ ਦੂਣਾ ਪ੍ਰੇਮ, ਫੇਰ ਸੇਵਾ ਵਿਚ ਦੂਣਾ ਪ੍ਰੇਮ, ਫੇਰ ਪ੍ਰਭੂ ਨਾਲ ਦੂਣਾ ਪ੍ਰੇਮ ਹੁੰਦਾ ਹੈ।

ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥ ੧੦੦ ॥

ਸਾਕਤਾਂ ਦੇ ਆਪਣੇ ਮਨ ਤਾਂ ਕਾਲੀ ਕੰਬਲੀ ਵਤ ਕਾਲੇ ਹਨ। ਜਿਵੇਂ ਕਾਲੀ ਕੰਬਲੀ ਧੋਤਿਆਂ ਹੋਇਆਂ ਕਦੇ ਵੀ ਸੇਤੁ= ਚਿੱਟੀ ਨਹੀਂ ਹੁੰਦੀ, ਐਸੇ ਸਾਕਤਾਂ ਦੇ ਸੰਗ ਕਰ ਕੇ ਕਦੇ ਵੀ ਮਨ ਸਾਫ ਨਹੀਂ ਹੁੰਦਾ ॥੧੦੦ ॥

ਫਲਗੂ ਬਿਹਾਰ ਦੇਸ਼ ਦੀ ਇਕ ਨਦੀ, ਜਿਸ ਦੇ ਕਿਨਾਰੇ **ਗਯਾ ਤੀਰਥ ਹੈ ਇਸ ਦਾ ਨਾਮ **ਲੀਲਾ ਜਾਨ** ਭੀ ਲਿਖਿਆ ਹੈ। ਇਸ ਫਲਗੂ ਨਾਮ ਦਾ ਇਕ ਤੀਰਥ ਪੰਜਾਬ ਅੰਦਰ ਕੁਰੂਛੇਤ੍ਰ ਭੂਮੀ ਵਿਚ ਪਹੋਏ ਪਾਸ ਭੀ ਹੈ, ਇਥੇ ਭੀ ਗਯਾ ਵਾਂਗ ਲੋਕ ਪਿਤਰਾਂ ਨਮਿੱਤ ਪਿੰਡ ਦਾਨ ਕਰਦੇ ਹਨ।*

ਉਥਾਨਕਾ- ਕੋਈ ਸਿਰ ਮੂੰਹ ਦੇ ਵਾਲ ਮੁਨਾ ਕੇ ਪਰਮ ਹੰਸ ਸੰਨਿਆਸੀ ਬਣ ਕੇ ਭਗਤ ਜੀ ਪਾਸ ਆ ਕੇ ਬੜੀ ਖੁਸ਼ੀ ਨਾਲ ਆਖਦਾ ਹੈ ਕਿ ਮੈਂ ਅੱਜ ਸਿਰ ਮੂੰਹ ਮੁਨਾ ਕੇ ਪਰਮ ਹੰਸ ਬਣ ਗਿਆ ਹਾਂ। ਇਹ ਗੱਲ ਸੁਣ ਕੇ ਕਬੀਰ ਜੀ ਕਹਿਣ ਲੱਗੇ-

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥

ਕਬੀਰ ਜੀ ਆਖਦੇ ਹਨ- ਹੇ ਪੁਰਸ਼ਾ! ਤੂੰ ਆਪਣੇ ਮਨ ਦੇ ਸਕਲਪਾਂ ਵਿਕਲਪਾਂ ਰੂਪ ਕੇਸਾਂ ਨੂੰ ਤਾਂ ਵਿਚਾਰ ਰੂਪ ਉਸਤਰੇ ਨਾਲ ਮੁੰਨਿਆ ਹੀ ਨਹੀਂ ਤੇ ਪ੍ਰਤਖ ਕੇਸ, ਕਾਂਇ= ਕਿਸ ਵਾਸਤੇ ਮਨਾਉਣਾ ਕੀਤੇ ਹਨ। *ਅਥਵਾ-* ਮਨ ਤਾਂ ਵਿਸ਼ਿਆਂ ਵਲੋਂ ਮੁੰਨਿਆਂ= ਰੋਕਿਆ ਨਹੀਂ ਤੇ ਪ੍ਰਤੱਖ ਕੇਸ ਕਿਸ ਵਾਸਤੇ ਮੁਨਾਏ ਹਨ?

ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥ ੧੦੧ ॥

ਜੋ ਕੁਝ ਵਿਗਾੜ ਕੀਤਾ ਹੈ ਉਹ ਤਾਂ ਮਨ ਨੇ ਹੀ ਕੀਤਾ ਹੈ, ਇਹ ਜਿਹੜਾ ਮੂੰਡੁ= ਸਿਰ ਮੂੰਡਾ= ਮੁਨਾਉਣਾ ਕੀਤਾ ਹੈ, ਇਹ ਤੂੰ ਅਜਾਂਇ= ਨਿਸਫਲ ਹੀ ਕੰਮ ਕੀਤਾ ਹੈ ॥੧੦੧ ॥

ਯਥਾ- ਸਾਬਤ ਸੂਰਤ ਰਬ ਦੀ ਭੰਨੇ ਬੇਈਮਾਨ ॥

ਨੋਟ-ਪਿਛਲੇ ਸਮੇਂ ਵਿਚ ਜੇ ਕਿਸੇ ਅਪਰਾਧੀ ਮਨੁੱਖ ਨੂੰ ਬਹੁਤ ਭਾਰੀ ਦੰਡ ਦੇਣ ਦਾ ਹੁਕਮ ਹੁੰਦਾ ਸੀ ਤਾਂ ਸਿਰ ਵੱਢਣ ਦੀ ਬਜਾਏ ਸਿਰ ਦੇ ਵਾਲ ਕੱਟ ਦੇਂਦੇ ਸਨ।

ਉਥਾਨਕਾ- ਇਸ ਅਗਲੇ ਸਲੋਕ ਵਿਚ ਇਹ ਉਪਦੇਸ਼ ਦੇਂਦੇ ਹਨ ਕਿ ਜੇ ਕਿਧਰੇ ਸਰਬੰਸ ਜਾਂਦਾ ਹੋਵੇ ਤਾਂ ਬੇਸ਼ੱਕ ਜਾਣ ਦੇਵੇ ਪਰ ਨਾਮ ਸਿਮਰਨ ਨਾ ਛੱਡੇ-

ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤ ਜਾਉ ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜੇ ਕਰਮਾਂ ਅਨੁਸਾਰ ਤਨ ਧਨ ਜਾਂਦਾ ਹੈ ਤਾਂ ਭਾਵੇਂ ਚਲਾ ਜਾਵੇ ਪਰ ਰਾਮ ਨਾਮ ਦਾ ਚਿੰਤਨ ਕਰਨਾ ਨਾ ਛਡੀਏ।

ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ ਸਮਾਉ ॥ ੧੦੨ ॥

ਜਿਸ ਪੁਰਸ਼ ਦਾ ਚਿਤ ਭਗਵਾਨ ਦੇ ਚਰਨ ਕੰਵਲਾਂ ਦੇ ਨਾਲ ਬੇਧਿਆ= ਵਿੰਨ੍ਹਿਆ ਗਿਆ ਹੈ, ਉਹ ਪੁਰਸ਼ ਰਾਮ ਹੈ ਨਾਮ ਜਿਸ ਦਾ ਉਸ ਵਾਹਿਗੁਰੂ ਵਿਚ ਸਮਾਉ= ਅਭੇਦ ਹੁੰਦਾ ਹੈ ॥੧੦੨ ॥

ਉਥਾਨਕਾ- ਪਹਿਲੀ ਅਵਸਥਾ ਵਿਚ ਕਬੀਰ ਜੀ ਸੰਧਿਆ ਵੇਲੇ ਹਮੇਸ਼ਾਂ ਸਾਰੰਗੀ ਵਜਾਉਂਦੇ ਹੁੰਦੇ ਸਨ ਤੇ ਸੰਗਤਾਂ ਆ ਕੇ ਪ੍ਰਭੂ ਦਾ ਜਸ ਸੁਣਦੀਆਂ ਸਨ। ਇਕ ਦਿਨ ਭਗਤ ਜੀ ਸਾਰੰਗੀ ਵਜਾਉਣੀ ਛੱਡ ਕੇ ਚੁੱਪ-ਚਾਪ ਲੰਮੇ ਪੈ ਰਹੇ। ਜਿਸ ਵੇਲੇ ਲੋਕ ਆਪਣੇ ਨੇਮ ਅਨੁਸਾਰ ਆਏ ਤਾਂ ਉਹਨਾਂ ਨੇ ਚੁੱਪ-ਚਾਪ ਪਿਆਂ ਨੂੰ ਵੇਖ ਕੇ ਕਬੀਰ ਜੀ ਪਾਸੋਂ ਪੁਛਿਆ:- ਮਹਾਰਾਜ! ਅੱਜ ਕੀ ਸਬੱਬ ਹੈ ਸਾਰੰਗੀ ਨਹੀਂ ਵਜਾਈ? *ਉੱਤਰ-*

ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ ॥

ਕਬੀਰ ਜੀ ਆਖਦੇ ਹਨ- ਹੇ ਪਿਆਰਿਓ! ਜਿਹੜਾ ਜੰਤੁ= ਵਾਜਾ ਅਸੀਂ ਵਜਾਉਂਦੇ ਸੀ, ਉਸ ਦੀਆਂ ਸਭ ਤਾਰਾਂ ਟੁੱਟ ਗਈਆਂ ਹਨ। ਇਸ ਵਾਸਤੇ-

ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ ॥ ੧੦੩ ॥

ਹੁਣ ਵਿਚਾਰਾਂ ਜੰਤੁ= ਵਾਜਾ ਕੀ ਕਰ ਸਕਦਾ ਹੈ ਕਿਉਂਕਿ ਵਾਜੇ ਦੇ ਵਜਾਉਣ ਵਾਲਾ ਮਨ ਜੋ ਚਲਿਆ

ਗਿਆ। *ਅਥਵਾ-* ਜਦ ਇਸ ਵਾਜੇ ਦੇ ਵਜਾਉਣ ਵਾਲੇ ਅਸੀਂ ਇਸ ਤੋਂ ਉਪਰਾਮ ਹੋ ਚਲੇ ਹਾਂ। ਜੇਕਰ ਅਸੀਂ ਇਸ ਤੋਂ ਉਪਰਾਮ ਨਾ ਹੁੰਦੇ ਤਾਂ ਹੋਰ ਤਾਰਾਂ ਪਾ ਕੇ ਭੀ ਵਜਾ ਸਕਦੇ ਸੀ। ਪਰ ਇਹਨਾਂ ਵਾਜੇ ਆਦਿਕਾਂ ਨੂੰ ਪਰਮੇਸ਼ਰ ਦੇ ਸਿਮਰਨ ਵਿਚ ਵਿਘਨ ਰੂਪ ਸਮਝ ਕੇ ਤਿਆਗ ਦਿੱਤਾ ਹੈ।

ਯਥਾ- ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ॥
ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ॥ ੧॥
ਮੇਰੈ ਮਨਿ ਐਸੀ ਭਗਤਿ ਬਨਿ ਆਈ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ ਮਰਿ ਜਾਈ॥ ੧॥ ਰਹਾਉ॥
ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ॥
ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ
ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ॥ ੨॥ *(ਆਸਾ ਮਹਲਾ ੪, ਪੰਨਾ ੩੬੮)*

ਅਥਵਾ- ***ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ॥***

ਕਬੀਰ ਜੀ ਆਖਦੇ ਹਨ- ਜੋ ਅਸੀਂ ਸਰੀਰ ਰੂਪ ਜੰਤ੍ਰ= ਵਾਜੇ ਨੂੰ ਵਜਾਉਂਦੇ ਸੀ, ਭਾਵ ਦੇਹ ਅਧਿਆਸ ਕਰਦੇ ਸੀ ਉਸ ਦੀਆਂ ਸਾਰੀਆਂ ਵਾਸ਼ਨਾਂ ਰੂਪ ਤਾਰਾਂ ਟੁੱਟ ਗਈਆ ਹਨ।

ਜੰਤੁ ਵਿਚਾਰਾ ਕਿਆ ਕਰੈ ਚਲੇ ਬਜਾਵਨਹਾਰ॥ ੧੦੩॥

ਸਰੀਰ ਰੂਪ ਵਾਜਾ ਅਰਥਾਤ ਦੇਹ ਅਧਿਆਸ ਰੂਪ ਵਾਜਾ ਵਿਚਾਰਾ ਕੀ ਕਰ ਸਕਦਾ ਹੈ, ਕਿਉਂਕਿ ਇਸ ਵਾਜੇ ਦੇ ਵਜਾਉਣ ਵਾਲਾ ਭਾਵ ਦੇਹ ਅਧਿਆਸ ਕਰਨ ਵਾਲਾ ਅਗਿਆਨ ਜੋ ਚਲਿਆ ਗਿਆ ਹੈ, ਕਿਉਂਕਿ ਅਗਿਆਨ ਕਰ ਕੇ ਹੀ ਇਹ ਮਨੁੱਖ ਦੇਹ ਨੂੰ ਪਾਲਦਾ ਪੋਸਦਾ ਹੈ।

ਅਥਵਾ- ਜੋ ਹੰਗਤਾ ਰੂਪ ਵਾਜੇ ਨੂੰ ਅਸੀਂ ਅਗਿਆਨ ਕਾਲ ਵਿਖੇ ਵਜਾਉਂਦੇ ਸੀ, ਉਸ ਦੀਆਂ ਸੰਸਾਰਾਕਾਰ ਬ੍ਰਿਤੀਆਂ ਰੂਪ ਤਾਰਾਂ ਸਭ ਟੁੱਟ ਗਈਆਂ ਹਨ। ਹੁਣ ਹੰਗਤਾ ਰੂਪ ਵਾਜਾ ਕੀ ਕਰ ਸਕਦਾ ਹੈ, ਜਦ ਇਸ ਦੇ ਵਜਾਉਣ ਵਾਲੇ ਅਸੀਂ ਤੁਰੀਆ ਅਵਸਥਾ ਵਿਚ ਚਲੇ ਗਏ ਹਾਂ॥ ੧੦੩॥

ਉਥਾਨਕਾ- ਕਿਸੇ ਪੁਰਸ਼ ਨੇ ਭਗਤ ਜੀ ਦੇ ਪਾਸ ਆ ਕੇ ਕਿਹਾ ਕਿ ਮੈਂ ਗ੍ਰੰਥ ਵੀ ਬਹੁਤ ਪੜ੍ਹੇ ਹਨ ਅਤੇ ਗੁਰੂ ਭੀ ਧਾਰਨ ਕੀਤਾ ਹੈ ਪਰੰਤੂ ਮੇਰੇ ਅੰਦਰੋਂ ਭਰਮ ਨਵਿਰਤ ਨਹੀਂ ਹੋਇਆ।

ਇਹ ਗੱਲ ਸੁਣ ਕੇ ਉਸ ਨੂੰ ਇਸ ਸਲੋਕ ਦੁਆਰਾ ਸਮਝਾਉਂਦੇ ਹਨ-

[ਪੰਨਾ ੧੩੭੦]

ਕਬੀਰ ਮਾਇ ਮੁੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਓਸ ਅਜਿਹੇ ਗੁਰੂ ਦੀ ਮਾਇ= ਮਾਂ ਦਾ ਸਿਰ ਮੁੰਨ ਦੇਵੋ ਜਾ ਤੇ=

ਜਿਸ ਗੁਰੂ ਦੇ ਪਾਸੋਂ ਭਰਮ ਨਵਿਰਤ ਨਹੀਂ ਹੁੰਦਾ।*

ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ ੧੦੪ ॥

ਜੋ ਗੁਰੂ ਆਪ ਚਾਰ ਵੇਦਾਂ ਦੇ ਕਰਮ ਕਾਂਡ ਵਿਚ ਡੁੱਬੇ ਹੁੰਦੇ ਹਨ ਅਤੇ ਚੇਲਿਆਂ ਨੂੰ ਵੀ ਕਰਮ ਕਾਂਡ ਕਰਨ ਵਿਚ ਬਹਾਇ= ਰੋੜ੍ਹ ਦੇਂਦੇ ਹਨ॥ ੧੦੪॥ *ਅਥਵਾ-*

ਕਬੀਰ ਮਾਇ ਮੁੰਡਿਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥

ਅੰਨਵੇ= ਜਾ ਤੇ ਭਰਮਨ ਜਾਇ= ਜਿਸ ਦੀ ਕਿਰਪਾ ਨਾਲ ਭਰਮ ਦੂਰ ਹੋ ਜਾਂਦਾ ਹੈ ਤੇ ਜਿਸ ਗੁਰੂ ਦੀ ਆਪਣੀ ਮਾਇ= ਮਾਇਆ ਮੁੰਡੜ ਹੋਈ ਹੋਈ ਹੈ ਭਾਵ ਜੋ ਗੁਰੂ ਮਾਇਆ ਦੇ ਮੋਹ ਤੋਂ ਰਹਿਤ ਹੈ,

ਉਸ ਗੁਰੂ ਨੂੰ ਮਾਇ= ਹੇ ਭਾਈ! ਤੁਸੀਂ ਆਪਣਾ ਮੁੰਡਿਉ= ਸਿਰ ਅਰਪਣ ਕਰ ਦੇਵੋ।

(ਅਰਥ ਵਾਸਤੇ 'ਭਰਮਨ' ਪਾਠ ਇਕੱਠਾ ਕੀਤਾ ਹੈ, ਅਸਲ ਪਾਠ 'ਭਰਮੁ ਨ ਜਾਇ' ਹੈ।)

ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ ੧੦੪ ॥

ਜੋ ਗੁਰੂ ਆਪ ਚਾਰ ਵੇਦਾਂ ਦੇ ਸਿਧਾਂਤ ਗ੍ਰਹਿਣ ਕਰਨ ਵਿਚ ਡੁੱਬੇ ਹੋਏ ਹਨ ਤੇ ਆਪਣੇ ਚੇਲੇ ਵੀ ਜਿਨ੍ਹਾਂ ਨੇ ਵੇਦਾਂ ਦੇ ਸਿਧਾਂਤ ਗ੍ਰਹਿਣ ਕਰਨ ਵਿਚ ਰੋੜ੍ਹ ਦਿੱਤੇ ਹਨ, ਉਨ੍ਹਾਂ ਨੂੰ ਸਭ ਕੁਝ ਅਰਪਨ ਕਰ ਦਿਓ।

ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥

ਕਬੀਰ ਜੀ ਆਖਦੇ ਹਨ- ਇਸ ਪੁਰਸ਼ ਨੇ ਜਿਤਨੇ ਵੀ ਪਾਪ ਕਰਮ ਕੀਤੇ ਹਨ ਸੋ ਸਾਰੇ ਹੀ ਆਪਣੇ ਚਿਤ ਦੇ ਤਲੈ ਦੁਰਾਇ= ਛਿਪਾ ਕੇ ਰੱਖੇ ਹਨ। *ਅਥਵਾ-* ਜਿਤਨੇ ਕੁ ਪਾਪ ਕੀਤੇ ਹਨ ਸੋ ਇਸ ਜੀਵ ਨੇ ਝੂਠ ਤੇ ਤਲੇ ਦਬਾ ਕੇ ਰੱਖੇ ਹਨ ਕਿਉਂਕਿ ਪਾਪ ਕਰ ਕੇ ਫਿਰ ਝੂਠ ਬੋਲ ਕੇ ਮੁੱਕਰ ਜਾਂਦਾ ਹੈ ਕਿ ਮੈਂ ਤਾਂ ਇਹ ਪਾਪ ਕੀਤਾ ਹੀ ਨਹੀਂ। ਜੇ ਉਸ ਨੂੰ ਕਹੀਏ ਕਿ ਭਲਿਆ ਲੋਕਾ! ਤੈਨੂੰ ਅੱਗੇ ਲੇਖਾ ਦੇਣਾ ਪਵੇਗਾ, ਤਾਂ ਉਹ ਅੱਗੋਂ ਕਹਿੰਦਾ ਹੈ ਕਿ- 'ਆਹ ਜਗ ਮਿਠਾ। ਅਗਲਾ ਕਿਨ ਡਿਠਾ।'

ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ॥ ੧੦੫ ॥

ਪਰੰਤੂ ਜਿਸ ਵੇਲੇ ਧਰਮ ਰਾਜਾ ਨੇ ਪੁਛਣਾ ਕੀਤਾ ਤਾਂ ਨਿਦਾਨ= ਅੰਤ ਨੂੰ ਸਾਰੇ ਪਾਪ ਕਰਮ ਕੀਤੇ ਹੋਏ ਪ੍ਰਗਟ ਹੋ ਗਏ॥ ੧੦੫॥

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ॥

ਕਬੀਰ ਜੀ ਆਖਦੇ ਹਨ- ਇਸ ਪ੍ਰਮਾਦੀ ਜੀਵ ਨੇ ਹਰੀ ਅਕਾਲ ਪੁਰਖ ਦਾ ਸਿਮਰਨ ਕਰਨਾ ਤਿਆਗ

**ਮਾਈ ਮੁੰਡਾ=ਇਹ ਇਕ ਤਰ੍ਹਾਂ ਦੀ ਜੋਗੀਆਂ ਦੇ ਮਤ ਵਿਚ ਗਾਲ੍ਹ ਹੈ। ਕਬੀਰ ਜੀ ਉਸ ਨੂੰ ਗਾਲ੍ਹ ਦੇਂਦੇ ਹਨ।*

ਅਥਵਾ- ਜਿਸ ਤਰ੍ਹਾਂ ਪੂਰਬ ਵੱਲ ਜਦ ਔਰਤ ਰੰਡੀ ਹੋ ਜਾਂਦੀ ਹੈ ਤਾਂ ਉਸ ਦਾ ਸਿਰ ਮੁੰਨ ਦੇਂਦੇ ਹਨ। ਐਸੇ ਹੀ ਭਗਤ ਜੀ ਦੇ ਕਹਿਣ ਦਾ ਤਾਤਪਰਜ ਇਹ ਹੈ ਕਿ ਉਸ ਗੁਰੂ ਦੀ ਮਾਂ ਦਾ ਸਿਰ ਮੁੰਨ ਦੇਣਾ ਚਾਹੀਦਾ ਹੈ ਭਾਵ ਉਹ ਰੰਡੀ ਹੋ ਜਾਵੇ ਤਾਂ ਚੰਗੀ ਹੈ ਤਾਂ ਕਿ ਅੱਗੋਂ ਵਾਸਤੇ ਇਹੋ ਜਿਹਾ ਪਾਖੰਡੀ ਗੁਰੂ ਤਾਂ ਨਾ ਪੈਦਾ ਕਰੇ। ਕਿਉਂਕਿ-ਪਾਖੰਡੀ ਗੁਰੂ ਮੁਕਤੀ ਦੀ ਦਾਤ ਨਹੀਂ ਦੇ ਸਕਦਾ।

ਯਥਾ- ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥

(ਵਾਰ ਰਾਮਕਲੀ, ਪੰਨਾ ੯੫੧)

ਕੇ ਬਹੁਤ ਚਿਰ ਆਪਣੇ ਕੁਟੰਬੁ= ਪਰਵਾਰ ਨੂੰ ਹੀ ਪਾਲਣਾ ਪੋਸਨਾ ਕੀਤਾ।

ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ ॥ ੧੦੬ ॥

ਜਿਸ ਵੇਲੇ ਧੰਧਿਆਂ ਨੂੰ ਕਰਦਿਆਂ ਹੋਇਆਂ ਰਹਿ ਗਿਆ= ਹਾਰ ਗਿਆ ਭਾਵ ਮਰ ਗਿਆ, ਉਸ ਵੇਲੇ ਨਾ ਤਾਂ ਭਾਈ ਤੇ ਨਾ ਹੀ ਹੋਰ ਕੋਈ ਸੰਬੰਧੀ ਸਹਾਇਤਾ ਕਰਨ ਨੂੰ ਰਿਹਾ, ਕਿਉਂਕਿ ਸੰਬੰਧੀ ਸਾਰੇ ਮਤਲਬ ਦੇ ਹੀ ਹੁੰਦੇ ਹਨ* ॥ ੧੦੬ ॥

ਉਥਾਨਕਾ- ਇਕ ਔਰਤ ਉਲਾਦ ਦੀ ਇੱਛਾ ਰੱਖ ਕੇ ਰਾਤ ਨੂੰ ਮਸਾਣਾਂ ਵਿਚ ਦੀਵੇ ਜਗਾਉਣ ਜਾਂਦੀ ਸੀ ਉਸ ਦੇ ਇਸ੍ ਕਰਤੱਬ ਨੂੰ ਵੇਖ ਕੇ ਕਹਿੰਦੇ ਹਨ-

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥

ਕਬੀਰ ਜੀ ਆਖਦੇ ਹਨ- ਜੋ ਨਾਰੀਆਂ ਹਰਿ= ਅਕਾਲ ਪੁਰਖ ਦਾ ਸਿਮਰਨ ਕਰਨਾ ਤਿਆਗ ਕੇ ਰਾਤ ਨੂੰ ਮਸਾਣ ਜਗਾਉਣ ਵਾਸਤੇ ਜਾਂਦੀਆਂ ਹਨ ਅਤੇ ਕਈ ਤਰ੍ਹਾਂ ਦੇ ਟੂਣੇ ਕਰ ਕੇ ਪ੍ਰਾਈ ਔਰਤਾਂ ਦੇ ਜਾਏ ਹੋਏ ਬੱਚਿਆਂ ਨੂੰ ਖਾਂਦੀਆਂ ਭਾਵ ਮਾਰਦੀਆਂ ਹਨ।

ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥ ੧੦੭ ॥

ਉਹ ਔਰਤਾਂ ਅਗਲੀ ਜੂਨ ਸੱਪਣੀਆਂ ਹੋ ਕੇ ਉਤਰਦੀਆਂ ਹਨ ਅਤੇ ਆਪਣੇ ਹੀ ਜਾਏ ਹੋਏ ਬੱਚਿਆਂ ਨੂੰ ਖਾ ਜਾਂਦੀਆਂ ਹਨ, ਕਿਉਂਕਿ ਸੱਪਣੀ ਕੁੰਡਲ ਮਾਰ ਕੇ ਬੱਚੇ ਦੇਂਦੀ ਹੈ। ਆਪਣੇ ਵਲੋਂ ਤਾਂ ਪ੍ਰੇਮ ਨਾਲ ਚੱਟਦੀ ਹੈ ਪਰ ਚੱਟਦੀ ਚੱਟਦੀ ਉਹਨਾਂ ਨੂੰ ਅੰਦਰ ਲੰਘਾਈ ਜਾਂਦੀ ਹੈ, ਜਿਹੜਾ ਬੱਚਾ ਕੁੰਡਲ 'ਚੋਂ ਬਾਹਰ ਨਿਕਲ ਜਾਂਦਾ ਹੈ, ਉਹੋ ਹੀ ਬਚਦਾ ਹੈ। *ਅਥਵਾ-*

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥

ਕਬੀਰ ਜੀ ਆਖਦੇ ਹਨ- ਹਰੀ ਦਾ ਸਿਮਰਨ ਛੱਡ ਕੇ ਜਿਹੜੀਆਂ ਔਰਤਾਂ ਰਾਤ ਨੂੰ ਦੂਜਿਆਂ ਦੇ ਘਰਾਂ ਵਿਚ ਜਾ ਕੇ ਹੋਰਨਾਂ ਨੂੰ ਜਗਾਉਣ ਵਾਸਤੇ ਜਾਂਦੀਆਂ ਹਨ। ਭਾਵ ਜਿਸ ਔਰਤ ਦੇ ਘਰ ਬੱਚਾ ਨਹੀਂ ਪੈਦਾ ਹੁੰਦਾ ਉਹ ਔਰਤ ਜਿਸ ਦੇ ਬੱਚਾ ਪੈਦਾ ਹੋਇਆ ਹੋਵੇ, ਉਸ ਦੇ ਘਰ ਵਿਚ ਜਾਕੇ ਬੂਹਾ ਖੜਕਾਉਂਦੀ ਹੈ। ਜਿਸ ਔਰਤ ਨੂੰ ਬੱਚਾ ਪੈਦਾ ਹੋਇਆ ਹੈ ਜੇਕਰ ਉਹ ਅੱਗੋਂ ਆਪ ਬੋਲ ਪਵੇ ਕਿ ਤੂੰ ਕੌਣ ਹੈਂ? ਤਾਂ ਬੇ-ਉਲਾਦੀ ਔਰਤ ਕੁਝ ਪੜ੍ਹ ਕੇ ਕਹਿੰਦੀ ਹੈ-'ਤੇਰੇ ਗਿਆ ਤੇ ਮੇਰੇ ਆਇਆ' ਇਤਨੇ ਵਿਚ ਉਸ ਦਾ ਬੱਚਾ ਮਰ ਜਾਂਦਾ ਹੈ ਤੇ ਉਸ ਦੇ

---

* ਯਥਾ- *ਜਿਨ੍ਹਾਂ ਲਈ ਤੂੰ ਪਾਪ ਕਮਾਵੇਂ, ਕਿਥੇ ਨੀ ਓਹ ਅੱਜ ਤੇਰੇ ਘਰ ਦੇ।*
ਪੈਰ ਪਸਾਰ ਪਇਓਂ ਵਿਚ ਵਿਹੜੇ, ਹੱਥ ਨ ਲਾਵਨ ਡਰਦੇ।
ਮਿੱਟੀ ਦੀ ਕੁੰਨੀ ਜਵਾਂ ਦੀ ਪਿੰਨੀ, ਤੇਰੇ ਲਿਆ ਸਿਰ੍ਹਾਣੇ ਧਰਦੇ।
ਲਕੜੀਆਂ ਇਕੱਠੀਆਂ ਕਰ ਕੇ ਪਿਆਰੇ, ਸਨਬੰਧੀ ਸਾਰੇ ਘਰ ਦੇ।
ਰਲ ਮਿਲ ਸਾਰੇ ਲਾਵਣ ਮੁਆਤਾ, ਉਜਰ ਨ ਕੋਈ ਕਰਦੇ।
ਉਸ ਵੇਲੇ ਤੇਰਾ ਕੋਈ ਨ ਬਣਸੀ, ਤੈਨੂੰ ਕਰਨ ਹਵਾਲੇ ਜਮ ਦੇ।

(ਆਸਾਵਰੀਆ ਚੋਂ)

www.sikhbookclub.com

ਆਪਣੇ ਘਰ ਹੋ ਜਾਂਦਾ ਹੈ, ਇਹੋ ਜੇਹੇ ਟੂਣੇ* ਕਰਨ ਵਾਲੀਆਂ ਜੇਹੜੀਆਂ ਔਰਤਾਂ ਹਨ-

ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ॥੧੦੭॥

ਉਹ ਦੂਜੇ ਜਨਮ ਵਿਚ ਸੱਪਣੀਆਂ ਬਣ ਕੇ ਉਤਰਦੀਆਂ ਹਨ, ਪੁਨਾ ਆਪਣੇ ਹੀ ਜਾਏ ਹੋਏ ਬੱਚਿਆਂ ਨੂੰ ਖਾ ਜਾਂਦੀਆਂ ਹਨ॥੧੦੭॥ ਕਿਉਂਕਿ-

ਯਥਾ- ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥ *(ਵਾਰ ਜੈਤਸਰੀ, ਪੰਨਾ ੭੦੬)*

ਤਥਾ- ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ *(ਬਾਰਹਮਾਹਾ ਮਾਝ ਮਹਲਾ ੫, ਪੰਨਾ ੧੩੪)*

ਕਬੀਰਾ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ॥

ਕਬੀਰ ਜੀ ਆਖਦੇ ਹਨ- ਹਰੀ ਦੇ ਸਿਮਰਨ ਨੂੰ ਛੱਡ ਕੇ ਜੋ ਔਰਤਾਂ ਅਹੋਈ+ ਦੇ ਵਰਤ ਨੂੰ ਰੱਖਦੀਆਂ ਹਨ। ਇਹ ਅਹੋਈ ਵਰਤ ਸੀਤਲਾ ਦੇਵੀ ਦਾ ਹੈ। ਇਹ ਵਰਤ ਕੱਤਕ ਦੇ ਮਹੀਨੇ ਦੀਵਾਲੀ ਤੋਂ ਪਹਿਲੇ ਆਉਂਦਾ ਹੈ।

ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥ ੧੦੮॥

ਉਹ ਫਿਰ ਗਧੀਆਂ ਹੋ ਉਤਰਦੀਆਂ ਹਨ (ਕਿਉਂਕਿ ਸੀਤਲਾ ਦੇਵੀ ਦਾ ਵਾਹਨ ਗਧਾ ਹੈ) ਤੇ ਚਾਰ ਮਣ ਪੱਕਾ ਭਾਰ ਸਹਾਰਦੀਆਂ ਹਨ।

ਯਥਾ- ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥ *(ਪੰਨਾ ੮੭੪)*

*ਅਥਵਾ- **ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ॥***

ਕਬੀਰ ਜੀ ਆਖਦੇ ਹਨ- ਜੋ ਪੁਰਸ਼ ਹਰੀ ਦਾ ਸਿਮਰਨ ਕਰਨਾ ਛੱਡ ਕੇ ਅਹੋਈ= ਵਿਵਾਹੀ ਤੋਂ ਬਿਨਾਂ ਭਾਵ ਜ਼ਬਰਦਸਤੀ ਪਰਾਈ ਔਰਤ ਨੂੰ ਚੁਰਾ ਕੇ ਰੱਖਦੇ ਹਨ।

ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥ ੧੦੮॥

ਉਹ ਪੁਰਸ਼ ਫਿਰ ਗਧਾ ਰੂਪ ਹੋ ਕੇ ਉਤਰਦੇ ਹਨ ਤੇ ਚਾਰ ਮਣ ਪੱਕੇ ਭਾਰ ਨੂੰ ਸਹਾਰਦੇ ਹਨ। *ਅਥਵਾ-* ਜੋ ਪੁਰਸ਼ ਹਰੀ ਦੇ ਸਿਮਰਨ ਨੂੰ ਛੱਡ ਕੇ ਅਹੋਈ= ਅਣਹੋਈ ਨਾਰੀ ਜੋ ਮਾਇਆ ਹੈ ਉਸ ਮਾਇਆ ਨੂੰ ਆਪਣੀ ਬਣਾ ਕੇ ਰੱਖਦੇ ਹਨ ਉਹ ਮਨੁੱਖ ਗਧਾ ਰੂਪ ਹੋ ਕੇ ਉਤਰਦੇ ਹਨ ਤੇ ਚਾਰ ਮਣ ਪੱਕੇ ਭਾਰ ਨੂੰ ਸਹਾਰਦੇ ਹਨ॥ ੧੦੮॥

ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ॥

**ਕਈ ਔਰਤਾਂ ਖੂਹ ਆਦਿਕਾਂ ਵਿਚ ਮੰਜੇ ਤੇ ਬੈਠ ਕੇ ਰੋਟੀ ਆਦਿ ਪਕਾ ਕੇ ਖਾਂਦੀਆਂ ਹਨ ਜਿਸ ਨਾਲ ਵੈਰ ਭਾਵ ਹੋਵੇ ਉਸ ਦਾ ਪੁੱਤਰ ਮਾਰ ਕੇ ਆਪਣੇ ਘਰ ਪੈਦਾ ਕਰਨ ਦੀ ਖਾਤਰ ਇਸ ਤਰ੍ਹਾਂ ਦੇ ਯਤਨ ਕਰਦੀਆਂ ਹਨ, ਪਰ ਉਹਨਾਂ ਦੇ ਘਰ ਵੀ ਨਖਿਧ ਉਲਾਦ ਹੋ ਕੇ ਥੋੜ੍ਹੇ ਚਿਰ ਪਿਛੋਂ ਮਰ ਜਾਂਦੀ ਹੈ। ਵਾ:- ਦੁੱਖ ਦਿੰਦੀ ਹੈ।*

*+**ਅਹੋਈ ਦਾ ਵਰਤ**:- ਅਹੋਈ ਇਕ ਦੇਵੀ ਹੈ। ਕੁਆਰੀਆਂ ਲੜਕੀਆਂ ਇਸ ਦਾ ਪੂਜਨ ਕਰਦੀਆਂ ਹਨ। ਅੱਸੂ ਦੇ ਨੌਰਾਤਿਆਂ ਵਿਚ ਕੁਆਰੀਆਂ ਲੜਕੀਆਂ ਇਸ ਦੇਵੀ ਦੀ ਮਿੱਟੀ ਦੀ ਮੂਰਤੀ ਬਣਾ ਕੇ ਕੰਧ ਉਪਰ ਲਾਉਂਦੀਆਂ ਹਨ। ਅਸ਼ਟਮੀ ਦਾ ਵਰਤ ਰੱਖ ਕੇ ਧੂਪ ਦੀਪ ਨਾਲ ਮੂਰਤੀ ਦਾ ਪੂਜਨ ਕਰਦੀਆਂ ਹਨ। ਕੱਤਕ ਦੀ ਚਾਨਣੀ ਏਕਮ ਨੂੰ ਮੂਰਤੀ ਜਲ ਪ੍ਰਵਾਹ ਕਰ ਦੇਂਦੀਆਂ ਹਨ। ਮਥਰਾ ਦੇ ਜਿਲੇ ਰਾਧਾ ਕੁੰਡ ਪੁਰ ਕੱਤਕ ਵਦੀ ੮ ਨੂੰ ਅਹੋਈ ਦਾ ਬੜਾ ਭਾਰੀ ਮੇਲਾ ਲਗਦਾ ਹੈ ਪਰ ਭਗਤ ਜੀ ਨੇ ਇਹਨਾਂ ਸਾਰਿਆਂ ਨਾਲੋਂ ਹਰੀ ਦੇ ਸਿਮਰਨ ਨੂੰ ਮੁਖ ਰਖਿਆ ਹੈ।*

ਕਬੀਰ ਜੀ ਆਖਦੇ ਹਨ- ਉਹ ਚਤੁਰਾਈ ਅਤਸੈ ਕਰ ਕੇ ਘਨੀ = ਸ੍ਰੇਸ਼ਟ ਹੈ, ਜਿਸ ਦੀ ਚਤੁਰਾਈ ਦੁਆਰੇ ਹਿਰਦੇ ਵਿਚ ਹਰੀ ਦਾ ਜਾਪ ਕਰਨਾ ਹੈ।

ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ ॥ ੧੦੯ ॥

ਹਰੀ ਨਾਮ ਦਾ ਚਿੰਤਨ ਕਰਨਾ ਅਜਿਹਾ ਹੈ ਜਿਵੇਂ ਸੂਰੀ= ਸੂਲੀ ਉਪਰ ਖੇਡਣਾ ਕਠਿਨ ਹੁੰਦਾ ਹੈ। ਇਸ ਵਾਸਤੇ ਭਗਤ ਕਬੀਰ ਜੀ ਆਖਦੇ ਹਨ ਕਿ ਹਰੀ ਦੇ ਸਿਮਰਨ ਵਾਸਤੇ ਬੜੀ ਚਤੁਰਾਈ ਦੀ ਲੋੜ ਹੈ ਕਿਉਂਕਿ ਸਰਬ ਤਰ੍ਹਾਂ ਕਰ ਕੇ ਸਾਵਧਾਨ ਹੋ ਕੇ ਵਿਕਾਰਾਂ ਨੂੰ ਜਿੱਤਣਾ ਪੈਂਦਾ ਹੈ।*

ਜਿਵੇਂ ਸੂਲੀ 'ਤੇ ਚੜ੍ਹ ਕੇ ਖੇਲਣਾ ਭਾਵ ਨਾਚ ਕਰਨਾ ਬੜਾ ਔਖਾ ਹੈ। ਜੇ ਸੂਲੀ ਤੋਂ ਡਿਗ ਪਵੇ ਤਾਂ ਵੱਖੀਆਂ ਆਦਿ ਪਾਟ ਜਾਂਦੀਆਂ ਹਨ, ਇਸੇ ਤਰ੍ਹਾਂ ਜੇ ਫਕੀਰੀ ਵਲੋਂ ਡਿੱਗ ਪਵੇ ਤਾਂ ਠਹਿਰਨ ਨੂੰ ਕੋਈ ਜਗ੍ਹਾ ਨਹੀਂ ਮਿਲਦੀ ਅਤੇ ਹਰ ਥਾਂ ਤੇ ਅਪਜਸ ਹੀ ਅਪਜਸ ਹੁੰਦਾ ਹੈ।

ਯਥਾ-ਫਕੀਰਾ ਫਕੀਰੀ ਦੂਰ ਹੈ, ਜਿਤਨੀ ਕੁ ਲੰਮੀ ਖਜੂਰ ਹੈ।
ਚੜ੍ਹ ਜਾਏ ਤਾਂ ਖਾਏਂ ਅਮਰ ਫਲ, ਗਿਰ ਜਾਏਂ ਤਾਂ ਚਕਨਾਚੂਰ ਹੈ।

ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖ ਕਹੀਐ ਰਾਮੁ ॥

ਕਬੀਰ ਜੀ ਆਖਦੇ ਹਨ— ਉਹ ਮੁਖ ਧੰਨਤਾ ਯੋਗ ਹੈ ਜਿਸ ਮੁਖ ਨਾਲ ਰਾਮ ਨਾਮ ਕਹੀਦਾ ਹੈ।

ਦੇਹੀ ਕਿਸ ਕੀ ਬਾਪੁਰੀ ਪਵਿਤ੍ਰ ਹੋਇਗੋ ਗ੍ਰਾਮੁ ॥ ੧੧੦ ॥

ਬਾਪੁਰੀ= ਵਿਚਾਰੀ ਦੇਹ ਕਿਸ ਦੀ ਹੈ ਜੋ ਪਵਿਤ੍ਰ ਨਾ ਹੋਵੇ, ਰਾਮ ਨਾਮ ਜਪਣ ਕਰ ਕੇ ਹੋਰ ਭਲਾ ਕੀ ਕਹਿਣਾ ਹੈ, ਜਿਸ ਪਿੰਡ ਵਿਚ ਉਹ ਭਗਤ ਰਹਿੰਦਾ ਹੈ, ਉਹ ਸਾਰਾ ਗ੍ਰਾਮੁ= ਪਿੰਡ ਹੀ ਪਵਿੱਤ੍ਰ ਹੋ ਜਾਂਦਾ ਹੈ॥੧੧੦॥

ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥

ਕਬੀਰ ਜੀ ਆਖਦੇ ਹਨ- ਉਹ ਕੁਲ ਸਭ ਤੋ ਚੰਗੀ ਹੈ ਜਿਸ ਕੁਲ ਵਿਚ ਹਰੀ ਦਾ ਸੇਵਕ ਪੈਦਾ ਹੁੰਦਾ ਹੈ।

ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ ॥ ੧੧੧ ॥

ਜਿਸ ਕੁਲ ਵਿਚੋਂ ਕੋਈ ਹਰੀ ਦਾ ਸੇਵਕ ਪੈਦਾ ਨਹੀਂ ਹੁੰਦਾ, ਉਹ ਕੁਲ ਭਾਂ ਢਾਕੁ = ਸਮੂਹ ਪਲਾਸੁ = ਛਛਰਿਆਂ ਵਾਂਗ ਨਿਸਫਲ ਹੈ॥੧੧੧॥

ਯਥਾ- ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥੧॥
ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥੧॥

(ਗਉੜੀ ਕਬੀਰ ਜੀ, ਪੰਨਾ ੩੨੮

**ਸੌ ਆਦਮੀ ਦੀ ਚਤੁਰਾਈ ਇਕ ਸ਼ਾਹੂਕਾਰ ਵਿਚ ਮੰਨੀ ਹੈ ਤੇ*
ਸੌ ਬਾਣੀਏ ਜਿਤਨੀ ਚਤੁਰਾਈ ਇਕ ਸੁਨਿਆਰੇ ਵਿਚ ਮੰਨੀ ਹੈ।
ਸੌ ਸੁਨਿਆਰੇ ਜਿਤਨੀ ਚਤੁਰਾਈ ਇਕ ਵੇਸਵਾ ਦੇ ਪੁੱਤਰ ਵਿਚ ਮੰਨੀ ਹੈ।
ਸੌ ਵੇਸਵਾ ਦੇ ਪੁੱਤਰ ਜਿਤਨੀ ਚਤੁਰਾਈ ਇਕ ਰਾਜੇ ਵਿਚ ਮੰਨੀ ਹੈ।
ਸੌ ਰਾਜੇ ਜਿਤਨੀ ਚਤੁਰਾਈ ਇਕ ਪਰਮੇਸ਼ਰ ਦੀ ਬੰਦਗੀ ਕਰਨ ਵਾਲੇ ਭਗਤ ਵਿਚ ਮੰਨੀ ਹੈ।
ਇਸ ਵਾਸਤੇ ਘਨੀ ਚਤੁਰਾਈ ਦੀ ਲੋੜ ਹੈ।

ਤਥਾ- ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ, ਤਿਸਕੈ ਕੁਲਿ ਲਾਗੀ ਗਾਰੀ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ॥

(ਮਲਾਰ ਮ: ੪, ਪੰਨਾ ੧੨੬੫)

ਤਥਾ- ਜਨਨੀ ਜਨੈ ਤ ਭਗਤ ਜਨ, ਕੈ ਦਾਤਾ ਕੈ ਸੂਰ।
ਨਾਹਿ ਤਾਂ ਜਨਨੀ ਬਾਂਝ ਰਹਿ, ਕਾਹਿ ਗਵਾਵੈ ਨੂਰ।

(ਨਾਭਾ ਭਗਤ ਮਾਲ ਸਟੀਕ)

ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ॥

ਕਬੀਰ ਜੀ ਆਖਦੇ ਹਨ- ਹੈ= ਘੋੜੇ, ਗਇ= ਹਾਥੀ ਤੇ ਅਸਵਾਰੀ ਕਰਨ ਵਾਸਤੇ ਚਾਹੇ ਹੋਰ ਵੀ ਸਘਨ ਘਨ= ਬਹੁਤ ਸਾਰੇ ਵਾਹਨ ਹੋਣ ਤੇ ਚਾਹੇ ਲੱਖਾਂ ਹੀ ਧਜਾ= ਝੰਡੇ ਫਹਰਾਇ= ਝੂਲਦੇ ਹੋਣ।

ਅਥਵਾ- ਚਾਹੇ ਘਰ ਵਿਚ ਹੈ= ਘੋੜੇ ਤੇ ਗਇ= ਹਾਥੀ ਆਦਿ ਅਸਵਾਰੀਆਂ ਭੀ ਹਨ ਤੇ ਸਘਨ= ਬਹੁਤ ਸਾਰੀਆਂ ਫੌਜਾਂ ਭੀ ਹਨ ਅਤੇ ਘਣੇ ਪਦਾਰਥ ਵੀ ਹਨ ਤੇ ਜਿਥੇ ਲੱਖਾਂ ਰੁਪਏ ਧਰਤੀ ਵਿਚ ਦੱਬੇ ਹੋਏ ਹਨ, ਉਹਨਾਂ ਉਪਰ ਚਾਹੇ ਧ੍ਵਜਾਂ ਵੀ ਫਰਕਦੀਆਂ ਹਨ। ਪਰੰਤੂ ਜੇ ਪ੍ਰਭੂ ਦਾ ਨਾਮ ਨਹੀਂ ਜਪਦਾ ਤਾਂ-

ਇਆ ਸੁਖ ਤੇ ਭਿਖ੍ਯਾ ਭਲੀ, ਜਉ ਹਰਿ ਸਿਮਰਤ ਦਿਨ ਜਾਹਿ ॥੧੧੨॥

ਉਸ ਪਾਤਸ਼ਾਹੀ ਸੁਖ ਨਾਲੋਂ ਭਿਖਿਆ ਮੰਗ ਕੇ ਖਾ ਲੈਣੀ ਚੰਗੀ ਹੈ, ਜਉ= ਜੇਕਰ ਹਰੀ ਨੂੰ ਸਿਮਰਦਿਆਂ ਹੋਇਆਂ ਸਾਰਾ ਦਿਨ ਬਤੀਤ ਹੋ ਜਾਵੇ॥ ੧੧੨॥

ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥

ਕਬੀਰ ਜੀ ਆਖਦੇ ਹਨ— ਹੇ ਭਾਈ! ਮੈਂ ਸਾਰੇ ਸੰਸਾਰ ਵਿਚ ਫਿਰਿਆ ਹਾਂ, ਵੇਦਾਂ ਦੇ ਸਿਧਾਂਤ ਰੂਪ ਮਾਂਦਲੁ= ਢੋਲ ਨੂੰ ਸੰਕਲਪਾਂ ਰੂਪ ਕੰਧ= ਮੋਢੇ ਉਪਰ ਚੜ੍ਹਾ ਕੇ ਭਾਵ ਵੇਦਾਂ ਨੂੰ ਵਿਚਾਰ ਕੇ ਇਹ ਨਿਸਚੇ ਕੀਤਾ ਹੈ ਕਿ-

ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥੧੧੩॥

ਕੋਈ ਵੀ ਕਾਹੂ ਕੋ = ਕਿਸੀ ਦਾ ਸਹਾਇਕ ਨਹੀਂ ਹੈ, ਇਹ ਗਲ ਮੈਂ ਸਾਰੇ ਠੋਕਿ ਬਜਾਇ= ਨਿਰਣੇ ਕਰ ਕੇ ਵੇਖ ਲਈ ਹੈ।

ਅਥਵਾ- ਜਿਵੇਂ ਘੜੇ ਨੂੰ ਠੋਕਿ= ਠੋਲਾ ਮਾਰ ਕੇ ਚੰਗਾ ਮਾੜਾ ਵੇਖੀਦਾ ਹੈ ਤੇ ਢੋਲ ਨੂੰ ਵਜਾ ਕੇ ਵੇਖੀਦਾ ਹੈ, ਤਿਵੇਂ ਮੈ ਬਜਾਇ= ਹਰ ਇਕ ਜਗ੍ਹਾ ਜਾ ਕੇ ਬੜੀ ਗੌਰ ਨਾਲ ਵੇਖਿਆ ਹੈ, ਪਿੱਛੇ ਵੀ ਕੋਈ ਕਿਸੇ ਦਾ ਨਹੀਂ ਸੀ, ਹੁਣ ਵੀ ਕੋਈ ਕਿਸੇ ਦਾ ਨਹੀਂ ਹੈ।

ਯਥਾ- ਪ੍ਰੀਤਮ ਜਾਨਿ ਲੇਹੁ ਮਨ ਮਾਹੀ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥੧॥ ਰਹਾਉ॥ ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥੧॥

(ਸੋਰਠਿ ਮ: ੯ ਪੰਨਾ ੬੩੪)

ਉਥਾਨਕਾ- ਹੁਣ ਕਰਮਾਂ ਦੀ ਅਗਾਧ ਗਤੀ ਦਸੱਦੇ ਹਨ ਕਿ ਜੀਵ ਨੂੰ ਕਰਮਾਂ ਤੋਂ ਬਿਨਾਂ ਕੁਝ ਨਹੀਂ ਮਿਲਦਾ।

**ਢਾਕ ਤੇ ਪਲਾਸ ਦਾ ਨਿਰਣਾ ਪਿਛੇ ਕਬੀਰ ਜੀ ਦੇ ੧੧ਵੇਂ ਸਲੋਕ ਵਿਚ ਹੋ ਚੁੱਕਾ ਹੈ ਉਥੋਂ ਪੜ੍ਹ ਲਓ।*

ਸਾਖੀ- ਮੂਰਖ ਪੁਰਸ਼ ਦੀ

ਇਕ ਸੰਘਣੇ ਜੰਗਲ ਵਿਚ ਕੋਈ ਗਰੀਬ ਲੱਕੜਹਾਰਾ ਲੱਕੜਾਂ ਚੁਗਣ ਵਾਸਤੇ ਫਿਰ ਰਿਹਾ ਸੀ, ਦੇਵਨੇਤ ਨਾਲ ਉਸੇ ਹੀ ਜੰਗਲ ਵਿਚ ਸ਼ਿਵ ਜੀ ਤੇ ਪਾਰਬਤੀ ਆ ਨਿਕਲੇ। ਪਾਰਬਤੀ ਦੀ ਇਸ ਗਰੀਬ ਲੱਕੜਹਾਰੇ ਤੇ ਨਿਗਾਹ ਪਈ , ਉਸ ਤੇ ਤਰਸ ਕਰ ਕੇ ਸ਼ਿਵ ਜੀ ਮਹਾਰਾਜ ਪਾਸ ਬੇਨਤੀ ਕੀਤੀ- ਸੁਆਮੀ ਜੀ! ਤੁਹਾਡੇ ਖਜ਼ਾਨੇ ਵਿਚ ਕਿਸ ਪਦਾਰਥ ਦਾ ਘਾਟਾ ਹੈ। ਦੇਖੋ ਖਾਂ, ਇਹ ਗਰੀਬ ਲਕੜਹਾਰੇ ਦੀ ਹਾਲਤ! ਇਸ ਦੇ ਸਰੀਰ ਪਰ ਨਾ ਬਸਤ੍ਰ ਹੈ, ਨਾ ਪੈਰਾਂ ਵਿਚ ਜੁੱਤੀ, ਵਿਚਾਰਾ ਸਰਦੀ ਨਾਲ ਠਰੁੰ ਠਰੁੰ ਕਰ ਰਿਹਾ ਹੈ, ਇਸ ਉਤੇ ਮੇਹਰ ਦੀ ਨਿਗਾਹ ਕਰੋ ਜੋ ਰਹਿੰਦੀ ਜ਼ਿੰਦਗੀ ਦੇ ਚਾਰ ਦਿਨ ਤਾਂ ਵਿਚਾਰਾ ਚੰਗੇ ਕੱਟ ਲਵੇ।

ਸ਼ਿਵ ਜੀ ਮਹਾਰਾਜ ਕਹਿਣ ਲੱਗੇ—ਪਾਰਬਤੀ! ਇਸ ਦੇ ਕਰਮਾਂ ਵਿਚ ਮਾਇਆ ਦਾ ਸੁਖ ਨਹੀਂ ਹੈ। ਪਾਰਬਤੀ ਨੇ ਕਿਹਾ- ਤੁਸੀਂ ਦਿਓ ਤਾਂ ਸਹੀ, ਵੇਖ ਲੈਂਦੇ ਹਾਂ ਕਰਮ ਕਿਵੇਂ ਰੋਕ ਪਾਉਂਦੇ ਹਨ?

ਪਾਰਬਤੀ ਦੀ ਇਹ ਗੱਲ ਸੁਣ ਕੇ ਸ਼ਿਵ ਜੀ ਨੇ ਆਪਣੀ ਸ਼ਕਤੀ ਨਾਲ ਉਸ ਦੇ ਰਾਹ ਵਿਚ ਮੋਤੀ ਆਦਿ ਖਿਲਾਰ ਦਿਤੇ ਅਤੇ ਆਪ ਲੁਕ ਕੇ ਬੈਠ ਗਏ। ਏਧਰੋਂ ਜਦ ਲੱਕੜਹਾਰਾ ਉਹਨਾਂ ਮੋਤੀ ਆਦਿਕਾਂ ਦੇ ਪਾਸ ਪੁੱਜਾ ਤਾਂ ਕਰਮਾਂ ਨੇ ਇਸ ਦੇ ਮਨ ਵਿਚ ਇਹ ਸੰਕਲਪ ਪੈਦਾ ਕਰ ਦਿੱਤਾ ਕਿ ਦੇਖੀਏ ਤਾਂ ਸਹੀ ਅੰਨ੍ਹੇ ਪੁਰਸ਼ ਕਿਵੇਂ ਤੁਰਦੇ ਹਨ? ਉਸ ਵੇਲੇ ਉਹ ਆਪਣੀਆਂ ਦੋਵੇਂ ਅੱਖਾਂ ਬੰਦ ਕਰ ਕੇ ਸਾਰੇ ਹੀ ਹੀਰੇ ਜਵਾਹਰਾਤ ਮੋਤੀ ਆਦਿਕਾਂ ਨੂੰ ਲੰਘ ਗਿਆ। ਕੁਝ ਅੱਗੇ ਜਾ ਕੇ ਜਦ ਅੱਖਾਂ ਖੋਲ੍ਹੀਆਂ ਤੇ ਸੋਚਦਾ ਹੈ ਕਿ ਵਿਚਾਰੇ ਅੰਨ੍ਹੇ ਬੜੇ ਦੁਖੀ ਹੁੰਦੇ ਹੋਣਗੇ, ਜਿਵੇਂ ਹੁਣ ਮੇਰੇ ਪੈਰਾਂ ਵਿਚ ਰੋੜ੍ਹ ਚੁਭਦੇ ਸਨ ਉਹਨਾਂ ਦੇ ਵੀ ਇਸੇ ਤਰ੍ਹਾਂ ਰੋੜ੍ਹ ਆਦਿ ਚੁਭਦੇ ਹੋਣਗੇ। ਸ਼ਿਵ ਜੀ ਨੇ ਕਿਹਾ- ਪਾਰਬਤੀ! ਵੇਖ ਲਿਆ, ਜੋ ਮੈਂ ਕਿਹਾ ਸੀ ਓਹੀ ਗੱਲ ਪੂਰੀ ਹੋਈ ਹੈ ਕਿ ਇਸ ਦੇ ਕਰਮਾਂ ਵਿਚ ਕੁਝ ਵੀ ਨਹੀਂ ਹੈ।

ਯਥਾ- ...ਵਿਣੁ ਕਰਮਾ ਕਿ ਮਿਲੈ ਲਈ॥ *(ਜਪੁ ਜੀ, ਪੰਨਾ ੨)*

ਓਹੀ ਪ੍ਰਸੰਗ ਹੁਣ ਕਬੀਰ ਜੀ ਸੁਣਾਉਂਦੇ ਹਨ-

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਪਾਰਬਤੀ ਦੇ ਕਹਿਣ ਤੇ ਸ਼ਿਵ ਜੀ ਦੇ ਖਿਲਾਰੇ ਹੋਏ ਸੁੱਚੇ ਮੋਤੀ ਮਾਰਗਿ= ਰਸਤੇ ਦੇ ਵਿਚ ਹੀ ਬੀਥਰੇ= ਖਿੰਡੇ ਪਏ ਸਨ। ਪਰ ਕਰਮਾਂ ਦੀ ਕਮਜ਼ੋਰੀ ਕਰ ਕੇ-

ਇਕ ਗਰੀਬ ਲੱਕੜਹਾਰਾ ਪੁਰਸ਼ ਅੰਨ੍ਹਾਂ ਹੋ ਕੇ, ਭਾਵ ਅੱਖਾਂ ਮੀਟ ਕੇ ਉਸ ਜਗ੍ਹਾ ਤੋਂ ਆ ਨਿਕਲਿਆ, ਭਾਵ ਲੰਘ ਗਿਆ।

ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ॥ ੧੧੪॥

ਜਗਤ ਦੇ ਮਾਲਕ ਜੋਤੀ ਪਰਮਾਤਮਾ ਦੀ ਕਿਰਪਾ ਤੋਂ ਬਿਨਾਂ ਜਗਤ ਵਿਚ ਸੁਖ ਦੇਣ ਵਾਲੇ ਜੋ ਮੋਤੀ ਸਨ, ਉਹਨਾਂ ਨੂੰ ਅੰਨ੍ਹਾਂ ਬਣ ਕੇ ਲੰਘ ਕੇ ਚਲਾ ਗਿਆ॥ ੧੧੪॥ *ਅਥਵਾ-*

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ॥

ਵੇਦ ਸ਼ਾਸਤ੍ਰ ਰੂਪ ਮਾਰਗ ਵਿਖੇ ਸ਼ੁਭ ਗੁਣਾਂ ਰੂਪ ਮੋਤੀ ਬੀਥਰੇ= ਖਿਲਰੇ ਹੋਏ ਹਨ, ਅੰਧਾ= ਅਗਿਆਨੀ ਪੁਰਸ਼ ਉਹਨਾਂ ਵੇਦਾਂ ਸ਼ਾਸਤ੍ਰਾਂ ਰੂਪ ਰਸਤੇ ਵਿਖੇ ਆ ਕੇ ਨਿਕਲਿਆ ਵੀ ਸਹੀ, ਭਾਵ ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹਨਾ

ਵੀ ਕੀਤਾ ਪਰੰਤੂ-

ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ॥ ੧੧੪॥

ਜਗਦੀਸ= ਜਗਤ ਦੇ ਮਾਲਕ ਅਕਾਲ ਪੁਰਖ ਵਿਚ ਆਪਣੀ ਜੋਤਿ= ਗਿਆਤ ਦਿਤੇ ਤੋਂ ਬਿਨਾਂ ਹੀ ਜਗਤ ਵਿਚ ਉਨ੍ਹਾਂ ਸ਼ੁਭ ਗੁਣਾਂ ਨੂੰ ਉਲੰਘ ਜਾਂਦਾ ਹੋਇਆ ਪਰ ਇਕ ਵੀ ਸ਼ੁਭ ਗੁਣ ਧਾਰਨ ਨਾ ਕੀਤਾ॥ ੧੧੪॥

ਅਥਵਾ— *ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ॥*

ਸਤਸੰਗ ਰੂਪ ਮਾਰਗ ਵਿਚ ਗਿਆਨ ਵੈਰਾਗ ਰੂਪ ਮੋਤੀ ਖਿਲਰੇ ਹੋਏ ਹਨ, ਪਰ ਅੰਧੇ ਅਗਿਆਨੀ ਪੁਰਸ਼ ਦਾ ਸਮਾਂ ਸਤਸੰਗ ਵਿਚ ਆ ਕੇ ਵੀ ਧਾਰਨ ਕੀਤੇ ਬਗੈਰ ਐਵੇਂ ਨਿਸਫਲ* ਨਿਕਲ ਗਿਆ। ਭਾਵ ਬਤੀਤ ਹੋ ਗਿਆ।

ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ॥ ੧੧੪॥

ਜਗਦੀਸ= ਜਗਤ ਦੇ ਮਾਲਕ ਈਸ਼ਵਰ ਦੀ ਜੋਤਿ= ਗਿਆਤ ਪ੍ਰਾਪਤ ਹੋਏ ਤੋਂ ਬਿਨਾਂ, ਸਾਰਾ ਜਗਤ ਸਾਧਨਾ ਰੂਪੀ ਮੋਤੀਆਂ ਨੂੰ ਉਲੰਘੀ ਜਾ ਰਿਹਾ ਹੈ॥ ੧੧੪॥

ਉਥਾਨਕਾ- ਕਬੀਰ ਜੀ ਦੇ ਪੁੱਤਰ ਕਮਾਲੇ ਨੇ ਜਦ ਇਕ ਵਾਰ ਬਾਹਰ ਜਾ ਕੇ ਕਥਾ ਸੁਣਾ ਕੇ ਬਹੁਤ ਸਾਰਾ ਧਨ ਇਕੱਠਾ ਕਰ ਕੇ ਘਰ ਵਿਚ ਲਿਆਂਦਾ ਤਾਂ ਭਗਤ ਜੀ ਨੇ ਵੇਖ ਕੇ ਏਹ ਸਲੋਕ ਉਚਾਰਿਆ-

ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥

ਕਬੀਰ ਜੀ ਆਖਦੇ ਹਨ- ਇਸ ਕਮਾਲੇ ਪੁੱਤਰ ਦੇ ਉਤਪਤ ਹੋਣ ਕਰ ਕੇ ਮੇਰਾ ਤਾਂ ਵੰਸ ਹੀ ਡੁਬ ਗਿਆ ਹੈ। ਕਿਉਂਕਿ-

ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥ ੧੧੫॥

ਹਰੀ ਅਕਾਲ ਪੁਰਖ ਦਾ ਸਿਮਰਨਾ ਕਰਨਾ ਛੱਡ ਕੇ, ਲਾਲਚੀ ਬਣ ਕੇ ਘਰ ਵਿਚ ਮਾਲੁ= ਧਨ ਲੈ ਕੇ ਆਇਆ ਹੈ। ਅਥਵਾ-

ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥

ਜਿਸ ਵੇਲੇ ਗੁਰਾਂ ਦੀ ਕਿਰਪਾ ਦੁਆਰਾ ਬੁਧੀ ਵਿਖੇ, ਕਮਾਲੁ= ਸੁੰਦਰ ਗਿਆਨ ਰੂਪ ਲੜਕਾ ਪੈਦਾ ਹੋਇਆ, ਤਾਂ ਉਸ ਵੇਲੇ ਕਬੀਰ= ਜੀਵ ਦਾ ਆਸੁਰੀ ਸੰਪਦਾ ਰੂਪ ਵੰਸ ਡੁੱਬ ਗਿਆ। ਅਤੇ-

ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥ ੧੧੫॥

ਮਾਲ ਧਨ ਨੂੰ ਛੱਡ ਕੇ ਹਰੀ ਦਾ ਭਜਨ ਸਿਮਰਨ ਆਪਣੇ ਸਰੀਰ ਰੂਪ ਘਰ ਵਿਚ ਲੈ ਆਇਆ ਹੈ॥ ੧੧੫॥

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜਦ ਵਾਹਿਗੁਰੂ ਦੇ ਪਿਆਰੇ ਸੰਤਾਂ ਕਉ= ਨੂੰ ਮਿਲਣ ਵਾਸਤੇ ਜਾਈਏ ਤਾਂ ਵਿਪ੍ਰੀਤ ਰਸਤੇ ਲੈ ਜਾਣ ਦੀ ਸਲਾਹ ਦੇਣ ਵਾਲੇ ਹੋਰ ਕਿਸੇ ਪੁਰਸ਼ ਨੂੰ ਆਪਣੇ ਨਾਲ ਨਾ ਲਈਏ।

ਇਕ ਦਿਨ ਸ੍ਰੀ ਅਨੰਦ ਪੁਰ ਸਾਹਿਬ ਦੇ ਬਾਹਰ ਵਾਰ ਇਕ ਪੂਰਨ ਸੰਤ ਆਏ। ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਬਾਹਰ ਫਲਾਣੀ ਜਗ੍ਹਾ ਪਰ ਮਹਾਤਮਾ ਆਏ ਹੋਏ ਹਨ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ।

---

*ਯਥਾ- ਤੁਲਸੀ ਪੂਰਬ ਪਾਪ ਤੇ ਹਰਿ ਜਸ ਸੁਨਿਓ ਨ ਜਾਇ।
ਕੈ ਊਘੈ ਕੈ ਲਰ ਪਰੈ ਕੈ ਘਰ ਕੋ ਉਠ ਜਾਇ।*

ਸਾਰੇ ਸਿੱਖ ਹੋ ਆਏ ਹਨ, ਇਕਾਂਤ ਦਾ ਸਮਾਂ ਦੇਖ ਕੇ ਗਰੀਬ ਨਿਵਾਜ਼ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸ਼ਾਮ ਨੂੰ ਸੈਰ ਕਰਦੇ ਹੋਏ ਉਸ ਮਹਾਤਮਾ ਪਾਸ ਚਲੇ ਗਏ ਤੇ ਸੁਥਰਾ ਵੀ ਨਾਲ ਤੁਰ ਪਿਆ। ਜਦ ਮਹਾਤਮਾ ਪਾਸ ਬੈਠ ਕੇ ਹਜ਼ੂਰ ਦੇ ਬਚਨ-ਬਿਲਾਸ ਕਰਨ ਲੱਗ ਪਏ, ਤਾਂ ਸੁਥਰਾ ਹਜ਼ੂਰ ਦੇ ਪਿੱਛੇ ਖੜ੍ਹਾ ਹੋ ਗਿਆ ਉਸ ਸਾਧੂ ਵੱਲ ਇਕ ਹੱਥ ਦੀ ਉਂਗਲ ਹਿਲਾ ਕੇ ਮਸ਼ਕਰੀ ਕਰ ਦੇਵੇ। ਪਹਿਲੇ ਤਾਂ ਸਾਧੂ ਨੇ ਕੁਝ ਨਾ ਕਿਹਾ ਕਿਤਨੇ ਵਾਰ ਜਦ ਇਸ ਤਰ੍ਹਾਂ ਕੀਤਾ ਫੇਰ ਉਹ ਹੱਥ ਵਾਲਾ ਚਿਮਟਾ ਲੈ ਕੇ ਸੁਥਰੇ ਨੂੰ ਮਾਰਨ ਵਾਸਤੇ ਮਗਰ ਦੌੜ ਪਿਆ। ਹਜ਼ੂਰ ਜਾਣੀ ਜਾਣ ਸੁਥਰੇ ਦੀ ਗਲਤੀ ਸਮਝ ਗਏ ਅਤੇ ਉਸ ਦਿਨ ਤੋਂ ਪੱਕਾ ਇਰਾਦਾ ਕਰ ਲਿਆ ਕਿ ਜਦ ਵੀ ਕਿਸੇ ਪੂਰਨ ਮਹਾਤਮਾ ਨੂੰ ਮਿਲਣ ਜਾਣਾ ਹੋਵੇ ਤਾਂ ਕਿਸੇ ਨੂੰ ਨਾਲ ਲੈ ਕੇ ਨਹੀਂ ਜਾਣਾ ਚਾਹੀਦਾ। ਜੇ ਸੁਥਰਾ ਨਾਲ ਨਾ ਹੁੰਦਾ ਤਾਂ ਕੁਝ ਚਿਰ ਆਪਸ ਵਿਚ ਪ੍ਰਮਾਰਥ ਦੇ ਬਚਨ-ਬਿਲਾਸ ਹੁੰਦੇ ਰਹਿਣੇ ਸਨ। ਇਸ ਵਾਸਤੇ ਭਗਤ ਜੀ ਨੇ ਕਿਹਾ ਹੈ ਕਿ ਜਦ ਮਹਾਤਮਾ ਦੇ ਪਾਸ ਜਾਓ ਤਾਂ ਅਜਿਹਾ ਅਗਿਆਨੀ ਪੁਰਸ਼ ਕੋਈ ਨਾਲ ਨਾ ਲਉ ਜੇਹੜਾ ਉਥੇ ਜਾ ਕੇ ਵਿਘਨ ਪਾਵੇ।

ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥ ੧੧੬॥

(ਜਦ ਘਰੋਂ ਸੰਤਾਂ ਦੇ ਦਰਸ਼ਨ ਕਰਨ ਨੂੰ ਤੁਰ ਪਵੇ ਤਾਂ) ਫਿਰ ਪਾਉ= ਪੈਰਾਂ ਨੂੰ ਪਿੱਛੇ ਨਾ ਦੇਵੇ, ਅੱਗੇ ਹੀ ਤੁਰਨਾ ਕਰੇ, ਕਿਉਂਕਿ ਜੋ ਕੁਝ ਦੁੱਖ ਯਾਂ ਸੁਖ ਹੋਣਾ ਹੈ ਸੋ ਤਾਂ ਅਵੱਸ਼ ਹੋ ਕੇ ਹੀ ਰਹਿਣਾ ਹੈ॥ ੧੧੬॥

ਅਥਵਾ-

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥

ਕਬੀਰ ਜੀ ਆਖਦੇ ਹਨ- ਹੇ ਭਾਈ! ਜਿਸ ਵੇਲੇ ਦਰਸ਼ਨਾਂ ਵਾਸਤੇ ਸੰਤਾਂ ਮਹਾਤਮਾਂ ਨੂੰ ਮਿਲਣ ਜਾਓ ਆਪਣੇ ਨਾਲ ਕੋਈ ਵੀ ਸੰਕਲਪ ਨਾ ਲੈ ਕੇ ਜਾਓ। ਭਾਵ ਨਿਸ਼ਕਾਮ ਹੋ ਕੇ ਦਰਸ਼ਨ ਕਰਨੇ ਚਾਹੀਦੇ ਹਨ।

ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥੧੧੬॥

ਪਾਛੈ= ਸੰਸਾਰ ਦੀ ਤਰਫ ਮਨ ਬੁੱਧੀ ਰੂਪੀ ਪਾਉ= ਪੈਰਾਂ ਨੂੰ ਵਾ ਸੰਕਲਪਾਂ ਰੂਪ ਪੈਰਾਂ ਨੂੰ ਨਾ ਦੇਣਾ ਕਰੀਏ, ਤਦ ਫਿਰ ਅੱਗੇ ਸਤਸੰਗ ਵਿਚ ਜਾਣ ਦਾ ਜੋ ਲਾਭ ਹੋਣਾ ਹੈ, ਉਹ ਜ਼ਰੂਰ ਹੀ ਹੋਵੇਗਾ।

ਅਥਵਾ- ਜੋ ਪੁਰਸ਼ ਅੱਗੇ ਸੰਤਾਂ ਨਾਲ ਮਿਲ ਕੇ ਸੇਵਾ ਰੂਪ ਕਮਾਈ ਕਰਨ ਵਾਲਾ ਹੁੰਦਾ ਹੈ, ਸੁ ਹੋਇ= ਉਹ ਪ੍ਰਮੇਸ਼ਰ ਦਾ ਰੂਪ ਹੀ ਹੋ ਜਾਂਦਾ ਹੈ॥ ੧੧੬॥

ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ॥

ਕਬੀਰ ਜੀ ਆਖਦੇ ਹਨ- ਜਿਸ ਹੰਗਤਾ ਮਮਤਾ ਰੂਪ, ਵਾ:-ਮੋਹ ਰੂਪ ਜੇਵਰੀ= ਰੱਸੀ ਨਾਲ ਇਹ ਸੰਸਾਰ ਬੱਧਾ ਹੋਇਆ ਹੈ। ਹੇ ਸਭ ਨਾਲੋਂ ਕਬੀਰ= ਵੱਡੇ ਵਾਹਿਗੁਰੂ! ਤਿਸ ਸੰਸਾਰ ਦੇ ਸਮਾਨ ਮੈਨੂੰ ਮਤ= ਨਾ ਬੰਨ੍ਹਣਾ ਕਰੋ।

ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ॥ ੧੧੭॥

ਜਿਉ= ਜਿਸ ਤਰ੍ਹਾਂ ਬਾਰਸ਼ ਦੇ ਪੈਣ ਕਰ ਕੇ ਲੋਨ= ਲੂਣ ਦਾ ਆਟਾ= ਅਟਾਲੋ ਭਾਵ ਡਲਾ ਢਲ ਜੈਹਹਿ = ਜਾਂਦਾ ਹੈ। ਸੋਨ= ਉਸ ਦੇ ਸਦਰਸ ਹੀ ਇਹ ਸਰੀਰ ਨਾਸਵੰਤ ਹੈ। ਬਸ ਇਕ ਤਾਪ ਦੀ ਮਾਰ ਹੈ, ਫਿਰ ਵੇਖੋ ਸਰੀਰ ਦਾ ਕੀ ਹਾਲ ਹੋ ਜਾਂਦਾ ਹੈ।

ਅਥਵਾ- ਸੋਨੇ ਦੇ ਸਦਰਸ ਜੋ ਇਹ ਅਮੋਲਕ ਮਨੁੱਖਾ ਸਰੀਰ ਹੈ, ਇਹ ਕਾਲ ਰੂਪ ਪਾਣੀ ਦੇ ਪੈਣ ਕਰ ਕੇ ਲੂਣ ਦੇ ਆਟਾ= ਡਲੇ ਦੀ ਨਿਆਈਂ ਢਲ ਜਾਣ ਵਾਲਾ, ਭਾਵ ਨਾਸ ਹੋ ਜਾਂਦਾ ਹੈ॥ ੧੧੭॥

ਮਨੁੱਖ ਦੀ ਪ੍ਰਮਾਦਤਾਈ ਕਥਨ ਕਰਦੇ ਹੋਏ ਸਲੋਕ ਉਚਾਰਦੇ ਹਨ-

ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ॥

ਕਬੀਰ ਜੀ ਆਖਦੇ ਹਨ- ਹੰਸੁ= ਜੀਵ ਆਤਮਾ ਉਡਣ ਨੂੰ ਤਿਆਰ ਹੈ ਤੇ ਸਰੀਰ ਕਬਰ ਵਿਚ ਗਡੀਣ ਨੂੰ ਤਿਆਰ ਹੈ ਪਰ ਅਫਸੋਸ ਹੈ ਜੋ ਇਸ ਤਰ੍ਹਾਂ ਦੀ ਦਸ਼ਾ ਵਿਚ ਹੋ ਕੇ ਵੀ ਜੀਵ ਆਪਣੇ ਰੱਖੇ ਹੋਏ ਧਨ ਨੂੰ ਅੱਖਾਂ ਦੀਆਂ ਸੈਨਾਹ= ਸੈਨਤਾਂ ਨਾਲ ਸੋਝਾਈ= ਸਮਝਾਉਂਦਾ ਹੈ। ਵਾ:- ਸੋਝਾ ਈਸੈ ਨਾਹ= ਈਸ਼ਵਰ ਦੀ ਸੋਝੀ ਨਹੀਂ ਹੈ, ਭਾਵ ਈਸ਼ਵਰ ਦੇ ਜਾਣਨ ਵਲੋਂ, ਮਰਨ ਸਮੇਂ ਤਕ ਅਗਿਆਤ ਹੀ ਰਹਿੰਦਾ ਹੈ। ਨੋਟ- ਪਾਠ **ਸੋਝਾਈ ਸੈਨਾਹ** ਹੀ ਹੈ।

ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ ॥੧੧੮॥

ਪਰ ਇਹ ਪ੍ਰਮਾਦੀ ਜੀਵ ਅਜੇ ਤਕ ਵੀ ਨੈਨਾਹ= ਅੱਖਾਂ ਵਿਚੋਂ ਧਨ ਦੀ ਦ੍ਰਿਸ਼ਟੀ ਰੂਪ ਰੰਕਾਈ= ਕੰਗਾਲੀ ਨੂੰ ਛੱਡਦਾ ਨਹੀਂ॥੧੧੮॥

ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ ਤੁਅ ਨਾਉ॥

ਕਬੀਰ ਜੀ ਆਖਦੇ ਹਨ- ਹੇ ਪ੍ਰਭੂ! ਇਹ ਕਿਰਪਾ ਕਰ ਕੇ ਨੈਨ= ਅੱਖਾਂ ਨਾਲ ਤੁਝ= ਆਪ ਜੀ ਨੂੰ ਹੀ ਨਿਹਾਰਉ= ਵੇਖਣਾ ਕਰਾਂ ਤੇ ਸ੍ਰਵਨ= ਕੰਨਾਂ ਨਾਲ ਆਪ ਜੀ ਦਾ ਨਾਮ ਸੁਣਨਾ ਕਰਾਂ।

ਬੈਨ ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ॥੧੧੯॥

ਰਸਨਾ ਤੋਂ ਬੈਨ = ਬੱਚਨਾਂ ਦੁਆਰੇ ਆਪ ਜੀ ਦਾ ਨਾਮ ਉਚਾਰਨਾ ਕਰਾਂ, ਫਿਰ ਆਪ ਜੀ ਦੇ ਚਰਨ ਕੰਵਲਾਂ ਦੇ ਧਿਆਨ ਨੂੰ ਮੈਂ ਆਪਣੇ ਹਿਰਦੇ ਰੂਪ ਠਾਉ= ਜਗ੍ਹਾ ਵਿਚ ਧਾਰਨਾ ਕਰਾਂ, ਕਿਉਂਕਿ ਇਸ ਮਨੁੱਖ ਜਨਮ ਦੀ ਸਫਲਤਾ ਤਦ ਹੀ ਹੋ ਸਕਦੀ ਹੈ, ਜੇ ਆਪ ਦੇ ਚਰਨ ਹਿਰਦੇ ਵਿਚ ਵਸ ਜਾਣ॥ ੧੧੯॥

ਯਥਾ- ਨੈਹਰ ਕੁਆਰ ਕੰਨਿਆ ਲਾਡਲੀ ਕੈ ਮਾਨਿਯਤ, ਬਜਾਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ।
ਬਨਜ ਬਿਉਹਾਰ ਲੱਗ ਜਾਤ ਹੈ ਬਿਦੇਸ ਪ੍ਰਾਨੀ, ਕਹੀਏ ਸਪੂਤ ਲਾਭ ਲਭਤ ਕੈ ਆਨੀਐ।
ਜੈਸੇ ਤਉ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ ਜਾਇ, ਜੀਤ ਆਵੈ ਸੋਈ ਸੂਰੋ ਸੁਭਟ ਬਖਾਨੀਐ।
ਮਾਨਸ ਜਨਮ ਪਾਇ ਚਰਨ ਸਰਨ ਗੁਰ, ਸਾਧ ਸੰਗ ਮਿਲੈ ਗੁਰਦੁਆਰ ਪਹਿਚਾਨੀਐ।

(ਭਾਈ ਗੁਰਦਾਸ ਜੀ, ਕਬਿਤ ੧੩੪)

ਉਥਾਨਕਾ- ਇਕ ਹੰਕਾਰੀ ਬ੍ਰਾਹਮਣ ਕਬੀਰ ਜੀ ਪਾਸ ਆ ਕੇ ਬੈਠਾ ਤੇ ਕਹਿਣ ਲੱਗਾ — ਕਬੀਰ! ਚਾਹੇ ਤੂੰ ਕਿਤਨੀਆਂ ਗੱਲਾਂ ਕਰ ਲੈ ਪਰ ਤੂੰ ਸ੍ਵਰਗ ਵਿਚ ਨਹੀਂ ਜਾਣਾ। ਉਸ ਪ੍ਰਤੀ ਕਹਿੰਦੇ ਹਨ-

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥

ਕਬੀਰ ਜੀ ਆਖਦੇ ਹਨ- ਹੇ ਬ੍ਰਾਹਮਣ! ਤੇਰੇ ਕਹਿਣ ਤੋਂ ਪਹਿਲੇ ਹੀ ਮੈਂ ਤਾਂ ਸਤਿਗੁਰੂ ਦੀ ਪਰਸਾਦਿ= ਕਿਰਪਾ ਕਰ ਕੇ ਸੁਰਗ ਨਰਕ ਤੋਂ ਬਚ ਰਿਹਾ ਹਾਂ, ਕਿਉਂਕਿ ਕੋਈ ਸ਼ਕਾਮ ਕਰਮ ਨਹੀਂ ਕੀਤੇ ਇਸ ਤੇ ਸ੍ਵਰਗ ਦੀ ਇੱਛਾ ਨਹੀਂ ਹੈ ਅਤੇ ਸਾਰੀ ਉਮਰ ਕੋਈ ਮੰਦ ਕਰਮ ਨਹੀਂ ਕੀਤਾ ਇਸ ਤੇ ਨਰਕਾਂ ਤੋਂ ਰਹਿ ਗਏ ਹਾਂ।

ਜਿਵੇਂ ਗੁਰਮੁਖ ਜਨ ਸੁਰਗ ਦੀ ਵੀ ਪ੍ਰਵਾਹ ਨਹੀਂ ਕਰਦੇ।

ਭਾਈ ਨੰਦ ਲਾਲ ਜੀ ਨੇ ਚੌਤੀਵੀਂ ਗ਼ਜ਼ਲ ਵਿਚ ਕਥਨ ਕੀਤਾ ਹੈ-

ਰੋਜ਼ਾਏ ਬਾਗ ਇਰਮ ਕੁਰਬਾਂ ਕੁਨਮ।
ਬਸਕਿ ਮਾਰਾ ਕੂਏ ਊ ਬਾਸ਼ਹ ਲਜ਼ੀਜ਼।

ਪੰਜਾਬੀ ਉਲਥਾ--

ਬਾਗ ਬਹਿਸ਼ਤੀ ਰੋਜ਼ੇ ਮੈਂ ਤਾਂ ਸਭ ਕੁਝ ਉਸ ਤੋਂ ਵਾਰੇ ਨੇ।
ਕੂਚਾ ਸਤਗੁਰ ਦਾ ਜਦ ਡਿਠਾ ਸੁਰਗ ਲੋਕ ਨ ਭਾਂਦਾ ਏ।

ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥ ੧੨੦ ॥

ਇਸ ਲਈ ਹੁਣ ਮੈਂ ਉਹਨਾਂ (ਸਤਿਗੁਰੂ) ਦੇ ਚਰਨ ਕੰਵਲਾਂ ਦੇ ਧਿਆਨ ਦੇ ਲਹਿਰ ਦੀ ਮਉਜ= ਖੁਸ਼ੀ ਵਿਚ ਆਦਿ ਅੰਤਿ= ਸਦਾ ਸਦਾ ਰਹਿਣਾ ਕਰਦਾ ਹਾਂ॥ ੧੨੦॥

ਯਥਾ- ਚਰਨ ਕਮਲ ਮਕਰੰਦ ਨਿਹਕਾਮ ਧਾਮ, ਗੁਰਸਿਖ ਮਧੁਕਰ ਗਤਿ ਲਪਟਾਏ ਹੈਂ ॥੨ ॥੫੨ ॥

(ਭਾਈ ਗੁਰਦਾਸ ਜੀ)

ਤਥਾ- ਜੈਸੇ ਨਾਉ ਬੂਡਤ ਸੇ ਜੋਈ ਬਚੈ ਸੋਈ ਭਲੋ, ਬੂਡ ਗਏ ਪਾਛੈ ਪਛਤਾਯੋ ਰਹਿਜਾਤ ਹੈ।
ਜੈਸੇ ਘਰ ਲਾਗੈ ਆਗ ਜੋਈ ਬਚੈ ਸੋਈ ਭਲੋ, ਜਰ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ।
ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ, ਸੋਇ ਗਏ ਰੀਤੇ ਘਰ ਦੇਖੈ ਉਠ ਪ੍ਰਾਤ ਹੈ।
ਤੈਸੇ ਅੰਤ ਕਾਲ ਗੁਰ ਚਰਨ ਸਰਨ ਆਵੈ, ਪਾਵੈ ਮੋਖ ਪਦਵੀ ਨਤਰ ਬਿਲਲਾਤ ਹੈ।

(ਭਾਈ ਗੁਰਦਾਸ ਜੀ, ਕਬਿਤ ੩੫)

ਤਥਾ- ਜੋ ਉਪਮਾ ਬ੍ਰਿਜਨਾਥ ਕੀ ਗਾਇ ਹੈ, ਅਉਰ ਕਬਿੱਤਨ ਬੀਚ ਕਰੈਗੇ॥
ਪਾਪਨ ਕੀ ਤੇਊ ਪਾਵਕ ਮੈ, ਕਬਿ ਸਜਾਮ ਭਨੈ ਕਬਹੂ ਨ ਜਰੈਗੇ॥
ਚਿੰਤ ਸਭੈ ਮਿਟਹੈ ਜੁ ਰਹੀ, ਛਿਨ ਮੈ ਤਿਨ ਕੇ ਅਘ ਬ੍ਰਿੰਦ ਟਰੈਗੇ॥
ਜੇ ਨਰ ਸਯਾਮ ਜੂ ਕੇ ਪਰਸੇ ਪਗ , ਤੇ ਨਰ ਫੇਰ ਨ ਦੇਹ ਧਰੈਗੋ॥ ੨੪੮੩ ॥

(ਦਸਮ ਗ੍ਰੰਥ ਕ੍ਰਿਸ਼ਨਾਵਤਾਰ, ਪੰਨਾ ੫੬੯)

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥

ਕਬੀਰ ਜੀ ਆਖਦੇ ਹਨ ਕਿ (ਸਤਿਗੁਰੂ ਦੇ) ਚਰਨ ਕੰਵਲਾਂ ਦੀ ਮੌਜ ਨੂੰ ਕੈਸੇ ਕੋਈ ਉਨਮਾਨ= ਵਿਚਾਰ ਕੇ ਜਾਂ ਅੰਦਾਜ਼ਾ ਲਗਾ ਕੇ ਕਹਿ ਸਕਦਾ ਹੈ? ਭਾਵ ਕੋਈ ਨਹੀਂ ਕਹਿ ਸਕਦਾ।

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ ੧੨੧ ॥

ਕਿਉਂਕਿ ਉਨ੍ਹਾਂ ਦੀ ਉਪਮਾ ਦੇ ਸਮਾਨ ਕਹਿਣ ਨੂੰ ਹੋਰ ਕੋਈ ਪਦਾਰਥ ਨਹੀਂ ਹੈ, ਇਸ ਲਈ ਚਰਨਾਂ ਦਾ ਦੇਖਾ= ਦਰਸ਼ਨ ਕਰਨਾ ਹੀ ਪ੍ਰਮਾਣੀਕ ਹੈ॥ ੧੨੧॥

ਯਥਾ- ਚਰਨ ਸਰਨ ਗੁਰ ਤੀਰਥ ਪੁਰਬ ਕੋਟਿ,
ਦੇਵੀ ਦੇਵ ਸੇਵ ਗੁਰ ਚਰਨ ਸਰਨ ਹੈ।
ਚਰਨ ਸਰਨ ਗੁਰ ਕਾਮਨਾ ਸਫਲ ਫਲ,

ਰਿੱਧਿ ਸਿੱਧਿ ਨਿਧਿ ਅਵਤਾਰ ਅਮਰਨ ਹੈ।
ਚਰਨ ਸਰਨ ਗੁਰੁ ਨਾਮ ਨਿਹਕਾਮ ਧਾਮ,
ਭਗਤਿ ਜੁਗਤਿ ਕਰ ਭਾਰਨ ਤਰਨ ਹੈ।
ਚਰਨ ਸਰਨ ਗੁਰੁ ਮਹਿਮਾ ਅਗਾਧ ਬੋਧ,
ਹਰਨ ਭਰਨ ਗਤਿ ਕਾਰਨ ਕਰਨ ਹੈ।

(ਭਾਈ ਗੁਰਦਾਸ ਜੀ, ਕਬਿਤ ੩੮)

ਤਥਾ-ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ॥
ਚਰਣ ਭਜੇ ਪਾਰ ਬ੍ਰਹਮ ਕੇ ਸਭਿ ਜਪ ਤਪ ਤਿਨਹੀ ਕੀਤਿ॥

(ਸਿਰੀ ਰਾਗੁ ਮਹਲਾ ੫ ਪੰਨਾ ੪੮)

ਤਥਾ- ਚਰਨ ਕਮਲ ਗੁਰ ਕੇ ਮਨਿ ਵੂਠੇ॥ ਦੂਖ ਦਰਦ ਭ੍ਰਮ ਬਿਨਸੇ ਝੂਠੇ॥੧॥

(ਪ੍ਰਭਾਤੀ ਮ:੫ ਪੰਨਾ ੧੩੪੦)

ਉਥਾਨਕਾ- ਕਿਸੇ ਪ੍ਰੇਮੀ ਨੇ ਕਿਹਾ- ਉਸ ਵਾਹਿਗੁਰੂ ਦੇ ਅਨੰਦ ਨੂੰ ਕੁਝ ਤਾਂ ਕਹੋ! *ਉੱਤਰ-*

[ਪੰਨਾ ੧੩੭੧]

ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ॥

ਕਬੀਰ ਜੀ ਆਖਦੇ ਹਨ— ਤਿਸ ਪਰਮਾਤਮਾ ਨੂੰ ਵੇਖ ਕੇ ਮੈਂ ਕੀ ਕਹਾਂ, ਵਾ:- ਕਿਸ ਨੂੰ ਕਹਾਂ ਕਿਉਂਕਿ ਕਹਿਣ ਪਰ ਤਾਂ ਕੋਈ ਪਤੀਆਇ= ਭਰੋਸਾ ਕਰਦਾ ਹੀ ਨਹੀਂ।

ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥ ੧੨੨॥

ਜੈਸਾ= ਜਿੱਕੁਰ ਦਾ ਵਾਹਿਗੁਰੂ ਹੈ ਤੈਸਾ= ਤਿਕੁਰ ਦਾ ਓਹੀ ਹੈ ਉਸ ਵਰਗਾ ਹੋਰ ਕੋਈ ਨਹੀਂ, ਇਸ ਤੇ ਮੈਂ ਤਾਂ ਉਸ ਦੇ ਗੁਣਾਂ ਨੂੰ ਗਾ ਕੇ ਪ੍ਰਸੰਨ ਰਹਿੰਦਾ ਹਾਂ॥ ੧੨੨॥

ਪ੍ਰਸ਼ਨ- ਜੀਵ ਤਰਦਾ ਕਿਉਂ ਨਹੀਂ ਹੈ? *ਉੱਤਰ-*

ਕਬੀਰ ਚੁਰੈ ਚਿਤਾਰੈ ਭੀ ਚੁਰੈ ਚੁਗਿ ਚੁਗਿ ਚਿਤਾਰੇ॥

ਕਬੀਰ ਜੀ ਆਖਦੇ ਹਨ- ਕੂੰਜ ਨਾਲੇ ਚੋਗੇ ਨੂੰ ਚੁਗਦੀ ਹੈ ਨਾਲੇ ਆਪਣੇ ਬੱਚਿਆਂ ਨੂੰ ਚਿਤਾਰੈ = ਯਾਦ ਕਰਦੀ ਹੈ, ਭੀ= ਫਿਰ ਚੋਗੇ ਨੂੰ ਚੁਗ ਚੁਗ ਕੇ ਆਪਣੇ ਬੱਚਿਆਂ ਨੂੰ ਚਿਤਾਰੇ = ਯਾਦ ਕਰਦੀ ਹੈ।

ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ॥ ੧੨੩॥

ਜਿਕੁਰ ਕੂੰਜ ਦੇ ਮਨ ਵਿਚ ਬਚਰਹਿ= ਬੱਚੇ ਵਸਦੇ ਹਨ, ਇਕੁਰ ਇਸ ਪੁਰਸ਼ ਦੇ ਮਨ ਵਿਚ ਮਾਇਆ ਦੀ ਮਮਤਾ ਲੱਗ ਰਹੀ ਹੈ ਇਸ ਤੇ ਤਰ ਨਹੀਂ ਸਕਦਾ॥੧੨੩॥

ਹੁਣ ਜਗਿਆਸੂਆਂ ਦੀ ਅਵਸਥਾ ਕਥਨ ਕਰਦੇ ਹਨ-

ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ॥

ਕਬੀਰ ਜੀ ਆਖਦੇ ਹਨ- ਅੰਬਰ= ਅਕਾਸ਼ ਵਿਚ ਘਨਹਰੁ= ਬੱਦਲ ਨੇ ਛਾਇਆ= ਇਸਥਿਤ ਹੋ ਕੇ ਵਰਖਾ ਦੁਆਰੇ ਸਰ= ਸਰੋਵਰ ਤਾਲ= ਤਲਾਬ ਭਰ ਦੇਣਾ ਕੀਤੇ।

www.sikhbookclub.com

ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ॥ ੧੨੪॥

ਪਰੰਤੂ ਇਕ ਸ਼ਾਂਤੀ ਬੂੰਦ ਤੋਂ ਬਿਨਾਂ ਚਾਤ੍ਰਿਕ= ਪਪੀਹਾ ਜਿਉਂ ਕਾ ਤਿਉਂ ਤਰਸਦਾ ਰਹਿੰਦਾ ਹੈ, ਤਿਸ ਦਾ ਕੀ ਹਾਲ ਕਹੀਏ? ਭਾਵ ਬੁਰਾ ਹਾਲ ਹੀ ਹੈ॥ ੧੨੪॥

ਯਥਾ- ਰੇ ਮਨ ਐਸੀ ਹਰਿਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥
ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥੩॥

(ਸਿਰੀ ਰਾਗ ਮ: ੧, ਪੰਨਾ ੬੦)

ਇਸੀ ਪ੍ਰਕਾਰ ਚਿਦਾਕਾਸ ਰੂਪ ਅੰਬਰ = ਆਕਾਸ਼ ਵਿਚ ਗੁਰੂ ਰੂਪ ਬੱਦਲ ਨੇ ਇਸਥਿਤ ਹੋ ਕੇ ਉਪਦੇਸ਼ ਜਲ ਦੀ ਵਰਖਾ ਕਰ ਕੇ ਉਤਮ ਜਗਿਆਸੂਆਂ ਰੂਪੀ ਸਰੋਵਰ ਤੇ ਮਧਮ ਜਗਿਆਸੂਆਂ ਰੂਪ ਤਲਾਬ ਭਰਨਾ ਕੀਤੇ ਪਰ ਅਭੇਦ ਬੋਧ ਰੂਪ ਸ਼ਾਂਤੀ ਬੂੰਦ ਤੋਂ ਬਿਨਾਂ ਉਤਮ ਜਗਿਆਸੂ ਰੂਪ ਚਾਤ੍ਰਿਕ ਜਿਉਂ ਕੇ ਤਿਉਂ ਤਰਸਦੇ ਰਹਿੰਦੇ ਹਨ, ਉਨ੍ਹਾਂ ਦਾ ਕੀ ਹਾਲ ਕਹੀਏ? ਭਾਵ ਉਹ ਅਤਿਅੰਤ ਦੁਖੀ ਰਹਿੰਦੇ ਹਨ॥੧੨੪॥

ਕਬੀਰ ਚਕਈ ਜਿਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥

ਕਬੀਰ ਜੀ ਆਖਦੇ ਹਨ ਜਿਵੇਂ ਚਕਵੀ ਨਿਸਿ= ਰਾਤ ਨੂੰ ਆਪਣੇ ਪਤੀ ਨਾਲੋਂ ਬੀਛੁਰੈ= ਵਿਛੁੜ ਜਾਂਦੀ ਹੈ ਪਰ ਪਰਭਾਤਿ= ਸਵੇਰ ਨੂੰ ਆਪਣੇ ਪਤੀ ਚਕਵੇ ਨਾਲ ਆ ਮਿਲਦੀ ਹੈ। ਪਰ-

ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ॥ ੧੨੫॥

ਜਿਹੜੇ ਆਦਮੀ ਵਾਹਿਗੁਰੂ ਨਾਲੋਂ ਵਿਛੁੜੇ ਹੋਏ ਹਨ ਉਹਨਾਂ ਦਾ ਪਰਮਾਤਮਾ ਨਾਲ ਨਾ ਦਿਨੇ ਮਿਲਾਪ ਹੋ ਸਕਦਾ ਹੈ, ਨਾ ਹੀ ਰਾਤ ਨੂੰ॥ ੧੨੫॥

ਉਥਾਨਕਾ- ਇਕ ਦਿਨ ਕਬੀਰ ਜੀ ਅੰਮ੍ਰਿਤ ਵੇਲੇ ਉਠ ਕੇ ਬਾਹਰ ਨੂੰ ਚਲੇ ਜਾ ਰਹੇ ਸਨ, ਰਸਤੇ ਵਿਚ ਇਕ ਜਗ੍ਹਾ ਸ਼ਿਵ ਮੰਦਰ ਵਿਚ ਸੰਖ ਵੱਜਣ ਦੀ ਆਵਾਜ਼ ਸੁਣ ਕੇ ਆਖਦੇ ਹਨ-

ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥

ਕਬੀਰ ਜੀ ਆਖਦੇ ਹਨ— ਹੇ ਸੰਖ! ਤੂੰ ਰੈਨਾਇਰ= ਸਮੁੰਦਰ ਨੂੰ ਬਿਛੋਰਿਆ= ਛੱਡ ਦਿੱਤਾ ਹੈ, ਇਸ ਕਰ ਕੇ ਇਹ ਤੇਰਾ ਹਾਲ ਹੋ ਰਿਹਾ ਹੈ, ਪਰ ਜੇ ਤੂੰ ਸੁਖ ਚਾਹੁੰਦਾ ਹੈਂ ਤਾਂ ਮੇਰਾ ਕਹਿਣਾ ਮੰਨ ਕੇ, ਤੂੰ ਸਮੁੰਦਰ ਦੇ ਮਝੂਰਿ= ਵਿਚ ਹੀ ਰਹਿਣਾ ਕਰ। ਨਹੀਂ ਤਾਂ-

ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ॥ ੧੨੬॥

ਸੂਰ= ਸੂਰਜ ਦੇ ਉਗਵਤ= ਚੜ੍ਹਨ ਨਾਲ ਹੀ ਤੂੰ ਦੇਵਲ ਦੇਵਲ= ਮੰਦਰ ਮੰਦਰ ਵਿਚ ਧਾਹੜੀ= ਧਾਹਾਂ ਦੇਸਹਿ= ਦੇਵੇਂਗਾ। ਭਾਵ ਧਾਹਾਂ ਮਾਰ ਕੇ ਰੋਵੇਂਗਾ।

ਯਥਾ- ਸੰਖੁ ਸਮੁੰਦਹੁ ਸਖਣਾ ਰੋਵੈ ਦੇ ਧਾਹਾ। *(ਭਾਈ ਗੁਰਦਾਸ ਜੀ, ਵਾਰ ੩੪ ਪਉੜੀ ੫)*

ਅਥਵਾ- ਹੇ ਜੀਵ ਰੂਪ ਸੰਖ ਤੂੰ ਆਪਣੇ ਆਪ ਨੂੰ ਬ੍ਰਹਮ ਰੂਪ ਸਮੁੰਦਰ ਤੋਂ ਵਿਛੋੜਿਆ ਹੋਇਆ ਹੈ ਇਸ ਤੇ ਮੇਰੇ ਆਖੇ ਲੱਗ ਕੇ ਤੂੰ ਬ੍ਰਹਮ ਰੂਪ ਸਮੁੰਦਰ ਦੇ ਮਝੂਰਿ= ਵਿਚ ਹੀ ਰਹਿਣਾ ਕਰ ਨਹੀਂ ਤਾਂ ਤੇਰਾ ਬੁਰਾ ਹਾਲ ਹੋਵੇਗਾ, ਕਿਉਂਕਿ ਕਾਲ ਰੂਪ ਸੂਰਜ ਦੇ ਚੜ੍ਹਨ ਨਾਲ ਜੂਨੀਆਂ ਰੂਪ ਮੰਦਰ ਮੰਦਰ ਵਿਚ ਧਾਹਾਂ ਦੇਵੇਂਗਾ ਭਾਵ

ਭੁੱਬਾਂ ਮਾਰ ਕੇ ਰੋਵੇਂਗਾ॥ ੧੨੬॥

ਉਥਾਨਕਾ- ਕੋਈ ਪੁਰਸ਼ ਬਹੁਤ ਦੇਰ ਤਕ ਸੁੱਤਾ ਰਹਿੰਦਾ ਸੀ, ਉਸ ਨੂੰ ਸਮਝਾਉਂਦੇ ਹਨ-

ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥

ਕਬੀਰ ਜੀ ਆਖਦੇ ਹਨ- ਹੇ ਜੀਵ! ਤੂੰ ਪ੍ਰਤਖ ਸੌਣ ਵਿਚ ਕੀ ਪ੍ਰੇਮ ਕਰ ਰਿਹਾ ਹੈਂ? ਤੈਨੂੰ ਚਾਹੀਦਾ ਹੈ ਕਿ ਜਾਗ ਕੇ ਭੈਦਾਇਕ ਦੁੱਖ ਨੂੰ ਚੇਤੇ ਕਰ ਕੇ ਰੋਣਾ ਕਰ-

ਅਥਵਾ- ਜਾਗ ਕੇ ਦੁੱਖ ਰੂਪ ਭੈਦਾਇਕ ਸੰਸਾਰ ਤੋਂ ਤਰਨ ਦਾ ਰੋਇ= ਜਤਨ ਕਰ। ਕਿਉਂਕਿ-

ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ॥ ੧੨੭॥

ਜਾ ਕਾ= ਜਿਸ ਆਦਮੀ ਦਾ ਗੋਰ ਵਿਚ ਵਾਸਾ ਹੋਣਾ ਹੈ ਸੋ= ਉਹ ਆਦਮੀ ਸੁਖ ਨਾਲ ਕਿਉਂ ਸੌਂਦਾ ਹੈ, ਉਸ ਨੂੰ ਤਾਂ ਚਾਹੀਦਾ ਹੈ, ਵਿਸ਼ੇ ਸੁਖਾਂ ਨੂੰ ਤਿਆਗ ਕੇ ਵਾਹਿਗੁਰੂ ਦਾ ਚਿੰਤਨ ਕਰੇ॥੧੨੭॥

ਕਹੇ ਪ੍ਰਸੰਗ ਨੂੰ ਫਿਰ ਸਪਸ਼ਟ ਕਰਦੇ ਹਨ-

ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥

ਕਬੀਰ ਜੀ ਆਖਦੇ ਹਨ- ਹੇ ਪੁਰਸ਼ਾ! ਤੂੰ ਸੁੱਤਾ ਕੀ ਕਰਦਾ ਹੈਂ, ਉਠ ਕੇ ਵਾਹਿਗੁਰੂ ਨੂੰ ਕਿਉਂ ਨਹੀਂ ਜਪਦਾ?

ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥ ੧੨੮॥

ਜੇਕਰ ਤੈਨੂੰ ਸੌਣ ਦੀ ਇੱਛਾ ਹੈ ਤਾਂ ਫਿਕਰ ਨਾ ਕਰ, ਇਕ ਦਿਨ ਲੰਬੇ ਗੋਡੇ ਪਸਾਰ ਕੇ ਤੇਰਾ ਸਉਣਾ ਹੋ ਜਾਵੇਗਾ॥੧੨੮॥

ਕਹੇ ਪ੍ਰਸੰਗ ਨੂੰ ਫਿਰ ਸਪਸ਼ਟ ਕਰਦੇ ਹਨ-

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥

ਕਬੀਰ ਜੀ ਆਖਦੇ ਹਨ- ਹੇ ਪੁਰਸ਼ਾ! ਤੂੰ ਸੁੱਤਾ ਕੀ ਕਰਦਾ ਹੈਂ? ਬੈਠਾ ਰਹੁ ਅਤੇ ਜਾਗਣਾ ਕਰ।

ਅਥਵਾ- ਅਰੁ= ਬਹੁੜੋ ਜਾਗੁ= ਜਾਗ੍ਰਤ ਅਵਸਥਾ ਵਿਚ ਬੈਠ ਰਹਿਣਾ ਕਰ।

*ਯਥਾ-*ਜਾਗ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ॥

(ਤਿਲੰਗ ਮਹਲਾ ੯ ਪੰਨਾ ੭੨੯)

ਤਥਾ- ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ॥
ਕਿਤੀ ਇਤੁ ਦਰੀਆਇ ਵੰਞਨਿ ਵਹਦਿਆ॥੧॥

(ਆਸਾ ਮਹਲਾ ੫ ਪੰਨਾ ੩੯੮)

ਤਥਾ- ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥

(ਆਸਾ ਮਹਲਾ ੧ ਪੰਨਾ ੪੧੮)

ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ॥ ੧੨੯॥

ਜਾ ਕੇ= ਜਿਸ ਵਾਹਿਗੁਰੂ ਦੇ ਨਾਲੋਂ ਤੂੰ ਵਿਛੁੜਿਆ ਹੋਇਆ ਹੈਂ; ਫਿਰ ਓਸੇ ਦੇ ਨਾਲ ਹੀ ਲੱਗ ਰਹਿਣਾ ਕਰ॥ ੧੨੯॥

www.sikhbookclub.com

ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥

ਕਬੀਰ ਜੀ ਆਖਦੇ ਹਨ- ਹੇ ਪੁਰਸ਼ਾ! ਸੰਤਾਂ ਦੀ ਦੱਸੀ ਹੋਈ ਗੈਲ= ਪਗਡੰਡੀ ਭਾਵ ਸੰਤਾਂ ਦਾ ਪਿੱਛਾ ਨਾ ਛਡੀਏ ਤਿਨ੍ਹਾਂ ਦੇ ਕਹੇ ਹੋਏ ਭਗਤੀ ਰੂਪ ਮਾਰਗਿ= ਰਸਤੇ ਵਿਚ ਲੱਗ ਜਾਉ।

ਅਥਵਾ- ਉਨ੍ਹਾਂ ਦੇ ਮਾਰਗਿ= ਮਗਰ ਮਗਰ ਲੱਗ ਕੇ ਜਾਣਾ ਕਰੋ।

ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ ॥ ੧੩੦ ॥

ਕਿਉਂਕਿ ਸੰਤਾਂ ਦੇ ਦਰਸ਼ਨ ਵੇਖਦਿਆਂ ਹੀ ਮਨ ਪਵਿਤ੍ਰ ਹੋ ਜਾਂਦਾ ਹੈ ਅਤੇ ਸੰਤਾਂ ਨਾਲ ਭੇਟਤ= ਮਿਲਣ ਕਰ ਕੇ ਨਾਮ ਜਪੀਂਦਾ ਹੈ॥੧੩੦॥

ਕੁਸੰਗ ਦੇ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹੋਏ ਸਲੋਕ ਉਚਾਰਦੇ ਹਨ-

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥

ਕਬੀਰ ਜੀ ਆਖਦੇ ਹਨ- ਸਾਕਤਾਂ ਦਾ ਸੰਗ ਕਦੇ ਨਾ ਕਰੀਏ। ਕਿਉਂਕਿ-

ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ॥
ਤੰਤੁ ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ॥

(ਕਲਿਆਨ ਮਹਲਾ ੪, ਪੰਨਾ ੧੩੨੪)

ਜੇਕਰ ਸਾਕਤ ਕਿਸੇ ਰੱਬ ਸਬੱਬੀ ਰਸਤੇ ਵਿਚ ਮਿਲ ਭੀ ਜਾਵੇ ਤਾਂ ਵੇਖ ਕੇ ਦੂਰੋਂ ਹੀ ਦੌੜ ਜਾਈਏ।

ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩੧ ॥

ਜਿਵੇਂ ਕਾਰੋ= ਕਾਲੇ ਬਾਸਨੁ= ਭਾਂਡੇ ਨੂੰ ਪਰਸੀਐ= ਛੁਹੀਏ ਭਾਵ ਹੱਥ ਲਾਈਏ ਤਾਂ ਜ਼ਰੂਰ ਹੀ ਕੁਝ ਕਾਲਾ ਦਾਗ ਲੱਗ ਜਾਂਦਾ ਹੈ। ਇਵੇਂ ਹੀ ਦੁਸ਼ਟ ਦੀ ਸੰਗਤ ਕਰਨ ਤੇ ਅਸ਼ਰਧਾ ਰੂਪੀ ਦਾਗ ਲਗਦਾ ਹੈ।

ਅਥਵਾ- ਦੁੱਖ ਦੀ ਪ੍ਰਾਪਤੀ ਰੂਪ ਦਾਗ ਲਗਦਾ ਹੈ॥੧੩੧॥*

ਕਬੀਰ ਰਾਮੁ ਨ ਚੇਤਿਓ ਜਰਾ ਪਹੁੰਚਿਓ ਆਇ ॥

ਕਬੀਰ ਜੀ ਆਖਦੇ ਹਨ- ਹੇ ਪਿਆਰੇ! ਜੁਆਨੀ ਅਵਸਥਾ ਵਿਚ ਰਾਮ ਨੂੰ ਯਾਦ ਨਾ ਕੀਤਾ, ਦੇਖ, ਹੁਣ ਤਾਂ ਜਰਾ= ਬੁਢੇਪਾ ਵੀ ਆ ਕੇ ਪਹੁੰਚ ਗਿਆ ਹੈ।

ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ ॥ ੧੩੨ ॥

ਮੰਦਰ ਦੇ ਦਰਵਾਜ਼ੇ ਪਰ ਅੱਗ ਲੱਗਣ ਕਰ ਕੇ ਹੁਣ ਮੰਦਰ ਵਿਚੋਂ ਕੀ ਕਢਿਆ ਜਾ ਸਕਦਾ ਹੈ? ਭਾਵ ਕੁਝ ਨਹੀਂ ਨਿਕਾਲਿਆ ਜਾ ਸਕਦਾ। ਇਸੀ ਪ੍ਰਕਾਰ ਸਰੀਰ ਰੂਪ ਮੰਦਰ ਦਾ ਦਰਵਾਜ਼ਾ ਜੋ ਮੂੰਹ ਹੈ, ਉਸ ਉਪਰ ਜੋ ਚਿੱਟੇ ਕੇਸ ਆ ਗਏ ਹਨ ਏਹੀ ਕਾਲ ਦੀ ਅੱਗ ਆ ਲੱਗੀ ਹੈ।

*ਯਥਾ-*ਸਿਰੁ ਪਲਿਆ ਦਾਹੜੀ ਪਲੀ, ਮੁਛਾਂ ਭੀ ਪਲੀਆਂ॥
ਰੇ ਮਨ ਗਹਿਲੇ ਬਾਵਲੇ, ਮਾਣਹਿ ਕਿਆ ਰਲੀਆਂ॥ ੫੫॥ *(ਪੰਨਾ ੧੩੮੦)*

**ਯਥਾ-ਦੁਸਟ ਨਾਰ ਕੇ ਬੋਲਤੇ ਸਠ ਕੋ ਸਿਖਿਆ ਦੇਇ।*
ਸਾਕਤ ਕੀ ਸੰਗਤ ਕੀਏ ਪੰਡਿਤ ਭੀ ਦੁਖ ਲੇਇ।

ਸਿਰ ਦੇ ਵਾਲ ਚਿੱਟੇ ਹੋ ਗਏ ਹਨ, ਦਾਹੜੀ ਦੇ ਵਾਲ ਚਿੱਟੇ ਹੋ ਗਏ ਹਨ, ਮੁੱਛਾਂ ਦੇ ਵਾਲ ਵੀ ਚਿੱਟੇ ਹੋ ਗਏ ਹਨ ਤੇ ਦੰਦ ਨਿਕਲ ਗਏ ਹਨ ਏਹੀ ਅੱਗ ਆ ਲੱਗੀ ਹੈ। ਇਸ ਤੇ ਸਰੀਰ ਰੂਪ ਮੰਦਰ ਵਿਚੋਂ ਹੁਣ ਕੀ ਕਢਿਆ ਜਾ ਸਕਦਾ ਹੈ? ਭਾਵ ਜਪ ਤਪ ਰੂਪ ਸਾਧਨਾਂ ਦੁਆਰੇ ਜੇ ਤ੍ਰਿਸ਼ਨਾ ਦੀ, ਵਿਕਾਰਾਂ ਦੀ, ਜਾਂ ਵਾਸ਼ਨਾਂ ਦੀ ਨਵਿਰਤੀ ਕਰਨਾ ਚਾਹੇਂ ਤਾਂ ਨਹੀਂ ਕਰ ਸਕਦਾ।

ਅਥਵਾ- ਸਾਧਨਾਂ ਰੂਪੀ ਮਾਲ ਹੁਣ ਕਿਵੇਂ ਕਢਿਆ ਜਾ ਸਕਦਾ ਹੈ? ਭਾਵ ਹੁਣ ਸਾਧਨ ਨਹੀਂ ਹੋ ਸਕਦੇ।

ਯਥਾ- ਜਬ ਲਗੁ ਜਰਾ ਰੋਗੁ ਨਹੀ ਆਇਆ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥
ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥

(ਪੰਨਾ ੧੧੫੯)

ਇਸ ਕਰ ਕੇ ਹੁਣ ਨਿਸਚੇ ਕਰ ਲਉ ਕਿ ਸਰੀਰ ਰੂਪ ਮੰਦਰ ਦੇ ਦੁਆਰ= ਬੂਹੇ ਨੂੰ ਅੱਗ ਆਣ ਲੱਗੀ ਹੈ ਭਾਵ ਅਤੀ ਬੁਢੇਪਾ ਆ ਪਹੁੰਚਿਆ ਹੈ, ਇਸ ਤੇ ਹੁਣ ਕੁਝ ਜਪ ਤਪ ਨਹੀਂ ਹੋ ਸਕਦਾ॥੧੩੨॥

ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰ॥

ਕਬੀਰ ਜੀ ਆਖਦੇ ਹਨ- ਹੇ ਭਾਈ! ਓਹੀ ਕਾਰਨੁ= ਕਾਰਜ ਸੰਸਾਰ ਵਿਚ ਹੋਇਆ ਹੈ, ਜੋ ਕਰਤਾਰ ਨੇ ਆਪ ਕੀਤਾ ਹੈ।

ਤਿਸੁ ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ॥ ੧੩੩॥

ਉਸ ਕਰਤਾਰ ਤੋਂ ਬਿਨਾਂ ਹੋਰ ਕੋਈ ਦੂਜਾ ਸੰਸਾਰ ਨੂੰ ਬਨਾਉਣ ਵਾਲਾ ਨਹੀਂ ਹੈ, ਇਕ ਕਰਤਾਰ ਹੀ ਸਾਰਿਆਂ ਦੇ ਸਿਰਜਣ ਵਾਲਾ ਹੈ॥ ੧੩੩॥

ਉਥਾਨਕਾ- ਇਕ ਦਿਨ ਕਬੀਰ ਜੀ ਸੈਰ ਕਰਨ ਜਾ ਰਹੇ ਸਨ ਤੇ ਅੱਗੋਂ ਅੰਬਾਂ ਦਾ ਬਾਗ ਆ ਗਿਆ, ਅੰਬਾਂ ਨੂੰ ਦੇਖ ਕੇ ਸਲੋਕ ਉਚਾਰਦੇ ਹੋਏ ਉਪਦੇਸ਼ ਦਿੰਦੇ ਹਨ-

ਕਬੀਰ ਫਲ ਲਾਗੇ ਫਲਨਿ ਪਾਕਨ ਲਾਗੇ ਆਂਬ॥

ਕਬੀਰ ਜੀ ਆਖਦੇ ਹਨ -ਹੇ ਭਾਈ! ਦੇਖੋ, ਜਿਸ ਤਰ੍ਹਾਂ ਆਪਣੀ ਰੁੱਤ ਦੇ ਆਇਆਂ ਬ੍ਰਿਛਾਂ ਨੂੰ ਫਲ ਫਲਣ ਲੱਗ ਜਾਂਦੇ ਹਨ ਅਤੇ ਅੰਬ ਵੀ ਪੱਕਣ ਲੱਗ ਪੈਂਦੇ ਹਨ। ਪਰ-

ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥ ੧੩੪॥

ਬਗੀਚੇ ਦੇ ਮਾਲਕ ਕਉ= ਨੂੰ ਉਹ ਫਲ ਜਾ ਕੇ ਪਹੁੰਚਦੇ ਹਨ ਜਿਹੜੇ ਵਿਚੋਂ ਕਾਂਬ = ਕਾਵਾਂ ਨੇ ਨਾ ਖਾਧੇ ਹੋਣ, ਭਾਵ ਜੇਹੜੇ ਦਾਗੀ ਨਾ ਹੋਣ॥ ੧੩੪॥

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਜਿਤਨਾ ਅੰਬਾਂ ਦੇ ਦਰੱਖਤ ਨੂੰ ਬੂਰ ਲੱਗਦਾ ਹੈ, ਉਤਨਾ ਫਲ ਨਹੀਂ ਲੱਗਦਾ। ਜਿਤਨਾ ਫਲ ਲੱਗਦਾ ਹੈ, ਉਤਨਾ ਸਾਰਾ ਪੱਕਦਾ ਨਹੀਂ। ਜਿਤਨੇ ਅੰਬ ਪੱਕਦੇ ਹਨ, ਉਤਨੇ ਸਾਰੇ ਮਿੱਠੇ ਨਹੀਂ ਹੁੰਦੇ। ਜਿਤਨੇ ਅੰਬ ਸਾਰੇ ਮਿੱਠੇ ਜਾਂ ਖੱਟੇ ਹੁੰਦੇ ਹਨ ਉਤਨੇ ਸਾਰੇ ਸਾਬਤ ਨਹੀਂ ਹੁੰਦੇ। ਕਈ ਕਾਣੇ ਹੋ ਜਾਂਦੇ ਹਨ, ਕਈਆਂ ਨੂੰ ਪੰਛੀ ਟੁਕ ਜਾਂਦੇ ਹਨ। ਪਰ ਖਸਮ= ਮਾਲਕ ਨੂੰ ਉਹ ਫਲ ਜਾ ਕੇ ਪਹੁੰਚਦੇ ਹਨ ਜਿਨ੍ਹਾਂ ਨੂੰ ਕਾਂ ਆਦਿਕ ਪੰਛੀਆਂ ਨੇ ਖਾਧਾ ਨਾ ਹੋਵੇ-

www.sikhbookclub.com

ਜੇਤੇ ਫੂਲ ਫੂਲੇ ਤੇਤੇ ਫਲੁ ਨ ਲਾਗੇ ਦੂਮ,
ਲਾਗਤ ਜਿਤੇਕੁ ਪਰ ਪਕ ਨ ਸਕਲ ਹੈਂ।

(ਭਾਈ ਗੁਰਦਾਸ ਜੀ ਕਬਿਤ ੩੬੮)

ਇਵੇਂ ਸੰਸਾਰ ਵਿਚ ਜਿਤਨੇ-ਕੁ ਜੀਵ ਹਨ, ਉਹ ਸਾਰੇ ਸਤਸੰਗ ਵਿਚ ਨਹੀਂ ਆਉਂਦੇ, ਜੋ ਸਤਸੰਗ ਵਿਚ ਆਉਂਦੇ ਹਨ ਉਹ ਸਾਰੇ ਧਿਆਨ ਨਾਲ ਸੁਣਦੇ ਨਹੀਂ, ਭਾਵ ਸੌਂ ਜਾਦੇ ਹਨ। ਜਿਤਨੇ-ਕੁ ਸੁਣਦੇ ਹਨ ਉਹ ਸਾਰੇ ਮੰਨਨ ਨਹੀਂ ਕਰਦੇ, ਜਿਤਨੇ-ਕੁ ਮੰਨਨ ਕਰਦੇ ਹਨ ਉਤਨੇ ਨਿਧਿਆਸਣ ਨਹੀਂ ਕਰਦੇ। ਜਿਤਨੇ ਕੁ ਨਿਧਿਆਸਣ ਕਰਦੇ ਹਨ ਉਤਨੇ ਸਾਰੇ ਸਾਧਨਾਂ ਦੀ ਪ੍ਰਪੱਕ ਅਵਸਥਾ ਵਾਲੇ ਨਹੀਂ ਹੁੰਦੇ। ਜਿਤਨੇ-ਕੁ ਸਾਧਨਾਂ ਦੀ ਪ੍ਰਪੱਕ ਅਵਸਥਾ ਵਾਲੇ ਹੁੰਦੇ ਹਨ, ਉਤਨੇ ਸਾਰੇ ਸਾਬਤ ਨਹੀਂ ਰਹਿੰਦੇ, ਕਿਉਂਕਿ ਹੰਕਾਰ ਆਦਿਕ ਕਾਣ ਉਨ੍ਹਾਂ ਵਿਚ ਪੈ ਜਾਂਦੀ ਹੈ ਪਰ ਜੋ ਕਾਣ ਤੋਂ ਰਹਿਤ ਹਨ, ਉਹ ਪ੍ਰਮੇਸ਼ਰ ਨੂੰ ਜਾ ਮਿਲਦੇ ਹਨ।

ਸਤਸੰਗਤ ਰੂਪ ਇਕ ਅੰਬਾਂ ਦਾ ਬਾਗ ਹੈ। ਸੰਗਤ ਵਿਚ ਜਾ ਕੇ ਜੋ ਉਪਦੇਸ਼ ਦਾ ਸ੍ਰਵਨ ਕਰਨਾ ਹੈ, ਇਹ ਫਲ ਲੱਗੇ ਹਨ। ਜੋ ਮੰਨਨ ਕਰਨਾ ਹੈ ਇਹ ਫਲਾਂ ਦਾ ਅੱਗੇ ਫਲਨਾ ਯਾਨੀ ਪ੍ਰਫੁੱਲਤ ਹੋਣਾ ਹੈ। ਜੋ ਨਿਧਿਆਸਣ ਹੈ ਇਹ ਫਲਾਂ ਦਾ ਪੱਕਣਾ ਹੈ।

ਜੇ ਸਾਧਨਾਂ ਦਾ ਹੰਕਾਰ ਰੂਪ ਕਾਣ ਨਾ ਹੋਵੇ। ਵਿਕਾਰਾਂ ਵਿਚ ਪ੍ਰਵਿਰਤ ਹੋਣ ਰੂਪ ਜੇ ਟੁੱਟ ਕੇ ਨਾ ਡਿੱਗੇ ਭਾਵ ਵਿਕਾਰੀ ਨਾ ਹੋਵੇ। ਭਗਤੀ ਦੀ ਲਾਲੀ ਸਹਿਤ ਹੋਣਾ ਏਹੀ ਬ੍ਰਿਛ ਦੇ ਉਪਰ ਰਹਿ ਕੇ ਪੱਕਣਾ ਹੈ, ਇਹ ਸਾਰੀਆਂ ਗੱਲਾਂ ਹੋਣ ਤਾਂ ਇਹ ਆਪਣੇ ਮਾਲਕ ਵਾਹਿਗੁਰੂ ਪਾਸ ਜਾ ਕੇ ਪਹੁੰਚਦਾ ਹੈ।

*ਅਥਵਾ- **ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥***

ਕਬੀਰ ਜੀ ਆਖਦੇ ਹਨ- ਕਿਤਨੇ ਹੀ ਜੀਵ ਕਰਮਾਂ ਧਰਮਾਂ ਰੂਪ ਫਲਾਂ ਨਾਲ ਫਲਣ ਲੱਗਦੇ ਹਨ ਅਤੇ ਕਿਤਨੇ ਹੀ ਜਗਿਆਸੂ ਰੂਪ ਅੰਬ ਸਾਧਨਾਂ ਸਹਿਤ ਪੱਕਣ ਲੱਗੇ ਭਾਵ ਬ੍ਰਹਮ ਗਿਆਨ ਦੇ ਸਹਿਤ ਹੋਣ ਲੱਗੇ ਪਰੰਤੂ-

ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀਂ ਕਾਂਬ॥ ੧੩੪॥

ਮਾਲਕ ਅਕਾਲ ਪੁਰਖ ਨੂੰ ਓਹੀ ਜਾ ਕੇ ਪਹੁੰਚਦੇ ਹਨ, ਜਿਹੜੇ ਵਿਚੋਂ ਕਾਮ ਆਦਿਕਾਂ ਰੂਪ ਕਾਵਾਂ ਕਰ ਕੇ ਨਾ ਖਾਧੇ ਜਾਵਣ॥੧੩੪॥

ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥

ਕਬੀਰ ਜੀ ਆਖਦੇ ਹਨ- ਇਹ ਤੁਛ ਬੁੱਧੀ ਵਾਲੇ ਜੀਵ ਠਾਕੁਰਾਂ ਨੂੰ ਮੁੱਲ ਲੈ ਕੇ ਪੂਜਦੇ ਹਨ ਅਤੇ ਮਨ ਦੇ ਹਠ ਕਰ ਕੇ ਤੀਰਥਾਂ 'ਤੇ ਇਸ਼ਨਾਨ ਕਰਨ ਜਾਂਦੇ ਹਨ*।

ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ॥ ੧੩੫॥

ਪਰ ਅਫਸੋਸ ਹੈ ਕਿ ਜੋ ਦੇਖਾ ਦੇਖੀ ਸ੍ਵਾਂਗੁ= ਲਿਬਾਸ ਨੂੰ ਧਾਰ ਕੇ ਭੁੱਲੇ ਹੋਏ ਆਦਮੀ ਭਟਕਾ= ਠੋਕਰਾਂ ਖਾ ਰਹੇ ਹਨ। ਇਕ ਨੇ ਕੋਈ ਸ੍ਵਾਂਗੁ ਧਾਰਿਆ ਹੈ ਤਾਂ ਉਸ ਨੂੰ ਦੇਖ ਕੇ ਦੂਜਾ ਧਾਰਦਾ ਹੈ, ਦੂਜੇ ਨੂੰ ਦੇਖ ਕੇ ਤੀਜਾ ਧਾਰਦਾ ਹੈ, ਇਸ ਤਰ੍ਹਾਂ ਇਕ ਦੂਜੇ ਨੂੰ ਦੇਖ ਕੇ ਸਾਂਗੁ ਧਾਰਦੇ ਹਨ ਪਰ ਆਪਣੇ ਧਰਮ ਨੂੰ ਨਹੀਂ ਵਿਚਾਰਦੇ॥ ੧੩੫॥

**ਦੇਖੋ ਸਾਖੀ ਤੁਲਸੀ ਦਾਸ ਜੀ ਦੀ ਜੋ ਸਟੀਕ ਜਪੁਜੀ ਸਾਹਿਬ ਅਰਥਾਤ ਸ੍ਰੀ ਅਮੀਰ ਭੰਡਾਰ ਦੇ ੯੫ ਪੰਨੇ 'ਤੇ ਛਪੀ ਹੋਈ ਹੈ।*

ਇਕ ਦਿਨ ਦਸਮ ਪਾਤਿਸ਼ਾਹ ਜੀ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ-ਗਰੀਬ ਨਿਵਾਜ਼ ਜੀਓ। ਸਿੱਖੀ ਕਿਤਨੇ ਪ੍ਰਕਾਰ ਦੀ ਹੈ? ਤਾਂ ਹਜ਼ੂਰ ਨੇ ਫੁਰਮਾਇਆ ਕਿ ਸਿਖੀ ਪੰਜ ਪ੍ਰਕਾਰ ਦੀ ਹੈ-

੧) ਦੇਖਾ ਦੇਖੀ ਦੀ, ੨) ਧੰਧੇ ਦੀ, ੩) ਹਿਰਸ ਦੀ, ੪) ਸਿਦਕ ਦੀ, ੫) ਪ੍ਰੇਮ ਦੀ।

੧) ਪਹਿਲੀ ਦੇਖਾ ਦੇਖੀ ਦੀ ਸਿੱਖੀ ਹੈ- ਜਿਸ ਤਰ੍ਹਾਂ ਇਕ ਨੇ ਅੰਮ੍ਰਿਤ ਛਕਿਆ, ਕ੍ਰਿਪਾਨ ਪਾ ਲਈ, ਕੜਾ ਪਾ ਲਿਆ ,ਦੂਜੇ ਨੂੰ ਵੀ ਰੀਸ ਆ ਗਈ ਉਸ ਨੇ ਅੰਮ੍ਰਿਤ ਛਕ ਕੇ ਕ੍ਰਿਪਾਨ ਕੜਾ ਪਾ ਲਿਆ ਇਸ ਨੂੰ ਦੇਖਾ ਦੇਖੀ ਦੀ ਸਿੱਖੀ ਆਖਦੇ ਹਨ।

੨) ਦੂਜੀ ਧੰਧੇ ਦੀ ਸਿੱਖੀ ਹੈ- ਜੋ ਵਿਵਾਹ ਦੇ ਸਮੇਂ ਲੜਕੀ ਵਾਲਿਆਂ ਦੇ ਕਹਿਣ ਤੇ ਅੰਮ੍ਰਿਤ ਛਕ ਲੈਣਾ ਤੇ ਪਿਛੋਂ ਅੰਮ੍ਰਿਤ ਦੀ ਰਹਿਤ ਨਾ ਰੱਖਣੀ ਏਸ ਨੂੰ ਧੰਧੇ ਦੀ ਸਿੱਖੀ ਆਖਦੇ ਹਨ।

੩) ਤੀਜੀ ਹਿਰਸ ਦੀ ਸਿੱਖੀ ਹੈ- ਜੋ ਲਾਲਚ ਵਾਸਤੇ ਅੰਮ੍ਰਿਤ ਛਕ ਕੇ ਕ੍ਰਿਪਾਨ ਪਾ ਲੈਣੀ ਕੇਵਲ ਨੌਕਰੀ ਵਾਸਤੇ ਪਰ ਮਨ ਵਿਚ ਕੋਈ ਸ਼ਰਧਾ ਭੈ ਨਾ ਹੋਣਾ, ਇਸ ਨੂੰ ਹਿਰਸ ਦੀ ਸਿੱਖੀ ਆਖਦੇ ਹਨ।

੪) ਚੌਥੀ ਸਿਦਕ ਦੀ ਸਿੱਖੀ ਹੈ- ਜੋ ਬਾਬਾ ਦੀਪ ਸਿੰਘ ਜੀ ਨੇ ਧਾਰੀ ਹੈ। ਜਿਸ ਵੇਲੇ ਹਰਿਮੰਦਰ ਸਾਹਿਬ ਤੇ ਅੰਮ੍ਰਿਤ ਸਰੋਵਰ ਦੀ ਬੇ-ਅਦਬੀ ਸੁਣੀ, ਉਸੇ ਵੇਲੇ ਬੜੇ ਸਿਦਕ ਵਿਚ ਨਾਲ ਦੇ ਸਾਥੀਆਂ ਨੂੰ ਕਹਿ ਦਿੱਤਾ ਕਿ ਇਹ ਸਿਰ ਤਾਂ ਹੁਣ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਭੇਟਾ ਕਰ ਦੇਣਾ ਹੈ। ਏਹ ਗੱਲ ਪੂਰੀ ਕਰ ਵਿਖਾਈ ਜੋ ਕਿ ਧਰਮ ਜੁਧ ਕਰਦਿਆਂ ੨ ਮਾਘ ਸੰਮਤ ੧੮੧੭ ਵਿਚ ਚਾਟੀ ਵਿੰਡ ਦਰਵਾਜ਼ੇ ਪਾਸ ਸ਼ਹੀਦ ਹੋ ਗਏ, ਤੇ ਆਪਣਾ ਸਿਰ ਪਰਕਰਮਾ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਵਿਚ ਸੁੱਟ ਕੇ ਅਰਪਣ ਕੀਤਾ।

੫) ਪੰਜਵੀਂ ਪ੍ਰੇਮ ਦੀ ਸਿੱਖੀ ਹੈ- ਜੋ ਕਿ ਭਾਈ ਨੰਦ ਲਾਲ ਜੀ ਦੇ ਹਿਰਦੇ ਵਿਚ ਸੀ ਅਤੇ ਭਾਈ ਘਨੂਈਆ ਸਾਹਿਬ ਜੀ ਵਿਖੇ ਸੀ।

ਕਬੀਰ ਪਾਹਨ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥

ਕਬੀਰ ਜੀ ਆਖਦੇ ਹਨ- ਬਹੁਤ ਅਫਸੋਸ ਹੈ ਕਿ ਇਨ੍ਹਾਂ ਭੁੱਲੇ ਹੋਏ ਆਦਮੀਆਂ ਨੇ ਪਾਹਨ= ਪੱਥਰ ਨੂੰ ਹੀ ਪਰਮਾਤਮਾ ਮੰਨ ਲੈਣਾ ਕੀਤਾ ਹੈ ਅਤੇ ਸਾਰਾ ਸੰਸਾਰ ਉਸ ਪੱਥਰ ਨੂੰ ਪੂਜਦਾ ਹੈ।

ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥ ੧੩੬॥

ਇਸ ਪੱਥਰ ਪੂਜਾ ਦੇ ਭਰੋਸੇ ਜਿਹੜੇ ਪੁਰਸ਼ ਰਹਿੰਦੇ ਹਨ, ਉਸ ਪੁਰਸ਼ ਅੰਤ ਨੂੰ ਕਾਲ ਰੂਪ ਨਦੀ ਦੀ ਮੌਤ ਰੂਪ ਧਾਰਾ ਵਿਚ ਡੁੱਬ ਜਾਂਦੇ ਹਨ।

ਯਥਾ- ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਈ ਪਾਇ॥ ਤਿਸ ਕੀ ਘਾਲ ਅਜਾਈ ਜਾਇ॥
....
ਨ ਪਾਥਰੁ ਬੋਲੈ ਨਾ ਕਿਛੁ ਦੇਇ॥ ਫੋਕਟ ਕਰਮ ਨਿਹਫਲ ਹੈ ਸੇਵ॥

(ਭੈਰਉ ਮ: ੫ ਪੰਨਾ ੧੧੬੦)

ਅਥਵਾ- ਕਾਲੀ ਧਾਰ = ਵੈਤਰਨੀ ਨਦੀ ਵਿਚ ਜਾ ਕੇ ਡੁੱਬਦੇ ਭਾਵ ਗੋਤੇ ਖਾਂਦੇ ਹਨ।

ਅਥਵਾ- ਕਾਲੇ ਪਾਣੀ ਦੀ ਧਾਰਾ ਵਿਚ ਜਾ ਕੇ ਡੁੱਬਦੇ ਹਨ, ਅਰਥਾਤ ਦੁੱਖ ਭੋਗਦੇ ਹਨ॥੧੩੬॥

ਯਥਾ- ਤਾਹਿ ਪਛਾਨਤ ਹੈ ਨ ਮਹਾ ਪਸੁ, ਜਾ ਕੋ ਪ੍ਰਤਾਪੁ ਤਿਹੂੰ ਪੁਰ ਮਾਂਹੀ॥
ਪੂਜਤ ਹੈ ਪਰਮੇਸਰ ਕੈ ਜਿਹ ਕੈ ਪਰਸੈ ਪਰਲੋਕ ਪਰਾਹੀ॥
ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ॥
ਪਾਇ ਪਰੋ ਪਰਮੇਸਰ ਕੇ ਜੜ ਪਾਹਨ ਮੈ ਪਰਮੇਸਰ ਨਾਹੀ॥੯੯॥

(ਦਸਮ ਗ੍ਰੰਥ ਬਚਿਤ੍ਰ ਨਾਟਕ ਅਧਿ ੧, ਪੰਨਾ ੪੬)

ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ॥

ਕਬੀਰ ਜੀ ਆਖਦੇ ਹਨ- ਜਿਤਨੇ-ਕੁ ਵੇਦ ਸ਼ਾਸਤ੍ਰ ਹਨ ਇਹ ਕਾਗਦਾਂ ਦੀ ਓਬਰੀ= ਕੋਠੀ ਹੈ। ਉਹਨਾਂ ਕਾਵਦਾਂ ਤੇ ਮਸੁ= ਸਿਆਹੀ ਨਾਲ ਜੋ ਕਰਮ ਕਰਨੇ ਲਿਖੇ ਹੋਏ ਹਨ ਏਹੀ ਉਸ ਕੋਠੀ ਨੂੰ ਕਪਾਟ= ਤਖਤੇ ਜੜੇ ਹੋਏ ਹਨ। ਉਸੇ ਕੋਠੀ ਵਿਚ ਇਹ ਜੀਵ ਫਸਿਆ ਪਿਆ ਹੈ ।

ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥੧੩੭॥

ਕੁਝ-ਕੁ ਪਾਹਨ= ਪੱਥਰ ਪੂਜਾ ਨੇ ਧਰਤੀ ਡੋਬ ਰੱਖੀ ਹੈ ਤੇ ਕੁਝ-ਕੁ ਪੰਡਿਤਾਂ ਰੂਪ ਧਾੜਵੀਆਂ ਨੇ ਕਰਮ ਕਾਂਡ ਵਿਚ ਜੋੜ ਕੇ ਪਰਮੇਸ਼ਰ ਪ੍ਰਾਪਤੀ ਦੀ ਵਾਟ ਪਾੜ ਰੱਖੀ ਹੈ॥੧੩੭॥ *ਅਥਵਾ-*

ਕਬੀਰ ਕਾਗਦ ਕੀ ਓਬਰੀ

ਕਬੀਰ ਜੀ ਆਖਦੇ ਹਨ- ਜਿਨ੍ਹਾਂ ਪੁਰਸ਼ਾਂ ਨੇ ਇਸ ਸਰੀਰ ਨੂੰ, ਵਾ:- ਸੰਸਾਰ ਨੂੰ ਕਾਗਜ਼ਾਂ ਦੀ ਓਬਰੀ= ਕੋਠੀ ਵਾਂਗੂ ਮਿਥਿਆ ਜਾਣਿਆਂ ਹੈ।

ਮਸੁ ਕੇ ਕਰਮ ਕਪਾਟ॥

ਉਨ੍ਹਾਂ ਪੁਰਸ਼ਾਂ ਨੂੰ ਮਸੁ ਨਾਮ ਸਿਆਹੀ ਦਾ (ਸਿਆਹੀ ਦਾ ਕਰਮ ਹੈ ਅੱਖਰ)। ਅੱਖਰ ਤੋਂ ਲੈਣਾ ਆ ਖਰ= ਜੋ ਖਰਨੇ ਤੋਂ ਭਾਵ ਨਾਸ ਤੋਂ ਰਹਿਤ ਪਰਮਾਤਮਾ ਹੈ, ਉਹ ਕਪਾਟ ਸਾਖਿਆਤਕਾਰ ਹੋ ਜਾਂਦਾ ਹੈ।

ਪਾਹਨ ਬੋਰੀ ਪਿਰਥਮੀ

ਪਾਹਨ= ਪੱਥਰ ਨੂੰ ਕਹਿੰਦੇ ਹਨ, ਪੱਥਰ ਵਿਚੋਂ ਅਗਿੜ ਸ਼ਬਦ ਦਾ ਗ੍ਰਹਿਣ ਕਰਨਾ, ਪ੍ਰਿਥਮੀ ਨਾਮ ਭੂਮਾ ਦਾ ਹੈ, ਭੂਮਾ ਵਿਚੋਂ ਬ੍ਰਹਮ ਦਾ ਗ੍ਰਹਿਣ ਕਰਨਾ।

ਅਗਿੜ ਜੋ ਕੂਟਸਥ ਬ੍ਰਹਮ ਹੈ ਉਸ ਵਿਚ ਜਿਸ ਮੱਨੁਖ ਨੇ ਆਪਣੀ ਬਿਰਤੀ ਡੋਬੀ ਹੈ, ਭਾਵ ਲਗਾਈ ਹੈ।

ਪੰਡਿਤ ਪਾੜੀ ਬਾਟ॥੧੩੭॥

ਓਹੀ ਅਸਲ ਪੰਡਿਤ ਹੈ, ਉਸ ਨੇ ਜਨਮ ਮਰਨ ਰੂਪ ਜਮਾਂ ਦੀ ਬਾਟ ਪਾੜ ਦਿੱਤੀ ਹੈ॥੧੩੭॥

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁ ਇਤਾਲ॥

ਕਬੀਰ ਜੀ ਆਖਦੇ ਹਨ- ਹੇ ਪੁਰਸ਼ਾ! ਜਿਹੜਾ ਸ਼ੁਭ ਕਰਮ ਤੂੰ ਕੱਲ੍ਹ ਕਰਨਾ ਹੈ ਉਹ ਤੂੰ ਅਬਹਿ ਕਰ= ਹੁਣ ਕਰ ਲੈ। ਜੇਹੜਾ ਸ਼ੁਭ ਕਰਮ ਤੂੰ ਕਰਮ ਤੂੰ ਹੁਣ ਕਰਨਾ ਹੈ, ਉਸ ਵਿਚ ਭੀ ਦੇਰ ਨਾ ਕਰ, ਉਸ ਨੂੰ ਇਤਾਲ= ਸ਼ੀਘਰ ਭਾਵ ਜਲਦੀ ਕਰ ਲੈ। ਕਿਉਂਕਿ-

ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥

ਜ਼ਿੰਦਗੀ ਦੇ ਪੂਰੇ ਹੋਣ ਤੋਂ ਪਿਛੋਂ ਤੇਰੇ ਪਾਸੋਂ ਕੁਝ ਵੀ ਨਹੀਂ ਹੋਣਾ, ਜਿਸ ਵੇਲੇ ਤੇਰੇ ਸਿਰ ਪਰਿ= ਉਤੇ ਕਾਲ ਆ ਗਿਆ॥ ੧੩੮॥

ਉਥਾਨਕਾ- ਕਿਸੇ ਪਖੰਡੀ ਠੱਗ ਨੂੰ ਵੇਖ ਕੇ ਆਖਦੇ ਹਨ-

ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ॥

ਕਬੀਰ ਜੀ ਆਖਦੇ ਹਨ— ਮੈਂ ਇਕ ਅਜੇਹਾ ਪਖੰਡੀ ਵੇਖਿਆ ਹੈ, ਜਿਸ ਤਰ੍ਹਾਂ ਧੋਤੀ ਹੋਈ ਲਾਖ ਚਮਕਦੀ ਹੈ।

ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ ॥੧੩੯॥

ਉਪਰੋਂ ਸੰਸਾਰਕ ਗੁਣਾਂ ਕਰ ਕੇ ਤਾਂ ਬਹੁਤ ਹੀ ਚੰਚਲ ਨਿਗਾਹ ਆਉਂਦਾ ਹੈ, ਪਰ ਜੇ ਵਿਚਾਰ ਦ੍ਰਿਸ਼ਟੀ ਨਾਲ ਵੇਖੀਏ ਤਾਂ ਉਹ ਪਖੰਡੀ ਸ਼ੁਭ ਮਤੀ ਅਰਥਾਤ ਆਤਮ ਵਿਸ਼ੈਣੀ ਬੁੱਧੀ ਤੋਂ ਰਹਿਤ ਤੇ ਨਾਪਾਕ= ਅਪਵਿਤ੍ਰ ਹੈ॥ ੧੩੯॥

ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ॥

ਕਬੀਰ ਜੀ ਆਖਦੇ ਹਨ— ਮੇਰੀ ਬੁੱਧੀ ਨੂੰ, ਜਮਕਾਲ ਵੀ ਤਿਸਕਾਰ= ਨਿਰਾਦਰ ਨਹੀਂ ਦੇਣਾ ਕਰੇਗਾ।

ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ॥੧੪੦॥

(ਕਿਉਂਕਿ) ਜਿਸ ਪ੍ਰਭੂ ਨੇ ਇਸ ਜਮਕਾਲ ਨੂੰ ਸਿਰਜਿਆ= ਪੈਦਾ ਕੀਤਾ ਹੈ, ਉਸ ਪਰਵਿਦਗਾਰ = ਪਾਲਣਾ ਕਰਨ ਵਾਲੇ ਪ੍ਰਭੂ ਨੂੰ ਮੈਂ ਜਪਿਆ ਹੈ॥ ੧੪੦॥

ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ॥

ਕਬੀਰ ਜੀ ਆਖਦੇ ਹਨ- ਸਾਰਿਆਂ ਤੋਂ ਕਬੀਰੁ= ਵੱਡਾ ਜੋ ਪਰਮੇਸ਼ਰ ਹੈ,ਉਹ ਤਾਂ ਕਸਤੂਰੀ ਰੂਪ ਹੋ ਰਿਹਾ ਹੈ, ਉਸ ਕਸਤੂਰੀ ਦੀ ਸੁਗੰਧੀ ਲੈਣ ਵਾਸਤੇ ਸਾਰੇ ਦਾਸ ਭੌਰਿਆਂ ਵਾਂਙੂ ਆਸ਼ਕ ਹੋ ਰਹੇ ਹਨ।

[ਪੰਨਾ ੧੩੭੨]

ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ॥੧੪੧॥

ਸਾਰਿਆਂ ਤੋਂ ਕਬੀਰ= ਵੱਡਾ ਜੋ ਪਰਮੇਸ਼ਰ ਹੈ, ਉਸ ਦੀ ਭਗਤੀ ਜਿਉਂ ਜਿਉਂ ਕਰਦੇ ਹਨ, ਤਿਵੇਂ ਉਹ ਸੇਵਕ ਰਾਮ ਵਿਚ ਨਿਵਾਸ= ਇਸਥਿਤੀ ਕਰਦੇ ਹਨ॥੧੪੧॥

ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ ॥

ਕਬੀਰ ਜੀ ਆਖਦੇ ਹਨ- ਜੀਵ ਦਾ ਮਨ ਆਪਣੇ ਕੁਟੰਬ ਵਿਚ ਪਰਿਓ= ਪੈ ਕੇ ਗਹਗਚਿ= ਬੜਾ ਖੱਚਤ ਹੋ ਰਿਹਾ ਹੈ। *ਅਥਵਾ-* ਚੂਨੇ ਗਚ ਵਾਂਗ ਖਚਾ ਖਚ ਹੋ ਰਿਹਾ ਹੈ। ਵਾ: ਕੁਟੰਬ ਦੇ ਪਾਲਣ ਪੋਸਣ ਲਈ ਪਦਾਰਥਾਂ ਰੂਪ ਗਚਿ= ਚੂਨੇ ਦੇ ਗਹ= ਗ੍ਰਹਿਣ ਕਰਨ ਵਿਚ ਪਰਿਓ= ਪੈ ਪਰਹਾ ਹੈ। ਇਸ ਤੇ ਰਾਮੁ= ਪਰਮਾਤਮਾ ਇਸ ਤੋਂ ਕਾਂਠੈ= ਕੰਢੇ (ਕਿਨਾਰੇ) ਅਰਥਾਤ ਇਕ ਪਾਸੇ ਰਹਿ ਗਿਆ ਹੈ।

ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ ॥ ੧੪੨ ॥

ਧੂਮਾ ਧਾਮ= ਵਿਵਾਹ ਸ਼ਾਦੀ ਆਦਿਕ ਰੌਣਕ ਮੇਲਿਆਂ ਦੇ ਵਿਚ ਹੀ, ਅਥਵਾ- ਪੁੱਤਰ ਪੋਤਰਿਆਂ ਦੇ ਹਾਸ ਵਿਲਾਸਾਂ ਵਿਚ ਹੀ ਧਰਮਰਾਜਾ ਦੇ ਭੇਜੇ ਹੋਏ ਜਮਦੂਤ ਪਿੱਛੋਂ ਦੀ ਆ ਕੇ ਪੈ ਗਏ, ਕਿਸੇ ਨੂੰ ਵੀ ਪਤਾ ਨਹੀਂ ਲੱਗਣ ਦਿੱਤਾ ॥ ੧੪੨ ॥

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥

ਕਬੀਰ ਜੀ ਆਖਦੇ ਹਨ- ਸਾਕਤ= ਦੁਸ਼ਟ ਪੁਰਸ਼ ਨਾਲੋਂ ਸੂਕਰ = ਸੂਰ ਚੰਗਾ ਹੈ, ਸਾਰੇ ਪਿੰਡ ਨੂੰ ਆਛਾ= ਸਾਫ਼ ਰੱਖਦਾ ਹੈ, ਪਿੰਡ ਵਿਚ ਗੰਦਗੀ ਨਹੀਂ ਰਹਿਣ ਦੇਂਦਾ ਤੇ ਦੁਸ਼ਟ ਪੁਰਸ਼ ਜਿਥੇ ਵੀ ਰਹਿੰਦਾ ਹੈ, ਉਥੇ ਗੰਦਗੀ ਫੈਲਾਉਂਦਾ ਹੈ। ਇਸ ਕਰ ਕੇ -

ਉਹੁ ਸਾਕਤੁ ਬਪੁਰਾ ਮਰ�ि ਗਇਆ ਕੋਇ ਨ ਲੈਹੈ ਨਾਉ ॥ ੧੪੩ ॥

ਵਿਚਾਰਾ ਦੁਸ਼ਟ ਜਿਸ ਵੇਲੇ ਮਰ ਜਾਂਦਾ ਹੈ ਤਾਂ ਲੋਕ ਆਖਦੇ ਹਨ ਚੰਗਾ ਹੋਇਆ ਭੜੂਆ ਮਰ ਗਿਆ ਗਲੋਂ ਬਲਾ ਟਲੀ ਹੈ। ਕੁਝ ਸਮੇਂ ਤੋਂ ਪਿਛੋਂ ਫਿਰ ਉਹੁ= ਉਸ ਸਾਕਤ ਦੇ ਨਾਂ ਨੂੰ ਕੋਈ ਲੈਂਦਾ ਹੀ ਨਹੀਂ ॥੧੪੩ ॥

ਅਗਲੇ ਸਲੋਕ ਵਿਚ ਸ਼ੂਮ ਦੇ ਲੱਛਣ ਆਖਦੇ ਹਨ-

ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥

ਕਬੀਰ ਜੀ ਆਖਦੇ ਹਨ- ਸ਼ੂਮ ਨੇ ਕੌਡੀ ਕੌਡੀ ਜੋੜ ਕੇ ਲੱਖਾਂ ਕਰੋੜਾਂ ਰੁਪਏ ਜੋੜ ਤਾਂ ਲਏ। ਪਰ ਅਫਸੋਸ ਇਹ ਹੈ ਕਿ-

ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥ ੧੪੪ ॥

ਅੰਤ ਨੂੰ ਚਲਦਿਆਂ ਵਾਰੀ ਇਸ ਸ਼ੂਮ ਨੂੰ ਕੁਝ ਵੀ ਨਾ ਮਿਲਿਆ* ਜਿਵੇਂ ਰਾਵਣ ਨੂੰ ਮਰਨ ਸਮੇਂ ਮੂੰਹ ਵਿਚ ਰੰਚਕ ਮਾਤ੍ਰ ਸੋਨਾ ਪਾਉਣਾ ਵੀ ਨਾ ਮਿਲਿਆ। ਸਗੋਂ ਅੰਤਮ ਸਮੇਂ ਸਬੰਧੀਆਂ ਨੇ ਇਸ ਦੇ ਲੱਕ ਨਾਲੋਂ ਸੋਨੇ ਦੀ ਹੋਣ ਕਰ ਕੇ ਲੰਗੋਟੀ ਵੀ ਤੋੜ ਲਈ।

ਨੋਟ- ਜਿਵੇਂ ਮਾਰਵਾੜੀਆਂ ਦੇ ਲੱਕ ਨਾਲ ਸੋਨੇ ਦਾ ਜੰਜੀਰ ਬੱਧਾ ਹੁੰਦਾ ਹੈ।

---

*ਸ਼ੂਮਾਂ ਦੇ ਕਬਿੱਤ-

ਦਾਤਾ ਗ੍ਰਿਹ ਜਾਤੀ ਤਾ ਤੂੰ ਕਦਰ ਹੀ ਨ ਪਾਤੀ, ਆਜ ਮੇਰੇ ਗ੍ਰਿਹਿ ਆਈ ਹੋ ਵਧਾਈ ਵੰਡ ਬਾਵਰੀ।
ਖਾਨੇ ਦਰ ਖਾਨੇ ਬੀਜ ਖਾਨੇ ਤੋਂ ਨਿਵਾਸ ਦੇਊਂ, ਹੋਇ ਨ ਉਦਾਸ ਯਹੀ ਮੇਰੇ ਚਿਤ ਚਾਉ ਰੀ।
ਖਾਊਂ ਨ ਖਿਲਾਊਂ ਮਰ ਜਾਊਂ ਤੋ ਸਿਖਾਇ ਜਾਊਂ, ਪੂਤ ਨਾਤੀਅਨ ਕੋ ਮੈਂ ਆਪਨੋ ਸੁਭਾਉ ਰੀ।
ਚਮੜੀ ਉਤਰੇ ਤੋਂ ਭੀ ਦਮੜੀ ਨ ਦੀਜੈ ਕਾਹੂੰ, ਮਾਯਾ ਕੋ ਸ਼ੂਮ ਕਹੈ ਬੈਠੀ ਗੀਤ ਗਾਉ ਰੀ॥੧॥
ਪੰਦਰਾਂ ਕਰੋੜ ਸਤ ਲੱਖ ਤੇ ਹਜ਼ਾਰ ਬਾਰਾਂ, ਏਨਾ ਧਨ ਹੋਂਦੇ ਸ਼ੂਮ ਆਖੇ ਕਿਥੋਂ ਖਾਵਾਂਗੇ?
ਪੁੱਤਰਾਂ ਨੂੰ ਆਖੇ ਲਿਆਵੇ ਮੁੰਜ ਅਤੇ ਵਟੇ ਵਾਟ, ਰਾਤ ਦੇ ਗੁਜਾਰੇ ਜੋਗਾ ਮੁਲ ਵੱਟ ਲਿਆਵਾਂਗੇ।
ਕਲ੍ਹ ਇਕ ਦਾਣਾ ਕੀੜਾ ਲੈ ਗਿਆ ਸੀ ਮਲੋ ਮੱਲੀ, ਉਸ ਦੇ ਅੰਦੇਸੇ ਵਿਚ ਰੋਟੀ ਨਾ ਪਕਾਵਾਂਗੇ।
ਡੁਲ੍ਹ ਪਿਆ ਤੇਲ ਸ਼ੂਮ ਸਿਰ ਨੂੰ ਘਸਾਵੇ ਲੋਕੋ ਏਨਾਂ ਨੁਕਸਾਨ ਅਸੀਂ ਕੀਕੂੰ ਜਰ ਜਾਵਾਂਗੇ? ॥੨॥
ਸ਼ੂਮਣੀ ਨੂੰ ਸ਼ੂਮ ਆਖੇ ਦਸ ਖਾਂ ਸ਼ਤਾਬੀ ਮੈਨੂੰ, ਦੀਪਕ ਉਕਾਸਨੇ ਦਾ ਢੰਗ ਤੇਰਾ ਕਿਹੜਾ ਨੀ?
ਲਗਦਾ ਹੈ ਤੇਲ ਜੀਦੇ ਨਾਲ ਦੀਵਾ ਸੀਕਨੀ ਹੈ, ਉਜੜੂਗਾ ਘਰ ਨਾਲੇ ਉਜੜੂਗਾ ਵੇਹੜਾ ਨੀ।
ਦਿਨੇ ਦਿਨੇ ਰੋਟੀ ਖਾ ਕੇ ਸੌਣਾ ਪੈਣਾ ਚੰਗਾ ਹੁੰਦਾ, ਚੰਦਰਮਾ ਦੀ ਰਾਤ ਤੂੰ ਤਾਂ ਕੱਤ ਲੈ ਬਥੇਰਾ ਨੀ?
ਤੇਲ ਬਾਬੇ ਵਾਰੇ ਦਾ ਮੁਕਾਵੀਂ ਨਾ ਤੂੰ ਦੇਖੀਂ ਕਿਤੇ, ਅੱਧਾ ਮਾਮਾ ਦੀਵੇ ਪਾ ਕੇ ਚੁਕਦੇ ਅੰਧੇਰਾ ਨੀ॥੩॥

www.sikhbookclub.com

ਅਥਵਾ - ਪੁਰਾਤਨ ਸਮੇਂ ਬ੍ਰਿਧ ਪੁਰਸ਼ ਲੰਗੋਟੀ ਵਿਚ ਰੁਪਏ ਟੁੰਗੀ ਰੱਖਦੇ ਸਨ, ਇਸ ਕਰ ਕੇ ਵੀ ਲੱਕ ਨਾਲੋਂ ਲੰਗੋਟੀ ਤੋੜ ਲਈ ਅਰਥਾਤ ਖੋਹਲ ਲਈ॥ ੧੪੪॥

ਉਥਾਨਕਾ- ਕੋਈ ਪਖੰਡੀ ਵੈਸ਼ਨਵ ਗਲ ਵਿਚ ਕਈ ਤਰ੍ਹਾਂ ਦੀਆਂ ਮਾਲਾ ਪਾਈ ਫਿਰਦਾ ਸੀ, ਉਸ ਨੂੰ ਵੇਖ ਕੇ ਆਖਦੇ ਹਨ-

ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ॥

ਕਬੀਰ ਜੀ ਆਖਦੇਂ ਹਨ- ਹੇ ਭਾਈ ਜੇ ਤੂੰ ਵੈਸ਼ਨਵ ਹੋ ਗਿਆ ਹੈਂ ਤਾਂ ਕੀ ਹੋਇਆ? ਯਾਦ ਰੱਖ ਇਹਨਾਂ ਭੇਖਾਂ ਦੇ ਧਾਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੈ।

(ਤੁਲਸੀ ਦੀ, ਚੰਦਨ ਦੀ, ਕਾਲੇ ਫਲ ਦੀ ਅਤੇ ਕਾਲੀ ਉੱਨ ਦੀ ਇਹ ਚਾਰ ਮਾਲਾਂ) ਜੇਕਰ ਤੂੰ ਗਲ ਵਿਚ ਮੇਲ ਲਈਆਂ ਅਰਥਾਤ ਪਾ ਲਈਆਂ ਤਾਂ ਕੀ ਹੋਇਆ?

ਅਥਵਾ- ਚਾਰੇ ਜੁਗਾਂ ਦੀਆ ਅੱਡੋ-ਅੱਡ ਚਾਰ ਮਾਲਾਂ ਹਨ:

ਸਤਜੁਗ ਵਿਚ ਸੋਨੇ ਦੀ ਮਾਲਾ ਕਹੀ ਹੈ। ਤਰੇਤੇ ਜੁਗ ਵਿਚ ਚਾਂਦੀ ਦੀ ਮਾਲਾ ਕਹੀ ਹੈ। ਦੁਆਪੁਰ ਜੁਗ ਵਿਚ ਤਾਂਬੇ ਦੀ ਮਾਲਾ ਕਹੀ ਹੈ। ਕਲਜੁਗ ਵਿਚ ਸੂਤ੍ਰ ਦੀ ਜਾਂ ਲੋਹੇ ਦੀ ਮਾਲਾ ਕਹੀ ਹੈ। ਇਸ ਤਰ੍ਹਾਂ ਚਾਰੇ ਜੁਗਾਂ ਦੀਆਂ ਚਾਰੇ ਮਾਲਾਂ ਮੇਲ ਲਈਆਂ ਤਾਂ ਕੀ ਹੋਇਆ?

ਅਥਵਾ- ਪੁਰਾਤਨ ਮਤ ਅਨੁਸਾਰ ਚਾਰੇ ਵਰਨਾਂ ਦੀਆਂ ਚਾਰ ਅੱਡ ੨ ਮਾਲਾਂ ਹਨ-

ਬ੍ਰਾਹਮਣ ਦੀ ਮਾਲਾ ਰੁਦ੍ਰਾਖ ਦੀ ਹੈ।
ਖੱਤਰੀ ਦੀ ਮਾਲਾ ਮੂੰਗੇ ਦੀ ਹੈ।
ਸ਼ੂਦਰ ਦੀ ਮਾਲਾ ਕੱਚ ਦੀ ਹੈ।
ਵੈਸ਼ ਦੀ ਮਾਲਾ ਫੁੱਲਾਂ ਦੀ ਹੈ।

ਇਸ ਤਰ੍ਹਾਂ ਚਾਰ ਪ੍ਰਕਾਰ ਦੀ ਮਾਲਾਂ ਮੇਲ ਲਈਆਂ ਤਾਂ ਕੀ ਹੋਇਆ?

ਅਥਵਾ- ਕੋਈ ਚਾਰਿ= ਸੁੰਦਰ ਮਾਲਾ ਲੈ ਕੇ ਗਲ ਵਿਚ ਪਾ ਲਈ ਤਾਂ ਕੀ ਹੋਇਆ?

ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ॥ ੧੪੫॥

ਜਿਵੇਂ ਬਾਰਾਂ ਵੰਨੀਆਂ ਦਾ ਸੋਨਾ ਬਾਹਰੋਂ ਖੂਬਸੂਰਤ ਨਿਗਾਹ ਆਉਂਦਾ ਹੈ ਪਰ ਉਸ ਵਿਚ ਭੰਗਾਰ= ਲਾਖ ਅਰਥਾਤ ਰਾਲ ਭਰੀ ਹੁੰਦੀ ਹੈ। ਏਸੇ ਤਰ੍ਹਾਂ ਹੇ ਵੈਸ਼ਨਵ! ਤੇਰਾ ਬਾਹਰਲਾ ਲਿਬਾਸ ਬਾਰਾਂ ਵੰਨੀਆਂ ਦੇ ਸੋਨੇ ਵਾਂਗੂ ਸ਼ੁੱਧ ਨਿਗਾਹ ਆ ਰਿਹਾ ਹੈ ਪਰ ਤੱਰੇ ਹਿਰਦੇ ਵਿਚ ਕਪਟ ਰੂਪੀ ਲਾਖ ਭਰੀ ਹੋਈ ਹੈ।

ਅਥਵਾ:- ਹੰਗਤਾਂ ਰੂਪੀ ਅਤੇ ਵਾਸ਼ਨਾ ਰੂਪੀ ਲਾਖ ਭਰੀ ਹੋਈ ਹੈ।

ਅਥਵਾ :-ਪਾਪਾਂ ਰੂਪੀ ਰਾਲ ਭਾਵ ਮੈਲ ਭਰੀ ਹੋਈ ਹੈ॥ ੧੪੫॥

ਉਥਾਨਕਾ- ਕਿਸੇ ਪ੍ਰੇਮੀ ਨੇ ਆ ਕੇ ਕਿਹਾ- ਭਗਤ ਜੀ! ਭਗਵਾਨ ਕਿਵੇਂ ਮਿਲਦਾ ਹੈ? *ਉੱਤਰ*—

ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥

ਕਬੀਰ ਜੀ ਆਖਦੇ ਹਨ-ਹੇ ਭਾਈ! ਮਨ ਦਾ ਹੰਕਾਰ ਤਿਆਗ ਕੇ ਬਾਟ ਕਾ= ਰਸਤੇ ਦਾ ਰੋੜਾ ਹੋ ਰਹਿਣਾ ਕਰ।

ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥ ੧੪੬॥

ਜੇ ਕੋਈ ਇਸ ਤਰ੍ਹਾਂ ਦਾ ਨਿੰਮ੍ਰਤਾਵਾਨ ਸੇਵਕ ਹੋਵੇ ਤਾਂ ਉਸ ਨੂੰ ਭਗਵਾਨ ਆਪ ਮਿਲਦਾ ਹੈ॥੧੪੬॥

ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥

ਕਬੀਰ ਜੀ ਆਖਦੇ ਹਨ— ਜੇਕਰ ਰੋੜੇ ਵਾਂਗੂੰ ਹੋ ਗਿਆ ਤਾਂ ਕੀ ਹੋਇਆ? ਕਿਉਂਕਿ ਰੋੜਾ ਬਣ ਕੇ ਪੰਥੀ= ਰਸਤੇ ਵਿਖੇ ਚੱਲਣ ਵਾਲੇ ਰਾਹੀਆਂ ਨੂੰ ਦੁੱਖ ਦੇਂਦਾ ਰਿਹਾ।

ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥ ੧੪੭॥

ਤੇਰਾ = ਤਿਸ ਪਰਮਾਤਮਾ ਦਾ ਦਾਸ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਵੇਂ ਧਰਤੀ ਵਿਚ ਖੇਹ = ਮਿੱਟੀ ਹੁੰਦੀ ਹੈ। ਰੋੜਾ ਤਾਂ ਪੈਰਾਂ ਵਿਚ ਚੁਭ ਕੇ ਦੁੱਖ ਦੇਂਦਾ ਹੈ ਖੇਹ ਦੁੱਖ ਨਹੀਂ ਦੇਂਦੀ ਕਿਉਂਕਿ ਖੇਹ ਨਰਮ ਹੁੰਦੀ ਹੈ॥੧੪੭॥

ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥

ਕਬੀਰ ਜੀ ਆਖਦੇ ਹਨ- ਜੇਕਰ ਖੇਹ ਰੂਪ ਹੋ ਗਿਆ ਤਾਂ ਕੀ ਹੋਇਆ ? ਜੇਕਰ ਖੇਹ ਉੱਡ-ਉੱਡ ਕੇ ਅੰਗਾਂ ਨੂੰ ਲੱਗਦੀ ਹੈ। ਪੁਨਾ- ਬੇਨਤੀ ਕੀਤੀ- ਫਿਰ ਕਿਵੇਂ ਹੋਣਾ ਚਾਹੀਦਾ ਹੈ? *ਉੱਤਰ-*

ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥ ੧੪੮॥

ਹਰੀ ਦਾ ਸੇਵਕ ਜਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਵੇਂ ਪਾਣੀ ਸਰਬੰਗ= (ਸਰਬ+ਅੰਗ) ਸਾਰਿਆਂ ਨਾਲ ਮਿਲਿਆ ਹੁੰਦਾ ਹੈ॥ ੧੪੮॥

ਕਬੀਰ ਪਾਨੀ ਹੂਆ ਤ ਕਿਆ ਭਇਆ ਸੀਗਾ ਤਾਤਾ ਹੋਇ॥

ਫੇਰ ਕਬੀਰ ਜੀ ਆਖਦੇ ਹਨ-ਜੇਕਰ ਪਾਣੀ ਰੂਪ ਗਿਆ ਤਾਂ ਕੀ ਹੋਇਆ? ਕਿਉਂਕਿ ਪਾਣੀ ਸਿਆਲ ਵਿਚ ਸਰਦੀ ਹੋਣ ਕਰ ਕੇ ਸੀਗਾ ਹੋਇ= ਠੰਢਾ ਹੋ ਜਾਂਦਾ ਹੈ ਅਤੇ ਹੁਨਾਲ ਵਿਚ ਗਰਮੀ ਹੋਣ ਕਰ ਕੇ ਤਾਤਾ ਹੋਇ= ਗਰਮ ਹੋ ਜਾਂਦਾ ਹੈ। ਇਸ ਲਈ-

ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥ ੧੪੯॥

ਹਰੀ ਦਾ ਸੇਵਕ ਜਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ, ਜਿਸ ਤਰ੍ਹਾਂ ਦਾ ਹਰੀ ਆਪ ਸ਼ਾਂਤਿ ਸੁਭਾਅ ਤੇ ਨਿੰਮ੍ਰਤਾ ਵਾਲਾ ਹੋ ਰਿਹਾ ਹੈ। ਨੋਟ- ਹੁਣ ਇਨ੍ਹਾਂ ਹੀ ਚਾਰ ਸਲੋਕਾਂ ਦਾ ਅੰਤ੍ਰੀਵ ਅਰਥ-

ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥

ਕਬੀਰ ਜੀ ਆਖਦੇ ਹਨ- ਮਨ ਦੇ ਹੰਕਾਰ ਨੂੰ ਤਿਆਗ ਕੇ ਪ੍ਰਮੇਸ਼ਰ ਦੀ ਭਗਤੀ ਰੂਪ ਬਾਟ ਦਾ ਤੂੰ ਰੋੜਾ ਹੋ ਰਹਿਣਾ ਕਰ। ਅਰਥਾਤ ਜਿਵੇਂ ਰਸਤੇ ਦਾ ਰੋੜਾ ਹਰ ਇਕ ਦੇ ਠੁੱਡਿਆਂ ਨੂੰ ਸਹਾਰਦਾ ਹੈ, ਤਿਵੇਂ ਤੂੰ ਭੀ ਬੋਲੀ ਕਬੋਲੀ ਰੂਪ ਠੁੱਡਿਆਂ ਨੂੰ ਸਹਾਰਨਾ ਕਰ। ਕਠੋਰ ਬਾਣੀ ਦੁਆਰੇ ਚਾਹੇ ਕੋਈ ਕੁਝ ਕਹਿ ਜਾਵੇ ਸੁਣ ਕੇ ਚਿਤ ਨੂੰ ਸ਼ਾਂਤਿ ਰੱਖ।

ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥੧੪੬॥

ਜੇ ਕੋਈ ਇਸ ਤਰ੍ਹਾਂ ਦਾ ਦਾਸ ਹੋਵੇ ਤਾਂ ਉਸ ਨੂੰ ਭਗਵਾਨ ਆਪ ਆ ਕੇ ਮਿਲਦਾ ਹੈ॥ ੧੪੬॥

www.sikhbookclub.com

ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥

ਕਬੀਰ ਜੀ ਆਖਦੇ ਹਨ- ਰੋੜੇ ਵਾਂਗ ਬੋਲੀ ਕਬੋਲੀ ਰੂਪ ਠੁਡਿਆਂ ਦੇ ਸਹਾਰਨ ਵਾਲਾ ਹੋ ਗਿਆ ਤਾਂ ਕੀ ਹੋਇਆ? ਜੇਕਰ ਪੰਥੀ= ਪੰਥਾਂ ਦੇ ਭਾਵ ਸੰਪ੍ਰਦਾਵਾਂ ਦੇ ਚਲਾਉਣ ਵਾਲਿਆਂ ਮਹਾਤਮਾਂ ਨੂੰ ਤਰਕ ਮਾਰ ਕੇ ਦੁੱਖ ਦੇਂਦਾ ਰਿਹਾ।

ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥ ੧੪੭॥

ਉਸ ਪਰਮਾਤਮਾ ਦਾ ਦਾਸ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਵੇਂ ਧਰਤੀ ਵਿਚ ਖੇਹ ਹੁੰਦੀ ਹੈ ਭਾਵ ਅਭਿਮਾਨ ਨੂੰ ਤਿਆਗ ਕੇ ਨਿੰਮ੍ਰਤਾਵਾਨ ਹੋਵੇ॥ ੧੪੭॥

ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥

ਕਬੀਰ ਜੀ ਆਖਦੇ ਹਨ ਕਿ ਜਿਵੇਂ ਖੇਹ ਹੁੰਦੀ ਹੈ, ਏਸੇ ਤਰ੍ਹਾਂ ਜੇ ਨਿਰ-ਅਭਿਮਾਨ ਹੋ ਗਿਆ ਤਾਂ ਕੀ ਹੋਇਆ? ਅੰਗ= ਹੇ ਪਿਆਰੇ! ਜੇਕਰ ਉਡਿ ਲਾਗੈ= ਕਰਮਾਂ ਦੇ ਕਰਨ ਵਿਚ ਲੱਗ ਗਿਆ। ਨੋਟ- ਉਡਨਾ ਧਰਮ ਕਰਮਾਂ ਦਾ ਹੈ ਇਸ ਕਰ ਕੇ ਉਡਿ ਦਾ ਅਰਥ ਕਰਮ ਕੀਤਾ ਹੈ।

ਯਥਾ- ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥ *(ਸੂਹੀ ਵਾਰ, ਪੰਨਾ ੭੮੮)*

ਅਥਵਾ- ਉਡਿ ਨਾਮ ਕਰਮਾਂ ਦਾ ਹੈ ਤੇ ਅੰਗ ਨਾਮ ਹਿੱਸੇ ਦਾ ਹੈ। ਹਿੱਸਾ ਕਹਿ ਦਿਓ, ਕਾਂਡ ਕਹਿ ਦਿਓ, ਇਹ ਦੋਵੇਂ ਪ੍ਰਿਆਇ ਸ਼ਬਦ ਹਨ।

(ਉਡਿ ਅੰਗ) ਦੋਹਾਂ ਸ਼ਬਦਾਂ ਦਾ ਅਰਥ ਕਰਮ ਕਾਂਡ ਹੈ। ਜਉ ਉਡਿ ਲਾਗੈ ਅੰਗ= ਜੇਕਰ ਕਰਮ ਕਾਂਡ ਵਿਚ ਲੱਗ ਗਿਆ ਤਾਂ ਕੀ ਹੋਇਆ?

ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥ ੧੪੮॥

ਹਰੀ ਦਾ ਸੇਵਕ ਜਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਵੇਂ ਪਾਣੀ ਸਰਬੰਗ= ਸਾਰਿਆਂ ਨੂੰ ਪਿਆਰਾ ਲੱਗਦਾ ਹੈ। *ਅਥਵਾ-* ਪਾਣੀ ਸਰਬੰਗ= ਸਰਬ ਰੂਪ ਹੋ ਜਾਂਦਾ ਹੈ॥ ੧੪੮॥

ਕਬੀਰ ਪਾਨੀ ਹੂਆ ਤ ਕਿਆ ਭਇਆ ਸੀਗਾ ਤਾਤਾ ਹੋਇ॥

ਕਬੀਰ ਜੀ ਆਖਦੇ ਹਨ- ਪਾਣੀ ਰੂਪ ਹੋ ਗਿਆ ਅਰਥਾਤ ਸਾਰਿਆਂ ਨਾਲ ਮਿਲਵਰਤਣ ਕਰਨ ਵਾਲਾ ਹੋ ਗਿਆ ਤਾਂ ਕੀ ਹੋਇਆ? ਜੇਕਰ ਸੀਗਾ- ਸੀਤਲ ਸੁਭਾਅ ਵਾਲਿਆਂ ਨਾਲ ਮਿਲ ਕੇ ਸਤੋਗੁਣੀ ਹੋ ਗਿਆ ਤੇ ਤਾਤਾ= ਗਰਮ ਸੁਭਾਅ ਵਾਲਿਆਂ ਨਾਲ ਮਿਲ ਕੇ ਤਮੋਗੁਣੀ ਹੋ ਗਿਆ।

ਇਸ ਤਰ੍ਹਾਂ ਬਹੁਤਿਆਂ ਦੀ ਸੰਗਤ ਨਾਲ ਮਿਲਵਰਤਣ ਰੱਖਣ ਕਰ ਕੇ ਬਹੁਤੇ ਸੁਭਾਅ ਹੋ ਜਾਂਦੇ ਹਨ। ਨਾਨ੍ਹਾ ਸੁਭਾਅ ਬਦਲਨ ਵਿਖੇ ਹਰੀ ਜਨਾਂ ਦੀ ਬਿਰਤੀ ਵਿਚ ਫਰਕ ਪੈ ਜਾਂਦਾ ਹੈ।

ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥

ਹਰੀ ਦਾ ਸੇਵਕ ਜਨ ਐਸਾ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਦਾ ਹਰੀ ਆਪ ਸ਼ਾਂਤੀ ਸ੍ਵਰੂਪ ਹੋ ਰਿਹਾ ਹੈ॥ ੧੪੯॥

ਉਥਾਨਕਾ- ਪ੍ਰਭੂ ਦੇ ਸਿਮਰਨ ਤੋਂ ਬਿਨਾਂ ਸਭ ਪਦਾਰਥਾਂ ਦੀ ਨਿਸਫਲਤਾ ਕਥਨ ਕਰਦੇ ਹਨ-

ਊਚ ਭਵਨ ਕਨ ਕਾਮਨੀ

ਚਾਹੇ ਮਨੁੱਖ ਦੇ ਪਾਸ ਬੜੇ ਬੜੇ ਉੱਚੇ ਸੁੰਦਰ ਭਵਨ= ਮੰਦਰ ਹਨ ਅਤੇ ਕਨ= ਸਵਰਨ ਦੇ ਰੰਗ

ਵਰਗੀਆਂ ਲਾਲ ਚੇਹਰੇ ਮੋਹਰੇ ਵਾਲੀਆਂ ਕਾਮਨੀ= ਇਸਤ੍ਰੀਆਂ ਵੀ ਘਰ ਵਿਚ ਹਨ।

ਅਥਵਾ- ਕਨ ਕਾਮਨੀ= ਸੋਨੇ ਦੇ ਗਹਿਣਿਆਂ ਨਾਲ ਫੱਬੀਆਂ ਹੋਈਆਂ ਇਸਤ੍ਰੀਆਂ ਘਰ ਵਿਚ ਹਨ।

ਅਥਵਾ- ਬੜੇ ਉੱਚੇ ਮੰਦਰ ਹਨ, ਜਿਨ੍ਹਾਂ ਮੰਦਰਾਂ ਉਤੇ ਕਨ= ਸੋਨੇ ਦੇ ਕਲਸ ਲੱਗੇ ਹੋਏ ਹਨ ਤੇ ਘਰ ਵਿਚ ਕਾਮਨੀ= ਇਸਤ੍ਰੀਆਂ ਵੀ ਆਗਿਆਕਾਰ ਹਨ। ਅਤੇ-

ਸਿਖਰਿ ਧਜਾ ਫਹਰਾਇ ॥

ਮੰਦਰਾਂ ਦੇ ਸਿਖਰਿ= ਧਰ ਉਪਰ ਬੜੀਆਂ ਉਚੀਆਂ (ਧਜਾ) ਧ੍ਵਜਾਂ ਫਰਕਦੀਆਂ ਹਨ ਭਾਵ ਨਿਸ਼ਾਨ ਝੂਲਦੇ ਹਨ। ਇਤਿਆਦਿਕ ਸਾਰੇ ਪਦਾਰਥ ਸਿਮਰਨ ਕਰਨ ਨਾਲ ਹੀ ਸਫਲ ਹੁੰਦੇ ਹਨ ਜੇਕਰ ਇਹ ਜੀਵ ਸਿਮਰਨ ਨਹੀਂ ਕਰਦਾ ਭਾਂ-

ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ ॥ ੧੫੦ ॥

ਉਸ ਪਾਤਸ਼ਾਹੀ ਥਾਟ ਨਾਲੋਂ ਮਧੂਕੜੀ ਮੰਗ ਕੇ ਖਾ ਲੈਣੀ ਚੰਗੀ ਹੈ, ਜਿਸ ਕਰ ਕੇ ਸੰਤਾਂ ਨਾਲ ਮਿਲ ਕੇ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ॥ ੧੫੦॥

ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ ॥

ਕਬੀਰ ਜੀ ਆਖਦੇ ਹਨ- ਪਾਟਨ ਤੇ= ਸ਼ਹਿਰ ਨਾਲੋਂ ਉਹ ਊਜਰੁ ਭਲਾ= ਉਜਾੜ (ਜੰਗਲ) ਚੰਗਾ ਹੈ, ਜਿਸ ਅਸਥਾਨ 'ਤੇ ਰਾਮ ਦੇ ਸਿਮਰਨ ਕਰਨ ਵਾਲੇ ਭਗਤ ਜਨ ਨਿਵਾਸ ਕਰਦੇ ਹਨ।

ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ ਭਾਂਇ ॥ ੧੫੧ ॥

ਰਾਮ ਦੇ ਸਨੇਹੀ= ਪਿਆਰੇ ਜੋ ਭਗਤ ਹਨ, ਉਹਨਾਂ ਦੇ ਨਿਵਾਸ ਤੋਂ ਬਾਹਰ ਜੋ ਸ਼ਹਿਰ ਹੈ, ਭਾਵ ਜਿਸ ਸ਼ਹਿਰ ਵਿਚ ਰਾਮ ਦੇ ਭਗਤ ਨਿਵਾਸ ਨਹੀਂ ਕਰਦੇ, ਉਹ ਸ਼ਹਿਰ ਮੇਰੇ ਭਾਣੇ ਜਮਪੁਰੀ ਦੇ ਸਮਾਨ ਹਨ ॥੧੫੧ ॥

ਯਥਾ- ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥
ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥ ੧੪ ॥

(ਸਲੋਕ ਕਬੀਰ ਜੀ, ਪੰਨਾ ੧੩੬੫)

ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥

ਕਬੀਰ ਜੀ ਆਖਦੇ ਹਨ- ਗੰਗਾ ਨਦੀ ਤੇ ਜਮਨਾ ਨਦੀ ਦੋਹਾਂ ਦੇ ਅੰਤਰੇ= ਵਿਚਕਾਰ ਇਕ ਸਭ ਤੋਂ ਚੰਗਾ ਅੰਤਰ ਬੇਦ ਨਾਮ ਕਰ ਕੇ ਸੁੰਨ ਘਾਟ ਹੈ, ਜਿਥੇ ਕੋਈ ਡੰਡ-ਰੌਲਾ ਨਹੀਂ ਹੈ।

ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥ ੧੫੨ ॥

ਕਬੀਰ ਜੀ ਆਖਦੇ ਹਨ- ਤਿਸ ਸੁੰਨ ਘਾਟ 'ਤੇ ਮੈਂ ਸਹਿਜੇ ਮਟੁ ਕੀਆ= ਅਸਥਾਨ ਬਨਾਉਣਾ ਕੀਤਾ ਹੈ, ਉਸ ਬਾਟ= ਰਸਤੇ ਨੂੰ ਬੜੇ ਬੜੇ ਮੁਨੀ ਜਨ ਮਹਾਤਮਾ ਖੋਜਦੇ ਫਿਰਦੇ ਹਨ, ਪਰ ਉਨ੍ਹਾਂ ਨੂੰ ਉਹ ਇਕਾਂਤ ਅਸਥਾਨ ਮਿਲਦਾ ਨਹੀਂ ਹੈ॥ ੧੫੨ ॥ *ਅਥਵਾ-*

ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥

ਗੰਗਾ= ਇੜਾ, ਜਮਨਾ= ਪਿੰਗੁਲਾ ਇਨ੍ਹਾਂ ਦੋਹਾਂ ਸੁਰਾਂ ਦੇ ਅੰਦਰ ਇਕ ਸੁੰਨ ਘਾਟ= ਦਸਮ ਦੁਆਰ ਹੈ।

www.sikhbookclub.com

ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥

ਕਬੀਰ ਜੀ ਆਖਦੇ ਹਨ- ਮੈਂ ਉਸ ਦਸਮ ਦੁਆਰ ਵਿਚ ਸਹਜੇ ਹੀ ਮਟੁ= ਇਸਥਿਤ ਹੋਣਾ ਕੀਤਾ ਹੈ। ਉਸ ਦਸਮ ਦੁਆਰ ਦੇ ਬਾਟ = ਰਸਤੇ ਨੂੰ ਹੇਰ ਭੀ ਮੁਨੀ ਜਨ ਮਹਾਤਮਾ ਖੋਜਦੇ ਫਿਰਦੇ ਹਨ।

ਅਥਵਾ- ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥

ਗੰਗਾ= ਭਗਤੀ ਜਮੁਨਾ= ਨਿਸ਼ਕਾਮ ਕਰਮ, ਇਨ੍ਹਾਂ ਦੋਹਾਂ ਦੇ ਅੰਦਰ ਜੋ ਸੁੰਨ ਘਾਟ= ਬ੍ਰਹਮ ਗਿਆਨ ਹੈ।

ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥ ੧੫੨॥

ਕਬੀਰ ਜੀ ਆਖਦੇ ਹਨ- ਮੈਂ ਉਸ ਬ੍ਰਹਮ ਗਿਆਨ ਵਿਚ ਸਹਜੇ ਹੀ ਮਟੁ ਕੀਆ= ਰਹਿਣਾ ਕੀਤਾ ਹੈ, ਉਸ ਬ੍ਰਹਮ ਗਿਆਨ ਦੇ ਬਾਟ= ਰਸਤੇ ਨੂੰ ਬੜੇ-ਬੜੇ ਮੁਨੀਜਨ ਮਹਾਤਮਾਂ ਲੱਭ ਰਹੇ ਹਨ॥ ੧੫੨॥

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥

ਕਬੀਰ ਜੀ ਆਖਦੇ ਹਨ- ਜਿਸ ਤਰ੍ਹਾਂ ਦੀ ਲਗਰ ਅਰਥਾਤ ਟਾਹਣੀ ਪੇਡ ਤੇ = ਮੁੱਢ ਤੋਂ ਉਤਪਨ ਹੋਈ ਹੈ, ਜੇ ਓੜਕ ਤੱਕ ਤੈਸੀ ਸਿੱਧੀ ਸਾਫ ਪਹੁੰਚ ਜਾਵੇ। ਤਾਂ-

ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥ ੧੫੩॥

ਹੀਰਾ ਵਿਚਾਰਾ ਕੀ ਹੈ? ਉਸ ਦੇ ਸਦਰਸ਼ ਤਾਂ ਕ੍ਰੋੜਾਂ ਰਤਨ ਵੀ ਨਹੀਂ ਪੁੱਜ ਸਕਦੇ।

ਅਥਵਾ- ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥

ਮਾਤਾ ਦੇ ਉਦਰ ਰੂਪ ਪੇਡ ਤੋਂ ਜਿਸ ਤਰ੍ਹਾਂ ਦੀ ਦੇਹ ਰੂਪ ਲਗਰ ਪੈਦਾ ਹੋਈ ਹੈ, ਜੇਕਰ ਉਸੇ ਤਰ੍ਹਾਂ ਦੀ ਨਿਰਛਲਤਾ ਉਪਕਾਰਤਾ ਆਦਿਕ ਗੁਣਾਂ ਸੰਜੁਗਤ ਵਿਸ਼ੇ ਵਿਕਾਰਾਂ ਤੋਂ ਰਹਿਤ ਸਾਬਤ ਸੂਰਤ ਅਖੀਰ ਤੀਕਣ ਨਿਭ ਜਾਵੇ ਤਾਂ

ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥ ੧੫੩॥

ਹੀਰਾ= ਮਨੁੱਖਾ ਦੇਹ ਵਿਚਾਰਾ ਕਿਸ ਕਾ= ਕਿਆ ਹੈ? ਉਸ ਦੇ ਸਦਰਸ਼ ਤਾਂ ਕ੍ਰੋੜਾਂ ਰਤਨ= ਦੇਵਤੇ ਵੀ ਨਹੀਂ ਪੁੱਜ ਸਕਦੇ॥ ੧੫੩॥

ਉਥਾਨਕਾ- ਇਕ ਪੰਡਿਤ ਨੇ ਕਾਂਸ਼ੀ ਸ਼ਹਿਰ ਵਿਚ ਕਿਸੇ ਸ਼ਾਹੂਕਾਰ ਦੀ ਦੁਕਾਨ ਤੇ ਭਾਗਵਤ ਦੀ ਕਥਾ ਦਾ ਭੋਗ ਪਾਇਆ, ਭੋਗ ਪਾ ਕੇ ਜਦ ਉਸ ਨੇ ਮਾਇਆ ਗਿਣੀ ਤਾਂ ਥੋੜ੍ਹੀ ਨਿਕਲੀ, ਇਸ ਕਰ ਕੇ ਉਹਨਾਂ ਨਾਲ ਝਗੜਾ ਕਰ ਰਿਹਾ ਸੀ ਤੇ ਆਖ ਰਿਹਾ ਸੀ ਅੱਗੋਂ ਤੋਂ ਕਥਾ ਤਾਂ ਕਰਾਂਗਾ ਜੇਕਰ ਭੋਗ ਵਾਲੇ ਦਿਨ ੧੦੦) ਰੁਪਯਾ ਦਿਓਗੇ, ਨਹੀਂ, ਤਾਂ ਨਹੀਂ ਕਰਾਂਗਾ। ਕਬੀਰ ਜੀ ਨੇ ਜਾਂਦਿਆਂ ਜਾਂਦਿਆਂ ਇਹ ਗੱਲ ਸੁਣ ਲਈ ਉਨ੍ਹਾਂ ਨੂੰ ਤਾਂ ਕੁਝ ਨਹੀਂ ਕਿਹਾ ਪਰ ਦੂਜੇ ਦਿਨ ਆਪਣੀ ਸਭਾ ਵਿਚ ਬੈਠੇ ਪ੍ਰੇਮੀਆਂ ਨੂੰ ਸੁਣਾਉਂਦੇ ਹਨ-

ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥

ਕਬੀਰ ਜੀ ਆਖਦੇ ਹਨ- ਕਲ੍ਹ ਰਾਹ ਜਾਂਦਿਆ ਮੈਂ ਇਕ ਅਚੰਭਉ= ਅਸਚਰਜ ਕੌਤਕ ਵੇਖਿਆ, ਜੋ ਨਾਮ ਗਿਆਨ ਰੂਪ ਹੀਰਾ (ਕਥਾ ਕਰਨ ਵਾਲੇ ਜੋ ਪੰਡਿਤ ਲੋਕ ਹਨ) ਉਹਨਾਂ ਦੀ ਦੁਕਾਨ 'ਤੇ ਵਿਕ ਰਿਹਾ ਹੈ ਭਾਵ ਇਕ ਪੰਡਿਤ ਆਖ ਰਿਹਾ ਸੀ ਜੇ ਸੌ ਰੁਪਯਾ ਦਿਓਗੇ ਤਾਂ ਮੈਂ ਕਥਾ ਕਰਾਂਗਾ।

ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥ ੧੫੪ ॥

ਖਰੀਦਣ ਵਾਲੇ ਭਾਵ ਕਦਰ ਕਰਨ ਵਾਲੇ ਸ਼ਰਧਾਲੂ (ਜਗਿਆਸੂਆਂ) ਤੋਂ ਬਾਹਰਾ= ਬਿਨਾਂ, ਉਹ ਨਾਮ ਗਿਆਨ ਰੂਪ ਹੀਰਾ ਕਉਡੀ = ਮਾਇਆ ਦੇ ਬਦਲੇ ਨਿਸਫਲ ਜਾ ਰਿਹਾ ਹੈ । *ਅਥਵਾ-*

ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥

ਕਬੀਰ ਜੀ ਆਖਦੇ ਹਨ-ਅਸੀਂ ਤਾਂ ਇਕ ਅਸਚਰਜ ਹੀ ਕੌਤਕ ਵੇਖਿਆ ਹੈ ਕਿ-ਹੀਰਾ= ਮਨੁੱਖਾ ਜਨਮ ਪਦਾਰਥਾਂ ਰੂਪੀ ਹਟ 'ਤੇ ਵਿਕ ਰਿਹਾ ਹੈ ।ਭਾਵ ਪਦਾਰਥਾਂ ਦੇ ਬਦਲੇ ਨਿਸਫਲ ਜਾ ਰਿਹਾ ਹੈ।

*ਅਥਵਾ-*ਹੀਰਾ= ਮਨੁੱਖਾ ਜਨਮ ਜੂਨਾਂ ਰੂਪ ਹਟ 'ਤੇ ਵਿਕ ਰਿਹਾ ਹੈ। ਅਰਥਾਤ ਮਨੁੱਖ ਜਨਮ ਨੂੰ ਪਾ ਕੇ ਵੀ ਮੁਕਤ ਨਾ ਹੋਇਆ ਜਿਸ ਕਰ ਕੇ ਮਨੁੱਖ ਜਨਮ ਵਿਚ ਪਦਾਰਥਾਂ ਨੂੰ ਭੋਗਣ ਕਰ ਕੇ ਫਿਰ ਜੂਨੀਆਂ ਦੇ ਦੁੱਖਾਂ ਨੂੰ ਭੋਗਦਾ ਹੈ।

ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥੧੫੪ ॥

ਕਦਰ ਕਰਨ ਵਾਲੇ ਜਗਿਆਸੂਆਂ ਤੋਂ ਬਾਹਰਾ= ਬਿਨਾਂ, ਇਹ ਮਨੁੱਖਾ ਜਨਮ ਵਿਸ਼ਿਆਂ ਵਾ: ਮਾਇਆ ਰੂਪ ਕੌਡੀ ਦੇ ਬਦਲੇ ਨਿਸਫਲ ਜਾ ਰਿਹਾ ਹੈ ।

ਯਥਾ- ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥

(ਗਉੜੀ ਮਹਲਾ ੧, ਪੰਨਾ ੧੫੬)

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥

ਕਬੀਰ ਜੀ ਆਖਦੇ ਹਨ- ਜਿਥੇ ਗਿਆਨ ਦੀ ਪ੍ਰਾਪਤੀ ਹੈ ਉਥੇ ਹੀ ਧਰਮ ਦੀ ਇਸਥਿਤੀ ਹੈ ਅਤੇ- ਜਿਥੇ ਝੂਠ ਪ੍ਰਧਾਨ ਹੈ, ਉਥੇ ਪਾਪ ਬਹੁਤ ਸਾਰੇ ਇਕੱਤ੍ਰ ਹੋ ਜਾਂਦੇ ਹਨ ਕਿਉਂਕਿ ਪਾਪਾਂ ਦਾ ਬਾਪ ਝੂਠ ਹੈ, ਝੂਠ ਬੋਲਣ ਕਰ ਕੇ ਹੀ ਪਾਪਾਂ ਦੀ ਬਿਰਧੀ ਹੁੰਦੀ ਹੈ। ਫਿਰ-

ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ ੧੫੫ ॥

ਜਿਥੇ ਪਦਾਰਥਾਂ ਦਾ ਲੋਭ ਹੈ ਉਥੇ ਹੀ ਕਾਲ ਆਉਂਦਾ ਹੈ। ਭਾਵ ਲੋਭੀ ਪੁਰਸ਼ਾਂ ਨੂੰ ਕਾਲ ਆ ਕੇ ਮਾਰਦਾ ਹੈ। ਜਿਥੇ ਖਿਮਾ ਗੁਣ ਹੈ, ਉਥੇ ਪ੍ਰਭੂ ਆਪ ਆ ਕੇ ਦਰਸ਼ਨ ਦਿੰਦਾ ਹੈ ॥ ੧੫੫ ॥ *ਅਥਵਾ-*

ਜਹਾਂ ਖਿਮਾਂ ਗੁਣ ਹੈ	ਤਹਾਂ ਧਰਮ ਹੈ।
ਜਹਾਂ ਧਰਮ ਹੈ	ਤਹਾਂ ਗਿਆਨ ਹੈ ।
ਜਹਾਂ ਗਿਆਨ ਹੈ	ਤਹਾਂ ਪ੍ਰਭੂ ਆਪ ਹੈ।
ਜਹਾਂ ਪਦਾਰਥਾਂ ਦਾ ਲੋਭ ਹੈ	ਤਹਾਂ ਝੂਠ ਹੈ।
ਜਹਾਂ ਝੂਠ ਹੈ	ਤਹਾਂ ਪਾਪ ਹੈ।
ਜਹਾਂ ਪਾਪ ਹੈ	ਤਹਾਂ ਕਾਲ ਹੈ।

ਉਥਾਨਕਾ-ਕੋਈ ਬੜਾ ਮਾਨੀ ਪੁਰਸ਼ ਸੀ ਉਹ ਕਿਸੇ ਵੈਰਾਗ ਵਿਚ ਆ ਕੇ ਮਾਇਆ ਤਾਂ ਛੱਡ ਬੈਠਾ ਪਾ ਮਾਨ ਨੂੰ ਨਾ ਤਿਆਗ ਸਕਿਆ। ਉਸ ਪ੍ਰਤੀ ਕਹਿੰਦੇ ਹਨ-

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥

ਕਬੀਰ ਜੀ ਆਖਦੇ ਹਨ-- ਜੇਕਰ ਤੂੰ ਜੜ੍ਹ ਮਾਇਆ, *ਅਥਵਾ-* ਚੇਤਨ ਮਾਇਆ ਤਿਆਗ ਦਿੱਤੀ ਹੈ ਤਾਂ ਕੀ ਹੋਇਆ? ਜੇਕਰ ਦਿਲ ਵਿਚੋਂ ਮਾਨ ਨਹੀਂ ਤਿਆਗਿਆ ਜਾਂਦਾ।

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥ ੧੫੬ ॥

ਮੁਨੀਆਂ ਵਿਚੋਂ ਜਿਹੜੇ ਵਰ ਮੁਨਿ= ਸ੍ਰੇਸ਼ਟ ਮੁਨੀ ਹਨ, ਉਹ ਭੀ ਇਸ ਮਾਨ ਵਿਚ ਪੈ ਕੇ ਗਲ ਗਏ ਇਹ ਮਾਨ ਸਾਰਿਆਂ ਨੂੰ ਖਾ ਜਾਂਦਾ ਹੈ। *ਅਥਵਾ-* ਇਹ ਮਾਨ ਸਾਰਿਆਂ ਸ਼ੁਭ-ਗੁਣਾਂ ਨੂੰ ਖਾਇ= ਅਭਾਵ ਕਰ ਦੇਂਦਾ ਹੈ ॥੧੫੬ ॥

ਸਾਖੀ—ਮਾਨੀ ਸੰਤਾਂ ਦੀ

ਕਿਸੇ ਬਾਦਸ਼ਾਹ ਪਾਸ ਕੋਈ ਮਾਨੀ ਸੰਤ ਰਹਿੰਦਾ ਸੀ। ਲੋਕਾਂ ਵਿਚ ਆਪਣਾ ਅਸਰ ਪਾਉਣ ਵਾਸਤੇ ਕਹਿੰਦਾ ਕਿ ਮੈਂ ਅੰਨ-ਜਲ ਨਹੀਂ ਛਕਦਾ। ਛੇ-ਛੇ ਮਹੀਨੇ ਸਮਾਧੀ ਲਾ ਕੇ ਭੋਰੇ ਵਿਚ ਹੀ ਬੈਠਾ ਰਹਿੰਦਾ। ਬਾਦਸ਼ਾਹ ਤੇ ਹੋਰ ਸ਼ਹਿਰ ਦੇ ਲੋਕਾਂ 'ਚ ਅਤਿਅੰਤ ਸ਼ਰਧਾ ਬਝ ਗਈ। ਦਰਸ਼ਨਾਂ ਵਾਸਤੇ ਲੋਕੀਂ ਉਤਾਵਲੇ ਹੋਏ ਛੇਵੇਂ ਮਹੀਨੇ ਦੀ ਆਖਰੀ ਤਾਰੀਖ ਨੂੰ ਯਾਦ ਕਰਦੇ ਰਹਿੰਦੇ। ਉਸ ਦਿਨ ਬਾਦਸ਼ਾਹ ਅਹਿਲਕਾਰਾਂ ਵਜ਼ੀਰਾਂ ਤੇ ਸੈਨਾ ਸਮੇਤ ਅਤੇ ਪਰਜਾ ਦੇ ਲੋਕ ਭੋਰੇ ਦੇ ਬੂਹੇ ਅੱਗੇ ਖੜੇ ਹੋ ਜਾਂਦੇ। ਉਸ ਸਾਧੂ ਦੇ ਬਾਹਰ ਆਉਣ ਸਮੇਂ ਬੜੇ ਬੈਂਡ ਵਾਜੇ ਵੱਜਦੇ, ਫੁੱਲਾਂ ਦੀ ਬਰਖਾ ਹੁੰਦੀ ਤੇ ਉਸ ਦਾ ਸਾਰੇ ਸ਼ਹਿਰ ਵਿਚ ਹਾਥੀ 'ਤੇ ਬਿਠਾ ਕੇ ਜਲੂਸ ਕੱਢ ਕੇ ਸੁਆਗਤ ਕੀਤਾ ਜਾਂਦਾ ਸੀ। ਇਸੇ ਮਾਨ ਦੇ ਆਸਰੇ ਹੀ ਉਹ ਮਹਾਤਮਾ ਜੀਉਂਦਾ ਸੀ।

ਅਚਾਨਕ ਉਸੇ ਸ਼ਹਿਰ ਵਿਚ ਚੰਗੇ ਭਜਨੀਕ ਮਹਾਤਮਾ ਵੀ ਆ ਗਏ। ਬਾਦਸ਼ਾਹ ਨੇ ਪਾਸ ਬੁਲਾ ਕੇ ਬੜਾ ਸਤਿਕਾਰ ਕੀਤਾ ਤੇ ਆਪਣੇ ਸੰਤਾਂ ਦੀ ਉਸਤਤੀ ਕੀਤੀ ਕਿ ਮਹਾਰਾਜ! ਵਾਰੇ ਵਾਰੇ ਜਾਈਏ ਸੰਤਾਂ ਤੋਂ, ਇਕ ਸੰਤ ਐਹੋ ਜਿਹੇ ਏਥੇ ਰਹਿੰਦੇ ਹਨ, ਜੋ ਛੇ-ਛੇ ਮਹੀਨੇ ਕੁਝ ਖਾਂਦੇ ਪੀਂਦੇ ਹੀ ਨਹੀਂ।

ਮਹਾਤਮਾ ਬੜੇ ਸਿਆਣੇ ਸਨ, ਸਾਰੀ ਗੱਲ ਨੂੰ ਜਾਣ ਗਏ ਕਿ ਉਹ ਮਾਨ ਦੀ ਖੁਰਾਕ ਖਾਂਦਾ ਹੈ ਰਾਜੇ ਨੂੰ ਕਿਹਾ ਕਿ ਉਹ ਸੰਤ ਕੁਝ ਜ਼ਰੂਰ ਖਾਂਦੇ ਹੋਣਗੇ? ਰਾਜਾ ਕਹਿੰਦਾ- 'ਜੀ, ਨਹੀਂ।'

ਮਹਾਤਮਾ ਨੇ ਕਿਹਾ- 'ਖਾਂਦੇ ਤਾਂ ਹਨ ਪਰ ਤੁਹਾਨੂੰ ਪਤਾ ਨਹੀਂ ਲਗਦਾ।'

ਬਾਦਸ਼ਾਹ ਨੇ ਬੇਨਤੀ ਕੀਤੀ- 'ਮਹਾਰਾਜ! ਸਾਨੂੰ ਵੀ ਵਿਖਾਓ।' ਸੰਤਾਂ ਕਿਹਾ- ਚੰਗਾ, ਸਾਡਾ ਇਕ ਬਚਨ ਮੰਨ।

ਰਾਜੇ ਨੇ ਕਿਹਾ- 'ਦੱਸੋ ਜੀ?'

ਮਹਾਤਮਾ ਕਹਿਣ ਲਗੇ--ਜਿਸ ਦਿਨ ਸੰਤਾਂ ਨੇ ਭੋਰੇ ਤੋਂ ਬਾਹਰ ਆਉਣਾ ਹੈ ਉਸ ਦਿਨ ਤੋਂ ਕੁਝ ਦਿਨ ਪਹਿਲਾਂ ਪਰਜਾ ਦੇ ਲੋਕਾਂ ਨੂੰ ਇਹ ਕਹਿ ਦੇਣਾ ਕਿ ਸੰਤਾਂ ਨੇ ਐਤਕੀਂ ਅਗਲੇ ਹਫਤੇ ਆਪਣਾ ਚਲੀਹਾ ਪੂਰਾ ਕਰ ਕੇ ਬਾਹਰ ਆਉਣਾ ਹੈ ਇਸ ਲਈ ਕੋਈ ਵੀ ਬੰਦਾ ਵਾਜੇ ਤੇ ਹੋਰ ਸਾਜੋ ਸਮਾਜ ਲੈ ਕੇ ਨਾ ਜਾਵੇ। ਫੇਰ ਤੈਨੂੰ ਇਸ ਗੱਲ ਦਾ ਉੱਤਰ ਦੇਵਾਂਗੇ ਕਿ ਉਹ ਕੀ ਖਾਂਦਾ ਹੈ।

ਬਾਦਸ਼ਾਹ ਨੇ ਇਸੇ ਤਰ੍ਹਾਂ ਹੀ ਕੀਤਾ। ਸ਼ਹਿਰ ਵਿਚ ਮੁਨਿਆਦੀ ਕਰਵਾ ਦਿੱਤੀ, ਕੋਈ ਵੀ ਆਦਮੀ ਉਸ ਦਿਨ ਭੋਰੇ ਪਾਸ ਨਾ ਪੁੱਜਾ। ਜਦ ਉਹ ਮਾਨੀ ਸੰਤ ਅੰਦਰੋਂ ਬਾਹਰ ਆਇਆ ਤੇ ਕਿਸੇ ਵੀ ਆਦਮੀ ਨੂੰ ਸੁਆਗਤ

ਵਾਸਤੇ ਨਾ ਡਿੱਠਾ ਤਾਂ ਆਪਣੀ ਨਿਰਾਦਰੀ ਨੂੰ ਨਾ ਸਹਾਰਦਾ ਹੋਇਆ ਪ੍ਰਾਣ ਤਿਆਗ ਗਿਆ ਕਿਉਂਕਿ ਉਸ ਦੀ ਆਪਣੀ ਖੁਰਾਕ ਹੀ ਮਾਨ ਸ਼ੀ, ਸੋ ਨਾ ਮਿਲੀ ।

ਜਦ ਇਸ ਗੱਲ ਦਾ ਬਾਦਸ਼ਾਹ ਨੂੰ ਪਤਾ ਲੱਗਾ ਤਾਂ ਹੈਰਾਨ ਹੋ ਕੇ ਨਵੇਂ ਆਏ ਸੰਤਾਂ ਤੋਂ ਪੁੱਛਣ ਲੱਗਾ "ਮਹਾਰਾਜ! ਇਹ ਕੀ ਕਾਰਨ ਹੈ?"

ਸੰਤਾਂ ਨੇ ਕਿਹਾ— "ਉਹ ਮਾਨ ਦਾ ਭੋਜਨ ਛਕਦਾ ਸੀ, ਸੋ ਮਾਨ ਦਾ ਭੋਜਨ ਅੱਜ ਮਿਲਿਆ ਨਹੀਂ, ਜਿਸ ਕਰ ਕੇ ਭੁੱਖ ਦੇ ਦੁੱਖ ਨਾਲ ਮਰ ਗਿਆ ਹੈ।

ਉਥਾਨਕਾ–ਕਿਸੇ ਪ੍ਰੇਮੀ ਨੇ ਕਿਹਾ- ਭਗਤ ਜੀ! ਆਪ ਜੀ ਨਾਲ ਬੜੇ ਬੜੇ ਵਿਦਵਾਨ ਹੰਕਾਰੀ ਪੰਡਿਤ ਆ ਕੇ ਪ੍ਰਸ਼ਨ ਉੱਤਰ ਕਰਦੇ ਹਨ ਪਰ ਆਪ ਜੀ ਦਾ ਸੁਭਾਅ ਨਿਮਰਤਾ ਸਹਿਤ ਹੀ ਰਹਿੰਦਾ ਹੈ। ਆਪ ਕਦੇ ਕਾਹਲੇ ਨਹੀਂ ਪੈਂਦੇ, ਇਸ ਦਾ ਕੀ ਕਾਰਨ ਹੈ ? *ਉੱਤਰ-*

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥

ਕਬੀਰ ਜੀ ਆਖਦੇ ਹਨ– ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਜੋ ਸੱਚਾ ਸਤਿਗੁਰੂ ਰਾਮਾਨੰਦ ਹੈ, ਉਹ ਮੈਨੂੰ ਮਿਲਿਆ ਹੈ, ਉਸ ਨੇ ਜੋ ਉਪਦੇਸ਼ ਰੂਪ ਆਪਣਾ ਇਕ ਬਾਣ ਬਾਹਿਆ= ਚਲਾਇਆ ਹੈ।

ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ॥ ੧੫੭॥

ਉਸ ਉਪਦੇਸ਼ ਰੂਪ ਬਾਣ ਦੇ ਲਾਗਤ ਹੀ= ਲਗਦਿਆਂ ਹੀ ਮੇਰੇ ਕਲੇਜੇ= ਹਿਰਦੇ ਵਿਚ ਵੈਰਾਗ ਰੂਪੀ ਛੇਕ ਪੈ ਗਿਆ ਹੈ। ਉਸ ਵੈਰਾਗ ਕਰ ਕੇ ਭੁਇ ਮਿਲਿ ਗਇਆ= ਭੁਇ ਨਾਮ ਭੂਮਾ ਦਾ ਹੈ ਭੂਮਾ ਨਾਮ ਬ੍ਰਹਮ ਦਾ ਹੈ। ਬ੍ਰਹਮ ਦੇ ਨਾਲ ਹੀ ਮੈਂ ਮਿਲਿ ਗਇਆ= ਅਭੇਦ ਹੋ ਗਿਆ ਹਾਂ।

ਅਥਵਾ- ਜਿਸ ਵੇਲੇ ਮੈਂ ਪੰਜ ਕੋਸੀ ਤੋਂ ਚਲਿਆ ਆਉਂਦਾ ਸੀ, ਉਸ ਵੇਲੇ ਰਾਹ ਵਿਚ ਹੀ

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥

ਮੈਨੂੰ ਸੱਚਾ ਸਤਿਗੁਰੂ ਨਾਨਕ ਪਾਤਿਸ਼ਾਹ ਮਿਲਿਆ, ਉਹਨਾਂ ਨੇ ਜੋ ਇਕ ਦੀ ਪ੍ਰਾਪਤੀ ਦਾ ਸਬਦੁ= ਉਪਦੇਸ਼ ਮੇਰੇ ਪ੍ਰਤੀ ਬਾਹਿਆ= ਉਚਾਰਿਆ ਹੈ, ਏਹੀ ਬਾਣ ਚਲਾਇਆ।

ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ॥੧੫੭॥

ਇਸ ਦੇ ਲਗਦਿਆਂ ਨਾਲ ਹੀ ਮੈਂ ਨਿੰਮ੍ਰਤਾ ਨਾਲ ਮਿਲ ਗਿਆ, ਜਿਸ ਤੇ ਮੇਰੇ ਹਿਰਦੇ ਵਿਚ ਵੈਰਾਗ ਰੂਪੀ ਛੇਕ ਪੈ ਗਿਆ॥ ੧੫੭॥

*ਯਥਾ-*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ ੧੯੪॥ *(ਪੰਨਾ ੧੩੭੪)*

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥

ਕਬੀਰ ਜੀ ਆਖਦੇ ਹਨ- ਸੱਚਾ ਸਤਿਗੁਰੂ ਕੀ ਕਰ ਸਕਦਾ ਹੈ? ਜੇਕਰ ਸ਼ਿੱਖਾਂ ਵਿਚ ਹੀ ਚੂਕ= ਭੁੱਲ ਹੈ।

ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥ ੧੫੮॥

ਅੰਧੇ= ਅਗਿਆਨੀ ਮਨੁੱਖ ਨੂੰ ਸੱਚੇ ਗੁਰੂ ਦੀ ਕਹੀ ਹੋਈ ਸਿਖਿਆ; ਇਕ ਵੀ ਨਹੀਂ ਲਗਦੀ। ਜਿਵੇਂ

www.sikhbookclub.com

ਬਾਂਸ ਦੀ ਪੋਰੀ ਵਿਚ ਫੂਕ ਮਾਰੀਦੀ ਹੈ। ਉਹ ਫੂਕ ਇਕ ਪਾਸਿਓਂ ਪ੍ਰਵੇਸ਼ ਕਰ ਕੇ ਦੂਜੇ ਪਾਸਿਓਂ ਨਿਕਲ ਜਾਂਦੀ ਹੈ, ਅੰਦਰ ਨਹੀਂ ਠਹਿਰਦੀ ਏਸੇ ਤਰ੍ਹਾਂ ਹੀ (ਅੰਧੇ) ਅਗਿਆਨੀ ਪੁਰਸ਼ ਦੇ ਹਿਰਦੇ ਵਿਚ ਗੁਰੂ-ਉਪਦੇਸ਼ ਠਹਿਰਦਾ ਨਹੀਂ, ਇਕ ਕੰਨ ਸੁਣ ਕੇ ਦੂਜੇ ਕੰਨ ਕੱਢ ਦੇਂਦਾ ਹੈ।

ਪ੍ਰਸ਼ਨ- ਜੇਕਰ ਸਿੱਖ ਦਾ ਸੁਧਾਰ ਨਾ ਸਕੇ ਤਾਂ ਸੱਚੇ ਗੁਰੂ ਵਿਚ ਸਮੱਰਥਾ ਕੀ ਹੋਈ?

ਉੱਤਰ- ਪਹਿਲੇ ਸਿੱਖ ਪੂਰਾ ਹੋਣਾ ਚਾਹੀਦਾ ਹੈ, ਸਿੱਖਾਂ ਵਾਲੇ ਅਸੂਲ ਪੂਰੇ ਪੂਰੇ ਹੋਣ ਤਾਂ ਗੁਰੂ ਸੁਧਾਰਨ ਨੂੰ ਸਮੱਰਥ ਹਨ।

ਪ੍ਰਸ਼ਨ- ਸਿੱਖਾਂ ਵਾਲੇ ਅਸੂਲ ਕਿਹੜੇ ਹਨ?

ਉੱਤਰ- ਗੁਰੂ ਦੀ ਆਗਿਆ ਮੰਨਣੀ, ਗੁਰੂ ਦੀ ਸੇਵਾ ਕਰਨੀ ਏਹੀ ਸਿੱਖਾਂ ਵਾਲੇ ਅਸੂਲ ਹਨ।

ਯਥਾ- ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥

(ਸੋਰਠਿ ਮਹਲਾ ੩, ਪੰਨਾ ੬੦੧)

ਦੇਖੋ, ਜਿਸ ਤਰ੍ਹਾਂ ਭਾਈ ਜੋਗਾ ਸਿੰਘ ਨੇ ਗੁਰੂ ਜੀ ਦੀ ਆਗਿਆ ਮੰਨ ਕੇ ਆਪਣੇ ਆਪ ਨੂੰ ਸਿੱਖ ਬਣ ਕੇ ਦਿਖਾਇਆ ਹੈ। ਭਾਵੇਂ ਸਾਰਾ ਟੱਬਰ ਕਹਿੰਦਾ ਹੀ ਰਿਹਾ ਕਿ ਤਿੰਨ ਲਾਵਾਂ ਹੋ ਚੁਕੀਆਂ ਹਨ ਹੁਣ ਇਕ ਲਾਂਵ ਰਹਿੰਦੀ ਹੈ ਪੂਰੀ ਕਰ ਲੈ। ਪਰ ਭਾਈ ਜੋਗਾ ਸਿੰਘ ਨੇ ਇਕ ਵੀ ਨਾ ਮੰਨੀ ਸਗੋਂ ਸਾਰਿਆਂ ਸਬੰਧੀਆਂ ਨੂੰ ਸਮਝਾਇਆ ਕਿ ਮੇਰੇ ਗੁਰੂ ਦੀ ਆਗਿਆ ਆ ਚੁੱਕੀ ਹੈ ਕਿ ਜੋ ਵੀ ਕੰਮ ਕਰਦਾ ਪਿਆ ਹੈਂ, ਉਸ ਕੰਮ ਨੂੰ ਛੱਡ ਕੇ ਸਾਡੇ ਪਾਸ ਆ ਜਾ, ਇਸ ਕਰ ਕੇ ਮੈਂ ਹੁਣ ਚੌਥੀ ਲਾਂਵ ਨਹੀਂ ਲੈ ਸਕਦਾ। ਇਹ ਗੱਲ ਆਖਦਾ ਹੋਇਆ ਸਭਨਾਂ ਨੂੰ ਛੱਡ ਕੇ ਤੁਰ ਪਿਆ।

ਦੇਖੋ, ਐਡਾ ਪੱਕਾ ਸਿੱਖ ਨਿਕਲਿਆ ਹੈ, ਜਿਸ ਨੇ ਸਬੰਧੀਆਂ ਵਿਚੋਂ ਕਿਸੇ ਦੀ ਵੀ ਪ੍ਰਵਾਹ ਨਹੀਂ ਕੀਤੀ ਪਰ ਐਹੋ ਜੇਹੇ ਸਿੱਖਾਂ ਦੀ ਮੇਰਾ ਸਤਿਗੁਰੂ ਫਿਰ ਆਪ ਚੋਬਦਾਰ ਬਣ ਕੇ ਹਰ ਤਰ੍ਹਾਂ ਸਹਾਇਤਾ ਕਰਦਾ ਹੈ।

ਆਗਿਆ ਮੰਨਣ ਵਿਚ ਹੀ ਸੁਖ ਹੈ ਜਿਹੜੇ ਸਿੱਖ ਆਗਿਆ ਨਹੀਂ ਮੰਨਦੇ ਉਹ ਸਿੱਖ ਕੁੰਭੀ ਨਰਕ ਵਿਚ ਪੈਂਦੇ ਹਨ । ਅਸਲ ਸਿੱਖ ਉਹ ਹੈ ਜਿਹੜਾ ਆਪਣਾ ਤਨ, ਮਨ, ਧਨ, ਗੁਰੂ ਨੂੰ ਸੌਂਪ ਦੇਵੇ।

ਯਥਾ- ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

(ਰਾਮਕਲੀ ਅਨੰਦੁ, ਪੰਨਾ ੯੧੮)

ਜੇਕਰ ਇਹ ਤਿੰਨੇ ਚੀਜ਼ਾਂ ਗੁਰੂ ਨੂੰ ਨਹੀਂ ਸੌਂਪਦਾ ਤਾਂ ਸੱਚਾ ਗੁਰੂ ਇਸ ਦੇ ਮਨ ਨੂੰ ਕਿਵੇਂ ਰੰਗ ਸਕਦਾ ਹੈ?

ਸਾਖੀ-ਤਿੰਨ ਲੜਕੀਆਂ ਦੀ

ਇਕ ਦਿਨ ਤਿੰਨ ਕੁੜੀਆਂ ਬਾਜ਼ਾਰ ਜਾ ਰਹੀਆਂ ਸਨ। ਜਾਂਦਿਆਂ ਅੱਗੋਂ ਲਿਲਾਰੀ ਦੀ ਹੱਟੀ ਆ ਗਈ। ਉਸ ਹੱਟੀ ਅੱਗੇ ਖਲੋ ਕੇ ਇਕ ਕੁੜੀ ਨੇ ਕਿਹਾ ਵੀਰਾ! ਸਾਡੀਆ ਚੁੰਨੀਆਂ ਰੰਗ ਦੇਵੇਂਗਾ?

ਲਿਲਾਰੀ ਨੇ ਕਿਹਾ- ਹਾਂ ਭੈਣੋਂ! ਰੰਗ ਦਿਆਂਗਾ, ਤੁਸੀਂ ਲਾਹ ਦਿਓ ਮੈਂ ਹੁਣੇ ਰੰਗ ਦੇਂਦਾ ਹਾਂ।

ਕੁੜੀਆਂ ਨੇ ਕਿਹਾ- ਵੀਰਾ ! ਅਸਾਂ ਲਾਹ ਕੇ ਨਹੀਂ ਦੇਣੀਆਂ, ਤੂੰ ਏਸੇ ਤਰ੍ਹਾਂ ਰੰਗ ਦੇਹ।

ਲਿਲਾਰੀ ਨੇ ਕਿਹਾ- ਭੈਣੋਂ! ਚੁੰਨੀਆਂ ਤਾਂ ਤੁਹਾਡੇ ਸਿਰ ਉਤੇ ਹਨ, ਲਾਹ ਕੇ ਦਿਤੇ ਬਿਨਾਂ ਮੈਂ ਕਿਵੇਂ ਰੰਗ ਸਕਦਾ ਹਾਂ?

ਸਾਧ ਸੰਗਤ ਜੀਓ! ਜ਼ਰਾ ਵਿਚਾਰ ਕੇ ਦੇਖੋ, ਲਿਲਾਰੀ ਪਾਸ ਰੰਗ ਵੀ ਹੈ, ਪਾਣੀ ਵੀ ਹੈ, ਮੱਟੀ ਵੀ ਹੈ, ਸਾਰਾ ਸਮਾਨ ਤਿਆਰ ਹੈ, ਰੰਗਣ ਨੂੰ ਸਮਰੱਥ ਭੀ ਹੈ। ਪਰ ਜਿਤਨਾਂ ਚਿਰ ਉਹ ਲਾਹ ਕੇ ਨਾ ਦੇਣ ਉਤਨਾ ਚਿਰ ਰੰਗ ਕਿਵੇਂ ਚਾੜ੍ਹ ਸਕਦਾ ਹੈ?

ਇਸੇ ਤਰ੍ਹਾਂ ਗੁਰੂ ਸਾਹਿਬ ਰੂਪ ਲਿਲਾਰੀ ਪਾਸ ਨਾਮ ਰੂਪ ਜਲ ਭੀ ਹੈ, ਭਗਤੀ ਰੂਪ ਰੰਗ ਭੀ ਹੈ, ਸਤਿਸੰਗ ਰੂਪ ਮੱਟੀ ਭੀ ਹੈ, ਇਤਿਆਦਿਕ ਸਾਰਾ ਸਾਮਾਨ ਮੌਜੂਦ ਹੈ ਤੇ ਸਿੱਖ ਦੇ ਮਨ ਰੂਪ ਕੱਪੜੇ ਦੇ ਰੰਗਣ ਨੂੰ ਸਮਰੱਥ ਭੀ ਹਨ ਪਰ ਜਿਤਨਾਂ ਚਿਰ ਸਿੱਖ ਆਪਣੇ ਤਨ, ਮਨ, ਧਨ ਨੂੰ ਅਰਪਦਾ ਨਹੀਂ ਅਤੇ ਗੁਰੂ ਵਿਚ ਪੂਰਨ ਵਿਸ਼ਵਾਸ ਨਹੀਂ ਧਾਰਦਾ ਉਤਨਾ ਚਿਰ ਸਿੱਖ ਦੇ ਮਨ ਰੂਪ ਬਸਤਰ ਨੂੰ ਕਿਵੇਂ ਰੰਗ ਸਕਦੇ ਹਨ?॥ ੧੫੮॥

ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ॥

ਕਬੀਰ ਜੀ ਆਖਦੇ ਹਨ- ਜਿਸ ਰਾਜੇ ਦੇ ਪਾਸ ਬਹੁਤ ਸਾਰੇ ਹੈ= ਘੋੜੇ ਤੇ ਗੈ= ਹਾਥੀ ਵੀ ਸਘਨ= ਬਹੁਤ ਸਾਰੇ ਹਨ ਅਤੇ ਵਾਹਨ ਵੀ ਘਨ= ਬਿਅੰਤ ਹਨ।

ਅਥਵਾ- ਜਿਸ ਰਾਜੇ ਦੇ ਪਾਸ ਹੈ= ਘੋੜੇ, ਗੈ= ਹਾਥੀ ਅਤੇ ਵਾਹਨਾਂ ਵਾਲੀ ਸੈਨਾ ਸਘਨ= ਬਹੁਤ ਸਾਰੀ ਹੈ ਤੇ ਪਦਾਰਥ ਵੀ ਘਣੇ ਹਨ, ਐਹੋ ਜੇਹੇ ਛਤਰ ਪਤੀ ਰਾਜੇ ਦੀ ਜੋ ਪਟਰਾਣੀ ਹੈ।

[ਪੰਨਾ ੧੩੭੩]

ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ॥ ੧੫੯॥

ਪਾਣੀ ਭਰਨ ਆਦਿ ਸੇਵਾ ਕਰਨ ਵਾਲੀ ਜੋ ਹਰੀਜਨਾਂ ਦੀ ਪਨਿਹਾਰਿ= ਦਾਸੀ ਹੈ, ਤਾਸੁ ਪਟੰਤਰ= ਉਸ ਦਾਸੀ ਦੇ ਸਦਰਸ ਉਹ ਰਾਣੀ ਨਹੀਂ ਪੁੱਜ ਸਕਦੀ॥ ੧੫੯॥

ਇਕ ਪ੍ਰੇਮੀ ਨੇ ਬੇਨਤੀ ਕੀਤੀ-

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥

ਹੇ ਕਬੀਰ ਜੀ! ਰਾਜੇ ਦੀ ਔਰਤ (ਭਾਵ ਪਟਰਾਣੀ) ਦੀ ਨਿੰਦਿਆ ਆਪ ਨੇ ਕਿਉਂ ਕੀਤੀ ਹੈ? ਅਤੇ ਹਰੀ ਜਨਾਂ ਦੀ ਜੋ ਚੇਰੀ= ਦਾਸੀ ਹੈ, ਉਸ ਨੂੰ ਮਾਣ ਕਿਉਂ ਦਿੱਤਾ ਹੈ? *ਉੱਤਰ-*

ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥ ੧੬੦॥

ਉਹ ਰਾਜੇ ਦੀ ਰਾਣੀ ਵਿਸ਼ਿਆਂ ਦੇ ਭੋਗਣ ਲਈ ਹਮੇਸ਼ਾਂ ਮਾਂਗ= ਚੀਰ ਨੂੰ ਸਵਾਰਦੀ ਰਹਿੰਦੀ ਹੈ, ਇਸ ਕਰ ਕੇ ਪਟਰਾਣੀ ਦੀ ਨਿੰਦਿਆ ਕੀਤੀ ਹੈ, ਹਰੀ ਜਨਾਂ ਦੇ ਸੰਗ ਕਰ ਕੇ ਉਹ ਦਾਸੀ ਹਮੇਸ਼ਾਂ ਹਰੀ ਨਾਮ ਨੂੰ ਸਿਮਰਦੀ ਰਹਿੰਦੀ ਹੈ, ਇਸ ਕਰ ਕੇ ਉਸ ਨੂੰ ਮਾਣ ਦਿੱਤਾ ਹੈ॥ ੧੬੦॥

ਕਬੀਰ ਥੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ॥

ਕਬੀਰ ਜੀ ਕਥਨ ਕਰਦੇ ਹਨ- ਜਿਵੇਂ ਪ੍ਰਤੱਖ ਕੋਠਾ ਡਿਗਦਾ ਪਿਆ ਹੋਵੇ ਉਸ ਦੇ ਹੇਠਾਂ ਥੰਮੀ ਦਿੱਤੀ ਜਾਵੇ ਤਾਂ ਉਹ ਠਹਿਰ ਜਾਂਦਾ ਹੈ। ਏਸੇ ਤਰ੍ਹਾਂ ਵਿਕਾਰਾਂ ਰੂਪ ਬਰਖਾ ਦੇ ਪੈਣ ਨਾਲ ਸਰੀਰ ਰੂਪ ਕੋਠਾ ਤ੍ਰਿਸ਼ਨਾ ਰੂਪ ਧਰਤੀ 'ਤੇ ਡਿੱਗ ਰਿਹਾ ਸੀ ਪਰ ਜਿਸ ਵੇਲੇ ਗੁਰੂ ਉਪਦੇਸ਼ ਰੂਪੀ ਥੰਮੀ।

ਅਥਵਾ- ਨਿਸਚਾ ਰੂਪ ਥੂਨੀ= ਥੰਮੀ। ਵਾ: ਭਗਤੀ ਰੂਪ ਥੰਮੀ ਪਾਈ ਅਤੇ-**ਸਤਿਗੁਰ ਬੰਧੀ ਧੀਰ॥**

ਸਤਿਗੁਰਾਂ ਨੇ ਵੀ ਕਿਰਪਾ ਕਰ ਕੇ ਵਿਸ਼ਿਆਂ ਵਲੋਂ ਧੀਰਜਤਾ ਬੰਨ੍ਹ ਦਿਤੀ ਤਾਂ ਫਿਰ ਸਰੂਪ ਵਿਚ ਥਿਤਿ ਭਈ= ਇਸਥਿਤੀ ਹੋ ਗਈ।

ਕਬੀਰ ਹੀਰਾ ਬਨਜਿਆ ਮਾਨ ਸਰੋਵਰ ਤੀਰ॥ ੧੬੧॥

ਕਬੀਰ ਜੀ ਕਥਨ ਕਰਦੇ ਹਨ- ਮੈਂ ਕਬੀਰ ਨੇ ਸਤਸੰਗਤ ਰੂਪੀ ਮਾਨਸਰੋਵਰ ਦੇ ਤੀਰ= ਕਿਨਾਰਿਓਂ ਭਾਵ ਪਾਸੋਂ ਨਾਮ ਗਿਆਨ ਰੂਪ ਹੀਰੇ ਨੂੰ ਖਰੀਦ ਕੀਤਾ ਹੈ॥ ੧੬੧॥

ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ॥

ਕਬੀਰ ਜੀ ਕਥਨ ਕਰਦੇ ਹਨ-ਜਿਸ ਤਰ੍ਹਾਂ ਪ੍ਰਤੱਖ ਜਵਾਹਰੀ ਹੀਰਿਆਂ ਨੂੰ ਲੈ ਕੇ ਵੇਚਣ ਲਈ ਫੁਰਿਆ ਫਿਰਦਾ ਹੈ ਪਰ ਜਿਨ੍ਹਾਂ ਨੂੰ ਹੀਰਿਆਂ ਦੀ ਪਰਖ ਨਹੀਂ ਉਹ ਉਸ ਦਾ ਪੂਰਾ ਮੁੱਲ ਨਹੀਂ ਦੇਂਦੇ। ਜੇਕਰ ਕੋਈ ਹੀਰਿਆਂ ਦਾ ਪਰਖਊਆ ਮਿਲ ਜਾਵੇ ਤਾਂ ਹੀ ਹੀਰਿਆਂ ਦੀ ਕਦਰ ਪੈਂਦੀ ਹੈ।

ਏਸੇ ਤਰ੍ਹਾਂ ਹਰੀ ਪਰਮਾਤਮਾ ਇਕ ਹੀਰਾ ਹੈ, ਜਨ= ਤਤਵੇਤਾ ਮਹਾਤਮਾ ਜਵਾਹੁਰੀ ਹਨ, ਉਹਨਾਂ ਤਤਵੇਤਾ ਮਹਾਤਮਾਂ ਪਾਸ ਹੀ ਹਰੀ ਰੂਪ ਹੀਰਾ ਹੈ, ਉਨ੍ਹਾਂ ਮਹਾਤਮਾਂ ਪਾਸੋਂ ਹਰੀ ਰੂਪ ਹੀਰੇ ਨੂੰ ਲੈ ਕੇ ਆਪਣੇ ਹਿਰਦੇ ਰੂਪ ਹਟ ਪਰ ਮਾਂਡੈ= ਇਸਥਿਤ ਕਰੇ।

ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥ ੧੬੨॥

ਜਿਸ ਵੇਲੇ ਤਨ, ਮਨ, ਧਨ ਦੇ ਅਰਪਣ ਕਰਨ ਵਾਲਾ ਸ੍ਰੇਸ਼ਟ ਜਗਿਆਸੂ ਰੂਪ ਪਰਖਊਆ ਮਿਲ ਜਾਵੇ, ਉਸ ਵੇਲੇ ਨਾਮ ਗਿਆਨ ਰੂਪ ਹੀਰਿਆਂ ਦੀ ਸਾਟ= ਕਦਰ ਪੈਂਦੀ ਹੈ॥ ੧੬੨॥

*ਯਥਾ-*ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥

(ਮਾਰੂ ਵਾਰ ਪੰਨਾ ੧੦੮੬)

ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥

ਕਬੀਰ ਜੀ ਕਥਨ ਕਰਦੇ ਹਨ- ਜਿਸ ਤਰ੍ਹਾਂ ਔਖੇ ਕੰਮ ਪੈਣ ਨਾਲ ਹਰੀ ਦਾ ਸਿਮਰਨ ਕਰੀਦਾ ਹੈ ਤੇ ਰੱਬ ਚੇਤੇ ਆਉਂਦਾ ਹੈ, ਇਸ ਤਰ੍ਹਾਂ ਦਾ ਸਿਮਰਨ ਜੇ ਤੁਸੀਂ ਨਿਤਾਪ੍ਰਤੀ ਕਰੋ।

ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ॥ ੧੬੩॥

ਅਮਰ= ਦੇਵਤਿਆਂ ਦੀ ਪੁਰੀ ਵਿਚ ਭਾਵ ਸਵਰਗ-ਪੁਰੀ ਵਿਚ ਨਿਵਾਸ ਕਰੋਗੇ।

ਅਥਵਾ- ਅ-ਮਰ= ਮਰਨ ਤੋਂ ਰਹਿਤ ਜੋ ਪ੍ਰਭੂ ਹੈ, ਸਾਰਿਆਂ ਵਿਚ ਪੁਰ= ਪੂਰਨ ਉਸ ਵਿਚ ਨਿਵਾਸ ਕਰੋਗੇ, ਪ੍ਰਤਖ ਬਿਤ= ਧਨ, ਵਾ:-ਸਵਾਸਾਂ ਰੂਪੀ ਧਨ ਜੋ ਨਿਸਫਲ ਗਿਆ ਹੋਇਆ ਹੈ, ਉਸ ਨੂੰ ਹਰੀ ਬਹੋਰੈ= ਮੋੜ ਦੇਵੇਗਾ ਭਾਵ ਸਫਲਾ ਕਰ ਦੇਵੇਗਾ॥ ੧੬੩॥

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥

ਕਬੀਰ ਜੀ ਕਥਨ ਕਰਦੇ ਹਨ- ਸੇਵਾ ਕਰਨ ਨੂੰ ਦੋ ਮਨੁੱਖ ਚੰਗੇ ਹਨ। ਭਾਵ ਜੇਕਰ ਸੇਵਾ ਕਰਨੀ ਹੋਵੇ ਤਾਂ ਦੋਹਾਂ ਦੀ ਕਰੇ।

ਪ੍ਰਸ਼ਨ- ਉਹ ਦੋ ਕਿਹੜੇ ਹਨ? *ਉੱਤਰ-*

ਇਕ ਸੰਤ ਹਨ ਤੇ ਇਕ ਰਾਮ ਜੀ ਹਨ, ਇਹਨਾਂ ਦੋਹਾਂ ਤੋਂ ਬਗੈਰ ਹੋਰ ਕਿਸੇ ਦੀ ਸੇਵਾ ਨਾ ਕਰੋ।

ਪ੍ਰਸ਼ਨ- ਇਹਨਾਂ ਦੋਹਾਂ ਦੀ ਸੇਵਾ ਕਰਨ ਦਾ ਕੀ ਫਲ ਹੈ? *ਉੱਤਰ-*

ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ ੧੬੪॥

ਸਾਰੇ ਰਮਿਆ ਹੋਇਆ ਜੋ ਰਾਮ ਹੈ ਉਹ ਤਾਂ ਮੁਕਤੀ ਦਾ ਦਾਤਾ ਹੈ ਤੇ ਸੰਤ ਜਿਹੜੇ ਹਨ ਉਹ ਕਿਰਪਾ ਕਰ ਕੇ ਸਿੱਖ ਪਾਸੋਂ ਨਾਮ ਜਪਵਾਂਦੇ ਹਨ। ਭਾਵ ਸ਼ੁਭ ਮਾਰਗ ਵਿਚ ਤੋਰ ਕੇ ਮਨੁੱਖ ਜਨਮ ਦੀ ਯਾਤਰਾ ਸਫਲ ਕਰ ਦੇਂਦੇ ਹਨ।

ਅਥਵਾ- ਸੰਸਾਰ ਦੀ ਸੇਵਾ ਕਰਨ ਨੂੰ ਦੋ ਮਨੁੱਖ ਚੰਗੇ ਹਨ: ਇਕ ਸੰਤ ਤੇ ਇਕ ਰਾਮ। ਰਾਮ ਜਿਹੜਾ ਹੈ ਇਹ ਮੁਕਤੀ ਦਾ ਦਾਤਾ ਹੈ ਤੇ ਸੰਤ ਜਿਹੜੇ ਹਨ ਇਹ ਸੰਸਾਰੀ ਜੀਵਾਂ ਤੋਂ ਨਾਮ ਜਪਾਂਦੇ ਹਨ॥੧੬੪॥

ਆਮ ਜਨਤਾ ਦਾ ਸੁਭਾਅ ਹੈ ਕਿ ਜਿਸ ਪਾਸੇ ਕੋਈ ਕੁਲ ਦਾ ਆਗੂ ਯਾ ਕੋਈ ਮੁਖੀ ਪੁਰਸ਼ ਜਾਂਦਾ ਹੈ ਬਾਕੀ ਦੇ ਸਾਰੇ ਪੁਰਸ਼ ਬਿਨਾਂ ਵਿਚਾਰੇ ਓਸੇ ਪਾਸੇ ਭੱਜੇ-ਫਿਰਦੇ ਹਨ।

ਹੁਣ ਓਹੀ ਗੱਲ ਸੁਣਾਉਂਦੇ ਹਨ-

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥

ਕਬੀਰ ਜੀ ਕਥਨ ਕਰਦੇ ਹਨ- ਜਿਸ ਨਿਤ ਨਮਿਤ ਆਦਿ ਕਰਮਾਂ ਦੇ ਕਰਨ ਵਿਚ ਭਾਵ ਜਿਸ ਕਰਮ ਕਾਂਡ ਦੇ ਮਾਰਗਿ= ਰਸਤੇ ਵਿਚ ਪੰਡਿਤ ਲੋਕ ਗਏ ਹਨ, ਉਹਨਾਂ ਹੀ ਪੰਡਿਤਾਂ ਦੇ ਪਾਛੈ= ਪਿੱਛੇ ਸਾਰੀ ਬਹੀਰ = ਵਹੀਰ ਅਰਥਾਤ ਜਾਂਦੇ ਹੋਏ ਲੋਕਾਂ ਦੀ ਭੀੜ ਪੈ ਗਈ ਹੈ।

ਭਾਵ— ਜਿਵੇਂ ਪੰਡਿਤ ਲੋਕ ਕਰਮ-ਕਾਂਡ ਕਰਦੇ ਹਨ, ਤਿਵੇਂ ਦੁਨੀਆਂ ਦੇ ਆਮ ਲੋਕ ਭੇਡਾਂ ਦੀ ਨਯਾਈਂ ਉਹਨਾਂ ਦੇ ਮਗਰ ਲੱਗ ਕੇ ਕਰਮ-ਕਾਂਡ ਵਿਚ ਲੱਗ ਗਏ। ਕਿਉਂਕਿ ਜਿਵੇਂ ਅਗਲੀ ਇਕ ਭੇਡ ਜਿਸ ਪਾਸੇ ਚਲਦੀ ਹੈ ਬਾਕੀ ਦੀਆਂ ਸਾਰੀਆਂ ਭੇਡਾਂ ਉਸ ਦੇ ਪਿੱਛੇ ਚਲਦੀਆਂ ਹਨ।

ਯਥਾ- ਜਗ ਕੀ ਭੇਡਾ ਚਾਲ, ਚਲਤੇ ਕੇ ਪਾਛੈ ਚਲੈਂ।
ਪਰਮਾਰਥ ਨ ਸੰਮ੍ਹਾਲ, ਦੇਖੋ ਜਗ ਕੀ ਮੂੜ੍ਹਤਾ॥ ੨੧॥

(ਸਾਰੁਕਤਾਵਲੀ, ਅਧਿ ੧੩)

ਤਥਾ-ਭੇਡ ਚਾਲ ਨਰ ਮੰਦਨ ਕੇਰੀ।
ਹੋਤਿ ਪ੍ਰਵਿਰਤਿ ਅਪਰ ਕੋ ਹੇਰੀ...॥ ੩੨॥

(ਗੁਰ ਪ੍ਰਤਾਪ ਸੂਰਜ ਰਾਸਿ ੨, ਅੰਸੂ ੪੯)

ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ ੧੬੫॥

ਰਾਮ= ਪ੍ਰਭੂ ਦੀ ਜੋ ਇਕ ਅਵਘਟ= ਔਖੀ ਅਰਥਾਤ ਬੜੀ ਕਠਿਨ ਘਾਟੀ= ਭਗਤੀ ਹੈ, ਮੈਂ ਕਬੀਰ ਉਸ ਭਗਤੀ ਰੂਪ ਔਖੀ ਘਾਟੀ ਤੇ ਚੜ੍ਹ ਰਿਹਾ ਹਾਂ। ਸਚਮੁਚ ਹੀ ਪਰਮੇਸ਼ਰ ਦੇ ਨਾਮ ਦਾ ਆਖਣਾ ਸੁਣਨਾ ਬਹੁਤ ਹੀ ਔਖਾ ਹੈ।

ਯਥਾ- ਆਖਣਿ ਅਉਖਾ ਸਾਚਾ ਨਾਉ॥ *(ਆਸਾ ਮਹਲਾ ੧, ਪੰਨਾ ੩੪੯)*

ਤਥਾ-ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ॥

(ਸੋਰਠਿ ਮਹਲਾ ੧, ਪੰਨਾ ੬੩੬)

ਤਥਾ- ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ॥

(ਸਾਰੰਗ ਵਾਰ ਪੰਨਾ ੧੨੩੯)

ਤਥਾ- ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ॥

(ਸਾਰੰਗ ਵਾਰ, ਪੰਨਾ ੧੨੪੦)

ਸਾਖੀ-ਛੱਜੂ ਭਗਤ ਦੀ*

ਲਾਹੌਰ ਸ਼ਹਿਰ ਵਿਚ ਇਕ ਛੱਜੂ ਨਾਮੇ ਭਗਤ ਰਹਿੰਦਾ ਸੀ, ਜੋ ਰੋਜ਼ਾਨਾ ਹੀ ਅੰਮ੍ਰਿਤ ਵੇਲੇ ਉੱਠ ਕੇ ਪਰਮਾਤਮਾ ਦਾ ਸਿਮਰਨ ਕਰਦਾ ਹੁੰਦਾ ਸੀ। ਇਕ ਵਾਰ ਲਾਹੌਰ ਵਿਚ ਬਹੁਤ ਵਰਖਾ ਹੋਈ ਜਿਹੜੇ ਵਿਚਾਰੇ ਰੋਜ਼ ਕਮਾ ਕੇ ਰੋਟੀ ਖਾਣ ਵਾਲੇ ਮਜ਼ਦੂਰ ਸਨ ਉਹ ਘਬਰਾਏ ਹੋਏ ਇਸ ਭਗਤ ਦੇ ਮਕਾਨ ਹੇਠ ਖੜੇ ਸਨ ਭਗਤ ਜੀ ਨੂੰ ਜਦੋਂ ਪਤਾ ਲੱਗਾ ਤਾਂ ਹੇਠ ਉਤਰ ਕੇ ਉਹਨਾਂ ਮਜਦੂਰਾਂ ਨੂੰ ਨਿੰਮੋਝੂਣਾ ਵੇਖ ਕੇ ਪੁਛਿਆ- ਭਾਈ ਕੀ ਕਾਰਨ ਹੈ ਇਸ ਤਰ੍ਹਾਂ ਕਿਉਂ ਖੜੇ ਹੋ? ਅੱਗੋਂ ਮਜਦੂਰਾਂ ਨੇ ਆਖਿਆ, ਭਗਤ ਜੀ! ਅਸੀਂ ਰੋਜ਼ਾਨਾ ਆਪਣੀ ਕਿਰਤ ਕਰ ਕੇ ਪੇਟ ਪਾਲਣਾ ਕਰ ਲੈਂਦੇ ਸੀ, ਅੱਜ ਸਵੇਰ ਦੀ ਜਿਉਂ ਵਰਖਾ ਸ਼ੁਰੂ ਹੋਈ ਹੈ, ਹੁਣ ਤਕ ਹਟੀ ਨਹੀਂ, ਜਿਸ ਕਰ ਕੇ ਅਸੀਂ ਮਜ਼ਦੂਰੀ ਨਹੀਂ ਕਰ ਸਕੇ, ਆਪ ਕਿਰਪਾ ਕਰੋ।

ਉਹਨਾਂ ਦੀ ਇਹ ਗੱਲ ਸੁਣ ਕੇ ਭਗਤ ਜੀ ਨੇ ਪੁਛਿਆ-'ਤੁਸੀਂ ਦਿਹਾੜੀ ਵਿਚ ਕੀ ਕਮਾਉਂਦੇ ਹੋ?' ਉਹਨਾਂ ਆਖਿਆ- 'ਚਾਰ ਆਨੇ ਰੋਜ਼। ਤਾਂ ਛੱਜੂ ਜੀ ਨੇ ਕਿਹਾ-ਤੁਸੀਂ ਮੇਰੇ ਨਾਲ ਆਓ ਮੈਂ ਤੁਹਾਨੂੰ ਕੰਮ ਲਗਾਉਂਦਾ ਹਾਂ ਚਾਰ ਆਨੇ ਦੀ ਜਗ੍ਹਾ ਬੇਸ਼ਕ ਅੱਠ ਅੱਠ ਆਨੇ ਰੋਜ਼ ਲਿਆ ਕਰੋ।'

ਅੰਦਰ ਲਿਜਾ ਕੇ ਹਰ ਇਕ ਦੇ ਹੱਥ ਮਾਲਾ ਫੜਾ ਕੇ ਵੱਖੋ-ਵੱਖ ਕੁਟੀਆ 'ਚ ਬਿਠਾ ਕੇ ਕਿਹਾ- ਰਾਮ ਰਾਮ ਕਹੀ ਜਾਓ, ਇਥੇ ਬੈਠਿਆਂ ਹੀ ਤੁਹਾਨੂੰ ਰੋਟੀ ਮਿਲ ਜਾਏਗੀ ਪਰ ਰਾਮ ਰਾਮ ਕਹਿਣਾ ਬੜਾ ਔਖਾ ਹੈ, ਦੇਖੋ ਜਿਨ੍ਹਾਂ ਨੇ ਹਰ ਰੋਜ਼ ਫਿਰ ਕੇ ਕੰਮ ਕਰਨਾ ਹੈ, ਉਹ ਅੱਜ ਕਿਵੇਂ ਬੈਠ ਕੇ ਰਾਮ ਰਾਮ ਕਹਿ ਸਕਦੇ ਸਨ? ਆਖਿਰ ਦੁਖੀ ਹੋ ਕੇ ਉਠ ਬੈਠੇ ਅਤੇ ਛੱਜੂ ਭਗਤ ਪਾਸ ਆ ਕੇ ਮਾਲਾਂ ਸੁੱਟ ਦਿਤੀਆਂ ਤੇ ਕਿਹਾ- ਭਗਤ ਜੀ! ਰਾਮ ਰਾਮ ਦਾ ਆਖਣਾ ਇਹ ਬੜਾ ਔਖਾ ਕੰਮ ਹੈ, ਸਾਡੇ ਪਾਸੋਂ ਇਹ ਕੰਮ ਨਹੀਂ ਹੋ ਸਕਦਾ। ਇੰਜ ਆਖ ਕੇ ਚਲੇ ਗਏ।

ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ॥

ਕਬੀਰ ਜੀ ਕਥਨ ਕਰਦੇ ਹਨ-ਹੇ ਪੁਰਸ਼ਾ! ਤੂੰ ਤਾਂ ਆਪਣੀ ਕੁਲ ਦੀ ਕਾਨ ਕਨੌਡ ਵਿਚ ਚਲਦਿਆਂ ਹੋਇਆਂ ਦੁਨੀਆਂ ਦੇ ਸੰਸਿਆਂ ਵਿਚ ਹੀ ਮਰ ਗਿਆ ਹੈਂ ਕਿ ਜੇਕਰ ਮੈਂ ਸਤਿਸੰਗਤ ਵਿਚ ਝਾੜੂ ਫੇਰਨ ਜਾਂ ਜਲ

ਛੱਜੂ ਭਗਤ ਲਾਹੌਰ ਨਿਵਾਸੀ ਤੇ ਭਾਟੀਆ ਜਾਤਿ ਦਾ ਸੀ, ਸਰਾਫ ਦੀ ਕਿਰਤ ਕਰਦਾ ਸੀ, ਇਹ ਜਹਾਂਗੀਰ ਤੇ ਸ਼ਾਹਜਹਾਂ ਦੇ ਸਮੇਂ ਹੋਇਆ ਹੈ ਇਸ ਦੀ ਦੁਕਾਨ ਦੇ ਥਾਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁੰਦਰ ਮੰਦਿਰ ਬਣਵਾ ਦਿੱਤਾ ਹੈ, ਇਸੇ ਥਾਂ ਸੰਗਮਰਮਰ ਦੀ ਸਮਾਧ ਛੱਜੂ ਦੀ ਬਣੀ ਹੋਈ ਹੈ ਅਸਥਾਨ ਦੇ ਪੁਜਾਰੀ ਪਹਿਲੇ ਦਾਦੂ ਪੰਥੀ ਸਨ। ਛੱਜੂ ਭਗਤ ਦਾ ਦੇਹਾਂਤ ਸੰਮਤ ੧੬੯੬ ਵਿਚ ਹੋਇਆ ਹੈ, ਛੱਜੂ ਦੇ ਇਸ ਅਸਥਾਨ ਨੂੰ ਲੋਕ ਛੱਜੂ ਭਗਤ ਦਾ ਚੌਬਾਰਾ ਆਖਦੇ ਹਨ, ਏਸੇ ਭਗਤ ਦੇ ਭਜਨ ਕਰਨ ਦਾ ਥਾਂ ਢਾਲ ਮਹੱਲੇ ਵਿਚ ਭੀ ਛੱਜੂ ਭਗਤ ਦਾ ਚੌਬਾਰਾ ਨਾਮ ਤੋਂ ਪ੍ਰਸਿਧ ਹੈ।

ਪੰਜਾਬੀ ਵਿਚ ਅਖਾਣ ਹੈ ਕਿ:- "ਜੋ ਸੁਖ ਛੱਜੂ ਦੇ ਚੌਬਾਰੇ। ਨਾ ਬਲਖ ਨਾ ਬੁਖਾਰੇ।"

ਆਦਿ ਦੇ ਭਰਨ ਦੀ ਸੇਵਾ ਕਰਾਂਗਾ, ਤਾਂ ਲੋਕ ਮੈਨੂੰ ਕੀ ਕਹਿਣਗੇ ਕਿ ਇਹ ਐਡੇ ਵੱਡੇ ਸਰਦਾਰਾਂ ਦਾ ਪੁੱਤ ਹੋ ਕੇ ਝਾੜੂ ਫੇਰਦਾ ਪਿਆ ਹੈ ਜਾਂ ਜੂਠੇ ਭਾਂਡੇ ਮਾਂਜਦਾ ਹੈ।

ਅਥਵਾ- ਹੇ ਪੁਰਸ਼ਾ! ਤੂੰ ਤਾਂ ਦੁਨੀਆ= ਮਾਇਆ ਦੇ ਸੰਸਿਆਂ ਵਿਚ ਹੀ ਮਰ ਰਿਹਾ ਹੈਂ।

ਅਥਵਾ- ਦੁਨੀਆ= ਦੁਨਿਆਵੀ ਪੁਰਸ਼ਾਂ ਦੇ ਦੋਖੇ= ਦੋਸ਼ਾਂ ਦੇ ਕੱਢਣ ਵਿਚ ਹੀ ਮਰ ਰਿਹਾ ਹੈਂ ਤੇ ਕੁਲ ਦੀ ਕਾਨਿ= ਕਨੌਡ ਵਿਚ ਚਲ ਰਿਹਾ ਹੈਂ। ਪਰ ਤੂੰ ਸਾਨੂੰ ਇਹ ਗੱਲ ਦੱਸ-

ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ ॥ ੧੬੬ ॥

ਉਦੋਂ ਕਿਸ ਕੁਲ ਦੀ ਲੱਜਾ ਰਹਿ ਆਵੇਗੀ, ਜਿਸ ਵੇਲੇ ਸ਼ਮਸ਼ਾਨ ਭੂਮੀ ਵਿਚ ਤੈਨੂੰ ਲਿਆ ਧਰਨਗੇ। ਭਾਵ ਉਸ ਵੇਲੇ ਤੇਰੀ ਬਹੁਤ ਸਾਰੀ ਬੇ-ਪਤੀ ਹੋਵੇਗੀ॥ ੧੬੬ ॥

ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥

ਕਬੀਰ ਜੀ ਕਥਨ ਕਰਦੇ ਹਨ- ਬਹੁਤ ਅੰਗ-ਸਾਕ ਤੇ ਲੋਕਾਂ ਦੀ ਕਾਨਿ= ਕਨੌਡ ਭਾਵ ਲੱਜਾ ਵਿਚ ਚੱਲਣ ਕਰ ਕੇ ਹੇ ਬਾਪੁਰੇ= ਵਿਚਾਰੇ ਪੁਰਸ਼ਾ ! ਤੂੰ ਸੰਸਾਰ-ਸਮੁੰਦਰ ਦੇ ਵਿਚ ਹੀ ਗੋਤੇ ਖਾਂਦਾ ਹੋਇਆ ਡੁੱਬ ਜਾਵੇਂਗਾ।

ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥ ੧੬੭ ॥

ਤੇਰੇ ਨਾਲ ਦੇ ਪਾਰੋਸੀ= ਗਵਾਂਢੀ ਦੇ ਘਰ ਜੋ ਮੌਤ ਦਾ ਸਮਾਂ ਆ ਕੇ ਪ੍ਰਾਪਤ ਹੋਇਆ ਹੈ, ਉਹ ਮੌਤ ਦਾ ਸਮਾਂ ਤੂੰ ਆਪਣੇ ਸਿਰ 'ਤੇ ਵੀ ਆਇਆ ਜਾਣਨਾ ਕਰ॥੧੬੭ ॥

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥

ਕਬੀਰ ਜੀ ਕਥਨ ਕਰਦੇ ਹਨ— ਹੇ ਪੁਰਸ਼ਾ ! ਜੇ ਤੇਰੇ ਪਾਸੋਂ ਪ੍ਰਵਿਰਤੀ ਮਾਰਗ ਵਿਚ ਭਜਨ ਨਹੀਂ ਕੀਤਾ ਜਾਂਦਾ ਤਾਂ ਤੂੰ ਨਵਿਰਤੀ ਪਖ ਨੂੰ ਗ੍ਰਹਿਣ ਕਰ ਕੇ ਭਿਖਿਆ ਦਾ ਅੰਨ ਖਾ ਕੇ ਭਜਨ ਕਰ ਲੈ। ਕਿਉਂਕਿ ਸਿਮਰਨ ਕਰਨ ਵਾਲਿਆਂ ਸੰਤਾਂ ਲਈ ਮਧੂਕੜੀ ਮੰਗ ਕੇ ਖਾ ਲੈਣੀ ਚੰਗੀ ਹੈ, ਜਿਸ ਮਧੂਕੜੀ ਵਿਚ ਨਾਨਾ ਪ੍ਰਕਾਰ ਦਾ ਅਨਾਜ ਹੁੰਦਾ ਹੈ। ਫਿਰ ਉਸ ਮਧੂਕੜੀ ਦੇ ਅੰਨ ਵਿਚ-

ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥ ੧੬੮ ॥

ਕਾਹੂ ਕੋ= ਕਿਸੀ ਦਾ ਵੀ ਦਾਵਾ ਨਹੀ ਹੈ, ਭਾਵ ਉਸ ਅੰਨ ਵਿਚ ਕੋਈ ਮੇਰ-ਤੇਰ ਨਹੀਂ ਪਾ ਸਕਦਾ। ਜੇਕਰ ਇਕ ਜਗ੍ਹਾ ਤੋਂ ਨਾ ਮਿਲੇ ਤਾਂ ਦੂਜੀ ਜਗ੍ਹਾ ਤੋਂ ਮਿਲ ਜਾਂਦਾ ਹੈ। ਜੇ ਦੂਜੀ ਜਗ੍ਹਾ ਤੋਂ ਨਾ ਮਿਲੇ ਤਾਂ ਤੀਜੀ ਜਗ੍ਹਾ ਤੋਂ ਮਿਲ ਜਾਂਦਾ ਹੈ। ਫਕੀਰ ਨੂੰ ਮਧੂਕੜੀ ਮੰਗਣ ਲਈ ਬੜਾ ਲੰਮਾ ਦੇਸ਼ ਹੈ ਜਿਥੋਂ ਚਾਹੇ ਮੰਗ ਸਕਦਾ ਹੈ ।

ਏਸੇ ਵਾਸਤੇ ਕਿਹਾ ਹੈ -ਇਕ ਦਰ ਬੰਦ ਹਜ਼ਾਰਾਂ ਦਰ ਖੁਲ੍ਹੇ ਅਤੇ ਰਾਜ ਵੀ ਵੱਡਾ ਹੈ ਕਿਉਂਕਿ ਫਕੀਰ ਦਾ ਹੁਕਮ ਸਭ ਉਤੇ ਚਲਦਾ ਹੈ। *ਅਥਵਾ-* ਉਹਨਾਂ ਸੰਤਾਂ ਨੂੰ ਸਿਮਰਨ ਦੇ ਪ੍ਰਤਾਪ ਕਰ ਕੇ ਇਸ ਮਧੂਕੜੀ ਦੇ ਅੰਨ ਵਿਚ ਬੜਾ ਰਾਜੁ= ਅਨੰਦ ਹੈ। *ਅਥਵਾ-*

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥

ਕਬੀਰ ਜੀ ਕਥਨ ਕਰਦੇ ਹਨ- ਸਾਰਿਆਂ ਸਾਧਨਾਂ ਨਾਲੋਂ ਪਰਮਾਤਮਾ ਦੀ ਭਗਤੀ ਰੂਪ ਮਧੂਕੜੀ ਚੰਗੀ ਹੈ। ਵਾ:- ਬ੍ਰਹਮ ਵਿਦਿਆ ਰੂਪ ਮਧੂਕੜੀ ਚੰਗੀ ਹੈ। ਜਿਸ ਭਗਤੀ ਰੂਪ ਮਧੂਕੜੀ ਵਿਚ ਨਾਨਾ ਪ੍ਰਕਾਰ ਦਾ

ਸ਼ੁਭ-ਗੁਣਾਂ ਰੂਪੀ ਅਨਾਜ ਹੈ।

ਦਾਵਾ ਕਾਹੂ ਕੋ ਨਹੀਂ ਬਡਾ ਦੇਸੁ ਬਡ ਰਾਜੁ॥੧੬੮॥

ਇਸ ਭਗਤੀ ਦੇ ਕਰਨ ਵਿਚ ਕਾਹੂ ਕੋ= ਕਿਸੇ ਦਾ ਦਾਵਾ ਨਹੀਂ ਹੈ। ਭਾਵ ਇਹ ਗੱਲ ਕੋਈ ਨਹੀਂ ਆਖ ਸਕਦਾ ਕਿ ਤੂੰ ਭਗਤੀ ਨਾ ਕਰ। ਸਤਿਸੰਗਤ ਰੂਪੀ ਦੇਸ਼ ਸਾਰਿਆਂ ਤੋਂ ਵੱਡਾ ਹੈ ਅਤੇ ਤਿਸ ਸਤਿਸੰਗਤ ਵਿਚ ਹੀ ਵਡੇ ਰਾਜੁ= ਸਰੂਪ ਦੀ ਪ੍ਰਾਪਤੀ ਹੁੰਦੀ ਹੈ॥ ੧੬੮॥

ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ॥

ਕਬੀਰ ਜੀ ਕਥਨ ਕਰਦੇ ਹਨ- ਕਿਸੇ ਮਇਆਵਕੀ ਪਦਾਰਥਾਂ ਵਿਚ ਦਾਵਾ ਰੱਖਣ ਕਰ ਕੇ ਦਾਝਨੁ ਹੋਤੁ ਹੈ= ਸੜਨਾ ਹੁੰਦਾ ਹੈ ਕਿਉਂਕਿ ਪ੍ਰਵਿਰਤੀ ਵਿਚ ਹਮੇਸ਼ਾਂ ਦੁੱਖ ਹੁੰਦੇ ਹਨ।

ਜੋ ਪੁਰਸ਼ ਨਿਰਦਾਵੈ= ਦਾਵਿਆਂ ਤੋਂ ਰਹਿਤ ਹੈ, ਉਹ ਪੁਰਸ਼ ਹਮੇਸ਼ਾਂ ਨਿਸੰਕ= ਸੰਸਿਆਂ ਤੋਂ ਰਹਿਤ ਰਹਿੰਦਾ ਹੈ। ਵਾ:- ਸ਼ੰਕਾ ਪੰਕਾ ਤੋਂ ਰਹਿਤ ਰਹਿੰਦਾ ਹੈ।

ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥ ੧੬੯॥

ਜੋ ਪੁਰਸ਼ ਮਇਆਵਕੀ ਪਦਾਰਥਾਂ ਦੇ ਦਾਵਿਆਂ ਤੋਂ ਨਿਰ= ਰਹਿਤ ਰਹਿੰਦਾ ਹੈ, ਸੋ= ਉਹ ਪੁਰਸ਼ ਤੇ ਤੀ ਕਰੋੜ ਦੇਵਤਿਆਂ ਦੇ ਰਾਜੇ ਇੰਦ੍ਰ ਨੂੰ ਰੰਕ= ਕੰਗਾਲ ਸੋ= ਸਰੀਖਾ ਗਿਣਦਾ ਹੈ॥ ੧੬੯॥

ਯਥਾ- ਸਾਤ ਗਾਠ ਕੋਪੀਨ ਕੀ ਸਾਧ ਨ ਆਣੇ ਸੰਕ।
ਰਾਮ ਅਮਲ ਮਾਤਾ ਫਿਰੇ ਗਿਨੈ ਇੰਦਰ ਕੋ ਰੰਕ।

(ਵਸ਼ਿਸ਼ਟ ਨਿਰਬਾਣ ਪ੍ਰਕਰਣ ਸਰਗ ੧੪੪)

ਤਥਾ- ਜਾਕਾ ਕਹਿਆ ਦਰਗਹ ਚਲੈ॥
ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ੩॥ *(ਪੰਨਾ ੧੮੬)*

ਅਥਵਾ- ਉਹ ਪੁਰਸ਼ ਰਾਜੇ ਇੰਦਰ ਤੇ ਰੰਕ= ਕੰਗਾਲ ਦੋਹਾਂ ਨੂੰ ਸੋ= ਇਕ ਸਮਾਨ ਗਿਣਦਾ ਹੈ ॥ ੧੬੯।

ਜਿਸ ਵੇਲੇ ਦਸਮੇਸ਼ ਪਿਤਾ ਕਲਗੀਧਰ ਜੀ ਅਜਮੇਰ ਸ਼ਹਿਰ ਦੇ ਪਾਸ ਪੁਸ਼ਕਰ ਰਾਜ ਤੀਰਥ 'ਤੇ ਪਹੁੰਚੇ, ਤਾਂ ਉਥੋਂ ਦੇ ਪੰਡਿਤ ਚੇਤਨ ਮਿਸਰ ਨੇ ਪਾਸ ਆ ਕੇ ਅਸ਼ੀਰਵਾਦ ਦੇ ਕੇ ਤੀਰਥ ਦੀ ਮਹਿਮਾ ਸੁਣਾਈ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਰਹੇ ਸੀ ਓਸੇ ਥਾਂ ਗੁਰੂ ਜੀ ਨੇ ਇਸ਼ਨਾਨ ਤੇ ਦਾਨ ਕੀਤਾ। ਹੁਣ ਉਸ ਜਗ੍ਹਾ ਦਾ ਨਾਮ ਗੋਬਿੰਦਘਾਟ ਹੈ। ਭਾਈ ਰਾਮ ਸਿੰਘ ਪ੍ਰੋਹਤ ਗੁਰੂ ਜੀ ਪਾਸ ਰੋਜ਼ਾਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਾ ਸੀ।

ਚੇਤਨ ਮਿਸਰ ਨੇ ਬੇਨਤੀ ਕੀਤੀ- ਗਰੀਬ ਨਿਵਾਜ ਜੀਉ! ਮੈਨੂੰ ਨਾਮ ਦਾਨ ਬਖਸ਼ਣਾ ਕਰੋ। ਗੁਰੂ ਜੀ ਨੇ ਉਸ ਦੀ ਸ਼ਰਧਾ ਵੇਖ ਕੇ ਉਸ ਨੂੰ ਸਤਿਨਾਮ ਮੰਤ੍ਰ ਦ੍ਰਿੜ੍ਹ ਕਰਾ ਕੇ ਨਿਹਾਲ ਕਰ ਦਿੱਤਾ, ਫੇਰ ਦੂਜੇ ਦਿਨ ਚੱਲ ਕੇ ਤ੍ਰਿਤਾਲੀ ਕੋਹਾਂ ਪਰ ਨਰੈਣੇ ਪਿੰਡ ਦਾਦੂ ਜੀ ਦੀ ਸਮਾਧ ਪਾਸ ਬੋਹੜ ਦੇ ਬ੍ਰਿਛ ਹੇਠ ਜਾ ਬੈਠੇ ਜਿਥੇ ਹੁਣ ਗੁਰੂ ਜੀ ਦੀ ਜਗ੍ਹਾ ਹੈ। ਬਹੁਤ ਸਾਰੇ ਪ੍ਰੇਮੀ ਲੋਕਾਂ ਨੇ ਭੇਟਾਵਾਂ (ਰਸਦਾਂ, ਦਾਣਾ, ਘਾਹ, ਲੱਕੜੀ ਆਦਿਕ ਸਭ ਚੀਜ਼ਾਂ) ਪਹੁੰਚਾ ਦਿੱਤੀਆਂ।

ਇਤਨੇ ਨੂੰ ਦਾਦੂ ਜੀ ਦੀ ਸਮਾਧ ਦੇ ਮਹੰਤ ਜੈਤ ਰਾਮ ਜੀ ਨੇ ਗੁਰੂ ਜੀ ਦੀ ਕੀਰਤੀ ਸੁਣੀ ਤੇ ਆ ਕੇ

ਨਮਸਕਾਰ ਕੀਤੀ । ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬਿਠਾ ਕੇ ਆਦਰ ਦਿੱਤਾ। ਪਰਸਪਰ ਗਿਆਨ ਚਰਚਾ ਕਰ ਕੇ ਬਹੁਤ ਖੁਸ਼ ਹੋਏ।

ਫਿਰ ਉਸ ਮਹੰਤ ਨੇ ਦਾਦੂ ਜੀ ਦੀ ਸਾਰੀ ਕਥਾ ਸੁਣਾਈ। ਦਾਦੂ ਜੀ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੇ ਸ਼ਬਦ ਸਲੋਕ ਰਚੇ ਹਨ ਜਿਨ੍ਹਾਂ ਨੂੰ ਸਾਧੂ ਬੜੇ ਪ੍ਰੇਮ ਭਾਵ ਨਾਲ ਪੜ੍ਹਦੇ ਹਨ।

ਫਿਰ ਉਸ ਮਹੰਤ ਨੇ ਗੁਰੂ ਸਾਹਿਬਾਂ ਦੇ ਧਰਮ ਜੁਧ ਦੀ ਤੇ ਅਨੰਦਪੁਰ ਬਾਦਸ਼ਾਹੀ ਸਿਲਸਿਲਾ ਤਿਆਗ ਦੇਣ ਦੀ ਅਤੇ ਸਾਹਿਬਜ਼ਾਦਿਆਂ ਸਮੇਤ ਬੇਅੰਤ ਸਿੰਘਾਂ ਦੇ ਸ਼ਹੀਦ ਹੋਣ ਦੀ ਗੱਲ ਸੁਣ ਕੇ ਕਿਹਾ, ਗੁਰੂ ਜੀ ਆਪ ਜੀ ਨੇ ਭਾਵੇਂ ਹਿੰਦੂ ਧਰਮ ਦੀ ਰਖਿਆ ਤਾਂ ਠੀਕ ਕੀਤੀ ਹੈ ਪਰ ਪਰਵਿਰਤੀ ਵਿਚ ਬੜੇ ਭਾਰੀ ਦੁੱਖ ਹੀ ਹਨ, ਸਾਡੇ ਗੁਰੂ ਦਾਦੂ ਜੀ ਨੇ ਕਿਹਾ ਹੈ-

*ਦਾਦੂ ਦਾਵਾ ਦੂਰ ਕਰ ਬਿਨ ਦਾਵੇ ਦਿਨ ਕੱਟ।
ਕੇਤੀ ਸੌਦਾ ਕਰ ਗਈ ਏਸ ਪੰਸਾਰੀ ਦੀ ਹੱਟ।

ਇਹਨਾਂ ਦਾਵਿਆਂ ਕਰ ਕੇ ਆਪ ਜੀ ਨੂੰ ਕਿਤਨੇ ਕਸ਼ਟ ਸਹਾਰਨੇ ਪਏ। ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦ ਹੋ ਗਏ ਅਤੇ ਚਾਰੇ ਲਾਲ ਭੀ ਸਦਾ ਲਈ ਆਪ ਜੀ ਨੂੰ ਵਿਛੋੜਾ ਦੇ ਗਏ ਹਨ। ਏਹ ਗੱਲ ਸੁਣਕੇ ਗੁਰੂ ਜੀ ਨੇ ਕਿਹਾ- ਮਹੰਤ ਜੀ! ਮਇਆਵਕੀ ਪਦਾਰਥਾਂ ਵਿਚ ਦਾਵਾ ਨਹੀਂ ਹੋਣਾ ਚਾਹੀਦਾ, ਲੇਕਿਨ ਧਰਮ ਦੇ ਸਬੰਧ ਵਿਚ ਦਾਵਾ ਜ਼ਰੂਰ ਰੱਖਣਾ ਚਾਹੀਦਾ ਹੈ-

ਦਾਦੂ ਦਾਵਾ ਰਖ ਕੇ ਸਭ ਕੇ ਸਭ ਕੋ ਲਈਐ ਲੁੱਟ।
ਇਕੋ ਰਹਿਸੀ ਖਾਲਸਾ ਹੋਰ ਸਭ ਮਰਸੀ ਬੁੱਟ।

(ਪੰਥ ਪ੍ਰਕਾਸ਼ ਐਡੀਸ਼ਨ ਚੌਥੀ ਪੰਨਾ ੩੧੫)

ਦਾਦੂ ਜੀ ਤਾਂ ਸਾਧੂ ਫਕੀਰ ਸਨ ਕੇਵਲ ਆਪ ਨੂੰ ਹੀ ਜਮ ਰਾਜ ਤੋਂ ਬਚਾਉਣ ਵਾਲੇ ਹੋਏ ਹਨ, ਕਿਉਂਕਿ ਉਹ ਕੇਵਲ ਜੋਗੀ ਸਨ।

ਏਧਰ ਗੁਰੂ-ਘਰ ਵਿਚ ਰਾਜ ਤੇ ਜੋਗ ਦੋਵੇਂ ਹਨ ਜਿਸ ਦੇ ਬਲ ਨਾਲ ਅਸੀਂ ਇਸ ਲੋਕ ਦੇ ਜਮ ਰੂਪ ਤੁਰਕਾਂ ਤੋਂ, ਅਤੇ ਪ੍ਰਲੋਕ ਵਿਚ ਧਰਮਰਾਜ ਦੇ ਦੰਡ ਤੋਂ ਆਪਣੇ ਪੰਥ ਨੂੰ ਬਚਾਉਣ ਦਾ ਬੀੜਾ ਉਠਾ ਰਖਿਆ ਹੈ।

ਜਿਨ੍ਹਾਂ ਹਿੰਦੂਆਂ ਦੇ ਰੋਜ਼ ਜਨੇਊ ਤੋੜ ਕੇ ਤੁਰਕ ਬਣਾਇਆ ਜਾਂਦਾ ਸੀ, ਜਦ ਇਸ ਹਿੰਦੂ ਧਰਮ ਦੀ ਰਖਵਾਲੀ (ਸੰਨਿਆਸੀ, ਬੈਰਾਗੀ, ਦਾਦੂ ਪੰਥੀ ਆਦਿਕ) ਕੋਈ ਭੀ ਨਾ ਕਰ ਸਕਿਆ ਤਦ ਅਸੀਂ ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪੰਥ ਸਜਾ ਕੇ ਹੱਥ ਸ਼ਮਸ਼ੇਰ ਫੜ ਹਿੰਦੂਆਂ ਤੋਂ ਤੁਰਕ ਕਰਨਾ ਮੁਸਲਮਾਨਾਂ ਨੂੰ ਬੰਦ ਕਰ ਦਿੱਤਾ। ਦੇਖ ਲਓ, ਜਿਵੇਂ ਅੱਗੇ ਜ਼ੁਲਮ ਨਾਲ ਹਿੰਦੂ ਰੋਜ਼ ਤੁਰਕ ਕੀਤੇ ਜਾਂਦੇ ਸਨ ਹੁਣ ਕੋਈ ਭੀ ਨਹੀਂ

ਦਾਦੂ ਜੀ ਦਾ ਜਨਮ ਅਹਿਮਦਾਬਾਦ (ਗੁਜਰਾਤ) ਵਿਚ ਪੀਂਜੇ ਦੇ ਘਰ ਹੋਇਆ ਹੈ, ਇਹਨਾਂ ਨੂੰ ਵਿਵੇਕੀ ਕਬੀਰ ਪੰਥੀ ਸੰਤਾਂ ਦੀ ਸੰਗਤ ਦੁਆਰਾ ਗਿਆਨ ਦੀ ਪ੍ਰਾਪਤੀ ਹੋਈ। ਦਾਦੂ ਜੀ ਦਾ ਵੱਡਾ ਡੇਰਾ ਪਿੰਡ ਨਾਰਾਯਣੇ ਜੈ ਪੁਰ ਰਾਜ ਵਿਚ ਹੈ। ਫੁਲੇਰਾ ਸਟੇਸ਼ਨ (ਬੰਬੇ ਬਰੋਦਾ ਸੈਂਟ੍ਰਲ ਇੰਡੀਆ ਰੇਲਵੇ ਦੀ ਛੋਟੀ ਲਾਇਨ) ਤੋਂ ਤਿੰਨ ਮੀਲ ਹੈ, ਇਸ ਨੂੰ ਦਾਦੂ ਦਵਾਰਾ ਆਖਦੇ ਹਨ, ਏਥੇ ਹੀ ਦਾਦੂ ਜੀ ਦਾ ਦੇਹਾਂਤ ਸੰਮਤ ੧੬੬੦ ਵਿਚ ਹੋਇਆ ਹੈ। ਦੱਖਣ ਨੂੰ ਜਾਂਦੇ ਹੋਏ ਦਸਵੇਂ ਪਾਤਸ਼ਾਹ ਸੰਮਤ ੧੭੬੪ ਵਿਚ ਇਸ ਥਾਂ ਪਹੁੰਚੇ ਉਸ ਵੇਲੇ ਏਥੋਂ ਦਾ ਮਹੰਤ ਜੈਤ ਰਾਮ ਸੀ। ਦਾਦੂ ਜੀ ਦੇ ਸਿੱਖਾਂ ਨੂੰ ਦਾਦੂ ਪੰਥੀਏ ਆਖਦੇ ਹਨ। ਏਸੇ ਮੱਤ ਵਿਚ ਸਾਧੂ ਨਿਸਚਲ ਦਾਸ ਬੜਾ ਵਡਾ ਪੰਡਿਤ ਹੋਇਆ ਹੈ, ਜਿਸ ਨੇ ਯੁਕਤਿ ਪ੍ਰਕਾਸ਼, ਵਿਚਾਰ ਸਾਗਰ, ਬ੍ਰਿਤੀ ਪ੍ਰਭਾਕਰ ਆਦਿ ਗ੍ਰੰਥ ਰਚੇ ਹਨ, ਨਿਸਚਲ ਦਾਸ ਦਾ ਜਨਮ ਪਿੰਡ ਧਣਾਨਾ (ਪੰਜਾਬ) ਵਿਚ ਸੰਮਤ ੧੮੪੯ ਵਿਚ ਅਤੇ ਦੇਹਾਂਤ ਸੰਮਤ ੧੯੧੯ ਵਿਚ ਦਿੱਲੀ ਹੋਇਆ ਹੈ। (ਮਹਾਨ ਕੋਸ਼)

www.sikhbookclub.com

ਕੀਤਾ ਜਾਂਦਾ। ਧਰਮ ਦਾ ਦਾਵਾ ਬੰਨ੍ਹਣ ਦਾ ਏਹੋ ਫਲ ਹੈ।

ਪਰਉਪਕਾਰ ਤੇ ਧਰਮ ਦੀ ਰਖਿਆ ਵਾਸਤੇ ਆਪਣਾ ਜਾਨ ਮਾਲ ਕੁਰਬਾਨ ਕਰਨਾ ਅਤੀ ਉਤਮ ਹੈ, ਅਸੀਂ ਏਹ ਪੰਥ ਦੁਸ਼ਟਾਂ ਦੇ ਗਾਲਣ ਤੇ ਧਰਮ ਦੇ ਪਾਲਣ ਲਈ ਸਾਜਿਆ ਹੈ।

ਜੈਤ ਰਾਮ ਨੇ ਕਿਹਾ- ਐਸਾ ਹੀ ਹੋਣਾ ਚਾਹੀਏ ਜੈਸਾ ਆਪ ਜੀ ਨੇ ਕਿਹਾ ਹੈ।

ਇਸ ਉਤੇ ਦਾਦੂ ਜੀ ਦਾ ਬਚਨ ਹੈ—

ਦਾਦੂ ਦਾਵਾ ਦੂਰ ਕਰ ਕਲਿ ਕਾ ਲੀਜੈ ਭਾਇ।
ਜੇ ਕੋ ਮਾਰੈ ਈਂਟ ਢੇਮ ਲੀਜੈ ਸੀਸ ਚਢਾਇ।

ਇਹ ਦੋਹਰਾ ਸੁਣ ਕੇ ਗੁਰੂ ਜੀ ਨੇ ਕਿਹਾ- ਏਹ ਤੁਹਾਡੇ ਜੇਹੇ ਸੰਤਾਂ ਵਾਸਤੇ ਹੈ, ਸ਼ਸਤ੍ਰ ਧਾਰੀਆਂ ਵਾਸਤੇ ਨਹੀਂ ਹੈ। ਅੱਜ ਕਲ੍ਹ ਦੇ ਸਮੇਂ ਮੁਤਾਬਕ ਇਸ ਤਰ੍ਹਾਂ ਪੜ੍ਹਿਆ ਕਰੋ-

ਦਾਦੂ ਦਾਵਾ ਰੱਖ ਕੇ ਕਲਿ ਕਾ ਲੀਜੈ ਭਾਇ।
ਜੇ ਕੋ ਮਾਰੈ ਈਂਟ ਢੇਮ ਪਥਰ ਹਨੈ ਰਿਸਾਇ।

ਏਹ ਬਚਨ ਸੁਣ ਕੇ ਸਾਰੇ ਹੱਸ ਪਏ। ਗੁਰੂ ਜੀ ਨੇ ਕਿਹਾ- ਦੰਡ ਬਿਨਾਂ ਦੁਸ਼ਟ ਦੱਬੇ ਨਹੀਂ ਜਾ ਸਕਦੇ, ਇਸ ਦੁਸ਼ਟਾਂ ਨੂੰ ਦੰਡ ਦੇਣਾ ਹੀ ਜੋਗ ਹੈ, ਏਸੇ ਕਰ ਕੇ ਸ਼ਸਤ੍ਰ ਧਾਰੀ ਸਿੱਖ ਰਚੇ ਹਨ। ਏਹ ਜੰਗ ਕਰ ਕੇ ਉਸ ਪਦਵੀ ਨੂੰ ਪਾਉਣਗੇ ਜਿਸ ਪਦਵੀ ਨੂੰ ਜੋਗੀ ਜਨ ਬੜੇ ਬੜੇ ਜਤਨ ਕਰ ਕੇ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਦੇ ਬਚਨ ਸੁਣ ਕੇ ਮਹੰਤ ਜੈਤ ਰਾਮ ਨੇ ਬੇਨਤੀ ਕੀਤੀ- ਕਲ੍ਹ ਰੁੱਖਾ ਮਿੱਸਾ ਭੋਜਨ ਆਪ ਏਥੇ ਹੀ ਛਕੋ ਕਿਉਂਕਿ ਸਾਨੂੰ ਦਾਦੂ ਜੀ ਦਾ ਹੁਕਮ ਹੈ ਭਾਵੇਂ ਏਥੇ ਕੋਈ ਭੀ ਆਵੇ ਸਭ ਨੂੰ ਇਕ ਦਿਨ ਦਾ ਭੋਜਨ ਜ਼ਰੂਰ ਦਿਆ ਕਰੋ। ਗੁਰੂ ਜੀ ਨੇ ਹੱਸ ਕੇ ਕਿਹਾ- ਸਾਡੇ ਨਾਲ ਮਾਸ ਅਹਾਰੀ ਜਾਨਵਰ ਹਨ ਪਹਿਲੇ ਇਹਨਾਂ ਨੂੰ ਮਨਾ ਲਵੋ ਫੇਰ ਅਸੀਂ ਮੰਨ ਲਵਾਂਗੇ। ਜੈਤ ਰਾਮ ਨੇ ਕਿਹਾ- ਆਪ ਜੀ ਦਾ ਹੁਕਮ ਅਟੱਲ ਹੈ ਤੁਸੀਂ ਆਪ ਹੀ ਹੁਕਮ ਦਿਓ ਤੁਹਾਡਾ ਹੁਕਮ ਮੰਨ ਕੇ ਤੁਹਾਡੇ ਬਾਜ਼ ਸੰਤਾਂ ਦੀ ਬਾਜਰੀ ਖਾ ਕੇ ਗੁਜ਼ਾਰਾ ਕਰ ਲੈਣਗੇ। ਸੰਤ ਦੀ ਪ੍ਰੀਤੀ ਅਤੇ ਸ਼ਰਧਾ ਵੇਖ ਕੇ ਜਿਸ ਵੇਲੇ ਗੁਰੂ ਜੀ ਨੇ ਆਗਿਆ ਦਿਤੀ ਜੈਤ ਰਾਮ ਨੇ ਉਸੇ ਵੇਲੇ ਸਾਰੀ ਰਸਦ ਪਹੁੰਚਾ ਦਿਤੀ ਤੇ ਬਾਜ਼ਾਂ ਅੱਗੇ ਜਵਾਰ ਖਿਲਾਰ ਕੇ ਬੇਨਤੀ ਕੀਤੀ— ਹੇ ਬਾਜ਼ੋ ! ਤੁਸੀਂ ਜੋ ਸੱਚੇ ਸਤਿਗੁਰਾਂ ਦੇ ਜਾਨਵਰ ਹੋ ਤਾਂ ਇਹਨਾਂ ਦੇ ਹੁਕਮ ਨਾਲ ਅੱਜ ਸਾਧਾਂ ਦੀ ਜਵਾਰ ਹੀ ਛਕ ਲਓ। ਏਹ ਬਚਨ ਸੁਣ ਕੇ ਬਾਜ਼ਾਂ ਨੇ ਜਵਾਰ ਚੁਗ ਲੀਤੀ, ਜਿਸ ਨੂੰ ਵੇਖ ਕੇ ਸਭ ਲੋਕ ਹੱਕੇ ਬੱਕੇ ਰਹਿ ਗਏ, ਮਹੰਤ ਜੈਤ ਰਾਮ ਬਹੁਤ ਖੁਸ਼ ਹੋਇਆ।

ਦੂਜੇ ਪਾਸੇ ਗੁਰੂ ਕੇ ਲਾਂਗਰੀਆਂ ਨੇ ਪ੍ਰਸ਼ਾਦ ਤਿਆਰ ਕਰ ਕੇ ਗੁਰੂ ਜੀ ਸਮੇਤ ਸਭ ਸੰਗਤ ਨੂੰ ਛਕਾਇਆ ਤੇ ਆਪ ਭੀ ਛਕਿਆ। ਤੀਜੇ ਪਹਿਰ ਮਹੰਤ ਦੀ ਸ਼ਰਧਾ ਦੇਖ ਕੇ ਗੁਰੂ ਜੀ ਡੇਰੇ ਅੰਦਰ ਚਲੇ ਗਏ ਸਭ ਕੁਝ ਦੇਖਿਆ ਫੇਰ ਦਾਦੂ ਦੀ ਸਮਾਧ ਕੋਲ ਪਹੁੰਚ ਕੇ ਤੀਰ ਨਾਲ ਨਮਸਕਾਰ ਕੀਤੀ, ਇਹ ਗੱਲ ਵੇਖ ਕੇ ਸਿੰਘਾਂ ਨੇ ਬੜਾ ਗੁੱਸਾ ਮਨਾਇਆ ਆਪਣੇ ਸਥਾਨ 'ਤੇ ਆ ਕੇ ਆਖਿਆ- ਆਪ ਤਨਖਾਹੀਏ ਹੋ ਗਏ ਹੋ, ਕਿਉਂਕਿ ਆਪ ਜੀ ਦਾ ਹੁਕਮ ਹੈ ਮੜ੍ਹੀਆਂ ਮਸਾਣਾਂ ਨੂੰ ਨਹੀਂ ਪੂਜਣਾ, ਹੁਣ ਦਾਦੂ ਦੀ ਸਮਾਧ 'ਤੇ ਆਪ ਜੀ ਨੇ ਨਮਸਕਾਰ ਕਿਉਂ ਕੀਤੀ ਹੈ? ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ— ਅਸੀਂ ਤੁਹਾਨੂੰ ਪਰਖਣ ਵਾਸਤੇ ਇੰਜ ਕੀਤਾ ਕਿ ਦੇਖੀਏ ਖਾਲਸਾ ਸਾਡੇ ਬਚਨਾਂ 'ਤੇ ਭਰੋਸਾ ਰੱਖ ਕੇ ਤਿਆਰ-ਬਰ-ਤਿਆਰ ਹੈ ਕਿ ਨਹੀਂ, ਅਸੀਂ ਬੜੇ ਖੁਸ਼ ਹਾਂ ਜੋ ਤੁਸੀਂ ਤਨਖਾਹ ਮੰਗੀ ਹੈ ਸੋ ਮਨ ਭਾਉਂਦੀ ਲਵੋ। ਇਕ ਸਿੰਘ ਨੇ ਸਵਾ ਲੱਖ ਰੁਪਯਾ ਕਿਹਾ, ਦੂਜੇ ਸਿੰਘ ਨੇ ਦਸ ਹਜ਼ਾਰ, ਤੀਜੇ ਸਿੰਘ ਨੇ ਪੰਜ ਹਜ਼ਾਰ ਰੁਪਯਾ ਕਿਹਾ, ਚੌਥੇ ਸਿੰਘ ਨੇ ਇਕ ਹਜ਼ਾਰ ਰੁਪਯਾ ਕਿਹਾ, ਪੰਜਵੇਂ ਨੇ ਕਿਹਾ ਖਾਲਸਾ

ਜੀ! ਗੁਰੂ ਕੇ ਪਾਸ ਮਾਇਆ ਦੀ ਕੋਈ ਪ੍ਰਵਾਹ ਨਹੀਂ ਹੈ ਪਰ ਤੁਸੀਂ ਉਤਨੀ ਤਨਖਾਹ ਲਾਓ, ਜਿੰਨੀ ਸਿੰਘ ਭੀ ਗੁਰੂ ਨੂੰ ਦੇ ਸਕੇ। ਏਹ ਗੁਰਮਤਾ ਕਰ ਕੇ ਸਵਾ ਸੌ ਰੁਪਯਾ ਤਨਖਾਹ ਗੁਰੂ ਜੀ ਤੋਂ ਮੰਗੀ। ਗੁਰੂ ਜੀ ਨੇ ਉਸੇ ਵੇਲੇ ਖਜ਼ਾਨਚੀ ਭਾਈ ਹਰਦਿਤ ਸਿੰਘ ਪਾਸੋਂ ਲੈ ਕੇ ਖਾਲਸੇ ਅੱਗੇ ਸਵਾ ਸੌ ਰੁਪਯਾ ਰੱਖ ਦਿੱਤਾ। ਸਿੰਘਾਂ ਨੇ ਭੀ ਪਲ ਨਾ ਲਗਾਇਆ ਇਕ ਤਾਂ ਲੰਗਰ ਲਈ ਤੰਬੂ ਮੁੱਲ ਲੈ ਲਿਆ ਤੇ ਬਾਕੀ ਦੇ ਰੁਪਯਾਂ ਦਾ ਕੜਾਹ ਪ੍ਰਸ਼ਾਦ ਕਰ ਕੇ ਵਰਤਾ ਦਿੱਤਾ।

ਅਥਵਾ- ਉਹ ਪੁਰਸ਼ ਰਾਜੇ ਇੰਦਰ ਤੇ ਰੰਕ= ਕੰਗਾਲ ਦੋਹਾਂ ਨੂੰ ਸੈ= ਇਕ ਸਮਾਨ ਗਿਣਦਾ ਹੈ ॥੧੬੯॥

ਹੁਣ ਕਬੀਰ ਜੀ ਆਪਣੇ ਮਨ ਪ੍ਰਤੀ ਉਪਦੇਸ਼ ਕਰਦੇ ਹਨ-

ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥

ਕਬੀਰ ਜੀ ਕਥਨ ਕਰਦੇ ਹਨ— ਸਮੂਹ ਮਰਯਾਦਾਂ ਰੂਪ ਪਾਲਿ = ਵੱਟਾਂ ਵਾਲਾ ਜੋ ਸਤਸੰਗ ਰੂਪ ਸਰੋਵਰ ਨਾਮ-ਜਲ ਨਾਲ ਭਰਿਆ ਹੋਇਆ ਹੈ, ਕੋਈ ਨਿਭਾਗਾ ਆਦਮੀ ਉਸ ਸਤਸੰਗ ਰੂਪ ਸਰੋਵਰ 'ਚੋਂ ਨਾਮ-ਜਲ ਪੀ ਨਹੀਂ ਸਕਦਾ।

ਅਥਵਾ- ਸੰਸਾਰ ਰੂਪ ਸਰੋਵਰ ਹੈ, ਬ੍ਰਹਮ-ਲੋਕ, ਇੰਦਰ- ਲੋਕ, ਸ਼ਿਵ- ਲੋਕ, ਵਿਸ਼ਨ- ਲੋਕ ਆਦਿ ਵੱਟਾਂ ਹਨ, ਇਹ ਸੰਸਾਰ-ਸਰੋਵਰ ਚੇਤਨ ਦੇਵ ਰੂਪੀ ਜਲ ਨਾਲ ਸਮੁਹਾ= ਲਬਾ- ਲਬ ਭਰਿਆ ਹੋਇਆ ਹੈ। ਪਰੰਤੂ ਹਰ ਕੋਈ ਆਦਮੀ ਉਸ ਚੇਤਨ ਦੇਵ ਰੂਪ ਜਲ ਨੂੰ ਪੀ ਨਹੀਂ ਸਕਦਾ।

ਅਥਵਾ- ਸਮੂਹ ਇੰਦ੍ਰੀਆਂ ਰੂਪ ਵੱਟਾਂ ਵਾਲਾ ਜੋ ਅੰਤਹ-ਕਰਨ ਰੂਪ ਸਰੋਵਰ ਆਤਮਾ ਰੂਪ ਜਲ ਨਾਲ ਭਰਿਆ ਹੋਇਆ ਹੈ, ਕੋਈ ਭੀ ਨਿਕਰਮਾ ਆਦਮੀ ਉਸ ਆਤਮਾ ਰੂਪ ਜਲ ਨੂੰ ਪੀ ਨਹੀਂ ਸਕਦਾ।

ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ ॥ ੧੭੦ ॥

ਹੇ ਮਨ! ਤੂੰ ਵਡਿਆਂ ਭਾਗਾਂ ਵਾਲਾ ਹੈਂ ਕਿਉਂਕਿ ਤੂੰ ਇਸ ਆਤਮਾ ਰੂਪ ਜਲ ਨੂੰ ਪਾਇਆ ਹੈ, ਕਬੀਰ ਜੀ ਆਖਦੇ ਹਨ- ਹੇ ਮਨ! ਤੂੰ ਮਨ ਬੁੱਧੀ ਰੂਪ ਬੁਕ ਭਰ-ਭਰ ਕੇ ਪੀਣਾ ਕਰ। ਭਾਵ ਮਨ ਬੁੱਧੀ ਨੂੰ ਸਿਮਰਨ ਵਿਚ ਲਗਾ ਕੇ ਆਤਮਕ ਅੰਨਦ ਲੈਣਾ ਕਰ ॥੧੭੦॥

ਇਕ ਪ੍ਰੇਮੀ ਨੇ ਪੁਛਿਆ- ਸਰੀਰ ਕੈਸਾ ਹੈ ਤੇ ਪ੍ਰਭੂ ਦਾ ਨਾਮ ਕੈਸਾ ਹੈ? *ਉੱਤਰ-*

ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ ॥

ਕਬੀਰ ਜੀ ਕਥਨ ਕਰਦੇ ਹਨ- ਜਿਵੇਂ ਸੂਰਜ ਦੇ ਚੜ੍ਹਨ ਨਾਲ ਪਰਭਾਤੇ= ਸਵੇਰ ਸਾਰ ਹੀ ਤਾਰੇ ਖਿਸਕ ਜਾਂਦੇ ਹਨ, ਤਿਵੇਂ ਕਾਲ ਰੂਪ ਸੂਰਜ ਦੇ ਚੜ੍ਹਨ ਨਾਲ ਇਹ ਸਰੀਰ ਵੀ ਖਿਸਕ ਜਾਂਦਾ ਭਾਵ ਹਰੀਹਰ ਹੋ ਜਾਂਦਾ ਹੈ।

ਏ ਦੁਇ ਅਖਰ ਨਾ ਖਿਸਹਿ ਸੋ ਗਹਿ ਰਹਿਓ ਕਬੀਰੁ ॥ ੧੭੧ ॥

ਇਹ ਦੋ ਅੱਖਰ 'ਰਾ-ਮ' ਨਹੀਂ ਖਿਸਕਦੇ ਭਾਵ ਨਾਸ ਨਹੀਂ ਹੁੰਦੇ, ਇਸ ਕਰ ਕੇ ਮੈਂ ਕਬੀਰ ਇੰਨ੍ਹਾਂ ਦੋ ਅੱਖਰਾਂ ਨੂੰ ਗ੍ਰਹਿਣ ਕਰ ਰਿਹਾ ਹਾਂ॥ ੧੭੧ ॥

ਯਥਾ- ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ ॥੩॥

(ਗਉੜੀ ਕਬੀਰ ਜੀ, ਪੰਨਾ ੩੨੯)

ਤਥਾ- ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ॥ ੧॥

(ਆਸਾ ਮਹਲਾ ੫, ਪੰਨਾ ੩੮੮)

ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ॥

ਕਬੀਰ ਜੀ ਕਥਨ ਕਰਦੇ ਹਨ- (ਜਿਵੇਂ ਪ੍ਰਤਖ ਵੇਦਾਂਤ ਸਮੇਲਨ ਸਮੇਂ ਪ੍ਰੇਮੀਆਂ ਨੇ ਇਕੱਠੇ ਹੋ ਕੇ ਛਤੀਰੀਆਂ ਵਗੈਰਾ ਰੱਖ ਕੇ) ਕਾਠ ਦੀ ਕੋਠੀ ਬਣਾ ਲਈ ਤੇ (ਮਹਾਤਮਾ ਜਨਾਂ ਨੇ ਆ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ, ਪਰ ਕੁਦਰਤ ਦੇ ਚੱਕਰ ਨਾਲ ਉਸ ਦੇ) ਚਾਰੋਂ ਤਰਫ ਅੱਗ ਲੱਗ ਗਈ। ਉਸ ਵੇਲੇ-

ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ॥ ੧੭੨॥

ਉਸ ਕਾਠ ਦੀ ਕੋਠੀ ਅੰਦਰ ਜੋ ਬੜੇ ਬੜੇ ਵਿਦਵਾਨ ਪੰਡਿਤ ਲੋਕ ਬੈਠੇ ਸਨ ਉਹ ਪੰਡਿਤ ਆਪੋ ਵਿਚ ਅੱਗ ਦਾ ਵਿਚਾਰ ਕਰਦੇ ਹੋਏ ਕਿ ਇਹ ਅੱਗ ਕਿਥੋਂ ਆਈ ਹੈ? ਕਿਸ ਨੇ ਲਗਾਈ ਹੈ? ਅਤੇ ਕਿਵੇਂ ਪ੍ਰਜ੍ਵਲਤ ਹੋਈ ਹੈ ਇਨ੍ਹਾਂ ਸੋਚ ਵਿਚਾਰਾਂ ਦੇ ਕਰਦਿਆਂ ਕਰਦਿਆਂ ਵਿਚੇ ਹੀ ਜਲਿ ਮੂਏ= ਸੜ ਮਰੇ। ਉਨ੍ਹਾਂ ਪੰਡਿਤਾਂ ਦੀ ਨਿਗਾਹ ਵਿਚ ਜੋ ਮੂਰਖ ਪੁਰਸ਼ ਸਨ ਸਰੋਤੇ ਵਗੈਰਾ ਉਹ ਦੌੜ ਕੇ ਛਾਲਾਂ ਮਾਰਦੇ ਬਾਹਰ ਨਿਕਲ ਕੇ ਉਬਰੇ = ਬਚ ਗਏ ॥ ੧੭੨॥ ਅਥਵਾ-

ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ॥

ਕਬੀਰ ਜੀ ਕਥਨ ਕਰਦੇ ਹਨ- ਕਾਠ ਦੀ ਕੋਠੀ ਇਹ ਸੰਸਾਰ ਹੈ, ਇਸ ਦੇ ਚਾਰੋਂ ਤਰਫ ਮਾਇਆ ਦੀ ਤ੍ਰਿਸ਼ਨਾ ਰੂਪ ਅੱਗ, ਵਾ- ਕਾਲ ਰੂਪ ਅਗਨੀ ਲੱਗ ਰਹੀ ਹੈ।

ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥੧੭੨॥

ਜੋ ਪੰਡਿਤ ਵਿਦਿਆ ਦੇ ਅਭਿਮਾਨ ਵਿਚ ਡੁੱਬੇ ਹੋਏ ਹਨ ਅਤੇ ਜੋ ਪੰਡਿਤ ਕਥਾ ਕਰ ਕੇ ਦੇਹ ਅਧਿਆਸ ਵਿਚ ਡੁੱਬੇ ਹੋਏ ਹਨ, ਦੁਧ ਮਲਾਈਆਂ ਮੱਖਣ ਟੋਸਟ ਰਬੜੀ ਆਦਿਕ ਪਦਾਰਥਾਂ ਦੇ ਖਾਣ ਪੀਣ ਵਿਚ ਮਸਤ ਹਨ, ਉਹ ਸੜ ਮਰ ਗਏ ਹਨ ਅਤੇ ਮੂਰਖ ਜੋ ਸੰਸਾਰੀ ਪੁਰਸ਼ ਹਨ, ਉਹ ਮੂੰਹ ਆਦਿਕ ਇੰਦ੍ਰੀਆਂ ਨੂੰ ਰਖ=ਰੋਕ ਕੇ ਸੰਸਾਰ ਵੱਲੋਂ ਭੱਜ ਕੇ ਭਾਵ ਹਟ ਕੇ ਉਧਰ ਗਏ ਹਨ। ਅਥਵਾ-

ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ॥

ਕਬੀਰ ਜੀ ਕਥਨ ਕਰਦੇ ਹਨ ਇਹ ਦੇਹ ਕਾਠ ਦੀ ਕੋਠੀ ਵਾਂਗੂ ਹੈ।

ਇਸ ਦੇ ਦਹ ਦਿਸਿ= ਦਸਾਂ ਇੰਦ੍ਰੀਆਂ ਵਿਚ ਵਿਕਾਰਾਂ (ਵਿਸ਼ਿਆਂ) ਦੀ ਅੱਗ ਲੱਗ ਰਹੀ ਹੈ:

ਅੱਖਾਂ ਵਿਚ- ਸੁੰਦਰ ਰੂਪ ਵੇਖਣ ਦੀ ਅੱਗ ਲੱਗ ਰਹੀ ਹੈ ।

ਕੰਨਾਂ ਵਿਚ- ਰੇਡੀਓ ਵਗੈਰਾ ਸੁਣਨ ਦੀ ਅੱਗ ਲੱਗ ਰਹੀ ਹੈ ।

ਨੱਕ ਵਿਚ- ਅਤਰ ਫੁਲੇਲ ਚੰਬੇਲੀ ਆਦਿਕਾਂ ਦੇ ਖੁਸ਼ਬੋ ਲੈਣ ਦੀ ਅੱਗ ਲੱਗ ਰਹੀ ਹੈ।

ਰਸਨਾ ਵਿਚ- ਪਦਾਰਥਾਂ ਦੇ ਰਸ ਲੈਣ ਦੀ ਅੱਗ ਲੱਗ ਰਹੀ ਹੈ ।

ਤ੍ਵਚਾ ਵਿਚ- ਸਪਰਸ਼ ਕਰਨ ਦੀ ਅੱਗ ਲੱਗ ਰਹੀ ਹੈ।

ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥ ੧੭੨॥

ਤਿੰਨਾਂ ਗੁਣਾਂ ਤੋਂ ਰਹਿਤ ਜੋ ਅਸਲ ਪੰਡਿਤ ਹਨ।

ਯਥਾ- ਸੋ ਪੰਡਿਤ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨਦਿਨੁ ਏਕੋ ਨਾਮੁ ਵਖਾਣੈ॥

(ਮਲਾਰ ਮਹਲਾ ੩, ਪੰਨਾ ੧੨੬੧)

ਉਹ ਪੰਡਿਤ ਤਾਂ ਸੰਸਾਰ ਵਲੋਂ ਦੌੜ ਕੇ ਬਚ ਗਏ ਹਨ।

ਜੋ ਸੰਸਾਰੀ ਦੇਹ ਅਧਿਆਸੀ ਪੁਰਸ਼ ਹਨ, ਮੂਰਖ= ਮੂੰਹ ਆਦਿਕਾਂ ਨੂੰ ਸਾਬਣ ਦੀਆਂ ਚੱਟਾਂ ਲਗਾ ਕੇ ਸਾਫ ਰੱਖਣ ਵਾਲੇ ਉਹ ਤਾਂ ਸੰਸਾਰ ਦੇ ਵਿਚ ਹੀ ਜਲਿ ਮੂਏ= ਸੜ ਮਰ ਗਏ ਹਨ॥ ੧੭੨ ॥

ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ॥

ਕਬੀਰ ਜੀ ਕਥਨ ਕਰਦੇ ਹਨ- ਹੇ ਪੰਡਿਤ ! ਤੇਰੇ ਚਿਤ ਵਿਚ ਜੋ ਸੰਸਾ ਹੈ ਕਿ ਕਰਮ ਕਾਂਡ ਦੇ ਕਰਨ ਨਾਲ ਹੀ ਸੰਸਾਰ ਤੋਂ ਤਰਨਾ ਹੁੰਦਾ ਹੈ, ਇਸ ਸੰਸੇ ਨੂੰ ਦੂਰ ਕਰ ਦੇਹ।

ਧਰਮ ਸ਼ਾਸਤ੍ਰ ਦੇ ਕਾਗਦ= ਪਤਰਿਆਂ ਨੂੰ ਬਿਹਾਇ= ਰੋੜ੍ਹ ਦੇਹ, ਕਿਉਂਕਿ ਧਰਮ ਸ਼ਾਸਤ੍ਰ ਵਿਚ ਨਿਰਾ ਕਰਮ-ਕਾਂਡ ਹੀ ਲਿਖਿਆ ਹੋਇਆ ਹੈ ਕਿ ਪ੍ਰਾਣੀ ਦੇ ਮਰਨ ਪਿਛੋਂ ਦੀਪਕ ਜਗਾਣੇ, ਮੰਜਾ, ਬਿਸਤਰਾ, ਭਾਂਡੇ, ਛਤਰੀ ਆਦਿ ਵਸਤੂਆਂ ਦੇਣੀਆਂ।

ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ॥ ੧੭੩ ॥

ਸੰਸਕ੍ਰਿਤ ਦੇ ਜੋ ੫੨ ਅੱਖਰ ਹਨ ਉਹਨਾਂ ਅੱਖਰਾਂ ਦਾ ਸਿਧਾਂਤ ਸੋਧਿ ਕੈ= ਵਿਚਾਰ ਕੇ, ਪ੍ਰਭੂ-ਪਰਮਾਤਮਾ ਦੇ ਚਰਨਾਂ ਵਿਚ ਚਿਤ ਲਗਾਣਾ ਕਰ॥ ੧੭੩ ॥

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥

ਕਬੀਰ ਜੀ ਕਥਨ ਕਰਦੇ ਹਨ— ਸੰਤ ਜਨ ਆਪਣੀ ਸੰਤਤਾਈ ਨੂੰ ਕਦੇ ਵੀ ਛੱਡਦੇ ਨਹੀਂ ਹਨ, ਜਉ ਭਾਵੇਂ ਕਰੋੜਾਂ ਹੀ ਅਸੰਤ= ਨਾਸਤਕ ਲੋਕ ਮਿਲ ਜਾਣ।

ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥ ੧੭੪ ॥

ਦ੍ਰਿਸ਼ਟਾਂਤ- ਬੇਸ਼ੱਕ ਭੁਯੰਗਮ= ਸੱਪਾਂ ਨੇ ਮਲਿਆਗਰੁ= ਚੰਦਨ ਦੇ ਬੂਟੇ ਨੂੰ ਘੇਰਾ ਪਾ ਕੇ ਬੇਢਿਓ = ਢਕਿਆ ਹੋਇਆ ਹੈ ਪਰ ਉਹ ਚੰਦਨ ਆਪਣੀ ਸੀਤਲਤਾ= ਠੰਡਕ ਨੂੰ ਤਿਆਗਦਾ ਨਹੀਂ ਹੈ।

ਦਾ ਦ੍ਰਿਸ਼ਟਾਂਤ- ਇਸੇ ਤਰ੍ਹਾਂ ਸੰਤ ਚੰਦਨ ਦੇ ਬੂਟੇ ਸਮਾਨ ਹੈ ਅਤੇ ਦੁਸ਼ਟ ਪੁਰਸ਼ ਸੱਪ ਵਾਂਗੂ ਹੈ ਪਰ ਦੁਸ਼ਟਾਂ ਦੀ ਸੰਗਤ ਹੋਣ ਕਰ ਕੇ ਵੀ ਸੰਤ ਆਪਣੀ ਸ਼ਾਂਤੀ ਰੂਪ ਸੀਤਲਤਾ ਨੂੰ ਤਿਆਗਦੇ ਨਹੀਂ ਹਨ॥ ੧੭੪ ॥*

ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ॥

ਕਬੀਰ ਜੀ ਕਥਨ ਕਰਦੇ ਹਨ- ਜਿਸ ਵੇਲੇ ਗੁਰਾਂ ਦੀ ਕਿਰਪਾ ਨਾਲ ਮੈਂ ਬ੍ਰਹਮ ਗਿਆਨ ਪਾਇਆ ਤਿਸ ਵੇਲੇ ਮੇਰਾ ਮਨ ਸੀਤਲ ਹੋ ਗਿਆ।

ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ॥ ੧੭੫ ॥

ਜਿਸ ਮਾਇਆ ਦੀ ਤ੍ਰਿਸ਼ਨਾ ਰੂਪ ਜੁਆਲਾ= ਅੱਗ ਨੇ, ਵਾ:- ਕਾਲ ਰੂਪ ਅਗਨੀ ਨੇ ਸਾਰੇ ਜਗਤ ਨੂੰ

---

*ਯਥਾ- ਸਾਧ ਕੁਸੰਗਤ ਮਹਿ ਰਹੇ, ਤਿਸ ਨ ਵਿਕਾਰ ਲਗੰਤ।
ਜਿਉ ਚੰਦਨ ਸਰਪਨ ਵਿਖੇ, ਸੀਤਲਤਾ ਨ ਤਜੰਤ।

ਜਾਰਿਆ= ਸਾੜਿਆ ਹੈ, ਉਹ ਅਗਨੀ ਮੈਨੂੰ (ਕਬੀਰ ਨੂੰ) ਉਦਕ= ਜਲ ਦੇ ਸਮਾਨ ਹੈ। ਭਾਵ ਉਹ ਅਗਨੀ ਮੈਨੂੰ ਰੰਚਕ ਮਾਤ੍ਰ ਵੀ ਦੁੱਖ ਨਹੀਂ ਦੇ ਸਕਦੀ॥ ੧੭੫॥

ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ॥

ਕਬੀਰ ਜੀ ਕਥਨ ਕਰਦੇ ਹਨ- ਸਿਰਜਨਹਾਰ= ਪਰਮਾਤਮਾ ਦੀ ਜੋ ਇਹ ਸੰਸਾਰ ਰੂਪ ਸਾਰੀ= ਬਾਜੀ ਹੈ, (ਇਸ ਦੇ ਆਦ ਅੰਤ ਨੂੰ) ਕੋਈ ਨਹੀਂ ਜਾਣ ਸਕਦਾ ਕਿ ਇਹ ਉਤਪੰਨ ਕਦੋਂ ਹੋਈ ਸੀ ਤੇ ਇਸ ਦੀ ਮਹਾਂ ਪਰਲੋ ਕਦੋਂ ਹੋਣੀ ਹੈ?

ਯਥਾ- ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ *(ਜਪੁ ਜੀ ਸਾਹਿਬ, ਪੰਨਾ ੪)*

ਵਸ਼ਿਸ਼ਟ ਪੁਰਾਣ ਵਿਚ ਵੀ ਲਿਖਿਆ ਹੈ ਕਿ ਰਾਜਾ ਵਿਪਸਚਿਤ ਚਾਰ ਰੂਪ ਧਾਰ ਕੇ ਚਾਰੇ ਹੀ ਦਿਸ਼ਾਂ ਵਿੱਚ ਸ੍ਰਿਸ਼ਟੀ ਦਾ ਅੰਤ ਲੈਣ ਵਾਸਤੇ ਗਿਆ ਸੀ ਪਰ ਅੰਤ ਲੈ ਨਹੀਂ ਸਕਿਆ। ਅੰਤ ਲੈਂਦਾ ਲੈਂਦਾ ਆਪ ਹੀ ਮਰ ਗਿਆ।

ਅਥਵਾ- ਇਹ ਸ੍ਰਿਸ਼ਟੀ ਰੂਪ ਬਗੀਚੀ ਪ੍ਰਭੂ ਦੀ ਆਪਣੀ ਸਾਰੀ= ਸਿਰਜੀ ਭਾਵ ਰਚੀ ਹੋਈ ਹੈ, ਇਸ ਦੇ ਭੇਦ ਨੂੰ ਕੋਈ ਅਗਿਆਨੀ ਪੁਰਸ਼ ਨਹੀਂ ਜਾਣ ਸਕਦਾ।

ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ॥ ੧੭੬॥

ਇਸ ਦਾ ਧਨੀ= ਮਾਲਕ ਜੋ ਪ੍ਰਭੂ ਹੈ ਕੈ= ਜਾਂ ਤਾਂ ਉਹ ਆਪ ਹੀ ਇਸ ਦੇ ਭੇਦ ਨੂੰ ਜਾਣਦਾ ਹੈ, ਕੈ= ਜਾਂ ਮਸਤਾਨੇ ਜੋ ਪ੍ਰਭੂ ਦੇ ਦਾਸ ਹਨ ਉਹ ਇਸ ਦੇ ਭੇਦ ਨੂੰ ਜਾਣਦੇ ਹਨ॥ ੧੭੬॥

ਕਬੀਰ ਭਲੀ ਭਈ ਜੋ ਭਉ ਪਰਿਆ ਦਿਸਾ ਗਈ ਸਭ ਭੂਲਿ॥

ਕਬੀਰ ਜੀ ਕਥਨ ਕਰਦੇ ਹਨ- ਬੜੀ ਚੰਗੀ ਗੱਲ ਹੋਈ ਹੈ ਜੋ ਪ੍ਰਭੂ ਦਾ ਡਰ ਹਿਰਦੇ ਵਿਚ ਆ ਪਿਆ ਹੈ, ਜਿਸ ਡਰ ਕਰ ਕੇ ਸੰਸਾਰ ਦੀ ਦਿਸਾ= ਤਰਫਦਾਰੀ ਸਾਰੀ ਭੁੱਲ ਗਈ ਹੈ ।

ਅਥਵਾ- ਪਦਾਰਥਾਂ ਦੇ ਖਾਣ ਪੀਣ ਦੀ ਸਾਰੀ ਦਿਸ਼ਾ= ਹਾਲਤ ਭੁੱਲ ਗਈ ਹੈ ।

ਵਾ:- ਦਿਸਾ= ਦਸਾਂ ਇੰਦ੍ਰੀਆਂ ਦੇ ਸਾਰੇ ਵਿਸ਼ੇ- ਸੁਖ ਭੁੱਲ ਗਏ ਹਨ।

[ਪੰਨਾ ੧੩੭੪]

ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥ ੧੭੭॥

(ਦ੍ਰਿਸ਼ਟਾਂਤ- ਜਿਵੇਂ ਸੂਰਜ ਦੀਆਂ ਕਿਰਣਾਂ ਲੱਗਣ ਨਾਲ) ਓਰਾ= ਗੜਾ ਗਰਿ= ਗਲ ਕੇ ਪਾਣੀ ਰੂਪ ਹੋ ਜਾਂਦਾ ਹੈ, ਫੇਰ ਉਹ ਪਾਣੀ ਢਲਿ= ਚਲ ਕੇ ਕੂਲਿ= ਨਦੀਆਂ ਰਾਹੀ ਸਮੁੰਦਰ ਵਿਚ ਜਾ ਮਿਲਦਾ ਹੈ।

(ਦਾ ਦ੍ਰਿਸ਼ਟਾਂਤ) ਤਿਵੇਂ ਗੁਰੂ ਸੂਰਜ ਦੀਆਂ ਉਪਦੇਸ਼ ਰੂਪ ਕਿਰਣਾਂ ਲੱਗਣ ਨਾਲ ਗੜੇ ਵਾਂਗੂ ਭਿੰਨ ਉਪਾਧੀ ਵਾਲਾ ਜੀਵ ਗਲ ਕੇ ਭਾਵ ਦੇਹ ਅਧਿਆਸ ਛੱਡ ਕੇ ਪਾਨੀ ਭਇਆ= ਪਾਣੀ ਵਾਂਗੂ ਨਿੰਮ੍ਰਤਾ ਗੁਣ ਵਾਲਾ ਹੋ ਗਿਆ। ਫੇਰ ਉਹ ਚੱਲ ਕੇ ਭਾਵ ਭਜਨ ਸਿਮਰਨ ਕਰ ਕੇ ਨਦੀ= ਈਸ਼੍ਵਰ ਦੀ ਉਪਾਸ਼ਨਾ ਰਾਹੀ ਬ੍ਰਹਮ ਰੂਪ ਸਮੁੰਦ੍ਰ ਵਿਚ ਜਾ ਮਿਲਦਾ ਹੈ॥ ੧੭੭॥

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥

ਕਬੀਰ ਜੀ ਕਥਨ ਕਰਦੇ ਹਨ- ਪੁਰੀਆ= ਪੂਰਨ ਪਰਮਾਤਮਾ ਰੂਪ ਘੁਮਿਆਰ ਨੇ ਪੰਜਾਂ ਤਤਾਂ ਰੂਪ ਧੂਰਿ= ਮਿਟੀ ਸਕੇਲਿ ਕੈ= ਇਕੱਠੀ ਕਰ ਕੇ ਇਹ ਦੇਹ ਰੂਪ ਪੁਰੀਆ= ਪੁਤਲੀ ਵਾ ਪੁਰੀ ਭਾਵ ਨਗਰੀ ਬਾਂਧੀ= ਬਣਾਈ ਹੈ।

ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥ ੧੭੮॥

ਇਸ ਦੇਹ ਦਾ ਆਨੰਦ ਚਾਰ ਕੁ ਦਿਨ (ਭਾਵ ਕੋਈ ਕੁ ਦਿਨ) ਵੇਖਣ ਵਿਚ ਆਉਂਦਾ ਹੈ ।ਪੰਜਾਂ ਤਤਾਂ ਰੂਪ ਖੇਹ= ਮਿੱਟੀ ਦੀ ਰਚੀ ਦੇਹ ਅੰਤ ਨੂੰ ਖੇਹ= ਮਿੱਟੀ ਰੂਪ ਹੀ ਹੋ ਜਾਂਦੀ ਹੈ। ਇਸ ਤੇ ਤੂੰ ਇਸ ਵਲ ਪੇਖ ਨਾ= ਵੇਖਣਾ ਨਾ ਕਰ ॥ ੧੭੮॥

ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ ॥

ਕਬੀਰ ਜੀ ਕਥਨ ਕਰਦੇ ਹਨ- ਸੂਰਜ ਚੰਦ੍ਰਮਾ ਦੇ ਪਹਿਰਿਆਂ ਵਿਚ ਹੀ ਸਾਰੀਆਂ ਦੇਹਾਂ ਉਦੈ ਭਈ= ਪ੍ਰਗਟ ਹੋਈਆਂ ਹਨ, ਕੋਈ ਤਾਂ ਸੂਰਜ ਦੇ ਪਹਿਰੇ ਭਾਵ ਦਿਨੇ ਜੰਮਦਾ ਹੈ, ਕੋਈ ਚੰਦ੍ਰਮਾ ਦੇ ਪਹਿਰੇ ਭਾਵ ਰਾਤ ਨੂੰ ਜੰਮਦਾ ਹੈ।

ਅਥਵਾ- ਸੂਰਜ ਚੰਦ੍ਰਮਾ ਦੇ ਸਮਾਨ ਪ੍ਰਕਾਸ਼ਵਾਨ ਸਾਰੀਆਂ ਮਨੁੱਖਾਂ ਦੇਹਾਂ ਉਦੈ ਭਾਈ= ਪ੍ਰਗਟ ਹੋਈਆਂ ਹਨ।

ਅਥਵਾ- ਸੂਰਜ ਵੰਸ਼ ਵਿਚ ਤੇ ਚੰਦ੍ਰਮਾ ਵੰਸ਼ ਵਿਚ ਸਾਰੀਆਂ ਦੇਹਾਂ ਪ੍ਰਗਟ ਹੋਈਆਂ ਹਨ, ਕਿਉਂਕਿ ਸੰਸਾਰ ਵਿਚ ਸੂਰਜ ਤੇ ਚੰਦ੍ਰਮਾ ਦੋ ਹੀ ਵੰਸ਼ਾਂ ਹਨ। ਕੋਈ ਸੂਰਜ ਵੰਸ਼ੀ ਕਹਾਉਂਦਾ ਹੈ ਅਤੇ ਕੋਈ ਚੰਦ੍ ਵੰਸ਼ੀ ਕਹਾਉਂਦਾ ਹੈ ।

ਗੁਰ ਗੋਬਿੰਦ ਕੇ ਬਿਨੁ ਮਿਲੇ ਪਲਟਿ ਭਈ ਸਭ ਖੇਹ॥ ੧੭੯॥

ਗੁਰਾਂ ਦੁਆਰੇ ਗੋਬਿੰਦ ਦੇ ਮਿਲੇ ਬਿਨਾਂ ਵਾ ਗੁਰੂ ਅਤੇ ਗੋਬਿੰਦ ਦੋਹਾਂ ਦੇ ਮਿਲੇ ਤੋਂ ਬਿਨਾਂ ਸਾਰੀਆਂ ਦੇ ਹਾਂ ਪਲਟਿ= ਉਲਟ ਕੇ ਅਰਥਾਤ ਬਿਰਧ ਹੋ ਕੇ ਖੇਹ ਰੂਪ ਹੋ ਜਾਂਦੀਆਂ ਹਨ।

ਵਾ:- ਪਲਟ ਕੇ ਅਰਥਾਤ ਆਪਣੀ ਉਮਰ ਭੋਗ ਕੇ ਸਭ ਦੇਹਾਂ ਖੇਹ= ਖਾਕ ਰੂਪ ਹੋ ਜਾਂਦੀਆਂ ਹਨ॥ ੧੭੯॥

ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ॥

ਜਹ = ਜਿਸ ਅੰਤਹਕਰਨ ਵਿਚ ਅਨਭਉ-ਸਰੂਪ ਪ੍ਰਭੂ ਦਾ ਯਥਾਰਥ ਗਿਆਨ ਅਰਥਾਤ ਅਪ੍ਰੋਖ ਗਿਆਨ ਹੈ, ਤਹ = ਉਸ ਅੰਤਹਕਰਨ ਵਿਚ ਜਮਾਂ ਦਾ ਡਰ ਨਹੀਂ ਹੈ ।

ਜਿਸ ਅੰਤਹਕਰਨ ਵਿਚ ਹਰੀ ਨਾਮ ਨਹੀਂ ਹੈ ਵਾ- ਹਰੀ ਦਾ ਸਾਖਿਆਤ ਦਰਸ਼ਨ ਨਹੀਂ ਹੈ, ਉਸ ਅੰਤਹਕਰਨ ਵਿਖੇ ਜਨਮ ਮਰਨ ਦਾ, ਵਾ- ਜਮਾਂ ਦਾ ਡਰ ਬਣਿਆ ਰਹਿੰਦਾ ਹੈ ।

ਕਹਿਓ ਕਬੀਰ ਬਿਚਾਰਿ ਕੈ ਸੰਤ ਸੁਨਹੁ ਮਨ ਮਾਹਿ॥ ੧੮੦॥

ਕਬੀਰ ਜੀ ਕਥਨ ਕਰਦੇ ਹਨ~ਮੈਂ ਇਹ ਸਿਧਾਂਤ ਵਿਚਾਰ ਕੇ ਕਿਹਾ ਹੈ ਇਸ ਲਈ ਹੇ ਸੰਤੋ ! ਤੁਸੀਂ

ਸਿਧਾਂਤ ਨੂੰ ਸੁਣ ਕੇ ਮਨ ਵਿਚ ਧਾਰਨਾ ਕਰੋ ॥੧੮੦॥

ਉਥਾਨਕਾ-ਇਕ ਪ੍ਰੇਮੀ ਨੇ ਆ ਕੇ ਪੁਛਿਆ- ਭਗਤ ਜੀ ! ਸੰਸਾਰ ਵਿਚ ਸੁਖੀ ਕੌਣ ਹਨ?

ਕਬੀਰ ਜੀ ਨੇ ਕਿਹਾ— ਗਿਆਨੀ ਤੇ ਅਗਿਆਨੀ ਇਹ ਦੋਨੋਂ ਹੀ ਸੁਖੀ ਹਨ ।

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥

ਕਬੀਰ ਜੀ ਆਖਦੇ ਹਨ ਜਿਨ੍ਹਾਂ ਨੇ ਕੁਝ ਵੀ ਪਰਮਾਤਮਾ ਦਾ ਭਜਨ ਸਿਮਰਨ ਕਰਨਾ ਜਾਣਿਆਂ ਨਹੀਂ। ਉਨ੍ਹਾਂ ਅਜੇਹੇ ਅਗਿਆਨੀ ਪੁਰਸ਼ਾਂ ਦੀ ਸਾਰੀ ਰਾਤ ਸੁਖ ਦੀ ਨੀਂਦ ਵਿਚ ਬਤੀਤ ਹੁੰਦੀ ਹੈ ।ਜੋ ਸੂਰਜ ਚੜ੍ਹੇ ਤਕ ਸੁਖ ਦੀ ਨੀਂਦ ਵਿਚ ਪਏ ਰਹਿੰਦੇ ਹਨ ਕੋਈ ਫਿਕਰ ਫਾਕਾ ਨਹੀਂ ਹੁੰਦਾ ਕਿ ਸਵੇਰੇ ਉੱਠ ਕੇ ਅਸੀਂ ਸਿਮਰਨ ਕਰਨਾ ਹੈ। ਇਸ ਵਜ੍ਹਾ ਨਾਲ ਅਗਿਆਨੀ ਪੁਰਸ਼ ਸੁਖੀ ਹਨ। ਜਾਂ ਫਿਰ ਭਜਨ ਸਿਮਰਨ ਕਰ ਕੇ ਗਿਆਨਵਾਨ ਪੁਰਸ਼ ਸੁਖੀ ਹਨ। ਪਰ-

ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥ ੧੮੧॥

ਅਸੀਂ ਜੋ ਗੁਰਾਂ ਪਾਸੋਂ ਕੁਝ ਕੁ ਬੂਝਾ ਬੂਝਨਾ= ਵਿਚਾਰ ਪੁੱਛਿਆ ਹੈ-

(੧) ਮਹਾਰਾਜ ਸੰਸਾਰ-ਸਾਗਰ ਤੋਂ ਤਰਨਾ ਕਿਵੇਂ ਹੁੰਦਾ ਹੈ?

(੨) ਮਨੁੱਖਾ ਜਨਮ ਸਫਲ ਕਿਵੇਂ ਹੁੰਦਾ ਹੈ ?

(੩) ਮੁਕਤ ਕਿਵੇਂ ਹੋਈਦਾ ਹੈ ?

ਤਾਂ ਗੁਰਾਂ ਦੇ ਦਸਣ 'ਤੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਪਾਣੀ ਕਰ ਕੇ ਚੌਂਕੜਾ ਮਾਰ ਕੇ ਸਮਾਧੀ ਵਿਚ ਜੁੜ ਕੇ ਭਜਨ-ਸਿਮਰਨ ਕਰਨਾ ਅਤੇ ਸਾਧ ਸੰਗਤ ਦੀ ਸੇਵਾ ਕਰਨੀ। ਇਹ ਸਾਨੂੰ ਪੂਰੀ ਬਲਾ ਪਈ ਹੈ, ਜੋ ਸੁਖ ਦੀ ਨੀਂਦ ਛੱਡ ਕੇ ਅੱਖਿਆਂ ਹੋ ਕੇ ਉਠਣਾ ਪੈਂਦਾ ਹੈ ।

*ਅਥਵਾ- **ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥***

ਕਬੀਰ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਇਸ ਸੰਸਾਰ ਨੂੰ ਕੁਝ ਕਰ ਕੇ ਵੀ ਜਾਣਿਆਂ ਨਹੀਂ ਅਰਥਾਤ ਮਿਥਿਆ ਰੂਪ ਕਰ ਕੇ ਸਮਝਿਆ ਹੈ ਅਤੇ ਜਿਨ੍ਹਾਂ ਨੀਦ ਬਿਹਾਇ= ਅਵਿਦਿਆ ਰੂਪ ਨਿੰਦਰਾ ਦੂਰ ਹੋਈ ਹੈ, ਤਿਨ ਸੁਖ = ਉਹਨਾਂ ਨੂੰ ਆਤਮ ਸੁਖ ਪ੍ਰਾਪਤ ਹੋਇਆ ਹੈ ।

ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥ ੧੮੧॥

ਹਮਹੁ= ਤਮਾਮ ਪੁਰਸ਼ਾਂ ਨੇ, *ਅਥਵਾ-* ਹਮਹੁ= ਹੰਗਤਾ ਵਾਲਿਆਂ ਨੇ ਜੋ ਬੂਝਾ= ਵਿਚਾਰ ਆਪਣੇ ਚਿਤ ਵਿਚ ਬੂਝਨਾ= ਸਮਝਣਾ ਕੀਤਾ ਹੈ ਕਿ ਸੰਸਾਰ ਸੱਚਾ ਹੈ ਜੋ ਖਾ ਪੀ ਲੈਣਾ ਹੈ ਓਹੀਓ ਚੰਗਾ ਹੈ, ਇਹ ਉਹਨਾਂ ਨੂੰ ਪੂਰੀ ਅਵਿਦਿਆ ਰੂਪ ਬਲਾ ਪਈ ਹੈ॥ ੧੮੧॥

ਜੋ ਪੁਰਸ਼ ਧਾਰਨਾ ਤੋਂ ਬਿਨਾਂ ਹਨ ਭਾਵ ਜਿਨ੍ਹਾਂ ਨੇ ਆਪ ਕੁਝ ਸਾਧਨਾਂ ਦੀ ਕਮਾਈ ਨਹੀਂ ਕੀਤੀ, ਉਹਨਾਂ ਦਾ ਉਪਦੇਸ਼ ਦਿੱਤਾ ਹੋਇਆ ਕਾਟ ਨਹੀਂ ਕਰਦਾ।

ਹੁਣ ਇਸ ਗੱਲ ਨੂੰ ਸਪਸ਼ਟ ਕਰਦੇ ਹਨ—

ਕਬੀਰ ਮਾਰੇ ਬਹੁਤੁ ਪੁਕਾਰਿਆ

ਕਬੀਰ ਜੀ ਕਥਨ ਕਰਦੇ ਹਨ– ਜਿਹੜੇ ਮਾੜੇ ਪੁਰਸ਼ ਹਨ ਅਰਥਾਤ ਜਿਨ੍ਹਾਂ ਨੇ ਕੁਝ ਸਿਮਰਨ ਦੀ ਕਮਾਈ

ਨਹੀਂ ਕੀਤੀ ਉਹ ਉਪਦੇਸ਼ਕ ਬਣ ਕੇ ਆਪਣੇ ਲੈਕਚਰ ਦੁਆਰਾ ਬਹੁਤ ਹੀ ਪੁਕਾਰਦੇ ਹਨ। ਅਰਥਾਤ ਆਪਣੇ ਉਦਰ ਵਾਸਤੇ ਮਾਇਆ ਇਕੱਠੀ ਕਰਨ ਲਈ ਦੂਜਿਆਂ ਨੂੰ ਸਮਝਾਉਂਦੇ ਹੰਨ ਕਿ ਇਹ ਕਰਮ ਕਰੋ, ਅਮਕਾ ਕੰਮ ਕਰੋ, ਦਸਵੰਧ ਕਢਿਆ ਕਰੋ, ਸਵੇਰੇ ਉਠ ਕੇ ਨਿਤਨੇਮ ਕੀਤਾ ਕਰੋ ਪਰ ਆਪ ਕੁਝ ਨਹੀਂ ਕਰਦੇ । ਉਹ ਮਨੁੱਖ ਇਸ ਤਰ੍ਹਾਂ ਦੇ ਸਮਝੋ ਜਿਵੇਂ ਹਜ਼ੂਰ ਨੇ ਫੁਰਮਾਯਾ ਹੈ —

ਰਹਤ ਅਵਰ ਕੁਛ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥
ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥

(ਗਉੜੀ ਸੁਖਮਨੀ ਪੰਨਾ ੨੬੯)

ਤਥਾ- ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥

(ਆਸਾ ਮਹਲਾ ੫ ਪੰਨਾ ੩੭੨)

ਹੋਰਨਾਂ ਨੂੰ ਕਥਾ ਕਰਦਿਆਂ ਕਹਿਣਾ ਕਿ ਇਕਾਦਸ ਵਾਲੇ ਦਿਨ ਵੈਂਗਣ ਨਹੀਂ ਖਾਣੇ, ਵੈਂਗਣ ਖਾਣ ਨਾਲ ਇਕਾਦਸ ਦੇ ਵਰਤ ਦਾ ਮਹਾਤਮ ਚਲਿਆ ਜਾਂਦਾ ਹੈ ਤੇ ਆਪ ਆਪਣੇ ਘਰ ਵਿਚ ਵੈਂਗਣ ਚਾੜ੍ਹ ਕੇ ਖਾਣੇ, ਐਹੋ ਜਿਹੇ ਮਾੜਿਆਂ ਦਾ ਉਪਦੇਸ਼ ਕੀਤਾ ਹੋਇਆ ਕੁਝ ਅਸਰ ਨਹੀਂ ਕਰਦਾ।

ਪੀਰ ਪੁਕਾਰੈ ਅਉਰ॥

ਰੱਬ ਦੇ ਨਾਲ ਪਿਆਰ ਰੱਖਣ ਵਾਲੇ ਜੋ ਅਸਲੀ ਪੀਰ ਫਕੀਰ ਹਨ ਜਿਨ੍ਹਾਂ ਦੀ ਕਹਿਣੀ ਰਹਿਣੀ ਬਹਿਣੀ ਸਾਰਿਆਂ ਤੋਂ ਉਤਮ ਹੈ, ਉਹ ਕੁਝ ਹੋਰ ਹੀ ਪੁਕਾਰਦੇ ਹਨ ਕਿ ਨਿਸਕਪਟ ਹੋ ਕੇ ਅੰਮ੍ਰਿਤ ਵੇਲੇ ਪ੍ਰਭੂ ਦਾ ਸਿਮਰਨ ਕਰੋ, ਕਮਾਈ ਵਾਲਿਆਂ ਦਾ ਉਪਦੇਸ਼ ਦਿੱਤਾ ਹੋਇਆ ਛੇਤੀ ਅਸਰ ਕਰ ਜਾਂਦਾ ਹੈ।

ਅਥਵਾ- ***ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰ॥***

ਜਿਸ ਵੇਲੇ ਕੋਈ ਮਨੁੱਖ ਸ਼ਸਤ੍ਰ ਮਾਰਦਾ ਹੈ ਤਾਂ ਉਸ ਸ਼ਸਤ੍ਰ ਦੀ ਚੋਟ ਕਰ ਕੇ ਇਹ ਜੀਵ ਬਹੁਤ ਪੁਕਾਰਦਾ ਹੈ ਕਿ ਹਾਇ ਮੈਂ ਮਰ ਗਿਆ। ਪਰ ਜਿਸ ਵੇਲੇ ਕੁਝ ਸਮਾਂ ਬੀਤਦਾ ਹੈ ਤਾਂ ਉਹ ਸੱਟ ਠੰਢੀ ਪੈ ਜਾਂਦੀ ਹੈ। ਸਟ ਦੇ ਠੰਢਿਆਂ ਪੈਣ ਨਾਲ ਹੋਰ ਵਧੀਕ ਪੀਰ= ਪੀੜ ਹੋਣ ਲੱਗ ਜਾਂਦੀ ਹੈ, ਤਾਂ ਫਿਰ ਅੱਗੇ ਨਾਲੋਂ ਵੀ ਪੁਕਾਰੈ ਅਉਰ= ਹੋਰ ਜ਼ਿਆਦਾ ਪੁਕਾਰਦਾ ਹੈ ।

ਲਾਗੀ ਚੋਟ ਮਰੰਮ ਕੀ ਰਹਿਓ ਕਬੀਰਾ ਠਉਰ॥ ੧੮੨ ॥

ਜਿਸ ਦੇ ਮਰੰਮ= ਮਰਮ ਅਸਥਾਨ ਭਾਵ ਹਿਰਦੇ ਵਿਚ ਪ੍ਰਭੂ ਦੇ ਮਰੰਮ= ਭੇਦ ਦੀ ਚੋਟ= ਸੱਟ ਲੱਗੀ ਹੈ। *ਅਥਵਾ:-* ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਮਰੰਮ ਕੀ= ਪਰੇਮ ਦੀ ਸਟ ਲਗੀ ਹੈ , ਉਹ ਪੁਰਸ਼, ਸਾਰਿਆਂ ਤੋਂ ਕਬੀਰਾ= ਵੱਡਾ ਜੋ ਪ੍ਰਭੂ ਹੈ ਉਸ ਪਰਮੇਸ਼ਰ ਰੂਪੀ ਠਉਰ= ਜਗ੍ਹਾ ਵਿਚ ਇਸਥਿਤ ਹੋ ਰਹਿੰਦਾ ਹੈ ॥ ੧੮੨ ॥

ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ॥

ਕਬੀਰ ਜੀ ਕਥਨ ਕਰਦੇ ਹਨ- ਸੇਲੇ ਸ਼ਸਤ੍ਰ ਦੀ ਚੋਟ ਖਾਣੀ ਸੁਹੇਲੀ= ਸੌਖੀ ਹੈ, ਜੋ ਲਗਦਿਆਂ ਨਾਲ ਹੀ ਸਵਾਸਾਂ ਨੂੰ ਕੱਢ ਲੈਂਦੀ ਹੈ।

ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥੧੮੩॥

(ਪਰੰਤੂ ਜਿਹੜਾ ਪੁਰਸ਼) ਸ਼ਬਦ ਦੀ ਚੋਟ ਨੂੰ ਸਹਾਰਦਾ ਹੈ। ਭਾਵ ਬੋਲੀ ਕਬੋਲੀ ਨੂੰ ਸਹਾਰਦਾ ਹੈ।

ਅਥਵਾ- ਗੁਰਾਂ ਦੇ ਸ਼ਬਦ ਦੀ ਚੋਟ ਨੂੰ ਸਹਾਰਦਾ ਹੈ। ਭਾਵ ਗੁਰ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰਦਾ ਹੈ।

ਅਥਵਾ- ਗੁਰਾਂ ਦੀ ਆਗਿਆ ਮੰਨਦਾ ਹੈ। ਉਹ ਮੇਰਾ ਗੁਰੂ ਹੈ, ਤੇ ਮੈਂ ਤਾਸੁ= ਉਸ ਦਾ ਦਾਸ ਹਾਂ॥ ੧੮੩॥

ਉਥਾਨਕਾ- ਕੋਈ ਮੁੱਲਾਂ ਬੜੀ ਉੱਚੀ ਬਾਂਗ ਦੇ ਰਿਹਾ ਸੀ, ਸੁਣਕੇ ਉਸ ਨੂੰ ਸਮਝਾਂਦੇ ਹਨ-

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥

ਕਬੀਰ ਜੀ ਕਥਨ ਕਰਦੇ ਹਨ— ਹੇ ਮੁੱਲਾਂ ! ਮੁਨਾਰੇ ਤੇ ਚੜ੍ਹ ਕੇ ਕੀ ਉੱਚਾ ਕੂਕਦਾ ਹੈਂ, ਉਹ ਸਾਂਈ = ਪਰਮਾਤਮਾ ਕੋਈ ਬਹਰਾ= ਬੋਲਾ ਨਹੀਂ ਹੋ ਰਿਹਾ ।

ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥੧੮੪॥

ਜਿਸ (ਖੁਦਾ ਦੇ ਮਿਲਾਪ) ਵਾਸਤੇ ਤੂੰ ਬਾਂਗ ਦੇਂਦਾ ਹੈਂ, ਉਸ ਖੁਦਾ ਨੂੰ ਆਪਣੇ ਦਿਲ ਦੇ ਵਿਚ ਹੀ ਤੂੰ ਜੋਇ= ਵੇਖਣਾ ਕਰ॥ ੧੮੪॥

ਨੋਟ- ਮੁਸਲਮਾਨ ਉੱਚੀ ਬਾਂਗ ਇਸ ਵਾਸਤੇ ਦੇਂਦੇ ਹਨ ਕਿ ਬੰਦਗੀ ਕਰਨ ਵਾਲਿਆਂ ਨੂੰ ਪਤਾ ਲੱਗ ਜਾਵੇ ਕਿ ਹੁਣ ਨਿਮਾਜ਼ ਪੜ੍ਹਨ ਦਾ ਸਮਾਂ ਹੋ ਚੁੱਕਾ ਹੈ ਅਤੇ ਕੁਰਾਨ ਦੇ ੨੯ਵੇਂ ਸੁਪਾਰੇ ਵਿਚ ਵੀ ਲਿਖਿਆ ਹੈ ਕਿ ਉੱਚੀ ਬਾਂਗ ਦੇਣ ਦਾ ਬਹੁਤ ਪੁੰਨ ਹੈ। ਪਰੰਤੂ ਹਿੰਦੂ ਇਸ ਗੱਲ ਨੂੰ ਨਹੀਂ ਮੰਨਦੇ। ਹਿੰਦੂ ਆਖਦੇ ਹਨ- ਜਾਪ ਗੁਪਤ ਕਰਨਾ ਚਾਹੀਦਾ ਹੈ। ਜਿਹੜਾ ਗੁਪਤ ਜਾਪ ਕਰੇਗਾ, ਉਸ ਨੂੰ ਬਹੁਤ ਪੁੰਨ ਹੋਵੇਗਾ। ਆਪੋ ਆਪਣੀ ਥਾਂ ਦੋਹਾਂ ਦੀਆਂ ਰਾਵਾਂ ਦਰੁਸਤ ਹਨ।

ਯਥਾ- ਕਹੂੰ ਹੁਇ ਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ,
ਕਹੂੰ ਤੁਰਕ ਹੋਇ ਕੈ ਪੁਕਾਰੇ ਬਾਂਗ ਦੇਤ ਹੋ॥ *(ਅਕਾਲ ਉਸਤਤਿ, ਪੰਨਾ ੧੨)*

ਅਗਲੇ ਸਲੋਕ ਵਿਚ ਸ਼ੇਖ ਨੂੰ ਉਪਦੇਸ਼ ਦੇਂਦੇ ਹਨ—

ਏਥੇ ਕਿਸੇ ਲਾਲਚੀ ਸ਼ੇਖ ਨੂੰ ਸਮਝਾਉਂਦੇ ਹਨ, ਜਿਸ ਅੰਦਰ ਲਾਲਚ ਜ਼ਿਆਦਾ ਸੀ ਤੇ ਸੰਤੋਖ ਘਟ—

ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ॥

ਹੇ ਸ਼ੇਖ! ਸਬੂਰੀ ਬਾਹਰਾ= ਸੰਤੋਖ ਧਾਰੇ ਤੋਂ ਬਿਨਾਂ ਕਾਬੇ ਦੀ ਹੱਜ ਕਰਨ ਲਈ ਕਿਸ ਲਈ ਜਾਣਾ ਹੈ?

ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ॥੧੮੫॥

ਕਬੀਰ ਜੀ ਆਖਦੇ ਹਨ— ਜਿਸ ਦਾ ਆਪਣਾ ਦਿਲ ਸਾਬਤ ਨਹੀਂ ਹੈ, ਭਾਵ ਪ੍ਰਭੂ ਦੇ ਸਿਮਰਨ ਵਿਚ

ਨੋਟ-ਮੁਸਲਮਾਨਾਂ ਵਿਚ ਸ਼ੇਖ ਇਕ ਉੱਚੀ ਜਾਤਿ ਹੈ, ਜਿਵੇਂ ਹਿੰਦੂਆਂ 'ਚੋਂ ਬ੍ਰਾਹਮਣ ਵਡੇ ਹਨ, ਤਿਵੇਂ ਮੁਸਲਮਾਨਾਂ 'ਚ ਸ਼ੇਖ ਵਡੇ ਹਨ। ਜਿਵੇਂ ਹਿੰਦੂਆਂ 'ਚੋਂ ਖਤਰੀ ਹਨ, ਤਿਵੇਂ ਮੁਸਲਮਾਨਾਂ 'ਚ ਸੱਯਦ ਹਨ।

ਜਿਵੇਂ ਹਿੰਦੂਆਂ 'ਚੋਂ ਵੈਸ਼ ਹਨ, ਤਿਵੇਂ ਮੁਸਲਮਾਨਾਂ 'ਚ ਮੁਗਲ ਹਨ। ਜਿਵੇਂ ਹਿੰਦੂਆਂ 'ਚੋਂ ਸ਼ੂਦਰ ਹਨ, ਤਿਵੇਂ ਮੁਸਲਮਾਨਾਂ 'ਚ ਮੁਗ਼ਾਣ ਹਨ।

www.sikhbookclub.com

ਨਹੀਂ ਜੁੜਿਆ, ਉਹਨਾਂ ਨੂੰ ਭਲਾ ਖੁਦਾ ਦੀ ਪ੍ਰਾਪਤੀ ਕਹਾਂ= ਕਿਥੇ ਭਾਵ ਕਿਵੇਂ ਹੋ ਸਕਦੀ ਹੈ? ॥ ੧੮੫॥

ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥

ਕਬੀਰ ਜੀ ਆਖਦੇ ਹਨ- ਹੇ ਭਾਈ ! ਤੂੰ ਅੱਲਾ ਦੀ ਬੰਦਗੀ ਕਰ, ਜਿਸ ਦੇ ਸਿਮਰਨ ਕੀਤੀਆਂ ਜਨਮ ਮਰਨ ਦਾ ਦੁੱਖ, ਵਾ:- ਸੰਚਤ ਕਰਮਾਂ ਦਾ ਦੁੱਖ ਚਲਿਆ ਜਾਂਦਾ ਹੈ। ਅਤੇ -

ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ॥ ੧੮੬॥

ਤੇਰੇ ਦਿਲ ਵਿਚ ਸਾਂਈ= ਪਰਮਾਤਮਾ ਪ੍ਰਗਟ ਹੋ ਜਾਵੇਗਾ ਤੇ ਮਾਇਆ ਦੀ ਤ੍ਰਿਸ਼ਨਾ ਰੂਪ ਨਾਂਇ= ਅਗਨੀ ਬਲਦੀ ਹੋਈ, ਪ੍ਰਭੂ ਦੇ ਨਾਂਇ= ਨਾਮ ਜਪਣ ਰੂਪ ਜਲ ਪਾਣ ਕਰ ਕੇ ਬੁਝ ਜਾਏਗੀ॥ ੧੮੬॥

ਉਥਾਨਕਾ- ਕੋਈ ਮਾਸ ਅਹਾਰੀ ਨਿਰਦਈ ਪੁਰਸ਼ ਮੁਰਗੀ ਦਾ ਗਲ ਵੱਢ ਰਿਹਾ ਸੀ। ਉਸ ਰਸਤਿਓਂ ਲੰਘਦਿਆਂ ਜਦ ਕਬੀਰ ਜੀ ਨੇ ਮੁਰਗੀ ਨੂੰ ਤੜਫਦਿਆਂ ਵੇਖਿਆ ਤਾਂ ਉਸ ਮਨੁੱਖ ਨੂੰ ਸਮਝਾਉਂਦੇ ਹਨ-

ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥

ਕਬੀਰ ਜੀ ਕਥਨ ਕਰਦੇ ਹਨ- ਜਿਹੜਾ ਆਪਣੇ ਜ਼ੋਰ ਨਾਲ ਕਿਸੇ ਦੇ ਗਲ ਨੂੰ ਵਢਣਾ ਹੈ, ਇਹ ਬੜਾ ਭਾਰੀ ਜ਼ੁਲਮ ਹੈ ਪਰ ਤੂੰ ਉਸ ਦਾ ਨਾਮ ਹਲਾਲ ਆਖਦਾ ਹੈਂ ਕਿ ਮੈਂ ਬੱਕਰਾ ਜਾਂ ਮੁਰਗਾ ਹਲਾਲ ਕੀਤਾ ਹੈ ,ਇਹ ਤੇਰਾ ਕਹਿਣਾ ਠੀਕ ਨਹੀਂ ਹੈ। ਕਿਉਂਕਿ ਕੁਰਾਨ ਸ਼ਰੀਫ ਵਿਚ ਕਥਨ ਕੀਤਾ ਹੈ

ਜੇ ਕਿਸੇ ਦੀ ਕੋਈ ਅੱਖ ਕਢੇ ਤਾਂ ਉਸ ਨੂੰ ਅੱਖ ਬਦਲੇ ਅੱਖ ਦੇਣੀ ਪੈਂਦੀ ਹੈ।

ਜੇ ਕਿਸੇ ਦੇ ਕੋਈ ਹੱਥ ਕਟੇ ਤਾਂ ਉਸ ਨੂੰ ਹੱਥ ਦੇ ਬਦਲੇ ਆਪਣੇ ਹੱਥ ਕਟਾਣੇ ਪੈਂਦੇ ਹਨ।

ਜੇ ਕੋਈ ਕਿਸੇ ਦੇ ਪੈਰ ਵਢੇ ਤਾਂ ਉਸ ਦੇ ਬਦਲੇ ਉਸ ਨੂੰ ਆਪਣੇ ਪੈਰ ਵਢਾਣੇ ਪੈਂਦੇ ਹਨ।

ਜੇ ਕੋਈ ਕਿਸੇ ਦਾ ਸਿਰ ਵਢੇ ਤਾਂ ਉਸ ਦੇ ਬਦਲੇ ਉਸ ਨੂੰ ਆਪਣਾ ਸਿਰ ਦੇਣਾ ਪੈਂਦਾ ਹੈ।

ਯਥਾ- ਜੰਬੂਰ ਅੰਜ਼ੀਲ ਤੌਰੇਤ ਕੁਰਆਨ। ਚਾਰੇ ਕੂਕੇ ਜ਼ੋਰ ਹਰਾਮ।

ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥ ੧੮੭॥

ਜਿਸ ਵੇਲੇ ਧਰਮਰਾਜ ਦੇ ਦਫ਼ਤਰ ਵਿਚ ਤੇਰੇ ਪਾਸੋਂ ਲੇਖਾ ਮੰਗਿਆ ਜਾਏਗਾ, ਉਸ ਵੇਲੇ ਤੇਰਾ ਕੀ ਹਾਲ ਹੋਵੇਗਾ? ਭਾਵ ਬਹੁਤ ਬੁਰਾ ਹਾਲ ਹੋਵੇਗਾ॥ ੧੮੭॥

ਅੱਗੋਂ ਉਸ ਨੇ ਕਿਹਾ- ਆਪ ਜ਼ਰਾ ਖਾ ਕੇ ਦੇਖੋ ਕੈਸਾ ਅਨੰਦ ਆਉਂਦਾ ਹੈ । *ਉੱਤਰ*-

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥

ਕਬੀਰ ਜੀ ਆਖਦੇ ਹਨ- ਖਿੱਚੜੀ ਦਾ ਖਾਣਾ= ਸਭ ਤੋਂ ਖੂਬੁ= ਚੰਗਾ ਹੈ, ਜਾ ਮਹਿ= ਜਿਸ ਖਿੱਚੜੀ ਵਿਚ ਅੰਮ੍ਰਿਤੁ ਲੋਨੁ= ਘਿਓ ਤੇ ਨਿਮੱਕ ਹੁੰਦਾ ਹੈ।

ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥ ੧੮੮॥

ਰੋਟੀ ਦੇ ਨਾਲ ਹੇਰਾ= ਮਾਸ ਖਾਣ ਵਾਸਤੇ ਅਸਾਡੇ 'ਚੋਂ ਕੌਣ ਹੈ ਜੋ ਆਪਣੇ ਗਲੇ ਨੂੰ ਕਟਾਵੇ? ਭਾਵ ਮਾਸ ਦੇ ਬਦਲੇ ਅਸੀਂ ਆਪਣੇ ਗਲ ਕਟਾਉਣ ਨੂੰ ਤਿਆਰ ਨਹੀਂ ਹਾਂ॥ ੧੮੮॥*

---

*ਯਥਾ -ਉਨ ਬਿਸਮਿਲ ਉਨ ਝਟਕਾ ਕੀਆ, ਦਇਆ ਦੁਹੂੰ ਤੇ ਭਾਗੀ ।
ਕਹਤ ਕਬੀਰ ਸੁਨਹੁ ਰੇ ਸੰਤਹੁ, ਆਗ ਦੋਊ ਘਰਿ ਲਾਗੀ ।

ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥

ਕਬੀਰ ਜੀ ਆਖਦੇ ਹਨ— ਗੁਰੂ ਦਾ ਉਪਦੇਸ਼ ਸਿੱਖ ਦੇ ਅੰਤਹਕਰਣ ਵਿਚ ਲੱਗਾ ਹੋਇਆ ਤਾਂ ਜਾਣੀਏ ਜਾਂ ਸਿੱਖ ਦੇ ਮਨ 'ਚੋਂ ਸਰੀਰ ਦਾ ਮੋਹ ਅਤੇ ਤਿੰਨੇ ਤਾਪ (ਆਧਿ, ਬਿਆਧਿ, ਉਪਾਧਿ) ਮਿਟ ਜਾਣ ।

ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ॥ ੧੮੯॥

ਪਦਾਰਥਾਂ ਦੀ ਪ੍ਰਾਪਤੀ ਦੇ ਹਰਖ ਵਿਖੇ ਅਤੇ ਪਦਾਰਥਾਂ ਦੀ ਨਿਵਿਰਤੀ ਦੇ ਸੋਗ ਵਿਖੇ ਦਾਝੈ ਨਹੀ= ਸੜਨਾ ਨਾ ਕਰੇ ਤਾਂ ਇਹ ਜੀਵ ਆਪਹਿ ਆਪਿ= ਹਰੀ ਦਾ ਰੂਪ ਹੈ ॥੧੮੯॥

ਉਥਾਨਕਾ- ਕਿਸੇ ਪ੍ਰੇਮੀ ਨੇ ਆ ਕੇ ਕਿਹਾ ਕਿ ਪ੍ਰਭੂ ਦਾ ਨਾਮ ਜਪਦੇ ਤਾਂ ਬਹੁਤ ਹਨ ਪਰ ਮੋਖ ਕਿਉਂ ਨਹੀਂ ਹੁੰਦੇ ? *ਉੱਤਰ-*

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥ ੧੯੦॥
ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ॥
ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ॥ ੧੯੧॥

(ਹੇਠਲੇ ਸਲੋਕ ਦਾ ਅਰਥ ਪਹਿਲੇ ਕਰਨਾ)

ਕਬੀਰ ਜੀ ਆਖਦੇ ਹਨ ਕਿ ਠੀਕ ਹੈ ਤੁਸੀਂ ਸਾਰੇ ਰਾਮ ਹੀ ਰਾਮ ਨੂੰ ਕਹਿੰਦੇ ਹੋ ਪਰ ਕਹਿਣ ਵਿਚ ਬਹੁਤ ਬਿਬੇਕ = ਵਿਚਾਰ ਹੈ। ਇਕ ਰਾਸਧਾਰੀਆਂ ਦਾ ਰਾਮ ਨਾਮ ਅਨੇਕਾਂ ਪਦਾਰਥਾਂ 'ਚ ਮਿਲ ਰਿਹਾ ਹੈ ਭਾਵ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਉਹ ਝੱਟ ਹੀ ਰਾਮ ਦੀ ਸਹੁੰ ਚੁੱਕ ਲੈਂਦੇ ਹਨ, ਕਿਉਂਕਿ ਉਹ ਰਾਮ ਦੀ ਸਹੁੰ ਚੁੱਕਣ ਵਿਚ ਝਿਝਕਦੇ ਨਹੀਂ, ਪਰ ਸੰਤਾਂ ਵਾਲਾ ਰਾਮ ਨਾਮ ਇਕ ਅਦੁਤੀ ਬ੍ਰਹਮ ਵਿਚ ਸਮਾਨਾ= ਅਭੇਦ ਕਰਨ ਵਾਲਾ ਹੈ॥ ੧੯੧॥

ਕਬੀਰ ਜੀ ਕਥਨ ਕਰਦੇ ਹਨ- ਕਿ ਪੂਰਬੋਕਤ ਕਾਰਨ ਕਰ ਕੇ ਰਾਮ ਰਾਮ ਕਹਿਣ ਵਿਚ ਬਹੁਤ ਸਾਰਾ ਭੇਦ ਹੈ। ਉਸ ਵਿਚ ਇਕ ਵਿਚਾਰ ਹੈ ਕਿ ਉਸੇ ਰਾਮ ਨਾਮ ਨੂੰ ਸ-ਭੈ= ਸਹਿਤ ਭੈ ਦੇ ਮਹਾਤਮਾਂ ਕਥਨ ਕਰਦੇ ਹਨ। ਉਸ ਹੀ ਰਾਮ ਨਾਮ ਨੂੰ ਕਉਤਕ ਹਾਰ= ਤਮਾਸ਼ਾ ਕਰਨ ਵਾਲੇ ਰਾਸਧਾਰੀਏ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਆਖਦੇ ਹਨ॥ ੧੯੦॥

ਉਥਾਨਕਾ- ਕਿਸੇ ਪੁਰਸ਼ ਨੂੰ ਸੇਵਾ ਤੋਂ ਹੀਣ ਦੇਖ ਕੇ ਉਪਦੇਸ਼ ਦਿੰਦੇ ਹਨ-

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥

ਕਬੀਰ ਜੀ ਕਥਨ ਕਰਦੇ ਹਨ- ਕਿ ਜਿਸ ਘਰ ਵਿਚ ਸੰਤਾਂ ਦੀ ਸੇਵਾ ਨਹੀਂ ਹੈ ਅਤੇ ਹਰੀ ਦੀ ਵੀ ਸੇਵਾ ਨਹੀਂ ਹੈ। ਭਾਵ ਜਿਸ ਘਰ ਵਿਚ ਆਏ ਸੰਤਾਂ ਦਾ ਆਦਰ ਅਤੇ ਪ੍ਰਭੂ ਦਾ ਸਿਮਰਨ ਨਹੀਂ ਹੈ।

ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਂਹਿ ॥ ੧੯੨॥

ਉਹ ਘਰ ਮਰਹਟ= ਮਰਨ ਵਾਲੇ ਅਸਥਾਨ ਭਾਵ ਸ਼ਮਸ਼ਾਨ-ਭੂਮੀ ਦੇ ਸਾਰਖੇ= ਸਮਾਨ ਹਨ,
ਉਹਨਾਂ ਘਰਾਂ ਵਿਖੇ ਜੋ ਜੀਆ ਜੰਤ ਵਸ ਰਹੇ ਹਨ, ਉਹ ਮਾਨੋਂ ਭੂਤਨੇ ਹਨ॥ ੧੯੨॥

ਯਥਾ- ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥ ੧॥

(ਵਾਰ ਬਿਹਾਗੜਾ, ਪੰਨਾ ੫੫੬)

*ਅਥਵਾ- **ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥***

ਕਬੀਰ ਜੀ ਆਖਦੇ ਹਨ—ਕਿ ਜਿਸ ਸਰੀਰ-ਘਰ ਵਿਚ ਸਾਧ= ਸ੍ਰੇਸ਼ਟ ਪਰਮਾਤਮਾ ਦੀ ਪਰਾਪਤੀ ਕਰਨ ਵਾਲੇ ਸ਼ੁਭ ਗੁਣਾਂ ਦੀ ਸੇਵਾ ਨਹੀਂ ਹੈ, ਭਾਵ ਸੁਭ ਗੁਣਾਂ ਦਾ ਧਾਰਨ ਨਹੀਂ ਹੈ ਅਤੇ ਹਰੀ ਸਰੂਪ ਗੁਰਾਂ ਦੀ ਸੇਵਾ ਨਹੀਂ ਹੈ।

ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥੧੯੨॥

ਉਹ ਸਰੀਰ-ਘਰ ਮਰਹਟ ਸਾਰਖੇ= ਸ਼ਮਸਾਣਾਂ ਵਰਗੇ ਹਨ ਅਤੇ ਕਾਮ ਕ੍ਰੋਧ ਆਦਿ ਰੂਪ ਭੂਤ ਉਹਨਾਂ ਦੇ ਸਰੀਰ-ਘਰ ਵਿਚ ਵਸਦੇ ਹਨ॥ ੧੯੨॥

ਉਥਾਨਕਾ- ਕਿਸੀ ਪ੍ਰੇਮੀ ਨੇ ਕਿਹਾ- 'ਆਪ ਜੀ ਦਾ ਮਨ ਕਿਵੇਂ ਵਸੀਕਾਰ ਹੋਇਆ ਹੈ?' ਉੱਤਰ-

ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥
ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥ ੧੯੩॥

ਕਬੀਰ ਜੀ ਆਖਦੇ ਹਨ- ਜਿਸ ਵੇਲੇ ਪੂਰਨ ਗੁਰੂ ਰਾਮਾ ਨੰਦ ਜੀ ਨੇ ਆਪਣਾ ਉਪਦੇਸ਼ ਰੂਪੀ ਬਾਨ ਮਾਰਨਾ ਕੀਤਾ ਤਾਂ ਇਹ ਮੇਰਾ ਚੰਚਲ ਮਨ ਰੂਪੀ ਹਰਨ ਸੰਕਲਪਾਂ ਵਿਕਲਪਾਂ ਰੂਪੀ ਪੈਰਾਂ ਤੋਂ ਪਿੰਗਲਾ ਭਾਵ ਵਿਸ਼ੇ ਵਿਕਾਰਾਂ ਤੋਂ ਰਹਿਤ ਹੋ ਗਿਆ ਅਤੇ ਨਿੰਦਿਆ ਚੁਗਲੀ ਆਦਿ ਅਸ਼ੁਭ ਬਾਣੀ ਦੇ ਉਚਾਰਨ ਵਲੋਂ ਗੂੰਗਾ ਹੋ ਗਿਆ। ਸੰਸਾਰ ਵਲੋਂ ਬਾਵਰਾ= ਝੱਲਾ ਅਤੇ ਕੰਨਾਂ ਕਰ ਕੇ ਮੰਦ ਬਚਨਾਂ ਦੇ ਸੁਣਨ ਵਲੋਂ ਬਹਰਾ= ਬੋਲਾ ਹੋ ਗਿਆ॥ ੧੯੩॥

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥

ਕਬੀਰ ਜੀ ਕਥਨ ਕਰਦੇ ਹਨ ਕਿ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਗੁਰੂ ਸਾਹਿਬ ਜੀ ਬੜੇ ਸੂਰਬੀਰ ਹਨ, ਉਹਨਾਂ ਨੇ ਜੀਵ ਈਸ਼ਵਰ ਦੀ ਏਕਤਾ ਲਈ ਜੋ ਉਪਦੇਸ਼ ਰੂਪ ਬਾਣ ਬਾਹਿਆ= ਚਲਾਇਆ ਭਾਵ ਮਾਰਨਾ ਕੀਤਾ ਹੈ।

ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ ੧੯੪॥

ਉਸ ਉਪਦੇਸ਼ ਰੂਪ ਬਾਣ ਦੇ ਲਗਦਿਆਂ ਨਾਲ ਹੀ ਕਲੇਜੇ ਵਿਚ ਵੈਰਾਗ ਰੂਪੀ ਛੇਕ ਪੈਣ ਕਰ ਕੇ ਭੁਇ= ਭੂਮਾਂ ਵਿਖੇ ਅਰਥਾਤ ਬ੍ਰਹਮ ਵਿਚ ਮਿਲ ਗਿਆ ਹਾਂ ॥੧੯੪॥

ਯਥਾ- ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥
ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ॥ ੧੫੭॥

(ਸਲੋਕ ਕਬੀਰ ਜੀ, ਪੰਨਾ ੧੩੭੨)

ਉਥਾਨਕਾ- ਕਿਸੇ ਮਹਾਂ ਪੁਰਸ਼ ਨੇ ਅਨ-ਅਧਕਾਰੀ ਨੂੰ ਉਪਦੇਸ਼ ਦਿੱਤਾ ਤਾਂ ਸਹੀ, ਪਰ ਅੱਗੇ ਉਸ ਨੇ ਧਾਰਨ ਨਾ ਕੀਤਾ। ਇਹ ਗੱਲ ਵੇਖ ਕੇ ਆਖਦੇ ਹਨ-

www.sikhbookclub.com

ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥

ਕਬੀਰ ਜੀ ਕਥਨ ਕਰਦੇ ਹਨ- ਕਿ ਜਿਸ ਤਰ੍ਹਾਂ ਅਕਾਸ਼ ਵਿਚ ਰਹਿਣ ਵਾਲੇ ਬੱਦਲਾਂ ਦੀ ਨਿਰਮਲ ਪਾਣੀ ਦੀ ਬੂੰਦ ਬਿਕਾਰ= ਕੱਲਰ ਵਾਲੀ ਭੂਮਿ= ਜ਼ਮੀਨ ਵਿਖੇ ਪੈ ਤਾਂ ਗਈ। ਪਰ -

[ਪੰਨਾ ੧੩੭੫]

ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥ ੧੯੫ ॥

ਸ਼ੁਭ ਧਰਤੀ ਦੀ ਸੰਗਤ ਤੋਂ ਬਿਨਾਂ ਉਹ ਪਾਣੀ ਦੀ ਬੂੰਦ ਇਸ ਤਰ੍ਹਾਂ ਨਿਸਫਲ ਗਈ ਮੰਨਣਾਂ ਕਰੋ, ਜਿਵੇਂ ਭੱਠ ਵਿਚ ਚੀਜ਼ ਪੈ ਕੇ ਛਾਰ= ਸੁਆਹ ਹੋ ਜਾਂਦੀ ਹੈ ॥ ੧੯੫॥

ਉਪ੍ਰੋਕਤ ਦ੍ਰਿਸ਼ਟਾਂਤ ਹੈ, ਇਸੇ ਪ੍ਰਕਾਰ-

ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥

ਕਬੀਰ ਜੀ ਕਥਨ ਕਰਦੇ ਹਨ—ਕਿ ਚਿਦਾ ਅਕਾਸ਼ ਵਿਖੇ ਵਿਚਰਨ ਵਾਲੇ ਗੁਰੂ ਸਾਹਿਬ ਰੂਪ ਬੱਦਲਾ ਦੀ ਉਪਦੇਸ਼ ਰੂਪ ਨਿਰਮਲ ਬੂੰਦ ਅਨ- ਅਧਿਕਾਰੀ ਪੁਰਸ਼ ਦੀ ਬੁੱਧੀ ਰੂਪੀ ਧਰਤੀ ਵਿਖੇ ਪੈ ਤਾਂ ਗਈ। ਪਰ-

ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥੧੯੫॥

ਸ਼ੁੱਧ ਬੁੱਧੀ ਰੂਪੀ ਧਰਤੀ ਦੀ ਸੰਗਤ ਤੋਂ ਬਿਨਾਂ ਉਹ ਉਪਦੇਸ਼ ਰੂਪ ਬੂੰਦ ਇਸ ਤਰ੍ਹਾਂ ਨਿਸਫਲ ਗਈ, ਮੰਨਣਾ ਕਰੋ, ਜਿਸ ਤਰ੍ਹਾਂ ਭਠ ਵਿਖੇ ਚੀਜ਼ ਪੈ ਕੇ ਸੁਆਹ ਹੋ ਜਾਂਦੀ ਹੈ॥ ੧੯੫॥ ਕਿਉਂਕਿ-

ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥

ਕਬੀਰ ਜੀ ਕਥਨ ਕਰਦੇ ਹਨ- ਕਿ ਜਿਵੇਂ ਅਕਾਸ਼ ਵਿਖੇ ਰਹਿਣ ਵਾਲੇ ਬੱਦਲਾਂ ਦੀ ਨਿਰਮਲ ਜਲ ਦੀ ਬੂੰਦ ਸ਼ੁਭ ਧਰਤੀ ਨੇ ਆਪਣੇ ਵਿਖੇ ਮਿਲਾ ਲਈ।

ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥ ੧੯੬ ॥

ਉਸ ਦੀ ਨਵਿਰਤੀ ਵਾਸਤੇ ਭਾਵੇਂ ਅਨੇਕਾਂ ਸਿਆਣੇ ਆਦਮੀ ਜਤਨ ਕਰ ਕੇ ਪਚਿ ਗਏ= ਥੱਕ ਗਏ ਹਨ ਪਰ ਉਹ ਜਲ ਦੀ ਬੂੰਦ ਨਵਿਰਤ ਨਹੀਂ ਕੀਤੀ ਜਾ ਸਕਦੀ। ਭਾਵ ਉਹ ਬੂੰਦ ਨਿਸਫਲ ਨਹੀਂ ਗਈ॥ ੧੯੬ ॥ ਇਸੇ ਪ੍ਰਕਾਰ-

ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥

ਚਿਦਾਕਾਸ਼ ਵਿਖੇ ਵਿਚਰਨ ਵਾਲੇ ਗੁਰੂ ਸਾਹਿਬ ਰੂਪ ਬੱਦਲਾ ਦੀ ਉਪਦੇਸ਼ ਰੂਪ ਨਿਰਮਲ ਬੂੰਦ ਜਿਸ ਵੇ ਲੇ ਸ਼ਰਧਾਵਾਨ ਜਗਿਆਸੂ ਦੀ ਬੁਧੀ ਰੂਪ ਸ੍ਰੇਸ਼ਟ ਧਰਤੀ ਨੇ ਆਪਣੇ ਵਿਖੇ ਮਿਲਾ ਲਈ। ਉਸ ਦੇ ਨਵਿਰਤ ਕਰਨ ਵਾਸਤੇ ਭਾਵੇਂ-

ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥੧੯੬॥

ਨਿਆਇਕ ਮੱਤ ਵਾਲੇ ਜੋ ਆਪਣੇ ਆਪ ਨੂੰ ਸਿਆਣਾ ਅਤੇ ਜੀਵ-ਈਸ਼ਵਰ ਦੇ ਭੇਦ ਨੂੰ ਸੱਤ ਮੱਨਦੇ ਹਨ। ਉਹ ਅਨੇਕਾਂ ਹੀ ਸਿਆਣੇ ਪੁਰਸ਼ ਅਨੇਕਾਂ ਹੀ ਜਤਨਾਂ ਨੂੰ ਕਰ ਕੇ ਪਚਿ ਗਏ= ਪਚੀ ਹੋ ਰਹੇ ਹਨ। ਪਰ ਉਹ ਅਭੇਦਤਾ ਦੇ ਸਿਧ ਕਰਨ ਵਾਲੀ ਨਿਰਮਲ ਸਿਖਿਆ ਰੂਪ ਬੂੰਦ ਨਵਿਰਤ ਨਹੀਂ ਕੀਤੀ ਜਾ ਸਕਦੀ॥ ੧੯੬ ॥

ਉਥਾਨਕਾ- ਕਿਸੇ ਕਾਜ਼ੀ ਨੇ ਆ ਕੇ ਕਿਹਾ- 'ਕਬੀਰ! ਤੂੰ ਇਕ ਵਾਰੀ ਤਾਂ ਮੱਕੇ ਦੀ ਹੱਜ ਕਰ ਆ।' ਇਹ ਗੱਲ ਸੁਣ ਕੇ ਆਖਦੇ ਹਨ ਕਿ-

ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ॥ ੧੯੭॥
ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥
ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ॥ ੧੯੮॥

(ਸੰਪ੍ਰਦਾਈ ਰੀਤੀ ਅਨੁਸਾਰ ਹੇਠਲੇ ੧੯੮ ਸਲੋਕ ਦਾ ਪਹਿਲੇ ਅਰਥ ਕਰਨਾ-)

ਕਬੀਰ ਜੀ ਕਥਨ ਕਰਦੇ ਹਨ- ਹੇ ਸਾਰਿਆਂ ਤੋਂ ਕਬੀਰ= ਵਡੇ ਪ੍ਰਭੂ! ਮੈਂ ਕਿਤਨੀ ਵਾਰੀ ਤਿਆਰ ਹੋ ਹੋ ਕੇ ਕਾਬੇ ਦੀ ਹੱਜ ਕਰਨ ਵਾਸਤੇ ਗਿਆ ਹਾਂ ਪਰ ਹੇ ਪੀਰ= ਪੂਜਨੀਕ ਸਾਂਈ! ਮੇਰੇ ਵਿਚ ਕੀ ਖਤਾ= ਗੁਨਾਹ ਹੈ, ਜੋ ਆਪ ਮੁਖ ਤੋਂ ਬੋਲਦੇ ਨਹੀਂ ਹੋ॥ ੧੯੮॥

ਕਬੀਰ ਜੀ ਆਖਦੇ ਹਨ—ਜਦੋਂ ਮੈਂ ਅਖੀਰਲੀ ਵਾਰੀ ਕਾਬੇ ਦੀ ਹੱਜ ਕਰਨ ਵਾਸਤੇ ਗਿਆ ਅਤੇ ਰਸਤੇ ਵਿਚ ਕਹਿੰਦਾ ਜਾਂਦਾ ਸਾਂ ਕਿ ਜੇ ਹੁਣ ਵੀ ਖੁਦਾ ਨਾ ਮਿਲਿਆ ਤਾਂ ਮੈਂ ਅੱਗੋਂ ਕਾਬੇ ਦੀ ਹੱਜ ਕਰਨ ਨਹੀਂ ਜਾਵਾਂਗਾ। ਇਸ ਤਰ੍ਹਾਂ ਕਹਿੰਦਾ ਜਾਂਦਾ ਸੀ ਤਾਂ ਅੱਗੋਂ ਖੁਦਾ ਮੈਨੂੰ ਆਪ ਆ ਕੇ ਮਿਲ ਪਿਆ।

ਉਸ ਵੇਲੇ ਸਾਂਈ= ਖੁਦਾ ਮੇਰੇ ਨਾਲ ਲੜ ਪਿਆ ਤੇ ਕਿਹਾ- ਹੇ ਕਬੀਰ ! ਤੈਨੂੰ ਇਹ ਗੱਲ ਕਾਬੇ ਆਉਣ ਦੀ ਕਿਸ ਨੇ ਫੁਰਮਾਈ ਹੈ ਕਿ ਖੁਦਾ ਕਾਬੇ ਵਿਚ ਹੀ ਰਹਿੰਦਾ ਹੈ ਹੋਰ ਕਿਧਰੇ ਨਹੀਂ? ਹੇ ਕਾਜ਼ੀ! ਇਸ ਕਰ ਕੇ ਮੈ ਕਾਬੇ ਜਾਣਾ ਛੱਡ ਦਿੱਤਾ ਹੈ॥ ੧੯੭॥

ਉਥਾਨਕਾ- ਕਿਸੇ ਨੂੰ ਜੀਵ ਹਿੰਸਿਆਂ ਕਰਦਿਆਂ ਵੇਖ ਕੇ ਆਖਦੇ ਹਨ-

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥

ਕਬੀਰ ਜੀ ਕਥਨ ਕਰਦੇ ਹਨ—ਜੋ ਪੁਰਸ਼ ਆਪਣੀ ਛਾਤੀ ਦੇ ਜ਼ੋਰ ਕਰ ਕੇ ਜੀਆਂ ਨੂੰ ਮਾਰਦੇ ਹਨ ਅਤੇ ਮੁਖ ਤੋਂ ਕਹਿੰਦੇ ਹਨ ਕਿ ਜੋ ਅਸੀਂ ਨੇ ਬੱਕਰਾ ਮਾਰਿਆ ਹੈ ਇਹ ਹਲਾਲ ਕੀਤਾ ਹੈ । ਪਰ-

ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥ ੧੯੯॥

ਜਿਸ ਵੇਲੇ ਦਈ= ਪਰਮਾਤਮਾ ਪ੍ਰਲੋਕ ਵਿਚ ਜੀਵ ਦੇ ਕਰਮਾਂ ਦਾ ਦਫਤਰੁ= ਵਹੀ ਖਾਤਾ ਭਾਵ ਲੇਖਾ ਕਢੇਗਾ ਤਾਂ ਉਸ ਵੇਲੇ ਹਿੰਸਕ ਜੀਵ ਦਾ ਕੀ ਹਾਲ ਹੋਵੇਗਾ? ਭਾਵ ਜੀਵ ਹਿੰਸਿਆ ਕਰਨ ਵਾਲੇ ਪਾਪੀ ਦਾ ਬੁਰਾ ਹਾਲ ਹੀ ਹੋਵੇਗਾ॥ ੧੯੯॥

ਪਿਛਲੇ ਪ੍ਰਸੰਗ ਨੂੰ ਫਿਰ ਸਪਸ਼ਟ ਕਰਦੇ ਹਨ-

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥

ਕਬੀਰ ਜੀ ਕਥਨ ਕਰਦੇ ਹਨ—ਕਿ ਜਿਹੜਾ ਜ਼ਬਰਦਸਤੀ ਕਿਸੇ 'ਤੇ ਜ਼ੋਰ ਕਰ ਕੇ ਕਿਸੇ ਨੂੰ ਮਾਰਨਾ ਹੈ, ਉਹ ਬੜਾ ਭਾਰੀ ਜ਼ੁਲਮ ਹੈ, ਉਸ ਹਿੰਸਕ ਪਾਸੋਂ ਕੀਤੇ ਹੋਏ ਜ਼ੁਲਮ ਦਾ ਜਬਾਬੁ= ਉੱਤਰ ਖੁਦਾ ਜ਼ਰੂਰ ਲਵੇਗਾ।

ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ ੨੦੦॥

ਜਿਸ ਵੇਲੇ ਦਫਤਰਿ= ਪ੍ਰਲੋਕ ਦਰਗਹ ਵਿਚ ਇਸ ਹਿੰਸਕ ਜੀਵ ਦੇ ਕੀਤੇ ਹੋਏ ਕਰਮਾਂ ਦਾ ਲੇਖਾ ਨੀਕਸੈ= ਨਿਕਲੇਗਾ ਤਾਂ ਮੂੰਹ ਹੀ ਮੂੰਹ ਉਪਰ ਮਾਰ ਖਾਵੇਗਾ।

ਅਥਵਾ- ਜਮਾਂ ਪਾਸੋਂ ਮੁਹਿ= ਠਗਾ ਕੇ ਮੂੰਹ ਉਤੇ ਮਾਰ ਖਾਏਗਾ॥ ੨੦੦॥

ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥

ਕਬੀਰ ਜੀ ਕਥਨ ਕਰਦੇ ਹਨ- ਹੇ ਭਾਈ ! ਪ੍ਰਮਾਤਮਾ ਦੀ ਦਰਗਾਹ ਵਿਚ ਲੇਖਾ ਦੇਣਾ ਤਾਂ ਸੁਹੇਲਾ= ਸੌਖਾ ਹੈ, ਜੇ ਕਰ ਦਿਲ ਸੂਚੀ= ਪਵਿੱਤ੍ਰ ਹੋਵੇ ਕਿਉਂਕਿ ਪਵਿੱਤ੍ਰ ਦਿਲ ਵਾਲਿਆਂ ਦਾ-

ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥ ੨੦੧॥

ਉਸ ਸੱਚੇ ਪਰਮਾਤਮਾ ਦੀ ਦੀਬਾਨ= ਦਰਗਾਹ ਵਿਚ ਕੋਈ ਵੀ ਉਹਨਾਂ ਦਾ ਪੱਲਾ ਪਕੜ ਕੇ ਇਹ ਨਹੀਂ ਕਹੇਗਾ ਕਿ ਤੂੰ ਹਿਸਾਬ ਦੇ ਕੇ ਜਾਹ॥ ੨੦੧॥

ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰਬਰੀ ਅਬਧ॥

ਕਬੀਰ ਜੀ ਕਥਨ ਕਰਦੇ ਹਨ— ਧਰਤੀ ਅਤੇ ਅਕਾਸ਼ ਵਿਚ ਆਸਾ ਤ੍ਰਿਸ਼ਨਾ ਰੂਪ ਦੋ ਤੂੰਬੀਆਂ ਅਬਧ= ਨਾਸ਼ ਤੋਂ ਰਹਿਤ ਹਨ।

ਅਥਵਾ- ਜੀਵਾਂ ਦੀ ਬੁੱਧੀ ਰੂਪ ਧਰਤੀ ਅਤੇ ਹਿਰਦੇ ਰੂਪ ਅਕਾਸ਼ ਵਿਚ ਹੇ ਦੁਇ= ਦਵੈਤ! ਤੂੰ ਬਰੀ = ਤੂੰ ਬੜੀ ਅਬੱਧ ਹੈਂ ਭਾਵ ਨਾਸ ਤੋਂ ਰਹਿਤ ਹੈਂ।

ਅਥਵਾ- ਧਰਤੀ ਤੇ ਅਕਾਸ਼ ਆਦਿਕ ਪੰਜਾਂ ਤੱਤਾਂ ਰਚਿਤ ਸੰਸਾਰ ਵਿਚ ਹੇ ਅਬੱਧ ਮਾਇਆ! ਦੁਇ ਤੂੰ ਬਰੀ= (ਸੰਤਾਂ ਅਤੇ ਭਗਵੰਤ) ਦੋਹਾਂ ਨੇ ਤੈਨੂੰ ਵਰਨਾ ਕੀਤਾ ਹੈ।

ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ॥ ੨੦੨॥

ਮਾਇਆ ਦੇ ਪ੍ਰਤਾਪ ਕਰ ਕੇ ਛੇ ਭੇਖ* ਅਤੇ ਚੌਰਾਸੀ ਸਿਧ ਆਦਿਕ ਸਭ ਸੰਸਿਆਂ ਵਿਚ ਪੈ ਰਹੇ ਹਨ।

ਅਥਵਾ- ਧਰਤੀ 'ਤੇ ਵਿਚਰਨ ਵਾਲੇ ਜੋ ਜੀਵ ਅਤੇ ਅਕਾਸ਼ ਵਿਚ ਵਿਚਰਨ ਵਾਲੇ ਜੋ ਦੇਵਤੇ ਹਨ ਇਹਨਾਂ ਦੋਹਾਂ ਵਿਚ ਹੇ ਅਬੱਧ ਮਾਇਆ! ਤੂੰ ਬਰੀ ਤੂੰ ਬੜੇ ਬਲ ਵਾਲੀ ਹੋ ਰਹੀ ਹੈਂ।

ਯਥਾ- ਕਿਤਹਿ ਅਸਥਾਨਿ ਤੂ ਟਿਕਨੁ ਨ ਧਾਵਹਿ ਇਹ ਬਿਧਿ ਦੇਖੀ ਆਖੀ॥
ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ ॥੧॥

(ਸਾਰਗ ਮਹਲਾ ੫, ਪੰਨਾ ੧੨੨੭)

ਅਥਵਾ- ਧਰਤੀ ਅਤੇ ਅਕਾਸ਼ ਚਾਰੀ ਦੋਹਾਂ ਜੀਵਾਂ ਵਿਖੇ ਹੇ ਅਬੱਧ ਪਰਮਾਤਮਾ ! ਤੂੰ ਬਰੀ= ਤੇਰੀ ਚੇਤਨ ਸੱਤਾ ਬੜੇ ਬਲ ਵਾਲੀ ਹੈ। ਜਿਨ੍ਹਾਂ ਦੇ ਹਿਰਦੇ ਵਿਚ ਉਹ ਚੇਤਨ ਸੱਤਾ ਪ੍ਰਗਟ ਹੋਈ ਹੈ, ਉਹ ਮਨੁੱਖ ਛੇ ਦਰਸ਼ਨਾਂ ਦੇ ਸੰਸਿਆਂ ਤੋਂ ਪਰ੍ਹੇ ਹੋਏ ਹਨ ਅਤੇ ਚੌਰਾਸੀ ਲਖ ਜੂਨ ਤੋਂ ਸਿਧ= ਮੁਕਤ ਰੂਪ ਹੋ ਗਏ ਹਨ॥

ਪ੍ਰਭੂ ਅੱਗੇ ਐਸੇ ਪ੍ਰਾਰਥਨਾ ਕਰੋ ਕਿ—

**ਜੋਗੀ ਜੰਗਮ ਸ੍ਰੇਵੜੇ ਸੰਨਯਾਸੀ ਤੇ ਦਰਵੇਸ਼। ਛੇਵਾਂ ਜਾਮਾ ਬਿਪਰ ਕਾ ਜਾ ਮਹਿ ਮੀਨ ਨ ਮੇਖ।*

www.sikhbookclub.com

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥

ਕਬੀਰ ਜੀ ਕਥਨ ਕਰਦੇ ਹਨ- ਮੇਰਾ ਕਿਛੁ ਨਹੀ= ਮੇਰਾ ਕੋਈ ਪਦਾਰਥ ਨਹੀਂ ਹੈ, ਮੁਝ ਮਹਿ= ਮੇਰੇ ਘਰ ਵਿਚ ਜੋ ਕੁਝ ਵੀ ਹੈ, ਸੋ ਸਭ ਕੁਝ ਆਪ ਜੀ ਦਾ ਦਿੱਤਾ ਹੋਇਆ ਹੈ।

ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ੨੦੩ ॥

ਆਪ ਦਾ ਦਿੱਤਾ ਹੋਇਆ ਪਦਾਰਥ ਆਪ ਨੂੰ ਸਉਪਤੇ= ਅਰਪਣ ਕਰਦਿਆਂ ਮੇਰਾ ਕੀ ਮੁੱਲ ਲਗਦਾ ਹੈ। ਭਾਵ ਕੁਝ ਨਹੀਂ ਲਗਦਾ ॥ ੨੦੩ ॥

ਉਥਾਨਕਾ- ਕਿਸੇ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ-ਪ੍ਰਭੂ ਦੇ ਅਭੇਦ ਚਿੰਤਨ ਕਰਨ ਦਾ ਕੀ ਫਲ ਹੈ?

ਉੱਤਰ-

ਕਬੀਰ ਤੂੰ ਤੂੰ ਕਰਤਾ ਤੂ ਹੁਆ ਮੁਝ ਮਹਿ ਰਹਾ ਨ ਹੂੰ ॥

ਕਬੀਰ ਜੀ ਕਥਨ ਕਰਦੇ ਹਨ— ਹੇ ਪ੍ਰਭੂ! ਤੂੰਹੀ ਤੂੰਹੀ ਦਾ ਅਭੇਦ ਚਿੰਤਨ ਕਰਦਿਆਂ ਹੋਇਆਂ ਮੈਂ ਤੂੰ ਹੁਆ= ਆਪ ਦਾ ਸਰੂਪ ਹੀ ਹੋ ਗਿਆ ਹਾਂ, ਮੁਝ ਮਹਿ= ਮੇਰੇ ਵਿਚ ਕਿਸੇ ਪ੍ਰਕਾਰ ਦਾ ਹੂੰ= ਹੰਕਾਰ ਨਹੀਂ ਰਿਹਾ।

ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ ੨੦੪ ॥

ਜਿਸ ਵੇਲੇ ਚਿਤ ਵਿਚੋਂ ਆਪਣਾ ਪਰਾਇਆ ਰੂਪ ਭੇਦ ਦੂਰ ਹੋ ਗਿਆ ਉਸ ਵੇਲੇ ਜਿਧਰ ਨਿਗਾਹ ਕਰ ਕੇ ਦੇਖਿਆ ਤਤ= ਓਧਰ ਤੂੰ ਹੀ ਤੂੰ ਨਿਗਾਹ ਆਉਂਦਾ ਹੈਂ॥ ੨੦੪ ॥

ਜਿਸ ਤਰ੍ਹਾਂ ਦਸਮੇਸ਼ ਪਿਤਾ ਕਲਗੀਧਰ ਜੀ ਤੂੰਹੀ ਤੂੰਹੀ ਦਾ ਅਭੇਦ ਚਿੰਤਨ ਕਰਦੇ ਹੋਏ ਨਿਰਵਿਕਲਪ ਸਮਾਧੀ ਵਿਚ ਲੀਨ ਹੋ ਗਏ ਸਨ—

ਜਲਸ ਤੁਹੀ ॥ ਥਲਸ ਤੁਹੀ ॥ ਨਦਿਸ ਤੁਹੀ ॥ ਨਦਸ ਤੁਹੀ ॥੧੩॥੬੩॥
ਬ੍ਰਿਛਸ ਤੁਹੀ ॥ ਪਤਸ ਤੁਹੀ ॥ ਛਿਤਸ ਤੁਹੀ ॥ ਉਰਧਸ ਤੁਹੀ ॥੧੪॥੬੪॥
ਭਜਸ ਤੁਅੰ ॥ ਭਜਸ ਤੁਅੰ ॥ ਰਟਸ ਤੁਅੰ ॥ ਠਟਸ ਤੁਅੰ ॥੧੫॥੬੫॥
ਜਿਮੀ ਤੁਹੀ ॥ ਜਮਾ ਤੁਹੀ ॥ ਮਕੀ ਤੁਹੀ ॥ ਮਕਾ ਤੁਹੀ ॥੧੬॥੬੬॥
ਅਭੂ ਤੁਹੀ ॥ ਅਭੈ ਤੁਹੀ ॥ ਅਛੂ ਤੁਹੀ ॥ ਅਛੈ ਤੁਹੀ ॥੧੭॥੬੭॥
ਜਤਸ ਤੁਹੀ ॥ ਬ੍ਰਤਸ ਤੁਹੀ ॥ ਗਤਸ ਤੁਹੀ ॥ ਮਤਸ ਤੁਹੀ ॥੧੮॥੬੮॥
ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥੧੯॥੬੯॥
ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥੨੦॥ ੭੦॥

(ਦਸਮ ਗ੍ਰੰਥ, ਪੰਨਾ ੧੬)

ਪਰ ਕਬੀਰ ਜੀ ਨੇ ਜੀਵ ਈਸ਼ਵਰ ਦੀ ਏਕਤਾ ਕਰਨ ਪਰ ਇਸ ਜਗ੍ਹਾ ਦੋ ਵਾਰ ਤੂੰ ਤੂੰ ਸ਼ਬਦ ਕਿਹਾ ਹੈ—

ਤੂੰ= ਤੁਯੰ ਪਦ ਦਾ ਜੋ ਲਖਸ਼ ਅਰਥ ਹੈ ।

ਤੂੰ= ਤੱਤ ਪਦ ਦਾ ਜੋ ਲਖਸ਼ ਅਰਥ ਹੈ ।

ਇਹਨਾਂ ਦੋਹਾਂ ਦੇ ਲਖਸ਼ ਭਾਗ ਦਾ ਵਿਚਾਰ ਕਰਦਿਆਂ ਕਰਦਿਆਂ- ਤੂੰ ਭਇਆ= ਬ੍ਰਹਮ ਸਰੂਪ ਹੀ ਹੋ ਗਿਆ।

ਮੁਝ ਮਹਿ ਰਹਾ ਨ ਹੂੰ=

ਮੇਰੇ ਵਿਚ ਹੰਕਾਰ ਨਹੀਂ ਰਿਹਾ। ਜਬ= ਜਿਸ ਵੇਲੇ ਆਪਾ= ਜੀਵ ਦਾ ਵਾਚ ਅਰਥ ਦੇ ਪਰ ਕਾ= ਈਸ਼ਵਰ ਦਾ ਵਾਚ ਅਰਥ ਦੂਰ ਹੋ ਗਿਆ ਭਾਵ ਜੀਵ ਦੀ ਅਲਪੱਗਤਾ ਤੇ ਈਸ਼ਵਰ ਦੀ ਸਰਬੱਗਤਾ ਨੂੰ ਛੱਡ ਦਿੱਤਾ। ਤਿਸ ਵੇਲੇ-

ਜਤ ਦੇਖਉ ਤਤ ਤੂ

ਜਿਸ ਪਾਸੇ ਦੇਖਿਆ ਉਸੇ ਪਾਸੇ ਹੀ ਤੂੰਹੀ ਤੂੰ ਹੈਂ ॥ *ਯਥਾ-*

ਰਸਨਾ ਜਪਤੀ ਤੂਹੀ ਤੂਹੀ॥
ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥ ੧॥ ਰਹਾਉ॥

(ਸਾਰਗ ਮਹਲਾ ੫, ਪੰਨਾ ੧੨੧੫)

ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ॥

ਕਬੀਰ ਜੀ ਕਥਨ ਕਰਦੇ ਹਨ— ਜੋ ਪੁਰਸ਼ ਵਿਕਾਰਾਂ ਨੂੰ ਚਿਤਵਦੇ ਹੋਏ ਝੂਠਿਆਂ ਪਦਾਰਥਾਂ ਦੀ ਆਸਾ ਕਰਦੇ ਹਨ।

ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ॥ ੨੦੫॥

ਉਹਨਾਂ ਦਾ ਕੋਈ ਵੀ ਮਨੋਰਥੁ= ਸੰਕਲਪ ਪੂਰਾ ਨਹੀਂ ਹੁੰਦਾ, ਇਸ ਲਈ ਉਹ ਝੂਠੇ ਪੁਰਸ਼ ਸੰਸਾਰ ਤੋਂ ਨਿਰਾਸ਼ ਹੀ ਉਠ ਕੇ ਚਲੇ ਗਏ ॥ ੨੦੫॥

ਉਥਾਨਕਾ- ਕਿਸੇ ਪ੍ਰੇਮੀ ਨੇ ਆ ਕੇ ਕਿਹਾ- ਸੰਸਾਰ ਵਿਚ ਸੁਖੀ ਕੌਣ ਹੈ ? *ਉੱਤਰ-*

ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ॥

ਕਬੀਰ ਜੀ ਕਥਨ ਕਰਦੇ ਹਨ— ਜੋ ਪੁਰਸ਼ ਹਰਿ= ਪ੍ਰਭੂ ਦਾ ਨਾਮ-ਸਿਮਰਨ ਕਰਦਾ ਹੈ, ਓਹੀ ਪੁਰਸ਼ ਸੰਸਾਰ ਵਿਚ ਸੁਖੀ ਹੈ ।

ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ॥ ੨੦੬॥

ਪੁਨਾ ਸ੍ਰਿਸ਼ਟੀ ਦੇ ਸਿਰਜਣ ਵਾਲਾ ਪ੍ਰਭੂ ਆਪ ਜਿਸ ਪੁਰਸ਼ ਦੀ ਰਾਖੈ= ਰਖਿਆ ਕਰਦਾ ਹੈ, ਉਹ ਪੁਰਸ਼ ਇਤ ਉਤ= ਇਧਰ ਉਧਰ ਵਾ:- ਲੋਕ ਪ੍ਰਲੋਕ ਵਿਚ ਕਦੇ ਵੀ ਨ ਡੋਲਈ= ਭਟਕਦਾ ਨਹੀਂ ਹੈ॥੨੦੬॥

ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ॥

ਕਬੀਰ ਜੀ ਕਥਨ ਕਰਦੇ ਹਨ—ਤਿਲਾਂ ਦੀ ਘਾਣੀ ਵਾਂਗੂ ਨਰਕਾਂ *ਅਥਵਾ* ਮਾਤਾ ਦੇ ਉਦਰ ਰੂਪੀ ਕੋਹਲੂ ਵਿਚ ਅਸੀਂ ਪੀੜਿਆਂ ਜਾਣਾ ਸੀ, ਧੰਨ ਸਤਿਗੁਰੂ ਜੀ ਹਨ, ਜਿਨ੍ਹਾਂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਸਾਨੂੰ ਛੁਡਾ ਲਿਆ ਹੈ।

ਪ੍ਰਸ਼ਨ- ਕਦੋਂ ਛੁਡਾਇਆ? *ਉੱਤਰ-*

ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ॥ ੨੦੭॥

ਜਿਸ ਵੇਲੇ ਪੂਰਬਲੇ ਜਨਮ ਦੀ ਪਰਾ= ਉਤਕ੍ਰਿਸ਼ਟ, ਵਾ ਪੁਰਾਣੀ ਭਾਵਨੀ= ਸ਼ਰਧਾ ਹਿਰਦੇ ਵਿਚ ਆ ਕੇ

ਪਰਗਟ ਹੋਈ ਤਾਂ ਹੀ ਸਤਿਗੁਰੂ ਨੇ ਸਾਨੂੰ ਛੁਡਾਉਣਾ ਕੀਤਾ॥ ੨੦੭॥

ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ॥

ਕਬੀਰ ਜੀ ਕਥਨ ਕਰਦੇ ਹਨ— ਟਾਲ-ਮਟੋਲੇ ਕਰਦਿਆਂ ਹੋਇਆਂ ਭਾਵ ਵਿਅਰਥ ਕੰਮਾਂ ਵਿਚ ਤੁਰਦਿਆਂ-ਫਿਰਦਿਆਂ ਸਾਰਾ ਦਿਨ ਨਿਸਫਲ ਬਤੀਤ ਹੋ ਗਿਆ। ਪਰ ਵਾਹਿਗੁਰੂ ਦਾ ਭਜਨ ਸਿਮਰਨ ਨਾ ਕੀਤਾ। ਜਿਸ ਕਰ ਕੇ ਪਾਪਾਂ ਰੂਪ ਵਿਆਜ ਬਢੰਤਉ ਜਾਇ= ਵਧਦਾ ਜਾ ਰਿਹਾ ਹੈ।

ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ॥ ੨੦੮॥

ਜਿਸ ਤੇ ਹਰੀ ਦਾ ਭਜਨ ਸਿਮਰਨ ਨਹੀਂ ਕੀਤਾ ਇਸੇ ਕਰ ਕੇ ਇਸ ਜੀਵ ਦੇ ਕਰਮਾਂ ਦਾ ਖਤੁ= ਖਾਤਾ ਭਾਵ ਲੇਖਾ ਫਟਿਆ ਨਹੀਂ, ਕਰਮਾਂ ਦਾ ਹਿਸਾਬ ਨਾ ਮੁੱਕਣ ਕਰ ਕੇ ਕਾਲ ਇਸ ਦੇ ਨੇੜੇ ਆ ਕੇ ਪਹੁੰਚ ਗਿਆ॥ ੨੦੮॥

ਮਹਲਾ ੫॥

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਵਿਤ੍ਰ ਮੁਖਾਰਬਿੰਦ ਤੋਂ ਇਹ ਸਲੋਕ ਉਚਾਰਨ ਕਰ ਕੇ ਕਬੀਰ ਜੀ ਨੂੰ ਸਿਰੋਪਾ ਦਿੰਦੇ ਹਨ—

ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ॥

ਹੇ ਕਬੀਰ ! ਕੂਕਰੁ ਭਉਕਨਾ= ਕੁੱਤੇ ਸਮਾਨ ਵਿਅਰਥ ਬਚਨਾਂ ਦੇ ਬੋਲਣ ਵਾਲਾ ਜੀਵ ਉਠ ਕੇ ਕਰੰਗ= ਮਾਇਆ ਪਿੱਛੇ ਧਾਂਇ= ਦੌੜਿਆ ਫਿਰਦਾ ਹੈ।

ਅਥਵਾ- ਮਨ ਰੂਪੀ ਕੁੱਤਾ ਭੌਂਕਦਾ ਫਿਰਦਾ ਹੈ । ਭਾਵ ਕਈ ਤਰ੍ਹਾਂ ਦੇ ਸੰਕਲਪ ਕਰਦਾ ਹੈ ਅਤੇ ਵਿਸ਼ਿਆਂ ਦੇ ਭੋਗਣ ਲਈ ਕਰੰਗ= ਇਸਤ੍ਰੀ ਪਿੱਛੇ ਦੌੜਿਆ ਫਿਰਦਾ ਹੈ (ਇਸ ਕਰ ਕੇ ਇਹ ਦੁਖੀ ਹੋ ਰਿਹਾ ਹੈ)।

ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ॥ ੨੦੯॥

ਪਰ ਪੂਰਬਲਿਆਂ ਸ਼ੁਭ ਕਰਮਾਂ ਦੇ ਫਲ ਕਰ ਕੇ ਕਰਮੀ= ਕਿਰਪਾਲੂ ਸਤਿਗੁਰਾਂ ਨੂੰ ਅਸੀਂ ਪਾਇਆ ਹੈ, ਜਿਨ੍ਹਾਂ (ਸਤਿਗੁਰਾਂ) ਨੇ ਕਰਮੀ= ਕਿਰਪਾ ਕਰ ਕੇ ਸਾਨੂੰ ਸੰਸਾਰਕ ਦੁੱਖਾਂ ਤੋਂ ਛੁਡਾ ਲਿਆ, ਭਾਵ ਬਚਾਅ ਲੀਤਾ ਹੈ ॥ ੨੦੯॥

ਕਿਉਂਕਿ ਇਹ ਨਿਯਮ ਹੈ ਕਿ ਪੂਰਬਲੇ ਸ਼ੁਭ ਕਰਮਾਂ ਤੋਂ ਬਿਨਾਂ ਗੁਰੂ ਨਹੀਂ ਮਿਲਦਾ:

ਕਸੇ ਕੋ ਦੀਦ ਦੀਦਾਰੇ ਮੁਕੱਦਸ। ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ॥ ੬॥

(ਭਾਈ ਨੰਦ ਲਾਲ ਜੀ ਗਜ਼ਲ ੩੨)

ਪੰਜਾਬੀ ਉਲਥਾ-

ਜਿਨ੍ਹਾਂ ਲੇਖ ਧੁਰੇ ਦੇ ਜਾਗਣ ਦਰਸ ਗੁਰਾਂ ਦਾ ਪਾਂਦੇ ਓਹ।
ਸਫਲ ਜਨਮ ਹੋ ਗਿਆ ਤਿਨਾਂ ਦਾ ਬਾਕੀ ਲੇਸ ਨ ਰਾਈ ਏ॥

ਮਹਲਾ ੫॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਇਕ ਹੋਰ ਸਲੋਕ

ਉਚਾਰਨ ਕਰ ਕੇ ਕਬੀਰ ਜੀ ਨੂੰ ਸਿਰੋਪਾ ਦਿੰਦੇ ਹਨ (ਸਿਰੋਪਾ ਜਿਸ ਨੂੰ ਦਿੱਤਾ ਜਾਂਦਾ ਹੈ ਉਹ ਉਸੇ ਦਾ ਹੀ ਹੋ ਜਾਂਦਾ ਹੈ, ਇਸ ਲਈ ਸਲੋਕ ਦੇ ਅਰੰਭ ਵਿਚ ਕਬੀਰ ਦਾ ਨਾਮ ਹੈ ।

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥

ਕਬੀਰ ਜੀ ਕਥਨ ਕਰਦੇ ਹਨ— ਕਿ ਇਹ ਸਾਰੀ ਧਰਤੀ ਪ੍ਰਭੂ ਨੇ ਸੰਤਾਂ ਵਾਸਤੇ ਰਚੀ ਸੀ ਕਿ ਜਿਥੇ ਮਰਜ਼ੀ ਆਵੇ ਸ੍ਰੈ ਇੱਛਾ ਅਨੁਸਾਰ ਵਿਚਰਨਾ ਕਰਨ ਪਰ ਤਸਕਰ= ਚੋਰ ਜੋ ਰਾਜੇ ਲੋਕ ਹਨ, ਉਹ ਧਰਤੀ ਨੂੰ ਗਾਹਿ= ਦਬਾ ਕੇ ਬੈਠ ਗਏ।

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥ ੨੧੦ ॥

ਧਰਤੀ ਦੇ ਜਾਣ ਦਾ ਭਾਰਿ= ਦੁੱਖ ਸੰਤਾਂ ਨੂੰ ਕੋਈ ਵਿਆਪਦਾ ਨਹੀਂ ਹੈ। ਪਰ ਉਹਨਾਂ ਰਾਜਿਆਂ ਲੋਕਾਂ ਨੂੰ ਨੀਚੇ ਲਾਹੀ ਹੀ ਲਾਹੀ ਜਾਂਦੀ ਹੈ। ਭਾਵ ਸੰਤਾਂ ਨੂੰ ਕਰ (ਟੈਕਸ) ਲਾਉਣ ਕਰ ਕੇ ਰਾਜਿਆਂ ਦਾ ਪੁੰਨ ਪ੍ਰਤਾਪ ਘਟਦਾ ਜਾਂਦਾ ਹੈ॥ ੨੧੦॥

ਸਾਖੀ ਇਕ ਰਾਜਾ ਸੀ, ਸੰਤ ਸੇਵੀ ਹੋਣ ਕਰ ਕੇ ਉਸ ਨੇ ਕੁਝ ਜ਼ਮੀਨ ਦਾ ਟੋਟਾ ਸੰਤਾਂ ਨੂੰ ਭੇਟਾ ਦੇ ਰੂਪ ਵਿਚ ਦੇ ਦਿੱਤਾ ਕਿ ਸੰਤਾਂ ਪਾਸ ਸੰਗਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਸੰਗਤਾਂ ਦੇ ਲੰਗਰ ਪਾਣੀ ਦਾ ਕੰਮ ਸੌਖਾ ਤੁਰਿਆ ਰਹੇਗਾ। ਰਾਜੇ ਦੀ ਸ਼ਰਧਾ ਦੇਖ ਕੇ ਸੰਤਾਂ ਨੇ ਉਹ ਜ਼ਮੀਨ ਪਰਵਾਨ ਕਰ ਲਈ, ਉਸ ਰਾਜੇ ਦੇ ਪਿਛੋਂ ਉਸ ਦਾ ਪੁੱਤਰ ਗਦੀ 'ਤੇ ਬੈਠਾ ਉਹ ਕੁਝ ਨਾਸਤਕ ਖਿਆਲਾਂ ਦਾ ਸੀ। ਉਸ ਨੇ ਗੱਦੀ 'ਤੇ ਬੈਠਦਿਆਂ ਹੀ ਸਾਰਿਆਂ ਮਹਿਕਮਿਆਂ ਦੀ ਪੜਤਾਲ ਕਰਾਈ। ਜਿਸ ਵੇਲੇ ਇਹਨਾਂ ਸੰਤਾਂ ਦੇ ਨਾਮ ਕੀਤੀ ਜ਼ਮੀਨ ਦੇ ਕਾਗਜ਼ ਸਾਹਮਣੇ ਆਏ ਤਾਂ ਸੋਚਿਆ ਇਹ ਸੰਤ ਐਵੇਂ ਵੇਹਲੀਆਂ ਖਾਂਦੇ ਹਨ। ਇਹ ਸੋਚ ਕੇ ਉਸ ਨੇ ਸੰਤਾਂ ਪਾਸੋਂ ਜ਼ਮੀਨ ਖੋਹ ਲਈ। ਨਾ ਤਾਂ ਸੰਤਾਂ ਨੂੰ ਜ਼ਮੀਨ ਦੇ ਪ੍ਰਾਪਤੀ 'ਤੇ ਕੋਈ ਖੁਸ਼ੀ ਹੋਈ ਸੀ ਅਤੇ ਨਾ ਹੀ ਹੁਣ ਜ਼ਮੀਨ ਦੇ ਖੁੱਸ ਜਾਣ'ਤੇ ਗਮੀ। ਇਹ ਗੱਲ ਚਲਦੀ-ਚਲਦੀ ਕਬੀਰ ਜੀ ਦੇ ਵੀ ਕਿਸੇ ਪ੍ਰੇਮੀ ਨੇ ਕੰਨੀਂ ਪਾ ਦਿੱਤੀ। ਉਸ ਵਾਰਤਾ ਨੂੰ ਦਸਦੇ ਹੋਏ ਕਬੀਰ ਜੀ ਉਪਦੇਸ਼ ਦਿੰਦੇ ਹਨ:

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥

ਕਬੀਰ ਜੀ ਕਥਨ ਕਰਦੇ ਹਨ— ਰਾਜੇ ਨੇ ਤਾਂ ਧਰਤੀ ਸੰਤਾਂ ਨੂੰ ਦਿੱਤੀ ਸੀ, ਪਰ ਤਸਕਰ= ਚੋਰ (ਜੋ ਰਾਜੇ ਦਾ ਪੁੱਤਰ ਹੈ, ਉਹ) ਉਸ ਧਰਤੀ ਨੂੰ ਦਬਾ ਕੇ ਬਹਿ ਗਿਆ ।

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥੨੧੦॥

ਧਰਤੀ ਦੇ ਜਾਣ ਦਾ ਭਾਰਿ= ਦੁੱਖ ਸੰਤਾਂ ਨੂੰ ਕੋਈ ਨਹੀਂ ਬਿਆਪਦਾ ਕਿਉਂਕਿ ਸੰਤਾਂ ਨੂੰ ਸਗੋਂ ਲਾਭ ਹੀ ਲਾਭ ਹੈ। ਜੋ ਪਹਿਲੇ ਸੰਤਾਂ ਨੂੰ ਹਲ ਆਦਿਕ ਵਾਹੁਣਾ ਪੈਂਦਾ ਸੀ ਉਸ ਤੋਂ ਹੁਣ ਛੁਟਕਾਰਾ ਹੋ ਗਿਆ॥੨੧੦॥

ਅਥਵਾ-

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥

ਕਬੀਰ ਜੀ ਕਥਨ ਕਰਦੇ ਹਨ ਕਿ ਸੰਤਾਂ ਦੀ ਧਰਤੀ ਜੋ ਸਾਧ ਸੰਗਤਿ ਹੈ, ਤਿਸ ਗਾਹਿ = ਜਗ੍ਹਾ ਉਪਰ ਜੇ ਪ੍ਰਤਖ ਚੋਰ ਵੀ ਆ ਕੇ ਬੈਠ ਜਾਵੇ। ਤਾਂ-

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥੨੧੦॥

ਸਤ ਸੰਗਤਿ ਰੂਪ ਧਰਤੀ ਨੂੰ ਚੋਰ ਦੇ ਬੈਠਣ ਦਾ ਕੋਈ ਭਾਰਿ= ਦੁੱਖ ਨਹੀਂ ਬਿਆਪਦਾ, ਸਗੋਂ ਉਸ ਚੋਰ

ਨੂੰ ਲਾਹੂ ਲਾਹਿ= ਲਾਭ ਹੀ ਲਾਭ ਪ੍ਰਾਪਤ ਹੋ ਜਾਂਦਾ ਹੈ। ਕਿਉਂਕਿ ਸਾਧ ਸੰਗਤ ਵਿਚ ਬੈਠਣ ਕਰ ਕੇ ਨਵਾਂ ਜਨਮ ਹੋ ਜਾਂਦਾ ਹੈ ਅਤੇ ਪਿਛਲੇ ਜਨਮ ਦੇ ਕੀਤੇ ਪਾਪ ਕਰਮਾਂ ਦਾ ਫਲ ਨਹੀਂ ਭੋਗਣਾ ਪੈਂਦਾ।

*ਅਥਵਾ - **ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥***

ਕਬੀਰ ਜੀ ਕਥਨ ਕਰਦੇ ਹਨ ਕਿ ਬੁੱਧੀ ਰੂਪੀ ਧਰਤੀ ਸਾਧ= ਸ਼ੁਭ ਗੁਣਾਂ ਦੀ ਸੀ ਪਰ ਕਾਮ ਆਦਿਕਾਂ ਰੂਪ ਚੋਰ ਦਬਾ ਕੇ ਬੈਠ ਗਏ ਹਨ।

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥੨੧੦॥

ਬੁੱਧੀ ਰੂਪ ਧਰਤੀ ਨੂੰ ਭਾਰਿ= ਦੁੱਖ ਤਾਂ ਨਹੀਂ ਬਿਆਪੇਗਾ। ਜੇਕਰ ਉਹਨਾਂ ਕਾਮ ਆਦਿਕਾਂ ਦੇ ਲਾਹੂ= ਸਮਦਾਅ ਨੂੰ ਲਾਹਿ= ਨਵਿਰਤ ਕਰ ਦੇਵੇ ॥੨੧੦॥

*ਅਥਵਾ- **ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥***

ਕਬੀਰ ਜੀ ਕਥਨ ਕਰਦੇ ਹਨ ਕਿ ਜਿਸ ਪੁਰਸ਼ ਨੇ ਧਰ ਤੀ = ਇਸਤਰੀ ਧਾਰਨ ਕੀਤੀ ਹੈ, ਉਹ ਸਾਧ ਕੀ= ਸਾਧ ਕਾਹਦਾ ਹੈ? ਉਹ ਤਾਂ ਤਸਕਰ= ਚੋਰ ਹੈ, ਜੋ ਪਰਾਈ ਇਸਤਰੀ ਨੂੰ ਗਾਹਿ= ਦਬਾ ਕੇ ਬਹਿ ਗਿਆ ਹੈ।

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥ ੨੧੦॥

ਜਿਹੜੀ ਧਰਤੀ = ਇਸਤਰੀ ਧਾਰਨ ਕੀਤੀ ਹੈ, ਉਸ ਨੂੰ ਤਾਂ ਕੋਈ ਭਾਰਿ= ਦੁੱਖ ਨਹੀਂ ਬਿਆਪਈ। ਲੱਗਦਾ; ਉਹ ਤਾਂ ਸਗੋਂ ਇਸ ਤਰ੍ਹਾਂ ਆਖਦੀ ਹੈ ਕਿ ਮੇਰੇ ਧੰਨ ਭਾਗ ਹਨ ਜੋ ਕਿ ਮਹਾਤਮਾ ਮੇਰੇ ਪਤੀ ਬਣ ਗਏ ਹਨ ਪਰ ਉਸ ਸਾਧੂ ਦੇ ਸ਼ੁਭ ਗੁਣਾਂ ਦੇ ਲਾਹੂ= ਸਮਦਾਅ ਨੂੰ ਲਾਹਿ= ਨਾਸ ਕੀਤੀ ਜਾਂਦੀ ਹੈ। ੨੧੦।

*ਅਥਵਾ- **ਕਬੀਰ ਧਰ ਤੀ ਸਾਧ ਕੀ ਤਸਕਰ ਬੈਸਹਿ ਗਾਹਿ॥***

ਕਬੀਰ ਜੀ ਕਥਨ ਕਰਦੇ ਹਨ— ਜਿਸ ਨੇ ਧਰ ਤੀ= ਮਾਇਆ ਰੂਪੀ ਇਸਤਰੀ ਧਾਰਨ ਕੀਤੀ ਹੈ, ਉਹ ਸਾਧ ਕੀ= ਵਿਰਕਤ ਸਾਧੂ ਕਾਹਦਾ ਹੈ? ਉਹ ਤਾਂ ਚੋਰ ਹੈ ਜੋ ਮਾਇਆ ਨੂੰ ਗਾਹਿ= ਦਬਾ ਕੇ ਬੈਠਾ ਹੈ।

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥ ੨੧੦॥

ਮਾਇਆ ਰੂਪੀ ਤੀਆ ਨੂੰ ਤਾਂ ਕੋਈ ਦੁੱਖ ਨਹੀਂ ਲੱਗਦਾ, ਪਰ ਉਹਨਾਂ ਵਿਰਕਤ ਸੰਤਾਂ ਦੇ ਅੰਦਰ ਚਿੰਤਾ ਲਾ ਕੇ ਉਹਨਾਂ ਦੇ ਸ਼ੁਭ ਗੁਣਾਂ ਦੇ ਸਮਦਾਅ ਨੂੰ ਲਾਹੀ ਜਾਂਦੀ ਹੈ ॥੨੧੦॥*

ਮਹਲਾ ੫॥

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਇਕ ਹੋਰ ਸਲੋਕ ਉਚਾਰਨ ਕਰ ਕੇ ਕਬੀਰ ਜੀ ਨੂੰ ਸਿਰੋਪਾ ਦਿੰਦੇ ਹਨ—

ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥

ਕਬੀਰ ਜੀ ਕਥਨ ਕਰਦੇ ਹਨ-ਜਿਸ ਤਰ੍ਹਾਂ ਚੌਲਾਂ ਦੀ ਸੰਗਤ ਕਰਨ ਕਰ ਕੇ ਤੁਖ= ਤੁਹਾਂ ਨੂੰ ਮੋਹਲੀਆਂ

*ਇਹ ਸਲੋਕ ਰਾਮਕਲੀ ਦੀ ਦੂਜੀ ਵਾਰ ਪੰਨਾ ੯੬੫ ਵੀਹਵੇਂ ਸਲੋਕ ਦੇ ਆਰੰਭ ਵਿਚ ਵੀ ਪੰਚਮ ਪਿਤਾ ਨੇ ਦਰਜ ਕੀਤਾ ਹੈ।

ਲਗਦੀਆਂ ਹਨ। ਤੈਸੇ ਹੀ—

ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥ ੨੧੧ ॥

ਕੁਸੰਗੀ= ਖੋਟਿਆਂ ਪੁਰਸ਼ਾਂ ਦੀ ਸੰਗਤ ਵਿਚ ਬੈਠਣ ਕਰ ਕੇ ਇਸ ਲੋਕ ਵਿਚ ਵੀ ਦੁੱਖ ਭੋਗਦਾ ਹੈ ਅਤੇ ਜਿਸ ਵੇਲੇ ਪ੍ਰਲੋਕ ਵਿਚ ਜਾਂਦਾ ਹੈ ਤਾਂ ਉਸ ਵੇਲੇ ਧਰਮਰਾਜ ਇਸ ਪਾਸੋਂ ਹਿਸਾਬ ਪੁੱਛਦਾ ਹੈ ॥੨੧੧॥+

ਇਸ ਲਈ ਕੁਸੰਗ* ਤੋਂ ਬਚ ਕੇ ਰਹਿਣ ਚਾਹੀਦਾ ਹੈ ਕਿਉਂਕਿ ਕੁਸੰਗ ਕਰ ਕੇ ਹੀ ਦੁਖਾਂ ਦੀ ਪ੍ਰਾਪਤੀ ਹੁੰਦੀ ਹੈ। ਦੇਖੋ ! ਕਾਂ ਦੀ ਸੰਗਤ ਕਰਨ ਕਰ ਕੇ ਹੀ ਹੰਸ ਨੇ ਗੁਲੇਲਾ ਖਾਧਾ ।

ਯਥਾ- ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥
ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥

(ਸਲੋਕ ਵਾਰਾਂ ਤੇ ਵਧੀਕ ਪੰਨਾ ੧੪੧੧)

ਉਥਾਨਕਾ- ਭਗਤ ਨਾਮਦੇਵ ਦੇ ਪ੍ਰਤਾਪ ਨੂੰ ਸੁਣ ਕੇ ਜਦੋਂ ਭਗਤ ਤ੍ਰਿਲੋਚਨ ਦਰਸ਼ਨਾਂ ਵਾਸਤੇ ਆਇਆ, ਉਸ ਵੇਲੇ ਦੋਹਾਂ ਦਾ ਆਪਸ ਵਿਚ ਜੋ ਸੰਵਾਦ ਹੋਇਆ ਹੈ, ਉਸ ਨੂੰ ਕਬੀਰ ਜੀ ਆਪ ਭਤਸ਼ਟੀ ਹੋ ਕੇ ਇਸ ਸਲੋਕ ਦੁਆਰਾ ਕਥਨ ਕਰਦੇ ਹਨ—

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥

ਨਾਮਦੇਵ ਨੂੰ ਕਪੜੇ ਛਿਮਦਿਆਂ ਦੇਖ ਕੇ ਕਹੈ ਤਿਲੋਚਨੁ= ਭਗਤ ਤ੍ਰਿਲੋਚਨ ਨੇ ਕਿਹਾ-ਹੇ ਮਿੱਤਰ ਨਾਮਦੇਵ ! ਮੈਂ ਤਾਂ ਤੇਰਾ ਪ੍ਰਤਾਪ ਸੁਣ ਕੇ ਤੇਰੇ ਦਰਸ਼ਨਾਂ ਨੂੰ ਆਇਆ ਸਾਂ ਪਰ ਤੂੰ ਤਾਂ ਮਾਇਆ ਵਿਚ ਹੀ ਮੋਹਿਆ ਭਾਵ ਗਲਤਾਨ ਹੈਂ।

ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ ੨੧੨ ॥

ਤੂੰ ਕਿਸ ਵਾਸਤੇ ਛਾਇਲੈ= ਬਸਤਰਾਂ ਨੂੰ ਛੀਪਹੁ= ਠੇਕ ਰਿਹਾ ਹੈਂ ਅਤੇ ਰਾਮ ਨਾਮ ਵਿਚ ਚਿਤ ਨੂੰ ਲਗਾਉਂਦਾ ਨਹੀਂ ਹੈਂ॥ ੨੧੨ ॥

+ਇਹ ਸਲੋਕ ਵੀ ਰਾਮਕਲੀ ਦੀ ਦੂਜੀ ਵਾਰ ਪੰਨਾ ੯੬੫ ਉਪਰ ਆਇਆ ਹੈ।

ਯਥਾ- ਖੋਟਨ ਕੀ ਸੰਗਤਿ ਕਰੇ ਕਰੇ ਲੋਭ ਜਗ ਜੋਇ। ਸੁਨੋ ਸਕਲ ਸਾਚੀ ਕਹੋ ਦੁਖੀ ਹੋਇ ਸੋਇ॥ ੩੫॥

੧ ਗੰਨਾ। ੨ ਬ੍ਰਿਛ। ੩ ਇੱਟਾਂ ਭਾਵ ਰੋੜੇ ਸਹਾਰਦਾ ਹੈ। ੪ ਚਾਵਲ। ੫ ਤੁਹ। ੬ ਮੋਹਲਾ। ੭ ਸਦਰਸ਼। ੮ ਸ਼ੇਰਾਂ ਦੇ। ੯ ਪਹਾੜ ਤੋਂ। ੧੦ ਸੜੀਦੇ। ੧੧ ਦੁੱਖ।

*ਤਥਾ- ਤਿਲ ਤੇਲ ਸੰਗਿ ਲਏ ਦੁਖ ਕੋ, ਰਸ ਸੰਗਤਿ ਤੇ ਜਗ ਈਖ ਪਿੜਾਏ।
ਫਲ ਸੰਗਤਿ ਪਾਦਪ ਈਟ ਸਹੇ, ਅਰੁ ਗੰਧ ਕਿ ਸੰਗਹਿ ਫੂਲ ਤਪਾਏ।
ਕਰਿ ਤੰਦੁਲ ਸੰਗਤਿ ਕੋ ਜਗ ਮੈਂ, ਪੁਨ ਸੀਸ ਬਿਖੈ ਤੁਖ ਮੂਸਲ ਖਾਏ।
ਤਿਲ ਈਖ ਸਮੈ ਕਰਿ ਖੋਟਨ ਸੰਗਤਿ, ਯਾ ਜਗ ਮੈ ਦੁਖ ਕੌਨ ਨ ਪਾਏ॥ ੩੬॥ (ਭਾਵਰ ਸਾਮ੍ਰਿਤ)

ਤਥਾ- ਸਿੰਘਨ ਕੇ ਬਨ ਮੈ ਬਸੀਏ, ਧਸੀਏ ਜਲ ਮਹਿ ਬਿਛੂਆ ਗਹਿ ਲੀਜੈ।
ਗਿਰ ਤੇ ਗਿਰੀਏ ਆਗ ਮਹਿ ਜਰੀਏ ਸਾਂਪ ਕੇ ਮੁਖ ਮੈ ਆਂਗੁਲੀ ਦੀਜੈ।
ਕੰਨ ਖਜੂਰਾ ਪ੍ਰਵੇਸ਼ ਕਰੈ, ਆਰੀ ਕੇ ਸਾਥ ਨਿਤ ਤਨ ਚਰੀਜੈ।
ਏਤਨ ਸੰਕਟ ਸੀਸ ਸਹੋ, ਪਰ ਮੂਰਖ ਮਿਤ੍ਰ ਕੋ ਸੰਗ ਨ ਕੀਜੈ।
ਤਥਾ- ਨੀਚ ਸੰਗ ਕੀਜੈ ਨਹੀਂ ਸੁਨ ਹੋ ਮੀਤ ਕੁਮਾਰ।
ਭੇਡ ਪੂਤਿ ਭਾਦੋਂ ਨਦੀ ਕੋ ਗਹਿ ਉਤਰਜੋ ਪਾਰ॥ (ਦਸਮ ਗ੍ਰੰਥ, ਚਰਿਤ੍ਰ ੧੯੨, ਪੰਨਾ ੧੦੮੪)

www.sikhbookclub.com

ਇਹ ਗੱਲ ਤ੍ਰਿਲੋਚਨ ਪਾਸੋਂ ਸੁਣ ਕੇ ਨਾਮਦੇਵ ਜੀ ਨੇ ਇੰਜ ਉੱਤਰ ਦਿੱਤਾ —

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥

ਨਾਮਦੇਵ ਜੀ ਆਖਦੇ ਹਨ ਕਿ ਹੇ ਭਗਤ ਤ੍ਰਿਲੋਚਨ ਜੀ ! ਮੈਂ ਆਪਣੇ ਮੁਖ ਨਾਲ ਰਾਮ ਨਾਮ ਸੰਮ੍ਹਾਲਦਾ ਹਾਂ, ਭਾਵ ਰਸਨਾ ਦੁਆਰਾ ਪ੍ਰਭੂ ਦਾ ਸਿਮਰਨ ਕਰਦਾ ਹਾਂ।

[ਪੰਨਾ ੧੩੭੬]

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩ ॥

ਗ੍ਰਿਹਸਤ ਦਾ ਨਿਰਬਾਹ ਕਰਨ ਵਾਸਤੇ ਸਾਰੇ ਕੰਮ ਤਾਂ ਹੱਥਾਂ ਪੈਰਾਂ ਨਾਲ ਕਰਦਾ ਹਾਂ ਪਰ ਮੇਰਾ ਚਿਤ ਉਸ ਨਿਰੰਜਨ ਪ੍ਰਭੂ ਦੇ ਨਾਲ ਜੁੜਿਆ ਹੋਇਆ ਹੈ॥ ੨੧੩॥

ਯਥਾ- ਗਰ ਦਸਤੇ ਮਾ ਹਮੇਸ਼ਾ ਪੈ ਕਾਰ ਮੇ ਰਵੱਦ।
ਮਨ ਚੂੰ ਕੁਨਮ ਕਿ ਦਿਲ ਬਸੁਏ ਯਾਰ ਮੇ ਰਵੱਦ।

(ਭਾਈ ਨੰਦ ਲਾਲ ਜੀ, ਗਜ਼ਲ ੨੭)

ਪੰਜਾਬੀ ਉਲੱਥਾ-

ਭਾਵੇਂ ਹੱਥ ਹਮੇਸ਼ਾਂ ਮੇਰਾ ਧੰਧਿਆਂ ਦੇ ਵੱਲ ਜਾਂਦਾ ਏ।
ਚਾਰਾ ਕੋਈ ਨਾ ਚਲਦਾ ਸਈਓ ਚਿਤ ਪੀਆ ਵੱਲ ਧਾਂਦਾ ਏ ।

ਮਹਲਾ ੫॥

ਕਬੀਰਾ ਹਮਰਾ ਕੋ ਨਹੀ ਹਮ ਕਿਸਹੂ ਕੇ ਨਾਹਿ॥

ਕਬੀਰ ਜੀ ਕਥਨ ਕਰਦੇ ਹਨ—ਕਿ ਸਾਡਾ ਕੋਈ ਵੀ ਹਿਤੂ ਨਹੀਂ ਹੈ, ਇਸ ਕਰ ਕੇ ਅਸੀਂ ਵੀ ਕਿਸੇ ਦੇ ਨਹੀਂ ਹਾਂ। ਭਾਵ ਜੇਕਰ ਅਸਾਡਾ ਕੋਈ ਨਹੀਂ ਅਸੀਂ ਵੀ ਕਿਸੇ ਵਿਚ ਮੋਹ ਨਹੀਂ ਕਰਦੇ।

ਯਥਾ- ਨਾ ਕੋ ਮੇਰਾ ਹਉ ਕਿਸੁ ਕੇਰਾ॥ ਸਾਚਾ ਠਾਕੁਰ ਤ੍ਰਿਭਵਣਿ ਮੇਰਾ॥

(ਮਾਝ ਮਹਲਾ ੧, ਪੰਨਾ ੧੦੯)

ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ॥ ੨੧੪ ॥

ਜਿਸ ਪ੍ਰਭੂ ਨੇ ਇਸ ਸੰਸਾਰ ਰਚਨਾ ਨੂੰ ਰਚਾਇਆ= ਬਣਾਇਆ ਹੈ, ਉਸ ਪ੍ਰਭੂ ਦੇ ਸਿਮਰਨ ਵਿਖੇ ਅਸੀਂ ਸਮਾ ਰਹੇ ਹਾਂ॥ ੨੧੪॥*

ਉਥਾਨਕਾ- ਇਕ ਬ੍ਰਿਧ ਮਾਈ ਕਿਸੇ ਦੇ ਘਰ ਵਿਚ ਜਾ ਕੇ ਚੱਕੀ ਨਾਲ ਦਾਣੇ ਪੀਂਹਦੀ ਹੁੰਦੀ ਸੀ। ਜੋ ਦਾਣਾ ਚੱਕੀ ਤੋਂ ਬਾਹਰ ਡਿੱਗ ਪੈਂਦਾ ਉਸ ਨੂੰ ਚੁਕ ਕੇ ਚੱਬ ਲਿਆ ਕਰੇ। ਇਕ ਦਿਨ ਜਦੋਂ ਦਾਣੇ ਪੀਹ ਕੇ ਵਾਪਸ ਆਪਣੇ ਘਰ ਵੱਲ ਆ ਰਹੀ ਸੀ ਤਾਂ ਰਸਤੇ ਵਿਚ ਵਰਖਾ ਹੋਣ ਕਰ ਕੇ ਗਲੀਆਂ ਵਿਚ ਬਹੁਤ ਚਿੱਕੜ ਹੋ ਗਿਆ ਸੀ, ਜਿਸ ਕਰ ਕੇ ਇਸ ਦਾ ਪੈਰ ਤਿਲ੍ਹਕ ਗਿਆ ਤੇ ਇਹ ਡਿਗ ਪਈ। ਡਿੱਗਣ ਕਰ ਕੇ ਸਾਰਾ ਆਟਾ ਵੀ ਚਿੱਕੜ ਵਿਚ ਮਿਲ ਗਿਆ। ਉਹ ਮਾਈ ਮੁਰਝਾਏ ਮੂੰਹ ਨਾਲ ਉਥੇ ਹੀ ਸੋਚਾਂ ਵਿਚ ਡੁੱਬੀ ਬੈਠੀ ਸੀ ਇਤਨੇ

*ਇਹ ਸਲੋਕ ਵੀ ਰਾਮਕਲੀ ਦੀ ਦੂਜੀ ਵਾਰ ਪੰਨਾ ੯੬੫ ਪਰ ਗੁਰੂ ਸਾਹਿਬਾਂ ਨੇ ਅੰਕਿਤ ਕੀਤਾ ਹੈ ।

ਨੂੰ ਕਬੀਰ ਜੀ ਵੀ ਸੈਰ ਕਰਦੇ ਹੋਏ ਉਧਰੋਂ ਦੀ ਲੰਘੇ। ਮਾਈ ਨੂੰ ਚਿੰਤਾਤੁਰ ਵੇਖ ਕੇ ਉਸ ਤੋਂ ਉਦਾਸੀ ਦਾ ਕਾਰਨ ਪੁਛਿਆ। ਕਬੀਰ ਜੀ ਦੇ ਪੁਛਣ 'ਤੇ ਉਸ ਨੇ ਸਾਰੀ ਗੱਲ ਕਹਿ ਕੇ ਸੁਣਾਈ।

ਹੁਣ ਕਬੀਰ ਜੀ ਇਸ ਸਲੋਕ ਦੁਆਰਾ ਉਸੇ ਗੱਲ ਨੂੰ ਕਥਨ ਕਰਦੇ ਹੋਏ ਉਪਦੇਸ਼ ਦੇਣਾ ਕਰਦੇ ਹਨ-

ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ॥

ਕਬੀਰ ਜੀ ਕਥਨ ਕਰਦੇ ਹਨ- ਚਿੱਕੜ ਵਿਚ ਆਟੇ ਦੇ ਡਿੱਗ ਜਾਣ ਕਰ ਕੇ ਇਸ ਮਾਈ ਦੇ ਕੁਝ ਵੀ ਹੱਥ ਨਹੀਂ ਆਇਆ ਪਰ ਜੋ ਇਸ ਨੇ-

ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ॥ ੨੧੫॥

ਦਾਣੇ ਪੀਂਹਦਿਆਂ-ਪੀਂਹਦਿਆਂ ਬਾਹਰ ਡਿੱਗਾ ਦਾਣਾ ਚਾਬਿਆ= ਖਾ ਲਿਆ ਸੀ, ਸੋਈ= ਓਹੀ ਦਾਣਾ ਇਸ ਦੇ ਨਾਲ ਨਿਬਹਿਆ, ਭਾਵ ਸਕਾਰਥਾ ਹੋਇਆ।

ਇਸੇ ਪ੍ਰਕਾਰ ਦ੍ਰਿਸ਼ਟਾਂਤ ਦੇ ਕੇ ਭਗਤ ਕਬੀਰ ਜੀ ਕਥਨ ਕਰਦੇ ਹਨ-

ਸਵਾਸਾਂ ਰੂਪ ਆਟਾ ਮੋਹ ਰੂਪ ਚਿੱਕੜ ਵਿਚ ਡਿੱਗ ਪਿਆ ਹੈ। ਭਾਵ ਸਾਰੇ ਸਵਾਸ ਸਬੰਧੀਆਂ ਦੇ ਮੋਹ ਵਿਚ ਹੀ ਖਰਚੇ ਗਏ ਹਨ। ਇਸ ਕਰ ਕੇ ਇਸ ਦੇ ਹੱਥ ਕੁਝ ਵੀ ਨਾ ਆਇਆ। ਭਾਵ ਕੋਈ ਸਵਾਸ ਸਫਲਾ ਨਾ ਹੋਇਆ ਅਤੇ ਪੀਸਤ ਪੀਸਤ = ਸਬੰਧੀਆਂ ਦੇ ਮੋਹ ਵਿਚ ਲਗਦਿਆਂ ਹੋਇਆਂ ਜੋ ਸਵਾਸ ਪਰਮੇਸ਼ਰ ਨਮਿੱਤ ਲਗਾ ਦਿਤੇ ਹਨ ਓਹੀ ਸਵਾਸ ਇਸ ਦੇ ਨਾਲ ਨਿਭੇ, ਭਾਵ ਸਫਲੇ ਹੋਏ ਹਨ।

ਅਥਵਾ- ਪਦਾਰਥਾਂ ਰੂਪੀ ਆਟਾ ਵਿਸ਼ਿਆਂ ਰੂਪ ਚਿੱਕੜ ਵਿਚ ਡਿੱਗ ਪਿਆ, ਇਸ ਕਰ ਕੇ ਕੁਝ ਵੀ ਇਸ ਦੇ ਹੱਥ ਨਾ ਆਇਆ । ਭਾਵ ਕੋਈ ਪਦਾਰਥ ਸਫਲ ਨਾ ਹੋਇਆ।

ਪੀਸਤ ਪੀਸਤ= ਵਿਸ਼ੇ-ਵਿਕਾਰਾਂ ਵੱਲ ਪਦਾਰਥਾਂ ਨੂੰ ਖਰਚ ਕਰਦਿਆਂ ਹੋਇਆਂ ਜੋ ਪਦਾਰਥ ਪਰਮੇਸ਼ਰ ਨਮਿੱਤ ਲਗਾਇਆ, ਓਹੀ ਪਦਾਰਥ ਇਸ ਦੇ ਨਾਲ ਨਿਭਿਆ। ਭਾਵ ਓਹੀ ਸਫਲਾ ਹੋਇਆ॥ ੨੧੫॥

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥

ਕਬੀਰ ਜੀ ਕਥਨ ਕਰਦੇ ਹਨ—ਕਿ ਜਿਸ ਕਰਮ ਕਰ ਕੇ ਦੁੱਖ ਅਤੇ ਜਿਸ ਕਰਮ ਕਰ ਕੇ ਸੁਖ ਦੀ ਪ੍ਰਾਪਤੀ ਹੋਣੀ ਹੈ, ਇਤਿਆਦਿਕ ਚੰਗੇ ਬੁਰੇ ਕਰਮਾਂ ਨੂੰ ਮਨ ਜਾਣਦਾ ਤਾਂ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਜਾਣਦਾ ਹੋਇਆ ਵੀ ਅਉਗੁਣਾਂ ਨੂੰ ਕਰਦਾ ਹੈ।

ਯਥਾ- ਜਾਨਿ ਬੂਝਿ ਕੈ ਬਾਵਰੇ ਤੈ ਕਾਜੁ ਬਿਗਾਰਿਓ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥ ੨॥

(ਤਿਲੰਗ ਮਹਲਾ ੯, ਪੰਨਾ ੭੨੭)

ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ ੨੧੬॥

ਉਸ ਮਨੁੱਖ ਨੂੰ ਕੁਸਲਾਤ = ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ, ਜੋ ਆਪਣੇ ਹੱਥ ਵਿੱਚ ਦੀਵਾ ਫੜ ਕੇ ਵੀ ਕੂਏ= ਖੂਹ ਵਿਚ ਡਿੱਗ ਪਏ।

ਇਸੇ ਤਰ੍ਹਾਂ ਜੋ ਵੇਦ ਸ਼ਾਸਤ੍ਰਾਂ ਰੂਪ ਦੀਵੇ ਨੂੰ ਮਨ ਰੂਪ ਹੱਥ ਵਿਚ ਫੜ ਕੇ ਭਾਵ ਸ਼ਾਸਤ੍ਰ ਗਿਆਤਾ ਹੋ ਕੇ ਵੀ ਸੰਸਾਰ ਵਾ:- ਮੋਹ ਰੂਪ ਕੂਏ = ਖੂਹ ਵਿਚ ਡਿੱਗ ਪੈਂਦਾ ਹੈ, ਦੱਸੋ! ਉਸ ਨੂੰ ਕੁਸਲਾਤ= ਆਤਮ ਸੁਖ ਦੀ

ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਭਾਵ ਨਹੀਂ ਹੋ ਸਕਦੀ ॥੨੧੬॥

ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥

ਕਬੀਰ ਜੀ ਕਥਨ ਕਰਦੇ ਹਨ—ਕਿ ਮੇਰੀ ਉਸ ਸੁਜਾਨ= ਪ੍ਰਭੂ ਨਾਲ ਪ੍ਰੀਤੀ ਲੱਗ ਰਹੀ ਹੈ, ਪਰ ਅਜਾਨੁ = ਅਗਿਆਤ ਬੁੱਧੀ ਵਾਲੇ ਲੋਕ ਉਸ ਤਰਫੋਂ ਮੈਨੂੰ ਬਰਜੈ= ਹਟਾਉਂਦੇ ਹਨ।

ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥ ੨੧੭॥

ਉਸ ਪ੍ਰਭੂ ਨਾਲੋਂ ਮੇਰੀ ਪ੍ਰੀਤੀ ਟੁੱਟਣੀ ਕਿਵੇਂ ਬਣ ਸਕਦੀ ਹੈ, ਜਿਸ ਪਰਮਾਤਮਾ ਨੇ ਜੀਵ ਨੂੰ ਪ੍ਰਾਣ ਆਦਿਕ ਸਾਰੇ ਪਦਾਰਥ ਦਿਤੇ ਹੋਏ ਹਨ॥ ੨੧੭॥

ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥

ਕਬੀਰ ਜੀ ਕਥਨ ਕਰਦੇ ਹਨ—ਕੱਚੇ ਕੋਠਿਆਂ ਨੂੰ ਅਤੇ ਪੱਕੇ ਮੰਡਪ= ਮੰਦਰਾਂ ਨੂੰ ਹੇਤੁ= ਪ੍ਰੇਮ ਕਰ ਕੇ ਕਿਸ ਲਈ ਸਵਾਰ-ਸਵਾਰ ਕੇ ਮਰਦੇ ਹੋ ।

ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥ ੨੧੮॥

ਅੰਤ ਨੂੰ ਤਾਂ ਸਾਢੇ ਤਿੰਨ ਹੱਥ ਜ਼ਮੀਨ ਤੇਰੇ ਕਾਰਜੁ = ਕੰਮ ਆਉਣੀ ਹੈ, ਜੇ ਕੋਈ ਬਹੁਤਾ ਪਸਰ ਜਾਵੇ ਤਾਂ ਉਸ ਵਾਸਤੇ ਘਨੀ= ਬਹੁਤੀ ਜ਼ਮੀਨ ਪੌਣੇ ਚਾਰ ਹੱਥ ਹੋ ਜਾਵੇਗੀ ॥ ੨੧੮॥

ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥

ਕਬੀਰ ਜੀ ਕਥਨ ਕਰਦੇ ਹਨ— ਜੋ ਮੈਂ ਆਪਣੇ ਚਿਤ ਵਿਚ ਚਿਤਵਦਾ ਹਾਂ ਉਹ ਕੁਝ ਵਾਹਿਗੁਰੂ ਨਹੀਂ ਕਰਦਾ (ਇਸ ਕਰ ਕੇ ਮੈਂ ਨਿਸਚੇ ਕੀਤਾ ਹੈ, ਕਿ) ਮੇਰੇ ਚਿਤਵਣੇ ਨਾਲ ਕੀ ਹੋ ਸਕਦਾ ਹੈ? ਭਾਵ ਕੁਝ ਨਹੀਂ ਹੁੰਦਾ। ਕਿਉਂਕਿ-

ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥ ੨੧੯॥

ਪ੍ਰਭੂ ਅਕਾਲ ਪੁਰਖ ਆਪਣਾ ਹੀ ਚਿਤਵਿਆ ਹੋਇਆ ਸੰਕਲਪ ਪੂਰਾ ਕਰਦਾ ਹੈ, ਜੋ ਸੁਪਨੇ ਮਾਤ੍ਰ ਵੀ ਮੇਰੇ ਚਿਤ ਚੇਤੇ ਨਹੀਂ ਹੁੰਦਾ॥੨੧੯॥

ਯਥਾ- ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ॥
ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ॥੨॥

(ਬਿਲਾਵਲੁ ਮਹਲਾ ੪, ਪੰਨਾ ੮੦੦)

ਇਹ ਸਲੋਕ ਸੁਣ ਕੇ ਸਿੱਖਾਂ ਨੇ ਪੰਚਮ ਪਾਤਿਸ਼ਾਹ ਜੀ ਅੱਗੇ ਬੇਨਤੀ ਕੀਤੀ "ਕਬੀਰ ਜੀ ਨੇ ਜੋ ਕੁਝ ਕਿਹਾ ਹੈ, ਉਹ ਠੀਕ ਹੈ ਜਾਂ ਨਹੀਂ?"

ਤਾਂ ਸਤਿਗੁਰਾਂ ਨੇ ਕਿਹਾ ਕਿ ਇਸ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਇਉਂ ਲਿਖਿਆ ਹੈ—

ਮਃ ੩ ॥ ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ॥

ਉਹ ਪ੍ਰਭੂ-ਪਰਮਾਤਮਾ ਜੀਵਾਂ ਦੇ ਹਿਰਦੇ ਵਿਚ ਚਿੰਤਾ ਵੀ ਆਪ ਕਰਾਉਂਦਾ ਹੈ ਅਤੇ ਜੀਵਾਂ ਨੂੰ ਅਚਿੰਤਤਾਈ ਵੀ ਆਪ ਹੀ ਦੇਣਾ ਕਰਦਾ ਹੈ। ਭਾਵ ਉਹ ਪਰਮਾਤਮਾ ਆਪ ਹੀ ਸਭ ਕੁਝ ਕਰਦਾ

ਕਰਾਉਂਦਾ ਹੈ।

ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ॥ ੨੨੦॥

ਸ੍ਰੀ ਗੁਰੂ ਅਮਰਦਾਸ ਜੀ ਕਥਨ ਕਰਦੇ ਹਨ— ਕਿ ਜੀਵ ਨੂੰ ਚਾਹੀਦਾ ਹੈ ਜੋ ਪ੍ਰਭੂ ਸਭੋਨਾਂ ਦੀ (ਸਾਰ) ਸੰਭਾਲ ਕਰਦਾ ਹੈ, ਉਸ ਵਾਹਿਗੁਰੂ ਨੂੰ ਸਲਾਹਣਾ ਕਰੇ॥੨੨੦॥

ਪੰਚਮ ਪਾਤਿਸ਼ਾਹ ਜੀ ਪ੍ਰਸੰਨਤਾ ਵਿਚ ਆ ਕੇ ਕਬੀਰ ਜੀ ਨੂੰ ਹੋਰ ਸਿਰੋਪਾ ਦਿੰਦੇ ਹੋਏ ਕਥਨ ਕਰਦੇ ਹਨ-

ਮਃ ੫॥ ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ॥

ਕਬੀਰ ਜੀ ਕਥਨ ਕਰਦੇ ਹਨ- ਜਿਸ ਨੇ ਰਾਮ ਨਾਮ ਨੂੰ ਜਪਿਆ ਨਹੀਂ ਹੈ ਅਤੇ ਪਦਾਰਥਾਂ ਦੇ ਲਾਲਚ ਵਿਚ ਹੀ ਫਿਰਦਾ ਰਿਹਾ ਹੈ।

ਪਾਪ ਕਰੰਤਾ ਮਰ�ि ਗਇਆ ਅਉਧ ਪੁਨੀ ਖਿਨ ਮਾਹਿ॥ ੨੨੧॥

ਉਹ ਪੁਰਸ਼ ਪਾਪ ਕਰਮ ਕਰਦਾ ਹੀ ਮਰ ਗਿਆ ਕਿਉਂਕਿ ਪਾਪ ਕਰਮਾਂ ਕਰ ਕੇ ਉਸ ਦੀ ਅਉਧ= ਉਮਰ ਇਕ ਖਿਨ ਵਿਚ (ਜਲਦੀ ਹੀ) ਪੁਨੀ= ਪੂਰੀ ਹੋ ਗਈ॥੨੨੧॥

ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ॥

ਕਬੀਰ ਜੀ ਕਥਨ ਕਰਦੇ ਹਨ— ਇਹ ਕਾਇਆ= ਦੇਹ ਕਾਚੀ ਕਾਰਵੀ= ਮਿੱਟੀ ਦੀ ਮਟਕੀ ਨਯਾਈਂ ਕੱਚੀ ਹੈ, ਕਿਉਂਕਿ ਕੇਵਲ= ਫਕਤ (ਨਰੋਲ) ਮਾਤਾ ਪਿਤਾ ਦੀ ਰਕਤਬਿੰਦ ਰੂਪ ਕੱਚੀ ਧਾਤ ਤੋਂ ਪੈਦਾ ਹੋਈ ਹੋਈ ਹੈ। *ਅਥਵਾ*— ਇਹ ਦੇਹ ਕੱਚੀ ਧਾਤੂ ਵਾਂਗ ਦੁਖਦਾਈ ਹੈ।

ਅਥਵਾ— ਇਹ ਦੇਹ ਕੇਵਲ ਕੱਚੀ ਹੀ ਹੈ ਕਿਉਂਕਿ ਇਹ ਸੰਸਾਰ ਤੋਂ ਧਾਤੁ= ਧਾਅ ਜਾਣ ਵਾਲੀ ਭਾਵ ਨਾਸ਼ਵੰਤ ਹੈ।

ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ॥ ੨੨੨॥

ਜੇ ਤੂੰ ਇਸ ਦੇਹ ਨੂੰ ਸਾਬਤ ਰਖਿਆ ਭਾਵ ਸਫਲ ਕਰਨਾ ਚਾਹੁੰਦਾ ਹੈਂ ਤਾਂ ਰਾਮਨਾਮ ਦਾ ਸਿਮਰਨ ਕਰ! ਜੇ ਕਰ ਸਿਮਰਨ ਨਹੀਂ ਕਰੇਂਗਾ ਤਾਂ ਇਹ ਬਾਤ= ਗੱਲ ਤੇਰੇ ਹੱਥੋਂ ਜਾਂਦੀ ਰਹੇਗੀ। ਭਾਵ ਫਿਰ ਮਨੁੱਖਾ ਦੇਹ ਪ੍ਰਾਪਤ ਨਹੀਂ ਹੋਵੇਗੀ।

ਅਥਵਾ- ਇਹ ਮੇਰੀ ਬਾਤ= ਗੱਲ ਚੇਤੇ ਰੱਖ ਕਿ ਜੇ ਤੂੰ ਸਿਮਰਨ ਨਹੀਂ ਕਰੇਂਗਾ ਤਾਂ ਤੇਰੀ ਮਨੁੱਖਾ ਦੇਹ ਬਿਨਠੀ= ਨਿਸਫਲ ਚਲੀ ਜਾਏਗੀ॥ ੨੨੨॥

ਕਬੀਰ ਜੀ ਹਿਤ ਉਪਦੇਸ਼ ਦਿੰਦੇ ਹੋਏ ਕਥਨ ਕਰਦੇ ਹਨ-

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥

ਹੇ ਭਾਈ! ਪ੍ਰਭੂ ਦੇ ਕੇਸੋ ਕੇਸੋ ਆਦਿਕ ਨਾਮਾਂ ਨੂੰ ਕੂਕੀਐ= ਉਚਾਰਨ ਕਰੋ, ਨਾਮ ਨੂੰ ਭੁਲਾ ਕੇ ਅਸਾਰ= ਮਿਥਿਆ ਸੰਸਾਰ ਵਿਚ ਅਸਾਰ= ਬੇ-ਸੰਭਾਲ ਅਰਥਾਤ ਬੇ-ਫਿਕਰ ਹੋ ਕੇ ਨਾ ਸੌਣਾ ਕਰੋ।

ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥ ੨੨੩॥

ਲਗਾਤਾਰ ਰਾਤ ਦਿਨ ਕੂਕਨੇ= ਬੇਨਤੀਆਂ ਕਰਨ ਕਰ ਕੇ ਉਹ ਪਰਮਾਤਮਾ ਕਦੀ ਨਾ ਕਦੀ ਤਾਂ ਪੁਕਾਰ

ਸੁਣ ਹੀ ਲਏਗਾ॥੨੨੩॥

ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ॥

ਕਬੀਰ ਜੀ ਕਥਨ ਕਰਦੇ ਹਨ-ਇਹ ਕਾਇਆ= ਦੇਹ ਕਜਲੀ ਬਨੁ ਭਇਆ= ਕੇਲਿਆਂ ਦਾ ਜੰਗਲ ਹੋ ਰਿਹਾ ਹੈ। ਜਿਵੇਂ ਪ੍ਰਤੱਖ ਕੇਲਿਆਂ ਦੇ ਜੰਗਲ ਵਿਚ ਹਾਥੀ ਵੜ ਕੇ ਸਾਰਿਆਂ ਕੇਲਿਆਂ ਨੂੰ ਚੂਰ ਕਰ ਦਿੰਦਾ ਹੈ, ਤਿਵੇਂ ਹੀ ਮਨ ਰੂਪੀ ਹਾਥੀ ਇਸ ਦੇਹ ਰੂਪ ਕੇਲਿਆਂ ਦੇ ਬਾਗ ਨੂੰ ਨਾਸ ਕਰ ਰਿਹਾ ਹੈ। ਕਿਉਂਕਿ ਮਨੁ ਕੁੰਚਰੁ= ਮਨ ਰੂਪੀ ਹਾਥੀ ਪ੍ਰਤੱਖ, ਵਾ:-ਹੰਕਾਰ, ਵਾ:-ਮਮਤਾ ਰੂਪ ਮਯ= ਸ਼ਰਾਬ ਨੂੰ ਪੀ ਕੇ ਮੰਤੁ= ਮਸਤ ਹੋ ਰਿਹਾ ਹੈ। ਇਸ ਮਨ ਰੂਪ ਹਾਥੀ ਦੇ ਵਸੀਕਾਰ ਕਰਨ ਵਾਸਤੇ-

ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ॥੨੨੪॥

ਰਤਨ ਰੂਪ ਸ੍ਰੀ ਸਰੂਪ ਦਾ ਗਿਆਨ ਹੀ ਅੰਕਸੁ= ਕੁੰਡਾ ਹੈ, ਪਰ ਉਸ ਗਿਆਨ ਰੂਪ ਕੁੰਡੇ ਦੇ ਮਾਰਨ ਵਾਲਾ ਕੋਈ ਵਿਰਲਾ ਹੀ ਸੰਤੁ ਖੇਵਟੁ= ਮਹਾਵਤ ਹੈ॥ ੨੨੪॥

ਉਥਾਨਕਾ- ਕੋਈ ਸਾਧੂ ਅਨ-ਅਧਿਕਾਰੀ ਨੂੰ ਉਪਦੇਸ਼ ਦੇ ਰਿਹਾ ਸੀ, ਉਸ ਪ੍ਰਤੀ ਸਲੋਕ ਉਚਾਰਦੇ ਹਨ-

ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥

ਕਬੀਰ ਜੀ ਕਥਨ ਕਰਦੇ ਹਨ ਕਿ ਰਤਨ ਰੂਪ ਜੋ ਪ੍ਰਭੂ ਦਾ ਨਾਮ ਹੈ, ਇਸ ਨੂੰ ਤੂੰ ਆਪਣੀ ਮੁਖ ਰੂਪ ਕੋਥ੍ਰੀ= ਗੁਥਲੀ ਵਿਚ ਹੀ ਟਿਕਿਆ ਰਹਿਣ ਦੇ।

ਜੇਕਰ ਤੂੰ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਚਾਹੁੰਦਾ ਵੀ ਹੈਂ ਤਾਂ ਕਿਸੇ ਪਾਰਖ= ਪਰਖਣ ਵਾਲੇ ਭਾਵ ਅਧਿਕਾਰੀ ਦੇ ਅੱਗੇ ਆਪਣੀ ਮੁਖ ਰੂਪ ਗੁੱਥੀ ਨੂੰ ਖੋਲ੍ਹਣਾ ਕਰ।

ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥੨੨੫॥

ਜਿਸ ਵੇਲੇ ਕੋਈ ਸ੍ਰੇਸ਼ਟ ਗਾਹਕ ਜਗਿਆਸੂ ਇਸ ਸੌਦੇ ਦੇ ਖਰੀਦਣ ਵਾਲਾ ਆ ਕੇ ਮਿਲੇਗਾ ਤਾਂ ਉਹ ਤਨ, ਮਨ, ਧਨ (ਸਰਬੰਸ) ਦੇ ਅਰਪਣ ਰੂਪ ਮਹਿੰਗਾ ਮੁੱਲ ਦੇ ਕੇ ਲੈ ਲਵੇਗਾ॥ ੨੨੫॥

ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ॥

ਕਬੀਰ ਜੀ ਕਥਨ ਕਰਦੇ ਹਨ ਕਿ ਇਸ ਪ੍ਰਮਾਦੀ ਜੀਵ ਨੇ ਰਾਮ ਨਾਮ ਦਾ ਚਿੰਤਨ ਕਰਨਾ ਜਾਣਿਆਂ ਨਹੀਂ ਪਰ ਮੋਹ ਕਰ ਕੇ ਆਪਣੇ ਕਟਕੁ= ਸਮੂੰਹ ਕੁਟੰਬੁ= ਪ੍ਰਵਾਰ ਨੂੰ ਹੀ ਪਾਲਦਾ ਰਿਹਾ।

ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ॥੨੨੬॥

ਧੰਧਿਆਂ ਵਿਚ ਹੀ ਸਾਰੀ ਉਮਰਾ ਬਿਤਾ ਕੇ ਅੰਤ ਨੂੰ ਮਰ ਗਿਆ, ਮਰਨ ਸਮੇਂ ਬਾਹਰ ਬੰਬ= ਬਾਹਰ ਬਾਣੀ ਪ੍ਰਗਟ ਨ ਹੋਈ। ਭਾਵ ਅੰਤ ਸਮੇਂ ਜ਼ਬਾਨ ਬੰਦ ਹੋ ਗਈ।

ਅਥਵਾ- ਮਰਨ ਤੋਂ ਬਾਅਦ ਸੰਸਾਰ ਵਿਚ ਜਸ ਰੂਪ ਬੰਬ= ਨਗਾਰੇ ਦੀ ਚੋਟ ਪ੍ਰਗਟ ਨਾ ਹੋਈ॥੨੨੬॥

ਕਬੀਰ ਆਖੀ ਕੇਰੇ ਮਾਟ੍ਰਕੇ ਪਲੁ ਪਲੁ ਗਈ ਬਿਹਾਇ॥

ਕਬੀਰ ਜੀ ਕਥਨ ਕਰਦੇ ਹਨ— ਆਖੀ ਕੇਰੇ= ਅਖੀਆਂ ਦੇ ਮਾਟ੍ਰਕੇ= ਖੋਲ੍ਹਣ ਮੀਚਣ ਵਿਚ ਹੀ ਪਲ-ਪਲ ਦੀ ਸੰਗਿਆ ਕਰ ਕੇ ਇਸ ਦੀ ਸਾਰੀ ਉਮਰਾ ਨਿਸਫਲ ਬਿਹਾਇ= ਬਤੀਤ ਹੋ ਗਈ।

ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ॥੨੨੭॥

ਪਰ ਚੰਚਲ ਮਨ ਅਜੇ ਵੀ ਜੰਜਾਲੁ= ਧੰਧਿਆਂ ਨੂੰ ਛਡਦਾ ਨਹੀਂ ਹੈ, ਅੰਤ ਨੂੰ ਜਮਾਂ ਨੇ ਮੌਤ ਦਾ ਨਗਾਰਾ ਆ ਕੇ ਖੜਕਾ ਹੀ ਦਿੱਤਾ॥ ੨੨੭॥

ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥

ਕਬੀਰ ਜੀ ਕਥਨ ਕਰਦੇ ਹਨ— ਕਿ ਵੈਰਾਗ ਰੂਪੀ ਇਕ ਤਰਵਰ= ਬ੍ਰਿਛ ਹੈ, ਜਿਸ ਨੂੰ ਰਾਮ ਰੂਪੀ ਫਲ ਲੱਗਾ ਹੋਇਆ ਹੈ।

ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ॥੨੨੮॥

ਸ਼ਾਂਤੀ ਸੰਯੁਕਤ ਜੋ ਸ਼ਾਧ ਹੈ, ਇਹ ਉਸ ਦਰੱਖਤ ਦੀ ਛਾਂ ਹੈ ਪਰ ਸਾਧ ਉਹ ਲੈਣੇ ਜਿਹਨਾਂ ਸੰਤਾਂ ਨੇ ਬਾਦੁ= ਆਪਣੇ ਮੱਤ ਦਾ ਮੰਡਨ ਤੇ ਬਿਬਾਦੁ= ਪਰ ਮੱਤ ਦਾ ਖੰਡਨ ਕਰਨਾ ਤਿਆਗਿਆ ਹੈ।

ਅਥਵਾ- ਜਿਨ੍ਹਾਂ ਨੇ ਬਾਦੁ= ਵਿਅਰਥ ਬਿਬਾਦੁ= ਝਗੜਿਆਂ ਨੂੰ ਤਿਆਗਿਆ ਹੈ, ਉਹ ਸੰਤ ਉਸ ਬ੍ਰਿਛ ਦੀ ਛਾਂ ਰੂਪ ਹਨ॥ ੨੨੮॥

ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ॥

ਕਬੀਰ ਜੀ ਕਥਨ ਕਰਦੇ ਹਨ- ਹੇ ਭਾਈ! ਐਸਾ ਬੀਜ ਬੋਇ= ਬੀਜਣਾ ਕਰ, ਜੋ ਬਾਰਾਂ ਮਹੀਨੇ ਫਲਦਾ ਰਹੇ।

ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ॥੨੨੯॥

ਜਿਸ ਦੀ ਸੀਤਲ= ਠੰਢੀ ਛਾਇਆ= ਛਾਂ ਹੋਵੇ ਅਤੇ ਬੜੇ ਬੜੇ ਸੋਹਣੇ ਫਲ ਹੋਣ, ਜਿਨ੍ਹਾਂ ਫਲਾਂ ਨੂੰ ਦੇਖ ਕੇ ਪੰਛੀ ਖੁਸ਼ੀਆਂ ਕਰਨ॥ ੨੨੯॥ *ਅਥਵਾ-*

ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ॥

ਕਬੀਰ ਜੀ ਕਥਨ ਕਰਦੇ ਹਨ— ਕਿ ਹੇ ਭਾਈ! ਐਸਾ ਨਾਮ ਰੂਪੀ ਬੀਜ ਬੋਵਣਾ ਕਰ, ਜੋ ਬਾਰਾਂ ਮਹੀਨੇ ਫਲਦਾ ਰਹੇ। ਭਾਵ ਜੋ ਦਸ ਇੰਦਰੀਆਂ ਤੇ ਮਨ ਬੁੱਧੀ ਨੂੰ ਸੁਖ ਦਿੰਦਾ ਰਹੇ।

ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ॥੨੨੯॥

ਜਿਸ ਨਾਮ ਰੂਪ ਬੀਜ ਕਰ ਕੇ ਅੰਤਹ ਕਰਨ ਨੂੰ ਸੀਤਲ ਕਰਨ ਵਾਲੀ ਸ਼ਾਂਤੀ ਰੂਪ ਛਾਂ ਤੇ ਗਹਿਰ= ਗੰਭੀਰ ਪਰਮਾਤਮਾ ਦਾ ਗਿਆਨ ਰੂਪੀ ਫਲ ਲੱਗੇ।

*ਅਥਵਾ-*ਜਿਸ ਪਰ ਗਹਿਰ= ਪਰਮਾਤਮਾ ਦੀ ਪ੍ਰਾਪਤੀ ਰੂਪ ਫਲ ਲੱਗੇ ਅਤੇ ਜਿਸ ਨੂੰ ਦੇਖ ਕੇ ਹੋਰ ਵੀ ਸ੍ਰੇਸ਼ਟ ਜਗਿਆਸੂ ਰੂਪ ਪੰਛੀ ਕੇਲ ਕਰੰਤ= ਖੁਸ਼ੀਆਂ ਭੋਗਣਾ ਕਰਨ

ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ॥

ਕਬੀਰ ਜੀ ਆਖਦੇ ਹਨ- ਉਤਮ ਉਪਦੇਸ਼ ਦੇ ਦੇਣ ਵਾਲੇ ਦਾਤੇ ਜੋ ਸਤਿਗੁਰੂ ਹਨ, ਇਹ ਤਾਂ ਇਕ ਬ੍ਰਿਛ ਹਨ। ਉਹਨਾਂ (ਸਤਿਗੁਰਾਂ) ਵਿਚ ਜੀਵਾਂ ਨੂੰ ਬਖਸ਼ਣ ਵਾਲੀ ਜਿਹੜੀ ਦਇਆ ਹੈ, ਏਹੀ ਸਤਿਗੁਰੂ ਰੂਪ ਬ੍ਰਿਛ ਨੂੰ ਫਲ ਲੱਗਾ ਹੋਇਆ ਹੈ। ਇਸੇ ਕਰ ਕੇ ਸਤਿਗੁਰੂ ਹਰ ਇਕ ਜੀਵੰਤ= ਜੀਵਾਂ ਉਪਰ ਪਰਉਪਕਾਰ

ਕਰਦੇ ਹਨ।

ਅਥਵਾ- ਐਸੇ ਪਰਉਪਕਾਰੀ ਗੁਰੂ ਹਮੇਸ਼ਾਂ ਹੀ ਜੀਵੰਤ= ਜਿਉਂਦੇ ਹਨ।

ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ॥ ੨੩੦॥

ਗੁਰਾਂ ਦੀ ਕਿਰਪਾ ਨਾਲ ਜਗਿਆਸੂ ਰੂਪ ਪੰਛੀ ਦਿਸਾ ਵਰੀ= ਸ੍ਰੇਸ਼ਟ ਪਰਮਾਤਮਾ ਦੀ ਤਰਫ ਚਲਦੇ ਹੋਏ ਇਸ ਪ੍ਰਕਾਰ ਅਸ਼ੀਰਵਾਦਾਂ ਦਿੰਦੇ ਹਨ, ਕਿ ਹੇ ਗੁਰੂ ਸਾਹਿਬ ਰੂਪ ਬ੍ਰਿਛੋ! ਆਪ ਸ੍ਰੇਸ਼ਟ ਫਲਾਂ ਨਾਲ ਫਲਦੇ ਫੁਲਦੇ ਰਹੋ। ਭਾਵ ਜਿਵੇਂ ਦਇਆ ਕਰ ਕੇ ਸਾਨੂੰ ਸੰਸਾਰ ਤੋਂ ਤਾਰਨਾ ਕੀਤਾ ਹੈ, ਤਿਵੇਂ ਹੋਰਨਾਂ ਜਗਿਆਸੂਆਂ ਨੂੰ ਵੀ ਤਾਰਦੇ ਰਹੋ॥ ੨੩੦॥

ਉਥਾਨਕਾ-ਪੂਰਬੋਕਤ ਸਲੋਕ ਦੁਆਰਾ ਸਤਿਗੁਰਾਂ ਦੀ ਮਹਿਮਾਂ ਸੁਣ ਕੇ ਜਗਿਆਸੂ ਨੇ ਬੇਨਤੀ ਕੀਤੀ, ਕਿ ਗੁਰਾਂ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ? ਕਬੀਰ ਜੀ ਨੇ ਕਿਹਾ— "ਸਤਸੰਗਤਿ ਦੁਆਰਾ ਹੁੰਦੀ ਹੈ।"

ਜਗਿਆਸੂ ਨੇ ਫੇਰ ਬੇਨਤੀ ਕੀਤੀ ਕਿ ਸਤਿਸੰਗਤਿ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਉੱਤਰ-*

ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ॥

ਕਬੀਰ ਜੀ ਕਥਨ ਕਰਦੇ ਹਨ— ਕਿ ਜੇ ਲਿਲਾਟ= ਮਸਤਕ ਉਤੇ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੋਇਆ ਹੋਵੇ ਤਾਂ ਸਤਿ ਸੰਗਤਿ ਦੀ ਪ੍ਰਾਪਤੀ ਹੁੰਦੀ ਹੈ।

[ਪੰਨਾ ੧੩੭੭]

ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ॥ ੨੩੧॥

ਸਤਸੰਗਤਿ ਵਿਚੋਂ ਹੀ ਮੁਕਤਿ= ਮੋਖਸ਼ ਰੂਪ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ, ਜਿਸ ਮੁਕਤੀ ਕਰ ਕੇ ਇਸ ਲੋਕ ਵਿਚ ਕਾਮ ਆਦਿਕਾਂ ਰੂਪੀ ਅਵਘਟ ਘਾਟ= ਕਠਿਨ ਰਸਤਿਆਂ ਵਿਚ ਠਾਕ ਨ= ਰੋਕਾ ਨਹੀਂ ਹੁੰਦਾ ਅਤੇ ਪ੍ਰਲੋਕ ਰਸਤੇ ਵਿਚ ਵੈਤਰਣੀ ਨਦੀ, ਅਸਪਤ੍ਰਬਨ ਆਦਿਕਾਂ ਰੂਪੀ ਅਵਘਟ ਘਾਟ= ਕਠਿਨ ਰਸਤਿਆਂ ਵਿਚ ਠਾਕ ਨ= ਰੋਕਾ ਨਹੀਂ ਹੁੰਦਾ।

ਅਥਵਾ- ਜਿਸ ਮੁਕਤੀ ਪਦਾਰਥ ਦੇ ਪਾਉਣ ਕਰ ਕੇ ਅਵਘਟ= ਕਠਿਨ ਘਾਟ= ਸਰੂਪ ਦੀ ਪ੍ਰਾਪਤੀ ਵਿਚ ਠਾਕ ਨ= ਰੋਕਾ ਨਹੀਂ ਹੁੰਦਾ॥ ੨੩੯॥

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥

ਕਬੀਰ ਜੀ ਕਥਨ ਕਰਦੇ ਹਨ— ਇਕ ਘੜੀ ਅਥਵਾ ਅੱਧੀ ਘੜੀ ਚਾਹੇ ਅੱਧੀ ਤੋਂ ਵੀ ਅੱਧੀ ਭਾਵ ਚੌਥਾਈ ਘੜੀ ਸਤਿ ਸੰਗਤ ਜ਼ਰੂਰ ਕੀਤਾ ਕਰੋ। ਕਿਉਂਕਿ-

ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ੨੩੨॥

ਸਤਸੰਗਤਿ ਵਿਚ ਆ ਕੇ ਵਾਹਿਗੁਰੂ ਦੇ ਪਿਆਰੇ ਭਗਤਨ= ਭਗਤਾਂ ਨਾਲ ਜੋ ਪਰਮੇਸ਼ਰ ਸਬੰਧੀ ਬਚਨ ਬਿਲਾਸ ਕਰਨੇ ਹਨ, ਉਹ ਬਚਨ ਲਾਭਦਾਇਕ ਹਨ॥ ੨੩੨॥

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥

ਕਬੀਰ ਜੀ ਕਥਨ ਕਰਦੇ ਹਨ— ਜੋ ਜੋ= ਜਿਹੜੇ ਜਿਹੜੇ ਪ੍ਰਾਣ ਧਾਰੀ ਪੁਰਸ਼ ਭਾਂਗ= ਭੰਗ ਨੂੰ ਤੇ ਸੁਰਾ=

ਸ਼ਰਾਬ ਨੂੰ ਪਾਨਿ= ਪੀਂਦੇ ਹਨ ਅਤੇ ਮਾਛੁਲੀ ਖਾਂਹਿ= ਮੱਛੀ ਦੇ ਮਾਸ ਆਦਿਕਾਂ ਨੂੰ ਖਾਂਦੇ ਹਨ।

ਅਥਵਾ- ਜੋ ਜੋ ਪ੍ਰਾਣ ਧਾਰੀ ਪੁਰਸ਼ ਮੱਛੀ ਦੇ ਭਾਂਗ= ਮਾਸ ਨੂੰ ਖਾਂਦੇ ਹਨ।

ਨੋਟ- ਕੁਕੜ ਦੇ ਮਾਸ ਨੂੰ ਵੀ ਭਾਂਗ ਕਹਿੰਦੇ ਹਨ, ਇਸ ਲਈ ਜੋ ਪੁਰਸ਼ ਕੁੱਕੜ ਤੇ ਮੱਛੀ ਆਦਿਕਾਂ ਦੇ ਮਾਸ ਨੂੰ ਖਾਂਦੇ ਤੇ ਸ਼ਰਾਬ ਪੀਂਦੇ ਹਨ ਅਤੇ ਪਾਨਿ= ਪਾਨਾ ਸੁਪਾਰੀ ਆਦਿਕਾਂ ਨੂੰ ਖਾਂਦੇ ਹਨ।

ਨੋਟ- ਮਰਹਟੀਏ (ਮਹਾਂ ਰਾਸ਼ਟਰ ਨਿਵਾਸੀ) ਲੋਕ ਤਮਾਕੂ ਦੇ ਸੁੱਕੇ ਪੱਤੇ ਨੂੰ ਵੀ ਭਾਂਗ ਆਖਦੇ ਹਨ, ਜੋ ਹੱਥ ਦੀ ਤਲੀ ਤੇ ਤਮਾਕੂ ਦੇ ਸੁੱਕੇ ਪੱਤੇ ਨੂੰ ਮਲ ਕੇ ਮੂੰਹ ਵਿਚ ਪਾ ਲੈਂਦੇ ਹਨ।

ਜਿਵੇਂ ਸੰਨਿਆਸੀ ਲੋਕ ਤਮਾਕੂ ਦੇ ਸੁੱਕੇ ਪੱਤੇ ਨੂੰ ਹੱਥ ਦੀ ਤਲੀ 'ਤੇ ਮਲ ਕੇ ਮੂੰਹ ਵਿਚ ਪਾ ਕੇ ਖਾਂਦੇ ਰਹਿੰਦੇ ਹਨ। ਇਤਿਆਦਿਕ ਤਮਾਮ ਨਸ਼ਿਆਂ ਵਾਲੀਆਂ ਚੀਜ਼ਾਂ ਨੂੰ ਜੋ ਖਾਣ ਪੀਣ ਵਾਲੇ ਮਨੁੱਖ ਹਨ। ਉਹਨਾਂ ਦੇ-

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ ੨੩੩॥

ਤੀਰਥਾਂ 'ਤੇ ਇਸ਼ਨਾਨ ਕੀਤੇ ਹੋਏ, ਇਕਾਦਸੀ ਜਨਮ ਅਸ਼ਟਮੀ ਆਦਿ ਵਰਤ ਰੱਖੇ ਅਤੇ ਨੇਮ ਕੀਏ= ਕੀਤੇ ਹੋਏ ਸਭੈ= ਸਾਰੇ ਦੇ ਸਾਰੇ ਰਸਾਤਲਿ= ਨਿਸਫਲ ਚਲੇ ਜਾਂਦੇ ਹਨ।

ਅਥਵਾ- ਜਿਸ ਤਰ੍ਹਾਂ ਕੱਲਰ ਵਾਲੀ ਜ਼ਮੀਨ ਵਿਚ ਬੀਜ ਪਾਇਆ ਹੋਇਆ ਰਸਾਤਲਿ= ਨਿਸਫਲ ਚਲਾ ਜਾਂਦਾ ਹੈ, ਇਸੇ ਤਰ੍ਹਾਂ ਉਹਨਾਂ ਦੇ ਕੀਤੇ ਹੋਏ ਸਾਧਨ ਸਾਰੇ ਨਿਸਫਲ ਚਲੇ ਜਾਂਦੇ ਹਨ॥੨੩੩॥

ਅਥਵਾ- ਪਰਮਾਤਮਾ ਦੇ ਭਜਨ ਸਿਮਰਨ ਵਿਚ ਭਾਂਗ= ਵਿਘਨ ਪਾਉਣ ਵਾਲੀ ਜੋ ਮਾਛੁਲੀ= ਛਲ ਰੂਪ ਮਾਇਆ ਹੈ, ਜਿਸ ਨੇ ਸੁਰਾ ਪਾਨਿ= ਦੇਵਤਿਆਂ ਤੇ ਦੈਂਤਾਂ ਨੂੰ ਪਾਨ ਭਾਵ ਦਬਾਉਣਾ ਕੀਤਾ ਹੈ, ਉਸ ਮਾਇਆ ਦੀ ਇੱਛਾ ਨੂੰ ਜਿਹੜੇ ਜਿਹੜੇ ਪ੍ਰਾਣੀ ਖਾਂਹਿ= ਧਾਰਦੇ ਹਨ। ਉਹਨਾਂ ਪੁਰਸ਼ਾਂ ਦੇ ਤੀਰਥ, ਵਰਤ, ਨੇਮ ਆਦਿਕ ਕੀਤੇ ਹੋਏ ਸਾਧਨ ਸਭੈ= ਸਾਰੇ ਦੇ ਸਾਰੇ ਰਸਾਤਲਿ= ਨਿਸਫਲ ਚਲੇ ਜਾਂਦੇ ਹਨ॥੨੩੩॥

*ਅਥਵਾ-*ਮਾਛੁਲੀ= ਛਲ ਰੂਪ ਜੋ ਮਾਇਆ ਹੈ, ਸੁਰਾ ਪਾਨਿ ਭਾਂਗ= ਜੋ ਦੇਵਤਿਆਂ ਦੇ ਹੱਥੋਂ ਵੀ ਭੱਜ ਗਈ ਹੈ।

ਜੋ ਜੋ ਪ੍ਰਾਨੀ ਖਾਂਹਿ= ਜਿਹੜੇ ਜਿਹੜੇ ਪੁਰਸ਼ ਕੁਸੰਗਤ ਵਿਚ ਬੈਠ ਕੇ ਉਸ ਮਾਇਆ ਰਚਿਤ ਪਦਾਰਥਾਂ ਨੂੰ ਖਾਂਦੇ ਰਹਿੰਦੇ ਹਨ, ਉਹਨਾਂ ਪੁਰਸ਼ਾਂ ਦੇ ਤੀਰਥ, ਬਰਤ= ਵਰਤ ਅਤੇ ਹਠ ਯੋਗ ਦੇ ਯਮ, ਨਿਯਮ ਆਦਿਕ ਸਾਧਨ ਕੀਤੇ ਹੋਏ ਸਭ ਨਿਸਫਲ ਚਲੇ ਜਾਂਦੇ ਹਨ॥ ੨੩੩॥

ਨੋਟ-ਏਮਨਾਬਾਦ ਦੀ ਲੜਾਈ ਤੋਂ ਪਿਛੋਂ ਜਿਸ ਵੇਲੇ ਬਾਬਰ ਨੇ ਭੰਗ ਦੀਆਂ ਸੱਤ ਮੁੱਠਾਂ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਰੱਖ ਕੇ ਕਿਹਾ ਸੀ ਕਿ ਆਪ ਭੰਗ ਛਕੋ।

ਹਜ਼ੂਰ ਨੇ ਕਿਹਾ- ਹੇ ਬਾਬਰ ! ਭੰਗ ਤਾਂ ਅਸੀਂ ਅੱਗੇ ਹੀ ਪੀ ਰਹੇ ਹਾਂ।

ਬਾਬਰ ਨੇ ਕਿਹਾ- ਆਪ ਕਿਹੜੀ ਭੰਗ ਪੀਂਦੇ ਹੋ? ਆਪ ਜੀ ਨੂੰ ਭੰਗ ਪੀਂਦਿਆਂ ਕਦੀ ਦੇਖਿਆ ਤਾਂ ਨਹੀਂ?

ਗੁਰੂ ਸਾਹਿਬ ਜੀ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਬਚਨ ਉਚਾਰ ਕੇ ਅੰਤ੍ਰੀਵ ਭੰਗ ਪੀਣ ਦਾ ਨਿਸਚਾ ਕਰਵਾਇਆ:-

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥

(ਤਿਲੰਗ ਮਹਲਾ ੧, ਪੰਨਾ ੭੨੧)

ਇਸੇ ਭਾਵ ਦੇ ਅਨੁਸਾਰ ਅੰਤ੍ਰੀਵ ਅਰਥ—

ਕਬੀਰ ਜੀ ਕਥਨ ਕਰਦੇ ਹਨ- ਜਿਨ੍ਹਾਂ ਨੇ ਪਰਮਾਤਮਾ ਦੇ ਭਉ ਰੂਪੀ ਭੰਗ ਨੂੰ ਖਾਣਾ ਕੀਤਾ ਹੈ ਅਤੇ ਮਾਛੁਲੀ= ਮਨ ਦੇ ਖੋਟੇ ਸੁਭਾਅ ਰੂਪ ਮੱਛੀ ਨੂੰ ਮਾਰਨਾ ਕੀਤਾ ਹੈ।

ਸੁਰਾ ਪਾਨਿ= ਪ੍ਰੇਮ ਰੂਪੀ ਸ਼ਰਾਬ ਨੂੰ ਪੀਣਾ ਕੀਤਾ ਹੈ।

ਜੋ ਜੋ ਪ੍ਰਾਨੀ ਖਾਂਹਿ= ਜਿਹੜੇ ਜਿਹੜੇ ਪੁਰਸ਼ ਇਤਿਆਦਿ ਸ਼ੁਭ ਗੁਣਾਂ ਨੂੰ ਖਾਂਹਿ= ਧਾਰਨਾ ਕਰਦੇ ਹਨ।

ਤੀਰਥ ਬਰਤ ਨੇਮ ਕੀਏ= ਉਹਨਾਂ ਨੇ ਤੀਰਥ ਯਾਤਰਾ, ਵਰਤ ਅਤੇ ਯਮ ਨੇਮ ਆਦਿਕ ਸਾਧਨ ਸਾਰੇ ਕਰ ਲੀਤੇ ਹਨ। ਅਤੇ-

ਸਭੈ ਰਸਾ ਤਲਿ ਜਾਂਹਿ= ਸਾਰੇ ਵਿਸ਼ੇ ਰਸਾਂ ਨੂੰ ਸਾਧਨਾ ਰੂਪ ਪੈਰਾਂ ਦੀਆਂ ਤਲਿ= ਤਲੀਆਂ ਥਲੇ ਦਬਾ ਕੇ ਬ੍ਰਹਮ ਵਿਖੇ ਜਾਂਹਿ= ਅਭੇਦ ਹੋ ਜਾਂਦੇ ਹਨ। *ਅਥਵਾ-*

ਨੇਮ੍= ਨਿੱਯਮ ਨਾਲ ਜੋ ਪੁਰਸ਼ ਤੀਰਥ= ਪਵਿਤ੍ਰ ਰੂਪ ਗੁਰਾਂ ਦੇ ਕਹੇ ਹੋਏ ਬਚਨਾਂ ਵਿਚ ਬਰਤ= ਵਰਤਦੇ ਹਨ, ਉਹ ਸਾਰੇ ਪੁਰਸ਼ ਹਿਰਦੇ ਤਲ ਕਰ ਕੇ, ਰਸਾ ਨਾਮ ਭੂਮਾ ਦਾ ਭੂਮਾ, ਨਾਮ ਬ੍ਰਹਮ ਦਾ। ਭਾਵ ਬ੍ਰਹਮ ਵਿਚ ਅਭੇਦ ਹੋ ਜਾਂਦੇ ਹਨ।

ਨੋਟ-ਕਈ ਮਨਮਤੀਏ ਆਪਣਾ ਦੂਸ਼ਨ ਲੁਕਾਉਣ ਲਈ ਪੰਗਤੀਆਂ ਪੜ੍ਹ ਕੇ ਆਖਦੇ ਹਨ ਕਿ ਦਸਮੇਸ਼ ਪਾਤਿਸ਼ਾਹ ਜੀ ਨੇ ਪ੍ਰਭੂ ਪਾਸੋਂ ਭੰਗ ਦਾ ਪਿਆਲਾ ਮੰਗਿਆ ਹੈ:

ਬਿਦੇਹ ਸਾਕੀਆ ਸਾਗਰੇ ਸਬਜ਼ ਰੰਗ॥

ਦਸਮੇਸ਼ ਪਿਤਾ ਜੀ ਨੇ ਪ੍ਰਤਖ ਨਸ਼ੇ ਵਾਲੀ ਚੀਜ਼ ਦਾ ਕੋਈ ਸੇਵਨ ਨਹੀਂ ਕੀਤਾ। ਹਕਾਇਤਾਂ ਵਿਚ ਸਤਿਗੁਰਾਂ ਨੇ ਸਬਜ਼ ਰੰਗ ਪ੍ਰੇਮ ਦਾ ਕਥਨ ਕੀਤਾ ਹੈ।

ਹੇ ਸਾਕੀਆ= ਗੁਰੋ! ਮੈਨੂੰ ਪ੍ਰੇਮ ਰੂਪੀ ਸਬਜ਼ ਰੰਗ ਦਾ ਪਿਆਲਾ ਦੇਣਾ ਕਰੋ ਅਤੇ ਜਿਵੇਂ ਕਾਲਾ ਰੰਗ ਅਫੀਮ ਦਾ ਹੁੰਦਾ ਹੈ ਤਿਵੇਂ ਅੰਤ੍ਰੀਵ ਕਾਲਾ ਰੰਗ ਵਿਛੋੜੇ ਦਾ ਹੈ।

*ਯਥਾ-*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥

(ਸੂਹੀ ਸ਼ੇਖ ਫਰੀਦ, ਪੰਨਾ ੭੯੪)

ਜਿਵੇਂ ਪੋਸਤ ਦਾ ਰੰਗ ਚਿੱਟਾ ਹੁੰਦਾ ਹੈ, ਤਿਵੇਂ ਵੈਰਾਗ ਦਾ ਰੰਗ ਚਿਟਾ ਹੈ। ਜਿਵੇਂ ਸ਼ਰਾਬ ਦਾ ਰੰਗ ਲਾਲ ਹੁੰਦਾ ਹੈ, ਤਿਵੇਂ ਬ੍ਰਹਮ ਗਿਆਨ ਦਾ ਰੰਗ ਲਾਲ ਹੈ।

ਇਹਨਾਂ ਅੰਤ੍ਰੀਵ ਭਾਵਾਂ ਅਨੁਸਾਰ ਦਸਮੇਸ਼ ਪਾਤਿਸ਼ਾਹ ਜੀ ਨੇ ਹਕਾਇਤਾਂ ਵਿਚ ਪ੍ਰਭੂ ਦੇ ਪਾਸੋਂ ਅੰਤ੍ਰੀਵ ਗੁਣਾਂ ਦੀ ਮੰਗ ਕੀਤੀ ਹੈ।

ਕਈ ਲੋਕ ਇਹ ਵੀ ਕਹਿੰਦੇ ਹਨ ਕਿ ਮਹਾਰਾਜ ਜੀ ਭੰਗ ਅਤੇ ਅਫੀਮ ਆਦਿ ਨਸ਼ੇ ਵਰਤਦੇ ਸਨ। ਪਰ ਇਹ ਗੱਲ ਬਿਲਕੁਲ ਅਸੰਭਵ ਤੇ ਗੁਰਮਤਿ ਵਿਰੁਧ ਹੈ। ਗੁਰੂ ਸਾਹਿਬ ਜੀ ਆਪ ਕੋਈ ਵੀ ਨਸ਼ੇ ਵਾਲੀ ਚੀਜ਼ ਅੰਗੀਕਾਰ ਨਹੀਂ ਕਰਦੇ ਸਨ ਅਤੇ ਨਾ ਹੀ ਖਾਲਸੇ ਨੂੰ ਕਿਸੇ ਨਸ਼ੇ ਵਾਲੀ ਵਸਤੂ ਦਾ ਸੇਵਨ ਕਰਨਾ ਫੁਰਮਾਇਆ ਹੈ, ਕਿਉਂਕਿ ਉਹਨਾਂ ਦਾ ਤਾਂ ਖਾਲਸੇ ਨੂੰ ਇਹ ਹੁਕਮ ਹੈ-

ਮਦਰਾ ਦਹਿਤੀ ਸਪਤ ਕੁਲ ਭਾਂਗ ਦਹੈ ਤਨ ਏਕ।

ਜਿਹੜੇ ਲੋਕ ਆਖਦੇ ਹਨ ਕਿ ਹਜ਼ੂਰ ਸਾਹਿਬ ਵਿਖੇ ਭੰਗ ਦਾ ਭੋਗ ਲੱਗਦਾ ਹੈ। ਉਹਨਾਂ ਲਈ ਇਹ

ਸੂਚਿਤ ਕੀਤਾ ਜਾਂਦਾ ਹੈ ਕਿ ਭੰਗ ਦੇ ਭੋਗ ਦੀ ਮਰਯਾਦਾ ਕੋਈ ਦਸਮੇਸ਼ ਪਿਤਾ ਤੋਂ ਨਹੀਂ ਚਲੀ। ਇਹ ਤਾਂ ਇਕ ਬਿੰਦਰਾਬਨ ਦੇ ਰਹਿਣ ਵਾਲਾ ਮਨੁਖ ਉਥੋਂ ਦਾ ਆ ਕੇ ਪੁਜਾਰੀ ਬਣਿਆਂ ਸੀ ਉਹ ਆਪ ਭੰਗ ਪੀਂਦਾ ਹੁੰਦਾ ਸੀ। ਜਿਸ ਵੇਲੇ ਉਹ ਭੰਗ ਘੋਟਦਾ ਸੀ ਤਾਂ ਪੀਣ ਤੋਂ ਪਹਿਲਾਂ ਭੋਗ ਲਗਾ ਲੈਂਦਾ ਸੀ। ਸਾਲਾਂ ਬਧੀ ਉਹ ਭੰਗ ਦਾ ਭੋਗ ਲਗਾਉਂਦਾ ਰਿਹਾ, ਜਿਸ ਤੋਂ ਇਹ ਭੰਗ ਦੇ ਭੋਗ ਲਗਾਉਣ ਦੀ ਗੱਲ ਤੁਰੀ ਆ ਰਹੀ ਹੈ।

ਫਿਰ ਦੇਖੋ ਜਿਸ ਤਰ੍ਹਾਂ ਗਿ: ਗਿਆਨ ਸਿੰਘ ਅਫੀਮ ਤਾਂ ਆਪ ਖਾਂਦਾ ਸੀ ਪਰ ਅਫੀਮ ਦੇ ਲੋਰ ਵਿਚ ਆ ਕੇ ਉਸ ਨੇ ਦਸਮੇਸ਼ ਪਾਤਿਸ਼ਾਹ ਜੀ ਬਾਰੇ ਲਿਖ ਦਿੱਤਾ ਹੈ ਕਿ ਮਹਾਰਾਜ ਜੀ ਆਪ ਅਫੀਮ ਖਾਂਦੇ ਸਨ। ਐਵੇਂ ਅਨਰਥ ਗੱਲਾਂ ਦੀ ਪਰੋੜ੍ਹਤਾ ਨਹੀਂ ਕਰਨੀ ਚਾਹੀਦੀ। ਹਰ ਗੱਲ ਨੂੰ ਵਿਚਾਰ ਕੇ ਕਹਿਣਾ ਚਾਹੀਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਦਸਮੇਸ਼ ਪਿਤਾ ਜੀ ਤਕ ਕਿਸੇ ਵੀ ਗੁਰੂ-ਪਾਤਸ਼ਾਹ ਜੀ ਨੇ ਭੰਗ, ਸ਼ਰਾਬ, ਅਫੀਮ ਤੇ ਮਾਸ ਆਦਿਕ ਨਸ਼ੇ ਵਾਲੀਆਂ ਚੀਜ਼ਾਂ ਦਾ ਸੇਵਨ ਨਹੀਂ ਕੀਤਾ।

ਉਥਾਨਕਾ- ਕਿਸੀ ਮਹਾਤਮਾ ਨੇ ਆ ਕੇ ਕਬੀਰ ਜੀ ਨੂੰ ਕਿਹਾ-

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥

ਹੇ ਕਬੀਰ! ਸਾਜਨ= ਪਰਮਾਤਮਾ ਨੂੰ ਆਪਣੇ ਘਟ ਮਾਹਿ= ਹਿਰਦੇ ਵਿਚ ਲੈ ਕੇ ਆਪਣੀਆਂ ਲੋਇਨ= ਅੱਖਾਂ ਨੂੰ ਨੀਵਿਆਂ ਕਰ ਕੇ ਰਹਿਣਾ ਕਰ। ਭਾਵ ਉਚੀਆਂ ਅੱਖਾਂ ਕਰ ਕੇ ਕਿਸੇ ਵੱਲ ਨਾ ਤੱਕ।

ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥ ੨੩੪॥

ਸਾਰਿਆਂ ਰਸਾਂ ਦਾ ਮਾਲਕ ਜੋ ਪੀਅ= ਪਤੀ ਪਰਮਾਤਮਾ ਹੈ ਉਸ ਸਉ= ਨਾਲ ਖੇਲਣਾ ਕਰ, ਉਸ ਨਾਲ ਖੇਡਣ ਦਾ ਜੋ ਅਨੰਦ ਹੈ, ਉਹ ਕਿਸੇ ਨੂੰ ਜਨਾਉਣਾ ਨਾ ਕਰ॥ ੨੩੪॥

ਹੁਣ ਕਬੀਰ ਜੀ ਅਗਲੇ ਸਲੋਕ ਦੁਆਰਾ ਉਸ ਮਹਾਤਮਾ ਨੂੰ ਕਹਿੰਦੇ ਹਨ-

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥

ਹੇ ਸੰਤ ਜੀ ! ਅੱਠੇ ਪਹਿਰ ਤੇ ਚੌਂਹਠ ਘੜੀਆਂ ਭਾਵ ਸਾਰੀ ਰਾਤ ਤੇ ਦਿਨ ਮੇਰਾ ਜੀਅ ਤੁਅ= ਉਸ ਪਰਮਾਤਮਾ ਨੂੰ *ਨਿਰਖਤ= ਵੇਖਦਾ ਰਹਿੰਦਾ ਹੈ। ਇਸ ਲਈ ਮੈਂ-

ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥ ੨੩੫॥

ਆਪਣਿਆਂ ਨੇਤਰਾਂ ਨੂੰ ਨੀਵਾਂ ਕਿਉਂ ਕਰਾਂ, ਜਦ ਕਿ ਮੈਂ ਸਾਰਿਆਂ ਘਟਾਂ ਵਿਚ ਉਸ ਇਕ ਪੀਉ= ਪਤੀ ਪਰਮਾਤਮਾ ਨੂੰ ਵਿਆਪਕ ਦੇਖਦੀ ਹਾਂ॥ ੨੩੫॥

ਪੁਨਾ-ਮਹਾਤਮਾ ਨੇ ਕਬੀਰ ਜੀ ਨੂੰ ਕਿਹਾ-

ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ॥

ਹੇ ਸਖੀ ਕਬੀਰ! ਤੂੰ ਸੁਣਨਾ ਕਰ, ਤੂੰ ਮੈਨੂੰ ਇਹ ਗੱਲ ਦੱਸ ਕਿ ਪੀਅ= ਪਤੀ-ਪਰਮਾਤਮਾ ਵਿਚ ਜੀਵ ਵੱਸਦਾ ਹੈ ਜਾਂ ਜੀਵ ਵਿਚ ਪੀਉ= ਪਤੀ-ਪਰਮਾਤਮਾ ਵਸਦਾ ਹੈ?

---

*ਅਥਵਾ-ਆਠ ਜਾਮ=ਅੱਠਾਂ ਪਹਿਰਾਂ ਦੀਆਂ ਜੋ ਸੱਠ ਘੜੀਆਂ ਚਉ=ਉਚਾਰਨ ਕੀਤੀਆਂ ਹਨ, ਉਹਨਾਂ ਸੱਠਾਂ ਹੀ ਘੜੀਆਂ ਵਿਚ ਮੇਰਾ ਜੀਅ ਤੁਅ=ਉਸ ਪਰਮਾਤਮਾ ਨੂੰ ਨਿਰਖਤ ਰਹੈ=ਦੇਖਦਾ ਰਹਿੰਦਾ ਹੈ।

ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ: ਹੇ ਸੰਤ ਜੀ!

ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ॥ ੨੩੬॥

ਮੈਂ ਜੀਵ ਪੀਅ ਨੂੰ ਬੁਝਦੀ ਨਹੀਂ ਹਾਂ ਕਿ ਘਟ ਵਿਚ ਜੀਵ ਕਿਹੜਾ ਹੈ। ਭਾਵ ਮੈਂ ਤਾਂ ਸਾਰੇ ਇਕ ਬ੍ਰਹਮ ਨੂੰ ਹੀ ਵਿਆਪਕ ਨਿਸਚੇ ਕਰਦੀ ਹਾਂ।

ਅਥਵਾ- ਹੇ ਸਖੀ ਕਬੀਰ! ਤੂੰ ਸੁਣਨਾ ਕਰ, ਪੀਅ ਵਿਚ ਜੀਅ ਵਸ ਰਿਹਾ ਹੈ ਜਾਂ ਕਿ ਜੀਅ ਵਿਚ ਪੀਅ ਵਸ ਰਿਹਾ ਹੈ?

ਇਹ ਗੱਲ ਸੁਣ ਕੇ ਕਬੀਰ ਜੀ ਨੇ ਕਿਹਾ-

ਮੈਂ ਜੀਅ ਪੀਅ ਨੂੰ ਬੁਝਦੀ ਨਹੀਂ ਹਾਂ ਕਿ ਘਟ ਵਿਚ ਜੀਅ ਕਿਹੜਾ ਹੈ ਤੇ ਪੀਅ ਕਿਹੜਾ ਹੈ, ਕਿਉਂਕਿ ਜੇ ਪਤੀ-ਪਰਮਾਤਮਾ ਵਿਚ ਜੀਵ ਵਸਦਾ ਕਹੀਏ ਤਾਂ ਉਪਾਸ਼ਕ ਦੀ ਹਾਨੀ ਹੁੰਦੀ ਹੈ ਅਤੇ ਜੇ ਜੀਵ ਵਿਚ ਪਤੀ-ਪਰਮਾਤਮਾ ਨੂੰ ਵਸਿਆ ਨਿਸਚੇ ਕਰੀਏ ਤਾਂ ਉਪਾਸ਼ਯ ਦੀ ਹਾਨੀ ਹੁੰਦੀ ਹੈ।

ਇਸ ਕਰ ਕੇ ਮੈਂ ਜੀਅ ਤੇ ਪੀਅ ਦੇ ਝਗੜੇ ਵਿਚ ਪੈਂਦੀ ਹੀ ਨਹੀਂ ਹਾਂ। ਇਸ ਲਈ ਆਪ ਜੀ ਨੂੰ ਚਾਹੀਦਾ ਹੈ ਕਿ ਉਪਾਸ਼ਕ ਬਣ ਕੇ ਉਸ ਪ੍ਰਭੂ ਦੀ ਉਪਾਸ਼ਨਾ ਦਾ ਅਨੰਦ ਲੈਣਾ ਕਰੋ। ਜਾਂ ਵਾਚ ਵਾਚ ਭਾਗ ਨੂੰ ਤਿਆਗ ਕੇ ਲਖਸ਼ ਭਾਗ ਦੀ ਏਕਤਾ ਨੂੰ ਕਰੋ।

ਅਥਵਾ- ਜੇ ਪਤੀ-ਪਰਮਾਤਮਾ ਵਿਚ ਜੀਅ ਵਸਦਾ ਕਹੀਏ ਤਾਂ ਅਧੇਯ ਦਾ ਅਭਾਵ ਹੁੰਦਾ ਹੈ ਅਤੇ ਜੇ ਕਰ ਜੀਵ ਵਿਚ ਪਤੀ-ਪਰਮਾਤਮਾ ਵਸਦਾ ਕਹੀਏ ਤਾਂ ਅਧਾਰ ਦੀ ਹਾਨੀ ਹੁੰਦੀ ਹੈ। ਇਸ ਲਈ ਮੈਂ ਕਿਸੇ ਨੂੰ ਭਿੰਨ ਭਿੰਨ ਸਮਝਿਆ ਹੀ ਨਹੀਂ ਕਿ ਜੀਅ ਕਿਹੜਾ ਹੈ ਤੇ ਪੀਅ ਕਿਹੜਾ ਹੈ।

ਮੈਂ ਤਾਂ ਇਕ ਪ੍ਰਭੂ ਨੂੰ ਹੀ ਸਾਰੇ ਵਿਆਪਕ ਨਿਸਚੇ ਕੀਤਾ ਹੈ॥ ੨੩੬॥

ਕਬੀਰ ਬਾਮਨ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥

ਕਬੀਰ ਜੀ ਕਥਨ ਕਰਦੇ ਹਨ ਤਿੰਨਾਂ ਵਰਨਾਂ ਤੋਂ ਉੱਚੀ ਜਾਤੀ ਹੋਣ ਕਰ ਕੇ ਭਾਵੇਂ ਬਾਮਨੁ= ਬ੍ਰਾਹਮਣ ਸਾਰੇ ਜਗਤ ਦਾ ਗੁਰੂ ਹੈ।

ਕ੍ਰਿਸ਼ਨ ਜੀ ਨੇ ਕਿਹਾ-

ਬਿੱਪ ਗੁਰੂ ਸਭ ਹੀ ਜਗ ਕੇ ਸਮਝਾਇ ਕਹੀ ਇਹ ਕਾਨ੍ ਕਹਾਨੀ... ॥ ੩੧੦॥

(ਦਸਮ ਗ੍ਰੰਥ ਕ੍ਰਿਸ਼ਨਾ ਅਵਤਾਰ, ਪੰਨਾ ੨੯੩)

ਪਰ ਪਰਮੇਸ਼ਰ ਦੇ ਸਿਮਰਨ ਕਰਨ ਵਾਲਿਆਂ ਭਗਤਾਂ ਦਾ ਗੁਰੂ ਬ੍ਰਾਹਮਣ ਨਹੀਂ ਹੈ। ਕਿਉਂਕਿ-

ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ ੨੩੭॥

ਚੌਹਾਂ ਵੇਦਾਂ ਦੇ ਪੜ੍ਹਨ ਪੜ੍ਹਾਉਣ ਵਿਚ, *ਅਥਵਾ-* ਚੌਹਾਂ ਵੇਦਾਂ ਦੇ ਕਰਮ-ਕਾਂਡ ਵਿਚ ਅਰਝਿ ਉਰਝਿ= ਫਸ ਫੁਸ ਕੇ ਪਚਿ= ਪਚੀ ਯਾਨੇ ਦੁਖੀ ਹੋ ਕੇ ਮਰ ਗਿਆ। ਵਾ:-ਈਰਖਾ ਦੀ ਅੱਗ ਵਿਚ ਪਚਿ ਮੂਆ= ਸੜ ਮੋਇਆ॥ ੨੩੭॥

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥

(ਦ੍ਰਿਸ਼ਟਾਂਤ-ਜਿਸ ਤਰ੍ਹਾਂ ਪ੍ਰਤੱਖ) ਰੇਤ ਵਿਚ ਖੰਡ ਰੁੜ੍ਹ ਜਾਵੇ ਤਾਂ ਉਹ ਖੰਡ ਹਾਥੀ ਪਾਸੋਂ ਚੁਣੀ ਨਹੀਂ ਜਾਂਦੀ।

ਵਾ:-ਹਾਥੀ= ਹੱਥਾਂ ਨਾਲ ਚੁਣੀ ਨਹੀਂ ਜਾਂਦੀ।

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥੨੩੮॥

ਕਬੀਰ ਜੀ ਕਥਨ ਕਰਦੇ ਹਨ- ਕਿ ਗੁਰੂ ਨੇ ਇਹ ਭਲੀ ਗੱਲ ਸਮਝਾਈ ਹੈ ਕਿ ਕੀੜੀ ਉਸ ਖੰਡ ਨੂੰ ਖਾ ਜਾਂਦੀ ਹੈ।

(ਦਾਦ੍ਰਿਸ਼ਟਾਂਤ-) ਇਸੇ ਪ੍ਰਕਾਰ ਸੰਸਾਰ ਰੂਪੀ ਰੇਤੇ ਵਿਚ ਹਰੀ ਰੂਪ ਖੰਡ ਬਿਖਰੀ= ਖਿੱਲਰੀ ਭੁਾਛ ਮਿਲੀ ਹੋਈ ਹੈ, ਉਹ ਹਰੀ ਰੂਪੀ ਖੰਡ ਹਾਥੀ= ਹੰਕਾਰੀ ਪੁਰਸ਼ਾਂ ਪਾਸੋਂ ਚੁਣੀ ਨਹੀਂ ਜਾਂਦੀ।

ਅਥਵਾ- ਸ਼ਕਾਮ ਕਰਮਾਂ ਰੂਪ ਹੱਥਾਂ ਨਾਲ ਚੁਣੀ ਨਹੀਂ ਜਾਂਦੀ। ਕਬੀਰ ਜੀ ਕਥਨ ਕਰਦੇ ਹਨ ਕਿ ਸਭ ਤੋਂ ਚੰਗੀ ਗੱਲ ਗੁਰਾਂ ਨੇ ਇਹ ਸਮਝਾਈ ਹੈ ਕਿ ਕੀੜੀ ਵਾਂਗੂ ਨਿੰਮ੍ਰਤਾਵਾਨ ਹੋ ਕੇ ਉਸ ਹਰੀ ਰੂਪ ਖੰਡ ਨੂੰ ਖਾਣਾ ਕਰੇ॥੨੩੮॥

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥

ਕਬੀਰ ਜੀ ਕਥਨ ਕਰਦੇ ਹਨ— ਹੇ ਪੁਰਸ਼ਾ! ਜੇਕਰ ਤੈਨੂੰ ਪਿਰੰਮ= ਪ੍ਰੇਮ ਦੀ ਸਾਧ= ਸੱਧਰ ਹੈ। *ਅਥਵਾ-* ਪਿਰੰਮ= ਪਿਰੀ-ਪਰਮਾਤਮਾ ਦੀ ਪ੍ਰਾਪਤੀ ਦੀ ਸਾਧ= ਸੱਧਰ ਅਰਥਾਤ ਇੱਛਾ ਹੈ ਤਾਂ ਆਪਣਾ ਪ੍ਰਤੱਖ ਸੀਸੁ= ਸਿਰ, ਵਾ ਹੰਕਾਰ ਰੂਪੀ ਸਿਰ ਕੱਟ ਕੇ ਗੋਇ ਕਰਿ= ਖਿੱਦੂ (ਗੇਂਦ) ਬਨਾਉਣਾ ਕਰ। ਜਿਸ ਤਰ੍ਹਾਂ ਖਿੱਦੂ ਨੂੰ ਭਾਵੇ ਕੋਈ ਕਿਧਰੇ ਚੁੱਕ ਕੇ ਸੁੱਟ ਦੇਵੇ ਉਹ ਅੱਗੋਂ ਕੁਝ ਨਹੀਂ ਕਹਿੰਦਾ। ਜੀਵ ਨੂੰ ਵੀ ਚਾਹੀਦਾ ਹੈ ਕਿ ਇਸ ਤਰ੍ਹਾਂ ਨਿਰਹੰਕਾਰ ਹੋਵੇ, ਭਾਵ ਨਿੰਮ੍ਰਤਾ ਗੁਣ ਨੂੰ ਧਾਰਨ ਕਰੇ।

ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥੨੩੯॥

ਖੇਲਦਿਆਂ ਖੇਲਦਿਆਂ ਭਾਵ ਨਿਰਹੰਕਾਰ ਹੁੰਦਿਆਂ ਹੁੰਦਿਆਂ ਹਾਲ ਕਰਿ= ਆਪਣੀ ਮਸਤੀ ਵਾਲੀ ਦਸ਼ਾ ਬਣਾ ਲਵੇ ਅਤੇ ਪ੍ਰਾਰਬਧ ਕਰਮਾਂ ਅਨੁਸਾਰ ਜੋ ਕੁਝ ਹੋਣਾ ਹੈ, ਉਸ ਨੂੰ ਹੋਣ ਦੇਵੇ॥੨੩੯॥

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ॥

ਕਬੀਰ ਜੀ ਕਥਨ ਕਰਦੇ ਹਨ— ਹੇ ਪੁਰਸ਼ਾ! ਜੇਕਰ ਤੈਨੂੰ ਪ੍ਰਭੂ ਦੇ ਪ੍ਰੇਮ ਦੀ ਇੱਛਾ ਹੈ *ਅਥਵਾ* ਪਿਰੀ ਦੀ ਪ੍ਰਾਪਤੀ ਦੀ ਸੱਧਰ ਹੈ ਤਾਂ ਸਾਧਨਾ ਵਿਚ ਪਾਕੇ= ਪੱਕੇ ਜੋ ਮਹਾਤਮਾਂ ਹਨ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤਰੀ, ਉਹਨਾਂ ਨਾਲ ਮਿਲ ਕੇ ਪ੍ਰਭੂ ਦੀ ਪ੍ਰਾਪਤੀ ਦੇ ਸਾਧਨਾਂ ਵਿਚ ਖੇਲਣਾ ਕਰ।

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥੨੪੦॥

(ਦ੍ਰਿਸ਼ਟਾਂਤ ਜਿਵੇਂ-) ਕੱਚੀ ਸਰ੍ਹੋਂ ਦੇ ਪੇਲਿ ਕੈ= ਪੀੜਨ ਕਰ ਕੇ ਨਾ ਹੀ ਖਲ ਚੰਗੀ ਬਣਦੀ ਹੈ ਅਤੇ ਤੇਲ ਵੀ ਨਹੀਂ ਨਿਕਲਦਾ। (ਦਾਦ੍ਰਿਸ਼ਟਾਂਤ ਇਸੇ ਪ੍ਰਕਾਰ) ਸ਼ਕਾਮ ਕਰਮਾਂ ਦੇ ਕਰਨ ਵਾਲੇ ਜੋ ਕੱਚੇ ਮਨੁੱਖ ਹਨ ਉਹਨਾਂ ਨਾਲ ਦੋਸਤੀ ਪਾਣ ਕਰ ਕੇ ਨਾ ਖਲਿ= ਨਾ ਸੰਸਾਰਕ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਤੇਲੁ= ਨਾ ਹੀ ਪਰਮਾਰਥ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੨੪੦॥

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਭੇਦਤਾ ਰੂਪ ਨਾਲ ਮਿਲਦੇ ਪ੍ਰਸੰਗ ਅਨੁਸਾਰ ਕਬੀਰ ਜੀ ਦੇ ਸਲੋਕਾਂ ਵਿਚ ਇਕ ਸਲੋਕ ਭਗਤ ਨਾਮਦੇਵ ਜੀ ਦਾ ਅਤੇ ਉਸ ਤੋਂ ਅਗਲਾ ਸਲੋਕ ਭਗਤ ਰਵਿਦਾਸ ਜੀ ਦਾ ਕਥਨ ਕਰਦੇ ਹਨ-

ढूंढत डोलहि अंध गति अरु चीनड़ नाही संत॥

ਇਹ ਜੀਵ ਅੰਧ ਗਤਿ ਅੰਨ੍ਹਿਆਂ ਦੀ ਤਰ੍ਹਾਂ ਪੱਥਰ ਆਦਿਕਾਂ ਦੀਆਂ ਮੂਰਤੀਆਂ ਵਿਚ ਭਗਵਾਨ ਨੂੰ ਢੂੰਢਤ ਡੋਲਹਿ= ਲਭਦੇ ਫਿਰਦੇ ਹਨ ਪਰ ਸਾਧਨਾਂ ਵਿਚ ਪੂਰਨ ਸੰਤ ਜੋ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੈਤਰੀ ਹਨ ਉਹਨਾਂ ਨੂੰ ਚੀਨਤ= ਜਾਣਦੇ ਨਹੀਂ। ਭਾਵ ਪੂਰਨ ਮਹਾਤਮਾ ਵਿਚ ਸ਼ਰਧਾ ਪ੍ਰੇਮ ਨਹੀਂ ਰਖਦੇ।

कहि नामा किउ पाईऐ बिनु भगतहु भगवंतु॥ २४१॥

ਨਾਮਦੇਵ ਜੀ ਕਥਨ ਕਰਦੇ ਹਨ= ਬਿਨੁ ਭਗਤਹੁ= ਭਗਤਾਂ ਦੀ ਸਤਿਸੰਗਤ ਕੀਤੇ ਤੋਂ ਬਿਨਾਂ ਕਿਉਂ ਪਾਈਐ ਭਗਵੰਤੁ= ਪਰਮਾਤਮਾ ਨੂੰ ਕਿਸ ਤਰ੍ਹਾਂ ਪਾਈਦਾ ਹੈ? ਭਾਵ ਪੂਰਨ ਨਾਮ ਰਸੀਏ ਭਗਤਾਂ ਦੀ ਸੰਗਤ ਕੀਤੇ ਬਿਨਾਂ ਪਰਮੇਸ਼ਰ ਨਹੀਂ ਲਭਦਾ॥ ੨੪੧॥

हरि सो हीरा छाडि कै करहि आन की आस॥

ਸੋ= ਵੇਦ ਪ੍ਰਤੀਪਾਦਯ ਰੂਪ ਹਰੀ ਰੂਪ ਹੀਰੇ ਨੂੰ ਛੱਡ ਕੇ ਜੋ ਪੁਰਸ਼ ਹੋਰ ਦੇਵੀ ਦੇਵਤਿਆਂ, ਵਾ ਭੂਤਾਂ ਪ੍ਰੇਤਾਂ ਦੀ ਆਸਾ ਕਰਦੇ ਹਨ। ਯਾਂ ਮਾਇਆਧਾਰੀਆਂ ਦੀ ਆਸਾ ਕਰਦੇ ਹਨ।

तै नर दोजक जाहिगे सति भाषै रविदास॥ २४२॥

ਰਵਿਦਾਸ ਜੀ ਕਥਨ ਕਰਦੇ ਹਨ ਕਿ ਮੈਂ ਸੱਚ ਭਾਖੈ= ਸੱਚੀ ਗੱਲ ਆਖਦਾ ਹਾਂ ਕਿ ਤੇ= ਉਹ ਪੁਰਸ਼ ਜ਼ਰੂਰ ਹੀ ਦੋਜਕ ਜਾਹਿਗੇ= ਨਰਕਾਂ ਵਿਚ ਜਾਣਗੇ।

कबीर जउ गिहु करहि त धरमु करु नाही त करु बैरागु॥

ਕਬੀਰ ਜੀ ਕਥਨ ਕਰਦੇ ਹਨ— ਹੇ ਭਾਈ! ਜੇਕਰ ਤੂੰ ਗਿਹੁ= ਗ੍ਰਹਿਸਤ ਆਸ਼੍ਰਮ ਕੀਤਾ ਚਾਹੁੰਦਾ ਹੈਂ ਭਾਂ ਅਭਿਖੀ ਆਦਿਕ ਅਤਿਆਗਤਾਂ ਦੀ ਸੇਵਾ ਕਰਨ ਰੂਪ ਜੋ ਗ੍ਰਹਿਸਤ ਦਾ ਪਰਮ ਧਰਮ ਹੈ ਉਸ ਧਰਮ ਨੂੰ ਨਿਭਾਉਣਾ ਕਰ। *ਅਥਵਾ*-ਜੇ ਗ੍ਰਹਿਸਤ ਧਰਮ ਕੀਤਾ ਚਾਹੁੰਦਾ ਹੈਂ ਤਾਂ ਧਰਮ ਦੀ ਕਿਰਤ ਕਮਾਈ ਕਰ ਕੇ ਖਾਣਾ ਕਰ। ਵਾ:-ਧਰਮ ਅਰਥ ਗਰੀਬਾਂ ਨੂੰ ਦਾਨ ਪੁੰਨ ਕੀਤਾ ਕਰ।

ਨਾਹੀ= ਜੇਕਰ ਤੂੰ ਅਤਿਥੀ ਆਦਿਕਾਂ ਦੀ ਸੇਵਾ ਨਹੀਂ ਕਰ ਸਕਦਾ ਜਾਂ ਦਸਾਂ ਨੌਹਾਂ ਦੀ ਕਿਰਤ ਕਮਾਈ ਕਰ ਕੇ ਨਹੀਂ ਖਾ ਸਕਦਾ। ਜਾਂ ਹੱਕ ਹਲਾਲ ਦੀ ਕਮਾਈ ਕਰ ਕੇ ਗਰੀਬਾਂ ਦੀ ਸਹਾਇਤਾ ਨਹੀਂ ਕਰ ਸਕਦਾ। ਤ ਕਰੁ ਬੈਰਾਗੁ= ਤਾਂ ਫਿਰ ਵੈਰਾਗ ਧਾਰਨ ਕਰ ਕੇ ਇਕਾਂਤ ਜਗ੍ਹਾ 'ਤੇ ਬੈਠ ਕੇ ਪ੍ਰਭੂ ਦਾ ਸਿਮਰਨ ਕਰ।

बैरागी बंधनु करै ता कउ बडो अभागु॥ २४३॥

ਜੇਹੜਾ ਮਨੁੱਖ ਵੈਰਾਗੀ ਹੋ ਕੇ ਭਾਵ ਫਕੀਰੀ ਬਾਣੇ ਨੂੰ ਧਾਰ ਕੇ ਫਿਰ ਗ੍ਰਿਹਸਤੀਆਂ ਵਾਂਗੂ ਬੰਧਨਾ ਵਿਚ ਫਸਣਾ ਕਰਦਾ ਹੈ। ਤਾ ਕੋ= ਤਿਸ ਨੂੰ ਬੜਿਆਂ ਖੋਟਿਆਂ ਭਾਗਾਂ ਵਾਲਾ ਸਮਝਣਾ ਕਰੋ॥ ੨੪੩॥

ਗੁਰਮਤਿ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਜੋ ਗ੍ਰਿਹਸਤ ਧਰਮ ਦੇ ਅਸੂਲ ਕਥਨ ਕੀਤੇ ਹਨ, ਉਹਨਾਂ ਦੇ ਅਨੁਸਾਰ ਚਲਣਾ ਕਰੋ ਤਾਂ ਹੀ ਗ੍ਰਿਹਸਤ ਧਰਮ ਧਾਰਨ ਕੀਤਾ ਸਫਲਾ ਹੈ:

ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥ *(ਰਾਮਕਲੀ ਵਾਰ, ਮ: ੧, ਪੰਨਾ ੯੫੨)*

ਜਿਸ ਵੇਲੇ ਸਤਿਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਦਾ ਰਟਨ ਕਰਦੇ ਹੋਏ 'ਭੱਦ' ਖੰਡ ਵਿਚ ਪੁੱਜੇ

ਤਾਂ ਉਥੋਂ ਦਾ ਰਾਜਾ **ਕੌਲ ਨਾਭ** ਵਜ਼ੀਰਾਂ ਅਤੇ ਸਤਿਗੁਰਾਂ ਦੇ ਚਰਨਾਂ ਵਿਚ ਪੁੱਜ ਕੇ ਭੇਟਾ ਰੱਖ, ਮੱਥਾ ਟੇਕ ਕੇ ਪਾਸ ਬੈਠ ਗਿਆ।

ਸਤਿਗੁਰੂ ਜੀ ਤੋਂ ਪਰਮੇਸ਼ਰ ਸਬੰਧੀ ਵਿਚਾਰ ਸੁਣ ਕੇ ਰਾਜੇ **ਕੌਲ ਨਾਭ** ਨੇ ਬੇਨਤੀ ਕੀਤੀ- ਗਰੀਬ ਨਿਵਾਜ਼! ਆਪ ਕਿਰਪਾ ਕਰ ਕੇ ਇਹ ਦੱਸੋ ਕਿ ਗ੍ਰਿਹਸਤੀ, ਬਾਨ-ਪ੍ਰਸਤੀ, ਸੰਨਿਆਸੀ ਅਤੇ ਬ੍ਰਹਮਚਾਰੀ ਇਹਨਾਂ ਚੌਹਾਂ ਆਸ਼੍ਰਮਾਂ 'ਚੋਂ ਵੱਡਾ ਆਸ਼੍ਰਮ ਕਿਹੜਾ ਹੈ?

ਸ਼ਰਿਗੁਰਾਂ ਕਿਹਾ- ਹੇ ਰਾਜਨ! ਗ੍ਰਿਹਸਤ ਆਸ਼੍ਰਮ ਹੀ ਇਹਨਾਂ ਚੌਹਾਂ ਆਸ਼੍ਰਮਾਂ 'ਚੋਂ ਵੱਡਾ ਹੈ:

ਮੂਲ ਬਿਟਪ ਕੋ ਗ੍ਰਿਹਸਤ ਪਛਾਨਹੁ। ਆਸ਼੍ਰਮ ਅਪਰ ਜਿ ਸ਼ਾਖਾ ਮਾਨਹੁ॥ ੪੬॥
ਯਾਂ ਕੋ ਲਖਹੁ ਸਮੁੰਦ੍ਰ ਸਮਾਨਾ। ਮੁਕਤਾਦਿਕ ਨਿਕਸਤਿ ਹੈਂ ਨਾਨਾ।...

ਪਰ ਗ੍ਰਿਹਸਤੀ ਹੋਣਾ ਤਾਂ ਹੀ ਸਫਲ ਹੈ ਜੇ ਗ੍ਰਿਹਸਤ ਧਰਮ ਦੇ ਅਸੂਲਾਂ 'ਤੇ ਪੂਰਾ ਪੂਰਾ ਉਤਰੇ। ਇਹ ਬਚਨ ਸੁਣ ਕੇ ਰਾਜੇ **ਕੌਲ ਨਾਭ** ਨੇ ਫੇਰ ਬੇਨਤੀ ਕੀਤੀ ਕਿ ਗ੍ਰਹਿਸਤ ਧਰਮ ਦੇ ਕਿਹੜੇ-ਕਿਹੜੇ ਅਸੂਲ ਹਨ?
ਗੁਰ ਉੱਤਰ-

ਵੰਡ ਖਾਇ ਅਰ ਦਾਨ ਕਰੇਈ। ਛੂਛ ਨ ਫਿਰੈ ਅਭ੍ਯਾਗਤ ਜੇਈ।
ਨੀਰ ਕੂਪ ਜੋ ਨਿਕਸਤ ਨਾਂਹੀ। ਠਹਿਰਤਿ ਗੰਦਾ ਹ੍ਵੈ ਤਿਸ ਮਾਂਹੀ॥ ੪੮॥
ਨਿਕਸਤਿ ਰਹੈ ਨੀਰ ਜੇ ਤਾਹੂੰ। ਮਧੁਰ ਹੋਇ ਜਾਨਹਿੰ ਸਭਿ ਕਾਹੂੰ।
ਤਿਉਂ ਗ੍ਰਿਹਸਤੀ ਕੀ ਰੀਤਿ ਸੁਹਾਈ। ਕਰਹਿ ਜਿ ਨਰ ਇਤ ਉਤ ਸੁਖ ਪਾਈ॥ ੪੯॥

(ਨਾਨਕ ਪ੍ਰਕਾਸ਼ ਉਤ੍ਰਾਰਧ, ਧਿਆ ੩)

ਗ੍ਰਿਹਸਤ ਆਸ਼ਰਮ ਦੀ ਉਚੱਤਾ ਭਾਈ ਗੁਰਦਾਸ ਜੀ ਨੇ ਵੀ ਕੀਤੀ ਹੈ:

ਜੈਸੇ ਮਛ ਕਛ ਬਗ ਹੰਸ ਮੁਕਤਾ ਪੰਖਾਨ, ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਸੈ ਜਾਨੀਐ।
ਜੈਸੇ ਤਾਰੋ ਤਾਰੀ ਤਉ ਆਰਸੀ ਸਨਾਹ ਸ਼ਸਤ੍ਰ, ਏਕ ਸੇ ਅਨੇਕ ਲੋਹਾ ਰਚਨਾ ਬਖਾਨੀਐ।
ਭਾਂਜਨ ਬਿਬਿਧਿ ਜੈਸੇ ਹੋਤ ਏਕ ਮ੍ਰਿਤਕਾ ਸੇ, ਖੀਰ ਨੀਰ ਬਿੰਜਨਾਦਿ ਅਉਖਧਿ ਸਮਾਨੀਐ।
ਤੈਸੇ ਦਰਸਨ ਬਹੁ ਬਰਨ ਆਸ੍ਰਮ ਧਰਮ, ਸਕਲ ਗ੍ਰਿਹਸਤ ਕੀ ਸਾਖਾ ਉਨਮਾਨੀਐ॥ ੩੭੫॥
ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ, ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ।
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ, ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ।
ਪੰਛੀਅਨ ਮੈ ਹੰਸੁ, ਮ੍ਰਿਗਰਾਜਨ ਮੈ ਸਾਰਦੂਲ, ਰਾਗਨ ਮੈ ਸਿਰੀ ਰਾਗੁ, ਪਾਰਸ ਪਖਾਨ ਹੈ।
ਗਿਆਨਨ ਮੈਂ ਗਿਆਨ ਅਰੁ ਧਿਆਨਨ ਮੈਂ ਧਿਆਨ ਗੁਰੁ, ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥ ੩੭੬॥

(ਭਾਈ ਗੁਰਦਾਸ ਜੀ ਕਬਿਤ॥)

॥ ਭਗਤ ਕਬੀਰ ਜੀ ਦੇ ਸਲੋਕ ਸਮਾਪਤੰ॥

ਨੋਟ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਰੀ ਰਾਗੁ ਤੋਂ ਲੈ ਕੇ ਪ੍ਰਭਾਤੀ ਰਾਗ ਤਕ ਭਗਤ ਕਬੀਰ ਜੀ ਦੇ ੨੯੫ ਸ਼ਬਦ ਆਏ ਹਨ, ਜਿਸ ਦਾ ਪੂਰਾ-ਪੂਰਾ ਵੇਰਵਾ ਫਰੀਦ ਜੀ ਦੇ ਸਲੋਕਾਂ ਦੀ ਸਮਾਪਤੀ ਤੇ ਦਿੱਤਾ ਜਾਵੇਗਾ।

ਕਬੀਰ ਜੀ ਦੇ ਸ਼ਬਦਾਂ ਤੇ ਸਲੋਕਾਂ ਦਾ ਕੁਲ ਜੋੜ ੨੯੫+੨੪੩= ੫੩੮ ਹੈ।

ਦੋਹਿਰਾ- ਗੁਰ ਨਾਨਕ ਤੁਹਿ ਕ੍ਰਿਪਾ ਤੇ, ਟੀਕਾ ਕੀਯੋ ਬਖਾਨ। ਭੂਲ ਚੂਕ ਕੋ ਬਖਸ਼ੀਏ, ਮਿਹਰ ਦ੍ਰਿਸ਼ਟ ਕੋ ਠਾਨ।

ਸਲੋਕ ਸੇਖ ਫਰੀਦ ਜੀ

ਸਲੋਕ ਸੇਖ ਫਰੀਦ ਕੇ

੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ- ਮੁਸਲਮਾਨਾਂ ਦੇ ਮੱਤ ਵਿਚ ਇਕ ਕੁਰੇਸ਼ੀਆ* ਸੰਗਯਾ ਹੈ, ਉਸ ਕੁਰੇਸ਼ੀਆ ਜਾਤੀ ਵਿਖੇ ਫਰੀਦ ਜੀ ਦਾ ਪੂਰਬਲਾ ਜਨਮ ਸੀ।

ਵਾਹਿਗੁਰੂ ਦੀ ਕਿਰਪਾ ਤੇ ਕੁਝ ਮਾਤਾ ਪਿਤਾ ਦੇ ਸੰਸਕਾਰਾਂ ਕਰ ਕੇ ਇਨ੍ਹਾਂ ਦਾ ਮਨ ਬਚਪਨ ਤੋਂ ਹੀ ਪ੍ਰਭੂ ਦੀ ਬੰਦਗੀ ਵਿਚ ਜੁੜਿਆ ਰਹਿੰਦਾ ਸੀ, ਆਮ ਲੜਕਿਆਂ ਦੀ ਤਰ੍ਹਾਂ ਹੱਸਣਾ ਖੇਡਣਾ ਕੁੱਦਣਾ ਇਸ ਨੂੰ ਭਾਉਂਦਾ ਹੀ ਨਹੀਂ ਸੀ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਪਾਣੀ ਕਰ ਕੇ ਪ੍ਰਭੂ ਦੀ ਬੰਦਗੀ ਵਿਚ ਜੁੜ ਬੈਠਦੇ ਸਨ। ਇਸ ਲਈ ਇਹ ਬਹੁਤ ਇਕਾਂਤ ਥਾਂ 'ਤੇ ਹੀ ਰਹਿਣਾ ਪਸੰਦ ਕਰਦੇ ਸਨ।

ਬਚਪਨ ਤੋਂ ਚੰਗਿਆਂ ਸੰਸਕਾਰਾਂ ਦੇ ਹੋਣ ਕਰ ਕੇ ਜਿਸ ਵਕਤ ਇਨ੍ਹਾਂ ਨੇ ਹੋਸ਼ ਸੰਭਾਲੀ ਤਾਂ ਚਿਤ ਬਹੁਤ ਹੀ ਇਕਾਂਤ ਨੂੰ ਚਾਹੁਣ ਲੱਗ ਪਿਆ, ਜਿਸ ਕਰ ਕੇ ਆਪ ਸ਼ਹਿਰੋਂ ਦੂਰ ਜੰਗਲ ਵਿਚ ਚਲੇ ਗਏ। ਉਥੇ ਹੀ ਕੰਦ ਮੂਲ ਖਾ ਕੇ ਪ੍ਰਭੂ ਦੇ ਸਿਮਰਨ ਵਿੱਚ ਲੀਣ ਰਹਿੰਦੇ। ਇਸ ਤਰ੍ਹਾਂ ਕਿਤਨਾ ਸਮਾਂ ਬੀਤ ਗਿਆ।

ਜਿਸ ਅਸਥਾਨ 'ਤੇ ਫਰੀਦ ਜੀ ਧੂਣੀ ਧੁਖਾ, ਤਪ ਕਰ ਰਹੇ ਸਨ। ਇਕ ਦਿਨ ਦੇਵਨੇਤ ਨਾਲ ਉਧਰੋਂ ਇਕ ਚੋਰਾਂ ਦੀ ਟੋਲੀ ਲੰਘੀ। ਉਹਨਾਂ ਦੇਖ ਕੇ ਵਿਚਾਰਿਆ ਕਿ ਫ਼ਕੀਰ ਸਾਂਈ ਹੈ, ਇਸ ਦੀ ਮੰਨਤ ਮੰਨ ਕੇ ਜਾਂਦੇ ਹਾਂ ਤਾਂ ਕਿ ਬਹੁਤਾ ਧਨ ਪਦਾਰਥ ਹੱਥ ਆਵੇ। ਕਿਤਨਾ ਚਿਰ ਆਪਸ ਵਿੱਚ ਘੁਸਰ-ਮੁਸਰ ਕਰਦੇ ਰਹੇ ਪਰ ਫਰੀਦ ਜੀ ਸਮਾਧੀ ਵਿਚ ਅੱਡੋਲ ਬੈਠੇ ਸਿਮਰਨ ਵਿਚ ਲੀਨ ਸਨ।

ਚੋਰ ਦੱਬੇ ਪੈਰ ਅਗਾਂਹ ਵਧੇ, ਆ ਕੇ ਮੱਥਾ ਟੇਕਿਆ ਤੇ ਮੰਨਤ ਮੰਨਦਿਆਂ ਮਨ ਵਿੱਚ ਹੀ ਕਿਹਾ- "ਹੇ ਫਰੀਦ ਸਾਂਈ! ਜੇਕਰ ਚੋਖਾ ਧਨ ਪਦਾਰਥ ਹੱਥ ਆਇਆ ਤਾਂ ਅਸੀਂ ਆਪ ਦਾ ਦਸਵੰਧ ਕਢਾਂਗੇ।"

ਰਾਤ ਦਾ ਸਮਾਂ ਸੀ ਸੂਰਜ ਆਪਣੀ ਡਿਊਟੀ ਭੁਗਤਾ ਕੇ ਪਤਾ ਨਹੀਂ ਕਿਥੇ ਚਲਾ ਗਿਆ ਸੀ। ਕਾਲੀ ਬੋਲੀ ਰਾਤ ਦੇ ਹੋਣ ਕਰ ਕੇ ਹੱਥ ਪਸਾਰਿਆਂ ਨਿਗਾਹ ਨਹੀਂ ਸੀ ਆਉਂਦਾ।

ਇਉਂ ਮਲੂਮ ਹੁੰਦਾ ਸੀ ਕਿ ਪਤਾ ਨਹੀਂ ਜਿਵੇਂ ਚੰਦ੍ਰਮਾ ਵੀ ਸੂਰਜ ਦੀ ਰੀਸ ਕਰਦਾ ਹੋਇਆ ਅਰਾਮ ਲਈ

*ਮੁਸਲਮਾਨਾਂ ਦੇ ਪੀਰ ਹਜ਼ਰਤ ਮੁਹੰਮਦ ਤੇ ਇਬਰਾਹੀਮ ਵੀ ਕੁਰੇਸ਼ੀਆ ਖਾਨਦਾਨ ਵਿਚੋਂ ਹੋਏ ਹਨ।

ਕਿਧਰੇ ਚਲਾ ਗਿਆ ਹੈ।

ਚੋਰਾਂ ਵੀ ਸਮਾਂ ਚੰਗਾ ਜਾਣ ਕੇ ਜਲਦੀ ਜਲਦੀ ਪੈਰ ਪੁੱਟੇ। ਜੰਗਲ ਲੰਘ ਕੇ ਇਹ ਸ਼ਹਿਰ ਵਿਚ ਪ੍ਰਵੇਸ਼ ਕਰ ਗਏ। ਸਾਰੇ ਚੌਂਕੀਦਾਰ ਪਹਿਰਾ ਦੇ ਰਹੇ ਸਨ ਪਰ ਇਹਨਾਂ ਨੇ ਲਿਬਾਸ ਹੀ ਐਸੇ ਬਣਾਏ ਹੋਏ ਸਨ ਕਿ ਕੋਈ ਸ਼ੱਕ ਨਾ ਕਰ ਸਕਿਆ।

ਆਖਰ ਇਹਨਾਂ ਨੇ ਇਕ ਧਨਾਢ ਦੇ ਮਕਾਨ ਨੂੰ ਸੰਨ੍ਹ ਲਾਈ। ਅੰਦਰ ਜਾ ਕੇ ਕਾਫੀ ਮਾਲ ਪਦਾਰਥ ਹੱਥ ਆਇਆ। ਇਕ ਪਹਿਰੇਦਾਰਾਂ ਦਾ ਭੈਅ ਤੇ ਦੂਸਰਾ ਦਿਨ ਚੜ੍ਹਨ ਦਾ ਡਰ ਹੋਣ ਕਰ ਕੇ ਜਲਦੀ-ਜਲਦੀ ਜੋ ਕੁਝ ਹੱਥ ਆਇਆ ਚੋਰ ਪੰਡਾਂ ਬੰਨ੍ਹ ਕੇ ਨਿਕਲ ਤੁਰੇ।

ਪਹੁ ਫੁਟਦੇ ਹੀ ਫਿਰ ਉਥੇ ਆ ਪੁੱਜੇ ਜਿਥੇ ਫਰੀਦ ਜੀ ਬੈਠੇ ਤਪ ਕਰ ਰਹੇ ਸਨ। ਆ ਕੇ ਸਾਰਿਆਂ ਨੇ ਚਾਂਈ-ਚਾਂਈ ਮੱਥਾ ਟੇਕਿਆ। ਭੇਟਾ ਰੱਖ ਕੇ ਪਾਸ ਹੀ ਬੈਠ ਗਏ।

ਜਿਸ ਵੇਲੇ ਪੰਡਾਂ ਥੱਲੇ ਸੁੱਟੀਆਂ ਤਾਂ ਪੰਡਾਂ ਦੇ ਖੜਾਕ ਕਰ ਕੇ ਫਰੀਦ ਜੀ ਦੀ ਸਮਾਧੀ ਖੁਲ੍ਹ ਗਈ। ਸਾਰਿਆਂ ਨੇ ਮੱਥਾ ਟੇਕਿਆ ਤੇ ਉਹਨਾਂ ਦੇ ਸਰਦਾਰ ਨੇ ਬੇਨਤੀ ਕੀਤੀ— 'ਹੇ ਫਕੀਰ ਸਾਂਈ! ਅਸੀਂ ਆਪ ਦੀ ਮੰਨਤ ਮੰਨ ਕੇ ਗਏ ਸਾਂ ਕਿ ਜੇ ਚੋਰੀ ਚੰਗੀ ਹੱਥ ਆਈ ਤਾਂ ਦਸਵੰਧ ਕਢਾਂਗੇ ਸੋ ਆਪ ਹੁਣ ਅੰਗੀਕਾਰ ਕਰੋ।'

ਪ੍ਰਭੂ ਦੇ ਹੁਕਮ ਦਾ ਬੱਝਾ ਸੂਰਜ ਵੀ ਸੰਸਾਰ ਦੇ ਪ੍ਰਕਾਸ਼ਨੇ ਵਾਸਤੇ ਤਿਆਰੀ ਵਿਚ ਸੀ। ਇਧਰੋਂ ਚੋਰਾਂ ਦੇ ਮਨ ਵਿਚ ਤੌਖਲਾ ਸੀ ਕਿ ਜੇ ਦਿਨ ਚੜ੍ਹ ਗਿਆ ਤਾਂ ਸਾਡਾ ਘਰ ਪੁੱਜਣਾ ਮੁਸ਼ਕਿਲ ਹੋ ਜਾਵੇਗਾ ਤੇ ਫੜੇ ਜਾਣ ਦੀ ਵੀ ਸੰਭਾਵਨਾ ਹੋ ਸਕਦੀ ਹੈ। ਇਉਂ ਵਿਚਾਰ ਕਰ ਕੇ ਚੋਰ ਤਾਂ ਭੇਟਾ ਰੱਖ ਕੇ, ਨਮਸ਼ਕਾਰ ਕਰ ਕੇ ਚਲੇ ਗਏ ਪਰ ਫਕੀਰ ਜੀ ਅੱਗੇ ਪਏ ਧਨ ਪਦਾਰਥਾਂ ਵੱਲ ਦੇਖ ਕੇ ਵਿਚਾਰਦੇ ਹਨ ਕਿ ਚੋਰੀ ਕੋਈ ਚੰਗਾ ਕੰਮ ਹੁੰਦਾ ਹੋਵੇਗਾ ਜਿਸ ਕਰ ਕੇ ਨਾਨ੍ਹਾਂ ਪ੍ਰਕਾਰ ਦੇ ਧਨ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਭੂ ਦੇ ਹੁਕਮ ਨੂੰ ਕੌਣ ਮੋੜ ਸਕਦਾ ਹੈ? ਫਕੀਰ ਜੀ ਇਹਨਾਂ ਹੀ ਖਿਆਲਾਂ ਵਿਚ ਬੈਠੇ ਸਨ ਕਿ ਸਵਾਸਾਂ ਦੇ ਪੂਰਿਆਂ ਹੋਣ ਕਰ ਕੇ ਸਰੀਰ ਸ਼ਾਂਤ ਹੋ ਗਿਆ।

ਪੁਨਾ-ਪ੍ਰਾਰਬਧ ਅਨੁਸਾਰ ਹਰੜ* ਜਟ ਦੇ ਗ੍ਰਿਹ ਵਿਖੇ ਜਨਮ ਹੋਇਆ ਅਤੇ ਆਪ ਦਾ ਨਾਂਮ ਫਰੀਦ ਰਖਿਆ ਗਿਆ।

ਬਚਪਨ ਤਾਂ ਮਾਤਾ ਪਿਤਾ ਦੀ ਛਤਰ ਛਾਇਆ ਹੇਠ ਖੁਸ਼ੀਆਂ ਮਲ੍ਹਾਰਾਂ ਵਿਚ ਹਸਦਿਆਂ ਖੇਡਦਿਆਂ ਬਤੀਤ ਹੋ ਗਿਆ। ਪੁੱਤਰ ਨੂੰ ਜੁਆਨ ਦੇਖ ਕੇ ਤੇ ਲੋਕ ਰੀਤ ਅਨੁਸਾਰ ਮਾਤਾ ਪਿਤਾ ਨੇ ਵਿਆਹ ਕਰ ਕੇ ਵੱਖਰਾ ਕਰ ਦਿੱਤਾ।

ਭਾਵੇਂ ਧਨ ਮਾਲ ਕਾਫੀ ਦਿੱਤਾ ਸੀ ਪਰ ਕਿਥੇ? ਸਮਾਂ ਪਾ ਕੇ ਕੰਮ-ਕਾਰ ਨਾ ਕਰਨ ਕਰ ਕੇ ਘਰ ਵਿਚ ਗਰੀਬੀ ਆ ਗਈ। ਇਕ ਗਰੀਬ, ਦੂਸਰਾ ਘਰ ਵਾਲੀ ਦਾ ਸੁਭਾਅ ਕੁਝ ਤੰਗੀ ਕਰ ਕੇ ਬਦਲ ਗਿਆ। ਉਹ ਘਰ ਆਇਆਂ ਨੂੰ ਤੰਗ ਕਰਿਆ ਕਰੇ। ਫਲਾਣੀ ਚੀਜ਼ ਲਿਆ ਦੇਵੋ। ਇਹ ਚੀਜ਼ ਮੁੱਕ ਗਈ ਹੈ। ਕਪੜੇ ਲਿਆ ਦੇਵੋ। ਪਰ ਕਿਥੋਂ ਲਿਆ ਦੇਵੇ। ਕਿਉਂਕਿ ਪੈਸਾ ਤਾਂ ਇਕ ਪੱਲੇ ਨਹੀਂ ਸੀ।

ਪਹਿਲੇ ਤਾਂ ਚੁਪ ਕਰ ਰਹਿੰਦਾ ਸੀ ਪਰ ਇਕ ਦਿਨ ਫਰੀਦ ਨੇ ਆਖ ਹੀ ਦਿੱਤਾ ਕਿ ਕਿਥੋਂ ਲਿਆ ਦੇਵਾਂ? ਤੂੰ ਆਪ ਵੀ ਜਾਣਦੀ ਹੈਂ ਕਿ ਗਰੀਬੀ ਦੀ ਅੱਤ ਹੋ ਗਈ ਹੈ। ਰੋਟੀ ਵਾਸਤੇ ਮੁਸ਼ਕਿਲ ਨਾਲ ਪੈਸੇ ਬਣਦੇ ਹਨ।

*ਹਰੜ ਜੱਟ ਵੀ ਮੁਸਲਮਾਨਾਂ ਦੀ ਇਕ ਸੰਗਜਾ ਵਿਚੋਂ ਹਨ।

ਬੜੇ ਗੁੱਸੇ ਤੇ ਰੁੱਖੇ ਸ਼ਬਦਾਂ ਵਿਚ ਅਗੋਂ ਘਰ ਵਾਲੀ ਨੇ ਫਰੀਦ ਨੂੰ ਕਿਹਾ- "ਭਾਵੇਂ ਯਾਰੀ ਕਰ ਕੇ, ਭਾਵੇਂ ਕਮਾਈ ਕਰ ਕੇ ਲਿਆ, ਚਾਹੇ ਚੋਰੀ ਕਰ ਕੇ ਲਿਆ ਮੈਨੂੰ ਕੀ ਜੇ ਮੈਨੂੰ ਰਖਣਾ ਹੈ ਤਾਂ ਮੇਰੀ ਹਰ ਲੋੜ ਪੂਰੀ ਕਰਨੀ ਹੋਵੇਗੀ !"

ਇਕ ਤਾਂ ਅੱਗੇ ਗਰੀਬੀ ਸੀ ਦੂਸਰਾ ਇਸ ਤਰ੍ਹਾਂ ਦੀਆਂ ਦੁਖ-ਦਾਇਕ ਗੱਲਾਂ ਸੁਣ ਕੇ ਘਰੋਂ ਨਿਕਲ ਤੁਰਿਆ। ਪੂਰਬ ਜਨਮ ਦੀ ਚੋਰੀ ਦੀ ਵਾਸ਼ਨਾਂ, ਘਰ ਵਾਲੀ ਦੇ ਕਹਿਣ ਤੇ ਬੁੱਧੀ ਵਿਚ ਚੱਕ੍ਰ ਲਾਣ ਲੱਗ ਪਈ। ਥੋੜ੍ਹੀ ਦੂਰ ਜੰਗਲ ਵਿਚ ਜਾਣ ਤੋਂ ਅਗੋਂ ਦੇਵਨੇਤ ਇਕ ਚੋਰਾਂ ਦੀ ਟੋਲੀ ਮਿਲੀ। ਜਿਨ੍ਹਾਂ ਪਾਸੋਂ ਪੁੱਛ ਕੇ ਉਹਨਾਂ ਨਾਲ ਹੀ ਚੋਰੀ ਕਰਨ ਵਾਸਤੇ ਰਲ ਗਿਆ।

ਜਾਂਦੇ-ਜਾਂਦੇ ਰਸਤੇ ਵਿਚ ਇਕ ਅਨਾਜ ਦੀ ਮੰਡੀ ਆਈ। ਅਨਾਜ ਦੇਖ ਕੇ ਚੋਰਾਂ ਸਲਾਹ ਕੀਤੀ ਕਿ ਪ੍ਰਦੇਸ ਚਲੇ ਹਾਂ, ਪਤਾ ਨਹੀਂ ਕਿਤਨਾ ਚਿਰ ਲੱਗ ਜਾਵੇ, ਹੋਵੇ ਨਾ ਹੋਵੇ ਕਿ ਪਹਿਲੇ ਇਥੋਂ ਹੀ ਘਰ ਜੋਗਾ ਰਾਸ਼ਨ ਪਾਣੀ ਲੈ ਕੇ ਸੁੱਟ ਜਾਈਏ।

ਬਸ ਫਿਰ ਕੀ ਸੀ, ਜਾ ਬੋਰੀਆਂ ਨੂੰ ਹੱਥ ਪਾਇਆ, ਫਰੀਦ ਜੀ ਵੀ ਨਾਲ ਹੀ ਸਨ ਇਤਨੇ ਨੂੰ ਕਿਸੇ ਦੇ ਹੱਸਣ ਦੀ ਅਵਾਜ਼ ਸੁਣ ਕੇ ਚੋਰ ਤਾਂ ਸਿਰ 'ਤੇ ਪੈਰ ਰੱਖ ਕੇ ਨੱਠ ਉਠੇ ਪਰ ਫਰੀਦ ਜੀ ਬੋਰੀ ਨੂੰ ਘਸੀਟ ਕੇ ਉਰੇ ਲੈ ਆਏ।

ਜਿਸ ਵਕਤ ਫਰੀਦ ਜੀ ਉਸ ਹੱਸਣ ਵਾਲੇ ਬਲਦ ਦੇ ਕਰੰਗ ਪਾਸ ਪੁੱਜੇ ਤਾਂ ਉਹ ਦੁਬਾਰਾ ਟਾਹ ਟਾਹ ਕਰ ਕੇ ਹੱਸਿਆ। ਫਰੀਦ ਹੈਰਾਨੀ ਵਿਖੇ ਉਸ ਪਾਸੋਂ ਪੁਛਦਾ ਹੈ ਕਿ ਹੇ ਭਾਈ! ਤੂੰ ਹੱਸਦਾ ਕਿਉਂ ਹੈਂ?

ਕਰੰਗ ਨੇ ਕਿਹਾ- ਤੂੰ ਆਪਣਾ ਕੰਮ ਕਰ, ਮੇਰੇ ਨਾਲ ਤੇਰਾ ਕੀ ਮਤਲਬ? ਫਰੀਦ ਝੁਂ ਖਹਿੜੇ ਹੀ ਪੈ ਗਿਆ।

ਕਰੰਗ ਨੇ ਕਿਹਾ- ਪਿਛਲੇ ਜਨਮ ਵਿਚ ਮੈਂ ਬੜਾ ਭਾਰੀ ਸ਼ਾਹੂਕਾਰ ਸੀ। ਇਕ ਸਮੇਂ ਮੈਂ ਬਾਹਰ ਕਿਸੇ ਕੰਮ ਗਿਆ, ਵਾਪਸੀ ਤੇ ਇਕ ਤਾਂ ਗਰਮੀ ਬਹੁਤ ਸੀ ਦੂਸਰਾ ਪਿਆਸ ਨੇ ਬੜਾ ਤੰਗ ਕੀਤਾ।

ਖੇਤਾਂ ਵਿਚੋਂ ਲੰਘਦਿਆਂ ਮੇਰੇ ਕੁੜਤੇ ਨਾਲ ਕਿਸੇ ਜੱਟ ਦੀ ਕਣਕ ਦੀ ਪੈਲੀ ਨਾਲੋਂ ਇਕ ਸਿੱਟਾ ਲੱਗ ਗਿਆ ਤੇ ਨਜ਼ਰੀਂ ਆਉਣ ਤੇ ਮੈਂ ਮਰੋੜ ਕੇ ਮੂੰਹ ਵਿਚ ਪਾ ਲਿਆ। ਅੰਤ ਨੂੰ ਜਿਸ ਵੇਲੇ ਸਰੀਰ ਤਿਆਗ ਕੇ ਪ੍ਰਲੋਕ ਦਰਗ਼ਾਹ ਵਿਚ ਜਾਂਦਿਆਂ ਹਿਸਾਬ ਹੋਇਆ ਤਾਂ ਉਸ ਸਿਟੇ ਦਾ ਕਰਜ਼ਾ ਦੇਣ ਲਈ ਪਹਿਲੇ ਬਲਦ ਬਣਾਇਆ ਗਿਆ, ਸਾਰੀ ਉਮਰ ਮਾਲਕ ਦਾ ਬਲਦ ਬਣ ਕੇ ਤੇ ਕੰਮ ਕਰ ਕੇ ਉਸ ਸਿਟੇ ਦੀ ਤੂੜੀ ਦਾ ਬਦਲਾ ਦਿੱਤਾ ਹੈ ਅਤੇ ਹੁਣ ਕਰੰਗਾ ਬਣ ਕੇ ਦਾਣਿਆਂ ਦਾ ਹਿਸਾਬ ਚੁੱਕਾ ਰਿਹਾ ਹਾਂ।

ਮੈਂ ਹੱਸਿਆਂ ਇਸ ਲਈ ਹਾਂ ਕਿ ਜਿਹੜੇ ਬੋਰੀਆਂ ਦੀਆਂ ਬੋਰੀਆਂ ਚੋਰੀ ਚੁੱਕੀ ਲਿਜਾਂਦੇ ਹਨ, ਉਹਨਾਂ ਦਾ ਅੱਗੇ ਗਿਆਂ ਕੀ ਹਾਲ ਹੋਵੇਗਾ?

ਇਸ ਤਰ੍ਹਾਂ ਦੇ ਬਚਨ ਸੁਣ ਕੇ ਫਰੀਦ ਦੇ ਮਨ ਵਿਚ ਬਹੁਝ ਵੈਰਾਗ੍ਯ ਹੋਇਆ। ਅੱਖਾਂ ਵਿਚ ਜਲ ਆ ਗਿਆ। ਉਸ ਵਕਤ ਵੈਰਾਗ ਵਿਚ ਬਿਹਬਲ ਹੋਏ ਹੋਏ ਨੇ ਆਪਣੇ ਮਨ ਪ੍ਰਤੀ ਇਹ ਸਲੋਕ ਉਚਾਰਿਆ-

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥

ਜਿਤੁ ਦਿਹਾੜੈ= ਜਿਸ ਦਿਨ ਕਾਲ ਰੂਪ ਲਾੜੇ ਨੇ ਇਸ ਧਨ= ਜੀਵ ਰੂਪ ਇਸਤਰੀ ਨੂੰ ਵਰੀ= ਵਰਨਾ ਭਾਵ ਵਿਆਹੁਣਾ ਹੈ, ਉਸ ਦਿਨ ਦੇ ਸਾਹੇ= ਸਾਹ ਲਿਖਾ ਲਏ ਹਨ।

ਅਥਵਾ- ਜਿਸ ਦਿਨ ਦੀ ਇਹ ਧਨ= ਜੀਵ ਰੂਪ ਇਸਤ੍ਰੀ ਦੇਹ ਵਿਖੇ ਵਰੀ= ਵੜੀ ਭਾਵ ਪ੍ਰਵੇਸ਼ ਹੋਈ ਹੈ, ਉਸ ਦਿਨ ਤੋਂ ਕਾਲ ਰੂਪ ਲਾੜੇ ਨੇ ਸਾਹੇ= ਸਾਹ (ਸੁਆਸ) ਲਿਖ ਲਏ ਹਨ ਕਿ ਸਾਰੀ ਉਮਰ ਤੂੰ ਇਤਨੇ ਹੀ ਸੁਆਸ ਲੈਣੇ ਹਨ।

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥

(ਵੇਦਾਂ ਸ਼ਾਸਤ੍ਰਾਂ ਦੁਆਰੇ) ਜੋ ਮਲਕੁ= ਧਰਮ ਰਾਜ ਕੰਨਾਂ ਵਿਚ ਸੁਣਿਆਂ ਜਾਂਦਾ ਹੈ, ਉਹ ਉਸੇ ਦਿਨ ਆ ਕੇ ਮੂੰਹ ਵਿਖਾਲਦਾ ਹੈ। ਅਤੇ-

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥

ਹੱਡਾਂ ਨੂੰ ਕੜਕਾ ਕੇ ਭਾਵ ਭੰਨ-ਤੋੜ ਕੇ ਨਿਮਾਣੀ ਜਿੰਦ ਨੂੰ ਕੱਢ ਕੇ ਲੈ ਜਾਂਦਾ ਹੈ।

ਯਥਾ- ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥

(ਬਾਰਹ ਮਾਹਾ ਮਾਂਝ ਮਹਲਾ ੫, ਪੰਨਾ ੧੩੪)

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

ਹੇ ਮਨ! ਤੂੰ ਆਪਣੀ ਜਿੰਦੂ= ਬੁੱਧੀ ਨੂੰ ਸਮਝਾ ਕਿ ਪ੍ਰਭੂ ਦਾ ਸਿਮਰਨ ਕਰ, ਪੂਰਬ ਜਨਮ ਕਾਲ ਵਿਚ ਜੋ ਸਾਹੇ= ਸੁਆਸ ਲਿਖੇ ਗਏ ਹਨ, ਉਹ ਤਿਲ ਮਾਤਰ ਵੀ ਚਲਾਇਮਾਨ ਨਹੀਂ ਹੁੰਦੇ।

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥

ਜਿੰਦ-ਵਹੁਟੀ= ਜੀਵ ਰੂਪ ਤਾਂ ਇਸਤ੍ਰੀ ਹੈ, ਮਰਣੁ ਵਰੁ= ਕਾਲ ਇਸ ਦਾ ਪਤੀ ਹੈ, ਨਿਯਤ ਕੀਤੇ ਹੋਏ ਦਿਨ ਦੇ ਅਨੁਸਾਰ ਇਸ ਨੂੰ ਪਰਣਾਇ= ਵਿਆਹ ਕੇ ਲੈ ਜਾਵੇਗਾ।

ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥

ਜਿਵੇਂ ਪ੍ਰਤਖ ਲੜਕੀ ਸਹੁਰੇ ਘਰ ਜਾਣ ਲਗਿਆਂ ਆਪਣੇ ਮਾਂ ਪਿਓ ਦੇ ਗਲ ਨਾਲ ਲਗਦੀ ਹੈ, ਉਸ ਵਾਂਗੂ ਇਹ ਜੀਵ ਰੂਪੀ ਇਸਤ੍ਰੀ ਜੋਲਿ ਕੈ= ਚਲ ਕਰ ਕੇ ਆਪਣੇ ਹੱਥਾਂ ਨਾਲ, ਕੈ ਗਲਿ ਲਗੈ ਧਾਇ= ਦੌੜ ਕੇ ਕਿਸ ਦੇ ਗਲ ਨਾਲ ਲਗੇਗੀ?

ਵਾਲਹੁ ਨਿਕੀ ਪੁਰ ਸਲਾਤ ਕੰਨੀ ਨ ਸੁਣੀਆਇ॥

ਹੇ ਜੀਵ! ਅੰਤ ਨੂੰ ਜਿਸ ਰਸਤੇ ਤੂੰ ਚਲਣਾ ਹੈ ਉਹ ਰਸਤਾ ਵਾਲ ਤੋਂ ਨਿੱਕਾ ਹੈ, ਭਾਵ ਤੰਗ ਹੈ ਅਤੇ ਜੋ ਸਲਾਤ= ਦੁੱਖਾਂ ਕਰ ਕੇ ਪੁਰ= ਪੂਰਨ ਹੈ, ਕੀ ਤੂੰ ਉਸ ਰਸਤੇ ਨੂੰ ਕੰਨਾਂ ਵਿਖੇ ਸੁਣਦਾ ਨਹੀਂ ਹੈਂ?

ਯਥਾ- ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥

(ਅਨੰਦੁ ਸਾਹਿਬ, ਪੰਨਾ ੯੧੮)

ਤਥਾ- ਪੁਰ ਸਲਾਤ ਕਾ ਪੰਥੁ ਦੁਹੇਲਾ॥ ਸੰਗਿ ਨ ਸਾਥੀ ਗਵਨੁ ਇਕੇਲਾ॥੨॥

(ਸੂਹੀ ਰਵਿਦਾਸ ਜੀ, ਪੰਨਾ ੭੯੩)

ਤਥਾ- ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥

(ਸੂਹੀ ਸੇਖ ਫ਼ਰੀਦ, ਪੰਨਾ ੭੯੪)

ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥ ੧॥

ਫਰੀਦ ਜੀ ਕਥਨ ਕਰਦੇ ਹਨ-ਹੇ ਜੀਵ! ਸੰਸਾਰ ਤੋਂ ਪਾਰ ਲੰਘਣ ਵਾਸਤੇ ਵੇਦਾਂ ਸ਼ਾਸਤ੍ਰਾਂ ਅਤੇ ਮਹਾਤਮਾਂ ਦੇ ਉਪਦੇਸ਼ ਰੂਪ ਕਿੜੀ= ਅਵਾਜ਼ਾਂ (ਖ਼ਬਰਾਂ) ਪੈ ਰਹੀਆਂ ਹਨ, ਤੂੰ ਵਿਹਿਆਂ ਅਤੇ ਪਦਾਰਥਾਂ ਵਿਚ ਖਲੋ ਕੇ ਭਾਵ ਖੱਚਤ ਹੋ ਕੇ ਆਪਣੇ ਆਪ ਨੂੰ ਮੁਹਾਇ ਨ= ਲੁਟਾਣਾ ਨਾ ਕਰ॥੧॥

ਉਥਾਨਕਾ- ਜਿਸ ਵੇਲੇ ਫਰੀਦ ਜੀ ੧੨ ਬਰਸ ਜੰਗਲ ਵਿਚ ਤਪ ਕਰ ਕੇ ਸ਼ਹਿਰ ਵੱਲ ਆਏ ਤਾਂ ਭੁੱਖ ਬਹੁਤ ਲੱਗੀ ਹੋਈ ਸੀ ਪਰ ਉਜਾੜ ਹੋਣ ਕਰ ਕੇ ਕੁਝ ਮਿਲਿਆ ਨਾ। ਚਲਦੇ-ਚਲਦੇ ਜਦੋਂ ਸ਼ਹਿਰ ਦੇ ਨੇੜੇ ਪੁੱਜੇ ਤਾਂ ਰਸਤੇ ਵਿੱਚ ਖਰਬੂਜ਼ਿਆਂ ਦੇ ਖੇਤਾਂ ਨੂੰ ਦੇਖ ਕੇ ਦਿਲ ਕਰ ਆਇਆ।

ਇਹ ਸੰਕਲਪ ਉਸ ਖੇਤ ਦੇ ਰਾਖੇ ਪਾਸ ਜਾ ਕੇ ਕਿਹਾ ਕਿ ਮੈਨੂੰ ਭੁੱਖ ਬਹੁਤ ਲੱਗੀ ਹੋਈ ਹੈ, ਸੋ ਤੂੰ ਮੈਨੂੰ ਇਕ ਖਰਬੂਜ਼ਾ ਦੇ ਦੇਹ ਜੋ ਮੈਂ ਆਪਣੀ ਭੁੱਖ ਮਿਟਾ ਲਵਾਂ।

ਇਹ ਗੱਲ ਸੁਣ ਕੇ ਰਾਖੇ ਨੇ ਕਿਹਾ ਕਿ ਤੇਰੇ ਵਰਗੇ ਇਥੇ ਕਈ ਸੁਆਲੀਏ ਫਕੀਰ ਆਉਂਦੇ ਹਨ ਜੇਕਰ ਮੈਂ ਇਕ ਇਕ ਖਰਬੂਜ਼ਾ ਵੀ ਦੇਣ ਲੱਗਾਂ ਤਾਂ ਮੇਰਾ ਸਾਰਾ ਖੇਤ ਹੀ ਉਜੜ ਜਾਵੇ। ਜਾਹ ਜਿਧਰੋਂ ਆਇਆ ਹੈਂ ਚਲਿਆ ਜਾਹ!

ਇਹ ਗੱਲ ਸੁਣ ਕੇ ਫਰੀਦ ਜੀ ਉਥੋਂ ਤੁਰ ਪਏ ਅਤੇ ਜਾਂਦੇ ਹੋਏ ਆਖਦੇ ਹਨ ਕਿ ਇਸ ਫਕੀਰੀ ਨੂੰ ਧ੍ਰਿਗਾਕਾਰ ਹੈ ਜੋ ਮੰਗਿਆਂ ਇਕ ਖਰਬੂਜ਼ਾ ਵੀ ਨਹੀਂ ਮਿਲਦਾ।

ਫਕੀਰੀ ਕਰ ਕੇ ਕੀ ਖਟਿਆ? ਜੇ ਮੈਂ ਗ੍ਰਿਹਿਸਤੀ ਹੁੰਦਾ, ਆਪਣੀ ਖੇਤੀ ਬਾੜੀ ਕਰਦਾ ਤਾਂ ਮੈਂ ਆਪ ਵੀ ਰੱਜ ਕੇ ਖਾਂਦਾ ਤੇ ਖੁਦਾ ਦੇ ਨਾਮ ਫਕੀਰਾਂ ਨੂੰ ਵੀ ਦਿੰਦਾ। ਇਸ ਤਰ੍ਹਾਂ ਦੇ ਸੰਕਲਪ ਕਰਦਿਆਂ ਇਹ ਸਲੋਕ ਉਚਾਰਨ ਕੀਤਾ-

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ॥

ਫਰੀਦ ਜੀ ਕਥਨ ਕਰਦੇ ਹਨ ਕਿ ਹੇ ਮਨਾ! ਖੁਦਾ ਦੇ ਦਰ= ਦਰਵਾਜ਼ੇ ਦੀ ਦਰਵੇਸੀ= ਫਕੀਰੀ ਧਾਰਨ ਕਰਨੀ ਬੜੀ ਗਾਖੜੀ= ਕਠਿਨ ਹੈ ਪਰ ਅਫਸੋਸ ਹੈ ਜੋ ਮੈਂ ਆਪ ਦੁਨੀਆਂ ਦੀ ਭਤਿ= ਤਰ੍ਹਾਂ ਚਲ ਰਿਹਾ ਹਾਂ ਕਿ ਮੈਂ ਆਪ ਹੀ ਖੇਤੀਆਂ ਆਦਿਕ ਕਰਾਂ।

[ਪੰਨਾ ੧੩੭੮]

ਬੰਨਿ੍ ਉਠਾਈ ਪੋਟਲੀ ਕਿਥੈ ਵੰਞਾ ਘਤਿ॥ ੨॥

ਹੇ ਮਨਾ! ਇਹ ਜੋ ਫਕੀਰੀ ਰੂਪੀ ਪੋਟਲੀ= ਪੰਡ ਬੰਨਿ ਉਠਾਈ= ਧਾਰਨ ਕੀਤੀ ਹੈ, ਇਸ ਨੂੰ ਘਤਿ= ਸੁੱਟ ਕੇ ਕਿਥੇ ਵੰਞਾ= ਜਾਣਾ ਕਰਾਂ॥ ੨॥ ਕਿਉਂਕਿ—

ਇਕ ਵਾਰੀ ਫਕੀਰੀ ਬਾਣਾ ਧਾਰਨ ਕਰ ਕੇ ਫਿਰ ਗ੍ਰਿਹਸਤ ਮਾਰਗ, ਵਾ:-ਪਰਵਿਰਤੀ ਵਿਚ ਫਸਣਾ ਬੇਸ਼ਰਮੀ ਵਾਲੀ ਗੱਲ ਹੈ। ਇਸ ਤਰ੍ਹਾਂ ਦੇ ਸੰਕਲਪ ਕਰਦੇ ਮਨ ਨੂੰ ਸਮਝਾਉਂਦੇ ਹੋਏ ਉਸ ਖੇਤ ਦੇ ਨਾਲ ਵਗਦੇ ਦਰਿਆਂ ਦੇ ਕੰਢੇ-ਕੰਢੇ ਤੁਰਦੇ ਗਏ। ਕਾਫੀ ਦੂਰ ਜਾ ਕੇ ਕੁਝ ਥਕਾਵਟ ਤੇ ਭੁੱਖ ਦੇ ਕਾਰਨ ਸਾਹ ਲੈਣ ਲਈ ਬੈਠ ਗਏ।

ਫਰੀਦ ਜੀ ਦੇ ਜਾਣ ਮਗਰੋਂ ਜਿਸ ਵਕਤ ਉਸ ਖੇਤ ਦਾ ਮਾਲਕ ਵਾਪਸ ਖੇਤਾਂ ਦੀ ਸੰਭਾਲ ਵਾਸਤੇ ਪਰਤਿਆ, ਆ ਕੇ ਦੇਖਿਆ ਤਾਂ ਉਸ ਦੀ ਹੈਰਾਨੀ ਦੀ ਹਦ ਨਾ ਰਹੀ। ਕੀ ਦੇਖਦਾ ਹੈ ਕਿ ਖਰਬੂਜ਼ਿਆਂ ਦੀ ਥਾਂ ਵੇਲਾਂ ਨੂੰ ਸਾਰੀਆਂ ਸਿਰੀਆਂ ਹੀ ਸਿਰੀਆਂ ਲੱਗੀਆਂ ਹੋਈਆਂ ਹਨ।

ਰਾਖੇ (ਨੌਕਰ) ਪਾਸੋਂ ਪੁਛਿਆ ਜੋ ਪਹਿਲਾਂ ਹੀ ਘਬਰਾਇਆ ਬੈਠਾ ਸੀ ਕਿ ਖੇਤ ਨੂੰ ਕੀ ਹੋ ਗਿਆ? ਨੌਕਰ ਨੇ ਕਿਹਾ- ਹੋਰ ਤਾਂ ਕੁਝ ਨਹੀਂ ਹੋਇਆ ਤੁਹਾਡੇ ਪਿਛੋਂ ਇਕ ਫਕੀਰ ਸਾਈਂ ਆਇਆ ਸੀ ਉਸ ਨੇ ਇਕ ਖਰਬੂਜ਼ਾ ਮੰਗਿਆ ਪਰ ਮੈਂ ਨਾ ਦਿੱਤਾ। ਇਸ ਤੇ ਉਹ ਮੂੰਹ ਵਿਚ ਹੀ ਕੁਝ ਬੁੜ-ਬੁੜ ਕਰਦਾ ਚਲਾ ਗਿਆ ਹੈ। ਉਸ ਦੇ ਜਾਣ ਪਿਛੋਂ ਸਾਰੀਆਂ ਸਿਰੀਆਂ ਹੀ ਸਿਰੀਆਂ ਬਣ ਗਈਆਂ ਹਨ।

ਕੁਝ ਅੱਗੇ ਥਕਾਵਟ, ਦੂਸਰਾ ਇਹ ਹਾਲ ਦੇਖ ਕੇ ਉਸ ਦੇ ਗੁੱਸੇ ਦਾ ਪਾਰਾ ਵਧ ਗਿਆ। ਬਸ ਫਿਰ ਕੀ ਸੀ, ਨੌਕਰ ਨੂੰ ਚੰਗੀ ਤਰ੍ਹਾਂ ਡਾਂਟਿਆ ਤੇ ਪੁਛਿਆ ਸੂਰਾ! ਦਸ, ਹੁਣ ਉਹ ਫਕੀਰ ਸਾਂਈਂ ਕਿਧਰ ਗਿਆ ਹੈ? ਸਹਿਮੇ ਹੋਏ ਨੌਕਰ ਨੇ ਹੱਥ ਦੇ ਇਸ਼ਾਰੇ ਨਾਲ ਕਿਹਾ ਕਿ ਦਰਿਆ ਦੇ ਕਿਨਾਰੇ-ਕਿਨਾਰੇ ਗਿਆ ਹੈ। ਉਸ ਵਕਤ ਖੇਤ ਦੇ ਮਾਲਕ ਨੇ ਭੁਲ ਬਖਸ਼ਾਉਣ ਲਈ ਮੰਡੀਓਂ ਕੁਝ ਖਰਬੂਜ਼ੇ ਲਏ ਉਸੇ ਪਾਸੇ ਹੋ ਤੁਰਿਆ। ਥੋੜੀ ਦੂਰ ਜਾਣ ਤੇ ਫਰੀਦ ਜੀ ਚੌਂਕੜਾ ਮਾਰੀ ਦਰਿਆ ਦੇ ਕਿਨਾਰੇ ਬੈਠੇ ਨਿਗ੍ਹਾ ਆਏ। ਜਲਦੀ-ਜਲਦੀ ਪੈਰ ਪੁੱਟਦਾ ਪਾਸ ਪੁੱਜ ਨਮਸ਼ਕਾਰ ਕਰ ਕੇ ਬੇਨਤੀਆਂ ਕਰਨ ਲੱਗਾ : ਹੇ ਫਕੀਰ ਸਾਂਈਂ! ਮੇਰੇ ਨੌਕਰ ਪਾਸੋਂ ਭੁੱਲ ਹੋ ਗਈ ਹੈ, ਜੋ ਉਸ ਨੇ ਆਪ ਨੂੰ ਖਰਬੂਜ਼ਾ ਨਹੀਂ ਦਿੱਤਾ, ਸੋ ਆਪ ਕਿਰਪਾ ਕਰੋ ਬਖਸ਼ ਲਓ। ਮੈਂ ਗਰੀਬ ਹਾਂ! ਮੈਂ ਤਾਂ ਖੇਤੀ ਮੁੱਲ ਲਈ ਸੀ। ਹਾਲੀ ਕਰਜ਼ਾ ਵੀ ਨਹੀਂ ਉਤਰਿਆ। ਮੈਂ ਤਾਂ ਮਾਰਿਆ ਜਾਵਾਂਗਾ। ਨਿੱਕੇ-ਨਿੱਕੇ ਬੱਚੇ ਰੁਲ ਜਾਣਗੇ। ਆਪ ਮਿਹਰ ਕਰੋ।

ਇਸ ਤਰ੍ਹਾਂ ਦੇ ਤਰਲੇ ਭਰੇ ਨਿਮਰਤਾ ਸਹਿਤ ਬਚਨ ਸੁਣ ਕੇ ਕਿਰਪਾ ਦੇ ਘਰ ਵਿਖੇ ਆਏ ਫਰੀਦ ਜੀ ਨੇ ਕਿਹਾ— 'ਜਾਹ, ਤੇਰਾ ਭਲਾ ਹੋਵੇ! ਖੁਦਾ ਤੇਰਾ ਖੇਤ ਹਰਿਆ ਭਰਿਆ ਖਰਬੂਜ਼ਿਆਂ ਸਹਿਤ ਕਰੇ!'

ਇਸ ਤਰ੍ਹਾਂ ਦੀ ਦੁਆ ਸੁਣ ਕੇ ਕ੍ਰਿਸਾਨ ਬਹੁਤ ਪ੍ਰਸੰਨ ਹੋਇਆ। ਨਮਸਕਾਰ ਕਰ ਕੇ ਉਠਦੇ ਹੋਏ ਨੇ ਪੁਛਿਆ ਕਿ ਹੇ ਫਕੀਰ ਸਾਂਈ! ਕਿਰਪਾ ਕਰ ਕੇ ਇਹ ਵੀ ਦੱਸੋ ਕਿ ਉਹ ਸਾਰੇ ਖਰਬੂਜ਼ੇ ਸਿਰੀਆਂ ਕਿਉਂ ਬਣ ਗਏ ਸਨ?

ਪਹਿਲਾਂ ਤਾਂ ਫਰੀਦ ਜੀ ਚੁਪ ਕਰ ਗਏ, ਪਰ ਉਸ ਦੇ ਦੋ ਚਾਰ ਵਾਰੀ ਪੁੱਛਣ 'ਤੇ ਫਰੀਦ ਨੇ ਕਿਹਾ ਹੋਰ ਤਾਂ ਸਾਰੇ ਖਰਬੂਜ਼ੇ ਬਣ ਜਾਣਗੇ ਤੇ ਟਕ ਸਿਰੀ ਹੀ ਰਹੇਗੀ ਤੂੰ ਉਸ ਨੂੰ ਲੱਭ ਕੇ ਉਸ ਪਾਸੋਂ ਪੁੱਛੀਂ ਉਹ ਤੇਰੇ ਪ੍ਰਸ਼ਨ ਦਾ ਉੱਤਰ ਦੇਵੇਗੀ।

ਖੇਤ ਦਾ ਮਾਲਕ ਲੱਖ ਲੱਖ ਸ਼ੁਕਰ ਕਰਦਾ ਵਾਪਸ ਮੁੜਿਆ। ਜਿਸ ਵੇਲੇ ਖੇਤ ਪਾਸ ਪੁੱਜਾ ਤਾਂ ਕੀ ਦੇਖਦਾ ਹੈ ਕਿ ਉਸ ਫਕੀਰ ਦੇ ਕਹੇ ਅਨੁਸਾਰ ਸਾਰੀਆਂ ਸਿਰੀਆਂ ਫਿਰ ਖਰਬੂਜ਼ੇ ਬਣ ਗਏ ਹਨ। ਉਸ ਦਾ ਮਨ ਹੋਰ ਵੀ ਉਤਾਵਲਾ ਹੋ ਗਿਆ ਇਹ ਜਾਣਨ ਲਈ ਕਿ ਇਹ ਖਰਬੂਜ਼ੇ ਸਿਰੀਆਂ ਕਿਉਂ ਹੋ ਗਏ ਸਨ। ਇਸ ਕਰ ਕੇ ਉਹ ਲੱਗਾ ਸਿਰੀ ਲੱਭਣ। ਆਖਰ ਇਕ ਸਿਰੀ ਲੱਭ ਹੀ ਪਈ ਅਤੇ ਉਸ ਪਾਸੋਂ ਪੁਛਿਆ ਕਿ ਤੂੰ ਫਕੀਰ ਦੇ ਕਹੇ ਅਨੁਸਾਰ ਦਸਣਾ ਕਰ ਕਿ ਇਹ ਕੀ ਭਾਣਾ ਹੋਇਆ ਹੈ ਜੋ ਸਾਰੇ ਖੇਤ ਵਿਖੇ ਸਿਰੀਆਂ ਬਣ ਗਈਆਂ ਸਨ?

ਐਸੇ ਬਚਨ ਸੁਣ ਕੇ ਪਹਿਲੇ ਤਾਂ ਸਿਰੀ ਖਿੜ ਖਿੜਾ ਕੇ ਹੱਸ ਪਈ, ਫੇਰ ਬੋਲੀ ਹੇ ਪਾਪਾਤਮਾ! ਉਹ ਜੋ ਫਕੀਰ ਸਾਂਈਂ ਰੱਬ ਦਾ ਪਿਆਰਾ ਨਾਮ ਰਸੀਆ ਸੀ ਜੇ ਕਰ ਸਾਡੇ ਵਿਚੋਂ ਇਕ ਵੀ ਖਰਬੂਜ਼ਾ ਉਸ ਦੀ ਰਸਨੀ ਲੱਗ ਜਾਂਦਾ ਤਾਂ ਸਾਡੇ ਸਾਰਿਆਂ ਦੀ ਇਹ ਜੂਨ ਕੱਟੀ ਜਾਣੀ ਸੀ। ਦੇਖ, ਉਸ ਨੂੰ ਨਾ ਦੇਣ ਕਰ ਕੇ ਸਾਡੀ ਉਹੀ

ਪਹਿਲੇ ਵਾਲੀ ਦਸ਼ਾ ਬਣੀ ਰਹੀ। ਕਈ ਵਾਰੀ ਤੂੰ ਖਰਬੂਜ਼ੇ ਬਣਿਆਂ ਤੇ ਅਸੀਂ ਤੈਨੂੰ ਕਟਿਆ ਤੇ ਕਈ ਵਾਰ ਅਸੀਂ ਖਰਬੂਜ਼ੇ ਬਣੇ ਤੇ ਹੁਣ ਵਾਂਗ ਤੂੰ ਸਾਨੂੰ ਕੱਟਦਾ ਹੈਂ।

ਇਹ ਸੁਣ ਕੇ ਕ੍ਰਿਸਾਨ ਦੇ ਮਨ ਵਿਚ ਕੁਝ ਭਉ ਹੋਇਆ ਜਿਸ ਤੇ ਉਸ ਨੇ ਨਿਸਚੇ ਕਰ ਕੇ ਨੌਕਰ ਨੂੰ ਵੀ ਕਹਿ ਦਿੱਤਾ ਕਿ ਜੋ ਵੀ ਫਕੀਰ-ਸਾਂਈਂ ਆਵੇ ਉਸ ਨੂੰ ਨਾਂਹ ; ਹੀਂ ਕਰਨੀ।

ਜਿਸ ਵਕਤ ਖੇਤ ਦਾ ਮਾਲਕ ਫਰੀਦ ਜੀ ਪਾਸੋਂ ਭੁੱਲ ਬਖਸ਼ਾ ਕੇ ਚਲਾ ਗਿਆ ਤਾਂ ਫਰੀਦ ਜੀ ਨੇ ਦਰਿਆ ਦੇ ਕੰਢੇ ਬੈਠੇ ਹੀ ਅਗਲਾ ਸਲੋਕ ਉਚਾਰਿਆ-

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥

ਇਹਨਾਂ ਜੀਵਾਂ ਨੂੰ ਇਸ ਲੋਕ ਦੀ ਕੁਝ ਬੁਝੈ= ਸਮਝ ਨਹੀਂ ਹੈ ਕਿ ਸਾਡਾ ਕੀ ਹਾਲ ਹੋਣਾ ਹੈ ਅਤੇ ਕਿਝੁ ਨ ਸੁਝੈ= ਕੁਝ ਪ੍ਰਲੋਕ ਦੀ ਵੀ ਸੁਝੈ= ਗਿਆਤ ਨਹੀਂ ਹੈ ਕਿ ਅਸੀਂ ਪਾਪ ਕਰਮ ਕਰਦੇ ਹਾਂ ਤੇ ਸਾਡਾ ਪ੍ਰਲੋਕ ਵਿਖੇ ਕੀ ਹਾਲ ਹੋਵੇਗਾ।

ਵਾ:- ਇਹ ਜੀਵ ਮਨ ਕਰ ਕੇ ਵੀ ਕੁਝ ਬੁੱਝਦਾ ਨਹੀਂ ਹੈ ਅਤੇ ਤਨ ਕਰ ਕੇ ਵੀ ਕੁਝ ਸਮਝਦਾ ਨਹੀਂ ਹੈ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ।

ਵਾ:- ਕੁਝ ਨਹੀਂ ਬੁੱਝਦਾ ਤੂੰ ਪਦ ਦੇ ਲਖਸ਼ ਅਰਥ ਨੂੰ ਅਤੇ ਨਾ ਹੀ ਇਸ ਨੂੰ ਤਤ ਪਦ ਦਾ ਅਰਥ ਕੁਝ ਸੁਝਦਾ ਹੈ। ਇਸ ਕਰ ਕੇ-

ਇਸ ਦੁਨੀਆਂ ਨੂੰ ਮਾਇਆ ਦੀ ਤ੍ਰਿਸ਼ਨਾ ਰੂਪੀ ਗੁਝੀ ਭਾਹਿ= ਅਗਨੀ ਲੱਗ ਰਹੀ ਹੈ। *ਅਥਵਾ-* ਕਾਲ ਰੂਪੀ ਅਗਨੀ ਗੁਝੀ ਲੱਗ ਰਹੀ ਹੈ। ਭਾਵ ਕਾਲ ਮਾਰੀ ਤਾਂ ਜਾਂਦਾ ਹੈ ਪਰ ਨਿਗਾਹ ਨਹੀਂ ਆਉਂਦਾ।

ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥ ੩॥

ਸਾਂਈਂ ਪਰਮਾਤਮਾ ਨੇ ਮੇਰੇ ਨਾਲ ਚੰਗਾ ਕੀਤਾ ਹੈ ਜੋ ਫ਼ਕੀਰੀ ਭੇਖ ਦੇਣਾ ਕੀਤਾ ਹੈ, ਨਹੀਂ ਤਾਂ ਜੇ ਮੈਂ ਗ੍ਰਹਿਸਥ ਵਿਚ ਹੁੰਦਾ ਤਾਂ ਹੰ ਭੀ= ਮੈਂ ਵੀ ਇਸ ਅਗਨੀ ਵਿਖੇ ਆ ਕੇ ਦਝਾਂ= ਸੜਦਾ॥੩॥

ਉਥਾਨਕਾ- ਦੇਵਨੇਤ ਨਾਲ ਮੀਂਹ ਦੇ ਨਾ ਪੈਣ ਕਰ ਕੇ ਖੇਤੀਆਂ ਸਭ ਸੁਕ ਗਈਆਂ। ਅੰਨ ਦਾਣਾ ਪੈਦਾ ਨਾ ਹੋਣ ਕਰ ਕੇ ਦੇਸ਼ ਵਿਚ ਕਾਲ ਪੈ ਗਿਆ ਅਤੇ ਅੰਨ ਦਾਣਾ ਖਾਣ ਨੂੰ ਨਾ ਮਿਲਣ ਕਰ ਕੇ ਚਾਰੋਂ ਪਾਸੇ ਹਾਹਾਕਾਰ ਮਚ ਗਈ। ਕਈ ਭੁੱਖ ਦੇ ਦੁੱਖੋਂ ਸਦਾ ਲਈ ਮੌਤ ਰਾਣੀ ਦੀ ਝੋਲੀ ਜਾ ਸੁੱਤੇ।

ਉਸ ਦੇਸ਼ ਵਿਚ ਇਕ ਬੜਾ ਧਰਮਾਤਮਾ ਸ਼ਾਹੂਕਾਰ ਰਹਿੰਦਾ ਸੀ। ਲੋਕਾਂ ਦੀ ਐਸੀ ਦਸ਼ਾ ਦੇਖ ਕੇ ਉਸ ਦੇ ਮਨ ਵਿਚ ਦਇਆ ਆਈ ਕਿ ਜੇ ਜਨਤਾ ਦੁਖੀ ਹੈ ਤਾਂ ਇਤਨਾ ਅਨਾਜ ਕੋਠਿਆਂ ਵਿਚ ਰੱਖ ਕੇ ਕੀ ਕਰਨਾ ਹੈ। ਇਹ ਵਿਚਾਰ ਕੇ ਉਸ ਨੇ ਇਕ ਅਨਾਜ ਦਾ ਗੁਦਾਮ ਖੋਲ੍ਹ ਕੇ ਮੁਨਾਦੀ ਕਰਵਾ ਦਿੱਤੀ ਕਿ ਜਿਸ ਨੂੰ ਅੰਨ ਦਾਣੇ ਦੀ ਲੋੜ ਹੈ ਉਹ ਆ ਕੇ ਲੈ ਜਾਵੇ। ਬਸ ਫਿਰ ਕੀ ਸੀ, ਸਭ ਦੁਨੀਆਂ ਆ ਇਕੱਠੀ ਹੋਈ। ਸਮਾਂ ਪਾ ਕੇ ਉਹ ਸਾਰਾ ਗੁਦਾਮ ਖਾਲੀ ਹੋ ਗਿਆ। ਫੇਰ ਦੂਸਰਾ ਤੇ ਤੀਸਰਾ ਇਸੇ ਤਰ੍ਹਾਂ ਚਾਰ ਗੁਦਾਮ ਖਾਲੀ ਹੋ ਗਏ। ਆਖਰ ਤਿਲਾਂ ਵਾਲਾ ਗੁਦਾਮ ਵੀ ਖੋਲ੍ਹ ਦਿੱਤਾ ਪਰ ਜਿਸ ਵਕਤ ਦੇਖਿਆ ਅਜੇ ਵੀ ਪੂਰੀ ਨਹੀਂ ਪਈ ਤੇ ਸਾਰਾ ਅਨਾਜ ਵੀ ਖਤਮ ਹੋ ਚੁੱਕਾ ਹੈ ਅਤੇ ਬਾਕੀ ਥੋੜ੍ਹੇ ਜਿਹੇ ਤਿਲ ਰਹਿ ਗਏ ਹਨ, ਤਾਂ ਜੀਅ ਪ੍ਰਤੀ ਇਕ ਇਕ ਬੁੱਕ ਦੇਣ ਲੱਗ ਪਿਆ।

ਫਰੀਦ ਜੀ ਵੀ ਉਧਰੋਂ ਦੀ ਲੰਘਿਆ ਕਰਦੇ ਸਨ ਅਤੇ ਇਕ ਬੁਕ ਅੰਨ ਵਰਤਾਉਂਦੇ ਨੂੰ ਦੇਖ ਕੇ ਇਹ ਸਲੋਕ ਕਥਨ ਕਰਦੇ ਹਨ-

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥

ਫਰੀਦ ਜੀ ਕਥਨ ਕਰਦੇ ਹਨ-ਹੇ ਭਲਿਆ ਲੋਕਾ! ਜੇ ਤੂੰ ਜਾਣਦਾ ਸੀ ਕਿ ਤਿਲ ਥੋਹੜੇ ਰਹਿ ਗਏ ਹਨ ਤਾਂ ਪਹਿਲੇ ਹੀ ਸੰਭਾਲ-ਸੰਭਾਲ ਕੇ ਬੁੱਕ ਭਰਨਾ ਸੀ। ਭਾਵ ਪਹਿਲੇ ਲੋੜ ਅਨੁਸਾਰ ਥੋਹੜਾ ਥੋਹੜਾ ਦੇਣਾ ਸੀ।

ਇਸੇ ਪ੍ਰਕਾਰ ਜੇ ਜਾਣਦਾ ਸੈਂ ਕਿ ਸਵਾਸਾਂ ਰੂਪੀ ਤਿਲ ਥੋਹੜਾ ਸਮਾਂ ਰਹਿਣ ਵਾਲੇ ਹਨ ਤਾਂ ਸੰਭਾਲ ਕੇ ਬੁੱਕ ਭਰਦਾ, ਭਾਵ ਸੰਸਾਰ ਵਲੋਂ ਹਟਾ ਕੇ ਪਰਮੇਸ਼ਰ ਨਮਿੱਤ ਸਵਾਸਾਂ ਨੂੰ ਖਰਚ ਕਰਦਾ।

ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥ ੪॥

ਜੇ ਤੂੰ ਜਾਣਦਾ ਸੈਂ ਕਿ ਸਹੁ= ਜੋਬਨ ਨੰਢੜਾ= ਥੋਹੜਾ ਸਮਾਂ ਰਹਿਣ ਵਾਲਾ ਹੈ ਤਾਂ ਜਵਾਨੀ ਦਾ ਥੋਹੜਾ ਮਾਣੁ= ਹੰਕਾਰ ਕਰਦਾ, ਭਾਵ ਵਿਸ਼ੇ ਲੰਪਟ ਨਾ ਹੁੰਦਾ।

ਅਥਵਾ- ਜੇ ਤੂੰ ਜਾਣਦਾ ਸੈਂ ਕਿ ਪਦਾਰਥਾਂ ਰੂਪ ਤਿਲ ਥੋਹੜਾ ਕਾਲ ਰਹਿਣ ਵਾਲੇ ਹਨ ਤਾਂ ਸੰਭਾਲ ਕੇ ਬੁੱਕ ਭਰਦਾ। ਭਾਵ ਸੰਸਾਰ ਵਲੋਂ ਹਟਾ ਕੇ ਪਰਮੇਸ਼ਰ ਨਮਿੱਤ ਪਦਾਰਥਾਂ ਨੂੰ ਖਰਚਦਾ ਅਤੇ ਜੇ ਤੂੰ ਇਹ ਭੀ ਜਾਣਦਾ ਸੈਂ ਕਿ ਸਹੁ= ਪਤੀ-ਪਰਮਾਤਮਾ ਨੰਢੜਾ= ਗਰੀਬਾਂ ਦਾ ਪਿਆਰਾ ਹੈ ਤਾਂ ਤੂੰ ਚਿਤ ਵਿਖੇ ਧਨ-ਪਦਾਰਥਾਂ ਦਾ ਥੋਹੜਾ ਹੰਕਾਰ ਕਰਦਾ॥ ੪॥

ਉਥਾਨਕਾ- ਇਕ ਮਨੁੱਖ ਆਪਣੀ ਮਸਤੀ ਵਿਚ ਚਲਿਆ ਜਾ ਰਿਹਾ ਸੀ, ਜਿਸ ਨੇ ਪਰਨੇ ਵਿਚ ਲਾਲ ਬੰਨ੍ਹ ਕੇ ਪਰਨਾ ਮੋਢੇ 'ਤੇ ਰਖਿਆ ਹੋਇਆ ਸੀ। ਦੇਵਨੇਤ ਨਾਲ ਐਸਾਂ ਭਾਣਾ ਵਰਤਿਆ, ਗੰਢ ਪੋਲੀ ਹੋਣ ਕਰ ਕੇ ਖੁਲ੍ਹ ਗਈ ਤੇ ਲਾਲ ਡਿੱਗ ਪਿਆ ਪਰ ਉਸ ਨੂੰ ਕੋਈ ਪਤਾ ਨਾ ਲੱਗਾ।

ਜਿਸ ਵਕਤ ਸ਼ਹਿਰ ਪੁੱਜਾ ਅਤੇ ਲਾਲ ਦੀ ਸੰਭਾਲ ਲਈ ਪਰਨਾ ਵੇਖਿਆ ਤਾਂ ਲਾਲ ਪੱਲੇ ਵਿਚ ਨਹੀਂ ਸੀ। ਕਈ ਤਰ੍ਹਾਂ ਦੇ ਸੰਕਲਪ ਕਰਦਾ ਚਿੰਤਾ 'ਚ ਡੁੱਬਾ ਫਰੀਦ ਜੀ ਪਾਸ ਪੁੱਜਾ ਤੇ ਆਪਣੀ ਸਾਰੀ ਰਾਮ ਕਹਾਣੀ ਕਹਿ ਸੁਣਾਈ ਅਤੇ ਬੇਨਤੀ ਕਰਨ ਲੱਗਾ- ਹੇ ਫਰੀਦ ਸਾਂਈਂ! ਆਪ ਨਜ਼ੂਮ ਲਗਾ ਕੇ ਦੱਸੋ ਕਿ ਮੇਰਾ ਲਾਲ ਕਿਥੇ-ਕੁ ਡਿਗਿਆ ਹੈ? ਤਾਂ ਫਰੀਦ ਜੀ ਨੇ ਕਿਹਾ ਕਿ-

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ॥

ਹੇ ਭਲਿਆ ਲੋਕਾਂ! ਜੇ ਤੂੰ ਜਾਣਦਾ ਸੈਂ ਕਿ ਲੜੁ= ਪੱਲੇ ਨੇ ਛਿਜਣਾ= ਖੁਲ੍ਹ ਜਾਣਾ ਹੈ ਤਾਂ ਤੂੰ ਪੀਡੀ= ਤਕੜੀ ਘੁੱਟ ਕੇ ਗੰਢ ਪਾਉਂਦਾ। ਇਹ ਲਾਲ ਤੂੰ ਆਪਣੀ ਬੇਪ੍ਰਵਾਹੀ ਨਾਲ ਗਵਾਇਆ ਹੈ।

ਅਥਵਾ- ਫਰੀਦ ਜੀ ਖੁਦਾ ਅੱਗੇ ਆਪਣੀ ਪ੍ਰਾਰਥਨਾ ਕਰਦੇ ਹਨ ਕਿ ਹੇ ਖੁਦਾ! ਜੇ ਮੈਂ ਜਾਣਦਾ ਕਿ ਇਸ ਸਰੀਰ ਰੂਪੀ ਲੜ ਨੇ, ਵਾ ਪਦਾਰਥਾਂ ਨੇ ਛਿਜਣਾ= ਨਾਸ ਹੋ ਜਾਣਾ ਹੈ ਤਾਂ ਮੈਂ ਆਪ ਵਿਖੇ ਘੁੱਟ ਕੇ ਪ੍ਰੀਤੀ ਰੂਪੀ ਗੰਢ ਪਾਉਂਦਾ।

ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥ ੫॥

ਸਾਰੇ ਜਗਤ ਵਿਚ ਮੈਂ ਹੰਢਿ= ਫਿਰ ਕੇ ਦੇਖ ਚੁਕਾਂ ਹਾਂ ਪਰ ਹੇ ਖੁਦਾ! ਤੈ ਜੇਵਡੁ= ਤੇਰੇ ਜਿਹਾ ਮੈਨੂੰ ਹੋਰ ਕੋਈ ਨਿਗਾਹ ਨਹੀਂ ਆਇਆ॥੫॥

ਉਥਾਨਕਾ- ਕੋਈ ਮੁਨਸ਼ੀ ਰਿਸ਼ਵਤ ਲੈ ਕੇ ਉਲਟੇ ਲੇਖ ਲਿਖ ਰਿਹਾ ਸੀ। ਉਸ ਨੂੰ ਸਮਝਾਉਂਦੇ ਹਨ-

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥

ਫਰੀਦ ਜੀ ਕਥਨ ਕਰਦੇ ਹਨ ਕਿ ਹੇ ਮੁਨਸ਼ੀ! ਜੇ ਤੂੰ ਅਕਲ ਦਾ ਲਤੀਫ਼= ਚਤੁਰ ਭਾਵ ਅਕਲ ਦਾ ਧਨੀ ਹੈਂ ਤਾਂ ਹੱਥ ਵਿਚ ਕਲਮ ਫੜ ਕੇ ਪਾਪ ਰੂਪ ਕਾਲਿਆਂ ਲੇਖਾਂ ਨੂੰ ਨਾ ਲਿਖਣਾ ਕਰ।

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥

ਆਪਣੀ ਗਿਰੀਵਾਨ= ਬੁੱਕਲ ਵਿਚ ਨੀਵਾਂ ਸਿਰ ਪਾ ਕੇ ਦੇਖ ਭਾਵ ਵਿਚਾਰ ਕੇ ਦੇਖ ਕਿ ਜੋ ਮਾਇਆ ਦੇ ਲੱਬ ਕਰ ਕੇ ਮੈਂ ਪਾਪ ਕਰਮ ਕਰ ਰਿਹਾ ਹਾਂ ਜਾਂ ਇਹ ਰਿਸ਼ਵਤ ਲੈਣ ਰੂਪ ਜੋ ਪਾਪ ਕਰਮ ਕਰ ਰਿਹਾ ਹਾਂ, ਇਹਨਾਂ ਕਰਮਾਂ ਦਾ ਫਲ ਮੈਂ ਆਪ ਹੀ ਭੋਗਣਾ ਹੈ।

ਅਥਵਾ- ਤੂੰ ਆਪਣੇ ਗਿਰੀਵਾਨ= ਦਿਲ ਵਿਚ ਨੀਵਾਂ ਸਿਰ ਕਰ ਕੇ ਭਾਵ ਨਿੰਮ੍ਰਤਾ ਗੁਣ ਦੇ ਸਹਿਤ ਹੋ ਕੇ ਸਾਰਿਆਂ ਨੂੰ ਆਪਣੇ ਸਦਰਸ਼ ਦੇਖਣਾ ਕਰ।

ਅਥਵਾ- ਸਿਰੁ ਨੀਵਾਂ= ਅੰਤਰ-ਮੁਖ ਬਿਰਤੀ ਕਰ ਕੇ ਆਪਨੜੇ ਗਿਰੀਵਾਨ= ਆਪਣੀ ਵਿਚਾਰ ਰੂਪ ਬੁੱਕਲ ਅੰਦਰ ਖੁਦਾ ਨੂੰ ਦੇਖਣਾ ਕਰ॥੬॥

ਉਥਾਨਕਾ- ਇਕ ਸਮੇਂ ਫਰੀਦ ਜੀ ਬਾਹਰ ਜੰਗਲ ਵਿਚ ਬੈਠੇ ਤਪ ਕਰ ਰਹੇ ਸਨ। ਘੋੜੇ ਉਪਰ ਚੜ੍ਹੇ ਹੋਏ ਰਾਜਸੀ ਸੁਭਾਵ ਵਾਲੇ ਇਕ ਮਨੁੱਖ ਨੇ ਆ ਕੇ ਪੁਛਿਆ ਕਿ ਹੇ ਫਕੀਰ ਸਾਂਈਂ! ਸ਼ਹਿਰ ਨੂੰ ਕਿਹੜਾ ਰਸਤਾ ਜਾਂਦਾ ਹੈ?

ਫਰੀਦ ਜੀ ਨੇ ਆਪਣੀ ਮਸਤੀ ਵਿਚ ਬੈਠਿਆਂ ਕਬਰ ਅਸਥਾਨ ਵੱਲ ਹੱਥ ਨਾਲ ਇਸ਼ਾਰਾ ਕੀਤਾ। ਫਰੀਦ ਜੀ ਦੇ ਕਹਿਣ 'ਤੇ ਉਹ ਉਧਰ ਨੂੰ ਹੀ ਹੋ ਤੁਰਿਆ, ਪਰ ਉਧਰ ਕਬਰਾਂ ਹੀ ਕਬਰਾਂ ਸਨ। ਉਹ ਚਲਦਾ-ਚਲਦਾ ਥੱਕ ਗਿਆ ਪਰ ਕਬਰਸਤਾਨ ਮੁੱਕਣ ਵਿਚ ਹੀ ਨਾ ਆਇਆ।

ਆਖਰ ਖਿਝ ਕੇ ਕਹਿੰਦਾ ਹੈ ਕਿ ਫਰੀਦ ਨੇ ਮੇਰੇ ਨਾਲ ਮਸ਼ਕਰੀ ਕੀਤੀ ਹੈ ਜੋ ਜਾਣ-ਬੁੱਝ ਕੇ ਮੈਨੂੰ ਉਲਟ ਰਸਤੇ ਪਾ ਦਿੱਤਾ ਹੈ ਗੁੱਸੇ ਦਾ ਭਰਿਆ-ਪੀਤਾ ਵਾਪਿਸ ਮੁੜਿਆ। ਪਾਸ ਆ ਕੇ ਫਰੀਦ ਜੀ ਨੂੰ ਇਕ ਨਹੀਂ ਦੋ ਨਹੀਂ, ਤਿੰਨ ਚਾਰ ਮੁੱਕੇ ਮਾਰ ਦਿਤੇ।

ਫਰੀਦ ਜੀ ਉਸ ਸ਼ਾਹੂਕਾਰ ਨੂੰ ਕਹਿਣ ਲੱਗੇ ਕਿ ਪੰਜ ਹਜ਼ਾਰੀ ਦਸ ਹਜ਼ਾਰੀ। ਇਹ ਕਹਿ ਕੇ ਹੱਸ ਪਏ ਤਾਂ ਸ਼ਾਹੂਕਾਰ ਡਰ ਗਿਆ ਤੇ ਸਹਿਮੇ ਹੋਏ ਨੇ ਕਿਹਾ— ਹੇ ਸਾਂਈਂ! ਇਹ ਆਪ ਜੀ ਨੇ ਕੀ ਕਿਹਾ ਹੈ?

ਫਰੀਦ ਜੀ ਨੇ ਕਿਹਾ ਕਿ ਹੇ ਭਲੇ ਲੋਕ! ਅਸਲੀ ਸ਼ਹਿਰ ਤਾਂ ਇਹੋ ਹੀ ਹੈ ਜਿਥੇ ਆ ਕੇ ਫਿਰ ਕੋਈ ਵਾਪਿਸ ਨਹੀਂ ਜਾਂਦਾ। ਪੰਜ ਹਜ਼ਾਰੀ ਦਸ ਹਜ਼ਾਰੀ ਇਸ ਵਾਸਤੇ ਕਿਹਾ ਹੈ ਕਿ ਜੇ ਤੂੰ ਧਨ ਦੇ ਹੰਕਾਰ ਕਰ ਕੇ ਗਰੀਬਾਂ ਮਜ਼ਲੂਮਾਂ ਨੂੰ ਤੰਗ ਕਰੇਂਗਾ ਤਾਂ ਤੂੰ ਵੀ ਨਰਕਾਂ ਵਿਚ ਜਾਵੇਂਗਾ।

ਫਰੀਦ ਜੀ ਦੇ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਸ਼ਾਹੂਕਾਰ ਨੂੰ ਨਿਸਚਾ ਹੋ ਗਿਆ ਕਿ ਮੈਂ ਵੀ ਮਰ ਜਾਣਾ ਹੈ। ਬਾਕੀ ਸੋਚ ਵਿਚਾਰ ਕਰ ਕੇ ਫਰੀਦ ਜੀ ਨੂੰ ਕਿਹਾ— ਫਕੀਰ ਸਾਂਈਂ! ਕਿਰਪਾ ਕਰ ਕੇ ਮੈਨੂੰ ਕੋਈ ਸ਼ੁਭ ਸਿਖਿਆ ਦਿਓ?

ਸ਼ਾਹੂਕਾਰ ਦੇ ਮਨ ਵਿਚ ਸ਼ਰਧਾ ਆਈ ਵੇਖ ਕੇ ਫਰੀਦ ਜੀ ਹੁਣ ਇਸ ਸਲੋਕ ਦੁਆਰਾ ਉਸ ਨੂੰ ਸਿਖਿਆ ਦੇਂਦੇ ਹਨ-

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹ ਨ ਮਾਰੇ ਘੁੰਮਿ ॥

ਫਰੀਦ ਜੀ ਕਥਨ ਕਰਦੇ ਹਨ ਕਿ ਹੇ ਭਲੇ ਲੋਕ! ਜੇ ਕਰ ਕੇ ਤੈਨੂੰ ਕੋਈ ਮੁੱਕੀਆਂ ਵੀ ਮਾਰੇ ਤਾਂ ਤੂੰ ਉਹਨਾਂ ਘੁੰਮਿ= ਮੁੜ ਕੇ ਭਾਵ ਉਸ ਦੇ ਬਦਲੇ ਉਸ ਮਾਰਨਾ ਨਾ ਕਰ। ਸਗੋਂ ਐਸੀ ਨਿੰਮ੍ਰਤਾ ਧਾਰਨ ਕਰ, ਜੋ-

ਆਪਨੜੈ ਘਰਿ ਜਾਈਐ ਪੈਰ ਤਿਨ੍ਹ ਦੇ ਚੁੰਮਿ ॥ ੭ ॥

ਆਪ ਉਹਨਾਂ ਦੇ ਘਰ ਜਾ ਕੇ ਉਹਨਾਂ ਦੇ ਚਰਨ ਚੁੰਮਣਾ ਕਰ। ਭਾਵ ਉਹਨਾਂ ਵਿਚ ਕੋਈ ਦੋਸ਼ ਨਾ ਅਰੋਪਣਾ ਕਰ।

ਦੇਖ! ਜਿਸ ਤਰ੍ਹਾਂ ਭ੍ਰਿਗੂ ਰਿਖੀ ਦੇ ਲਤ ਮਾਰਨ 'ਤੇ ਵੀ ਵਿਸ਼ਨੂੰ ਮਹਾਰਾਜ ਨੇ ਆਸਣ ਤੋਂ ਉਠ ਕੇ ਭ੍ਰਿਗੂ ਰਿਖੀ ਦੇ ਚਰਨ ਘੁੱਟੇ ਸਨ।

ਅਥਵਾ- ਸੰਸਾਰ ਤਿੰਨ ਕਾਲ ਹੈ ਹੀ ਨਹੀਂ। ਐਸੀਆਂ ਮੁੱਕੀਆਂ ਹੋਈਆਂ ਗੱਲਾਂ ਨੂੰ ਜੋ ਮਹਾਤਮਾ ਮਾਰਨਿ= ਉਚਾਰ ਕੇ ਸੁਣਾਉਂਦੇ ਹਨ। ਉਹਨਾਂ ਮਹਾਤਮਾਂ ਅਗੇ ਘੁੰਮਿ= ਮੁੜ ਕੇ, ਨ ਮਾਰੇ= ਉਜ਼ਰ ਨਾ ਕਰੇ। ਭਾਵ ਸ਼ੰਕਾ ਪੰਕਾ ਨਾ ਕਰੇ।

ਪੈਰ ਤਿਨ੍ਹ ਦੇ ਚੁੰਮਿ ॥੭ ॥

ਸਗੋਂ ਉਹਨਾਂ ਮਹਾਤਮਾਂ ਦੇ ਚਰਨਾਂ ਨੂੰ ਚੁੰਮਣਾ ਕਰੇ ਤਾਂ ਇਹ ਜੀਵ ਆਪਣੇ ਸਰੂਪ ਰੂਪੀ ਘਰ ਵਿਚ ਜਾਂਦਾ ॥੭ ॥

ਅਥਵਾ- ਜੋ ਵਾਸ਼ਨਾਂ ਵਾ ਇੰਦ੍ਰੀਆਂ ਤੈਨੂੰ ਮਾਰਦੀਆਂ ਹੋਈਆਂ ਮੁੱਕੀਆਂ ਨਹੀਂ ਭਾਵ ਘਟੀਆਂ ਨਹੀ ਹਨ, ਉਹਨਾਂ ਵਾਸ਼ਨਾਂ ਵਾ:-ਇੰਦਰੀਆਂ ਨੂੰ ਘੁੰਮ ਕੇ ਕਿਉਂ ਨਹੀਂ ਮਾਰਦਾ? ਭਾਵ ਮਾਰਨਾ ਕਰ।

ਜਿਨ੍ਹਾਂ ਨੇ ਵਾਸ਼ਨਾਂ ਵਾ:-ਇੰਦਰੀਆਂ ਮਾਰ ਲਈਆਂ ਹਨ, ਉਹਨਾਂ ਦੇ ਚਰਨ ਚੁੰਮਣ ਕਰ ਕੇ ਆਪਣੇ ਸਰੂਪ ਘਰ ਵਿਚ ਜਾਣਾ ਹੁੰਦਾ ਹੈ ॥੭ ॥

ਉਥਾਨਕਾ- ਬਿਰਧ ਅਵਸਥਾ ਵਿਖੇ ਕਿਸੇ ਪ੍ਰੇਮੀ ਨੇ ਆ ਕੇ ਫਰੀਦ ਜੀ ਅੱਗੇ ਬੇਨਤੀ ਕੀਤੀ, ਫਕੀਰ ਸਾਂਈਂ! ਮੈਨੂੰ ਮੁਕਤੀ ਦਾ ਉਪਦੇਸ਼ ਦਿਓ? ਇਹ ਗੱਲ ਸੁਣ ਕੇ ਉਸ ਨੂੰ ਸਮਝਾਉਂਦੇ ਹਨ-

ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥

ਫਰੀਦ ਜੀ ਕਥਨ ਕਰਦੇ ਹਨ- ਜਿਸ ਵੇਲੇ ਤੇਰਾ ਜਪ ਤਪ ਰੂਪ ਖੱਟੀ-ਕਮਾਈ ਕਰਨ ਦਾ ਜੋਬਨ ਅਵਸਥਾ ਰੂਪ ਵੇਲਾ ਸੀ ਉਸ ਵੇਲੇ ਤੂੰ ਦੁਨੀ= ਦੁਨੀਆਂ ਦੇ ਸਾਥ ਤਦਾਕਾਰ ਹੋ ਰਿਹਾ ਸੀ ਭਾਵ ਮਾਇਆ ਇਕੱਠੀ ਕਰਨ ਵਿਚ ਤੇਰਾ ਮਨ ਜੁੜਿਆ ਹੋਇਆ ਸੀ।

ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥ ੮ ॥

ਮਰਗ= ਮੌਤ ਦੀ ਨੀਂਹ ਜੋ ਬਿਰਧ ਅਵਸਥਾ ਹੈ, ਉਹ ਤੇਰੇ ਉਪਰ ਸਵਾਈ ਤੋਂ ਸਵਾਈ ਆ ਰਹੀ ਹੈ, ਭਾਵ ਬਿਰਧ ਅਵਸਥਾ ਜ਼ੋਰ ਪਕੜ ਰਹੀ ਹੈ, ਜਿਸ ਵਕਤ ਤੇਰੇ ਸੁਆਸ ਭਰਿਆ= ਪੂਰੇ ਹੋ ਗਏ ਤਾਂ ਤੈਨੂੰ ਫੱਟੇ 'ਤੇ ਲੱਦ ਕੇ ਸ਼ਮਸ਼ਾਣ ਭੂਮੀ ਵਿਖੇ ਲੈ ਜਾਣਗੇ॥ ੮ ॥

ਅਗਲਾ ਸਲੋਕ ਵੀ ਉਸੇ ਪ੍ਰਥਾਇ ਕਥਨ ਕਰਦੇ ਹਨ-

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥

ਫਰੀਦ ਜੀ ਕਥਨ ਕਰਦੇ ਹਨ ਹੇ ਭਲਿਆ ਲੋਕਾ! ਨਿਗਾਹ ਮਾਰ ਕੇ ਦੇਖ ਜੋ ਗੱਲ ਤੇਰੇ 'ਤੇ ਆ ਕੇ ਪ੍ਰਾਪਤ ਹੋਈ ਹੈ ਕਿ ਦਾੜ੍ਹੀ ਤੇਰੀ ਭੂਰ= ਕੱਕੀ ਭਾਵ ਚਿੱਟੀ ਹੋ ਗਈ ਹੈ। ਇਸ ਤੋਂ ਇਹ ਨਿਸਚੇ ਕਰ ਕਿ-

ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥ ੯॥

ਅਗਹੁ= ਮਰਨਾ ਤੇਰੇ ਨੇੜੇ ਆ ਰਿਹਾ ਹੈ, ਪਿਛਾ= ਜੀਵਣਾ ਦੂਰ ਰਹਿ ਗਿਆ ਹੈ॥੯॥

ਉਥਾਨਕਾ- ਇਕ ਦਿਨ ਫਰੀਦ ਜੀ ਰੁੱਖੀ ਰੋਟੀ ਖਾਂਦੇ ਤੁਰੇ ਜਾ ਰਹੇ ਸਨ ਉਸੇ ਰਸਤੇ ਇਕ ਵਪਾਰੀ ਸ਼ੱਕਰ ਦੀਆਂ ਬੋਰੀਆਂ ਲੱਦੀ ਜਾ ਰਿਹਾ ਸੀ, ਉਸ ਨੂੰ ਦੇਖ ਕੇ ਫਰੀਦ ਜੀ ਨੇ ਪੁਛਿਆ, ਇਹ ਕੀ ਹੈ?

ਉਸ ਨੇ ਦਿਲ 'ਚ ਸੋਚਿਆ ਜੇ ਮੈਂ ਦਸਿਆ ਕਿ 'ਇਹ ਸ਼ੱਕਰ ਹੈ ਤਾਂ ਕਿਤੇ ਮੰਗ ਹੀ ਨਾ ਲਵੇ, ਇਸ ਤਰ੍ਹਾਂ ਵਿਚਾਰ ਕੇ ਉਸ ਨੇ ਕਿਹਾ- ਖਾਸਾ ਖੂਸਾ ਹੈ।'' ਫਰੀਦ ਜੀ ਨੇ ਵੀ ਸਹਜ-ਸੁਭਾਅ ਕਹਿ ਦਿੱਤਾ 'ਤਥਾ ਅਸਤੂ।'

ਜਿਸ ਵੇਲੇ ਉਹ ਵਪਾਰੀ ਘਰ ਆਇਆ ਤਾਂ ਕੀ ਦੇਖਦਾ ਹੈ ਜੁ ਸਚਮੁੱਚ ਖਾਸਾ ਖੂਸਾ ਹੀ ਹੋ ਗਿਆ ਹੈ। ਇਹ ਵੇਖ ਕੇ ਬੜਾ ਘਬਰਾਇਆ ਕਿ ਹੁਣ ਕੀ ਬਣੇ? ਆਪਣੀ ਭੁੱਲ ਨੂੰ ਮਹਿਸੂਸ ਕਰਦਿਆਂ ਬਜ਼ਾਰ ਜਾ ਕੇ ਸ਼ੱਕਰ ਲਿਆ ਕੇ ਫਰੀਦ ਪਾਸ ਪੁੱਜਾ ਤੇ ਲੱਗਾ ਬੇਨਤੀਆਂ ਕਰਨ।

ਹੇ ਫਕੀਰ ਸਾਂਈਂ! ਮੇਹਰ ਕਰ, ਮੇਰੀ ਭੁੱਲ ਬਖਸ਼ੋ ਜੋ ਮੈਂ ਆਪ ਜੀ ਦੇ ਅੱਗੇ ਝੂਠ ਬੋਲਿਆ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਫਰੀਦ ਜੀ ਨੇ ਕਿਹਾ ਜਾਹ! ਖੁਦਾ ਦਾ ਨਾਮ ਲੈ ਕੇ ਬੋਰੀ ਖੋਲ੍ਹੀਂ ਤਾਂ ਉਹ ਸ਼ੱਕਰ ਹੋ ਜਾਵੇਗੀ।

ਉਸ ਨੇ ਘਰ ਜਾ ਕੇ ਉਸੇ ਤਰ੍ਹਾਂ ਹੀ ਕੀਤਾ, ਖੁਦਾ ਦੀ ਕਿਰਪਾ ਨਾਲ ਉਹ ਸ਼ੱਕਰ ਹੀ ਹੋ ਗਈ। ਉਸ ਦੇ ਜਾਣ 'ਤੇ ਇਹ ਸਲੋਕ ਉਚਾਰਨ ਕੀਤਾ-

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥

ਫਰੀਦ ਜੀ ਕਥਨ ਕਰਦੇ ਹਨ-ਹੇ ਭਾਈ! ਦੇਖਣਾ ਕਰ ਜੋ ਇਸ ਦੀ ਹਾਲਤ ਹੋਈ ਹੈ, ਜੋ ਸ਼ੱਕਰ ਵਿਹੁ ਰੂਪ ਹੋ ਗਈ।

ਅਥਵਾ- ਫਰੀਦ ਜੀ ਆਖਦੇ ਹਨ- ਦੇਖਣ ਕਰੋ ਬਿਰਧ ਅਵਸਥਾ ਦੇ ਆਉਣ ਨਾਲ ਜੋ ਸਰੀਰ ਤੇ ਹਾਲਤ ਆਣ ਕੇ ਪ੍ਰਾਪਤ ਹੋਈ ਹੈ ਇਸ ਬਿਰਧ ਅਵਸਥਾ ਵਿਚ ਸ਼ੱਕਰ ਖਾਣੀ ਵਿਹੁ ਰੂਪ ਹੋ ਜਾਂਦੀ ਹੈ (ਦਾੜ੍ਹਾਂ ਨੂੰ ਚੁੱਭਣ ਕਰ ਕੇ) ।

ਵਾ- ਦੇਖਣਾ ਕਰੋ ਜੋ ਗੱਲ ਹੋਈ ਹੈ ਕਿ ਅਵਿਚਾਰ ਕਾਲ ਵਿਚ ਜੋ ਪਦਾਰਥ ਸ਼ੱਕਰ ਵਾਂਗੂ ਮਿੱਠੇ ਤੇ ਚੰਗੇ ਲਗਦੇ ਸਨ ਉਹ ਪਦਾਰਥ ਹੁਣ ਵਿਚਾਰ ਕਾਲ ਵਿਚ ਵਿਸੁ= ਜ਼ਹਿਰ ਵਾਂਙੂ ਦੁਖਦਾਈ ਪ੍ਰਤੀਤ ਹੁੰਦੇ ਹਨ।

ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥ ੧੦॥

ਅਵਿਚਾਰ ਕਾਲ ਵਿਚ ਜੋ ਪਦਾਰਥ ਮਿਠੇ ਤੇ ਚੰਗੇ ਜਾਣ ਕੇ ਭੋਗੇ ਹਨ ਉਹਨਾਂ ਤੋਂ ਪੈਦਾ ਹੋਈ ਜੋ ਵੇਦਣ= ਪੀੜਾ ਹੈ ਉਸ ਪੀੜ ਦੀ ਨਵਿਰਤੀ ਲਈ ਆਪਣੇ ਸਾਂਈ= ਮਾਲਕ ਪ੍ਰਭੂ ਤੋਂ ਬਗੈਰ ਕਿਸ ਅੱਗੇ ਬੇਨਤੀਆਂ ਕਰੀਏ॥ ੧੦॥

ਉਥਾਨਕਾ- ਇਸ ਸਲੋਕ ਦੁਆਰੇ ਬਿਰਧ ਅਵਸਥਾ ਦੀ ਹਾਲਤ ਕਹਿੰਦੇ ਹਨ-

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥

ਫਰੀਦ ਜੀ ਕਥਨ ਕਰਦੇ ਹਨ— ਕਿ ਸੰਸਾਰਕ ਰੂਪ-ਰੰਗਾਂ ਨੂੰ ਦੇਖਦੀਆਂ-ਦੇਖਦੀਆਂ ਅੱਖਾਂ ਰੱਜੀਆਂ ਤਾਂ ਨਹੀਂ ਪਰ ਬਿਰਧ ਅਵਸਥਾ ਵਿਚ ਦੇਖਣ ਵਲੋਂ ਪਤੀਣੀਆਂ= ਪਤਲੀਆਂ ਪੈ ਗਈਆਂ ਹਨ। ਭਾਵ ਦਿਸਣੋਂ ਘਟ ਗਿਆ ਹੈ ਅਤੇ ਨਾਨ੍ਹਾਂ ਪ੍ਰਕਾਰ ਦੇ ਗੀਤਾਂ ਨੂੰ ਸੁਣ-ਸੁਣ ਕੇ ਕੰਨ ਰੀਣੇ= ਖਾਲੀ ਭਾਵ ਬੋਲੇ ਹੋ ਗਏ ਹਨ।

ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥ ੧੧॥

ਹੋਰ ਦੇ ਹੋਰ ਹੀ ਵੰਨ= ਰੰਗ ਕਰਦੀ ਹੋਈ ਸਰੀਰ ਰੂਪੀ ਸਾਖ= ਖੇਤੀ ਪੱਕਦੀ ਆ ਰਹੀ ਹੈ। ਭਾਵ ਪਹਿਲੇ ਬਾਲਕ ਸੀ, ਫਿਰ ਕਿਸ਼ੋਰ ਹੋਈ, ਫਿਰ ਜੋਬਨ, ਅਧਖੜ ਤੇ ਹੁਣ ਬਿਰਧ ਅਵਸਥਾ ਹੋ ਗਈ ਹੈ॥੧੧॥

ਫਰੀਦਾ ਕਾਲਾਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥

ਫਰੀਦ ਜੀ ਕਥਨ ਕਰਦੇ ਹਨ— ਜਿਸ ਪੁਰਸ਼ ਨੇ ਕਾਲੀ= ਕਾਲਿਆਂ ਵਾਲਾਂ ਵਿਖੇ ਭਾਵ ਜੋਬਨ ਅਵਸਥਾ ਵਿਖੇ ਪ੍ਰਭੂ ਦੇ ਨਾਮਾਂ ਨੂੰ ਨਹੀਂ ਰਾਵਿਆ= ਉਚਾਰਿਆ, ਉਹ ਕੋਈ ਧਉਲੀ= ਚਿਟਿਆਂ ਵਾਲਾਂ ਵਿਚ ਭਾਵ ਬਿਰਧ ਅਵਸਥਾ ਵਿਚ ਪ੍ਰਭੂ ਦੇ ਨਾਮਾਂ ਨੂੰ ਕਿਵੇਂ ਉਚਾਰ ਸਕਦਾ ਹੈ?

ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥ ੧੨॥

(ਇਸ ਲਈ ਜੋਬਨ ਅਵਸਥਾ ਵਿਚ ਤੂੰ) ਸਾਂਈ ਨਾਲ ਪਿਰਹੜੀ= ਪ੍ਰੀਤੀ ਕਰ ਤਾਂ ਤੈਨੂੰ ਪ੍ਰਭੂ ਦਾ ਨਵੇਲਾ ਰੰਗੁ= ਸੁੰਦਰ ਅਨੰਦ ਪ੍ਰਾਪਤ ਹੋਵੇਗਾ॥੧੨॥

ਉਥਾਨਕਾ- ਦੀਵਾਨ ਵਿਖੇ ਬੈਠੇ ਸਿੱਖ ਸੰਗਤਾਂ ਨੇ ਪੰਚਮ ਪਿਤਾ ਸ਼੍ਰੀ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ ਕਿ ਇਸ ਪੂਰਬੋਕਤ ਸਲੋਕ ਦੁਆਰਾ ਫਰੀਦ ਜੀ ਨੇ ਜੋ ਕਥਨ ਕੀਤਾ ਹੈ ਕੀ ਉਹ ਠੀਕ ਹੈ ਜਾਂ ਨਹੀਂ?

ਸਿੱਖਾਂ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਸਤਿਗੁਰਾਂ ਨੇ ਕਿਹਾ ਕਿ ਇਸ ਦਾ ਉੱਤਰ ਸਾਡੇ ਵੱਡੇ ਸਤਿਗੁਰੂ ਅਮਰ ਦਾਸ ਜੀ ਨੇ ਇਸ ਨਿਮਨ ਲਿਖਤ ਸਲੋਕ ਦੁਆਰਾ ਦੇਣਾ ਕੀਤਾ ਹੈ—

ਮਃ ੩॥ ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥

ਸਤਿਗੁਰਦੇਵ ਜੀ ਕਥਨ ਕਰਦੇ ਹਨ- ਕਿ ਹੇ ਫਰੀਦ! ਕਾਲੀ ਕੀ ਤੇ ਧਉਲੀ ਕੀ ਮਨੁੱਖ ਨੂੰ ਉਦਮੀ ਹੋਣਾ ਚਾਹੀਦਾ ਹੈ ਸਾਹਿਬ ਦੀ ਪ੍ਰਾਪਤੀ ਸਦਾ ਹੀ ਹੈ ਪਰ ਜਿਹੜਾ ਕੋਈ ਚਿਤਿ ਕਰੇ= ਇਕਾਗਰ ਮਨ ਹੋ ਕੇ ਚਿੰਤਨ ਕਰਦਾ ਹੈ।

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥

ਆਪਣਾ ਲਾਇਆ ਹੋਇਆ ਪਿਰਮੁ= ਪ੍ਰੇਮ ਕਦੀ ਨਹੀਂ ਲੱਗ ਸਕਦਾ, (ਭਾਵੇਂ) ਸਭ ਕੋਈ ਲੋਚੈ= ਚਾਹੁੰਦਾ ਵੀ ਰਹੇ। ਕਿਉਂਕਿ

ਇਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ ੧੩॥

ਇਹ ਪਿਰਮੁ= ਪ੍ਰੇਮ ਰੂਪ ਪਿਆਲਾ ਖਸਮ= ਪਰਮਾਤਮਾ ਦਾ ਹੈ, ਜੈ ਭਾਵੈ= ਜਿਸ ਨੂੰ ਦੇਣਾ ਚਾਹੁੰਦਾ ਹੈ, ਤੈ ਦੇਇ= ਉਸੇ ਨੂੰ ਦਿੰਦਾ ਹੈ॥ ੧੩॥

ਉਥਾਨਕਾ- ਨਿਤ ਕਿਰਿਆ ਅਨੁਸਾਰ ਫਰੀਦ ਜੀ ਜਿਸ ਮਹੱਲੇ ਵਿਚ ਮਧੂਕੜੀ ਲੈਣ ਜਾਇਆ ਕਰਦੇ ਸਨ, ਉਸ ਮੱਹਲੇ ਵਿਚ ਇਕ ਵੇਸਵਾ ਵੀ ਰਹਿੰਦੀ ਸੀ ਜੋ ਕ੍ਰੋਧਣ ਹੋਣ ਕਰ ਕੇ ਆਪਣੀ ਨੌਕਰਾਣੀ ਨੂੰ ਛੋਟੀ-ਛੋਟੀ ਗੱਲ ਤੋਂ ਕੁੱਟਿਆ ਕਰਦੀ ਸੀ। ਇਕ ਦਿਨ ਸੁਰਮਾ ਜ਼ਰਾ ਮੋਟਾ ਰਹਿਣ ਕਰ ਕੇ ਨੌਕਰਾਣੀ ਨੂੰ ਕਹਿ ਰਹੀ ਸੀ ਕਿ "ਮੈਂ ਤੈਨੂੰ ਕਿੰਨੀ ਵਾਰੀ ਸਮਝਾਇਆ ਹੈ ਸੁਰਮਾ ਬਰੀਕ ਰਖਿਆ ਕਰ।" ਇਤਨਾ ਕਹਿ ਤਿੰਨ ਚਾਰ ਚਪੇੜਾਂ ਮਾਰ ਦਿੱਤੀਆਂ ਤੇ ਆਖਿਆ "ਮਰ ਜਾਹ ਇਹੋ ਜਿਹੀ ਕੁਲਖਣੀਏਂ। ਜਾਹ! ਚਲੀ ਜਾਹ ਇਥੋਂ, ਮੇਰੇ ਘਰ ਤੇਰੇ ਲਈ ਥਾਂ ਨਹੀਂ।"

ਉਥੋਂ ਦੀ ਲੰਘਦਿਆਂ ਇਹ ਸ਼ਬਦ ਫਰੀਦ ਜੀ ਦੀ ਵੀ ਕੰਨੀਂ ਪਏ ਪਰ ਫਰੀਦ ਜੀ ਆਪਣੀ ਮਸਤੀ ਵਿਚ ਉਥੋਂ ਲੰਘ ਗਏ।

ਸਮਾਂ ਪਾ ਕੇ ਉਹ ਵੇਸਵਾ ਮਰ ਗਈ ਤਾਂ ਲੋਕਾਂ ਨੇ ਪਾਪਣ ਜਾਣ ਕੇ ਬਾਹਰ ਜੰਗਲ ਵਿਚ ਸੁੱਟ ਦਿੱਤਾ, ਸਾੜਿਆ ਤੱਕ ਵੀ ਨਾ।

ਮਾਸ ਤਾਂ ਇੱਲ੍ਹਾਂ ਕੁੱਤੇ ਆਦਿ ਖਾ ਗਏ ਪਰ ਜਿਹੜਾ ਪਿੰਜਰ ਸੀ ਉਹ ਉਥੇ ਹੀ ਪਿਆ ਰਿਹਾ। ਅੱਖਾਂ ਦੀ ਨੀਵੀਂ ਥਾਂ ਹੋਣ ਕਰ ਕੇ ਇਕ ਪੰਛੀ ਨੇ ਘੁਰਨਾ ਬਣਾ ਕੇ ਬੱਚੇ ਦੇ ਦਿਤੇ।

ਦੇਵਨੇਤ ਫਰੀਦ ਜੀ ਉਧਰੋਂ ਸੈਰ ਕਰਦੇ ਲੰਘੇ, ਉਸੇ ਵੇਸਵਾ ਦਾ ਪਿੰਜਰ ਜਾਣ ਆਪਣੇ ਪ੍ਰੇਮੀਆਂ ਨੂੰ ਸੰਬੋਧਨ ਕਰ ਕੇ ਇਹ ਸਲੋਕ ਕਥਨ ਕਰਦੇ ਹੋਏ ਉਪਦੇਸ਼ ਦੇਣਾ ਕਰਦੇ ਹਨ-

ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥

ਫਰੀਦ ਜੀ ਕਥਨ ਕਰਦੇ ਹਨ- ਕਿ ਵੇਸਵਾ ਦੇ ਜਿਨ੍ਹਾਂ ਲੋਇਣ= ਨੇਤਰਾਂ ਨੇ ਜਗਤ ਦੇ ਜੀਵਾਂ ਨੂੰ ਮੋਹਣਾ ਕੀਤੀ ਸੀ ਉਹ ਲੋਇਣ ਮਧੂਕੜੀ ਮੰਗਣ ਦੇ ਸਬੱਬ ਕਰ ਕੇ ਮੈਂ ਵੀ ਦੇਖਣਾ ਕੀਤੇ ਹਨ। ਜੋ-

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥ ੧੪॥

ਨੇਤਰ ਮੋਟੇ ਕੱਜਲ ਦੀ ਰੇਖ= ਸਲਾਈ ਨੂੰ ਵੀ ਨਹੀਂ ਸਹਾਰ ਸਕਦੇ ਸਨ, ਅੱਜ ਸੇ= ਉਹਨਾਂ ਹੀ ਨੇਤਰਾਂ ਵਿਚ ਪੰਛੀਆਂ ਦੇ ਸੂਇ= ਬੱਚੇ ਆਪਣੇ ਘਰ ਬਣਾ ਕੇ ਬਹਿਠੁ= ਬੈਠੇ ਹਨ॥ ੧੪॥

ਉਥਾਨਕਾ- ਕਲਜੁਗੀ ਜੀਵਾਂ ਦੀ ਪ੍ਰਮਾਦਤਾਈ ਨੂੰ ਦੇਖ ਕੇ ਇਸ ਸਲੋਕ ਦੁਆਰਾ ਉਪਦੇਸ਼ ਦਿੰਦੇ ਹਨ-

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥

ਫਰੀਦ ਜੀ ਕਥਨ ਕਰਦੇ ਹਨ ਕੂਕੇਦਿਆ= ਕੂਕਦੇ ਹਨ ਵੇਦ ਕਿ ਵਿਸ਼ਿਆਂ ਵਲੋਂ ਬਚੋ, ਚਾਂਗੇਦਿਆਂ= ਚਾਂਗਾਂ ਮਾਰਦੇ ਹਨ ਸ਼ਾਸਤ੍ਰ ਕਿ ਪਰ-ਇਸਤ੍ਰੀ ਲੰਪਟ ਨਾ ਹੋਵੋ ਅਤੇ ਮਤੀ ਦੇਦਿਆਂ ਨਿਤ= ਨਿਤਾਪ੍ਰਤੀ ਮਹਾਤਮਾਂ, ਵਾ ਗੁਰੂ ਸਾਹਿਬ ਜੀ ਮੱਤਾਂ ਦਿੰਦੇ ਹਨ ਕਿ-

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥

(ਦਖਣੀ ਓਅੰਕਾਰੁ ਮਹਲਾ ੧, ਪੰਨਾ ੯੩੨)

ਇਹਨਾਂ ਸਾਰਿਆਂ ਦੇ ਕਹਿੰਦਿਆਂ ਹੋਇਆਂ-

ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥ ੧੫॥

ਜੋ= ਜਿਨ੍ਹਾਂ ਦੇ ਮਨ ਸੈਤਾਨਿ= ਕਾਮਦੇਵ ਨੇ ਵੰਞਾਇਆ= ਭੁਲਾਇਆ ਭਾਵ ਖਰਾਬ ਕੀਤਾ ਹੈ। ਸੇ=

www.sikhbookclub.com

ਉਹ ਪੁਰਸ਼ ਪਰਮਾਤਮਾ ਦੀ ਤਰਫ਼ ਆਪਣੇ ਚਿਤ ਨੂੰ ਕਿਤ= ਕਿਸ ਤਰ੍ਹਾਂ ਫੇਰ ਸਕਦੇ ਹਨ। ਭਾਵ ਵਿਸ਼ਈ ਪੁਰਸ਼ ਪ੍ਰਭੂ ਦਾ ਸਿਮਰਨ ਨਹੀਂ ਕਰ ਸਕਦੇ॥ ੧੫॥

ਉਥਾਨਕਾ- ਕਿਸੇ ਮੁਰੀਦ ਨੇ ਫਰੀਦ ਜੀ ਪਾਸ ਆ ਕੇ ਕਿਹਾ- ਹੇ ਫਕੀਰ ਸਾਂਈਂ! ਕਿਰਪਾ ਕਰ ਕੇ ਦੱਸੋ ਕਿ ਖੁਦਾ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ? *ਉੱਤਰ-*

ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥

ਫਰੀਦ ਜੀ ਕਥਨ ਕਰਦੇ ਹਨ-ਜੇ ਤੂੰ ਸਾਂਈਂ ਨੂੰ ਸਾਰਿਆਂ ਵਿਖੇ ਪਰੀ-ਪੂਰਨ ਦੇਖਣਾ ਲੋੜਹਿ= ਚਾਹੁੰਦਾ ਹੈਂ, ਤਾਂ ਤੂੰ ਪਵਾਹੀ= ਪਹੇ ਦੀ ਭਾਵ ਰਸਤੇ ਦੀ ਦਭੁ= ਕੁਸ਼ਾ (ਘਾਹ) ਵਾਂਗੂ ਹੋ ਜਾਹ।

ਇਕੁ ਛਿਜਹਿ ਬਿਆ ਲਤਾੜੀਅਹਿ॥

ਇਕ ਪੁਰਸ਼ ਤਾਂ ਉਸ ਦਭ ਨੂੰ ਛਿਜਹਿ= ਕੱਟਦੇ ਹਨ। ਬਿਆ= ਦੂਸਰੇ ਪੁਰਸ਼ ਉਸ ਨੂੰ ਲਿਤਾੜਦੇ ਹਨ, ਜਿਸ ਵਕਤ ਉਸ ਦੀਆਂ ਸਫਾਂ ਬਣ ਕੇ ਤਿਆਰ ਹੋ ਜਾਂਦੀਆਂ ਹਨ-

ਤਾਂ ਸਾਈ ਦੈ ਦਰਿ ਵਾੜੀਅਹਿ॥ ੧੬॥

ਤਾਂ ਉਹ ਸਫਾਂ ਸਾਂਈਂ ਦੇ ਦਰਿ= ਦਰਬਾਰ ਗੁਰਦੁਆਰਿਆਂ, ਮੰਦਰਾਂ, ਮਸਜਦਾਂ ਵਿਖੇ ਵਾੜੀਆਂ ਭਾਵ ਵਿਛਾਈਆਂ ਜਾਂਦੀਆਂ ਹਨ।

ਹੇ ਮੁਰੀਦ! ਜੇ ਤੈਨੂੰ ਖੁਦਾ ਪ੍ਰਾਪਤੀ ਦੀ ਇੱਛਾ ਹੈ ਤਾਂ ਆਪਣੇ ਵਿਖੇ ਐਸੀ ਨਿੰਮ੍ਰਤਾ ਧਾਰਨ ਕਰ ਕਿ ਚਾਹੇ ਕੋਈ ਤੇਰਾ ਅੰਗ ਛਿਜਹਿ= ਭੰਗ ਕਰ ਦੇਵੇ। ਚਾਹੇ ਕੋਈ ਤੇਰੇ ਸਰੀਰ ਨੂੰ ਲਿਤਾੜੇ ਭਾਵ ਕਸ਼ਟ ਭੀ ਦੇਵੇ ਤਾਂ ਭੀ ਤੂੰ ਸਹਾਰਨਾ ਕਰ। ਇਸ ਤਰ੍ਹਾਂ ਦੇ ਨਿਮਰਤਾ ਆਦਿਕ ਸ਼ੁਭ-ਗੁਣਾਂ ਨੂੰ ਧਾਰਨ ਕਰੇਂਗਾ ਤਾਂ ਸਾਈਂ= ਖੁਦਾ ਦੇ ਦਰਿ= ਸਰੂਪ ਵਿਖੇ ਵਾੜੀਅਹਿ= ਪ੍ਰਵੇਸ਼ ਕਰੇਂਗਾ॥੧੬॥

ਉਥਾਨਕਾ- ਇਕ ਸਮੇਂ ਫਰੀਦ ਜੀ ਬਾਹਰ ਰੜੇ ਮੈਦਾਨ ਵਿਚ ਬੈਠੇ ਸਨ। ਉਧਰੋਂ ਦੀ ਲੰਘਦੇ ਹੋਏ ਇਕ ਸਫੈਦ ਪੋਸ਼ੀ ਪੁਰਸ਼ ਨੇ ਤਰਕ ਮਾਰਦਿਆਂ ਕਿਹਾ ਕਿ ਹੇ ਫਕੀਰਾ! ਇਸ ਤਰ੍ਹਾਂ ਘੱਟੇ ਵਿਖੇ ਬੈਠਣ ਕਰ ਕੇ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਸਲੋਕ ਦੁਆਰਾ ਉਸ ਦੀ ਤਰਕ ਦਾ ਉੱਤਰ ਦਿੰਦੇ ਹੋਏ ਕਹਿੰਦੇ ਹਨ-

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥

ਫਰੀਦ ਜੀ ਕਥਨ ਕਰਦੇ ਹਨੁ ਹੇ ਭਲਿਆ ਲੋਕਾ! ਖਾਕ ਨੂੰ ਨਿੰਦਣਾਂ ਨਹੀਂ ਚਾਹੀਦਾ ਕਿਉਂਕਿ ਖਾਕੂ+ਜੇਡੁ= ਖਾਕ ਵਰਗਾ ਨਿੰਮ੍ਰਤਾਵਾਨ ਪਰਉਪਕਾਰੀ ਹੋਰ ਕੋਈ ਨਹੀਂ। ਕਿਉਂਕਿ-

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ ੧੭॥

ਇਹ ਖਾਕ ਪੁਰਸ਼ ਦੇ ਜੀਉਂਦਿਆਂ ਜੀਉਂਦਿਆਂ ਪੈਰਾਂ ਥਲੇ ਰਹਿੰਦੀ ਹੈ ਪਰ ਜਿਸ ਵੇਲੇ ਮਰਦਾ ਹੈ ਭਾਵ ਪ੍ਰਾਣ ਨਿਕਲ ਜਾਂਦੇ ਹਨ ਤਾਂ ਖਾਕ ਇਸ ਦੇ ਉਪਰ ਹੋ ਜਾਂਦੀ ਹੈ ਭਾਵ ਕਬਰ ਵਿਚ ਦਬਿਆ ਜਾਂਦਾ ਹੈ॥ ੧੭॥

ਅਥਵਾ- ***ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥***

ਖ਼ਾਕ ਆਦਿਕ ਪੰਜਾਂ ਤੱਤਾਂ ਰਚਿਤ ਜੋ ਮਨੁਖਾ ਦੇਹ ਹੈ, ਇਸ ਨੂੰ ਨਿੰਦਣਾ ਨਾ ਕਰ ਕਿਉਂਕਿ ਖ਼ਾਕ ਆਦਿਕ ਪੰਜਾਂ ਤੱਤਾਂ ਰਚਿਤ ਜੋ ਮਨੁੱਖਾ ਦੇਹ ਹੈ, ਇਸ ਵਰਗੀ ਹੋਰ ਕੋਈ ਉਤਮ ਵਸਤੂ ਨਹੀਂ।

ਯਥਾ- ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥ ੧॥

(ਭੈਰਉ ਕਬੀਰ ਜੀ, ਪੰਨਾ ੧੧੫੯)

ਤਥਾ- ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ। *(ਵਾਰ ੧੫ : ੩)*

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

ਜੀਵਤ ਭਾਵ ਤੋਂ ਮਰ ਕੇ ਮਹਾਤਮਾਂ ਦੇ ਚਰਨਾਂ ਤਲੇ ਪਵੇ ਤਾਂ ਸਾਰਿਆਂ ਨਾਲੋਂ ਉਪਰ ਇਸ ਦਾ ਜਸ ਹੋ ਜਾਂਦਾ ਹੈ। *ਅਥਵਾ-* ***ਫਰੀਦਾ ਖਾਕੁ ਨ ਨਿੰਦੀਐ***

ਖਾਕ ਦੀ ਨਜਾਈਂ ਨਿਮਰਤਾ ਵਾਲੇ ਜੋ ਮਹਾਤਮਾਂ ਹਨ, ਉਹਨਾਂ ਦੀ ਨਿੰਦਿਆ ਨਾ ਕਰੀਏ ਕਿਉਂਕਿ-

ਖਾਕੂ ਜੇਡੁ ਨ ਕੋਇ॥

ਨਿਮਰਤਾ ਵਾਲੇ ਮਹਾਤਮਾਂ ਜਿਹਾ ਹੋਰ ਕੋਈ ਉੱਚਾ ਨਹੀਂ ਹੈ।

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ ੧੭॥

ਉਹ ਮਹਾਤਮਾਂ ਜਿਉਂਦਿਆਂ ਤਾਂ ਸਾਰਿਆਂ ਦੇ ਪੈਰਾਂ ਤਲੇ ਰਹਿੰਦੇ ਹਨ ਪਰ ਮਰ ਜਾਣ ਨਾਲ ਭਾਵ ਸਰੀਰ ਤਿਆਗਣ ਪਿਛੋਂ ਉਹਨਾਂ ਦਾ ਜਸ ਸਭ ਤੋਂ ਉਪਰ ਹੋ ਜਾਂਦਾ ਹੈ॥ ੧੭॥

ਉਥਾਨਕਾ- ਇਕ ਲੋਭੀ ਪੁਰਸ਼ ਪਦਾਰਥਾਂ ਵਿਚ ਬੜਾ ਲੋਭ ਕਰਦਾ ਸੀ ਪਰ ਲੋਕਾਂ ਨੂੰ ਖੁਸ਼ ਵਾਸਤੇ ਪ੍ਰਭੂ ਦਾ ਸਿਮਰਨ ਵੀ ਕਰਦਾ ਸੀ। ਉਸ ਦੇ ਇਸ ਪਖੰਡ ਨੂੰ ਦੇਖ਼ ਕੇ ਇਸ ਸਲੋਕ ਦੁਆਰਾ ਉਪਦੇਸ਼ ਦਿੰਦੇ ਹਨ-

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥

ਫਰੀਦ ਜੀ ਕਥਨ ਕਰਦੇ ਹਨ ਕਿ ਹੇ ਭਾਈ! ਜੇ ਪਦਾਰਥਾਂ ਦਾ ਲੋਭ ਹੈ ਤਾਂ ਪ੍ਰਭੂ ਵਿਚ ਸੱਚਾ ਪ੍ਰੇਮ ਕਿਵੇਂ ਹੋ ਸਕਦਾ ਹੈ? ਜੇ ਖੁਦਾ ਦਾ ਨੇਹੁ= ਪ੍ਰੇਮ ਹੈ ਤਾਂ ਪਦਾਰਥਾਂ ਦਾ ਲਾਲਚ ਕਰਨਾ ਝੂਠਾ ਹੈ ਕਿਉਂਕਿ ਦੋ ਗੱਲਾਂ ਇਕੱਠੀਆਂ ਨਹੀਂ ਹੋ ਸਕਦੀਆਂ। ਜੇ ਪ੍ਰੇਮ ਹੈ ਤਾਂ ਲੋਭ ਨਹੀਂ, ਜੇ ਲੋਭ ਹੈ ਤਾਂ ਪ੍ਰਭੂ ਦਾ ਪ੍ਰੇਮ ਨਹੀਂ ਹੋ ਸਕਦਾ।

ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥ ੧੮॥

(ਦ੍ਰਿਸ਼ਟਾਂਤ-ਜਿਵੇਂ ਕੱਖਾਂ ਦਾ ਬਣਿਆਂ ਹੋਇਆ) ਛੱਪਰ ਟੁੱਟਾ ਹੋਇਆ ਹੋਵੇ ਤੇ ਮੀਂਹ ਵੀ ਵਸਦਾ ਹੋਵੇ ਤਾਂ ਮਨੁੱਖ ਉਸ ਟੁੱਟੇ ਹੋਏ ਛੱਪਰ ਹੇਠ ਕਿਚਰੁ ਝਤਿ= ਕਿਤਨਾ ਕੁ ਸਮਾਂ ਸੁਖ ਨਾਲ ਲੰਘਾ ਸਕਦਾ ਹੈ।

ਅਥਵਾ- ਕਾਲ ਰੂਪੀ ਮੀਂਹ ਦੇ ਪੈਣ ਕਰ ਕੇ ਸਰੀਰਾਂ ਰੂਪੀ ਛੱਪਰ ਟੁੱਟਦੇ ਜਾ ਰਹੇ ਹਨ, ਹੇ ਪੁਰਸ਼ਾ! ਤੂੰ ਆਪਣੇ ਸਰੀਰ ਰੂਪੀ ਛੱਪਰ ਵਿਖੇ ਕਿਤਨਾ ਕੁ ਸਮਾਂ ਲੰਘਾਵੇਂਗਾ॥੧੮॥

ਉਥਾਨਕਾ- ਜਿਸ ਜੰਗਲ ਵਿਖੇ ਫਰੀਦ ਜੀ ਤਪ ਕਰਦੇ ਸਨ, ਉਸੇ ਜੰਗਲ ਵਿਖੇ ਸ਼ਾਹ ਸ਼ਰਫ ਵੀ ਤਪ ਕਰਦਾ ਸੀ। ਫਰੀਦ ਜੀ ਇਕ ਥਾਂ ਚੌਂਕੜਾ ਮਾਰ ਸਮਾਧੀ ਵਿਚ ਲੀਨ ਰਹਿੰਦੇ, ਪਰ ਸ਼ਾਹ ਸ਼ਰਫ ਫਿਰ-ਤੁਰ ਕੇ ਭਜਨ-ਸਿਮਰਨ ਕਰਦਾ ਕਦੀ ਕਿਧਰੇ ਦੂਰ ਚਲਾ ਜਾਂਦਾ।

ਇਕ ਦਿਨ ਫਰੀਦ ਜੀ ਨੇ ਖਿਝ ਕੇ ਕਹਿ ਹੀ ਦਿੱਤਾ ਕਿ-

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

(ਹੇ ਸ਼ਾਹ ਸ਼ਰਫ!) ਜੰਗਲ ਜੰਗਲ ਵਿਖੇ ਕੀ ਭਉਂਦਾ ਫਿਰਦਾ ਹੈਂ ਅਤੇ ਵਣਿ= ਜੰਗਲਾਂ ਦੇ ਕੰਡਿਆਂ ਨੂੰ

ਕਿਉਂ ਮੋੜਦਾ ਫਿਰਦਾ ਹੈਂ ਭਾਵ ਪੈਰਾਂ ਹੇਠ ਕਿਉਂ ਲਿਤਾੜਦਾ ਫਿਰਦਾ ਹੈਂ?

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ੧੯ ॥

ਰੱਬ ਤਾਂ ਤੇਰੇ ਹਿਆਲੀਐ= ਹਿਰਦੇ ਵਿਚ ਹੀ ਵਸ ਰਿਹਾ ਹੈ ਅਤੇ ਤੂੰ ਜੰਗਲਾਂ ਵਿਚ ਕੀ ਭਾਲਦਾ ਫਿਰਦਾ ਹੈਂ। *ਅਥਵਾ-* ਵੇਦਾਂ ਸ਼ਾਸਤ੍ਰਾਂ ਰੂਪ ਜੰਗਲਾਂ ਵਿਖੇ ਕਿਸ ਵਾਸਤੇ ਫਿਰਦਾ ਹੈਂ।

ਵਣਿ= ਸੰਸਾਰ ਵਿਚ ਈਰਖਾ ਰੂਪ ਕੰਡਿਆਂ ਵਿਖੇ ਮੁੜਿਆ ਹੋਇਆ ਹੈਂ ਕਿ ਫਲਾਣਾ ਸ਼ਾਸਤ੍ਰ ਇਹ ਕਹਿੰਦਾ ਹੈ ਤੇ ਅਮਕਾ ਸ਼ਾਸਤ੍ਰ ਇਹ ਆਖਦਾ ਹੈ ਪਰ ਉਹ ਰੱਬ ਤਾਂ ਤੇਰੇ ਹਿਆਲੀਐ= ਹਿਰਦੇ ਰੂਪੀ ਘਰ ਵਿਚ ਵਸ ਰਿਹਾ ਹੈ। ਇਸ ਲਈ ਤੂੰ ਵੇਦਾਂ ਸ਼ਾਸਤ੍ਰਾਂ ਰੂਪ ਜੰਗਲਾਂ ਵਿਚ ਕੀ ਢੂੰਡਦਾ ਫਿਰਦਾ ਹੈਂ॥੧੯॥

ਯਥਾ- ਈਂ ਮਤਾਏ ਹੱਕ ਬ ਪੇਸ਼ ਸਾਹਿਬਾਨੇ ਦਿਲ ਬਵਦ।
ਚੂੰ ਬਸਹਿਰਾ ਮੇ ਰਵੀ ਦਰ ਗੋਸਾਏ ਵੀਰਾਨਾ ਨੇਸਤ।

(ਭਾਈ ਨੰਦ ਲਾਲ ਜੀ, ਗਜ਼ਲ ੧੦)

ਪੰਜਾਬੀ ਉਲਥਾ-

ਜਿਨ੍ਹਾਂ ਪਛਾਤਾ ਰੱਬ ਆਪਣੇ ਵਿਚ ਤਿਨ੍ਹਾਂ ਦੀ ਬੁੱਕਲ ਰਹਿੰਦਾ।
ਕਿਉਂ ਜਾਂਦੇ ਵਿਚ ਜੰਗਲਾਂ ਦੇ ਰੱਬ ਜੰਗਲ ਵਿਚ ਨ ਬਹਿੰਦਾ।

ਉਥਾਨਕਾ- ਇਕ ਸਮੇਂ ਫਰੀਦ ਜੀ ਨੂੰ ਬੁਖਾਰ ਹੋ ਗਿਆ। ਇਕ ਤਾਂ ਪਹਿਲੇ ਹੀ ਬਿਰਧ ਅਵਸਥਾ ਹੋਣ ਕਰ ਕੇ ਸਰੀਰ ਨਿਰਬਲ ਹੋ ਚੁੱਕਾ ਸੀ। ਦੂਸਰਾ ਤਪ ਦੀ ਮਾਰ ਕਰ ਕੇ ਉੱਕਾ ਹੀ ਰਹਿ ਗਏ। ਅੰਮ੍ਰਿਤ ਵੇਲੇ ਜਦ ਨਮਾਜ਼ ਪੜ੍ਹਨ ਲਈ ਪਾਣੀ ਵਾਲੇ ਕੁੱਜੇ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਕੁੱਜਾ ਚੁਕਿਆ ਨਾ ਗਿਆ, ਨਾ ਹੀ ਲਤਾਂ ਨੇ ਸਾਥ ਦਿੱਤਾ। ਸਰੀਰ ਦੀ ਐਸੀ ਦਸ਼ਾ ਦੇਖ ਕੇ ਇਹ ਸਲੋਕ ਉਚਾਰਨ ਕੀਤਾ ਕਿ-

ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ੍ਹਿ ॥

ਫਰੀਦ ਜੀ ਕਥਨ ਕਰਦੇ ਹਨ— ਕਿ ਇਨ੍ਹਾਂ ਨਿੱਕੀਆਂ-ਨਿੱਕੀਆਂ ਜੰਘੀਐ= ਲੱਤਾਂ ਨਾਲ ਬੜੇ-ਬੜੇ ਥਲ= ਟਿੱਬੇ ਤੇ ਡੂਗਰ= ਪਹਾੜ ਭਵਿਓਮਿ= ਫਿਰਿਆ ਹਾਂ ਪਰ ਅਫਸੋਸ ਹੈ ਕਿ-

ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ੨੦ ॥

ਫਰੀਦ ਜੀ ਕਥਨ ਕਰਦੇ ਹਨ- ਅੱਜ ਇਹ ਮਿੱਟੀ ਦਾ ਕੁੱਜਾ ਭਾਵ ਉਜੂ ਕਰਨ ਵਾਲਾ ਲੋਟਾ ਕੋਲ ਪਿਆ ਹੋਇਆ ਵੀ ਸੈਂਕੜੇ ਕੋਹਾਂ ਦੇ ਸਮਾਨ ਦੂਰ ਪਿਆ ਪ੍ਰਤੀਤ ਥੀਓਮਿ= ਹੋ ਰਿਹਾ ਹੈ॥ ੨੦॥

ਅਥਵਾ- ਇਨੀ ਨਿਕੀ ਜੰਘੀਐ= ਇਹਨਾਂ ਸੂਖਮ ਵਾਸ਼ਨਾਂ ਰੂਪ ਨਿੱਕੀਆਂ ਜੰਘਾਂ ਕਰ ਕੇ ਮੈਂ ਥਲ ਡੂਗਰ= ਚੌਰਾਸੀ ਲਖ ਜੂਨੀਆਂ ਵਿਖੇ ਫਿਰਨਾ ਕੀਤਾ ਹੈ ਪਰ ਮਹਾਤਮਾ ਦੀ ਕਿਰਪਾ ਕਰ ਕੇ ਅੱਜ ਵਿਚਾਰ ਕਾਲ ਦਵਾਰਾ ਦੇਹ-ਅਧਿਆਸ ਰੂਪੀ ਕੁੱਜਾ ਸੈਂਕੜੇ ਕੋਹਾਂ ਦੂਰ ਹੋ ਗਿਆ ਹੈ॥ ੨੦॥

ਉਥਾਨਕਾ- ਜਿਸ ਜੰਗਲ ਵਿਚ ਫਰੀਦ ਜੀ ਤਪ ਕਰਦੇ ਸਨ ਉਸੇ ਜੰਗਲ ਵਿਚ ਜੱਸਾ ਨਾਮੇ ਇਕ ਲੁਹਾਰ ਕੋਇਲੇ ਇਕੱਠੇ ਕਰਨ ਵਾਸਤੇ ਆਉਂਦਾ ਹੁੰਦਾ ਸੀ। ਨਿਤਾਪ੍ਰਤੀ ਆਉਣ ਕਰ ਕੇ ਉਸ ਦਾ ਫਰੀਦ ਜੀ ਨਾਲ ਭਾਈ-ਚਾਰਾ ਹੋ ਗਿਆ।

ਦੇਵਨੇਤ ਨਾਲ ਇਕ ਦਿਨ ਜੱਸੇ ਲੁਹਾਰ ਨੂੰ ਲੱਕੜਾਂ ਦੇ ਕੋਇਲੇ ਕਰਦਿਆਂ-ਕਰਦਿਆਂ ਦੇਰ ਹੋ ਗਈ।

ਸੂਰਜ ਡੁੱਬ ਜਾਣ ਕਰ ਕੇ ਉਸ ਨੂੰ ਜੰਗਲੀ ਜਾਨਵਰਾਂ ਦਾ ਭੈ ਹੋ ਗਿਆ ਕਿ ਜੇ ਹੁਣ ਘਰ ਵੱਲ ਚਲਦਾ ਹਾਂ ਤਾਂ ਹੋ ਸਕਦਾ ਹੈ ਕਿਸੇ ਜਾਨਵਰ ਦੇ ਮੱਥੇ ਲੱਗ ਜਾਵਾਂ।

ਇਸ ਤਰ੍ਹਾਂ ਦੇ ਸੰਕਲਪ ਕਰਦੇ ਨੇ ਵਿਚਾਰਿਆ ਕਿ ਕਿਉਂ ਨਾ ਹੋਵੇ ਜੋ ਅੱਜ ਦੀ ਰਾਤ ਫਰੀਦ ਜੀ ਪਾਸ ਰਹਿ ਕੇ ਕੱਟ ਲਵਾਂ, ਨਾਲੇ ਫਰੀਦ ਜੀ ਪਾਸੋਂ ਰੋਟੀ ਖਾ ਕੇ ਭੁੱਖ ਦੂਰ ਕਰ ਲਵਾਂਗਾ।

ਇਹ ਸੋਚਾਂ ਸੋਚਦਾ ਫਰੀਦ ਜੀ ਪਾਸ ਪੁੱਜਾ। ਰਾਤ ਉਥੇ ਹੀ ਰਹਿ ਪਿਆ ਪਰ ਰੋਟੀ ਨਾ ਪ੍ਰਾਪਤ ਹੋਈ। ਘੜੀ-ਮੁੜੀ ਉੱਠ ਕੇ ਦੇਖਦਾ ਹੈ ਕਿ ਹੁਣ ਫਰੀਦ ਜੀ ਰੋਟੀ ਵਾਸਤੇ ਕਹਿੰਦੇ ਹਨ ਪਰ ਕਿਥੇ? ਉਡੀਕਦਿਆਂ ਉਡੀਕਦਿਆਂ ਰਾਤ ਦੇ ਦੋ ਪਹਿਰ ਬੀਤ ਗਏ ਰੋਟੀ ਨਾ ਮਿਲੀ ਆਖਰ ਉੱਠ ਕੇ ਜੱਸੇ ਲੁਹਾਰ ਨੂੰ ਕਹਿਣਾ ਹੀ ਪਿਆ ਕਿ-

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥

ਹੇ ਫਰੀਦ ਸਾਂਈ! ਇਕ ਤਾਂ ਸਿਆਲ ਦੀਆਂ ਰਾਤਾਂ ਵਡੀਆਂ ਹਨ, ਦੂਸਰਾ ਭੁੱਖ ਕਰ ਕੇ ਸਰੀਰ ਦੀਆਂ ਪਾਸ= ਵੱਖੀਆਂ ਧੁਖਿ ਧੁਖਿ ਉਠਦੀਆਂ ਹਨ। ਭਾਵ ਭੁੱਖ ਦੇ ਮਾਰਿਆਂ ਆਂਦਰਾਂ ਲੂਸ ਰਹੀਆਂ ਹਨ, ਜਾਨ ਕੁਰਲਾਉਂਦੀ ਹੈ ਜਿਸ ਕਰ ਕੇ ਨੀਂਦ ਨਹੀਂ ਆਉਂਦੀ ਪਈ। ਪਰ ਮੈਂ ਤਾਂ ਇਹ ਨਿਸਚੇ ਨਾਲ ਕਹਿੰਦਾ ਹਾਂ ਕਿ-

[ਪੰਨਾ ੧੩੭੯]

ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥ ੨੧॥

ਉਹਨਾਂ ਦੇ ਜੀਵਣੇ ਨੂੰ ਧ੍ਰਿਗਾਕਾਰ ਹੈ, ਜਿਨ੍ਹਾਂ ਨੂੰ ਇਹੋ ਜਿਹੀਆਂ ਸਿਆਲ ਦੀਆਂ ਵਡੀਆਂ ਰਾਤਾਂ ਵਿਚ ਵਿਡਾਣੀ= ਪਰਾਈ ਆਸਾ ਹੈ॥ ੨੧॥

ਜੱਸੇ ਲੁਹਾਰ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਉਸ ਨੂੰ ਨਿਸਚਾ ਦਿਵਾਉਣ ਲਈ ਫਰੀਦ ਜੀ ਨੇ ਕਿਹਾ-

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥

ਫਰੀਦ ਜੀ ਕਥਨ ਕਰਦੇ ਹਨ-ਹੇ ਮਿੱਤਰ (ਜੱਸੇ ਲੁਹਾਰ)! ਤੇਰੇ ਆਇੜਿਆਂ= ਆਇਆਂ ਹੋਇਆਂ ਜੇ ਮੇਰੇ ਪਾਸ ਕੋਈ ਪਦਾਰਥ ਹੁੰਦਾ ਤੇ ਤੇਰੇ ਪਾਸੋਂ ਵਾਰਿਆ= ਵਰਜ ਕੇ ਭਾਵ ਲੁਕਾ ਕੇ ਰੱਖਦਾ ਤਾਂ-

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥ ੨੨॥

ਮੇਰਾ ਹੇੜਾ= ਸਰੀਰ ਇਸ ਤਰ੍ਹਾਂ ਜਲੈ= ਸੜ ਜਾਵੇ ਜਿਸ ਤਰ੍ਹਾਂ ਅੱਗ ਦੇ ਅੰਗਾਰਾਂ ਉਪਰ ਮਜੀਠ ਧੁਖ-ਧੁਖ ਕੇ ਜਲਦੀ ਹੈ॥ ੨੨॥

ਅਥਵਾ- ਫਰੀਦ ਜੀ ਕਥਨ ਕਰਦੇ ਹਨ-ਰਾਤੀ ਵਡੀਆਂ= ਸਤਿਜੁਗ, ਤ੍ਰੇਤੇ ਦੀਆਂ ਅਵਸਥਾ ਰੂਪ ਰਾਤਾਂ ਵੱਡੀਆਂ ਸਨ। ਕਿਉਂਕਿ ਸਤਿਜੁਗ ਵਿਚ ਲੱਖ ਵਰ੍ਹੇ ਦੀ ਉਮਰ ਸੀ ਅਤੇ ਤ੍ਰੇਤੇ ਵਿਚ ਦਸ ਹਜ਼ਾਰ ਦੀ ਆਯੂ ਕਥਨ ਕੀਤੀ ਹੈ। ਪਰ ਐਸੇ ਸਮੇਂ ਵਿਚ ਵੀ ਪਾਸ= ਹਿਰਦਾ ਕਾਮ ਕ੍ਰੋਧ ਆਦਿ ਦੀ ਅਗਨੀ ਵਿਖੇ ਧੁਖ-ਧੁਖ ਉਠਦਾ ਸੀ।

ਜਿਵੇਂ ਵਿਸ਼ਵਾ ਮਿੱਤਰ ਨੇ ਇਕ ਟਕ ਹਜ਼ਾਰ ਬਰਸ ਗੰਗਾ ਦੇ ਚੱਲਦੇ ਪ੍ਰਵਾਹ ਵਿਚ ਖਲੋ ਕੇ ਤਪ ਕੀਤਾ, ਪਰ ਉਰਬਸੀ ਦੇ ਆਉਣ ਕਰ ਕੇ ਉਸ ਦਾ ਚਿਤ ਡੋਲ ਗਿਆ ਸੀ। ਦੁਆਪਰ ਜੁਗ ਵਿਚ ਦੁਰਬਾਸ਼ਾ ਰਿਖੀ ਸਾਰੀ ਉਮਰਾ ਕ੍ਰੋਧ ਵਿਖੇ ਹੀ ਧੁਖਦਾ ਰਿਹਾ। ਇਸ ਲਈ ਉਨ੍ਹਾਂ ਦੇ ਜੀਵਣੇ ਨੂੰ ਧ੍ਰਿਗਾਕਾਰ ਹੈ ਜਿਨ੍ਹਾਂ ਨੂੰ

ਵਿਡਾਣੀ= ਪਰਾਈ ਭਾਲ ਦੇਵੀ ਦੇਵਤਿਆਂ ਦੀ ਆਸਾ ਹੈ॥ ੨੧॥

*ਅਥਵਾ- **ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥***

ਫਰੀਦ ਜੀ ਕਥਨ ਕਰਦੇ ਹਨ— ਅਸਲੀ ਮਿੱਤਰ ਜੋ ਪਰਮਾਤਮਾ ਹੈ ਉਸ ਦੇ ਆਉਣ ਨਾਲ ਸਰੀਰ ਵਿਚ ਜੋ ਮੈ= ਮਮਤਾ, ਹੋਦਾ= ਹੰਕਾਰ ਸੀ, ਉਸ ਨੂੰ ਮੈਂ ਵਾਰਿਆ= ਵਰਜ ਦਿੱਤਾ, ਭਾਵ ਤਿਆਗ ਦਿੱਤਾ ਹੈ।

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥੨੨॥

ਜਿਵੇਂ ਅੱਗ ਦੇ ਅੰਗਾਰਾਂ ਉਪਰ ਮਜੀਠ ਸੜਦਾ ਹੈ, ਤਿਵੇਂ ਮੈਂ ਹੇੜਾ= ਸਰੀਰ ਦੇ ਅਭਿਮਾਨ ਨੂੰ ਬ੍ਰਹਮ ਗਿਆਨ ਰੂਪੀ ਅਗਨੀ ਉਪਰ ਸਾੜ ਦਿੱਤਾ ਹੈ॥ ੨੨॥

ਉਥਾਨਕਾ- ਕੋਈ ਮੰਦ ਕਰਮੀ ਵਿਸ਼ਿਆਂ ਵਿਖੇ ਲੰਪਟ, ਇਸਤਰੀ ਪੁੱਤਰਾਂ ਆਦਿਕਾਂ ਦੇ ਸੁਖਾਂ ਦੀ ਇੱਛਾ ਕਰ ਰਿਹਾ ਸੀ ਉਸ ਪ੍ਰਤੀ ਕਥਨ ਕਰਦੇ ਹਨ-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥

ਫਰੀਦ ਜੀ ਕਥਨ ਕਰਦੇ ਹਨ— ਜਿਵੇਂ ਜੱਟ ਬੀਜਦਾ ਤਾਂ ਕਿੱਕਰਾਂ ਨੂੰ ਹੈ ਤੇ ਚਿਤ ਵਿਚ ਬਿਜੌਰ ਦੇਸ਼ ਦੀਆਂ ਦਾਖਾਂ ਚਾਹੁੰਦਾ ਹੈ ਪਰ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੀਆਂ ਹਨ। ਏਹ ਪਠਾਣੀ ਇਲਾਕਾ ਮਾਲਾ ਕੰਦ ਸ਼੍ਰਾਂਤ ਤੋਂ ਪਰੇ ਹੈ।

ਤਿਵੇਂ ਜਟੁ= ਮੂਰਖ ਪੁਰਸ਼ ਬੀਜਦਾ ਤਾਂ ਪਾਪ ਰੂਪ ਕਿੱਕਰਾਂ ਨੂੰ ਹੈ ਅਤੇ ਚਾਹੁੰਦਾ ਹੈ ਮੈਨੂੰ ਇਸਤਰੀ, ਪੁੱਤਰ ਆਦਿਕਾਂ ਦਾ ਸੁਖ ਪ੍ਰਾਪਤ ਹੋਵੇ ਪਰ ਪੁੰਨਾਂ ਤੋਂ ਬਗੈਰ ਇਸਤ੍ਰੀ ਪੁੱਤਰ ਆਦਿਕਾਂ ਦਾ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ, ਭਾਵ ਨਹੀਂ ਹੁੰਦਾ।

*ਅਥਵਾ-*ਜਟੁ= ਜੜ੍ਹ ਭਾਵ ਮੂਰਖ ਪੁਰਸ਼ ਬੀਜਦਾ ਤਾਂ ਕੁਕਰਮਾਂ ਰੂਪੀ ਕਿੱਕਰਾਂ ਨੂੰ ਹੈ ਅਤੇ ਸ੍ਵਰਗ ਰੂਪ ਬਿਜੌਰ ਦੇਸ਼ ਦੀਆਂ (ਸਲੋਕ, ਸਰੂਪ, ਸਮੀਪ ਤੇ ਸਾਯੁਜ ਚੌਹਾਂ ਮੁਕਤੀਆਂ ਰੂਪ) ਦਾਖਾਂ ਨੂੰ ਚਾਹੁੰਦਾ ਹੈ ਪਰ ਕਿਵੇਂ ਮਿਲ ਸਕਦੀਆਂ ਹਨ?

ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥ ੨੩॥

ਜਿਵੇਂ ਮੂਰਖ ਪੁਰਸ਼ ਉੰਨ ਨੂੰ ਕਤਾਂਦਾ ਫਿਰਦਾ ਹੈ ਤੇ ਪਟ ਦੇ ਬਸਤ੍ਰਾਂ ਨੂੰ ਪਹਿਰਨਾ ਚਾਹੇ ਤਾਂ ਕਿਵੇਂ ਪਹਿਰ ਸਕਦਾ ਹੈ। ਤਿਵੇਂ ਇਹ ਜੀਵ ਕੱਤਦਾ ਤਾਂ ਸ਼ਕਾਮ ਕਰਮਾਂ ਰੂਪ ਉੰਨ ਨੂੰ ਹੈ ਤੇ ਚਾਹੁੰਦਾ ਹੈ ਕਿ ਮੈਂ ਗਿਆਨ ਰੂਪ ਪੱਟ ਦੇ ਬਸਤ੍ਰਾਂ ਨੂੰ ਪਹਿਰਨਾ ਕਰਾਂ, ਉਹ ਭਲਾ ਕਿਵੇਂ ਪਹਿਰ ਸਕਦਾ ਹੈ?

ਯਥਾ- ਭੇਡੈ ਪੂਛਲਿ ਲਗਿਆਂ ਕਿਉ ਪਾਰਿ ਲੰਘੀਐ।
ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ।
ਨਦੀ ਕਿਨਾਰੈ ਰੁਖੜਾ ਵੇਸਾਹੁ ਨ ਕੀਐ।
ਮਿਰਤਕ ਨਾਲਿ ਵੀਆਹੀਐ ਸੋਹਾਗੁ ਨ ਥੀਐ।
ਵਿਸੁ ਹਲਾਹਲ ਬੀਜਿ ਕੈ ਕਿਉ ਅਮਿਉ ਲਹੀਐ।
ਬੇਮੁਖ ਸੇਤੀ ਪਿਰਹੜੀ ਜਮ ਡੰਡੁ ਸਹੀਐ॥ ੭॥

(ਭਾ: ਗੁਰਦਾਸ ਜੀ, ਵਾਰ ੩੪)

www.sikhbookclub.com

ਉਥਾਨਕਾ- ਇਕ ਪੂਰਨ ਮਹਾਤਮਾ ਫਕੀਰ ਸਨ, ਉਹਨਾਂ ਨਾਲ ਫਰੀਦ ਜੀ ਦਾ ਪ੍ਰੇਮ-ਭਾਵ ਬਹੁਤ ਹੋ ਗਿਆ। ਰੋਜ਼ ਜਾ ਕੇ ਉਹਨਾਂ ਦੀ ਸਤਿਸੰਗਤ ਅਤੇ ਸੇਵਾ ਆਦਿ ਕੀਤਾ ਕਰਦੇ ਸਨ। ਇਕ ਦਿਨ ਬਰਖਾ ਹੋਣ ਕਰ ਕੇ ਗਲੀਆਂ ਵਿਚ ਚਿੱਕੜ ਵੀ ਬਹੁਤ ਹੋ ਗਿਆ। ਪਹਿਲੇ ਤਾਂ ਨਾ ਜਾਣਦਾ ਸੰਕਲਪ ਕੀਤਾ ਕਿ ਕਪੜੇ ਭਿੱਜ ਜਾਣਗੇ ਪਰ ਪ੍ਰੇਮ ਦਾ ਨੇਮ ਟੁੱਟਦਾ ਦੇਖ ਕੇ ਆਪਣੇ ਮਨ ਨੂੰ ਸਮਝਾਉਂਦੇ ਹਨ-

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥

ਫਰੀਦ ਜੀ ਕਥਨ ਕਰਦੇ ਹਨ ਕਿ ਬਰਖਾ ਦੇ ਪੈਣ ਕਰ ਕੇ ਗਲੀਆਂ ਵਿਚ ਚਿੱਕੜ ਹੋ ਗਿਆ ਹੈ ਪਰ ਪਿਆਰੇ ਦਾ ਘਰ ਦੂਰ ਹੈ ਅਤੇ ਉਸ ਪਿਆਰੇ ਨਾਲ ਪ੍ਰੇਮ ਵੀ ਬਹੁਤ ਹੈ।

ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥ ੨੪॥

ਉਸ ਪਿਆਰੇ ਵੱਲ ਚਲਦਾ ਹਾਂ ਤਾਂ ਮੇਰੀ ਕੰਬਲੀ ਭਿਜਦੀ ਹੈ ਪਰ ਜੇ ਕੰਬਲੀ ਦੇ ਭਿੱਜ ਜਾਣ ਦਾ ਖਿਆਲ ਕਰਦਿਆਂ ਹੋਇਆਂ ਰਹਿ ਜਾਂਦਾ ਹਾਂ ਤਾਂ ਪ੍ਰੇਮ ਟੁਟਦਾ ਹੈ॥ ੨੪॥

ਇਸ ਤਰ੍ਹਾਂ ਦਲੀਲਾਂ ਸੋਚਦੇ ਸੋਚਦੇ ਤਿਆਰ ਹੋ ਪਏ ਤੇ ਮਨ ਨੂੰ ਸਮਝਾਉਂਦੇ ਹਨ-

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥

ਬਰਖਾ ਨਾਲ ਭਾਵੇਂ ਕੇਬਲੀ ਭਿਜਉ= ਭਿੱਜ ਕੇ ਸਿਜਉ= ਭਾਰੀ ਵੀ ਹੋ ਜਾਵੇ ਅਤੇ ਅਲਹ= ਖੁਦਾ ਚਾਹੇ ਕਿਤਨਾਂ ਹੀ ਮੀਂਹ ਵਰਸਾਣਾ ਕਰੇ। ਪਰ—

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥ ੨੫॥

ਮੈਂ ਤਿਨ੍ਹਾਂ ਸਜਣਾ= ਉਸ ਫ਼ਕੀਰ ਸਾਂਈਂ ਨੂੰ ਜ਼ਰੂਰ ਜਾ ਕੇ ਮਿਲਾਂਗਾ, ਜਿਸ ਕਰ ਕੇ ਮੇਰੇ ਦਿਲ ਦਾ ਨੇਹੁ= ਪ੍ਰੇਮ ਟੁੱਟ ਨਾ ਜਾਵੇ॥ ੨੫॥

ਅਥਵਾ- ਫਰੀਦ ਜੀ ਕਥਨ ਕਰਦੇ ਹਨ- **ਗਲੀਏ ਚਿਕੜੁ**= ਇੰਦ੍ਰੀਆਂ ਰੂਪ ਗਲੀਆਂ ਵਿਚ ਵਿਸ਼ਿਆਂ, ਵਾ ਮੋਹ ਰੂਪੀ ਚਿੱਕੜ ਹੋ ਰਿਹਾ ਹੈ।

*ਅਥਵਾ-*ਅੱਖਾਂ ਕੰਨਾਂ ਆਦਿ ਗੋਲਕਾਂ ਰੂਪ ਗਲੀਆਂ ਵਿਚ ਪਦਾਰਥਾਂ ਰੂਪ ਪਾਣੀ ਦੇ ਵਰਸਣ ਕਰ ਕੇ ਵਿਸ਼ਿਆਂ ਦੀ ਇੱਛਾ ਰੂਪ ਚਿੱਕੜ ਹੋ ਰਿਹਾ ਹੈ। **ਦੂਰਿ ਘਰੁ**= ਸਰੂਪ ਰੂਪੀ ਘਰ ਦੂਰ ਹੈ।

ਨਾਲਿ ਪਿਆਰੇ ਨੇਹੁ= ਪਿਆਰੇ ਪਰਮਾਤਮਾ ਨਾਲ ਪ੍ਰੇਮ ਵੀ ਬਹੁਤ ਸਾਰਾ ਹੈ।

ਚਲਾ ਤ ਭਿਜੈ ਕੰਬਲੀ

ਜੇ ਪਰਮਾਤਮਾ ਦੀ ਤਰਫ਼ ਚਲਦਾ ਹਾਂ ਤਾਂ ਬੁੱਧੀ ਰੂਪ ਕੰਬਲੀ ਪਦਾਰਥਾਂ ਰੂਪ ਜਲ ਵਿਖੇ ਭਿੱਜਦੀ ਹੈ (ਕਿਉਂਕਿ ਇਹ ਨਿਯਮ ਹੈ ਕਿ ਭਜਨ-ਸਿਮਰਨ ਦੇ ਪ੍ਰਤਾਪ ਕਰ ਕੇ ਮਨੁੱਖ ਪਾਸ ਮਾਇਆ ਪਦਾਰਥ ਖੁਲ੍ਹੇ ਆਉਣ ਲੱਗ ਪੈਂਦੇ ਹਨ)।

ਰਹਾਂ ਤ ਤੁਟੈ ਨੇਹੁ॥੨੪॥

ਜੇ ਪਦਾਰਥਾਂ ਵਿਖੇ ਖੜਾ ਰਹਿੰਦਾ ਹਾਂ ਤਾਂ ਪ੍ਰਭੂ ਦਾ ਪ੍ਰੇਮ ਟੁੱਟਦਾ ਹੈ॥੨੪॥

ਭਿਜਉ ਸਿਜਉ ਕੰਬਲੀ

ਚਾਹੇ ਬੁੱਧੀ ਰੂਪ ਕੰਬਲੀ ਪਦਾਰਥਾਂ ਰੂਪ ਜਲ ਨਾਲ ਭਿੱਜ ਕੇ ਸਿਜਉ= ਭਾਰੀ ਹੋ ਜਾਵੇ। ਭਾਵ ਹੰਕਾਰਣ

ਹੋ ਜਾਵੇ।

ਅਥਵਾ- ਬੁੱਧੀ ਰੂਪ ਕੰਬਲੀ ਚਾਹੇ ਪਦਾਰਥਾਂ ਰੂਪੀ ਜਲ ਨਾਲ ਭਿੱਜ ਜਾਵੇ, ਅਤੇ ਇੰਦਰੀਏ ਵੀ ਪਦਾਰਥਾਂ ਰੂਪ ਜਲ ਨਾਲ ਸਿੰਜ (ਭਿੱਜ) ਜਾਣ।

ਅਲਹ ਵਰਸਉ ਮੇਹੁ॥

ਚਾਹੇ ਅਲਹ= ਖੁਦਾ ਵੀ ਪਦਾਰਥਾਂ ਰੂਪ ਮੇਹੁ= ਮੀਂਹ ਨੂੰ ਖੂਬ ਵਰਸਾਣਾ ਕਰੇ।

ਜਾਇ ਮਿਲਾ ਤਿਨਾ ਸਜਣਾ

ਪਰ ਇਹਨਾਂ ਪਦਾਰਥਾਂ ਦੀ ਪ੍ਰਵਾਹ ਨਾ ਕਰਦੀ ਹੋਈ, ਮੈਂ ਉਸ ਸੱਜਣ ਪ੍ਰਮਾਤਮਾ ਨੂੰ ਜ਼ਰੂਰ ਜਾ ਕੇ ਮਿਲਾਂਗੀ।

ਤੁਟਉ ਨਾਹੀ ਨੇਹੁ॥੨੫॥

ਜਿਸ ਕਰ ਕੇ ਮੇਰੇ ਅੰਦਰੋਂ ਉਸ ਦਾ ਪ੍ਰੇਮ ਨਾ ਟੁੱਟ ਜਾਵੇ। ਸਚਮੁੱਚ ਹੀ ਫਰੀਦ ਜੀ ਨੇ ਖੁਦਾ ਨਾਲ ਪ੍ਰੇਮ ਦਾ ਉਹ ਨਮੂਨਾ ਦਰਸਾਇਆ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗੁ ਵਿਚ ਨਿਰੂਪਨ ਕੀਤਾ ਹੈ-

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥
ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥ ੧॥
ਮਨ ਰੇ ਕਿਉ ਛੂਟਹਿ ਬਿਨੁ ਪਿਆਰ॥
ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ॥ ੧॥ ਰਹਾਉ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥
ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ॥੨॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥
ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥੩॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥
ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ॥੪॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥
ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ॥

(ਸਿਰੀਰਾਗੁ ਮਹਲਾ ੧, ਪੰਨਾ ੫੯)

ਤਥਾ- ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ॥
ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ॥
ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ॥
ਜਹ ਦੂਖ ਸੁਣੀਐ ਜਮ ਪੰਥੁ ਭਣੀਐ ਤਹ ਸਾਧ ਸੰਗਿ ਨ ਡਰਪੀਐ॥

www.sikhbookclub.com

ਕਰਿ ਕੀਰਤਿ ਗੋਵਿੰਦ ਗੁਣੀਐ ਸਗਲ ਪ੍ਰਾਛਤ ਦੁਖ ਹਰੇ॥
ਕਹੁ ਨਾਨਕ ਛੰਤ ਗੋਵਿੰਦ ਹਰਿ ਕੇ ਮਨ ਹਰਿ ਸਿਉ ਨੇਹੁ ਕਰੇਹੁ ਐਸੀ ਮਨ ਪ੍ਰੀਤਿ ਹਰੇ॥ ੧॥
ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ॥
ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ॥
ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ ਅਤਿ ਲਾਈਐ ਚਿਤੁ ਮੁਰਾਰੀ॥

(ਆਸਾ ਮਹਲਾ ੫, ਪੰਨਾ ੪੫੪)

ਰਵਿਦਾਸ ਜੀ ਨੇ ਵੀ ਪ੍ਰੇਮ ਦੇ ਵਿਸ਼ੇ 'ਤੇ ਕਥਨ ਕੀਤਾ ਹੈ-

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥ ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥ ੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ॥ ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ॥੧॥ ਰਹਾਉ॥
ਸੰਪਤਿ ਬਿਪਤਿ ਪਟਲ ਮਾਇਆ ਧਨੁ॥ ਤਾ ਮਹਿ ਮਗਨ ਹੋਤ ਨ ਤੇਰੋ ਜਨੁ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥ ਕਹਿ ਰਵਿਦਾਸ ਛੂਟਿਬੋ ਕਵਨ ਗੁਨ॥੩॥੪॥

(ਆਸਾ ਰਵਿਦਾਸ ਜੀ, ਪੰਨਾ ੪੮੬)

ਤਥਾ- ਕਹਾ ਭਇਓ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਜਾਨ ਲਗਾਯੋ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪ੍ਰਲੋਕ ਗਵਾਯੋ॥
ਬਾਸੁ ਕੀਯੋ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਯੋ॥
ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਯੋ॥੯॥

(ਦਸਮ ਗ੍ਰੰਥ ਅੰਮ੍ਰਿਤ ਸਵੈਯੇ)

*ਤਥਾ-*ਜੈਸੇ ਤਉ ਮਿਠਾਈ ਰਾਖੀਐ ਛੁਪਾਇ ਜਤਨ ਕੈ, ਚੀਟੀ ਚਲ ਜਾਇ ਚੀਨ ਤਾਹਿ ਲਪਟਾਤ ਹੈ।
ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ, ਪ੍ਰਗਟਿ ਪਤੰਗ ਤਾ ਮੈ ਸਹਜਿ ਸਮਾਤ ਹੈ।
ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ, ਮਧੁਕਰ ਮਧੁ ਅਚਵਨ ਤਹਿ ਜਾਤ ਹੈ।
ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤਿ ਪ੍ਰੇਮ ਸਕਲ ਸੰਸਾਰ ਤਿਹ ਦੁਆਰ ਬਿਲਲਾਤ ਹੈ।

(ਭਾਈ ਗੁਰਦਾਸ ਜੀ, ਕਬਿਤ ੪੧੦)

ਉਥਾਨਕਾ-ਇਕ ਰਜੋ ਗੁਣੀ ਪੁਰਸ਼ ਨੇ ਫਰੀਦ ਜੀ ਨੂੰ ਮੱਥਾ ਤਾਂ ਟੇਕਿਆ ਪਰ ਪੂਰਾ ਨਾ ਝੁਕਿਆ। ਉਸ ਪ੍ਰਤੀ ਕਥਨ ਕਰਦੇ ਹਨ-

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥

ਫਰੀਦ ਜੀ ਕਥਨ ਕਰਦੇ ਹਨ ਕਿ ਹੇ ਪੁਰਸ਼ਾ! ਤੇਰੇ ਦਿਲ ਮੈ= ਵਿਚ ਇਕ ਪੱਗ ਦਾ ਹੀ ਭੁਲੇਖਾ, ਧੋਖਾ, ਵਹਿਮ ਹੈ ਕਿ ਜੇ ਮੈਂ ਪੂਰਾ ਨਿਵਿਆਂ ਤਾਂ ਮਤਾਂ ਮੇਰੀ ਪੱਗ ਮੈਲੀ ਹੋ ਜਾਵੇ। ਪਰ-

ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥ ੨੬॥

ਗਹਿਲਾ= ਭੁੱਲਾ ਹੋਇਆ ਜੀਵ ਜਾਣਦਾ ਨਹੀਂ ਹੈ ਕਿ ਸਿਰ ਨੂੰ ਵੀ ਮਿੱਟੀ ਨੇ ਖਾ ਜਾਣਾ ਹੈ॥੨੬॥

*ਅਥਵਾ-*ਫਰੀਦ ਜੀ ਕਥਨ ਕਰਦੇ ਹਨ ਅਗਿਆਨ ਦੀ ਬਹੁਲਤਾ ਕਰ ਕੇ ਮੈਨੂੰ ਪ੍ਰਮੇਸ਼ਰ ਵਿਖੇ ਪਗ= ਰਪਣੇ ਦਾ ਭਾਵ ਤਦਾਕਾਰ ਹੋਣ ਦਾ ਕਿਤਨਾ ਚਿਰ ਭੁਲੇਖਾ ਹੀ ਪਿਆ ਰਿਹਾ। ਕਿਉਂਕਿ ਪਾਪਾਂ ਕਰ ਕੇ ਮੇਰੀ ਮਤੁ= ਬੁੱਧੀ ਮੈਲੀ ਹੁੰਦੀ ਜਾਂਦੀ ਸੀ ਪਰ ਗਹਿਲਾ= ਭੁੱਲਾ ਹੋਇਆ ਰੂਹ= ਜੀਵ ਇਹ ਜਾਣਦਾ ਨਹੀਂ ਕਿ

ਜਿਸ ਸਿਰ ਦਾ ਹੰਕਾਰ ਕਰਦਾ ਹਾਂ ਇਸ ਨੂੰ ਤਾਂ ਮੌਤ ਰੂਪੀ ਮਿੱਟੀ ਨੇ ਹੀ ਖਾ ਜਾਣਾ ਹੈ॥ ੨੬॥

ਉਥਾਨਕਾ–ਜਿਸ ਵਕਤ ਫਰੀਦ ਜੀ ਬਾਰਾਂ ਬਰਸ ਤਪ ਕਰਨ ਤੋਂ ਬਾਅਦ ਮਾਂ ਨੂੰ ਮਿਲਣ ਵਾਸਤੇ ਘਰ ਆਏ ਤਾ ਇਨ੍ਹਾਂ ਦੀ ਮਾਤਾ ਨੇ ਫਰੀਦ ਜੀ ਦੀ ਮਿੱਠਾ ਖਾਣ ਵਾਲੀ ਪਹਿਲੀ ਆਦਤ ਅਨੁਸਾਰ ਸ਼ਹਿਦ, ਮਾਖੂ, ਦੁੱਧ, ਮਿਸ਼ਰੀ, ਖੰਡ, ਗੁੜ, ਸ਼ਕਰ ਭਾਵ ਕੀ ਆਪਣੀ ਪਹੁੰਚ ਅਨੁਸਾਰ ਸਾਰੇ ਮਿੱਠੇ ਪਦਾਰਥ ਅੱਗੇ ਲਿਆ ਰੱਖੇ। ਉਹਨਾਂ ਪਦਾਰਥਾਂ ਨੂੰ ਦੇਖ ਕੇ ਫਰੀਦ ਜੀ ਮਾਤਾ ਨੂੰ ਕਹਿੰਦੇ ਹਨ ਕਿ ਹੇ ਮਾਤਾ–

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥

ਸ਼ੱਕਰ, ਖੰਡ, ਨਿਵਾਤ= ਮਿਸ਼ਰੀ ਵਾ ਸਿੰਧ ਵਿਖੇ ਇਕ ਮਿਠਿਆਈ ਦਾ ਨਾਂ ਹੈ; ਗੁੜ, ਮਾਖਿਉ= ਸ਼ਹਿਦ, ਵਾ :– ਮੱਖਣ ਅਤੇ ਮਾਝਾ ਦੁੱਧ ਇਤਿਆਦਿਕ–

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ ੨੭॥

ਸਾਰੀਆਂ ਵਸਤੂਆਂ ਮਿਠੀਆਂ ਤਾਂ ਹਨ ਪਰ ਤੁਧੁ= ਤਿਸ ਰੱਬ ਦੇ ਸਦਰਸ਼ ਕੋਈ ਵਸਤੂ ਪੁੱਜ ਨਹੀਂ ਸਕਦੀ॥ ੨੭॥

ਯਥਾ– ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ॥ *(ਜੈਤਸਰੀ ਦੀ ਵਾਰ, ਪੰਨਾ ੭੦੮)*

ਤਥਾ– ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ॥
ਧਿਆਇ ਨਾਨਕ ਪ੍ਰਮੇਸਰੈ ਜਿਨਿ ਦਿਤੀ ਜਿੰਦੁ॥ ੧੪॥ *(ਗਉੜੀ ਵਾਰ ਦੂਜੀ, ਪੰਨਾ ੩੨੧)*

ਤਥਾ– ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ॥
ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ॥ *(ਗਉੜੀ ਵਾਰ ਦੂਜੀ, ਪੰਨਾ ੩੨੧)*

ਉਥਾਨਕਾ–ਜਿਸ ਵਕਤ ਪਹਿਲੇ ਪਹਿਲੇ ਮਾਂ ਦੀ ਪ੍ਰੇਰਨਾ ਕਰ ਕੇ ਜੰਗਲ ਵਿਖੇ ਤਪ ਕਰਨ ਗਏ ਤਾਂ ਕੁਝ ਦਿਨ ਤਪਸਿਆ ਕਰਦਿਆਂ ਗੁਜਰੇ ਤਾਂ ਸਹੀ ਪਰ ਭੁੱਖ ਬਹੁਤ ਸਤਾਇਆ ਕਰੇ।

ਜਦ ਇਕ ਦਿਨ ਬਹੁਤ ਭੁੱਖ ਲੱਗੀ ਉਸ ਵਕਤ ਉਠ ਕੇ ਸ਼ਹਿਰ ਵੱਲ ਤੁਰ ਪਏ। ਸ਼ਹਿਰੋਂ ਬਾਹਰ ਇਕ ਘੁਮਿਆਰ ਦਾ ਘਰ ਦੇਖ ਕੇ ਆ ਦੁਆ ਦਿਤੀ।

ਘੁਮਿਆਰ ਨੇ ਇਕ ਲੱਕੜ ਦਾ ਕਚਕੌਲ ਦੇ ਕੇ ਕਿਹਾ—ਹੇ ਫਕੀਰ ਸਾਂਈਂ! ਮੇਰੇ ਪਾਸ ਹੋਰ ਤਾਂ ਕੁਝ ਨਹੀਂ, ਇਹੀ ਹੈ, ਇਸ ਨੂੰ ਲੈ ਜਾ ਤੇ ਹੋਰ ਕਿਤੋਂ ਮੰਗ ਕੇ ਇਸ ਵਿਚ ਖਾ ਲਿਆ ਕਰੀਂ। ਉਸ ਪਾਸੋਂ ਓਹ ਕਚਕੌਲ ਲੈ ਕੇ ਫਰੀਦ ਰੋਜ਼ ਹੀ ਸ਼ਹਿਰ ਵਿਚ ਆ ਕੇ ਮਧੂਕੜੀ ਮੰਗਿਆ ਕਰੇ। ਜਿਸ ਵਕਤ ਉਹ ਕਚਕੌਲ ਭਰ ਜਾਵੇ ਤਾਂ ਫਿਰ ਜੰਗਲ ਵਿਚ ਜਾ ਕੇ ਖਾ ਲਿਆ ਕਰੇ।

ਇਕ ਮਾਈ ਜੋ ਇਸ ਦੇ ਕਰਤੱਬ ਨੂੰ ਰੋਜ਼ ਦੇਖਦੀ ਹੁੰਦੀ ਸੀ, ਉਸ ਨੇ ਇਕ ਦਿਨ ਖ਼ੈਰ ਪਾਉਂਦਿਆਂ ਕਹਿ ਹੀ ਦਿੱਤਾ ਕਿ ਹੇ ਫ਼ਕੀਰ ਸਾਂਈਂ! ਤੂੰ ਖੁਦਾ ਦਾ ਪਿਆਰਾ ਨਹੀਂ, ਤੂੰ ਤਾਂ-ਇਹਨਾਂ ਟੁਕੜਿਆਂ ਦਾ ਪਿਆਰਾ ਹੈਂ।

ਇਹ ਗੱਲ਼ ਸੁਣ ਕੇ ਫਰੀਦ ਜੀ ਨੂੰ ਬੜੀ ਸ਼ਰਮ ਆਈ। ਨਿਮੋਝੂਣਾ ਹੋਇਆ ਬੋਲਿਆ "ਮਾਈ, ਫਿਰ ਕੀ ਕਰਾਂ? ਭੁੱਖ ਬੜੀ ਸਤਾਉਂਦੀ ਹੈ, ਰਹਿਆ ਨਹੀਂ ਜਾਂਦਾ।

ਮਾਈ ਨੇ ਕਿਹਾ "ਜੁਗਤੀ ਤੈਨੂੰ ਮੈਂ ਦਸਦੀ ਹਾਂ ਇੰਜ ਕਰਿਆ ਕਰ ਕਿ "ਜਿਸ ਵਕਤ ਮਧੂਕੜੀ ਲੈ ਕੇ

ਖਾ ਲਿਆ ਕਰੇਂ ਤਾਂ ਮਗਰੋਂ ਥੋੜਾ ਜਿਹਾ ਇਸ ਕਚਕੌਲ ਨੂੰ ਰਗੜ ਦਿਆ ਕਰ।''

ਫਰੀਦ ਉਸ ਮਾਈ ਦੇ ਕਹੇ ਅਨੁਸਾਰ ਰੋਜ਼ ਹੀ ਮਧੂਕੜੀ ਖਾ ਕੇ ਕਚਕੌਲ ਰਗੜ ਦਿਆ ਕਰੇ। ਇਸ ਤਰ੍ਹਾਂ ਦੀ ਨਿਤ ਕਿਰਿਆ ਅਨੁਸਾਰ ਉਹ ਕਚਕੌਲ ਘਸਦਾ-ਘਸਦਾ ਸਾਰਾ ਘਸ ਗਿਆ।

ਇਤਨੇ ਨੂੰ ਇਕ ਪ੍ਰੇਮੀ ਨੇ ਆ ਕੇ ਕਿਹਾ, ਫਕੀਰ ਸਾਂਈਂ! ਪ੍ਰਸ਼ਾਦ ਛਕ ਲਓ!'' ਤਾਂ ਫਰੀਦ ਜੀ ਨੇ ਕਿਹਾ-

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥

ਹੁਣ ਮੇਰੀ ਰੋਟੀ ਕਾਠ ਦੀ ਹੋ ਗਈ ਹੈ ਮੇਰੀ ਭੁੱਖ ਦੇ ਲਾਵਣੁ= ਦੂਰ ਕਰਨ ਨੂੰ।

ਵਾ-ਕਾਠ ਦੀ ਮੇਰੀ ਰੋਟੀ ਹੈ ਅਤੇ ਭੁੱਖ ਹੀ ਮੇਰੀ ਲਾਵਣੁ= ਸਲੂਣਾ ਹੈ।

ਭਾਵ ਹੁਣ ਤਾਂ ਦਾਲ ਰੋਟੀ ਦੇ ਖਾਧੇ ਤੋਂ ਬਗੈਰ ਹੀ ਭੁਖਿਆਂ ਰਹਿ ਕੇ ਦਿਨ ਪੂਰੇ ਕਰਦਾ ਹਾਂ। ਜਿਸ ਵਕਤ ਰੋਟੀ ਦੀ ਇੱਛਾ ਹੁੰਦੀ ਹੈ ਤਾਂ ਇਸ ਕਾਠ ਦੀ ਰੋਟੀ ਨੂੰ ਚਕ ਮਾਰ ਕੇ ਮਨ ਨੂੰ ਸੰਤੁਸ਼ਟ ਕਰਦਾ ਹਾਂ।

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥ ੨੮॥

ਜਿਨ੍ਹਾਂ ਪੁਰਸ਼ਾਂ ਨੇ ਘਿਓ ਨਾਲ ਚੋਪੜੀਆਂ ਭਾਵ ਪੌਂਠੀਆਂ ਪਕਾ ਕੇ ਖਾਧੀਆਂ ਹਨ, ਉਹ ਪੁਰਸ਼ ਘਣੇ ਹੀ ਦੁੱਖਾਂ ਨੂੰ ਸਹਾਰਣਗੇ॥ ੨੮॥

ਪੂਰਬ ਕਹੇ ਪ੍ਰਸੰਗ ਨੂੰ ਪੁਨਾ ਸਪਸ਼ਟ ਕਰਦੇ ਹਨ-

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥

ਰੁਖੀ= ਦਾਲ-ਭਾਜੀ ਤੋਂ ਬਿਨਾਂ ਸੁਖੀ= ਘਿਓ ਨਾਲ ਚੋਪੜੇ ਬਿਨਾਂ ਰੋਟੀ ਖਾ ਕੇ ਠੰਢਾ ਪਾਣੀ ਪੀਣਾ ਕਰੋ।

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ ੨੯॥

ਫਰੀਦ ਜੀ ਕਥਨ ਕਰਦੇ ਹਨ— ਚੋਪੜੀ ਹੋਈ ਪਰਾਈ ਰੋਟੀ ਭਾਵ ਦੂਸਰੇ ਨੂੰ ਸਨਿਗਧ ਭੋਜਨ ਖਾਂਦਿਆਂ ਦੇਖ ਕੇ ਤੂੰ ਆਪਣੇ ਜੀਅ ਨੂੰ ਤਰਸਾਣਾ ਨਾ ਕਰ॥ ੨੯॥

ਯਥਾ- ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ॥

(ਮਲਾਰ ਦੀ ਵਾਰ, ਪੰਨਾ ੧੨੮੨)

ਉਥਾਨਕਾ-ਇਕ ਦਿਨ ਬਿਮਾਰ ਹੋਣ ਦੀ ਵਜਾ ਕਰ ਕੇ ਫਰੀਦ ਜੀ ਪਾਸੋਂ ਨਮਾਜ਼ ਨਾ ਪੜ੍ਹੀ ਗਈ। ਅਫਸੋਸ ਵਿਚ ਪਏ ਹੋਏ ਨਾਲ ਦੇ ਸ਼ਾਹ ਸ਼ਰਫ ਨੂੰ ਤਰਕ ਮਾਰਦੇ ਹੋਏ ਅਨੁਕਤੀ ਅਲੰਕਾਰ ਦ੍ਵਾਰਾ ਕਥਨ ਕਰਦੇ ਹਨ-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥

ਅੱਜ ਮੈਂ ਆਪਣੇ ਪਤੀ-ਖੁਦਾ ਨਾਲ ਸੁੱਤੀ ਨਹੀਂ ਹਾਂ। ਭਾਵ ਮੇਰੇ ਪਾਸੋਂ ਅੱਜ ਨਮਾਜ਼ ਨਹੀਂ ਪੜ੍ਹੀ ਗਈ ਇਸ ਕਰ ਕੇ ਮੇਰੇ ਅੰਗ ਮੁੜ-ਮੁੜ ਜਾਂਦੇ ਹਨ ਭਾਵ ਦਿਲ ਨੂੰ ਦੁੱਖ ਪ੍ਰਾਪਤ ਹੋ ਰਿਹਾ ਹੈ।

*ਅਥਵਾ-*ਮੇਰਾ ਅੰਗੁ= ਹਿਰਦਾ ਅਫਸੋਸ ਕਰ ਕੇ ਮੁੜੇ ਮੁੜਿ ਜਾਇ= ਮੁਰਝਾਈ ਜਾਂਦਾ ਹੈ।

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥ ੩੦॥

ਡੋਗਾਹਣੀ= ਦੋਹਾਗਣਾਂ (ਸ਼ਾਹ ਸ਼ਰਫ) ਪਾਸੋਂ ਜਾ ਕੇ ਪੁੱਛਣਾ ਕਰੋ ਕਿ ਨਮਾਜ਼ ਪੜ੍ਹੇ ਤੋਂ ਬਿਨਾਂ ਤੁਹਾਡੀ ਅਵਸਥਾ ਰੂਪੀ ਰਾਤ ਕਿਵੇਂ ਸੁਖ ਪੂਰਬਕ ਵਿਹਾਇ= ਬਤੀਤ ਹੁੰਦੀ ਹੈ॥ ੩੦॥

ਫਰੀਦ ਦੀ ਇਹ ਗੱਲ ਸੁਣ ਕੇ ਸ਼ਾਹ ਸ਼ਰਫ ਨੇ ਕਿਹਾ ਕਿ ਤੂੰ ਕਿਥੋਂ ਦੀ ਸੁਹਾਗਣ ਆ ਗਈ ਹੈਂ? ਕਿਉਂ ਕਿ-

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥

ਸਾਹੁਰੈ= ਪ੍ਰਲੋਕ ਘਰ ਵਿਖੇ, ਯਾਨੇ ਖੁਦਾ ਦੇ ਘਰ ਵਿਖੇ ਢੋਈ ਨਾ ਲਹੈ= ਤੂੰ ਜਗ੍ਹਾ ਕੋਈ ਨਹੀਂ ਲੈਂਦੀ। ਕਿਉਂਕਿ ਜਿਸ ਵਕਤ ਵੀ ਤੂੰ ਖੁਦਾ ਦੇ ਦਰਬਾਰ ਜਾਂਦੀ ਹੈਂ ਤੈਨੂੰ ਜੋੜਿਆਂ ਦੀ ਜਗ੍ਹਾ ਖੜਾ ਕੀਤਾ ਜਾਂਦਾ ਹੈ ਅਤੇ ਇਸ ਮਾਤ ਲੋਕ ਰੂਪੀ ਪੇਕੇ ਘਰ ਵਿਚ ਵੀ ਤੈਨੂੰ ਕੋਈ ਸੁਖ ਦੀ ਜਗ੍ਹਾ ਪ੍ਰਾਪਤ ਨਹੀਂ ਹੈ। ਖਾਣ ਪੀਣ ਦਾ ਤੈਨੂੰ ਸੁਖ ਨਹੀਂ। ਬਿਰਤੀ ਜੁੜਨ ਦਾ ਤੈਨੂੰ ਸੁਖ ਨਹੀਂ। ਨਿੰਦਰਾ ਦਾ ਤੈਨੂੰ ਸੁਖ ਨਹੀਂ ਹੈ।

ਪ੍ਰਿ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥ ੩੧॥

ਪਿਰੁ= ਪਤੀ ਪ੍ਰਮਾਤਮਾ ਸਰਗੁਣ ਮੂਰਤੀ ਧਾਰ ਕੇ ਤੇਰੀ ਕਦੀ ਵੀ ਕੋਈ ਗੱਲ-ਬਾਤ ਪੁੱਛਦਾ ਨਹੀਂ ਹੈ ਕਿ ਤੇਰਾ ਕੀ ਹਾਲ ਹੈ? ਆਪਣਾ ਨਾਮ ਸੋਹਾਗਣ ਕਹਿਣੇ ਵਾਲੀ ਤੂੰ ਧੰਨ ਹੈਂ। ਤੈਨੂੰ ਕਹਿੰਦਿਆਂ ਵੀ ਸ਼ਰਮ ਨਹੀਂ ਆਉਂਦੀ॥ ੩੧॥

ਉਥਾਨਕਾ-ਇਨ੍ਹਾਂ ਸਲੋਕਾਂ ਦੁਆਰਾ ਸ਼ਾਹ ਸ਼ਰਫ ਤੇ ਫਰੀਦ ਦਾ ਸੰਬਾਦ ਸੁਣ ਕੇ ਇਕ ਸਿੱਖ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ—ਹੇ ਗਰੀਬ ਨਿਵਾਜ਼! ਇਹਨਾਂ ਦੋਹਾਂ ਦਾ ਜਿਹੜਾ ਆਪਸ ਵਿਖੇ ਸੰਬਾਦ ਹੈ, ਇਹ ਠੀਕ ਹੈ ਜਾਂ ਨਹੀਂ?

ਇਹ ਗੱਲ ਸੁਣ ਕੇ ਸਤਿਗੁਰਾਂ ਕਿਹਾ— "ਇਹਨਾਂ ਦੋਹਾਂ ਦਾ ਕਹਿਣਾ ਹੰਕਾਰ ਸੰਯੁਕਤ ਹੋਣ ਕਰ ਕੇ ਠੀਕ ਨਹੀਂ ਹੈ ਕਿਉਂਕਿ ਫਰੀਦ ਨੂੰ ਨਮਾਜ਼ ਪੜ੍ਹਨ ਦਾ ਹੰਕਾਰ ਹੈ ਅਤੇ ਸ਼ਾਹ ਸ਼ਰਫ ਨੂੰ ਖੁਦਾ ਦੀ ਪ੍ਰਾਪਤੀ ਦਾ ਹੰਕਾਰ ਹੈ, ਪਰ ਦੋਹਾਂ ਨੂੰ ਹੰਕਾਰ ਤੋਂ ਰਹਿਤ ਹੋਣਾ ਚਾਹੀਦਾ ਸੀ। ਇਸ ਪਰ ਸਾਡੇ ਵੱਡੇ ਸਤਿਗੁਰੂ ਅਮਰ ਦਾਸ ਜੀ ਨੇ ਕਿਹਾ ਹੈ-

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ॥

ਜੋ ਕੰਤੁ= ਪਤੀ-ਪ੍ਰਮਾਤਮਾ ਅਗੰਮੁ= ਬੇਅੰਤ ਅਤੇ ਅਥਾਹ ਗੁਣਾਂ ਵਾਲਾ ਹੈ, ਸਾਹੁਰੈ ਪੇਈਐ= ਲੋਕ ਪ੍ਰਲੋਕ ਵਿਖੇ ਉਸ ਪਤੀ-ਪ੍ਰਮਾਤਮਾ ਦੀ ਜੋ ਇਸਤਰੀ ਹੋਈ ਹੈ।

ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪ੍ਰਵਾਹ॥ ੩੨॥

ਗੁਰੂ ਜੀ ਕਥਨ ਕਰਦੇ ਹਨ ਉਸ ਬੇਪ੍ਰਵਾਹ ਪਰਮਾਤਮਾ ਨੂੰ ਜੋ ਇਸਤਰੀ ਭਾਵੈ= ਭਾਉਂਦੀ ਹੈ, ਓਹੀ ਸੁਹਾਗਵੰਤੀ ਹੈ॥ ੩੨॥

ਪੂਰਬ ਕਥਨ ਅਨੁਸਾਰ ਨਿਰਹੰਕਾਰ ਹੋਣ ਬਾਰੇ ਕਥਨ ਕਰਦੇ ਹਨ-

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥

ਜਿਵੇਂ ਕੋਈ ਪ੍ਰਤੱਖ ਇਸਤ੍ਰੀ ਨਾਂਤੀ ਧੋਤੀ= ਨਹਾ-ਧੋ ਕੇ ਅਤੇ ਧੋਤੀ ਵਗੈਰਾ ਬੰਨ੍ਹ ਕੇ ਸੰਬਹੀ= ਖੂਬ ਬਣ ਠਣ ਕੇ ਅਰਥਾਤ ਅਤਰ ਫੁਲੇਲ ਆਦਿਕ ਸੁਗੰਧੀਆਂ ਨੂੰ ਲਗਾ ਕੇ ਨਚਿੰਦੁ= ਨਿਸਚਿੰਤ ਹੋ ਕਰ ਕੇ ਬੜੇ ਸੋਹਣੇ ਪਲੰਘ ਉਪਰ ਆ ਕੇ ਸੁੱਤੀ ਹੈ।

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥ ੩੩ ॥

ਫਰੀਦ ਜੀ ਕਥਨ ਕਰਦੇ ਹਨ-ਜੇਕਰ ਸੁ= ਇਸਤ੍ਰੀ ਦੇ ਪਾਸ ਹਿੰਙ ਦੀ ਬੇੜੀ= ਗੰਢੀ ਪਈ ਰਹੀ ਹੈ ਤਾਂ ਜਾਣੋਂ ਉਸ ਪਾਸੋਂ ਕਥੂਰੀ= ਕਸਤੂਰੀ ਦੀ ਗੰਧੁ= ਸੁਗੰਧ ਚਲੀ ਗਈ ਹੈ। ਕਿਉਂਕਿ ਜਿਥੇ ਹਿੰਙ ਪਈ ਹੋਵੇ ਉਥੇ ਕਸਤੂਰੀ ਆਦਿਕ ਸੁਗੰਧੀਆਂ ਦਾ ਅਭਾਵ ਹੋ ਜਾਂਦਾ ਹੈ।

ਅਥਵਾ-ਤੀਰਥਾਂ ਤੇ ਨਾਤੀ= ਇਸ਼ਨਾਨ ਕਰ ਕੇ-

ਅਥਵਾ-ਨਾਤੀ ਧੋਤੀ= ਨੇਤੀ* ਧੋਤੀ+ ਆਦਿਕ ਕਰਮ ਕਰ ਕੇ ਸੰਬਹੀ= ਫਬਣਾ ਕੀਤਾ।

ਵਾ-ਸੰ-ਬਹੀ= ਭਲੀ ਪ੍ਰਕਾਰ ਇਕਾਂਤ ਜਗ੍ਹਾ ਤੇ ਬੈਠਣਾ ਕੀਤਾ।

ਵਾ-ਸੰਬਹੀ= ਸਮੂਹ ਸਾਧਨ ਵੀ ਕੀਤੇ।

ਸੁਤੀ ਆਇ ਨਚਿੰਦੁ ॥

ਸਮਾਧੀ ਨੂੰ ਵੀ ਲਗਾਣਾ ਕੀਤਾ।

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ

ਫਰੀਦ ਜੀ ਕਥਨ ਕਰਦੇ ਹਨ—ਇਤਨੇ ਸਾਧਨ ਕਰਦਿਆਂ ਹੋਇਆਂ ਜੇ ਫਿਰ ਵੀ ਹਿੰਙੁ= ਹੰਕਾਰ ਨਾਲ ਬੇੜੀ= ਵੇਸ਼ਟ ਕੀਤੀ ਰਹੀ। ਤਾਂ ਜਾਣੋ-

ਗਈ ਕਥੂਰੀ ਗੰਧੁ ॥ ੩੩ ॥

ਉਸ ਪਾਸੋਂ ਭਗਤੀ ਰੂਪ ਕਸਤੂਰੀ ਦੀ ਸੁਗੰਧੀ ਚਲੀ ਗਈ ਹੈ ॥੩੩ ॥

ਉਥਾਨਕਾ-ਜਿਸ ਵੇਲੇ ਜੁਆਨੀ ਦੇ ਢਲ ਜਾਣ ਤੇ ਬਿਰਧ ਅਵਸਥਾ ਆ ਪਹੁੰਚੀ ਤਾਂ ਕਿਸੀ ਸਿੱਖ ਨੇ ਕਿਹਾ—ਫਕੀਰ ਸਾਂਈਂ ਜੀ! ਹੁਣ ਤਾਂ ਆਪ ਜੀ ਦੀ ਜੁਆਨੀ ਢਲ ਗਈ ਹੈ?''

ਇਹ ਗੱਲ ਸੁਣ ਕੇ ਫਰੀਦ ਜੀ ਨੇ ਕਿਹਾ-

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥

ਪ੍ਰਤੱਖ ਜੋਬਨ ਅਵਸਥਾ ਦੇ ਜਾਂਦਿਆਂ ਮੈਂ ਨਹੀਂ ਡਰਦਾ, ਜੇਕਰ ਸਹ= ਪਤੀ-ਪ੍ਰਮਾਤਮਾ ਦੀ ਪ੍ਰੀਤੀ ਮੇਰੇ ਅੰਦਰੋਂ ਨਾ ਜਾਵੇ, ਕਿਉਂਕਿ ਸ਼ਹੁ ਦੀ ਪ੍ਰੀਤੀ ਤੋਂ ਬਿਨਾਂ ਹੋਰ ਸਭ ਪ੍ਰੀਤੀਆਂ ਝੂਠੀਆਂ ਹਨ।

**ਸੱਜੀ ਨਾਸਕਾ ਵਿਚੋਂ ਪਾਣੀ ਚੜ੍ਹਾ ਕੇ ਖੱਬੀ ਨਾਸਕਾ ਵਿਚੋਂ ਕੱਢ ਦੇਣਾ, ਖੱਬੀ ਨਾਸਕਾ ਵਿਚੋਂ ਪਾਣੀ ਚੜ੍ਹਾ ਕੇ ਸੱਜੀ ਵਿਚੋਂ ਕੱਢ ਦੇਣਾ, ਇਸ ਨੂੰ ਨੇਤੀ ਕਹਿੰਦੇ ਹਨ।*

+ਚਾਰ ਉਂਗਲ ਚੌੜੀ ੧੭ ਗਜ਼ ਲੰਮੀ ਬਰੀਕ ਮਲਮਲ ਲੈ ਕੇ ਮੂੰਹ ਵਿਚ ਪਾ ਕੇ ਇਕ ਸਿਰਾ ਦੰਦਾਂ ਹੇਠ ਦਬਾ ਕੇ ਰਖੱਣਾ ਤੇ ਪੇਟ ਨੂੰ ਮਧਾਣੀ ਵਾਂਗ ਹੌਲੀ-ਹੌਲੀ ਘੁਮਾਣਾ ਤੇ ਸਾਰੀਆਂ ਨਾੜੀਆਂ ਅੰਦਰੋਂ ਸਾਫ ਕਰਨੀਆਂ, ਇਸ ਨੂੰ ਧੋਤੀ ਆਖਦੇ ਹਨ।

ਯਥਾ- ਬਗੈਰ ਇਸ਼ਕੇ ਖ਼ੁਦਾ ਹੇਚ ਇਸ਼ਕ ਕਾਇਮ ਨੇਸਤ।
ਬਗੈਰ ਆਸ਼ਕੇ ਮੌਲਾ ਹਮਾ ਫਨਾਹ ਪਿਦਾਰ।

ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥ ੩੪॥

ਫਰੀਦ ਜੀ ਕਥਨ ਕਰਦੇ ਹਨ—ਮੇਰੇ ਕਿਤਨੇ ਹੀ ਜੋਬਨ ਪ੍ਰਭੂ ਦੀ ਪ੍ਰੀਤੀ ਤੋਂ ਬਿਨਾਂ ਸੁਕ ਕੇ ਕੁਮਲਾ ਗਏ ਹਨ। ਭਾਵ ਪ੍ਰਭੂ ਦੀ ਪ੍ਰੀਤੀ ਤੋਂ ਬਿਨਾਂ ਕਿਤਨੇ ਹੀ ਜੋਬਨ ਨਿਸਫਲ ਚਲੇ ਗਏ ਹਨ॥੩੪॥

ਉਥਾਨਕਾ-ਇਕ ਦਿਨ ਅਕਾਸ਼ ਬਾਣੀ ਦੁਆਰਾ ਭਗਵਾਨ ਨੇ ਕਿਹਾ—ਹੇ ਫਰੀਦ! ਐਵੇਂ ਜ਼ਮੀਨ ਪਰ ਲੇਟ ਕੇ ਕਿਉਂ ਦੁੱਖ ਪਾ ਰਿਹਾ ਹੈਂ। ਮੰਜਾ, ਰਜ਼ਾਈ (ਲੇਫ), ਤੁਲਾਈ ਆਦਿ ਕਪੜੇ ਲੈ ਕੇ ਸੁਖ ਦੇ ਦਿਨ ਬਿਤਾਣਾ ਕਰ।

ਇਹ ਗੱਲ ਸੁਣ ਕੇ ਫਰੀਦ ਜੀ ਆਖਦੇ ਹਨ-

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥

ਫਰੀਦ ਜੀ ਕਥਨ ਕਰਦੇ ਹਨ— ਹੇ ਪ੍ਰਭੂ! ਤੇਰੀ ਪ੍ਰਾਪਤੀ ਦੀ ਚਿੰਤਾ ਰੂਪ ਖਟੋਲਾ= ਮੰਜਾ ਮੇਰੇ ਪਾਸ ਹੈ, ਚਿੰਤਾ ਕਰ ਕੇ ਜੋ ਦੁੱਖ ਹੋ ਰਿਹਾ ਹੈ ਇਹ ਮੰਜੇ ਦਾ ਵਾਣ ਹੈ। ਆਪ ਜੀ ਦਾ ਜੋ ਬਿਰਹਿ= ਵਿਛੋੜਾ ਹੋ ਰਿਹਾ ਹੈ, ਏਹੀ ਹੇਠ ਵਿਛਾਉਣ ਵਾਲੀ ਤੁਲਾਈ ਅਤੇ ਉਪਰ ਲੈਣ ਵਾਲਾ ਲੇਫ ਹੈ।

ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥ ੩੫॥

ਇਸ ਤਰ੍ਹਾਂ ਦਾ ਸਾਡਾ ਦੁਖਦਾਈ ਜੀਉਣਾ ਹੋ ਰਿਹਾ ਹੈ, ਹੇ ਸਚੇ ਸਾਹਿਬ! ਤੂੰ ਬੇਸ਼ੱਕ ਸਾਡੀ ਵੱਲ ਨਿਗਾਹ ਕਰ ਕੇ ਵੇਖ ਲੈ ਮੈਂ ਕੋਈ ਝੂਠ ਨਹੀਂ ਕਹਿ ਰਿਹਾ।

ਅਥਵਾ- ਹੇ ਸਚੇ ਸਾਹਿਬ! ਤੂੰ ਸਾਡੀ ਵੱਲ ਮੇਹਰ ਦੀ ਨਜ਼ਰ ਨਾਲ ਵੇਖਣਾ ਕਰ॥ ੩੫॥

ਜਿਵੇਂ-ਦਸਮੇਸ਼ ਪਿਤਾ ਜੀ ਨੇ ਮਾਛੀਵਾੜੇ ਬੈਠ ਕੇ ਭਾਈ ਦਇਆ ਸਿੰਘ ਜੀ ਦੀ ਰਾਹੀਂ ਪ੍ਰਭੂ ਦੇ ਪਾਸ ਸੰਦੇਸ਼ ਭੇਜਿਆ ਸੀ—

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧ ਬਿਨੁ ਰੋਗੁ ਰਸਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥੧॥

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥

ਹੇ ਬਿਰਹਾ= ਵਿਛੋੜੇ! ਤੈਨੂੰ ਸਭ ਕੋਈ ਬਿਰਹਾ ਆਖੀਐ= ਵਿਛੋੜਾ ਕਰ ਕੇ ਹੀ ਆਖਦਾ ਹੈ, ਭਾਵ ਸਾਰੇ ਤੈਨੂੰ ਨਿਕੰਮਾ ਸਮਝਦੇ ਹਨ। ਪਰ- ਹੇ ਬਿਰਹਾ= ਵਿਛੋੜੇ! ਤੂੰ ਸਾਰਿਆਂ ਸਾਧਨਾ ਦਾ ਸੁਲਤਾਨੁ= ਚਕ੍ਰਵਰਤੀ ਬਾਦਸ਼ਾਹ ਹੈਂ। ਕਿਉਂਕਿ ਵਿਛੋੜੇ ਦਾ ਦੁੱਖ ਭਾਸੇਗਾ ਤਾਂ ਹੀ ਇਹ ਜੀਵ ਸੇਵਾ ਸਿਮਰਨ ਦਵਾਰਾ ਆਪਣੇ ਮਨੁੱਖ ਜਨਮ ਨੂੰ ਸਫਲ ਕਰੇਗਾ।

ਸਾਖੀ—ਬਿਰਹਾ ਦੀ

ਇਕ ਪੂਰਨ ਮਹਾਤਮਾ ਤਪਸ਼੍ਰੀ ਸਨ, ਜਦ ਤਪ ਕਰਦਿਆਂ ਕਰਦਿਆਂ ਕਈ ਸਾਲ ਹੋ ਗਏ ਤਾਂ ਇਸ ਦੀ

ਘੋਰ ਤਪਸਿਆ ਉਪਰ ਭਗਵਾਨ ਪ੍ਰਸੰਨ ਹੋ ਗਏ। ਉਸ ਵੇਲੇ ਅਕਾਸ਼ ਬਾਣੀ ਦ੍ਵਾਰੇ ਕਿਹਾ-"ਹੇ ਸੰਤ ਜੀ! ਮੈਂ ਤੇਰੇ ਪਰ ਬਹੁਤ ਪ੍ਰਸੰਨ ਹਾਂ, ਜੋ ਕੁਝ ਮੰਗਣਾ ਹੈ ਸੋ ਮੰਗ ਲੈ।"

ਸੰਤਾਂ ਆਖਿਆ—"ਹੋਰ ਕਿਸੇ ਪਦਾਰਥ ਦੀ ਲੋੜ ਨਹੀਂ ਅਤੇ ਨਾ ਹੀ ਤੇਰੇ ਮਿਲਾਪ ਦੀ ਤਮੰਨਾ ਹੈ। ਇਕ ਤੇਰੇ ਵਿਛੋੜੇ ਦੀ ਲੋੜ ਹੈ, ਕਿਉਂਕਿ ਆਪ ਜੀ ਦਾ ਜਿਤਨਾ ਚਿਰ ਵਿਛੋੜਾ ਹੋਵੇਗਾ ਉਤਨਾ ਚਿਰ ਮੈਂ ਤੁਹਾਡਾ ਹੀ ਸਿਮਰਨ ਕਰਦਾ ਰਹਾਂਗਾ। ਮੈਨੂੰ ਤਾਂ ਕੇਵਲ ਇਕ ਸਿਮਰਨ ਦੀ ਲੋੜ ਹੈ ਪਰ ਸਿਮਰਨ ਵਿਛੋੜੇ ਤੋਂ ਬਿਨਾਂ ਨਹੀਂ ਹੋ ਸਕਦਾ। ਇਸ ਵਾਸਤੇ ਵਿਛੋੜੇ ਨੂੰ ਸਭ ਸਾਧਨਾਂ ਦਾ ਚਕ੍ਰਵਰਤੀ ਬਾਦਸ਼ਾਹ ਕਿਹਾ ਹੈ।

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥ ੩੬॥

ਫਰੀਦ ਜੀ ਆਖਦੇ ਹਨ— ਜਿਸ ਤਨ ਵਿਖੇ ਪ੍ਰਭੂ ਦੇ ਵਿਛੋੜੇ ਦਾ ਦੁੱਖ ਉਤਪੰਨ ਨਹੀਂ ਹੁੰਦਾ।

ਸੋ= ਉਸ ਸਰੀਰ ਨੂੰ ਸ਼ਮਸ਼ਾਣਾਂ ਦੇ ਸਮਾਨ ਅਪਵਿਤ੍ਰ ਜਾਣਨਾ ਕਰ॥ ੩੬॥

*ਅਥਵਾ- **ਬਿਰਹਾ ਬਿਰਹਾ ਆਖੀਐ***

ਹੇ ਬਿਰਹਾ= ਪ੍ਰੇਮ! ਦੁਨੀਆਂ ਦੇ ਲੋਕ ਤੈਨੂੰ ਐਵੇਂ ਪ੍ਰੇਮ ਕਰ ਕੇ ਹੀ ਕਥਨ ਕਰ ਛੱਡਦੇ ਹਨ।

ਬਿਰਹਾ ਤੂ ਸੁਲਤਾਨੁ॥

ਪਰ ਹੇ ਬਿਰਹਾ= ਪ੍ਰੇਮ! ਤੂੰ ਸਾਰਿਆਂ ਸਾਧਨਾਂ 'ਚੋਂ ਚਕ੍ਰਵਰਤੀ ਪਾਤਸ਼ਾਹ ਹੈਂ, ਕਿਉਂਕਿ ਚਾਹੇ ਕਿਤਨੇ ਤੀਰਥ ਇਸ਼ਨਾਨ, ਜਨਮ ਅਸ਼ਟਮੀ, ਰਾਮਨੌਮੀ, ਇਕਾਦਸ਼ੀ ਆਦਿਕਾਂ ਦੇ ਵਰਤ ਰੱਖ ਲਵੇ, ਚਾਹੇ ਕਿਤਨੇ ਕਾਲ ਅੱਖਾਂ ਮੀਟ ਕੇ ਸਮਾਧੀਆਂ ਲਗਾ ਲਵੇ ਪ੍ਰੰਤੂ ਪ੍ਰੇਮ ਤੋਂ ਬਿਨਾਂ ਸਭ ਸਾਧਨ ਨਿਸਫਲ ਹਨ।

*ਯਥਾ-*ਕਹਾ ਭਇਓ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਜਾਨ ਲਗਾਯੋ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪ੍ਰਲੋਕ ਗਵਾਯੋ॥
ਬਾਸੁ ਕੀਯੋ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਯੋ॥
ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਯੋ॥੯॥

(ਦਸਮ ਗ੍ਰੰਥ ਅੰਮ੍ਰਿਤ ਸਵੈਯੇ, ਪੰਨਾ ੧੪)

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ

ਫਰੀਦ ਜੀ ਕਥਨ ਕਰਦੇ ਹਨ— ਜਿਸ ਤਨਿ= ਅੰਤਹਕਰਣ ਵਿਖੇ ਪ੍ਰਭੂ ਦਾ ਬਿਰਹੁ= ਪ੍ਰੇਮ ਉਤਪੰਨ ਨਹੀਂ ਹੁੰਦਾ।

ਸੋ ਤਨੁ ਜਾਣੁ ਮਸਾਨੁ॥੩੬॥

ਉਸ ਸਰੀਰ ਨੂੰ ਸ਼ਮਸ਼ਾਣਾਂ ਵਾਂਗ (ਅਪਵਿਤ੍ਰ) ਜਾਣਨਾ ਕਰੋ॥੩੬॥

ਯਥਾ- ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥

(ਸਿਰੀਰਾਗੁ ਵਾਰ ਮ:੩,ਪੰਨਾ੮੬)

ਉਥਾਨਕਾ-ਕੋਈ ਮਨੁੱਖ ਇਸਤ੍ਰੀ ਲੰਪਟ ਸੀ, ਉਸ ਨੂੰ ਉਪਦੇਸ਼ ਦੇਂਦੇ ਹਨ-

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥

ਫਰੀਦ ਜੀ ਕਥਨ ਕਰਦੇ ਹਨ-ਇਹ ਔਰਤਾਂ ਵਿਹੁ ਦੀਆਂ ਭਰੀਆਂ ਗੰਦਲਾਂ ਹਨ। (ਉਪਰੋਂ) ਖੰਡ ਨਾਲ

ਲਿਵਾੜਿ= ਲਪੇਟ ਕੇ ਰਖੀਆਂ ਹੋਈਆਂ ਹਨ, ਜਿਹੜਾ ਕਿ ਔਰਤ ਦਾ ਗੋਰਾ ਰੰਗ ਰਚ ਦਿਤਾ ਹੈ। ਔਰਤ ਦੇ ਸੋਹਣੇ ਰੂਪ ਰੰਗ ਨੂੰ ਵੇਖ ਕੇ ਮਨੁੱਖ ਹਰ ਵੇਲੇ ਵਿਸ਼ਈ ਬਣ ਕੇ ਔਰਤ ਅੱਗੇ ਡਿਗਿਆ ਰਹਿੰਦਾ ਹੈ। ਇਸੇ ਵਿਚ ਹੀ ਮਨੁੱਖ ਦਾ ਸਾਰਾ ਜੀਵਨ ਤਬਾਹ ਹੋ ਜਾਂਦਾ ਹੈ।

ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥ ੩੭॥

ਇਕ ਮਨੁੱਖ ਤਾਂ ਰਾਹੇਦੇ= ਮੰਗੇਵਾ ਕਰਦੇ ਹੀ ਰਹਿ ਗਏ= ਛੱਡ ਕੇ ਚਲੇ ਗਏ ਹਨ। ਅਤੇ ਇਕ ਅਜੇਹੇ ਮਨੁੱਖ ਹਨ ਜੋ ਰਾਧੀ= ਵਿਆਹੀ ਹੋਈ ਔਰਤ ਨੂੰ ਉਜਾੜਿ ਗਏ= ਛੱਡ ਕੇ ਚਲੇ ਗਏ ਹਨ॥੩੭॥

ਅਥਵਾ-ਇਕ ਸਮੇਂ ਫਰੀਦ ਜੀ ਦੀ ਪ੍ਰੀਖਜਾ ਲੈਣ ਵਾਸਤੇ ਬਲੀ ਮੁਹੰਮਦ ਪਠਾਣ ਨੇ ਫਰੀਦ ਜੀ ਪਾਸ ਵੇਸਵਾ ਦਾ ਨਾਚ ਕਰਵਾਇਆ। ਉਸ ਵੇਲੇ ਫਰੀਦ ਨੇ ਕਿਹਾ-

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥

ਇਹ ਵੇਸਵਾ ਵਿਸ਼ੇ ਰੂਪ ਵਿਹੁ ਦੀਆਂ ਗੰਦਲਾਂ ਹਨ, ਜੋ ਹਾਰ ਸ਼ਿੰਗਾਰ ਰੂਪ ਖੰਡ ਨਾਲ ਲਪੇਟ ਕੇ ਰੱਖੀਆਂ ਹੋਈਆਂ ਹਨ।

ਇਕਿ ਰਾਹੇਦੇ ਰਹਿ ਗਏ

ਇਕ ਪੁਰਸ਼ ਤਾਂ ਇਨ੍ਹਾਂ ਵੇਸਵਾ ਨਾਲ ਵਿਸ਼ੇ ਭੋਗਾਂ ਨੂੰ ਭੋਗ ਕੇ ਰਹਿ ਗਏ= ਹਰੀ ਹਰ ਹੋ ਗਏ ਭਾਵ ਮਰ ਗਏ ਹਨ। ਅਤੇ-

ਇਕਿ ਰਾਧੀ ਗਏ ਉਜਾੜਿ॥੩੭॥

ਇਕ ਅਜੇਹੇ ਮਨੁੱਖ ਹਨ ਜੋ ਰਾਧੀ= ਬੀਜ ਬੀਜ ਕੇ ਭਾਵ ਸੰਤਾਨ ਪੈਦਾ ਕਰ ਕੇ ਉਜਾੜਿ= ਨਿਸਫਲ ਚਲੇ ਗਏ ਹਨ। ਨਿਸਫਲ ਇਸ ਲਈ ਚਲੇ ਗਏ ਹਨ ਜੋ ਵੇਸਵਾ ਦੇ ਪੁੱਤਰ ਦੇ ਪਿਤਾ ਦਾ ਨਾਮ ਕੋਈ ਨਹੀਂ ਲੈਂਦਾ॥ ੩੭॥

*ਯਥਾ- ....**ਜਿਉ ਵੇਸੁਆ ਪੁਤ ਨਿਨਾਉ॥*** *(ਸਿਰੀਰਾਗੁ ਮਹਲਾ ੪, ਪੰਨਾ ੮੨)*

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥

ਫਰੀਦ ਜੀ ਕਥਨ ਕਰਦੇ ਹਨ- ਹੇ ਜੀਵ!ਤੈਂਨੇ ਦਿਨ ਦੇ ਚਾਰ ਪਹਿਰਾਂ ਨੂੰ ਇਧਰ ਉਧਰ ਹੰਢਿ ਕੈ= ਫਿਰ ਕੇ ਵਿਅਰਥ ਗਵ ਲਿਆ ਹੈ। ਅਤੇ- ਰਾਤ ਦੇ ਚਾਰ ਪਹਿਰਾਂ ਨੂੰ ਸੰਮਿ= ਸੌਂ ਕੇ (ਵਿਅਰਥ) ਗਵਾ ਦਿੱਤਾ ਹੈ।

ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥ ੩੮॥

ਜਿਸ ਵੇਲੇ ਪ੍ਰਲੋਕ ਵਿਚ ਗਿਆਂ ਰੱਬ ਤੇਰੇ ਪਾਸੋਂ ਲੇਖਾ= ਹਿਸਾਬ ਮੰਗੇਗਾ ਕਿ ਹੇ ਜੀਵ! ਤੂੰ ਸੰਸਾਰ ਵਿਚ ਕਿਹੜੇ-ਕਿਹੜੇ ਕੰਮ ਕਰ ਕੇ ਆਇਆ ਹੈਂ? ਕੀ ਜਵਾਬ ਦੇਵੇਂਗਾ॥੩੮॥

ਉਥਾਨਕਾ-ਇਕ ਦਿਨ ਫਰੀਦ ਜੀ ਵਿਚਰਦੇ ਹੋਏ ਰਾਜ ਦਰਬਾਰ ਵਿਖੇ ਜਾ ਪਹੁੰਚੇ ਤੇ ਉਥੇ ਘੜਿਆਲ ਖੜਕਦਾ ਵੇਖ ਕੇ ਆਪਣੇ ਮਨ ਨੂੰ ਸਮਝਾਉਂਦੇ ਹਨ-

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥

www.sikhbookclub.com

ਫਰੀਦ ਜੀ ਕਥਨ ਕਰਦੇ ਹਨ— ਹੇ ਮਨ! ਪਾਤਿਸ਼ਾਹੀ ਦਰਵਾਜ਼ੇ ਅੰਦਰ ਜਾ ਕੇ ਤੂੰ ਘੜਿਆਲ ਨੂੰ ਕਿਉਂ ਵੇਖਿਆ ਹੈ? ਜੇ ਵੇਖਿਆ ਹੈ ਤਾਂ ਕੋਈ ਗੁਣ ਧਾਰ।

ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥ ੩੯॥

ਇਹ ਵਿਚਾਰਾ ਘੜਿਆਲ ਦੋਸ਼ਾਂ ਤੋਂ ਬਗੈਰ ਹੀ ਮਾਰ ਖਾਂਦਾ ਹੈ ਤੇ ਅਸੀਂ ਤਾਂ ਬੇ-ਫਿਕਰ ਹੋ ਕੇ ਸੈਂਕੜੇ ਹੀ ਪਾਪ ਕਰਮ ਕੀਤੇ ਹਨ। ਇਸ ਕਰ ਕੇ ਅਸਾਂ ਦੋਸ਼ੀਆਂ ਦਾ ਕੀ ਹਾਲ ਹੋਵੇਗਾ? ਭਾਵ ਬੁਰਾ ਹਾਲ ਹੀ ਹੋਵੇਗਾ॥ ੩੯॥

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ॥

ਘੜੀ ਘੜੀ ਨੂੰ ਮਾਰ ਖਾਂਦਾ ਹੈ। ਭਾਵ ਇਕ ਇਕ ਘੜੀ ਦੇ ਗੁਜਰਨੇ ਪਰ ਚੋਟਾਂ ਖਾਂਦਾ ਹੈ। ਜਿਸ ਵੇਲੇ ਇਕ ਪਹਿਰ ਦਾ ਸਮਾਂ ਪੂਰਾ ਹੁੰਦਾ ਹੈ ਤਾਂ ਬਹੁਤ ਸਾਰੀ ਸਜ਼ਾ ਲੈਂਦਾ ਹੈ। ਕਿਉਂਕਿ ਇਕ ਪਹਿਰ ਹੋਣ ਤੇ ਬਹੁਤ ਚੋਟਾਂ ਵਜਦੀਆਂ ਹਨ।

ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ॥ ੪੦॥

ਸੋ= ਉਸ ਘੜਿਆਲ ਦੀ ਨਜਾਈਂ ਇਹ ਹੇੜਾ= ਸਰੀਰ ਹੈ ਘੜਿਆਲ ਵਾਂਗੂ ਇਸ ਸਰੀਰ ਪਰ ਵੀ ਕਈ ਚੋਟਾਂ ਪੈਂਦੀਆਂ ਹਨ। ਇਸ ਕਰ ਕੇ ਸਾਰੀ ਅਵਸਥਾ ਰੂਪ) ਰੈਣਿ= ਰਾਤ ਡੁਖੀ ਵਿਹਾਇ= ਦੁੱਖਾਂ ਕਲੇਸ਼ਾਂ ਵਿਚ ਹੀ ਬਤੀਤ ਹੁੰਦੀ ਹੈ॥ ੪੦॥

ਉਥਾਨਕਾ-ਇਕ ਬਿਰਧ ਪੁਰਸ਼ ਆਪਣੀ ਉਮਰ ਖਾ ਕੇ ਫਿਰ ਵੀ ਫਰੀਦ ਜੀ ਨੂੰ ਆ ਕੇ ਆਖਦਾ ਹੈ ਕਿ ਮੈਨੂੰ ਦੁਆ ਦਿਓ ਜਿਸ ਤੇ ਮੇਰੀ ਉਮਰ ਵੱਡੀ ਹੋ ਜਾਵੇ।

ਇਹ ਗੱਲ ਸੁਣ ਕੇ ਫਰੀਦ ਜੀ ਉਸ ਨੂੰ ਸਮਝਾਉਂਦੇ ਹਨ-

[ਪੰਨਾ ੧੩੮੦]

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥

ਸ਼ੇਖ ਫਰੀਦ ਜੀ ਆਖਦੇ ਹਨ—ਹੇ ਭਲਿਆ ਲੋਕਾ ! ਸਾਰੀ ਉਮਰ ਪਦਾਰਥ ਖਾ ਖਾ ਕੇ ਹੁਣ ਤਾਂ ਤੂੰ ਬੁੱਢਾ ਹੋ ਗਿਆ ਹੈਂ ਅਤੇ (ਸੀਤ ਰੁਤ ਪੋਹ ਮਾਘ ਦੇ ਆਂਏ ਤੋਂ ਬਗੈਰ ਹੀ) ਤੇਰੀ ਦੇਹ ਵੀ ਕੰਬਣ ਲੱਗ ਪਈ ਹੈ।

ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥ ੪੧॥

ਹੱਛਾ! ਜੇਕਰ ਤੈਨੂੰ ਹੋਰ ਭੀ ਸਉ ਵਰ੍ਹਿਆ= ਸੈਂਕੜੇ ਵਰ੍ਹੇ ਜਿਊਣਾ ਮਿਲ ਗਿਆ ਤਾਂ ਕੀ ਹੋ ਜਾਵੇਗਾ? ਕਿਉਂਕਿ ਚਾਹੇ ਕਿਤਨੀ ਲੰਬੀ ਉਮਰਾ ਹੋ ਜਾਵੇ ਫਿਰ ਭੀ ਇਸ ਸਰੀਰ ਨੇ ਖੇਹ ਰੂਪ ਹੀ ਹੋ ਜਾਣਾ ਹੈ॥ ੪੧॥

ਉਥਾਨਕਾ-ਸਿਆਲ ਦਾ ਮੌਸਮ ਹੋਣ ਕਰ ਕੇ ਤਪ ਕਰਦਿਆਂ-ਕਰਦਿਆਂ ਫਰੀਦ ਜੀ ਨੂੰ ਬਹੁਤ ਠੰਢ ਲੱਗ ਗਈ। ਭੁੱਖ ਨੇ ਵੀ ਬਹੁਤ ਸਤਾਇਆ। ਉਸ ਵੇਲੇ ਫਰੀਦ ਜੀ ਉਠ ਕੇ ਸ਼ਹਿਰ ਨੂੰ ਆਏ। ਸ਼ਹਿਰ ਵੜਦਿਆਂ ਸਾਰ ਕੀ ਵੇਖਿਆ ਕਿ ਇਕ ਭੜਭੂੰਜਾ ਦਾਣੇ ਭੁੰਨ ਰਿਹਾ ਹੈ। ਬਾਹਰ ਖਲੋ ਕੇ ਆਖਦੇ ਹਨ- ਵੀਰਾ! ਮੈਨੂੰ ਤਪ ਕਰਦਿਆਂ ਕਰਦਿਆਂ ਠੰਢ ਬਹੁਤ ਲੱਗੀ ਹੋਈ ਹੈ ਜੇ ਕਹੇ ਤਾਂ ਭੱਠੀ ਅੱਗੇ ਬੈਠ ਕੇ ਜ਼ਰਾ ਅੱਗ ਸੇਕ ਲਵਾਂ, ਨਾਲੇ ਮੈਂ ਤੇਰਾ ਅੱਗ ਝੋਕਣ ਦਾ ਕੰਮ ਵੀ ਕੀਤੀ ਜਾਵਾਂਗਾ। ਉਸ ਨੇ ਕਿਹਾ-ਚੰਗਾ, ਅੰਦਰ ਆ ਜਾ। ਭੱਠੀ ਵਿਚ

ਬਾਲਣ ਵੀ ਪਾਈ ਜਾ ਤੇ ਅੱਗ ਵੀ ਸੇਕੀ ਜਾ। ਉਸ ਦੀ ਇਹ ਗੱਲ ਸੁਣ ਕੇ ਫਰੀਦ ਜੀ ਅੰਦਰ ਚਲੇ ਗਏ। ਭੱਠੀ ਵਿਚ ਬਾਲਣ ਪਾ ਕੇ ਉਸ ਦਾ ਕੰਮ ਕਰਦੇ ਹੋਏ ਆਪ ਵੀ ਅੱਗ ਸੇਕੀ ਜਾਂਦੇ ਹਨ ਤੇ ਜਿਹੜਾ ਦਾਣਾ ਉਡ ਕੇ ਬਾਹਰ ਡਿਗਦਾ ਹੈ ਉਹ ਚੁਕ ਕੇ ਖਾਈ ਜਾਂਦੇ ਹਨ। ਇਸ ਤਰ੍ਹਾਂ ਕਰਨ ਨਾਲ ਸਰੀਰ ਦੀ ਠੰਡ ਵੀ ਹਟ ਗਈ ਤੇ ਭੁੱਖ ਵੀ ਦੂਰ ਹੋ ਗਈ ਤੇ ਫਰੀਦ ਜੀ ਦੇ ਨੇਤ੍ਰਾਂ ਵਿਖੇ ਨਿੰਦਰਾ ਆਉਣ ਲੱਗ ਪਈ ਜਿਸ ਤੇ ਅੱਗ ਝੋਕਨ ਤੋਂ ਰਹਿ ਗਏ। ਭੜਭੂੰਜੇ ਨੇ, ਜਿਹਦੇ ਨਾਲ ਦਾਣੇ ਭੁੰਨ ਰਿਹਾ ਸੀ, ਉਹ ਰੱਖ ਕੇ ਫਰੀਦ ਦੇ ਸਿਰ ਵਿਚ ਮਾਰਿਆ। ਜਿਸ ਤੇ ਫਰੀਦ ਜੀ ਦੇ ਨੇਤ੍ਰ ਖੁਲ੍ਹੇ ਤਾਂ ਇਹ ਸਲੋਕ ਉਚਾਰਿਆ-

ਫਰੀਦਾ ਬਾਰਿ ਪ੍ਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥

ਫਰੀਦ ਜੀ ਕਥਨ ਕਰਦੇ ਹਨ—ਹੇ ਸਾਂਈ= ਖੁਦਾ! ਪਰਾਏ ਬਾਰ= ਦਰਵਾਜ਼ੇ ਪਰ ਬੈਠਣਾ ਮੈਨੂੰ ਨਾ ਦੇਹ।

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥ ੪੨ ॥

ਜੇ ਤੂੰ ਏਸੇ ਤਰ੍ਹਾਂ ਹੀ ਪ੍ਰਾਏ ਬੂਹੇ ਪ੍ਰ ਰਖਿਆ ਚਾਹੁੰਦਾ ਹੈਂ ਤਾਂ ਸਰੀਰ 'ਚੋਂ ਜੀਵਾਤਮਾ ਨੂੰ ਕਢ ਲੈਣਾ ਕਰ॥੪੨॥

ਅਥਵਾ-ਪਰਾਇਆ ਬਾਰ ਜੋ ਸੰਸਾਰ ਹੈ ਇਸ ਵਿਖੇ ਬੈਠਣਾ ਹੇ ਸਾਂਈ! ਮੈਨੂੰ ਨਾ ਦੇਣਾ ਕਰ।

ਅਥਵਾ-ਪਰਾਇਆ ਬਾਰ ਜੋ ਦੇਵੀ ਦੇਵਤੇ ਹਨ ਉਹਨਾਂ ਵਿਖੇ ਬੈਠਣਾ ਭਾਵ ਉਹਨਾਂ ਦੀ ਉਪਾਸ਼ਨਾ ਕਰਨੀ ਮੈਨੂੰ ਨਾ ਦੇਹ। ਜੇ ਤੂੰ ਇਸੇ ਤਰ੍ਹਾਂ ਹੀ ਰਖਿਆ ਚਾਹੁੰਦਾ ਹੈਂ ਤਾਂ ਸਰੀਰ 'ਚੋਂ ਜੀਵਤ ਭਾਵ ਨੂੰ ਕਢ ਲੈਣਾ ਕਰ॥ ੪੨ ॥

ਉਥਾਨਕਾ-ਇਕ ਦਿਨ ਜੱਸਾ ਲੁਹਾਰ ਬੜੀ ਸਵੇਰ ਨਾਲ ਹੀ ਕੋਇਲੇ ਕਰਨ ਵਾਸਤੇ ਬਨ ਵਿਖੇ ਆ ਪਹੁੰਚਾ ਜਿਥੇ ਛਿਛਰੇ ਨਾਲ ਖਲੋਤੇ ਫਰੀਦ ਜੀ ਤਪ ਕਰ ਰਹੇ ਸਨ ਉਥੇ ਹੀ ਆ ਖਲੋਤਾ। ਇਕ ਹਨੇਰਾ ਸੀ ਦੂਜਾ ਉਸ ਨੂੰ ਘਟ ਦਿਸਦਾ ਸੀ। ਚੰਗਾ ਮੁਢ ਵੇਖਣ ਵਾਸਤੇ ਕੁਹਾੜੇ ਦਾ ਪਿਛਲਾ ਪਾਸਾ ਵਗ੍ਹਾ ਮਾਰਿਆ। ਉਸ ਕੁਹਾੜੇ ਦੇ ਵੱਜਣ ਨਾਲ ਫਰੀਦ ਦੇ ਨੇਤ੍ਰ ਖੁਲ੍ਹੇ ਤੇ ਜੱਸੇ ਲੁਹਾਰ ਨੂੰ ਖਲੋਤਿਆਂ ਵੇਖ ਕੇ ਇਸ ਸਲੋਕ ਦੁਆਰਾ ਉਸ ਨੂੰ ਆਖਦੇ ਹਨ-

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥

ਹੇ ਜੱਸੇ ਲੁਹਾਰ! ਤੂੰ ਕੰਧਿ= ਮੋਢੇ ਉਤੇ ਕੁਹਾੜਾ ਰੱਖ ਕੇ ਤੇ ਸਿਰ ਉਪਰ ਪਾਣੀ ਦਾ ਘੜਾ ਚੁੱਕ ਕੇ ਬਨ ਦੇ ਸਰੁ= ਸਿਰ ਪਰ ਆਣ ਖਲੋਤਾ ਹੈਂ।

ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥ ੪੩ ॥

ਫਰੀਦ ਜੀ ਕਥਨ ਕਰਦੇ ਹਨ— ਮੈਂ ਤਾਂ ਆਪਣੇ ਪਤੀ (ਖੁਦਾ) ਦੀ ਪ੍ਰਾਪਤੀ ਨੂੰ ਖੜਾ ਚਾਹੁੰਦਾ ਹਾਂ ਤੇ ਤੂੰ ਮੇਰੇ ਅੰਗਿਆਰ ਕਰਨੇ ਚਾਹੁੰਦਾ ਹੈਂ, ਕੁਝ ਤਾਂ ਸ਼ਰਮ ਕਰ।

ਅਥਵਾ- ਹੇ ਜਮ ਰੂਪ ਲੁਹਾਰ! ਮੋਢੇ ਉਪਰ ਪ੍ਰਤਖ ਕੁਹਾੜੇ, ਗੁਰਜਾਂ ਆਦਿ ਸ਼ਸਤ੍ਰ ਰੱਖ ਕੇ ਤੇ ਸਿਰ ਉਪਰ ਪਰਮੇਸ਼ਰ ਦੇ ਹੁਕਮ ਰੂਪ ਘੜੇ ਨੂੰ ਉਠਾ ਕੇ ਸੰਸਾਰ-ਬਨ ਦੇ ਸਿਰ ਪਰ ਤੂੰ ਖਲੋਤਾ ਹੋਇਆ ਹੈਂ।

ਫਰੀਦ ਜੀ ਕਥਨ ਕਰਦੇ ਹਨ— ਮੈਂ ਤਾਂ ਆਪਣੇ ਪਤੀ (ਖੁਦਾ) ਦੀ ਪ੍ਰਾਪਤੀ ਨੂੰ ਚਾਹੁੰਦਾ ਹਾਂ ਤੇ ਤੂੰ ਮੇਰੇ ਅੰਗਿਆਰ= ਔਗੁਣਾਂ ਨੂੰ ਵੇਖਣਾ ਚਾਹੁੰਦਾ ਹੈਂ ਕਿ ਇਸ ਦੇ ਵਿਚ ਕੋਈ ਔਗੁਣ ਹੋਵੇ ਤਾਂ ਮੈਂ ਇਸ ਨੂੰ ਫੜ ਕੇ ਲੈ ਜਾਵਾਂ।

ਅਥਵਾ- ਤੂੰ ਮੇਰੇ ਪਾਸੋਂ ਅੰਗਿਆਰ= ਸੁਆਹ ਲੈਣਾ ਚਾਹੁੰਦਾ ਹੈਂ। ਜਾਹ, ਚਲਿਆ ਜਾਹ! ਮੇਰੇ ਨਾਲ ਤੇਰਾ ਕੋਈ ਵਾਸਤਾ ਨਹੀਂ ਹੈ॥ ੪੩॥

ਉਥਾਨਕਾ-ਕਿਸੇ ਸਿੱਖ ਨੇ ਆ ਕੇ ਫਰੀਦ ਜੀ ਤੋਂ ਪੁਛਿਆ ਕਿ ਅੱਗੇ ਦਰਗਾਹ ਵਿਚ ਅਮੀਰ ਲੋਕਾਂ ਦਾ ਲਿਹਾਜ਼ ਹੁੰਦਾ ਹੋਵੇਗਾ? ਇਹ ਗੱਲ ਸੁਣ ਕੇ ਕਿਹਾ-

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥

ਫਰੀਦ ਜੀ ਕਥਨ ਕਰਦੇ ਹਨ— ਇਕਨਾ ਦੇ ਪਾਸ ਆਟਾ ਅਗਲਾ= ਬਹੁਤ ਸਾਰਾ ਹੈ, ਇਕਨਾ ਦੇ ਪਾਸ ਸਬਜ਼ੀ ਵਿਚ ਪਾਉਣ ਲਈ ਲੂਣ ਵੀ ਨਹੀਂ ਹੈ। ਭਾਵ ਇਕ ਪੁਰਸ਼ ਅਤੀ ਗਰੀਬ ਹਨ।

*ਅਥਵਾ-*ਇਕਨਾ ਦੇ ਪਾਸ ਆਟਾ= ਪਦਾਰਥ ਅਗਲਾ= ਬਹੁਤ ਸਾਰੇ ਹਨ ਤੇ ਇਕਨਾ ਪਾਸ ਲੂਣ ਮਾਤ੍ਰ ਵੀ ਕੋਈ ਪਦਾਰਥ ਨਹੀਂ ਹੈ।

ਅਥਵਾ- ਇਕਨਾ ਦੇ ਪਾਸ ਪੁੰਨਾ ਰੂਪ ਆਟਾ ਅਗਲਾ= ਬਹੁਤ ਸਾਰਾ ਹੈ ਤੇ ਇਕਨਾ ਦੇ ਪਾਸ ਲੂਣ ਮਾਤ੍ਰ ਭਾਵ ਕੋਈ ਇਕ ਅੱਧਾ ਵੀ ਪੁੰਨ ਨਹੀਂ ਹੈ।

ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥ ੪੪॥

ਅੱਗੇ ਪ੍ਰਲੋਕ ਦਰਗਾਹ ਵਿਚ ਗਏ ਹੋਏ ਸਾਰੇ ਸਿਞਾਣੇ ਜਾਣਗੇ ਕਿ ਆਪਣੇ ਸਿਰ ਉਪ੍ਰ ਜਮਾਂ ਦੀਆਂ ਚੋਟਾਂ= ਸੱਟਾਂ ਨੂੰ ਕੌਣ ਖਾਏਗਾ, ਗਰੀਬ ਖਾਏਗਾ ਕਿ ਅਮੀਰ? ॥ ੪੪॥

ਉਥਾਨਕਾ-ਕੋਈ ਸੂਬੇਦਾਰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਗੁਜ਼ਰ ਗਿਆ ਉਸ ਨੂੰ ਚੁੱਕ ਕੇ ਲੋਕ ਲਈ ਜਾਂਦੇ ਸਨ, ਉਸ ਨੂੰ ਵੇਖ ਕੇ ਫਰੀਦ ਜੀ ਕਾਲ ਦੀ ਗਤੀ ਕਥਨ ਕਰਦੇ ਹਨ-

ਪਾਸਿ ਦਮਾਮੇ ਛਤ੍ਰ ਸਿਰਿ ਭੇਰੀ ਸਡੋ ਰਡ॥

ਜਿਨ੍ਹਾਂ ਦੇ ਪਾਸ ਦਮਾਮੇ= ਨਗਾਰੇ ਵੱਜਦੇ ਸਨ, ਸਿਰ 'ਤੇ ਛਤ੍ਰ= ਚੌਰ ਝੁਲੀਦੇ ਸਨ, ਭੇਰੀਆਂ ਵਜਦੀਆਂ ਸਨ ਅਤੇ ਰਡ= ਭਟ ਲੋਕ ਆ ਕੇ ਜਿਨ੍ਹਾਂ ਦੀ ਉਸਤਤੀ ਦੇ ਸਡੋ= ਛੰਦ ਉਚਾਰਦੇ ਸਨ।

ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥ ੪੫॥

ਉਹ ਬੜੇ-ਬੜੇ ਰੁਤਬਿਆਂ ਵਾਲੇ ਮਨੁੱਖ ਜੀਰਾਣ= ਉਜਾੜ ਭਾਵ ਮਸਾਣ-ਭੂਮਿਕਾ, ਵਾ-ਕਬਰਾਂ ਵਿਚ ਜਾ ਸੁੱਤੇ ਹਨ ਅਤੇ *ਅਤੀਮਾ (ਅਤੀਮ)= ਯਤੀਮ ਗਰੀਬਾਂ ਵਾਂਗੂ ਜ਼ਮੀਨ ਵਿਖੇ ਗਡੇ ਗਏ ਹਨ॥ ੪੫॥

ਉਥਾਨਕਾ-ਕਹੇ ਪ੍ਰਸੰਗ ਨੂੰ ਫੇਰ ਸਪਸ਼ਟ ਕਰਦੇ ਹਨ-

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥

ਫਰੀਦ ਜੀ ਕਥਨ ਕਰਦੇ ਹਨ ਕੋਠੇ ਕੱਚੇ ਤੇ ਮੰਡਪ ਪੱਕੇ। *ਅਥਵਾ-* ਮੰਡਪ= ਚੌੜੇ ਅਸਥਾਨ ਮਾੜੀਆਂ= ਦੁਹਾਸਣੀਆਂ-ਚੁਹਾਸਣੀਆਂ ਜਿਤਨੇ ਕੁ ਪੁਰਸ਼ ਇਹਨਾਂ ਮੰਦਰਾਂ ਦੇ ਉਸਾਰਨ ਵਾਲੇ ਹਨ, ਉਹ ਪਿਛਲਿਆਂ ਦੀ ਭੀ= ਨਿਆਈਂ ਸੰਸਾਰ ਤੋਂ ਕੂਚ ਕਰ ਗਏ ਹਨ।

ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥ ੪੬॥

**ਮਹਿਟੱਰ, ਜਿਸ ਦੇ ਮਾਂ ਬਾਪ ਮਰ ਗਏ ਹਨ। ਮਹਾਨ ਕੋਸ਼।*

ਸਾਰੀ ਉਮਰ ਝੂਠਾ ਹੀ ਸੌਦਾ ਕਰ ਕੇ ਮਰ-ਖਪ ਗਏ ਤੇ ਅੰਤ ਨੂੰ ਗੋਰੀ= ਕਬਰਾਂ ਵਿਚ ਆ ਕੇ ਪੈ ਗਏ॥ ੪੬॥

ਉਥਾਨਕਾ-ਇਕ ਫਕੀਰ ਜੰਗਲ ਵਿਖੇ ਬਹੁਤ ਸਾਰੀਆਂ ਟਾਕੀਆਂ ਵਾਲੀ ਖਫਨੀ ਪਹਿਰਕੇ ਬੈਠਾ ਸੀ, ਉਸ ਨੂੰ ਵੇਖ ਕੇ ਆਖਦੇ ਹਨ-

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥

ਫਰੀਦ ਜੀ ਕਥਨ ਕਰਦੇ ਹਨ-ਹੇ ਫਕੀਰ ਸਾਂਈਂ! ਖਿੰਥੜਿ= ਖਫਣੀ ਨੂੰ ਤੂੰ ਅਗਲੀਆ= ਬਹੁਤ ਸਾਰੀਆਂ ਮੇਖਾ= ਟਾਕੀਆਂ ਭਾਵ ਲੀਰਾਂ ਲਾਈਆਂ ਹਨ, ਪਰ ਜਿੰਦ ਨੂੰ ਪੱਕਿਆਂ ਕਰਨ ਵਾਸਤੇ ਤੂੰ ਕੋਈ ਵੀ ਮੇਖ= ਟਾਕੀ ਨਹੀਂ ਲਗਾਈ।

ਅਥਵਾ-ਸਰੀਰ ਰੂਪ ਖਫਣੀ ਨੂੰ ਬਹੁਤ ਨਾੜੀਆਂ ਰੂਪ ਮੇਖਾ= ਟਾਕੀਆਂ ਲੱਗੀਆਂ ਹੋਈਆਂ ਹਨ ਪਰ ਤੂੰ ਜਿੰਦੁ= ਬੁੱਧੀ ਨੂੰ ਵਿਸ਼ਿਆਂ ਵਲੋਂ ਰੋਕਣ ਲਈ ਕੋਈ ਵੀ ਟਾਕੀ ਨਹੀਂ ਲਗਾਈ।

ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥ ੪੭॥

ਆਪੋ ਆਪਣੀ ਵਾਰੀ ਅਨੁਸਾਰ ਬੜੇ ਬੜੇ ਸ਼ੇਖ ਤੇ ਮਸਾਇਕ= ਮਿਹਨਤਾਂ ਕਰਨ ਵਾਲੇ ਸਭ ਸੰਸਾਰ ਤੋਂ ਚਲੇ ਗਏ ਹਨ॥ ੪੭॥

ਉਥਾਨਕਾ-ਇਕ ਪ੍ਰੇਮੀ ਨੇ ਆ ਕੇ ਪੁਛਿਆ ਕਿ ਧਰਮਰਾਜ ਲੁਕ ਕੇ ਮਾਰਦਾ ਹੈ ਯਾਂ ਸਾਹਮਣੇ ਆ ਕੇ?

ਉੱਤਰ-

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥

ਫਰੀਦ ਜੀ ਕਥਨ ਕਰਦੇ ਹਨ- ਸੂਰਜ ਚੰਦ੍ਰਮਾ ਰੂਪ ਦੋ ਦੀਵਿਆਂ ਦੇ *ਅਥਵਾ*- ਸੱਜਾ ਖੱਬਾ ਨੇਤ੍ਰ ਰੂਪ ਦੋ ਦੀਵਿਆਂ ਦੇ ਬਲਦਿਆਂ-ਬਲਦਿਆਂ ਜਿਸ ਵੇਲੇ ਮਲਕੁ= ਧਰਮਰਾਜਾ ਆ ਬੈਠਾ। ਤਾਂ ਉਸ ਨੇ

ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥ ੪੮॥

ਅਸਥੂਲ ਸਰੀਰ ਰੂਪ ਗੜੁ= ਕਿਲ੍ਹੇ ਵਿਚੋਂ ਘਟੁ= ਸੂਖਮ ਸਰੀਰ ਨੂੰ ਲੁੱਟ ਲੈਣਾ ਕੀਤਾ।

ਅਥਵਾ-ਅਸਥੂਲ ਸਰੀਰ ਰੂਪ ਗੜ੍ਹੇ ਨੂੰ ਢਾਹ ਕੇ ਘਟੁ= ਸੂਖਮ ਸਰੀਰ ਨੂੰ ਲੁੱਟ ਲਿਆ ਅਤੇ ਦੋਹਾਂ ਨੇਤਰਾਂ ਰੂਪ ਦੀਵਿਆਂ ਨੂੰ ਵੀ ਬੁਝਾ ਕੇ ਚਲਾ ਗਿਆ॥ ੪੮॥

ਉਥਾਨਕਾ-ਇਕ ਪ੍ਰੇਮੀ ਨੇ ਆ ਕੇ ਕਿਹਾ—ਹੇ ਫਕੀਰ ਸਾਂਈਂ ਜੀ! ਮੰਦੇ ਅਮਲ ਕਰਨ ਵਾਲਿਆਂ ਨੂੰ ਕੀ ਕੀ ਸਜ਼ਾ ਮਿਲਦੀ ਹੈ? ਉੱਤਰ-

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥

ਫਰੀਦ ਜੀ ਕਥਨ ਕਰਦੇ ਹਨ ਕਿ ਜਿਹੜਾ ਕਪਾਹ ਦਾ ਹਾਲ ਹੁੰਦਾ ਵੇਖਣ ਵਿਚ ਆਉਂਦਾ ਹੈ ਸਭ ਤੋਂ ਪਹਿਲਾਂ ਕਪਾਹ ਪਾਲਾ ਜੜ੍ਹਤਾ ਬਰਖਾ ਆਦਿਕ ਦੁੱਖਾਂ ਨੂੰ ਸਹਾਰਦੀ ਹੈ, ਫਿਰ ਮਸ਼ੀਨਾਂ ਦੇ ਦੁੱਖਾਂ ਨੂੰ ਵੇਖਦੀ ਹੋਈ ਆਪ ਵੜੇਵਿਆਂ ਤੋਂ ਵੱਖ ਹੋ ਕੇ ਪੋਂਜਿਆਂ ਦੀ ਮਾਰ ਨੂੰ ਖਾਂਦੀ, ਚਰਖੇ ਆਦਿ ਪਰ ਚੜ੍ਹ ਕੇ ਫਿਰ ਜੁਲਾਹਿਆਂ, ਧੋਬੀਆਂ ਅਤੇ ਦਰਜੀਆਂ ਦੀ ਮਾਰ ਖਾਂਦੀ ਹੈ, ਫਿਰ-

ਜਿਹੜਾ ਹਾਲ ਤਿਲਾਹ= ਤਿਲਾਂ ਦੇ ਸਿਰ 'ਤੇ ਪ੍ਰਾਪਤ ਹੁੰਦਾ ਹੈ। ਭਾਵ ਮੋਹਲੀ ਆਦਿਕਾਂ ਤੇ ਕੋਹਲੂ ਦੇ ਦੁੱਖਾਂ ਨੂੰ ਸਹਾਰਦੇ ਹਨ।

ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥

ਫਿਰ ਕਮਾਦੈ= ਗੰਨੇ ਦਾ ਜੋ ਹਾਲ ਹੁੰਦਾ ਹੈ, ਜ਼ਿਮੀਂਦਾਰ ਪਹਿਲੇ ਗੰਨੇ ਨੂੰ ਖੇਤਾਂ ਵਿਚੋਂ ਕੱਟ ਕੇ, ਸਾਫ ਕਰ ਕੇ ਪੁਨਾ ਆਗਾਂ ਨਾਲੋਂ ਵੀ ਵੱਖਰਾ ਕਰ ਦਿੰਦੇ ਹਨ, ਫਿਰ ਵੇਲਣੇ ਅੰਦਰ ਪੀੜ, ਅੱਗ ਉਪਰ ਚਾੜ੍ਹਦੇ ਹਨ।

ਯਥਾ-ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ॥
ਖੁੰਢਾ ਅੰਦਰਿ ਗਖਿ ਕੈ ਦੇਨਿ ਸੁ ਮਲ ਸਜਾਇ॥
ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ॥
ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ॥
ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ॥ ੨॥ (ਵਾਰ ਮਾਝ, ਪੰਨਾ ੧੪੨)

ਅਰੁ ਕਾਗਦੈ= ਅਤੇ ਕਾਗਜ਼ਾਂ ਦਾ ਜਿਵੇਂ ਬੁਰਾ ਹਾਲ ਹੁੰਦਾ ਹੈ। ਫਿਰ ਕੁੰਨੇ= ਮਿੱਟੀ ਦੀ ਤੋੜੀ (ਹਾਂਡੀ) ਦਾ ਜਿਵੇਂ ਬੁਰਾ ਹਾਲ ਹੁੰਦਾ ਹੈ, ਅਨੇਕਾਂ ਵਾਰੀ ਚੁਲ੍ਹੇ 'ਤੇ ਚੜ੍ਹ ਕੇ ਅੱਗ ਦੇ ਸੇਕ ਨੂੰ ਸਹਾਰਦੀ ਹੈ। ਫਿਰ ਜਿਸ ਤਰ੍ਹਾਂ ਕੋਇਲਿਆਹ= ਕੋਲਿਆਂ ਦਾ ਹਾਲ ਹੁੰਦਾ ਹੈ, ਜੋ ਕਈ ਵਾਰੀ ਸੜਦੇ ਹਨ।

ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥ ੪੯॥

ਮੰਦੇ ਅਮਲ= ਭੈੜਿਆਂ ਕਰਮਾਂ ਦੇ ਕਰਨ ਵਾਲੇ ਜੋ ਪੁਰਸ਼ ਹਨ, ਤਿਨਾਂਹ= ਤਿਨ੍ਹਾਂ ਨੂੰ ਇਸ ਤਰ੍ਹਾਂ ਦੀ ਬੜੀ ਭਾਰੀ ਸਜ਼ਾ ਮਿਲਦੀ ਹੈ॥ ੪੯॥

ਯਥਾ-ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ॥
ਪੁਛਨਿ ਫੇਨਿ ਕਿਤਾਬ ਨੋ ਹਿੰਦੂ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥੩੩॥

(ਭਾਈ ਗੁਰਦਾਸ ਜੀ, ਵਾਰ ੧)

ਉਥਾਨਕਾ-ਕਿਸੇ ਫਕੀਰ ਦੇ ਪਖੰਡ ਨੂੰ ਵੇਖ ਕੇ ਆਖਦੇ ਹਨ-

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥

ਫਰੀਦ ਜੀ ਕਥਨ ਕਰਦੇ ਦਹਨ ਕਿ ਹੇ ਫਕੀਰ ਸਾਂਈਂ! ਕੰਨਿ= ਮੋਢੇ ਉਪਰ ਤੂੰ ਮੁਸਲਾ= ਆਸਣ ਤੇ ਗਲ ਵਿਖੇ ਸੂਫੁ= ਖਫਣੀ ਪਾਈ ਹੋਈ ਹੈ, ਪਰ ਦਿਲ ਵਿਖੇ ਤਾਂ ਤੂੰ ਈਰਖਾ ਰੂਪੀ ਕਾਤੀ= ਛੁਰੀ ਫੜੀ ਹੋਈ ਹੈ ਤੇ ਦੂਸਰਿਆਂ ਦੇ ਠੱਗਣ ਵਾਸਤੇ ਵਾਤਿ= ਮੁੱਖ ਤੋਂ ਗੁੜ ਵਰਗੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ ਹੈਂ।

ਯਥਾ- ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥

(ਪ੍ਰਭਾਤੀ ਬੇਣੀ ਜੀ, ਪੰਨਾ ੧੩੫੧)

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ ੫੦॥

ਬਾਹਰੋਂ ਗਿਆਨ ਦੀਆਂ ਗੱਲਾਂ ਕਰਨ ਕਰ ਕੇ ਗਿਆਨਵਾਨ ਮਲੂਮ ਹੁੰਦਾ ਹੈਂ ਪਰ ਤੇਰੇ ਦਿਲਿ= ਹਿਰਦੇ ਵਿਖੇ ਅਗਿਆਨ ਦੀ ਪ੍ਰਬਲਤਾ ਕਰ ਕੇ ਪਾਪਾਂ ਰੂਪੀ ਅੰਧੇਰੀ ਰਾਤ ਹੋ ਰਹੀ ਹੈ। ਭਾਵ ਅਗਿਆਨ ਦੀ ਪ੍ਰਬਲਤਾ

ਕਰ ਕੇ ਤੂੰ ਪਾਪਾਂ ਨੂੰ ਕਰਦਾ ਹੈਂ॥ ੫੦॥

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥

ਫਰੀਦ ਜੀ ਕਥਨ ਕਰਦੇ ਹਨ—ਖੁਦਾ ਦੀ ਪ੍ਰਾਪਤੀ ਵਾਸਤੇ ਇਤਨਾ ਤਪ ਕਰੋ ਕਿ ਜੇਕਰ ਕੋਈ ਤਨੁ= ਸਰੀਰ ਨੂੰ ਚੀਰ ਵੀ ਦੇਵੇ ਤਾਂ ਰਤੀ ਭਰ ਵੀ ਰਤੁ= ਲਹੂ ਨਾ ਨਿਕਲੇ। ਕਿਉਂਕਿ-

ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥ ੫੧॥

ਜਿਹੜੇ ਸਰੀਰ ਉਸ ਖੁਦਾ ਦੀ ਬੰਦਗੀ ਵਿਚ ਰਤੇ= ਤਦਾਕਾਰ ਹੋਏ ਹਨ, ਉਨ੍ਹਾਂ ਦੇ ਤਨ ਵਿਖੇ ਰਤੁ= ਲਹੂ ਨਹੀਂ ਹੁੰਦਾ॥ ੫੧॥

ਸਾਖੀ—ਕਮੰਕਨ ਰਿਖੀ ਦੀ

ਕਮੰਕਨ ਰਿਖੀ ਨੂੰ ਤਪ ਕਰਦਿਆਂ ਬਹੁਤ ਸਮਾਂ ਬੀਤ ਗਿਆ। ਜਿਸ ਵਕਤ ਸਮਾਧੀ ਤੋਂ ਉਠਿਆ ਤਾਂ ਇਧਰ-ਉਧਰ ਟਹਿਲਣ ਲੱਗ ਪਿਆ। ਹਾਲੀਂ ਥੋੜੇ ਕਦਮ ਹੀ ਤੁਰਿਆ ਸੀ, ਪੈਰ ਵਿਚ ਕੰਡਾ ਚੁਭ ਗਿਆ। ਜਿਸ ਵਕਤ ਕੰਡਾ ਕਢਿਆ ਤਾਂ ਲਹੂ ਦੀ ਥਾਂ ਹਰੇ ਰੰਗ ਦਾ ਪਾਣੀ ਨਿਕਲਿਆ, ਉਸ ਨੂੰ ਦੇਖ ਕਰ ਕੇ ਇਸ ਨੂੰ ਹੰਕਾਰ ਹੋ ਗਿਆ ਕਿ ਮੇਰੇ ਤਪ ਦੇ ਪ੍ਰਤਾਪ ਕਰ ਕੇ ਮੇਰਾ ਖੂਨ ਬਦਲ ਕੇ ਹਰੇ ਰੰਗ ਦਾ ਪਾਣੀ ਬਣ ਗਿਆ ਹੈ। ਹੰਕਾਰੀ ਹੋਇਆ ਹੋਇਆ ਉਸੇ ਖੁਸ਼ੀ ਵਿਖੇ ਨੱਚਣ ਲੱਗ ਪਿਆ। ਆਸ-ਪਾਸ ਦੇ ਜੀਵ-ਜੰਤੂ ਅਤੇ ਹੋਰ ਬ੍ਰਹਮਾਂਡ ਦੇ ਲੋਕ ਵੀ ਸਭ ਨੱਚਣ ਲੱਗ ਪਏ। ਉਸ ਵੇਲੇ ਦੇਵਤਿਆਂ ਨੇ ਸ਼ਿਵ ਜੀ ਪਾਸ ਜਾ ਕੇ ਫਰਿਆਦ ਕੀਤੀ ਕਿ ਆਪ ਕਿਰਪਾ ਕਰ ਕੇ ਇਸ ਕੰਮਕਨ ਰਿਖੀ ਦੇ ਹੰਕਾਰ ਨੂੰ ਦੂਰ ਕਰੋ ਕਿਉਂਕਿ ਆਪ ਵੀ ਇਕ ਜਪੀ ਤਪੀ ਹੋ। ਜਪ ਤਪ ਵਾਲਾ ਹੀ ਤਪੱਸਵੀ ਦਾ ਹੰਕਾਰ ਨਵਿਰਤ ਕਰ ਸਕਦਾ ਹੈ।

ਦੇਵਤਿਆਂ ਦੀ ਫਰਿਆਦ ਸੁਣ ਕੇ ਸ਼ਿਵਾਂ ਨੇ ਉਥੇ ਪੁੱਜ ਕੇ ਉਸ ਕਮੰਕਨ ਰਿਖੀ ਤੋਂ ਪੁਛਿਆ ਕਿ ਸਾਧੂ ਹੋ ਕੇ ਨੱਚਦੇ ਕਿਉਂ ਹੋ?

ਰਿਖੀ ਨੇ ਕਿਹਾ— ਸ਼ਿਵ ਜੀ ਮਹਾਰਾਜ ! ਦੇਖੋ! ਮੈਂ ਇਤਨਾ ਤਪ ਕੀਤਾ ਹੈ ਕਿ ਮੇਰੇ ਖੂਨ ਦਾ ਪਾਣੀ ਬਣ ਗਿਆ ਹੈ, ਸੋ ਮੈਂ ਇਸੇ ਖੁਸ਼ੀ ਵਿਚ ਨੱਚ ਰਿਹਾ ਹਾਂ।

ਉਸ ਵਕਤ ਸ਼ਿਵ ਜੀ ਨੇ ਤਿਰਸੂਲ ਨਾਲ ਆਪਣੇ ਸਰੀਰ ਦਾ ਮਾਸ ਛਿਲ ਦਿਖਾਇਆ ਤੇ ਕਿਹਾ- ਰਿਖੀ ਜੀ! ਦੇਖੋ ਖੂਨ ਦਾ ਪਾਣੀ ਬਣਨਾ ਤਾਂ ਕਿਤੇ ਰਿਹਾ, ਮੇਰੇ ਸਰੀਰ ਦਾ ਲਹੂ ਸੁਕ-ਸੜ ਕੇ ਸੁਆਹ ਬਣ ਗਿਆ ਹੈ ਤੇ ਹੁਣ ਤਕ ਮੇਰੇ ਵਿਚ ਕਿਸੇ ਕਿਸਮ ਦਾ ਹੰਕਾਰ ਨਹੀਂ ਆਇਆ। ਇਸ ਕਰ ਕੇ ਤੁਹਾਨੂੰ ਵੀ ਹੰਕਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਹੰਕਾਰ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੈ ਅਤੇ ਨਾ ਹੀ ਜਪ ਤਪ ਆਦਿ ਸਾਧਨਾਂ ਦੀ ਸਫਲਤਾ ਹੈ। ਇਸ ਤੇ ਆਪ ਨਿਰਹੰਕਾਰ ਹੋ ਕੇ ਜਿਤਨਾ ਤਪ ਕਰ ਸਕਦੇ ਹੋ ਉਤਨਾ ਤਪ ਕਰੀ ਜਾਓ।

ਸ਼ਿਵ ਜੀ ਦੀ ਇਹ ਗੱਲ ਸੁਣ ਕੇ ਕਮੰਕਨ ਰਿਖੀ ਜੀ ਪਹਿਲੇ ਵਾਂਗ ਫਿਰ ਸਮਾਧੀ ਵਿਚ ਜੁੜ ਗਏ।

ਫਰੀਦ ਜੀ ਦੇ ਕਹਿਣ ਦਾ ਭਾਵ ਇਹੋ ਹੈ ਕਿ ਇਤਨਾ ਤਪ ਕਰੋ ਜੋ ਸਰੀਰ ਵਿਚ ਲਹੂ ਰਹੇ ਹੀ ਨਾ।

ਇਹ ਗੱਲ ਸੁਣ ਕੇ ਸਿੱਖਾਂ ਨੇ ਬੇਨਤੀ ਕੀਤੀ— "ਗਰੀਬ ਨਿਵਾਜ਼ ਜੀਓ! ਕਿਰਪਾ ਕਰ ਕੇ ਇਹ ਦੱਸੋ ਕਿ ਫਰੀਦ ਜੀ ਦਾ ਇਹ ਕਹਿਣਾ ਠੀਕ ਹੈ ਜਾਂ ਨਹੀਂ?" ਗੁਰੂ ਜੀ ਨੇ ਕਿਹਾ—ਇਸ ਦਾ ਉਤਰ ਸ਼੍ਰੀ ਗੁਰੂ ਅਮਰਦਾਸ ਜੀ ਨੇ ਇੰਜ ਦਿੱਤਾ ਹੈ-

ਮਃ ੩॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥

ਇਹ ਸਾਰਾ ਸਰੀਰ ਰਤੁ= ਲਹੂ ਦਾ ਬਣਿਆਂ ਹੋਇਆ ਹੈ, ਰਤੁ ਬਿਨੁ= ਲਹੂ ਤੋਂ ਬਿਨਾਂ ਇਹ ਸਰੀਰ

ਉਤਪੰਨ ਹੀ ਨਹੀਂ ਹੋ ਸਕਦਾ।

ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥

(ਪਰ ਇਹ ਗੱਲ ਹੋ ਸਕਦੀ ਹੈ ਕਿ) ਜੋ ਆਪਣੇ ਸਹ= ਪਤੀ-ਪ੍ਰਮਾਤਮਾ ਦੇ ਪ੍ਰੇਮ ਵਿਖੇ ਰਤੇ= ਤਦਾਕਾਰ ਹੋਏ ਹਨ, ਉਹਨਾਂ ਦੇ ਸਰੀਰ ਵਿਖੇ ਪਦਾਰਥਾਂ ਦੇ ਲੋਭ ਰੂਪ ਰਤੁ= ਲਹੂ ਨਹੀਂ ਹੋ ਸਕਦਾ।

ਪ੍ਰਸ਼ਨ- ਉਹ ਲੋਭ ਰੂਪੀ ਰਤ ਕਿਵੇਂ ਨਿਕਲ ਸਕਦਾ ਹੈ? *ਉੱਤਰ-*

ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥

ਵਾਹਿਗੁਰੂ ਦੇ ਭੈ ਪੈਣ ਕਰਕੇ ਤਨੁ= ਖੀਣੁ ਸਰੀਰ ਕਿਰਸ ਹੋ ਜਾਂਦਾ ਹੈ। ਇਸੇ ਸਬੱਬ ਕਰ ਕੇ ਸਰੀਰ ਵਿਚੋਂ ਲੋਭ ਰੂਪੀ ਰਤੁ= ਲਹੂ ਬਾਹਰ ਨਿਕਲ ਜਾਂਦਾ ਹੈ।

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥

ਜਿਸ ਤਰ੍ਹਾਂ ਬੈਸੰਤਰਿ= ਅਗਨੀ ਦੇ ਸਬੰਧ ਕਰ ਕੇ ਸੋਨਾ ਆਦਿਕ ਧਾਤਾਂ ਸਭ ਸ਼ੁੱਧ ਹੋ ਜਾਂਦੀਆਂ ਹਨ। ਤਿਉ= ਤੈਸੇ ਹੀ ਹਰੀ-ਪ੍ਰਭੂ ਦਾ ਭਉ= ਡਰ ਦੁਰਮੱਤਤਾ ਰੂਪੀ ਮੈਲ ਨੂੰ ਗਵਾ ਦਿੰਦਾ ਹੈ। ਭਾਵ ਜਿਵੇਂ ਅਗਨੀ ਦੇ ਸਬੱਬ ਕਰ ਕੇ ਸੋਨਾ ਸ਼ੁਧ ਹੋ ਕੇ ਬਾਰਾਂ ਵੰਨੀਆਂ ਦਾ ਹੋ ਜਾਂਦਾ ਹੈ।

ਤਿਵੇਂ ਪਰਮਾਤਮਾ ਦੇ ਡਰ ਰੂਪ ਅਗਨੀ ਕਰ ਕੇ ਵਿਸ਼ਿਆਂ ਰੂਪੀ ਮੈਲ ਦੇ ਅਭਾਵ ਹੋਣ ਕਰ ਕੇ ਇਹ ਜੀਵ ਬਾਰਾਂ ਵੰਨੀਆਂ ਦੇ ਸੋਨੇ ਵਾਂਗ ਸ਼ੁੱਧ ਹੋ ਜਾਂਦਾ ਹੈ।

ਅਰਥਾਤ-ਦਸ ਇੰਦ੍ਰੀਏ ਤੇ ਮਨ ਬੁੱਧੀ ਇਹ ਸਾਰੇ ਹੀ ਸ਼ੁੱਧ ਹੋ ਜਾਂਦੇ ਹਨ।

ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ॥ ੫੨॥*

ਸਤਿਗੁਰੂ ਜੀ ਕਥਨ ਕਰਦੇ ਹਨ— ਜੋ ਰੰਗੁ ਲਾਇ= ਪ੍ਰੇਮ ਲਗਾ ਕੇ ਹਰੀ ਵਿਖੇ ਤਦਾਕਾਰ ਹੋਏ ਹਨ, ਉਹੀ ਪੁਰਸ਼ ਸੰਸਾਰ ਵਿਖੇ ਸੋਹਣੇ= ਸੋਭਨੀਕ ਹਨ॥ ੫੨॥

ਉਥਾਨਕਾ- ਇਕ ਦਿਨ ਫਰੀਦ ਜੀ ਕਿਤੇ ਜਾ ਰਹੇ ਸਨ ਰਸਤੇ ਵਿਖੇ ਇਕ ਛੱਪੜ 'ਤੇ ਹੰਸ ਨੂੰ ਪੰਜਾ ਮਾਰਦਿਆਂ ਦੇਖ ਕੇ ਆਖਦੇ ਹਨ--

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥

ਫਰੀਦ ਜੀ ਆਖਦੇ ਹਨ—ਹੇ ਹੰਸ! ਉਸੇ ਮਾਨ-ਸਰੋਵਰ ਨੂੰ ਲੱਭ ਲੈ ਜਿਸ ਮਾਨ-ਸਰੋਵਰ 'ਚੋਂ ਤੇਰੀ ਖੁਰਾਕ ਭਾਵ ਮੋਤੀਆਂ ਰੂਪ ਵਸਤੂ ਲੱਭ ਪਵੇ।

ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ॥ ੫੩॥

ਛੱਪੜ ਵਿਚੋਂ ਢੂਢੈ= ਲੱਭਣ ਨਾਲ ਕੀ ਪ੍ਰਾਪਤ ਹੋਣਾ ਹੈ, ਸਗੋਂ ਚਿੱਕੜ ਵਿਖੇ ਹੀ ਹੱਥ ਡੁੱਬਣਾ ਹੈ। *ਅਥਵਾ-*ਫਰੀਦ ਜੀ ਕਥਨ ਕਰਦੇ ਹਨ—ਹੇ ਜੀਵ ਰੂਪੀ ਹੰਸ! ਉਸ ਸਤਸੰਗਤਿ ਰੂਪੀ ਮਾਨ-ਸਰੋਵਰ ਨੂੰ ਲੱਭ ਲੈਣਾ ਕਰ, ਜਿਸ ਸਤਸੰਗਤਿ ਰੂਪੀ ਮਾਨ-ਸਰੋਵਰ ਵਿਚੋਂ ਆਤਮ-ਵਸਤੂ ਮਿਲਦੀ ਹੈ। ਸਤਸੰਗਤਿ ਰੂਪੀ ਮਾਨ-ਸਰੋਵਰ ਨੂੰ ਛੱਡ ਕੇ ਕੁਸੰਗਤ ਰੂਪੀ ਛੱਪੜੀ ਵਿਚੋਂ ਲੱਭਣ ਨਾਲ ਕੀ ਪ੍ਰਾਪਤ ਹੋਣਾ ਹੈ? ਸਗੋਂ ਅੰਤਹਕਰਨ ਰੂਪੀ ਹੱਥ ਪਦਾਰਥਾਂ ਰੂਪੀ ਚਿੱਕੜ ਵਿਖੇ ਹੀ ਡੁੱਬਣਾ ਹੈ।

**ਇਹ ਸਲੋਕ ਰਾਮਕਲੀ ਦੀ ਪਹਿਲੀ ਵਾਰ ਪੰਨਾ ੯੪੯ 'ਤੇ ਵੀ ਥੋੜ੍ਹੇ ਜਿਹੇ ਫ਼ਰਕ ਨਾਲ ਆ ਚੁੱਕਾ ਹੈ।*

ਅਥਵਾ- ਹੇ ਜਗਿਆਸੂ ਰੂਪੀ ਹੰਸ! ਤੂੰ ਉਸ ਗੁਰੂ ਰੂਪ ਮਾਨ-ਸਰੋਵਰ ਨੂੰ ਲੱਭ ਲੈ, ਜਿਸ ਗੁਰੂ ਰੂਪ ਮਾਨ-ਸਰੋਵਰ ਤੋਂ ਮੁਕਤੀ ਰੂਪੀ ਵਸਤੂ ਤੈਨੂੰ ਲੱਭ ਪਵੇ।

ਛਪੜਿ ਢੂਢੈ= ਸ਼ਕਾਮੀ ਪੁਰਸ਼ਾਂ ਦੀ ਭਾਲ਼ ਕਰਨ ਨਾਲ, ਵਾ—ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨ ਨਾਲ ਕੀ ਲਾਭ ਹੋਣਾ ਹੈ ਇਹਨਾਂ ਦੀ ਉਪਾਸ਼ਨਾ ਕਰਨ ਨਾਲ ਸਗੋਂ ਮਨ ਰੂਪੀ ਹੱਥ ਵਿਸ਼ਿਆਂ ਰੂਪੀ ਚਿੱਕੜ ਵਿਖੇ ਹੀ ਡੁੱਬਦਾ ਹੈ॥ ੫੩ ॥

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥

ਫਰੀਦ ਜੀ ਕਥਨ ਕਰਦੇ ਹਨ ਕਿ ਇਸ ਜੀਵ ਰੂਪੀ ਇਸਤਰੀ ਨੇ ਨੰਢੀ= ਛੋਟੀ ਉਮਰਾ ਵਿਖੇ ਭਜਨ ਸਿਮਰਨ ਦੁਆਰਾ ਕੰਤੁ= ਪਤੀ-ਪਰਮਾਤਮਾ ਦੇ ਆਨੰਦ ਨੂੰ ਨ ਰਾਵਿਓ= ਮਾਣਨਾ ਨਹੀਂ ਕੀਤਾ, ਪਰ ਜਿਸ ਵੇਲੇ ਵੱਡੀ ਥੀ= ਬਿਰਧ ਹੋਈ ਤਾਂ ਨਿਸਫਲ ਹੀ ਮੁਈਆਸੁ= ਮਰ ਗਈ।

ਅਥਵਾ- ਨੰਢੀ= ਨੂੰ ਨਿਮਰਤਾ ਦੇ ਸਹਿਤ ਹੋ ਕੇ ਇਸ ਜੀਵ ਰੂਪੀ ਇਸਤਰੀ ਨੇ ਪਤੀ-ਪਰਮਾਤਮਾ ਦੇ ਨਾਮਾਂ ਨੂੰ ਨਾ ਉਚਾਰਨਾ ਕੀਤਾ ਪਰ ਵਢੀ ਥੀ= ਹੰਕਾਰਨ ਹੋ ਕੇ ਨਿਸਫਲ ਹੀ ਮੁਈਆਸੁ= ਮਰ ਗਈ।

ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥ ੫੪ ॥

ਮਰਨ ਤੋਂ ਮਗਰੋਂ ਇਹ ਧਨ= ਜੀਵ ਰੂਪੀ ਇਸਤਰੀ ਗੋਰ= ਕਬਰ ਵਿਖੇ ਪਈ ਹੋਈ ਕੂਕੇਂਦੀ= ਕੂਕਾਂ ਮਾਰਦੀ ਹੈ ਕਿ ਹੇ ਸਹੁ= ਪਤੀ-ਪਰਮਾਤਮਾ! ਮੈਂ ਤੇਰੇ ਨਾਲ ਮਿਲੀ ਨਹੀਂ ਹਾਂ, ਮੇਰੇ ਬੜੇ ਖੋਟੇ ਭਾਗ ਹਨ ਪਰ ਪਿਛੋਂ ਪਛੁਤਾਇਆਂ ਕੀ ਹੋ ਸਕਦਾ ਹੈ॥ ੫੪ ॥

ਉਥਾਨਕਾ-ਸੰਸਾਰਕ ਖੁਸ਼ੀਆਂ ਵਿਖੇ ਲੱਗੇ ਹੋਏ ਇਕ ਬਿਰਧ ਪੁਰਸ਼ ਨੂੰ ਦੇਖ ਕੇ ਫਰੀਦ ਜੀ ਆਖਦੇ ਹਨ-

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥

ਫਰੀਦ ਜੀ ਕਥਨ ਕਰਦੇ ਹਨ-ਹੇ ਭਾਈ! ਪਦਾਰਥਾਂ ਨੂੰ ਖਾ-ਖਾ ਕੇ ਤੇਰਾ ਸਿਰ ਵੀ ਪਲਿਆ= ਚਿੱਟਾ ਹੋ ਗਿਆ ਹੈ, ਦਾਹੜੀ ਵੀ ਪਲੀ= ਚਿੱਟੀ ਹੋ ਗਈ ਹੈ ਅਤੇ ਮੁੱਛਾਂ ਭੀ ਪਲੀਆਂ= ਚਿੱਟੀਆਂ ਹੋ ਗਈਆਂ ਹਨ। ਦੇਖ! ਤੇਰੇ ਸਰੀਰ ਤੇ ਅਤਿਅੰਤ ਬਿਰਧ ਅਵਸਥਾ ਆ ਚੁੱਕੀ ਹੈ।

ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥ ੫੫ ॥

ਹੇ ਪ੍ਰਭੂ ਤੋਂ ਗਹਿਲੇ= ਭੁਲੇ ਹੋਏ ਬਾਵਲੇ= ਝੱਲੇ ਮਨ! ਤੂੰ ਅਜੇ ਤਕ ਕੀ ਸੰਸਾਰਕ ਰਲੀਆਂ= ਖੁਸ਼ੀਆਂ ਨੂੰ ਮਾਣਹਿ= ਭੋਗ ਰਿਹਾ ਹੈਂ॥ ੫੫ ॥

ਫਰੀਦ ਜੀ ਦੀ ਇਹ ਗੱਲ ਸੁਣ ਕੇ ਉਸ ਬੁੱਢੇ ਨੇ ਕਿਹਾ ਕਿ ਅਜੇ ਕਾਫੀ ਦਿਨ ਜ਼ਿੰਦਗੀ ਦੇ ਬਾਕੀ ਹਨ, ਫਿਰ ਕਦੀ ਪਰਮਾਤਮਾ ਦਾ ਸਿਮਰਨ ਕਰ ਲਵਾਂਗੇ।

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥

ਫਰੀਦ ਜੀ ਕਥਨ ਕਰਦੇ ਹਨ ਕੋਠੇ 'ਤੇ ਕਿਤਨਾ ਕੁ ਧੁਕਣੁ= ਦੌੜਨਾ ਹੋ ਸਕਦਾ ਹੈ। (ਦਸ ਵੀਹ ਪੰਜਾਹ ਕਦਮ ਦੌੜੇਂਗਾ ਆਖਰ ਉਸ ਦਾ ਅੰਤ ਆ ਜਾਂਦਾ ਹੈ, ਇਸ ਪ੍ਰਕਾਰ ਇਸ ਸਰੀਰ ਦਾ ਅੰਤ ਆ ਜਾਣਾ ਹੈ) ਤੈਨੂੰ ਇਸ ਦਾ ਭਰੋਸਾ ਨਹੀਂ ਰੱਖਣਾ ਚਾਹੀਦਾ।

ਯਥਾ- ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ॥
ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ॥ ੨॥

www.sikhbookclub.com

ਜੈਸੇ ਅੰਭ ਕੁੰਭ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ॥
ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ॥ ੩॥

(ਆਸਾ ਮਹਲਾ ੫, ਪੰਨਾ ੪੦੨)

ਇਸ ਲਈ ਤੈਨੂੰ ਚਾਹੀਦਾ ਹੈ ਕਿ ਪ੍ਰਤੱਖ ਨੀਦੜੀ= ਨਿੰਦਰਾ ਨੂੰ ਦੂਰ ਕਰ ਕੇ ਪਿਰ= ਪਰਮਾਤਮਾ ਦੇ ਨਾਮਾਂ ਨੂੰ ਜਪਣਾ ਕਰ। *ਅਥਵਾ*-ਪਿਰ= ਪਤੀ (ਪਰਮਾਤਮਾ) ਵਲੋਂ ਅਵਿਦਿਆ ਰੂਪ ਨੀਂਦ ਨੂੰ ਦੂਰ ਕਰ ਦੇਹ।

ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ॥ ੫੬॥

(ਦੇਖ! ਜੋ ਜ਼ਿੰਦਗੀ ਦੇ) ਦਿਨ ਤੈਨੂੰ ਗਾਣਵੇ= ਗਿਣਤੀ ਦੇ ਲਧੇ= ਪ੍ਰਾਪਤ ਹੋਏ ਹਨ, ਉਹ ਤੇਰੇ ਦਿਨ ਤਾਂ ਵਿਲਾੜਿ= ਬਤੀਤ ਹੋ ਜਾਣ ਵਾਲੇ ਹੋ ਕੇ ਨਿਸਫਲ ਹੀ ਵਿਲਾੜਿ= ਬਤੀਤ ਹੋ ਗਏ ਹਨ ॥ ੫੬॥

ਅਥਵਾ--ਉਹ ਦਿਨ ਇਧਰ-ਉਧਰ ਵਿਲਾੜਿ ਵਿਲਾੜਿ= ਖੜੇ ਖਲੋਤਿਆਂ ਹੀ ਨਿਸਫਲ ਬਤੀਤ ਹੋ ਗਏ ਹਨ।

ਵਾ-ਜ਼ਿੰਦਗੀ ਦੇ ਉਹ ਦਿਨ ਤੇਰੇ ਵਿ= ਵਿਸ਼ੇਸ਼ ਕਰ ਕੇ ਲਾੜਿ ਲਾੜਿ= ਲਾਡ ਹੀ ਲਾਡ ਵਿਖੇ ਵਿ= ਵਿਅਰਥ ਬਤੀਤ ਹੋ ਗਏ ਹਨ॥ ੫੬॥

ਯਥਾ- ਕਾਲ ਬਿਸਾਰ ਅਕਾਲ ਭਜਿਓ ਨਹੀ ਏਕ ਦਿਨਾ ਸੋਈ ਕਾਲ ਹੀ ਖਾਵੇ॥
ਸਾਧ ਕਾ ਸੰਗ ਕੀਓ ਨ ਕਬੈ ਜਮ ਕਿੰਕਰ ਤੇ ਕਹੋ ਕਉਨ ਛਡਾਵੇ॥
ਨੀਤ ਨਹੀ ਤੇਰੋ ਜੋਬਨ ਤੋਹਿ ਪੈ, ਤੋਹਿ ਤਿਆਗ ਕੇ ਯੋ ਉਠ ਜਾਵੇ॥
ਜੋਗੀ ਜਜੋਂ ਕੰਧ ਪੈ ਡਾਰ ਬਾਘੰਬਰ ਠੌਰ ਤਜੇ ਫਿਰ ਮੂਲ ਨ ਆਵੇ॥

ਉਥਾਨਕਾ--ਕੋਈ ਪੁਰਸ਼ ਬੜੇ ਉਤਸ਼ਾਹ ਸਹਿਤ ਬੜੇ ਸੋਹਣੇ ਸੋਹਣੇ ਦਿਲ ਖਿੱਚਵੇਂ ਮਕਾਨ ਉਸਰਵਾ ਰਿਹਾ ਸੀ, ਪਰ ਭਜਨ-ਸਿਮਰਨ ਨਹੀਂ ਸੀ ਕਰਦਾ। ਉਸ ਪ੍ਰਤੀ ਕਹਿੰਦੇ ਹਨ-

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥

ਫਰੀਦ ਜੀ ਕਥਨ ਕਰਦੇ ਹਨ- ਹੇ ਭਾਈ! ਕੋਠੇ= ਕੱਚੇ ਮਕਾਨ, ਮੰਡਪ= ਪੱਕੇ ਮਕਾਨ, ਵਾ-ਚੌੜੇ ਅਸਥਾਨ ਅਤੇ ਮਾੜੀਆਂ= ਦੁਹਾਸਣੀਆਂ-ਚੌਹਾਸਣੀਆਂ ਇਹਨਾਂ ਦੇ ਉਸਾਰਨ ਵਿਖੇ ਆਪਣੀ ਚਿਤੁ= ਬਿਰਤੀ ਨੂੰ ਨਾ ਲਗਾਉਣਾ ਕਰ।

ਅਥਵਾ- ਕੋਠੇ= ਅਗਿਆਨੀ ਪੁਰਸ਼ਾਂ ਵਿਖੇ ਮੰਡਪ= ਦੰਭੀ ਪੁਰਸ਼ਾਂ ਵਿਖੇ ਅਤੇ ਮਾੜੀਆਂ= ਪਾਪੀ (ਸਾਕਤ) ਪੁਰਸ਼ਾਂ ਵਿਖੇ ਤੂੰ ਆਪਣੀ ਚਿਤ= ਬਿਰਤੀ ਨੂੰ ਨਾ ਲਗਾਉਣਾ ਕਰ। ਕਿਉਂਕਿ-

ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥ ੫੭॥

ਜਿਸ ਵੇਲੇ ਮਰ ਜਾਣ 'ਤੇ ਉਪਰ ਅਤੋਲਵੀਂ ਬੇ-ਹਿਸਾਬੀ ਮਿੱਟੀ ਪਈ ਤਾਂ ਤੇਰਾ ਕੋਈ ਵੀ ਮਿੱਤਰ ਨਹੀਂ ਹੋਵੇਗਾ। ਭਾਵ ਤੈਨੂੰ ਕਬਰ ਵਿਖੇ ਪਾ ਕੇ ਇੱਕਲਿਆਂ ਹੀ ਛੱਡ ਜਾਣਗੇ।

ਅਥਵਾ-ਸਰੀਰ ਤਿਆਗਣ ਪਿਛੋਂ ਪ੍ਰਲੋਕ ਵਿਖੇ ਗਿਆ ਜਿਸ ਵਕਤ ਤੇਰੇ ਉਪਰ ਜਮਾਂ ਦੀਆਂ ਲਾਹਨਤਾਂ ਰੂਪੀ ਅਤੋਲਵੀਂ ਮਿੱਟੀ ਪਈ ਤਾਂ ਤੇਰਾ ਉਸ ਵੇਲੇ ਕੋਈ ਵੀ ਸਹਾਇਕ ਨਹੀਂ ਹੋਵੇਗਾ॥ ੫੭॥

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥

ਫਰੀਦ ਜੀ ਕਥਨ ਕਰਦੇ ਹਨ-ਹੇ ਪੁਰਸ਼ਾ! ਮੰਡਪ= ਮੰਦਰਾਂ ਦੇ ਬਣਾਉਣ ਵਿਖੇ ਤੂੰ ਆਪਣੇ ਮਾਲੁ=

ਧਨ ਨੂੰ ਨਾ ਲਗਾਉਣਾ ਕਰ।

ਅਥਵਾ-ਮੰਡਪ= ਪੱਕੇ ਮਕਾਨ ਮਾਲੁ= ਧਨ ਰੋਕੜ, ਵਾ ਮਾਲੁ= ਹਾਥੀ ਘੋੜੇ ਆਦਿਕਾਂ ਵਿਖੇ ਆਪਣੇ ਮਨ ਨੂੰ ਨਾ ਲਗਾਣਾ ਕਰ, ਸ-ਤਾਣੀ= ਸਹਿਤ ਬਲ ਦੇ ਜੋ ਮਰਗ= ਮੌਤ ਹੈ, ਉਸ ਨੂੰ ਚਿਤ ਵਿਖੇ ਧਰਿ= ਧਾਰਨਾ ਕਰ।

[ਪੰਨਾ ੧੩੮੧]

ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ॥ ੫੮॥

ਉਸ ਜਗ੍ਹਾ ਨੂੰ ਸੰਭਾਲਣਾ ਕਰ ਅੰਤ ਨੂੰ ਜਿਸ ਪ੍ਰਲੋਕ ਜਗ੍ਹਾ ਵਿਖੇ ਤੂੰ ਵੰਞਣਾ= ਚਲ ਕੇ ਜਾਣਾ ਹੈ।

*ਅਥਵਾ-*ਉਸ ਜਗ੍ਹਾ ਨੂੰ ਤੂੰ ਸੰਭਾਲਣਾ ਕਰ ਜਿਸ ਕਬਰ ਵਾਲੀ ਜਗ੍ਹਾ ਵਿਖੇ ਤੂੰ ਚਲਿਆਂ ਜਾਣਾ ਹੈ॥ ੫੮॥

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡ਼ੇ ਵਿਸਾਰਿ॥

ਫਰੀਦ ਜੀ ਕਥਨ ਕਰਦੇ ਹਨ- ਜਿਨ੍ਹਾਂ ਕੰਮਾਂ ਵਿਖੇ ਕੋਈ ਗੁਣ= ਲਾਭ ਦੀ ਪ੍ਰਾਪਤੀ ਨਹੀਂ ਹੈ, ਉਹਨਾਂ ਕੰਮੜੇ= ਕੰਮਾਂ ਨੂੰ ਤੂੰ ਵਿਸਾਰ ਦੇਹ।

ਯਥਾ- ਸਦ ਕਾਰ ਕਰਦਾ-ਈ ਕਿ ਨਿਆਇਦ ਬ-ਕਾਰਿ ਤੋ।
ਗੋਇਆ ਬਕੁਨ ਕਿ ਬਾਜ਼ ਬਿਆਇਦ ਬ-ਕਾਰਿ ਉਮਰ॥ ੫॥

(ਭਾਈ ਨੰਦ ਲਾਲ ਜੀ, ਗਜ਼ਲ ੩੭)

ਪੰਜਾਬੀ ਉਲਥਾ-

ਕੀਤੇ ਕੰਮ ਹਜ਼ਾਰਾਂ ਜੱਗ ਵਿਚ ਕੁਝ ਵੀ ਕੰਮ ਨਾ ਆਏ ਤੇਰੇ।
ਗੋਯਾ ਕਾਰ ਕਮਾ ਕੁਝ ਸੱਚੀ ਜੋ ਦਰ ਸੱਚੇ ਥਾਂਇ ਪਈ।

ਮਤੁ ਸਰਮਿੰਦਾ ਥੀਵਈ ਸਾਂਈ ਦੈ ਦਰਬਾਰਿ॥ ੫੯॥

ਜਿਸ ਕਰ ਕੇ ਸਾਂਈ ਦੇ ਦਰਬਾਰ ਵਿਖੇ ਤੈਨੂੰ ਸ਼ਰਮਿੰਦਾ ਮਤੁ ਥੀਵਹੀ= ਨਾ ਹੋਣਾ ਪਵੇ॥ ੫੯॥

ਉਥਾਨਕਾ-ਫਰੀਦ ਜੀ ਨੂੰ ਤਪ ਕਰਦਿਆਂ-ਕਰਦਿਆਂ ਕਈ ਸਾਲ ਗੁਜ਼ਰ ਗਏ। ਜਦ ਤਪ ਤੋਂ ਉਠ ਕੇ ਸ਼ਹਿਰ ਵੱਲ ਆ ਰਹੇ ਸਨ ਤੇ ਰਾਹ ਵਿਚ ਕੀ ਵੇਖਿਆ ਕਿ ਕੋਈ ਪੁਰਸ਼ ਖਰਬੂਜ਼ੇ ਖਾ ਕੇ ਛਿਲਕਾ ਸੁੱਟ ਗਿਆ ਹੈ।

ਡਾਢੀ ਭੁੱਖ ਦੇ ਕਾਰਨ ਫਰੀਦ ਜੀ ਉਥੇ ਬੈਠ ਕੇ ਉਹ ਛਿਲਕਾ ਖਾ ਹੀ ਰਹੇ ਸਨ, ਇਤਨੇ ਨੂੰ ਜਿਸ ਨੇ ਖਰਬੂਜ਼ੇ ਖਾਧੇ ਸਨ, ਉਹ ਵਾਪਸ ਆ ਗਿਆ ਤੇ ਫਰੀਦ ਜੀ ਤੋਂ ਪੁੱਛਣ ਲੱਗਾ ਕਿ ਇਥੇ ਮੇਰਾ ਚਾਕੂ ਰਹਿ ਗਿਆ ਹੈ ਉਹ ਮੈਨੂੰ ਦੇਹ।

ਫਰੀਦ ਜੀ ਨੇ ਕਿਹਾ—ਤੇਰੇ ਚਾਕੂ ਦਾ ਤਾਂ ਮੈਨੂੰ ਕੋਈ ਪਤਾ ਨਹੀਂ ਹੈ।

ਦੋ ਚਾਰ ਵਾਰ ਕਹਿਣ ਤੇ ਜਦ ਉਸ ਨੂੰ ਨਾ ਮਿਲਿਆ ਤਾਂ ਉਹ ਫਰੀਦ ਜੀ ਨੂੰ ਮਾਰਨ ਲੱਗ ਪਿਆ, ਬਲਕਿ ਗੁੱਸੇ ਵਿਚ ਆ ਕੇ ਉਸ ਨੇ ਫਰੀਦ ਦੀਆਂ ਮੁਸ਼ਕਾਂ ਬੰਨ੍ਹ ਦਿੱਤੀਆਂ ਪਰ ਫਰੀਦ ਜੀ ਅੱਗੋਂ ਟਾਹ-ਟਾਹ ਕਰ ਕੇ ਹੱਸਦੇ ਰਹੇ।

ਦੇਵਨੇਤ ਨਾਲ ਉਸ ਦੇ ਮਨ ਵਿਚ ਭੈ ਹੋ ਗਿਆ ਕਿ ਮੈਂ ਫਕੀਰ ਨੂੰ ਦੁਖਾਇਆ ਹੈ ਇਸ ਦਾ ਕਿਧਰੇ ਬਦਲਾ ਨਾ ਦੇਣਾ ਪੈ ਜਾਵੇ। ਉਸੀ ਵੇਲੇ ਉਹ ਪੈਰੀਂ ਪੈ ਕੇ ਮੁਆਫੀ ਮੰਗਣ ਲੱਗ ਪਿਆ।

ਫਰੀਦ ਜੀ ਨੇ ਕਿਹਾ-'ਤੂੰ ਕਿਉਂ ਮੁਆਫੀ ਮੰਗਦਾ ਹੈਂ? ਮੈਂ ਤਾਂ ਇਸ ਲਈ ਹੱਸਿਆ ਹਾਂ ਕਿ-

ਜੇਤੀਆਂ ਖੁਸ਼ੀਆਂ ਮਾਣੀਆ ਤੇਤੇ ਲਗੇ ਰੋਗ।
ਛਿਲਾਂ ਕਾਰਣ ਮਾਰੀਐ ਫਲ ਖਾਂਦੇ ਕਿਆ ਹੋਗ।

ਫਰੀਦ ਜੀ ਦੇ ਇਹ ਬਚਨ ਸੁਣਦਿਆਂ ਸਾਰ ਉਸ ਦਾ ਮਨ ਦ੍ਰਵ ਗਿਆ ਤੇ ਬੇਨਤੀ ਕਰ ਕੇ ਫਰੀਦ ਜੀ ਨੂੰ ਆਪਣੇ ਘਰ ਲੈ ਗਿਆ। ਘਰ ਲਿਜਾ ਕੇ ਖੂਬ ਚੰਗੀ ਤਰ੍ਹਾਂ ਸੇਵਾ ਕੀਤੀ, ਤਾਂ ਫਰੀਦ ਜੀ ਨੇ ਪ੍ਰਸੰਨ ਹੋ ਕੇ ਕਿਹਾ- ਹੇ ਭਾਈ!

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥

ਆਪਣੇ ਮਾਲਕ ਪ੍ਰਭੂ ਦੀ ਚਾਕਰੀ= ਸੇਵਾ-ਟਹਲ ਕਰਿਆ ਕਰ, (ਕਿ ਮੈਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਹੋਣੀ, ਇਹ ਜੋ) ਦਿਲ ਦੀ ਭ੍ਰਾਂਤੀ ਹੈ ਇਸ ਨੂੰ ਲਾਹਿ= ਦੂਰ ਕਰ ਦੇਹ।

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥ ੬੦॥

ਰੱਬ ਦੇ ਦਰਵੇਸਾਂ= ਫਕੀਰਾਂ ਨੂੰ ਲੋੜੀਐ= ਚਾਹੀਦਾ ਹੈ ਕਿ ਰੁੱਖਾਂ ਦੀ ਜੀਰਾਂਦਿ= ਬ੍ਰਿਛਾਂ ਦੀ ਨਜਾਈਂ ਸਹਾਰਾ ਕਰੇ। ਭਾਵ ਜਿਵੇਂ ਬ੍ਰਿਛ ਨੂੰ ਕੋਈ ਇੱਟ ਮਾਰੇ, ਕੋਈ ਢੇਮ ਮਾਰੇ, ਕੋਈ ਪੱਥਰ ਮਾਰੇ, ਚਾਹੇ ਕੋਈ ਪੱਤਾ ਜਾਂ ਡਾਲੀ ਤੋੜੇ ਅੱਗੋਂ ਬ੍ਰਿਛ ਫਲ ਹੀ ਦੇਂਦਾ ਹੈ। ਇਸੇ ਤਰ੍ਹਾਂ ਭਾਵੇਂ ਕੋਈ ਨਿੰਦਿਆ ਕਰੇ, ਚਾਹੇ ਕੋਈ ਦੁੱਖ ਦੇਵੇ, ਚਾਹੇ ਕੋਈ ਪਦਾਰਥ ਖੋਹ ਲਵੇ, ਚਾਹੇ ਕੋਈ ਮੁੱਕੇ ਮਾਰੇ, ਫਕੀਰਾਂ ਦਾ ਸੁਭਾਅ ਸਹਿਨ-ਸ਼ੀਲਤਾ ਵਾਲਾ ਹੋਣਾ ਚਾਹੀਦਾ ਹੈ। ਰੱਬ ਦੇ ਪਿਆਰੇ ਆਪਣੇ ਸਹਿਨ ਸ਼ੀਲਤਾ ਵਾਲੇ ਸੁਭਾਓ ਅਨੁਸਾਰ ਉਪਦੇਸ਼ ਦੇ ਕੇ ਅਗਲੇ ਨੂੰ ਤਾਰ ਦਿੰਦੇ ਹਨ।

ਸਾਖੀ-ਮਹਾਰਾਜਾ ਰਣਜੀਤ ਸਿੰਘ ਜੀ ਦੀ

ਇਕ ਵਾਰੀ ਜਿਹਲਮ ਦੇ ਇਲਾਕੇ ਦੀ ਦੇਖ-ਭਾਲ ਲਈ ਮਹਾਰਾਜਾ ਰਣਜੀਤ ਸਿੰਘ ਜੀ ਆਪ ਗਏ ਤੇ ਨਗਰ ਵਿਖੇ ਦੌਰਾ ਕਰ ਰਹੇ ਸਨ ਕਿ ਇਤਨੇ ਨੂੰ ਆਪ ਜੀ ਨੂੰ ਵੱਟਾ ਆ ਕੇ ਵੱਜਾ। ਸਾਰਿਆਂ ਸਿਪਾਹੀਆਂ ਵਿਖੇ ਹੈਰਾਨੀ ਛਾ ਗਈ। ਜਿਧਰੋਂ ਵੱਟਾ ਆਇਆ ਸੀ, ਉਧਰ ਨੂੰ ਜਲਦੀ-ਜਲਦੀ ਕਦਮ ਵਧਾਉਂਦੇ ਹੋਏ ਵਧੇ। ਥੋੜ੍ਹੀ ਦੂਰ ਮਕਾਨਾਂ ਦੇ ਪਿਛੇ ਇਕ ਬੇਹ ਉਪਰ ਕੁਝ ਲੜਕੇ ਬੇਰ ਲਾਹੁਣ ਵਾਸਤੇ ਬੇਰੀ ਨੂੰ ਵੱਟੇ ਮਾਰ ਰਹੇ ਸਨ। ਸਿਪਾਹੀਆਂ ਨੂੰ ਆਪਣੀ ਵੱਲ ਆਉਂਦਾ ਦੇਖ ਕੇ ਸਭ ਡਰ ਗਏ। ਸਿਪਾਹੀਆਂ ਨੇ ਜਾ ਕੇ ਸਾਰਿਆਂ ਨੂੰ ਫੜ ਕੇ ਮਹਾਰਾਜੇ ਦੇ ਪੇਸ਼ ਕਰ ਦਿੱਤਾ। ਮਹਾਰਾਜਾ ਬੜਾ ਨਰਮ ਦਿਲ ਤੇ ਪਰਉਪਕਾਰੀ ਸੀ। ਕਿਸੇ 'ਤੇ ਜ਼ੁਲਮ ਕਰਨਾ ਤਾਂ ਉਸ ਦੀ ਤਕਦੀਰ ਵਿਖੇ ਲਿਖਿਆ ਹੀ ਨਹੀਂ ਸੀ। ਆਪਣੇ ਨਰਮ-ਦਿਲੀ ਸੁਭਾਅ ਅਨੁਸਾਰ ਬੜੇ ਪਿਆਰ ਨਾਲ ਸਾਰਿਆਂ ਬੱਚਿਆਂ ਪਾਸੋਂ ਪੁਛਿਆ-'ਵੱਟਾ ਕਿਸ ਨੇ ਮਾਰਿਆ ਹੈ?' ਪਹਿਲਾਂ ਤਾਂ ਸਾਰੇ ਸਹਿਮ ਗਏ ਤੇ ਸਾਰੇ ਡਰ ਦੇ ਮਾਰੇ ਮੁੱਕਰ ਗਏ। ਮਹਾਰਾਜੇ ਨੇ ਬੜੇ ਪਿਆਰ ਨਾਲ ਆਪਣੇ ਪਾਸ ਖੜਾ ਕਰ ਕੇ ਕਿਹਾ—'ਤੁਸੀਂ ਡਰੋ ਨਾ ਤੇ ਸੱਚ ਸੱਚ ਦਸ ਦਿਓ। ਜਿਸ ਨੇ ਵੱਟਾ ਮਾਰਿਆ ਸੀ ਉਹ ਨਾ ਤਾਂ ਬੋਲਿਆ ਪਰ ਦੂਸਰੇ ਲੜਕੇ ਨੇ (ਉਂਗਲੀ ਕਰ ਕੇ) ਹੌਲੀ ਜਿਹੀ ਕਹਿ ਹੀ ਦਿੱਤਾ ਕਿ ਇਸ ਨੇ ਮਾਰਿਆ ਹੈ। ਫੇਰ ਉਸ ਪਾਸੋਂ ਪੁੱਛਿਆ ਤੂੰ ਵੱਟਾ ਕਿਉਂ ਮਾਰਿਆ ਹੈ? ਸੱਚ ਸੱਚ ਦੱਸ।

ਮਹਾਰਾਜੇ ਦੇ ਪਿਆਰ ਭਰੇ ਸ਼ਬਦਾਂ ਨੂੰ ਸੁਣ ਕੇ ਬੱਚੇ ਨੇ ਸਾਰੀ ਗੱਲ ਡਰਦੇ-ਡਰਦੇ ਕਹਿ ਸੁਣਾਈ ਕਿ ਅਸੀਂ ਬੇਰੀ ਨੂੰ ਵੱਟੇ ਇਸ ਲਈ ਮਾਰਦੇ ਸੀ ਕਿ ਸਾਨੂੰ ਬੇਰ ਮਿਲਣ। ਅਸੀਂ ਜਾਣ-ਬੁੱਝ ਕੇ ਆਪ ਜੀ ਨੂੰ ਵੱਟਾ ਨਹੀਂ ਮਾਰਿਆ। ਇਹ ਸੁਣ ਕੇ ਮਹਾਰਾਜਾ ਸੋਚੀਂ ਪੈ ਗਏ ਕਿ ਇਕ ਜੜ੍ਹ ਵਸਤੂ (ਬੇਰੀ) ਨੂੰ ਵੱਟਾ ਮਾਰਨ 'ਤੇ

ਉਹ ਇਨ੍ਹਾਂ ਨੂੰ ਬੇਰ ਦਿੰਦੀ ਹੈ ਪਰ ਮੈਂ ਤਾਂ ਇਨਸਾਨ ਹਾਂ। ਜੇ ਮੈਨੂੰ ਵੱਟਾ ਵੱਜਾ ਹੈ ਤੇ ਉਹ ਵੀ ਇਨ੍ਹਾਂ ਜਾਣ ਬੁੱਝ ਕੇ ਨਹੀਂ ਮਾਰਿਆ ਇਸ ਤੇ ਮੈਨੂੰ ਕੁਝ ਨ ਕੁਝ ਵੱਧ ਦੇਣਾ ਚਾਹੀਦਾ ਹੈ। ਇਹ ਸੋਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਸਦਵਾ ਕੇ ਦੋ ਪਿੰਡ 'ਬੁਢਣ' ਤੇ ਇਕ ਹੋਰ ਨਾਲ ਲਗਦਾ ਪਿੰਡ ਦੇ ਦਿੱਤਾ। ਬਾਕੀ ਦੇ ਲੜਕਿਆਂ ਨੂੰ ਦੋ ਦੋ ਮੋਹਰਾਂ ਦਿਵਾ ਦਿੱਤੀਆਂ।

ਦੇਖੋ! ਭਾਵੇਂ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਵੱਟਾ ਵੀ ਵੱਜਾ ਪਰ ਉਸ ਨੇ ਸਗੋਂ ਲੜਕਿਆਂ ਨਾਲ ਚੰਗਾ ਹੀ ਸਲੂਕ ਕੀਤਾ। ਇਸੇ ਤਰ੍ਹਾਂ ਹਰ ਪ੍ਰਾਣੀ ਮਾਤਰ ਨੂੰ ਸਹਿਨ ਸ਼ੀਲਤਾ ਵਾਲਾ ਸੁਭਾਓ ਧਾਰਨਾ ਚਾਹੀਦਾ ਹੈ।

ਉਥਾਨਕਾ-ਪ੍ਰਭੂ ਅੱਗੇ ਨਿਮਰਤਾ ਸਹਿਤ ਪ੍ਰਾਰਥਨਾ ਕਰਦੇ ਹਨ-

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥

ਫਰੀਦ ਜੀ ਕਥਨ ਕਰਦੇ ਹਨ—ਹੇ ਖੁਦਾ! ਮੇਰੇ ਕੱਪੜੇ ਵੀ ਕਾਲੇ* ਹਨ ਅਤੇ ਮੇਰੇ ਸਰੀਰ ਦਾ ਵੇਸੁ= ਰੰਗ ਵੀ ਤਪ ਕਰ ਕੇ ਕਾਲਾ ਹੈ।

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ ੬੧॥

ਮੈਂ ਅਉਗੁਣਾਂ ਦਾ ਭਰਿਆ ਹੋਇਆ ਫਿਰਦਾ ਹਾਂ ਪਰ ਲੋਕ ਮੈਨੂੰ ਦਰਵੇਸੁ= ਫਕੀਰ ਸਾਂਈ ਕਹਿੰਦੇ ਹਨ।

*ਅਥਵਾ- **ਫਰੀਦਾ ਕਾਲੇ ਮੈਡੇ ਕਪੜੇ***

ਫਰੀਦ ਜੀ ਕਥਨ ਕਰਦੇ ਹਨ ਕਪਟੀ ਹੋਣ ਕਰ ਕੇ ਮੇਰੇ ਸਾਧਨਾਂ ਰੂਪੀ ਕਪੜੇ ਕਾਲੇ ਹਨ।

ਵਾ:-ਵਿਸ਼ਿਆਂ ਦੀ ਪ੍ਰਬਲਤਾ ਕਰ ਕੇ ਇੰਦ੍ਰੀਆਂ ਰੂਪੀ ਕਪੜੇ ਕਾਲੇ ਹਨ।

ਕਾਲਾ ਮੈਡਾ ਵੇਸੁ॥

ਅਵਿਦਿਆ ਦੇ ਸਹਿਤ ਹੋਣ ਕਰ ਕੇ ਮੇਰੇ ਮਨ ਦਾ ਵੇਸ ਕਾਲਾ ਹੈ।

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ ੬੧॥

ਹੇ ਖੁਦਾ! ਮੇਰੇ ਪਹਿਰਾਵੇ ਨੂੰ ਦੇਖ ਕੇ ਲੋਕ ਤਾਂ ਮੈਨੂੰ ਦਰਵੇਸੁ= ਫਕੀਰ ਸਾਂਈ ਕਹਿੰਦੇ ਹਨ ਪਰ ਮੈਂ ਤਾਂ ਗੁਨਾਹਾਂ ਨਾਲ ਭਰਿਆ ਫਿਰਦਾ ਹਾਂ॥ ੬੧॥

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ॥

(ਦ੍ਰਿਸ਼ਟਾਂਤ—ਜਿਸ ਤਰ੍ਹਾਂ) ਤੋਇ= ਜਲ ਕਰ ਕੇ ਤਤੀ= ਸੜੀ ਹੋਈ ਖੇਤੀ ਕਦੀ ਵੀ ਹਰੀ ਭਰੀ ਨਹੀਂ ਹੁੰਦੀ। ਚਾਹੇ ਉਸ ਨੂੰ ਜਲ ਵਿਖੇ ਵੀ ਟੁਭੀਆਂ ਦੇਣਾ ਕਰੋ। ਅਰਥਾਤ ਖੇਤ ਨੂੰ ਵੱਟਾਂ ਤਕ ਵੀ ਭਰ ਦੇਵੋ। ਇਸੇ ਤਰ੍ਹਾਂ ਜੋ ਜੀਵ ਰੂਪੀ ਇਸਤਰੀ ਸਤਿਸੰਗਤ ਵਿਚ ਆ ਕੇ ਵਿਗੜ ਗਈ ਹੈ, ਚਾਹੇ ਉਸ ਨੂੰ ਕਿਤਨਾ ਵੀ ਸਮਝਾਈਏ ਉਹ ਕਦੀ ਵੀ ਨਹੀਂ ਸੁਧਰ ਸਕਦੀ।

ਯਥਾ- ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥ ੧੫੮॥

(ਸਲੋਕ ਭਗਤ ਕਬੀਰ ਜੀ, ਪੰਨਾ ੧੩੭੨)

ਵਾ:-ਜੋ ਜੀਵ ਰੂਪੀ ਇਸਤਰੀ ਵੇਦਾਂ ਸ਼ਾਸਤਰਾਂ ਨੂੰ ਪੜ੍ਹ ਕੇ ਬਧ ਗਿਆਨਣ ਹੋਈ ਹੈ ਚਾਹੇ ਉਸ ਨੂੰ ਅਨੇਕ

*ਕਿਉਂਕਿ ਫਰੀਦ ਜੀ ਕਾਲੀ ਭੂਰੀ ਰੱਖਦੇ ਸਨ।

ਪ੍ਰਕਾਰ ਦੀਆਂ ਉਕਤੀਆਂ ਜੁਗਤੀਆਂ ਕਰ ਕੇ ਉਪਦੇਸ਼ ਵੀ ਦੇਣਾ ਕਰੀਏ ਤਾਂ ਭੀ ਉਹ ਸ਼ੁਭ ਗੁਣਾਂ ਦੇ ਸੰਯੁਕਤ ਨਹੀਂ ਹੁੰਦੀ।

ਅਥਵਾ-ਜਿਵੇਂ ਤੋਇ ਨ= ਜਲ ਦੀ ਨਾ ਪ੍ਰਾਪਤੀ ਹੋਣ ਕਰ ਕੇ ਜੋ ਤਤੀ= ਸੜੀ ਹੋਈ ਖੇਤੀ ਹੈ (ਭਾਵ ਜੋ ਧੁੱਪ ਨਾਲ ਖੇਤੀ ਸੜ ਜਾਵੇ) ਜੇ ਉਸ ਨੂੰ ਜਲ ਵਿਖੇ ਟੁਭੀਆਂ ਦੇ ਦਈਏ ਭਾਵ ਵੱਟਾਂ ਤਕ ਜਲ ਭਰ ਦੇਈਏ ਤਾਂ ਉਹ ਖੇਤੀ ਪਲਵੈ= ਹਰੀ ਭਰੀ ਹੋ ਜਾਂਦੀ ਹੈ। ਇਸੇ ਪ੍ਰਕਾਰ ਸਤਿਸੰਗ ਰੂਪ ਜਲ ਦੀ ਨਾ ਪ੍ਰਾਪਤੀ ਹੋਣ ਕਰ ਕੇ ਜਿਨ੍ਹਾਂ ਦੀ ਬੁਧੀ ਰੂਪ ਖੇਤੀ ਕੁ-ਕਰਮਾਂ ਕਰ ਕੇ ਸੜੀ ਹੋਈ ਹੈ, ਜੇਕਰ ਉਸ ਨੂੰ ਸਤਿਸੰਗ ਰੂਪ ਜਲ ਵਿਖੇ ਟੁਭੀਆਂ ਲਗਵਾ ਦੇਈਏ ਤਾਂ ਉਹ ਬੁਧੀ ਰੂਪ ਖੇਤੀ ਸ਼ੁਭ ਗੁਣਾਂ ਰੂਪ ਪੱਤਿਆਂ ਨਾਲ, ਕਰੁਣਾ ਮੈਤ੍ਰੀ ਮੁਦਤਾ ਰੂਪ ਟਾਹਣੀਆਂ ਨਾਲ, ਪਲਵੈ= ਪਲ ਜਾਂਦੀ ਹੈ। ਕਿਉਂਕਿ ਸਤਿਸੰਗ ਦੇ ਪ੍ਰਤਾਪ ਕਰ ਕੇ ਬੜੇ-ਬੜੇ ਧਾੜਵੀ ਡਾਕੂ ਵੀ ਸੰਤ ਹੋ ਜਾਂਦੇ ਹਨ।

ਜਿਵੇਂ ਭਾਈ ਬਿਧੀ ਚੰਦ ਡਾਕੂ ਸੀ ਪਰ ਸਤਿਸੰਗ ਦੇ ਪ੍ਰਤਾਪ ਕਰ ਕੇ ਗੁਰਮੁਖ ਗੁਰੂ ਦਾ ਸਿੱਖ ਬਣ ਗਿਆ।

ਲਾਹੌਰ ਨਿਵਾਸੀ ਭਾਈ ਲੱਖੂ ਜੀ ਪਹਿਲੇ ਧਾੜਵੀ ਸਨ ਪਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਕਿਰਪਾ ਕਰ ਕੇ ਐਨੇ ਗੁਰਮੁਖ ਬਣ ਗਏ ਜੋ ਰੋਜ਼ਾਨਾ ਨਿੰਯਮ ਨਾਲ ੨੧ ਪਾਠ ਸ੍ਰੀ ਜਪੁ ਜੀ ਸਾਹਿਬ ਜੀ ਦੇ ਕਰਦੇ ਸਨ। ਜਿਨ੍ਹਾਂ ਦੇ ਬਚਨਾਂ ਕਰ ਕੇ ਭਾਈ ਬੁੱਧੂ ਜੀ ਦਾ ਆਵਾ ਕੱਚਾ ਰਿਹਾ ਸੀ।

ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥ ੬੨ ॥

ਫਰੀਦ ਜੀ ਕਥਨ ਕਰਦੇ ਹਨ—ਜਿਹੜੀ ਜੀਵ ਰੂਪ ਇਸਤਰੀ ਰੱਬ ਦੀ ਦੁਹਾਗਣ ਹੈ ਭਾਵ ਪ੍ਰਭੂ ਤੋਂ ਵਿਛੁੜੀ ਫਿਰਦੀ ਹੈ, ਉਹ ਝੁਰਨ ਵਾਲੀ ਹੋ ਕੇ ਝੁਰਦੀ ਹੀ ਰਹਿੰਦੀ ਹੈ॥ ੬੨ ॥

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥

ਜਦੋਂ ਲੜਕੀ ਕੁਆਰੀ ਹੁੰਦੀ ਹੈ ਤਾਂ ਉਸ ਨੂੰ ਵਿਆਹ ਕਰਵਾਉਣ ਦਾ ਚਾਅ ਚੜ੍ਹਿਆ ਰਹਿੰਦਾ ਹੈ। ਜਿਸ ਵੇਲੇ ਵਿਆਹੀ ਜਾਂਦੀ ਹੈ ਤਾਂ ਫਿਰ ਸਹੁਰੇ ਘਰ ਦੇ ਸਾਰੇ ਮਾਮਲੇ= ਧੰਧੇ ਇਸ ਦੇ ਗਲ ਪੈ ਜਾਂਦੇ ਹਨ। ਵਿਵਾਹ ਹੋਣ ਤੇ ਜਿਸ ਵੇਲੇ ਘਰ ਦੇ ਬਹੁਤੇ ਰੁਝੇਵਿਆਂ ਵਿਚ ਫਸ ਜਾਂਦੀ ਹੈ ਤਾਂ ਉਹ ਚਾਹੁੰਦੀ ਹੈ ਕਿ ਮੈਂ ਫਿਰ ਕੁਆਰੀ ਹੋ ਜਾਵਾਂ। ਪਰ-

ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥ ੬੩ ॥

ਫਰੀਦ ਜੀ ਕਥਨ ਕਰਦੇ ਹਨ ਕਿ ਇਹ ਉਸ ਦੇ ਮਨ ਵਿਖੇ ਬੜਾ ਭਾਰੀ ਪਛਤਾਵਾ ਰਹਿੰਦਾ ਹੈ, ਜੋ ਕਿ ਉਹ ਵਤਿ= ਫਿਰ ਕੁਆਰੀ ਨਹੀਂ ਹੋ ਸਕਦੀ। ਕਿਉਂਕਿ ਜੇ ਪਤੀ ਨੂੰ ਛੱਡੇ ਤਾਂ ਉਹ ਦੁਹਾਗਣ (ਛੁੱਟੜ) ਹੁੰਦੀ ਹੈ ਅਤੇ ਜੇ ਪਤੀ ਮਰ ਜਾਵੇ ਤਾ ਰੰਡੀ ਹੁੰਦੀ ਹੈ। ਪਰ ਉਹ ਪਹਿਲਾਂ ਕੁਆਰ-ਪੁਣਾ ਨਹੀਂ ਪ੍ਰਾਪਤ ਹੁੰਦਾ॥ ੬੩ ॥

ਅਥਵਾ- *ਜਾਂ ਕੁਆਰੀ ਤਾ ਚਾਉ*

ਜਿੰਨਾਂ ਚਿਰ ਇਹ ਜੀਵ ਰੂਪੀ ਇਸਤਰੀ ਕੁਆਰੀ ਸੀ ਭਾਵ ਕਾਲ ਰੂਪ ਲਾੜੇ ਨਾਲ ਨਹੀਂ ਵਿਆਹੀ ਗਈ ਸੀ, ਓਨਾਂ ਚਿਰ ਇਸ ਨੂੰ ਪਦਾਰਥ ਅਤੇ ਵਿਸ਼ਿਆਂ ਦੇ ਭੋਗਣੇ ਦਾ ਬਹੁਤ ਚਾਅ ਲੱਗ ਰਿਹਾ ਸੀ। ਪਰ -

ਵੀਵਾਹੀ ਤਾਂ ਮਾਮਲੇ ॥

ਜਿਸ ਵਕਤ ਜੀਵ ਰੂਪੀ ਇਸਤਰੀ ਕਾਲ ਰੂਪ ਲਾੜੇ ਨਾਲ ਵਿਆਹੀ ਗਈ ਤਾਂ ਚੁਰਾਸੀ ਲੱਖ ਜੂਨਾਂ ਦੇ

ਦੁੱਖਾਂ ਰੂਪ ਮਾਮਲੇ ਭੋਗਣੇ ਪੈ ਗਏ। ਉਸ ਵੇਲੇ ਦੁਖੀ ਹੋਈ ਹੋਈ ਚਾਹੁੰਦੀ ਹੈ ਕਿ ਮੈਂ ਫਿਰ ਕੁਆਰੀ ਹੋ ਜਾਵਾਂ ਭਾਵ ਮਨੁੱਖਾਂ ਜਨਮ ਦੇ ਸਹਿਤ ਹੋ ਜਾਵਾਂ। ਪਰ-

ਫਰੀਦਾ ਏਹੋ ਪਛੋਤਾਉ

ਫਰੀਦ ਜੀ ਕਥਨ ਕਰਦੇ ਹਨ—ਉਸ ਦੇ ਮਨ ਵਿਖੇ ਇਹ ਬੜਾ ਭਾਰੀ ਪਛੁਤਾਵਾ ਰਹਿ ਜਾਂਦਾ ਹੈ ਜੋ ਕਿ

ਵਤਿ ਕੁਆਰੀ ਨ ਥੀਐ॥ ੬੩ ॥

ਉਹ ਵਤਿ= ਫਿਰ ਮਨੁੱਖਾ ਜਨਮ ਦੀ ਪ੍ਰਾਪਤੀ ਰੂਪ ਕੁਆਰ ਪੁਣੇ ਦੇ ਸਹਿਤ ਨ ਥੀਐ= ਨਹੀਂ ਹੁੰਦੀ* ॥ ੬੩ ॥

ਅਥਵਾ— ***ਜਾਂ ਕੁਆਰੀ ਤਾ ਚਾਉ***

ਜਿੰਨਾ ਚਿਰ ਇਹ ਜੀਵ ਰੂਪ ਇਸਤਰੀ ਕੁਆਰੀ ਹੁੰਦੀ ਹੈ, ਭਾਵ ਗੁਰੂ ਧਾਰਨ ਨਹੀਂ ਕਰਦੀ, ਓਨਾਂ ਚਿਰ ਇਸ ਦੇ ਮਨ ਵਿਚ ਚਾਉ= ਉਤਸ਼ਾਹ ਹੁੰਦਾ ਹੈ ਕਿ ਮੇਰਾ ਛੇਤੀ ਛੇਤੀ ਗੁਰਾਂ ਨਾਲ ਵਿਵਾਹ ਹੋ ਜਾਵੇ ਤਾਂ ਕਿ ਮੈਂ ਵੀ ਫਕੀਰੀ ਧਾਰ ਕੇ ਵੈਰਾਗ ਆਦਿਕ ਸਾਧਨਾਂ ਦਾ ਸੁਖ ਮਾਣਾਂ। ਪਰ ਜਿਸ ਵੇਲੇ--

ਵੀਵਾਹੀ ਤਾ ਮਾਮਲੇ॥

ਪਖੰਡੀ ਗੁਰਾਂ ਨਾਲ ਵਿਆਹੀ ਗਈ ਤਾਂ ਖੇਤੀ ਆਦਿਕਾਂ ਦੇ ਕਰਨ ਰੂਪ ਮਾਮਲੇ= ਧੰਧੇ ਇਸ ਦੇ ਗਲ ਪੈ ਗਏ।

ਗੁਰਾਂ ਨੇ ਹੱਥ ਵਿਚ ਰੰਬਾ ਦੇ ਕੇ ਕਿਹਾ—ਜਾਹ! ਪਹਿਲੇ ਗਊਆਂ ਮੱਝੀਆਂ ਵਾਸਤੇ ਹਰਾ ਹਰਾ ਘਾਹ ਵੱਢ ਕੇ ਲਿਆ ਤੇ ਘੋੜਿਆਂ ਦੀ ਸੇਵਾ ਕਰ, ਇਹੀ ਤੇਰਾ ਸਨਾਤਨ ਧਰਮ ਹੈ:

ਖੁਰਪਾ ਖੜੀਅੰ ਮੰਤ੍ਰ ਦ੍ਰਿੜੀਅੰ ਹਰ ਹਰ ਦੂਭ ਨਿਕੰਦਨੰ।
ਅਸ੍ਵਨੀ ਕੁਮਾਰ ਪਾਲਨੰ ਯਹੀ ਧਰਮ ਸਨਾਤਨੰ।

ਏਹੋ ਜੇਹੇ ਮਾਮਲਿਆਂ ਦੇ ਪੈਣ ਤੇ ਸਿੱਖ ਦੇ ਹਿਰਦੇ ਵਿਚ ਉਹ ਅਨੰਦ ਨਹੀਂ ਰਹਿੰਦਾ।

**ਯਥਾ- ਕਾਨ ਕੇ ਗਏ ਤੇ ਕਹਾਂ ਐਸੇ ਕਾਨ ਹੋਤ ਮੂੜ, ਨੈਨ ਕੇ ਗਏ ਤੇ ਕਹਾਂ ਐਸੇ ਨੈਨ ਪਾਈਐ।*
ਨਾਸਕਾ ਗਏ ਤੇ ਕਹਾਂ ਨਾਸਕਾ ਸੁਗੰਧ ਲੈਤ, ਮੁਖ ਕੇ ਗਏ ਤੇ ਕਹਾਂ ਐਸੇ ਮੁਖ ਗਾਈਐ।
ਹਾਥ ਕੇ ਗਏ ਤੇ ਕਹਾਂ ਐਸੇ ਹਾਥ ਹੋਵਤ ਹੈਂ, ਪੈਰ ਕੇ ਗਏ ਤੇ ਕਹਾਂ ਐਸੇ ਪੈਰ ਪਾਈਐ।
ਯੇਹੀ ਤੋ ਵਿਚਾਰ ਦੇਖ ਸੁੰਦਰ ਕਹਿਤ ਤੁਹੀ, ਦੇਹ ਕੇ ਗਏ ਤੇ ਕਹਾਂ ਐਸੀ ਦੇਹ ਪਾਈਐ।

ਤਥਾ- ਚਾਰ ਦਿਨਾਂ ਦੀ ਜ਼ਿੰਦਗੀ ਪਾਪਾਂ ਵਿਚ ਗੁਜਾਰ ਨਹੀਂ।
ਪਲ ਪਲ ਸਵਾਸ ਏਹ ਘਟਦੇ ਜਾਂਦੇ ਤੈਨੂੰ ਕੁਝ ਭੀ ਸਾਰ ਨਹੀਂ।
ਮਾਨਸ ਦੇਹ ਅਮੋਲਕ ਪਾਈ ਕੌਡੀ ਬਦਲੇ ਹਾਰ ਨਹੀਂ।
ਆਤਮਨੰਦ ਏਹ ਮਾਨਸ ਦੇਹੀ ਮਿਲਨੀ ਬਾਰੰਬਾਰ ਨਹੀਂ।

ਇਸ ਲਈ ਹਰ ਪ੍ਰਾਣੀ ਨੂੰ ਚਾਹੀਦਾ ਹੈ ਕਿ ਨਾਮ ਜਪਿਆ ਕਰੇ। ਕਿਉਂਕਿ—

ਰਾਮ ਭਜਨ ਦਾ ਵੇਲਾ ਹੈ, ਯੇਹ ਰਾਮ ਭਜਨ ਦਾ ਵੇਲਾ ਹੈ।
ਲਖ ਖਰਚੇ ਤੇ ਹਥ ਨ ਆਵੇ, ਮਾਨਸ ਜਨਮ ਸੁਹੇਲਾ ਹੈ।
ਨਾ ਕੋਈ ਸੰਗੀ ਨਾ ਕੋਈ ਸਾਥੀ, ਉਡ ਜਾਸੀ ਹੰਸ ਇਕੇਲਾ ਹੈ।
ਯੇਹ ਜਗ ਜਾਨ ਮੁਸਾਫਰ ਖਾਨਾ, ਗੁਰੂ ਰਹੇ ਨਾ ਚੇਲਾ ਹੈ।
ਕਹੇ ਕਬੀਰ ਗੋਬਿੰਦ ਗੁਨ ਗਾਓ, ਝੂਠਾ ਯੇਹ ਸਭ ਮੇਲਾ ਹੈ।

ਯਥਾ- ਫੂਲੇ ਫਲੇ ਨ ਬੈਂਤ ਕੋਟਿਕ ਬਰਸੇ ਸੁਧਾ ਰਸ।
ਮੂਰਖ ਰਿਦੇ ਨ ਚੈਨ ਜੇ ਗੁਰ ਮਿਲੇ ਬਰੰਚ ਸਮ।

ਫਰੀਦਾ ਏਹੋ ਪਛੋਤਾਉ

ਫਰੀਦਾ ਜੀ ਕਥਨ ਕਰਦੇ ਹਨ— ਜੀਵ ਰੂਪ ਇਸਤਰੀ ਦੇ ਹਿਰਦੇ ਵਿਖੇ ਇਹ ਬੜਾ ਭਾਰੀ ਪਸ਼ਚਾਤਾਪ ਹੁੰਦਾ ਹੈ ਜੋ ਕਿ-

ਵਤਿ ਕੁਆਰੀ ਨ ਥੀਐ॥ ੬੩ ॥

ਵਤਿ= ਫਿਰ ਕੁਆਰਪੁਣੇ ਦੇ ਸਹਿਤ ਨਹੀਂ ਹੁੰਦੀ। ਭਾਵ ਗ੍ਰਹਿਸ਼ਥ ਆਸ਼ਰਮ ਧਰਮ ਦੇ ਸਹਿਤ ਨਹੀਂ ਹੋ ਸਕਦੀ। ਇਕ ਇਹ ਵੀ ਨਿਯਮ ਹੈ ਕਿ ਵਾਹਿਗੁਰੂ ਨਾਲ ਮਿਲਣ ਦਾ ਜੋ ਪ੍ਰੇਮ ਘਰੋਂ ਨਿਕਲਣ ਸਮੇਂ ਹੁੰਦਾ ਹੈ, ਉਹ ਪ੍ਰੇਮ ਮਾਮਲਿਆਂ ਵਿਚ ਫਸਣ ਨਾਲ ਫਿਰ ਨਹੀਂ ਰਹਿੰਦਾ।

ਅਥਵਾ- ***ਜਾਂ ਕੁਆਰੀ ਤਾ ਚਾਉ***

ਜਾਂ= ਇਹ ਜੀਵ ਰੂਪੀ ਇਸਤਰੀ ਕੁਆਰੀ ਸੀ ਅਰਥਾਤ ਪਰਮਾਤਮਾ ਰੂਪ ਪਤੀ ਨਾਲ ਨਹੀਂ ਵਿਵਾਹੀ ਸੀ ਤਾਂ ਇਸ ਦੇ ਚਿਤ ਵਿਖੇ ਬੜਾ ਉਤਸ਼ਾਹ ਸੀ, ਜਿਸ ਕਰ ਕੇ ਅੰਮ੍ਰਿਤ ਵੇਲੇ ਉਠ ਕੇ ਸਾਧਨਾ ਸੰਯੁਕਤ ਨਾਮ ਸਿਮਰਨ ਦਾ ਅਭਿਆਸ ਕਰਦੀ ਸੀ।

ਵੀਵਾਹੀ ਤਾਂ ਮਾਮਲੇ॥

ਜਿਸ ਵੇਲੇ ਪਰਮੇਸ਼ਰ-ਪਤੀ ਨਾਲ ਵਿਵਾਹੀ ਗਈ ਤਾਂ ਮਾਮਲੇ= ਮਾਇਆ ਆਦਿਕ ਪਦਾਰਥ ਮਲ ਦਿੱਤੇ।

ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥ ੬੩ ॥

ਫਰੀਦ ਜੀ ਕਥਨ ਕਰਦੇ ਹਨ—ਉਸ ਨੂੰ ਕੁਆਰਪੁਣੇ ਰੂਪ ਪਸ਼ਚਾਤਾਪ ਦਾ ਜੋ ਦੁੱਖ ਹੈ ਇਹ ਵਤਿ ਨ ਥੀਐ= ਫਿਰ ਨਹੀਂ ਹੁੰਦਾ। ਕਿਉਂਕਿ ਪ੍ਰਭੂ-ਪਤੀ ਦੀ ਪ੍ਰਾਪਤੀ ਹੋਣ ਕਰ ਕੇ ਫਿਰ ਜਗਿਆਸੂ ਅਵਸਥਾ ਵਿਚ ਨਹੀਂ ਆਉਂਦਾ ਅਤੇ ਇਕ ਵਾਰ ਪ੍ਰਭੂ ਦੀ ਪ੍ਰਾਪਤੀ ਹੋ ਜਾਵੇ ਫਿਰ ਉਹ ਵਿਛੜਦਾ ਵੀ ਨਹੀਂ ਹੈ।

ਯਥਾ- ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥

(ਗਉੜੀ ਮਹਲਾ ੫, ਪੰਨਾ ੨੪੯)

ਉਥਾਨਕਾ-ਕੱਲਰ ਦੀ ਛੱਪੜੀ ਉਪਰ ਹੰਸਾਂ ਨੂੰ ਬੈਠਿਆਂ ਦੇਖ ਕੇ ਫਰੀਦ ਜੀ ਕਥਨ ਕਰਦੇ ਹਨ—

ਕਲਰ ਕੇਰੀ ਛਪੜੀ ਆਇ ਉਲਥੇ ਹੰਝ॥

ਜਿਸ ਤਰ੍ਹਾਂ ਕੱਲਰ ਦੀ ਛੱਪੜੀ ਉਤੇ ਹੰਝ= ਹੰਸ ਆ ਕੇ ਉਲਥੇ= ਪ੍ਰਾਪਤ ਹੋਏ ਹਨ।

ਚਿੰਜੂ ਬੋੜਨ੍ਹਿ ਨਾ ਪੀਵਹਿ ਉਡਣ ਸੰਦੀ ਡੰਝ॥ ੬੪ ॥

ਕੱਲਰ ਦੀ ਛੱਪੜੀ ਵਿਖੇ ਉਹ ਹੰਸ ਆਪਣੀ ਚਿੰਜੂ= ਚੁੰਝ ਨੂੰ ਬੋੜਨ੍ਹਿ= ਡੋਬਦੇ ਤਾਂ ਹਨ ਪਰ ਕੌੜਾ ਪਾਣੀ ਹੋਣ ਕਰ ਕੇ ਉਸ ਨੂੰ ਪੀਂਦੇ ਨਹੀਂ ਅਤੇ ਉਹਨਾਂ ਨੂੰ ਉਥੋਂ ਉਡ ਜਾਣ ਸੰਦੀ= ਦੀ ਡੰਝ= ਲਾਲਸਾ (ਚਾਹ) ਲੱਗ ਰਹੀ ਹੈ (ਇਹ ਦ੍ਰਿਸ਼ਟਾਂਤ ਹੈ)। ਇਸੇ ਤਰ੍ਹਾਂ ਕੱਲਰ ਦੀ ਛੱਪੜੀ ਜੋ ਸੰਸਾਰ ਹੈ ਇਸ ਵਿਖੇ ਹੰਝ= ਹੰਸ ਤੱਤਵੇਤਾ ਮਹਾਤਮਾ ਆ ਕੇ ਪ੍ਰਾਪਤ ਹੋਏ ਹਨ। ਉਹ ਪਦਾਰਥਾਂ ਰੂਪੀ ਜਲ ਵਿਖੇ ਚਿੰਜੂ= ਰਸਨਾ ਨੂੰ ਡੋਬਦੇ

ਤਾਂ ਹਨ ਪਰ ਦੁਖਦਾਈ ਜਾਣ ਕੇ ਪੀਂਦੇ ਨਹੀਂ। ਭਾਵ- ਭੋਗ ਬੁੱਧੀ ਕਰ ਕੇ ਪਦਾਰਥਾਂ ਵਿਖੇ ਖੱਚਤ ਨਹੀਂ ਹੁੰਦੇ ਅਤੇ ਉਹਨਾਂ ਨੂੰ ਸੰਸਾਰ ਤੋਂ ਉਡ ਜਾਣ ਦੀ ਭਾਵ ਚਲੇ ਜਾਣ ਦੀ ਡੰਝ= ਚਿੰਤਾ ਲੱਗ ਰਹੀ ਹੈ।

ਉਥਾਨਕਾ-ਪੂਰਬ ਕਹੇ ਪ੍ਰਸੰਗ ਨੂੰ ਫਿਰ ਕਥਨ ਕਰਦੇ ਹਨ--

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥

(ਦ੍ਰਿਸ਼ਟਾਂਤ ਇਕ ਵਾਰੀ ਇਕ) ਹੰਸ ਕੋਧਰੇ ਦੇ ਖੇਤ ਵਿਚ ਆ ਕੇ ਪਇਆ= ਬੈਠਾ ਪਰ ਉਸ ਖੇਤ ਦਾ ਲੋਕੁ= ਰਾਖਾ ਉਸ ਨੂੰ ਵਿਡਾਰਣਿ ਜਾਇ= ਉਡਾਣ ਵਾਸਤੇ ਜਾਂਦਾ ਹੈ।

ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ॥ ੬੫॥

ਗਹਿਲਾ= ਭੁੱਲਾ ਹੋਇਆ ਉਹ ਪੁਰਸ਼ ਜਾਣਦਾ ਨਹੀਂ ਹੈ ਕਿ ਹੰਸ ਤਾਂ ਕੋਧਰੇ ਨੂੰ ਖਾਂਦਾ ਹੀ ਨਹੀਂ ਹੈ। (ਦਾ ਦ੍ਰਿਸ਼ਟਾਂਤ) ਇਸੇ ਤਰ੍ਹਾਂ ਹੰਸ ਜੋ ਤਤਵੰਤਾ ਮਹਾਤਮਾਂ ਹਨ ਉਹ ਕਿਸੇ ਦੇ ਪ੍ਰੇਰੇ ਹੋਏ ਉਡ ਕੇ ਭਾਵ ਚਲ ਕੇ ਕਿਸੇ ਅਸਥਾਨ ਪਰ ਆ ਕੇ ਬੈਠ ਜਾਂਦੇ ਹਨ। ਪਰ ਸੰਸਾਰੀ ਪੁਰਸ਼ ਉਹਨਾਂ ਨੂੰ ਵਿਡਾਰਣਿ= ਹਟਾਉਣ ਵਾਸਤੇ ਜਾਂਦੇ ਹਨ ਕਿ ਤੁਸੀਂ ਇਥੋਂ ਚਲੇ ਜਾਓ ਪਰ--

ਇਹ ਭੁੱਲਾ ਹੋਇਆ ਪੁਰਸ਼ ਜਾਣਦਾ ਨਹੀਂ ਹੈ ਕਿ ਪੂਰਨ ਵੈਰਾਗਵਾਨ ਮਹਾਤਮਾ ਰੂਪ ਹੰਸ ਤਾਂ ਕੋਧਰੇ ਨੂੰ ਖਾਂਦੇ ਹੀ ਨਹੀਂ ਹਨ। ਭਾਵ ਆਪਣੀ ਮਲਕੀਅਤ ਮੰਨ ਕੇ ਕਿਸੇ ਜਗ੍ਹਾ 'ਤੇ ਕਬਜ਼ਾ ਨਹੀਂ ਕਰਦੇ॥ ੬੫॥

ਚਲਿ ਚਲਿ ਗਈਆਂ ਪੰਖੀਆਂ ਜਿਨ੍ੀ ਵਸਾਏ ਤਲ॥

(ਦ੍ਰਿਸ਼ਟਾਂਤ- ਜਿਵੇਂ) ਪੰਛੀਆਂ (ਦੀਆਂ ਡਾਰਾਂ ਦੀਆਂ ਡਾਰਾਂ) ਚਲਿ ਚਲਿ= ਚਲਨੇ ਵਾਲੀਆਂ ਹੋ ਕੇ ਚਲੀਆਂ ਗਈਆਂ ਹਨ, ਜਿਨ੍ਹਾਂ ਨੇ ਸਮੁੰਦਰਾਂ ਦੇ ਤੱਲੇ ਤਕ ਬੱਚੇ ਆਦਿਕ ਦੇ ਅਸਥਾਨ ਵਸਾ ਦਿੱਤੇ ਸਨ। (ਦਾ ਦ੍ਰਿਸ਼ਟਾਂਤ) ਇਸੀ ਪ੍ਰਕਾਰ ਫੌਜਾਂ ਰੂਪ ਖੰਭਾਂ ਵਾਲਿਆਂ ਰਾਜਿਆਂ ਰੂਪ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਚਲਨੇ ਵਾਲੀਆਂ ਹੋ ਕੇ ਚਲੀਆਂ ਗਈਆਂ ਹਨ ਭਾਵ ਦੁਰਯੋਧਨ, ਕਾਰੂੰ, ਦਲੀਪ, ਮਾਨਧਾਤਾ ਅਤੇ ਸਿਕੰਦਰ ਆਦਿ ਵੱਡੇ-ਵੱਡੇ ਰਾਜੇ ਵੀ ਮਰ-ਖਪ ਗਏ ਹਨ। ਜਿਨ੍ਹਾਂ ਰਾਜਿਆਂ ਨੇ ਤਲ= ਤਲਕੇ ਭਾਵ ਦੇਸ਼ ਵਸਾਉਣਾ ਕੀਤੇ ਸਨ।

ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥ ੬੬॥

ਫਰੀਦ ਜੀ ਕਥਨ ਕਰਦੇ ਹਨ— ਭੀ= ਉਹਨਾਂ ਰਾਜਿਆਂ ਦੀ ਨਿਆਈਂ ਇਸ ਭਰੇ ਹੋਏ ਸਰੁ= ਸਰੋਵਰ (ਸੰਸਾਰ) ਨੇ ਵੀ ਚਲਿਆ ਜਾਣਾ ਹੈ। ਪਰ ਇਕਲ= ਇਕ ਮਹਾਤਮਾਂ ਰੂਪੀ ਕੰਵਲਾਂ ਨੇ ਹੀ ਚੌਰਾਸੀ ਲੱਖ ਜੂਨੀਆਂ ਦੇ ਚੱਕਰ ਤੋਂ ਰਹਿਤ ਹੋ ਕੇ ਵਾਹਿਗੁਰੂ ਵਿਖੇ ਇਸਥਿਤ ਰਹਿਣਾ ਹੈ।

ਅਥਵਾ- ਕੰਵਲ ਫੁੱਲ ਦੀ ਨਿਆਈਂ ਨਿਰਲੇਪ ਜੋ ਪ੍ਰਭੂ ਪਰਮਾਤਮਾ ਹੈ, ਇਕ ਉਸ ਨੇ ਹੀ ਥਕੇ= ਇਸਥਿਤ ਰਹਿਣਾ ਹੈ॥ ੬੬॥

ਉਥਾਨਕਾ— ਇਕ ਦਿਨ ਫਰੀਦ ਜੀ ਨੂੰ ਨੀਂਦ ਨੇ ਬੜਾ ਜ਼ੋਰ ਪਾਇਆ ਤਾਂ ਮਨ ਆਲਸੀ ਹੋ ਕੇ ਸੌਣ ਦੇ ਯਤਨ ਕਰਨ ਲੱਗ ਪਿਆ। ਉਸ ਵੇਲੇ ਆਪਣੇ ਮੰਨ ਨੂੰ ਸਮਝਾਉਂਦੇ ਹੋਏ ਆਖਦੇ ਹਨ-

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥

ਫਰੀਦ ਜੀ ਕਥਨ ਕਰਦੇ ਹਨ— ਹੇ ਮਨਾ! ਜਿਸ ਵੇਲੇ ਇਸ ਮਾਸਿ= ਸਰੀਰ ਨੂੰ ਜਮ ਰੂਪੀ ਕੀੜਾ ਲੜੇਗਾ ਤਾਂ ਕਬਰ ਵਿਖੇ ਇੱਟ ਸਿਰ੍ਹਾਂਦੀ ਤੇ ਭੁਇ= ਜ਼ਮੀਨ ਉਪਰ ਹੀ ਸੌਣਾ ਹੋਵੇਗਾ।

ਅਥਵਾ-ਅੰਤ ਸਮੇਂ ਕਬਰ ਵਿਚ ਇੱਟ ਸਿਰ੍ਹਾਣੇ ਹੋਵੇਗੀ ਅਤੇ ਜ਼ਮੀਨ 'ਤੇ ਸੋਣਾ ਹੋਵੇਗਾ ਤੇ ਕੀੜਿਆਂ ਦਾ ਦਲ ਤੇਰੇ ਮਾਸਿ= ਸਰੀਰ ਨੂੰ ਲੜੇਗਾ ਭਾਵ ਤੇਰੇ ਸਰੀਰ ਦੇ ਮਾਸ ਨੂੰ ਕੀੜੇ ਤੋੜ-ਤੋੜ ਕੇ ਖਾ ਜਾਣਗੇ।

ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥ ੬੭ ॥

ਇਕੇ ਪਾਸੇ ਪਇਆ ਹੋਇਆਂ ਕਿਤਨੇ ਹੀ ਜੁਗ ਵਾਪਰੇ= ਬੀਤ ਜਾਣਗੇ। ਭਾਵ- ਫਰੀਦ ਜੀ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਉਸ ਵੇਲੇ ਤੂੰ ਰੱਜ ਕੇ ਸੌਂ ਲਵੀਂ ਹੁਣ ਤਾਂ ਸਿਮਰਨ ਕਰ ਲੈ॥ ੬੭॥

ਉਥਾਨਕਾ-ਇਕ ਵਾਰੀ ਫਰੀਦ ਜੀ ਕਿਧਰੇ ਜਾ ਰਹੇ ਸਨ ਅੱਗੇ ਮੋਕਲੇ ਵਾਲਾ ਰਾਜਾ ਕਿਧਰੇ ਬਾਹਰ ਜਾਣ ਨੂੰ ਤਿਆਰ ਸੀ ਇਸ ਲਈ ਉਹ ਆਪਣੀ ਤਿਆਰੀ ਜਲਦੀ ਕਰਾਉਣ ਵਾਸਤੇ ਲੋਕਾਂ ਨੂੰ ਵਿਗਾਰੀ ਫੜ ਕੇ ਕੰਮਾਂ ਵਿਚ ਲਗਾਈ ਜਾਂਦਾ ਸੀ। ਜਦੋਂ ਫਰੀਦ ਜੀ ਉਧਰੋਂ ਲੰਘੇ ਤਾਂ ਇਨ੍ਹਾਂ ਨੂੰ ਵੀ ਕੰਮ ਕਰਾਉਣ ਵਾਸਤੇ ਫੜ ਲਿਆ। ਅੱਗੋਂ ਕੀ ਦੇਖਿਆ ਕਿ ਰਾਜੇ ਦੇ ਮਹਿਲਾਂ ਵਿਖੇ ਕੋਈ ਰਾਜੇ ਦੇ ਇਸ਼ਨਾਨ ਵਾਸਤੇ ਪਾਣੀ ਭਰ ਰਿਹਾ ਹੈ। ਕੋਈ ਤੌਲੀਆ ਸਾਬਣ ਆਦਿਕ ਲੈ ਕੇ ਖੜ੍ਹਾ ਰਾਜੇ ਦੀ ਉਡੀਕ ਕਰ ਰਿਹਾ ਹੈ। ਕੋਈ ਸਮਾਨ ਬੰਨ੍ਹ ਰਿਹਾ ਹੈ। ਇਸ ਤਰ੍ਹਾਂ ਬਹੁਤ ਸਾਰੇ ਵਿਗਾਰੀ ਦੁੱਖ ਸਹਿਤ ਵੱਖੋ-ਵੱਖ ਕੰਮਾਂ ਵਿਖੇ ਲੱਗੇ ਦੇਖ ਕੇ ਫਰੀਦ ਜੀ ਨੇ ਇਹ ਸਲੋਕ ਉਚਾਰਨ ਕੀਤਾ—

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥

ਫਰੀਦ ਜੀ ਕਥਨ ਕਰਦੇ ਹਨ ਕਿ ਟੁੱਟੀ ਨਾਗਰ ਲਜੁ= ਸੁੰਦਰ ਸਵਾਸਾਂ ਰੂਪੀ ਲੱਜ ਦੇ ਟੁੱਟ ਜਾਣ ਕਰ ਕੇ ਰਾਜੇ ਦੀ ਸਵੰਨਵੀ= ਸ੍ਰੇਸ਼ਟ ਰੰਗ ਵਾਲੀ ਭਾਵ ਗੋਰ ਰੰਗ ਵਾਲੀ ਦੇਹ ਰੂਪੀ ਘੜੀ ਭੰਨੀ= ਭੱਜ ਜਾਵੇਗੀ।

ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥ ੬੮ ॥

ਅਜਰਾਈਲ ਨਾਮ ਕਰ ਕੇ ਫਰਿਸ਼ਤਾ ਅੱਜ ਕੈ ਘਰਿ= ਕਿਸ ਦੇ ਘਰ ਵਿਖੇ ਨਾਠੀ= ਪ੍ਰਾਹੁਣਾ ਬਣ ਕੇ ਆਵੇਗਾ। ਭਾਵ ਇਸੇ ਮੋਕਲੇ ਰਾਜੇ ਦੇ ਘਰ ਆਵੇਗਾ ਜੋ ਬੇਗੁਨਾਹ ਲੋਕਾਂ ਨੂੰ ਵਿਗਾਰ ਲਈ ਪਕੜ ਕੇ ਦੁੱਖ ਦੇ ਰਿਹਾ ਹੈ॥ ੬੮ ॥

ਇਤਨੇ ਨੂੰ ਰਾਜਾ ਤਿਆਰ ਹੋ ਕੇ ਘੋੜ-ਸਵਾਰ ਹੋ ਕੇ ਰਾਜਧਾਨੀ ਤੋਂ ਬਾਹਰ ਨਿਕਲਿਆ ਤਾਂ ਜਿਉਂ ਹੀ ਘੋੜੇ ਦਾ ਪੈਰ ਪੱਥਰ ਨਾਲ ਅੜ ਕੇ ਤਿਲ੍ਹਕਿਆ ਉਸੇ ਵਕਤ ਰਾਜਾ ਘੋੜੇ ਉਪਰੋਂ ਡਿੱਗ ਕੇ ਮਰ ਗਿਆ। ਇਹ ਵੇਖ ਕੇ ਫਰੀਦ ਜੀ ਨੇ ਫਿਰ ਅਗਲਾ ਸਲੋਕ ਉਚਾਰਨ ਕੀਤਾ—

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥

ਫਰੀਦ ਜੀ ਕਥਨ ਕਰਦੇ ਹਨ- ਹੇ ਭਾਈਓ! ਘਬਰਾਓ ਨਾ, ਹੁਣ ਤਾਂ ਤੁਹਾਡੀ ਬੰਦ ਖਲਾਸੀ ਹੋ ਗਈ ਹੈ, ਕਿਉਂਕਿ ਨਾਗਰ= ਸੁੰਦਰ ਅਵਸਥਾ ਰੂਪੀ ਲੱਜ ਦੇ ਟੁੱਟਣ ਕਰ ਕੇ ਰਾਜੇ ਦੀ ਸੰਵਨਵੀ= ਸ੍ਰੇਸ਼ਟ ਰੰਗ ਵਾਲੀ ਦੇਹ ਰੂਪੀ ਘੜੀ ਭੱਜ ਗਈ ਹੈ।

ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥ ੬੯ ॥

ਜਿਹੜੇ ਸੱਜਣ ਭੁਇ= ਪ੍ਰਿਥਵੀ ਪਰ ਭਾਰੁ ਥੇ= ਬੋਝ ਰੂਪ ਸਨ, ਉਹ ਅੱਜ ਫਿਰ ਕਿਵੇਂ ਆਉਣਗੇ? ਭਾਵ ਉਹ ਅੱਜ ਫਿਰ ਨਹੀਂ ਆਉਣਗੇ॥ ੬੯ ॥

ਉਥਾਨਕਾ- ਇਕ ਦਿਨ ਫਰੀਦ ਜੀ ਕਿਤੇ ਜਾ ਰਹੇ ਸਨ। ਰਸਤੇ ਵਿਖੇ ਜਾਂਦਿਆਂ-ਜਾਂਦਿਆਂ ਇਕ

ਅਜਿਹਾ ਪਾਪ ਆਤਮਾ ਪੁਰਸ਼ ਮਿਲਿਆ ਜਿਸ ਨੇ ਕਦੀ ਵੀ ਨਮਾਜ਼ ਨਹੀਂ ਸੀ ਪੜ੍ਹੀ। ਉਸ ਨੂੰ ਸਮਝਾਉਂਦਿਆਂ ਹੋਇਆਂ ਇਹ ਸਲੋਕ ਉਚਾਰਨ ਕੀਤਾ—

ਫਰੀਦਾ ਥੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥

ਫਰੀਦ ਜੀ ਕਥਨ ਕਰਦੇ ਹਨ ਕਿ ਹੇ ਨਮਾਜ਼ ਦੇ ਨਾ ਪੜ੍ਹਨ ਵਾਲੇ ਕੁਤਿਆ! ਤੇਰੇ ਵਾਸਤੇ ਇਹ ਚੰਗੀ ਰੀਤੀ ਨਹੀਂ ਹੈ। ਜੋ ਕਿ-

ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥ ੭੦॥

ਮਸੀਤ ਵਿਖੇ ਪੰਜਾਂ ਵਕਤਾਂ ਵਿਚੋਂ ਕਿਸੇ ਵਕਤ ਵੀ ਤੂੰ ਨਮਾਜ਼ ਪੜ੍ਹਨ ਵਾਸਤੇ ਚਲ ਕੇ ਨਹੀਂ ਆਇਆ, ਕਿਉਂਕਿ ਮਸੀਤ ਵਿਚ ਨਮਾਜ਼ ਗੁਜ਼ਾਰਨ ਦੇ ਪੰਜ ਹੀ ਵਕਤ ਹਨ॥ ੭੦॥

ਯਥਾ- ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥

(ਵਾਰ ਮਾਝ ਮ: ੧, ਪੰਨਾ ੧੪੧)

ਤਥਾ- ਅਵਲਿ ਸਿਫਤਿ ਦੂਜੀ ਸਾਬੂਰੀ॥ ਤੀਜੈ ਹਲੇਮੀ ਚਉਥੈ ਖੈਰੀ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ॥ ੯॥

(ਮਾਰੂ ਮਹਲਾ ੫, ਪੰਨਾ ੧੦੮੪)

ਨਮਾਜ਼ ਵਿਚ ਪੱਕਿਆਂ ਕਰਨ ਲਈ ਉਸੇ ਨੂੰ ਫਿਰ ਆਖਦੇ ਹਨ—

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥

ਫਰੀਦ ਜੀ ਕਥਨ ਕਰਦੇ ਹਨ— ਸਭ ਤੋਂ ਪਹਿਲਾਂ ਉਠ ਕੇ ਉਜੂ ਕਰ ਅਤੇ ਸੁਬਹ= ਸਵੇਰ ਦੀ ਪਹਿਲੀ ਨਮਾਜ਼ ਨੂੰ ਪੜ੍ਹਨਾ ਕਰ।

ਉਜੂ-ਮੁਸਲਮਾਨਾਂ ਦੇ ਮਤ ਵਿਖੇ ਨਮਾਜ਼ ਪੜ੍ਹਨ ਤੋਂ ਪਹਿਲਾਂ ਹੇਠ ਲਿਖੇ ਅਨੁਸਾਰ ਜਲ ਵਰਤਣ ਦੀ ਵਿਧੀ ਨੂੰ ਉਜੂ (ਪੰਜ ਇਸ਼ਨਾਨਾ) ਕਹਿੰਦੇ ਹਨ। ਪਹਿਲੇ ਦੋਵੇਂ ਹੱਥ ਗੁੱਟਾਂ ਤਕ ਧੋਣੇ। ਫਿਰ ਟੱਟੀ ਪਿਸ਼ਾਬ ਵਾਲੀ ਜਗ੍ਹਾ ਧੋਣੀ। ਦੰਦਾਂ ਉਪਰ ਉਂਗਲ ਮਾਰ ਕੇ ਚੁਲੀ ਕਰਨੀ। ਫਿਰ ਨੱਕ ਵਿਖੇ ਪਾਣੀ ਚਾੜ੍ਹ, ਚੀਚੀ ਉਂਗਲ ਫੇਰ ਕੇ ਨਾਸਕਾ ਸਾਫ ਕਰਨੀਆਂ। ਨੱਕ ਸਾਫ ਕਰ ਕੇ ਫਿਰ ਸਾਰਾ ਮੂੰਹ ਧੋਣਾ। ਦੁਬਾਰਾ ਅਰਕਾਂ ਤਕ ਹੱਥ ਧੋਣੇ। ਫਿਰ ਕੰਨਾਂ ਵਿਚ ਅੰਗੂਠੇ ਦੇ ਨਾਲ ਦੀ ਉਂਗਲ ਫੇਰਦਿਆਂ ਹੋਇਆਂ ਅੰਗੂਠੇ ਨਾਲ ਕੰਨਾਂ ਦੇ ਬਾਹਰਲੇ ਹਿੱਸੇ ਨੂੰ ਸਾਫ ਕਰਨਾ ਫਿਰ ਪੈਰ ਧੋਣੇ। ਇਸ ਤਰ੍ਹਾਂ ਦੀ ਕਿਰਿਆ ਨੂੰ ਉਜੂ ਆਖਦੇ ਹਨ। ਇਹ ਉਜੂ ਰੂਪ ਸਾਰੀਆਂ ਕਿਰਿਆ ਕਰ ਕੇ ਮੁਸਲਮਾਨ ਮਸੀਤ ਵਿਖੇ ਜਾ ਕੇ ਨਮਾਜ਼ ਪੜ੍ਹਦੇ ਹਨ।

ਅਥਵਾ—ਹੇ ਭਾਈ! ਅੰਮ੍ਰਿਤ ਵੇਲੇ ਉੱਠ ਕੇ ਨਿਸ਼ਕਾਮ ਕਰਮਾਂ ਰੂਪੀ ਉਜੂ= ਪੰਜ ਇਸ਼ਨਾਨਾ ਕਰ। ਅਰਥਾਤ-ਪੈਰਾਂ ਕਰ ਕੇ ਸਤਿਸੰਗਤ ਵਿਖੇ ਜਾਣਾ ਕਰ। ਹੱਥਾਂ ਨਾਲ ਸੰਤ ਸੇਵਾ ਵਾ ਦਾਨ ਕਰ। ਸਿਰ ਨੂੰ ਸਤਿਗੁਰਾਂ ਦਾ ਚਰਨਾ ਪਰ ਝੁਕਾਉਣਾ ਕਰ, ਮੂੰਹ ਨਾਲ ਨਾਮ ਜਪਣਾ ਕਰ। ਕੰਨਾਂ ਨਾਲ ਕੀਰਤਨ ਸੁਣਨਾ ਕਰ ਅਤੇ ਸੁਬਹ= ਬਾਲਕ ਅਵਸਥਾ ਤੋਂ ਹੀ ਨਿਆਂ ਕਰਨੇ ਰੂਪੀ ਨਮਾਜ਼ ਨੂੰ ਪੜ੍ਹਨਾ ਕਰ।

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ ੭੧॥

ਜੋ ਸਿਰ ਸਾਂਈ= ਖੁਦਾ ਅੱਗੇ ਨਿਉਂਦਾ ਨਹੀਂ ਹੈ ਉਸ ਨੂੰ ਕਪਿ= ਕੱਟ ਕੇ ਉਤਾਰ ਦੇਣਾ ਕਰ॥ ੭੧॥

ਯਥਾ- ਜੋ ਸਿਰ ਸਾਂਈ ਨ ਨਿਵੈ ਸੋ ਸਿਰੁ ਦੀਜੈ ਡਾਰਿ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥

(ਸਿਰੀਰਾਗ ਕੀ ਵਾਰ, ਮ: ੨, ਪੰਨਾ ੮੯)

ਤਥਾ- ਧ੍ਰਿਗੁ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ।
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।
ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।
ਵਿਣਖ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥ ੧੦॥

(ਭਾਈ ਗੁਰਦਾਸ ਜੀ, ਵਾਰ ੨੭)

ਉਥਾਨਕਾ-ਪੂਰਬ ਕਹੇ ਪ੍ਰਸੰਗ ਨੂੰ ਫਿਰ ਕਥਨ ਕਰਦੇ ਹਨ-

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥

ਜਿਹੜਾ ਸਿਰ ਆਪਣੇ ਸਾਈ= ਪਰਮਾਤਮਾ ਅੱਗੇ ਝੁਕਦਾ ਨਹੀਂ ਹੈ, ਉਸ ਸਿਰ ਨੂੰ ਕੀ ਕਰਨਾ ਚਾਹੀਦਾ ਹੈ?

ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ ੭੨॥

ਉਸ ਸਿਰ ਨੂੰ ਬਾਲਣ ਸੰਦੈ ਥਾਇ= ਬਾਲਣ ਦੀ ਜਗ੍ਹਾ ਭਾਵ ਲੱਕੜਾਂ ਦੀ ਜਗ੍ਹਾ ਕੁੰਨੇ= ਤੌੜੀ ਹੇਠਾਂ ਸਾੜ ਦੇਣਾ ਚਾਹੀਦਾ ਹੈ॥ ੭੨॥

ਉਥਾਨਕਾ-ਇਸ ਸਲੋਕ ਦੁਆਰਾ ਵੈਰਾਗ-ਜਨਕ ਉਪਦੇਸ਼ ਦਿੰਦੇ ਹਨ-

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ॥

ਫਰੀਦ ਜੀ ਕਥਨ ਕਰਦੇ ਹਨ-ਹੇ ਭਾਈ! ਤੈਡੇ= ਤੇਰੇ ਮਾਪਿਆ= ਮਾਂ ਤੇ ਪਿਓ ਕਿਥੇ ਹਨ? ਜਿਨ੍ਹਾਂ ਨੇ ਤੈਨੂੰ ਜਣਿਓਹਿ= ਪੈਦਾ ਕੀਤਾ ਹੈ।

ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥ ੭੩॥

ਦੇਖ! ਉਹ ਤਾਂ ਸਮੇਂ ਅਨੁਸਾਰ ਤੇਰੇ ਪਾਸੋਂ ਲਦਿ ਗਏ= ਚਲੇ ਗਏ ਭਾਵ ਮਰ-ਖਪ ਗਏ ਹਨ, ਪਰ ਤੂੰ ਅਜੇ ਤਕ ਵੀ ਪਤੀਣੋਹਿ= ਭਰੋਸਾ ਨਹੀਂ ਕਰਦਾ ਕਿ ਮੈਂ ਵੀ ਮਰ ਜਾਣਾ ਹੈ॥ ੭੩॥

ਉਥਾਨਕਾ-ਕਿਸੇ ਪ੍ਰੇਮੀ ਨੇ ਬੇਨਤੀ ਕੀਤੀ—ਹੇ ਫਕੀਰ ਸਾਂਈ! ਮੈਂ ਦੋਜਕ (ਨਰਕਾਂ) ਦੀ ਅਗਨੀ ਤੋਂ ਕਿਵੇਂ ਬਚ ਸਕਦਾ ਹਾਂ? *ਉੱਤਰ:-*

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥

ਫਰੀਦ ਜੀ ਕਥਨ ਕਰਦੇ ਹਨ—ਕਿ ਹੇ ਭਾਈ! ਆਪਣੇ ਮਨ ਨੂੰ ਮੈਦਾਨ ਦੀ ਨਜਾਈਂ ਸਾਫ ਕਰ ਅਤੇ

ਟੋਏ ਟਿੱਬੇ= ਸੋਗ ਹਰਖ ਨੂੰ ਦੂਰ ਕਰ ਦੇਹ।

ਅਥਵਾ-ਟੋਏ ਦੀ ਨਜਾਈਂ ਕਿਸੇ ਨੂੰ ਛੋਟਾ, ਵਾ ਨੀਚ ਦੇਖਣਾ ਤੇ ਕਿਸੇ ਨੂੰ ਟਿਬੇ ਦੀ ਨਜਾਈਂ ਵੱਡਾ ਵਾ ਉੱਚਾ ਦੇਖਣਾ ਇਸ ਦ੍ਰਿਸ਼ਟੀ ਨੂੰ ਲਾਹ ਦੇਣਾ ਕਰ। *ਅਥਵਾ*- ਟੋਏ= ਦੂਸਰਿਆਂ ਵਿਖੇ ਦੂਸ਼ਨ ਅਰੋਪਣੇ ਅਤੇ ਟਿੱਬੇ ਆਪਣੇ ਗੁਣਾਂ ਦਾ ਹੰਕਾਰ ਕਰਨਾ, ਇਸ ਨੂੰ ਵੀ ਦੂਰ ਕਰ ਦੇਹ।

ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥ ੭੪॥

ਤਾਂ ਦੋਜਕ= ਨਰਕਾਂ ਦੀ ਭਾਹਿ= ਅਗਨੀ ਤੇਰੇ ਅੱਗੇ ਮੂਲਿ ਨ ਆਵਸੀ= ਕਦਾਚਿਤ ਨਹੀਂ ਆਵੇਗੀ, ਭਾਵ ਤੂੰ ਨਰਕਾਂ ਵਿਖੇ ਨਹੀਂ ਜਾਵੇਂਗਾ॥ ੭੪॥

ਮਹਲਾ ੫॥

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸਲੋਕ ਉਚਾਰ ਕੇ ਫਰੀਦ ਜੀ ਨੂੰ ਸਿਰੋਪਾ ਦਿੰਦੇ ਹਨ--

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥

ਹੇ ਫਰੀਦ! ਖਾਲਕੁ= ਪਰਮਾਤਮਾ ਖਲਕ= ਸ੍ਰਿਸ਼ਟੀ ਵਿਚ ਅਧਿਸ਼ਠਾਨ ਰੂਪ ਹੋ ਕੇ ਵਸ ਰਿਹਾ ਹੈ ਅਤੇ ਖਲਕਤ ਉਸ ਰੱਬ ਵਿਚ ਕਲਪਤ ਰੂਪ ਨਾਲ ਵਸ ਰਹੀ ਹੈ। *ਅਥਵਾ*- ਖਾਲਕ= ਪ੍ਰਭੂ ਖਲਕਤ ਵਿਖੇ ਵਸ ਰਿਹਾ ਹੈ ਅਤੇ ਖਲਕਤ ਰੱਬ ਵਿਚ ਵਸ ਰਹੀ ਹੈ।

ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ ੭੫॥

ਜੇ ਕਰ ਉਸ ਵਾਹਿਗੁਰੂ ਤੋਂ ਬਿਨਾਂ ਹੈ ਹੀ ਕੋਈ ਨਹੀਂ ਤਾਂ ਫਿਰ ਕਿਸ ਨੂੰ ਮੰਦਾ ਆਖਣਾ ਹੈ॥ ੭੫॥

ਉਥਾਨਕਾ-ਤਪ ਕਰਦਿਆਂ-ਕਰਦਿਆਂ ਜਿਸ ਵਕਤ ਫਰੀਦ ਜੀ ਥੱਕ ਗਏ ਤੇ ਖੁਦਾ ਵੀ ਨਾ ਬਹੁੜਿਆ। ਉਸ ਵੇਲੇ ਵਿਆਕੁਲ ਦਸ਼ਾ ਵਿਖੇ ਇਹ ਸਲੋਕ ਉਚਾਰਨ ਕੀਤਾ-

ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥

ਫਰੀਦ ਜੀ ਕਥਨ ਕਰਦੇ ਹਨ-ਜਿਸ ਦਿਹਾੜੇ ਜਨਮ ਸਮੇਂ ਦਾਈ ਨੇ ਮੇਰਾ ਨਾਲਾ ਕਪਿਆ= ਨਾੜੂ ਕਟਿਆ ਸੀ ਜੇਕਰ ਉਸ ਵੇਲੇ ਚੁਖ= ਰੰਚਕ ਮਾਤ੍ਰ ਮੇਰਾ ਗਲ ਵੀ ਕਪਹਿ= ਕੱਟ ਦਿੰਦੀ। ਤਾਂ-

ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ॥ ੭੬॥

(ਜੰਗਲਾਂ ਵਿਚ ਰੁਲਣ ਦੇ ਅਤੇ ਤਪ ਕਰਨ ਦੇ) ਇਤਨੇ ਮਾਮਲੇ ਨਾ ਪੈਂਦੇ ਅਤੇ ਨਾ ਹੀ ਮੈਂ ਇਤਨੇ ਵਿਛੋੜੇ ਦੇ ਦੁੱਖਾਂ ਨੂੰ ਸਹਾਂ= ਸਹਾਰਦਾ॥ ੭੬॥

ਉਥਾਨਕਾ-ਹੁਣ ਬਿਰਧ ਅਵਸਥਾ ਦੀ ਹਾਲਤ ਸੁਣਾਉਂਦੇ ਹਨ। ਬਿਰਧ ਅਵਸਥਾ ਦੇ ਆਉਣ ਕਰ ਕੇ-

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥

(ਸਖਤ ਸਖਤ ਚੀਜ਼ਾਂ ਦੇ) ਚੱਬਣ ਵਾਲੇ ਦੰਦ, (ਪ੍ਰਿਥਵੀ ਪਰ) ਚੱਲਣ (ਵਾਲੇ) ਪੈਰ, ਰਤਨਾਂ ਸਮਾਨ (ਉਜਲ ਤੇ ਪ੍ਰਕਾਸ਼ਵਾਨ) ਨੇਤ੍ਰ ਤੇ (ਸ਼ਬਦਾਂ ਦੇ ਸੁਣਨ ਵਾਲੇ) ਸੁਣੀਅਰ= ਕੰਨ ਇਤਿਆਦਿਕ ਸਾਰੇ ਇੰਦ੍ਰੀਏ ਆਪੋ ਆਪਣੇ ਕਰਤਬਾਂ ਵਲੋਂ ਬਹਿ ਗਏ ਭਾਵ ਸਿਥਲ ਹੋ ਗਏ ਹਨ।

ਅਥਵਾ- ਜਿਵੇਂ ਮੀਂਹ ਦੇ ਪੈਣ ਕਰ ਕੇ ਕੱਚੀ ਕੰਧ ਬਹਿ ਜਾਂਦੀ ਹੈ, ਤਿਵੇਂ ਬਿਰਧ ਅਵਸਥਾ ਰੂਪੀ ਮੀਂਹ ਦੇ ਪੈਣ ਨਾਲ ਸਭ ਇੰਦ੍ਰੀਏ ਆਪੋ ਆਪਣੀਆਂ ਗੋਲਕਾਂ ਵਿਚ ਬਹਿ ਗਏ। ਭਾਵ ਕਮਜ਼ੋਰ ਹੋ ਗਏ ਹਨ।

ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥ ੭੭॥

ਜਿਸ ਵੇਲੇ ਹੇੜੇ= ਸਰੀਰ ਨੇ ਧਾਹ ਮੁਤੀ= ਮਾਰੀ, ਭਾਵ ਜਿਸ ਵਕਤ ਸਰੀਰ ਨੇ ਜਵਾਬ ਦੇ ਦਿੱਤਾ, ਉਸ ਵੇਲੇ ਸੰਗ ਦੇ ਜਾਨੀ= ਪਿਆਰੇ ਜੋ ਇੰਦ੍ਰੀਏ ਸਨ ਸੇ= ਉਹ ਵੀ ਚਲੇ ਗਏ*॥ ੭੭॥

ਯਥਾ- ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥

(ਸੋਰਠਿ ਭਗਤ ਭੀਖਨ ਜੀ, ਪੰਨਾ ੬੫੯)

[ਪੰਨਾ ੧੩੮੨]

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

ਫਰੀਦ ਜੀ ਕਥਨ ਕਰਦੇ ਹਨ- ਹੇ ਪੁਰਸ਼ਾ! ਤੇਰੇ ਨਾਲ ਕੋਈ ਬੁਰਾ ਵੀ ਕਰੇ ਤਾਂ ਵੀ ਉਸ ਬੁਰਾ ਕਰਨ ਵਾਲੇ ਦਾ ਭਲਾ ਕਰ, ਉਸ ਦੀ ਬੁਰਿਆਈ ਨੂੰ ਦੇਖ ਕੇ ਤੂੰ ਆਪਣੇ ਮਨ ਵਿਖੇ ਗੁੱਸਾ ਨ ਹੰਢਾਇ= ਨਾ ਕਰ।

ਜਿਵੇਂ ਸਤਿਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ-

'ਤੇਰੇ ਭਾਣੈ ਸਰਬੱਤ ਦਾ ਭਲਾ॥' ਜਿਸ ਕਰ ਕੇ-

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ੭੮॥

(ਤੇਰੀ ਪ੍ਰਤੱਖ) ਦੇਹ ਨੂੰ (ਅਧਿਆਤਮਕ, ਅਧੀਭੂਤਕ ਅਤੇ ਅਧੀਦੈਵਿਕ ਆਦਿਕ ਕੋਈ) ਰੋਗ ਨਹੀਂ ਲੱਗੇਗਾ, ਤੇ ਬੁੱਧੀ ਰੂਪ ਪੱਲੇ ਵਿਖੇ ਸਤ ਸੰਤੋਖ ਆਦਿਕ ਸਭੁ= ਸਾਰੇ ਸ਼ੁਭ ਗੁਣਾਂ ਨੂੰ ਪਾ ਲਵੇਂਗਾ॥ ੭੮॥

ਉਥਾਨਕਾ- ਬਾਗ ਵਿਚ ਵਜਦੀ ਨੌਬਤ ਦੀ ਅਵਾਜ਼ ਸੁਣ ਕੇ ਇਹ ਸਲੋਕ ਉਚਾਰਦੇ ਹੋਏ ਵੈਰਾਗ ਜਨਕ ਉਪਦੇਸ਼ ਦਿੰਦੇ ਹਨ-

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥

ਫਰੀਦ ਜੀ ਕਥਨ ਕਰਦੇ ਹਨ—ਦੁਨੀਆਂ ਇਕ ਸ਼ੋਭਨੀਕ ਬਾਗ ਹੈ, ਜਿਸ ਵਿਖੇ ਪੰਛੀ ਪਰਾਹੁਣਿਆਂ ਸਮਾਨ ਰਾਤ ਕੱਟਣ ਲਈ ਆਏ ਹਨ।

ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥ ੭੯॥

(ਜਿਸ ਵਕਤ ਬਾਗਵਾਨ ਨੇ) ਸਵੇਰ ਨਾਲ ਨਉਬਤ ਵਜਾਈ ਤਾਂ ਪੰਛੀਆਂ ਨੇ ਚੱਲਣ ਦਾ ਸਾਜ ਕਰ ਲਿਆ, ਭਾਵ ਪੰਛੀ ਉਡਣ ਲਈ ਤਿਆਰ ਹੋ ਜਾਂਦੇ ਹਨ। ਇਹ ਹੈ ਦ੍ਰਿਸ਼ਟਾਂਤ, ਇਸੇ ਪ੍ਰਕਾਰ-

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥

ਫਰੀਦ ਜੀ ਕਥਨ ਕਰਦੇ ਹਨ—ਇਸ ਦੁਨੀਆਂ ਰੂਪੀ ਸੁਹਾਵਾ= ਸ਼ੋਭਨੀਕ (ਸੋਹਣੇ) ਬਾਗ ਵਿਚ ਜੀਵਾਂ ਰੂਪੀ ਪੰਛੀ ਕੁਝ-ਕੁ ਦਿਨ ਦੇ ਪਰਾਹੁਣੇ ਹਨ।

**ਦੰਦਾਂ ਕੰਨਾਂ ਲੋਇਣਾਂ ਤਿਨ੍ਹਾਂ ਦਿਤੀ ਹਾਰ। ਦੇਖ ਫਰੀਦਾ! ਉਠ ਚਲੇ ਮੁਢ ਕਦੀਮੀ ਦੇ ਯਾਰ।*

ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥ ੭੯॥

ਸੁਬਹ ਸਿਉ= ਆਦਿ ਤੋਂ ਹੀ ਭਾਵ ਜਨਮ ਤੋਂ ਹੀ ਤੇਰੇ ਨਾਲ ਮੌਤ ਰੂਪੀ ਨੌਬਤ ਵੱਜ ਰਹੀ ਹੈ। ਇਸ ਲਈ ਤੂੰ ਆਪਣੇ ਚੱਲਣ ਦਾ ਸਾਜ ਤਿਆਰ ਕਰ ਭਾਵ ਮੌਤ ਨੂੰ ਹਰ ਵੇਲੇ ਯਾਦ ਰੱਖ। *ਅਥਵਾ*-ਆਦਿ ਤੋਂ ਹੀ ਭਾਵ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਵੇਦ ਰੂਪੀ ਨੌਬਤ ਵੱਜ ਰਹੀ ਹੈ, ਇਸ ਲਈ ਤੂੰ ਚਲਣੇ ਦਾ ਸਾਜ ਤਿਆਰ ਕਰ ਕੇ ਰੱਖ। ਭਾਵ ਜਪ ਤਪ ਆਦਿਕ ਸਾਧਨਾਂ ਨੂੰ ਕਰ ਕੇ ਆਪਣੇ ਮਨੁੱਖਾ ਜਨਮ ਨੂੰ ਸਫਲਾ ਕਰ ਲੈ। ਜਿਸ ਕਰ ਕੇ ਪ੍ਰਲੋਕ-ਘਰ ਵਿਖੇ ਤੇਰਾ ਸੁਖ ਸਹਿਤ ਵਾਸਾ ਹੋ ਜਾਵੇ॥ ੭੯॥

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥

ਫਰੀਦ ਜੀ ਕਥਨ ਕਰਦੇ ਹਨ— ਜਿਸ ਤਰ੍ਹਾਂ ਸ਼ਾਹੂਕਾਰਾਂ ਵਲੋਂ ਰਾਤ ਨੂੰ ਕਥੂਰੀ= ਕਸਤੂਰੀ ਵੰਡੀ ਜਾਂਦੀ ਹੈ ਪਰ ਸੁੱਤਿਆਂ ਹੋਇਆਂ ਪੁਰਸ਼ਾਂ ਨੂੰ ਉਸ ਕਸਤੂਰੀ ਵਿਚੋਂ ਕੁਝ ਵੀ ਭਾਉ= ਹਿੱਸਾ ਨਹੀਂ ਮਿਲਦਾ।

ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ॥ ੮੦॥

ਜਿਨ੍ਹਾਂ ਪੁਰਸ਼ਾਂ ਦੇ ਨੇਤ੍ਰ ਨੀਂਦ੍ਰਾਵਲੇ= ਨਿੰਦਰਾਂ ਵਾਲੇ ਹਨ, ਭਾਵ ਜੋ ਪੁਰਸ਼ ਸੁੱਤੇ ਰਹਿੰਦੇ ਹਨ, ਉਹਨਾਂ ਨੂੰ ਕਸਤੂਰੀ ਦਾ ਮਿਲਣਾ ਬੜਾ ਕੁਆਉ= ਕਠਿਨ ਭਾਵ ਔਖਾ ਹੈ।

ਵਾ-ਉਨ੍ਹਾਂ ਆਲਸੀਆਂ ਨੂੰ ਕਸਤੂਰੀ ਦਾ ਮਿਲਣਾ ਕੁਆਉ= ਕਿਸ ਤਰ੍ਹਾਂ ਹੋ ਸਕਦਾ ਹੈ? *ਅਥਵਾ*-ਜਿਨ੍ਹਾਂ ਦੇ ਨੇਤਰ ਨੀਂਦ੍ਰਾ-ਵਲੇ= ਨਿੰਦ੍ਰਾ ਵਲੋਂ ਹਟੇ ਹਨ ਜੋ ਪੁਰਸ਼ ਉਦਮੀ ਹਨ। ਤਿਨ੍ਹਾਂ ਮਿਲਣੁ ਕੁਆਉ= ਉਨ੍ਹਾਂ ਨੂੰ ਬੁਲਾ ਕੇ ਕਸਤੂਰੀ ਮਿਲਦੀ ਭਾਵ ਦਿਤੀ ਜਾਂਦੀ ਹੈ। ਇਹ ਦ੍ਰਿਸ਼ਟਾਂਤ ਹੈ, ਇਸੀ ਪ੍ਰਕਾਰ-

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥

ਫਰੀਦ ਜੀ ਕਥਨ ਕਰਦੇ ਹਨ-ਸ਼ਹਿਨਸ਼ਾਹ ਜੋ ਗੁਰੂ ਸਾਹਿਬ ਜੀ ਹਨ, ਉਹਨਾਂ ਵਲੋਂ ਅਵਸਥਾ ਰੂਪ ਰਾਤ ਵਿਖੇ ਸਤਿਸੰਗ ਦੁਆਰਾ ਭਗਤੀ ਰੂਪ ਕਸਤੂਰੀ ਵੰਡੀ ਜਾਂਦੀ ਹੈ, ਪਰ ਜੋ ਅਵਿਦਿਆ ਰੂਪ ਨੀਂਦ ਵਿਚ ਸੁੱਤੇ ਹੋਏ ਹਨ ਉਹਨਾਂ ਨੂੰ ਭਗਤੀ ਦਾ ਭਾਉ= ਹਿੱਸਾ ਨਹੀਂ ਮਿਲਦਾ।

ਜਿੰਨ੍ਹਾਂ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ॥ ੮੦॥

ਜਿਨ੍ਹਾਂ ਮਨਮੁਖਾਂ ਦੇ ਮਨ ਬੁੱਧੀ ਰੂਪ ਨੇਤ੍ਰ ਅਵਿਦਿਆ ਰੂਪ ਨਿੰਦਰਾ ਵਾਲੇ ਹਨ, ਉਨ੍ਹਾਂ ਨੂੰ ਭਗਤੀ ਦਾ ਮਿਲਣਾ ਬੜਾ ਕੁਆਉ= ਕਠਿਨ ਭਾਵ ਔਖਾ ਹੈ।

ਅਥਵਾ-ਜਿਨ੍ਹਾਂ ਗੁਰਮੁਖ ਜਗਿਆਸੂਆਂ ਦੇ ਮਨ ਬੁੱਧੀ ਰੂਪੀ ਨੇਤਰ ਨੀਂਦ੍ਰਾ-ਵਲੇ= ਅਵਿਦਿਆ ਰੂਪੀ ਨੀਂਦ ਵਲੋਂ ਹਟੇ ਹਨ, ਉਨ੍ਹਾਂ ਨੂੰ ਭਗਤੀ ਦਾ ਮਿਲਣਾ ਕੁਆਉ= ਬੁਲਾ ਕੇ ਹੁੰਦਾ ਹੈ, ਜਿਸ ਤਰ੍ਹਾਂ ਭਾਈ ਬਹਿਲੋ ਨੂੰ ਬੁਲਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖਸ਼ਿਸ਼ ਕੀਤੀ ਸੀ॥ ੮੦॥

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥

ਫਰੀਦ ਜੀ ਕਥਨ ਕਰਦੇ ਹਨ— ਕਿ ਮੈਂ ਤਾਂ ਜਾਨਿਆ= ਨਿਸਚੇ ਕੀਤਾ ਸੀ ਕਿ ਪ੍ਰਤੱਖ ਦੁੱਖ, ਵਾ ਭੁੱਖ ਦਾ ਦੁੱਖ, ਵਾ ਵਿਛੋੜੇ ਦਾ ਦੁੱਖ ਮੈਨੂੰ ਹੈ ਪਰ ਦੁੱਖ ਤਾਂ ਜਗਤ ਵਿਖੇ ਸਾਰਿਆਂ ਜੀਵਾਂ ਨੂੰ ਹੀ ਹੈ। ਉਸ ਵੇਲੇ ਸ਼ੰਕਾਵਾਦੀ ਨੇ ਸ਼ੰਕਾ ਕੀਤਾ ਕਿ ਹੇ ਫਕੀਰ ਸਾਂਈ ! ਤੈਨੂੰ ਕਿਵੇਂ ਪਤਾ ਲੱਗਾ ਕਿ ਸਾਰੇ ਜੀਵ ਦੁਖੀ ਹਨ? *ਉੱਤਰ*-

ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ ੮੧ ॥

ਜਿਸ ਵੇਲੇ ਗਿਆਨ ਵੈਰਾਗ ਰੂਪ ਉਚੇ ਟਿੱਬੇ ਪਰ ਚੜ੍ਹ ਕੇ ਦੇਖਿਆ ਤਾਂ ਹੀ ਮੈਂ ਇਹ ਨਿਸਚੇ ਕੀਤਾ ਕਿ ਸਾਰੇ ਘਰਾਂ ਵਿਚ ਏਹੀ ਦੁੱਖਾਂ ਰੂਪੀ ਅੱਗ ਲੱਗ ਰਹੀ ਹੈ। ਭਾਵ-ਕਿਸੇ ਦਾ ਸਰੀਰ ਰੂਪ ਘਰ ਵਿਚ ਕਾਮ ਦੀ ਅੱਗ ਲੱਗ ਰਹੀ ਹੈ। ਕਿਸੇ ਦੇ ਘਰ ਵਿਚ ਕਰੋਧ ਦੀ ਅੱਗ ਲੱਗ ਰਹੀ ਹੈ। ਕਿਸੇ ਦੇ ਘਰ ਵਿਚ ਲੋਭ ਦੀ ਅੱਗ ਲੱਗ ਰਹੀ ਹੈ। ਕਿਸੇ ਦੇ ਘਰ ਵਿਚ ਰਾਗ ਦਵੈਸ਼ ਤੇ ਈਰਖਾ ਦੀ ਬਖੀਲੀ ਆਦਿ ਰੂਪ ਅੱਗ ਲੱਗ ਰਹੀ ਹੈ।

ਮਹਲਾ ੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥

ਹੇ ਫਰੀਦ! ਇਹ ਬੁੱਧੀ ਰੂਪ ਧਰਤੀ ਹੈਗੀ ਤਾਂ ਰੰਗਾਵਲੀ= ਅਨੰਦ ਵਾਲੀ ਸੀ, ਪਰ ਇਸ ਮਨਮੁਖ ਜੀਵ ਨੇ ਬੁੱਧੀ ਰੂਪ ਧਰਤੀ ਵਿਚ ਵਿ= ਵਿਸ਼ੇਸ਼ ਕਰ ਕੇ ਕਾਮ ਆਦਿਕਾਂ ਰੂਪੀ ਸੂਲਾ= ਕੰਡਿਆਂ ਦਾ ਬਾਗ ਲਗਾਉਣਾ ਕੀਤਾ ਹੈ।

ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ ॥ ੮੨ ॥

ਜਿਹੜਾ ਪੁਰਸ਼ ਆਪਣੇ ਪੀਰਿ= ਗੁਰਾਂ ਦਾ ਨਿਵਾਜਿਆ= ਵਡਿਆਇਆ ਹੋਇਆ ਹੈ ਭਾਵ ਜਿਸ ਉਤੇ ਗੁਰਾਂ ਦੀ ਕਿਰਪਾ ਹੈ, ਉਹਨਾਂ ਗੁਰਮਤੀਆਂ ਨੂੰ ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ ਦਾ ਅਥਵਾ ਵਿਸ਼ੇ ਵਿਕਾਰਾਂ ਰੂਪੀ ਅਗਨੀ ਦਾ ਕੋਈ ਅੰਚ= ਸੇਕ ਨਹੀਂ ਲਗਦਾ ॥ ੮੨ ॥*

ਮਹਲਾ ੫ ॥

ਇਹ ਸਲੋਕ ਵੀ ਫਰੀਦ ਜੀ ਪ੍ਰਤੀ ਕਥਨ ਕਰਦੇ ਹੋਏ ਉਪਦੇਸ਼ ਦਿੰਦੇ ਹਨ-

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥

ਹੇ ਫਰੀਦ! ਸੁਹਾਵੜੀ= ਰੋਗ ਤੋਂ ਰਹਿਤ ਲੰਮੀ ਉਮਰ ਦੇ ਸਹਿਤ ਜਿਨ੍ਹਾਂ ਦੀ ਸੁਵੰਨੜੀ= ਗੋਰੇ ਰੰਗ ਵਾਲੀ ਸੋਨੇ ਵਰਗੀ ਸੁੰਦਰ ਦੇਹ ਹੈ। ਅਤੇ-

ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥ ੮੩ ॥

ਜਿਨ੍ਹਾਂ ਦਾ ਪਿਆਰੇ ਵਾਹਿਗੁਰੂ ਨਾਲ ਨੇਹ= ਪ੍ਰੇਮ ਵੀ ਹੈ ਇਹੋ ਜਿਹੇ ਗੁਰਮੁਖ ਜਨ ਮਹਾਤਮਾਂ ਸੰਸਾਰ ਵਿਖੇ ਵਿਰਲੇ ਹੀ ਪਾਏ ਜਾਂਦੇ ਹਨ। *ਅਥਵਾ-* ਉਮਰ ਸੁਹਾਵੜੀ= ਸ਼ੋਭਨੀਕ ਭਾਵ ਰੋਗ ਤੋਂ ਰਹਿਤ ਲੰਮੀ ਉਮਰ ਦਾ ਹੋਣਾ। ਸੰਗਿ ਸੁਵੰਨੜੀ ਦੇਹ= ਨਾਲ ਹੀ ਸ੍ਰੇਸ਼ਟ ਰੰਗ ਵਾਲੀ ਦੇਹ ਦਾ ਹੋਣਾ ਅਤੇ ਪਿਆਰੇ ਪਰਮਾਤਮਾ ਦੇ ਨਾਲ ਪ੍ਰੇਮ ਹੋਣਾ। ਇਹਨਾਂ ਤਿੰਨਾਂ ਗੱਲਾਂ ਨੂੰ ਕੋਈ ਵਿਰਲੇ ਹੀ ਗੁਰਮੁਖ ਪਾਉਂਦੇ ਹਨ। ਜਿਨ੍ਹਾਂ ਦੇ ਮੱਥੇ ਦੇ ਭਾਗ ਚੰਗੇ ਹਨ ॥ ੮੩ ॥+

ਉਥਾਨਕਾ-ਜਿਸ ਪਾਕਪਟਨ ਸ਼ਹਿਰ ਵਿਚ ਫਰੀਦ ਜੀ ਰਿਹਾ ਕਰਦੇ ਸਨ ਦੇਵਨੇਤ ਨਾਲ ਉਸ ਨੂੰ

---

*ਇਹ ਸਲੋਕ ਰਾਮਕਲੀ ਦੀ ਦੂਜੀ ਵਾਰ ਪੰਨਾ ੯੬੬ ਪਰ ਭੀ ਗੁਰੂ ਜੀ ਨੇ ਅੰਕਿਤ ਕੀਤਾ ਹੈ।

+ਇਹ ਸਲੋਕ ਵੀ ਰਾਮਕਲੀ ਦੀ ਦੂਜੀ ਵਾਰ ਪੰਨਾ ੯੬੬ ਪਰ ਗੁਰੂ ਸਾਹਿਬਾਂ ਨੇ ਲਿਖਿਆ ਹੋਇਆ ਹੈ।

ਦਰਿਆ ਨੇ ਢਾਹ ਲਾ ਦਿੱਤੀ। ਲੋਕਾਂ ਨੇ ਜਤਨ ਤੁਾਂ ਬਹੁਤ ਕੀਤੇ ਪਰ ਸਫਲਤਾ ਪ੍ਰਾਪਤ ਨਾ ਹੁੰਦੀ ਦੇਖ ਕੇ ਫਰੀਦ ਜੀ ਪਾਸ ਆਏ ਤੇ ਬੇਨਤੀ ਕਰ ਕੇ ਉਸ ਜਗ੍ਹਾ 'ਤੇ ਲੈ ਆਏ। ਉਥੇ ਦਰਿਆਂ ਦੇ ਕਿਨਾਰੇ 'ਤੇ ਖਲੋ ਕੇ ਫਰੀਦ ਜੀ ਨੇ ਇਹ ਸ਼ਲੋਕ ਉਚਾਰਨਾ ਕੀਤਾ-

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥

ਹੇ ਵਹਣ= ਦਰਿਆ! ਤੂੰ ਇਹਨਾਂ ਕੰਧੀ= ਕਿਨਾਰਿਆਂ ਨੂੰ ਨਾ ਢਾਹੁਣਾ ਕਰ, ਜੇ ਢਾਇੰਗਾ ਤਾਂ ਤੈਨੂੰ ਵੀ ਖੁਦਾ ਦੀ ਦਰਗਾਹ ਵਿਚ ਲੇਖਾ= ਹਿਸਾਬ ਦੇਣਾ ਪਵੇਗਾ। ਇਸ ਤਰ੍ਹਾਂ ਤਿੰਨ ਚਾਰ ਵਾਰੀ ਕਹਿਣ 'ਤੇ ਵੀ ਦਰਿਆ ਨੇ ਪਲਟਾ ਨਾ ਖਾਧਾ ਤਾਂ ਉਸ ਵੇਲੇ ਫਰੀਦ ਜੀ ਪ੍ਰੇਮੀਆਂ ਪਾਸੋਂ ਕਹੀ ਮੰਗਵਾ ਕੇ ਆਪ ਵੀ ਕਿਨਾਰਿਆਂ ਨੂੰ ਪੁੱਟਣ ਲੱਗ ਪਏ। ਫਰੀਦ ਜੀ ਦੀ ਇਹ ਕਿਰਿਆ ਵੇਖ ਕੇ ਲੋਕਾਂ ਨੇ ਕਿਹਾ— "ਫਰੀਦ ਜੀ! ਇਹ ਕੀ ਕਰਨ ਲੱਗ ਪਏ ਜੇ? ਤੁਹਾਨੂੰ ਤਾਂ ਦਰਿਆ ਦੇ ਠੱਲ੍ਹਣ ਵਾਸਤੇ ਬੁਲਾਇਆ ਸੀ ਪਰ ਤੁਸੀਂ ਤਾਂ ਸਗੋਂ ਆਪ ਹੀ ਕਿਨਾਰਿਆਂ ਨੂੰ ਢਾਹੁਣ ਲੱਗ ਪਏ ਹੋ।" ਫਰੀਦ ਜੀ ਨੇ ਕਿਹਾ- ਮੇਰੇ ਕੀ ਅਖਤਿਆਰ ਹੈ। ਕਿਉਂਕਿ—

ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ॥ ੮੪॥

ਜਿਸ ਪਾਸੇ ਪ੍ਰਭੂ ਦੀ ਆਗਿਆ ਹੈ ਇਹ ਵਹਣੁ= ਦਰਿਆ ਤਿਦਾਊ ਗੰਉ ਕਰੇ= ਤਿਸ ਪਾਸੇ ਚਲਣਾ ਕਰ ਰਿਹਾ ਹੈ॥ ੮੪॥ *ਅਥਵਾ-*

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥

ਹੇ ਵਹਣ= ਜੀਵ! ਤੂੰ ਵੈਰਾਗ ਤੇ ਭਗਤੀ ਰੂਪ ਕੰਧੀ= ਕੰਢੇ ਢਾਹਣਾ ਨਾ ਕਰ। ਜੇ ਢਾਏਂਗਾ ਤਾਂ ਤੈਨੂੰ ਵੀ ਦਰਗਾਹ ਵਿਖੇ ਹਿਸਾਬ ਦੇਣਾ ਪਏਗਾ। ਤਾਂ ਅੱਗੋਂ ਜੀਵ ਨੇ ਕਿਹਾ "ਮੈਨੂੰ ਕੀ ਕਰਨਾ ਚਾਹੀਦਾ ਹੈ?" *ਉੱਤਰ-*

ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ॥ ੮੪॥

ਜਿਸ ਤਰਫ ਰੱਬ ਦੀ ਰਜਾਇ= ਆਗਿਆ ਹੈ ਭਾਵ ਪ੍ਰਭੂ ਨੇ ਵੇਦਾਂ ਸ਼ਾਸਤਰਾਂ ਵਿਖੇ ਜੋ ਕਥਨ ਕੀਤਾ ਹੈ, ਹੇ ਵਹਣੁ= ਜੀਵ! ਤਿਦਾਊ= ਉਸੇ ਅਨੁਸਾਰ ਤੂੰ ਗੰਉ= ਚਲਣਾ ਕਰ॥ ੮੪॥

ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥

ਫਰੀਦ ਜੀ ਕਥਨ ਕਰਦੇ ਹਨ—ਵਿਸ਼ੇ ਪਰਾਇਣ ਹੋਣ ਕਰ ਕੇ ਪਾਪੀ ਪੁਰਸ਼ਾਂ ਦਾ ਜੋਬਨ ਅਵਸਥਾ ਰੂਪੀ ਦੇਹੁ= ਦਿਨ ਡੁਖਾ= ਦੁੱਖਾਂ ਨਾਲ ਹੀ ਬਤੀਤ ਹੋ ਗਿਆ ਹੈ ਅਤੇ ਬਿਰਧ ਅਵਸਥਾ ਰੂਪੀ ਰਾਤ ਚਿੰਤਾ ਰੂਪੀ ਸੂਲਾਂ ਸਹਿਤ ਬਤੀਤ ਹੋ ਰਹੀ ਹੈ। ਅਜਿਹੀ ਅਵਸਥਾ ਦੇਖ ਕੇ-

ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ॥ ੮੫॥

ਪੱਤਣ ਦੇ ਮਾਲਕ ਗੁਰੂ ਸਾਹਿਬ ਜੀ ਵੈਰਾਗ ਰੂਪ ਪੱਤਣ ਤੇ ਖਲੋਕੇ ਉੱਚੀ-ਉੱਚੀ ਪੁਕਾਰ ਰਹੇ ਹਨ-- ਐ ਦੁਨੀਆ ਦੇ ਲੋਕੋ! ਹੁਸ਼ਿਆਰ ਹੋ ਜਾਓ, ਕਿਉਂਕਿ ਵਾਸ਼ਨਾ ਰੂਪੀ ਪਉਣ ਦੇ ਚੱਲਣ ਕਰ ਕੇ- ਤੁਹਾਡਾ ਸਰੀਰ ਰੂਪੀ ਬੇੜਾ ਕਾਮ ਅਦਿਕਾਂ ਰੂਪੀ ਕਪਰਾਂ ਦੇ ਵਾਤਿ= ਮੂੰਹ 'ਚ ਆ ਰਿਹਾ ਹੈ। ਜਿਸ ਕਰ ਕੇ ਤੁਹਾਨੂੰ ਬਚਣ ਦੀ ਇੱਛਾ ਹੈ ਤਾਂ ਸਤਿਸੰਗ ਦੁਆਰਾ ਨਾਮ ਸਿਮਰਨ ਕਰੋ॥ ੮੫॥

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥

ਕਾਲ਼ ਰੂਪੀ ਲੰਮੀ-ਲੰਮੀ ਨਦੀ ਵਗ ਰਹੀ ਹੈ, ਭਾਵ ਚਾਰੋਂ ਦਿਸ਼ਾਂ ਵਿਚ ਕਾਲ ਦਾ ਹੀ ਜ਼ੋਰ ਚਲ ਰਿਹਾ ਹੈ। ਫਿਰ ਜਿਸ ਕਾਲ ਰੂਪੀ ਨਦੀ ਦਾ ਸਰੀਰ ਰੂਪ ਕੰਢੇ ਢਾਉਣ ਵਿਚ ਹੇਤਿ= ਪ੍ਰੇਮ ਹੈ। *ਅਥਵਾ*-ਮਾਇਆ ਦੀ ਤ੍ਰਿਸ਼ਨਾ ਰੂਪੀ ਲੰਮੀ ਲੰਮੀ ਨਦੀ ਵਗ ਰਹੀ ਹੈ।

ਯਥਾ- ਸਹਸ ਖਟੇ ਲਖ ਕਉ ਉਠਿ ਧਾਵੈ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥

(ਗਉੜੀ ਸੁਖਮਨੀ, ਪੰਨਾ ੨੭੮)

ਤਥਾ- ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥ ੧॥ ਰਹਾਉ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥
ਪਰੈ ਪਰੈ ਹੀ ਕਉ ਲੁਝੀ ਹੇ॥ ੧॥

(ਗਉੜੀ ਮਹਲਾ ੫, ਪੰਨਾ ੨੧੩)

ਜਿਸ ਤ੍ਰਿਸ਼ਨਾ ਰੂਪੀ ਨਦੀ ਦਾ ਸ਼ੁਭ ਗੁਣਾਂ ਰੂਪੀ ਕਿਨਾਰਿਆਂ ਦੇ ਢਾਉਣੇ ਵਿਖੇ ਹੇਤਿ= ਪ੍ਰੇਮ ਹੈ।

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਧੁਚੇਤਿ॥ ੮੬॥

ਜੇਕਰ ਗੁਰੂ ਸਾਹਿਬ ਜੀ ਰੂਪੀ ਪਾਤਣ= ਮਲਾਹ ਸੁਚੇਤ ਹੋ ਕੇ ਰਹਿਣ ਤਾ ਇਸ ਸਿੱਖ ਦੇ ਸਰੀਰ ਰੂਪ ਬੇੜੇ ਦਾ ਕਾਮ ਆਦਿਕਾਂ ਰੂਪੀ ਕੱਪਰ ਕੀ ਵਿਗਾੜ ਸਕਦੇ ਹਨ ਭਾਵ ਕੁਝ ਨਹੀਂ ਵਿਗਾੜ ਸਕਦੇ। ਜਿਸ ਤਰ੍ਹਾਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਚੇਤ ਰਹਿਣ ਕਰ ਕੇ ਭਾਈ ਜੋਗਾ ਸਿੰਘ ਦਾ ਕਾਮ ਆਦਿਕ ਕੁਝ ਵੀ ਵਿਗਾੜ ਨਹੀਂ ਕਰ ਸਕੇ॥ ੮੬॥

ਉਥਾਨਕਾ-ਪੂਰਨ ਗੁਰਾਂ ਦੀ ਪ੍ਰਾਪਤੀ ਵਿਖੇ ਦੁਰਲੱਭਤਾ ਵਰਣਨ ਕਰਦੇ ਹਨ-

ਫਰੀਦਾ ਗਲਾਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥

ਫਰੀਦ ਜੀ ਕਥਨ ਕਰਦੇ ਹਨ—ਗੱਲੀਂ ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਇਕ ਦੀ ਬਜਾਇ ਵੀਹ ਸੱਜਣ ਬਣ ਜਾਂਦੇ ਹਨ ਪਰ ਜਿਸ ਤਰ੍ਹਾਂ ਦਾ ਆਤਮ ਜੀਵਨ ਵਾਲਾ ਸੱਜਣ ਮੈਂ ਢੂੰਢਦੀ ਹਾਂ, ਉਹ ਇਕ ਵੀ ਨਹੀਂ ਲੱਭਦਾ।

ਯਥਾ- ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥

(ਮਲਾਰ ਵਾਰ, ਪੰਨਾ ੧੨੮੬)

ਅਤੇ ਗੱਲਾਂ ਕਰਨ ਕਰ ਕੇ ਤਾਂ ਸਵਰਗ ਦੀ ਪ੍ਰਾਪਤੀ ਵੀ ਨਹੀਂ ਹੁੰਦੀ:

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥

(ਮਾਝ ਵਾਰ, ਪੰਨਾ ੧੪੧)

ਸੰਸਾਰਕ ਗੱਲਾਂ ਕਰ ਕੇ ਤਾਂ ਪਰਮੇਸ਼ਰ-ਪਤੀ ਵੀ ਨਹੀਂ ਮਿਲਦਾ।

ਯਥਾ- ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ॥
ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥ ੨੩॥

(ਆਸਾ ਮਹਲਾ ੧, ਪਟੀ, ਪੰਨਾ ੪੩੩)

ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥ ੮੭॥

ਮਾ ਪਿਰੀ= ਮੇਰਾ ਪਤੀ ਜੋ ਪਰਮਾਤਮਾ ਹੈ ਤਿਸ ਦੀ ਪ੍ਰਾਪਤੀ ਵਾਸਤੇ ਮੈਂ ਵਿਜੋਗਣ ਮਾਂਲੀਹ= ਗੋਹਿਆਂ ਦੀ ਭੋਰ ਵਾਂਗੂ। *ਅਥਵਾ-*ਮਾਂਲੀਹ= ਬੱਕਰੀਆਂ ਦੀਆਂ ਸੁੱਕੀਆਂ ਮੇਂਙਣਾ ਵਾਂਗੂ ਧੁਖਦੀ ਪਈ ਹਾਂ।

ਉਥਾਨਕਾ- ਕਿਸੀ ਵਿਸ਼ਈ ਪੁਰਸ਼ ਨੇ ਸੰਸਾਰਕ ਸੁਖਾਂ ਦੀ ਤਾਰੀਫ ਕਰਦਿਆਂ ਹੋਇਆਂ ਫਰੀਦ ਜੀ ਨੂੰ ਆ ਕੇ ਕਿਹਾ-ਓਏ ਫਕੀਰ ਸਾਂਈਆਂ! ਤੂੰ ਸੰਸਾਰ ਦਾ ਕੀ ਦੇਖਿਆ ਹੈ? ਤੂੰ ਤਾਂ ਆਪਣੀ ਉਮਰ ਤਪ ਕਰਦਿਆਂ ਹੀ ਐਵੇਂ ਗਵਾ ਲਈ ਹੈ। ਇਹ ਗੱਲ ਸੁਣ ਕੇ ਫਰੀਦ ਜੀ ਉਸ ਨੂੰ ਉੱਤਰ ਦਿੰਦੇ ਹੋਏ ਸਮਝਾਉਂਦੇ ਹਨ—

ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ॥

ਫਰੀਦ ਜੀ ਕਥਨ ਕਰਦੇ ਹਨ— ਪਦਾਰਥਾਂ ਦੇ ਲਬ ਕਰ ਕੇ ਇਹ ਤਨ ਤਾਂ ਨਿਤਾਪ੍ਰਤੀ ਕੁੱਤੇ ਵਾਂਗੂੰ ਭਉਂਕਦਾ ਹੀ ਰਹਿੰਦਾ ਹੈ, ਇਸ ਨਿਕੰਮੇ ਸਰੀਰ ਦੇ ਮਗਰ ਲੱਗ ਕੇ ਨਿਤਾਪ੍ਰਤੀ ਕੌਣ ਦੁਖੀ ਹੋਵੇ?

ਕੰਨੀ ਬੁਜੇ ਦੇ ਰਹਾਂ ਕਿਤੀ ਵਰੈ ਪਉਣੁ॥ ੮੮॥

ਚਾਹੇ ਕਿਤੀ= ਕਿਤਨੀਆਂ ਹੀ ਵਿਸ਼ੇ ਵਾਸ਼ਨਾਂ ਰੂਪੀ ਹਵਾਵਾਂ ਵਗਣ ਪਰ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਕੰਨਾਂ ਵਿਖੇ ਵੈਰਾਗ, ਵਿਵੇਕ, ਵਾ ਸਮ ਦਮ ਰੂਪ ਬੁੱਜੇ ਦੇ ਰਹਿਣਾ ਕਰੇ॥ ੮੮॥

ਉਥਾਨਕਾ-ਕਿਸੇ ਪ੍ਰੇਮੀ ਨੇ ਆ ਕੇ ਕਿਹਾ—ਹੇ ਫਕੀਰ ਸਾਂਈਂ! ਚਲੋ ਆਪ ਜੀ ਨੂੰ ਅਰਬ* ਦੇ ਇਲਾਕੇ ਦੀਆਂ ਮਿੱਠੀਆਂ-ਮਿੱਠੀਆਂ ਖਜੂਰਾਂ ਖੁਆ ਲਿਆਈਏ। ਇਹ ਗੱਲ ਸੁਣ ਕੇ ਫਰੀਦ ਜੀ ਨੇ ਕਿਹਾ-

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥

ਫਰੀਦ ਜੀ ਕਥਨ ਕਰਦੇ ਹਨ—ਰੱਬ ਦਾ ਸਿਮਰਨ ਕਰਨ ਵਾਲੇ ਜੋ ਤੱਤ-ਵੇਤਾ ਮਹਾਤਮਾ ਹਨ, ਏਹੀ ਇਕ ਰੱਬ ਦੀਆਂ ਪੱਕੀਆਂ ਹੋਈਆਂ ਖਜੂਰਾਂ ਹਨ।+ ਜਿਨ੍ਹਾਂ ਮਹਾਤਮਾ (ਸਾਧ ਸੰਗਤ ਵਿਖੇ) ਨਾਮ ਸਿਮਰਨ, ਕਥਾ, ਕੀਰਤਨ ਰੂਪ ਮਾਖਿਅ= ਸ਼ਹਿਦ ਦੀ ਨਈ ਵਹੰਨ੍ਹਿ= ਨਦੀ ਵਗ ਰਹੀ ਹੈ।

ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨ੍ਹਿ॥ ੮੯॥

ਜਿਹੜਾ ਜਿਹੜਾ ਡੀਹੜਾ= ਦਿਨ ਉਹਨਾਂ ਮਹਾਤਮਾ ਪਾਸ ਬੈਠਿਆਂ ਵੰਞੈ= ਬਤੀਤ ਹੁੰਦਾ ਹੈ, ਸੋ= ਸੋਈ ਸੋਈ ਦਿਨ ਉਮਰ ਹਥ ਪਵੰਨ੍ਹਿ= ਉਮਰਾ ਨੂੰ ਹੱਥ ਪੈਂਦਾ ਹੈ, ਭਾਵ ਉਹ ਦਿਨ ਉਮਰਾ ਸਹਿਤ ਸਫਲਾ ਹੋ ਜਾਂਦਾ ਹੈ। ਇਸ ਲਈ ਹਰ ਮਨੁੱਖ ਨੂੰ ਸਾਰੇ ਕੰਮ ਛੱਡ ਕੇ ਵੀ ਸੰਤਾਂ ਦੀ ਸੰਗਤ ਕਰਨੀ ਚਾਹੀਦੀ ਹੈ।

**ਅਰਬ ਦੇਸ਼ ਦਾ ਰਾਜਾ 'ਨਾਸਰ' ਅੱਜੂ ੧੫ ਸੰਮਤ ੨੦੨੭ ਮੁਤਾਬਕ ੩੦ ਸਤੰਬਰ ੧੯੭੦ ਨੂੰ ਕਾਲ ਵਸ ਹੋਇਆ ਹੈ, ਅਕਤੂਬਰ ੧ ਨੂੰ ਜਨਾਜ਼ਾ ਨਿਕਲਿਆ ਅੱਜ ਦੇ ਦਿਨ ਹਿੰਦੁਸਤਾਨ ਦੇ ਕੁਲ ਸਰਕਾਰੀ ਦਫਤਰ ਬੰਦ ਰਹੇ ਹਨ।*

+ਤੁਰੀਆ ਅਵਸਥਾ (ਚਤੁਰਥ ਭੂਮਿਕਾ) ਵਿਖੇ ਜੋ ਪ੍ਰਪੱਕ ਹੋਣਾ ਹੈ ਇਹੀ ਮਹਾਤਮਾ ਰੂਪੀ ਖਜੂਰਾਂ ਦਾ ਪੱਕਣਾ ਹੈ ਅਤੇ ਜਿਨ੍ਹਾਂ ਵਿਖੇ ਆਤਮ ਅਨੰਦ ਰੂਪੀ ਰਸ ਭਰਿਆ ਹੋਇਆ ਹੈ।

ਯਥਾ- ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ੨੩੨॥

(ਸਲੋਕ ਕਬੀਰ, ਪੰਨਾ ੧੩੭੭)

ਉਥਾਨਕਾ-ਫਰੀਦ ਜੀ ਨੂੰ ਖੂਹ ਵਿਚ ਲਮਕ ਕੇ ਤਪ ਕਰਦਿਆਂ ਕਾਫੀ ਸਮਾਂ ਗੁਜ਼ਰ ਗਿਆ ਜਿਸ ਤੇ ਸਰੀਰ ਸੁੱਕ ਕੇ ਪਿੰਜਰੇ ਵਾਂਗੂ ਹੋ ਗਿਆ ਅਤੇ ਸਰੀਰ ਨੂੰ ਬੇ-ਜਾਨ ਸਮਝ ਕੇ ਕਾਵਾਂ ਨੇ ਪੈਰਾਂ ਦੀਆਂ ਤਲੀਆਂ ਉਪਰ ਠੂੰਗੇ ਮਾਰਨੇ ਸ਼ੁਰੂ ਕਰ ਦਿੱਤੇ। ਤਿਸ ਵੇਲੇ ਅਫਸੋਸ ਵਿਖੇ ਇਹ ਸਲੋਕ ਉਚਾਰਨ ਕੀਤਾ—

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥

ਫਰੀਦ ਜੀ ਕਥਨ ਕਰਦੇ ਹਨ-ਖੁਦਾ ਦੇ ਪ੍ਰੇਮ ਦੇ ਵਿਛੋੜੇ ਕਰ ਕੇ ਤਨੁ= ਸਰੀਰ ਸੁੱਕ ਕੇ ਪਿੰਜਰੇ ਵਾਂਗੂ ਥੀਆ= ਹੋ ਗਿਆ ਹੈ ਅਤੇ ਮੈਨੂੰ ਮੁਰਦਾ ਸਮਝ ਕੇ ਕਾਂ ਪੈਰਾਂ ਦੀਆਂ ਤਲੀਆਂ ਪਰ ਠੂੰਗੇ ਮਾਰਨ ਲੱਗ ਪਏ ਹਨ। *ਅਥਵਾ-* ਤਨੁ= ਸੂਖਮ ਸਰੀਰ ਸੁੱਕ ਕੇ ਪਿੰਜਰੇ ਵਾਂਗੂ ਹੋ ਗਿਆ ਹੈ, ਭਾਵ ਮੇਰੀ ਬੁੱਧੀ ਵਿਆਕੁਲ ਹੋ ਗਈ ਹੈ ਅਤੇ ਤਲੀਆਂ= ਇੰਦ੍ਰੀਆਂ, ਵਾ ਅੰਤਹਕਰਨ ਦੀਆਂ ਬਿਰਤੀਆਂ ਨੂੰ ਕਾਮ ਆਦਿਕਾਂ ਰੂਪੀ ਕਾਗ= ਕਾਂ ਖੂੰਡਹਿ= ਠੂੰਗੇ ਮਾਰਦੇ ਹਨ ਭਾਵ ਆਪਣੀ ਤਰਫ ਖਿੱਚਦੇ ਹਨ।

ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥ ੯੦॥

ਦੇਖੋ, ਬੰਦੇ ਦੇ ਐਸੇ ਖੋਟੇ ਭਾਗ ਹਨ ਕਿ ਅਜੇ ਤਕ ਵੀ ਰਬੁ ਨ ਬਾਹੁੜਿਓ= ਰੱਬ ਪਹੁੰਚਿਆ ਨਹੀਂ ਹੈ॥ ੯੦॥

ਉਥਾਨਕਾ-ਇਤਨੇ ਨੂੰ ਕਾਂ ਉਡ ਕੇ ਫਰੀਦ ਜੀ ਦੀਆਂ ਅੱਖਾਂ ਉਪਰ ਆ ਬੈਠੇ। ਇਹ ਦੇਖ ਕੇ ਫੇਰ ਫਰੀਦ ਜੀ ਨੇ ਇਹ ਸਲੋਕ ਉਚਾਰਿਆ—

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥

ਹੇ ਕਾਗਾ= ਕਾਵੋਂ! ਤੁਸੀਂ ਮੇਰੇ ਕਰੰਗ= ਸਰੀਰ 'ਚੋਂ ਢੰਢੋਲਿਆ= ਚੁਣ-ਚੁਣ ਕੇ ਸਾਰਾ ਮਾਸ ਖਾ ਲਿਆ ਹੈ। ਪਰ-

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ੯੧॥

ਹੇ ਕਾਵੋਂ! ਇਹਨਾਂ ਦੋਹਾਂ ਨੈਨਾ= ਨੇਤ੍ਰਾਂ ਨੂੰ ਮਤਿ ਛੁਹਉ= ਨਾ ਛੁਹਣਾ ਕਰੋ। ਭਾਵ ਇਹਨਾਂ ਦੋਵਾਂ ਨੇਤਰਾਂ ਨੂੰ ਨਾ ਖਾਣਾ ਕਰੋ। ਕਿਉਂਕਿ ਮੈਨੂੰ ਆਪਣੇ ਪਿਰੀ-ਪਰਮਾਤਮਾ ਦੇ ਦਰਸ਼ਨਾਂ ਦੀ ਆਸਾ ਲੱਗ ਰਹੀ ਹੈ॥ ੯੧॥

ਅਥਵਾ ***ਕਾਗਾ ਕਰੰਗ ਢੰਢੋਲਿਆ***

ਹੇ ਕਾਮ ਆਦਿਕਾਂ ਰੂਪੀ ਕਾਵੋਂ! ਤੁਸੀਂ ਇਕੱਠਿਆਂ ਹੋ ਕੇ ਮੇਰੇ ਹਿਰਦੇ ਰੂਪੀ ਸਰੀਰ 'ਚੋਂ ਢੂੰਢ ਕੇ

ਸਗਲਾ ਖਾਇਆ ਮਾਸੁ॥

ਸ਼ਾਰਾ ਹੀ ਸ਼ੁਭ-ਗੁਣਾਂ ਰੂਪੀ ਮਾਸ ਖਾ ਲਿਆ ਹੈ। ਪਰ—

ਏ ਦੁਇ ਨੈਨਾ ਮਤਿ ਛੁਹਉ

ਇਹਨਾਂ ਗਿਆਨ ਵੈਰਾਗ ਰੂਪੀ ਦੋਹਾਂ ਨੇਤ੍ਰਾਂ ਨੂੰ ਮਤਾਂ ਛੁਹਣਾ ਕਰੋ ਕਿਉਂਕਿ-

ਪਿਰ ਦੇਖਨ ਕੀ ਆਸ॥ ੯੧॥

ਮੇਰੇ ਮਨ ਵਿਖੇ ਇਹਨਾਂ ਅੱਖਾਂ ਦੁਆਰੇ ਪਿਰੀ (ਪਰਮਾਤਮਾ) ਦੇ ਦੇਖਣ ਦੀ ਆਸਾ ਲੱਗ ਰਹੀ ਹੈ। ਵਾ-

ਮਨ ਬੁੱਧੀ ਰੂਪ ਨੇਤਰਾਂ ਨੂੰ ਮਤ ਛੂਹਣਾ ਕਰੋ ਕਿਉਂਕਿ ਜੇ ਮਨ ਸ਼ੁੱਧ ਤੇ ਬੁੱਧੀ ਪਵਿੱਤਰ ਹੋਵੇਗੀ ਤਾਂ ਹੀ ਪਿਰੀ ਦਾ ਦਰਸ਼ਨ ਹੋਵੇਗਾ॥ ੯੧ ॥

ਉਥਾਨਕਾ-ਇਤਨੇ ਨੂੰ ਇਕ ਕਾਂ ਢਿੱਡ 'ਤੇ ਆ ਕੇ ਚੁੰਜਾਂ ਮਾਰਨ ਲੱਗ ਪਿਆ। ਇਹ ਦੇਖ ਕੇ ਫਰੀਦ ਜੀ ਕਹਿੰਦੇ ਹਨ-

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥

ਹੇ ਕਾਂ! ਮੇਰੇ ਸਰੀਰ ਪਿੰਜਰੇ ਨੂੰ ਨ ਚੂੰਡਿ= ਨਾ ਖਾਣਾ ਕਰ, ਜੇ ਕਰ ਕੇ ਤੂੰ ਆ ਕੇ ਬਸੈ= ਬੈਠਾ ਹੈਂ ਤਾਂ ਤੂੰ ਇਥੋਂ ਉਡਰਿ ਜਾਹਿ= ਉਡ ਜਾਹ।

ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥ ੯੨ ॥

ਜਿਸ ਸਰੀਰ-ਪਿੰਜਰੇ ਵਿਖੇ ਮੇਰਾ ਸਹੁ= ਪਤੀ (ਪਰਮਾਤਮਾ) ਵਸ ਰਿਹਾ ਹੈ, ਮਾਸੁ ਨ ਤਿਦੂ ਖਾਹਿ= ਉਸ ਵਿਚੋਂ ਤੂੰ ਮਾਸ ਨਾ ਖਾਣਾ ਕਰ॥ ੯੨ ॥

ਅਥਵਾ : ***ਕਾਗਾ ਚੂੰਡਿ ਨ ਪਿੰਜਰਾ***

ਹੇ ਕਾਮ ਅਦਿਕਾਂ ਰੂਪ ਕਾਵੋਂ! ਇਸ ਸੂਖਮ ਸਰੀਰ ਰੂਪ ਪਿੰਜਰੇ (ਬੁੱਧੀ) ਨੂੰ ਚੂੰਡਿ ਨ= ਦੁੱਖ ਨਾ ਦੇਣਾ ਕਰੋ।

ਬਸੈ ਤ ਉਡਰਿ ਜਾਹਿ॥

ਜੇ ਕਰ ਕੇ ਤੁਸੀਂ ਇਸ ਵਿਚ ਵਸਦੇ ਹੋ ਤਾਂ ਉਡ ਜਾਓ। ਅਤੇ

ਜਿਤੁ ਪਿੰਜਰੈ ਮੇਰਾ ਸਹੁ ਵਸੈ

ਜਿਸ ਸੂਖਮ ਸਰੀਰ ਰੂਪ ਪਿੰਜਰੇ (ਬੁੱਧੀ) ਵਿਚ ਮੇਰਾ ਸਹੁ= ਪਤੀ ਮਾਲਕ ਵਸ ਰਿਹਾ ਹੈ।

ਮਾਸੁ ਨ ਤਿਦੂ ਖਾਹਿ॥ ੯੨ ॥

ਤਿਦੂ= ਓਥੋਂ ਤੁਸੀਂ ਸ਼ੁਭ ਗੁਣਾਂ ਰੂਪੀ ਮਾਸ ਨੂੰ ਨਾ ਖਾਣਾ ਕਰੋ॥ ੯੨ ॥

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥

ਫਰੀਦ ਜੀ ਕਥਨ ਕਰਦੇ ਹਨ—ਨਿਮਾਣੀ ਗੋਰ*= ਕਬਰ ਇਉਂ ਸਡੁ= ਸੱਦਣਾ ਕਰਦੀ ਹੈ ਕਿ ਹੇ ਨਿਘਰਿਆ= ਘਰਾਂ ਤੋਂ ਰਹਿਤ ਪੁਰਸ਼ੋ! ਤੁਸੀਂ ਅਸਲ ਘਰ (ਕਬਰਾਂ) ਵਿਚ ਆਉਣਾ ਕਰੋ। *ਅਥਵਾ*-ਨਿਮਾਣੀ ਦੇਹ+ ਨੂੰ ਗੋਰ= ਕਬਰ ਸੱਦਣਾ ਕਰਦੀ ਹੈ ਕਿ ਹੇ ਨਿਘਰੀਏ! ਤੂੰ ਮੇਰੇ ਘਰ ਵਿਚ ਆਉਣਾ ਕਰ। ਕਿਉਂਕਿ—

ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩ ॥

ਤੂੰ ਸਰਪਰ ਮੈਥੈ= ਜ਼ਰੂਰ ਹੀ ਮੇਰੇ ਪਾਸ ਆ ਜਾਣਾ ਹੈ, ਇਸ ਲਈ ਤੂੰ ਮਰਣਹੁ= ਮੌਤ ਤੋਂ ਡਰਨਾ ਨਾ ਕਰ॥ ੯੩ ॥

**ਗੋਰ=ਕਬਰ ਨੂੰ ਨਿਮਾਣੀ ਇਸ ਵਾਸਤੇ ਕਿਹਾ ਹੈ ਜੋ ਪੁੱਟਣ ਲੱਗਿਆਂ ਕਹੀਆਂ ਗੈਂਤੀਆਂ ਨੂੰ ਸਹਾਰਦੀ ਹੋਈ ਪੁੱਟਣ ਵਾਲੇ ਨੂੰ ਕੁਝ ਨਹੀਂ ਕਹਿੰਦੀ।*

+ਦੇਹ ਨੂੰ ਨਿਮਾਣੀ ਇਸ ਵਾਸਤੇ ਕਿਹਾ ਹੈ ਕਿ ਚਲਣ ਲਗਿਆਂ ਇਨਕਾਰ ਨਹੀਂ ਕਰਦੀ।

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ॥

ਦੇਖ! ਇਹਨਾਂ ਅੱਖਾਂ ਨਾਲ ਵੇਖਦਿਆਂ ਵੇਖਦਿਆਂ ਕਿਤਨੀ ਹੀ ਸ੍ਰਿਸ਼ਟੀ ਚਲਿ ਗਈ= ਮਰ-ਖਪ ਗਈ ਹੈ।

ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ॥ ੯੪॥

ਫਰੀਦ ਜੀ ਕਥਨ ਕਰਦੇ ਹਨ— ਲੋਕਾਂ ਨੂੰ ਤਾਂ ਆਪੋ ਆਪਣੀ ਪਈ ਹੋਈ ਹੈ—ਕੋਈ ਕਹਿੰਦਾ ਹੈ ਕਿ ਮੈਂ ਆਪਣਾ ਮੁੰਡਾ ਵਿਆਹ ਲਵਾਂ। ਕੋਈ ਕਹਿੰਦਾ ਹੈ ਮੈਂ ਫਲਾਣਾ ਵਪਾਰ ਕਰ ਲਵਾਂ ਤਾਂ ਕਿ ਮੈਨੂੰ ਲਾਭ ਹੋ ਜਾਵੇ। ਕੋਈ ਕਹਿੰਦਾ ਹੈ, ਮੇਰੇ ਧਨ ਨੂੰ ਕਉਣ ਸਾਂਭੇਗਾ। ਕੋਈ ਕਹਿੰਦਾ ਹੈ, ਦੁਨੀਆਂ ਵਿਚ ਮੇਰਾ ਨਾਮ ਰੋਸ਼ਨ ਕਿਵੇਂ ਹੋਵੇਗਾ ਅਤੇ—ਮੈਨੂੰ ਆਪਣੀ ਚਿੰਤਾ ਪਈ ਹੋਈ ਹੈ ਕਿ ਇਸੇ ਜਨਮ ਵਿਚ ਹੀ ਖੁਦਾ ਨੂੰ ਮਿਲ ਪਵਾਂ॥ ੯੪॥

ਉਥਾਨਕਾ-ਇਸ ਤਰ੍ਹਾਂ ਦੇ ਨਿੰਮ੍ਰਤਾ ਦੇ ਬਚਨ ਸੁਣ ਕੇ ਖੁਦਾ ਨੇ ਅਕਾਸ਼ਬਾਣੀ ਦੁਆਰਾ ਕਿਹਾ-

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥

ਹੇ ਫਰੀਦ! ਜੇ ਤੂੰ ਆਪਣੇ ਆਪ ਨੂੰ ਸਵਾਰਹਿ= ਸਵਾਰ ਲਵੇਂ ਭਾਵ ਆਪਣੇ ਮਨ ਬੁੱਧੀ ਨੂੰ ਸ਼ੁੱਧ ਕਰ ਲਵੇਂਗਾ ਤਾਂ ਮੈਨੂੰ ਮਿਲ ਪਵੇਂਗਾ ਅਤੇ ਮੇਰੇ ਮਿਲਣ ਕਰ ਕੇ ਹੀ ਸੁਖਾਂ ਦੀ ਪ੍ਰਾਪਤੀ ਹੋਇ= ਹੋਵੇਗੀ।

ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥ ੯੫॥

ਹੇ ਫਰੀਦ! ਜੇਕਰ ਤੂੰ ਮੇਰਾ ਪੂਰਾ ਪੂਰਾ ਉਪਾਸ਼ਕ ਹੋ ਜਾਵੇਂ ਭਾਵ ਜੇ ਤੂੰ ਆਪਣੇ ਮਨ ਨੂੰ ਮੇਰੇ ਵੱਲੋਂ ਨਾ ਡੁਲਾਵੇ ਤਾਂ ਸਾਰਾ ਜਗਤ ਹੀ ਤੇਰਾ ਦਾਸ ਹੋ ਜਾਵੇਗਾ॥ ੯੫॥

ਉਥਾਨਕਾ-ਹੁਣ ਸਰੀਰ ਦੀ ਅਨਿੱਤਤਾ ਦਸਦੇ ਹੋਏ ਇਸ ਸਲੋਕ ਦੁਆਰਾ ਉਪਦੇਸ਼ ਦਿੰਦੇ ਹਨ—

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥

ਫਰੀਦ ਜੀ ਕਥਨ ਕਰਦੇ ਹਨ— ਹੇ ਪੁਰਸ਼ਾ! ਜਿਸ ਤਰ੍ਹਾਂ ਨਦੀ ਦੇ ਕਿਨਾਰੇ ਪਰ ਰੁਖੜਾ= ਬ੍ਰਿਛ ਕਿਚਰਕੁ= ਕਿਤਨਾ ਚਿਰ ਧੀਰਜ ਬੰਨ੍ਹ ਕੇ ਖੜਾ ਰਹਿ ਸਕਦਾ ਹੈ। ਇਹ ਦ੍ਰਿਸ਼ਟਾਂਤ ਹੈ, ਇਸੇ ਪ੍ਰਕਾਰ-ਹੇ ਪੁਰਸ਼ਾ! ਕਾਲ ਰੂਪ ਨਦੀ ਦੇ ਕਿਨਾਰੇ ਸਰੀਰ ਰੂਪੀ ਬ੍ਰਿਛ ਕਿਤਨਾ ਚਿਰ ਧੀਰਜ ਬੰਨ੍ਹ ਸਕਦਾ ਹੈ ਕਿਉਂਕਿ ਓੜਕ ਨੂੰ ਕਾਲ ਨੇ ਇਸ ਨੂੰ ਢਾਹ ਭਾਵ ਮਾਰ ਹੀ ਦੇਣਾ ਹੈ।

ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥ ੯੬॥

ਫਰੀਦ ਜੀ ਕਥਨ ਕਰਦੇ ਹਨ— ਜਿਵੇਂ ਮਿੱਟੀ ਦੇ ਕੱਚੇ ਭਾਂਡੇ ਵਿਚ ਕਿਚਰੁ ਤਾਈ= ਕਿਤਨਾ ਚਿਰ ਤਕ ਪਾਣੀ ਰਖਿਆ ਜਾ ਸਕਦਾ ਹੈ। ਤਿਵੇਂ ਸਰੀਰ ਰੂਪੀ ਕੱਚੇ ਭਾਂਡੇ ਵਿਖੇ ਸਵਾਸਾਂ ਰੂਪੀ ਪਾਣੀ ਕਿਤਨਾ ਚਿਰ ਰੱਖਿਆ ਜਾ ਸਕਦਾ ਹੈ। ਅਰਥਾਤ ਜਿਵੇਂ ਕੱਚੇ ਭਾਂਡੇ ਵਿਚੋਂ ਸਿਮ-ਸਿਮ ਕੇ ਸਾਰਾ ਪਾਣੀ ਖਤਮ ਹੋ ਜਾਂਦਾ ਹੈ। ਇਸੀ ਤਰ੍ਹਾਂ ਸਰੀਰ ਰੂਪੀ ਕੱਚੇ ਭਾਂਡੇ ਵਿਚੋਂ ਨਿਤਾਪ੍ਰਤੀ ਚਵੀ ਹਜ਼ਾਰ ਸਵਾਸਾਂ ਰੂਪੀ ਜਲ ਸਿਮ ਕੇ ਭਾਵ ਨਿਕਲ-ਨਿਕਲ ਕੇ ਸਾਰੇ ਦੇ ਸਾਰੇ ਸਵਾਸ ਖਤਮ ਹੋ ਜਾਂਦੇ ਹਨ।

*ਅਥਵਾ— **ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥ ੯੬॥***

ਫਰੀਦ ਜੀ ਕਥਨ ਕਰਦੇ ਹਨ-ਕੱਚੇ ਭਾਂਡੇ ਨੂੰ ਨੀਰੁ= ਜਲ ਵਿਖੇ ਕਦ ਤਕ ਰਖਿਆ ਜਾ ਸਕਦਾ ਹੈ। ਭਾਵ ਕੱਚਾ ਭਾਂਡਾ ਜਲ ਵਿਖੇ ਜਲਦੀ ਖੁਰ ਜਾਂਦਾ ਹੈ। ਇਸੇ ਤਰ੍ਹਾਂ ਸਰੀਰ ਰੂਪੀ ਕੱਚੇ ਭਾਂਡੇ ਨੂੰ ਪਦਾਰਥਾਂ ਰੂਪੀ ਜਲ ਵਿਖੇ ਕਦ ਤਕ ਰਖਿਆ ਜਾ ਸਕਦਾ ਹੈ। ਅਰਥਾਤ- ਜਿਸ ਤਰ੍ਹਾਂ ਕੱਚਾ ਭਾਂਡਾ ਪਾਣੀ ਵਿਖੇ ਖੁਰ ਜਾਂਦਾ ਹੈ। ਤਿਵੇਂ ਹੀ ਸਰੀਰ ਰੂਪੀ ਭਾਂਡਾ ਪਦਾਰਥਾਂ ਵਿਚ ਰੱਖਣ ਕਰ ਕੇ ਭਾਵ ਪਦਾਰਥਾਂ ਵਿਖੇ ਸਰੀਰ ਨੂੰ ਖੱਚਤ ਕਰਨੇ ਕਰ ਕੇ ਸਰੀਰ ਦਾ ਜਲਦੀ ਨਾਸ਼ ਹੋ ਜਾਂਦਾ ਹੈ॥ ੯੬॥

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥

ਫਰੀਦ ਜੀ ਕਥਨ ਕਰਦੇ ਹਨ—ਜਿਸ ਵੇਲੇ ਪ੍ਰਿਥਵੀ ਤਲ ਉਤੇ ਜੀਵ ਦਾ ਵਾਸਾ= ਨਿਵਾਸ ਹੋਇਆ ਭਾਵ ਮਰ ਗਿਆ ਤਾਂ ਇਹ ਜੀਵ ਜਿਨ੍ਹਾਂ ਮੰਦਰਾਂ ਦਾ ਹੰਕਾਰ ਕਰਦਾ ਸੀ, ਉਹ ਮਹਲ= ਮੰਦਰ *ਨਿਸਖਣ= ਖਾਲੀ ਹੀ ਪਏ ਰਹਿ ਗਏ।

[ਪੰਨਾ ੧੩੮੩]

ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥

ਅੰਤ ਸਮੇਂ ਨਿਮਾਣੀਆਂ ਜੋ ਗੋਰਾਂ= ਕਬਰਾਂ ਹਨ ਸੇ= ਉਹਨਾਂ ਕਬਰਾਂ ਨੂੰ ਰੂਹਾਂ ਮੱਲ ਕੇ ਬਹਿਣਾ ਕਰਦੀਆਂ ਹਨ। ਅਰਥਾਤ ਅੰਤ ਨੂੰ ਪ੍ਰਾਣੀ ਦਾ ਕਬਰਾਂ ਵਿਚ ਨਿਵਾਸ ਹੁੰਦਾ ਹੈ।

ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ॥ ੯੭॥

ਹੇ ਸ਼ੇਖ! ਇਕ ਰੱਬ ਦੀ ਬੰਦਗੀ ਕਰਨ ਦੀ ਗੱਲ ਜ਼ਰੂਰ ਆਖੀਂ ਪਰ ਹੋਰ ਵਿਅਰਥ ਗੱਲਾਂ ਨਾ ਕਰੀਂ, ਕਿਉਂਕਿ ਅੱਜ ਅਥਵਾ ਕੱਲ੍ਹ ਨੂੰ ਤੂੰ ਇਸ ਸੰਸਾਰ ਤੋਂ ਜ਼ਰੂਰ ਚਲਿਆਂ ਜਾਣਾ ਹੈ॥ ੯੭॥

ਅਥਵਾ-ਹੇ ਸੇਖਾ= ਸਿਖਿਆ ਲੈਣ ਵਾਲੇ ਜਗਿਆਸੂ ਪੁਰਸ਼ਾ! ਤੈਨੂੰ ਬੰਦਗੀ = ਭਗਤੀ ਕਰਨੀ ਆਖੀ ਹੈ, ਆਲਸ ਨਾ ਕਰੀਂ, ਭਗਤੀ ਜ਼ਰੂਰ ਕਰੀਂ, ਕਿਉਂਕਿ ਚਲਣਾ ਅੱਜ ਹੀ ਹੈ, ਕਿ ਕਲਿ= ਕੱਲ੍ਹ ਕੀ ਹੋਣਾ ਹੈ?

ਉੱਤਰ: ਕੱਲ੍ਹ ਨਾਮ ਕਾਲ ਦਾ ਹੈ।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥

ਫਰੀਦ ਜੀ ਕਥਨ ਕਰਦੇ ਹਨ-ਮੌਤ ਦਾ ਬੰਨਾ= ਸਰੀਰ ਇਸ ਤਰ੍ਹਾਂ ਨਾਸਵੰਤ ਦਿਸਦਾ ਹੈ- ਜਿਵੇਂ ਦਰਿਆ ਨੂੰ ਢਾਹ ਲੱਗੀ ਹੋਈ ਹੁੰਦੀ ਹੈ। *ਅਥਵਾ-*ਜਿਸ ਤਰ੍ਹਾਂ ਦਰਿਆ ਕਿਨਾਰਿਆਂ ਨੂੰ ਢਾਹੀ ਜਾਂਦਾ ਹੈ, ਤਿਵੇਂ ਇਸ ਮੌਤ ਨੇ ਵੱਡੇ-ਵੱਡੇ ਰਾਜਿਆਂ ਮਹਾਰਾਜਿਆਂ ਨੂੰ ਹਰੀ ਹਰ ਕਰ ਦਿੱਤਾ ਹੈ।

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥

ਪਾਪੀਆਂ ਲਈ ਅਗੈ= ਪ੍ਰਲੋਕ ਦਰਗਾਹ ਵਿਚ ਦੋਜਕੁ= ਨਰਕ ਤਪਿਆ ਹੋਇਆ ਸੁਣਿਆਂ ਜਾਂਦਾ ਹੈ ਅਤੇ ਹੂਲ= ਦੁਖੀ ਜੀਵਾਂ ਦਾ ਕਾਹਾਹਾ= ਡੰਡ-ਰੌਲਾ ਪੈ ਰਿਹਾ ਹੈ।

ਅਥਵਾ- ਹੂਲ= ਘਮਸਾਨ ਦੀ ਤਰ੍ਹਾਂ ਹਾਇ ਹਾਇ ਦਾ ਕਾਹਾਹਾ= ਰੌਲਾ ਪੈ ਰਿਹਾ ਹੈ।

ਯਥਾ- ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ॥ ੧॥ ਰਹਾਉ॥

(ਸੋਰਠਿ ਮਹਲਾ ੧, ਪੰਨਾ ੬੩੬)

**ਨਿ ਸਖਣ=(ਨਿ) ਵਿਸ਼ੇਸ਼ ਕਰ ਕੇ (ਸਖਣ) ਖਾਲੀ ਹੀ ਪਏ ਰਹਿ ਗਏ।*

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥

ਨਰਕਾਂ ਦੀ ਅਜੇਹੇ ਦੁਖਾਂਤਰ ਹਾਲਤ ਸੁਣ ਕੇ ਇਕਨਾ= ਗੁਰਮੁਖਾਂ ਨੂੰ ਸਭ= ਹਰ ਤਰ੍ਹਾਂ ਕਰ ਕੇ ਸੋਝੀ= ਗਿਆਤ ਪ੍ਰਾਪਤ ਹੋਈ ਹੈ ਕਿ ਅਸੀਂ ਅਜੇਹੇ ਸ਼ੁਭ ਕਰਮ ਕਰ ਲਈਏ ਜਿਸ ਕਰ ਕੇ ਪ੍ਰਲੋਕ ਦਰਗਾਹ ਵਿਖੇ ਜਾ ਕੇ ਕੋਈ ਹਿਸਾਬ ਨਾ ਦੇਣਾ ਪਵੇ। ਇਕ ਜੋ ਮਨਮੁਖ ਖੁਦਾ ਤੋਂ ਨਾਸਤਕ ਹਨ ਉਹ ਵੇਪਰਵਾਹ ਹੋਏ ਫਿਰਦੇ ਹਨ ਤੇ ਆਖਦੇ ਹਨ ਕੋਈ ਪ੍ਰਲੋਕ ਪਰਲਾਕ ਨਹੀਂ ਹੈ। ਪਰ ਇਹ ਨਿਸਚੇ ਕਰ ਲਓ ਕਿ-

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥ ੯੮॥

ਇਸ ਦੁਨੀ= ਸੰਸਾਰ ਵਿਚ ਰਹਿ ਕੇ ਜੀਵਾਂ ਨੇ ਜੋ ਜੋ ਵੀ ਅਮਲ= ਕਰਮ ਕੀਤੇ ਹਨ, ਚਾਹੇ ਉਹ ਚੰਗੇ ਹਨ ਚਾਹੇ ਮੰਦੇ ਹਨ, ਓਹੀ ਕਰਮ ਜੀਵਾਂ ਦੇ ਨਾਲ ਜਾ ਕੇ ਪ੍ਰਲੋਕ ਦਰਗਾਹ ਵਿਚ ਧਰਮ ਰਾਜਾ ਪਾਸ ਉਗਾਹੀ ਦੇਂਦੇ ਹਨ॥ ੯੮॥

ਉਥਾਨਕਾ-ਇਕ ਬਗਲਾ ਦਰਿਆ ਦੇ ਕੰਢੇ ਬੈਠਾ ਮੱਛੀ ਨੂੰ ਮੂੰਹ ਵਿਚ ਫੜ੍ਹੀ ਕੇਲਾਂ ਕਰ ਰਿਹਾ ਸੀ। ਕਦੇ ਮੱਛੀ ਨੂੰ ਉਪਰ ਸੁਟਦਾ ਤੇ ਫੇਰ ਚੁੰਝ ਵਿਖੇ ਬੋਚ ਲੈਂਦਾ ਅਤੇ ਨਾਲੋ ਨਾਲ ਹੀ ਉਸ ਮੱਛੀ ਨੂੰ ਟੁਕ ਟੁਕ ਕੇ ਖਾਈ ਜਾਂਦਾ ਸੀ। ਇਤਨੇ ਨੂੰ ਉਧਰੋਂ ਅਕਾਸ਼ ਵਿਖੇ ਉਡਦਾ ਬਾਜ ਲੰਘਿਆ ਉਸ ਨੇ ਬਗਲੇ ਨੂੰ ਦੇਖ ਕੇ ਅਜੇਹੀ ਝਪਟ ਮਾਰੀ ਜੁ ਮੱਛੀ ਸਮੇਤ ਬਗਲੇ ਨੂੰ ਆਪਣਿਆਂ ਪੰਜਿਆਂ ਵਿਖੇ ਫਸਾ ਕੇ ਲੈ ਗਿਆ। ਇਹ ਸਾਰਾ ਕੌਤਕ ਦੇਖ ਕੇ ਫਰੀਦ ਜੀ ਸਲੋਕ ਉਚਾਰਦੇ ਹੋਏ ਵੈਰਾਗ ਜਨਕ ਉਪਦੇਸ਼ ਦੇਣਾ ਕਰਦੇ ਹਨ—

ਫਰੀਦਾ ਦਰੀਆਵੈ ਕੰਨੇ ਬਗੁਲਾ ਬੈਠਾ ਕੇਲ ਕਰੇ॥

ਫਰੀਦ ਜੀ ਕਥਨ ਕਰਦੇ ਹਨ—ਦਰਿਆ ਦੇ ਕੰਢੇ ਉਪਰ ਬੈਠਾ ਬਗੁਲਾ ਕਈ ਤਰ੍ਹਾਂ ਦੀਆਂ ਕੇਲ= ਖੁਸ਼ੀਆਂ ਨੂੰ ਕਰ ਰਿਹਾ ਸੀ।

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥

ਮੱਛੀਆਂ ਦੇ ਪਕੜਨ ਅਤੇ ਖਾਣੇ ਰੂਪ ਕੇਲ= ਖੁਸ਼ੀਆਂ ਦੇ ਕਰਨ ਵਾਲੇ ਹੰਝ ਨੋ= ਬਗਲੇ ਨੂੰ ਅਚਿੰਤੇ= ਅਚਾਨਕ ਹੀ ਬਾਜ ਆ ਕੇ ਪੈ ਗਏ।

ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥

ਇਸ ਤਰ੍ਹਾਂ ਦੀਆਂ ਖੁਸ਼ੀਆਂ ਕਰਦਿਆਂ ਹੋਇਆਂ ਜਿਸ ਵੇਲੇ ਉਸ ਰੱਬ ਦੇ ਭੇਜੇ ਹੋਏ ਬਾਜ ਆ ਕੇ ਪਏ ਤਾਂ ਬਗਲੇ ਨੂੰ ਸਾਰੀਆਂ ਹੀ ਕੇਲਾਂ= ਖੁਸ਼ੀਆਂ ਵਿਸਰ ਗਈਆਂ।

ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥ ੯੯॥

ਜੋ ਗੱਲਾਂ ਇਸ ਬਗਲੇ ਦੇ ਮਨ ਵਿਖੇ ਚਿਤ ਚੇਤੇ ਹੀ ਨਹੀਂ ਸਨ, ਉਹ ਗੱਲਾਂ ਰੱਬ ਨੇ ਕਰ ਦਿੱਤੀਆਂ। ਇਹ ਦ੍ਰਿਸ਼ਟਾਂਤ ਹੈ, ਇਸੇ ਪ੍ਰਕਾਰ-

ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥

ਫਰੀਦ ਜੀ ਕਥਨ ਕਰਦੇ ਹਨ ਕਿ ਤਿਸ ਪ੍ਰਤੱਖ ਬਗਲੇ ਦੀ ਨਿਆਈਂ ਅਲਪੱਗ ਜੀਵ ਰੂਪੀ ਬਗਲਾ ਸੰਸਾਰ ਰੂਪੀ ਦਰਿਆ ਦੇ ਕਿਨਾਰੇ ਪਰ ਬੈਠਾ ਹੋਇਆ ਕਈ ਤਰ੍ਹਾਂ ਦੀਆਂ ਸੰਸਾਰਕ ਅਨੰਦ ਲੈਣ ਰੂਪ ਕੇਲ=

ਖੁਸ਼ੀਆਂ ਨੂੰ ਕਰ ਰਿਹਾ ਹੈ।

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥

ਇਸ ਤਰ੍ਹਾਂ ਦੀਆਂ ਸੰਸਾਰਕ ਕੇਲ= ਖੁਸ਼ੀਆਂ ਨੂੰ ਕਰਦਿਆਂ ਹੋਇਆਂ ਇਸ ਜੀਵ ਰੂਪੀ ਹੰਝ ਨੋ= ਬਗਲੇ 'ਤੇ ਅਚਾਨਕ ਹੀ ਜਮਦੂਤਾਂ ਰੂਪੀ ਬਾਜ ਆ ਕੇ ਪੈ ਗਏ।

ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥

ਜਿਸ ਵਕਤ ਉਸ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਜੀਵ ਰੂਪ ਬਗਲੇ ਉਪਰ ਜਮਦੂਤਾਂ ਰੂਪੀ ਬਾਜ ਆ ਪਏ ਤਾਂ ਉਸ ਵੇਲੇ ਇਸ ਨੂੰ ਸਾਰੀਆਂ ਹੀ ਕੇਲਾਂ= ਖੁਸ਼ੀਆਂ ਵਿਸਰ ਗਈਆਂ।

ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥ ੯੯॥

ਜੋ ਗੱਲਾਂ ਇਸ ਦੇ ਮਨ ਚਿਤ ਵਿਖੇ ਚਿਤ ਚੇਤੇ ਹੀ ਨਹੀਂ ਸਨ, ਉਹ ਮਰਨ ਵਾਲੀਆਂ ਗੱਲਾਂ ਰੱਬ ਨੇ ਕਰ ਦਿੱਤੀਆਂ॥ ੯੯॥

ਉਥਾਨਕਾ-ਇਕ ਪੁਰਸ਼ ਨੂੰ ਬਿਬਾਨ 'ਤੇ ਚੁੱਕੀ ਲਿਜਾਂਦੇ ਸਨ, ਇਸ ਦ੍ਰਿਸ਼ ਨੂੰ ਦੇਖ ਕੇ ਇਸ ਸਲੋਕ ਦੁਆਰਾ ਵੈਰਾਗ ਜਨਕ ਉਪਦੇਸ਼ ਦੇਣਾ ਕਰਦੇ ਹਨ-

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥

ਸਾਢੇ ਤਿੰਨ ਮਣ ਦੀ ਦੇਹ ਜੀਵਤ ਕਾਲ ਵਿਚ ਤਾਂ ਅੰਨ ਪਾਣੀ ਦੇ ਆਸਰੇ ਆਪਣੇ ਆਪ ਚਲਦੀ ਰਹਿੰਦੀ ਹੈ। *ਅਥਵਾ-* ਮਣ= ਮਿਣਤੀ ਵਿਖੇ ਆਪੋ ਆਪਣੇ ਸਾਢੇ ਤਿੰਨ ਤਿੰਨ ਹੱਥ ਦੀ ਜੋ ਦੇਹ ਹੈ ਉਹ ਅੰਨ ਪਾਣੀ ਦੇ ਆਸਰੇ ਚਲ ਰਹੀ ਹੈ। ਪਰ-

ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ॥

ਇਹ ਜੀਵ ਦੁਨੀਆਂ ਵਿਚ ਆ ਕੇ ਨਾਮ ਨੂੰ ਭੁਲਾ ਕੇ ਆਸੂਣੀ= ਆਸਾਂ ਦਾ ਬੱਧਾ ਹੋਇਆ ਥਾਂ ਥਾਂ ਭਟਕਦਾ ਵਤਿ= ਫਿਰਦਾ ਹੈ।

ਯਥਾ- ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ ੧॥ ਰਹਾਉ॥

(ਆਸਾ ਰਵਿਦਾਸ ਜੀ, ਪੰਨਾ ੪੮੭)

ਵਾ-ਪਦਾਰਥਾਂ ਦੀਆਂ ਆਸਾਂ ਕਰ ਕੇ ਵਤਿ= ਫਿਰ ਜਮਾਂ ਦੇ ਬੰਦੀ-ਖਾਨੇ ਵਿਖੇ ਬੰਨਿ= ਬੱਧਾ ਜਾਂਦਾ ਹੈ।

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥

ਜੀਵ ਦੇਖ! ਜਾਂ= ਜਿਸ ਵੇਲੇ ਮਲਕਲ= ਧਰਮ ਰਾਜੇ ਦੀ ਭੇਜੀ ਹੋਈ ਮੌਤ ਮਲਕਲ= ਡੰਡ-ਰੌਲਾ ਪਾਉਂਦੀ ਹੋਈ ਆਉਂਦੀ ਹੈ ਤਾਂ ਉਸ ਵੇਲੇ ਇਸ ਦੇਹ ਰੂਪ ਕਿਲ੍ਹੇ ਦੇ ਸਾਰੇ ਇੰਦ੍ਰੀਆਂ ਰੂਪ ਦਰਵਾਜ਼ੇ ਭੰਨ ਦਿੰਦੀ ਹੈ। ਫਰੀਦ ਜੀ ਕਹਿੰਦੇ ਹਨ ਕਿ ਜਿਨ੍ਹਾਂ ਭਰਾਵਾਂ, ਸੰਬੰਧੀਆਂ ਅਤੇ ਮਿੱਤਰਾਂ ਨਾਲ ਰਲਮਿਲ ਕੇ ਰਬੜੀਆਂ ਮਾਸਾਂ ਸ਼ਰਾਬਾਂ ਨੂੰ ਖਾਂਦਾ ਪੀਂਦਾ ਸੀ, ਜਿਸ ਵੇਲੇ ਮਰ ਗਿਆ ਤਾਂ-

ਤਿਨ੍ਹਾ ਪਿਆਰਿਆ ਭਾਈਆ ਅਗੈ ਦਿਤਾ ਬੰਨਿ॥

ਉਨ੍ਹਾਂ ਪਿਆਰਿਆਂ ਭਾਈਆਂ ਮਿੱਤਰਾਂ ਨੇ ਹੀ ਚੁੱਕ ਕੇ ਅਗੈ ਦਿਤਾ ਬੰਨ੍= ਤਖਤੇ ਨਾਲ ਘੁੱਟ ਕੇ ਰੱਸੀਆਂ ਨਾਲ ਬੰਨ੍ਹ ਦਿੱਤਾ। ਅਥਵਾ ਬੰਨ੍ਹ ਕੇ ਅਗਨੀ ਦੀ ਭੇਟ ਕਰ ਦਿੱਤਾ।

ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥

ਹੇ ਲੋਕੋ! ਦੇਖਣਾ ਕਰੋ, ਅੱਜ ਓਹੀ ਬੰਦਾ ਚਾਰ ਜਣਿਆਂ ਦੇ ਕੰਨ੍ਹਿ= ਮੋਢਿਆਂ ਉਪਰ ਚੁਕਿਆ ਹੋਇਆ ਸਮਸ਼ਾਣ-ਭੂਮੀ ਵੱਲ ਚਲਿਆ ਜਾ ਰਿਹਾ ਹੈ, ਜੋ ਜੀਵਤ ਕਾਲ ਵਿਖੇ ਆਪਣੇ ਆਪ ਭੱਜਾ ਫਿਰਦਾ ਸੀ।

ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥ ੧੦੦॥

ਫਰੀਦ ਜੀ ਕਥਨ ਕਰਦੇ ਹਨ- ਹੇ ਭਾਈ! ਇਹ ਨਿਯਮ ਸਮਝ ਲਓ ਕਿ ਇਸ ਜੀਵ ਨੇ ਦੁਨੀਆਂ ਵਿਚ ਰਹਿ ਕੇ ਜੋ ਅਮਲ= ਕਰਮ ਕੀਤੇ ਹਨ ਚਾਹੇ ਉਹ ਮੰਦੇ ਹਨ ਜਾਂ ਚੰਗੇ, ਓਹੀ ਕੀਤੇ ਕਰਮ ਹੀ ਦਰਗਾਹ ਵਿਚ ਇਸ ਦੇ ਕੰਮ ਆਏ= ਆਉਂਦੇ ਹਨ॥ ੧੦੦॥

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਹਾ ਵਾਸੁ॥

ਫਰੀਦ ਜੀ ਕਥਨ ਕਰਦੇ ਹਨ- ਮੈਂ ਉਹਨਾਂ ਪੰਛੀਆਂ ਤੋਂ ਬਲਿਹਾਰ ਤੇ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਪੰਛੀਆਂ ਦਾ ਜੰਗਲ ਵਿਚ ਵਾਸਾ ਹੈ। ਕਿਉਂਕਿ-

ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ ੧੦੧॥

ਉਹ ਥਲਿ= ਥਲਾਂ ਵਿਚ ਵਸਦੇ ਕਕਰੁ= ਪੋਲੇ-ਪੋਲੇ ਰੋੜਿਆਂ ਨੂੰ ਚੁਗਦੇ ਹੋਏ ਵੀ ਰੱਬ ਦੇ ਪਾਸੇ ਨੂੰ ਛੱਡਦੇ ਨਹੀਂ ਹਨ॥ ੧੦੧॥

ਯਥਾ- ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ੩॥

(ਮਲਾਰ ਮਹਲਾ ੪, ਪੰਨਾ ੧੨੬੫)

ਇਹ ਦ੍ਰਿਸ਼ਟਾਂਤ ਹੈ, ਇਸੇ ਪ੍ਰਕਾਰ-

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਹਾ ਵਾਸੁ॥

ਫਰੀਦ ਜੀ ਕਥਨ ਕਰਦੇ ਹਨ ਕਿ ਮੈਂ ਤਿਨ੍ਹਾਂ ਮਹਾਤਮਾਂ ਰੂਪ ਪੰਛੀਆਂ ਤੋਂ ਬਲਿਹਾਰ ਤੇ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਦਾ ਜੰਗਲਾਂ ਵਿਖੇ ਵਾਸਾ ਹੈ ਅਤੇ ਜੋ-

ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ ੧੦੧॥

ਕਕਰੁ ਚੁਗਨਿ= ਕੰਦ ਮੂਲ ਆਦਿਕ ਫਲਾਂ ਫੁੱਲਾਂ ਨੂੰ ਖਾਂਦੇ ਹਨ ਅਤੇ ਥਲਿ ਵਸਨਿ= ਧਰਤੀ ਉਪਰ ਹੀ ਬਿਸ੍ਰਾਮ ਕਰਦੇ ਹਨ ਪਰ ਰੱਬ ਦੇ ਪਾਸੇ ਨੂੰ ਨਹੀਂ ਛੱਡਦੇ। ਭਾਵ ਹਰ ਦਮ ਅਕਾਲ ਪੁਰਖ ਵਾਹਿਗੁਰੂ ਦਾ ਚਿੰਤਨ ਕਰਦੇ ਰਹਿੰਦੇ ਹਨ॥ ੧੦੧॥

ਅਥਵਾ- ਫਰੀਦ ਜੀ ਕਥਨ ਕਰਦੇ ਹਨ—ਕਿ ਜਪ ਤਪ ਰੂਪ ਖੰਭਾਂ ਵਾਲੇ ਜੋ ਤੱਤ-ਵੇਤਾ ਮਹਾਤਮਾ ਹਨ, ਉਹਨਾਂ ਤੋਂ ਮੈਂ ਬਲਿਹਾਰ ਤੇ ਕੁਰਬਾਨ ਜਾਂਦਾ ਹੈ, ਜਿਨ੍ਹਾਂ ਨੇ ਸੰਸਾਰ ਨੂੰ ਜੰਗਲ ਦੀ ਨਜਾਈਂ ਸਮਝ ਕੇ ਇਸ ਤੋਂ ਉਪ੍ਰਾਮ ਹੋ ਕੇ ਸੰਸਾਰ ਵਿਖੇ ਵਸਣਾ ਕੀਤਾ ਹੈ। ਅਤੇ-

ਕਕਰੁ-ਕੰਦ ਮੂਲ ਆਦਿਕ ਰੂਪ ਫਲਾਂ ਫੁੱਲਾਂ ਨੂੰ ਖਾਂਦੇ ਹਨ ਤੇ ਥਲਿ= ਭੁੰਜੇ ਹੀ ਆਸਣ ਲਗਾ ਕੇ ਵਸਨਿ= ਬਿਸ੍ਰਾਮ ਕਰਦੇ ਹਨ ਪਰ ਰੱਬ ਦੇ ਪਾਸੇ ਨੂੰ ਨਹੀਂ ਛਡਦੇ॥ ੧੦੧॥

ਉਥਾਨਕਾ—ਇਸ ਸਲੋਕ ਦੁਆਰਾ ਬਿਰਧ ਅਵਸਥਾ ਦੀ ਦਸ਼ਾ ਨਿਰੂਪਨ ਕਰਦੇ ਹੋਏ ਉਪਦੇਸ਼ ਦੇਣਾ ਕਰਦੇ ਹਨ-

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥

ਫਰੀਦ ਜੀ ਕਥਨ ਕਰਦੇ ਹਨ-ਜਿਸ ਤਰ੍ਹਾਂ ਰੁਤਿ ਫਿਰੀ= ਹਿਮ ਰੁੱਤ ਦੇ ਫਿਰਨੇ ਭਾਵ ਗੁਜਰਨ ਉਪਰੰਤ ਜਦੋਂ ਸਿਸਰ ਰੁਤ ਆਉਂਦੀ ਹੈ ਤਾਂ ਵਣੁ ਕੰਬਿਆ= ਬ੍ਰਿਛ ਕੰਬ ਜਾਂਦੇ ਹਨ, ਜਿਸ ਕਰ ਕੇ ਬ੍ਰਿਛਾਂ ਦੇ ਪੱਤੇ ਝੜ-ਝੜ ਕੇ ਧਰਤੀ 'ਤੇ ਡਿੱਗ ਪੈਂਦੇ ਹਨ।

ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥ ੧੦੨॥

(ਜ਼ਮੀਨ 'ਤੇ ਡਿੱਗਣ ਉਪਰੰਤ ਬ੍ਰਿਛਾਂ ਦੇ ਪੱਤਿਆਂ ਨੇ) ਚਾਰੇ ਕੁੰਡਾਂ ਭਾਲੀਆਂ ਭਾਵ ਹਜ਼ਾਰਾਂ ਹੀ ਬ੍ਰਿਛਾਂ ਪਾਸ ਗਏ ਪਰ ਉਹਨਾਂ ਨੂੰ ਕਿਥਾਊ= ਕਿਤੇ ਵੀ ਰਹਿਣਾ ਪ੍ਰਾਪਤ ਨਾ ਹੋਇਆ॥ ੧੦੨॥

ਇਹ ਦ੍ਰਿਸ਼ਟਾਂਤ ਹੈ ਇਸੀ ਤਰ੍ਹਾਂ- ਜਿਸ ਵੇਲੇ ਰੁਤ ਫਿਰੀ= ਜੋਬਨ ਅਵਸਥਾ ਰੂਪੀ ਰੁੱਤ ਫਿਰ ਗਈ ਤੇ ਬਿਰਧ ਅਵਸਥਾ ਰੂਪ ਸਿਸਰ ਰੁੱਤ ਆ ਗਈ ਤਾਂ ਸਰੀਰ ਰੂਪੀ ਵਣੁ= ਬ੍ਰਿਛ ਕੰਬ ਗਿਆ, ਭਾਵ ਕਮਜ਼ੋਰ ਹੋ ਗਿਆ ਅਤੇ ਇੰਦ੍ਰੀਆਂ ਰੂਪ ਪੱਤੇ ਵੀ ਝੜ-ਝੜ ਕੇ ਭਾਵ ਕਮਜ਼ੋਰ ਹੋ ਕੇ ਗੋਲਕਾਂ ਵਿਖੇ ਢਹਿ ਪਏ ਭਾਵ ਆਪੋ ਆਪਣੀ ਕਿਰਿਆ ਤੋਂ ਰਹਿਤ ਹੋ ਗਏ। ਇਸਥਿਤੀ ਵਾਸਤੇ ਜੀਵ ਨੇ ਚਾਰੋਂ ਹੀ ਦਿਸ਼ਾਵਾਂ ਭਾਲਣਾ ਕੀਤੀਆਂ ਪਰ ਇਸ ਦਾ ਰਹਿਣਾ ਕਿਥਾਈਂ ਵੀ ਨਾ ਹੋਇਆ॥ ੧੦੨॥

ਉਥਾਨਕਾ-ਇਸ ਸਲੋਕ ਦੁਆਰਾ ਆਪਣੇ ਭੇਖ ਦੀ ਉਚਤਾਈ ਕਥਨ ਕਰਦੇ ਹਨ-

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥

ਫਰੀਦ ਜੀ ਕਥਨ ਕਰਦੇ ਹਨ—ਪਟੋਲਾ= ਰੇਸ਼ਮੀ ਬਸਤਰ ਨੂੰ ਪਾੜ ਕੇ ਧਜ ਕਰੀ= ਝੰਡੀ ਬਨਾਣਾ ਕਰੇ, ਵਾ-ਧਜ ਕਰੀ= ਟੱਲੀਆਂ ਭਾਵ ਲੀਰਾਂ ਬਨਾਉਣਾ ਕਰੇ ਅਤੇ ਕਾਲੇ ਰੰਗ ਦੀ ਕੰਬਲੜੀ= ਕੰਬਲੀ ਨੂੰ ਪਹਿਨਣਾ ਕਰੇ।

ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥ ੧੦੩॥

ਜਿਨ੍ਹਾਂ ਵੇਸੀ= ਲਿਬਾਸਾਂ ਦੇ ਧਾਰਨ ਕਰਨ ਤੇ ਸਹੁ= ਪਤੀ (ਪਰਮਾਤਮਾ) ਮਿਲਦਾ ਹੈ, ਸੇਈ= ਉਨ੍ਹਾਂ ਹੀ ਵੇਸਾਂ ਨੂੰ ਧਾਰਨਾ ਕਰੇ॥ ੧੦੩॥

ਜਿਸ ਵੇਲੇ ਪੰਚਮ ਪਿਤਾ ਜੀ ਨੇ ਸਿੱਖ ਸੰਗਤਾਂ ਪ੍ਰਤੀ ਇਹ ਸਲੋਕ ਸ੍ਰਵਣ ਕਰਾਇਆ ਤਾਂ ਇਸ ਨੂੰ ਸੁਣ ਕੇ ਸਿੱਖਾਂ ਦੇ ਮਨ ਵਿਖੇ ਕਈ ਤਰ੍ਹਾਂ ਦੇ ਸੰਸੇ ਉਤਪੰਨ ਹੋਏ। ਜਿਸ ਤੇ ਸਿੱਖਾਂ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਹੇ ਗਰੀਬ ਨਿਵਾਜ ਜੀਓ! ਕਿਰਪਾ ਕਰ ਕੇ ਦੱਸੋ ਕਿ ਫਰੀਦ ਜੀ ਦਾ ਕਥਨ ਠੀਕ ਹੈ ਜਾਂ ਨਹੀਂ? ਕੀ ਭੇਖਾਂ ਨੂੰ ਧਾਰਨਾ ਚਾਹੀਦਾ ਹੈ ਜਾਂ ਨਹੀਂ? ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕਿਹਾ- ਹੇ ਗੁਰੂ ਦੇ ਸਿੱਖੋ! ਇਸ ਸਲੋਕ ਦਾ ਉੱਤਰ ਸ੍ਰੀ ਗੁਰੂ ਅਮਰਦਾਸ ਜੀ ਨੇ ਪਹਿਲੇ ਹੀ ਦੇ ਦਿੱਤਾ ਹੋਇਆ ਹੈ, ਉਹ ਤੁਸੀਂ ਸੁਣਨਾ ਕਰੋ-

ਮਃ ੩ ॥ ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥

ਪਟੋਲਾ= ਰੇਸ਼ਮੀ ਕਪੜਿਆਂ ਨੂੰ ਕਾਇ ਪਾੜਤੀ= ਕਿਸ ਲਈ ਪਾੜਨਾ ਹੈ ਅਤੇ ਕਿਸ ਵਾਸਤੇ ਕਾਲੀ ਕੰਬਲੀ ਨੂੰ ਪਹਿਰਨਾ ਹੈ। ਅਰਥਾਤ ਲੋਕ ਦਿਖਾਵੇ ਵਾਸਤੇ ਭੇਖਾਂ ਨੂੰ ਧਾਰਨ ਦੀ ਕੋਈ ਲੋੜ ਨਹੀਂ ਹੈ।

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥ ੧੦੪ ॥

ਸਤਿਗੁਰੂ ਜੀ ਕਥਨ ਕਰਦੇ ਹਨ—ਜੇਕਰ ਆਪਣੀ ਨੀਅਤ= ਬੁੱਧੀ ਨੂੰ ਰਾਸਿ= ਸਾਫ ਕਰੇ ਤਾਂ ਘਰ ਬੈਠਿਆਂ ਹੀ ਸਹੁ= ਪਤੀ (ਪ੍ਰਮਾਤਮਾ) ਦੇ ਨਾਲ ਮਿਲੈ= ਮਿਲਾਪ ਹੋ ਜਾਂਦਾ ਹੈ। *ਅਥਵਾ-* ਜੇਕਰ ਆਪਣੇ ਮਨ ਦੀ ਨੀਅਤਿ= ਭਾਵਨਾ ਰਾਸਿ= ਸਚਿਆਈ ਵਾਲੀ ਕਰੇ ਤਾਂ ਘਰਿ= ਗ੍ਰਹਿਸਤ ਵਿਖੇ ਬੈਠਿਆ= ਰਹਿੰਦਿਆਂ ਹੋਇਆਂ ਹੀ ਸਹੁ= ਪਤੀ (ਪ੍ਰਮਾਤਮਾ) ਨਾਲ ਮਿਲਾਪ ਹੋ ਜਾਂਦਾ ਹੈ॥ ੧੦੪॥

ਯਥਾ- ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥ ੧॥

(ਵਾਰ ਵਡਹੰਸੁ ਸਲੋਕੁ ਮਹਲਾ ੧, ਪੰਨਾ ੫੮੪)

ਮਃ ੫ ॥

ਉਥਾਨਕਾ- ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਲੋਕ ਦੁਆਰਾ ਫਰੀਦ ਜੀ ਨੂੰ ਸਿਰੋਪਾ ਦਿੰਦੇ ਹੋਏ ਉਪਦੇਸ਼ ਦੇਣਾ ਕਰਦੇ ਹਨ-

ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥

ਹੇ ਫਰੀਦ! ਜਿਨ੍ਹਾਂ ਪੁਰਸ਼ਾਂ ਨੂੰ ਧਨ ਤੇ ਜੁਆਨੀ ਅਤੇ ਵਡਿਆਈਆਂ ਦਾ ਆਗਾਹ= ਬਹੁਤ ਹੰਕਾਰ ਹੈ। ਉਹ ਮਨੁੱਖ—

ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ੧੦੫ ॥

ਧਣੀ= ਪ੍ਰਮਾਤਮਾ ਸਿਉ= ਪਾਸੋਂ ਇਸ ਤਰ੍ਹਾਂ ਖਾਲੀ ਚਲੇ ਹਨ। ਵਾ- ਧਣੀ= ਪ੍ਰਭੂ ਦੇ ਨਾਮ ਨਾਲ ਪ੍ਰੀਤੀ ਲਗਾਏ ਤੋਂ ਬਿਨਾਂ ਸੰਸਾਰ ਤੋਂ ਇਸ ਤਰ੍ਹਾਂ ਖਾਲੀ ਚਲੇ ਹਨ ਜਿਸ ਤਰ੍ਹਾਂ ਰੇਤ ਦੇ ਟਿਬਿਆਂ ਵਿਚ ਮੀਹਾਹੁ= ਮੀਂਹ ਪਿਆ ਹੋਇਆ ਨਿਸਫਲ ਚਲਾ ਜਾਂਦਾ ਹੈ॥ ੧੦੫॥

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥

ਫਰੀਦ ਜੀ ਕਥਨ ਕਰਦੇ ਹਨ—ਜਿਨ੍ਹਾਂ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦੇਣਾ ਕੀਤਾ ਹੈ, ਉਨ੍ਹਾਂ (ਨਾਸਤਕ ਪੁਰਸ਼ਾਂ) ਦੇ ਮੁਖ= ਮੂੰਹ ਡਰਾਵਣੇ= ਭੈਦਾਇਕ ਹਨ।

ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥ ੧੦੬ ॥

ਉਨ੍ਹਾਂ ਸਾਕਤਾਂ ਨੂੰ ਐਥੈ= ਇਸ ਮਾਤ ਲੋਕ ਵਿਖੇ ਵੀ ਘਣੇਰਿਆ= ਬਹੁਤ ਦੁੱਖ ਪ੍ਰਾਪਤ ਹੁੰਦੇ ਹਨ ਅਤੇ ਪ੍ਰਲੋਕ ਵਿਖੇ ਗਿਆਂ ਹੋਇਆਂ ਵੀ ਠਉਰ ਨ ਠਾਉ= ਠਹਿਰਨ ਨੂੰ ਕੋਈ ਜਗ੍ਹਾ ਨਹੀਂ ਮਿਲਦੀ। ਭਾਵ ਨਾਮ ਤੋਂ ਹੀਣ ਪੁਰਸ਼ ਲੋਕ ਪਰਲੋਕ ਵਿਖੇ ਧੱਕੇ ਹੀ ਖਾਂਦੇ ਹਨ॥ ੧੦੬॥

ਯਥਾ- ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥

www.sikhbookclub.com

ਨਾਨਕ ਏਵੈ ਜਾਣੀਐ ਤਿਤੁ ਮੁਖਿ ਝੁਕਾ ਪਾਹਿ॥ ੧॥

(ਵਾਰ ਆਸਾ ਮਹਲਾ ੧, ਪੰਨਾ ੪੭੩)

ਤਥਾ- ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥
ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ॥ ੬੫॥

(ਸਲੋਕ ਕਬੀਰ ਜੀ, ਪੰਨਾ ੧੩੬੯)

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥

ਫਰੀਦ ਜੀ ਕਥਨ ਕਰਦੇ ਹਨ-ਜਿਹੜਾ ਪੁਰਸ਼ ਪਿਛਲੀ ਰਾਤ ਉਠ ਕੇ ਖੁਦਾ ਦੇ ਭਜਨ ਸਿਮਰਨ ਵਿਖੇ ਨਹੀਂ ਜਾਗਿਆ, ਉਸ ਨੂੰ ਤਾਂ ਜੀਂਵਦਾ ਹੀ ਮੋਇਆਂ ਵਾ ਮੁਰਦਿਆਂ ਵਿਖੇ ਦਾਖਲ ਸਮਝਣਾ ਕਰੋ। *ਅਥਵਾ-* ਫਰੀਦ ਜੀ ਕਥਨ ਕਰਦੇ ਹਨ—ਜੋ ਮਨੁੱਖਾ ਦੇਹ* ਰੂਪ ਪਿਛਲੀ ਰਾਤ ਵਿਖੇ ਪ੍ਰਭੂ ਦੇ ਗਿਆਨ ਜਾਗ੍ਰਤ ਵਿਖੇ ਨਹੀਂ ਜਾਗਿਆ।

ਵਾ- ਬਿਰਧ ਅਵਸਥਾ** ਰੂਪ ਪਿਛਲੀ ਰਾਤ ਵਿਖੇ ਜੋ ਪ੍ਰਭੂ ਦੇ ਭਜਨ-ਸਿਮਰਨ ਵਿਖੇ ਨਹੀਂ ਜਾਗਿਆ।

ਵਾ- ਕਲਯੁਗ ਦੇ ਸਮੇਂ ਰੂਪ +ਪਿਛਲੀ ਰਾਤ ਵਿਖੇ ਜੋ ਵਾਹਿਗੁਰੂ ਦੇ ਭਜਨ-ਸਿਮਰਨ ਵਿਖੇ ਨਹੀਂ ਜਾਗਿਆ। ਉਸ ਨੂੰ ਜੀਂਵਦਾ ਹੀ ਮੋਇਆਂ ਵਿਖੇ ਸਮਝਣਾ ਕਰੋ।

ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥ ੧੦੭॥

ਹੇ ਪੁਰਸ਼ਾ! ਜੇਕਰ ਤੂੰ ਬੇਸਮਝੀ ਵਿਚ ਲੱਗ ਕੇ ਰੱਬ ਨੂੰ ਵਿਸਾਰ ਦਿੱਤਾ ਹੈ ਪਰ ਰੱਬ ਨੇ ਆਪਣੇ ਬਿਰਦ ਦੀ ਲਾਜ ਰਖਦਿਆਂ ਹੋਇਆਂ ਤੈਨੂੰ ਨਹੀਂ ਵਿਸਾਰਨਾ ਕੀਤਾ। ਅਰਥਾਤ-ਜਿਸ ਤਰ੍ਹਾਂ ਖੁਦਾ ਨੇ ਤੈਨੂੰ ਨਹੀਂ ਭੁਲਾਇਆ ਭਾਵ ਤੇਰੀ ਪ੍ਰਤਿਪਾਲਾ ਕਰਦਾ ਰਿਹਾ ਹੈ, ਉਸੇ ਤਰ੍ਹਾਂ ਤੈਨੂੰ ਵੀ ਚਾਹੀਦਾ ਹੈ ਕਿ ਹਮੇਸ਼ਾਂ ਰੱਬ ਦਾ ਸਿਮਰਨ ਕਰਿਆ ਕਰ॥ ੧੦੭॥

ਮਃ ੫॥

ਉਥਾਨਕਾ-ਫਰੀਦ ਜੀ ਨੂੰ ਇਸ ਸਲੋਕ ਰਾਹੀਂ ਸਿਰੋਪਾ ਦਿੰਦੇ ਹੋਏ ਉਪਦੇਸ਼ ਦੇਣਾ ਕਰਦੇ ਹਨ-

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ॥

ਹੇ ਫਰੀਦ! ਉਹ ਕੰਤੁ= ਪਤੀ (ਪਰਮਾਤਮਾ) ਰੰਗਾਵਲਾ= ਅਨੰਦ ਵਾਲਾ ਹੈ। ਸਾਰਿਆਂ ਤੋਂ ਵੱਡਾ ਅਤੇ ਬੇ-ਮੁਹਤਾਜ ਹੈ। ਭਾਵ-ਕਿਸੇ ਦੇ ਅਧੀਨ ਨਹੀਂ ਹੈ।

ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ॥ ੧੦੮॥

ਅਲਹ= ਪ੍ਰਮਾਤਮਾ ਦੇ ਨਾਮ-ਸਿਮਰਨ ਨਾਲ ਜਿਹੜਾ ਪ੍ਰੇਮ ਪੂਰਬਕ ਰਤਿਆ= ਤਦਾਕਾਰ ਹੋਣਾ ਹੈ, ਏਹੀ ਸਾਰਿਆਂ ਸਾਧਨਾਂ ਤੋਂ ਉਸ ਦੀ ਪ੍ਰਾਪਤੀ ਦਾ ਸਚਾਵਾਂ ਸਾਜੁ= ਸੱਚਾ ਸਾਧਨ ਹੈ। ਕਿਉਂਕਿ ਉਸ ਦੀ ਪ੍ਰਾਪਤੀ

---

*ਚੁਰਾਸੀ ਲੱਖ ਜੂਨ ਤੋਂ ਪਿਛੋਂ ਪ੍ਰਾਪਤ ਹੋਣ ਕਰ ਕੇ ਹੀ ਮਨੁੱਖਾ ਦੇਹ ਨੂੰ ਪਿਛਲੀ ਰਾਤ ਕਿਹਾ ਹੈ।

**ਬਾਲਕ, ਕਿਸ਼ੋਰ, ਜੁਆਨੀ ਤੇ ਅਧਖੜ ਅਵਸਥਾ ਤੋਂ ਪਿਛੋਂ ਆਉਣ ਕਰ ਕੇ ਹੀ ਬਿਰਧ ਅਵਸਥਾ ਨੂੰ ਪਿਛਲੀ ਰਾਤ ਕਥਨ ਕੀਤਾ ਹੈ।

+ਸਤਿਯੁਗ, ਤਰੇਤਾ ਤੇ ਦੁਆਪਰ ਜੁਗ ਤੋਂ ਪਿਛੋਂ ਆਉਣ ਕਰ ਕੇ ਹੀ ਕਲਯੁਗ ਨੂੰ ਪਿਛਲੀ ਰਾਤ ਕਿਹਾ ਹੈ।

www.sikhbookclub.com

ਵਿਖੇ ਨਾਮ ਸਿਮਰਨ ਦੇ ਤੁਲ ਹੋਰ ਕੋਈ ਸਾਧਨ ਨਹੀਂ ਹੈ॥ ੧੦੮॥

ਯਥਾ- ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥ ੩॥

(ਸਿਰੀਰਾਗੁ ਮਹਲਾ ੧, ਪੰਨਾ ੬੨)

ਮਃ ੫॥

ਉਥਾਨਕਾ-ਇਕ ਹੋਰ ਸਲੋਕ ਉਚਾਰਨ ਕਰ ਕੇ ਫਰੀਦ ਜੀ ਨੂੰ ਸਿਰੋਪਾਉ ਬਖਸ਼ਦੇ ਹਨ—

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ॥

ਹੇ ਫਰੀਦ! ਸਰੀਰਕ ਧਰਮ ਸਮਝ ਕੇ ਦੁੱਖ ਸੁਖ ਨੂੰ ਇਕ ਸਮਾਨ ਜਾਣਨਾ ਕਰ। ਭਾਵ-ਦੁੱਖ ਵਿਖੇ ਦੁਖੀ ਨਾ ਹੋ ਤੇ ਸੁਖ ਵਿਖੇ ਹੰਕਾਰ ਨਾ ਕਰ ਅਤੇ ਆਪਣੇ ਦਿਲ ਵਿਚੋਂ ਵਿਸ਼ੇ ਵਿਕਾਰਾਂ ਨੂੰ, ਵਾ- ਵਿਕਾਰੀ ਕਰਮਾਂ ਨੂੰ ਲਾਹ ਦੇਣਾ ਕਰ।

ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ॥ ੧੦੯॥

ਅਲਹ= ਅਲਖ ਪ੍ਰਮਾਤਮਾ ਨੂੰ ਜੋ ਭਾਉਂਦਾ ਹੈ ਓਹੀ ਭਲਾ ਹੈ, ਹੇ ਫਰੀਦ ! ਜੇ ਤੂੰ ਐਸੇ ਨਿਸਚੇ ਕਰੇਂਗਾ ਤਾਂ ਹੀ ਤੈਨੂੰ ਲਭੀ ਦਰਬਾਰੁ= ਸਰੂਪ ਦੀ ਪ੍ਰਾਪਤੀ ਹੋਵੇਗੀ॥ ੧੦੯॥

ਮਃ ੫॥

ਇਹ ਸਲੋਕ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰਨ ਕਰ ਕੇ ਫਰੀਦ ਜੀ ਨੂੰ ਸਿਰੋਪਾ ਦਿੱਤਾ ਹੈ।

ਫਰੀਦਾ ਦੁਨੀ ਵਜਾਈ ਵਜਦੀ

ਹੇ ਫਰੀਦ! ਇਹ ਸਾਰੀ ਦੁਨੀਆਂ ਇਕ ਦੂਜੇ ਦੀ ਵਜਾਈ ਹੋਈ ਵੱਜ ਰਹੀ ਹੈ। ਭਾਵ ਇਕ ਦੂਜੇ ਦੀ ਪ੍ਰੇਰਨਾ ਅਨੁਸਾਰ ਕੰਮ-ਕਾਰ ਕਰ ਰਹੀ ਹੈ। ਅਰਥਾਤ- ਜਿਸ ਪਾਸੇ ਕੋਈ* ਪ੍ਰੇਰਦਾ ਹੈ, ਉਸ ਪਾਸੇ ਲੱਗ ਰਹੀ ਹੈ।

ਯਥਾ- ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥ ੧੬੫॥

(ਸਲੋਕ ਕਬੀਰ ਜੀ, ਪੰਨਾ ੧੩੭੩)

ਤੂੰ ਭੀ ਵਜਹਿ ਨਾਲਿ॥

ਹੇ ਫਰੀਦ! ਤੂੰ ਭੀ ਦੁਨਿਆਵੀ ਪੁਰਸ਼ਾਂ ਦੇ ਨਾਲ ਵੱਜ ਰਿਹਾ ਹੈਂ ਭਾਵ ਆਮ ਲੋਕਾਂ ਦੀ ਤਰ੍ਹਾਂ ਕੰਮ-ਕਾਰ ਕਰ ਰਿਹਾ ਹੈਂ। ਪਰ-

ਸੋਈ ਜੀਉ ਨ ਵਜਦਾ

ਉਹ ਜੀਵ ਨਹੀਂ ਵੱਜਦਾ, ਭਾਵ ਉਹ ਪੁਰਸ਼ ਦੁਨਿਆਵੀ ਲੋਕਾਂ ਵਾਂਗੂ ਕੰਮ-ਕਾਰ ਨਹੀਂ ਕਰਦਾ।

**ਜਗ ਕੀ ਭੇਡਾ ਚਾਲ, ਚਲਤੇ ਕੇ ਪਾਛੈ ਚਲੈਂ।*
ਪਰਮਾਰਥ ਨਾਂ ਸੰਮ੍ਹਾਲ, ਦੇਖੋ ਜਗ ਕੀ ਮੂੜ੍ਹਤਾ॥ ੨੧॥ (ਸ੍ਰਾਵਕਾਚਾਰ ਪੰਥੀ ੧੩)

www.sikhbookclub.com

ਜਿਸੁ ਅਲਹੁ ਕਰਦਾ ਸਾਰ ॥ ੧੧੦ ॥

ਜਿਸ ਪੁਰਸ਼ ਦੀ ਸਾਰ ਸੰਭਾਲ ਅਲਹੁ= ਅਲਖ ਪ੍ਰਭੂ ਆਪ ਕਰਦਾ ਹੈ॥ ੧੧੦ ॥

ਮਃ ੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ-

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥

ਹੇ ਫਰੀਦ! ਜੀਵਾਂ ਦਾ ਦਿਲ ਇਸ ਦੁਨੀ= ਮਾਇਆ ਨਾਲ ਰਤਾ= ਮਿਲਿਆ ਹੋਇਆ ਹੈ। ਪਰ ਇਹ ਦੁਨੀ= ਮਾਇਆ ਕਿਸੇ ਕੰਮ ਆਉਣ ਵਾਲੀ ਨਹੀਂ ਹੈ ਕਿਉਂਕਿ ਅੰਤ ਸਮੇਂ ਪ੍ਰਲੋਕ ਰਸਤੇ ਵਿਖੇ ਜੀਵ ਦੇ ਨਾਲ ਨਹੀਂ ਜਾਂਦੀ।

[ਪੰਨਾ ੧੩੮੪]

ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥ ੧੧੧ ॥

ਹਰ ਦਮ ਰੱਬ ਦਾ ਸਿਮਰਨ ਕਰਨ ਵਾਲੇ ਜੋ ਫਕੀਰ ਹਨ ਉਨ੍ਹਾਂ ਫਕੀਰਾਂ ਦੀ ਮਿਸਲ= ਰਹਿਣੀ ਧਾਰਨੀ ਬੜੀ ਗਾਖੜੀ= ਕਠਿਨ ਹੈ, ਉਹ ਰਹਿਣੀ ਪੂਰਨ ਭਾਗਾਂ ਕਰ ਕੇ ਪ੍ਰਾਪਤ ਹੁੰਦੀ ਹੈ॥ ੧੧੧ ॥

ਉਥਾਨਕਾ-ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇਸਾਂ ਦਿਸ਼ਾਂਤਰਾਂ ਵਿਖੇ ਭਰਮਣ ਕਰਦੇ, ਸਤਿਨਾਮੁ ਦਾ ਉਪਦੇਸ਼ ਦਿੰਦੇ ਹੋਏ ਪਾਕ ਪਟਨ ਵਿਖੇ, ਜਿਥੇ ਫਰੀਦ ਜੀ ਤਪ ਕਰਦੇ ਸਨ ਉਸੇ ਜੰਗਲ ਵਿਖੇ, ਆ ਕੇ ਪੁੱਜੇ ਤਾਂ ਫਰੀਦ ਜੀ ਨੂੰ ਬੁਲਾਇਆ ਨਹੀਂ ਪਰ ਪਾਸ ਹੀ ਡੇਰਾ ਲਗਾ ਦਿੱਤਾ। ਇਕ ਸ਼ਾਹੂਕਾਰ ਫਰੀਦ ਜੀ ਵਾਸਤੇ ਰੋਜ਼ ਪਹਿਲੀ ਰਾਤ ਦਾਲ ਫੁਲਕਾ ਅਤੇ ਬਾਰਾਂ ਵਜੇ ਤੋਂ ਬਾਅਦ ਫਰੀਦ ਜੀ ਦੇ ਪਿਆਲੇ ਵਿਚ ਦੁੱਧ ਪਾ ਕੇ ਜਾਇਆ ਕਰਦਾ ਸੀ। ਇਕ ਰਾਤ ਜਿਸ ਵੇਲੇ ਫਰੀਦ ਜੀ ਦੇ ਪਿਆਲੇ ਵਿਚ ਦੁੱਧ ਪਾ ਕੇ ਮੁੜਿਆ ਤਾਂ ਕੀ ਦੇਖਿਆ ਜੁ ਤਿੰਨ ਹੋਰ ਫਕੀਰ ਅਰਾਮ ਕਰ ਰਹੇ ਹਨ। ਉਸ ਨੇ ਸੋਚਿਆ ਕਿ ਇਹ ਪ੍ਰਦੇਸੀ ਫਕੀਰ ਡਾਹਢੇ ਥੱਕੇ ਹੋਏ ਹੋਣਗੇ ਪਤਾ ਨਹੀਂ ਫਿਰ ਮਿਲਾਪ ਹੋਵੇ ਕਿ ਨਾ ਹੋਵੇ, ਕਿਉਂ ਨਾ ਹੋਵੇ ਮੈਂ ਇਨ੍ਹਾਂ ਦੀ ਸੇਵਾ ਕਰ ਲਵਾਂ। ਇਸ ਤਰ੍ਹਾਂ ਦਾ ਸੰਕਲਪ ਕਰ ਕੇ ਵਾਪਸ ਆਪਣੇ ਸ਼ਹਿਰ ਵੱਲ ਮੁੜਿਆ। ਘਰ ਪੁੱਜ ਕੇ ਇਕ ਦੁੱਧ ਦਾ ਗੜਵਾ ਉਪਰ ਛੰਨਾ ਤੇ ਉਸ ਵਿਖੇ ਪੰਜ ਮੋਹਰਾਂ ਲਿਆ ਕੇ ਸਤਿਗੁਰਾਂ ਪਾਸ ਰੱਖ ਗਿਆ।

ਜਿਸ ਵੇਲੇ ਫਰੀਦ ਜੀ ਦੀ ਸਮਾਧੀ ਖੁਲ੍ਹੀ ਤਾਂ ਤਿੰਨ ਹੋਰ ਫਕੀਰਾਂ ਨੂੰ ਸੁੱਤਿਆਂ ਪਿਆਂ ਵੇਖ ਕੇ ਮਨ ਵਿਖੇ ਜਾਗਣ ਦਾ ਹੰਕਾਰ ਹੋ ਗਿਆ ਕਿ ਜਿਹੜੇ ਸੁੱਤੇ ਰਹਿੰਦੇ ਹਨ ਉਨ੍ਹਾਂ ਨੂੰ ਭਲਾ ਕੀ ਮਿਲਣਾ ਹੈ, ਜਾਗਣ ਵਾਲਿਆਂ ਨੂੰ ਹੀ ਸਭ ਕੁਝ ਮਿਲਦਾ ਹੈ। ਇਸ ਤਰ੍ਹਾਂ ਹੰਕਾਰ ਆਉਣ ਤੇ ਫਰੀਦ ਜੀ ਨੇ ਤਰਕ ਮਾਰਦਿਆਂ ਹੋਇਆਂ ਇਹ ਸਲੋਕ ਉਚਾਰਿਆ—

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥

ਰਾਤ ਦੇ ਪਹਿਲੇ ਪਹਿਰ ਵਿਖੇ ਜੋ ਜਾਗਦਾ ਹੈ ਉਸ ਨੂੰ ਫੁਲੜਾ= ਫੁਲਕਾ ਦਾਲ ਭਾਜੀ ਆਦਿਕ ਮਿਲਦੇ ਹਨ ਅਤੇ ਜੋ ਪਛਾ ਰਾਤਿ= ਪਿਛਲੀ ਰਾਤ ਉੱਠ ਕੇ ਪ੍ਰਮੇਸ਼ਰ ਦਾ ਭਜਨ-ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਹੀ ਫਲੁ= ਦੁੱਧ ਵਗੈਰਾ ਆਦਿਕ ਮਿੱਠੇ ਭੋਜਨ ਮਿਲਦੇ ਹਨ।

www.sikhbookclub.com

ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ॥੧੧੨॥

ਜੋ ਵੀ ਪੁਰਸ਼ ਰਾਤ ਨੂੰ ਖੁਦਾ ਦੇ ਸਿਮਰਨ ਵਿਖੇ ਜਾਗਦੇ ਹਨ, ਉਹੀ ਪੁਰਸ਼ ਸਾਈ ਕੰਨੋ= ਮਾਲਕ ਦੇ ਪਾਸੋਂ ਦਾਤਿ ਲਹੰਨਿ= ਦਾਤਾਂ ਲੈਣਾ ਕਰਦੇ ਹਨ॥ ੧੧੨॥

ਉਥਾਨਕਾ-ਹੰਕਾਰ ਸਹਿਤ ਫਰੀਦ ਜੀ ਦੇ ਬਚਨਾਂ ਨੂੰ ਸੁਣ ਕੇ ਉਸ ਦੇ ਹੰਕਾਰ ਦੀ ਨਵਿਰਤੀ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਅਗਲਾ ਸਲੋਕ ਉਚਾਰਨਾ ਕੀਤਾ-

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥

ਹੇ ਫਕੀਰ ਸਾਂਈ! ਤੂੰ ਹੰਕਾਰ ਕਿਉਂ ਕਰਦਾ ਹੈਂ ਇਹ ਸਾਰੀਆਂ ਦਾਤਾਂ ਤਾਂ ਉਸ ਸਾਹਿਬ ਅਕਾਲ ਪੁਰਖ ਸੰਦੀਆ= ਦੀਆਂ ਹੀ ਹਨ, ਉਸ ਪ੍ਰਮਾਤਮਾ ਨਾਲ ਕਿਸੇ ਦਾ ਕੀ ਜ਼ੋਰ ਚਲ ਸਕਦਾ ਹੈ। ਦੇਖ-

ਇਕਿ ਜਾਗੰਦੇ ਨਾ ਲਹਨਿ੍ ਇਕਨ੍ਹਾ ਸੁਤਿਆ ਦੇਇ ਉਠਾਲਿ॥੧੧੩॥

ਇਕ ਤੇਰੇ ਵਰਗੇ ਹੰਕਾਰੀ ਜਾਗਦੇ ਹੋਏ ਵੀ ਪ੍ਰਮਾਤਮਾ ਪਾਸੋਂ ਕੁਝ ਪ੍ਰਾਪਤ ਨਹੀਂ ਕਰ ਸਕਦੇ ਅਤੇ ਜਿਨ੍ਹਾਂ ਉਤੇ ਉਸ ਦੀ ਬਖਸ਼ਿਸ਼ ਹੁੰਦੀ ਹੈ, ਉਨ੍ਹਾਂ ਇਕਨਾਂ ਸੁਤਿਆਂ ਹੋਇਆਂ ਨੂੰ ਵਾਹਿਗੁਰੂ ਉਠਾਲ ਕੇ ਦੇਣਾ ਕਰਦਾ ਹੈ॥ ੧੧੩॥

ਹੇ ਫਕੀਰ ਸਾਂਈ! ਤੂੰ ਹੰਕਾਰ ਨਾ ਕਰ, ਤੈਨੂੰ ਤਾਂ ਇਕ ਪਿਆਲਾ ਦੁੱਧ ਦਾ ਮਿਲਿਆ ਹੈ ਉਹ ਵੀ ਤੇਰੇ ਮਿੱਟੀ ਦੇ ਭਾਂਡੇ ਵਿਖੇ।

ਦੇਖ! ਪਰਮਾਤਮਾ ਦੀ ਬਖਸ਼ਿਸ਼ ਨਾਲ ਮੇਰੇ ਪਾਸ ਦੁੱਧ ਦਾ ਗੜਵਾ ਪੰਜ ਮੋਹਰਾਂ ਛੰਨੇ ਸਮੇਤ ਪਿਆ ਹੋਇਆ ਹੈ। ਇਸ ਕਰ ਕੇ ਤੂੰ ਆਪਣੇ ਜਾਗਣ ਦਾ ਹੰਕਾਰ ਦੂਰ ਕਰ ਕੇ ਨਿੰਮ੍ਰਤਾ ਗੁਣ ਨੂੰ ਧਾਰਨਾ ਕਰ।

*ਅਥਵਾ— **ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥***

ਜਿਸ ਤਰ੍ਹਾਂ ਬ੍ਰਿਛਾਂ ਨੂੰ ਪਹਿਲੇ ਫੁੱਲ ਤੇ ਪਿਛੋਂ ਫਲ ਲੱਗਦੇ ਹਨ, ਇਸੇ ਤਰ੍ਹਾਂ ਜਿਹੜਾ ਪਹਿਲੀ ਰਾਤ ਪ੍ਰਭੂ ਦਾ ਭਜਨ-ਸਿਮਰਨ ਕਰਨਾ ਹੈ ਇਹ ਫੁੱਲ ਮਾਫਕ ਹੈ ਅਤੇ ਭੀ= ਬਹੁੜੋਂ ਜਿਹੜਾ ਪਿਛਲੀ ਰਾਤ ਭਜਨ-ਸਿਮਰਨ ਕਰਨਾ ਹੈ ਇਹ ਫਲ ਮਾਫਕ ਹੈ। ਭਾਵ ਪਹਿਲੀ ਰਾਤ ਨਾਲੋਂ ਪਿਛਲੀ ਰਾਤ ਭਜਨ-ਸਿਮਰਨ ਕੀਤਾ ਹੋਇਆ ਜ਼ਿਆਦਾ ਫਲਦਾਇਕ ਹੈ।

ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ॥ ੧੧੨॥

ਫਰੀਦ ਜੀਂ ਕਥਨ ਕਰਦੇ ਹਨ ਜੋ ਰਾਤ ਨੂੰ ਭਜਨ-ਸਿਮਰਨ ਵਿਖੇ ਜਾਗਦੇ ਹਨ ਸੇ= ਓਹੀ ਪੁਰਸ਼ ਸਾਈ= ਮਾਲਕ ਪ੍ਰਮਾਤਮਾ ਪਾਸੋਂ ਦਾਤਾਂ ਨੂੰ ਲੈਂਦੇ ਹਨ। ਇਸ ਤਰ੍ਹਾਂ ਫਰੀਦ ਦੇ ਹੰਕਾਰ ਸਹਿਤ ਬਚਨਾਂ ਨੂੰ ਸੁਣ ਕੇ ਫਰੀਦ ਨੂੰ ਸਮਝਾਉਂਦੇ ਹੋਏ ਕਥਨ ਕਰਦੇ ਹਨ-

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥

ਹੇ ਫਕੀਰ ਸਾਂਈ! ਨਾਮ-ਸਿਮਰਨ ਵੈਰਾਗ ਆਦਿਕ ਸ਼ੁਭ-ਗੁਣਾਂ ਰੂਪ ਦਾਤਾਂ ਸਾਹਿਬ ਦੀਆਂ ਹਨ। ਜੋ ਨਾ ਦੇਵੇ ਤਾਂ ਉਸ ਪ੍ਰਮਾਤਮਾ ਨਾਲ ਕਿਸੇ ਪੁਰਸ਼ ਦਾ ਕੀ ਜ਼ੋਰ ਚਲ ਸਕਦਾ ਹੈ।

ਇਕਿ ਜਾਗੰਦੇ ਨਾ ਲਹਨਿ੍ ਇਕਨ੍ਹਾ ਸੁਤਿਆ ਦੇਇ ਉਠਾਲਿ॥ ੧੧੩॥

ਇਕ ਜਿਹੜੇ ਜਾਗਦੇ ਪੁਰਸ਼ ਹਨ, ਭਾਵ ਵੇਦਾਂ ਸ਼ਾਸਤ੍ਰਾਂ ਦੇ ਗਿਆਤਾ ਹਨ, ਪਰ ਉਹ ਵਿਦਿਆ ਦੇ ਹੰਕਾਰ ਹੋਣ ਕਰ ਕੇ ਪਰਮਾਤਮਾ ਪਾਸੋਂ ਕੁਝ ਨਹੀਂ ਲੈਂਦੇ ਅਤੇ ਜੋ ਵੇਦਾਂ ਸ਼ਾਸਤਰਾਂ ਨੂੰ ਨਹੀਂ ਪੜ੍ਹੇ ਹੋਏ ਉਨ੍ਹਾਂ ਇਕਨਾ ਸੁਤਿਆ= ਅਨਪੜ੍ਹਾਂ ਨੂੰ ਉਠਾਲਿ ਕੇ ਭਾਵ ਉਦਮ ਦੇ ਕੇ ਸ਼ੁਭ= ਗੁਣਾਂ ਰੂਪੀ ਦਾਤਾਂ ਨੂੰ ਦਿੰਦਾ ਹੈ॥ ੧੧੩॥

ਯਥਾ- ਆਪੇ ਕਰੇ ਕਰਾਏ ਆਪੇ ਇਕਨਾ ਸੁਤਿਆ ਦੇਇ ਜਗਾਇ॥

(ਸਿਰੀਰਾਗੁ ਮਹਲਾ ੩, ਪੰਨਾ ੬੯)

ਤਥਾ- ਸਹਜਿ ਭਵੈ ਪ੍ਰਭੁ ਸਭਨੀ ਥਾਈ॥
ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥
ਆਪੇ ਸੁਤਿਆ ਦੇਇ ਜਗਾਈ॥ ੨॥

(ਗਉੜੀ ਗੁ: ਮਹਲਾ ੩, ਪੰਨਾ ੧੬੦)

ਤਥਾ- ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ॥
ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ॥

(ਵਾਰ ਸਾਰੰਗ ਪਉੜੀ ੨੯, ਪੰਨਾ ੧੨੪੮)

ਅਥਵਾ- ***ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥***

ਸਤਿਗੁਰੂ ਜੀ ਕਥਨ ਕਰਦੇ ਹਨ—ਇਹ ਸਾਰੀਆਂ ਦਾਤਾਂ ਸਾਹਿਬ= ਅਕਾਲ ਪੁਰਖ ਦੀਆਂ ਹਨ, ਇਸ ਲਈ ਜੀਵ ਨੂੰ ਕਿਆ= ਕੀ ਕਰਨਾ ਚਾਹੀਦਾ ਹੈ? *ਉੱਤਰ*-ਤਿਸ ਪ੍ਰਮੇਸ਼ਰ ਦੀ ਆਗਿਆ ਨਾਲ ਭਾਵ ਭਾਣੇ ਵਿਖੇ ਚੱਲਣਾ ਚਾਹੀਦਾ ਹੈ।

ਇਕਿ ਜਾਗੰਦੇ ਨਾ ਲਹਨ੍ਹਿ ਇਕਨ੍ਹਾ ਸੁਤਿਆ ਦੇਇ ਉਠਾਲਿ॥ ੧੧੩॥

ਇਕਨਾ ਜਿਹੜੇ ਗੁਰਮੁਖ ਗਿਆਨ-ਜਾਗ੍ਰਤ ਵਿਖੇ ਜਾਗਦੇ ਹਨ ਉਹ ਵਾਹਿਗੁਰੂ ਦੇ ਨਾਲ+ਹਨ੍ਹਿ= ਨਾਲ ਹੀ ਹਨ ਅਤੇ ਇਕ ਸੰਸਾਰੀ ਪੁਰਸ਼ਾਂ ਨੂੰ ਅਵਿਦਿਆ ਰੂਪੀ ਨਿੰਦਰਾ ਵਿਚੋਂ ਉਠਾਲ ਕੇ ਨਾਮ-ਸਿਮਰਨ ਦਿੰਦਾ ਹੈ॥ ੧੧੩॥*

ਉਥਾਨਕਾ-ਕਿਸੇ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ—ਮੈਂ ਪਤੀ-ਪਰਮਾਤਮਾ ਨੂੰ ਬੜਾ ਲਭਿਆ ਹੈ ਪਰ ਉਹ ਮਿਲਿਆ ਨਹੀਂ ਇਸ ਵਿਚ ਕੀ ਕਾਰਨ ਹੈ? *ਉੱਤਰ—*

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥

ਹੇ ਜੀਵ ਰੂਪੀ ਇਸਤਰੀ! ਤੂੰ ਆਪਣੇ ਸੁਹਾਗ= ਪਤੀ ਪ੍ਰਮਾਤਮਾ ਕੂ= ਨੂੰ ਢੂੰਡਦੀ ਤਾਂ ਠੀਕ ਹੈਂ ਪਰ ਤੈਨੂੰ ਮਿਲਦਾ ਇਸ ਵਾਸਤੇ ਨਹੀਂ ਕਿ ਤੇਰੇ ਤਨ ਵਿਖੇ ਕਾਈ ਕੋਰ= ਕੋਈ ਕਲੰਕ ਹੈ। ਵਾ-ਕੋਰ= ਊਣਤਾ ਭਾਵ ਦੂਸ਼ਨ ਹੈ। ਇਹ ਗੱਲ ਸੁਣ ਕੇ ਉਸ ਨੇ ਕਿਹਾ— ਮੇਰੇ ਵਿਖੇ ਕੋਈ ਦੋਸ਼ ਨਹੀਂ ਮੈਂ ਤਾਂ ਸੁਹਾਗਵੰਤੀ ਹਾਂ। ਤਾਂ ਫਰੀਦ ਜੀ ਨੇ ਕਿਹਾ-

ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ॥ ੧੧੪॥

ਜਿਨ੍ਹਾਂ ਦਾ ਨਾਂ ਸੁਹਾਗਵੰਤੀ ਹੁੰਦਾ ਹੈ ਭਾਵ ਜਿਨ੍ਹਾਂ ਨੂੰ ਪਤੀ-ਪਰਮਾਤਮਾ ਮਿਲ ਜਾਂਦਾ ਹੈ ਉਨ੍ਹਾਂ ਦੀ

** ਦਾਤੀ ਸਾਹਿਬ ਸੰਦੀਆਂ ਵਾਲਾ ਸਲੋਕ ਸਿਰੀ ਰਾਗ ਦੀ ਵਾਰ ਵਿਖੇ ਪੰਨਾ ੮੩ ਪਰ ਗੁਰੂ ਸਾਹਿਬ ਜੀ ਨੇ ਅੰਕਿਤ ਕੀਤਾ ਹੈ।*

ਝਾਕ= ਦ੍ਰਿਸ਼ਟੀ ਕਿਸੇ ਹੋਰ ਪਾਸੇ ਨਹੀਂ ਜਾਂਦੀ। ਭਾਵ-ਜਿਨ੍ਹਾਂ ਨੂੰ ਪਤੀ-ਪਰਮਾਤਮਾ ਦੀ ਪ੍ਰਾਪਤੀ ਹੋ ਗਈ ਹੈ ਉਹ ਪ੍ਰਮੇਸ਼ਰ ਤੋਂ ਬਿਨਾਂ ਹੋਰ ਕਿਸੇ ਦੀ ਉਪਾਸਨਾ ਨਹੀਂ ਕਰਦੀਆਂ। ਇਸ ਲਈ ਤੈਨੂੰ ਵੀ ਪ੍ਰਭੂ 'ਤੇ ਅਟਲ ਨਿਸਚਾ ਰੱਖਣਾ ਚਾਹੀਦਾ ਹੈ। ਤਾਂ ਕਿ ਤੂੰ ਭੀ ਸੁਹਾਗਵੰਤੀ ਕਹਾ ਸਕੇਂ॥ ੧੧੪॥

ਉਥਾਨਕਾ-ਕਿਸੇ ਪ੍ਰੇਮੀ ਨੇ ਆ ਕੇ ਬੇਨਤੀ ਕੀਤੀ "ਹੇ ਫਕੀਰ ਸਾਂਈਂ! ਸੰਤੋਖ ਧਾਰਨ ਦਾ ਕੀ ਫਲ ਹੈ?"

ਉੱਤਰ—

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥

ਹਿਰਦੇ ਮੰਝ= ਵਿਖੇ ਜੋ ਸਬਰ= ਸੰਤੋਖ ਧਾਰਨਾ ਹੈ ਇਹ ਕਮਾਣ= ਧਨੁਖ ਕਰ, ਤਨ ਵਿਖੇ ਜੋ ਸਬਰੁ= ਸੰਤੋਖ ਧਾਰਨਾ ਹੈ ਇਹ ਉਸ ਧਨੁਖ ਦਾ ਨੀਹਣੋ= ਚਿੱਲਾ ਕਰ।

ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥ ੧੧੫॥

ਬਾਣੀ ਕਰ ਕੇ ਜਿਹੜਾ ਸੰਤੋਖ ਧਾਰਨਾ ਹੈ ਭਾਵ ਬਾਣੀ ਕਰ ਕੇ ਕਿਸੇ ਨੂੰ ਦੁਖਾਵਾਂ ਬਚਨ ਨਹੀਂ ਕਹਿਣਾ। ਇਹ ਉਸ ਧਨੁਖ ਸੰਦਾ= ਦਾ ਬਾਣ ਕਰ। ਭਾਵ ਜੇਕਰ ਮਨ ਬਾਣੀ ਸਰੀਰ ਕਰ ਕੇ ਸੰਤੋਖ ਨੂੰ ਧਾਰਨਾ ਕਰੇ ਤਾਂ ਇਸ ਪੁਰਸ਼ ਦਾ ਬਾਣੀ ਰੂਪੀ ਬਾਣ ਚਲਾਇਆ ਹੋਇਆ ਖਾਲਕੁ= ਪਰਮਾਤਮਾ ਖਤਾ ਨ ਕਰੀ= ਨਿਸਫਲ ਨਹੀਂ ਕਰਦਾ। ਭਾਵ ਕੀ ਜੋ ਵੀ ਬਚਨ ਕਹਿੰਦਾ ਹੈ ਓਹੀ ਪੂਰਾ ਹੋ ਜਾਂਦਾ ਹੈ॥ ੧੧੫॥

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ॥

ਸਾਬਰੀ= ਸੰਤੋਖੀ ਪੁਰਸ਼ ਸਬਰ= ਸੰਤੋਖ ਦੇ ਅੰਦਰ ਰਹਿੰਦੇ ਹੋਏ ਆਪਣੇ ਤਨੁ= ਦੇਹ ਅਧਿਆਸ ਨੂੰ ਬ੍ਰਹਮ ਦ੍ਰਿਸ਼ਟੀ ਰੂਪੀ ਅਗਨੀ ਵਿਖੇ ਏਵੈ ਜਾਲੇਨ੍ਹਿ= ਇਸ ਤਰ੍ਹਾਂ ਸਾੜਨਾ ਕਰਦੇ ਹਨ, ਜਿਵੇਂ ਅੱਗ ਸਭਨਾ ਵਸਤੂਆਂ ਨੂੰ ਸਾੜ ਦਿੰਦੀ ਹੈ। ਵਾ-ਜਿਸ ਤਰ੍ਹਾਂ ਹੋਰ ਕੋਈ ਨਾ ਸਾੜ ਸਕਦਾ ਹੋਵੇ।

ਅਥਵਾ-ਸੰਤੋਖੀ ਪੁਰਸ਼ ਆਪਣੇ ਤਨ ਨੂੰ ਏਵੈ= ਕਿਵੇਂ ਭਾਵ ਮਿਥਿਆ ਜਾਣ ਕੇ ਆਪਣੀ ਉਮਰ ਦੇ ਦਿਨਾਂ ਨੂੰ ਸੰਤੋਖ ਵਿਚ ਹੀ ਜਾਲੇਨ੍ਹਿ= ਬਤੀਤ ਕਰਦੇ ਹਨ। *ਅਥਵਾ*-ਸੰਤੋਖੀ ਪੁਰਸ਼ ਏਵੈ= ਇਸ ਪ੍ਰਕਾਰ ਜਾਣ ਕੇ ਕਿ ਸੰਤੋਖ ਅੰਦਰ ਰਹਿਣਾ ਹੀ ਸ੍ਰੇਸ਼ਟ ਹੈ। ਇਹ ਨਿਸਚਾ ਕਰ ਕੇ ਆਪਣੀ ਉਮਰ ਨੂੰ ਸੰਤੋਖ ਵਿਚ ਰਹਿ ਕੇ ਬਤੀਤ ਕਰਦੇ ਹਨ। ਇਸ ਲਈ ਉਹ ਸੰਤੋਖੀ ਗੁਰਮੁਖ ਮਹਾਤਮਾ ਜਨ—

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ ੧੧੬॥

ਅੱਲ੍ਹਾ ਤਾਲਾ ਖੁਦਾ ਦੇ ਨਜ਼ਦੀਕ ਹੁੰਦੇ ਹਨ ਪਰ ਆਪਣੇ ਦਿਲ ਦਾ ਭੇਤ ਕਿਸੇ ਨੂੰ ਨਹੀਂ ਦਿੰਦੇ।

ਅਥਵਾ—ਉਹ ਗੁਰਮੁਖ ਕਿਸੇ ਨੂੰ ਭੇਤੁ= ਭੇਦ ਵਾਦ ਦਾ ਉਪਦੇਸ਼ ਨਹੀਂ ਦਿੰਦੇ॥ ੧੧੬॥

ਸਾਖੀ— ਸਰਮੱਦ ਫਕੀਰ ਦੀ

ਭਰੇ ਦਰਬਾਰ ਵਿਖੇ ਰੂਮ ਦੇਸ਼ ਦਾ ਬਾਦਸ਼ਾਹ ਸਿੰਘਾਸਨ 'ਤੇ ਬੈਠਾ ਸੁਭਾਇਮਾਨ ਹੋ ਰਿਹਾ ਹੈ। ਗੱਲਾਂ ਚਲਦਿਆਂ-ਚਲਦਿਆਂ ਸਬਰ ਤੇ ਸ਼ੁਕਰ ਪਰ ਆ ਕੇ ਸਭ ਚੁਪ ਹੋ ਗਏ। ਜਿਸ ਵਕਤ ਬਾਦਸ਼ਾਹ ਨੇ ਇਹ ਪ੍ਰਸ਼ਨ ਕੀਤਾ ਕਿ ਸਬਰ ਕਿਸ ਨੂੰ ਤੇ ਸ਼ੁਕਰ ਕਿਸ ਨੂੰ ਕਹਿੰਦੇ ਹਨ? ਭਾਵ-ਸਬਰ ਕੀ ਹੁੰਦਾ ਹੈ ਤੇ ਸ਼ੁਕਰ ਕੀ ਹੁੰਦਾ ਹੈ? ਕਿਸੇ ਪਾਸੋਂ ਤਸੱਲੀ ਬਖਸ਼ ਉਤਰ ਨਾ ਮਿਲਣ ਤੇ ਬਾਦਸ਼ਾਹ ਨੇ ਆਪਣੇ ਮੁਖ ਮੰਤਰੀ ਨੂੰ ਕਿਹਾ—"ਤੁਸੀਂ ਹਿੰਦੁਸਤਾਨ ਔਰੰਗਜ਼ੇਬ ਦੀ ਕਚਹਿਰੀ ਵਿਖੇ ਜਾ ਕੇ ਇਸ ਦਾ ਉੱਤਰ ਲੈ ਆਓ ਕਿਉਂਕਿ ਉਥੇ ਬੜੇ-ਬੜੇ ਪੜ੍ਹੇ

ਲਿਖੇ ਤੇ ਆਲਮ ਰਹਿੰਦੇ ਹਨ। ਉਥੋਂ ਉੱਤਰ ਜ਼ਰੂਰ ਮਿਲ ਜਾਵੇਗਾ। ਜੇਕਰ ਨਾ ਵੀ ਮਿਲਿਆ ਤਾਂ ਦਿੱਲੀ ਵਿਖੇ ਇਕ ਸਰਮੱਦ ਨਾਮੇ ਫਕੀਰ ਰਹਿੰਦਾ ਹੈ, ਉਸ ਪਾਸ ਜਾਵੀਂ, ਉਸ ਪਾਸੋਂ ਜ਼ਰੂਰ ਸਹੀ ਉੱਤਰ ਮਿਲ ਜਾਵੇਗਾ।'' ਬਾਦਸ਼ਾਹ ਦਾ ਹੁਕਮ ਮੰਨ ਕੇ ਉਹ ਮੰਤਰੀ ਰੂਮ ਦੇਸ਼ 'ਚੋਂ ਚਲਦਾ ਹਿੰਦੁਸਤਾਨ ਆ ਪੁੱਜਾ। ਫਿਰ ਉਹ ਔਰੰਗਜ਼ੇਬ ਦੇ ਦਰਬਾਰ ਵਿਖੇ ਆਇਆ। ਆ ਕੇ ਸਲਾਮ ਕਰ ਉਹੀ ਸਵਾਲ ਸਬਰ ਤੇ ਸ਼ੁਕਰ ਵਾਲਾ ਕਰ ਦਿੱਤਾ ਕਿ ਐ ਬਾਦਸ਼ਾਹ! ਤੇਰੇ ਦਰਬਾਰ ਵਿਖੇ ਬੜੇ-ਬੜੇ ਆਲਮਗੀਰ ਬੈਠੇ ਹਨ ਤੂੰ ਸਬਰ ਤੇ ਸ਼ੁਕਰ ਦਾ ਨਿਰਣਾ ਕਰ ਕੇ ਮੈਨੂੰ ਦਸ, ਸਬਰ ਕਿਸ ਨੂੰ ਕਹਿੰਦੇ ਹਨ ਤੇ ਸ਼ੁਕਰ ਕਿਸ ਨੂੰ ਕਹਿੰਦੇ ਹਨ?

ਸਭਨਾਂ ਨੇ ਆਪਣੇ ਖਿਆਲਾਂ ਅਨੁਸਾਰ ਕਥਨ ਕੀਤਾ ਪਰ ਮੰਤਰੀ ਨੂੰ ਤਸੱਲੀ ਬਖਸ਼ ਉੱਤਰ ਨਾ ਮਿਲਿਆ। ਰੂਮ ਦੇਸ਼ ਦੇ ਬਾਦਸ਼ਾਹ ਭਾਵ ਆਪਣੇ ਰਾਜੇ ਦੇ ਕਹੇ ਅਨੁਸਾਰ ਸ਼ਹਿਰ ਵਿਚ ਲੋਕਾਂ ਪਾਸੋਂ ਪੁੱਛਣ ਲੱਗਾ ਕਿ ਇਥੇ ਕੋਈ 'ਸਰਮੱਦ' ਫਕੀਰ ਵੀ ਰਹਿੰਦਾ ਹੈ?

ਪੁਛਦਿਆਂ ਪੁਛਦਿਆਂ ਇਕ ਰਾਜੇ ਦੇ ਨਜ਼ਦੀਕੀ ਮਿੱਤਰ ਨੇ ਦੱਸਿਆ ਕਿ ਉਸ ਨੂੰ ਤਾਂ ਔਰੰਗਜ਼ੇਬ ਨੇ ਸ਼ਰ੍ਹਾ ਦੇ ਉਲਟ ਚਲਣ ਦੇ ਦੋਸ਼ ਵਿਖੇ ਨਜ਼ਰਬੰਦ ਕੀਤਾ ਹੋਇਆ ਹੈ। ਕਈ ਯਤਨਾਂ ਦੇ ਉਪਰੰਤ ਉਹ ਸਰਮੱਦ ਫਕੀਰ ਦੇ ਪਾਸ ਪੁੱਜ ਗਿਆ। ਹਾਲੀ ਥੋੜ੍ਹਾ ਹੀ ਚਿਰ ਬੈਠਿਆਂ ਹੋਇਆ ਸੀ ਕਿ ਇਕ ਜਲਾਦ ਆਇਆ। ਜਿਸ ਦੀ ਸ਼ਕਲ ਦੇਖਣ ਨੂੰ ਰੂਹ ਨਹੀਂ ਸੀ ਕਰਦਾ। ਬੂਹਾ ਖੋਲ੍ਹ ਅੰਦਰ ਗਿਆ।

ਦਿੱਲੀ ਦੇ ਬਾਦਸ਼ਾਹ ਦੇ ਹੁਕਮ ਨਾਲ ਉਸ ਨੇ ਸੌ ਕੋਰੜਾ ਮਾਰਿਆ ਤੇ ਚਲਾ ਗਿਆ। ਇਹ ਦੇਖ ਕੇ ਮੰਤਰੀ ਸੋਚ ਹੀ ਰਿਹਾ ਸੀ ਕਿ ਇਤਨੇ ਨੂੰ ਇਕ ਹੋਰ ਪੁਰਸ਼ ਆਇਆ, ਉਸ ਨੇ ਇਕ ਕੋਧਰੇ ਦੀ ਰੋਟੀ ਲੂਣ ਦੀ ਡਲੀ ਤੇ ਸਰਮੱਦ ਦਾ ਪਿਆਲਾ ਪਾਣੀ ਨਾਲ ਭਰ ਦਿੱਤਾ। ਸਰਮੱਦ ਫਕੀਰ ਨੇ ਕੋਧਰੇ ਦੀ ਰੋਟੀ ਲਈ ਤੇ ਚੁਪ ਕਰ ਕੇ ਖਾ ਕੇ ਉਪਰੋਂ ਪਾਣੀ ਪੀ ਲਿਆ। ਇਹ ਦਸ਼ਾ ਵੇਖ ਕੇ ਮੰਤਰੀ ਕੋਲੋਂ ਰਿਹਾ ਨਾ ਗਿਆ ਅਤੇ ਸੀਖਾਂ ਪਾਸ ਜਾ ਕੇ ਅਵਾਜ਼ ਦਿੱਤੀ ਹੇ ਫਕੀਰ ਸਾਂਈ! ਮੈਂ ਸੁਆਲੀਆ ਹੋ ਕੇ ਆਪ ਕੋਲੋਂ ਉੱਤਰ ਲੈਣ ਵਾਸਤੇ ਆਇਆ ਹਾਂ ਕਿਉਂਕਿ ਅੰਦਰ ਹਨੇਰਾ ਹੋਣ ਕਰ ਕੇ ਕੁਝ ਨਿਗਾਹ ਨਹੀਂ ਆਉਂਦਾ। ਸਰਮੱਦ ਬਾਹਰ ਸੀਖਾਂ ਪਾਸ ਆਇਆ। ਮੰਤਰੀ ਵੇਖ ਕੇ ਹੈਰਾਨ ਰਹਿ ਗਿਆ ਕਿ ਇਤਨਾ ਜ਼ੁਲਮ ਜੋ ਸਰੀਰ ਕੀ, ਲੱਕ ਪਰ ਬੰਨ੍ਹਣ ਵਾਸਤੇ ਵੀ ਕੋਈ ਕੱਪੜਾ ਨਹੀਂ। ਇਸ ਪਾਸਿਓਂ ਉਸ ਦਾ ਖਿਆਲ ਹਟਾਉਂਦੇ ਹੋਏ ਸਰਮੱਦ ਨੇ ਕਿਹਾ—''ਤੁਸੀਂ ਆਪਣਾ ਸਵਾਲ ਕਰੋ, ਮੇਰਾ ਤੁਸੀਂ ਖਿਆਲ ਨਾ ਕਰੋ।'' ਤਾਂ ਮੰਤਰੀ ਨੇ ਕਿਹਾ— ''ਮੈਂ ਰੂਮ ਦੇਸ਼ ਤੋਂ ਬਾਦਸ਼ਾਹ ਦੇ ਹੁਕਮ ਅਨੁਸਾਰ ਸਬਰ ਤੇ ਸ਼ੁਕਰ ਦਾ ਨਿਰਣਾ ਕਰਨ ਆਇਆ ਹਾਂ ਕਿ ਸਬਰ ਕਿਸ ਨੂੰ ਕਹਿੰਦੇ ਹਨ ਤੇ ਸ਼ੁਕਰ ਕਿਸ ਨੂੰ ਕਹਿੰਦੇ ਹਨ?''

ਐਸੇ ਬਚਨ ਸੁਣ ਕੇ ਸਰਮੱਦ ਫਕੀਰ ਨੇ ਕਿਹਾ—''ਚੰਗਾ! ਤੂੰ ਫਿਰ ਕਲ੍ਹ ਆ ਕੇ ਇਨ੍ਹਾਂ ਦੋ ਸਵਾਲਾਂ ਦਾ ਜਵਾਬ ਲਵੀਂ ਪਰ ਇਕ ਤਹਿਮਤ ਤੇ ਇਕ ਮਸ਼ਕ ਪਾਣੀ ਦੀ ਨਾਲ ਲਈ ਆਵੀਂ। ਉਹ ਦਿਨ ਬੀਤ ਗਿਆ ਰਾਤ ਵੀ ਬੀਤ ਗਈ। ਦੂਸਰੇ ਦਿਨ ਉਹ ਮੰਤਰੀ ਆਪਣੇ ਨਾਲ ਇਕ ਤਹਿਮਤ ਤੇ ਪਾਣੀ ਦੀ ਮਸ਼ਕ ਲੈ ਕੇ ਆਇਆ। ਆ ਕੇ ਅੱਗੇ ਦੀ ਤਰ੍ਹਾਂ ਪਿਆਰ ਭਰੇ ਲਹਿਜੇ ਵਿਖੇ ਅਵਾਜ਼ ਦਿੱਤੀ- ''ਹੇ ਫਕੀਰ ਸਾਂਈ! ਮੈਂ ਆਪ ਦੇ ਕਹੇ ਅਨੁਸਾਰ ਦੋਵੇਂ ਚੀਜ਼ਾਂ ਲੈ ਕੇ ਆਇਆ ਹਾਂ। ਸਰਮੱਦ ਫਕੀਰ ਨੇ ਆਪਣੀ ਰੂਹਾਨੀ ਸ਼ਕਤੀ ਨਾਲ ਬੂਹਾ ਖੋਲ੍ਹਿਆ ਤੇ ਉਸ ਨੂੰ ਅੰਦਰ ਵਾੜ ਲਿਆ। ਪਹਿਲੇ ਸਰਮੱਦ ਨੇ ਇਸ਼ਨਾਨ ਕੀਤਾ ਫਿਰ ਤਹਿਮਤ ਬੰਨ੍ਹ ਕੇ ਸਮਾਧੀ ਲਗਾ ਉਸ ਨੂੰ ਪਾਸ ਹੀ ਬਿਠਾ ਲਿਆ। ਪੁਨਾ ਉਸ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ—''ਅੱਖਾਂ ਮੀਟ!'' ਜਦ ਉਸ ਨੇ ਅੱਖਾਂ ਮੀਟੀਆਂ ਤਾਂ ਸਰਮੱਦ ਨੇ ਆਪਣੀ ਰੂਹਾਨੀ ਤਾਕਤ ਨਾਲ ਸਾਰਾ ਨਜ਼ਾਰਾ ਦਿਖਾ ਦਿੱਤਾ ਕਿ ਇਕ ਨਹੀਂ ਦੋ ਨਹੀਂ ਹਜ਼ਾਰਾਂ ਹੀ ਦੁਹਾਂ ਹੱਥ ਜੋੜ ਕੇ ਖਲੋਤੀਆਂ ਹਨ ਤੇ ਕਹਿ ਰਹੀਆਂ ਹਨ-''ਹੇ ਫਕੀਰ

ਸਾਂਈ! ਤੂੰ ਇਕ ਵਾਰੀ ਹੁਕਮ ਦੇਹ ਅਸੀਂ ਇਸ ਜ਼ੁਲਮੀ ਬਾਦਸ਼ਾਹ ਦੇ ਸਣੇ ਰਾਜ ਸਤਿਆ ਨਾਸ ਕਰ ਦਿਆਂਗੀਆਂ। ਰੂਹਾਂ ਤਾਂ ਬਾਰ-ਬਾਰ ਕਹਿੰਦੀਆਂ ਸਨ ਪਰ ਸਰਮੱਦ ਫਕੀਰ ਉਹਨਾਂ ਨੂੰ ਅਜੇਹਾ ਖਤਰਨਾਕ ਹੁਕਮ ਦੇਣ ਨੂੰ ਤਿਆਰ ਨਹੀਂ, ਨਾ ਹੀ ਦਿੱਤਾ। ਇਸ ਤਰ੍ਹਾਂ ਦਾ ਨਜ਼ਾਰਾ ਦਿਖਾ ਕੇ ਸਰਮੱਦ ਨੇ ਉਸ ਮੰਤਰੀ ਨੂੰ ਉਸ ਦੇ ਸੁਆਲਾਂ ਦਾ ਜਵਾਬ ਦਿੰਦੇ ਹੋਏ ਕਿਹਾ-ਦੇਖ! ਇਤਨੀਆਂ ਸ਼ਕਤੀਆਂ ਦੇ ਹੁੰਦਿਆਂ ਹੋਇਆਂ ਵੀ ਜਿਹੜਾ ਆਦਮੀ ਦੁੱਖ ਤਕਲੀਫ ਨੂੰ ਪ੍ਰਭੂ ਦਾ ਹੁਕਮ ਜਾਣਦਿਆਂ ਸਹਿਣ ਕਰਦਾ ਹੈ ਇਸੇ ਦਾ ਨਾਮ ਸਬਰ ਹੈ। ਭਾਵ ਕੀ, ਜੇ ਖੁਦਾ ਦੁੱਖ ਵੀ ਦੇਵੇ ਤਾਂ ਉਹਨਾਂ ਨੂੰ ਆਪਣੇ ਕਰਮਾਂ ਦਾ ਹੀ ਫਲ ਨਿਸਚੇ ਕਰ ਕੇ ਉਸ ਦੀ ਨਵਿਰਤੀ ਨਾ ਕਰਦਾ ਹੋਇਆ ਸਹਿਣ ਕਰੇ ਅਤੇ ਫਿਰ ਇਤਨੀ ਗਰਮੀ ਦੇ ਹੁੰਦਿਆਂ ਅਲਫ ਨੰਗਿਆਂ ਇਤਨੇ ਹਨੇਰੇ ਵਿਖੇ ਰਹਿ ਕੇ ਦਿਹਾੜੀ ਵਿਚ ਸਿਰਫ ਇਕ ਪਾਣੀ ਦਾ ਪਿਆਲਾ ਤੇ ਇਕ ਰੋਟੀ ਉਹ ਵੀ ਕੋਧਰੇ ਦੀ ਮਿਲਣੀ ਇਸ ਵਿਖੇ ਹੀ ਜਿਹੜਾ ਪ੍ਰਸੰਨ ਰਹਿਣਾ ਹੈ, ਇਸੇ ਦਾ ਨਾਂ ਸ਼ੁਕਰ ਹੈ। ਇਸ ਤਰ੍ਹਾਂ ਸਰਮੱਦ ਫਕੀਰ ਨੇ ਉਸ ਦੀ ਤਸੱਲੀ ਕਰਾ ਕੇ ਵਿਦਾ ਕੀਤਾ। ਉਹੀ ਧੁਨ ਜਣਾਉਦੇ ਹੋਈ ਫਰੀਦ ਜੀ ਨੇ ਕਥਨ ਕੀਤਾ ਹੈ ਕਿ-

ਸਬਰ ਅੰਦਰਿ ਸਾਬਰੀ= ਸਾਬਰੀ ਸੰਤੋਖੀ ਗੁਰਮੁਖ ਜਨ ਮਹਾਤਮਾ ਸਬਰ ਵਿਖੇ ਰਹਿੰਦੇ ਤੇ ਪ੍ਰਭੂ ਦਾ ਸ਼ੁਕਰ ਗੁਜ਼ਾਰ ਕਰਦੇ ਹੋਏ ਭਜਨ-ਸਿਮਰਨ ਵਿਖੇ ਲੀਨ ਰਹਿੰਦੇ ਹਨ।

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥

ਸਬਰੁ= ਸੰਤੋਖ ਦੇ ਧਾਰਨ ਦਾ ਏਹੀ ਸੁਆਉ= ਲਾਭ ਹੈ, ਹੇ ਬੰਦੇ! ਜੇਕਰ ਤੂੰ ਇਸ ਸੰਤੋਖ ਨੂੰ ਆਪਣੇ ਮਨ ਵਿਚ ਦ੍ਰਿੜ੍ਹ ਕਰ ਲਵੇਂ। ਤਾਂ-

ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥ ੧੧੭॥

ਸ਼ੁਭ ਗੁਣਾਂ ਨਾਲ ਵਧ ਕੇ ਦਰੀਆਉ= ਬ੍ਰਹਮ ਸਰੂਪ ਥੀਵਹਿ= ਹੋ ਜਾਵੇਂਗਾ, ਫਿਰ ਬ੍ਰਹਮ ਨਾਲੋਂ ਟੁਟਿ= ਵਿਛੁੜ ਕੇ ਵਾਹੜਾ= ਨਾਲਾ ਅਰਥਾਤ ਜੀਵ ਭਾਵ ਨੂੰ ਪ੍ਰਾਪਤ ਨ ਥੀਵਹਿ= ਨਹੀਂ ਹੋਵੇਂਗਾ।

ਉਥਾਨਕਾ-ਇਕ ਸਮੇਂ ਫਰੀਦ ਜੀ ਪ੍ਰੀਖਿਆ ਲੈਣ ਵਾਸਤੇ ਸ਼ੇਖ ਸ਼ਰਫ ਨਾਮੇ ਫਕੀਰ ਨੇ ਆਪਣੀ ਧਰਮ-ਪਤਨੀ ਨਾਲ ਸਲਾਹ ਕਰ ਕੇ ਸਮਸ਼ਟੀ ਭੰਡਾਰਾ ਕਰਨ ਦਾ ਇਰਾਦਾ ਕਰ ਲਿਆ। ਇਕ ਦਿਨ ਨਿਯਤ ਕਰ ਕੇ ਸਭ ਚੀਜ਼ਾਂ ਮੰਗਵਾਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਸਾਰਿਆਂ ਫਕੀਰਾਂ ਨੂੰ ਨਿਮੰਤ੍ਰਨ ਕਹਿ ਭੇਜਿਆ ਕਿ ਅਮਕੇ ਦਿਨ ਸਾਰੇ ਫਕੀਰ ਫਲਾਣੀ ਜਗ੍ਹਾ ਪਰ ਆ ਕੇ ਪ੍ਰਸ਼ਾਦ ਛਕਣ ਅਤੇ ਫਰੀਦ ਜੀ ਨੂੰ ਵੀ ਕਹਿ ਭੇਜਿਆ। ਸਮੇਂ ਅਨੁਸਾਰ ਨਿਯਤ ਕੀਤੇ ਹੋਏ ਦਿਨ ਨੂੰ ਸਾਰੇ ਫਕੀਰ ਆ ਕੇ ਇਕੱਠੇ ਹੋ ਗਏ, ਅੱਗੇ ਉਨ੍ਹਾਂ ਫਕੀਰਾਂ ਵਾਸਤੇ ਸ਼ੇਖ ਸ਼ਰਫ ਨੇ ਬੜੇ ਬੜੇ ਚੰਗੇ ਪਕਵਾਨ, ਪੁਲਾਵ, ਕਚੌੜੀ, ਅੰਮ੍ਰਿਤੀ ਆਦਿ ਤਿਆਰ ਕਰਵਾਏ ਹੋਏ ਸਨ ਅਤੇ ਫਕੀਦ ਜੀ ਦੇ ਹੰਕਾਰ ਨੂੰ ਤੋੜਨ ਵਾਸਤੇ ਆਪਣੀ ਘਰ ਵਾਲੀ ਪਾਸੋਂ ਬਾਰਾਂ ਸਾਲਾਂ ਦੇ ਸੜੇ ਹੋਏ ਛੋਲਿਆਂ ਦਾ ਆਲੂਣਾ ਘੋਘਾ ਤਿਆਰ ਕਰਵਾਇਆ ਹੋਇਆ ਸੀ। ਜਿਸ ਵੇਲੇ ਸਾਰੇ ਫਕੀਰ ਪੰਗਤਾਂ ਲਗਾ ਕੇ ਬੈਠ ਗਏ, ਤਾਂ ਹੱਥ ਧੁਆ ਕੇ ਸਾਰਿਆਂ ਅੱਗੇ ਬੜੇ ਪ੍ਰੇਮ ਸੰਯੁਕਤ ਨਾਨ੍ਹਾਂ ਪ੍ਰਕਾਰ ਦੇ ਸੁਆਦਲੇ ਮਿਸ਼ਟਾਨ ਤੇ ਨਮਕੀਨ, ਖਟ ਤੁਰਸ਼ ਆਦਿਕ ਭੋਜਨ ਪਰੋਸ ਦਿੱਤੇ। ਜਿਸ ਵੇਲੇ ਸ਼ਾਹ ਸ਼ਰਫ ਜੀ ਨੇ ਨਿਗਾਹ ਮਾਰ ਕੇ ਤਕਿਆ ਕਿ ਸਾਰਿਆਂ ਨੂੰ ਭੋਜਨ ਆ ਗਿਆ ਹੈ ਕਿ ਨਹੀਂ ਤਾਂ ਸਾਰਿਆਂ ਫਕੀਰਾਂ ਅੱਗੇ ਭੋਜਨ ਪਿਆ ਦੇਖਿਆ ਪਰ ਇਕ ਫਰੀਦ ਜੀ ਦੇ ਅੱਗੇ ਨਹੀਂ ਸੀ ਆਇਆ ਤਾਂ ਉਸ ਵੇਲੇ ਅਵਾਜ਼ ਮਾਰ ਕੇ ਕਿਹਾ—"ਭਲੀਏ ਲੋਕੇ! ਫਰੀਦ ਜੀ ਵਾਸਤੇ ਭੋਜਨ ਕਿਉਂ ਨਹੀਂ ਲਿਆਂਦਾ? ਫਰੀਦ ਜੀ ਦਾ ਖਾਣਾ ਛੇਤੀ ਲਿਆ"। ਧਰਮ-ਪਤਨੀ ਨੇ ਉਸੇ ਵੇਲੇ ਛੇਤੀ ਨਾਲ ਸਹਿਨਕ (ਮਿੱਟੀ ਦੇ ਭਾਂਡੇ) ਵਿਚ ਘੋਘਾ ਪਾ ਕੇ ਫਰੀਦ ਜੀ ਦੇ ਅੱਗੇ ਲਿਆ ਰਖਿਆ। ਇਤਨੇ ਨੂੰ ਸ਼ਾਹ ਸ਼ਰਫ ਨੇ ਹੱਥ ਜੋੜ ਕੇ

ਕਿਹਾ ਕਿ ਪ੍ਰੇਮ ਸੰਯੁਕਤ ਭੋਜਨ ਛਕੋ। ਤਦ ਸਾਰਿਆਂ ਨੂੰ ਭੋਜਨ ਛਕਦਿਆਂ ਹੋਇਆਂ ਬੜਾ ਸੁਆਦ ਆਇਆ ਪਰ ਫਰੀਦ ਜੀ ਨੂੰ ਕੋਈ ਸੁਆਦ ਨਾ ਆਇਆ। ਕਿਉਂਕਿ ਇਕ ਤਾਂ ਉਹ ਘੋਘਾ ਅਲੂਣਾ ਸੀ, ਦੂਜਾ ਪੁਰਾਣਿਆਂ ਛੋਲਿਆਂ ਦਾ ਹੋਣ ਕਰ ਕੇ ਕੌੜਾ ਸੀ। ਅਲੂਣਾ ਹੋਣ ਕਰ ਕੇ ਖਾਧਾ ਨਹੀਂ ਸੀ ਜਾਂਦਾ, ਜੂਠਾ ਛੱਡ ਵੀ ਨਹੀਂ ਸੀ ਸਕਦਾ। ਆਖਿਰ ਫਰੀਦ ਨੇ ਕਿਹਾ-ਸ਼ੇਖ ਜੀ! ਥੋੜ੍ਹਾ ਜਿਹਾ ਲੂਣ ਲਿਆਓ! ਇਹ ਗੱਲ ਸੁਣ ਕੇ ਸ਼ਾਹ ਸ਼ਰਫ ਨੇ ਆਪਣੀ ਔਰਤ ਨੂੰ ਕਿਹਾ-"ਕੀ ਗੱਲ ਹੈ ਤੂੰ ਫਰੀਦ ਜੀ ਦੇ ਖਾਣੇ ਵਿਚ ਲੂਣ ਨਹੀਂ ਪਾਇਆ? ਘਰ ਵਾਲੇ ਦੀ ਇਹ ਗੱਲ ਸੁਣ ਕੇ ਔਰਤ ਨੇ ਤਰਕ ਮਾਰਦਿਆਂ ਹੋਇਆਂ ਕਿਹਾ-ਮੈਂ ਤਾਂ ਇਹ ਭੋਜਨ ਫਕੀਰਾਂ ਲਈ ਤਿਆਰ ਕੀਤਾ ਸੀ। ਮੈਨੂੰ ਇਹ ਨਹੀਂ ਸੀ ਪਤਾ ਕਿ ਮੇਰੇ ਘਰ ਰਸੀਆਂ ਨੇ ਆ ਕੇ ਭੋਜਨ ਖਾਣਾ ਹੈ। ਕਦੇ ਫਕੀਰਾਂ ਨੇ ਵੀ ਲੂਣ ਮੰਗਿਆ ਹੈ? ਇਹ ਗੱਲ ਸੁਣ ਕੇ ਫਰੀਦ ਤਾਂ ਸ਼ਰਮ ਵਿਚ ਹੀ ਗਰਕ ਹੋ ਗਿਆ, ਉਥੋਂ ਉਠ ਕੇ ਆਪਣੇ ਮਨ ਨੂੰ ਸਮਝਾਉਣ ਲਈ ਇਹ ਸਲੋਕ ਉਚਾਰਦੇ ਹੋਏ-

ਫਰੀਦਾ ਦਰ ਦਰਵੇਸੀ ਗਾਖੜੀ ਚੋਪੜੀ ਪਰੀਤਿ॥

ਫਰੀਦ ਜੀ ਕਥਨ ਕਰਦੇ ਹਨ—ਹੇ ਮਨ! ਪਰਮੇਸ਼ਰ ਦੇ ਦਰ ਦੀ ਦਰਵੇਸੀ= ਫਕੀਰੀ ਧਾਰਨੀ ਬੜੀ ਗਾਖੜੀ= ਕਠਿਨ ਹੈ ਤੇ ਤੂੰ ਪ੍ਰਮਾਤਮਾ ਨਾਲ ਚੋਪੜੀ ਪ੍ਰੀਤੀ ਕਰਦਾ ਹੈਂ। ਭਾਵ ਦਿਖਾਵੇ ਮਾਤਰ ਪ੍ਰੀਤੀ ਕਰਦਾ ਹੈਂ। ਪਰ-

ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ॥ ੧੧੮॥

ਰੱਬ ਦੇ ਅਸਲ ਦਰਵੇਸਾ ਵੀ= ਫਕੀਰਾਂ ਵਾਲੀ ਰੀਤੀ ਉਪਰ ਇਕਨਿ ਕਿਨੈ ਚਾਲੀਐ= ਇਕ ਅੱਧਾ ਭਾਵ ਕੋਈ ਵਿਰਲਾ ਹੀ ਚਲਣਾ ਕਰਦਾ ਹੈ॥ ੧੧੮॥

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ॥ ੧੧੯॥

ਫਰੀਦ ਜੀ ਕਥਨ ਕਰਦੇ ਹਨ-- ਜੇਕਰ ਮੂੰ= ਮੈਨੂੰ ਪਤੀ (ਪਰਮਾਤਮਾ) ਮਿਲਦਾ ਹੋਵੇ ਤਾਂ ਮੈਂ ਤਨੁ= ਸਰੀਰ ਨੂੰ ਤਨੂਰ= ਤੰਦੂਰ ਦੀ ਨਿਆਈਂ ਤਪਾਉਣ ਨੂੰ ਤਿਆਰ ਹਾਂ ਅਤੇ ਹੱਡਾਂ ਨੂੰ ਬਾਲਣ ਦੀ ਨਿਆਈਂ ਸਾੜਨ ਲਈ ਤਿਆਰ ਹਾਂ। ਜੇਕਰ ਪਿਰੀ ਦੀ ਤਰਫ ਪੈਰਾਂ ਨਾਲ ਚਲਦੀ ਥਕ ਜਾਵਾਂ ਤਾਂ ਸਿਰਿ ਜੁਲਾਂ= ਸਿਰ ਭਾਰ ਤੁਰਨ ਨੂੰ ਤਿਆਰ ਹਾਂ॥ ੧੧੯॥

ਉਥਾਨਕਾ-ਫਰੀਦ ਦੇ ਮੁੰਹੋਂ ਇਹ ਸਲੋਕ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਉੱਤਰ ਦਿੰਦੇ ਹਨ-

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥

ਹੇ ਫਰੀਦ! ਇਸ ਆਪਣੇ ਤਨੁ= ਸਰੀਰ ਨੂੰ ਤੰਦੂਰ ਦੀ ਨਿਆਈਂ ਨਾ ਤਪਾ ਅਤੇ ਹੱਡਾਂ ਨੂੰ ਬਾਲਣ ਦੀ ਨਜਾਈਂ ਨ ਬਾਲਿ= ਨਾ ਸਾੜਨਾ ਕਰ।

ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥ ੧੨੦॥

(ਫਿਰ ਇਹ ਦੱਸ) ਸਿਰ ਤੇ ਪੈਰਾਂ ਨੇ ਤੇਰਾ ਕਿਆ ਫੇੜਿਆ= ਕੀ ਵਿਗਾੜਿਆ ਹੈ, ਜੋ ਤੂੰ ਇਹਨਾਂ ਨੂੰ ਦੁੱਖ ਦਿੰਦਾ ਹੈਂ। ਤੂੰ ਆਪਣੇ ਅੰਦਰ ਹੀ ਪਿਰੀ (ਪਰਮਾਤਮਾ) ਨੂੰ ਨਿਹਾਲਿ= ਦੇਖਣਾ ਕਰ॥ ੧੨੦॥

ਪੂਰਬ ਕਹੇ ਸਲੋਕ ਨੂੰ ਸੁਣ ਕੇ ਫਰੀਦ ਜੀ ਨੇ ਕਿਹਾ ਹੇ—ਗਰੀਬ ਨਿਵਾਜ਼!

ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ॥

(ਉਹ) ਸੱਜਣ ਪਰਮਾਤਮਾ ਹੈ ਤਾਂ ਮੇਰੇ ਨਾਲ ਹੀ ਹੈ ਪਰ ਮੈਨੂੰ ਹੁਣ ਤਕ ਮਿਲਿਆ ਨਹੀਂ, ਇਸ ਲਈ ਮੈਂ ਉਸ ਸੱਜਣ ਪਰਮਾਤਮਾ ਨੂੰ ਢੂਢੇਦੀ= ਢੂੰਢਦੀ ਫਿਰਦੀ ਹਾਂ। ਆਪ ਕਿਰਪਾ ਕਰ ਕੇ ਦੱਸੋ ਕਿ ਉਸ ਪ੍ਰਭੂ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਵੇ? *ਉੱਤਰ—*

ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ॥ ੧੨੧॥

ਸਤਿਗੁਰੂ ਜੀ ਕਥਨ ਕਰਦੇ ਹਨ—ਉਹ ਅਲਖ ਪ੍ਰਭੂ ਆਪਣੇ ਆਪ ਨ ਲਖੀਐ= ਜਾਣਿਆਂ ਨਹੀਂ ਜਾਂਦਾ। ਹਾਂ, ਜੇਕਰ ਮੁਖਿ ਗੁਰਾਂ ਦੀ ਪ੍ਰਾਪਤੀ ਹੋ ਜਾਣ ਤੇ ਉਹਨਾਂ ਦੀ ਕਿਰਪਾ ਹੋ ਜਾਵੇ ਤਾਂ ਉਹ ਪ੍ਰਭੂ ਦਾ ਦਰਸ਼ਨ ਦਿਖਾਲ ਦੇਣਾ ਕਰਦੇ ਹਨ॥ ੧੨੧॥

ਉਥਾਨਕਾ-ਖੁਦਾ ਦੀ ਪ੍ਰਾਪਤੀ ਵਾਸਤੇ ਫਰੀਦ ਜੀ ਕੱਚੀ ਤੰਦ ਨਾਲ ਖੂਹ ਵਿਚ ਪੁੱਠੇ ਲਮਕ ਕੇ ਤਪ ਕਰ ਰਹੇ ਹਨ। ਇਕ ਦਿਨ ਇਕ ਅਯਾਲੀ ਭੇਡਾਂ ਬੱਕਰੀਆਂ ਨੂੰ ਚਾਰਦਾ ਹੋਇਆ ਉਥੋਂ ਲੰਘਿਆ। ਜਿਸ ਵਕਤ ਪਾਸੋਂ ਲੰਘਦਿਆਂ ਖੂਹ ਵਿਚ ਝਾਤ ਮਾਰੀ ਤਾਂ ਕੀ ਦੇਖਿਆ ਕਿ ਇਕ ਫਕੀਰ ਕੱਚੀ ਤੰਦ ਨਾਲ ਖੂਹ ਵਿਖੇ ਪੁੱਠਾ ਲਮਕ ਤੇ ਤਪ ਕਰ ਰਿਹਾ ਹੈ। ਇਹ ਦੇਖ ਕਿਤਨਾ ਚਿਰ ਉਸੇ ਖੂਹ ਦੀ ਮਣ 'ਤੇ ਬੈਠਾ ਦੇਖਦਾ ਰਿਹਾ। ਇਸ ਤਰ੍ਹਾਂ ਉਹ ਰੋਜ਼ ਹੀ ਆ ਕੇ ਬੈਠਾ ਕਿਤਨਾ ਚਿਰ ਫਰੀਦ ਜੀ ਵੱਲ ਦੇਖਦਾ ਰਹਿੰਦਾ। ਇਕ ਦਿਨ ਬੈਠਿਆਂ ਬੈਠਿਆਂ ਉਸ ਨੂੰ ਖਿਆਲ ਆਇਆ ਕਿ ਸ਼ਾਇਦ ਇਸ ਤਰ੍ਹਾਂ ਕਰਨ ਨਾਲ ਕੋਈ ਸ਼ਕਤੀ ਪ੍ਰਾਪਤ ਹੁੰਦੀ ਹੋਵੇਗੀ। ਕਿਉਂ ਨਾ ਹੋਵੇ ਜੇ ਮੈਂ ਵੀ ਇਸੇ ਤਰ੍ਹਾਂ ਕਰ ਕੇ ਸ਼ਕਤੀ ਪ੍ਰਾਪਤ ਕਰ ਲਵਾਂ। ਇਹ ਸੋਚ ਕੇ ਅਯਾਲੀ ਨੇ ਮੁੰਜ ਦੀ ਰੱਸੀ ਵੱਟ ਕੇ ਆਪਣੀਆਂ ਲੱਤਾਂ ਨਾਲ ਬੰਨ੍ਹੀ ਤੇ ਖੂਹ ਉਪਰ ਪਏ ਛਤੀਰ ਨਾਲ ਬੰਨ੍ਹ ਕੇ ਖੂਹ ਵਿਚ ਪੁੱਠਾ ਲਮਕ ਗਿਆ। ਰੱਸੀ ਕੁਝ ਕੱਚੀ ਹੋਣ ਕਰ ਕੇ ਭਾਰ ਨਾ ਸਹਾਰਦੀ ਹੋਈ ਟੁੱਟ ਗਈ ਜਿਸ ਕਰ ਕੇ ਅਯਾਲੀ ਖੂਹ ਵਿਚ ਜਾ ਪਿਆ। ਅਯਾਲੀ ਦੇ ਡਿੱਗਣ ਨਾਲ ਜ਼ੋਰ ਦੀ ਘੜੰਮ ਕਰਦੀ ਅਵਾਜ਼ ਆਈ। ਆਵਾਜ਼ ਦੇ ਆਉਣ ਕਰ ਕੇ ਫਰੀਦ ਜੀ ਦੀ ਸਮਾਧੀ ਖੁਲ੍ਹ ਗਈ ਤੇ ਕੀ ਵੇਖਦੇ ਹਨ ਕਿ ਇਕ ਪੁਰਸ਼ ਜਿਸ ਦੀਆਂ ਲੱਤਾਂ ਬੰਨ੍ਹੀਆਂ ਹੋਈਆਂ ਹਨ ਉਹ ਖੂਹ ਵਿਖੇ ਡਿੱਗ ਪਿਆ ਹੈ। ਆਪਣੀ ਰੀਸ ਕਰਦਿਆਂ ਦੇਖ ਕੇ ਹੰਕਾਰ ਸਹਿਤ ਇਹ ਸਲੋਕ ਉਚਾਰਨ ਕੀਤਾ ਕਿ-

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ॥

ਅਸਾਂ ਜੈਸੇ ਹੰਸਾਂ ਨੂੰ ਤਰੰਦਿਆ= ਤਰਦਿਆਂ ਦੇਖ ਕੇ ਬਗਾ= ਬਗਲਿਆਂ ਪਖੰਡੀਆਂ ਨੂੰ ਵੀ ਰੀਸ ਕਰਨ ਦਾ ਚਾਅ ਆ ਗਿਆ ਹੈ ਕਿ ਅਸੀਂ ਵੀ ਪੁੱਠੇ ਲਮਕ ਕੇ ਫਰੀਦ ਵਾਗੂੰ ਕੁਝ ਕਰਨੀ ਵਾਲੇ ਹੋ ਜਾਈਏ। ਪਰ-

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥ ੧੨੨॥*

ਉਹ ਬਗਲੇ ਪਖੰਡੀ ਬਪੁੜੇ= ਵਿਚਾਰੇ ਸਿਰ ਥੱਲੇ ਤੇ ਪੈਰ ਉਪਰ ਨੂੰ ਭਾਵ ਸਿਰ ਪਰਨੇ ਡਿਗ, ਖੂਹ ਵਿਚ ਹੀ ਡੁੱਬ ਕੇ ਮਰ ਗਏ॥ ੧੨੨॥

ਇਸ ਤਰ੍ਹਾਂ ਹੰਕਾਰ ਸਹਿਤ ਬਚਨ ਉਚਾਰਦੇ ਹੋਏ ਫਰੀਦ ਜੀ ਉਥੋਂ ਚਲ ਪਏ। ਚਲਦਿਆਂ-ਚਲਦਿਆਂ ਦੁਪਹਿਰ ਹੋਣ ਕਰ ਕੇ ਤ੍ਰੇਹ ਨੇ ਬਹੁਤ ਸਤਾਇਆ। ਕੁਝ ਦੂਰ ਇਕ ਖੂਹ ਨਜ਼ਰੀਂ ਆਇਆ ਜਿਸ ਦਾ ਪਾਣੀ

*ਇਹ ਸਲੋਕ ਵਡਹੰਸ ਕੀ ਵਾਰ ਪੰਨਾ ੫੮੫ ਪਰ ਗੁਰੂ ਸਾਹਿਬ ਜੀ ਨੇ ਅੰਕਿਤ ਕੀਤਾ ਹੋਇਆ।

ਆਪਣੇ ਆਪ ਬਾਹਰ ਨਿਕਲ ਰਹਿਆ ਸੀ, ਜਿਸ ਵਕਤ ਫਰੀਦ ਜੀ ਖੂਹ ਦੇ ਨੇੜੇ ਗਏ ਤਾਂ ਖੂਹ ਪਰ ਬੈਠੇ ਸਾਰੇ ਪੰਛੀ ਉਡ ਗਏ ਅਤੇ ਖੂਹ ਦਾ ਪਾਣੀ ਵੀ ਨੀਵਾਂ ਹੋ ਗਿਆ। ਫਰੀਦ ਨੇ ਹੈਰਾਨ ਹੋ ਕੇ ਕਿਹਾ "ਹੇ ਖੁਦਾ! ਇਹ ਕੀ ਕਾਰਨ ਹੈ, ਮੈਂ ਆਪ ਦੀ ਬੰਦਗੀ ਕਰਦਾ ਹਾਂ ਫਿਰ ਵੀ ਮੇਰੇ ਆਉਣ ਤੇ ਖੂਹ ਦਾ ਪਾਣੀ ਥੱਲੇ ਉਤਰ ਗਿਆ ਹੈ, ਜਦ ਕਿ ਪਹਿਲਾਂ ਉਪਰ ਆਉਣ ਤੇ ਪੰਛੀ ਪਾਣੀ ਪੀ ਰਹੇ ਸਨ। ਇਹ ਆਪ ਜੀ ਦੀ ਕਿਹੜੀ ਬੰਦਗੀ ਕਰਦੇ ਹਨ?"

ਫਰੀਦ ਜੀ ਦਾ ਹੰਕਾਰ ਦੂਰ ਕਰਨ ਲਈ ਅਕਾਸ਼ ਬਾਣੀ ਦੁਆਰਾ ਪਰਮਾਤਮਾ ਨੇ ਕਿਹਾ—ਹੇ ਫਰੀਦ! ਮਨੁੱਖ ਤਾਂ ਮਨੁੱਖਾਂ ਪਾਸੋਂ ਮੰਗ ਕੇ ਅਤੇ ਹਰ ਹੀਲਿਆਂ ਕਰ ਕੇ ਗੁਜ਼ਾਰਾ ਕਰ ਲੈਂਦੇ ਹਨ ਪਰ ਇਹਨਾਂ ਪੰਛੀਆਂ ਨੂੰ ਇਕ ਮੇਰਾ ਹੀ ਆਸਰਾ ਹੈ, ਇਹ ਕਿਸੇ ਪਾਸੋਂ ਮੰਗਦੇ ਨਹੀਂ ਹਨ। ਇਸ ਲਈ ਇਹਨਾਂ ਵਾਸਤੇ ਪਾਣੀ ਉਪਰ ਆ ਰਿਹਾ ਸੀ ਅਤੇ ਤੂੰ ਹੰਕਾਰੀ ਹੈਂ ਇਸ ਲਈ ਖੂਹ ਦਾ ਪਾਣੀ ਥੱਲੇ ਉਤਰ ਗਿਆ ਹੈ। ਅਕਾਸ਼ ਬਾਣੀ ਦੁਆਰਾ ਪ੍ਰਮਾਤਮਾ ਦੇ ਐਸੇ ਬਚਨ ਸੁਣ ਕੇ ਫਰੀਦ ਦਾ ਹੰਕਾਰ ਨਵਿਰਤ ਹੋ ਗਿਆ ਅਤੇ ਫਿਰ ਬੰਦਗੀ ਕਰਨ ਵਿਚ ਜੁੜ ਬੈਠਾ।

ਅਥਵਾ- ***ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ॥***

ਹੰਸਾ= ਤੱਤਵੇਤਾ ਮਹਾਤਮਾ ਨੂੰ ਵਿਸ਼ੇ ਸੁਖਾਂ ਤੋਂ ਨਿਰਲੇਪ ਅਤੇ ਪਦਾਰਥਾਂ ਰੂਪੀ ਜਲ ਤੋਂ ਤਰਦਿਆਂ ਦੇਖਕੇ—' ਬਗਲਿਆਂ ਪਖੰਡੀਆਂ ਨੂੰ ਵੀ ਚਾਅ ਆ ਗਿਆ ਕਿ ਅਸੀਂ ਵੀ ਨਿਰਲੇਪ ਰਹਿਣਾ ਕਰੀਏ ਪਰ-

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥ ੧੨੨॥

ਉਹ ਵਿਚਾਰੇ ਬਗਲੇ ਪਖੰਡੀ ਪਦਾਰਥਾਂ ਰੂਪੀ ਜਲ ਵਿਚ ਹੀ ਡੁੱਬ ਕੇ ਮਰ ਗਏ। ਅੰਤ ਨੂੰ ਉਹਨਾਂ ਪਖੰਡੀਆਂ ਦੇ ਸਿਰ ਥੱਲੇ ਤੇ ਪੈਰ ਉਪਰ ਹੋ ਗਏ। ਭਾਵ ਮੁੜ ਕੇ ਮਾਤਾ ਦੇ ਉਦਰ ਵਿਖੇ ਪੁੱਠੇ ਟੰਗੇ ਗਏ॥ ੧੨੨॥

ਇਸੇ ਪ੍ਰਸੰਗ ਦੇ ਮਿਲਦੇ ਅਨੁਸਾਰ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵੀ ਜੀ ਨੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਸਲੋਕ ਰੱਖਣਾ ਕੀਤਾ ਹੈ।

ਉਥਾਨਕਾ-ਗੋਇੰਦਵਾਲ ਵਿਖੇ ਸਤਿਗੁਰਾਂ ਪਾਸ ਇਕ ਸਾਧੂ ਆਇਆ ਪਰ ਉਹ ਹੈ ਸੀ ਪਖੰਡੀ। ਸਤਿਗੁਰਾਂ ਨੇ ਸਾਧੂ ਜਾਣ ਕੇ ਸਤਿਕਾਰ ਦੇ ਕੇ ਆਪਣੇ ਪਾਸ ਆਸਣ ਲਗਵਾ ਕੇ ਬਿਠਾ ਲਿਆ। ਹਾਲੀ ਦੋ ਤਿੰਨ ਦਿਨ ਹੀ ਬੀਤੇ ਸਨ ਕਿ ਸਤਿਗੁਰੂ ਅਮਰਦਾਸ ਜੀ ਪ੍ਰਸ਼ਾਦ ਛਕ ਕੇ ਨਿਤਨਿਯਮ ਅਨੁਸਾਰ ਟਹਿਲਣ ਲਈ ਅੱਗੇ ਨਾਲੋਂ ਥੋੜ੍ਹੀ ਦੁਰੇਡੇ ਚਲੇ ਗਏ ਪਰ ਇਸ ਵਾਰੀ ਸੁੱਚੇ ਮੋਤੀਆਂ ਦਾ ਸਿਮਰਨਾ ਸਤਿਗੁਰੂ ਜੀ ਆਪਣੇ ਆਸਣ 'ਤੇ ਹੀ ਛੱਡ ਗਏ ਸਨ। ਪਿਛੋਂ ਸਿਮਰਨੇ ਨੂੰ ਦੇਖ ਕੇ ਸਾਧੂ ਦੇ ਮੂੰਹ ਵਿਖੇ ਪਾਣੀ ਭਰ ਗਿਆ। ਆਪਣੇ ਸਾਧ ਪੁਣੇ ਦਾ ਵੀ ਖਿਆਲ ਨਾ ਕੀਤਾ ਕਿ ਜੇ ਕਿਸੇ ਨੇ ਦੇਖ ਲਿਆ ਤਾਂ ਮੇਰੇ ਵਾਸਤੇ ਕਿੱਡੀ ਸ਼ਰਮ ਵਾਲੀ ਗੱਲ ਹੋਵੇਗੀ। ਬਸ ਲੋਭ ਦੇ ਵਸ ਹੋਇਆ ਉਸ ਨੇ ਸਿਮਰਨਾ ਚੁੱਕ ਕੇ ਆਪਣੇ ਆਸਣ ਥੱਲੇ ਲੁਕਾ ਲਿਆ। ਜਿਸ ਵੇਲੇ ਸਤਿਗੁਰੂ ਅਮਰਦਾਸ ਜੀ ਵਾਪਸ ਆਪਣੇ ਆਸਣ 'ਤੇ ਪੁੱਜੇ ਤਾਂ ਸਿਮਰਨਾ ਨਾ ਪਿਆ ਦੇਖ ਕੇ ਸਿੱਖਾਂ ਪਾਸੋਂ ਪੁਛਿਆ, ਪਰ ਪਤਾ ਨਾ ਲੱਗਾ। ਦੇਵਨੇਤ ਉਸ ਸਾਧੂ ਦਾ ਆਸਣ ਇਕ ਪਾਸਿਓਂ ਉੱਚਾ ਹੋ ਗਿਆ ਅਤੇ ਜੋ ਸਿਮਰਨਾ ਆਸਣ ਥੱਲੇ ਪਿਆ ਸੀ ਉਹ ਇਕ ਸਿੱਖ ਦੀ ਨਜ਼ਰੀਂ ਪੈ ਗਿਆ। ਉਸ ਸਿੱਖ ਨੇ ਵੇਖ ਕੇ ਸਤਿਗੁਰਾਂ ਪਾਸ ਕਿਹਾ, ਗਰੀਬ ਨਿਵਾਜ਼ ਜੀ! ਆਪ ਜੀ ਦਾ ਸਿਮਰਨਾ ਤਾਂ ਇਸ ਸਾਧੂ ਦੇ ਆਸਣ ਥੱਲੇ ਪਿਆ ਹੋਇਆ ਹੈ। ਨਿਸਚੇ ਹੀ ਜਿਸ ਵੇਲੇ ਉਸ ਸਾਧੂ ਦੇ ਆਸਣ ਥੱਲੇ ਪਿਆ ਦੇਖਿਆ ਤਾਂ ਉਸ ਸਾਧੂ ਪ੍ਰਤੀ ਕਥਨ ਕਰਦੇ ਹਨ-

ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥

ਮੈਂ ਤਾਂ ਇਸ ਨੂੰ ਵਡ ਹੰਸੁ= ਵੱਡਾ ਮਹਾਤਮਾ ਜਾਣਨਾ ਕੀਤਾ ਸੀ, ਇਹ ਨਿਸਚੇ ਕਰਦੇ ਹੋਏ ਤਾਂ ਹੀ ਮੈਂ ਇਸ ਸਾਧੂ ਦਾ ਸੰਗ ਕੀਤਾ ਸੀ।

ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥ ੧੨੩ ॥*

ਜੇ ਮੈਂ ਜਾਣਦਾ ਕਿ ਇਹ ਬਪੁੜਾ= ਵਿਚਾਰਾ ਬਗੁ= ਬਗਲੇ ਦੀ ਨਿਆਈਂ ਪਖੰਡੀ ਹੀ ਹੈ ਤਾਂ ਮੈਂ ਕਦੀ ਵੀ ਜਨਮਿ= ਆਦੌਂ ਹੀ ਭਾਵ ਜਿਸ ਵੇਲੇ ਆਇਆ ਸੀ ਉਸ ਵੇਲੇ ਇਸ ਨੂੰ ਆਪਣੇ ਅੰਗਾਂ ਨਾਲ ਨ ਭੇੜੀ= ਨਾ ਛੋਹਣ ਦਿੰਦੇ। ਭਾਵ ਆਪਣੇ ਪਾਸ ਨਾ ਬਿਠਾਉਂਦੇ॥ ੧੨੩ ॥

ਅਥਵਾ-ਮੈਂ ਇਸ ਮਨੁੱਖਾ ਦੇਹ ਨੂੰ ਵਡ ਹੰਸੁ= ਬੜਾ ਚੰਗਾ ਜਾਣਨਾ ਕੀਤਾ ਸੀ ਕਿ ਹੀਰਿਆਂ ਵਾਂਗ ਅਮੋਲਕ ਹੈ ਤਾਂ ਹੀ ਮੈਂ ਇਸ ਦਾ ਸੰਗ ਕੀਤਾ, ਭਾਵ ਇਸ ਨੂੰ ਪਾਲਿਆ ਪੋਸਿਆ ਹੈ। ਜੇਕਰ ਮੈਂ ਜਾਣਦਾ ਕਿ ਬਗਲੇ ਵਾਂਗ ਹੋਰ ਦਾ ਹੋਰ ਹੀ ਰੰਗ ਪਕੜਨੇ ਵਾਲਾ, ਭਾਵ ਪਹਿਲੇ ਬਾਲਕ ਸੀ ਫਿਰ ਕਿਸ਼ੋਰ ਹੋ ਗਿਆ। ਫੇਰ ਜੋਬਨ ਅਵਸਥਾ ਵਿਖੇ ਹੋ ਕੇ ਅਧਖੜ ਅਵਸਥਾ ਵਿਖੇ ਹੁੰਦਾ ਹੋਇਆ ਬੁੱਢਾ ਹੋ ਜਾਣਾ ਹੈ, ਤਾਂ ਜਨਮ ਤੋਂ ਹੀ ਇਸ ਨਾਲ ਅੰਗੁ= ਹਿਰਦੇ ਨੂੰ ਨਾ ਮਿਲਾਉਂਦੇ। ਭਾਵ ਹਿਰਦੇ ਕਰ ਕੇ ਅਰਥਾਤ ਖਾਸ ਤਵੱਜੋਂ ਦੇ ਕੇ ਇਸ ਨੂੰ ਪਾਲਦੇ ਪੋਸਦੇ ਨਾ॥ ੧੨੩ ॥

ਉਹ ਸਾਧੂ ਸਤਿਗੁਰਾਂ ਪਾਸੋਂ ਬਚਨ ਸੁਣ ਕੇ ਸਹਿਮਿਆ ਹੋਇਆ ਬਖਸ਼ ਲਓ! ਬਖਸ਼ ਲਓ! ਕਰਦਾ ਸਤਿਗੁਰਾਂ ਦੇ ਚਰਨ ਕੰਵਲਾਂ ਉਪਰ ਡਿੱਗ ਪਿਆ। ਇਹ ਕੌਤਕ ਦੇਖ ਕੇ ਸਿੱਖਾਂ ਨੇ ਕਿਹਾ— "ਮਹਾਰਾਜ! ਇਹ ਤਾਂ ਬੜੀ ਛੇਤੀ ਸੁਧਰ ਗਿਆ ਹੈ।" ਉਸ ਵੇਲੇ ਸਿੱਖਾਂ ਨੂੰ ਸਮਝਾਉਂਦੇ ਹੋਏ ਇਹ ਅਗਲਾ ਸਲੋਕ ਉਚਾਰਨ ਕੀਤਾ-

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥

ਹੇ ਗੁਰਸਿੱਖੋ! ਬਗਲੇ ਤੋਂ ਹੰਸ ਕਰ ਦਿੱਤਾ ਹੈ ਤਾਂ ਕੋਈ ਵੱਡੀ ਗੱਲ ਨਹੀਂ ਹੈ। ਭਾਵ ਜੇਕਰ ਪਖੰਡੀ ਤੋਂ ਇਹ ਮਹਾਤਮਾ ਹੋ ਗਿਆ ਹੈ ਤਾਂ ਕੋਈ ਅਸਚਰਜ ਨਹੀਂ। ਜਾ ਕਉ ਨਦਰਿ ਧਰੇ= ਜਿਸ 'ਤੇ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਧਾਰਨ ਕਰਦਾ ਹੈ, ਉਹ ਪੂਰਨ ਮਹਾਤਮਾ ਹੋ ਜਾਂਦਾ ਹੈ।

ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥ ੧੨੪ ॥

ਸਤਿਗੁਰੂ ਜੀ ਕਥਨ ਕਰਦੇ ਹਨ—ਜੇਕਰ ਉਸ ਅਕਾਲ ਪੁਰਖ ਨੂੰ ਭਾ ਜਾਵੇ ਤਾਂ ਬਗਲੇ ਤੋਂ ਕੀ ਉਹ ਤਾਂ ਕਾਗਹੁ= ਕਾਂ ਤੋਂ ਵੀ ਹੰਸ ਕਰ ਦਿੰਦਾ ਹੈ। ਭਾਵ ਕਾਂ ਦੀ ਨਿਆਈਂ ਮੰਦ ਕਰਮਾਂ ਕਰ ਕੇ ਜੋ ਕਾਲੇ ਮਨ ਵਾਲੇ ਕਪਟੀ ਪੁਰਸ਼ ਹਨ ਉਹਨਾਂ ਨੂੰ ਹੰਸੁ= ਤੱਤਵੇਤਾ ਮਹਾਤਮਾ ਕਰ ਦਿੰਦਾ ਹੈ॥ ੧੨੪ ॥+

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥

ਸੰਸਾਰ ਰੂਪੀ ਸਰਵਰ= ਸਰੋਵਰ ਉਤੇ ਜੀਵ ਰੂਪੀ ਪੰਛੀ ਹੇਕੜੋ= ਇਕ ਭਾਵ ਇਕੱਲਾ ਹੀ ਹੈ ਪਰ ਇਸ ਨੂੰ ਫਾਹੀ-ਵਾਲ= ਫਸਾਉਣ ਵਾਲੇ (ਸੱਪ, ਬਿੱਛੂ ਸ਼ੇਰ, ਬਘਿਆੜ ਆਦਿਕ) ਪਚਾਸ ਭਾਵ ਬਹੁਤ ਸਾਰੇ ਹਨ।

**ਇਹ ਸਲੋਕ ਵਡਹੰਸ ਕੀ ਵਾਰ ਪੰਨਾ ੫੮੫ ਪਰ ਗੁਰੂ ਸਾਹਿਬ ਜੀ ਨੇ ਅੰਕਿਤ ਕੀਤਾ ਹੋਇਆ।*

+ਇਹ ਸਲੋਕ ਸਿਰੀ ਰਾਗ ਦੀ ਵਾਰ ਪੰਨਾ ੯੧ ਪਰ ਵੀ ਗੁਰੂ ਸਾਹਿਬ ਜੀ ਨੇ ਅੰਕਿਤ ਕੀਤਾ ਹੈ।

ਅਥਵਾ-ਇਸ ਜੀਵ ਰੂਪ ਪੰਛੀ ਦੇ ਫਸਾਉਣ ਵਾਲੇ ਨਿਮਨ ਲਿਖਤ ੫੦ ਹਨ- ਪੰਜ ਕਰਮ ਇੰਦ੍ਰੀਏ, ਪੰਜ ਗਿਆਨ ਇੰਦ੍ਰੀਏ, ਚਤੁਸ਼ਟੇ ਅੰਤਹਕਰਣ, ਇਹ ਚੌਦਾਂ ਇੰਦ੍ਰੀਏ ਹਨ ਅਤੇ ਚੌਦਾਂ ਹੀ ਇਹਨਾਂ ਦੇ ਵਿਸ਼ੇ, ਫਿਰ ਚੌਦਾਂ ਹੀ ਇਹਨਾਂ ਦੇ ਦੇਵਤੇ ਚੌਦਾਂ ਤਿਆਂ ਬਤਾਲੀ, ਪੰਜ ਕਾਮ ਆਦਿਕ ਤੇ ਤਿੰਨ ਗੁਣ, ਇਹ ਅੱਠ ਪਾ ਕੇ ੫੦ ਹਨ।

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥ ੧੨੫॥

ਇਹੁ ਤਨੁ= ਸਰੀਰ ਕਾਮ ਆਦਿਕ ਵਾ ਸੰਕਲਪਾਂ ਵਿਕਲਪਾਂ ਰੂਪੀ ਲਹਿਰਾਂ ਵਿਖੇ ਗਡਿਆ ਗਿਆ ਹੈ। ਇਹਨਾਂ ਤੋਂ ਬਚਣ ਵਾਸਤੇ ਹੇ ਸੱਚੇ ਪ੍ਰਭੂ! ਇਕ ਤੇਰੀ ਹੀ ਆਸਾ ਹੈ (ਭੂੰ ਕਿਰਪਾ ਕਰੇਂ ਤਾਂ ਇਹਨਾਂ ਲਹਿਰਾਂ ਤੋਂ ਬਚਾਅ ਹੋ ਸਕਦਾ ਹੈ)॥ ੧੨੫॥

ਉਥਾਨਕਾ-ਪ੍ਰਭੂ ਦੀ ਪ੍ਰਾਪਤੀ ਦੀ ਇੱਛਾ ਵਾਲੀ ਇਕ ਸਖੀ ਨੇ ਫਰੀਦ ਜੀ ਦੀ ਉਪਮਾ ਸੁਣ ਕੇ ਆ ਕੇ ਕਿਹਾ-ਹੇ ਫਕੀਰ ਸਾਂਈਂ!

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥

ਉਹ ਕਿਹੜਾ ਅੱਖਰ ਹੈ, ਜਿਸ ਨੂੰ ਮੈਂ ਪੜ੍ਹਨਾ ਕਰਾਂ?

ਉਹ ਕਿਹੜਾ ਗੁਣ ਹੈ, ਜਿਸ ਨੂੰ ਮੈਂ ਧਾਰਨ ਕਰਾਂ? ਅਤੇ-

ਉਹ ਕਿਹੜਾ ਸੁ= ਸ੍ਰੇਸ਼ਟ ਮਣੀਆ= ਸ਼੍ਰੋਮਣੀ ਮੰਤਰ ਹੈ, ਜਿਸ ਨੂੰ ਮੈਂ ਜਪਣਾ ਕਰਾਂ?

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥ ੧੨੬॥

ਉਹ ਮੈਂ ਕਿਹੜਾ ਸੁ= ਸ੍ਰੇਸ਼ਟ ਵੇਸੋ= ਲਿਬਾਸ ਧਾਰਨ ਕਰਾਂ?

ਜਿਸ ਕਰ ਕੇ ਮੇਰਾ ਪਤੀ ਮੇਰੇ ਵਸ ਵਿਚ ਆ ਜਾਵੇ॥ ੧੨੬॥

ਇਸ ਤਰ੍ਹਾਂ ਦੇ ਪ੍ਰਸ਼ਨ ਸੁਣ ਕੇ ਫਰੀਦ ਜੀ ਅਗਲੇ ਸਲੋਕ ਰਾਹੀਂ ਉਸ ਨੂੰ ਪਤੀ ਦੇ ਵਸ ਕਰਨ ਦੀ ਵਿਧੀ ਸਮਝਾਉਂਦੇ ਹਨ-

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥

ਜਿਹੜਾ ਨਿੰਮ੍ਰਤਾ ਗੁਣ ਧਾਰ ਕੇ ਹਰ ਇਕ ਦੇ ਅੱਗੇ ਨਿਉਂਕੇ (ਝੁਕ ਕੇ) ਰਹਿਣਾ ਹੈ, ਇਨ੍ਹਾਂ ਸ੍ਰੇਸ਼ਟ ਅੱਖਰਾਂ ਨੂੰ ਪੜ੍ਹਨਾ ਕਰ।

ਫਿਰ ਜਿਹੜੀ ਹਰ ਇਕ ਦੀ ਬੋਲੀ ਕਬੋਲੀ ਖਵਣੁ= ਸਹਾਰਨੀ ਹੈ, ਇਹੀ ਗੁਣ ਧਾਰਨਾ ਕਰ ਅਤੇ ਜਿਹੜਾ ਜਿਹਬਾ= ਜੀਭ ਨਾਲ ਪ੍ਰਭੂ ਦਾ ਨਾਮ ਉਚਾਰਨਾ ਹੈ ਏਹੀ ਮਣੀਆ= ਸ਼੍ਰੋਮਣੀ ਮੰਤਰ ਜਪਣਾ ਕਰ।

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ ੧੨੭॥

ਹੇ ਜਗਿਆਸੂ ਰੂਪ ਭੈਣੇ= ਸਖੀਏ! ਏ= ਇਹਨਾਂ ਤਿਨ੍ਹਾਂ ਗੁਣਾਂ ਰੂਪ ਵੇਸ= ਲਿਬਾਸ ਨੂੰ ਧਾਰਨਾ ਕਰ, ਤਾਂ ਤੇਰਾ ਪਤੀ (ਪਰਮਾਤਮਾ) ਤੇਰੇ ਵਸ ਵਿਖੇ ਆ ਜਾਵੇਗਾ॥ ੧੨੭॥

ਅਥਵਾ- ***ਕਵਣੁ ਸੁ ਅਖਰੁ***

(੧) ਉਹ ਜੰਤਰ ਦੇ ਕਿਹੜੇ ਅੱਖਰ ਹਨ? ਅਤੇ

ਕਵਣੁ ਗੁਣੁ

(੨) ਉਹ ਕਿਹੜਾ ਗੁਣ= ਧਾਗਾ ਭਾਵ ਟੂਣਾ ਹੈ?

ਕਵਣੁ ਸੁ ਮਣੀਆ ਮੰਤੁ॥

(੩) ਉਹ ਕਿਹੜਾ ਮਣੀਆ= ਸ਼੍ਰੋਮਣੀ ਮੰਤ੍ਰ ਹੈ?

ਕਵਣੁ ਸੁ ਵੇਸੋ ਹਉ ਕਰੀ

(੪) ਫਿਰ ਮੈਂ ਉਹ ਕਿਹੜਾ ਲਿਬਾਸ ਧਾਰਨ ਕਰਾਂ?

ਜਿਤੁ ਵਸਿ ਆਵੈ ਕੰਤੁ॥ ੧੨੬॥

ਜਿਸ ਕਰ ਕੇ ਮੇਰਾ ਪਤੀ (ਪਰਮਾਤਮਾ) ਮੇਰੇ ਵਸੀਕਾਰ ਹੋ ਆਵੇ?

ਉੱਤਰ- *ਨਿਵਣੁ ਸੁ ਅਖਰੁ*

(੧) ਜਿਹੜਾ ਨਿਮ੍ਰਤਾ ਗੁਣ ਨੂੰ ਧਾਰਨਾ ਹੈ, ਇਹ ਜੰਤਰ ਦੇ ਅੱਖਰ ਹਨ।

ਖਵਣੁ ਗੁਣੁ

(੨) ਦੂਜੇ ਦੇ ਬਚਨਾਂ ਨੂੰ ਸਹਾਰਨਾ, ਵਾ-ਦੁੱਖ ਸੁਖ ਨੂੰ ਸਹਾਰਨਾ ਹੈ ਏਹੀ ਗੁਣ= ਟੂਣਾ ਭਾਵ ਤੰਤਰ ਹੈ।

ਜਿਹਥਾ ਮਣੀਆ ਮੰਤੁ॥

(੩) ਜਿਹਵਾ ਨਾਲ ਜਿਹੜੇ ਮਿੱਠੇ ਬਚਨ ਬੋਲਣੇ ਹਨ ਏਹੀ ਮਣੀਆ= ਸ਼੍ਰੋਮਣੀ ਮੰਤਰ ਹੈ। ਵਾ—ਗੁਰਾਂ ਦੇ ਮਣੀਆ= ਸ਼੍ਰੋਮਣੀ ਉਪਦੇਸ਼ ਰੂਪ ਮੰਤ੍ਰ ਨੂੰ ਜੋ ਜਿਹਵਾ ਨਾਲ ਉਚਾਰਨਾ ਹੈ ਇਹੋ ਮੰਤਰ ਹੈ।

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ ੧੨੭॥

ਤ੍ਰੈ= ਤਿੰਨ ਗੁਣ, ਨਿਮ੍ਰਤਾ ਧਾਰਨੀ, ਦੁੱਖ ਸੁਖ ਵਿਖੇ ਸਮ ਬੁੱਧੀ ਅਤੇ ਮਿੱਠੇ ਬਚਨ ਉਚਾਰਨੇ। ਫਰੀਦ ਜੀ ਕਥਨ ਕਰਦੇ ਹਨ—ਹੇ ਭੈਣੇ! ਏ= ਇਨ੍ਹਾਂ ਤਿੰਨਾਂ ਗੁਣਾਂ ਰੂਪ ਵੇਸ ਨੂੰ ਧਾਰਨ ਕਰ। ਅਥਵਾ:-ਤਿੰਨਾਂ ਗੁਣਾਂ ਨੂੰ ਧਾਰਕੇ ਚੌਥਾ ਸਫਾਈ ਰੂਪ ਵੇਸ ਧਾਰਨਾ ਕਰੇ ਤਾਂ ਪਤੀ (ਪਰਮਾਤਮਾ) ਵਸੀਕਾਰ ਹੋ ਜਾਵੇਗਾ॥ ੧੨੭॥

ਉਥਾਨਕਾ-ਨਿਮਰਤਾ ਗੁਣ ਧਾਰਨ ਦਾ ਉਪਦੇਸ਼ ਦਿੰਦੇ ਹਨ-

ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥

ਮਤਿ= ਅਕਲ ਦੇ ਹੁੰਦਿਆਂ ਹੋਇਆਂ ਵੀ ਇਆਣਾ ਹੋ ਕੇ ਰਹੇ, ਭਾਵ ਆਪਣੀ ਅਕਲ ਦਾ ਹੰਕਾਰ ਨਾ ਕਰੇ। ਕਿਉਂਕਿ ਪ੍ਰਭੂ ਦੀ ਪ੍ਰਾਪਤੀ ਭੋਲੇ ਭਾਲੇ ਸੁਭਾਅ ਕਰ ਕੇ ਹੁੰਦੀ ਹੈ।

ਫਿਰ ਤਾਣ= ਸਰੀਰਕ ਬਲ ਦੇ ਹੁੰਦਿਆਂ ਹੋਇਆਂ ਨਿਤਾਣਾ ਹੋ ਰਹਿਣਾ ਕਰੇ। ਭਾਵ ਆਪਣੇ ਸਰੀਰਕ ਬਲ ਦਾ ਹੰਕਾਰ ਨਾ ਕਰੇ (ਮਸਕੀਨੀਏ ਪਹਿਲਵਾਨ ਵਾਂਗ)।

ਅਥਵਾ-ਤਾਣ= ਆਤਮਕ ਬਲ ਦੇ ਹੁੰਦਿਆਂ ਹੋਇਆਂ ਵੀ ਭਾਈ ਮਤੀ ਦਾਸ, ਭਾਈ ਮਨੀ ਸਿੰਘ, ਸ਼ਮਸ਼ਤਬਰੇਜ਼ ਅਤੇ ਮਨਸੂਰ ਆਦਿਕ ਦੀ ਤਰ੍ਹਾਂ ਨਿਤਾਣਾ ਹੋ ਕੇ ਰਹਿਣਾ ਕਰੇ। ਭਾਵ ਸ਼ਕਤੀਆਂ ਨਾ ਦਿਖਾਵੇ।

ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥ ੧੨੮॥

ਅਣਹੋਦੇ= ਆਪਣੇ ਪਾਸ ਤਾਂ ਕੋਈ ਪਦਾਰਥ ਜਮ੍ਹਾਂ ਨਹੀਂ ਪਰ ਜਿਸ ਵੇਲੇ ਮਿਲ ਜਾਵੇ ਤਾਂ ਉਸ ਨੂੰ ਆਪ ਵੰਡਾਏ= ਵੰਡ ਕੇ ਖਾਣਾ ਕਰੇ। *ਅਥਵਾ-*ਅਣਹੋਂਦਾ ਜੋ ਅਗਿਆਨ ਹੈ, ਉਸ ਨੂੰ ਆਪ ਵੰਡਾਏ= ਵੰਡ ਦੇਵੇ।

www.sikhbookclub.com

ਨੋਟ-ਅਗਿਆਨ ਨੂੰ ਅਣਹੋਂਦਾ ਇਸ ਲਈ ਕਿਹਾ ਹੈ ਜੋ ਗਿਆਨ ਕਾਲ ਵਿਖੇ ਇਸ ਦੀ ਇਸਥਿਤੀ ਨਹੀਂ ਰਹਿੰਦੀ। ਵਾ-ਅਣਹੋਂਦੇ ਸਰੀਰ ਦੇ ਅਭਿਮਾਨ ਨੂੰ ਆਪੁ= ਆਪਾ ਭਾਵ ਹੰਕਾਰ ਸਹਿਤ ਵੱਢ ਦੇਵੇ।

ਇਸ ਤਰ੍ਹਾਂ ਦੇ ਗੁਣਾਂ ਵਾਲਾ ਕੋਈ ਵਿਰਲਾ ਹੀ ਭਗਤ ਸਦਾਵਣੇ ਵਿਖੇ ਆਉਂਦਾ ਹੈ॥ ੧੨੮॥

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥

ਫਰੀਦ ਜੀ ਕਥਨ ਕਰਦੇ ਹਨ—ਜੇ ਕਿਸੇ ਨੂੰ ਸੁਖਾਂ ਦੀ ਇੱਛਾ ਹੈ ਤਾਂ ਸਭਨਾਂ ਵਿਖੇ ਸਚਾ ਧਣੀ= ਮਾਲਕ ਪ੍ਰਭੂ ਨੂੰ ਨਿਸਚੇ ਕਰਦਿਆਂ ਹੋਇਆਂ ਕਿਸੇ ਨੂੰ ਇਕ ਵੀ ਫਿੱਕਾ ਬਚਨ ਨ ਗਾਲਾਇ= ਉਚਾਰਨਾ ਨਾ ਕਰੇ। ਕਿਉਂਕਿ ਫਿੱਕੇ ਬਚਨਾਂ ਦੇ ਬੋਲਣ ਕਰ ਕੇ ਪ੍ਰਭੂ ਦੀ ਦਰਗਾਹੋਂ ਸੁੱਟਿਆ ਜਾਂਦਾ ਹੈ, ਜਿਸ ਕਰ ਕੇ ਦੁੱਖਾਂ ਹੀ ਦੁੱਖਾਂ ਨੂੰ ਭੋਗਦਾ ਹੈ।

ਯਥਾ- ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ ੧॥*

(ਆਸਾ ਦੀ ਵਾਰ, ਪੰਨਾ ੪੭੧)

ਤਥਾ- ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥

(ਸਿਰੀ ਰਾਗੁ ਮਹਲਾ ੧ ਪੰਨਾ ੧੫)

ਤਥਾ- ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ॥
ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ॥ ੨॥

(ਵਾਰ ਵਡਹੰਸ, ਪੰਨਾ ੫੯੪)

ਨੋਟ—ਸੂਹੀ ਦੀ ਵਾਰ ਪੰਨਾ ੭੯੧ ਪਰ ਵੀ ਸਤਿਗੁਰਾਂ ਨੇ ਏਹੀ ਸਲੋਕ ਕਥਨ ਕੀਤਾ ਹੈ।

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ ੧੨੯॥

ਫਿੱਕੇ ਬਚਨ ਬੋਲ ਕੇ ਕੈਹੀ ਹਿਆਉ= ਕਿਸੇ ਦੇ ਹਿਰਦੇ ਨੂੰ ਨਾ ਠਾਹਿ= ਢਾਉਣਾ ਨਾ ਕਰੇ ਕਿਉਂਕਿ ਸਾਰਿਆਂ ਦੇ ਹਿਰਦੇ ਮਾਣਕਾਂ ਵਾਂਗੂ ਅਮੋਲਕ ਹਨ। ਵਾ-ਸਾਰਿਆਂ ਦੇ ਹਿਰਦੇ ਵਿਖੇ ਅਮੋਲਕ ਮਾਣਕ ਰੂਪ ਪ੍ਰਮਾਤਮਾ ਹੈ, ਇਸ ਲਈ ਕਿਸੇ ਦੇ ਦਿਲ ਨੂੰ ਦੁਖਾਵੇ ਨਾ॥ ੧੨੯॥

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥

ਸਾਰਿਆਂ ਦੇ ਮਨ ਮਾਣਕਾਂ ਵਾਂਗੂ ਅਮੋਲਕ ਹਨ ਅਤੇ ਜਿਹੜਾ ਫਿੱਕਾ ਬਚਨ ਬੋਲ ਕੇ ਕਿਸੇ ਦੇ ਹਿਰਦੇ

**ਫਿਕਿਆਂ ਨੇ ਫਿੱਕੀ ਬਾਣੀ ਆਖ ਕੇ ਵਖਿਆਨ ਕੀਤੀ, ਸੁਣਨੇ ਮੇਂ ਆਵੇ ਸੋ ਭੀ ਫਿਕੇ ਹੋਇ ਜਾਂਵਦੇ।*
ਫਿਕਿਆਂ ਦੀ ਬਾਣੀ, ਜਗ ਸੋਭਾ ਨਹੀਂ ਮੂਲ ਪਾਵੇ, ਬੋਲ ਬੋਲ ਬੋਲ ਜਗ ਫਿੱਕੇ ਹੋਇ ਆਂਵਦੇ।
ਜਗ ਮਾਂਹਿ ਫਿਕਿਆਂ ਦੀ ਫਿੱਕੀ ਹੋਇ ਸੋਭਾ ਯਾਰੋ, ਵਿਚ ਪ੍ਰਲੋਕ ਫਿੱਕੇ ਫਿੱਕੇ ਹੋਇ ਧਾਂਵਦੇ।
ਫਿਕਾ ਬੋਲ ਬੋਲਨੇ ਤੋਂ ਕੀਤੀ ਹੈ ਮਨਾਹੀ ਗੁਰੂ, ਫਿੱਕਾ ਬੋਲ ਬੋਲੇ ਜੋਈ ਸੋਈ ਦੁੱਖ ਪਾਂਵਦੇ।

ਨੂੰ ਠਾਹਣੁ= ਢਾਉਣਾ ਹੈ, ਇਹ ਮੂਲਿ= ਕਦਾਚਿਤ ਮ+ਚਾਂਗਵਾ= ਚੰਗਾ ਨਹੀਂ ਹੈ।

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ ੧੩੦ ॥

ਹੇ ਪੁਰਸ਼ਾ ! ਜੇ ਤੈਨੂੰ ਪਿਰੀ ਪ੍ਰਮਾਤਮਾ ਦੇ ਨਾਲ ਮਿਲਣ ਦੀ ਸਿਕ= ਸੱਧਰ (ਇੱਛਾ) ਹੈ ਤਾਂ ਤੂੰ ਕਹੀ ਦਾ= ਕਿਸੇ ਦੇ ਹਿਆਉ= ਹਿਰਦੇ ਨੂੰ ਨ ਠਾਹੇ= ਢਾਉਣਾ ਨਾ ਕਰ। ਭਾਵ ਫਿੱਕੇ ਬਚਨ ਬੋਲ ਕੇ ਕਿਸੇ ਦੇ ਦਿਲ ਨੂੰ ਦੁਖਾਉਣਾ ਨਾ ਕਰ॥ ੧੩੦॥

ਨੋਟ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸਿਰੀ ਰਾਗੁ ਤੋਂ ਲੈ ਕੇ ਪ੍ਰਭਾਤੀ ਰਾਗੁ ਤਕ ਸ਼ੇਖ ਫਰੀਦ ਜੀ ਦੇ ਸਾਰੇ ਚਾਰ ਸ਼ਬਦ ਆਏ ਹਨ—

੨ ਸ਼ਬਦ ਆਸਾ ਰਾਗੁ ਵਿਖੇ, ੨ ਸ਼ਬਦ ਸੂਹੀ ਰਾਗੁ ਵਿਖੇ ਆਏ ਹਨ। ਅਤੇ ੧੩੦ ਸਲੋਕ ਆਏ ਹਨ। ਸ਼ੇਖ ਫਰੀਦ ਜੀ ਦੇ ਸ਼ਬਦਾਂ ਤੇ ਸਲੋਕਾਂ ਦਾ ਕੁਲ ਜੋੜ- (੪+੧੩੦= ੧੩੪) ਹੈ।

ਦੋਹਿਰਾ-ਇਕ ਸੌ ਤੀਸ ਸਲੋਕ ਜੋ, ਕਰੇ ਫਰੀਦ ਬਖਾਨ।
ਤਿਨ ਕੋ ਤਿਲਕ ਪੂਰਨ ਕੀਯੋ, ਸਤਿਗੁਰ ਕ੍ਰਿਪਾ ਮਹਾਨ।

॥ ਸੇਖ ਫਰੀਦ ਜੀ ਦੇ ਸਲੋਕ ਸਮਾਪਤ ॥

ਭਗਤਾਂ ਦੀ ਬਾਣੀ ਦਾ ਵੇਰਵਾ

ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਏ ੩੧ ਰਾਗਾਂ ਵਿਖੇ ਦਰਜ ਹੈ

੧ ਭਗਤ ਕਬੀਰ ਜੀ—

ਸਿਰੀ ਰਾਗੁ ੨	ਗਉੜੀ ੧੪੩	ਆਸਾ ੩੭	ਗੂਜਰੀ ੨	ਸੋਰਠਿ ੧੧
ਧਨਾਸਰੀ ੫	ਤਿਲੰਗੁ ੧	ਸੂਹੀ ੫	ਬਿਲਾਵਲੁ ੧੨	ਗੋਂਡ ੧੧
ਰਾਮਕਲੀ ੧੨	ਮਾਰੂ ੧੨	ਕੇਦਾਰਾ ੬	ਭੈਰਉ ੨੦	ਬਸੰਤੁ ੮
ਸਾਰੰਗ ੩	ਪ੍ਰਭਾਤੀ ੫			

ਸ਼ਬਦਾਂ ਦਾ ਜੋੜ ੨੬੫ ਤੇ ਸਲੋਕ ੨੪੩ ਕੁਲ ਜੋੜ ੫੩੮

੨ ਭਗਤ ਨਾਮਦੇਵ ਜੀ—

ਗਉੜੀ ੧	ਆਸਾ ੫	ਗੂਜਰੀ ੨	ਸੋਰਠਿ ੩	ਧਨਾਸਰੀ ੫
ਟੋਡੀ ੩	ਤਿਲੰਗੁ ੨	ਬਿਲਾਵਲੁ ੧	ਗੋਂਡ ੭	ਰਾਮਕਲੀ ੪
ਮਾਲੀ ਗਉੜਾ ੩	ਮਾਰੂ ੧	ਭੈਰਉ ੧੨	ਬਸੰਤੁ ੩	ਸਾਰੰਗ ੩
ਮਲਾਰ ੨	ਕਾਨੜਾ ੧	ਪ੍ਰਭਾਤੀ ੩		

ਕੁਲ ਜੋੜ ੬੧

੩ ਭਗਤ ਰਵਿਦਾਸ ਜੀ—

ਸਿਰੀ ਰਾਗੁ ੧	ਗਉੜੀ ੫	ਆਸਾ ੬	ਗੂਜਰੀ ੧	ਸੋਰਠਿ ੭
ਧਨਾਸਰੀ ੩	ਜੈਤਸਰੀ ੧	ਸੂਹੀ ੩	ਬਿਲਾਵਲੁ ੨	ਗੋਂਡ ੨
ਰਾਮਕਲੀ ੧	ਮਾਰੂ ੨	ਕੇਦਾਰਾ ੧	ਭੈਰਉ ੧	ਬਸੰਤੁ ੧
ਮਲਾਰ ੩		ਕੁਲ ਜੋੜ ੪੦		

੪ ਭਗਤ ਧੰਨਾ ਜੀ—

ਆਸਾ ੩	ਧਨਾਸਰੀ ੧	ਕੁਲ ਚਾਰ ਸ਼ਬਦ ਹਨ

੫ ਭਗਤ ਤ੍ਰਿਲੋਚਨ ਜੀ—

ਸਿਰੀ ਰਾਗੁ ੧	ਗੂਜਰੀ ੨	ਧਨਾਸਰੀ ੧	ਕੁਲ ਜੋੜ ੪

੬ ਭਗਤ ਭੀਖਨ ਜੀ—

ਸੋਰਠਿ ੨	(ਕੁਲ ਜੋੜ ੨)

www.sikhbookclub.com

੭ ਭਗਤ ਜੈਦੇਵ ਜੀ—

ਗੂਜਰੀ ੧ ਮਾਰੂ ੧ (ਕੁਲ ਜੋੜ ੨)

੮ ਭਗਤ ਬੇਣੀ ਜੀ—

ਸਿਰੀ ਰਾਗੁ ੧ ਰਾਮਕਲੀ ੧ ਪ੍ਰਭਾਤੀ ੧ (ਕੁਲ ਜੋੜ ੩)

੯ ਭਗਤ ਪੀਪਾ ਜੀ—

ਧਨਾਸਰੀ ੧ (ਜੋੜ ੧)

੧੦ ਸ਼ੇਖ ਫਰੀਦ ਜੀ—

ਆਸਾ ੨ ਸੂਹੀ ੨ ਸਲੋਕ ੧੩੪ (ਕੁਲ ਜੋੜ ੪+੧੩੦= ੧੩੪)

੧੧ ਸ੍ਰੀ ਸੈਣ ਜੀ—

ਧਨਾਸਰੀ ੧ (ਜੋੜ ੧)

੧੨ ਭਗਤ ਸਧਨਾ ਜੀ—

ਬਿਲਾਵਲੁ ੧ (ਜੋੜ ੧)

੧੩ ਭਗਤ ਰਾਮਾਨੰਦ ਜੀ—

ਬਸੰਤੁ ੧ (ਜੋੜ ੧)

੧੪ ਭਗਤ ਪਰਮਾਨੰਦ ਜੀ—

ਸਾਰੰਗ ੧ (ਜੋੜ ੧)

੧੫ ਭਗਤ ਸੂਰਦਾਸ ਜੀ—

ਸਾਰੰਗ ੧ (ਜੋੜ ੧)

ਸ਼ਬਦਾਂ ਦਾ ਕੁਲ ਜੋੜ ੪੨੧

ਸ਼ਬਦਾਂ ਦੀ ਵਿਸ਼ੇਸ਼ ਸੂਚਨਾ

੧ ਗਉੜੀ ਰਾਗ ਵਿਖੇ ਕਬੀਰ ਜੀ ਦੇ	੭੪ ਸ਼ਬਦ ਹਨ
ਬਾਵਨ ਅੱਖਰੀ ਦੇ	੪੫ ਸਲੋਕ ਹਨ।
ਥਿਤੀ ਦੇ	੧੬ ਸਲੋਕ ਹਨ।
ਵਾਰਾਂ ਦੇ	੮ ਸਲੋਕ ਹਨ।
ਇਸ ਰੀਤੀ ਨਾਲ ਕਬੀਰ ਜੀ ਦੇ ਕੁਲ ਸ਼ਬਦ	੧੪੩ ਹਨ।

੨ ਗੂਜਰੀ ਰਾਗ ਦੀ ਭਗਤ ਬਾਣੀ ਵਿਖੇ ਨਿਮਨ ਲਿਖਤ ਰੀਤੀ ਸੇ ਕੁਲ ਅੱਠ (੮) ਸ਼ਬਦ ਹਨ:

੨ ਸ਼ਬਦ ਕਬੀਰ ਜੀ ਦੇ ਹਨ।
੨ ਸ਼ਬਦ ਨਾਮਦੇਵ ਜੀ ਦੇ ਹਨ।
੨ ਸ਼ਬਦ ਤ੍ਰਿਲੋਚਨ ਜੀ ਦੇ ਹਨ।
੧ ਸ਼ਬਦ ਰਵਿਦਾਸ ਜੀ ਦਾ ਹੈ।
੧ ਸ਼ਬਦ ਜੈ ਦੇਵ ਜੀ ਦਾ ਹੈ।

ਪਰ ਬਾਣੀ ਬਿਉਰੇ ਵਿਖੇ ਨੌ ਸ਼ਬਦ ਲਿਖੇ ਹੋਏ ਹਨ। ਉਸ ਦਾ ਕਾਰਨ ਇਹ ਹੈ ਕਿ ਇਕ ਸਲੋਕ ਕਬੀਰ ਜੀ ਦਾ

ਕਬੀਰਾ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈਂ ਭਾਇ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥

ਰਾਗੁ ਗੂਜਰੀ ਦੀ ਵਾਰ ਪੰਨਾ ੫੦੯ ਪਰ ਕਥਨ ਕੀਤਾ ਹੋਇਆ ਹੈ। ਪਰ ਇਸ ਸਲੋਕ ਨੂੰ ਇਥੇ ਗਿਣਤੀ ਵਿਚ ਨਹੀਂ ਲਿਆਉਣਾ ਚਾਹੀਦਾ। ਕਿਉਂਕਿ ਇਸ ਸਲੋਕ ਦੀ ਗਿਣਤੀ ਪੰਨਾ ੧੩੬੭ ਪਰ ਕਬੀਰ ਜੀ ਦੇ ਸਲੋਕਾਂ ਵਿਚ ਦਿੱਤੀ ਗਈ ਹੈ। ਇਸ ਰੀਤੀ ਸੇ ਗੂਜਰੀ ਰਾਗੁ ਵਿਚ ਅੱਠ ਹੀ ਸ਼ਬਦ ਹਨ।

੩ ਬਿਹਾਗੜੇ ਰਾਗ ਵਿਚ ਭਗਤ ਬਾਣੀ ਦਾ ਕੋਈ ਸ਼ਬਦ ਨਹੀਂ ਹੈ।

ਪਰ ਬਾਣੀ ਬਿਉਰੇ ਵਿਚ ਇਕ ਸ਼ਬਦ ਕਬੀਰ ਜੀ ਦਾ ਲਿਖਿਆ ਹੈ।

ਉਸ ਦਾ ਕਾਰਨ ਇਹ ਹੈ ਕਿ ਇਕ ਸਲੋਕ ਕਬੀਰ ਜੀ ਦਾ

ਕਬੀਰਾ ਮਰਤਾ ਮਰਤਾ ਜਗੁ ਮੂਆ ਮਰਿ ਭਿ ਨ ਜਾਨੈ ਕੋਇ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥ ੧॥

ਬਿਹਾਗੜੇ ਦੀ ਵਾਰ ਪੰਨਾ ੫੫੫ ਪਰ ਕਥਨ ਕੀਤਾ ਹੋਇਆ ਹੈ। ਪਰ ਇਸ ਸਲੋਕ ਦੀ ਇਥੇ ਗਿਣਤੀ ਨਹੀਂ ਕਰਨੀ ਚਾਹੀਦੀ। ਕਿਉਂਕਿ ਇਸ ਸਲੋਕ ਦੀ ਗਿਣਤੀ ਪੰਨਾ ੧੩੬੬ (ਸਲੋਕ ਉੱਨਤੀਵਾਂ) ਪਰ ਕਬੀਰ ਜੀ ਦੇ ਸਲੋਕਾਂ ਵਿਚ ਦਿੱਤੀ ਗਈ ਹੈ।

੪ ਰਾਮਕਲੀ ਰਾਗ ਵਿਖੇ ਕਬੀਰ ਜੀ ਦੇ ਕੁਲ ੧੨ ਸ਼ਬਦ ਆਏ ਹਨ।

ਤੇ ਬਾਣੀ-ਬਿਉਰਾ ਵਿਖ ੧੪ ਸ਼ਬਦ ਕਬੀਰ ਜੀ ਦੇ ਦਰਸਾਏ ਗਏ ਹਨ। ਪਰ ਇਹ ਗੱਲ ਅਸੰਭਵ ਜਿਹੀ ਜਾਪਦੀ ਹੈ। ਕਿਉਂਕਿ ਉਸ ਦਾ ਕਾਰਨ ਇਹ ਹੈ ਕਿ ਕਬੀਰ ਜੀ ਦਾ ਇਕ ਸਲੋਕ ਰਾਮਕਲੀ ਦੀ ਪਹਿਲੀ ਵਾਰ ਪੰਨਾ ੯੪੭ ਪਰ ਕਥਨ ਕੀਤਾ ਹੋਇਆ ਹੈ—

ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥
ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ॥ ੧॥

ਪਰ ਇਸ ਸਲੋਕ ਦੀ ਇਥੇ ਗਿਣਤੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਸਲੋਕ ਦੀ ਗਿਣਤੀ ਕਬੀਰ ਜੀ ਦੇ ਸਲੋਕਾਂ ਵਿਖੇ ਪੰਨਾ ੧੩੬੭ (ਸਲੋਕ ਪੈਂਠਵਾਂ) ਪਰ ਦਿੱਤੀ ਗਈ ਹੈ ਅਤੇ ਰਾਮਕਲੀ ਦੀ ਦੂਜੀ ਵਾਰ

ਪੰਨਾ ੯੬੫ ਪਰ ਕਬੀਰ ਜੀ ਦੇ ਤਿੰਨ ਸਲੋਕ ਆਏ ਹਨ—

੧ ਕਬੀਰਾ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ॥
ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ॥ ੨॥

੨ ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥
ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥ ੧॥

੩ ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ॥
ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ॥ ੨॥

ਪਰ ਇਨ੍ਹਾਂ ਸਲੋਕਾਂ ਦੀ ਗਿਣਤੀ ਰਾਮਕਲੀ ਦੀ ਭਗਤ ਬਾਣੀ ਵਿਖੇ ਕਬੀਰ ਜੀ ਦੇ ਸ਼ਬਦਾਂ ਨਾਲ ਨਹੀਂ ਹੋਣੀ ਚਾਹੀਦੀ। ਕਿਉਂਕਿ ਇਨ੍ਹਾਂ ਸਲੋਕਾਂ ਦੀ ਗਿਣਤੀ ਕਬੀਰ ਜੀ ਦੇ ਸਲੋਕਾਂ ਵਿਖੇ ਪੰਨਾ ੧੩੭੫ ਅਤੇ ੧੩੭੬ (ਸਲੋਕ ੨੧੦, ੨੧੧ ਅਤੇ ੨੧੪) ਪਰ ਦਿੱਤੀ ਗਈ ਹੈ।

੫ ਰਾਮਕਲੀ ਦੀ ਦੂਜੀ ਵਾਰ ਵਿਚ ਪੰਨਾ ੯੬੬ ਪਰ ਸ਼ੇਖ ਫਰੀਦ ਜੀ ਦੇ ਦੋ ਸਲੋਕ ਆਏ ਹਨ:

੧ ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ॥
ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ॥ ੧॥

੨ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥
ਵਿਰਲੇ ਕੇਈ ਪਾਈਅਨ੍ਹਿ ਜਿਨ੍ਹਾ ਪਿਆਰੇ ਨੇਹ॥ ੨॥

ਪਰ ਬਾਣੀ ਬਿਉਰਾ ਵਿਖੇ ਇਹਨਾਂ ਸਲੋਕਾਂ ਦਾ ਕਿਧਰੇ ਵੀ ਸ਼ਬਦਾਂ ਵਿਖੇ ਜ਼ਿਕਰ ਨਹੀਂ ਆਇਆ ਅਤੇ ਇਨ੍ਹਾਂ ਸਲੋਕਾਂ ਦੀ ਗਿਣਤੀ ਅੱਗੇ ਜਾ ਕੇ ਸ਼ੇਖ ਫਰੀਦ ਜੀ ਦੇ ਸਲੋਕਾਂ ਵਿਖੇ ਪੰਨਾ ੧੩੮੨ (ਸਲੋਕ ੯੨, ੯੩) ਪਰ ਦਿੱਤੀ ਗਈ ਹੈ।

੬ ਭੈਰਉ ਰਾਗੁ ਦੀ ਭਗਤ ਬਾਣੀ ਵਿਖੇ

੨੦ ਸ਼ਬਦ ਕਬੀਰ ਜੀ ਦੇ ਹਨ। ੧੨ ਸ਼ਬਦ ਨਾਮਦੇਵ ਜੀ ਦੇ ਹਨ।

੧ ਸ਼ਬਦ ਰਵਿਦਾਸ ਜੀ ਦਾ ਹੈ।

ਪਰ ਬਾਣੀ ਬਿਉਰਾ ਵਿਖੇ ਭਗਤ ਰਵਿਦਾਸ ਜੀ ਦੇ ੨ ਸ਼ਬਦ ਦ੍ਰਸਾਏ ਗਏ ਹਨ। ਪਰ ਅਸਲੀਅਤ ਵਿਚ ਰਵਿਦਾਸ ਜੀ ਦਾ ਭੈਰਉ ਰਾਗ ਵਿਖੇ ਇਕੋ ਹੀ ਸ਼ਬਦ ਹੈ। ਜਿਥੇ ਬਾਣੀ ਬਿਉਰਾ ਨੇ ਨਾਮਦੇਵ ਦੇ ੧੧ ਸ਼ਬਦ ਦੱਸੇ ਹਨ ਉਥੇ ਨਾਮਦੇਵ ਜੀ ਦੇ ੧੨ ਸ਼ਬਦ ਹਨ। ਕਿਉਂਕਿ ਪੰਨਾ ੧੧੬੭ ਪਰ ਸਤਿਗੁਰਾਂ ਪਹਿਲੇ ਨਾਮਦੇਵ ਜੀ ਦੇ ੧੧ ਸ਼ਬਦ ਸਮਾਪਤ ਕਰ ਕੇ ਫਿਰ ਇਕ ਸ਼ਬਦ ਰਵਿਦਾਸ ਜੀ ਦਾ ਅੰਕਿਤ ਕਰ ਕੇ ਫਿਰ ਇਕ ਸ਼ਬਦ ਨਾਮਦੇਵ ਜੀ ਦਾ ਕਥਨ ਕੀਤਾ ਹੈ।

੭ ਬਸੰਤ ਰਾਗੁ ਦੀ ਭਗਤ ਬਾਣੀ ਵਿਖੇ ਕੁਲ ਸ਼ਬਦ ਤੇਰਾਂ (੧੩) ਹਨ:

ਅੱਠ ਸ਼ਬਦ ਕਬੀਰ ਜੀ ਦੇ ਇਸ ਰੀਤੀ ਨਾਲ ਆਉਂਦੇ ਹਨ-ਸੱਤ ਸ਼ਬਦ ਪਹਿਲੇ ਕਥਨ ਕੀਤੇ ਹਨ ਅਤੇ ਇਕ ਸ਼ਬਦ ਅਖੀਰ ਤੇ ਪੰਨਾ ੧੧੯੬ ਉਪਰ ਰਵਿਦਾਸ ਜੀ ਤੋਂ ਪਿਛੋਂ ਆਉਂਦਾ ਹੈ।

੧ ਸ਼ਬਦ ਰਾਮਾਨੰਦ ਜੀ ਦਾ ਹੈ। ੩ ਸ਼ਬਦ ਨਾਮਦੇਵ ਜੀ ਦੇ ਹਨ।

੧ ਸ਼ਬਦ ਰਵਿਦਾਸ ਜੀ ਦਾ ਹੈ।

੮ ਸਾਰੰਗ ਰਾਗੁ ਦੀ ਭਗਤ ਬਾਣੀ ਵਿਖੇ ਕੁਲ ਸ਼ਬਦ ਅੱਠ (੮) ਹਨ:

੩ ਸ਼ਬਦ ਕਬੀਰ ਜੀ ਦੇ ਹਨ। ੧ ਸ਼ਬਦ ਪਰਮਾਨੰਦ ਜੀ ਦਾ ਹੈ।

੩ ਸ਼ਬਦ ਨਾਮਦੇਵ ਜੀ ਦੇ ਹਨ। ੧ ਸ਼ਬਦ ਸੂਰਦਾਸ ਜੀ ਦਾ ਹੈ।

ਸੂਰਦਾਸ ਜੀ ਦਾ ਦੂਸਰਾ ਸ਼ਬਦ ਭਾਈ ਬੰਨੂ ਜੀ ਦੀ ਬੀੜ ਵਿਖੇ ਅੰਕਿਤ ਹੈ। ਉਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਨੇ ਗੁਰਬਾਣੀ ਵਿਖੇ ਅੰਕਤ ਨਹੀਂ ਕੀਤਾ। ਉਸ ਸ਼ਬਦ ਦੀ ਕੇਵਲ ਇਕ ਹੀ ਪੰਕਤੀ ਦਰਜ ਕੀਤੀ ਹੈ-

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥

(ਸਾਰਾ ਸ਼ਬਦ ਪੜ੍ਹਨਾ ਚਾਹੋ ਤਾਂ ਸੰਪ੍ਰਦਾਈ ਭਗਤ ਬਾਣੀ ਸਟੀਕ ਦੇ ਦੂਸਰੇ ਭਾਗ ਦਾ ੨੬੪ ਪੰਨਾਂ ਦੇਖੋ)

ਜ਼ਰੂਰੀ ਸੂਚਨਾ

ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਪੰਦਰਾਂ ਭਗਤਾਂ ਦੇ ਇਕੱਤੀ ਰਾਗਾਂ ਵਿਖੇ ਕੁਲ ਚਾਰ ਸੌ ਇੱਕੀ ਸ਼ਬਦ ਸਤਿਗੁਰਾਂ ਨੇ ਅੰਕਿਤ ਕੀਤੇ ਹਨ। ਭਗਤ ਕਬੀਰ ਜੀ ਦੇ ੨੪੩ ਸਲੋਕ ਉਨ੍ਹਾਂ ਸ਼ਬਦਾਂ ਤੋਂ ਇਲਾਵਾਂ ਹਨ ਤੇ ਸ਼ੇਖ ਫਰੀਦ ਜੀ ਦੇ ਵੀ ੧੩੦ ਸਲੋਕ ਅੰਕਤ ਕੀਤੇ ਹਨ।

ਸ਼ਬਦਾਂ ਅਤੇ ਸਲੋਕਾਂ ਦਾ ਕੁਲ ਜੋੜ ੪੨੧+੨੪੩+੧੩੦= ੭੯੪ (ਸੱਤ ਸੌ ਚੁਰਾਨਵੇਂ) ਹੈ।

ਇਸ ਤੋਂ ਇਲਾਵਾ

ਰਾਮਕਲੀ ਸਦ ਪੰਨਾ ੯੨੩ ਉਪਰ ੬ ਪਉੜੀਆਂ ਭਾਈ ਸੁੰਦਰ ਜੀ ਨੇ ਕਥਨ ਕੀਤੀਆਂ ਹਨ ਅਤੇ- ਰਾਮਕਲੀ ਦੀ ਤੀਜੀ ਵਾਰ ਰੂਪ ਅੱਠ ਪਉੜੀਆਂ ਸੱਤੇ ਬਲਵੰਡ ਦੀਆਂ ਕਥਨ ਕੀਤੀਆਂ ਹੋਈਆਂ ਹਨ।

ਕਬਿਤ- ਭਗਤਾਂ ਕੀ ਬਾਣੀ ਕਹੇ, ਭਗਤੀ ਕੋ ਕੀਜੈ ਮਨ,
ਵਾਰ ਕਹੇ ਏਹੀ ਵਾਰ, ਜਨਮ ਸਵਾਰੀਏ।
ਸੇਵੋ ਜਗਦੀਸ਼ ਕੋ, **ਸਵਈਏ** ਕਹੇ ਭਟਾਂ ਜੀ ਕੇ,
ਕਾਮ ਕ੍ਰੋਧ ਧਾਰ ਪੁਨ, ਜਨਮ ਨ ਹਾਰੀਏ।
ਹਰੀ ਮੇਂ ਰਹਾਵੇ ਮਨ, ਕਹਿਤ **ਰਹਾਉ** ਏਹੁ,
ਰਾਗਨ ਕੇ ਅਰਥ ਗੁਰੂ ਗ੍ਰੰਥ ਜੀ ਕੋ ਸਾਰੀਏ।
ਜੈਸੀ ਪ੍ਰਭ ਦੀਨੀ ਮਤ, ਤੈਸੇ ਵਰਣਨ ਕੀਨੀ ਹਮ,
ਭੂਲ ਚੂਕ ਖਿਮੋ, ਏਹੀ ਬੇਨਤੀ ਹਮਾਰੀ ਹੈ।
ਦੋਹਿਰਾ- ਗੁਰਬਾਣੀ ਕੋ ਸ਼ੁਧ ਪੜੇ, ਤੁਰਤ ਰਿਦਾ ਸ਼ੁਧ ਹੋਇ।
ਪਾਵੈ ਬ੍ਰਹਮ ਗਿਆਨ ਕੋ, ਜੀਵਨ ਮੁਕਤ ਸੁ ਹੋਇ॥

—ਸਮਾਪਤੰ—



ਇਹਨਾਂ ਸਵਈਆਂ ਦੀ **ਉਥਾਨਕਾ** ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਚਲਾਈ ਹੋਈ ਸੰਪ੍ਰਦਾਇ ਵਾਲੇ ਮਹਾਂ ਪੁਰਸ਼ ਗਿਆਨੀ-ਜਨ ਇਸ ਤਰ੍ਹਾਂ ਸੁਣਾਇਆ ਕਰਦੇ ਹਨ-

ਉਥਾਨਕਾ- ਇਕ ਸਮੇਂ ਬ੍ਰਹਮ ਪੁਰੀ ਵਿਚ ਬੜੀ ਭਾਰੀ ਸਭਾ ਲੱਗੀ, ਜਿਸ ਵਿਚ ਸਾਰੇ ਦੇਵਤੇ ਹਾਜ਼ਰ ਹੋਏ। ਜਿਸ ਵੇਲੇ ਸਭ ਦੇਵਤਿਆਂ ਆਦਿ ਦੇ ਅਧਿਸ਼ਟਾਤਾ ਵਿਸ਼ਨੂੰ ਮਹਾਰਾਜ ਜੀ ਪੁੱਜੇ ਤਾਂ ਉਸ ਵੇਲੇ ਆਪ ਜੀ ਦੇ ਸਨਮਾਨ ਲਈ ਸਭ ਦੇਵਤੇ ਉਠ ਖਲੋਤੇ, ਪਰ ਬ੍ਰਹਮਾ ਅਤੇ ਚਾਰੇ ਵੇਦ ਵਿਸ਼ਨੂੰ ਮਹਾਰਾਜ ਜੀ ਦੇ ਸਨਮਾਨ ਕਰਨ ਲਈ ਨਾ ਉਠੇ, ਕਿਉਂਕਿ ਉਹਨਾਂ ਨੂੰ ਹੰਕਾਰ ਸੀ ਕਿ ਸਾਡੇ ਕਰ ਕੇ ਹੀ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਚਲ ਰਹੀ ਹੈ, ਜੇ ਅਸੀਂ ਨਾ ਹੁੰਦੇ ਤਾਂ ਸਾਰੀ ਮਰਯਾਦਾ ਵਿਗੜ ਜਾਂਦੀ। ਫਿਰ ਬ੍ਰਹਮਾ ਨੂੰ ਇਹ ਵੀ ਹੰਕਾਰ ਸੀ ਜੇ ਮੈਂ ਨਾ ਹੁੰਦਾ ਤਾਂ ਵੇਦਾਂ ਨੂੰ ਪੜ੍ਹ ਕੇ ਕੋਈ ਨਾ ਸੁਣਾਉਂਦਾ। ਨਾ ਹੀ ਕੋਈ ਕਿਰਿਆ ਕਰਮ ਨਾਮ ਸਿਮਰਨ ਕਰਦਾ। ਮੇਰੇ ਕਰ ਕੇ ਹੀ ਸਭ ਕੋਈ ਪ੍ਰਭੂ ਨੂੰ ਜਾਣਦਾ ਹੈ। ਫਿਰ ਮੈਂ ਹੀ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਰਚਦਾ ਹਾਂ। ਇਨ੍ਹਾਂ ਦੇ ਨਾ ਖਲੋਣ ਤੇ ਵਿਸ਼ਨੂੰ ਮਹਾਰਾਜ ਜੀ ਨੇ ਵਿਚਾਰਿਆ ਜੇਕਰ ਇਹ ਮੇਰੇ ਸਾਹਮਣੇ ਨਹੀਂ ਖਲੋਤੇ ਤਾਂ ਕੀ ਹੋਇਆ, ਮੇਰੇ ਵਾਸਤੇ ਤਾਂ ਕੋਈ ਗੱਲ ਨਹੀਂ, ਪਰ ਇਨ੍ਹਾਂ ਨੂੰ ਡੰਡ ਦਿਤੇ ਤੋਂ ਬਗੈਰ ਜਗਤ ਦੀ ਸਾਰੀ ਮਰਯਾਦਾ ਵਿਗੜ ਜਾਵੇਗੀ।

ਜਗਤ ਦੀ ਮਰਯਾਦਾ ਕਾਇਮ ਰੱਖਣ ਲਈ ਵਿਸ਼ਨੂੰ ਮਹਾਰਾਜ ਜੀ ਨੇ ਬ੍ਰਹਮਾ ਤੇ ਚਾਰੇ ਵੇਦਾਂ ਨੂੰ ਸਰਾਪ ਦੇ ਦਿੱਤਾ ਕਿ ਜਾਓ! ਹੰਕਾਰੀਓ! ਮਾਤ ਲੋਕ ਦੀ ਧਰਤੀ 'ਤੇ ਡਿੱਗੋ। ਤੁਹਾਡੇ ਜਿਹੇ ਹੰਕਾਰੀਆਂ ਦੀ ਇਥੇ ਠਹਿਰਨ ਲਈ ਕੋਈ ਥਾਂ ਨਹੀਂ। ਹੁਣ ਤੁਸੀਂ ਮਾਤ-ਲੋਕ ਦੀ ਧਰਤੀ 'ਤੇ ਜਾ ਕੇ ਵਿਚਰਨਾ ਕਰੋ। ਕਿਉਂਕਿ ਇਹ ਤਾਂ ਨਿਮਰਤਾ ਵਾਲਿਆਂ ਦਾ ਅਸਥਾਨ ਹੈ। ਇੰਜ ਸਰਾਪ ਵਾਲੇ ਬਚਨ ਸੁਣ ਕੇ ਬ੍ਰਹਮਾ ਅਤੇ ਚਾਰੋਂ ਵੇਦਾਂ ਦਾ ਹੰਕਾਰ ਦੂਰ ਹੋ ਗਿਆ ਫੇਰ ਘਬਰਾਇਆਂ ਹੋਇਆਂ ਨੇ ਬੇਨਤੀ ਕੀਤੀ—ਹੇ ਭਗਵਾਨ! ਆਪ ਜੀ ਦਾ ਬਚਨ ਤਾਂ ਅਮੋੜ ਹੈ, ਇਸ ਦੇ ਅਨੁਸਾਰ ਹੁਣ ਸਾਨੂੰ ਜ਼ਰੂਰ ਹੀ ਮਾਤ ਲੋਕ ਦੀ ਧਰਤੀ 'ਤੇ ਜਾਣਾ ਪਵੇਗਾ। ਪਰ ਇਹ ਕਿਰਪਾ ਕਰ ਕੇ ਦੱਸੋ ਕਿ ਇਸ ਸਰਾਪ ਦੀ ਨਵਿਰਤੀ ਕਦੋਂ ਤੇ ਕਿਸ ਤਰ੍ਹਾਂ ਹੋਵੇਗੀ? ਨਿਮਰਤਾ ਵਿਖੇ ਆਇਆਂ ਜਾਣ ਐਸੀ ਬੇਨਤੀ ਸੁਣ ਕੇ ਵਿਸ਼ਨੂੰ ਮਹਾਰਾਜ ਜੀ ਨੇ ਕਿਹਾ-ਕਲਯੁਗ ਵਿਖੇ ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਪੰਜਵਾਂ ਜਾਮਾ ਪਹਿਨ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਇਸਥਿਤ ਹੋਵਾਂਗੇ ਤਾਂ ਉਸ ਵੇਲੇ ਤੁਸੀਂ ਸਾਡੇ ਪਾਸ ਆ ਕੇ ਉਸਤਤੀ ਸੁਣਾਵੋਗੇ ਤਾਂ ਤੁਹਾਡਾ ਇਸ ਸਰਾਪ ਤੋਂ ਛੁਟਕਾਰਾ ਹੋਵੇਗਾ। ਵਿਸ਼ਨੂੰ ਜੀ ਦੇ ਸਰਾਪ ਕਰ ਕੇ ਚਾਰੇ ਵੇਦ ਤੇ ਪੰਜਵਾਂ ਬ੍ਰਹਮਾ ਸਾਰੇ ਹੀ ਬ੍ਰਹਮ-ਲੋਕ ਵਿਚੋਂ ਭੇਜੇ ਗਏ। ਕੁਝ ਸਮਾਂ ਪਾ ਕੇ ਚਾਰੋਂ ਵੇਦਾਂ ਨੇ ਬ੍ਰਹਮਾ ਸਹਿਤ ਕਾਂਸ਼ੀ ਵਿਖੇ ਭਟ ਸੰਗਿਆ ਵਾਲੇ ਬ੍ਰਾਹਮਣ ਦੇ ਗ੍ਰਿਹ ਵਿਖੇ ਜਨਮ ਲਿਆ। ਇਕ ਇਕ ਵੇਦ ਨੇ ਜੋ ਚਾਰ ਚਾਰ ਰੂਪ ਧਾਰਨ ਕੀਤੇ, ਇਉਂ ਚਾਰੋਂ ਵੇਦਾਂ ਦੇ ਸੋਲਾਂ ਅਵਤਾਰ ਹੋਏ ਅਤੇ ਸਤਾਰ੍ਹਵੇਂ ਬ੍ਰਹਮਾ ਜੀ ਦਾ, ਜੋ ਭਿਖਾ ਨਾਮ ਕਰ ਕੇ ਪ੍ਰਸਿਧ ਹੋਇਆ।

ਜਾਲਪ, ਬਲ, ਹਰਬੰਸ ਤੇ ਮਥੁਰਾ ਇਹ ਚਾਰ ਅਵਤਾਰ ਸ਼ਾਮ ਵੇਦ ਨੇ ਧਾਰਨ ਕੀਤੇ ਹਨ।

ਕਲ, ਕਲਸਹਾਰ, ਜਲਨ ਤੇ ਨਲ ਇਹ ਚਾਰ ਅਵਤਾਰ ਰਿਗ ਵੇਦ ਨੇ ਧਾਰਨਾ ਕੀਤੇ ਹਨ।

ਟਲ, ਸਲ, ਜਲ ਤੇ ਭਲ ਇਹ ਅਵਤਾਰ ਯਜੁਰ ਵੇਦ ਨੇ ਧਾਰਨ ਕੀਤੇ ਹਨ।

www.sikhbookclub.com

ਕੀਰਤ, ਗਇੰਦ, ਦਾਸ ਤੇ ਗੰਗਾ ਇਹ ਚਾਰ ਅਵਤਾਰ ਅਥਰਬਣ ਵੇਦ ਨੇ ਧਾਰਨ ਕੀਤੇ ਹਨ।

ਇਹ ਸੋਲਾਂ ਅਵਤਾਰ ਚਾਰੋਂ ਵੇਦਾਂ ਨੇ ਧਾਰਨ ਕੀਤੇ ਹਨ ਅਤੇ ਸਤਾਰ੍ਹਵਾਂ ਅਵਤਾਰ 'ਭਿਖਾ' ਇਹ ਬ੍ਰਹਮਾ ਨੇ ਧਾਰਨਾ ਕੀਤਾ ਹੈ:

ਦੋਹਰਾ॥ ਭਿਖੇ ਬਪੁ ਬ੍ਰਹਮੇ ਧਰਿਓ, ਬੁਧ ਵਿਦਿਆ ਪ੍ਰਬੀਨ।
ਚਤੁਰ ਚਤੁਰ ਬੇਦਨ ਧਰਾ, ਸੁੰਦਰ ਬਦਨ ਨਵੀਨ॥ ੧॥

ਚੌਪਈ॥ **ਸ਼ਾਮ ਬੇਦ** ਜਾਲਪ ਦੇਹ ਧਾਰੀ। ਬਲ ਹਰਬੰਸ ਮਥੁਰ ਏ ਚਾਰੀ॥
ਰਿਗ ਵੇਦ ਸੁੰਦਰ ਤਨ ਧਾਰੇ। ਕਲ ਕਲਸਹਾਰ ਜਲਨ ਨਲ ਚਾਰੇ॥
ਜੁਜਰ ਬੇਦ ਬਪੁ ਚਾਰ ਬਨਾਏ। ਟਲ, ਸਲ, ਜਲ, ਭਲ ਕਾਏ॥
ਅਥਰਬਨ ਦੇਹ ਧਰੀ ਸੁਭ ਰੰਗਾ। ਕੀਰਤ ਗਇੰਦ ਦਾਸ ਸੁਠ ਗੰਗਾ॥

ਸਤਾਰਾਂ ਭੱਟਾਂ ਦਾ ਸ਼ਿਜਰਾ-

ਵੇਦਾਂ ਦਾ ਨਾਮ	ਵਿਸ਼ਨੂੰ ਜੀ ਦੇ ਸਰਾਪ ਨਾਲ ਚਾਰੋਂ ਵੇਦਾਂ ਦੇ ਸੋਲਾਂ ਅਵਤਾਰ ਧਾਰੇ ਹੋਇਆਂ ਦੇ ਨਾਮ			
ਸ਼ਾਮ ਵੇਦ	ਜਾਲਪ	ਬਲ	ਹਰਬੰਸ	ਮਥੁਰਾ
ਰਿਗ ਵੇਦ	ਕਲ	ਕਲਸਹਾਰ	ਜਲਨ	ਨਲ
ਯਜੁਰ ਵੇਦ	ਟਲ	ਸਲ	ਜਲ	ਭਲ
ਅਥਰਬਨ ਵੇਦ	ਕੀਰਤ	ਗਇੰਦ	ਦਾਸ	ਗੰਗਾ

ਇਹ ਸਾਰੇ ੧੬ ਭੱਟ ਹਨ ਅਤੇ ਸਤਾਰ੍ਹਵਾਂ ਬ੍ਰਹਮਾ ਦਾ ਅਵਤਾਰ ਭੱਟ 'ਭਿੱਖਾ' ਹੈ।

ਕੁਲ ਸਤਾਰਾਂ (੧੭) ਭੱਟ ਹਨ।

ਯਥਾ- ਇਕ ਇਕ ਬੇਦ ਚਤੁਰ ਬਪੁ ਧਾਰਹੁ, ਬ੍ਰਹਮਾ ਤੁਮ ਸੰਗ ਨਰ ਤਨ ਪਾਇ।
ਰੱਛਕ ਸਦਾ ਹੋਤਿ ਜਿਤ ਕਿਤ ਇਹ, ਤੁਮਰੋ ਬਿਘਨ ਸਕਲ ਬਿਨਸਾਇ।
ਗਗਨ ਗਿਰਾ ਇਮ ਕਹਜੋ, ਮੌਨ ਪੁਨਿ ਸੁਨਿ ਸਭ ਬੇਦ ਰਹੇ ਬਿਸਮਾਇ।
ਕਮਲਜ ਸਹਤ ਬਿਚਾਰਨਿ ਕਰਿ ਕੈ, ਛਿਤ ਅਵਤਰੇ ਸਰੂਪ ਬਨਾਇ॥ ੯॥
ਇਕ ਇਕ ਬੇਦ ਚਤੁਰ ਬਪੁ ਧਾਰੇ, ਪ੍ਰਗਟ ਨਾਮ ਤਿਨ ਕਹੌਂ ਅਸੰਸ।
ਪੂਰਨ ਸ਼ਜਾਮ ਬੇਦ ਕੇ ਇਹ ਭੇ-ਮਥੁਰਾ, ਜਾਲਪ, ਬੱਲ, ਹਰਬੰਸ।
ਪੁਨ ਰਿਗਬੇਦ-ਕੱਲਜ, ਜੱਲ, ਨੱਲ, ਤ੍ਰੈ, ਕਲਸਹਾਰ ਚੌਥੋ ਗਿਨਿ ਅੰਸ।
ਭਏ ਜੁਜਰ ਕੇ-ਟਲਜ ਸੱਲਜ ਪੁਨ, ਜੱਲਜ ਭੱਲਜ ਉਪਜੇ ਦਿਜ ਬੰਸ॥ ੧੦॥
ਬਹੁਰ ਅਥਰਬਣ-ਦਾਸ ਰੁ ਕੀਰਤਿ, ਗਿਨਿ ਗਇੰਦ ਸਦ ਰੰਗ ਸੁ ਚਾਰ।
ਕਮਲਾਸਨ ਕੋ ਭਿੱਖਾ ਨਾਮ ਸੁ, ਇਨ ਸਭਿ ਤੇ ਭਾ ਅਧਿਕ ਉਦਾਰ।
ਬਿੱਪ੍ਰ ਸਰੀਰ ਭਾਟ ਭਈ ਸੰਗਜਾ, ਬਡੇ ਬੈਸ ਮਹਿ ਭੇ ਇਕ ਸਾਰ।

(ਗੁਰ ਪ੍ਰਤਾਪ ਸੂਰਜ ਰਾਸਿ, ੩ ਅੰਸੂ ੪੯)

ਅੱਜ ਕੱਲ੍ਹ ਦੇ ਪੜ੍ਹੇ ਹੋਏ ਕਈ ਪ੍ਰਚਾਰਕ ਲੋਕ ਵੇਦਾਂ ਦੇ ਅਵਤਾਰ ਧਾਰਨ 'ਤੇ ਸੰਸਾ ਕਰਦੇ ਹੋਏ ਕਈ ਤਰ੍ਹਾਂ ਦੇ ਵਖਿਆਨ ਕਰਦੇ ਹਨ, ਕਿ ਇਕ ਪੁਸਤਕ ਮਨੁੱਖ ਦਾ ਅਕਾਰ ਕਿਵੇਂ ਧਾਰ ਸਕਦੀ ਹੈ? ਇਸ ਤਰ੍ਹਾਂ ਕਈ ਤਰ੍ਹਾਂ ਦੀਆਂ ਉਕਤੀਆਂ ਜੁਗਤੀਆਂ ਦੁਆਰਾ ਲੋਕਾਂ ਨੂੰ ਭੀ ਭਟਕਾਉਂਦੇ ਹਨ। ਉਨ੍ਹਾਂ ਦੀ ਗਿਆਤ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਕਤੀ ਰੂਪ ਵੇਦਾਂ ਦੇ ਅਕਾਰ ਧਾਰਨ ਵਿਖੇ ਕੋਈ ਸੰਸਾ ਨਹੀਂ, ਕਿਉਂਕਿ ਵੇਦਾਂ ਦਾ ਭੱਟਾਂ ਦਾ ਰੂਪ ਧਾਰਨ ਕਰ ਕੇ ਅਵਤਾਰਾਂ ਦੀ ਉਸਤਤੀ ਕਰਨ ਲਈ ਮਾਤ ਲੋਕ ਵਿਖੇ ਆਉਣਾ ਹਿੰਦੂਆਂ ਦੀਆਂ ਪ੍ਰਮਾਣੀਕ ਪੁਸਤਕਾਂ ਵਿਚ ਵੀ ਲਿਖਿਆ ਹੋਇਆ ਹੈ।

ਜਿਵੇਂ ਗੁਸਾਂਈ ਤੁਲਸੀ ਦਾਸ ਜੀ ਨੇ ਆਪਣੀ ਰਾਮਾਇਣ ਉਤਰ ਕਾਂਡ ਅੰਕ ੨੭ ਵਿਖੇ ਇਉਂ ਲਿਖਿਆ ਹੈ-ਜਿਸ ਵੇਲੇ ਵਿਸ਼ਨੂੰ ਅਵਤਾਰ ਸ੍ਰੀ ਰਾਮ ਚੰਦਰ ਜੀ ੧੪ ਸਾਲ ਬਨਬਾਸ ਕੱਟ ਕੇ ਵਾਪਸ ਅਜੁਧਿਆ ਪੁਰੀ ਪੁੱਜ ਕੇ ਰਾਜ ਤਖਤ 'ਤੇ ਬੈਠੇ ਉਸ ਵੇਲੇ-

ਭਿੰਨ ਭਿੰਨ ਉਸਤਤਿ ਕਰੀ, ਗੇ ਸੁਰ ਨਿਜ ਨਿਜ ਧਾਮ।
ਵੰਦੀ ਵੇਸ਼ ਧਰਿ ਵੇਦ ਤਬ, ਆਏ ਜਹਿਂ ਸ੍ਰੀ ਰਾਮ॥ ੨੭॥
ਪ੍ਰਭੂ ਸ੍ਰਬਗਜ ਕੀਨਹਿ ਅਤੀ, ਆਦਰ ਕ੍ਰਿਪਾ ਨਿਧਾਨ।
ਲਖਜੋ ਨ ਕਾਹੂ ਮਰਮ ਕਛ, ਲੱਗੇ ਕਰਨ ਗੁਣ ਗਾਨ॥ ੨੮॥

ਭਾਵ- ਜਿਸ ਵੇਲੇ ਤਰ੍ਹਾਂ ਤਰ੍ਹਾਂ ਦੀ ਉਸਤਤੀ ਕਰ ਕੇ ਸਾਰੇ ਦੇਵਤੇ ਆਪੋ ਆਪਣੇ ਧਾਮਾਂ ਨੂੰ ਚਲੇ ਗਏ ਤਾਂ ਉਸ ਵੇਲੇ ਚਾਰੇ ਵੇਦ ਭੱਟਾਂ ਦਾ ਰੂਪ ਧਾਰ ਕੇ ਉਥੇ ਆਏ ਜਿਥੇ ਸ੍ਰੀ ਰਾਮ ਚੰਦਰ ਜੀ ਸਸ਼ੋਭਤ ਸਨ ਅੱਗੋਂ ਸ੍ਰੀ ਰਾਮ ਚੰਦਰ ਜੀ ਨੇ ਭੱਟ ਰੂਪ ਚਾਰੋਂ ਵੇਦਾਂ ਦਾ ਬੜਾ ਸਤਿਕਾਰ ਕੀਤਾ। ਉਸ ਵੇਲੇ ਇਸ ਭੇਦ ਨੂੰ ਹੋਰ ਕਿਸੇ ਨੇ ਨਾ ਜਾਣਿਆ ਕਿ ਵੇਦ ਹੀ ਭੱਟਾਂ ਦਾ ਰੂਪ ਧਾਰ ਕੇ ਸ੍ਰੀ ਰਾਮ ਚੰਦਰ ਜੀ ਦੀ ਉਸਤਤੀ ਕਰ ਰਹੇ ਹਨ।

ਏਸੇ ਤਰ੍ਹਾਂ ਹੀ ਦੁਆਪਰ ਜੁਗ ਵਿਖੇ ਜਿਸ ਵੇਲੇ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦਾ ਅਵਤਾਰ ਪ੍ਰਭੂ ਨੇ ਧਾਰਨ ਕੀਤਾ ਤਾਂ ਵੀ ਵੇਦਾਂ ਨੇ ਭੱਟ ਰੂਪ ਹੋ ਕੇ ਜਸ ਉਚਾਰਨ ਕੀਤਾ। ਜਿਸ ਦਾ ਜ਼ਿਕਰ ਸ੍ਰੀ ਮਦ ਭਾਗਵਤ ਪੁਰਾਣ ਦੇ ਦਸਵੇਂ ਸਕੰਧ, ਧਿਆ ਸਤਾਈਵੇਂ ਵਿਖੇ ਵੇਦਾਂ ਦਾ ਭੱਟ ਰੂਪ ਹੋ ਕੇ ਵਿਸ਼ਨੂੰ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੀ ਉਸਤਤੀ ਕਰਨ ਦਾ ਪ੍ਰਸੰਗ ਆਉਂਦਾ ਹੈ। ਉਥੇ ਵੀ ਵੇਦਾਂ ਨੂੰ ਵੰਦੀ ਜਨ ਕਿਹਾ ਹੈ। ਵਿਸ਼ਨੂੰ ਮਹਾਰਾਜ ਜੀ ਦੇ ਸਰਾਪ ਕਰ ਕੇ ਜਿਸ ਵੇਲੇ ਇਹਨਾਂ ਦਾ ਕਾਂਸ਼ੀ ਵਿਚ ਭੱਟ ਸੰਗਿਆ ਵਾਲੇ ਬ੍ਰਾਹਮਣ ਦੇ ਗ੍ਰਹਿ ਵਿਖੇ ਜਨਮ ਹੋਇਆ, ਉਸ ਦਿਨ ਤੋਂ ਲੈ ਕੇ ਪਹਿਲੀ ਅਵਸਥਾ (ਬਚਪਨ) ਹਸਦਿਆਂ ਖੇਡਦਿਆਂ ਗੁਜ਼ਰੀ। ਫੇਰ-ਸਾਰਿਆਂ ਨੇ ਵੇਦ ਵਿਦਿਆ ਪੜ੍ਹੀ ਤੇ ਵਿਦਿਆ ਵਿਖੇ ਬਹੁਤ ਨਿਪੁੰਨ ਹੋ ਗਏ ਪਰ ਸ਼ਾਂਤੀ ਨਾ ਆਈ। ਜਿਉਂ-ਜਿਉਂ ਸੁਰਤ ਸੰਭਾਲਦੇ ਗਏ ਤਿਉਂ-ਤਿਉਂ ਸ਼ਾਂਤੀ ਪ੍ਰਾਪਤੀ ਦੀ ਇੱਛਾ ਵਧਦੀ ਗਈ। ਸੁਰਤ ਸੰਭਾਲਣ 'ਤੇ ਵਿਸ਼ਨੂੰ ਮਹਾਰਾਜ ਜੀ ਦਾ ਦਿੱਤਾ ਸਰਾਪ ਵੀ ਚੇਤੇ ਆਇਆ। ਇਨ੍ਹਾਂ ਕਾਰਨਾਂ ਕਰ ਕੇ ਇਹ ਸਾਰੇ ਇਕੱਠੇ ਹੋ ਕੇ ਗਿਰੀ, ਪੁਰੀ, ਆਦਿ ਸੰਨਿਆਸੀਆਂ ਦੇ ਅਤੇ ਕੰਨ ਪਾਟੇ ਜੋਗੀਆਂ ਕਰਮਚਾਰੀ, ਤਪਸਵੀ, ਬੈਰਾਗੀ ਆਦਿ ਦੇ ਪਾਸ ਇਕ ਸਾਲ ਭਰ ਥਾਂ-ਥਾਂ ਫਿਰਦੇ ਰਹੇ ਪਰ ਕਿਸੇ ਕੋਲੋਂ ਵੀ ਸ਼ਾਂਤੀ ਪ੍ਰਾਪਤ ਨਾ ਹੋਈ ਅਤੇ ਨਾ ਹੀ ਸਰਾਪ ਦੀ ਨਵਿਰਤੀ ਹੋਈ। ਜਿਵੇਂ ਅੱਗੇ ਜਾ ਕੇ ਸਵਈਆਂ ਵਿਚ ਵੀ ਕਥਨ ਕੀਤਾ ਹੈ-

ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥

ਨਗਰ-ਨਗਰ ਵਿਚ ਫਿਰਦਿਆਂ-ਫਿਰਾਂਦਿਆਂ ਪੁਛਦਿਆਂ-ਪੁਛਦਿਆਂ ਆਖਰ ਪਤਾ ਲੱਗਾ ਕਿ ਨਿਰੰਕਾਰੀ ਅਵਤਾਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਰ ਪੰਜਵਾਂ ਜਾਮਾ ਸ੍ਰੀ ਗੁਰੂ ਅਰਜਨ ਦੇਵ ਜੀ

ਅੰਮ੍ਰਿਤਸਰ (ਪੰਜਾਬ) ਵਿਖੇ ਬਿਰਾਜਮਾਨ ਹਨ, ਜੋ ਜੀਵਾਂ ਦੀ ਕਲਿਆਣ ਲਈ ਅਲਾਹੀ ਗੁਰਬਾਣੀ ਦਾ ਜਹਾਜ਼ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ) ਤਿਆਰ ਕਰ ਰਹੇ ਹਨ। ਫਿਰ ਜਿਸ ਧੁਰੋਂ ਆਈ ਅਕਾਲੀ ਗੁਰਬਾਣੀ ਦੇ ਆਸ੍ਰਤ ਹੋ ਕੇ ਸੰਸਾਰ-ਸਮੁੰਦਰ ਤੋਂ ਜੀਵਾਂ ਨੇ ਤਰਨਾ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਇਹਨਾਂ ਸਤਾਰਾਂ ਹੀ ਭਰਾਵਾਂ (ਭੱਟਾਂ) ਦੇ ਮਨ ਵਿਖੇ ਕੁਝ ਵਿਸ਼ਵਾਸ ਹੋਇਆ। ਮਨ ਵਿਖੇ ਕੁਝ ਨਿਸਚਾ ਹੋਇਆ ਤੇ ਸ਼ਰਧਾ ਆਈ ਕਿ ਇਥੋਂ ਸਾਡਾ ਜ਼ਰੂਰ ਸਰਾਪ ਨਵਿਰਤ ਹੋ ਜਾਵੇਗਾ। ਫੇਰ ਵਿਸ਼ਨੂੰ ਮਹਾਰਾਜ ਜੀ ਦੇ ਕਹੇ ਬਚਨ ਯਾਦ ਆ ਗਏ ਕਿ ਕਲਯੁਗ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਵੇਗਾ, ਪੰਜਵੇਂ ਜਾਮੇਂ ਵਿਖੇ ਸ਼ਰਨ ਆਉਗੇ ਉਸ ਵੇਲੇ ਉਸਤਤੀ ਕਰੋਗੇ ਤਾਂ ਤੁਹਾਡਾ ਕਲਿਆਣ ਹੋਵੇਗਾ। ਇਸ ਤਰ੍ਹਾਂ ਦੇ ਨਿਸਚੇ ਸਹਿਤ ਸੰਕਲਪ ਲੈ ਕੇ ਸਤਾਰਾਂ ਦੇ ਸਤਾਰਾਂ ਹੀ ਭੱਟ ਕਾਂਸ਼ੀ ਤੋਂ ਚੱਲ ਪਏ ਆਖਰ ਚਲਦਿਆਂ-ਚਲਦਿਆਂ ਸ੍ਰੀ ਅੰਮ੍ਰਿਤਸਰ ਪੁੱਜੇ।

ਅੰਮ੍ਰਿਤਸਰ ਦੀਆਂ ਸੰਗਤਾਂ ਤੋਂ ਪਤਾ ਲੱਗਾ ਕਿ ਇਸ ਵੇਲੇ ਪੰਚਮ ਪਿਤਾ ਜੀ ਰਾਮਸਰ ਬਿਰਾਜਮਾਨ ਹਨ। ਉਹਨਾਂ ਹੀ ਪੈਰਾਂ 'ਤੇ ਇਹ ਸਤਾਰਾਂ ਹੀ ਭੱਟ ਉਥੇ ਰਾਮਸਰ ਵਾਲੇ ਅਸਥਾਨ 'ਤੇ ਪੁੱਜੇ। ਯਥਾਸ਼ਕਤਿ ਭੇਟਾ ਰੱਖ ਕੇ ਨਮਸਕਾਰ ਕੀਤੀ। ਦਰਸ਼ਨ ਕਰਦਿਆਂ ਸਾਰ ਮਨ-ਚਿਤ ਵਿਖੇ ਸ਼ਾਂਤੀ ਆ ਗਈ। ਜਿਸ ਤੇ ਮਨ ਵਿਖੇ ਹੋਰ ਵੀ ਪੱਕਾ ਨਿਸਚਾ ਹੋ ਗਿਆ ਕਿ ਇਹੋ ਹੀ ਵਿਸ਼ਨੂੰ ਮਹਾਰਾਜ ਜੀ ਦੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਰੂਪ ਹਨ, ਇਹਨਾਂ ਪਾਸੋਂ ਸਾਡੇ ਸਰਾਪ ਦੀ ਜ਼ਰੂਰ ਹੀ ਨਵਿਰਤੀ ਹੋ ਜਾਵੇਗੀ।

ਇਹਨਾਂ ਸੰਕਲਪਾਂ ਦੇ ਤੇ ਪੂਰਨ ਨਿਸਚਾ ਹੋ ਜਾਣ ਕਰ ਕੇ ਸਾਰਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ- ''ਹੇ ਗਰੀਬ ਨਿਵਾਜ਼! ਪਤਿਤ ਪਾਵਨ! ਜੋ ਆਪ ਜੀ ਨੇ ਪੂਰਬ ਸਾਨੂੰ ਸਰਾਪ ਦਿੱਤਾ ਸੀ ਹੁਣ ਉਸ ਦੀ ਅਉਧੀ ਆ ਪੁੱਗੀ ਹੈ, ਆਪ ਜੀ ਦੀ ਸ਼ਰਨ ਆਏ ਹਾਂ। ਹੁਣ ਕਿਰਪਾ ਕਰ ਕੇ ਉਸ ਸਰਾਪ ਦੀ ਨਵਿਰਤੀ ਕਰੋ ਅਤੇ ਆਪਣੇ ਚਰਨਾਂ ਵਿਚ ਲਗਾਉਣਾ ਕਰੋ।''

ਜਾਣੀ ਜਾਣ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਕਿਹਾ-''ਇਕ ਗੱਲ ਹੈ ਉਸ ਸਰਾਪ ਦੀ ਨਵਿਰਤੀ ਤਾਂ ਹੋ ਸਕਦੀ ਹੈ ਜੇਕਰ ਪਹਿਲੇ ਤੁਸੀਂ ਸਾਰੇ ਹੀ ਚਾਰੋਂ ਪਾਤਸ਼ਾਹਾਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤੀ ਕਰੋ। ਉਸਤਤੀ ਕਰਨ ਤੇ ਹੀ ਇਹ ਤੁਹਾਡਾ ਸਰਾਪ ਦੂਰ ਹੋਵੇਗਾ।''

ਸਤਿਗੁਰਾਂ ਪਾਸੋਂ ਐਸੇ ਬਚਨ ਸੁਣ ਕੇ ਭੱਟਾਂ ਨੇ ਆਖਿਆ- ''ਹੇ ਪ੍ਰਭੂ! ਪਹਿਲੇ ਆਪ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਸਤਤੀ ਉਚਾਰਨ ਕਰ ਕੇ ਸਾਨੂੰ ਉਸਤਤੀ ਕਰਨ ਦੀ ਰੀਤੀ ਸਮਝਾਉਣਾ ਕਰੋ। ਜਿਸ ਤਰ੍ਹਾਂ ਆਪ ਸਮਝਾਵੋਗੇ ਫੇਰ ਅਸੀਂ ਉਸੇ ਤਰ੍ਹਾਂ ਉਸਤਤੀ ਕਰਾਂਗੇ।''

ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਸਤਿਗੁਰਾਂ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਪਹਿਲੇ ਨੌ (੯) ਸਵਯੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਕਾਲ ਪੁਰਖ ਨਾਲ ਅਭੇਦਤਾ ਰੂਪ ਕਥਨ ਕੀਤੇ ਹਨ। ਫੇਰ ਅਗਲੇ ਗਿਆਰਾਂ ਸਵਯੇ ਦੇਹ ਅਧਿਆਸ ਦੀ ਨਵਿਰਤੀ ਨਾਮ ਦੀ ਕੀਰਤੀ, ਮੋਹ ਆਦਿਕਾਂ ਦੀ ਨਵਿਤਰੀ, ਆਦਿ ਦੇ ਬਹੁਤ ਅਮੋਲਕ ਸਵਈਆਂ ਦੇ ਰੂਪ ਵਿਚ ਬਚਨ ਉਚਾਰਨ ਕੀਤੇ ਹਨ। ਇਸ ਤਰ੍ਹਾਂ ਸਤਿਗੁਰੂ ਅਰਜਨ ਦੇਵ ਜੀ ਨੇ ਉਸਤਤੀ ਕਰਨ ਦੀ ਰੀਤੀ ਸਮਝਾਉਣ ਲਈ ਭੱਟਾਂ ਨੂੰ ਵੀਹ ਸਵਈਏ ਉਚਾਰਨ ਕਰ ਕੇ ਸ੍ਰਵਨ ਕਰਵਾਏ ਹਨ। ਉਸੇ ਰੀਤੀ ਅਨੁਸਾਰ-

(੧) ਸ੍ਰੀ ਗੁਰੂ ਨਾਨਕ ਦੇਵ ਜੀ

ਦੀ ਉਸਤਤੀ ਦੇ ਦਸ (੧੦) ਸਵਈਏ ਰਿਗ ਵੇਦ ਦੇ ਅਵਤਾਰ ਵਿਚੋਂ ਕਲ ਨਾਮੇ ਭੱਟ ਨੇ ਉਚਾਰਨ ਕੀਤੇ ਹਨ।

(੨) ਸ੍ਰੀ ਗੁਰੂ ਅੰਗਦ ਦੇਵ ਜੀ

ਦੇ ਦਸ (੧੦) ਸਵਈਏ ਤਿੰਨ ਭੱਟਾਂ ਨੇ ਉਚਾਰਨ ਕੀਤੇ ਹਨ। ਜਿਸ ਵਿਚੋਂ ਚਾਰ ਸਵਈਏ 'ਕਲਸਹਾਰ' ਨਾਮੇ ਭੱਟ ਨੇ ਇਕ ਅੰਕ ਤੋਂ ਚਾਰ ਅੰਕ ਤਕ ਕੁਲ ਚਾਰ ਸਵਈਏ ਉਚਾਰਨ ਕੀਤੇ ਹਨ ਅਤੇ ਪੰਜ ਸਵਈਏ 'ਕਲ' ਨਾਮੇ ਭੱਟ ਨੇ ਅੰਕ ਪੰਜ ਤੋਂ ਨੌਂ ਤਕ ਉਚਾਰਨ ਕੀਤੇ ਹਨ। ਅਗਲਾ ਦਸਵਾਂ ਉਸਤਤੀ ਦਾ ਸਵਈਆ 'ਟਲ' ਨਾਮੇ ਭੱਟ ਨੇ ਕੁਲ ਇਕ ਸਵਈਆ ਉਚਾਰਨ ਕੀਤਾ ਹੈ।

(੩) ਸ੍ਰੀ ਗੁਰੂ ਅਮਰਦਾਸ ਸਾਹਿਬ ਜੀ

ਦੀ ਉਸਤਤੀ ਦੇ ਬਾਈ (੨੨) ਸਵਈਏ ਸੱਤਾਂ ਭੱਟਾਂ ਨੇ ਉਚਾਰਨ ਕੀਤੇ ਹਨ। ਜਿਨ੍ਹਾਂ ਵਿਚੋਂ ਅੰਕ ਇਕ ਤੋਂ ਲੈ ਕੇ ਨੌ ਤਕ ਨੌਂ (੯) ਸਵਈਏ 'ਕਲ' ਨਾਮੇ ਭੱਟ ਨੇ ਉਚਾਰਨ ਕੀਤੇ ਹਨ। ਅੰਕ ੧੦ ਤੋਂ ਲੈ ਕੇ ਅੰਕ ੧੨ ਤੱਕ ਤਿੰਨ ਸਵਈਏ 'ਜਾਲਪ' ਭੱਟ ਨੇ ਕਥਨ ਕੀਤੇ ਹਨ। ਅਗਲਾ ਤੇਹਰਵਾਂ ਇਕ ਸਵਈਆ ਯਜੁਰ ਵੇਦ ਦੇ ਅਵਤਾਰ 'ਜਲ' ਨਾਮੇ ਭੱਟ ਨੇ ਕਥਨ ਕੀਤਾ ਹੈ ਅਤੇ ਉਸ ਤੋਂ ਅਗਲਾ ੧੪ਵਾਂ ਸਵਈਆਂ ਫਿਰ ਸ਼ਾਮ ਵੇਦ ਦੇ ਅਵਤਾਰ 'ਜਾਲਪ' ਨਾਮੇ ਭੱਟ ਨੇ ਕਥਨ ਕੀਤਾ ਹੈ। ਇਸ ਰੀਤੀ ਨਾਲ ਜਾਲਪ ਨਾਮੇ ਭੱਟ ਦੇ ਕੁਲ ਚਾਰ ਸਵਈਏ ਹਨ ਤੇ ਇਕ ਸਵਈਆ ਜਲ ਨਾਮੇ ਭੱਟ ਦਾ ਹੈ। ਅੰਕ ੧੫ ਤੋਂ ਲੈ ਕੇ ੧੮ ਤਕ ੪ ਸਵਈਏ ਅਥਰਬਣ ਵੇਦ ਦੇ ਅਵਤਾਰ 'ਕੀਰਤ' ਨਾਮੇ ਭੱਟ ਨੇ ਉਚਾਰਨ ਕੀਤੇ ਹਨ। ਅੰਕ ੧੯ ਤੋਂ ੨੦ ਦੋ ਸਵਈਏ ਬ੍ਰਹਮਾ ਦੇ ਅਵਤਾਰ 'ਭਿੱਖੇ' ਨੇ ਉਚਾਰਨ ਕੀਤੇ ਹਨ। ਇੱਕੀਵਾਂ (੨੧) ਸਵਈਆ ਯਜੁਰ ਵੇਦ ਦੇ ਅਵਤਾਰ 'ਸਲ' ਨਾਮੇ ਭੱਟ ਨੇ ਉਚਾਰਿਆ ਹੈ ਅਤੇ ੨੨ਵਾਂ ਇਕ ਸਵਈਆਂ ਯਜੁਰ ਵੇਦ ਦੇ ਅਵਤਾਰ 'ਭਲ' ਨਾਮੇ ਭੱਟ ਨੇ ਕਥਨ ਕੀਤਾ ਹੈ।

(੪) ਸ੍ਰੀ ਗੁਰੂ ਰਾਮਦਾਸ ਸਾਹਿਬ ਜੀ

ਦੀ ਉਸਤਤੀ ਦੇ ਸੱਠ (੬੦) ਸਵਈਏ ਬਾਰਾਂ (੧੨) ਭੱਟਾਂ ਨੇ ਉਚਾਰਨ ਕੀਤੇ ਹਨ। ਜਿਨ੍ਹਾਂ ਵਿਚੋਂ ਪਹਿਲਾ ਅੱਧਾ ਸਵਈਆ ਕਲਸਹਾਰ ਤੇ ਫਿਰ ਅੱਧਾ ਸਵਈਆ ਕਲ ਨਾਮੇ ਭੱਟ ਨੇ ਉਚਾਰਨਾ ਕੀਤਾ ਹੈ। ਵੱਡਾ ਭਾਈ ਹੋਣ ਕਰ ਕੇ ਸਵਈਏ ਦੀ ਸਮਾਪਤੀ ਪਰ ਕਲ ਨਾਮੇ ਭੱਟ ਦਾ ਹੀ ਨਾਮ ਆਇਆ ਹੈ।

ਉਸ ਤੋਂ ਅਗਲੇ ਬਾਰਾਂ ਸਵਈਏ ਰਿਗ ਵੇਦ ਦੇ ਅਵਤਾਰ 'ਕਲ' ਨਾਮੇ ਭੱਟ ਨੇ ਉਚਾਰਨ ਕੀਤੇ ਹਨ
ਅਗਲੇ ਚਾਰ ਸਵਈਏ ਰਿਗ ਵੇਦ ਦੇ ਅਵਤਾਰ 'ਨਲ' ਨਾਮੀ ਭੱਟ ਨੇ ਉਚਾਰਨ ਕੀਤੇ ਹਨ ਅੰਕ ੪ ਤਕ
ਇਸ ਤੋਂ ਅਗਲੇ ਦੋ ਸਵਈਏ 'ਰਡ' ਨਾਰਦ ਮੁਨੀ ਨੇ ਉਚਾਰਨ ਕੀਤੇ ਹਨ। ਅੰਕ ॥ ੨ ॥ ੬ ॥ ਤਕ
ਉਸ ਤੋਂ ਅਗਲਾ ਇਕ ਸਵਈਆ 'ਦਾਸ' ਨਾਮੇ ਭੱਟ ਨੇ ਕਥਨ ਕੀਤਾ ਹੈ॥ ੩ ॥ ੭ ॥ ਤਕ
ਉਸ ਤੋਂ ਅਗਲੇ ਦੋ ਸਵਈਏ 'ਨਲ' ਨਾਮੇ ਭੱਟ ਨੇ ਉਚਾਰਨ ਕੀਤੇ ਹਨ ॥ ੫॥ ੯ ॥ ਤਕ
ਉਸ ਤੋਂ ਅਗਲਾ ਇਕ ਸਵਈਆ ਜਲਨ ਭੱਟ ਨੇ ਉਚਾਰਨ ਕੀਤਾ ਹੈ॥ ੬॥ ੧੦॥ ਤਕ
ਉਸ ਤੋਂ ਅਗਲੇ ਛੇ ਸਵਈਏ 'ਦਾਸ' ਨਾਮੇ ਭੱਟ ਨੇ ਕਥਨ ਕੀਤੇ ਹਨ॥ ੪ ॥ ੧੬॥ ੨੬ ॥ ਤਕ
ਉਸ ਤੋਂ ਅਗਲੇ ਪੰਜ ਸਵਈਏ 'ਗੰਗਾ' ਨਾਮੇ ਭੱਟ ਨੇ ਕਥਨ ਕੀਤੇ ਹਨ। ਅੰਕ ॥ ੫॥ ਤਕ

ਉਸ ਤੋਂ ਅਗਲੇ ਅੱਠ ਸਵਈਏ 'ਗਇੰਦ' ਨਾਮੇ ਭੱਟ ਨੇ ਕਥਨ ਕੀਤੇ ਹਨ ॥ ੩ ॥ ੧੩ ॥ ੪੨ ॥ ਤਕ
ਉਸ ਤੋਂ ਅਗਲੇ ਸੱਤ ਸਵਈਏ 'ਮਥਰਾ' ਨਾਮੇ ਭੱਟ ਨੇ ਕਥਨ ਕੀਤੇ ਹਨ॥ ੪ ॥ ੪੯ ॥ ਤਕ
ਉਸ ਤੋਂ ਅਗਲੇ ਪੰਜ ਸਵਈਏ 'ਬਲ' ਨਾਮੇ ਭੱਟ ਨੇ ਕਥਨ ਕੀਤੇ ਹਨ ॥ ੫ ॥ ੫੪ ॥ ਤਕ
ਉਸ ਤੋਂ ਅਗਲੇ ਚਾਰ ਸਵਈਏ 'ਕੀਰਤ' ਨਾਮੇ ਭੱਟ ਨੇ ਕਥਨ ਕੀਤੇ ਹਨ॥ ੪ ॥ ੫੮ ॥ ਤਕ
ਉਸ ਤੋਂ ਅਗਲੇ ਦੋ ਸਵਈਏ 'ਸਲ' ਨਾਮੇ ਭੱਟ ਨੇ ਕਥਨ ਕੀਤੇ ਹਨ॥ ੨ ॥ ੬੦ ॥ ਤਕ

ਇਸ ਰੀਤੀ ਨਾਲ-

ਅੱਧਾ ਸਵਈਆ ਕਲਸਹਾਰ ਨਾਮੇ ਭੱਟ ਨੇ ਕਥਨ ਕੀਤਾ ਹੈ।

ਸਾਢੇ ਬਾਰਾਂ ਸਵਈਏ 'ਕਲ' ਨਾਮੇ ਭੱਟ ਦੇ ਕਥਨ ਕੀਤੇ ਹੋਏ ਹਨ।

੬ ਸਵਈਏ 'ਨਲ' ਨਾਮੇ ਭੱਟ ਦੇ ਉਚਾਰਨ ਕੀਤੇ ਹੋਏ ਹਨ।

੨ ਸਵਈਏ 'ਰਡ' (ਨਾਰਦ ਮੁਨੀ) ਦੇ ਉਚਾਰਨ ਕੀਤੇ ਹੋਏ ਹਨ।

੭ ਸਵਈਏ 'ਦਾਸ' ਭੱਟ ਦੇ ਕਥਨ ਕੀਤੇ ਹੋਏ ਹਨ।

੧ ਸਵਈਆ 'ਜਲਨ' ਭੱਟ ਦਾ ਕਥਨ ਕੀਤਾ ਹੋਇਆ ਹੈ।

੫ ਸਵਈਏ 'ਗੰਗਾ' ਭੱਟ ਦੇ ਕਥਨ ਕੀਤੇ ਹੋਏ ਹਨ।

੮ ਸਵਈਏ 'ਗਇੰਦ' ਭੱਟ ਦੇ ਕਥਨ ਕੀਤੇ ਹੋਏ ਹਨ।

੭ ਸਵਈਏ 'ਮਥਰਾ' ਭੱਟ ਦੇ ਕਥਨ ਕੀਤੇ ਹੋਏ ਹਨ।

੫ ਸਵਈਏ 'ਬਲ' ਨਾਮੇ ਭੱਟ ਦੇ ਉਚਾਰਨ ਕੀਤੇ ਹੋਏ ਹਨ।

੪ ਸਵਈਏ 'ਕੀਰਤ' ਨਾਮੇ ਭੱਟ ਦੇ ਉਚਾਰਨ ਕੀਤੇ ਹੋਏ ਹਨ।

ਇਹ ੬੦ ਸਵਈਏ ਕਲਸਹਾਰ, ਕਲ, ਨਲ, ਰਡ (ਨਾਰਦ), ਦਾਸ, ਜਲਨ, ਗੰਗਾ, ਗਇੰਦ, ਮਥਰਾ, ਬਲ, ਕੀਰਤ ਅਤੇ ਸਲ ਇਹਨਾਂ ਬਾਰਾਂ ਭੱਟਾਂ ਨੇ ਉਚਾਰਨ ਕੀਤੇ ਹਨ।

(੫) ਸ੍ਰੀ ਗੁਰੂ ਅਰਜਨ ਦੇਵ ਜੀ

ਦੀ ਉਸਤਤੀ ਦੇ ਇੱਕੀ (੨੧) ਸਵਈਏ ਚਾਰ ਭੱਟਾਂ (ਕਲ, ਕਲਸਹਾਰ, ਮਥਰਾ, ਹਰਬੰਸ) ਨੇ ਉਚਾਰਨ ਕੀਤੇ ਹਨ। ਜਿਨ੍ਹਾਂ ਵਿਚੋਂ ਪਹਿਲੇ ਪੰਜ ਸਵਈਏ 'ਕਲ' ਨਾਮੇ ਭੱਟ ਦੇ ਉਚਾਰਨ ਕੀਤੇ ਹੋਏ ਹਨ। ਉਸ ਤੋਂ ਅਗਲਾ ਇਕ ਸਵਈਆ 'ਕਲਸਹਾਰ' ਭੱਟ ਦਾ ਉਚਾਰਨ ਕੀਤਾ ਹੋਇਆ ਹੈ। ਉਸ ਤੋਂ ਅਗਲੇ ਛੇ ਸਵਈਏ ਫਿਰ 'ਕਲ' ਨਾਮੇ ਭੱਟ ਨੇ ਉਚਾਰਨ ਕੀਤੇ ਹੋਏ ਹਨ॥ ੩ ॥ ੧੨ ॥ ਤਕ

ਉਸ ਤੋਂ ਅਗਲੇ ਸੱਤ ਸਵਈਏ ਮਥਰਾ ਭੱਟ ਨੇ ਉਚਾਰਨ ਕੀਤੇ ਹੋਏ ਹਨ॥ ੭ ॥ ੧੯ ॥ ਤਕ

ਉਸ ਤੋਂ ਅਗਲੇ ਦੋ ਸਵਈਏ 'ਹਰਬੰਸ' ਨਾਮੇ ਭੱਟ ਨੇ ਕਥਨ ਕੀਤੇ ਹਨ। ਇਸ ਰੀਤੀ ਨਾਲ-

੧੧ ਸਵਈਏ 'ਕਲ' ਨਾਮੇ ਭੱਟ ਨੇ ਕਥਨ ਕੀਤੇ ਹੋਏ ਹਨ।

੧ ਸਵਈਆ 'ਕਲਸਹਾਰ' ਨਾਮੇ ਭੱਟ ਦਾ ਕਥਨ ਕੀਤਾ ਹੋਇਆ ਹੈ।

੭ ਸਵਈਏ 'ਮਥਰਾ' ਨਾਮੇ ਭੱਟ ਦੇ ਉਚਾਰਨ ਕੀਤੇ ਹੋਏ ਹਨ।

੨ ਸਵਈਏ 'ਹਰਬੰਸ' ਨਾਮੇ ਭੱਟ ਦੇ ਉਚਾਰਨ ਕੀਤੇ ਹੋਏ ਹਨ।

ਇਹ ੨੧ ਸਵਈਏ ਕਲ, ਕਲਸਹਾਰ, ਮਥਰਾ ਅਤੇ ਹਰਬੰਸ। ਇਹਨਾਂ ਚੌਹਾਂ ਭੱਟਾਂ ਨੇ ਉਚਾਰਨ ਕੀਤੇ ਹਨ।

[ਪੰਨਾ ੧੩੮੫]

੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

੧	=	ਇਕ ਜੋ ਅਦੁੱਤੀ ਬ੍ਰਹਮ ਹੈ। ਉਹ
ਓ	=	ਮੰਗਲ ਸਰੂਪ ਹੈ।
ਸਤਿ	=	ਤ੍ਰੈ ਕਾਲ ਅਬਾਧ ਹੈ।
ਨਾਮੁ	=	ਸਾਰੇ ਪ੍ਰਸਿੱਧ ਹੈ।
ਕਰਤਾ	=	ਫਿਰ ਸਾਰਿਆਂ ਦੀ ਉਤਪਤੀ ਕਰਨ ਵਾਲਾ ਹੈ।
ਪੁਰਖੁ	=	ਪੂਰਨ ਹੈ। ਵਾ-ਸੰਪੂਰਨ ਬਲ ਸਰੂਪ ਹੈ।
ਨਿਰਭਉ	=	ਡਰ ਤੋਂ ਰਹਿਤ ਹੈ।
ਨਿਰਵੈਰੁ	=	ਵੈਰ ਭਾਵ ਤੋਂ ਰਹਿਤ ਹੈ।
ਅਕਾਲ ਮੂਰਤਿ	=	ਅਕਾਲ ਸਰੂਪ ਹੈ।
ਅਜੂਨੀ	=	ਜੂਨੀਆਂ ਤੋਂ ਰਹਿਤ ਹੈ।
ਸੈਭੰ	=	ਸੁਤੇ ਪ੍ਰਕਾਸ਼ ਰੂਪ ਹੈ।
ਗੁਰ ਪ੍ਰਸਾਦਿ	=	ਵੱਡੀ ਕਿਰਪਾ ਵਾਲਾ ਹੈ।

ਇਤਨਾ ਕੁ ਮੰਗਲ ਕਥਨ ਕਰ ਕੇ ਗਰੀਬ ਨਿਵਾਜ਼ ਸ੍ਰੀ ਗੁਰੂ ਅਰਜਨ ਦੇਵ ਜੀ ਉਸਤਤੀ ਦੇ ਸਵਈਆਂ ਦੀ ਸ਼ੈਲੀ ਦਸਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੇ ਪ੍ਰਭੂ ਦੀ ਅਭੇਦਤਾ ਰੂਪ ਉਸਤਤੀ ਕਥਨ ਕਰਦੇ ਹਨ—

ਸਵਜੇ ਸ੍ਰੀ ਮੁਖਬਾਕ੍ ਮਹਲਾ ੫॥

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥

ਹੇ ਕਰਤਾਰ! ਇਕ ਤੂੰ ਹੀ ਸਾਰਿਆਂ ਪੁਰਖਾਂ ਦੀ ਆਦਿ ਹੈਂ। *ਅਥਵਾ-* ਹੇ ਆਦਿ ਰੂਪ ਪ੍ਰਮਾਤਮਾ! ਸਭ ਪੁਰਖਾਂ ਨੂੰ ਖਾਣ ਪਾਣ ਦੇਣੇ ਦੀ ਤਾਰ ਤੁਹਾਡੇ ਕਰ= ਹੱਥ ਵਿਚ ਫੜੀ ਹੋਈ ਹੈ। ਭਾਵ ਤੁਸੀਂ ਆਪ ਹੀ ਸਭਨਾਂ ਜੀਵਾਂ ਦੀ ਪ੍ਰਤਿਪਾਲਾ ਕਰਦੇ ਹੋ। ਕਾਰਨ-ਕਾਰਜ ਰੂਪ ਸਾਰੇ ਪ੍ਰਪੰਚ ਦੇ ਇਕ ਆਪ ਹੀ ਕਰਨ ਵਾਲੇ ਹੋ।

ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥

ਫਿਰ ਸਾਰਿਆਂ ਪਦਾਰਥਾਂ ਵਿਖੇ ਭਰਪੂਰ ਹੋ ਰਹੇ ਹੋ ਅਤੇ ਸਗਲ ਘਟ= ਸਭਨਾਂ ਸਰੀਰਾਂ (ਅਕਾਰਾਂ) ਵਿਖੇ ਵੀ ਵਿਆਪਕ ਹੋ ਰਹੇ ਹੋ। *ਅਥਵਾ-* ਪਿੱਛੇ ਵੀ ਸਾਰਿਆਂ ਵਿਖੇ ਭਰਪੂਰ ਹੋ ਰਹੇ ਸੀ ਅਤੇ ਹੁਣ ਭੀ ਸਭਨਾਂ ਘਟਾਂ

ਵਿਖੇ ਵਿਆਪਕ ਹੋ ਰਹੇ ਹੋ।

ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ

ਫਿਰ ਆਪ ਸਾਰੇ ਜਗਤ ਵਿਖੇ ਬ੍ਯਾਪਤੁ= ਵਿਆਪਕ ਦਿਸ ਰਹੇ ਹੋ, ਤੁਹਾਡੀ ਗਤਿ= ਰੀਤੀ (ਮਰਯਾਦਾ) ਨੂੰ ਭਲਾ ਕੌਣ ਜਾਣ ਸਕਦਾ ਹੈ? ਭਾਵ ਕੋਈ ਵੀ ਆਪ ਜੀ ਦੀ ਮਰਯਾਦਾ ਨੂੰ ਨਹੀਂ ਜਾਣ ਸਕਦਾ।

ਯਥਾ- ਹਰਿ ਕੀ ਗਤਿ ਨਹਿ ਕੋਊ ਜਾਨੈ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥

(ਬਿਹਾਗੜਾ ਮਹਲਾ ੯, ਪੰਨਾ ੫੩੭)

ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ॥

ਹੇ ਹਰੀ ਪਤਿ= ਪਤੀ ਪਰਮਾਤਮਾ ! ਤੂੰ ਆਪ ਹੀ ਸਾਰਿਆਂ ਦੀ ਰਖਿਆ ਕਰਨ ਵਾਲਾ ਹੈਂ।

ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ॥

ਅਬਿਨਾਸੀ= ਨਾਸ ਤੋਂ ਰਹਿਤ ਹੈਂ। (ਅਬਿਗਤ) ਅਬਿ= ਵਿਸ਼ੇਸ਼ ਕਰ ਕੇ ਸਾਰਿਆਂ ਵਿਖੇ ਗਤ= ਪ੍ਰਾਪਤ ਰੂਪ ਹੈਂ। ਵਾ-ਆਪ ਦੀ ਗਤ= ਪ੍ਰਾਪਤੀ ਬਹੁਤ ਅਬਿ= ਕਠਿਨ ਹੈ। ਆਪੇ ਆਪਿ ਉਤਪਤਿ= ਆਪਣੇ ਆਪ ਤੋਂ ਸੁਤੰਤਰ ਹੀ ਸਾਰਿਆਂ ਦੀ ਉਤਪਤੀ ਕਰਨ ਵਾਲਾ ਹੈਂ।

ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ॥

ਪਿਛੇ ਵੀ ਇਕ ਤੂੰ ਹੀ ਸੀ, ਹੁਣ ਵੀ ਇਕ ਤੂੰ ਹੀ ਹੈਂ। ਤੁਮ ਭਤਿ= ਤੁਹਾਡੇ ਵਰਗਾ ਅਨ ਨਾਹੀ= ਹੋਰ ਕੋਈ ਨਹੀਂ ਹੈ।

ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ

ਹੇ ਹਰੀ! ਆਪ ਜੀ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ। ਐਸਾ ਕੌਣ ਮਨੁੱਖ ਹੈ ਜੋ ਤੁਹਾਡੇ ਪਾਰ ਉਰਵਾਰ ਦੇ ਅੰਤ ਦਾ ਵੀਚਾਰ ਕਰ ਸਕੇ, ਭਾਵ ਕੋਈ ਐਸਾ ਮਨੁੱਖ ਹੈ ਹੀ ਨਹੀਂ।

ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ॥

ਇਕ ਤੂੰ ਹੀ ਸਾਰੇ ਜਗਤ ਦਾ ਪਿਤਾ ਹੈਂ ਅਤੇ ਸਾਰਿਆਂ ਜੀਆਂ ਦੇ ਪ੍ਰਾਣਾਂ ਦਾ ਅਧਾਰੁ= ਆਸਰਾ ਰੂਪ ਹੈਂ। ਇਥੋਂ ਤਕ ਨਿਰੋਲ ਪ੍ਰਮਾਤਮਾ ਦੇ ਸਨਮੁਖ ਉਸਤਤੀ ਰੂਪ ਸ਼ਬਦ ਉਚਾਰਨ ਕਰ ਕੇ ਹੁਣ ਅਭੇਦ ਰੂਪ ਨਿਸਚਿਤ ਕਰਦੇ ਹੋਏ ਸਤਿਗੁਰੂ ਨਾਨਕ ਦੇਵ ਜੀ ਦੇ ਸਨਮੁਖ ਬੇਨਤੀ ਕਰਦੇ ਹਨ-

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ

ਸਤਿਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਕਿ ਹੇ ਸਤਿਗੁਰੂ ਨਾਨਕ ਪਾਤਸ਼ਾਹ ਜੀ! ਮੈਂ ਸੇਵਕ ਜਨ ਤੁਹਾਡੇ ਦਰਵਾਜ਼ੇ ਦਾ ਭਗਤ ਹਾਂ, ਮੈਂ ਆਪਣੇ ਹਿਰਦੇ ਵਿਖੇ ਤੁਲਿ= ਵਿਚਾਰਿਆ ਹੈ ਕਿ ਆਪ ਬ੍ਰਹਮ ਦੇ ਸਮਸਰਿ= ਸਦਰਸ਼ ਹੋ।

ਏਕ ਜੀਹ ਕਿਆ ਬਖਾਨੈ॥

ਮੇਰੀ ਇਕ ਜ਼ੁਬਾਨ ਆਪ ਜੀ ਦੇ ਕਿਹੜੇ-ਕਿਹੜੇ ਗੁਣਾਂ ਨੂੰ ਕਥਨ ਕਰ ਸਕਦੀ ਹੈ?

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥ ੧॥

ਹਾਂ ਕਿ= ਹੇ ਸਤਿਗੁਰੂ! ਮੈਂ ਆਪ ਜੀ ਤੋਂ ਮਨ ਕਰ ਕੇ ਵੀ ਬਲਿ ਬਲਿ= ਬਲਿਹਾਰ ਤੇ ਕੁਰਬਾਨ ਜਾਂਦਾ ਹਾਂ, ਬਾਣੀ ਕਰ ਕੇ ਵੀ ਬਲਿ ਬਲਿ= ਬਲਿਹਾਰ ਕੁਰਬਾਨ ਜਾਂਦਾ ਹਾਂ ਅਤੇ ਤਨ ਕਰ ਕੇ ਵੀ ਸਦਾ ਬਲਿਹਾਰ= ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੧॥

ਅਥਵਾ-ਹਾਂ ਕਿ= ਹੇ ਸਤਿਗੁਰੂ ਬਲਿ ਬਲਿ= ਪ੍ਰਕਾਸ਼ ਰੂਪ! ਬਲਿ= ਬਲਿਹਾਰ ਜਾਣੇ ਯੋਗ, ਮੈਂ ਬਲਿ= ਬਲਿਹਾਰ ਜਾਣੇ ਵਾਲਾ ਹੋ ਕੇ ਆਪ ਜੀ ਤੋਂ ਸਦ ਬਲਿਹਾਰਿ= ਸਦਾ ਬਲਿਹਾਰ ਜਾਂਦਾ ਹਾਂ। ੧।

ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ

ਹੇ ਪ੍ਰਭੂ! ਆਪ ਜੀ ਦੀ ਬਾਣੀ ਅੰਮ੍ਰਿਤ ਦੇ ਪ੍ਰਵਾਹ ਸਰਿ= ਝਰਨਿਆਂ ਸਰੀਖੀ ਮਿੱਠੀ ਹੈ।

ਯਥਾ-ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥

(ਸੂਹੀ ਛੰਤ ਮਹਲਾ ੫, ਪੰਨਾ ੭੮੪)

ਮਹਾਤਮਾ ਦੇ ਅੰਤਹਕਰਨ, ਵਾ-ਵੇਦ ਸ਼ਾਸਤਰ ਇਹ ਆਪ ਜੀ ਦੇ ਅਤੁਲ= ਬੇਅੰਤ (ਅਖੁਟ) ਭੰਡਾਰੇ ਭਰੇ ਪਏ ਹਨ।

ਪਰੈ ਹੀ ਤੇ ਪਰੈ ਅਪਰ ਅਪਾਰ ਪਰਿ॥

ਪਰੈ= ਮਨੁੱਖਾਂ ਤੋਂ ਪਰੇ ਕੌਣ? ਰਾਜੇ ਲੋਕ,

ਪਰੈ= ਰਾਜਿਆ ਤੋਂ ਪਰੇ ਕੌਣ? ਦੇਵਤੇ,

ਪਰਿ= ਦੇਵਤਿਆਂ ਤੋਂ ਪਰੇ ਕੌਣ? ਬ੍ਰਹਸਪਤੀ ਵਾ ਇੰਦਰ ਇਹਨਾਂ ਤੋਂ ਅਪਰ= ਪਰੇ ਜੋ ਬ੍ਰਹਮਾ ਹੈ।

ਹੇ ਭਗਵਾਨ! ਆਪ ਉਸ ਤੋਂ ਵੀ ਅਪਾਰ= ਪਰੇ ਹੋ, ਭਾਵ ਪਾਰਾਵਾਰ ਤੋਂ ਰਹਿਤ ਹੋ।

ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ

ਜੋ ਕੁਝ ਵੀ ਕਰਦੇ ਹੋ ਹੇ ਪ੍ਰਭੂ! ਤੁਸੀਂ ਆਪਨੋ ਭਾਵਨੁ ਕਰਿ= ਆਪਣੀ ਮਰਜ਼ੀ ਅਨੁਸਾਰ ਹੀ ਕਰਦੇ ਹੋ, ਕਿਸੇ ਕੰਮ ਦੇ ਕਰਨ ਲੱਗਿਆਂ ਕਿਸੇ ਦੂਸਰੇ ਦੀ ਮੰਤ੍ਰਿ= ਸਲਾਹ ਨੂੰ ਨਹੀਂ ਧਰਿ= ਧਾਰਦੇ। ਭਾਵ ਕਿਸੇ ਕੋਲੋਂ ਪੁੱਛ ਕੇ ਨਹੀਂ ਕਰਦੇ।

ਯਥਾ- ਬੀਓ ਪੂਛਿ ਨ ਮਸਲਤਿ ਧਰੈ॥
ਜੋ ਕਿਛੁ ਕਰੈ ਸੁ ਆਪਹਿ ਕਰੈ॥ ੨॥

(ਗੌਂਡ ਮਹਲਾ ੫, ਪੰਨਾ ੮੬੩)

ਓਪਤਿ ਪਰਲੌ ਏਕੈ ਨਿਮਖ ਤੁ ਘਰਿ॥

ਹੇ ਪ੍ਰਭੂ! ਤੁ ਘਰਿ= ਆਪ ਜੀ ਦੇ ਹੁਕਮ ਵਿਚ ਤੁ ਘਰਿ= ਤੁਹਾਡੇ ਸੰਸਾਰ-ਘਰ ਦੀ ਉਤਪਤੀ ਤੇ ਪਰਲੌ ਇਕ ਨਿਮਖ ਕਾਲ ਭਾਵ ਅੱਖ ਦੇ ਫਰਕਨੇ ਵਿਖੇ ਹੋ ਰਹੀ ਹੈ।

ਯਥਾ- ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ *(ਪੰਨਾ ੨੮੪)*

ਅਥਵਾ- ***ਆਪੁਨੋ ਭਾਵਨੁ ਕਰਿ***

ਹੇ ਸਤਿਗੁਰੂ ਨਾਨਕ ਦੇਵ ਜੀ! ਜੋ ਕੁਝ ਵੀ ਕਰਦੇ ਹੋ, ਉਹ ਆਪਣੀ ਹੀ ਭਾਵਨੁ= ਮਰਜ਼ੀ ਅਨੁਸਾਰ ਕਰਦੇ ਹੋ।

ਮੰਤ੍ਰਿ ਨ ਦੂਸਰੋ ਧਰਿ॥

ਕਿਸੇ ਦੂਸਰੇ ਦੀ ਮੰਤ੍ਰਿ= ਸਲਾਹ ਨਹੀਂ ਧਾਰਦੇ।

ਓਪਤਿ ਪਰਲੌ ਏਕੈ ਨਿਮਖ ਤੁ ਘਰਿ॥

ਆਪ ਜੀ ਦੇ ਸਤਿਸੰਗ-ਘਰ ਵਿਖੇ ਸ਼ੁਭ ਗੁਣਾਂ ਦੀ ਉਤਪਤੀ ਅਤੇ ਅਸ਼ੁਭ ਗੁਣਾਂ ਦੀ ਪਰਲੌ ਹੋ ਰਹੀ ਹੈ।

ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ

ਹੇ ਪ੍ਰਭੂ! ਆਪ ਜੀ ਦੇ ਸਦਰਸ਼ ਦੂਸਰਾ ਕੋਈ ਨਹੀਂ ਹੈ, ਫਿਰ ਆਪ ਜੀ ਦਾ ਉਜੀਆਰੋ= ਪ੍ਰਕਾਸ਼ ਨਿਰਮਰਿ= ਨਿਰਮਲ ਹੈ। ਵਾ-ਆਪ ਪ੍ਰਕਾਸ਼ ਰੂਪ ਹੋ ਅਤੇ ਨਿਰਮਰਿ= ਮਰਨ ਤੋਂ ਰਹਿਤ ਹੋ।

ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ॥

ਹੇ ਹਰਿ ਹਰਿ ਪ੍ਰਭੂ! ਆਪ ਜੀ ਦੇ ਨਾਮ ਲੈਣ ਕਰ ਕੇ ਕਰੋੜਾਂ ਹੀ ਪਰਾਛਤ= ਪਾਪ ਜਾਹਿ= ਨਾਸ ਹੋ ਜਾਂਦੇ ਹਨ। ਦੂਸਰੇ ਸਵਈਏ ਵਿਖੇ ਵੀ ਇਥੋਂ ਤਕ ਪਰਮਾਤਮਾ ਦੀ ਉਸਤਤੀ ਉਚਾਰਨ ਕਰ ਕੇ ਅਭੇਦ ਰੂਪ ਨਿਸਚਿਤ ਕਰਦੇ ਹੋਏ ਸਤਿਗੁਰੂ ਨਾਨਕ ਪਾਤਸ਼ਾਹ ਜੀ ਅੱਗੇ ਬੇਨਤੀ ਕਰਦੇ ਹਨ-

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ

ਹੇ ਸਤਿਗੁਰੂ ਨਾਨਕ ਦੇਵ ਜੀ! ਮੈਂ ਤਾਂ ਆਪ ਜੀ ਦੇ ਦਰਵਾਜ਼ੇ ਦਾ ਹੀ ਸੇਵਕ ਜਨ ਭਗਤ ਹਾਂ, ਮੈਂ ਹਿਰਦੇ ਵਿਚ ਆਪ ਜੀ ਨੂੰ ਬ੍ਰਹਮ ਦੇ ਸਮਸਰਿ= ਸਦਰਸ਼ ਤੁਲਿ= ਵਿਚਾਰਿਆ ਹੈ।

ਏਕ ਜੀਹ ਕਿਆ ਬਖਾਨੈ॥

ਇਸ ਲਈ ਮੇਰੀ ਇਕੋ ਇਕ ਜ਼ੁਬਾਨ ਆਪ ਜੀ ਦੇ ਕਿਹੜੇ-ਕਿਹੜੇ ਗੁਣਾਂ ਨੂੰ ਕਥਨ ਕਰ ਸਕਦੀ ਹੈ? ਭਾਵ ਨਹੀਂ ਕਰ ਸਕਦੀ।

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥ ੨॥

ਹਾਂ ਕਿ= ਹੇ ਸਤਿਗੁਰੂ! ਮੈਂ ਆਪ ਜੀ ਦੇ ਉਪਰੋ ਮਨ ਕਰ ਕੇ ਵੀ ਬਲਿ= ਬਲਿ ਬਲਿਹਾਰ ਜਾਂਦਾ ਹਾਂ, ਬਾਣੀ ਕਰ ਕੇ ਵੀ ਬਲਿ ਬਲਿ= ਬਲਿਹਾਰ ਕੁਰਬਾਨ ਜਾਂਦਾ ਹਾਂ ਅਤੇ ਤਨ ਕਰ ਕੇ ਵੀ ਆਪ ਤੋਂ ਸਦ ਬਲਿਹਾਰਿ= ਸਦਾ ਕੁਰਬਾਨ ਜਾਂਦਾ ਹਾਂ॥ ੨॥

ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ

ਇਹ ਸਾਰੇ ਭਵਨ ਹੇ ਪ੍ਰਭੂ! ਆਪ ਜੀ ਨੇ ਹੀ ਧਾਰੇ= ਬਨਾਉਣਾ ਕੀਤੇ ਹਨ। ਬਨਾਉਣ ਲਗਿਆਂ ਕਿਸੇ ਦੂਸਰੇ ਪਾਸੋਂ ਮੱਦਦ ਨਹੀਂ ਲੀਤੀ, ਇਕ ਆਪ ਥੇਂ= ਤੋਂ ਹੀ ਸਾਰੇ ਭਵਨ ਵਿਸਥਾਰਨਾ ਕੀਤੇ ਹਨ।

ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ॥

ਫਿਰ ਆਪ ਹੀ ਸਾਰਿਆਂ ਵਿਖੇ ਪੂਰੀ ਪੂਰਨ ਹੋ ਰਹੇ ਹੋ ਪਰ ਆਪ ਸਾਰਿਆਂ ਤੋਂ ਕੰਵਲ ਫੁੱਲ ਦੀ ਨਿਆਈਂ

ਨਿਰਾਰੇ= ਨਿਰਾਲੇ ਭਾਵ ਨਿਰਲੇਪ ਹੋ।

ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ

ਹੇ ਹਰੀ! ਆਪ ਜੀ ਦੇ ਗੁਣਾਂ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ, ਇਹ ਜੀਅ ਜੰਤ= ਸੂਖਮ ਅਸਥੂਲ ਸਾਰੇ ਜੀਵ ਜੰਤੂ, ਥਾਰੇ= ਆਪ ਜੀ ਦੇ ਹੀ ਹਨ।

ਸਗਲ ਕੋ ਦਾਤਾ ਏਕੈ ਅਲਖ ਮੁਰਾਰੇ॥

ਹੇ ਅਲਖ ਮੁਰਾਰੇ ਵਾਹਿਗੁਰੂ! ਇਕ ਤੂੰ ਆਪ ਹੀ ਸਾਰਿਆਂ ਦਾ ਦਾਤਾ ਹੈਂ।

[ਪੰਨਾ ੧੩੮੬]

ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ

ਫਿਰ ਆਪ ਹੀ ਸਾਰੀਆਂ ਧਾਰਨ= ਮਰਯਾਦਾਂ ਨੂੰ ਧਾਰ ਰਿਹਾ ਹੈਂ। ਵਾ-ਸਾਰਿਆਂ ਜੀਵਾਂ ਨੂੰ ਧਾਰਨ= ਮਰਯਾਦਾ ਵਿਖੇ ਧਾਰਦਾ ਹੈਂ। ਆਪਣੀ ਕੁਦਰਤਿ= ਸ਼ਕਤੀ ਦੁਆਰੇ ਸਭ ਕੁਝ ਦਿਖਾਰੇ= ਦਿਖਾ ਰਿਹਾ ਹੈਂ।

ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ॥

ਅਠਾਰਾਂ ਵਰਨਾਂ ਵਿਚੋਂ ਆਪ ਜੀ ਦਾ ਵਰਨ ਵੀ ਕੋਈ ਨਹੀਂ। ਵਾ-ਆਪ ਜੀ ਦਾ ਬਰਨੁ= ਰੰਗ ਵੀ ਕੋਈ ਨਹੀਂ ਹੈ ਅਤੇ ਨਾ ਹੀ ਆਪ ਜੀ ਦਾ ਕੋਈ ਚਿਹਨੁ= ਚਿੰਨ੍ਹ ਹੈ। ਆਪ ਜੀ ਦਾ ਮੁੰਹ ਵੀ ਕੋਈ ਨਹੀਂ ਹੈ। ਇਸ ਤੇ ਆਪ ਜੀ ਦਾ ਮਸਾਰੇ= ਦਾੜ੍ਹਾ ਵੀ ਕੋਈ ਨਹੀਂ ਹੈ। ਵਾ- ਨ ਮਸਾਰੇ= ਨਾ ਹੀ ਮਾਸ ਹੈ ਭਾਵ ਆਪ ਜੀ ਦਾ ਸਰੀਰ ਵੀ ਨਹੀਂ ਹੈ।

ਤੀਸਰੇ ਸਵਈਏ ਵਿਖੇ ਵੀ ਵਾਹਿਗੁਰੂ ਦੀ ਉਸਤਤੀ ਵਰਨਣ ਕਰ ਕੇ ਅਭੇਦ ਰੂਪ ਨਿਸਚੇ ਕਰਦੇ ਹੋਏ ਸਤਿਗੁਰੂ ਨਾਨਕ ਦੇਵ ਜੀ ਦੇ ਸਨਮੁਖ ਬੇਨਤੀ ਕਰਦੇ ਹਨ:

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ

ਹੇ ਸਤਿਗੁਰੂ ਨਾਨਕ ਦੇਵ ਜੀ! ਮੈਂ ਤਾਂ ਇਕ ਆਪ ਜੀ ਦੇ ਹੀ ਦਰਿ= ਦਰਵਾਜ਼ੇ ਦਾ ਸੇਵਕ ਜਨ ਭਗਤ ਹਾਂ। ਮੈਂ ਆਪਣੇ ਹਿਰਦੇ ਵਿਖੇ ਏਹੀ ਤੁਲਿ= ਵਿਚਾਰਿਆ ਹੈ ਕਿ ਆਪ ਬ੍ਰਹਮ ਸਮਸਰਿ= ਬ੍ਰਹਮ ਦੇ ਹੀ ਸਦਰਸ਼ ਹੋ।

ਏਕ ਜੀਹ ਕਿਆ ਬਖਾਨੈ॥

ਇਸ ਲਈ ਮੇਰੀ ਇਕੋ ਇਕ ਜਿਹਵਾ ਆਪ ਜੀ ਦੇ ਕਿਹੜੇ-ਕਿਹੜੇ ਗੁਣਾਂ ਨੂੰ ਕਥਨ ਕਰ ਸਕਦੀ ਹੈ। ਭਾਵ ਨਹੀਂ ਕਰ ਸਕਦੀ।

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥ ੩॥

ਹਾਂ ਕਿ= ਹੇ ਸਤਿਗੁਰੂ ਗੁਰੂ ਨਾਨਕ ਦੇਵ ਪਾਤਿਸ਼ਾਹ ਜੀ! ਆਪ ਜੀ ਦੇ ਉਪਰੋਂ ਮਨ ਕਰ ਕੇ ਬਲਿ ਬਲਿ= ਬਲਿਹਾਰ ਤੇ ਕੁਰਬਾਨ ਜਾਂਦਾ ਹਾਂ। ਬਾਣੀ ਕਰ ਕੇ ਵੀ ਬਲਿ ਬਲਿ= ਬਲਿਹਾਰ ਤੇ ਕੁਰਬਾਨ ਜਾਂਦਾ ਹਾਂ ਤਾਂ ਤਨ ਕਰ ਕੇ ਵੀ ਆਪ ਜੀ ਤੋਂ ਸਦ ਬਲਿਹਾਰਿ= ਸਦਾ ਬਲਿਹਾਰ ਜਾਂਦਾ ਹਾਂ। *ਅਥਵਾ-*ਹਾਂ ਕਿ= ਹੇ ਸਤਿਗੁਰੂ! ਬਲਿ ਬਲਿ= ਪ੍ਰਕਾਸ਼ ਰੂਪ, ਬਲਿ ਬਲਿ= ਬਲਿਹਾਰ ਜਾਣੇ ਯੋਗ, ਮੈਂ ਬਲਿ= ਬਲਿਹਾਰ ਜਾਣੇ ਵਾਲਾ ਹੋ ਕੇ

ਆਪ ਜੀ ਤੋਂ ਸਦਾ ਬਲਿਹਾਰ ਜਾਂਦਾ ਹਾਂ।

ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ

ਹੇ ਪ੍ਰਭੂ! ਤੂੰ ਸਾਰਿਆਂ ਹੀ ਸ਼ੁਭ ਗੁਣਾਂ ਦਾ ਨਿਧਾਨੰ= ਖਜ਼ਾਨਾ ਹੈਂ, ਆਪ ਜੀ ਦੇ ਗਿਆਨ ਧਿਆਨ ਦੀ ਕੀਮਤ ਕਿਸੇ ਪਾਸੋਂ ਵੀ ਨਹੀਂ ਪੈਂਦੀ। ਵਾ-ਗਿਆਨੀਆਂ ਧਿਆਨੀਆਂ ਪਾਸੋਂ ਵੀ ਆਪ ਜੀ ਦੀ ਕੀਮਤ ਨਹੀਂ ਪੈਂਦੀ।

ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ॥

ਹੇ ਪ੍ਰਭੂ! ਆਪ ਜੀ ਦਾ ਸਤਿਸੰਗ ਅਸਥਾਨ ਉਚਿਆਂ ਤੋਂ ਉਚਾ ਜਾਨੀਜੈ= ਜਾਣਿਆਂ ਜਾਂਦਾ ਹੈ।

ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ

ਮਨ, ਧਨ, ਪ੍ਰਾਣ ਇਤਿਆਦਿਕ ਸਾਰੇ ਪਦਾਰਥ ਆਪ ਜੀ ਦੇ ਹੀ ਦਿੱਤੇ ਹੋਏ ਹਨ, ਫਿਰ ਸਾਰੇ ਜਹਾਨੰ= ਜਗਤ ਨੂੰ ਆਪ ਜੀ ਨੇ ਆਪਣੀ ਸੱਤਾ ਰੂਪੀ, ਵਾ-ਹੁਕਮ ਰੂਪੀ, ਵਾ-ਪ੍ਰਾਣਾਂ ਰੂਪੀ ਸੂਤਿ= ਸੂਤਰ ਵਿਚ ਪਰੋਤਾ ਹੋਇਆ ਹੈ।

ਕਵਨ ਉਪਮਾ ਦੇਉ ਬਡੇ ਤੇ ਬਡਾਨੰ॥

ਹੇ ਬਡਾਨੰ= ਵਡਿਆਂ ਤੋਂ ਵੀ ਵੱਡੇ ਪ੍ਰਭੂ! ਮੈਂ ਆਪ ਜੀ ਨੂੰ ਕਿਸ ਉਪਮਾਨ ਦੀ ਉਪਮਾ ਦੇਣਾ ਕਰਾਂ। ਕਿਉਂਕਿ ਆਪ ਜੀ ਦੇ ਸਦਰਸ਼ ਹੋਰ ਕੋਈ ਪਦਾਰਥ ਨਹੀਂ ਹੈ।

ਜਾਨੈ ਕਉਨੁ ਤੇਰੋ ਭੇਉ ਅਲਖ ਅਪਾਰ ਦੇਉ

ਹੇ ਅਲਖ= ਜਾਣਨੇ ਤੋਂ ਰਹਿਤ, ਅਪਾਰ= ਬਿਅੰਤ ਗੁਣਾਂ ਵਾਲੇ, ਦੇਉ= ਪ੍ਰਕਾਸ਼ ਰੂਪ ਪ੍ਰਭੂ! ਤੇਰੇ ਭੇਦ ਨੂੰ ਕੌਣ ਕੋਈ ਜਾਣ ਸਕਦਾ ਹੈ, ਭਾਵ ਕੋਈ ਨਹੀਂ ਜਾਣ ਸਕਦਾ।

ਅਕਲ ਕਲਾ ਹੈ ਪ੍ਰਭ ਸਰਬ ਕੋ ਧਾਨੰ॥

ਤੂੰ ਕਲਾ= ਕਲਪਣਾ ਤੋਂ ਅਕਲ= ਰਹਿਤ ਹੈਂ। *ਅਥਵਾ-*ਦੋ ਚਾਰ ਕਲਾਂ ਤੋਂ ਰਹਿਤ ਹੈਂ ਭਾਵ ਬਿਅੰਤ ਕਲਾਂ ਸੰਪੰਨ ਹੈ।

ਯਥਾ- ਸੋਲਹ ਕਲਾ ਸੰਪੂਰਨ ਫਲਿਆ॥
ਅਨਤ ਕਲਾ ਹੋਇ ਠਾਕੁਰੁ ਚੜਿਆ॥ *(ਮਾਰੂ ਸੋਲਹੇ ਮਹਲਾ ੫, ਪੰਨਾ ੧੦੮੧)*

ਹੇ ਪ੍ਰਭੂ! ਤੂੰ ਆਪ ਹੀ ਧਾਨੰ= ਅੰਨ ਪਾਣੀ ਦੇ ਕੇ ਸਾਰਿਆਂ ਨੂੰ ਪਾਲਣਾ ਕਰਦਾ ਹੈਂ। ਵਾ-ਹੇ ਪ੍ਰਭੂ! ਤੂੰ ਸਾਰਿਆਂ ਕਰ ਕੇ ਧਾਨੰ= ਧਿਆਨ ਕਰਨੇ ਯੋਗ ਹੈਂ।

ਚੌਥੇ ਸਵਈਏ ਵਿਖੇ ਵੀ ਪਰਮਾਤਮਾ ਦੀ ਉਸਤਤੀ ਕਰ ਕੇ ਸ੍ਰੀ ਗੁਰੂ ਨਾਨਕ ਦੇਵੀ ਜੀ ਨੂੰ ਪਰਮਾਤਮਾ ਨਾਲ ਅਭੇਦ ਰੂਪ ਨਿਸਚਿਤ ਕਰਦੇ ਹੋਏ ਬੇਨਤੀ ਕਰਦੇ ਹਨ:

ਜਨੁ ਨਾਨਕੁ ਭਗਤੁ ਦਰਿ
ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥

ਸਤਿਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਹੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ! ਮੈਂ ਜਨ

ਆਪ ਜੀ ਦੇ ਦਰਵਾਜ਼ੇ ਦਾ ਭਗਤ ਹਾਂ, ਮੈਂ ਤੁਲਿ= ਵਿਚਾਰਿਆ ਹੈ ਕਿ ਆਪ ਬ੍ਰਹਮ ਦੇ ਹੀ ਸਮਸਰਿ= ਸਦਰਸ਼ ਹੋ। ਮੇਰੀ ਇਕ ਜੀਭ ਆਪ ਜੀ ਦੇ ਕਿਹੜੇ-ਕਿਹੜੇ ਗੁਣਾਂ ਨੂੰ ਬਿਆਨ ਕਰ ਸਕਦੀ ਹੈ।

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੪ ॥

ਹਾਂ ਕਿ= ਹੇ ਸਤਿਗੁਰੂ! ਬਲਿ ਬਲਿ= ਪ੍ਰਕਾਸ਼ ਰੂਪ, ਬਲਿਹਾਰ ਜਾਣੇ ਯੋਗ, ਮੈਂ ਬਲਿਹਾਰ ਜਾਣੇ ਵਾਲਾ ਹੋ ਕੇ ਆਪ ਜੀ ਉਤੋਂ ਸਦਾ ਹੀ ਬਲਿਹਾਰ ਕੁਰਬਾਨ ਜਾਂਦਾ ਹਾਂ॥ ੪ ॥

ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ ॥

ਸਾਰਿਆਂ ਵਿਖੇ ਪਰੀ ਪੂਰਨ ਅਛਲ= ਛਲਣ ਤੋਂ ਰਹਿਤ, ਅਬਿਨਾਸ਼ੀ= ਨਾਸ ਤੋਂ ਰਹਿਤ ਜੋ ਪ੍ਰਭੂ ਹੈ ਉਹ ਆਪ ਹੀ ਨਿਰੰਕਾਰੁ= ਨਿਰਾਕਾਰ ਭਾਵ ਨਿਰਗੁਣ ਸਰੂਪ ਹੋ ਰਿਹਾ ਹੈ ਅਤੇ ਆਪ ਹੀ ਆਕਾਰ= ਸਰਗੁਣ ਸਰੂਪ ਹੋ ਰਿਹਾ ਹੈ।

ਯਥਾ- ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥

(ਗਉੜੀ ਸੁਖਮਨੀ ਮ:੫, ਪੰਨਾ ੨੮੭)

*ਅਥਵਾ-*ਅਛਲ ਪੂਰਨ ਅਬਿਨਾਸੀ ਨਿਰੰਕਾਰ ਨੇ ਹੀ ਇਸ ਸੰਸਾਰ ਦੇ ਅਕਾਰ ਨੂੰ ਰਚਨਾ ਕੀਤਾ ਹੈ। *ਅਥਵਾ-* ਸਤਿਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਕਿ ਹੇ ਭੱਟੋ! ਅਛਲ ਸਰਬ ਕਲਾ ਪੂਰਨ ਅਬਿਨਾਸ਼ੀ ਨਿਰੰਕਾਰ ਨੇ ਹੀ ਇਹ ਸਤਿਗੁਰੂ ਨਾਨਕ ਦੇਵ ਪਾਤਿਸ਼ਾਹ ਜੀ ਦਾ ਆਕਾਰ= ਅਵਤਾਰ ਧਾਰਨਾ ਕੀਤਾ ਹੈ।

ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ ॥

ਉਹ ਪ੍ਰਭੂ ਸਦਾ ਹਰਖਵੰਤ= ਖੁਸ਼ੀਆਂ ਵਾਲਾ ਹੈ (ਭਾਵ ਹਮੇਸ਼ਾਂ ਪ੍ਰਸੰਨ ਰਹਿੰਦਾ ਹੈ) ਆਨੰਤ ਰੂਪ= ਬਿਅੰਤ ਸਰੂਪ ਹੈ, ਨਿਰਮਲ= ਮਾਇਆ ਮਲ ਤੋਂ ਰਹਿਤ ਸ਼ੁਧ ਸਰੂਪ ਹੈ, ਬਿਗਾਸੀ= ਖਿੜਿਆ ਰਹਿੰਦਾ ਹੈ। ਭਾਵ ਸਤ ਚਿਤ ਆਨੰਦ ਸਰੂਪ ਹੈ।

ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥

ਬਿਅੰਤ ਪੁਰਸ਼ ਉਸ ਦੇ ਗੁਣਾਂ ਨੂੰ ਗਾਉਂਦੇ ਹਨ ਪਰ- ਇਕ ਤਿਲ ਜਿੰਨਾਂ ਵੀ ਉਸ ਦਾ ਅੰਤ ਨਹੀਂ ਪਾ ਸਕਦੇ।

ਜਾ ਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥

ਉਹ ਪ੍ਰਭੂ ਜਿਸ ਉਤੇ ਕਿਰਪਾਲੂ ਹੁੰਦਾ ਹੈ। ਉਹ ਮਨੁੱਖ ਤਿਸ ਪ੍ਰਭੂ ਨਾਲ ਆਪਣੇ ਆਪ ਨੂੰ ਮਿਲਾਉਂਦਾ ਹੈ। *ਅਥਵਾ-* ਉਹ ਪੁਰਸ਼ ਹੋਰਨਾਂ ਜਗਿਆਸੂਆਂ ਨੂੰ ਤੁਮਹਿ= ਤਿਸ ਪ੍ਰਭੂ ਨਾਲ ਮਿਲਾਉਂਦਾ ਹੈ।

ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥

ਜਿਨ੍ਹਾਂ ਉਤੇ ਹਰਿ ਹਰਿ ਪ੍ਰਭੂ ਕ੍ਰਿਪਾਲੂ ਹੋਇਆ ਹੈ ਤੇ ਜਨ= ਉਹ ਪੁਰਸ਼ ਪਿਛੇ ਵੀ ਧੰਨ ਹਨ, ਅੱਗੇ ਵੀ ਧੰਨਤਾ ਯੋਗ ਹੋਣਗੇ। *ਅਥਵਾ-*ਉਹ ਪੁਰਸ਼ ਮਨ ਬਾਣੀ ਸਰੀਰ ਕਰ ਕੇ ਧੰਨਤਾ ਦੇ ਯੋਗ ਹਨ। *ਅਥਵਾ-* ਉਹ ਪੁਰਸ਼ ਆਪ ਵੀ ਧੰਨ ਹਨ। ਉਨ੍ਹਾਂ ਦੀ ਮਾਤਾ ਵੀ ਧੰਨ ਹੈ। ਉਨ੍ਹਾਂ ਦਾ ਪਿਤਾ ਵੀ ਧੰਨ ਹੈ।

ਹਰਿ ਗੁਰੁ ਨਾਨਕੁ ਜਿਨ ਪਰਸਿਅਉ

ਜਿਨ੍ਹਾਂ ਪੁਰਸ਼ਾਂ ਨੇ ਹਰੀ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾਂ ਨਾਲ ਪਰਸਣਾ ਕੀਤਾ ਹੈ-

ਸਿ ਜਨਮ ਮਰਣ ਦੁਹ ਥੇ ਰਹਿਓ ॥ ੫ ॥

ਸਿ= ਉਹ ਪੁਰਸ਼ ਜਨਮ ਮਰਨ ਰੂਪ ਦੋਹਾਂ ਥਾਵਾਂ ਤੋਂ ਰਹਿ ਗਏ ਹਨ। ਭਾਵ ਉਹ ਪੁਰਸ਼ ਜੰਮਦੇ ਮਰਦੇ ਨਹੀਂ ਹਨ॥ ੫ ॥

ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥

ਹਰੀ ਪਿਛੇ ਵੀ ਸਤਿ ਤੇ ਸਤਿ, ਹੁਣ ਵੀ ਸਤਿ ਤੇ ਸਤਿ, ਅੱਗੇ ਵੀ ਸਤਿ ਤੇ ਸਤਿ। ਭਣੀਐ= ਕਥਨ ਕੀਤਾ ਜਾਂਦਾ ਹੈ। *ਅਥਵਾ-* ਸਤ ਚਿਤ ਅਨੰਦ ਸਰੂਪ ਹਰੀ ਦੇ ਨਾਲ ਅਭੇਦ ਰੂਪੀ ਸਤਿ ਦੀ ਪ੍ਰਾਪਤੀ ਕਰਨ ਵਾਲੇ ਜੋ ਸਤਿ= ਸਤਿਗੁਰ ਦੇਵ ਜੀ ਹਨ ਉਨ੍ਹਾਂ ਦੁਆਰੇ ਸਤਿਨਾਮੁ ਮੰਤ੍ਰ ਨੂੰ ਭਣੀਐ= ਉਚਾਰਨਾ ਕਰੇ ਤਾਂ ਸਤਿ ਸਰੂਪ ਹਰੀ ਨੂੰ ਸਾਰੇ ਪਰੀ= ਪੂਰਨ ਹੀ ਸਤਿ= ਨਿਸਚੇ ਕਰ ਲੈਂਦਾ ਹੈ।

ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥

ਪੁਰਖੁ ਪਊਰਾਤਨੁ= ਅਨਾਦੀ ਪੁਰਖ ਤੋਂ ਆਨ= ਬਿਨਾਂ ਅਵਰੁ= ਹੋਰ ਕੋਈ ਦੂਜੇ ਅਸਥਾਨ ਪਰ ਨਹੀਂ ਸੁਣਿਆ ਜਾਂਦਾ।

ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥

ਹਰੀ ਦੇ ਨਾਮ ਅੰਮ੍ਰਿਤੁ ਨੂੰ ਗੁਰਾਂ ਪਾਸੋਂ ਲੈ ਕੇ ਅਸੀਂ ਮਨ ਵਿਚ ਸਾਰੇ ਸੁਖ ਪਾਏ ਹਨ।

ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥

ਜੇਹ= ਜਿਨ੍ਹਾਂ ਨੇ ਰਸਨਾ ਦੁਆਰੇ ਹਰੀ ਨਾਮ ਅੰਮ੍ਰਿਤ ਰਸ ਨੂੰ ਚਖਿਆ ਭਾਂਵ ਧਾਰਿਆ ਹੈ, ਅਰਥਾਤ ਜੀਭ ਦੁਆਰੇ ਸ੍ਵਾਸ ਸ੍ਵਾਸ ਸਿਮਰਨ ਕੀਤਾ ਹੈ, ਉਹ ਪੁਰਸ਼ ਰੱਜ ਕੇ ਤ੍ਰਿਪਤੀ ਨੂੰ ਪ੍ਰਾਪਤ ਹੋਏ ਹਨ। ਵਾ- ਇਸ ਲੋਕ ਦੇ ਪਦਾਰਥਾਂ ਤੋਂ ਤ੍ਰਿਪਤ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਵੀ ਅਘਾਏ= ਰੱਜ ਗਏ ਹਨ।

ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥

ਉਹ ਠਾਕੁਰੁ= ਪ੍ਰਮਾਤਮਾ ਜਿਨ੍ਹਾਂ ਉਤੇ ਪ੍ਰਸੰਨ ਹੋਇਆ ਹੈ, ਤਿਨ੍ਹਾਂ ਦਾ ਸਤਿਸੰਗਤ ਨਾਲ ਪਿਆਰ ਲੱਗਾ ਹੈ।

ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ ॥ ੬ ॥

ਜਿਨ੍ਹਾਂ ਪੁਰਸ਼ਾਂ ਨੇ ਹਰੀ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਚਰਨਾਂ ਨਾਲ ਪਰਸਨਾ ਕੀਤਾ ਹੈ, ਭਾਵ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਧੂੜ ਲੀਤੀ ਹੈ ਤਿਨ੍ਹਾਂ ਨੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੀਤਾ ਹੈ॥ ੬ ॥

ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥

ਜਿਸ ਪ੍ਰਮਾਤਮਾ ਦੀ ਸਤਿਸੰਗਤ ਰੂਪ ਸਭਾ ਸੱਚੀ ਹੈ ਅਤੇ ਜਿਸ ਦਾ ਦੀਬਾਣੁ= ਆਸਰਾ ਵੀ ਸੱਚਾ ਹੈ, ਜਿਸ ਪ੍ਰਮਾਤਮਾ ਨੇ ਸਚਿਆਂ ਗੁਰਮੁਖ ਜਨ ਮਹਾਤਮਾਂ ਦੇ ਪਾਸ ਆਪਣਾ ਆਪ ਧਰਿਓ= ਰਖਿਆ ਹੋਇਆ ਹੈ।

ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ॥

ਜਿਸ ਪ੍ਰਭੂ ਦਾ ਸਰੂਪ, ਵਾ- ਸਤਸੰਗਤ ਰੂਪ ਸੱਚੇ ਤਖਤ ਪਰ ਨਿਵਾਸੁ= ਵਾਸਾ ਹੈ, ਫਿਰ ਜੋ ਪਰਮਾਤਮਾ ਸਭਨਾਂ ਜੀਵਾਂ ਦਾ ਸੱਚਾ ਹੀ ਤਪਾਵਸੁ ਕਰਿਓ= ਨਿਆਂ ਕਰਦਾ ਹੈ।

ਸਚਿ ਸਿਰਜ੍ਯਿਉ ਸੰਸਾਰੁ ਆਪਿ ਆਭੁਲੁ ਨ ਭੁਲਓ॥

ਜਿਸ ਸੱਚੇ ਨੇ ਸਾਰੇ ਸੰਸਾਰ ਨੂੰ ਸਿਰਜਣਾ ਕੀਤਾ ਹੈ, ਫਿਰ ਆਪ ਆਭੁਲ ਹੈ ਕਦੀ ਭੁਲਦਾ ਨਹੀਂ।

ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਓ॥

ਜਿਸ ਅਪਾਰੁ= ਪ੍ਰਭੂ ਦਾ ਨਾਮ ਰਤਨਾਂ ਵਾਙੂੰ ਅਮੋਲਕ ਹੈ, ਉਸ ਅਮੋਲਕ ਰਤਨ ਰੂਪ ਪ੍ਰਭੂ ਦੇ ਨਾਮ ਦੀ ਕੀਮਤ ਨਹੀਂ ਪੈ ਸਕਦੀ।

ਯਥਾ-ਕੰਚਨ ਸਿਉ ਪਾਈਐ ਨਹੀ ਤੋਲਿ॥ *(ਗਉੜੀ ਕਬੀਰ ਜੀ, ਪੰਨਾ ੩੨੭)*

ਜਿਹ ਕ੍ਰਿਪਾਲੁ ਹੋਯਓ ਗੋਬਿੰਦੁ ਸਰਬ ਸੁਖ ਤਿਨਹੂ ਪਾਏ॥

ਉਹ ਪ੍ਰਭੂ ਜਿਹ= ਜਿਸ ਉਤੇ ਕਿਰਪਾਲੂ ਹੋਇਆ ਹੈ, ਉਸ ਮਨੁੱਖ ਨੇ ਸਾਰੇ ਸੁਖ ਪਾਉਣਾ ਕੀਤੇ ਹਨ।

ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ॥ ੭॥

ਹਰੀ ਸਰੂਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਨੂੰ ਜਿਸ ਨੇ ਪਰਸਨਾ ਕੀਤਾ ਹੈ, ਉਹ ਸ਼ਰਧਾਲੂ ਪੁਰਸ਼ ਫਿਰ ਬਹੁੜਿ= ਮੁੜ ਕੇ ਚੌਰਾਸੀ ਲੱਖ ਜੂਨੀਆਂ ਵਿਚ ਨਹੀਂ ਆਉਂਦੇ। ਵਾ-ਉਹ ਸ਼ਰਧਾਲੂ ਸਿੱਖ ਬਹੁੜਿ= ਮੁੜ ਕੇ ਚੌਰਾਸੀ ਲੱਖ ਜੂਨੀਆਂ ਦੇ ਫਿਰਿ= ਫੇਰੇ ਵਿਖੇ ਨਹੀਂ ਆਉਂਦੇ। ਵਾ-ਬਹੁੜਿ ਫਿਰਿ= ਬਾਰ-ਬਾਰ ਜੂਨਾਂ ਵਿਚ ਨਹੀਂ ਆਉਂਦੇ ॥੭॥

ਅਗਲੇ ਸਵਈਏ ਵਿਖੇ ਸਤਿਗੁਰੂ ਜੀ ਆਪ ਹੀ ਪ੍ਰਸੰਨ ਕਰ ਕੇ ਫਿਰ ਆਪ ਹੀ ਉਨ੍ਹਾਂ ਦਾ ਉਤਰ ਦਿੰਦੇ ਹੋਏ ਕਥਨ ਕਰਦੇ ਹਨ:

ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਿ ਕਰੀਐ॥

ਪ੍ਰਸ਼ਨ- ਪ੍ਰਮੇਸ਼ਰ ਦੀ ਪ੍ਰਾਪਤੀ ਦਾ ਕਵਨ ਜੋਗੁ= ਕਿਹੜਾ ਜੋਗ ਹੈ?

ਉੱਤਰ- ਚਿਤ ਬਿਰਤੀ ਦਾ ਨਿਰੋਧ ਹੀ ਜੋਗ ਹੈ।

ਪ੍ਰਸ਼ਨ- ਪ੍ਰਮੇਸ਼ਰ ਦੀ ਪ੍ਰਾਪਤੀ ਦਾ ਕਉਨੁ ਗ੍ਯਾਨੁ= ਕਿਹੜਾ ਗਿਆਨ ਹੈ?

ਉੱਤਰ- ਬ੍ਰਹਮ ਆਤਮਾ ਦਾ ਅਭੇਦ ਨਿਸਚੇ ਰੂਪ ਹੀ ਇਕ ਗਿਆਨ ਹੈ।

ਪ੍ਰਸ਼ਨ- ਪ੍ਰਮੇਸ਼ਰ ਦੀ ਪ੍ਰਾਪਤੀ ਦਾ ਧ੍ਯਾਨੁ= ਧਿਆਨ ਕਿਹੜਾ ਹੈ? ਸਮਾਧੀ ਧਿਆਨ ਹੈ, ਜਾਂ ਧਾਰਨਾ ਧਿਆਨ ਹੈ?

ਉੱਤਰ- ਪ੍ਰਭੂ ਦੀ ਪ੍ਰਾਪਤੀ ਦਾ ਅਸਲੀ ਧਿਆਨ ਏਹੀ ਹੈ ਜਿਹੜਾ ਸਿਮਰਨ ਕਰਦਿਆਂ ਕਰਦਿਆਂ ਧ੍ਯੇਅ ਰੂਪ ਹੋ ਜਾਣਾ ਹੈ।

ਪ੍ਰਸ਼ਨ- ਉਹ ਕਿਹੜੀ ਵਿਧੀ ਹੈ, ਜਿਸ ਵਿਧੀ ਨਾਲ ਪ੍ਰਮੇਸ਼ਰ ਦੀ ਉਸਤਤੀ ਕਰੀਏ?

ਉੱਤਰ- ਸ਼ਰਧਾ ਹੀ ਵਿਧੀ ਹੈ, ਸ਼ਰਧਾ ਭਾਵਨਾ ਨਾਲ ਪ੍ਰਭੂ ਦੀ ਉਸਤਤੀ ਕਰੀਏ।

ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ॥

ਚੌਰਾਸੀ ਸਿਧ, ਸਾਧਿਕ= ਸਾਧਨਾਂ ਕਰਨ ਵਾਲੇ ਜਗਿਆਸੂ ਅਤੇ ਤੇਤੀ ਕ੍ਰੋੜ ਦੇਵਤੇ ਇਹ ਸਾਰੇ ਤਿਰੁ= ਤਿਲ ਮਾਤਰ ਵੀ ਪ੍ਰਭੂ ਦੀ ਕੀਮਤ ਨੂੰ ਨਹੀਂ ਪਾ ਸਕਦੇ।

ਬ੍ਰਹਮਾਦਿਕ ਸਨਕਾਦਿਕ ਸੇਖ ਗੁਣ ਅੰਤੁ ਨ ਪਾਏ॥

ਬ੍ਰਹਮਾ ਤੋਂ ਆਦਿ ਲੈ ਕੇ ਤਿੰਨਾਂ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਸ਼ਿਵ ਜੀ) ਨੇ, ਸਨਕਾਦਿਕ ਆਦਿ ਚਾਰੇ ਭਰਾਵਾਂ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਨੇ ਅਤੇ ਸੇਖ= ਸ਼ੇਸ਼ ਨਾਗ, ਇਹ ਭੀ ਸਾਰੇ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪਾ ਸਕੇ।

ਯਥਾ- ਸਿਧ ਨਾਥ ਜੋਗੀ ਜੋਗ, ਧਿਆਨ ਮੈ ਨ ਆਨ ਸਕੇ,
ਬੇਦ ਪਾਠ ਕਰਿ ਬ੍ਰਹਮਾਦਿਕ ਨ ਜਾਨੇ ਹੈ।
ਅਧਜਾਤਮ ਗਿਆਨ ਕੈ ਨ ਸਿਵ ਸਨਕਾਦਿ ਪਾਏ,
ਜੋਗ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈ।
ਨਾਮ ਸਿਮਰਨ ਕੈ ਸੇਖਾਦਿਕ ਨ ਸੰਖਯਾ ਜਾਨੀ,
ਬ੍ਰਹਮੰਚਰਜ ਨਾਰਦਾਦਿਕ ਹਿਰਾਨੇ ਹੈ।
ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰ ਪਾਇਓ,
ਪੂਰਨ ਬ੍ਰਹਮ ਗੁਰ ਸਿਖ ਮਨ ਮਾਨੇ ਹੈ॥ ੨੧॥

(ਭਾਈ ਗੁਰਦਾਸ ਜੀ, ਕਬਿਤ)

ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ॥

ਅਗਹੁ= ਅ-ਪਕੜ ਜੋ ਪ੍ਰਮਾਤਮਾ ਹੈ ਉਹ ਕਿਸੀ ਪਾਸੋਂ ਵੀ ਗਹਿਓ ਨਹੀ ਜਾਇ= ਪਕੜਿਆ ਨਹੀਂ ਜਾ ਸਕਦਾ ਅਤੇ ਪੂਰਨ ਹੋ ਕੇ ਸਾਰੇ ਸਮਾ ਰਿਹਾ ਹੈ।

ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ॥

ਪ੍ਰਭੂ ਦੇ ਸਰੂਪ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਨ੍ਹਾਂ ਨੇ ਦਿਆਲੂ ਹੋ ਕੇ ਜਿਸ ਦੀ ਮਾਇਆ ਰੂਪੀ ਸਿਲਕ= ਫਾਹੀ ਕੱਟੀ ਹੈ, ਓਹੀ ਪੁਰਸ਼ ਨਿਰੰਕਾਰ ਦੀ ਭਗਤੀ ਕਰਨ ਵਿਖੇ ਲੱਗੇ ਹਨ।

ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ॥ ੮॥

ਹਰੀ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਜਿਸ ਨੇ ਪਰਸਿਓ= ਪਰਸਣਾ ਕੀਤਾ ਹੈ ਭਾਵ ਸਤਿਗੁਰੂ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ ਹੈ ਉਹ ਪੁਰਸ਼ ਇਤ ਉਤ= ਲੋਕ ਪ੍ਰਲੋਕ ਦੇ ਬੰਧਨਾਂ ਤੋਂ ਸਦਾ ਛੁਟੇ ਹੋਏ ਹਨ॥ ੮॥

ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ॥

ਹੇ ਪ੍ਰਭੂ! ਆਪ ਦਾਤਉ ਦਾਤਾਰ= ਦਾਤਿਆਂ ਦੇ ਵੀ ਦਾਤੇ ਹੋ*, ਮੈਂ ਜਾਚਕੁ= ਮੰਗਤਾ ਇਕ ਆਪ ਜੀ ਦੇ ਹੀ ਚਰਨਾਂ ਦੀ ਸ਼ਰਨ ਵਿਖੇ ਪਿਆ ਹਾਂ।

**ਯਥਾ- ਤੈਥੋਂ ਹੀ ਬਲ੍ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ।*
ਤੈਥੋਂ ਹੀ ਬਲ੍ ਕ੍ਰਿਸਨ ਲੈ ਕੰਸੁ ਕੇਸੀ ਪਕੜ ਗਿਰਾਇਆ॥.....੨॥ (ਦਸਮ ਗ੍ਰੰਥ, ਪੰਨਾ ੧੧੯)

www.sikhbookclub.com

ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥

(ਇਹ ਕਿਰਪਾ ਕਰੋ ਜਿਸ ਕਰ ਕੇ) ਸੰਤ ਜਨਾਂ ਦੇ ਚਰਨਾਂ ਦੀ ਰੇਨ= ਧੂੜੀ ਦਾ ਦਾਨ ਮਿਲ ਜਾਵੇ, ਜੇਹ= ਜਿਸ ਪਵਿੱਤਰ ਚਰਨ ਧੂੜੀ ਨਾਲ ਲੱਗਣ ਕਰ ਕੇ ਭਉਜਲੁ= ਸੰਸਾਰ ਸਾਗਰ ਤੋਂ ਤਰਨਾ ਹੁੰਦਾ ਹੈ।

ਯਥਾ- ਚਰਨ ਕਮਲ ਰਜ ਮਸਤਕਿ ਲੇਪਨ ਕੈ, ਭਰਮ ਕਰਮ ਲੇਖ ਸਿਆਮਤਾ ਮਿਟਾਈ ਹੈ।
ਚਰਨ ਕਮਲ ਚਰਨਾਮ੍ਰਿਤ ਮਲੀਨ ਮਨ, ਕਰਿ ਨਿਰਮਲ ਦ੍ਰੁਤ ਦੁਬਿਧਾ ਮਿਟਾਈ ਹੈ।
ਚਰਨ ਕਮਲ ਸੁਖ ਸੰਪਟ ਸਹਜ ਘਰਿ, ਨਿਹਚਲ ਮਤਿ ਏਕ ਟੇਕ ਠਹਿਰਾਈ ਹੈ।
ਚਰਨ ਕਮਲ ਗੁਰ ਮਹਮਾ ਅਗਾਧਿ ਬੋਧਿ, ਸਰਬ ਨਿਧਾਨ ਅਉ ਸਕਲ ਫਲਦਾਈ ਹੈ॥ ੩੩੭॥
ਚਰਨ ਕਮਲ ਰਜ ਮਜਨ ਕੈ ਦਿਬਿ ਦੇਹ, ਮਹਾ ਮਲ ਮੂੜ ਧਾਰੀ ਨਿਰੰਕਾਰੀ ਕੀਨੇ ਹੈ।
ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ, ਤ੍ਰਿਗੁਨ ਅਤੀਤ ਚੀਤ ਆਪਾ ਆਪ ਚੀਨੇ ਹੈ।
ਚਰਨ ਕਮਲ ਨਿਜ ਆਸਨ ਸਿੰਘਾਸਨ ਕੈ, ਤ੍ਰਿਭੁਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨੇ ਹੈ।
ਚਰਨ ਕਮਲ ਰਸ ਗੰਧ ਰੂਪ ਸੀਤਲਤਾ, ਦੁਤੀਆ ਨਾਸਤਿ ਏਕ ਟੇਕ ਲਿਵ ਲੀਨੇ ਹੈ॥ ੩੩੮॥
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਪੂਰਬ ਤੀਰਥ ਕੋਟਿ ਚਰਨ ਸਰਨਿ ਹੈ।
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਦੇਵੀ ਦੇਵ ਸੇਵਕ ਹੁਇ ਪੂਜਤ ਚਰਨ ਹੈ।
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਕਾਰਨ ਅਧੀਨ ਕੀਨ ਕਾਰਨ ਕਰਨ ਹੈ।
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਪਤਿਤ ਪੁਨੀਤ ਭਏ ਤਾਰਨ ਤਰਨ ਹੈ॥ ੩੩੯॥

ਤਥਾ- ਤੀਰਥ ਨ੍ਹਾਤੈ ਪਾਪ ਜਾਨਿ, ਪਤਿਤ ਉਧਾਰਣ ਨਾਉਂ ਧਰਾਇਆ।
ਤੀਰਥ ਹੋਨ ਸਕਾਰਥੇ, ਸਾਧ ਜਨਾਂ ਦਾ ਦਰਸਨੁ ਪਾਇਆ।
ਸਾਧ ਹੋਏ ਮਨ ਸਾਧਿ ਕੈ, ਚਰਣ ਕਵਲ ਗੁਰ ਚਿਤਿ ਵਸਾਇਆ।
ਉਪਮਾ ਸਾਧ ਅਗਾਧਿ ਬੋਧ, ਕੋਟ ਮਧੇ ਕੋ ਸਾਧੁ ਸੁਣਾਇਆ।
ਗੁਰਸਿਖ ਸਾਧ ਅਸੰਖ ਜਗਿ, ਧਰਮਸਾਲ ਥਾਇ ਥਾਇ ਸੁਹਾਇਆ।
ਪੈਰੀ ਪੈ ਪੈਰ ਧੋਵਣੇ, ਚਰਣੋਦਕੁ ਲੈ ਪੈਰੁ ਪੁਜਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥ ੨॥
ਪੰਜਿ ਤਤ ਉਤਪਤਿ ਕਰਿ, ਗੁਰਮੁਖਿ ਧਰਤੀ ਆਪੁ ਗਵਾਇਆ।
ਚਰਣ ਕਵਲ ਸਰਣਾਗਤੀ, ਸਭ ਨਿਧਾਨ ਸਭੇ ਫਲ ਪਾਇਆ।
ਲੋਕ ਵੇਦ ਗੁਰ ਗਿਆਨ ਵਿਚਿ, ਸਾਧੂ ਧੂੜਿ ਜਗਤ ਤਰਾਇਆ।
ਪਤਿਤ ਪੁਨੀਤ ਕਰਾਇ ਕੈ, ਪਾਵਨ ਪੁਰਖ, ਪਵਿਤ੍ਰ ਕਰਾਇਆ।
ਚਰਣੋਦਕ ਮਹਿਮਾ ਅਮਿਤ, ਸੇਖ ਸਹਸ ਮੁਖਿ ਅੰਤੁ ਨ ਪਾਇਆ।
ਧੂੜੀ ਲੇਖੁ ਮਿਟਾਇਆ, ਚਰਣੋਦਕ ਮਨੁ ,ਵਸਿਗਤਿ ਆਇਆ।
ਪੈਰੀ ਪੈ ਜਗੁ ਚਰਨੀ ਲਾਇਆ॥ ੩॥
ਚਰਣੋਕੁ ਹੋਇ ਸੁਰਸਰੀ, ਤਜਿ ਬੈਕੁੰਠ ਧਰਤਿ ਵਿਚਿ ਆਈ।
ਨਉਸੈ ਨਦੀ ਨਵਿੰਨਵੈ, ਅਠਸਠਿ ਤੀਰਥਿ ਅੰਗਿ ਸਮਾਈ।
ਤਿਹੁ ਲੋਈ ਪਰਵਾਣੁ ਹੈ, ਮਹਾਂਦੇਵ ਲੈ ਸੀਸ ਚੜ੍ਹਾਈ।
ਦੇਵੀ ਦੇਵ ਸਰੇਵਦੇ, ਜੈ ਜੈ ਕਾਰ ਵਡੀ ਵਡਿਆਈ।

ਸਣੁ ਗੰਗਾ ਬੈਕੁੰਠ ਲਖ, ਲਖ ਬੈਕੁੰਠ ਨਾਥਿ ਲਿਵ ਲਾਈ।
ਸਾਧੂ ਧੂੜਿ ਦੁਲੰਭ ਹੈ, ਸਾਧਸੰਗਤਿ ਸਤਿਗੁਰੁ ਸਰਣਾਈ।
ਚਰਨ ਕਵਲ ਦਲ ਕੀਮ ਨ ਪਾਈ॥ ੪॥
ਚਰਣ ਸਰਣਿ ਜਿਸੁ ਲਖਮੀ, ਲਖ ਕਲਾ ਹੋਇ ਲਖੀ ਨ ਜਾਈ।
ਰਿਧਿ ਸਿਧਿ ਨਿਧਿ ਸਭ ਗੋਲੀਆਂ, ਸਾਧਿਕ ਸਿਧ ਰਹੇ ਲੰਪਟਾਈ।
ਚਾਰਿ ਵਰਨ ਛਿਅ ਦਰਸਨਾਂ, ਜਤੀ ਸਤੀ ਨਉ ਨਾਥ ਨਿਵਾਈ।
ਤਿੰਨ ਲੋਅ ਚੌਦਹ ਭਵਨ, ਜਲਿ ਥਲਿ ਮਹੀਅਲ ਛਲੁ ਕਰਿ ਛਾਈ।
ਕਵਲਾ ਸਣੁ ਕਵਲਾਪਤੀ, ਸਾਧਸੰਗਤਿ ਸਰਣਾਗਤਿ ਆਈ।
ਪੈਰੀ ਪੈ ਪਾ ਖਾਕ ਹੋਇ, ਆਪੁ ਗਵਾਇ ਨ ਆਪੁ ਗਣਾਈ।
ਗੁਰਮੁਖਿ ਸੁਖ ਫਲੁ ਵਡੀ ਵਡਿਆਈ ॥ ੫॥
ਰੰਗ ਮਹਲ ਰੰਗ ਰਾਗ ਵਿਚਿ, ਦਸਰਥੁ ਕੌਸਲਿਆ ਰਲੀਆਲੇ।
ਮਤਾ ਮਤਾਇਨਿ ਆਪ ਵਿਚਿ, ਚਾਇ ਚਈਲੇ ਖਰੇ ਸੁਖਾਲੇ।
ਘਰਿ ਅਸਾੜੈ ਪੁਤੁ ਹੋਇ, ਨਾਉ ਕਿ ਧਰੀਐ ਬਾਲਕ ਬਾਲੇ।
ਰਾਮ ਚੰਦੁ ਨਾਉ ਲੈਂਦਿਆਂ, ਤਿੰਨਿ ਹਤਿਆ ਤੇ ਹੋਇ ਨਿਰਾਲੇ।
ਰਾਮ ਰਾਜ ਪਰਵਾਣ ਜਗਿ, ਸਤ ਸੰਤੋਖ ਧਰਮ ਰਖਵਾਲੇ।
ਮਾਇਆ ਵਿਚਿ ਉਦਾਸ ਹੋਇ, ਸੁਣੈ ਪਰਾਣੁ ਬਸਿਸਟੁ ਬਹਾਲੇ।
ਰਾਮਾਇਣੁ ਵਰਤਾਇਆ, ਸਿਲਾ ਤਰੀ ਪਗ ਛੁਹਿ ਤਤਕਾਲੇ।
ਸਾਧਸੰਗਤਿ ਪਗ ਧੂੜਿ ਨਿਹਾਲੇ॥ ੬॥
ਕਿਸਨ ਲੈਆ ਅਵਤਾਰੁ ਜਗਿ, ਮਹਮਾ ਦਸਮ ਸਕੰਧੁ ਵਖਾਣੈ।
ਲੀਲਾ ਚਲਤ ਅਚਰਜ ਕਰਿ, ਜੋਗੁ ਭੋਗੁ ਰਸ ਰਲੀਆ ਮਾਣੈ।
ਮਹਾ ਭਾਰਥੁ ਕਰਵਾਇਓਨੁ, ਕੈਰੋ ਪਾਡੋ ਕਰਿ ਹੈਰਾਣੈ।
ਇੰਦ੍ਰਾਦਿਕ ਬ੍ਰਹਮਾਦਿਕਾ, ਮਹਿਮਾ ਮਿਤਿ ਮਿਰਜਾਦ ਨ ਜਾਣੈ।
ਮਿਲੀਆ ਟਹਲਾ ਵੰਡਿ ਕੈ, ਜਗਿ ਰਾਜਸੂ ਰਾਜੇ ਰਾਣੈ।
ਮੰਗ ਲਈ ਹਰਿ* ਟਹਲ ਏਹ, ਪੈਰ ਧੋਇ ਚਰਣੋਦਕੁ ਮਾਣੈ।
ਸਾਧਸੰਗਤਿ ਗੁਰ ਸਬਦੁ ਸਿਞਾਣੈ॥ ੯॥ *(ਭਾਈ ਗੁਰਦਾਸ ਜੀ, ਵਾਰ ੨੩)*

ਤਥਾ- ਖਾਕੁ ਸੰਤਨ ਕੀ ਦੇਹੁ ਪਿਆਰੇ॥ ਆਇ ਪਇਆ ਹਰਿ ਤੇਰੈ ਦੁਆਰੇ॥

(ਮਾਝ ਮਹਲਾ ੫, ਪੰਨਾ ੯੮)

*ਤਥਾ-*ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥ ਕਰਉ ਬਿਨੰਤੀ ਮਾਨੁ ਤਿਆਗਉ॥
ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਕੀ ਸੰਤਨ ਕੀ ਧੂਰਾ ਜੀਉ॥ ੧॥

(ਮਾਝ ਮਹਲਾ ੫, ਪੰਨਾ ੯੯)

ਤਥਾ- ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥ ੪॥ ੩॥

(ਰਾਗੁ ਗਉੜੀ ਪੂਰਬੀ ਮਹਲਾ ੫, ਪੰਨਾ ੨੦੫)

---

* *ਕ੍ਰਿਸ਼ਨ ਜੀ*

ਤਥਾ- ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੌ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥

(ਮਾਝ ਮਹਲਾ ੫, ਪੰਨਾ ੧੩੫)

ਤਥਾ- ਚੁ ਸੁਰਮਹ ਦੀਦਹੁ ਕੁਨੀ ਖਾਕਿ ਮੁਰਸ਼ਦ ਐ ਗੋਯਾ।
ਜਮਾਲੇ ਹੱਕ ਨਿਗਾਹ ਬਾ ਤੋ ਤੂੜੀਆ ਚਿ ਕੁਨਦ।

(ਭਾਈ ਨੰਦ ਲਾਲ ਜੀ ਗਜ਼ਲ ੧੯)

ਅਰਥ- ਗੋਯਾ ਜੀ ਕਥਨ ਕਰਦੇ ਹਨ- ਹੇ ਪੁਰਜ਼ਾ! ਜੇਕਰ ਤੂੰ ਮੁਰਸ਼ਦ= ਗੁਰਾਂ ਦੇ ਚਰਨਾਂ ਦੀ ਖਾਕਿ= ਧੂੜ ਨੂੰ ਆਪਣੀਆਂ ਦੀਦਹ= ਅੱਖੀਆਂ ਦਾ ਸੁਰਮਾ ਕੁਨੀ= ਕਰੇਂ। ਤਾਂ ਤੂੰ ਹੱਕ ਜਮਾਲੇ= ਸੱਚੇ ਪ੍ਰਭੂ ਦੇ ਸਰੂਪ ਨੂੰ ਨਿਗਾਹ= ਵੇਖੇਂਗਾ, ਫਿਰ ਤੈਨੂੰ ਤੂੜੀਆਂ= ਮਮੀਰੇ ਦੀ ਕੀ ਲੋੜ ਰਹੇਗੀ।

ਪੰਜਾਬੀ ਉਲਥਾ- ਚਰਨ ਧੂੜ ਦਾ ਸੁਰਮਾ ਜੇਕਰ, ਨੈਨਾਂ ਦੇ ਪਾਵੇਂ ਤੂੰ।
ਲੋੜ ਨ ਹੋਰ ਮਮੀਰੇ ਸੰਦੀ, ਦਰਸ ਗੁਰੂ ਦਾ ਮਾਣੇ ਤੂੰ।

ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥

ਮੈਂ ਅਰਦਾਸੀਆ ਹੋ ਕੇ ਬੇਨਤੀ ਕਰਦਾ ਹਾਂ। *ਅਥਵਾ-* ਬਿਨਤਿ= ਨਿੰਮ੍ਰਤਾ ਪੂਰਬਕ ਮੈਂ ਅਰਦਾਸ ਕਰਦਾ ਹਾਂ। *ਅਥਵਾ-* ਬੇਨਤੀ ਕਰਦਾ ਹਾਂ ਕਿ- ਅਰ= ਅਰੀ, ਕਾਮ ਆਦਿਕ ਸ਼ਤਰੂ ਮੇਰੇ ਦਾਸਿ= ਅਧੀਨ ਹੋ ਜਾਣ। ਵਾ-ਮੈਂ ਬੇਨਤੀ ਕਰਦਾ ਹਾਂ- ਹੇ ਠਾਕੁਰ! ਜੇਕਰ ਆਪ ਜੀ ਨੂੰ ਭਾਵੇ ਤਾਂ ਮੇਰੀ ਕੀਤੀ ਹੋਈ ਅਰਦਾਸਿ= ਬੇਨਤੀ ਸੁਣਨਾ ਕਰੋ।

[ਪੰਨਾ ੧੩੮੭]

ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥

ਮੇਰੇ ਮਨ ਵਿਚ ਇਹ ਚਾਉ= ਉਤਸ਼ਾਹ ਹੈ ਕਿ ਤੁਸੀਂ ਆਪਣਾ ਦਰਸ਼ਨ ਦੇਣਾ ਕਰੋ ਅਤੇ ਇਹ ਮੇਰਾ ਮਨ ਆਪ ਜੀ ਦੀ ਭਗਤੀ ਕਰਨ ਵਿਖੇ ਠਹਿਰ ਜਾਵੇ।

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥

ਅੰਧ੍ਯਾਰ ਮਹਿ= ਅੰਧਕਾਰ ਰੂਪ ਸੰਸਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਚਰਾਗੁ= ਚੌਮੁਖੀਏ ਦੀਪਕ ਵਾਂਗ ਬਲਿਓ= ਪ੍ਰਕਾਸ਼ੇ ਹਨ।

ਅਥਵਾ- ਜਿਨ੍ਹਾਂ ਨੇ ਅਗਿਆਨ ਰੂਪ ਹਨੇਰੇ ਵਿਖੇ ਗਿਆਨ ਰੂਪ ਚਰਾਗੁ= ਦੀਵੇ ਨੂੰ ਬਲਿਓ-ਪ੍ਰਕਾਸ਼ਨਾ ਕੀਤਾ ਹੈ ਅਤੇ ਇਕ ਸਤਿਨਾਮੁ ਵਾਹਿਗੁਰੂ ਨਾਮ ਸਿਮਰਨ ਦੇ ਧਰਮ ਵਿਚ ਲਗਾ ਕੇ ਕਲਯੁਗ ਦੀ ਸਾਰੀ ਸ੍ਰਿਸ਼ਟੀ ਉਧਾਰਨਾ ਕੀਤੀ ਹੈ।

ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ ੯॥

ਜਨੁ ਨਾਨਕੁ= ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ ਇਹ ਗੱਲ ਸਾਰਿਆਂ ਭਵਨਾਂ ਵਿਚ ਪ੍ਰਗਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਪਾਰਬ੍ਰਹਮ ਦੇ ਸਰੂਪ ਹਨ॥ ੯॥ ਇਥੋਂ ਤੱਕ ਪਾਰਬ੍ਰਹਮ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਭੇਦ ਰੂਪ ਦਰਸਾ ਕੇ ਉਸਤਤੀ ਦੇ ਨੌ ਸਵਈਏ ਕਥਨ ਕੀਤੇ ਹਨ।

ਸਵਯੇ ਸ੍ਰੀ ਮੁਖਬਾਕ੍ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ- ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਬਾਣੀ ਉਚਾਰ ਕੇ ਭੱਟਾਂ ਨੂੰ ਦੇਹ-ਅਧਿਆਸ ਦੀ ਨਵਿਰਤੀ ਦਾ ਉਪਦੇਸ਼ ਦਿੰਦੇ ਹਨ:

ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ॥

ਹੇ ਭੱਟੋ! ਜਿਸ ਦੇਹ ਦਾ ਤੁਸੀਂ ਹੰਕਾਰ ਕਰਦੇ ਹੋ ਇਹ ਦੇਹ ਕਾਚੀ= ਕੱਚੀ ਹੈ ਭਾਵ ਨਾਸ਼ ਹੋ ਜਾਣ ਵਾਲੀ ਹੈ, ਫੇਰ ਇਹ ਦੇਹ ਮੋਹ= ਅਗਿਆਨ ਰੂਪ ਰਜੂ (ਰੱਸੀ) ਕਰ ਕੇ ਬਾਂਧੀ= ਬੱਧੀ ਹੋਈ ਹੈ। ਭਾਵ- ਅਗਿਆਨ ਤੋਂ ਹੀ ਇਸ ਦੀ ਉਤਪਤੀ ਹੋਈ ਹੈ।

ਅਥਵਾ- ਇਸਤਰੀ ਪੁੱਤਰ ਅਦਿਕਾਂ ਦੇ ਮੋਹ ਰੂਪੀ ਰੱਸੀ ਨਾਲ, ਵਾ-ਪਦਾਰਥਾਂ ਰੂਪ ਰੱਸੀ ਨਾਲ ਬੱਧੀ ਹੋਈ ਹੈ। ਤਿੰਨ ਗੁਣਾਂ ਦੇ ਅਭਿਮਾਨ ਹੋਣ ਕਰ ਕੇ ਇਹ ਜੀਵ-ਸਠ= ਮੂਰਖ ਹੋ ਰਿਹਾ ਹੈ, ਵੇਦਾਂ ਸ਼ਾਸਤ੍ਰਾਂ ਤੋਂ ਉਲਟ ਚੱਲਣ ਕਰ ਕੇ ਕਠੋਰ= ਪੱਥਰ-ਦਿਲ ਹੋ ਰਿਹਾ ਹੈ, ਨਾਮ ਤੋਂ ਹੀਣ ਹੋਣ ਕਰ ਕੇ ਇਹ ਜੀਵ ਕੁਚੀਲ= ਅਪਵਿਤਰ ਹੋ ਰਿਹਾ ਹੈ ਅਤੇ ਸਰੂਪ ਗਿਆਨ ਤੋਂ ਹੀਣ ਹੋਣ ਕਰ ਕੇ-ਕੁਗਿਆਨੀ= ਬਧ ਗਿਆਨੀ ਹੋ ਰਿਹਾ ਹੈ। *ਅਥਵਾ*- ਕੁਗਿਆਨੀ= ਸਰੂਪ ਗਿਆਨ ਤੋਂ ਹੀਣ= ਰਹਿਤ ਹੋਣ ਕਰ ਕੇ ਇਹ ਜੀਵ ਮਨ ਕਰ ਕੇ ਸਠ= ਮੂਰਖ ਹੋ ਰਿਹਾ ਹੈ ਬਾਣੀ ਕਰ ਕੇ ਕਠੋਰ ਹੋ ਰਿਹਾ ਹੈ। ਭਾਵ-ਦੁਖਾਵੀਂ ਬਾਣੀ ਦੇ ਉਚਾਰਨ ਵਾਲਾ ਹੋ ਰਿਹਾ ਹੈ ਅਤੇ ਤਨ= ਸਰੀਰ ਕਰ ਕੇ ਕੁਚੀਲ= ਅਪਵਿੱਤਰ ਹੋ ਰਿਹਾ ਹੈ।

ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ॥

ਫਿਰ ਜੋ ਪਦਾਰਥ ਹਮੇਸ਼ਾਂ ਇਕ ਜਗ੍ਹਾ ਰਹਿਣਾ ਨਹੀਂ ਪਾਉਂਦੇ ਉਹਨਾਂ ਦੀ ਪ੍ਰਾਪਤੀ ਵਾਸਤੇ ਇਹ ਜੀਵ ਧਾਵਤ ਭ੍ਰਮਤ= ਦੌੜਿਆ ਭੱਜਾ ਫਿਰਦਾ ਹੈ। *ਅਥਵਾ*- ਭਰਮ ਕਰ ਕੇ ਪ੍ਰਭੂ ਤੋਂ ਭੁੱਲਾ ਵਿਸ਼ਿਆਂ ਵੱਲ ਧਾਵਤ= ਦੌੜਦਾ ਹੈ ਅਤੇ ਇੱਛਾ ਦਾ ਮਾਰਿਆ ਕਿਸੀ ਜਗ੍ਹਾ ਰਹਿਣਾ ਨਹੀਂ ਪਾਉਂਦਾ। ਇਸ ਕਰ ਕੇ ਇਸ ਜੀਵ ਨੇ ਪਾਰਬ੍ਰਹਮ= ਪਰਾ ਰੂਪ ਸਰਬ ਵਿਆਪਕ ਪ੍ਰਮਾਤਮਾ ਦੀ ਗਤਿ= ਪ੍ਰਾਪਤੀ, ਵਾ- ਰੀਤੀ ਨਹੀਂ ਜਾਣਨਾ ਕੀਤੀ।

ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੋ ਅਭਿਮਾਨੀ॥

ਫਿਰ ਇਹ ਜੋਬਨ= ਜੁਆਨੀ ਦੇ ਸੋਹਣੇ ਰੂਪ ਵਿਚ ਅਤੇ ਮਾਇਆ ਦੇ ਮਦ= ਹੰਕਾਰ ਵਿਚ ਮਾਤਾ= ਮਸਤ ਹੋ ਰਿਹਾ ਹੈ। ਜਿਸ ਕਰ ਕੇ ਬਡੋ ਅਭਿਮਾਨੀ= ਵੱਡਾ ਹੰਕਾਰੀ ਹੋਇਆ ਬਿਕਲ= ਵਿਆਕੁਲ ਹੋਇਆ ਦੁਨੀਆਂ ਵਿਖੇ ਬਿਚਰਤ= ਫਿਰ ਰਿਹਾ ਹੈ।

ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ॥

ਪਰ ਧਨ= ਪਰਾਇਆ ਧਨ ਚੁਰਾ ਲੈਣਾ, ਪਰ ਅਪਵਾਦ= ਪਰਾਇਆਂ ਨਾਲ ਝਗੜੇ ਕਰਨੇ ਨਾਰਿ= ਪਰਾਈ ਔਰਤ ਵੱਲ ਖੋਟੀ ਨਜ਼ਰ ਭਾਵ ਵਿਸ਼ੇ-ਨਜ਼ਰ ਨਾਲ ਤੱਕਣਾ ਅਤੇ ਦੂਸਰਿਆਂ ਦੀ ਨਿੰਦਿਆਂ ਕਰਨੀ।

ਇਹ ਸਾਰੀਆਂ ਗੱਲਾਂ ਮਿਠੀਆਂ ਭਾਵ ਚੰਗੀਆਂ ਜਾਣ ਕੇ ਇਸ ਪ੍ਰਮਾਦੀ ਜੀਵ ਨੇ ਹਿਤ+ਆਨੀ= ਪ੍ਰੇਮ ਸਹਿਤ ਜੀਅ= ਹਿਰਦੇ ਵਿਖੇ ਲਿਆਣਾ ਕੀਤੀਆਂ ਹਨ।

ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ॥

ਇਹ ਆਪਣੇ ਵਲੋਂ ਤਾਂ ਛਪਿ= ਲੁਕ-ਛਿਪ ਕੇ ਕਈ ਤਰ੍ਹਾਂ ਦੀਆਂ ਬਲਬੰਚ= ਠੱਗੀਆਂ ਤੇ ਉਪਾਵਾ= ਜਤਨਾਂ ਨੂੰ ਕਰਦਾ ਹੈ। ਪਰ- ਘਟ ਘਟ ਦੀ ਜਾਣਨਹਾਰਾ ਪ੍ਰਭੂ ਇਸ ਦੇ ਕਰਤਬਾਂ ਨੂੰ ਦੇਖ ਰਿਹਾ ਹੈ ਅਤੇ ਇਸ ਦੀਆਂ ਗੱਲਾਂ ਨੂੰ ਸੁਣ ਰਿਹਾ ਹੈ। ਇਥੋਂ ਤਕ ਪ੍ਰਮਾਦੀ ਜੀਵਾਂ ਦੀ ਅਵਸਥਾ ਦੱਸ ਕੇ ਭੱਟਾਂ ਨੂੰ ਸਮਝਾਉਂਦੇ ਹਨ- ਹੇ ਭੱਟੋ! ਜੇ ਤੁਸੀਂ ਇਹਨਾਂ ਤੋਂ ਬਚਣਾ ਚਾਹੁੰਦੇ ਹੋ ਤਾਂ ਪ੍ਰਭੂ ਅੱਗੇ ਇਸ ਤਰ੍ਹਾਂ ਨਿਮਰਤਾ ਸਹਿਤ ਬੇਨਤੀਆਂ ਕਰੋ-

ਸੀਲ ਧਰਮ ਦਯਾ ਸੁਚ ਨਾਸ੍ਰਿ ਆਇਓ ਸਰਨਿ ਜੀਅ ਕੇ ਦਾਨੀ॥

ਹੇ ਪ੍ਰਭੂ! ਸੀਲ= ਸ਼ਾਂਤੀ ਸੁਭਾਓ ਸ੍ਰੈ ਧਰਮ, ਜੀਵਾਂ ਉਪਰ ਦਇਆ ਕਰਨੀ ਸੁਚ= ਪਵਿੱਤਰਤਾ ਆਦਿਕ ਸ਼ੁਭ ਗੁਣ ਮੇਰੇ ਵਿਖੇ ਨਾਸਿਤ (ਨ+ਅਸ੍ਰਿ)= ਨਹੀਂ ਹਨ। ਹੇ ਜੀਅ ਕੇ ਦਾਨੀ= ਜੀਵਾਂ ਨੂੰ ਖਾਣ ਪਾਣ ਪਹਿਰਾਣ ਆਦਿਕ ਦਾਨ ਦੇਣ ਵਾਲੇ ਦਾਨੀ ਪ੍ਰਭੂ! ਮੈਂ ਆਪ ਜੀ ਦੀ ਸ਼ਰਨ ਵਿਖੇ ਆਇਆ ਹਾਂ।

ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ॥ ੧॥

ਸਤਿਗੁਰੂ ਜੀ ਕਥਨ ਕਰਦੇ ਹਨ- ਹੇ ਭੱਟੋ! ਇਸ ਤਰ੍ਹਾਂ ਬੇਨਤੀਆਂ ਕਰੋ ਕਿ ਹੇ ਸਰਬ ਕਾਰਣ= ਕਾਰਜ ਰੂਪ ਪ੍ਰਪੰਚ ਦੇ ਕਰਨੇ ਨੂੰ ਸਮਰੱਥ, ਸਿਰੀ= ਸੋਭਾ ਦੇ ਧਾਰਨ ਵਾਲੇ ਮੇਰੇ ਸੁਆਮੀ ਪ੍ਰਮਾਤਮਾ! ਮੈਨੂੰ ਰੱਖ ਲਓ॥ ੧॥

ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ॥

(ਮਨਮੋਹਨ) ਪਰਮਾਤਮਾ ਦੀ ਜੋ ਬਾਣੀ ਕਰ ਕੇ ਕੀਰਤੀ ਕਰਨੀ ਹੈ ਅਤੇ ਤਨ ਕਰ ਕੇ ਜੋ ਸ਼ਰਨ ਗ੍ਰਹਿਣ ਕਰਨੀ ਹੈ ਹੇ ਭੱਟੋ! ਏਹੀ ਬੜੇ ਬੜੇ ਜੋ ਉੱਗਰ ਪਾਪ ਹਨ ਉਹਨਾਂ ਪਾਪਾਂ ਦੇ ਬਿਦਾਰਨ ਕਉ= ਨਾਸ ਕਰਨ ਨੂੰ ਤਾਕਤਵਰ ਬੂਟੀ ਹੈ। ਭਾਵ ਪ੍ਰਭੂ ਦੀ ਸ਼ਰਨ ਗ੍ਰਹਿਣ ਕਰਨ ਕਰ ਕੇ ਸਾਰੇ ਪਾਪ ਅਭਾਵ ਹੋ ਜਾਂਦੇ ਹਨ।

ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ॥

ਫਿਰ ਉਹ ਹਰੀ ਪ੍ਰਭੂ ਆਪਣੇ ਸੇਵਕਾਂ ਦੇ ਤਾਰਨ ਨੂੰ ਤਰਨ= ਜਹਾਜ਼ ਰੂਪ ਹੈ ਅਤੇ ਸਭ ਵਿਧੀਆਂ ਕਰ ਕੇ ਸਮਰੱਥ ਹੈ, ਫਿਰ ਸੇਵਕਾਂ ਦੀਆਂ ਸਮੂਹ ਕੁਲਾਂ ਦੇ ਤਾਰਨ ਵਾਲਾ ਸਉ= ਹੈ।

ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧਾਂਉ॥

ਸਤ-ਸੰਗਤਿ ਦੇ ਮਹਾਤਮ ਨੂੰ ਜਾਣ ਕੇ ਵਾ-ਸਤ ਸੰਗਤਿ ਵਿਖੇ ਪ੍ਰਭੂ ਦਾ ਨਿਵਾਸ ਜਾਣ ਕੇ ਹੇ ਅਚੇਤ= ਅਗਿਆਤ ਚਿਤ ਵਾਲੇ ਜੀਵ! ਤੂੰ ਪਰਮਾਤਮਾ ਦੇ ਨਾਮਾਂ ਨੂੰ ਚੇਤਨਾ ਕਰ। ਭਰਮ ਰੂਪ ਹਨੇਰੇ ਦਾ ਮੋਹਿਓ= ਠਗਿਆ ਹੋਇਆ ਕਤ ਧਾਂਉ= ਕਿਧਰ ਭਟਕਦਾ ਫਿਰਦਾ ਹੈਂ। *ਅਥਵਾ—* ਮੋਹ ਕਰ ਕੇ ਭਰਮ ਰੂਪ ਹਨੇਰੇ ਵੱਲ ਕਿਸ ਵਾਸਤੇ ਭਟਕਦਾ ਫਿਰਦਾ ਹੈਂ।

ਮੂਰਤ ਘਰੀ ਚਸਾ ਪਲੁ ਸਿਮਰਨ ਰਾਮ ਨਾਮੁ ਰਸਨਾ ਸੰਗਿ ਲਉ ॥

ਮੂਰਤ= ਦੋ ਘੜੀਆਂ, ਇਕ ਘੜੀ, ਚੁਸਾ ਭਰ ਜਾਂ ਇਕ ਪਲ ਮਾਤਰ* ਤੂੰ ਆਪਣੀ ਰਸਨਾ= ਜਿਹਬਾ ਦੁਆਰਾ ਰਾਮ ਨਾਮ ਰੂਪ ਸਿਮਰਨ ਨੂੰ ਲਉ= ਉਚਾਰਨਾ ਕਰ।

ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ॥

ਸਿਮਰਨ ਤੋਂ ਬਿਨਾਂ ਦੁਨੀਆਂ ਦੇ ਸਾਰੇ ਕਾਜੁ= ਕੰਮ ਹੋਛਉ= ਤੁਛ ਹਨ ਅਤੇ ਇਨ੍ਹਾਂ ਦਾ ਸੁਖ ਵੀ ਅਲਪ= ਤੁਛ ਭਾਵ ਥੋੜ੍ਹਾ ਸਮਾਂ ਰਹਿਣ ਵਾਲਾ ਹੈ ਫੇਰ ਇਹ ਦੁਨੀਆਂ ਦੇ ਕਾਰਜ ਬੰਧਨ= ਫਾਹੀ ਰੂਪ ਹਨ, ਇਹਨਾਂ ਦੀ ਖਾਤਰ ਤੂੰ ਕਿਸ ਲਈ ਕ੍ਰੋੜਾਂ ਜਨਮਾਂ ਦੇ ਦੁੱਖਾਂ ਵਿਚ ਭੰਉ= ਭਉਂਦਾ-ਫਿਰਦਾ ਹੈਂ।

ਸਿਖ੍ਯਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰਂਉ ॥੨॥

ਸਤਿਗੁਰ ਦੇਵ ਜੀ ਕਥਨ ਕਰਦੇ ਹੁਨ- ਹੇ ਭੱਟੋ! ਤੁਹਾਨੂੰ ਚਾਹੀਦਾ ਹੈ, ਜੋ ਸੰਤਾਂ ਦੀ ਸਿਖਿਆ ਦੁਆਰੇ ਪ੍ਰਭੂ ਦੇ ਨਾਮ ਨੂੰ ਭਜੁ= ਉਚਾਰਨਾ ਕਰੋ ਅਤੇ ਆਤਮ ਰੰਗਿ ਸਿਉ= ਮਨ ਦੇ ਪ੍ਰੇਮ ਸਹਿਤ ਰਾਮ ਨਾਮ ਨੂੰ ਰਂਉ= ਉਚਾਰਨਾ ਕਰੋ॥ ੨॥

ਹੁਣ ਪ੍ਰਮੇਸ਼ਰ ਦੀ ਸਮਰੱਥਾ ਨਿਰੂਪਨ ਕਰਦੇ ਹੋਏ ਉਪਦੇਸ਼ ਦੇਣਾ ਕਰਦੇ ਹਨ-

ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥

ਮਾਤਾ ਦੇ ਤਨ ਰੂਪੀ ਖੇਤ ਵਿਚ ਪਿਤਾ ਦੇ ਰੰਚਕ ਮਾਤਰ ਰੇਤ= ਬੀਰਜ ਦੇ ਨਿਰਮਿਤ= ਪ੍ਰਾਪਤ ਹੋਣ ਕਰ ਕੇ ਜਿਸ ਪ੍ਰਭੂ ਨੇ= ਦੁਰਲਭ ਦੇਹ= ਮਨੁੱਖਾ ਦੇਹ ਬਣਾ ਰੱਖੀ ਹੈ।

ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥

ਜਿਸ ਪ੍ਰਮੇਸ਼ਰ ਨੇ ਸੁਖਾਂ ਦੇ ਭੋਗਣ ਵਾਸਤੇ ਕਈ ਤਰ੍ਹਾਂ ਦੇ ਖਾਣ ਪੀਣ ਦੇ ਪਦਾਰਥ ਅਤੇ ਰਹਿਣ ਵਾਸਤੇ ਸੋਧੇ= ਮੰਦਰ (ਮਕਾਨ) ਦਿੱਤੇ ਹਨ। ਫਿਰ ਜਿਸ ਪ੍ਰਮਾਤਮਾ ਨੇ ਮਾਤਾ ਦੇ ਉਦਰ ਦਾ ਸੰਕਟ ਕੱਟਿਆ ਹੈ ਅਤੇ ਬਾਹਰਲੀ ਬਿਪਤਾ ਵੀ ਤੇਰੀ ਦੂਰ ਕੀਤੀ ਹੈ। *ਅਥਵਾ-* ਸੰਕਟਾਂ ਦੇ ਕੱਟਣ ਵਾਲੇ ਹਰੀ ਨੇ ਤੇਰੀ ਹਰ ਤਰ੍ਹਾਂ ਦੀ ਬਿਪਤਾ ਹਰੀ= ਨਾਸ ਕੀਤੀ ਹੈ।

ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥

ਫਿਰ ਜਿਸ ਪਰਮਾਤਮਾ ਨੇ ਮਾਤਾ, ਪਿਤਾ, ਭਰਾ ਅਤੇ ਹੋਰ ਜੋ ਸੰਬੰਧੀ ਹਨ ਇਹਨਾਂ ਸਾਰਿਆਂ ਦੇ ਬੂਝਨ= ਸਮਝਣੇ ਦੀ ਤੇਰੇ ਅੰਦਰ ਗਿਆਤ ਪਾਈ ਹੈ। ਭਾਵ- ਇਹ ਮੇਰੀ ਮਾਤਾ ਹੈ, ਇਹ ਮੇਰਾ ਪਿਤਾ ਹੈ, ਇਹ ਮੇਰਾ ਭਾਈ, ਇਹ ਮੇਰੀ ਭੈਣ ਹੈ। ਇਹਨਾਂ ਸਾਰਿਆਂ ਸੰਬੰਧੀਆਂ ਦੀ ਗਿਆਤ ਜਿਸ ਪਰਮਾਤਮਾ ਨੇ ਬਖਸ਼ੀ ਹੈ।

---

*ਪੰਦਰਾਂ ਵਾਰ ਅੱਖਾ ਦਾ ਮੀਟਣਾ ਤੇ ਖੋਲ੍ਹਣਾ ਇਕ **ਵਿਸਾ** ਹੁੰਦਾ ਹੈ।
ਪੰਦਰਾਂ ਵਿਸਿਆ ਦਾ ਇਕ **ਚਸਾ** ਹੁੰਦਾ ਹੈ।
ਤੀਹਾਂ ਚਸਿਆਂ ਦਾ ਇਕ **ਪਲ** ਹੁੰਦਾ ਹੈ।
ਸੱਠਾਂ ਪਲਾਂ ਦੀ ਇਕ **ਘੜੀ** ਹੁੰਦੀ ਹੈ।

ਬਰਧਮਾਨ ਹੋਵਤ ਦਿਨਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ॥

ਦਿਨ ਰਾਤ ਦੀ ਸੰਗਿਆ ਕਰ ਕੇ ਨਿਤਾਪ੍ਰਤੀ ਤੂੰ ਬਰਧਮਾਨ ਹੋਵਤ= ਵੱਡਾ ਹੁੰਦਾ ਜਾਂਦਾ ਹੈਂ, ਜਿਸ ਕਰ ਕੇ- ਬਿਖੰਮ= ਕਠਨ ਅਰਥਾਤ ਦੁਖਦਾਈ ਜਰੀ= ਬਿਰਧ ਅਵਸਥਾ ਤੇਰੇ ਨਿਕਟ ਆਉਂਦੀ ਜਾਂਦੀ ਹੈ।

ਰੇ ਗੁਨ ਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ ਏਕ ਘਰੀ॥

ਹੇ ਸ਼ੁਭ ਗੁਣਾਂ ਤੋਂ ਹੀਨ= ਰਹਿਤ ਦੀਨ= ਸਰੂਪ ਤੋਂ ਰਹਿਤ ਮਾਇਆ ਦੇ ਕੀੜੇ! ਤੈਨੂੰ ਚਾਹੀਦਾ ਹੈ- ਜਿਸ (ਸੁਆਮੀ) ਪਰਮਾਤਮਾ ਨੇ ਤੈਨੂੰ ਇਤਨਾ ਕੁਝ ਬਖਸ਼ਿਆ ਹੈ ਉਸ ਨੂੰ. ਇਕ ਘੜੀ ਮਾਤਰ ਤਾਂ ਸਿਮਰਨਾ ਕਰ।

ਪੁਨਾ ਉਸ ਸੁਆਮੀ ਪਰਮਾਤਮਾ ਦੇਵ ਅੱਗੇ ਇਸ ਤਰ੍ਹਾਂ ਬੇਨਤੀਆਂ ਕਰ-

ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ॥ ੩॥

ਹੇ ਕ੍ਰਿਪਾਲੂ ਪਰਮਾਤਮਾ ! ਕ੍ਰਿਪਾ ਨਿਧਿ= ਕਿਰਪਾ ਦੇ ਸਮੁੰਦਰ! ਕਿਰਪਾ ਕਰ ਕੇ ਆਪ ਮੇਰੇ ਮਨ ਰੂਪੀ ਕਰੁ= ਹੱਥ ਨੂੰ ਗਹਿ ਲੇਹੁ= ਫੜ ਲੈਣਾ ਕਰੋ ਅਤੇ ਕਿਰਪਾ ਕਰ ਕੇ ਮੇਰੇ ਅੰਦਰੋਂ ਭਰਮ ਰੂਪੀ ਭਰੀ= ਪੰਡ ਨੂੰ ਕੱਟਣਾ ਕਰੋ। *ਅਥਵਾ-*ਭਰੀ= ਭਲੀ ਪ੍ਰਕਾਰ ਪੰਜ ਪ੍ਰਕਾਰ ਦੇ ਭਰਮ ਨੂੰ ਕੱਟਣਾ ਕਰੋ।

ਅਥਵਾ- ਹੇ ਪ੍ਰਭੂ! ਜਿਸ ਭਰਮ ਕਰ ਕੇ ਮੇਰੀ ਬੁੱਧੀ ਵਿਸ਼ਿਆਂ ਨਾਲ ਭਰੀ= ਲਿਬੜੀ ਹੋਈ ਹੈ, ਉਸ ਭਰਮ ਨੂੰ ਕੱਟ ਦੇਣਾ ਕਰੋ॥ ੩॥

ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ॥

ਹੇ ਮਨ ਰੂਪੀ ਮੂਸ= ਚੂਹੇ! ਤੂੰ ਇਸ ਸਰੀਰ ਰੂਪੀ ਬਿਲਾ= ਖੁੱਡ ਵਿਖੇ ਹੰਕਾਰ ਕਰਦਾ ਹੈਂ ਅਤੇ ਮਹਾਂ ਮੁਘਨਾਂ= ਬੜੇ ਮੂਰਖਾਂ ਵਾਲੇ ਕਰਤਬਾਂ ਨੂੰ ਕਰਦਾ ਹੈਂ।

ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ॥

ਸਪਤ= ਸੰਪਦਾ ਰੂਪੀ ਦੋਲ= ਪੰਘੂੜੇ ਦੇ ਝੋਲ= ਹੁਲਾਰੇ ਨਾਲ ਤੂੰ ਝੂਲ ਰਿਹਾ ਹੈਂ। ਭਾਵ ਮਾਇਆ ਦੀ ਪ੍ਰਾਪਤੀ ਲਈ ਸੰਸਾਰ ਵਿਖੇ ਭਟਕਦਾ ਫਿਰਦਾ ਹੈਂ ਅਤੇ ਮਾਇਆ ਵਿਚ ਮਸਤ ਹੋ ਕੇ ਘੁਘਨਾ= ਉਲੂਆਂ ਵਾਂਗੂੰ ਸੰਸਾਰ- ਉਜਾੜ ਵਿਖੇ ਭ੍ਰਮਤ= ਫਿਰ ਰਿਹਾ ਹੈਂ।

ਸੁਤ ਬਨਿਤਾ ਸਾਜਨ ਸੁਖ ਬੰਧਪ ਤਾਂ ਸਿਉ ਮੋਹੁ ਬਢਿਓ ਸੁ ਘਨਾ॥

ਫਿਰ ਸੁਤ= ਪੁੱਤਰ, ਬਨਿਤਾ= ਇਸਤਰੀ, ਸੱਜਣਾਂ-ਮਿੱਤਰਾਂ, ਵਿਸ਼ੇ ਸੁਖਾਂ, ਬੰਧਪ ਜੋ ਸੰਬੰਧੀ ਹਨ, ਤਾ ਸਿਉ= ਤਿਨ੍ਹਾਂ ਸਾਰਿਆਂ ਨਾਲ ਸੁ ਤੇਰਾ ਘਨਾ= ਬਹੁਤ ਮੋਹ ਬਢਿਓ= ਮੋਹ ਵਧ ਰਿਹਾ ਹੈ। *ਅਥਵਾ-*ਸੁ ਘਨਾ = ਸੰਘਣਾ ਮੋਹ ਵਧ ਰਿਹਾ ਹੈ।

ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨਾਂ॥

ਬੁਧੀ ਰੂਪ ਧਰਤੀ ਵਿਚ ਅਹੰ= ਹੰਗਤਾ ਰੂਪ ਬੀਜ ਦੇ ਬੋਣੇ ਕਰ ਕੇ ਮਮ= ਮਮਤਾ ਰੂਪੀ ਅੰਕੁਰੁ= ਅੰਗੂਰ ਪੈਦਾ ਹੋ ਰਿਹਾ ਹੈ। ਅਘਨਾਂ= ਪਾਪ ਕਰਮ ਕਰਦਿਆਂ ਹੋਇਆਂ ਤੇਰੀ ਸਾਰੀ ਅਉਧ= ਉਮਰਾ ਨਿਸਫਲ ਬੀਤਦੀ ਜਾ ਰਹੀ ਹੈ।

ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ ॥

ਮਿਰਤੁ ਮੰਜਾਰ= ਮੌਤ ਰੂਪੀ ਬਿੱਲਾ ਮੁਖ ਨੂੰ ਪਸਾਰਿ= ਖੋਲ੍ਹ ਕੇ ਤੇਰੀ ਵਲ ਨਿਰਖਤ= ਦੇਖ ਰਿਹਾ ਹੈ ਪਰ ਤੂੰ ਭੁਗਤਿ= ਭੋਗਾਂ ਨੂੰ ਭੁੰਚਤ= ਭੋਗਦਾ ਹੋਇਆ ਤ੍ਰਿਸ਼ਨਾ ਕਰ ਕੇ ਭੂਖ= ਭੁਖਨਾ= ਭੁੱਖੇ ਦਾ ਭੁੱਖਾ ਹੀ ਹੈਂ। *ਅਥਵਾ-*ਉਹ ਮੌਤ ਰੂਪੀ ਬਿੱਲਾ ਜੀਵਾਂ ਰੂਪੀ ਚੂਹਿਆਂ ਦੀ ਭੁਗਤਿ ਨੂੰ ਭੋਗਦਾ ਹੋਇਆ ਫਿਰ ਵੀ ਭੁੱਖੇ ਦਾ ਭੁੱਖਾ ਹੀ ਹੈ।

ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ ਜਾਨਤ ਸੁਪਨਾ ॥੪॥

ਗੁਰੂ ਜੀ ਕਥਨ ਕਰਦੇ ਹਨ— ਹੇ ਭਾਈ! ਜੇ ਤੂੰ ਉਸ ਮੌਤ ਰੂਪੀ ਬਿੱਲੇ ਤੋਂ ਬਚਣਾ ਚਾਹੁੰਦਾ ਹੈਂ ਤਾਂ ਤੂੰ ਉਹਨਾਂ ਸੰਤਾਂ ਦੀ ਸਤਸੰਗਤਿ ਵਿਖੇ ਜਾ ਕੇ ਦਿਆਲੂ ਗੁਪਾਲ ਨੂੰ ਸਿਮਰਨਾ ਕਰ, ਜਿਨ੍ਹਾਂ ਸੰਤਾਂ ਨੇ ਜਗੁ= ਸੰਸਾਰ ਨੂੰ ਸੁਪਨੇ ਦੀ ਨਯਾਈਂ ਮਿਥਿਆ ਜਾਣਨਾ ਕੀਤਾ ਹੈ॥ ੫॥ ਹੁਣ ਵੈਰਾਗ-ਜਨਕ ਉਪਦੇਸ਼ ਦਿੰਦੇ ਹਨ—

[ਪੰਨਾ ੧੩੮੮]

ਦੇਹਨ ਗੇਹਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ ॥

ਦੇਹਨ= ਸਰੀਰਾਂ ਨੇ ਗੇਹਨ= ਘਰਾਂ ਨੇ ਵਾ-ਘਰ ਵਾਲੀਆਂ ਇਸਤਰੀਆਂ ਨੇ ਨ ਨੀਤਾ-ਨਿਤਾਪ੍ਰਤੀ ਭਾਵ ਸਦਾ ਨਹੀਂ ਰਹਿਣਾ, ਇਸ ਲਈ ਤੂੰ ਇਹਨਾਂ ਵਿਖੇ ਨੇਹ-ਪ੍ਰੇਮ ਨਾ ਕਰ, ਜਿਸ ਮਾਇਆ ਵਿਖੇ ਤੁਸੀਂ ਮਤ= ਮਸਤ ਹੋ ਰਹੇ ਹੋ, ਇਸ ਮਾਇਆ ਵਿਚ ਕਹਾ ਲਉ= ਕਦੋਂ ਤਕ ਗਾਰਹੁ= ਗੌਰਵਤਾ (ਵਡਿਆਈ) ਲਓਗੇ, ਕਿਉਂਕਿ ਮਾਇਆ ਦੀ ਵਡਿਆਈ ਤਾਂ ਖਿਨ ਭੰਗਰ ਭਾਵ ਜਲਦੀ ਨਾਸ ਹੋ ਜਾਣ ਵਾਲੀ ਹੈ। *ਅਥਵਾ-*ਮਾਇਆ ਦੀ ਮਸਤੀ ਦਾ ਕਦੋਂ ਤਕ ਗਾਰਹੁ= ਹੰਕਾਰ ਕਰ ਸਕੋਗੇ। *ਅਥਵਾ-*ਇਸ ਮਾਇਆ ਦੀ ਮਸਤੀ ਵਿਖੇ ਕਹਾ ਲਉ= ਕੀ ਲਓਗੇ? ਭਾਵ ਗਾਰਹੁ= ਗਲਨਾ ਹੀ ਲਓਗੇ।

ਛਤ੍ਰਨ ਪਤ੍ਰਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ ॥

ਛਤ੍ਰਨ= ਸਿਰ ਉਪਰ ਰਾਜਸੀ ਛੱਤਰਾਂ ਦਾ ਝੁਲੀਣਾ, ਪਤ੍ਰਨ= ਹੁਕਮਨਾਮੇ ਚਲਣੇ। ਵਾ-ਪਤ੍ਰਕਾਂ ਸਾਰੇ ਮਨਜ਼ੂਰ ਹੋਣੀਆਂ ਅਤੇ ਚਉਰ= ਚੌਰ ਬਰਦਾਰ ਨੇ ਹਮੇਸ਼ਾਂ ਚੌਰ ਲੈ ਕੇ ਸਿਰ 'ਤੇ ਖਲੋਤਿਆਂ ਰਹਿਣਾ। ਚਾਵਰ= ਮਨ ਮਰਜ਼ੀ ਦੀਆਂ ਖੁਸ਼ੀਆਂ ਭੋਗਣੀਆਂ। ਇਤਿਆਦਿਕ ਸਾਰਿਆਂ ਪਦਾਰਥਾਂ ਨੇ ਹਮੇਸ਼ਾਂ ਨਹੀਂ ਰਹਿਣਾ। ਇਹਨਾਂ ਪਦਾਰਥਾਂ ਵਿਚ ਹੀ ਤੁਹਾਡੀ ਉਮਰਾ ਨਿਸਫਲ ਬਹਤੀ ਜਾਤ= ਬਤੀਤ ਹੁੰਦੀ ਜਾ ਰਹੀ ਹੈ। ਪਰ ਤੁਸੀ ਲੋਕ ਮਾਇਆ ਦੀ ਮਸਤੀ ਕਰ ਕੇ ਆਪਣੇ ਰਿਦੈ= ਹਿਰਦੇ ਵਿਖੇ ਇਸ ਗੱਲ ਨੂੰ ਵਿਚਾਰਦੇ ਨਹੀਂ ਹੋ।

ਰਥਨ ਅਸ੍ਵਨ ਗਜ ਸਿੰਘਾਸਨ ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥

ਰਥਨ= ਰੱਥਾਂ ਨੂੰ, ਅਸ੍ਵਨ= ਘੋੜਿਆਂ ਨੂੰ ਵਾ- ਘੋੜ ਸਵਾਰ ਸੂਰਮਿਆਂ ਨੂੰ। ਗਜ= ਹਾਥੀਆਂ ਨੂੰ। ਵਾ- ਹਾਥੀ ਸਵਾਰ ਸੂਰਮਿਆਂ ਨੂੰ। ਸਿੰਘ+ਆਸਨ= ਸ਼ੇਰ ਦੇ ਮੁਖ ਵਰਗੀਆਂ ਰਾਜ-ਗੱਦੀਆਂ ਇਹਨਾਂ ਸਾਰਿਆਂ ਨੂੰ ਅੰਤ ਸਮੇਂ- ਇਕ ਛਿਨ ਵਿਖੇ ਤਿਆਗ ਕੇ ਨਾਂਗ ਸਿਧਾਰਹੁ= ਨੰਗੀ ਪੈਰੀਂ ਚਲੇ ਜਾਓਗੇ।

ਸੂਰਨ ਬੀਰਨ ਮੀਰਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥

ਸੂਰਨ ਬੀਰਨ= ਰਥੀ, ਮਹਾਂਰਥੀ ਤੇ ਅਤਰਥੀ ਸੂਰਮਿਆਂ ਨੂੰ ਮੀਰਨ= ਪਾਤਿਸ਼ਾਹਾਂ ਨੂੰ ਅਤੇ ਖਾਨਮ= ਖਾਨ ਜੋ ਦਸ ਹਜ਼ਾਰੀ ਪੰਜ ਹਜ਼ਾਰੀ ਹਨ, ਇਨ੍ਹਾਂ ਸਾਰਿਆਂ ਵਿਚੋਂ ਕਿਸੇ ਨੂੰ ਵੀ ਆਪਣੇ ਸੰਗ ਦਾ ਸਾਥੀ ਨੇਤ੍ਰਾਂ ਦੀ

ਦ੍ਰਿਸ਼ਟੀ ਨਾਲ ਨਾ ਨਿਹਾਰਹੁ-ਨਾ ਦੇਖਣਾ ਕਰੋ।

ਕੋਟਨ ਓਟਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ॥

ਕੋਟਨ= ਕਿਲ੍ਹਿਆਂ ਦਾ ਅਤੇ ਕੋਸ= ਖਜ਼ਾਨਿਆਂ ਦਾ ਓਟਨ= ਆਸਰਾ ਲੈਣ ਕਰ ਕੇ ਛੋਟਾ= ਛੁਟਕਾਰਾ ਨਹੀਂ ਹੋ ਸਕਦਾ। ਜੋ ਜੀਵ ਆਪਣੇ ਕਰ ਝਾਰਹੁ= ਹੱਥਾਂ ਨੂੰ ਝਾੜ ਕੇ ਭਾਵ ਬੇ-ਫਿਕਰ ਹੋ ਕੇ ਵਿਸ਼ੇ ਵਿਕਾਰਾਂ ਨੂੰ ਭੋਗਣਾ ਕਰਦੇ ਹਨ, ਅੰਤ ਨੂੰ ਜਮਦੂਤ ਉਹਨਾਂ ਉਪਰ ਦੋਵੇਂ ਹੱਥ ਝਾੜਦੇ ਹਨ। ਭਾਵ ਚੰਗੀ ਤਰ੍ਹਾਂ ਤਿਸ ਵਿਕਾਰੀ ਨੂੰ ਮਾਰਦੇ ਕੁੱਟਦੇ ਹਨ, ਇਸ ਲਈ ਇਸ ਜੀਵ ਨੂੰ ਚਾਹੀਦਾ ਹੈ ਆਪਣੇ ਬਚਾਓ ਲਈ ਵਿਸ਼ੇ-ਵਿਕਾਰਾਂ ਵਲੋਂ ਆਪਣੇ ਮਨ, ਬੁੱਧੀ ਰੂਪ ਹੱਥਾ ਨੂੰ ਝਾੜ ਦੇਣਾ ਕਰੇ। ਭਾਵ ਆਪਣੀ ਮਨ ਬੁੱਧੀ ਨੂੰ ਵਿਕਾਰਾਂ ਵਲ ਜਾਣ ਨਾ ਦੇਵੇ।

ਮਿਤ੍ਰਨ ਪੁਤ੍ਰ ਕਲਤ੍ਰ ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ॥

ਮਿਤ੍ਰਨ= ਮਿਤਰ, ਪੁਤ੍ਰ, ਕਲਤ੍ਰ= ਇਸਤਰੀ ਸਾਜਨ ਸਖ= ਪਿਆਰੇ ਸੱਜਣ ਇਤਿਆਦਿ ਸਾਰੇ ਸਾਥੀ ਅੰਤਮ ਸਮੇਂ ਬ੍ਰਿਛ ਦੀ ਛਾਂਰਹੁ= ਛਾਂ ਵਾਂਗੂੰ ਉਲਟ ਜਾਂਦੇ ਹਨ। ਭਾਵ ਜਿਵੇਂ ਸੰਧਿਆ ਵੇਲੇ ਬ੍ਰਿਛ ਦੀ ਛਾਂ ਬ੍ਰਿਛ ਦੇ ਸੰਗ ਨੂੰ ਛੱਡ ਦਿੰਦੀ ਹੈ, ਤਿਵੇਂ ਸਾਰੇ ਸਾਥੀ ਅੰਤ ਸਮੇਂ ਜੀਵ ਦੇ ਸੰਗ ਨੂੰ ਛੱਡ ਦਿੰਦੇ ਹਨ।

ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਰਹੁ॥

ਦੀਨਾਂ 'ਤੇ ਦਇਆਲਤਾ ਕਰਨ ਵਾਲਾ ਜੋ ਸਾਰਿਆਂ ਵਿਖੇ ਪੂਰਨ ਪੁਰਖ ਪ੍ਰਭੂ ਹੈ, ਤਿਸ ਅਗਮ ਅਪਾਰ ਨੂੰ ਛਿਨ ਛਿਨ* ਕਾਲ ਵਿਚ ਸਿਮਰਨਾ ਕਰੋ।

ਸ੍ਰੀਪਤਿ ਨਾਥ ਸਰਣਿ ਨਾਨਕ ਜਨ ਹੇ ਭਗਵੰਤ ਕ੍ਰਿਪਾ ਕਰਿ ਤਾਰਹੁ॥ ੫॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ ਕਿ ਉਸ ਵਾਹਿਗੁਰੂ ਅੱਗੇ ਐਸੇ ਪ੍ਰਾਰਥਨਾ ਕਰੋ ਕਿ ਹੇ ਸ੍ਰੀ= ਲਛਮੀ ਦੇ ਪਤੀ ਦਾਸਾਂ ਦੇ ਨਾਥ= ਸੁਆਮੀ! ਮੈਂ ਜਨ ਆਪ ਜੀ ਦੀ ਸ਼ਰਨ ਵਿਖੇ ਆਇਆ ਹਾਂ। ਹੇ ਭਗਵੰਤ! ਆਪ ਕਿਰਪਾ ਕਰ ਕੇ ਮੈਨੂੰ ਤਾਰਨਾ ਕਰੋ॥ ੫॥

ਹੁਣ ਮਾਇਆ ਦੀ ਪ੍ਰਬਲਤਾ ਦੱਸਦੇ ਹਨ- ਇਹ ਮਾਇਆ ਅਜੇਹੀ ਪ੍ਰਬਲ ਹੈ—

ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ॥

ਕਿਸੇ ਨੂੰ ਪ੍ਰਾਣਾਂ ਦੇ ਰਸਤੇ, ਕਿਸੇ ਨੂੰ ਮਾਣ ਦੇ ਰਸਤੇ, ਕਿਸੇ ਨੂੰ ਦਾਨ ਦੇ ਰਸਤੇ, ਜੋਹਨ= ਨਾਸ ਕਰਦੀ ਹੈ।

(੧) ਪ੍ਰਾਣਾਂ ਦੇ ਰਸਤੇ ਇਸ ਤਰ੍ਹਾਂ ਨਾਸ ਕਰਦੀ ਹੈ ਜਦ ਪੁਰਸ਼ ਪਾਸੋਂ ਮਾਇਆ ਚਲੀ ਜਾਂਦੀ ਹੈ ਭਾਵ ਵਾਪਾਰ 'ਚੋਂ ਘਾਟਾ ਪੈ ਜਾਂਦਾ ਹੈ ਤਾਂ ਨਾਲ ਹੀ ਪ੍ਰਾਣ ਨਿਕਲ ਜਾਂਦੇ ਹਨ।

ਯਥਾ- ਬਹੁਤ ਜਤਨ ਪ੍ਰਾਨੀ ਕਰੈ ਅਤਿ ਕਲੇਸਤਾ ਹੇਤੁ॥
ਜੁਰੇ ਤਾ ਰੱਛਾ ਨਿਪਟ ਦੁਖ ਜਾਇ ਤ ਪ੍ਰਾਨ ਸਮੇਤ॥ ੧੩॥ *(ਵਿਚਾਰਮਾਲਾ ਬਿਸ੍ਰਾਮ ੪)*

(੨) ਜਿਸ ਵੇਲੇ ਮਾਇਆ ਚਲੀ ਜਾਂਦੀ ਹੈ ਤਾਂ ਮਾਨੀ ਦਾ ਮਾਣ ਭੰਗਨ ਹੋ ਜਾਂਦਾ ਹੈ।

(੩) ਜਦ ਕਿਸੀ ਸਮੇਂ ਦਾਨ ਦੇਣ ਦਾ ਮੌਕਾ ਬਣਦਾ ਹੈ ਤਾਂ ਹੱਥੋਂ ਦਾਨ ਦੇਂਦਾ ਨਹੀਂ ਤੇ ਹੋਰਨਾਂ ਦੇ ਮਜਬੂਰ ਕਰਨ ਤੇ ਉਸੇ ਚਿੰਤਾ ਵਿਚ ਹੀ ਹਰੀਹਰ ਹੋ ਜਾਂਦਾ ਹੈ। ਇਸ ਵਜ੍ਹਾ ਨਾਲ ਮਾਇਆ ਸਾਰਿਆਂ ਨੂੰ ਮਾਰਨਾ ਕਰਦੀ ਹੈ। *ਅਥਵਾ-* ਇਹ ਜੀਵ ਪ੍ਰਾਣਾਂ ਨਾਲੋਂ ਵੀ ਮਾਇਆ ਨੂੰ ਪਿਆਰੀ ਸਮਝਦਾ ਹੈ ਅਤੇ ਮਨ, ਵਾ— ਮਾਣ

**ਵਿਆਕਰਣ ਵਾਲੇ ਕਹਿੰਦੇ ਹਨ ਕਿ 'ਘਟ' ਸ਼ਬਦ ਦੇ ਕਹਿਣ ਤੇ ਦੋ 'ਛਿਨ' ਬੀਤ ਜਾਂਦੇ ਹਨ ਅਤੇ ਨਿਆਇਕ ਮਤ ਵਾਲੇ ਕਹਿੰਦੇ ਹਨ ਕਿ ਪਿੱਪਲ ਦੇ ਪੱਤੇ ਵਿਚ ਸੂਲ(ਸੂਈ) ਲੰਘਣ ਕਾਲ ਵਿਚ ਚਾਰ 'ਛਿਨ' ਬੀਤ ਜਾਂਦੇ ਹਨ।*

ਨਾਲੋਂ ਵੀ ਮਾਇਆ ਨੂੰ ਚੰਗਾ ਜਾਣਦਾ ਹੈ। ਹੁਰ ਵੇਲੇ ਮਾਇਆ ਦੇ ਮਗ ਜੋਹਨ= ਰਸਤੇ ਨੂੰ ਦੇਖਦਾ ਰਹਿੰਦਾ ਹੈ ਕਿ ਕੋਈ ਆ ਕੇ ਦਾਨ ਦੇ ਜਾਵੇ। ਚਿਤ ਦੇ ਹੀਤੁ= ਪ੍ਰੇਮ ਨੂੰ ਦੇ ਕੇ ਮਾਇਆ ਨੂੰ ਲੈ ਲੈ ਕੇ ਪਾਰੀ= ਪਾਲ਼ਣਾ ਭਾਵ ਇਕੱਤਰ ਕੀਤਾ ਹੈ।

ਸਾਜਨ ਸੈਨ ਮੀਤ ਸੁਤ ਭਾਈ ਭਾਹੂ ਤੇ ਲੇ ਰਖੀ ਨਿਰਾਰੀ॥

ਸਾਜਨ= ਸੱਜਣਾ ਸੈਨ= ਸਾਥੀਆਂ ਮੀਤ= ਮਿੱਤਰਾਂ ਸੁਤ= ਪੁੱਤਰਾਂ ਭਾਈ= ਭਰਾਵਾਂ, ਤਿਨਾਂ ਸਾਰਿਆਂ ਪਾਸੋ ਲੁਕਾ ਕੇ ਮਾਇਆ ਲੈ ਕੇ ਨਿਰਾਰੀ= ਵੱਖਰੀ ਹੀ ਰੱਖਣਾ ਕੀਤੀ ਹੈ।

ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ।

ਮਾਇਆ ਦੇ ਪਾਉਣ ਵਾਸਤੇ ਦੇਸਾਂ ਪ੍ਰਦੇਸਾਂ ਵਿਖੇ ਧਾਵਨ= ਦੌੜਦੇ ਹਨ ਅਤੇ ਕੂਰ ਕਮਾਵਨ= ਝੂਠ ਬੋਲਦੇ ਹੁਨ, ਇਹ ਰੀਤੀ ਕਰਦਿਆਂ ਹੋਇਆਂ ਆਪਣੇ ਸਰੀਰ ਦੀ ਅਉਧ= ਉਮਰ ਨਿਸਫਲ ਹੀ ਜਾਰੀ= ਗਵਾ ਲਈ ਹੈ।

ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ॥

ਸ਼ੁਭ ਕਰਮ ਕਰਨੇ, ਸ਼ੈ੍ਧਰਮ ਧਾਰਨਾ, ਸੰਜਮ= ਇੰਦਰੀਆਂ ਦਾ ਦਮਨ ਕਰਨਾ, ਸੁਚ= ਪਵਿੱਤਰਤਾ ਦੇ ਸਹਿਤ ਰਹਿਣਾ, ਨੇਮਾ= ਯਮ ਨਿਯਮ ਆਦਿਕ ਸਾਧਨਾਂ ਦਾ ਕਰਨਾ। ਇਤਿਆਦਿਕ ਸਾਰੀਆਂ ਵਿਧੀਆਂ ਚੰਚਲ= ਮਾਇਆ ਦੇ ਨਾਲ ਮਿਲ ਕੇ ਇਨ੍ਹਾਂ ਜੀਵਾਂ ਨੇ ਹਾਰ ਦਿੱਤੀਆਂ ਹਨ। ਇਸ ਕਰ ਕੇ-

ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ॥

ਪਸ਼ੂ, ਪੰਛੀ, ਬ੍ਰਿਛ, ਅਸਥਾਵਰ= ਪਹਾੜ ਇਤਿਆਢਿਕ ਬਹੁ ਬਿਧਿ= ਬਹੁਤ ਪ੍ਰਕਾਰ ਦੀਆਂ ਜੂਨੀਆਂ ਵਿਚ ਭ੍ਰਮਿਓ= ਫਿਰਦੇ ਹੋਏ ਬੜੇ ਦੁੱਖਾਂ ਨੂੰ ਭੋਗਦੇ ਹਨ।

ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ ਦੀਨਾ ਨਾਥ ਪ੍ਰਾਨਪਤਿ ਸਾਰੀ॥

ਸਾਰੀ ਉਮਰ ਵਿਚ ਪਲ ਦਾ ਖਿਨ ਮਾਤ੍ਰ ਅਤੇ ਇਕ ਚਸਾ ਭਰ ਇਨ੍ਹਾਂ ਜੀਵਾਂ ਨੇ ਦੀਨਾ ਨਾਥ= ਗਰੀਬਾਂ ਦੇ ਸੁਆਮੀ ਤੇ ਪ੍ਰਾਣਾਂ ਦੇ ਪਤੀ= ਮਾਲਕ ਪ੍ਰਭੂ ਦੇ ਨਾਮ ਨੂੰ ਸਿਮਰਨਾ ਨਹੀਂ ਕੀਤਾ।

ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ॥

ਇਹ ਜੀਵ ਰਸਦਾਇਕ ਮਿੱਠੇ ਭੋਜਨਾਂ ਦੇ ਖਾਣ ਪੀਣ ਵਿਚ ਲੱਗ ਰਹੇ ਹਨ, ਪਰ ਇਹ ਨਹੀਂ ਵਿਚਾਰਦੇ ਕਿ ਅੰਤ ਕੀ ਬਾਰ= ਅੰਤ ਸਮੇਂ ਇਹਨਾਂ ਪਦਾਰਥਾਂ ਨੇ ਮੇਰੇ ਪਾਸ ਹੋਰ ਕਤ ਖਾਰੀ= ਕਦ ਖੜਿਆਂ ਹੋਣਾ ਹੈ। *ਅਥਵਾ-* ਖਾਨ= ਮੰਦਰਾਂ ਵਿਚ ਬੈਠੇ ਹੋਏ ਪਾਨ= ਪਾਨਾਂ ਦੇ ਬੀੜੇ ਚੱਬਦੇ ਹਨ ਤੇ ਮਿੱਠੇ ਰਸਦਾਇਕ ਭੋਜਨਾਂ ਨੂੰ ਖਾਂਦੇ ਹਨ, ਪਰ ਇਹ ਨਹੀਂ ਵਿਚਾਰਦੇ ਕਿ ਇਨ੍ਹਾਂ ਦੇ ਸਬੰਧ ਕਰ ਕੇ ਅੰਤ ਨੂੰ ਮੈਨੂੰ ਹੋਰ ਕਤ ਖਾਰੀ= ਕਿਤਨਾਂ ਕੁ ਦੁੱਖ ਪ੍ਰਾਪਤ ਹੋਣਾ ਹੈ।

ਨਾਨਕ ਸੰਤ ਚਰਨ ਸੰਗਿ ਉਧਰੇ ਹੋਰਿ ਮਾਇਆ ਮਗਨ ਚਲੇ ਸਭਿ ਡਾਰੀ॥੬॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ- ਜਿਹੜੇ ਮਨੁੱਖ ਸੰਤਾਂ ਦੇ ਚਰਨਾਂ ਨਾਲ ਲੱਗੇ ਹਨ ਉਹ ਤਾਂ ਸੰਸਾਰ ਸਾਗਰ ਤੋਂ ਤਰ ਗਏ ਹਨ, ਹੋਰ ਜਿਹੜੇ ਮਨੁੱਖ ਮਾਇਆ ਵਿਚ ਮਸਤ ਹਨ, ਉਹ ਆਪਣਾ ਸਭ ਕੁਝ ਡਾਰੀ=

www.sikhbookclub.com

ਗਵਾ ਕੇ ਸੰਸਾਰ ਤੋਂ ਖਾਲੀ ਹੱਥ ਪ੍ਰਲੋਕ ਵਿਚ ਚਲੇ ਗਏ ਹਨ॥ ੬॥

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥

ਬ੍ਰਹਮਾ ਜੀ ਤੋਂ ਆਦ ਲੈ ਕੇ ਵਿਸ਼ਨੂੰ ਤੇ ਸ਼ਿਵ ਅਤੇ ਬੜੇ-ਬੜੇ ਮੁਨੀਸੁਰ= ਮਹਾਂਭਮਾ ਰਸਕਿ-ਰਸਕਿ= ਭਦਾਕਾਰ ਹੋ ਹੋ ਕੇ ਸਾਰੇ ਹੀ ਠਾਕੁਰ ਜੀ ਦੇ ਗੁਣਾਂ ਨੂੰ ਗਾਉਂਦੇ ਹਨ। *ਅਥਵਾ*-ਬ੍ਰਹਮਾ ਜੀ ਤੋਂ ਆਦਿ ਵਿਸ਼ਨੂੰ ਅਤੇ ਸ਼ਿਵ ਜੀ ਇੰਹ ਰਸਕਿ= ਤੰਦਾਕਾਰ ਹੋ ਕੇ ਠਾਕੁਰ ਦੇ ਗੁਣਾਂ ਨੂੰ ਗਾਂਵਦੇ ਹਨ। ਅਤੇ ਬਿਆਸ ਵਸ਼ਿਸ਼ਟ ਆਦਿਕ ਬੜੇ ਬੜੇ ਮੁਨੀਸ਼ੁਰ ਵੀ ਰਸਕਿ= ਤੰਦਾਕਾਰ ਹੋ ਕੇ ਠਾਕੁਰ ਦੇ ਗੁਣਾਂ ਨੂੰ ਗਾਂਵਦੇ ਹਨ।

ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧੰਞਹਿ ਗਗਨ ਆਵਤ ਫੁਨਿ ਧਾਵਤ॥

(ਤੇਤੀ ਕ੍ਰੋੜ ਦੇਵਤਿਆਂ ਦਾ) ਰਾਜਾ ਇੰਦਰ ਤੇ ਮੁਨਿੰਦ੍ਰ= ਮੁਨੀਆਂ ਦੇ ਬੜੇ-ਬੜੇ ਮੁਨੀ (ਬਿਆਸ ਸੁਕਦੇਵ ਜੀ ਆਦਿਕ) ਅਤੇ ਗੋਰਖ ਨਾਥ ਜੀ ਇਤਿਆਦਿਕ ਸਾਰੇ ਹੀ ਉਸ ਪ੍ਰਮਾਂਭਮਾਂ ਨੂੰ ਖੋਜਦੇ ਹੋਏ-ਧਰਤੀ ਅਰ ਅਕਾਸ਼ ਵਿਖੇ ਆਉਂਦੇ ਤੇ ਧਾਵਭ= ਜਾਂਦੇ ਹਨ।

ਸਿਧ ਮਨੁਖ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ॥

ਚੌਰਾਸੀ ਸਿਧ, ਮਨੁੱਖ ਅਤੇ ਦੇਵਤਾ, ਦੈਂਤ ਇਹ ਸਾਰੇ ਇਕੱਠੇ ਹੋ ਕੇ ਉਸ ਦਾ ਜਸ ਗਾਉਂਦੇ ਤਾਂ ਹਨ। ਪਰ ਇਕ ਤਿਲ ਜਿੰਨਾ ਵੀ ਤਿਸ ਪ੍ਰਮਾਤਮਾ ਦਾ ਮਰਮੁ= ਭੇਦ ਨਹੀਂ ਪਾਂਵਦੇ।

ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ॥

ਜਿਸ ਪਿਆਰੇ ਪ੍ਰਭੂ ਪ੍ਰਮਾਭਮਾਂ ਦੀ ਪ੍ਰੇਮਾ ਭਗਤੀ ਵਿਖੇ ਪ੍ਰੀਤੀ ਹੈ ਹਰੀ ਨਾਮ ਦਾ ਚਿੰਤਨ ਕਰਣ ਵਾਲੇ ਗੁਰਮੁਖ ਮਹਾਤਮਾਂ ਜਨ ਰਸ= ਪ੍ਰੇਮ ਸਹਿਭ-ਭਾ ਕੈ ਦਰਸ ਸਮਾਵਤ= ਉਸ ਪਰਮਾਤਮਾ ਦੇ ਸਰੂਪ ਵਿਖੇ ਸਮਾਏ ਹਨ। *ਅਥਵਾ*-ਪ੍ਰਿਅ ਪ੍ਰਭ= ਪਿਆਰੇ ਪ੍ਰਭੂ ਵਿਖੈ ਜਿਨਾਂ ਨੇ ਮਨ ਕਰ ਕੇ ਪ੍ਰੀਤੀ ਕੀਤੀ ਹੈ, ਤਨ ਕਰ ਕੇ ਪ੍ਰੇਮ ਕੀਤਾ ਹੈ, ਬਾਣੀ ਕਰ ਕੇ ਰਸ ਭਗਤੀ= ਪ੍ਰੇਮਾ ਭਗਤੀ ਕੀਤੀ ਹੈ, ਉਹ ਹਰੀ ਦੇ ਪਿਆਰੇ ਜਨ ਉਸ ਹਰੀ ਦੇ ਦਰਸਿ= ਸਰੂਪ ਵਿਖੇ ਸਮਾਏ ਹਨ।

ਅਥਵਾ- ਪ੍ਰਿਅ ਪ੍ਰਭ= ਪਿਆਰੈ ਪ੍ਰਭੂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਚਰਨਾਂ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰੀਤੀ ਕੀਤੀ ਹੈ। ਅਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਪ੍ਰੇਮਾ ਭਗਤੀ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤੀ ਹੈ। ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਰਸ= ਪ੍ਰੇਮ ਕੀਤਾ ਹੈ। ਹਰੀ ਦੇ ਗੁਰਮੁਖ ਜਨ ਤਾ ਕੈ ਦਰਸਿ= ਉਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਸ਼ਨ ਵਿਖੇ ਸਮਾਏ ਹਨ।

ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ॥

ਤਿਸ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਨੂੰ ਤਿਆਗਿ= ਛੱਡ ਕੇ ਜੋ ਮਨੁੱਖ ਆਨ ਕਉ ਜਾਚਹਿ= ਹੋਰਨਾਂ ਪਾਸੋਂ ਜਾ ਕੇ ਮੰਗਦੇ ਹਨ। ਉਸ ਦੇ ਮੂੰਹ, ਦੰਦ, ਜੀਭ ਆਦਿਕ ਸਭ ਇੰਦ੍ਰੀਏ ਮੰਗਦਿਆਂ-ਮੰਗਦਿਆਂ ਘਸ ਜਾਂਦੇ ਹਨ ਪਰ ਉਨ੍ਹਾਂ ਨੂੰ ਮਿਲਦਾ ਕੁਝ ਨਹੀਂ।

ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ ॥ ੭ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਹੇ ਮੂਰਖ ਮਨ! ਅਸੀਂ ਤੈਨੂੰ ਸਮਝਾਂਦੇ ਹਾਂ ਤੂੰ ਦਾਸਾ ਭਾਵ ਦੇ ਸਹਿਤ ਹੋ ਕੇ ਸੁਖਦਾਤੇ ਪ੍ਰਮਾਤਮਾ ਦੇ ਨਾਮਾਂ ਨੂੰ ਸਿਮਰਨਾ ਕਰ ॥ ੭ ॥

ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥

ਮਾਇਆ ਦਾ ਰੰਗ= ਆਨੰਦ ਇਸ ਜੀਵ ਨੂੰ ਪ੍ਰਮੇਸ਼ਰ ਦੇ ਬਿ-ਰੰਗ= ਪ੍ਰੇਮ ਤੋਂ ਰਹਿਤ ਕਰਨ ਵਾਲਾ ਹੈ। *ਅਥਵਾ-*ਮਾਇਆ ਦਾ ਰੰਗ= ਪ੍ਰੇਮ ਇਸ ਜੀਵ ਨੂੰ ਬਿਰੰਗ= ਬਿਹਾਲ ਕਰਨ ਵਾਲਾ ਹੈ। ਇਹ ਜੀਵ ਭ੍ਰਮ ਕਰ ਕੇ ਮੋਹ ਰੂਪ ਗੁਬਾਰਿ ਕੂਪਿ= ਅੰਨ੍ਹੇ ਖੂਹ ਵਿਚ ਪੈ ਰਿਹਾ ਹੈ।

ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਰ ਕ੍ਰਿਮਿ ਉਦਰੁ ਭਰਿਓ ਹੈ ॥

ਇਹ ਜੀਵ ਇਤਨਾ ਹੰਕਾਰ ਕਰਦਾ ਹੈ ਕਿ ਅਕਾਸ਼ ਵਿਖੇ ਵੀ ਨਹੀਂ ਮਾਵ= ਸਮਾਂਵਦਾ। ਜਿਵੇਂ ਹਰਨਾਖਸ਼ ਨੇ ਵਰ ਪ੍ਰਾਪਤ ਕਰ ਕੇ ਸਭਨਾਂ ਦੇਵੀ ਦੇਵਤਿਆਂ (ਵਿਸ਼ਨੂੰ, ਬ੍ਰਹਮਾ, ਸ਼ਿਵਜੀ ਆਦਿਕਾਂ) ਵਿਖੇ ਭੜਥੂ ਪਾ ਕੇ ਵਿਸ਼ਨ ਪੁਰੀ 'ਚੋਂ ਵਿਸ਼ਨੂੰ ਨੂੰ ਭਜਾ ਕੇ ਥਲਾਂ ਅਕਾਸ਼ਾਂ ਜਲਾਂ ਵਿਖੇ ਆਪਣਾ ਨਾਮ ਜਪਾਣਾ ਕੀਤਾ ਹੈ। *ਯਥਾ-* ਜਲੇ ਹਰਨਾਖਸ਼। ਥਲੇ ਹਰਨਾਖਸ਼। ਹੈ ਭੀ ਹਰਨਾਖਸ਼। ਹੋਸੀ ਭੀ ਹਰਨਾਖਸ਼।

ਜਿਵੇਂ ਰਾਵਣ ਨੇ ਬ੍ਰਹਮ ਲੋਕ ਵਿਚ ਜਾ ਕੇ ਭੜਥੂ ਪਾ ਦਿੱਤਾ ਸੀ, ਪਰ ਇਹ ਨਹੀਂ ਸਮਝਦਾ ਕਿ-ਮੇਰਾ ਉਦਰੁ= ਪੇਟ ਆਦਿ ਸਾਰਾ ਸਰੀਰ ਬਿਸਟਾ= ਗੰਦਗੀ, ਅਸ੍ਰ= ਹਡੀਆਂ ਅਤੇ ਕ੍ਰਿਮਿ= ਕੀੜਿਆਂ ਆਦਿਕਾਂ ਕਰ ਕੇ ਭਰਿਆ ਹੋਇਆ ਹੈ।

ਦਹ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ ॥

ਬਿਖਿਆ ਕਉ= ਮਾਇਆ ਦੇ ਪਾਵਣੇ ਨੂੰ ਦਸੋਂ ਹੀ ਦਿਸ਼ਾਂ ਵਿਖੇ ਮਹਾ ਧਾਇ= ਬਹੁਤ ਦੌੜਦਾ ਹੈ ਅਤੇ ਅਗਿਆਨ ਦਾ ਹਰਿਓ= ਠਗਿਆ ਹੋਇਆ ਪਰ ਧਨ= ਪਰਾਏ ਧਨ ਨੂੰ ਛੀਨਿ= ਖੋਹ ਕੇ ਆਪਣੇ ਘਰ ਵਿਖੇ ਲਿਆਉਣਾ ਕਰਦਾ ਹੈ।

ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥

ਜੋਬਨ= ਜੁਆਨੀ ਦੇ ਬੀਤਣੇ ਕਰ ਕੇ ਜਰਾ= ਬਿਰਧ ਅਵਸਥਾ ਰੂਪੀ ਰੋਗ ਨੇ ਇਸ ਨੂੰ ਗ੍ਰਸ ਲਿਆ ਹੈ, ਮਿਰਤੁ ਮਰਿਓ ਹੈ= ਮੌਤ ਦਾ ਮਾਰਿਆ ਹੋਇਆ ਇਹ ਜੀਵ ਜਮਦੂਤਾਂ ਨਾਲ ਜਾ ਕੇ ਧਰਮਰਾਜ ਦੀ ਕਚਹਿਰੀ ਵਿਖੇ ਡੰਨ ਭਰਦਾ ਹੈ। *ਅਥਵਾ-* ਮਿਰਤੁ= ਮਰਨ ਸਮੇਂ ਜਮਦੂਤ ਇਸ ਨੂੰ ਖੂਬ ਡੰਨੁ ਮਰਿਓ ਹੈ= ਡੰਡਿਆਂ ਨਾਲ ਮਾਰਦੇ ਹਨ।

ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ ॥

ਫਿਰ ਅਨੇਕ ਪ੍ਰਕਾਰ ਦੀਆਂ ਜੂਨੀਆਂ ਰੂਪ ਨਰਕਾਂ ਦੇ ਸੰਕਟ= ਦੁਖਾਂ ਨੂੰ ਭੁੰਚਤ= ਭੋਗਦਾ ਹੈ। *ਵਾ-*ਅਨੇਕਾਂ ਜੂਨੀਆਂ ਦੇ ਦੁੱਖਾਂ ਨੂੰ ਅਤੇ ਨਰਕਾਂ ਦੇ ਦੁੱਖਾਂ ਨੂੰ ਭੋਗਦਾ ਹੈ। ਫਿਰ ਜਮਦੂਤਾਂ ਦੀ ਸਾਸਨ= ਤਾੜਨਾ ਨੂੰ ਸਹਾਰਦਾ ਹੋਇਆ ਦੁੱਖਾਂ ਰੂਪ ਗਰਤਿ= ਟੋਏ ਵਿਚ ਗਰਿਓ ਹੈ= ਗਲਦਾ ਹੈ। *ਅਥਵਾ-*ਦੁੱਖਾਂ ਦਾ ਟੋਇਆ ਜੋ ਮਾਤ੍ਰਾ ਦਾ ਉਦਰ ਹੈ ਉਸ ਵਿਖੇ ਪੈ ਕੇ ਗਲਦਾ ਹੈ।

www.sikhbookclub.com

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ॥ ੮ ॥

ਸਤਿਗੁਰ ਦੇਵ ਜੀ ਕਥਨ ਕਰਦੇ ਹਨ— ਜੋ ਸੰਤ ਪ੍ਰੇਮਾ ਭਗਤੀ ਕਰਦੇ ਹਨ, ਉਹੀ ਸੰਸਾਰ-ਸਾਗਰ ਤੋਂ ਉਧਰਹਿ= ਤਰ ਗਏ ਹਨ, ਉਹਨਾਂ ਸੰਤਾਂ ਨੂੰ ਪ੍ਰਭੂ ਨੇ ਕਿਰਪਾ ਕਰ ਕੇ ਆਪਿ ਕਰਿਓ ਹੈ= ਆਪਣਾ ਰੂਪ ਹੀ ਕਰ ਲਿਆ ਹੈ॥ ੮ ॥

ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥

(ਹਰੀ ਨਾਮ ਦੇ ਉਚਾਰਣ ਕਰ ਕੇ ਸਤਿ, ਸੰਤੋਖ, ਧੀਰਜ, ਧਰਮ ਵਿਚਾਰ ਆਦਿਕ) ਸਮੂਹ ਗੁਣ ਪ੍ਰਾਪਤ ਹੋਏ ਹਨ (ਧਰਮ, ਅਰਥ, ਕਾਮ, ਮੋਖਸ਼) ਰੂਪ ਸਾਰੇ ਫਲ ਅਤੇ ਮਨ ਦੇ ਸਾਰੇ ਮਨੋਰਥ ਪ੍ਰਾਪਤ ਹੋਏ ਹਨ ਫਿਰ ਅਸਾਡੇ ਮਨ ਦੀ ਆਸਾ ਪੂਰਨ ਹੋਈ ਹੈ।

ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥

ਫਿਰ ਵਾਹਿਗੁਰੂ ਦਾ ਨਾਮ ਐਸਾ ਗੁਣਕਾਰੀ= ਲਾਭਦਾਇਕ ਹੈ ਜੁ ਸਾਰਿਆਂ ਰੋਗਾਂ ਦੇ ਖੰਡਣ= ਨਾਸ ਕਰਨ ਨੂੰ ਅਉਖਧ= ਦਵਾਈ ਰੂਪ ਹੈ ਅਤੇ ਪਰ ਦੁੱਖ ਹਰ= ਭਲੀ ਪ੍ਰਕਾਰ ਦੁੱਖਾਂ ਦੇ ਨਾਸ ਕਰਨ ਨੂੰ ਸਮਰੱਥ ਹੈ। ਕਾਮ ਆਦਿਕਾਂ ਰੂਪੀ ਸੱਪਾਂ ਦੀ ਵਿਸ਼ਿਆਂ ਰੂਪ ਵਿਹੁ ਦੇ ਦੂਰ ਕਰਨ ਨੂੰ ਮੰਤ੍ਰ ਰੂਪ ਹੈ ਅਤੇ ਰਾਗ ਦ੍ਵੈਸ਼ ਰੂਪ ਫੋੜੇ ਫਿਨਸੀਆਂ ਦੇ ਦੂਰ ਕਰਨ ਨੂੰ ਪ੍ਰਮੇਸ਼ਰ ਦਾ ਨਾਮ ਤੰਤਰ ਰੂਪ ਹੈ।

[ਪੰਨਾ ੧੩੮੯]

ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥

ਹਰੀ ਨਾਮ ਦੇ ਉਚਾਰਨ ਕਰਨ ਤੇ ਕਾਮ, ਕ੍ਰੋਧ ਮਦ= ਹੰਕਾਰ, ਮਤਸਰ= ਈਰਖਾ ਅਤੇ ਮਾਇਆ ਦੀ ਤ੍ਰਿਸ਼ਨਾ ਆਦਿ ਸਾਰੀ ਆਸੁਰੀ ਸੰਪਦਾ ਬਿਨਸ ਜਾਂਦੀ ਹੈ।

ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ ॥

ਅਸਾਂ ਨੇ ਆਪਣੇ ਹਿਰਦੇ ਵਿਖੇ ਜੋ ਪ੍ਰਭੂ ਦੇ ਚਰਨ ਕੰਵਲਾਂ ਦੀ ਪ੍ਰੀਤੀ ਧਾਰੀ ਹੈ, ਏਹੀ ਸਾਡਾ ਤੀਰਥ ਇਸ਼ਨਾਨ ਕਰਨਾ ਹੈ, ਦਾਨ ਪੁੰਨ ਤਾਪਨ= ਤਪ ਦਾ ਤਪਣਾ ਤੇ ਸੁਚਿ= ਪਵਿੱਤਰਤਾ ਆਦਿ ਕਿਰਿਆ ਹੈ। *ਅਥਵਾ-*ਜਿਹਨਾਂ ਨੇ ਪ੍ਰੀਤੀ ਪੂਰਬਕ ਪ੍ਰਭੂ ਦੇ ਚਰਨ ਕੰਵਲ ਹਿਰਦੇ ਵਿਖੇ ਧਾਰੇ ਹਨ ਉਹਨਾਂ ਦੇ ਤੀਰਥ ਇਸ਼ਨਾਨ,ਦਾਨ ਪੁੰਨ, ਤਪ, ਪਵਿੱਤਰਤਾ ਆਦਿ ਕ੍ਰਿਆ ਕੀਤੀਆਂ ਸਭ ਸਫਲੀਆਂ ਹਨ।

ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥

ਮੇਰਾ ਸੱਜਣ ਇਸ ਲੋਕ ਦਾ ਮਿੱਤਰ ਪ੍ਰਲੋਕ ਦਾ ਅਤੇ ਸਖਾ ਬੰਧਪ= ਪਿਆਰਾ ਸੰਬੰਧੀ ਭਾਵ ਸਹਾਇਕ ਇਕ ਹਰੀ ਹੀ ਹੈ। ਜੋ ਜੀਵਾਂ ਨੂੰ ਧਾਨ= ਅੰਨ ਦੇਣ ਵਾਲਾ ਹੈ। ਵਾ- ਜੋ ਜੀਵਾਂ ਕਰ ਕੇ ਧਾਨ= ਧਿਆਵਣੇ ਯੋਗ ਹੈ, ਓਹੀ ਪ੍ਰਭੂ ਮੇਰੇ ਪ੍ਰਾਣਾਂ ਦਾ ਅਧਾਰੀ= ਆਸਰਾ ਰੂਪ ਹੈ।

ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ ॥ ੯ ॥

ਗੁਰੂ ਜੀ ਕਥਨ ਕਰਦੇ ਹਨ ਮੈਂ ਉਸ ਸਰਬ ਕਲਾ ਸਮਰੱਥ ਸੁਆਮੀ ਦੀ ਓਟ ਗ੍ਰਹਿਣ ਕੀਤੀ ਹੈ (ਫਿਰ ਮੈਂ) ਦਾਸ ਉਸ ਪ੍ਰਭੂ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ। *ਅਥਵਾ-* ਜਿਹਨਾਂ ਦਾਸਾਂ ਨੇ ਸਮਰੱਥ ਸੁਆਮੀ

www.sikhbookclub.com

ਦੀ ਓਟ ਗ੍ਰਹਿਣ ਕੀਤੀ ਹੈ, ਉਹਨਾਂ ਦਾਸਾਂ ਤੋਂ ਮੈਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ॥ ੯॥

ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ॥

ਗੁਰੂ ਜੀ ਦੇ ਚਰਨ ਕੰਵਲਾਂ ਨਾਲ ਜੁੜ ਕੇ ਜਿਸ ਨੇ ਪ੍ਰੇਮ-ਰਸ ਦੇ ਅਨੰਦ ਨੂੰ ਚਖਿਆ ਹੈ, ਉਹ ਮਨੁੱਖ ਪ੍ਰਤੱਖ ਆਵਧ= ਸ਼ਸਤਰਾਂ ਕਰ ਕੇ ਨਹੀਂ ਕਟਿਆ ਜਾ ਸਕਦਾ। ਵਾ- ਉਸ ਦਾ ਮਨ ਵਿਕਾਰਾਂ ਰੂਪੀ ਸ਼ਸਤ੍ਰਾਂ ਕਰ ਕੇ ਨਹੀਂ ਕਟਿਆ ਜਾ ਸਕਦਾ।

ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ॥

ਜਿਸ ਦਾ ਮਨ ਪ੍ਰਭੂ ਦੇ ਦਰਸ਼ਨ ਕਰਾਉਣ ਵਾਲੇ ਭਗਤੀ ਰੂਪੀ ਮਗਿ= ਰਸਤੇ ਵਿਖੇ ਬਿਧੇ= ਤਦਾਕਾਰ ਹੋਇਆ ਹੈ, ਉਹ ਮਨੁੱਖ ਕਿਸੀ ਦਾਵਨਿ= ਰੱਸੀ ਨਾਲ ਨਹੀਂ ਬੰਨ੍ਹਿਆਂ ਜਾ ਸਕਦਾ। ਵਾ-ਮੋਹ ਰੂਪੀ ਰੱਸੀ ਨਾਲ ਨਹੀਂ ਬੰਨ੍ਹਿਆਂ ਜਾ ਸਕਦਾ।

ਪਾਵਕ ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ॥

ਜੋ ਸੰਤ ਜਨਾਂ ਦੀ ਪਵਿੱਤਰ ਚਰਨ ਧੂੜੀ ਨਾਲ ਲਗ ਰਿਹਾ ਹੈ ਉਹ ਮਨੁੱਖ ਅਗਨੀ ਵਿਖੇ ਸਾੜਿਆ ਨਹੀਂ ਜਾ ਸਕਦਾ। ਵਾ- ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ। ਵਾ- ਕਾਲ ਰੂਪ ਅਗਨੀ ਵਿਖੇ ਸੜਦਾ ਨਹੀਂ, ਵਾ- ਅਗਨੀ ਉਸ ਨੂੰ ਸਾੜ ਨਹੀਂ ਸਕਦੀ।

ਸਾਖੀ—ਭਾਈ ਬਿਧੀ ਚੰਦ ਦੀ

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਕਾਲ ਤਖਤ ਸਾਹਿਬ ਦੀਵਾਨ ਵਿਖੇ ਸ਼ਸ਼ੋਭਤ ਹਨ। ਢਾਡੀ ਜਨ ਵਾਰਾਂ ਵਿਖੇ ਪਾ ਕੇ ਗੁਰੂ ਜਸ ਕਰ ਰਹੇ ਹਨ। ਸੰਗਤਾਂ ਸਤਿਗੁਰਾਂ ਦੇ ਦਰਸ਼ਨ ਦੀਦਾਰੇ ਤੇ ਗੁਰੂ-ਜਸ ਸੁਣ ਇਕ ਅਲੌਕਿਕ ਮਸਤੀ ਵਿਖੇ ਪਿੱਪਲ ਦੇ ਪੱਤੇ ਦੀ ਨਿਆਈਂ ਝੂਮ ਰਹੀਆਂ ਹਨ। ਇਤਨੇ ਨੂੰ ਇਕ ਸਿੱਖ ਵੀ ਆ ਪੁੱਜਾ ਤੇ ਸੰਗਤ ਦੇ ਇਕੱਠ ਨੂੰ ਚੀਰਦਾ ਹੋਇਆ ਸਤਿਗੁਰਾਂ ਪਾਸ ਪੁੱਜ ਕੇ ਡੰਡਉਤ ਬੰਦਨਾ ਕੀਤੀ, ਚਰਨਾਂ ਦੀ ਧੂੜੀ ਲੈ ਕੇ ਮਸਤਕ ਤੇ ਲਾਈ। ਅੱਗੇ ਕੀਮਤੀ ਦੁਸ਼ਾਲੇ ਰਖਦਿਆਂ ਪੁਨਾ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ— ਸੱਚੇ ਪਾਤਸ਼ਾਹ! ਲੋਕ ਪ੍ਰਲੋਕ ਦੇ ਰਖਯਕ ਪਿਤਾ ਜੀਓ! ਇਸ ਤਰ੍ਹਾਂ ਦੇ ਦੋ ਦੁਸ਼ਾਲੇ ਅੱਗੇ ਵੀ ਆਪ ਜੀ ਵਾਸਤੇ ਲਿਆ ਰਿਹਾ ਸੀ ਪਤਾ ਨਹੀਂ ਕੀ ਭਾਣਾ ਵਰਤਿਆ ਜੁ ਪੱਟੀ ਦੇ ਹਾਕਮਾਂ (ਪਠਾਣਾਂ) ਨੂੰ ਪਤਾ ਲੱਗ ਗਿਆ। ਉਹਨਾਂ ਨੇ ਮੇਰੇ ਪਾਸੋਂ ਦੁਸ਼ਾਲੇ ਵੀ ਖੋਹ ਲਏ ਤੇ ਧਮਕੀਆਂ ਵੀ ਦਿੱਤੀਆਂ। ਫਿਰ ਮੈਂ ਕਈ ਸੋਚਾਂ ਸੋਚਦਾ ਆਪ ਜੀ ਵੱਲ ਤੁਰ ਪਿਆ। ਥੋੜੀ ਦੂਰ ਆ ਕੇ ਸੰਕਲਪ ਹੋਇਆ ਕਿ ਸ਼ਹਿਨਸ਼ਾਹ ਦੇ ਦਰਬਾਰ ਵਿਚ ਖਾਲੀ ਹੱਥੀਂ ਕਿਵੇਂ ਜਾਵਾਂ? ਇਸ ਕਰ ਕੇ ਫਿਰ ਮੈਂ ਵਾਪਸ ਆਪਣੇ ਵਤਨ ਚਲਾ ਗਿਆ, ਉਥੋਂ ਉਸੇ ਨਾਲ ਦੇ ਇਹ ਦੋਵੇਂ ਦੁਸ਼ਾਲੇ ਲੈ ਕੇ ਸ਼ਹਿਰੋਂ ਬਾਹਰ ਜੰਗਲੋਂ ਜੰਗਲੀਂ ਆਪ ਜੀ ਦੇ ਆਸਰੇ ਤੁਰ ਪਿਆ। ਆਪ ਜੀ ਨੇ ਬੜੀ ਕਿਰਪਾ ਕੀਤੀ ਜੁ ਸਹੀ ਸਲਾਮਤ ਆਪ ਜੀ ਦੇ ਚਰਨਾਂ ਵਿਖੇ ਪੁੱਜਾ ਹਾਂ। ਉਸ ਸਿੱਖ ਦੀ ਬੇਨਤੀ ਪਿਆਰ, ਸਿਦਕ, ਭਰੋਸਾ ਤੱਕ ਕੇ ਰਹਿ ਨਾ ਸਕੇ ਤੇ ਉਸੇ ਵੇਲੇ ਬਿਧੀ ਚੰਦ ਨੂੰ ਬੁਲਾ ਭੇਜਿਆ। ਹੁਕਮ ਸੁਣਦਿਆਂ ਸਾਰ ਭਾਈ ਬਿਧੀ ਚੰਦ ਸਤਿਗੁਰਾਂ ਦੇ ਚਰਨਾਂ ਵਿਖੇ ਹਾਜ਼ਰ ਹੋਇਆ। ਸਤਿਗੁਰਾਂ ਕਿਹਾ- ਹੇ ਭਾਈ ਗੁਰਸਿੱਖਾ! ਇਸ ਗੁਰੂ ਪਿਆਰੇ ਦੇ ਦੋ ਦੁਸ਼ਾਲੇ, ਇਸ ਦੇ ਨਾਲ ਦੇ ਪੱਟੀ ਦੇ ਰਾਣੇ ਨੇ ਖੋਹ ਲਏ ਹਨ, ਉਹ ਲਿਆਉਣੇ ਹਨ। ਬਿਧੀ ਚੰਦ ਨੇ ਕਿਹਾ- ਸੱਚੇ ਪਾਤਸ਼ਾਹ ਜੀ! ਜਿਵੇਂ ਆਪ ਜੀ ਦਾ ਹੁਕਮ ਹੋਵੇ। ਇਹ ਗੱਲ ਕਹਿ ਕੇ ਉਸੇ ਵੇਲੇ ਤੁਰ ਪਿਆ। ਸ਼ਹਿਰ ਪੱਟੀ ਦੇ ਪਾਸ ਪੁੱਜ ਕੇ ਪੁਠਾਣੀ ਦਾਸੀਆਂ

www.sikhbookclub.com

ਵਰਗੇ ਕੱਪੜੇ ਲੈ ਲਏ। ਉਹਨਾਂ ਨੂੰ ਪਹਿਰ ਕੇ ਸਿਰ ਮੂੰਹ ਮੁਸਲਮਾਨੀਆਂ ਵਾਂਗੂੰ ਕੱਜ ਲਿਆ, ਸਿਰਫ ਦੋ ਅੱਖਾਂ ਹੀ ਨੰਗੀਆਂ ਰੱਖੀਆਂ ਅਤੇ ਕਿਰਪਾਨ ਅੰਦਰ ਹੀ ਲੁਕਾ ਲਈ। ਇਸ ਤਰ੍ਹਾਂ ਇਸਤਰੀਆਂ ਵਾਲਾ ਭੇਖ ਬਣਾ ਕੇ ਰਾਜ ਮਹਿਲਾਂ ਵਿਖੇ ਪ੍ਰਵੇਸ਼ ਕਰ ਗਿਆ। ਦੇਵਨੇਤ ਨਾਲ ਰਾਜ ਮਹਿਲਾਂ ਵਿਖੇ ਪਟਰਾਣੀਆਂ ਤੇ ਦਾਸੀਆਂ ਹੀ ਸਨ, ਅੰਦਰ ਜਾ ਕੇ ਤਲਵਾਰ ਕੱਢ ਲਈ ਤੇ ਧਮਕਾ ਕੇ ਕਿਹਾ— ਜੋ ਨਵੇਂ ਦੁਸ਼ਾਲੇ ਆਏ ਹਨ ਉਹ ਕਿਥੇ ਹਨ? ਜਲਦੀ ਹਾਜ਼ਰ ਕਰੋ। ਉਸ ਵੇਲੇ ਤਾਂ ਉਹਨਾਂ ਮੌਤ ਦੇ ਭੈ ਕਰ ਕੇ ਦੇ ਦਿੱਤੇ ਪਰ ਜਿਸ ਵੇਲੇ ਭਾਈ ਬਿਧੀ ਚੰਦ ਜੀ ਰਾਜ ਮਹਿਲਾਂ ਤੋਂ ਬਾਹਰ ਨਿਕਲੇ ਤਾਂ ਸਭਨਾਂ ਨੇ ਰੌਲਾ ਪਾ ਦਿੱਤਾ, ਜਿਸ ਤੇ ਪੱਟੀ ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਹੋ ਗਏ। ਇਧਰ ਭਾਈ ਬਿਧੀ ਚੰਦ ਜੀ ਆਪਣੇ ਬਚਾਅ ਦਾ ਉਪਰਾਲਾ ਸੋਚਦੇ ਛੇਤੀ ਛੇਤੀ ਕਦਮ ਚੁਕਦੇ ਜਾ ਰਹੇ ਸਨ। ਪੁਨਾ ਖਤਰਾ ਜ਼ਿਆਦਾ ਮਹਿਸੂਸ ਕਰਦੇ ਹੋਏ ਸਤਿਗੁਰਾਂ ਦੇ ਚਰਨਾਂ ਦਾ ਧਿਆਨ ਧਾਰਦੇ ਇਕ ਬਲਦੇ ਭੱਠੇ ਵਿਖੇ ਪ੍ਰਵੇਸ਼ ਕਰ ਗਏ। ਉਧਰ ਸਿਪਾਹੀ ਵੀ ਖੁਰਾ ਕੱਢਦੇ-ਕੱਢਦੇ ਉਸ ਭੱਠੇ ਦੇ ਆਲੇ-ਦੁਆਲੇ ਦੇਖ ਕੇ ਚਲੇ ਗਏ। ਪਰ-

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥
ਤਥਾ- ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ॥

ਸ਼ਬਦ ਪੜ੍ਹਦੇ ਸਤਿਗੁਰਾਂ ਦਾ ਧਿਆਨ ਧਾਰੀ ਭਾਈ ਬਿਧੀ ਚੰਦ ਜੀ ਬਲਦੇ ਭੱਠੇ ਵਿਖੇ ਬੈਠੇ ਹਨ। ਉਸ ਸਮੇਂ ਇਧਰ ਅਕਾਲ ਤਖਤ ਸਾਹਿਬ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬੜਾ ਭਾਰੀ ਦੀਵਾਨ ਲਗਾਈ ਸਿੱਖ ਸੰਗਤਾਂ ਵਿਖੇ ਸ਼ਸ਼ੋਭਤ ਸਨ। ਸਿੱਖ ਦੀਆਂ ਤਾਰਾਂ ਖੜਕਨ ਤੇ ਹੀ ਸਿੱਖਾਂ ਨੂੰ ਲਲਕਾਰ ਕੇ ਕਿਹਾ "ਛੇਤੀ ਪਾਣੀ ਦੀਆਂ ਗਾਗਰਾਂ ਲਿਆਓ!" ਬਸ ਫਿਰ ਕੀ ਸੀ, ਦੀਵਾਨ ਦੀ ਸਾਰੀ ਕਾਰਵਾਈ ਵਿਚੇ ਰਹਿ ਗਈ ਜਿਸ ਕਿਸੇ ਦੇ ਜੋ ਵੀ ਹੱਥ ਆਇਆ ਫੜ, ਸਰੋਵਰ ਵੱਲ ਦੌੜ ਉਠਿਆ। ਸਤਿਗੁਰਾਂ ਦੇ ਹੁਕਮ ਅਨੁਸਾਰ ਪਾਣੀ ਲਿਆ ਲਿਆ ਕੇ ਸਤਿਗੁਰਾਂ ਉਪਰ ਪਾਈ ਗਏ। ਇਤਨਾ ਜਲ ਪਵਾਇਆ ਜੋ ਸਾਰੇ ਦੀਵਾਨ ਅਸਥਾਨ ਤੇ ਪਾਣੀ ਹੀ ਪਾਣੀ ਹੋ ਗਿਆ। ਸਤਿਗੁਰਾਂ ਦੀਆਂ ਅਪਾਰ ਮੇਹਰਾਂ ਬਖਸ਼ਸ਼ਾਂ ਦਾ ਸਦਕਾ ਭਾਈ ਬਿਧੀ ਚੰਦ ਜੀ ਉਪਰ ਬੱਦਲਾਂ ਨੇ ਮੀਂਹ ਦੀ ਭਰਮਾਰ ਲਾ ਦਿੱਤੀ ਪਲਾਂ ਵਿਚ ਭੱਠ ਵਿਚਲੀ ਅੱਗ ਬੁਝ ਗਈ ਤੇ ਠੰਢ ਵਰਤ ਗਈ। ਸਤਿਗੁਰਾਂ ਦੀ ਕਿਰਪਾ ਕਰ ਕੇ ਭਾਈ ਜੀ ਦਾ ਵਾਲ ਵੀ ਵਿੰਗਾ ਨਾ ਹੋਇਆ ਤੇ ਅਗਨੀ ਦਾ ਸੇਕ ਤਕ ਨਹੀਂ ਲੱਗਾ। ਕੁਝ ਬੱਦਲਾਂ ਕਰ ਕੇ ਅਤੇ ਸ਼ਾਮਾਂ ਪੈ ਜਾਣ ਕਰ ਕੇ ਜਲਦੀ ਹਨੇਰਾ ਹੋ ਗਿਆ। ਕੋਈ ਅੱਧੀ ਰਾਤ ਵੇਲੇ ਭਾਈ ਬਿਧੀ ਚੰਦ ਜੀ ਸਤਿਗੁਰਾਂ ਦਾ ਜਸ ਕਰਦੇ, ਦੁਸ਼ਾਲਿਆਂ ਨੂੰ ਸੰਭਾਲਦੇ ਭੱਠ ਵਿਚੋਂ ਨਿਕਲ ਕੇ ਅੰਮ੍ਰਿਤਸਰ ਵਲ ਤੁਰ ਪਏ। ਜਲਦੀ ਜਲਦੀ ਕਦਮ ਪੁਟਦੇ ਸਤਿਗੁਰਾਂ ਦੇ ਚਰਨਾਂ ਵਿਚ ਪੁੱਜੇ। ਆ ਕੇ ਮਸਤਕ ਟੇਕਿਆ। ਕਿਤਨਾ ਚਿਰ ਸਤਿਗੁਰਾਂ ਦੇ ਚਰਨਾਂ ਵਿਖੇ ਲੇਟੇ ਬੇਨਤੀਆਂ ਕਰਦੇ ਰਹੇ ਤੇ ਬੜੀ ਉਸਤਤੀ ਕੀਤੀ।

ਸਾਰੀ ਸੰਗਤ ਵੀ ਹੈਰਾਨ ਸੀ ਕਿ ਅੱਜ ਸਤਿਗੁਰਾਂ ਨੇ ਕੀ ਭਾਣਾ ਵਰਤਾ ਦਿੱਤਾ ਹੈ ਜੁ ਗਰਮੀ ਦੇ ਨਾ ਹੁੰਦਿਆਂ ਹੋਇਆਂ ਵੀ ਇਤਨਾ ਜਲ ਪਵਾਇਆ ਹੈ। ਇਸ ਤਰ੍ਹਾਂ ਕੋਈ ਕੁਝ ਕਹਿੰਦਾ, ਕੋਈ ਕੁਝ ਕਹਿੰਦਾ। ਸਤਿਗੁਰਾਂ ਨੇ ਸਿੱਖਾਂ ਦਾ ਸੰਸਾ ਦੂਰ ਕਰਨ ਲਈ ਬਿਧੀ ਚੰਦ ਨੂੰ ਸੰਬੋਧਨ ਕਰਦਿਆਂ ਕਿ੍ਹਾ— "ਦੇਖ! ਤੇਰੇ ਪਿੱਛੇ ਕਿਤਨੀ ਤਕਲੀਫ ਸਹਾਰਨੀ ਪਈ ਹੈ।"

ਕਿਉਂਕਿ ਅਗਨੀ ਦੇ ਸੇਕ ਕਰ ਕੇ ਤੇ ਉਪਰੋਂ ਠੰਢਾ ਜਲ ਪਵਾਉਣ ਕਰ ਕੇ ਸਤਿਗੁਰਾਂ ਦੇ ਸਰੀਰ ਉਪਰ ਛਾਲੇ ਹੀ ਛਾਲੇ ਹੋ ਗਏ ਸਨ ਪਰ ਆਪਣੇ ਸਿੱਖ ਨੂੰ ਰੰਚਕ ਮਾਤਰ ਵੀ ਸੇਕ ਨਹੀ ਲੱਗਣ ਦਿੱਤਾ।

ਸੋ, ਹੇ ਗੁਰਸਿੱਖੋ! ਇਹ ਹੈ ਸਤਿਗੁਰੂ ਉਪਰ ਸਿੱਖਾਂ ਦਾ ਪੂਰਨ ਭਰੋਸਾ। ਜੋ ਜੋ ਵੀ ਸਤਿਗੁਰੂ 'ਤੇ ਪੂਰਨ ਨਿਸਚਾ ਰੱਖਦਾ ਹੈ ਮਨ ਨੂੰ ਕਿਸੇ ਵੇਲੇ ਵੀ ਨਹੀਂ ਡੁਲਾਉਂਦਾ, ਉਸ ਦੀ ਸਤਿਗੁਰੂ ਜੀ ਆਪ ਅੰਗ-ਸੰਗ ਹੋ ਕੇ ਦੇਸ-ਪ੍ਰਦੇਸ, ਹਲਤ ਪਲਤ ਵਿਖੇ ਰੱਖਿਆ ਕਰਦੇ ਹਨ।

ਇਸ ਤਰ੍ਹਾਂ ਸਤਿਗੁਰੂ ਨੇ ਆਪਣਾ ਸਰੀਰ ਦਿਖਾ ਕੇ ਸਭਾਂ ਦਾ ਸੰਸਾ ਦੂਰ ਕੀਤਾ ਤੇ ਉਸ ਸਿੱਖ ਨੂੰ ਦੁਸ਼ਾਲੇ ਦਿਖਾ ਕੇ ਨਿਹਾਲ ਕੀਤਾ ਉਪਰੰਤ ਅਰਦਾਸਾ ਹੋਇਆ ਅਤੇ ਪ੍ਰਸ਼ਾਦਿ ਵਰਤਾਇਆ ਗਿਆ।

ਸਭ ਇਹੋ ਮਨ ਵਿਖੇ ਆਖ ਰਹੇ ਸਨ "ਧੰਨ ਗੁਰੂ ਹਰਿ ਗੋਬਿੰਦ ਸਾਹਿਬ ਜੀ!, ਧੰਨ ਗੁਰੂ ਹਰਿ ਗੋਬਿੰਦ ਸਾਹਿਬ ਜੀ!" ਹਰ ਕਿਸੇ ਦੀ ਜ਼ਬਾਨ 'ਤੇ ਗੁਰੂ-ਜਸ ਸੀ। ਸ਼ਬਦਾਂ ਦੀ ਧੁਨੀ ਲਗਾ ਦਿਤੀ, ਇਕ ਅਲੌਕਿਕ ਧੁਨ ਵਿਖੇ ਸਭ ਸਿੱਖ ਸੰਗਤਾਂ ਗਾਉਂਦੀਆਂ ਜਾ ਰਹੀਆਂ ਸਨ।

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥ (ਪੰਨਾ ੪੦੩)

ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ॥

ਜੋ ਪੁਰਸ਼ ਪ੍ਰਤੱਖ ਪੈਰਾਂ ਕਰ ਕੇ ਵਾ-ਮਨ ਰੂਪੀ ਪੈਰਾਂ ਕਰ ਕੇ ਸਾਰਿਆਂ ਵਿਖੇ ਪਗਿ= ਰਪੇ ਹੋਏ ਹਰੀ-ਪ੍ਰਭੂ ਦੇ ਪੰਥਿ= ਰਸਤੇ ਬੁਧੀ ਵਿਖੇ ਚਲਦਾ ਹੈ ਉਹ ਮਨੁੱਖ ਨੂੰ ਨੀਰੁ= ਜਲ ਡੋਬ ਨਹੀਂ ਸਕਦਾ! ਜਿਵੇਂ ਸਕੰਦਰ ਬਾਦਸ਼ਾਹ ਨੇ ਭਗਤ ਕਬੀਰ ਜੀ ਦੇ ਮਾਰਨ ਵਾਸਤੇ ਜੰਜੀਰਾਂ ਨਾਲ ਬੰਨ੍ਹ ਕੇ ਗੰਗਾ ਵਿਚ ਰੋੜ੍ਹਿਆ ਸੀ ਪਰ ਪ੍ਰਭੂ ਦੀ ਕਿਰਪਾ ਨਾਲ ਗੰਗਾ ਦੇ ਜਲ ਵਿਖੇ ਡੁੱਬੇ ਨਹੀਂ ਸਨ:

ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥ ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥
ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥ ੨॥
ਕਹਿ ਕਬੀਰ ਕੋਊ ਸੰਗ ਨ ਸਾਥ॥ ਜਲ ਥਲ ਰਾਖਨ ਹੈ ਰਘੁਨਾਥ॥ ੩॥

(ਭੈਰਉ ਕਬੀਰ ਜੀ, ਪੰਨਾ ੧੧੬੨)

ਅਥਵਾ-ਪਦਾਰਥਾਂ ਰੂਪੀ ਜਲ ਉਸ ਸੇਵਕ ਭਗਤ ਜਨ ਨੂੰ ਡੋਬ ਨਹੀਂ ਸਕਦਾ।

ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ॥ ੧॥ ੧੦॥

ਸਤਿਗੁਰੂ ਜੀ ਕਥਨ ਕਰਦੇ ਹਨ— ਹਰੀ ਨਾਮ ਰੂਪੀ ਖਗਿ= ਖੰਡੇ ਕਰ ਕੇ ਰੋਗ= ਅਗਿਆਨ ਰੂਪੀ ਰੋਗ, ਦੋਖ= ਸ਼ਬਦ, ਸਪਰਸ਼, ਰੂਪ, ਰਸ, ਗੰਧ ਰੂਪ ਦੋਸ਼, ਅਘ= 'ਬ੍ਰਹਮਣ, ਕੈਲੀਘਾਤੁ, ਕੰਞਕਾ, ਅਣਚਾਰੀ ਕਾ ਧਾਨੁ' ਆਦਿ ਰੂਪ ਪਾਪ ਅਤੇ ਸਬੰਧੀਆਂ ਦਾ ਮੋਹ ਇਤਿਆਦਿਕ ਸਾਰੇ ਵਿਕਾਰ ਛਿਦੇ= ਕੱਟੇ ਭਾਵ ਨਾਸ ਹੋ ਜਾਂਦੇ ਹਨ॥ ੧॥ ੧੦॥

ਉਥਾਨਕ-ਹੁਣ ਨਾਮ ਸਿਮਰਨ ਤੋਂ ਬਿਨਾਂ ਹੋਰ ਸਭਨਾਂ ਸਾਧਨਾਂ ਦੀ ਨਿਸਫਲਤਾ ਵਿਖਾਉਂਦੇ ਹੋਏ ਉਪਦੇਸ਼ ਦੇਣਾ ਕਰਦੇ ਹਨ—

ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੁਆ॥

ਮਨੁੱਖ ਬਹੁਤ ਹੀ ਪ੍ਰਕਾਰ ਦੇ ਉਦਮਾਂ ਦੇ ਕਰਨ ਵਿਖੇ ਲੱਗ ਰਹੇ ਹਨ: ਕੋਈ ਪੰਜ ਧੂਣੀਆਂ ਤਪਾ ਰਿਹਾ ਹੈ, ਕੋਈ ਜਲ ਧਾਰਾ ਸਹਾਰ ਰਿਹਾ ਹੈ, ਕੋਈ ਪ੍ਰਾਣਾ-ਯਾਮ ਕਰ ਰਿਹਾ ਹੈ, ਕੋਈ ਬ੍ਰਿਛਾਂ ਨਾਲ਼ ਪੁੱਠਾ ਲਮਕ ਰਿਹਾ

www.sikhbookclub.com

ਹੈ। ਕਈ ਮਨੁੱਖ ਅਨੇਕਾਂ ਵਾਰੀ ਬਹੁਤਿਆਂ ਨਾਲ ਮਿਲ ਕੇ ਖਟੂਆ ਸੰਾਸਤ੍ਰ= ਛਿਆਂ ਸ਼ਾਸਤ੍ਰਾਂ ਨੂੰ ਬਿਚਰਹਿ= ਵਿਚਾਰਦੇ ਹਨ।

ਅਥਵਾ- ਕਈ ਮਨੁੱਖ ਅਨੇਕ ਸ਼ਾਸਤ੍ਰਾਂ ਨੂੰ ਬਹੁ ਖਟੂਆ= ਬਹੁਤੀ ਖੱਟੀ ਕਮਾਈ ਕਰਨ ਵਾਸਤੇ ਹੀ ਬਿਚਰਹਿ= ਵਿਚਾਰਦੇ ਹਨ।

ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ ॥

ਕਈ ਮਨੁੱਖ ਆਪਣੇ ਸਰੀਰ ਉਪਰ ਭਸਮ ਲਗਾਇ= ਸੁਆਹ ਲਗਾ ਕੇ ਤੀਰਥਾਂ ਉਤੇ ਬਹੁਤਾ ਭ੍ਰਮਤੇ= ਫਿਰਦੇ ਰਹਿੰਦੇ ਹਨ। ਕਈ ਮਨੁੱਖ ਆਪਣੀ ਦੇਹ ਨੂੰ ਸੂਖਮ ਕਰਦੇ ਹਨ ਅਤੇ ਕਈ ਆਪਣੇ ਸਿਰ ਤੇ ਬਹੁ= ਬਹੁਤ ਲੰਮੀਆਂ ਜਟੂਆ= ਜਟਾਵਾਂ ਦਾ ਜੂੜਾ ਬੰਨ੍ਹਦੇ ਹਨ। ਵਾ-ਬੋਹੜ ਦਾ ਦੁੱਧ ਲਗਾ ਕੇ ਜਟਾਵਾਂ ਨੂੰ ਬੰਧਹਿ= ਵਧਾਉਂਦੇ ਹਨ।

ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥
ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ ॥੨ ॥੧੧ ॥੨੦ ॥

(ਅੰਨਵੇਂ ਅੱਖਰਾਂ ਵੱਲ ਖਿਆਲ ਕਰਨਾ) ਕਈ ਠਾਕੁਰ ਪੂਜਨ ਕਰਦੇ ਹਨ, ਕਈ ਸਰੀਰ ਤੇ ਚੱਕਰ ਬਨਾਉਣਾ ਕਰਦੇ ਹਨ। ਵਾ-ਧਰਤੀ ਪਰ ਚੱਕਰ ਹੀ ਲਗਾਉਂਦੇ ਰਹਿੰਦੇ ਹਨ।

ਅਥਵਾ- ਕਈ ਮਨੁੱਖ 'ਗਨੇਸ਼ ਚੱਕਰ' ਦੀ ਪੂਜਾ ਕਰਦੇ ਹਨ ਤੇ ਕਈ ਸੋਮ ਪਾਕਾ= ਚੰਦਰਮਾ ਦੇ ਪੱਕੇ ਹੋਏ ਫਲਾਂ ਨੂੰ ਖਾਂਦੇ ਹਨ।

ਅਥਵਾ- ਸੋਮ ਪਾਕ (ਸ੍ਵਯੰ ਪਾਕ)= ਆਪਣੇ ਹੀ ਹੱਥਾਂ ਨਾਲ ਰੋਟੀ ਪਕਾ ਕੇ ਖਾਂਦੇ ਹਨ ਅਤੇ ਜੋ ਸੋਮ= ਚੰਦਰਮਾ ਦੇ ਉਪਾਸ਼ਕ ਪਹਿਲੇ ਚੰਦਰਮਾ ਨੂੰ ਦੇਖ ਕੇ ਫਿਰ ਪਾਕਾ= ਰਸੋਈ (ਭੋਜਨ) ਖਾਂਦੇ ਹਨ।

ਵਾ-ਸੋਮ ਨਾਮੇ ਫਲੀ ਨੂੰ ਪਾਕਾ= ਪਕਾ ਕੇ ਖਾਂਦੇ ਹਨ, ਇਤਿਆਦਿਕ ਅਨਿਕ ਭਾਂਤਿ= ਅਨੇਕ ਪ੍ਰਕਾਰ ਦੇ, ਥਾਟਹਿ ਕਰਿ ਥਟੂਆ-

ਬਨਾਵਾਂ (ਬਣਤਰਾਂ) ਨੂੰ ਬਣਾਉਂਦੇ ਹਨ ਪਰ ਹਰੀ-ਪ੍ਰਭੂ ਅਕਾਲ ਪੁਰਖ ਦੇ ਨਾਮ ਸਿਮਰਨ ਕੀਤੇ ਤੋਂ ਬਿਨਾਂ ਬਾਹਰਲੀ ਕਿਰਿਆ ਕਰਨ ਵਾਲੇ ਮਨੁੱਖ ਇਸ ਤਰ੍ਹਾਂ ਦੁੱਖ ਪਾਉਂਦੇ ਹਨ-

ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥

ਜਿਵੇਂ ਹਟੂਆ= ਹੱਟੀ ਵਾਲਾ (ਹਲਵਾਈ) ਪ੍ਰੇਮ ਨਾਲ ਸੂਤ ਦੇ ਲੱਡੂ ਬਣਾਉਂਦਾ ਹੋਇਆ ਹੱਥ ਤਾਂ ਆਪਣੇ ਸਾੜਦਾ ਹੈ ਪਰ ਖਾ ਹੋਰ ਜਾਂਦੇ ਹਨ।

ਇਸੇ ਪ੍ਰਕਾਰ ਦੇਹ ਰੂਪ ਹੱਟੀ ਵਾਲਾ ਜੀਵ ਬੜੇ ਪ੍ਰੇਮ ਨਾਲ ਪਦਾਰਥਾਂ ਰੂਪ ਸੂਤ ਦੇ ਲੱਡੂ ਨੂੰ ਬਣਾਉਂਦਾ ਹੈ, ਭਾਵ ਪਦਾਰਥ ਇਕੱਠੇ ਕਰਦਾ ਹੈ। ਔਖਾ ਇਹ ਜੀਵ ਆਪ ਹੁੰਦਾ ਹੈ ਪਰ ਉਨ੍ਹਾਂ ਪਦਾਰਥਾਂ ਨੂੰ ਧੀਆਂ ਪੁੱਤਰ ਹੀ ਖਾ ਜਾਂਦੇ ਹਨ।

*ਅਥਵਾ-*ਸਿਮਰਨ ਤੋਂ ਬਿਨਾਂ ਬਾਹਰਲੀ ਕਿਰਿਆ ਦੇ ਜਿਤਨੇ ਕੁ ਸਾਧਨ ਕਰਨੇ ਹਨ, ਉਹ ਸਾਰੇ ਦੇ ਸਾਰੇ ਇਸ ਜੀਵ ਨੂੰ ਫਸਾਉਣ ਲਈ ਇਸ ਤਰ੍ਹਾਂ ਜਾਲ ਦੇ ਤੁਲ ਹਨ।

ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥

ਜਿਵੇਂ ਹਟੂਆ= 'ਕਹਿਣਾ' (ਬਬੋਹਾ) ਆਪਣੇ ਸੁਖ ਲਈ ਬੜੇ ਪ੍ਰੇਮ ਨਾਲ ਆਪਣੇ ਮੂੰਹ 'ਚੋਂ ਤਾਰਾਂ ਕੱਢ ਕੇ ਜਾਲ ਨੂੰ ਤਣਦਾ ਹੈ, ਪਰ ਅੰਤ ਨੂੰ ਉਸ ਵਿਖੇ ਆਪ ਹੀ ਫਸ ਕੇ ਮਰ ਜਾਂਦਾ ਹੈ।

ਤਿਵੇਂ ਜੀਵ ਰੂਪੀ 'ਕਹਿਣਾ' ਆਪਣੇ ਸੁੱਖ ਪ੍ਰਾਪਤੀ ਲਈ ਮੋਹ ਸਹਿਤ ਕਈ ਪ੍ਰਕਾਰ ਦੇ ਸਾਧਨਾ ਦੀ ਕਿਰਿਆ ਨੂੰ ਕਰਦਾ ਹੈ ਪਰ ਅੰਤ ਨੂੰ ਇਹਨਾਂ ਸਾਧਨਾਂ ਦੇ ਵਿਚ ਹੀ ਫਸਿਆ ਮਰ ਜਾਂਦਾ ਹੈ।

ਯਥਾ- ਹਰਿ ਕੇ ਨਾਮਹੀਨ ਬੇਤਾਲ॥ ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ॥ ੧॥

(ਸਾਰਗ ਮਹਲਾ ੫, ਪੰਨਾ ੧੨੨੨)

ਤਥਾ- ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ॥

(ਸਾਰਗ ਮਹਲਾ ੫, ਪੰਨਾ ੧੨੨੨)

ਤਥਾ- ਕਹੁ ਨਾਨਕ ਇਹੁ ਤਤੁ ਬੀਚਾਰਾ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ॥

(ਗਉੜੀ ਮਹਲਾ ੫, ਪੰਨਾ ੧੮੮)

ਤਥਾ- ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥

(ਗਉੜੀ ਬਾਵਨ ਅਖਰੀ, ਪੰਨਾ ੨੬੦)

ਤਥਾ- ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥
ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ॥ ੧॥

(ਗਉੜੀ ਮਹਲਾ ੫, ਪੰਨਾ ੨੧੫)

ਜ਼ਰੂਰੀ ਸੂਚਨਾ

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਪਹਿਲੇ ਨੌਂ (੯) ਸਵਯਾਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਕਾਲ ਪੁਰਖ ਨਾਲ ਅਭੇਦ ਰੂਪ ਉਸਤਤੀ ਕਰ ਕੇ ਉਸ ਤੋਂ ਪਿਛੋਂ ਜੋ ਯਾਰਾਂ ਸਵਯੇ ਆਪਣੇ ਪਵਿੱਤਰ ਮੁਖਾਰ-ਬਿੰਦ ਤੋਂ ਉਚਾਰਨਾ ਕੀਤੇ ਹਨ। ਉਹਨਾਂ ਵਿਖੇ ੯ ਅੰਕ ਤੋਂ ਅੱਗੋਂ ਸਵਯਾਂ ਦੀ ਚਾਲ ਬਦਲ ਗਈ ਹੈ। ਉਸ ਦਾ ਕਾਰਨ ਇਹ ਹੈ ਨੌਂ ਅੰਕ ਤਕ ਸਾਰੇ ਸਵਈਆਂ ਦੀ ਚਾਲ ਇਕੋ ਚਲੀ ਆਈ ਹੈ, ਪਰ ਅੱਗੇ ਆ ਕੇ ਦੋ ਸਵੱਈਆਂ (ਦਸਵੇਂ ਤੇ ਗਿਆਰਵੇਂ) ਦੀ ਚਾਲ ਬਦਲ ਜਾਣ ਤੇ ਇਕ ਤੇ ਦੋ ਅੰਕ, ਪਹਿਲੇ ਚਲੇ ਆ ਰਹੇ ਅੰਗਾਂ ਤੋਂ ਵੱਖਰੇ ਲਗਾਏ ਹਨ, ਪਰ ਵੱਡਾ ਨੰਬਰ ਆਪਣੀ ਰੀਤੀ ਅਨੁਸਾਰ ਠੀਕ ਚਲਿਆ ਆ ਰਿਹਾ ਹੈ।

ਨਿਸਚੇ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਪਹਿਲੇ ਨੌ ਤੇ ਇਹ ਗਿਆਰਾਂ ਸਵਯੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੀ ਹਨ। ਇਹੋ ਵਿਚਾਰ ਹਰ ਇਕ ਪੜ੍ਹਨ ਵਾਲੇ ਪਾਠਕ ਸੱਜਣ ਨੂੰ ਯਾਦ ਰੱਖਣੀ ਚਾਹੀਦੀ ਹੈ। ਕਿਉਂਕਿ-

ਇਹੋ ਰੀਤੀ ਅੱਗੇ ਭੱਟਾਂ ਦੇ ਸਵਈਆਂ ਵਿਚ ਬਹੁਤ ਵਾਰੀ ਆਉਣੀ ਹੈ ਤੇ ਕਈ ਜਗ੍ਹਾ ਸਵਈਆਂ ਦੀ ਚਾਲ ਬਦਲਣ ਤੇ ਅੰਕ ਦੀ ਤਬਦੀਲੀ ਹੋ ਜਾਵੇਗੀ। ਜਿਵੇਂ

ਸਮਰਥ ਗੁਰੂ ਸਿਰਿ ਹਥੁ ਧਰ੍ਹਿਉ॥ *(ਪੰਨਾ ੧੪੦੦)*

ਇਸ ਪੰਗਤੀ ਤੋਂ ਦਾਸ ਨਾਮੇ ਭੱਟ ਦੇ ਸਾਰੇ ਛੇ ਸਵਈਏ ਹਨ ਪਰ ਦੋ ਸਵਈਏ ਕਥਨ ਕਰ ਕੇ ॥ ੮ ॥ ੧੨ ॥ ਅੰਕ ਲਗਾ ਕੇ ਅੱਗੋਂ ਚਾਲ ਬਦਲਾ ਕੇ ਝੋਲਨਾ ਛੰਦ ਕਥਨ ਕੀਤਾ ਹੈ ਜਿਸ ਤੇ ਫਿਰ ਛੋਟਾ ਅੰਕ ਬਦਲ ਗਿਆ ਹੈ ਤੇ ਇਕ ਤੋਂ ਸ਼ੁਰੂ ਕਰ ਕੇ ਚਾਰ ਅੰਕ ਤਕ ਦਾਸ ਭੱਟ ਨੇ ਸਵਈਏ ਪੂਰੇ ਕੀਤੇ ਹਨ। ਏਸੇ ਤਰ੍ਹਾਂ ਹੀ ੧੪੦੨ ਪੰਨੇ ਪਰ ੫ ਅੰਕ ਤਕ ਪੰਜ ਸਵਈਏ ਗੰਗਾ ਭੱਟ ਦੇ ਹਨ। ਪੰਜ ਅੰਕ ਤੋਂ ਅੱਗੇ-

www.sikhbookclub.com

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਇਸ ਤੁਕ ਤੋਂ ੮ ਸਵਈਏ ਗਇੰਦੇ ਭੱਟ ਦੇ ਹਨ, ਪਰ ਇਕ ਅੰਕ ਤੋਂ ਪੰਜ ਅੰਕ ਤਕ ਪੰਜ ਸਵਈਏ ਵੱਖਰੇ ਹਨ ਫੇਰ ਚਾਲ ਬਦਲਣ ਤੇ ਤਿੰਨ ਸਵਈਏ ਵੱਖਰੇ ਹਨ। ਤਿੰਨਾਂ ਸਵਈਆਂ ਦੇ ਤਿੰਨ ਅੰਕ ਵੱਖਰੇ ਲਗਾਏ ਹਨ ਪਰ ਇਹ ਅੱਠੇ ਸਵਈਏ ਗਇੰਦੇ ਭੱਟ ਦੇ ਹੀ ਹਨ।

ਕਈ ਵਾਰੀ ਛੋਟਾ ਅੰਕ ਬਦਲਣ ਦੇ ਨਾਲ ਹੀ 'ਭੱਟ' ਬਦਲ ਜਾਵੇਗਾ ਤੇ ਕਈ ਵਾਰ ਸਵਈਏ ਦੀ ਚਾਲ ਬਦਲਣ ਤੇ ਛੋਟਾ ਅੰਕ ਬਦਲ ਜਾਵੇਗਾ, ਪਰ ਵੱਡਾ ਅੰਕ ਆਪਣੀ ਰੀਤੀ ਅਨੁਸਾਰ ਚਲਦਾ ਰਹੇਗਾ। ਅੰਕਾਂ ਦੇ ਬਦਲਣ ਵੇਲੇ ਖਾਸ ਧਿਆਨ ਦੇਣਾ ਜ਼ਰੂਰੀ ਹੈ।

ਸਵਈਏ ਮਹਲੇ ਪਹਿਲੇ ਕੇ ੧ ੧ੴ ਸਤਿਗੁਰ ਪ੍ਰਸਾਦਿ॥

ਉਥਾਨਕਾ- ਸਤਿਗੁਰੂ ਅਰਜਨ ਦੇਵ ਜੀ ਪਾਸੋਂ ਅਕਾਲ ਪੁਰਖ ਰੂਪ ਗੁਰੂ ਨਾਨਕ ਸਾਹਿਬ ਜੀ ਦੀ ਅਭੇਦ ਰੂਪ ਉਸਤਤੀ ਸਵਈਆਂ ਦੇ ਰੂਪ ਵਿਚ ਸੁਣ ਕੇ ਹੁਣ ਉਸੇ ਰੀਤੀ ਅਨੁਸਾਰ ਕੱਲ ਨਾਮਾ ਭੱਟ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਸਵੱਈਆਂ ਦੇ ਰੂਪ ਵਿਖੇ ਕਥਨ ਕਰਦਾ ਹੋਇਆ ਨਾਲਦਿਆਂ ਭੱਟਾਂ ਨੂੰ ਸੁਣਾਉਂਦਾ ਹੈ-

ਇਕ ਮਨਿ ਪੁਰਖੁ ਧਿਆਇ ਬਰ ਦਾਤਾ॥

ਅਕਾਲ ਪੁਰਖ ਦੇ ਸਰੂਪ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਬਰ ਦਾਤਾ= ਵਰਾਂ ਦੇ ਦੇਣ ਵਾਲੇ, ਉਨ੍ਹਾਂ ਨੂੰ ਇਕ ਮਨ= ਇਕਾਗਰ ਮਨ ਹੋ ਕੇ ਧਿਆਉਣਾ ਕਰੋ।

ਸੰਤ ਸਹਾਰੁ ਸਦਾ ਬਿਖਿਆਤਾ॥

ਜੋ ਸਰਬਦਾ ਕਾਲ ਬਿਖਿਆਤਾ= ਪ੍ਰਗਟ ਸੰਤਾਂ ਦੀ ਸਹਾਰੁ= ਸਹਾਇਤਾ ਕਰਨ ਵਾਲੇ ਹਨ।

ਅਥਵਾ-ਜੋ ਸੰਤਾਂ ਦਾ ਸਹਾਰੁ= ਆਸਰਾ ਰੂਪ ਹੈ ਅਤੇ ਸਦਾ ਹੀ ਬਿਖਿਆਤਾ= ਪ੍ਰਗਟ ਭਾਵ ਹਾਜ਼ਰ-ਨਾਜ਼ਰ ਹੈ।

ਤਾਸੁ ਚਰਨ ਲੇ ਰਿਦੈ ਬਸਾਵਉ॥

ਤਾਸੁ= ਤਿਸ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਧਿਆਨ ਲੈ ਕੇ ਪਹਿਲੇ ਆਪਣੇ ਹਿਰਦੇ ਵਿਖੇ ਵਸਾ ਲਓ।

ਤਉ ਪਰਮ ਗੁਰੂ ਨਾਨਕ ਗੁਨ ਗਾਵਉ॥ ੧॥

ਤਾਂ ਫਿਰ ਸਾਰਿਆਂ ਤੋਂ ਪਰਮ= ਵੱਡੇ ਗੁਰੂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਗੁਣ ਗਾਵਣਾ ਕਰੋ।

ਯਥਾ- ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

(ਸੂਹੀ ਮਹਲਾ ੫, ਪੰਨਾ ੭੪੦)

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥

ਸਾਰਿਆਂ ਨਾਲੋਂ ਪਰਮ= ਵੱਡੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਸੁਖ ਸਾਗਰ= ਸੁਖਾਂ ਦੇ ਸਮੁੰਦਰ, ਉਨ੍ਹਾਂ ਦੇ ਉਸਤਤੀ ਰੂਪ ਗੁਣਾਂ ਨੂੰ ਗਾਵਣਾ ਕਰੋ, ਜੋ ਦੁਰਤ ਨਿਵਾਰਣ= ਪਾਪਾਂ ਦੇ ਅਭਾਵ ਕਰਨ ਵਾਲੇ ਹਨ ਅਤੇ

ਸਬਦ ਸਰੇ= ਬਾਣੀ ਦਾ ਸੋਮਾ ਵਾ ਸਮੁੰਦਰ ਹਨ*।

ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ॥

ਸ਼ੁਭ ਮਤੀ ਦੇ ਸਾਗਰ= ਸਮੁੰਦਰ ਜੋ ਬੜੇ ਗੰਭੀਰ ਤੇ ਧੀਰਜ ਮਨ ਵਾਲੇ ਹਨ, ਉਹ ਸਾਰੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ ਨੂੰ ਗਾਉਂਦੇ ਹਨ।

ਅਥਵਾ- ਬੜੇ ਗੰਭੀਰ ਤੇ ਧੀਰਜਵਾਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਜਸ ਨੂੰ ਮਤੀ ਦੇ ਸਾਗਰ ਬਿਆਸ ਵਸ਼ਿਸ਼ਟ ਆਦਿਕ ਰਿਖੀ ਮੁਨੀ ਸਾਰੇ ਗਾਉਂਦੇ ਹਨ। ਜੋਗੀ= ਸਮਾਧੀਆਂ ਵਿਖੇ ਜੁੜਨ ਵਾਲੇ ਮਹਾਤਮਾ। *ਅਥਵਾ-* ਜੋਗੀ ਗੋਰਖ, ਵਾ- ਸ਼ਿਵ।

*ਅਥਵਾ-*ਚਿਤ ਬਿਰਤੀ ਦਾ ਨਿਰੋਧ ਕਰਨ ਵਾਲੇ ਜੋਗੀ ਤੇ ਜੰਗਮ ਜੋ ਸ਼ਿਵਾਂ ਦਾ ਵਿਵਾਹ ਗਾਉਣ ਵਾਲੇ ਹਨ। ਵਾ- ਟੱਲੀਆਂ ਖੜਕਾਉਣ ਵਾਲੇ ਇਤਿਆਦਿਕ ਸਾਰੇ ਭੇਖਾਂ ਵਾਲੇ ਮਹਾਤਮਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਿਆਨ ਨੂੰ ਧਾਰਦੇ ਹਨ।

ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥

ਇੰਦਰ ਤੋਂ ਆਦਿ ਸਾਰੇ ਦੇਵਤੇ, ਪ੍ਰਹਿਲਾਦ ਜੀ ਆਦਿਕ ਸਾਰੇ ਭਗਤ ਉਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ ਨੂੰ ਗਾਂਵਦੇ ਹਨ, ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਤਮ= ਆਪਣੇ ਸ੍ਵੈ ਸਰੂਪ ਦੇ ਰਸ ਨੂੰ ਅਰਥਾਤ ਬ੍ਰਹਮਾਨੰਦ ਨੂੰ ਜਾਣਿਆ ਹੈ

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥ ੨॥

ਕਲ ਨਾਮਾ ਕਵੀ ਜਨ ਆਖਦਾ ਹੈ- ਹੇਂ ਭੱਟੋ! ਤੁਸੀਂ ਵੀ ਸਾਰੇ ਰਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਜਸੁ= ਸ੍ਰੇਸ਼ਟ ਜਸ ਨੂੰ ਗਾਵਣਾ ਕਰੋ, ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜੁ ਜੋਗੁ= ਭਗਤੀ ਜੋਗ (ਸੁਖੈਣ ਜੋਗ) ਅਰਥਾਤ ਗਿਆਨ ਜੋਗ ਦੇ ਅਨੰਦ ਨੂੰ ਮਾਨਣਾ ਕੀਤਾ ਹੈ।

*ਅਥਵਾ-*ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜ ਭਾਗ ਅਰਥਾਤ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਪਰਮੇਸ਼ਰ ਵਿਚ ਜੋਗ= ਜੁੜਨ ਦੇ ਰਸ ਨੂੰ ਮਾਨਣਾ ਕੀਤਾ ਹੈ॥ ੨॥

ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ॥

ਜੋਗੇਸੁਰ= ਬੜੇ ਬੜੇ ਮਹਾਤਮਾਂ ਨਾਲ ਮਿਲ ਕੇ ਜਨਕ ਆਦਿਕ ਰਾਜੇ ਰਸ= ਜੁਗਤਿ= ਪ੍ਰੇਮ ਵਿਖੇ ਜੁੜ ਕੇ ਸਰਬ ਕਲਾਂ ਵਿਚ ਪੂਰਨ= ਸਰਬ ਸ਼ਕਤੀਆਂ ਕਰ ਕੇ ਸੰਪੂਰਨ ਹਰੀ ਦੇ ਜਸ ਨੂੰ ਗਾਂਵਦੇ ਹਨ।

ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ॥

ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, ਆਦਿਕ ਚਾਰੇ ਭਾਈ, ਸਾਧਨ ਕਰਨ ਵਾਲੇ ਸਾਧ, ਸੁਮੇਰ ਪਰਬਤ ਪਰ ਰਹਿਣ ਵਾਲੇ ਸਿਧ ਆਦਿਕ ਸਾਰੇ ਹੀ ਜਿਸ ਪ੍ਰਭੂ ਦੇ ਜਸ ਨੂੰ ਗਾਂਵਦੇ ਹਨ। ਹੋਰ ਬੜੇ ਬੜੇ ਮੰਨਨ ਕਰਨ ਵਾਲੇ ਮੁਨੀ ਜਨ ਮਹਾਤਮਾਂ, ਜਿਸ ਛਲਨ ਤੋਂ ਅਛਲ ਪ੍ਰਭੂ ਦੇ ਜਸ ਨੂੰ ਗਾਂਵਦੇ ਹਨ।

**ਅਥਵਾ-ਬਾਣੀ ਦੇ ਸਰੇ=ਸਰੋਵਰ ਹਨ। ਅਥਵਾ-ਜਿਨ੍ਹਾਂ ਦੇ ਸ਼ਬਦ ਮੋਹ ਦੇ ਅਭਾਵ ਕਰਨ ਨੂੰ ਸਰੇ=ਤੀਰਾਂ ਵਾਂਗੂੰ ਪ੍ਰਬਲ ਹੈਨ।*

ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ॥

ਜਿਸ ਨੇ ਭਾਇ ਭਗਤਿ= ਪ੍ਰੇਮਾ ਭਗਤੀ ਦੇ ਰਸ ਨੂੰ ਜਾਨਣਾ ਕੀਤਾ ਹੈ, ਐਸਾ ਜੋ ਅਟਲ ਮੰਡਲ ਵਾਲਾ ਧੋਮੁ=. ਧ੍ਰੂਅ ਭਗਤ ਹੈ, ਉਹ ਵੀ ਜਿਸ ਪਰਮਾਤਮਾ ਦੇ ਜਸ ਨੂੰ ਗਾਂਵਦਾ ਹੈ।

ਅਥਵਾ- ਧੋਮ ਇਕ ਰਿਖੀ ਹੈ ਜੋ ਪਾਂਡਵਾਂ ਦਾ ਪ੍ਰੋਹਤ ਸੀ ਉਹ ਧੋਮ ਰਿਖੀ ਵੀ ਜਿਸ ਦੇ ਜਸ ਨੂੰ ਗਾਂਵਦਾ ਹੈ ਅਤੇ ਅਟਲ ਮੰਡਲ ਵਾਲਾ ਧ੍ਰੂਅ ਭਗਤ ਵੀ ਜਿਸ ਦੇ ਜਸ ਨੂੰ ਗਾਂਵਦਾ ਹੈ।

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥ ੩॥

ਕਲ ਨਾਮਾ ਕਵੀ ਜਨ ਆਖਦਾ ਹੈ—ਉਸ ਪ੍ਰਮੇਸ਼ਰ ਦੇ ਸਰੂਪ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਸ੍ਰੇਸ਼ਟ ਜਸ ਨੂੰ ਗਾਵਣਾ ਕਰੋ, ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜੁ ਜੋਗੁ= ਭਗਤੀ ਜੋਗ ਦੇ ਆਨੰਦ ਨੂੰ ਮਾਨਣਾ ਕੀਤਾ ਹੈ॥ ੩॥

ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ॥

ਵਰੋ= ਸ੍ਰੇਸ਼ਟ ਅਵਤਾਰ ਜੋ ਕਪਲ ਰਿਖੀ ਜੀ ਹਨ ਅਪਰੰ+ਪਰ= ਸੰਸਾਰ ਤੋਂ ਪਰਾ ਰੂਪ ਜੋ ਆਦਿ ਤੋਂ ਹੀ ਬੜੇ ਜੁਗੀਸ਼ਰ ਹੋਏ ਹਨ ਉਸ ਕਪਲ ਰਿਖੀ* ਜੀ ਤੋਂ ਆਦਿ ਹੋਰ ਸਾਰੇ ਰਿਖੀ ਮਹਾਤਮਾਂ ਜਿਸ ਪਰਮਾਤਮਾ ਦੇ ਜਸ ਨੂੰ ਗਾਂਵਦੇ ਹਨ, ਓਹੀ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹਨ।

*ਅਥਵਾ-*ਅਵਤਾਰਾਂ ਚੋਂ ਵਰੋ= ਸ੍ਰੇਸ਼ਟ ਅਵਤਾਰ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਅਪਰੰ+ਪਰ= ਸੰਸਾਰ ਤੋਂ ਪਰਾ ਰੂਪ ਅਤੇ ਸਾਰਿਆਂ ਦੀ ਆਦਿ ਰੂਪ ਉਨ੍ਹਾਂ ਦੇ ਜਸ ਨੂੰ ਕਪਲ ਰਿਖੀ ਤੋਂ ਆਦਿ ਬੜੇ-ਬੜੇ ਜੋਗੀਆਂ ਦੇ ਈਸ਼ਰ ਵੀ ਗਾਂਵਦੇ ਹਨ।

ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ॥

ਜਿਸ ਪ੍ਰਮੇਸ਼ਰ ਦੇ ਜਸ ਨੂੰ ਜਮਦਗਨੀ ਰਾਜਾ ਵੀ ਗਾਂਵਦਾ ਹੈ ਅਤੇ ਪਰਸਰਾਮੇਸੁਰ= ਪਰਸ ਰਾਮ ਜੋ ਈਸ਼ਰ ਦੀ ਅੰਸ ਹੈ ਉਹ ਵੀ ਜਸ ਨੂੰ ਗਾਂਵਦਾ ਹੈ।

ਜਿਸ ਪਰਸ ਰਾਮ ਦੇ ਕਰ= ਹੱਥ 'ਚੋਂ ਕੁਠਾਰੁ= ਕੁਹਾੜਾ ਅਤੇ ਜਿਸ ਤੇ ਤੇਜ਼ ਪ੍ਰਤਾਪ ਨੂੰ ਰਘੁ ਹਰਿਓ= ਾਘਵ ਕੁਲ ਵਾਲੇ ਸ੍ਰੀ ਰਾਮ ਚੰਦ੍ ਜੀ ਨੇ ਨਾਸ ਕੀਤਾ ਹੈ, ਉਹ ਸ੍ਰੀ ਰਾਮ ਚੰਦਰ ਵੀ ਜਿਸ ਪਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਅਥਵਾ- ਜਿਸ ਰਘੁ ਕੁਲ ਵਾਲੇ ਸ੍ਰੀ ਰਾਮ ਚੰਦ੍ ਜੀ ਨੇ ਰਾਜੇ ਜਮਦਗਨੀ ਦੇ ਪੁਤਰ ਪਰਸ ਰਾਮ ਦੇ ਤੇਜ਼ ਪ੍ਰਤਾਪ ਨੂੰ ਅਤੇ--

ਕਰ ਕੁਠਾਰੁ ਹਰਿਓ= ਹੱਥ 'ਚੋਂ ਕੁਹਾੜੇ ਨੂੰ ਖੋਹਿਆ ਹੈ, ਉਹ ਰਾਮ ਚੰਦਰ ਜੀ ਜਿਸ ਪਰਮਾਤਮਾ ਦੇ ਜਸ ਨੂੰ ਗਾਂਵਦੇ ਹਨ।

ਊਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ॥

+ਊਧਉ ਅਕਰੂਰ ਅਤੇ ਬਿਦਰ ਭਗਤ ਇਹ ਸਾਰੇ ਹੀ ਜਿਸ ਪਰਮਾਤਮਾ ਦੇ ਗੁਣਾਂ ਨੂੰ ਗਾਂਵਦੇ ਹਨ, ਜਿਸ

**ਕਪਲ ਰਿਖੀ ਜੀ ਨੂੰ ਕੁਝ ਕੁ ਅੰਸਾ ਅਵਤਾਰ ਮੰਨਿਆਂ ਹੈ। ਆਪ ਸਾਂਖ ਸ਼ਾਸਤਰ ਦੇ ਕਰਤਾ ਵੀ ਹੋਏ ਹਨ।*

+ਊਧਉ ਤੇ ਅਕਰੂਰ ਇਹ ਦੋਵੇਂ ਕ੍ਰਿਸ਼ਨ ਜੀ ਦੇ ਚਾਚੇ ਸਨ: ਅਕਰੂਰ ਸਕਾ ਚਾਚਾ ਸੀ, ਊਧਉ ਮਤ੍ਰੇਆ ਚਾਚਾ ਸੀ।

ਬਿਦਰ ਭਗਤ ਨੇ ਸਰਬਾਤਮੁ (ਸਰਬ+ਆਤਮ)= ਸਾਰਿਆਂ ਨੂੰ ਆਪਣਾ ਆਪ ਰੂਪ ਜਾਣਿਆਂ ਹੋਇਆ ਸੀ।

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੪ ॥

ਕਲ ਨਾਮਾ ਕਵੀ ਜਨ ਆਖਦਾ ਹੈ ਹੇ ਭੱਟੋ! ਉਸ ਪ੍ਰਮੇਸ਼ਰ ਦੇ ਸਰੂਪ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਸ੍ਰੇਸ਼ਟ ਜਸ ਨੂੰ ਗਾਵਣਾ ਕਰੋ, ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜੁ ਜੋਗੁ= ਭਗਤੀ ਜੋਗ ਦੇ ਅਨੰਦ ਨੂੰ ਮਾਨਣਾ ਕੀਤਾ ਹੈ॥ ੪॥

[ਪੰਨਾ ੧੩੯੦]

ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥

(ਬ੍ਰਾਹਮਣ, ਖੱਤਰੀ, ਸ਼ੂਦਰ ਅਤੇ ਵੈਸ਼ ਰੂਪ) ਚਾਰੇ ਵਰਨ ਅਤੇ (ਜੋਗੀ, ਜੰਗਮ, ਸਰੇਵੜੇ ਆਦਿ) ਖਟ ਦਰਸਨ= ਛੇ ਭੇਖ+ ਜਿਸ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਂਵਦੇ ਹਨ, ਬ੍ਰਹਮਾ ਜੀ ਤੋਂ ਆਦਿ ਲੈ ਕੇ ਸਾਰੇ ਮੁਖ ਮੁਖ ਦੇਵਤੇ ਜਿਸ ਪ੍ਰਮੇਸ਼ਰ ਦੇ ਗੁਣਾਂ ਨੂੰ ਸਿਮਰੰਥਿ= ਸਿਮਰਦੇ ਹਨ।

ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥

ਸੇਸੁ= ਸ਼ੇਸ਼ਨਾਗ ਸਹਸ ਜਿਹਬਾ= ਹਜ਼ਾਰ ਜੀਭ ਨਾਲ ਰਸ= ਪ੍ਰੇਮ ਸਹਿਤ ਜਿਸ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਂਵਦਾ ਹੈ, ਜਿਸ ਸ਼ੇਸ਼ਨਾਗ ਦੀ ਧੁਨਾ= ਬਿਰਤੀ ਆਦਿ ਅੰਤਿ= ਸਦਾ ਸਦਾ ਪ੍ਰਮੇਸ਼ਰ ਦੀ ਲਿਵ ਵਿਖੇ ਲੱਗ ਰਹੀ ਹੈ।

*ਅਥਵਾ-*ਆਦਿ ਅੰਤਿ= ਸਦਾ ਸਦਾ ਪ੍ਰਮੇਸ਼ਰ ਜਸ ਦੇ ਧੁਨਾ= ਉਚਾਰਨੇ ਵਿਖੇ ਸ਼ੇਸ਼ਨਾਗ ਦੀ ਲਿਵ ਲੱਗ ਰਹੀ ਹੈ। *ਅਥਵਾ-* ਆਦਿ= ਸ੍ਰਿਸ਼ਟੀ ਦੀ ਉਤਪਤੀ ਤੋਂ ਲੈ ਕੇ ਅੰਤਿ= ਮਹਾਂ ਪਰਲੋ ਤਕ ਜਿਸ ਦੀ ਲਿਵ ਪ੍ਰਮੇਸ਼ਰ ਦੇ ਧੁਨਾ= ਉਚਾਰਨ ਵਿਖੇ ਲੱਗ ਰਹੀ ਹੈ।

ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥

ਵੈਰਾਗੀ ਹੋਏ ਹੋਏ ਮਹਾਦੇਉ= ਸ਼ਿਵ ਜੀ ਜਿਸ ਪਰਮਾਤਮਾ ਦੇ ਗੁਣਾਂ ਨੂੰ ਗਾਂਵਦੇ ਹਨ। ਜਿਸ ਸ਼ਿਵ ਜੀ ਨੇ ਨਿਰੰਤਰਿ= ਇਕ ਰਸ ਅਠਾਸੀ ਹਜ਼ਾਰ ਜੁਗ ਚੌਕੜਾ ਮਾਰ ਕੇ ਕੇਵਲ ਧਿਆਨ ਧਾਰਨਾ ਹੀ ਜਾਣਿਆ ਹੈ।

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥ ੫ ॥

ਕਲ ਨਾਮ ਕਵੀ ਆਖਦਾ ਹੈ—ਹੇ ਭੱਟੋ! ਉਸ ਪ੍ਰਮੇਸ਼ਰ ਦੇ ਸਰੂਪ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਸ੍ਰੇਸ਼ਟ ਜਸ ਨੂੰ ਗਾਵਣਾ ਕਰੋ, ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜੁ ਜੋਗੁ= ਭਗਤੀ ਜੋਗ ਦੇ ਅਨੰਦ ਨੂੰ ਮਾਨਣਾ ਕੀਤਾ ਹੈ॥ ੫॥

ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥

ਕਲ ਨਾਮੇ ਭੱਟ ਆਖਦਾ ਹੈ— ਹੇ ਸ੍ਰੀ ਗੁਰੂ ਨਾਨਕ ਦੇਵ ਜੀ! ਆਪ ਜੀ ਨੇ ਹੀ ਕਲਯੁਗ ਵਿਖੇ ਰਾਜੁ ਜੋਗੁ= ਭਗਤੀ ਜੋਗ ਗਿਆਨ ਜੋਗ ਦੇ ਅਨੰਦ ਨੂੰ ਮਾਣਿਓ= ਮਾਨਣਾ ਕੀਤਾ ਹੈ। ਆਪ ਜੀ ਦੇ ਰਿਦੰਤਰਿ= ਹਿਰਦੇ ਅੰਦਰ ਨਿਰਵੈਰਤਾ ਵਾਲਾ ਸੁਭਾਵ ਵਸ ਰਿਹਾ ਹੈ, ਜੇ ਕਿਸੇ ਨੇ ਆਪ ਜੀ ਨੂੰ ਕੁਰਾਹੀਆ ਕਿਹਾ ਜਾਂ

+**ਛੇ ਭੇਖ ਇਹ ਹਨ-** *ਜੋਗੀ ਜੰਗਮ ਸ੍ਰੇਵੜੇ, ਸੰਨਿਆਸੀ ਤੇ ਦਰਵੇਸ਼। ਛੇਵਾਂ ਜਾਮਾ ਬਿਪ੍ਰ ਦਾ, ਜਾ ਮਹਿ ਮੀਨ ਨ ਮੇਖ॥*

ਆਪ ਜੀ ਨੂੰ ਚੱਕੀਆਂ ਪੀਹਣ ਬਿਠਾ ਦਿੱਤਾ ਪਰ ਆਪ ਜੀ ਨੇ ਉਨ੍ਹਾਂ ਤੋਂ ਬਦਲਾ ਲੈਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਆਪਣੇ ਬਿਰਦ ਨੂੰ ਸੰਭਾਲਦਿਆਂ ਹੋਇਆਂ ਉਨ੍ਹਾਂ ਨੂੰ ਸੰਸਾਰ-ਸਾਗਰ ਤੋਂ ਤਾਰਨਾ ਕੀਤਾ ਹੈ।

ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ॥

ਪਿੱਛੇ ਵੀ ਸਾਰੀ ਸ੍ਰਿਸ਼ਟੀ ਆਪ ਜੀ ਦੇ ਨਾਮ ਨੂੰ ਲੈ ਕੇ ਤਰੀ ਹੈ, ਹੁਣ ਵੀ ਜਿਨ੍ਹਾਂ ਨੇ ਨਿਰੰਤਰਿ= ਇਕ ਰਸ ਆਪ ਜੀ ਦੇ ਨਾਮ ਨੂੰ ਲੀਤਾ ਹੈ ਉਹ ਸੰਸਾਰ-ਸਾਗਰ ਤੋਂ ਤਰ ਗਏ ਹਨ।

ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ॥

ਸਨਕ ਤੋਂ ਆਦਿ ਚਾਰੇ ਭਾਈ ਆਦੋਂ ਹੀ ਆਪ ਜੀ ਦੇ ਗੁਣਾਂ ਨੂੰ ਗਾਂਵਦੇ ਹਨ, ਜਨਕ ਰਾਜਾ ਤੋਂ ਆਦਿ ਲੈ ਕੇ ਸਾਰੇ ਰਾਜੇ ਜੁਗਾਂ ਪ੍ਰਯੰਤ ਆਪ ਜੀ ਦੇ ਗੁਣਾਂ ਨੂੰ ਗਾਂਵਦੇ ਹਨ।

ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ॥

ਹੇ ਸ੍ਰੀ ਗੁਰੂ ਨਾਨਕ ਦੇਵ ਜੀ! ਆਪ ਪਿੱਛੇ ਵੀ ਧੰਨ ਸੀ, ਹੁਣ ਵੀ ਧੰਨਤਾ ਦੇ ਯੋਗ ਹੋ, ਅੱਗੇ ਵੀ ਧੰਨਤਾ ਦੇ ਯੋਗ ਹੋਵੋਗੇ। *ਅਥਵਾ-*ਆਪ ਭੀ ਧੰਨ ਹੋ। ਆਪ ਜੀ ਦੇ ਪਿਤਾ ਬਾਬਾ ਕਾਲੂ ਜੀ ਵੀ ਧੰਨ ਹਨ। ਆਪ ਜੀ ਦੇ ਮਾਤਾ ਤ੍ਰਿਪਤਾ ਜੀ ਵੀ ਧੰਨ ਹਨ। ਭਲੌ= ਭਲੀ ਪ੍ਰਕਾਰ ਜਗਤ ਵਿਖੇ ਆਪ ਜੀ ਦਾ ਹੀ ਜਨਮੁ ਸਕਯਥੁ= ਅਵਤਾਰ ਲੈਣਾ ਸਫਲਾ ਹੈ।

ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ॥

ਕਲ ਨਾਮਾ ਕਵੀ ਜਲ ਵਖਾਣਿਓ= ਕਥਨ ਕਰਦਾ ਹੈ- ਹੇ ਸਤਿਗੁਰੂ ਨਾਨਕ ਦੇਵ ਜੀ! ਆਪ ਜੀ ਦੇ ਜੈਕਾਰਿਆਂ ਦੀ ਧੁਨ ਪਾਤਾਲ ਪੁਰੀ ਵਿਚ ਵੀ ਹੋ ਰਹੀ ਹੈ।

ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ॥ ੬॥

ਹੇ ਹਰੀ ਨਾਮ ਦੇ ਰਸੀਏ ਸਤਿਗੁਰੂ ਨਾਨਕ ਦੇਵ ਜੀ! ਦੁਨੀਆਂ ਵਿਚ ਕੇਵਲ ਆਪ ਜੀ ਨੇ ਹੀ ਰਾਜੁ ਜੋਗੁ= ਭਗਤੀ ਜੋਗ ਦੇ ਅਨੰਦ ਮਾਨਣਾ ਕੀਤਾ ਹੈ॥ ੬॥

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥

ਹੇ ਸਤਿਗੁਰੂ ਨਾਨਕ ਪਾਤਸ਼ਾਹ ਜੀ! ਸਤਿਜੁਗ ਵਿਚ ਵੀ ਆਪ ਜੀ ਨੇ ਹੀ ਅਨੰਦ ਮਾਨਣਾ ਕੀਤਾ ਹੈ ਜਿਸ ਵੇਲੇ 'ਬਾਵਨ' ਅਵਤਾਰ ਹੋ ਕੇ 'ਬਲ ਰਾਜਾ' ਨੂੰ ਛਲਣਾ ਭਾਇਆ ਹੈ।

ਤ੍ਰੈਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥

ਹੇ ਸਤਿਗੁਰੂ ਨਾਨਕ ਪਾਤਿਸ਼ਾਹ ਜੀ! ਤ੍ਰੇਤੇ ਜੁਗ ਵਿਖੇ ਆਪ ਜੀ ਨੇ ਅਨੰਦ ਮਾਨਣਾ ਕੀਤਾ ਹੈ, ਜਿਸ ਵੇਲੇ ਰਾਵਣ ਦੇ ਮਾਰਨ ਲਈ 'ਰਘੂਵੰਸ' ਵਿਖੇ ਆਪ ਜੀ ਨੇ 'ਰਾਮ ਚੰਦਰ' ਰੂਪ ਕਹਾਇਆ ਹੈ।

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥

ਹੇ ਮੁਰਾਰੀ ਰੂਪ ਸਤਿਗੁਰੂ ਨਾਨਕ ਸਾਹਿਬ ਜੀ! ਦੁਆਪਰ ਜੁਗ ਵਿਚ ਆਪ ਜੀ ਨੇ ਹੀ 'ਕ੍ਰਿਸ਼ਨ' ਰੂਪ ਹੋ ਕੇ 'ਰਾਜੇ ਕੰਸ' ਨੂੰ ਮਾਰ ਕੇ ਕਿਰਤਾਰਥੁ= ਕਲਿਆਣ ਕੀਤਾ ਹੈ।

ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥

ਹੇ ਸਤਿਗੁਰੂ ਨਾਨਕ ਪਾਤਸ਼ਾਹ ਜੀ! ਆਪ ਜੀ ਨੇ ਹੀ ਰਾਜੇ ਕੰਸ ਨੂੰ ਮਾਰ ਕੇ ਮਥਰਾ ਦਾ ਰਾਜ ਉਗ੍ਰਸੈਣ ਨੂੰ ਦੇਣਾ ਕੀਤਾ, ਫਿਰ ਆਪ ਜੀ ਨੇ ਹੀ ਭਗਤ ਜਨਾ ਨੂੰ ਅਭੈ= ਨਿਰਭੈ-ਪਦ ਦੇਣਾ ਕੀਤਾ ਹੈ।

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥

ਹੇ ਸਤਿਗੁਰੂ ਨਾਨਕ ਪਾਤਿਸ਼ਾਹ ਜੀ! ਪਿਛਲਿਆਂ ਜੁਗਾਂ ਦੇ ਪ੍ਰਮਾਣੁ= ਸਦਰਸ਼ ਇਸ ਕਲਜੁਗ ਵਿਖੇ ਤੁਸੀਂ ਹੀ ਆਪਣੇ ਆਪ ਨੂੰ 'ਸ੍ਰੀ ਗੁਰੂ ਅੰਗਦ ਦੇਵ ਜੀ' ਤੇ 'ਸ੍ਰੀ ਗੁਰੂ ਅਮਰਦਾਸ ਜੀ' ਰੂਪ ਕਹਾਵਣਾ ਕੀਤਾ ਹੈ।

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥

ਹੇ ਸਤਿਗੁਰੂ ਨਾਨਕ ਪਾਤਸ਼ਾਹ ਜੀ! ਆਪ ਜੀ ਦੀ 'ਗੁਰਿਆਈ ਗੱਦੀ' ਦਾ ਰਾਜ ਅਬਿਚਲੁ ਤੇ ਅਟਲ ਹੋਣਾ ਕੇਵਲ ਆਦਿ ਪੁਰਖ ਪ੍ਰਮਾਤਮਾ ਨੇ ਆਪ ਹੀ ਫੁਰਮਾਵਣਾ ਕੀਤਾ ਹੈ॥ ੭॥

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥

ਹੇ ਸਤਿਗੁਰੂ ਨਾਨਕ ਪਾਤਿਸ਼ਾਹ ਜੀ! ਰਵਿਦਾਸ, ਜੈਦੇਵ ਅਤੇ ਤ੍ਰਿਲੋਚਨ ਇਹ ਸਾਰੇ ਭਗਤ ਆਪ ਜੀ ਦੇ ਜਸ ਰੂਪ ਗੁਣਾਂ ਨੂੰ ਗਾਂਵਦੇ ਹਨ।

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥

ਹੇ ਸਤਿਗੁਰੂ ਨਾਨਕ ਪਾਤਿਸ਼ਾਹ ਜੀ! ਸਮ ਲੋਚਨ= ਸਮਦ੍ਰਿਸ਼ਟੀ ਸੁਭਾਅ ਵਾਲੇ ਭਗਤ ਕਬੀਰ ਜੀ ਤੇ ਨਾਮ ਦੇਵ ਜੀ ਆਦਿ ਸਾਰੇ ਭਗਤ ਆਪ ਜੀ ਦੇ ਜਸ ਰੂਪ ਗੁਣਾਂ ਨੂੰ ਸਦਾ ਗਾਂਵਦੇ ਹਨ।

ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥

ਬੇਣੀ ਭਗਤ ਵੀ ਆਪ ਜੀ ਦੇ ਜਸ ਰੂਪ ਗੁਣਾਂ ਨੂੰ ਰਵੈ= ਉਚਾਰਦਾ ਹੈ,ਜੋ ਭਗਤ ਬੇਣੀ ਸਹਜਿ= ਗਿਆਨ ਦੁਆਰਾ ਆਤਮ ਰੰਗੁ= ਅਨੰਦ ਨੂੰ ਮਾਣ ਰਿਹਾ ਹੈ।

ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥

ਜੋ ਬੇਣੀ ਭਗਤ ਗੁਰਾਂ ਦੁਆਰੇ ਪ੍ਰਭੂ ਦੇ ਗਿਆਨ ਧਿਆਨ ਤੋਂ ਬਿਨਾਂ ਹੋਰਨਾਂ ਜੋਗ ਆਦਿ ਸਾਧਨਾਂ ਨੂੰ ਜਾਣਦਾ ਹੀ ਨਹੀਂ ਹੈ।

ਸੁਖਦੇਉ ਪਰੀਖ੍ਰਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥

ਸੁਖਦੇਵ ਰਿਖੀ ਜੀ ਤੇ ਰਾਜਾ ਪਰੀਖ੍ਰਤੁ= ਪਰੀਛਤ ਆਪ ਜੀ ਦੇ ਜਸ ਰੂਪ ਗੁਣਾਂ ਨੂੰ ਰਵੈ= ਉਚਾਰਦੇ ਹਨ, (ਨਿਆਇ-ਸ਼ਾਸਤ੍ਰ ਦੇ ਕਰਤਾ) ਗੋਤਮ ਰਿਖੀ ਜੀ ਨੇ ਵੀ ਆਪ ਜੀ ਦੇ ਜਸ ਰੂਪ ਗੁਣਾਂ ਨੂੰ ਗਾਵਣਾ ਕੀਤਾ ਹੈ।

ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥ ੮ ॥

ਕਲ ਨਾਮ ਕਵੀ ਜਨ ਕਥਨ ਕਰਦਾ ਹੈ- ਹੇ ਸਤਿਗੁਰੂ ਨਾਨਕ ਪਾਤਿਸ਼ਾਹ ਜੀ! ਸਾਰੇ ਜਗਤ ਵਿਖੇ ਆਪ ਜੀ ਦਾ ਹੀ ਸ੍ਰੇਸ਼ਟ ਜਸ ਨਿਤਾ ਪ੍ਰਤੀ ਨਵੀਨ ਤੋਂ ਨਵੀਨ ਛਾ ਰਿਹਾ ਹੈ॥ ੮॥

ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ ॥

ਕਲ ਨਾਮਾ ਕਵੀ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ- ਹੇ ਭੱਟੋ! ਪਾਯਾਲਿ= ਪਾਤਾਲ ਵਿਚ ਸ਼ੇਸ਼ਨਾਗ, ਬਾਸ਼ਕ ਨਾਗ, ਤੱਛਕ ਨਾਗ ਇਤਿਆਦਿਕ 'ਅੱਠ ਕੁਲੀ ਸੱਪ, ਸਾਰੇ ਦੇ ਸਾਰੇ ਭਗਤੀ ਭਾਵ ਨਾਲ ਸਤਿਗੁਰੂ ਨਾਨਕ ਸਾਹਿਬ ਜੀ ਦੇ ਜਸ ਰੂਪ ਗੁਣਾਂ ਨੂੰ ਗਾ ਰਹੇ ਹਨ।

ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ ॥

ਮਹਾਦੇਉ= ਸ਼ਿਵ ਜੀ ਸਹਿਤ ਜੋਗੀ ਜਤੀ ਜੰਗਮ ਇਤਿਆਦਿਕ ਸਾਰੇ ਹੀ ਭੇਖ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਸ ਨੂੰ ਰਵੈ= ਉਚਾਰਦੇ ਹਨ।

*ਅਥਵਾ-*ਅਸਲ ਜੋਗੀ ਜੋ ਮਹਾਂਦੇਵ ਜੀ ਹਨ ਉਹ ਆਪਣੇ ਜਤ ਸਤ ਵਿਖੇ ਜੰਗਮ= ਜੁੜ ਕੇ ਸਦਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਰਵੈ= ਉਚਾਰਦੇ ਹਨ।

ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥

ਜਿਸ ਵਿਆਸ ਮੁਨੀ ਜੀ ਨੇ ਆਪਣੇ ਪਿਤਾ 'ਪ੍ਰਾਸ਼ਰ ਰਿਖੀ' ਦੇ ਵਰ ਕਰ ਕੇ ਵਿਆਕਰਣ ਦੁਆਰੇ ਵੇਦਾਂ ਨੂੰ ਵਿਚਾਰਣਾ ਕੀਤਾ ਹੈ, ਉਹ ਵਿਆਸ ਮੁਨੀ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦਾ ਹੈ।

ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥

ਜਿਸ ਬ੍ਰਹਮਾ ਨੇ ਵਾਹਿਗੁਰੂ ਦੇ ਹੁਕਮ ਵਿਖੇ ਸਾਰੀ ਸ੍ਰਿਸ਼ਟੀ ਨੂੰ ਸਵਾਰਨਾ ਕੀਤਾ ਹੈ, ਉਹ ਬ੍ਰਹਮਾ ਵੀ ਸ੍ਰੀ ਗੁਰੂ ਨਾਨਕ ਜੀ ਦੇ ਗੁਣਾਂ ਨੂੰ ਉਚਾਰਦਾ ਹੈ।

ਬ੍ਰਹਮੰਡ ਖੰਡ ਪੂਰਨ ਬ੍ਰਹਮ ਗੁਣ ਨਿਰਗੁਣ ਸਮ ਜਾਣਿਓ ॥

ਸਾਰਿਆਂ ਖੰਡਾਂ ਬ੍ਰਹਮੰਡਾਂ ਵਿਖੇ ਬ੍ਰਹਮ ਨੂੰ ਪਰੀ ਪੂਰਨ ਅਤੇ ਗੁਣ= ਸਰਗੁਣ ਤੇ ਨਿਰਗੁਣ ਦੋਹਾਂ ਸਰੂਪਾਂ ਨੂੰ ਜਿਸ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਕ ਸਮਾਨ ਜਾਨਣਾ ਕੀਤਾ ਹੈ

ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ ॥ ੯ ॥

ਕਲ ਨਾਮਾ ਭੱਟ ਕਥਨ ਕਰਦਾ ਹੈ— ਹੇ ਭੱਟੋ! ਉਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਜਸੁ= ਸ੍ਰੇਸ਼ਟ ਜਸ ਰੂਪ ਗੁਣਾਂ ਨੂੰ ਜਪਣਾ ਕਰੋ, ਜਿਸ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਸਹਜੁ= ਗਿਆਨ ਜੋਗ ਨੂੰ ਮਾਨਣਾ ਕੀਤਾ ਹੈ॥ ੯॥

ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ ॥

(ਗੋਰਖ ਆਦਿਕ) ਨੌਂ ਨਾਥ ਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਗੁਣਾਂ ਨੂੰ ਗਾਂਵਦੇ ਹਨ ਅਤੇ ਇਸ ਤਰ੍ਹਾਂ ਆਖਦੇ ਹਨ ਕਿ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਧੰਨਤਾ ਦੇ ਯੋਗ ਹਨ, ਜੋ 'ਸੱਚ' ਵਿਖੇ ਸਮਾਏ ਰਹਿੰਦੇ ਹਨ।

ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ ॥

(ਰਾਜੇ ਦਲੀਪ ਦਾ ਪਿਤਾ) ਮਾਂਧਾਤਾ= ਮਾਨਧਾਤਾ (ਜਿਸ ਨੇ ਆਪਣੇ ਆਪ ਨੂੰ) ਚਕ੍ਰਵੈ= ਚਕ੍ਰਵਰਤੀ ਰਾਜਾ ਕਹਾਉਣਾ ਕੀਤਾ ਹੈ, ਉਹ ਮਾਨਧਾਤਾ ਰਾਜਾ ਵੀ ਸਤਿਗੁਰੂ ਨਾਨਕ ਦੇਵ ਜੀ ਦੇ ਜਸ ਰੂਪ ਗੁਣਾਂ ਨੂੰ ਰਵੈ=

ਉਚਾਰਦਾ ਹੈ। ਨੋਟ-ਇਸ ਰਾਜੇ 'ਮਾਨਧਾਤਾ' ਦਾ ਸਾਰਾ ਪ੍ਰਸੰਗ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਸਰੀ ਹਕਾਇਤ ਵਿਖੇ ਨਿਰੂਪਨ ਕੀਤਾ ਹੈ।

ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੋ ॥

ਸਤਵੇਂ ਪਤਾਲ ਵਿਖੇ ਵਸਦਾ ਹੋਇਆ ਬਲ ਰਾਜਾ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦਾ ਹੈ। **ਸ਼ੰਕਾ-** ਬਲ ਰਾਜਾ ਸਤਵੇਂ ਪਤਾਲ ਵਿਖੇ ਨਹੀਂ ਗਿਆ, ਤੀਸਰੇ ਪਤਾਲ ਵਿਖੇ ਗਿਆ ਹੈ, ਇਸ ਲਈ ਇੰਜ ਅਰਥ ਹੋਵੇਗਾ ਕਿ- ਸਪਤ ਪਾਤਾਲਿ= ਜੋ ਆਪਣੀ ਕੀਤੀ ਪ੍ਰਤਗਿਆ ਅਨੁਸਾਰ ਤੀਸਰੇ ਪਤਾਲ ਵਿਖੇ ਜਾ ਕੇ ਵਸਿਆ ਹੈ। ਵਾ-ਸਪਤ= ਸ਼ੀਘਰ, ਵਾ- ਸ-ਪਤ= ਸਹਿਤ ਪਤ ਆਬਰੋ ਦੇ, ਵਾ- ਸ-ਪਤ= ਪਤੀਆਂ* (ਵਿਸ਼ਨੂੰ, ਬ੍ਰਹਮਾ, ਮਹੇਸ਼) ਦੇ ਸਹਿਤ ਤੀਸਰੇ ਪਤਾਲ ਵਿਖੇ ਵਸਿਆ ਹੈ। ਉਹ ਬਲ ਰਾਜਾ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਂਵਦਾ ਹੈ।

ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੋ ॥

ਫਿਰ ਭਰਥਰੀ ਆਪਣੇ ਗੁਰੂ ਗੋਰਖ ਦੇ ਸੰਗਿ= ਨਾਲ ਰਹੰਤੋ= ਰਹਿ ਕੇ ਸਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ ਰੂਪ ਗੁਣਾਂ ਨੂੰ ਉਚਾਰਦਾ ਹੈ।

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥

ਕ੍ਰਿਸ਼ਨ ਜੀ ਦੇ ਗੁਰੂ ਦੂਰਬਾ= ਦੁਰਬਾਸ਼ਾ ਰਿਖੀ ਜੀ, ਰਾਜਾ ਪਰੂਰਉ ਅਤੇ ਰਿਖੀ ਅੰਗਰੈ+ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ ਰੂਪ ਗੁਣਾਂ ਨੂੰ ਗਾਵਣਾ ਕੀਤਾ ਹੈ।

ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥ ੧੦ ॥

ਕਲ੍ਹ ਨਾਮਾ ਕਵੀ ਜਨ ਨਾਲਦਿਆਂ ਭੱਟਾਂ ਨੂੰ ਆਖਦਾ ਹੈ-ਐਸੇ ਸਰਬ ਕਲਾ ਸਮੱਰਥ ਅਕਾਲ ਪੁਰਖ ਦੇ ਸਰੂਪ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਜਸ ਸਹਜਿ= ਸੁਤੇ ਹੀ ਹਰੇਕ ਘਟ ਵਿਚ ਸਮਾਇ ਰਿਹਾ ਹੈ॥ ੧੦॥

ਮਹਲੇ ਪਹਿਲੇ ਕੇ ਸਵਈਏ ਸਮਾਪਤੰ ॥

ਸਤਿਗੁਰੂ ਨਾਨਕ ਦੇਵ ਪਾਤਿਸ਼ਾਹ ਜੀ ਦੀ ਉਸਤਤੀ ਦੇ ਇਹ ਦਸ (੧੦) ਸਵਈਏ 'ਰਿਗ ਵੇਦ' ਦੇ ਅਵਤਾਰ ਕਲ ਨਾਮੇ ਭੱਟ ਨੇ ਹੀ ਉਚਾਰਨ ਕੀਤੇ ਹਨ।

ਜਿਸ ਵਕਤ ਬਲ ਰਾਜਾ ਨੂੰ ਪਤਾਲ ਵਿਖੇ ਧਸ ਕੇ ਵਿਸ਼ਨੂੰ ਮਹਾਰਾਜ ਉਪਰ ਆਉਣ ਲੱਗੇ ਤਾਂ ਬਲ ਰਾਜਾ ਨੇ ਵਿਸ਼ਨੂੰ ਮਹਾਰਾਜ ਜੀ ਦਾ ਚਰਨ ਪਕੜ ਲਿਆ ਤੇ ਕਿਹਾ- ਹੇ ਗਰੀਬ ਨਿਵਾਜ਼! ਆਪ ਜੀ ਨੇ ਤਾਂ ਬਚਨ ਕੀਤਾ ਸੀ ਕਿ ਮੈਨੂੰ ਢਾਈ ਕਰਮਾਂ ਧਰਤੀ ਦੇਹ, ਮੈਂ ਤੇਰੇ ਬੂਹੇ 'ਤੇ ਬੈਠ ਕੇ ਵੇਦਾਂ ਦੀਆਂ ਸੁਰਤੀਆਂ ਸੁਣਾਇਆ ਕਰਾਂਗਾ। ਹੁਣ ਆਪਣਾ ਬਚਨ ਪੂਰਾ ਕਰਦੇ ਹੋਏ ਮੇਰੇ ਦਰ 'ਤੇ ਬੈਠ ਕੇ ਵੇਦਾਂ ਦੀਆਂ ਸੁਰਤੀਆਂ ਸੁਨਾਉਣਾ ਕਰੋ। ਉਸ ਦਿਨ ਤੋਂ ਵਿਸ਼ਨੂੰ ਮਹਾਰਾਜ ਜੀ ਦੇ ਨਾਲ ਵੀਹ ਵੀਹ ਵਰ੍ਹੇ ਬ੍ਰਹਮਾ ਅਤੇ ਸ਼ਿਵ ਜੀ ਵੀ ਡਿਊਟੀ ਭੁਗਤਾਂਦੇ ਹਨ।

+ਰਾਜਾ 'ਪਰੂਰਉ' ਬੁੱਧ ਦਾ ਪੁੱਤਰ ਹੈ ਤੇ ਚੰਦਰਮਾ ਦਾ ਪੋਤਰਾ ਹੈ। ਅੰਗਰੈ:-ਸੱਤਾਂ ਰਿਖੀਆਂ 'ਚੋਂ ਵੱਡਾ ਰਿਖੀ ਹੋਇਆ ਹੈ ਏਹ ਰਿਗਵੇਦ ਦੇ ਮੰਤਰਾਂ ਦਾ ਕਰਤਾ ਹੋਇਆ ਹੈ ਅਤੇ ਬ੍ਰਹਮਾ ਦੇ ਮੂੰਹ 'ਚੋਂ ਨਿਕਲਿਆ ਹੈ, ਮਹਾਂ ਭਾਰਤ ਦੇ ਵਨ ਪਰਬ ਵਿਚ ਲਿਖਿਆ ਹੈ ਏਹ ਅਗਨੀ ਦਾ ਪੁੱਤਰ ਹੋਇਆ ਹੈ।

[ਪੰਨਾ ੧੩੯੧]

ਸਵਈਏ ਮਹਲੇ ਦੂਜੇ ਕੇ ੨ ੧ੴ ਸਤਿਗੁਰ ਪ੍ਰਸਾਦਿ॥

ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥

ਕਲ ਸਹਾਰ ਨਾਮਾ ਭੱਟ ਕਥਨ ਕਰਦਾ ਹੈ- ਉਹ ਕਰਤਾ ਪੁਰਖ ਪ੍ਰਮਾਤਮਾ ਧੰਨਤਾ ਦੇ ਯੋਗ ਹੈ ਜੋ ਕਾਰਨ ਕਾਰਜ ਰੂਪ ਪ੍ਰਪੰਚ ਦੇ ਕਰਣ ਨੂੰ ਸਮੱਰਥ ਹੈ ਅਤੇ ਜਿਸ ਦੇ ਕਰਤਾਰ= ਹੱਥ ਵਿਖੇ ਜੀਵਾਂ ਦੇ ਖਾਣ ਪਾਣ ਦੇਣ ਦੀ ਤਾਰ ਫੜੀ ਹੋਈ ਹੈ।

ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥

ਉਸ ਪਰਮਾਤਮਾ ਦਾ ਸਰੂਪ ਹੋਣ ਕਰ ਕੇ ਸਤਿਗੁਰੂ ਨਾਨਕ ਦੇਵ ਜੀ ਧੰਨਤਾ ਦੇ ਯੋਗ ਹਨ, ਜਿਸ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਆਪ ਜੀ ਦੇ ਮੱਥੇ 'ਤੇ ਕਿਰਪਾ ਦਾ ਹੱਥ ਰੱਖਣਾ ਕੀਤਾ ਹੈ।

ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ

ਹੇ ਸਤਿਗੁਰੂ ਅੰਗਦ ਦੇਵ ਜੀ! ਜਾਂ ਆਪ ਜੀ ਦੇ ਮੱਥ ਉਪਰ ਕਿਰਪਾ ਦਾ ਹੱਥ ਧਰਿਆ ਤਾਂ ਸਹਜਿ= ਸੁਭਾਵਕ ਹੀ ਛਜਿ= ਛੱਜੀਂ ਖਾਰੀਂ ਅਰਥਾਤ ਬਹੁਲਤਾ ਨਾਲ ਛਹਿਬਰ= ਇਕ ਰਸ ਝੜੀ ਲਗਾ ਕੇ ਆਪ ਜੀ ਦੇ ਅੰਤਹਕਰਨ ਵਿਖੇ ਅਮਿਉ= ਬ੍ਰਹਮਾਨੰਦ ਰੂਪੀ ਅੰਮ੍ਰਿਤ ਵੁਠਉ= ਵਰਸਣਾ ਕੀਤਾ ਹੈ, ਉਸ ਅੰਮ੍ਰਿਤ ਕਰ ਕੇ ਆਪ ਜੀ ਸਾਰੇ ਸੰਸਾਰ ਵਿਖੇ ਛਜਿ= ਸ਼ੋਭਨੀਕ ਹੋਏ ਹੋ।

ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ॥

ਜਿਸ ਨਾਮ ਅੰਮ੍ਰਿਤ ਨੂੰ ਪਾ ਕੇ ਸੁਰਿ= ਦੇਵਤੇ, ਨਰ= ਮਨੁੱਖ, ਸ਼ਿਵਾ ਦੇ (ਨੰਦੀ, ਭ੍ਰਿੰਗੀ, ਟੋਣਾ, ਸ਼ੋਣਾ) ਗਣ ਅਤੇ ਰਿਖੀ ਮੁਨੀ ਇਹ ਸਾਰੇ ਹੀ ਅਗਾਜਿ= ਪ੍ਰਗਟ ਭਗਤੀ ਰੂਪੀ ਬੋਹਿਯ= ਗੰਧੀ ਵਾਲੇ ਹੋਏ ਹਨ।

ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ

ਹੇ ਸਤਿਗੁਰੂ ਅੰਗਦ ਦੇਵ ਪਾਤਸ਼ਾਹ ਜੀ! ਆਪ ਜੀ ਨੇ ਗਰਜਿ= ਗੱਜ ਕੇ ਅਰਥਾਤ ਆਪਣਾ ਬਲ ਦਿਖਾ ਕੇ ਕੰਟਕੁ= ਦੁਖਦਾਈ ਕਾਲ ਨੂੰ ਮਾਰਨਾ ਕੀਤਾ ਹੈ, ਧਾਵਤੁ= ਦੌੜਦੇ ਹੋਏ ਆਪਣੇ ਮਨ ਨੂੰ ਤੁਸੀਂ ਲੀਓ ਬਰਜਿ= ਰੋਕ ਲੀਤਾ ਹੈ।

ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ॥

(ਸਮ+ਜਿ) ਸਮ= ਭਲੀ ਪ੍ਰਕਾਰ ਜਿ= ਅਜੈ ਜੋ ਪੰਚ ਭੂਤ= ਪੰਜ ਕਾਮ ਆਦਿਕ ਹਨ, ਉਹਨਾਂ ਨੂੰ ਆਪ ਜੀ ਨੇ ਇਕ ਅੰਤਹਕਰਨ ਰੂਪੀ ਘਰ ਵਿਖੇ ਕਾਬੂ ਕਰ ਕੇ ਰੱਖ ਲਿਆ ਹੈ।

ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ

ਸਤਿਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦੁਆਰਾ ਆਪ ਜੀ ਨੇ ਸਾਰੇ ਸੰਸਾਰ ਨੂੰ ਜਿੱਤਣਾ ਕੀਤਾ ਹੈ, ਭਾਵ

www.sikhbookclub.com

ਮਿਥਿਆ ਰੂਪ ਨਿਸਚੇ ਕੀਤਾ ਹੈ, ਫਿਰ ਆਪ ਜੀ ਸਮਤ ਰੂਪੀ ਸਾਰਿ= ਬਾਜ਼ੀ ਨੂੰ ਖੇਲਣਾ ਕਰਦੇ ਹੋ। ਭਾਵ ਸਭਨਾਂ ਨੂੰ ਸਮਦ੍ਰਿਸ਼ਟੀ ਨਾਲ ਦੇਖਦੇ ਹੋ।

ਨੋਟ-ਕਈ ਜਗ੍ਹਾ ਸਮਤ ਦੀ ਥਾਂ ਸਪਤ= ਪਾਠ ਆਉਂਦਾ ਹੈ। ਸਪਤ ਦਾ ਅਰਥ ਇੰਜ ਹੋਵੇਗਾ- ਸ+ਪਤ= ਸਹਿਤ ਪਤ-ਆਬਰੋ ਦੇ ਭਜਨ ਸਿਮਰਨ ਰੂਪ ਸਾਰਿ= ਬਾਜ਼ੀ ਨੂੰ ਖੇਡਣਾ ਕਰਦੇ ਹੋ।

ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ॥

ਤੁਸੀਂ ਆਪਣੀ ਲਿਵ= ਬਿਰਤੀ ਦਾ ਰਥੁ-ਪ੍ਰਵਾਹ ਉਨਮਨਿ= ਤੁਰੀਆ ਪਦ ਰੂਪ ਨਿਰੰਕਾਰ ਵਿਖੇ ਰਖਣਾ ਕੀਤਾ ਹੈ।

ਅਥਵਾ-ਨਿਰੰਕਾਰ ਵਿਖੇ ਲਿਵ ਦੇ ਰੱਖਣ ਕਰ ਕੇ ਆਪ ਜੀ ਦੀ ਬਿਰਤੀ ਦਾ ਰਥੁ= ਪ੍ਰਵਾਹ ਉਨਮਨਿ= ਪੂਰਨ ਖਿੜਾਅ ਵਿਖੇ ਟਿਕਿਆ ਰਹਿੰਦਾ ਹੈ।

ਕਹੁ ਕੀਰਤਿ ਕਲਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥ ੧॥

ਕਲਸਹਾਰ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ ਕਿ ਤੁਸੀਂ ਵੀ ਸਤਿਗੁਰੂ ਅੰਗਦ ਦੇਵ ਜੀ ਦੀ ਕੀਰਤੀ ਨੂੰ ਕਹਿਣਾ ਕਰੋ, ਮੁਰਾਰੀ ਰੂਪ ਸਤਿਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨ ਕੰਵਲਾਂ ਨੂੰ ਪਰਸ ਕੇ ਲਹਣਾ= ਸ੍ਰੀ ਗੁਰੂ ਅੰਗਦ ਦੇਵ ਜੀ ਸਪਤ ਦੀਪ ਮਝਾਰ= ਸੱਤਾਂ ਦੀਪਾਂ ਵਿਖੇ ਸਾਰੇ ਜਗਤ ਦੇ ਗੁਰੂ ਹੋਏ॥ ੧॥

ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਜਿਸ ਆਪ ਜੀ ਦੀ ਦ੍ਰਿਸ਼ਟੀ ਵਿਖੇ ਪ੍ਰਤੱਖ ਅੰਮ੍ਰਿਤ ਦੀ ਧਾਰਾ ਹੈ।*

ਅਥਵਾ- ਬ੍ਰਹਮਾਨੰਦ ਰੂਪੀ ਅੰਮ੍ਰਿਤ ਦੀ ਧਾਰਾ ਹੈ, ਸਿੱਖਾਂ ਦੇ ਕੀਤੇ ਹੋਏ ਕਾਲੁਖ= ਪਾਪਾਂ ਨੂੰ ਆਪ ਜੀ ਨੇ ਜੜ੍ਹਾਂ ਤੋਂ ਖਨਿ= ਪੁੱਟ ਕੇ ਉਤਾਰ ਦਿੱਤਾ ਹੈ।

ਤਿਮਰ ਅਗ੍ਯਾਨ ਜਾਹਿ ਦਰਸ ਦੁਆਰ॥

ਜਿਸ ਆਪ ਜੀ ਦੇ ਦੁਆਰੇ ਦੇ ਦਰਸ਼ਨ ਕਰਨ ਨਾਲ ਹੀ ਅਗਿਆਨ ਰੂਪ ਤਿਮਰ= ਹਨੇਰਾ ਦੂਰ ਚਲਾ ਜਾਂਦਾ ਹੈ।

ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ

ਆਪ ਜੀ ਦੇ ਸਾਰੁ= ਸ੍ਰੇਸ਼ਟ ਸ਼ਬਦ ਦੇ ਸੇਵਨ ਦੀ ਜੋ ਕਾਰ ਹੈ, ਉਹ ਬੜੀ ਗਾਖੜੀ ਬਿਖਮ= ਕਠਿਨ ਤੋਂ ਕਠਿਨ ਹੈ।

ਜਦ ਆਪ ਜੀ ਨੇ ਇਕ ਵਾਰ ਇਕ ਸਿੱਖ ਨੂੰ ਕਿਹਾ ਕਿ ਤੂੰ ਬਾਹਰ ਜੰਗਲ ਵਿਚ ਜਾ ਕੇ ਲੱਕੜਾਂ ਇਕੱਠੀਆਂ ਕਰ ਕੇ ਚਿਖਾ ਬਣਾ ਕੇ ਉਸ ਉਤੇ ਬੈਠ ਕੇ ਸੜ ਕੇ ਮਰ ਜਾਹ।

**ਜਿਸ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਸਮਾਧੀ ਤੋਂ ਉਠਦੇ ਸਨ ਉਸ ਵੇਲੇ ਸੰਗਤਾਂ ਅੱਗੇ ਬੈਠੀਆਂ ਹੁੰਦੀਆਂ ਸਨ, ਨੇਤਰ ਖੁਲ੍ਹਦਿਆਂ ਸਾਰ ਪਹਿਲੀ ਦ੍ਰਿਸ਼ਟੀ ਜਿਸ ਸਿੱਖ ਉਤੇ ਪੈਂਦੀ ਸੀ ਉਸ ਸਿੱਖ ਨੂੰ ਗੁਰੂ ਸਾਹਿਬ ਜੀ ਨਿਹਾਲ ਕਰ ਦੇਂਦੇ ਸਨ। ਜੋ ਭੀ ਸਿੱਖ ਜਿਸ ਸੰਕਲਪ ਨੂੰ ਧਾਰ ਕੇ ਬੈਠਦਾ ਸੀ ਉਸ ਦਾ ਉਹੀ ਸੰਕਲਪ ਪੂਰਾ ਹੋ ਜਾਂਦਾ ਸੀ।*

ਉਹ ਸਿੱਖ ਬਚਨ ਮੰਨ ਕੇ ਬਾਹਰ ਜੰਗਲ ਵਿਚ ਜਾ ਕੇ ਲੱਕੜਾਂ ਇਕੱਠੀਆਂ ਕਰ ਕੇ ਇਕ ਜਗ੍ਹਾ ਢੇਰ ਲਗਾ ਕੇ ਚਿਖਾ ਬਣਾ ਤਾਂ ਬੈਠਾ ਪਰ ਸੜਨ ਵਾਸਤੇ ਉਸ ਦਾ ਦਿਲ ਨਹੀਂ ਸੀ ਕਰਦਾ। ਇਸ ਤਰ੍ਹਾਂ ਦੇ ਬਚਨਾਂ ਦਾ ਮੰਨਣਾ ਬੜਾ ਕਠਿਨ ਹੈ। (ਸਾਰਾ ਪ੍ਰਸੰਗ ਪੜ੍ਹਨ ਲਈ ਦੇਖੋ ਗੁਰੁ ਪ੍ਰਤਾਪ ਸੂਰਜ ਰਾਸਿ ੧ ਅੰਸੂ ੧੩)

ਤੇ ਨਰ ਭਵ ਉਤਾਰਿ ਕੀਏ ਨਿਰਭਾਰ॥

ਜਿਨ੍ਹਾਂ ਨੇ ਆਪ ਜੀ ਦਾ ਬਚਨ ਮੰਨਿਆਂ ਹੈ ਉਨ੍ਹਾਂ ਪੁਰਸ਼ਾਂ ਨੂੰ ਨਿਰਭਾਰ= ਪਾਪਾਂ ਦੇ ਬੋਝ ਤੋਂ ਰਹਿਤ ਕਰ ਕੇ ਭਵ ਉਤਾਰਿ= ਸੰਸਾਰ-ਸਾਗਰ ਤੋਂ ਪਾਰ ਉਤਾਰਨਾ ਕੀਤਾ ਹੈ।

ਅਥਵਾ-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਰੁ= ਸ੍ਰੇਸ਼ਟ ਸ਼ਬਦ ਦਾ ਜੋ ਆਪ ਜੀ ਨੇ ਸੇਵਨਾ ਕੀਤਾ ਹੈ, ਇਹ ਇਕ ਬੜੀ ਕਠਿਨ ਤੋਂ ਕਠਿਨ ਕਾਰ ਨੂੰ ਪ੍ਰਵਾਨ ਕੀਤਾ ਹੈ।

ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਿੱਕੜ ਨਾਲ ਭਰਿਆ ਹੋਇਆ ਝੋਨੇ ਵਿਚੋਂ ਕੱਢੀ ਨਦੀਨ ਦੀ ਪੰਡ ਚੁੱਕਣ ਨੂੰ ਕਿਹਾ ਤਾਂ ਆਪ ਜੀ ਸਤਿ ਬਚਨ ਕਹਿ ਕੇ ਉਸੇ ਵੇਲੇ ਚੁੱਕ ਲਿਆ।*

ਜੇਕਰ ਬਹੁਤੀ ਵਰਖਾ ਹੋਣ ਕਰ ਕੇ ਲੰਗਰ ਤਿਆਰ ਨਹੀਂ ਹੋਇਆ ਤੇ ਆਪ ਜੀ ਨੂੰ ਕਿੱਕਰਾਂ ਪਰ ਚੜ੍ਹ ਕੇ ਸੰਗਤਾਂ ਨੂੰ ਮਿਠਿਆਈ ਖੁਆਉਣ ਦਾ ਹੁਕਮ ਹੋਇਆ ਤਾਂ ਆਪ ਜੀ ਨੇ ਸਤ ਬਚਨ ਕਰ ਕੇ ਕਿੱਕਰਾਂ ਪਰ ਚੜ੍ਹ ਕੇ ਉਨ੍ਹਾਂ ਡਾਣਿਆਂ ਨੂੰ ਹਲੂਣ ਕੇ ਸੰਗਤਾਂ ਨੂੰ ਮਿਠਿਆਈ ਖੁਆਈ।

ਜੇਕਰ ਚਿੱਕੜ 'ਚੋਂ ਕਟੋਰਾ ਕਢਿਆ ਹੈ ਤਾਂ ਆਪ ਜੀ ਨੇ ਹੀ ਕੱਢਿਆ ਹੈ। ਜੇ ਹਜ਼ੂਰ ਨੇ ਕਿਹਾ— ''ਖਾਹ ਮੁਰਦਾ!'' ਤਾਂ ਆਪ ਉਸੇ ਵੇਲੇ ਮੁਰਦਾ ਖਾਣ ਲਈ ਤਿਆਰ ਹੋ ਗਏ। ਇਸ ਤਰ੍ਹਾਂ ਦੀਆਂ ਕਠਿਨ ਕਾਰਾਂ ਆਪ ਜੀ ਨੇ ਸਹਾਰਨਾ ਕੀਤੀਆਂ ਹਨ।

ਹੁਣ ਜਿਹੜੇ ਸਿੱਖ ਆਪ ਜੀ ਦੇ ਬਚਨਾਂ ਨੂੰ ਮੰਨਦੇ ਹਨ ਉਨ੍ਹਾਂ ਨੂੰ ਨਿਰ ਭਾਰ= ਪਾਪਾਂ ਦੇ ਬੋਝ ਤੋਂ ਰਹਿਤ ਕਰ ਕੇ ਸੰਸਾਰ-ਸਾਗਰ ਤੋਂ ਪਾਰ ਉਤਾਰਨਾ ਕੀਤਾ ਹੈ।

ਸਤਸੰਗਤਿ ਸਹਜ ਸਾਰਿ ਜਾਗੀ ਲੇ ਗੁਰ ਬੀਚਾਰਿ

ਹੇ ਸਤਿਗੁਰੂ ਅੰਗਦ ਦੇਵ ਜੀ! ਆਪ ਜੀ ਦੀ ਸਤਸੰਗਤ ਸਹਜ ਸਾਰਿ= ਸੁਤੇ ਸਿਧ ਸ੍ਰੇਸ਼ਟ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਸ਼ੁਭ ਵਿਚਾਰ ਲੈਣ ਨਾਲ ਆਪ ਜੀ ਦੀ ਬਿਰਤੀ ਗਿਆਨ-ਜਾਗ੍ਰਤ ਵਿਖੇ ਜਾਗੀ ਹੈ। *ਅਥਵਾ*- ਹੇ ਗੁਰੂ ਅੰਗਦ ਦੇਵ ਜੀ! ਆਪ ਜੀ ਦੇ ਸ਼ੁਭ ਵਿਚਾਰ ਦੁਆਰਾ ਸਿੱਖਾਂ ਦੀ ਬਿਰਤੀ ਭਜਨ-ਸਿਮਰਨ ਵਿਖੇ ਜਾਗੀ ਹੈ।

ਨਿੰਮਰੀ ਭੂਤ ਸਦੀਵ ਪਰਮ ਪਿਆਰਿ॥

ਫਿਰ ਆਪ ਸਦੀਵ= ਹਮੇਸ਼ਾਂ ਨਿੰਮਰੀ ਭੂਤ= ਨਿੰਮ੍ਰਤਾ ਸਰੂਪ ਵਾਲੇ ਹੋ-ਅਤੇ ਆਪ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਖੇ ਪਰਮ ਪਿਆਰਿ= ਬਹੁਤ ਸਾਰਾ ਪਿਆਰ ਹੈ।

ਕਹੁ ਕੀਰਤਿ ਕਲਸਹਾਰ ਸਪਤ ਦੀਪ ਮਝਾਰ

ਕਲਸਹਾਰ ਨਾਮਾ ਕਵੀ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ ਕਿ ਤੁਸੀਂ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ

---

*ਯਥਾ :- *ਇਹ ਨਦੀਨ ਕੇ ਬਾਂਧਹੁ ਭਾਰਾ। ਲੇ ਜਾਵਹੁ ਹਿਤ ਪਸੁਨਿ ਅਗਾਰਾ॥ ੮੫॥*
ਲਹਿਣੇ ਆਇ ਵਹਿਰ ਤਤਕਾਲਾ। ਤ੍ਰਿਣ ਕੋ ਬਾਂਧਜੋ ਭਾਰ ਬਿਸਾਲਾ।
ਪੰਕ ਨੀਰ ਨੁਚਰਤਿ ਜਿਹ ਮਾਂਹੀ। ਲੀਨ ਉਠਾਇ ਸੀਸ ਪਰ ਤਾਂਹੀ॥ ੮੬॥

(ਸ੍ਰੀ ਨਾਨਕ ਪ੍ਰਕਾਸ਼ ਉਤਾਰਧ ਅਧਿ ੪੭)

www.sikhbookclub.com

ਕੀਰਤੀ ਨੂੰ ਕਹਿਣਾ ਕਰੋ।

ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੨ ॥

ਮੁਰਾਰੀ ਰੂਪ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਚਰਨਾਂ ਨੂੰ ਪਰਸ ਕੇ ਭਾਈ ਲਹਣਾ= ਸ੍ਰੀ ਗੁਰੂ ਅੰਗਦ ਦੇਵ ਜੀ ਸੱਤਾਂ ਦੀਪਾਂ ਵਿਚ ਸਾਰੇ ਜਗਤ ਦੇ ਗੁਰੂ ਹੋਏ॥ ੨ ॥

ਤੈ ਤਉ ਦ੍ਰਿੜਿਓ ਨਾਮੁ ਅਪਾਰੁ ਬਿਮਲ ਜਾਸੁ ਬਿਥਾਰੁ

ਹੇ ਸਤਿਗੁਰੂ ਅੰਗਦ ਦੇਵ ਜੀ! ਤੈ ਤਉ= ਆਪ ਜੀ ਨੇ ਤਾਂ ਆਪਣੇ ਹਿਰਦੇ ਵਿਖੇ ਵਾਹਿਗੁਰੂ ਦੇ ਅਪਾਰ ਨਾਮ ਨੂੰ ਦ੍ਰਿੜ੍ਹ ਕੀਤਾ ਹੋਇਆ ਹੈ, ਬਿਮਲ= ਨਿਰਮਲ ਪ੍ਰਮਾਤਮਾ ਦੇ ਜਸ ਨੂੰ ਹੀ ਆਪ ਸਾਰੇ ਬਿਥਾਰੁ= ਫੈਲਾ ਰਹੇ ਹੋ।

ਅਥਵਾ- ਜਿਧਰ ਕਿਧਰ ਆਪ ਜੀ ਦਾ ਹੀ ਨਿਰਮਲ ਜਸ ਬਿਥਾਰੁ= ਵਿਸਤੀਰਨ ਭਾਵ ਫੈਲ ਰਿਹਾ ਹੈ।

ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ ॥

ਇਸ ਵਕਤ ਸਾਧਿਕ= ਜਗਿਆਸੂਆਂ, ਚੌਰਾਸੀ ਸਿਧਾਂ, ਸੁਜਨ= ਸ੍ਰੇਸ਼ਟ ਮਹਾਤਮਾਂ ਜਨਾਂ, ਅਤੇ ਕੁਲ ਜੀਆਂ ਜੰਤਾਂ ਦਾ ਆਪ ਹੀ ਅਧਾਰੁ= ਆਸਰਾ ਰੂਪ ਹੋ।

ਤੂ ਤਾ ਜਨਿਕ ਰਾਜਾ ਅਉਤਾਰੁ

ਸਾਰਿਆਂ ਦਾ ਜਨਿਕ= ਪਿਤਾ ਜੋ ਪ੍ਰਮਾਤਮਾ ਹੈ ਰਾਜਾ= ਪ੍ਰਕਾਸ਼ ਰੂਪ ਹੇ ਸਤਿਗੁਰੂ ਅੰਗਦ ਦੇਵ ਜੀ ਤੂ ਤਾ= ਆਪ ਤਾਂ ਉਸ ਪ੍ਰਮੇਸ਼ਰ ਦੇ ਅਉਤਾਰੁ= ਅਵਤਾਰ ਹੋ। *ਅਥਵਾ-*ਰਾਜਾ= ਪ੍ਰਕਾਸ਼ ਰੂਪ, ਜਨਿਕ= ਗਿਆਨ ਦੇ ਅਵਤਾਰ ਹੋ। ਭਾਵ ਆਪ ਗਿਆਨ ਸਰੂਪ ਹੋ। (ਇਹ ਦੋਨੋਂ ਅਰਥ ਸੰਪ੍ਰਦਾਈ ਹਨ।)

ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ ॥

ਸੰਸਾਰ ਵਿਖੇ ਆਪ ਜੀ ਦਾ ਸ਼ਬਦ ਸਾਰੁ= ਸ੍ਰੇਸ਼ਟ ਹੈ, ਹੇ ਸਤਿਗੁਰੂ ਅੰਗਦ ਦੇਵ ਜੀ! ਜਗਤ ਵਿਖੇ ਆਪ ਇਸ ਤਰ੍ਹਾਂ ਅਸੰਗ ਰਹਿੰਦੇ ਹੋ, ਜਿਵੇਂ ਪਾਣੀ ਵਿਖੇ ਪਦਮ= ਕੰਵਲ ਫੁੱਲ ਦਾ ਵਿਚਾਰ ਹੈ।

ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ

ਰੋਗਾਂ ਦੇ ਬਿਦਾਰੁ= ਨਾਸ ਕਰਨ ਨੂੰ ਆਪ ਕਲਿਪ ਤਰੁ= ਕਲਪ ਬ੍ਰਿਛ ਵਾਂਗੂੰ ਹੋ। *ਵਾ-*ਮਨ ਬਾਂਛਤ ਫਲ ਦੇਣ ਨੂੰ ਕਲਪ ਬ੍ਰਿਛ ਵਾਂਗ ਹੋ ਤੇ ਰੋਗਾਂ ਦੇ ਬਿਦਾਰਨੇ ਨੂੰ ਧਨੰਤ੍ਰ ਵੈਦ ਰੂਪ ਹੋ। ਆਧ, ਬਿਆਧ, ਉਪਾਧ ਰੂਪ ਸੰਸਾਰਕ ਤਾਪਾਂ ਦੇ ਆਪ ਨਵਿਰਤ ਕਰਨ ਵਾਲੇ ਹੋ।

ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ ॥

(ਰਾਜਸੀ, ਤਾਮਸੀ, ਸ਼ਾਂਤਕੀ ਰੂਪ ਹੋਣ ਕਰ ਕੇ ਲੋਕਾਂ ਦਾ) ਆਤਮਾ= ਮਨ, ਤ੍ਰਿਬਿਧਿ= ਤਿੰਨ ਪ੍ਰਕਾਰ ਦਾ ਹੈ। *ਵਾ-*ਲੋਕਾਂ ਦਾ ਆਤਮਾ= ਮਨ, ਤ੍ਰਿਬਿਧਿ= ਤਿੰਨਾਂ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਸ਼ਿਵ) ਦੀ ਉਪਾਸ਼ਨਾ ਵਿਖੇ ਲੱਗ ਰਿਹਾ ਹੈ ਪਰ ਆਪ ਜੀ ਦਾ ਮਨ ਤਾਰ= ਤੇਲ ਧਾਰਾ ਵਾਂਗ ਇਕ ਪਰਮਾਤਮਾ ਦੀ ਲਿਵ ਵਿਖੇ ਲੱਗ ਰਿਹਾ ਹੈ।

ਕਹੁ ਕੀਰਤਿ ਕਲਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ ਗੁਰੁ ਪਰਸਿ ਮੁਰਾਰਿ ॥ ੩ ॥

ਕਲਸਹਾਰ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ ਕਿ ਇਸ ਲਈ ਤੁਸੀਂ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੀਰਤੀ ਨੂੰ ਕਹਿਣਾ ਕਰੋ, ਮੁਰਾਰੀ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨਾਂ ਨੂੰ ਪਰਸ ਕੇ ਭਾਈ ਲਹਿਣਾ= ਸ੍ਰੀ ਗੁਰੂ ਅੰਗਦ ਦੇਵ ਜੀ ਸੱਤਾਂ ਦੀਪਾਂ ਵਿਚ ਸਾਰੇ ਜਗਤ ਦੇ ਗੁਰੂ ਹੋਏ ਹਨ॥ ੩ ॥

ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ

ਹੇ ਸਤਿਗੁਰੂ ਅੰਗਦ ਦੇਵ ਜੀ! ਤੈ ਤਾ= ਆਪ ਜੀ ਨੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਦਰਥਿ= ਹਜ਼ੂਰੋਂ ਅਰਥਾਤ ਪਾਸੋਂ ਮਾਨੁ= ਆਦਰ ਪਾਇਆ ਹੈ, ਫਿਰ ਆਪ ਜੀ ਨੇ ਪਰਵਾਨੁ= ਪ੍ਰਮਾਣੀਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨਾਂ ਨੂੰ ਸੇਵਨਾ ਕੀਤਾ ਹੈ।

ਅਥਵਾ-ਸੇਵਾ ਕਰ ਕੇ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਵਾਨੁ= ਤੁਲ ਭਾਵ ਸਦਰਸ਼ ਹੋਏ ਹੋ।

ਵਾ-ਤੁਸੀਂ ਪਰਵਾਨੁ= ਨਿਸਚੇ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸੇਵਨਾ ਕੀਤਾ ਹੈ।

ਸਾਧਿ ਅਜਗਰੁ ਜਿਨਿ ਕੀਆ ਉਨਮਾਨੁ ॥

ਜਿਸ ਆਪ ਜੀ ਨੇ ਉਨਮਾਨੁ= ਵਿਚਾਰ ਕਰ ਕੇ ਹੰਕਾਰ ਰੂਪੀ ਅਜਗਰੁ= ਸੱਪ ਨੂੰ ਸਾਧਣਾ ਕੀਤਾ ਹੈ।

ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ

ਹੇ ਗੁਰੂ ਅੰਗਦ ਦੇਵ ਜੀ! ਆਪ ਕੇਵਲ ਹਰਿ ਹਰਿ ਦੇ ਦਰਸ਼ਨ ਕਰਨ ਵਿਖੇ ਸਮਾਨ= ਸਮਾ ਰਹੇ ਹੋ। *ਅਥਵਾ*-ਆਪ ਜੀ ਦਾ ਦਰਸ਼ਨ ਹਰਿ ਹਰਿ ਦੇ ਸਮਾਨ ਹੈ। ਭਾਵ ਜਿਵੇਂ ਹਰੀ ਦੇ ਦਰਸ਼ਨ ਕਰਨ ਨਾਲ ਲਾਭ ਹੁੰਦਾ ਹੈ, ਤਿਵੇਂ ਆਪ ਜੀ ਦਾ ਦਰਸ਼ਨ ਕੀਤਿਆਂ ਲਾਭ ਪ੍ਰਾਪਤ ਹੁੰਦਾ ਹੈ।

ਅਥਵਾ-ਹਰਿ= ਬ੍ਰਹਮਾ ਹਰਿ= ਸ਼ਿਵ ਆਦਿਕ ਸਾਰੇ ਦੇਵਤੇ ਆਪ ਜੀ ਦੇ ਦਰਸ਼ਨ ਕਰਨ ਵਿਖੇ ਸਮਾ ਰਹੇ ਹਨ। ਆਪ ਜੀ ਦਾ ਆਤਮਾ= ਮਨ ਵੰਤਗਿਆਨ= ਬ੍ਰਹਮ ਗਿਆਨ ਵਾਲਾ ਹੈ।

ਜਾਣੀਅ ਅਕਲ ਗਤਿ ਗੁਰ ਪਰਵਾਨ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਖੇ ਪਰਵਾਨ= ਨਿਸਚਾ ਧਾਰ ਕੇ ਆਪ ਜੀ ਨੇ ਅ+ਕਲ= ਕਲਪਨਾ ਤੋਂ ਰਹਿਤ ਜੋ ਪ੍ਰਮਾਤਮਾ ਹੈ ਉਸ ਦੀ ਗਤਿ ਜਾਣੀਅ= ਪ੍ਰਾਪਤੀ ਜਾਣੀ ਹੈ।

ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ

ਜਿਸ ਆਪ ਜੀ ਦੀ ਦ੍ਰਿਸ਼ਟੀ ਅਚਲ ਠਾਣ= ਸਰੂਪ ਅਸਥਾਨ ਵਿਚ ਟਿਕੀ ਹੋਈ ਹੈ ਅਤੇ ਬਿਮਲ= ਨਿਰਮਲ ਬੁੱਧੀ ਦੇ ਆਪ ਸ੍ਰੇਸ਼ਟ ਅਸਥਾਨ ਹੋ।

ਅਥਵਾ-ਆਪ ਜੀ ਦੇ ਸ੍ਰੇਸ਼ਟ ਅਸਥਾਨ ਸਤਿ-ਸੰਗ ਵਿਚੋਂ ਬਿਮਲ ਬੁਧਿ= ਨਿਰਮਲ ਬੁੱਧੀ ਪ੍ਰਾਪਤ ਹੁੰਦੀ ਹੈ।

ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥

ਆਪ ਜੀ ਨੇ ਸੀਲ= ਜਤ ਰੂਪੀ ਸਨਾਹੁ= ਸੰਜੋਅ ਨੂੰ *ਅਥਵਾ*-ਸ਼ੀਲ ਸੁਭਾਅ ਰੂਪੀ ਸੰਜੋਅ ਨੂੰ ਪਹਿਰਿਆ ਹੋਇਆ ਹੈ।

ਖਹਿਰਿਆਂ ਨੇ ਆਪ ਜੀ ਨਾਲ ਭਾਵੇਂ ਕਿਤਨਾ ਵਿਰੋਧ ਕੀਤਾ। ਆਪ ਜੀ ਦਾ ਪਲੰਘ ਵੀ ਚੁੱਕ ਕੇ ਬਾਹਰ ਛੱਡ ਆਏ ਪਰ ਸਰਬ ਕਲਾ ਸਮਰੱਥ ਹੁੰਦਿਆਂ ਹੋਇਆ ਵੀ ਆਪ ਜੀ ਨੇ ਉਨ੍ਹਾਂ ਨੂੰ ਕੁਝ ਨਹੀਂ ਕਿਹਾ, ਇਸ ਤਰ੍ਹਾਂ ਦਾ ਆਪ ਜੀ ਦਾ ਸੀਲ ਸੁਭਾਅ ਹੈ ਅਤੇ ਸਕਤਿ= ਮਾਇਆ ਨੂੰ ਆਪ ਜੀ ਨੇ ਬਿਦਾਰਿ= ਬਿਦੀਰਨ ਕਰ ਰਖਿਆ ਹੈ। ਅਰਥਾਤ ਮਾਇਆ ਨੂੰ ਛੇ ਛੇ ਕੋਹ ਪਰੇ ਰੱਖਿਆ ਹੈ। ਚਾਹੇ ਕਿਤਨੀ ਮਾਇਆ ਤੇ ਰਸਦਾਂ ਆਉਂਦੀਆਂ ਸਨ ਪਰ ਗੁਰੂ ਸਾਹਿਬ ਜੀ ਲੰਗਰ ਤਿਆਰ ਕਰਵਾ ਕੇ ਸਿੱਖ ਸੰਗਤਾਂ ਨੂੰ ਛਕਾ ਦਿੰਦੇ ਸਨ। ਗੁਰੂ ਸਾਹਿਬ ਜੀ ਦਾ ਇਹ ਨਿਯਮ ਰਿਹਾ ਹੈ ਕਿ ਆਪਣੇ ਪਾਸ ਕੁਝ ਵੀ ਨਹੀਂ ਰੱਖਿਆ ਕਰਦੇ ਸਨ ਇਥੋਂ ਤਕ ਕਿ ਰਾਤ ਨੂੰ ਭਾਂਡੇ ਵੀ ਮੂਧੇ ਮਰਵਾ ਦੇਂਦੇ ਸਨ।

ਕਹੁ ਕੀਰਤਿ ਕਲਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ ਗੁਰੁ ਪਰਸਿ ਮੁਰਾਰਿ॥ ੪॥

ਕਲਸਹਾਰ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ ਕਿ ਤੁਸੀਂ ਰਲ ਕੇ ਸਾਰੇ ਗੁਰੂ ਸਾਹਿਬ ਜੀ ਦੀ ਕੀਰਤੀ ਕਰੋ!' ਮੁਰਾਰੀ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨਾਂ ਨੂੰ ਪਰਸ ਕੇ ਭਾਈ ਲਹਿਣਾ= ਸ੍ਰੀ ਗੁਰੂ ਅੰਗਦ ਦੇਵ ਜੀ ਸੱਤਾਂ ਦੀਪਾਂ ਵਿਖੇ ਸਾਰੇ ਜਗਤ ਦੇ ਗੁਰੂ ਹੋਏ ਹਨ॥ ੪॥

ਇਥੋਂ ਤਕ ਕਲਸਹਾਰ ਨਾਮੇ ਭੱਟ ਦੇ ਚਾਰ ਸਵਈਏ ਆਏ ਹਨ।

ਇਸ ਤੋਂ ਅਗਲੇ ਕਲ ਨਾਮੇ ਭੱਟ ਦੇ ਪੰਜ ਸਵਈਏ ਆਉਣਗੇ—

ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਜਿਸ ਉਤੇ ਤੁਸੀਂ ਆਪਣੀ ਕਿਰਪਾ ਦ੍ਰਿਸ਼ਟੀ ਧਾਰਦੇ ਹੋ, ਉਸ ਦੇ ਅੰਤਹ ਕਰਨ ਰੂਪ ਮੰਦਰ 'ਚੋਂ ਅਗਿਆਨ ਰੂਪ ਤਮ= ਹਨੇਰੇ ਨੂੰ ਹਰਨ= ਨਾਸ ਕਰ ਦੇਂਦੇ ਹੋ, ਜੋ ਅਘ= ਪਾਪ ਜੀਵਾਂ ਦੇ ਅੰਤਹ-ਕਰਨ ਨੂੰ ਦਹਨ= ਸਾੜਨ ਵਾਲੇ ਹਨ, ਆਪ ਉਨ੍ਹਾਂ ਪਾਪਾਂ ਨੂੰ ਪ੍ਰ-ਨਾਸਨ= ਭਲੀ ਪ੍ਰਕਾਰ ਨਾਸ ਕਰਨ ਵਾਲੇ ਹੋ।

ਅਥਵਾ-ਵਡਿਆਂ ਅਘ= ਪਾਪਾਂ ਨੂੰ ਵੀ ਦਹਨ= ਸਾੜਨ ਵਾਲੇ ਹੋ ਅਤੇ ਛੋਟਿਆਂ-ਛੋਟਿਆਂ ਪਾਪਾਂ ਨੂੰ ਭੀ ਪ੍ਰ-ਨਾਸਨ= ਭਲੀ ਪ੍ਰਕਾਰ ਨਾਸ ਕਰਨ ਵਾਲੇ ਹੋ।

ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥

ਕਾਮ ਅਤੇ ਕ੍ਰੋਧ ਰੂਪ ਹਨੇਰੇ ਦੇ ਵਿਸ਼ੇਸ਼ ਤੌਰ 'ਤੇ ਨਾਸ ਕਰਨ ਨੂੰ ਆਪ ਜੀ ਦਾ ਸਬਦ= ਉਪਦੇਸ਼ ਸੂਰ ਬਲਵੰਤ= ਸੂਰਜ ਵਾਂਗ ਬਲ ਵਾਲਾ ਹੈ ਭਾਵ ਜਿਵੇਂ ਸੂਰਜ ਦੇ ਚੜ੍ਹਨ ਕਰ ਕੇ ਹਨੇਰਾ ਦੂਰ ਹੋ ਜਾਂਦਾ ਹੈ। ਤਿਵੇਂ ਆਪ ਜੀ ਦੇ ਬਚਨਾਂ ਕਰ ਕੇ ਕਾਮ ਕ੍ਰੋਧ ਮਿਟ ਜਾਂਦੇ ਹਨ।

ਅਥਵਾ- ਸਬਦ= ਬਾਣੀ ਦੇ ਪੂਰਿਆਂ ਕਰਨ ਵਿਚ ਆਪ ਸੂਰ= ਸੂਰਬੀਰ ਹੋ। ਭਾਵ ਆਪਣੇ ਮੁਖ ਤੋਂ ਜੋ ਵੀ ਬਾਣੀ ਬੋਲਦੇ ਹੋ ਉਸ ਨੂੰ ਆਪ ਪੂਰਿਆਂ ਹੀ ਕਰਦੇ ਹੋ।

ਯਥਾ-ਸੂਰਬੀਰ ਬਚਨ ਕੇ ਬਲੀ॥ *(ਪੰਨਾ ੩੯੨)*

ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ॥

ਲੋਭ ਮੋਹ ਆਦਿਕ ਸਭ ਆਪ ਜੀ ਨੇ ਆਪਣੇ ਵਸੀਕਾਰ ਕੀਤੇ ਹੋਏ ਹਨ, ਆਪਣੀ ਸ਼ਰਨ ਆਏ ਹੋਏ

ਜਾਚਿਕ= ਮੰਗਤਿਆਂ ਦੀ ਆਪ ਪ੍ਰਤਿਪਾਲਾ ਕਰਨ ਵਾਲੇ ਹੋ। ਅਤੇ-

ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ॥

ਆਪਣੇ ਆਤਮਕ ਰਤ= ਪ੍ਰੇਮ ਨੂੰ ਸੰ+ਗ੍ਰਹਣ= ਭਲੀ ਪ੍ਰਕਾਰ ਗ੍ਰਹਿਣ ਕਰਨ ਵਾਲੇ ਹੋ, ਆਪ ਜੀ ਦੇ ਬਚਨਾਂ ਦੇ ਕਹਿਣ ਦੀ ਢਾਲਣ= ਰੀਤੀ ਅੰਮ੍ਰਿਤ ਨਾਲੋਂ ਵੀ ਕਲ= ਸੁੰਦਰ ਹੈ।

ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ॥

ਕਲ ਨਾਮਾ ਭੱਟ ਆਖਦਾ ਹੈ- ਹੇ ਸਤਿਗੁਰੂ ਅੰਗਦ ਦੇਵ ਜੀ! ਸਤਿਗੁਰੂ ਨਾਨਕ ਦੇਵ ਜੀ ਨੇ ਆਪ ਜੀ ਨੂੰ ਕਲ ਤਿਲਕੁ= ਸੁੰਦਰ ਤਿਲਕ (ਗੁਰਿਆਈ ਗੱਦੀ ਦਾ) ਦਿੱਤਾ ਹੈ, ਸਤਿ= ਨਿਸਚੇ ਸਹਿਤ ਜੋ ਆਪ ਜੀ ਦੇ ਪਵਿਤ੍ਰ ਪੈ= ਚਰਨਾਂ ਨਾਲ ਲੱਗਦਾ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ।

ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥ ੫॥

ਹੇ ਬਾਬਾ ਫਿਰਣ= ਫੇਰੂ ਜੀ ਦੇ ਸੀਹ= ਪੁਤ੍ਰ ਅੰਗਰਉ= ਗੁਰੂ ਅੰਗਦ ਦੇਵ ਜੀ! ਆਪ ਹੀ ਸਾਰੇ ਜਗਤ ਦੇ ਗੁਰੂ ਹੋ, ਪਹਿਲਾਂ ਆਪ ਜੀ ਦਾ ਨਾਮ ਭਾਈ ਲਹਿਣਾ ਜੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਆਪ ਰਾਜੁ ਜੋਗੁ= ਭਗਤੀ ਜੋਗ (ਗਿਆਨ ਜੋਗ) ਨੂੰ ਕਰ ਰਹੇ ਹੋ॥ ੫॥

[ਪੰਨਾ ੧੩੯੨]

ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਆਪ ਜੀ ਦੀ ਸਦਾ ਹੀ ਅ-ਕਲ= ਕਲਪਣਾਂ ਤੋਂ ਰਹਿਤ ਪਰਮਾਤਮਾ ਵਿਖੇ ਲਿਵ ਰਹੈ= ਬਿਰਤੀ ਲੱਗੀ ਰਹਿੰਦੀ ਹੈ, ਤੁਸੀਂ ਆਪਣੀ ਇੱਛਾ ਅਨੁਸਾਰ ਕਰਨ ਚਾਰਹ= ਇੰਦ੍ਰੀਆਂ ਨੂੰ ਵਿਚਰਾਉਂਦੇ ਹੋ। ਭਾਵ ਆਪਣੀ ਮਰਜ਼ੀ ਨਾਲ ਚਲਾਉਂਦੇ ਹੋ।

ਦ੍ਰੁਮ ਸਪੁਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ॥

ਜਿਵੇਂ ਫਲਾਂ ਨਾਲ ਸਪੂਰ= ਸੰਪੂਰਨ ਹੋਇਆ ਹੋਇਆ ਦ੍ਰੁਮ= ਬ੍ਰਿਛ ਨਿਉਂ ਜਾਂਦਾ ਹੈ ਅਤੇ (ਲੋਕਾਂ ਦੀਆਂ ਇੱਟਾਂ ਰੋੜੇ ਆਦਿ) ਕਸੁ= ਤਾੜਨਾ ਨੂੰ ਖਵੈ= ਸਹਾਰਦਾ ਹੈ। ਤਿਵੇਂ ਆਪ ਜੀ ਦਾ ਬਿਮਲ= ਨਿਰਮਲ ਵਿਚਾਰ ਹੈ। ਭਾਵ ਸਰਬ ਸ਼ਕਤੀਆਂ ਰੂਪ ਫਲਾਂ ਨੂੰ ਪਾ ਕੇ ਆਪ ਨਿੰਮਰੀਭੂਤ ਰਹਿੰਦੇ ਹੋ ਅਤੇ ਸੰਸਾਰੀ ਜੀਵਾਂ ਲਈ ਕਈ ਤਰ੍ਹਾਂ ਦੀਆਂ ਖੇਚਲਾਂ ਸਹਾਰਦੇ ਹੋ।

ਇਹੈ ਤਤੁ ਜਾਣਿਓ ਸਰਬ ਗਤਿ ਅਲਖੁ ਬਿਡਾਣੀ॥

ਆਪ ਜੀ ਨੇ ਇਹ ਤਤੁ= ਭੇਤ ਜਾਣ ਲਿਆ ਹੈ, ਕਿ ਬਿਡਾਣੀ= ਅਸਚਰਜ ਰੂਪ ਅਲਖ ਪਰਮਾਤਮਾ ਸਾਰਿਆਂ ਵਿਚ ਗਤਿ= ਪ੍ਰਾਪਤ ਹੈ।

ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਆਪ ਜੀ ਨੇ ਸਹਜ ਭਾਇ= ਸੁਤੇ ਸਿੱਧ ਸਿੱਖਾਂ ਦੇ ਹਿਰਦਿਆਂ ਵਿਚ ਬਾਣੀ ਰੂਪ ਕਲ ਕਿਰਣਿ= ਸੁੰਦਰ ਕਿਰਣਾਂ ਦੁਆਰਾ ਨਾਮ-ਅੰਮ੍ਰਿਤ ਸਿੰਜਣਾ ਕੀਤਾ ਹੈ।

ਅਥਵਾ-ਸ੍ਰੀ ਗੁਰੂ ਨਾਨਕ ਦੇਵ ਰੂਪ ਚੰਦ੍ਰਮਾ ਨੇ ਬਾਣੀ ਰੂਪ ਕਲ ਕਿਰਣਿ= ਸੁੰਦਰ ਕਿਰਣਾਂ ਦੁਆਰੇ ਹੇ

ਸ੍ਰੀ ਗੁਰੂ ਅੰਗਦ ਦੇਵ ਜੀ! ਤੁਹਾਡੇ ਹਿਰਦੇ ਵਿਚ ਸਹਜ ਭਾਇ= ਸੁਤੇ ਸਿਧ ਨਾਮ ਅੰਮ੍ਰਿਤ ਸਿੰਜਣਾ ਕੀਤਾ ਹੈ।

ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ॥

ਗਿਆਨ ਗਮ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਉਹਨਾਂ ਦੇ ਪ੍ਰਮਾਣੁ= ਸਦਰਸ਼ ਤੈ ਪਾਇਓ= ਆਪ ਜੀ ਨੇ ਅਨੰਦ ਪਾਉਣਾ ਕੀਤਾ ਹੈ, ਸਤ= ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ-ਗੁਣਾਂ ਨੂੰ ਆਪ ਜੀ ਨੇ ਗ੍ਰਾਹਜਿ ਲਯੌ= ਗ੍ਰਹਿਣ ਕਰ ਲਿਆ ਹੈ।

ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ॥ ੬॥

(ਮੈਂ) ਕਲ ਨਾਮਾ ਭੱਟ ਸਮੁਲਵੈ (ਸਮ+ਉਲਵੈ)= ਭਲੀ ਪ੍ਰਕਾਰ ਉਚਾਰਦਾ ਹਾਂ, ਕਿ ਜਿਨ੍ਹਾਂ ਜਨ= ਪੁਰਸ਼ਾਂ ਨੂੰ ਲਹਣੇ= ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਪ੍ਰਾਪਤ ਹੋਇਆ ਹੈ, ਉਹਨਾਂ ਨੇ ਹਰਿ ਪਰਸਿਓ= ਪ੍ਰਮਾਤਮਾ ਨੂੰ ਪਰਸ ਲਿਆ ਹੈ॥ ੬॥

ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਜਿਸ ਕਰਕੇ ਤੁਸੀਂ ਆਪਣੇ ਮਨ ਵਿਚ ਬਿਸਾਸੁ= ਭਰੋਸਾ ਪਾਇਆ ਹੋਇਆ ਹੈ, (ਇਸ ਕਰਕੇ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹਦਰਥਿ= ਪਾਸੋਂ ਗਹਰਿ= ਡੂੰਘੇ ਪ੍ਰਮਾਤਮਾ ਦਾ ਗਹੁ= ਗ੍ਰਹਿਣ ਕਰਨਾ ਦਿੱਤਾ ਹੈ।

ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰ ਗਤਿ ਪੀਓ॥

ਤਮਾਮ ਜੀਵਾਂ ਨੂੰ ਨਾਸ ਕਰਨ ਵਾਲੀ ਜੋ ਵਿਸ਼ਿਆਂ ਰੂਪੀ ਗਰਲ= ਵਿਹੁ ਹੈ, ਉਹ ਆਪ ਜੀ ਦੇ ਤਨਿ= ਸਰੀਰ 'ਚੋਂ ਨਠਯੋ= ਨਸ ਗਈ ਹੈ ਅਤੇ ਅੰਤਰ ਗਤਿ= ਅੰਤਹ ਕਰਨ ਵਿਖੇ ਪ੍ਰਾਪਤ ਜੋ ਬ੍ਰਹਮਾਨੰਦ ਰੂਪ ਅੰਮ੍ਰਿਤ ਹੈ, ਉਸ ਨੂੰ ਆਪ ਜੀ ਨੇ ਪੀਣਾ ਕੀਤਾ ਹੈ।

ਅਥਵਾ-ਅੰਮ੍ਰਿਤ ਦੇ ਪੀਣ ਕਰ ਕੇ ਅੰਤਰ ਗਤਿ= ਅੰਤਰਾ ਭੇਦ ਨਾਸ ਹੋ ਗਿਆ ਹੈ।

ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ॥

ਜਿਸ ਅਲਖ ਰੂਪ ਪ੍ਰਮਾਤਮਾ ਨੇ ਸਾਰਿਆਂ ਜੁਗਾਂ ਅੰਦਰ ਆਪਣੀ ਕਲ= ਸਤਾ, ਵਾ-ਸ਼ਕਤੀ ਧਾਰੀ ਹੋਈ ਹੈ, ਉਸ ਪ੍ਰਮਾਤਮਾ ਦਾ ਬਿਗਾਸੁ= ਪ੍ਰਕਾਸ਼, ਵਾ-ਅਨੰਦ ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਆਪ ਜੀ ਦੇ ਹਿਰਦੇ ਵਿਖੇ ਜਾਗਿਓ= ਪ੍ਰਕਾਸ਼ਿਆ ਹੈ।

ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ॥

ਜੋ ਪ੍ਰਮਾਤਮਾ ਨਿਰੰਤਰਿ= ਇਕਰਸ ਸਾਰਿਆਂ ਵਿਖੇ ਸਮਾਨਿ= ਇਕੋ ਜਿਹਾ ਰਵ ਰਿਹਾ ਹੈ, ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਉਸ ਵਿਖੇ ਆਪ ਜੀ ਦੀ ਸਹਜੇ ਹੀ ਸਮਾਧੀ ਲੱਗ ਰਹੀ ਹੈ।

ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ॥

ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਆਪ ਬੜੇ ਉਦਾਰਉ ਚਿਤ= ਉਦਾਰ ਚਿਤ ਵਾਲੇ ਹੋ। ਸਖੀ ਹੋ ਭਾਵ ਸੂਮ ਨਹੀਂ ਹੋ।

ਅਥਵਾ-ਉਦਾਰ ਹੋ ਅਤੇ ਚਿਤ= ਚੇਤਨ ਸਰੂਪ ਹੋ ਤੇ ਦਾਰਿਦ ਹਰਨ= ਦਲਿਦ੍ਰ ਦੇ ਨਾਸ ਕਰਨ ਵਾਲੇ

www.sikhbookclub.com

ਹੋ। ਭਾਵ ਗਰੀਬੀ ਦੂਰ ਕਰ ਕੇ ਪਾਤਸ਼ਾਹੀ ਬਖਸ਼ਣ ਵਾਲੇ ਹੋ, ਆਪ ਜੀ ਦਾ ਦਰਸ਼ਨ ਪਿਖੰਤਿਹ= ਦੇਖਦਿਆਂ ਭਾਵ ਕਰਦਿਆਂ ਸਾਰੇ ਕਲਮਲ= ਪਾਪ ਤ੍ਰਸਨ= ਡਰ ਕੇ ਭੱਜ ਜਾਂਦੇ ਹਨ।

ਸਦ ਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ ॥ ੭ ॥

ਕਲ ਨਾਮਾ ਭੱਟ ਉਚਰੇ= ਆਖਦਾ ਹੈ- ਹੇ ਭੱਟੋ! ਤੁਸੀਂ ਸਾਰੇ ਰਲ ਕੇ ਸਦਾ ਹੀ ਰੰਗਿ= ਪ੍ਰੇਮ ਵਿਖੇ ਮਗਨ ਹੋ ਕੇ ਸਹਜੇ-ਸਹਜੇ ਲਹਣੇ= ਗੁਰੂ ਅੰਗਦ ਦੇਵ ਜੀ ਦਾ ਜਸ ਰਸਨ= ਜੀਭ ਨਾਲ ਜਪਣਾ ਕਰੋ ॥ ੭ ॥

ਨਾਮੁ ਅਵਖਧੁ ਨਾਮੁ ਆਧਾਰੁ ਅਰੁ ਨਾਮੁ ਸਮਾਧਿ ਸੁਖੁ

ਹੇ ਸ੍ਰੀ ਗੁਰੂ ਅੰਗਦ ਸਾਹਿਬ ਜੀਉ! ਆਪ ਜੀ ਨੇ ਸਰਬ ਰੋਗਾਂ ਦੀ ਨਵਿਰਤੀ ਕਰਨ ਵਾਲੀ ਨਾਮ ਰੂਪ ਅਵਖਧੁ= ਔਸ਼ਧੀ ਨੂੰ ਖਾਣਾ ਕੀਤਾ ਹੈ ਅਤੇ ਨਾਮ ਦਾ ਹੀ ਆਪ ਜੀ ਨੇ ਆਧਾਰੁ= ਆਸਰਾ ਗ੍ਰਹਿਣ ਕੀਤਾ ਹੈ ਅਤੇ ਸੁਖ ਸਰੂਪ ਪਰਮੇਸ਼ਰ ਦੇ ਨਾਮ ਵਿਖੇ ਆਪ ਜੀ ਨੇ ਸਮਾਧੀ ਲਗਾਈ ਹੈ।

ਸਦਾ ਨਾਮ ਨੀਸਾਣੁ ਸੋਹੈ ॥

ਆਪ ਜੀ ਦੇ ਦਰਬਾਰ ਵਿਖੇ ਵੀ ਸਦਾ ਨਾਮ ਰੂਪ ਨੀਸਾਣੁ= ਝੰਡਾ ਸ਼ੋਭਨੀਕ ਹੋ ਰਿਹਾ ਹੈ।

ਰੰਗਿ ਰਤੋ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ ॥

ਉਸ ਨਾਮ ਰੰਗ ਸਿਉ= ਨਾਲ ਭਾਵ ਨਾਮ ਵਿਖੇ ਆਪ ਰਤੋ= ਜੁੜੇ ਹੋਏ ਹੋ, ਜੋ ਕਲ= ਸੁੰਦਰ ਨਾਮ ਦੇਵਤਿਆਂ ਮਨੁੱਖਾਂ ਨੂੰ ਕੀਰਤੀ ਰੂਪ ਬੋਹੈ= ਸੁਗੰਧੀ ਸਹਿਤ ਕਰਨ ਵਾਲੇ ਹੋ।

ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ ॥

ਜਿਨ੍ਹਾਂ ਨੇ ਵਾਹਿਗੁਰੂ ਨਾਮ ਨਾਲ ਪਰਸੁ= ਪਰਸਨਾ ਪਾਇਆ ਹੈ ਭਾਵ ਇਕ ਮਨ ਹੋ ਕੇ ਵਾਹਿਗੁਰੂ ਦਾ ਨਾਮ ਜਪਣਾ ਕੀਤਾ ਹੈ।

ਅਥਵਾ-ਜਿਨ੍ਹਾਂ ਨੇ ਨਾਮ ਰੂਪ ਪਰਸੁ= ਪਾਰਸ ਨੂੰ ਪਾਇਆ ਹੈ।

ਵਾ-ਜਿਨ੍ਹਾਂ ਨੇ ਪਾਪਾਂ ਦੇ ਕੱਟਣ ਵਾਲੇ ਨਾਮ ਰੂਪ ਪਰਸੁ= ਕੁਹਾੜੇ ਨੂੰ ਪਾਇਆ ਹੈ। ਉਨ੍ਹਾਂ ਦਾ ਸਤੁ= ਜਸ, ਰਵਿ ਲੋਇ= ਸੂਰਜ ਲੋਕ ਤਕ ਪ੍ਰਗਟ ਹੋਇਆ ਹੈ।

ਅਥਵਾ= ਸਾਰਿਆਂ ਲੋਇ= ਲੋਕਾਂ ਵਿਖੇ ਉਨ੍ਹਾਂ ਦਾ ਸਤੁ= ਧਰਮ ਸੂਰਜ ਵਾਂਗੂ ਪ੍ਰਗਟ ਹੋਇਆ ਹੈ।

ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥ ੮ ॥

ਕਲ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ- ਹੇ ਭੱਟੋ! ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਪਰਸਨ ਕਰਨ ਨਾਲ ਅਠਾਹਠ ਤੀਰਥਾਂ ਦੇ ਮਜਨੁ= ਇਸ਼ਨਾਨ ਕਰਨ ਦਾ ਫਲ ਘਰ ਬੈਠਿਆਂ ਹੀ ਪ੍ਰਾਪਤ ਹੋ ਜਾਂਦਾ ਹੈ ॥ ੮ ॥

ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ ॥

ਸਚ ਨਾਮ ਹੀ ਆਪ ਜੀ ਦਾ ਤੀਰਥ ਹੈ, ਸੱਚ ਨਾਮ ਦਾ ਅਭਿਆਸ ਹੀ ਆਪ ਜੀ ਦਾ ਇਸ਼ਨਾਨ ਹੈ ਅਤੇ ਭਾਉ= ਪ੍ਰੇਮ ਸਹਿਤ ਸਚ ਨਾਮ ਦਾ ਹੀ ਭੋਜਨ ਆਪ ਛਕਦੇ ਹੋ।

ਅਥਵਾ- ਸਚ= ਨਿਸਚੇ ਕਰ ਕੇ ਭਾਉ= ਗਿਆਨ ਰੂਪ ਭੋਜਨ ਨੂੰ ਆਪ ਛਕਦੇ ਹੋ, ਫਿਰ ਹਮੇਸ਼ਾਂ ਹੀ ਸਚੇ ਨਾਮ ਨੂੰ ਭਾਖੰਤੁ= ਕਥਨ ਕਰਦੇ ਹੋਏ ਆਪ ਸੋਹੈ= ਸ਼ੋਭਨੀਕ ਹੋ ਰਹੇ ਹੋ।

ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਬਦਿ= ਉਪਦੇਸ਼ ਦੁਆਰਾ ਆਪ ਜੀ ਨੇ ਸਚ ਨਾਮ ਪਾਇਆ ਹੈ, ਉਸੇ ਸੱਚੇ ਨਾਮ ਦੁਆਰਾ ਆਪ ਜੀ ਨੇ ਆਈਆਂ ਸੰਗਤਾਂ ਨੂੰ ਭਗਤੀ ਰੂਪ ਬੋਹੈ= ਸੁਗੰਧੀ ਵਾਲਾ ਕੀਤਾ ਹੈ।

ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ॥

ਕਲ ਨਾਮਾ ਕਵੀ ਜਨ ਵਖਾਣੁ= ਕਥਨ ਕਰਦਾ ਹੈ—ਜਿਸ ਆਪ ਜੀ ਦਾ ਸੰਜਮ ਸਚ ਨਾਮ ਦਾ ਹੈ ਅਤੇ ਵਰਤ ਵੀ ਸਚ ਨਾਮ ਦਾ ਹੈ।

ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮ ਪਰਵਾਣੁ॥ ੯॥

ਹੇ ਗੁਰੂ ਅੰਗਦ ਦੇਵ ਜੀ! ਆਪ ਜੀ ਦੇ ਦਰਸ਼ਨ ਪਰਸਨ ਕਰਨ ਤੇ ਇਹ ਮਨੁੱਖਾ ਜਨਮ ਸਚੁ= ਨਿਸਚੇ ਕਰ ਕੇ ਪਰਵਾਣੁ= ਸਫਲ ਹੋ ਜਾਂਦਾ ਹੈ॥ ੯॥ ਇਓਂ ਤਕ ਕਲ ਨਾਮੇ ਭੱਟ ਦੇ ਪੰਜ ਸਵਈਏ ਆ ਚੁਕੇ ਹਨ।

ਅੱਗੋਂ ਟਲ ਨਾਮ ਭੱਟ ਇਕ ਸਵਈਏ ਰਾਹੀਂ ਉਸਤਤੀ ਕਰਦਾ ਹੈ—

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥

ਸ੍ਰੀ ਗੁਰੂ ਅੰਗਦ ਦੇਵ ਜੀ! ਜਿਸ ਮਨੁੱਖ ਦੇ ਉਪਰ ਵੀ ਆਪਣੀ ਸੁਭ= ਸ੍ਰੇਸ਼ਟ ਅਮਿਅ ਦ੍ਰਿਸਟਿ= ਕਿਰਪਾ ਦ੍ਰਿਸ਼ਟੀ ਕਰਦੇ ਹਨ, ਉਸ ਦੇ ਰਾਗ ਦ੍ਵੈਸ਼ ਰੂਪੀ ਮੈਲ ਦੇ ਸਹਿਤ ਸਾਰੇ ਛੋਟੇ ਵੱਡੇ ਪਾਪ ਹਰੈ= ਨਾਸ ਕਰ ਦਿੰਦੇ ਹਨ।

ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥

ਕਾਮ ਕ੍ਰੋਧ ਅਤੇ ਲੋਭ ਮੋਹ ਆਦਿਕ ਸਾਰਿਆਂ ਬਲੀਆਂ ਨੂੰ ਆਪਣੇ ਵਿਵੇਕ ਦੇ ਬਲ ਦ੍ਵਾਰਾ ਵਸੀਕਾਰ ਕਰ ਦਿੰਦੇ ਹਨ।

ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥

ਉਸ ਦੇ ਮਨ ਵਿਚ ਹਮੇਸ਼ਾਂ ਸੁਖ ਆ ਕੇ ਵਸਦਾ ਹੈ ਅਤੇ ਸੰਸਾਰਕ ਦੁੱਖਾਂ ਨੂੰ ਖੋਵੈ= ਅਭਾਵ ਕਰ ਦਿੰਦੇ ਹਨ।

ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥

ਗੁਰੂ ਸਾਹਿਬ ਜੀ ਨੌ ਨਿਧੀਆਂ ਦੇ ਦਰਿਆ ਹਨ।

ਅਥਵਾ-ਗੁਰੂ ਅੰਗਦ ਸਾਹਿਬ ਜੀ ਨੌ ਨਿਧੀਆਂ ਦੇ ਦੇਣ ਵਾਲੇ ਹਨ ਤੇ ਸ਼ੁਭ-ਗੁਣਾਂ ਦੇ ਦਰਿਆ ਹਨ। ਵਾ-ਦਰੀਆਉ= ਦ੍ਰਵੀ ਭੂਤ (ਕਿਰਪਾਲੂ) ਸੁਭਾਅ ਵਾਲੇ ਹਨ, ਸਿੱਖਾਂ ਦੇ ਅੰਤਹਕਰਨ 'ਚੋਂ ਜਨਮਾਂ ਜਨਮਾਂਤਰਾਂ ਦੀ ਹਮ ਕਾਲਖ= ਤਮਾਮ ਪਾਪਾਂ ਰੂਪੀ ਮੈਲ ਨੂੰ ਧੋ ਦਿੰਦੇ ਹਨ।

ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥

(ਯਜੁਰ ਵੇਦ ਦਾ ਅਵਤਾਰ ਜੋ) ਟਲ ਨਾਮਾ (ਭੱਟ ਹੈ) ਸੁ= ਉਹ ਨਾਲਦਿਆਂ ਭੱਟਾਂ ਨੂੰ ਕਹੁ= ਕਹਿੰਦਾ

www.sikhbookclub.com

ਹੈ-ਹੇ ਭੱਟੋ! ਤੁਸੀਂ ਸਾਰੇ ਰਲ ਕੇ ਸਹਜਿ ਸੁਭਾਇ= ਸੁਤੇ ਸਿਧ ਅਹਿਨਿਸਿ= ਦਿਨੇ ਰਾਤੀ (ਸ੍ਰੀ ਗੁਰੂ ਅੰਗਦ ਦੇਵ ਜੀ ਦੀ) ਸੇਵਾ ਨੂੰ ਕਰੋ।

ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥ ੧੦ ॥

(ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ) ਦਰਸ਼ਨ ਪਰਸਨ ਕਰਨ ਨਾਲ ਜਨਮ ਮਰਨ ਦਾ ਦੁੱਖ ਨਵਿਰਤ ਹੋ ਜਾਂਦਾ ਹੈ॥ ੧੦ ॥

ਮਹਲੇ ਦੂਜੇ ਕੇ ਸਵਈਏ ਸਮਾਪਤੰ

ਦੂਜੀ ਪਾਤਸ਼ਾਹੀ ਜੀ ਦੇ ਇਹ ਉਸਤਤੀ ਰੂਪ ਦਸ ਸਵਈਏ ਤਿੰਨਾਂ ਭੱਟਾਂ (ਕਲਸਹਾਰ, ਕਲ, ਟਲ) ਨੇ ਉਚਾਰਨ ਕੀਤੇ ਹਨ। ਜਿਨ੍ਹਾਂ 'ਚੋਂ ਇਕ ਅੰਕ ਤੋਂ ਲੈ ਕੇ ਚਾਰ ਅੰਕ ਤਕ ੪ ਸਵਈਏ ਕਲਸਹਾਰ ਨਾਮੇ ਭੱਟ ਦੇ ਆਏ ਹਨ।

ਪੰਜ ਅੰਕ ਤੋਂ ਲੈ ਕੇ ਨੌ ਤਕ ਪੰਜ ਸਵਈਏ ਕਲ ਨਾਮੇ ਭੱਟ ਦੇ ਆਏ ਹਨ।

ਨੌ ਅੰਕ ਤੋਂ ਲੈ ਕੇ ਦਸ ਅੰਕ ਤਕ ੧ ਸਵਈਆ ਟਲ ਨਾਮੇ ਭੱਟ ਦਾ ਆਇਆ ਹੈ।

ਸਵਈਏ ਮਹਲੇ ਤੀਜੇ ਕੇ ੩

ੴ ਸਤਿਗੁਰ ਪ੍ਰਸਾਦਿ ॥

ਕਲ ਨਾਮ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ- ਹੇ ਭੱਟੋ!

ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥

ਉਸ ਸਚੇ ਅਕਾਲ ਪੁਰਖ ਨੂੰ ਸਿਵਰਿ= ਸਿਮਰਨਾ ਕਰੋ, ਜਿਸ ਦਾ ਇਕ ਵਾਹਿਗੁਰੂ ਨਾਮ ਹੀ ਸੰਸਾਰ ਵਿਖੇ ਅਛਲ ਹੈ।

ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ ॥

ਜਿਸ ਨਾਮ ਨੇ ਭਗਤਾਂ ਨੂੰ ਸੰਸਾਰ-ਸਮੁੰਦਰ ਤੋਂ ਤਾਰਨਾ ਕੀਤਾ ਹੈ, ਸੋਈ ਪਰਧਾਨੁ= ਉਸੇ ਉਤਮ ਨਾਮ ਨੂੰ ਤੁਸੀਂ ਸਿਮਰਨਾ ਕਰੋ।

ਅਥਵਾ-ਜਿਸ ਪ੍ਰਮਾਤਮਾ ਨੇ ਅਵਤਾਰ ਧਾਰ ਕੇ ਭਗਤਾਂ ਨੂੰ ਸੰਸਾਰ-ਸਮੁੰਦਰ ਤੋਂ ਤਾਰਨਾ ਕੀਤਾ ਹੈ, ਉਸੇ ਦੇ ਨਾਮ ਨੂੰ ਸਿਮਰ ਕੇ (ਸ੍ਰੀ ਗੁਰੂ ਅਮਰਦਾਸ ਜੀ ਸਾਰਿਆਂ ਵਿਚੋਂ) ਪਰਧਾਨੁ= ਮੁਖੀ ਹੋਏ ਹਨ।

ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ ॥

ਉਸ ਪ੍ਰਭੂ ਦੇ ਨਾਮ ਵਿਖੇ ਰਸਿਕੁ= ਤਦਾਕਾਰ ਹੋਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਹਣਾ= ਸ੍ਰੀ

ਗੁਰੂ ਅੰਗਦ ਦੇਵ ਜੀ ਨੂੰ ਉਸ ਗੁਰਤਾ-ਗੱਦੀ ਪਰ ਅਸਥਾਪਨ ਕੀਤਾ ਹੈ, ਜੇਨ= ਜਿਸ ਗੁਰਤਾ-ਗੱਦੀ ਵਿਖੇ ਸਾਰੀਆਂ ਰਿਧੀਆਂ ਸਿੱਧੀਆਂ ਹਨ।

ਕਵਿ ਜਨ ਕਲ੍ ਸਬੁਧੀ, ਕੀਰਤਿ ਜਨ ਅਮਰਦਾਸ ਬਿਸ੍ਰੀਯਾ ॥

ਕਲ ਨਾਮਾ ਕਵੀ ਜਨ ਆਖਦਾ ਹੈ- ਹੇ ਭੱਟੋ! ਸਬੁਧੀ ਜਨ ਜੋ ਸ੍ਰੀ ਗੁਰੂ ਅਮਰਦਾਸ ਜੀ ਹਨ, ਹੁਣ ਮੈਂ ਉਹਨਾਂ ਦੀ ਕੀਰਤੀ ਦਾ ਬਿਸ੍ਰੁਹੀਯਾ= ਵਿਸਥਾਰ ਕਰਦਾ ਹਾਂ।

ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ ॥

(ਹੇ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਦੀ) ਕੀਰਤੀ ਸੰਸਾਰ ਵਿਖੇ ਰਵਿ= ਸੂਰਜ ਦੀਆਂ ਕਿਰਣਾਂ ਵਾਂਗ ਪ੍ਰਗਟ ਹੋ ਰਹੀ ਹੈ, ਫਿਰ ਆਪ ਜੀ ਦੀ ਕੀਰਤੀ ਤਰੋਵਰ ਸਾਖ= ਬ੍ਰਿਛਾਂ ਦੀਆਂ ਟਾਹਣੀਆਂ ਅਤੇ ਸਰਾ= ਸਮੁੰਦਰਾਂ ਵਿਖੇ ਸਰਾ= ਸਾਰੇ ਮਵਲ= ਮਿਲ ਰਹੀ ਹੈ।

ਅਥਵਾ-ਪਖੰਡੀਆਂ ਰੂਪ ਤਾਰਿਆਂ ਦੇ ਲੋਪ ਕਰਨ ਨੂੰ, ਮੋਹ ਰੂਪ ਚੰਦ੍ਰਮਾ ਦੇ ਛਿਪਾਉਣ ਨੂੰ, ਵਿਕਾਰਾਂ ਰੂਪ ਉਲੂਆਂ ਦੇ ਸੁਆਣੇ ਨੂੰ, ਪਾਪਾਂ ਰੂਪ ਪਾਲੇ ਦੇ ਦੂਰ ਕਰਨ ਨੂੰ, ਅਗਿਆਨ ਰੂਪ ਹਨੇਰੇ ਦੇ ਨਵਿਰਤ ਕਰਨ ਨੂੰ ਆਪ ਸੰਸਾਰ ਵਿਖੇ ਰਵਿ= ਸੂਰਜ ਰੂਪ ਹੋ ਅਤੇ ਆਪ ਜੀ ਦੀ ਕੀਰਤੀ ਕਿਰਣਾਂ ਸਮਾਨ ਪ੍ਰਗਟ ਹੈ ਅਤੇ ਸਿੱਖਾਂ ਦੀਆਂ ਕਾਮਨਾ ਪੂਰਨ ਕਰਨ ਨੂੰ ਆਪ ਤਰੋਵਰਾਂ ਵਿਚੋਂ ਵਰ= ਸ੍ਰੇਸ਼ਟ ਤਰੋਵਰ ਕਲਪ ਬ੍ਰਿਛ ਹੋ। ਫਿਰ ਕਲਪ ਬ੍ਰਿਛ ਤਾਂ ਜੜ੍ਹ ਹੈ ਪਰ ਆਪ ਚੇਤਨ ਸਰੂਪ ਹੋ। ਕਲਪ ਬ੍ਰਿਛ ਮੁਕਤੀ ਨਹੀਂ ਦੇਂਦਾ ਪਰ ਆਪ ਮੁਕਤੀ ਦਾਨ ਦੇਣ ਨੂੰ ਸਮਰੱਥ ਹੋ।

ਆਪ ਜੀ ਨੇ ਸਿੱਖੀ ਪ੍ਰਚਾਰ ਵਾਸਤੇ ਜੋ ਬਾਈ ਮੰਜੀਆਂ ਬਖਸ਼ੀਆਂ ਹਨ। ਏਹੀ ਸ਼ਾਖਾਂ (ਟਾਹਣੀਆਂ) ਸਾਰੇ ਫੈਲੀਆਂ ਹਨ। ਭਾਵ ਸਿੱਖੀ ਰੂਪ ਟਾਹਣੀਆਂ ਦੇ ਸਹਿਤ ਆਪ ਕਲਪ ਬ੍ਰਿਛ ਹੋ।

ਜਿਵੇਂ ਸਰਾ= ਸਰੂ ਦਾ ਬ੍ਰਿਛ ਮਵਲ= ਮੌਲਿਆ ਹੁੰਦਾ ਹੈ। ਤਿਵੇਂ ਆਪ ਜੀ ਦੀ ਕੀਰਤੀ ਸਾਰੇ ਫੈਲ ਰਹੀ ਹੈ।

ਅਥਵਾ-ਸਰਾ= ਸਾਰਿਆਂ ਵਿਚ ਆਪ ਜੀ ਦੀ ਮਹਿਮਾ ਮਵਲ= ਮਿਲ ਰਹੀ ਹੈ।

ਉਤਰਿ ਦਖਿਣਹਿ ਪੁਬਿ ਅਰੁ ਪਸ੍ਚਿਮਿ ਜੈ ਜੈ ਕਾਰੁ ਜਪੰਥਿ ਨਰਾ ॥

ਉਤਰ, ਦੱਖਣ, ਪੂਰਬ, ਪੱਛਮ ਇਨ੍ਹਾਂ ਚਾਰੇ ਹੀ ਦਿਸ਼ਾਂ ਦੇ ਮਨੁੱਖ ਜੈ ਜੈ ਕਾਰ ਕਰ ਕੇ ਆਪ ਜੀ ਨੂੰ ਜਪੰਥਿ= ਜਪਦੇ ਹਨ। *ਅਥਵਾ*:- ਉਤਰਿ= ਖੱਤ੍ਰੀ। ਦਖਿਣਹਿ= ਬ੍ਰਾਹਮਣ। ਪੁਬਿ= ਵੈਸ਼। ਪਸਚਮਿ= ਸ਼ੂਦਰ, ਇਹ ਚਾਰੇ ਹੀ ਵਰਨਾਂ ਦੇ ਜੀਵ ਜੈ ਜੈ ਕਾਰ ਕਰ ਕੇ ਆਪ ਜੀ ਨੂੰ ਜਪਦੇ ਹਨ।

[ਪੰਨਾ ੧੩੯੩]

ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ

ਹੇ ਸਾਰਿਆਂ ਤੋਂ ਮੁਖੀ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਰਸਨਾ ਦੁਆਰੇ ਹਰੀ ਨਾਮ ਰੂਪੀ ਦਾਤ ਨੂੰ ਬਰਦਾਯਉ= ਵਰਤਾਉਂਦੇ ਹੋ।

ਅਥਵਾ-ਆਪਣੀ ਰਸਨਾ ਦੁਆਰਾ ਗੁਰਮੁਖਾਂ ਨੂੰ ਹਰੀ ਨਾਮ ਸਿਮਰਨ ਦਾ ਬਰਦਾਯਉ= ਵਰ ਦਿੰਦੇ ਹੋ।

ਉਲਟਿ ਗੰਗ ਪਸ੍ਚਿਮ ਧਰੀਆ ॥

ਪੁੱਤਰਾਂ ਨੂੰ ਛੱਡ ਕੇ ਜਿਹੜੀ ਸੇਵਕਾਂ ਨੂੰ ਗੁਰਤਾ ਗੱਦੀ ਦੇਣਾ ਕੀਤੀ ਹੈ।

ਅਥਵਾ- ਜਿਵੇਂ ਲੋਕ ਧਨ ਨੂੰ ਇਕੱਤਰ ਕਰਦੇ ਹਨ ਪਰ ਆਪ ਜੀ ਨੇ ਧਨ ਨੂੰ ਗ੍ਰਹਿਣ ਤਕ ਵੀ ਨਹੀਂ ਕੀਤਾ।

ਅਥਵਾ:- ਜਿਹੜਾ ਸੰਸਕ੍ਰਿਤੀ ਅੱਖਰਾਂ ਨੂੰ ਛੱਡ ਕੇ ਗੁਰਮੁਖੀ ਭਾਸ਼ਾ (ਲਿਪੀ) ਦੇ ਅੱਖਰ ਪ੍ਰਚਲਤ ਕੀਤੇ ਹਨ, ਏਹੀ ਆਪ ਜੀ ਨੇ ਪੂਰਬ ਵਲੋਂ ਗੰਗਾ ਦਾ ਪ੍ਰਵਾਹ ਉਲਟਾ ਕੇ ਪੱਛਮ ਵੱਲ ਧਰਿਆ ਹੈ।

ਅਥਵਾ:- ਤੁਸੀਂ ਆਪਣੀ ਗੰਗਾ= ਬਿਰਤੀ ਸੰਸਾਰ ਵਲੋਂ ਉਲਟਾ ਕੇ ਭਾਵ ਹਟਾ ਕੇ ਪਸ਼ਮਿ-ਧਰੀਆ= ਅੰਤ੍ਰ-ਮੁਖ ਕੀਤੀ ਹੈ।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੧ ॥

ਅ-ਛਲੁ= ਛਲਣ ਤੋਂ ਰਹਿਤ ਪ੍ਰਮਾਤਮਾ ਦਾ ਜੋ ਨਾਮ ਭਗਤਾਂ ਨੂੰ ਭਵ= ਸੰਸਾਰ ਤੋਂ ਤਾਰਨ ਵਾਲਾ ਹੈ ਸੋਈ= ਉਹੀ ਨਾਮ, ਹੇ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਨੂੰ ਫੁਰਿਆ= ਸੰਫੁਰਨ (ਪ੍ਰਗਟ) ਹੋਇਆ ਹੈ॥ ੧॥

ਸਿਮਰਹਿ ਸੋਈ ਨਾਮੁ ਜਖ੍ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ ॥

ਜਖ੍= ਕੁਮੇਰ ਦੀ ਕੁਲ ਵਾਲੇ ਜਕਸ਼, ਕਿੰਨਰ= ਦੇਵਤਿਆਂ ਦੀ ਵਜੰਤ੍ਰੀ, ਸਾਧਿਕ= ਸਾਧਨਾਂ ਦੇ ਕਰਨ ਵਾਲੇ ਜਗਿਆਸੂ ਅਤੇ ਸਿੱਧ= ਮਹਾਤਮਾ ਵਾ ਚੌਰਾਸੀ ਸਿਧ ਸਮਾਧੀਆਂ ਦੇ ਲਗਾਉਣ ਵਾਲੇ ਹਰਾ= ਸ਼ਿਵ ਜੀ ਇਹ ਸਾਰੇ ਹੀ ਉਸੇ ਨਾਮ ਨੂੰ ਸਿਮਰਨਾ ਕਰਦੇ ਹਨ।

ਸਿਮਰਹਿ ਨਖ੍ਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ ॥

ਨਖ੍ਤ੍ਰ= ਤਾਰੇ ਅਤੇ ਅਚਲ ਮੰਡਲ ਵਾਲਾ ਧਰੂਅ ਭਗਤ, *ਅਥਵਾ* ਧ੍ਰੂਅ ਮੰਡਲ= ਧ੍ਰੂਅ ਅਸਥਾਨ ਦੇ ਆਸ ਪਾਸ ਰਹਿਣ ਵਾਲੇ ਦੇਵਤਾ ਨਾਰਦ ਜੀ ਤੋਂ ਆਦਿ ਲੈ ਕੇ ਬਾਲਖਿਲ ਆਦਿਕ ਬ੍ਰਹਮਾ ਜੀ ਦੇ ਪੁੱਤਰ, ਪ੍ਰਹਿਲਾਦ ਜੀ ਤੋਂ ਆਦਿ ਲੈ ਕੇ ਵਰਾ= ਸ੍ਰੇਸ਼ਟ ਰਿਖੀ ਮੁਨੀ ਇਹ ਸਾਰੇ ਹੀ ਉਸੇ ਨਾਮ ਨੂੰ ਸਿਮਰਨਾ ਕਰਦੇ ਹਨ।

ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ ॥

ਸਸੀਅਰੁ= ਚੰਦਰਮਾ ਅਤੇ ਸੂਰੁ= ਸੂਰਜ ਉਸੇ ਨਾਮ ਨੂੰ ਉਲਾਸਹਿ= ਚਾਹੁੰਦੇ ਹਨ, ਵਾ- ਉਚਾਰਦੇ ਹਨ। *ਅਥਵਾ:-*ਨਾਮ ਨੂੰ ਉਚਾਰ ਕੇ ਉਲਾਸਹਿ= ਸੰਸਿਆਂ ਤੋਂ ਰਹਿਤ ਹੋਏ ਹਨ, ਜਿਸ ਨਾਮ ਨੇ ਸੈਲ= ਪੱਥਰਾਂ ਵਰਗੇ ਕਠੋਰ ਹਿਰਦੇ ਵਾਲੇ ਪੁਰਸ਼ਾਂ ਨੂੰ ਉਧਰਿਆ= ਤਾਰਨਾ ਕੀਤਾ ਹੈ। *ਅਥਵਾ-*ਜਿਸ ਨਾਮ ਨੇ ਸੈਲ= ਜੜ੍ਹ ਸ੍ਰਿਸ਼ਟੀ ਅਤੇ ਲੋਅ= ਜੰਗਮ (ਚੇਤਨ) ਸ੍ਰਿਸ਼ਟੀ ਨੂੰ ਤਾਰਨਾ ਕੀਤਾ ਹੈ।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੧ ॥

ਅ-ਛਲੁ= ਛਲਣ ਤੋਂ ਰਹਿਤ ਪ੍ਰਮਾਤਮਾ ਦਾ ਜੋ ਨਾਮ ਭਗਤਾਂ ਨੂੰ ਸੰਸਾਰ-ਸਾਗਰ ਤੋਂ ਤਾਰਨ ਵਾਲਾ ਹੈ, ਸੋਈ= ਓਹੀ ਨਾਮ ਹੇ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਨੂੰ ਫੁਰਿਆ= ਸੰਫੁਰਨ (ਪ੍ਰਗਟ) ਹੋਇਆ ਹੈ॥ ੨ ॥

ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ ॥

(ਚੌਰੰਗਾ ਨਾਥ, ਚਰਪਟ ਨਾਥ, ਪ੍ਰਾਣ ਨਾਥ, ਘੁਘੂ ਨਾਥ, ਇਤਿਆਦਿਕ) ਨੌਂ ਨਾਥ, ਸ਼ਿਵ ਜੀ ਅਤੇ ਸਨਕਾਦਿ= ਸਨਕ, ਸਨੰਦਨ ਆਦਿਕ ਚਾਰੇ ਭਾਈ ਇਹ ਸਾਰੇ ਹੀ ਉਸੇ ਨਿਰੰਜਨ ਦੇ ਨਾਮ ਨੂੰ ਸਿਵਰਿ=

ਸਿਮਰ ਕੇ ਸਮੁਧਰਿਆ (ਸਮ+ਉਧਰ੍ਿਆ) ਭਲੀ ਪ੍ਰਕਾਰ ਤਰ ਗਏ ਹਨ।

ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ ॥

ਚੁਰਾਸੀ ਸਿਧ, ਬੁਧ= ਬੁਧੀਵਾਨ *ਅਥਵਾ*-ਬੁਧ ਆਦਿਕ ਨੌਂ ਗ੍ਰਹਿ ਜਿਸ ਨਾਮ ਵਿਖੇ ਰਤੇ ਹੋਏ ਹਨ, ਉਸੇ ਨਾਮ ਨੂੰ ਜਪ ਕੇ ਰਾਜਾ ਅੰਮ੍ਰੀਕ ਸੰਸਾਰ-ਸਮੁੰਦਰ ਤੋਂ ਤਰਿਆ ਹੈ।

ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ ॥

ਜਿਸ ਨਾਮ ਨੇ ਦੁਆਪੁਰ ਜੁਗ ਵਿਖੇ ਉਧੌ ਅਤੇ ਅਕਰੂਰ ਨੂੰ ਸੁਖ ਦਿੱਤਾ ਹੈ, ਉਸੇ ਨਾਮ ਨੇ ਕਲਯੁਗ ਵਿਖੇ ਤ੍ਰਿਲੋਚਨ, ਨਾਮਦੇਵ ਅਤੇ ਕਬੀਰ ਆਦਿਕ ਭਗਤਾਂ ਦੇ ਕਿਲਵਿਖ= ਪਾਪਾਂ ਨੂੰ ਹਰਿਆ= ਨਾਸ ਕੀਤਾ ਹੈ। ਦੇਖੋ ਤ੍ਰਿਲੋਚਨ ਦੇ ਘਰ ੧੩ ਮਹੀਨੇ ਰਹਿ ਕੇ ਭਗਵਾਨ ਨੇ ਨੌਕਰ ਰੂਪ ਵਿਚ ਟਹਿਲ ਕੀਤੀ ਹੈ। ਇਸ ਦਾ ਸਾਰਾ ਪ੍ਰਸੰਗ ਭਗਤ ਬਾਣੀ ਸਟੀਕ ਪਹਿਲਾ ਹਿੱਸਾ ਪੰਨਾ ੪੮੧ ਤੋਂ ੪੮੫ ਤਕ ਦੇਖੋ।

ਨਾਮਦੇਵ ਜੀ ਦੀ ਆਪ ਭਗਵਾਨ ਨੇ ਜਾ ਕੇ ਛੰਨ ਬਣਾਈ ਤੇ ਮਰੀ ਹੋਈ ਗਾਂ ਜੀਉਂਦੀ ਕੀਤੀ।

ਯਥਾ-ਪਾੜ ਪੜੋਸਣ ਪੂਛਿ ਲੇ ਨਾਮਾ ਕਾ ਪਹਿ ਛਾਨ ਛਵਾਈ ਹੋ॥

ਇਹ ਪ੍ਰਸੰਗ ਵੀ ਭਗਤ ਬਾਣੀ ਸਟੀਕ ਦਾ ਪਹਿਲਾ ਹਿੱਸਾ ਪੰਨਾ ੪੩੭ ਪਰ ਦੇਖੋ।

ਏਸੇ ਤਰ੍ਾਂ ਹਰ ਵੇਲੇ ਕਬੀਰ ਜੀ ਦੀ ਸਹਾਇਤਾ ਵੀ ਕਰਦੇ ਰਹੇ। ਸਿਕੰਦਰ ਬਾਦਸ਼ਾਹ ਨੇ ਖੂਨੀ ਹਾਥੀ ਅੱਗੇ ਗਿਰਾਇਆ, ਜੰਜੀਰਾਂ ਨਾਲ ਬੰਨ੍ਹ ਕੇ ਗੰਗਾ ਦੇ ਪ੍ਰਵਾਹ ਵਿਚ ਰੋੜ੍ਹਿਆ। ਫਿਰ ਦੇਖੋ! ਜਿਸ ਵੇਲੇ ਬ੍ਰਾਹਮਣ ਲੋਕਾਂ ਨੇ ਕਬੀਰ ਜੀ ਦੇ ਨਾਂ ਹੇਠ ਸਭਨਾਂ ਕਾਂਸ਼ੀ ਨਿਵਾਸੀ ਸਾਧੂ ਮਹਾਤਮਾ ਨੂੰ ਸੱਦਾ ਪੱਤਰ ਭੇਜ ਦਿੱਤਾ ਸੀ ਕਬੀਰ ਜੀ ਤਾਂ ਬਾਹਰ ਚਲੇ ਗਏ ਕਿ ਯੱਗ ਕੌਣ ਕਰੇਗਾ? ਪਰ ਪ੍ਰਭੂ ਨੇ ਭਗਤ ਦੀ ਇੱਜ਼ਤ ਆਪਣੀ ਇੱਜ਼ਤ ਸਮਝਦਿਆਂ ਹੋਇਆਂ ਸੋਨੇ ਦੇ ਭਾਂਡਿਆਂ ਵਿਖੇ ਛੱਤੀ ਪ੍ਰਕਾਰ ਦੇ ਭੋਜਨ ਸਭਨਾਂ ਨੂੰ ਖੁਆ ਕੇ ਭਾਂਡੇ ਵੀ ਨਾਲ ਹੀ ਦੱਛਣਾ ਵਜੋਂ ਦੇ ਕੇ ਕਬੀਰ ਜੀ ਦਾ ਜਸ ਕਰਾਇਆ ਸੀ।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੩॥

ਅ-ਛਲੁ= ਛਲਣ ਤੋਂ ਰਹਿਤ ਪ੍ਰਮਾਤਮਾ ਦਾ ਜੋ ਨਾਮ ਭਗਤਾਂ ਨੂੰ ਸੰਸਾਰ-ਸਾਗਰ ਤੋਂ ਤਾਰਨ ਵਾਲਾ ਹੈ, ਸੋਈ= ਓਹੀ ਨਾਮ ਹੇ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਨੂੰ ਫੁਰਿਆ= ਸੰਫੁਰਨ (ਪ੍ਰਗਟ) ਹੋਇਆ ਹੈ॥ ੩॥

ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ ਜਤੀ ਤਪੀਸੁਰ ਮਨਿ ਵਸਿਆ ॥

ਉਸੇ ਨਾਮ ਵਿਖੇ ਲੱਗ ਕੇ ਤੇਤੀਸ= ਤੇਤੀ ਕ੍ਰੋੜ ਦੇਵਤੇ ਪ੍ਰਮੇਸ਼ਰ ਨੂੰ ਧਿਆਉਂਦੇ ਹਨ, ਓਹੀ ਨਾਮ ਜਤੀਆਂ ਅਤੇ ਤਪੀਸ਼ਰਾਂ ਦੇ ਮਨ ਵਿਖੇ ਵਸ ਰਿਹਾ ਹੈ।

ਸੋਈ ਨਾਮ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ ॥

ਉਸੇ ਨਾਮ ਨੂੰ ਗੰਗੇਵ ਪਿਤਾਮਹ= ਭੀਸ਼ਮ ਪਿਤਾਮਾ ਜੀ* ਸਿਮਰਦੇ ਹਨ। (ਜਿਸ ਭੀਸ਼ਮ) ਪਿਤਾਮਾ ਜੀ ਦਾ ਚਿੱਤ (ਪ੍ਰਭੂ ਜੀ ਦੇ) ਚਰਨਾਂ ਦੇ ਧਿਆਨ ਕਰਨ ਰੂਪ ਅੰਮ੍ਰਿਤ ਵਿਖੇ ਰਸਿਆ= ਤਦਾਕਾਰ ਹੋ ਰਿਹਾ ਹੈ।

**ਗੰਗੇਵ (ਗੰਗ+ਏਵ) ਏਵ=ਨਿਸਚੇ ਕਰ ਕੇ ਗੰਗਾ ਦਾ ਪੁੱਤਰ ਅਤੇ ਪਾਂਡਵਾਂ ਦਾ ਪਿਤਾਮਹ=ਦਾਦਾ ਹੋਣ ਕਰ ਕੇ ਕੱਠਾ ਹੀ ਗੰਗੇਵ ਪਿਤਾਮਹ=ਭੀਸ਼ਮ ਪਿਤਾਮਾ ਕਿਹਾ ਹੈ।*

ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ ਸਤ ਕਰਿ ਸੰਗਤਿ ਉਧਰੀਆ ॥

ਹੇ ਗੁਰੂ ਅਮਰਦਾਸ ਸਾਹਿਬ ਜੀ! ਤਿਤੁ ਨਾਮਿ= ਤਿਸ ਨਾਮ ਵਿਖੇ ਲੱਗ ਕੇ ਆਪ ਬੜੇ ਗੰਭੀਰ ਮਤਿ= ਦਿਲ ਵਾਲੇ ਅਤੇ ਗੰਰੂਅ ਮਤਿ= ਗੌਰਵਤਾ ਵਾਲੇ ਹੋਏ ਹੋ।

*ਅਥਵਾ-*ਤਿਸ ਨਾਮ ਵਿਖੇ ਲੱਗ ਕੇ ਆਪ ਜੀ ਦੀ ਮਤੀ ਗਰੂਅ= ਬੜੀ ਭਾਰੀ ਗੰਭੀਰ ਹੋਈ ਹੈ, ਆਪ ਜੀ ਨੇ ਸਤਿਨਾਮੁ ਦਾ ਉਪਦੇਸ਼ ਦੇ ਕੇ ਸਾਰੀ ਸੰਗਤ ਉਧਾਰਨਾ ਕੀਤੀ ਹੈ।

*ਅਥਵਾ-*ਕਲ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ— ਹੇ ਭੱਟੋ!

ਤਿਤੁ ਨਾਮਿ ਗੁਰੂ

ਤਿਸ ਗੁਰੂ ਅਮਰਦਾਸ ਜੀ ਦਾ ਨਾਮ ਜਪਣ ਕਰ ਕੇ ਇਕ ਤਾਂ ਗੰਭੀਰਤਾ ਪ੍ਰਾਪਤ ਹੁੰਦੀ ਹੈ, ਦੂਜੀ ਸਭ ਤੋਂ ਗਰੂਅ ਮਤਿ= ਵੱਡੀ ਆਤਮ ਵਸ਼ੈਣੀ ਬੁੱਧੀ ਪ੍ਰਾਪਤ ਹੁੰਦੀ ਹੈ।

ਸਤ ਕਰਿ ਸੰਗਤਿ ਉਧਰੀਆ ॥

ਜਿਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਨੂੰ ਸਤ= ਨਿਸਚੇ ਕਰ ਕੇ ਮੰਨਿਆ ਹੈ। ਵਾ= ਜਿਨ੍ਹਾਂ ਜਿਨ੍ਹਾਂ ਨੇ ਵੀ ਗੁਰਾਂ ਦੇ ਬਚਨਾਂ ਪਰ ਸਤ= ਨਿਸਚਾ ਕੀਤਾ ਹੈ ਉਹ ਸਾਰੀ ਸੰਗਤ ਤਰ ਗਈ ਹੈ।

ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੪॥

ਅ-ਛਲੁ= ਛਲਣ ਤੋਂ ਰਹਿਤ ਪ੍ਰਮਾਤਮਾ ਦਾ ਜੋ ਨਾਮ ਭਗਤਾਂ ਨੂੰ ਸੰਸਾਰ-ਸਮੁੰਦਰ ਤੋਂ ਤਾਰਨ ਵਾਲਾ ਹੈ, ਓਹੀ ਨਾਮ ਹੇ ਗੁਰੂ ਅਮਰਦਾਸ ਜੀ! ਆਪ ਜੀ ਨੂੰ ਫੁਰਿਆ= ਸੰਫੁਰਨ (ਪ੍ਰਗਟ) ਹੋਇਆ ਹੈ॥ ੪॥

ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ ॥

ਸੰਸਾਰ ਵਿਖੇ ਅਗਿਆਨ ਰੂਪ ਹਨੇਰੇ ਦੇ ਦੂਰ ਕਰਨ ਨੂੰ ਪਰਮੇਸ਼ਰ ਦੇ ਨਾਮਾਂ ਦੀ ਕਿਤਿ= ਕੀਰਤੀ ਰਵਿ= ਸੂਰਜ ਦੀਆਂ ਕਿਰਣਾਂ ਵਾਂਗੂੰ ਹੈ, ਮਨ ਦੀਆਂ ਕਾਮਨਾਂ ਪੂਰਨ ਕਰਨੇ ਨੂੰ ਸੁਰਤਰ ਸਾਖਹ= ਕਲਪ ਬ੍ਰਿਛ ਦੀਆਂ ਟਾਹਣੀਆਂ ਵਾਂਗੂੰ ਹੈ।

ਉਤਰਿ ਦਖਿਣਿ ਪੁਬਿ ਦੇਸਿ ਪਸ੍ਚਿਮਿ ਜਸੁ ਭਾਖਹ ॥

ਉਤਰ, ਦੱਖਣ, ਪੂਰਬ, ਪੱਛਮ ਇਨ੍ਹਾਂ ਚਾਰੇ ਹੀ ਦੇਸਿ= ਦਿਸ਼ਾਵਾਂ ਦੇ ਜੀਵ ਪ੍ਰਮੇਸ਼ਰ ਦੇ ਨਾਮ-ਜਸ ਨੂੰ ਭਾਖਹ= ਕਥਨ ਕਰਦੇ ਹਨ।

*ਅਥਵਾ-*ਉਤਰਿ= ਖੱਤ੍ਰੀ। ਦਖਿਣਿ= ਬ੍ਰਾਹਮਣ। ਪੁਬਿ= ਵੈਸ਼। ਪਸ੍ਚਿਮਿ= ਸ਼ੂਦਰ।

ਇਹ ਚਾਰੇ ਹੀ ਵਰਨਾਂ ਦੇ ਜੀਵ ਪ੍ਰਮੇਸ਼ਰ ਦੇ ਨਾਮ-ਜਸ ਨੂੰ ਕਥਨ ਕਰਦੇ ਹਨ।

ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥

ਜਿਸ ਮਨੁੱਖ ਦੇ ਹਿਰਦੇ ਵਿਖੇ ਹਰੀ ਨਾਮ ਦਾ ਨਿਵਾਸ ਹੋਇਆ ਹੈ, ਤ= ਤਿਸ ਦਾ ਹੀ ਇਹ ਮਨੁੱਖਾ ਜਨਮ ਸਕਯਥੁ= ਮਫਲਾ ਹੈ।

ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ ॥

ਸੁਰਿ ਨਰ= ਦੇਵਤਾ, ਮਨੁੱਖ, ਸ਼ਿਵਾਂ ਦੇ ਗਣ (ਟੋਣਾ ਛੋਣਾ ਆਦਿਕ), ਦੇਵਤਿਆਂ ਦੇ ਗੰਧਰਬ= ਰਾਗੀ

ਅਤੇ (ਜੋਗੀ, ਜੰਗਮ, ਸਰੇਵੜੇ ਆਦਿਕ) ਛਿਅ ਦਰਸਨ= ਛੇ ਭੇਖ ਇਤਿਆਦਿਕ ਸਾਰੇ ਪ੍ਰਮੇਸ਼ਰ ਦੇ ਨਾਮ ਨੂੰ ਅਸਾਸੈ= ਲੋਚਦੇ (ਚਾਹੁੰਦੇ) ਹਨ।

ਅਥਵਾ:-ਨਾਮ ਨੂੰ ਜਪ ਕੇ ਆਸਾਸੈ= ਸੰਸਿਆਂ ਤੋਂ ਰਹਿਤ ਹੋਏ ਹਨ। ਅਥਵਾ:-ਜਮਾਂ ਦੀ ਆ-ਸਾਸੈ= ਤਾੜਨਾ ਤੋਂ ਰਹਿਤ ਹੋਏ ਹਨ।

ਭਲਉ ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ ਧ੍ਯਾਇਅਓ ॥

ਕਲ ਨਾਮਾ ਭੱਟ ਆਖਦਾ ਹੈ-ਹੇ ਬਾਬਾ ਤੇਜ ਭਾਨ ਜੀ ਦੇ ਤਨੌ= ਸਪੁਤ੍ਰ! ਭੱਲੇ ਜਾਤੀ ਦੇ ਸਾਰੇ ਸੰਸਾਰ ਵਿਖੇ ਪ੍ਰਸਿਧੁ= ਪ੍ਰਗਟ ਸ੍ਰੀ ਗੁਰੂ ਅਮਰਦਾਸ ਜੀ! ਮੈਂ ਕਰ ਜੋੜਿ= ਹੱਥ ਜੋੜ ਕੇ ਆਪ ਜੀ ਨੂੰ ਧਿਆਉਂਦਾ ਹਾਂ।

ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ ਤੈ ਪਾਇਓ ॥ ੫ ॥

ਜੋ ਨਾਮ ਭਗਤਾਂ ਦੇ ਸੰਸਾਰ-ਸਮੁੰਦਰ ਵਿਖੇ ਜਨਮ ਮਰਨ ਰੂਪ ਦੁੱਖਾਂ ਦੇ ਹਰਣੁ= ਨਾਸ ਕਰਨ ਵਾਲਾ ਹੈ, ਓਹੀ ਨਾਮ ਹੇ ਸ੍ਰੀ ਗੁਰੂ ਅਮਰਦਾਸ ਜੀ! ਤੈ ਪਾਇਓ= ਆਪ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸੋਂ ਪਾਇਆ ਹੈ॥ ੫॥

ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ ਨਾਮਿ ਖੰਡ ਬ੍ਰਹਮੰਡ ਧਾਰੇ ॥

ਤੇਤੀਸ= ਤੇਤੀ ਕ੍ਰੋੜ ਦੇਵਤੇ ਅਤੇ ਸਾਧਿਕ= ਜਗਿਆਸੂ ਚੁਰਾਸੀ ਸਿਧ ਤੇ ਮਨੁੱਖ ਇਹ ਸਾਰੇ ਉਸ ਦੇ ਨਾਮ ਨੂੰ ਧਿਆਉਂਦੇ ਹਨ, ਜਿਸ ਨਾਮੀ ਪ੍ਰਭੂ ਨੇ ਸਾਰੇ ਖੰਡ ਅਤੇ ਬ੍ਰਹਮੰਡ ਧਾਰਨਾ ਕੀਤੇ ਹਨ।

ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ ॥

ਜਹ= ਜਿਨ੍ਹਾਂ ਗੁਰਮੁਖਾਂ ਨੇ ਨਾਮ ਨੂੰ ਜਪ ਕੇ ਸਮਾਧਿਓ= ਸਮਾਧੀ ਵਿਖੇ ਜੁੜਨਾ ਕੀਤਾ ਹੈ।

ਅਥਵਾ-ਜਿਨ੍ਹਾਂ ਨੇ ਸਮਾਧਿਓ (ਸਮ+ਆਧਿਓ)= ਭਲੀ ਪ੍ਰਕਾਰ ਅਰਾਧਣਾ ਕੀਤਾ ਹੈ, ਉਨ੍ਹਾਂ ਨੇ ਹਰਖ ਸੋਗ ਨੂੰ ਸਮ= ਇਕ ਸਮਾਨ ਜਾਣ ਕੇ ਸਹਾਰਨਾ ਕੀਤਾ ਹੈ।

ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ ॥

ਸਾਰਿਆਂ ਸਾਧਨਾਂ 'ਚੋਂ ਪ੍ਰਮੇਸ਼ਰ ਦਾ ਨਾਮ ਸ਼੍ਰੋਮਣੀ ਹੈ, ਇਸੇ ਕਰ ਕੇ ਗੁਰਮੁਖ ਭਗਤ ਜਨ ਪ੍ਰਮੇਸ਼ਰ ਦੇ ਨਾਮ ਚਿੰਤਨ ਵਿਖੇ ਬਿਰਤੀ ਧਾਰ ਕੇ ਜੁੜ ਰਹੇ ਹਨ।

ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ ॥ ੬ ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀਉ! ਓਹੀ ਨਾਮ-ਪਦਾਰਥ ਕਰਤਾਰ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤੁਸਿ= ਪ੍ਰਸੰਨ ਹੋ ਕੇ ਆਪ ਜੀ ਨੂੰ ਦੇਣਾ ਕੀਤਾ ਹੈ॥ ੬॥

ਸਤਿ ਸੂਰਉ ਸੀਲਿ ਬਲਵੰਤੁ

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਆਪ

ਸਤਿ= ਸਤ-ਪ੍ਰਤਗ ਹੋ। ਭਾਵ ਜੋ ਵੀ ਆਪ ਜੀ ਨੇ ਪ੍ਰਤਗਿਆ ਕੀਤੀ ਹੈ ਉਸ ਨੂੰ ਓੜਕ ਤਕ ਨਿਬਾਹਿਆ ਹੈ। ਜਿਵੇਂ ਇਕ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਲ ਬਾਹਰ ਸੈਰ ਕਰਨ ਜਾ ਰਹੇ ਸੀ, ਜਾਂਦਿਆਂ-ਜਾਂਦਿਆਂ ਆਪ ਜੀ ਦੀ ਖੱਬੀ ਬਾਂਹ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਅੱਗੇ ਚਲੀ ਗਈ। ਆਪ ਜੀ

ਨੇ ਉਸੇ ਵਕਤ ਬਾਂਹ ਨੂੰ ਸਰਾਪ ਦੇ ਦਿੱਤਾ ਕਿ "ਇਹ ਬੜੀ ਨਿਭਾਗਣ ਹੈ, ਇਸ ਪਾਸੋਂ ਕੋਈ ਕੰਮ ਨਹੀਂ ਲੈਣਾ।"

ਸੱਚ ਮੁਚ ਹੀ ਆਪ ਜੀ ਨੇ ਆਪਣੀ ਪ੍ਰਤਗਿਆ ਅਨੁਸਾਰ ਖੱਬੀ ਬਾਂਹ ਪਾਸੋਂ ਅੰਤ ਤਕ ਕੋਈ ਕੰਮ ਨਹੀਂ ਲੀਤਾ।

ਸੂਰਉ- ਸੂਰਬੀਰ ਐਸੇ ਹੋ, ਜੋ ਆਪਣੇ ਹੁੰਦਿਆਂ ਹੋਇਆਂ ਗੋਇੰਦਵਾਲ ਸਾਹਿਬ ਵਿਖੇ ਆਪ ਜੀ ਨੇ ਕਾਲ ਨੂੰ ਨਹੀਂ ਆਉਣ ਦਿੱਤਾ।

ਇਕ ਬਜ਼ੁਰਗ ਮਾਈ ਦਾ ਜੁਆਨ ਲੜਕਾ ਮਰ ਜਾਣ ਕਰ ਕੇ ਉਹ ਰੋ ਰਹੀ ਸੀ, ਉਸ ਦੇ ਬੜੇ ਦੁੱਖ ਭਰੇ ਵੈਣਾਂ ਨੂੰ ਸੁਣ ਕੇ ਆਪ ਜੀ ਨੇ ਭਾਈ ਬੱਲੂ ਜੀ ਨੂੰ ਕਿਹਾ, ਪਤਾ ਕਰੋ ਸਵੇਰੇ-ਸਵੇਰੇ ਕੌਣ ਰੋ ਰਿਹਾ ਹੈ?

ਭਾਈ ਬੱਲੂ ਜੀ ਨੇ ਆ ਕੇ ਦੱਸਿਆ ਕਿ "ਸਤਿਗੁਰੂ ਜੀ! ਇਕ ਬਿਰਧ ਮਾਤਾ ਦਾ ਇਕੋ ਇਕ ਲੜਕਾ ਸੀ ਤੇ ਉਹ ਵੀ ਰੱਬ ਨੂੰ ਪਿਆਰਾ ਹੋ ਗਿਆ ਹੈ ਇਸ ਕਰ ਕੇ ਉਸ ਦੀ ਮਾਤਾ ਰੋ ਰਹੀ ਹੈ।"

ਉਸ ਦੇ ਦੁੱਖ ਨਾ ਬਰਦਾਸ਼ਤ ਕਰਦਿਆਂ ਇਕ ਤਾਂ ਉਸ ਦਾ ਲੜਕਾ ਜਿਵਾਇਆ ਸੀ, ਦੂਸਰਾ ਕਾਲ ਨੂੰ ਹੁਕਮ ਕਰ ਦਿੱਤਾ ਸੀ ਕਿ ਸਾਡੇ ਹੁੰਦਿਆਂ ਤੂੰ ਗੋਇੰਦਵਾਲ ਵਿਖੇ ਨਹੀਂ ਆਉਣਾ।

ਸੀਲਿ= ਸੀਲ ਸੁਭਾਅ ਅਤੇ ਜਤ ਸਤ ਦੇ ਸਹਿਤ ਐਸੇ ਹੋ ਜੋ ਸਾਰੀ ਅਵਸਥਾ ਤਕ ਕਿਸੇ ਲੜਕੇ ਤੇ ਇਸਤ੍ਰੀ ਨੂੰ ਆਪਣੇ ਪਾਸ ਨਹੀਂ ਆਉਣ ਦਿੱਤਾ।

ਬਲਵੰਤੁ= ਬਲ ਵਾਲੇ ਐਸੇ ਹੋ ਜੋ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਨੂੰ ਗੁਰਤਾ ਗੱਦੀ ਬਖਸ਼ਦਿਆਂ ਹੋਇਆਂ ਆਪਣੀ ਉਮਰਾ ਵਿਚੋਂ ਛੇ ਸਾਲ ਗਿਆਰਾਂ ਮਹੀਨੇ ਵੀਹ ਦਿਨ ਆਯੂ ਦੇ ਕੇ ਸਾਰੇ ਜਗਤ ਦਾ ਗੁਰੂ ਅਸਥਾਪਨ ਕੀਤਾ ਅਤੇ ਸਿੱਖਾਂ ਨੂੰ ਬਾਈ (੨੨) ਮੰਜੀਆਂ ਤੇ ਬਹੱਤ੍ਰ (੭੨) ਪੀੜ੍ਹੇ ਬਖਸ਼ਣਾ ਕੀਤੇ।

ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ ॥

ਸਤ ਭਾਇ= ਸਤ ਚਿਤ ਅਨੰਦ ਸਰੂਪ ਪ੍ਰਮਾਤਮਾ ਵਿਖੇ ਆਪ ਜੀ ਦਾ ਬਹੁਤ ਹੀ ਭਾਇ= ਪ੍ਰੇਮ ਹੈ ਅਤੇ ਆਪ ਜੀ ਦੀ ਸੰਗਤ ਵੀ ਸਘਨ= ਬਹੁਤੀ ਹੈ, ਫਿਰ ਆਪ ਜੀ ਦੀ ਮਤਿ= ਬੁੱਧੀ ਗਰੂਅ= ਗੌਰਵਤਾ ਵਾਲੀ ਹੈ ਅਤੇ ਨਿਰਵੈਰ-ਤਾਈ ਵਿਖੇ ਲੀਣ ਹੋ।

ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ ॥

ਜਿਸ ਪ੍ਰਮਾਤਮਾ ਦਾ ਧੁਰ ਤੋਂ ਹੀ ਧਵਲੁ= ਧਉਲੇ ਬਲਦ ਨੂੰ ਧੀਰਜ ਦਿੱਤਾ ਹੋਇਆ ਹੈ ਅਤੇ ਜਿਸ ਦੇ ਬੈਕੁੰਠ ਘਰ ਵਿਖੇ ਸੇਤਿ= ਸਫੈਦ (ਚਿੱਟੇ) ਰੰਗ ਦੀ ਧੁਜਾ ਬੀਣਾ= ਬਣ ਰਹੀ ਹੈ, ਓਹੋ ਪ੍ਰਮੇਸ਼ਰ ਸਰੂਪ ਆਪ ਹੋ।

ਅਥਵਾ-ਜਿਸ ਆਪ ਜੀ ਦੇ ਹਿਰਦੇ ਵਿਖੇ ਧੁਰ ਤੋਂ ਧਉਲੇ ਬਲਦ ਦੀ ਨਿਆਈਂ ਅਣਥੱਕ ਧੀਰਜ ਹੈ ਅਤੇ ਆਪ ਜੀ ਦੇ ਜਸ ਰੂਪੀ ਉਜਲ ਧੁਜਾ ਬੈਕੁੰਠ= ਅਕੁੰਠਤ ਬੀਣਾ= ਬਣ ਰਹੀ ਹੈ।

ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ ॥

ਹੇ ਗੁਰੂ ਅਮਰਦਾਸ ਸਾਹਿਬ ਜੀ! ਜਿਸ ਆਪ ਜੀ ਦਾ ਕਰਤਾਰ ਦੇ ਨਾਲ ਸੰਜੋਗ ਹੋਣ ਕਰ ਕੇ ਪਿਆਰ ਸਹਿਤ ਸੰਤ ਜਨ ਆਪ ਜੀ ਦੇ ਚਰਨਾਂ ਨੂੰ ਪਰਸਨਾ ਕਰਦੇ ਹਨ।

ਅਥਵਾ—ਜਿਹ= ਜਿਹੜੇ ਸੰਤ ਪਿਆਰ ਨਾਲ ਆਪ ਜੀ ਦੇ ਚਰਨਾਂ ਨੂੰ ਪਰਸਨਾ ਕਰਦੇ ਹਨ, ਉਨ੍ਹਾਂ ਦਾ ਹੀ ਕਰਤਾਰ ਪ੍ਰਭੂ ਅਕਾਲ਼ ਪੁਰਖ ਨਾਲ ਸੰਜੋਗ ਹੁੰਦਾ ਹੈ।

ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ ॥ ੭ ॥

ਸਤਿਗੁਰੂ= ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸੇਵਾ ਕਰ ਕੇ ਆਪ ਜੀ ਨੇ ਸੁਖ ਪਾਵਣਾ ਕੀਤਾ ਹੈ, ਫਿਰ ਉਹਨਾਂ ਦੀ ਕਿਰਪਾ ਕਰ ਕੇ ਹੇ ਗੁਰੂ ਅਮਰਦਾਸ ਸਾਹਿਬ ਜੀ ਨੂੰ ! ਆਪ ਜੀ ਨੇ ਭਗਤੀ ਜੋਗ, ਗਿਆਨ ਜੋਗ ਦੇ ਅਨੰਦ ਨੂੰ ਮਾਣਨਾ ਕੀਤਾ ਹੈ॥ ੭॥

ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ

ਫਿਰ ਨਾਮ ਰੂਪੀ ਜਲ ਵਿਖੇ ਹੀ ਆਪ ਜੀ ਇਸ਼ਨਾਨ ਕਰਦੇ ਹੋ ਅਤੇ ਨਾਮ ਰੂਪੀ ਰਸ ਦਾ ਹੀ ਖਾਣਾ ਕਰਦੇ ਹੋ ਅਤੇ ਭੋਜਨ ਵੀ ਨਾਮ-ਰਸ ਦਾ ਛਕਣਾ ਕਰਦੇ ਹੋ।

ਸਦਾ ਚਾਯ ਮੁਖਿ ਮਿਸ੍ਰ ਬਾਣੀ॥

ਫਿਰ ਮੁਖਿ= ਮੂੰਹ ਨਾਲ ਮਿਠੀ ਮਿੱਠੀ ਬਾਣੀ ਦੇ ਬੋਲਣ ਦਾ ਆਪ ਜੀ ਨੂੰ ਸਦਾ ਚਾਯ= ਉਤਸ਼ਾਹ ਲੱਗ ਰਿਹਾ ਹੈ। ਭਾਵ ਆਪ ਜੀ ਸਦਾ ਮਿਸ੍ਰ= ਮਿੱਠੀ ਬਾਣੀ ਬੋਲਦੇ ਹੋ।

ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਆਪ ਜੀ ਨੇ ਧੰਨਤਾ ਜੋਗ ਸਤਿਗੁਰੂ ਅੰਗਦ ਦੇਵ ਜੀ ਨੂੰ ਸੇਵਨਾ ਕੀਤਾ ਹੈ, ਜਿਸ ਸਤਿਗੁਰਾਂ ਦੀ ਕਿਰਪਾ ਰੂਪੀ ਪਸਾਇ= ਦਾਤ ਕਰ ਕੇ ਆਪ ਜੀ ਨੇ ਅਗਮ= ਪ੍ਰਮਾਤਮਾ ਦੀ ਗਤਿ= ਪ੍ਰਾਪਤੀ ਜਾਣੀ ਹੈ।

ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ॥

ਫਿਰ ਜਿਨ੍ਹਾਂ ਨੇ ਆਪ ਜੀ ਦੀ ਕਿਰਪਾ ਪ੍ਰਾਪਤ ਕਰ ਕੇ ਨਾਮ ਵਿਖੇ ਨਿਵਾਸ ਪਾਇਆ ਹੈ, ਉਨ੍ਹਾਂ ਦੀਆਂ ਸੰਬੂਹ= ਸਮੂਹ ਕੁਲਾਂ ਸਮੁਧਰੇ (ਸਮ+ਉਧਰੇ)= ਭਲੀ ਪ੍ਰਕਾਰ ਉਧਰ ਗਈਆਂ ਹਨ।

[ਪੰਨਾ ੧੩੯੪]

ਸਕਯਬੁ ਜਨਮੁ ਕਲ੍ਹੁਚਰੈ ਗੁਰੁ ਪਰਸ੍ਰਿਉ ਅਮਰ ਪ੍ਰਗਾਸੁ ॥ ੮ ॥

ਕਲ੍ਹੁਚਰੈ (ਕਲ+ਉਚਰੈ)= ਕਲ ਨਾਮਾ ਭੱਟ ਉਚਾਰਦਾ ਭਾਵ ਕਥਨ ਕਰਦਾ ਹੈ- ਜਿਨ੍ਹਾਂ ਨੇ ਪ੍ਰਕਾਸ਼ ਰੂਪ ਸ੍ਰੀ ਗੁਰੂ ਅਮਰ ਦਾਸ ਜੀ ਦੇ ਚਰਨਾਂ ਨੂੰ ਪਰਸਨਾ ਕੀਤਾ ਹੈ, ਉਹਨਾਂ ਦਾ ਹੀ ਮਨੁੱਖਾ ਜਨਮ ਧਾਰਿਆ ਹੋਇਆ ਸਕਯਬੁ= ਸਫਲਾ ਹੈ॥ ੮॥

ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥

ਜਿਸ ਭਗਵਾਨ ਦੇ ਦਾਹਿਣੈ= ਸੱਜੇ ਕਰਿ= ਹੱਥ ਵਿਖੇ ਬਾਰਿਜੁ= ਕੰਵਲ ਫੁੱਲ ਹੈ, ਸਿਧੀਆਂ ਸਨਮੁਖ ਹੋ ਕੇ ਮੁਖ ਨੂੰ ਜੋਵੈ= ਦੇਖਦੀਆਂ ਹਨ। ਭਾਵ ਪ੍ਰਭੂ ਦੇ ਹੁਕਮ ਨੂੰ ਉਡੀਕਦੀਆਂ ਹਨ ਕਿ ਜੋ ਕਹਿਣ ਸੋਈ ਕੰਮ ਕਰੀਏ, ਉਸੇ ਭਗਵਾਨ ਦੇ ਹੀ ਆਪ ਸਰੂਪ ਹੋ। *ਅਥਵਾ:-*

ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਜਿਸ ਆਪ ਜੀ ਦੇ ਦਾਹਿਣੈ= ਸੱਜੇ ਚਰਨ ਵਿਚ ਬਾਰਿਜੁ= ਕੰਵਲ ਫੁੱਲ ਦੇ ਚਿੰਨ੍ਹ ਨੇ ਨਿਵਾਸ ਕਰਿ= ਕੀਤਾ ਹੋਇਆ ਹੈ ਅਤੇ ਸਿਧੀਆਂ ਹੁਕਮ ਦੀ ਉਡੀਕ ਕਰਦੀਆਂ ਸਨਮੁਖ

ਹੋ ਕੇ ਆਪ ਜੀ ਦੇ ਮੁਖ ਨੂੰ ਜੋਵੈ= ਵੇਖਦੀਆਂ ਰਹਿੰਦੀਆਂ ਹਨ।

ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥

ਫਿਰ ਆਪ ਜੀ ਦੇ ਬਾਂਵਾਂਗਿ (ਬਾਂਵ+ਅੰਗਿ)= ਖੱਬੇ ਪਾਸੇ ਰਿਧੀਆਂ ਵਸ ਰਹੀਆਂ ਹਨ, ਜੋ ਰਿੱਧੀਆਂ ਤੀਨ ਲੋਕਾਂਤਰ (ਲੋਕ+ਅੰਤਰ)= ਤਿੰਨਾਂ ਲੋਕਾਂ ਵਿਖੇ ਰਹਿਣ ਵਾਲੇ ਜੀਵਾਂ ਨੂੰ ਮੋਹਣਾਂ ਕਰਦੀਆਂ ਹਨ।

ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ॥

ਹੇ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ! ਆਪ ਜੀ ਦੇ ਹਿਰਦੇ ਵਿਖੇ ਅਕਹੀਉ= ਅਕਥ (ਪ੍ਰਮਾਤਮਾ) ਵਸ ਰਿਹਾ ਹੈ, ਸੋਇ= ਓਸੇ ਪ੍ਰਭੂ ਦੇ ਆਤਮ-ਰਸ ਨੂੰ ਤੁਸੀਂ ਨੇ ਜਾਣਨਾ ਕੀਤਾ ਹੈ।

ਅਥਵਾ:-ਜਿਨ੍ਹਾਂ ਨੂੰ ਆਪ ਜੀ ਨੇ ਕਿਰਪਾ ਕਰ ਕੇ ਜਣਾਇਆ ਹੈ, ਉਸ ਆਤਮ-ਰਸ ਨੂੰ ਤਿਨ ਹੀ ਜਾਤਉ= ਉਨ੍ਹਾਂ ਗੁਰਮੁਖਾਂ ਨੇ ਹੀ ਜਾਣਨਾ ਕੀਤਾ ਹੈ।

ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਇਸ ਰੰਗ ਵਿਖੇ ਰਤੇ ਰਹਿੰਦੇ ਹੋ ਜੋ ਹਮੇਸ਼ਾਂ ਹੀ ਭਗਤੀ ਸਬੰਧੀ ਬਚਨਾਂ ਨੂੰ ਉਚਾਰਦੇ ਹੋ।

ਮਸਤਕਿ ਨੀਸਾਣੁ ਸਚਉ ਕਰਮੁ ਕਲ੍ਹ ਜੋੜਿ ਕਰ ਧ੍ਯਾਇਅਉ॥

ਕਲ ਨਾਮਾ ਕਵੀ ਜਨ ਭੱਟ ਕਥਨ ਕਰਦਾ ਹੈ-ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਆਪ ਜੀ ਦੇ ਮਥੇ 'ਤੇ ਸੱਚੇ ਕਰਮਾਂ ਦਾ ਨੀਸਾਣੁ= ਲੇਖ ਨਿਸਚੇ ਕਰਦਾ ਹੋਇਆ ਕਰ= ਹੱਥਾਂ ਨੂੰ ਜੋੜ ਕੇ ਆਪ ਜੀ ਨੂੰ ਧਿਆਉਂਦਾ ਹਾਂ।

ਅਥਵਾ-ਆਪ ਜੀ ਸਾਰਿਆਂ ਨਾਲੋਂ ਮਸਤਕਿ= ਸ਼੍ਰੋਮਣੀ ਹੋ, ਨੀਸਾਣੁ= ਪ੍ਰਗਟ ਹੀ ਆਪ ਜੀ ਸਚਉ= ਸਚ ਸਰੂਪ ਹੋ, ਫਿਰ ਕਰਮੁ= ਕਿਰਪਾ ਦੇ ਕਰਨ ਵਾਲੇ ਹੋ, ਆਪ ਜੀ ਨੂੰ ਐਸੇ ਸ਼ੁਭ ਗੁਣਾਂ ਵਾਲਾ ਨਿਸਚੇ ਕਰਦਾ ਹੋਇਆ ਹੇ ਸ੍ਰੀ ਗੁਰੂ ਅਮਰਦਾਸ ਜੀ! ਆਪ ਜੀ ਨੂੰ ਹੱਥ ਜੋੜ ਕੇ ਧਿਆਉਂਦਾ ਹਾਂ।

ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ॥ ੯॥

ਹੇ ਸਤਿਗੁਰੂ ਅਮਰਦਾਸ ਸਾਹਿਬ ਜੀ! ਆਪ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਗੱਦੀ ਦਾ ਤਿਲਕ ਪਰਸਿਅਉ= ਪਰਸਣਾ ਭਾਵ ਦੇਣਾ ਕੀਤਾ ਹੈ ਅਤੇ ਤਿਨਿ= ਉਨ੍ਹਾਂ ਪਾਸੋਂ ਹੀ ਆਪ ਜੀ ਨੇ ਸਾਰੀਆਂ ਇੱਛਾਂ ਨੂੰ ਪੂਰਨ ਕਰਨਾ ਪਾਇਆ ਹੈ।

ਅਥਵਾ-ਹੇ ਤਿਲਕੁ= ਸ਼੍ਰੋਮਣੀ ਗੁਰੂ ਪੂਜਨੀਕ ਸ੍ਰੀ ਸਤਿਗੁਰੂ ਅਮਰਦਾਸ ਸਾਹਿਬ ਜੀ! ਜਿਨ੍ਹਾਂ ਨੇ ਆਪ ਜੀ ਦੇ ਚਰਨਾਂ ਨੂੰ ਪਰਸਿਆ ਹੈ, ਉਨ੍ਹਾਂ ਗੁਰਮੁਖਾਂ ਨੇ ਸਾਰੀਆਂ ਇੱਛਾਵਾਂ ਨੂੰ ਪਾ ਲਿਆ ਹੈ॥ ੯॥

ਨੋਟ- ਇਥੋਂ ਤਕ "ਕਲ" ਨਾਮੇ ਭੱਟ ਦੇ ਨੌਂ ਸਵਈਏ ਆਏ ਹਨ। ਅੱਗੋਂ ਤਿੰਨ ਸਵਈਏ ਜਾਲਪ ਭੱਟ ਦੇ, ਇਕ ਸਵਈਆ ਜਲ ਭੱਟ ਦਾ, ਫਿਰ ਇਕ ਸਵਈਆ ਜਾਲਪ ਭੱਟ ਦਾ ਆਵੇਗਾ।

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥

ਇਸ ਮਨੁੱਖ ਦੇ ਚਰਣ= ਪੈਰ ਤਾਂ ਹੀ ਪਰ= ਭਲੀ ਪ੍ਰਕਾਰ ਸਕਯਥ= ਸਫਲੇ ਹਨ ਜੇਕਰ ਚਰਨ ਸ੍ਰੀ ਗੁਰੂ

ਅਮਰਦਾਸ ਸਾਹਿਬ ਜੀ ਦੇ ਰਯ ਪਵਲਿ= ਰਸਤੇ ਵਿਖੇ ਪੈਣਾ ਕਰਨ। ਭਾਵ ਪੈਰਾਂ ਨਾਲ ਤੁਰ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਖੇ ਜਾਣਾ ਕਰੇਂ।

ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥

ਫਿਰ ਇਸ ਮਨੁੱਖ ਦੇ ਹੱਥ ਤਾਂ ਹੀ ਪਰ= ਭਲੀ ਪ੍ਰਕਾਰ ਸਕਯਥ= ਸਫਲੇ ਹਨ, ਜੇਕਰ ਇਸ ਦੇ ਹੱਥ ਸ੍ਰੀ ਗੁਰੂ ਅਮਰ ਦਾਸ ਜੀ ਦੇ ਪਵਿੱਤਰ ਪਯ= ਚਰਨਾਂ ਦੇ ਨਾਲ ਲਗਣਾ ਕਰਨ।

ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥

ਇਸ ਮਨੁੱਖ ਦੀ ਜੀਹ= ਜੀਭ ਤਾਂ ਹੀ ਪਰ= ਭਲੀ ਪ੍ਰਕਾਰ ਸਕਯਥ= ਸਫਲੀ ਹੈ, ਜੇਕਰ ਸ੍ਰੀ ਗੁਰੂ ਅਮਰਦਾਸ ਜੀ ਦੇ ਜਸ ਨੂੰ ਭਣਿਜੈ= ਉਚਾਰਨਾ ਕਰੇ।

ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥

ਇਸ ਮਨੁੱਖ ਦੇ ਨੈਣ ਤਾਂ ਹੀ ਪਰ= ਭਲੀ ਪ੍ਰਕਾਰ ਸਕਯਥ= ਸਫਲੇ ਹਨ, ਜੇਕਰ ਨਯਣਿ= ਨੇਤਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਦਰਸ਼ਨ ਪਿਖਿਜੈ= ਦੇਖਣਾ ਕਰਨ।

ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥

ਇਸ ਮਨੁੱਖ ਦੇ ਸ੍ਰਵਣ= ਕੰਨ ਤਾਂ ਹੀ ਪਰ= ਭਲੀ ਪ੍ਰਕਾਰ ਸਕਯਥ= ਸਫਲੇ ਹਨ, ਜੇਕਰ ਇਹ ਸ੍ਰਵਣਿ= ਕੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜਸ ਨੂੰ ਸੁਣਿਜੈ= ਸੁਣਨਾ ਕਰਨ।

ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥

ਫਿਰ ਸੁ ਹੀਉ= ਉਹ ਹਿਰਦਾ ਸਕਯਥੁ= ਸਫਲਾ ਹੈ, ਜਿਸ ਹਿਰਦੇ ਵਿਖੇ ਸਾਰੇ ਜਗਤ ਦੇ ਪਿਤਾ ਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਆਪ ਵਸਦੇ ਹਨ।

ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥੧॥੧੦॥

ਜਾਲਪ ਨਾਮਾ ਭੱਟ ਭਣੈ= ਕਥਨ ਕਰਦਾ ਹੈ ਕਿ ਓਹੀ ਸਿਰ ਸਕਯਥੁ= ਸਫਲਾ ਹੈ, ਜਿਹੜਾ ਸਿਰ ਹਮੇਸ਼ਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਖੇ ਨਿਉਂਦਾ ਹੈ॥ ੧॥ ੧੦॥

ਯਥਾ- ਸਫਲ ਮੂਰਤੁ ਸਫਲ ਓਹ ਘਰੀ॥ ਜਿਤੁ ਰਸਨਾ ਉਚਰੈ ਹਰਿ ਹਰੀ॥ ੨॥
ਸਫਲੁ ਓਹੁ ਮਾਥਾ ਸੰਤ ਨਮਸਕਾਰਸਿ॥ ਚਰਣ ਪੁਨੀਤ ਚਲਹਿ ਹਰਿ ਮਾਰਗਿ॥ ੩॥

(ਗਉੜੀ ਮਹਲਾ ੫, ਪੰਨਾ ੧੯੧)

ਤਥਾ- ਨੇਤ੍ਰ ਪੁਨੀਤ ਪੇਖਤ ਹੀ ਦਰਸ॥ ਧਨਿ ਮਸਤਕ ਚਰਨ ਕਮਲ ਹੀ ਪਰਸ॥

(ਗਉੜੀ ਮ: ੫, ਪੰਨਾ ੨੦੧)

ਤਥਾ- ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥
ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਪੈਰੇ ਰਾਮ॥ ੨॥
ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ॥
ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ॥

ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ॥ ੩॥

(ਬਿਹਾਗੜਾ ਮ: ੪, ਪੰਨਾ ੫੪੦)

ਤਥਾ- ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ॥
ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ॥

(ਵਾਰ ਗਉੜੀ ਮ: ੫, ਪੰਨਾ ੩੨੨)

ਤਥਾ- ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥
ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥

(ਜੈਤਸਰੀ ਦੀ ਵਾਰ ਮ: ੫, ਪੰਨਾ ੭੦੯)

ਤਥਾ- ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ॥ ੨॥

(ਰਾਮਕਲੀ ਕੀ ਵਾਰ ਦੂਜੀ, ਮ: ੫, ਪੰਨਾ ੯੬੪)

ਤਥਾ- ਚਿਰੰਕਾਲ ਮਾਨਸ ਜਨਮ ਨਿਰਮੋਲ ਪਾਏ, ਸਫਲ ਜਨਮ ਗੁਰ ਚਰਨ ਸਰਨ ਕੈ।
ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ, ਸ੍ਰਵਨ ਅਮੋਲ ਗੁਰ ਬਚਨ ਧਰੁਨ ਕੈ।
ਨਾਸਕਾ ਅਮੋਲ ਗੁਰ ਚਰਨਾਰਬਿੰਦ ਬਾਸਨਾ ਕੈ, ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ।
ਹਸਤ ਅਮੋਲ ਗੁਰਦੇਵ ਸੇਵ ਸਫਲ ਕੈ ਚਰਨ ਅਮੋਲ ਪਰਦੱਛਨਾ ਕਰਨ ਕੈ॥ ੯॥

(ਭਾਈ ਗੁਰਦਾਸ ਜੀ, ਕਬਿੱਤ)

ਤਥਾ- ਸਫਲ ਜਨਮ ਗੁਰਮੁਖਿ ਹੈ ਜਨਮ ਜੀਤਯੋ ਚਰਨ ਸਫਲ ਗੁਰ ਮਾਰਗ ਰਵਨ ਕੈ।
ਲੋਚਨ ਸਫਲ ਗੁਰ ਦਰਸ ਵਿਲੋਕਨ ਕੈ ਮਸਤਕ ਸਫਲ ਰਜ ਪਦ ਗਵਨ ਕੈ।
ਹਸਤ ਸਫਲ ਨਮ ਸਤਿਗੁਰ ਬਾਣੀ ਲਿਖੇ ਸੁਰਤ ਸਫਲ ਗੁਰ ਸਬਦ ਸ੍ਰਵਨ ਕੈ।
ਸੰਗਤਿ ਸਫਲ ਗੁਰਸਿੱਖ ਸੰਗਮ ਕੈ ਪ੍ਰੇਮ ਨੇਮ ਗੰਮਿਤਾ ਤ੍ਰਿਭਵਨ ਤ੍ਰਿਕਾਲ ਕੈ।

(ਭਾ: ਗੁਰਦਾਸ ਜੀ, ਕਬਿੱਤ ੫੭-੯੧)

ਤਥਾ- ਸਫਲੁ ਜਨਮੁ ਗੁਰ ਚਰਨ ਸਰਨ ਲਿਵ, ਸਫਲ ਦ੍ਰਿਸਟਿ ਗੁਰ ਦਰਸ ਅਲੋਈਐ।
ਸਫਲ ਸੁਰਤਿ ਗੁਰ ਸਬਦ ਸੁਨਤ ਨਿਤ, ਜਿਹਬਾ ਸਫਲ ਗੁਨ ਨਿਧਿ ਗੁਨ ਗੋਈਐ।
ਸਫਲ ਹਸਤ ਗੁਰ ਚਰਨ ਪੂਜਾ ਪ੍ਰਨਾਮ, ਸਫਲ ਚਰਨ ਪਰਦਛਨਾ ਕੈ ਪੋਈਐ।
ਸੰਗਮ ਸਫਲ ਸਾਧ ਸੰਗਤਿ ਸਹਜ ਘਰਿ, ਹਿਰਦਾ ਸਫਲ ਗੁਰਮਤਿ ਕੈ ਸਮੋਈਐ।

(ਭਾਈ ਗੁਰਦਾਸ ਜੀ, ਕਬਿੱਤ ੪੯੯)

ਤਥਾ- ਮਾਣਸ ਜਨਮ ਅਮੋਲੁ ਹੈ ਹੋਇ ਅਮੋਲੁ ਸਾਧਸੰਗੁ ਪਾਏ।
ਅਖੀ ਦੁਇ ਨਿਰਮੋਲਕਾ ਸਤ੍ਰਿਗੁਰੁ ਦਰਸ ਧਯਾਨ ਲਿਵ ਲਾਏ।
ਮਸਤਕੁ ਸੀਸੁ ਅਮੋਲੁ ਹੈ ਚਰਣ ਸਰਣਿ ਗੁਰੁ ਧੂੜਿ ਸੁਹਾਏ।
ਜਿਹਬਾ ਸ੍ਰਵਣ ਅਮੋਲਕਾ ਸਬਦ ਸੁਰਤਿ ਸੁਣਿ ਸਮਝਿ ਸੁਣਾਏ।
ਹਸਤ ਚਰਣ ਅਮੋਲਕਾ ਗੁਰਮੁਖ ਮਾਰਗਿ ਸੇਵ ਕਮਾਏ।
ਗੁਰਮੁਖਿ ਰਿਦਾ ਅਮੋਲੁ ਹੈ ਅੰਦਰਿ ਗੁਰੁ ਉਪਦੇਸੁ ਵਸਾਏ।
ਮਤਿ ਪਰਵਾਣੈ ਤੋਲਿ ਤੁਲਾਏ॥ ੧੭॥ *(ਭਾ: ਗੁਰਦਾਸ ਜੀ, ਵਾਰ ੧੫)*

www.sikhbookclub.com

ਤਥਾ- ਕਦਮ ਆ ਥਿਹ ਕਿ ਓ ਰਾਹੇ ਖੁਦਾ ਪੈਮੂਦਹ ਮੇ ਬਾਸ਼ਦ।
ਜੁਬਾਨੇ ਬਿਹ ਕਿ ਦਰ ਜ਼ਿਕਰੇ ਖੁਦਾ ਆਸੂਦਹ ਮੇ ਬਾਸ਼ਦ॥

(ਭਾਈ ਨੰਦ ਲਾਲ ਜੀ ਗਜ਼ਲ ੨੫)

ਪੰਜਾਬੀ ਉਲਥਾ-

ਓਹਾ ਕਦਮ ਚੰਗੇਰੇ, ਜਿਹੜੇ ਰਾਹ ਮੌਲਾ ਵੱਲ ਧਾਂਦੇ ਨੇ।
ਮਿੱਠੀ ਜਿਹਵਾ ਬੋਲ ਭਲੇ, ਜੋ ਜਸ ਸਾਂਈ ਦਾ ਗਾਂਦੇ ਨੇ।
ਤਿਨਰ ਦੁਖ ਨਹ ਭੁਮ ਤਿਨਰ ਨਿਧਨ ਨਹੁ ਕਹੀਅਹਿ॥
ਤਿਨਰ ਸੋਕੁ ਨਹੁ ਹੂਐ ਤਿਨਰ ਸੇ ਅੰਤੁ ਨ ਲਹੀਅਹਿ॥
ਤਿਨਰ ਸੇਵਨਹੁ ਕਰਹਿ ਤਿਨਰ ਸਯ ਸਹਸ ਸਮਪਹਿ॥
ਤਿਨਰ ਦੁਲੀਚੈ ਬਹਹਿ ਤਿਨਰ ਉਥਪਿ ਥਿਥਪਹਿ॥
ਸੁਖ ਲਹਹਿ ਤਿਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ॥
ਸਕਯਥ ਤਿਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ॥ ੨॥ ੧੧॥

(ਅਰਥ ਵਾਸਤੇ ਅਖੀਰਲੀ ਤੁਕ ਪਹਿਲੇ ਉਠਾਣੀ)

ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ॥

ਜਾਲਪ ਨਾਮਾ ਭੱਟ ਕਥਨ ਕਰਦਾ ਹੈ ਕਿ ਜਿਨ੍ਹਾਂ ਉਪਰ ਸ੍ਰੀ ਗੁਰੂ ਅਮਰਦਾਸ ਜੀ ਪ੍ਰਸੰਨ ਹੁੰਦੇ ਹਨ-

ਤਿਨਰ ਦੁਖ ਨਹ ਭੁਖ

ਉਹਨਾਂ ਮਨੁੱਖਾਂ ਨੂੰ ਨਾ ਦੁੱਖ ਪ੍ਰਾਪਤ ਹੁੰਦਾ ਹੈ ਨਾ ਹੀ ਕਿਸੇ ਪ੍ਰਕਾਰ ਦੀ ਭੁੱਖ ਰਹਿੰਦੀ ਹੈ। ਫਿਰ-

ਤਿਨਰ ਨਿਧਨ ਨਹੁ ਕਹੀਅਹਿ॥

ਤਿਨਰ= ਉਨ੍ਹਾਂ ਪੁਰਸ਼ਾਂ ਨੂੰ ਨਿਧਨ= ਨਿਰਧਨ ਭਾਵ ਕੰਗਾਲ ਨਹੀਂ ਕਿਹਾ ਜਾਂਦਾ।

ਤਿਨਰ ਸੋਕੁ ਨਹੁ ਹੂਐ

ਉਨ੍ਹਾਂ ਪੁਰਸ਼ਾਂ ਨੂੰ ਕਿਸੇ ਪ੍ਰਕਾਰ ਦੀ ਸੋਕੁ= ਚਿੰਤਾ ਨਹੀਂ ਹੁੰਦੀ। ਫਿਰ-

ਤਿਨਰ ਸੇ ਅੰਤੁ ਨ ਲਹੀਅਹਿ॥

ਤਿਨਰ= ਉਨ੍ਹਾਂ ਪੁਰਸ਼ਾਂ ਦਾ ਸੇ= ਤਿੰਨੇ ਦੇਵਤੇ (ਬ੍ਰਹਮਾ, ਵਿਸ਼ਨੂੰ, ਸ਼ਿਵ) ਵੀ ਅੰਤ ਨਹੀਂ ਲੈ ਸਕਦੇ।
ਵਾ- ਸੇ= ਤਿੰਨੇ ਲੋਕਾਂ ਦੇ ਜੀਵ ਵੀ ਉਨ੍ਹਾਂ ਗੁਰਮੁਖ ਜਨ ਮਹਾਤਮਾਂ ਦਾ ਅੰਤ ਨਹੀਂ ਲੈ ਸਕਦੇ।

ਤਿਨਰ ਸੇਵਨਹੁ ਕਰਹਿ ਤਿਨਰ ਸਯ ਸਹਸ ਸਮਪਹਿ॥

ਤਿਨਰ= ਉਹਨਾਂ ਗੁਰਮੁਖਾਂ ਦੀ ਜੋ ਜਗਿਆਸੂ ਸ਼ਰਧਾ ਭਾਵ ਨਾਲ ਸੇਵਨਹੁ= ਸੇਵਾ ਕਰਦੇ ਹਨ- ਉਹ ਮਹਾਤਮਾ ਤਿਨਰ= ਉਹਨਾਂ ਜਗਿਆਸੂਆਂ ਨੂੰ ਸਯ ਸਹਸ= ਹਜ਼ਾਰਾਂ ਦਰ ਹਜ਼ਾਰਾਂ ਪਦਾਰਥ ਸਮਪਹਿ= ਸਮਰਪਣ ਕਰ ਦਿੰਦੇ ਹਨ। ਭਾਵ ਹਜ਼ਾਰਾਂ ਹੀ ਪਦਾਰਥਾਂ ਦੀ ਪ੍ਰਾਪਤੀ ਦਾ ਵਰ ਬਖਸ਼ ਦਿੰਦੇ ਹਨ।

*ਅਥਵਾ-*ਉਹ ਮਹਾਤਮਾਂ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਕਿਸੇ ਮਨੁੱਖ ਜਾਂ ਦੇਵੀ ਦੇਵਤੇ ਦੀ ਸੇਵ ਨਹੁ= ਸੇਵਾ ਨਹੀਂ ਕਰਦੇ ਕਿਉਂਕਿ ਉਹ ਤਾਂ ਆਪ ਗੁਰ ਕਿਰਪਾ ਕਰ ਕੇ ਸ਼ਰਧਾ ਰੱਖਣ ਵਾਲੇ ਆਪਣੇ ਪ੍ਰੇਮੀਆਂ ਨੂੰ

ਹਜ਼ਾਰਾਂ ਹੀ ਪਦਾਰਥ ਸਮਪਹਿ= ਸਮਰਪਣ ਕਰਦੇ ਹਨ। ਫਿਰ-

ਤਿਨਰ ਦੁਲੀਚੈ ਬਹਹਿ ਤਿਨਰ ਉਥਪਿ ਥਿਥਪਹਿ॥

ਓਹ ਗੁਰਮੁਖ ਜਨ ਬੜੇ ਸੁੰਦਰ ਦੁਲੀਚੈ ਬਹਹਿ= ਗਲੀਚਿਆਂ ਪਰ ਬੈਠਣਾ ਕਰਦੇ ਹਨ। ਉਹ ਗੁਰਮੁਖ ਜਨ ਆਪਣੇ ਹਿਰਦੇ 'ਚੋਂ ਅਉਗਣਾਂ ਨੂੰ ਉਥਪਿ= ਪੁੱਟ ਕੇ ਸ਼ੁਭ ਗੁਣਾਂ ਨੂੰ ਥਿ= ਵਿਸ਼ੇਸ਼ ਕਰ ਕੇ ਥਪਹਿ= ਥਾਪਣਾ ਕਰਦੇ ਹਨ।

ਅਥਵਾ-ਉਹ ਗੁਰਮੁਖ ਜਨ ਆਪਣੇ ਪਰਉਪਕਾਰਤਾ ਵਾਲੇ ਧਰਮ ਨੂੰ ਵਿਚਾਰਦੇ ਹੋਏ ਉਥਪਿ= ਸਰੂਪ ਤੋਂ ਰਹਿਤ ਪੁਰਸ਼ਾਂ ਨੂੰ ਥਿ= ਵਿਸ਼ੇਸ਼ ਕਰ ਕੇ ਥਪਹਿ= ਥਾਪਣਾ ਕਰਦੇ ਹਨ।

ਅਥਵਾ- ਉਹ ਗੁਰਮੁਖ ਜਨ ਆਪਣੇ ਪਰਉਪਕਾਰਤਾ ਵਾਲੇ ਧਰਮ ਨੂੰ ਵਿਚਾਰਦੇ ਹੋਇ ਉਥਪਿ= ਸਰੂਪ ਤੋਂ ਰਹਿਤ ਪੁਰਸ਼ਾਂ ਨੂੰ ਥਿ-ਵਿਸ਼ੇਸ਼ ਕਰ ਕੇ ਥਪਹਿ= ਸਰੂਪ ਥਾਂ ਵਿਖੇ ਥਾਪਦੇ ਹਨ। ਫਿਰ-

ਸੁਖ ਲਹਹਿ ਤਿਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ॥

ਓਹੀ ਗੁਰਮੁਖ ਜਨ ਗੁਰ ਕਿਰਪਾ ਕਰ ਕੇ ਸੰਸਾਰ ਵਿਖੇ ਸੁਖ ਲੈਣਾ ਕਰਦੇ ਹਨ। ਉਹ ਪੁਰਸ਼ ਰਿਪ= ਵੈਰੀਆਂ ਵਿਚ ਅਭੈ ਪਟੁ= ਨਿਰਭੈਤਾ ਰੂਪ ਬਸਤ੍ਰ ਨੂੰ ਪਾਉਂਦੇ ਹਨ।

ਅਥਵਾ-ਤਿਹ ਓਹ ਗੁਰ ਕਿਰਪਾ ਵਾਲੇ ਪਟੁ= ਚਤੁਰ ਪੁਰਸ਼ ਰਿਪ ਮਧਿ= ਵੈਰੀਆਂ ਵਿਚ ਅਭੈ= ਨਿਰਭੈ ਹੋ ਕੇ ਫਿਰਦੇ ਹਨ।

ਸਕਯਥ ਤਿਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ॥ ੨॥ ੧੧॥

ਜਾਲਪ ਨਾਮਾ ਭੱਟ ਕਥਨ ਕਰਦਾ ਹੈ—ਉਹ ਪੁਰਸ਼ ਸੰਸਾਰ ਵਿਖੇ ਆਏ ਹੋਏ ਸਕਯਥ= ਸਫਲੇ ਹਨ, ਜਿਨ੍ਹਾਂ ਉਪਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪ੍ਰਸੰਨ ਹੋਏ ਹਨ॥ ੨॥ ੧੧॥

ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥

ਹੇ ਗੁਰੂ ਅਮਰਦਾਸ ਪਾਤਿਸ਼ਾਹ ਜੀ! ਆਪ ਜੀ ਨੇ ਇਕ ਵਾਹਿਗੁਰੂ ਨੂੰ ਹੀ ਪਢਿਅਉ= ਪੜ੍ਹਨਾ ਕੀਤਾ ਹੈ। ਵਾ-ਇਕ ਅਦ੍ਵੈਤ ਦੀ ਪੜਾਈ ਨੂੰ ਹੀ ਪੜ੍ਹਨਾ ਕੀਤਾ ਹੈ ਅਤੇ ਤੁਸੀਂ ਮਨ ਵਿਚ ਵੀ ਇਕ ਅਕਾਲ ਪੁਰਖ ਵਾਹਿਗੁਰੂ ਨੂੰ ਧਾਰਨਾ ਕੀਤਾ ਹੈ, ਫਿਰ ਸਾਰਿਆਂ ਵਿਖੇ ਵੀ ਇਕ ਅਕਾਲ ਪੁਰਖ ਨੂੰ ਪਛਾਣਨਾ ਕਰਿ= ਕੀਤਾ ਹੈ।

ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥

ਆਪ ਜੀ ਦੇ ਨੇਤਰਾਂ ਵਿਖੇ ਵੀ ਪ੍ਰਭੂ ਦਾ ਨੂਰ ਹੈ, ਆਪ ਜੀ ਦੇ ਬਯਣਿ= ਬਚਨਾਂ ਵਿਖੇ ਵੀ ਇਕ ਪ੍ਰਭੂ ਦਾ ਵਾਸਾ ਹੈ, ਆਪ ਜੀ ਦੇ ਮੁਹਿ= ਮੁਖ ਵਿਖੇ ਵੀ ਇਕ ਦੇ ਨਾਮ ਦਾ ਹੀ ਜਾਪ ਹੈ। ਵਾ- ਮੁਖ ਨਾਲ ਇਕ ਪ੍ਰਭੂ ਦਾ ਹੀ ਜਸ ਉਚਾਰਦੇ ਹੋ, ਫਿਰ ਇਕ ਅਕਾਲ ਪੁਰਖ ਤੋਂ ਬਿਨਾਂ ਆਪ ਜੀ ਨੇ ਦੁਹੁ ਠਾਂਇ= ਦੂਸਰੀ ਜਗ੍ਹਾ ਨੂੰ ਨਹੀਂ ਜਾਣਨਾ ਕੀਤਾ।

ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ॥

ਸੁਪਨ ਅਵਸਥਾ ਵਿਖੇ ਵੀ ਆਪ ਜੀ ਨੇ ਇਕ ਵਾਹਿਗੁਰੂ ਨੂੰ ਜਾਣਿਆਂ ਹੈ, ਪਰਤਖਿ= ਜਾਗ੍ਰਤ ਅਵਸਥਾ

ਵਿਚ ਵੀ ਆਪ ਜੀ ਨੇ ਇਕ ਵਾਹਿਗੁਰੂ ਨੂੰ ਨਿਸਚੇ ਕੀਤਾ ਹੈ ਅਤੇ ਸਖੇਪਤ ਅਵਸਥਾ ਵਿਚ ਵੀ ਆਪ ਜੀ ਇਕ ਨਿਰੰਕਾਰ ਵਿਖੇ ਲੀਣਉ= ਲੀਣ ਰਹਿੰਦੇ ਹੋ।

ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥

ਤੀਸ= ਤੀਹ ਰੋਜ਼ਿਆਂ ਵਿਖੇ ਅਰੁ= ਅਤੇ ਪੰਜਿ= ਪੰਜ ਨਮਾਜ਼ਾਂ ਵਿਖੇ ਸਿਧੁ= ਪ੍ਰਸਿਧ ਆਪ ਜੀ ਨੇ ਇਕ ਪ੍ਰਭੂ ਨੂੰ ਨਿਸਚੇ ਕੀਤਾ ਹੈ। ਇਨ੍ਹਾਂ ਪੈਂਤੀਆਂ ਵਿਖੇ ਉਸ ਨਿਰੰਕਾਰ ਨੂੰ ਨ ਖੀਣਉ= ਲੋਪ ਨਹੀਂ ਜਾਣਿਆ।

ਅਥਵਾ ***ਤੀਸ ਇਕੁ ਅਰੁ ਪੰਜਿ ਸਿਧੁ***

ਹਿੰਦੂ ਰੀਤੀ ਅਨੁਸਾਰ ਤੀਹ ਦਿਨਾਂ, ਵਾ-ਤੀਹ ਵਰਤਾਂ ਸਾਲ ਦੀਆਂ ੨੪ ਇਕਾਦਸੀਆਂ, ਜਨਮ ਅਸਟਮੀ, ਰਾਮ ਨੌਮੀ, ਸ਼ਿਵਰਾਤ੍ਰੀ, ਗਨੇਸ਼ ਚਤਰਥੀ, ਬਾਵਨ ਦੁਆਦਸੀ, ਨਰਸਿੰਘ ਚੌਦਸ ਵਿਖੇ ਅਤੇ ਪੰਜ (ਅਕਾਸ਼, ਵਾਯੂ, ਅਗਨੀ, ਜਲ, ਧਰਤੀ) ਤੱਤਾਂ ਵਿਖੇ ਆਪ ਜੀ ਨੇ ਉਸ ਇਕ ਪ੍ਰਮਾਤਮਾ ਨੂੰ ਹੀ ਸਿਧੁ= ਪ੍ਰਸਿੱਧ ਜਾਣਨਾ ਕੀਤਾ ਹੈ। ਅਤੇ-

ਪੈਤੀਸ ਨ ਖੀਣਉ ॥

ਗੁਰਮੁਖੀ ਲਿੱਪੀ ਦੇ ਪੈਂਤੀ ਅੱਖਰਾਂ ਵਿਚ ਵੀ ਆਪ ਜੀ ਨੇ ਪ੍ਰਮਾਤਮਾ ਨੂੰ ਨ ਖੀਣਉ= ਅਲੋਪ ਨਿਸਚੇ ਨਹੀਂ ਕੀਤਾ। *ਅਥਵਾ*-ਚਾਰ ਵੇਦ, ਸਤਾਈ ਸਿਮ੍ਰਤੀਆਂ ਅਤੇ (ਮਨ, ਬੁਧ, ਚਿਤ ਹੰਕਾਰ) ਚਤੁਸ਼ਟੇ ਅੰਤਹਕਰਨ ਇਹਨਾਂ ਪੈਂਤੀਆਂ ਵਿਖੇ ਪ੍ਰਭੂ ਨੂੰ ਅਲੋਪ ਨਿਸਚੇ ਨਹੀਂ ਕੀਤਾ।

ਅਥਵਾ- ਤੀਸ= ੩੦। ਇਕ= ੧। ਪੰਜਿ= ੫। ਅਰੁ= ਅਤੇ ਪੈਂਤੀਸ= ੩੫।

ਇਨ੍ਹਾਂ (੩੦+੧+੫+੩੫= ੭੧) ਇਕੱਤਰਾਂ ਸਾਲਾਂ ਦੀ ਉਮਰ ਵਿਖੇ ਆਪ ਜੀ ਦਾ ਸਰੀਰ ਸਿਧੁ= ਪ੍ਰਗਟ ਹੀ ਖੀਣ ਨਹੀਂ ਹੋਇਆ। ਭਾਵ ਬੜੇ ਉਦਮ ਭਾਵ ਨਾਲ ਤਿਆਰ ਬਰ ਤਿਆਰ ਹੋ ਕੇ ਲਗਾਤਾਰ ਬਾਰਾਂ (੧੨) ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਆਪ ਕਰਦੇ ਰਹੇ ਹੋ।

ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥

ਜੋ ਅਲਖ ਰੂਪ ਪ੍ਰਮਾਤਮਾ ਆਪਣੀ ਇੱਛਾ ਅਨੁਸਾਰ ਇਕ ਤੋਂ ਲੱਖ ਰੂਪ ਹੋ ਜਾਂਦਾ ਹੈ ਅਤੇ ਫਿਰ ਲੱਖ ਤੋਂ ਇਕ ਰੂਪ ਹੋ ਜਾਂਦਾ ਹੈ, ਉਸ ਇਕ ਪ੍ਰਮਾਤਮਾ ਨੂੰ ਵਾਸਤ੍ਵ ਦ੍ਰਿਸ਼ਟੀ ਨਾਲ ਆਪ ਜੀ ਨੇ ਇਕ ਰੂਪ ਕਰ ਕੇ ਹੀ ਵਰਨਿਅਉ= ਵਰਣਨ ਕੀਤਾ ਹੈ।

ਅਥਵਾ-ਜੋ ਪ੍ਰਮਾਤਮਾ ਲਖਹੁ= ਲੱਖਾਂ ਪੁਰਖ਼ਾਂ ਕਰ ਕੇ ਅਲਖ= ਜਾਣਨ ਤੋਂ ਰਹਿਤ ਹੈ, ਉਸ ਇਕਹੁ= ਇਕ ਅਦੁੱਤੀ ਬ੍ਰਹਮ ਨੂੰ ਆਪ ਜੀ ਨੇ ਅਲਖ= ਜਾਣਨਾ ਕੀਤਾ ਹੈ ਅਤੇ ਸਿੱਖਾਂ ਵਿਚ ਵੀ ਆਪ ਜੀ ਨੇ ਉਸ ਇਕੋ ਇਕ ਪ੍ਰਭੂ ਦਾ ਨਾਮ ਵਰਣਨ ਕੀਤਾ ਹੈ।

ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥੩ ॥੧੨ ॥

ਜਾਲਪ ਨਾਮਾ ਭੱਟ ਕਥਨ ਕਰਦਾ ਹੈ— ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਤੂ= ਆਪ ਜੀ ਇਕ ਵਾਹਿਗੁਰੂ ਨੂੰ ਹੀ ਲੋੜਹਿ= ਚਾਹੁੰਦੇ ਹੋ ਅਤੇ ਇਕ ਵਾਹਿਗੁਰੂ ਨੂੰ ਹੀ ਮੰਨਿਅਉ= ਮੰਨਦੇ ਹੋ॥ ੩ ॥ ੧੨ ॥

ਇਥੋਂ ਤਕ ਤਿੰਨ ਸਵਈਏ ਜਾਲਪ ਭੱਟ ਦੇ ਆਏ ਹਨ। ਅਗਲਾ ਇਕ ਸਵਈਆ ਜਲ ਨਾਮੇ ਭੱਟ ਦਾ ਹੈ—

ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ ॥

ਜੇਹੜੀ ਮਤਿ= ਬੁੱਧੀ ਹੰਕਾਰ ਦੇ ਤਿਆਗਣ ਵਾਲੀ ਜੈਦੇਵ ਭਗਤ ਜੀ ਨੇ ਗਹੀ= ਗ੍ਰਹਿਣ ਕੀਤੀ ਹੈ।

ਯਥਾ- ਜੈ ਦੇਵ ਤਿਆਗਿਓ ਅਹੰਮੇਵ॥ ਨਾਈ ਉਧਰਿਓ ਸੈਨੁ ਸੇਵ॥

(ਬਸੰਤੁ ਮਹਲਾ ੫, ਪੰਨਾ ੧੧੯੨)

ਜੇਹੜੀ ਮਤਿ= ਬੁੱਧੀ ਸੇਵਾ ਸਿਮਰਨ ਭਾਵ ਵਾਲੀ ਨਾਮਦੇਵ ਜੀ ਵਿਖੇ ਸੰਮਾਣੀ= ਸਮਾ ਰਹੀ ਹੈ।

ਯਥਾ- ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੇ ਦੁਹਿ ਆਨੀ॥ ੧॥
ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥

(ਪੰਨਾ ੧੧੬੩)

ਤਥਾ- ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩॥

(ਸਲੋਕ ਕਬੀਰ, ਪੰਨਾ ੧੩੭੬)

ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ॥

ਫਿਰ ਜਿਹੜੀ ਮਤਿ= ਬੁੱਧੀ 'ਨਾਰਾਇਣ ਨਿੰਦਸ ਕਾਇ ਭੂਲੀ ਗਵਾਰੀ॥'

ਵਾਲੀ ਭਗਤ ਤ੍ਰਿਲੋਚਨ ਦੇ ਚਿਤ ਵਿਖੇ ਸੀ। ਜਿਹੜੀ ਮਤਿ ਏਕਤਾ ਵਾਲੀ ਭਗਤ ਕਬੀਰ ਜੀ ਨੇ ਜਾਨਣਾ ਕੀਤੀ ਹੈ।

ਯਥਾ- ਜਬ ਹਮ ਏਕੋ ਏਕੁ ਕਰਿ ਜਾਨਿਆ॥ ਤਬ ਲੋਗਹ ਕਾਹੇ ਦੁਖੁ ਮਾਨਿਆ॥ ੧॥

(ਗਉੜੀ ਕਬੀਰ ਜੀ, ਪੰਨਾ ੩੨੪)

ਤਥਾ- ਸੰਤਨ ਹਿਤ ਬੇਚੀ ਨਿਜ ਤੀਆ। ਚੋਰ ਸੁਆਲ ਦੀਓ ਸੰਗ ਧੀਆ।

(ਪੰਥ ਪ੍ਰਕਾਸ਼)

ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ॥

ਰਾਜਾ ਰੁਕਮਾਂਗਦ ਦੀ ਕਰਤੂਤਿ= ਕਰਤੱਬਤਾ ਦੇ ਅਨੁਸਾਰ ਹੇ ਭਾਈ! ਤੁਸੀਂ ਵੀ ਨਿਤਾਪ੍ਰਤੀ ਪ੍ਰੇਮ ਪੂਰਬਕ ਪ੍ਰਮੇਸ਼ੁਰ ਦੇ ਨਾਮ ਨੂੰ ਜਪਣਾ ਕਰੋ। ਭਾਵ ਜਿਸ ਤਰ੍ਹਾਂ ਉਹ ਆਪਣੇ ਜਤ ਸਤ ਦੇ ਸਹਿਤ ਹੋ ਕੇ ਸਿਮਰਨ ਕੀਤਾ ਕਰਦਾ ਸੀ, ਉਸੇ ਤਰ੍ਹਾਂ ਤੁਸੀਂ ਵੀ ਜਤ ਸਤ ਆਦਿਕ ਸਾਧਨਾਂ ਵਿਖੇ ਪ੍ਰਪੱਕ ਹੋ ਕੇ ਪ੍ਰਭੂ ਦੇ ਨਾਮ ਨੂੰ ਜਪਣਾ ਕਰੋ।

ਸਾਖੀ—ਰਾਜੇ ਰੁਕਮਾਂਗਦ ਦੀ

ਮਹਾਂ ਪੁਰਸ਼ ਰਾਜੇ ਰੁਕਮਾਂਗਦ ਦੀ ਵਾਰਤਾ ਇਉਂ ਸੁਣਾਇਆ ਕਰਦੇ ਹਨ ਕਿ ਰਾਜਾ ਰੁਕਮਾਂਗਦ ਬਹੁਤ ਧਰਮਾਤਮਾ ਰਾਜਾ ਹੋਇਆ ਹੈ, ਮੋਹਨੀ ਦਾ ਪਤੀ ਸੀ। ਰਾਜਾ 'ਧਰਮਾਂਗਦ' ਇਸੇ ਦਾ ਪੁੱਤਰ ਹੋਇਆ ਹੈ।

ਕੁਦਰਤਨ ਇਸ ਨੂੰ ਬਾਗਾਂ ਬਗੀਚਿਆਂ ਦੇ ਲਗਾਉਣ ਦਾ ਬਹੁਤ ਸ਼ੌਕ ਸੀ। ਬਾਗ ਲਗਾਉਣ ਤੇ ਉਹਨਾਂ ਦੀ ਰਾਖੀ ਲਈ ਬਹੁਤ ਹੀ ਮਾਲੀ ਤੇ ਰਾਖੇ ਰੱਖੇ ਹੋਏ ਸਨ। ਭਾਂਤ-ਭਾਂਤ ਦੇ ਬੂਟੇ, ਫੁੱਲ, ਦਰੱਖਤ, ਵੇਲਾਂ ਇਸ ਬਾਗ ਵਿਖੇ ਪਾਈਆਂ ਜਾਂਦੀਆਂ ਹਨ।

ਬਾਗ ਇਤਨਾ ਸੁੰਦਰ ਤੇ ਦਿਲ ਖਿੱਚਵਾਂ ਸੀ, ਜੋ ਵੀ ਇਕ ਵਾਰੀ ਬਾਗ ਵਿਖੇ ਵੜ ਜਾਂਦਾ ਸੀ ਫਿਰ ਉਸ ਦਾ ਬਾਹਰ ਨਿਕਲਣ ਤੇ ਜੀਅ ਹੀ ਨਹੀਂ ਸੀ ਕਰਦਾ। ਸ਼ਾਮਾਂ ਦੇ ਵੇਲੇ ਤਾਂ ਪੂਰੇ ਭਰੇ ਹੋਏ ਮੇਲੇ ਜਿਤਨੀ ਬਾਗ ਵਿਖੇ ਰੌਣਕ ਹੋ ਜਾਂਦੀ ਸੀ।

ਮਾਲੀਆਂ ਦੀ ਮੇਹਨਤ ਤੇ ਰਾਜੇ ਦੇ ਉਤਸ਼ਾਹ ਦਾ ਸਦਕਾ ਬਾਗ ਵਿਖੇ ਇਤਨੇ ਸੁੰਦਰ ਸੁੰਦਰ ਫਲ ਬੂਟੇ ਲੱਗੇ ਹੋਏ ਸਨ ਜੋ ਇੰਦਰ ਦੇ ਬਾਗ ਨੂੰ ਵੀ ਮਾਤ ਪਾਉਂਦੇ ਸਨ। ਇਸੇ ਲਈ ਤਾਂ ਇੰਦਰ ਆਪਣੇ ਦਰਬਾਰ ਦੀ ਸਜਾਵਟ ਲਈ ਅਪੱਛਰਾਂ ਭੇਜ ਕੇ ਇਸ ਬਾਗ ਵਿਚੋਂ ਚੋਰੀ ਫੁੱਲ ਮੰਗਾਇਆ ਕਰਦਾ ਸੀ।

ਇੰਦਰ ਦੀ ਭੇਜੀ ਹੋਈ ਅਪੱਛਰਾਂ ਰੋਜ਼ ਆਇਆ ਕਰੇ ਤੇ ਸੋਹਣੇ ਸੋਹਣੇ ਫੁੱਲ ਤੋੜ ਕੇ ਲੈ ਜਾਇਆ ਕਰੇ। ਇਸ ਤਰ੍ਹਾਂ ਕਰਦਿਆਂ ਕਰਦਿਆਂ ਬਹੁਤ ਫੁੱਲਾਂ ਦੇ ਟੁੱਟ ਜਾਣ ਤੇ ਮਾਲੀਆਂ ਨੂੰ ਪਤਾ ਲੱਗਣ ਤੇ ਉਹ ਰਾਜੇ ਦੇ ਭੈ ਕਰ ਕੇ ਅੱਗੇ ਨਾਲੋਂ ਜ਼ਿਆਦਾ ਨਿਗਰਾਨੀ ਕਰਨ ਲੱਗ ਪਏ। ਪਰ ਕੋਈ ਪੇਸ਼ ਨਾ ਜਾਂਦੀ ਦੇਖ ਕੇ ਰਾਜੇ ਰੁਕਮਾਂਗਦ ਪਾਸ ਬੇਨਤੀ ਕੀਤੀ ਕਿ ਰਾਜਨ! ਅਸੀਂ ਬਹੁਤ ਹੁਸ਼ਿਆਰੀ ਨਾਲ ਪਹਿਰਾ ਦਿੱਤਾ ਹੈ ਪਰ ਪਤਾ ਨਹੀਂ ਲੱਗਦਾ ਕਿ ਬਾਗ 'ਚੋਂ ਫੁੱਲ ਕੌਣ ਤੋੜ ਕੇ ਲੈ ਜਾਂਦਾ ਹੈ।

ਮਾਲੀਆਂ ਦੇ ਕਹਿਣ ਤੇ ਰਾਜੇ ਨੇ ਹੋਰ ਰਾਖੇ ਰੱਖ ਦਿੱਤੇ ਪਰ ਪਤਾ ਫਿਰ ਵੀ ਨਾ ਲੱਗਾ, ਕਿਉਂਕਿ ਅਪਛੱਰਾਂ ਤਾਂ ਅੱਧੀ ਰਾਤ ਆਉਂਦੀ ਤੇ ਮਨ ਮਰਜ਼ੀ ਦੇ ਫੁੱਲ ਤੋੜ ਕੇ ਲੈ ਜਾਂਦੀ ਸੀ।

ਬਾਗ ਨੂੰ ਉਜੜਦਿਆਂ ਦੇਖ ਕੇ ਰਾਜੇ ਨੂੰ ਵੀ ਚਿੰਤਾ ਹੋਈ। ਬਹੁਤ ਉਪਰਾਲੇ ਕੀਤੇ ਗਏ ਪਰ ਫੁੱਲ ਤੋੜਨ ਵਾਲੇ ਦਾ ਪਤਾ ਨਾ ਲੱਗਾ।

ਆਖਰ ਇਕ ਦਿਨ ਰਾਜੇ ਨੂੰ ਵਿਚਾਰ ਆਉਣ ਤੇ ਜੋਤਸ਼ੀਆਂ ਨੂੰ ਸੱਦ ਕੇ ਸਾਰੀ ਵਾਰਤਾ ਕਹਿ ਸੁਣਾਈ। ਫੇਰ ਚੋਰ ਦੇ ਪਕੜਨ ਦਾ ਉਪਾਅ ਪੁਛਿਆ।

ਰਾਜੇ ਦੇ ਹੁਕਮ ਅਨੁਸਾਰ ਜੋਤਸ਼ੀਆਂ ਨੇ ਜੋਤਸ਼ ਲਗਾ ਕੇ ਕਿਹਾ—ਹੇ ਰਾਜਨ! ਜੇ ਤੂੰ ਆਪਣੇ ਚੋਰ ਨੂੰ ਪਕੜਨਾ ਚਾਹੁੰਦਾ ਹੈਂ ਤਾਂ ਇੰਜ ਕਰ ਬਾਗ ਵਿਖੇ ਹਰ ਬੂਟੇ ਦੇ ਨਾਲ ਇਕ ਇਕ ਬਤਾਊਂ ਦਾ ਬੂਟਾ ਬੀਜ ਦੇਹ।

ਜੋਤਸ਼ੀਆਂ ਦੇ ਕਹਿਣ ਮੂਜਬ ਰਾਜੇ ਨੇ ਮਾਲੀਆਂ ਨੂੰ ਕਹਿ ਕੇ ਬਾਗ ਵਿਖੇ ਹਰ ਬੂਟੇ ਦੇ ਨਾਲ-ਨਾਲ ਇਕ ਇਕ ਬੂਟਾ ਬਤਾਊਂ ਦਾ ਬੀਜ ਦਿੱਤਾ।

ਸਮਾਂ ਪਾ ਕੇ ਬਤਾਊਂਆ ਦੇ ਬੂਟੇ ਵੱਡੇ ਹੋ ਗਏ । ਉਧਰ ਅਪੱਛਰਾਂ ਵੀ ਰੋਜ਼ ਅੱਧੀ ਰਾਤ ਨੂੰ ਫੁੱਲ ਤੋੜਨ ਆਉਂਦੀ ਸੀ। ਇਕ ਰਾਤ ਫੁੱਲ ਤੋੜਦਿਆਂ ਤੋੜਦਿਆਂ ਸੁੰਦਰ ਫੁੱਲ ਦੇਖ ਤੋੜਨ ਦੀ ਇੱਛਾ ਕਰ ਕੇ ਕਿਆਰੀ ਵਿਖੇ ਵੜ ਗਈ। ਕਿਉਂਕਿ ਉਹ ਫੁੱਲ ਉਸ ਦੇ ਹੱਥ ਦੀ ਪਹੁੰਚ ਤੋਂ ਬਾਹਰ ਸੀ। ਜਾਂ ਕਿਆਰੀ ਵਿਖੇ ਪੈਰ ਹੀ ਧਰਿਆ ਤਾਂ ਬਤਾਊਂ ਦਾ ਕੰਡਾ ਉਸ ਦੇ ਪੈਰ ਵਿਖੇ ਚੁਭ ਗਿਆ। ਚੁਭਿਆ ਵੀ ਐਸਾ ਕਿ ਅਪੱਛਰਾਂ ਉਥੇ ਹੀ ਬੈਠ ਗਈ ਕਿਉਂਕਿ ਕੰਡੇ ਦੇ ਚੁਭਣ ਕਰ ਕੇ ਅਪੱਛਰਾਂ ਵਿਖੇ ਉਡਣ ਦੀ ਸ਼ਕੜੀ ਨਹੀਂ ਰਹੀ ਸੀ।

ਸਵੇਰ ਹੋਣ ਤਕ ਉਥੇ ਹੀ ਫੁੱਲਾਂ ਦੀ ਕਿਆਰੀ ਵਿਖੇ ਬੈਠੀ ਰਹੀ। ਮਾਲੀਆਂ ਨੂੰ ਪਤਾ ਲੱਗ ਗਿਆ ਕਿ ਅੱਜ ਚੋਰ ਪਕੜਿਆ ਗਿਆ ਹੈ। ਕਈ ਤਾਂ ਅਣਵੇਖੇ ਹੀ ਇਕ ਦੂਸਰੇ ਦੇ ਕਹੇ ਰਾਜ ਮਹਿਲਾਂ ਵੱਲ ਨੱਠ ਉਠੇ।

ਜਦ ਰਾਜ ਮੰਦਰਾਂ ਵਿਖੇ ਪਹੁੰਚ ਗਏ ਤਾਂ ਉਸ ਵੇਲੇ ਰਾਜੇ ਨੇ ਮਾਲੀਆਂ ਨੂੰ ਦੇਖ ਕੇ ਆਉਣ ਦਾ ਕਾਰਨ ਪੁਛਿਆ ਕਿ ਕੀ ਕਾਰਨ ਹੈ ਜੋ ਅੱਜ ਪਹੁ ਫੁਟਦਿਆਂ ਨਾਲ ਹੀ ਆ ਗਏ ਹੋ?

ਹਾਲੀਂ ਰਾਜੇ ਦੇ ਅਖੀਰਲੇ ਸ਼ਬਦ 'ਆ ਗਏ ਹੋ' ਮੂੰਹ ਵਿਚ ਹੀ ਸਨ ਕਿ ਸਾਰੇ ਇਕ ਦਮ ਬੋਲ ਉਠੇ "ਰਾਜਾ ਜੀ! ਚੋਰ ਪਕੜਿਆ ਗਿਆ, ਰਾਜਾ ਜੀ! ਆਪ ਜੀ ਦਾ ਚੋਰ ਪਕੜਿਆ ਗਿਆ, ਜੋ ਆਪ ਜੀ ਦੇ ਅਲੌਕਿਕ ਬਾਗ ਵਿਚੋਂ ਫੁੱਲ ਤੋੜ ਕੇ ਲਿਜਾਇਆ ਕਰਦਾ ਸੀ।"

ਮਾਲੀਆਂ ਪਾਸੋਂ ਚੋਰ ਦੇ ਫੜੇ ਜਾਣ ਦੀ ਵਾਰਤਾ ਸੁਣ ਰਾਜਾ ਰੁਕਮਾਂਗਦ ਆਪ ਚਲ ਕੇ ਬਾਗ ਵਿਖੇ

ਆਇਆ। ਸੂਰਜ ਦੇ ਚੜ੍ਹਨ ਕਰ ਕੇ ਹੋਰ ਵੀ ਬਹੁਤ ਸਾਰੇ ਲੋਕ ਬਾਗ ਵਿਖੇ ਸੈਰ ਕਰਨ ਆਏ, ਉਸ ਜਗ੍ਹਾ ਵਿਖੇ ਅਪੱਛਰਾਂ ਉਡਣ ਦੀ ਸ਼ਕਤੀ ਨਸ਼ਟ ਹੋ ਜਾਣ ਤੇ ਬੈਠੀ ਹੋਈ ਸੀ, ਇਕੱਠੇ ਹੋਏ ਹੋਏ ਸਨ।

ਅਪੱਛਰਾਂ ਦਾ ਹੁਸਨ ਜਵਾਨੀ ਚੇਹਰੇ ਦਾ ਗੋਰਾ ਰੰਗ ਤੇ ਦਿਲ ਖਿਚਵੇਂ ਨੇਤਰਾਂ ਦੀ ਤੱਕਣੀ ਕਰ ਕੇ ਸਾਰੇ ਉਸ ਤੇ ਮੋਹਤ ਹੋ ਗਏ। ਕਈਆਂ ਦੇ ਮਨਾਂ ਵਿਖੇ ਕਾਮ ਵਾਸ਼ਨਾਂ ਚੱਕਰ ਲਗਾ ਰਹੀਆਂ ਸਨ ਪਰ ਪੇਸ਼ ਕਿਸੇ ਦੀ ਨਹੀਂ ਸੀ ਜਾਂਦੀ। ਪਰ ਜਿਸ ਵੇਲੇ ਰਾਜਾ ਰੁਕਮਾਂਗਦ ਪੁੱਜਾ ਤਾਂ ਮਨ ਉੱਪਰ ਉਸ ਦੇ ਹਾਵ ਭਾਵ ਚੇਹਰੇ ਮੋਹਰੇ ਦਾ ਰੰਚਕ ਮਾਤਰ ਵੀ ਅਸਰ ਨਾ ਹੋਇਆ। ਮਨ ਜਿਉਂ ਦਾ ਤਿਉਂ ਹੀ ਆਪਣੀ ਪਹਿਲੀ ਅਵਸਥਾ ਵਿਖੇ ਰਿਹਾ।

ਰਾਜੇ ਨੇ ਪੁਛਿਆ— "ਹੇ ਕੰਨਿਆਂ! ਤੂੰ ਸੱਚ ਦੱਸ ਬਾਗ ਵਿਖੇ ਕਿਸ ਦੀ ਭੇਜੀ ਹੋਈ ਤੇ ਕਿਉਂ ਫੁੱਲ ਤੋੜਨ ਆਉਂਦੀ ਸੈਂ? ਕੀ ਤੈਨੂੰ ਕਿਸੇ ਦਾ ਡਰ ਨਹੀਂ ਸੀ ਕਿ ਜੇ ਪਕੜੀ ਗਈ ਤਾਂ ਰਾਜ ਡੰਡ ਮਿਲੇਗਾ?"

ਬੇਵੱਸ ਹੋਈ ਅਪੱਛਰਾਂ ਨੇ ਕਿਹਾ-"ਇਸ ਵਿਚ ਮੇਰਾ ਕੋਈ ਦੋਸ਼ ਨਹੀਂ, ਮੈਂ ਤਾਂ ਰਾਜਾ ਇੰਦਰ ਦੇ ਹੁਕਮ ਦੀ ਬੱਧੀ ਹੋਈ 'ਇੰਦਰ ਦੇ ਬਾਗ' ਨਾਲੋਂ ਵੀ ਸੁੰਦਰ ਤੁਹਾਡੇ ਬਾਗ ਵਿਚੋਂ ਸੋਹਣੇ-ਸੋਹਣੇ ਫੁੱਲ ਲੈਣ ਵਾਸਤੇ ਆਉਂਦੀ ਸਾਂ।

ਇਸ ਤਰ੍ਹਾਂ ਦੇ ਬਚਨ ਅਪੱਛਰਾਂ ਤੋਂ ਸੁਣ ਕੇ ਰਾਜਾ ਰੁਕਮਾਂਗਦ ਨੇ ਸੋਚਿਆ ਇਹ ਤਾਂ ਠੀਕ ਕਹਿੰਦੀ ਹੈ, ਇਸ ਵਿਚ ਇਸ ਦਾ ਕੀ ਦੋਸ਼ ਹੈ? ਇਹ ਵਿਚਾਰ ਕਰਦਿਆਂ ਹੋਇਆਂ ਵੀ ਰਾਜਨੀਤੀ ਨੂੰ ਮੁੱਖ ਰੱਖਦਿਆਂ ਕਿਹਾ-"ਹੁਣ ਭਾਂ ਤੈਨੂੰ ਜਾਣ ਦਿੰਦੇ ਹਾਂ ਕੁਝ ਨਹੀਂ ਕਹਿੰਦੇ ਪਰ ਜੇ ਮੁੜ ਕੇ ਫੁੱਲ ਤੋੜਨ ਵਾਸਤੇ ਆਈ ਤੇ ਤੂੰ ਪਕੜੀ ਗਈ ਤਾਂ ਭਾਰੀ ਸਜ਼ਾ ਮਿਲੇਗੀ।"

ਰਾਜੇ ਦੇ ਮੁੱਖੋਂ 'ਛੁਟਕਾਰੇ' ਦੇ ਬਚਨ ਸੁਣ ਕੇ ਕਿਹਾ- "ਹੇ ਰਾਜਨ! ਮੇਰੇ ਪੈਰ ਵਿਖੇ ਕੰਡਾ ਚੁਭਿਆ ਹੋਇਆ ਹੈ, ਜਿਸ ਕਰ ਕੇ ਮੇਰੇ ਵਿਚ ਉਡ ਕੇ ਸੁਰਗ ਲੋਕ ਵਿਖੇ ਜਾਣ ਦੀ ਸ਼ਕਤੀ ਨਹੀਂ ਰਹੀ! ਹਾਂ! ਇਕ ਗੱਲ ਹੈ, ਜੇਕਰ ਇਕ 'ਇਕਾਦਸ਼ੀ' ਦੇ ਵਰਤ ਦਾ ਫਲ ਕੋਈ ਮੈਨੂੰ ਦੇ ਦੇਵੇ ਤਾਂ ਮੈਂ ਸੁਰਗ ਲੋਕ ਨੂੰ ਜਾ ਸਕਦੀ ਹਾਂ।"

ਇਹ ਗੱਲ ਸੁਣ ਕੇ ਰਾਜੇ ਰੁਕਮਾਂਗਦ ਨੇ ਕਿਹਾ-"ਮੈਂ ਭਾਂ ਕਦੀ ਇਕਾਦਸ਼ੀ ਦਾ ਵਰਤ ਰੱਖਿਆ ਹੀ ਨਹੀਂ, ਮੈਂ ਤਾਂ ਇਕ ਈਸ਼ਵਰ ਦੇ ਨਾਮ ਦਾ ਹੀ ਸਿਮਰਨ ਕਰਦਾ ਹਾਂ। ਇਹ ਵੀ ਯਕੀਨਨ ਗੱਲ ਹੈ ਮੇਰੀ ਪਰਜਾ ਵੀ ਵਰਤ ਨਹੀਂ ਰੱਖਦੀ ਹੋਵੇਗੀ।" ਫੇਰ ਪਤਾ ਕਰਨ ਤੇ ਵੀ ਕੋਈ ਨਾ ਮਿਲਿਆ ਜੋ ਇਕਾਦਸ਼ੀ ਦਾ ਵਰਤ ਰੱਖਦਾ ਹੋਵੇ।

ਇਸ ਤੇ ਅਪੱਛਰਾਂ ਨੂੰ ਬੜੀ ਚਿੰਤਾ ਹੋਈ। ਫੇਰ ਸੰਕਲਪ ਫੁਰਿਆ ਕਿ ਕਲ੍ਹ ਇਕਾਦਸ਼ੀ ਦਾ ਦਿਨ ਸੀ, ਹੋ ਸਕਦਾ ਹੈ ਕਿਸੇ ਨੇ ਕਿਸੇ ਕਾਰਨ ਕਰ ਕੇ ਅੰਨ-ਜਲ ਨਾ ਛਕਿਆ ਹੋਵੇ।

ਇਸ ਵਿਚਾਰ ਦੇ ਫੁਰਨ ਤੇ ਰਾਜੇ ਰੁਕਮਾਂਗਦ ਨੂੰ ਕਿਹਾ-"ਹੇ ਰਾਜਨ! ਜੇਕਰ ਕਿਸੇ ਨੇ ਉਂਜ ਵੀ ਕਿਸੇ ਕਾਰਨ ਕਰ ਕੇ ਕਲ੍ਹ ਅੰਨ-ਜਲ ਨਾ ਛਕਿਆ ਹੋਵੇ, ਉਹ ਮੈਨੂੰ ਉਸ ਦਾ ਮਹਾਤਮ ਦੇ ਦੇਵੇ ਤਾਂ ਵੀ ਮੈਂ ਸੁਰਗਾਂ ਵਿਖੇ ਪੁੱਜ ਸਕਦੀ ਹਾਂ।

ਖੋਜ ਕਰਨ ਤੇ ਆਖਰ ਪਤਾ ਲੱਗ ਹੀ ਗਿਆ ਕਿ ਕਲ੍ਹ ਅਮਕੀ ਦਾਸੀ ਨੂੰ ਮਹਾਰਾਣੀ ਨੇ ਗੁੱਸੇ ਵਿਖੇ ਆ ਕੇ ਖਾਣ ਪੀਣ ਨੂੰ ਕੁਝ ਨਹੀਂ ਸੀ ਦਿੱਤਾ, ਇਸ ਲਈ ਉਸ ਦਾਸੀ ਨੂੰ ਉਥੇ ਬਾਗ ਵਿਖੇ ਸੱਦਿਆ ਗਿਆ। ਪੁਨਾ ਉਸ ਦੇ ਉਸ ਮਹਾਤਮ ਦੇ ਅਰਪਣ ਕਰਨ ਤੇ ਅਪੱਛਰਾਂ ਉਡ ਕੇ ਸੁਰਗ ਲੋਕ ਨੂੰ ਚਲੀ ਗਈ ਤੇ ਸਭ ਲੋਕ

ਰਾਜੇ ਰੁਕਮਾਂਗਦ ਦੀ ਕਰਤੱਬਤਾ ਨੂੰ ਦੇਖ ਉਸ ਦਾ ਜਸ ਕਰਦੇ ਆਪੋ ਆਪਣੀ ਘਰੀਂ ਚਲੇ·ਗਏ।

ਉਸ ਧੁਨ ਨੂੰ ਜਾਣਦੇ ਹੋਏ 'ਜਲਾ' ਨਾਮਾਂ ਭੱਟ ਕਥਨ ਕਰਦਾ ਹੈ—ਹੇ ਭਾਈ! ਰਾਜੇ ਰੁਕਮਾਂਗਦ ਦੀ ਨਿਆਈਂ ਵਿਸ਼ੇ-ਵਿਕਾਰਾਂ ਵਲੋਂ ਰਹਿਤ ਹੋ ਕੇ ਜਤ ਸਤ ਦੇ ਸਹਿਤ ਵਾਹਿਗੁਰੂ ਨੂੰ ਨਿਤਾਪ੍ਰਤੀ ਸੌਪਣਾ ਕਰੋ।

ਨੋਟ-ਇਸ ਰਾਜੇ ਰੁਕਮਾਂਗਦ ਦੀ ਕਥਾ 'ਨਾਰਦ ਪੁਰਾਣ' ਦੇ ਉਤਰਾ ਭਾਗ ਅਧਿਆਇ ੯ ਤੋਂ ੩੮ ਤੱਕ ਆਉਂਦੀ ਹੈ।

ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ॥

ਫਿਰ ਜਿਵੇਂ ਰਾਜੇ ਅੰਮਰੀਕ ਤੇ ਪ੍ਰਹਿਲਾਦ ਭਗਤ ਨੇ ਗੋਬਿੰਦ ਪ੍ਰਭੂ ਦੀ ਸ਼ਰਨ ਗ੍ਰਹਿਣ ਕਰ ਕੇ ਗਤਿ= ਮੁਕਤੀ ਪਾਈ ਹੈ, ਤਿਵੇਂ ਤੁਸੀਂ ਵੀ ਉਸ ਦੀ ਸ਼ਰਨ ਵਿਖੇ ਪੈ ਕੇ ਮੁਕਤੀ ਫਲ ਪਾਣਾ ਕਰੋ।

ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁਮਤਿ ਜਲੑ ਜਾਣੀ ਜੁਗਤਿ॥

ਜਲ ਨਾਮਾ ਭੱਟ ਕਥਨ ਕਰਦਾ ਹੈ—ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਤੈ= ਆਪ ਨੇ ਸੁਮਤਿ= ਸ੍ਰੇਸ਼ਟ ਮਤੀ ਦੀ ਜੁਗਤੀ ਜਾਣ ਕੇ ਲੋਭ, ਕ੍ਰੋਧ, ਤ੍ਰਿਸ਼ਨਾ ਆਦਿਕ ਆਸੁਰੀ ਸੰਪਦਾ ਨੂੰ ਤਿਆਗਣਾ ਕੀਤਾ ਹੈ।

ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ॥੪॥੧੩॥

ਹੇ ਗੁਰੂ ਅਮਰਦਾਸ ਪਾਤਿਸ਼ਾਹ ਜੀ! ਅਸੀਂ ਨਿਜ ਦਾਸੁ ਭਗਤੁ= ਆਪ ਜੀ ਦੇ ਦਾਸ ਭਗਤ ਹਾਂ। ਦੇਖਿ ਦਰਸੁ= ਅਸੀਂ ਆਪ ਜੀ ਦੀ ਤਰਫ ਦੇਖ ਰਹੇ ਹਾਂ। ਭਾਵ ਆਪ ਜੀ ਦੀ ਆਸਾ ਲਗਾਈ ਬੈਠੇ ਹਾਂ, ਕਿਰਪਾ ਕਰ ਕੇ ਸਾਨੂੰ ਮੁਕਤੀ ਦਾਨ ਪਾਉਣਾ ਕਰੋ।

ਅਥਵਾ-ਨਾਲਦਿਆਂ ਭੱਟਾਂ ਨੂੰ ਸੰਬੋਧਨ ਕਰਦਾ ਹੋਇਆ ਜਲ ਨਾਮਾ ਭੱਟ ਕਥਨ ਕਰਦਾ ਹੈ- ਹੇ ਭੱਟੋ! ਕੋਈ ਸੰਸਾ ਨਾ ਕਰਨਾ, ਅਸੀਂ ਸਾਰੇ ਅਕਾਲ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਦੇ ਹੀ ਭਗਤ ਹਾਂ। ਇਹੋ ਵੇਲਾ ਹੈ ਸੋ ਤੁਸੀਂ ਸਾਰੇ ਸ਼ਰਧਾ ਭਾਵ ਨਾਲ ਇਹਨਾਂ ਦੇ ਦਰਸ਼ਨਾਂ ਨੂੰ ਦੇਖ ਕੇ ਮੁਕਤੀ ਫਲ ਨੂੰ ਪਾਉਣਾ ਕਰੋ॥ ੪॥ ੧੩॥

(ਅਗਲਾ ਇਕ ਸਵਈਆ ਫਿਰ ਜਾਲਪ ਭੱਟ ਦਾ ਹੈ) ਜਾਲਪ ਨਾਮਾ ਭੱਟ ਆਖਦਾ ਹੈ-

ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪਵਿਤ੍ਰ ਚਰਨ ਕੰਵਲਾਂ ਨਾਲ ਪਰਸਣ ਕਰ ਕੇ ਪੁਹਮਿ= ਪ੍ਰਿਥਵੀ ਦੇ ਸਾਰੇ ਪਾਤਿਕ= ਪਾਪ ਨਾਸ ਹੋ ਜਾਂਦੇ ਹਨ।

ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥

ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਚਰਨਾਂ ਨਾਲ ਪਰਸਨਾ ਕਰੀਏ। ਜਿਨ੍ਹਾਂ ਦੇ ਪਵਿੱਤਰ ਚਰਨਾਂ ਨਾਲ ਪਰਸਨਾ ਚੁਰਾਸੀ ਸਿੱਧ ਅਤੇ ਸਾਧਿਕ= ਸਾਧਨਾਂ ਦੇ ਕਰਨ ਵਾਲੇ ਜਗਿਆਸੂ ਜਨ ਵੀ ਆਸਾਸਹਿ= ਚਾਹੁੰਦੇ ਹਨ। ਵਾ-ਸ੍ਰੀ ਗੁਰੂ ਅਮਰਦਾਸ ਜੀ ਦੀ ਆਸਾਸਹਿ= ਆਗਿਆ ਵਿਚ ਰਹਿੰਦੇ ਹਨ। ਵਾ--ਜਿਨ੍ਹਾਂ ਸਤਿਗੁਰਾਂ ਦੇ ਚਰਨਾਂ ਨੂੰ ਪਰਸ ਕੇ ਸਿੱਧ ਤੇ ਸਾਧਿਕ ਸਭ ਆਸਾਸਹਿ= ਸੰਸਿਆਂ ਤੋਂ ਰਹਿਤ, ਵਾ-ਜਮਾਂ ਦੀ ਤਾੜਨਾ ਤੋਂ ਰਹਿਤ ਹੋਏ ਹਨ।

ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ॥

ਫਿਰ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਦੇ ਪਰਸਨ ਕਰ ਕੇ ਅਤੇ ਪ੍ਰਭੂ ਦਾ ਧਿਆਨ ਹਿਰਦੇ ਵਿਚ ਲੈਣ ਕਰ ਕੇ ਚੌਰਾਸੀ ਲੱਖ ਜੂਨੀਆਂ ਦਾ ਪਉ= ਖਹਿੜਾ ਮੁੱਕ ਜਾਂਦਾ ਹੈ। ਵਾ-ਜਨਮ ਮਰਨ ਦਾ ਪਉ= ਪੰਧ (ਸਫਰ) ਮੁੱਕ ਜਾਂਦਾ ਹੈ। ਵਾ-ਮੁਕਿਹਿ= ਕੈਵਲ ਮੁਕਤੀ ਨੂੰ ਪਉ= ਪਾ ਲੈਂਦਾ ਹੈ।

ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਚਰਨਾਂ ਨੂੰ ਪਰਸਨ ਕਰ ਕੇ ਅਭਉ= ਨਿਰਭਉ ਪ੍ਰਮਾਤਮਾ ਲੱਭ ਪੈਂਦਾ ਹੈ ਅਤੇ ਚੁਰਾਸੀ ਲੱਖ ਜੂਨ ਦਾ ਗਉ= ਗਮਨ (ਫੇਰਾ) ਚੁੱਕ ਜਾਂਦਾ ਹੈ।

[ਪੰਨਾ ੧੩੯੫]

ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥

ਜੇਕਰ ਇਹ ਮਾਨਵਹਿ= ਮਨੁੱਖ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ ਜੀ ਦੇ ਸੁਮੰਤ੍ਰਿ= ਸ੍ਰੇਸ਼ਟ ਮੰਤਰ ਨੂੰ ਲੈਣਾ ਕਰੇ ਤਾਂ ਹੀ ਇਹ ਜੀਵ, ਇਕ ਵਾਹਿਗੁਰੂ ਤੋਂ ਬਿਨਾਂ ਜੁ ਦੁਗਣ (ਦੁ-ਗਣ)= ਜੋ ਦੂਸਰਾ ਗਿਣਤੀ ਵਿਖੇ ਦਵੈਤ ਭਾਵ ਆ ਰਿਹਾ ਹੈ, ਤਉ ਰਹੈ= ਤਾਂ ਉਸ ਵਲੋਂ ਰਹਿ ਜਾਂਦਾ ਹੈ।

ਵਾ-ਇਕ ਪ੍ਰਭੂ ਤੋਂ ਬਿਨਾਂ ਜੋ ਗਿਣਤੀ ਵਿਖੇ ਦੁ= ਦੁੰਦ ਵਾਦ, ਜੰਮਣਾ ਮਰਨਾ, ਹਰਖ-ਸੋਗ ਆ ਰਿਹਾ ਹੈ, ਉਸ ਵਲੋਂ ਰਹਿ ਜਾਂਦਾ ਹੈ।

ਅਥਵਾ- ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥

ਜਾਂ ਇਹ ਮਨੁੱਖ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ ਜੀ ਦੇ ਸੁ= ਸ੍ਰੇਸ਼ਟ ਮੰਤਰ ਨੂੰ ਲੈਣਾ ਕਰੇ ਤਾਂ ਇਕੁ= ਇਕ ਪ੍ਰਭੂ ਦੇ ਪ੍ਰੇਮ ਵਿਖੇ ਬਿੰਨਿ= ਵਿੰਨ੍ਹਿਆ ਜਾਂਦਾ ਹੈ। ਵਾ-ਇਕ ਜੋ ਅਦੁੱਤੀ ਪ੍ਰਮਾਤਮਾ ਹੈ ਉਸ ਨੂੰ ਬਿੰਨਿ= ਦੇਖ ਲੈਂਦਾ ਹੈ ਅਤੇ ਦੂਸਰਾ ਜੋ ਦਵੈਤ ਭਾਵ ਗਿਣਿਆ ਜਾਂਦਾ ਹੈ ਉਸ ਤੋਂ ਰਹਿ ਜਾਂਦਾ ਹੈ।

ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥ ੫॥ ੧੪॥

ਜਾਲਪ ਨਾਮਾ ਭੱਟ ਕਥਨ ਕਰਦਾ ਹੈ ਕਿ ਹੇ ਭੱਟੋ! ਇਤੜੇ= ਇਹ ਸਾਰੇ ਪਦਾਰਥ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਸ਼ਰਧਾ ਭਾਵ ਨਾਲ ਡਿਠੈ= ਦਰਸ਼ਨ ਕਰਨ ਨਾਲ ਹੀ ਮਿਲ ਜਾਂਦੇ ਹਨ॥ ੫॥ ੧੪॥

ਅਗਲੇ ਚਾਰ ਸਵਈਏ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤੀ ਦੇ 'ਕੀਰਤ ਨਾਮੇ' ਭੱਟ ਦੇ ਆਉਣਗੇ—

ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ॥

(ਪੱਧਤੀ ਮੇਲਦੇ ਹਨ) ਸੱਚੇ ਕਰਤਾਰ ਦੇ ਨਾਮ ਨੂੰ ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦ੍ਰਿੜ੍ਹ ਮਨ ਹੋ ਕੇ ਸੰ= ਭਲੀ ਪ੍ਰਕਾਰ ਗ੍ਰਹਿਅਉ= ਗ੍ਰਹਿਣ ਕੀਤਾ ਹੈ।

ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ॥

ਤਾ ਤੇ= ਤਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗਦੁ=ਅੰਗਾਂ ਤੋਂ ਸ੍ਰੀ ਲਹਿਣਾ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਰੂਪ ਸੰਸਾਰ ਵਿਖੇ ਪ੍ਰਗਟ ਹੋਏ। ਫਿਰ ਸਾਰੀ ਅਵਸਥਾ ਤਾਸੁ= ਉਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਖੇ ਹੀ ਲਿਵ= ਬਿਰਤੀ ਨੂੰ ਲਗਾ ਰਹਿਣਾ ਕੀਤਾ।

ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ ॥

ਤਿਸ ਸ੍ਰੀ ਗੁਰੂ ਨਾਨਕ ਦੇਵ ਪਾਤਿਸ਼ਾਹ ਜੀ ਦੀ ਚਲਾਈ ਹੋਈ ਗੁਰਤਾ ਗੱਦੀ ਰੂਪ ਕੁਲ ਵਿਖੇ ਹੇ ਗੁਰੂ ਅਮਰਦਾਸ ਸਾਹਿਬ ਜੀ! ਆਪ ਹੀ ਸਿੱਖਾਂ ਦੀਆਂ ਆਸਾਂ ਦੇ ਨਿਵਾਸੁ ਪੂਰਨ ਕਰਨ ਵਾਲੇ ਹੋ। ਤਾਸੁ= ਤਿਸ ਆਪ ਜੀ ਦੇ ਮੈਂ ਕਿਹੜੇ-ਕਿਹੜੇ ਗੁਣਾਂ ਨੂੰ ਵਖਾਣਉ= ਕਥਨ ਕਰਾਂ।

ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ ॥

ਹੇ ਅੰਗਮ ਰੂਪ ਸਤਿਗੁਰੂ ਅਮਰਦਾਸ ਜੀ! ਆਪ ਜੀ ਵਿਖੇ ਜੋ ਅਲਖ ਗੁਣ ਹਨ।

ਅਥਵਾ- ਅਲਖ ਅੰਗਮ= ਪ੍ਰਮਾਤਮਾ ਵਿਖੇ ਜੋ ਗੁਣ ਹਨ ਓਹੀ ਗੁਣ ਆਪ ਜੀ ਵਿਖੇ ਹਨ, ਉਨ੍ਹਾਂ ਗੁਣਾਂ ਦਾ ਅੰਤ ਸਿਵਾਏ ਆਪ ਜੀ ਤੋਂ ਹੋਰ ਕੋਈ ਨਹੀਂ ਜਾਣਦਾ।

ਬੋਹਿਥਉ ਬਿਧਾਤੈ ਨਿਰਮਯੋ ਸਭ ਸੰਗਤਿ ਕੁਲ ਉਧਰਣ ॥

ਸਾਰੀਆਂ ਕੁਲਾਂ ਤੇ ਸਾਰੀਆਂ ਸੰਗਤਾਂ ਦੇ ਉਧਰਣ= ਤਾਰਨੇ ਦੇ ਵਾਸਤੇ ਬਿਧਾਤੈ= ਪ੍ਰਭੂ ਨੇ ਆਪ ਜੀ ਨੂੰ ਬੋਹਿਥਉ= ਜਹਾਜ਼ ਰੂਪ ਨਿਰਮਯੋ= ਪੈਦਾ ਕੀਤਾ ਹੈ।

ਗੁਰ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥ ੧ ॥ ੧੫ ॥

ਕੀਰਤ ਨਾਮਾ ਭੱਟ ਕਥਨ ਕਰਦਾ ਹੈ—ਹੇ ਜਗਤ ਉਧਾਰਣ ਸ੍ਰੀ ਗੁਰੂ ਅਮਰਦਾਸ ਜੀ! ਅਸੀਂ ਆਪਣੀ ਕਲਿਆਣ ਵਾਸਤੇ ਤੁਅ= ਆਪ ਜੀ ਦੇ ਪਾ= ਚਰਨਾਂ ਦੀ ਸ਼ਰਨ ਵਿਖੇ ਆਏ ਹਾਂ, ਕਿਰਪਾ ਕਰ ਕੇ ਸਾਡੀ ਤ੍ਰਾਹਿ ਤ੍ਰਹਿ= ਰਖਿਆ ਕਰੋ, ਰਖਿਆ ਕਰੋ ॥ ੧ ॥ ੧੫ ॥

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਉਹ ਨਰਾਇਣੁ= ਪ੍ਰਭੂ ਆਪ ਹੀ ਕਲਾ ਧਾਰ ਕੇ ਆਪ ਜੀ ਰੂਪ ਹੋ ਕੇ ਸੰਸਾਰ ਵਿਖੇ ਪਰਵਰਿਯਉ= ਪਰਵਿਰਤ ਹੋਇਆ ਹੈ।

ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥

ਨਿਰੰਕਾਰ ਨੇ ਆਪ ਹੀ ਤੀਸਰਾ ਆਕਾਰ ਧਾਰ ਕੇ ਜਗ ਮੰਡਲ ਵਿਖੇ ਆਪਣੀ ਜੋਤ ਨੂੰ ਫੈਲਾਉਣਾ ਕੀਤਾ ਹੈ।

ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥

ਫੇਰ-ਆਪ ਜੀ ਨੇ ਐਸਾ ਸਬਦੁ=ਉਪਦੇਸ਼ ਰੂਪੀ ਦੀਪਕ ਦੀਪਾਯਉ= ਪ੍ਰਕਾਸ਼ਿਆ ਹੈ, ਜਿਸ ਦੀ ਸਹਾਇਤਾ ਨਾਲ ਆਪ ਜੀ ਦੇ ਸਿੱਖਾਂ ਨੇ ਜਹ ਕਹ= ਜਿਧਰ ਕਿਧਰ ਤਹ= ਉਸ ਪ੍ਰਮਾਤਮਾ ਨੂੰ ਹੀ ਭਰਪੂਰ ਦੇਖਣਾ ਕੀਤਾ ਹੈ।

ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥

ਜਿਨ੍ਹਾਂ ਸਿੱਖਾਂ ਨੇ ਆਪ ਜੀ ਦੇ ਪ੍ਰਕਾਸ਼ ਰੂਪ ਉਪਦੇਸ਼ ਨੂੰ ਸੰ= ਭਲੀ ਪ੍ਰਕਾਰ ਗ੍ਰਹਿਣ ਕੀਤਾ ਹੈ, ਤਤੁ= ਉਹਨਾਂ ਸਿੱਖਾਂ ਨੂੰ ਆਪ ਜੀ ਨੇ ਤਤੁ= ਸ਼ੀਘਰ ਹੀ ਤਤੁ= ਸਿਧਾਂਤ ਰੂਪ ਚਰਣ= ਪੂਜਨੀਕ ਹਰੀ ਪ੍ਰਭੂ ਅਕਾਲ ਪੁਰਖ ਨਾਲ ਮਿਲਾ ਦੇਣਾ ਕੀਤਾ ਹੈ।

ਨਾਨਕ ਕੁਲਿ ਨਿੰਮਲੁ ਅਵਤਰ੍ਿਉ ਅੰਗਦ ਲਹਣੇ ਸੰਗਿ ਹੁਅ॥

ਜਿਨ੍ਹਾਂ ਦਾ ਪਹਿਲਾ ਨਾਮ ਲਹਿਣਾ ਜੀ ਸੀ ਫਿਰ ਗੁਰੂ ਅੰਗਦ ਸਾਹਿਬ ਜੀ ਹੋਇਆ ਉਹਨਾਂ ਦੇ ਸੰਗ ਹੋ ਕੇ ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਿਆਈ ਗੱਦੀ ਰੂਪੀ ਨਿਰਮਲ ਕੁਲ ਵਿਖੇ ਉਤਰੇ ਹੋ।

ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥੨॥੧੬॥

ਹੇ ਤਾਰਨੇ ਨੂੰ ਤਰਣ= ਜਹਾਜ਼ ਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਅਸੀਂ ਜਨਮਾਂ ਜਨਮਾਂਤ੍ਰਾਂ ਵਿਖੇ ਤੁਅ= ਆਪ ਜੀ ਦੀ ਹੀ ਪਾ= ਚਰਨਾਂ ਦੀ ਸ਼ਰਨ ਵਿਖੇ ਹਾਂ, ਸੋ ਆਪ ਕਿਰਪਾ ਕਰ ਕੇ ਸਾਨੂੰ ਤਾਰਨਾ ਕਰੋ॥ ੨॥ ੧੬॥

ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰਸਿਖਹ॥

ਫਿਰ ਆਪ ਜੀ ਦੇ ਦਰਸ਼ਨਾਂ ਦੇ ਪਿਖਿ= ਦੇਖਣੇ ਕਰ ਕੇ ਹੀ, ਹੇ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ ਜੀ! ਆਪ ਜੀ ਦੇ ਸਿੱਖਾਂ ਨੂੰ ਜਪ, ਤਪ, ਸਤ ਅਤੇ ਸੰਤੋਖੁ ਆਦਿਕ ਸ਼ੁਭ-ਗੁਣਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਜੋ ਆਪ ਜੀ ਦੀ ਸ਼ਰਨ ਵਿਖੇ ਸ਼ਰਧਾ ਭਾਵ ਨਾਲ ਪੈਂਦੇ ਹਨ, ਓਹੀ ਸੰਸਾਰ-ਸਾਗਰ ਤੋਂ ਉਬਰਹਿ= ਤਰ ਜਾਂਦੇ ਹਨ, ਜਮ ਪੁਰੀ ਦੀ ਲਿਖਹ= ਲਿਖਤ (ਹਿਸਾਬ) ਉਹਨਾਂ ਨੂੰ ਛੱਡ ਜਾਂਦੀ ਹੈ। ਭਾਵ ਫਿਰ ਉਨ੍ਹਾਂ ਗੁਰਮੁਖਾਂ ਪਾਸੋਂ ਕੋਈ ਹਿਸਾਬ ਨਹੀਂ ਪੁਛਿਆ ਜਾਂਦਾ।

ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ॥

ਹੇ ਗੁਰੂ ਅਮਰਦਾਸ ਪਾਤਿਸ਼ਾਹ ਜੀ! ਆਪ ਜੀ ਦਾ ਹਿਰਦਾ ਪ੍ਰੇਮਾ ਭਗਤੀ ਕਰ ਕੇ ਭਰਪੂਰ ਹੋ ਰਿਹਾ ਹੈ ਅਤੇ ਬਾਣੀ ਕਰ ਕੇ ਵੀ ਆਪ ਜੀ ਕਰਤਾਰ ਦੇ ਗੁਣਾਂ ਨੂੰ ਉਚਾਰਦੇ ਹੋ।

ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਆਪ ਗਉਹਰੁ= ਮੋਤੀ ਵਾਂਗੂੰ ਸ਼ੁਧ ਹੋ, ਫਿਰ ਆਪ ਦਰੀਆਉ= ਦ੍ਰਵੀ ਭੂਤ ਅਰਥਾਤ ਕਿਰਪਾਲੂ ਦਿਆਲੂ ਸੁਭਾਅ ਵਾਲੇ ਹੋ ਅਤੇ ਡੁਬਦਿਆਂ ਜੀਵਾਂ ਨੂੰ ਸੰਸਾਰ-ਸਾਗਰ ਤੋਂ ਇਕ ਪਲ ਵਿਖੇ ਤਾਰਨਾ ਕਰਦੇ ਹੋ।

ਨਾਨਕ ਕੁਲਿ ਨਿੰਮਲੁ ਅਵਤਰ੍ਿਉ ਗੁਣ ਕਰਤਾਰੈ ਉਚਰੈ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਕਰਤਾਰ ਰੂਪ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਜਸ ਰੂਪ ਗੁਣਾਂ ਨੂੰ ਉਚਾਰਨ ਕਰ ਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੀ ਗੁਰਿਆਈ ਗੱਦੀ ਰੂਪ ਨਿਰਮਲ ਕੁਲ ਵਿਖੇ ਅਵਤਰ੍ਿਉ= ਪ੍ਰਗਟ ਹੋਏ ਹੋ।

ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ॥੩॥੧੭॥

ਕੀਰਤ ਨਾਮਾ ਭੱਟ ਕਥਨ ਕਰਦਾ ਹੈ—ਹੇ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ ਜੀ! ਜਿਨ੍ਹਾਂ ਨੇ ਆਪ ਜੀ ਨੂੰ ਸੇਵਿਆ ਹੈ। ਉਨ੍ਹਾਂ ਦੇ ਦੁੱਖਾਂ ਨੂੰ ਵੀ ਆਪ ਜੀ ਨੇ ਪਰ= ਭਲੀ ਪ੍ਰਕਾਰ ਹਰਿ= ਨਾਸ ਕੀਤਾ ਹੈ ਤੇ ਦਲਿਦ੍ਰਾਂ

www.sikhbookclub.com

ਨੂੰ ਵੀ ਉਨ੍ਹਾਂ ਤੋਂ ਪਰੇ ਕੀਤਾ ਹੈ॥ ੩॥ ੧੭॥

ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀਉ! ਮੈਂ ਆਪਣੇ ਚਿਤ ਵਿਖੇ ਚਿਤਵਉ= ਚਿਤਵੇਂਦਾ (ਵਿਚਾਰਦਾ) ਹਾਂ ਕਿ ਗੁਰੂ ਸਾਹਿਬ ਜੀ ਅੱਗੇ ਅਰਦਾਸਿ ਕਹਉ= ਬੇਨਤੀ ਕਹਾਂ ਪਰ ਮੈਂ ਕਹਿ ਭਿ ਨ ਸਕਉ= ਆਖ ਨਹੀਂ ਸਕਦਾ ਕਿਉਂਕਿ ਮੈਂ ਆਪ ਜੀ ਦਾ ਤੇਜ ਪ੍ਰਤਾਪ ਸਹਾਰ ਨਹੀਂ ਸਕਦਾ।

ਦੂਜਾ ਇਹ ਭੀ ਸਮਝਦਾ ਹਾਂ ਕਿ ਆਪ ਅੰਤਰਜਾਮੀ ਹੋ।

ਤੀਜਾ ਨਾ ਕਹਿਣ ਦਾ ਇਹ ਭੀ ਕਾਰਨ ਹੈ ਕਿ ਜਿਸ ਪ੍ਰਭੂ ਅੱਗੇ ਅਸੀਂ ਹੰਕਾਰ ਦੇ ਸ਼ਬਦ ਕਹੇ ਸਨ, ਓਹੀ ਪ੍ਰਭੂ ਸਰੂਪ ਆਪ ਹੋ ਹੁਣ ਆਪ ਜੀ ਦੇ ਸਾਹਮਣੇ ਸਾਨੂੰ ਸ਼ਰਮ ਆਉਂਦੀ ਹੈ।

ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ॥

ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਸਾਡੇ ਸਾਰੇ ਚਿੰਤ= ਫਿਕਰ ਆਪ ਜੀ ਪਾਸ ਹਨ ਤੁਸੀਂ ਹੀ ਸਾਡੇ ਪਰ ਕਿਰਪਾ ਕਰਨੀ ਹੈ, ਅਸੀਂ ਆਪ ਜੀ ਦੇ ਸਤ ਸੰਗਤ ਦੇ ਆਸਰੇ ਨੂੰ ਤਕ ਰਹੇ ਹਾਂ।

ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ॥

ਹੇ ਸਤਿਗੁਰੂ ਅਮਰਦਾਸ ਸਾਹਿਬ ਜੀ! ਜੇਕਰ ਆਪ ਜੀ ਦੇ ਹੁਕਮ ਰੂਪੀ ਕੋਈ ਨੀਸਾਣੁ= ਚਿੰਨ੍ਹ ਪੈ ਜਾਵੇ ਤਾਂ ਹੀ ਹੇ ਸਾਹਿਬ! ਮੈਂ ਆਪ ਜੀ ਦੀ ਸੇਵਾ ਨੂੰ ਕਰਾਂ।

ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ॥

ਹੇ ਸਤਿਗੁਰੂ ਅਮਰਦਾਸ ਸਾਹਿਬ ਜੀ! ਜਿਸ ਵੇਲੇ ਆਪ ਜੀ ਸੁਭ ਦਿਸਟਿ= ਕਿਰਪਾ ਦ੍ਰਿਸ਼ਟੀ ਨਾਲ ਦੇਖਦੇ ਹੋ ਤਾਂ ਹੀ ਕਰਤੇ ਅਕਾਲ ਪੁਰਖ ਦਾ ਨਾਮ ਮੇਵੇ ਦੀ ਨਿਆਈਂ ਸੁਆਦਿਸ਼ਟ ਲੱਗਦਾ ਹੈ।

ਵਾ- ਮੂੰਹ ਵਿਖੇ ਮੇਵਾ= ਸਮਾਉਂਦਾ ਹੈ। ਭਾਵ ਰਸਨਾ ਨਾਲ ਨਾਮ ਜਪਿਆ ਜਾਂਦਾ ਹੈ।

ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ॥

ਹੇ ਕਾਰਣ ਪੁਰਖ= ਪ੍ਰਮਾਤਮਾ ਦੇ ਅਵਤਾਰ ਅਲਖ ਗੁਣਾਂ ਵਾਲੇ ਅਗਮ= ਥੋਹ ਤੋਂ ਰਹਿਤ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਜਿਵੇਂ ਆਪ ਫੁਰਮਾਉਂਦੇ ਹੋ ਓਹੀ ਅਸੀਂ ਕਹਿੰਦੇ ਹਾਂ।

ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ॥ ੪॥ ੧੮॥

ਸਰਬ ਕਾਰਣ ਕਾਰਜਾਂ ਦੇ ਕਰਨ ਵਾਲੇ ਹੇ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ ਜੀ! ਜਿਸ ਤਰ੍ਹਾਂ ਆਪ ਰੱਖਦੇ ਹੋ, ਤਿਵੇਂ ਹੀ ਅਸੀਂ ਰਹਿਣਾ ਕਰਦੇ ਹਾਂ॥ ੪॥ ੧੮॥

ਭਿਖੇ ਕੇ॥

ਅਗਲੇ ਦੋ ਸਵਈਏ (੧੯ ਤੇ ੨੦) ਬ੍ਰਹਮਾ ਦੇ ਅਵਤਾਰ 'ਭਿਖੇ' ਭੱਟ ਦੇ ਆਉਣਗੇ—

ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥

ਭਿੱਖਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਗਿਆਨ ਅਤੇ ਧਿਆਨ ਨੂੰ ਦੇ ਕੇ ਇਸ ਜੀਵ ਨੂੰ ਤੱਤ ਰੂਪ ਕਰ ਕੇ ਤਤੁ= ਸਿਧਾਂਤ ਰੂਪ ਪ੍ਰਮਾਤਮਾ ਸਿਉ= ਨਾਲ ਮਿਲਾ ਦਿੰਦੇ ਹਨ। ਅਰਥਾਤ--ਵਾਚ ਵਾਚ ਭਾਗ ਦਾ ਤਿਆਗ ਕਰਵਾ ਕੇ ਲਖਸ਼ ਲਖਸ਼ ਸਰੂਪ ਦੀ ਏਕਤਾ ਕਰ ਦਿੰਦੇ ਹਨ।

ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥

ਜੋ ਇਕਾਗਰ ਚਿਤ ਹੋ ਕੇ ਗੁਰੂ ਜੀ ਦੇ ਚਰਨਾਂ ਵਿਖੇ ਲਿਵ= ਬਿਰਤੀ ਨੂੰ ਲਗਾਂਦਾ ਹੈ, ਉਹ ਗੁਰਸਿੱਖ ਸੱਚ ਸਰੂਪ ਪ੍ਰਮਾਤਮਾ ਨੂੰ ਸੱਚ ਕਰ ਕੇ ਜਾਣ ਲੈਂਦਾ ਹੈ। ਪੁਨਾ-

ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥

ਕਾਮ ਕ੍ਰੋਧ ਆਦਿਕ ਵਿਸ਼ਿਆਂ ਨੂੰ ਆਪਣੇ ਵਸੀਕਾਰ ਕਰ ਲੈਂਦਾ ਹੈ, ਫਿਰ ਪਵਣੁ= ਵਾਸ਼ਨਾ ਦਾ ਉਡੰਤ= ਉਡਾਇਆ ਯਾਨੇ ਭਟਕਾਇਆ ਹੋਇਆ ਨ ਧਾਵੈ= ਦੌੜਦਾ ਨਹੀਂ ਹੈ।

ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥

ਅੰਤ ਨੂੰ ਉਹ ਨਿਰੰਕਾਰ ਰੂਪ ਦੇਸ਼ ਵਿਖੇ ਜਾ ਕੇ ਵੱਸਣਾ ਕਰਦਾ ਹੈ, ਜੋ ਜੀਵਨ ਅਵਸਥਾ ਵਿਚ ਹੁਕਮ ਦੇ ਬੁੱਝਣੇ ਰੂਪ ਵਿਚਾਰ ਨੂੰ ਪਾਂਵਦਾ ਹੈ।

ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥

ਕਲਯੁਗ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਕਰਤੇ ਅਕਾਲ ਪੁਰਖ ਦਾ ਹੀ ਰੂਪ= ਸਰੂਪ ਹਨ ਪਰ ਇਸ ਗੱਲ ਨੂੰ ਉਹ ਜਾਣਦਾ ਹੈ ਜਿਸ ਨੇ ਕੁਝ ਜਪ ਤਕ ਆਦਿਕ ਸਾਧਨਾਂ ਨੂੰ ਕੀਤਾ ਹੈ। ਅਥਵਾ-ਜਿਸ ਪ੍ਰਭੂ ਨੇ ਕੁਝ ਜਗਤ ਨੂੰ ਰਚਨਾ ਕੀਤਾ ਹੈ। ਵਾ-ਜਿਸ ਪ੍ਰਮਾਤਮਾ ਨੇ ਸਾਨੂੰ ਕੁਝ ਸਰਾਪ ਦੇਣਾ ਕੀਤਾ ਹੈ ਉਸੇ ਕਰਤੇ ਪੁਰਖ ਦਾ ਸਰੂਪ ਕਲਜੁਗ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਜਾਣਨਾ ਕਰੋ।

ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥

ਭਿਖਾ ਨਾਮੇ ਭੱਟ ਕਥਨ ਕਰਦਾ ਹੈ—ਹੇ ਭੱਟੋ! ਸੋਇ= ਉਹ ਪ੍ਰਮਾਤਮਾ ਹੀ ਕਲਯੁਗ ਵਿਖੇ ਸਾਨੂੰ ਗੁਰੂ ਰੂਪ ਹੋ ਕੇ ਮਿਲਿਆ ਹੈ, ਜਿਸ ਨੇ ਸਹਜੇ ਹੀ ਰੰਗਿ= ਅਨੰਦ ਸਹਿਤ ਦਰਸ਼ਨ ਦੇਣਾ ਕੀਤਾ ਹੈ॥ ੧॥ ੧੯॥

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥

ਹੇ ਗਰੀਬ ਨਿਵਾਜ਼! ਆਪ ਜੀ ਵਰਗੇ ਸੰਤ= ਸ਼ਾਂਤ ਆਤਮਾ ਮਹਾਂ ਪੁਰਸ਼ਾਂ ਨੂੰ ਮੈਂ ਟੋਲਿ ਰਹਿਓ= ਲੱਭ-ਲੱਭ ਕੇ ਥੱਕ ਗਿਆ ਹਾਂ ਪਰ ਆਪ ਜੈਸਾ ਕੋਈ ਲਭਿਆ ਨਹੀਂ, ਉਂਜ ਤਾਂ ਖਾ ਪੀ ਕੇ ਸੌਣ ਵਾਲੇ ਰਾਗੀ ਦਵੈਸ਼ੀ ਸਾਧੂ ਤਾਂ ਮੈਂ ਬਹੁਤੇਰੇ= ਬਥੇਰੇ ਦੇਖੇ ਹਨ।

ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥

ਸੰਨਿਆਸੀ, ਤਪੱਸ਼ਵੀ ਤੇ ਪੰਡਿਤ ਇਤਿਆਦਿਕ ਸਾਰੇ ਭੇਖੀ ਮੂੰਹ ਨਾਲ ਤਾਂ ਮਿਠੇ ਹਨ। ਭਾਵ ਮੂੰਹ ਨਾਲ ਤਾਂ ਗਿਆਨ ਦੀਆਂ ਗੱਲਾਂ ਕਰਦੇ ਹਨ ਪਰ ਵਿਚੇ ਵਿਚ 'ਮੁਖ ਮੇਂ ਰਾਮ ਰਾਮ' ਬਗਲ ਮੇਂ ਛੁਰੀ' ਵਾਲੀ ਗੱਲ ਕਰਦੇ ਹਨ। ਇਸ ਲਈ ਉਹ ਕਪਟੀ ਹੋਣ ਕਰ ਕੇ ਅੰਦਰੋਂ ਕਾਲੇ ਹਨ।

ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥

ਹਉ= ਮੈਂ ਇਕ ਸਾਲ ਭਰ ਫਿਰਦਾ ਰਿਹਾ ਹਾਂ ਕਿ ਜਿਧਰੋਂ ਕੋਈ ਪੂਰਨ ਮਹਾਤਮਾ ਮਿਲ ਜਾਵੇ ਪਰ ਕਿਸੇ ਨੇ ਵੀ ਮੇਰਾ ਪਰਚਉ= ਪ੍ਰੇਮ ਉਸ ਵਾਹਿਗੁਰੂ ਨਾਲ ਨਹੀਂ ਲਾਇਆ, ਸਾਰੇ ਆਪੋ ਆਪਣੇ ਭੇਖਾਂ ਵਿਚ ਹੀ ਫਸੇ ਹੋਏ ਹਨ। ਜਿਵੇਂ ਕਬੀਰ ਜੀ ਨੇ ਕਿਹਾ ਹੈ—

ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥ ੧ ॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥
ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥ ੧ ॥

(ਗਉੜੀ ਕਬੀਰ ਜੀ, ਪੰਨਾ ੩੩੪)

[ਪੰਨਾ ੧੩੯੬]

ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥

ਕਹਾਵਤਾਂ ਵਾਲਿਆਂ ਦੀਆਂ ਕਹਤੀ= ਕਹਾਵਤਾਂ ਭਾਵ ਕਹਾਣੀਆਂ ਤਾਂ ਬਹੁਤ ਸੁਣੀਆਂ ਹਨ। ਪਰ-- ਕਿਸੇ ਦੀ ਰਹਤ= ਰਹਿਣੀ ਨੂੰ ਦੇਖ ਕੇ ਮੇਰਾ ਮਨ ਖੁਸ਼ੀ ਵਿਚ ਨਹੀਂ ਆਇਆ।

ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥

ਜਿਹੜੇ ਮਨੁੱਖ ਹਰੀ ਅਕਾਲ ਪੁਰਖ ਦੇ ਨਾਮ ਦਾ ਚਿੰਤਨ ਛੱਡ ਕੇ ਦੂਜੈ= ਦਵੈਤ ਭਾਵ ਵਿਖੇ ਵਾ-ਦੂਜੈ= ਮਾਇਆ ਦੇ ਪਿਆਰ ਵਿਖੇ, ਵਾ-ਦੇਵੀ ਦੇਵਤਿਆਂ ਦੀ ਉਪਾਸ਼ਨਾ ਵਿਖੇ ਲੱਗੇ ਹਨ, ਉਨ੍ਹਾਂ ਦੇ ਗੁਣ= ਅਵਗੁਣ ਮੈਂ ਕੀ ਆਖਾਂ। ਭਾਵ-ਜੇ ਗਿਣਨਾ ਕਰੀਏ ਤਾਂ ਉਨ੍ਹਾਂ ਸਾਕਤਾਂ ਦੇ ਅਉਗਣ ਗਿਣੇ ਨਹੀਂ ਜਾ ਸਕਦੇ।

ਯਥਾ- ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ (ਪੰਨਾ ੪੨੦)

ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨ ॥੨੦ ॥

ਭਿੱਖਾ ਨਾਮਾ ਭੱਟ ਕਥਨ ਕਰਦਾ ਹੈ--ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਆਪ ਜੀ ਨਾਲ ਸਾਨੂੰ ਦਯਿ= ਪ੍ਰੇਰਕ ਵਾਹਿਗੁਰੂ ਨੇ ਮਿਲਾਉਣਾ ਕੀਤਾ ਹੈ, ਹੁਣ ਜਿਵੇਂ ਆਪ ਰੱਖੋਗੇ ਤਿਵੇਂ ਅਸੀਂ ਰਹਿਣਾ ਕਰਾਂਗੇ॥ ੨ ॥ ੨੦ ॥

ਦੋ ਸਵਈਏ ਭਿਖੇ ਭੱਟ ਦੇ ਇਥੋਂ ਤਕ ਸਮਾਪਤ ਹੋ ਚੁੱਕੇ ਹਨ। ਅਗਲੇ ਇੱਕੀਵੇਂ ਸਵਈਏ ਵਿਖੇ 'ਸਲਾ ਨਾਮਾ ਭੱਟ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਉਸਤਤੀ ਕਥਨ ਕਰਦਾ ਹੈ--

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥

ਹੇ ਸਤਿਗੁਰੂ ਅਮਰਦਾਸ ਸਾਹਿਬ ਜੀ! ਕਾਮ ਆਦਿਕਾਂ ਰੂਪ ਦੁਸ਼ਮਣਾਂ ਨਾਲ ਜੰਗ ਕਰਨ ਨੂੰ ਆਪ ਬੜੇ ਸੂਰਬੀਰ ਬਹਾਦਰ ਹੋ। ਇਹਨਾਂ ਦੁਸ਼ਮਣਾਂ ਦੇ ਵਿਸ਼ਿਆਂ ਰੂਪ ਸ਼ਸਤ੍ਰਾਂ ਦੀ ਚੋਟ ਤੋਂ ਬਚਣ ਵਾਸਤੇ ਆਪ ਜੀ ਨੇ-

ਪਹਿਰਿ ਸਮਾਧਿ ਸਨਾਹੁ

ਨਿਰਵਿਕਲਪ ਸਮਾਧੀ ਲਗਾਉਣ ਰੂਪ ਸਨਾਹੁ=ਸੰਜੋਅ ਪਹਿਰਨਾ ਕੀਤੀ ਹੈ, ਫਿਰ ਬ੍ਰਹਮ ਗਿਆਨ ਵਿਖੇ

ਆਪ ਜੀ ਨੇ ਜੋ ਆਸਣਿ= ਇਸਥਿਤੀ ਕੀਤੀ ਹੈ, ਇਸ ਬ੍ਰਹਮ ਗਿਆਨ ਰੂਪ ਹ= ਘੋੜੇ ਉਪਰ ਆਪ ਜੀ ਨੇ ਚੜ੍ਹਨਾ ਕੀਤਾ ਹੈ।

ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥

ਸ੍ਰੈ ਧਰਮ ਧਾਰਨੇ ਰੂਪ ਧਨੁਖ ਮਨ ਰੂਪੀ ਕਰ= ਹੱਥ ਵਿਚ ਗਹਿਓ= ਫੜ ਕੇ ਅਤੇ ਭਗਤੀ ਤੇ ਸੀਲ ਸੁਭਾਅ ਵਾ-ਜਤ ਸਤ ਆਦਿਕ ਸਰਿ= ਬਾਣਾਂ (ਤੀਰਾਂ) ਨੂੰ ਲੈ ਕੇ ਆਪ ਜੀ ਨੇ ਕਾਮ ਆਦਿਕ ਦੁਸ਼ਮਣਾਂ ਨਾਲ ਲੜਿਅਉ= ਲੜਨਾ ਕੀਤਾ ਹੈ।

ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥

ਫਿਰ ਆਪ ਜੀ ਨੇ ਸਤਿਗੁਰਾਂ ਦੇ ਸਬਦਿ= ਉਪਦੇਸ਼ ਦੁਆਰਾ ਸੰਸਾਰ ਭੈ ਤੋਂ ਨਿਰਭੈ ਕਰਨ ਵਾਲੇ ਹਰੀ ਦਾ ਜਿਹੜਾ ਨਾਮ ਮਨ ਵਿਖੇ ਧਾਰਨ ਕੀਤਾ ਹੈ ਏਹੀ ਮੈਦਾਨੇ ਜੰਗ ਵਿਖੇ ਆਪ ਜੀ ਨੇ ਅਟੱਲ ਨੇਜ਼ਾ ਗੱਡਿਆ ਹੈ।

ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥

ਪੂਰਬੋਕਤ ਸ਼ਸਤ੍ਰਾਂ ਕਰ ਕੇ ਆਪ ਜੀ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਪਤੁ= ਹੰਕਾਰ ਇਹਨਾਂ ਪੰਜਾਂ ਦੂਤਾਂ ਨੂੰ ਬਿਖੰਡਿਓ= ਵਿਸ਼ੇਸ਼ ਕਰ ਕੇ ਨਾਸ ਕਰਨਾ ਕੀਤਾ ਹੈ।

ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥

ਹੇ ਭਲਉ= ਭੱਲੇ ਜ਼ਾਤੀ ਦੇ ਤੇ ਭੂਹਾਲੁ ਸੰਗਿਆ ਦੇ ਬਾਬਾ ਤੇਜ ਭਾਨ ਜੀ ਦੇ ਤਨਾ= ਸਪੁੱਤਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਨ੍ਰਿਪਤਿ ਨਾਥੁ= ਰਾਜਿਆਂ ਦੇ ਸੁਆਮੀ ਜੋ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਹਨ, ਉਹਨਾਂ ਦੇ ਬਰਿ= ਵਰ ਕਰ ਕੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਮਲਾ ਸ਼ਲਬੀਰ ਜੋਧੇ ਹੋਏ ਤੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਵਰ ਕਰ ਕੇ-

ਗੁਰ ਅਮਰਦਾਸ ਸਚੁ ਸਲ੍ਹ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥੧ ॥੨੧ ॥

'ਸਲਾ' ਨਾਮਾ ਭੱਟ ਭਣਿ=ਕਥਨ ਕਰਦਾ ਹੈ- ਹੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਸਚੁਮੁਚ ਹੀ ਤੈ= ਆਪ ਜੀ ਇਵ= ਇਸ ਤਰ੍ਹਾਂ ਯੁੱਧ ਕਰ ਕੇ ਕਾਮ ਆਦਿਕਾਂ ਰੂਪ ਵੈਰੀਆਂ ਦੇ ਦਲੁ= ਸਮਦਾਅ ਨੂੰ ਜਿੱਤਣਾ ਕੀਤਾ ਹੈ।

ਭਲ ਨਾਮਾ ਭੱਟ ਅਖੀਰਲੇ ਇਕ ਸਵੱਈਏ ਵਿਖੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਬਿਅੰਤਤਾ ਰੂਪ ਉਸਤਤੀ ਕਥਨ ਕਰਦਾ ਹੋਇਆ ਮਹਲੇ ਤੀਜੇ ਕੇ ਸਵੱਈਏ ਸਮਾਪਤ ਕਰਦਾ ਹੈ—

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥

ਉਂਜ ਤਾਂ ਘਨਹਰ ਬੂੰਦ= ਬੱਦਲਾਂ ਦੀਆਂ ਬੂੰਦਾਂ (ਕਣੀਆਂ) ਗਿਣਤੀ ਵਿਚ ਤਾਂ ਨਹੀਂ ਆਉਂਦੀਆਂ ਕਿ ਕਿਤਨੀਆਂ ਬੂੰਦਾਂ ਪਈਆਂ ਹਨ ਪਰ ਜੇਕਰ ਕੋਈ ਕਹੇ ਕਿ ਮੈਂ ਗਿਣ ਲਈਆਂ ਹਨ ਤਾਂ ਮੰਨ ਲਵੋ ਅਤੇ ਬਸੁਅ ਰੋਮਾਵਲਿ= ਪ੍ਰਿਥਵੀ ਦੀ ਬਨਾਸਪਤੀ ਗਿਣਤੀ ਵਿਚ ਤਾਂ ਨਹੀਂ ਆਉਂਦੀ ਕਿ ਕਿਤਨੇ-ਕੁ ਬੂਟੇ ਧਰਤੀ ਤੇ ਉੱਗੇ ਹੋਏ ਹਨ ਪਰ ਜੇਕਰ ਕੋਈ ਕਹੇ ਕਿ ਮੈਂ ਗਿਣਤੀ ਕਰ ਲਈ ਹੈ, ਤਾਂ ਬੇਸ਼ੱਕ ਮੰਨ ਲਵੋ। ਬਸੰਤ ਰੁੱਤ ਦੇ ਫੁੱਲਾਂ ਦੀ ਗਨੰਤ= ਗਿਣਤੀ ਆਉਂਦੀ ਤਾਂ ਨਹੀਂ ਪਰ ਜੇਕਰ ਕੋਈ ਕਹੇ ਕਿ ਮੈਂ ਕਰ ਲਈ ਹੈ, ਤਾਂ ਬੇਸ਼ੱਕ ਮੰਨ ਲਵੋ।

ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥

ਫਿਰ ਰਵਿ= ਸੂਰਜ ਦੀਆਂ ਤੇ ਸਸਿ= ਚੰਦ੍ਰਮਾ ਦੀਆਂ ਕਿਰਣਾਂ ਦਾ ਅੰਤ ਕੌਣ ਪਾ ਸਕਦਾ ਹੈ, ਕਿੰਤੂ ਕੋਈ ਨਹੀਂ ਪਾ ਸਕਦਾ। ਹਾਂ! ਜੇ ਕੋਈ ਕਹੇ ਕਿ ਮੈਂ ਪਾ ਲੀਤਾ ਹੈ ਤਾਂ ਮੰਨ ਲਓ ਅਤੇ ਸਾਗਰ= ਸਮੁੰਦਰ ਦੇ ਉਦਰੁ= ਪੇਟ ਦਾ ਅੰਤ ਕੌਣ ਪਾ ਸਕਦਾ ਹੈ? ਭਾਵ ਕੋਈ ਨਹੀਂ ਪਾ ਸਕਦਾ ਪਰ ਹਾਂ! ਜੇ ਕੋਈ ਕਹੇ ਕਿ ਮੈਂ ਪਾ ਲੀਤਾ ਹੈ ਤਾਂ ਬੇਸ਼ੱਕ ਮੰਨ ਲਓ, ਗੰਗਾ ਦੀਆਂ ਤਰੰਗ= ਲਹਿਰਾਂ ਦਾ ਅੰਤ ਕੌਣ ਪਾ ਸਕਦਾ ਹੈ? ਕਿੰਤੂ ਕੋਈ ਨਹੀਂ ਪਾ ਸਕਦਾ। ਪਰ ਹਾਂ! ਜੇ ਕੋਈ ਕਹੇ ਮੈਂ ਪਾ ਲਿਆ ਤਾਂ ਬੇਸ਼ੱਕ ਮੰਨ ਲਓ।

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਹ ਉਨਹ ਜੁ ਗਾਵੈ॥

ਜੋ ਰੁਦ੍ਰ= ਸ਼ਿਵਜੀ (ਅਠਾਸੀ ਹਜ਼ਾਰ ਜੁਗ ਸਮਾਧੀ ਲਗਾਈ ਰੱਖਦੇ ਹਨ, ਉਹਨਾਂ ਦੇ) ਧਿਆਨ ਦਾ ਅੰਤ ਨਹੀਂ ਆਉਂਦਾ ਪਰ ਜੇ ਕੋਈ ਕਹੇ ਕਿ ਮੈਂ ਪਾ ਲਿਆ ਹੈ, ਤਾਂ ਬੇਸ਼ੱਕ ਮੰਨ ਲਓ। ਅਤੇ ਸਤਿਗੁਰ ਕੇ= ਵਿਸ਼ਨੂੰ ਦੇ ਗਿਆਨ ਦਾ ਅੰਤ ਨਹੀਂ ਆਉਂਦਾ ਪਰ ਜੇ ਕੋਈ ਕਹੇ ਕਿ ਮੈਂ ਪਾ ਲਿਆ ਹੈ, ਤਾਂ ਬੇਸ਼ੱਕ ਮੰਨ ਲਓ।

'ਭਲ' ਨਾਮਾ ਕਵੀ ਜਨ ਕਥਨ ਕਰਦਾ ਹੈ ਕਿ ਇਹਨਾਂ ਅਣਹੋਣੀਆਂ ਪੂਰਬੋਕਤ ਵਾਰਤਾਂ ਨੂੰ ਜੇ ਕੋਈ ਗਾਇਨ ਕਰ ਸਕਦਾ ਹੋਵੇ ਤਾਂ ਬੇਸ਼ੱਕ ਗਾਵੇ ਪਿਆ। ਪਰ--

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥ ੧॥ ੨੨॥

ਹੇ ਭੱਲਿਆਂ ਦੀ ਕੁਲ ਵਿਖੇ ਅਵਤਾਰ ਲੈਣ ਵਾਲੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ! ਆਪ ਜੀ ਵਿਖੇ ਜੋ ਗੁਣ ਹਨ ਉਹ ਸਭ ਤੋਂ ਭਲੇ= ਚੰਗੇ ਹਨ, ਇਸ ਕਰ ਕੇ ਆਪ ਜੀ ਦੀ ਉਪਮਾ ਤੋਹਿ= ਆਪ ਜੀ ਨੂੰ ਹੀ ਬਣ ਆਉਂਦੀ ਹੈ। ਭਾਵ ਆਪ ਜੀ ਦੀ ਉਪਮਾ ਨੂੰ ਸਮੁੱਚੇ ਰੂਪ ਵਿਚ ਕੋਈ ਵੀ ਨਹੀਂ ਕਹਿ ਸਕਦਾ॥ ੧॥ ੨੨॥

ਕਿਉਂਕਿ ਉਪਮੇਯ ਰੂਪ ਵੀ ਆਪ ਹੋ ਤੇ ਉਪਮਾਨ ਰੂਪ ਵੀ ਆਪ ਹੀ ਹੋ। (ਜਿਸ ਨੂੰ ਉਪਮਾ ਦੇਈਏ ਉਸ ਨੂੰ ਉਪਮੇਯ ਕਹਿੰਦੇ ਹਨ ਅਤੇ ਜਿਸ ਦੀ ਉਪਮਾ ਦੇਈਏ ਉਸ ਨੂੰ ਉਪਮਾਨ ਕਹਿੰਦੇ ਹਨ)

ਯਥਾ- ਜਾ ਕੋ ਉਪਮਾ ਦੀਜੀਐ, ਸੋ ਉਪਮੇਯ ਬਖਾਨ। ਜਾ ਕੀ ਉਪਮਾ ਕੀਜੀਐ, ਸੋ ਕਹੀਏ ਉਪਮਾਨ।

ਮਹਲੇ ਤੀਜੇ ਕੇ ਸਵਈਏ ਸਮਾਪਤੰ॥

ਨੋਟ—

ਇਕ ਅੰਕ ਤੋਂ ਲੈ ਕੇ ਨੌਂ ਅੰਕ ਤੱਕ ੯ ਸਵਈਏ 'ਕਲ' ਨਾਮੇ ਭੱਟ ਨੇ ਉਚਾਰਨ ਕੀਤੇ ਹਨ।

ਨੌਂ ਅੰਕ ਤੋਂ ਅੱਗੋਂ ਬਾਰਾਂ ਅੰਕ ਤੱਕ (੧੦, ੧੧,੧੨) ਤਿੰਨ ਸਵਈਏ 'ਜਾਲਪੁ' ਭੱਟ ਨੇ ਕਥਨ ਕੀਤੇ ਹਨ।

ਬਾਰਾਂ ਅੰਕ ਤੋਂ ਅੱਗੋਂ ਤੇਰਾ ਅੰਕ ਤੱਕ ਤੇਰਵਾਂ ਸਵਈਆਂ 'ਜਲ' ਨਾਮੇ ਭੱਟ ਨੇ ਉਚਾਰਨ ਕੀਤਾ ਹੈ।

ਤੇਰ੍ਹਾਂ ਅੰਕ ਤੋਂ ਅੱਗੇ ਚੌਦਾਂ ਅੰਕ ਤਕ ਚੌਧਵਾਂ ਇਕ ਸਵਈਆ ਫਿਰ 'ਜਾਲਪੁ' ਨਾਮੇ ਭੱਟ ਨੇ ਕਥਨ ਕੀਤਾ ਹੈ।

ਚੌਦਾਂ ਅੰਕ ਤੋਂ ਅੱਗੋਂ ਅਠਾਰਾਂ ਅੰਕ ਤਕ (੧੫, ੧੬, ੧੭ ਤੇ ੧੮) ਚਾਰ ਸਵਈਏ 'ਕੀਰਤ' ਨਾਮੇ ਭੱਟ ਨੇ ਕਥਨ ਕੀਤੇ ਹਨ।

ਅਠਾਰਾਂ ਅੰਕ ਤੋਂ ਅੱਗੋਂ ਵੀਹ ਅੰਕ ਤਕ (ਉਨੀਂ ਤੇ ਵੀਹ) ਦੋ ਸਵਈਏ 'ਭਿਖੇ' ਨਾਮੇ ਭੱਟ ਨੇ ਕਥਨ ਕੀਤੇ ਹਨ।

ਵੀਹ ਅੰਕ ਤੋਂ ਅੱਗੋਂ ਇੱਕੀ ਅੰਕ ਤਕ (ਇੱਕੀਵਾਂ) ਇਕ ਸਵਈਆਂ 'ਸਲ' ਨਾਮੇ ਭੱਟ ਨੇ ਕਥਨ ਕੀਤਾ ਹੈ।

ਇੱਕੀ ਅੰਕ ਤੋਂ ਅੱਗੋਂ ਬਾਈ ਅੰਕ ਤਕ (ਬਾਈਵਾਂ) ਇਕ ਸਵਈਆ 'ਭਲ' ਨਾਮੇ ਭੱਟ ਨੇ ਕਥਨ ਕੀਤਾ ਹੈ।

ਸਿਧਾਂਤ-

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਉਸਤਤੀ ਦੇ ਇਹ ਬਾਈ ਸਵਈਏ ਸੱਤਾਂ 'ਭੱਟਾਂ' ਨੇ ਕਥਨ ਕੀਤੇ ਹਨ। ਜਿਨ੍ਹਾਂ ਵਿਚੋਂ-

੯ ਸਵਈਏ 'ਰਿਗਵੇਦ' ਦੇ ਅਵਤਾਰ ਕਲ ਨਾਮੇ ਭੱਟ ਨੇ ਉਚਾਰਨ ਕੀਤੇ ਹਨ।

੪ ਸਵਈਏ 'ਸ਼ਾਮਵੇਦ' ਦੇ ਅਵਤਾਰ 'ਜਾਲਪੁ' ਨਾਮੇ ਭੱਟ ਨੇ ਉਚਾਰਨ ਕੀਤੇ ਹਨ।

੧ ਸਵਈਆ 'ਯਜੁਰਵੇਦ' ਦੇ ਅਵਤਾਰ 'ਜਲ' ਨਾਮੇ ਭੱਟ ਨੇ ਉਚਾਰਨ ਕੀਤਾ ਹੈ।

੪ ਸਵਈਏ 'ਅਥਰਬਣ' ਵੇਦ ਦੇ ਅਵਤਾਰ 'ਕੀਰਤ' ਨਾਮੇ ਭੱਟ ਨੇ ਉਚਾਰਨ ਕੀਤੇ ਹਨ।

੨ ਸਵਈਏ 'ਬ੍ਰਹਮਾ' ਦੇ ਅਵਤਾਰ 'ਭਿੱਖੇ' ਭੱਟ ਨੇ ਉਚਾਰਨ ਕੀਤੇ ਹਨ।

੧ ਸਵਈਆ 'ਯਜੁਰਵੇਦ' ਦੇ ਅਵਤਾਰ 'ਸਲ' ਨਾਮੇ ਭੱਟ ਨੇ ਉਚਾਰਨ ਕੀਤਾ ਹੈ।

੧ ਸਵਈਆ 'ਯਜੁਰਵੇਦ' ਦੇ ਅਵਤਾਰ 'ਭਲ' ਨਾਮੇ ਭੱਟ ਨੇ ਉਚਾਰਨ ਕੀਤਾ ਹੈ।

ਸਵਈਏ ਮਹਲੇ ਚਉਥੇ ਕੇ ੪ ੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਉਸਤਤੀ ਦੇ ਬਾਈ ਸਵਈਏ ਕਥਨ ਕਰ ਕੇ ਹੁਣ ਭੱਟ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਉਸਤਤੀ ਕਥਨ ਕਰਦੇ ਹਨ-

ਪਹਿਲੋਂ ਅੱਧੇ ਸਵਈਏ ਵਿਖੇ **'ਕਲਸਹਾਰ'** ਨਾਮਾ ਭੱਟ ਨੇ ਅਤੇ ਅੱਧੇ ਸਵਈਏ ਵਿਖੇ **'ਕਲ'** ਨਾਮੇ ਭੱਟ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਉਸਤਤੀ ਕਥਨ ਕੀਤੀ ਹੈ।

'ਕਲਸਹਾਰ' ਤੇ 'ਕਲ' ਇਹ ਦੋਵੇਂ ਸਕੇ ਭਾਈ ਸਨ ਇਸ ਕਰ ਕੇ ਦੋਹਾਂ ਨੇ ਰਲ ਕੇ ਇਕ ਸਵਈਏ ਵਿਚ ਉਸਤਤੀ ਕੀਤੀ ਹੈ ਪਰ ਸਵਈਏ ਦੀ ਸਮਾਪਤੀ 'ਤੇ ਵੱਡਾ ਭਾਈ ਹੋਣ ਕਰ ਕੇ ਨਾਮ ਕਲ ਨਾਮੇ ਭੱਟ ਦਾ ਹੀ ਹੈ। ਇਸ ਪ੍ਰਕਾਰ ਕਲ ਨਾਮੇ ਭੱਟ ਦੇ ਇਕ ਅੰਕ ਤੋਂ ਲੈ ਕੇ ੧੩ ਅੰਕ ਤਕ ਸਵਈਏ ਆਉਣਗੇ।

ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥

ਕਲਸਹਾਰ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ--ਹੇ ਭੱਟੋ! ਤੁਸੀਂ ਇਕ ਮਨਿ= ਇਕਾਗਰ ਮਨ ਹੋ ਕੇ ਨਿਰੰਜਨੁ= ਮਾਇਆ ਮਲ ਅਵਿਦਿਆ ਤੋਂ ਰਹਿਤ ਅਕਾਲ ਪੁਰਖ ਨੂੰ ਧਿਆਵਉ= ਧਿਆਉਣਾ ਕਰੋ।

ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਪ੍ਰਸਾਦਿ= ਕਿਰਪਾ ਦੁਆਰੇ ਹਮੇਸ਼ਾਂ ਹਰੀ ਦੇ ਗੁਣ ਗਾਉਣਾ ਕਰੋ। ਕਿਉਂਕਿ-

ਗੁਨ ਗਾਵਤ ਮਨਿ ਹੋਇ ਬਿਗਾਸਾ ॥ ਸਤਿਗੁਰ ਪੂਰਿ ਜਨਹ ਕੀ ਆਸਾ ॥

ਹਰੀ ਦੇ ਗੁਣ ਗਾਉਣ ਕਰ ਕੇ ਮਨ ਵਿਖੇ ਬਿਗਾਸਾ ਹੋਇ= ਅਨੰਦ ਹੁੰਦਾ ਹੈ, ਸਤਿਗੁਰੂ ਰਾਮਦਾਸ ਸਾਹਿਬ ਜੀ ਸਾਰਿਆਂ ਪੁਰਸ਼ਾਂ ਦੀ ਆਸਾ ਪੂਰਨ ਕਰਨ ਵਾਲੇ ਹਨ।

ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥ ਅਬਿਨਾਸੀ ਅਬਿਗਤੁ ਧਿਆਯਉ ॥

ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਸੇਵਾ ਕਰ ਕੇ ਜਿਹਨਾਂ ਪੁਰਸ਼ਾਂ ਨੇ ਅਬਿਨਾਸੀ = ਨਾਸ ਤੋਂ ਰਹਿਤ ਅਬਿਗਤੁ= ਕਠਿਨ ਪ੍ਰਾਪਤੀ ਵਾਲੇ ਪ੍ਰਮੇਸ਼ਰ ਦੇ ਨਾਮ ਨੂੰ ਧਿਆਉਣਾ ਕੀਤਾ ਹੈ, ਉਹਨਾਂ ਨੇ ਪਰਮ ਪਦੁ= ਮੁਕਤੀ ਪਦ ਨੂੰ ਪਾਉਣਾ ਕੀਤਾ ਹੈ।

ਤਿਸੁ ਭੇਟੇ ਦਾਰਿਦੁ ਨ ਚੰਪੈ ॥ ਕਲ੍ਸਹਾਰੁ ਤਾਸੁ ਗੁਣ ਜੰਪੈ ॥

ਕਲਸਹਾਰ ਨਾਮਾ ਭੱਟ ਕਥਨ ਕਰਦਾ ਹੈ- ਤਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਭੇਟੇ= ਮਿਲਿਆਂ ਭਾਵ ਚਰਨੀਂ ਲਗਿਆਂ ਕੋਈ ਕਿਸੇ ਕਿਸਮ ਦਾ ਦਲਿਦ੍ਰ ਇਸ ਨੂੰ ਚੰਪੈ ਨ= ਦਬਾਉਂਦਾ ਨਹੀਂ ਹੈ। ਵਾ— ਚੰਪੈ ਨ-ਚਿੰਮੜਦਾ ਨਹੀਂ ਹੈ। ਇਸ ਕਰ ਕੇ ਹੇ ਭੱਟੋ! ਤੁਸੀਂ ਸਾਰੇ ਰਲ ਕੇ ਤਾਸੁ= ਉਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਣਾਂ ਨੂੰ ਜੰਪੈ= ਜਪਣਾ ਕਰੋ।

ਅਥਵਾ-ਜੋ ਕਲ ਸਹਾਰ= ਕਲਯੁਗੀ ਜੀਵਾਂ ਦਾ ਆਸਰਾ ਰੂਪ ਹੈ ਤਿਸ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਣਾਂ ਨੂੰ ਜਪਣਾ ਕਰੋ। (ਇਥੋਂ ਤਕ ਅੱਧਾ ਸਵਈਆ ਕਲਸਹਾਰ ਨਾਮੇ ਭੱਟ ਨੇ ਉਚਾਰਨਾ ਕੀਤਾ ਹੈ)

ਅੱਗੋਂ ਕਲ ਨਾਮਾ ਭੱਟ ਆਖਦਾ ਹੈ-

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ ॥

ਜਨ ਕੇਰੇ= ਦੁਨੀਆਵੀ ਪੁਰਸ਼ਾਂ ਦੇ ਵਿਚੋਂ ਸੁਜਨ= ਸ੍ਰੇਸ਼ਟ ਜਨ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਉਨ੍ਹਾਂ ਦੇ ਬਿਮਲ= ਉਜਲ ਗੁਣਾਂ ਨੂੰ ਜੰਪਉ= ਜਪਣਾ ਕਰੋ, ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਪ੍ਰਭੂ ਦਾ ਨਾਮ ਅੰਮ੍ਰਿਤ ਫੁਰਿਆ= ਸੰਫੁਰਨ ਭਾਵ ਪ੍ਰਗਟ ਹੋਇਆ ਹੈ।

ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ ॥

ਇਨਿ= ਇਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪਣੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਕਰ ਕੇ ਤੇ ਨਿਰੰਜਨ ਦੇ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਕੇ ਸਬਦ ਰਸੁ ਪਾਯਾ= ਬ੍ਰਹਮਾਨੰਦ ਰੂਪ ਰਸ ਨੂੰ ਪਾਉਣਾ ਕੀਤਾ ਹੈ।

ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਰੀ ਨਾਮ ਦੇ ਰਸਿਕੁ= ਰਸੀਏ ਹਨ ਅਤੇ ਗੋਬਿੰਦ ਦੇ ਗੁਣਾਂ ਦੇ ਗਾਹਕੁ= ਖਰੀਦਾਰ ਵਾ ਗ੍ਰਹਿਣ ਕਰਨ ਵਾਲੇ ਹਨ, ਫਿਰ ਵੇਦ ਸ਼ਾਸਤ੍ਰਾਂ ਦੇ ਤਤ= ਸਿਧਾਂਤ ਰੂਪ ਪ੍ਰਮਾਤਮਾ ਨੂੰ ਸਰੇ= ਸਾਰਿਆਂ ਵਿਖੇ ਸਮਤ= ਸਮਾਇਆ ਹੋਇਆ ਚਾਹਕੁ= ਵੇਖਦੇ ਹਨ। *ਅਥਵਾ*-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪ ਤਾਂ ਹਰੀ ਨਾਮ ਦੇ ਰਸੀਏ ਹਨ ਤੇ ਸਿੱਖਾਂ ਨੂੰ ਗੋਬਿੰਦ ਦੇ ਗੁਣਾਂ ਦਾ ਗਾਹਕ ਬਣਾਉਂਦੇ ਹਨ। ਚਾਹਕੁ ਤਤ= ਸਿਧਾਂਤ ਰੂਪ ਪ੍ਰਮਾਤਮਾ ਨੂੰ ਹਰ ਵੇਲੇ ਦੇਖਦੇ ਰਹਿੰਦੇ ਹਨ ਅਤੇ ਸਮਤ ਸਰੇ= ਸ਼ਮਤਾ ਆਦਿਕ-ਸ਼ੁਭ ਗੁਣਾਂ ਦਾ ਸਰੋਵਰ ਹਨ।

ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੧ ॥

ਕਲ ਨਾਮਾ ਭੱਟ ਆਖਦਾ ਹੈ- ਹੇ ਭੱਟੋ! *ਠਕੁਰ ਸੰਗਿਆ ਦੇ ਬਾਬਾ ਹਰਦਾਸ ਜੀ ਦੇ ਤਨੇ= ਸਪੁੱਤਰ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਉਹ ਹਿਰਦੇ ਰੂਪ ਅਭਰ= ਖਾਲੀ ਸਰ= ਸਰੋਵਰਾਂ ਨੂੰ ਨਾਮ-ਜਲ ਨਾਲ ਭਰਨ ਵਾਲੇ ਹਨ।

ਅਥਵਾ- ਅਭਰ ਸਰਾ= ਸਰੋਵਰਾਂ ਨੂੰ ਭਰਨ ਵਾਲੇ ਹਨ ਜਿਨ੍ਹਾਂ ਦੀ ਕਿਧਰੋਂ ਮੁਰਾਦ ਪੂਰੀ ਨਾ ਹੁੰਦੀ ਹੋਵੇ, ਉਨ੍ਹਾਂ ਦੀਆਂ ਮੁਰਾਦਾਂ (ਕਾਮਨਾਵਾਂ) ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪੂਰੀਆਂ ਕਰਦੇ ਹਨ॥ ੧ ॥

ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਵਿਖੇ ਅਮਰ ਪਦਵੀ ਦੀ ਪ੍ਰਾਪਤੀ ਕਰਨ ਵਾਲੇ ਨਾਮ ਅੰਮ੍ਰਿਤ ਦਾ ਪ੍ਰਵਾਹ ਛੁੱਟ ਰਿਹਾ ਹੈ ਅਤੇ ਪ੍ਰਤੱਖ ਸਰੋਵਰ ਵੀ ਅੰਮ੍ਰਿਤ ਨਾਲ ਹਮੇਸ਼ਾਂ ਭਰਿਆ ਰਹਿੰਦਾ ਹੈ, ਕਿਉਂਕਿ ਜਿਸ

---

*ਖੜ੍ਹੀਆਂ ਵਿਖੇ 'ਠਕਰ' ਸਤਿਕਾਰ ਦਾ ਲਫ਼ਜ਼ ਹੈ।

*ਸ੍ਰੀ ਰਾਮ ਚੰਦ੍ਰ ਜੀ ਤੋਂ ਲੈ ਕੇ ਸੋਢੀਆਂ ਵਿਖੇ 'ਠਕਰ' ਜੀ ਕਹਿੰਦੇ ਸਨ। ਜਿਵੇਂ ਆਮ ਪਿੰਡਾਂ ਵਿਚ ਨੰਬਰਦਾਰ ਤੇ ਚੌਧਰੀਆਂ ਨੂੰ ਮੰਨਦੇ ਹਨ, ਤਿਵੇਂ 'ਠਕਰਾਂ' ਨੂੰ ਮੰਨਦੇ ਆਏ ਹਨ। ਉੱਜ 'ਠਕਰ' ਪਦ ਦਾ ਅਰਥ ਸੁਆਮੀ ਭੀ ਹੈ। ਮਰਹਟੀਏ ਤਾਂ ਸਿੱਖਾਂ ਨੂੰ ਵੇਖ ਕੇ ਆਖਦੇ ਹਨ: ਆਈਏ ਠਾਕੁਰ ਜੀ! ਹੁਣ ਵੀ ਹਜ਼ੂਰ ਸਾਹਿਬ ਵੱਲ ਪਿੰਡਾਂ ਵਿਚ ਸਿੱਖ ਚਲਿਆ ਜਾਵੇ ਤਾਂ ਉਸ ਨੂੰ ਠਾਕੁਰ ਜੀ ਹੀ ਆਖਦੇ ਹਨ।

ਵੇਲੇ ਭੱਟ ਆਏ ਸਨ ਉਸ ਵੇਲੇ ਸਰੋਵਰ ਤਿਆਰ ਹੋ ਚੁੱਕਾ ਸੀ।

ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ ॥

ਪੁਬ= ਪੂਰਬਲੇ ਜਨਮ ਵਿਖੇ ਜਿਨ੍ਹਾਂ ਨੇ ਕੁਝ ਸੇਵਾ ਕਰੀਆ= ਕੀਤੀ ਹੋਈ ਹੈ ਤੇ ਸੰਤ= ਉਹ ਸੰਤ ਜਨ ਇਸ ਨਾਮ ਅੰਮ੍ਰਿਤ ਨੂੰ ਪੀਂਦੇ ਹਨ ਅਤੇ ਮਨ ਕਰ ਕੇ ਇਸ ਵਿਖੇ ਮਜਨੁ= ਇਸ਼ਨਾਨ ਕਰਦੇ ਹਨ।

ਅਥਵਾ-ਪੂਰਬਲੇ ਜਨਮ ਵਿਖੇ ਜਿਨ੍ਹਾਂ ਨੇ ਕੁਝ ਸੇਵਾ ਟਹਿਲ ਕੀਤੀ ਹੋਈ ਹੈ, ਉਹ ਸੰਤ ਜਨ ਮਨ ਵਿਖੇ ਸ਼ਰਧਾ ਧਾਰ ਕੇ ਪ੍ਰਤੱਖ ਸਰੋਵਰ ਵਿਖੇ ਮਜਨੁ= ਇਸ਼ਨਾਨ ਕਰ ਕੇ ਫਿਰ ਆ ਕੇ ਹਰਿ ਕੀ ਪੌੜੀ ਤੋਂ ਅੰਮ੍ਰਿਤ ਪੀਂਦੇ ਹਨ।

ਇਕ ਭੱਟ ਨੇ ਪੁਛਿਆ-"ਜਿਨ੍ਹਾਂ ਨੇ ਇਸ ਅੰਮ੍ਰਿਤ ਨੂੰ ਪੀਤਾ ਹੈ, ਉਨ੍ਹਾਂ ਨੂੰ ਕੀ ਫਲ ਮਿਲਦਾ ਹੈ?" ਤਾਂ ਕਲ ਨਾਮੇ ਭੱਟ ਨੇ ਕਿਹਾ— "ਜਿਨ੍ਹਾ ਨੇ ਨਾਮ ਰੂਪ ਅੰਮ੍ਰਿਤ ਨੂੰ ਪੀਤਾ ਹੈ।"

ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਨ੍ਹਾਂ ਦੇ ਡਰ ਨੂੰ ਦੂਰ ਕਰ ਕੇ ਉਨ੍ਹਾਂ ਨੂੰ ਅਨਭੈ ਪਦੁ= ਮੁਕਤੀ ਦਾਨ ਦੇਣਾ ਕੀਤਾ ਹੈ ਤੇ= ਤਿਨ੍ਹਾਂ ਨੂੰ ਕੇਵਲ ਆਪਣੇ ਸਬਦ= ਉਪਦੇਸ਼ ਮਾਤ੍ਰ ਨਾਲ ਧਰੇ= ਧਰਤੀ ਤੋਂ ਉਧਾਰ ਦਿੱਤਾ ਹੈ।

ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥ ੨ ॥

ਕਲ ਨਾਮਾ ਕਵੀ ਜਨ ਕਹਿੰਦਾ ਹੈ- ਹੇ ਭੱਟੋ! ਠਕੁਰ ਸੰਗਿਆ ਦੇ ਬਾਬਾ ਹਰਦਾਸ ਜੀ ਦੇ ਤਨੇ= ਸਪੁੱਤਰ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਉਹ ਹਿਰਦੇ ਰੂਪ ਅਭਰ= ਖਾਲੀ ਸਰ= ਸਰੋਵਰਾਂ ਨੂੰ ਨਾਮ-ਜਲ ਨਾਲ ਭਰਨ ਵਾਲੇ ਹਨ।

ਅਥਵਾ-ਜਿਨ੍ਹਾਂ ਦੀ ਕਿਧਰੋਂ ਵੀ ਮੁਰਾਦ ਪੂਰੀ ਨਾ ਹੁੰਦੀ ਹੋਵੇ, ਉਨ੍ਹਾਂ ਦੀ ਮੁਰਾਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪੂਰੀ ਕਰਦੇ ਹਨ॥ ੨ ॥

ਸਤਗੁਰ ਮਤਿ ਗੂੜ੍ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ ॥

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਮਤਿ ਗੂੜ੍= ਗੁਹਝ ਹੈ ਕਿਉਂਕਿ ਉਨ੍ਹਾਂ ਦੇ ਆਸ਼ੇ ਨੂੰ ਕੋਈ ਜਾਣ ਨਹੀਂ ਸਕਦਾ ਅਤੇ ਉਨ੍ਹਾਂ ਦੀ ਸਤ-ਸੰਗਤ ਵੀ ਬਿਮਲ= ਨਿਰਮਲ ਹੈ, ਜਿਹਨਾਂ ਨੇ ਸ਼ਰਧਾ ਭਾਵ ਨਾਲ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸਤ-ਸੰਗਤ ਨੂੰ ਕੀਤਾ ਹੈ ਉਨ੍ਹਾਂ ਗੁਰਮੁਖਾਂ ਨੂੰ ਚਲੂਲੁ= ਗਾਹੜਾ ਆਤਮੁ ਰੰਗੁ= ਆਤਮਕ-ਅਨੰਦ ਪ੍ਰਾਪਤ ਹੋਇਆ ਹੈ।

ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ ॥

ਉਨ੍ਹਾਂ ਦਾ ਮਨ ਗਿਆਨ-ਜਾਗ੍ਰਤ ਵਿਖੇ ਜਾਗਿਆ ਹੈ ਅਤੇ ਹਿਰਦਾ ਕੰਵਲ ਸਹਜਿ= ਸੁਤੇ ਸਿਧ ਪਰਕਾਸ੍ਯਾ= ਖਿੜਿਆ ਹੈ, ਅੰਤਹ ਕਰਨ ਰੂਪ ਘਰ ਵਿਚ ਹੀ ਉਨ੍ਹਾਂ ਨੇ ਅਭੈ ਨਿਰੰਜਨੁ= ਪ੍ਰਮਾਤਮਾ ਨੂੰ ਲੱਭ ਲੈਣਾ ਕੀਤਾ ਹੈ।

[ਪੰਨਾ ੧੩੯੭]

ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ ਤਿਸੁ ਪ੍ਰਸਾਦਿ ਵਸਿ ਪੰਚ ਕਰੇ॥

ਸਤਿਗੁਰੂ (ਰਾਮਦਾਸ ਸਾਹਿਬ ਜੀ) ਨੇ ਦਿਆਲੂ ਹੋ ਕੇ ਜਿਸ ਨੂੰ ਹਰੀ ਨਾਮ ਦਾ ਸਿਮਰਨ ਦ੍ਰਿੜ੍ਹ ਕਰਾਇਆ ਹੈ, ਉਸ ਗੁਰਮੁਖ ਪਿਆਰੇ ਨੇ ਗੁਰੂ ਦੀ ਪ੍ਰਸਾਦਿ= ਕਿਰਪਾ ਕਰ ਕੇ ਪੰਜ ਕਾਮ ਆਦਿਕ ਵਸੀਕਾਰ ਕਰ ਲੀਤੇ ਹਨ।

ਅਥਵਾ- ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਸਤਸੰਗਤਿ ਵਿਚ ਬੈਠਣ ਕਰ ਕੇ ਸਤਗੁਰ ਮਤਿ= ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸ਼ੁਭ ਸਿਖਿਆ ਦੁਆਰੇ ਗੂੜ੍= ਗੁਝਾ ਤੇ ਬਿਮਲ= ਨਿਰਮਲ ਪ੍ਰਮਾਤਮਾ ਆਪ ਜੀ ਨੂੰ ਸਾਖਿਆਤਕਾਰ ਹੋਇਆ ਹੈ

ਅਤੇ- *ਆਤਮੁ ਰੰਗਿ ਚਲੂਲੁ ਭਯਾ॥*

ਆਤਮੁ= ਮਨ ਵਿਚ ਚਲੂਲੁ= ਗਾਹੜਾ ਭਾਉ ਭਗਤੀ ਦਾ ਰੰਗ ਪ੍ਰਾਪਤ ਹੋਇਆ ਹੈ।

ਜਾਗ੍ਰਾ ਮਨੁ ਕਵਲੁ ਸਹਜਿ ਪਰਕਾਸ੍ਰਾ

ਆਪ ਜੀ ਦਾ ਮਨ ਗਿਆਨ-ਜਾਗ੍ਰਤ ਵਿਖੇ ਜਾਗਿਆ ਹੈ ਅਤੇ ਹਿਰਦਾ- ਕੰਵਲ ਸਹਜੇ ਖਿੜ ਆਇਆ ਹੈ।

ਅਭੈ ਨਿਰੰਜਨੁ ਘਰਹਿ ਲਹਾ॥

ਆਪਣੇ ਘਰ 'ਚੋਂ ਹੀ ਭਾਵ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਾਸੋਂ ਆਪ ਜੀ ਨੇ ਅਭੈ ਨਿਰੰਜਨੁ= ਪ੍ਰਮਾਤਮਾ ਨੂੰ ਲੈਣਾ ਕੀਤਾ ਹੈ।

ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਦਿਆਲੂ ਹੋ ਕੇ ਆਪ ਜੀ ਨੂੰ ਹਰੀ ਨਾਮ ਦਾ ਸਿਮਰਨ ਦ੍ਰਿੜ੍ਹ ਕਰਾਇਆ ਹੈ।

ਤਿਸੁ ਪ੍ਰਸਾਦਿ ਵਸਿ ਪੰਚ ਕਰੇ॥

ਉਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਕਰ ਕੇ ਆਪ ਜੀ ਨੇ ਪੰਜ ਗਿਆਨ ਇੰਦ੍ਰੀਏ, ਵਾ- ਪੰਜ ਕਾਮ ਆਦਿਕ ਆਪਣੇ ਅਧੀਨ ਕੀਤੇ ਹਨ।

ਕਲਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥ ੩॥

ਕਲ ਨਾਮਾ ਕਵੀ ਆਖਦਾ ਹੈ—ਹੇ ਭੱਟੋ! ਠਕੁਰ ਸੰਗਿਆ ਦੇ ਬਾਬਾ ਹਰਦਾਸ ਜੀ ਦੇ ਤਨੇ= ਸਪੁੱਤਰ, ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਉਹ ਹਿਰਦੇ ਰੂਪ ਖਾਲੀ ਸਰੋਵਰਾਂ ਨੂੰ ਨਾਮ-ਜਲ ਨਾਲ਼ ਭਰਨ ਵਾਲੇ ਹਨ॥ ੩॥

ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ॥

ਜਿਸ ਵੇਲੇ ਸਹਜੇ ਹੀ ਪਾਰਸ ਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਦਰਸ਼ਨ ਘਰ ਵਿਚ ਭੇਟਿਆ=

ਮਿਲਿਆ ਤੇ ਅਨਭਉ= ਗਿਆਨ ਸਰੂਪ ਪਰਮੇਸ਼ਰ ਦੇ ਨਾਮਾਂ ਨੂੰ ਉਨਮਾਨਿ= ਵਿਚਾਰਿਆ, ਪੁਨਾ ਅਕਲ ਰੂਪ ਪਰਮੇਸ਼ਰ ਦੇ ਧਿਆਨ ਵਿਖੇ ਬਿਰਤੀ ਲੱਗੀ ਤਾਂ ਪਾਰਸ ਰੂਪ ਪ੍ਰਮਾਤਮਾ ਸਹਜੇ ਹੀ ਅੰਤਹ-ਕਰਨ ਰੂਪ ਘਰ ਵਿਚ ਮਿਲ ਪਿਆ।

ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ॥

ਸਤਗੁਰ ਪਰਸਾਦਿ= ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਕਰ ਕੇ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਨੇ ਪਰਮ ਪਦਵੀ ਨੂੰ ਪਾਇਆ ਹੈ, ਆਪ ਜੀ ਦੇ ਅੰਤਹ-ਕਰਨ ਰੂਪ ਭੰਡਾਰੇ ਭਾਇ ਭਗਤਿ= ਪ੍ਰੇਮਾ ਭਗਤੀ ਨਾਲ ਭਰੇ ਹੋਏ ਹਨ।

ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ॥

(ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਤੁਹਾਡੀ ਕਿਰਪਾ ਕਰ ਕੇ ਜਿਸ ਵੇਲੇ ਸਿੱਖਾਂ ਦਾ) ਚਿਤ ਸਤ ਸੰਤੋਖ ਆਦਿਕ ਸ਼ੁਭ ਗੁਣਾਂ ਰੂਪ ਸਰੋਵਰ ਵਿਖੇ ਲੱਗਾ ਤਾਂ ਆਪ ਜੀ ਨੇ ਉਨ੍ਹਾਂ ਸਿੱਖਾਂ ਦਾ ਜੰਮਣਾ ਤੇ ਅੰਤ ਨੂੰ ਮਰਨਾ ਮੇਟ ਦਿੱਤਾ, ਜਿਸ ਵੇਲੇ ਜੰਮਣਾ ਮਰਨਾ ਮੇਟਿਆ ਤਾਂ ਹੀ ਜਮਾਂ ਦਾ ਭਉ= ਡਰ ਦੌੜ ਗਿਆ।

ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥ ੪॥

ਕਲ ਨਾਮਾ ਕਵੀ ਕਹਿੰਦਾ ਹੈ— ਹੇ ਠਕੁਰ ਸੰਗਿਆ ਦੇ ਬਾਬਾ ਹਰਦਾਸ ਜੀ ਦੇ ਤਨੇ= ਸਪੁੱਤਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਅਭਰ ਸਰੋਵਰਾਂ ਦੇ ਭਰਨ ਵਾਲੇ ਹੋ॥ ੪॥

ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ॥

ਅਭਰ ਭਰੇ= ਖਾਲੀਆਂ ਨੂੰ ਭਰਨ ਵਾਲਾ ਜੋ ਪਰਮੇਸ਼ਰ ਹੈ, ਉਸ ਅਪਾਰ ਰੂਪ ਪਰਮਾਤਮਾ ਨੂੰ ਆਪ ਜੀ ਨੇ ਪਾਇਆ ਹੈ ਤੇ ਹਿਰਦੇ ਅੰਦਰ ਵੀ ਉਸੇ ਵਾਹਿਗੁਰੂ ਨੂੰ ਆਪ ਜੀ ਨੇ ਧਾਰਿਆ ਹੋਇਆ ਹੈ।

ਦੁਖ ਭੰਜਨੁ ਆਤਮ ਪ੍ਰਬੋਧੁ ਮਨਿ ਤਤੁ ਬੀਚਾਰਿਓ॥

ਦੁੱਖਾਂ ਦੇ ਨਾਸ ਕਰਨ ਵਾਲੇ ਪ੍ਰਮਾਤਮਾ ਦਾ ਆਪ ਜੀ ਨੂੰ ਪ੍ਰਬੋਧੁ= ਗਿਆਨ ਪ੍ਰਾਪਤ ਹੈ ਅਤੇ ਮਨ ਵਿਖੇ ਸਭ ਵੇਦਾਂ ਸ਼ਾਸਤ੍ਰਾਂ ਦੇ ਤਤ੍ਤ= ਸਿਧਾਂਤ ਰੂਪ ਪ੍ਰਮਾਤਮਾ ਨੂੰ ਵਿਚਾਰਨਾ ਕੀਤਾ ਹੈ।

ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ॥

ਹਰੀ ਵਿਖੇ ਭਾਇ= ਪ੍ਰੇਮ ਕਰਨ ਦਾ ਤੁਹਾਨੂੰ ਸਦਾ ਹੀ ਚਾਅ ਚੜ੍ਹਿਆ ਰਹਿੰਦਾ ਹੈ ਫਿਰ ਆਪ ਹੀ ਪ੍ਰੇਮ ਦੇ ਰਸੁ= ਅਨੰਦ ਨੂੰ ਜਾਣਦੇ ਹੋ।

ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਇ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਕਰ ਕੇ ਗਿਆਨ ਸੰਯੁਕਤ ਹੋ ਕੇ ਪ੍ਰਭੂ ਦੇ ਰੰਗੁ= ਅਨੰਦ ਨੂੰ ਮਾਣਇ= ਭੋਗਦੇ ਹੋ।

ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਸਾਦਿ= ਕਿਰਪਾ ਕਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੁ= ਸ੍ਰੇਸ਼ਟ

ਮਤੀ ਪ੍ਰਾਪਤ ਹੋਈ ਹੈ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਕਿਰਪਾ ਕਰ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸਾਰਿਆਂ ਜੀਵਾਂ ਉਤੇ ਆਪਣਾ ਅਮਰੁ= ਹੁਕਮ ਵਰਤਾਉਣਾ ਕੀਤਾ ਹੈ।

*ਅਥਵਾ-*ਕਾਲ ਉਪਰ ਵੀ ਆਪਣਾ ਅਮਰੁ= ਹੁਕਮ ਵਰਤਾਉਣਾ ਕੀਤਾ ਹੈ।

*ਅਥਵਾ-*ਅਕਾਲ ਪੁਰਖ ਦੇ ਅਮਰੁ= ਹੁਕਮ ਨੂੰ ਵਰਤਾਇਓ= ਵਰਤੋਂ ਵਿਚ ਲਿਆਉਣਾ ਕੀਤਾ ਹੈ।

ਗੁਰ ਰਾਮਦਾਸ ਕਲੁਚਰੈ ਤੈਂ ਅਟਲ ਅਮਰ ਪਦੁ ਪਾਇਓ ॥ ੫ ॥

ਕਲ ਨਾਮਾ ਭੱਟ ਉਚਾਰਦਾ ਹੈ-ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਕਰ ਕੇ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਤੈਂ= ਆਪ ਜੀ ਨੇ ਹਮੇਸ਼ਾਂ ਅਟਲ= ਥਿਰ ਰਹਿਣ ਵਾਲੇ ਅਮਰ ਪਦੁ= ਅਬਿਨਾਸ਼ੀ ਪਦ ਨੂੰ ਪਾਉਣਾ ਕੀਤਾ ਹੈ॥ ੫ ॥

ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਆਪ ਜੀ (ਸਤ) ਸੰਤੋਖ (ਧੀਰਜ, ਧਰਮ, ਵਿਚਾਰ ਆਦਿਕ ਸ਼ੁਭ ਗੁਣਾਂ ਰੂਪ) ਸਰੋਵਰ ਵਿਖੇ ਵਸ ਰਹੇ ਹੋ।

*ਅਥਵਾ-*ਆਪ ਜੀ ਦੇ ਅੰਤਹ-ਕਰਨ ਰੂਪ ਸਰੋਵਰ ਵਿਚ ਸਤ ਸੰਤੋਖ ਆਦਿਕ ਸ਼ੁਭ ਗੁਣ ਵਸ ਰਹੇ ਹਨ। *ਅਥਵਾ-*ਸੰਤੋਖ ਦਾ ਸਰੋਵਰ ਜੋ ਪ੍ਰਮਾਤਮਾ ਹੈ ਉਹ ਆਪ ਜੀ ਦੇ ਹਿਰਦੇ ਵਿਚ ਵਸ ਰਿਹਾ ਹੈ ਅਤੇ ਰਸਨਾ ਦੁਆਰਾ ਆਪ ਜੀ ਪ੍ਰਭੂ ਦੇ ਨਾਮ ਅੰਮ੍ਰਿਤ ਰਸ ਨੂੰ ਪ੍ਰਕਾਸੈ= ਪ੍ਰਗਟ ਕਰਦੇ ਹੋ।

ਮਿਲਤ ਸਾਂਤਿ ਉਪਜੈ ਦੁਰਤੁ ਦੁਰੰਤਰਿ ਨਾਸੈ ॥

ਆਪ ਜੀ ਨਾਲ ਮਿਲਣ ਕਰ ਕੇ ਭਾਵ ਆਪ ਜੀ ਦਾ ਦਰਸ਼ਨ ਕੀਤਿਆਂ ਹੀ ਮਨ ਵਿਚ ਸ਼ਾਂਤੀ ਉਪਜੈ-ਪੈਦਾ ਹੁੰਦੀ ਹੈ ਅਤੇ ਦੁਰਤੁ= ਪਾਪ ਦੁਰੰਤਰਿ= ਦੂਰ ਹੀ ਨਸ ਜਾਂਦੇ ਹਨ।

ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਦਿੰਤੁ= ਦਿੱਤਾ ਹੋਇਆ ਸੁਖ ਸਾਗਰੁ= ਪ੍ਰਮਾਤਮਾ ਆਪ ਜੀ ਨੇ ਪਾਇਆ ਹੈ, ਹਰੀ ਪ੍ਰਭੂ ਦੇ ਮਗਿ= ਰਸਤੇ ਵਿਖੇ ਚਲਦੇ ਹੋਏ ਆਪ ਜੀ ਹੁਟੈ= ਥੱਕਦੇ ਨਹੀਂ ਹੋ।

*ਅਥਵਾ-*ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਤੁਹਾਡੇ ਸੇਵਕਾਂ ਨੇ ਆਪ ਜੀ ਦਾ ਦਿੰਤੁ= ਦਿੱਤਾ ਹੋਇਆ ਸੁਖਾਂ ਦੇ ਸਮੁੰਦਰ ਰੂਪ ਪ੍ਰਭੂ ਦਾ ਗਿਆਨ ਪਾਇਆ ਹੈ, ਇਸ ਕਰ ਕੇ ਤੁਹਾਡੇ ਸੇਵਕ ਹਰੀ ਦੇ ਗਿਆਨ ਵੈਰਾਗ ਰੂਪ ਰਸਤੇ ਵਿਖੇ ਚਲਦੇ ਹੋਏ ਹੁਟਦੇ ਨਹੀਂ ਭਾਵ ਥਕਦੇ ਨਹੀਂ ਹਨ।

ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥

ਸੰਜਮੁ= ਇੰਦ੍ਰੀਆਂ ਦਾ ਦਮਨ ਕਰਨਾ, ਸਤੁ= ਸੱਚ ਬੋਲਣਾ, ਸੰਤੋਖੁ= ਜਥਾ ਲਾਭ ਤਥਾ ਸੰਤੁਸ਼ਟ ਰਹਿਣਾ ਇਤਿਆਦਿਕ ਸ਼ੁਭ ਗੁਣ ਹੀ ਆਪ ਜੀ ਨਾਲ ਸੂਰਮੇ ਹਨ, ਸੀਲ ਸੁਭਾਅ ਰੂਪੀ ਇਕ ਮਫੁਟੈ= ਅਫੁਟ ਸੰਨਾਹੁ= ਸੰਜੋਅ ਆਪ ਜੀ ਨੇ ਪਹਿਰੀ ਹੋਈ ਹੈ (ਜੋ ਕੁਤਰਕਾਂ ਰੂਪੀ ਤਲਵਾਰ ਨਾਲ ਕੱਟੀ ਨਹੀਂ ਜਾਂਦੀ।)

ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਓ ਜਗਿ ਜਸ ਤੂਰੁ ਬਜਾਇਅਉ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਬਿਧ ਨੈ= ਬਿਧਾਤਾ (ਪ੍ਰਮਾਤਮਾ) ਨੇ ਤੁਹਾਨੂੰ ਸ੍ਰੀ ਗੁਰੂ ਅਮਰਦਾਸ

ਸਾਹਿਬ ਜੀ ਦੇ ਪ੍ਰਮਾਣੁ= ਸਦਰਸ਼ ਸਿਰਿਓ= ਸਿਰਜਣਾ ਕੀਤਾ ਹੈ ਅਤੇ ਸਾਰੇ ਜਗਤ ਵਿਚ ਇਕ ਆਪ ਜੀ ਦਾ ਹੀ ਜਸ ਰੂਪੀ ਤੂਰੁ= ਵਾਜਾ ਬਜਾਇਅਉ= ਵਜਾਣਾ ਕੀਤਾ ਹੈ।

ਗੁਰ ਰਾਮਦਾਸ ਕਲ੍ਹੁਚਰੈ ਤੈ ਅਭੈ ਅਮਰ ਪਦੁ ਪਾਇਅਉ ॥ ੬ ॥

ਕਲ ਨਾਮਾ ਭੱਟ ਉਚਾਰਦਾ ਹੈ- ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਤੈ= ਆਪ ਜੀ ਨੇ ਅਭੈ= ਨਿਰਭੈ ਅਮਰ ਪਦਵੀ ਨੂੰ ਪਾਇਅਉ= ਪਾਉਣਾ ਕੀਤਾ ਹੈ॥ ੬ ॥

ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪ੍ਰਮਾਣਿ= ਸਦਰਸ਼ ਸਾਰੇ ਜਗਤ ਨੂੰ ਜਿੱਤਣਾ ਕੀਤਾ ਹੈ ਅਤੇ ਮਨ ਵਿਚ ਇਕ ਵਾਹਿਗੁਰੂ ਨੂੰ ਧਿਆਉਣਾ ਕੀਤਾ ਹੈ।

ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਧਨਿ ਧਨਿ= ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਆਪ ਜੀ ਨੂੰ ਵਾਹਿਗੁਰੂ ਨਾਮ ਦ੍ਰਿੜ੍ਹ ਕਰਵਾਇਆ ਹੈ।

ਨਵ ਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ ॥

ਪ੍ਰਭੂ ਦਾ (ਵਾਹਿਗੁਰੂ) ਨਾਮ ਨੌਂ ਨਿਧੀਆਂ ਦਾ ਨਿਧਾਨੁ= ਖਜ਼ਾਨਾ ਹੈ ਅਤੇ ਰਿਧੀਆਂ ਸਿਧੀਆਂ ਵੀ ਉਸ ਨਾਮ ਦੀਆਂ ਦਾਸੀਆਂ ਹਨ। *ਅਥਵਾ—* ਤਾ ਕੀ= ਤਿਸ ਗੁਰੂ ਅਮਰਦਾਸ ਸਾਹਿਬ ਜੀ ਦੀਆਂ ਦਾਸੀਆਂ ਹਨ।

ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ ॥

ਸਹਜ= ਸ਼ਾਂਤੀ ਆਦਿਕ ਸ਼ੁਭ ਗੁਣਾਂ ਦਾ ਸਰੋਵਰ ਜੋ ਗੁਰੂ ਹਨ, ਉਨ੍ਹਾਂ ਨਾਲ ਮਿਲਣ ਕਰ ਕੇ ਆਪ ਜੀ ਨੂੰ ਅਬਿਨਾਸੀ ਪੁਰਖੁ= ਪ੍ਰਮਾਤਮਾ ਆ ਕੇ ਭੇਟਿਓ= ਮਿਲਿਆ ਹੈ।

ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਅਉ ॥

ਆਦਿ ਲੇ= ਪਹਿਲੇ ਜੁਗਾਂ ਦੇ ਭਗਤ, ਵਾ-ਇਸ ਵਰਤਮਾਨ ਸਮੇਂ ਤੋਂ ਪਹਿਲੇ ਦੇ ਭਗਤ ਜਿਸ ਨਾਮ ਵਿਖੇ ਲੱਗ ਕੇ ਸੰਸਾਰ-ਸਮੁੰਦਰ ਤੋਂ ਤਰੇ ਹਨ, ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਤੁਹਾਨੂੰ ਓਹੀ ਨਾਮ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਦ੍ਰਿੜ੍ਹ ਕਰਾਇਆ ਹੈ।

ਗੁਰ ਰਾਮਦਾਸ ਕਲ੍ਹੁਚਰੈ ਤੈ ਹਰਿ ਪ੍ਰੇਮ ਪਦਾਰਥੁ ਪਾਇਅਉ ॥ ੭ ॥

ਕਲ ਨਾਮਾ ਭੱਟ ਉਚਾਰਦਾ ਹੈ— ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਤੈ-ਆਪ ਜੀ ਨੇ ਹਰੀ ਦੇ ਪ੍ਰੇਮ ਪਦਾਰਥ ਨੂੰ ਪਾਉਣਾ ਕੀਤਾ ਹੈ।

ਅਥਵਾ- ਪ੍ਰੇਮ ਪਦਾਰਥ ਕਰ ਕੇ ਆਪ ਜੀ ਨੇ ਹਰੀ ਨੂੰ ਪਾਉਣਾ ਕੀਤਾ ਹੈ॥ ੭ ॥

ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਦੇ ਮੁੰਹੋਂ ਜੋ ਬਾਣੀ ਉਚਾਰਨ ਹੋ ਰਹੀ ਹੈ, ਏਹੀ ਇਕ ਪ੍ਰੇਮਾ ਭਗਤੀ ਦਾ ਪ੍ਰਵਾਹ ਚਲ ਰਿਹਾ ਹੈ।

ਅਥਵਾ-ਆਪ ਜੀ ਦੇ ਪ੍ਰਤੱਖ ਦਰਬਾਰ ਵਿਚ ਨਿਰੰਕਾਰ ਦੀ ਪ੍ਰੇਮਾ ਭਗਤੀ ਦਾ ਪ੍ਰਵਾਹ ਚਲ ਰਿਹਾ ਹੈ ਅਤੇ ਨਿਰੰਕਾਰ ਵਿਚ ਜੋ ਆਪ ਜੀ ਦੀ ਪੂਰਬਲੀ ਪ੍ਰੀਤੀ ਲੱਗ ਰਹੀ ਹੈ, ਉਹ ਹੁਣ ਤਕ ਹਟੀ ਨਹੀਂ ਹੈ।

ਅਥਵਾ-ਜਿਸ ਵਕਤ ਲਾਹੌਰੋਂ ਚੱਲ ਕੇ ਆਪ ਸ੍ਰੀ ਗੋਇੰਦਵਾਲ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਚਰਨਾਂ ਵਿਚ ਆਏ ਸੀ, ਉਸ ਵਕਤ ਦੀ ਜੋ ਪ੍ਰੀਤੀ ਆਪ ਜੀ ਦੇ ਹਿਰਦੇ ਵਿਚ ਸੀ ਉਹ ਪੂਰਬਲੀ ਪ੍ਰੀਤੀ ਹੁਣ ਤਕ ਨਹੀਂ ਹਟੀ। ਭਾਵੇਂ ਸ੍ਰੀ ਗੁਰੂ ਅਮਰਵਾਸ ਜੀ ਨੇ ਆਪਣੀ ਸਪੁੱਤਰੀ ਦਾ ਵਿਆਹ ਭੀ ਆਪ ਜੀ ਨਾਲ ਕਰ ਦਿੱਤਾ ਫੇਰ ਵੀ ਪੂਰਬਲੀ ਪ੍ਰੀਤੀ ਆਪ ਨੇ ਛੱਡੀ ਨਹੀਂ। ਵਿਆਹ ਹੋਣ ਤੋਂ ਮਗਰੋਂ ਵੀ ਆਪ ਜੀ ਟੋਕਰੀ ਚੁੱਕ ਕੇ ਲਗਾਤਾਰ ਸੇਵਾ ਕਰਦੇ ਰਹੇ ਹੋ।

ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ॥

ਅਥਾਹੁ= ਬਿਅੰਤ ਪ੍ਰਭੂ ਦੀ ਪ੍ਰਾਪਤੀ ਕਰਨ ਵਾਲਾ ਜੋ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਸ਼ਬਦ ਹੈ, ਉਸ ਦੁਆਰਾ ਆਪ ਜੀ ਨਾਮ ਰੂਪ ਅੰਮ੍ਰਿਤ ਧਾਰਾ ਦਾ ਰਸ, ਵਾ-ਬ੍ਰਹਮਾਨੰਦ ਰੂਪ ਅੰਮ੍ਰਿਤ ਧਾਰਾ ਦਾ ਰਸ ਗੁਟਇ= ਗਟ-ਗਟ ਕਰ ਕੇ ਲੈ ਰਹੇ ਹੋ।

ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ॥

ਆਤਮ ਵਿਸ਼ੈਣੀ ਮਤੀ ਇਹ ਆਪ ਜੀ ਦੀ ਮਾਤਾ ਹੈ, ਸੰਤੋਖ ਧਾਰਨਾ ਇਹ ਆਪ ਜੀ ਦਾ ਪਿਤਾ ਹੈ, ਸਹਜ= ਸ਼ਾਂਤੀ ਰੂਪ ਸਰਿ= ਸਰੋਵਰ ਵਿਚ ਆਪ ਜੀ ਹਰ ਵੇਲੇ ਸਮਾਏ ਰਹਿੰਦੇ ਹੋ।

ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ॥

ਆ-ਜੋਨੀ= ਜੂਨੀਆਂ ਤੋਂ ਰਹਿਤ ਹੋ ਤੇ ਸੰਭਵਿਅਉ= ਸੁਤੇ ਪ੍ਰਕਾਸ਼ ਰੂਪ ਹੋ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਬਚਨਾਂ ਦੁਆਰੇ ਆਪ ਜੀ ਨੇ ਸਾਰੇ ਸੰਸਾਰ ਨੂੰ ਤਾਰਨਾ ਕੀਤਾ ਹੈ।

ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰ ਸਬਦੁ ਵਸਾਇਅਉ॥

ਜੋ ਪ੍ਰਮੇਸ਼ਰ ਅਬਿਗਤ= ਅਵਯਕਤ ਭਾਵ ਅਦ੍ਰਿਸ਼ਟ ਅਤੇ ਅਗੋਚਰੁ= ਇੰਦ੍ਰੀਆਂ ਕਰ ਕੇ ਅਵਿਸ਼ੇ ਤੇ ਅਪਰ+ਪਰੁ= ਸੰਸਾਰ ਤੋਂ ਪਰੇ ਹੈ ਉਸ ਦੀ ਪ੍ਰਾਪਤੀ ਕਰਨ ਵਾਲੇ ਗੁਰ ਉਪਦੇਸ਼ ਨੂੰ ਤੁਸੀਂ ਆਪਣੇ ਮਨ ਵਿਚ ਵਸਾਇਅਉ= ਵਸਾਣਾ ਕੀਤਾ ਹੈ।

ਗੁਰ ਰਾਮਦਾਸ ਕਲੵਚਰੈ ਤੈ ਜਗਤ ਉਧਾਰਣੁ ਪਾਇਅਉ॥ ੮॥

ਕਲ ਨਾਮਾ ਭੱਟ ਉਚਾਰਦਾ ਹੈ- ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਤੈ= ਆਪ ਜੀ ਨੇ ਜਗਤ ਤੋਂ ਤਾਰਨ ਵਾਲਾ ਨਾਮ-ਗਿਆਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਾਸੋਂ ਪਾਉਣਾ ਕੀਤਾ ਹੈ।

ਵਾ- ਤੈ= ਆਪ ਜੀ ਨੇ ਆਪਣਿਆਂ ਸੇਵਕਾਂ ਨੂੰ ਜਗਤ ਤੋਂ ਉਧਾਰਨਾ ਪਾਇਆ ਹੈ॥ ੮॥

ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ॥
ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਆਪ ਜੀ ਦੇ ਪਾਸ ਉਹ ਹਰੀ ਨਾਮ ਦੀ ਦਾਤ ਹੈ, ਜਿਸ ਨਾਮ ਦੀ ਇਕ ਅੰਮ੍ਰਿਤ ਬੂੰਦ ਜਗਤ ਉਧਾਰਣੁ= ਜੀਵਾਂ ਨੂੰ ਸੰਸਾਰ-ਸਮੁੰਦਰ ਤੋਂ ਤਾਰਨ ਵਾਲੀ ਹੈ। ਅਤੇ—

ਨਵ ਨਿਧਾਨੁ= ਨੌਂ ਨਿਧੀਆਂ ਦਾ ਖਜ਼ਾਨਾ ਬਖਸ਼ਣ ਵਾਲੀ ਹੈ। ਫਿਰ ਭਗਤਹ ਭਵ ਤਾਰਣੁ= ਭਗਤਾਂ ਨੂੰ ਸੰਸਾਰ ਸਾਗਰ ਤੋਂ ਤਾਰਨ ਵਾਲੀ ਹੈ ਤੇ **ਬਿਸੁ ਕੀ ਬਿਧੈ ਨਿਵਾਰਣੁ**= ਵਿਸ਼ਿਆਂ ਦੀ ਵਿਹੁ (ਜ਼ਹਿਰ) ਨੂੰ ਨਾਸ ਕਰਨ ਵਾਲੀ ਹੈ।

ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ॥

ਆਪ ਸਹਜ= ਸ਼ਾਂਤੀ ਦੇ ਤਰੋਵਰ= ਕਲਪ ਬ੍ਰਿਛ ਫਲੀ ਭੂਤ ਹੋਏ ਹੋ, ਨਿਸ਼ਕਾਮ ਕਰਮਾਂ ਰੂਪ ਪੱਤੇ ਹਨ, ਕਰੁਣਾ, ਮੈਤ੍ਰੀ, ਮੁੱਦਤਾ ਰੂਪ ਟਾਹਣੀਆਂ ਹਨ, ਧਰਮ ਰੂਪੀ ਫੁਲ ਹਨ ਅਤੇ ਅੰਮ੍ਰਿਤ= ਮੌਤ ਤੋਂ ਰਹਿਤ ਕਰਨ ਵਾਲਾ ਗਿਆਨ ਰੂਪ ਅੰਮ੍ਰਿਤ ਫਲ ਲੱਗ ਰਿਹਾ ਹੈ।

ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਦੀ ਪ੍ਰਸਾਦਿ= ਕਿਰਪਾ ਦੁਆਰੇ ਜਿਹਨਾਂ ਨੇ ਅਜਿਹੇ ਗਿਆਨ ਰੂਪ ਅੰਮ੍ਰਿਤ ਫਲ ਦੀ ਪ੍ਰਾਪਤੀ ਪਾਈ ਹੈ, ਉਹ ਵਡਭਾਗੀ ਪੁਰਸ਼ ਧੰਨਤਾ ਦੇ ਯੋਗ ਹਨ।

ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ॥

ਹੇ ਗੁਰ= ਪੂਜਨੀਕ ਸਤਿਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਦੇ ਸਬਦਿ= ਉਪਦੇਸ਼ ਵਿਚ ਜਿਨ੍ਹਾਂ ਨੇ ਆਪਣੇ ਮਨ ਦਾ ਪਰਚਾ= ਪ੍ਰੇਮ ਪਾਇਆ ਹੈ ਤੇ ਮੁਕਤੇ ਭਏ= ਉਹ ਪੁਰਸ਼ ਸੰਸਾਰ ਵਿਚ ਮੁਕਤ ਰੂਪ ਹੋਏ ਹਨ।

ਗੁਰ ਰਾਮਦਾਸ ਕਲ੍ਹੁਚਰੈ ਤੈ ਸਬਦ ਨੀਸਾਨੁ ਬਜਾਇਅਉ॥ ੯॥

ਕਲ ਨਾਮਾ ਭੱਟ ਉਚਾਰਨ ਕਰਦਾ ਹੈ- ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਤੈ= ਆਪ ਜੀ ਨੇ ਸ਼ਬਦ ਰੂਪ ਨੀਸਾਨੁ= ਨਗਾਰਾ ਸਾਰੇ ਸੰਸਾਰ ਵਿਚ ਵਜਾਉਣਾ ਕੀਤਾ ਹੈ।

*ਅਥਵਾ-*ਸਬਦ= ਬ੍ਰਹਮ ਦਾ ਜਸ ਰੂਪ ਨੀਸਾਨੁ= ਨਗਾਰਾ ਵਜਾਉਣਾ ਕੀਤਾ ਹੈ॥ ੯॥

[ਪੰਨਾ ੧੩੯੮]

ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ॥

ਸਧਾ= ਸ਼ਰਧਾ ਵਸਿਸ਼ਟ ਜੋ ਸਿੱਖਾਂ ਦੇ ਅੰਤਹਕਰਨ ਹਨ ਇਹ ਆਪ ਜੀ ਦੀ ਸਿਹਜਾ ਹੈ ਅਤੇ ਸਹਜੁ= ਸ਼ਾਂਤੀ ਰੂਪ ਛਾਵਾਣੁ= ਚੰਦੋਆ ਆਪ ਜੀ ਦੇ ਉਪਰ ਸੋਭ ਰਿਹਾ ਹੈ।

*ਅਥਵਾ-*ਸਹਜੁ ਛਾਵਾਣੁ= ਸ਼ਾਂਤੀ ਰੂਪ ਵਿਛਾਉਣਾ ਸੋਭ ਰਿਹਾ ਹੈ, ਸੰਤੋਖ ਰੂਪ ਸਰਾਇਚਉ= ਕਨਾਤਾਂ ਸੋਭ ਰਹੀਆਂ ਹਨ, ਹੇ ਗਰੀਬ ਨਿਵਾਜ਼ ਜੀਓ! ਆਪ ਜੀ ਦੇ ਸਰੀਰ ਉਤੇ ਸਦਾ ਹੀ ਸੀਲ ਸੁਭਾਅ ਰੂਪੀ ਸੰਨਾਹੁ ਸੋਹੈ= ਸੰਜੋਅ ਸੋਭ ਰਹੀ ਹੈ।

ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਸਬਦਿ= ਉਪਦੇਸ਼ ਨੂੰ ਜੋ ਆਪ ਜੀ ਨੇ ਸਮਾਚਰਿਓ= ਸਮ+ਅਚਰਿਓ ਭਾਵ ਭਲੀ ਪ੍ਰਕਾਰ ਗ੍ਰਹਿਣ ਕੀਤਾ ਹੈ। ਏਹੀ ਆਪ ਜੀ ਨੇ ਢਾਲ ਫੜੀ ਹੋਈ ਹੈ, ਆਪ ਜੀ ਨੇ ਜੋ ਵਾਹਿਗੁਰੂ ਨਾਮ ਦੀ ਟੇਕ ਗ੍ਰਹਿਣ ਕੀਤੀ ਹੈ, ਏਹੀ ਆਪ ਜੀ ਨੇ ਨੇਜੇ ਦੀ ਟੇਕ ਫੜੀ ਹੈ। ਜਿਵੇਂ ਪ੍ਰਤੱਖ

ਸੂਰਮੇਂ ਦੀ ਉਸਤਤੀ ਹੁੰਦੀ ਹੈ ਤਿਵੇਂ ਆਪ ਜੀ ਦੀ ਉਸਤਤੀ ਰੂਪ ਬੋਹੈ= ਸੁਗੰਧੀ ਸਾਰੀ ਸੰਗਾਦਿ= ਸਤ ਸੰਗਤ ਵਿਚ ਫੈਲ ਰਹੀ ਹੈ।

ਅਥਵਾ-ਆਪ ਜੀ ਦੇ ਜੋ ਸੰਗਾਦਿ= ਸਤ ਸੰਗੀ ਹਨ, ਉਨ੍ਹਾਂ ਵਿਚ ਆਪ ਜੀ ਨੇ ਭਗਤੀ ਰੂਪ ਬੋਹੈ= ਸੁਗੰਧੀ ਪਾ ਦਿੱਤੀ ਹੈ।

ਆਜੋਨੀਉ ਭਲੁ ਅਮਲੁ ਸਤਿਗੁਰ ਸੰਗਿ ਨਿਵਾਸੁ ॥

ਆਪ ਜੂਨੀਆਂ ਤੋਂ ਰਹਿਤ ਹੋ ਅਤੇ ਆਪ ਜੀ ਦੇ ਅਮਲੁ= ਕਰਮ ਸਾਰਿਆਂ ਨਾਲੋਂ ਭਲੁ= ਚੰਗੇ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਨਾਲ ਆਪ ਜੀ ਦਾ ਨਿਵਾਸ ਹੈ। ਭਾਵ-ਸਤਿਗੁਰਾਂ ਦੇ ਚਰਨਾਂ ਵਿਖੇ ਆਪ ਜੀ ਦਾ ਚਿਤ ਜੁੜਿਆ ਰਹਿੰਦਾ ਹੈ।

ਅਥਵਾ-ਭਲੁ-ਭਲਿਆਂ ਦੀ ਵੰਸ 'ਚੋਂ, ਵਾ-ਚੰਗਿਆਂ ਕਰਮਾਂ ਦੇ ਕਰਨ ਵਾਲੇ ਜੋ ਆਜੋਨੀਉ= ਜੂਨੀਆਂ ਤੋਂ ਰਹਿਤ ਸ੍ਰੀ ਗੁਰੂ ਅਮਰਦਾਸ ਜੀ ਹਨ, ਉਨ੍ਹਾਂ ਸਤਿਗੁਰਾਂ ਦੇ ਨਾਲ ਆਪ ਜੀ ਦਾ ਨਿਵਾਸ ਹੈ।

ਗੁਰ ਰਾਮਦਾਸ ਕਲੁਚਰੈ ਤੁਅ ਸਹਜ ਸਰੋਵਰਿ ਬਾਸੁ ॥ ੧੦ ॥

ਕਲ ਨਾਮਾ ਭੱਟ ਉਚਰੈ= ਉਚਾਰਦਾ ਹੈ—ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ, ਤੁਅ= ਆਪ ਜੀ ਦਾ ਸਹਜ= ਸ਼ਾਂਤੀ ਆਦਿਕ ਸ਼ੁਭ-ਗੁਣਾਂ ਦੇ ਸਰੋਵਰ ਵਿਚ ਬਾਸੁ= ਨਿਵਾਸ ਹੈ॥ ੧੦॥

ਕਲ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ-ਹੇ ਭੱਟੋ!

ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥

ਜਿਨ੍ਹਾਂ ਉਤੇ ਗੁਰੂ ਸਾਹਿਬ ਜੀ ਪ੍ਰਸੰਨ ਹੁੰਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਹਰੀ ਨਾਮ ਦਾ ਨਿਵਾਸ ਹੁੰਦਾ ਹੈ।

ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥

ਫਿਰ ਜਿਨ੍ਹਾਂ ਉਤੇ ਗੁਰੂ ਸਾਹਿਬ ਜੀ ਪ੍ਰਸੰਨ ਹੁੰਦੇ ਹਨ, ਉਨ੍ਹਾਂ ਦੇ ਸੰਚਿਤ ਦੁਰਤੁ= ਪਾਪ ਕਰਮ ਦੂਰੰਤਰਿ= ਦੂਰ ਹੀ ਨਸ ਜਾਂਦੇ ਹਨ।

ਅਥਵਾ-ਪਰਮੇਸ਼ਰ ਵਲੋਂ ਅੰਤਰਾ ਭੇਦ ਪਾਉਣ ਵਾਲੇ ਦੁਰਤੁ= ਪਾਪ ਦੂਰ ਹੀ ਨਸ ਜਾਂਦੇ ਹਨ।

ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥

ਜਿਨ੍ਹਾਂ ਉਤੇ ਗੁਰੂ ਸਾਹਿਬ ਜੀ ਪ੍ਰਸੰਨ ਹੁੰਦੇ ਹਨ, ਉਹ ਮਨੁੱਖ ਦੁੰਦਵਾਦ ਰੂਪ ਮਾਨੁ ਅਭਿਮਾਨੁ= ਆਦਰ ਨਿਰਾਦਰ ਨੂੰ ਨਵਿਰਤ ਕਰ ਦਿੰਦੇ ਹਨ।

ਅਥਵਾ-ਆਪਣੇ ਮਾਨ ਕਰਾਉਣ ਦੀ ਇੱਛਾ ਨੂੰ ਅਤੇ ਦੂਸਰਿਆਂ ਦੇ ਅਭਿਮਾਨੁ= ਅਪਮਾਨ ਭਾਵ ਨਿਰਾਦਰ ਕਰਨ ਦੀ ਇੱਛਾ ਨੂੰ ਨਵਿਰਤ ਕਰ ਦਿੰਦੇ ਹਨ।

ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥

ਜਿਨ੍ਹਾਂ ਉਤੇ ਗੁਰੂ ਸਾਹਿਬ ਜੀ ਪ੍ਰਸੰਨ ਹੁੰਦੇ ਹਨ, ਉਹ ਮਨੁੱਖ ਗੁਰ ਉਪਦੇਸ਼ ਵਿਚ ਲੱਗ ਕੇ ਆਪਣੇ ਆਪ ਨੂੰ ਸੰਸਾਰ-ਸਮੁੰਦਰ ਤੋਂ ਤਾਰ ਲੈਂਦੇ ਹਨ।

ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ॥

ਜਿਨ੍ਹਾਂ ਨੇ ਪ੍ਰਮਾਨੀਕ ਸਤਿਗੁਰਾਂ ਦੇ ਪਰਚਉ= ਉਪਦੇਸ਼ ਨੂੰ ਪਾਉਣਾ ਕੀਤਾ ਹੈ, ਉਨ੍ਹਾਂ ਪੁਰਸ਼ਾਂ ਦਾ ਹੀ ਜਗਤ ਵਿਚ ਮਨੁੱਖਾ ਜਨਮ ਲੈਣਾ ਸਕਯਥਉ= ਸਫਲਾ ਹੈ।

ਸ੍ਰੀ ਗੁਰੂ ਸਰਣਿ ਭਜੁ ਕਲ੍ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ॥ ੧੧॥

ਕਲ ਨਾਮਾ ਕਵੀ ਜਨ ਕਥਨ ਕਰਦਾ ਹੈ—ਹੇ ਭੱਟੋ! ਤੁਸੀਂ ਸਾਰੇ ਦੌੜ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਦੀ ਸ਼ਰਨ ਵਿਚ ਭਜੁ= ਪੈਣਾ ਕਰੋ ਕਿਉਂਕਿ ਗੁਰੂ ਸਾਹਿਬ ਜੀ ਦੀ ਚਰਨੀਂ ਲੱਗਿਆਂ ਭੋਗ ਮੋਖ ਆਦਿਕ ਸਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ॥ ੧੧॥

ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਨੇ ਹੀ ਪ੍ਰਤੱਖ ਅਕਾਸ਼ ਰੂਪ ਖੇਮਾ= ਚੰਦੋਆ (ਤੰਬੂ) ਤਾਣਨਾ ਕੀਤਾ ਹੈ। ਜਿਸ ਅਕਾਸ਼ ਵਿਖੇ ਜੂਥ= ਸਮੂਹ ਜੁਗ= ਜੀਵ ਸਮਾ ਰਹੇ ਹਨ। *ਅਥਵਾ-* ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਨੇ ਨਿਰੰਕਾਰ ਪ੍ਰਭੂ ਦੀ ਉਸਤਤੀ ਕਰਨੇ ਰੂਪ ਖੇਮਾ= ਚੰਦੋਆ ਤਾਣਨਾ ਕੀਤਾ ਹੈ ਜਿਸ ਚੰਦੋਏ ਦੇ ਥੱਲੇ ਜੁਗਾਂ ਦੇ ਜੂਥ= ਸਮੂਹ ਜੀਵ ਸਮਾ ਰਹੇ ਹਨ। ਭਾਵ-ਆਪ ਜੀ ਦੇ ਆਸ੍ਰਿਤ ਹੋ ਕੇ ਸਾਰੇ ਜੀਵ ਨਿਰੰਕਾਰ ਪ੍ਰਭੂ ਦਾ ਜਸ ਉਚਾਰ ਰਹੇ ਹਨ।

ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ॥

ਅਨਭਉ= ਪ੍ਰਕਾਸ਼ ਰੂਪ, ਵਾ-ਗਿਆਨ ਸਰੂਪ ਪ੍ਰਮਾਤਮਾ ਦੇ ਨਾਮ ਦੀ ਟੇਕ ਜੋ ਆਪ ਜੀ ਨੇ ਗ੍ਰਹਿਣ ਕੀਤੀ ਹੈ, ਏਹੀ ਆਪ ਜੀ ਨੇ ਨੇਜੇ ਦੀ ਟੇਕ ਫੜੀ ਹੈ, ਜਿਸ ਪ੍ਰਭੂ ਦੇ ਨਾਮ ਨੂੰ ਸਿਮਰ ਕੇ ਭਗਤ ਜਨ ਦੁਨੀਆਂ ਦੇ ਪਦਾਰਥਾਂ ਵਲੋਂ ਅਘਾਣੇ= ਰੱਜ ਗਏ ਹਨ।

(ਹੁਣ ਪੱਧਤੀ ਮੇਲਦੇ ਹਨ—)

ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥

ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪ੍ਰੇਮਾ ਭਗਤੀ ਨੂੰ ਕਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਹਰੀ ਨਾਲ ਸਮਾਏ ਹਨ ਤੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਪ੍ਰੇਮਾ ਭਗਤੀ ਨੂੰ ਕਰ ਕੇ ਸ੍ਰੀ ਗੁਰੂ ਅਮਰਦਾਸ ਜੀ ਹਰੀ.ਨਾਲ ਸਮਾਏ ਹਨ।

ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੇ॥ ੧੨॥

ਤਿਵੇਂ ਹੇ ਗੁਰੂ ਰਾਮਦਾਸ ਸਾਹਿਬ ਜੀ! ਤੁਮ੍ ਹੂ= ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਵਿਚ ਜੁੜ ਕੇ ਇਸ ਰਾਜ ਜੋਗ= ਭਗਤੀ ਜੋਗ ਦੇ ਰਸੁ ਜਾਣੇ= ਅਨੰਦ ਨੂੰ ਜਾਣਨਾ ਕੀਤਾ ਹੈ॥ ੧੨॥

ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ॥
ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ॥

(ਅੰਨਵੇਂ ਪੰਕਤੀਆਂ ਲੱਗਣਹਾਰੀਆਂ)

ਜਿਨਿ= ਜਿਸ ਨੇ ਸਤ, ਸੰਤੋਖ, ਧੀਰਜ, ਧਰਮ, ਵਿਚਾਰ ਆਦਿਕ ਸ਼ੁਭ-ਗੁਣਾਂ ਨੂੰ ਸਮਾਚਰੇ (ਸਮ+

ਅਚਰੇ)= ਭਲੀ ਪ੍ਰਕਾਰ ਗ੍ਰਹਿਣ ਕਰ ਕੇ ਅਭਰਾ ਸਰੁ= ਖਾਲੀ ਸਰੋਵਰ-ਮਨ ਨੂੰ ਨਾਮ-ਜਲ ਨਾਲ ਭਰਨਾ ਕੀਤਾ ਹੈ ਅਤੇ ਆਪਣੀ ਬਿਰਤੀ ਦਾ ਰਥੁ= ਪ੍ਰਵਾਹ ਉਨਮਨਿ= ਤੁਰੀਆ ਪਦ ਵਿਚ ਧਰਿਆ= ਰੱਖਣਾ ਕੀਤਾ ਹੈ।

ਜਨਕੁ ਸੋਇ ਜਾਣਿਆ

ਓਹੀ ਪੁਰਸ਼ ਜਨਕੁ= ਗਿਆਨਵਾਨ ਜਾਣਿਆਂ ਜਾਂਦਾ ਹੈ।

ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ॥

ਜਿਸ ਅਮਰਾ ਪੁਰੀ= ਸਵਰਗ ਪੁਰੀ ਦੀ ਕਥਾ ਅਕਥ ਹੈ, ਉਸ ਸਵਰਗ ਪੁਰੀ ਦਾ ਸੁਖ ਜਿਸ ਨੂੰ ਆਪ ਦੇਂਦੇ ਹੋ, ਓਹੀ ਮਨੁੱਖ ਪਾਉਂਦਾ ਹੈ।

*ਅਥਵਾ-*ਅਮਰਾ= ਮੌਤ ਤੋਂ ਰਹਿਤ ਕਰਨ ਵਾਲੀ ਜੋ ਗੋਇੰਦਵਾਲ ਪੁਰੀ ਹੈ।

ਵਾ-ਸਤ ਸੰਗਤ ਰੂਪ ਪੁਰੀ ਹੈ, ਇਨ੍ਹਾਂ ਦੋਹਾਂ ਪੁਰੀਆਂ ਦਾ ਸੁਖ ਜਿਸ ਨੂੰ ਆਪ ਦਿੰਦੇ ਹੋ, ਓਹੀ ਮਨੁੱਖ ਪਾਉਂਦਾ ਹੈ।

ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ॥ ੧੩॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਇਹ ਜਨਕੁ ਰਾਜੁ= ਗਿਆਨ-ਰਾਜ ਆਪ ਜੀ ਨੂੰ ਪ੍ਰਾਪਤ ਹੋਣਾ ਬਣ ਆਉਂਦਾ ਹੈ, ਕਿਉਂਕਿ ਇਸ ਦੇ ਅਧਿਕਾਰੀ ਆਪ ਜੀ ਹੀ ਹੋ॥ ੧੩॥

ਇਥੋਂ ਤੱਕ ਕਲ ਨਾਮੇ ਭੱਟ ਦੇ ਤੇਰਾਂ ਸਵਈਏ ਪੂਰੇ ਹੋ ਗਏ ਹਨ।

ਅੱਗੋਂ 'ਨਲ' ਨਾਮੇ ਭੱਟ ਦੇ ੪ ਸਵਈਏ ਆਉਣਗੇ—

ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ

ਜਿਹੜਾ ਪੁਰਸ਼ ਸਤਿਗੁਰਾਂ ਦੁਆਰੇ ਆਪਣੇ ਮਨ ਨੂੰ ਦ੍ਰਿੜ੍ਹਤਾ ਵਿਚ ਲਿਆ ਕੇ ਇਕ ਲਿਵ= ਇਕ ਚਿਤ ਹੋ ਕੇ ਪ੍ਰਮੇਸ਼ਰ ਦੇ ਨਾਮ ਨੂੰ ਜਪਣਾ ਕਰਦਾ ਹੈ।

ਤਿਨ੍ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ॥

ਕਹੋ ਖਾਂ, ਤਿਸ ਪੁਰਸ਼ ਨੂੰ ਦੁੱਖ ਅਤੇ ਪਾਪ, ਵਾ-ਪਾਪਾਂ ਦਾ ਫਲ ਦੁੱਖ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ, ਭਾਵ ਨਹੀਂ ਹੋ ਸਕਦਾ।

ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸ੍ਟਿ ਧਾਰੈ

ਸੰਸਾਰ-ਸਮੁੰਦਰ ਤੋਂ ਤਾਰਨੇ ਨੂੰ ਤਰਣ= ਜਹਾਜ਼ ਰੂਪ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਹ ਇਕ ਖਿਨ ਮਾਤ੍ਰ ਵੀ ਜਿਸ ਉਪਰ ਕਿਰਪਾ ਦ੍ਰਿਸ਼ਟੀ ਧਾਰਦੇ ਹਨ—

ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ॥

ਉਹ ਮਨੁੱਖ ਆਪਣੇ ਹਿਰਦੇ ਵਿਚ ਗੁਰ ਉਪਦੇਸ਼ ਨੂੰ ਵਿਚਾਰ ਕੇ ਕਾਮ ਕ੍ਰੋਧ ਆਦਿਕ ਵਿਸ਼ਿਆਂ ਨੂੰ ਨਾਸ ਕਰ ਦਿੰਦਾ ਹੈ।

ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ

ਸਾਰਿਆਂ ਜੀਵਾਂ ਦਾ ਦਾਤਾ ਜੋ ਅਕਾਲ ਪੁਰਖ ਹੈ, ਉਸ ਅਗਮ ਰੂਪ ਪ੍ਰਮਾਤਮਾ ਦਾ ਗਿਆਨ ਉਸ ਮਨੁੱਖ

ਨੂੰ ਬਿਖ੍ਯਾਤਾ= ਪ੍ਰਗਟ ਹੋਇਆ ਹੈ।

ਅਹਿਨਿਸਿ ਧ੍ਯਾਨ ਧਾਵੈ ਪਲਕ ਨ ਸੋਵੈ ਜੀਉ॥

ਜੋ ਦਿਨ ਰਾਤ ਪ੍ਰਭੂ ਦੇ ਧਿਆਨ ਵਿਚ ਦੌੜਦਾ ਹੈ ਅਤੇ ਇਕ ਪਲ ਮਾਤ੍ਰ ਵੀ ਸੌਂਦਾ ਨਹੀਂ ਹੈ।

ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ

ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਦਰਸ਼ਨ ਕੀਤਿਆਂ ਪ੍ਰਤੱਖ ਦਲਿੱਦਰ, ਵਾ—ਅਵਿਦਿਆ ਰੂਪ ਦਲਿੱਦਰ ਨਵਿਰਤ ਹੋ ਜਾਂਦਾ ਹੈ ਅਤੇ ਨਾਮ ਜੋ ਨਿਧੀਆਂ ਦਾ ਖਜ਼ਾਨਾ ਹੈ, ਉਸ ਨੂੰ ਪਾ ਲੈਂਦਾ ਹੈ।

ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ॥

ਗੁਰਮੁਖ ਪੁਰਸ਼ ਮੁਖ ਗੁਰਾਂ ਦੁਆਰੇ ਗਿਆਨ ਦੀ ਪ੍ਰਾਪਤੀ ਕਰ ਕੇ ਜੀਵਾਂ ਵਿਚੋਂ ਦੁਰਮੱਤੜਾ ਰੂਪੀ ਮੈਲ ਨੂੰ ਧੋ ਦਿੰਦੇ ਹਨ।

ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹ

ਜਿਹੜਾ ਪੁਰਸ਼ ਸਤਿਗੁਰਾਂ ਦੁਆਰੇ ਆਪਣੇ ਮਨ ਨੂੰ ਦ੍ਰਿੜ੍ਹਤਾ ਵਿਚ ਲਿਆ ਕੇ ਏਕ ਲਿਵ= ਇਕ ਚਿੱਤ ਹੋ ਕੇ ਪ੍ਰਮੇਸ਼ਰ ਦੇ ਨਾਮ ਨੂੰ ਜਪਣਾ ਕਰਦਾ ਹੈ।

ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ॥੧॥

ਉਸ ਪੁਰਸ਼ ਨੂੰ ਜਨਮ ਮਰਨ ਦਾ ਦੁੱਖ ਅਤੇ ਸ਼ਾਸਤ੍ਰਾਂ ਤੋਂ ਉਲਟ ਕਰਮ ਕਰਨ ਰੂਪ ਪਾਪ ਕਹੋ ਖਾਂ ਭਲਾ ਕਿਵੇਂ ਪ੍ਰਾਪਤ ਹੋ ਸਕਦੇ ਹਨ ਭਾਵ ਨਹੀਂ ਹੋ ਸਕਦੇ॥ ੧॥

ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ॥

ਕਰਮਾਂ ਧਰਮਾਂ ਦੀ ਸਫਲਤਾ ਪੂਰਿਆਂ ਸਤਿਗੁਰਾਂ ਤੋਂ ਪਾਈ ਜਾਂਦੀ ਹੈ।

ਅਥਵਾ- ਸ੍ਵੈ-ਧਰਮ ਦੀ ਅਤੇ ਨਿਸ਼ਕਾਮ ਕਰਮਾਂ ਦੀ ਪ੍ਰਾਪਤੀ ਪੂਰਿਆਂ ਸਤਿਗੁਰਾਂ ਤੋਂ ਪਾਈ ਜਾਂਦੀ ਹੈ।

ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ

ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸੇਵਾ ਨੂੰ ਸਿਧ= ਚੁਰਾਸੀ ਸਿਧ, ਸਾਧ= ਸਾਧਨਾ ਕਰਨ ਵਾਲੇ ਜਗਿਆਸੂ, ਮੁਨਿ ਜਨ= ਮੰਨਨ ਕਰਨ ਵਾਲੇ ਮਹਾਤਮਾ, ਸੁਰਿ= ਦੇਵਤੇ, ਨਰ= ਮਨੁੱਖ ਇਤਿਆਦਿਕ ਸਾਰੇ ਜੀਵ ਜਾਚਹਿ= ਮੰਗਦੇ ਹਨ। ਅਤੇ--

ਸਬਦ ਸਾਰੁ ਏਕ ਲਿਵ ਲਾਈ ਹੈ॥

ਇਨ੍ਹਾਂ ਸਾਰਿਆਂ ਨੇ ਏਕ ਸਾਰੁ= ਇਕ ਰਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸ਼ਬਦਾਂ ਵਿਚ ਆਪਣੀ ਲਿਵ= ਬਿਰਤੀ ਲਾਈ ਹੋਈ ਹੈ।

"ਨਲਾ" ਨਾਮਾ ਭੱਟ ਨਾਲ ਦਿਆਂ ਭੱਟਾਂ ਨੂੰ ਕਹਿੰਦਾ ਹੈ: ਹੇ ਭੱਟੋ! ਤੁਸੀਂ ਵੀ ਐਸੇ ਕਹੋ--

ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ

ਹੇ ਨਿਰਭਉ ਨਿਰੰਕਾਰ ਦੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਫੁਨਿ= ਪੁਨਾ ਤੇਰੇ ਅਪਾਰੁ= ਬਿਅੰਤ

ਗੁਣਾਂ ਦੇ ਹਿਸਾਬ ਨੂੰ ਕੋ ਜਾਨੈ= ਕੌਣ ਜਾਣ ਸਕਦਾ ਹੈ?

ਅਕਥ ਕਥਨਹਾਰੁ ਤੁਝਹਿ ਬੁਝਾਈ ਹੈ॥

ਕਥਨਹਾਰੁ= ਕਥਨ ਕਰਨ ਵਾਲਿਆਂ ਕਰ ਕੇ ਜੋ ਹਰੀ ਅਕੱਥ ਹੈ, ਉਸ ਦੀ ਬੁਝਾਈ= ਬੂਝ (ਸਮਝ) ਤੁਝਹਿ= ਆਪ ਜੀ ਨੂੰ ਆ ਕੇ ਪ੍ਰਾਪਤ ਹੋਈ ਹੈ।

*ਅਥਵਾ-*ਆਪ ਹੀ ਅਕੱਥ ਹਰੀ ਦੇ ਕਥਨ ਕਰਨ ਵਾਲੇ ਹੋ, ਕਿਉਂਕਿ—

ਤੁਝਹਿ ਬੁਝਾਈ ਹੈ॥

ਆਪ ਜੀ ਨੂੰ ਉਸ ਦੀ ਸੁਰਤ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਬੁਝਾਈ= ਸਮਝਾਉਣਾ ਕੀਤੀ ਹੈ।

ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ

ਭਰਮ ਕਰ ਕੇ ਅਸੀਂ ਤਾਂ ਐਵੇਂ ਸੰਸਾਰ ਵਿਚ ਭੁੱਲੇ ਫਿਰਦੇ ਰਹੇ ਹਾਂ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸ਼ਰਨ ਗ੍ਰਹਿਣ ਕਰ ਕੇ ਸੰਘਾਰ= ਸਮੂਹ ਜੂਨੀਆਂ ਦੇ ਸੰਘਾਰ= ਸੰਕਟਾਂ ਭਾਵ ਦੁੱਖਾਂ ਤੋਂ ਛੁੱਟਣਾ ਕਰੋ। ਮੈਂ ਨਿਸਚੇ ਨਾਲ ਕਹਿੰਦਾ ਹਾਂ—

ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ॥

ਜੋ ਪੁਰਸ਼ ਗੁਰ ਸਿਖਿਆ ਦੁਆਰੇ ਪ੍ਰਮੇਸ਼ਰ ਨਾਮ ਦੇ ਧਿਆਈ ਹੋਏ ਹਨ ਉਨ੍ਹਾਂ ਨੂੰ ਜਮਕਾਲ ਦਾ ਡੰਡਾ ਨਹੀਂ ਵੱਜਦਾ।

ਮਨ ਪ੍ਰਾਣੀ ਮੁਗਧ ਵੀਚਾਰੁ ਅਹਿਨਿਸਿ ਜਪੁ

ਹੇ ਮੁਗਧ= ਮੂਰਖ ਪ੍ਰਾਣੀ! ਤੂੰ ਆਪਣੇ ਮਨ ਵਿਚ ਸ਼ੁਭ ਚਿੰਤਨ ਦਾ, ਵਾ-ਸਰੂਪ ਦੀ ਵਿਚਾਰ ਕਰ ਅਤੇ ਅਹਿਨਿਸਿ= ਦਿਨ ਰਾਤ ਵਾਹਿਗੁਰੂ ਨਾਮ ਜਪਣਾ ਕਰ।

ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ॥ ੨ ॥

ਕਰਮਾਂ ਧਰਮਾਂ ਦੀ ਸਫਲਤਾ ਪੂਰਿਆਂ ਸਤਿਗੁਰਾਂ ਦੁਆਰੇ ਪਾਈ ਜਾਂਦੀ ਹੈ॥ ੨ ॥

ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਦੇ ਸੱਚੇ ਨਾਮ ਉਪਰੋਂ ਹਉ= ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ।

ਕਵਨ ਉਪਮਾ ਦੇਉ ਕਵਨ ਸੇਵਾ ਸਰੇਉ

ਮੈਂ ਆਪ ਜੀ ਨੂੰ ਕਿਸ ਪਦਾਰਥ ਦੀ ਉਪਮਾ ਦੇਵਾਂ ਅਤੇ ਆਪ ਜੀ ਦੀ ਕਿਹੜੀ ਸੇਵਾ ਸਰੇਉ= ਕਰਾਂ। *ਅਥਵਾ-* ਮੈਂ ਕਵਨ= ਕੀ ਚੀਜ਼ ਹਾਂ ਜੋ ਆਪ ਜੀ ਨੂੰ ਉਪਮਾ ਦੇਵਾਂ ਅਤੇ ਮੈ ਕਵਨ= ਕੀ ਚੀਜ਼ ਹਾਂ ਜੋ ਆਪ ਜੀ ਦੀ ਸੇਵਾ ਕਰ ਸਕਾਂ। (ਹੋਰ ਤਾਂ ਕੁਝ ਨਹੀਂ ਕਰ ਸਕਦਾ) ਪਰ-

ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ॥

ਜੁਗ ਜੋਰਿ ਕਰ= ਦੋਵੇਂ ਹੱਥ ਜੋੜ ਕੇ ਮੁੱਖ ਨਾਲ ਜਿਹਵਾ ਦੁਆਰੇ ਇਕ ਆਪ ਜੀ ਦੇ ਪਵਿੱਤਰ ਨਾਮ ਨੂੰ ਹੀ ਰਸਹੁ= ਉਚਾਰਦਾ ਹਾਂ।

ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ

ਫੁਨਿ= ਅਤੇ ਮਨ ਬਾਣੀ ਸਰੀਰ ਕਰ ਕੇ ਇਕ ਆਪ ਜੀ ਨੂੰ ਜਾਣਦਾ ਹਾਂ, ਕਿਸੇ ਅਨਤ= ਹੋਰ ਦੂਜੇ ਨੂੰ ਮੈਂ ਨਹੀਂ ਮੰਨਦਾ।

[ਪੰਨਾ ੧੩੯੯]

ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਅਪਾਰੁ= ਪ੍ਰਭੂ ਦਾ ਜੋ ਸਾਰੁ= ਸ੍ਰੇਸ਼ਟ ਨਾਮ ਹੈ, ਉਹ ਤੁਸੀਂ ਮੇਰੇ ਹਿਰਦੇ ਵਿਚ ਧਰ ਦਿੱਤਾ ਹੈ।

ਅਥਵਾ- ਅਪਾਰ ਪ੍ਰਭੂ ਦਾ ਜੋ ਸ੍ਰੇਸ਼ਟ ਨਾਮ ਹੈ, ਉਹ ਨਾਮ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਭੁਹਾਡੇ ਹਿਰਦੇ ਵਿਚ ਧਰ ਦਿੱਤਾ ਹੈ।

ਨਲੁ ਕਵਿ ਪਾਰਸ ਪਰਸ ਕਚ ਕੰਚਨਾ ਹੁਇ

ਨਲ ਨਾਮਾ ਕਵੀ ਆਖਦਾ ਹੈ— ਜਿਵੇਂ ਪਾਰਸ ਦੀ ਗੀਟੀ ਨਾਲ ਪਾਰਸ ਕੇ ਨਿਕੰਮਾ ਕਚ, ਕੰਚਨਾ ਹੁਇ= ਸੋਨਾ ਹੋ ਜਾਂਦਾ ਹੈ, ਤਿਵੇਂ ਕੱਚ ਦੀ ਨਿਆਈਂ ਜੋ ਅਪਵਿਤ੍ਰ ਜੀਵ ਹੈ ਰੋਗ ਰੂਪ ਅਗਨੀ ਦੇ ਸੇਕ ਨਾਲ ਤਿੜ ਜਾਣ ਵਾਲਾ ਅਤੇ ਕਾਲ ਰੂਪ ਠੋਕਰ ਦੇ ਲੱਗਿਆਂ ਟੁੱਟ ਜਾਣ ਵਾਲਾ, ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਦੇ ਚਰਨਾਂ ਰੂਪ ਪਾਰਸ ਨਾਲ ਪਰਸ ਕੇ, ਕੰਚਨਾ ਹੁਇ= ਸੋਨਾ ਹੋ ਜਾਂਦਾ ਹੈ, ਭਾਵ ਸ਼ੁੱਧ ਬ੍ਰਹਮ ਦਾ ਸਰੂਪ ਹੋ ਜਾਂਦਾ ਹੈ।

*ਅਥਵਾ-*ਨਲ ਨਾਮਾ ਕਵੀ ਆਖਦਾ ਹੈ—ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਉ! ਆਪ ਸ੍ਰੀ ਗੁਰੂ ਅਮਰਦਾਸ ਜੀ ਰੂਪ ਪਾਰਸ ਨਾਲ ਪਰਸ ਕੇ ਪਾਰਸ ਰੂਪ ਹੋ ਗਏ ਹੋ। ਅੱਗੋਂ ਆਪ ਜੀ ਦੀ ਚਰਨੀਂ ਲੱਗ ਕੇ ਕਚ= ਕੱਚੇ ਨਿਸਚੇ ਵਾਲੇ, ਵਾ-ਕਚੇ= ਸ਼ਕਾਮ ਕਰਮਾਂ ਦੇ ਕਰਨ ਵਾਲੇ ਜੀਵ ਦਸ ਇੰਦ੍ਰੀਏ ਤੇ ਮਨ ਬੁੱਧੀ ਇਨ੍ਹਾਂ ਬਾਰਾਂ ਨੂੰ ਜਿੱਤ ਕੇ ਬਾਰ੍ਹਾਂ ਵੰਨੀਆਂ ਦੇ ਸੋਨੇ ਵਾਂਙੂ ਸ਼ੁੱਧ ਹੋ ਗਏ ਹਨ।

ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ॥

ਜਾਸੁ= ਜਿਸ ਤਰ੍ਹਾਂ ਚੰਦਨ ਦੀ ਸੁਬਾਸੁ= ਸ੍ਰੇਸ਼ਟ ਵਾਸ਼ਨਾ ਕਰ ਕੇ ਅਨ ਤਰ= ਹੋਰ ਬ੍ਰਿਛ ਚੰਦਨ ਰੂਪ ਹੋ ਕੇ ਸਿਮਰਤ= ਸਿਮਰਨ ਯੋਗ ਭਾਵ ਸ਼ਲਾਘਾ ਯੋਗ ਹੋ ਜਾਂਦੇ ਹਨ। ਤਿਵੇਂ ਹੇ ਚੰਦਨ ਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਦੀ ਭਗਤੀ ਰੂਪ ਸੁਬਾਸੁ= ਸ੍ਰੇਸ਼ਟ ਵਾਸ਼ਨਾ ਕਰ ਕੇ ਅਨ= ਹੋਰ ਸੰਸਾਰੀ ਜੀਵਾਂ ਰੂਪ ਤਰ= ਬ੍ਰਿਛ ਸਿਮਰਤ= ਸਲਾਹੁਣਯੋਗ (ਕਦਰ ਵਾਲੇ) ਹੋ ਜਾਂਦੇ ਹਨ।

ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਜਾ ਕੇ= ਜਿਸ ਆਪ ਜੀ ਦੇ ਦਰਸ਼ਨੀ ਦੁਆਰੇ ਦੇ, ਵਾ- ਸਤਸੰਗ ਦੁਆਰੇ ਦੇ ਦਰਸ਼ਨ ਕੀਤਿਆਂ ਹੀ= ਹਿਰਦੇ 'ਚੋਂ ਕਾਮ ਕ੍ਰੋਧ ਆਦਿਕ ਨਵਿਰਤ ਹੋ ਜਾਂਦੇ ਹਨ।

ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥ ੩॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਦੇ ਸੱਚੇ ਨਾਮ ਉਪਰੋਂ ਹਉ= ਮੈਂ ਬਲਿਹਾਰ ਕੁਰਬਾਨ

ਜਾਂਦਾ ਹਾਂ॥ ੩॥

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਨੂੰ ਰਾਜੁ ਜੋਗੁ= ਗਿਆਨ ਜੋਗ ਦਾ ਤਖਤ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਦੇਣਾ ਕੀਤਾ ਹੈ। *ਅਥਵਾ-* ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪ ਜੀ ਨੂੰ ਰਾਜੁ ਜੋਗੁ= ਭਗਤੀ ਜੋਗ ਅਤੇ ਗੁਰਿਆਈ ਗੱਦੀ ਦੇ ਤਖਤ ਉਪਰ ਬੈਠਣਾ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਦੇਣਾ ਕੀਤਾ ਹੈ।

(ਅੱਗੋਂ ਪੱਧਤੀ ਮੇਲਦੇ ਹਨ—)

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ
ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ॥

ਸਭ ਤੋਂ ਪਹਿਲਾਂ ਜਿਸ ਵੇਲੇ ਚੰਦੁ= ਚੰਦਰਮਾ ਵਾਂਗੂੰ ਸ਼ਾਂਤ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁਖ੍*= ਇਸਤਰੀਆਂ ਤੇ ਜਨ= ਪੁਰਸ਼ਾਂ ਦੇ ਤਾਰਨ ਲਈ ਆਪਣੇ ਆਪ ਦਾ ਪ੍ਰਕਾਸ਼ ਕੀਤਾ, ਭਾਵ ਅਵਤਾਰ ਲੈਣਾ ਕੀਤਾ ਉਸ ਵੇਲੇ ਜਗਤ ਭਯੋ ਆਨੰਦੁ= ਸਾਰੇ ਸੰਸਾਰ ਨੂੰ ਅਨੰਦ ਪ੍ਰਾਪਤ ਹੋ ਗਿਆ।+

ਅਥਵਾ- ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਵੇਲੇ ਤਾਰਨਿ ਜਨ= ਪੁਰਸ਼ਾਂ ਦੇ ਤਾਰਨ ਵਾਸਤੇ ਮਨੁੱਖ ਕੀਅਉ ਪ੍ਰਗਾਸ= ਮਨੁੱਖਾ ਦੇਹ ਵਿਚ ਪ੍ਰਕਾਸ਼ ਕੀਤਾ ਤਾਂ ਸਾਰੇ ਜਗਤ ਨੂੰ ਅਨੰਦ ਹੋਇਆ।

ਫੇਰ—

ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਅਕਥ= ਪ੍ਰਭੂ ਦੀ ਕਥਾ ਦਾ ਗਿਆਨ ਰੂਪ ਨਿਧਾਨੁ= ਖਜ਼ਾਨਾ ਦੇਣਾ ਕੀਤਾ।

ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥

ਉਸ ਗਿਆਨ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੰਚ ਭੂਤ= ਪੰਜ ਕਾਮ ਆਦਿਕ ਵਸੀਕਾਰ ਕੀਤੇ ਹਨ, ਇਸ ਕਰ ਕੇ ਕਿਸੇ ਕਿਸਮ ਦਾ ਤ੍ਰਾਸ= ਡਰ ਜੰਮਦਾ ਨਹੀਂ ਹੈ।

*ਅਥਵਾ-*ਜਮਤ= ਜਮਾਂ ਦਾ ਤ੍ਰਾਸ= ਡਰ ਨਹੀਂ ਹੁੰਦਾ।

**ਫਾਰਸੀ ਦੇ ਲਿਹਾਜ਼ ਅਨੁਸਾਰ ਮਨੁੱਖ ਨਾਮ ਪੁਰਸ਼ ਦਾ ਹੈ ਜ਼ਨ ਨਾਮ ਇਸਤਰੀ ਦਾ ਹੈ ਪਰ ਇਥੇ ਫਾਰਸੀ ਦਾ ਕੋਈ ਅੱਖਰ ਨਹੀਂ ਆਇਆ, ਇਸ ਕਰ ਕੇ ਮਨੁੱਖ ਸ਼ਬਦ ਦਾ ਅਰਥ ਇਸਤ੍ਰੀ ਅਤੇ ਜਨ ਸ਼ਬਦ ਦਾ ਅਰਥ ਪੁਰਸ਼ ਕੀਤਾ ਹੈ।*
ਯਥਾ-.....ਨਰ ਮਨੁਖਾ ਨੌ ਏਕੁ ਨਿਧਾਨਾ॥ *(ਪੰਨਾ ੭੯੭)*

+ਚੰਦ੍ਰਮਾ ਨਾਲੋਂ ਗੁਰੂ ਸਾਹਿਬ ਜੀ ਵਿਚ ਬਹੁਤ ਵਿਸ਼ੇਸ਼ਤਾ ਹੈ:
ਚੰਦ੍ਰਮਾ ਕਲੰਕ ਦੇ ਸਹਿਤ ਹੈ ਗੁਰੂ ਸਾਹਿਬ ਜੀ ਕਲੰਕ ਤੋਂ ਰਹਿਤ ਹਨ।
ਚੰਦ੍ਰਮਾ ਦਾ ਪ੍ਰਕਾਸ਼ ਦਿਨੇ ਛਿੱਕਾ ਪੈ ਜਾਂਦਾ ਹੈ ਪਰ ਗੁਰੂ ਸਾਹਿਬ ਜੀ ਦਾ ਰਾਤ ਦਿਨੇ ਇਕੋ ਜਿਹਾ ਪ੍ਰਕਾਸ਼ ਹੈ।
ਚੰਦ੍ਰਮਾ 'ਚੋ ਪ੍ਰਤੱਖ ਅੰਮ੍ਰਿਤ ਝਰਦਾ ਹੈ। ਗੁਰੂ ਸਾਹਿਬ ਜੀ ਆਪਣੇ ਮੁਖ 'ਚੋਂ ਉਪਦੇਸ਼ ਰੂਪ ਅੰਮ੍ਰਿਤ ਨੂੰ ਝਰਦੇ ਹਨ ਅਤੇ ਭਗਤੀ ਰੂਪ ਚਾਂਦਨੀ ਦਾ ਪ੍ਰਕਾਸ਼ ਕਰਦੇ ਹਨ, ਜਿਸ ਕਰ ਕੇ ਸਿੱਖਾਂ ਰੂਪ ਚਕੋਰਾਂ ਦੀਆਂ ਬਿਰਤੀਆਂ ਗੁਰੂ ਸਾਹਿਬ ਜੀ ਵੱਲ ਲੱਗੀਆਂ ਰਹਿੰਦੀਆਂ ਹਨ।

ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਨਾਲ ਗੁਰੂ= ਪੂਜਨੀਕ ਸ੍ਰੀ ਗੁਰੂ ਅਮਰਦਾਸ ਜੀ ਨੇ ਸਤਿ= ਨਿਸਚੇ ਕਰ ਕੇ, ਵਾ ਆਪਣੇ ਸਤ ਧਰਮ ਨਾਲ ਪਹਿਲੇ ਸਰੂਪ ਵਿਖੇ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਰੂਪ ਹੋ ਕੇ ਕਲਯੁਗ ਦੀ ਪਤ ਆਬਰੋ ਰੱਖੀ ਹੈ:

ਕਲਿਜੁਗ ਉਧਾਰਿਆ ਗੁਰਦੇਵ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ॥ ੧॥

(ਆਸਾ ਮਹਲਾ ੫, ਪੰਨਾ ੪੦੬)

ਅਥਵਾ- ਕਲਜੁਗੀ ਜੀਵਾਂ ਦੀ ਪਤ ਆਬਰੋ ਆਪ ਜੀ ਨੇ ਰੱਖਣਾ ਕੀਤੀ ਹੈ।

ਅਘਨ ਦੇਖਤ ਗਤੁ ਚਰਨ ਕਵਲ ਜਾਸ॥

ਜਾਸ= ਜਿਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਚਰਨ ਕੰਵਲਾਂ ਦਾ ਦੇਖਤ= ਦਰਸ਼ਨ ਕੀਤਿਆਂ ਸਾਰੇ ਅਘਨ ਗਤੁ= ਪਾਪ ਨਾਸ ਹੋ ਜਾਂਦੇ ਹਨ।

ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ

ਜਿਸ ਵੇਲੇ ਸਭ ਤਰ੍ਹਾਂ ਕਰ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਮਨ ਸੇਵਾ ਉਪਰ ਮੰਨਿਆਂ ਗਿਆ ਤਾਂ ਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਉਤੇ ਪ੍ਰਸੰਨ ਹੋਏ। ਭਾਂ--

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥ ੪॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਰਾਜੁ ਜੋਗੁ= ਭਗਤੀ ਜੋਗ ਦੇ ਗੁਰਿਆਈ ਗੱਦੀ ਰੂਪ ਤਖਤ ਉਪਰ ਬਿਠਾ ਦੇਣਾ ਕੀਤਾ॥ ੪॥

ਇਥੋਂ ਤੱਕ ਨਲ ਨਾਮੇ ਭੱਟ ਦੇ ਚਾਰ ਸਵਈਏ ਆ ਚੁੱਕੇ ਹਨ।

ਰਡ॥

ਅਗਲੇ ਦੋ ਸਵਈਏ ਰਡ ਨਾਮੇ ਭੱਟ ਨੇ ਉਚਾਰਨਾ ਕੀਤੇ ਹਨ, ਇਹ ਰਡ ਇਕ ਨਵਾਂ ਹੀ ਭੱਟ ਆਇਆ ਹੈ।

ੲ- ਰਡ= ਨਾਰਦ ਮੁਨੀ ਜੀ ਨੇ ਆ ਕੇ ਦੋ ਸਵਈਆਂ ਵਿਚ ਉਸਤਤੀ ਕਥਨ ਕੀਤੀ ਹੈ।

ਅ- ਪਿੰਗਲ ਦੇ ਅਨੁਸਾਰ ਰਡ ਇਕ ਛੰਦ ਦਾ ਨਾਮ ਹੈ।

ਜਿਸਹਿ ਧਾਰ੍ਹਿਉ ਧਰਤਿ ਅਰੁ ਵਿਉਮੁ

ਜਿਸ ਪ੍ਰਮਾਤਮਾ ਨੇ ਧਰਤੀ ਅਤੇ ਵਿਉਮੁ= ਅਕਾਸ਼ ਨੂੰ ਧਾਰ੍ਹਿਉ= ਬਨਾਉਣਾ ਕੀਤਾ ਹੈ। ਅਤੇ--

ਅਰੁ ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ॥

ਪੌਣ ਤੇ ਸਰ= ਸਰੋਵਰਾਂ, ਵਾ— ਨਦੀਆਂ ਵਿਚ ਨੀਰ= ਜਲ ਰਚਿਆ ਹੈ, ਅਨਲ= ਅਗਨੀ ਅਤੇ ਅੰਨ ਆਦਿਕ ਅਵਰ= ਹੋਰ ਅਨੇਕਾਂ ਪਦਾਰਥ ਰਚਨਾ ਕੀਤੇ ਹਨ।

ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੂਲ ਦੀਅਉ॥

ਸਭ ਤੋਂ ਪਹਿਲਾਂ ਦਿਨ ਕੀਤਾ ਪਰ ਦਿਨ ਵਿਖੇ ਸੰਸਾਰੀ ਪੁਰਸ਼ਾਂ ਨੂੰ ਧੰਧਿਆਂ ਵਿਚ ਖੱਚਤ ਹੋਇਆਂ ਵੇਖ

ਕੇ ਉਨ੍ਹਾਂ ਦੇ ਅਰਾਮ ਲਈ ਫਿਰ ਨਿਸਿ= ਰਾਤ ਬਣਾਈ।

ਯਥਾ- ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥ ਖਸਮੁ ਵਿਸਾਰਹਿ ਤੇ ਕਮਜਾਤਿ॥

(ਆਸਾ ਮਹਲਾ ੧, ਪੰਨਾ ੩੪੯)

ਰਾਤ ਦਿਨ ਬਣਾ ਕੇ ਫਿਰ ਅੰਨ ਵਿਚ ਰਸ ਭਰਨ ਵਾਸਤੇ ਸਸਿ ਰਿਖਿ= ਚੰਦ੍ਰਮਾ ਤੇ ਤਾਰੇ ਬਣਾਏ।

ਫੇਰ ਅੰਨ ਆਦਿਕਾਂ ਨੂੰ ਪਕਾਉਣ ਵਾਸਤੇ ਸੂਰ= ਸੂਰਜ ਨੂੰ ਪੈਦਾ ਕੀਤਾ।

*ਅਥਵਾ-*ਜਿਸ ਦੀ ਸ਼ਕਤੀ ਨਾਲ ਨਿਸਿ= ਰਾਤ ਨੂੰ ਸਸਿ= ਚੰਦ੍ਰਮਾ ਤੇ ਰਿਖਿ= ਤਾਰੇ ਚੜ੍ਹਦੇ ਹਨ ਅਤੇ ਦਿਨ ਨੂੰ ਸੂਰ= ਸੂਰਜ ਚੜ੍ਹਦਾ ਹੈ, ਫਿਰ ਜਿਸ ਪ੍ਰਮਾਤਮਾ ਨੇ ਸੈਰ ਕਰਨ ਵਾਸਤੇ ਸੈਲ= ਪਹਾੜ ਰਚੇ ਹਨ, ਸੁਗੰਧੀਆਂ ਲੈਣ ਵਾਸਤੇ ਫੁੱਲਾਂ ਦੇ ਬਗੀਚੇ ਬਣਾਏ ਹਨ, ਫਲ ਖੁਆਉਣ ਵਾਸਤੇ ਤਰੂਅ= ਬ੍ਰਿਛ ਪੈਦਾ ਕਰ ਦਿੱਤੇ ਹਨ।

ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ॥

ਸੁਰਿ= ਦੇਵਤੇ, ਨਰ= ਮਨੁੱਖ ਤੇ ਸਤ ਸਮੁੰਦਰ (ਰਚਨਾ) ਕੀਤੇ ਹਨ। ਫਿਰ ਜਾਸੁ= ਜਿਸ ਪ੍ਰਮਾਤਮਾ ਨੇ ਤ੍ਰਿਭਵਣ= ਤਿੰਨੇ ਲੋਕ (ਸੁਰਗ, ਪਤਾਲ, ਮਾਤਲੋਕ) ਧਾਰਿਓ= ਬਣਾਏ ਹਨ।

ਸੋਈ ਏਕੁ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ॥ ੧॥ ੫॥

ਨਾਮਾਂ ਵਿਚੋਂ ਉਸੇ ਸਤਿ ਹਰਿ= ਅਬਿਨਾਸੀ ਹਰੀ ਦਾ ਇਕ ਸੱਤਿਨਾਮੁ ਮੰਤ੍ਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦੁਆਰਾ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਨੇ ਪਾਉਣਾ ਕੀਤਾ ਹੈ।

*ਅਥਵਾ-*ਉਸੇ ਇਕ ਹਰੀ ਦਾ ਨਾਮ, ਸਤਿ= ਨਿਸਚੇ ਕਰ ਕੇ ਨਾਮੁ= ਪ੍ਰਸਿੱਧ, ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਗਾਸੁ= ਉਚਾਰਨ ਕੀਤੇ ਹੋਏ ਸ਼ਬਦ ਦੁਆਰਾ ਆਪ ਜੀ ਨੇ ਪਾਉਣਾ ਕੀਤਾ ਹੈ॥ ੧॥ ੫॥

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥

ਜਿਸ ਨੇ ਆਪਣੇ ਸ੍ਰਵਣਹਿ= ਕੰਨਾਂ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਬਦੁ= ਉਪਦੇਸ਼ ਨੂੰ ਸੁਣਿਆ ਹੈ, ਉਹ ਕੱਚ ਤੋਂ ਕੰਚਨੁ ਭਇਅਉ= ਸੋਨਾ ਹੋ ਗਿਆ ਹੈ। ਭਾਵ ਤੁੱਛ ਪਦਵੀ ਤੋਂ ਸੋਨੇ ਵਾਂਗੂੰ ਸ਼ੁੱਧ ਹੋ ਕੇ ਉੱਚ ਪਦਵੀ ਨੂੰ ਪ੍ਰਾਪਤ ਹੋਇਆ ਹੈ।

ਅਥਵਾ- ਕਚ ਵਾਂਗੂੰ ਕੱਚੇ ਨਿਸ਼ਚੇ ਵਾਲੇ ਪੁਰਸ਼ ਜੋ ਰੋਗ ਰੂਪੀ ਅੱਗ ਨਾਲ ਤਿੜਕ ਜਾਣ ਵਾਲੇ ਅਤੇ ਕਾਲ ਰੂਪੀ ਠੋਕਰ ਨਾਲ ਟੁੱਟ ਜਾਣ ਵਾਲੇ ਹਨ। ਉਹ ਬਾਹਾਂ ਵੰਨੀਆਂ ਦੇ ਸੋਨੇ ਵਾਂਗੂੰ ੧੦ ਇੰਦ੍ਰੀਏ ਤੇ ਮਨ ਬੁੱਧੀ ਨੂੰ ਮਾਰ ਕੇ ਸ਼ੁੱਧ ਬ੍ਰਹਮ ਦਾ ਸਰੂਪ ਹੋ ਗਏ ਹਨ। ਅਰਥਾਤ-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕਰ ਕੇ ਸਰੂਪ ਰੂਪ ਖਜ਼ਾਨੇ ਵਿਚ ਪੈਣ ਦੇ ਅਧਿਕਾਰੀ ਹੋ ਗਏ ਹਨ।

ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥

ਜਿਸ ਨੇ ਸਤਿਗੁਰਾਂ ਦੇ ਨਾਮ ਨੂੰ ਮੂੰਹੋਂ ਉਚਾਰਿਆ ਹੈ। ਵਾ- ਜਿਸ ਨੇ ਸਤਿਗੁਰਾਂ ਦੁਆਰੇ ਪ੍ਰਮੇਸ਼ਰ ਦੇ ਨਾਮ ਨੂੰ ਮੂੰਹ ਨਾਲ ਭਣਿਅਉ= ਉਚਾਰਨਾ ਕੀਤਾ ਹੈ, ਉਨ੍ਹਾਂ ਨੂੰ ਵਿਹੁ ਦਿੱਤਾ ਹੋਇਆ ਅੰਮ੍ਰਿਤ ਰੂਪ ਹੋ ਜਾਂਦਾ ਹੈ। ਜਿਵੇਂ ਮੀਰਾਂ ਬਾਈ ਅਤੇ ਚੰਦ੍ਰਹਾਂਸ ਨੂੰ ਵਿਹੁ ਦਿੱਤਾ ਹੋਇਆ ਅੰਮ੍ਰਿਤ ਰੂਪ ਹੋ ਗਿਆ ਸੀ।

ਸਾਖੀ- ਚੰਦ੍ਰਹਾਂਸ ਦੀ

ਚੰਦ੍ਰਹਾਂਸ ਦਾ ਪਿਤਾ ਸੁਧਰਮਾ ਨਾਮ ਕਰ ਕੇ ਕਰਾਲ ਦੇਸ਼ ਦਾ ਬਾਦਸ਼ਾਹ ਹੋਇਆ ਹੇ। ਰਾਜਾ 'ਸੁਧਰਮਾ' ਬੜਾ ਪੁੰਨ ਆਤਮਾ ਦਿਆਲੂ, ਪਰਜਾ ਪਾਲਕ ਸੀ। ਪਰਜਾ ਵੀ ਪਿਤਾ ਰੂਪ ਸਮਝ ਕੇ ਸਤਿਕਾਰ ਕਰਦੀ ਸੀ। ਮੰਤਰੀ ਵੀ ਸਾਰੇ ਆਗਿਆ ਵਿਚ ਰਾਜ-ਭਾਗ ਦਾ ਕੰਮ ਕਰਦੇ ਸਨ। ਇਸ ਵਿਚ ਹੋਰਨਾਂ ਬਾਦਸ਼ਾਹਾਂ ਨਾਲੋਂ ਏਸ ਗੱਲ ਦੀ ਵਿਸ਼ੇਸ਼ਤਾ ਸੀ ਕਿ ਦੇਸ਼ ਵਿਚ ਇਸ ਦੀ ਬਹਾਦਰ ਸੈਨਾ ਤੇ ਅਹਿਲਕਾਰਾਂ ਦੇ ਆਗਿਆਕਾਰ ਹੋਣ ਕਰ ਕੇ ਕਿਸੇ ਬਾਹਰਲੇ ਦੇਸ਼ ਦੇ ਬਾਦਸ਼ਾਹ ਨੂੰ ਇਸ ਉਪਰ ਹਮਲਾ ਕਰਨ ਦਾ ਹੀਆ ਹੀ ਨਹੀਂ ਸੀ ਪੈਂਦਾ। ਹਰ ਦੇਸ਼ ਦਾ ਬਾਦਸ਼ਾਹ ਇਸ ਨਾਲ ਮਿੱਤਰ ਭਾਵ ਰੱਖਣਾ ਹੀ ਚੰਗਾ ਸਮਝਦਾ ਸੀ।

ਫਿਰ ਰਾਜਾ 'ਸੁਧਰਮਾ' ਸੰਤ ਸੇਵੀ ਵੀ ਬਹੁਤ ਸੀ। ਇਸ ਨੇ ਆਪਣੇ ਰਾਜ ਵਿਚ ਥਾਂ ਥਾਂ ਭੰਡਾਰੇ ਖੋਲ੍ਹ ਰੱਖੇ ਸਨ। ਰਾਹੀ ਮੁਸਾਫਰਾਂ ਦੇ ਠਹਿਰਨ ਵਾਸਤੇ ਸਰਾਵਾਂ, ਪਾਣੀ ਪੀਣ ਲਈ ਖੂਹ, ਇਸ ਤਰ੍ਹਾਂ ਦੇ ਸਾਰੇ ਸੁਖ ਅਨੰਦ ਹੋਣ ਕਰ ਕੇ ਹਰ ਪਾਸੇ ਖੁਸ਼ਹਾਲੀ ਹੀ ਖੁਸ਼ਹਾਲੀ ਬਾਹਾਂ ਪਸਾਰੀ ਨਿਗਾਹ ਆਉਂਦੀ ਸੀ।

ਵਾਹਿਗੁਰੂ ਦੀ ਕਿਰਪਾ ਮਿਹਰ ਦਾ ਸਦਕਾ ਹੋਰ ਤਾਂ ਸਾਰੇ ਸੁਖ ਪ੍ਰਾਪਤ ਸਨ ਪਰ

"ਔਰਤ ਈਮਾਨ। ਦੌਲਤ ਗੁਜ਼ਰਾਨ। ਪੁਤ੍ਰ ਨਿਸ਼ਾਨ।
ਕਰਣੀ ਪ੍ਰਧਾਨ। ਕਿਆ ਹਿੰਦੂ ਕਿਆ ਮੁਸਲਮਾਨ।"

ਦੇ ਅਨੁਸਾਰ ਇਕੋ ਇਕ ਜਗਤ ਵਿਚ ਨਿਸ਼ਾਨ ਰੂਪ 'ਮਿੱਠੀ ਦਾਤ' ਭਾਵ ਪੁੱਤਰ ਦੀ ਪ੍ਰਾਪਤੀ ਨਹੀਂ ਸੀ। ਰਾਜਾ ਸੁਧਰਮਾ ਨੇ ਪੁੱਤਰ ਪ੍ਰਾਪਤੀ ਵਾਸਤੇ ਬੜੇ-ਬੜੇ ਯਤਨ ਕੀਤੇ। ਸਾਲਾਂ ਬੱਧੀ ਸਦਾ-ਵਰਤ ਲਾਈ ਰੱਖੇ। ਕਈ ਯੱਗ ਕੀਤੇ। ਬੜੇ-ਬੜੇ ਵੱਡੇ ਭੰਡਾਰੇ ਕੀਤੇ, ਅਨੇਕਾਂ ਸੰਤਾਂ ਮਹਾਤਮਾਂ ਨੂੰ ਭੋਜਨ ਛਕਾਇਆ ਪਰ ਹਰ ਪਾਸਿਓਂ ਰਾਜਾ ਸੁਧਰਮਾ ਨੂੰ ਨਿਰਾਸਤਾ ਦਾ ਹੀ ਮੂੰਹ ਵੇਖਣਾ ਪਿਆ।

ਆਖਰ ਇਤਨਾ ਕੁਝ ਕਰਨ 'ਤੇ ਵੀ ਜਿਸ ਵੇਲੇ ਸੰਤਾਨ ਦੀ ਪ੍ਰਾਪਤੀ ਨਾ ਹੋਈ ਤਾਂ ਦਿਲ ਵਿਚ ਬਹੁਤ ਨਿਰਾਸਤਾ ਹੋਈ ਰੋਟੀ ਖਾਣੀ ਵੀ ਚੰਗੀ ਨਾ ਲਗਿਆ ਕਰੇ।

ਏਸੇ ਤਰ੍ਹਾਂ ਬੜੀ ਉਦਾਸਤਾਈ ਵਿਚ ਸਮਾਂ ਬੀਤਦਾ ਗਿਆ। ਕੁਝ ਸਮੇਂ ਬਾਅਦ ਬੜੇ ਬੀਤ ਰਾਗ ਵੈਰਾਗੀ ਤਿਆਗੀ ਫਕੀਰ ਇਸ ਦੀ ਰਾਜਧਾਨੀ ਵਿਚ ਆ ਗਏ। ਜਿਥੇ ਉਹ ਠਹਿਰੇ ਉਥੇ ਸਵੇਰੇ ਸ਼ਾਮ ਦੋ ਵੇਲੇ ਹਰੀ ਦੀ ਕਥਾ ਤੇ ਹਰੀ ਦਾ ਜਸ ਰੂਪ ਕੀਰਤਨ ਹੋਣ ਲੱਗ ਪਿਆ। ਦੂਰ ਦੁਰਾਡਿਓਂ ਸਭ ਸੰਗਤਾਂ ਦਰਸ਼ਨਾਂ ਵਾਸਤੇ ਆਉਣੀਆਂ ਸ਼ੁਰੂ ਹੋ ਗਈਆਂ। ਸਭ ਆਪਣੀਆਂ ਕਾਮਨਾ ਪੂਰਨ ਕਰ ਕੇ ਜਾਂਦੀਆਂ, ਗੱਲ ਚਲਦੀ ਚਲਦੀ ਰਾਜਾ 'ਸੁਧਰਮਾ' ਦੇ ਪਾਸ ਵੀ ਪੁੱਜੀ।

ਬਥੇਰੇ ਜਤਨਾਂ ਦੇ ਕਰਨ ਨਾਲ ਵੀ ਪੁੱਤਰ ਦੀ ਨਾ ਪ੍ਰਾਪਤੀ ਦੇ ਕਾਰਨ ਭਾਵੇਂ ਰਾਜਾ 'ਸੁਧਰਮਾ' ਨੂੰ ਹੁਣ ਆਸ ਤਾਂ ਕੋਈ ਨਹੀਂ ਸੀ ਪਰ ਆਪਣੇ ਸਿਆਣੇ ਆਗਿਆਕਾਰੀ ਸਲਾਹਕਾਰਾਂ ਦੇ ਕਹਿਣ 'ਤੇ ਅਤੇ ਹੋਰਨਾਂ ਪਾਸੋਂ ਵੀ ਉਨ੍ਹਾਂ ਸੰਤਾਂ ਦੀ ਉਪਮਾ ਸੁਣ ਕੇ ਇਕ ਦਿਨ ਨੀਯਤ ਕਰ ਕੇ ਜਾਣ ਦੀ ਸਲਾਹ ਬਣਾ ਲਈ। ਨੀਯਤ ਦਿਨ ਤੇ ਸਾਰੇ ਕੰਮ-ਧੰਦੇ ਛੱਡ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਪ੍ਰਭੂ ਨੂੰ ਅਰਾਧਿਆ। ਫੇਰ ਅਹਿਲਕਾਰਾਂ ਰਾਣੀਆਂ ਸਹਿਤ ਨੰਗੀ ਪੈਰੀਂ ਅਨੇਕਾਂ ਪ੍ਰਕਾਰ ਦੀਆਂ ਸੁਗਾਤਾਂ ਭੇਟਾ ਵਜੋਂ ਲੈ ਕੇ ਉਨ੍ਹਾਂ ਸੰਤਾਂ ਦੇ ਅਸਥਾਨ 'ਤੇ ਪੁੱਜੇ।

ਦੀਵਾਨ ਸਜਿਆ ਹੋਇਆ ਸੀ। ਮਹਾਂ ਪੁਰਸ਼ ਆਪਣੇ ਪਵਿਤ੍ਰ ਮੁਖਾਰਬਿੰਦ ਤੋਂ ਹਰੀ ਸੰਬੰਧੀ ਬਚਨ

ਉਚਾਰਨ ਕਰਦੇ ਹੋਏ ਨਾਮ ਸਿਮਰਨ ਦਾ ਉਪਦੇਸ਼ ਦੇ ਰਹੇ ਸਨ।

ਰਾਜਾ 'ਸੁਧਰਮਾ' ਵੀ ਜਾ ਕੇ ਬੈਠ ਗਿਆ। ਪਵਿਤ੍ਰ ਬਚਨਾਂ ਨੂੰ ਸੁਣ ਕੇ ਮਨ ਵਿਚ ਸ਼ਾਂਤੀ ਪ੍ਰਾਪਤ ਹੋਈ। ਦੀਵਾਨ ਦੀ ਸਮਾਪਤੀ ਪਿਛੋਂ ਮਹਾਂ ਪੁਰਸ਼ਾਂ ਪਾਸ ਜਾ ਕੇ ਚਰਨਾਂ ਉਪਰ ਮੱਥਾ ਟੇਕਿਆ। ਲਿਆਂਦੀਆਂ ਹੋਈਆਂ ਭੇਟਾਵਾਂ ਅੱਗੇ ਰੱਖ ਕੇ ਦੋਵੇਂ ਹੱਥ ਜੋੜ ਬੇਨਤੀ ਕਰ ਕੇ ਮੰਡਲੀ ਸਹਿਤ ਭੋਜਨ ਮਨਾਇਆ। ਫੇਰ ਰਾਜ ਮਹਿਲਾਂ ਵਿਚ ਵਾਪਿਸ ਆ ਕੇ ਭੋਜਨ ਦੀ ਤਿਆਰੀ ਅਰੰਭ ਦਿੱਤੀ। ਜਿਸ ਰਸਤਿਓਂ ਸੰਤਾ ਨੇ ਚਲ ਕੇ ਆਉਣਾ ਸੀ, ਉਥੋਂ ਦੀ ਚੰਗੀ ਤਰ੍ਹਾਂ ਸਫਾਈ ਕਰਵਾ ਦਿੱਤੀ।

ਨੀਯਤ ਸਮੇਂ ਤੇ ਆਪ ਸੰਤਾਂ ਨੂੰ ਲੈਣ ਵਾਸਤੇ ਗਿਆ। ਬੜੇ ਸਤਿਕਾਰ ਨਾਲ ਮਹਿਲਾਂ ਵਿਚ ਲਿਆ ਕੇ ਤਨੋਂ ਮਨੋਂ ਹੋ ਕੇ ਆਪਣੇ ਹੱਥੀਂ ਆਪ ਲੰਗਰ ਦੀ ਸੇਵਾ ਕਰਦਾ ਰਿਹਾ।

ਇਸ ਦੀ ਸੇਵਾ ਨੂੰ ਦੇਖ ਕੇ ਸੰਤ ਪ੍ਰਸੰਨ ਹੋ ਗਏ। ਪਾਸ ਸੱਦ ਕੇ ਕਿਹਾ—ਹੇ ਰਾਜਨ! ਅਸੀਂ ਤੇਰੀ ਸੇਵਾ ਦੇਖ ਕੇ ਤੇਰੇ ਤੇ ਬਹੁਤ ਪ੍ਰਸੰਨ ਹੋਏ ਹਾਂ। ਜੋ ਇੱਛਾ ਧਾਰ ਕੇ ਸੇਵਾ ਕੀਤੀ ਹੈ ਉਹ ਕਹੋ, ਵਾਹਿਗੁਰੂ ਤੇਰੀ ਇੱਛਾ ਪੂਰੀ ਕਰੇਗਾ।

ਪਹਿਲਾਂ ਤਾਂ ਸ਼ਰਮ ਆਉਣ ਕਰ ਕੇ ਕਹਿਣੋਂ ਝਿਜਕ ਗਿਆ ਫੇਰ ਮਨ ਨੂੰ ਟਿਕਾਅ ਕੇ ਸੋਚਿਆ ਹੈ ਕਿ ਜੇ ਇਹ ਵੇਲਾ ਖੁੰਝ ਗਿਆ ਤਾਂ ਮੁੜ ਹੱਥ ਨਹੀਂ ਆਉਣਾ। ਦੋਵੇਂ ਹੱਥ ਜੋੜ ਕੇ ਰਾਜੇ 'ਸੁਧਰਮਾ' ਨੇ ਕਿਹਾ 'ਮਹਾਰਾਜ ਜੀਓ! ਵਾਹਿਗੁਰੂ ਦੀ ਕਿਰਪਾ ਨਾਲ ਹੋਰ ਤਾਂ ਦੁਨੀਆਂ ਦੇ ਸਾਰੇ ਸੁਖ ਪ੍ਰਾਪਤ ਹਨ, ਪਰਜਾ ਵੀ ਆਗਿਆਕਾਰ ਹੈ ਪਰ ਇਕੋ ਸੰਤਾਨ ਦੀ ਘਾਟ ਹੈ।

ਜੇ ਕਿਰਪਾ ਦੇ ਘਰ ਵਿਚ ਆਏ ਹੋ ਤਰੁੱਠੇ ਹੋ ਤਾਂ ਪੁੱਤਰ ਦੀ ਦਾਤ ਬਖਸ਼ੋ!' ਮੈਂ ਬਹੁਤ ਯਤਨ ਕੀਤੇ ਹਨ, ਕੋਈ ਕਰਮਾਂ ਦਾ ਹੀ ਐਸਾ ਚੱਕਰ ਹੈ ਜੋ ਹਰ ਪਾਸਿਓਂ ਨਿਰਾਸਤਾ ਹੀ ਮੂੰਹ ਸਾਰੀ ਨਿਗਾਹ ਆਈ ਹੈ।

ਪ੍ਰਭੂ ਦੀ ਕਿਰਪਾ ਨਾਲ ਆਪ ਜੈਸੇ ਮਹਾਂ ਪੁਰਸ਼ਾਂ ਨਾਲ ਮਿਲਾਪ ਹੋਇਆ ਹੈ, ਆਸ ਹੈ ਕਿ ਜੋ ਆਪ ਕਿਰਪਾ ਕਰ ਕੇ ਬਹੁਤੇ ਨਹੀਂ ਤਾਂ ਇੱਕ ਪੁੱਤਰ ਦੀ ਦਾਤ ਜ਼ਰੂਰ ਹੀ ਬਖਸ਼ਸ਼ ਕਰੋਗੇ।

ਰਾਜੇ ਦੀਆਂ ਐਸੀਆਂ ਨਿੰਮ੍ਰਤਾ ਪੂਰਬਕ ਬੇਨਤੀਆਂ ਸੁਣ ਕੇ ਤੇ ਉਸ ਦੀ ਸੇਵਾ ਦਾ ਖਿਆਲ ਕਰਦੇ ਹੋਏ ਮਹਾਂ ਪੁਰਸ਼ਾਂ ਨੇ ਅੱਖਾਂ ਮੀਚੀਆਂ ਤੇ ਕੁਝ ਸਮਾਂ ਚੁੱਪ ਰਹੇ। ਥੋੜ੍ਹੀ ਦੇਰ ਪਿਛੋਂ ਅੱਖਾਂ ਖੋਲ੍ਹੀਆਂ ਤੇ ਕਿਹਾ—"ਹੇ ਰਾਜਨ! ਤੇਰੇ ਕਰਮਾਂ ਵਿਚ ਸੰਤਾਨ ਨਹੀਂ ਪਰ ਤੂੰ ਸੰਤ ਮੰਡਲੀ ਦੀ ਸੇਵਾ ਕੀਤੀ ਹੈ ਇਸ ਕਹ ਕੇ ਤੇਰੇ ਘਰ ਸੰਤਾਨ ਤਾਂ ਹੋ ਜਾਵੇਗੀ ਪਰ ਉਸ ਦਾ ਸੁਖ ਤੂੰ ਨਹੀਂ ਦੇਖ ਸਕੇਂਗਾ, ਸਗੋਂ ਦੁੱਖ ਤਕਲੀਫਾਂ ਦਾ ਸਾਹਮਣਾ ਕਰਨਾ ਪਵੇਗਾ। ਇਥੋਂ ਤਕ ਕਿ ਪੁੱਤਰ ਦੇ ਪੈਦਾ ਹੁੰਦਿਆਂ ਹੀ ਮਾਤਾ ਪਿਤਾ (ਤੂੰ ਤੇ ਤੇਰੀ ਇਸਤਰੀ ਵੀ) ਮਰ ਜਾਣਗੇ ਅਤੇ ਸਾਰਾ ਰਾਜ ਵੀ ਨਸ਼ਟ ਹੋ ਜਾਵੇਗਾ।"

ਸੰਤਾਂ ਪਾਸੋਂ ਐਸੇ ਭੈ-ਦਾਇਕ ਸ਼ਬਦ ਸੁਣ ਕੇ ਰਾਜਾ ਸੁਧਰਮਾਂ ਪਹਿਲਾਂ ਤਾ ਬਹਤੁ ਘਬਰਾਇਆ। ਆਖਰ ਮਨ ਵਿਚ ਏਹ ਵਿਚਾਰ ਆਈ ਕਿ ਉਂਜ ਵੀ ਪੁੱਤਰ ਬਿਨਾਂ ਮਾਂ ਪਿਉ ਦਾ ਜੀਵਨ ਕਿਸ ਅਰਥ ਹੈ?

ਚਲੋ ਜੇ ਅਸੀਂ ਮਰ ਵੀ ਗਏ ਤੇ ਰਾਜ ਵੀ ਨਸ਼ਟ ਹੋ ਗਿਆ ਤਾਂ ਫਿਰ ਕੀ ਹੋਇਆ? ਆਖਰ ਮਰਨਾ ਤਾਂ ਇਕ ਦਿਨ ਹੈ ਹੀ। ਪੁੱਤਰ ਹੋਣ ਕਰ ਕੇ ਜਗਤ ਵਿਚ ਨਾਂ ਤਾਂ ਰਹਿ ਜਾਵੇਗਾ।

ਇਨ੍ਹਾਂ ਵਿਚਾਰਾਂ ਨੂੰ ਮੁਖ ਰੱਖ ਕੇ ਰਾਜਾ ਸੁਧਰਮਾਂ ਨੇ ਸੰਤਾਂ ਪਾਸ ਬੇਨਤੀ ਕੀਤੀ—ਇਹ ਸਾਰੀਆਂ ਕਠਨਤਾਈਆਂ ਮੈਨੂੰ ਮਨਜ਼ੂਰ ਹਨ, ਪਰ ਪੁੱਤਰ ਜ਼ਰੂਰ ਹੋਣਾ ਚਾਹੀਦਾ ਹੈ।

ਰਾਜਾ ਸੁਧਰਮਾ ਦੇ ਬਚਨ ਸੁਣ ਕੇ ਸੰਤਾਂ ਨੇ ਕਿਹਾ "ਹੇ ਰਾਜਨ! ਫਿਕਰ ਨਾ ਕਰ ਤੇਰੇ ਘਰ ਸੰਤਾਨ ਹੋ ਜਾਵੇਗੀ।" ਇਹ ਬਚਨ ਆਖ ਕੇ ਮਹਾਂ ਪੁਰਸ਼ ਚਲੇ ਗਏ।

ਸਮਾਂ ਪਾ ਕੇ ਰਾਜਾ ਸੁਧਰਮਾ ਦੇ ਘਰ ਇਕ ਸੁੰਦਰ ਲੜਕੇ ਨੇ ਜਨਮ ਲਿਆ ਜਿਸ ਨੂੰ ਦੇਖਦਿਆਂ ਭੁੱਖ ਲਹਿੰਦੀ ਸੀ। ਰਾਜ-ਪੁੱਤਰ ਦੇ ਪੈਦਾ ਹੋਣ ਕਰ ਕੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਗਰੀਬਾਂ, ਸੰਤਾਂ, ਫਕੀਰਾਂ ਵਿਖੇ ਬਹੁਤ ਧਨ-ਪਦਾਰਥ ਵੰਡਿਆ ਗਿਆ।

ਇਕ ਦਿਨ ਰਾਜਾ ਸੁਧਰਮਾਂ ਨੂੰ ਰਾਜ ਮਹਿਲਾਂ ਵਿਖੇ ਬੈਠਿਆਂ ਉਨ੍ਹਾਂ ਸੰਤਾਂ ਦੇ ਬਚਨ ਯਾਦ ਆ ਗਏ ਕਿ ਜੋ ਬਚਨ ਸੰਤਾਂ ਨੇ ਕਹੇ ਸਨ ਕਿ ਪੁੱਤਰ ਦੇ ਪੈਦਾ ਹੋਣ ਨਾਲ ਮਾਂ ਪਿਉ ਮਰ ਜਾਣਗੇ ਤੇ ਰਾਜ ਵੀ ਨਸ਼ਟ ਹੋ ਜਾਵੇਗਾ, ਇਸ ਗੱਲ ਦੇ ਨਿਸਚੇ ਕਰਨ ਲਈ ਜੋਤਸ਼ੀਆਂ ਨੂੰ ਪੁੱਛਣਾ ਚਾਹੀਦਾ ਹੈ। ਇਸ ਤਰ੍ਹਾਂ ਸੋਚ ਕੇ ਜੋਤਸ਼ੀਆਂ ਨੂੰ ਬੁਲਾ ਕੇ ਕਿਹਾ— "ਇਸ ਬੱਚੇ ਦੀ ਲਗਨ ਕੁੰਡਲੀ ਬਣਾ ਕੇ ਦੱਸੋ। ਇਸ ਦੀ ਲਗਨ ਕੁੰਡਲੀ ਵਿਚ ਕੀ ਅਉਗਣ ਤੇ ਕੀ ਗੁਣ ਲਿਖਿਆ ਹੋਇਆ ਹੈ? ਚੰਗੀ ਤਰ੍ਹਾਂ ਦੇਖ ਕੇ ਸਾਰਾ ਹਾਲ ਦੱਸੋ ਅਤੇ ਇਹ ਭੀ ਦੱਸੋ, ਇਸ ਦਾ ਨਾਂ ਕੀ ਰੱਖਣਾ ਚਾਹੀਦਾ ਹੈ?"

ਰਾਜਾ ਸੁਧਰਮਾਂ ਦੇ ਪ੍ਰਸ਼ਨਾਂ ਦਾ ਉਤਰ ਦਿੰਦੇ ਹੋਏ ਜੋਤਸ਼ੀਆਂ ਨੇ ਕਿਹਾ— "ਹੇ ਰਾਜਨ! ਚੰਦਰਮਾ ਨਿਆਈਂ ਇਸ ਬਾਲਕ ਦਾ ਮੁੰਹ ਸੁੰਦਰ ਤੇ ਖਿੜਿਆ ਹੋਇਆ ਹੈ, ਇਸ ਲਈ ਇਸ ਦਾ ਨਾਂ 'ਚੰਦ੍ਰਹਾਂਸ' ਹੀ ਰੱਖਣਾ ਚਾਹੀਦਾ ਹੈ।

ਪੁਨਾ ਜੋਤਸ਼ੀਆਂ ਨੇ ਚੰਦ੍ਰਹਾਂਸ ਦੀ ਲਗਨ ਕੁੰਡਲੀ ਬਣਾ ਕੇ ਜੋਤਿਸ਼ ਲਗਾ ਕਿ ਕਿਹਾ—ਹੇ ਰਾਜਨ! ਜਿਥੇ ਵੱਡਾ ਭਾਰੀ ਗੁਣ ਹੈ ਉਥੇ ਨਾਲ ਅਉਗੁਣ ਵੀ ਬਹੁਤ ਵੱਡਾ ਹੈ। ਗੁਣ ਇਹ ਹੈ ਕਿ ਇਹ ਭਗਵਾਨ ਦਾ ਬਹੁਤ ਪਿਆਰਾ ਭਗਤ ਹੋਵੇਗਾ। ਜਗਤ ਵਿਚ ਵੱਡਾ ਪ੍ਰਤਾਪੀ ਨਿਆਇਕਾਰੀ, ਪਰਜਾ ਪਾਲਕ ਰਾਜਾ ਹੋਵੇਗਾ।

ਦੂਸਰਾ ਇਸ ਵਿਚ ਅਉਗਣ ਇਹ ਹੈ ਕਿ ਇਸ ਦੇ ਪੈਦਾ ਹੋਣ ਨਾਲ ਤੁਹਾਡੇ ਜੀਵਨ ਦਾ ਸਮਾਂ ਥੋੜ੍ਹਾ ਰਹਿ ਗਿਆ ਹੈ ਅਤੇ ਇਹ ਰਾਜ ਵੀ ਨਸ਼ਟ ਹੋ ਜਾਵੇਗਾ।

ਇਸ ਤਰ੍ਹਾਂ ਦੀ ਲਗਨ ਕੁੰਡਲੀ ਸੁਣ ਕੇ ਰਾਜਾ ਸੁਧਰਮਾਂ ਨੂੰ ਨਿਸਚਾ ਹੋ ਗਿਆ ਕਿ ਜੋ ਸੰਤਾਂ ਨੇ ਬਚਨ ਕਹੇ ਸਨ ਉਹ ਠੀਕ ਹਨ।

ਸਮਾਂ ਬੀਤਦਿਆਂ ਕੋਈ ਪਤਾ ਨਹੀਂ ਲੱਗਦਾ। "ਦਿਨ ਤੇ ਪਹਿਰ ਪਹਿਰ ਤੇ ਘੜੀਆਂ" ਅਨੁਸਾਰ ਤਿੰਨ ਮਹੀਨੇ ਗੁਜ਼ਰ ਗਏ। ਇਨ੍ਹਾਂ ਹੀ ਦਿਨਾਂ ਵਿਚ 'ਕੰਤੂਹਲ' ਨਾਮੇ ਰਾਜਾ, ਚੜ੍ਹਾਈ ਕਰ ਕੇ ਆ ਗਿਆ।

ਏਧਰੋਂ ਸੁਧਰਮਾਂ ਨੇ ਪਰਜਾ ਦੀ ਰੱਖਿਆ ਕਰਨ ਲਈ ਕਾਫੀ ਫੌਜਾਂ ਭੇਜੀਆਂ। ਕਈ ਦਿਨ ਬੜੇ ਘਮਸਾਨ ਦੀ ਲੜਾਈ ਹੁੰਦੀ ਰਹੀ, ਜਿਸ ਵਿਚ ਰਾਜਾ ਸੁਧਰਮਾਂ ਦੀ ਬਹੁਤ ਸਾਰੀ ਫੌਜ ਮਾਰੀ ਗਈ।

ਬਹੁਤ ਸਾਰੀ ਸੈਨਾ ਦੇ ਮਾਰੇ ਜਾਣ ਤੇ ਰਾਜਾ ਸੁਧਰਮਾਂ ਨੇ ਵਿਚਾਰਿਆ ਕਿ ਮੇਰਾ ਹੁਣ ਰਾਜ ਮਹਿਲਾਂ ਵਿਚ ਬਹਿਣਾ ਧਰਮ ਨਹੀਂ। ਉਠ ਕੇ ਰਾਣੀ ਨੂੰ ਆ ਕੇ ਆਖਦਾ ਹੈ ਸੈਨਾ ਕਾਫੀ ਮਰ ਚੁੱਕੀ ਹੈ ਹੁਣ ਤਾਂ ਮੈਨੂੰ ਆਪ ਜਾ ਕੇ ਯੁੱਧ ਕਰਨਾ ਚਾਹੀਦਾ ਹੈ। ਬਾਕੀ ਰਹੀ ਜਿੱਤ ਹਾਰ ਦੀ ਗੱਲ, ਉਹ ਈਸ਼ਵਰ ਦੇ ਵਸ ਹੈ, ਪਤਾ ਨਹੀਂ ਹਾਰ ਹੋਣੀ ਹੈ ਕਿ ਜਿੱਤ। ਦੂਸਰਾ ਸਰੀਰ ਦਾ ਵੀ ਕੋਈ ਪਤਾ ਨਹੀਂ ਬਚੇਗਾ ਕਿ ਨਹੀਂ।

ਹੇ ਸੁਭੱਦਰੇ! ਰੱਬ ਨਾ ਕਰੇ, ਜੇਕਰ ਮੈਂ ਮਰ ਹੋ ਗਿਆ ਤਾਂ ਇੰਸ ਬਾਲਕ ਦੀ ਚੰਗੀ ਤਰ੍ਹਾਂ ਪਰਵਰਿਸ਼ ਕਰਨੀ। ਕੋਈ ਕਮੀ ਨਾ ਰਹਿਣ ਦੇਣੀ।

ਇਤਨਾ ਕਹਿ ਕੇ ਰਾਜਾ ਸੁਧਰਮਾ ਬਾਕੀ ਦੀ ਸੈਨਾ ਨੂੰ ਨਾਲ ਲੈ ਕੇ ਯੁੱਧ ਭੂਮੀ ਵਿਖੇ ਆ ਪੁੱਜਾ। ਬੜੇ ਘਮਸਾਨ ਦੀ ਲੜਾਈ ਹੋਈ। ਹਰ ਪਾਸੇ ਮਿਝ-ਚਰਬੀ ਕਰ ਕੇ ਪੈਰ ਚਿੱਕੜ ਵਾਂਗ ਵਿਚ ਹੀ ਖੁੱਭਦਾ ਜਾਂਦਾ ਸੀ। ਰਾਜਾ ਸੁਧਰਮਾਂ ਵੀ ਜਾਨ ਤੋੜ ਕੇ ਲੜਿਆ ਪਰ ਕਿਸਮਤ ਨੇ ਸਾਥ ਨਾ ਦਿੱਤਾ। ਆਖਰ ਲੜਦਾ-ਲੜਦਾ ਮਰ ਗਿਆ।

ਏਧਰ ਜਿਸ ਵੇਲੇ ਰਾਜਾ ਸੁਧਰਮਾਂ ਦੀ ਰਾਣੀ ਨੂੰ ਪਤਾ ਲੱਗਾ ਤਾਂ ਉਹ ਬਹੁਤ ਰੋਈ। ਇਕ ਦੋ ਵਾਰ ਬੇਹੋਸ਼ ਵੀ ਹੋ ਗਈ ਪਰ ਗੋਲੀਆਂ ਨੇ ਬਹੁਤ ਸੇਵਾ ਕੀਤੀ, ਸਰੀਰ ਵਿਖੇ ਬੇਹੋਸ਼ੀ ਰਹਿਣ ਨਾ ਦਿੱਤੀ। ਪਤੀ ਦੇ ਮਰ ਹੋ ਜਾਣ ਤੇ ਰਾਣੀ ਨੇ ਸੋਚਿਆ ਹੁਣ ਮੇਰਾ ਜਗਤ ਵਿਚ ਰਹਿਣਾ ਨਿਸਫਲ ਹੈ। ਹੋ ਸਕਦਾ ਹੈ ਜਿਥੇ ਇਤਨਾਂ ਕੁਝ ਹੋ ਗਿਆ ਹੈ ਕਿਤੇ ਮੇਰਾ ਪਤੀਬ੍ਰਤ ਧਰਮ ਨਾ ਚਲਾ ਜਾਵੇ। ਰਾਜੇ ਦੇ ਪਿਛੋਂ ਪਤਾ ਨਹੀਂ ਕਿਹੜੀ-ਕਿਹੜੀ ਔਕੜ ਦਾ ਮੂੰਹ ਤੱਕਣਾ ਪਵੇਗਾ। ਇਹ ਵਿਚਾਰ ਕੇ ਪੱਕਾ ਨਿਸਚਾ ਕਰ ਲਿਆ ਹੁਣ ਪਤੀ ਦੇ ਨਾਲ ਹੀ ਸਤੀ ਹੋ ਜਾਣਾ ਠੀਕ ਹੈ।

ਇਨ੍ਹਾਂ ਸੰਕਲਪਾਂ ਦੇ ਪੱਕਿਆਂ ਹੋਣ ਕਰ ਕੇ ਬਾਲਕ ਚੰਦ੍ਰਹਾਂਸ ਨੂੰ ਨਜ਼ਦੀਕੀ ਗੋਲੀ ਦੇ ਹਵਾਲੇ ਕਰ ਦਿੱਤਾ ਤੇ ਬਹੁਤ ਸਾਰਾ ਧਨ ਪਦਾਰਥ ਦੇਂਦਿਆਂ ਕਿਹਾ, "ਅੱਜ ਤੋਂ ਰਾਜ ਕੰਵਰ ਦੀ ਦੇਖ-ਭਾਲ ਤੂੰ ਕਰਨੀ ਹੈ ਅੱਗੋਂ ਜੋ ਈਸ਼ਵਰ ਨੂੰ ਭਾਇਆ!"

ਇਤਨਾ ਕਹਿ ਕੇ ਰਾਜਾ ਸੁਧਰਮਾ ਦੀ ਸੁਪਤਨੀ ਰਾਜ ਮਹਿਲਾਂ ਵਿਚੋਂ ਨਿਕਲ ਕੇ ਯੁੱਧ ਭੂਮੀ ਵਿਖੇ ਪਤੀ ਦੀ ਲਾਸ਼ ਲੱਭ ਕੇ ਚਿਖਾ ਬਣਾ ਕੇ ਉਸ ਦੇ ਨਾਲ ਹੀ ਸਤੀ ਹੋ ਗਈ।

ਇਧਰ ਇਕ ਦਿਨ ਆਪਣੇ ਘਰ ਵਿਖੇ ਬੈਠੀ ਹੋਈ ਦਾਸੀ ਨੇ ਸੋਚਿਆ ਹੁਣ ਇਹ ਰਾਜ ਕੰਤੂਹਲ ਦਾ ਹੋ ਚੁੱਕਾ ਹੈ। ਹੋ ਸਕਦਾ ਹੈ ਕਿ ਉਹ ਆਪਣੇ ਵੈਰੀ ਦਾ ਪੁੱਤਰ ਜਾਣ ਕੇ ਕਿਤੇ ਮਾਰ ਹੀ ਨਾ ਦੇਵੇ, ਇਸ ਲਈ ਇਥੇ ਰਹਿਣਾ ਹੁਣ ਠੀਕ ਨਹੀਂ।

ਇਨ੍ਹਾਂ ਵਿਚਾਰਾਂ ਦੇ ਹੋਣ ਕਰ ਕੇ ਉਹ ਦਾਸੀ ਚੰਦ੍ਰਹਾਂਸ ਤੇ ਰਾਣੀ ਦਾ ਦਿੱਤਾ ਹੋਇਆ ਸਾਰਾ ਧਨ ਲੁਕਵੀਂ ਥਾਂ ਬੰਨ੍ਹ ਕੇ ਪ੍ਰਭੂ ਦਾ ਆਸਰਾ ਲੈ ਉਸ ਦੇਸ਼ 'ਚੋਂ ਨਿਕਲ ਤੁਰੀ।

ਤਿੰਨਾਂ ਚਹੁੰ ਦਿਨਾਂ ਪਿਛੋਂ ਜਿਸ ਵੇਲੇ ਹੋਰ ਦੇਸ਼ ਦੀ ਹੱਦ ਵਿਚ ਵੜੀ ਤਾਂ ਪੁਛਿਆ ਕਿ ਇਹ ਕਿਸ ਰਾਜੇ ਦਾ ਦੇਸ਼ ਹੈ? ਤਾਂ ਕਿਸੇ ਨੇ ਕਿਹਾ— 'ਇਹ ਕੰਤੂਹਲ ਰਾਜੇ ਦਾ ਹੈ।' ਤਾਂ ਦਾਸੀ ਨੇ ਸੋਚਿਆ ਕਿ ਇਥੇ ਰਹਿਣਾ ਤਾਂ ਉਥੋਂ ਨਾਲੋਂ ਵੀ ਖਤਰਨਾਕ ਹੈ! ਉਸ ਵੇਲੇ ਉਹਨੀਂ ਹੀ ਪੈਰੀਂ ਕਿਸੇ ਹੋਰ ਪਾਸੇ ਚੱਲ ਪਈ।

ਚਲਦੀ ਚਲਦੀ 'ਧ੍ਰਿਸ਼ਟਬੁੱਧੀ' ਨਾਮੇ ਰਾਜੇ ਦੇ ਦੇਸ਼ ਵਿਖੇ ਜਾ ਪੁੱਜੀ। ਜੋ ਰਾਜੇ ਕੰਤੂਹਲ ਪਾਸ ਟਕੇ ਭਰਿਆ ਕਰਦਾ ਸੀ। ਚੰਦ੍ਰਹਾਂਸ ਦੀ ਰੱਖਿਆ ਲਈ ਆਪਣੇ ਸੁਖ ਦਾ ਨਾ ਖਿਆਲ ਕਰਦਿਆਂ ਸ਼ਹਿਰ ਵਿਚ ਨਹੀਂ ਗਈ, ਸਗੋਂ ਬਾਹਰ ਜੰਗਲ ਵਿਚ ਜਿਥੇ ਬੜਾ ਬੀਤਰਾਗ ਸੰਤ ਜਨ ਰਿਹਾ ਕਰਦੇ ਸਨ, ਉਥੇ ਆ ਕੇ ਸੰਤਾਂ ਪਾਸ ਰੋ ਪਈ ਅਤੇ ਸਾਰੀ ਵਾਰਤਾ ਕਹਿ ਸੁਣਾਈ।

ਫੇਰ ਉਥੇ ਹੀ ਰਹਿਣ ਦਾ ਸੰਕਲਪ ਬਣਾ ਕੇ ਬੇਨਤੀ ਕੀਤੀ- "ਸੰਤ ਜੀ, ਆਪ ਪ੍ਰਭੂ ਦੇ ਪਿਆਰੇ ਹੋ! ਕਿਰਪਾ ਕਰ ਕੇ ਇਥੇ ਆਪਣੀ ਸ਼ਰਨ ਵਿਚ ਰਹਿਣ ਆਗਿਆ ਦਿਓ।"

ਦਿਆਲੂ ਸੰਤਾਂ ਨੇ ਉਸ ਦੁਖੀਆਰੀ ਸਮਝ ਕੇ ਪਾਸ ਰਹਿਣ ਦੀ ਆਗਿਆ ਦੇ ਦਿੱਤੀ।

ਫੇਰ ਉਹ ਦਾਸੀ ਆਗਿਆ ਪਾ ਕੇ ਤਨੋਂ ਮਨੋਂ ਹੋ ਕੇ ਰਾਤ ਦਿਨ ਭੀਲਣੀ ਵਾਂਗੂ ਸੰਤਾਂ ਦੀ ਸੇਵਾ ਕਰਦੀ

ਰਹੀ ਅਤੇ ਉਦਮ ਕਰ ਕੇ ਆਪਣੇ ਰਹਿਣ ਲਈ ਇਕ ਵੱਖਰੀ ਝੋਂਪੜੀ ਪਾ ਲਈ।

ਇਸੇ ਤਰ੍ਹਾਂ ਸੰਤਾਂ ਦੀ ਸੇਵਾ ਕਰਦਿਆਂ ਕੁਝ ਕੁ ਸਮਾਂ ਬੀਤ ਗਿਆ, ਹਾਲੀ ਥੋੜ੍ਹੇ ਦਿਨ ਹੀ ਸੰਤਾਂ ਪਾਸ ਰਹਿੰਦਿਆਂ ਬੀਤੇ ਸਨ ਜੋ ਉਮਰ ਪੂਰੀ ਹੋ ਜਾਣ ਕਰ ਕੇ ਦਾਸੀ ਮਰ ਗਈ। ਲੜਕਾ ਇਕੱਲਾ ਰਹਿ ਗਿਆ ਪਰ ਉਸ ਦੀ ਸਾਰੀ ਪਰਵਰਿਸ਼ ਮਹਾਤਮਾ ਆਪ ਹੀ ਕਰਨ ਲੱਗ ਪਏ।

ਪੂਰਬਲੇ ਚੰਗੇ ਭਾਗਾਂ ਤੇ ਸੰਤਾਂ ਦੀ ਸੰਗਤ ਦੇ ਪ੍ਰਤਾਪ ਕਰ ਕੇ ਚੰਦ੍ਰਹਾਂਸ ਛੋਟੀ ਉਮਰ ਵਿਚ ਹੀ ਸੰਤਾਂ ਦੀ ਰੀਸ ਕਰਨ ਲੱਗ ਪਿਆ। ਅਰਥਾਤ ਸੰਤਾਂ ਦੀ ਤਰ੍ਹਾਂ ਪਹਿਲੇ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਪਾਣੀ ਕਰ ਕੇ ਸੰਤਾਂ ਦੇ ਪਿਛੇ ਅੱਖਾਂ ਮੀਟ ਕੇ ਬੈਠਣ ਲੱਗ ਪਿਆ।

ਇਕ ਦਿਨ ਸੰਤਾਂ ਨੇ ਬਾਲਕ ਦੀ ਇਸ ਤਰ੍ਹਾਂ ਲਗਨ ਦੇਖ ਦੇ ਕਿਹਾ- ਹੇ ਪੁੱਤਰ! ਐਵੇਂ ਨਾ ਅੱਖਾਂ ਮੀਟ ਕੇ ਬੈਠਿਆ ਕਰ, ਪ੍ਰਭੂ ਦਾ ਨਾਮ ਵੀ ਜਪਿਆ ਕਰ। ਸੰਤਾਂ ਦੇ ਕਹਿਣ ਤੇ ਚੰਦ੍ਰਹਾਂਸ ਸਿਮਰਨ ਵੀ ਕਰਨ ਲੱਗ ਪਿਆ।

ਇਸੇ ਤਰ੍ਹਾਂ ਸੰਤਾਂ ਪਾਸ ਰਹਿੰਦਿਆਂ ਭਜਨ-ਸਿਮਰਨ ਵਿਚ ਚੰਦ੍ਰਹਾਂਸ ਦੇ ਚੰਗੇ ਦਿਨ ਬਤੀਤ ਹੁੰਦੇ ਗਏ। ਜਿਥੇ ਕਿਤੇ ਸੰਤ ਮੰਡਲੀ ਭੋਜਨ ਛਕਣ ਜਾਂਦੀ ਨਾਲ ਚੰਦ੍ਰਹਾਂਸ ਵੀ ਜਾਂਦਾ।

ਇਕ ਦਿਨ ਉਥੋਂ ਦੇ ਰਾਜੇ ਧ੍ਰਿਸ਼ਟਬੁੱਧੀ ਨੇ ਬ੍ਰਹਮ ਭੋਜ ਕੀਤਾ। ਵਡੇ-ਵਡੇ ਜੋਤਸ਼ੀ, ਪੰਡਿਤ, ਸਾਧੂ, ਮਹਾਤਮਾਂ, ਵੈਰਾਗੀ, ਤਿਆਗੀ ਸਭਨਾਂ ਨੂੰ ਬ੍ਰਹਮ ਭੋਜ ਤੇ ਆਉਣ ਲਈ ਸੱਦਿਆ। ਉਸ ਮੌਕੇ ਉਨ੍ਹਾਂ ਮਹਾਤਮਾਂ ਨਾਲ ਚੰਦ੍ਰਹਾਂਸ ਵੀ ਗਿਆ, ਜਦੋਂ ਕਿ ਉਹ ਲੱਗਭਗ ਪੰਜ ਸਾਲਾਂ ਦਾ ਸੀ ਪਰ ਸੰਤਾਂ ਦੀ ਕਿਰਪਾ ਕਰ ਕੇ ਉਸ ਦੀ ਲਗਨ ਅਜਿਹੀ ਹੋ ਗਈ, ਜੋ ਕਿ ਪੂਰਨ ਸੰਤਾਂ ਵਾਂਗੂੰ ਪੰਗਤ ਵਿਚ ਬੈਠਾ ਹੀ ਨਾਮ ਸਿਮਰਨ ਕਰੀ ਜਾਂਦਾ। ਜਿਥੇ ਆਪਣੀ ਸੰਤ ਮੰਡਲੀ ਨਾਲ ਚੰਦ੍ਰਹਾਂਸ ਬੈਠਾ ਸੀ ਉਥੇ ਇਸ ਦੇ ਸਾਹਮਣੇ ਚਾਰ ਪੰਜ ਚੰਗੇ ਵਿਦਵਾਨ ਜੋਤਸ਼ ਦੇ ਮਾਹਰ ਬੈਠੇ ਜੋਤਸ਼ੀ ਆਪਸ ਵਿਚ ਗੱਲਾਂ ਕਰ ਰਹੇ ਸਨ। ਗੱਲਾਂ ਕਰਦਿਆਂ-ਕਰਦਿਆਂ ਇਕ ਜੋਤਸ਼ੀ ਦੀ ਨਿਗਾਹ ਚੰਦ੍ਰਹਾਂਸ 'ਤੇ ਪੈ ਗਈ। ਮੱਥੇ ਦੀਆਂ ਰੇਖਾਵਾਂ ਪੜ੍ਹ ਕੇ ਨਾਲ ਦੇ ਜੋਤਸ਼ੀ ਨੂੰ ਕਿਹਾ ਕਿ ਸਾਧੂਆਂ ਵਿਚ ਬੈਠੇ ਹੋਏ ਉਸ ਬਾਲਕ ਦੇ ਲੇਖ ਪੜ੍ਹ ਜਾਂ ਉਸ ਨੇ ਲੇਖ ਪੜ੍ਹੇ ਤਾਂ ਹੱਸ ਪਿਆ। ਉਂਜ ਵੀ ਕੁਝ ਸੁਭਾਅ ਦਾ ਮਜ਼ਾਕੀਆ ਸੀ ਹੋਰ ਨਾਲ ਦੇ ਬੈਠੇ ਵੀ ਹੱਸ ਪਏ।

ਰਾਜੇ ਧ੍ਰਿਸ਼ਟਬੁੱਧੀ ਨੂੰ ਇਹਨਾਂ ਦੇ ਹੱਸਣ 'ਤੇ ਬੜੀ ਹੈਰਾਨੀ ਹੋਈ, ਜੋ ਨਾਲ ਦੀ ਪੰਗਤ ਵਿਖੇ ਭੋਜਨ ਵਰਤਾ ਰਿਹਾ ਸੀ। ਇਹਨਾਂ ਪਾਸ ਆ ਕੇ ਹੱਸਣ ਦਾ ਕਾਰਨ ਪੁਛਦਿਆਂ ਕਿਹਾ—"ਭੋਜਨ ਵਿਚ ਕੋਈ ਕਮੀ-ਪੇਸ਼ੀ ਰਹਿ ਗਈ ਹੈ?"

ਜੋਤਸ਼ੀਆਂ ਨੇ ਕਿਹਾ— ਹੇ ਰਾਜਨ! ਨਹੀਂ, ਆਪ ਜੀ ਨੇ ਬਹੁਤ ਚੰਗਾ ਭੋਜਨ ਤਿਆਰ ਕਰਵਾ ਕੇ ਵਰਤਾਇਆ ਹੈ।

ਰਾਜਾ : ਫਿਰ ਹੱਸਣ ਦਾ ਕੀ ਕਾਰਨ ਹੈ?"

ਜੋਤਸ਼ੀਆਂ ਨੇ ਫਿਰ ਵੀ ਇਕ ਦੋ ਵਾਰੀ ਟਾਲ-ਮਟੋਲ ਕੀਤਾ ਜਦ ਦੇਖਿਆ ਕਿ ਰਾਜਾ ਖਹਿੜਾ ਨਹੀਂ ਛੱਡਦਾ ਤਾਂ ਸੱਚ-ਸੱਚ ਕਹਿ ਦਿੱਤਾ ਕਿ ਹੇ ਰਾਜਨ! ਅਸੀਂ ਉਸ ਬਾਲਕ ਦੀ ਕਿਸਮਤ ਪੜ੍ਹ ਕੇ ਹੱਸੇ ਹਾਂ ਕਿ ਵਿਧਾਤਾ ਨੇ ਕੈਸਾ ਸੰਜੋਗ ਬਣਾਇਆ ਹੈ। ਕਿਥੇ ਫਕੀਰਾਂ ਦਾ ਲੜਕਾ ਤੇ ਕਿਥੇ ਰਾਜੇ ਦੀ ਪੁੱਤਰੀ! ਉਸ ਦੀ ਕਿਸਮਤ ਵਿਚ ਇਹ ਲਿਖਿਆ ਹੋਇਆ ਹੈ ਕਿ ਇਸ ਨੇ ਤੇਰਾ ਜਵਾਈ ਬਣਨਾ ਹੈ।

ਇਹ ਗੱਲ ਸੁਣ ਕੇ ਰਾਜਾ ਧ੍ਰਿਸ਼ਟਬੁਧੀ ਨੇ ਉਸ ਵੇਲੇ ਤਾਂ ਸੁਣੀ ਅਣਸੁਣੀ ਕਰ ਦਿੱਤੀ ਪਰ ਰਾਜ ਮਹਿਲਾਂ ਵਿਚ ਪੁੱਜਣ ਤੇ ਬਹੁਤ ਚਿੰਤਾ ਹੋਈ। ਕਈ ਤਰ੍ਹਾਂ ਦੇ ਭੈੜੇ ਖਿਆਲ ਆਉਣ ਲੱਗ ਪਏ। ਸੋਚਦਾ ਹੈ ਕਿ ਜੇਕਰ ਮੇਰੀ ਲੜਕੀ ਦਾ ਉਸ ਕੰਗਲੇ ਫ਼ਕੀਰ ਦੇ ਲੜਕੇ ਨਾਲ ਵਿਆਹ ਹੋ ਗਿਆ ਤਾਂ ਮੇਰੀ ਇੱਜ਼ਤ ਤਾਂ ਮਿੱਟੀ ਵਿਚ ਰੁਲ ਜਾਵੇਗੀ। ਬਰਾਦਰੀ ਤੇ ਹੋਰ ਦੇਸ਼ਾਂ ਦੇ ਰਾਜੇ ਕੀ ਕਹਿਣਗੇ ਕਿ ਤੈਨੂੰ ਕੋਈ ਰਾਜ ਲੜਕਾ ਨਹੀਂ ਲੱਭਾ ਜੋ ਫਕੀਰਾਂ ਨਾਲ ਆਪਣੀ ਲੜਕੀ ਵਿਆਹ ਦਿੱਤੀ ਹੈ। ਕਈ ਦਿਨ ਇਹਨਾਂ ਹੀ ਵਿਚਾਰਾਂ ਵਿਚ ਗਲਤਾਨ ਰਿਹਾ। ਫੇਰ ਕੁਝ ਦਿਨਾਂ ਪਿੱਛੋਂ ਇਸ ਦਾ ਵਜ਼ੀਰ 'ਕਬੁਧੀ' ਬਾਹਰੋਂ ਕੰਮ ਪੂਰਾ ਕਰ ਕੇ ਆ ਗਿਆ। ਰਾਜੇ ਨੂੰ ਚਿੰਤਾਤੁਰ ਦੇਖ ਕੇ ਪੁਛਿਆ "ਹੇ ਰਾਜਨ! ਕੀ ਗੱਲ ਹੋਈ ਹੈ, ਜੋ ਆਪ ਇਤਨੀ ਚਿੰਤਾ ਵਿਚ ਹੋ, ਕਿਸੇ ਨੇ ਹਮਲਾ ਤਾਂ ਨਹੀਂ ਕਰ ਦਿੱਤਾ?"

ਇਹ ਗੱਲ ਸੁਣ ਕੇ ਰਾਜੇ ਨੇ ਕਿਹਾ—"ਜਿਸ ਦਿਨ ਮੈਂ ਬ੍ਰਹਮ ਭੋਜ ਕੀਤਾ ਸੀ, ਉਸ ਦਿਨ ਇਕ ਛੋਟਾ ਜਿਹਾ ਲੜਕਾ ਵੀ ਸੰਤਾਂ ਨਾਲ ਆਇਆ ਹੋਇਆ ਸੀ। ਜੋਤਸ਼ੀ ਉਸ ਦੀ ਰੇਖਾ ਪੜ੍ਹ ਕੇ ਹੱਸ ਪਏ। ਮੇਰੇ ਪੁੱਛਣ 'ਤੇ ਉਹਨਾਂ ਦੱਸਿਆ ਕਿ 'ਹੇ ਰਾਜਨ! ਇਹ ਤੇਰੀ ਪੁੱਤਰੀ ਦਾ ਪਤੀ ਬਣੇਗਾ।' ਉਸ ਵੇਲੇ ਤਾਂ ਕੁਝ ਨਹੀਂ ਕਰ ਸਕਿਆ ਪਰ ਹੁਣ ਬੜੀ ਚਿੰਤਾ ਲੱਗ ਰਹੀ ਹੈ, ਕੀਤਾ ਕੀ ਜਾਏ? ਕੋਈ ਐਸਾ ਉਪਾ ਦੱਸ ਜਿਸ ਕਰ ਕੇ ਇਹ ਲੜਕਾ ਮੇਰਾ ਜਵਾਈ ਨਾ ਬਣ ਸਕੇ।"

ਰਾਜੇ 'ਧ੍ਰਿਸ਼ਟਬੁਧੀ' ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਕਬੁਧੀ ਨੇ ਕਿਹਾ— ਇਹ ਵੀ ਕੋਈ ਵੱਡੀ ਗੱਲ ਹੈ! ਹੁਣੇ ਜਲਾਦਾਂ ਨੂੰ ਸੱਦ ਕੇ ਉਨ੍ਹਾਂ ਨੂੰ ਲਾਲਚ ਦੇ ਕੇ ਉਸ ਲੜਕੇ ਨੂੰ ਮਰਵਾ ਦਿੰਦੇ ਹਾਂ, ਆਪੇ ਸਿਰੋਂ ਬਲਾ ਟਲ ਜਾਵੇਗੀ। ਰਾਜੇ ਨੇ ਕਿਹਾ ਠੀਕ ਹੈ।

ਸਲਾਹ ਪੱਕੀ ਹੋ ਜਾਣ ਤੇ ਜਲਾਦਾਂ ਨੂੰ ਬੁਲਾ ਕੇ ਕਿਹਾ— ਫਲਾਣੇ ਜੰਗਲ ਵਿਖੇ ਇਕ ਫਕੀਰਾਂ ਪਾਸ ਲੜਕਾ ਹੈ, ਉਸ ਨੂੰ ਜ਼ਰੂਰ ਮਾਰਨਾ ਹੈ। ਜੇ ਤੁਸੀਂ ਹੁਕਮ ਦੀ ਪਾਲਣਾ ਕਰੋਗੇ , ਤਾਂ ਬਹੁਤ ਸਾਰਾ ਇਨਾਮ ਦਿੱਤਾ ਜਾਏਗਾ।

ਜਲਾਦਾਂ ਨੇ ਕਿਹਾ—ਹੇ ਰਾਜਨ! ਆਪ ਜੀ ਦਾ ਹੁਕਮ ਸਿਰ ਮੱਥੇ 'ਤੇ ਪ੍ਰਵਾਨ ਹੈ, ਪਰ ਇਹ ਦੱਸੋ ਉਸ ਲੜਕੇ ਨੂੰ ਅਸੀਂ ਕਿਵੇਂ ਮਾਰਾਂਗੇ? ਕਿਉਂਕਿ ਉਸ ਦਾ ਸੰਤਾਂ ਨਾਲ ਬਹੁਤ ਪਿਆਰ ਹੈ। ਉਹ ਤਾਂ ਉਨ੍ਹਾਂ ਨਾਲੋਂ ਵਿਛੜਦਾ ਹੀ ਨਹੀਂ ਅਤੇ ਨਾ ਹੀ ਸੰਤ ਉਸ ਲੜਕੇ ਦਾ ਵਿਸਾਹ ਕਰਦੇ ਹਨ, ਹਰ ਵੇਲੇ ਆਪਣੇ ਪਾਸ ਹੀ ਰੱਖਦੇ ਹਨ।

ਰਾਜੇ 'ਧ੍ਰਿਸ਼ਟਬੁੱਧੀ' ਨੇ ਕਿਹਾ—ਉਸ ਦੇ ਫੜਨ ਦਾ ਤਰੀਕਾ ਤੁਹਾਨੂੰ ਮੈਂ ਦੱਸਦਾ ਹਾਂ। ਮੈਂ ਕਈ ਵਾਰੀ ਉਸ ਨੂੰ ਰਾਜਧਾਨੀ ਦੇ ਲੜਕਿਆਂ ਨਾਲ ਸ਼ਹਿਰ ਵਿਚ ਖੇਡਦਿਆਂ ਵੇਖਿਆ ਹੈ। ਉਨ੍ਹਾਂ ਲੜਕਿਆਂ ਨੂੰ ਲਾਲਚ ਦੇ ਕੇ ਸਿਖਾ ਕੇ ਭੇਜਾਂਗਾ ਕਿ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਖੇਡੇ ਲਾ ਕੇ ਸ਼ਹਿਰ ਵਿਚ ਲੈ ਆਉਣਗੇ। ਰਸਤੇ ਵਿਚੋਂ ਤੁਸੀਂ ਉਸ ਨੂੰ ਫੜ ਕੇ ਦੂਰ ਸੰਘਣੇ ਜੰਗਲ ਵਿਚ ਲਿਜਾ ਕੇ ਮਾਰ ਦੇਣਾ।

ਉਸ ਵੇਲੇ ਕੁਝ ਲੜਕਿਆਂ ਨੂੰ ਬੁਲਾ ਕੇ ਰਾਜੇ ਨੇ ਸਾਰਿਆਂ ਨੂੰ ਚਾਰ-ਚਾਰ ਪੈਸੇ ਦੇ ਕੇ ਕਿਹਾ ਕਿ ਅੱਜ ਤੁਸੀਂ ਫਕੀਰ ਦੇ ਲੜਕੇ ਨੂੰ ਸ਼ਹਿਰ ਵੱਲ ਬੁਲਾ ਲਿਆਉਣਾ। (ਮਾਇਆ ਦਾ ਲਾਲਚ ਐਸਾ ਹੁੰਦਾ ਹੈ ਕੀ ਵੱਡਾ ਤੇ ਕੀ ਛੋਟਾ ਸਭਨਾ ਦੇ ਮਨ ਨੂੰ ਕਾਬੂ ਕਰ ਲੈਂਦਾ ਹੈ) ਜਿਸ ਵੇਲੇ ਚਾਰ-ਚਾਰ ਪੈਸੇ ਮਿਲ ਗਏ ਉਹ ਤਾਂ ਉਸੇ ਵੇਲੇ ਜੰਗਲ ਨੂੰ ਨੱਠ ਉਠੇ ਤੇ ਖੇਡਣ ਦੇ ਬਹਾਨੇ ਚੰਦ੍ਰਹਾਂਸ ਨੂੰ ਨਾਲ ਸ਼ਹਿਰ ਵੱਲ ਲੈ ਆਏ। ਰਸਤੇ ਵਿਚ ਲੜਕਿਆਂ ਨੇ ਕਿਹਾ— "ਇਹ ਠਾਕੁਰ ਸਾਨੂੰ ਪਕੜਾ ਦੇ ਤੇ ਤੂੰ ਫਲਾਣੇ ਲੜਕੇ ਨੂੰ ਦੌੜ ਕੇ ਫੜ ਲਿਆ, ਫਿਰ

ਤੈਨੂੰ ਠਾਕੁਰ ਦੇ ਦਿਆਂਗੇ।''

ਇਹ ਠਾਕੁਰ ਉਹ ਸੀ ਜਿਹੜਾ ਚੰਦ੍ਰਹਾਂਸ ਨੂੰ ਸੰਤਾਂ ਪਾਸੋਂ ਮਿਲਿਆ ਹੋਇਆ ਸੀ ਅਤੇ ਜਿਸ ਦਾ ਰੋਜ਼ ਧਿਆਨ ਧਾਰਿਆ ਕਰਦਾ ਸੀ। ਏਸੇ ਕਰ ਕੇ ਚੰਦ੍ਰਹਾਂਸ ਨੂੰ ਉਹ ਠਾਕੁਰ ਬਹੁਤ ਪਿਆਰਾ ਸੀ, ਇਸ ਲਈ ਉਸ ਨੇ ਨਾ ਦਿੱਤਾ। ਇਥੋਂ ਤਕ ਕਿ ਉਹ ਹੱਥੋ ਪਾਈ ਕਰਨ ਤੇ ਉਤਰ ਆਏ, ਪਰ ਚੰਦ੍ਰਹਾਂਸ ਚਲਾਕੀ ਨਾਲ ਆਪਣਾ ਪੱਲਾ ਛੁਡਾ ਕੇ ਆਪਣੀ ਕੁਟੀਆ ਵੱਲ ਨੱਠ ਉਠਿਆ। ਹਾਲੀਂ ਥੋੜਾ ਹੀ ਦੌੜਿਆ ਸੀ ਜੋ ਰਾਹ ਵਿਖੇ ਲੁਕੇ ਜਲਾਦਾਂ ਨੇ ਚੰਦ੍ਰਹਾਂਸ ਨੂੰ ਫੜ ਲਿਆ ਤੇ ਬਾਕੀ ਦੇ ਲੜਕਿਆਂ ਨੂੰ ਡਰਾ ਧਮਕਾ ਕੇ ਦੁੜਾ ਦਿੱਤਾ ਅਤੇ ਚੰਦ੍ਰਹਾਂਸ ਨੂੰ ਰਾਜੇ 'ਧ੍ਰਿਸ਼ਟਬੁੱਧੀ' ਪਾਸ ਲੈ ਗਏ। ਰਾਜੇ ਦੇ ਸਾਹਮਣੇ ਖੜਾ ਕਰ ਕੇ ਪੁਛਿਆ ਕਿ ਰਾਜਨ! ਇਹੋ ਲੜਕਾ ਹੈ?

ਰਾਜੇ ਧ੍ਰਿਸ਼ਟਬੁਧੀ' ਨੇ ਕਿਹਾ—ਹਾਂ, ਇਹੋ ਲੜਕਾ ਹੈ। ਇਸ ਨੂੰ ਜਲਦੀ ਸੰਘਣੇ ਜੰਗਲ ਵਿਚ ਲਿਜਾ ਕੇ ਜੋ ਮੈਂ ਕ਼ਿਹਾ ਹੈ ਉਸੇ ਤਰ੍ਹਾਂ ਕਰ ਕੇ ਫਿਰ ਕੋਈ ਨਿਸ਼ਾਨੀ ਲਿਆ ਕੇ ਮੈਨੂੰ ਦਿਖਾ ਦੇਣੀ ਤੇ ਆਪਣੀ ਬਾਕੀ ਦੀ ਰਕਮ ਲੈ ਲੈਣੀ।

ਰਾਜੇ ਦੇ ਕਹੇ ਅਨੁਸਾਰ ਜਲਾਦ ਚੰਦ੍ਰਹਾਸ ਨੂੰ ਨਾਲ ਲੈ ਕੇ ਦਰੱਖਤਾਂ ਝਾੜੀਆਂ ਵਿਚੋਂ ਲੰਘਦੇ ਹੋਏ ਸੰਘਣੇ ਜੰਗਲ ਵਿਚ ਜਾ ਪੁੱਜੇ ਪਰ ਚੰਦ੍ਰਹਾਂਸ ਜ਼ਰਾ ਜਿੰਨਾਂ ਭੀ ਨਾ ਡਰਿਆ, ਉਸੇ ਤਰ੍ਹਾਂ ਹੀ ਨਾਮ ਜਪਦਾ ਹੱਥ ਵਿਚ ਠਾਕੁਰ ਲੈ ਕੇ ਉਨ੍ਹਾਂ ਦੇ ਨਾਲ ਤੁਰੀ ਗਿਆ ਹੈ। ਜਿਸ ਵੇਲੇ ਸੰਘਣੇ ਜੰਗਲ ਵਿਚ ਲਿਜਾ ਕੇ ਜਲਾਦਾਂ ਨੇ ਖੜਾ ਕਰ ਲਿਆ ਤਾਂ ਚੰਦ੍ਰਹਾਂਸ ਦੇ ਚੇਹਰੇ ਵੱਲ ਦੇਖ ਕੇ ਸੋਚਦੇ ਹਨ, ਕਿਤਨਾ ਸੁੰਦਰ ਲੜਕਾ ਹੈ, ਇਸ ਨੂੰ ਮਾਰਨਾ ਨਹੀਂ ਚਾਹੀਦਾ।

ਪਰ ਕੁਝ ਸਮੇਂ ਤੋਂ ਬਾਅਦ ਰਾਜੇ ਵੱਲੋਂ ਦਿੱਤੇ ਗਏ ਲਾਲਚ ਦੇ ਦਬਾ ਹੇਠ ਆ ਗਏ ਤੇ ਯਕ ਦਮ ਖਿਆਲ ਬਦਲ ਗਏ। ਸੋਚਣ ਲੱਗੇ ਰਾਜੇ ਪਾਸੋਂ ਕੁਝ ਰੁਪਿਆ ਲੈ ਚੁੱਕੇ ਹਾਂ ਤੇ ਕੁਝ ਲੈਣਾ ਹੈ। ਉਸ ਨੂੰ ਹਲਾਲ ਕਰਨਾ ਚਾਹੀਦਾ ਹੈ, ਜੇ ਇਸ ਲੜਕੇ ਨੂੰ ਨਹੀਂ ਮਾਰਦੇ ਤਾਂ ਹਰਾਮੀ ਬਣਦੇ ਹਾਂ, ਨਾਲੇ ਬਚਨ ਵੀ ਕਰ ਆਏ ਹਾਂ ਉਸ ਨੂੰ ਪਾਲਣਾ ਯੋਗ ਹੈ।

ਇਸ ਤਰ੍ਹਾਂ ਦੀ ਸਲਾਹ ਕਰ ਕੇ ਮਾਰਨ ਨੂੰ ਤਿਆਰ ਹੋ ਗਏ। ਤਲਵਾਰਾਂ ਸੂਤ ਕੇ ਤੇ ਬੜੇ ਗੁੱਸੇ ਨਾਲ ਹੋਏ ਅਗਾਂਹ ਵਧੇ ਤੇ ਕਿਹਾ- ਅਰੇ ਬਾਲਕ! ਤਿਆਰ ਹੋ ਜਾ, ਤੇਰਾ ਕਾਲ ਨੇੜੇ ਆ ਗਿਆ ਹੈ। ਤੇਰਾ ਸਹਾਇਕ ਹੈ ਤਾਂ ਸੱਦ ਲੈ।

ਇਸ ਤਰ੍ਹਾਂ ਦੀਆਂ ਭੈਦਾਇਕ ਗੱਲਾਂ ਸੁਣ ਕੇ ਵੀ ਚੰਦ੍ਰਹਾਂਸ ਡਰਿਆ ਨਹੀਂ ਤੇ ਕਿਹਾ, ਮੇਰੇ ਰਾਖੇ ਮਾਤਾ ਪਿਤਾ ਰੂਪ ਸੰਤ ਹਨ, ਉਨ੍ਹਾਂ ਨੂੰ ਤਾਂ ਪਤਾ ਨਹੀਂ। ਦੂਸਰਾ ਮੇਰਾ ਸਹਾਇਕ ਇਕ ਪ੍ਰਭੂ ਹੈ।

ਸੋ ਤੁਸੀਂ ਮਾਰਨ ਤੋਂ ਪਹਿਲਾਂ ਮੈਨੂੰ ਇਸ਼ਨਾਨ ਕਰ ਕੇ ਉਸ ਨੂੰ ਯਾਦ ਕਰ ਲੈਣ ਦਿਓ। ਫੇਰ ਜਿਸ ਵੇਲੇ ਮੈਂ ਇਸ਼ਾਰਾ ਕਰਾਂਗਾ, ਤੁਸੀਂ ਮੈਨੂੰ ਮਾਰ ਦੇਣਾ।

ਇਹ ਗੱਲ ਸੁਣ ਕੇ ਜਲਾਦ ਮੰਨ ਗਏ। ਥੋੜ੍ਹੀ ਦੂਰ ਤੇ ਇਕ ਛੋਟੀ ਜਿਹੀ ਛੱਪੜੀ ਸੀ, ਜਿਸ ਵਿਚ ਮੀਂਹ ਦਾ ਪਾਣੀ ਖੜਾ ਸੀ, ਉਸ ਵਿਚ ਚੰਦ੍ਰਹਾਂਸ ਨੇ ਆਪ ਇਸ਼ਨਾਨ ਕਰ ਕੇ ਠਾਕੁਰ ਜੀ ਨੂੰ ਵੀ ਇਸ਼ਨਾਨ ਕਰਾਇਆ, ਫਿਰ ਕੱਪੜੇ ਪਾ ਕੇ ਠਾਕੁਰ ਨੂੰ ਸਾਹਮਣੇ ਰੱਖ ਕੇ ਸਮਾਧੀ ਲਗਾ ਕੇ ਬੈਠ ਗਿਆ। ਏਧਰ ਜਲਾਦ ਚੰਦ੍ਰਹਾਂਸ ਦੀ ਐਸੀ ਕਰਤੱਬਤਾ ਨੂੰ ਦੇਖ ਕੇ ਚਕ੍ਰਿਤ ਰਹਿ ਗਏ। ਪੁਨਾ-ਇਕ ਦਮ ਖੋਟੀਆਂ ਵਿਚਾਰਾਂ ਬਦਲ ਗਈਆਂ। ਸੋਚਦੇ ਹਨ ਜੇ ਇਸ ਨੂੰ ਮਾਰ ਦਿੱਤਾ ਤਾਂ ਅਜੇਹਾ ਭਾਰੀ ਪਾਪ ਸਾਡੇ ਸਿਰ ਹੋ ਜਾਵੇਗਾ, ਜਿਸ ਕਰ ਕੇ ਕੁੰਭੀ ਨਰਕ ਵਿਚ

ਵੀ ਸਾਨੂੰ ਥਾਂ ਨਹੀਂ ਮਿਲੇਗੀ। ਇਹ ਤਾਂ ਪਰਮੇਸ਼ਰ ਦਾ ਪੂਰਨ ਭਗਤ ਹੈ ਇਸ ਨੂੰ ਮਾਰਨਾ ਨਹੀਂ ਚਾਹੀਦਾ, ਨਾਲੇ ਰਾਜੇ ਤੋਂ ਲਏ ਪੈਸੇ ਹਰਾਮ ਵੀ ਨਹੀਂ ਕਰਨੇ, ਇਸ ਲਈ ਸਾਨੂੰ ਇੰਜ ਕਰਨਾ ਚਾਹੀਦਾ ਹੈ ਕਿ ਇਸ ਦਾ ਕੋਈ ਇਕ ਅੱਧਾ ਅੰਗ ਕੱਟ ਕੇ ਰਾਜਾ ਨੂੰ ਦਿਖਾ ਦੇਈਏ ਤੇ ਇਸ ਨੂੰ ਇਥੇ ਹੀ ਛੱਡ ਜਾਈਏ। ਇਹ ਵਿਚਾਰ ਕਰ ਕੇ ਅੰਗ ਕੱਟਣ ਲਈ ਇਕ ਨੇ ਕਦਮ ਅਗਾਂਹ ਵਧਾਇਆ ਤਾਂ ਉਸ ਨੇ ਦੇਖਿਆ ਕਿ ਖੱਬੇ ਹੱਥ ਦੀਆਂ ਛੇ ਉਂਗਲਾਂ ਹਨ, ਜਲਾਦ ਨੇ ਦੇਖ ਕੇ ਉਸੇ ਨੂੰ ਹੀ ਕੱਟ ਲਿਆ। ਬਸ ਇਤਨੇ ਵਿਚ ਚੰਦ੍ਰਹਾਂਸ ਦੇ ਕਰਮਾਂ ਨੂੰ ਚਾਰ ਚੰਨ ਲੱਗ ਗਏ ਕਿਉਂਕਿ ਉਹ ਛੇਵੀਂ ਉਂਗਲ ਹੀ ਵਿਘਨਕਾਰੀ ਸੀ, ਜਿਸ ਕਰ ਕੇ ਉਸ ਨੂੰ ਇਤਨੀਆਂ ਮੁਸੀਬਤਾਂ ਸਹਾਰਨੀਆਂ ਪਈਆਂ।

ਜਲਾਦ ਤਾਂ ਨਿਸ਼ਾਨੀ ਵਜੋਂ ਉਂਗਲ ਲੈ ਕੇ ਚਲੇ ਗਏ ਤੇ ਚੰਦ੍ਰਹਾਂਸ ਉਸੇ ਜੰਗਲ ਵਿਚ ਛੱਪੜੀ ਦੇ ਕੰਢੇ ਰਹਿਣ ਲੱਗ ਪਿਆ। ਉਥੇ ਹੀ ਕੱਖਾਂ ਕਾਨਿਆਂ ਨੂੰ ਇਕੱਠਿਆਂ ਕਰ ਕੇ ਇਕ ਛੋਟੀ ਜਿਹੀ ਝੌਂਪੜੀ ਪਾ ਲਈ। ਪ੍ਰਭੂ ਦੀ ਕਿਰਪਾ ਤੇ ਸਿਮਹਨ ਦੇ ਪ੍ਰਤਾਪ ਕਰ ਕੇ ਸਭ ਜੰਗਲੀ ਜਾਨਵਰ ਚੰਦ੍ਰਹਾਂਸ ਲਈ ਚੰਗੇ-ਚੰਗੇ ਫਲ ਫੁੱਲ ਆਦਿ ਲਿਆਉਣ ਦੀ ਸੇਵਾ ਵਿਚ ਲੱਗ ਪਏ।

ਏਸ ਧਰਤੀ ਦਾ ਮਾਲਕ ਰਾਜਾ 'ਕੁਲਿੰਦ' ਸੀ। ਇਸ 'ਕੁਲਿੰਦ' ਰਾਜੇ ਨੂੰ 'ਧ੍ਰਿਸ਼ਟਬੁੱਧੀ' ਨੇ ਹੀ ਵੀਹ ਪਿੰਡ ਦੇ ਕੇ ਆਪਣੇ ਤੋਂ ਛੋਟਾ ਰਾਜਾ ਥਾਪਿਆ ਹੋਇਆ ਸੀ। ਜਿਸ ਕਰ ਕੇ ਰਾਜਾ ਕੁਲਿੰਦ, ਧ੍ਰਿਸ਼ਟਬੁੱਧੀ ਪਾਸ ਛਿਮਾਹੀ ਦੇ 'ਟਕੇ' ਭਰਿਆ ਕਰਦਾ ਸੀ। ਇਸ ਦੇ ਘਰ ਵਿਚ ਵੀ ਸੰਤਾਨ ਨਹੀਂ ਸੀ।

ਇਕ ਦਿਨ ਰਾਜਾ ਕੁਲਿੰਦ ਸ਼ਿਕਾਰ ਖੇਡਦਾ ਹੋਇਆ ਹਰਨ ਦੇ ਮਗਰ ਦੌੜਦਾ ਹੋਇਆ ਉਸੇ ਅਸਥਾਨ 'ਤੇ ਆ ਪੁੱਜਾ ਜਿਥੇ ਚੰਦ੍ਰਹਾਂਸ ਤਪੱਸਿਆ ਕਰ ਰਿਹਾ ਸੀ। ਚੰਦ੍ਰਹਾਂਸ ਦੇ ਸੁੰਦਰ ਮਨ ਮੋਹਣੇ ਚੇਹਰੇ ਨੂੰ ਦੇਖ ਕੇ ਮੋਹਤ ਹੋ ਗਿਆ।

ਮਨ ਵਿਚ ਵਿਚਾਰਦਾ ਹੈ ਕਿ ਇਹ ਪੰਜ ਸਾਲ ਦਾ ਲੜਕਾ ਹੈ, ਮੇਰੇ ਘਰ ਸੰਤਾਨ ਨਹੀਂ ਹੈ, ਕਿਉਂ ਨਾ ਹੋਵੇ ਮੈਂ ਇਸੇ ਨੂੰ ਘਰ ਲਿਜਾ ਕੇ ਪੁੱਤਰ ਬਣਾ ਲਵਾਂ।

ਇਸ ਤਰ੍ਹਾਂ ਦੇ ਵਿਚਾਰ ਨਾਲ 'ਚੰਦ੍ਰਹਾਂਸ' ਪਾਸ ਪੁੱਜ ਕੇ ਕਿਹਾ- ਹੇ ਬਾਲਕ! ਤੂੰ ਕੌਣ ਹੈਂ? ਇਥੇ ਕਿਉਂ ਰਹਿੰਦਾ ਹੈਂ? ਤੇਰੇ ਨਾਲ ਹੋਰ ਵੀ ਕੋਈ ਹੈ ਯਾ ਨਹੀਂ। ਤੂੰ ਖਾਨ ਪਾਨ ਦਾ ਗੁਜ਼ਾਰਾ ਕਿਵੇਂ ਕਰਦਾ ਹੈਂ। ਚੱਲ ਤੈਨੂੰ ਮੈਂ ਆਪਣੇ ਘਰ ਲੈ ਚੱਲਾਂ।

ਰਾਜੇ ਦੇ ਪ੍ਰਸ਼ਨਾਂ ਦਾ ਉਤਰ ਦੇਂਦਿਆਂ ਹੋਇਆਂ ਚੰਦ੍ਰਹਾਂਸ ਨੇ ਕਿਹਾ- ਹੇ ਰਾਜਨ! ਮੈਂ ਇਕੱਲਾ ਨਹੀਂ ਹਾਂ, ਪ੍ਰਭੂ ਮੇਰੇ ਅੰਗ-ਸੰਗ ਹੈ। ਜੰਗਲ ਦੇ ਜਾਨਵਰ ਮੇਰੇ ਖਾਣ ਵਾਸਤੇ ਫਲ ਆਦਿਕ ਲਿਆਉਂਦੇ ਹਨ। ਇਥੇ ਜੰਗਲ ਵਿਚ ਹੀ ਰਹਿ ਕੇ ਮੈਂ ਬਹੁਤ ਅਨੰਦ ਹਾਂ।

ਰਾਜਾ ਕੁਲਿੰਦ ਨੇ ਸਿਰ 'ਤੇ ਪਿਆਰ ਦੇਂਦਿਆਂ ਗੋਦੀ ਵਿਚ ਲੈ ਕੇ ਕਿਹਾ, ਇਥੇ ਰਹਿਣ ਦਾ ਸੰਕਲਪ ਛੱਡ ਕੇ ਤੂੰ ਮੇਰੇ ਨਾਲ ਚਲ ਤੈਨੂੰ ਉਥੇ ਹਰ ਤਰ੍ਹਾਂ ਦਾ ਸੁਖ ਮਿਲੇਗਾ।

ਇਸ ਤਰ੍ਹਾਂ ਪਿਆਰ ਕਰਦਿਆਂ ਘੋੜੇ 'ਤੇ ਬਿਠਾ ਕੇ ਆਪਣੇ ਘਰ ਲੈ ਗਿਆ।

ਰਾਣੀ ਦੇ ਸਪੁਰਦ ਕਰਦਿਆਂ ਕਿਹਾ ਕਿ-''ਭਗਵਾਨ ਨੇ ਬੜੀ ਕਿਰਪਾ ਕੀਤੀ ਹੈ, ਜੁ ਪਲਿਆ ਪਲਾਇਆ ਅਤੀ ਸੁੰਦਰ ਲੜਕਾ ਬਖਸ਼ ਦਿੱਤਾ ਹੈ। ਇਸ ਨੂੰ ਹੀ ਆਪਣਾ ਪੁੱਤਰ ਜਾਣ ਕੇ ਇਸ ਦੀ ਚੰਗੀ ਤਰ੍ਹਾਂ ਪਾਲਣਾ ਕਰੋ।''

ਫਿਰ ਬੜੀਆਂ ਖੁਸ਼ੀਆਂ ਮਨਾਉਂਦਿਆਂ ਹੋਇਆਂ ਗਰੀਬਾਂ, ਅਨਾਥਾਂ, ਮਜ਼ਲੂਮਾਂ ਨੂੰ ਅੰਨ ਕੱਪੜਾ ਵੰਡਿਆ। ਸਮਾਂ ਪਾ ਕੇ ਜਿਸ ਵੇਲੇ ਚੰਦ੍ਰਹਾਂਸ ਅੱਠ ਨੌਂ ਸਾਲ ਦਾ ਹੋਇਆ ਤਾਂ ਇਸ ਦੇ ਗਲ ਵਿਖੇ ਜੰਜੂ ਪਾਇਆ ਗਿਆ।

ਫੇਰ ਇਕ ਦਿਨ ਰਾਜ ਮਹਿਲਾਂ ਵਿਚ ਬੈਠਿਆਂ ਹੋਇਆਂ ਰਾਜਾ ਕੁਲਿੰਦ ਨੂੰ ਸੰਕਲਪ ਫੁਰਿਆ ਇਸ ਨੂੰ ਕੁਝ ਵਿੱਦਿਆ ਪੜ੍ਹਾਉਣੀ ਚਾਹੀਦੀ ਹੈ ਤਾਂ ਕਿ ਵੱਡਾ ਹੋ ਕੇ ਰਾਜ ਦਾ ਕੰਮ ਚੰਗੀ ਤਰ੍ਹਾਂ ਚਲਾ ਸਕੇ।

ਇਸ ਸੰਕਲਪ ਅਨੁਸਾਰ ਚੰਦ੍ਰਹਾਂਸ ਨੂੰ ਪੜਨੇ ਪਾ ਦਿੱਤਾ। ਵਾਹਿਗੁਰੂ ਦੀ ਨਾਮ ਭਗਤੀ ਦੇ ਪ੍ਰਤਾਪ ਦਾ ਸਦਕਾ ਤੇ ਉਤਮ ਬੁੱਧੀ ਹੋਣ ਕਰ ਕੇ ਥੋੜ੍ਹੇ ਹੀ ਦਿਨਾਂ ਵਿਚ ਚੰਦ੍ਰਹਾਂਸ ਸਭ ਵਿਦਿਆ ਸਿੱਖ ਗਿਆ।

ਚੰਦ੍ਰਹਾਂਸ ਨੂੰ ਹਰ ਤਰ੍ਹਾਂ ਦਾ ਅਕਲ-ਵੰਦ ਜਾਣ ਕੇ ਰਾਜੇ ਕੁਲਿੰਦ ਨੇ ਵਿਚਾਰਿਆ, ਮੈਂ ਤਾਂ ਰਾਜ ਭਾਗ ਦਾ ਬਹੁਤ ਅਨੰਦ ਮਾਣ ਲਿਆ ਹੈ, ਹੁਣ ਇਸ ਨੂੰ ਰਾਜ-ਭਾਗ ਸੌਂਪ ਕੇ ਆਪ ਤਪੱਸਿਆ ਕਰਨ ਲਈ ਬਨਬਾਸ ਲੈ ਲਵਾਂ।

ਇਹ ਵਿਚਾਰ ਕੇ ਰਾਜਾ ਕੁਲਿੰਦ ਨੇ ਚੰਦ੍ਰਹਾਂਸ ਨੂੰ ਰਾਜ ਤਿਲਕ ਦੇ ਕੇ ਸਿੰਘਾਸਨ 'ਤੇ ਬਿਠਾ ਦਿੱਤਾ।

ਰਾਜ ਸਿੰਘਾਸਨ ਮਿਲ ਜਾਣ ਤੇ ਵੀ ਚੰਦ੍ਰਹਾਂਸ ਨੇ ਈਸ਼ਵਰ ਭਗਤੀ ਛੱਡੀ ਨਹੀਂ, ਉਸੇ ਤਰ੍ਹਾਂ ਨਿੱਤ-ਨਿਯਮ ਨਾਲ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਵਗੈਰਾ ਕਰ ਕੇ ਸਿਮਰਨ ਵਿਖੇ ਜੁੜ ਬੈਠਦਾ ਅਤੇ ਪਰਜਾ ਨੂੰ ਵੀ ਈਸ਼ਵਰ ਭਗਤੀ ਦਾ ਉਪਦੇਸ਼ ਦੇਣਾ ਸ਼ੁਰੂ ਕਰ ਦਿੱਤਾ।

ਫਿਰ ਤਾਂ ਯਥਾ ਰਾਜਾ ਤਥਾ ਪਰਜਾ ਵਾਲੀ ਕਹਾਵਤ ਬਣੀ ਗਈ, ਕਿਉਂਕਿ ਜਿਹੋ ਜਿਹਾ ਰਾਜਾ ਹੋਵੇ ਓਹੋ ਜਿਹੀ ਪਰਜਾ ਖੁਦ-ਬ-ਖੁਦ ਬਣ ਜਾਂਦੀ ਹੈ। ਸਾਰੀ ਪਰਜਾ ਵਿਚ ਸੁਖ ਸ਼ਾਂਤੀ ਖੁਸ਼ਹਾਲੀ ਹੀ ਖੁਸ਼ਹਾਲੀ ਸੀ। ਕਿਧਰੇ ਕੋਈ ਪਾਪ ਕਰਮ ਨਹੀਂ ਸੀ ਹੁੰਦਾ। ਪਸ਼ੂਆਂ, ਜਾਨਵਰਾਂ, ਕੀੜਿਆਂ, ਮਕੌੜਿਆਂ ਉਪਰ ਵੀ ਦਯਾ ਕੀਤੀ ਜਾਂਦੀ ਸੀ। ਲੋਕ ਸਤੋ ਗੁਣੀ ਭੋਜਨ ਛਕਦੇ ਸਨ। ਰਾਖਸ਼ਾਂ ਵਾਲਾ ਖਾਣਾ ਮਾਸ ਸ਼ਰਾਬ ਆਦਿਕ ਗੰਦੀਆਂ ਵਸਤੂਆਂ ਦਾ ਸੇਵਨ ਨਹੀਂ ਸੀ ਹੁੰਦਾ।

ਲੋਕ ਇਕਾਦਸ਼ੀ ਦਾ ਵਰਤ ਵੀ ਰੱਖਦੇ ਸਨ। ਇਕਾਦਸ਼ੀ ਵਾਲੇ ਦਿਨ ਇਕ ਸਿਮਰਨ ਤੋਂ ਬਿਨਾਂ ਹੋਰ ਕੋਈ ਵੀ ਕੰਮ ਨਹੀਂ ਸੀ ਕੀਤਾ ਜਾਂਦਾ।

ਇਸੇ ਤਰ੍ਹਾਂ 'ਧ੍ਰਿਸ਼ਟਬੁਧੀ' ਦੇ ਥੱਲੇ ਇਕ ਹੋਰ 'ਇਕਾਸੀ ਗਰਾਮੀਆਂ' ਰਾਜਾ ਸੀ, ਜਿਸ ਨੂੰ ਧ੍ਰਿਸ਼ਟ ਬੁੱਧੀ ਨੇ ਇਕਾਸੀ ਪਿੰਡ ਦੇ ਕੇ ਰਾਜਾ ਨਿਯਤ ਕੀਤਾ ਸੀ। ਉਹ ਵੀ ਰਾਜੇ 'ਕੁਲਿੰਦ ਦੀ ਨਿਆਈਂ' 'ਧ੍ਰਿਸ਼ਟ ਬੁਧੀ' ਪਾਸ ਛਿਮਾਹੀ ਟਕੇ ਭਰਿਆ ਕਰਦਾ ਸੀ। ਪਰ ਜਿਸ ਵੇਲੇ ਉਸ ਨੇ ਚੰਦ੍ਰਹਾਂਸ ਦੀ ਮਹਿਮਾ ਸੁਣੀ ਤਾਂ ਵਿਚਾਰਿਆ ਕਿ ਉਸ ਜ਼ਾਲਮ, ਦੁਸ਼ਟ ਅਨਿਆਇਕਾਰੀ 'ਧ੍ਰਿਸ਼ਟਬੁੱਧੀ' ਪਾਸ ਟਕੇ ਭਰਨ ਨਾਲੋਂ ਚੰਦ੍ਰਹਾਂਸ ਪਾਸ ਕਿਉਂ ਨਾ ਟਕੇ ਭਰਿਆ ਕਰਾਂ। ਇਹ ਵਿਚਾਰ ਕਰ ਕੇ 'ਇਕਾਸੀ ਗਰਾਮੀਆਂ' ਨੇ ਆਪਣੇ ਟਕੇ ਚੰਦ੍ਰਹਾਂਸ ਪਾਸ ਆ ਕੇ ਭਰਨੇ ਸ਼ੁਰੂ ਕਰ ਦਿੱਤੇ ਅਤੇ ਚੰਦ੍ਰਹਾਂਸ ਨੇ ਵੀ 'ਧ੍ਰਿਸ਼ਟਬੁੱਧੀ' ਪਾਸ ਆਪਣੇ ਟਕੇ ਭਰੇ ਨਹੀਂ ਸਨ। ਇਸ ਤਰ੍ਹਾਂ ਕਰਦਿਆਂ ਕਰਦਿਆਂ ਕਾਫੀ ਟਕੇ ਇਕੱਠੇ ਹੋ ਗਏ।

ਸਮਾਂ ਪਾ ਕੇ ਇਕ ਦਿਨ ਰਾਜਾ ਕੁਲਿੰਦ ਦੀ ਦ੍ਰਿਸ਼ਟੀ ਟਕਿਆਂ ਤੇ ਪਈ, ਤਾਂ ਸੋਚਿਆ ਇਤਨੇ ਟਕੇ ਕਿਥੋਂ ਆ ਗਏ। ਉਸ ਵੇਲੇ ਪੁੱਤਰ 'ਚੰਦ੍ਰਹਾਂਸ' ਨੂੰ ਬੁਲਾ ਕੇ ਪੁੱਛਿਆ, ਇਤਨੇ ਟਕੇ ਕਿਵੇਂ ਇਕੱਠੇ ਹੋ ਗਏ ਹਨ, ਤਾਂ ਚੰਦ੍ਰਹਾਂਸ ਨੇ ਸਾਰੀ ਗੱਲ ਕਹਿ ਸੁਣਾਈ। ਸਾਰੀ ਗੱਲ ਸੁਣ ਕੇ ਰਾਜੇ ਕੁਲਿੰਦ ਨੇ ਕਿਹਾ, ਹੇ ਪੁੱਤਰ! 'ਧ੍ਰਿਸ਼ਟਬੁਧੀ' ਸਾਡਾ ਸੁਆਮੀ ਹੈ ਉਸ ਨੇ ਹੀ ਸਾਨੂੰ ਇਲਾਕੇ ਦੇ ਕੇ ਰਾਜਾ ਨਿਯਤ ਕੀਤਾ ਹੈ। ਇਸ ਲਈ ਇਹ ਟਕੇ ਉਸ

ਦੀ ਅਮਾਨਤ ਉਸ ਦੇ ਪਾਸ ਹੀ ਪਹੁੰਚਾ ਦੇਣੀ ਚਾਹੀਦੀ ਹੈ, ਸਾਨੂੰ ਰੱਖਣੀ ਯੋਗ ਨਹੀਂ।

ਚੰਦ੍ਰਹਾਂਸ ਨੇ ਪਿਤਾ ਦਾ ਹੁਕਮ ਮੰਨਦਿਆਂ ਹੋਇਆਂ ਉਸੇ ਵੇਲੇ 'ਬਿਨੋਦ' ਨਾਮੇ ਵਜ਼ੀਰ ਨੂੰ ਸਾਰੇ ਟਕੇ ਦੇ ਕੇ 'ਧ੍ਰਿਸ਼ਟਬੁੱਧੀ' ਪਾਸ ਸਭ ਕੁਝ ਸਮਝਾ ਕੇ ਭੇਜ ਦਿੱਤਾ।

ਜਿਸ ਵੇਲੇ 'ਬਿਨੋਦ' ਨੇ ਰਾਜੇ 'ਧ੍ਰਿਸ਼ਟਬੁੱਧੀ' ਦੇ ਪਾਸ ਪੁੱਜ ਕੇ ਉਸ ਦੇ ਅੱਗੇ ਸਾਰੇ ਟਕੇ ਲਿਆ ਰੱਖੇ ਤਾਂ 'ਧ੍ਰਿਸ਼ਟਬੁੱਧੀ' ਨੇ ਕਿਹਾ—"ਇਤਨੇ ਟਕੇ ਕਿਥੋਂ ਲੈ ਕੇ ਆਇਆ ਹੈਂ?

ਤਾਂ 'ਬਿਨੋਦ' ਨੇ ਕਿਹਾ—"ਹੇ ਰਾਜਨ! ਜਿਸ ਕੁਲਿੰਦ ਨੂੰ ਆਪ ਨੇ ਬੀਸ ਗ੍ਰਾਮ ਦੇ ਕੇ ਰਾਜਾ ਥਾਪਿਆ ਹੈ ਉਸ ਨੇ ਭੇਜੇ ਹਨ।"

ਰਾਜਾ ਦੇਖ ਸੁਣ ਕੇ ਬੜਾ ਪ੍ਰਸੰਨ ਹੋਇਆ,—ਬਿਨੋਦ ਦਾ ਆਦਰ ਸਤਿਕਾਰ ਕੀਤਾ, ਅੰਨ-ਜਲ ਛਕਣ ਵਾਸਤੇ ਕਿਹਾ। ਅੱਗੋਂ ਵਜ਼ੀਰ 'ਬਿਨੋਦ' ਨੇ ਕਿਹਾ—"ਹੇ ਰਾਜਨ! ਅੱਜ ਇਕਾਦਸ਼ੀ ਹੈ, ਇਕਾਦਸ਼ੀ ਵਾਲੇ ਦਿਨ ਅਸੀਂ ਲੋਕ ਵਰਤ ਰੱਖਦੇ ਹਾਂ ਇਸ ਲਈ ਅੱਜ ਦੇ ਦਿਨ ਅੰਨ-ਜਲ ਭਾਵ ਕੁਝ ਵੀ ਪਦਾਰਥ ਨਹੀਂ ਛਕਣਾ।"

ਇਹ ਸੁਣ ਕੇ 'ਧ੍ਰਿਸ਼ਟਬੁੱਧੀ' ਨੇ ਕਿਹਾ—"ਇਹ ਖੋਟੀ ਚਾਲ ਕਿਸ ਨੇ ਪਾਈ ਹੈਂ? ਤੁਹਾਨੂੰ ਇਹ ਪਖੰਡ ਕਰਨਾ ਕਿਸ ਨੇ ਸਿਖਾਇਆ ਹੈ?

ਤਾਂ 'ਬਿਨੋਦ' ਨੇ ਕਿਹਾ ਕਿ ਰਾਜੇ ਕੁਲਿੰਦ ਨੇ ਆਪਣੇ ਪੁੱਤਰ ਨੂੰ ਰਾਜ-ਗੱਦੀ ਉਪਰ ਬਿਠਾ ਦਿੱਤਾ ਹੈ ਉਹ ਬਹੁਤ ਹੀ ਧਰਮਾਤਮਾ ਹੈ ਉਸ ਨੇ ਤਾਂ ਸਾਰੇ ਸ਼ਹਿਰ ਨੂੰ ਚੰਗੇ ਪਾਸੇ ਲਗਾ ਕੇ ਸੁਧਾਰ ਦਿੱਤਾ ਹੈ। ਇਕਾਦਸ਼ੀ ਆਦਿ ਵਰਤ ਰੱਖਣ ਦਾ ਕੰਮ ਉਸ ਨੇ ਹੀ ਸਾਰੀ ਪਰਜਾ ਵਿਚ ਜਾਰੀ ਕੀਤਾ ਹੈ।

ਜਿਸ ਵੇਲੇ ਇਹ ਗੱਲ ਸੁਣੀ ਤਾਂ ਧ੍ਰਿਸ਼ਟਬੁੱਧੀ ਨੇ ਵਿਚਾਰ ਕੇ ਕਿਹਾ- ਉਸ ਦਾ ਤਾਂ ਕੋਈ ਪੁੱਤਰ ਹੈ ਹੀ ਨਹੀਂ ਸੀ, ਉਸ ਨੈ ਰਾਜ-ਗੱਦੀ ਉਪਰ ਕਿਸ ਪੁੱਤਰ ਨੂੰ ਬਿਠਾਇਆ ਹੈ?

ਤਾਂ 'ਬਿਨੋਦ' ਨੇ ਕਿਹਾ—"ਇਕ ਦਿਨ ਰਾਜਾ ਕੁਲਿੰਦ ਬਾਹਰ ਸ਼ਿਕਾਰ ਖੇਡਣ ਗਿਆ ਸੀ। ਜੰਗਲ ਵਿਚ ਚੰਦ੍ਰਹਾਂਸ ਨਾਮੇ ਬਾਲਕ ਮਿਲਿਆ, ਜੋ ਬੜਾ ਬੁੱਧੀਮਾਨ ਧਰਮਾਤਮਾ, ਈਸ਼ਵਰ ਭਗਤ ਨਿਕਲਿਆ ਹੈ। ਰਾਜ ਦੇ ਯੋਗ ਸਮਝ ਕੇ ਕੁਲਿੰਦ ਨੇ ਆਪਣਾ ਰਾਜ-ਭਾਗ ਉਸ ਨੂੰ ਦੇ ਦਿੱਤਾ ਹੈ।

'ਚੰਦ੍ਰਹਾਂਸ' ਦਾ ਨਾਮ ਸੁਣ ਕੇ ਧ੍ਰਿਸ਼ਟਬੁੱਧੀ ਨੂੰ ਬਹੁਤ ਚਿੰਤਾ ਹੋਈ ਕਿ ਅਜੇ ਚੰਦ੍ਰਹਾਂਸ ਜਿੰਦਾ ਹੈ? ਇਸ ਤਰ੍ਹਾਂ ਦੀਆਂ ਸੋਚਾਂ ਸੋਚ ਹੀ ਰਿਹਾ ਸੀ, ਜੋ ਇਤਨੇ ਨੂੰ ਉਸ ਦਾ ਵਜ਼ੀਰ 'ਕਬੁਧੀ' ਆ ਗਿਆ ਤਾਂ ਰਾਜੇ ਨੇ ਸਾਰੀ ਵਾਰਤਾ ਉਸ ਨੂੰ ਸੁਣਾਈ।

ਅੱਗੋਂ ਕਬੁਧੀ ਨੇ ਕਿਹਾ—"ਸੁਆਮੀ ਜੀ! ਮੈਂ ਤਾਂ ਅੱਗੇ ਵੀ ਕਈ ਵਾਰੀ ਕਹਿ ਚੁੱਕਾ ਹਾਂ ਕਿ ਰਾਜਾ ਕੁਲਿੰਦ ਚੰਗਾ ਨਹੀਂ, ਉਸ ਦਾ ਬੰਦੋਬਸਤ ਜ਼ਰੂਰ ਕਰਨਾ ਚਾਹੀਦਾ ਹੈ ਪਰ ਤੁਸੀਂ ਮੇਰੀ ਗੱਲ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ।

ਧ੍ਰਿਸ਼ਟ ਬੁੱਧੀ ਨੇ ਕਿਹਾ— "ਪਿੱਛੇ ਜੋ ਕੁਝ ਹੋ ਗਿਆ ਉਸ ਨੂੰ ਛੱਡ, ਅੱਗੋਂ ਕੋਈ ਉਪਰਾਲਾ ਦੱਸ, ਹੁਣ ਕੀ ਕਰਨਾ ਚਾਹੀਦਾ ਹੈ?"

ਕੁਝ ਚਿਰ ਚੁੱਪ ਕਰ ਕੇ ਅਕਾਸ਼ ਵੱਲ ਤਕਦਿਆਂ 'ਕਬੁਧੀ' ਨੇ ਕਿਹਾ ਕਿ ਕੁਲਿੰਦ ਦੇ ਵਜ਼ੀਰ ਬਿਨੋਦ ਨੂੰ ਕੈਦ ਕਰ ਦਿਓ ਤੇ ਆਪ ਮੇਰੇ ਨਾਲ ਕੁਲਿੰਦ ਦੇ ਰਾਜ ਵਿਖੇ ਚਲੋ। ਤੁਸੀਂ ਦੇਖਦੇ ਰਹਿਣਾ ਆਪ ਦੀ ਕਿਰਪਾ ਨਾਲ ਸਭ ਮਸਲਾ ਹੱਲ ਹੋ ਜਾਵੇਗਾ।

ਆਪਣੇ ਵਜ਼ੀਰ ਦਾ ਕਿਹਾ ਮੰਨ ਕੇ ਕੁਲਿੰਦ ਦੇ ਵਜ਼ੀਰ ਨੂੰ ਕੈਦ ਕਰ ਲਿਆ ਤੇ ਉਸੇ ਵੇਲੇ ਆਪਣੇ ਵਜ਼ੀਰ ਨੂੰ ਨਾਲ ਘੋੜੇ 'ਤੇ ਸਵਾਰ ਹੋ ਕੇ ਚਲ ਪਿਆ। ਜਿਸ ਵੇਲੇ ਰਾਜਾ ਕੁਲਿੰਦ ਨੇ ਰਾਜੇ 'ਧ੍ਰਿਸ਼ਟਬੁਧੀ' ਦਾ ਆਉਣਾ ਸੁਣਿਆਂ ਤਾਂ ਬੜਾ ਸਨਮਾਨ ਕੀਤਾ। ਸੁੰਦਰ ਮਹਿਲਾਂ ਵਿਖੇ ਲੈ ਗਿਆ। ਫੇਰ ਪੁੱਤਰ ਚੰਦ੍ਰਹਾਂਸ ਨੂੰ ਜਾ ਕੇ ਕਿਹਾ ਹੇ ਪੁੱਤਰ! ਸਾਡਾ ਸੁਆਮੀ ਆਇਆ ਹੈ, ਚੱਲ ਤੂੰ ਵੀ ਜਾ ਕੇ ਦਰਸ਼ਨ ਕਰ ਆ।

ਪਿਤਾ ਦਾ ਬਚਨ ਮੰਨ ਕੇ ਚੰਦ੍ਰਹਾਂਸ ਨਾਲ ਹੀ ਚਲ ਪਿਆ। ਜਿਸ ਵੇਲੇ ਧ੍ਰਿਸ਼ਟਬੁੱਧੀ ਦੇ ਸਾਹਮਣੇ ਆਇਆ ਤਾਂ ਉਹ ਵੇਖ ਕੇ ਸੜ-ਬਲ ਗਿਆ, ਨਾਲੇ ਈਸ਼ਵਰ ਦੇ ਪਿਆਰੇ ਚੰਦ੍ਰਹਾਂਸ ਦਾ ਪ੍ਰਤਾਪ ਨਾ ਸਹਾਰ ਸਕਿਆ ਤੇ ਕਿਹਾ—"ਇਸ ਨੂੰ ਮੇਰੀਆਂ ਅੱਖਾਂ ਤੋਂ ਪਰੇ ਲੈ ਜਾਓ।"

ਚੰਦ੍ਰਹਾਂਸ ਨੂੰ ਰਾਜ ਮਹਿਲ ਵਿਚ ਭੇਜ ਕੇ ਰਾਜਾ ਕੁਲਿੰਦ ਫੇਰ ਧ੍ਰਿਸ਼ਟਬੁੱਧੀ ਪਾਸ ਆ ਕੇ ਖਲੋ ਗਿਆ ਤੇ ਨਿੰਮ੍ਰਤਾ ਸਹਿਤ ਪੁਛਿਆ—"ਹੇ ਸੁਆਮੀ ਜੀ! ਕੀ ਹੁਕਮ ਹੈ?"

ਉਸ ਵੇਲੇ 'ਧ੍ਰਿਸ਼ਟਬੁੱਧੀ' ਬੜੇ ਗੁੱਸੇ 'ਚ ਬੋਲਿਆ ਕਿ ਤੂੰ ਇਸ ਲੜਕੇ ਨੂੰ ਕਿਥੋਂ ਪਕੜਿਆ ਹੈ। ਪਤਾ ਨਹੀਂ ਇਹ ਚੰਡਾਲ ਹੈ ਕਿ ਮੁਸਲਮਾਨ? ਤੈਨੂੰ ਸ਼ਰਮ ਨਹੀਂ ਆਈ ਜੋ ਇਕ ਨੀਚ ਨੂੰ ਪੁੱਤਰ ਬਣਾ ਕੇ ਰਾਜ ਦੇ ਦਿੱਤਾ ਹੈ?

ਧ੍ਰਿਸ਼ਟਬੁੱਧੀ ਨੂੰ ਵੱਡਾ ਜਾਣ ਕੇ ਕੁਲਿੰਦ ਨੇ ਅੱਖਾਂ ਨੀਵੀਂਆਂ ਕਰ ਲਈਆਂ ਤੇ ਕੁਝ ਉਤਰ ਨਾ ਦਿੱਤਾ, ਫੇਰ ਧ੍ਰਿਸ਼ਟਬੁੱਧੀ ਦੇ ਕਹਿਣ 'ਤੇ ਕੁਲਿੰਦ ਬਾਹਰ ਚਲਾ ਗਿਆ।

ਪਿਛੋਂ ਧ੍ਰਿਸ਼ਟਬੁੱਧੀ ਤੇ ਵਜ਼ੀਰ ਕਬੁਧੀ ਦੋਹਾਂ ਨੇ ਆਪਸ ਵਿਚ ਸਲਾਹ ਕੀਤੀ ਕਿ ਅਜੇਹੀ ਜੁਗਤੀ ਕਰੀਏ ਜਿਸ ਨਾਲ ਇਹ ਮਰ ਵੀ ਜਾਏ ਤੇ ਕਿਸੇ ਨੂੰ ਪਤਾ ਵੀ ਨਾ ਲੱਗੇ।

ਰਾਜੇ ਨੇ ਪੁਛਿਆ ਕਿ ਉਹ ਕਿਹੜੀ ਜੁਗਤੀ ਹੈ?

ਕਬੁਧੀ ਨੇ ਕਿਹਾ-"ਹੇ ਰਾਜਨ! ਆਪ ਜੀ ਦਾ ਪੁੱਤਰ ਜੋ ਮਦਨ ਸਿੰਘ ਹੈ ਉਸ ਵੱਲ ਆਪ ਚਿੱਠੀ ਲਿਖੋ ਕਿ ਹੇ ਪੁੱਤਰ! ਕੁਝ ਸੋਚ ਵਿਚਾਰ ਨਹੀਂ ਕਰਨੀ, ਕਿਸੇ ਪਾਸੋਂ ਸਲਾਹ ਨਹੀਂ ਲੈਣੀ ਤੇਰੇ ਪਾਸ ਜਿਸ ਵੇਲੇ ਵੀ ਮੇਰੀ ਚਿੱਠੀ ਲੈ ਕੇ ਚੰਦ੍ਰਹਾਂਸ ਆਵੇ, ਉਸ ਨੂੰ ਬਿਖ ਦੇ ਦੇਣੀ। ਇਸ ਤਰ੍ਹਾਂ ਲਿਖ ਕੇ ਚਿੱਠੀ ਏਸ ਚੰਦ੍ਰਹਾਂਸ ਦੇ ਹੱਥੀਂ ਭੇਜ ਦੇਂਦੇ ਹਾਂ।

ਇਹ ਗੱਲ ਸੁਣ ਕੇ ਰਾਜਾ ਮੰਨ ਗਿਆ ਉਸੇ ਵੇਲੇ ਚਿੱਠੀ ਲਿਖ ਕੇ ਲਫਾਫੇ ਵਿਚ ਬੰਦ ਕਰ ਕੇ ਪਾਸ ਰੱਖ ਲਈ ਤੇ ਰਾਜੇ ਕੁਲਿੰਦ ਨੂੰ ਆਪਣੇ ਪਾਸ ਬੁਲਾ ਕੇ ਕਿਹਾ ਸਾਡੀ ਪਿੱਛੇ ਕੋਈ ਚੀਜ਼ ਰਹਿ ਗਈ ਹੈ, ਉਹ ਸਾਨੂੰ ਅਤਿ ਜ਼ਰੂਰੀ ਚਾਹੀਦੀ ਹੈ, ਤੂੰ ਆਪਣੇ ਪੁੱਤਰ ਨੂੰ ਹੁਣੇ ਭੇਜ ਤਾਂ ਕਿ ਜਲਦੀ-ਜਲਦੀ ਜਾ ਕੇ ਲੈ ਆਵੇ।

ਛਲ, ਫਰੇਬ, ਕਪਟ ਤੋਂ ਰਹਿਤ ਕੁਲਿੰਦ ਆਪਣਾ ਸੁਆਮੀ ਸਮਝ ਕੇ ਧ੍ਰਿਸ਼ਟਬੁੱਧੀ ਦੇ ਕਹੇ ਅਨੁਸਾਰ ਚੰਦ੍ਰਹਾਂਸ ਨੂੰ ਬੁਲਾ ਕੇ ਲੈ ਆਇਆ। ਉਸ ਦੇ ਆਉਣ 'ਤੇ ਧ੍ਰਿਸ਼ਟਬੁੱਧੀ ਨੇ ਕਿਹਾ ਕਿ ਤੂੰ ਪਿੱਛੇ ਸਾਡੇ ਸ਼ਹਿਰ ਵਿਚ ਜਾ ਕੇ ਮੇਰੇ ਪੁੱਤਰ ਨੂੰ ਚਿੱਠੀ ਵਿਖਾ ਕੇ ਇਸ ਚਿੱਠੀ ਦਾ ਜਵਾਬ ਜਲਦੀ ਲੈ ਕੇ ਆ।

ਪਿਉ ਵਾਂਗੂੰ ਚੰਦ੍ਰਹਾਂਸ ਨੇ ਵੀ ਆਪਣਾ ਸੁਆਮੀ ਜਾਣ ਸਿਰ ਨਿਵਾ ਦਿੱਤਾ ਤੇ ਚਿੱਠੀ ਲੈ ਕੇ ਘੋੜੇ 'ਤੇ ਚੜ੍ਹ ਕੇ ਚੱਲ ਪਿਆ ਤੇ ਚਿੱਠੀ ਪੱਗ ਵਿਚ ਟੁੰਗ ਲਈ।

ਘੋੜ ਸਵਾਰੀ ਦਾ ਚੰਗਾ ਮਾਹਰ ਹੋਣ ਕਰ ਕੇ ਪਲਾਂ ਵਿਚ ਮੀਲਾਂ ਬੱਧੀ ਸਫਰ ਕਰ ਕੇ ਧ੍ਰਿਸ਼ਟਬੁੱਧੀ ਦੀ ਰਾਜਧਾਨੀ ਪਾਸ ਪੁੱਜ ਗਿਆ।

ਜੇਠ ਹਾੜ ਦੇ ਦਿਨ ਤੇ ਕੜਕਦੀ ਦੁਪਹਿਰ ਹੋਣ ਕਰ ਕੇ ਪਿਆਸ ਬਹੁਤ ਲੱਗੀ। ਬਾਹਰਵਾਰ ਇਕ ਬਾਗ ਵਿਚ ਹੀ ਘੋੜੇ ਨੂੰ ਇਕ ਦਰੱਖਤ ਦੇ ਮੁੱਢ ਨਾਲ ਬੰਨ੍ਹ ਕੇ ਕੁਝ ਖਾਧਾ ਪੀਤਾ ਤੇ ਆਰਾਮ ਕਰਨ ਲਈ ਸੰਘਣੇ ਦਰੱਖਤ ਦੀ ਛਾਵੇਂ ਲੇਟ ਗਿਆ। ਥਕਾਵਟ ਕਰ ਕੇ ਨੀਂਦ ਜਲਦੀ ਆ ਗਈ।

ਇਧਰ 'ਧ੍ਰਿਸ਼ਟਬੁੱਧੀ' ਦੀ ਲੜਕੀ ਬਿਖਯਾ, ਜਿਸ ਦੇ ਵਰ ਲਈ ਇਸ ਦੇ ਭਰਾ ਮਦਨ ਸਿੰਘ ਨੇ ਆਪਣੇ ਪਿਤਾ ਧ੍ਰਿਸ਼ਟਬੁਧੀ ਨੂੰ ਕਬੁਧੀ ਨਾਲ ਬਾਹਰ ਜਾਣ ਲੱਗਿਆਂ ਕਿਹਾ ਸੀ ਕਿ ਪਿਤਾ ਜੀ! ਬਾਹਰ ਚੱਲੇ ਹੋ, ਹੁਣ ਮੇਰੀ ਭੈਣ ਵਰ ਦੇ ਲਾਇਕ ਹੈ ਸੋ ਕਿਰਪਾ ਕਰਨੀ, ਚੇਤਾ ਨਾ ਭੁਲਾ ਦੇਣਾ, ਉਸ ਲਈ ਕੋਈ ਲੜਕਾ ਦੇਖ ਆਉਣਾ।

ਉਹ ਮਦਨ ਸਿੰਘ ਦੀ ਭੈਣ ਬਿਖਯਾ ਸਹੇਲੀਆਂ ਨਾਲ ਸੈਰ ਕਰਦੀ ਉਥੋਂ ਲੰਘੀ, ਹੋਰ ਤਾਂ ਚੰਦ੍ਰਹਾਂਸ ਨੂੰ ਕਿਸੇ ਨਾ ਵੇਖਿਆ ਪਰ ਇਸ ਦੀ ਦ੍ਰਿਸ਼ਟੀ ਪੈ ਗਈ। ਦੇਖਦਿਆਂ ਹੀ ਮੋਹਤ ਹੋ ਗਈ।

ਬਸ ਫੇਰ ਕੀ ਸੀ ਸਹੇਲੀਆਂ ਨਾਲੋਂ ਟਾਲ ਮਟੋਲਾ ਕਰ ਕੇ ਵਿਛੜ ਕੇ ਉਨ੍ਹਾਂ ਤੋਂ ਅੱਖ ਬਚਾ ਕੇ ਉਥੇ ਪੁੱਜੀ, ਜਿਥੇ ਚੰਦ੍ਰਹਾਂਸ ਸੁੱਤਾ ਪਿਆ ਸੀ। ਉਥੇ ਆ ਕੇ ਕਿਤਨਾਂ ਚਿਰ ਚੰਦ੍ਰਹਾਂਸ ਦੇ ਚੇਹਰੇ ਵਲ ਤੱਕਦੀ ਰਹੀ ਤੇ ਸੋਚਦੀ ਹੈ ਕਿ ਸ਼ਾਇਦ ਪਿਤਾ ਜੀ ਨੇ ਮੇਰੇ ਲਈ ਏਹੀ ਵਰ ਲੱਭ ਕੇ ਭੇਜਿਆ ਹੈ। ਫਿਰ ਸੋਚਦੀ ਹੈ ਚਾਹੇ ਭੇਜਿਆ ਹੋਵੇ ਜਾਂ ਨਾ, ਮੈਂ ਤਾਂ ਇਸੇ ਨੂੰ ਹੀ ਆਪਣਾ ਵਰ ਚੁਣਾਂਗੀ।

ਆਖਰ ਇਸ ਦੀ ਨਜ਼ਰ ਚੰਦ੍ਰਹਾਂਸ ਦੀ ਦਸਤਾਰ ਵਿਚ ਟੁੰਗੀ ਹੋਈ ਚਿੱਠੀ 'ਤੇ ਪਈ। ਪਹਿਲੇ ਤਾਂ ਕੁਝ ਝਿਝਕੀ ਕਿ ਪਰਾਈ ਚਿੱਠੀ ਨਹੀਂ ਪੜ੍ਹਨੀ ਚਾਹੀਦੀ ਪਰ ਦੂਸਰਾ ਸੰਕਲਪ ਫੁਰਿਆ ਹੁਣ ਤਾਂ ਮੈਂ ਇਸ ਨੂੰ ਆਪਣਾ ਪਤੀ ਧਾਰਨ ਕਰ ਚੁੱਕੀ ਹਾਂ, ਇਸ ਲਈ ਮੈਨੂੰ ਕੋਈ ਡਰ ਨਹੀਂ।

ਫੇਰ ਦੱਬੇ ਪੈਰੀਂ ਅਗਾਂਹ ਵਧੀ ਤੇ ਚਿੱਠੀ ਕੱਢ ਲਈ। ਜਿਸ ਵੇਲੇ ਚਿੱਠੀ ਪੜ੍ਹੀ ਤਾਂ ਅਯੋਗ ਸ਼ਬਦ ਦੇਖ ਕੇ ਅੱਗ ਬਬੂਲਾ ਹੋ ਉੱਠੀ ਕਿ ਇਹ ਕੀ, ਇਤਨੇ ਸੁੰਦਰ ਨੌਜਵਾਨ ਪੁਰਸ਼ ਨੂੰ ਮੇਰਾ ਪਿਤਾ ਮਾਰਨਾ ਚਾਹੁੰਦਾ ਹੈ. ਇਹ ਠੀਕ ਨਹੀਂ।

ਸਿਆਣੀ ਸੀ, ਪੜ੍ਹੀ ਲਿਖੀ ਸੀ। ਅੱਖਾਂ ਵਿਚੋਂ ਕੱਜਲ ਕੱਢ ਕੇ ਬਿਖ ਦੇ 'ਖ' ਦਾ ਪੈਰ ਭਾਰਾ ਕਰ ਦਿੱਤਾ, ਅਰਥਾਤ ਅੱਧਾ ਯਕਾਰ ਬਣਾ ਦਿੱਤਾ ਜਿਸ ਕਰ ਕੇ ਉਹ ਬਿਖ ਤੋਂ ਬਿਖ੍ਯ (ਬਿਖਯਾ) ਬਣ ਗਿਆ। ਇਸ ਤਰ੍ਹਾਂ ਕਰ ਕੇ ਚੰਦ੍ਰਹਾਂਸ ਦੀ ਦਸਤਾਰ ਵਿਚ ਚਿੱਠੀ ਟੁੰਗ ਦੌੜ ਗਈ ਤੇ ਜਾ ਸਹੇਲੀਆਂ ਨੂੰ ਮਿਲੀ।

ਚੰਦ੍ਰਹਾਂਸ ਉਠਿਆ, ਸ਼ਾਮਾਂ ਪੈਂਦੀਆਂ ਜਾਣ ਕੇ ਜਲਦੀ-ਜਲਦੀ ਉੱਠ ਕੇ ਘੋੜੇ ਤੇ ਸਵਾਰ ਹੋ ਕੇ ਧ੍ਰਿਸ਼ਟਬੁੱਧੀ ਦੇ ਰਾਜ ਦਰਬਾਰ ਵਿਚ ਪੁੱਜਾ। ਸਿਮਰਨ ਭਗਤੀ ਦਾ ਸਦਕਾ ਚੇਹਰੇ ਤੇ ਨੂਰਾਨੀ ਜਲਵਾ ਸੀ। ਤੇਜ ਪ੍ਰਤਾਪ ਇਤਨਾਂ ਸੀ ਕਿ ਕੋਈ ਵੀ ਅੰਦਰ ਜਾਣ ਤੋਂ ਚੰਦ੍ਰਹਾਂਸ ਨੂੰ ਰੋਕ ਨਾ ਸਕਿਆ।

ਜਿਸ ਵੇਲੇ ਚੰਦ੍ਰਹਾਂਸ ਦਰਬਾਰ ਦੇ ਅੰਦਰ ਗਿਆ ਤਾਂ ਮਦਨ ਸਿੰਘ ਨੇ ਦੇਖ ਕੇ ਸੋਚਿਆ ਸ਼ਾਇਦ ਪਿਤਾ ਨੇ ਏਹੀ ਵਰ ਮੇਰੀ ਭੈਣ ਲਈ ਚੁਣ ਕੇ ਭੇਜਿਆ ਹੈ। ਉਸ ਨੂੰ ਸਿੰਘਾਸਨ ਉੱਪਰ ਬਿਠਾ ਕੇ ਸੁਖ ਸਾਂਦ ਪੁੱਛੀ ਤਾਂ ਚੰਦ੍ਰਹਾਂਸ ਨੇ ਚਿੱਠੀ ਦਿੰਦਿਆਂ ਕਿਹਾ—"ਇਹ ਚਿੱਠੀ ਤੁਹਾਡੇ ਪਿਤਾ ਨੇ ਮੈਨੂੰ ਦੇ ਕੇ ਭੇਜਿਆ ਹੈ।"

ਮਦਨ ਸਿੰਘ ਨੇ ਚਿੱਠੀ ਲੈ ਕੇ ਪੜ੍ਹੀ, ਪੜ੍ਹ ਕੇ ਗਦ-ਗਦ ਹੋ ਉਠਿਆ। ਪਿਤਾ ਦੀ ਸ਼ਲਾਘਾ ਕਰਨ ਲੱਗਾ ਕਿ ਪਿਤਾ ਜੀ ਨੇ ਕਿਤਨਾ ਤੇਜ ਪ੍ਰਤਾਪ ਵਾਲਾ ਅਕਲਮੰਦ ਵਰ ਮੇਰੀ ਭੈਣ ਲਈ ਲੱਭ ਕੇ ਭੇਜਿਆ ਹੈ।

ਫੇਰ ਭੈਣ ਤੇ ਮਾਂ ਨਾਲ ਸਲਾਹ ਕਰ ਕੇ ਉਸੇ ਵੇਲੇ ਵਿਆਹ ਦਾ ਸਾਰਾ ਸਾਜੋ ਸਮਾਨ ਤਿਆਰ ਕਰਵਾ

ਬੜੀ ਸਜ-ਧਜ ਤੇ ਧੂਮ-ਧਾਮ ਨਾਲ ਆਪਣੀ ਭੈਣ ਬਿਖਯਾ ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿੱਤਾ ਅਤੇ ਪਿਤਾ ਨੂੰ ਦੱਸਣ ਲਈ ਚਿੱਠੀ ਲਿਖ ਕੇ ਭੇਜ ਦਿੱਤੀ ਕਿ ਪਿਤਾ ਜੀ! ਆਪ ਜੀ ਦੇ ਹੁਕਮ ਅਨੁਸਾਰ ਆਪਣੀ ਭੈਣ ਬਿਖਯਾ ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿੱਤਾ ਹੈ।

ਜਿਸ ਵੇਲੇ ਹਲਕਾਰਾ ਚਿੱਠੀ ਲੈ ਕੇ ਪੁੱਜਾ ਤੇ ਧ੍ਰਿਸ਼ਟਬੁੱਧੀ ਨੇ ਪੜ੍ਹੀ ਤਾਂ ਉਥੇ ਹੀ ਗਸ਼ ਖਾ ਕੇ ਡਿੱਗ ਪਿਆ। ਫੇਰ ਹੋਸ਼ ਵਿਚ ਆ ਕੇ ਸੋਚਦਾ ਹੈ ਕੋਈ ਕਰਮਾਂ ਦਾ ਚੱਕਰ ਹੀ ਐਸਾ ਆ ਬਣਿਆਂ ਹੈ।

ਫੇਰ ਉਸੇ ਵੇਲੇ ਕਬੁਧੀ ਨੂੰ ਨਾਲ ਲੈ ਕੇ ਆਪਣੇ ਦੇਸ਼ ਪੁੱਜਾ। ਜੋ ਲੋਕ ਵਧਾਈਆਂ ਦੇਣ ਆਏ ਉਨ੍ਹਾਂ ਮਗਰ ਸੂਈ ਕੁੱਤੀ ਵਾਂਗੂੰ ਪਿਆ ਤਾਂ ਸਭ ਲੋਕ ਪਾਗਲ-ਪਾਗਲ ਕਹਿੰਦੇ ਚਲੇ ਗਏ।

ਜਿਸ ਵੇਲੇ ਧ੍ਰਿਸ਼ਟਬੁੱਧੀ ਮਹਿਲਾਂ ਵਿਚ ਪੁੱਜਿਆ ਤਾਂ ਉਸ ਵੇਲੇ ਮਦਨ ਸਿੰਘ ਤੇ ਚੰਦ੍ਰਹਾਂਸ ਦੋਵੇਂ ਆ ਕੇ ਮਿਲੇ। ਚੰਦ੍ਰਹਾਂਸ ਨੂੰ ਦੇਖਦਿਆਂ ਹੀ ਧ੍ਰਿਸ਼ਟਬੁੱਧੀ ਦਾ ਸੀਨਾ ਸੜ ਗਿਆ ਪਰ ਚੰਦ੍ਰਹਾਂਸ ਦਾ ਤੇਜ ਪ੍ਰਤਾਪ ਨਾ ਸਹਾਰਦਿਆਂ ਹੋਇਆ ਕਿਹਾ—"ਤੂੰ ਪਰੇ ਚਲਾ ਜਾਹ।"

ਚੰਦ੍ਰਹਾਂਸ ਚਲਾ ਗਿਆ, ਫਿਰ ਆਪਣੇ ਪੁੱਤਰ ਮਦਨ ਸਿੰਘ ਨੂੰ ਇਕਾਂਤ ਥਾਂ ਲਿਜਾ ਕੇ ਬਹੁਤ ਗੁੱਸੇ ਹੋਇਆ ਤੇ ਕਿਹਾ- ਹੇ ਪੁੱਤਰ! ਤੂੰ ਇਹ ਕੀ ਕੀਤਾ?

ਉਸ ਵੇਲੇ ਪਿਤਾ ਦਾ ਗੁੱਸਾ ਸ਼ਾਂਤ ਕਰਨ ਲਈ ਪੁੱਤਰ ਨੇ ਕਿਹਾ—ਪਿਤਾ ਜੀ! ਆਪ ਜੀ ਨੇ ਚਿੱਠੀ ਵਿਚ ਲਿਖਿਆ ਸੀ ਕਿ ਬਿਖ (ਬਿਖਯਾ) ਦੇ ਦੇਣੀ, ਮੈਂ ਓਹੀ ਆਪ ਜੀ ਦਾ ਬਚਨ ਪੂਰਾ ਕੀਤਾ ਹੈ, ਇਸ ਵਿਚ ਮੇਰੀ ਕੀ ਨਾਲਾਇਕੀ ਹੈ?

ਪੁੱਤਰ ਤੋਂ ਇਹ ਬਚਨ ਸੁਣ ਕੇ ਮੱਥੇ ਤੇ ਹੱਥ ਮਾਰਦਾ ਅਫਸੋਸ ਕਰਨ ਲੱਗ ਪਿਆ। ਕੁਝ ਸਮੇਂ ਪਿਛੋਂ ਆਖਦਾ ਹੈ, ਚਾਹੇ ਮੇਰੀ ਪੁਤਰੀ ਵਿਧਵਾ ਭੀ ਕਿਉਂ ਨਾ ਹੋ ਜਾਵੇ ਪਰ ਮੈਂ ਇਸ ਨੂੰ ਮਾਰ ਕੇ ਹੀ ਸਾਹ ਲਵਾਂਗਾ।

ਇਨ੍ਹਾਂ ਹੀ ਦਿਨਾਂ ਵਿਚ ਰਾਜਾ 'ਕੰਤੂਹਲ' ਨੇ ਆਪਣੀ ਕੰਨਿਆਂ ਦੇ ਵਰ ਲਈ ਸੁਯੰਬਰ ਰਚਿਆ ਹੋਇਆ ਸੀ। ਧ੍ਰਿਸ਼ਟਬੁੱਧੀ ਨੇ ਆਪਣੇ ਪੁੱਤਰ ਮਦਨ ਸਿੰਘ ਨੂੰ ਇਸ ਤਰ੍ਹਾਂ ਕਹਿ ਕੇ ਭੇਜ ਦਿੱਤਾ ਕਿ ਪੁੱਤਰ! ਰਾਜੇ ਕੰਤੂਹਲ ਨੇ ਆਪਣੀ ਲੜਕੀ ਦਾ ਸੁਯੰਬਰ ਰਚਿਆ ਹੈ ਉਥੇ ਬਹੁਤ ਸਾਰੇ ਰਾਜ ਕੰਵਰ ਇਕੱਠੇ ਹੋ ਰਹੇ ਹਨ, ਤੂੰ ਭੀ ਚਲਿਆ ਜਾਹ, ਪਤਾ ਨਹੀਂ ਕਿ ਉਹ ਰਾਜ ਲੜਕੀ ਤੈਨੂੰ ਹੀ ਆਪਣਾ ਵਰ ਪਸੰਦ ਕਰ ਲਵੇ।

ਇਸ ਤਰ੍ਹਾਂ ਦੇ ਬਚਨ ਸੁਣ ਕੇ ਪਿਤਾ ਦੀ ਆਗਿਆ ਮੰਨ ਕੇ ਮਦਨ ਸਿੰਘ ਤਾਂ ਰਾਜੇ ਕੰਤੂਹਲ ਦੀ ਰਾਜਧਾਨੀ ਵਿੱਚ ਚਲਾ ਗਿਆ ਤੇ ਪਿੱਛੋਂ ਚੰਦ੍ਰਹਾਂਸ ਨੂੰ ਆਪਣੇ ਪਾਸ ਸੱਦ ਕੇ ਕਿਹਾ-"ਹੇ ਪੁੱਤਰ! ਸਾਡੀ ਕੁਲ ਦੀ ਇਹ ਰੀਤਿ ਹੈ ਜੋ ਪਹਿਲੇ ਦੇਵੀ ਦਾ ਪੂਜਨ ਕਰਨਾ। ਇਸ ਕਰ ਕੇ ਪਹਿਲੇ ਤੂੰ ਜਾ ਕੇ ਦੇਵੀ ਦਾ ਪੂਜਨ ਕਰ ਆ।"

ਇਸ ਤਰਫ ਤਾਂ ਚੰਦ੍ਰਹਾਂਸ ਨੂੰ ਦੇਵੀ ਮੰਦਰ ਜਾਣ ਲਈ ਮਨਾ ਲਿਆ ਤੇ ਅੰਦਰਖਾਨੇ ਜਲਾਦਾਂ ਨੂੰ ਆਪਣੇ ਪਾਸ ਸੱਦ ਕੇ ਧਨ ਦਾ ਲਾਲਚ ਦੇ ਕੇ ਸਿਖਾ ਦਿੱਤਾ ਕਿ ਕੱਲ੍ਹ ਨੂੰ ਤੁਸੀਂ ਦੇਵੀ ਦੇ ਮੰਦਰ ਪਾਸ ਜਾ ਕੇ ਲੁਕ ਕੇ ਬੈਠ ਰਹਿਣਾ, ਜਿਹੜਾ ਭੀ ਨੌਜੁਆਨ ਲੜਕਾ ਆਵੇ, ਬਿਨਾਂ ਵਿਚਾਰੇ ਉਸ ਨੂੰ ਤਲਵਾਰ ਦੀ ਭੇਟਾ ਕਰ ਦੇਣਾ। ਇਸ ਤਰ੍ਹਾਂ ਸਿਖਾ ਕੇ ਜਲਾਦਾਂ ਨੂੰ ਪਹਿਲੇ ਦੇਵੀ ਮੰਦਰ ਵੱਲ ਭੇਜ ਦਿੱਤਾ।

ਓਧਰ ਜਿਥੇ ਮਦਨ ਸਿੰਘ ਕੰਤੂਹਲ ਦੀ ਲੜਕੀ ਦੇ ਸੁਯੰਬਰ ਤੇ ਗਿਆ ਹੋਇਆ ਸੀ, ਉਸ ਸੁਯੰਬਰ ਵਿਚ ਕੰਤੂਹਲ ਦੀ ਲੜਕੀ ਨੇ ਕਿਸੇ ਨੂੰ ਵੀ ਪਸੰਦ ਨਾ ਕੀਤਾ।

ਵਾਪਸੀ ਵੇਲੇ ਮਦਨ ਸਿੰਘ ਪਾਸੋਂ ਕੰਤੂਹਲ ਨੇ ਚੰਦ੍ਰਹਾਂਸ ਬਾਰੇ ਪੁੱਛਿਆ ਕਿ ਉਹ ਲੜਕਾ ਕੈਸਾ ਹੈ?

ਮਦਨ ਸਿੰਘ ਨੇ ਕਿਹਾ "ਉਹ ਬੜਾ ਖੂਬਸੂਰਤ ਤੇ ਦਨਾਈ ਵਾਲਾ ਹੈ।"

ਇਹ ਗੱਲ ਸੁਣ ਕੇ ਰਾਜੇ ਕੰਤੂਹਲ ਨੇ ਕਿਹਾ—"ਇਸ ਵੇਲੇ ਉਹ ਜਿਥੇ ਭੀ ਹੋਵੇ ਉਸ ਨੂੰ ਲੱਭ ਕੇ ਮੇਰੇ ਪਾਸ ਭੇਜਣਾ। ਮਦਨ ਸਿੰਘ ਨੇ ਕਿਹਾ—"ਚੰਗਾ, ਮੈਂ ਹੁਣੇ ਹੀ ਜਾ ਕੇ ਭੇਜਦਾ ਹਾਂ।" ਇਹ ਗੱਲ ਆਖ ਕੇ ਓਧਰੋਂ ਮਦਨ ਸਿੰਘ ਚਲਾ ਪਿਆ ਤੇ ਇਧਰ ਧ੍ਰਿਸ਼ਟਬੁੱਧੀ ਦੇ ਕਹਿਣ 'ਤੇ ਚੰਦ੍ਰਹਾਂਸ ਦੇਵੀ ਦੀ ਪੂਜਾ ਕਰਨ ਲਈ ਮੰਦਰ ਵੱਲ ਤੁਰ ਪਿਆ।

ਦੇਖੋ ਕੁਦਰਤ ਦੀ ਖੇਡ! ਦੋਹਾਂ ਦਾ ਰਸਤੇ ਵਿਚ ਮਿਲਾਪ ਹੋ ਗਿਆ। ਉਸ ਵੇਲੇ ਮਦਨ ਸਿੰਘ ਨੇ ਪੁੱਛਿਆ-"ਜੀਜਾ ਜੀ! ਕਿੱਥੇ ਚੱਲੇ ਹੋ?"

ਚੰਦ੍ਰਹਾਂਸ ਨੇ ਕਿਹਾ-ਮੈਂ ਦੇਵੀ ਮੰਦਰ ਵਿਚ ਪੂਜਾ ਕਰਨ ਚੱਲਿਆ ਹਾਂ। ਮਦਨ ਸਿੰਘ ਨੇ ਕਿਹਾ—"ਤੇਰੀ ਜਗ੍ਹਾ ਦੇਵੀ ਮੰਦਰ ਵਿਚ ਮੈਂ ਜਾਂਦਾ ਹਾਂ, ਤੈਨੂੰ ਰਾਜਾ ਕੰਤੂਹਲ ਬੁਲਾ ਰਿਹਾ ਹੈ, ਤੂੰ ਉਸ ਦੇ ਪਾਸ ਛੇਤੀ ਚਲਿਆ ਜਾਹ।

ਇੰਜ ਕਹਿ ਕੇ ਚੰਦ੍ਰਹਾਂਸ ਨੂੰ ਤਾਂ ਕੰਤੂਹਲ ਰਾਜੇ ਪਾਸ ਭੇਜ ਦਿੱਤਾ ਤੇ ਆਪ ਮਦਨ ਸਿੰਘ ਦੇਵੀ ਪੂਜਣ ਲਈ ਦੇਵੀ ਮੰਦਰ ਪੁੱਜ ਗਿਆ।

ਅੰਦਰ ਜਾਂਦਿਆਂ ਹੀ ਇਸ ਦਾ ਸਿਰ ਜਲਾਦਾਂ ਨੇ ਵੱਢ ਦਿੱਤਾ। ਮਦਨ ਸਿੰਘ ਤਾਂ ਉਸੇ ਵੇਲੇ ਮਰ ਗਿਆ।

ਉਧਰ ਜਿਸ ਵੇਲੇ ਚੰਦ੍ਰਹਾਂਸ ਕੰਤੂਹਲ ਰਾਜੇ ਦੇ ਪਾਸ ਪੁੱਜਾ ਤਾਂ ਉਸ ਦੀ ਕੰਨਿਆਂ ਨੇ ਇਸ ਦੇ ਦਗ-ਦਗ ਕਰਦੇ ਚੇਹਰੇ ਨੂੰ ਵੇਖ ਕੇ 'ਜੈ ਮਾਲਾ' ਇਸ ਦੇ ਗਲ ਪਾ ਦਿੱਤੀ। ਰਾਜੇ ਨੇ ਉਸੇ ਵੇਲੇ ਆਪਣੀ ਰਾਜ ਪੁੱਤਰੀ ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿੱਤਾ। ਜਦ ਕੁਝ ਦਿਨ ਉਸ ਪਾਸ ਰਿਹਾ ਤਾਂ ਇਸ ਦੀ ਰਹਿਣੀ ਕਹਿਣੀ ਅਤੇ ਲਿਆਕਤ ਉਪਰ ਪ੍ਰਸੰਨ ਹੋ ਕੇ ਰਾਜੇ ਕੰਤੂਹਲ ਦਾ ਆਪਣਾ ਪੁੱਤਰ ਨਾ ਹੋਣ ਕਰ ਕੇ ਇਸ ਨੂੰ ਆਪਣਾ ਪੁੱਤਰ ਮੰਨ ਕੇ ਆਪਣੀ ਰਾਜਧਾਨੀ ਦਾ ਰਾਜ ਤਿਲਕ ਏਸੇ ਨੂੰ ਦੇ ਕੇ ਰਾਜ ਸਿੰਘਾਸਨ ਉਪਰ ਬਿਠਾ ਦਿੱਤਾ।

ਕੁਝ ਸਮੇਂ ਮਗਰੋਂ ਚੰਦ੍ਰਹਾਂਸ ਨੇ ਬੇਨਤੀ ਕੀਤੀ ਕਿ ਮੈਂ ਆਪਣੇ ਧਰਮ ਪਿਤਾ ਰਾਜੇ ਕੁਲਿੰਦ ਨੂੰ ਅਤੇ ਮਦਨ ਸਿੰਘ ਨੂੰ ਮਿਲਣ ਜਾਣਾ ਹੈ—"ਆਪ ਆਗਿਆ ਦਿਓ!"

ਉਸ ਵੇਲੇ ਚੰਦ੍ਰਹਾਂਸ ਰਾਜੇ ਕੰਤੂਹਲ ਤੋਂ ਆਗਿਆ ਲੈ ਕੇ ਧ੍ਰਿਸ਼ਟਬੁੱਧੀ ਪਾਸ ਪੁੱਜਾ। ਚੰਦ੍ਰਹਾਂਸ ਨੂੰ ਹਾਲੀ ਵੀ ਜਿੰਦਾ ਦੇਖ ਕੇ ਘਬਰਾਇਆ ਤੇ ਪੁੱਛਿਆ ਕੀ ਤੂੰ ਦੇਵੀ ਪੂਜਣ ਲਈ ਨਹੀਂ ਗਿਆ? ਤਾਂ ਚੰਦ੍ਰਹਾਂਸ ਨੇ ਉਸ ਦੇ ਪੁੱਤਰ ਵਾਲੀ ਸਾਰੀ ਗੱਲ ਕਹਿ ਸੁਣਾਈ ਕਿ ਤੇਰੇ ਪੁੱਤਰ ਨੇ ਰਾਹ ਵਿਚ ਮੈਨੂੰ ਰਾਜੇ ਕੰਤੂਹਲ ਵੱਲ ਭੇਜ ਦਿੱਤਾ ਸੀ ਤੇ ਆਪ ਮਦਨ ਸਿੰਘ ਦੇਵੀ ਪੂਜਣ ਚਲਾ ਗਿਆ ਸੀ।

ਇਸ ਗੱਲ ਸੁਣਦਿਆਂ ਸਾਰ 'ਧ੍ਰਿਸ਼ਟਬੁੱਧੀ' ਗਸ਼ ਖਾ ਕੇ ਡਿੱਗ ਪਿਆ ਕਿ ਉਹ ਤਾਂ ਮੇਰਾ ਪੁੱਤਰ ਹੀ ਮਾਰਿਆ ਗਿਆ ਹੈ।

ਫੇਰ ਉਥੇ ਮੰਦਰ ਪਾਸ ਪੁੱਜ ਕੇ ਆਪ ਵੀ ਪੱਥਰਾਂ ਨਾਲ ਟਕਰਾਂ ਮਾਰ-ਮਾਰ ਕੇ ਮਰ ਗਿਆ। ਪੁਨਾ ਰਾਣੀਆਂ ਨੂੰ ਤੇ ਉਸ ਦੀ ਧੀ ਬਿਖਯਾ ਨੂੰ ਪਤਾ ਲੱਗਾ। ਰਾਣੀਆਂ ਤਾਂ ਮੰਦਰ ਵੱਲ ਰੋਂਦੀਆਂ ਪਿਟਦੀਆਂ ਚਲੀਆਂ ਗਈਆਂ ਪਰ ਬਿਖਯਾ ਆਪਣੇ ਪਤੀ ਚੰਦ੍ਰਹਾਂਸ ਪਾਸ ਆਈ ਤੇ ਬੇਨਤੀ ਕਰ ਕੇ ਸਾਰੀ ਗੱਲ ਦੱਸੀ ਤੇ ਕਿਹਾ ਹੇ ਪਤੀ ਦੇਵ! ਆਪ ਪ੍ਰਭੂ ਦੇ ਪਿਆਰੇ ਹੋ, ਕਿਰਪਾ ਕਰੋ ਤੇ ਮੇਰੇ ਪਿਤਾ ਤੇ ਭਰਾ ਨੂੰ ਬਖਸ਼ ਦਿਓ।

ਚੰਦ੍ਰਹਾਂਸ ਦਿਆਲੂ ਸੁਭਾਅ ਵਾਲਾ ਸੀ, ਪ੍ਰਭੂ ਅੱਗੇ ਪ੍ਰਾਰਥਨਾ ਕੀਤੀ। ਈਸ਼ਵਰ ਦੀ ਕਿਰਪਾ ਨਾਲ ਦੋਵੇਂ ਸੁਰਜੀਤ ਹੋ ਗਏ। ਧ੍ਰਿਸ਼ਟਬੁੱਧੀ ਉੱਠ ਕੇ ਆਪਣੀ ਕੀਤੀ ਤੇ ਬਹੁਤ ਪਛੁਤਾਇਆ ਤੇ ਕਿਹਾ-ਹੇ ਚੰਦ੍ਰਹਾਂਸ! ਮੇਰਾ ਰਾਜ ਵੀ ਹੁਣ ਤੂੰ ਹੀ ਕਰ ਪਰ ਚੰਦ੍ਰਹਾਂਸ ਨੇ ਅਜਿਹਾ ਨਾ ਕੀਤਾ, ਸਗੋਂ ਧ੍ਰਿਸ਼ਟਬੁੱਧੀ ਦਾ ਰਾਜ ਉਸ ਦੇ ਪੁੱਤਰ ਮਦਨ ਸਿੰਘ ਨੂੰ ਦੇ ਕੇ ਫਿਰ ਆਪ ਆਪਣੇ ਰਾਜ ਵਿਖੇ ਆ ਕੇ ਆਪਣੇ ਪਿਤਾ ਕੁਲਿੰਦ ਨੂੰ ਜੇਲ੍ਹ ਵਿਚੋਂ ਛੁਡਾਇਆ, ਜਿਸ ਨੂੰ ਧ੍ਰਿਸ਼ਟਬੁੱਧੀ ਕੈਦ ਕਰ ਆਇਆ ਸੀ।

ਫਿਰ ਕੁਝ ਚਿਰ ਰਹਿ ਕੇ ਪਿਤਾ ਦੀ ਪ੍ਰਸੰਨਤਾ ਅਨੁਸਾਰ ਚੰਦ੍ਰਹਾਂਸ ਉਸ ਤੋਂ ਆਗਿਆ ਲੈ ਕੇ ਨਾਮ ਸਿਮਰਨ ਦੇ ਪ੍ਰਤਾਪ ਕਰ ਕੇ ਫਿਰ ਕੰਤੂਹਲ ਰਾਜੇ ਦੀ ਰਾਜਧਾਨੀ ਵਿਖੇ ਆ ਕੇ ਸੁਖ ਪੂਰਬਕ ਰਾਜ ਕਰਨ ਲੱਗ ਪਿਆ।

ਇਸ ਪ੍ਰਸੰਗ ਤੋਂ ਇਹ ਨਿਸਚੇ ਕਰਨਾ ਕਿ ਧ੍ਰਿਸ਼ਟਬੁੱਧੀ ਤਾਂ ਵਿਹੁ ਆਦਿ ਦਿਵਾ ਕੇ ਚੰਦ੍ਰਹਾਂਸ ਦੇ ਮਾਰਨ ਦਾ ਬਹੁਤ ਹੀ ਯਤਨ ਕਰਦਾ ਰਿਹਾ, ਪਰ ਪ੍ਰਭੂ ਦੀ ਕਿਰਪਾ ਹੋਣ ਕਰ ਕੇ ਵਿਹੁ ਤੋਂ ਅੰਮ੍ਰਿਤ ਹੀ ਬਣਦਾ ਗਿਆ।

ਅਥਵਾ-ਜਿਸ ਨੇ ਸਤਿਗੁਰਾਂ ਦੁਆਰੇ ਪ੍ਰਭੂ ਦੇ ਨਾਮ ਨੂੰ ਉਚਾਰਨਾ ਕੀਤਾ ਹੈ, ਉਸ ਨੂੰ ਬਿਖ ਤੇ= ਦੁੱਖਾਂ ਤੋਂ ਅੰਮ੍ਰਿਤ ਹੁਯਉ= ਸੁਖ ਪ੍ਰਾਪਤ ਹੋਏ ਹਨ।

ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥

ਜਿਸ ਵੇਲੇ ਸਤਿਗੁਰੂ ਜੀ ਆਪਣੀ ਕਿਰਪਾ ਦ੍ਰਿਸ਼ਟੀ ਧਾਰੈ= ਕਰਦੇ ਹਨ ਤਾਂ ਲੋਹੇ ਤੋਂ ਬੇਕੀਮਤਾ ਲਾਲ ਹੋ ਜਾਂਦਾ ਹੈ। *ਅਥਵਾ*-ਲੋਹਉ= ਲਾਲਚੀ ਜੀਵ ਪ੍ਰਮੇਸ਼ਰ ਦੇ ਪ੍ਰੇਮ ਕਰ ਕੇ ਅਮੋਲਕ ਲਾਲੁ= ਬ੍ਰਹਮ ਸਰੂਪ ਹੋ ਜਾਂਦੇ ਹਨ।

ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥

ਜੋ ਮਨੁੱਖ ਗੁਰਾਂ ਦੇ ਕਹੇ ਹੋਏ ਗਿਆਨ ਦਾ ਵਿਚਾਰ ਕਰਦੇ ਹਨ, ਉਨ੍ਹਾਂ ਪਾਹਣ= ਪੱਥਰਾਂ ਵਾਂਗੂ ਕਠੋਰ ਹਿਰਦੇ ਵਾਲਿਆਂ ਨੂੰ ਗੁਰੂ ਸਾਹਿਬ ਜੀ ਮਾਣਕ ਦੀ ਨਿਆਈਂ ਅਣਮੁੱਲਾ ਕਰ ਦਿੰਦੇ ਹਨ।

ਅਥਵਾ-ਪਾਹਣ= ਪੱਥਰਾਂ ਵਾਂਗੂ ਜੋ ਪੁਰਸ਼ ਪਾਪਾਂ ਕਰ ਕੇ ਭਾਰੀ ਹਨ ਉਹਨਾਂ ਨੂੰ ਮਾਣਕ= ਸ੍ਰਵਣ, ਮੰਨਣ, ਨਿਧਿਆਸਣ ਆਦਿ ਸਾਧਨ ਦੇ ਕੇ ਮਾਣਕ= ਬ੍ਰਹਮ ਸਰੂਪ ਕਰ ਦਿੰਦੇ ਹਨ।

ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥

ਜਿਵੇਂ ਕਾਠ ਅਗਨੀ ਵਿਚ ਸੜਦਾ ਹੈ ਤਿਵੇਂ ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ ਵਿਚ, ਵਾ—ਕਾਲ ਰੂਪ ਅਗਨੀ ਵਿਚ ਸੜਨ ਵਾਲੇ ਜੋ ਕਾਠ ਦੀ ਨਿਆਈਂ ਕਠੋਰ ਜੀਵ ਹਨ, ਉਹਨਾਂ ਨੂੰ ਭਗਤੀ ਦੀ ਖੁਸ਼ਬੋ ਫੱਲਾਣ ਲਈ ਸਤਿਗੁਰਾਂ ਨੇ ਸ੍ਰੀਖੰਡ= ਬਾਵਨ ਚੰਦਨ ਰੂਪ ਕਰ ਦਿੱਤਾ ਹੈ।

ਅਥਵਾ-ਜਿਵੇਂ ਆਮ ਲੱਕੜ ਨੂੰ ਦਰਿਆਵਾਂ ਵਿਚ ਰੋਹੜ ਦਿੰਦੇ ਹਨ। ਤਿਵੇਂ ਜੋ ਜੀਵ ਸੰਸਾਰ ਦਰਿਆ ਵਿਚ ਰੁੜ੍ਹਨ ਵਾਲੇ ਹਨ, ਉਹਨਾਂ ਨੂੰ ਸਤਿਗੁਰਾਂ ਨੇ ਸ੍ਰੀਖੰਡ= ਬਾਵਨ ਚੰਦਨ ਦੀ ਨਿਆਈਂ ਕਰ ਦਿੱਤਾ ਹੈ, ਕਿਉਂਕਿ ਚੰਦਨ ਨੂੰ ਕੋਈ ਨਹੀਂ ਰੋਹੜਦਾ। ਇਸ ਲਈ ਉਨ੍ਹਾਂ ਗੁਰਮੁਖਾਂ ਦੇ ਦੁੱਖ ਦਲਿਦ੍ਰ ਆਦਿਕ ਸਭ ਨਾਸ ਹੋ ਜਾਂਦੇ ਹਨ।

ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥੨॥੬॥

ਰਡ ਨਾਮਾ ਭੱਟ ਆਖਦਾ ਹੈ ਕਿ ਹੇ ਭੱਟੋ! ਜਿਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤਰ ਚਰਨਾਂ

ਨੂੰ ਪਰਸਨਾ ਕੀਤਾ ਹੈ, ਸੇ= ਉਹ ਮਨੁੱਖ ਪਸ਼ੂ, ਪ੍ਰੇਤਾਂ ਮਨੁੱਖਾਂ ਤੋਂ ਸੁਰਿ ਭਇਅ= ਦੇਵਤਾ ਰੂਪ ਹੋ ਗਏ ਹਨ।

*ਅਥਵਾ-*ਉਹ ਪਸ਼ੂ ਜੂਨ ਤੋਂ ਮਨੁੱਖ ਹੋਏ ਹਨ ਅਤੇ ਪ੍ਰੇਤ ਜੂਨੀ ਤੋਂ ਸੁਰਿ= ਦੇਵਤਾ ਹੋਏ ਹਨ॥ ੨ ॥ ੬ ॥

ਇਥੋਂ ਤਕ ਦੋ ਸਵਈਏ ਰਡ ਭੱਟ ਦੇ ਆ ਚੁੱਕੇ ਹਨ।

ਅੱਗੋਂ ਇਕ ਸਵਈਆ ਦਾਸ ਨਾਮਾ ਭੱਟ ਕਥਨ ਕਰਦਾ ਹੈ—

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ॥

ਜਾਮਿ= ਜਦੋਂ ਗੁਰੂ ਸਾਹਿਬ ਜੀ ਇਸ ਮਨੁੱਖ ਦੀ ਤਰਫ਼ ਖੜੇ ਹੋ ਜਾਣ ਤਾਂ ਫਿਰ ਧਨ ਨੇ ਗਾਰਵੁ= ਹੰਕਾਰ ਦੀ ਬਾਣੀ ਸਹਿਤ ਹੋ ਕੇ ਭਲਾ ਕੀ ਜਵਾਬ ਦੇਣਾ ਹੈ ਕਿ ਮੈਂ ਤੈਨੂੰ ਪ੍ਰਾਪਤ ਨਹੀਂ ਹੁੰਦਾ, ਉਹ ਤਾਂ ਆਪਣੇ ਆਪ ਹੀ ਤੁਰਿਆ ਆਉਂਦਾ ਹੈ।

*ਅਥਵਾ-*ਜਾਮਿ= ਜਿਸ ਮਨੁੱਖ ਦੀ ਤਰਫ਼ ਗੁਰੂ ਸਾਹਿਬ ਜੀ ਆਪ ਸਹਾਇਤਾ ਕਰਨ ਨੂੰ ਖੜੋ ਜਾਣ ਤਾਂ ਫਿਰ ਧਨ ਨੇ ਧਨਹਿ= ਧਨਵੰਤਿਆਂ (ਧਨਾਢਾਂ) ਨੂੰ ਭਲਾ ਕੀ ਗਾਰਵੁ= ਗੌਰਵਤਾ ਭਾਵ ਵਡਿਆਈ ਦੇਣੀ ਹੈ।

ਜਿਵੇਂ ਭਾਈ ਕਟਾਰੂ ਦਾ ਵੱਟਾ ਘੱਟ ਹੋਣ ਕਰ ਕੇ ਇਕ ਪਾਸੇ ਸਾਰੇ ਅਮੀਰ ਹੀ ਖਲੋਤੇ ਸਨ ਪਰ ਇਸ ਨੇ ਜਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਯਾਦ ਕੀਤਾ ਤਾਂ ਗੁਰੂ ਸਾਹਿਬ ਜੀ ਨੇ ਅੰਮ੍ਰਿਤਸਰ ਬੈਠਿਆਂ ਹੀ ਸਿੱਖ ਦੀ ਮੱਦਦ ਵਿਚ ਖਲੋ ਕੇ ਘੱਟ ਵੱਟਾ ਪੂਰਾ ਕਰ ਦਿੱਤਾ। ਤਾਂ ਸਾਰਿਆਂ ਅਮੀਰਾਂ ਦੇ ਮੂੰਹ ਫਿੱਕੇ ਪੈ ਗਏ, ਉਸ ਵੇਲੇ ਧਨ ਨੇ ਅਮੀਰਾਂ ਦੀ ਕੋਈ ਸਹਾਇਤਾ ਨਾ ਕੀਤੀ।

ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥

ਜਾਮਿ= ਜਦੋਂ ਇਸ ਮਨੁੱਖ ਦੀ ਤਰਫ਼ ਗੁਰੂ ਸਾਹਿਬ ਜੀ ਸਹਾਇਤਾ ਕਰਨ ਨੂੰ ਖੜੇ ਜਾਣ ਤਾਂ ਲਖ ਬਾਹੇ= ਲੱਖਾਂ ਸੈਨਾਂ ਦੇ ਜੀਵ ਉਸ ਦਾ ਕੀ ਵਿਗਾੜ ਕਰ ਸਕਦੇ ਹਨ? ਭਾਵ ਕੁਝ ਨਹੀਂ ਵਿਗਾੜ ਸਕਦੇ।

ਅਥਵਾ= ਲੱਖਾਂ ਕਾਮ ਆਦਿਕ ਦੁਸ਼ਮਣ ਉਸ ਦਾ ਕੀ ਵਿਗਾੜ ਕਰ ਸਕਦੇ ਹਨ?

ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ॥

ਜਾਮਿ= ਜਦੋਂ ਗੁਰੂ ਸਾਹਿਬ ਜੀ ਇਸ ਮਨੁੱਖ ਦੀ ਤਰਫ਼ ਹੋ ਜਾਣ ਤਾਂ ਇਸ ਮਨੁੱਖ ਦੇ ਅਨਨ ਪਰਿ= ਮੂੰਹ ਉਤੇ ਨਿਰਗੁਣ ਬ੍ਰਹਮ ਦਾ ਗਿਆਨ ਅਰੁ= ਅਤੇ ਸਰਗੁਣ ਸਰੂਪ ਦਾ ਧਿਆਨ ਟਿਕਿਆ ਰਹਿੰਦਾ ਹੈ।

*ਅਥਵਾ-*ਗਿਆਨ ਅਤੇ ਧਿਆਨ ਦੋਨੋਂ ਹੀ ਇਸ ਦੇ ਮੂੰਹ ਪਰ ਚੜ੍ਹੇ ਰਹਿੰਦੇ ਹਨ।

ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ॥

ਜਾਮਿ= ਜਿਸ ਮਨੁੱਖ ਦੀ ਤਰਫ਼ ਗੁਰੂ ਸਾਹਿਬ ਜੀ ਸਹਾਇਕ ਹੋਣ ਸੁ= ਉਹ ਮਨੁੱਖ ਸਚੇ ਘਰ ਦੀਆਂ ਹੀ ਸਾਖੀਆਂ ਪੜ੍ਹਦਾ ਸੁਣਦਾ ਹੈ ਅਤੇ ਸੱਚਾ ਘਰਿ= ਸਰੂਪ ਦੀ ਪ੍ਰਾਪਤੀ ਦੇ ਹੀ ਸ਼ਬਦ ਨੂੰ ਵਿਚਾਰਦਾ ਹੈ।

*ਅਥਵਾ-*ਸਾਰਿਆਂ ਦਾ ਸਾਖੀ= ਪ੍ਰੇਰਕ ਜੋ ਸੱਚਾ ਸਬਦੁ= ਬ੍ਰਹਮ ਹੈ, ਉਹ ਉਸ ਦੇ ਅੰਤਹਕਰਣ ਰੂਪ ਘਰ ਵਿਚ ਸਾਖਿਆਤਕਾਰ ਹੁੰਦਾ ਹੈ।

ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ॥

ਜੇਹੜਾ ਮਨੁੱਖ ਅਹਿਨਿਸਿ= ਦਿਨੇ ਰਾਤ ਧੰਨ ਗੁਰੂ ਧੰਨ ਗੁਰੂ ਕਰ ਕੇ ਜਪਦਾ ਹੈ, ਦਾਸ ਨਾਮਾ ਭੱਟ ਬੇਨਤੀ ਪੂਰਬਕ ਕਥਨ ਕਰਦਾ ਹੈ—

ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥ ੩॥ ੭॥

ਜਿਹੜਾ ਮਨੁੱਖ ਗੁਰੂ ਸਾਹਿਬ ਜੀ ਦੇ ਨਾਮ ਨੂੰ, ਵਾ ਗੁਰਾਂ ਦੁਆਰੇ ਪ੍ਰਮੇਸ਼ਰ ਦੇ ਨਾਮ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਦਾ ਹੈ, ਉਹ ਮਨੁੱਖ ਜਨਮ ਮਰਨ ਰੂਪ ਦੋਹਾਂ ਥਾਵਾਂ ਤੋਂ ਰਹਿਤ ਹੋ ਜਾਂਦਾ ਹੈ। ਭਾਵ ਨਾਮ ਜਪਣ ਵਾਲਾ ਮਨੁੱਖ ਬਾਰ-ਬਾਰ ਜੂਨੀਆਂ ਵਿਚ ਪੈ ਕੇ ਜੰਮਦਾ ਮਰਦਾ ਨਹੀਂ ਹੈ॥ ੩॥ ੭॥

ਇਥੋਂ ਤਕ ਇਕ ਸਵਈਆ ਦਾਸ ਨਾਮੇ ਭੱਟ ਦਾ ਆ ਚੁੱਕਾ ਹੈ।

ਅਗਲੇ ਦੋ ਸੰਵਈਏ "ਨਲਾ" ਨਾਮੇ ਭੱਟ ਦੇ ਹਨ। ਨਲ ਨਾਮਾ ਭੱਟ ਆਖਦਾ ਹੈ- ਹੇ ਭੱਟੋ!

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥

ਸਤਿਗੁਰਾਂ ਤੋਂ ਬਿਨਾਂ ਸਿੱਖ ਦੇ ਹਿਰਦੇ ਅੰਦਰ ਘੋਰ= ਭਿਆਨਕ ਅਗਿਆਨ ਰੂਪ ਹਨੇਰਾ ਹੀ ਹਨੇਰਾ ਹੈ। ਸਤਿਗੁਰਾਂ ਤੋਂ ਬਿਨਾਂ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਮੁੱਖ ਸਾਧਨ ਜੋ ਬ੍ਰਹਮ ਗਿਆਨ ਹੈ, ਉਸ ਦੀ ਸਮਝ ਨਹੀਂ ਆਉਂਦੀ।

ਯਥਾ- ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ ੨॥

(ਆਸਾ ਦੀ ਵਾਰ, ਪੰਨਾ ੪੬੩)

ਤਥਾ- ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ॥

(ਸਿਰੀ ਰਾਗੁ ਮਹਲਾ ੧, ਪੰਨਾ ੫੫)

ਤਥਾ- ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ॥

(ਗੂਜਰੀ ਮਹਲਾ ੫, ਪੰਨਾ ੪੯੫)

ਤਥਾ- ਗੁਰਮੁਖਿ ਨਾਦ ਬੇਦ ਬੀਚਾਰੁ॥ ਬਿਨੁ ਗੁਰ ਪੂਰੇ ਘੋਰ ਅੰਧਾਰੁ॥

(ਮਲਾਰ ਮਹਲਾ ੫, ਪੰਨਾ ੧੨੭੦)

ਤਥਾ- ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥
ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ॥ ੧॥ ਰਹਾਉ॥
ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ॥
ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ॥
ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ॥ ੨॥

(ਸਿਰੀਰਾਗੁ ਮਹਲਾ ੩, ਪੰਨਾ ੩੧)

ਤਥਾ- ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥
ਬਿਨੁ ਸਤਿਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥ ੩॥

(ਸਿਰੀਰਾਗੁ ਮਹਲਾ ੩, ਪੰਨਾ ੨੬)

ਤਥਾ- ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥ ੧॥

(ਮਾਝ ਮਹਲਾ ੩, ਪੰਨਾ ੧੨੪)

ਤਥਾ- ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੈ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ੩॥

(ਗਉੜੀ ਮਹਲਾ ੫, ਪੰਨਾ ੨੦੫)

ਤਥਾ- ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ ੧॥

*(ਵਾਰ ਸਾਰੰਗ ਸਲੋਕ ਮਹਲਾ ੨, ਪੰਨਾ ੧੨੩੭)**

ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥

ਗੁਰ ਤੋਂ ਬਿਨਾਂ ਸੁਰਤਿ= ਆਤਮ ਗਿਆਤ ਦੀ ਸਿਧਿ ਨ= ਪ੍ਰਾਪਤੀ ਨਹੀਂ ਹੁੰਦੀ। *ਅਥਵਾ-*ਗੁਰਾਂ ਤੋਂ ਬਿਨਾਂ ਨਾ ਸ੍ਰੇਸ਼ਟ ਪ੍ਰੀਤੀ ਅਤੇ ਨਾ ਹੀ ਸਿਧੀ ਦੀ ਪ੍ਰਾਪਤੀ ਹੁੰਦੀ ਹੈ, ਗੁਰਾਂ ਤੋਂ ਬਿਨਾਂ ਮੁਕਤੀ ਵੀ ਨਹੀਂ ਪਾ ਸਕਦਾ।

ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥

ਗੁਰਾਂ ਦੁਆਰੇ ਸੱਚ ਨੂੰ ਵਿਚਾਰਨਾ ਕਰੋ, ਹੇ ਮੇਰੇ ਮਨ= ਪਿਆਰਿਓ! ਤੁਸੀਂ ਗੁਰਾਂ ਨੂੰ ਜ਼ਰੂਰ ਧਾਰਨਾ ਕਰੋ।

ਅਥਵਾ- ਸੱਚ ਦਾ ਵਿਚਾਰ ਕਰਨ ਵਾਲੇ ਜੋ ਸਤਿਗੁਰੂ ਹਨ, ਉਹਨਾਂ ਗੁਰਾਂ ਨੂੰ ਹੇ ਪਿਆਰਿਓ! ਤੁਸੀਂ ਧਾਰਨਾ ਕਰੋ।

ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥

ਤੇਰੇ ਜਨਮਾਂ ਜਨਮਾਤਰਾਂ ਦੇ ਕੀਤੇ ਹੋਏ ਸਾਰਿਆਂ ਅਘਨ= ਪਾਪਾਂ ਦੇ ਕੱਟਣ ਵਾਲਾ ਜੋ ਸਤਿਗੁਰਾਂ ਦਾ ਉਪਦੇਸ਼ ਹੈ, ਉਸ ਉਪਦੇਸ਼ ਨੂੰ ਸ-ਪੁੰਨ= ਸਹਿਤ ਪਵਿੱਤਰਤਾ ਦੇ ਧਾਰਨਾ ਕਰ।

ਅਥਵਾ- ਸਬਦ=·ਬ੍ਰਹਮ ਦੇ ਸਪੁੰਨ= ਸਹਿਤ ਜੋ ਗੁਰੂ ਹਨ, ਤੇਰੇ ਸਾਰਿਆਂ ਅਘਨ= ਪਾਪਾਂ ਦੇ ਕੱਟਣ ਵਾਲੇ ਉਨ੍ਹਾਂ ਨੂੰ ਤੂੰ ਗੁਰੂ ਧਾਰਨ ਕਰ।

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਹ ਕਹਿ॥

ਨਲ ਨਾਮਾ ਭੱਟ ਆਖਦਾ ਹੈ—ਹੇ ਭੱਟੋ! ਨਯਣਿ= ਨੇਤ੍ਰਾਂ (ਅੱਖਾਂ)ਨਾਲ਼ ਗੁਰਾਂ ਦਾ ਦਰਸ਼ਨ ਦੇਖਣਾ ਕਰੋ, ਬਯਣਿ= ਬਾਣੀ ਨਾਲ ਧੰਨ ਗੁਰੂ ਧੰਨ ਗੁਰੂ ਉਚਾਰਨਾ ਕਰੋ, ਕਿਉਂਕਿ ਗੁਰੂ ਸਾਹਿਬ ਜੀ ਸਤਿ= ਪ੍ਰਮਾਤਮਾ ਦਾ ਸਰੂਪ ਹਨ।

ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥ ੪॥ ੮॥

ਜਿਨ੍ਹਾਂ ਨੇ ਗੁਰਾਂ ਦਾ ਦਰਸ਼ਨ ਨਹੀਂ ਦੇਖਿਆ ਅਤੇ ਨਾ ਹੀ ਗੁਰਾਂ ਨੂੰ ਧਾਰਨ ਕੀਤਾ ਹੈ, ਉਹ ਪੁਰਸ਼ ਸੰਸਾਰ

** ਗੁਰੂ-ਵਿਸ਼ੇ ਉਪਰ ਜੇ ਹੋਰ ਬਹੁਤੇ ਪ੍ਰਮਾਣ ਦੇਖਣਾ ਚਾਹੋ ਤਾਂ 'ਸ੍ਰੀ ਅਮੀਰ ਤਰੰਗ' ਅਰਥਾਤ ਸੰਪ੍ਰਦਾਈ ਟੀਕਾ ਆਸਾ ਦੀ ਵਾਰ ੧੪ ਪੰਨੇ ਤੋਂ ਲੈ ਕੇ ੨੨ ਪੰਨੇ ਤਕ ਪੜ੍ਹੋ। ਏਸੇ ਹੀ ਵਿਸ਼ੇ ਉਪਰ ਭਾਈ ਗੁਰਦਾਸ ਜੀ ਨੇ ਵਾਰ ਪੰਦ੍ਰਵੀਂ ਪੌੜੀ ੧ ਤੋਂ ਲੈ ਕੇ ੧੪ ਪੌੜੀਆਂ ਤੱਕ ਬਹੁਤ ਕੁਝ ਲਿਖਿਆ ਹੈ।*

ਵਿਖੇ ਅਕਯਥ= ਨਿਸਫਲ ਹਨ॥ ੪॥ ੮॥

ਅਗਲਾ ਸਵਈਆ ਭੀ ਨਲ ਭੱਟ ਦਾ ਹੈ। ਨਲ ਨਾਮਾ ਭੱਟ ਆਖਦਾ ਹੈ—

ਗੁਰੂ ਗੁਰੂ ਗੁਰੁ ਕਰੁ ਮਨ ਮੇਰੇ॥

ਹੇ ਮੇਰੇ ਪਿਆਰਿਓ! ਮਨ ਕਰ ਕੇ ਧੰਨ ਗੁਰੂ, ਬਾਣੀ ਕਰ ਕੇ ਧੰਨ ਗੁਰੂ, ਤਨ ਕਰ ਕੇ ਵੀ ਧੰਨ ਗੁਰੂ ਉਚਾਰਨਾ ਕਰੋ। *ਅਥਵਾ*-ਗੁਰੂ= ਪੂਜਨੀਕ ਪ੍ਰਮਾਤਮਾ ਦਾ ਸਰੂਪ ਜੋ ਗੁਰੂ ਸਾਹਿਬ ਜੀ ਹਨ, ਉਹਨਾਂ ਨੂੰ ਗੁਰੂ ਧਾਰਨਾ ਕਰੋ।

[ਪੰਨਾ ੧੪੦੦]

ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ॥

ਕਲਯੁਗ ਵਿਖੇ ਸੰਸਾਰ-ਸਮੁੰਦਰ ਤੋਂ ਤਾਰਨ ਨੂੰ ਗੁਰੂ ਸਾਹਿਬ ਜੀ ਸਮ੍ਰਥ ਤਰਣ= ਸਮਰੱਥ ਜਹਾਜ਼ ਰੂਪ ਹਨ ਅਤੇ ਜਿਹਨਾਂ ਦੇ ਉਪਦੇਸ਼ ਨੂੰ ਸੁਣਦਿਆਂ ਹੀ ਸਮਾਧੀ ਵਿਚ ਲੀਨ ਹੋ ਜਾਈਦਾ ਹੈ।

ਫੁਨਿ ਦੁਖਨਿ ਨਾਸੁ ਸੁਖ ਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ॥

ਫੇਰ ਗੁਰੂ ਸਾਹਿਬ ਜੀ ਦੁੱਖਾਂ ਦੇ ਨਾਸ ਕਰਨ ਵਾਲੇ ਹਨ ਤੇ ਸੁਖਾਂ ਦੇ ਦਾਯਕੁ= ਦੇਣ ਵਾਲੇ ਹਨ ਅਤੇ ਅਗਿਆਨ ਰੂਪ ਸ਼ੱਤਰੂ ਦੇ, ਵਾ- ਕਾਲ ਰੂਪ ਸ਼ੱਤਰੂ ਦੇ ਮਾਰਨ ਨੂੰ ਸੂਰਉ-ਸੂਰਬੀਰ ਯੋਧੇ ਹਨ; ਜਿਹੜਾ (ਮਨੁੱਖ ਸ਼ਰਧਾ ਭਾਵਨਾ ਨਾਲ ਉਹਨਾਂ ਦੇ) ਧਿਆਨ ਨੂੰ ਧਾਰਦਾ ਹੈ, ਉਸ ਮਨੁੱਖ ਦੇ ਨੇਰੇ= ਪਾਸ ਹੀ ਗੁਰੂ ਸਾਹਿਬ ਜੀ ਵਸਦੇ ਹਨ।

ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ॥

ਗੁਰੂ ਜੀ ਪੁਰਖੁ= ਹਰੀ ਨੂੰ ਆਪਣੇ ਹਿਰਦੇ ਵਿਚ ਸਿਮਰਨਾ ਕਰਦੇ ਹਨ। ਇਸ ਕਰ ਕੇ (ਗੁਰੂ ਜੀ ਦਾ) ਮੂੰਹ ਦੇਖਣ ਕਰ ਕੇ ਭਾਵ ਗੁਰੂ ਜੀ ਦਾ ਦਰਸ਼ਨ ਕੀਤਿਆਂ ਅਘ= ਪਾਪ ਜਾਹਿ ਪਰੇਰੇ= ਦੂਰ ਹੋ ਜਾਂਦੇ ਹਨ।

ਜਉ ਹਰਿ ਬੁਧਿ ਰਿਧਿ ਸਿਧਿ ਚਾਹਤ ਗੁਰੂ ਗੁਰੂ ਗੁਰੁ ਕਰੁ ਮਨ ਮੇਰੇ॥੫॥੯॥

ਜੇਕਰ ਤੁਸੀਂ ਹਰਿ ਬੁਧਿ= ਰੱਬੀ-ਅਕਲ ਤੇ ਰਿਧੀਆਂ ਸਿਧੀਆਂ ਆਦਿਕ ਦਾਤਾਂ ਨੂੰ ਲੈਣਾ ਚਾਹੁੰਦੇ ਹੋ। ਤਾਂ-ਹੇ ਮੇਰੇ ਪਿਆਰਿਓ! ਤੁਸੀਂ ਮਨ ਕਰ ਕੇ ਧੰਨ ਗੁਰੂ, ਬਾਣੀ ਕਰ ਕੇ ਧੰਨ ਗੁਰੂ ਅਤੇ ਤਨ ਕਰ ਕੇ ਵੀ ਧੰਨ ਗੁਰੂ ਉਚਾਰਨਾ ਕਰੋ॥ ੫॥ ੯॥ ਇਥੋਂ ਤਕ "ਨਲ" ਭੱਟ ਦੇ ਦੋ ਸਵਈਏ ਆ ਚੁੱਕੇ ਹਨ।

ਅਗਲਾ ਇਕ ਸਵਈਆ "ਜਲਨ" ਭੱਟ ਨੇ ਉਚਾਰਨਾ ਕੀਤਾ ਹੈ। ਜਲਨ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ- ਹੇ ਭੱਟੋ!

ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਮੂੰਹ ਨੂੰ ਦੇਖ ਕੇ ਮੈਂ ਗਰੂ= ਭਾਰੀ ਸੁਖ ਪਾਉਣਾ ਕੀਤਾ ਹੈ।

ਹੁਤੀ ਜੁ ਪਿਆਸ ਪਿਉਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ॥

ਪਿਉਸ= ਅੰਮ੍ਰਿਤ ਦੇ ਪਿਵੰਨ= ਪੀਣ ਦੀ ਜੋ ਪਿਆਸ= ਤਰੇਹ ਹੁਤੀ= ਹੈ ਸੀ, ਉਹ ਹੁਣ ਨਹੀਂ ਰਹੀ, ਜਿਸ ਗੁਰੂ ਸਾਹਿਬਾਂ ਦੀ ਪ੍ਰਾਪਤੀ ਰੂਪ ਸਿੱਧੀ ਨੂੰ ਅਸੀਂ ਬੰਛਤ= ਚਾਹੁੰਦੇ ਸੀ, ਉਸੇ ਨਾਲ ਬਿਧਿ= ਬਿਧਾਤੇ (ਫਲ

ਬਰ ਦਾਤੇ ਅਕਾਲ ਪੁਰਖ) ਨੇ ਮਿਲਾ ਦਿੱਤਾ ਹੈ।

ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ॥

ਰਸਾਂ ਦੀ ਵਾਸ਼ਨਾਂ ਨਾਲ ਲੱਗ ਕੇ ਜੋ ਮਨ ਦਸੋ ਦਿਸ਼ਾਂ ਵਿਚ ਧਾਯਉ= ਦੌੜ ਰਿਹਾ ਸੀ।

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)

ਅਥਵਾ- ਰਸ= ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿਕਾਂ ਦੀ ਵਾਸ਼ਨਾਂ ਨਾਲ ਲੱਗ ਕੇ ਜੋ ਮਨ ਦਹੰ ਦਿਸਿ= ਦਸੇ ਇੰਦ੍ਰੀਆਂ ਦੇ ਵਿਸ਼ੇ ਸੁਖ ਵੱਲ ਦੌੜਿਆ ਫਿਰਦਾ ਸੀ, ਓਹੀ ਚੰਚਲ ਮਨ ਸ਼ੁਭ ਗੁਣਾਂ ਨਾਲ ਪੂਰਨ ਭੋ= ਹੋ ਕੇ ਸਰੂਪ ਰੂਪੀ ਠਉਰ= ਜਗ੍ਹਾ ਵਿਚ ਵਸਿਆ ਹੈ।

ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ॥

'ਜਲਨ' ਨਾਮਾ ਭੱਟ ਆਖਦਾ ਹੈ- ਜਿਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਬਿਪਾਸ= ਬਿਆਸ ਨਦੀ ਦੇ ਤੀਰਿ= ਕਿਨਾਰੇ ਉਪਰ ਗੋਇੰਦਵਾਲ ਨੂੰ ਗੋਬਿੰਦਪੁਰੀ ਸਮ= ਬੈਕੁੰਠ ਪੁਰੀ ਵਾਂਗੂੰ ਬਨਾਉਣਾ ਕੀਤਾ ਹੈ, ਉਨ੍ਹਾਂ (ਸ੍ਰੀ ਗੁਰੂ ਅਮਰਦਾਸ ਸਾਹਿਬ ਜੀ) ਦੇ ਸਰੂਪ ਜੋ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਨ੍ਹਾਂ ਦੀ ਮੇਹਰ ਨਾਲ--

ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥ ੬॥ ੧੦॥

ਕਈ ਵਰ੍ਹਿਆਂ ਦਾ ਅਸਾਡਾ ਦੁੱਖ ਦੂਰ ਹੋ ਗਿਆ ਹੈ।

ਅਥਵਾ- ਬਰਖਨ= ਬਰਸ ਭਰ ਦਾ ਦੁੱਖ ਦੂਰ ਹੋ ਗਿਆ ਹੈ, ਕਿਉਂਕਿ ਅਸੀਂ ਇਕ ਬਰਸ ਭਰ ਐਵੇਂ ਫਿਰਦੇ ਰਹੇ ਸੀ।

ਯਥਾ- ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥ *(ਪੰਨਾ ੧੩੯੫)*

ਉਸ ਸ੍ਰੀ ਗੁਰੂ ਰਾਮਦਾਸ ਸ਼ਾਹਿਬ ਜੀ ਦੇ ਮੁਖੜੇ ਨੂੰ ਦੇਖ ਕੇ ਗਰੂ= ਭਾਰੀ ਸੁਖ ਪਾਉਣਾ ਕੀਤਾ ਹੈ॥ ੬॥ ੧੦॥

ਇਸ ਤੋਂ ਅਗਲੇ ਛੇ ਸਵਈਏ "ਦਾਸ" ਭੱਟ ਨੇ ਕਥਨ ਕੀਤੇ ਹਨ—

ਸਮਰਥ ਗੁਰੂ ਸਿਰਿ ਹਥੁ ਧਰ੍ਹਉ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਸਮਰੱਥ ਗੁਰੂ ਜੋ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਹਨ, ਉਨ੍ਹਾਂ ਨੇ ਆਪ ਜੀ ਦੇ ਸਿਰ 'ਤੇ ਕਿਰਪਾ ਦਾ ਹੱਥ ਰੱਖਿਆ ਹੋਇਆ ਹੈ।

ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਹਉ॥

ਜਿਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਚਰਨਾਂ ਦਾ ਦਰਸ਼ਨ ਕੀਤਿਆਂ ਜਨਮਾਂ-ਜਨਮਾਤਰਾਂ ਦੇ ਅਘੰਨ= ਪਾਪ ਹਰ੍ਹਉ= ਨਾਸ ਹੋ ਜਾਂਦੇ ਹਨ; ਉਨ੍ਹਾਂ ਹੀ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਆਪ ਜੀ ਨੂੰ ਹਰੀ ਨਾਮ ਦਾ ਅਭਿਆਸ ਕਰਨਾ ਦੀਅਉ= ਦਿੱਤਾ ਹੈ। ਏਸੇ ਕਰ ਕੇ-

ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰ੍ਹਯੁ ॥

ਰਾਤ ਦਿਨ ਏਕ ਸਮਾਨ= ਇਕੋ ਜਿਹਾ ਆਪ ਜੀ ਦਾ ਉਸ ਵਾਹਿਗੁਰੂ ਵਿਚ ਧਿਆਨ ਲੱਗਾ ਰਹਿੰਦਾ ਹੈ, ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਦੇ ਸੁ ਨਾਮ= ਸ੍ਰੇਸ਼ਟ ਨਾਮ ਨੂੰ ਸੁਣ ਕੇ ਭਾਨ= ਸੂਰਜ ਦਾ ਪੁੱਤਰ ਜੋ ਜਮ ਹੈ, ਉਹ ਵੀ ਡਰ ਜਾਂਦਾ ਹੈ। *ਅਥਵਾ-*ਨਿਸਿ ਬਾਸੁਰ= ਰਾਤ ਦਿਨ ਏਕ ਸਮਾਨ= ਇਕੋ ਜਿਹਾ ਆਪ ਜੀ ਦਾ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪਵਿੱਤਰ ਚਰਨਾਂ ਵਿਚ ਧਿਆਨ ਲੱਗਾ ਰਹਿੰਦਾ ਹੈ। ਜਿਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਸੁ ਨਾਮ= ਸ੍ਰੇਸ਼ਟ ਨਾਮ ਨੂੰ ਸੁਣ ਕੇ ਭਾਨ ਸੁਤ= ਸੂਰਜ ਦਾ ਪੁੱਤਰ ਜਮ ਡਰਦਾ ਹੈ, ਕਿਉਂਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਡਰ ਕਰ ਕੇ ਬਾਈ ਸਾਲ ਜਮ ਗੋਇੰਦਵਾਲ ਨਹੀਂ ਵੜਿਆ।

ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਹਯੁ ॥

ਦਾਸ ਨਾਮਾ ਭੱਟ ਭਨਿ= ਕਥਨ ਕਰਦਾ ਹੈ- ਹੇ ਸਾਰੇ ਜਗਤ ਦੇ ਗੁਰੂ ਰਾਮਦਾਸ ਸਾਹਿਬ ਜੀ! ਸਾਨੂੰ ਇਕ ਆਪ ਜੀ ਦੀ ਹੀ ਆਸਾ ਲੱਗ ਰਹੀ ਹੈ, ਪਾਰਸ ਰੂਪ ਸ੍ਰੀ ਗੁਰੂ ਅਮਰਦਾਸ ਜੀ ਨਾਲ ਭੇਟਿ= ਮਿਲ ਕੇ ਤੁਸੀਂ ਆਪਣੇ ਆਪ ਨੂੰ ਪਾਰਸ ਰੂਪ ਕਰ ਲਿਆ ਹੈ।

ਰਾਮਦਾਸੁ ਗੁਰੂ ਹਰਿ ਸਤਿ ਕੀਯਉ
ਸਮਰਥ ਗੁਰੂ ਸਿਰਿ ਹਥੁ ਧਰ੍ਹਯੁ ॥ ੭ ॥ ੧੧ ॥

(ਸਮਰਥ ਗੁਰੂ) ਜੋ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਹਨ, ਉਨ੍ਹਾਂ ਨੇ ਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਦੇ ਸਿਰ 'ਤੇ ਕਿਰਪਾ ਦਾ ਹੱਥ ਧਰ੍ਹਯੁ= ਧਰ ਕੇ ਭਾਵ ਰੱਖ ਕੇ ਆਪ ਜੀ ਨੂੰ ਹਰਿ ਸਤਿ ਕੀਯਉ= ਸੱਚੇ ਹਰੀ ਦਾ ਸਰੂਪ ਹੀ ਕਰ ਦਿੱਤਾ ਹੈ॥ ੭॥ ੧੧॥

ਅਬ ਰਾਖਹੁ ਦਾਸ ਭਾਟ ਕੀ ਲਾਜ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਹੁਣ ਦਾਸ ਨਾਮੇ ਭੱਟ ਦੀ ਲੱਜਾ ਇਸ ਤਰ੍ਹਾਂ ਰੱਖਣਾ ਕਰੋ-

ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ ॥

ਜਿਵੇਂ ਸਤਜੁਗ ਵਿਚ ਕਰ ਆਜ= ਹੱਥਾਂ ਦੇ ਜਾਏ ਨਹੁੰਆਂ ਨਾਲ ਹਰਨਾਖਸ਼ ਦੈਂਤ ਨੂੰ ਫਾਰੇ= ਚੀਰ ਕੇ ਭਗਤ ਪ੍ਰਹਿਲਾਦ ਜੀ ਦੀ ਲਜਿਆ ਰੱਖਣਾ ਕੀਤੀ ਹੈ।

ਫੁਨਿ ਦ੍ਰੌਪਤੀ ਲਾਜ ਰਖੀ ਹਰਿ ਪ੍ਰਭ ਜੀ
ਛੀਨਤ ਬਸਤ੍ਰ ਦੀਨ ਬਹੁ ਸਾਜ ॥

ਫੁਨਿ= ਫੇਰ ਦੁਆਪੁਰ ਜੁਗ ਵਿਚ ਜਿਵੇਂ ਹੇ ਪ੍ਰਭ ਜੀ= ਮਹਾਰਾਜ ਜੀ! ਆਪ ਜੀ ਨੇ ਹਰਿ= ਕ੍ਰਿਸ਼ਨ ਰੂਪ ਹੋ ਕੇ ਦਰੌਪਤੀ ਦੀ ਲਜਿਆ ਰੱਖਣਾ ਕੀਤੀ ਹੈ।

ਜਿਸ ਵੇਲੇ ਰਾਜੇ ਦੁਰਯੋਧਨ ਦੇ ਕਹਿਣ 'ਤੇ ਦੁਸ਼ਟਾਂ ਨੇ ਰਾਜ ਸਭਾ ਵਿਚ ਦਰੌਪਤੀ ਨੂੰ ਨੰਗਿਆਂ ਕਰਨ

ਵਾਸਤੇ ਸਾੜ੍ਹੀ ਆਦਿ ਬਸਤ੍ਰ ਛੀਨਤ= ਖੋਹਣਾ ਕੀਤੇ ਤਾਂ ਆਪ ਜੀ ਨੇ ਦਰੋਪਤੀ ਨੂੰ ਬਹੁਤ ਹੀ ਸਾੜ੍ਹੀਆਂ* ਨਾਲ ਸਜਾ ਦੇਣਾ ਕੀਤਾ।

ਯਥਾ- ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ।
ਦੂਤਾ ਨੋ ਫੁਰਮਾਇਆ, ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ, ਅਉਘਟਿ ਰੁਧੀ ਨਾਰਿ ਜਿਨਾ ਦੀ।
ਅਖੀ ਮੀਟ ਧਿਆਨੁ ਧਰਿ, ਹਾ ਹਾ ਕ੍ਰਿਸਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨ, ਥਕੇ ਦੂਤ ਨ ਪਾਰਿ ਵਸਾਂਦੀ।
ਹਥ ਮਰੋੜਨਿ ਸਿਰੁ ਧੁਣਨਿ, ਪਛੋਤਾਨਿ ਕਰਨਿ ਜਾਹਿ ਜਾਂਦੀ।
ਘਰਿ ਆਈ ਠਾਕੁਰ ਮਿਲੇ, ਪੈਜ ਰਹੀ ਬੋਲੇ ਸ਼ਰਮਾਂਦੀ।
ਨਾਥ ਅਨਾਥਾਂ ਬਾਣਿ ਧੁਰਾਂ ਦੀ॥ ੮॥ *(ਭਾਈ ਗੁਰਦਾਸ ਜੀ, ਵਾਰ ੧੦)*

ਤਥਾ- ਦੁਹਸਾਸਨ ਦੁਮਨ ਦੁਕੂਲ ਗਹੇ ਦੀਨ ਬੰਧ, ਦੀਨ ਹੋ ਕੇ ਦਰੋਪਤੀ ਦੁਲਾਰੀ ਯੋ ਪੁਕਾਰੀ ਹੈ।
ਛਾਡੇ ਪੁਰਖਾਰਥ ਕੋ ਛਾਡੇ ਪ੍ਰਿਯ ਪਾਰਥ ਸੇ, ਭੀਮ ਮਹਾਂ ਭੀਮ ਗ੍ਰੀਵ ਨੀਚੇ ਕੋ ਨਿਹਾਰੀ ਹੈ।
ਅੰਬਰ ਮੈ ਅੰਬਰ ਅੰਬਾਰ ਕੀਏ ਬੰਸੀਧਰ, ਭੀਖਮ ਕਰਣ ਦਰੋਣ ਬਾਤ ਯੋ ਬਿਚਾਰੀ ਹੈ।
ਨਾਰੀ ਮਧ ਸਾਰੀ ਹੈ ਕਿ ਸਾਰੀ ਮਧ ਨਾਰੀ ਹੈ, ਨਾਰੀ ਹੂੰ ਕੀ ਸਾਰੀ ਹੈ ਕਿ ਸਾਰੀ ਹੂੰ ਕੀ ਨਾਰੀ ਹੈ।

(ਭਗਤ ਮਾਲ)

---

*ਜਿਵੇਂ ਅੱਲੜ੍ਹ ਕੋਈ ਕਲੀ ਮਧੋਲਦਾ ਏ, ਤਿਵੇਂ ਸਤੀ ਨੂੰ ਪਾਪੀ ਝੰਝੋੜੀ ਆਵੇ।
ਬਾਂਹੀ ਚੁਕੇ ਤੇ ਬਾਂਹੀ ਮਰੋੜ ਦੇਵੇ, ਹਾਥੀ ਕੰਵਲ ਦੇ ਫੁੱਲ ਤਰੋੜੀ ਆਵੇ।
ਅਲਕਾਂ ਖਿਚਦਾ ਕਾਲੀਆਂ ਬਦਲੀਆਂ 'ਚੋਂ, ਬੂੰਦਾਂ ਬਣ ਕੇ ਬੂੰਦਾਂ ਨਚੋੜੀ ਆਵੇ।
ਦਿਲਾ ਦੁਸ਼ਟ ਦੁਹਸਾਸਨ ਦਰੋਪਤੀ ਨੂੰ ਧੱਕੇ ਮਾਰਦਾ ਲਿਟਾਂ ਮਰੋੜੀ ਆਵੇ॥ ੧॥
ਕਿਹਾ ਗਰਜ ਦੁਰਯੋਧਨ ਨੇ ਦਰੋਪਤੀ ਨੂੰ, ਗਲ ਰੰਗ ਮਹਲ ਦੀ ਤੈਨੂੰ ਯਾਦ ਹੋਸੀ।
ਜਾਂ ਮੈਂ ਤਿਲ੍ਹਕਿਆ ਸਾਂ ਤਾਂ ਤੂੰ ਆਖਿਆ ਸੀ, ਅੰਨ੍ਹੇ ਪਿਉ ਦੀ ਅੰਨ੍ਹੀ, ਔਲਾਦ ਹੋਸੀ।
ਉਸੇ ਰੰਗ ਮਹੱਲ ਦੇ ਵਿਚ ਹੁਣ ਤਾਂ, ਤੇਰੇ ਨਾਲ ਦੁਰਯੋਧਨ ਅਬਾਦ ਹੋਸੀ।
ਭੁਲ ਜਾ ਹੁਣ ਪਾਂਡਵ ਸੁਜਾਖਿਆਂ ਨੂੰ, ਦਿਲ ਅੰਨ੍ਹਿਆਂ ਦਾ ਕਰਨਾ ਸ਼ਾਦ ਹੋਸੀ॥ ੨॥
ਅੰਨ੍ਹੇ ਪਿਉ ਦੀ ਬਣੇਗੀ ਨੂੰਹ ਅੰਨ੍ਹੀ, ਅੰਨ੍ਹਾਂ ਪੁੱਤਰ ਬਣਾਏਗਾ ਨਾਰ ਤੈਨੂੰ।
ਅੱਖਾਂ ਵਾਲੜੀਏ ਜੇ ਇਨਕਾਰ ਕੀਤਾ, ਨੰਗੀ ਕਰਾਂਗਾ ਸਰੇ-ਦਰਬਾਰ ਤੈਨੂੰ।
ਅੱਗੋਂ ਸਤੀ ਨੇ ਆਖਿਆ ਅੰਨ੍ਹਿਆਂ ਓਇ, ਅੰਨ੍ਹਾ ਰਾਜਾ ਤੇ ਨਾਲੇ ਦਰਬਾਰ ਅੰਨ੍ਹਾ।
ਸੰਗਤ ਅੰਨ੍ਹਿਆਂ ਦੀ ਪਾਂਡਵ ਹੋਇ ਅੰਨ੍ਹੇ, ਮੇਰੇ ਲਈ ਹੁਣ ਹੋਇਆ ਸੰਸਾਰ ਅੰਨ੍ਹਾ।
ਅੱਖੀਂ ਪੱਟੀਆਂ ਬੰਨ੍ਹ ਕੇ ਮਾਂ ਤੇਰੀ, ਅੰਨ੍ਹੀ ਜੰਮਿਆਂ ਪੁਤ ਬਦਕਾਰ ਅੰਨ੍ਹਾ।
ਮਾਵਾਂ ਜੇਹੀਆਂ ਭਾਬੀਆਂ ਨੂੰ ਨਾਰ ਕਹਿ ਕੇ, ਅੰਨ੍ਹੇ ਪਿਉ ਤਾਈਂ ਲਾਵੇ ਲੀਕ ਅੰਨ੍ਹਾ। (ਪਰ)
ਤੁਸਾਂ ਅੰਨ੍ਹਿਆਂ ਹੱਥੋਂ ਬਚਾਣ ਵਾਲਾ, ਨਹੀਂ ਦਰੋਪਤੀ ਦਾ ਕ੍ਰਿਸ਼ਨ ਮੁਰਾਰ ਅੰਨ੍ਹਾ।
ਓਧਰ ਕ੍ਰਿਸ਼ਨ ਘਨਈਆ ਦਾ ਧਿਆਨ ਧਰ ਕੇ, ਸਤੀ ਆਪਣਾ ਆਪ ਵਿਸਾਰ ਦਿੱਤਾ।
ਉਧਰ ਦੁਸ਼ਟ ਦੁਹਸਾਸਨ ਨੇ ਸਾੜ੍ਹੀਆਂ ਦਾ, ਲਾਹ ਲਾਹ ਕੇ ਲਾ ਅੰਬਾਰ ਦਿੱਤਾ।
ਹੱਥਾਂ ਵਿਚ ਸਾੜ੍ਹੀ, ਪੈਰਾਂ ਵਿਚ ਸਾੜ੍ਹੀ ਇਰਦ ਗਿਰਦ ਪਿਆ ਘੇਰਾ ਸਾੜ੍ਹੀਆਂ ਦਾ।
ਕਿਹੜੇ ਸਾੜ੍ਹੀਆਂ ਵਾਲੇ ਉਸਾਰ ਦਿਤਾ, ਇਹ ਮਹਿਲ ਇਕੋ ਵੇਰੀ ਸਾੜ੍ਹੀਆਂ ਦਾ।
ਸਾਢੇ ਪੰਜ ਗਜ਼ ਦੀ ਸਾੜ੍ਹੀ ਮੁਕਦੀ ਨਹੀਂ, ਜ਼ਾਲਮ ਥੱਕ ਕੇ ਆਖਿਰਕਾਰ ਬੈਠਾ।
ਉਹ ਕੀ ਜਾਣਦਾ ਸੀ ਸਤੀ ਦਰੋਪਤੀ ਦੀ, ਸਾੜ੍ਹੀ ਵਿਚ ਹੈ ਕ੍ਰਿਸ਼ਨ ਮੁਰਾਰ ਬੈਠਾ।

ਸੋਦਾਮਾ ਅਪਦਾ ਤੇ ਰਾਖਿਆ

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਦੁਆਪਰ ਜੁਗ ਵਿਚ ਆਪ ਜੀ ਨੇ ਹੀ ਕ੍ਰਿਸ਼ਨ ਰੂਪ ਹੋ ਕੇ ਸੁਦਾਮੇ ਭਗਤ ਨੂੰ ਅਪਦਾ ਤੇ= ਬਿਪਤਾ ਤੋਂ ਰਖਣਾ ਭਾਵ ਬਚਾਉਣਾ ਕੀਤਾ ਹੈ।

ਸਾਖੀ—ਭਗਤ ਸੁਦਾਮੇ ਦੀ

ਭਗਤ ਸੁਦਾਮਾ ਜੀ ਗੋਕਲ ਦੇ ਉਚ ਕੋਟੀ ਦੇ ਵਿਦਵਾਨ ਬ੍ਰਾਹਮਣ ਹੋਏ ਹਨ ਪਰ ਵਿਦਿਆ ਪ੍ਰਾਪਤੀ ਤੋਂ ਮਗਰੋਂ ਤੇ ਅਖੀਰਲੀ ਜ਼ਿੰਦਗੀ ਤੋਂ ਪਹਿਲੇ ਮਧ ਦਾ ਜੀਵਨ ਅਤਿਅੰਤ ਗਰੀਬੀ ਵਿਚੋਂ ਗੁਜਰਿਆ।

ਵਿਦਿਆ ਦੀ ਪ੍ਰਾਪਤੀ ਲਈ ਭਗਤ ਸੁਦਾਮਾ ਜੀ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਵਿਦਿਆ ਗੁਰੂ ਸੰਦੀਪਨ ਜੀ ਪਾਸ ਹੀ ਪੜ੍ਹਿਆ ਕਰਦੇ ਸਨ। ਇਸ ਕਰ ਕੇ ਸ੍ਰੀ ਕ੍ਰਿਸ਼ਨ ਜੀ ਭਗਤ ਸੁਦਾਮਾ ਜੀ ਦੇ ਗੁਰਭਾਈ ਸਨ। ਦੂਸਰਾ ਇਨ੍ਹਾਂ ਦਾ ਆਪਸ ਵਿਚ ਪਿਆਰ ਵੀ ਬਹੁਤ ਸੀ। ਇਕੱਠੇ ਖੇਡਣਾ, ਬੈਠਣਾ, ਪੜ੍ਹਨਾ ਇਤਿਆਦਿਕ ਹਰ ਕੰਮ ਵਿਚ ਮਿਲ ਕੇ ਚਲਦੇ ਸਨ। ਜਦੋਂ ਵੀ ਕਦੀ ਗੁਰੂ ਜੀ ਕੋਈ ਕੰਮ ਕਹਿੰਦੇ ਤਾਂ ਦੋਵੇਂ ਇਕੱਠੇ ਹੀ ਜਾਂਦੇ।

ਇਕ ਦਿਨ ਦੀ ਵਾਰਤਾ ਹੈ ਕਿ ਘਰ ਵਿਚ ਕੋਈ ਵਸਤੂ ਤਿਆਰ ਨਾ ਹੋਣ ਕਰ ਕੇ ਭਗਤ ਸੁਦਾਮਾ ਜੀ ਦੀ ਮਾਤਾ ਜੀ ਨੇ ਇਸ ਨੂੰ ਖਾਣ ਲਈ ਭੁੱਜੇ ਹੋਏ ਛੋਲੇ ਦਿੱਤੇ ਸਨ। ਇਸੇ ਦਿਨ ਹੀ ਗੁਰੂ ਸੰਦੀਪਨ ਜੀ ਨੇ ਹਵਨ ਕਰਨ ਵਾਸਤੇ ਲੱਕੜਾਂ ਲਿਆਉਣ ਲਈ ਸੁਦਾਮਾ ਜੀ ਨੂੰ ਕਿਹਾ ਤੇ ਨਾਲ ਕ੍ਰਿਸ਼ਨ ਜੀ ਵੀ ਤਿਆਰ ਹੋ ਪਏ।

ਜਿਸ ਵੇਲੇ ਜੰਗਲ ਵਿਚ ਪੁੱਜੇ ਤਾਂ ਬਾਰਸ਼ ਸ਼ੁਰੂ ਹੋ ਗਈ, ਜਿਸ ਨਾਲ ਠੰਡ ਜ਼ੋਰ ਫੜ ਗਈ, ਤੇ ਹਵਾ ਦੇ ਚਲਣ ਕਰ ਕੇ ਦੋਹਾਂ ਦੇ ਸਰੀਰ ਠੰਡ ਨਾਲ ਕੰਬਣ ਲੱਗ ਪਏ। ਭਗਤ ਸੁਦਾਮਾ ਜੀ ਠੰਡ ਮਹਿਸੂਸ ਕਰਦਿਆਂ ਇਕ ਦਰੱਖਤ ਦੇ ਮੁੱਢ ਨਾਲ ਬੈਠ ਕੇ ਮੂੰਹ ਬੁੱਕਲ ਵਿਚ ਲੁਕਾਈ ਭੁੱਜੇ ਹੋਏ ਛੋਲੇ ਚੱਬਣ ਲੱਗ ਪਏ।

ਛੋਲੇ ਚੱਬਣ ਦੀ ਆਵਾਜ਼ ਸੁਣ ਕੇ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ- ਹੇ ਸਖੇ! ਕੀ ਚੱਬਦਾ ਪਿਆ ਹੈਂ?

ਮਿੱਤਰ ਸ੍ਰੀ ਕ੍ਰਿਸ਼ਨ ਜੀ ਪਾਸੋਂ ਚੋਰੀ ਛੋਲੇ ਖਾਣ ਕਰ ਕੇ ਭਗਤ ਸੁਦਾਮੇ ਦਾ ਸੱਚ-ਸੱਚ ਦੱਸ ਦੇਣਾ ਤੇ ਹੀਆ ਨਾ ਪਿਆ ਤੇ ਕਿਹਾ ਚੱਬਣਾ-ਚੁੱਬਣਾ ਕੀ ਹੈ ਠੰਡ ਨਾਲ ਦੰਦੌੜਿੱਕੇ ਵੱਜ ਰਹੇ ਹਨ।

ਅੰਤਰਜਾਮੀ ਸ੍ਰੀ ਕ੍ਰਿਸ਼ਨ ਜੀ ਇਸ ਤਰ੍ਹਾਂ ਲੁਕਾ ਕੇ ਖਾਣਾ ਤੇ ਫਿਰ ਝੂਠ ਬੋਲ ਦੇਣਾ ਸਹਾਰ ਨਾ ਸਕੇ ਤੇ ਕਿਹਾ-ਓਇ ਕੰਗਲਿਆ! ਇਹਨਾਂ ਮਾਮੂਲੀ ਛੋਲਿਆਂ ਪਿਛੇ ਝੂਠ ਬੋਲਦਾ ਪਿਆ ਹੈਂ, ਮੈਂ ਤੈਨੂੰ ਕੁਝ ਕਹਿਣਾ ਸੀ?

ਸ੍ਰੀ ਕ੍ਰਿਸ਼ਨ ਜੀ ਦੇ ਮੁਖ ਸਹਜ-ਸੁਭਾਅ ਸਰਾਪ ਰੂਪ ਨਿਕਲੇ ਬਚਨ ਬਾਅਦ ਵਿਚ ਫਲੀ ਭੂਤ ਹੋਏ। ਜਿਸ ਕਰ ਕੇ ਇਤਨਾ ਪੜ੍ਹੇ ਹੋਏ ਹੋਣ ਦੇ ਬਾਵਜੂਦ ਵੀ ਭਗਤ ਸੁਦਾਮਾ ਜੀ ਨੂੰ ਮੁਸ਼ਕਲਾਂ, ਗਰੀਬੀ, ਮੁਥਾਜੀ, ਨਿਰਾਸਤਾ ਆਦਿਕਾਂ ਦਾ ਸਾਹਮਣਾ ਕਰਨਾ ਪਿਆ। ਵਿਦਿਆ ਪੜ੍ਹਨ ਦਾ ਸਮਾਂ ਮੁੱਕਣ ਤੇ ਸਭ ਮਿੱਤਰ ਇਕ ਦੂਜੇ ਨਾਲੋਂ ਵਿਛੜ ਗਏ। ਜਿਥੇ ਜਿਥੇ ਕਿਸੇ ਦਾ ਘਰ ਬਾਰ ਸੀ ਉਹ ਗੁਰਾਂ ਦੀਆਂ ਅਸੀਸਾਂ ਲੈ ਕੇ ਉਥੇ ਚਲੇ ਗਏ। ਇਧਰ ਸਮੇਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਤੇ ਭਗਤ ਸੁਦਾਮੇ ਵਿਚ ਵੀ ਵਿਛੋੜੇ ਦੀ ਲੀਕ ਖਿੱਚ ਦਿੱਤੀ।

ਸਮਾਂ ਪਾ ਕੇ ਇਧਰ ਮਾਤਾ ਪਿਤਾ ਨੇ ਭਗਤ ਸੁਦਾਮੇ ਜੀ ਦਾ ਵਿਆਹ ਕਰ ਦਿੱਤਾ। ਇਸ ਦੇ ਵਿਆਹ ਤੋਂ ਕੁਝ ਦਿਨ ਮਗਰੋਂ ਹੀ ਇਸ ਦੇ ਮਾਤਾ ਪਿਤਾ ਸੁਰਗਵਾਸ ਹੋ ਗਏ। ਮਾਤਾ ਪਿਤਾ ਦੇ ਚਲਾਣਾ ਕਰਨ ਤੋਂ

ਪਿਛੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਕਹੇ ਹੋਏ ਬਚਨ ਫਲ ਦੇਣੇ ਨੂੰ ਪ੍ਰਬਲ ਹੋ ਉਠੇ।

ਬਸ ਫਿਰ ਕੀ ਸੀ, ਪਲਾਂ ਵਿਚ ਗਰੀਬੀ ਜ਼ੋਰ ਪਕੜਦੀ ਗਈ। ਇਥੋਂ ਤਕ ਕਿ ਸੋਨੇ ਨੂੰ ਹੱਥ ਪਾਇਆ ਮਿੱਟੀ ਹੁੰਦਾ ਗਿਆ। ਰਿਜ਼ਕ ਤਾਂ ਇਸ ਤਰ੍ਹਾਂ ਚਲਾ ਗਿਆ। ਜਿਵੇਂ ਨੀਵੇਂ ਪਾਸੇ ਪਾਣੀ ਚਲਾ ਜਾਂਦਾ ਹੈ। ਦਿਨ-ਬ-ਦਿਨ ਸੁਦਾਮਾ ਕੰਗਾਲ ਹੁੰਦਾ ਗਿਆ। ਜਿਸ ਕੰਮ ਨੂੰ ਵੀ ਹੱਥ ਪਾਉਂਦਾ ਉਸ ਵਿਚੋ ਹੀ ਘਾਟਾ, ਨਿਰਾਸਤਾ, ਪ੍ਰੇਸ਼ਾਨੀ ਦਾ ਹੀ ਮੂੰਹ ਤੱਕਣਾ ਪੈਂਦਾ।

ਹੁਣ ਤਾਂ ਸੁਦਾਮੇ ਨੂੰ ਜੀਵਨ ਦੁਖਦਾਈ ਪ੍ਰਤੀਤ ਹੋਣ ਲੱਗਾ, ਹਰ ਪਾਸੇ ਹਨੇਰਾ ਹੀ ਹਨੇਰਾ ਛਾਇਆ ਦਿੱਸਣ ਲੱਗਾ ਇਸ ਦੇ ਸੰਬੰਧ ਕਰ ਕੇ ਬਾਲ ਬੱਚੇ ਤੇ ਘਰ ਦੀ ਸੁਪਤਨੀ ਸੁਸ਼ੀਲਾ ਨੂੰ ਵੀ ਦੁੱਖ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਪਰ ਆਪਣਾ ਪਤੀਬ੍ਰਤ ਧਰਮ ਨਿਭਾਉਂਦਿਆਂ ਸਾਥ ਨਹੀਂ ਛਡਿਆ। ਜਿਥੇ ਖੁਸ਼ੀਆਂ ਦੇ ਦਿਨ ਮਾਣੇ ਸਨ ਉਥੇ ਗਰੀਬੀ ਨੂੰ ਵੀ ਜੀ ਆਇਆਂ ਆਖਿਆ।

ਉਧਰ ਸ੍ਰੀ ਕ੍ਰਿਸ਼ਨ ਜੀ ਗੋਕਲ ਨੂੰ ਛੱਡ ਮਥਰਾ ਪੁੱਜੇ ਅਤੇ ਮਥਰਾ ਹੁੰਦੇ ਹੋਏ ਦਵਾਰਕਾ ਪੁੱਜ ਉਥੋਂ ਦੇ ਮਹਾਰਾਜੇ ਬਣੇ। ਰਾਜ-ਗੱਦੀ 'ਤੇ ਬੈਠਦਿਆਂ ਹੀ ਆਪ ਜੀ ਦੀ ਪ੍ਰਭਤਾ ਵਧਦੀ ਗਈ। ਕਈ ਈਰਖਾਲੂ ਰਾਜਿਆਂ ਨੇ ਈਰਖਾ ਕੀਤੀ ਜਿਸ ਕਰ ਕੇ ਆਪਣਾ ਰਾਜ, ਮਾਲ, ਧਨ, ਇਸਤਰੀਆਂ ਸਭ ਕੁਝ ਖੁਹਾ ਬੈਠੇ।

ਇਕ ਦਿਨ ਇਸੇ ਤਰ੍ਹਾਂ ਗਰੀਬੀ ਹਾਲਤ ਵਿਚ ਕੁੜ੍ਹਦੀ ਸੁਸ਼ੀਲਾ ਨੂੰ ਗਵਾਂਢਣ ਨੇ ਕਿਹਾ- ਨੀ ਸੁਸ਼ੀਲਾ! ਭੁੱਖੇ ਜੁ ਮਰ ਰਹੇ ਜੇ, ਤੇਰੇ ਪਤੀ ਦੇ ਮਿੱਤਰ ਦਵਾਰਕਾ ਦੇ ਮਹਾਰਾਜੇ ਸ੍ਰੀ ਕ੍ਰਿਸ਼ਨ ਜੀ ਹਨ, ਉਨ੍ਹਾਂ ਪਾਸ ਪਤੀ ਨੂੰ ਭੇਜ ਕੇ ਸਹਾਇਤਾ ਕਿਉਂ ਨਹੀਂ ਮੰਗਦੇ? ਨਾਲੇ ਕ੍ਰਿਸ਼ਨ ਤਾਂ ਬੜਾ ਧਰਮੀ, ਦਯਾਵਾਨ ਅਤੇ ਦਾਨੀ ਮਹਾਰਾਜਾ ਹੈ। ਇਸ ਲਈ ਇਕ ਬ੍ਰਾਹਮਣ ਨੂੰ ਰਾਜ ਦਰਬਾਰ ਜਾਂਦਿਆਂ ਸ਼ਰਮ ਭੀ ਕਾਹਦੀ। ਨਾਲੇ ਤੇਰਾ ਪਤੀ ਕੋਈ ਮੂਰਖ ਥੋੜ੍ਹਾ ਹੀ ਹੈ, ਉੱਚ ਕੋਟੀ ਦਾ ਵਿਦਵਾਨ ਹੈ। ਘਰ ਬੈਠਿਆਂ ਤਾਂ ਕਿਸੇ ਨੇ ਕੁਝ ਦੇ ਨਹੀਂ ਦੇਣਾ।

ਗਵਾਂਢਣ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ 'ਸੁਸ਼ੀਲਾ' ਨੇ ਮਨ ਵਿਚ ਪੱਕਾ ਇਰਾਦਾ ਕਰ ਲਿਆ ਕਿ ਕੱਲ੍ਹ ਜ਼ਰੂਰ ਹੀ ਆਪਣੇ ਘਰ ਵਾਲੇ ਨੂੰ ਉਹਨਾਂ ਦੇ ਮਿੱਤਰ ਪਾਸ ਸਹਾਇਤਾ ਲਈ ਭੇਜਾਂਗੀ। ਹੋ ਸਕਿਆ ਤਾਂ ਮੈਂ ਭੀ ਨਾਲ ਚਲੀ ਜਾਵਾਂਗੀ।

ਕੰਗਾਲੀ ਦੀ ਹਾਲਤ ਵਿਚ ਚਾਰ ਪੈਸਿਆਂ ਦੀ ਪ੍ਰਾਪਤੀ ਲਈ ਸੁਦਾਮਾ ਸਾਰਾ ਦਿਨ ਥਾਂ-ਥਾਂ ਟੱਕਰਾਂ ਮਾਰਦਾ ਰਿਹਾ ਪਰ ਕਿਧਰੋਂ ਵੀ ਚਾਰ ਕੌਡੀਆਂ ਤਕ ਨਾ ਮਿਲੀਆਂ। ਸ਼ਾਮਾਂ ਵੇਲੇ ਖਾਲੀ ਹੱਥ ਮੁਰਝਾਏ ਹੋਏ ਚਿਹਰੇ ਨਾਲ ਆਪਣੀ ਕੱਖਾਂ ਦੀ ਕੁੱਲੀ ਵਿਚੇ ਪੁੱਜ ਟੁੱਟੀ ਹੋਈ ਮੰਜੀ 'ਤੇ ਪੁੱਠਾ ਲੰਮਾ ਪੈ ਗਿਆ ਤੇ ਗਮ-ਗੀਨ ਹੋਇਆ ਚਿੰਤਾ ਦੇ ਸਮੁੰਦਰ ਵਿਚ ਗੋਤੇ ਖਾਂਦਾ ਆਪਾ ਭੁੱਲ ਗਿਆ। ਭੁੱਖ ਡਾਢੀ ਲੱਗੀ ਹੋਈ ਸੀ ਪਰ ਕੁਝ ਮੰਗਣ ਦਾ ਹੌਸਲਾ ਨਹੀਂ ਸੀ ਪੈਂਦਾ, ਕਿਉਂਕਿ ਉਸ ਨੂੰ ਅਨੁਮਾਨ ਹੋ ਗਿਆ ਸੀ ਜਿਹੜਾ ਅਜੇ ਤੱਕ ਚੁਲ੍ਹੇ ਵਿਚ ਅੱਗ ਤੱਕ ਵੀ ਨਹੀਂ ਬਾਲੀ ਇਸ ਲਈ ਖਾਣ ਲਈ ਕਿਥੋਂ ਹੋਣਾ ਹੈ।

ਅਜੇ ਵੀ ਉਸ ਗਵਾਂਢਣ ਦੇ ਸ਼ਬਦ ਸੁਸ਼ੀਲਾ ਦੇ ਦਿਮਾਗ ਵਿਚ ਘੁੰਮ ਰਹੇ ਸਨ। ਜਿਸ ਕਰ ਕੇ ਪਤੀ ਦੇ ਨੇੜੇ ਹੋ ਕੇ ਭੁੰਜੇ ਬੈਠਦਿਆਂ-"ਹੇ ਸੁਆਮੀ ਜੀ! ਇਸ ਤਰ੍ਹਾਂ ਟੁੱਟੇ ਦਿਲ ਮੰਜੀ 'ਤੇ ਲੇਟ ਰਹਿਣ ਨਾਲ ਤਾਂ ਪੇਟ ਨੂੰ ਆਸਰਾ ਨਹੀਂ ਹੋ ਜਾਣਾ। ਤਨ ਕੱਜਣ ਨੂੰ ਕੱਪੜਾ ਤੇ ਪੇਟ ਲਈ ਰੋਟੀ ਚਾਹੀਦੀ ਹੈ, ਇਸ ਕਰ ਕੇ ਕੋਈ ਨਾ ਕੋਈ ਉਪਰਾਲਾ ਤਾਂ ਜ਼ਰੂਰ ਕਰਨਾ ਹੀ ਪਏਗਾ। ਸੁਸ਼ੀਲਾ ਨੇ ਕਿਹਾ।

"ਹੇ ਸੁਭੱਦਰੇ! ਮੈਨੂੰ ਤਾਂ ਕੁਝ ਸੁਝਦਾ ਹੀ ਨਹੀਂ ਮੈਂ ਕੀ ਕਰਾਂ? ਪਤਾ ਨਹੀਂ ਅਕਲ ਮਾਰੀ ਗਈ ਹੈ। ਇਤਨਾ

ਕੁਝ ਪੜ੍ਹਨ ਦੇ ਬਾਵਜੂਦ ਵੀ ਕੁਝ ਨਹੀਂ ਔੜ੍ਹਦਾ, ਕੀਤਾ ਕੀ ਜਾਵੇ। ਦੇਖ ਮੇਰੀ ਇਸ ਕੰਗਾਲੀ ਹਾਲਤ ਨੂੰ ਦੇਖ ਕੇ ਗਲੀਆਂ ਬਾਜ਼ਾਰਾਂ ਦੇ ਛੋਟੇ-ਛੋਟੇ ਬਾਲ ਵੀ ਮਖੌਲ ਕਰਦੇ ਹਨ। ਹੁਣ ਤਾਂ ਹਰ ਪਾਸੇ ਹਨੇਰਾ ਹੀ ਹਨੇਰਾ ਨਿਗਾਹ ਆਉਂਦਾ ਹੈ। ਪਤਾ ਨਹੀਂ ਪ੍ਰਭੂ ਦੀ ਕ੍ਰੋਪੀ ਕਿਉਂ ਹੋ ਗਈ ਹੈ?'' ਨਿਮੋਝੂਣੇ ਹੋਏ ਹੋਏ ਸੁਦਾਮੇ ਨੇ ਕਿਹਾ।

ਸੁਸ਼ੀਲਾ– ''ਸੁਆਮੀ ਜੀ! ਦਿਲ ਨਾ ਹਾਰੋ, ਪ੍ਰਭੂ ਨੇ ਜਿਤਨੀ ਸਾਡੇ ਪ੍ਰੀਖਯਾ ਲੈਣੀ ਸੀ, ਉਹ ਲੈ ਲਈ ਹੈ। ਜੀਵਨ ਦਾ ਕਾਲਾ ਹਿੱਸਾ ਬਤੀਤ ਹੋ ਚੁੱਕਾ ਹੈ। ਉਠੋ ਤੇ ਉਦਮ ਕਰੋ, ਵਿਉਂਤ ਮੈਂ ਦੱਸਦੀ ਹਾਂ। ਜ਼ਰੂਰ ਪ੍ਰਭੂ ਦੀ ਕਿਰਪਾ ਨਾਲ ਭਾਗ ਜਾਗ ਪੈਣਗੇ।''

ਸੁਦਾਮਾ– ਉਹ ਕਿਵੇਂ? ਅੱਗੇ ਤੈਨੂੰ ਇਤਨਾ ਚਿਰ ਕੋਈ ਵਿਉਂਤ ਨਾ ਸੁੱਝੀ। ਛੱਡ ਪਰੇ, ਮੈਨੂੰ ਸਤਾ ਨਾ। ਅੱਗੇ ਮੈਂ ਬਹੁਤ ਦੁਖੀ ਹਾਂ। ਬਹੁਤ ਉਪਰਾਲੇ ਕੀਤੇ ਹਨ ਪਰ ਕੱਖ ਪੱਲੇ ਨਹੀਂ ਪਿਆ। ਹੁਣ ਤਾਂ ਐਵੇਂ ਝੱਖਾਂ ਹੀ ਮਾਰਨੀਆਂ ਹਨ। ਜੇ ਪ੍ਰਭੂ ਨੇ ਦੇਣਾ ਹੋਵੇਗਾ ਤਾਂ ਆਪੇ ਘਰ ਬੈਠਿਆਂ ਹੀ ਦੇ ਦੇਵੇਗਾ। ਨਹੀਂ ਤਾਂ ਮੋਤ ਮੂੰਹ ਪਸਾਰੀ ਖਲੋਤੀ ਹੀ ਹੈ।

ਸੁਸ਼ੀਲਾ– ਸੁਆਮੀ ਜੀ! ਇਸ ਤਰ੍ਹਾਂ ਦਿਲ ਨਾ ਹਾਰੋ, ਦੱਸੋ ਖਾਂ ਅੱਗੇ ਵੀ ਮੈਂ ਤੁਹਾਨੂੰ ਕੁਝ ਕਿਹਾ ਹੈ? ਦਾਸੀ ਦੀ ਬੇਨਤੀ ਪ੍ਰਵਾਨ ਕਰੋ! ਜ਼ਰੂਰ ਪ੍ਰਭੂ ਕਿਰਪਾ ਕਰੇਗਾ!

ਸੁਦਾਮਾ– ਚੰਗਾ, ਤੂੰ ਵੀ ਦੱਸ ਲੈ!

ਸੁਸ਼ੀਲਾ– (ਦੋਵੇਂ ਹੱਥ ਜੋੜ ਕੇ ਪਿਆਰ ਭਰੇ ਲਹਿਜੇ ਨਾਲ) ਜੀ! ਮੈਂ ਸੁਣਿਆ ਹੈ ਕਿ ਦੁਆਰਕਾ ਦੇ ਰਾਜੇ ਸ੍ਰੀ ਕ੍ਰਿਸ਼ਨ ਜੀ ਆਪ ਜੀ ਦੇ ਗੁਰਭਾਈ ਤੇ ਬਾਲ-ਸਖਾ ਹਨ। ਨਾਲੇ ਬੜੇ ਧਰਮੀ, ਦਯਾਵਾਨ ਤੇ ਗਰੀਬਾਂ-ਅਨਾਥਾਂ ਦੀ ਸਹਾਇਤਾ ਕਰਨ ਵਾਲੇ ਹਨ। ਮੇਰੀ ਤਾਂ ਇਹ ਬੇਨਤੀ ਹੈ ਕਿ ਤੁਸੀਂ ਉਹਨਾਂ ਪਾਸ ਜਾਓ, ਉਹ ਤੁਹਾਡੀ ਜ਼ਰੂਰ ਸਹਾਇਤਾ ਕਰਨਗੇ।

ਸੁਦਾਮਾ– (ਠੰਡਾ ਹਉਕਾ ਲੈ ਕੇ) ਹੇ ਸੁਭੱਦਰੇ! ਕਿਥੇ ਕੋਈ ਕਿਸੇ ਨੂੰ ਜਾਣਦਾ ਹੈ। ਮਿੱਤਰ ਤਾਂ ਜ਼ਰੂਰ ਹਨ ਪਰ ਉਹ ਅਮੀਰ ਤੇ ਮੈਂ ਗਰੀਬ। ਨਾਲੇ ਕੀ ਕਿਸੇ ਪਾਸੋਂ ਜਾ ਕੇ ਮੰਗਾਂ। ਭਲੀ ਅੱਡ ਕੇ ਮੰਗਣ ਨਾਲੋਂ ਤਾਂ ਮਰ ਜਾਣਾ ਚੰਗਾ ਹੈ। ਹੋਰ ਚਾਰ ਦਿਹਾੜੇ ਜ਼ਿੰਦਗੀ ਹੈ। ਔਖਿਆਂ ਸੌਖਿਆਂ ਬੀਤ ਜਾਵੇਗੀ। ਮੇਰੇ ਵਾਸਤੇ ਤਾਂ ਮਰਨਾ ਸੌਖਾ ਤੇ ਮੰਗਣਾ ਔਖਾ ਹੈ!

ਸੁਸ਼ੀਲਾ– ਹੇ ਪਤੀ ਦੇਵ ਜੀ! ਇਸ ਤਰ੍ਹਾਂ ਸ਼ਰਮ ਕਰ ਕੇ ਭੁੱਖਿਆਂ ਮਰਨਾ ਆਤਮ-ਹੱਤਿਆ ਕਰਨੀ ਹੈ। ਨਾਲ ਹੀ ਮੇਰੀ ਤੇ ਤਿੰਨਾਂ ਬੱਚਿਆਂ ਦੀ ਮੌਤ ਦੀ ਹੱਤਿਆ ਦਾ ਪਾਪ ਲੱਗੇਗਾ, ਨਰਕਾਂ ਦੇ ਭਾਗੀ ਹੋਵਾਂਗੇ।

ਉਂਜ ਤਾਂ ਤੁਸੀਂ ਸਾਰੇ ਚਾਰੇ ਕਰ ਬੈਠੇ ਹੋ, ਹੋ ਸਕਦਾ ਹੈ ਕਿ ਮਿੱਤਰ ਪਾਸੋ ਸਹਾਇਤਾ ਮਿਲਣ ਤੇ ਦਿਨ ਫਿਰ ਜਾਣ। ਮੇਰੀ ਚਿੱਟੀ ਧੋਤੀ, ਧੋਤੀ ਪਈ ਹੈ, ਉਹ ਲੱਕ ਬੰਨ੍ਹ ਜਾਓ। ਜਦ ਗਰੀਬ ਹੋ ਗਏ ਤਾਂ ਫਿਰ ਸ਼ਰਮ ਕਾਹਦੀ? ਜੇ ਮੰਗਣਾ ਚੰਗਾ ਨਹੀਂ ਸਮਝਦੇ ਤਾਂ ਸਹਾਇਤਾ ਵਜੋਂ ਲੈ ਕੇ ਫਿਰ ਵਾਪਸ ਕਰ ਦੇਣੀ। ਨਾਲੇ ਵਿਦਵਾਨ ਗਰੀਬ ਬ੍ਰਾਹਮਣ ਨੂੰ ਰਾਜ ਦਰਬਾਰ ਵਿਖੇ ਜਾਣ ਵਿਚ ਕੋਈ ਮਿਹਣਾ ਨਹੀਂ। ਕਿਰਪਾ ਕਰੋ, ਮੇਰੀ ਬੇਨਤੀ ਮੰਨ ਕੇ ਆਪਣੇ ਮਿੱਤਰ ਪਾਸ ਜ਼ਰੂਰ ਜਾਓ। ਜੇ ਤੁਹਾਨੂੰ ਜਾ ਕੇ ਆਪਣੀ ਹਾਲਤ ਦੱਸਣ ਵਿਚ ਸ਼ਰਮ ਆਉਂਦੀ ਹੈ ਤਾਂ ਮੈਂ ਨਾਲ ਚਲੀ ਚੱਲਦੀ ਹਾਂ। ਉਹ ਤੁਹਾਡੇ ਦੇ ਗੁਰ-ਭਾਈ ਤੇ ਬਾਲ-ਸਖਾ ਹਨ ਅਤੇ ਮੇਰੇ ਦੇਵਰ। ਮੈਂ ਤੁਹਾਡੇ ਵਲੋਂ ਬੇਨਤੀ ਕਰਾਂਗੀ।

ਸੁਦਾਮਾ– ਹੂੰ! ਤੂੰ ਜਾਵੇਂ, ਅਕਲ ਕਰ! ਇਸ ਨਾਲੋਂ ਤਾਂ ਘਰ ਬੈਠੀ ਭੁੱਖੀ ਮਰ ਜਾਵੇਂ ਤਾਂ ਚੰਗੀ ਗੱਲ ਹੈ। ਇਸਤਰੀ ਹੋ ਕੇ ਪਰਾਏ ਦੇ ਬੂਹੇ 'ਤੇ ਜਾ ਕੇ ਮੰਗੇਗੀ। ਮੇਰੀ ਇੱਜ਼ਤ ਦਾ ਵੀ ਤੈਨੂੰ ਖਿਆਲ ਨਹੀਂ ਆਉਂਦਾ। ਲੋਕਕੀ

ਕਹਿਣਗੇ, ਫਲਾਣੇ ਦੀ ਇਸਤਰੀ ਮੰਗਣ ਗਈ ਹੈ।

ਇਸ ਤਰ੍ਹਾਂ ਦੋਹਾਂ ਜੀਆਂ ਦਾ ਆਪਸ ਵਿਚ ਬਿਬਾਦ ਹੁੰਦਿਆਂ ਕਿੰਨੀ ਰਾਤ ਚਲੀ ਗਈ। ਬੱਚੇ ਵੀ ਭੁੱਖੇ ਹੀ ਵਿਲ੍ਹੂੰ-ਵਿਲ੍ਹੂੰ ਕਰਦੇ ਸੌਂ ਗਏ।

ਆਖਰ ਸੁਸ਼ੀਲਾ ਦੇ ਬਹੁਤ ਕਹਿਣ 'ਤੇ ਸੁਦਾਮਾ ਆਪਣੇ ਮਿੱਤਰ ਸ੍ਰੀ ਕ੍ਰਿਸ਼ਨ ਜੀ ਪਾਸ ਸਹਾਇਤਾ ਲਈ ਜਾਣਾ 'ਤੇ ਮੰਨ ਗਿਆ। ਇਸ ਤਰ੍ਹਾਂ ਪਤੀ ਨੂੰ ਮਨਾ ਕੇ ਮੁਠੀ-ਚਾਪੀ ਕਰ ਕੇ ਪਤੀ ਨੂੰ ਸੁਆਇਆ, ਫਿਰ ਬਾਅਦ ਵਿਚ ਜਿਹੜਾ ਥੋੜ੍ਹਾ ਬਹੁਤ ਕੰਮ ਰਹਿੰਦਾ ਸੀ, ਉਹ ਕਰ ਕੇ ਸੁੱਤੀ। ਦਿਨ ਚੜ੍ਹਨ ਤਕ ਪਤੀ ਨੂੰ ਇਸ਼ਨਾਨ ਵਗੈਰਾ ਕਰਾ ਕੇ ਤਿਆਰ ਕਰ ਕੇ ਆਪ ਨਾਲ ਦੇ ਘਰੋਂ ਕੁਝ ਲੈ ਆਈ ਤੇ ਖਾਣ ਲਈ ਦੇ ਦਿੱਤਾ।

ਕੁਝ ਕੁ ਘਰ ਵਿਚ ਚਾਵਲ ਪਏ ਸਨ ਉਹ ਸ੍ਰੀ ਕ੍ਰਿਸ਼ਨ ਜੀ ਦੀ ਭੇਟਾ ਕਰਨ ਲਈ ਇਕ ਪੁਰਾਣੇ ਜਿਹੇ ਕੱਪੜੇ ਵਿਚ ਬੰਨ੍ਹ ਦਿੱਤੇ। ਇਸ ਤਰ੍ਹਾਂ ਘਰ ਵਾਲੀ ਦੇ ਕਹਿਣ ਤੇ ਗਿੱਟੀਆਂ ਗਿਣਦਾ ਸੁਦਾਮਾ ਤੁਰ ਪਿਆ।

ਰਸਤੇ ਵਿਚ ਸੋਚਦਾ ਜਾਂਦਾ ਹੈ, ਬਹੁਤ ਚਿਰ ਵਿਛੜਿਆਂ ਹੋ ਗਿਆ ਹੈ, ਪਤਾ ਨਹੀਂ ਕ੍ਰਿਸ਼ਨ ਹੁਣ ਪਛਾਣੇ ਕਿ ਨਾ ਪਛਾਣੇ। ਨਾਲੇ ਉਹ ਮਹਾਰਾਜਾ ਬਣ ਗਿਆ ਹੈ। ਉਂਜ ਵੀ ਵੱਡਿਆਂ ਨੂੰ ਪਛਾਣ ਘਟ ਹੀ ਰਹਿੰਦੀ ਹੈ। ਇਸ ਲਈ ਮੈਂ ਕਿਹੜਾ ਵਕੀਲ ਮਿਥਾਂ, ਜੋ ਮੇਰੀ ਉਹਨਾਂ ਨਾਲ ਜਾਣ ਪਛਾਣ ਕਰਾ ਦੇਵੇ। ਮੇਰੀ ਇਸ ਗਰੀਬੀ ਹਾਲਤ ਨੂੰ ਦੇਖ ਕੇ ਮੈਨੂੰ ਕਿਸ ਨੇ ਰਾਜ ਦਰਬਾਰ ਦੇ ਨੇੜੇ ਢੁਕਣ ਦੇਣਾ ਹੈ।

ਹੱਛਾ, ਹੁਣ ਸੁਸ਼ੀਲਾ ਦੇ ਆਖੇ ਲੱਗ ਕੇ ਤੁਰ ਤਾਂ ਪਿਆ ਹਾਂ, ਜੋ ਹੋਏਗੀ ਵੇਖੀ ਜਾਵੇਗੀ। ਇਸ ਤਰ੍ਹਾਂ ਖਿਆਲਾਂ ਦੇ ਹੀ ਕਦੀ ਪਹਾੜ ਉਸਾਰਦਾ, ਮਨ ਨੂੰ ਹੌਸਲਾ ਦਿੰਦਾ ਤੇ ਕਦੀ ਢਾਂਹਦਾ ਹੋਇਆ ਨਿਰਾਸਤਾ ਵਿਖੇ ਗੋਤੇ ਖਾਣ ਲੱਗਦਾ।

ਆਖਰ ਦੁਆਰਕਾ ਨਗਰੀ ਵਿਖੇ ਪੁੱਜਾ ਤਾਂ ਸੁਰਗਪੁਰੀ ਤੋਂ ਵੀ ਸੋਹਣੀ ਨਗਰੀ ਨੂੰ ਦੇਖ ਕੇ ਮਨ ਵਿਚ ਸ਼ਾਂਤੀ ਹੋਈ। ਨਾਲੇ ਆਪਣੇ ਆਪ ਤੇ ਅਤੇ ਆਪਣੀ ਹਾਲਤ ਦੇਖ ਕੇ ਅਫਸੋਸ ਕਰਦਾ। ਸਿਰ ਵੀ ਨੰਗਾ, ਕਿਤਨੇ ਹੀ ਸਾਲਾਂ ਤੋਂ ਸਿਰ 'ਤੇ ਪੱਗ ਬੰਨ੍ਹਣ ਨੂੰ ਕੋਈ ਪਾਟੀ ਪੁਰਾਣੀ ਲੀਰ ਵੀ ਨਹੀਂ ਸੀ ਮਿਲੀ। ਪੈਰਾਂ ਦੀਆਂ ਅੱਡੀਆਂ ਪਾਟੀਆਂ ਹੋਈਆਂ ਸਨ। ਉਪਰਲਾ ਹਿੱਸਾ ਇਤਨਾ ਮੈਲਾ ਸੀ ਜੋ ਦਿਨ ਰਾਤ ਕੋਸ਼ਿਸ਼ ਕਰਨ 'ਤੇ ਵੀ ਸਾਫ ਨਹੀਂ ਸੀ ਹੋ ਸਕਦਾ। ਪੁਰਾਣੇ ਕੱਪੜੇ ਵਿਚ ਥੋਹੜੇ ਜਿਹੇ ਚਾਵਲ ਬੱਧੇ ਹੋਏ ਸਨ ਜੋ ਸ੍ਰੀ ਕ੍ਰਿਸ਼ਨ ਜੀ ਦੀ ਭੇਟਾ ਚੜ੍ਹਾਉਣੇ ਸਨ ਅਤੇ ਜਿਹਨਾਂ ਨੂੰ ਦੇਖ ਕੇ ਸੁਦਾਮਾ ਖੁਦ ਹੀ ਸ਼ਰਮਿੰਦਾ ਹੋ ਰਿਹਾ ਸੀ।

ਨਗਰੀ ਦੇ ਅੱਧ ਵਿਚ ਪੁੱਜ ਕੇ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਦੇ ਮੰਦਰਾਂ ਵਿਚ ਪੁੱਜਾ। ਮਹਿਲਾਂ ਦੇ ਸਿੰਘ ਪੌੜ ਪਾਸ ਪੁੱਜ ਕੇ ਹਾਲੀ ਸੁਦਾਮਾ ਹੈਰਾਨੀ ਨਾਲ ਇਧਰ-ਉਧਰ ਥੱਲੇ ਉਤੇ ਦੇਖ ਰਿਹਾ ਸੀ ਕਿ ਇਤਨੇ ਨੂੰ ਦੁਆਰਪਾਲ ਨੇ ਕੋਲ ਪੁਜਦਿਆਂ ਬੜੇ ਸਤਿਕਾਰ ਭਰੇ ਸ਼ਬਦਾਂ ਨਾਲ ਪੁਛਿਆ "ਹੇ ਮਹਾਂ ਪੁਰਸ਼ੋ! ਕਿੱਥੋਂ ਆਏ ਹੋ ਤੇ ਕਿਸ ਨੂੰ ਮਿਲਣਾ ਚਾਹੁੰਦੇ ਹੋ?

"ਜੀ ਮੈਂ ਗੋਕਲ ਤੋਂ ਆਇਆ ਹਾਂ ਤੇ ਆਪਣੇ ਮਿੱਤਰ ਸ੍ਰੀ ਕ੍ਰਿਸ਼ਨ ਜੀ ਨੂੰ ਮਿਲਣਾ ਚਾਹੁੰਦਾ ਹਾਂ। ਕਿਰਪਾ ਕਰ ਕੇ ਮੇਰਾ ਸੁਨੇਹਾ ਪੁਚਾ ਦਿਓ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹੋਵਾਂਗਾ।" ਸੁਦਾਮੇ ਨੇ ਵਿਲ੍ਹਕਣੀ ਜਿਹੀ ਲੈਂਦਿਆਂ ਕਿਹਾ।

ਪਹਿਲੇ ਤਾਂ ਦਵਾਰਪਾਲ ਸੁਦਾਮੇ ਦੇ ਮੂੰਹੋਂ 'ਮਿੱਤਰ' ਦਾ ਸ਼ਬਦ ਸੁਣ ਕੇ ਹੈਰਾਨ ਰਹਿ ਗਿਆ ਪਰ ਆਪਣੇ ਮਾਲਕ ਦਾ ਹੁਕਮ ਸਾਹਮਣੇ ਰੱਖਦਿਆਂ ਹੋਇਆਂ ਕਿ ਚਾਹੇ ਕੋਈ ਗਰੀਬ ਆਵੇ ਜਾਂ ਅਮੀਰ, ਉਸ ਨੂੰ ਰੋਕਣਾ

ਨਹੀਂ, ਨਾ ਹੀ ਗੁੱਸੇ ਹੋ ਕੇ ਵਾਪਸ ਮੋੜਨਾ ਹੈ। ਸੋ ਉਹ ਦਵਾਰਪਾਲ ਸੁਦਾਮੇ ਨੂੰ ਇਕ ਪਾਸੇ ਬਿਠਾ ਕੇ ਅੰਦਰ ਚਲਾ ਗਿਆ ਤੇ ਸੁਦਾਮੇ ਦੇ ਕਹੇ ਸ਼ਬਦ ਸ੍ਰੀ ਕ੍ਰਿਸ਼ਨ ਜੀ ਨੂੰ ਜਾ ਸੁਣਾਏ।

ਸੁਦਾਮੇ ਦਾ ਨਾਮ ਸੁਣਦਿਆਂ ਹੀ ਇਤਨੀ ਖੁਸ਼ੀ ਵਿਖੇ ਆਏ ਜੁ ਆਪਾ ਭੁੱਲ ਗਏ। ਜੋੜਾ ਪਾਉਣ ਦਾ ਵੀ ਚੇਤਾ ਨਾ ਰਿਹਾ। ਰਾਜ ਸਿੰਘਾਸਨ ਤੋਂ ਉਤਰ ਕੇ ਨੰਗੀ ਪੈਰੀਂ ਬਾਹਰ ਵੱਲ ਨੱਠ ਉਠੇ। ਬਾਹਰ ਆ ਕੇ ਪ੍ਰਕਰਮਾਂ ਕਰ ਪੈਰੀਂ ਪੈ ਕੇ ਸੁਦਾਮੇ ਨੂੰ ਗਲਵਕੜੀ ਵਿਚ ਘੁਟ ਲਿਆ।

ਫੇਰ ਅੰਦਰ ਲਿਆ ਕੇ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ ਆਪਣੀ ਧਰਮ-ਪਤਨੀ ਰੁਕਮਣੀ ਨੂੰ ਨਾਲ ਲੈ ਕੇ ਜਲ ਨਾਲ ਸੁਦਾਮਾ ਜੀ ਦੇ ਚਰਨ ਧੋਤੇ ਅਤੇ ਨਵੀਂ ਪੁਸ਼ਾਕ ਪਹਿਨਾਈ, ਫਿਰ ਆਪਣੇ ਪਾਸ ਰਾਜ ਸਿੰਘਾਸਨ 'ਤੇ ਬਿਠਾਇਆ।

ਚਿਰਾਂ ਦੇ ਵਿਛੜੇ ਮਿੱਤਰ ਮਿਲ ਪਏ। ਬਚਪਨ ਦੀਆਂ ਯਾਦਾਂ ਸੱਜਰੀਆਂ ਹੋ ਚਿੱਤ੍ਰਾਂ ਦੀ ਨਿਆਈਂ ਇਕ ਵਾਰੀ ਸਾਰੀਆਂ ਅੱਖਾਂ ਅੱਗੋਂ ਲੰਘ ਗਈਆਂ। ਇਕੱਠੇ ਖੇਡਣਾ, ਉਠਣਾ, ਬੈਠਣਾ। ਹਵਨ ਲਈ ਜੰਗਲ ਵਿਖੇ ਲੱਕੜਾਂ ਇਕੱਠੀਆਂ ਕਰਨ ਜਾਣਾ ਆਦਿ।

ਸੁਖ ਸਾਂਦ ਪੁੱਛਣ ਤੋਂ ਮਗਰੋਂ ਸ੍ਰੀ ਕ੍ਰਿਸ਼ਨ ਜੀ ਨੇ ਮੁਸਕ੍ਰਾਉਂਦੇ ਹੋਏ ਸੁਦਾਮੇ ਪਾਸੋਂ ਪੁੱਛਿਆ- ਮਿੱਤਰਾਂ ! ਸਾਡੀ ਭਾਬੀ ਨੇ ਸਾਡੇ ਵਾਸਤੇ ਕੀ ਸੁਗਾਤ ਭੇਜੀ ਹੈ?

ਪਰ ਰੁਕਮਣੀ ਦੇ ਹੁੰਦਿਆਂ ਸੁਦਾਮੇ ਦਾ ਹੌਂਸਲਾ ਨਾ ਪਿਆ ਕਿ ਉਹ ਪੁਰਾਣੇ ਕੱਪੜੇ ਵਿਚ ਬੰਨ੍ਹੇ ਹੋਏ ਚੌਲ ਕੱਢ ਕੇ ਦਿਖਾਵੇ ਕਿ ਇਹ ਭੇਜੇ ਹਨ। ਇਸ ਕਰ ਕੇ ਸੁਦਾਮਾ ਚੁਪ ਰਿਹਾ ਪਰ ਘਟ-ਘਟ ਦੇ ਜਾਣਨਹਾਰੇ ਅੰਤਰਜਾਮੀ ਸ੍ਰੀ ਕ੍ਰਿਸ਼ਨ ਜੀ ਮਿੱਤਰ ਦੇ ਦਿਲ ਦੀ ਵਾਰਤਾ ਨੂੰ ਜਾਣਦਿਆਂ ਹੋਇਆਂ ਆਪ ਹੀ ਸੁਦਾਮੇ ਦੀ ਕੱਛ 'ਚੋਂ ਉਹ ਚਾਵਲਾਂ ਦੀ ਪੋਟਲੀ (ਗੰਢ) ਖੋਹ ਕੇ ਫੱਕੇ ਮਾਰਨ ਲੱਗ ਪਏ ਤੇ ਨਾਲੇ ਵਰ ਦਿੱਤੀ ਗਏ।

ਜਿਸ ਵੇਲੇ ਧਨ, ਮਾਲ, ਮਹੱਲ, ਦਾਸ, ਦਾਸੀਆਂ, ਰਾਜ, ਸੁਖ, ਇੱਜ਼ਤ, ਮਾਨ, ਵਡਿਆਈ ਸਭ ਕੁਝ ਦੇ ਚੁੱਕੇ ਤਾਂ ਰੁਕਮਣੀ ਨੇ ਅੱਗੇ ਹੋ ਕੇ ਆਖਿਆ- ਹੇ ਪ੍ਰਭੂ! ਬਸ, ਆਪ ਜੀ ਨੇ ਤਾਂ ਸਭ ਕੁਝ ਦੇ ਦਿੱਤਾ ਹੈ। ਹੁਣ ਫੱਕਾ ਮਾਰ ਕੇ ਮੇਰੀਆਂ ਬਾਹਵਾਂ ਨਾ ਫੜਾ ਦੇਣੀਆਂ। ਇਹ ਕਹਿੰਦਿਆਂ ਹੋਇਆਂ ਰੁਕਮਣੀ ਨੇ ਆਪਣੇ ਪਤੀ ਭਗਵਾਨ ਸ੍ਰੀ ਕ੍ਰਿਸ਼ਨ ਦਾ ਹੱਥ ਰੋਕ ਲਿਆ ਭਾਵ ਅੰਤਮ ਫੱਕਾ ਨਾ ਮਾਰਨ ਦਿੱਤਾ।

ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਚਾਹੇ ਸੁਸ਼ੀਲਾ ਨੇ ਸੁਦਾਮੇ ਨੂੰ ਮਿੱਤਰ ਸ੍ਰੀ ਕ੍ਰਿਸ਼ਨ ਜੀ ਪਾਸ ਭੇਜੇ ਹੋਇਆ ਇਕ ਮਹੀਨਾ ਹੋ ਗਿਆ ਸੀ ਪਰ ਰਾਜ ਭੋਗਾਂ ਦੇ ਅਨੰਦ ਲੈਂਦਿਆਂ ਸੁਦਾਮੇ ਦਾ ਇਹ ਗੱਲ ਕਹਿਣ ਦਾ ਹੀਆ ਨਾ ਪਿਆ ਕਿ ਮੇਰੀ ਗਰੀਬੀ ਦੂਰ ਕਰੋ।

ਅਖੀਰ ਛੁੱਟੀ ਮੰਗੀ, ਕ੍ਰਿਸ਼ਨ ਜੀ ਨੇ ਬੜੇ ਆਦਰ ਸਤਿਕਾਰ ਨਾਲ ਵਿਦਾ ਕਰਨ ਲੱਗਿਆਂ ਸੋਚਿਆ ਕਿ ਕਿਤੇ ਕੀਮਤੀ ਕੱਪੜੇ ਪਾਏ ਦੇਖ ਰਸਤੇ ਵਿਚ ਕੋਈ ਦੁੱਖ ਨਾ ਦੇਵੇ। ਸੋ ਸੁਦਾਮਾ ਦੇ ਗਲੋਂ ਕੀਮਤੀ ਕੱਪੜੇ ਵੀ ਲੁਹਾ ਲਏ ਤੇ ਓਹੀ ਜਿਹੀ ਫਟੀ ਪੁਰਾਣੀ ਲੀਰੋ ਲੀਰ ਹੋਈ ਧੋਤੀ ਬੰਨ੍ਹ ਦਿਓ।

ਸ੍ਰੀ ਕ੍ਰਿਸ਼ਨ ਜੀ ਦੀ ਸੰਗਤ ਕਰਨ ਤੇ ਸੁਦਾਮੇ ਦੀ ਆਤਮਾ ਬਲਵਾਨ ਹੋ ਚੁੱਕੀ ਸੀ। ਉਸ ਨੇ ਬਿਨਾਂ ਕਿਸੇ ਮਾਯੂਸ਼ੀ ਦੇ ਉਥੋਂ ਚਾਲੇ ਪਾ ਦਿੱਤੇ ਅਤੇ ਦੋ ਦਿਨਾਂ ਵਿਚ ਹੀ ਕਈ ਕੋਹਾਂ ਦਾ ਪੰਧ ਮੁਕਾ ਕੇ ਆਪਣੇ ਪਿੰਡ ਪੁੱਜ ਗਿਆ। ਪਿੰਡ ਵਿਖੇ ਪੁੱਜ ਕੇ ਹੈਰਾਨ ਹੋ ਗਿਆ ਤੇ ਅੱਖਾਂ ਮਲ-ਮਲ, ਬਾਰ-ਬਾਰ ਖੋਹਲਦਾ ਤੇ ਮੀਚਦਾ ਹੈ ਕਿ ਕਿਤੇ ਸੁਪਨਾ ਤਾਂ ਨਹੀਂ ਦੇਖ ਰਿਹਾ।

ਜਿਸ ਵੇਲੇ ਬਾਗਾਂ ਬਗੀਚਿਆਂ ਵਿਚੋਂ ਲੰਘਦਾ ਅੱਗੇ ਵਧਿਆ ਤਾਂ ਸੁਦਾਮੇ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ ਕਿ ਉਸ ਨੇ ਤਿੰਨ ਛੱਤਾ ਮਹੱਲ ਦੇਖਿਆ। ਇਸੇ ਦੌਰਾਨ ਸੁਦਾਮੇ ਦੇ ਵੱਡੇ ਲੜਕੇ ਬਲਦੇਵ ਚੰਦਰ ਨੇ ਪਿਤਾ ਸੁਦਾਮੇ ਦੇ ਚਰਨੀਂ ਮੱਥਾ ਟੇਕਦਿਆਂ ਸੁਦਾਮੇ ਨੂੰ ਹੋਰ ਵੀ ਹੈਰਾਨੀ ਵਿਚ ਪਾ ਦਿੱਤਾ। ਹੁਣ ਤਾਂ ਬਲਦੇਵ ਚੰਦਰ ਨੇ ਰੇਸ਼ਮੀ ਕੱਪੜੇ ਪਾਏ ਹੋਏ ਸਨ, ਜਿਨ੍ਹਾਂ ਵਿਚੋਂ ਅਤਰ ਦੀ ਖੁਸ਼ਬੋ ਆ ਰਹੀ ਸੀ।

ਬਲਦੇਵ– ਪਿਤਾ ਜੀ! ਤੁਸੀਂ ਇਤਨੇ ਪਰੇਸ਼ਾਨੀ ਵਿਖੇ ਕਿਉਂ ਖਲੋਤੇ ਹੋ। ਇਹ ਓਹੀ ਸਾਡਾ ਪਿੰਡ ਹੈ ਤੇ ਇਹ ਸੁੰਦਰ ਬਗੀਚੇ ਤੇ ਸ਼ੀਸ਼ ਮਹੱਲ ਆਪਣਾ ਹੀ ਹੈ। ਤੁਸਾਂ ਨੇ ਜੋ ਰੁਪਏ ਤੇ ਆਦਮੀ ਭੇਜੇ ਸਨ। ਉਹ ਮਕਾਨ ਤੇ ਬਗੀਚੇ ਬਹੁਤ ਹੀ ਛੇਤੀ ਬਣਾ ਗਏ ਹਨ। ਉਹ ਬਹੁਤ ਚੰਗੇ ਸਨ। ਸਾਨੂੰ ਉਹਨਾਂ ਨੇ ਰਤਾ ਭਰ ਵੀ ਤਕਲੀਫ ਨਹੀਂ ਹੋਣ ਦਿੱਤੀ।

ਸੁਦਾਮੇ ਨੂੰ ਘਰ ਆਇਆਂ ਦੇਖ ਸੁਣ ਕੇ ਸਭ ਲੋਕ ਵਧਾਈਆਂ ਦੇਣ ਆ ਗਏ। ਸੁਦਾਮਿਆਂ! ਤੂੰ ਧੰਨ ਹੈਂ। ਕ੍ਰਿਸ਼ਨ ਮਹਾਰਾਜ ਜੀ ਨੂੰ ਮਿਲਿਓਂ ਜਿਸ ਤੇ ਤੇਰੇ ਸਾਰੇ ਦੁੱਖ ਕੱਟੇ ਗਏ। ਤੇਰੇ ਘਰੋਂ ਕੰਗਾਲੀ ਤਾਂ ਖੰਭ ਲਾ-ਕੇ ਉਡ ਗਈ ਹੈ!

ਫੇਰ ਸਾਰੇ ਖਿੱਚ ਕੇ ਸੁਸ਼ੀਲਾ ਪਾਸ ਲੈ ਗਏ। ਪਤੀ ਨੂੰ ਘਰ ਆਇਆ ਦੇਖ ਪਾਸ ਆ ਕੇ ਚਰਨਾਂ 'ਤੇ ਮੱਥਾ ਟੇਕਿਆ। ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੀ ਕਿਰਪਾ ਨਾਲ ਸੁਦਾਮੇ ਨੇ ਬਾਕੀ ਦਾ ਜੀਵਨ ਸੁਖ-ਅਨੰਦ ਨਾਲ ਬਤੀਤ ਕੀਤਾ।

ਭਾਈ ਗੁਰਦਾਸ ਜੀ ਲਿਖਦੇ ਹਨ–

ਬਿਪੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।
ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।
ਚਲਿਆ ਗਿਣਦਾ ਗਟੀਆਂ ਕਿਉਂ ਕਰਿ ਜਾਈਐ ਕਉਣੁ ਮਿਲਾਏ।
ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।
ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏਂ।
ਪਹਿਲੇ ਦੇ ਪਰਦਖਣਾ ਪੈਰੀਂ ਪੈ ਕੇ ਲੈ ਗਲਿ ਲਾਏ।
ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।
ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।
ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।
ਚਾਰਿ ਪਦਾਰਥ ਸਕੁਚਿ ਪਠਾਏ॥ ੯॥

(ਭਾਈ ਗੁਰਦਾਸ ਜੀ, ਵਾਰ ੧੦)

ਦਾਸ ਨਾਮਾ ਭੱਟ ਉਸ ਧੁਨ ਨੂੰ ਜਾਣਦਾ ਹੈ ਕਿ ਹੇ ਗਰੀਬ ਨਿਵਾਜ਼! ਜਿਵੇਂ ਦੁਆਪਰ ਜੁਗ ਵਿਚ ਕ੍ਰਿਸ਼ਨ ਰੂਪ ਹੋ ਕੇ ਕਿਰਪਾ ਦ੍ਰਿਸ਼ਟੀ ਕਰ ਕੇ ਸੁਦਾਮੇ ਨੂੰ ਅਪਦਾ ਤੋਂ ਰੱਖਣਾ ਕੀਤਾ ਹੈ, ਓਵੇ ਹੀ ਹੇ ਗਰੀਬ ਨਿਵਾਜ਼ ਜੀ! ਅਸੀਂ ਕਲਯੁਗ ਵਿਚ ਆਪ ਜੀ ਦੀ ਸ਼ਰਨ ਆਏ ਹਾਂ ਹੁਣ ਸਾਡੀ ਪਤ-ਆਬਰੋ ਆਪ ਰੱਖਣਾ ਕਰੋ।

ਗਨਿਕਾ ਪੜ੍ਹਤ ਪੂਰੇ ਤਿਹ ਕਾਜ॥

ਫਿਰ ਗਨਿਕਾ ਨਾਮ ਦੀ ਜੋ ਵੇਸਵਾ ਸੀ ਸ੍ਰੀ ਰਾਮ ਨਾਮ ਪੜ੍ਹਦਿਆਂ ਹੋਇਆਂ ਉਸ ਦੇ ਸਾਰੇ ਕਾਰਜ ਪੂਰੇ ਕੀਤੇ ਹਨ।

ਸਾਖੀ- ਗਨਿਕਾ ਦੀ

ਇਕ ਭਾਂ ਸਿਆਲ ਦੇ ਦਿਨ ਸਨ, ਦੂਸਰਾ ਮੀਂਹ ਪਲਾਂ ਵਿਚ ਜ਼ੋਰ ਫੜ ਗਿਆ ਜਿਸ ਕਰ ਕੇ ਠੰਡ ਵਧ ਗਈ। ਸਭ ਕੋਈ ਪਾਲੇ ਤੋਂ ਡਰਦੇ ਅੰਦਰ ਵਾਰ ਰਜਾਈਆਂ ਵਿਚ ਮੂੰਹ ਲੁਕਾਈ ਬੈਠੇ ਸਨ।

ਇਸ ਠੰਡ ਵਿਖੇ ਹੀ ਇਕ ਬੀਤਰਾਗ ਨਾਮਰਸੀਏ ਪੇਟ ਪੂਰਤੀ ਲਈ ਚਾਰ ਰੋਟੀਆਂ ਵਾਸਤੇ ਸ਼ਹਿਰ ਮਧੂਕੜੀ ਮੰਗਣ ਆਏ ਸਨ ਪਰ ਰਾਹ ਵਿਖੇ ਹੀ ਮੀਂਹ ਨੇ ਘੇਰ ਲਿਆ।

ਇਕ ਮਕਾਨ ਦੇ ਦਰਵਾਜ਼ੇ ਅੱਗੇ ਥੜ੍ਹੇ 'ਤੇ ਚੜ੍ਹ ਕੇ ਖਲੋ ਗਏ ਕਿ ਚਲੋ ਕੁਝ-ਕੁ ਚਿਰ ਇਥੇ ਹੀ ਠਹਿਰ ਜਾਂਦੇ ਹਾਂ, ਮੀਂਹ ਹਟ ਜਾਏਗਾ ਤਾਂ ਫਿਰ ਚਲਾਂਗੇ।

ਇੰਜ ਵਿਚਾਰਦੇ ਹੋਏ ਮਹਾਂ ਪੁਰਸ਼ ਉਥੇ ਹੀ ਖਲੋਤੇ ਹੋਏ ਆਪਣੇ ਰੰਗ ਵਿਖੇ ਲੀਨ ਹੋ ਗਏ।

ਸੋਚਿਆ ਤਾਂ ਇਹ ਸੀ ਕਿ ਮੀਂਹ ਬੰਦ ਹੋ ਜਾਏਗਾ ਪਰ ਹੋਇਆ ਕੋਈ ਨਾ। ਸੂਰਜ ਨੇ ਵੀ ਬੱਦਲਾਂ ਤੋਂ ਡਰਦਿਆਂ ਮੂੰਹ ਬਾਹਰ ਨਹੀਂ ਕੱਢਿਆ। ਬੱਦਲਾਂ ਦੇ ਪਿੱਛੇ ਪਿੱਛੇ ਹੀ ਆਪਣੀ ਡਿਊਟੀ ਭੁਗਤਾ ਕੇ ਜਾਣ ਨੂੰ ਤਿਆਰ ਸੀ। ਉਂਜ ਵੀ ਬੱਦਲਾਂ ਦੀ ਛਾਇਆ ਹੋਣ ਕਰ ਕੇ ਹਨੇਰਾ ਅੱਗੇ ਨਾਲੋਂ ਜ਼ਿਆਦਾ ਹੋ ਗਿਆ ਸੀ।

ਇਤਨੇ ਨੂੰ ਇਕ ਸੁੰਦਰ ਨੌਜਵਾਨ ਇਸਤਰੀ ਬਾਰੀ 'ਚੋਂ ਤੱਕੀ ਇਹ ਜਾਣਨ ਲਈ ਕਿ ਇਹ ਮਿੱਠੀ-ਮਿੱਠੀ ਅਵਾਜ਼ ਕਿਥੋਂ ਆ ਰਹੀ ਹੈ?

ਫੇਰ ਥੱਲੇ ਆਈ, ਦਰਵਾਜ਼ਾ ਖੋਲ੍ਹਿਆ ਤੇ ਮਹਾਂ ਪੁਰਸ਼ਾਂ ਦੇ ਚੇਹਰੇ ਵੱਲ ਤੱਕਦੀ ਰਹੀ। ਜਿਉਂ-ਜਿਉਂ ਦਰਸ਼ਨ ਕਰਦੀ ਜਾਂਦੀ ਸੀ ਤਿਉਂ-ਤਿਉਂ ਉਸ ਦਾ ਪਾਪਾਂ ਨਾਲ ਭਰਿਆ ਮਨ ਨਿਰਮਲ ਹੋਈ ਜਾਂਦਾ ਸੀ ਪਰ ਮਹਾਂ ਪੁਰਸ਼ਾਂ ਨੂੰ ਉਸ ਦੇ ਆਉਣ ਦਾ ਕੋਈ ਪਤਾ ਨਹੀਂ ਕਿ ਸਾਡੇ ਪਾਸ ਕੌਣ ਆਇਆ ਹੈ। ਉਹ ਤਾਂ ਨਾਮ ਵਿਖੇ ਆਪਾ ਭੁੱਲੀ ਬੈਠੇ ਸਨ। ਠੰਢ ਤਾਂ ਸਗੋਂ ਉਨ੍ਹਾਂ ਨੂੰ ਸੁਖ ਦੇ ਰਹੀ ਜਾਪਦੀ ਸੀ।

ਗਨਿਕਾ ਨੇ ਕੁਝ ਸੋਚ ਕੇ ਕਿਹਾ- ਮਹਾਂ ਪੁਰਸ਼ੋ! ਠੰਡ ਬਹੁਤ ਹੈ ਇਥੇ ਨਾ ਖਲੋਵੋ, ਉਪਰ ਚਲੋ, ਬਿਸਤਰੇ ਵਿਖੇ ਜਾ ਕੇ ਆਰਾਮ ਕਰੋ। ਜਿਸ ਵੇਲੇ ਮੀਂਹ ਹਟ ਜਾਏਗਾ ਫਿਰ ਚਲੇ ਜਾਣਾ।

ਇਕ ਦੋ ਵਾਰੀ ਕਹਿਣ ਤੋਂ ਮਗਰੋਂ ਮਹਾਂ ਪੁਰਸ਼ਾਂ ਨੂੰ ਗਿਆਤ ਹੋਣ ਤੇ ਨੇਤਰ ਖੋਲ੍ਹੇ। ਬਸ ਇਕੋ ਹੀ ਕਿਰਪਾ ਦ੍ਰਿਸ਼ਟੀ ਦੀ ਤੱਕਣੀ ਨੇ ਗਨਿਕਾ ਦਾ ਮਨ ਹੋਰ ਦਾ ਹੋਰ ਕਰ ਦਿੱਤਾ। ਚਰਨਾਂ 'ਤੇ ਡਿੱਗ ਪਈ ਤੇ ਬੇਨਤੀਆਂ ਕਰ ਕੇ ਮਨਾ ਕੇ ਉਪਰ ਲੈ ਗਈ। ਉਪਰ ਜਾ ਕੇ ਪਹਿਲੇ ਬਸਤਰ ਉਤਰਵਾ ਕੇ ਨਵੇਂ ਬਸਤਰ ਦਿੱਤੇ। ਲੇਫ ਤੁਲਾਈ ਸਹਿਤ ਨਿੱਘਾ ਕਰਨ ਵਾਲਾ ਮੰਜਾ ਦਿੱਤਾ, ਕੋਲ ਸੇਕ ਕਰਨ ਲਈ ਅੱਗ ਬਾਲ ਦਿੱਤੀ।

ਗੋਲੀ ਨੂੰ ਕਹਿ ਕੇ ਜਲਦੀ-ਜਲਦੀ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰ ਕੇ ਸੰਤਾਂ ਨੂੰ ਛਕਾਏ। ਤੇ ਆਰਾਮ ਲਈ ਹੱਥ ਜੋੜ ਕੇ ਬੇਨਤੀ ਕੀਤੀ। ਉਂਜ ਵੀ ਕੁਝ ਪੇਟ ਨੂੰ ਆਸਰਾ ਹੋ ਜਾਣ ਤੇ ਅਤੇ ਸਰੀਰ ਦੀ ਠੰਡਕ ਦੂਰ ਹੋ ਜਾਣ ਕਰ ਕੇ ਸੰਤਾਂ ਦੀ ਅੱਖ ਲੱਗ ਗਈ।

ਅੱਜ ਉਹ ਪਾਪ ਰੂਪ ਹੋਈ ਗਨਿਕਾ ਸੰਤਾਂ ਦੇ ਚਰਨਾਂ ਵਲ ਖਲੋਤੀ ਹੱਥ ਵਿਚ ਚਰਨ ਲਈ ਸਾਰੀ ਰਾਤ ਘੁਟਦੀ ਰਹੀ। ਪਾਪਾਂ ਕਰ ਕੇ ਕਾਲਾ ਹੋਇਆ ਉਸ ਦਾ ਮਨ ਅੱਜ ਆਪਣੇ ਆਪ 'ਤੇ ਲਾਹਨਤਾਂ ਪਾਉਣ ਲੱਗਾ। ਆਪਣੇ ਕੀਤੇ ਪਾਪ ਕਰਮ ਸਾਰੇ ਦੇ ਸਾਰੇ ਵਾਰੋ ਵਾਰੀ ਚਿੱਤਰ ਬਣ ਕੇ ਸਾਹਮਣੇ ਆਉਣ ਲੱਗੇ।

ਕਈ ਲੱਖ ਪਤੀਆਂ ਨੂੰ ਆਪਣੀ ਹੁਸਨ (ਜਵਾਨੀ) ਦਿਖਾ ਕੇ ਉਹਨਾਂ ਪਾਸੋਂ ਸਭ ਦੌਲਤ ਖੋਹ ਗਲੀਆਂ ਵਿਚ ਰੁਲਾਇਆ। ਜਿਹਨਾਂ ਨੂੰ ਅੱਜ ਭੀਖ ਮੰਗਿਆਂ ਕਉਡੀ ਨਹੀਂ ਜੁੜਦੀ। ਇਤਿਆਦਿਕ ਕਈਆਂ ਦੇ

ਖਿਆਲ ਆਏ। ਮਨ ਬਦੋ ਬਦੀ ਇਕਾਗਰਤਾ ਵਿਚ ਆਇਆ, ਅੱਖਾਂ ਮੀਟੀਆਂ ਜਾਣ। ਕਿਸੇ ਅਲੌਕਿਕ ਰੰਗ ਵਿਚ ਇਸ ਤਰ੍ਹਾਂ ਚਰਨ ਦਬਾਂਦਿਆਂ ਜਾਗੋ ਮੀਟੀ ਵਿਖੇ ਕਾਫੀ ਰਾਤ ਲੰਘ ਗਈ।

ਉਧਰ ਮਹਾਂ ਪੁਰਸ਼ ਵੀ ਸਵਾ ਪਹਿਰ ਰਾਤ ਰਹਿੰਦੀ ਉਠੇ, ਸੌਚ-ਇਸ਼ਨਾਨ ਕਰ ਕੇ ਸਿਮਰਨ ਵਿਖੇ ਜੁੜ ਬੈਠੇ। ਇਧਰ ਗਨਿਕਾ ਦੇ ਮਨ ਬੁੱਧੀ ਉਤੇ ਮਹਾਂ ਪੁਰਸ਼ਾਂ ਦੀ ਕਰਤੱਬਤਾ ਤੇ ਉਹਨਾਂ ਦੀ ਲਗਨ ਦਾ ਬਹੁਤ ਅਸਰ ਪਿਆ। ਹੁਣ ਤਾਂ ਉਹ ਸਦਾ ਲਈ ਪਾਪ ਕਰਮ ਨੂੰ ਛੱਡ ਕੇ ਸਿਮਰਨ ਵਿਖੇ ਭਿਜਣਾ ਚਾਹੁੰਦੀ ਸੀ।

ਪਹੁ ਫੁੱਟਣ ਤੋਂ ਪਹਿਲਾਂ ਹੀ ਸੰਤਾਂ ਨੇ ਆਪਣਾ ਨਿਤਨੇਮ ਕਰ ਲਿਆ ਤੇ ਵਿਦਾਇਗੀ ਲਈ ਉਠੇ ਤੇ ਕਿਹਾ- ਮਾਤਾ ਜੀ! ਹੁਣ ਜਾਣ ਦੀ ਆਗਿਆ ਦਿਓ।

ਬਸ ਫਿਰ ਕੀ ਸੀ, ਸਾਰੀ ਰਾਤ ਦਾ ਪਛਤਾਵਾ ਸੋਮੇ ਦੀ ਨਿਆਈਂ ਫੁਟ ਪਿਆ। ਚਰਨਾਂ 'ਤੇ ਡਿੱਗ ਪਈ। ਅੱਖਾਂ ਵਿਚੋਂ ਜਲ ਦੇ ਫੁਹਾਰੇ ਫੁੱਟ ਪਏ। ਆਪਣੇ ਕੀਤੇ ਦੋਸ਼ਾਂ ਨੂੰ ਬਖਸ਼ਾਉਣ ਲਈ ਹਾੜੇ ਕੱਢਣ ਲੱਗੀ।

ਹੇ ਮਹਾਂ ਪੁਰਸ਼ੋ! ਮੈਂ ਪਾਪਣ ਨੂੰ ਬਖਸ਼ ਲਓ। ਸਾਰੀ ਉਮਰ ਪਾਪ ਕਮਾਉਂਦੀ ਰਹੀ ਹਾਂ। ਲੋਕ ਆਖਦੇ ਹਨ ਕਿ ਇਸਤਰੀ ਦਾ ਧਰਮ ਹੈ ਆਪਣੇ ਪਤੀ ਦੀ ਹਰ ਅਵਸਥਾ ਵਿਖੇ ਸੇਵਾ ਕਰਨੀ ਪਰ ਮੈਂ ਗੈਰ ਮਰਦਾਂ ਦੀ ਸੇਵਾ ਕੀਤੀ ਹੈ। ਸੈਂਕੜੇ ਕਾਮ ਵਸ ਹੋਏ ਮੇਰੀ ਸੁੰਦਰਤਾ ਨੂੰ ਲੁੱਟਣ ਆਏ ਪਰ ਆਪਣਾ ਸਭ ਕੁਝ ਲੁਟਵਾ ਕੇ ਸਦਾ ਲਈ ਹੱਥ ਪਸਾਰੀ ਭੀਖ ਮੰਗਦੇ ਮਰ ਖਪ ਗਏ। ਕਿਰਪਾ ਕਰੋ ਜੇ ਚਰਨ ਪਾਏ ਜੇ ਤਾਂ ਮੈਨੂੰ (ਪਾਪਣ ਨੂੰ) ਵੀ ਸਿੱਧੇ ਰਸਤੇ ਪਾ ਜਾਓ। ਪਤਾ ਨਹੀਂ ਕਿ ਮੇਰਾ ਕੀ ਹਾਲ ਹੋਣਾ ਹੈ।

ਬਖਸ਼ ਲਓ! ਬਖਸ਼ ਲਓ! ਕਰਦੀ ਗਨਿਕਾ ਆਪਾ ਭੁੱਲ ਗਈ। ਕਿੰਨਾਂ ਚਿਰ ਚਰਨਾਂ ਨਾਲ ਭਉਰੇ ਦੀ ਨਿਆਈਂ ਲਿਪਟੀ ਰਹੀ। ਇਤਨਾਂ ਰੋਈ ਕਿ ਹੰਜੂਆਂ ਨਾਲ ਉਹਨਾਂ ਦੇ ਚਰਨਾਂ ਨੂੰ ਧੋ ਦਿੱਤਾ।

ਮਹਾਂ ਪੁਰਸ਼ਾਂ ਦੇ ਮਨ ਵਿਖੇ ਦਯਾ ਆਈ ਉਸ ਦਾ ਜੀਵਨ ਪਲਟਾ ਖਾਂਦਾ ਦੇਖ ਕਿਰਪਾ ਦੇ ਘਰ ਆਏ। ਤਰੁਠ ਪਏ। ਦਿਲਾਸਾ ਦੇ ਕੇ ਨੀਮ ਬਿਹੋਸ਼ ਹੋਈ ਗਨਿਕਾ ਨੂੰ ਉਠਾਇਆ, ਧੀਰਜ ਦਿੱਤਾ ਤੇ ਕਿਹਾ—"ਠੀਕ ਹੈ ਸੰਸਾਰ ਵਿਚ ਰਹਿ ਕੇ ਪ੍ਰਾਣੀ ਕੋਲੋਂ ਅਨੇਕਾਂ ਪਾਪ ਕਰਮ ਹੋ ਜਾਂਦੇ ਹਨ। ਹਾਂ, ਜੇ ਅੱਗੋਂ ਤੋਂ ਪਾਪ ਕਰਮਾਂ ਤੋਂ ਤੋਬਾ ਕਰ ਲਵੇਂ ਤਾਂ ਬਖਸ਼ਿਆ ਜਾ ਸਕਦਾ ਹੈ।

ਗਨਿਕਾ ਦਾ ਹਾੜਾ ਸੀ, ਜ਼ਬਾਨ ਥਥਲਾਂਦੀ ਸੀ, ਆਪਣੇ ਪਾਪਾਂ ਦੇ ਬੋਝ ਕਰ ਕੇ ਥੱਲੇ ਹੀ ਦੱਬੀ ਜਾ ਰਹੀ ਸੀ। ਹੇ ਮਹਾਂ ਪੁਰਸ਼ੋ! ਕਿਰਪਾ ਕਰੋ। ਜਿਵੇਂ ਵੀ ਹੋਵੇ ਕੋਈ ਐਸੀ ਜੁਗਤੀ ਦੱਸੋ, ਜਿਸ ਕਰ ਕੇ ਮੇਰਾ ਵੀ ਸੰਸਾਰ ਤੋਂ ਨਿਸਤਾਰਾ ਹੋ ਜਾਵੇ।

ਸੰਤਾਂ ਵਿਚਾਰਿਆ ਕਿ ਇਹ ਪਾਪ ਆਤਮਾ ਹੈ ਇਸ ਲਈ ਇਹ ਉਪਦੇਸ਼ ਲੈਣ ਦੀ ਅਧਿਕਾਰਨ ਨਹੀਂ ਪਰ ਹੁਣ ਸਿੱਧੇ ਰਸਤੇ ਵੀ ਜ਼ਰੂਰ ਪਾਉਣਾ ਹੈ। ਅਨ-ਅਧਿਕਾਰੀ ਨੂੰ ਉਪਦੇਸ਼ ਦੇਣਾ ਵੀ ਸ਼ਾਸਤਰ ਤੋਂ ਉਲਟ ਹੈ। ਸੋ ਆਪਣਾ ਬਿਰਦ ਰਖਦਿਆਂ ਭਾਵ-

"ਥ੍ਰਿਥਾ ਨ ਸਾਧ ਮਿਲਾਪ"

ਅਨੁਸਾਰ ਤੇ ਨਾਲੇ ਸ਼ਾਸਤਰ ਦੀ ਵੀ ਮਰਯਾਦਾ ਬਣੀ ਰਹੇ ਸੋ ਉਹਨਾਂ ਨੇ ਇਕ ਆਪਣੇ ਹੱਥੋਂ ਤੋਤਾ ਦਿੱਤਾ ਤੇ ਕਿਹਾ ਇਹ ਲੈ ਤੋਤਾ! ਤੇ ਰੋਜ਼ ਸਵੇਰੇ ਸ਼ਾਮ ਇਸ ਨੂੰ ਚੂਰੀ ਖਵਾਂਦਿਆਂ ਕਿਹਾ ਕਰੀਂ ਕਿ "ਰੰਗਾ ਰਾਮਾ ਖਾਹ

ਚੂਰੀ ਤੇ ਕਹੋ ਰਾਮ ਰਾਮ''। ਰਾਮ ਰਾਮ ਦੀ ਪੱਟੀ ਪੜ੍ਹਾਵੀਂ। ਇਤਨਾ ਕਹਿ ਕੇ ਮਹਾਂ ਪੁਰਸ਼ਾਂ ਨੇ ਚਾਲੇ ਪਾ ਦਿੱਤੇ।

ਇਧਰ ਗਨਿਕਾ ਰੋਜ਼ ਉਸ ਨੂੰ ਰਾਮ ਰਾਮ ਪੜ੍ਹਾਉਂਦੀ। ਪੜ੍ਹਾਉਂਦੀ-ਪੜ੍ਹਾਉਂਦੀ ਰਾਮ ਨਾਮ ਵਿਖੇ ਹੀ ਲੀਨ ਹੋ ਗਈ। ਰਾਮ ਰਾਮ ਕਹਿੰਦਿਆਂ ਐਸੀ ਸਮਾਧੀ ਲਗਦੀ ਜੋ ਆਪਾ ਭੁੱਲ ਜਾਂਦੀ! ਨਾਮ ਦੇ ਪ੍ਰਤਾਪ ਕਰ ਕੇ ਸਾਰੇ ਪਾਪ ਕਰਮ ਵੀ ਖੰਭ ਲਗਾ ਕੇ ਉਡ ਗਏ। ਵਿਸ਼ਈ ਲੋਕਾਂ ਦਾ ਆਣਾ ਜਾਣਾ ਵੀ ਬੰਦ ਹੋ ਗਿਆ। ਗੋਲੀਆਂ ਵੀ ਭੁੱਖ ਦੇ ਦੁੱਖੋਂ ਨੱਠ ਗਈਆਂ, ਕਿਉਂਕਿ ਹੁਣ ਚਾਰ ਕਉਡੀਆਂ ਹੱਥ ਨਹੀਂ ਸਨ ਆਉਂਦੀਆਂ। ਹਾਰ ਸ਼ਿੰਗਾਰ ਕਰਨਾ ਸਭ ਕੁਝ ਭੁੱਲ ਗਿਆ।

ਫਿਰ ਤਾਂ ਮਹਾਂ ਪੁਰਸ਼ਾਂ ਦੀ ਕਿਰਪਾ ਨਾਲ ਸੁਆਸ ਸੁਆਸ ਰਾਮ ਰਾਮ, ਰਾਮ ਰਾਮ, ਰਾਮ ਰਾਮ ਕਰਨ ਲੱਗੀ ਮਨ ਰੂਪੀ ਕਪੜਾ ਰਾਮ ਨਾਮ ਰੂਪੀ ਸਾਬਣ ਦਾ ਸੰਗ ਕਰ ਕੇ ਸ਼ੁੱਧ ਤੇ ਪਵਿੱਤਰ ਹੋ ਗਿਆ। ਗਨਿਕਾ ਨੂੰ ਆਪਾ ਦਿਸ ਆਇਆ। ਰਾਮ ਨਾਮ ਜਪਦੀ ਅੰਤ ਨੂੰ ਰਾਮ ਵਿਖੇ ਹੀ ਅਭੇਦ ਹੋ ਗਈ।

ਯਥਾ- ਗਨਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਉਤਾ।
ਲਿਵ ਲਾਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤ ਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੋ ਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉਂ ਨਰਾਇਣ ਛੋਤਿ ਅਛੋਤਾ।
ਥਾਉਂ ਨਿਥਾਵੇਂ ਮਾਣੁ ਮਣੋਤਾ॥ ੨੧॥

(ਭਾਈ ਗੁਰਦਾਸ ਜੀ, ਵਾਰ ੧੦)

ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ
ਰਾਖਹੁ ਦਾਸ ਭਾਟ ਕੀ ਲਾਜ॥ ੮॥ ੧੨॥

(ਓਵੇਂ) ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਕਲਜੁਗ ਵਿਖੇ ਪ੍ਰਸੰਨ ਹੋ ਕੇ ''ਦਾਸ'' ਨਾਮੇ ਭੱਟ ਦੀ ਲੱਜਾ ਰੱਖਣਾ ਕਰੋ ਕਿਉਂਕਿ ਇਹ ਜੁਗ ਵੀ ਚੌਥਾ ਹੈ ਮੇਰਾ ਅਵਤਾਰ ਵੀ ਚੌਥੇ ਅਥਰਬਣ ਵੇਦ ਦਾ ਹੈ ਤੇ ਆਪ ਵੀ ਚੌਥੇ ਗੁਰੂ ਹੋ॥ ੮॥ ੧੨॥

ਝੋਲਨਾ॥

ਛੰਦ ਦੀ ਚਾਲ ਹੈ, ਚਾਲ ਬਦਲਨ ਕਰ ਕੇ ਛੋਟਾ ਅੰਕ ਬਦਲ ਗਿਆ ਹੈ, ਪਰ ਭੱਟ ਨਹੀਂ ਬਦਲਿਆ, ਭੱਟ ਓਹੀ 'ਦਾਸ' ਹੈ। 'ਦਾਸ' ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ--

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ॥

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਾਰਿਆਂ ਗੁਰੂਆਂ ਨੂੰ ਗੁਰੂ= ਪੂਜਨੀਕ ਜਾਣ ਕੇ ਹੇ ਪ੍ਰਾਣੀਓ! ਜਪਣਾ ਕਰੋ।

ਅਥਵਾ- ਚਤੁਸ਼ਟੇ ਅੰਤਹਕਰਣ ਦੁਆਰੇ ਗੁਰੁ= ਪੂਜਨੀਕ ਸਤਿਗੁਰਾਂ ਨੂੰ ਜਪਣਾ ਕਰੋ।

ਅਥਵਾ- ਹੇ ਪ੍ਰਾਣੀਓ! ਮਨ ਕਰ ਕੇ ਵੀ ਧੰਨ ਗੁਰੂ, ਧੰਨ ਗੁਰੂ, ਬਾਣੀ ਦੁਆਰਾ ਵੀ ਧੰਨ ਗੁਰੂ, ਧੰਨ ਗੁਰੂ, ਤਨ ਕਰ ਕੇ ਵੀ ਧੰਨ ਗੁਰੂ, ਧੰਨ ਗੁਰੂ ਜਪਣਾ ਕਰੋ।

ਅਥਵਾ- ਜੋ ਗੁਰੂ ਸਾਹਿਬ ਜੀ ਸਤਜੁਗ ਵਿਖੇ ਹਾਜ਼ਰ ਸਨ, ਜੋ ਗੁਰੂ ਸਾਹਿਬ ਜੀ ਤ੍ਰੇਤੇ ਜੁਗ ਵਿਚ ਵੀ ਪ੍ਰਸਿੱਧ ਸਨ, ਜੋ ਗੁਰੂ ਸਾਹਿਬ ਜੀ ਦੁਆਪੁਰ ਜੁਗ ਵਿਚ ਵੀ ਪ੍ਰਗਟ ਸਨ ਅਤੇ ਜੋ ਗੁਰੂ ਸਾਹਿਬ ਜੀ ਹੁਣ ਕਲਯੁਗ ਵਿਚ ਪ੍ਰਤੱਖ ਜੀਵਾਂ ਨੂੰ ਉਪਦੇਸ਼ ਦੇ ਕੇ ਤਾਰ ਰਹੇ ਹਨ, ਉਹਨਾਂ ਗੁਰਾਂ ਨੂੰ ਹੇ ਪ੍ਰਾਣੀਓ! ਜਪਣਾ ਕਰੋ।

ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ
ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ॥

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)

ਹੇ ਭੱਟੋ! ਸਤਿ ਕਰਿ ਜਾਨੀਅਹੁ= ਇਹ ਗੱਲ ਸੱਚੀ ਜਾਣਨਾ ਕਰੋ ਕਿ ਜਿਹੜਾ ਮਨੁੱਖ ਸਬਦੁ= ਗੁਰ ਉਪਦੇਸ਼ ਦੁਆਰੇ ਰਸਨਿ ਰਸੈ= ਰਸਨਾ ਆਦਿ ਇੰਦ੍ਰੀਆਂ ਨੂੰ ਰਸਾ ਕੇ ਅਹਿਨਿਸਿ= ਦਿਨ ਰਾਤ·ਹਰਿ ਹਰਿ ਨਾਮ ਨੂੰ ਜਪਦਾ ਹੈ, ਉਸ ਨੂੰ ਪ੍ਰਮੇਸ਼ਰ ਨੌ ਨਿਧੀਆਂ ਆਦਿ ਸਾਰੇ ਪਦਾਰਥ ਅਪੈ= ਅਰਪਣ ਕਰ ਦਿੰਦਾ ਹੈ।

ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ

ਪੁਨਾ ਗੁਰਾਂ ਦੁਆਰੇ ਪ੍ਰੇਮ ਸਹਿਤ ਹਰੀ ਨਾਮ ਨੂੰ ਧਿਆਉਣਾ ਕਰੀਏ ਤਾਂ ਹੀ ਰੰਗ ਪਾਈਐ= ਅਨੰਦ ਪ੍ਰਾਪਤ ਹੁੰਦਾ ਹੈ।

ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ॥

ਅੰਨ= ਹੋਰ ਦੇਵੀ ਦੇਵਤਿਆਂ ਦੇ ਪੂਜਨ ਰੂਪ ਮਾਰਗ= ਰਸਤੇ ਨੂੰ ਤਿਆਗਣਾ ਕਰੋ। *ਅਥਵਾ-*ਅੰਨ ਮਾਰਗ ਤਜਹੁ= ਦ੍ਵੈਤ ਦੇ ਰਸਤੇ ਨੂੰ ਤਿਆਗ ਕੇ ਬ੍ਰਹਮ ਗਿਆਨੀਆਂ ਦੁਆਰੇ ਉਸ ਪ੍ਰਮਾਤਮਾ ਨੂੰ ਭਜਣਾ ਕਰੋ।

ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ

ਗੁਰਾਂ ਦੇ ਕਹੇ ਹੋਏ ਬਚਨਾਂ ਨੂੰ ਆਪਣੇ ਹਿਰਦੇ ਵਿਚ ਧਾਰਨਾ ਕਰੋ, ਪੰਜਾਂ ਤੱਤਾਂ ਦੀ ਸਤੋਗੁਣ ਅੰਸ਼ ਤੋਂ ਪੈਦਾ ਹੋਇਆ ਜੋ ਮਨ ਹੈ, ਉਸ ਨੂੰ ਬਸਿ= ਕਾਬੂ ਕਰੋ।

*ਅਥਵਾ-*ਪੰਚ ਭੂ= ਪੰਜਾਂ ਕਾਮ ਆਦਿਕ ਵੈਰੀਆਂ ਨੂੰ ਵਸੀਕਾਰ ਕਰੋ।

ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ॥

ਆਪਣੇ ਮਨੁੱਖ ਜਨਮ ਨੂੰ ਸਫਲਾ ਕਰੋ ਅਤੇ (੭ ਨਾਨਕੇ, ੭ ਦਾਦਕੇ, ੭ ਸਾਹੁਰੇ ਇਨ੍ਹਾਂ ਇੱਕੀ) ਕੁਲਾਂ ਨੂੰ ਤਾਰਨਾ ਕਰੋ, ਤਾਂ ਤੁਸੀਂ ਹਰੀ ਦੇ ਦਰਵਾਜ਼ੇ ਪਰ ਮਾਨੀਅਹੁ= ਮਾਣ-ਆਦਰ ਪਾਓਗੇ।

ਜਉਤ ਸਭ ਸੁਖ ਇਤ ਉਤ ਤੁਮ ਬੰਛਵਹੁ

ਜਉਤ= ਜੇਕਰ ਇਤ ਉਤ= ਲੋਕ ਪ੍ਰਲੋਕ ਦੇ ਸਾਰਿਆਂ ਸੁਖਾਂ ਨੂੰ ਪ੍ਰਾਪਤ ਕਰਨਾ ਬੰਛਵਹੁ= ਚਾਹੁੰਦੇ ਹੋ।

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥ ੧ ॥ ੧੩ ॥

ਤਾਂ ਹੇ ਪ੍ਰਾਣੀਓ! ਗੁਰੂ= ਪੂਜਨੀਕ ਪ੍ਰਮਾਤਮਾ ਦਾ ਸਰੂਪ ਜੋ ਗੁਰੂ ਸਾਹਿਬ ਜੀ ਹਨ, ਅਗਿਆਨ ਰੂਪ ਗੁ= ਹਨੇਰੇ ਵਿਚ ਰੂ= ਪ੍ਰਕਾਸ਼ ਕਰਨ ਵਾਲੇ, ਉਹਨਾਂ ਗੁਰਾਂ ਦੁਆਰੇ ਤੁਸੀਂ ਧੰਨ ਗੁਰੂ ਜਪਣਾ ਕਰੋ।

*ਅਥਵਾ-*ਤਨ ਦੇ ਗੁਰੂ ਇੰਦ੍ਰੀਏ, ਇੰਦ੍ਰੀਆਂ ਦਾ ਗੁਰੂ ਮਨ, ਮਨ ਦੇ ਗੁਰੂ ਪ੍ਰਾਣ, ਪ੍ਰਾਣਾਂ ਦਾ ਗੁਰੂ ਜੀਵ, ਜੀਵ ਦੇ ਗੁਰੂ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਹੇ ਪ੍ਰਾਣੀਓ! ਉਹਨਾਂ ਗੁਰਾਂ ਨੂੰ ਤੁਸੀਂ ਜਪਣਾ ਕਰੋ॥ ੧॥ ੧੩॥

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਗੁਰੂ ਜੋ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਹਨ ਉਨ੍ਹਾਂ ਨੂੰ ਸਚ ਸਰੂਪ ਜਾਣ ਕੇ ਜਪਣਾ ਕਰੋ।

ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ
ਧ੍ਯਾਨੁ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥

ਅਗਮ ਗੁਨ= ਬਿਅੰਤ ਗੁਣਾਂ ਦਾ ਨਿਧਾਨੁ= ਖਜ਼ਾਨਾ ਜੋ ਹਰੀ ਹੈ, ਉਸ ਹਰੀ ਦਾ ਸਰੂਪ ਜਾਣ ਕੇ ਸਤਿਗੁਰਾਂ ਦੇ ਧਿਆਨ ਨੂੰ ਅਹਿਨਿਸਿ= ਦਿਨ ਰਾਤ ਮਨ ਵਿਚ ਧਾਰਨਾ ਕਰੋ ਅਤੇ ਹਿਰਦੇ ਵਿਚ ਗੁਰਾਂ ਦੇ ਕਹੇ ਹੋਏ ਬਚਨਾਂ ਨੂੰ ਧਾਰਨਾ ਕਰੋ।

ਅਥਵਾ- ਹਿਰਦੇ ਵਿਚ ਗੁਰਾਂ ਦੇ ਬਚਨਾਂ ਨੂੰ ਧਾਰ ਕੇ ਘਟ ਘਟ ਦੀ ਜਾਨੁ= ਜਾਣਨ ਵਾਲੇ ਤੇ ਬਿਅੰਤ ਗੁਣਾਂ ਦੇ ਖਜ਼ਾਨੇ ਹਰੀ ਨੂੰ ਮਨ ਵਿਚ ਧਾਰਨਾ ਕਰੋ ਤੇ ਦਿਨ ਰਾਤ ਉਸੇ ਦੇ ਧਿਆਨ ਵਿਚ ਰਹਿਣਾ ਕਰੋ।

ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ
ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ ॥

ਫੁਨਿ= ਪੁਨਾ ਸੰਤ= ਸ਼ਾਂਤ ਆਤਮਾ ਨਾਮ ਸਚ ਰੰਗ= ਸਚ ਨਾਮ ਰੂਪੀ ਤੇ ਪ੍ਰੇਮ ਰੂਪੀ ਬਿਮਲ ਜਲ= ਨਿਰਮਲ ਜਲ ਦੇ ਅਥਾਹ ਸਰਿ= ਗੰਭੀਰ ਸਰੋਵਰ ਜੋ ਗੁਰੂ ਸਾਹਿਬ ਜੀ ਹਨ, ਉਸ ਗੁਰੂ-ਸਰੋਵਰ ਵਿਚ ਹੇ ਗੁਰਸਿੱਖੋ! ਤੁਸੀਂ ਮਜਨੁ ਕਰਹੁ= ਇਸ਼ਨਾਨ ਕਰ ਕੇ ਸੰਸਾਰ-ਸਾਗਰ ਤੋਂ ਤਰਨਾ ਕਰੋ।

ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ

ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਿਰਭਉ ਨਿਰਵੈਰੁ ਨਿਰੰਕਾਰ ਨੂੰ ਸਦਾ ਹੀ ਜਪਣਾ ਕਰਦੇ ਹਨ।

ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜ੍ਹ ਭਗਤਿ ਹਰਿ ॥

ਪ੍ਰੇਮੀ ਜਨ! ਉਹਨਾਂ ਹੀ ਗੁਰਾਂ ਦੇ ਸ਼ਬਦ ਵਿਖੇ ਰਸਿ= ਪ੍ਰੇਮ ਕਰ ਕੇ ਹਰੀ ਦੀ ਭਗਤੀ ਨੂੰ ਦ੍ਰਿੜ੍ਹ ਕਰਦੇ ਹਨ।

www.sikhbookclub.com

ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ

ਹੇ ਭੱਟੋ! ਤੁਸੀਂ ਵੀ ਆਪਣੇ ਮਨ 'ਚੋਂ ਮੁਗਧ= ਮੂਰਖਾਂ ਵਾਲੇ ਭਰਮ ਨੂੰ ਤਜਹੁ= ਤਿਆਗਣਾ ਕਰੋ ਅਤੇ ਗੁਰਮੁਖਿ= ਗੁਰਾਂ ਦੁਆਰੇ ਪ੍ਰਮੇਸ਼ਰ ਦੇ ਨਾਮ ਨੂੰ ਭਜਣਾ ਕਰੋ।

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ॥ ੨॥ ੧੪॥

ਸਤ ਸਰੂਪ ਜਾਣ ਕੇ ਵਾ ਸਤਿ ਕਰਿ= ਨਿਸਚੇ ਸਹਿਤ ਹੋ ਕੇ ਮਨ ਕਰ ਕੇ ਧੰਨ ਗੁਰੂ ਜਪਣਾ ਕਰੋ, ਬਾਣੀ ਦੁਆਰਾ ਵੀ ਧੰਨ ਗੁਰੂ, ਧੰਨ ਗੁਰੂ ਜਪਣਾ ਕਰੋ, ਸਰੀਰ ਕਰ ਕੇ ਵੀ ਧੰਨ ਗੁਰੂ, ਧੰਨ ਗੁਰੂ ਜਪਣਾ ਕਰੋ॥ ੨॥ ੧੪॥

[ਪੰਨਾ ੧੪੦੧]

ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ॥

ਮਨ ਕਰ ਕੇ ਗੁਰਾਂ ਵਿਚ ਨਿਸਚਾ ਕਰੋ, ਬਾਣੀ ਕਰ ਕੇ ਗੁਰਾਂ ਵਿਚ ਨਿਸਚਾ ਕਰੋ, ਸਰੀਰ ਕਰ ਕੇ ਗੁਰਾਂ ਵਿਚ ਨਿਸਚਾ ਕਰੋ, ਕਿਉਂਕਿ ਇਹ ਨਿਯਮ ਹੈ ਕਿ ਗੁਰਾਂ ਦੁਆਰੇ ਹੀ ਹਰੀ ਪ੍ਰਾਪਤ ਹੁੰਦਾ ਹੈ।

ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ

ਬਿਅੰਤ ਗੁਣਾਂ ਵਾਲੇ ਗੁਰੂ ਸਾਹਿਬ ਉਦਧਿ= ਸਮੁੰਦਰ ਵਾਂਗੂ ਗਹਿਰ= ਡੂੰਘੇ ਤੇ ਗੰਭੀਰ= ਨਿਰਹਲ ਹਨ,

ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ॥

ਜਿਸ ਗੁਰੂ ਰੂਪ ਸਮੁੰਦਰ ਵਿਚ ਲਿਵ ਲਾਈਐ= ਬਿਰਤੀ ਲਗਾਣ ਰੂਪ ਚੁੱਭੀ ਮਾਰਨ ਕਰ ਕੇ ਹਰੀ ਨਾਮ ਰੂਪ ਨਗ, ਹੀਰੇ, ਮਣੀਆਂ ਆਦਿਕ ਅਣਮੁੱਲੇ ਪਦਾਰਥ ਮਿਲਦੇ ਹਨ।

*ਅਥਵਾ-*ਹਰੀ ਨਾਮ ਰੂਪ ਹੀਰੇ, ਪ੍ਰੇਮ ਰੂਪੀ ਨਗ, ਕਰੁਣਾ, ਮੈਤ੍ਰੀ, ਮੁਦਤਾ ਰੂਪ ਮਣੀਆਂ; ਵਾ-ਚਾਰੇ ਮੁਕਤੀਆਂ ਰੂਪ ਮਣੀਆਂ, ਵੈਰਾਗ ਰੂਪੀ ਰਤਨ ਇਤਿਆਦਿਕ ਅਣਮੁੱਲੇ ਪਦਾਰਥ ਮਿਲਦੇ ਹਨ।

ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ
ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ॥

ਫੁਨਿ= ਫਿਰ ਗੁਰੂ ਸਾਹਿਬ ਜੀ ਪਰਮਲ= ਬਾਵਨ ਚੰਦਨ ਦੇ ਸਰਸ= ਸਦਰਸ਼ ਹਨ ਅਤੇ ਪਾਰਸ ਦੇ ਸਰਸ= ਸਦਰਸ਼ ਹਨ। ਜਿਵੇਂ ਪ੍ਰਤੱਖ ਚੰਦਨ ਹੋਰਨਾਂ ਬ੍ਰਿਛਾਂ ਨੂੰ ਸੁਗੰਧੀ ਵਾਲਾ ਕਰ ਦਿੰਦਾ ਹੈ। ਤਿਵੇਂ ਚੰਦਨ ਰੂਪ ਗੁਰੂ ਸਾਹਿਬ ਜੀ ਲੱਕੜ ਵਰਗੇ ਕਠੋਰ ਹਿਰਦਿਆਂ ਵਾਲੇ ਪਾਪੀ ਪੁਰਸ਼ਾਂ ਰੂਪ ਬ੍ਰਿਛਾਂ ਨੂੰ ਭਗਤੀ ਰੂਪ ਸੁਗੰਧੀ ਵਾਲਾ ਕਰ ਦਿੰਦੇ ਹਨ।

ਜਿਵੇਂ ਪਾਰਸ ਲੋਹੇ ਨੂੰ ਸੋਨਾ ਕਰ ਦਿੰਦਾ ਹੈ, ਤਿਵੇਂ ਪਾਰਸ ਰੂਪ ਗੁਰੂ ਸਾਹਿਬ ਜੀ ਲੋਹੇ ਵਾਂਗੂ ਕਾਲੇ ਤੇ ਲਾਲਚੀ ਜੀਵਾਂ ਨੂੰ ਆਪਣੇ ਪਵਿੱਤਰ ਚਰਨਾਂ ਦੀਂ ਪਰਸ= ਛੋਹ ਦੇ ਕੇ ਦੁਰਮਤਿ= ਖੋਟੀ ਬੁੱਧੀ ਵਿਚੋਂ ਪਾਪਾਂ ਰੂਪੀ ਮੈਲ ਹਿਰਤ= ਨਾਸ ਕਰ ਕੇ ਕੰਚਨੁ= ਸੋਨੇ ਵਾਂਗੂ ਸ਼ੁੱਧ ਬ੍ਰਹਮ ਦਾ ਸਰੂਪ ਕਰ ਦਿੰਦੇ ਹਨ, ਇਸ ਕਰ ਕੇ ਹੇ ਭੱਟੋ! ਤੁਸੀਂ ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਮੇਸ਼ਰ ਦੇ ਨਾਮਾਂ ਨੂੰ ਧਿਆਉਣਾ ਕਰੋ।

ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ

ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦ੍ਵਾਰਿ= ਦਰਵਾਜ਼ੇ 'ਤੇ ਨਾਮ ਕਥਾ ਕੀਰਤਨ ਰੂਪ ਅੰਮ੍ਰਿਤ ਦਾ ਪ੍ਰਵਾਹ ਸਦ ਛੁਟਕੰਤ= ਸਦਾ ਚਲ ਰਿਹਾ ਹੈ।

ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ॥

ਗਿਆਨ ਰੂਪ ਬਿਮਲ= ਨਿਰਮਲ ਜਲ ਦੇ ਸਰ= ਸਰੋਵਰ ਜੋ ਗੁਰੂ ਸਾਹਿਬ ਜੀ ਹਨ, ਉਹਨਾਂ ਵਿਖੇ ਸਿੱਖ ਸੰਤ ਇਸ਼ਨਾਨ ਕਰਦੇ ਹਨ।

ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ

ਉਹਨਾਂ ਗੁਰਾਂ ਦੁਆਰੇ ਨਿਰਬਾਣੁ= ਬੰਧਨਾਂ ਤੋਂ ਰਹਿਤ ਹਰੀ ਦਾ ਨਾਮ ਜੋ ਨਿਧਾਨੁ= ਨਿਧੀਆਂ ਦਾ ਖਜ਼ਾਨਾ ਹੈ, ਉਸ ਨੂੰ ਆਪਣੇ ਹਿਰਦੇ ਵਿਚ ਧਾਰਨਾ ਕਰੋ।

ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ॥ ੩॥ ੧੫॥

ਮਨ ਕਰ ਕੇ ਗੁਰਾਂ ਵਿਚ ਨਿਸਚਾ ਕਰੋ, ਬ੍ਹਾਣੀ ਕਰ ਕੇ ਗੁਰਾਂ ਵਿਚ ਨਿਸਚਾ ਕਰੋ, ਸਰੀਰ ਕਰ ਕੇ ਗੁਰਾਂ ਵਿਚ ਨਿਸਚਾ ਕਰੋ ਕਿਉਂਕਿ ਇਹ ਨਿਯਮ ਹੈ ਕਿ ਗੁਰਾਂ ਦੁਆਰੇ ਹੀ ਹਰੀ ਪ੍ਰਾਪਤ ਹੁੰਦਾ ਹੈ॥ ੩॥ ੧੫॥

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥

ਮੰਨ ਰੇ= ਹੇ ਪ੍ਰਾਣੀਓ! ਅੰਦਰ ਸਵਾਸ ਜਾਂਦਿਆਂ ਵੀ ਧੰਨ ਗੁਰੂ, ਬਾਹਰ ਸਵਾਸ ਆਉਂਦਿਆਂ ਵੀ ਧੰਨ ਗੁਰੂ, ਸੌਣ ਲੱਗਿਆਂ ਵੀ ਧੰਨ ਗੁਰੂ, ਜਾਗਣ ਸਮੇਂ ਵੀ ਧੰਨ ਗੁਰੂ , ਰੋਟੀ ਖਾਣ ਲੱਗਿਆਂ ਵੀ ਧੰਨ ਗੁਰੂ ਧੰਨ ਗੁਰੂ ਜਪਣਾ ਕਰੋ।

ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ
ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ॥

ਜਾ ਕੀ= ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸੇਵ= ਸੇਵਾ ਕਰ ਕੇ ਸ਼ਿਵ, ਚੁਰਾਸੀ ਸਿਧ, ਸਾਧਿਕ= ਸਾਧਨਾ ਕਰਨ ਵਾਲੇ ਜਗਿਆਸੂ, ਸੁਰ= ਦੇਵਤੇ, ਅਸੁਰ= ਦੈਂਤ, (ਟੋਣਾ ਛੋਣਾ ਆਦਿਕ) ਗਣ ਸੰਸਾਰ-ਸਮੁੰਦਰ ਤੋਂ ਤਰ ਗਏ ਹਨ ਅਤੇ ਤੇਤੀ ਕ੍ਰੋੜ ਦੇਵਤੇ ਵੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਬਚਨਾਂ ਨੂੰ ਕੰਨਾਂ ਵਿਖੇ ਸੁਣ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ।

ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ

ਫੇਰ ਉਹ ਸੰਤ ਵੀ ਤਰ ਗਏ ਹਨ ਜੋ ਪ੍ਰਮੇਸ਼ਰ ਦੀ ਭਗਤੀ ਹਿਤ= ਵਾਸਤੇ ਧੰਨ ਗੁਰੂ ਧੰਨ ਗੁਰੂ ਉਚਾਰਨ ਕਰਦੇ ਹਨ।

ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ॥

ਗੁਰੂ ਜੋ ਨਾਰਦ ਮੁਨੀ ਜੀ ਹਨ ਉਹਨਾਂ ਨਾਲ ਮਿਲ ਕੇ ਪ੍ਰਹਿਲਾਦ ਜਨ ਵੀ ਸੰਸਾਰ-ਸਾਗਰ ਤੋਂ ਤਰ ਗਿਆ ਹੈ।

ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ ਤਰਹਿ

ਨਾਰਦ ਮੁਨੀ ਜੀ ਤੋਂ ਆਦਿ ਲੈ ਕੇ ਅਤੇ ਸਨਕ ਤੋਂ ਆਦਿ ਲੈ ਕੇ ਚਾਰੇ ਭਾਈ ਜੋ ਭੀ ਸੰਸਾਰ ਤੋ ਤਰੇ ਹਨ, ਉਹ ਗੁਰਮੁਖਹਿ= ਗੁਰਾਂ ਦੁਆਰੇ ਹੀ ਹਰੀ ਨਾਮ ਨੂੰ ਜਪ ਕੇ ਤਰੇ ਹਨ। ਇਸ ਕਰ ਕੇ ਹੇ ਭੱਟੋ! ਤੁਸੀਂ ਵੀ-

ਇਕ ਨਾਮ ਲਗਿ ਤਜਹੁ ਰਸ ਅੰਨ ਰੇ॥

ਅੰਨ= ਹੋਰ ਦੁਨਿਆਵੀ ਰਸਾਂ ਨੂੰ ਤਜਹੁ= ਤਿਆਗ ਕੇ ਇਕ ਪ੍ਰਭੂ ਦੇ ਨਾਮ ਸਿਮਰਨ ਵਿਚ ਲਗ ਜਾਓ।

ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ

"ਦਾਸ" ਨਾਮਾ ਭੱਟ ਬੇਨਤੀ ਸਹਿਤ ਕਹਿੰਦਾ ਹੈ ਕਿ ਨਾਮ ਜਪਣ ਦਾ ਤਰੀਕਾ ਮੁਖ ਗੁਰਾਂ ਦੁਆਰੇ ਹੀ ਲਈਦਾ ਹੈ। ਇਸ ਕਰ ਕੇ--

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥ ੪॥ ੧੬॥ ੨੯॥

ਹੇ ਪਿਆਰੇ ਭੱਟੋ! ਮਨ ਕਰ ਕੇ ਧੰਨ ਗੁਰੂ, ਧੰਨ ਗੁਰੂ, ਬਾਣੀ ਕਰ ਕੇ ਵੀ ਧੰਨ ਗੁਰੂ, ਧੰਨ ਗੁਰੂ, ਸਰੀਰ ਕਰ ਕੇ ਵੀ ਧੰਨ ਗੁਰੂ, ਧੰਨ ਗੁਰੂ ਜਪੰਣਾ ਕਰੋ॥ ੪॥ ੧੬॥ ੨੯॥

ਚਾਰ ਸਵਈਏ ਝੋਲਨਾ ਛੰਦ ਵਾਲੇ ਅਤੇ ਦੋ ਸਵਈਏ ਉਸ ਤੋਂ ਪਹਿਲਾਂ ਵਾਲੇ ਇਹ ਸਾਰੇ ੬ ਸਵਈਏ (ਯਾਰਵੇਂ ਸਵਈਏ ਤੋਂ ਲੈ ਕੇ ਸੋਲਵੇਂ ਸਵਈਏ ਤਕ) "ਦਾਸ" ਭੱਟ ਨੇ ਕਥਨ ਕੀਤੇ ਹਨ। ਇਸ ਤੋਂ ਅਗਲੇ ਪੰਜ ਸਵਈਏ ਪੰਜ ਅੰਕ ਤਕ 'ਗੰਗਾ' ਭੱਟ ਦੇ ਆਉਣਗੇ—

ਸਿਰੀ ਗੁਰੂ ਸਾਹਿਬੁ ਸਭ ਊਪਰਿ॥

ਸ੍ਰੀ ਗੁਰੂ (ਰਾਮਦਾਸ ਸਾਹਿਬ ਜੀ) ਸਾਰਿਆਂ ਤੋਂ ਊਪਰਿ= ਉੱਚੇ ਹਨ (ਅਤੇ ਉਸ ਅਕਾਲ ਪੁਰਖ ਦਾ ਸਰੂਪ ਹਨ)।

ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥

ਜਿਸ ਨੇ ਸਤਿਜੁਗ ਵਿਚ ਧਰੂਅ ਭਗਤ ਉਤੇ ਆਪਣੀ ਕਿਰਪਾ ਦ੍ਰਿਸ਼ਟੀ ਕੀਤੀ ਹੈ। ਫੇਰ ਜਿਸ ਭਗਵਾਨ ਨੇ ਨਰਸਿੰਘ ਰੂਪ ਧਾਰ ਕੇ-

ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਰ ਕਮਲ ਮਾਥੇ ਪਰ ਧਰੀਅੰ॥

ਸ੍ਰੀ ਪ੍ਰਹਿਲਾਦ ਭਗਤ ਦੇ ਮੱਥੇ ਉਪਰ ਆਪਣਾ ਹਸ੍ਰ= ਹੱਥ-ਕਮਲ ਕੰਵਲ ਰੱਖ ਕੇ ਉਸ ਨੂੰ ਪਿਤਾ ਹਰਨਾਖਸ਼ ਤੋਂ ਉਧਰੀਅੰ= ਬਚਾਉਣਾ ਕੀਤਾ ਹੈ (ਉਸ ਪ੍ਰਮੇਸ਼ਰ ਦਾ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ)।

ਅਲਖ ਰੂਪ ਜੀਅ ਲਖ੍ਯਾ ਨ ਜਾਈ॥ ਸਾਧਿਕ ਸਿਧ ਸਗਲ ਸਰਣਾਈ॥

ਉਹ ਅਲੱਖ ਸਰੂਪ ਪ੍ਰਮਾਤਮਾ ਕਿਸੇ ਜੀਵ ਪਾਸੋਂ ਸ਼ਕਤੀ-ਬਿਰਤੀ ਕਰ ਕੇ ਲਖ੍ਯਾ= ਜਾਣਿਆਂ ਨਹੀਂ ਜਾਂਦਾ। ਸਾਰੇ ਸਿਧ ਤੇ ਸਾਧਿਕ= ਸਾਧਨਾ ਕਰਨ ਵਾਲੇ ਜਗਿਆਸੂ ਜਿਸ ਦੇ ਚਰਨਾਂ ਦੀ ਸ਼ਰਨ ਵਿਖੇ ਆ ਰਹੇ ਹਨ (ਉਸ ਵਾਹਿਗੁਰੂ ਦੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ)।

ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਹਾਰਹੁ ॥

ਗੁਰਾਂ ਦੇ ਕਹੇ ਹੋਏ ਬਚਨ ਸੱਚੇ ਜਾਣ ਕੇ ਜੀਅ ਵਿਖੇ ਧਾਰਨਾ ਕਰੋ। ਚਿਤ ਬਿਰਤੀ ਦੇਹ= ਦੇ ਕੇ ਆਪਣੇ ਮਨੁੱਖ ਜਨਮ ਨੂੰ ਨਿਸ੍ਹਾਰਹੁ= ਸਫਲ ਕਰ ਲਓ।

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥

ਸੰਸਾਰ-ਸਮੁੰਦਰ ਤੋਂ ਪਾਰ ਕਰਨ ਨੂੰ ਗੁਰੂ ਸਾਹਿਬ ਜੀ ਜਹਾਜ਼ ਰੂਪ ਹਨ।

ਵਾ-ਗੁਰਾਂ ਪਾਸ ਨਾਮ ਰੂਪ ਜਹਾਜ਼ ਹੈ। ਆਸਾ ਤ੍ਰਿਸ਼ਨਾ ਰੂਪ ਨਦੀਆਂ ਤੋਂ ਪਾਰ ਕਰਨ ਨੂੰ ਗੁਰੂ ਸਾਹਿਬ ਜੀ ਖੇਵਟੁ= ਮਲਾਹ ਰੂਪ ਹਨ। ਇਹ ਨਿਯਮ ਸਮਝ ਲਉ ਸਤਿਗੁਰਾਂ ਤੋਂ ਬਿਨਾਂ ਆਪਣੇ ਆਪ ਸੰਸਾਰ-ਸਮੁੰਦਰ ਤੋਂ ਕੋਈ ਨਹੀਂ ਤਰ ਸਕਿਆ।

ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥

ਗੁਰੂ ਦੀ ਕਿਰਪਾ ਨਾਲ ਹੀ ਪ੍ਰਭੂ= ਪ੍ਰਮਾਤਮਾ ਮਿਲਦਾ ਹੈ, ਗੁਰ ਉਪਦੇਸ਼ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ।

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਬਨਵਾਰੀ= ਸੰਸਾਰ ਬਨ ਦੇ ਵਾਲੀ ਨਿਰੰਜਨੀ ਜੋਤ ਦੇ ਨਿਕਟਿ ਬਸੈ= ਨੇੜੇ ਵੱਸਣ ਲੱਗੇ ਭਾਵ ਨਿਰਉਪਾਧਕ ਅਨੰਦ ਲੈਣ ਲੱਗੇ।

ਉਸ ਵੇਲੇ ਤਿਨਿ= ਤਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਵਿਚ ਆਪਣੀ ਜੋਤ ਲਹਿਣਾ ਜੀ ਵਿਖੇ ਧਾਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਗੱਦੀ ਉਪਰ ਅਸਥਾਪਨ ਕਰ ਦਿੱਤਾ।

ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥

ਅੱਗੋਂ ਲਹਿਣਾ ਜੀ ਨੇ ਨਾਮ ਜਪਾਣਾ, ਭਾਣਾ ਮੰਨਣਾ, ਅਜਰ ਵਸਤੂ ਨੂੰ ਜਰਣਾ ਇਤਿਆਦਿ ਸ਼ੁਭ-ਗੁਣਾਂ ਰੂਪ ਧਰਮ ਦਾ ਪੰਥੁ= ਰਸਤਾ ਚਲਾਣਾ ਕੀਤਾ। ਜਿਸ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣਾ ਸਮਾਂ ਪੂਰਾ ਹੋਇਆ ਨਿਸਚੇ ਕੀਤਾ। ਤਾਂ ਉਨ੍ਹਾਂ ਨੇ ਭੱਲੇ ਜਾਤੀ ਦੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਗੁਰਿਆਈ ਗੱਦੀ ਪਰ ਅਸਥਾਪਨ ਕਰ ਦਿੱਤਾ। ਸਮੇਂ ਦੇ ਅਨੁਸਾਰ ਫਿਰ-

ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਹਿਉ ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਹਿਉ ॥

ਉਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸੋਢੀ ਕੁਲ 'ਚੋਂ ਸ਼ਰੋਮਣੀ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਹਨਾਂ ਨੂੰ ਗੁਰਿਆਈ ਗੱਦੀ ਪਰ ਥਿਰੁ= ਬਿਠਾ ਕੇ ਅਸਥਾਪਨ ਕਰ ਦਿੱਤਾ।

ਅਖੈ= ਨਾ ਮੁੱਕਣ ਵਾਲਾ ਹਰੀ ਦਾ ਨਾਮ ਰੂਪ ਨਿਧਿ= ਖਜ਼ਾਨਾ ਅਪ੍ਹਿਉ= ਅਰਪਣਾ ਭਾਵ ਬਖਸ਼ਣਾ ਕੀਤਾ।

ਅਪ੍ਹਿਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ ॥

ਅਖੈ= ਨਾ ਮੁੱਕਣ ਵਾਲਾ ਹਰੀ ਨਾਮ ਰੂਪ ਨਿਧਿ= ਖਜ਼ਾਨਾ (ਸ੍ਰੀ) ਗੁਰੂ (ਅਮਰਦਾਸ ਸਾਹਿਬ ਜੀ) ਨੇ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ) ਅਰਪਣਾ ਕੀਤਾ। ਇਸ ਨਿਯਮ ਸਮਝ ਲਉ ਚਾਰਿਆਂ ਜੁਗਾਂ ਵਿਚ ਜਿਸੇ

ਨੇ ਵੀ ਕੁਝ ਫਲ ਲੈਣਾ ਕੀਤਾ ਹੈ ਤਾਂ ਗੁਰ ਸੇਵਾ ਨੂੰ ਕਰ ਕੇ ਹੀ ਲਿਆ ਹੈ।

ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ॥

ਜੋ ਮਨੁੱਖ ਚਰਨਾਂ ਦੀ ਸ਼ਰਨ ਵਿਖੇ ਪੈ ਕੇ ਬੰਦਹਿ= ਡੰਡੇ ਵਾਂਗ ਲੰਮੇ ਪੈ ਕੇ ਨਮਸ਼ਕਾਰਾਂ ਕਰਦੇ ਹਨ ਅਤੇ ਗੁਰਮੁਖਿ= ਮੁਖ ਗੁਰਾਂ ਦੁਆਰੇ ਪਰਮਾਨੰਦ= ਪਰਮ ਅਨੰਦ ਸਰੂਪ ਪ੍ਰਮੇਸ਼ਰ ਦੇ ਨਾਮਾਂ ਨੂੰ ਕਹਿੰਦੇ ਹਨ, ਉਹ ਪੁਰਸ਼ ਸੁਖ ਪਾਉਂਦੇ ਹਨ।

ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥

ਜੋ ਆਦਿ ਰੂਪਿ= ਪ੍ਰਮਾਤਮਾ ਪਦਾਰਥਾਂ ਨਾਲ ਭਰ ਕੇ ਸਾਰਿਆਂ ਜੀਆਂ ਦੀ ਪੋਖਣ= ਪਾਲਣਾ ਕਰਨ ਵਾਲਾ ਹੈ, ਉਸ ਪਾਰਬ੍ਰਹਮ ਸੁਆਮੀ ਦੀ ਇਹ ਗੁਰੂ ਸਾਹਿਬ ਜੀ ਪ੍ਰਤੱਖ ਦੇਹ ਹਨ।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੧॥

ਗੰਗਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ ਕਿ ਹੇ ਭੱਟੋ! ਅਲਖ ਗਤਿ ਜਾ ਕੀ= ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਗਤਿ= ਰੀਤੀ ਅਰਥਾਤ ਮਰਯਾਦਾ ਜਾਣਨ ਤੋਂ ਰਹਿਤ ਹੈ, ਉਸ ਗੁਰੂ= ਪੂਜਯ ਸਤਿਗੁਰੂ ਰਾਮਦਾਸ ਸਾਹਿਬ ਜੀ ਨੂੰ ਸੇਵਨਾ ਕਰੋ, ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜੀਵਾਂ ਦੇ ਤਾਰਨ ਨੂੰ ਤਰਣੰ= ਜਹਾਜ਼ ਰੂਪ ਹਨ॥ ੧॥

ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ॥

ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਅੰਮ੍ਰਿਤ ਰੂਪ ਬਚਨਾਂ ਨੂੰ ਸਾਧੂ ਜਨ ਆਪਣੇ ਬਿ-ਚਿਤਿ= ਚਿਤ ਵਿਚ ਬੜੇ ਚਾਉ= ਉਤਸ਼ਾਹ ਨਾਲ ਬਾਣੀ ਦੁਆਰਾ ਜਪਣਾ ਕਰਦੇ ਹਨ।

ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ॥

ਨਿਤ= ਰੋਜ਼ਾਨਾ ਮੰਗਲਾਂ ਦੇ ਕਰਨ ਵਾਲੇ ਜੋ ਅਨੰਦ ਸਰੂਪ (ਸ੍ਰੀ) ਗੁਰੂ (ਰਾਮਦਾਸ ਸਾਹਿਬ ਜੀ) ਹਨ, ਉਹਨਾਂ ਸਤਿਗੁਰਾਂ ਦਾ ਹੀ ਦਰਸ਼ਨ ਸੰਸਾਰ ਵਿਖੇ ਸਹਿਤ ਫਲਾਂ ਦਾ ਹੈ।

ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ॥

ਗੰਗਾ ਨਾਮਾ ਭੱਟ ਆਖਦਾ ਹੈ—ਸੰਸਾਰ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਦਰਸ਼ਨ ਸਹਿਤ ਫਲਾਂ ਦੇ ਹੈ, ਕਿਉਂਕਿ ਜਿਹੜਾ ਕੋਈ ਮਨੁੱਖ ਜਿਸ ਭਾਵਨਾ ਨਾਲ ਆ ਕੇ ਦਰਸ਼ਨ ਕਰਦਾ ਹੈ, ਉਸ ਦੀ ਓਹੋ ਭਾਵਨਾ ਅਵੱਸ਼ ਪੂਰੀ ਹੋ ਜਾਂਦੀ ਹੈ।

ਯਥਾ-ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥
ਗੁਰੁ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥ ੩॥
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥

(ਸਿਰੀਰਾਗੁ ਮਹਲਾ ੫, ਪੰਨਾ ੫੨)

ਗੁਰੂ ਸਾਹਿਬ ਜੀ ਦੇ ਪਵਿੱਤਰ ਚਰਨ ਪਰਸਣ ਨਾਲ ਪਰਮ ਗਤੇ= ਵੱਡੀ ਜੋ ਕੈਵਲ ਮੁਕਤੀ ਹੈ, ਉਹ ਪ੍ਰਾਪਤ ਹੋ ਜਾਂਦੀ ਹੈ।

ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ॥

ਪਤਿਤ ਜੇ ਪ੍ਰਾਣੀ= ਜਿਹੜੇ ਪਾਪੀ ਪੁਰਸ਼ ਆਪਣੀ ਕਲਿਆਣਤਾ ਵਾਸਤੇ ਸਿਵ ਗੁਰ= ਕਲਿਆਣ ਸਰੂਪ ਗੁਰਾਂ ਦੁਆਰੇ ਪ੍ਰਭੂ ਦੇ ਗਿਆਨ ਵਿਖੇ ਰਤੇ= ਤਦਾਕਾਰ ਹੋਏ ਹਨ, ਓਹ ਹਰੀ ਜਨ ਜੀਤਹਿ ਜਮ ਲੋਕੁ= ਜਮ ਲੋਕ ਨੂੰ ਜਿੱਤ ਲੈਂਦੇ ਹਨ।

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ

ਜਿਸ ਭਗਵਾਨ ਨੇ ਰਾਘਵ ਵੰਸ ਵਿਚ ਰਾਜੇ ਦਸਰਥ ਦੇ ਘਰ ਵਿਖੇ ਤਿਲਕੁ= ਸ਼੍ਰੋਮਣੀ ਬੜਾ ਸੁੰਦਰ ਸ੍ਰੀ ਰਾਮਚੰਦ੍ਰ ਅਵਤਾਰ ਧਾਰਨਾ ਕੀਤਾ ਹੈ। ਅਤੇ—

[ਪੰਨਾ ੧੪੦੨]

ਮੁਨਿ ਬੰਛਹਿ ਜਾ ਕੀ ਸਰਣੰ॥

(ਬਾਲਮੀਕ, ਭਾਰਦ੍ਵਾਜ ਆਦਿਕ ਬੜੇ-ਬੜੇ ਰਿਖੀ) ਮੁਨੀ ਜਿਸ ਦੇ ਚਰਨਾਂ ਦੀ ਸ਼ਰਨ ਨੂੰ ਬੰਛਹਿ= ਚਾਹੁੰਦੇ ਹਨ (ਉਸੇ ਪ੍ਰਮੇਸ਼ਰ ਦਾ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ)।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੨॥

ਗੰਗਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ—ਹੇ ਭੱਟੋ! ਅਲਖ ਗਤਿ ਜਾ ਕੀ= ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਗਤੀ ਅਲਖ= ਜਾਣਨ ਤੋਂ ਰਹਿਤ ਹੈ, ਉਸ ਗੁਰੂ= ਪੂਜ੍ਯ ਸਤਿਗੁਰੂ ਰਾਮਦਾਸ ਸਾਹਿਬ ਜੀ ਨੂੰ ਸੇਵਨਾ ਕਰੋ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜੀਵਾਂ ਦੇ ਤਾਰਨ ਨੂੰ ਤਰਣੰ= ਜਹਾਜ਼ ਰੂਪ ਹਨ॥ ੨॥

ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ॥
ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ॥

(ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)

ਇਹ ਸੰਸਾਰ ਅਗਮ ਸਾਗਰੁ= ਅਥਾਹ ਸਮੁੰਦਰ ਵਾਂਗੂੰ ਹੈ, ਇਸ ਅਸਗਾਹ ਸੰਸਾਰ-ਸਮੁੰਦਰ ਤੋਂ ਤਾਰਨ ਵਾਲਾ ਹਰੀ ਦਾ ਨਾਮ ਹੀ ਤੁਲਹਾ= ਜਹਾਜ਼ ਹੈ।

ਇਹ ਆਈ ਹੀਐ ਪਰਤੀਤਿ॥

ਇਹ ਪਰਤੀਤਿ= ਯਕੀਨ, (ਭਰੋਸਾ) ਜਿਸ ਮਨੁੱਖ ਦੇ ਹੀਐ= ਹਿਰਦੇ ਵਿਚ ਆ ਗਿਆ ਹੈ ਕਿ ਠੀਕ ਹਰੀ ਨਾਮ ਰੂਪ ਜਹਾਜ਼ ਹੀ ਸੰਸਾਰ-ਸਾਗਰ ਤੋਂ ਪਾਰ ਕਰਨ ਵਾਲਾ ਹੈ। ਤੇ—

ਗੁਰੂ ਮੁਖਿ ਪਾਯਾ॥

(ਜਿਸ ਨੇ) ਗੁਰਾਂ ਦੁਆਰੇ ਇਸ ਜਹਾਜ਼ ਨੂੰ ਪਾਇਆ ਹੈ।

ਜਗਿ ਜਨਮ ਮਰਣੁ ਭਗਾ

ਉਸ ਦਾ ਜਗਤ ਵਿਖੇ ਜੰਮਣਾ ਮਰਨਾ ਭਗਾ= ਨਵਿਰਤ ਹੋ ਜਾਂਦਾ ਹੈ।

ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ॥

ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਖੇ ਪੂਰਾ-ਪੂਰਾ ਯਕੀਨ ਹੋ ਗਿਆ ਹੈ, ਉਹਨਾਂ ਮਨੁੱਖਾਂ ਨੂੰ ਉਚੀ ਪਦਵੀ ਪ੍ਰਾਪਤ ਹੋਈ ਹੈ।

ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ॥

ਗੁਰਮੁਖਾਂ ਨੇ ਮਾਇਆ ਦੇ ਮੋਹ ਨੂੰ, ਵਾ-ਮਾਇਆ ਨੂੰ ਤੇ ਸਬੰਧੀਆਂ ਦੇ ਮੋਹ ਨੂੰ, ਲੋਭ (ਮਾਇਆ ਦੇ ਜੋੜਨ ਦਾ) ਅਤੇ ਲਾਲਚ (ਪਦਾਰਥਾਂ ਦੇ ਖਾਣ ਦਾ ਇਨ੍ਹਾਂ ਸਾਰਿਆਂ) ਨੂੰ ਤਜਿ= ਤਿਆਗਿਆ ਹੈ, ਇਨ੍ਹਾਂ ਦੇ ਤਿਆਗਣ ਕਰ ਕੇ ਕਾਮ ਕ੍ਰੋਧ ਆਦਿਕਾਂ ਦੀ ਬ੍ਰਿਥਾ= ਪੀੜਾ ਚਲੀ ਗਈ ਹੈ।

ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ ਦ੍ਰਿਸ੍ਟਿ ਕਾਰਣ ਕਰਣੰ॥

ਦਿਬ੍ ਦ੍ਰਿਸ੍ਟਿ= ਗਿਆਨ ਦ੍ਰਿਸ਼ਟੀ ਵਾਲੇ ਤੇ ਸਭ ਕਾਰਨ ਕਾਰਜਾਂ ਦੇ ਕਰਨ ਵਾਲੇ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਨ੍ਹਾਂ ਦਾ ਦਰਸ਼ਨ ਜਿਨ੍ਹਾਂ ਨੇ ਦੇਖਿਆ ਹੈ; ਉਹਨਾਂ ਦੇ ਅੰਦਰੋਂ-

ਭਰਮੁ ਸਭੁ ਛੁਟਕ੍ਯਾ ਅਵਲੋਕ੍ਯਾ ਬ੍ਰਹਮੁ

ਸਭ ਤਰ੍ਹਾਂ ਕਰ ਕੇ ਭਰਮ ਛੁੱਟ ਗਿਆ ਹੈ, ਜਿਹਨਾਂ ਦੇ ਅੰਦਰੋਂ ਭਰਮ ਚਲਾ ਗਿਆ ਹੈ, ਉਨ੍ਹਾਂ ਨੇ ਅਕਾਲ ਪੁਰਖ ਨੂੰ ਸਾਰੇ ਪਰੀ ਪੂਰਨ ਦੇਖਿਆ ਹੈ।

ਗੰਗਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ- ਹੇ ਭੱਟੋ!

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੩॥

ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਗਤਿ= ਰੀਤੀ (ਮਰਯਾਦਾ) ਅਲਖ= ਜਾਣਨੇ ਤੋਂ ਰਹਿਤ ਹੈ। ਉਨ੍ਹਾਂ ਗੁਰੁ= ਪੂਜ੍ਯ ਸਤਿਗੁਰਾਂ ਨੂੰ ਸੇਵਨਾ ਕਰੋ, ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਜੀਵਾਂ ਦੇ ਤਾਰਨ ਨੂੰ ਤਰਣੰ= ਜਹਾਜ਼ ਰੂਪ ਹਨ॥ ੩॥

ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ॥

(ਅੰਨਵੇ ਅੱਖਰਾਂ ਵਿਚ ਧਿਆਨ ਰੱਖਣਾ) ਜਸ ਦਾਇਕ ਗੁਰਾਂ ਦਾ ਪ੍ਰਤਾਪ ਸਦਾ ਹੀ ਗੁਰਮੁਖ ਜਨਾਂ ਦੇ ਘਟ ਘਟ ਵਿਖੇ ਪਰਗਾਸੁ ਭਯਾ= ਪ੍ਰਗਟ ਹੋ ਰਿਹਾ ਹੈ।

ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ॥

ਪਰਭਾਤਿਹਿ= ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਕਈ ਇਕ ਗੁਰਮੁਖ ਜਸ-ਦਾਇਕ ਬਾਣੀ ਨੂੰ ਪੱਤਰਾ ਲੈ ਕੇ ਪੜ੍ਹਦੇ ਹਨ, ਕਈ ਇਕ ਗੁਰਮੁਖ ਇਕਾਗਰਤਾ ਵਿਚ ਬੈਠ ਕੇ ਸੁਣਦੇ ਹਨ, ਕਈ ਇਕ ਗੁਰਮੁਖ ਰਾਗ ਵਿਖੇ ਗਾਉਂਦੇ ਹਨ।

ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥

ਕਈ ਗੁਰਮੁਖ ਪਰਭਾਤਿ= ਅੰਮ੍ਰਿਤ ਵੇਂਲੇ ਇਸ਼ਨਾਨ ਕਰ ਕੇ ਸੁਧ= ਸਾਫ਼ ਮਨ ਹੋ ਕੇ ਬਿਧਿ ਸਹਿਤ= ਮਰਯਾਦਾ ਸਹਿਤ ਗੁਰਾਂ ਦੀ ਪੂਜਾ ਕਰਦੇ ਹਨ।

ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ॥

ਪਾਰਸ ਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਰਨਾਂ ਨੂੰ ਪਰਸ ਕੇ ਜਿਨ੍ਹਾਂ ਨੇ ਜੋਤੀ ਸਰੂਪ ਪ੍ਰਮਾਤਮਾ ਦਾ ਧਿਆਨ ਧਾਰਨਾ ਕੀਤਾ ਹੈ, ਉਹਨਾਂ ਦਾ ਮਨੁੱਖਾ ਸਰੀਰ ਕੰਚਨੁ= ਸੋਨੇ ਵਰਗਾ ਪਵਿੱਤਰ ਹੋਇਆ ਹੈ।

ਪ੍ਰਸ਼ਨ—ਉਹ ਜੋਤੀ ਸਰੂਪ ਪ੍ਰਮਾਤਮਾ ਕਿਥੇ ਰਹਿੰਦਾ ਹੈ? *ਉੱਤਰ*—

ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ॥

ਉਹ ਜਗਤ ਦੇ ਜਿਵਾਉਣ ਵਾਲਾ ਅਤੇ ਸਾਰੇ ਜਗਤ ਦਾ ਨਾਥੁ= ਸੁਆਮੀ ਪ੍ਰਮਾਤਮਾ ਬਹੁ ਬਿਧਿ= ਬਹੁਤੇ ਢੰਗਾਂ ਨਾਲ ਜਲਾਂ ਥਲਾਂ ਵਿਖੇ ਪੂਰਨ ਹੋ ਰਿਹਾ ਬਰਨੰ= ਕਥਨ ਕੀਤਾ ਹੈ।

ਗੰਗਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ- ਹੇ ਭੱਟੋ!

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੪॥

ਜਾ ਕੀ= ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਗਤਿ= ਰੀਤੀ (ਮਰਯਾਦਾ) ਅਲਖ= ਜਾਣਨ ਤੋਂ ਰਹਿਤ ਤੋਂ ਹੈ, ਉਹਨਾਂ ਗੁਰੁ= ਪੂਜਜ ਸਤਿਗੁਰਾਂ ਨੂੰ ਸੇਵਨਾ ਕਰੋ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹੀ ਜੀਵਾਂ ਦੇ ਤਾਰਨ ਨੂੰ ਤਰਣੰ= ਜਹਾਜ਼ ਰੂਪ ਹਨ॥ ੪॥

ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ॥

ਜਿਨ੍ਹਾਂ ਨੇ ਗੁਰਾਂ ਦੀ ਕਹੀ ਹੋਈ ਬਾਤ= ਗੱਲ-ਬਾਤ ਧਰੂਅ ਵਾਂਗੂ ਨਿਸਚਲ= ਅਚਲ ਜਾਣੀ ਹੈ।

ਅਥਵਾ-ਜਿਨ੍ਹਾਂ ਨੇ ਆਪਣੀ ਮਤਿ ਧ੍ਰੂਅ ਵਾਂਗੂੰ ਅਚਲ ਕੀਤੀ ਹੈ ਅਤੇ ਗੁਰਾਂ ਦੇ ਬਾਤ= ਬਚਨਾਂ ਪਰ ਨਿਸਚਲ= ਨਿਸਚਾ ਕੀਤਾ ਹੈ, ਤੇਈ= ਉਹ ਮਨੁੱਖ ਜਮਕਾਲ ਤੋਂ ਬਚ ਗਏ ਹਨ

ਤਿਨ੍ ਤਰਿਓ ਸਮੁਦ੍ਰ ਰੁਦ੍ਰ ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ॥

ਉਹਨਾਂ ਨੇ ਰੁਦ੍ਰ= ਭਿਆਨਕ ਸੰਸਾਰ-ਸਮੁੰਦਰ ਤੋਂ ਇਕ ਖਿਨ ਵਿਖੇ ਤਰਨਾ ਕੀਤਾ ਹੈ, ਕਈ ਜੁਗਤੀਆਂ ਕਰ ਕੇ ਰਚਿਆ ਹੋਇਆ ਜੋ ਜਗਤ ਹੈ ਇਸ ਨੂੰ ਉਹਨਾਂ ਨੇ ਜਲਹਰ= ਬੱਦਲਾਂ ਦੀ ਬਿੰਬ= ਛਾਂ ਵਾਂਗੂੰ ਅਨਿਸਥਿਰ ਨਿਸਚੇ ਕੀਤਾ ਹੈ।

ਅਥਵਾ-ਹਰ ਜੁਗਤਿ= ਤਮਾਮ ਜੁਗਤੀਆਂ* ਕਰ ਕੇ ਰਚਿਆ ਹੋਇਆ ਜੋ ਜਗਤ ਹੈ, ਇਸ ਨੂੰ ਜਲ ਬਿੰਬ= ਪਾਣੀ ਦੇ ਬੁਦ-ਬੁਦਿਆਂ ਵਾਂਗੂੰ ਨਾਸਵੰਤ ਨਿਸਚੇ ਕੀਤਾ ਹੈ।

ਅਥਵਾ-ਸੰਸਾਰ-ਸਮੁੰਦਰ ਵਿਖੇ ਵਿਕਾਰਾਂ ਰੂਪ ਮੱਛ ਕੱਛ ਹਨ। ਤ੍ਰਿਸ਼ਨਾ ਰੂਪ ਬੜਵਾ ਅਗਨੀ ਹੈ। ਬ੍ਰਹਮ ਆਪ ਜਲ ਸਮਾਨ ਹੈ ਆਪਣੇ ਆਪ ਤੋਂ ਜੀਵਾਂ ਰੂਪ ਬੁਦ-ਬੁਦੇ ਪੈਦਾ ਕੀਤੇ ਹਨ, ਇਸ ਤਰ੍ਹਾਂ ਦੀ ਜੁਗਤੀ ਕਰ ਕੇ ਸੰਸਾਰ ਨੂੰ ਰਚਨਾ ਕੀਤਾ ਹੈ।

**ਜਗਤ ਦੀ ਉਤਪਤੀ ਨਾਨਾ ਪ੍ਰਕਾਰ ਸੇ ਮੰਨੀ ਹੈ। ਵੇਦਾਂਤੀਆਂ ਦਾ ਆਪਣਾ ਹੀ ੩੬੦ ਮਤ ਹੈ। ਬਾਕੀ ਦੇ ਨਿਆਇ, ਮੀਮਾਂਸਕ, ਵਿਸ਼ੇਸ਼ਕ ਆਦਿਕਾਂ ਦੇ ਮਤ ਭਿੰਨ ਭਿੰਨ ਹਨ।*

ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ॥

ਸਤਸੰਗਤ ਵਿਖੇ ਕੇ ਜਿਨ੍ਹਾਂ ਨੇ ਗੁਰਾਂ ਦੁਆਰੇ ਪਰਮ ਆਨੰਦ ਸਰੂਪ ਪ੍ਰਮੇਸ਼ਰ ਦੇ ਨਾਮ ਅੰਮ੍ਰਿਤ ਨੂੰ ਮੁਖ ਨਾਲ ਮਚਾ= ਅਚਿਆ ਭਾਵ ਛਕਣਾ ਕੀਤਾ ਹੈ, ਉਹਨਾਂ ਦੀ ਚਿਦ ਜੜ੍ਹ ਰੂਪ ਗੰਢ, ਜੀਵ ਈਸ਼ਵਰ ਦੇ ਭੇਦ ਰੂਪੀ ਗੰਢ, ਵਾ ਸੰਸੇ ਰੂਪ ਗੰਢ ਸੁਰਝੀ= ਸੁਲਝ ਗਈ, ਭਾਵ ਖੁਲ੍ਹ ਗਈ ਹੈ।

*ਅਥਵਾ-*ਸਤ ਸੰਗਤ ਵਿਖੇ ਆ ਕੇ ਜਿਸ ਨੇ ਗੁਰਾਂ ਦੁਆਰੇ ਪਰਮ ਅਨੰਦ ਸਰੂਪ ਪ੍ਰਮੇਸ਼ਵਰ ਦੇ ਨਾਮ ਅੰਮ੍ਰਿਤ ਵਿਖੇ ਮਚਾ= ਤਦਾਕਾਰ ਹੋਣਾ ਕੀਤਾ ਹੈ, ਉਸ ਦੀ ਕੁੰਡਲਨੀ ਨਾੜੀ* ਸੁਰਝੀ= ਖੁਲ੍ਹ ਗਈ ਹੈ।

ਸਿਰੀ ਗੁਰੂ ਸਾਹਿਬੁ ਸਭ ਊਪਰਿ ਮਨ ਬਚ ਕ੍ਰੰਮ ਸੇਵੀਐ ਸਚਾ॥ ੫॥

ਗੰਗਾ ਨਾਮੇ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ—ਹੇ ਭੱਟੋ! ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਾਰਿਆਂ ਤੋਂ ਉੱਚੇ ਹਨ, ਮਨ ਬਾਣੀ ਕ੍ਰੰਮ= ਸਰੀਰ ਕਰ ਕੇ ਸਚਿਆਂ ਗੁਰਾਂ ਨੂੰ ਸੇਵਨਾ ਕਰੋ॥ ੫॥ (ਇਥੋਂ ਤਕ ਗੰਗਾ ਭੱਟ ਦੇ ੫ ਸਵਈਏ ਆ ਗਏ ਹਨ)

ਅਗਲੇ ਅੱਠ ਸਵਈਏ 'ਗਇੰਦੇ' ਭੱਟ ਦੇ ਆਉਣਗੇ, ਜਿਨ੍ਹਾਂ ਵਿਚੋਂ ੫ ਸਵਈਏ ਹੋਰ ਚਾਲ ਦੇ ਹਨ। ੩ ਸਵਈਏ ਹੋਰ ਚਾਲ ਦੇ ਹਨ।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥

ਵਾਹਿਗੁਰੂ ਮੰਤਰ ਪਿਛੇ ਵੀ ਵਾਹਿ= ਧੰਨਤਾ ਯੋਗ ਸੀ, ਵਾਹਿਗੁਰੂ ਮੰਤਰ ਹੁਣ ਵੀ ਵਾਹਿ= ਧੰਨਤਾ ਦੇ ਯੋਗ ਹੈ, ਵਾਹਿਗੁਰੂ ਮੰਤਰ ਅੱਗੇ ਵੀ ਵਾਹਿ= ਧੰਨਤਾ ਦੇ ਯੋਗ ਹੋਵੇਗਾ।

ਯਥਾ- ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ॥
ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ, ਕਰਮਿ ਪਰਾਪਤਿ ਹੋਇ॥ ੧॥
ਮ: ੩॥ ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥
ਪੂਰੈ ਸਬਦਿ ਪ੍ਰਭੁ ਮਿਲਿਆ ਆਈ॥
ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ॥
ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ॥
ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ॥ ੨॥

(ਵਾਰ ਗੂਜਰੀ ਸਲੋਕ ੧੪, ਪੰਨਾ ੫੧੪)

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਗੂਜਰੀ ਦੀ ਵਾਰ ਵਿਖੇ ਚੌਧਵੇਂ ਸਲੋਕ ਤੋਂ ਲੈ ਕੇ ਅਠਾਰਵੇਂ ਸਲੋਕ ਤਕ ੫੧੪ ਪੰਨੇ ਤੋਂ ੫੧੬ ਪੰਨੇ ਤਕ ਵਾਹਿਗੁਰੂ ਮੰਤਰ ਦੀ ਹੀ ਮਹੱਤਤਾ ਉਚਾਰਨ ਕੀਤੀ ਹੈ। ਇਨ੍ਹਾਂ ਸਲੋਕਾਂ ਵਿਖੇ ਸੰਪ੍ਰਦਾਈ ਗਜਾਨੀ **ਵਾਹੁ ਵਾਹੁ** ਦਾ ਅਰਥ ਵਾਹਿਗੁਰੂ ਵਾਹਿਗੁਰੂ ਕਰਦੇ ਆ ਰਹੇ ਹਨ।

---

* *ਨੋਟ-ਮੂਲ ਦੁਆਰੇ ਤੋਂ ਲੈ ਕੇ ਆਗਿਆ ਚੱਕਰ ਤਕ ਜੋ ਪਿੱਠ ਪਿਛੇ ਕੰਗਰੋੜ ਹੈ ਉਸ ਵਿਖੇ ਕੁੰਡਲਨੀ ਨਾੜੀ ਕੁੰਡਲ ਮਾਰ ਕੇ ਬੈਠੀ ਹੋਈ ਹੈ (ਏਸੇ ਨੂੰ ਭੁਜੰਗਮਾ ਨਾੜੀ ਵੀ ਕਹਿੰਦੇ ਹਨ) ਸਵਾਸਾਂ ਨਾਲ ਭਜਨ-ਸਿਮਰਨ ਕਰਨ ਤੇ ਜਦ ਗਰਮਾਇਸ਼ ਪਹੁੰਚਦੀ ਹੈ ਤਾਂ ਇਹ ਖੁਲ੍ਹਦੀ ਹੈ।*

ਯਥਾ- ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ॥
ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ॥
ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ॥
ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ॥ ੧॥

(ਗਉੜੀ ਵਾਰ ਸਲੋਕ ੨੨, ਪੰਨਾ ੩੧੩)

ਤਥਾ- ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ॥
ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ॥ ੩॥

(ਮਲਾਰ ਮਹਲਾ ੩, ਪੰਨਾ ੧੨੭੭)

ਭਾਈ ਗੁਰਦਾਸ ਜੀ ਨੇ ਵੀ ਵਾਹਿਗੁਰੂ ਮੰਤਰ ਦੀ ਸਿਫਤ ਕਥਨ ਕੀਤੀ ਹੈ-

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।
ਦੁਆਪੁਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ।
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।
ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮੁ ਅਲਾਵੈ।
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।
ਚਾਰੋਂ ਅਛਰ ਇਕੁ ਕਰਿ ਵਾਹਗੁਰੂ ਜਪੁ ਮੰਤ੍ਰੁ ਜਪਾਵੈ।
ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ॥ ੪੯॥

(ਭਾਈ ਗੁਰਦਾਸ ਜੀ, ਵਾਰ ੧)

ਤਥਾ- ਸਤਿਗੁਰ ਦਰਸਨੁ ਦੇਖਣਾ ਸਾਧਸੰਗਤਿ ਵਿਣੁ ਅੰਨ੍ਹਾ ਘੋਲਾ।
ਵਾਹਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ।

(ਭਾਈ ਗੁਰਦਾਸ ਜੀ, ਵਾਰ ੪, ਪਉੜੀ ੧੭)

ਤਥਾ- ਵੇਦੁ ਨ ਜਾਣੈ ਭੇਦੁ ਕਿਹੁ ਸੇਸਨਾਗੁ ਨ ਪਾਏ।
ਵਾਹਿਗੁਰੂ ਸਾਲਾਹਣਾ ਗੁਰੁ ਸਬਦੁ ਅਲਾਏ।

(ਭਾਈ ਗੁਰਦਾਸ ਜੀ, ਵਾਰ ੯, ਪੌੜੀ ੧੩)

ਤਥਾ- ਗੁਰਮੁਖਿ ਜਨਮੁ ਸਕਾਰਥਾ ਗੁਰਸਿਖ ਮਿਲਿ ਗੁਰ ਸਰਣੀ ਆਇਆ।
ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ।
ਪ੍ਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਵਲ ਗੁਰ ਲਾਇਆ।
ਸਤਿਗੁਰੁ ਪੁਰਖ ਦਇਆਲੁ ਹੋਇ ਵਾਹਿਗੁਰੂ ਸਚੁ ਮੰਤ੍ਰੁ ਸੁਣਾਇਆ।

(ਭਾਈ ਗੁਰਦਾਸ ਜੀ, ਵਾਰ ੧੧, ਪੌੜੀ ੩)

ਤਥਾ- ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ।
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।

(ਭਾਈ ਗੁਰਦਾਸ ਜੀ, ਵਾਰ ੧੨, ਪੌੜੀ ੧੭)

ਤਥਾ- ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।
ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ।

(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੨)

ਵਾਹਿਗੁਰੂ ਮੰਤਰ ਦੀ ਮਹੱਤਤਾ ਸ੍ਰੀ ਅਮੀਰ ਤਰੰਗ ਸੰਪ੍ਰਦਾਈ ਆਸਾ ਦੀ ਵਾਰ ਸਟੀਕ ਦੇ ੨੫੬ ਪੰਨੇ ਤੋਂ ਲੈ ਕੇ ੨੬੨ ਪੰਨੇ ਤਕ ਪੜ੍ਹੋ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਦਸਮ ਗ੍ਰੰਥ ਵਿਚ ਕਈ ਵਾਰ ਵਾਹਿਗੁਰੂ ਮੰਤਰ ਲਿਖਿਆ ਹੈ।

ਚੰਡੀ ਚਰਿੱਤਰ ਦੇ ਆਰੰਭ ਵਿਖੇ, ਅਵਤਾਰਾਂ ਦੀ ਕਥਾ ਦੇ ਅਰੰਭ ਵਿਖੇ ਤੇ ਹਕਾਇਤਾਂ ਵਿਖੇ ਇਤਿਆਦਿ ਬਹੁਤ ਜਗ੍ਹਾ ਪਰ— ੧ੴ ਵਾਹਿਗੁਰੂ ਜੀ ਕੀ ਫਤ੍ਹੇ॥ ਲਿਖਿਆ ਹੈ।

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ

ਕੌਲ ਫੁੱਲ ਵਰਗੇ ਜਿਸ ਦੇ ਨੇਤਰ ਹਨ ਤੇ ਬੈਨ= ਬਚਨ ਬੜੇ ਮਿੱਠੇ ਹਨ ਅਤੇ ਜਿਸ ਦੇ ਨਾਲ ਕ੍ਰੋੜਾਂ ਹੀ ਗੁਆਲਿਆਂ ਦੀ ਸੈਨਾ ਸੋਭ ਰਹੀ ਹੈ।

ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥

ਫੇਰ ਮਾਤਾ ਜਸ਼ੋਧਾ ਜਿਸ ਨੂੰ ਕਹਿੰਦੀ ਹੈ ਕਿ ਹੇ ਮੇਰੇ ਪਿਆਰੇ ਲਾਲ! ਤੂੰ ਮੇਰੇ ਪਾਸ ਆ ਕੇ ਦਹੀਂ ਚੌਲ ਖਾਣਾ ਕਰ।

ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥

ਜਿਸ ਵੇਲੇ ਕ੍ਰਿਸ਼ਨ ਜੀ ਖੇਲੁ ਪਾਹਿ= ਖੇਡਣਾ ਪਾਉਂਦੇ ਹਨ ਤਾਂ ਕਿੰਕਨੀ= ਤੜਾਗੀ ਦੇ ਝਨਤਕਾਰ= ਝੁਣਕਾਰ ਸ਼ਬਦਾਂ ਨੂੰ ਸੁਣ ਕੇ ਅਤੇ ਅਤਿ ਅਨੂਪ= ਬੜੇ ਸੋਹਣੇ ਮੁਖੜੇ ਦੇ ਰੂਪ ਨੂੰ ਵੇਖ ਕੇ ਮਾਤਾ ਜਸ਼ੋਧਾ ਮਹਾਂ ਮੋਹ ਵਿਖੇ ਮਗ ਭਈ= ਮਗਨ ਭਾਵ ਮਸਤ ਹੋ ਜਾਂਦੀ ਹੈ।

ਇਸ ਤਰ੍ਹਾਂ ਦੀ ਕ੍ਰਿਸ਼ਨ ਮੂਰਤੀ ਜਿਸ ਭਗਵਾਨ ਨੇ ਧਾਰੀ ਹੈ, ਓਹੀ ਭਗਵਾਨ ਸਰੂਪ ਆਪ ਹੋ।

ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ

ਜਿਸ ਕਾਲ= ਅਕਾਲ ਪੁਰਖ ਦੇ ਹੱਥ ਵਿਖੇ ਹੁਕਮ ਰੂਪੀ ਕਲਮ ਫੜੀ ਹੋਈ ਹੈ, ਕਹਹੁ= ਕਹੋ ਖਾਂ! ਉਸ ਦੇ ਹੁਕਮ ਨੂੰ ਕੌਣ ਹਟਾ ਸਕਦਾ ਹੈ? ਭਾਵ ਕੋਈ ਨਹੀਂ ਹਟਾ ਸਕਦਾ।

ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ॥

ਈਸੁ= ਸ਼ਿਵ ਜੀ ਬੜੇ ਚਾਹਿ= ਉਤਸ਼ਾਹ ਨਾਲ ਜਿਸ ਦੇ ਧਿਆਨ ਨੂੰ ਆਪਣੇ ਹੀਐ= ਹਿਰਦੇ ਵਿਖੇ ਧਾਰਦਾ ਹੈ ਅਤੇ ਬੰਮ੍ਹੁ= ਬ੍ਰਹਮਾ ਵੀ ਬੜੇ ਉਤਸ਼ਾਹ ਨਾਲ ਜਿਸ ਪ੍ਰਭੂ ਦੇ ਗਿਆਨ ਨੂੰ ਕਥਨ ਕਰਦਾ ਹੈ, ਓਹੀ ਸਰੂਪ ਆਪ ਹੋ।

ਅਥਵਾ-ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਕਾਲ ਵੀ, ਕਲਮ ਵੀ, ਹੁਕਮ ਵੀ, ਸਭ ਕੁਝ ਆਪ ਜੀ ਦੇ ਹਾਥਿ= ਅਧੀਨ ਹੈ। ਕਹੋ ਖਾਂ! ਆਪ ਜੀ ਦੇ ਹੁਕਮ ਨੂੰ ਕੌਣ ਕੋਈ ਹਟਾ ਸਕਦਾ ਹੈ। ਭਾਵ ਕੋਈ ਨਹੀਂ

ਹਟਾ ਸਕਦਾ। ਈਸੁ= ਸ਼ਿਵ, ਬੰਮ੍ਹ= ਬ੍ਰਹਮਾ ਅਤੇ ਹੋਰ ਗਿਆਨੀ ਧਿਆਨੀ ਇਤਿਆਦਿਕ ਸਾਰੇ ਹੀ ਚਾਹਿ= ਉਤਸ਼ਾਹ ਨਾਲ ਆਪ ਜੀ ਦੇ ਧਿਆਨ ਨੂੰ ਹੀਐ ਧਰਤ= ਹਿਰਦੇ ਵਿਚ ਧਾਰਦੇ ਹਨ।

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ

ਹੇ ਸਤਿਗੁਰੂ ਰਾਮਦਾਸ ਸਾਹਿਬ ਜੀ! ਆਪ ਸਾਚੁ= ਸਚ ਸਰੂਪ ਹੋ ਤੇ ਸ੍ਰੀ ਨਿਵਾਸੁ= ਲਖਿਮੀ ਦਾ ਆਸਰਾ ਰੂਪ ਹੋ, ਸਾਰਿਆਂ ਪੁਰਖਾਂ ਦੀ ਆਦਿ ਜੋ ਪ੍ਰਮਾਤਮਾ ਹੈ, ਓਹ ਸਦਾ ਤੂੰ ਹੀ ਹੈਂ। ਭਾਵ ਆਪ ਉਸ ਦਾ ਸਰੂਪ ਹੋ।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੧ ॥ ੬ ॥

ਆਪ ਜੀ ਦਾ ਰਚਿਆ ਹੋਇਆ ਵਾਹਿਗੁਰੂ ਮੰਤ੍ਰ ਪਿੱਛੇ ਵੀ ਧੰਨ ਸੀ, ਆਪ ਜੀ ਦਾ ਰਚਿਆ ਹੋਇਆ ਵਾਹਿਗੁਰੂ ਮੰਤ੍ਰ ਹੁਣ ਵੀ ਧੰਨ ਹੈ, ਆਪ ਜੀ ਦਾ ਰਚਿਆ ਹੋਇਆ ਵਾਹਿਗੁਰੂ ਮੰਤ੍ਰ ਅੱਗੇ ਵੀ ਵਾਹਿ= ਧੰਨਤਾ ਦੇ ਜੋਗ ਹੋਵੇਗਾ। *ਅਥਵਾ-*ਵਾਹਿ= ਅਸਚਰਜ ਰੂਪ ਜੋ ਪ੍ਰਮਾਤਮਾ ਹੈ, ਅਗਿਆਨ ਰੂਪ ਗੁ= ਹਨੇਰੇ ਨੂੰ ਨਾਸ ਕਰ ਕੇ ਗਿਆਨ ਦਾ ਰੂ= ਪ੍ਰਕਾਸ਼ ਕਰਨ ਵਾਲਾ ਅਤੇ ਸਾਰਿਆਂ ਦਾ ਵਾਹਿ= ਪ੍ਰੇਰਕ ਤੇ ਗੁਰੂ= ਪੂਜਨੀਕ, ਫੇਰ-ਵਾਹਿ= ਵਿਸਮਾਦ ਰੂਪ ਤੇ ਸਾਰਿਆਂ ਤੋਂ ਗੁਰੂ ਵੱਡਾ ਅਤੇ ਸਾਰਿਆਂ ਦਾ ਜੀਉ= ਜੀਵਣ ਰੂਪ ਉਹ ਪ੍ਰਭੂ ਵਾਹਿ= ਧੰਨਤਾ ਦੇ ਜੋਗ ਹੈ॥ ੧ ॥ ੬ ॥

ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ

ਜਿਸ ਪ੍ਰਭੂ ਦਾ ਨਾਮ ਸਾਰਿਆਂ ਤੋਂ ਪਰਮ= ਉੱਚਾ ਹੈ, ਉਸ ਦਾ ਆਪ ਜੀ ਨੂੰ ਧਾਮ= ਆਸਰਾ ਹੈ, ਸ਼ੁੱਧ ਬੁੱਧੀ ਵਾਲੇ ਭੀ ਆਪ ਹੋ ਅਤੇ ਨਿਰਾਕਾਰ ਰੂਪ ਭੀ ਆਪ ਹੋ।

ਬੇਸੁਮਾਰ ਸਰਬਰ ਕਉ ਕਾਹਿ ਜੀਉ ॥

ਬੇਸੁਮਾਰ= ਅਣਗਿਣਤ ਗੁਣਾਂ ਵਾਲੇ ਹੋ, ਉਪਮਾ ਦੇਣ ਕਉ= ਨੂੰ ਆਪ ਜੀ ਦੇ ਸਰਬਰ= ਸਦਰਸ਼ ਕਾਹਿ= ਕਿਸ ਨੂੰ ਕਹੀਏ ਭਾਵ ਤੇਰੇ ਜੇਹਾ ਹੋਰ ਕੋਈ ਨਹੀਂ ਹੈ।

ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥

ਆਪ ਸੁਥਰ ਚਿਤ= ਅਡੋਲ ਚਿਤ ਵਾਲੇ ਹੋ। *ਅਥਵਾ-*ਸੁਥਰ ਚਿਤ= ਅਡੋਲ ਚਿਤ ਵਾਲਾ ਜੋ ਭਗਤ ਪ੍ਰਹਿਲਾਦ ਹੈ, ਉਸ ਦੀ ਰਖਿਆ ਹਿਤ= ਵਾਸਤੇ ਆਪ ਜੀ ਨੇ ਹੀ ਨਰਸਿੰਘ ਭੇਖ ਧਾਰਨ ਕੀਤਾ ਹੈ, ਆਪਣਿਆਂ ਨਖ= ਨਹੁੰਆਂ ਨਾਲ ਬਿਦਾਰਿ= ਚੀਰ ਕੇ ਹਰਨਾਖਸ਼ ਦੈਂਤ ਨੂੰ ਹਰਿਓ= ਮਾਰਨਾ ਕੀਤਾ ਹੈ।

ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ

ਸੰਖ, ਚੱਕ੍ਰ, ਗਦਾ, ਪਦਮ ਇਹ ਸਾਰੇ ਚਿੰਨ੍ਹ ਆਪ ਜੀ ਦੇ ਹਨ ਪਰ ਇਸ ਵੇਲੇ (ਗੁਰ ਅਵਤਾਰ ਸਮੇਂ) ਤੁਸੀਂ ਆਪਣੇ ਚਿੰਨ੍ਹ ਆਪਣੇ ਵਿਖੇ ਛਦਮ= ਛੁਪਾਉਣਾ ਕੀਤੇ ਹੋਏ ਹਨ।

ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥

ਅਪਰ= ਸੰਸਾਰ ਤੋਂ ਪਰਾ ਰੂਪ ਜੋ ਪਾਰਬ੍ਰਹਮ ਹੈ, ਉਸ ਦਾ ਸਰੂਪ ਹੋਣ ਕਰ ਕੇ ਤਾਹਿ= ਤਿਸ ਆਪ ਜੀ ਨੂੰ ਕੌਣ ਲਖ= ਜਾਣ ਸਕਦਾ ਹੈ?

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ

ਹੇ ਸਤਿਗੁਰੂ ਰਾਮਦਾਸ ਸਾਹਿਬ ! ਆਪ ਸਾਚੁ= ਸਚ ਸਰੂਪ ਹੋ ਅਤੇ ਸ੍ਰੀ= ਲਖਮੀ ਦਾ ਨਿਵਾਸੁ= ਆਸਰਾ ਰੂਪ ਹੋ, ਸਾਰਿਆਂ ਪੁਰਖਾਂ ਦੀ ਆਦਿ ਜੋ ਪ੍ਰਮਾਤਮਾ ਹੈ, ਓਹ ਸਦਾ ਤੂੰ ਹੀ ਹੈਂ।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੨ ॥ ੭ ॥

ਅਗਿਆਨ ਰੂਪ ਗੁ= ਹਨੇਰੇ ਵਿਚ ਗਿਆਨ ਦਾ ਰੂ= ਪ੍ਰਕਾਸ਼ ਕਰਨ ਵਾਲਾ ਵਾਹਿ= ਅਸਚਰਜ ਰੂਪ ਜੋ ਵਾਹਿਗੁਰੂ ਮੰਤਰ ਹੈ, ਉਸ ਵਾਹਿਗੁਰੂ ਮੰਤਰ ਨੂੰ ਆਪ ਹੀ ਵਾਹਿ= ਧੰਨਤਾ ਯੋਗ ਕਰਨ ਵਾਲੇ ਹੋ।

ਗਇੰਦਾ ਭੱਟ ਕਥਨ ਕਰਦਾ ਹੈ- ਹੇ ਗਰੀਬ ਨਿਵਾਜ਼! ਦੁਆਪੁਰ ਜੁਗ ਵਿਖੇ ਜਦ ਆਪ ਜੀ ਨੇ ਕ੍ਰਿਸ਼ਨ ਅਵਤਾਰ ਧਾਰਿਆ ਸੀ, ਉਸ ਵੇਲੇ ਆਪ ਜੀ ਨੇ-

ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ

ਪੀਲੇ ਬਸਤ੍ਰ ਪਹਿਰੇ ਸਨ ਅਤੇ ਆਪ ਜੀ ਦੇ ਦਸਨ= ਦੰਦ, ਕੁੰਦ= ਮਰਤਬਾਨ ਦੇ ਫੁੱਲ ਵਾਂਗੂ ਚਿੱਟੇ ਤੇ ਚਮਕੀਲੇ ਸਨ, ਪ੍ਰਿਆ ਸਹਿਤ= ਲਖਮੀ ਦੇ ਸਹਿਤ ਸੀ ਅਤੇ ਆਪ ਜੀ ਦੇ ਗਲ ਵਿਖੇ ਬਜੰਤੀਮਾਲਾ* ਸੀ।

ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥

ਸਿਰ ਉਤੇ ਮੋਰ ਦੇ ਖੰਭਾਂ ਦਾ ਮੁਕਟ ਚਾਹਿ ਜੀਉ= ਵੇਖਣ ਵਿਖੇ ਆਉਂਦਾ ਸੀ।

[ਪੰਨਾ ੧੪੦੩]

ਬੇ ਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ

ਨਿਰਗੁਣ ਸਰੂਪ ਹੋਣ ਕਰ ਕੇ ਆਪ ਵਜ਼ੀਰ ਆਦਿਕ ਅਹਿਲਕਾਰਾਂ ਤੋਂ ਬੇ= ਰਹਿਤ ਹੋ ਤੇ ਬੜੇ ਧੀਰ= ਧੀਰਜਵਾਨ ਹੋ, ਧਰਮ ਅੰਗ= ਧਰਮ ਸਰੂਪ ਹੋ। ਵਾ-ਧਰਮੀਆਂ ਦਾ ਅੰਗ= ਪੱਖ ਕਰਨ ਵਾਲੇ ਹੋ, ਅਲਖ= ਜਾਣਨ ਤੋਂ ਰਹਿਤ ਹੋ, ਅਗਮ= ਥੌਹ ਤੋਂ ਰਹਿਤ ਹੋ।

ਖੇਲੁ ਕੀਆ ਆਪਣੈ ਉਛਾਹਿ ਜੀਉ ॥

ਤੁਸੀਂ ਆਪ ਹੀ ਆਪਣੇ ਉਛਾਹਿ= ਉਤਸ਼ਾਹ ਨਾਲ ਜਗਤ ਦਾ ਖੇਲ ਰਚਨਾ ਕੀਤਾ ਹੈ।

ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ

ਆਪ ਜੀ ਦੀ ਕਥਾ ਅਕਥ ਹੈ, ਇਸ ਜਿਹਵਾ ਨਾਲ ਆਪ ਜੀ ਦੀ ਕਥਾ ਕਥਨ ਨਹੀਂ ਕੀਤੀ ਜਾਂਦੀ, ਤਿੰਨਾਂ ਲੋਕਾਂ ਵਿਖੇ ਆਪ ਜੀ ਦਾ ਸੋਹਣਾ ਜਸ ਸਮਾਇ= ਫੈਲ ਰਿਹਾ ਹੈ।

ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥

ਪਾਤਿਸ਼ਾਹਾਂ ਦਾ ਪਾਤਿਸ਼ਾਹ ਜੋ ਪ੍ਰਮੇਸ਼ਰ ਹੈ, ਉਸ ਨੇ ਆਪ ਹੀ ਸੁਤੇ ਸਿਧ ਇਹ ਆਪ ਜੀ ਦਾ ਸੁੰਦਰ ਸਰੂਪ ਧਾਰਨਾ ਕੀਤਾ ਹੈ। ਗਇੰਦਾ ਭੱਟ ਕਥਨ ਕਰਦਾ ਹੈ-

---

*ਬਾਂਸੀ ਸੀਪੀ ਸੂਕਰੀ ਕਰੀ ਗਿਰੀ ਮਠਸਾਲ। ਇਹ ਖਟ ਮੋਤੀ ਪ੍ਰੋਈਐ ਬਨੈ ਬਜੰਤੀ ਮਾਲ।

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ

ਹੇ ਸਤਿਗੁਰੂ ਰਾਮਦਾਸ ਸਾਹਿਬ ਜੀਉ! ਆਪ ਸਾਚੁ= ਸਚ ਸਰੂਪ ਹੋ ਅਤੇ ਸ੍ਰੀ= ਲਖਮੀ ਦਾ ਨਿਵਾਸੁ= ਆਸਰਾ ਰੂਪ ਹੋ, ਸਾਰਿਆਂ ਪੁਰਖਾਂ ਦੀ ਆਦਿ ਜੋ ਪ੍ਰਮਾਤਮਾ ਹੈ, ਓਹ ਸਦਾ ਤੂੰ ਹੀ ਹੈਂ।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੩ ॥ ੮ ॥

ਆਪ ਜੀ ਦੇ ਵਾਹਿਗੁਰੂ ਮੰਤਰ ਨੂੰ ਜਪ ਕੇ ਬ੍ਰਹਮਾ ਧੰਨਤਾ ਯੋਗ ਹੋਇਆ ਹੈ, ਆਪ ਜੀ ਦੇ ਵਾਹਿਗੁਰੂ ਮੰਤਰ ਨੂੰ ਜਪ ਕੇ ਵਿਸ਼ਨੂੰ ਵੀ ਧੰਨਤਾ ਯੋਗ ਹੋਇਆ ਹੈ, ਆਪ ਜੀ ਦੇ ਵਾਹਿਗੁਰੂ ਮੰਤਰ ਨੂੰ ਜਪ ਕੇ ਸ਼ਿਵ ਭੀ ਧੰਨਤਾ ਯੋਗ ਹੋਇਆ ਹੈ॥ ੩ ॥ ੮ ॥

ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥

ਸਤਿਗੁਰ ਦੇਵ ਜੀ ਪਿਛੇ ਵੀ ਗੋਬਿੰਦ ਦਾ ਸਰੂਪ ਸਨ, ਸਤਿਗੁਰ ਦੇਵ ਜੀ ਹੁਣ ਵੀ ਗੁਬਿੰਦ ਦਾ ਸਰੂਪ ਹਨ, ਸਤਿਗੁਰ ਦੇਵ ਜੀ ਅੱਗੇ ਵੀ ਗੋਬਿੰਦ ਦਾ ਸਰੂਪ ਹੋਣਗੇ।

ਅਥਵਾ—ਸਤਿ= ਤ੍ਰੈਕਾਲ ਅਬਾਧ ਜੋ ਗੁਰੂ= ਚੇਤਨ ਹੈ ਉਹ ਤਾਂ ਸਤਿਗੁਰੂ ਰੂਪ ਹੈ ਤੇ ਸਤਿਗੁਰ ਦੇਵ ਜੀ ਗੋਬਿੰਦ ਦਾ ਸਰੂਪ ਹਨ।

ਪ੍ਰਸ਼ਨ—ਗੁਰੂ ਸਾਹਿਬ ਜੀ ਕਿਹੜੇ ਗੋਬਿੰਦ ਦਾ ਸਰੂਪ ਹਨ?

ਉੱਤਰ—ਉਸ ਗੋਬਿੰਦ ਦਾ ਸਰੂਪ ਹਨ ਜਿਸ ਗੋਬਿੰਦ ਨੇ-

ਬਲਿਹਿ ਛਲਨ ਸਬਲ ਮਲਨ ਭਗ੍ਰਿ ਫਲਨ ਕਾਨ੍ ਕੁਅਰ

ਬਾਵਨ ਅਵਤਾਰ ਰੂਪ ਧਾਰ ਕੇ, ਚੰਗੀਆਂ ਚੰਗੀਆਂ ਰਿਚਾਂ ਸੁਣਾ ਕੇ, ਆਪਣੀ ਵਿਰਕਤਤਾਈ ਵਿਖਾ ਕੇ ਬਲਿਹਿ ਛਲਨ= ਬਲ ਰਾਜੇ ਨੂੰ ਛਲਣਾ ਕੀਤਾ ਹੈ ਅਤੇ ਸ-ਬਲ= ਸਹਿਤ ਬਲ ਦੇ ਜੋ ਦੈਂਤ ਸਨ ਉਹਨਾਂ ਨੂੰ ਮਲਨਾ ਕੀਤਾ ਹੈ। ਭਗਤਾਂ ਨੂੰ ਭਗਤੀ ਕਰਨ ਦਾ ਫਲ ਦਿੱਤਾ ਹੈ। ਪੁਨਾ ਦੁਆਪੁਰ ਜੁਗ ਵਿਖੇ ਜਿਸ ਨੇ ਕਾਨ੍= ਕ੍ਰਿਸ਼ਨ ਰੂਪ ਹੋ ਕੇ ਕੁਅਰ= ਕੁਮਾਰ ਅਵਸਥਾ ਵਿਖੇ ਕਈ ਤਰ੍ਹਾਂ ਦੀਆਂ ਖੇਡਾਂ ਨੂੰ ਖੇਡਣਾ ਕੀਤਾ ਹੈ।

ਨਿਹਕਲੰਕ ਬਜੀ ਡੰਕ ਚੜ੍ਹ ਦਲ ਰਵਿੰਦ ਜੀਉ ॥

ਕਲਜੁਗ ਵਿਖੇ ਜਦ ਨਿਹਕਲੰਕ ਅਵਤਾਰ ਹੋਵੇਗਾ ਤਾਂ ਪ੍ਰਤੱਖ ਧੌਂਸਿਆਂ ਪਰ ਡੰਕਾ ਵੱਜੇਗਾ ਤੇ ਦੇਵਤਿਆਂ ਦੀ ਨਾਲ ਦਲ= ਸੈਨਾ ਚੜ੍ਹੇਗੀ ਜਿਸ ਸੈਨਾ ਵਿਖੇ ਰਵਿੰਦ(ਰਵਿ+ਇੰਦ)= ਸੂਰਜ ਚੰਦ੍ਰਮਾ ਸੈਨਾਪਤੀ ਹੋਵਣਗੇ।

ਅਥਵਾ-ਉਹ ਗੋਬਿੰਦ ਨਿਹਕਲੰਕ= ਕਲੰਕ ਤੋਂ ਰਹਿਤ ਹੈ, ਜਿਸ ਦਾ ਜਸ ਰੂਪ ਡੰਕੁ= ਧੌਂਸਾ ਸਾਰੇ ਵੱਜ ਰਿਹਾ ਹੈ ਅਤੇ ਜਿਸ ਦੀ ਸੋਭਾ ਵਧਾਉਣ ਵਾਸਤੇ ਤਾਰਿਆਂ ਦਾ ਦਲ ਤੇ ਰਵਿੰਦ= ਸੂਰਜ ਚੰਦ੍ਰਮਾ ਰੋਜ਼ ਅਕਾਸ਼ ਵਿਚ ਚੜ੍ਹਦੇ ਹਨ।

ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ

ਜੋ ਰਾਮ ਰਵਣ= ਜਪਣ ਯੋਗ ਹੈ ਅਤੇ ਦੁਰਤ= ਪਾਪਾਂ ਦੇ ਦਵਣ= ਨਾਸ ਕਰਨ ਵਾਲਾ ਹੈ ਤੇ ਸੇਵਕਾਂ

ਦੇ ਸਾਰਿਆਂ ਭਵਣ= ਘਰਾਂ ਵਿਚ ਕੁਸਲ ਕਰਣ= ਸੁਖ ਪੈਦਾ ਕਰਨ ਵਾਲਾ ਹੈ।

ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥

ਦੇਵਤਿਆਂ ਦਾ ਅਧਪਤੀ ਦੇਵ ਜੋ ਪ੍ਰਮਾਤਮਾ ਹੈ, ਉਹ ਆਪ ਹੀ ਸਰਬ ਭੂਤ= ਸਰਬ ਰੂਪ ਹੋ ਰਿਹਾ ਹੈ, ਜਿਸ ਦੀ ਉਸਤਤੀ ਫੁਨਿੰਦ= ਸ਼ੇਸ਼ਨਾਗ ਆਪਣੇ ਹਜ਼ਾਰ ਮੁਖ ਤੋਂ ਹਜ਼ਾਰਾਂ ਵਾਰੀ ਉਚਾਰਨ ਕਰਦਾ ਹੈ।

ਜਰਮ ਕਰਮ ਮਛ ਕਛ ਹੁਅ ਬਰਾਹ
ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥

ਜਿਸ ਨੇ ਆਪ ਹੀ ਮੱਛ ਦੇ ਜਰਮ= ਜਨਮ ਵਿਚ ਹੋ ਕੇ ਮੱਛ ਵਾਲੇ ਕਰਮ ਕੀਤੇ ਹਨ, ਕੱਛੂ ਦੇ ਜਰਮ= ਜਨਮ ਵਿਚ ਹੁਅ= ਹੋ ਕੇ ਕੱਛੂ ਵਾਲੇ ਕਰਮ ਕੀਤੇ ਹਨ, ਬਰਾਹ= ਸੂਰ ਅਵਤਾਰ ਹੋ ਕੇ ਸੂਰਾਂ ਵਾਲੇ ਕੰਮ ਕੀਤੇ ਹਨ, ਜਮਨਾ ਨਦੀ ਦੇ ਕੂਲਿ= ਕਿਨਾਰੇ ਪਰ ਜਿਸ ਗੋਵਿੰਦ ਨੇ ਕ੍ਰਿਸ਼ਨ ਰੂਪ ਹੋ ਕੇ ਗਿੰਦ= ਗੇਂਦ ਦੀ ਖੇਡ ਨੂੰ ਖੇਡਿਆ ਹੈ, ਓਹੀ ਰੂਪ ਗੁਰੂ ਸਾਹਿਬ ਜੀ ਹਨ।

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ

ਗਇੰਦਾ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ- ਹੇ ਭੱਟੋ! ਮਨ ਵਿਚੋਂ ਵਿਸ਼ੇ ਵਿਕਾਰਾਂ ਦੇ ਸੰਕਲਪਾਂ ਨੂੰ ਤਜੁ= ਤਜਾਗ ਕੇ ਸਾਰੁ= ਸ੍ਰੇਸ਼ਟ ਨਾਮ ਨੂੰ ਆਪਣੇ ਹਿਰਦੇ ਵਿਚ ਧਾਰਨਾ ਕਰੋ।

ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥ ੪ ॥ ੯ ॥

ਸਤਿਗੁਰ ਦੇਵ ਜੀ ਗੋਬਿੰਦ ਦਾ ਰੂਪ ਹਨ, ਸਤਿਗੁਰ ਦੇਵ ਜੀ ਗੋਬਿੰਦ ਦਾ ਰੂਪ ਹਨ, ਸਤਿਗੁਰ ਦੇਵ ਜੀ ਗੋਬਿੰਦ ਦਾ ਰੂਪ ਹਨ, ਤਿੰਨ ਵਾਰ ਕਹਿ ਕੇ ਨਿਸਚੇ ਜਣਾ ਦਿੱਤਾ ਹੈ।

ਅਥਵਾ—ਸਤਿਗੁਰੂ ਨਾਨਕ ਦੇਵ ਜੀ ਵੀ ਗੋਬਿੰਦ ਦਾ ਰੂਪ ਹਨ, ਸਤਿਗੁਰੂ ਅੰਗਦ ਦੇਵ ਜੀ ਵੀ ਗੋਬਿੰਦ ਦਾ ਰੂਪ ਹਨ, ਸਤਿਗੁਰੂ ਅਮਰਦਾਸ ਜੀ ਵੀ ਗੋਬਿੰਦ ਦਾ ਰੂਪ ਹਨ॥ ੪ ॥ ੯ ॥

ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਿੱਛੇ ਵੀ ਸਤਿ ਸਰੂਪ ਸਨ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹੁਣ ਵੀ ਸਤਿ ਸਰੂਪ ਹਨ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅੱਗੇ ਵੀ ਸਤਿ ਸਰੂਪ ਹੋਣਗੇ।

ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ

ਹੇ ਮਨ! ਤੂੰ ਗੁਰਾਂ ਦਾ ਕਿਹਾ ਹੋਇਆ ਬਚਨ ਮੰਨਣਾ ਕਰ, ਏਹੀ ਆਪਣਾ ਨਿਧਾਨੁ= ਖਜ਼ਾਨਾ ਸਮਝ, ਇਸੇ ਨੂੰ ਸੱਚਾ ਮੰਤਰ ਜਾਣਨਾ ਕਰ।

ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ ॥

ਤਾਂ ਤੈਨੂੰ ਨਿਸਿ ਬਾਸੁਰ= ਰਾਤ ਦਿਨ ਕਲ੍ਯਾਨੁ= ਸੁਖ ਪ੍ਰਾਪਤ ਹੋਵੇਗਾ ਤੇ ਪਰਮ ਗਤਿ= ਕੈਵਲ ਮੁਕਤੀ ਨੂੰ ਪ੍ਰਾਪਤ ਕਰ ਲਵੇਂਗਾ।

ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ

ਕਾਮ, ਕ੍ਰੋਧ, ਲੋਭ ਅਤੇ ਮੋਹ ਆਦਿ ਨੂੰ ਤਿਆਗ ਦੇਹ, ਫੇਰ ਹਰ ਇਕ ਮਨੁੱਖ ਨਾਲ ਜਿਹੜਾ ਤੂੰ ਧੋਹੁ=

ਛਲ ਕਰਦਾ ਹੈਂ ਇਸ ਨੂੰ ਵੀ ਛੱਡ ਦੇਹ।

ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥

ਫਿਰ ਹੰਗਤਾ ਮਮਤਾ ਦਾ ਫਾਹ ਵੀ ਕੱਟ ਦੇਹ ਅਤੇ ਗੁਰੂ ਜੀ ਦੀ ਸਤਿਸੰਗ ਨਾਲ ਰਤਿ= ਪ੍ਰੀਤੀ ਕਰ।

ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ

ਦੇਹ= ਸਰੀਰ, ਗੇਹੁ= ਘਰ, ਤ੍ਰਿਅ ਸਨੇਹੁ= ਇਸਤਰੀ ਦਾ ਪ੍ਰੇਮ, ਇਤਿਆਦਿਕ ਇਹ ਸਾਰਾ ਜਗਤ ਚਿਤ ਦਾ ਹੀ ਬਿਲਾਸੁ= ਕੌਤਕ ਹੈ। ਭਾਵ ਹੇ ਮਨ! ਇਹ ਸਾਰੀ ਖੇਡ ਤੇਰੇ ਤੋਂ ਹੀ ਪੈਦਾ ਹੋਈ ਹੈ ਪਰ ਤੈਨੂੰ ਚਾਹੀਦਾ ਹੈ-

ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥

ਗੁਰੂ ਸਾਹਿਬ ਜੀ ਦੇ ਪਵਿੱਤਰ ਚਰਨ ਕੰਵਲਾਂ ਨੂੰ ਸਦਾ ਸੇਵਨਾ ਕਰ ਅਤੇ ਆਪਣੀ ਮਤਿ= ਬੁੱਧੀ ਨੂੰ ਸਦਾ ਲਈ ਦ੍ਰਿੜ੍ਹਤਾ ਵਿਚ ਲਿਆਉਣਾ ਕਰ।

ਵਾ-ਆਪਣੀ ਮਤ ਨੂੰ ਦ੍ਰਿੜ੍ਹ ਕਰ ਕੇ ਤੂੰ ਗੁਰੂ ਸਾਹਿਬ ਜੀ ਦੇ ਚਰਨ ਕੰਵਲਾਂ ਨੂੰ ਸਦਾ ਸੇਉ= ਸਰਬਦਾ ਕਾਲ ਸੇਵਨਾ ਕਰ।

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ

ਗਇੰਦਾ ਭੱਟ ਕਥਨ ਕਰਦਾ ਹੈ-ਹੇ ਮਨ! ਵਿਸ਼ੇ ਵਿਕਾਰਾਂ ਨੂੰ ਤਜੁ= ਤਿਆਗ ਕੇ ਸਾਰੁ= ਸ੍ਰੇਸ਼ਟ, ਵਾ- ਸਭ ਵੇਦਾਂ ਸ਼ਾਸਤ੍ਰਾਂ ਦੇ ਸਾਰੁ= ਸਿਧਾਂਤ ਰੂਪ ਪ੍ਰਭੂ ਦੇ ਨਾਮ ਨੂੰ ਆਪਣੇ ਹਿਰਦੇ ਵਿਖੇ ਧਾਰਨਾ ਕਰ।

ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥ ੫ ॥ ੧੦ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਿਛੇ ਵੀ ਸਤਿ ਸਰੂਪ ਸਨ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹੁਣ ਵੀ ਸਤਿ ਸਰੂਪ ਹਨ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅੱਗੇ ਵੀ ਸਤਿ ਸਰੂਪ ਹੋਣਗੇ॥ ੫॥ ੧੦॥

ਇਥੋਂ ਤਕ ਗਇੰਦੇ ਭੱਟ ਦੇ ੫ ਸਵਈਏ ਆਏ ਹਨ ਤੇ ਇਸ ਤੋਂ ਅਗਲੇ ੩ ਸਵਈਏ ਵੀ ਗਇੰਦੇ ਭੱਟ ਦੇ ਹੀ ਹਨ। ਅੰਕ ਬਦਲਿਆ ਵੇਖ ਕੇ ਕਿਸੇ ਹੋਰ ਭੱਟ ਦੇ ਸਵਈਏ ਨਾ ਸਮਝਣੇ, ਕਿਉਂਕਿ ਇਸ ਤੋਂ ਅੱਗੇ ਚਾਲ ਬਦਲਣ ਕਰ ਕੇ ਅੰਕ ਬਦਲਿਆ ਗਿਆ ਹੈ।

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥

ਹੇ ਵਾਹਿਗੁਰੂ! ਜਿਨ੍ਹਾਂ ਨੂੰ ਤੇਰਾ ਸਦਕਾ= ਆਪ ਜੀ ਦਾ ਹੀ ਭਰੋਸਾ ਹੈ, ਉਨ੍ਹਾਂ ਸਾਰਿਆਂ ਸੇਵਕਾਂ ਦੇ ਖਜ਼ਾਨੇ ਤੂੰ ਜੁਗਾਂ ਜੁਗਾਂ ਵਿਖੇ ਭਰਪੂਰ ਕਰ ਦਿੱਤੇ ਹਨ।

ਅਥਵਾ-ਜੁਗਾਂ ਜੁਗਾਂ ਵਿਖੇ ਜੋ ਸੇਵਕਾਂ ਦੇ ਖਜ਼ਾਨੇ ਭਰਪੂਰ ਹੋ ਰਹੇ ਹਨ, ਹੇ ਵਾਹਿਗੁਰੂ! ਇਹ ਸਾਰਾ ਤੇਰਾ ਹੀ ਸਦਕਾ ਹੈ। ਭਾਵ ਆਪ ਜੀ ਦੀ ਬਰਕਤ ਕਰ ਕੇ ਸੇਵਕਾਂ ਦੇ ਖਜ਼ਾਨੇ ਹਮੇਸ਼ਾਂ ਭਰਪੂਰ ਰਹਿੰਦੇ ਹਨ।

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥

ਹੇ ਨਿਰੰਕਾਰੁ= ਪ੍ਰਭੂ! ਤੂੰ ਸਦਾ ਹੀ ਸਲਾਮਤਿ= ਇਸਥਿਤ ਰੂਪ ਹੈਂ, ਤੂੰ ਕਦ ਕਾ= ਤੂੰ ਕਦੋਂ ਦਾ ਉਤਪੰਨ

ਹੋਇਆ ਹੋਇਆ ਹੈਂ, ਇਸ ਗੱਲ ਨੂੰ ਕੋਈ ਮਨੁੱਖ ਨਹੀਂ ਕਹਿ ਸਕਦਾ।

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥

ਹੇ ਵਾਹਿਗੁਰੂ! ਤੂੰ ਅਗਨਤ= ਅਣਗਿਣਤ ਹੀ ਬ੍ਰਹਮਾ ਵਿਸ਼ਨੂੰ (ਆਦਿਕਾਂ ਨੂੰ) ਸਿਰੇ= ਸਿਰਜਿਆ ਭਾਵ ਉਤਪੰਨ ਕੀਤਾ ਹੈ।

ਯਥਾ- ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ੧॥

(ਭੈਰਉ ਮਹਲਾ ੫, ਪੰਨਾ ੧੧੫੬)

*ਅਥਵਾ-*ਬ੍ਰਹਮਾ ਵਿਸ਼ਨੂੰ ਦੁਆਰਾ ਤੂੰ ਅਣਗਿਣਤ ਹੀ ਜੀਵਾਂ ਨੂੰ ਸਿਰੇ= ਸਿਰਜਣਾ ਭਾਵ ਉਤਪਨ ਕੀਤਾ ਹੈ ਪਰ ਨਾਲ ਹੀ ਤਿੰਨਾਂ ਦੇਵਤਿਆਂ ਦੇ ਮਨ ਵਿਖੇ ਮਦ= ਹੰਕਾਰ ਦਾ ਪੁੰਜ ਤੇ ਮੋਹ ਪੈਦਾ ਹੋ ਗਿਆ।

ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥

ਜਿਸ ਦਿਨ ਤੋਂ ਆਪ ਜੀ ਨੇ ਚੁਰਾਸੀ ਲੱਖ ਜੂਨ ਪੈਦਾ ਕੀਤੀ ਹੈ, ਤਦ= ਉਸ ਦਿਨ ਦਾ ਭਾਵ ਉਸ ਦਿਨ ਤੋਂ ਲੈ ਕੇ ਸਾਰਿਆਂ ਹੀ ਜੀਆਂ ਨੂੰ ਰਿਜਕੁ= ਖਾਣ ਪੀਣ ਦੇਣਾ ਕੀਤਾ ਹੈ।

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥ ੧॥ ੧੧॥

ਜੁਗਾਂ ਜੁਗਾਂ ਵਿਖੇ ਜੋ ਸੇਵਕਾਂ ਦੇ ਖਜ਼ਾਨੇ ਭਰਪੂਰ ਹੋ ਰਹੇ ਹਨ, ਵਾਹਿਗੁਰੂ! ਇਹ ਸਾਰਾ ਤੇਰਾ ਹੀ ਸਦਕਾ ਹੈ॥ ੧॥ ੧੧॥

ਵਾਹੁ ਵਾਹੁ ਕਾ ਬਡਾ ਤਮਾਸਾ॥

ਵਾਹੁ= ਧੰਨਤਾ ਯੋਗ ਜੋ ਵਾਹੁ= ਅਸਚਰਜ ਰੂਪ ਪ੍ਰਮਾਤਮਾ ਹੈ, ਉਸ ਦਾ ਇਹ ਵੱਡਾ ਭਾਰੀ ਤਮਾਸ਼ਾ ਹੈ।

ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ॥

ਜੋ ਕਿਸੇ ਜਗ੍ਹਾ ਆਪ ਹੀ ਹੱਸ ਰਿਹਾ ਹੈ ਤੇ ਕਿਸੇ ਜਗ੍ਹਾ ਆਪ ਹੀ ਕਾਰਜਾਂ ਨੂੰ ਚਿਤਵੈ= ਸੋਚ ਰਿਹਾ ਹੈ ਅਤੇ ਆਪ ਹੀ ਚੰਦ੍ਰਮਾ ਸੂਰਜ ਨੂੰ ਪ੍ਰਕਾਸ਼ ਦੇ ਰਿਹਾ ਹੈ।

*ਅਥਵਾ-*ਆਪ ਹੀ ਚੰਦ੍ਰਮਾ ਸੂਰਜ ਰੂਪ ਹੋ ਕੇ ਪ੍ਰਕਾਸ਼ ਕਰ ਰਿਹਾ ਹੈ।

ਆਪੇ ਜਲੁ ਆਪੇ ਥਲੁ ਥੰਮ੍ਹਨੁ ਆਪੇ ਕੀਆ ਘਟਿ ਘਟਿ ਬਾਸਾ॥

ਆਪ ਹੀ ਜਲ ਰੂਪ ਹੋ ਰਿਹਾ ਹੈ ਤੇ ਕਿਤੇ ਆਪ ਹੀ ਥਲੁ= ਪ੍ਰਿਥਵੀ ਰੂਪ ਹੋ ਕੇ ਜਲ ਨੂੰ ਥੰਮ੍ਹਨੁ= ਰੋਕੀ ਖੜਾ ਹੈ*, ਆਪ ਹੀ ਉਸ ਨੇ ਸਾਰਿਆਂ ਘਟਾਂ ਵਿਖੇ ਨਿਵਾਸ ਕੀਤਾ ਹੋਇਆ ਹੈ।

ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ॥

**ਪ੍ਰਸ਼ਨ- ਧਰਤੀ ਨਾਲੋਂ ਜਲ ਦਸ ਹਿੱਸੇ ਬਹੁਤਾ ਹੈ, ਇਸ ਕਰ ਕੇ ਧਰਤੀ ਨੇ ਜਲ ਨੂੰ ਕੀ ਰੋਕਣਾ ਹੈ। ਧਰਤੀ ਤਾਂ ਜਲ ਉਪਰ ਤਰਦੀ ਫਿਰਦੀ ਹੈ।

ਉੱਤਰ- ਜਲ ਉਪਹਿਤ ਚੇਤਨ ਆਪ ਹੀ ਆਪਣੀ ਤਾਕਤ ਦੁਆਰਾ ਧਰਤੀ ਦਾ ਬਹਾਨਾ ਪਾ ਕੇ ਜਲ ਨੂੰ ਰੋਕੀ ਖੜਾ ਹੈ, ਇਸ ਤੇ ਸ਼ੰਕਾ ਕਰਨ ਦੀ ਕੋਈ ਲੋੜ ਨਹੀਂ।

ਆਪ ਹੀ ਨਰੁ= ਮਨੁੱਖ ਰੂਪ ਹੋ ਰਿਹਾ ਹੈ, ਆਪ ਹੀ ਨਾਰੀ= ਇਸਤਰੀ ਰੂਪ ਹੋ ਰਿਹਾ ਹੈ।

ਅਥਵਾ- ਆਪ ਹੀ ਨਰੁ= ਈਸ਼ਵਰ ਰੂਪ ਹੋ ਰਿਹਾ ਹੈ, ਆਪ ਹੀ ਨਾਰੀ= ਮਾਇਆ ਰੂਪ ਹੋ ਰਿਹਾ ਹੈ।

ਅਥਵਾ- ਆਪ ਹੀ ਨਰੁ= ਗਿਆਨਵਾਨ ਹੋ ਰਿਹਾ ਹੈ, ਆਪ ਹੀ ਨਾਰੀ= ਜਗਿਆਸੂ ਰੂਪ ਇਸਤਰੀ ਹੋ ਰਿਹਾ ਹੈ।

ਅਥਵਾ- ਆਪ ਹੀ ਨਰੁ= ਮਨੁੱਖ ਵਿਚ ਵਿਆਪਕ ਹੈ, ਆਪ ਹੀ ਨਾਰੀ= ਇਸਤਰੀ ਵਿਚ ਵਿਆਪਕ ਹੈ, ਆਪ ਹੀ ਸਾਰਿ= ਨਰਦਾਂ ਰੂਪ ਹੋ ਰਿਹਾ ਹੈ, ਆਪ ਹੀ ਪਾਸਾ= ਚੌਪੜ ਰੂਪ ਹੋ ਰਿਹਾ ਹੈ।

ਅਥਵਾ- ਆਪ ਹੀ ਜੀਵਾਂ ਰੂਪ ਨਰਦਾਂ ਹੋ ਰਿਹਾ ਹੈ, ਆਪ ਹੀ ਤਿੰਨਾਂ ਗੁਣਾਂ ਰੂਪੀ ਚੌਪੜ ਹੋ ਰਿਹਾ ਹੈ।

ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ ॥੨ ॥੧੨ ॥

ਹੇ ਗੁਰਮੁਖੋ! ਗੁਰਮੁਖਾਂ ਦੀ ਸਤਿ ਸੰਗਤ ਵਿਖੇ ਬੈਠ ਕੇ ਤੁਸੀਂ ਸਾਰੇ (ਨਾਮਾਂ ਨੂੰ) ਵਿਚਾਰਨਾ ਕਰੋ, ਵਾਹੁ= ਅਸਚਰਜ ਰੂਪ ਪ੍ਰਮਾਤਮਾ ਦਾ ਬੜਾ ਵਾਹੁ= ਅਸਚਰਜ ਹੀ ਤਮਾਸ਼ਾ ਹੈ।

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥

ਤਮਾਸ਼ਾ ਰੂਪ ਵਿਰੋਧੀ ਤੱਤਾਂ ਨੂੰ ਆਪਸ ਵਿਚ ਮੇਲ ਕੇ ਸੰਸਾਰ ਦਾ ਇਕ ਬੜਾ ਭਾਰੀ ਖੇਲ ਰਚਨਾ ਕੀਤਾ ਹੈ, ਹੇ ਵਾਹਿਗੁਰੂ! ਇਹ ਸੰਸਾਰ ਦੀ ਸਾਰੀ ਰਚਨਾ ਤੇਰੀ ਆਪਣੀ ਹੀ ਰਚੀ ਹੋਈ ਹੈ।

ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥

ਹੇ ਵਾਹਿਗੁਰੂ! ਤੂੰ ਜਲਾਂ, ਥਲਾਂ, ਗਗਨਿ ਪਯਾਲਿ= ਅਕਾਸ਼, ਪਤਾਲ ਆਦਿਕ ਸਭ ਜਗ੍ਹਾ 'ਤੇ ਪਰੀ= ਪੂਰਨ ਹੋ ਰਿਹਾ ਹੈਂ, ਜਾ ਕੇ= ਜਿਸ ਆਪ ਜੀ ਦੇ ਬਚਨ ਅੰਮ੍ਰਿਤ ਨਾਲੋਂ ਵੀ ਮਿੱਠੇ ਹਨ।

ਯਥਾ- ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥ *(ਤਿਲੰਗ ਨਾਮਦੇਵ, ਪੰਨਾ ੭੨੭)*

ਤਥਾ- ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੇਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗੁਣ ਕੋ ਨ ਚਿਤਾਰੇ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥

(ਸੂਹੀ ਮਹਲਾ ੪, ਪੰਨਾ ੭੮੪)

ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥

ਬ੍ਰਹਮਾ ਜੀ ਤੋਂ ਆਦਿ (ਲੈ ਕੇ ਸਨਕ ਸਨੰਦਨ ਆਦਿਕ ਸਾਰਾ ਪ੍ਰਵਾਰ) ਅਤੇ ਰੁਦ੍ਰਾਦਿਕ= ਸ਼ਿਵਾਂ ਤੋਂ ਆਦਿ (ਲੈ ਕੇ ਨੰਦੀ ਭ੍ਰਿੰਗੀ ਆਦਿਕ ਸਾਰਾ ਪ੍ਰਵਾਰ) ਆਪ ਜੀ ਨੂੰ ਮੰਨਦਾ ਹੈ, ਹੇ ਵਾਹਿਗੁਰੂ! ਆਪ ਕਾਲ ਦੇ ਭੀ ਕਾਲ ਹੋ, ਨਿੰਰਜਨ= ਮਾਯਾ ਮਲ ਅਵਿਦਿਆ ਤੋਂ ਰਹਿਤ ਹੋ, ਦੁਨੀਆਂ ਦੇ ਸਾਰੇ ਜੀਵ ਆਪ ਜੀ ਪਾਸੋਂ ਜਚਨਾ= ਮੰਗਣਾ ਕਰਦੇ ਹਨ।

*ਅਥਵਾ-*ਦੁਨੀਆਂ ਦੇ ਸਾਰੇ ਜੀਵ ਅਤੇ ਪਦਾਰਥ ਆਪ ਜੀ ਦੇ ਜਚਨਾ= ਜਾਚੇ ਹੋਏ ਭਾਵ ਹਾੜੇ (ਮਿਣੇ) ਹੋਏ ਹਨ।

[ਪੰਨਾ ੧੪੦੪]

ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ ॥

ਸਤਿਗੁਰਾਂ ਦੀ ਪ੍ਰਸਾਦਿ= ਕਿਰਪਾ ਕਰ ਕੇ ਪਰਮ ਅਰਥ= ਸਿਧਾਂਤ ਰੂਪ ਪ੍ਰਮਾਤਮਾ ਪਾਇਆ ਜਾਂਦਾ ਹੈ ਅਤੇ ਸਤਿ ਸੰਗਤ ਦੇ ਨਾਲ ਮਨ ਖਚਨਾ= ਤਦਾਕਾਰ ਹੁੰਦਾ ਹੈ। ਭਾਵ ਸਤਿ ਸੰਗਤ ਦੀ ਸੇਵਾ ਵਿਖੇ ਮਨ ਜੁੜ ਜਾਂਦਾ ਹੈ।

ਕੀਆ ਖੇਲੁ ਬਡ ਮੇਲੁ ਤਮਾਸਾ
ਵਾਹਗੁਰੂ ਤੇਰੀ ਸਭ ਰਚਨਾ ॥ ੩ ॥ ੧੩ ॥ ੪੨ ॥

ਤਮਾਸ਼ਾ ਰੂਪ ਪੰਜਾਂ ਤੱਤਾਂ ਨੂੰ ਮਿਲਾ ਕੇ ਸੰਸਾਰ ਦਾ ਇਕ ਬੜਾ ਭਾਰੀ ਖੇਲ ਰਚਣਾ ਕੀਤਾ ਹੈ, ਹੇ ਵਾਹਿਗੁਰੂ! ਇਹ ਸਾਰੀ ਰਚਨਾ ਤੇਰੀ ਹੀ ਰਚੀ ਹੋਈ ਹੈ॥ ੩ ॥ ੧੩ ॥ ੪੨ ॥

ਨੋਟ-ਚਾਲ ਬਦਲਣ ਕਰ ਕੇ ਇਹ ਤਿੰਨ ਸਵਈਏ ਵੱਖਰੇ ਆਏ ਹਨ। ਇਸ ਕਰ ਕੇ ੩ ਅੰਕ ਲਗਾਇਆ ਹੈ। ਪੰਜ ਸਵਈਏ ਤੇ ਪਿਛਲੇ ਤਿੰਨ ਸਵਈਏ ਇਹ ਰਲਾ ਕੇ ਸਾਰੇ ਅੱਠ ਸਵਈਏ ਗਇੰਦੇ ਭੱਟ ਦੇ ਆਏ ਹਨ। ਉਸ ਤੋਂ ਪਹਿਲੇ ੫ ਸਵਈਏ ਗੰਗਾ ਭੱਟ ਦੇ ਆਏ ਹਨ। ਇੰਜ (੫+੫+੩=੧੩) ਤੇਰਾਂ ਸਵਈਏ ਦੋਹਾਂ ਭੱਟਾਂ ਦੇ ਆਏ ਹਨ।

ਅੱਗੋਂ ਸੱਤ ਸਵਈਏ ਮਥੁਰਾ ਭੱਟ ਦੇ ਆਉਣਗੇ—

ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ ॥

ਜੋ ਪ੍ਰਮਾਤਮਾ ਮਨ ਬਾਣੀ ਦੀ ਪਹੁੰਚ ਤੋਂ ਰਹਿਤ ਹੈ, ਅਨੰਤੁ= ਬਿਅੰਤ ਗੁਣਾਂ ਵਾਲਾ ਹੈ, ਅਨਾਦਿ= ਅਨਾਦੀ ਹੈ ਭਾਵ ਹੋਰ ਸਾਰਿਆਂ ਜੀਵਾਂ ਦਾ ਆਦਿ ਰੂਪ ਹੈ, ਫੇਰ ਜਿਸ ਪ੍ਰਮਾਤਮਾ ਦੀ ਆਦਿ ਨੂੰ ਕੋਈ ਨਹੀਂ ਜਾਣਦਾ।

ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦੁ ਬਖਾਣੈ ॥

ਸ਼ਿਵ ਅਤੇ ਬਿਰੰਚਿ= ਬ੍ਰਹਮਾ ਆਦਿਕ ਦੇਵਤੇ ਸਾਰੇ ਜਿਸ ਦੇ ਧਿਆਨ ਨੂੰ ਧਾਰਦੇ ਹਨ ਅਤੇ ਜਿਸ ਦੇ ਜਸ ਨੂੰ ਵੇਦ ਸ਼ਾਸਤਰ ਨਿਤਾਪ੍ਰਤੀ ਬਖਾਣੈ= ਕਥਨ ਕਰਦੇ ਹਨ।

ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥

ਫੇਰ ਜੋ ਨਿਰੰਕਾਰੁ= ਪ੍ਰਭੂ ਵੈਰ ਭਾਵ ਤੋਂ ਰਹਿਤ ਹੈ, ਜਿਸ ਦੇ ਸਦਰਸ਼ ਅਵਰੁ= ਹੋਰ ਕੋਈ ਦੂਜਾ ਨਹੀਂ ਹੈ।

ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ ॥

ਜੋ ਜੀਵਾਂ ਦੇ ਗੜ੍ਹਣ= ਉਤਪਤ ਕਰਨ ਵਿਚ ਅਤੇ ਭੰਜਨ= ਮਾਰਨ ਵਿਚ ਸਮਥੁ= ਸਰਬ ਸ਼ਕਤੀਵਾਨ ਹੈ, ਉਹ ਪ੍ਰਭੂ ਜੀਵਾਂ ਦੇ ਤਾਰਨ ਨੂੰ ਤਰਣ= ਜਹਾਜ਼ ਰੂਪ ਹੈ।

ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ ॥

ਜਿਸ ਪ੍ਰਮਾਤਮਾ ਨੇ ਨਾਨਾ ਤਰ੍ਹਾਂ ਦਾ ਜਗਤ ਰਚਨਾ ਕੀਤਾ ਹੈ, ਮਥੁਰਾ ਭੱਟ ਕਥਨ ਕਰਦਾ ਹੈ— ਮੈਂ ਜਨ ਦਾਸਾ ਭਾਵ ਧਾਰ ਕੇ ਰਸਨਾ ਦੁਆਰਾ ਉਸ ਪ੍ਰਭੂ ਦੇ ਜਸ ਨੂੰ ਰਸੈ= ਉਚਾਰਦਾ ਹਾਂ।

ਸ੍ਰੀ ਸਤਿਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥ ੧ ॥

ਉਸ ਕਰਤੇ ਪੁਰਖ ਪ੍ਰਮਾਤਮਾ ਦਾ ਸ੍ਰੀ= ਸੁਭਾਇਮਾਨ ਸਤਿਨਾਮੁ ਮੰਤ੍ਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਚਿਤ ਵਿਖੇ ਵਸ ਰਿਹਾ ਹੈ।

ਮਥੁਰਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ- ਹੇ ਭੱਟੋ!

ਗੁਰੂ ਸਮਰਥੁ ਗਹਿ ਕਰੀਆ ਧ੍ਰੂਵ ਬੁਧਿ ਸੁਮਤਿ ਸਮ੍ਹਾਰਨ ਕਉ ॥

ਸਮਰੱਥ ਗੁਰੂ ਜੋ (ਸ੍ਰੀ ਗੁਰੂ ਅਮਰਦਾਸ ਸਾਹਿਬ ਜੀ) ਹਨ, ਉਨ੍ਹਾਂ ਨੇ ਸੁਮਤਿ ਸਮ੍ਹਾਰਨ ਕਉ= ਸ੍ਰੇਸ਼ਟ ਮਤ ਦੇ ਸੰਭਾਲਣ ਨੂੰ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ) ਬੁਧੀ ਗਹਿ ਕਰੀਆ= ਫੜ ਕੇ ਧ੍ਰੂਵ= ਧਰੂਅ ਭਗਤ ਦੀ ਨਿਆਈਂ ਅਡੋਲ ਕਰ ਦਿੱਤੀ ਹੈ।

ਅਥਵਾ- ਸਮਰੱਥ ਗੁਰੂ ਜੋ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਹਨ, ਉਨ੍ਹਾਂ ਨੇ ਸੁਮਤਿ ਸਮ੍ਹਾਰਨ ਕਉ= ਸ੍ਰੇਸ਼ਟ ਸਿਖਿਆ ਦੇ ਸੰਭਾਲਣ ਨੂੰ ਸਿੱਖਾਂ ਦੀ ਬੁੱਧੀ ਫੜ ਕੇ ਧਰੂਅ ਦੀ ਨਿਆਈਂ ਅਚੱਲ ਕੀਤੀ ਹੈ।

ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ ॥

ਜਿਨ੍ਹਾਂ ਦੇ ਦਰਬਾਰ ਵਿਖੇ ਸਦਾ ਹੀ ਧਰਮ ਦੀ ਧੁਜਾ ਫਹਰੰਤਿ= ਫਰਕ ਭਾਵ ਝੁਲ ਰਹੀ ਹੈ। ਅਰਥਾਤ ਜਿਨ੍ਹਾਂ ਦੇ ਦਰਬਾਰ 'ਚੋਂ ਕੀਰਤਨ ਦੁਆਰਾ ਧਰਮ ਦੇ ਗ੍ਰਹਿਣ ਕਰਨ ਦੀ ਸਿਖਿਆ ਮਿਲ ਰਹੀ ਹੈ, ਜੋ ਧਰਮ ਪੁੰਜ= ਸਮੂਹ ਅਘ= ਪਾਪਾਂ ਦੇ ਤੇ ਸਮੂਹ ਤਰੰਗ= ਸੰਕਲਪਾਂ ਦੇ ਨਿਵਾਰਨ ਨੂੰ ਸਮਰੱਥ ਹੈ।

*ਅਥਵਾ-*ਧਰਮ ਸਰੂਪ ਸਤਿਗੁਰਾਂ ਦੇ ਦਰਬਾਰ ਵਿਚ ਪ੍ਰਤੱਖ ਬਸਤਰ ਦੀਆਂ ਧੁਜਾਂ ਫਰਕ ਰਹੀਆਂ ਹਨ। ਜਿਹੜੇ ਤਾਂ ਦਰਸ਼ਨੀ ਡਿਉੜੀ ਤੋਂ ਬਾਹਰਲੇ ਨਿਸ਼ਾਨ ਸਾਹਿਬ* ਹਨ, ਉਹ ਤਾਂ ਦੂਰ ਦੁਰਾਡੇ ਬੈਠੀਆਂ ਸੰਗਤਾਂ ਨੂੰ ਅਵਾਜ਼ਾਂ ਮਾਰ ਰਹੇ ਹਨ ਕਿ ਉਹ ਮਨੁੱਖ ਛੇਤੀ ਛੇਤੀ ਆਉਣ ਜਿਨ੍ਹਾਂ ਨੇ ਕਥਾ ਕੀਰਤਨ, ਨਾਮ ਅੰਮ੍ਰਿਤ ਰਸ ਦਾ ਆਨੰਦ ਮਾਣਨਾ ਹੈ ਅਤੇ ਜਿਹੜਾ ਹਰਿਮੰਦਰ ਸਾਹਿਬ ਦੇ ਉਪਰ (ਹਰਿ ਕੀ ਪਉੜੀ 'ਤੇ) ਨਿਸ਼ਾਨ ਸਾਹਿਬ ਝੂਲ ਰਿਹਾ ਹੈ ਉਹ ਮਾਨੋ ਇੰਜ ਕਹਿ ਰਿਹਾ ਹੈ ਕਿ ਆਓ! ਜਿਸ ਨੂੰ ਮੁਕਤੀ ਦੀ ਇੱਛਾ ਹੈ, ਜੀਵਨ ਅਨੰਦ

**ਸੰਨ ੧੭੭੫ ਵਿਖੇ ਪਹਿਲਾ ਨਿਸ਼ਾਨ ਸਾਹਿਬ ਬ੍ਰਹਮ ਬੂਟੇ ਦੇ ਉਦਾਸੀ ਸੰਤਾਂ ਨੇ ਖੜਾ ਕੀਤਾ ਸੀ, ਜੋ ਬਹੁਤ ਝੱਖੜ ਹਨੇਰੀ ਆਉਣ ਕਰ ਕੇ ਹਵਾ ਦਾ ਵੇਗ ਨਾ ਸਹਾਰਦਾ ਹੋਇਆ ਸੰਨ ੧੮੪੧ ਵਿਚ ਡਿੱਗ ਪਿਆ। ਇਸ ਉਪਰੰਤ ਇਕ ਨਿਸ਼ਾਨ ਸਾਹਿਬ ਤਾਂ ਮਹਾਰਾਜਾ ਸ਼ੇਰ ਸਿੰਘ ਜੀ ਨੇ ਅਤੇ ਦੂਸਰਾ ਨਿਸ਼ਾਨ ਸਾਹਿਬ ਸ: ਦੇਸਾ ਸਿੰਘ ਮਜੀਠੀਏ ਨੇ ਦਰਸ਼ਨੀ ਡਿਓੜੀ ਤੋਂ ਬਾਹਰ ਲਗਵਾਇਆ ਸੀ। ਜੋ ਪ੍ਰਕਰਮਾ ਚੌੜੀ ਕਰਨ ਦੀ ਨਵੀਂ ਸਕੀਮ ਅਨੁਸਾਰ ਮਾਸਟਰ ਤਾਰਾ ਸਿੰਘ ਜੀ ਤੇ ਮੈਨੇਜਰ ਸ੍ਰਦਾਰ ਗੁਰਦਿਆਲ ਸਿੰਘ ਦੀ ਮੌਜੂਦਗੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਜੀ ਪਾਸੇ ਵਾਲਾ ਨਿਸ਼ਾਨ ਸਾਹਿਬ ਪਹਿਲੇ ਸੰਮਤ ੨੦੧੪, ਮਾਘ ਦਿਨ ੧੧, ਮੁਤਾਬਕ ੨੩ ਜਨਵਰੀ ੧੯੫੮ ਰਾਤ ਦੇ ਸਾਢੇ ਨੌਂ ਵਜੇ ਗਿਰਾਇਆ ਗਿਆ ਅਤੇ ਦੂਸਰਾ ਦਰਸ਼ਨੀ ਡਿਉੜੀ ਦੇ ਪਾਸੇ ਵਾਲਾ ਨਿਸ਼ਾਨ ਸਾਹਿਬ ਸੰਮਤ ੨੦੧੪, ਮਾਘ ਦਿਨ ੨੧, ਮੁਤਾਬਕ ੨ ਫਰਵਰੀ ੧੯੫੮ ਐਤਵਾਰ ਦਿਨ ਦੇ ਢਾਈ ਵਜੇ ਗਿਰਾਇਆ ਗਿਆ। ਇਸ ਤੋਂ ਮਗਰੋਂ ਨਵੇਂ ਨਿਸ਼ਾਨ ਸਾਹਿਬਾਂ ਦੀ ਸੇਵਾ ਸਹਿਜਧਾਰੀ ਸਿੱਖ ਆਤਮਾ ਰਾਮ ਨੇ ਕਰਵਾਈ ਜੋ ਮਗਰੋਂ ਅਕਾਲ ਤਖਤ ਸਾਹਿਬ ਅੰਮ੍ਰਿਤ ਛਕ ਕੇ ਆਤਮਾ ਸਿੰਘ ਨਾਮ ਕਰ ਕੇ ਗੁਰੂ ਦਾ ਸਿੰਘ ਸਜਿਆ। ਇਨ੍ਹਾਂ ਪੰਜਾਂ ਪਿਆਰਿਆਂ ਵਿਖੇ ਸ੍ਰੀ ਮਾਨ ੧੦੮ ਗਜਾਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਵੀ ਸ਼ਾਮਲ ਹੋਏ। ਪਹਿਲੇ ਚਰਸ਼ਨੀ ਡਿਉੜੀ ਵਾਲੇ ਪਾਸੇ ਦਾ ਨਿਸ਼ਾਨ ਸਾਹਿਬ ਸੰਮਤ ੨੦੧੬, ਚੇਤਰ ਦਿਨ ੨੭, ਚੇਤਰ ਸੁਦੀ ਏਕਮ ਸੰਮਤ ਵਾਲੇ ਦਿਨ, ਮੁਤਾਬਕ ੯ ਅਪ੍ਰੈਲ ੧੯੫੯ ਵੀਰਵਾਰ ਵਾਲੇ ਦਿਨ ਲਗਾਇਆ ਗਿਆ ਤੇ ਦੂਸਰਾ ਨਿਸ਼ਾਨ ਸਾਹਿਬ ਅਕਾਲ ਤਖਤ ਵਾਲੇ ਪਾਸੇ ਦਾ ਸੰਮਤ ੨੦੧੬, ਜੇਠ ਦਿਨ ੧੧, ਜੇਠ ਵਦੀ ਦੂਜ, ਮੁਤਾਬਕ ੨੪ ਮਈ ੧੯੫੯ ਐਤਵਾਰ ਨੂੰ ਲਗਾਇਆ ਗਿਆ।*

ਮਾਣਨਾ ਚਾਹੁੰਦਾ ਹੈ ਤਾਂ ਉਹ ਅੰਦਰ ਆ ਕੇ ਗੁਰਬਾਣੀ ਸੁਣੇ, ਪੜ੍ਹੇ, ਗਾਵੇ। ਇਸ ਤਰ੍ਹਾਂ ਦੇ ਸੰਦੇਸ਼ ਦਿੰਦੇ ਹੋਏ ਹਵਾ ਨਾਲ ਗੱਲਾਂ ਕਰਦੇ ਅਵਾਜ਼ਾਂ ਮਾਰ ਰਹੇ ਹਨ।

ਅਘ ਪੁੰਜ ਤਰੰਗ ਨਿਵਾਰਨ ਕਉ॥

ਫਿਰ ਜਿਹੜੇ ਸਰੋਵਰ ਵਿਖੇ ਤਰੰਗ ਉਠ ਰਹੇ ਹਨ ਇਹ ਪੁੰਜ= ਸਮੂਹ ਅਘ= ਪਾਪਾਂ ਦੇ ਨਵਿਰਤ ਕਰਨ ਕਉ= ਨੂੰ ਸਮਰੱਥ ਹਨ।

ਮਥੁਰਾ ਜਨ ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ॥

ਮਥੁਰਾ ਜਨ= ਮਥਰਾ ਨਾਮੇ ਭੱਟ ਨਾਲਦਿਆਂ ਭੱਟਾਂ ਨੂੰ ਕਹਿੰਦਾ ਹੈ ਕਿ ਹੇ ਭੱਟੋ! ਇਹ ਪੂਰਬੋਕਤ ਗੱਲ ਮੈਂ ਜੀਅ ਵਿਖੇ ਸੱਚੀ ਜਾਣ ਕੇ ਆਖੀ, ਇਸ ਤੋਂ ਬਿਨਾਂ ਹੋਰ ਕੋਈ ਗੱਲ ਵਿਚਾਰਨ ਯੋਗ ਨਹੀਂ। ਭਾਵ ਮੈਂ ਜੋ ਭੀ ਕਿਹਾ ਹੈ ਉਹ ਨਿਸਚੇ ਕਰ ਕੇ ਹੀ ਕਿਹਾ ਹੈ।

ਹਰਿ ਨਾਮੁ ਬੋਹਿਥੁ ਬਡੌ ਕਲਿ ਮੈ ਭਵਸਾਗਰ ਪਾਰਿ ਉਤਾਰਨ ਕਉ॥ ੨॥

ਸੰਸਾਰ-ਸਮੁੰਦਰ ਤੋਂ ਪਾਰ ਉਤਾਰਨ ਕਉ= ਕਰਨ ਨੂੰ ਕਲਯੁਗ ਵਿਖੇ ਹਰੀ ਦਾ ਨਾਮ ਹੀ ਬਡੌ= ਵੱਡਾ ਜਹਾਜ਼ ਹੈ॥ ੨॥

ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ॥

ਜਿਹੜੇ ਗੁਰਮੁਖ ਜਨ ਸਤਸੰਗਤਿ ਨਾਲ ਮਿਲ ਕੇ ਸੁਰੰਗ ਰਤੇ= ਸ੍ਰੇਸ਼ਟ ਪ੍ਰੇਮ ਵਿਚ ਰਤੇ= ਤਦਾਕਾਰ ਹੋ ਕੇ ਸੰਤਤ ਹੀ= ਇਕ ਰਸ ਵਾਹਿਗੁਰੂ ਦੇ ਜਸ ਨੂੰ ਗਾਉਂਦੇ ਹਨ। ਤੇ—

ਧ੍ਰਮ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ॥

ਧਰਮ ਦੇ ਰਸਤੇ ਚਲਦੇ ਹਨ ਅਤੇ ਧਰਨੀਧਰ= ਪ੍ਰਮਾਤਮਾ ਦੇ ਨਾਮਾਂ ਨੂੰ ਆਪਣੇ ਚਿਤ ਵਿਖੇ ਧਾਰ ਕੇ ਲਿਵ= ਬਿਰਤੀ ਨੂੰ ਪ੍ਰਭੂ ਚਰਨਾਂ ਵਿਖੇ ਇਸਥਿਤ ਕਰ ਰਹੇ ਹਨ, ਹੋਰ ਕਿਸੇ ਪਾਸੇ ਨਹੀਂ ਦੌੜਦੇ।

ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ॥

ਮਥੁਰਾ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ— ਹੇ ਭੱਟੋ! ਉਹਨਾਂ ਦੇ ਸਭ ਤੋਂ ਭਲੇ= ਚੰਗੇ ਭਾਗ ਹਨ, ਉਹ ਆਪਣੇ ਮਨ ਦੀ ਇੱਛਾ ਅਨੁਸਾਰ ਹੀ ਸਮੂਹ ਫਲਾਂ ਨੂੰ ਪਾਉਣਾ ਕਰਦੇ ਹਨ।

ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ॥ ੩॥

ਜਿਹੜੇ ਮਨੁੱਖ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤਰ) ਚਰਨਾਂ ਵਿਖੇ ਆਪਣੇ ਚਿਤ ਨੂੰ ਲਗਾਉਂਦੇ ਹਨ, ਉਨ੍ਹਾਂ ਨੂੰ ਰਵਿ ਕੇ ਸੁਤ ਕੋ= ਸੂਰਜ ਦੇ ਪੁੱਤਰ (ਧਰਮ ਰਾਜ) ਦਾ ਤ੍ਰਾਸੁ ਕਹਾ= ਕੀ ਡਰ ਹੈ? ਭਾਵ ਕੋਈ ਡਰ ਨਹੀਂ॥ ੩॥

ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਹਿਰਦਾ ਰੂਪ ਸਰੋਵਰ ਅਥਵਾ ਪ੍ਰਤੱਖ ਹਰਿ ਮੰਦਰ ਸਾਹਿਬ ਪ੍ਰਭੂ ਦੇ ਨਿਰਮਲ ਨਾਮ ਰੂਪ ਸੁਧਾ= ਅੰਮ੍ਰਿਤ ਕਰ ਕੇ ਪਰਪੂਰਨ= ਨੱਕੋ ਨੱਕ ਭਰਿਆ ਹੋਇਆ ਹੈ, ਫੇਰ ਇਹ ਗੱਲ ਪ੍ਰਗਟ ਹੈ ਕਿ ਜਿਸ ਹਰਿਮੰਦਰ ਸਾਹਿਬ ਵਿਖੇ ਦਿਨ ਆਗਰੁ= ਦਿਨ ਚੜ੍ਹਨ ਤੋਂ ਅੱਗੇ-ਅੱਗੇ ਹੀ ਸ਼ਬਦ ਰੂਪ ਤਰੰਗ

ਉਠਦੇ ਹਨ। ਭਾਵ ਅੰਮ੍ਰਿਤ ਵੇਲੇ ਤੋਂ ਹੀ ਕੀਰਤਨ ਦੀ ਧੁਨ ਸ਼ੁਰੂ ਹੋ ਜਾਂਦੀ ਹੈ।

ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥

(ਸ੍ਰੀ ਹਰਿਮੰਦਰ ਸਾਹਿਬ ਰੂਪ ਸਰੋਵਰ) ਅਤਿ ਗਹਿਰ= ਬੜਾ ਡੂੰਘਾ ਹੈ, ਬਡ ਗੰਭੀਰੁ= ਬੜਾ ਨਿਰਹੱਲ ਹੈ, ਅਥਾਹ ਅਤਿ= ਅਤਿਸੈ ਕਰ ਕੇ ਅਥਾਹ ਹੈ, ਇਸ ਦਾ ਅੰਤ ਨਹੀਂ ਲਿਆ ਜਾਂਦਾ, ਬਡ ਸੁਭਰੁ= ਬਹੁਤ ਲਬਾ ਲਬ ਭਰਿਆ ਹੋਇਆ ਹੈ ਪੁਨਾ ਹਮੇਸ਼ਾ ਸਭ ਬਿਧਿ= ਹਰੇਕ ਤਰ੍ਹਾਂ ਦੇ ਸ਼ੁਭ-ਗੁਣਾਂ ਰੂਪ ਰਤਨਾਂ ਦੀ ਆਗਰੁ= ਖਾਣ ਹੈ।

ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥

ਜਿਹੜੇ ਸੰਤ ਮਰਾਲ= ਹੰਸ ਦੀ ਨਿਆਈਂ ਇਸ ਹਰਿਮੰਦਰ ਸਾਹਿਬ ਰੂਪ ਸਰੋਵਰ ਪਰ ਬੈਠ ਕੇ ਕੀਰਤਨ ਦਾ ਕੰਤੂਹਲ= ਅਨੰਦ ਮਾਣਨਾ ਕਰਦੇ ਹਨ, ਉਨ੍ਹਾਂ ਦੇ ਅੰਦਰੋਂ ਜਮਾਂ ਦਾ ਤ੍ਰਾਸ= ਡਰ ਮਿਟ ਗਿਆ ਹੈ ਤੇ ਦੁੱਖਾਂ ਦੀ ਗੱਲ ਹੀ ਕੀ ਕਹਿਣੀ ਹੈ, ਜੋ ਆ ਕੇ ਉਹਨਾਂ ਨੂੰ ਪ੍ਰਾਪਤ ਹੋਣ। ਭਾਵ ਉਹਨਾਂ ਦੇ ਨੇੜੇ ਦੁੱਖ ਆਉਂਦੇ ਹੀ ਨਹੀਂ।

ਅਥਵਾ-ਉਹਨਾਂ ਦੇ ਦੁਖ ਕਾਗਰੁ= ਕਾਗਜ਼ ਦੀ ਨਿਆਈਂ ਗਲ ਗਏ ਹਨ।

ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥ ੪ ॥

ਮਥੁਰਾ ਭੱਟ ਹੋਰਨਾਂ ਭੱਟਾਂ ਨੂੰ ਆਖਦਾ ਹੈ- ਹੇ ਭੱਟੋ! ਇਸ ਕਲਯੁਗ ਵਿਖੇ ਦੁਰਤ= ਪਾਪਾਂ ਦੇ ਦੂਰ ਕਰਨ ਨੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਦਰਸ਼ਨ ਹੀ ਸਾਰਿਆਂ ਸੁਖਾਂ ਦਾ ਸਾਗਰੁ= ਸਮੁੰਦਰ ਹੈ॥ ੪ ॥

ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ

ਸਾਰਿਆਂ ਹੀ ਜੁਗਾਂ ਵਿਖੇ ਜਿਸ ਪ੍ਰਮਾਤਮਾ ਦੇ ਧਿਆਨ ਨੂੰ ਧਾਰ ਕੇ ਰਿਖੀ ਮੁਨੀ ਤੁਰੇ ਫਿਰਦੇ ਹਨ।

ਕਬਹੁਕ ਕੋਊ ਪਾਵੈ ਆਤਮ ਪ੍ਰਗਾਸ ਕਉ ॥

ਪਰ ਆਤਮਾ ਦੇ ਪ੍ਰਗਾਸ ਕਉ= ਗਿਆਨ ਨੂੰ ਕੋਈ ਵਿਰਲਾ ਹੀ ਰਿਖੀ ਮੁਨੀ ਕਬਹੁਕ= ਕਿਸੇ ਸਮੇਂ ਪਾਉਣਾ ਕਰਦਾ ਹੈ।

ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ

ਵੇਦ ਬਾਣੀ ਦੇ ਸਹਿਤ ਹੋ ਕੇ ਬਿਰੰਚਿ= ਬ੍ਰਹਮਾ ਵੀ ਜਿਸ ਪ੍ਰਮਾਤਮਾ ਦੇ ਜਸ ਨੂੰ ਗਾਂਵਦਾ ਹੈ।

ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥

ਮੁਨੀਆਂ 'ਚੋਂ ਸ਼ਰੋਮਣੀ ਜੋ ਸ਼ਿਵ ਮਹਾਰਾਜ ਜੀ ਹਨ ਅਥਵਾ ਅਸਲ ਮੁਨੀ ਜੋ ਸ਼ਿਵ ਜੀ ਹਨ ਉਹ ਧਿਆਨ ਨੂੰ ਇਸ ਤਰ੍ਹਾਂ ਗਹਿ= ਗ੍ਰਹਿਣ ਕੀਤੀ ਬੈਠੇ ਹਨ ਜੋ ਕਬਿਲਾਸ= ਕੈਲਾਸ਼ ਪਰਬਤ ਕੰਉ= ਨੂੰ ਤਜਾਤ ਨ= ਤਿਆਗਦੇ ਹੀ ਨਹੀਂ।

ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ

ਜਾ ਕੌ= ਜਿਸ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਬੜੇ-ਬੜੇ ਜੋਗੀ, ਜਤੀ, ਸਿਧ, ਸਾਧਿਕ ਆਦਿਕ ਅਨੇਕਾਂ ਹੀ ਅਨੇਕ ਪ੍ਰਕਾਰ ਦੀ ਤਪਸਿਆ ਕਰਦੇ ਹਨ।

ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥

ਜਟਾ ਜੂਟ= ਜੜਾਵਾਂ ਦਾ ਜੂੜਾ ਸਿਰ 'ਤੇ ਰੱਖ ਕੇ ਅਤੇ ਉਦਾਸੀ ਭੇਖ ਨੂੰ ਧਾਰ ਕੇ ਤੁਰੇ ਫਿਰਦੇ ਹਨ।

ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ
ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ ੫ ॥

ਸੁ= ਉਸ ਵਾਹਿਗੁਰੂ ਦੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਹਨ ਤਿਨਿ= ਉਨ੍ਹਾਂ ਸਤਿਗੁਰਾਂ ਨੇ ਆਪਣੇ ਜੀਅ ਵਿਖੇ ਕ੍ਰਿਪਾ ਧਾਰੀ= ਕਿਰਪਾ ਕਰ ਕੇ (ਤਰਸ ਕਰ ਕੇ) ਸੁਖ= ਸੌਖੇ ਢੰਗ ਨਾਲ ਭਾਇ= ਪ੍ਰੇਮ ਪੂਰਬਕ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਨਾਮ ਸਿਮਰਨ ਦੀ ਬਡਾਈ= ਵਡਿਆਈ ਬਖਸ਼ਣਾ ਕੀਤੀ ਹੈ॥ ੫ ॥

ਨਾਮੁ ਨਿਧਾਨੁ ਧਿਆਨ ਅੰਤਰ ਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥

ਸਤਿਗੁਰਾਂ ਦੀ ਕਿਰਪਾ ਕਰ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪ੍ਰਭੂ ਦੇ ਨਾਮ ਦਾ ਨਿਧਾਨੁ= ਖਜ਼ਾਨਾ ਹੈ ਅਤੇ ਵਾਹਿਗੁਰੂ ਦੇ ਧਿਆਨ ਵਿਖੇ ਹਮੇਸ਼ਾਂ ਗਤਿ= ਪ੍ਰਾਪਤ ਭਾਵ ਇਸਥਿਤ ਰਹਿੰਦੇ ਹਨ, ਫਿਰ ਜਿਨ੍ਹਾਂ ਦਾ ਪੁੰਜ ਤੇਜ= ਸਮੂਹ ਤੇਜ ਪ੍ਰਤਾਪ ਤਿੰਨਾਂ ਹੀ ਲੋਕਾਂ ਵਿਖੇ ਪ੍ਰਕਾਸ਼ ਰਿਹਾ ਹੈ।

ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ ॥

ਜਿਨ੍ਹਾਂ ਦਾ ਸ਼ਰਧਾ ਨਾਲ ਦਰਸ਼ਨ ਦੇਖਣ ਕਰ ਕੇ ਭਟਕਿ= ਸ਼ੀਘਰ ਹੀ ਭਟਕਣਾ ਸਹਿਤ ਭਰਮ ਭਜਤ= ਦੌੜ ਭਾਵ ਨਾਸ ਹੋ ਜਾਂਦਾ ਹੈ, ਫਿਰ ਦੁੱਖ ਪਰਹਰਿ= ਨਾਸ ਹੋ ਜਾਂਦੇ ਹਨ ਅਤੇ ਸਹਜੇ ਹੀ ਸੁਖ ਬਿਗਾਸੇ= ਪ੍ਰਗਟ ਹੋ ਆਉਂਦੇ ਹਨ। ਵਾ- ਸਹਜ ਸੁਖ= ਆਤਮ ਸੁਖ ਉਸ ਨੂੰ ਬਿਗਾਸੇ= ਪ੍ਰਕਾਸ਼ਦਾ ਅਰਥਾਤ ਪ੍ਰਾਪਤ ਹੋ ਜਾਂਦਾ ਹੈ।

ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ ॥

ਜਿਵੇਂ ਸਮੂਹ ਅਲਿ= ਭਉਰੇ ਸੁਬਾਸੇ= ਸੁਗੰਧਤ ਕੁਸਮ= ਕੰਵਲ ਫੁੱਲ ਉਪਰ ਮਸਤ ਰਹਿੰਦੇ ਹਨ, ਤਿਵੇਂ ਹੀ ਗੁਰ ਸੇਵਕ ਸਿਖਿਆ ਦੇ ਧਾਰਨ ਵਾਲੇ ਸਦਾ ਅਤਿ= ਵਧੇਰੇ ਕਰ ਕੇ ਸਤਿਗੁਰਾਂ ਦੇ ਚਰਨਾਂ 'ਤੇ ਲੁਭਾਇਮਾਨ ਰਹਿੰਦੇ ਹਨ।

ਬਿਦ੍ਮਾਨ ਗੁਰਿ ਆਪਿ ਥਪ੍ਯੋ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥ ੬ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਆਪ ਹੀ ਗੁਰਿਆਈ ਗੱਦੀ ਰੂਪੀ ਸੱਚੇ ਥਿਰ ਤਖਤ ਪਰ ਬਿਦ੍ਮਾਨ= ਪ੍ਰਗਟ ਹੀ ਭਾਵ ਸਿੱਖ ਸੰਗਤਾਂ ਦੇ ਸਾਹਮਣੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਥਪ੍ਯੋ= ਥਾਪਣਾ ਕੀਤਾ ਹੈ।

[ਪੰਨਾ ੧੪੦੫]

ਤਾਰ੍ਯੋ ਸੰਸਾਰੁ ਮਾਯਾ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ ॥

ਦੁੱਖਾਂ ਦੀ ਨਵਿਰਤੀ ਕਰਨ ਨੂੰ, ਵਾ- ਮਨ ਦੀਆਂ ਸੰਪੂਰਨ ਵਾਸ਼ਨਾਂ ਪੂਰਨ ਕਰਨ ਨੂੰ ਸਮਰੱਥ ਜੋ ਨਾਮ ਹੈ, ਉਸ ਨਾਮ ਅੰਮ੍ਰਿਤ ਦਾ ਪਿਆਲਾ ਦੇ ਕੇ ਮਾਇਆ ਦੇ ਮਦ ਵਿਖੇ ਮੋਹੇ ਹੋਏ ਸੰਸਾਰੀ ਜੀਵਾਂ ਨੂੰ ਸੰਸਾਰ-ਸਾਗਰ ਤੋਂ ਤਾਰਨਾ ਕੀਤਾ ਹੈ।

ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ॥

ਫੇਰ ਗੁਰੂ ਸਾਹਿਬ ਜੀ ਕੀਰਤਿਵੰਤ= ਕੀਰਤੀ ਵਾਲੇ ਹਨ ਹਰ ਜਗ੍ਹਾ ਪਰ ਗੁਰੂ ਜੀ ਦਾ ਜਸ ਹੀ ਜਸ ਹੋ ਰਿਹਾ ਹੈ ਤੇ ਸਦਾ ਹੀ ਸੁਖ ਸੰਪਦਾ ਦੇ ਸਹਿਤ ਹਨ, ਰਿਧੀਆਂ ਅਤੇ ਸਿਧੀਆਂ ਜਿਨ੍ਹਾਂ ਦੇ ਸਥੁ= ਸਾਥ ਨੂੰ ਛੱਡਦੀਆਂ ਨਹੀਂ ਹਨ।

ਦਾਨਿ ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ॥

ਮੈਂ ਸੇਵਕ ਮਥੁਰਾ ਭੱਟ ਨੇ ਦਾਸਾ ਭਾਵ ਨਾਲ ਇਹ ਤਥੁ= ਸਿਧਾਂਤ ਆਖਿਆ ਹੈ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬੜੇ ਦਾਨੀ ਅਤੇ ਮਹਾਂ ਬਲ ਵਾਲੇ ਹਨ।

ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ॥੭॥੪੯॥

ਜਾ ਕੈ= ਜਿਸ ਮਨੁੱਖ ਦੇ ਬ-ਸੀਸਿ= ਸਿਰ ਉਪਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਰਪਾ ਦਾ ਹੱਥ ਰੱਖਣਾ ਕੀਤਾ ਹੈ, ਉਸ ਮਨੁੱਖ ਨੂੰ ਕਾਹੂ ਕੀ= ਕਿਸੇ ਦੀ ਕਹਾ= ਕੀ ਪ੍ਰਵਾਹ ਹੈ? ਭਾਵ ਕੋਈ ਪ੍ਰਵਾਹ ਨਹੀਂ ਹੈ॥ ੭॥ ੪੯॥

ਇਥੋਂ ਤਕ ਮਥੁਰਾ ਭੱਟ ਦੇ ੭ ਸਵਈਏ ਆ ਗਏ ਹਨ ਇਸ ਕਰ ਕੇ ੭ ਅੰਕ ਲਗਾਇਆ ਹੋਇਆ ਹੈ ਤੇ ੪੯ ਅੰਕ ਇਹ ਸ਼ੁਰੂ ਤੋਂ ਚਲਾ ਆ ਰਿਹਾ ਹੈ। ਇਸ ਦਾ ਭਾਵ ਇਹ ਹੈ ਕਿ ਇਥੋਂ ਤਕ ਸਾਰਿਆਂ ਭੱਟਾਂ ਦੇ ਉਨੰਜਾ ਸਵਈਏ ਆ ਚੁੱਕੇ ਹਨ। ਅੱਗੋਂ ਬਲ ਨਾਮੇ ਭੱਟ ਦੇ ੫ ਸਵਈਏ ਆਉਣਗੇ—

ਤੀਨਿ ਭਵਨ ਭਰਪੂਰਿ ਰਹਿਓ ਸੋਈ॥

ਉਹ ਪ੍ਰਮਾਤਮਾ ਤੀਨਿ ਭਵਨ= ਤਿੰਨਾਂ ਲੋਕਾਂ ਵਿਖੇ ਪਰੀ ਪੂਰਨ ਹੋ ਰਿਹਾ ਹੈ।

ਅਪਨ ਸਰਸੁ ਕੀਅਉ ਨ ਜਗਤ ਕੋਈ॥

ਉਸ ਨੇ ਅਪਨ ਸਰਸੁ= ਆਪਣੇ ਵਰਗਾ ਜਗਤ ਵਿਖੇ ਕੋਈ ਵੀ ਪੈਦਾ ਨਹੀਂ ਕੀਤਾ।

ਆਪੁਨ ਆਪੁ ਆਪ ਹੀ ਉਪਾਯਉ॥

ਉਸ ਨੇ ਆਪ ਹੀ ਸ੍ਵੈ ਇੱਛਾ ਅਨੁਸਾਰ ਆਪਣੇ ਆਪ ਤੋਂ ਸਾਰੇ ਸੰਸਾਰ ਨੂੰ ਉਤਪੰਨ ਕੀਤਾ ਹੈ।

ਸੁਰਿ ਨਰ ਅਸੁਰ ਅੰਤੁ ਨਹੀ ਪਾਯਉ॥

ਸੁਰਿ= ਦੇਵਤੇ, ਨਰ= ਮਨੁੱਖ, ਅਸੁਰ= ਦੈਂਤ ਇਨ੍ਹਾਂ ਸਾਰਿਆਂ 'ਚੋਂ ਕਿਸੇ ਨੇ ਭੀ ਉਸ ਦਾ ਅੰਤ ਨਹੀਂ ਪਾਇਆ।

ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ॥

ਸੁਰੇ= ਦੇਵਤਿਆਂ, ਅਸੁਰਹ= ਦੈਂਤਾਂ, ਨਰ= ਮਨੁੱਖਾਂ ਨੇ ਉਸ ਦਾ ਅੰਤ ਨਹੀਂ ਪਾਇਆ, (ਸ਼ਿਵਾਂ ਦੇ) ਗਣ (ਟੋਣਾ, ਛੋਣਾ, ਨੰਦੀ, ਭ੍ਰਿੰਗੀ ਆਦਿਕ) ਅਤੇ ਦੇਵਤਿਆਂ ਦੇ ਗੰਧਰਬ ਰਾਗੀ ਹਾ-ਹਾ, ਹੂ-ਹੂ ਆਦਿ ਸਾਰੇ ਉਸ ਪ੍ਰਮਾਤਮਾ ਨੂੰ ਖੋਜਦੇ-ਫਿਰਦੇ ਹਨ ਪਰ ਉਸ ਦਾ ਅੰਤ ਕਿਸੇ ਨੇ ਨਹੀਂ ਪਾਇਆ।

ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰ ਪਰੇ॥

ਉਹ ਪ੍ਰਮਾਤਮਾ ਅਬਿਨਾਸੀ= ਨਾਸ ਤੋਂ ਰਹਿਤ ਹੈ, ਅਚਲੁ= ਚਲਾਇਮਾਨ ਤੋਂ ਰਹਿਤ ਹੈ, ਅਜੋਨੀ= ਜੂਨੀਆਂ ਤੋਂ ਰਹਿਤ ਹੈ, ਸੰਭਉ= ਸੁਤੇ ਪ੍ਰਕਾਸ਼ ਰੂਪ ਹੈ, ਸਾਰਿਆਂ ਪੁਰਸ਼ਾਂ ਵਿਚੋਂ ਪੁਰਖੋਤਮੁ= ਉਤਮ ਪੁਰਖ ਹੈ, ਅਪਾਰ= ਬਿਅੰਤ ਗੁਣਾਂ ਵਾਲਾ ਹੈ, ਪਰੇ= ਸਾਰਿਆਂ ਤੋਂ ਪਰੇ ਭਾਵ ਅਸੰਗ ਹੈ।

ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧ੍ਯਾਇਯਉ॥

ਉਹ ਪ੍ਰਮਾਤਮਾ ਸਦੀਵਕਾਲ ਸਰਬ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ, ਸਾਰਿਆਂ ਜੀਵਾਂ ਨੇ ਆਪਣੇ ਮਨ ਵਿਚ ਉਸ ਪ੍ਰਮਾਤਮਾ ਨੂੰ ਧਿਆਉਣਾ ਕੀਤਾ ਹੈ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥੧॥

ਉਸੇ ਪ੍ਰਮੇਸ਼ਰ ਦੇ ਸਰੂਪ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਸਾਰੇ ਜਗਤ ਵਿਖੇ ਆਪ ਜੀ ਦੇ ਜੈ ਜੈਕਾਰੇ ਹੋ ਰਹੇ ਹਨ, ਤੈ= ਆਪ ਜੀ ਨੇ ਹਰੀ ਦੀ ਪ੍ਰਾਪਤੀ ਰੂਪ ਪਰਮ-ਪਦਵੀ ਨੂੰ ਪਾਉਣਾ ਕੀਤਾ ਹੈ॥ ੧॥

ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ॥

(ਹੁਣ ਪੱਧਤੀ ਮੇਲਦੇ ਹਨ)

ਸਤਿਗੁਰ ਨਾਨਕ ਦੇਵ ਜੀ ਦੀ ਭਗਤੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਕ ਮਨਿ= ਇਕਾਗਰ ਮਨ ਹੋ ਕੇ ਕੀਤੀ ਹੈ ਅਤੇ ਗੋਬਿੰਦ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਖੇ ਆਪਣਾ ਤਨ, ਮਨ, ਧਨ ਅਰਪ ਦਿੱਤਾ।

ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ॥

ਅਨੰਤ= ਬਿਅੰਤ ਪ੍ਰਮਾਤਮਾ ਨੇ ਨਿਜ= ਆਪ ਹੀ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਮੂਰਤੀ ਧਾਰਨਾ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹੀਅਉ= ਹਿਰਦਾ ਅਗਮ ਰੂਪ ਪ੍ਰਮਾਤਮਾ ਦੇ ਗਿਆਨ-ਰਸ ਵਿਖੇ ਰਸ੍ਯਉ= ਤਦਾਕਾਰ ਹੋਇਆ ਹੈ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਕਿਰਪਾ ਨਾਲ--

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ॥

ਸ੍ਰੀ ਗੁਰੂ ਅਮਰਦਾਸ ਜੀ ਨੇ ਕਰਤਾਰੁ= ਪ੍ਰਮਾਤਮਾ ਨੂੰ ਆਪਣੇ ਵਸ ਵਿਚ ਕੀਤਾ ਹੈ ਤੇ ਵਾਹਿਗੁਰੂ-ਵਾਹਿਗੁਰੂ ਕਰ ਕੇ ਉਸ ਪ੍ਰਮਾਤਮਾ ਨੂੰ ਧਿਆਉਣਾ ਕੀਤਾ ਹੈ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥੨॥

ਬਲ ਨਾਮਾ ਭੱਟ ਕਥਨ ਕਰਦਾ ਹੈ—ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਕਰ ਕੇ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਸਾਰੇ ਜਗਤ ਵਿਖੇ ਆਪ ਜੀ ਦੇ ਜੈ ਜੈਕਾਰੇ ਹੋ ਰਹੇ ਹਨ ਅਤੇ ਤੈ= ਆਪ ਜੀ ਨੇ ਹਰੀ ਦੀ ਪ੍ਰਾਪਤੀ ਰੂਪ ਪਰਮ-ਪਦਵੀ ਨੂੰ ਪਾਉਣਾ ਕੀਤਾ ਹੈ॥ ੨॥

ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥

ਨਾਰਦ ਮੁਨੀ, ਧ੍ਰੂਅ, ਪ੍ਰਹਿਲਾਦ ਅਤੇ ਸੁਦਾਮਾ-ਇਤਿਆਦਿਕ ਜੋ ਹਰੀ ਦੇ ਉਪਾਸ਼ਕ ਹਨ, ਇਹ ਪੁਬ=

ਪੂਰਬਲੇ ਜੁਗਾਂ ਦੇ ਭਗਤ ਗਿਣੇ ਜਾਂਦੇ ਹਨ।

ਅੰਬਰੀਕੁ ਜਯਦੇਵ ਤਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥

ਅੰਬਰੀਕ ਵੀ ਪੂਰਬਲੇ ਜੁਗ ਦਾ ਭਗਤ ਹੈ, ਅੰਬਰੀਕ ਤੋਂ ਇਲਾਵਾ ਜੈਦੇਵ ਜੀ, ਤ੍ਰਿਲੋਚਨ ਜੀ, ਨਾਮਦੇਵ ਜੀ ਅਤੇ ਹੋਰ ਕਬੀਰ ਆਦਿ ਜੋ ਭਗਤ ਭਣੰ= ਕਥਨ ਕੀਤੇ ਹਨ।

ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ ਪਰਿ ਛਾਇਯਉ॥

ਉਨ੍ਹਾਂ (ਜੈਦੇਵ, ਤ੍ਰਿਲੋਚਨ, ਨਾਮਦੇਵ, ਕਬੀਰ ਆਦਿ ਭਗਤਾਂ) ਦਾ ਅਵਤਾਰੁ= ਜਨਮ ਕਲਿ ਭਿੰਤਰਿ= ਕਲਯੁਗ ਵਿਚ ਹੋਇਆ ਹੈ। ਭਗਤੀ ਦੇ ਪ੍ਰਤਾਪ ਕਰ ਕੇ ਇਨ੍ਹਾਂ ਭਗਤਾਂ ਦਾ ਜਸ ਸਾਰੇ ਜਗਤ ਪਰ ਛਾ ਰਿਹਾ, ਭਾਵ ਫੈਲ ਰਿਹਾ ਹੈ। ਬਲ ਨਾਮਾ ਭੱਟ ਕਥਨ ਕਰਦਾ ਹੈ—

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥੩॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਸਾਰੇ ਜਗਤ ਵਿਖੇ ਆਪ ਜੀ ਦੇ ਜੈ ਜੈਕਾਰੇ ਹੋ ਰਹੇ ਹਨ, ਤੈ= ਆਪ ਜੀ ਨੇ ਹਰੀ ਦੀ ਪ੍ਰਾਪਤੀ ਰੂਪ ਪਰਮ-ਪਦਵੀ ਨੂੰ ਪਾਉਣਾ ਕੀਤਾ ਹੈ॥ ੩॥

ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਜਿਹੜੇ ਮਨੁੱਖ ਮਨਸਾ= ਬੁੱਧੀ ਕਰ ਕੇ ਤੁਝੈ= ਆਪ ਜੀ ਨੂੰ ਸਿਮਰਨਾ ਕਰਦੇ ਹਨ, ਤਿਣੰ= ਉਹਨਾਂ ਪੁਰਸ਼ਾਂ ਦੇ ਅੰਦਰ ਜੋ ਕਾਮ ਕ੍ਰੋਧ (ਆਦਿਕ ਸ਼ੱਤਰੂ ਹਨ ਉਹ ਸਾਰੇ ਹੀ) ਮਿਟ ਜਾਂਦੇ ਹਨ।

ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ॥

ਜਿਹੜੇ ਮਨੁੱਖ ਬਾਚਾ= ਬਾਣੀ ਕਰ ਕੇ ਤੁਝੈ= ਆਪ ਜੀ ਨੂੰ ਸਿਮਰਨਾ ਕਰਦੇ ਹਨ, ਉਨ੍ਹਾਂ ਨੂੰ ਜੋ ਦੁੱਖ ਦਲਿੱਦ੍ ਪ੍ਰਾਪਤ ਹੁੰਦੇ ਹਨ, ਉਹ ਇਕ ਖਿਨ ਵਿਖੇ ਸਾਰੇ ਦੇ ਸਾਰੇ ਮਿਟ ਜਾਂਦੇ ਹਨ।

ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ ਭਟ ਜਸੁ ਗਾਇਯਉ॥

"ਬਲਾ" ਨਾਮਾ ਭੱਟ ਕਥਨ ਕਰਦਾ ਹੈ— ਜੋ ਮਨੁੱਖ ਕਰਮ ਕਰਿ= ਸਰੀਰ ਕਰ ਕੇ ਤੁਅ= ਆਪ ਜੀ ਦੇ ਪਾਰਸ ਸਰ= ਪਾਰਸ ਦੇ ਸਦਰਸ਼ ਅਮੋਲਕ ਦਰਸ਼ਨ ਨੂੰ ਪਰਸ= ਪਰਸਣਾ ਕਰਦੇ ਹਨ, ਉਹਨਾਂ ਦੇ ਜਸ ਨੂੰ ਸਾਰੇ ਲੋਕ ਗਾਉਂਦੇ ਹਨ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥੪॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਸਾਰੇ ਜਗਤ ਵਿਚ ਆਪ ਜੀ ਦੇ ਜੈ ਜੈਕਾਰੇ ਹੋ ਰਹੇ ਹਨ, ਤੈ= ਆਪ ਜੀ ਨੇ ਹਰੀ ਦੇ ਪ੍ਰਾਪਤੀ ਰੂਪ ਪਰਮ ਪਦੁ= ਉਚੇ ਮਰਾਤਬੇ ਨੂੰ ਪਾਉਣਾ ਕੀਤਾ ਹੈ॥ ੪॥

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥

ਜਿਸ ਸਤਿਗੁਰੂ (ਗੁਰੂ ਰਾਮਦਾਸ ਜੀ) ਨੂੰ ਸਿਮਰਦਿਆਂ ਹੋਇਆਂ ਨਯਨ= ਅੱਖਾਂ ਦੇ ਤਿਮਰ= ਅੰਧਕਾਰ ਆਦਿਕ ਵਿਕਾਰ ਇਕ ਖਿਨ ਵਿਖੇ ਮਿਟ ਜਾਂਦੇ ਹਨ।

ਅਥਵਾ-ਮਨ ਬੁੱਧੀ ਰੂਪ ਅੱਖਾਂ ਵਿਚੋਂ ਤਿਮਰ= ਅਗਿਆਨ ਆਦਿਕ ਵਿਕਾਰ ਇਕ ਖਿਨ ਵਿਖੇ ਮਿਟ

ਜਾਂਦੇ ਹਨ।

ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥

ਜਿਸ ਸਤਿਗੁਰੂ ਰਾਮਦਾਸ ਜੀ ਨੂੰ ਸਿਮਰਦਿਆਂ ਹੋਇਆਂ ਦਿਨੋ ਦਿਨੁ= ਦਿਨ ਪ੍ਰਤੀ ਦਿਨ ਭਾਵ ਨਿਤਾਪ੍ਰਤੀ ਹਿਰਦੇ ਵਿਖੇ ਹਰੀ ਨਾਮ ਦਾ ਅਭਿਆਸ ਵਧਦਾ ਜਾਂਦਾ ਹੈ।

ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥

ਜਿਸ ਸਤਿਗੁਰੂ (ਗੁਰੂ ਰਾਮਦਾਸ ਜੀ) ਨੂੰ ਸਿਮਰਦਿਆਂ ਹੋਇਆਂ, ਇਹ ਜੀਵ ਆਪਣੇ ਹਿਰਦੇ ਦੀ ਤਪਤਿ= ਤਪਸ਼ (ਸੜਨਤਾ) ਮਿਟਾਵੈ= ਮਿਟਾ ਲੈਂਦਾ ਹੈ।

ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ॥

ਜਿਸ ਸਤਿਗੁਰੂ (ਗੁਰੂ ਰਾਮਦਾਸ ਜੀ) ਨੂੰ ਸਿਮਰਦਿਆਂ ਹੋਇਆਂ, ਇਹ ਜੀਵ ਰਿਧੀਆਂ ਸਿਧੀਆਂ ਅਤੇ ਨੌ ਨਿਧੀਆਂ ਨੂੰ ਪਾਉਣਾ ਕਰਦਾ ਹੈ।

ਸੋਈ ਰਾਮਦਾਸੁ ਗੁਰੁ ਬਲ੍ਹ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥

ਬਲ ਨਾਮਾ ਭੱਟ ਨਾਲਦਿਆਂ ਭੱਟਾਂ ਨੂੰ ਭਣਿ= ਕਥਨ ਕਰਦਾ ਹੈ—ਹੇ ਭੱਟੋ! ਉਸੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸਤਿਸੰਗਤ ਨਾਲ ਮਿਲ ਕੇ ਧੰਨ ਧੰਨ ਉਚਾਰਨਾ ਕਰੋ (ਕਿ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ,ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ।)

ਜਿਹ ਸਤਿਗੁਰ ਲਗਿ ਪ੍ਰਭੁ ਪਾਈਐ
ਸੋ ਸਤਿਗੁਰੁ ਸਿਮਰਹੁ ਨਰਹੁ॥ ੫॥ ੫੪॥

ਜਿਨ੍ਹਾਂ ਸਤਿਗੁਰਾਂ ਦੀ ਚਰਨੀ ਲਗਿਆਂ ਪ੍ਰਭੁ= ਪ੍ਰਮਾਤਮਾ ਪਾਇਆ ਜਾਂਦਾ ਹੈ; ਹੇ ਨਰੋ! ਉਨ੍ਹਾਂ ਹੀ ਸਤਿਗੁਰਾਂ ਨੂੰ ਤੁਸੀਂ ਸਿਮਰਨਾ ਕਰੋ॥ ੫॥ ੫੪॥

ਇਥੋਂ ਤੱਕ ਬਲ ਨਾਮੇ ਭੱਟ ਦੇ ਪੰਜ ਸਵਈਏ ਆ ਚੁੱਕੇ ਹਨ। ਅੱਗੋਂ ਅਥਰਬਣ ਵੇਦ ਦਾ ਅਵਤਾਰ ਜੋ 'ਕੀਰਤ' ਨਾਮਾ ਭੱਟ ਹੈ, ਉਹ ਚਾਰ ਸਵਈਆਂ ਵਿਖੇ ਉਸਤਤੀ ਕਰਦਾ ਹੈ—

ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ॥

ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਆਖੇ ਹੋਏ ਸ਼ਬਦ ਨੂੰ ਕਮਾ ਕੇ ਪਰਮ ਪਦੁ= ਆਤਮ ਪਦ ਨੂੰ ਪਾਇਆ ਹੈ ਅਤੇ ਸੇਵਾ ਨੂੰ ਕਰਦਿਆਂ ਹੋਇਆਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪਾਸੇ ਨੂੰ ਛਡਿਆ ਨਹੀਂ।

ਤਾ ਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ

ਤਾ ਤੇ= ਉਸ ਸੇਵਾ ਕਰ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਗਉਹਰੁ= ਮੋਤੀ ਦੀ ਨਿਆਈਂ ਗਿਆਨ ਦਾ ਉਜੀਆਰਉ= ਪ੍ਰਕਾਸ਼ ਪ੍ਰਗਟ ਹੋ ਰਿਹਾ ਹੈ।

ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ ॥

ਜਿਸ ਗਿਆਨ ਕਰ ਕੇ ਦੁੱਖ ਜਨਮ ਮਰਨ ਦਾ ਦੁਖਦਾਈ ਦਲਿੱਦਰ ਅਤੇ ਅਗਿਆਨ ਰੂਪ ਹਨੇਰੇ ਦਾ ਨਾਸ ਹੁੰਦਾ ਹੈ।

[ਪੰਨਾ ੧੪੦੬]

ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ
ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥

'ਕੀਰਤ' ਨਾਮਾ ਕਵੀ ਕਹਿੰਦਾ ਹੈ—ਜੋ ਭੀ ਪੁਰਸ਼ ਸੰਸਾਰ ਵਲੋਂ ਮੁੜ ਕੇ ਸੰਤ= ਸ਼ਾਂਤ ਆਤਮਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤਰ ਚਰਨਾਂ ਨਾਲ ਲੱਗਦੇ ਹਨ, ਉਨ੍ਹਾਂ ਨੂੰ ਕਾਮ ਕ੍ਰੋਧ ਅਦਿਕਾਂ ਦਾ ਦੁੱਖ ਅਤੇ ਜਮਾਂ ਦਾ ਤ੍ਰਾਸ= ਡਰ ਨਹੀਂ ਹੁੰਦਾ।

ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ

ਜਿਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗ-ਸੰਗ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਰਖਜਕ ਹੋਏ ਹਨ।

ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥ ੧ ॥

(ਅਤੇ ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ) ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਰਖਜਕ ਹੋਏ ਹਨ, ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਸ਼ਾਹਿਬ ਜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਰਖਜਕ ਹੋਏ ਹਨ॥ ੧ ॥

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਜਿਸ ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਸੇਵ ਕੇ ਨਾਮ, ਵਾ—ਮੋਖਸ਼ ਪਦਾਰਥ ਨੂੰ ਪਾਇਆ ਹੈ ਅਤੇ ਰਾਤ ਦਿਨ ਹਰੀ ਦੇ ਚਰਨਾਂ ਵਿਖੇ ਆਪ ਜੀ ਦਾ ਨਿਵਾਸ ਹੈ।

ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ ॥

ਤਿਸੀ ਕਾਰਨ ਸਾਰੀ ਸੰਗਤ ਆਪ ਜੀ ਦੇ ਸਘਨ ਭਾਇ= ਬਹੁਤੇ ਪ੍ਰੇਮ ਅਤੇ ਭਉ= ਡਰ ਨੂੰ ਮੰਨਦੀ ਹੈ। ਅਥਵਾ-ਤਿਸ ਕਾਰਨ ਸਘਨ= ਬਹੁਤੀ ਸੰਗਤ ਭਾਇ= ਪ੍ਰੇਮ ਪੂਰਬਕ ਆਪ ਜੀ ਦੇ ਡਰ ਨੂੰ ਮੰਨਦੀ ਹੈ, ਆਪ ਪ੍ਰਗਟ ਹੀ ਸੁਬਾਸੁ= ਸ੍ਰੇਸ਼ਟ ਭਗਤੀ ਰੂਪ ਵਾਸ਼ਨਾ ਵਾਲੇ ਮਲੀਆਗਰ= ਬਾਵਨ ਚੰਦਨ ਰੂਪ ਹੋ।

ਧ੍ਰੂ ਪ੍ਰਹਿਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੋ ਜੁ ਪ੍ਰਗਾਸੁ ॥

ਧ੍ਰੂਅ ਭਗਤ, ਪ੍ਰਹਿਲਾਦ ਭਗਤ, ਕਬੀਰ ਅਤੇ ਤ੍ਰਿਲੋਚਨ ਭਗਤ-ਇਨ੍ਹਾਂ ਦੇ ਅੰਦਰ ਜੋ ਗਿਆਨ ਦਾ ਪ੍ਰਕਾਸ਼ ਉਤਪੰਨ ਹੋਇਆ ਹੈ, ਸੋ "ਸਤਿਨਾਮ ਵਾਹਿਗੁਰੂ" ਨਾਮ ਦੇ ਲੈਣ ਨਾਲ ਹੀ ਉਤਪੰਨ ਹੋਇਆ ਹੈ।

ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨ ॥

ਜਿਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਿਖਤ= ਦੇਖਣ ਕਰ ਕੇ ਮਨ ਵਿਖੇ ਅਤਿਅੰਤ ਰਹਸੁ= ਅਨੰਦ ਹੁੰਦਾ ਹੈ, ਓਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੰਤਾਂ ਦੇ ਸਹਾਰੁ= ਸਹਾਇਕ ਹਨ।

ਅਥਵਾ-ਜਿਸ ਪ੍ਰਮਾਤਮਾ ਦੇ ਵੇਖਣ ਕਰ ਕੇ ਮਨ ਵਿਖੇ ਅਤਿਅੰਤ ਅਨੰਦ ਹੁੰਦਾ ਹੈ, ਓਹੀ ਪ੍ਰਮਾਤਮਾ ਸੰਤਾਂ ਦੀ ਸਹਾਇਤਾ ਕਰਨ ਵਾਸਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਰੂਪ ਹੋਇਆ ਹੈ॥ ੨ ॥

ਨਾਨਕਿ ਨਾਮੁ ਨਿਰੰਜਨੁ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਨਿਰੰਜਨ ਨਾਮ ਦਾ ਸਿਮਰਨ ਕਰਨਾ ਜਾਣਿਆਂ ਹੈ,

ਵਾ- ਜੀਵਾਂ ਦੇ ਉਧਾਰ ਕਰਨ ਵਾਲਾ ਇਕ ਨਿਰੰਜਨ ਦਾ ਨਾਮ ਹੀ ਜਾਣਿਆਂ ਹੈ ਅਤੇ ਲਿਵ ਲਗਾ ਕੇ ਵਾਹਿਗੁਰੂ ਦੀ ਪ੍ਰੇਮਾ ਭਗਤੀ ਕੀਤੀ ਹੈ।

ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨ ਸਬਦ ਸੁਰਤਿ ਕੀ ਨੀਵ ਰਖਾਈ॥

ਉਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗਾਂ ਨਾਲ ਲੱਗ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਸ਼ੁਭ ਗੁਣਾਂ ਦਾ ਸਾਇਰੁ= ਸਮੁੰਦਰ ਹੋਏ ਹਨ।

ਵਾ-ਪ੍ਰਮੇਸ਼ਰ ਜਸ ਦੇ ਉਚਾਰਨ ਵਾਲੇ ਸਾਇਰੁ= ਕਵੀ ਹੋਏ ਹਨ ਅਤੇ ਉਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਸਬਦ= ਬ੍ਰਹਮ ਰੂਪ ਕਿਲ੍ਹੇ 'ਤੇ ਚੜ੍ਹਨ ਵਾਸਤੇ ਸੁਰਤਿ= ਸ੍ਰੇਸ਼ਟ ਪ੍ਰੀਤੀ ਪੂਰਬਕ ਇਕ ਸ਼ਰਧਾ ਰੂਪੀ ਨੀਂਹ ਸਿੱਖਾਂ ਪਾਸੋਂ ਰਖਵਾਈ ਹੈ।

ਅਥਵਾ- ***ਸਬਦ ਸੁਰਤਿ ਕੀਨੀ ਵਰਖਾਈ॥***

ਸੁਰਤੀਆਂ ਕਰ ਕੇ ਪ੍ਰਤਿਪਾਦਕ ਜੋ ਸਬਦ= ਬ੍ਰਹਮ ਹੈ, ਉਸ ਦੀ ਪ੍ਰਾਪਤੀ ਲਈ ਉਪਦੇਸ਼ ਜਲ ਦੀ ਵਰਖਾਈ=ਵਰਖਾ ਕੀਨੀ= ਕੀਤੀ ਹੈ।

ਸੰਪ੍ਰਦਾਈ ਅਰਥ ਅਤੇ ਪਾਠ ਪਹਿਲਾ ਹੀ ਠੀਕ ਹੈ: ***ਨੀਵ ਰਖਾਈ॥***

ਵਾ- ਤਿਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਸਬਦ= ਬ੍ਰਹਮ ਵਿਖੇ ਜੋ ਸੁਰਤ= ਚਿਤ ਦਾ ਜੋੜਨਾ ਕੀਤਾ ਹੈ, ਏਹੀ ਇਕ ਨੀਂਹ ਰੱਖੀ ਹੈ।

ਵਾ- ਤਿਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਚਾਰੇ ਹੋਏ ਸ਼ਬਦ ਵਿਚ ਸੁਰਤ ਜੋੜਨ ਦੀ ਨੀਂਹ ਰੱਖੀ ਹੈ।

ਜਿਸ ਵੇਲੇ ਕਿਹਾ "ਖਾਹ ਮੁਰਦਾ" ਤਾਂ ਉਸ ਪਰਖ ਵਿਚ ਆਪ ਪੂਰੇ ਉਤਰੇ ਹੋ। ਜਿਵੇਂ ਪੰਜਾਂ ਪਿਆਰਿਆਂ ਨੇ ਕਲਗੀਧਰ ਜੀ ਦੇ ਉਚਰੇ ਹੋਏ ਸ਼ਬਦ ਵਿਚ ਸੁਰਤ ਜੋੜ ਕੇ ਆਪਣੇ ਸਿਰ ਕੁਰਬਾਨ ਕਰ ਕੇ ਖਾਲਸਾ ਪੰਥ ਦੀ ਨੀਂਹ ਰੱਖੀ ਹੈ।

ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥

ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਕਿਰਪਾ ਨਾਲ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਥਾ ਅਕੱਥ ਹੈ, ਜਿਹਵਾ ਇਕ ਹੈ, ਕਥਾ ਬਿਅੰਤ ਹੈ, ਇਸ ਲਈ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਥਾ ਕੁਛ ਕਹੀ ਨਹੀਂ ਜਾਂਦੀ।

ਸੋਢੀ ਸ੍ਰਿਸ੍ਰਿ ਸਕਲ ਤਾਰਣ ਕਉ
ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥ ੩ ॥

'ਕੀਰਤ' ਨਾਮਾ ਭੱਟ ਆਖਦਾ ਹੈ- ਸਾਰੀ ਸ੍ਰਿਸ਼ਟੀ ਦੇ ਤਾਰਨ ਨੂੰ ਸੋਢੀ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ

ਜੀ ਹਨ, ਹੁਣ ਉਨ੍ਹਾਂ ਨੂੰ ਗੁਰਤਾ-ਗੱਦੀ ਦੀ ਵਡਿਆਈ ਮਿਲੀ ਹੈ॥ ੩॥

ਚੌਥੇ ਅਥਰਬਣ ਵੇਦ ਦਾ ਅਵਤਾਰ ਜੋ ਕੀਰਤ ਨਾਮਾ ਭੱਟ ਹੈ, ਉਹ ਚੌਥੇ ਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਉਸਤਤੀ ਕਹਿ ਕੇ ਸਮਾਪਤੀ ਵਿਖੇ ਆਪਣੀ ਨਿਮ੍ਰਤਾ ਸਹਿਤ ਪ੍ਰਾਰਥਨਾ ਕਰਦਾ ਹੈ—

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥

ਹੇ ਸਤਿਗੁਰੂ! ਅਸੀਂ ਸਾਰੇ (ਭੱਟ) ਔਗੁਣਾਂ ਨਾਲ ਲਿਬੜੇ ਹੋਏ ਹਾਂ, ਅਸਾਡੇ ਵਿਚ ਇਕ ਭੀ ਸ਼ੁਭ-ਗੁਣ ਨਹੀਂ ਹੈ, ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਵਿਸ਼ਿਆਂ ਰੂਪੀ ਵਿਹੁ ਖਾਧੀ ਹੈ।

ਯਥਾ- ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥ *(ਪੰਨਾ ੮੬੨)*

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥

ਤ੍ਰੈਗੁਣ ਆਤਮਕ ਮਾਇਆ ਦੇ ਮੋਹ ਦੁਆਰਾ ਭਰਮ ਵਿਚ ਲੱਗ ਕੇ ਭੁੱਲ ਰਹੇ ਹਾਂ, ਸੁਤ= ਪੁੱਤਰ, ਦਾਰਾ= ਇਸਤ੍ਰੀ ਦੇ ਨਾਲ ਅਸੀਂ ਪ੍ਰੀਤੀ ਲਗਾਈ ਹੋਈ ਹੈ।

ਵਾ-ਮਾਯਾ ਦੇ ਮੋਹ ਵਿਚ ਪੈ ਕੇ, ਭਰਮ ਵਿਚ ਲੱਗ ਕੇ, ਸਰੂਪ ਵਲੋਂ ਭੁੱਲ ਗਏ ਹਾਂ।

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥

ਹੇ ਸਤਿਗੁਰੂ! ਆਪ ਜੀ ਦੀ ਜੋ ਸੰਗਤ ਕਰਨੀ ਹੈ ਏਹੀ ਅਸੀਂ ਇਕ ਉਤਮ ਪੰਥੁ= ਰਸਤਾ ਸੁਣਿਆਂ ਹੈ, ਤਿਸ ਆਪ ਜੀ ਦੀ ਸੰਗਤ ਨਾਲ ਮਿਲ ਕੇ ਜਮਾਂ ਦੀ ਤ੍ਰਾਸ= ਖੌਫਤਾਈ ਦੂਰ ਕੀਤੀ ਹੈ।

ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ॥ ੪॥ ੫੮॥

ਮੈਂ "ਕੀਰਤ" ਨਾਮੇ ਭੱਟ ਦੀ ਇਕ ਏਹੀ ਅਰਦਾਸਿ= ਬੇਨਤੀ ਹੈ ਕਿ ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਆਪਣੀ ਸ਼ਰਨ ਵਿਖੇ ਸਾਨੂੰ ਰੱਖਣਾ ਕਰੋ॥ ੪॥ ੫੮॥

ਇਥੋਂ ਤਕ ਕੀਰਤ ਨਾਮੇ ਭੱਟ ਨੇ ਜਦ ਗੁਰੂ ਸਾਹਿਬ ਜੀ ਦੀ ਉਸਤਤੀ ਦੇ ਚਾਰ ਸਵਈਏ ਉਚਾਰਨਾ ਕੀਤੇ, ਤਦ ਯਜੁਰਵੇਦ ਦੇ 'ਸਲ' ਨਾਮੇ ਭੱਟ ਨੇ ਕਿਹਾ—"ਮੈਨੂੰ ਭੀ ਚੌਥੇ ਗੁਰੂ ਜੀ ਦੀ ਉਸਤਤੀ ਕਰ ਲੈਣ ਦਿਓ!"

ਹੁਣ "ਸਲ" ਨਾਮਾ ਭੱਟ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਯੋਧਾ ਰੂਪ ਵਰਣਨ ਕਰਦਾ ਹੋਇਆ ਦੋ ਸਵਈਆਂ ਵਿਖੇ ਉਸਤਤੀ ਕਰਦਾ ਹੈ-

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜਿਉ॥

ਹੇ ਗੁਰੂ ਜੀ! ਮੋਹ ਰੂਪ ਸੂਰਮਾ ਬਹੁਤ ਪ੍ਰਬਲ ਹੈ ਜਿਸ ਨੂੰ ਕੋਈ ਜਿੱਤ ਨਹੀਂ ਸਕਿਆ।

ਯਥਾ- ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥ *(ਪੰਨਾ ੧੩੫੮)*

ਫੇਰ ਬੜੇ-ਬੜੇ ਵਿਰੱਕਤਾਂ ਵਿਚੋਂ ਭੀ ਮੋਹ ਦੂਰ ਨਹੀਂ ਹੋਇਆ ਪ੍ਰੰਤੂ ਆਪ ਜੀ ਨੇ ਇਸ ਮੋਹ ਰੂਪੀ ਮਲਿ= ਪਹਿਲਵਾਨ ਨੂੰ ਬਿ= ਵਿਸ਼ੇਸ਼ ਕਰ ਕੇ ਵਸ ਵਿਚ ਲਿਆਉਣਾ ਕੀਤਾ ਹੈ।

ਜਦ ਆਪ ਜੀ ਨੇ ਘਰ-ਬਾਰ ਛੱਡ ਕੇ ਸ੍ਰੀ ਗੋਇੰਦਵਾਲ ਆ ਕੇ ਸੇਵਾ ਵਿਚ ਮਨ ਨੂੰ ਜੋੜਿਆ ਹੈ ਤਾਂ ਘਰ ਦਾ ਮੋਹ ਆਪ ਜੀ ਦੇ ਮਨ ਵਿਖੇ ਰਤਾ ਜਿੰਨਾਂ ਭੀ ਨਹੀਂ ਆਇਆ ਅਤੇ—

ਕਾਮਦੇਵ ਨੂੰ ਸੰਕਲਪਾਂ-ਵਿਕਲਪਾਂ ਰੂਪੀ ਕੇਸਾਂ ਤੋਂ ਫੜ ਕੇ ਪਛਾੜਿ੍ਯੋ= ਪਟਕਾਅ ਕੇ ਮਾਰਿਆ ਹੈ। ਅਰਥਾਤ ਸੰਕਲਪਾਂ-ਵਿਕਲਪਾਂ ਦੇ ਸਹਿਤ ਕਾਮ ਨੂੰ ਅਭਾਵ ਕਰ ਦਿੱਤਾ ਹੈ।

ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਯੋ ॥

ਪਰਚੰਡਿ= ਤਿੱਖਾ ਜੋ ਕ੍ਰੋਧੁ= ਗੁੱਸਾ ਹੈ, ਉਸ ਨੂੰ ਭੀ ਆਪ ਜੀ ਨੇ ਖਿਮਾਂ ਰੂਪ ਖੰਡਾ ਫੜ ਕੇ ਖੰਡਿ= ਨਾਸ ਕਰ ਦਿੱਤਾ ਹੈ, ਪਦਾਰਥਾਂ ਦੇ ਲੋਭ ਨੂੰ ਭੀ ਅਪਮਾਨ= ਨਿਰਾਦਰੀ ਸਿਉ= ਨਾਲ ਝਾੜ ਦਿੱਤਾ ਹੈ।

ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥

ਜੰਮਣਾ ਤੇ ਕਾਲੁ= ਮਰਨਾ, ਵਾ-ਜਨਮ ਅਤੇ ਕਾਲ ਇਹ ਦੋਨੋਂ ਹੱਥ ਜੋੜ ਕੇ ਆਪ ਜੀ ਦੇ ਦਰਵਾਜ਼ੇ ਪਰ ਖੜੇ ਹੋ ਕੇ ਇੰਜ ਕਹਿੰਦੇ ਹਨ- ਜੋ ਆਪ ਜੀ ਦਾ ਹੁਕਮ ਹੋਵੇ ਓਹੀ ਅਸੀਂ ਮੰਨਦੇ ਹਾਂ।

ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥

ਫਿਰ ਆਪ ਜੀ ਨੇ ਸੰਸਾਰ-ਸਮੁੰਦਰ ਤੋਂ ਪਾਰ ਕਰਨ ਲਈ ਨਾਮਾਂ ਰੂਪੀ ਪੁਲ ਬੰਨ੍ਹਿਆਂ ਹੈ। ਵਾ-ਬੇੜਾ ਬੰਨ੍ਹਿਆਂ ਹੈ, ਜਿਹੜਾ ਹਰਿਮੰਦਰ ਸਾਹਿਬ ਬਣਾ ਕੇ ਕਥਾ ਕੀਰਤਨ ਦਾ ਪ੍ਰਵਾਹ ਚਲਾ ਦਿੱਤਾ ਹੈ, ਜਿਸ ਰਾਹੀਂ ਆਪ ਜੀ ਨੇ ਸਿੱਖਾਂ ਨੂੰ ਪ੍ਰਸੰਨ ਹੋ ਕੇ ਤਾਰਨਾ ਕੀਤਾ ਹੈ। ਪੁਨਾ-

ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥

ਆਪ ਜੀ ਦੇ ਸਿਰ ਉਤੇ ਪ੍ਰਤੱਖ ਆਤਪਤੁ= ਚੌਰ ਛਤ੍ਰ, ਵਾ ਜਸ ਰੂਪੀ ਚੌਰ ਛਤ੍ਰ ਝੁਲ ਰਿਹਾ ਹੈ ਅਤੇ ਆਪ ਜੀ ਦਾ ਗੁਰਿਆਈ ਗੱਦੀ, ਵਾ-ਸਰੂਪ ਰੂਪੀ ਸੱਚਾ ਤਖਤ ਹੈ, ਜੋਗ ਬਲ ਅਤੇ ਭੋਗਾਂ ਦੇ ਬਲ ਦੇ ਸੰਜੁਤੁ= ਸੰਯੁਕਤ ਹੋ।

ਗੁਰ ਰਾਮਦਾਸ ਸਚੁ ਸਲ੍ਹ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥ ੧ ॥

"ਸਲਾ" ਨਾਮਾ ਭੱਟ ਕਥਨ ਕਰਦਾ ਹੈ—ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ! ਸਚੁ= ਨਿਸਚੇ ਕਰ ਕੇ ਆਪ ਗੁਰਿਆਈ ਗੱਦੀ ਰੂਪ ਅਟੱਲ ਰਾਜ ਤੇ ਇਸਥਿਤ ਹੋ ਅਤੇ ਆਪ ਜੀ ਦਾ ਸਿੱਖੀ ਸੇਵਕੀ ਰੂਪੀ ਦਲ ਅਭਗੁ= ਦੌੜਨ ਤੋਂ ਰਹਿਤ ਹੈ। ਅਰਥਾਤ ਸਭ ਸਿੱਖ ਸੇਵਕ ਆਗਿਆਕਾਰੀ ਬਣ ਕੇ ਆਪ ਜੀ ਦੇ ਹੁਕਮ ਦੇ ਮੰਨਣ ਵਿਖੇ ਹਰ ਵੇਲੇ ਤਤਪਰ ਰਹਿੰਦੇ ਹਨ।

ਅਥਵਾ- ਆਪ ਜੀ ਦਾ ਰਾਜਿ= ਹੁਕਮ ਅਟੱਲ ਹੈ ਅਤੇ ਸ਼ੁਭ-ਗੁਣਾਂ ਰੂਪੀ ਦਲ ਵੀ ਅਭਗੁ= ਨਾਸ ਤੋਂ ਰਹਿਤ ਹੈ॥ ੧ ॥

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥

ਹੇ ਸਤਿਗੁਰੂ ਜੀ! ਚਾਰੇ ਜੁਗਾਂ ਵਿਖੇ ਆਪ ਹੀ ਸਭ ਅਵਤਾਰ ਰੂਪ ਸੀ, ਸਤਜੁਗ ਵਿਖੇ ਆਪ ਹੀ ਵਾਸਦੇਵ ਰੂਪ ਹੋਏ। ਤ੍ਰੇਤੇ ਜੁਗ ਵਿਖੇ ਆਪ ਹੀ ਰਾਮਚੰਦਰ ਜੀ ਰੂਪ ਹੋਏ। ਦੁਆਪੁਰ ਜੁਗ ਵਿਖੇ ਆਪ ਹੀ ਕ੍ਰਿਸ਼ਨ ਰੂਪ ਹੋਏ। ਕਲਜੁੰਗ ਵਿਚ ਵੀ ਆਪ ਹੀ ਨਿਹਕਲੰਕ ਰੂਪ ਵਾ ਗੁਰੂ ਰੂਪ ਹੋਏ ਹੋ।

ਵਾ- ਚਹੁ ਜੁਗੀ-ਸੰਸਾਰ ਵਿਖੇ ਹੇ ਸਤਿਗੁਰੂ ਜੀ! ਤੁਸੀਂ ਆਪੇ ਆਪਿ= ਸੁਤੰਤਰ ਪ੍ਰਮੇਸ਼ਰ ਸਰੂਪ ਹੋ।

ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥

ਦੇਵਤਾ, ਮਨੁੱਖ, ਸਾਧਿਕ= ਸਾਧਨਾਂ ਦੇ ਕਰਨ ਵਾਲੇ ਜਗਿਆਸੂ, ਚੁਰਾਸੀ ਸਿਧ ਅਤੇ ਸਿਖਿਆ ਲੈਣ ਵਾਲੇ

ਸਿੱਖ ਇਹ ਸਾਰੇ ਧੁਰ ਰੂਪ ਪ੍ਰਮਾਤਮਾ ਨੂੰ ਧੁਰਹੁ= ਆਦੋਂ ਹੀ ਸੇਂਵਦੇ ਆ ਰਹੇ ਹਨ।

ਆਦਿ ਜੁਗਾਦਿ ਅਨਾਦਿ ਕਲਾਧਾਰੀ ਤ੍ਰਿਹੁ ਲੋਅਹ॥

ਫਿਰ ਆਪ ਜੀ ਆਦਿ ਜੁਗਾਦਿ= ਸਦਾ ਸਦਾ ਅਨਾਦੀ ਸਰੂਪ ਹੋ, ਪੁਨਾ ਤਿੰਨਾਂ ਲੋਕਾਂ ਵਿਖੇ ਆਪ ਜੀ ਨੇ ਹੀ ਕਲਾ= ਸ਼ਕਤੀ ਧਾਰਨ ਕੀਤੀ ਹੋਈ ਹੈ।

ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ॥

ਅਗਮ= ਸ਼ਾਸਤਰ ਤੇ ਨਿਗਮ= ਵੇਦ, ਇਨ੍ਹਾਂ ਦੇ ਤਾਰਨ ਵਾਸਤੇ ਆਪ ਜੀ ਦਾ ਅਵਤਾਰ ਹੋਇਆ ਹੈ। **ਸ਼ੰਕਾ**-ਸ਼ਾਸਤ੍ਰਾਂ ਨੂੰ ਕੋਈ ਸਰਾਪ ਨਹੀਂ ਇਸ ਲਈ ਦੂਜਾ ਅਰਥ ਕਰਨਾ—

ਹੇ ਅਗਮ ਰੂਪ ਸਤਿਗੁਰੂ! ਨਿਗਮ= ਵੇਦਾਂ ਦੇ ਤਾਰਨ ਵਾਸ਼ਤੇ ਹੀ ਆਪ ਜੀ ਦਾ ਅਵਤਾਰ ਹੋਇਆ ਹੈ।

ਅਥਵਾ- ਹੇ ਨਿਗਮ= ਵੇਦਾਂ ਕਰ ਕੇ ਅਗਮ ਰੂਪ ਸਤਿਗੁਰੂ! ਜੀਵਾਂ ਦੇ ਤਾਰਨ ਨੂੰ ਹੀ ਆਪ ਜੀ ਦਾ ਅਵਤਾਰ ਹੋਇਆ ਹੈ।

ਜਰਾ= ਬੁਢਾਪਾ ਅਤੇ ਜੰਮਿਹਿ= ਜਮ ਉਤੇ ਆਪ ਆਰੋਅਹ= ਆਰੂੜ ਭਾਵ ਅਸਵਾਰ ਹੋ, ਭਾਵ ਇਨ੍ਹਾਂ ਨੂੰ ਆਪ ਨੇ ਦਬਾਅ ਰੱਖਿਆ ਹੈ।

ਅਥਵਾ- ਜਰਾ= ਬੁਢੇਪੇ ਜੰਮਹਿ= ਜਮ ਤੇ ਰੋਅਹ= ਗੁੱਸਾ, ਇਹਨਾਂ ਸਭਨਾਂ ਤੋਂ ਆਪ ਜੀ ਆ= ਰਹਿਤ ਹੋ।

ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਧੰਨ ਹਨ, ਜਿਹਨਾਂ ਨੇ ਥਿਰ ਕਰ ਕੇ ਆਪ ਜੀ ਨੂੰ ਗੁਰਿਆਈ ਗੱਦੀ ਪਰ ਵਾ ਸਰੂਪ ਥਾਂ ਪਰ ਅਸਥਾਪਨ ਕੀਤਾ ਹੈ। ਫਿਰ ਆਪ ਜੀ ਪਰਗਾਮੀ (ਪਰ-ਗਾਮੀ) ਗ੍ਰਾਮ-ਸੰਸਾਰ ਗ੍ਰਾਮ ਤੋਂ ਪਰ= ਪਰੇ ਹੋ ਕੇ ਅਤੇ ਸਿੱਖਾਂ ਦੇ ਤਾਰਨ ਨੂੰ ਤਰਣ= ਜਹਾਜ਼ ਰੂਪ ਹੋ।

ਅਘ ਅੰਤਕ ਬਦੈ ਨ ਸਲ੍ਹ ਕਵਿ ਗੁਰ ਰਾਮਦਾਸ ਤੇਰੀ ਸਰਣ॥ ੨ ॥ ੬੦ ॥

'ਸਲ' ਨਾਮਾ ਕਵੀ ਕਹਿੰਦਾ ਹੈ- ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਆਪ ਜੀ ਪਾਪਾਂ ਦੇ ਅੰਤਕ= ਨਾਸ ਕਰਨ ਵਾਲੇ ਬਦੈਨ= ਉਚਾਰਨ ਕਰੀਂਦੇ ਹੋ (ਭਾਵ ਆਖੇ ਜਾਂਦੇ ਹੋ)।

ਵਾ- ਪਾਪਾਂ ਦੇ ਅੰਤ ਕਰਨ ਵਾਲੇ ਹੋ ਅਤੇ ਸਾਨੂੰ ਕਬ ਦੈਨ= ਕਵਿਤਾ ਦੇ ਦੇਣ ਵਾਲੇ ਆਖੇ ਜਾਂਦੇ ਹੋ।

ਵਾ-'ਸਲ' ਨਾਮਾ ਕਵੀ (ਭੱਟ) ਕਹਿੰਦਾ ਹੈ- ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ! ਜਿਸ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ, ਉਹ ਅਘ= ਪਾਪਾਂ ਤੇ ਅੰਤਕ= ਜਮ ਨੂੰ ਬਦੈ ਨ= ਮਿਥਦਾ ਨਹੀਂ ਭਾਵ ਇਨ੍ਹਾਂ ਦੀ ਪ੍ਰਵਾਹ ਨਹੀਂ ਕਰਦਾ॥ ੨ ॥ ੬੦ ॥

ਚੌਥੇ ਪਾਤਿਸ਼ਾਹ ਜੀ ਦੇ ਸਵਈਏ ਸਮਾਪਤੰ॥

ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀਓ!

ਕਬਿੱਤ-ਸ਼ਾਹਨ ਕੋ ਸ਼ਾਹ ਪਾਤਿਸ਼ਾਹ ਗੁਰੂ ਰਾਮਦਾਸ, ਨਿਕਟ ਅਕਾਲ ਬੁੰਗਾ ਸੋਹੇ ਸੂਬੇਦਾਰ ਹੈ।
ਝੰਡੇ, ਦੁਖ ਭੰਜਨੀ, ਮਹਲ, ਲੋਹਗੜ੍ਹ, ਬੇਰ, ਰਾਮਸਰ, ਟਾਹਲੀ, ਥੜ੍ਹਾ ਏਤੇ ਜਮਾਦਾਰ ਹੈ।
ਸਾਲ੍ਹੋ ਕੁਤਵਾਲ ਖਰੇ ਖੋਟੇ ਕੀ ਕਰੇ ਸੰਭਾਲ, ਦੰਡ ਦੈ ਛੁਡਾਇ ਦੇਤ ਜਮ ਕੀ ਬਿਗਾਰ ਹੈ।
ਐਸੇ ਗੁਰਪੁਰੀ ਰਾਜਧਾਨੀ ਕੀ ਅਦਾਲਤ ਕੋ, ਸੋਂਪਜੋ ਗੁਰਾਂ ਬਾਬਾ ਸ੍ਰੀ ਅਟੱਲ ਠਾਣੇਦਾਰ ਹੈ॥ ੧ ॥

ਸਵਈਏ ਮਹਲੇ ਪੰਜਵੇ ਕੇ ੫

੧ੴ ਸਤਿਗੁਰ ਪ੍ਰਸਾਦਿ ॥

ਇਨ੍ਹਾਂ ਸਵਈਆਂ ਵਿਖੇ ੧੧ ਸਵਈਏ 'ਕਲ' ਨਾਮੇ ਭੱਟ ਦੇ ਹਨ ਅਤੇ ਇਕ ਛੇਵਾਂ ਸਵਈਆ 'ਕਲਸਹਾਰ' ਨਾਮੇ ਭੱਟ ਦਾ ਹੈ। 'ਕਲ' ਅਤੇ 'ਕਲਸਹਾਰ' ਨਾਮੇ ਦੋਨੋਂ ਭੱਟ ਰਿਗਵੇਦ ਦੇ ਅਵਤਾਰ ਹੋਣ ਕਰ ਕੇ ਸਕੇ ਭਾਈ ਹਨ, ਇਸ ਵਾਸਤੇ 'ਕਲਸਹਾਰ' ਨਾਮੇ ਭੱਟ ਦਾ ਵੱਖਰਾ ਅੰਕ ਨਹੀਂ ਲਗਾਇਆ।

ਇਹ ਗੱਲ ਭੀ ਜ਼ਰੂਰੀ ਚੇਤੇ ਰੱਖਣੀ ਕਿ ੯ ਸਵਈਏ ਇਕ ਚਾਲ ਦੇ ਹਨ, ਉਸ ਤੋਂ ਅਗਲੇ ਤਿੰਨ ਸਵਈਏ ਸੋਰਠੇ ਦੀ ਚਾਲ ਦੇ ਹਨ, ਇਸ ਵਾਸਤੇ ੯ ਅੰਕ ਮੁਕਾਅ ਕੇ ਅੱਗੋਂ ਨਵਾਂ ਅੰਕ ੧-੨-੩ ਸ਼ੁਰੂ ਕਰ ਦਿੱਤਾ ਹੈ।

ਪ੍ਰੰਤੂ ੯ ਸਵਈਏ ਤੇ ਤਿੰਨ ਸੋਰਠੇ ਇਹ ਕੁਲ ਬਾਰਾਂ ਸਵਈਏ ਹਨ। ਬਾਰਾਂ ਤੋਂ ਅਗਲੇ ੭ ਸਵਈਏ ਮਥਰਾ ਭੱਟ ਦੇ ਹਨ, ਉਸ ਤੋਂ ਅਗਲੇ ਦੋ ਸਵਈਏ ਹਰਬੰਸ ਭੱਟ ਦੇ ਹਨ। ਕੁਲ ੨੧ ਸਵਈਏ ਹਨ।

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥

ਜੋ ਅਬਿਨਾਸੀ ਪੁਰਖ ਅਚਲ ਹੈ ਉਸ ਨੂੰ ਸਿਮਰਨਾ ਕਰੋ।

ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥

ਜਿਸ ਪ੍ਰਮਾਤਮਾ ਦੇ ਸਿਮਰਨ ਕਰਨ ਨਾਲ ਦੁਰਮਤਿ= ਖੋਟੀ ਸਿਖਿਆ ਰੂਪੀ ਮੈਲ ਨਸ ਜਾਂਦੀ ਹੈ।

ਸਤਿਗੁਰ ਚਰਣ ਕਵਲ ਰਿਦਿ ਧਾਰੰ ॥

ਉਸ ਪ੍ਰਮਾਤਮਾ ਦੇ ਸਰੂਪ ਜੋ ਸਤਿਗੁਰੂ (ਅਰਜਨ ਦੇਵ ਜੀ) ਹਨ, ਉਨ੍ਹਾਂ ਦੇ ਚਰਨ ਕੰਵਲ ਹਿਰਦੇ ਵਿਖੇ ਧਾਰਨਾ ਕਰੋ।

[ਪੰਨਾ ੧੪੦੭]

ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥

ਅਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਪਰਉਪਕਾਰਤਾ ਆਦਿ, ਵਾ—ਸ਼ਾਂਤੀ, ਵਾ—ਸਹਜ ਅਵਸਥਾ ਦੇ ਦੇਣ ਵਾਲੇ ਗੁਣਾਂ ਨੂੰ ਸਹਜੇ ਹੀ ਵਿਚਾਰਨਾ ਕਰੋ।

ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥

ਜਿਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਵਿਖੇ (ਬੀਬੀ ਭਾਨੀ ਜੀ ਦੇ ਕੁੱਖੋਂ ਸੰਮਤ ੧੬੨੦ ਨੂੰ ਸ੍ਰੀ ਗੋਇੰਦਵਾਲ ਵਿਖੇ) ਪ੍ਰਕਾਸ਼ ਭਾਵ ਅਵਤਾਰ ਲੈਣਾ ਕੀਤਾ ਹੈ।

ਸਗਲ ਮਨੋਰਥ ਪੂਰੀ ਆਸਾ ॥

ਮਨ ਦੇ ਸਾਰੇ ਮਨੋਰਥ ਅਤੇ ਬੁੱਧੀ ਦੀ ਸਾਰੀ ਆਸਾ ਪੂਰਨ ਕੀਤੀ ਹੈ।

ਵਾ- ਸਿੱਖਾਂ ਦੇ ਮਨ ਦੇ ਸਾਰੇ ਮਨੋਰਥ ਅਤੇ (ਲਾਇਕ ਆਗਿਆਕਾਰੀ ਸਪੁੱਤਰ ਪੈਦਾ ਹੋ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਿਲ ਦੀ) ਆਸਾ ਪੂਰੀ ਕੀਤੀ ਹੈ।

ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥

ਆਪ ਜੀ ਨੇ ਅਵਤਾਰ ਧਾਰਦਿਆਂ ਨਾਲ ਹੀ (ਸ੍ਰੀ) ਗੁਰੂ (ਰਾਮਦਾਸ ਸਾਹਿਬ) ਜੀ ਦੀ ਸਿਖਿਆ ਦੁਆਰਾ ਬ੍ਰਹਮੁ= ਪ੍ਰਮਾਤਮਾ ਨੂੰ ਪਛਾਣਨਾ ਕੀਤਾ ਹੈ।

ਕਲ੍ ਜੋੜਿ ਕਰ ਸੁਜਸੁ ਵਖਾਣਿਓ ॥

'ਕਲਾ' ਨਾਮਾ ਕਵੀ ਜਨ ਕਰ= ਹੱਥ ਜੋੜ ਕੇ ਆਪ ਜੀ ਦੇ ਸ੍ਰੇਸ਼ਟ ਜਸ ਨੂੰ ਵਖਾਣਿਓ= ਕਥਨ ਕਰਦਾ ਹੈ।

ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥

ਆਪ ਭਗਤੀ ਯੋਗ ਨੂੰ ਜੈਤਵਾਰੁ= ਜਿੱਤਣ ਵਾਲੇ ਹੋ।

ਵਾ- ਭਗਤੀ ਅਤੇ ਜੋਗ ਨੂੰ ਜਿੱਤਣ ਵਾਲੇ ਹੋ ਪਹਿਲੇ ਆਪ ਭਗਤੀ ਕਰ ਕੇ ਫੇਰ ਸਿੱਖਾਂ ਤੋਂ ਭਗਤੀ ਕਰਵਾਈ ਹੈ ਅਤੇ ਮਨ ਦੀ ਇਕਾਗਰਤਾ ਰੂਪ ਜੋਗ ਸਿਖਿਆ ਹੈ।

ਯਥਾ- ਰਾਜ ਲੀਲਾ ਤੇਰੈ ਨਾਮਿ ਬਨਾਈ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ॥ *(ਪੰਨਾ ੩੮੫)*

ਸਾਰਿਆਂ ਦਾ ਜਨਕੁ= ਪਿਤਾ ਜੋ ਹਰੀ ਹੈ, ਉਸ ਨੇ ਆਪਣਾ ਰੂਪ ਹੀ ਆਪ ਜੀ ਨੂੰ ਪੈਦਾ ਕੀਤਾ ਹੈ।

ਵਾ- ਹਰੀ ਨੇ ਆਪ ਜੀ ਨੂੰ ਜਨਕੁ= ਗਿਆਨਵਾਨ ਉਪਾਯਉ= ਪੈਦਾ ਕੀਤਾ ਹੈ।

ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥

(ਹੇ ਸ੍ਰੀ) ਗੁਰੂ (ਅਰਜਨ ਦੇਵ ਜੀ!) ਸ਼ਬਦ ਨੂੰ ਪ੍ਰਕਾਸ਼ ਕੇ ਹਰੀ ਦਾ ਨਾਮ ਸਿੱਖਾਂ ਦੀ ਰਸਨਾ ਪਰ ਵਸਾਉਣਾ ਕੀਤਾ ਹੈ।

ਵਾ- ਸ਼ਬਦਾ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪ ਜੀ ਨੇ ਪ੍ਰਗਟ ਕੀਤਾ ਹੈ।

ਵਾ- ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸ਼ਬਦ ਨੂੰ ਆਪ ਜੀ ਨੇ ਪਰਕਾਸਿਓ= ਉਚਾਰਨਾ ਕੀਤਾ ਹੈ ਅਤੇ ਹਰੀ ਦਾ ਨਾਮ ਆਪਣੀ ਰਸਨਾ ਪਰ ਵਸਾਯਾ ਹੈ।

ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਲੱਗ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਤਮ ਪਦ ਨੂੰ ਪਾਇਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਨਾਲ ਲੱਗ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਉਤਮ ਪਦ ਨੂੰ ਪਾਇਆ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਚਰਨੀਂ ਲੱਗ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਤਮ ਪਦ ਨੂੰ ਪਾਇਆ ਹੈ।

ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥ ੧ ॥

ਹੁਣ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਵਿਖੇ ਹੇ ਸ੍ਰੀ ਗੁਰੂ ਅਰਜਨ ਦੇਵ ਜੀ! ਆਪ ਭਗਤੀ ਦਾ ਹੀ ਅਵਤਾਰ ਉਤਰ ਆਏ ਹੋ। ਵਾ-ਸਿੱਖਾਂ ਨੂੰ ਭਗਤੀ ਕਰਾਉਣ ਵਾਸਤੇ ਆਪ ਉਤਰ ਆਏ ਹੋ॥ ੧ ॥

ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥

(ਹੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ!) ਵਡਭਾਗੀ ਪੁਰਸ਼ਾਂ ਨੇ ਆਪ ਜੀ ਨੂੰ ਬ੍ਰਹਮ ਰੂਪ ਕਰ ਕੇ ਉਨਮਾਨਿਅਉ= ਵਿਚਾਰਨਾ ਕੀਤਾ ਹੈ ਅਤੇ ਹਿਰਦੇ ਵਿਚ ਆਪ ਜੀ ਦੇ ਸਬਦੁ= ਉਪਦੇਸ਼ ਨੂੰ ਵਸਾਉਣਾ ਕੀਤਾ ਹੈ।

ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ ॥

ਹੇ ਸਤਿਗੁਰੂ! ਜਿਸ ਨੂੰ ਆਪ ਜੀ ਨੇ ਨਾਮ ਦ੍ਰਿੜਾਯਉ= ਪੱਕਾ ਕਰਵਾਇਆ ਹੈ, ਉਸ ਦਾ ਮਨ ਮਾਣਕ ਵਰਗਾ ਸ਼ੁੱਧ ਹੋ ਕੇ ਸੰਤੋਖ ਨੂੰ ਪ੍ਰਾਪਤ ਹੋਇਆ ਹੈ।

ਵਾ-ਮਾਣਕ ਰੂਪ ਪ੍ਰਮਾਤਮਾ ਨੂੰ ਪਾ ਕੇ ਉਸ ਦਾ ਮਨ ਸੰਤੋਖ ਨੂੰ ਪ੍ਰਾਪਤ ਹੋਇਆ ਹੈ।

ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥

ਮਨ ਕਰ ਕੇ ਅਗਮ, ਇੰਦ੍ਰੀਆਂ ਕਰ ਕੇ ਅਗੋਚਰ, ਜੋ ਪਰਾ ਰੂਪ (ਬ੍ਰਹਮ) ਵਿਆਪਕ ਪ੍ਰਮਾਤਮਾ ਹੈ, ਸਤਿਗੁਰੂ (ਰਾਮਦਾਸ ਸਾਹਿਬ ਜੀ) ਨੇ ਕਿਰਪਾ ਕਰ ਕੇ ਉਹ ਪ੍ਰਮਾਤਮਾ ਆਪ ਜੀ ਨੂੰ ਦਰਸਾਯਉ= ਵਿਖਾਇਆ ਹੈ।

ਵਾ-ਹੇ ਸਤਿਗੁਰੂ! ਆਪ ਜੀ ਨੇ ਕਿਰਪਾ ਕਰ ਕੇ ਉਹ ਪ੍ਰਮਾਤਮਾ ਸਿੱਖਾਂ ਨੂੰ ਵਿਖਾਇਆ ਹੈ।

ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥ ੨ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਵਿਖੇ, ਹੇ ਗੁਰੂ ਅਰਜਨ ਪਾਤਿਸ਼ਾਹ! ਆਪ ਜੀ ਨੂੰ ਅਨਭਉ= ਗਿਆਨ, ਵਾ- ਪ੍ਰਕਾਸ਼ ਰੂਪ ਠਹਿਰਾਇਆ ਗਿਆ ਹੈ। ਵਾ- ਅਨਭਉ ਰੂਪ ਪ੍ਰਮਾਤਮਾ ਆਪ ਹੀ ਸ੍ਰੀ ਗੁਰੂ ਅਰਜਨ ਸਾਹਿਬ ਰੂਪ ਹੋ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਵਿਖੇ ਠਹਿਰਿਆ ਹੈ॥ ੨ ॥

ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ ॥

ਹੇ ਸ੍ਰੀ ਗੁਰੂ ਅਰਜਨ ਸਾਹਿਬ ਜੀ! ਆਪ ਧੰਨ ਹੋ, ਜਿਸ ਆਪ ਜੀ ਨੇ ਜਨਕੁ= ਗਿਆਨ ਦਾ ਰਾਜ ਵਰਤਾਇਆ ਹੈ ਕਲਯੁਗ ਵਿਖੇ ਸਤਜੁਗ ਨੂੰ ਲਿਆ ਕੇ ਲੀਨ ਕੀਤਾ ਹੈ ਜਿਹੜਾ ਕਿ ਨਾਮ ਜਪਣ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਜਹਾਜ਼ ਰਚ ਦਿੱਤਾ ਹੈ।

ਵਾ- ਰਾਜੇ ਜਨਕ ਦੇ ਸਮਾਨ ਆਪ ਜੀ ਨੇ ਰਾਜ ਵਰਤਾਇਆ ਹੈ। ਜਿਵੇਂ ਜਨਕ ਰਾਜਾ ਰਾਜ ਕਰਦਾ ਹੋਇਆ ਨਿਰਲੇਪ ਅਤੇ ਗਿਆਨ ਵਿਚ ਵੀ ਪੂਰਨ ਰਹਿੰਦਾ ਸੀ, ਤਿਵੇਂ ਆਪ ਭੀ ਨਿਰਲੇਪ ਰਹਿੰਦੇ ਹੋ।

ਵਾ- ਸਾਰਿਆਂ ਦਾ ਜਨਕ= ਪਿਤਾ ਜੋ ਰਾਜੁ= ਪ੍ਰਕਾਸ਼ ਰੂਪ ਪ੍ਰਮਾਤਮਾ ਹੈ, ਉਸ ਦਾ ਹੁਕਮ ਆਪ ਜੀ ਨੇ ਸਾਰੇ ਵਰਤਾਇਆ ਹੈ।

ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ॥

ਹੇ ਗੁਰੋ! ਆਪ ਜੀ ਦੇ ਸ਼ਬਦ ਉਤੇ ਜਿਨ੍ਹਾਂ ਦਾ ਮਨ ਮੰਨਿਆ ਗਿਆ ਹੈ, ਉਨ੍ਹਾਂ ਦਾ ਅਪਤੀਜੁ= ਨਾ ਪਤੀਜਣ ਵਾਲਾ ਮਨ ਪ੍ਰਮੇਸ਼ਰ ਪਰ ਪਤੀਣਾ= ਭਰੋਸੇ ਵਾਲਾ ਹੋਇਆ ਹੈ।

ਵਾ-ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸ਼ਬਦ ਉਤੇ ਆਪ ਜੀ ਦਾ ਮਨ ਮੰਨਿਆਂ ਗਿਆ ਹੈ ਅਤੇ ਅਪਤੀਜ ਮਨ ਪ੍ਰਮਾਤਮਾ ਉਤੇ ਭਰੋਸੇ ਵਾਲਾ ਹੋਇਆ ਹੈ।

ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ॥

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੀ ਭਗਤੀ, ਵਾ-ਸ਼ਰਧਾ ਰੂਪੀ ਨੀਂਹ ਸਾਜ ਕੇ ਸਤ= ਤ੍ਰੈਕਾਲ ਅਬਾਧ ਗੁਰੁ= ਚੇਤਨ ਦੇ ਨਾਲ ਲੀਣ ਹੋਏ ਹਨ। ਤਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਸੱਚੀ ਭਗਤੀ ਰੂਪੀ ਨੀਂਹ ਸਾਜ ਕੇ ਵਾਹਿਗੁਰੂ ਨਾਲ ਅਭੇਦ ਹੋਏ ਹਨ।

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਕਰ ਕੇ ਸ੍ਰੀ ਗੁਰੂ ਅਮਰਦਾਸ ਜੀ ਸੱਚੀ ਭਗਤੀ ਰੂਪੀ ਨੀਂਹ ਸਾਜ ਕੇ ਪ੍ਰਮਾਤਮਾ ਨਾਲ ਅਭੇਦ ਹੋਏ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਕਰ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੱਚੀ ਸ਼ਰਧਾ ਅਤੇ ਭਗਤੀ ਰੂਪੀ ਨੀਂਹ ਸਾਜ ਕੇ ਸਤਿ= ਤ੍ਰੈਕਾਲ ਅਬਾਧ ਗੁਰ= ਚੇਤਨ ਪ੍ਰਮਾਤਮਾ ਨਾਲ ਲੀਣ ਹੋਏ ਹਨ।

ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ॥ ੩॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਵਿਖੇ ਹੇ ਗੁਰੂ ਅਰਜਨ ਪਾਤਿਸ਼ਾਹ! ਆਪ ਅਪਰ= ਸੰਸਾਰ ਤੋਂ ਪਰਾ ਰੂਪ ਜੋ ਬ੍ਰਹਮ ਹੈ ਬੀਣਾ= ਸੁੰਦਰ ਆਪ ਉਸੀ ਦਾ ਸਰੂਪ ਬੀਣਾ= ਬਣੇ ਹੋ॥ ੩॥

ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਹਿਓ

ਹਰੀ ਰਾਜਾ ਨੇ ਇਹ ਗੂੜ੍ਹਉ= ਗੁਝਾ ਖੇਲ ਕੀਤਾ ਹੈ ਜੋ ਆਪਣਾ ਆਪ ਛਪਾ ਕੇ ਮਨੁੱਖਾ ਅਵਤਾਰ ਧਾਰਿਆ ਹੈ ਤਾਂ ਕਿ ਆਪ ਦੁਨੀਆਂ ਵਿਖੇ ਪਤਾ ਨਾ ਲੱਗੇ ਅਤੇ ਸੰਤੋਖ ਨੂੰ ਸਮਾਰ੍ਹਿਓ (ਸਮ+ਅਚਰਿਓ) ਸਮ= ਭਲੀ ਪ੍ਰਕਾਰ ਅਚਰਿਓ= ਗ੍ਰਹਿਣ ਕੀਤਾ ਹੈ।

ਬਿਮਲ ਬੁਧਿ ਸਤਿਗੁਰਿ ਸਮਾਣਉ॥

ਆਪ ਜੀ ਦੀ ਬਿਮਲ= ਨਿਰਮਲ ਬੁੱਧੀ ਹੈ ਅਤੇ ਸਤਿ= ਤ੍ਰੈਕਾਲ ਅਬਾਧ ਗੁਰਿ= ਚੇਤਨ ਵਿਖੇ ਆਪ ਸਮਾਏ ਹੋਏ ਹੋ। ਵਾ- ਉਜਲ ਬੁੱਧੀ ਕਰ ਕੇ ਆਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵਿਖੇ ਸਮਾਏ ਹੋਏ ਹੋ।

ਆਜੋਨੀ ਸੰਭਵਿਅਉ ਸੁਜਸੁ ਕਲ੍ਹ ਕਵੀਅਣਿ ਬਖਾਣਿਅਉ॥

ਆਜੋਨੀ= ਜੂਨਾਂ ਤੋਂ ਰਹਿਤ ਹੋ ਸੰਭਵਿਅਉ= ਸੁਤੇ ਪ੍ਰਕਾਸ਼ ਰੂਪ ਭਾਵ ਸੁਤੰਤਰ ਹੋ। ਵਾ- ਵਾਸਤਵ ਦ੍ਰਿਸ਼ਟੀ ਨਾਲ ਦੇਖੀਏ ਤਾਂ ਆਪ ਜੂਨਾਂ ਤੋਂ ਰਹਿਤ ਹੋ ਪਰ ਦੁਨੀਆਂ ਦੇ ਤਾਰਨ ਵਾਸਤੇ ਆਪ ਜੀ ਨੇ ਸੰ= ਭਲੀ ਪ੍ਰਕਾਰ ਭਵਿਅਉ= ਅਵਤਾਰ ਧਾਰਨਾ ਕੀਤਾ ਹੈ। 'ਕਲ' ਨਾਮਾ ਭੱਟ ਕਥਨ ਕਰਦਾ ਹੈ ਕਿ ਸਾਰਿਆਂ ਕਵੀਆਂ ਨੇ ਰਲ ਕੇ ਆਪ ਜੀ ਦੇ ਸ੍ਰੇਸ਼ਟ ਜਸ ਨੂੰ ਕਥਨ ਕੀਤਾ ਹੈ।

ਗੁਰਿ ਨਾਨਕਿ ਅੰਗਦੁ ਵਰ੍ਹਿਓ ਗੁਰਿ ਅੰਗਦਿ ਅਮਰ ਨਿਧਾਨੁ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਵਰ੍ਹਿਓ= ਵਡਿਆਇਆ ਹੈ ਅਤੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਸ਼ੁਭ ਗੁਣਾਂ ਦਾ ਨਿਧਾਨੁ= ਖਜ਼ਾਨਾ ਬਖਸ਼ਿਆ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਾਰਾ ਖਜ਼ਾਨਾ ਦੇਣਾ ਕੀਤਾ ਹੈ। ਅਤੇ—

ਗੁਰਿ ਰਾਮਦਾਸ ਅਰਜੁਨੁ ਵਰ੍ਹਿਓ ਪਾਰਸੁ ਪਰਸੁ ਪ੍ਰਮਾਣੁ ॥ ੪ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਨੂੰ ਵਰ੍ਹਿਓ= ਵਡਿਆਇਆ ਹੈ। ਸਾਰਿਆਂ ਗੁਰੂਆਂ ਦਾ ਪਰਸਨਾ ਪਾਰਸ ਦੇ ਪ੍ਰਮਾਣੁ= ਸਦਰਸ਼ ਹੈ॥ ੪॥

ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥

ਦੁਨੀਆਂ ਵਿਖੇ ਸਦ= ਸ੍ਰੇਸ਼ਟ ਜਿਉਣਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਹੈ ਜਿਨ੍ਹਾਂ ਵਿਖੇ ਪਰਉਪਕਾਰਤਾ ਆਦਿਕ ਅਮੋਲਕ ਗੁਣ ਹਨ। ਪੁਨਾ ਆਜੋਨੀ= ਜੂਨਾਂ ਤੋਂ ਰਹਿਤ ਅਤੇ ਸੰਭਉ= ਸੁਤੇ ਪ੍ਰਕਾਸ਼ ਰੂਪ ਹਨ। ਵਾ-ਸਦਾ ਹੀ ਜੀਵਣੁ= ਚੇਤਨ ਸਰੂਪ ਹਨ।

ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥

ਜਮਾਂ ਦਾ ਭੈ ਭੰਜਨ=ਨਾਸ ਕਰਨ ਵਾਲੇ ਤੇ ਪਰ= ਭਲੀ ਪ੍ਰਕਾਰ ਜਨਮ ਮਰਨ ਦੇ ਦੁੱਖ ਨਵਿਰਤ ਕਰਨ ਵਾਲੇ, ਅਪਾਰੁ= ਬਿਅੰਤ ਗੁਣਾਂ ਸਪੰਨ ਅਤੇ ਫੇਰ ਭਉ= ਡਰ ਤੋਂ ਅਨੰ= ਰਹਿਤ ਹਨ। ਸੁਲਹੀ ਤੇ ਸੁਲਬੀ ਖਾਨ ਦਾ ਰੰਚਕ ਮਾਤਰ ਭੈ ਨਹੀਂ ਕੀਤਾ। ਵਾ-ਅਪਾਰੁ ਅੰਨਭਉ= ਬਿਅੰਤ ਸਰੂਪ ਹਨ। (ਅਨੰਭਉ ਦਾ ਅਰਥ ਸਰੂਪ ਹੈ।)

ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ ॥

ਅਗਹ= ਅਪਕੜ ਜੋ ਪ੍ਰਮਾਤਮਾ ਹੈ ਉਸ ਦੇ ਗ੍ਰਹਿਣ ਕਰਨ ਵਾਲੇ ਹਨ। ਵਾ-ਅਪਕੜ ਜੋ ਮਨ ਹੈ ਜੋ ਕਿਸੇ ਵੀ ਵਜ੍ਹਾ ਨਾਲ ਫੜਿਆ ਨਹੀਂ ਜਾਂਦਾ, ਉਸ ਮਨ ਨੂੰ ਪਕੜਾ ਦੇਂਦੇ ਹਨ ਸਿੱਖਾਂ ਨੂੰ। ਭਰਮ ਤੇ ਭ੍ਰਾਂਤੀ ਦੇ ਦਹਣੁ= ਦਗਧ ਭਾਵ ਨਾਸ ਕਰਨ ਵਾਲੇ ਹਨ।

ਨੋਟ—ਭ੍ਰਮੁ= ਅਵਰਨ ਸ਼ਕਤੀ ਨੂੰ ਕਹਿੰਦੇ ਹਨ ਕਿ ਦੇਹ ਹੀ ਆਤਮਾ ਹੈ। ਭ੍ਰਾਂਤੀ= ਵਿਖੇਪ ਸ਼ਕਤੀ ਨੂੰ ਕਹਿੰਦੇ ਹਨ ਵਿਖੇਪ ਸ਼ਕਤੀ ਦੋ ਪ੍ਰਕਾਰ ਦੀ ਹੁੰਦੀ ਹੈ ਕਿ ਦੇਹ ਆਤਮਾ ਹੈ ਜਾਂ ਅਨਾਤਮਾ। ਪੁਨਾ ਸੀਤਲੁ= ਠੰਢੇ ਸੁਭਾਅ ਵਾਲੇ ਹਨ ਤੱਤੀਆਂ ਲੋਹਾਂ 'ਤੇ ਬੈਠ ਕੇ ਵੀ ਸੀਤਲਤਾ ਨਹੀਂ ਛੱਡੀ। ਫਿਰ ਗੁਰੂ ਸਾਹਿਬ ਜੀ ਸਾਰਿਆਂ ਨੂੰ ਸੁਖ ਦੇਣ ਵਾਲੇ ਹਨ।

ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ ॥

ਆਸੰਭਉ= ਅਸਚਰਜ ਰੂਪ ਉਦਵਿਅਉ= ਉਦੇ ਹੋਏ ਹਨ, ਗੁਰੂ ਸਾਹਿਬ ਜੀ ਪੂਰਨ ਪੁਰਖ ਫਲਬਰ ਦਾਤੇ ਅਕਾਲ ਪੁਰਖ ਦੇ ਸਰੂਪ ਹਨ।

ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥

ਸ੍ਰੀ ਗੁਰੂ ਨਾਨਕ ਜੀ ਤੋਂ ਆਦਿ= ਲੈ ਕੇ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ,

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਾਰੇ ਗੁਰੂ ਆਪੋ ਆਪਣੇ ਸਤਿਗੁਰਾਂ ਦੇ ਸ਼ਬਦ ਦੁਆਰਾ ਹਰੀ ਵਿਚ ਸਮਾਏ ਹਨ। ਜਿਵੇ ਅਕਾਲ ਪੁਰਖ ਤੋਂ ਉਪਦੇਸ਼ ਲੈ ਕੇ ਗੁਰੂ ਨਾਨਕ ਜੀ ਹਰੀ ਵਿਖੇ ਸਮਾਏ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਦੇਸ਼ ਲੈ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਹਰੀ ਵਿਖੇ ਸਮਾਏ। ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਉਪਦੇਸ਼ ਲੈ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਹਰੀ ਵਿਖੇ ਸਮਾਏ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਤੋਂ ਉਪਦੇਸ਼ ਲੈ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਰੀ ਵਿਖੇ ਸਮਾਏ।

ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥ ੫ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਧੰਨਤਾ ਦੇ ਯੋਗ ਹਨ ਜਿਸ ਸ੍ਰੀ ਗੁਰੂ ਰਾਮਦਾਸ ਰੂਪ ਪਾਰਸ ਨਾਲ ਪਰਸ ਕੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਾਲ ਮਿਲਾਇਆ ਹੈ॥ ੫॥

ਇਥੋਂ ਤਕ ਪੰਜ ਸਵਈਏ 'ਕਲ' ਨਾਮੇ ਭੱਟ ਦੇ ਆਏ ਹਨ। ਅਗਲਾ 'ਛੇਵਾਂ' ਸਵਈਆ 'ਕਲਸਹਾਰ' ਨਾਮੇ ਭੱਟ ਦਾ ਹੈ।

ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ ॥

ਜਿਸ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਦਾ ਸਾਰੇ ਜਗਤ ਅੰਦਰ ਜੈ ਜੈ ਕਾਰ ਹੋ ਰਿਹਾ ਹੈ ਪੁਨਾ ਭਾਗਾਂ ਦਾ ਮੰਦਰ ਹੈ, ਵਾ-ਭਾਗਾਂ ਦਾ ਮੰਦਰਿ= ਮੰਦ੍ਰਾਚਲ ਪਰਬਤ ਹੈ ਤੇ ਸਿਵ= ਕਲਿਆਣ ਸਰੂਪ ਪ੍ਰਮਾਤਮਾ ਵਿਖੇ ਮਨ ਜੁਗਤਿ ਰਹਤਾ= ਜੁੜਿਆ ਰਹਿੰਦਾ ਹੈ।

ਗੁਰੁ ਪੂਰਾ ਪਾਯਉ ਬਡਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ ॥

ਐਸਾ ਪੂਰਾ ਗੁਰੂ ਅਸਾਂ ਨੇ ਵਡਿਆਂ ਭਾਗਾਂ ਨਾਲ ਪਾਇਆ ਹੈ, ਮੇਦਨਿ= ਪ੍ਰਿਥਵੀ ਦੇ ਭਾਰ ਨੂੰ ਸਹਤਾ= ਸਹਾਰਨ ਵਾਲਾ ਜੋ ਸ਼ੇਸ਼ ਨਾਗ ਹੈ ਉਸ ਦੀ ਲਿਵ ਜਿਸ ਪ੍ਰਮਾਤਮਾ ਵਿਖੇ ਲੱਗ ਰਹੀ ਹੈ, ਓਹੀ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਹਨ।

ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ ਸਹਾਰੁ ਤੋਹਿ ਜਸੁ ਬਕਤਾ ॥

ਹੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ! ਆਪ ਜਮਾਂ ਦਾ ਡਰ ਭੰਜਨੁ= ਦੂਰ ਕਰਨ ਵਾਲੇ ਹੋ ਤੇ ਪਰਾਈ ਪੀੜਾ ਦੇ ਨਵਿਰਤ ਕਰਨ ਵਾਲੇ ਹੋ, ਮੈਂ 'ਕਲ ਸਹਾਰ' ਨਾਮਾ ਭੱਟ ਤੋਹਿ= ਆਪ ਜੀ ਦਾ ਸ੍ਰੇਸ਼ਟ ਜਸ ਬਕਤਾ= ਕਹਿੰਦਾ ਹਾਂ।

ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥ ੬ ॥

ਸੋਢੀ ਕੁਲ ਵਿਖੇ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ, ਉਹਨਾਂ ਦੇ ਆਪ ਤਨੁ= ਸਪੁੱਤਰ ਹੋ; ਧਰਮ ਦੀ ਧੁਜਾ ਹੋ ਪੁਨਾ ਹੇ ਸ੍ਰੀ ਗੁਰੂ ਅਰਜਨ ਦੇਵ ਜੀ ! ਆਪ ਹਰੀ ਦੇ ਭਗਤ ਹੋ। ਵਾ- ਹਰੀ ਦੀ ਭਗਤੀ ਕਰੌਣ ਵਾਸਤੇ ਆਪ ਜੀ ਦਾ ਅਵਤਾਰ ਹੋਇਆ ਹੈ॥ ੬॥

ਹੁਣ 'ਕਲ' ਨਾਮਾ ਭੱਟ ਕਥਨ ਕਰਦਾ ਹੈ।

ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥

ਹੇ ਸ੍ਰੀ ਗੁਰੂ ਅਰਜਨ ਦੇਵ ਜੀ ! ਆਪ ਧਰਮ ਅਵਤਾਰ ਹੋ, ਧੀਰਜ ਦੀ ਔਧੀ ਹੋ, ਗੁਰ ਸਿਖਿਆ ਕਰ ਕੇ ਆਪ ਗੰਭੀਰ ਦਿਲ ਵਾਲੇ ਹੋ, ਪਰਾਏ ਦੁੱਖਾਂ ਦੇ ਬਿਸਾਰਣੁ= ਅਭਾਵ ਕਰਨ ਵਾਲੇ ਹੋ।

ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥

ਆਪ ਜੀ ਦਾ ਸ਼ਬਦ ਅਤੀ ਸਾਰੁ= ਸ੍ਰੇਸ਼ਟ ਹੈ। ਵਾ-ਸਾਰੁ= ਸ੍ਰੇਸ਼ਟ ਸ਼ਬਦ ਨੂੰ ਆਪ ਜੀ ਨੇ ਹਿਰਦੇ ਵਿਚ ਵਸਾਇਆ ਹੈ। ਵਾ-ਸਾਰ ਰੂਪ ਸ਼ਬਦ= ਬ੍ਰਹਮ ਦਾ ਉਪਦੇਸ਼ ਆਪ ਦੇਂਦੇ ਹੋ। ਹਰਿ ਸਮ ਉਦਾਰੁ= ਹਰੀ ਵਾਂਗੂੰ ਆਪ ਉਦਾਰੁ ਆਤਮਾ ਭਾਵ ਸਖੀ ਹੋ।

ਯਥਾ- ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥ *(ਪੰਨਾ ੫੪੭)*

ਪੁਨਾ ਏਵ= ਨਿਸਚੇ ਕਰ ਕੇ ਅਹੰਕਾਰ ਦੇ ਨਵਿਰਤ ਕਰਨ ਵਾਲੇ ਹੋ।

ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥

ਮਹਾ ਦਾਨਿ= ਬੜੇ ਦਾਨੀ ਹੋ, ਸਤਿ= ਤ੍ਰੈਕਾਲ ਅਬਾਧ ਗੁਰ= ਚੇਤਨ ਜੋ ਪ੍ਰਮਾਤਮਾ ਹੈ ਉਸ ਦੇ ਗਿਆਨੀ ਹੋ, ਆਪ ਜੀ ਦੇ ਮਨ ਵਿਚੋਂ ਨਾਮ ਜਪਣ ਦਾ ਚਾਉ= ਉਤਸ਼ਾਹ ਨ ਹਟੈ= ਹਟਦਾ ਨਹੀਂ।

ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥

ਸਤਿਵੰਤੁ= ਸਤ ਪ੍ਰਤਗ ਐਸੇ ਹੋ ਜੋ ਬਚਨ ਮੁੰਹੋਂ ਕਿਹਾ ਹੈ ਉਸ ਨੂੰ ਪੂਰਾ ਕੀਤਾ ਹੈ। ਜਿਵੇਂ ਸਿੱਖਾਂ ਦਾ ਬਚਨ ਮੰਨ ਕੇ ਚੰਦੂ ਦਾ ਨਾਤਾ ਨਹੀਂ ਲਿਆ। ਇਕ ਵਾਰ ਜੇ ਨਾਂਹ ਕਰ ਦਿੱਤੀ ਹੈ ਫੇਰ ਹਾਂ ਨਹੀਂ ਕੀਤੀ ਅਤੇ ਨੌਂ ਨਿਧੀਆਂ ਦੇ ਦੇਣ ਵਾਲਾ ਜੋ ਹਰੀ ਨਾਮ ਮੰਤਰ ਹੈ ਉਸ ਦਾ ਖਜ਼ਾਨਾ ਆਪ ਜੀ ਪਾਸੋਂ ਨਿਖੁਟੈ= ਮੁੱਕਦਾ ਨਹੀਂ।

ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥

ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਤਨੁ= ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ! ਆਪ ਸਰਬ ਮੈ= ਸਰਬ ਰੂਪ ਹੋ ਪੁਨਾ ਆਪ ਜੀ ਨੇ ਸਾਰਿਆਂ ਉਪਰ ਸਹਜਿ= ਸ਼ਾਂਤੀ ਰੂਪੀ, ਵਾ- ਸਹਜ ਅਵਸਥਾ ਰੂਪੀ, ਵਾ- ਜਸ ਰੂਪੀ ਚੰਦੋਆ ਤਾਣਿਆਂ ਹੈ।

ਗੁਰ ਅਰਜੁਨ ਕਲ੍ਹਚਰੈ ਤੈ ਰਾਜ ਜੋਗ ਰਸੁ ਜਾਣਿਅਉ ॥ ੭ ॥

'ਕਲ੍ਹ' ਨਾਮਾ ਭੱਟ ਉਚਾਰਦਾ ਹੈ- ਹੇ ਸ੍ਰੀ ਗੁਰੂ ਅਰਜਨ ਦੇਵ ਜੀ ਤੈ= ਆਪ ਜੀ ਨੇ ਰਾਜ ਜੋਗ= ਭਗਤੀ ਤੇ ਗਿਆਨ ਜੋਗ ਦੇ ਰਸ ਨੂੰ ਜਾਣਿਆਂ ਹੈ॥ ੭॥

[ਪੰਨਾ ੧੪੦੮]

ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ ॥

ਭੈ ਰੂਪ ਸੰਸਾਰ ਵਿਚ ਆਪ ਜੀ ਨੇ ਨਿਰਭਉ= ਪ੍ਰਮਾਤਮਾ ਦੇ ਅਨੰਦ ਨੂੰ ਮਾਣਿਆਂ ਹੈ ਅਤੇ ਲੱਖਾਂ ਹੀ ਜੀਆਂ ਵਿਚ ਅਲਖ ਰੂਪ ਪ੍ਰਮਾਤਮਾ ਨੂੰ ਲਖਾਯਉ= ਜਣਾਇਆ ਹੈ!

ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ ॥

ਜੋ ਮਨ ਕਰਕੇ ਅਗਮ ਹੈ, ਇੰਦਰੀਆਂ ਕਰ ਕੇ ਅਗੋਚਰ ਹੈ, ਜਿਸ ਦੀ ਗਤੀ ਬੜੀ ਗੰਭੀਰ ਹੈ ਐਸੇ ਪ੍ਰਮਾਤਮਾ ਵਿਖੇ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਆਪ ਜੀ ਨੂੰ ਪਰਚਾਇਆ ਹੈ। ਵਾ- ਹੇ ਸਤਿਗੁਰੂ! ਆਪ ਜੀ ਨੇ ਸਿੱਖਾਂ ਦੇ ਮਨ ਨੂੰ ਉਸ ਪ੍ਰਮਾਤਮਾ ਵਿਖੇ ਪਰਚਾਉਣਾ ਕੀਤਾ ਹੈ।

ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਰਚੈ= ਉਪਦੇਸ਼ ਦੇ ਪਰਵਾਣੁ= ਸਦਰਸ਼ ਆਪ ਜੀ ਦਾ ਉਪਦੇਸ਼ ਹੈ। ਵਾ- ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਰਚੈ= ਉਪਦੇਸ਼ ਵਿਖੇ ਆਪ ਜੀ ਨੇ ਪਰਵਾਣੁ= ਨਿਸਚਾ ਕੀਤਾ ਹੈ। ਵਾ- ਗੁਰਾਂ ਦੇ ਪਰਚੈ= ਉਪਦੇਸ਼ ਕਰ ਕੇ ਆਪ ਪ੍ਰਮਾਣੀਕ ਹੋਏ ਹੋ ਅਤੇ ਰਾਜ-ਭਾਗ ਆਦਿਕ ਮਾਇਆ ਵਿਖੇ ਰਹਿ ਕੇ ਆਪ ਜੀ ਨੇ ਭਗਤੀ ਜੋਗ ਨੂੰ ਕਮਾਉਣਾ ਕੀਤਾ ਹੈ।

ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ ॥

ਹੇ ਸਤਿਗੁਰੂ! ਆਪ ਪਿਛੇ ਵੀ ਧੰਨ ਸੀ, ਹੁਣ ਵੀ ਧੰਨ ਹੋ, ਅੱਗੇ ਭੀ ਧੰਨ ਹੋਵੋਗੇ। ਵਾ-ਮਨ ਬਾਣੀ ਸਰੀਰ ਕਰ ਕੇ ਆਪ ਧੰਨ ਹੋ। ਵਾ-ਆਪ ਭੀ ਧੰਨ ਹੋ, ਆਪ ਜੀ ਦੇ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵੀ ਧੰਨ ਹਨ, ਆਪ ਜੀ ਦੇ ਮਾਤਾ ਬੀਬੀ ਭਾਨੀ ਜੀ ਭੀ ਧੰਨ ਹਨ। ਜਿਨ੍ਹਾਂ ਦੇ ਅੰਤਹਕਰਣ ਰੂਪੀ ਸਰ= ਸਰੋਵਰ, ਅਭਰ= ਖਾਲੀ ਸਨ, ਉਨ੍ਹਾਂ ਸਰੋਵਰਾਂ ਨੂੰ ਸੁਭਰ= ਲਬਾ ਲਬ ਸ਼ੁਭ ਗੁਣਾਂ ਨਾਲ ਭਰਨਾ ਕੀਤਾ ਹੈ।

ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ ॥

ਗਿਆਨ ਗਮ ਜੋ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਨ ਉਹਨਾਂ ਦੇ ਪ੍ਰਮਾਣਿ= ਸਦਰਸ਼ ਆਪ ਜੀ ਨੇ ਨਾਮ ਰੂਪ ਅਜਰ ਵਸਤੂ ਨੂੰ ਜਰਿਓ= ਸਹਾਰਨਾ ਕੀਤਾ ਹੈ। ਆਪ ਜੀ ਦੇ ਅੰਤਹਕਰਣ ਰੂਪੀ ਸਰੋਵਰ ਵਿਖੇ ਸੰਤੋਖ ਆਦਿ ਸ਼ੁਭ ਗੁਣ ਸਮਾ ਰਹੇ ਹਨ। ਵਾ-ਸੰਤੋਖ ਆਦਿਕ ਸ਼ੁਭ ਗੁਣਾਂ ਦੇ ਸਰੋਵਰ ਵਿਖੇ ਆਪ ਸਮਾ ਰਹੇ ਹੋ।

ਗੁਰ ਅਰਜੁਨ ਕਲ੍ਹੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥ ੮ ॥

'ਕਲ' ਨਾਮਾ ਭੱਟ ਉਚਾਰਦਾ ਹੈ- ਹੇ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ! ਨਿਜ= ਆਪ ਜੀ ਨੇ ਸਹਜਿ ਜੋਗੁ= ਗਿਆਨ ਜੋਗ ਨੂੰ ਪਾਉਣਾ ਕੀਤਾ ਹੈ। ਵਾ-ਆਪ ਜੀ ਨੇ ਸਹਜੇ ਹੀ ਨਿਜ ਸਰੂਪ ਵਿਖੇ ਜੋਗੁ= ਜੁੜਨਾ ਪਾਇਆ ਹੈ॥ ੮ ॥

ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ

ਰਸਨਾ ਤੋਂ ਅੰਮ੍ਰਿਤ ਰੂਪ ਬਚਨਾਂ ਨੂੰ ਆਪ ਬਦਨਿ= ਉਚਾਰਦੇ ਹੋ ਤੇ ਬਰ ਦਾਤਿ= ਸ੍ਰੇਸ਼ਟ ਨਾਮ ਦਾਤ ਨੂੰ ਦੇਂਦੇ ਹੋ। ਵਾ-ਵਰਾਂ ਦੇ ਦੇਣ ਵਾਲੇ ਹੋ, ਅਲਖ= ਲਖਣੇ (ਜਾਣਨ) ਤੋਂ ਰਹਿਤ ਹੋ, ਅਪਾਰ= ਬਿਅੰਤ ਗੁਣਾਂ ਸਪੰਨ ਹੋ।

ਗੁਰ ਸੂਰ ਸਬਦਿ ਹਉਮੈ ਨਿਵਾਰ੍ਹਉ ॥

ਹੇ ਸੂਰਬੀਰ ਗੁਰੂ! ਆਪ ਜੀ ਦਾ ਸ਼ਬਦ ਰੂਪੀ ਤੀਰ ਹਉਮੈ ਨਵਿਰਤ ਕਰਨ ਵਾਲਾ ਹੈ। ਵਾ-ਹੇ ਗੁਰੋ! ਹਉਮੈ ਨਵਿਰਤ ਕਰਨ ਨੂੰ ਆਪ ਜੀ ਦਾ ਸ਼ਬਦ ਸੂਰ= ਸੂਰਜ ਵਾਂਗੂੰ ਹੈ। ਵਾ- ਅਗਿਆਨ ਰੂਪ ਹਨੇਰੇ ਦੇ ਦੂਰ ਕਰਨ ਨੂੰ ਹੇ ਗੁਰੂ! ਆਪ ਸੂਰਜ ਵਾਂਗ ਹੋ।

ਪੰਚਾਹਰੁਨਿ ਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਹਉ ॥

ਪੰਚਾਹਰੁਨਿ ਨਾਮ ਸ਼ੇਰ ਦਾ ਹੈ ਜੋ ਪੰਜੇ ਨਾਲ ਹਰਨਾ ਕਰੇ ਇਸ ਤਰਫ ਹੰਕਾਰ ਰੂਪੀ ਵਾ-ਕ੍ਰੋਧ ਰੂਪੀ ਵਾ-ਕਾਲ ਰੂਪੀ ਪੰਚਾਹਰੁਨਿ= ਸ਼ੇਰ ਨੂੰ ਆਪ ਜੀ ਨੇ ਦਲਨਾ ਕੀਤਾ ਹੈ। ਵਾ-ਪੰਜ ਕਾਮ ਅਦਿਕਾਂ ਰੂਪ ਪੰਜਾਂ ਹਰਨਾਂ

www.sikhbookclub.com

ਨੂੰ, ਅਥਵਾ ਪੰਜ ਗਿਆਨ ਇੰਦ੍ਰੀਆਂ ਰੂਪ ਹਰਣੀਆਂ ਨੂੰ ਆਪ ਜੀ ਨੇ ਵਿਵੇਕ ਦੇ ਬਲ ਨਾਲ ਦਲਣਾ ਕੀਤਾ ਹੈ। ਸੁੰਨ= ਅਫੁਰ ਰੂਪ ਪ੍ਰਮਾਤਮਾ ਨੂੰ ਸੁਤੇ ਸਿਧ ਆਪਣੇ ਅੰਤਹਕਰਣ ਰੂਪ ਘਰ ਵਿਚ ਸਹਾਰਉ= ਧਾਰਿਆ ਅਰਥਾਤ ਪਾਇਆ ਹੈ।

ਹਰਿ ਨਾਮਿ ਲਾਗਿ ਜਗ ਉਧਰ੍ਹਉ ਸਤਿਗੁਰੁ ਰਿਦੈ ਬਸਾਇਅਉ ॥

ਹਰੀ ਨਾਮ ਵਿਖੇ ਲਗਾ ਕੇ ਸਾਰੇ ਜਗਤ ਨੂੰ ਆਪ ਜੀ ਨੇ ਤਾਰਿਆ ਹੈ। ਸਤਿਗੁਰਾਂ ਦੁਆਰੇ ਆਪ ਜੀ ਨੇ ਹਿਰਦੇ ਵਿਖੇ ਨਾਮ ਨੂੰ ਵਸਾਇਆ ਹੈ। ਵਾ-ਸਤਿਗੁਰਾਂ ਦੇ ਉਪਦੇਸ਼ ਨੂੰ ਆਪ ਜੀ ਨੇ ਹਿਰਦੇ ਵਿਖੇ ਵਸਾਇਆ ਹੈ। ਵਾ- ਹੇ ਸਤਿਗੁਰੂ! ਸਿੱਖਾਂ ਦੇ ਹਿਰਦੇ ਵਿਚ ਆਪ ਜੀ ਨੇ ਨਾਮ ਵਸਾਇਆ ਹੈ।

ਗੁਰ ਅਰਜੁਨ ਕਲ੍ਹਚਰੈ ਤੈ ਜਨ ਕਹ ਕਲਸੁ ਦੀਪਾਇਅਉ ॥ ੯ ॥

ਕਲ੍ਹਚਰੈ (ਕਲ+ਉਚਰੈ)= ਕਲ ਨਾਮਾ ਭੱਟ ਉਚਾਰਦਾ ਹੈ-ਹੇ ਸ੍ਰੀ ਗੁਰੂ ਅਰਜਨ ਦੇਵ ਜੀ! ਸਾਰਿਆਂ ਸਾਧਨਾਂ ਦਾ ਕਲਸੁ= ਸ਼ਰੋਮਣੀ ਜੋ ਬ੍ਰਹਮ ਗਿਆਨ ਹੈ, ਉਹ ਆਪ ਜੀ ਨੇ ਜਨ ਕਹ= ਜਨਾਂ ਨੂੰ ਦੀਪਾਇਅਉ= ਪ੍ਰਕਾਸ਼ਨਾ ਕੀਤਾ ਹੈ। ਵਾ= ਆਪ ਜਨਕਹ= ਗਿਆਨ ਦਾ ਕਲਸ ਰੂਪ ਹੋ ਕੇ ਭਾਵ ਸਭ ਦਾ ਸ਼੍ਰੋਮਣੀ ਹੋ ਕੇ ਪ੍ਰਕਾਸ਼ੇ ਹੋ ਜੈਸੇ ਕਲਸ ਮਕਾਨ ਦੇ ਸਿਖਰ 'ਤੇ ਹੁੰਦਾ ਹੈ। ਵਾ- ਕਲਸ ਰੂਪ ਪ੍ਰਮਾਤਮਾ ਸੇਵਕ ਜਨਾਂ ਨੂੰ ਪ੍ਰਕਾਸ਼ਨਾ ਕੀਤਾ ਹੈ॥ ੯ ॥

ਸੋਰਠੇ ॥

ਅਗਲੇ ਤਿੰਨ ਸਵਈਏ ਵੀ ਸੋਰਠੇ ਦੀ ਚਾਲ ਦੇ 'ਕਲ' ਨਾਮਾ ਭੱਟ ਉਚਾਰਦਾ ਹੈ-

ਗੁਰੁ ਅਰਜੁਨ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥

ਪੰਜਾਂ ਪਾਂਡਵਾਂ ਵਿਚੋਂ ਜੋ ਅਰਜਨ ਪੁਰਖ ਹੈ ਉਸ ਦੇ ਪ੍ਰਮਾਣੁ= ਸਦਰਸ਼ ਹੇ ਗੁਰੂ ਜੀ! ਆਪ ਕਾਮ ਆਦਿਕਾਂ ਵੈਰੀ ਪਾਰਥਉ= ਯੁੱਧ ਵਿਚੋਂ ਚਲਾਇਮਾਨ ਨਹੀਂ ਹੁੰਦੇ। ਜਿਵੇਂ ਅਰਜਨ ਮਹਾਂ ਭਾਰਤ ਦੇ ਯੁੱਧ ਵਿਚੋਂ ਚਲਾਇਮਾਨ ਨਹੀਂ ਹੋਇਆ ਤਿਵੇਂ ਹੇ ਗੁਰੂ ਜੀ ! ਆਪ ਕਾਮ ਆਦਿਕਾਂ ਦੇ ਯੁੱਧ ਵਿਚੋਂ ਚਲਾਇਮਾਨ ਨਹੀਂ ਹੋਏ। ਅਥਵਾ- ਗੁਰੁ ਅਰਜੁਨੁ ਪੁਰਖੁ= ਹੇ ਸ੍ਰੀ ਗੁਰੂ ਅਰਜਨ ਦੇਵ ਜੀ ਉਤਮ ਪੁਰਖ ਆਪ ਪਾਰਥਉ= ਅਰਜਨ ਦੇ ਪ੍ਰਮਾਣੁ= ਸਦਰਸ਼ ਚਲਾਇਮਾਨ ਨਹੀਂ ਹੁੰਦੇ।

ਜਿਸ ਵੇਲੇ ਰਾਜੇ "ਕਵਣ" ਨੇ ਬਾਣ ਮਾਰਿਆ ਸੀ ਉਸ ਵੇਲੇ ਅਰਜਨ ਚਲਾਇਮਾਨ ਹੋ ਗਿਆ ਸੀ ਭਾਵ ਉਸ ਦਾ ਰੱਥ ਪਿਛਾਂਹ ਚਲਿਆ ਗਿਆ ਸੀ, ਪਰ ਆਪ ਚਲਾਇਮਾਨ ਨਹੀਂ ਹੁੰਦੇ।

ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥ ੧ ॥

ਨਿਸਚਾ ਰੂਪ ਨੇਜਾ ਹੈ। ਨਾਮ ਰੂਪ ਨੀਸਾਣੁ= ਧੌਂਸਾ ਹੈ। ਵਾ- ਨੀਸਾਣੁ= ਪ੍ਰਗਟ ਹੀ ਨਾਮ ਰੂਪ ਨੇਜਾ ਫੜਿਆ ਹੋਇਆ ਹੈ, ਸਤਿਗੁਰਾਂ ਦੇ ਸ਼ਬਦ ਰੂਪ ਸਾਣ ਉਤੇ ਉਸ ਨੂੰ ਸਵਾਰਿਅਉ= ਸਵਾਰਿਆ ਹੋਇਆ ਭਾਵ ਤਿੱਖਾ ਕੀਤਾ ਹੋਇਆ ਹੈ॥ ੧ ॥

ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥

ਭਵ= ਜਨਮ ਮਰਨ ਰੂਪ ਜਲ ਕਰ ਕੇ ਪੂਰਤ ਜੋ ਸੰਸਾਰ-ਸਮੁੰਦਰ ਹੈ ਇਸ ਤੋਂ ਤਾਰਨ ਲਈ ਆਪ ਜੀ ਨੇ ਸੇਤੁ= ਪੁਜਲ ਜੋ ਹਰੀ ਦਾ ਨਾਮ ਹੈ ਇਹ ਬੋਹਿਥਾ= ਜਹਾਜ਼ ਰਚਿਆ ਹੈ। ਵਾ- ਸੰਸਾਰ-ਸਮੁੰਦਰ ਤੋਂ ਪਾਰ

ਹੋਣ ਵਾਸਤੇ ਹਰੀ ਨਾਮ ਰੂਪ ਜਹਾਜ਼ਾਂ ਦਾ ਇਕ ਸੇਤੁ= ਪੁਲ ਬੰਨ੍ਹ ਦਿੱਤਾ ਹੈ।

ਤੁਅ ਸਤਿਗੁਰ ਸੰਹੇਤੁ ਨਾਮਿ ਲਾਗਿ ਜਗੁ ਉਧਰ੍ਯੋ ॥ ੨ ॥

ਤੁਅ= ਆਪ ਜੀ ਦਾ ਆਪਣਿਆਂ ਸਤਿਗੁਰਾਂ ਨਾਲ ਸੰ= ਭਲੀ ਪ੍ਰਕਾਰ ਹੇਤੁ= ਪ੍ਰੇਮ ਹੈ, ਆਪ ਜੀ ਨੇ ਨਾਮ ਵਿਖੇ ਲਗਾ ਕੇ ਸਾਰੇ ਜਗਤ ਨੂੰ ਤਾਰਨਾ ਕੀਤਾ ਹੈ। ਵਾ- ਹੇ ਸਤਿਗੁਰੂ! ਤੁਅ= ਆਪ ਜੀ ਦੇ ਨਾਲ ਸਾਡਾ ਹੇਤੁ= ਪ੍ਰੇਮ ਹੈ॥ ੨॥

ਜਗਤੁ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥

ਜਗਤ ਤੋਂ ਤਾਰਨ ਵਾਲਾ ਨਾਮ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਤੁਠੈ= ਪ੍ਰਸੰਨਤਾ ਨਾਲ ਆਪ ਜੀ ਨੇ ਪਾਇਆ ਹੈ। ਵਾ-ਜਗਤ ਤੋਂ ਤਾਰਨ ਵਾਲਾ ਨਾਮ ਹੇ ਸਤਿਗੁਰੂ! ਆਪ ਜੀ ਦੀ ਪ੍ਰਸੰਨਤਾ ਨਾਲ ਸਿੱਖਾਂ ਨੇ ਆਪ ਜੀ ਪਾਸੋਂ ਪਾਇਆ ਹੈ।

ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥ ੩ ॥ ੧੨ ॥

ਹੁਣ ਇਹ ਗੱਲ ਨਿਸਚੇ ਕਰ ਲਓ ਕਿ ਪ੍ਰਮਾਤਮਾਂ ਦੇ ਨਾਮ ਸਦਰਸ਼ ਹੋਰ ਕੋਈ ਸਰੇਸ਼ਟ ਕੰਮ ਨਹੀਂ ਹੈ ਕਿਉਂਕਿ ਜੋ ਨਿਸਚੇ ਸਹਿਤ ਹੋ ਕੇ ਨਾਮ ਜਪਦਾ ਹੈ ਉਸ ਦੀ ਬਾਰੰਤਰਿ (ਬਾਹਰ+ਅੰਤਰ) ਅੰਦਰ ਬਾਹਰ ਪੂਰੀ ਪਤ-ਆਬਰੋ ਪਾਈ ਹੈ। ਵਾ-ਸਭ ਗੱਲ ਬਾਤ ਪੂਰੀ ਪਈ ਹੈ ਕਿਸੀ ਵਿਹਾਰ ਪ੍ਰਮਾਰਥ ਵਿਚ ਨੂਨਤਾ ਨਹੀਂ ਆਉਂਦੀ॥ ੩ ॥ ੧੨ ॥

ਇਥੋਂ ਤਕ ੧ ਸਵਈਆਂ 'ਕਲ ਸਹਾਰ' ਨਾਮੇ ਭੱਟ ਦਾ ਤੇ ੧੧ ਸਵਈਏ 'ਕਲ' ਨਾਮੇ ਭੱਟ ਦੇ ਆ ਚੁੱਕੇ ਹਨ। ਕੁਲ ੧੨ ਸਵਈਏ ਆ ਗਏ ਹਨ। ਚਾਲ ਬਦਲਣ ਕਰਕੇ ੯ ਅੰਕ ਤੋਂ ਅੱਗੇ ਅੰਕ ਵਖਰਾ ੧-੨-੩ ਲਗਾਇਆ ਗਿਆ ਹੈ, ਪ੍ਰੰਤੂ ਭੱਟ ਉਹੀ ਹੈ, ਭੱਟ ਨਹੀਂ ਬਦਲਿਆ। ''ਸ਼ਾਮਬੇਦ ਦਾ ਅਵਤਾਰ ਜੋ ਮਥਰਾ ਭੱਟ ਹੈ ਉਹ ਹੁਣ ਗੁਰੂ ਜੀ ਦੀ ਉਸਤਤੀ ਦੇ ਸਤ ਸਵਈਏ ਕਥਨ ਕਰਦਾ ਹੈ''-

ਜੋਤਿ ਰੂਪਿ ਆਪਿ ਗੁਰੁ ਨਾਨਕੁ ਕਹਾਯਉ ॥

ਜੋਤਿ= ਪ੍ਰਕਾਸ਼ ਰੂਪ ਹਰੀ ਨੇ ਆਪ ਹੀ ਮਨੁੱਖ ਰੂਪ ਧਾਰ ਕੇ ਸ੍ਰੀ ਗੁਰੂ ਨਾਨਕ ਨਾਮ ਕਹਾਇਆ ਹੈ।

ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥

ਤਿਸ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰ ਕੇ ਅਤੇ ਆਗਿਆ ਮੰਨ ਕੇ ਲਹਿਣਾ ਜੀ ਸ੍ਰੀ ਗੁਰੂ ਅੰਗਦ ਰੂਪ ਹੋਏ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਤਤ ਰੂਪ ਪ੍ਰਮਾਤਮਾ ਨਾਲ ਤਤ ਰੂਪ ਬਣਾ ਕੇ ਮਿਲਾ ਦਿੱਤਾ ਹੈ।

ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਰਪਾ ਦ੍ਰਿਸ਼ਟੀ ਧਾਰ ਕੇ- ਸਤਿਗੁਰੂ ਅਮਰਦਾਸ ਜੀ ਨੂੰ ਗੁਰਿਆਈ ਗੱਦੀ ਪਰ ਇਸਥਿਤ ਕੀਤਾ ਹੈ।

ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥

ਸ੍ਰੀ ਗੁਰੂ ਅਮਰਦਾਸ ਜੀ ਨੇ ਨਾਮ ਰੂਪ ਅੰਮ੍ਰਿਤ ਅਤੇ ਜਸ ਰੂਪੀ ਛਤ੍ਰ- ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਦੇਣਾ ਕੀਤਾ ਹੈ। ਵਾ- ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਅਮਰਤੁ ਛਤ੍ਰੁ= ਗਿਆਨ ਰੂਪ ਛਤ੍ਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਦਿੱਤਾ ਹੈ।

ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥

ਅੰਮ੍ਰਿਤ ਬਯਣ= ਅੰਮ੍ਰਿਤ ਵਾਂਗੂੰ ਮਿੱਠੇ ਬਚਨਾਂ ਨੂੰ ਮਥਰਾ ਭੱਟ ਕਹਿੰਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਸ਼ਨ ਨੂੰ ਪਰਸ ਕੇ।

ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥ ੧॥

ਮੂਰਤਿ ਪੰਚ= ਪੰਚਮ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਦੇ ਪ੍ਰਮਾਣ= ਸਦਰਸ਼ ਹੋਏ ਹਨ ਤਾਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਰਸਨ ਨਯਣ= ਅੱਖਾਂ ਨਾਲ ਪਿਖਹੁ= ਦੇਖਣਾ ਕਰੋ॥ ੧॥

ਸਤਿ ਰੂਪੁ ਸਤਿਨਾਮੁ ਸਤੁ ਸੰਤੋਖੁ ਧਰਿਓ ਉਰਿ॥

ਸਤਿ, ਚਿਤ, ਅਨੰਦ ਸਰੂਪ ਪ੍ਰਮਾਤਮਾ ਦੇ 'ਸਤਿਨਾਮੁ' ਮੰਤਰ ਨੂੰ ਆਪ ਜੀ ਨੇ ਸਤਿ ਸੰਤੋਖ ਆਦਿਕ ਸ਼ੁਭ-ਗੁਣਾਂ ਦੇ ਸਹਿਤ ਹਿਰਦੇ ਵਿਚ ਧਾਰਿਆ ਹੈ।

ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ॥

ਆਪ ਪ੍ਰਤੱਖ ਹੀ ਉਸ ਆਦੀ ਪੁਰਖ ਦੇ ਸਰੂਪ ਹੋ, ਜਿਸ ਨੇ ਧੁਰੋਂ ਹੀ ਸਾਰਿਆਂ ਜੀਵਾਂ ਦੇ ਮੱਥੇ ਪਰ ਪ੍ਰਾਰਬਧ ਰੂਪੀ ਅੱਖਰ ਲਿਖੇ ਹਨ।

ਪ੍ਰਗਟ ਜੋਤਿ ਜਗਮਗੈ ਤੇਜੁ ਭ੍ਵਅ ਮੰਡਲਿ ਛਾਯਉ॥

ਆਪ ਜੀ ਦੀ ਜੋਤ ਸਾਰੇ ਸੰਸਾਰ ਵਿਖੇ ਪ੍ਰਗਟ ਹੀ ਜਗਮਗੈ= ਪ੍ਰਕਾਸ਼ ਰਹੀ ਹੈ, ਆਪ ਜੀ ਦਾ ਤੇਜ ਪ੍ਰਤਾਪ ਪ੍ਰਿਥਵੀ ਮੰਡਲ ਵਿਖੇ ਛਾ ਰਿਹਾ ਹੈ।

ਹੁਣ ਪੱਧਤੀ ਮੇਲਦੇ ਹਨ—

ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥

ਪਾਰਸ ਰੂਪੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਪਰਸ ਕੇ ਭਾਈ ਲਹਿਣਾ ਜੀ ਨੇ ਗੁਰੂ ਕਹਾਇਆ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਪਰਸ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਗੁਰੂ ਕਹਾਇਆ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਪਰਸ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰੂ ਕਹਾਇਆ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਰੂਪ ਪਾਰਸ ਨਾਲ ਪਰਸ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਕਹਾਇਆ।

ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ॥

"ਮਥੁਰਾ" ਭੱਟ ਨਾਲਦਿਆਂ ਭੱਟਾਂ ਨੂੰ ਆਖਦਾ ਹੈ ਕਿ ਇਹ ਗੱਲ ਸਦਾ ਯਾਦ ਰੱਖਣੀ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਵਿਅਕਤੀ ਚੌਹਾਂ ਹੀ ਪਾਤਿਸ਼ਾਹ ਜੀ ਦੀ ਮੂਰਤੀ ਵਾਂਗੂੰ ਹੈ।

ਵਾ-ਸਦਾ= ਨਿਤ ਰੂਪ ਜੋ ਪ੍ਰਮਾਤਮਾ ਹੈ ਉਸ ਦੇ ਮੂਰਤਿ= ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਹਨ, ਤਾਂ ਤੇ ਚਿਤ ਨੂੰ ਲਗਾ ਕੇ ਗੁਰੂ ਸ਼ਾਹਿਬ ਜੀ ਦੇ ਸਾਹਮਣੇ ਥਿਰੁ ਰਹਹੁ= ਖੜੇ ਰਹੋ।

ਕਲਿਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿਬਿ ਤਰਹੁ॥ ੨॥

ਕਲਜੁਗ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਜਹਾਜ਼ ਰੂਪ ਹਨ, ਸ੍ਰਿਸ਼ਟੀ ਦੇ ਸਾਰੇ ਜੀਵੋ! ਇਹਨਾਂ ਦੀ ਚਰਨੀਂ

www.sikhbookclub.com

ਲਗਿਬਿ= ਲੱਗ ਕੇ ਤਰਨਾ ਕਰੋ।

ਅਥਵਾ-ਕਲਜੁਗ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਜਹਾਜ਼ ਰਚਿਆ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰਚੀ ਹੈ, ਸਾਰੀ ਸ੍ਰਿਸ਼ਟੀ ਇਨ੍ਹਾਂ ਦੇ ਆਸਰੇ ਲੱਗ ਕੇ ਤਰੇਗੀ* ॥ ੨ ॥

ਤਿਹ ਜਨ ਜਾਚਹੁ ਜਗਤ੍ ਪਰ ਜਾਨੀਅਤੁ
ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥

ਜਿਸ ਗੁਰੂ ਸਾਹਿਬ ਜੀ ਦਾ ਸਾਰੇ ਜਗਤ ਤੋਂ ਪਰੇ ਬਾਸੁ ਜਾਨੀਅਤੁ= ਨਿਵਾਸ ਜਾਣਿਆਂ ਜਾਂਦਾ ਹੈ ਅਤੇ ਬਾਸੁਰ ਰਯਨਿ= ਦਿਨੇ ਰਾਤੀ ਜਿਨ੍ਹਾਂ ਦਾ ਨਾਮ ਨਾਲ ਪ੍ਰੇਮ ਜਾਣਿਆਂ ਜਾਂਦਾ ਹੈ, ਹੇ ਭੱਟੋ! ਜੇਕਰ ਮੰਗਣਾ ਹੋਵੇ ਤਾਂ ਉਸ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਪਾਸੋਂ ਜਾਚਹੁ= ਮੰਗਣਾ ਕਰੋ।

ਅਥਵਾ-ਜਗਤ ਤੋਂ ਪਰੇ ਜੋ ਪ੍ਰਮਾਤਮਾ ਹੈ ਉਸ ਵਿਖੇ ਜਿਨ੍ਹਾਂ ਗੁਰਾਂ ਦਾ ਨਿਵਾਸ ਜਾਣਿਆਂ ਜਾਂਦਾ ਹੈ ਅਤੇ ਦਿਨ ਰਾਤੀ ਜਿਨ੍ਹਾਂ ਦਾ ਨਾਮ ਨਾਲ ਪ੍ਰੇਮ ਜਾਣਿਆਂ ਜਾਂਦਾ ਹੈ, ਉਸ ਗੁਰੂ ਦੇ ਦਰਸ਼ਨਾਂ ਨੂੰ ਹੇ ਜਨੋ! ਵਾਹਿਗੁਰੂ ਪਾਸੋਂ ਜਾਚਹੁ= ਮੰਗਣਾ ਕਰੋ।

ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੑੀ

ਹੇ ਸਤਿਗੁਰੂ ਜੀ! ਆਪ ਪਰਮ ਅਤੀਤੁ= ਬੜੇ ਵੈਰਾਗ ਮੂਰਤੀ ਹੋ ਅਤੇ ਪ੍ਰਮੇਸ਼ਰ ਦੇ ਰੰਗਿ= ਪ੍ਰੇਮ ਵਿਚ ਰੰਗੇ ਹੋਏ ਹੋ।

ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥

ਵਾਸ਼ਨਾਂ ਤੋਂ ਬਾਹਰ ਹੋ, ਆਪ ਜੀ ਦੇ ਅੰਦਰ ਕਿਸੇ ਪਦਾਰਥ ਦੀ ਵਾਸ਼ਨਾ ਨਹੀਂ ਹੈ, ਪੈ= ਬਹੁੜੋ ਸਰੂਪ ਧਾਮ= ਘਰ ਦੇ ਸਹਿਤ ਦੇਖੇ ਜਾਂਦੇ ਹੋ।

---

* *ਦਸਮੇਸ਼ ਪਿਤਾ ਜੀ ਨੂੰ ਜੋਤੀ-ਜੋਤ ਸਮਾਉਣ ਲੱਗਿਆਂ ਸੰਗਤ ਨੇ ਹੱਥ ਜੋੜ ਕੇ ਬੇਨਤੀ ਕੀਤੀ- ਪਾਤਿਸ਼ਾਹ ਜੀ! ਆਪ ਤਿਆਰੀਆਂ ਵਿਖੇ ਹੋ ਤੇ ਸਾਨੂੰ ਕਿਸ ਦੇ ਲੜ ਲਾ ਚਲੇ ਹੋ? ਇਹ ਗੱਲ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ ਤੇ ਸੰਗਤ ਨੂੰ ਕਿਹਾ-*

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਯੋ ਚਹੈ ਖੋਜ ਸ਼ਬਦ ਮੈਂ ਲੇਹ।
ਸਭ ਗੁਰੂ ਪ੍ਰਗਟ ਭਏ ਪੂਰਨ ਹਰਿ ਅਵਤਾਰ।
ਜਗਮਗ ਜੋਤ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ।
ਜੋ ਦਰਸਯੋ ਚਹੈ ਗੁਰੂ ਕੋ ਸੋ ਦਰਸੈ ਗੁਰੂ ਗ੍ਰੰਥ।
ਪਢੈ ਸੁਨੈ ਸਵਾਰਥ ਲਹੈ ਪਰਮਾਰਥ ਕੋ ਪੰਥ।
ਵਾਹਿਗੁਰੂ ਗੁਰੂ ਗ੍ਰੰਥ ਜੀ ਉਭੈ ਜਹਾਜ਼ ਉਦਾਰ।
ਜੋ ਸਰਧਾ ਧਰ ਸੇਵ ਹੈ ਸੋ ਉਤਰੈ ਭਵ ਪਾਰ।

(ਪੰਥ ਪ੍ਰਕਾਸ਼ ੪੦ ਨਿਵਾਸ, ਪੰਨਾ ੩੩੮)

www.sikhbookclub.com

ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੌ

ਅਪਰ= ਸੰਸਾਰ ਤੋਂ ਪਰਾ ਰੂਪ ਜੋ ਅਕਾਲ ਪੁਰਖ ਹੈ ਪਰ= ਭਲੀ ਪ੍ਰਕਾਰ ਉਸ ਨਾਲ ਆਪ ਜੀ ਦਾ ਪ੍ਰੇਮ ਲੱਗ ਰਿਹਾ ਹੈ।

ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥

ਭਗਵੰਤ ਦੇ ਨਾਮ-ਰਸ ਤੋਂ ਬਿਨਾਂ ਹੋਰਨਾਂ ਪਦਾਰਥਾਂ ਨਾਲ ਆਪ ਜੀ ਦਾ ਕੋਈ ਕੰਮ ਨਹੀਂ।

ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ
ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥ ੩ ॥

ਮਥੁਰਾ ਭੱਟ ਕਥਨ ਕਰਦਾ ਹੈ-ਮੈਂ ਮਥਰਾ ਦਾ ਪ੍ਰਭੂ ਜੋ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਹੈ ਸ੍ਰਬ ਮਯ= ਸਰਬ ਰੂਪ ਉਹ ਭਗਤੀ ਦੇ ਵਿਖੇ ਹੇਤਿ= ਪ੍ਰੇਮ ਨੂੰ ਪਾ ਕੇ ਰਾਮ ਨਾਲ ਮਿਲ ਰਿਹਾ ਹੈ॥ ੩ ॥

[ਪੰਨਾ ੧੪੦੯]

ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥

ਜਿਸ ਪ੍ਰਮਾਤਮਾ ਦਾ ਸਾਰੇ ਦੇਵਤੇ ਔਰ ਰਿਖੀ ਮੁਨੀ ਅੰਤ ਨਹੀਂ ਪਾਂਵਦੇ। ਇੰਦਰ ਅਤੇ ਸ਼ਿਵਾਂ ਨੇ ਮਹਾ-ਬਹੁਤ ਕਾਲ ਭਾਵ ਅਠਾਸੀ ਹਜ਼ਾਰ ਜੁਗ ਚੌਕੜੀ ਸਮਾਧੀ ਵਿਖੇ ਜੋਗ ਸਾਧਨਾ ਕੀਤੀ ਹੈ, ਪ੍ਰੰਤੂ ਅੰਤ ਨਹੀਂ ਪਾਇਆ।

ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਯੋ ਏਕ ਘਰੀ ॥

ਉਸ ਪ੍ਰਮਾਤਮਾ ਦਾ ਅੰਤ ਲੈਣ ਵਾਸਤੇ ਫੁਨਿ= ਪੁਨਾ ਬਿਰੰਚਿ= ਬ੍ਰਹਮਾ ਵੇਦਾਂ ਨੂੰ ਵਿਚਾਰ ਰਿਹਾ ਹੈ, ਜਿਸ ਬ੍ਰਹਮਾ ਨੇ ਇਕ ਘੜੀ ਮਾਤਰ ਭੀ ਹਰੀ ਨਾਮ ਜਾਪ ਨੂੰ ਛਡਿਆ ਨਹੀਂ।

ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥

ਮਥੁਰਾ ਭੱਟ ਕਥਨ ਕਰਦਾ ਹੈ—ਐਸਾ ਜੋ ਪ੍ਰਭੂ ਹੈ, ਜਿਸ ਦਾ ਅੰਤ ਕਿਸੇ ਨੇ ਪਾਇਆ ਨਹੀਂ ਉਹ ਦੀਨ= ਗਰੀਬਾਂ ਉਤੇ ਦਿਆਲੂ ਹੈ, ਉਸੇ ਨੇ ਸ੍ਰਿਸ਼ਟੀ ਵਿਖੇ ਆ ਕੇ ਗੁਰੂ ਅਵਤਾਰ ਧਾਰ ਕੇ ਸਾਰੀ ਸੰਗਤ ਨਿਹਾਲ ਕੀਤੀ ਹੈ।

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥ ੪ ॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਜਗਤ ਦੇ ਤਾਰਨ ਨੂੰ ਗੁਰਤਾ ਦੀ ਜੋਤਿ= ਸ਼ਕਤੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਵਿਖੇ ਰੱਖੀ ਹੈ॥ ੪ ॥

ਪ੍ਰਸ਼ਨ- ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਅਵਤਾਰ ਕਿਉਂ ਹੋਇਆ ਹੈ? *ਉੱਤਰ-*

ਜਗ ਅਉਰੁ ਨ ਯਾਹਿ ਮਹਾਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥

ਯਾਹਿ= ਇਸ ਜਗਤ ਮੈਂ=ਵਿਖੇ ਜਦ ਹੋਰ ਕੋਈ ਮਹਾਤਮ=ਮਹਾਤਮਾ ਜੀਵਾਂ ਦੇ ਤਾਰਨ ਨੂੰ ਨਾ ਰਿਹਾ।

ਯਥਾ- ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗ ਵਿਚਿ ਕੋਆ।
ਧਰਮ ਧਉਲੁ ਪੁਕਾਰੈ ਤਲੈ ਖੜੋਆ॥ ੨੨॥ (ਭਾਈ ਗੁਰਦਾਸ ਜੀ, ਵਾਰ ੧)

ਉਸ ਵੇਲੇ ਪ੍ਰਮਾਤਮਾ ਨੇ ਉਜਾਗਰੁ= ਪ੍ਰਸਿੱਧ ਹੀ ਆਪ ਆਣ ਕੇ ਅਵਤਾਰ ਧਾਰਨਾ ਕੀਤਾ।

ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ॥

ਮਥੁਰਾ ਭੱਟ ਕਥਨ ਕਰਦਾ ਹੈ- ਉਨ੍ਹਾਂ ਪੁਰਸ਼ਾਂ ਦੇ ਕ੍ਰੋੜਾਂ ਹੀ ਜਨਮਾਂ-ਜਨਮਾਂਤਰਾਂ ਦੇ ਦੁੱਖ ਦੂਰ ਹੋ ਗਏ ਹਨ, ਜਿਨ੍ਹਾਂ ਨੇ ਸਤਿਗੁਰਾਂ ਦੁਆਰੇ 'ਵਾਹਿਗੁਰੂ' ਦਾ ਨਾਮ-ਅੰਮ੍ਰਿਤ ਪੀਣਾ ਕੀਤਾ ਹੈ।

ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥

ਰੇ ਮਨ= ਹੇ ਪਿਆਰੇ! ਇਸ ਪਧਤੀ ਅਰਥਾਤ ਰਹੁ ਰੀਤੀ ਤੋਂ ਮਤਾਂ ਦੂਰ ਹੋ, ਕਿ ਗੁਰੂ ਹੋਰ ਹਨ ਤੇ ਭਗਵੰਤ ਹੋਰ ਹੈ, ਭੇਦਭਾਵ ਤੋਂ ਬਿਭੇਦੁ= ਰਹਿਤ ਹੋ, ਪ੍ਰਮਾਤਮਾ ਤੋਂ ਵੱਖਰਾ ਬੀਅਉ= ਦੂਜਾ ਹੋਰ ਰੂਪ ਗੁਰੂ ਨੂੰ ਨਾ ਜਾਣ।

ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥੫॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਪਰਤਛਿ= ਪਰਗਟ ਹੀ ਹਰੀ ਪੂਰਨ ਬ੍ਰਹਮ ਨੇ ਨਿਵਾਸ ਲੀਤਾ ਹੋਇਆ ਹੈ, ਇਸ ਲਈ ਦੋਹਾਂ ਨੂੰ ਅਭੇਦ ਰੂਪ ਸਮਝਣਾ ਕਰ॥ ੫॥

ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥

ਮਥੁਰਾ ਭੱਟ ਨਾਲਦਿਆਂ ਭੱਟਾਂ ਨੂੰ ਸੁਣਾਉਂਦਾ ਹੈ- ਜਦ ਤਕ ਲਿਲਾਰ= ਮੱਥੇ ਦੇ ਚੰਗੇ ਭਾਗ ਉਦੈ= ਪਰਗਟ ਨਹੀਂ ਸਨ, ਉਤਨਾ ਚਿਰ ਬਹੁਤ ਹੀ ਧਾਯਉ= ਦੌੜ ਕੇ ਭਟਕਦੇ ਫਿਰਦੇ ਸੀ।

ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥

ਕਲਜੁਗ ਰੂਪੀ ਘੋਰ= ਭਿਆਨਕ ਸਮੁੰਦਰ ਵਿਖੇ ਡੁੱਬ ਰਹੇ ਸੀ, ਹੇ ਭਾਈ! ਇਹ ਸਰਾਪ ਰੂਪੀ ਪਸਚਾਤਾਪ ਕਦੇ ਮਿਟਣ ਯੋਗ ਨਹੀਂ ਸੀ।

ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥

ਮਥੁਰਾ ਭੱਟ ਕਥਨ ਕਰਦਾ ਹੈ— ਮੈਂ ਤਾਂ ਇਹ ਸਿਧਾਂਤ ਵਿਚਾਰਿਆ ਹੈ ਕਿ ਜਗਤ ਦੇ ਤਾਰਨ ਨੂੰ, ਵਾ- ਜਗਤ ਵਿਖੇ ਉਸ ਪ੍ਰਮਾਤਮਾ ਨੇ ਇਹ ਪੰਚਮ ਅਵਤਾਰ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਦਾ ਸਾਡੇ ਹੀ ਤਾਰਨ ਨੂੰ ਬਣਾਇਆ ਹੈ।

ਜਪ੍ਯਉ ਜਿਨ੍ ਅਰਜੁਨ ਦੇਵ-ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥੬॥

ਜਿਸ ਨੇ ਵੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਪਿਆ ਹੈ- ਉਹ ਫਿਰ ਮਾਤਾ ਦੀ ਗਰਭ ਜੋਨੀ ਦੇ ਸੰਕਟ= ਦੁੱਖਾਂ ਵਿਚ ਨਹੀਂ ਆਉਂਦਾ॥ ੬॥

ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ॥

ਕਲਜੁਗ ਰੂਪੀ ਸਮੁੰਦਰ ਵਿਖੇ ਹੰਰੀ ਦਾ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਪ੍ਰਗਟ ਹੋਏ ਹਨ, ਜੋ

ਨਾਮ ਦਾਨ ਦੇ ਕੇ ਜੀਵਾਂ ਨੂੰ ਤਾਰਦੇ ਹਨ। ਵਾ-ਕਲਜੁਗ ਰੂਪ ਸਮੁੰਦਰ ਵਿਖੇ ਗੁਰੂ ਸਾਹਿਬ ਜੀ ਜਹਾਜ਼ ਰੂਪ ਪ੍ਰਗਟ ਹੋਏ ਹਨ, ਜੋ ਹਰੀ ਨਾਮ ਰੂਪ ਅਨਕੂਲੀ ਪੌਣ ਦੁਆਰਾ ਜੀਵਾਂ ਨੂੰ ਤਾਰਨਾ ਕਰਦੇ ਹਨ।

ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ ਨਿਵਾਰਨੁ॥

ਜਿਸ ਸੰਤ ਦੇ ਹਿਰਦੇ ਵਿਖੇ ਗੁਰੂ ਸਾਹਿਬ ਜੀ ਵਸਦੇ ਹਨ, ਉਸਦੇ ਦੁੱਖ ਅਤੇ ਦਲਿੱਦਰ ਨਵਿਰਤ ਕਰ ਦਿੰਦੇ ਹਨ।

ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥

ਅਵਿਦਿਆ ਆਦਿ ਮੈਲ ਤੋਂ ਰਹਿਤ ਜੋ ਨਿਰਮਲ ਸ਼ੁਧ ਸਰੂਪ ਸਚਿਦਾਨੰਦ ਬ੍ਰਹਮ ਅਪਾਰ ਗੁਣਾਂ ਵਾਲਾ ਹੈ, ਉਸ ਦੇ ਭੇਖ= ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਹਨ, ਉਸ ਬ੍ਰਹਮ ਤੋਂ ਬਿਨਾਂ ਹੋਰ ਕੋਈ ਰੂਪ ਨਿਸਚੇ ਨਾ ਕਰੋ।

ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ॥

ਜਿਸ ਗੁਰਮੁਖ ਨੇ ਮਨ ਬਾਣੀ ਦੁਆਰਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਬ੍ਰਹਮ ਰੂਪ ਜਾਣਿਆਂ ਹੈ, ਉਹ ਪੁਰਸ਼ ਉਸ ਬ੍ਰਹਮ ਦੇ ਸਮਸਰਿ= ਸਦਰਸ਼ ਹੀ ਹੋਇਆ ਹੈ।

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥

ਧਰਨਿ= ਧਰਤੀ ਤੇ ਗਗਨ= ਅਕਾਸ਼ ਤੋਂ ਲੈ ਕੇ ਨੌ ਖੰਡਾਂ ਵਿਖੇ ਜੋ ਜੋਤੀ ਸਰੂਪ ਪ੍ਰਮਾਤਮਾ ਸਾਰੇ ਭਰਿ= ਭਰਪੂਰ ਹੋ ਰਿਹਾ ਹੈ।

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ॥ ੭॥ ੧੯॥

ਮਥੁਰਾ ਭਟ ਕਥਨ ਕਰਦਾ ਹੈ—ਉਸ ਪ੍ਰਮਾਤਮਾ ਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਵਿਖੇ ਕੁਛ ਭੇਦੁ-ਫਰਕ ਨਹੀਂ, ਸ੍ਰੀ ਗੁਰੂ ਅਰਜਨ ਪਾਤਿਸ਼ਾਹ ਪ੍ਰਤੱਖ ਹਰੀ ਸਰੂਪ ਹਨ।

ਇਥੋਂ ਤੱਕ ਮਥੁਰਾ ਭੱਟ ਦੇ ੭ ਸਵਈਏ ਆ ਚੁੱਕੇ ਹਨ, ਇਸ ਲਈ ਸੱਤ ਅੰਕ ਲੱਗਾ ਹੈ।

੧ ਸਵਈਆ 'ਕਲਸਹਾਰ' ਨਾਮੇ ਭੱਟ ਦਾ ਅਤੇ ੧੧ ਸਵਈਏ 'ਕਲ' ਨਾਮੇ ਭੱਟ ਦੇ ਆਏ ਹਨ ਅਤੇ ੭ ਸਵਈਏ ਮਥਰਾ ਭੱਟ ਦੇ ਆਏ ਹਨ ਇਸ ਕਰ ਕੇ ਸਾਰਾ ਜੋੜ ਉਨੀਂ ਆਇਆ ਹੈ॥ ੭॥ ੧੯॥

ਸ਼ਾਮਵੇਦ ਦਾ ਜੋ 'ਹਰਬੰਸ' ਨਾਮਾ ਭੱਟ ਹੈ ਉਹ ਦੋ ਸਵਈਆਂ ਰਾਹੀਂ ਗੁਰੂ ਸਾਹਿਬ ਜੀ ਦੀ ਉਸਤਤੀ ਕਰਦਾ ਹੈ—

ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ॥

ਪ੍ਰਤੱਖ ਗੰਗਾ ਜਲ ਨੇ ਤਾਂ ਲੌਕਕ ਪ੍ਰਮਾਣ ਸੇ ਚਲਿਆਂ ਹੀ ਜਾਣਾ ਹੈ, ਪ੍ਰੰਤੂ ਇਹ ਗੁਰਬਾਣੀ ਰੂਪੀ ਗੰਗਾ ਅਜੈ ਹੈ ਭਾਵ ਚਲਾਇਮਾਨ ਤੋਂ ਰਹਿਤ ਹੈ ਅਟੱਲ ਪ੍ਰਮਾਤਮਾ ਦਾ ਜੋ ਨਾਮ ਹੈ, ਏਹੀ ਉਸ ਬਾਣੀ ਰੂਪ ਗੰਗਾ ਵਿਖੇ ਜਲ ਹੈ। ਵਾ-ਜਸ ਰੂਪੀ ਗੰਗਾ ਜਲ ਅਜੈ ਤੇ ਅਟੱਲ ਹੈ, ਸਿੱਖਾਂ ਦੀ ਸੰਗਤ ਸਭ ਰਲ-ਮਿਲ ਕੇ ਇਸ ਨਾਮ, ਵਾ- ਜਸ ਰੂਪੀ ਜਲ ਵਿਖੇ ਇਸ਼ਨਾਨ ਕਰਦੀ ਹੈ। ਜੋ ਨਾਮ ਬਾਣੀ ਦਾ ਪੜ੍ਹਨਾ ਸੁਣਨਾ ਏਹੋ ਇਸ਼ਨਾਨ ਦਾ ਕਰਨਾ ਹੈ।

ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ॥

ਗੁਰੂ ਸਾਹਿਬ ਜੀ ਦੀ ਪ੍ਰਕਰਮਾਂ ਵਿਖੇ ਨਿਤਾਪ੍ਰਤੀ ਪੁਰਾਣ ਵਾਚੇ ਜਾਂਦੇ ਹਨ ਅਤੇ ਬ੍ਰਹਮਾ= ਬ੍ਰਾਹਮਣ ਲੋਕ ਮੂੰਹ ਨਾਲ ਵੇਦਾਂ ਨੂੰ ਗਾਂਵਦੇ ਹਨ। ਵਾ-ਪ੍ਰਤੱਖ ਬ੍ਰਹਮਾ ਵੀ ਬ੍ਰਹਮ ਲੋਕ ਤੋਂ ਆ ਕੇ ਮੂੰਹ ਨਾਲ ਵੇਦਾਂ ਨੂੰ ਗਾਂਵਦਾ ਹੈ।

ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ॥

ਅਜੇ ਤਕ ਪ੍ਰਤੱਖ ਚੌਰ ਸਿਰ ਤੇ ਝੁਲ ਰਿਹਾ ਹੈ (ਪੁਰਾਤਨ ਮਰਯਾਦਾ ਅਨੁਸਾਰ ਪੁਜਾਰੀਆਂ ਤਕ ਇਹ ਨਿਯਮ ਚਲਾ ਆ ਰਿਹਾ ਸੀ ਕਿ ਜਿਸ ਵੇਲੇ ਸ੍ਰੀ ਅਕਾਲ ਤਖਤ ਤੋਂ ਚਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਆ ਕੇ ਮੰਜੀ ਸਾਹਿਬ ਜੀ ਉਪਰ ਪ੍ਰਕਾਸ਼ ਕਰਦੇ ਸਨ ਤਾਂ ਉਸ ਵੇਲੇ ਤੋਂ ਲੈ ਕੇ ਦੂਜੀ ਵਾਰ ਹੁਕਮ ਨਾਮਾ ਸੁਨਾਉਣ ਵੇਲੇ ਤਕ ਇਕ ਸੇਵਾਦਾਰ ਖਲੋ ਕਿ ਚੌਰ ਕਰਦਾ ਰਹਿੰਦਾ ਸੀ*।

ਯਥਾ- ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥

(ਰਾਮਕਲੀ ਵਾਰ ਦੂਜੀ ਪੌੜੀ ੧੬)

ਵਾ- ਅਜੈ= ਅਜੈਤਾ ਰੂਪੀ ਚੌਰ ਸਿਰ ਪਰ ਢੁਲ ਰਿਹਾ ਹੈ।

'ਨਾਮੁ ਅੰਮ੍ਰਿਤੁ ਮੁਖਿ ਲੀਅਉ॥

**ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਵੇਲੇ ਤੋਂ ਪੁਰਾਤਨ ਮਰਯਾਦਾ ਅਨੁਸਾਰ ਪੁਜਾਰੀਆਂ ਤਕ ਜਿਸ ਵੇਲੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬ੍ਰਹਮ ਕੁਟੀਆ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਵਾਰੀ ਚਲਦੀ ਸੀ, ਉਸ ਵੇਲੇ ਤੋਂ ਲੈ ਕੇ ਦੂਸਰੇ ਹੁਕਮਨਾਮੇ ਤਕ ਸਾਹਿਬਾਂ ਉਪਰ ਚਵਰ ਢੁਲਦਾ ਰਹਿੰਦਾ ਸੀ ਪਰ ਜਿਸ ਵੇਲੇ ਗੁਰਦੁਆਰਿਆਂ ਦਾ ਪ੍ਰਬੰਧ ਸਮੁਚੇ ਪੰਥ ਦੇ ਹੱਥ ਆਇਆ ਤੇ ਪ੍ਰਬੰਧ ਕਰਨ ਲਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਿਤ ਕੀਤੀ ਗਈ ਤਦ ਕਮੇਟੀ ਦੇ ਸਥਾਪਿਤ ਹੋਣ ਤੇ ਇਹ ਮਰਯਾਦਾ 'ਅਜੈ ਚਵਰੁ ਸਿਰਿ ਢੁਲੈ' ਵਾਲੀ ਖਤਮ ਹੋ ਗਈ, ਭਾਵ ਸਾਹਿਬਾਂ ਉਪਰ ਚਵਰ ਨਹੀਂ ਸੀ ਝੁਲਾਇਆ ਜਾਂਦਾ।*

ਸ਼ੁਰੂ-ਸ਼ੁਰੂ ਵਿਚ ਇਸੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਰਾਲੇ ਵਾਲੇ ਸੰਤ ਮਹੰਤ ਪ੍ਰੇਮ ਸਿੰਘ ਜੀ ਵੀ ਮੈਂਬਰ ਨਾਮਜ਼ਦ ਕੀਤੇ ਗਏ। ਇਨ੍ਹਾਂ ਸੰਤਾਂ ਪਾਸ ਪੂਜਯ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਹੋਰਾਂ ਨੇ ਆਪਣੇ ਦਿਲ ਦੀ ਗੱਲ ਆਖੀ ਕਿਉਂਕਿ ਆਪ ਰੋਜ਼ ਹਰਿਮੰਦਰ ਸਾਹਿਬ ਦਰਸ਼ਨ ਕਰਨ ਜਾਇਆ ਕਰਦੇ ਸਨ ਪਰ ਸਾਹਿਬਾਂ ਉਪਰ ਚਵਰ ਝੁਲਦਾ ਨਾ ਦੇਖ ਕੇ ਦੁਖੀ ਹੋਇਆ ਕਰਦੇ ਸਨ। ਇਕ ਦਿਨ ਬੜੇ ਪਿਆਰ ਸਤਿਕਾਰ ਸਹਿਤ 'ਅਜੈ ਚਵਰੁ ਸਿਰਿ ਢੁਲੈ' ਵਾਲੀ ਪੰਗਤੀ ਪੜ੍ਹਦਿਆਂ ਕਿਹਾ ਇਸ ਅਨੁਸਾਰ ਸਦਾ ਸਾਹਿਬਾਂ ਦੇ ਸੀਸ ਉਪਰ ਚਵਰ ਝੁਲਦਾ ਆਇਆ ਹੈ। ਹੁਣ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਹੁਣ ਸਾਰਾ ਪ੍ਰਬੰਧ ਪੰਥ ਦੇ ਹੱਥ ਆਇਆ ਹੈ ਪਰ ਇਹ ਮ੍ਰਯਾਦਾ ਅਲੋਪ ਵੀ ਹੋ ਗਈ ਹੈ। ਪੁਨਾ ਕਿਹਾ, ਇਸ ਪੰਗਤੀ ਦੀ ਤਾਂ ਹੀ ਸਫਲਤਾ ਹੈ ਜੇ ਫਿਰ ਪੁਰਾਤਨ ਗੁਰ ਮ੍ਰਯਾਦਾ ਕਾਇਮ ਕੀਤੀ ਜਾਵੇ। ਹੁਣ ਆਪ ਜੀ ਮੈਂਬਰ ਬਣੇ ਹੋ ਤੇ ਕਰਾ ਵੀ ਸਕਦੇ ਹੋ। ਮੁਰਾਲੇ ਵਾਲੇ ਸੰਤਾਂ ਦੇ ਮਨ ਵਿਖੇ ਇਹ ਗੱਲ ਘਰ ਕਰ ਗਈ। ਉਨ੍ਹਾਂ ਨੇ ਵੀ ਦਿਲ ਵਿਖੇ ਮਹਿਸੂਸ ਕਰਦਿਆਂ ਹੋਇਆਂ ਮ੍ਰਯਾਦਾ ਕਾਇਮ ਕਰਨ ਦਾ ਯਕੀਨ ਦਿਵਾਇਆ। ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਗਿਆਨੀ ਮਹਾਰਾਜ ਜੀ ਦੀ ਪ੍ਰੇਰਨਾ ਤੇ ਮੁਰਾਲੇ ਵਾਲੇ ਸੰਤਾਂ ਦੇ ਉਦਮ ਦਾ ਸਕਦਾ ਪੁਨਾ ਇਹ ਕੁਝ ਕੁ ਮ੍ਰਯਾਦਾ ਕਾਇਮ ਹੋ ਗਈ। ਜੋ ਬ੍ਰਹਮ ਕੁਟੀਆ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਾਹਿਬਾਂ ਦੀ ਸਵਾਰੀ ਚਲ ਕੇ ਹਰੀ ਮੰਦਰ ਸਾਹਿਬ ਜੀ ਦੇ ਅੰਦਰ ਪ੍ਰਕਾਸ਼ ਕਰਦੇ ਹਨ, ਉਸ ਵੇਲੇ ਤੋਂ ਲੈ ਕੇ ਪਹਿਲੇ ਅਮੋਲਕ ਗੁਰਵਾਕ (ਹੁਕਮਨਾਮੇ) ਤਕ ਇਕ ਸੇਵਾਦਾਰ ਖੜਾ ਹੋ ਕੇ ਸਾਹਿਬਾਂ ਦੇ ਸੀਸ 'ਤੇ ਚਵਰ ਝੁਲਾਂਦਾ ਰਹਿੰਦਾ ਹੈ। ਸਾਂਡੀ ਤਾਂ ਸਤਿਗੁਰਾਂ ਅੱਗੇ ਏਹੀ ਬੇਨਤੀ ਹੈ ਕਿ ਇਨ੍ਹਾਂ ਪ੍ਰਬੰਧਕਾਂ ਨੂੰ ਗੁਰੂ ਮਹਾਰਾਜ ਸੁਮੱਤ ਬਖਸ਼ਣ ਤਾਂ ਕਿ ਪੂਰੀ ੨ ਪੁਰਾਤਨ ਮਰਯਾਦਾ ਕਾਇਮ ਕਰ ਸਕਣ।

www.sikhbookclub.com

ਗੁਰੂ ਸਾਹਿਬ ਜੀ ਆਪ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਨਾਮ ਅੰਮ੍ਰਿਤ ਲੈਣਾ ਕਰਦੇ ਹਨ।

*ਅਥਵਾ-*ਗੁਰਾਂ ਦੁਆਰੇ ਅਸੀਂ ਮੁਖ ਨਾਲ਼ ਨਾਮ-ਅੰਮ੍ਰਿਤ ਲੈਣਾ ਕੀਤਾ ਹੈ।

ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥

ਆਪ ਪ੍ਰਮਾਤਮਾ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਰੂਪ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੀਸ ਪਰ ਗੁਰਿਆਈ ਗੱਦੀ ਦਾ ਛਤਰ, ਅਥਵਾ ਜਸ ਰੂਪ ਛਤਰ ਦੇਣਾ ਕੀਤਾ ਹੈ।

ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ ॥

ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲ ਕੇ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਹਰੀ ਪਾਸ ਗਏ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨਾਲ ਮਿਲ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਹਰੀ ਪਾਸ ਗਏ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨਾਲ ਮਿਲ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਹਰੀ ਪਾਸ ਗਏ।

ਹਰਿਬੰਸ ਜਗਤਿ ਜਸੁ ਸੰਚਰ੍ਯਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥ ੧ ॥

"ਹਰਬੰਸ" ਨਾਮਾ ਭੱਟ ਕਥਨ ਕਰਦਾ ਹੈ- ਸਾਰੇ ਸੰਸਾਰ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਜਸ ਸੰਚਰ੍ਯਉ= ਪਰਵਿਰਤ ਹੋ ਰਿਹਾ ਹੈ। ਸੋ ਐਸਾ ਕੌਣ ਪਾਪੀ ਜੀਵ ਹੈ ਜੋ ਕਹਿੰਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਰ ਗਏ ਹਨ, ਉਹ ਤਾਂ ਹਮੇਸ਼ਾਂ ਹੀ ਜਾਗਦੀ ਜੋਤਿ ਹਨ।

*ਯਥਾ-*ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ *(ਭੈਰਉ ਮਹਲਾ ੫, ਪੰਨਾ ੧੧੩੬)*

ਪ੍ਰਸ਼ਨ- ਜੇਕਰ ਗੁਰੂ ਜੀ ਮਰੇ ਨਹੀਂ ਤਾਂ ਫਿਰ ਕਿਥੇ ਗਏ ਹਨ?

ਉੱਤਰ- ਜਿਸ ਵੇਲੇ ਦੈਂਤਾਂ ਨੇ ਇੰਦਰ ਨੂੰ ਸਤਾਇਆ ਤਾਂ ਇੰਦਰ ਨੇ ਬੜੀ ਨਿੰਮਤਾ ਸਹਿਤ ਅਰਾਧਣਾ ਕੀਤੀ, ਉਸ ਦੇ ਪ੍ਰੇਮ ਦੇ ਖਿੱਚੇ ਹੋਏ-

ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥

ਜਦ ਪ੍ਰਮੇਸ਼ਰ (ਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਨੂੰ ਆਪ ਇੰਦਰ ਦਾ ਪ੍ਰੇਮ ਭਾਇਆ ਤਦ ਦੇਵ ਪੁਰੀ= ਇੰਦਰ ਪੁਰੀ ਵਿਖੇ ਚਲੇ ਗਏ।

ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥

ਉਸ ਵੇਲੇ ਹਰਿ= ਇੰਦਰ ਨੇ ਆਪ ਬੇਨਤੀ ਕਰ ਕੇ ਬੈਠਣ ਵਾਸਤੇ ਸਿੰਘਾਸਣ ਦਿੱਤਾ (ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਉਥੇ ਬਿਠਾ ਕੇ)।

ਰਹਸੁ ਕੀਅਉ ਸੁਰਦੇਵ ਤੋਹਿ ਜਸੁ ਜਯ ਜਯ ਜੰਪਹਿ ॥

ਸੁਰਦੇਵ= ਇੰਦਰ ਨੇ ਰਹਸੁ= ਉਸਤਤੀ ਦੇ ਬਹੁਤ ਸ਼ਬਦ ਉਚਾਰਨ ਕੀਤੇ ਅਤੇ ਐਸੇ ਕਿਹਾ- ਹੇ ਗਰੀਬ ਨਿਵਾਜ ਜੀ ! ਸਾਰੇ ਦੇਵਤੇ ਆਪ ਜੀ ਦੇ ਜੈ ਜੈਕਾਰ ਕਰ ਕੇ ਜਸ ਨੂੰ ਜਪਣਾ ਕਰਦੇ ਹਨ।

ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥

(ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸਿੰਘਾਸਣ 'ਤੇ ਬੈਠਾ ਹੋਇਆ ਦੇਖ ਕੇ ਜਿਤਨੇ ਕੁ) ਅਸੁਰ= ਦੈਂਤ

(ਸਨ) ਉਹ (ਸਾਰੇ ਦੇ ਸਾਰੇ ਹੀ) ਦੌੜ ਗਏ ਕਿਉਂਕਿ ਉਨ੍ਹਾਂ ਦੈਂਤਾਂ ਦੇ ਹਿਰਦੇ ਵਿਚ ਜੋ ਪਾਪ ਹਨ ਉਹਨਾਂ ਪਾਪਾਂ ਕਰ ਕੇ ਉਹ ਦੈਂਤ ਕੰਪਹਿ= ਕੰਬਦੇ ਹੋਏ, ਕਿਉਂਕਿ ਪਾਪੀ ਦੇ ਮਾਰਨ ਨੂੰ ਪਾਪ ਹੀ ਮਹਾਂ ਬਲੀ ਹੁੰਦਾ ਹੈ।

ਦੂਜਾ ਅਰਥ-

ਜਿਸ ਵੇਲੇ ਮਹਾਂ ਵਿਸ਼ਨੂੰ ਜੀ ਨੇ ਯਾਦ ਕੀਤਾ ਕਿ ਹੁਣ ਸੰਸਾਰ ਨੂੰ ਛੱਡ ਕੇ ਸਾਡੇ ਪਾਸ ਆ ਜਾਓ ਤਾਂ ਉਸੇ ਵੇਲੇ ਗੁਰੂ ਜੀ ਵਾਹਿਗੁਰੂ ਦੇ ਸੱਦੇ ਅਨੁਸਾਰ ਨਿਰਉਪਾਧਕ ਅਨੰਦ ਲੈਣ ਲਈ ਜੋਤੀ ਜੋਤ ਸਮਾ ਗਏ। ਹੁਣ ਉਸੇ ਪ੍ਰਸੰਗ ਨੂੰ ਕਥਨ ਕਰਦੇ ਹਨ-

ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥

ਜਿਸ ਵੇਲੇ ਆਪ ਪਰਮੇਸ਼ਰ ਨੂੰ ਇਹ ਸੰਕਲਪ ਭਾਯਉ=ਭਾਇਆ (ਹੋਇਆ) ਕਿ ਗੁਰੂ ਜੀ ਸਾਡੇ ਪਾਸ ਆ ਜਾਣ ਤਾਂ ਗੁਰੂ ਸਾਹਿਬ ਜੀ ਦੇਵਪੁਰੀ= ਬੈਕੁੰਠ ਪੁਰੀ ਵਿਖੇ ਚਲੇ ਗਏ।

ਹਰਿ ਸਿੰਘਾਸਨੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥

ਤਾਂ ਮਹਾਂ ਵਿਸ਼ਨੂੰ ਜੀ ਨੇ ਆਪਣੇ ਅੰਦਰ ਅਭੇਦ ਕਰ ਲੈਣੇ ਰੂਪੀ ਸਿੰਘਾਸਣ ਦਿੱਤਾ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਬੜੇ ਆਦਰ ਸੰਯੁਕਤ ਉਥੇ ਬੈਠਾਇਆ ਅਰਥਾਤ ਆਪਣੇ ਵਿਚ ਅਭੇਦ ਕਰ ਲੀਤਾ।

ਰਹਸੁ ਕੀਅਉ ਸੁਰਦੇਵ ਤੋਹਿ ਜਸੁ ਜਯ ਜਯ ਜੰਪਹਿ॥

ਸੁਰਦੇਵ= ਮਹਾਂ ਵਿਸ਼ਨੂੰ ਜੀ ਨੇ ਰਹਸੁ= ਉਸਤਤੀ ਦੇ ਸ਼ਬਦਾਂ ਨੂੰ ਉਚਾਰਨਾ ਕੀਤਾ। ਵਾ-ਰਹਸੁ= ਪ੍ਰਸੰਨਤਾ ਨਾਲ ਐਸੇ ਉਚਾਰਨਾ ਕੀਤਾ ਕਿ ਆਪ ਜੀ ਦੇ ਜੈ ਜੈ ਕਾਰ ਰੂਪ ਜਸ ਨੂੰ ਜੋ ਜਪਦਾ ਹੈ।

ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ॥

ਉਨ੍ਹਾਂ ਦੇ ਕਾਮ ਕ੍ਰੋਧ ਆਦਿਕ ਦੈਂਤ ਸਭ ਦੌੜ ਜਾਂਦੇ ਹਨ ਅਤੇ ਪਾਪ ਕਰਮ ਭੀ ਹਿਰਦੇ ਵਿਚੋਂ ਕੰਬ ਕੇ ਨਿਕਲ ਜਾਂਦੇ ਹਨ।

ਕਾਟੇ ਸੁ ਪਾਪ ਤਿਨ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥

ਤਿਨ੍ ਨਰਹੁ ਕੇ= ਉਨ੍ਹਾਂ ਪੁਰਸ਼ਾਂ ਦੇ ਸਭ ਪਾਪ ਕਰਮ ਕੱਟ ਦਿੱਤੇ ਹਨ, ਜਿਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਦਰਸ਼ਨ ਪਾਇਆ ਹੈ।

ਛਤ੍ਰੁ ਸਿੰਘਾਸਨੁ ਪਿਰਥਵੀ ਗੁਰ ਅਰਜੁਨ ਕਉ ਦੇ ਆਇਅਉ॥੨॥੨੧॥

ਪ੍ਰਿਥਵੀ ਦਾ ਛਤਰ, ਸਿੰਘਾਸਨ ਅਰਥਾਤ ਗੁਰਤਾ ਗੱਦੀ ਦਾ ਤਖਤ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੇ ਕੇ ਆਏ ਹਨ ਇਸ ਲਈ ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਹੀ ਦੁਨੀਆਂ ਦਾ ਉਧਾਰ ਕਰਨਗੇ।

ਜਦ ਇਸ ਪ੍ਰਕਾਰ ਵੇਦਾਂ ਨੇ ਭੱਟ ਰੂਪ ਹੋ ਕੇ ਬ੍ਰਹਮਾ ਜੀ ਦੇ ਸੰਯੁਕਤ ਉਸਤਤੀ ਉਚਾਰਨ ਕੀਤੀ ਤਾਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਉਹਨਾਂ ਦੇ ਸਰਾਪ ਦੀ ਨਵਿਰਤੀ ਕੀਤੀ ਤੇ ਆਖਿਆ- ਅੱਗੋਂ ਵਾਸਤੇ ਕਦੇ ਹੰਕਾਰ ਨਹੀਂ ਕਰਨਾ, ਉਸ ਵੇਲੇ ਸਾਰੇ ਭੱਟ ਗੁਰੂ ਜੀ ਦੀ ਚਰਨੀਂ ਪੈ ਕੇ ਆਗਿਆ ਲੈ ਕੇ ਚਲੇ ਗਏ॥ ੨॥ ੨੧॥

ਇਥੋਂ ਤਕ ਦੋ ਸਵਈਏ ਹਰਬੰਸ ਨਾਮੇ ਭੱਟ ਦੇ ਆਖਰੀ ਆ ਚੁੱਕੇ ਹਨ।

ਪੂਰਬੋਕਤ ਰੀਤੀ ਅਨੁਸਾਰ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਉਸਤਤੀ ਦੇ ਕੁਲ ੨੧ ਸਵਈਏ ਦਾਰ ਭੱਟਾਂ (ਕਲ, ਕਲਸਹਾਰ, ਮਥੁਰਾ ਤੇ ਹਰਬੰਸ) ਨੇ ਉਚਾਰਨ ਕੀਤੇ ਹਨ। ਸ਼ੁਰੂ ਤੋਂ ਲੈ ਕੇ ਅਖੀਰ ਤਕ ਸਾਰਿਆਂ ਸਵਈਆਂ ਦੀ ਗਿਣਤੀ ਅੰਕਾਂ ਵਿਖੇ ਦਿੱਤੀ ਹੋਈ ਦਾ ਵੇਰਵਾ- ॥ ੯ ॥ ੧੧ ॥ ੧੦ ॥ ੧੦ ॥ ੨੨ ॥ ੯੦ ॥ ੧੨੨ ॥

ਜ਼ਰੂਰੀ ਸੂਚਨਾ-

ਇਹਨਾਂ ਪੰਜਾਂ ਪਾਤਿਸ਼ਾਹੀਆਂ ਦੀ ਉਸਤਤੀ ਵਿਖੇ ਭੱਟਾਂ ਦੇ ਉਚਾਰਨ ਕੀਤੇ ਹੋਏ ਸਵਈਆਂ ਨੂੰ ਗਿਣੀਏ ਤਾਂ ਜੋੜ ੧੪੩ ਆਉਂਦਾ ਹੈ, ਪਰ ਇਸ ਜਗ੍ਹਾ ਸਵਈਆਂ ਦੀ ਸਮਾਪਤੀ ਵਿਖੇ ਸਤਿਗੁਰਾਂ ਨੇ ਕੁਲ ੧੨੨ ਜੋੜ ਲਿਖਿਆ ਹੈ। ਇਸ ਦਾ ਕਾਰਣ ਇਹ ਹੈ ਕਿ ਜੋ ਵੱਡੇ ਲੋਕ ਆਪਣੀ ਉਸਤਤੀ ਆਪ ਨਹੀਂ ਕਰਦੇ ਅਤੇ ਨਾ ਹੀ ਆਪਣੀ ਸ੍ਰੇਬੱਗਤਾ ਨੂੰ ਆਪ ਜਤਲਾਂਦੇ ਹਨ। ਇਸ ਲਈ ਪੰਚਮ ਪਿਤਾ ਜੀ ਨੇ ਆਪਣੀ ਨਿੰਮ੍ਰਤਾ ਦਰਸਾਂਦਿਆਂ ਹੋਇਆਂ ਆਪਣੀ ਉਸਤਤੀ ਦੇ ੨੧ ਸਵਈਆਂ ਦਾ ਜੋੜ ਕੁਲ ਸਵਈਆਂ ਦੀ ਗਿਣਤੀ ਵਿਖੇ ਨਹੀਂ ਦਿੱਤਾ।

ਦੇਖੋ! ੧੪੩ ਵਿਚੋਂ ੨੧ ਕੱਢਣ ਨਾਲ ਬਾਕੀ ੧੨੨ ਹੀ ਬਚਦਾ ਹੈ। ਇਸ ਕਰ ਕੇ ਇਹ ਅੰਕ ੧੨੨ ਜੋੜ ਦਾ ਠੀਕ ਹੈ।

ਪੰਚਮ ਪਾਤਿਸ਼ਾਹ ਜੀ ਦੇ ਸਵਈਏ ॥ ਸਮਾਪਤੰ ॥

ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ !

ਕਬਿਤ- ਅਰਜਨਿ ਸੁਨਤਿ ਸੁ ਦਾਸਨ ਕੋ ਦਾਨ ਦੇਤਿ, ਮੋਹਿ ਕੇ ਬਿਦਾਰਿਬੇ ਕੋ ਬਾਕ ਸਰ ਅਰਜਨ।
ਅਰਜੁਨ ਜਸੁ ਵਿਸਤੀਰਨ ਸੰਤੋਖ ਸਿੰਘ, ਜਹਾਂ ਕਹਾਂ ਜਾਨੀਅਤਿ ਮਾਨੋ ਤਰੁ ਅਰਜਨ।
ਅਰਿਜਨ ਭਏ ਗਨ ਮੋਖ ਪਦ ਲਏ ਤਿਨ, ਸ਼ਜਾਮ ਘਨ ਤਨ ਹੋਇ ਤੋਰੇ ਜਮਲਾਰਜਨ।
ਅਰਜ ਨ ਜਾਨਜੋ ਜਾਇ ਕੇਤੋ ਹੈ ਬਿਥਾਰ ਤੇਰੋ, ਐਸੋ ਰੂਪ ਧਾਰਿ ਆਇ ਰਾਜੈਂ ਗੁਰ ਅਰਜਨ ॥ ੧੨ ॥

(ਗੁਰ ਪ੍ਰਤਾਪ ਸੂਰਜ ਰਾਸਿ ੧ ਅੰਸੂ ੧)

ਕਬਿੱਤ- ਅਰਜ਼ਨਿ ਸੁਨਿ ਮੇਰੀ ਸਤਿਗੁਰੂ ਅਰਜਨ, ਅਰ ਜਨ ਹਨ ਅਰਜਨ ਜਸ ਦੀਨਿਓ।
ਕਵਿਤਾ ਪ੍ਰਪੂਰ ਮੇ ਚਰਿਤ੍ਰ ਭਰਪੂਰ ਨਿਜ, ਪੂਰ ਮੇ ਪਰੀ ਹੈ ਗ੍ਰੰਥ ਪੂਰਨ ਜਿ ਕੀਨਿਓ।
ਕਥਾ ਗੁਨ ਸਰਵਰ ਔਗੁਨ ਕੋ ਸਰ ਖਰ, ਗੁਰੂ ਸਰ ਔਰ ਨ ਸ਼ਰਨ ਯਾਂ ਤੇ ਲੀਨਿਓ।
ਨਾਮ ਲਿਵ ਤਾਰ ਦੇ ਉਚਾਰ ਭਵ ਪਾਰ ਦੇ, ਪਤਾਰ ਦੇ ਉਧਾਰ ਪਦ ਤਾਰਦੇ ਪ੍ਰਬੀਨਿਓ ॥ ੧੭ ॥

(ਉਹੀ ਐਨ ੨ ਅੰਸੂ ੩੬)

ਚੌਪਈ-ਸ੍ਰੀ ਅਰਜਨ ਬਿਚ ਜੰਬੂ ਦੀਪ। ਭਏ ਪ੍ਰਕਾਸ਼ਕ ਜਿਮ ਤਮ ਦੀਪ।
ਬਾਣੀ ਰਚੀ ਬੇਦ ਲੇ ਸਾਰ। ਸਾਰ ਅਸਾਰ ਲਖਾਇ ਸੰਸਾਰ ॥ ੮ ॥

(ਉਹੀ, ਰਾਸਿ ੫ ਅੰਸੂ ੧)

ਦੋਹਿਰਾ-ਦਾਸਨ ਕੀ ਫਾਸਨਿ ਕਟੈਂ, ਉਪਦੇਸਤਿ ਸਤਿਨਾਮੁ।
ਸ੍ਰੀ ਅਰਜਨ ਬਰਜਨ ਕੁਮਤਿ, ਤਿਨ ਪਦ ਪਦਮ ਪ੍ਰਨਾਮੁ ॥ ੭ ॥

(ਉਹੀ, ਰਾਸਿ ੧੧ ਅੰਸੂ ੧)

ਪ੍ਰਾਰਥਨਾ

'ਭਗਤ ਬਾਣੀ ਮੂਲ' ਅਤੇ 'ਭਗਤ ਬਾਣੀ ਸਟੀਕ' ਦੀਆਂ ਵੱਖੋ ਵੱਖ ਪੋਥੀਆਂ ਵੇਖਣ ਵਿਖੇ ਆਈਆਂ ਹਨ। ਕਈਆਂ ਨੇ 'ਭਗਤ ਬਾਣੀ ਸਟੀਕ' ਵਾ ਮੂਲ ਭਗਤ ਬਾਣੀ, ਭਗਤ ਫਰੀਦ ਜੀ ਦੇ ਸਲੋਕਾਂ 'ਤੇ ਸਮਾਪਤ ਕੀਤੀ ਹੈ ਤੇ ਕਈਆਂ ਨੇ ਭੱਟਾਂ ਦੇ ਸਵਈਆਂ ਤੇ ਸਮਾਪਤ ਕੀਤੀ ਹੈ। ਜਿਵੇਂ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਦੀ 'ਭਗਤ ਬਾਣੀ ਸਟੀਕ' ਵਿਖੇ ਫਰੀਦ ਜੀ ਦੇ ਸਲੋਕਾਂ 'ਤੇ ਸਮਾਪਤੀ ਕੀਤੀ ਗਈ ਹੈ। ਉੱਜ ਅੱਜ ਕਲ੍ਹ ਛਪ ਰਹੀਆਂ ਪ੍ਰਚਲਿਤ ਪੋਥੀਆਂ ਸਵਈਆਂ ਪਰ ਹੀ ਸਮਾਪਤ ਹੁੰਦੀਆਂ ਹਨ।

'ਸੰਪ੍ਰਦਾਈ ਭਗਤ ਬਾਣੀ ਸਟੀਕ' ਵਿਖੇ ਸਵਈਆਂ ਤੋਂ ਅੱਗੇ ਸਲੋਕ ਵਾਰਾਂ ਤੇ ਵਧੀਕ ਪਹਿਲੀ ਪਾਤਿਸ਼ਾਹੀ, ਤੀਜੀ ਪਾਤਿਸ਼ਾਹੀ, ਚੌਥੀ ਪਾਤਿਸ਼ਾਹੀ ਤੇ ਪੰਜਵੀਂ ਪਾਤਿਸ਼ਾਹੀ ਜੀ ਦੇ ਸਲੋਕ 'ਰੜੇ ਸੇਈ ਜਿ ਮੁਖੁ ਨ ਮੋੜੰਨਿ' ਵਾਲੇ ਅਤੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕ, ਮਹਲਾ ੯ ਦੇ ਸਿਰਲੇਖ ਹੇਠ, ਮੁੰਦਾਵਣੀ ਮਹਲਾ ੫, ਗੁਰ ਕ੍ਰਿਤ ਰਾਗਮਾਲਾ ਤਕ ਜੋ ਬਾਣੀ ਦਰਜ ਕੀਤੀ ਹੈ ਇਹ ਕੇਵਲ ਗੁਰਸਿੱਖ ਸੰਗਤਾਂ ਦੇ ਲਾਭ ਵਾਸਤੇ ਹੈ। ਇਨ੍ਹਾਂ ਬਾਣੀਆਂ ਦਾ "ਭਗਤ ਬਾਣੀ" ਸ਼ਬਦ ਨਾਲ ਕੋਈ ਸੰਬੰਧ ਨਹੀਂ।

[ਪੰਨਾ ੧੪੧੦]

ਸਲੋਕ ਵਾਰਾਂ ਤੇ ਵਧੀਕ

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸਲੋਕ ਵਾਰਾਂ ਤੇ ਵਧੀਕ॥ ਮਹਲਾ ੧॥

ਉਥਾਨਕਾ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤੋਂ ਪਹਿਲੇ ਬਾਈ ਵਾਰਾਂ ਦੀ ਕੋਈ ਮਰਯਾਦਾ ਬੱਧੀ ਹੋਈ ਨਹੀਂ ਸੀ, ਸਲੋਕ, ਮਹੱਲੇ ਖੁਲ੍ਹੇ ਉਚਾਰਨ ਕੀਤੇ ਹੋਏ ਸਨ ਬਾਅਦ ਵਿਚ ਇਹ ਸਲੋਕਾਂ ਮਹੱਲਿਆਂ ਦੇ ਇਕੱਠੇ ਕਰਨ ਦੀ ਅਤੇ ਥਾਂ ਪਰ ਥਾਂ ਰੱਖਣ ਦੀ ਸਾਰੀ ਮਰਯਾਦਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪ ਬੱਧੀ ਹੈ ਉਹਨਾਂ ਬਾਈ ਵਾਰਾਂ ਤੋਂ ਜੋ ਸਲੋਕ ਬਾਕੀ ਬਚੇ ਹਨ ਉਹ ਗਰੀਬ ਨਿਵਾਜ਼ ਜੀ ਨੇ 'ਸਲੋਕ ਵਾਰਾਂ ਤੇ ਵਧੀਕ' ਦੇ ਸਿਰਲੇਖ ਹੇਠ ਸਾਰੇ ਸਲੋਕ ਸੰਕਲਤ ਕੀਤੇ ਹਨ।

ਜਿਸ ਵੇਲੇ ਬੇਦੀ ਵੰਸ ਦੇ ਸਿਰਮੌਰ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੂਜੀ ਵਾਰ ਸੰਗਲਾਦੀਪ ਵਿਖੇ ਗਏ ਤਾਂ ਇਕ ਧਰਮਸ਼ਾਲਾ ਵਿਖੇ ਜਾ ਕੇ ਠਹਿਰੇ ਹਨ। ਉਸ ਸਮੇਂ ਰਾਜੇ ਸ਼ਿਵਨਾਭ ਦਾ ਅੰਤ ਹੋ ਗਿਆ ਹੋਇਆ ਸੀ।

ਜਿਸ ਵੇਲੇ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪਹੁੰਚਣ ਦੀ ਖਬਰ ਰਾਜੇ ਸ਼ਿਵਨਾਭ ਦੀ ਰਾਣੀ ਚੰਦਰ ਕਲਾ ਨੇ ਸੁਣੀ, ਤਿਸ ਵੇਲੇ ਉਹ ਬਹੁਤ ਖੁਸ਼ ਹੋਈ ਅਤੇ ਬਹੁਤ ਸਾਰੇ ਪਦਾਰਥ ਮੰਗਵਾ ਕੇ ਆਪਣੇ ਪੁੱਤਰ ਰਾਇ ਸਿੰਘ ਨੂੰ ਤੇ ਨੁਖਾ "ਚੰਦਰ ਕਾਂਤਾ" ਨੂੰ ਨਾਲ ਲੈ ਕੇ ਹਜੂਰ ਦੇ ਪਾਸ ਆਈ। ਪਦਾਰਥ ਅੱਗੇ ਰੱਖ ਕੇ ਮੱਥਾ ਟੇਕਿਆ, ਪ੍ਰੰਤੂ ਨੂੰਹ ਨੇ ਸਿਰ ਤਕ ਵੀ ਨਾ ਨਿਵਾਇਆ। ਉਸ ਵੇਲੇ ਸੱਸ ਨੇ ਆਪਣੀ ਨੁਖਾ ਨੂੰ ਸਮਝਾਇਆ ਕਿ ਤੂੰ ਚੰਗਾ ਕੰਮ ਨਹੀਂ ਕੀਤਾ ਜੋ ਗੁਰੂ ਸਾਹਿਬ ਜੀ ਨੂੰ ਮੱਥਾ ਨਹੀਂ ਟੇਕਿਆ। ਸੱਸ ਨੇ ਜਿਵੇਂ ਨੂੰਹ ਨੂੰ ਕਿਹਾ ਹੈ ਉਹ ਗੱਲ ਗੁਰੂ ਸਾਹਿਬ ਜੀ ਬਾਣੀ ਦੁਆਰਾ ਸ੍ਰਵਨ ਕਰਾਂਦੇ ਹਨ-

ਉਤੰਗੀ ਪੈ ਓਹਰੀ ਗਹਿਰੀ ਗੰਭੀਰੀ॥

ਪਹਿਲਾ ਅਰਥ-

ਹੇ ਉਤੰਗੀ= ਉਤਕ੍ਰਿਸ਼ਟ ਅੰਗਾਂ ਵਾਲੀ ਨੁਖਾ! ਓ= ਉਹ ਜੋ ਹਰੀ ਦੇ ਸਰੂਪ ਗੁਰੂ ਸਾਹਿਬ ਜੀ ਹਨ ਉਹਨਾਂ ਦੇ ਪਵਿੱਤਰ ਪੈ= ਚਰਨਾਂ ਪਰ ਓਹਰੀ= ਨਮਸਕਾਰ ਕਰ। ਤਾਂ ਤੂੰ ਗਹਿਰੀ= ਡੂੰਘੇ ਖਿਆਲਾਂ ਵਾਲੀ ਤੇ ਗੰਭੀਰ= ਨਿਰਹਲ ਦਿਲ ਵਾਲੀ ਹੋ ਜਾਏਂਗੀ।

ਅੱਗੋ ਨੁਖਾ ਨੇ ਕਿਹਾ-

ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥

ਹੇ ਸਸੁੜਿ= ਸੱਸ! ਮੈਂ ਸੁਹੀਆ= ਨਮਸਕਾਰ ਕਿਵੇਂ ਕਰਾਂ, ਗਰਭਵਤੀ ਹੋਣ ਕਰ ਕੇ ਥਣ ਭਾਰੇ ਹੋਏ ਹੋਏ ਹਨ, ਉਹਨਾਂ ਥਣਾਂ ਦੇ ਭਾਰ ਕਰ ਕੇ ਮੇਰੇ ਪਾਸੋਂ ਨਿਵਿਆ ਨਹੀਂ ਜਾਂਦਾ।

ਨੁਖਾਂ ਦੇ ਹੰਕਾਰ ਦੂਰ ਕਰਨ ਵਾਸਤੇ ਫਿਰ ਸੱਸ ਨੇ ਕਿਹਾ-

ਗਚੁ ਜਿ ਲਗਾ ਗਿੜ ਵੜੀ ਸਖੀਏ ਧਉਲਹਰੀ॥

ਹੇ ਪਿਆਰੀ ਸਖੀਏ! ਭਾਵ ਨੁਖਾ ਤੂੰ ਸੁਣ! ਜਿਹਨਾਂ ਦੇ ਧਉਲਹਰੀ= ਮੰਦਰ ਗਿੜ= ਗਿਰਾਂ ਵਤ ਅਰਥਾਤ ਪਰਬਤਾਂ ਵਾਂਗ ਵੜੀ= ਬੜੇ-ਬੜੇ ਉੱਚੇ ਹਨ ਤੇ ਜਿਹਨਾਂ ਨੂੰ ਗਚੁ= ਚੂਨਾ ਲੱਗਾ ਹੋਇਆ ਸੀ ਭਾਵ ਜੋ ਮੰਦਰ ਬੜੇ-ਬੜੇ ਚੂਨੇ ਗਚ ਸਨ।

ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥ ੧॥

ਉਹ ਮੰਦਰ ਭੀ ਮੈਂ ਢਹਿੰਦੇ ਹੋਏ ਦੇਖੇ ਹਨ ਤਾਂ ਤੇ ਹੇ ਮੁੰਧ! ਤੂੰ ਆਪਣੇ ਥਣਾਂ ਦਾ ਗਰਬੁ= ਹੰਕਾਰ ਨਾ ਕਰ॥ ੧॥

ਵਾ-ਹੇ ਸਖੀਏ! ਜਗਨ ਨਾਥ ਆਦਿ ਧਉਲਹਰੀ= ਮੰਦਰ, ਮੱਕੇ ਦੇ ਜੋ ਮੁਨਾਰੇ ਅਤੇ ਮਦੀਨੇ ਦੀ ਕਬਰ ਵਗੈਰਾ ਜਿਨ੍ਹਾਂ ਉਤੇ ਚੂਨਾ ਗਚ ਲੱਗਾ ਹੋਇਆ ਹੈ ਐਸੇ ਜੋ ਬੜੇ-ਬੜੇ ਪਹਾੜਾਂ ਵਰਗੇ ਉਚੇ ਮੰਦਰ ਹਨ ਉਹ ਸਾਰੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਰਨਾਂ ਪਰ ਢਹਿੰਦੇ ਹੋਏ ਦੇਖੇ ਹਨ, ਇਸ ਲਈ ਤੂੰ ਆਪਣੀ ਦੇਹ ਦਾ ਮਾਣ ਛੱਡ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਪਰ ਨਿਉਂ ਜਾਹ।

ਦੂਜਾ ਅਰਥ-

ਜਗਿਆਗੁ ਮਹਾਤਮਾਂ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ। ਸੱਸ ਦੀ ਨਿਆਈਂ ਮਹਾਤਮਾਂ ਹਨ। ਨੁਖਾ ਦੀ ਨਿਆਈਂ ਜਗਿਆਸੁ ਹੈ।

ਹੁਣ ਮਹਾਤਮਾਂ ਕਥਨ ਕਰਦੇ ਹਨ-*ਉਤੰਗੀ ਪੈ ਓਹਰੀ ਗਹਿਰੀ ਗੰਭੀਰੀ॥*

ਹੇ ਸਾਧਨਾਂ ਰੂਪ ਉਤੰਗੀ= ਉਤਕ੍ਰਿਸ਼ਟ ਅੰਗਾਂ ਵਾਲੀ ਜਗਿਆਸੁ ਰੂਪ ਇਸਤਰੀ! ਹਰੀ ਦੇ ਜੋ ਪੈ= ਚਰਨ ਹਨ, ਉਹਨਾਂ ਚਰਨਾਂ ਪਰ ਤੂੰ ਓਹਰੀ= ਨਮਸਕਾਰ ਕਰ ਤਾਂ ਤੇਰੀ ਬੁੱਧੀ ਸ਼ੁਭ ਗੁਣਾਂ ਨਾਲ ਗਹਿਰੀ ਤੇ ਗੰਭੀਰੀ ਹੋਵੇਗੀ।

ਜਗਿਆਸੁ ਰੂਪ ਸਖੀ ਕਥਨ ਕਰਦੀ ਹੈ-

ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥

ਹੇ ਸੱਸ– ਮਹਾਤਮਾ ਰੂਪ ਸਖੀ! ਮੇਰੀ ਬੇਨਤੀ ਸੁਣੋ, ਸਸੁੜਿ= ਸੰਸਿਆਂ ਨੇ ਮੈਨੂੰ ਗ੍ਰਸ ਰੱਖਿਆ ਹੈ* ਵਾ– ਅਵਿਦਿਆ ਰੂਪੀ ਸਸੁੜਿ= ਸੱਸ ਨੇ ਮੈਨੂੰ ਗ੍ਰਸ ਰੱਖਿਆ ਹੈ, ਉਹ ਮੈਨੂੰ ਸਰੂਪ ਦਾ ਗਿਆਨ ਨਹੀਂ ਹੋਣ ਦਿੰਦੀ,

---

ਵੇਦਾਂਤ ਵਾਕ ਏਕ ਅਦੁਤੀ ਬ੍ਰਹਮ ਦੇ ਪ੍ਰਤਿਪਾਦਕ ਹੈਂ ਅਥਵਾ ਅਨ ਵਸਤੂ ਕੇ ਪ੍ਰਤਿਪਾਦਕ ਹੈਂ, ਇਹ ਪ੍ਰਮਾਣਗਤ ਸੰਸਾ ਹੈ। ਜੋ ਸ੍ਰਵਨ ਕਰਨ ਨਾਲ ਦੂਰ ਹੁੰਦਾ ਹੈ। ਜੀਵ ਬ੍ਰਹਮ ਕਾ ਅਭੇਦ ਸਤ ਹੈ ਅਥਵਾ ਭੇਦ ਸਤ ਹੈ, ਇਹ ਪ੍ਰਮੇਯ ਗਤ ਸੰਸਾ ਹੈ। ਇਹ ਸੰਸਾ ਮੰਨਨ ਕਰਨ ਨਾਲ ਦੂਰ ਹੁੰਦਾ ਹੈ। ਸੰਸਾ ਦੋ ਕੋਟੀ (ਦੋ ਤਰ੍ਹਾਂ ਦਾ) ਹੁੰਦਾ ਹੈ:

ਇਹ ਰਜੂ ਹੈ ਯਾਂ ਸਰਪ ਹੈ।

ਮੈਂ ਪ੍ਰਮਾਤਮਾ ਨੂੰ ਸੁਹੀਆ= ਨਮਸਕਾਰ ਕਿਵੇਂ ਕਰਾਂ? ਦੂਜਾ ਪਦਾਰਥਾਂ ਦਾ ਹੰਕਾਰ ਭੀ ਮੈਨੂੰ ਬਹੁਤ ਹੈ ਉਹਨਾਂ ਥਣੀ= ਪਦਾਰਥਾਂ ਕਰ ਕੇ ਭੀ ਮੇਰੇ ਪਾਸੋਂ ਨਿਵਿਆ ਨਹੀਂ ਜਾਂਦਾ। ਪੁਨਾ ਮਹਾਤਮਾ ਕਥਨ ਕਰਦੇ ਹਨ-

ਗਚੁ ਜਿ ਲਗਾ ਗਿੜ ਵਡੀ ਸਖੀਏ ਥਉਲ ਹਰੀ॥

ਹੇ ਸਖੀਏ ਸੁਣ! ਥੋਹੜੇ ਜੇਹੇ ਪਦਾਰਥਾਂ ਨੂੰ ਪਾ ਕੇ ਕਿਉਂ ਹੰਕਾਰ ਕਰਦੀ ਹੈਂ ? ਦੇਖ! ਜਿਹਨਾਂ ਨੂੰ ਵਰਾਂ ਰੂਪੀ ਗਚ= ਚੂਨਾ ਲੱਗਾ ਹੋਇਆ ਸੀ ਅਰਥਾਤ ਜਿਸ ਰਾਵਣ ਨੂੰ ਸ਼ਿਵਜੀ ਨੇ ਵਰ ਦਿੱਤੇ ਹੋਏ ਸਨ ਤੇ ਬ੍ਰਹਮਾ ਨੇ ਭੀ ਵਰ ਦਿੱਤੇ ਹੋਏ ਸਨ ਅਤੇ ਜਿਸ ਦੀ ਸਾਰੀ ਲੰਕਾ ਸੋਨੇ ਦੀ ਸੀ। ਪੁਨਾ ਜਿਨ੍ਹਾਂ ਦੇ ਸਰੀਰ ਰੂਪੀ ਥਉਲਹਰੀ= ਮੰਦਰ ਗਿੜ= ਗਿਰ ਭਾਵ ਪਰਬਤਾਂ ਦੀ ਨਿਆਈਂ ਵਡੀ= ਬੜੇ-ਬੜੇ ਉਚੇ ਤੇ ਵਿਸਥਾਰ ਵਾਲੇ ਸਨ ਜਿਵੇਂ ਰਾਵਣ ਦੇ ਦਸ ਸਿਰ ਸਨ।

ਸੇ ਭੀ ਢਹਿੰਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥ ੧॥

ਉਹ ਭੀ ਡਿਗਦੇ ਹੋਏ ਮੈਂ ਦੇਖੇ ਹਨ ਵਿਚਾਰ ਕੇ ਦੇਖੋ ਜੋ ਏਡੇ ਵੱਡੇ-ਵੱਡੇ ਹਰੀ ਹਰ ਹੋ ਗਏ ਹਨ ਤਾਂ ਤੂੰ ਕਿਹੜੇ ਬਾਗ ਦੀ ਮੂਲੀ ਹੈਂ।

*ਯਥਾ-*ਜਿਹ ਮਾਰਤ ਗਿਰ ਮੇਰ ਉਡਾਹੀ। ਕਹੁ ਤੂਲ ਕਿਹ ਲੇਖੇ ਮਾਹੀ। *(ਤੁਲਸੀ ਰਾਮਾਇਣ)*

ਤਾਂ ਤੇ ਹੇ ਮੁੰਧ= ਜਗਿਆਸੂ ਰੂਪ ਇਸਤਰੀ! ਤੂੰ ਇਨ੍ਹਾਂ ਥਣੀ= ਪਦਾਰਥਾਂ ਦਾ ਹੰਕਾਰ ਨਾ ਕਰ॥ ੧॥ ਹੁਣ ਪੜ੍ਹੀ ਹੋਈ ਜਗਿਆਸੂ ਰੂਪ ਇਸਤਰੀ ਨੂੰ ਉਪਦੇਸ਼ ਦਿੰਦੇ ਹਨ-

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥

ਹੇ ਮੁੰਧੇ = ਜਗਿਆਸੂ ਰੂਪ ਇਸਤ੍ਰੀਏ ! ਸੁਰਤੀ ਸਿਮ੍ਰਿਤੀ ਰੂਪ ਹਿਰਨ ਵਰਗੀਆਂ ਅੱਖਾਂ ਵਾਲੀਏ ਭਾਵ ਸੁਰਤੀ ਸਿਮ੍ਰਤੀ ਨੂੰ ਪੜ੍ਹੀ ਹੋਈਏ ਅਸਾਡਾ ਇਕ ਗੂੜਾ ਵੈਣੁ= ਗੁਝ ਬਚਨ ਸੁਣਨਾ ਕਰ ਜੋ ਅਪਾਰੁ= ਬਿਅੰਤ ਰੂਪ ਪ੍ਰਭੂ ਦੀ ਪ੍ਰਾਪਤੀ ਦੇ ਕਰਨ ਵਾਲਾ ਹੈ।

ਤਾਂ ਜਗਿਆਸੂ ਨੇ ਕਿਹਾ- ਉਹ ਕਿਹੜਾ ਬਚਨ ਹੈ? ਆਪ ਮੈਨੂੰ ਭੀ ਸੁਣਾਓ!

ਮਹਾਤਮਾਂ ਕਥਨ ਕਰਦੇ ਹਨ-

ਪਹਿਲਾ ਵਸਤੁ ਸਿਵਾਣਿ ਕੈ ਤਾਂ ਕੀਚੈ ਵਾਪਾਰੁ॥

ਸਭ ਤੋਂ ਪਹਿਲੇ ਗੁਰੂ ਰੂਪ ਵਸਤੂ ਨੂੰ ਸਿਵਾਣ ਅਰਥਾਤ ਗੁਰੂ ਧਾਰਨ ਲੱਗਿਆਂ ਪਹਿਲੇ ਵਿਚਾਰ ਕੇ ਦੇਖ ਲੈ ਕਿ ਪਖੰਡੀ ਯਾਂ ਭੇਦਵਾਦੀ ਜਾਂ ਨਿਜ ਪ੍ਰਯੋਜਨੀ ਗੁਰੂ ਤਾਂ ਨਹੀਂ। ਜੇਕਰ ਵਾਹਿਗੁਰੂ ਨਾਲ ਜੋੜਨ ਵਾਲੇ ਗੁਰੂ ਮਿਲ ਜਾਣ ਤਾਂ ਉਹਨਾਂ ਨਾਲ ਮਿਲ ਕੇ ਨਾਮ ਦਾ ਅਤੇ ਸ਼ੁਭ-ਗੁਣਾਂ ਦਾ ਵਾਪਾਰ ਕਰ।

ਦੋਹੀ ਦਿਚੈ ਦੁਰਜਨਾ ਮਿਤ੍ਰਾ ਕੂੰ ਜੈਕਾਰੁ॥

ਹੇ ਮੁੰਧ! ਦੁਰ+ਜਨਾ= ਖੋਟਿਆਂ ਪੁਰਸ਼ਾਂ ਦੀ ਸੰਗਤ ਨਾ ਕਰ, ਉਹਨਾਂ ਦੀ ਤਰਫੋਂ ਦੋਹੀ ਦਿਚੈ= ਸਹੁੰ ਪਾ ਦੇਣਾ ਕਰ। ਅਸਲੀ ਮਿੱਤਰ ਜੋ ਮਹਾਤਮਾਂ ਹਨ, ਉਹਨਾਂ ਦੀ ਸੰਗਤ ਕਰ ਕੇ ਉਹਨਾਂ ਦੇ ਜੈ ਜੈਕਾਰੇ ਉਚਾਰਨਾ ਕਰ।

ਯਥਾ- ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥ ੧॥

(ਮਾਰੂ ਵਾਰ ਡਖਣੇ, ਪੰਨਾ ੧੧੦੨)

ਅਥਵਾ- ਦੁਰਜਨ ਜੋ ਕਾਮ ਆਦਿਕ ਹਨ ਉਨ੍ਹਾਂ ਵਲੋਂ ਸੋਚ ਪਾ ਦੇਣਾ ਕਰ ਤੇ ਜੀਵ ਦੇ ਅਸਲੀ ਮਿੱਤਰ ਜੋ ਸ਼ੁਭ ਗੁਣ ਹਨ ਉਹਨਾਂ ਨੂੰ ਧਾਰ ਕੇ ਉਨ੍ਹਾਂ ਦਾ ਜੈਕਾਰ ਉਚਾਰਨਾ ਕਰ ਕਿਉਂਕਿ ਸ਼ੁਭ ਗੁਣ ਹੀ ਜੀਵ ਦੇ ਹਮੇਸ਼ਾਂ ਸਹਾਇਕ ਹੁੰਦੇ ਹਨ।

ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ॥

ਜਿਸ ਖੋਟਿਆਂ ਪੁਰਸ਼ਾਂ ਦੀ ਸੰਗਤ ਕਰਨ ਵਲੋਂ ਸੁਗੰਦ ਖਾਣ ਕਰ ਕੇ ਸੱਜਣ ਮਹਾਤਮਾਂ ਮਿਲਦੇ ਹਨ। ਵਾ-ਜਿਸ ਕਾਮ ਅਦਿਕਾਂ ਦੀ ਤਰਫੋਂ ਸੁਗੰਦ ਖਾਣ ਕਰ ਕੇ ਸੱਜਣ= ਸ਼ੁਭ ਗੁਣ ਮਿਲਦੇ ਹਨ, ਹੇ ਮੁੰਧੇ= ਇਸਤਰੀ! ਤੂੰ ਐਸੇ ਸ਼ੁਭ ਵਿਚਾਰ ਨੂੰ ਲੈਣਾ ਕਰ।

ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ॥

ਆਪਣਾ ਤਨ ਮਨ ਸਜਣਾ=ਸੰਤਾਂ ਨੂੰ ਅਰਪ ਦੇਣਾ ਕਰ, ਇਸ ਪ੍ਰਕਾਰ ਹੱਸਣਾ ਸਾਰੁ=ਸ੍ਰੇਸ਼ਟ ਭਾਵ ਚੰਗਾ ਹੈ।

ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ॥

ਉਸ ਤਨ ਮਨ ਸਉ= ਨਾਲ ਨੇਹੁ= ਪ੍ਰੇਮ ਨਾ ਕਰ, ਜਿਹੜਾ ਚਲੇ ਜਾਣ ਵਾਲਾ ਨਿਗਾਹ ਆ ਰਿਹਾ ਹੈ।

ਨਾਨਕ ਜਿਨ੍ੀ ਇਵ ਕਰਿ ਬੁਝਿਆ ਤਿਨ੍ਾ ਵਿਟਹੁ ਕੁਰਬਾਣੁ॥ ੨॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਇਸ ਪ੍ਰਕਾਰ ਬੁਝਣਾ ਕੀਤਾ ਹੈ, ਉਨ੍ਹਾਂ ਦੇ ਉਪਰੋਂ ਮੈਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨॥

ਉਥਾਨਕਾ-ਗੁਰੂ ਜੀ ਦਰਿਆ ਦੇ ਕੰਢੇ ਬੈਠੇ ਸਨ, ਕੋਈ ਪੁਰਸ਼ ਆਇਆ ਉਹ ਪਾਰ ਲੰਘਣ ਲੱਗਾ ਤਾਂ ਮਲਾਹ ਨੇ ਕਿਹਾ— ਦਰਿਆ ਵਿਚ ਤਾਂ ਬਹੁਤ ਘੁੰਮਣ ਘੇਰੀਆਂ ਹਨ ਤੂੰ ਕਿਵੇਂ ਪਾਰ ਹੋਵੇਂਗਾ?

ਉਸ ਨੇ ਕਿਹਾ— "ਮੈਂ ਤਾਰੂ ਹਾਂ ਆਪੇ ਪਾਰ ਹੋ ਜਾਵਾਂਗਾ।" ਤਾਂ ਹਜ਼ੂਰ ਨੇ ਸੁਣ ਕੇ ਕਿਹਾ-

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ॥

ਹੇ ਪੁਰਸ਼ਾਂ! ਜੇਕਰ ਤੂੰ ਪਾਣਿ= ਹੱਥਾਂ ਦਾ ਤਾਰੂ ਭੀ ਹੈਂ, ਤਾਹੂ= ਤੋਂ ਭੀ ਤਿਨ੍ਹਾਂ ਮਲਾਹ ਪਾਸੋਂ ਤਿੜੰਨ੍ ਕਲ= ਤਰਨ ਦੀ ਸ਼ਕਤੀ ਪੁੱਛ ਲੈ।

ਵਾ-ਤਿੜੰਨ੍= ਕਿਨਾਰੇ ਪਹੁੰਚਣ ਦੀ ਕਲ= ਜੁਗਤੀ ਪੁੱਛ ਲੈ।

ਤਾਹੂ ਖਰੇ ਸੁਜਾਣ ਵੰਞਾ ਏਨ੍ੀ ਕਪਰੀ॥ ੩॥

ਤਰਨ ਵਿਖੇ ਜੋ ਬੜੇ-ਬੜੇ ਖਰੇ ਸੁਜਾਣ= ਚੰਗੇ ਪੁਰਸ਼ ਸਨ, ਮਲਾਹ ਤੋਂ ਪੁੱਛੇ ਬਗੈਰ ਤਾਹੂ= ਉਨ੍ਹਾਂ ਚਤੁਰ ਪੁਰਸ਼ਾਂ ਨੂੰ ਏਨ੍ੀ= ਇਨ੍ਹਾਂ ਕਪਰੀ (ਕੱਪਰਾਂ) ਛੱਲਾਂ ਨੇ ਵੰਞਾ= ਖਰਾਬ ਕੀਤਾ ਹੈ।

ਵਾ-ਤਰਨ ਵਿਖੇ ਜੋ ਖਰੇ ਸੁਜਾਣ= ਚੰਗੇ ਸਿਆਣੇ ਹਨ ਤਾਹੂ= ਉਨ੍ਹਾਂ ਨਾਲ ਮਿਲ ਕੇ ਇਨ੍ਹਾਂ ਕੱਪਰਾਂ ਤੋਂ ਭਾਵ ਲਹਿਰਾਂ ਤੋਂ ਪਾਰ ਵੰਞਾ= ਲੰਘ ਜਾ।

ਇਸੇ ਪ੍ਰਕਾਰ ਦ੍ਰਿਸ਼ਟਾਂਤ ਕਹਿੰਦੇ ਹਨ-

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ॥

ਹੇ ਪੁਰਸ਼ਾ! ਜੇਕਰ ਤੂੰ ਸਾਧਨਾਂ ਰੂਪੀ ਹੱਥਾਂ ਦਾ ਤਾਰੂ ਭੀ ਹੈਂ ਅਰਥਾਤ ਜੇਕਰ ਤੇਰੇ ਪਾਸ ਤਰਨ ਦੇ ਸਾਧਨ ਭੀ ਹਨ, ਤਾਹੂ= ਤਾਂ ਭੀ ਤੂੰ ਸਤਿਗੁਰਾਂ ਪਾਸੋਂ ਤਿੜੰਨ੍ ਕਲ= ਤਰਨ ਦੀ ਸ਼ਕਤੀ ਪੁੱਛ।

ਯਥਾ- ਪੂਛੇ ਗੁਰ ਤੇ ਸੁਭ ਸਿਖ ਤੱਦਪਿ॥.....੩॥
ਗਜਾਨਵਾਨ ਹੋਵੈ ਨਿਜ ਯੱਦਪਿ॥ *(ਸਾਰੁਕਤਾਵਲੀ ਅਧਿ.੨)*

ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ॥ ੩॥

ਸਿੰਙੀ ਰਿਖੀ ਅਤੇ ਸੋਰਭ ਰਿਖੀ ਵਰਗੇ ਜੋ ਬੜੇ-ਬੜੇ ਚੰਗੇ ਸੁਜਾਣ ਸਨ ਜਿਨ੍ਹਾਂ ਨੇ ਉਮਰਾਂ ਦਾ ਕਾਫੀ ਹਿੱਸਾ ਤਪੱਸਿਆ ਵਿਚ ਗੁਜ਼ਾਰਿਆ ਸੀ ਅਤੇ ਜਿਨ੍ਹਾਂ ਨੂੰ ਔਰਤ ਦਾ ਕੁਝ ਗਿਆਨ ਭੀ ਨਹੀਂ ਸੀ। ਤਾਹੂ= ਤਿਨ੍ਹਾਂ ਰਿਖੀਆਂ ਨੂੰ ਭੀ ਇਨ੍ਹਾਂ ਕਾਮ ਆਦਿਕ ਕਪਰਾਂ ਨੇ ਵੰਞਾ= ਖਰਾਬ ਕਰ ਦਿੱਤਾ। ਭਾਵੇਂ ਸਿੰਙੀ ਰਿਖੀ ਕਿਤਨਾਂ ਹੀ ਤਪੱਸਵੀ ਸੀ, ਜੋ ਜੰਗਲ ਵਿਚ ਜੰਮਿਆ ਤੇ, ਜੰਗਲਾ ਵਿਚ ਹੀ ਰਹਿ ਕੇ ਕਾਫੀ ਸਮਾਂ ਬਤੀਤ ਕੀਤਾ ਕਦੇ ਸ਼ਹਿਰ ਵੱਲ ਆਇਆ ਹੀ ਨਹੀਂ ਸੀ, ਪਰ ਵੇਸਵਾ ਨੇ ਜਾ ਕੇ ਇਸ ਦੇ ਮਨ ਨੂੰ ਭਰਮਾ ਕੇ ਆਪਣੇ ਦੁਆਰਾ ੧੩ ਧੀਆਂ ਪੁੱਤਰ ਪੈਦਾ ਕੀਤੇ।

ਯਥਾ- ਸਾਤ ਸੁਤਾ ਆਗੇ ਕਰੀ ਤੀਨੁ ਤ੍ਰਿਯਹਿ ਸੁਤ ਲੀਨ॥
ਇਕ ਕਾਂਧੇ ਇਕ ਕਾਂਖ ਮੈ ਖਸਟਮ ਮੁਨਿ ਸਿਰ ਦੀਨ॥ ੨੩॥

(ਦਸਮ ਚਰਿਤ੍ਰ ੧੧੪, ਪੰਨਾ ੬੭੭)

*ਅਥਵਾ-*ਜੋ ਖਰੇ ਸੁਜਾਣ= ਗੁਰੂ ਰੂਪੀ ਮਲਾਹ ਹਨ ਤਾਹੂ= ਉਨ੍ਹਾਂ ਨਾਲ ਮਿਲ ਕੇ ਇਨ੍ਹਾਂ ਕਾਮ ਆਦਿਕ ਕਪਰਾਂ ਤੋਂ ਪਾਰ ਵੰਞਾ= ਲੰਘ ਜਾਹ॥ ੩॥

ਉਥਾਨਕਾ-ਇਕ ਸਿੱਖ ਨੇ ਹੱਥ ਜੋੜ ਕੇ ਬੇਨਤੀ ਕੀਤੀ— ਹੇ ਪ੍ਰਭੂ ! ਜਦ ਵੀ ਕੋਈ ਮੁਸ਼ਕਲ ਆ ਬਣੇ ਤਾਂ ਕਿਸ ਨੂੰ ਚੇਤੇ ਕਰੀਏ? *ਉੱਤਰ—*

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥

ਜਦ ਵੀ ਕਿਸੇ ਸਮੇਂ ਪ੍ਰਤੱਖ ਝੱਖੜ ਝੁਲਦਾ ਹੋਵੇ ਝੜ= ਝੜੀ ਭਾਵ ਵਰਖਾ ਲੱਗੀ ਹੋਈ ਹੋਵੇ, ਓਹਾੜ= ਹੜ੍ਹ ਵਗਦਾ ਹੋਵੇ, ਲਖੇਸਰੀ= ਲੱਖਾਂ ਹੀ ਲਹਿਰਾਂ ਵਹਨਿ= ਵਗਦੀਆਂ ਹੋਣ। ਐਸੇ ਸਮੇਂ ਵਿਖੇ-

ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ॥ ੪॥

ਆਪਣੇ ਪੂਰਨ ਸਤਿਗੁਰਾਂ ਅੱਗੇ ਸ਼ਰਧਾ ਨਾਲ ਬੇਨਤੀਆਂ ਅਲਾਇ= ਕਥਨ ਕਰੇ ਤਾਂ ਪ੍ਰਤੱਖ ਬੇੜੇ ਦੇ ਡੁੱਬਣ ਦਾ ਕੋਈ ਡਰ ਨਹੀਂ ਹੁੰਦਾ।

ਜਿਵੇਂ ਜਹਾਜ਼ ਡੁੱਬਣ ਲੱਗਿਆਂ ਮਨਸੁਖ ਨੇ ਆਪਣੇ ਨਿਸਚੇ ਪੂਰਬਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਯਾਦ ਕੀਤਾ ਸੀ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਸ ਦਾ ਬੇੜਾ ਉਸੇ ਵੇਲੇ ਬੰਨੇ ਲਾ ਦਿੱਤਾ ਸੀ। ਇਸੇ ਤਰ੍ਹਾਂ ਜਹਾਜ਼ ਦੇ ਡੁੱਬਣ ਸਮੇਂ ਮੱਖਣ ਸ਼ਾਹ ਲੁਬਾਣੇ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਯਾਦ ਕੀਤਾ ਸੀ ਤਾਂ ਬਾਬੇ ਬਕਾਲੇ ਭੋਰੇ ਵਿਚ ਬੈਠਿਆਂ ਹੋਇਆਂ ਆਪਣੀ ਰੂਹਾਨੀ ਤਾਕਤ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੱਖਣ ਸ਼ਾਹ ਦਾ ਬੇੜਾ ਪਾਰ ਲੰਘਾ ਦਿੱਤਾ ਸੀ। ਇਸੀ ਪ੍ਰਕਾਰ-

ਝੜ= ਮੋਹ ਰੂਪੀ ਝੜ ਹੋਵੇ, ਲੋਭ ਰੂਪੀ ਝੱਖੜ ਹੋਵੇ, ਓ+ਹਾੜ= ਅਤੇ ਕਾਮ ਆਦਿਕਾਂ ਦਾ ਹੜ੍ਹ ਚਲਦਾ

ਹੋਵੇ ਤੇ ਵਾਸ਼ਨਾ ਰੂਪੀ ਲਹਿਰਾਂ ਲਖੇਸਰੀ= ਲੱਖਾਂ ਹੀ ਵਗਦੀਆਂ ਹੋਣ।

ਵਾ- ਆਸਾ ਤ੍ਰਿਸ਼ਨਾ ਰੂਪੀ ਸਰੀ= ਨਦੀਆਂ ਵੀ ਭਰ ਕੇ ਚਲਦੀਆਂ ਹੋਣ। ਐਸੇ ਸਮੇਂ ਆਪਣੇ ਸਤਿਗੁਰਾਂ ਦੇ ਚਰਨਾਂ ਨਾਲ ਜੁੜ ਕੇ ਬੇਨਤੀਆਂ ਕਰੇ ਤਾਂ ਮਨੁੱਖਾ ਦੇਹ ਰੂਪੀ ਬੇੜੇ ਦੇ ਡੁੱਬਣ ਦਾ ਡਰ ਨਹੀਂ ਹੁੰਦਾ॥ ੪॥

ਸਾਖੀ- ਮਨਸੁਖ ਦੀ

ਦੇਸਾਂ- ਦਿਸਾਂਤਰਾਂ ਵਿਖੇ ਰਟਨ ਕਰਦੇ 'ਸਤਿਨਾਮੁ' ਦਾ ਉਪਦੇਸ਼ ਦਿੰਦੇ ਹੋਏ ਸਰਬ ਕਲਾ ਸਮਰੱਥ ਸ੍ਰੀ ਗੁਰੂ ਨਾਨਕ ਦੇਵ ਜੀ ਰਾਇ ਬੁਲਾਰ ਦੇ ਪ੍ਰੇਮ ਕਰਕੇ ਜਦ ਵਾਪਸ ਤਲਵੰਡੀ ਆਏ ਤਾਂ ਪਹਿਲੇ ਬ੍ਰਹਮ ਗਿਆਨ ਦਾ ਉਪਦੇਸ਼ ਦੇ ਕੇ ਰਾਇ ਬੁਲਾਰ ਨੂੰ ਨਿਹਾਲ ਕੀਤਾ। ਫਿਰ ਘਰ ਆ ਕੇ ਮਾਤਾ ਤ੍ਰਿਪਤਾ ਜੀ ਨੂੰ ਮਿਲ ਕੇ ਉਨ੍ਹਾਂ ਦੇ ਮਨ ਨੂੰ ਸੰਤੁਸ਼ਟ ਕੀਤਾ। ਮਹਾਰਾਜ ਜੀ ਪਲੰਘ ਪਰ ਲੰਮੇ ਪੈ ਕੇ ਬਿਰਾਜਮਾਨ ਹੋ ਗਏ ਤੇ ਮਾਤਾ ਜੀ ਰਸੋਈ ਵਾਲੀ ਜਗ੍ਹਾ 'ਤੇ ਜਾ ਕੇ ਭੋਜਨ ਤਿਆਰ ਕਰਨ ਲੱਗ ਪਏ।

ਪੁੱਤਰ ਵਾਸਤੇ ਕਈ ਤਰ੍ਹਾਂ ਦੇ ਭੋਜਨ ਤਿਆਰ ਕਰ ਕੇ ਜਦ ਤਵੇ 'ਤੇ ਫੁਲਕਾ ਪਾਇਆ ਤਾਂ ਦਾਸੀ ਨੂੰ ਕਿਹਾ- ਜਾ ਕੇ ਮੇਰੇ ਪੁਤਰ ਨੂੰ ਬੁਲਾ ਲਿਆ।

ਜਦ ਦਾਸੀ ਬੁਲਾਉਣ ਆਈ ਤੇ ਕੀ ਵੇਖਦੀ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਸੁੱਤੇ ਪਏ ਹਨ ਜਗਾਉਣ ਦਾ ਹੀਆ ਨਾ ਪਿਆ ਤੇ ਵਾਪਸ ਹਟ ਕੇ ਮਾਤਾ ਜੀ ਨੂੰ ਆਖਦੀ ਹੈ ਕਿ ਅੰਮੀ! ਉਹ ਤਾਂ ਸੁੱਤੇ ਪਏ ਹਨ।

ਮਾਂ ਨੇ ਆਖਿਆ- ਕੋਈ ਡਰ ਨਹੀਂ, ਤੂੰ ਜਾ ਕੇ ਉਠਾ ਲਿਆ, ਫੁਲਕਾ ਠੰਢਾ ਹੁੰਦਾ ਜਾਂਦਾ ਏ, ਹੁਣ ਗਰਮ ਗਰਮ ਛਕ ਲੈਣ ਤਾਂ ਚੰਗਾ ਹੈ।

ਮਾਤਾ ਜੀ ਦੇ ਕਹਿਣ ਪਰ ਜਿਸ ਵੇਲੇ ਦਾਸੀ ਦੁਬਾਰਾ ਆਈ ਤਾਂ ਫਿਰ ਵੀ ਦਾਸੀ ਨੂੰ ਹੱਥ ਲਾਉਣ ਦਾ ਹੀਆ ਨਾ ਪਿਆ, ਪਰ ਮਾਤਾ ਜੀ ਦੇ ਡਰ ਕਰਕੇ ਹੌਲੇ-ਹੌਲੇ ਕਮਰੇ ਅੰਦਰ ਪ੍ਰਵੇਸ਼ ਕਰ ਗਈ ਤੇ ਕੀ ਵੇਖਦੀ ਹੈ ਕਿ ਮਹਾਰਾਜ ਜੀ ਦੇ ਚਰਨ ਚਾਦਰ ਤੋਂ ਬਾਹਰ ਹਨ। ਉਸ ਵੇਲੇ ਉਨ੍ਹਾਂ ਪਵਿੱਤਰ ਚਰਨ ਪਰਸਣੇ ਨੂੰ ਮਨ ਲਲਚਾਅ ਗਿਆ।

ਯਥਾ- ਰਿਦੇ ਜਗਾਵਨ ਕੀ ਅਭਿਲਾਖਾ। ਸੁਮਤਿਵਾਨ ਥੀ, ਬਚਨ ਨ ਭਾਖਾ।
ਵਹਿਰ ਚੀਰ ਤੇ ਚਰਨ ਸੁਹਾਵਾ। ਤਿਹ ਪਰਸਨ ਹਿਤ ਮਨ ਲਲਚਾਵਾ॥ ੫੭॥

ਦਾਸੀ ਨੇ ਆ ਕੇ ਚਰਨਾਂ ਨੂੰ ਹੱਥ ਤਾਂ ਨਾ ਲਾਇਆ ਪਰ ਜੀਭ ਨਾਲ ਚਰਨਾਂ ਨੂੰ ਚੱਟਣ ਲੱਗ ਪਈ। ਚਟਦਿਆਂ-ਚਟਦਿਆਂ ਉਹ ਅਨੰਦ ਆਇਆ ਜੋ ਆਪਾ ਭੁੱਲ ਗਈ, ਜਿਉਂ-ਜਿਉਂ ਚੱਟਦੀ ਗਈ ਤਿਉਂ-ਤਿਉਂ ਤੁਲਸਾਂ ਦਾਸੀ ਦੇ ਕਪਾਟ ਖੁਲ੍ਹਦੇ ਗਏ ਅਤੇ ਤ੍ਰਿਲੋਕੀ ਦੀ ਖਬਰ ਪ੍ਰਾਪਤ ਹੋ ਗਈ।

ਯਥਾ- ਪਰਮ ਪ੍ਰੇਮ ਜਾਗਯੋ ਮਨ ਮਾਂਹੀ। ਚਰਨਨਿੱਹ ਹਾਥ ਛੁਹਾਯੋ ਨਾਹੀ।
ਰਸਨਾ ਸੰਗ ਸੁ ਚਾਟਨ ਲਾਗੀ। ਜਗ ਮੈਂ ਵਡਭਾਗਨਿ ਅਨੁਰਾਗੀ॥ ੫੮॥
ਕੀਨਿ ਸਪਰਸ਼ਨ ਰਸਨਾ ਜਬਹੀ। ਤੀਨ ਲੋਕ ਕੀ ਸੁਧਿ ਭੀ ਤਬਹੀ।

ਉਸ ਖਬਰ ਵਿਚ ਕੀ ਵੇਖਦੀ ਹੈ ਕਿ ਲਾਹੌਰ ਨਿਵਾਸੀ ਮਨਸੁਖ ਦਾ ਬੇੜਾ ਸਮੁੰਦਰ ਵਿਚ ਡਾਵਾਂ-ਡੋਲ ਹੋ ਰਿਹਾ ਹੈ ਤੇ ਉਹ ਗੁਰੂ ਸਾਹਿਬ ਜੀ ਨੂੰ ਦੋ ਹੱਥ ਜੋੜ ਕੇ ਬੜੀ ਨਿੰਮ੍ਰਤਾ ਸਹਿਤ ਅਰਾਧ ਰਿਹਾ ਹੈ।

ਯਥਾ- ਲਵਪੁਰਿ ਕੋ ਮਨਸੁਖ ਜੋ ਸ਼ਾਹਾ। ਤਿਹ ਜਹਾਜ ਥੋ ਸਾਗਰ ਮਾਂਹਾ॥ ੬੦॥
ਤਾਂ ਕੋ ਬਿਘਨ ਹੋਨਿ ਕਛੁ ਲਾਗਾ। ਸਿਮਰਨ ਸ਼੍ਰੀ ਨਾਨ਼ਕ ਅਨੁਰਾਗਾ।
ਹੇ ਪ੍ਰਭੁ ਦੀਨਬੰਧੁ ਗੁਰੁ ਪੂਰਨ। ਕਰਹੁ ਸਹਾਇ ਆਨਿ ਮਮ ਤੂਰਨ॥ ੬੧॥
ਜਹਿਂ ਸਨਬੰਧੀ ਕੋਇ ਨ ਸਾਥਾ। ਤਹਿਂ ਤੁਮ ਸਾਥ ਹੋਤਿ ਜਗਨਾਥਾ।
ਤੀਰ ਸੰਗਲਾਦੀਪ ਪੁਚਾਵਨ। ਕਰਹੁ ਜਹਾਜ, ਭਗਤ ਮਨ ਭਾਵਨਿ॥ ੬੨॥

ਇੰਜ ਮਨਸੁਖ ਸ਼ਾਹ ਦੀਆਂ ਬੇਨਤੀਆਂ ਸੁਣ ਕੇ ਗੁਰੂ ਸਾਹਿਬ ਜੀ ਸਮੁੰਦਰ ਵਿਖੇ ਜਾ ਕੇ ਮਨਸੁਖ ਦਾ ਜਹਾਜ਼ ਪਾਰ ਕਰ ਰਹੇ ਹਨ।

ਯਥਾ- ਨਿਜ ਅਰਾਧਨਾ ਲਖਿ ਕਰਿ ਸ੍ਵਾਮੀ। ਗਏ ਸਿੰਧੁ ਮਹਿਂ ਅੰਤਰਜਾਮੀ।
ਤਿਹ ਜਹਾਜ ਕੋ ਤਟ ਪਹੁੰਚਾਵਾ। ਮਨਸੁਖ ਦੇਖਿ ਰਿਦੇ ਸੁਖ ਪਾਵਾ॥ ੬੩॥

ਇਸ ਰੀਤੀ ਨਾਲ ਜਿਥੇ ਭੀ ਕੋਈ ਸਿੱਖ ਗੁਰੂ ਸਾਹਿਬ ਜੀ ਨੂੰ ਅਰਾਧਦਾ ਹੈ, ਗੁਰੂ ਸਾਹਿਬ ਜੀ ਉਥੇ ਹੀ ਪਹੁੰਚ ਕੇ ਸਿੱਖ ਦਾ ਬੇੜਾ ਬੰਨੇ ਲਾ ਦਿੰਦੇ ਹਨ।

ਪੰਗਤੀ ਦੀ ਧੁਨ ਅਨੁਸਾਰ ਪ੍ਰਸੰਗ ਤਾਂ ਇਥੋਂ ਤਕ ਹੀ ਹੈ, ਪਰ ਅੱਗੋਂ ਪ੍ਰਸੰਗ ਇਸ ਤਰ੍ਹਾਂ ਹੈ ਕਿ ਦਾਸੀ ਨੇ ਵਾਪਸ ਹਟ ਕੇ ਮਾਤਾ ਜੀ ਨੂੰ ਕਿਹਾ ਕਿ ਮਾਤਾ ਜੀ! ਮੈਂ ਉਨ੍ਹਾਂ ਨੂੰ ਜਾ ਕੇ ਇਸ ਲਈ ਨਹੀਂ ਜਗਾਇਆ ਕਿ ਉਹ ਤਾਂ ਸਮੁੰਦਰ ਵਿਖੇ ਸਿੱਖ ਦੇ ਜਹਾਜ਼ ਨੂੰ ਪਾਰ ਕਰ ਰਹੇ ਹਨ, ਜਿਸ ਵੇਲੇ ਜਹਾਜ਼ ਪਾਰ ਕਰ ਲੈਣਗੇ ਫਿਰ ਮੈਂ ਜਗਾ ਲਿਆਵਾਂਗੀ।

ਯਥਾ- ਦਾਸੀ ਸਭਿ ਬਿਲੋਕ ਬਿਰਤਾਂਤਾ। ਗਈ ਤਬਹਿ ਜਹਿਂ ਥੀ ਗੁਰ ਮਾਤਾ।
ਕਹਜੋ ਜਾਇ ਮੈਂ ਕਿਯ ਨ ਜਗਾਵਨ। ਸੋ ਤੋ ਕਰਿਂਹ ਜਹਾਜ ਲੰਘਾਵਨਿ॥ ੬੪॥
ਜਬ ਨਿਜ ਸਿਖ ਕੋ ਕਰਿ ਹੈਂ ਕਾਜਾ। ਦੇਇ ਸਮੁੰਦ੍ ਲੰਘਾਇ ਜਹਾਜਾ।
ਤਬ ਮੈਂ ਆਨੋ ਤਿਨਹਿਂ ਜਗਾਈ। ਕਹੋਂ ਸਾਚ ਬਚ ਕੂਰ ਨ ਰਾਈ॥ ੬੫॥

ਇਹ ਗੱਲ ਸੁਣ ਕੇ ਮਾਤਾ ਜੀ ਨੂੰ ਬੜਾ ਗੁੱਸਾ ਆ ਗਿਆ, ਉਸੇ ਵੇਲੇ ਆਪ ਉਠ ਕੇ ਗਈ ਜਿਥੇ ਪਾਤਿਸ਼ਾਹ ਸੁੱਤੇ ਹੋਏ ਸਿੱਖ ਦਾ ਜਹਾਜ਼ ਪਾਰ ਕਰ ਰਹੇ ਸਨ।

ਆਉਂਦਿਆਂ ਸਾਰ ਹੀ ਬਾਂਹ ਤੋਂ ਫੜ ਕੇ ਉਠਾ ਲਿਆਂਦਾ ਤੇ ਪਾਸ ਬਿਠਾ ਕੇ ਗਰਮ-ਗਰਮ ਫੁਲਕਾ ਛਕਾਇਆ। ਫੁਲਕਾ ਛਕਾ ਕੇ ਪਿਛੋਂ ਕਿਹਾ- ਪੁੱਤਰ! ਤੇਰੀ ਦਸ਼ਾ ਵੇਖ ਕੇ ਹੁਣ ਤਾਂ ਦਾਸੀ ਵੀ ਮੈਨੂੰ ਮਖੌਲ ਕਰਨ ਲੱਗ ਪਈ ਹੈ ਕਿ ਤੇਰਾ ਪੁੱਤਰ ਸਮੁੰਦਰ ਵਿਖੇ ਜਹਾਜ਼ ਪਾਰ ਕਰਨ ਗਿਆ ਹੋਇਆ ਹੈ, ਇਸ ਵਾਸਤੇ ਮੈਂ ਉਸ ਨੂੰ ਨਹੀਂ ਜਗਾਉਣਾ।

ਮਾਤਾ ਜੀ ਪਾਸੋਂ ਇਹ ਬਚਨ ਸੁਣ ਕੇ ਗੁਰੂ ਜੀ ਨੇ ਕਿਹਾ- ਮਾਂ! ਇਹ ਕਮਲੀ-ਝਮਲੀ ਜੋ ਹੋਈ, ਤੁਸੀਂ ਇਸ ਦੀਆਂ ਗੱਲਾਂ ਵੱਲ ਧਿਆਨ ਨਾ ਦਿਆ ਕਰੋ।

ਇਸ ਤਰ੍ਹਾਂ ਪ੍ਰੇਮ ਨਾਲ ਕਹਿ ਕੇ ਮਾਤਾ ਜੀ ਦਾ ਦਿਲ ਖੁਸ਼ ਕਰ ਦਿੱਤਾ ਤੇ ਦਾਸੀ ਸਚਮੁੱਚ ਹੀ ਸੰਸਾਰ ਵਲੋਂ ਕਮਲੀ-ਝਮਲੀ ਹੋ ਗਈ। ਸੰਸਾਰ ਦੀ ਕੋਈ ਸੂਝ-ਬੂਝ ਨਾ ਰਹੀ। ਬ੍ਰਹਮ ਗਿਆਨ ਦੁਆਰਾ ਆਤਮਕ ਅਨੰਦ ਵਿਚ ਮਗਨ ਹੋ ਗਈ।

(ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਿਆਏ ੪੩)

ਸਾਖੀ- ਭਾਈ ਜਗਤਾ ਸਾਹਿਬ ਜੀ ਦੀ

ਜਿਸ ਵੇਲੇ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦਰਸ਼ਨ-ਦੀਦਾਰੇ ਕਰ ਕੇ ਭਾਈ ਜਗਤਾ ਸਾਹਿਬ ਜੀ ਵਾਪਸ ਆਪਣੇ ਡੇਰੇ ਪੁਜੇ ਤਾਂ ਆਪ ਜੀ ਦੇ ਸ਼ਰਧਾਲੂ ਸਿੱਖ ਅਰਨੇਜੇ ਜ਼ਾਤੀ ਦੇ ਭਾਈ ਭਾਗੂ ਤੇ ਸੁਖੂ ਆਏ ਤੇ ਨਮਸਕਾਰ ਕਰਕੇ ਵਪਾਰ ਕਰਨ ਲਈ ਬਾਹਰ ਜਾਣ ਦੀ ਆਗਿਆ ਲੈ ਕੇ ਤੁਰ ਪਏ। ਰਸਤੇ ਵਿਚ ਦਰਿਆ ਅਟਕ ਆਇਆ ਤਾਂ ਆਪਣਾ ਸਾਰਾ ਮਾਲ ਅਸਬਾਬ ਬੇੜੀ ਵਿਚ ਰੱਖ ਕੇ ਦਰਿਆ ਤੋਂ ਪਾਰ ਹੋਣ ਲਈ ਬੇੜੀ ਖੋਲ੍ਹ ਕੇ ਦਰਿਆ ਵਿਚ ਠੇਹਲ ਦਿੱਤੀ।

ਜਿਸ ਵੇਲੇ ਕਿਤਨਾਂ ਪੈਂਡਾ ਕਰ ਚੁੱਕੀ ਤਾਂ ਡੁਬਣ ਦਾ ਭੈ ਹੋਇਆ, ਜਿਸ ਤੇ ਮਲਾਹ ਨੇ ਪੁਕਾਰ ਕੀਤੀ ਬੇੜੀ ਮੇਰੇ ਵਸ ਤੋਂ ਬਾਹਰ ਹੁੰਦੀ ਜਾ ਰਹੀ ਹੈ। ਤੁਸੀਂ ਸਾਰੇ ਲੋਕ ਆਪਣੇ ਗੁਰੂ-ਪੀਰ ਨੂੰ ਅਰਾਧਣਾ ਕਰੋ ਤਾਂ ਕਿ ਬੇੜੀ ਕਿਨਾਰੇ ਲੱਗ ਜਾਵੇ।

ਸਾਰੇ ਹਾ-ਹਾ-ਕਾਰ ਮਚ ਗਈ, ਸਭ ਪੁਕਾਰਨ ਲੱਗੇ। ਭਾਈ ਜਗਤਾ ਜੀ ਦੇ ਸਿੱਖਾਂ ਨੇ ਵੀ ਭਾਈ ਜਗਤਾ ਸਾਹਿਬ ਜੀ ਨੂੰ ਅਰਾਧਿਆ ਕਿ ਮਹਾਰਾਜ ਜੀ! ਆਪ ਜੀ ਤੋਂ ਬਿਨਾਂ ਹੁਣ ਸਾਡਾ ਕੋਈ ਸਹਾਇਕ ਨਹੀਂ। ਆਪ ਹੀ ਕਿਰਪਾ ਕਰ ਕੇ ਇਸ ਸੰਕਟ ਤੋਂ ਸਾਡੀ ਰਖਿਆ ਕਰੋ ਅਤੇ ਸੌ ਰੁਪਿਆ ਮੰਨਤ ਵੀ ਮੰਨੀ।

ਜਿਸ ਵੇਲੇ ਬਿਪਤਾ ਦਾ ਸਮਾਂ ਆਉਣ ਤੇ ਇਕਾਗਰ ਮਨ ਹੋ ਕੇ ਭਾਈ ਜਗਤਾ ਸਾਹਿਬ ਜੀ ਨੂੰ ਅਰਾਧਿਆ ਉਸ ਵੇਲੇ ਭਾਈ ਜਗਤਾ ਸਾਹਿਬ ਜੀ ਨੇ ਜਾ ਕੇ ਆਪਣਾ ਕੰਧਾ ਬੇੜੀ ਥੱਲੇ ਦੇ ਕੇ ਬੇੜੀ ਨੂੰ ਉਪਰ ਉਠਾਇਆ ਤੇ ਕਿਨਾਰੇ ਲਗਾ ਦਿੱਤਾ ਅਤੇ ਇਧਰ ਨੂਰਪੁਰ ਆਪਣੀ ਧਰਮਸ਼ਾਲਾ ਵਿਚ ਸੁੱਤੇ ਪਏ ਸਨ।

ਜਿਸ ਵਕਤ ਉਠੇ ਤਾਂ ਭਾਈ ਹਜਾਰੀ ਰਾਮ ਅਤੇ ਹੋਰ ਕਿਤਨੇ ਸਾਧ ਨਜ਼ਦੀਕ ਆਏ। ਸਭਨਾਂ ਨੇ ਪਾਸ ਆ ਕੇ ਚਰਨ ਕਵਲਾਂ 'ਤੇ ਮੱਥਾ ਟੇਕਿਆ। ਉਸ ਵੇਲੇ ਭਾਈ ਜਗਤਾ ਰਾਮ ਜੀ ਨੇ ਸੇਵਕਾਂ ਨੂੰ ਕਿਹਾ "ਮੇਰੀ ਕੰਡ ਵਿਖੇ ਕੁਝ ਕੁ ਦਰਦ ਹੋ ਰਹੀ ਹੈ। ਖਾਰ ਹਲਦੀ ਲਗਾ ਕੇ ਟਕੋਰ ਕਰੋ !" ਭਾਈ ਹਜਾਰੀ ਜੀ ਸਭ ਵਸਤਾਂ ਲੈ ਕੇ ਪਾਸ ਆਏ ਜਿਸ ਵੇਲੇ ਦੇਖਿਆ ਤਾਂ ਮੋਢੇ ਉਤੇ ਬਹੁਤ ਲਾਲੀ ਪਈ ਹੋਈ ਸੀ, ਜਿਵੇਂ ਬਹੁਤ ਭਾਰਾ ਬੋਝਾ ਉਠਾਇਆ ਹੋਵੇ।

ਦੇਖ ਕੇ ਬੜੇ ਅਸਚਰਜ ਹੋਏ, ਖਾਰ ਹਲਦੀ ਲਗਾ ਟਕੋਰ ਕਰ ਕੇ ਹੱਥ ਜੋੜ ਕੇ ਪੁਛਿਆ-ਮਹਾਰਾਜ ਜੀ! ਇਹ ਕੀ ਕਾਰਨ ਹੋਇਆ ਆਪ ਜੀ ਤਾਂ ਇਥੇ ਸੁਖ ਅਰਾਮ ਨਾਲ ਸੁੱਤੇ ਹੋਏ ਸੀ ਅਤੇ ਹੁਣ ਮੋਢਾ ਮੁਰਝਾਇਆ ਹੋਇਆ ਲਾਲ ਭਾਸਦਾ ਹੈ। ਸੋ ਕਿਰਪਾ ਕਰ ਕੇ ਦੱਸੋ ਕੀ ਕਾਰਨ ਹੋਇਆ ਜੋ ਇਤਨਾਂ ਦੁੱਖ ਕਿਉਂ ਹੋਇਆ? ਪਰ ਭਾਈ ਜਗਤਾ ਸਾਹਿਬ ਜੀ ਚੁੱਪ ਹੀ ਰਹੇ। ਕੁਝ ਕਿਹਾ ਨਹੀਂ ਨਾ ਹੀ ਦੁਬਾਰਾ ਪੁੱਛਣ ਦਾ ਸੇਵਕਾਂ ਨੂੰ ਹੀਆ ਹੀ ਪਿਆ। ਸੇਵਕ ਵੀ ਚੁੱਪ ਕਰ ਗਏ ਤੇ ਦੁਬਾਰਾ ਨਹੀਂ ਪੁੱਛਿਆ।

ਇਸ ਵਾਰਤਾ ਨੂੰ ਜਿਸ ਵੇਲੇ ਬਹੁਤ ਦਿਨ ਬੀਤ ਗਏ ਤਾਂ ਉਹ ਅਰਨੇਜੇ ਸਿੱਖ ਭਾਗੂ ਹੋਰੀਂ ਆਏ ਜਿਨ੍ਹਾਂ ਦੀ ਬੇੜੀ ਨੂੰ ਕੰਧਾ ਲਗਾ ਕੇ ਪਾਰ ਕੀਤਾ ਸੀ। ਮਨ ਬੇਈਮਾਨ ਹੋਣ ਕਰ ਕੇ ਉਹਨਾਂ ਨੇ ਅਮਾਨਤ ਵਿਚ ਖਿਆਨਤ ਕਰ ਲਈ। ਸੌ ਦੀ ਥਾਂ ਪੰਜਾਹ ਰੁਪਏ ਅੱਗੇ ਰੱਖ ਕੇ ਨਮਸ਼ਕਾਰ ਕੀਤੀ। ਭਾਈ ਸਾਹਿਬ ਹੋਰਾਂ ਨੇ ਉਹਨਾਂ ਦੀ ਭੇਟਾ ਅੰਗੀਕਾਰ ਨਾ ਕੀਤੀ।

ਸੇਵਕਾਂ ਨੇ ਬੇਨਤੀ ਕੀਤੀ, "ਮਹਾਰਾਜ! ਇਹ ਆਪ ਦੇ ਹੀ ਸਿੱਖ ਹਨ। ਇਹਨਾਂ ਉਤੇ ਕਿਰਪਾ ਕਰੋ, ਇਹਨਾਂ ਦੀ ਭੇਟਾ ਅੰਗੀਕਾਰ ਕਰੋ।" ਭਾਈ ਸਾਹਿਬ ਜੀ ਨੇ ਮੁਸਕਰਾ ਕੇ ਕਿਹਾ "ਹੇ ਗੁਰਸਿਖੋ! ਆਪਣੀ ਮਜੂਰੀ

ਤਾਂ ਪੂਰੀ ਲੈਣੀ ਹੈ। ਘਟ ਕਿਸ ਵਾਸਤੇ ਲਈਏ?" ਇਸ ਤਰ੍ਹਾਂ ਦੇ ਸੱਚੇ ਬਚਨ ਸੁਣ ਕੇ ਉਹ ਸਿੱਖ ਡਰ ਗਏ। ਡਰਦਿਆਂ ਹੋਇਆਂ ਨੇ ਪੰਜਾਹ ਰੁਪਏ ਹੋਰ ਰੱਖ ਕੇ ਮੱਥਾ ਟੇਕਿਆ। ਬੇਨਤੀਆਂ ਕਰ-ਕਰ ਕੇ ਆਪਣੀ ਭੁੱਲ ਵੀ ਬਖਸ਼ਾਈ।

ਐਸਾ ਕੌਤਕ ਦੇਖ ਕੇ ਸਭ ਸੰਗਤਾਂ ਹੈਰਾਨ ਹੋਈਆਂ ਕਿ ਭਾਈ ਜੀ ਹੋਰਾਂ ਨੇ ਇਹ ਕੀ ਕੌਤਕ ਵਰਤਾਇਆ ਹੈ। ਉਸ ਵਕਤ ਭਾਈ ਹਜਾਰੀ ਰਾਮ ਜੀ ਹੋਰਾਂ ਨੇ ਉਹਨਾਂ ਸਿੱਖਾਂ ਤੋਂ ਪੁਛਿਆ ਇਹ ਕੀ ਵਾਰਤਾ ਹੋਈ ਹੈ ? ਤਾਂ ਉਹਨਾਂ ਸਿੱਖਾਂ ਨੇ ਦਰਿਆ ਅਟਕ ਵਿਖੇ ਬੇੜੀ ਡੁੱਬਣ ਤੇ ਭਾਈ ਜਗਤਾ ਰਾਮ ਜੀ ਹੋਰਾਂ ਨੇ ਪਾਰ ਕਰਨੀ ਆਦਿ ਸਾਰੀ ਵਾਰਤਾ ਕਹਿ ਸੁਣਾਈ। ਅਸੀਂ ਮੂੜ ਮਤਿ ਨਿਕਲੇ ਹਾਂ ਜੋ ਮੰਨਤ ਮੰਨ ਕੇ ਮੁੱਕਰ ਗਏ ਹਾਂ, ਜੋ ਅੱਧੀ ਭੇਟਾ ਅੱਗੇ ਲਿਆ ਕੇ ਰੱਖਣਾ ਕੀਤੀ ਹੈ।

ਸਿੱਖਾਂ ਦੇ ਐਸੇ ਕਹਿਣ ਪਰ ਭਾਈ ਹਜਾਰੀ ਰਾਮ ਜੀ ਨੂੰ ਤੇ ਹੋਰ ਜੋ ਸਾਧ ਉਸ ਵਕਤ ਪਾਸ ਸਨ। ਉਸ ਦਿਨ ਵਾਲੀ ਗੱਲ ਯਾਦ ਆ ਗਈ ਜਿਸ ਦਿਨ ਕੰਧੇ ਪਰ ਖਾਰ ਹਲਦੀ ਲਗਾਈ ਸੀ। ਇਸ ਤਰ੍ਹਾਂ ਔਕੜ ਸਮੇਂ ਸਤਿਗੁਰਾਂ ਨੂੰ ਯਾਦ ਕਰਨ ਤੇ ਬੇੜੇ ਆਦਿਕਾਂ ਦੇ ਡੁੱਬਣ ਦਾ ਡਰ ਪ੍ਰਾਪਤ ਨਹੀਂ ਹੁੰਦਾ।

(ਸੰਤ ਰਤਨ ਮਾਲਾ ਦੂਜੀ ਛਾਪ, ਪੰਨਾ ੪੩੮)

ਉਥਾਨਕਾ-ਕੋਈ ਸਨਬੰਧੀ ਆਪਸ ਵਿਖੇ ਮਾਇਆ ਲਈ ਲੜ-ਝਗੜ ਰਹੇ ਸਨ, ਉਨ੍ਹਾਂ ਪ੍ਰਤੀ ਗੁਰੂ ਸਾਹਿਬ ਕਥਨ ਕਰਦੇ ਹਨ-

ਨਾਨਕ ਦੁਨੀਆ ਕੈਸੀ ਹੋਈ॥

ਇਹ ਦੁਨੀਆਂ ਕਿਸ ਤਰ੍ਹਾਂ ਮਤਲਬ ਪ੍ਰਸਤ ਹੋ ਰਹੀ ਹੈ?

ਸਾਲਕੁ ਮਿਤੁ ਨ ਰਹਿਓ ਕੋਈ॥

ਸਾਲਕੁ= ਗਿਆਨਵਾਨ ਮਿੱਤਰ ਤਾਂ ਦੁਨੀਆਂ ਵਿਖੇ ਕੋਈ ਰਿਹਾ ਹੀ ਨਹੀਂ।

ਭਾਈ ਬੰਧੀ ਹੇਤੁ ਚੁਕਾਇਆ॥ ਦੁਨੀਆ ਕਾਰਣਿ ਦੀਨੁ ਗਵਾਇਆ॥ ੫॥

ਦੁਨੀਆਂ ਕਾਰਣਿ= ਮਾਇਆ ਦੇ ਵਾਸਤੇ (ਇਸ ਜੀਵ ਨੇ ਇਕ ਤਾਂ) ਭਰਾਵਾਂ ਅਤੇ ਸਨਬੰਧੀਆਂ ਨਾਲੋਂ ਹੇਤੁ= ਪ੍ਰੇਮ ਦੂਰ ਕਰ ਲੀਤਾ ਹੈ। ਦੂਜਾ ਇਸ ਨੇ ਆਪਣਾ ਦੀਨੁ= ਧਰਮ ਵੀ ਗਵਾ ਲੀਤਾ ਹੈ।। ੫॥

ਕਿਸੇ ਦੇ ਗ੍ਰਿਹ ਵਿਖੇ ਕੋਈ ਮਰ ਗਿਆ ਸੀ ਤੇ ਔਰਤਾ ਪਿਟ ਰਹੀਆਂ ਸਨ, ਉਨ੍ਹਾਂ ਨੂੰ ਦੇਖ ਕੇ ਗੁਰੂ ਜੀ ਕਹਿੰਦੇ ਹਨ :

ਹੈ ਹੈ ਕਰਿ ਕੈ ਓਹਿ ਕਰੇਨਿ॥

(ਉਹ ਔਰਤਾਂ!) ਹੈ ਓ! ਹੈ ਓ! ਕਰ ਕੇ ਉਚਾਰਨਾ ਕਰਦੀਆਂ ਹਨ ਕਿ ਉਹ ਪ੍ਰਮਾਤਮਾ ਹੈ, ਉਹ ਪ੍ਰਮਾਤਮਾ ਹੈ।

ਗਲ੍ਹਾ ਪਿਟਨਿ ਸਿਰੁ ਖੋਹੇਨਿ॥

ਮੂੰਹ ਦੀਆਂ ਗਲ੍ਹਾਂ ਪਰ ਹੱਥ ਮਾਰ-ਮਾਰ ਕੇ ਪਿਟਦੀਆਂ ਹਨ ਤੇ ਸਿਰ ਦੇ ਵਾਲ ਖੋਹਦੀਆਂ ਹਨ।

ਨਾਉ ਲੈਨਿ ਅਰੁ ਕਰਨਿ ਸਮਾਇ॥

(ਹੈ ਉਹ, ਹੈ ਉਹ, ਇਉਂ ਆਪਣੇ ਵਿਹਾਰਕ ਧੰਦਿਆਂ ਨੂੰ ਮੁਖ ਰੱਖ ਕੇ ਔਰਤਾਂ ਪ੍ਰਮਾਤਮਾ ਦੇ) ਨਾਮ ਨੂੰ ਲੈਂਦੀਆਂ ਤਾਂ ਹਨ ਪਰੰਤੂ ਜੇਕਰ ਉਹ ਨਿਸਚੇ ਸਹਿਤ ਪ੍ਰਮਾਤਮਾ ਵਿਖੇ ਸਮਾਈ ਕਰਨ।

ਨਾਨਕ ਤਿਨ ਬਲਿਹਾਰੈ ਜਾਇ॥ ੬॥

ਤਾਂ ਸ੍ਰੀ ਗੁਰੂ ਜੀ ਕਥਨ ਕਰਦੇ ਹਨ- ਅਸੀਂ ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ।

ਵਾ- ਗੁਰੂ ਜੀ ਆਖਦੇ ਹਨ— ਮਰਨ ਵਾਲੇ ਆਦਮੀ ਦਾ ਨਾਮ ਲੈਂਦੀਆਂ ਹਨ ਪਰ ਜੇਕਰ ਉਹ ਰੋਣ ਵਾਲੇ ਸਮਾਈ ਕਰ ਜਾਣ ਪ੍ਰਮੇਸ਼ਰ ਦੀ ਚੀਜ਼ ਜਾਣ ਕੇ ਭਾਣਾ ਮੰਨਣ ਅਤੇ ਪ੍ਰਮੇਸ਼ਰ ਦਾ ਨਾਮ ਲੈਣਾ ਕਰਨ ਤਾਂ ਅਸੀਂ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਾਂ।

*ਅਥਵਾ-*ਜੋ ਮਨਮੁਖ ਪੁਰਸ਼ ਹਨ ਉਹ ਤਾਂ ਐਸੇ ਉਚਾਰਨ ਕਰਦੇ ਹਨ ਕਿ ਉਹ ਪ੍ਰਮਾਤਮਾ ਹੈ, ਉਹ ਪ੍ਰਮਾਤਮਾ ਹੈ, ਪਰੰਤੂ ਵਾਹਯਾਤ ਫਜ਼ੂਲ ਗੱਲਾਂ ਨੂੰ ਪਿਟਨ= ਪਿੱਟਦੇ ਭਾਵ ਉਚਾਰਦੇ ਹਨ ਅਤੇ ਸਿਰ ਖੋਹੇਨਿ= ਸਿਰ ਦੇ ਵਾਲ ਖੋਹਣ ਵਾਲੇ ਜੋ ਜੈਨੀ ਹੈਨ ਉਹਨਾਂ ਦੇ ਮਤ ਨੂੰ ਧਾਰਦੇ ਹਨ।

*ਯਥਾ-*ਸਿਰੁ ਖੋਹਾਇ ਪੀਅਹਿ ਮਲਵਾਣੀ... ॥ *(ਪੰਨਾ ੧੪੯)*

ਨਾਉ ਲੈਨਿ= ਪ੍ਰਮੇਸ਼ਰ ਦਾ ਨਾਮ ਤਾਂ ਲੈਂਦੇ ਹਨ ਪਰ ਨਿਸਚਾ ਨਹੀਂ ਕਰਦੇ। ਅਰੁ ਕਰਨਿ ਸਮਾਇ= ਜੇਕਰ ਉਹ ਸਮਾਇ= ਨਿਸਚਾ ਕਰਨ ਵਾ ਸ਼ਰਧਾ ਵਿਖੇ ਸਮਾਉਣਾ ਕਰਨ ਤਾਂ ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਉਨ੍ਹਾਂ ਦੇ ਉਪਰੋਂ ਕੁਰਬਾਨ ਜਾਂਦੇ ਹਾਂ॥ ੬॥

ਉਥਾਨਕਾ-ਕੋਈ ਪੁਰਸ਼ ਦੁਚਿਤਾ ਹੋ ਕੇ ਮਨ ਨੂੰ ਡੁਲਾ ਰਿਹਾ ਸੀ ਕਦੇ ਪ੍ਰਮੇਸ਼ਰ ਵੱਲ ਤੇ ਕਦੇ ਸੰਸਾਰ ਵੱਲ ਚਲਦਾ ਸੀ। ਉਸ ਪ੍ਰਤੀ ਕਥਨ ਕਰਦੇ ਹਨ-

ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ॥

ਹੇ ਪਿਆਰੇ! ਡਾਵਾਂ-ਡੋਲ ਨਾ ਹੋਈਏ (ਕਦੇ ਪ੍ਰਮੇਸ਼ਰ ਵੱਲ ਲਗਣਾ ਤੇ ਕਦੇ ਸੰਸਾਰ ਵੱਲ ਲੱਗਣਾ ਇਸ ਕੰਮ ਨੂੰ ਛੱਡ ਦੇਹ। ਪ੍ਰਮੇਸ਼ਰ ਦੀ ਪ੍ਰਾਪਤੀ ਦਾ) ਸਿੱਧਾ ਰਸਤਾ ਜੋ ਗਿਆਨ ਤੇ ਭਗਤੀ ਹੈ ਉਸ ਤਰਫ ਧਾਉ= ਦੌੜਨਾ ਕਰ। ਜੇ ਤੂੰ ਅਸਾਡਾ ਕਹਿਣਾ ਨਹੀਂ ਮੰਨੇਗਾ ਤੇ ਡਾਵਾਂ-ਡੋਲ ਹੁੰਦਾ ਰਹੇਂਗਾ ਤੇ ਇਹ ਨਿਸਚੇ ਕਰ ਲੈ-

ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ॥

ਤੇਰੇ ਪਿਛੇ ਡਰਾਵਣੋ= ਭੈਦਾਇਕ ਕਾਲ ਰੂਪੀ ਬਾਘੁ= ਸ਼ੇਰ ਫਿਰਦਾ ਰਹੇਗਾ (ਅਵਸਥਾ ਦੇ ਪੂਰਿਆਂ ਹੋਣ ਪਰ ਸ਼ਹਿਰ ਤੋਂ) ਅੱਗੇ ਅਗਨੀ ਦਾ ਤਲਾਬ (ਭਾਵ ਚਿਖਾ) ਵਿਖੇ ਸੜਨਾ ਹੋਵੇਗਾ।

*ਵਾ-*ਅੱਗੇ ਪ੍ਰਲੋਕ-ਰਸਤੇ ਵਿਖੇ ਅਗਨਿ= ਅਗਨੀ ਦਾ ਕੁੰਡ ਅਤੇ ਤਲਾਉ= ਵੈਤਰਨੀ ਨਦੀ ਵਿਚੋਂ ਲੰਘਣਾ ਪਵੇਗਾ। ਤੈਨੂੰ ਤਾਂ ਚਾਹੀਦਾ ਹੈ ਕਿ-

ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ॥

(ਗਉੜੀ ਮਹਲਾ ੫, ਪੰਨਾ ੨੪੮)

*ਅਥਵਾ-*ਅੱਗੇ ਧਰਮ ਰਾਜਾ ਦੀ ਕਚਹਿਰੀ ਵਿਚ ਹਿਸਾਬ ਹੋਣ ਪਰ ਅਗਨਿ ਤਲਾਉ= ਨਰਕ ਅਗਨੀ ਵਿਖੇ ਪਵੇਂਗਾ ਵਾ ਮਾਤਾ ਦੇ ਉਦਰ ਦੀ ਜਠਰ ਅਗਨੀ ਵਿਚ ਪੁੱਠਾ ਟੰਗਿਆ ਜਾਏਂਗਾ।

ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥

ਜਗਿਆਸੂ ਦੀ ਤਰਫੋਂ ਗੁਰੂ ਜੀ ਕਥਨ ਕਰਦੇ ਹਨ- ਮੇਰਾ ਜੀਅ ਸੰਸਿਆਂ ਵਿਖੇ ਪੈ ਰਿਹਾ ਹੈ ਇਨ੍ਹਾਂ ਸੰਸਿਆਂ ਤੋਂ ਛੁਟਣ ਵਾਸਤੇ ਗੁਰਾਂ ਤੋਂ ਬਗੈਰ ਮੇਰੇ ਪਾਸ ਹੋਰ ਕੋਈ ਢੰਗੁ= ਸਬੱਬ ਨਹੀਂ।

ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥ ੭ ॥

ਗੁਰੂ ਜੀ ਕਥਨ ਕਰਦੇ ਹਨ- ਗੁਰਾਂ ਦੁਆਰੇ ਹਰੀ ਪ੍ਰੀਤਮ ਦੇ ਨਾਲ ਸੰਗੁ= ਸਨਬੰਧ ਹੋਵੇ ਤਾਂ ਦੁਨਿਆਵੀ ਧੰਦਿਆਂ ਤੋਂ ਛੁੱਟ ਜਾਈਦਾ ਹੈ॥ ੭॥

ਅਥਵਾ-ਜਿਨ੍ਹਾਂ ਗੁਰਮੁਖਾਂ ਦਾ ਹਰੀ ਪ੍ਰੀਤਮ ਨਾਲ ਸਬੰਧ ਹੈ ਉਹਨਾਂ ਦੁਆਰੇ ਛੁੱਟਣਾ ਕਰੋ, ਇਹ ਦੋਨੋਂ ਅਰਥ ਸੰਪ੍ਰਦਾਈ ਗਿਆਨੀ ਸ੍ਰੀਮਾਨ ੧੦੮ ਸੰਤ ਚੰਦਾ ਸਿੰਘ ਜੀ ਦੇ ਪ੍ਰਿਆਵਾਂ ਦੇ ਹਨ।

ਸਿੱਖ ਨੇ ਹੱਥ ਜੋੜ ਕੇ ਬੇਨਤੀ ਕੀਤੀ— ਗਰੀਬ ਨਿਵਾਜ ਜੀਓ! ਆਪ ਜੀ ਨੇ ਕਾਲ ਨੂੰ ਸ਼ੇਰ ਕਥਨ ਕੀਤਾ ਹੈ ਪਰ ਇਹ ਕਾਲ ਰੂਪੀ ਸ਼ੇਰ ਕਿਵੇਂ ਮਰਦਾ ਹੈ? *ਗੁਰੂ ਉੱਤਰ-*

ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥

ਮਨ ਨੂੰ ਮਾਰੀਏ ਤਾਂ ਕਾਲ ਰੂਪੀ ਬਾਘੁ= ਸ਼ੇਰ ਮਰਦਾ ਹੈ। ਪੁਨਾ ਸਿੱਖ ਨੇ ਕਿਹਾ-''ਮਨ ਨੂੰ ਕੌਣ ਮਾਰਦਾ ਹੈ?''

ਗੁਰੂ ਉੱਤਰ- ਜਿਸ ਨੂੰ ਸਤਿਗੁਰਾਂ ਦੀ ਦੀਖਿਆ= ਸਿੱਖਿਆ ਪ੍ਰਾਪਤ ਹੁੰਦੀ ਹੈ, ਓਹੀ ਪੁਰਸ਼ ਆਪਣੇ ਮਨ ਨੂੰ ਮਾਰਦਾ ਹੈ।

ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥

ਆਪਣੇ ਸ੍ਵੈ ਸਰੂਪ ਨੂੰ ਪਛਾਣੇ ਤਾਂ ਹਰੀ ਮਿਲਦਾ ਹੈ, ਹਰੀ ਦੇ ਮਿਲਣ ਕਰ ਕੇ ਫਿਰ ਇਸ ਦਾ ਮਰਨਾ ਨਹੀਂ ਹੁੰਦਾ।

[ਪੰਨਾ ੧੪੧੧]

ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥

ਜਿਸ ਨੂੰ ਇਕ ਵਾਹਿਗੁਰੂ ਨੇ ਕਿਰਪਾ ਦ੍ਰਿਸ਼ਟੀ ਨਾਲ ਨਿਹਾਲਿ= ਵੇਖਿਆ ਹੈ, ਉਸ ਦਾ ਮਨ ਰੂਪੀ ਹੱਥ ਪਦਾਰਥਾਂ, ਵਾ ਮੋਹ ਰੂਪੀ ਚਿੱਕੜ ਵਿਖੇ ਨਹੀਂ ਡੁੱਬਦਾ (ਭਾਵ ਲਿਬੜਦਾ ਨਹੀਂ)।

ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥ ੮ ॥

ਗੁਰੂ ਜੀ ਕਥਨ ਕਰਦੇ ਹਨ— ਸੰਸਾਰ- ਸਰੋਵਰ ਪਰ ਜੋ ਗੁਰਾਂ ਨੇ ਪ੍ਰਭੂ ਦੇ ਨਾਮਾਂ ਰੂਪੀ ਸੱਚਾ ਪੁਲ ਬੱਧਾ ਹੈ, ਉਸ ਪੁਲ ਉਤੇ ਚੜ੍ਹ ਕੇ ਗੁਰਮੁਖ ਜਨ ਉਬਰੇ= ਤਰ ਗਏ ਹਨ (ਪਾਰ ਲੰਘ ਗਏ ਹਨ)॥ ੮॥

ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥

ਸੰਤੋਖ, ਵਾ-ਨਾਮ-ਜਲ ਨੂੰ ਲੋੜਿ ਲਹੁ= ਚਾਹ ਲਵੋ ਤਾਂ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਅਗਨੀ ਮਰੈ= ਮਰਦੀ ਹੈ ਭਾਵ ਬੁਝ ਜਾਂਦੀ ਹੈ। ਗੁਰੂ ਜੋ ਜਲੁ ਨਿਧਿ= ਬੱਦਲ ਵਾਂਗੂੰ ਹੈ, ਉਨ੍ਹਾਂ ਤੋਂ ਬਿਨਾਂ ਨਾਮ-ਜਲ ਦੀ

ਪ੍ਰਾਪਤੀ ਨਹੀਂ ਹੁੰਦੀ।

ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ॥

ਨਾਮ ਤੋਂ ਬਿਨਾਂ ਜਿਹੜਾ ਪੁਰਸ਼ ਲੱਖਾਂ ਕਰਮਾਂ ਦੇ ਕਮਾਵਣ ਵਾਲਾ ਹੈ, ਉਹ ਪੁਰਸ਼ ਜਨਮ ਮਰਨ ਵਿਖੇ ਭਰਮਾਈਐ= ਫੇਰਿਆ ਜਾਂਦਾ ਹੈ।

ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ॥

ਜੇਕਰ ਇਹ ਜੀਵ ਸਤਿਗੁਰਾਂ ਦੀ ਭਾਇ= ਆਗਿਆ ਅਨੁਸਾਰ, ਵਾ- ਗੁਰਾਂ ਦੇ ਭਾਇ= ਪ੍ਰੇਮ ਵਿਖੇ ਚਲਣਾ ਕਰੇ ਤਾਂ ਜਮ ਜੋ ਜਾਗਾਤਿ= ਮਸੂਲੀਆ ਹੈ, ਉਹ ਇਸ ਦੇ ਪਿੱਛੇ ਨਹੀਂ ਲੱਗਦਾ।

ਵਾ- ਜਮਾਂ ਦੀ ਚੁੰਗੀ (ਮਸੂਲ) ਇਸ ਨੂੰ ਲੱਗਦੀ ਨਹੀਂ।

ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ॥ ੯॥

ਗੁਰੂ ਜੀ ਕਥਨ ਕਰਦੇ ਹਨ— ਮਾਇਆ ਮਲ ਅਵਿਦਿਆ ਤੋਂ ਰਹਿਤ ਜੋ ਨਿਰਮਲ ਅਮਰਪਦ ਰੂਪ ਹਰੀ ਹੈ, ਉਹ ਗੁਰਾਂ ਦਾ ਮਿਲਾਇਆ ਹੋਇਆ ਹੀ ਆ ਕੇ ਮਿਲਦਾ ਹੈ।

ਵਾ-ਗੁਰੂ ਹੀ ਇਕ ਨਿਰਮਲ ਅਮਰ ਪਦ ਰੂਪ ਹਰੀ ਦੇ ਮੇਲ ਨਾਲ ਮਿਲਾਉਂਦੇ ਹਨ।

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ॥

ਕਊਆ=ਕਾਂ ਵਾਂਗੂੰ ਅੰਦਰੋਂ ਬਾਹਰੋਂ ਕਾਲਾ ਜੋ ਪਾਪੀ ਜੀਵ ਹੈ ਉਹ ਵਿਸ਼ਿਆਂ ਰੂਪੀ ਕੱਲਰ ਦੀ ਛੱਪੜੀ ਜੋ ਸੰਸਾਰ ਹੈ ਉਸ ਵਿਖੇ ਖੂਬ ਪਿੰਡੇ ਨੂੰ ਮਲ-ਮਲ ਕੇ ਇਸ਼ਨਾਨ ਕਰ ਰਿਹਾ ਹੈ। ਭਾਵ ਚੰਗੀ ਤਰ੍ਹਾਂ ਵਿਸ਼ਿਆਂ ਵਿਖੇ ਖਚਿਤ ਹੋ ਕੇ ਪਾਪ ਕਰਮਾਂ ਨੂੰ ਕਰ ਰਿਹਾ ਹੈ।

ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ॥

ਪਾਪੀ ਪੁਰਸ਼ ਦਾ ਔਗੁਣਾਂ ਕਰ ਕੇ ਮਨ ਤਨ ਮੈਲਾ ਹੋ ਰਿਹਾ ਹੈ ਅਤੇ ਰਸਨਾ ਰੂਪੀ ਚੁੰਝ ਝੂਠ ਨਿੰਦਿਆ ਰੂਪ ਦੁਰਗੰਧੀ ਵਿਖੇ ਲਿਆ ਕੇ ਭਰਨਾ ਕੀਤੀ ਹੈ।

ਅਥਵਾ-ਜਿਹਵਾ ਰੂਪੀ ਚੁੰਝ ਨੂੰ ਮਾਸ ਸ਼ਰਾਬ ਆਦਿਕ ਦੁਰਗੰਧੀ ਦੇ ਖਾਣ ਪੀਣ ਵਿਖੇ ਲਿਆ ਕੇ ਭਰਨਾ ਕੀਤਾ ਹੈ।

ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ॥

ਕੁ+ਪੰਖੀ= ਖੋਟਾ ਪੰਛੀ ਜੋ ਕਾਂ ਹੈ ਉਸ ਦੇ ਸੰਗ ਕਰ ਕੇ ਹੰਸ ਨੇ ਮਾਨ ਸਰੋਵਰ ਉਪਰ ਰਹਿਣਾ ਨਾ ਜਾਣਿਆਂ। ਉਸ ਨੂੰ ਆਪਣਾ ਮਾਨ ਸਰੋਵਰ ਹੀ ਭੁੱਲ ਗਿਆ।

ਇਸੇ ਪ੍ਰਕਾਰ ਕਾਂ ਵਾਂਗੂੰ ਜੋ ਪਾਪੀ ਪੁਰਸ਼ ਹੈ ਹਰਾਮਖੋਰ, ਗੁਰਨਿੰਦਕ, ਵਿਸ਼ਵਾਸ ਧਰੋਹੀ ਉਸ ਦੀ ਸੰਗਤ ਕਰ ਕੇ ਇਸ ਜੀਵ ਰੂਪੀ ਹੰਸ ਨੇ ਸਤਿਸੰਗਤ ਰੂਪੀ ਮਾਨ ਸਰੋਵਰ ਪਰ ਰਹਿਣਾ ਨਾ ਜਾਣਿਆਂ।

ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ॥

ਸਾਕਤਾਂ ਨਾਲ ਪ੍ਰੀਤੀ ਕਰਨੀ ਐਸੀ ਦੁਖਦਾਇਕ ਹੈ ਜਿਵੇਂ ਹੰਸ ਨੇ ਕਾਂ ਨਾਲ ਪ੍ਰੀਤੀ ਕਰ ਕੇ ਦੁੱਖ ਪਾਇਆ ਹੈ। ਇਸੇ ਵਾਸਤੇ ਗੁਸਾਈਂ ਤੁਲਸੀ ਦਾਸ ਨੇ ਕਿਹਾ ਹੈ-

www.sikhbookclub.com

ਦੁਸਟ ਸੰਗ ਨ ਦੇਈਂ ਬਿਧਾਤਾ। ਤਾ ਤੇ ਭਲੌ ਨਰਕ ਮਹਿ ਬਾਸਾ।

ਗਿਆਨੀਆਂ ਨਾਲ ਰੰਗਿ= ਪ੍ਰੇਮ ਕਰ ਕੇ ਇਸ ਗੱਲ ਨੂੰ ਬੁਝਣਾ ਕਰੋ।

ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ॥

ਸੰਤ ਸਭਾ ਦੇ ਜੈਕਾਰੇ ਉਚਾਰਨਾ ਕਰ ਅਤੇ ਗੁਰਾਂ ਦੁਆਰੇ ਸ਼ੁਭ ਕਰਮਾਂ ਨੂੰ ਕਮਾਉਣਾ ਕਰ।

ਨੋਟ:-ਸਾਰੀਆਂ ਛੇ ਸਭਾ ਕਥਨ ਕੀਤੀਆਂ ਹਨ।

(੧) **ਸਿਧ ਸਭਾ**-*ਯਥਾ-* ਸਿਧ ਸਭਾ ਕਰਿ ਆਸਣਿ ਬੈਠੇ... ॥ *(ਪੰਨਾ ੯੩੮)*

(੨) **ਸੰਤ ਸਭਾ**-ਜਿਸ ਜਗ੍ਹਾ ਕੇਵਲ ਪ੍ਰਮਾਤਮਾ ਦਾ ਜਸ ਕਰਨ ਵਾਲੇ ਸੰਤ ਬੈਠੇ ਹੋਣ ਉਸ ਨੂੰ ਸੰਤ ਸਭਾ ਆਖਦੇ ਹਨ:

ਯਥਾ- ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਪੇਨੁ॥੧॥

(ਸਿਰੀਰਾਗੁ ਮਹਲਾ ੧, ਪੰਨਾ ੧੮)

ਤਥਾ- ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ॥ ੪॥

(ਸਿਰੀਰਾਗੁ ਮਹਲਾ ੧, ਪੰਨਾ ੫੮)

ਤਥਾ- ਸੰਤ ਸਭਾ ਕਉ ਸਦਾ ਜੈਕਾਰੁ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ॥

(ਗਉੜੀ ਮਹਲਾ ੫, ਪੰਨਾ ੧੮੩)

ਤਥਾ- ਰਾਮ ਨਾਮੁ ਗੁਰ ਬਚਨੀ ਬੋਲਹੁ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ॥

(ਮਾਰੂ ਮਹਲਾ ੧, ਪੰਨਾ ੧੦੩੦)

ਤਥਾ- ਸੰਤ ਸਭਾ ਜਹਿ ਬੈਸਹਿ ਪ੍ਰਭ ਪਾਸੇ॥ ਅਨੰਦ ਮੰਗਲ ਹਰਿ ਚਲਤ ਤਮਾਸੇ॥

(ਮਾਰੂ ਸੋਲਹੇ ਮਹਲਾ ੫, ਪੰਨਾ ੧੦੭੭)

ਤਥਾ- ਜਿਸ ਕਉ ਚਾਹਹਿ ਸੁਰਿ ਨਰ ਦੇਵ॥ ਸੰਤ ਸਭਾ ਕੀ ਲਗਹੁ ਸੇਵ॥ ੩॥

(ਬਸੰਤੁ ਮਹਲਾ ੫, ਪੰਨਾ ੧੧੮੨)

ਤਥਾ- ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ॥

(ਮਲਾਰ ਮਹਲਾ ੫, ਪੰਨਾ ੧੨੬੬)

ਤਥਾ- ਕਰਣੀ ਕੀਰਤਿ ਗੁਰਮਤ ਸਾਰੁ॥ ਸੰਤ ਸਭਾ ਗੁਣ ਗਿਆਨੁ ਬੀਚਾਰੁ॥

(ਪ੍ਰਭਾਤੀ ਮਹਲਾ ੧, ਪੰਨਾ ੧੩੪੩)

ਤਥਾ- ਸੰਤ ਸਭਾ ਮਹਿ ਬੈਸ ਕਿ ਕੀਰਤਿ ਮੈ ਕਹਾਂ॥

(ਫੁਨਹੇ ਮਹਲਾ ੫, ਪੰਨਾ ੧੩੬੧)

ਤਥਾ- ਸੰਤ ਸਭਾ ਜੈਕਾਰੇ॥ *(ਪੰਨਾ ੯੩੮)*

ਤਥਾ- ਗੁਰ ਸੰਤ ਸਭਾ ਦੁਖੁ ਮਿਟੈ ਰੋਗੁ॥ *(ਪੰਨਾ ੧੧੭੦)*

(੩) ਸਾਧ ਸਭਾ- ਸਾਧਨਾਂ ਦੇ ਕਰਨ ਵਾਲੇ ਜੋ ਜਗਿਆਸੂ ਹਨ, ਉਨ੍ਹਾਂ ਦੀ ਇਕੱਤ੍ਰਤਾ ਨੂੰ 'ਸਾਧਜ ਸਭਾ' ਕਹਿੰਦੇ ਹਨ:

ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੁ ਸੁਖੁ ਪਾਇਆ॥

(ਆਸਾ ਮਹਲਾ ੧, ਪੰਨਾ ੪੩੭)

ਤਥਾ- ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ॥

(ਸੋਰਠਿ ਮਹਲਾ ੧, ਪੰਨਾ ੫੯੬)

ਤਥਾ- ਸਾਧ ਸਭਾ ਮਹਿ ਅਨਦ ਬ੍ਰਿਸਾਮ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ॥ ੩॥

(ਧਨਾਸਰੀ ਮਹਲਾ ੫, ਪੰਨਾ ੬੭੬)

(੪) **ਸਿੱਖ ਸਭਾ-** ਜਿਸ ਸਭਾ ਵਿਖੇ ਸਿਖਿਆ ਲੈਣ ਵਾਲੇ ਜੁੜੇ ਹੋਏ ਹੋਣ ਉਸ ਦਾ ਨਾਮ 'ਸਿੱਖ ਸਭਾ' ਹੈ:

ਸਿਖ ਸਭਾ ਦੀਖਿਆ ਕਾ ਭਾਉ॥ *(ਆਸਾ ਮਹਲਾ ੧, ਪੰਨਾ ੩੫੦)*

(੫) **ਗੁਰ ਸਭਾ-** ਜਿਸ ਸਭਾ ਵਿਖੇ ਗੁਰੂ ਆਪ ਸ਼ੋਭਤ ਹੋਣ ਉਹ 'ਗੁਰ ਸਭਾ' ਹੈ:

ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ॥ *(ਪੰਨਾ ੮੪)*

(੬) **ਦੁਸਟ ਸਭਾ-**ਜਿਸ ਜਗ੍ਹਾ ਦੁਸ਼ਟ ਬੈਠੇ ਹੋਣ ਉਸ ਦਾ ਨਾਮ 'ਦੁਸ਼ਟ ਸਭਾ' ਹੈ:

ਦੁਸਟੀ ਸਭਾ ਵਿਗੁਚੀਐ...॥ *(ਪੰਨਾ ੧੩੪੩)*

ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ॥ ੧੦॥

ਗੁਰੂ ਸਾਹਿਬ ਜੀ ਦਰੀਆਉ= ਦਰਿਆ ਵਾਂਗੂੰ ਚਲਦੇ ਤੀਰਥ ਹਨ, ਉਨ੍ਹਾਂ ਵਿਖੇ ਜੋ ਨਾਮ-ਜਲ ਹੈ, ਉਸ ਨਾਮ-ਜਲ ਵਿਖੇ ਨਾਵਣੁ= ਇਸ਼ਨਾਨ ਕਰਨ ਨਾਲ ਮਨ ਨਿਰਮਲੁ= ਸ਼ੁੱਧ (ਸਾਫ਼) ਹੋ ਜਾਂਦਾ ਹੈ॥ ੧੦॥

ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ॥

ਉਸ ਮਨੁੱਖ ਦੇ ਜੰਮਣ ਦਾ ਕੀ ਫਲੁ= ਲਾਭ ਗਿਣਨਾ ਕਰੀਏ ਜਾਂ= ਜਿਸ ਦੇ ਹਿਰਦੇ ਵਿਖੇ ਹਰੀ ਦੀ ਭਾਉ= ਪ੍ਰੇਮਾ ਭਗਤੀ ਹੀ ਨਹੀਂ ਹੈ।

ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ॥

ਇਸ ਮਨੁੱਖ ਦਾ ਚੰਗਿਆਂ ਚੰਗਿਆਂ ਕੱਪੜਿਆਂ ਦਾ ਪਹਿਰਣਾ ਅਤੇ ਚੰਗੇ-ਚੰਗੇ ਪਦਾਰਥਾਂ ਦਾ ਖਾਣਾ ਭਾਂ ਹੀ ਬਾਦਿ= ਵਿਅਰਥ ਭਾਵ ਨਿਸਫਲ ਹੈ ਜਾਂ ਇਸ ਦੇ ਮਨ ਵਿਖੇ ਦੂਜਾ ਭਾਉ= ਦ੍ਵੈਤ ਭਾਵ ਹੈ।

ਵੇਖਣੁ ਸੁਨਣਾ ਝੂਠੁ ਹੈ ਮੁਖਿ ਝੂਠਾ ਆਲਾਉ॥

ਉਸ ਦਾ ਦੇਖਣਾ ਅਤੇ ਬਚਨਾਂ ਦਾ ਸੁਣਨਾ ਸਭ ਝੂਠ ਹੈ, ਜੋ ਮੂੰਹ ਤੋਂ ਝੂਠਿਆਂ ਬਚਨਾਂ ਨੂੰ ਆਲਾਉ= ਕਥਨ ਕਰਦਾ ਹੈ।

ਨਾਨਕ ਨਾਮੁ ਸਲਾਹਿ ਤੂ ਹੋਰੁ ਹਉਮੈ ਆਵਉ ਜਾਉ॥ ੧੧॥

ਗੁਰੂ ਜੀ ਕਥਨ ਕਰਦੇ ਹਨ— ਹੇ ਪੁਰਸ਼ਾ! ਤੂੰ ਵਾਹਿਗੁਰੂ ਨਾਮ ਨੂੰ ਸਲਾਹੁਣਾ ਕਰ, ਹੋਰ ਦੁਨਿਆਵੀ ਪੁਰਸ਼ ਹਉਮੈ ਵਿਚ ਲੱਗ ਕੇ ਆਉਂਦੇ ਜਾਂਦੇ ਹਨ॥ ੧੧॥

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ ੧੨॥

ਸੰਸਾਰ ਵਿਚ ਨਾਮ ਰਸੀਏ ਉਤਮ ਪੁਰਸ਼ ਵਿਰਲੇ ਹਨ ਘਣੇ= ਬਹੁਤ ਨਹੀਂ ਹਨ, ਫਕੜੁ= ਖਰਾਬੜਤਾਈਆਂ ਦੇ ਫੈਲਾਣ ਵਾਲੇ ਬਹੁਤ ਸਾਰੇ ਪੁਰਸ਼ ਹਨ॥ ੧੨॥

ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ॥

ਗੁਰੂ ਜੀ ਕਥਨ ਕਰਦੇ ਹਨ- ਪ੍ਰੇਮ ਰੂਪੀ ਚੋਟ ਦੇ ਲੱਗਣ ਨਾਲ ਤੁਰਿ ਮਰੈ= ਤੁਰਤ ਭਾਵ ਜਲਦੀ ਜੀਵਤ ਭਾਵ ਤੋਂ ਮਰਨਾ ਕਰੇ ਤਾਂ ਸੰਸਾਰ ਦੀ ਤਰਫ ਜਿਊਣ ਦਾ ਉਸ ਵਿਖੇ ਤਾਣੁ= ਬਲ ਨਹੀਂ ਰਹਿੰਦਾ।

ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ॥

ਜੋ= ਜਿਸ ਪ੍ਰੇਮ ਰੂਪੀ ਚੋਟ ਨਾਲ ਪੁਰਸ਼ ਜੀਵਤ ਭਾਵ ਤੋਂ ਮਰਦਾ ਹੈ, ਸਾ= ਓਹੀ ਪ੍ਰੇਮ ਰੂਪ ਚੋਟ ਲੱਗੀ ਪ੍ਰਮਾਣੀਕ ਹੈ।

ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ॥

ਜਿਸ ਨੂੰ ਪ੍ਰੇਮ ਦੀ ਚੋਟ ਲਾਉਂਦਾ ਹੈ ਉਸੇ ਨੂੰ ਲੱਗਦੀ ਹੈ, ਪ੍ਰੇਮ ਦੀ ਚੋਟ ਲੱਗੀ ਹੋਈ ਤਾਂ ਹੀ ਪ੍ਰਮਾਣੀਕ ਹੈ ਜਾਂ ਜੀਵਤ ਭਾਵ ਤੋਂ ਮਰ ਜਾਵੇ।

ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ॥ ੧੩ ॥

ਜਿਸ ਦੇ ਹਿਰਦੇ ਰੂਪ ਮਰਮ ਅਸਥਾਨ ਵਿਚ ਤਿਸ ਸੁਜਾਣਿ= ਚਤੁਰ ਪ੍ਰਮਾਤਮਾ ਵਾ- ਗੁਰਾਂ ਨੇ ਪਿਰਮ= ਪ੍ਰੇਮ ਰੂਪੀ ਪੈਕਾਮੁ= ਬਾਣ ਲਗਾਇਆ ਹੈ ਉਹ ਫਿਰ ਨਿਕਲਦਾ ਨਹੀਂ॥ ੧੩॥

ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ॥

ਜਿਹੜਾ ਭਾਂਡਾ ਕੱਚਾ ਸਾਜਿਆ= ਬਣਾਇਆ ਹੈ ਉਸ ਨੂੰ ਭਲਾ ਕੌਣ ਧੋ ਸਕਦਾ ਹੈ?

ਇਸੇ ਪ੍ਰਕਾਰ ਇਹ ਸਰੀਰ ਰੂਪੀ ਭਾਂਡਾ ਕਚਾ= ਅਪਵਿੱਤਰ ਬਣਾਇਆ ਹੈ, ਭਾਵ ਇਸ ਵਿਚ ਗੋਲਕਾਂ ਵਗਦੀਆਂ ਰਹਿੰਦੀਆਂ ਹਨ ਇਸ ਲਈ ਇਸ ਨੂੰ ਧੋ ਕੇ ਕੌਣ ਸ਼ੁਧ ਕਰ ਸਕਦਾ ਹੈ? ਤੀਰਥਾਂ ਪਰ ਇਸ਼ਨਾਨ ਕਰਨ ਨਾਲ, ਵਾ- ਨੇਤੀ ਧੋਤੀ ਆਦਿਕ ਕਰਮ ਕਰਨ ਨਾਲ ਭੀ ਇਹ ਸ਼ੁੱਧ ਨਹੀਂ ਹੋ ਸਕਦਾ।

ਯਥਾ- ਲੇਪੈ ਗਣਤ ਨ ਛੁਟੀਐ ਕਾਚੀ ਭੀਤਿ ਨ ਸੁਧਿ॥ *(ਪੰਨਾ ੨੫੨)*

ਧਾਤੁ ਪੰਜਿ ਰਲਾਇ ਕੂੜਾ ਪਾਜਿਆ॥

ਪੰਜਿ ਧਾਤੁ= ਪੰਜ ਤਤ ਰਲਾਇ= ਮਿਲਾ ਕੇ ਭਾਵ ਪੰਝੀ ਪ੍ਰਕਿਰਤੀਆਂ ਕਰ ਕੇ ਇਹ ਕੂੜਾ ਹੀ ਸਰੀਰ ਪਾਜਿਆ= ਬਣਾਇਆ ਹੈ। ਵਾ-ਇਹ ਕੂੜਾ ਹੀ ਪਾਜਿਆ= ਦਿਖਲਾਵੇ ਮਾਤਰ ਹੈ।

ਵਾ-ਉਪਰੋਂ ਚਮੜੀ ਦਾ ਕੂੜਾ ਹੀ ਪਾਜ ਲਾਇਆ ਹੋਇਆ ਹੈ ਤਾਂ ਕਿ ਮੱਖੀਆਂ ਨਾ ਖਾ ਜਾਣ।

ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ॥

ਜਾਂ ਤਿਸ ਪ੍ਰਮਾਤਮਾ ਨੂੰ ਭਾ ਜਾਵੇ, ਵਾ- ਤਿਸ ਪ੍ਰਮਾਤਮਾ ਦਾ ਭਾਣਾ ਮੰਨੇ ਤਾਂ ਇਹ ਸਰੀਰ ਰੂਪੀ ਭਾਂਡਾ ਰਾਸਿ= ਸੂਤ ਅਰਥਾਤ ਸਚਤਾਈ ਵਿਖੇ ਆਣਗੁ= ਆਉਂਦਾ ਭਾਵ ਸਫਲਾ ਹੁੰਦਾ ਹੈ।

ਪਰਮ ਜੋਤਿ ਜਾਗਾਇ ਵਾਜਾ ਵਾਵਸੀ॥ ੧੪ ॥

(ਸਤਿਨਾਮੁ ਵਾਹਿਗੁਰੂ ਨਾਮ ਰੂਪੀ) ਵਾਜੇ ਨੂੰ ਵਾਵਸੀ= ਵਜਾਵੇ ਤਾਂ ਹੀ ਪਰਮ ਜੋਤੀ= ਪ੍ਰਮਾਤਮਾ ਜਾਗਾਇ= ਪ੍ਰਗਟ ਹੁੰਦਾ ਹੈ॥ ੧੪॥

ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥

ਜਿਹੜੇ ਪੁਰਸ਼ ਘੂਪ= ਅਤਿਅੰਤ ਭਾਵ ਬੜੇ ਮਨ ਦੇ ਅੰਨ੍ਹੇ ਹਨ ਅਰਥਾਤ ਬਧ ਅਗਿਆਨੀ ਹਨ, ਵਾ-ਜਿਹੜੇ ਮਨ ਦੇ ਅੰਧੇ ਹਨ ਅਤੇ ਸੰਸਾਰ ਰੂਪ ਘੂਪ= ਖੂਹ ਵਿਖੇ ਪੈ ਰਹੇ ਹਨ।

ਉਹ ਵੇਦਾਂ ਸ਼ਾਸਤ੍ਰਾਂ, ਵਾ ਮਹਾਤਮਾਂ ਦਾ ਕਿਹਾ ਹੋਇਆ ਬਿਰਦੁ= ਧਰਮ ਰੂਪ ਬਚਨ ਅਰਥਾਤ ਉਪਦੇਸ਼ ਨਹੀਂ ਜਾਣਦੇ। ਵਾ-ਗੁਰਾਂ ਨੇ ਜੋ ਬਿਰਦੁ= ਧਰਮ ਕਰਨਾ ਕਿਹਾ ਹੈ, ਉਸ ਨੂੰ ਜਾਣਦੇ ਨਹੀਂ ਹਨ।

ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ॥

ਗਿਆਨ ਵੈਰਾਗ ਤੋਂ ਹੀਣ ਹੋਣ ਨਾਲ ਮਨ ਕਰ ਕੇ ਅੰਨ੍ਹੇ ਹਨ ਅਤੇ ਹਿਰਦਾ-ਕੰਵਲ ਪਰਮੇਸ਼ਰ ਵਲੋਂ ਊਂਧੈ= ਉਲਟ ਹੈ, ਉਹ ਮਨੁੱਖ ਸੰਸਾਰ ਵਿਖੇ ਖਰੇ= ਚੰਗੇ ਕਰੂਪ= ਸਫਾਈ ਰੂਪੀ ਰੂਪ ਤੋਂ ਰਹਿਤ ਨਿਗਾਹ ਆਉਂਦੇ ਹਨ।

ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥

ਇਕ ਜਿਹੜੇ ਗੁਰਾਂ ਦੇ ਸ਼ੁਭ ਉਪਦੇਸ਼ ਨੂੰ ਕਹਿਣਾ ਜਾਣਦੇ ਹਨ ਅਤੇ ਇਕ ਜਿਹੜੇ ਜਗਿਆਸੂ ਕਹੇ ਹੋਏ ਉਪਦੇਸ਼ ਨੂੰ ਬੁਝਦੇ ਹਨ ਉਹ ਦੋਵੇਂ ਪੁਰਸ਼ ਸੁਘੜ ਸਰੂਪ= ਚਤੁਰ ਸਰੂਪ ਹਨ।

ਇਕਨਾ ਨਾਦੁ ਨ ਬੇਦੁ ਨ ਗਿਅ ਰਸੁ ਰਸੁ ਕਸੁ ਨ ਜਾਣੰਤਿ॥

ਇਕਨਾਂ ਹੰਕਾਰੀਆਂ ਨੂੰ ਨਾ ਨਾਦੁ= ਬ੍ਰਹਮ ਦਾ ਰਸ= ਪ੍ਰੇਮ ਹੈ, ਨਾ ਹੀ ਵੇਦ ਦੀ ਕੁਝ ਗਿਅ= ਗਿਆਤ ਹੈ, ਨਾ ਹੀ ਹੋਰ ਰਸ ਕਸ ਨੂੰ ਜਾਣਦੇ ਹਨ। ਵਾ-ਨਾ ਹੀ ਗੁਰਾਂ ਵਿਖੇ ਰਸੁ= ਪ੍ਰੇਮ ਕਰਨਾ ਅਤੇ ਨਾ ਹੀ ਜਪ ਤਪ ਰੂਪੀ ਕਸੁ= ਤਾੜਨਾ ਨੂੰ ਜਾਣਦੇ ਹਨ+।

ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥

ਇਕਨਾਂ ਨੂੰ ਨਾ ਸਿਧਿ= ਮੁਕਤੀ ਦੀ ਪ੍ਰਾਪਤੀ ਹੈ, ਵਾ-ਨਾ ਹੀ ਰਿਧੀ ਸਿਧੀ ਹੈ, ਨਾ ਹੀ ਆਤਮ ਵਿਸ਼ੈਣੀ ਬੁੱਧੀ ਦੀ ਪ੍ਰਾਪਤੀ ਹੈ, ਨਾ ਹੀ ਵਿਹਾਰਕ ਅਕਲ ਦਾ ਸਰ= ਥਹੁ ਹੈ ਅਤੇ ਪੈਂਤੀ ਅੱਖਰਾਂ ਵਿਚੋਂ ਇਕ ਵੀ ਅੱਖਰ ਦਾ ਭੇਦ ਨਹੀਂ ਲੈਂਦਾ ਭਾਵ ਬਿਲਕੁਲ ਅਨਪੜ੍ਹ ਹੈ।

ਵਾ-ਅਖਰ= (ਅ+ਖਰ) ਖਿਰਨ ਤੋਂ ਰਹਿਤ ਜੋ ਵਾਹਿਗੁਰੂ ਹੈ, ਉਸ ਦੀ ਪ੍ਰਾਪਤੀ ਦਾ ਭੇਦ ਨਹੀਂ ਲੈਂਦਾ।

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥ ੧੫॥

ਗੁਰੂ ਜੀ ਕਥਨ ਕਰਦੇ ਹਨ- ਉਹ ਪੁਰਸ਼ ਅਸਲੀ ਖਰ= ਗਧੇ ਹਨ ਜਿਹੜੇ ਸ਼ੁਭ ਗੁਣਾਂ ਤੋਂ ਬਿਨਾਂ ਹੀ ਗਰਬੁ= ਹੰਕਾਰ ਕਰਦੇ ਹਨ ਅਰਥਾਤ ਉਹ ਮੁਲਤਾਨੀ ਗਧੇ ਹਨ, ਚਾਰ ਮਣ ਪੱਕਾ ਭਾਰ ਚੁੱਕਣ ਵਾਲੇ ਅਤੇ ਜੋ ਪੜ੍ਹ-ਸੁਣ ਕੇ ਸ਼ੁਭ ਗੁਣਾਂ ਨੂੰ ਪਾ ਕੇ ਫਿਰ ਹੰਕਾਰ ਕਰਦੇ ਹਨ ਉਹ ਨਕਲੀ ਗਧੇ ਹਨ, ਗੰਦਗੀ ਦਾ ਭਾਰ ਚੁੱਕਣ ਵਾਲੇ॥ ੧੫॥

+ਵਾ-ਇਕਨਾ ਨੂੰ ਨਾਦੁ=ਵਾਜਾ ਲੈ ਕੇ ਕੀਰਤਨ ਕਰਨ ਦਾ ਰਸੁ=ਪ੍ਰੇਮ ਨਹੀਂ ਹੈ। ਨਾ ਹੀ ਵੇਦਾਂ ਦਾ ਪਾਠ ਪੜ੍ਹਨ ਦਾ ਪ੍ਰੇਮ ਹੈ। ਨਾ ਹੀ ਗਿਅ=ਗੀਤਾ ਦੇ ਪੜ੍ਹਨ ਦਾ ਪ੍ਰੇਮ ਹੈ।

ਅਥਵਾ-ਇਕਨਾ ਦਾ ਗੁਰਾਂ ਦੇ ਨਾਦੁ=ਉਪਦੇਸ਼ ਵਿਖੇ ਰਸੁ=ਪ੍ਰੇਮ ਨਹੀਂ ਹੈ ਅਤੇ ਨਾ ਸਰੂਪ ਦਾ ਬੇਦੁ=ਗਿਆਨ ਹੈ, ਨਾ ਹੀ ਸ਼ਾਸਤ੍ਰ ਦੀ ਗਿਅ=ਗਿਆਤ ਹੈ।

ਪ੍ਰਸ਼ਨ-ਬ੍ਰਾਹਮਣ ਦੇ ਕੀ ਕਰਮ ਹਨ ਅਤੇ ਪੂਜਣ ਯੋਗ ਬ੍ਰਾਹਮਣ ਕਿਹੜਾ ਹੈ? ਉੱਤਰ-

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥

ਅਸਲੀ ਬ੍ਰਾਹਮਣ ਓਹੀ ਹੈ ਜੋ ਬ੍ਰਹਮ ਨੂੰ ਬਿੰਦੈ= ਜਾਣਦਾ ਹੈ।

*ਯਥਾ-*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੪॥ ੭॥

(ਗਉੜੀ ਕਬੀਰ ਜੀ, ਪੰਨਾ ੩੨੪)

ਤਥਾ- ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥ ੧॥

(ਭੈਰਉ ਮਹਲਾ ੩ ਪੰਨਾ ੧੧੨੯)

ਜਪੁ ਤਪੁ ਸੰਜਮੁ ਕਮਾਵੈ ਕਰਮੁ ॥

ਅਤੇ ਸੰਜਮੁ= ਇੰਦ੍ਰੀਆਂ ਨੂੰ ਰੋਕ ਕੇ ਜਪ ਤਪ ਆਦਿ ਸ਼ੁਭ ਕਰਮਾਂ ਨੂੰ ਜੋ ਕਮਾਉਂਦਾ ਹੈ, ਉਹ ਅਸਲ ਬ੍ਰਾਹਮਣ ਹੈ। ਫਿਰ-

ਸੀਲ ਸੰਤੋਖ ਕਾ ਰਖੈ ਧਰਮੁ ॥

ਸੀਲ ਅਤੇ ਸੰਤੋਖ ਵਾਲਾ ਧਰਮੁ= ਸੁਭਾਵ ਰੱਖਣਾ ਕਰਦਾ ਹੈ। ਵਾ-ਸੀਲ ਸੁਭਾਅ, ਸੰਤੋਖ ਅਤੇ ਆਪੋ ਆਪਣਾ ਧਰਮ ਰੱਖਣਾ ਕਰਦਾ ਹੈ। ਪੁਨਾ—

ਬੰਧਨ ਤੋੜੈ ਹੋਵੈ ਮੁਕਤੁ ॥

ਸੰਸਾਰਕ ਮੋਹ ਆਦੀ ਬੰਧਨਾਂ ਨੂੰ ਤੋੜ ਕੇ ਮੁਕਤ ਰੂਪ ਹੁੰਦਾ ਹੈ।

ਸੋਈ ਬ੍ਰਹਮਣੁ ਪੂਜਣ ਜੁਗਤੁ ॥ ੧੬ ॥

ਓਹੀ ਬ੍ਰਾਹਮਣ ਪੂਜਣ ਜੁਗਤੁ= ਜੋਗ ਹੈ। ਅਥਵਾ ਓਹੀ ਬ੍ਰਾਹਮਣ ਪ੍ਰਮੇਸ਼ਰ ਦੇ ਪੂਜਣ ਦੀ ਜੁਗਤੀ ਨੂੰ ਜਾਣਦਾ ਹੈ॥ ੧੬॥

ਪ੍ਰਸ਼ਨ- ਖੱਤ੍ਰੀ ਦੇ ਕੀ ਕਰਮ ਹਨ ਅਤੇ ਦਰਗਾਹ ਵਿਖੇ ਕਿਹੜਾ ਖੱਤਰੀ ਪ੍ਰਵਾਣ ਹੁੰਦਾ ਹੈ? ਉੱਤਰ-

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥

ਖੱਤ੍ਰੀ ਓਹੀ ਹੈ ਜੋ ਆਪਣੇ ਕਰਮਾਂ ਦਾ ਸੂਰਬੀਰ ਹੈ। ਅਰਥਾਤ ਛੱਤ੍ਰੀਪਣੇ ਵਿਖੇ ਇਸਥਿਤ ਹੋ ਕੇ ਸੂਰਬੀਰਤਾ ਵਾਲੇ ਕਰਮਾਂ ਨੂੰ ਕਰਦਾ ਹੈ। *ਜਿਵੇਂ* ਦਸਮੇਸ਼ ਪਿਤਾ ਜੀ ਨੇ ਕਿਹਾ ਹੈ-

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥

ਤਥਾ- ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ੨॥ ੨॥

(ਮਾਰੂ ਕਬੀਰ ਜੀ, ਪੰਨਾ ੧੧੦੫)

ਪੁੰਨ ਦਾਨ ਕਾ ਕਰੈ ਸਰੀਰੁ ॥

ਫਿਰ ਇਤਨਾਂ ਦਾਨੀ ਹੋਵੇ ਜੋ ਆਪਣੇ ਸਰੀਰ ਨੂੰ ਭੀ ਪੁੰਨ ਦਾਨ ਕਰ ਦੇਵੇ।

ਜਿਸ ਤਰ੍ਹਾਂ ਰਾਜੇ ਹਰੀ ਚੰਦ ਨੇ ਆਪਣੇ ਸਰੀਰ ਨੂੰ ਦਾਨ ਕਰ ਦਿੱਤਾ ਸੀ। ਕਾਂਸ਼ੀ ਦੀ ਮੰਡੀ ਵਿਖੇ ਜਾ

ਕੇ ਵਿਕ ਗਿਆ ਸੀ ਅਤੇ ਜਿਵੇਂ ਬਾਬਾ ਦੀਪ ਸਿੰਘ ਜੀ ਨੇ ਆਪਣੇ ਸਰੀਰ ਨੂੰ ਦਾਨ ਪੁੰਨ ਕਰ ਦਿੱਤਾ ਸੀ, ਭਾਵ ਗੁਰੂ ਜੀ ਦੇ ਅੰਮ੍ਰਿਤਸਰ ਸਰੋਵਰ ਦੀ ਬਿਅਦਬੀ ਨਾ ਸਹਾਰਦੇ ਹੋਇਆਂ ਨੇ ਸਰੀਰ ਕੁਰਬਾਨ ਕਰ ਦਿੱਤਾ।

ਅਥਵਾ-ਜਦ ਤਕ ਸਰੀਰ ਹੈ, ਤਦ ਤਕ ਦਾਨ ਪੁੰਨ ਕਰਦਾ ਰਹੇ।

ਜਿਵੇਂ ਰਾਜਾ 'ਕਰਨ' ਨੇ ਮਰਨ ਲੱਗਿਆਂ ਭੀ ਪੱਥਰ ਮਾਰ ਕੇ ਦੰਦਾਂ ਵਿਚੋਂ ਸੋਨਾ ਕੱਢ ਕੇ ਦੇ ਦਿੱਤਾ ਸੀ।

ਸਾਖੀ- ਰਾਜ ਕਰਨ ਦੀ

ਰਾਜਾ ਕਰਨ ਆਪਣੀ ਉਮਰ ਭੋਗ ਕੇ ਅੰਤ ਸਮੇਂ ਬੇਹੋਸ਼ ਹੋਣ ਲੱਗਾ, ਤਿਸ ਵੇਲੇ ਸ੍ਰੀ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਕਿਹਾ-ਅੱਜ ਦਾਨ ਦਾ ਸੂਰਜ ਛਿਪ ਜਾਏਗਾ।

ਅਰਜਨ ਨੇ ਕਿਹਾ- ਉਹ ਕਿਹੜਾ ਹੈ?

ਕ੍ਰਿਸ਼ਨ ਨੇ ਕਿਹਾ- ਰਾਜਾ ਕਰਨ ! ਦੁਨੀਆਂ ਵਿਚ ਰਾਜੇ ਕਰਨ ਜੈਸਾ ਹੋਰ ਕੋਈ ਦਾਨੀ ਨਹੀਂ ਹੈ। ਇਹ ਗੱਲ ਸੁਣ ਕੇ ਅਰਜਨ ਨੂੰ ਈਰਖਾ ਹੋ ਗਈ ਤੇ ਕਹਿਣ ਲੱਗਾ ਕਿ ਮੈਂ ਕਰਨ ਦੇ ਦਾਨ ਨੂੰ ਦੇਖਣਾ ਚਾਹੁੰਦਾ ਹਾਂ।

ਕ੍ਰਿਸ਼ਨ ਜੀ ਨੇ ਕਿਹਾ- ਚਲੋ ਚੱਲੀਏ!

ਦੋਵੇਂ ਬ੍ਰਾਹਮਣ ਦਾ ਰੂਪ ਧਾਰ ਕੇ ਕਰਨ ਨੂੰ ਆ ਕੇ ਕਹਿਣ ਲੱਗੇ-

ਕਰਣ ਕਰਣ ਮਹਾਬੀਰ ਸਦਾ ਦਾਤਾਸਿ ਭੂਤਲੇ।
ਪ੍ਰਾਪਯ ਵਿਸ਼ਣੋ ਪ੍ਰਮਾਦੰ ਤ੍ਵੰ ਵਰੰ ਪ੍ਰਾਪਤ ਯਥੇ ਪ੍ਰਸਿਤੰ।
ਅਪੀ ਆਧੀਨਾ ਸਰੀਰੇਣ ਮਨਸਾ ਨਿਰਧਨੇਨ ਚ।
ਯਾਚਕੋ ਹੰ ਤ੍ਰਯਿ ਪ੍ਰਾਪਤ ਸਤ੍ਵੰ ਜੀਵ ਸਰਦਾ ਸ਼ਤੇ।

(ਮਹਾਂ ਭਾਰਥ ਅਧਿਆਇ ੬੯ ਬ੍ਰਾਹਮਣੋ ਵਾਚ)

ਅਰਥ-ਹੇ ਕਰਣ! ਹੇ ਕਰਣ ਮਹਾਂਬੀਰ ਭੂਤਲੇ= ਪ੍ਰਿਥਵੀ ਮੰਡਲ ਵਿਖੇ ਦਾਤਾ ਤੂੰ ਹੀ ਹੈਂ। ਪ੍ਰਮੇਸ਼ਰ ਦੀ ਪ੍ਰਸਾਦੰ= ਕਿਰਪਾ ਦਾ ਪਾਤ੍ਰ ਭੀ ਤੂੰ ਹੀ ਹੈਂ। ਸਾਨੂੰ ਦਾਨ ਦੇ ਕਰ ਵਾਂਛਤ ਵਰ ਪ੍ਰਾਪਤ ਕਰ।

ਬ੍ਰਾਹਮਣ ਕਹਿੰਦਾ ਹੈ- ਮੈਂ ਆਧ ਵਿਆਧ ਰੋਗੋਂ ਕਰ ਕੇ ਸਰੀਰ ਤੇ ਮਨ ਕਰਕੇ ਪੀੜਤ ਹਾਂ, ਤਥਾ ਨਿਰਧਨਤਾ ਕਰ ਕੇ ਦੁਖੀ ਹਾਂ, ਔਰ ਮੰਗਤਾ ਬਣ ਕੇ ਤੇਰੇ ਪਾਸ ਆਇਆ ਹਾਂ, ਤੂੰ ਮੈਨੂੰ ਦਾਨ ਦੇ ਕੇ ਸੌ ਬਰਸ ਜੀਂਵਦਾ ਰਹੋ। ਹੁਣ ਰਾਜਾ ਕਰਨ ਕਹਿੰਦਾ ਹੈ:-

ਇਤਿ ਤਸਯ ਵਚ: ਸ੍ਰੁਤ੍ਵਾ ਕਰਣ: ਪ੍ਰੋਵਾਚਤੰ ਦ੍ਵਿਜੰ।
ਇਮਾਮ ਅਵਸਥਾ ਪ੍ਰਾਪ੍ਤੋਂ ਇਸਥਤੋ ਅਸਮਿ ਧਰਣੀ ਤਲੇ।
ਅਧੁਨਾਂਚ ਅਤ੍ਰ ਵਿਤੰ ਮੇ ਸਮੀਪੇ ਨਾਸ੍ਤਿ ਕਿੰਚਨ॥ ੩੩॥

ਐਸੇ ਬਚਨ ਸੁਣ ਕੇ ਕਰਣ ਉਸ ਬ੍ਰਾਹਮਣ ਨੂੰ ਕਹਿਣ ਲੱਗਾ- ਹੇ ਬ੍ਰਾਹਮਣੋ ਮੈਂ ਸ੍ਰੇਸ਼ਟ ਬ੍ਰਾਹਮਣ! ਇਸ ਵੇਲੇ ਮੈਂ ਇਸ ਅਵਸਥਾ ਕੋ ਪ੍ਰਾਪਤ ਹੋਇਆ ਹਾਂ ਜੋ ਕਿ ਪ੍ਰਿਥਵੀ ਉਤੇ ਪੜਾ ਹਾਂ, ਇਸ ਵੇਲੇ ਮੇਰੇ ਪਾਸ ਕੋਈ ਧਨ ਨਹੀਂ ਹੈ ਬੜਾ ਲਾਚਾਰ ਹਾਂ, ਕਿਆ ਦੇਵਾਂ?

ਬਿਪਰ ਵਾਚ-ਕਾਲੇ ਵਰਸ਼ਤਿ ਮੇਘੋਹਿ ਵ੍ਰਿਖਜਾ ਕਾਲੇ ਫਲੰਤਿਹ।
ਭੂਮਿਹਿ ਫਲਤਿ ਕਾਲੇ ਗਾਵ: ਕਾਲੇ ਦੁਹੰਤਿ ਚ ॥ ੩੫॥
ਸਰਵੰ ਫਲਤਿ ਕਾਲੇਹਿ ਕਰਣ: ਫਲੰਤ ਸਰਵਦਾ।

ਇਤਿ ਖਜਾਤਿ ਸਮਾ ਸ੍ਰੁਤਜ ਹੀ ਆਗਤ: ਤਵ ਸਨਿਧਊ॥ ੩੬॥
ਸਰਵਦਾ ਸਰਵ ਦਾਤਾਸਿ ਸਰਵਦਾ ਸਮਯ: ਤ੍ਰਯਿ।
ਅਸਮਾਕੰ ਕਰਮ ਦਊਬਲ ਯਾਤ੍ ਕਰਣੋਪਿ ਜੜਤਾ ਗਤ:॥ ੩੭॥

ਅਰਥ- ਕਾਲੇ= ਸਮੇਂ ਸਮੇਂ ਪਰ ਮੇਘੋਹਿ= ਬੱਦਲ ਵਰਖਾ ਹੈ ਵ੍ਰਿਖਜ-ਬ੍ਰਿਛ ਵੀ ਸਮੇਂ ਸਮੇਂ ਪਰ ਫਲਦੇ ਹਨ, ਹਮੇਸ਼ਾਂ ਨਹੀਂ ਫਲਦੇ। ਭੂਮਿ= ਪ੍ਰਿਥਵੀ ਭੀ ਸਮੇਂ ਪਰ ਫਲ ਦੇਂਦੀ ਹੈ। ਔਰ ਗਊਆਂ ਭੀ ਸਮੇਂ ਪਰ ਦੁਹੰਤਿ ਚ= ਚੋਈਆਂ ਜਾਂਦੀਆਂ ਹਨ॥ ੩੫॥

ਸਾਰੇ ਪਦਾਰਥ ਸਮੇਂ ਸਮੇਂ ਪਰ ਫਲਦੇ ਹਨ ਪ੍ਰੰਤੂ ਹੇ ਕਰਨ! ਤੂੰ ਸਰਬਦਾ ਕਾਲ ਫਲਦਾ ਹੈਂ ਇਸ ਤੇਰੀ ਪ੍ਰਸਿੱਧੀ ਕੋ ਸੁਣ ਕੇ ਮੈਂ ਤੇਰੇ ਪਾਸ ਆਇਆ ਹਾਂ॥ ੩੬॥

ਸਰਬਦਾ ਕਾਲ ਸਭ ਪਦਾਰਥਾਂ ਦੇ ਦੇਣ ਵਾਲਾ ਤੂੰ ਹੈਂ। ਤੇਰੇ ਪਾਸ ਸਾਰੇ ਸਮੇਂ ਹਨ, ਪਰ ਸਾਡਾ ਕਰਮ ਦੁਰਬਲ ਹੋਣ ਨਾਲ ਕਰਣ ਭੀ ਹਮਾਰੇ ਵਾਸਤੇ ਕੰਜੂਸ ਭਾਵ ਕੋ ਪ੍ਰਾਪਤ ਹੋ ਗਿਆ ਹੈ॥ ੩੭॥

ਦੇਖੋ! ਸਾਹਮਣੇ ਦੰਦਾਂ ਮੇਂ ਸੋਨਾ ਲੱਗਾ ਹੋਇਆ ਹੈ ਚੰਗਾ ਭਲਾ ਦਿਖਾਈ ਦੇ ਰਿਹਾ ਹੈ ਪਰ ਮੈਨੂੰ ਦੇਂਦਾ ਨਹੀਂ ਹੈ। ਇਹ ਬਚਨ ਸੁਣ ਕੇ ਕਰਨ ਨੂੰ ਯਾਦ ਆ ਗਿਆ ਕਿ ਠੀਕ ਮੇਰੇ ਦੰਦਾਂ ਵਿਚ ਸੋਨਾ ਹੈ। ਉਸ ਵੇਲੇ ਰਾਜੇ ਕਰਨ ਨੇ ਕਿਹਾ-

ਮਮ ਭਾਰ ਸੁਵਰਨਸਜ ਦੰਤਾ ਬੱਧਾ:, ਤੂ ਹੀਰ ਕੈ।
ਪਾਤਯਿਤ੍ਵਾਤੁ ਤਾਨ ਸਰਵਾਨ ਗ੍ਰਹਾਣ ਤ੍ਵੰ ਦ੍ਵਿਜੋਤਮ॥ ੩੮॥

ਅਰਥ- ਮੇਰੇ ਦੰਦਾਂ ਵਿਚ ਸੋਨੇ ਦੀ ਜੰਜੀਰ ਤਥਾ ਹੀਰੇ ਜੜੇ ਹੋਏ ਹਨ, ਆਪ ਇਨ੍ਹਾਂ ਸਭਨਾਂ ਨੂੰ ਪੱਥਰ ਨਾਲ ਤੋੜ ਕੇ ਬੜੀ ਖੁਸ਼ੀ ਨਾਲ ਲੈ ਸਕਦੇ ਹੋ!

ਬ੍ਰਾਹਮਣ ਨੇ ਕਿਹਾ-

ਬ੍ਰਿਧੋ ਅਹੰ ਨੈਵ ਸ਼ਕੋ ਅਸਮਿ ਦੰਤਾਨ ਪਾਤਯਿਤੰ ਚ ਤੇ।

ਅਰਥ- ਮੈਂ ਬ੍ਰਿਧ ਹਾਂ ਤੇਰੇ ਦੰਦਾਂ ਦੇ ਤੋੜਨ ਦੀ ਮੇਰੇ ਵਿਚ ਸਮਰਥਾ ਨਹੀਂ ਹੈ।

ਕਰਨ ਨੇ ਕਿਹਾ-

ਪਾਸ਼ਾਣੰ ਦੇਹਿ ਮੇ ਨਾਥ ਯੇਨ ਉਤਪਾਟਯ ਦਦਾਮਿਤੇ।

*ਅਰਥ-*ਹੇ ਨਾਥ! ਤੂੰ ਮੈਨੂੰ ਪੱਥਰ ਉਠਾ ਕੇ ਦੇ, ਮੈਂ ਆਪਣੇ ਆਪ ਦੰਦਾਂ ਨੂੰ ਤੋੜ ਕੇ ਸਵਰਨ ਦੇਂਦਾ ਹਾਂ।

ਤਾਂ ਬ੍ਰਾਹਮਣ ਨੇ ਕਿਹਾ— ਤੈਨੂੰ ਪੱਥਰ ਫੜਾਨ ਦੀ ਸਮਰੱਥਾ ਭੀ ਮੇਰੇ ਵਿਚ ਨਹੀਂ ਹੈ।

ਉਸ ਵੇਲੇ ਰਾਜਾ ਕਰਨ ਰਿੜ੍ਹਦਾ-ਰਿੜ੍ਹਦਾ ਪੱਥਰ ਦੇ ਪਾਸ ਪਹੁੰਚਾ ਪ੍ਰੰਤੂ ਉਸ ਦੇ ਹੱਥਾਂ ਦੀਆਂ ਉਂਗਲਾਂ ਕੱਟੀਆਂ ਹੋਈਆਂ ਸਨ, ਪਰ ਧੀਰੇ ਧੀਰੇ ਉਹ ਜਦੋਂ ਪੱਥਰ ਫੜ ਕੇ ਸਵਰਨ ਦਾਨ ਦੇਣ ਲਈ ਦੰਦਾਂ ਪਰ ਮਾਰਨ ਲੱਗਾ ਤਬ ਉਸ ਬ੍ਰਾਹਮਣ ਰੂਪ ਹਰੀ ਨੇ ਆਪਣਾ ਸਾਖਿਆਤ ਰੂਪ ਧਾਰ ਕੇ ਰਾਜਾ ਕਰਨ ਦੇ ਹੱਥ ਫੜ ਲਏ ਤੇ ਕਿਹਾ— ਹੇ ਰਾਜਨ! ਬਸ, ਮੈਂ ਕੇਵਲ ਤੇਰੀ ਪ੍ਰੀਖਯਾ ਹੀ ਲੈਣੀ ਚਾਹੁੰਦਾ ਸੀ।

ਇਸ ਸਾਖੀ ਦਾ ਸਿਧਾਂਤ ਇਹ ਹੈ ਕਿ ਰਾਜਾ ਕਰਨ ਦੀ ਨਿਆਈਂ ਦਾਨ ਪੁੰਨ ਕਰਦਾ ਰਹੇ।

ਜਿਵੇਂ ਕਿ ਗਰੀਬ ਨਿਵਾਜ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਫੁਰਮਾਇਆ ਹੈ:

ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥ *(ਪੰਨਾ ੯੫੨)*

ਤਥਾ- ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ੧॥ *(ਪੰਨਾ ੧੨੪੫)*

ਖੇਤੁ ਪਛਾਣੈ ਬੀਜੈ ਦਾਨੁ॥

ਜਿਵੇਂ ਚੰਗੇ ਖੇਤ ਨੂੰ ਪਛਾਣ ਕੇ ਦਾਣੇ ਨੂੰ ਬੀਜੇ ਤਾਂ ਦਸ ਗੁਣਾਂ ਵੱਧ ਕੇ ਫਲਦਾ ਹੈ। ਏਸੇ ਤਰ੍ਹਾਂ ਖੇਤੁ ਪਛਾਣੈ= ਅਧਿਕਾਰੀ ਪੁਰਸ਼ ਨੂੰ ਪਛਾਣ ਕੇ ਜੇ ਦਾਨ ਦੇਣ ਰੂਪ ਬੀਜ ਨੂੰ ਬੀਜੇ ਤਾਂ ਬਿਅੰਤ ਫਲ ਦੀ ਪ੍ਰਾਪਤੀ ਹੁੰਦੀ ਹੈ।

ਸੋ ਖਤ੍ਰੀ ਦਰਗਹ ਪਰਵਾਣੁ॥

ਉਹ ਖੱਤ੍ਰੀ ਪ੍ਰਮਾਤਮਾ ਦੀ ਦਰਗਾਹ ਵਿਖੇ ਪ੍ਰਮਾਣੀਕ ਹੁੰਦਾ ਹੈ।

ਲਬੁ ਲੋਭੁ ਜੇ ਕੂੜੁ ਕਮਾਵੈ॥

ਲਬ ਪਦਾਰਥਾਂ ਦੇ ਖਾਣ ਦਾ, ਲੋਭ ਪਦਾਰਥਾਂ ਦੇ ਇਕੱਠਿਆਂ ਕਰਨ ਦਾ ਅਤੇ ਜਿਹੜਾ ਪੁਰਸ਼ ਝੂਠ ਨੂੰ ਕਮਾਉਂਦਾ ਹੈ।

ਅਪਣਾ ਕੀਤਾ ਆਪੇ ਪਾਵੈ॥ ੧੭॥

ਉਹ ਆਪਣੇ ਕੀਤੇ ਕਰਮਾਂ ਦਾ ਫਲ ਆਪ ਹੀ ਪਾਂਦਾ ਹੈ॥ ੧੭॥

ਉਥਾਨਕਾ-ਪੰਚਮ ਪਾਤਿਸ਼ਾਹ ਜੀ ਦੇ ਅੱਗੇ ਸਿੱਖਾਂ ਨੇ ਬੇਨਤੀ ਕੀਤੀ— ਹੇ ਪ੍ਰਭੂ! ਫਰੀਦ ਜੀ ਨੇ ਆਪਣੇ ਸਲੋਕਾਂ ਵਿਚ ਕਿਹਾ ਹੈ-

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ॥ ੧੧੯॥

(ਸਲੋਕ ਫਰੀਦ ਜੀ, ਪੰਨਾ ੧੩੮੪)

ਇਹ ਬਚਨ ਠੀਕ ਹੈ ਜਾਂ ਨਹੀਂ? ਤਾਂ ਹਜ਼ੂਰ ਨੇ ਕਿਹਾ- ਸਾਡੇ ਵੱਡੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਇਸ ਤਰ੍ਹਾਂ ਫੁਰਮਾਇਆ ਹੈ-

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥

ਸਰੀਰ ਨੂੰ ਤੰਦੂਰ ਦੀ ਨਿਆਈਂ ਨਾ ਤਪਾ, ਹੱਡਾਂ ਨੂੰ ਬਾਲਣੁ= ਲੱਕੜਾਂ ਸਮਾਨ ਨਾ ਬਾਲ।

ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ॥ ੧੮॥

ਸਿਰ ਅਤੇ ਪੈਰਾਂ ਨੇ ਕੀ ਫੇੜਿਆ= ਵਿਗਾੜਿਆ ਹੈ? ਤੂੰ ਆਪਣੇ ਹਿਰਦੇ ਦੇ ਅੰਦਰ ਹੀ ਪਿਰੀ=ਪਿਆਰੇ ਨੂੰ ਸੰਭਾਲਣਾ ਕਰ*॥ ੧੮॥

**ਇਹ ਸਲੋਕ ਫਰੀਦ ਜੀ ਦੇ ਸਲੋਕਾਂ ਵਿਖੇ ਭੀ ਆ ਚੁੱਕਾ ਹੈ ਪਰ ਇਕ ਪਦ ਦਾ ਫਰਕ ਹੈ:*

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥ ੧੨੦॥

[ਪੰਨਾ ੧੪੧੨]

ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ॥

ਸਾਰਿਆਂ ਘਟਾਂ ਵਿਖੇ ਭਾਵ ਚੁਰਾਸੀ ਲੱਖ ਜੂਨ ਵਿਖੇ ਉਹ ਸਹੁ= ਪਤੀ-ਪ੍ਰਮੇਸ਼ਰ ਵਸ ਰਿਹਾ ਹੈ, ਪ੍ਰਮੇਸ਼ਰ ਬਿਨਾਂ ਕੋਈ ਘਟ ਨਹੀਂ ਹੈ।

ਜਿਵੇਂ ਪਾਣੀ ਸਾਰੇ ਵਿਆਪਕ ਹੈ ਤਿਵੇਂ ਬ੍ਰਹਮ ਸਾਰੇ ਪਰੀਪੂਰਨ ਹੈ, ਪਰ ਕਿਧਰੇ ਪਾਣੀ ਦੀ ਪ੍ਰਾਪਤੀ ਹੈ ਢੋਲਾਂ ਪਰ ਡੱਗੇ ਮਾਰਨ 'ਤੇ। ਕਿਧਰੇ ਪਾਣੀ ਦੀ ਪ੍ਰਾਪਤੀ ਪੰਜ ਹੱਥ 'ਤੇ ਹੈ। ਕਿਧਰੇ ਪਾਣੀ ਦੀ ਪ੍ਰਾਪਤੀ ਦਸ ਹੱਥ ਪਰ ਹੈ। ਕਿਧਰੇ ਪਾਣੀ ਦੀ ਪ੍ਰਾਪਤੀ ਵੀਹ ਹੱਥ ਪਰ ਹੈ ਤੇ ਕਿਧਰੇ ਪਾਣੀ ਦੇ ਸੋਮੇ ਚਲ ਰਹੇ ਹਨ।

ਯਥਾ- ਕਤਹੂ ਢੋਲ ਢਮੱਕਿਆ, ਕਹੂੰ ਪੰਚ ਦਸ ਬੀਸ।
ਕਤਹੂ ਊਪਰਿ ਹੋਇ ਬਹੈ, ਜਿਉ ਜਲ ਤਿਉ ਜਗਦੀਸੁ।

ਏਸੇ ਤਰ੍ਹਾਂ ਪਾਣੀ ਦੀ ਨਿਆਂਈਂ ਬ੍ਰਹਮ ਵਸਦਾ ਤਾਂ ਸਾਰਿਆਂ ਘਟਾਂ ਵਿਖੇ ਹੈ, ਪਰ ਉਸ ਦੀ ਪ੍ਰਾਪਤੀ ਬਹੁਤਿਆਂ ਕਸ਼ਟਾਂ ਕਰ ਕੇ ਹੁੰਦੀ ਹੈ। ਜਿਵੇਂ ਬਠਿੰਡੇ ਵੱਲ ਖੂਹਾਂ ਦਾ ਪਾਣੀ ਬਹੁਤ ਡੂੰਘਾ ਹੁੰਦਾ ਹੈ। ਅੱਗੇ ਬਲਦ ਬੰਨ੍ਹ ਕੇ ਦੂਰ ਤਕ ਲੈ ਜਾਂਦੇ ਹਨ ਪਿਛੋਂ ਜਦ ਡੋਲ ਪਾਣੀ ਦਾ ਭਰ ਕੇ ਉਪਰ ਆ ਜਾਂਦਾ ਹੈ ਤਾਂ ਇਕ ਆਦਮੀ ਢੋਲ ਪਰ ਡੱਗਾ ਮਾਰਦਾ ਹੈ, ਉਸ ਨੂੰ ਸੁਣ ਕੇ ਬਲਦਾਂ ਵਾਲਾ ਆਦਮੀ ਬਲਦ ਖੜੇ ਕਰ ਦੇਂਦਾ ਹੈ।

ਕਿਧਰੇ ਪ੍ਰਮੇਸ਼ਰ ਦੀ ਪ੍ਰਾਪਤੀ ਪੰਜ ਕੋਸ਼ਾਂ ਤੋਂ ਪਰੇ ਹੁੰਦੀ ਹੈ, ਕਿਧਰੇ ਪ੍ਰਮੇਸ਼ਰ ਦੀ ਪ੍ਰਾਪਤੀ ਦਸ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ ਹੈ, ਕਿਧਰੇ ਪ੍ਰਮੇਸ਼ਰ ਦੀ ਪ੍ਰਾਪਤੀ ਪੰਜ ਅਸਥੂਲ ਤਤ, ਪੰਜ ਸੂਖਮ ਤਤ, ਪੰਜ ਕਾਮ ਆਦਿਕ, ਪੰਜ ਵਿਸ਼ੇ ਇਨ੍ਹਾਂ ਵੀਹਾਂ ਤੋਂ ਪਰੇ ਹੈ। ਕਿਧਰੇ ਸੋਮੇ ਦੀ ਨਿਆਂਈ ਬ੍ਰਹਮ ਗਿਆਨੀ ਦੇ ਹਿਰਦੇ ਵਿਚ ਉਹ ਬ੍ਰਹਮ ਸਾਖਿਆਤਕਾਰ ਹੋ ਰਿਹਾ ਹੈ।

ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ॥ ੧੯॥

ਗੁਰੂ ਜੀ ਆਖਦੇ ਹਨ- ਉਹ ਇਸਤ੍ਰੀਆਂ ਸੁਹਾਗਵੰਤੀਆਂ ਹਨ ਜਿਨ੍ਹਾਂ ਨੂੰ ਗੁਰੂ ਦੁਆਰੇ ਉਹ ਪਤੀ-ਪ੍ਰਮਾਤਮਾ ਪਰਗਟ ਹੁੰਦਾ ਹੈ॥ ੧੯॥

***ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**

ਹੇ ਭਾਈ ਲਹਿਣਾ ਜੀ! ਜੇ ਆਪ ਜੀ ਨੂੰ ਪ੍ਰੇਮ ਰੂਪੀ ਖੇਡ ਦੇ ਖੇਡਣ ਦਾ ਚਾਉ= ਉਤਸ਼ਾਹ ਹੈ ਤਾਂ ਸਿਰ ਨੂੰ ਤਲੀ ਪਰ ਰੱਖ ਕੇ ਮੇਰੀ ਪ੍ਰਤੱਖ ਗਲੀ ਵਿਖੇ ਆ, ਜਿਥੇ ਅਸੀਂ ਨਿਵਾਸ ਕਰਦੇ ਹਾਂ।

ਅਥਵਾ- ਸਤਿਸੰਗ ਰੂਪ ਗਲੀ ਵਿਚ ਆ।

ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ ੨੦॥

ਇਸ ਰਸਤੇ ਭਾਵ ਸਤਿਸੰਗ ਵੱਲ ਪੈਰ ਰੱਖਣਾ ਕਰ। ਆਪਣਾ ਸਿਰ ਦੇ ਕੇ ਭਾਵ ਭੇਟਾ ਕਰ ਕੇ ਫਿਰ ਇਹਸਾਨ ਨਾ ਕਰ ਕਿ ਮੈਂ ਸਿਰ ਦਿੱਤਾ ਹੈ।

*ਅਥਵਾ-*ਹੇ ਲਹਿਣਾ ਜੀ! ਜੇ ਆਪ ਜੀ ਨੂੰ ਮੇਰੇ ਪ੍ਰੇਮ ਨਾਲ ਖੇਡਣ ਦਾ ਉਤਸ਼ਾਹ ਹੈ ਤਾਂ ਸਿਰੁ= ਹੰਕਾਰ

**ਇਹ ਸਲੋਕ ਭਾਈ ਲਹਿਣਾ ਜੀ ਦੇ ਪ੍ਰਤੀ ਕਰਤਾਰਪੁਰ ਉਚਾਰਿਆ ਹੈ-*

ਨੂੰ ਨਿੰਮ੍ਰਤਾ ਰੂਪੀ ਤਲੀ ਪਰ ਧਰ ਕੇ ਮੇਰੀ ਭਗਤੀ ਰੂਪ ਗਲੀ ਵਿਖੇ ਆਉਣਾ ਕਰ। ਇਸ ਭਗਤੀ ਰੂਪ ਰਸਤੇ ਵਿਖੇ ਸ਼ੁਭ ਸੰਕਲਪਾਂ ਰੂਪੀ ਪੈਰਾਂ ਨੂੰ ਰੱਖਣਾ ਕਰ, ਸਿਰ ਦੇ ਕੇ ਭਾ੍ਵ ਹੰਕਾਰ ਛੱਡਕੇ, ਇਹਸਾਨ ਨਾ ਕਰ ਕਿ ਮੈਂ ਹੰਕਾਰ ਤਿਆਗਿਆ ਹੈ, ਇਹ ਮਾਣ ਨਾ ਕਰੀਂ॥ ੨੦॥

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥

(ਹਿੰਦੂ) ਕਿਰਾੜਾਂ ਨਾਲ ਜੋ ਦੋਸਤੀ ਕਰਨੀ ਹੈ (ਇਹ ਸਭ ਨਿਸਫਲ ਹੈ), ਇਹ ਕੂੜੇ ਪੁਰਸ਼ ਹਨ, ਕਿਰਾੜਾਂ ਦੀ ਪਾਇ= ਪੱਤ (ਆਬਰੋ) ਵੀ ਕੂੜੀ= ਝੂਠੀ ਹੈ।

ਉਥਾਨਕਾ–ਸਿਆਲਕੋਟ ਵਿਖੇ ਇਕ ਬੜਾ ਭਾਰੀ ਸ਼ਾਹੂਕਾਰ ਸੀ, ਉਸ ਦੇ ਘਰ ਵਿਖੇ ਹੋਰ ਸਾਰੇ ਸੁਖ ਪ੍ਰਾਪਤ ਸਨ, ਪਰ ਇਕ ਪੁੱਤਰ ਦੀ ਮਿੱਠੀ ਦਾਤ ਨਹੀਂ ਸੀ। ਸੰਤਾਨ ਵਾਸਤੇ ਉਸ ਨੇ ਬੜੇ-ਬੜੇ ਉਪ੍ਰਾਲੇ ਕੀਤੇ ਪਰ ਕੋਈ ਨਾ ਹੋਇਆ। ਫੇਰ ਸਾਧੂ ਸੰਤਾਂ ਨੂੰ ਭੀ ਮਨਾਇਆ ਤਾਂ ਭੀ ਨਿਰਾਸਤਾ ਹੀ ਰਹੀ।

ਸਿਆਲਕੋਟ ਵਿਚ ਹੀ ਇਕ **'ਹਮਜ਼ਾ ਗੌਂਸ'** ਨਾਮੀ ਫ਼ਕੀਰ ਰਹਿੰਦਾ ਸੀ, ਉਸ ਦਾ ਬੜਾ ਭਾਰੀ ਪ੍ਰਤਾਪ ਸੀ। ਉਸ ਦੀ ਸੋਭਾ ਸੁਣ ਕੇ ਉਹ ਸ਼ਾਹੂਕਾਰ ਉਸ ਦੇ ਪਾਸ ਗਿਆ, ਉਸ ਅੱਗੇ ਭੇਟਾ ਰੱਖ ਕੇ ਦੋਵੇਂ ਹੱਥ ਜੋੜ ਬੇਨਤੀ ਕੀਤੀ— ਫ਼ਕੀਰ ਸਾਂਈਂ! ਮੇਰੀ ਝੋਲੀ ਖੈਰ ਪਾਓ ਮੈਂ ਭੀ ਦੁਨੀਆਂ ਨਾਲ ਗੰਢਿਆ ਜਾਵਾਂ।

ਫ਼ਕੀਰ ਨੇ ਪ੍ਰਸੰਨ ਹੋ ਕੇ ਕਿਹਾ— ਤੂੰ ਇਕ ਨੂੰ ਤਰਸਦਾ ਫਿਰਦਾ ਹੈਂ, ਪੁੱਤਰ ਤਾਂ ਇਕ ਦੀ ਜਗ੍ਹਾ ਚਾਰ ਹੋ ਜਾਣਗੇ ਪਰ ਇਕ ਪੁੱਤਰ ਨੂੰ ਤੂੰ ਮੇਰਾ ਮੁਰੀਦ ਬਣਾਵੀਂ।

ਸ਼ਾਹੂਕਾਰ ਨੇ ਕਿਹਾ— ਚੰਗਾ ਜੀ! ਮੰਨਤ ਮੰਨਣ ਕਰਕੇ ਫ਼ਕੀਰ ਦੇ ਕਹੇ ਅਨੁਸਾਰ ਉਸ ਦੇ ਘਰ ਵਿਖੇ ਸਮੇਂ ਅਨੁਸਾਰ ਚਾਰ ਪੁੱਤਰ ਹੋ ਗਏ। ਚਾਰਾਂ ਵਿਚੋਂ ਉਸ ਨੇ ਇਕ ਵੀ ਪੁੱਤਰ ਫ਼ਕੀਰ ਦੀ ਭੇਟਾ ਨਾ ਕੀਤਾ।

ਆਖਿਰ ਫ਼ਕੀਰ ਨੂੰ ਕਹਿਣਾ ਹੀ ਪਿਆ ਕਿ ਤੂੰ ਇਕ ਲੜਕਾ ਮੈਨੂੰ ਸੌਂਪ ਦੇਣਾ ਕਰ, ਹੱਛਾ-ਹੱਛਾ ਕਰ ਕੇ ਕਿਤਨਾਂ ਹੀ ਸਮਾਂ ਉਸ ਨੇ ਲੰਘਾ ਦਿੱਤਾ। ਆਖਿਰ ਉਸ ਨੇ ਕਿਹਾ-ਹੇ ਫ਼ਕੀਰ ਸਾਂਈਂ! ਤੂੰ ਮੁਸਲਮਾਨ ਹੈਂ ਤੇ ਮੈਂ ਹਿੰਦੂ ਹਾਂ ਇਸ ਕਰ ਕੇ ਮੈਂ ਆਪਣਾ ਲੜਕਾ ਤੇਰਾ ਮੁਰੀਦ ਕਿਵੇਂ ਬਣਾ ਸਕਦਾ ਹਾਂ?

ਫ਼ਕੀਰ ਨੂੰ ਬੜਾ ਗੁੱਸਾ ਆ ਗਿਆ, ਆਖਦਾ ਹੈ ਇਹ ਸ਼ਹਿਰ ਝੂਠਿਆਂ ਦਾ ਹੈ ਇਸ ਨੂੰ ਗ਼ਰਕ ਕਰ ਦੇਣਾ ਚਾਹੀਦਾ ਹੈ। ਸ਼ਹਿਰ ਨੂੰ ਗਰਕ ਕਰਨ ਵਾਸਤੇ ਉਹ 'ਹਮਜ਼ਾ ਗੌਂਸ' ਚਲੀਹੇ ਵਿਚ ਬੈਠ ਗਿਆ।

ਜਦ ਕਈ ਦਿਨ ਬੈਠਿਆਂ ਗੁਜ਼ਰ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਵਿਚਾਰਿਆ ਇਕ ਤਾਂ ਇਸ ਫ਼ਕੀਰ ਦਾ ਹੰਕਾਰ ਦੂਰ ਕਰਨਾ ਚਾਹੀਦਾ ਹੈ ਦੂਜਾ ਸ਼ਹਿਰ ਨੂੰ ਬਚਾਉਣਾ ਚਾਹੀਦਾ ਹੈ।

ਇਹ ਗੱਲ ਸੋਚ ਕੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸਿਆਲਕੋਟ ਆ ਪਹੁੰਚੇ। ਬਾਹਰ ਵਾਰ ਡੇਰਾ ਲਗਾ ਕੇ ਭਾਈ ਮਰਦਾਨੇ ਨੂੰ ਭੇਜਿਆ ਕਿ ਫਲਾਣੀ ਜਗ੍ਹਾ ਜਾ ਕੇ ਤੂੰ ਕਰੋ ਕਿ 'ਹਮਜ਼ਾ ਗੌਂਸ' ਫ਼ਕੀਰ ਨੂੰ ਤਿੰਨ ਫਕੀਰ ਮਿਲਣਾ ਚਾਹੁੰਦੇ ਹਨ।

ਭਾਈ ਮਰਦਾਨੇ ਨੇ ਪਹੁੰਚ ਕੇ ਉਸੇ ਤਰ੍ਹਾਂ ਕਿਹਾ ਤਾਂ 'ਹਮਜ਼ਾ ਗੌਂਸ' ਦੇ ਮੁਰੀਦਾਂ ਨੇ ਕਿਹਾ— ਉਹ ਫਕੀਰ ਛਿਲੇ ਵਿਚ ਬੈਠਾ ਹੈ ਇਸ ਕਰ ਕੇ ਉਹ ਨਹੀਂ ਮਿਲ ਸਕਦਾ।

ਭਾਈ ਮਰਦਾਨੇ ਨੇ ਆ ਕੇ ਗੁਰੂ ਸਾਹਿਬ ਜੀ ਨੂੰ ਉਵੇਂ ਹੀ ਕਹਿ ਦਿੱਤਾ।

ਹਜ਼ੂਰ ਨੇ ਭਾਈ ਮਰਦਾਨੇ ਨੂੰ ਦੂਜੀ ਵਾਰ ਭੇਜਿਆ ਤਾਂ ਭੀ ਮੁਰੀਦਾਂ ਨੇ ਓਹੀ ਜੁਆਬ ਦਿੱਤਾ।

ਹਜ਼ੂਰ ਨੇ ਤੀਜੀ ਵਾਰ ਫੇਰ ਭੇਜਿਆ ਤਾਂ ਭੀ ਮੁਰੀਦਾਂ ਨੇ ਇਹੋ ਕਿਹਾ ਕਿ ਉਹ ਫ਼ਕੀਰ ਅਜੇ ਨਹੀਂ ਮਿਲ ਸਕਦਾ।

ਜਦ ਭਾਈ ਮਰਦਾਨੇ ਨੇ ਵਾਪਸ ਆ ਕੇ ਗੁਰੂ ਜੀ ਨੂੰ ਕਿਹਾ ਕਿ ਉਹ ਫ਼ਕੀਰ ਅਜੇ ਨਹੀਂ ਮਿਲ ਸਕਦਾ, ਤਾਂ ਹਜ਼ੂਰ ਨੇ ਉਥੇ ਬੈਠਿਆਂ ਹੀ ਅਜਿਹੀ ਨਿਗਾਹ ਨਾਲ ਤੱਕਿਆ ਕਿ ਜਿਸ ਬੁਰਜ ਵਿਚ ਬੈਠਾ ਉਹ ਛਿਲਾ (ਚਲੀਹਾ) ਕੱਟ ਰਿਹਾ ਸੀ ਉਹ ਬੁਰਜ ਫਟ ਗਿਆ ਤੇ ਸੂਰਜ ਦੀ ਰੌਸ਼ਨੀ ਅੰਦਰ ਚਲੀ ਗਈ। ਸੂਰਜ ਦੀ ਰੌਸ਼ਨੀ ਅੰਦਰ ਜਾਣ ਨਾਲ ਉਹ 'ਹਮਜ਼ਾ ਗੌਂਸ' ਫ਼ਕੀਰ ਡਰ ਗਿਆ ਤੇ ਛੇਤੀ ਨਾਲ ਬਾਹਰ ਨਿਕਲ ਆਇਆ।

ਆ ਕੇ ਮੁਰੀਦਾਂ ਤੋਂ ਪੁਛਦਾ ਹੈ ਕੀ ਕਾਰਨ ਹੈ ਬੁਰਜ ਕਿਉਂ ਫਟਿਆ ਹੈ? ਇਥੇ ਕੌਣ ਆਇਆ ਹੈ?

ਮੁਰੀਦਾਂ ਨੇ ਕਿਹਾ— "ਹੋਰ ਤਾਂ ਕੋਈ ਨਹੀਂ ਆਇਆ, ਇਕ ਮਨੁੱਖ ਆਇਆ ਸੀ। ਉਸ ਨੇ ਆ ਕੇ ਕਿਹਾ ਕਿ ਤਿੰਨ ਫ਼ਕੀਰ ਫਲਾਣੀ ਜਗ੍ਹਾ ਉਤਰੇ ਹੋਏ ਹਨ ਉਹ 'ਹਮਜ਼ਾ ਗੌਂਸ' ਫ਼ਕੀਰ ਨੂੰ ਮਿਲਣਾ ਚਾਹੁੰਦੇ ਹਨ।" ਅਸੀਂ ਕਿਹਾ— "ਫ਼ਕੀਰ ਸਾਂਈਂ ਜੀ ਛਿਲੇ ਵਿਚ ਬੈਠੇ ਹੋਏ ਹਨ ਅਜੇ ਨਹੀਂ ਮਿਲ ਸਕਦੇ।"

ਇਹ ਗੱਲ ਸੁਣ ਕੇ 'ਹਮਜ਼ਾ ਗੌਂਸ' ਨੇ ਵਿਚਾਰਿਆ ਕਿ ਉਹਨਾਂ ਦੀ ਕ੍ਰੋਧ ਦ੍ਰਿਸ਼ਟੀ ਨਾਲ ਹੀ ਇਹ ਬੁਰਜ ਫਟਿਆ ਹੈ ਉਹ ਕੋਈ ਬੜੇ ਕਰਨੀ ਵਾਲੇ ਹਨ, ਉਹਨਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ। ਉਸ ਨੇ ਆਪਣਾ ਮੁਰੀਦ ਭੇਜ ਕੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਆਪਣੇ ਪਾਸ ਬੁਲਾ ਲਿਆ ਤੇ ਕਿਹਾ— "ਆਪ ਜੀ ਨੇ ਮੇਰਾ ਚਲੀਹਾ ਪੂਰਾ ਕਿਉਂ ਨਹੀਂ ਹੋਣ ਦਿੱਤਾ? ਮੈਂ ਤਾਂ ਸਾਰੇ ਸ਼ਹਿਰ ਨੂੰ ਗਰਕ ਕਰਨਾ ਸੀ, ਇਹ ਸ਼ਹਿਰ ਝੂਠਿਆਂ ਦਾ ਹੈ।"

ਇਹ ਗੱਲ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕਿਹਾ— "ਹੇ ਫ਼ਕੀਰ ਸਾਂਈ! ਜਿਨ੍ਹਾਂ ਨੇ ਪਹਿਲੇ ਹੀ ਮਰਨ ਨੂੰ ਸੱਚ ਮੰਨਿਆਂ ਹੋਇਆ ਹੈ, ਉਹਨਾਂ ਨੂੰ ਮਾਰ ਕੇ ਤੁਸੀਂ ਕੀ ਕਰਨਾ ਹੈ?

ਤਾਂ 'ਹਮਜ਼ਾ ਗੌਂਸ' ਫ਼ਕੀਰ ਨੇ ਕਿਹਾ— "ਮੈਨੂੰ ਕਿਵੇਂ ਯਕੀਨ ਹੋਵੇ ਕਿ ਇਹਨਾਂ ਨੇ ਮਰਨ ਨੂੰ ਸੱਚ ਮੰਨਿਆ ਹੋਇਆ ਹੈ?

ਉਸ ਨੂੰ ਯਕੀਨ ਕਰਾਉਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਸੋਨੇ ਦੇ ਦੋ ਪੈਸੇ ਦੇ ਕੇ ਭੇਜਿਆ ਕਿ ਸਿਆਲਕੋਟ ਸ਼ਹਿਰ ਵਿਚ ਜਾ ਕੇ ਤੂੰ ਇਕ ਪੈਸੇ ਦਾ ਸੱਚ ਅਤੇ ਇਕ ਪੈਸੇ ਦਾ ਝੂਠ ਖਰੀਦ ਕੇ ਲਿਆ।

ਹੇਮ ਟਕਾ ਪੁਰਿ ਮਾਂਹਿ ਲੈ ਜਾਵਹੁ। ਸਾਚ ਝੂਠ ਮੁਲ ਤਹਿ ਤੇ ਲਜਾਵਹੁ॥ ੮॥

ਗੁਰੂ ਜੀ ਦਾ ਹੁਕਮ ਮੰਨ ਕੇ ਭਾਈ ਮਰਦਾਨਾ ਸ਼ਹਿਰ ਵਿਖੇ ਚਲਾ ਗਿਆ, ਕਈ ਦੁਕਾਨਾਂ ਤੋਂ ਪੁਛਿਆ ਪਰ ਸੌਦਾ ਨਾ ਮਿਲਿਆ। ਜਦ ਫਿਰ ਫਿਰਾ ਕੇ ਮੂਲ ਚੰਦ ਦੀ ਹੱਟੀ 'ਤੇ ਪਹੁੰਚਾ ਤੇ ਆਖਿਆ- "ਸ਼ਾਹ ਜੀ! ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਚਾਹੀਦਾ ਹੈ ਤਦ ਉਸ ਨੇ ਸੋਨੇ ਦੇ ਦੋ ਪੈਸੇ ਫੜ ਕੇ ਆਪਣੇ ਗੱਲੇ ਵਿਚ ਪਾ ਲਏ ਤੇ ਕਾਗਜ਼ ਦੇ ਦੋ ਟੁਕੜੇ ਲੈ ਕੇ ਲਿਖ ਦਿੱਤਾ- ਇਕ ਕਾਗਜ਼ 'ਤੇ ਲਿਖਿਆ ਮਰਨਾ ਸੱਚ ਹੈ, ਦੂਜੇ ਕਾਗਜ਼ ਪਰ ਲਿਖਿਆ ਜੀਵਣਾ ਝੂਠ ਹੈ।

ਇਹ ਦੋਨੋਂ ਟੁਕੜੇ ਲੈ ਕੇ ਭਾਈ ਮਰਦਾਨੇ ਨੇ ਗੁਰੂ ਸਾਹਿਬ ਜੀ ਨੂੰ ਲਿਆ ਦਿੱਤੇ। ਗੁਰੂ ਜੀ ਨੇ 'ਹਮਜ਼ਾ ਗੌਂਸ' ਨੂੰ ਵਿਖਾ ਕੇ ਉਸ ਦੇ ਦਿਲ ਨੂੰ ਭਰੋਸਾ ਦਿਵਾ ਦਿੱਤਾ ਕਿ ਇਹਨਾਂ ਨੇ ਤਾਂ ਪਹਿਲੇ ਹੀ ਮਰਨ ਨੂੰ ਸੱਚ ਸਮਝਿਆ ਹੋਇਆ ਹੈ। ਜਿਹੜਾ ਫ਼ਕੀਰ ਦੇ ਮਨ ਵਿਖੇ ਸ਼ਹਿਰ ਦੇ ਗਰਕ ਕਰਨ ਦਾ ਇਰਾਦਾ ਸੀ, ਉਹ ਸ਼ਾਂਤ ਕਰ ਦਿੱਤਾ।*

---

* *ਇਹ ਪ੍ਰਸੰਗ ਹਮਜ਼ਾ ਗੌਂਸ ਵਾਲਾ ਪੰਥ ਪ੍ਰਕਾਸ਼ ਐਡੀਸ਼ਨ ਚੌਥੀ ਵਿਚ ਪੰਨਾ ੯੭੭ ਧਿਆਇ ੯ ਚੌਪਈ ੧੩ ਤੋਂ ਸ਼ੁਰੂ ਹੁੰਦਾ ਹੈ।*

ਪੁਨਾ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਭੇਜ ਕੇ ਮੂਲ ਚੰਦ ਨੂੰ ਆਪਣੇ ਪਾਸ ਬੁਲਾਇਆ ਤੇ ਪੁਛਿਆ- "ਮੂਲ ਚੰਦ! ਜਿਹੜਾ ਸੌਦਾ ਤੂੰ ਅਸਾਡੇ ਪਾਸ ਲਿਖ ਕੇ ਭੇਜਿਆ ਹੈ ਇਹ ਉਪਰੋਂ-ਉਪਰੋਂ ਲਿਖ ਕੇ ਭੇਜਿਆ ਹੈ ਜਾਂ ਸੱਚੇ ਦਿਲੋਂ ਲਿਖ ਕੇ ਭੇਜਿਆ ਹੈ?

ਮੂਲ ਚੰਦ ਨੇ ਕਿਹਾ-ਹੇ ਪ੍ਰਭੂ! ਅਸੀਂ ਸੰਸਾਰੀ ਜੀਵ ਹਾਂ, ਧਨ ਦੇ ਲੋਭ ਕਰ ਕੇ ਇਹ ਲਿਖ ਦਿੱਤਾ ਹੈ ਪਰ ਸਾਡੇ ਅੰਦਰ ਨਿਸਚਾ ਕੋਈ ਨਹੀਂ ਹੈ।"

ਤਾਂ ਹਜ਼ੂਰ ਨੇ ਫੁਰਮਾਇਆ— "ਹੇ ਮੂਲ ਚੰਦ! ਹਿਰਦੇ ਅੰਦਰ ਐਸਾ ਨਿਸਚਾ ਧਾਰਨ ਕੀਤਿਆਂ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਇਸ ਵਾਸਤੇ ਤੂੰ ਸਾਡੇ ਪਾਸ ਕੁਝ ਦਿਨ ਰਹੋ ਜਿਸ ਤੇ ਤੈਨੂੰ ਇਹ ਨਿਸਚਾ ਪ੍ਰਾਪਤ ਹੋ ਜਾਵੇ।'

ਜਿਤਨਾ ਚਿਰ ਗੁਰੂ ਸਾਹਿਬ ਜੀ ਸਿਆਲਕੋਟ ਰਹੇ, ਉਤਨਾਂ ਚਿਰ ਪਾਸ ਰਹਿ ਕੇ ਮੂਲ ਚੰਦ ਨੇ ਬੜੀ ਸੇਵਾ ਕੀਤੀ। ਜਿਸ ਵੇਲੇ ਗੁਰੂ ਸਾਹਿਬ ਜੀ ਬਾਹਰ ਜਾਣ ਨੂੰ ਤਿਆਰ ਹੋਏ ਤਾਂ ਮੂਲ ਚੰਦ ਨੂੰ ਕਿਹਾ— "ਅੱਜ ਅਸੀਂ ਜਾਣ ਲਈ ਤਿਆਰ ਹਾਂ ਤੂੰ ਆਪਣੇ ਘਰ ਜਾ ਕੇ ਰਹੋ!" ਮੂਲ ਚੰਦ ਨੇ ਕਿਹਾ- ਗਰੀਬ ਨਿਵਾਜ ਜੀਓ! ਮੈਂ ਭੀ ਆਪ ਜੀ ਦੇ ਨਾਲ ਜਾਂਦਾ ਹਾਂ, ਆਪ ਜੀ ਤੋਂ ਬਗੈਰ ਮੈਂ ਕਿਵੇਂ ਰਹਿ ਸਕਦਾ ਹਾਂ? ਗੁਰੂ ਸਾਹਿਬ ਜੀ ਨੇ ਕਿਹਾ-"ਭਾਈ! ਜਿਵੇਂ ਤੇਰੀ ਇਛਿਆ ਹੈ।"

ਜਿਸ ਵੇਲੇ ਗੁਰੂ ਸਾਹਿਬ ਜੀ ਚਲੇ ਤਾਂ ਮੂਲ ਚੰਦ ਭੀ ਨਾਲ ਚਲ ਪਿਆ।

ਬਚਨ ਮਾਨਿ ਕੈ ਤਬ ਹੀ ਮੂਲਾ। ਚਲਜੋ ਸੰਗਿ ਲਖਿ ਗੁਰ ਅਨਕੂਲਾ।...੨੩॥

ਚਲਦੇ-ਚਲਦੇ ਬਹਾਵਲ ਦੀ ਰਿਆਸਤ ਵਿਖੇ ਆ ਪਹੁੰਚੇ। 'ਜਲਾਲਦੀਨ' ਪੀਰ ਨੂੰ ਮਿਲ ਕੇ ਬਚਨ ਬਿਲਾਸ ਕਰ ਕੇ ਉਸ ਦੇ ਮਨ ਨੂੰ ਖੁਸ਼ ਕੀਤਾ।

ਉਥੇ ਮੂਲ ਚੰਦ ਨੂੰ ਗੁਰੂ ਜੀ ਨੇ ਆਖਿਆ "ਜੋ ਪੁਰਸ਼ ਤੇਰੇ ਨਾਲ ਵਿਰੋਧ ਕਰਦਾ ਸੀ, ਉਸ ਨੇ ਅੱਜ ਤੇਰੇ ਘਰ ਜਾ ਕੇ ਤੇਰੀ ਔਰਤ ਨੂੰ ਕਿਹਾ ਹੈ ਕਿ ਤੇਰਾ ਪਤੀ (ਮੂਲ ਚੰਦ) ਤਾਂ ਮਰ ਗਿਆ ਹੈ। ਇਹ ਗੱਲ ਸੁਣ ਕੇ ਤੇਰੀ ਔਰਤ ਹੱਥ ਵਿਚ ਸਿਧਉਰਾ (ਸਤੀ ਹੋਣ ਵਾਲਾ ਸਮਾਨ) ਫੜ ਕੇ ਸਤੀ ਹੋਣ ਲਈ ਤਿਆਰੀ ਕਰ ਰਹੀ ਹੈ, ਜੇ ਤੂੰ ਉਸ ਨੂੰ ਬਚਾਉਣਾ ਚਾਹੁੰਦਾ ਹੈ ਤਾਂ ਬਚਾਅ ਲੈ ਤੇ ਜੇ ਤੇਰੇ ਦਿਲ ਵਿਚ ਪੱਕਾ ਵੈਰਾਗ ਹੈ ਤਾਂ ਪ੍ਰਵਾਹ ਨਾ ਕਰ।

ਇਹ ਗੱਲ ਸੁਣਦਿਆਂ ਸਾਰ ਹੀ ਮੂਲ ਚੰਦ ਦੇ ਮਨ ਵਿਚ ਪਰਿਵਾਰਕ ਮੋਹ ਜਾਗ ਪਿਆ ਤੇ ਬੇਨਤੀ ਕੀਤੀ ਕਿ ਹੇ ਪ੍ਰਭੂ! ਇਥੋਂ ਘਰ ਬਹੁਤ ਦੂਰ ਹੈ, ਮੈਂ ਉਸ ਪਾਸ ਕਿਵੇਂ ਪੁੱਜ ਸਕਦਾ ਹਾਂ, ਮੇਰੇ ਜਾਂਦਿਆਂ ਤਕ ਤਾਂ ਉਹ ਸੜ ਕੇ ਸੁਆਹ ਹੋ ਜਾਏਗੀ?

ਆਪ ਇਹ ਦੱਸੋ-

ਕੈਸੇ ਉਬਰੈ ਅਬ ਮਮ ਨਾਰੀ। ਸ਼ਰਮ ਰਖਹੁ ਮੈਂ ਸ਼ਰਨਿ ਤੁਮਾਰੀ॥ ੮੩॥
ਤੁਮ ਜੇ ਕਰਹੁ ਪੁਚਾਵਨ ਮੋਹੀ। ਤ੍ਰਿਯ ਤਨ ਤਬਹਿ ਬਚਾਵਨ ਹੋਹੀ।
ਆਪ ਸਮੱਰਥ ਸਰਬ ਪਰਕਾਰਾ। ਤੁਮ ਬਿਨ ਮੋਰ ਨ ਅਨਤ ਅਧਾਰਾ॥ ੮੪॥
ਮੁਸਕਾਨੇ ਸੁਨਿ ਕੈ ਗੁਨਖਾਨੀ। ਕਹਜੋ ਕਿ ਜੇ ਤੈਂ ਅਸ ਮਨ ਆਨੀ।
ਦੋਨਹੁ ਅਪੁਨੇ ਮੂੰਦਹੁ ਲੋਚਨ। ਜਾਇ ਮਿਲਹੁ ਕਰਿ ਸੋਚ ਬਿਮੋਚਨ॥ ੮੫॥

ਆਇਸੁ ਮਾਨਿ ਕੀਨ ਜਬ ਐਸੋ। ਖੋਲਿ ਬਿਲੋਕਜੋ ਨਿਜ ਘਰ ਬੈਸੋ।
ਜਰਤਿ ਆਪਨੀ ਤੀਯ ਉਬਾਰੀ। ਲਗਜੋ ਕਰਨ ਪੂਰਬ ਸਮ ਕਾਰੀ॥ ੮੬॥

(ਨਾਨਕ ਪ੍ਰਕਾਸ਼ ਉਤ੍ਰਾਰਧ ਅਧਿ. ੩੧)

ਗੁਰੂ ਸਾਹਿੰਬ ਜੀ ਪਾਕ ਪਟਨ, ਬਗਦਾਦ ਆਦਿਕ ਸ਼ਹਿਰਾਂ ਵਿਚ ਉਪਦੇਸ਼ ਦਿੰਦੇ ਹੋਏ ਖੁਰਮੇ ਨਗਰ ਵਿਖੇ ਭਾਈ ਮਰਦਾਨੇ ਦਾ ਸਸਕਾਰ ਕਰ ਕੇ ਤਲਵੰਡੀ ਆ ਕੇ ਮਰਦਾਨੇ ਦੇ ਪੁੱਤਰ ਸ਼ਹਿਜ਼ਾਦੇ ਨੂੰ ਨਾਲ ਲਿਆ ਕੇ ਉਸ ਨੂੰ ਮਰਦ੍ਹਾਨੇ ਦੀ ਗੱਦੀ 'ਤੇ ਬਿਠਾ ਦਿੱਤਾ, ਫਿਰ ਗੁਰੂ ਸਾਹਿਬ ਜੀ ਆਪ ਕੰਧਾਰ ਚਲੇ ਗਏ, ਕੰਧਾਰ ਤੋਂ ਹੋ ਕੇ ਮੁਲਤਾਨ ਆਏ, ਬਾਲ ਗੁੰਦਾਈ ਤੋਂ ਹੋ ਕੇ ਉਸ ਨੂੰ ਉਪਦੇਸ਼ ਦੇ ਕੇ ਫਿਰ ਗੁਰੂ ਸਾਹਿਬ ਜੀ ਸਿਆਲਕੋਟ ਆਏ। ਭਾਈ ਬਾਲੇ ਨੂੰ ਕਹਿੰਦੇ ਹਨ-

ਹੇ ਬਾਲਾ! ਇਸ ਨਗਰ ਮਝਾਰਾ। ਸੰਸਾਰੀ ਇਕ ਮੀਤ ਹਮਾਰਾ।
ਪੂਰਬ ਗਮਨਜੋ ਜੋ ਸੰਗਾਰਾ। ਮੂਲਾ ਨਾਮ ਸੁ ਇਹਾਂ ਅਗਾਰਾ॥ ੬੦॥
ਤਿਹ ਸੋਂ ਮਿਲਿਨ ਚਹੈ ਮਨ ਮੇਰਾ। ਚਲਹੁ ਅਬੈ ਜਿਤ ਦਿਸ਼ਿ ਹੈ ਡੇਰਾ।
ਅਸ ਕਹਿ ਚਲਿ ਮੂਲੇ ਕੇ ਪੌਰ। ਆਇ ਖਰੇ ਬੇਦੀ ਸਿਰਮੌਰ॥ ੬੧॥
ਘਰਨੀ ਸਨਮੁਖ ਜਬਹਿ ਨਿਹਾਰੇ। ਨਿਜ ਪਤਿ ਸੋਂ ਅਸ ਬਚਨ ਉਚਾਰੇ।

ਹੇ ਪਤੀ ਜੀ! ਜਿਹਨਾਂ ਫ਼ਕੀਰਾਂ ਦੇ ਨਾਲ ਤੂੰ ਗਿਆ ਸੀ ਅੱਜ ਓਹੀ ਫ਼ਕੀਰ ਹੇਠਾਂ ਆ ਕੇ ਖੜੇ ਹਨ। ਤੂੰ ਅੰਦਰ ਜਾ ਕੇ ਛਿਪ ਜਾਹ ਨਹੀਂ ਤਾਂ ਤੈਨੂੰ ਫਿਰ ਬੁਲਾ ਕੇ ਲੈ ਜਾਣਗੇ।

ਭਾਵੇਂ ਮੂਲ ਚੰਦ ਗੁਰੂ ਜੀ ਦੀ ਮਹਿਮਾਂ ਨੂੰ ਜਾਣਦਾ ਸੀ ਤਾਂ ਭੀ ਇਸਤਰੀ ਨੇ ਉਸ ਦੀ ਮਤ ਮਾਰ ਦਿੱਤੀ ਤੇ ਜਲਦੀ ਨਾਲ ਸੁੱਕੇ ਗੋਹਿਆਂ (ਪਾਥੀਆਂ) ਵਾਲੀ ਕੋਠੀ ਵਿਖੇ ਜਾ ਲੁਕਿਆ।

ਇਧਰੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ-

ਮੂਲੇ ਮੂਲੇ ਊਚ ਅਲਾਈ॥ ੬੫॥

ਇਹ ਅਵਾਜ਼ ਸੁਣ ਕੇ ਔਰਤ ਨੇ ਬਾਰੀ ਥਾਣੀਂ ਤਕ ਕੇ ਕਿਹਾ ਕਿ ਜਿਸ ਨੂੰ ਆਪ ਸੱਦਦੇ ਹੋ ਉਹ ਘਰ ਨਹੀਂ ਹੈ, ਕਿਧਰੇ ਕੰਮ ਕਰਨ ਗਿਆ ਹੋਇਆ ਹੈ:

ਸੁਨਿ ਕੈ ਸ਼੍ਰੀ ਗੁਰ ਬਚ ਕਹਜੋ ਬੇਮੁਖ ਕਰਮ ਬਿਹੀਨ।
ਹਮ ਆਏ ਤੁਝ ਮਿਲਨ ਕੋ ਛਪਨ ਸਦਨ ਮਹਿ ਕੀਨ॥ ੬੭॥
ਜੀਵਣ ਝੂਠ ਮਰਣ ਸਚੁ ਕਹਈ। ਮੂਢ ਮਤੀ ਪਰ ਭੇਦ ਨ ਲਹਈ।
ਕਹੇ ਨਾਰਿ ਕੇ ਦੁਰਜੋ ਅਗਾਰਾ। ਅਸ ਕਹਿ ਬਹੁਰ ਸ਼ਲੋਕ ਉਚਾਰਾ॥ ੬੮॥

ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ੨੧॥

ਹੇ ਮੂਲਿਆ! ਤੂੰ ਮਰਨਾ ਸੱਚ ਕਹਿੰਦਾ ਸੈਂ ਪਰ ਤੂੰ ਮਰਨਾ ਜਾਪੈ= ਜਾਣਿਆਂ ਨਹੀਂ ਕਿ ਮੇਰਾ ਮਰਨਾ ਕਿਸ ਜਗ੍ਹਾ ਪਰ ਆਉਣਾ ਹੈ।

ਇਹੋ ਜਿਹੇ ਬਚਨ ਕਹਿ ਕੇ ਗੁਰੂ ਸਾਹਿਬ ਜੀ ਚਲ ਕੇ ਬਾਹਰ ਆ ਬੈਠੇ। ਉਸੀ ਵੇਲੇ ਅੰਦਰੋਂ ਕਾਲਾ ਸੱਪ ਨਿਕਲਿਆ ਉਸ ਨੇ ਮੂਲੇ ਨੂੰ ਡੰਗ ਮਾਰ ਦਿੱਤਾ ਤਦ ਮੂਲ ਚੰਦ-

ਹਾਇ ਹਾਇ ਕਰਿ ਬਾਹਿਰ ਆਯੋ। ਨਿਜ ਨਾਰੀ ਸੋਂ ਬੈਨ ਅਲਾਯੋ।
ਕਰਮਹੀਨ ਤੈਂ ਮੋ ਕੋ ਮਾਰਜੋ। ਚਢੀ ਸੀਸ ਮਮ ਜੀਵ ਬਿਦਾਰਜੋ॥ ੭੦॥
ਕਿਤ ਦਿਸ਼ ਗਮਨੇ ਦੇਹੁ ਬਤਾਈ। ਅਪੁਨੇ ਗੁਨਹਿ ਲੇਉਂ ਬਖਸ਼ਾਈ।
ਤਿਹ ਖਿਨ ਭਈ ਮੂਰਛਾ ਦੇਹੀ। ਬੋਲਨ ਕੀ ਸੁਧਿ ਰਹੀ ਨ ਕੇਹੀ॥ ੭੧॥

ਇਹ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ ਕਿ ਪੂਰਨ ਮਹਾਤਮਾਂ ਮੂਲ ਚੰਦ ਦੇ ਘਰ ਵਿਖੇ ਮੂਲ ਚੰਦ ਨੂੰ ਮਿਲਣ ਆਏ ਤੇ ਔਰਤ ਦੇ ਕਹਿਣ ਨਾਲ ਗੋਹਿਆਂ ਵਾਲੀ ਕੋਠੀ ਵਿਚ ਛਿਪ ਗਿਆ ਤੇ ਸੱਪ ਨੇ ਡੰਗ ਮਾਰ ਕੇ ਉਸ ਨੂੰ ਮਾਰ ਦਿੱਤਾ। ਬਹੁਤ ਲੋਕ ਆ ਕੇ ਇਕੱਠੇ ਹੋ ਗਏ ਤੇ ਕਹਿਣ ਲੱਗੇ ਇਸ ਨੂੰ ਗੁਰੂ ਜੀ ਪਾਸ ਲੈ ਚਲੋ, ਉਹ ਦਿਆਲੂ ਪੁਰਖ ਹਨ ਇਸ ਦੇ ਕੀਤੇ ਔਗੁਣ ਨੂੰ ਬਖਸ਼ ਦੇਣਗੇ—

ਅਸ ਕਹਿ ਤਾਂਹਿ ਮੰਚ ਪਰ ਜਾਇ। ਚਤਰ ਲੋਕ ਸਿਰ ਲੀਨ ਉਚਾਇ।
ਗਮਨ ਕੀਨ ਤਿਤ ਦਿਸ ਨਰ ਬ੍ਰਿੰਦਾ। ਜਿਸ਼ ਦਿਸ਼ ਸੁਨੀ ਸ੍ਰੋਨ ਸੁਖਕੰਦਾ॥ ੭੬॥
ਮਚ ਪਰ ਤੇ ਉਤਾਰ ਤਿਹ ਤਾਈਂ। ਗੁਰ ਆਗੇ ਸੋ ਦਿਯ ਪੋਢਾਈ।
ਹਾਥ ਬਧ ਠਾਢੇ ਹ੍ਵੈ ਸਬਹੀ। ਬਿਨਤੀ ਕਹੈਂ ਭਾਉ ਉਰ ਧਰਹੀਂ॥ ੭੯॥
ਗੁਨਹਿਵੰਦ ਲਖਿ ਤੁਮ ਨੈ ਮਾਰਾ। ਕ੍ਰਿਪਾ ਧਾਰਿ ਅਬ ਦੇਹ ਜਿਵਾਰਾ।
ਜਾਨਿ ਬੂਝ ਇਹ ਭਯੋ ਅਜਾਨਾ। ਪ੍ਰੇਰਜੋ ਤੀਯ ਕੁਮਤਿ ਉਰਝਾਨਾ॥ ੮੦॥
ਇਸ ਪ੍ਰਕਾਰ ਸੁਨਿ ਕੈ ਜਗਨਾਥਾ। ਬੋਲੇ ਬਚਨ ਸਭਿਨਿ ਕੇ ਸਾਥਾ।
ਰਹਜੋ ਜੀਵਨਾ ਇਸ ਮ੍ਰਿਤੁ ਆਈ। ਨਹਿ ਕੈਸੇ ਹੂੰ ਹੋਤਿ ਬਚਾਈ॥ ੮੧॥
ਇਸ ਕੋ ਮਾਰ ਗਾਢ ਬਹੁ ਹੋਈ। ਨਹੀਂ ਉਬਾਰ ਸਕੈ ਅਬ ਕੋਈ।
ਅੰਤ ਸਮੈਂ ਜੋ ਦਰਸ਼ਨ ਪਾਵਾ। ਯਾਂ ਕੋ ਫਲ ਇਸ ਹੋਇ ਸਹਾਵਾ॥ ੮੨॥
ਦਸਵਾਂ ਜਾਮਾਂ ਪਹਿਰਹਿ ਜਬਿਹੀ। ਜਨਮ ਮਰਨ ਤੇ ਗਤਿ ਦੈਂ ਤਬਿਹੀ।
ਤਬ ਲੌ ਜਨਮ ਧਰਹਿਗੋ ਏਹੀ। ਸੂਕਰ ਸ਼ਸ਼ਾ ਮਿਰਗ ਕੀ ਦੇਹੀ॥ ੮੩॥

(ਨਾਨਕ ਪ੍ਰਕਾਸ਼ ਉਤ੍ਰਾਰਧ ਅਧਿ. ੩੮)

ਇੰਜ ਕਹਿ ਕੇ ਗੁਰੂ ਜੀ ਚੁਪ ਹੋ ਗਏ ਅਤੇ ਲੋਕ ਜਿਸ ਵੇਲੇ ਮੂਲੇ ਨੂੰ ਘਰ ਲੈ ਕੇ ਗਏ, ਉਸ ਵੇਲੇ ਓਹ ਮਰ ਚੁੱਕਾ ਸੀ ਫਿਰ ਕੋਈ ਸਾਹ ਨਾ ਆਇਆ। ਫਿਰ ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਵਾਂ ਜਾਮਾਂ ਪਹਿਰਿਆ ਹੈ ਤੇ *ਸੱਚਖੰਡ ਸ੍ਰੀ ਹਜ਼ੂਰ ਸਾਹਿਬ ਗਏ ਹਨ, ਉਥੇ 'ਸ਼ਿਕਾਰ ਘਾਟ' ਬੜਾ ਸੋਹਣਾ ਅਸਥਾਨ ਬਣਿਆਂ ਹੋਇਆ ਹੈ, ਜਿਥੇ ਗੁਰੂ ਜੀ ਸ਼ਿਕਾਰ ਖੇਡਣ ਗਏ ਸਨ ਤੇ ਸਹੇ ਨੂੰ ਬਾਜ ਪਾਸੋਂ ਮਰਵਾਇਆ ਸੀ।

**ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਿਥੇ ਗੁਰੂ ਸਾਹਿਬ ਜੀ ਦਾ ਅੰਗੀਠਾ ਸਾਹਿਬ ਹੈ ਜਿਸ ਦੇ ਅੰਦਰ ਹੈਡ ਪੁਜਾਰੀ ਤੋਂ ਬਿਨਾਂ ਹੋਰ ਕੋਈ ਪ੍ਰੇਮੀ ਜਾਂ ਸੇਵਾਦਾਰ ਨਹੀਂ ਜਾ ਸਕਦਾ ਉਸ ਦੇ ਅੰਦਰ ਸਵਰਨ ਦੇ ਪਤਰਿਆਂ ਦੀ ਸੇਵਾ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਪੋਤਰੇ ਚੇਲੇ ਸ੍ਰੀ ਮਾਨ ਸੰਤ ਬਿਸ਼ਨ ਸਿੰਘ ਜੀ ਬੜੇ ਉਤਸ਼ਾਹ ਨਾਲ ਸੰਨ ੧੯੬੪ ਬਿਕ੍ਰਮੀ ਸੰਮਤ ੨੦੨੧ ਤੋਂ ਕਰਵਾ ਰਹੇ ਸਨ। ਜਿਨ੍ਹਾਂ ਨੇ ਹੋਰ ਵੀ ਬਹੁਤ ਗੁਰ ਅਸਥਾਨਾਂ ਦੀ ਸੇਵਾ ਕਰਵਾਈ ਹੈ। ਸ਼ੁਰੂ ਸ਼ੁਰੂ ਵਿਖੇ ਜਿਸ ਵੇਲੇ ੧੯੪੧-੪੨ ਵਿਖੇ ਸ੍ਰੀ ਨਨਕਾਣਾ ਸਾਹਿਬ ਜੀ ਦੀ ਸੇਵਾ ਸ਼ੁਰੂ ਹੋਈ ਤਾਂ ਆਪ ਸੰਤ ਬਿਸ਼ਨ ਸਿੰਘ ਜੀ ਹੋਰਾਂ ਨੇ ਤੇ ਸੰਤ ਬਾਬਾ ਝੰਡਾ ਸਿੰਘ ਜੀ ਨੇ ਬ੍ਰਹਮ ਗਿਆਨੀ ਸੰਤ ਗੁਰਮੁਖ ਸਿੰਘ ਜੀ ਦੀ ਆਗਿਆ ਅਨੁਸਾਰ ਸੇਵਾ ਸੰਭਾਲੀ ਸੀ। ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਜੀ, ਬਾਲ ਲੀਲ੍ਹਾ ਗੁਰਦੁਆਰਾ ਅਤੇ* *(ਬਾਕੀ ਪੰਨਾ ੬੨੭ ਪਰ)*

ਇਤਨੇ ਨੂੰ ਇਕ ਕਰਮ ਕਾਂਡੀ ਦਰਸ਼ਨਾਂ ਨੂੰ ਆਇਆ ਸੀ, ਉਸ ਨੇ ਕੀ ਦੇਖਿਆ ਕਿ ਤੜਫਦੇ ਹੋਏ ਸਹੇ ਨੂੰ ਵੇਖ ਕੇ ਗੁਰੂ ਜੀ ਹੱਸ ਰਹੇ ਹਨ, ਇਹ ਤਾਂ ਬਹੁਤ ਨਿਰਦਈ ਹਨ। ਮੈਂ ਇਹਨਾਂ ਦੇ ਦਰਸ਼ਨਾਂ ਨੂੰ ਕਿਉਂ

(ਪੰਨਾ ੬੨੬ ਦਾ ਬਾਕੀ)

ਗੁਰਦੁਆਰਾ ਸਾਹਿਬ ਆਦਿ ਗੁਰਦੁਆਰਿਆਂ ਦੀ ਸੇਵਾ ਬੜੇ ਉਦਮ ਤੇ ਉਤਸ਼ਾਹ ਨਾਲ ਕਰਵਾਈ ਜੋ ੧੯੪੬ ਪੂਰਨਮਾਸ਼ੀ ਨੂੰ ਸੰਪੂਰਨ ਹੋਈ।

ਇਸ ਦੇ ਉਪ੍ਰੰਤ ਮੁਕਤਸਰ ਆ ਕੇ ਸਰੋਵਰ ਦੇ ਪੌੜਾਂ ਦੀ ਸੇਵਾ ਕਰਵਾਈ। ਫਿਰ ਮੁਕਤਸਰੋਂ ਖਡੂਰ ਸਾਹਿਬ ਹੁੰਦੇ ਹੋਏ ਅੰਮ੍ਰਿਤਸਰ ਆ ਕੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਤੇ ਘੰਟਾ ਘਰ ਚੌਂਕ ਵਾਲੇ ਪਾਸੇ ਦੀ ਡਿਉੜੀ ਦੀ ਸੇਵਾ ਆਰੰਭ ਕੀਤੀ। ਜਿਸ ਦੀ ਸੰਨ ੧੯੪੭ ਸਾਵਣ ੫ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਨੇ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਸੀ। ਡਿਓੜੀ ਦੀ ਨੀਂਹ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਨੇ ਆਪਣੀ ਮੌਜੂਦਗੀ ਵਿਖੇ ਪੰਜਾਂ ਪਿਆਰਿਆਂ ਪਾਸੋਂ ਪੰਜ ਇੱਟਾਂ ਰਖਵਾ ਕੇ ਆਰੰਭ ਕੀਤੀ ਸੀ। ਜਿਨ੍ਹਾਂ ਵਿਚੋਂ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸ਼ਰੋਮਣੀ ਟਕਸਾਲੀ ਸੰਤ ਅਮੀਰ ਸਿੰਘ ਜੀ (ਗਲੀ ਸਤੋ ਵਾਲੀ ਅੰਮ੍ਰਿਤਸਰ), ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ, ਸ੍ਰੀ ਮਾਨ ਸੰਤ ਬਾਬਾ ਬਿਸ਼ਨ ਸਿੰਘ ਜੀ ਤੇ ਦੋ ਹੋਰ ਸੰਤ ਸਨ। ਜਿਹੜੀ ਸੇਵਾ ਹੁਣ ਮੁਕੰਮਲ ਹੋ ਚੁਕੀ ਹੈ। ਇਹਨਾਂ ਹੀ ਦਿਨਾਂ ਵਿਖੇ ਹਰਮਨ ਪਿਆਰੇ ਸੇਵਾ ਦੇ ਪੁੰਜ ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਬਾਬਾ ਗੁਰਮੁਖ ਸਿੰਘ ਜੀ ੧੫ ਮੱਘਰ ਸੰਨ ੧੯੪੭ ਵਿਚ ੪ ਵੱਜ ਕੇ ੩੫ ਮਿੰਟ ਤੇ ਅੰਮ੍ਰਿਤ ਵੇਲੇ ਅਕਾਲ ਚਲਾਣਾ ਕਰ ਗਏ। ਇਸ ਤੋਂ ਉਪਰੰਤ ਸੰਤ ਬਾਬਾ ਬਿਸ਼ਨ ਸਿੰਘ ਜੀ, ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ ਹੋਰਾਂ ਦੀ ਛਤਰ ਛਾਇਆ ਹੇਠ ਅੰਮ੍ਰਿਤਸਰ ਸੰਤੋਖਸਰ (ਟਾਹਲੀ ਸਾਹਿਬ) ਸਰੋਵਰ ਦੀ ਸੇਵਾ ਕਰਾਂਦੇ ਰਹੇ ਜੋ ਅਪਰੈਲ ਸੰਨ ੧੯੫੯ ਵਿਚ ਚਾਲੂ ਹੋਈ ਤੇ ਸਤੰਬਰ ੧੯੫੯ ਵਿਖੇ ਸਮਾਪਤ ਹੋਈ। ਆਪ ਜੀ ਸਾਰਾ ਸਾਰਾ ਦਿਨ ਪਉੜਾਂ ਵਿਖੇ ਸੇਵਾ ਕਰਾਉਂਦੇ ਰਹਿੰਦੇ। ਤੁਰਦਿਆਂ ਫਿਰਦਿਆਂ ਨਿਗਰਾਨੀ ਕਰਦਿਆਂ ਥੱਕ ਜਾਣਾ ਤਾਂ ਪਉੜਾਂ ਉਤੇ ਹੀ ਲੰਮਿਆਂ ਪੈ ਕੇ ਲੱਕ ਸਿੱਧਾ ਕਰ ਲੈਣਾ। ਇਸ ਤਰ੍ਹਾਂ ਤਨੋ ਮਨੋ ਹੋ ਕੇ ਇਹ ਸੇਵਾ ਨਿਬਾਹੀ। ਜੋ ਸਤਿਗੁਰਾਂ ਦੀ ਅਪਾਰ ਬਖਸ਼ੋਸ਼ ਦਾ ਸਦਕਾ ਲਗਭਗ ਛੇ ਮਹੀਨਿਆਂ ਵਿਖੇ ਪੂਰੀ ਹੋਈ।

ਇਹਨਾਂ ਹੀ ਦਿਨਾਂ ਵਿਖੇ ਆਪ ਸੰਤ ਬਾਬਾ ਬਿਸ਼ਨ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚਖੰਡ ਹਜ਼ੂਰ ਸਾਹਿਬ ਵਿਖੇ ਪ੍ਰਕਾਸ਼ ਕਰਨ ਲਈ ਸੁਨਹਿਰੀ ਪਾਲਕੀ ਤਿਆਰ ਕਰਵਾ ਰਹੇ ਸਨ ਜਿਸ ਤੇ ੧੬੦ ਤੋਲੇ ਸੋਨਾ ਲੱਗਾ ਹੈ। ਸਵਰਨ ਦੀ ਪਾਲੋਕੀ ਭੇਟਾ ਕਰਨ ਲਈ ੧੨ ਨਵੰਬਰ ੧੯੫੯ ਨੂੰ ਸੰਗਤਾਂ ਸਹਿਤ ਆਪ ਅੰਮ੍ਰਿਤਸਰੋਂ ਹਜ਼ੂਰ ਸਾਹਿਬ ਚਲੇ ਗਏ। ਉਥੇ ਪੁੱਜ ਕੇ ੨੧ ਨਵੰਬਰ ਨੂੰ ਕਲਗੀਧਰ ਜੀ ਦੇ ਨਗੀਨਾ ਘਾਟ ਤੋਂ ਮਹਾਰਾਜ ਦਸਮੇਸ਼ ਪਿਤਾ ਜੀ ਦੇ ਘੋੜੇ ਤੇ ਨਿਸ਼ਾਨ ਸਾਹਿਬਾਂ ਸਮੇਤ ੧੨ ਕੁ ਵਜੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਜਲੂਸ ਨਿਕਲਿਆ। ਜੋ ਤਕਰੀਬਨ ਸਾਢੇ ਪੰਜ ਵਜੇ ਸੱਚਖੰਡ ਹਜ਼ੂਰ ਸਾਹਿਬ ਆ ਕੇ ਸਮਾਪਤ ਹੋਇਆ। ਪੁਨਾ ਸੰਤ ਬਿਸ਼ਨ ਸਿੰਘ ਜੀ ਹੋਰਾਂ ਦੀ ਤਿਆਰ ਕਰਵਾਈ ਸੁਨਹਿਰੀ ਪਾਲਕੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਰਸ-ਭਿੰਨੇ ਕੀਰਤਨ ਪਿਛੋਂ ਅਰਦਾਸਾ ਸੋਧਿਆ ਗਿਆ। ਅਰਦਾਸੇ ਤੋਂ ਮਗਰੋਂ ਸਾਹਿਬਾਂ ਦਾ ਨਿਮਨ ਲਿਖਤ ਹੁਕਮਨਾਮਾ ਆਇਆ-

ਧਨਾਸਰੀ ਮਹਲਾ ੫ ਘਰੁ ੧੨

ੴ ਸਤਿਗੁਰ ਪ੍ਰਸਾਦਿ॥

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥ ਰਹਾਉ॥
ਵਡੈ ਭਾਗਿ ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ ਹਰਿ ਸੇਵਾ॥ ੧॥
ਚਰਨ ਕਮਲ ਜਾ ਕਾ ਮਨੁ ਰਾਪੈ॥ ਸੋਗ ਅਗਨਿ ਤਿਸੁ ਜਨ ਨ ਬਿਆਪੈ॥ ੨॥
ਸਾਗਰੁ ਤਰਿਆ ਸਾਧੂ ਸੰਗੇ॥ ਨਿਰਭਉ ਨਾਮੁ ਜਪਹੁ ਹਰਿ ਰੰਗੇ॥ ੩॥
ਪਰ ਧਨ ਦੋਖ ਕਿਛੁ ਪਾਪ ਨ ਫੇੜੇ॥ ਜਮ ਜੰਦਾਰੁ ਨ ਆਵੈ ਨੇੜੇ॥ ੪॥
ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ॥ ਨਾਨਕ ਉਧਰੇ ਪ੍ਰਭ ਸਰਣਾਈ॥ ੫॥ ੧॥ ੫੫॥

(ਪੰਨਾ ੬੮੮)

ਹਜ਼ੂਰ ਸਾਹਿਬ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵਾਲੇ ਪਵਿੱਤਰ ਅਸਥਾਨ ਅੰਗੀਠਾ ਸਾਹਿਬ (ਮੰਜੀ ਸਾਹਿਬ) ਦੀ ਸੇਵਾ ਦੀ ਕਾਫੀ ਦੇਰ ਤੋਂ ਚਰਚਾ ਹੋ ਰਹੀ ਸੀ। ਚਵੀ ਘੰਟੇ ਲਗਾਤਾਰ ਹਰ

(ਬਾਕੀ ਦੇਖੋ ਪੰਨਾ ੬੨੮ 'ਤੇ)

ਆਇਆ ਹਾਂ।

ਇਸ ਤਰ੍ਹਾਂ ਦੀਆਂ ਵਿਚਾਰਾਂ ਕਰ ਰਿਹਾ ਸੀ ਪਰ ਇਤਨੇ ਨੂੰ ਉਹ ਸਹਿਆ ਬਿਮਾਨ ਪਰ ਚੜ੍ਹ ਕੇ ਸੱਚਖੰਡ

(ਪੰਨਾ ੬੨੭ ਦਾ ਬਾਕੀ)

ਵਕਤ ਜੋਤ ਦੇ ਜਗਣ ਕਰਕੇ ਉਹ ਅਸਥਾਨ ਅੰਦਰੋਂ ਕਾਲਾ ਹੋ ਚੁੱਕਾ ਸੀ। ਨਾਲੇ ਹੈਡ ਪੁਜਾਰੀ ਤੋਂ ਬਿਨਾਂ ਹੋਰ ਕੋਈ ਸੇਵਾਦਾਰ ਜਾਂ ਦਰਸ਼ਨ ਅਭਿਲਾਸ਼ੀ ਜਾ ਨਹੀਂ ਸਕਦਾ। ਇਧਰ ਸੰਤ ਬਾਬਾ ਬਿਸ਼ਨ ਸਿੰਘ ਜੀ ਹੋਰਾਂ ਦੀ ਇਹ ਉਤਸ਼ਾਹਕ ਸਵਰਨ ਦੀ ਪਾਲਕੀ ਦੀ ਸੇਵਾ ਦੇਖ ਕੇ ਉਥੋਂ ਦੇ ਪ੍ਰਬੰਧਕ ਬੋਰਡ ਨੇ ਇਹ ਸੁਭਾਗ ਸੇਵਾ ਆਪ ਜੀ ਨੂੰ ਬਖਸ਼ ਦਿੱਤੀ। ਸੋ ਆਪ ਜੀ ਨੇ ਸਵਰਨ ਦੇ ਪੱਤਰਿਆਂ ਦੀ ਸੇਵਾ ਤਕਰੀਬਨ ੯ ਅਪਰੈਲ ੧੯੬੨ ਵਿਖੇ ਆਰੰਭ ਕੀਤੀ ਉਸ ਤੇ ਜਦੋਂ ੬ ਕਿਲੋ ਸੋਨਾ ਲੱਗ ਚੁੱਕਾ ਤਾਂ। ਇਸ ਉਪਰੰਤ ਹਜੂਰ ਸਾਹਿਬ ਜੀ ਦੇ ਪ੍ਰਬੰਧਕ ਬੋਰਡ ਨੇ ਵੀ ੯ ਮਈ ੧੯੬੩ ਨੂੰ ਇਹ ਮਤਾ ਪਾਸ ਕੀਤਾ ਕਿ ਜੋ ਵੀ ਸੋਨਾ ਸਟੋਰ ਵਿਖੇ ਜਮ੍ਹਾ ਹੈ ਉਹ ਸਾਰੇ ਦਾ ਸਾਰਾ ਸੇਵਾ ਦੇ ਪੂਰਿਆਂ ਕਰਨ ਲਈ ਸੰਤ ਬਾਬਾ ਬਿਸ਼ਨ ਸਿੰਘ ਜੀ ਹੋਰਾਂ ਨੂੰ ਦਿੱਤਾ ਜਾਵੇ। ਜਿਸ ਦਾ ਕੁਲ ਵਜ਼ਨ ੬ ਹਜ਼ਾਰ ੩੦੦ ਗਰਾਮ, ੭੧੧ ਮਿਲੀ ਗਰਾਮ ਹੋਇਆ ਅਤੇ ਇਹ ਵੀ ਪਾਸ ਹੋਇਆ ਹੈ ਕਿ ਹੋਰ ਵੀ ਜਿਤਨਾਂ ਸੋਨਾ ਬੋਰਡ ਪਾਸ ਆਵੇਗਾ, ਉਹ ਸਾਰੇ ਦਾ ਸਾਰਾ ਸੇਵਾ ਖਾਤੇ ਸੰਤਾਂ ਨੂੰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਨਾਲ ਆਪ ਜੀ ਚਮਕੌਰ ਸਾਹਿਬ ਵਿਖੇ ਕਤਲ ਗੜ੍ਹ ਗੁਰਦੁਆਰੇ ਸਾਗਵਾਨ ਲੱਕੜ ਦੀਆਂ ਬ੍ਰਹੇ ਬਾਰੀਆਂ ਦੀ ਸੇਵਾ ਕਰਵਾਈ। ਸਾਹਿਬਾਂ ਦੇ ਪ੍ਰਕਾਸ਼ ਅਸਥਾਨ ਦੇ ਕਮਰੇ ਦੀ ਤੇ ਸੰਗ-ਮਰਮਰ ਦੀ ਪਾਲਕੀ ਸਾਹਿਬ ਦੀ ਸੇਵਾ ਕੀਤੀ। ਕਮਰੇ ਦੇ ਚਾਰੋਂ ਤਰਫ ਸ਼ੀਸ਼ੇ ਜੜਤ-ਕਾਰੀ ਕੀਤੇ ਗਏ ਹਨ ਤਾਂ ਕਿ ਹਰ ਪਾਸਿਓਂ ਸਾਹਿਬਾਂ ਦੇ ਦਰਸ਼ਨ ਹੋ ਸਕਣ। ਇਸ ਤੋਂ ਇਲਾਵਾ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਉਦਮ ਦਾ ਸਦਕਾ ਸੱਚਖੰਡ ਸ੍ਰੀ ਹਜੂਰ ਸਾਹਿਬ ਵਿਖੇ ਤਿੰਨ ਪਹਿਰੇ ਸ੍ਰੀ ਜਪੁਜੀ ਸਾਹਿਬ ਤੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ੪ ਅਪ੍ਰੈਲ ਸੰਨ ੧੯੫੪ ਤੋਂ ਆਰੰਭ ਹੋਇਆ, ਜੋ ਮਰਯਾਦਾ ਅਨੁਸਾਰ ਹਰ ਰੋਜ਼ ਅੱਜ ਦਿਨ ਤਕ ਹੁੰਦਾ ਚਲਾ ਆ ਰਿਹਾ ਹੈ।

ਪਾਠ ਦੀ ਸਮਾਪਤੀ ਪਿਛੋਂ ਮੁਖ ਪੁਜਾਰੀ ਜੀ ਅਰਦਾਸਾ ਸੋਧ ਕੇ ਸ੍ਰੀ ਅੰਗੀਠਾ ਸਾਹਿਬ ਨਾਮ ਕਰ ਕੇ ਪ੍ਰਸਿੱਧ ਮੰਜੀ ਸਾਹਿਬ ਜੀ ਦਾ ਦਰਵਾਜ਼ਾ ਖੋਲ੍ਹਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਲਿਆ ਕੇ ਸਿੰਘਾਸਣ ਪਰ ਪ੍ਰਕਾਸ਼ ਕਰਦੇ ਹਨ। ਇਨ੍ਹਾਂ ਸੇਵਾਵਾਂ ਦੇ ਸਦਕੇ ਸ੍ਰੀ ਮਾਨ ਸੰਤ ਬਿਸ਼ਨ ਸਿੰਘ ਜੀ ਨੂੰ ਸ੍ਰੀ ਹਜੂਰ ਸਾਹਿਬ ਜੀ ਵਲੋਂ ਸਮੇਂ-ਸਮੇਂ ਸਿਰਪਾਉ ਰੂਪ ਪੱਤ੍ਰ ਪ੍ਰਾਪਤ ਹੁੰਦੇ ਰਹੇ ਜਿਨ੍ਹਾਂ ਵਿਚ ਉਹਨਾਂ ਦੀ ਸੇਵਾ ਦੀ ਸ਼ਲਾਘਾ ਦਾ ਵਰਣਨ ਹੁੰਦਾ ਹੈ ਜਿਹਾ ਕਿ ੯-੪-੧੯੬੨ ਦੀ ਪੁੱਤਰ ਦੇ ਸ਼ਬਦ ਹਨ ਕਿ- "……ਆਪ ਨੇ ਸੱਚਖੰਡ ਸ੍ਰੀ ਹਜੂਰ ਅਬਚਲ ਨਗਰ ਸਾਹਿਬ ਕੇ ਹਰਿਮੰਦਰ ਸਾਹਿਬ ਕੇ ਅੰਦਰ ਸਿੰਘਾਸਨ ਕੀ ਜਗ੍ਹਾ ਕੀ ਸੇਵਾ ਜੋ ਆਰੰਭ ਕੀ ਹੈ, ਇਸ ਮਹਾਨ ਸੇਵਾ ਕੀ ਜਿਤਨੀ ਭੀ ਸ਼ਲਾਘਾ ਕੀ ਜਾਇ ਕਮ ਹੈ। ਗੁਰੂ ਕ੍ਰਿਪਾਲੂ ਦਿਆਲੂ ਨੇ ਏਹ ਸੇਵਾ ਕਾ ਮਾਨ ਆਪ ਜੈਸੇ ਪੂਰਨ ਸੰਤਾਂ ਕੋ ਬਖਸ਼ਾ ਹੈ। ਸੋ ਆਪ ਤੇ ਆਪ ਕੇ ਵੋਹ ਸੇਵਕ ਜੋ ਇਸ ਸੇਵਾ ਮੇਂ ਆਪ ਕਾ ਹਾਥ ਬਟਾ ਰਹੇ-ਹੈਂ, ਵੋਹ ਵੋਹ ਧੰਨ ਧੰਨ ਹੈਂ ……।"

ਤਥਾ-੬-੧੧-੧੯੬੨ ਦੀ ਪੱਤਰ ਦੇ ਸ਼ਬਦ ਹਨ ਕਿ-

"……ਦਰਬਾਰ ਸਾਹਿਬ ਦੇ ਮੰਦਰ ਸਾਹਿਬ ਵਿਚ ਜੋ ਸੇਵਾ ਆਪ ਜੀ ਦੀ ਰਾਹੀਂ ਸੰਗਤਾਂ ਵਲੋਂ ਹੋ ਰਹੀ ਹੈ, ਉਸ ਦੀਆਂ ਚਾਰ ਚੁਫੇਰੇ ਬੜੇ ਪਿਆਰ ਨਾਲ ਸ਼ਲਾਘਾ ਹੋ ਰਹੀਆਂ ਹਨ ਤੇ ਦੂਰ-ਦੂਰ ਤੋਂ ਅਭਿਲਾਸ਼ੀ ਆ ਕੇ ਦਰਸ਼ਨ ਕਰਕੇ ਗਦ-ਗਦ ਖੁਸ਼ੀਆਂ ਮਾਣ ਰਹੇ ਹਨ ……।"

ਤਥਾ-੨੩-੨-੧੯੬੩ ਦੀ ਪੱਤਰ ਦੇ ਸ਼ਬਦ ਹਨ ਕਿ--

"……ਆਪ ਜੀ ਦੀ ਅਤੀ ਕਿਰਪਾ ਨਾਲ ਤਖਤ ਸਚਖੰਡ ਸ੍ਰੀ ਹਜੂਰ ਅਬਚਲ ਨਗਰ ਸਾਹਿਬ ਦੇ ਸਿੰਘਾਸਣ ਅਸਥਾਨ ਤੇ ਸੋਨੇ ਦੇ ਪਾਲਸ਼ ਕੀਤੇ ਹੋਏ ਅਤੀ ਸੁੰਦਰ ਪੱਤਰੇ ੨੦ ਨਗ ਤੇ ੨ ਫੁੱਲਾਂ ਵਾਲੇ ਨਗ ਪੁੱਜ ਗਏ ਹਨ, ਜੋ ਸ਼ੋਭਾ ਵਧਾ ਰਹੇ ਹਨ। ਆਪ ਜੀ ਦੀ ਤੇ ਆਪ ਜੀ ਦੇ ਸੇਵਕਾਂ ਦੀ ਇਹ ਮਹਾਨ ਸੇਵਾਵਾਂ ਤਵਾਰੀਖ ਵਿਚ ਸੁਨੈਹਰੀ ਅੱਖਰਾਂ ਨਾਲ ਲਿਖੀ ਜਾਏਗੀ। ਸੰਗਤ ਵੀ ਅਤੀ ਧੰਨਵਾਦੀ ਹੈ। ਆਸ ਹੈ ਕਿ ਇਸ ਸੇਵਾ ਨੂੰ ਸਿਰੇ ਚਾੜ੍ਹ ਦਿਓਗੇ ……।"

ਇਤਿਆਦਿ ਸਿਰੋਪਾਉ ਪ੍ਰਾਪਤੀ ਪ੍ਰਯੰਤ ਭੀ ਸ੍ਰੀ ਸੰਤ ਜੀ ਨਿਰਮਾਣਤਾ ਸਹਿਤ ਗੁਰੂ-ਘਰ ਦੀ ਸੇਵਾ ਵਿਖੇ ਦਿਨੇ ਰਾਤ ਤਤਪਰ ਰਹੇ। ਸਾਹਿਬਾਂ ਦੀ ਅਪਾਰ ਬਖਸ਼ਸ਼ ਦਾ ਸਦਕਾ ਜਿਥੇ ਆਪ ਇਤਨੀਆਂ ਸੇਵਾ ਕਰਾਉਂਦੇ ਉਥੇ ਨਾਮ ਗੁਰਬਾਣੀ ਦੇ ਵੀ ਰਸੀਏ ਸਨ। ਸੁਖਮਨੀ ਸਾਹਿਬ ਜੀ ਦਾ ਪਾਠ ਰੋਜ਼ਾਨਾ ਨਿਤ ਨਿਯਮ ਅਨੁਸਾਰ ਬੜੇ ਪ੍ਰੇਮ ਉਤਸ਼ਾਹ ਨਾਲ ਆਪ ਕਰਦੇ ਤੇ ਸੁਣਦੇ ਰਹਿੰਦੇ ਸਨ।

ਵਿਚ ਚਲਾ ਗਿਆ।

ਇਸ ਕੌਤਕ ਨੂੰ ਦੇਖ ਕੇ ਉਹ ਕਰਮ ਕਾਂਡੀ ਬੜਾ ਅਸਚਰਜ ਹੋਇਆ ਤੇ ਗੁਰੂ ਜੀ ਦੇ ਚਰਨਾਂ ਪਰ ਨਮਸਕਾਰ ਕਰ ਕੇ ਪੁਛਦਾ ਹੈ ਦੀਨ ਦਯਾਲ ਜੀ! ਇਹ ਕੌਣ ਹੈ ਜੋ ਜਨਮ ਮਰਨ ਦੇ ਬੰਧਨਾਂ ਨੂੰ ਕੱਟ ਕੇ ਮੁਕਤ ਹੋਇਆ ਹੈ? ਉਸ ਵੇਲੇ ਹਜ਼ੂਰ ਨੇ ਸਾਰਾ ਪ੍ਰਸੰਗ ਮੂਲ ਚੰਦ ਦਾ ਸੁਣਾ ਕੇ ਦੱਸਿਆ।

ਦੂਜਾ ਅਰਥ-

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥

ਕਿਰਾੜਾ= ਕਰੜੇ ਮਨ ਵਾਲਿਆਂ ਨਾਲ ਦੋਸਤੀ ਕਰਨੀ ਚੰਗੀ ਨਹੀਂ, ਝੂਠਿਆਂ ਪੁਰਸ਼ਾਂ ਦੀ ਝੂਠੀ ਹੀ ਪਾਇ= ਪਤ ਹੁੰਦੀ ਹੈ।

ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ੨੧॥

ਮੂਲਿਆ= ਕਦਾਚਿਤ ਜੀਵਤ ਭਾਵ 'ਚੋਂ ਮਰਨਾ ਨ ਜਾਪੈ= ਨਾ ਜਾਣਿਆਂ ਇਸ ਕਰ ਕੇ ਜੀਵ ਨੂੰ ਪਤਾ ਨਹੀਂ ਹੈ ਮਰ ਕੇ ਮੈਂ ਪਹਿਲੇ ਕਿਸ ਥਾਂ 'ਤੇ ਆਉਣਾ ਹੈ ਨਰਕਾਂ ਵਿਖੇ ਆਉਣਾ ਹੈ ਜਾਂ ਜੂਨੀਆਂ ਵਿਖੇ॥ ੨੧॥

ਗਿਆਨ ਹੀਣੰ ਅਗਿਆਨ ਪੂਜਾ॥

ਸੰਸਾਰੀ ਜੀਵ ਸਰੂਪ ਗਿਆਨ ਤੋਂ ਹੀਣੰ= ਰਹਿਤ ਹਨ ਅਤੇ ਪਖੰਡੀ ਅਗਿਆਨੀਆਂ ਦੀ ਪੂਜਾ ਕਰਦੇ ਹਨ। ਵਾ-ਇਹ ਅਗਿਆਨੀ ਜੀਵ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ। ਵਾ-ਆਪਣੀ ਪੂਜਾ ਕਰਾਉਣ ਵਿਚ ਲੱਗ ਰਹੇ ਹਨ।

ਅੰਧ ਵਰਤਾਵਾ ਭਾਉ ਦੂਜਾ॥ ੨੨॥

ਇਨ੍ਹਾਂ ਜੀਵਾਂ ਦਾ ਸਾਰਾ ਵਰਤਾਵਾ ਅੰਨ੍ਹਾਂ ਹੈ ਅਤੇ ਦ੍ਵੈਤ ਭਾਵ ਵਿਚ ਲੱਗ ਰਹੇ ਹਨ। *ਅਥਵਾ*-ਹਿਰਦੇ ਅੰਦਰ ਦ੍ਵੈਤ ਭਾਵ ਦੇ ਹੋਣ ਕਰ ਕੇ ਅੰਧ-ਤਾਈਆਂ ਵਿਚ ਵਰਤ ਰਹੇ ਹਨ॥ ੨੨॥

ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ॥

ਪੂਰਨ ਗੁਰਾਂ ਤੋਂ ਬਿਨਾਂ ਬ੍ਰਹਮ ਗਿਆਨ ਪ੍ਰਾਪਤ ਨਹੀਂ ਹੁੰਦਾ ਅਤੇ ਸ੍ਵੈ-ਧਰਮ ਧਾਰੇ ਤੋਂ ਬਿਨਾਂ ਅਸਲੀ ਇਕਾਗਰਤਾ ਵਾਲਾ ਧਿਆਨ ਪ੍ਰਾਪਤ ਨਹੀਂ ਹੁੰਦਾ।

ਸਚ ਬਿਨੁ ਸਾਖੀ ਮੂਲੋ ਨ ਬਾਕੀ॥ ੨੩॥

ਸੱਚ ਤੋਂ ਬਿਨਾਂ ਝੂਠੀਆਂ ਸਾਖੀਆਂ ਪੜ੍ਹਦਾ ਹੈ।

ਵਾ-ਝੂਠੀਆਂ ਸਾਖੀ= ਉਗਾਹੀਆਂ ਦੇਂਦਾ ਹੈ ਇਸ ਕਰ ਕੇ ਮੂਲ ਰੂਪ ਸਵਾਸ ਭਾਵ ਸਵਾਸਾਂ ਰੂਪ ਮੂਲੋ= ਪੂੰਜੀ ਨਹੀਂ ਰਹਿੰਦੀ ਅਰਥਾਤ ਸਵਾਸ ਨਿਸਫਲ ਚਲੇ ਜਾਂਦੇ ਹਨ ਤੇ ਪਾਪਾਂ ਦੀ ਬਾਕੀ ਵਧਦੀ ਹੈ।

ਅਥਵਾ-ਪੂਰਨ ਗੁਰੂ ਨਾਲ ਮਿਲੇ ਬਿਨਾਂ ਇਹ ਜੀਵ ਚੁੰਚ ਗਿਆਨ, ਬੱਧ ਗਿਆਨ ਨੂੰ ਕਥਨ ਕਰਦਾ ਹੈ ਅਤੇ ਸ੍ਵੈ-ਧਰਮ ਧਾਰੇ ਬਿਨਾਂ ਬਗਲੇ ਵਾਂਗੂੰ ਧਿਆਨ ਲਗਾਉਂਦਾ ਹੈ।

ਸਚ ਨਾਮ ਤੋਂ ਬਿਨਾਂ ਸਾਖੀ= ਪ੍ਰੇਰਕ ਬ੍ਰਹਮ ਦੀ ਪ੍ਰਾਪਤੀ ਨਹੀਂ ਹੈ। ਜਿਵੇਂ (ਮੂਲ) ਬਚੇ ਤੋਂ ਖਿਨਾਂ ਬਾਕੀ

ਨਹੀਂ ਨਿਕਲਦੀ ਤਿਵੇਂ ਸ਼ੁਭ-ਗੁਣਾਂ ਵਾ ਪੁੰਨਾਂ ਰੂਪੀ ਮੂਲ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਰੂਪ ਬਾਕੀ ਨਹੀਂ ਨਿਕਲਦੀ॥ ੨੩॥

ਮਾਣੂ ਘਲੈ ਉਠੀ ਚਲੈ॥

ਇਹ ਮਾਣੂ= ਮਨੁੱਖ ਪ੍ਰਮਾਤਮਾ ਦੇ ਘਲੈ= ਭੇਜੇ ਹੋਏ ਸੰਸਾਰ ਮਾਤਲੋਕ ਵਿਚ ਆਉਂਦੇ ਹਨ ਤੇ ਉਸ ਦੇ ਸੱਦੇ ਹੋਏ ਉਠ ਕੇ ਪ੍ਰਲੋਕ ਵਿਚ ਚਲੇ ਜਾਂਦੇ ਹਨ।

ਯਥਾ- ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ *(ਪੰਨਾ ੧੨੩੯)*

ਸਾਦੁ ਨਾਹੀ ਇਵੇਹੀ ਗਲੈ॥ ੨੪॥

ਇਵੇਹੀ= ਐਵੇਂ ਵਿਅਰਥ ਗੱਲਾਂ ਦੇ ਕਰਨ ਨਾਲ ਪ੍ਰਭੂ ਦਾ ਸਾਦੁ= ਆਨੰਦ ਨਹੀਂ ਆਉਂਦਾ।

*ਅਥਵਾ-*ਜੇ ਕੋਈ ਕਹੇ ਗੁਰੂ ਬਿਨਾਂ ਗਿਆਨ ਹੋ ਸਕਦਾ ਹੈ। ਧਰਮ ਧਾਰੇ ਬਿਨਾਂ ਧਿਆਨ ਲੱਗ ਸਕਦਾ ਹੈ। ਸਚ ਨਾਮ ਚਿੰਤਨ ਕੀਤੇ ਬਿਨਾਂ ਸਾਖੀ= ਬ੍ਰਹਮ ਦੀ ਪ੍ਰਾਪਤੀ ਹੋ ਸਕਦੀ ਹੈ। ਮੂਲ ਤਾਂ ਹੈ ਨਹੀਂ ਤੇ ਬਾਕੀ ਨਿਕਲ ਸਕਦੀ ਹੈ। ਇਵੇਹੀ= ਇਸ ਤਰ੍ਹਾਂ ਦੀਆਂ ਝੂਠੀਆਂ ਗੱਲਾਂ ਕਰਨ ਨਾਲ ਪ੍ਰਭੂ ਦਾ ਸਵਾਦ ਨਹੀਂ ਆਉਂਦਾ॥ ੨੪॥

ਅੱਗੋਂ ਕਰਮਾਂ ਦੀ ਗਤੀ ਪ੍ਰਬਲ ਕਥਨ ਕਰਦੇ ਹਨ-

ਪ੍ਰਾਰਬਧ ਕਰਮਾਂ ਦੀ ਗਤੀ ਨੂੰ ਚਾਹੇ ਅਵਤਾਰ ਹੈ ਚਾਹੇ ਕੋਈ ਬ੍ਰਹਮ ਗਿਆਨੀ ਹੈ ਉਸ ਨੂੰ ਭੋਗੇ ਬਿਨਾਂ ਕੋਈ ਮੇਟ ਨਹੀਂ ਸਕਦਾ।

ਭਗਤ ਤ੍ਰਿਲੋਚਨ ਜੀ ਆਪਣੀ ਘਰ ਵਾਲੀ ਨੂੰ ਸਮਝਾਉਂਦੇ ਹਨ-

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥ *(ਪੰਨਾ ੬੯੫)*

ਤਥਾ- ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ *(ਪੰਨਾ ੯੩੭)*

ਤਥਾ- ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ॥
ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ॥ ੨॥

(ਆਸਾ ਮਹਲਾ੧, ਪੰਨਾ ੩੫੯)

ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥

ਯਦਪਿ ਸ੍ਰੀ ਰਾਮ ਚੰਦ੍ਰ ਜੀ ਦੇ ਅੰਦਰ ਬਲ ਅਧਿਕਾਰ= ਅਧਿਕ ਹੈਸੀ ਚੂੰਕਿ ਤ੍ਰਿਲੋਕੀ ਦੇ ਮਾਲਕ ਸਨ ਪਰੰਤੂ ਫਿਰ ਵੀ ਬਾਂਦਰਾਂ ਦੀ ਦਲ= ਸੈਨਾ ਨੂੰ ਮੇਲਵੈ= ਇਕੱਤਰ ਕਰਕੇ ਰਾਮ ਚੰਦ੍ਰ ਜੀ ਝੁਰਦੇ ਹੋਏ ਕਿਉਂਕਿ ਨਾਰਦ ਮੁਨੀ ਨੇ ਸਰਾਪ ਦਿੱਤਾ ਹੋਇਆ ਸੀ ਕਿ ਜਿਸ ਸਰਬੱਗਤਾ ਦਾ ਤੂੰ ਮਾਣ ਕੀਤਾ ਹੈ ਇਹ ਸਰਬੱਗਤਾ ਤੇਰੀ ਨਾਸ ਹੋ ਜਾਏਗੀ ਤੂੰ ਭੀ ਇਸਤ੍ਰੀ ਪਿਛੇ ਭਟਕਦਾ ਫਿਰੇਂਗਾ।

*ਅਥਵਾ-*ਇਕ ਸਮੇਂ ਵਿਸ਼ਨੂੰ ਭਗਵਾਨ ਜੀ ਬ੍ਰਹਮ ਪੁਰੀ ਵਿਖੇ ਆਏ, ਅੱਗੋਂ ਬ੍ਰਹਮਾ ਨੇ ਸਾਰੀ ਸਭਾ ਸਮੇਤ ਉੱਠ ਕੇ ਸਨਮਾਨ ਕੀਤਾ। ਸਨਤ ਕੁਮਾਰ ਭੀ ਉਥੇ ਬੈਠੇ ਸਨ ਜੋ ਸਦਾ ਅਕਾਮੀ ਸਨ ਉਹਨਾਂ ਨੇ ਉੱਠ ਕੇ ਸਨਮਾਨ ਨਾ ਕੀਤਾ।

ਉਸ ਵੇਲੇ ਵਿਸ਼ਨੂੰ ਭਗਵਾਨ ਨੇ ਕਿਹਾ— ਹੇ ਸਨਤ ਕੁਮਾਰ! ਤੈਨੂੰ ਨਿਹਕਾਮ ਦਾ ਹੰਕਾਰ ਹੈ ਜਾਹ ਤੂੰ ਕਾਮ ਕਰ ਕੇ ਆਤੁਰ ਹੋਵੇਂਗਾ।

ਜਦ ਵਿਸ਼ਨੂੰ ਭਗਵਾਨ ਨੇ ਐਸੇ ਬਚਨ ਕਹੇ ਤਿਸ ਵੇਲੇ ਸਨਤ ਕੁਮਾਰ ਨੇ ਕਿਹਾ— ਹੇ ਵਿਸ਼ਨੂੰ! ਜਿਸ ਸਰਬੱਗਤਾ ਦਾ ਤੈਨੂੰ ਹੰਕਾਰ ਹੈ ਇਕ ਸਮਾਂ ਤੇਰੇ ਪਰ ਵੀ ਐਸਾ ਆਵੇਗਾ ਕਿ ਤੂੰ ਅਗਿਆਨੀ ਹੋ ਕੇ ਸੰਸਾਰ ਵਿਖੇ ਵਿਚਰੇਂਗਾ ਤੇ ਰੋਵੇਂਗਾ।

(ਇਹ ਕਥਾ ਵਸ਼ਿਸ਼ਟ ਪੁਰਾਨ ਵਿਚ ਸ਼ੁਰੂ-ਸ਼ੁਰੂ ਵਿਚ ਹੈ ੩ ਪੰਨੇ ਪਰ ਦੇਖੋ)

ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥

ਭਾਵੇਂ ਮਨ ਤਨ ਵਿਚ ਜੁਝ= ਯੁਧ ਕਰਨ ਦਾ ਬਿਅੰਤ ਸ਼ੌਕ ਹੈ ਸੀ, ਪਰੰਤੂ ਸ੍ਰੀ ਰਾਮ ਚੰਦ੍ਰ ਜੀ ਨਾਰਦ ਮੁਨੀ ਦੇ ਸਰਾਪ ਹੋਣ ਕਰਕੇ ਬਾਂਦਰਾਂ ਦੀ ਸੈਨਾ ਕਰ ਕੇ ਸੇਵਨੇ ਜੋਗ ਹੋਏ। ਮਨੁੱਖਾਂ ਕਰ ਕੇ ਸੇਵਨ ਜੋਗ ਨ ਹੋਏ, ਕਿਉਂਕਿ ਨਾਰਦ ਮੁਨੀ ਨੇ ਕਿਹਾ ਸੀ ਜਿਵੇਂ ਤੂੰ ਮੈਨੂੰ ਬਾਂਦਰ ਦਾ ਮੂੰਹ ਦਿੱਤਾ ਹੈ ਤਿਵੇਂ ਤੂੰ ਭੀ ਬਾਂਦਰਾਂ ਕਰਕੇ ਹੀ ਸੇਵਨੇ ਜੋਗ ਹੋਵੇਂਗਾ ਬਾਂਦਰ ਹੀ ਤੇਰੀ ਸਹਾਇਤਾ ਕਰਨਗੇ। ਹੋਰ ਕੋਈ ਮਨੁੱਖ ਤੇਰੀ ਸਹਾਇਤਾ ਨਹੀਂ ਕਰੇਗਾ।

ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥

ਨਾਰਦ ਮੁਨੀ ਦੇ ਸਰਾਪ ਕਰਕੇ ਸੀਤਾ ਨੂੰ ਦਹਸਿਰੋ= ਰਾਵਣ ਚੁੱਕ ਕੇ ਲੈ ਗਿਆ ਤੇ ਲਛਮਣ ਰਾਵਣ ਦੀ ਬਰਛੀ ਕਰ ਕੇ ਮਰ ਗਿਆ। ਭਾਵ ਬੇਹੋਸ਼ ਹੋ ਗਿਆ।

ਸਾਖੀ-ਬ੍ਰਹਮਾ ਤੇ ਰਾਵਣ ਦੀ

ਬ੍ਰਹਮਾ ਪਾਸੋਂ ਰਾਵਣ ਨੂੰ ਇਕ ਬਰਛੀ ਮਿਲੀ ਹੋਈ ਸੀ, ਉਹ ਬਰਛੀ ਜਿਸ ਵੇਲੇ ਰਾਵਣ ਨੇ ਮਾਰੀ ਤਾਂ ਉਹ ਬਰਛੀ ਹਨੂੰਮਾਨ ਨੇ ਬੋਚ ਕੇ ਸਮੁੰਦਰ ਵਿਚ ਸੁੱਟ ਦਿੱਤੀ। ਰਾਵਣ ਫਿਰ ਬੜੇ ਗੁੱਸੇ ਵਿਚ ਬ੍ਰਹਮਾ ਪਾਸ ਗਿਆ ਤੇ ਆਖਿਆ—"ਦਾਦਾ! ਕੀ ਗੱਲ ਹੈ ਤੇਰਾ ਬਚਨ ਨਿਸਫਲ ਚਲਾ ਗਿਆ ਹੈ, ਤੂੰ ਮੇਰੇ ਨਾਲ ਛਲ ਕੀਤਾ ਹੈ। ਮੇਰੇ ਜੀਅ ਵਿਚ ਆਉਂਦਾ ਹੈ ਕਿ ਮੈਂ ਤੈਨੂੰ ਮਾਰ ਸੁੱਟਾਂ ਬਰਛੀ ਲਛਮਣ ਨੂੰ ਵੱਜੀ ਨਹੀਂ।

ਉਸ ਵੇਲੇ ਬ੍ਰਹਮਾ ਨੇ ਡਰ ਕਰ ਕੇ ਹੋਰ ਬਰਛੀ ਦੇ ਕੇ ਆਖਿਆ ਕੋਈ ਸੰਸਾ ਨਾ ਕਰ ਕਿ ਜਦ ਹੁਣ ਜਾ ਕੇ ਮਾਰੇਂਗਾ ਤਾਂ ਉਸ ਨੂੰ ਜ਼ਰੂਰ ਬਰਛੀ ਵਜੇਗੀ ਤੇ ਲਛਮਣ ਮਰ ਜਾਵੇਗਾ।

ਇਸ ਤਰਫੋਂ ਬਰਛੀ ਦੇ ਕੇ ਰਾਵਣ ਨੂੰ ਭੇਜ ਦਿੱਤਾ ਉਸ ਤਰਫੋਂ ਨਾਰਦ ਨੂੰ ਭੇਜ ਕੇ ਹਨੂੰਮਾਨ ਨੂੰ ਹੋਰਨਾਂ ਗੱਲਾਂ ਵਿਚ ਲਗਾ ਦਿੱਤਾ। ਨਾਰਦ ਮੁਨੀ ਹਨੂੰਮਾਨ ਨਾਲ ਗੱਲਾਂ ਹੀ ਕਰ ਰਿਹਾ ਸੀ ਇਸ ਤਰਫੋਂ ਰਾਵਣ ਨੇ ਬਰਛੀ ਮਾਰ ਕੇ ਲਛਮਣ ਨੂੰ ਮੂਰਛਾ ਕਰ ਦਿੱਤਾ। ਇਸ ਵਜ੍ਹਾ ਨਾਲ ਬ੍ਰਹਮਾ ਦੇ ਸਰਾਪ ਕਰ ਕੇ ਲਛਮਣ ਮੂਆ ਪਰ ਮਗਰੋਂ ਜਿਸ ਵੇਲੇ ਹਨੂੰਮਾਨ ਨੇ ਸੰਜੀਵਣੀ ਬੂਟੀ ਲਿਆ ਕੇ ਦਿੱਤੀ ਤਾਂ ਉਸ ਦੀ ਮੂਰਛਾ ਹਟ ਗਈ।

ਦੂਜਾ ਭਾਵ-

ਲਛਮਣੁ ਮੂਓ ਸਰਾਪਿ॥

ਸ੍ਰੀ ਰਾਮ ਚੰਦ੍ਰ ਜੀ ਦੇ ਸਰਾਪ ਕਰ ਕੇ ਲਛਮਣ ਮਰ ਗਿਆ। ਜਿਸ ਵੇਲੇ ਰਾਵਣ ਦਾ ਭੇਜਿਆ ਹੋਇਆ ਮਰੀਚ ਸੋਨੇ ਦਾ ਹਰਨ ਬਣ ਕੇ ਕੁਟੀਆ ਅੱਗੋਂ ਲੰਘਿਆ ਤੇ ਸੀਤਾ ਦੀ ਦ੍ਰਿਸ਼ਟੀ ਪਈ, ਸੀਤਾ ਨੇ ਵੇਖ ਕੇ ਕਿਹਾ ਸੁਆਮੀ ਜੀ! ਉਹ ਸੋਨੇ ਦਾ ਹਰਨ ਲੰਘਿਆ ਜਾ ਰਿਹਾ ਹੈ ਉਹ ਮੈਨੂੰ ਲਿਆ ਕੇ ਵਿਖਾਓ।

www.sikhbookclub.com

ਰਾਮ ਜੀ ਨੇ ਕਿਹਾ—"ਸੁਭੱਦਰੇ! ਕਦੇ ਸੋਨੇ ਦਾ ਭੀ ਹਰਨ ਹੋਇਆ ਹੈ? ਇਹ ਰਾਖਸ਼ ਦਾ ਛਲ ਹੈ ਤੂੰ ਇਸ ਦੇ ਖਿਆਲ ਨੂੰ ਛੱਡ ਦੇਹ।" ਪਰ ਇਸਤਰੀਆਂ ਦਾ ਹਠ ਬੜਾ ਪ੍ਰਬਲ ਹੁੰਦਾ ਹੈ। ਇਸ ਨੇ ਆਪਣੇ ਸੁਭਾਵ ਦੀ ਮਜਬੂਰੀ ਨਾਲ ਹਠ ਨਾ ਛਡਿਆ ਆਖਿਆ ਇਹ ਸੋਨੇ ਦਾ ਹਰਨ ਜ਼ਰੂਰ ਲੈਣਾ ਹੈ।

ਉਸ ਵੇਲੇ ਸੀਤਾ ਦੇ ਕਹਿਣ ਤੇ ਸ੍ਰੀ ਰਾਮ ਚੰਦ੍ਰ ਜੀ ਜਾਣ ਨੂੰ ਤਿਆਰ ਹੋ ਗਏ। ਜਾਣ ਲੱਗਿਆਂ ਲਛਮਣ ਨੂੰ ਸਮਝਾਇਆ ਕਿ ਜਦ ਤਕ ਅਸੀਂ ਨਾ ਆਵੀਏ ਤਦ ਤਕ ਤੂੰ ਸੀਤਾ ਨੂੰ ਇਕੱਲਿਆਂ ਛੱਡ ਕੇ ਕਿਸੇ ਪਾਸੇ ਨਹੀਂ ਜਾਣਾ। ਲਛਮਣ ਨੇ ਕਿਹਾ— "ਸਤਿ ਬਚਨ ਜੀ!"

ਰਾਮ ਜੀ ਤਾਂ ਹਰਨ ਦੇ ਮਗਰ ਚਲੇ ਗਏ ਤੇ ਕਾਫੀ ਸਮਾਂ ਲੱਗ ਗਿਆ। ਸੀਤਾ ਘਬਰਾ ਗਈ ਕਿ ਕੀ ਕਾਰਨ ਹੈ ਹੁਣ ਤਕ ਰਾਮ ਜੀ ਆਏ ਨਹੀਂ। ਉਸ ਵੇਲੇ ਲਛਮਣ ਨੂੰ ਕਿਹਾ ਕਿ ਤੂੰ ਜਾ ਕੇ ਖਬਰ ਲਿਆ। ਲਛਮਣ ਨੇ ਕਿਹਾ— "ਮੈਨੂੰ ਇਥੇ ਖੜੇ ਰਹਿਣ ਦਾ ਹੁਕਮ ਹੈ, ਮੈਂ ਨਹੀਂ ਜਾਣਾ।"

ਕੁਝ ਸਮੇਂ ਮਗਰੋਂ ਫੇਰ ਕਿਹਾ, ਫੇਰ ਕਿਹਾ, ਫੇਰ ਕਿਹਾ, ਜਦ ਸੀਤਾ ਨੇ ਕੁਬਚਨ ਬੋਲੇ ਤਾਂ ਉਸ ਵੇਲੇ ਲਛਮਣ ਨੇ ਆਪਣੇ ਜਤ ਸਤ ਦੇ ਬਲ ਕਰ ਕੇ ਇਕ ਲਕੀਰ ਖਿੱਚ ਕੇ ਕਿਹਾ—ਹੇ ਮਾਤਾ! ਜਾਣਾ ਤੁਾਂ ਨਹੀਂ ਸੀ ਪਰ ਤੇਰੇ ਮਜ਼ਬੂਰ ਕਰਨ 'ਤੇ ਜਾ ਰਿਹਾ ਹਾਂ ਪਰ ਤੂੰ ਇਸ ਲਕੀਰ ਤੋਂ ਬਾਹਰ ਨਾ ਆਵੀਂ। ਜੇ ਇਸ ਦੇ ਅੰਦਰ ਕੋਈ ਆਏਗਾ ਤਾਂ ਉਹ ਭਸਮ ਹੋ ਜਾਏਗਾ।

ਇਤਨੀ ਗੱਲ ਆਖ ਕੇ ਲਛਮਣ ਚਲਾ ਗਿਆ ਤੇ ਰਾਮ ਜੀ ਨੂੰ ਜਾ ਮਿਲਿਆ ਅੱਗੋਂ ਰਾਮ ਜੀ ਨੇ ਗੁੱਸੇ ਵਿਚ ਆ ਕਿਹਾ ਹੇ ਲਛਮਣ! ਤੂੰ ਮੁਇਓਂ ਹੀ ਨਾ, ਜੋ ਸੀਤਾ ਨੂੰ ਇਕੱਲਾ ਛੱਡ ਕੇ ਆ ਗਿਆ ਹੈਂ, ਬਸ ਇਤਨੇ ਸਰਾਪ ਕਰ ਕੇ ਲਛਮਣ ਮੂਰਛਤ ਹੋ ਗਿਆ ਇਸ ਵਜ੍ਹਾ ਨਾਲ *'ਲਛਮਣੁ ਮੂਓ ਸਰਾਪਿ'।*

ਤੀਜਾ ਭਾਵ-

ਜਿਸ ਵੇਲੇ ਸ੍ਰੀ ਰਾਮਚੰਦ੍ਰ ਜੀ ਦਾ ਅੰਤ ਸਮਾਂ ਨਜ਼ਦੀਕ ਆਇਆ ਤਾਂ ਲਛਮਣ ਨੂੰ ਬਾਹਰ ਪਹਿਰੇਦਾਰ ਖੜਾ ਕੀਤਾ ਸੀ ਕਿ ਅੰਦਰ ਕੋਈ ਭੀ ਨਾ ਆਵੇ ਜੋ ਆਵੇਗਾ ਉਸ ਦਾ ਸਿਰ ਕੱਟ ਦਿਆਂਗੇ ਪਰ ਵਿਸ਼ਵਾਮਿੱਤਰ ਜੀ ਆ ਗਏ ਅਤੇ ਕਹਿਣ ਲੱਗੇ ਅਸੀਂ ਸ੍ਰੀ ਰਾਮਚੰਦ੍ਰ ਜੀ ਨੂੰ ਜ਼ਰੂਰ ਮਿਲਣਾ ਹੈ। ਲਛਮਣ ਨੇ ਕਿਹਾ— "ਅੰਦਰ ਜਾਣ ਦੀ ਆਗਿਆ ਨਹੀਂ ਹੈ।" ਵਿਸ਼ਵਾਮਿੱਤਰ ਕਹੇ ਮੈਂ ਜ਼ਰੂਰ ਜਾਣਾ ਹੈ। ਰਿਸ਼ੀ ਨੇ ਗੁੱਸੇ ਵਿਚ ਅੱਖਾਂ ਲਾਲ ਕਰ ਕੇ ਕਿਹਾ— "ਤੂੰ ਮੇਰਾ ਪਤਾ ਅੰਦਰ ਜਾ ਕੇ ਦੇਹ।" ਆਖਿਰਕਾਰ ਲਛਮਣ ਨੇ ਕਿਹਾ—ਆਪ ਏਥੇ ਖੜੇ ਰਹੋ ਮੈਂ ਪਹਿਲੇ ਜਾ ਕੇ ਪੁਛ ਆਵਾਂ।"

ਜਦ ਲਛਮਣ ਅੰਦਰ ਪੁੱਛਣ ਲਈ ਆਇਆ ਤਦ ਸ੍ਰੀ ਰਾਮ੍ ਚੰਦਰ ਜੀ ਕਾਲ ਨਾਲ ਗੱਲਾਂ ਕਰ ਰਹੇ ਸਨ ਇਸ ਨੂੰ ਕੁਝ ਕਿਹਾ ਨਹੀਂ ਪਰ ਇਸ ਨੂੰ ਮੂੰਹੋਂ ਲਾਹ ਦਿੱਤਾ ਭਾਵ ਇਸ ਨਾਲ ਮੁੜ ਕੇ ਬੋਲੇ ਨਹੀਂ ਅਤੇ ਵਿਸ਼ਵਾਮਿੱਤਰ ਜੀ ਨਾਲ ਗੱਲਾਂ ਕਰਦੇ ਰਹੇ। ਸ੍ਰੀ ਰਾਮਚੰਦ੍ਰ ਜੀ ਨੇ ਜੋ ਕਿਹਾ ਸੀ ਕਿ ਜੋ ਅੰਦਰ ਆਏਗਾ ਉਸ ਦਾ ਸਿਰ ਕੱਟ ਦਿਆਂਗੇ, ਉਹਨਾਂ ਦੇ ਉਸ ਪੂਰਿਆਂ ਕਰਨ ਵਾਸਤੇ ਲਛਮਣ ਨੇ ਪਹਾੜੀ ਤੇ ਜਾ ਕੇ ਸਰੀਰ ਤਿਆਗ ਦਿੱਤਾ ਕਿਉਂਕਿ ਲਛਮਣ ਹੀ ਪਹਿਲੇ ਅੰਦਰ ਗਿਆ ਸੀ।

(ਇਹ ਪ੍ਰਸੰਗ ਪ੍ਰਿਥੀ ਚੰਦ ਦੇ ਪੁੱਤਰ ਮੇਹਰਵਾਨ ਨੇ ਬ੍ਰਿਧ ਰਮੈਣ ਵਿਚ ਲਿਖਿਆ ਹੈ)

ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ॥ ੨੫॥

ਗੁਰੂ ਜੀ ਕਥਨ ਕਰਦੇ ਹਨ-ਉਹ ਕਰਤਾ ਪੁਰਖ ਪ੍ਰਮਾਤਮਾ ਹੀ ਸਭ ਕਾਰਣਾਂ ਦੇ ਕਰਨ ਵਾਲਾ ਹੈ, ਆਪ

ਹੀ ਉਹ ਸੰਸਾਰ ਦੀ ਉਤਪਤੀ ਕਰਦਾ ਹੈ ਆਪ ਹੀ ਵੇਖੈ= ਪਾਲਣਾ ਕਰਦਾ ਹੈ, ਆਪ ਹੀ ਉਥਾਪਿ= ਲੈਤਾ ਕਰਦਾ ਹੈ।

ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ ॥

ਸੀਤਾ ਅਤੇ ਲਛਮਣ ਦੇ ਜੋਗੁ= ਵਾਸਤੇ ਸ੍ਰੀ ਰਾਮ ਚੰਦ੍ ਜੀ ਮਨ ਵਿਚ ਝੁਰਦੇ ਹੋਏ।

*ਅਥਵਾ-*ਲਛਮਣ ਅਤੇ ਸੀਤਾ ਦੇ ਜੋਗੁ= ਵਿਜੋਗ ਕਰ ਕੇ ਰਾਮਚੰਦ੍ ਜੀ ਮਨ ਵਿਖੇ ਝੁਰਦੇ ਹੋਏ।

ਇਕ ਸਮੇਂ ਭ੍ਰਿਗੂ ਰਿਖੀ ਦੀ ਇਸਤ੍ਰੀ ਕਿਧਰੇ ਚਲੀ ਗਈ ਉਸ ਦੇ ਵਿਜੋਗ ਕਰਕੇ ਬ੍ਰਾਹਮਣ ਜੋ ਭ੍ਰਿਗੂ ਰਿਖੀ ਸੀ ਉਹ ਦੁਖੀ ਹੋ ਰਿਹਾ ਸੀ, ਉਸ ਨੂੰ ਦੇਖ ਕੇ ਵਿਸ਼ਨੂੰ ਭਗਵਾਨ ਨੇ ਹਾਸੀ ਕੀਤੀ, ਵਿਸ਼ਨੂੰ ਨੂੰ ਹਸਦਿਆਂ ਵੇਖ ਕੇ ਭ੍ਰਿਗੂ ਨੇ ਸਰਾਪ ਦੇ ਦਿੱਤਾ ਕਿ ਤੂੰ ਮੈਨੂੰ ਹਾਸੀ ਕੀਤੀ ਹੈ ਮੇਰੀ ਨਿਆਈਂ ਤੂੰ ਭੀ ਇਸਤ੍ਰੀ ਦੇ ਵਿਜੋਗ ਕਰ ਕੇ ਆਤੁਰ ਹੋਵੇਂਗਾ, ਇਸ ਸਰਾਪ ਕਰਕੇ ਰਾਮਚੰਦ੍ ਜੀ ਝੁਰਦੇ ਹੋਏ।

ਦੂਜਾ ਭਾਵ-

ਇਕ ਸਮੇਂ ਨਰਸਿੰਘ ਅਵਤਾਰ ਗੰਗਾ ਦੇ ਕਿਨਾਰੇ ਪਰ ਗਏ, ਉਥੇ 'ਦੇਵ ਸ਼ਰਮਾ' ਬ੍ਰਾਹਮਣ ਦੀ ਇਸਤ੍ਰੀ ਭੀ ਗਈ ਹੋਈ ਸੀ, ਉਸ ਔਰਤ ਨੂੰ ਦੇਖ ਕੇ ਨਰਸਿੰਘ ਅਵਤਾਰ ਆਪਣਾ ਭਿਆਨਕ ਰੂਪ ਦਿਖਾ ਕੇ ਹੱਸ ਪਏ, ਉਸ ਵੇਲੇ ਉਹ ਇਸਤਰੀ ਬਹੁਤ ਡਰ ਗਈ ਉਸੇ ਡਰ ਕਰਕੇ ਉਸ ਦੇ ਪ੍ਰਾਣ ਨਿਕਲ ਗਏ।

ਜਿਸ ਵੇਲੇ 'ਦੇਵ ਸ਼ਰਮਾ' ਨੂੰ ਪਤਾ ਲੱਗਾ ਕਿ ਮੇਰੀ ਔਰਤ ਨਰਸਿੰਘ ਦੇ ਭਿਆਨਕ ਰੂਪ ਨੂੰ ਦੇਖ ਕੇ ਮਰ ਗਈ ਹੈ। ਉਸ ਨੇ ਨਰਸਿੰਘ ਨੂੰ ਸਰਾਪ ਦੇ ਦਿੱਤਾ ਕਿ ਤੂੰ ਮੈਨੂੰ ਇਸਤਰੀ ਦਾ ਵਿਜੋਗ ਦਿੱਤਾ ਹੈ ਇਸ ਕਰ ਕੇ ਤੂੰ ਭੀ ਇਸਤਰੀ ਦੇ ਵਿਜੋਗ ਨੂੰ ਪਾਵੇਂਗਾ। ਇਸ ਵਜ੍ਹਾ ਕਰਕੇ ਸੀਤਾ ਦੇ ਵਿਜੋਗ ਕਰ ਕੇ ਸ੍ਰੀ ਰਾਮਚੰਦ੍ ਜੀ ਮਨ ਵਿਚ ਝੁਰਦੇ ਹੋਏ।

(ਇਹ ਦੋਨੋਂ ਕਥਾ ਭਗਵਤ ਵਿਚ ਅਤੇ ਵਸ਼ਿਸ਼ਟ ਪੁਰਾਣ ਵਿਖੇ ਲਿਖੀਆਂ ਹਨ)

ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ ॥

ਜਿਸ ਵੇਲੇ ਸ੍ਰੀ ਰਾਮਚੰਦ੍ ਜੀ ਨੇ ਹਨੂੰਮਾਨ ਨੂੰ ਆਰਾਧਿਆ ਭਾਵ ਯਾਦ ਕੀਤਾ ਕਿ ਤੂੰ ਸਾਨੂੰ ਸੀਤਾ ਦੀ ਖਬਰ ਲਿਆ ਕੇ ਦੇਹ ਤਦ ਉਸ ਨੇ ਲੰਕਾ ਵਿਚ ਪਹੁੰਚ ਕੇ ਸੀਤਾ ਦੀ ਖਬਰ ਲਿਆਂਦੀ। ਜਿਸ ਵੇਲੇ ਖਬਰ ਲੈ ਕੇ ਆਇਆ ਤਾਂ ਸ੍ਰੀ ਰਾਮਚੰਦਰ ਜੀ ਦੇ ਪ੍ਰਾਣਾਂ ਦਾ ਸਰੀਰ ਨਾਲ ਸੰਯੋਗ ਕਰ ਦਿੱਤਾ।

*ਅਥਵਾ-*ਜਿਸ ਵੇਲੇ ਰਾਵਣ ਦੀ ਬਰਛੀ ਨਾਲ ਲਛਮਣ ਮੂਰਛਾ ਹੋ ਗਿਆ ਸੀ ਉਸ ਵੇਲੇ ਹਨੂੰਮਾਨ ਸੰਜੀਵਣੀ ਬੂਟੀ ਲੈ ਕੇ ਆਇਆ ਤਾਂ ਲਛਮਣ ਦੇ ਪ੍ਰਾਣਾਂ ਦਾ ਸਰੀਰ ਨਾਲ ਸੰਯੋਗ ਕਰ ਦਿੱਤਾ।

ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ ॥

ਭਲਾ ਹੋਇਆ ਦੈਂਤ ਰਾਵਣ ਸਮਝਦਾ ਨਹੀਂ ਹੈ ਕਿ ਸਾਰੇ ਕੰਮ ਤਿਸ ਪ੍ਰਭੂ ਨੇ ਆਪ ਹੀ ਕੀਤੇ ਹਨ। ਭਾਵ ਪ੍ਰਭੂ ਨੇ ਆਪ ਹੀ ਨਾਰਦ ਤੋਂ ਸਰਾਪ ਲੈ ਕੇ ਬਨਵਾਸ ਭੋਗਿਆ ਹੈ, ਸੀਤਾ ਚੁਰਾਣ ਦਾ ਕੰਮ, ਬਾਂਦਰਾਂ ਦੀ ਫੌਜ ਬਨਾਣ ਦਾ ਕੰਮ ਇਤਆਦਿਕ ਸਾਰੇ ਕੰਮ ਉਸ ਪ੍ਰਭੂ ਨੇ ਆਪ ਹੀ ਕੀਤੇ ਹਨ।

ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ— ਉਹ ਪ੍ਰਭੂ ਬੇਪਰਵਾਹ ਹੈ, ਉਸ ਦੇ ਹੁਕਮ ਅੰਦਰ ਰਾਮ ਚੰਦਰ ਦਾ ਭੀ

ਕਿਰਤੁ= ਕਰਮ ਮਿਟਿਆ ਨਾ ਭਾਵ ਉਹਨਾਂ ਨੂੰ ਭੀ ਆਪਣੇ ਕੀਤੇ ਕਰਮਾਂ ਦਾ ਅਵੱਸ਼ ਫਲ ਭੋਗਣਾ ਪਿਆ॥ ੨੬॥

ਸਾਖੀ- ਨਾਰਦ ਮੁਨੀ ਦੀ ਵਿਸ਼ਨੂੰ ਜੀ ਨੂੰ ਸਰਾਪ ਦੇਣ ਦੀ

ਹੁਣ ਕਰਮਾਂ ਦੀ ਗਤੀ ਦੀ ਪ੍ਰਬਲਤਾ ਕਥਨ ਕਰਦੇ ਹੋਏ ਉਪਦੇਸ਼ ਦੇਣਾ ਕਰਦੇ ਹਨ-

ਪ੍ਰਾਰਬਧ ਕਰਮ ਹੀ ਐਸੇ ਹਨ ਕਿ ਜਿਨ੍ਹਾਂ ਨੂੰ ਭੋਗੇ ਬਿਨਾਂ ਕੋਈ ਬਚ ਨਹੀਂ ਸਕਦਾ। ਚਾਹੇ ਕੋਈ ਅਵਤਾਰ ਹੈ, ਚਾਹੇ ਸਰਬ ਸਾਧਨਾਂ ਨੂੰ ਕਰ ਕੇ ਬ੍ਰਹਮ ਗਿਆਨੀ ਹੋ ਗਿਆ ਹੈ ਪ੍ਰੰਤੂ ਪ੍ਰਾਰਬਧ ਕਰਮ ਭੋਗੇ ਬਿਨਾਂ ਉਹਨਾਂ ਦੇ ਵੀ ਮਿਟ ਨਹੀਂ ਸਕਦੇ।

ਇਕ ਸਮੇਂ ਨਾਰਦ ਮੁਨੀ ਜੀ ਤਪੱਸਿਆ ਦੇ ਬਲ ਕਰ ਕੇ ਨਿਰਵਿਕਲਪ ਸਮਾਧੀ ਵਿਖੇ ਲੀਨ ਹੋਏ ਹਰੀ ਸਿਮਰਨ ਕਰ ਰਹੇ ਸਨ। ਉਸ ਸਮੇਂ ਕਾਮਦੇਵ ਛੋਟੇ ਜਿਹੇ ਮੋਹਣੀ ਬਾਲਕੇ ਦਾ ਅਕਾਰ ਧਾਰ ਕੇ ਨਾਰਦ ਮੁਨੀ ਜੀ ਦੀ ਸਮਾਧੀ ਤੋੜਨ ਲਈ ਕਈ ਤਰ੍ਹਾਂ ਦੇ ਹਾਵ ਭਾਵ ਕਰਨ ਲੱਗਾ, ਪਰ ਨਾਰਦ ਮੁਨੀ ਜੀ ਉਪਰ ਇਸ ਦਾ ਕੋਈ ਅਸਰ ਨਾ ਹੋਇਆ, ਉਸੇ ਤਰ੍ਹਾਂ ਆਪਣੇ ਅਨੰਦ ਵਿਖੇ ਮਸਤ ਰਹੇ। ਇਧਰ ਕੋਈ ਪੇਸ਼ ਨਾ ਜਾਂਦੀ ਦੇਖ ਕੇ ਕਾਮਦੇਵ ਹਾਰ ਕੇ ਅਖੀਰ ਉਥੋਂ ਚਲਾ ਗਿਆ।

ਉਸ ਵੇਲੇ ਨਾਰਦ ਮੁਨੀ ਦੇ ਮਨ ਵਿਚ ਹੰਕਾਰ ਉਤਪੰਨ ਹੋ ਗਿਆ ਕਿ ਅੱਜ ਮੈਂ ਉਸ ਕਾਮਦੇਵ ਨੂੰ ਹਰਾ ਦਿੱਤਾ ਹੈ ਜਿਸ ਨੇ ਬੜੇ-ਬੜੇ ਰਿਸ਼ੀਆਂ ਮੁਨੀਆਂ, ਸ਼ਿਵ ਜੀ, ਬ੍ਰਹਮਾ ਵਰਗਿਆਂ ਨੂੰ ਵੀ ਨਹੀਂ ਛੱਡਿਆ।

ਇਹਨਾਂ ਸੰਕਲਪਾਂ ਨੂੰ ਲੈ ਕੇ ਨਾਰਦ ਮੁਨੀ ਜੀ ਚਾਂਈਂ-ਚਾਂਈਂ ਬ੍ਰਹਮਾ ਪਾਸ ਪੁੱਜਾ। ਅੱਗੋਂ ਬ੍ਰਹਮਾ ਜੀ ਦੇ ਕਹਿਣ ਤੋਂ ਪਹਿਲਾਂ ਹੀ ਨਾਰਦ ਮੁਨੀ ਜੀ ਨੇ ਕਿਹਾ— ਹੇ ਬ੍ਰਹਮਾ ਜੀ! ਅੱਜ ਮੈਂ ਉਸ ਕਾਮਦੇਵ ਨੂੰ ਜਿੱਤ ਲਿਆ ਹੈ ਜਿਸ ਨੇ ਬੜੇ-ਬੜੇ ਤਪੱਸਵੀਆਂ ਦੇ ਮਾਨ ਨੂੰ ਨਸ਼ਟ ਕਰ ਦਿੱਤਾ ਹੈ।

ਬ੍ਰਹਮਾ ਜੀ ਤਾਂ ਪਹਿਲੋਂ ਹੀ ਕਾਮਦੇਵ ਦੀ ਤਾਕਤ ਨੂੰ ਜਾਣਦੇ ਸਨ ਕਿ ਇਸ ਕਾਮਦੇਵ ਦਾ ਵਸੀਕਾਰ ਕਰਨਾ ਬੜਾ ਕਠਿਨ ਹੈ। ਇਸ ਲਈ ਬ੍ਰਹਮਾ ਨੇ ਨਾਰਦ ਮੁਨੀ ਜੀ ਨੂੰ ਬਹੁਤ ਸਮਝਾਇਆ ਕਿ ਮੁਨੀ ਜੀ! ਹੰਕਾਰ ਨਾ ਕਰੋ।

ਬਹੁਤ ਕੁਝ ਸਮਝਾਣ ਦੇ ਬਾਵਜੂਦ ਵੀ ਨਾਰਦ ਮੁਨੀ ਨੇ ਆਪਣੇ ਪਿਤਾ ਬ੍ਰਹਮਾ ਦੀ ਇਕ ਗੱਲ ਵੀ ਨਾ ਮੰਨੀ ਤੇ ਬਹੁਤ ਹਠ ਕੀਤਾ।

ਜਿਸ ਵੇਲੇ ਬ੍ਰਹਮਾ ਜੀ ਨੇ ਦੇਖਿਆ ਕਿ ਇਹ ਹੰਕਾਰੀ ਹੋਇਆ ਹਠ ਕਰ ਰਿਹਾ ਹੈ ਤੇ ਮੇਰੀ ਗੱਲ ਨਹੀਂ ਮੰਨਦਾ। ਉਸ ਵੇਲੇ ਕਿਹਾ— ਹੱਛਾ! ਤੂੰ ਕਾਮਦੇਵ ਨੂੰ ਜਿੱਤਿਆ ਸਹੀ ਪਰ ਮੇਰੀ ਇਕ ਗੱਲ ਮੰਨ ਦੇਖ! ਮੇਰੇ ਪਾਸ ਤਾਂ ਤੂੰ ਇਹ ਗੱਲ ਕਹੀ ਹੈ ਪਰ ਸ਼ਿਵਜੀ ਪਾਸ ਜਾ ਕੇ ਨਾ ਕਹੀਂ।

ਨਾਰਦ ਮੁਨੀ ਜੀ ਦੇ ਸਿਰ ਤੇ ਤਾਂ ਹੰਕਾਰ ਦਾ ਭੂਤ ਸਵਾਰ ਹੋਇਆ ਹੋਇਆ ਸੀ। ਸੋਚਦਾ ਹੈ ਇਹ ਵੀ ਕੋਈ ਗੱਲ ਹੈ। ਮੈਂ ਜ਼ਰੂਰ ਸ਼ਿਵਜੀ ਪਾਸ ਜਾ ਕੇ ਕਹਾਂਗਾ ਤੇ ਆਪਣੀ ਜਿੱਤ ਦੱਸਾਂਗਾ।

ਬ੍ਰਹਮਾ ਜੀ ਪਾਸੋਂ ਵਿਦਾ ਹੋ ਕੇ ਸਿਧੇ ਕੈਲਾਸ਼ ਪਰਬਤ ਪਰ ਸ਼ਿਵ ਜੀ ਪਾਸ ਪੁੱਜ ਗਏ। ਉਹਨਾਂ ਨੇ ਵੀ ਤਪੱਸਵੀ ਜਾਣ ਨਾਰਦ ਮੁਨੀ ਜੀ ਦਾ ਸਤਿਕਾਰ ਕੀਤਾ ਜੀ ਆਇਆਂ ਆਖਿਆ ਤੇ ਸਤਿਕਾਰ ਸਹਿਤ ਆਸਣ ਦਿੰਦਿਆਂ ਆਉਣ ਦਾ ਕਾਰਨ ਪੁਛਿਆ।

ਸ਼ਿਵ ਜੀ ਦੇ ਪੁੱਛਣ ਪਰ ਨਾਰਦ ਮੁਨੀ ਜੀ ਨੇ ਬ੍ਰਹਮਾ ਜੀ ਦੀ ਕਹੀ ਹੋਈ ਗੱਲ ਆਵਾਗਉਣ ਕਰਦਿਆਂ

ਸ਼ਿਵ ਜੀ ਪਾਸ ਵੀ ਬੜੇ ਹੰਕਾਰ ਭਰੇ ਸ਼ਬਦਾਂ ਵਿਖੇ ਕਾਮਦੇਵ ਨੂੰ ਜਿੱਤਣ ਦੀ ਵਾਰਤਾ ਕਹਿ ਸੁਣਾਈ।

ਦੇਖੋ! ਭਾਵੇਂ ਸ਼ਿਵ ਜੀ ਨੂੰ ਵੀ ਮੋਹਨੀ ਅਵਤਾਰ ਦਾ ਰੂਪ ਦੇਖਦਿਆਂ ਸਾਰ ਜੋ ਕਾਮਦੇਵ ਨੇ ਸਤਾਇਆ ਸੀ ਉਸ ਸਮੇਂ ਕਾਮਦੇਵ ਦੀ ਤਾਕਤ ਦਾ ਚੰਗੀ ਤਰ੍ਹਾਂ ਪਤਾ ਲੱਗ ਗਿਆ ਸੀ ਪਰ ਮੁਨੀ ਜਾਣ ਕੇ ਇਸ ਦਾ ਮਾਣ ਰੱਖਦਿਆਂ ਨਾਰਦ ਦੀ ਪ੍ਰਸੰਸਾ ਕੀਤੀ ਤੇ ਨਾਲ ਇਹ ਵੀ ਕਹਿ ਦਿੱਤਾ— ਹੇ ਨਾਰਦ ਜੀ! ਇਹ ਵਾਰਤਾ ਵਿਸ਼ਨੂੰ ਮਹਾਰਾਜ ਪਾਸ ਨਾ ਕਹਿਣੀ।

ਨਾਰਦ ਸੋਚਦਾ ਹੈ ਜੇ ਵਿਸ਼ਨੂੰ ਮਹਾਰਾਜ ਜੀ ਨੂੰ ਇਹ ਵਾਰਤਾ ਨਾ ਦੱਸੀ ਤਾਂ ਮੇਰੀ ਜਿੱਤ ਕਾਹਦੀ ਹੋਈ। ਇੰਜ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਮਨ ਵਿਚ ਕਰਦੇ ਹੋਏ ਨਾਰਦ ਜੀ ਵਿਸ਼ਨੂੰ ਜੀ ਪਾਸ ਪੁੱਜ ਗਏ।

ਨਾਰਦ ਮੁਨੀ ਜੀ ਦੇ ਪੁੱਜਣ ਤੇ ਵਿਸ਼ਨੂੰ ਮਹਾਰਾਜ ਜੀ ਨੇ ਵੀ ਭਗਤ ਜਾਣ ਕੇ ਸਤਿਕਾਰ ਕੀਤਾ ਤੇ ਕਿਹਾ ਹੇ ਮੁਨੀ ਜੀ! ਅੱਜ ਬੜੀ ਕਿਰਪਾ ਕੀਤੀ ਹੈ ਜੋ ਦਰਸ਼ਨ ਦਿੱਤੇ ਹਨ। ਫੇਰ ਆਉਣ ਦਾ ਕਾਰਨ ਪੁਛਿਆ?

ਬਸ ਫਿਰ ਕੀ ਸੀ, ਨਾਰਦ ਜੀ ਫੁਲੇ ਨਾ ਸਮਾਵਣ। ਵਿਸ਼ਨੂੰ ਮਹਾਰਾਜ ਪਾਸ ਵੀ ਕਾਮਦੇਵ ਨੂੰ ਜਿੱਤਣ ਦੀ ਗੱਲ ਸੁਣਾਦਿਆਂ ਹੋਇਆਂ ਕਿਹਾ— ਹੇ ਮਹਾਰਾਜ ਜੀ! ਮੈਂ ਉਸ ਕਾਮਦੇਵ ਨੂੰ ਜਿੱਤਣਾ ਕੀਤਾ ਹੈ, ਜਿਸ ਨੇ ਬੜਿਆਂ-ਬੜਿਆਂ ਨੂੰ ਅਭਾਵ ਕਰ ਦਿੱਤਾ ਹੈ।

ਪਹਿਲੇ ਤਾਂ ਵਿਸ਼ਨੂੰ ਜੀ ਨੇ ਕੁਝ ਸਮਝਾਣ ਦੀ ਕੋਸ਼ਿਸ਼ ਕੀਤੀ, ਪਰ ਤਪੱਸਵੀ ਜਾਣ ਕਿਤੇ ਸਰਾਪ ਹੀ ਨਾ ਦੇਣ, ਇਸ ਲਈ ਸਗੋਂ ਪ੍ਰਸ਼ੰਸ਼ਾ ਕਰਨ ਲੱਗ ਪਏ, ਹੇ ਮੁਨੀ ਜੀ! ਤੁਹਾਡੇ ਵਰਗੇ ਮੁਨੀਜਨਾਂ ਨੇ ਕਾਮਦੇਵ ਨੂੰ ਨਹੀਂ ਜਿੱਤਣਾ ਤਾਂ ਹੋਰ ਕਿਸ ਨੇ ਜਿੱਤਣਾ ਹੈ?

ਪਰ "ਹਰਿ ਜੀਉ ਹੰਕਾਰ ਨ ਭਾਵਈ" ਹਰੀ ਪ੍ਰਭੂ ਨੂੰ ਹੰਕਾਰ ਭਾਉਂਦਾ ਨਹੀਂ, ਇਸ ਲਈ ਨਾਰਦ ਮੁਨੀ ਦਾ ਹੰਕਾਰ ਤੋੜਨ ਲਈ ਆਪਣੀ ਮਾਇਆ ਦੁਆਰਾ ਇਹ ਅਜੇਹੀ ਸੁੰਦਰ ਨਗਰੀ ਰਚੀ ਜਿਸ ਅੱਗੇ ਦੇਵ ਪੁਰੀ ਵਿਸ਼ਨ ਪੁਰੀ ਬੈਕੁੰਠ ਲੋਕ ਵੀ ਤੁਛ ਲੱਗਦੇ ਸਨ। ਨਾਰਦ ਮੁਨੀ ਜੀ ਨਗਰੀ ਵਿਖੇ ਗਲੀਆਂ ਬਾਜ਼ਾਰਾਂ ਵਿਖੇ ਜਾਂਦੇ ਇਧਰ-ਉਧਰ ਦੇਖਦੇ-ਦੇਖਦੇ ਰਾਜ ਮਹਿਲਾਂ ਪਾਸ ਪੁੱਜ ਗਏ।

ਜਿਸ ਵੇਲੇ ਰਾਜ ਮਹਿਲਾਂ ਵਿਚ ਪ੍ਰਵੇਸ਼ ਕੀਤਾ ਤਾਂ ਅੱਗੋਂ ਰਾਜੇ ਨੇ ਰਿਖੀ ਜਾਣ ਕੇ ਬੜਾ ਆਦਰ-ਮਾਣ ਕੀਤਾ ਤੇ ਸੋਹਣੇ ਗਲੀਚੇ ਪਰ ਬਿਠਾ ਕੇ, ਪੁਨਾ ਰਾਜ ਕੰਨਯਾਂ ਨੂੰ ਪਾਸ ਲਿਆ ਕੇ ਕਿਹਾ— ਹੇ ਮਹਾਂ ਪੁਰਸ਼ੋ! ਇਸ ਮੇਰੀ ਕੰਨਿਆਂ ਦੀ ਰੇਖਾ ਦੇਖੋ ਕੈਸੀ ਹੈ, ਕਿਉਂਕਿ ਪਰਸੋਂ ਇਸ ਦਾ ਸੁਅੰਬਰ ਦਾ ਦਿਨ ਨੀਅਤ ਕੀਤਾ ਹੈ ਨਾਲੇ ਇਸ ਦੇ ਹੋਣ ਵਾਲੇ ਵਰ ਬਾਰੇ ਵੀ ਦੱਸੋ, ਉਹ ਕਿਹੋ ਜਿਹਾ ਤੇ ਕੌਣ ਹੋਵੇਗਾ?

ਜਿਸ ਵੇਲੇ ਨਾਰਦ ਮੁਨੀ ਜੀ ਨੇ ਰਾਜ ਪੁੱਤਰੀ ਦਾ ਹੱਥ ਆਪਣੇ ਹੱਥ ਵਿਚ ਫੜਦਿਆਂ ਰੇਖਾਵਾਂ ਤੇ ਦ੍ਰਿਸ਼ਟੀ ਪਾਈ ਤਾਂ ਉਸ ਦਾ ਸੁੰਦਰ ਰੂਪ ਰੰਗ, ਡੀਲ-ਡੌਲ ਦੇਖ ਕੇ ਮੁਨੀ ਜੀ ਦਾ ਆਪਣਾ ਹੀ ਮਨ ਕਾਬੂ ਵਿਚ ਨਾ ਰਿਹਾ। ਮੰਦ ਵਾਸ਼ਨਾਂ ਪ੍ਰਬਲ ਹੋ ਉਠੀਆਂ। ਕਈ ਤਰ੍ਹਾਂ ਦੇ ਮੰਦ ਸੰਕਲਪ ਬੁੱਧੀ ਵਿਖੇ ਚੱਕਰ ਲਗਾਉਣ ਲੱਗੇ ਤੇ ਸੋਚਦਾ ਹੈ ਕਿਉਂ ਨਾ ਹੋਵੇ ਮੈਂ ਹੀ ਇਸ ਨਾਲ ਵਿਆਹ ਕਰਾਂ ਲਵਾਂ।

ਹੱਥ ਰੇਖਾ ਵੇਖ ਕੇ ਨਾਰਦ ਜੀ ਨੇ ਕਿਹਾ— ਹੇ ਰਾਜਨ! ਸੁਣ, ਤੇਰੇ ਬੜੇ ਭਾਗ ਹਨ ਜੁ ਇਸ ਕੰਨਿਆਂ ਦਾ ਵਰ ਵਿਸ਼ਨੂੰ ਹੋਵੇਗਾ। ਐਸੇ ਸ਼ੁਭ ਰੇਖਾ ਸੁਣ ਕੇ ਰਾਜੇ ਨੂੰ ਬੜੀ ਪ੍ਰਸੰਨਤਾ ਹੋਈ। ਯਥਾ ਸ਼ਕਤ ਧਨ ਭੇਟਾ ਦੇ ਕੇ ਮੁਨੀ ਜੀ ਨੂੰ ਵਿਦਾ ਕੀਤਾ।

ਨਾਰਦ ਜੀ ਕਾਮ ਦੇ ਵਸੀਕਾਰ ਹੋਏ ਹੋਏ ਆਪਣਾ ਵਿਸ਼ਨੂੰ ਸਰੂਪ ਬਨਾਣ ਲਈ ਉਥੋਂ ਹੀ ਸਿਧੇ ਵਿਸ਼ਨੂੰ

ਮਹਾਰਾਜ ਪਾਸ ਪੁੱਜੇ ਤੇ ਹਰਿ ਰੂਪ ਮੰਗਿਆ।

ਉਸ ਵੇਲੇ ਵਿਸ਼ਨੂੰ ਮਹਾਰਾਜ ਜੀ ਨੇ ਹਰਿ= ਹਰੀ ਰੂਪ ਤਾਂ ਨਾ ਦਿੱਤਾ ਪਰ ਹਰਿ= ਬਾਂਦਰ ਦਾ ਰੂਪ ਦੇ ਦਿੱਤਾ ਪਰ ਅਸਲੀਅਤ ਦਾ ਨਾਰਦ ਨੂੰ ਕੋਈ ਪਤਾ ਨਹੀਂ ਕਿ ਮੇਰਾ ਬਾਂਦਰਾਂ ਵਰਗਾ ਮੂੰਹ ਹੋ ਗਿਆ ਹੈ।

ਵਿਸ਼ਨੂੰ ਮਹਾਰਾਜ ਪਾਸੋਂ ਵਰ ਪਾ ਕੇ ਬੜੀ ਖੁਸ਼ੀ-ਖੁਸ਼ੀ ਨੀਅਤ ਕੀਤੇ ਸਮੇਂ ਤੇ ਉਸ ਨਗਰੀ ਦੇ ਰਾਜ ਮਹਿਲਾਂ ਵਿਖੇ ਪੁੱਜ ਗਿਆ, ਜਿਥੇ ਅੱਗੇ ਦੇਸ਼ਾਂ ਦਿਸ਼ਾਂਤਰਾਂ ਦੇ ਰਾਜ ਕੁਮਾਰ ਆਏ ਬੈਠੇ ਸਨ। ਨਾਰਦ ਜੀ ਵੀ ਉਹਨਾਂ ਰਾਜ ਕੁਮਾਰਾਂ ਦੇ ਮੂਹਰੇ ਹੋ ਕੇ ਬੈਠ ਗਏ।

ਇਧਰ ਰਾਜ ਕੰਨਿਆਂ ਵੀ ਹੱਥ ਵਿਚ ਜੈ ਮਾਲਾ ਫੜੀ ਸਖੀਆਂ ਸਮੇਤ ਸੁਅੰਬਰ ਦੇ ਪੰਡਾਲ ਵਿਖੇ ਪੁੱਜੀ ਤਾਂ ਨਾਰਦ ਮੁਨੀ ਜੀ ਉਛਲ-ਉਛਲ ਕੇ ਆਪਣਾ ਆਪ ਵਿਖਾਂਦੇ ਹਨ ਕਿ ਮੈਂ ਵੀ ਬੈਠਾ ਹੋਇਆ ਹਾਂ। ਪਰ ਜਿਸ ਵੇਲੇ ਰਾਜ ਕੰਨਿਆਂ ਰਾਜ ਕੁਮਾਰਾਂ ਨੂੰ ਵੇਖਦੀ ਹੋਈ ਨਾਰਦ ਮੁਨੀ ਜੀ ਪਾਸ ਪੁੱਜੀ ਤਾਂ ਨਾਰਦ ਜੀ ਨੇ ਸਿਰ ਅਗਾਂਹ ਕੀਤਾ ਪਰ ਉਸ ਨੇ ਜੈ ਮਾਲਾ ਨ ਪਾਈ ਤੇ ਨਫ਼ਰਤ ਦੀ ਨਿਗਾਹ ਨਾਲ ਅੱਗੇ ਲੰਘ ਗਈ। ਨਾਰਦ ਦੀ ਅਗਾਂਹ ਵਧਣ ਦੀ ਹਰਕਤ ਨੂੰ ਵੇਖ ਕੇ ਰਾਜ ਕੁਮਾਰਾਂ ਦਾ ਹਾਸਾ ਨਿਕਲ ਗਿਆ।

ਨਾਲ ਬੈਠੇ ਹੋਏ ਦੋ ਰਾਜ ਕੁਮਾਰਾਂ ਨੇ ਕਿਹਾ- ਆਪਣਾ ਪਾਣੀ ਵਿਚੋਂ ਮੂੰਹ ਤਾਂ ਦੇਖ, ਫਿਰ ਆ ਕੇ ਜੈ ਮਾਲਾ ਪਵਾਣ ਦੀ ਕੋਸ਼ਿਸ਼ ਕਰੀਂ। ਉਸ ਵੇਲੇ ਨਾਰਦ ਜੀ ਨੂੰ ਬੜੀ ਸ਼ਰਮ ਆਈ। ਉਸ ਵੇਲੇ ਸੁਅੰਬਰ ਵਿਚੋਂ ਬਾਹਰ ਆ ਕੇ ਜਲ ਵਿਚੋਂ ਆਪਣਾ ਮੂੰਹ ਦੇਖਿਆ। ਆਪਣੀ ਬਾਂਦਰ ਦੀ ਸ਼ਕਲ ਦੇਖ ਕੇ ਬਹੁਤ ਕਰੋਧ ਆਇਆ। ਇਤਨਾ ਮਨ ਵਿਖੇ ਰੋਸ ਉਠਿਆ, ਜਿਸ ਨਾਲ ਸਾਰਾ ਸਰੀਰ ਹੀ ਕੰਬਣ ਲੱਗ ਪਿਆ। ਅੱਖਾਂ ਲਾਲੋ-ਲਾਲ ਹੋ ਗਈਆਂ। ਉਸੇ ਵੇਲੇ ਉਹਨਾਂ ਦੋਹਾਂ ਰਾਜ ਕੁਮਾਰਾਂ ਨੂੰ ਮਾਰਨ ਵਾਸਤੇ ਦੌੜੇ ਪਰ ਉਹ ਦੇਖਦੇ ਸਾਰ ਹੀ ਨੱਠ ਉਠੇ। ਨੱਠੇ ਜਾਂਦਿਆਂ ਦੋਹਾਂ ਰਾਜ ਕੁਮਾਰਾਂ ਨੂੰ ਸਰਾਪ ਦੇ ਦਿੱਤਾ-ਜਾਓ ਤੁਸੀਂ ਬਾਂਦਰ ਤੇ ਲੰਗੂਰ ਬਣੋ। ਸੋ ਨਾਰਦ ਜੀ ਦੇ ਸਰਾਪ ਕਰ ਕੇ ਉਹ ਦੋਵੇਂ ਨਲ ਤੇ ਨੀਲ ਬਣੇ। ਫੇਰ ਵਿਸ਼ਨੂੰ ਜੀ ਪਾਸ ਗਏ ਤੇ ਗੁੱਸੇ ਵਿਖੇ ਭਰੇ ਹੋਏ ਨੇ ਸਰਾਪ ਦੇ ਦਿੱਤਾ ਕਿ ਮੈਂ ਤੇਰੇ ਪਾਸੋਂ ਹਰਿ (ਵਿਸ਼ਨੂੰ) ਰੂਪ ਮੰਗਿਆ ਸੀ, ਪਰ ਤੂੰ ਬਾਂਦਰ ਦਾ ਦਿੱਤਾ ਹੈ। ਜਾਹ ਤੂੰ ਵੀ ਬਾਂਦਰਾਂ ਕਰਕੇ ਸੇਵਨੇ ਜੋਗ ਹੋਵੇਂਗਾ! ਜਿਵੇਂ ਮੈਨੂੰ ਰਾਜ ਕੁਮਾਰੀ ਪਿੱਛੇ ਤੜਫਾਇਆ ਹੈ, ਤੈਸੇ ਤੂੰ ਵੀ ਇਸਤਰੀ ਦੇ ਵਿਜੋਗ ਕਰਕੇ ਵਿਲੂਕਦਾ ਰਹੇਂਗਾ। ਤਾਂ ਵਿਸ਼ਨੂੰ ਜੀ ਨੇ ਕਿਹਾ-ਨਾਰਦ ਜੀ! ਜੋ ਬਚਨ ਆਪ ਜੀ ਨੇ ਕਿਹਾ ਹੈ, ਸੋ ਸਤ ਹੈ ਵੈਸੇ ਹੀ ਹੋਵੇਗਾ।

ਇਸ ਤਰ੍ਹਾਂ ਨਾਰਦ ਜੀ ਦੇ ਸਰਾਪ ਕਰ ਕੇ ਵਿਸ਼ਨੂੰ ਮਹਾਰਾਜ ਜੀ ਤ੍ਰੇਤੇ ਜੁਗ ਵਿਖੇ ਸ੍ਰੀ ਰਾਮ ਚੰਦ੍ਰ ਜੀ ਰੂਪ ਹੋ ਕੇ ਨਾਰਦ ਦੇ ਸਰਾਪ ਨੂੰ ਪੂਰਿਆਂ ਕਰਦੇ ਹੋਏ।

ਹੁਣ ਗੁਰੂ ਸਾਹਿਬ ਜੀ ਉਸ ਧੁਨ ਨੂੰ ਜਣਾਉਂਦੇ ਹੋਏ ਪ੍ਰਾਰਬਧ ਕਰਮਾਂ ਦੀ ਗਤੀ ਅਮੇਟ ਕਥਨ ਕਰਦੇ ਹਨ ਕਿ— ***ਨਾਨਕ ਵੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ॥ ੨੬॥***

ਉਥਾਨਕਾ-ਦੇਸ਼ਾਂ-ਦੇਸਾਂਤਰਾਂ ਵਿਚ ਰਟਨ ਕਰਦੇ ਹੋਏ ਜਿਸ ਵੇਲੇ ਗੁਰੂ ਸਾਹਿਬ ਜੀ ਲਾਹੌਰ ਪਹੁੰਚੇ ਤਾਂ ਕੀ ਵੇਖਿਆ ਗੌ ਬਧ ਹੋ ਰਿਹਾ ਹੈ। ਵੇਖ ਕੇ ਨਾ ਸਹਾਰ ਸਕੇ, ਮਨ ਵਿਖੇ ਇਤਨਾ ਗੁੱਸਾ ਆਇਆ ਜੋ ਲਾਹੌਰ ਦੇ ਗਰਕ ਕਰਨ ਦੀ ਇੱਛਾ ਧਾਰ ਲਈ, ਪਰ ਤੁਰਕਾਂ ਦਾ ਪੂਰਬ ਤਪ ਵੇਖ ਕੇ ਸਰਾਪ ਦੇ ਦਿੱਤਾ:

ਯਥਾ- ਗਮਤਿ ਕਰਤੇ ਸਹਿਜ ਸੁਭਾਏ। ਲਵਪੁਰਿ ਮਾਂਹੀ ਚਲਿ ਕਰਿ ਆਏ।
ਹੁਤੋ ਕਸਾਬਪੁਰਾ ਜਿਹ ਥਾਨਾ। ਤਹਾਂ ਠਾਂਢਿ ਭੇ ਕ੍ਰਿਪਾ ਨਿਧਾਨਾ॥ ੩॥
ਗੌ ਬਧ ਮਹਾਂ ਪਾਪ ਅਵਲੋਕਾ। ਪੁਰਾ ਤੁਰਕ ਤਪ ਲਖਿ ਰਿਸ ਰੋਕਾ।

www.sikhbookclub.com

ਨਾਤੁਰ ਨਾਸ ਕਰਨ ਇਛ ਧਾਰੀ। ਤਦਪਿ ਕ੍ਰੋਧ ਸੋਂ ਗਿਰਾ ਉਚਾਰੀ॥ ੪॥

(ਗੁਰੁ ਨਾਨਕ ਪ੍ਰਕਾਸ਼, ਉਤ੍ਰਾਰਧ ਅਧਿ. ੨੨)

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ ੨੭॥

ਲਾਹੌਰ ਸ਼ਹਿਰ ਵਿਚ ਦਿਨ ਚੜ੍ਹੇ ਤੋਂ ਸਵਾ ਪਹਿਰ ਤੱਕ ਜ਼ਹਿਰ ਕਹਿਰ ਹੁੰਦਾ ਰਹੇਗਾ, ਭਾਵ ਆਪਸ ਵਿਚ ਕਟ-ਕਟ ਕੇ ਮਰਨਗੇ।

ਅਥਵਾ-ਲਾਹੌਰ ਸ਼ਹਿਰ ਵਿਚ ਸਵਾ ਪਹਿਰ ਦਿਨ ਚੜ੍ਹੇ ਤੱਕ ਜ਼ਹਿਰ ਦੀ ਨਿਆਂਈ ਦੁਖਦਾਈ ਕਹਿਰ ਹੁੰਦਾ ਰਹੇਗਾ।

ਇਹ ਸ਼ਬਦ ਉਚਾਰ ਕੇ ਗੁਰੂ ਜੀ ਤਾਂ ਲਾਹੌਰ ਤੋਂ ਚਲੇ ਗਏ, ਪਰ ਪਿਛੋਂ ਆਪਸ ਵਿਚ ਕਟ-ਕਟ ਕੇ ਮਰਨ ਲੱਗ ਪਏ।

ਸਮਾਂ ਪਾ ਕੇ ਲਾਹੌਰੀਏ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਆ ਕੇ ਬਖਸ਼ਾਉਣ ਵਾਸਤੇ ਬੇਨਤੀ ਕੀਤੀ, ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ— "ਤੁਸੀਂ ਗੁਰਸਿੱਖੀ ਤੋਂ ਹੀਨ ਹੋ,ਵੱਡੇ ਗੁਰਾਂ ਦੇ ਸਰਾਪੇ ਹੋਏ ਹੋ, ਅਸੀਂ ਨਹੀਂ ਬਖਸ਼ ਸਕਦੇ।" ਫੇਰ ਉਨ੍ਹਾਂ ਤੀਜੇ ਗੁਰਾਂ ਪਾਸ ਸ੍ਰੀ ਗੋਇੰਦਵਾਲ ਵਿਚ ਆ ਕੇ ਬੇਨਤੀ ਕੀਤੀ, ਉਸ ਵਕਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸੇਵਾ ਕਰ ਕੇ ਤੀਜੇ ਪਾਤਸ਼ਾਹ ਜੀ ਨੂੰ ਪ੍ਰਸੰਨ ਕੀਤਾ ਹੋਇਆ ਸੀ ਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਆਪ ਲਾਹੌਰ ਚੂਨਾ ਮੰਡੀ ਦੇ ਸਨ. ਇਨ੍ਹਾਂ ਦੇ ਸਦਕੇ ਤੀਜੇ ਗੁਰਾਂ ਨੇ ਲਾਹੌਰੀਆਂ ਨੂੰ ਸਿੱਖੀ ਦਾਨ ਦੇ ਕੇ ਬਖਸ਼ ਦਿੱਤਾ ਤੇ ਇਹ ਹੁਕਮ ਫੁਰਮਾਇਆ :

ਮਹਲਾ ੩॥ ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ॥ ੨੮॥

ਸ੍ਰੀ ਅੰਮ੍ਰਿਤਸਰ ਸਿਫਤੀ ਦਾ ਘਰ ਹੋਣ ਕਰ ਕੇ, ਇਹ ਲਾਹੌਰ ਸ਼ਹਿਰ ਹੋ ਜਾਏਗਾ, ਜ਼ਹਿਰ ਕਹਿਰ ਵਿਚੋਂ ਉਡਾ ਦਿੱਤਾ। ਤਦ ਤੋਂ ਲਾਹੌਰ ਸ਼ਹਿਰ ਵਿਚ ਅਮਨ ਚੈਨ ਹੋ ਗਿਆ।

ਜਿਵੇਂ ਗਉੜੀ ਦੀ ਪਹਿਲੀ ਵਾਰ ਦੇ ੧੪ਵੇਂ ਸਲੋਕ ਵਿਚ ਲਿਖਿਆ ਹੈ:

ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥
ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ॥
ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ॥
ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ॥
ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥
ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥

ਦੂਜਾ ਅਰਥ-

ਲਾ ਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ ੨੭॥

ਜਿਸ ਪੁਰਸ਼ ਦੇ ਸਰੀਰ ਰੂਪੀ ਸ਼ਹਿਰ ਵਿਚ ਹੌਰ= ਦ੍ਵੈਤ ਭਾਵ ਲਾ= ਲੱਗਾ ਰਹਿੰਦਾ ਹੈ, ਉਸ ਦੇ ਜ਼ਿੰਦਗੀ ਰੂਪ ਪਹਿਰ ਵਿਚ ਸਵਾ= ਸਵਾਏ ਤੋਂ ਸਵਾਇਆ ਵਿਸ਼ਿਆਂ ਰੂਪ ਜ਼ਹਿਰ ਦਾ ਕਹਿਰ ਵਰਤਦਾ ਰਹਿੰਦਾ ਹੈ।

ਪ੍ਰਸ਼ਨ-ਇਹ ਵਿਸ਼ਿਆਂ ਰੂਪੀ ਜ਼ਹਿਰ ਦਾ ਕਹਿਰ ਕਿਵੇਂ ਹਟ ਸਕਦਾ ਹੈ?

ਉੱਤਰ- ***ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ॥ ੨੭॥***

ਜੇਕਰ ਸਰੀਰ ਰੂਪੀ ਸ਼ਹਿਰ ਵਿਚੋਂ ਹੋਰ ਦ੍ਵੈਤ ਭਾਵ ਵਾਲੇ ਸੁਭਾ ਨੂੰ ਲਾ= ਲਾਹ ਦੇਵੇ ਭਾਵ ਮੇਟ ਦੇਵੇ, ਤਾਂ ਨਾਮ ਅੰਮ੍ਰਿਤ ਦਾ ਸਰੋਵਰ ਜੋ ਸਤਿਸੰਗ ਹੈ ਉਸ ਵਿਚ ਸਿਫਤੀ ਦਾ ਘਰ ਜੋ ਪਰਮੇਸ਼ਰ ਹੈ ਉਸ ਦੀ ਪ੍ਰਾਪਤੀ ਵਾਲਾ ਹੋ ਜਾਏਗਾ॥ ੨੮॥

ਉਥਾਨਕਾ-ਜਿਸ ਵੇਲੇ ਗੁਰੂ ਸਾਹਿਬ ਜੀ ਲਾਹੌਰ ਸ਼ਹਿਰ ਵਿਚ ਗਏ ਸਨ, ਤਾਂ ਕਿਸੀ ਪ੍ਰੇਮੀ ਸਿੱਖ ਨੇ ਬੇਨਤੀ ਕੀਤੀ— ਹੇ ਪ੍ਰਭੂ! ਲਾਹੌਰ ਸ਼ਹਿਰ ਵਿਚ ਜੋ ਬੜਾ ਵੱਡਾ ਸ਼ਾਹੂਕਾਰ 'ਉਦੋ' ਨਾਮ ਕਰ ਕੇ ਵਸਦਾ ਹੈ। ਉਸ ਨੂੰ ਆਪ ਜਾਣਦੇ ਹੋ, ਉਸ ਦੀ ਨਿਸ਼ਾਨੀ ਕੀ ਹੈ?

ਗੁਰੂ ਸਾਹਿਬ ਜੀ ਕਥਨ ਕਰਦੇ ਹਨ—

ਮਹਲਾ ੧ ॥ ਉਦੋ ਸਾਹੈ ਕਿਆ ਨੀਸਾਨੀ

ਪਹਿਲਾ ਅਰਥ-

ਉਦੋ ਨਾਮੇ ਸ਼ਾਹੂਕਾਰ ਦੀ ਹੋਰ ਕੀ ਨਿਸ਼ਾਨੀ ਕਹੀਏ? ਉਸ ਦੀ ਇਹੀ ਨਿਸ਼ਾਨੀ ਹੈ—

ਤੋਟਿ ਨ ਆਵੈ ਅੰਨੀ॥

ਉਸ ਦੇ ਪਾਸ ਇਤਨਾ ਅੰਨ ਹੈ ਜੋ ਅੰਨ ਦਾ ਤੋਟਾ= ਘਾਟਾ ਨਹੀਂ ਆਉਂਦਾ।

ਉਦੋ ਸੀਅ ਘਰੇ ਹੀ ਵੁਠੀ

ਪੁਨਾ- ਉਦੋ ਨਾਮੇ ਸ਼ਾਹ ਦੇ ਘਰ ਵਿਖੇ ਸੀਅ ਵੁਠੀ= ਸ਼ਾਹੂਕਾਰੀ ਵਸ ਰਹੀ ਹੈ। ਵਾ ਪਾਪਾਂ ਦੀ ਸੀਅ= ਸਿਆਹੀ ਕਾਲਖ ਉਦੇ ਹੋ ਕੇ ਉਸ ਦੇ ਹਿਰਦੇ-ਘਰ ਵਿਖੇ ਵਸ ਰਹੀ ਹੈ।

ਅਥਵਾ-ਉਦੋ ਨਾਮੇ ਸ਼ਾਹ ਦੇ ਘਰ ਵਿਚ ਜੋ ਅੰਨ ਦੇ ਬੋਹਲ ਹਨ, ਉਨ੍ਹਾਂ ਵਿਖੇ ਸੀਅ= ਹੱਡੀਆਂ ਵਸ ਰਹੀਆਂ ਹਨ। ਜਿਸ ਅੰਨ ਦੇ ਬੋਹਲ 'ਚੋਂ ਹੱਡੀਆਂ ਨਿਕਲਣ ਉਸ ਅੰਨ ਨੂੰ ਜੇਕਰ ਖਾਵੇ ਤਾਂ ਮਰ ਜਾਂਦਾ ਹੈ। ਇਸ ਕਰ ਕੇ ਕੋਈ ਨ ਕੋਈ ਉਦੇ ਸ਼ਾਹ ਦੇ ਘਰ ਮਰਿਆ ਹੀ ਰਹਿੰਦਾ ਸੀ ਇਸ ਕਰ ਕੇ ਉਸ ਦੇ ਘਰ ਵਿਚ-

ਕੁੜਿਈਂ ਰੰਨੀ ਧੰਮੀ॥

ਕੁੜੀਆਂ ਤੇ ਰੰਨਾਂ ਦਾ ਧਮੱਚੜਾ ਹੀ ਪਿਆ ਰਹਿੰਦਾ ਹੈ।

ਅਥਵਾ-ਉਸ ਦੇ ਘਰ ਵਿਚ ਕੁੜੀਆਂ ਤੇ ਰੰਨਾਂ ਬਹੁਤ ਹਨ ਅਤੇ ਧੰਮੀ= ਹਵੇਲੀਆਂ ਭੀ ਬਹੁਤ ਹਨ। ਇਕ ਔਰਤ ਸਾਂਭਣੀ ਕਠਿਨ ਹੁੰਦੀ ਹੈ, ਪਰੰਤੂ-

ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ॥

ਉਸ ਦੇ ਘਰ ਵਿਚ ਸੱਤ ਰੰਨਾਂ ਹਨ, ਇਸ ਕਰ ਕੇ ਉਸ ਦੇ ਘਰ ਵਿਚ ਸਿਆਪਾ ਬਣਿਆਂ ਰਹਿੰਦਾ ਹੈ, ਕਿਉਂਕਿ ਸੌਕਣਾਂ ਦੀ ਇਕ ਦੂਜੇ ਨਾਲ ਬਣਦੀ ਨਹੀਂ ਹੈ।

ਵਾ-ਕੋਈ ਔਰਤ ਕਹਿੰਦੀ ਹੈ ਮੇਰੀ ਕੁੜੀ ਨੂੰ ਦਾਜ ਚੰਗਾ ਨਹੀਂ ਦਿੱਤਾ, ਕੋਈ ਔਰਤ ਕਹਿੰਦੀ ਹੈ ਮੇਰੀ ਕੁੜੀ ਨੂੰ ਘੜੀ ਨਹੀਂ ਦਿੱਤੀ, ਜਾਂ ਸੋਹਣਾ ਪਲੰਘ ਨਹੀਂ ਦਿੱਤਾ, ਕੋਈ ਕਹਿੰਦੀ ਹੈ ਸਤਿਕਾਰ ਨਹੀਂ ਕੀਤਾ, ਇਸ

ਗੱਲ ਕਰ ਕੇ ਵੀ ਘਰ ਵਿਚ ਸਿਆਪਾ= ਝੰਝਟ ਪਿਆ ਰਹਿੰਦਾ ਹੈ। ਬਸ ਕੂੜਿਆਂ ਕੰਮਾਂ ਲਈ ਪਤੀ ਅੱਗੇ ਰੋਦੀਆਂ ਰਹਿੰਦੀਆਂ ਹਨ। ਵਾ-ਬਹੁਤਾ ਪਰਿਵਾਰ ਹੋਣ ਕਰ ਕੇ ਕੋਈ ਨਾ ਕੋਈ ਮਰਿਆ ਹੀ ਰਹਿੰਦਾ ਹੈ, ਇਸ ਤੋਂ ਘਰ ਵਿਚ ਸਿਆਪਾ ਬਣਿਆ ਰਹਿੰਦਾ ਹੈ। ਕੂੜਿਆਂ ਕੰਮਾਂ ਨੂੰ ਯਾਦ ਕਰ ਕੇ ਰੋਂਦੇ ਰਹਿੰਦੇ ਹਨ।

ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ॥ ੨੬॥

ਜੋ ਕਿਸੀ ਪਾਸੋਂ ਰੁਪਯਾ ਜਾਂ ਗਹਿਣਾ ਜਾਂ ਸੌਦਾ ਅਮਾਨਤ ਰੱਖਣ ਵਾਸਤੇ ਲੈਂਦਾ ਹੈ ਤਾਂ ਉਹ ਗਹਿਣਾ ਰੁਪਿਆ ਵਗੈਰਾ ਵਾਪਸ ਨਹੀਂ ਦੇਂਦਾ! ਗਰੀਬਾਂ ਨੂੰ ਸਹੰਮੀ= ਦੁੱਖ ਦੇ ਕੇ ਦੰਮ= ਦਮੜਿਆਂ ਨੂੰ ਖਟਦਾ ਹੈ।

ਦੂਜਾ ਅਰਥ-

ਉਦੋ ਸਾਹੈ ਕਿਆ ਨੀਸਾਨੀ

ਸਾਕਤਾਂ ਦਾ ਮਨ ਰੂਪੀ ਸ਼ਾਹ ਜੋ ਉਦੇ ਹੋ ਰਿਹਾ ਹੈ, ਭਾਵ ਸੰਸਾਰਕ ਪਦਾਰਥਾਂ ਵਿਚ ਲੱਗ ਰਿਹਾ ਹੈ, ਉਸ ਦੀ ਨਿਸ਼ਾਨੀ ਕੀ ਹੈ? *ਉੱਤਰ:-*

ਤੋਟਿ ਨ ਆਵੈ ਅੰਨੀ॥

ਇਸ ਮਨ ਦੇ ਅੰਦਰ ਇਤਨੀ ਅੰਧਤਾਈ ਹੈ, ਜੋ ਅੰਨੀ= ਅੰਧਤਾਈ ਦਾ ਘਾਟਾ ਨਹੀਂ ਆਉਂਦਾ।

ਵਾ-ਜੋ ਮਨ ਰੂਪੀ ਸ਼ਾਹ ਵਿਸ਼ਿਆਂ ਵੱਲ ਉਦੇ ਹੋ ਰਿਹਾ ਹੈ ਉਸ ਦੀ ਕੀ ਨਿਸ਼ਾਨੀ ਹੈ?

ਉਤਰ-ਉਸ ਮਨ ਦੇ ਅੰਦਰ ਜੋ ਦਵੈਤ ਭਾਵ ਹੈ ਉਸ ਅੰਨੀ= ਦਵੈਤ ਭਾਵ ਦਾ ਘਾਟਾ ਨਹੀਂ ਆਉਂਦਾ।

ਵਾ-ਸਾਹੈ=ਸ੍ਵਾਸ ਸ੍ਵਾਸ ਵਿਚ ਜੋ ਫੁਰਨੇ ਨੂੰ ਉਦੇ ਕਰ ਰਿਹਾ ਹੈ, ਉਸ ਮਨ ਦੀ ਕੀ ਨਿਸ਼ਾਨੀ ਹੈ।

ਉੱਤਰ-

ਉਦੋ ਸੀਅ ਘਰੇ ਹੀ ਵੁਠੀ

ਸੀਅ= ਕਾਲਖ ਅਵਿੱਦਿਆ ਉਦੇ ਹੋ ਕੇ ਹਿਰਦੇ-ਘਰ ਵਿਖੇ ਵਸ ਰਹੀ ਹੈ। ਵਾ-ਸੀਅ= ਤਿੰਨਾਂ ਗੁਣਾਂ ਦੇ ਅੰਦਰ ਉਦੇ ਹੋ ਕੇ ਮਨ ਸੰਸਾਰ-ਘਰ ਵਿਖੇ ਵਸ ਰਿਹਾ ਹੈ।

*ਅਥਵਾ-ਉ-*ਵਿਸ਼ੇਸ਼ ਕਰਕੇ ਦੋਸੀਅ= ਦੋਸ਼ੀਆਂ ਦੀ ਸੰਗਤ ਕਰਦਾ ਹੈ, ਭਾਵ ਦੋਸ਼ੀਆਂ ਕੁਸੰਗੀਆਂ ਦੇ ਘਰ ਵਿਚ ਹੀ ਵਸਿਆ ਰਹਿੰਦਾ ਹੈ। ਸੀਅ= ਸ਼ਾਂਤੀ ਜੋ ਪ੍ਰਗਟ ਹੋਈ ਸੀ ਉਹ ਘਰ= ਹਿਰਦੇ ਵਿਚ ਹੀ ਵਸੀ ਰਹਿ ਗਈ, ਭਾਵ ਅੰਦਰ ਹੀ ਦੱਬੀ ਰਹਿ ਗਈ।

ਕੂੜਿਈਂ ਰੰਨੀ ਧੰਮੀ॥

ਕੂੜੀਆਂ ਵਾਸ਼ਨਾਂ ਅਤੇ ਰੰਨੀ= ਇੰਦ੍ਰੀਆਂ ਨੇ ਧੰਮੀ= ਧਮੱਚੜਾ ਪਾ ਛਡਿਆ ਹੈ।

ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ॥

ਪੰਜ ਗਿਆਨ ਇੰਦ੍ਰੀਆਂ ਤੇ ਆਸਾ ਤ੍ਰਿਸ਼ਨਾ, ਵਾ ਹੰਗਤਾ-ਮਮਤਾ, ਇਨ੍ਹਾਂ ਸੱਤਾਂ ਰੰਨਾਂ ਨੇ ਹਿਰਦੇ-ਘਰ ਵਿਚ ਸਿਆਪਾ ਪਾਇਆ ਹੋਇਆ ਹੈ। ਜਿਸ ਕਰ ਕੇ ਕੂੜਿਆਂ ਕੰਮਾਂ ਵਾਸਤੇ ਇਹ ਜੀਵ ਰੋਂਦਾ ਫਿਰਦਾ ਹੈ।

ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ॥ ੨੬॥

ਪਦਾਰਥ ਅਤੇ ਸਰੀਰ ਵਗੈਰਾ, ਜੋ ਭੀ ਦਾਤ ਪਰਮੇਸ਼ਰ ਪਾਸੋਂ ਲੈਂਦਾ ਹੈ, ਉਹ ਲਈ ਹੋਈ ਦਾਤ ਪਰਮੇਸ਼ਰ

ਨੂੰ ਖੁਸ਼ ਹੋ ਕੇ ਵਾਪਸ ਨਹੀਂ ਦਿੰਦਾ। ਇਸ ਦੇ ਵਾਪਸ ਨਾ ਦੇਣ ਪਰ ਜੇ ਪਰਮੇਸ਼ਰ ਕਰਮਾਂ ਅਨੁਸਾਰ ਖੋਹ ਲਵੇ ਤਾਂ ਇਹ ਗੁੱਸਾ ਕਰਦਾ ਹੈ।

ਯਥਾ-ਅਪਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥ ਅਗਿਆਨੀ ਮਨਿ ਰੋਸੁ ਕਰੇਇ॥

ਵਾ-ਜੋ ਸ੍ਵਾਸ ਪਰਮੇਸ਼ਰ ਪਾਸੋਂ ਲੈਂਦਾ ਹੈ ਉਹ ਸ੍ਵਾਸ ਪਰਮੇਸ਼ਰ ਨੂੰ ਦਿੰਦਾ ਨਹੀਂ ਹੈ, ਭਾਵ ਸ੍ਵਾਸਾਂ ਦੁਆਰੇ ਪਰਮੇਸ਼ਰ ਦਾ ਭਜਨ ਨਹੀਂ ਕਰਦਾ। ਦੰਮ= ਸ੍ਵਾਸਾਂ ਦੁਆਰੇ ਸੁਖ ਖਟਣੇ ਸਨ ਪਰ ਇਹ ਜੀਵ ਸਹੰਮੀ= ਦੁਖ ਖੱਟ ਰਿਹਾ ਹੈ।

ਉਥਾਨਕਾ-ਕੋਈ ਸੰਤ ਪਹਿਲੇ ਭਜਨ ਸਿਮਰਨ ਕਰਦਾ ਸੀ, ਫਿਰ ਉਹ ਹਟ ਗਿਆ ਉਸ ਨੂੰ ਅਨੁਕਤੀ ਅਲੰਕਾਰ ਅਨੁਸਾਰ ਉਪਦੇਸ਼ ਦੇਂਦੇ ਹਨ। ਗੁਰੂ ਸਾਹਿਬ ਜੀ ਚਲੇ ਜਾ ਰਹੇ ਸਨ, ਰਾਹ ਵਿਚ ਸਰੋਵਰ ਵਿਚ ਕੰਵਲ ਫੁੱਲ ਸੜੇ ਹੋਏ ਦੇਖ ਕੇ ਉਨ੍ਹਾਂ ਕਵਲਾਂ ਨੂੰ ਹੀ ਮੁਖ ਰੱਖ ਕੇ ਗੁਰੂ ਜੀ ਕਥਨ ਕਰਦੇ ਹਨ—

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥

ਹੇ ਪਬਰ= ਕੰਵਲ ਤੂੰ ਬੜਾ ਹਰੀਆਵਲਾ ਸੀ ਅਤੇ ਹੇ ਕੰਵਲ ਫੁੱਲ! ਕੰਚਨ= ਸੋਨੇ ਵਰਗਾ ਤੇਰਾ ਵੰਨਿ= ਰੰਗ ਸੀ।

ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥

(ਪਰ ਇਹ ਦੱਸ!) ਕਿਸ ਦੋਸ਼ ਕਰਕੇ ਤੂੰ ਸੜ ਗਿਆ ਹੈਂ, ਅਤੇ ਤੇਰੀ ਦੇਹ ਕਾਲੀ ਹੋ ਗਈ ਹੈ? ਅੱਗੋਂ ਕੰਵਲ ਨੇ ਕਿਹਾ-

ਮੇਰਾ ਤਨ ਜਲ ਵਲੋਂ ਭੰਞੁ= ਟੁੱਟਾ ਹੋਇਆ ਹੈ, ਜਲ ਦੀ ਮੇਰੇ ਕੋ ਪ੍ਰਾਪਤੀ ਨਹੀਂ ਹੈ, ਇਸ ਕਰਕੇ ਸੜ ਗਿਆ ਹਾਂ।

ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥

ਮੈਂ ਜਾਣਦਾ ਹਾਂ! ਜਿਸ ਜਲ ਨਾਲ ਮੇਰਾ ਸੰਗ ਭਾਵ ਜੀਵਨ ਹੈ ਉਸ ਪਾਣੀ ਨੂੰ ਮੈਂ ਨਹੀਂ ਲੈ ਸਕਦਾ।

ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥ ੩੦॥

ਜਿਸ ਜਲ ਦੇ ਦੇਖਿਆਂ ਮੇਰਾ ਤਨ ਪ੍ਰਫੁਲਤ ਹੁੰਦਾ ਹੈ ਅਤੇ ਚੌਗੁਣਾ ਰੰਗ ਚੜ੍ਹਦਾ ਹੈ (ਇਹ ਦ੍ਰਿਸ਼ਟਾਂਤ ਹੈ।)

ਇਸੀ ਪ੍ਰਕਾਰ ਦਾ ਦ੍ਰਿਸ਼ਟਾਂਤ ਕਥਨ ਕਰਦੇ ਹਨ-

ਉਸ ਸੰਤ ਨੇ ਵਿਚਾਰਿਆ ਇਨ੍ਹਾਂ ਫਕੀਰਾਂ ਨੇ ਜੜ ਕੰਵਲ ਨੂੰ ਕੀ ਕਹਿਣਾ ਹੈ, ਇਹ ਤਾਂ ਮੈਨੂੰ ਕੁਝ ਕਹਿ ਰਹੇ ਹਨ, ਪਾਸ ਆ ਕੇ ਕਹਿੰਦਾ ਹੈ ਹੇ ਫਕੀਰ ਸਾਂਈ ਜੀ! ਹੁਕਮ ਕਰੋ ਕੀ ਆਖਦੇ ਹੋ? *ਉੱਤਰ-*

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥

ਹੇ ਸੰਤ ਰੂਪ ਪਬਰ= ਕੰਵਲ! ਤੂੰ ਸ਼ੁਭ ਗੁਣਾਂ ਰੂਪ ਪੰਖਣੀਆਂ ਦੇ ਸਹਿਤ ਹਰਿਆ ਭਰਿਆ ਸੀ ਅਤੇ ਹੇ ਸੰਤ ਰੂਪ ਕੰਵਲ ਤੂੰ ਸ੍ਰਵਨ ਮਨਨ ਨਿਧਿਆਸਨ ਰੂਪ ਸਾਧਨਾਂ ਕਰਕੇ ਕੰਚਨ ਵੰਨਿ= ਸੋਨੇ ਦੇ ਰੰਗ ਵਰਗਾ ਸੀ।

ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥

ਹੁਣ ਤੂੰ ਕੇਹੜੇ ਦੋਸ਼ਾਂ ਕਰਕੇ ਸੜ ਗਿਆ ਹੈਂ ਸਰੀਰ ਕਰਕੇ ਅਤੇ ਦੇਹੁਰੀ= ਬੁੱਧੀ ਵੀ ਕਾਲੀ ਹੋ ਗਈ ਹੈ।

ਅੱਗੋਂ ਸੰਤ ਨੇ ਕਿਹਾ-ਹੇ ਪ੍ਰਭੂ! ਮੈਂ ਕੁਝ ਸਾਧਨਾਂ ਦੀ ਹੰਗਤਾ ਕਰ ਬੈਠਾ ਹਾਂ, ਇਸ ਕਰਕੇ ਮੇਰਾ ਤਨ ਮਨ ਪ੍ਰਮੇਸ਼ਰ ਵਲੋਂ ਭੰਗ= ਵਿਘਨ ਵਾਲਾ ਹੋ ਰਿਹਾ ਹੈ। ਹੰਕਾਰ ਸਹਿਤ ਹੋਣ ਕਰਕੇ ਹੁਣ ਵਾਹਿਗੁਰੂ ਦਾ ਭਜਨ ਸਿਮਰਨ ਨਹੀਂ ਕਰਦਾ ਏਸੇ ਹੰਕਾਰ ਕਰਕੇ ਹੀ ਬੁੱਧੀ ਕਾਲੀ ਹੋ ਰਹੀ ਹੈ।

ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥

ਜਿਸ ਪ੍ਰੇਮ ਦੇ ਨਾਲ ਮੇਰਾ ਸੰਗੁ= ਸਬੰਧ ਸੀ, ਔਰ ਜਿਸ ਵਿਚ ਮੈਂ ਸੁਖ ਜਾਣਦਾ ਸੀ, ਉਸ ਪ੍ਰੇਮ ਰੂਪ ਪਾਣੀ ਨੂੰ ਮੈਂ ਹੰਕਾਰ ਦੀ ਵਜ੍ਹਾ ਕਰ ਕੇ ਨਹੀਂ ਲਹਿੰਦਾ।

ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥ ੩੦॥

ਪ੍ਰੇਮ ਤੋਂ ਬਿਨਾਂ ਹੋਣ ਕਰਕੇ ਮੈਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਿਆ।

ਜਿਸ ਪ੍ਰੇਮ ਨਾਲ ਪ੍ਰਮੇਸ਼ਰ ਨੂੰ ਦੇਖ ਕੇ ਤਨ ਪ੍ਰਫੁਲਤ ਹੋਣਾ ਸੀ ਅਤੇ ਚੌਥੀ ਭੂਮਿਕਾ ਦਾ ਚੌਗੁਣਾ ਰੰਗ ਚੜ੍ਹਣਾ ਸੀ, ਉਹ ਨਹੀਂ ਰਿਹਾ॥ ੩੦॥

ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥

ਦੁਨੀਆਂ ਦੇ ਵਿਚ ਰੱਜ ਕਰਕੇ ਕੋਈ ਜੀਵਿਆ ਨਹੀਂ, ਭਾਵੇਂ ਕਿਤਨੇ ਸੌ ਵਰ੍ਹੇ ਜੀਂਵਦਾ ਰਹੇ, ਤੂੰ ਭੀ ਮਰਨ ਨੂੰ ਕੋਈ ਨਹੀਂ ਚਾਹੁੰਦਾ। ਆਖਦਾ ਹੈ ਮੈਂ ਕੋਈ ਹੁਣੇ ਹੀ ਮਰ ਚਲਿਆ ਹਾਂ? ਅਤੇ ਦੁਨਿਆਵੀ ਕੰਮਾਂ ਨੂੰ ਭੀ ਕੋਈ ਪਹੁੰਚ ਕੇ ਨਹੀਂ ਚਲਿਆ, ਭਾਵ ਪੂਰੇ ਕਰਕੇ ਨਹੀਂ ਤੁਰਿਆ, ਕੰਮ ਨਾਮ ਹੀ ਨਿਯੂਨਤਾ ਦਾ ਹੈ ਇਹ ਕੰਮ ਕਦੇ ਪੂਰੇ ਨਹੀਂ ਹੁੰਦੇ।

ਯਥਾ-ਕਰਿ ਕਰਿ ਥਾਕੇ ਵਡੇ ਵਡੇਰੇ॥ ਕਿਨਹੀ ਨ ਕੀਏ ਕਾਜ ਮਾਇਆ ਪੂਰੇ॥ *(ਪੰਨਾ ੮੮੯)*

ਦੇਖੋ! ਰਾਵਣ ਦਾ ਇਹ ਇਰਾਦਾ ਸੀ ਕਿ ਮੈਂ ਸੁਰਗ ਨੂੰ ਪੌੜੀਆਂ ਲਾਵਾਂਗਾ ਤੇ ਕਾਲ ਨੂੰ ਮਾਰਾਂਗਾ ਪਰ ਇਹ ਕੰਮ ਪੂਰੇ ਨਾ ਕਰ ਸਕਿਆ। ਏਸੇ ਤਰ੍ਹਾਂ ਇਹ ਪੁਰਸ਼ ਆਖਦਾ ਹੈ, ਮੈਂ ਇਤਨਾ ਪੜ੍ਹਾਂਗਾ ਮੈਂ ਇਤਨੇ ਸੁਖ ਲਵਾਂਗਾ ਪਰ ਲੈ ਨਹੀਂ ਸਕਦਾ।

ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥

ਬ੍ਰਹਮ ਗਿਆਨੀ ਪੁਰਸ਼ ਸਦਾ ਸਦਾ ਜਿਉਂਦੇ ਹਨ, ਪਰਮੇਸ਼ਰ ਵਿਚ ਸੁਰਤੀ ਜੋੜਨ ਕਰ ਕੇ ਹੀ ਸਦਾ ਪਤੀ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

ਵਾ-ਸੁਰਤੀ= ਸ੍ਰੇਸ਼ਟ ਪ੍ਰੀਤੀ ਕਰ ਕੇ ਸਦਾ ਪੱਤ ਅਬਰੋ ਹੁੰਦੀ ਹੈ। ਵਾ- ਵੇਦਾਂ ਦੀਆਂ ਸੁਰਤੀਆਂ ਅਨੁਸਾਰ ਕਰਮ ਕਰਨ ਨਾਲ ਪੱਤ ਆਬਰੋ ਹੁੰਦੀ ਹੈ।

ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ॥

ਸਾਧ ਸੰਗਤ ਵਿਚ ਸ੍ਵਾਸਾਂ ਦੇ ਲਗਾਣ ਦਾ (ਸਦਾ ਸਦਾ) ਨਿਤਪ੍ਰਤੀ ਸਰਫਾ ਹੀ ਸਰਫਾ ਕਰਦਾ ਹੈ। ਸਾਧ ਸੰਗਤ ਵਿਚ ਬੈਠਾ ਹੋਇਆ ਆਖਦਾ ਹੈ ਛੇਤੀ ਭੋਗ ਪਵੇ, ਜੋ ਮੈਂ ਹੋਰ ਕਈ ਕੰਮ ਘਰ ਦੇ ਸਵਾਰ ਲਵਾਂ। ਪ੍ਰੰਤੂ ਸਾਧ ਸੰਗਤ ਵਿਚ ਬੈਠਣ ਦੇ ਲਾਭ ਨੂੰ ਨਹੀਂ ਵਿਚਾਰਦਾ ਕਿ ਇਥੇ ਬੈਠਿਆਂ ਗੁਰਬਾਣੀ ਦਾ ਪਾਠ ਸੁਣਦਿਆਂ ਮੈਨੂੰ ਕਿਤਨਾ ਕੁ ਲਾਭ ਪ੍ਰਾਪਤ ਹੋਣਾ ਹੈ।

ਜਿਸ ਕਰ ਕੇ ਇਸ ਦੀ ਸਾਰੀ ਉਮਰਾ ਏਵੈ= ਐਂਵੇ ਵਿਅਰਥ ਹੀ ਵਿਹਾਇ= ਬਤੀਤ ਹੋ ਗਈ।

ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥ ੩੧॥

ਗੁਰੂ ਜੀ ਕਥਨ ਕਰਦੇ ਹਨ-ਕਿਸ ਨੂੰ ਆਖਣਾ ਕਰੀਏ, ਉਹ ਜਮ ਤਾਂ ਪੁਛੇ ਤੋਂ ਬਿਨਾਂ ਹੀ ਜੀਵ ਨੂੰ ਲੈ ਜਾਂਦਾ ਹੈ॥ ੩੧॥

ਉਥਾਨਕਾ-ਲੋਕਾਂ ਨੇ ਕਿਹਾ ਰਾਇ ਬੁਲਾਰ ਦੀ ਮੱਤ ਫਿਰ ਗਈ ਹੈ, ਆਪ ਜੀ ਦੇ ਵਿਛੋੜੇ ਕਰ ਕੇ, ਐਵੇਂ ਗੱਲਾਂ ਕਰੀ ਜਾਂਦਾ ਹੈ ਹਟਦਾ ਨਹੀਂ। ਲੋਕਾਂ ਨੂੰ ਸਮਝਾਉਣ ਲਈ ਗੁਰੂ ਜੀ ਕਥਨ ਕਰਦੇ ਹਨ-

ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ॥

ਰਾਇ ਬੁਲਾਰ ਨੂੰ ਦੋਸ਼ ਨਾ ਦਿਓ, ਕਿਉਂਕਿ ਜਿਸ ਵੇਲੇ ਮਨੁੱਖ ਬੁੱਢਾ ਹੋ ਜਾਂਦਾ ਹੈ ਤਾਂ ਉਸ ਦੀ ਮਤੀ ਚਲ ਵਿਚੱਲ ਹੋ ਜਾਂਦੀ ਹੈ।

ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ॥ ੩੨॥

(ਯਾਦ ਸ਼ਕਤੀ ਨ ਰਹਿਣ ਕਰਕੇ ਹੀ) ਬਹੁਤੀਆਂ ਗੱਲਾਂ ਕਰਦਾ ਹੈ, ਬ੍ਰਿਧ ਅਵਸਥਾ ਵਿਚ ਨੇਤ੍ਰ ਅੰਨ੍ਹੇ ਭਾਵ ਕਮਜ਼ੋਰ ਹੋ ਜਾਂਦੇ ਹਨ, ਜਦ ਉਠ ਕੇ ਚਲਦਾ ਹੈ ਤਾਂ ਵੱਡੇ ਖਾਤੇ ਵਿਚ ਤੇ ਛੋਟੇ ਟੋਏ ਵਿਚ ਡਿੱਗ ਪੈਂਦਾ ਹੈ।

ਦੂਜਾ ਅਰਥ-

ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ॥

ਇਸ ਰਾਇ= ਜੀਵ ਨੂੰ ਦੋਸ਼ ਨਾ ਦੇਣਾ ਕਰੋ, ਕਿ ਇਹ ਮੰਦ ਕਰਮ ਕਰਦਾ ਹੈ, ਕਿਉਂਕਿ ਜਿਸ ਵੇਲੇ ਇਹ ਬੁਢਾ= ਹੰਕਾਰੀ ਹੁੰਦਾ ਹੈ, ਉਸ ਵੇਲੇ ਇਸ ਦੀ ਸ਼ੁਭ ਮਤੀ ਚਲੀ ਜਾਂਦੀ ਹੈ। ਜਿਸ ਕਰ ਕੇ-

ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ॥

ਪਰਮੇਸ਼ਰ ਦੇ ਨਾਮ ਨੂੰ ਛੱਡ ਕੇ ਹੋਰ ਹੀ ਬਹੁਤੀਆਂ ਸੰਸਾਰਕ ਗੱਲਾਂ ਕਰਦਾ ਹੈ, ਜਿਸ ਤੇ ਇਹ ਅੰਧਾ ਅਗਿਆਨੀ ਪੁਰਸ਼ ਨਰਕਾਂ ਰੂਪ ਖਾਤੇ ਵਿਚ ਅਤੇ ਮਾਤਾ ਦੇ ਉਦਰ ਰੂਪੀ ਟੋਏ ਵਿਚ ਪੈਣਾ ਕਰਦਾ ਹੈ॥ ੩੨॥

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥

ਪੂਰੇ ਪਰਮਾਤਮਾ ਦਾ ਕੀਤਾ ਹੋਇਆ ਸਭ ਕੁਛ ਪੂਰਾ ਹੈ, ਉਸ ਦੀ ਇੱਛਾ ਅਨੁਸਾਰ ਜੋ ਕੁਝ ਹੋ ਚੁੱਕਾ ਹੈ ਉਸ ਤੋਂ ਇਲਾਵਾ ਹੋਰ ਘਟ ਵੱਧ ਕੁਝ ਨਹੀਂ ਹੋ ਸਕਦਾ।

ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥ ੩੩॥

ਗੁਰੂ ਜੀ ਕਥਨ ਕਰਦੇ ਹਨ-ਐਸੇ ਵਾਹਿਗੁਰੂ ਨੂੰ ਗੁਰਾਂ ਦੁਆਰੇ ਜਾਣੇ, ਤਾਂ ਪੂਰੇ ਪਰਮੇਸ਼ਰ ਦੇ ਵਿਚ ਸਮਾ ਜਾਂਦਾ ਹੈ॥ ੩੩॥

ਵਾਰਾਂ ਤੇ ਵਧੀਕ ਪਹਿਲੀ ਪਾਤਿਸ਼ਾਹੀ ਦੇ ਸਲੋਕ ਸਮਾਪਤੰ॥

ਕਬਿੱਤ-

ਬੇਰੀ ਹੇਠ ਬੈਠੇ ਗੁਰੂ ਬੇਰੀ ਭੀ ਨਿਹਾਲ ਹੋਈ,
ਰੀਠੇ ਵਲ ਡਿੱਠਾ ਰੀਠਾ ਮਿਠਾ ਹੋਇ ਜਾਂਵਦਾ।
ਅੱਕਾਂ ਦੀਆਂ ਖਖੜੀਆਂ ਦੇਖ ਕੇ ਨਿਹਾਲ ਹੋਈਆਂ,
ਅੰਬ ਤੇ ਅਨਾਰ ਨੂੰ ਮਰਦਾਨਾ ਤੋੜ ਖਾਂਵਦਾ।
ਕਿਕਰਾਂ ਤੋਂ ਝੜਵਾਈਆਂ ਮਠਿਆਈਆਂ ਮੇਰੇ ਸਤਿਗੁਰਾਂ,
ਖਾਰਾ ਜਲ ਚਰਨ ਛੋਹੇ ਮਿਠਾ ਹੋਇ ਜਾਂਵਦਾ।
ਪਸ਼ੂ ਪੰਛੀ ਰਾਖਸ਼ ਭੀ ਤਾਰੇ ਮੇਰੇ ਸਤਿਗੁਰੂ ਜੀ,
ਬੰਦਾ ਕਿਉਂ ਨਾ ਤਰੇ ਜੇਹੜਾ ਗੁਰੂ ਸ਼ਰਨ ਆਂਵਦਾ।

[ਪੰਨਾ ੧੪੧੩]

ਸਲੋਕ ਮਹਲਾ ੩

੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ–ਇਹ ਸਲੋਕ ਗਰੀਬ ਨਿਵਾਜ ਸ੍ਰੀ ਗੁਰੂ ਅਮਰ ਦਾਸ ਪਾਤਿਸ਼ਾਹ ਜੀ ਨੇ ਮਾਈ ਦਾਸ ਵੈਰਾਗੀ ਪ੍ਰਤੀ ਉਚਾਰਨ ਕੀਤਾ ਹੈ।

ਮਾਈ ਦਾਸ ਪੂਰਨ ਵੈਰਾਗੀ ਕ੍ਰਿਸ਼ਨ ਉਪਾਸ਼ਕ ਸੀ ਅਤੇ ਬੜਾ ਸੰਜਮੀ ਸੁੱਚ ਪਵਿਤਰਤਾ ਵਾਲਾ ਵੈਸ਼ਨਵ ਸੀ। ਆਪਣੇ ਹੱਥੀਂ ਪੋਚਾ ਪਾ ਕੇ ਰਸੋਈ ਤਿਆਰ ਕਰ ਕੇ ਸੇਵਨ ਕਰਨੀ।

ਹਰ ਵਕਤ ਕ੍ਰਿਸ਼ਨ-ਕ੍ਰਿਸ਼ਨ ਉਚਾਰਦਾ ਰਹਿੰਦਾ ਸੀ। ਇਕ ਸਮੇਂ ਇਸ ਦੀ ਭੇਟ ਇਕ ਪੂਰਨ ਗੁਰਸਿੱਖ ਨਾਲ ਹੋ ਗਈ। ਉਸ ਨਾਲ ਬਚਨ-ਬਿਲਾਸ ਕਰਦਿਆਂ ਉਸ ਗੁਰਸਿੱਖ ਪਾਸੋਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਬਿਅੰਤ ਉਸਤਤੀ ਸੁਣੀ। ਉਸਤਤੀ ਸੁਣ-ਸੁਣ ਕੇ ਮਾਈ ਦਾਸ ਜੀ ਦੇ ਮਨ ਵਿਖੇ ਦਰਸ਼ਨ ਕਰਨੇ ਦਾ ਉਤਸ਼ਾਹ ਹੋਇਆ। ਉਸ ਵੇਲੇ ਉਸ ਗੁਰਸਿੱਖ ਪਾਸੋਂ ਥਾਂ ਟਿਕਾਣਾ ਪੁਛ ਕੇ ਉਸ ਦੇ ਦੱਸੇ ਰਸਤੇ ਤੇ ਨਿਜ ਅਸਥਾਨ ਤੋਂ ਚਲ ਪਿਆ। ਚਲਦਿਆਂ-ਚਲਦਿਆਂ ਰਸਤੇ ਨੂੰ ਝਾਗਦਿਆਂ ਗੋਇੰਦਵਾਲ ਵਿਖੇ ਆ ਪੁੱਜਾ।

ਸਾਹਿਬਾਂ ਦੇ ਦਰਸ਼ਨਾਂ ਲਈ ਹਾਲੀਂ ਲੰਗਰ ਪਾਸ ਹੀ ਪੁੱਜਾ ਸੀ ਕਿ ਇਕ ਮਿੱਤਰ ਪਿਆਰੇ ਗੁਰਸਿੱਖ ਨੇ ਵੈਰਾਗੀ ਸਾਧੂ ਜਾਣ ਕੇ ਬੜੇ ਸਤਿਕਾਰ ਨਾਲ ਉਸ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਪੁਛਿਆ–ਆਪ ਜੀ ਦੀ ਕੀ ਅਭਿਲਾਸ਼ਾ ਹੈ ਤੇ ਕਿਸ ਦੀ ਭਾਲ ਕਰ ਰਹੇ ਹੋ?

ਉਸ ਵਕਤ ਮਾਈ ਦਾਸ ਨੇ ਕਿਹਾ— "ਮੈਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।" ਸਿੱਖ ਨੇ ਕਿਹਾ- ਸਾਹਿਬਾਂ ਦਾ ਇਹ ਹੁਕਮ ਹੈ ਕਿ ਅਸਾਡੇ ਦਰਸ਼ਨ ਉਹ ਕਰ ਸਕਦਾ ਹੈ, ਜੋ ਪਹਿਲੋਂ ਲੰਗਰ ਪ੍ਰਸ਼ਾਦਿ ਆ ਕੇ ਛਕੇ। ਸੋ ਜੇ ਦਰਸ਼ਨਾਂ ਦੀ ਇੱਛਾ ਹੈ ਤਾਂ ਪਹਿਲੋਂ ਲੰਗਰੋਂ ਪ੍ਰਸ਼ਾਦਿ ਛਕੋ, ਫਿਰ ਆਪ ਜੀ ਨੂੰ ਸਤਿਗੁਰਾਂ ਦੇ ਦਰਸ਼ਨ ਹੋ ਸਕਣਗੇ।"

ਉਸ ਵਕਤ ਲੰਗਰ ਦੀ ਸਮ ਪ੍ਰਕਿਰਿਆ ਭਾਵ ਸਭਨਾਂ ਨੂੰ ਇਕ ਪੰਗਤ ਵਿਖੇ ਬੈਠ ਕੇ ਬਿਨਾਂ ਕਿਸੇ ਸੰਜਮ ਚਉਕੇ ਆਦਿਕ ਪਾਏ ਦੇ ਪ੍ਰਸ਼ਾਦ ਛਕੀ ਜਾਂਦੇ ਹਨ ਤੇ ਮੈਂ ਤਾਂ ਬੜਾ ਸੰਜਮ ਨਾਲ ਪ੍ਰਸ਼ਾਦ ਛਕਣਾ ਕਰਦਾ ਹਾਂ। ਮੈਂ ਇਥੇ ਕਿਵੇਂ ਪ੍ਰਸ਼ਾਦ ਛਕਾਂ? ਇਸ ਤਰ੍ਹਾਂ ਸੰਸਿਆਂ ਵਿਖੇ ਪਏ ਮਾਈ ਦਾਸ ਨੇ ਉਸ ਸਿੱਖ ਨੂੰ ਕਿਹਾ- "ਮੈਂ ਤਾਂ ਬੜਾ ਸੰਜਮੀ ਹਾਂ। ਆਪਣੇ ਹੱਥਾਂ ਨਾਲ ਚਉਕਾ ਆਦਿਕ ਪਾ ਕੇ ਭੋਜਨ ਤਿਆਰ ਕਰਕੇ ਖਾਂਦਾ ਹਾਂ।"

ਤਿਸ ਵੇਲੇ ਤਿਸ ਲਾਂਗਰੀ ਸਿੱਖ ਨੇ ਸਭ ਕੱਚੀ ਰਸਦ ਲਿਆ ਦਿੱਤੀ। ਉਸ ਵੇਲੇ ਮਾਈ ਦਾਸ ਨੇ ਲੱਕੜਾਂ

ਆਦਿਕ ਤੇ ਛੱਟਾ ਮਾਰ ਕੇ ਅੱਗ ਬਾਲਣ ਲਈ ਚੁਲ੍ਹੇ ਵਾਸਤੇ ਥਾਂ ਪੁੱਟੀ। ਹਾਲੀ ਥੋੜੀ ਹੀ ਡੂੰਘੀ ਹੋਈ ਸੀ ਕਿ ਥਲਿਓਂ ਹੱਡੀਆਂ ਨਿਕਲ ਆਈਆਂ।

ਉਸ ਵਕਤ ਆਪਣੇ ਆਪ ਨੂੰ ਅਪਵਿੱਤਰ ਹੋ ਗਿਆ ਜਾਣ, ਮੁੜ ਇਸ਼ਨਾਨ ਕਰ ਕੇ ਹੋਰ ਅਸਥਾਨ ਤੋਂ ਥਾਂ ਪੁੱਟੀ, ਉਥੋਂ ਵੀ ਥਲਿਓਂ ਹੱਡੀਆਂ ਨਿਕਲੀਆਂ। ਇਸ ਤਰ੍ਹਾਂ ਚਾਰ ਪੰਜ ਥਾਵਾਂ ਤੇ ਮਿੱਟੀ ਪੁੱਟੀ ਪਰ ਹਰ ਥਾਂ ਤੋਂ ਥਲਿਓਂ ਹੱਡੀਆਂ ਹੀ ਨਿਕਲਦੀਆਂ ਰਹੀਆਂ। ਇਸ ਤਰ੍ਹਾਂ ਆਪਣੇ ਆਪ ਨੂੰ ਅਸਫਲ ਜਾਣ ਕੇ ਮਾਈ ਦਾਸ ਦਰਸ਼ਨਾਂ ਦਾ ਵਿਚਾਰ ਛੱਡ ਬੈਠਾ। ਸੋਚਿਆ ਚਲੋ ਜੇ ਮਹਾਂ ਪੁਰਸ਼ਾਂ ਦੇ ਦਰਸ਼ਨ ਨਹੀਂ ਹੁੰਦੇ ਤਾਂ ਨਾ ਸਹੀ। ਦੁਆਰਕਾ ਚੱਲ ਕੇ ਭਗਵਾਨ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੇ ਦਰਸ਼ਨ ਕਰਦੇ ਹਾਂ। ਇਸ ਤਰ੍ਹਾਂ ਸੰਜਮ ਪਿਛੇ ਸਤਿਗੁਰਾਂ ਦੇ ਦਰਸ਼ਨਾਂ ਦੀ ਪ੍ਰੀਤੀ ਨੂੰ ਛੱਡ ਕੇ ਮਾਈ ਦਾਸ ਦੁਆਰਕਾ ਨੂੰ ਹੋ ਤੁਰਿਆ।

ਗੋਇੰਦਵਾਲ ਸਾਹਿਬ ਤੋਂ ਚਲ ਕੇ ਜਿਸ ਵਕਤ ਦੁਆਰਕਾ ਦੇ ਪਾਸ ਪੁੱਜਾ ਤਾਂ ਉਸ ਦਿਨ ਇਕਾਦਸ਼ੀ ਸੀ। ਇਕਾਦਸ਼ੀ ਥਿਤ ਆਈ ਜਾਣਕੇ ਉਥੇ ਬੀਆਬਾਨ ਜੰਗਲ ਵਿਖੇ ਹੀ ਵਰਤ ਰੱਖ ਲਿਆ। ਜਿਸ ਵਿਖੇ ਦੂਰ-ਦੂਰ ਤੱਕ ਮਨੁੱਖ ਦੀ ਜਾਤੀ ਨਿਗਾਹ ਨਹੀਂ ਸੀ ਆਉਂਦੀ, ਨਾ ਹੀ ਕਿਧਰੇ ਅਗਨੀ ਦੀ ਝਲਕ ਪੈਂਦੀ ਸੀ।

ਇਤਨੇ ਨੂੰ ਦੇਵਨੇਤ ਕਾਲੀਆਂ ਘਟਾਂ ਛਾ ਗਈਆਂ, ਬਿਜਲੀ ਲਿਸ਼ਕਾਰੇ ਮਾਰਨ ਲੱਗ ਪਈ। ਉਪਰੰਤ ਦਿਲ ਨੂੰ ਡੁਲਾ ਦੇਣ ਵਾਲੀ ਭਿਆਨਕ ਬੱਦਲਾਂ ਦੀ ਆਵਾਜ਼ ਉਤਪੰਨ ਹੁੰਦੀ। ਪਲਾਂ-ਪਲਾਂ ਵਿਖੇ ਹਵਾ ਦੇ ਤੂਫਾਨ ਕਰਕੇ ਕਈ ਦਰੱਖਤ ਡਿੱਗ ਪਏ। ਮੀਂਹ ਨੇ ਵੀ ਜ਼ੋਰ ਪਕੜ ਲਿਆ। ਇਕ ਮੀਂਹ ਦੂਸਰਾ ਹਵਾ ਦੇ ਚਲਣ ਕਰ ਕੇ ਠੰਢ ਵੀ ਵਧਦੀ ਗਈ।

ਇਧਰ ਮਾਈ ਦਾਸ ਇਕ ਰਸ ਕ੍ਰਿਸ਼ਨ-ਕ੍ਰਿਸ਼ਨ ਰਟਦਾ ਚੌਂਕੜਾ ਲਗਾਈ ਬੈਠਾ ਹੈ। ਸਰਦੀ ਬਹੁਤ ਜ਼ਿਆਦਾ ਹੋ ਜਾਣ ਕਰਕੇ ਸਰੀਰ ਨੇ ਬਹੁਤ ਠੰਢ ਮਹਿਸੂਸ ਕੀਤੀ। ਆਖਰ ਉਠਿਆ ਤੇ ਆਸਰੇ ਦੀ ਭਾਲ ਕਰਦਾ ਇਕ ਖੋਖਲੇ ਦਰਖਤ ਦੇ ਮੁੱਢ ਵਿਖੇ ਵੜ ਗਿਆ ਜਿਥੇ ਕੇਵਲ ਖਲੋ ਕੇ ਹੀ ਸਿਰ ਲੁਕਾਇਆ ਜਾ ਸਕਦਾ ਸੀ। ਸਾਰੀ ਰਾਤ ਇਸ ਤਰ੍ਹਾਂ ਪਾਲੇ ਵਿਖੇ ਕ੍ਰਿਸ਼ਨ-ਕ੍ਰਿਸ਼ਨ ਕਰਦਿਆਂ ਕੱਟੀ। ਦਿਨ ਚੜ੍ਹਿਆ ਦੁਆਦਸ਼ੀ ਥਿਤ ਲੱਗੀ। ਹੁਣ ਵਰਤ ਖੋਲ੍ਹਣ ਦੀਆਂ ਸੋਚਾਂ ਪੈ ਗਈਆਂ। ਕਿਧਰੇ ਕੋਈ ਕੁਝ ਨਿਗਾਹ ਨਹੀਂ ਸੀ ਆਉਂਦਾ ਜੋ ਮੂੰਹ ਵਿਖੇ ਪਾ ਕੇ ਵਰਤ ਖੋਹਲ ਲਵੇ। ਮੀਂਹ ਵਸਣ ਕਰ ਕੇ ਖੋਭਾ ਹੋ ਚੁੱਕਾ ਸੀ। ਆਂਦਰਾ ਵਿਲ੍ਹਕਣ ਲੱਗ ਪਈਆਂ, ਉਸ ਵਕਤ ਕ੍ਰਿਸ਼ਨ ਭਗਵਾਨ ਜੀ ਨੇ ਆਪਣਾ ਵਿਰਦ ਸੰਭਾਲਿਆ ਕਿ ਜੋ ਹੁਣ ਇਸ ਨੂੰ ਖਾਣ ਲਈ ਕੁਝ ਨਾ ਮਿਲਿਆ ਤਾਂ ਭੁੱਖਾ ਹੀ ਪ੍ਰਾਣ ਤਿਆਗ ਦੇਵੇਗਾ।

ਇਹ ਵਿਚਾਰ ਕੇ ਭਗਵਾਨ ਕ੍ਰਿਸ਼ਨ ਨੇ ਹੋਰ ਵਿਅਕਤੀ ਦਾ ਆਕਾਰ ਧਾਰ ਕੇ ਦਾਲ ਤੇ ਚਾਵਲ ਇਕ ਥਾਲੀ ਵਿਖੇ ਪਰੋਸ ਕੇ ਮਾਈ ਦਾਸ ਦੇ ਅੱਗੇ ਲਿਆ ਰੱਖੇ ਤੇ ਝੱਟ ਹੀ ਥੋਹੜੀ ਦੂਰ ਜਾ ਕੇ ਦਰੱਖਤਾਂ ਓਹਲੇ ਅਲੋਪ ਹੋ ਗਏ। ਮਾਈ ਦਾਸ ਕੱਚਾ ਭੋਜਨ ਦੇਖ ਕੇ ਸੋਚਦਾ ਹੈ ਕਿ ਜੇਕਰ ਇਸ ਨੂੰ ਮੈਂ ਚਉਕੇ ਬਗੈਰ ਖਾਂਦਾ ਹਾਂ ਤਾਂ ਮੇਰਾ ਨਿਯਮ ਟੁੱਟਦਾ ਹੈ।

ਯਥਾ-ਮੈਂ ਆਚਾਰੀ ਸ਼ੰਕਾ ਠਾਨੀ। ਬਿਨ ਸੰਜਮ ਕਿਨਿ ਆਨਜੋ ਥਾਨੀ।
ਸੁਚ ਸੋਂ ਚੌਕੇ ਅੰਤਰਿ ਖਾਵੌਂ। ਬਿਗਰਹਿ ਨੇਮ ਜਿ ਇਸ ਮੁਖ ਪਾਵੌਂ ॥ ੨੭॥
ਜੇ ਹੋਵਤਿ ਪਕਵਾਨ ਬਨਾਯਸਿ। ਅਚਿਤਿ ਬ੍ਰਤੀ ਮੈਂ ਛੁਧਾ ਮਿਟਾਯਸਿ।
ਇਸ ਬਿਧਿ ਤਰਕਤਿ ਬਹੁ ਚਿਤ ਮਾਂਹੀ। ਹੁਤੋ ਛੁਧਿਤ ਪਰ ਖਾਯਸਿ ਨਾਂਹੀ॥ ੨੮॥

www.sikhbookclub.com

ਹਾਲੀਂ ਇਹ ਸੋਚਾਂ ਸੋਚ ਹੀ ਰਿਹਾ ਸੀ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਉਸੀ ਵਕਤ ਪੱਕਾ ਭੋਜਨ ਭਾਵ ਪੂੜੀ ਕਚੌੜੀ ਕੜਾਹ ਆਦਿਕ ਦੀ ਪਰੋਸੀ ਹੋਈ ਥਾਲੀ ਮਾਈ ਦਾਸ ਦੇ ਅੱਗੇ ਲਿਆ ਰੱਖੀ ਤੇ ਆਪ ਫਿਰ ਅਲੋਪ ਹੋ ਗਏ।

ਇਸ ਤਰ੍ਹਾਂ ਦਾ ਅਚੰਭਾ ਦੇਖ ਕੇ ਮਾਈ ਦਾਸ ਸੋਚਣ ਲੱਗ ਪਿਆ ਕਿ ਇਤਨੇ ਘੋਰ ਜੰਗਲ ਵਿਖੇ ਜਿਥੇ ਦੂਰ ਦੁਰਾਡੇ ਕੋਈ ਮਨੁੱਖ ਨਿਗਾਹ ਹੀ ਨਹੀਂ ਆਉਂਦਾ, ਉਥੇ ਪਹਿਲੇ ਕੱਚਾ ਭੋਜਨ ਤੇ ਫਿਰ ਮੇਰੇ ਸੰਕਲਪ ਅਨੁਸਾਰ ਦਿਲ ਦੀ ਬੁਝਦਿਆਂ ਝੱਟ ਪਿਛੋਂ ਪੱਕਾ ਭੋਜਨ ਆ ਗਿਆ। ਸੋਚਿਆ ਇਹ ਜ਼ਰੂਰ ਭਗਵਾਨ ਸ੍ਰੀ ਕ੍ਰਿਸ਼ਨ ਜੀ ਹੀ ਹਨ। ਬਸ ਫਿਰ ਕੀ ਸੀ ਲੱਗਾ ਭਾਲਣ ਤੇ ਦੀਨ ਮਨ ਹੋ ਕਿ ਦਰਸ਼ਨਾਂ ਲਈ ਬੇਨਤੀਆਂ ਕਰਨ ਲੱਗਾ-

ਨਹਿ ਮੁਝ ਕੋ ਦਰਸ਼ਨ ਦਿਖਰਾਯਸਿ। ਦੋਇ ਬਾਰ ਦੇ ਅੰਨ ਸਿਧਾਯਸਿ।
ਇਮ ਬਿਚਾਰਿ ਕਰਿ ਹੇਰਨਿ ਲਾਗਾ। ਚਹੁੰ ਦਿਸਿ ਫਿਰਤਿ ਵਧਜੋ ਅਨੁਰਾਗਾ॥ ੩੨॥
ਪਰਜੋ ਰਹਜੋ ਤਿਹ ਠਾਂ ਪਕਵਾਨ। ਇਤਿ ਉਤਿ ਖੋਜਤਿ ਭਯੋ ਹਿਰਾਨ।
ਪ੍ਰੇਮ ਸਮੁੰਦ੍ਰ ਬਿਖੈ ਬਹਿ ਗਯੋ। ਮਾਈਦਾਸ ਥਾਹੁ ਨਹਿ ਲਹਜੋ॥ ੩੩॥
ਰੁਦਨਿ ਕਰਤਿ ਅਰੁ ਊਚ ਪੁਕਾਰੈ। ਨਹਿ ਤਨ ਕੀ ਸੁਧਿ ਕੁਛ ਸੰਭਾਰੈ।
ਗੁਨ ਗਾਵਤਿ ਹੇ ਪਤਿਤ ਉਧਾਰਨ। ਹੇ ਘਨ ਸ਼ਜਾਮ ਜਗਤ ਕੇ ਕਾਰਨ॥ ੩੪॥
ਹੇ ਅਨਾਥ ਕੇ ਨਾਥ ਕ੍ਰਿਪਾਲਾ। ਨਾਮ ਗਰੀਬ ਨਿਵਾਜ ਬਿਸਾਲਾ।
ਹੇ ਮਨ ਮੋਹਨਿ ਸੁੰਦਰ ਸਾਂਵਰਿ। ਮੈ ਮਲੀਨ ਪਾਂਮਰ ਤੇ ਪਾਂਵਰਿ॥ ੩੫॥
ਅਪਨੋ ਬਿਰਦ ਸੰਭਾਰਨਿ ਕਰੀਯਹਿ। ਮਮ ਅਵਗੁਨ ਕੋ ਨਹੀਂ ਨਿਹਰੀਯਹਿ।
ਹ੍ਵੈ ਕ੍ਰਿਪਾਲ ਦਿਹੁ ਦਰਸ ਗੁਸਾਈਂ। ਪ੍ਰਿਥਮ ਜਥਾ ਭੋਜਨ ਦਿਯ ਆਈ॥ ੩੬॥

ਇਸ ਤਰ੍ਹਾਂ ਪ੍ਰੇਮ ਪੂਰਬਕ ਦੀਨ ਮਨ ਹੋ ਕੇ ਬੇਨਤੀਆਂ ਕਰਨ ਤੇ ਕ੍ਰਿਸ਼ਨ ਭਗਵਾਨ ਜੀ ਨੇ ਦਰਸ਼ਨ ਤਾਂ ਨਹੀਂ ਦਿੱਤਾ, ਪਰ ਇਤਨਾ ਕਿਹਾ ਤੂੰ ਹੁਣ ਪ੍ਰਾਣਾਂ ਦੀ ਰੱਖਿਆ ਵਾਸਤੇ ਭੋਜਨ ਛਕ ਲੈ ਅਤੇ ਜਿਹੜਾ ਦਰਸ਼ਨ ਲਈ ਲੋਚਦਾ ਹੈਂ ਸੋ ਮੇਰੇ ਦਰਸ਼ਨ ਤੈਨੂੰ ਗੋਇੰਦਵਾਲ ਵਿਖੇ ਹੀ ਹੋਣਗੇ, ਇਥੇ ਨਹੀਂ ਹੋ ਸਕਦੇ। ਸੋ ਤੂੰ ਹੁਣ ਦੁਬਾਰਾ ਗੋਇੰਦਵਾਲ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਦਰਬਾਰ ਜਾਹ, ਨਾਲੇ ਦੇਖ ਜਿਥੇ ਪ੍ਰੇਮ ਹੁੰਦਾ ਹੈ ਉਥੇ ਨਿਯਮ ਨਹੀਂ ਰਹਿ ਸਕਦਾ ਅਤੇ ਜਿਥੇ ਨਿਯਮ ਹੁੰਦਾ ਹੈ ਉਥੇ ਪ੍ਰੇਮ ਨਹੀਂ ਰਹਿ ਸਕਦਾ। ਇਤਨਾ ਕਹਿ ਕੇ ਕ੍ਰਿਸ਼ਨ ਜੀ ਤਾਂ ਚਲੇ ਗਏ। ਇਧਰ ਮਾਈ ਦਾਸ ਆਪਣੇ ਕੀਤੇ ਤੇ ਪਸਚਾਤਾਪ ਕਰਨ ਲੱਗਾ ਕਿ ਜੇ ਨਿਯਮ ਨਾ ਕਰਦਾ ਤਾਂ ਇਤਨੇ ਕਸ਼ਟ ਤਾਂ ਨਾ ਪਾਂਦਾ।

ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦਾ ਦਰਸ਼ਨਾਂ ਲਈ ਤੁਰ ਪਿਆ। ਗੋਇੰਦਵਾਲ ਪਾਸ ਪੁਜ ਕੇ ਮਾਈ ਦਾਸ ਨੇ ਸੰਕਲਪ ਕੀਤਾ, ਮੈਂ ਤਾਂ ਹੀ ਨਿਸਚੇ ਕਰਾਂਗਾ ਜੇਕਰ ਕ੍ਰਿਸ਼ਨ ਰੂਪ ਵਿਖੇ ਦਰਸ਼ਨ ਦੇਣ।

ਪੁਨਾ ਲੰਗਰ ਵਿਖੇ ਆ ਕੇ ਸਾਰਿਆਂ ਸੰਸਿਆਂ ਸੰਜਮਾਂ ਨੂੰ ਇਕ ਪਾਸੇ ਰੱਖ ਕੇ ਲੰਗਰੋਂ ਪ੍ਰਸ਼ਾਦ ਛਕਿਆ। ਪ੍ਰਸ਼ਾਦ ਵਿਚੋਂ ਉਹ ਅਨੰਦ ਪ੍ਰਾਪਤ ਹੋਇਆ ਜੁ ਨਿਹਾਲ ਹੋ ਗਿਆ। ਲੰਗਰੋਂ ਪ੍ਰਸ਼ਾਦ ਛਕ ਕੇ ਪੁਨਾ ਦਰਸ਼ਨ ਕਰਨ ਵਾਸਤੇ ਦੀਵਾਨ ਅਸਥਾਨ ਵਿਖੇ ਹਾਜ਼ਰ ਹੋਇਆ। ਗੁਰਿਆਈ ਗੱਦੀ ਤੇ ਬਿਰਾਜਮਾਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਖੇ ਦਰਸ਼ਨ ਕਰਕੇ ਗਦ ਗਦ ਹੋ ਗਿਆ। ਪਾਸ ਪੁੱਜ ਕੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ। ਮੋਹਣੀ ਮੂਰਤੀ ਹਿਰਦੇ ਧਾਰ ਅੱਖਾਂ ਮੂੰਦ ਕੇ ਸਮਾਧੀ ਵਿਖੇ ਲੀਨ

ਹੋ ਗਿਆ। ਜਿਸ ਵੇਲੇ ਨੇਤਰ ਖੋਹਲੇ ਤਾਂ ਫਿਰ ਸਤਿਗੁਰੂ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਦੇ ਸਫਲ ਦਰਸ਼ਨ ਪਾਏ ਤਾਂ ਸਾਰੇ ਰਹਿੰਦੇ ਖੁਹੰਦੇ ਸੰਸੇ ਵੀ ਨਵਿਰਤ ਹੋ ਗਏ। ਉਸ ਵਕਤ ਸਾਹਿਬਾਂ ਨੇ ਇਹ ਸਲੋਕ ਉਚਾਰਨ ਕਰਕੇ ਮਾਈ ਦਾਸ ਨੂੰ ਉਪਦੇਸ਼ ਦੇਣਾ ਕੀਤਾ।*

ਦੂਸਰੀ ਉਥਾਨਕਾ–ਇਸੇ ਸ਼ਬਦ ਦੀ ਦੂਸਰੀ ਉਥਾਨਕਾ ਸੰਪ੍ਰਦਾਈ ਗਿਆਨੀ ਜਨ ਇਸ ਪ੍ਰਕਾਰ ਸ੍ਰਵਨ ਕਰਾਇਆ ਕਰਦੇ ਸਨ ਕਿ-

ਇਕ ਸਮੇਂ ਗੋਇੰਦਵਾਲ ਵਿਖੇ ਸਤਿਗੁਰਾਂ ਦੇ ਦਰਬਾਰ ਵਿਖੇ ਇਕ ਅਭਿਆਗਤਾਂ ਦੀ ਜਮਾਤ ਆਈ। ਉਹਨਾਂ ਨੇ ਆ ਕੇ ਸਤਿਗੁਰਾਂ ਦੇ ਪੁੱਛਣ ਪਰ ਕਿਹਾ ਕਿ ਅਸਾਂ ਨੂੰ ਭੋਜਨ ਚਾਹੀਦਾ ਹੈ।

ਸਤਿਗੁਰਾਂ ਨੇ ਉਸ ਵੇਲੇ ਜਿਹੋ ਜਿਹੀ ਰਸਦ ਸੀ ਤੈਸੀ ਉਹਨਾਂ ਨੂੰ ਦੇ ਦਿੱਤੀ ਕਿਉਂਕਿ ਸਤਿਗੁਰੂ ਜੀ ਦੇ ਦਰਵਾਜੇ ਤੇ ਇਕ ਪੰਗਤੀ ਵਿਖੇ ਰਸਦਾਂ ਨਾਲ ਲੱਦੇ ਗੱਡੇ ਸੈਂਕੜਿਆਂ ਦੀ ਗਿਣਤੀ ਵਿਖੇ ਖੜੇ ਰਹਿੰਦੇ ਸਨ। ਵਾਰੋ ਵਾਰੀ ਹਰ ਇਕ ਦੀ ਵਾਰੀ ਆਉਂਦੀ ਸੀ। ਜਦੋਂ ਕਦੀ ਕਿਸੇ ਗਰੀਬੜੇ ਪ੍ਰੇਮੀ ਗੁਰਸਿੱਖ ਦੀ ਵਾਰੀ ਆਉਂਦੀ ਤਾਂ ਲੰਗਰ ਵਿਖੇ ਮਿਸੇ ਪ੍ਰਸ਼ਾਦੇ ਲੱਸੀ ਆਦਿਕ ਵਰਤਦੀ ਅਤੇ ਜਦੋਂ ਕਿਸੇ ਮਾਲਦਾਰ ਪ੍ਰੇਮੀ ਗੁਰਸਿੱਖ ਦੀ ਵਾਰੀ ਆਉਂਦੀ ਤਾਂ ਉਸ ਵੇਲੇ ਮਾਲ੍ਹ ਪੂੜੇ ਕੜਾਹ ਖੀਰਾਂ ਵਰਤਦੀਆਂ। ਨਾਲੇ ਸਤਿਗੁਰੂ ਜੀ ਕਿਸੇ ਪ੍ਰਕਾਰ ਦੀ ਰਸਦ ਆਪਣੇ ਪਾਸ ਜਮ੍ਹਾਂ ਨਹੀਂ ਸੀ ਕਰਿਆ ਕਰਦੇ। ਪਹਿਲੇ ਤਾਂ ਲੰਗਰ ਵਿਖੇ ਪ੍ਰਸ਼ਾਦ ਤਿਆਰ ਹੋ ਕੇ ਸਭ ਸੰਗਤਾਂ ਨੂੰ ਰਜਾ ਰਜਾ ਕੇ ਪ੍ਰਸ਼ਾਦਿ ਛਕਾਯਾ ਜਾਂਦਾ ਸੀ, ਜੋ ਸੰਗਤਾਂ ਤੋਂ ਬਚਦਾ ਸੀ ਫਿਰ ਮਾਲ ਡੰਗਰਾਂ ਨੂੰ ਪਾ ਦਿੰਦੇ ਸਨ। ਉਹਨਾਂ ਨੂੰ ਵੀ ਰਜਾ-ਰਜਾ ਕੇ ਖੁਆਣਾ ਅਤੇ ਜੋ ਮਾਲ ਡੰਗਰਾਂ ਤੋਂ ਬਚਣਾ ਉਹ ਬਿਪਾਸਾ (ਬਿਆਸ) ਨਦੀ ਵਿਖੇ ਪ੍ਰਵਾਹ ਕਰ ਦਿੰਦੇ ਸਨ।

ਇਸ ਤਰ੍ਹਾਂ ਸਤਿਗੁਰਾਂ ਦਾ ਫੁਰਮਾਨ ਸੀ ਕਿ ਕੁਝ ਜਮ੍ਹਾਂ ਨਹੀਂ ਰੱਖਣਾ ਇਸ ਲਈ ਰਾਤ ਨੂੰ ਸਭ ਬਰਤਨਾਂ ਦੀ ਸਫਾਈ ਕਰ ਕੇ ਦੇਗਾਂ ਆਦਿਕ ਪੁਠੀਆਂ ਮਾਰ ਦਿੱਤੀਆਂ ਜਾਂਦੀਆਂ ਹਨ। ਇਸ ਕਰ ਕੇ ਉਨ੍ਹਾਂ ਨੂੰ ਵਾਰੀ ਅਨੁਸਾਰ ਖੁਸ਼ਕ ਰਸਦ ਮਿਲੀ। ਸੋ ਉਸ ਵੇਲੇ ਤਾਂ ਉਨ੍ਹਾਂ ਨੇ ਉਹ ਖੁਸ਼ਕ ਰਸਦ ਪਾਣੀ ਲੈ ਕੇ ਪਕਾ ਕੇ ਛਕ ਲਈ, ਪਰ ਸ਼ਾਮ ਨੂੰ ਸਿੱਖ ਸੰਗਤਾਂ ਨੂੰ ਪੂੜੇ ਕੜਾਹ ਪੂਰੀਆਂ ਖੀਰਾਂ ਖਾਂਦਿਆਂ ਦੇਖ ਕੇ ਮਨ ਵਿਖੇ ਰੋਸ ਕੀਤਾ ਤੇ ਸਤਿਗੁਰਾਂ ਪਾਸ ਆ ਕੇ ਆਪਣਾ ਰੋਸ ਪ੍ਰਗਟ ਕਰਦਿਆਂ ਕਿਹਾ ਤੁਸੀਂ ਸਾਨੂੰ (ਅਭਿਆਗਤਾਂ ਨੂੰ) ਤਾਂ ਖੁਸ਼ਕ ਰਸਦ ਦਿੱਤੀ ਹੈ ਅਤੇ ਹੁਣ ਸ਼ਾਮਾਂ ਨੂੰ ਸਿੱਖ ਸੰਗਤਾਂ ਨੂੰ ਪੱਕਾ ਭੋਜਨ ਛਕਾਣਾ ਕੀਤਾ ਹੈ।

ਸਤਿਗੁਰਾਂ ਨੇ ਕਿਹਾ-ਹੇ ਭਗਤ ਜਨੋ! ਉਸ ਵੇਲੇ ਜਿਹੋ ਜਿਹਾ ਰਸਦ ਪਾਣੀ ਸੀ ਸੋ ਤੁਹਾਨੂੰ ਦੇ ਦਿੱਤਾ ਸੀ ਅਤੇ ਹੁਣ ਸ਼ਾਮਾਂ ਨੂੰ ਇਕ ਹੋਰ ਪ੍ਰੇਮੀ ਨੇ ਇਹ ਕੜਾਹ ਪੂੜੀ ਦਾ ਭੰਡਾਰਾ ਕਰਾਇਆ ਹੈ, ਉਸ ਵੇਲੇ ਉਹਨਾਂ ਅਭਿਆਗਤਾਂ ਦੇ ਕਹਿਣ ਪਰ ਕਿ ਅਸਾਂ ਨੂੰ ਵੀ ਹੁਣ ਤਰਲ ਭੋਜਨ ਮਿਲਣਾ ਚਾਹੀਦਾ ਹੈ। ਸਤਿਗੁਰੂ ਜੀ ਉਹਨਾਂ ਨੂੰ ਇਸ ਸਲੋਕ ਦੁਆਰਾ ਉਪਦੇਸ਼ ਦੇਣਾ ਕਰਦੇ ਹਨ-

ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ ॥+

ਇਹ ਪੁਰਸ਼ ਅਭਿਆਗਤ++ ਨਹੀਂ ਕਥਨ ਕਰੀਂਦੇ, ਜਿਹਨਾਂ ਦੇ ਮਨ ਵਿਖੇ (ਪਦਾਰਥ ਖਾਣ ਦਾ) ਭਰਮ ਹੈ।

---

*ਇਹ ਉਥਾਨਕਾ ਸੰਪ੍ਰਦਾਇ ਰੀਤੀ ਅਨੁਸਾਰ ਹੈ, ਸੂਰਜ ਪ੍ਰਤਾਪ ਰਾਸ ੧ ਅੱਸੂ ੫੨ ਵਿਖੇ ਵੀ ਇਹ ਪ੍ਰਸੰਗ ਹੈ ਪਰ ਕੁਝ ਕੁ ਫਰਕ ਨਾਲ ਹੈ।

+ਇਹ ਸਲੋਕ ਰਾਮਕਲੀ ਦੀ ਵਾਰ ਪਹਿਲੀ ਵਿਖੇ ਭੀ ਆ ਚੁੱਕਾ ਹੈ। ਛੇਵਾਂ ਸਲੋਕ ਹੈ।

++ਜੋ ਆਪਣੇ ਅਭਿ=ਹਿਰਦੇ ਦੀ ਸੁਤੰਤਰ ਇੱਛਾ ਅਨੁਸਾਰ ਆਗਤ ਆਉਂਦੇ ਜਾਂਦੇ ਹਨ, ਉਨ੍ਹਾਂ ਨੂੰ ਅਭਿਆਗਤ ਆਖਦੇ ਹਨ।

www.sikhbookclub.com

ਵਾ- ਜਿਨ੍ਹਾਂ ਦੇ ਮਨ ਵਿਚ ਇਹ ਭਰਮ ਹੈ ਕਿ ਗੁਰੂ ਜੀ ਨੇ ਸਾਨੂੰ ਸੁੱਕੀ ਰਸਦ ਦਿੱਤੀ ਹੈ ਤੇ ਸਿੱਖਾਂ ਨੂੰ ਕੜਾਹ ਪੂੜੀਆਂ ਛਕਾਂਵਦੇ ਹਨ।

ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ ॥ ੧ ॥

ਗੁਰੂ ਜੀ ਕਥਨ ਕਰਦੇ ਹਨ— ਤਿਨ੍ਹਾਂ ਅਭਿਆਗਤਾਂ ਨੂੰ ਦਿਤੇ ਹੋਏ ਦਾਨ ਪੁੰਨ ਦਾ ਤੇਹੋ ਜਿਹਾ ਧਰਮ ਹੁੰਦਾ ਹੈ।

ਜੈਸੇ ਇਕ ਸੰਤ ਨੂੰ ਮਾਈ ਨੇ ਨਿਉਤਾ ਮਨਾਇਆ, ਆਉਦਿਆਂ ਹੋਇਆਂ ਨਾਲ ਦੇ ਗੁਆਂਢਣ ਦੇ ਘਰੋਂ ਛੰਨਾ ਚੁੱਕ ਲਿਆਈ। ਜਿਸ ਵੇਲੇ ਸੰਤ ਘਰ ਰੋਟੀ ਖਾਣ ਆਏ ਤਾਂ ਛੋਲਿਆਂ ਦੀ ਮਿੱਸੀ ਰੋਟੀ ਅਗੇ ਰੱਖ ਕੇ ਆਪ ਕੋਠੇ ਪਰ ਚੜ੍ਹ ਗਈ। ਸੰਤਾਂ ਅੱਗੇ ਪਾਣੀ ਵੀ ਨਾ ਧਰਿਆ, ਸੰਤਾਂ ਪਾਸੋਂ ਉਹ ਖੁਸ਼ਕ ਰੋਟੀ ਨਾ ਖਾਧੀ ਗਈ। ਇਸ ਲਈ ਸੰਤਾਂ ਨੇ ਉਹ ਰੋਟੀ ਕੁੱਤੇ ਨੂੰ ਪਾ ਦਿੱਤੀ ਤੇ ਮਾਈ ਨੇ ਇਕ ਮਲਾਈ ਦਾ ਛੰਨਾ ਛਿਕੇ ਪਰ ਰੱਖਿਆ ਹੋਇਆ ਸੀ ਉਸ ਛੰਨੇ ਨੂੰ ਸੰਤ ਚੁੱਕ ਕੇ ਲੱਸੀ ਬਣਾ ਕੇ ਪੀ ਗਏ।

ਮਗਰੋਂ ਮਾਈ ਨੂੰ ਆਵਾਜ਼ ਦੇਂਦੇ ਹਨ ਕਿ ਆ ਕੇ ਹੱਥ ਭਾਂ ਧੁਆ ਜਾਹ। ਮਾਈ ਨੇ ਕਿਹਾ— ਮੈਂ ਭਾਂ ਬਿਮਾਨ ਦੇਖਦੀ ਖੜੀ ਹਾਂ ਕਿ ਸੰਤਾਂ ਨੂੰ ਰੋਟੀ ਖੁਆਣ ਕਰ ਕੇ ਬਿਮਾਨ ਆਉਂਦੇ ਹਨ। ਮੈਂ ਤਾਂ ਉਸ ਪਰ ਚੜ੍ਹਨ ਦੀ ਆਸ਼ਾ ਕਰ ਰਹੀ ਹਾਂ।

ਤਾਂ ਸੰਤਾਂ ਨੇ ਇੰਜ ਕਿਹਾ-

ਅਹਿਰਨ ਕੀ ਚੋਰੀ ਕਰੇ ਸੂਈ ਨ ਕਰਦੀ ਦਾਨ।
ਕੋਠੇ ਚੜ੍ਹ ਕੇ ਦੇਖਨ ਲਗੀ ਕਿਥੇ ਔਨ ਬਿਬਾਨ।

ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥ ੨ ॥

ਅਭੈ= ਭੈ ਤੋਂ ਰਹਿਤ ਨਿਰੰਜਨ= ਮਾਯਾ ਮਲ ਅਵਿੱਦਿਆ ਤੋਂ ਰਹਿਤ ਜੋ ਪਰਮ ਪਦ ਹੈ, ਤਿਸ ਦਾ ਜੋ ਪੁਰਸ਼ ਭੀਖਕ= ਮੰਗਤਾ, ਭਾਵ ਚਾਹਵਾਨ ਹੁੰਦਾ ਹੈ।

ਗੁਰੂ ਜੀ ਕਥਨ ਕਰਦੇ ਹਨ— ਤਿਸ ਦਾ ਭੋਜਨ ਛਕਾਣਾ ਕੋਈ ਵਿਰਲਾ ਪੁਰਸ਼ ਹੀ ਪਾਂਵਦਾ ਹੈ। *ਅਥਵਾ-* ਅਭੈ ਨਿਰੰਜਨ ਜੋ ਪਰਮ ਪਦ ਪ੍ਰਮਾਤਮਾ ਹੈ, ਤਿਸ ਪ੍ਰਮੇਸ਼ਰ ਦੇ ਭੀਖਕ= ਮੰਗਣ ਵਾਲਾ ਹੋਵੇ। ਤਿਸ ਪ੍ਰਮੇਸ਼ਰ ਦੇ ਨਾਮ-ਭੋਜਨ ਨੂੰ ਕੋਈ ਵਿਰਲਾ ਹੀ ਪੁਰਸ਼ ਪਾਂਵਦਾ ਹੈ॥ ੨ ॥

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥

ਨਾਮ ਤੋਂ ਬਿਨਾਂ ਚਾਹੇ ਪੰਡਿਤ ਹੋਵੇ, ਚਾਹੇ ਜੋਤਸ਼ੀ ਹੋਵੇ, ਚਾਹੇ ਚਾਰੇ ਵੇਦਾਂ ਨੂੰ ਮੁਖ ਨਾਲ ਪੜ੍ਹਨ ਵਾਲਾ ਹੋਵੇ।

ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ ॥ ੩ ॥

ਫਿਰ ਆਪਣੇ ਸ੍ਰੇਸ਼ਟ ਕਰਤਬਾਂ ਦੇ ਵਿਚਾਰ ਦੁਆਰ ਚਾਹੇ ਨੌ ਖੰਡਾਂ ਵਿਚ ਭੀ ਜਾਣਿਆਂ ਜਾਵੇ, ਪਰ ਨਾਮ ਤੋਂ ਬਿਨ੍ਹਾਂ ਸਭ ਕੁਝ ਵਿਅਰਥ ਹੈ॥ ੩ ॥

ਬ੍ਰਹਮਣ ਕੈਲੀ ਘਾਤੁ ਕੰਵਕਾ ਅਣਚਾਰੀ ਕਾ ਧਾਨੁ ॥

ਪ੍ਰਤੱਖ ਬ੍ਰਾਹਮਣ ਵਾ ਬ੍ਰਹਮ ਗਿਆਨੀ ਦਾ ਜੋ ਘਾਤੁ= ਮਾਰਨਾ ਹੈ, ਕੈਲੀ= ਕਾਲੇ ਰੰਗ ਵਾਲੀ ਗਊ ਦਾ

www.sikhbookclub.com

ਮਾਰਨਾ, ਕੰਞਕਾ= ਲੜਕੀ ਦਾ ਮਾਰਨਾ, ਵਾ ਵੇਚਣਾ, ਅਣਚਾਰੀ= ਵੇਸਵਾ ਦਾ ਧਾਨੁ= ਅੰਨ ਖਾਣਾ। ਵਾ-ਅਣਚਾਰੀ= ਸਦਾਚਾਰ ਤੋਂ ਰਹਿਤ ਜੋ ਕੁਕਰਮੀ ਖੋਟਾ ਪੁਰਸ਼ ਹੈ, ਉਸ ਦਾ ਅੰਨ ਖਾਣਾ ਇਹ ਭੀ ਚੌਥਾ ਭਾਰੀ ਪਾਪ ਹੈ।

*ਯਥਾ-*ਜਾ ਕੀ ਰਹਿਤ ਨ ਜਾਣੀਏ ਗੁਰ ਮੰਤ੍ਰ ਨਹੀਂ ਚੀਤ।
ਤਾ ਕਾ ਭੋਜਨ ਖਾਇ ਕੇ ਬਿਸਰੇ ਹਰਿ ਸਿਉ ਪ੍ਰੀਤ।

*ਤਥਾ-*ਜਹਾਂ ਤਹਾਂ ਕਾ ਖਾਇ ਪ੍ਰਸਾਦਿ। ਸੋ ਸਿਖ ਨਹੀ ਮੇਰਾ ਆਦਿ ਜੁਗਾਦਿ। *(ਰਹਿਤ ਨਾਮੇ ਵਿਚ ਲਿਖਿਆ ਹੈ)*

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਸਤਿਨਾਮ ਦਾ ਜਾਪ ਜਪਾਉਂਦੇ ਹੋਏ ਸੈਦਪੁਰ ਭਾਈ ਲਾਲੋ ਪਾਸ ਪੁੱਜੇ, ਭਾਈ ਲਾਲੋ ਦਾ ਪਿਆਰ ਦੇਖ ਕੇ ਕੁਝ ਦਿਨ ਗੁਰੂ ਜੀ ਭਾਈ ਲਾਲੋ ਕੋਲ ਹੀ ਠਹਿਰੇ। ਇਸ ਸਮੇਂ ਦੌਰਾਨ ਜ਼ਾਲਮ ਖਾਨ ਦੇ ਮੁਖ ਅਫਸਰ ਮਲਕ ਭਾਗੋ ਨੇ ਮਾਹਲ ਪੂੜਿਆਂ ਦਾ ਯੱਗ ਕੀਤਾ। ਇਸ ਯੱਗ ਵਿਚ ਗੁਰੂ ਜੀ ਨੂੰ ਜਬਰੀ ਸੱਦਿਆ ਗਿਆ। ਉਥੇ ਪੁੱਜ ਕੇ ਲੋਕਾਂ ਦੇ ਵਿਸ਼ਾਲ ਇਕੱਠ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਲਕ ਭਾਗੋ ਦੇ ਪੂੜੇ ਹੱਥ ਵਿਚ ਲੈ ਕੇ ਕਿਹਾ ਹੈ-

ਤਪਿਯਨ ਤਪ ਛੀਜਹਿ ਇਹ ਖਾਏ। ਧਜਾਨੀ ਧਜਾਨ ਨ ਲਗਹਿ ਲਗਾਏ।
ਖਾਵਤਿ ਮਨ ਕੋ ਕਰਤਿ ਮਲੀਨਾ॥ ਹਰਿ ਜਸੁ ਰੰਗ ਨ ਚਢਹਿ ਨਵੀਨਾ॥ ੫੫॥

(ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਿ ੩੯)

ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥

ਤਿਨ੍ਹਾਂ ਫਿਟਕਾਰਿਆਂ ਨੂੰ ਫਿਟਕਾਰਾਂ ਪੈਂਦੀਆਂ ਹਨ, ਵਾ ਇਸ ਲੋਕ ਵਿਚ ਭੀ ਫਿਟਕਾਰਾਂ ਅਤੇ ਪ੍ਰਲੋਕ ਵਿਚ ਵੀ ਫਿਟਕਾਰਾਂ ਪੈਂਦੀਆਂ ਹਨ ਅਤੇ ਕਰੋੜਾਂ ਬਦੀਆਂ= ਬੁਰਿਆਂ ਕਰਮਾਂ ਦਾ ਫਲ ਤਿਸ ਨੂੰ ਮਿਲਦਾ ਹੈ ਅਤੇ ਨਿਤਾਪ੍ਰਤੀ ਹੰਕਾਰ ਦਾ ਫਲ ਵੀ ਉਸ ਨੂੰ ਮਿਲਦਾ ਹੈ।

*ਅਥਵਾ-*ਬ੍ਰਹਮਣ= ਬ੍ਰਹਮ ਗਿਆਨੀ ਨੂੰ ਜਿਸ ਨੇ ਮਾਰਿਆ ਹੈ ਉਸ ਨੂੰ ਫਿਟਕਾਰ ਹੈ, ਕੈਲੀ ਘਾਤੁ= ਕਾਲੇ ਰੰਗ ਵਾਲੀ ਗਊ ਨੂੰ ਜਿਸ ਨੇ ਮਾਰਿਆ ਹੈ ਉਸ ਨੂੰ ਭੀ ਫਿਟਕਾਰ ਹੈ। ਜਿਸ ਨੇ ਕੰਞਕਾ= ਲੜਕੀ ਨੂੰ ਮਾਰਿਆ ਹੈ ਉਸ ਨੂੰ ਕ੍ਰੋੜਾਂ ਬਦੀਆਂ ਲਗਾਈਆਂ ਜਾਂਦੀਆਂ ਹਨ। ਅਣਚਾਰੀ ਦਾ ਅੰਨ ਖਾ ਕੇ ਜੋ ਆਖਦਾ ਹੈ ਮੈਨੂੰ ਕੀ ਲੱਗ ਗਿਆ ਹੈ, ਉਹ ਸਦਾ ਸਦਾ ਅਭਿਮਾਨੁ= ਹੰਕਾਰ ਨੂੰ ਹੀ ਚੱਕੀ ਫਿਰਦਾ ਹੈ। ਮਨ, ਬਾਣੀ, ਸਰੀਰ ਕਰ ਕੇ ਹੰਕਾਰ ਵਿਚ ਹੀ ਲੀਨ ਹੈ। ਹੰਕਾਰ ਹੋਣ ਕਰ ਕੇ ਉਸ ਪਾਸ ਕੋਈ ਵੀ ਸ਼ੁਭ ਗੁਣ ਨਹੀਂ ਹੈ।

ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥

ਗੁਰੂ ਜੀ ਕਥਨ ਕਰਦੇ ਹਨ— ਜਿਹਨਾਂ ਨੂੰ ਇਕ ਪ੍ਰਭੂ ਦਾ ਨਾਮ ਵਿਸਰ ਜਾਂਦਾ ਹੈ, ਉਨ੍ਹਾਂ ਪੁਰਸ਼ਾਂ ਨੂੰ ਪੂਰਬੋਕਤ ਪਾਹਿ ਏਤੇ= ਇਤਨੇ ਪਾਪ ਵਾ ਦੋਸ਼ ਲਗਦੇ ਹਨ।

ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ॥ ੪॥

ਹੋਰ ਸਭ ਬੁਧੀਆਂ ਸਾੜੀਆਂ ਜਾਂਦੀਆਂ ਹਨ, ਇਕ ਤਤੁ ਗਿਆਨੁ= ਯਥਾਰਥ ਗਿਆਨ ਵਾਲੀ ਬੁੱਧੀ ਅਟੱਲ ਰਹਿੰਦੀ ਹੈ॥ ੪॥

ਮਾਥੈ ਜੋ ਧੁਰਿ ਲਿਖਿਆ ਸੁ ਮੇਟਿ ਨ ਸਕੈ ਕੋਇ॥
ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰਿ ਹੋਇ॥ ੫॥

ਮੱਥੇ ਪਰ ਧੁਰੋਂ ਜੋ ਪ੍ਰਾਰਬਧ ਲੇਖ ਲਿਖਿਆ ਗਿਆ ਹੈ, ਭੋਗੇ ਬਿਨਾਂ ਉਸ ਨੂੰ ਕੋਈ ਹਟਾ ਨਹੀਂ ਸਕਦਾ।

ਗੁਰੂ ਜੀ ਕਥਨ ਕਰਦੇ ਹਨ— ਜੋ ਲੇਖ ਲਿਖਿਆ ਗਿਆ ਹੈ ਉਸੇ ਅਨੁਸਾਰ ਜੀਵ ਵਰਤਦਾ ਹੈ, ਪਰੰਤੂ ਇਸ ਗੱਲ ਨੂੰ ਉਹ ਪੁਰਸ਼ ਸਮਝਦਾ ਹੈ, ਜਿਸ ਉਤੇ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਹੋਵੇ॥ ੫॥

ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ॥

ਜਿਹਨਾਂ ਪੁਰਸ਼ਾਂ ਨੇ ਵਾਹਿਗੁਰੂ ਨਾਮ ਭੁਲਾਇਆ ਹੈ, ਕੂੜੈ= ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਲੱਗ ਕੇ।

ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ॥

ਉਹ ਪੁਰਸ਼ ਮੋਹਣੀ ਜੋ ਮਾਇਆ ਹੈ ਉਸ ਦੇ ਧੰਧਿਆਂ ਕਰ ਕੇ ਅੰਦਰੋਂ ਤ੍ਰਿਸ਼ਨਾ- ਅਗਨੀ ਵਿਚ ਸੜਦੇ ਰਹਿੰਦੇ ਹਨ।

ਜਿਨ੍ਹਾ ਵੇਲਿ ਨ ਤੁੰਬੜੀ ਮਾਇਆ ਠਗੇ ਠਗਿ॥

ਜਿਨ੍ਹਾਂ ਜੀਵਾਂ ਰੂਪ ਵੇਲ ਨਾਲ, ਭਗਤੀ ਰੂਪ ਤੁੰਬੀ ਨਹੀਂ ਹੈ।

ਵਾ-ਜਿਨ੍ਹਾਂ ਪਾਸ ਵੇਲਿ= ਭਗਤੀ, ਤੁੰਬੜੀ= ਫਲ ਗਿਆਨ ਨਹੀਂ ਹੈ।

ਵਾ-ਜਿਨ੍ਹਾਂ ਪਾਸ ਸ਼ਰਧਾ ਰੂਪੀ ਵੇਲ, ਭਗਤੀ ਰੂਪ ਤੁੰਬੀ ਨਹੀਂ ਹੈ, ਉਹ ਮਾਇਆ ਰੂਪ ਠਗਣੀ ਦੇ ਠੱਗੇ ਹੋਏ ਹਨ।

ਮਨਮੁਖ ਬੰਨਿ੍ ਚਲਾਈਅਹਿ ਨਾ ਮਿਲਹੀ ਵਗਿ ਸਗਿ॥

ਉਸ ਮਨਮੁਖ ਪੁਰਸ਼ ਨੂੰ ਜਮਦੂਤ ਸੰਗਲਾਂ ਨਾਲ ਬੰਨ੍ਹ ਕੇ ਪ੍ਰਲੋਕ ਰਸਤੇ ਵਿਚ ਚਲਾਂਵਦੇ ਹਨ, ਜੋ ਮਹਾਤਮਾ ਰੂਪ ਗਊਆਂ ਦੇ ਵਗ ਸਗਿ= ਨਾਲ ਨਹੀਂ ਮਿਲਦੇ।

ਵਾ- ਜੋ ਪੁਰਸ਼ ਸੰਤਾਂ ਨਾਲ ਅਥਵਾ ਨਾਮ ਨਾਲ ਨਹੀਂ ਮਿਲਦੇ, ਉਹ ਵਗਿ= ਬਗਲਿਆਂ ਵਾਂਗੂੰ ਪਖੰਡੀ ਹਨ ਅਤੇ ਸਗਿ= ਕੁੱਤਿਆਂ ਵਾਂਗੂੰ ਲੋਭੀ ਹਨ, ਇਸ ਲਈ ਉਹ ਪ੍ਰਮੇਸ਼ਰ ਨਾਲ ਨਹੀਂ ਮਿਲ ਸਕਦੇ।

ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ॥

(ਪ੍ਰਮੇਸ਼ਰ ਕਰਮਾਂ ਅਨੁਸਾਰ) ਆਪ ਭੁਲਾਵੇ ਤਾਂ ਭੁਲੀਦਾ ਹੈ, (ਪ੍ਰਮੇਸ਼ਰ ਸ਼ੁਭ ਕਰਮਾਂ ਦੁਆਰੇ) ਆਪ ਮਿਲਾਵੇ ਤਾਂ ਮਿਲੀਦਾ ਹੈ।

ਨਾਨਕ ਗੁਰਮੁਖਿ ਛੁਟੀਐ ਜੇ ਚਲੈ ਸਤਿਗੁਰ ਭਾਇ॥ ੬॥

ਗੁਰੂ ਜੀ ਕਥਨ ਕਰਦੇ ਹਨ— ਜਿਹੜਾ ਸਤਿਗੁਰਾਂ ਦੇ ਭਾਇ= ਪ੍ਰੇਮ ਵਿਖੇ ਚਲਦਾ ਹੈ, ਉਹ ਗੁਰਮੁਖ ਜਨ ਛੁੱਟ ਜਾਂਦਾ ਹੈ॥ ੬॥

ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ॥

ਸਾਲਾਹੀ= ਸਾਲਾਹਣੇ ਯੋਗ ਪ੍ਰਮੇਸ਼ਰ ਨੂੰ ਮਨ ਕਰ ਕੇ ਸਾਲਾਹਣਾ ਕਰੇ, ਭੀ= ਪੁਨਾ ਸੱਚੇ ਪ੍ਰਮੇਸ਼ਰ ਨੂੰ ਤਨ ਕਰ ਕੇ ਵੀ ਸਾਲਾਹਣਾ ਕਰੇ।

ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ॥ ੭॥

ਗੁਰੂ ਜੀ ਕਥਨ ਕਰਦੇ ਹਨ— ਇਕ ਪ੍ਰਮੇਸ਼ਰ ਦਾ ਸਤਿਸੰਗ ਰੂਪ ਦਰਵਾਜ਼ਾ ਸੱਚਾ ਹੈ, ਉਸ ਤੋਂ ਬਿਨਾਂ

ਬੀਭਾ= ਦੂਜਾ ਦਰਵਾਜ਼ਾ ਪਰਹਰਿ ਆਹਿ= ਤਿਆਗਣ ਯੋਗ ਹੈ॥ ੭॥

ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ॥

ਗੁਰੂ ਜੀ ਕਥਨ ਕਰਦੇ ਹਨ— ਜਿਥੇ-ਜਿਥੇ ਵੀ ਮੈਂ ਫਿਰਿਆਂ ਹਾਂ, ਤਿਥੇ-ਤਿਥੇ ਹੀ ਉਹ ਸੱਚਾ (ਪ੍ਰਮਾਤਮਾ) ਹੀ ਹੈ।

ਜਹ ਦੇਖਾ ਤਹ ਏਕੁ ਹੈ ਗੁਰਮੁਖਿ ਪਰਗਟੁ ਹੋਇ॥ ੮॥

ਜਿਥੇ ਦੇਖਦਾ ਹਾਂ ਤਿਥੇ ਇਕ ਪ੍ਰਮਾਤਮਾ ਹੀ ਹੈ, ਪਰੰਤੂ ਗੁਰਮੁਖਿ= ਗੁਰਾਂ ਦੁਆਰੇ ਉਹ ਪ੍ਰਮੇਸ਼ਰ ਪ੍ਰਗਟ ਹੁੰਦਾ ਹੈ।

ਦੂਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ॥

ਸੰਸਾਰਕ ਦੁੱਖਾਂ ਦੇ ਨਾਸ਼ ਕਰਨ ਵਾਲਾ ਇਕ ਗੁਰਾਂ ਦਾ ਸ਼ਬਦ ਹੈ, ਪਰੰਤੂ ਜਿਹੜਾ ਕੋਈ ਉਸ ਸ਼ਬਦ ਨੂੰ ਮਨ ਵਿਚ ਵਸਾਂਦਾ ਹੈ, ਉਸ ਦੇ ਸਾਰੇ ਦੁੱਖ ਨਵਿਰਤ ਹੁੰਦੇ ਹਨ।

ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ॥ ੯॥

ਗੁਰਾਂ ਦੀ ਕਿਰਪਾ ਨਾਲ ਮਨ ਵਿਚ ਸ਼ਬਦ ਵਸਦਾ ਹੈ, ਪਰੰਤੂ ਗੁਰੂ ਕਰਮਾਂ ਨਾਲ ਪ੍ਰਾਪਤ ਹੁੰਦੇ ਹਨ॥ ੯॥

ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ ਲਖ ਅਸੰਖ॥

ਗੁਰੂ ਜੀ ਕਥਨ ਕਰਦੇ ਹਨ— ਪਦਾਰਥਾਂ ਦੀ ਹੰਗਤਾ ਹੀ ਹੰਗਤਾ ਨੂੰ ਕਰਦੇ ਹੋਏ ਲੱਖਾਂ ਖੂਹਣੀਆਂ ਦੇ ਅਸੰਖ= ਅਨਗਿਣਤ ਜੀਵ ਖਪ-ਖਪ ਕੇ ਮਰ ਗਏ ਹਨ।

ਸਤਿਗੁਰ ਮਿਲੇ ਸੁ ਉਬਰੇ ਸਾਚੈ ਸਬਦਿ ਅਲੰਖ॥ ੧੦॥

ਜਿਸ ਨੇ ਸਤਿਗੁਰਾਂ ਨਾਲ ਮਿਲ ਕੇ ਸ਼ਕਤੀ ਬਿਰਤੀ ਕਰ ਕੇ ਲਖਣੇ ਤੋਂ ਅਲਖ ਜੋ ਸੱਚਾ ਸਬਦਿ= ਬ੍ਰਹਮ ਹੈ, ਉਸ ਨੂੰ ਲਖਸ਼ਣਾ ਬਿਰਤੀ ਨਾਲ ਲਖਿਆ ਹੈ, ਉਹ ਪੁਰਸ਼ ਸੰਸਾਰ ਤੋਂ ਉਬਰੇ= ਬਚ ਗਿਆ ਹੈ॥ ੧੦॥

ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ॥

ਜਿਨ੍ਹਾਂ ਨੇ ਇਕ ਮਨਿ= ਇਕਾਗਰ ਮਨ ਹੋ ਕੇ ਸਤਿਗੁਰਾਂ ਨੂੰ ਸੇਵਨਾ ਕੀਤਾ ਹੈ, ਉਨ੍ਹਾਂ ਗੁਰਮੁਖ ਜਨਾਂ ਦੇ ਪਾਇ= ਚਰਨਾਂ ਵਿਖੇ ਮੈਂ ਲਗਣਾ ਕਰਦਾ ਹਾਂ।

ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖ ਜਾਇ॥

ਗੁਰਾਂ ਦੀ ਸਿਖਿਆ ਦੁਆਰਾ ਜਿਹਨਾਂ ਦੇ ਮਨ ਵਿਖੇ ਹਰੀ ਨਾਮ ਵਸਦਾ ਹੈ, ਉਨ੍ਹਾਂ ਦੇ ਅੰਦਰੋਂ ਮਾਇਆ ਦੇ ਇਕੱਤਰ ਕਰਨ ਦੀ ਭੁੱਖ ਚਲੀ ਜਾਂਦੀ ਹੈ।

ਸੇ ਜਨ ਨਿਰਮਲ ਊਜਲੇ ਜਿ ਗੁਰਮੁਖਿ ਨਾਮਿ ਸਮਾਇ॥

ਉਹ ਗੁਰਮੁਖ ਜਨ ਨਿਰਮਲ ਊਜਲੇ= ਨਿਰਮਲ ਤੋਂ ਨਿਰਮਲ ਹਨ।

*ਅਥਵਾ-*ਕਾਲੀ ਲੋਈ ਨਿਰਮਲ ਤਾਂ ਹੁੰਦੀ ਹੈ, ਪਰ ਉਜਲੀ ਨਹੀਂ ਹੁੰਦੀ, ਪਰੰਤੂ ਉਹ ਗੁਰਮੁਖ ਜਨ

ਨਿਰਮਲ ਭੀ ਹਨ ਅਤੇ ਮਨ ਕਰ ਕੇ ਉਜਲੇ ਭੀ ਹਨ ਜਿਹੜੇ ਗੁਰਮੁਖ ਗੁਰਾਂ ਦੁਆਰੇ ਨਾਮੀ ਦੇ ਨਾਮ ਵਿਖੇ ਸਮਾ ਰਹੇ ਹਨ।

ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ— ਹੋਰ ਦੁਨਿਆਵੀ ਬਾਦਿਸ਼ਾਹੀਆਂ ਸਭ ਝੂਠੀਆਂ ਹਨ, ਜੋ ਨਾਮੀ ਦੇ ਨਾਮ ਸਿਮਰਨ ਕਰਨ ਵਿਖੇ ਰਤੇ ਹਨ ਉਹ ਅਸਲੀ ਬਾਦਸ਼ਾਹ ਹਨ॥ ੧੧ ॥

ਯਥਾ- ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥ ੨੫ ॥ *(ਜਪੁ ਜੀ)*

ਤਥਾ- ਬਸਤਾ ਝੁਟੀ ਝੁੰਪੜੀ ਚੀਰ ਸਭਿ ਛਿੰਨਾ॥ ਜਾਤਿ ਨ ਪਤਿ ਨ ਆਦਰੋ ਉਦਿਆਨ ਕ੍ਰਮਿੰਨਾ॥ *(ਪੰਨਾ ੭੦੭)*

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥

(ਦ੍ਰਿਸ਼ਟਾਂਤ-) ਜਿਵੇਂ-ਕਿਵੇਂ ਪੁਰਸ਼ ਦੇ ਘਰ ਵਿਖੇ ਭਗਤਣੀ ਨਾਰੀ ਹੈ ਭਾਵ ਪਤੀਬ੍ਰਤਾ ਧਰਮ ਵਾਲੀ ਇਸਤ੍ਰੀ ਹੈ ਤਾਂ ਉਹ ਇਸਤ੍ਰੀ ਅਤਿਸੇ ਕਰ ਕੇ ਭਾਇ ਭਗਤੀ= ਪ੍ਰੇਮਾ ਭਗਤੀ ਕਰ ਕੇ ਪਤੀ ਦੀ ਸੇਵਾ ਨੂੰ ਲੋਚੈ= ਚਾਹੁੰਦੀ ਹੈ।

ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥

ਬਹੁਤ ਹੀ ਰਸਦਾਇਕ ਸਾਲਣੇ= ਸਲੂਣਿਆਂ ਨੂੰ ਸਵਾਰਦੀ= ਬਣਾਂਵਦੀ ਹੈ, ਖਟ= ਛੇ ਪ੍ਰਕਾਰ ਦੇ ਰਸਦਾਇਕ ਤੇ ਮਿੱਠੇ ਭੋਜਨ ਥਾਲ ਵਿਚ ਪਾ ਕੇ ਪਤੀ ਨੂੰ ਖੁਆਂਦੀ ਹੈ। ਭਾਵ ਜਿਸ ਤਰ੍ਹਾਂ ਪਤਿਬ੍ਰਤਾ ਇਸਤ੍ਰੀ ਬੜੀ ਪ੍ਰਸੰਨਤਾ ਨਾਲ ਪਤੀ ਦੀ ਸੇਵਾ ਕਰਦੀ ਹੈ।

ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ॥

(ਦਾ ਦ੍ਰਿਸ਼ਟਾਂਤ-) ਤਿਉ= ਤਿਸ ਪਤਿਬ੍ਰਤਾ ਇਸਤਰੀ ਦੀ ਨਿਆਂਈ ਭਗਤ ਜਨ ਹਰੀ ਨਾਮ ਸਿਮਰਨ ਵਿਖੇ ਚਿਤ ਬਿਰਤੀ ਨੂੰ ਲਗਾ ਕੇ ਬਾਣੀ ਦੁਆਰਾ ਹਰੀ ਨੂੰ ਸਲਾਹੁਣਾ ਕਰਦੇ ਹਨ।

ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ॥

ਭਗਤਾਂ ਨੇ ਆਪਣਾ ਮਨ ਤਨ ਤੇ ਧਨ ਆਦਿਕ ਸਾਰਾ ਸਰਬੰਸ ਪ੍ਰਭੂ ਦੇ ਅੱਗੇ ਅਰਪਣ ਕਰ ਰੱਖਿਆ ਹੈ ਅਤੇ ਪ੍ਰਭੂ-ਪਤੀ ਨਾਲ ਮਿਲਣ ਵਾਸਤੇ ਉਹਨਾਂ ਨੇ ਗੁਰਾਂ ਅੱਗੇ ਜਾ ਕੇ ਆਪਣਾ ਸਿਰ ਵੇਚਣਾ ਕੀਤਾ ਹੈ।

ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭ ਲੋਚਾ ਪੂਰਿ ਮਿਲਾਇ॥

ਭੈ ਭਗਤੀ ਦੇ ਸਹਿਤ ਹੋ ਕੇ ਜਿਹੜੇ ਭਗਤ ਉਸ ਨੂੰ ਮਿਲਣ ਵਾਸਤੇ ਬਹੁਤ ਹੀ ਲੋਚਦੇ= ਚਾਹੁੰਦੇ ਹਨ, ਪ੍ਰਭੂ ਉਹਨਾਂ ਨੂੰ ਆਪਣੇ ਨਾਲ ਮਿਲਾ ਕੇ ਉਹਨਾਂ ਦੀਆਂ ਲੋਚਾਂ ਪੂਰਿ= ਇੱਛਾਂ ਪੂਰਨ ਕਰ ਦੇਂਦਾ ਹੈ।

ਇਕ ਸਿੱਖ ਨੇ ਬੇਨਤੀ ਕੀਤੀ- ਹੇ ਗਰੀਬ ਨਿਵਾਜ਼ ਜੀਓ!

[ਪੰਨਾ ੧੪੧੪]

ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ ਤਿਪਤਾਇ॥

ਉਹ ਵੇਪਰਵਾਹ ਜੋ ਹਰੀ-ਪ੍ਰਭੂ ਹੈ, ਉਹ ਕਿਸ ਭੋਜਨ ਦੇ ਖਾਣ ਕਰ ਕੇ ਤ੍ਰਿਪਤ ਹੁੰਦਾ ਹੈ?

ਤਾਂ ਸਤਿਗੁਰਾਂ ਨੇ ਕਿਹਾ-

ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ॥

ਜਿਹੜਾ ਪ੍ਰੇਮੀ ਸਤਿਗੁਰਾਂ ਦੇ ਭਾਣੈ= ਹੁਕਮ ਵਿਖੇ ਚਲ ਕੇ ਹਰੀ ਗੁਣਾਂ ਦੇ ਗਾਇਨ ਕਰਨ ਰੂਪੀ ਭੋਜਨ ਨੂੰ ਛਕਣਾ ਕਰਦਾ ਹੈ, ਉਸ ਵੱਲ ਦੇਖ ਕੇ ਉਹ ਪ੍ਰਮਾਤਮਾ ਤ੍ਰਿਪਤ ਹੁੰਦਾ ਹੈ।

ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ॥ ੧੨॥

ਸਤਿਗੁਰੂ ਜੀ ਕਥਨ ਕਰਦੇ ਹਨ— ਕਲਜੁਗ ਵਿਖੇ ਉਹ ਮਨੁੱਖ ਧਨੁ ਧਨੁ= ਧੰਨਤਾ ਦੇ ਯੋਗ ਹਨ, ਜਿਹੜੇ ਸਤਿਗੁਰਾਂ ਦੀ ਭਾਇ= ਆਗਿਆ ਅਨੁਸਾਰ ਚਲਦੇ ਹਨ॥ ੧੨॥

ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ॥

ਜਿਨ੍ਹਾਂ ਪੁਰਸ਼ਾਂ ਨੇ ਸਤਿਗੁਰਾਂ ਨੂੰ ਸੇਵਨਾ ਨਹੀਂ ਕੀਤਾ ਅਤੇ ਉਹਨਾਂ ਦੇ ਸਬਦੁ= ਉਪਦੇਸ਼ ਨੂੰ ਭੀ ਆਪਣੇ ਹਿਰਦੇ ਵਿਖੇ ਧਾਰਨ ਨਹੀਂ ਕਰ ਰਖਿਆ।

ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ॥

ਤਿਨ੍ਹਾਂ ਪੁਰਸ਼ਾਂ ਦੇ ਜਿਉਣ ਨੂੰ ਧ੍ਰਿਗਾਕਾਰ ਹੈ, ਉਹ ਪੁਰਸ਼ ਸੰਸਾਰ ਵਿਖੇ ਕਿਤੁ ਆਏ= ਕਿਸ ਵਾਸਤੇ ਆਏ ਹਨ? ਉਹ ਨਾ ਆਉਂਦੇ ਤਾਂ ਚੰਗਾ ਸੀ।

ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ॥

ਗੁਰਾਂ ਦੀ ਸਿਖਿਆ ਦੁਆਰੇ ਮਨ ਵਿਖੇ ਪ੍ਰਭੂ ਦਾ ਭਉ= ਡਰ ਪਵੇ ਤਾਂ ਹੀ ਇਸ ਜੀਵ ਦਾ ਹਰੀ ਨਾਮ— ਰਸ ਵਿਖੇ ਪ੍ਰੇਮ ਲੱਗਦਾ ਹੈ।

ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ॥ ੧੩॥

ਗੁਰੂ ਜੀ ਕਥਨ ਕਰਦੇ ਹਨ— ਧੁਰ ਤੋਂ ਹੀ ਸ਼ੁਭ ਕਰਮਾਂ ਦੇ ਲਿਖੇ ਅਨੁਸਾਰ ਪ੍ਰਭੂ ਦਾ ਨਾਮ ਮਿਲਦਾ ਹੈ।

ਜਿਹਨਾਂ ਨੂੰ ਨਾਮ ਮਿਲਿਆ ਹੈ ਉਹਨਾਂ ਨੂੰ ਪ੍ਰਭੂ ਆਪ ਹੀ ਸੰਸਾਰ-ਸਾਗਰ ਤੋਂ ਪਾਰ ਉਤਾਰਨਾ ਕਰਦਾ ਹੈ॥ ੧੩॥

ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥

ਮਾਇਆ ਦੇ ਮੋਹ ਕਰ ਕੇ ਇਹ ਜਗੁ= ਜੀਵ ਸੰਸਾਰ ਵਿਖੇ ਭਰਮ ਰਿਹਾ ਹੈ, ਇਸ ਨੂੰ ਆਪਣੇ ਅੰਤਹਕਰਣ ਰੂਪ ਘਰ ਦੇ ਮੁਸੇ= ਲੁੱਟੇ ਜਾਣ ਦੀ ਕੋਈ ਖਬਰ ਨਹੀਂ ਹੋ ਰਹੀ।

ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥

ਕਾਮ ਕ੍ਰੋਧ ਆਦਿਕ ਵਿਕਾਰਾਂ ਨੇ ਇਸ ਜੀਵ ਦੇ ਮਨ ਨੂੰ ਆਪਣੀ ਤਰਫ ਹਿਰਿ ਲਇਆ= ਚੁਰਾ ਲਿਆ ਹੈ, ਇਸ ਤੇ ਮਨਮੁਖ ਲੋਇ= ਪੁਰਸ਼ ਅੰਧਾ= ਅਗਿਆਨੀ ਹੋ ਰਿਹਾ ਹੈ।

ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥

ਜੋ ਪੁਰਸ਼ ਗੁਰ ਮਤਿ= ਗੁਰ ਸਿਖਿਆ ਦੁਆਰੇ ਭਜਨ ਸਿਮਰਨ ਵਿਖੇ ਜਾਗਦੇ ਹਨ, ਸੋਇ= ਉਹ ਪੁਰਸ਼

ਗਿਆਨ ਰੂਪ ਖੜਗ= ਖੰਡੇ ਨੂੰ ਲੈ ਕੇ ਪੰਜ ਕਾਮ ਆਦਿਕ ਦੂਤਾਂ ਨੂੰ ਸੰਘਾਰੇ= ਮਾਰਨਾ ਕਰਦੇ ਹਨ।

ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥

ਜਿਹਨਾਂ ਨੇ ਰਤਨ ਰੂਪ ਪ੍ਰਭੂ ਦੇ ਨਾਮ ਨੂੰ ਪਰਗਾਸਿਆ= ਉਚਾਰਿਆ ਹੈ, ਉਹਨਾਂ ਦਾ ਮਨ ਅਤੇ ਤਨ ਨਿਰਮਲ ਹੋ ਜਾਂਦਾ ਹੈ।

ਨਾਮ ਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥

ਨਾਮ ਹੀਨ ਪੁਰਸ਼ ਜਸ ਰੂਪ ਨੱਕ ਤੋਂ ਬਿਨਾਂ ਹੋਏ ਫਿਰਦੇ ਹਨ ਅਤੇ ਨਾਮ ਤੋਂ ਬਿਨਾਂ ਰੋਣੇ ਵਿਖੇ ਬੈਠਦੇ ਹਨ। ਵਾ-ਜਿਥੇ ਭੀ ਬਹਿੰਦੇ ਹਨ ਉਥੇ ਹੀ ਰੋਂਦੇ ਹਨ।

ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥ ੧੪॥

ਗੁਰੂ ਜੀ ਕਥਨ ਕਰਦੇ ਹਨ- ਕਰਤੇ ਅਕਾਲ ਪੁਰਖ ਨੇ ਧੁਰ ਤੋਂ ਹੀ ਜੋ ਲੇਖ ਮੱਥੇ ਪਰ ਲਿਖਿਆ ਹੈ, ਭੋਗੇ ਤੋਂ ਬਿਨਾਂ ਉਸ ਨੂੰ ਕੋਈ ਮੇਟ ਨਹੀਂ ਸਕਦਾ॥ ੧੪॥

ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ॥

ਗੁਰਮੁਖਾਂ ਨੇ ਗੁਰਾਂ ਦੇ ਸ਼ਬਦ ਨੂੰ ਵਿਚਾਰ ਕੇ ਅਸਲੀ ਹਰੀ ਨਾਮ-ਧਨ ਖੱਟਣਾ ਕੀਤਾ ਹੈ।

ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ॥

ਗੁਰਮੁਖਾਂ ਨੇ ਨਾਮ-ਪਦਾਰਥ ਨੂੰ ਪਾਣਾ ਕੀਤਾ ਹੈ, ਇਸ ਤੇ ਗੁਰਮੁਖਾਂ ਦੇ ਅੰਤਹਕਰਣ ਰੂਪ ਭੰਡਾਰੇ ਸ਼ੁਭ ਗੁਣਾਂ ਨਾਲ ਅਤੁਟ= ਅਖੁੱਟ ਭਰੇ ਹੋਏ ਹਨ।

ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ॥

ਜਿਸ ਹਰੀ ਦੇ ਪਾਰ ਉਰਵਾਰ ਦਾ ਅੰਤ ਨਹੀਂ ਆਉਂਦਾ, ਉਸ ਹਰੀ ਦੇ ਗੁਣਾਂ ਨੂੰ ਗੁਰਮੁਖ ਜਨ ਬਾਣੀ ਦੁਆਰਾ ਉਚਾਰਨਾ ਕਰਦੇ ਹਨ।

ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ॥ ੧੫॥

ਗੁਰੂ ਜੀ ਕਥਨ ਕਰਦੇ ਹਨ— ਸਾਰਿਆਂ ਕਾਰਨਾਂ ਕਾਰਜਾਂ ਨੂੰ ਕਰਤਾ ਪੁਰਖ ਆਪ ਹੀ ਕਰਦਾ ਹੈ ਤੇ ਫੇਰ ਸਿਰਜਣਹਾਰ ਪ੍ਰਭੂ ਆਪ ਹੀ ਸਾਰਿਆਂ ਨੂੰ ਵੇਖਣਾ ਕਰਦਾ ਹੈ।

*ਅਥਵਾ-*ਸਿਰਜਣਹਾਰ ਕਰਤਾ ਪੁਰਖ ਆਪ ਹੀ ਸਾਰਿਆਂ ਕਾਰਨਾਂ ਨੂੰ ਕਰ ਕੇ ਵੇਖ ਰਿਹਾ ਹੈ॥ ੧੫॥

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥

ਗੁਰਮੁਖਾਂ ਦੇ ਹਿਰਦੇ ਅੰਦਰ ਸਹਜੁ= ਗਿਆਨ ਹੈ, ਉਸ ਗਿਆਨ ਦੁਆਰਾ ਹੀ ਗੁਰਮੁਖਾਂ ਦਾ ਮਨ ਦਸਵੈ= ਦਸਾਂ ਦੁਆਰਿਆਂ ਵਿਖੇ ਪੂਰਨ ਜੋ ਚਿਦਾਕਾਸ ਹੈ, ਉਸ ਵਿਖੇ ਚੜਿਆ= ਇਸਥਿਤ ਹੋਇਆ ਹੈ।

ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥

ਸੁਖ ਸਰੂਪ ਹਰੀ ਨਾਮ ਅੰਮ੍ਰਿਤ ਵਿਖੇ ਨਿਵਾਸ ਕਰਨ ਕਰ ਕੇ ਤਿਥੈ= ਉਸ ਗੁਰਮੁਖ ਵਿਖੇ ਨਾ ਊਂਘ= ਅਵਿੱਦਿਆ ਹੈ, ਨਾ ਹੀ ਭੁਖ= ਤ੍ਰਿਸ਼ਨਾ ਹੈ।

ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥ ੧੬ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਅੰਤਹਕਰਣ ਵਿਖੇ ਆਤਮ ਰਾਮ= ਜੀਵ ਬ੍ਰਹਮ ਦੇ ਅਭੇਦ ਰੂਪ ਦਾ ਪ੍ਰਗਾਸ= ਗਿਆਨ ਹੈ, ਉਸ ਅੰਤਹਕਰਣ ਵਿਖੇ ਕੋਈ ਦੁੱਖ ਸੁਖ ਵਿਆਪਦਾ ਨਹੀਂ ਹੈ॥ ੧੬ ॥

ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥

ਕਾਮ ਕ੍ਰੋਧ ਦਾ ਚੋਲਾ ਜੋ ਸਥੂਲ ਸਰੀਰ ਹੈ, ਇਸ ਨੂੰ ਸਾਰੇ ਜੀਵ ਆਪਣੇ ਸੂਖਮ ਸਰੀਰ ਰੂਪ ਗਲ ਵਿਖੇ ਪਹਿਨ ਕੇ ਸੰਸਾਰ ਵਿਖੇ ਆਏ ਹਨ।

ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ ॥

ਏਸੇ ਕਰ ਕੇ ਇਕ ਉਪਜਦੇ ਹਨ ਅਤੇ ਇਕ ਨਾਸ ਹੋ ਜਾਂਦੇ ਹਨ, ਪ੍ਰਮਾਤਮਾ ਦੇ ਹੁਕਮ ਵਿਚ ਹੀ ਆਉਂਦੇ ਜਾਂਦੇ ਹਨ, ਭਾਵ ਜੰਮਦੇ ਮਰਦੇ ਹਨ।

ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ ਭਾਇ ॥

ਜਿਨ੍ਹਾਂ ਦਾ ਦ੍ਵੈਤ ਭਾਵ ਵਿਖੇ ਰੰਗੁ= ਪ੍ਰੇਮ ਲੱਗ ਰਿਹਾ ਹੈ, ਉਨ੍ਹਾਂ ਦਾ ਜੰਮਣਾ ਮਰਨਾ ਦੂਰ ਨਹੀਂ ਹੁੰਦਾ।

ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥ ੧੭ ॥

ਉਹ ਬੰਧਨਾਂ ਰੂਪ ਰੱਸੀ ਨਾਲ ਬੱਧੇ ਹੋਏ ਚੁਰਾਸੀ ਲੱਖ ਜੂਨੀਆਂ ਵਿਖੇ ਭਵਾਈਅਨੁ= ਫੇਰੇ ਜਾਂਦੇ ਹਨ, ਇਸ ਲਈ ਉਹਨਾਂ ਪਾਸੋਂ ਕੁਝ ਸ਼ੁਭ ਕਰਣਾ= ਕਰਤੱਬ ਕੀਤਾ ਨਹੀਂ ਜਾਂਦਾ॥ ੧੭ ॥

ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥

ਜਿਨ੍ਹਾਂ ਉਪਰ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਧਾਰਨਾ ਕੀਤੀ ਹੈ, ਤਿਨ੍ਹਾਂ ਨੂੰ ਸਤਿਗੁਰੂ ਆ ਕੇ ਮਿਲੇ ਹਨ। *ਅਥਵਾ-*ਤਿਨ੍ਹਾਂ ਨੂੰ ਸਤਿਗੁਰਾਂ ਦਾ ਉਪਦੇਸ਼ ਆ ਕੇ ਮਿਲਿਆ ਹੈ।

ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥

ਸਤਿਗੁਰਾਂ ਦੇ ਮਿਲਣ ਕਰ ਕੇ ਉਨ੍ਹਾਂ ਦੀ ਬਿਰਤੀ ਸੰਸਾਰ ਵਲੋਂ ਉਲਟੀ ਹੋਈ ਹੈ, ਸੰਸਾਰ ਵਲੋਂ ਮਰਨ ਕਰ ਕੇ ਸਹਜਿ ਸੁਭਾਇ= ਸੁਤੇ ਸਿੱਧ ਪ੍ਰਮੇਸ਼ਰ ਦੀ ਤਰਫ਼ ਜੀਵਿਆ ਹੈ।

ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥ ੧੮ ॥

ਗੁਰੂ ਜੀ ਕਥਨ ਕਰਦੇ ਹਨ ਭਗਤੀ ਵਿਖੇ ਤਦਾਕਾਰ ਹੋਣ ਕਰ ਕੇ ਉਹ ਹਰਿ ਹਰਿ ਨਾਮੀ ਵਿਖੇ ਸਮਾਇ= ਅਭੇਦ ਹੁੰਦੇ ਹਨ॥ ੧੮ ॥

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥

ਹਿਰਦੇ ਅੰਦਰ ਬਹੁਤ ਚਤੁਰਾਈ ਹੋਣ ਕਰ ਕੇ ਮਨਮੁਖਾਂ ਦੀ ਮਤੀ ਬਹੁਤ ਚੰਚਲ ਹੋ ਰਹੀ ਹੈ।

ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥

(ਇਸ ਕਰ ਕੇ ਉਨ੍ਹਾਂ ਮਨ-ਮਤੀਆਂ ਦਾ) ਕੀਤਾ ਹੋਇਆ ਕਰਤਿਆ= ਕਰਤੱਬ ਸਾਰਾ ਨਿਸਫਲ ਚਲਾ

ਗਿਆ ਹੈ। ਉਸ ਦਾ ਕਰਤਬ ਇਕ ਤਿਲ ਜਿੰਨਾਂ ਵੀ ਥਾਂ ਨਹੀਂ ਪੈਂਦਾ। ਭਾਵ ਉਸ ਦਾ ਕੀਤਾ ਹੋਇਆ ਕਰਤੱਬ ਕੋਈ ਭੀ ਮੁਕਤੀ (ਫਲ) ਨਹੀਂ ਦਿੰਦਾ।

ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥

ਪੁੰਨ ਦਾਨ ਰੂਪ ਜੋ ਭੀ ਬੀਜ ਬੀਜਦੇ ਹਨ ਉਹਨਾਂ ਸ਼ਕਾਮ ਕਰਮਾਂ ਦਾ ਫਲ ਸੁਰਗ ਆਦਿਕਾਂ ਦਾ ਸੁਖ ਭੋਗਣ ਵਾਸਤੇ ਸਾਰੇ ਸ਼ਕਾਮੀ ਪੁਰਸ਼ ਪਹਿਲੇ ਧਰਮ ਰਾਜਾ ਦੇ ਪਾਸ ਜਾਂਦੇ ਹਨ।

ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ॥

ਸਤਿਗੁਰਾਂ ਤੋਂ ਬਿਨਾਂ ਜਮਕਾਲ ਜੀਵਾਂ ਨੂੰ ਛਡਦਾ ਨਹੀਂ ਹੈ, ਦ੍ਵੈਤ ਭਾਵ ਕਰ ਕੇ ਇਹ ਸਾਰੇ ਜੀਵ ਖੁਆਈ= ਖਰਾਬ ਹੋ ਰਹੇ ਹਨ।

ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ॥

ਮਾਇਆ ਦੇ ਲਾਲਚ ਵਿਖੇ ਜੋਬਨ ਜਾਂਦਾ ਹੋਇਆ ਇਸ ਨੂੰ ਨਿਗਾਹ ਆਉਂਦਾ ਨਹੀਂ ਹੈ, ਪਰ ਜਿਸ ਵੇਲੇ ਜਰੁ= ਬੁਢੇਪਾ ਆ ਕੇ ਪਹੁੰਚਦਾ ਹੈ ਤਾਂ ਫਿਰ ਮਰ ਜਾਂਦਾ ਹੈ।

ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ॥

ਸਾਰੀ ਜੀਵਨ ਅਵਸਥਾ ਵਿਖੇ ਇਹ ਜੀਵ ਪੁੱਤਰ ਵਿਖੇ ਮੋਹ ਅਤੇ ਕਲਤ੍ਰ= ਇਸਤਰੀ ਨਾਲ ਹੇਤ੍ਰ= ਪਿਆਰ ਕਰਦਾ ਰਹਿੰਦਾ ਹੈ ਪਰ ਜਿਸ ਵੇਲੇ ਇਸ ਜੀਵ ਦੇ ਉਪਰ ਅੰਤਮ ਸਮਾਂ ਆਉਂਦਾ ਹੈ ਤਾਂ ਉਸ ਵੇਲੇ ਬੇਲੀ ਹੋ ਕੇ ਕੋਈ ਵੀ ਇਸ ਦੀ ਸਹਾਇਤਾ ਨਹੀਂ ਕਰਦਾ।

ਸਤਿਗੁਰੁ ਸੇਵੇ ਸੋ ਸੁਖੁ ਪਾਏ ਨਾਉ ਵਸੈ ਮਨਿ ਆਈ॥

ਜੋ ਪੁਰਸ਼ ਪੂਰਨ ਸਤਿਗੁਰਾਂ ਨੂੰ ਸੇਵਦਾ ਹੈ ਉਸ ਦੇ ਮਨ ਵਿਖੇ ਪ੍ਰਭੂ ਦਾ ਨਾਮ ਆ ਕੇ ਵਸਦਾ ਹੈ, ਜਿਸ ਦੇ ਮਨ ਵਿਖੇ ਨਾਮ ਵਸਦਾ ਹੈ ਸੋ ਸੁਖੁ ਪਾਏ= ਉਹ ਪੁਰਸ਼ ਸੁਖਾਂ ਨੂੰ ਪਾਂਦਾ ਹੈ।

ਨਾਨਕ ਜੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ॥ ੧੯॥

ਗੁਰੂ ਜੀ ਕਥਨ ਕਰਦੇ ਹਨ— ਉਹ ਪੁਰਸ਼ ਵੱਡਿਆਂ ਤੋਂ ਵੱਡੇ ਭਾਗਾਂ ਵਾਲੇ ਹਨ, ਜਿਹਨਾਂ ਗੁਰਮੁਖਾਂ ਦੀ ਬਿਰਤੀ ਨਾਮੀ ਪ੍ਰਭੂ ਵਿਖੇ ਸਮਾਈ ਹੈ॥ ੧੯॥

ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ॥

ਮਨਮੁਖ ਪੁਰਸ਼ ਵਾਹਿਗੁਰੂ ਨਾਮ ਨੂੰ ਨਹੀਂ ਚੇਤਦੇ ਇਸ ਕਰ ਕੇ ਨਾਮ ਤੋਂ ਬਿਨਾਂ ਦੁੱਖਾਂ ਨੂੰ ਪਾ ਕੇ ਰੋਂਦੇ ਹਨ।

[ਪੰਨਾ ੧੪੧੫]

ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ॥

ਮੁਖ ਆਤਮਾ ਨੂੰ ਰਾਮ ਸਰੂਪ ਜਾਣ ਕੇ ਪੂਜਦੇ ਨਹੀਂ ਹਨ। (ਦੱਸੋ ਖਾਂ! ਅਜੇਹੇ ਮਨਮੁਖਾਂ ਨੂੰ) ਦ੍ਵੈਤ ਭਾਵ ਕਰ ਕੇ ਕਿਵੇਂ ਸੁਖ ਪ੍ਰਾਪਤ ਹੋ ਸਕਦਾ ਹੈ?

ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ॥

ਉਨ੍ਹਾਂ ਦੇ ਅੰਦਰ ਹਉਮੈ ਰੂਪੀ ਮੈਲ ਹੈ, ਪਰ ਉਹ ਗੁਰ ਸ਼ਬਦ ਦੁਆਰਾ ਉਸ ਮੈਲ ਨੂੰ ਨਾਮ-ਜਲ ਨਾਲ ਧੋ ਕੇ ਬਾਹਰ ਨਹੀਂ ਕਢਦੇ।

ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ॥ ੨੦॥

ਗੁਰੂ ਜੀ ਕਥਨ ਕਰਦੇ ਹਨ ਵਾਹਿਗੁਰੂ ਨਾਮ ਜਪੇ ਤੋਂ ਬਿਨਾਂ ਹਉਮੈ ਰੂਪੀ ਮੈਲ ਦੇ ਵਿਚ ਹੀ ਆਪਣੇ ਅਮੋਲਕ ਜਨਮ-ਪਦਾਰਥ ਨੂੰ ਬਿਅਰਥ ਖੋਇ= ਗਵਾ ਕੇ ਨਿਸਫਲ ਹੀ ਮਰ ਜਾਂਦੇ ਹਨ॥ ੨੦॥

ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥

(ਨਿਸਚਾ ਵਿਚਾਰ ਰੂਪੀ ਕੰਨਾਂ ਤੋਂ ਬਿਨਾਂ ਹੋਣ ਕਰ ਕੇ) ਮਨਮੁਖ ਬੋਲੇ ਹਨ ਤੇ (ਗਿਆਨ ਵੈਰਾਗ ਰੂਪੀ ਨੇਤਰਾਂ ਤੋਂ ਬਿਨਾਂ ਹੋਣ ਕਰ ਕੇ) ਮਨਮੁਖ ਅੰਧੇ ਹਨ, ਇਸ ਕਰ ਕੇ ਉਨ੍ਹਾਂ ਮਨਮੁਖਾਂ ਦੇ ਹਿਰਦੇ ਵਿਚ ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ ਦਾ ਨਿਵਾਸ ਹੋ ਰਿਹਾ ਹੈ।

ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥

ਸੁਰਤ ਲਗਾ ਕੇ ਨਾਮ ਬਾਣੀ ਨੂੰ ਸਮਝਦੇ ਨਹੀਂ ਅਤੇ ਆਪਣੇ ਹਿਰਦੇ ਵਿਖੇ ਗੁਰ ਸ਼ਬਦ ਦਾ ਪ੍ਰਕਾਸ਼ ਨਹੀਂ ਕਰਦੇ। ਭਾਵ ਗੁਰ ਉਪਦੇਸ਼ ਨੂੰ ਧਾਰਦੇ ਨਹੀਂ ਹਨ।

ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥

ਉਹਨਾਂ ਨੂੰ ਹਿਰਦੇ ਅੰਦਰ ਆਪਣੇ ਸਰੂਪ ਦੀ ਸੋਝੀ ਨਹੀਂ ਹੈ, ਕਿਉਂਕਿ ਉਹ ਗੁਰਾਂ ਦੇ ਬਚਨਿ= ਉਪਦੇਸ਼ ਉਤੇ ਵਿਸਾਸੁ= ਭਰੋਸਾ ਨਹੀਂ ਕਰਦੇ।

ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ॥

ਗਿਆਨੀਆਂ ਦੇ ਹਿਰਦੇ ਅੰਦਰ ਗੁਰਾਂ ਦਾ ਉਪਦੇਸ਼ ਹੈ, ਇਸ ਤੇ ਉਹ ਨਿਤਾਪ੍ਰਤੀ ਹਰੀ ਵਿਖੇ ਬਿਰਤੀ ਲਗਾ ਕੇ ਸਦਾ ਵਿਗਾਸੁ= ਖਿੜੇ ਰਹਿੰਦੇ ਹਨ।

ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ॥

ਹਰੀ ਆਪ ਗਿਆਨੀਆਂ ਦੀ ਪਤ ਆਬਰੋ ਰੱਖਦਾ ਹੈ, ਹਉ= ਮੈਂ ਉਸ ਪ੍ਰਮਾਤਮਾ ਤੋਂ, ਵਾ- ਗਿਆਨੀਆਂ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ॥ ੨੧॥

ਜੋ ਗੁਰਮੁਖ ਜਨ ਗੁਰਾਂ ਦਵਾਰੇ ਹਰੀ ਨੂੰ ਸੇਂਵਦੇ ਹਨ, ਮੈਂ ਜਨ ਤਾ ਕਾ= ਉਨ੍ਹਾਂ ਦਾ ਦਾਸ ਹਾਂ॥ ੨੧॥

ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥

ਮਾਇਆ ਰੂਪ ਸਰਪ ਭੁਇਅੰਗਮੁ= ਵਰਤਲਾਕਾਰ ਹੈ, ਤਿਸ ਮਾਇਆ ਦੀ ਵਿਸ਼ਿਆਂ ਰੂਪੀ ਬਿਖੁ= ਵਿਹੁ ਨੇ ਸਾਰੇ ਜਗਤ ਨੂੰ ਘੇਰਿਆ ਹੋਇਆ ਹੈ।

ਅਥਵਾ-ਵਿਹੁ ਵਾਲਾ ਜੋ ਮਾਇਆ ਰੂਪ ਸਰਪ ਹੈ ਭੁਇਅੰਗਮੁ= ਵਰਤਲਾਕਾਰ, ਤਿਸ ਨੇ ਸਾਰੇ ਜਗਤ ਨੂੰ ਘੇਰਿਆ ਹੋਇਆ ਹੈ।

ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ॥

ਤਿਸ ਸਰਪ ਦੀ ਬਿਖੁ= ਵਿਹੁ ਦੇ ਮਾਰਨ ਵਾਲਾ ਜੋ ਹਰੀ ਨਾਮ ਰੂਪ ਗਾਰੜੂ ਮੰਤ੍ਰ ਹੈ, ਤਿਸ ਨੂੰ ਗੁਰ ਸ਼ਬਦ ਦੁਆਰਾ ਮੁਖ ਵਿਖੇ ਪਾਵਣਾ ਕਰੇ। ਅਰਥਾਤ ਗੁਰ ਉਪਦੇਸ਼ ਦਵਾਰਾ ਨਾਮ-ਮੰਤਰ ਨੂੰ ਜਪਣਾ ਕਰੇ ਤਾਂ ਵਿਸ਼ਿਆਂ ਰੂਪੀ ਵਿਹੁ ਦੂਰ ਹੋ ਜਾਂਦੀ ਹੈ।

ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ॥

ਜਿਨ੍ਹਾਂ ਦੇ ਮੱਥੇ ਪਰ ਪੂਰਬਲਾ ਚੰਗੇ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਉਨ੍ਹਾਂ ਵਡਭਾਗੀ ਨੂੰ ਪੂਰਾ ਗੁਰੂ ਆ ਕੇ ਮਿਲਿਆ ਹੈ।

ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ॥

ਸਤਿਗੁਰਾਂ ਨਾਲ ਮਿਲਣ ਕਰ ਕੇ ਉਸ ਦਾ ਮਨ ਸ਼ੁੱਧ ਹੋਇਆ ਹੈ ਅਤੇ ਉਹ ਹਉਮੈ ਰੂਪੀ ਬਿਖੁ= ਵਿਹੁ ਨੂੰ ਬਿਲਾਇ= ਨਵਿਰਤ ਕਰ ਗਿਆ ਹੈ।

ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ॥

ਗੁਰਮੁਖਾਂ ਦੇ ਮੂੰਹ ਇਸ ਲੋਕ ਵਿਖੇ ਵੀ ਉਜਲੇ ਹਨ ਅਤੇ ਹਰੀ ਦੀ ਪ੍ਰਲੋਕ ਦਰਗਾਹ ਵਿਖੇ ਵੀ ਗੁਰਮੁਖ ਜਨ ਸੋਭਾ ਨੂੰ ਪਾਂਦੇ ਹਨ।

ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ॥ ੨੨॥

ਗੁਰੂ ਜੀ ਕਥਨ ਕਰਦੇ ਹਨ-ਜੋ ਸਤਿਗੁਰਾਂ ਦੇ ਭਾਇ= ਭਾਣੇ (ਹੁਕਮ) ਵਿਖੇ, ਵਾ- ਪ੍ਰੇਮ ਵਿਖੇ ਚਲਦੇ ਹਨ, ਮੈਂ ਜਨ ਉਨ੍ਹਾਂ ਤੋਂ ਸਦਾ ਕੁਰਬਾਨ ਜਾਂਦਾ ਹਾਂ॥ ੨੨॥

ਸਤਿਗੁਰ ਪੁਰਖੁ ਨਿਰਵੈਰੁ ਹੈ ਨਿਤ ਹਿਰਦੈ ਹਰਿ ਲਿਵ ਲਾਇ॥

ਸਤਿਗੁਰੂ ਨਿਰਵੈਰ ਪੁਰਖ ਹਨ ਜੋ ਨਿਤਾਪ੍ਰਤੀ ਹਿਰਦੇ ਕਰ ਕੇ ਹਰੀ ਵਿਖੇ ਲਿਵ ਲਾਇ= ਬਿਰਤੀ ਲਗਾਈ ਰੱਖਦੇ ਹਨ।

ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ॥

ਨਿਰਵੈਰ ਸੁਭਾਅ ਵਾਲੇ ਸਤਿਗੁਰਾਂ ਨਾਲ ਜਿਹੜਾ ਕੋਈ ਪੁਰਸ਼ ਵੈਰ ਰਚਾਂਵਦਾ ਹੈ, ਐਸੇ ਨਿਸਚੇ ਕਰੋ ਉਹ ਪੁਰਸ਼ ਆਪਣੇ ਘਰ ਵਿਖੇ ਆਪ ਹੀ ਅੱਗ ਦੀ ਲੂਕੀ= ਚੁਆਤੀ ਲਗਾਂਵਦਾ ਹੈ।

ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ॥

ਉਹਨਾਂ ਦੇ ਅੰਦਰ ਕ੍ਰੋਧ ਤੇ ਹੰਕਾਰ ਹੈ, ਇਸ ਤੋਂ ਰਾਤ ਦਿਨ ਜਲਦੇ ਹੋਏ ਸਦਾ ਹੀ ਦੁੱਖ ਨੂੰ ਪਾਂਦੇ ਹਨ।

ਕੂੜੁ ਬੋਲਿ ਬੋਲਿ ਨਿਤ ਭਉਕਦੇ ਬਿਖੁ ਖਾਧੇ ਦੂਜੈ ਭਾਇ॥

ਉਹ ਪੁਰਸ਼ ਕੂੜੁ= ਝੂਠ ਬੋਲ-ਬੋਲ ਕੇ ਨਿਤਾਪ੍ਰਤੀ ਕੁੱਤੇ ਵਾਂਗੂੰ ਭੌਂਕਦੇ ਰਹਿੰਦੇ ਹਨ, ਉਹ ਪੁਰਸ਼ ਦੂਜੈ

ਭਾਇ= ਦ੍ਵੈਤ ਭਾਵ ਰੂਪੀ ਬਿਖੁ= ਵਿਹੁ ਦੇ ਖਾਧੇ ਹੋਏ ਹਨ।

ਬਿਖੁ ਮਾਇਆ ਕਾਰਣਿ ਭਰਮਦੇ ਫਿਰਿ ਘਰਿ ਘਰਿ ਪਤਿ ਗਵਾਇ॥

ਉਹ ਮਨਮੁਖ ਵਿਖ ਰੂਪ ਮਾਇਆ ਦੀ ਪ੍ਰਾਪਤੀ ਵਾਸਤੇ ਭੌਂਦੇ ਰਹਿੰਦੇ ਹਨ, ਇਸ ਲਈ ਉਹ ਘਰ-ਘਰ ਵਿਖੇ ਫਿਰ-ਤੁਰ ਕੇ ਆਪਣੀ ਪਤਿ= ਇੱਜ਼ਤ ਗਵਾ ਲੈਂਦੇ ਹਨ।

ਬੇਸੁਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਸੁ ਜਾਇ॥

ਵੇਸਵਾ ਦੇ ਪੁੱਤਰ ਦੀ ਨਿਆਂਈਂ ਤਿਸ ਦੇ ਪਿਤਾ ਦਾ ਨਾਮ ਚਲਾ ਜਾਂਦਾ ਹੈ। ਭਾਵ, ਜਿਵੇਂ ਵੇਸਵਾ ਦੇ ਪੁੱਤਰ ਦਾ ਕੋਈ ਬਾਪ ਸਿੱਧ ਨਹੀਂ ਹੁੰਦਾ, ਤਿਵੇਂ ਉਹ ਪੁਰਸ਼ ਵੀ ਕਿਸੇ ਗੁਰੂ ਪੀਰ ਦੇ ਸਿੱਧ ਨਹੀਂ ਹੁੰਦੇ।

ਹਰਿ ਹਰਿ ਨਾਮੁ ਨ ਚੇਤਨੀ ਕਰਤੈ ਆਪਿ ਖੁਆਇ॥

ਉਹ ਹਰਿ ਹਰਿ ਦੇ ਨਾਮ ਨੂੰ ਸਿਮਰਦੇ ਨਹੀਂ, ਕਿਉਂਕਿ ਉਹਨਾਂ ਨੂੰ ਕਰਤੇ ਪੁਰਖ ਨੇ ਆਪ ਹੀ ਕਰਮਾਂ ਅਨੁਸਾਰ ਖੁਆਇ= ਭੁਲਾਣਾ ਕੀਤਾ ਹੈ।

ਹਰਿ ਗੁਰਮੁਖਿ ਕਿਰਪਾ ਧਾਰੀਅਨੁ ਜਨ ਵਿਛੁੜੇ ਆਪਿ ਮਿਲਾਇ॥

ਗੁਰਮੁਖਾਂ ਉਪਰ ਹਰੀ ਨੇ ਕਿਰਪਾ ਦ੍ਰਿਸ਼ਟੀ ਧਾਰਨ ਕਰ ਕੇ ਵਿਛੁੜਿਆਂ ਜਨਾਂ ਨੂੰ ਆਪਣੇ ਸਰੂਪ ਵਿਖੇ ਮਿਲਾਣਾ ਕੀਤਾ ਹੈ।

ਜਨ ਨਾਨਕੁ ਤਿਸੁ ਬਲਿਹਾਰਣੈ ਜੋ ਸਤਿਗੁਰ ਲਾਗੇ ਪਾਇ॥ ੨੩॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਸਤਿਗੁਰਾਂ ਦੀ ਪਾਇ= ਚਰਨੀਂ ਲੱਗੇ ਹਨ, ਮੈਂ ਜਨ ਤਿਸ ਤੋਂ ਬਲਿਹਾਰ ਕੁਰਬਾਨ ਜਾਂਦਾ ਹਾਂ॥ ੨੩॥

ਨਾਮਿ ਲਗੇ ਸੇ ਊਬਰੇ ਬਿਨੁ ਨਾਵੈ ਜਮ ਪੁਰਿ ਜਾਂਹਿ॥

ਜੋ ਵਾਹਿਗੁਰੂ ਦੇ ਨਾਮ ਜਪਣ ਵਿਖੇ ਲੱਗੇ ਹਨ, ਉਹ ਜਮਾਂ ਤੋਂ ਊਬਰੇ= ਬਚ ਗਏ ਹਨ ਪਰ ਜੋ ਪੁਰਸ਼ ਨਾਮ ਤੋਂ ਬਿਨਾਂ ਹਨ ਉਹ ਜਮ ਪੁਰੀ ਵਿਖੇ ਚਲੇ ਜਾਂਦੇ ਹਨ।

ਨਾਨਕ ਬਿਨੁ ਨਾਵੈ ਸੁਖੁ ਨਹੀ ਆਇ ਗਏ ਪਛੁਤਾਹਿ॥ ੨੪॥

ਗੁਰੂ ਜੀ ਕਥਨ ਕਰਦੇ ਹਨ— ਨਾਮ ਤੋਂ ਬਿਨਾਂ ਕਿਸੇ ਨੂੰ ਵੀ ਸੁਖ ਪ੍ਰਾਪਤ ਨਹੀਂ ਹੈ, ਉਹ ਆਉਂਦੇ ਜਾਂਦੇ ਹੋਏ, ਭਾਵ ਜੰਮਦੇ ਮਰਦੇ ਹੋਏ ਪਸਚਾਤਾਪ ਕਰਦੇ ਹਨ॥ ੨੪॥

ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ॥

ਚਿੰਤਾ ਦੀ ਤਰਫ ਦੌੜਨ ਵੱਲੋਂ ਰਹਿ ਗਏ ਤਾਂ ਹੀ ਸਿੱਖ ਦੇ ਮਨ ਵਿਖੇ ਅਨੰਦ ਆ ਕੇ ਪ੍ਰਾਪਤ ਹੋਇਆ।

ਗੁਰ ਪ੍ਰਸਾਦੀ ਬੁਝੀਐ ਸਾ ਧਨ ਸੁਤੀ ਨਿਚਿੰਦ॥

ਗੁਰ ਕਿਰਪਾ ਦੁਆਰੇ ਜਿਹੜੀ ਜੀਵ ਰੂਪ ਇਸਤ੍ਰੀ ਉਸ ਨੂੰ ਬੁਝਦੀ ਹੈ, ਸਾ ਧਨ= ਓਹੀ ਜੀਵ ਰੂਪ ਇਸਤ੍ਰੀ ਨਿਚਿੰਦ= ਅਚਿੰਤਾਈ ਵਿਖੇ ਸੁੱਤੀ ਹੈ।

ਅਥਵਾ-ਉਹੀ ਇਸਤ੍ਰੀ ਨਿਸਚਿੰਤ ਹੋ ਕੇ ਸਰੂਪ ਵਿਖੇ ਸੁਤੀ= ਇਸਥਿਤ ਹੋਈ ਹੈ।

ਜਿਨ ਕਉ ਪੂਰਬਿ ਲਿਖਿਆ ਤਿਨ੍ਹਾ ਭੇਟਿਆ ਗੁਰ ਗੋਵਿੰਦੁ ॥

ਜਿਹਨਾਂ ਦੇ ਮੱਥੇ ਪਰ ਪੂਰਬਲਾ ਚੰਗਾ ਲੇਖ ਲਿਖਿਆ ਹੋਇਆ ਹੈ, ਤਿਨ੍ਹਾਂ ਨੂੰ ਹੀ ਗੋਬਿੰਦ ਰੂਪ ਗੁਰੂ ਭੇਟਿਆ= ਮਿਲਿਆ ਹੈ।

ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥ ੨੫ ॥

ਗੁਰੂ ਜੀ ਕਥਨ ਕਰਦੇ ਹਨ— ਓਹ ਸਹਜੇ= ਸ਼ਾਂਤੀ ਆਦਿ ਸ਼ੁਭ ਗੁਣਾਂ ਵਿਖੇ ਮਿਲ ਰਹੇ ਹਨ, ਜੋ ਸ਼ੁਭ ਗੁਣਾਂ ਵਿਖੇ ਮਿਲ ਰਹੇ ਹਨ ਉਨ੍ਹਾਂ ਨੇ ਪਰਮ ਅਨੰਦ ਸਰੂਪ ਹਰੀ ਨੂੰ ਪਾਇਆ ਹੈ॥ ੨੫॥

ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥

ਜਿਹੜੇ ਗੁਰਮੁਖ ਆਪਣਿਆਂ ਸਤਿਗੁਰਾਂ ਦੀ ਸੇਵਾ ਕਰਦੇ ਹਨ ਤੇ ਗੁਰ ਸ਼ਬਦ ਦੀ ਵਿਚਾਰ ਕਰਦੇ ਹਨ।

ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ ॥

ਅਤੇ ਸਤਿਗੁਰਾਂ ਦੇ ਭਾਣੇ ਨੂੰ ਮੰਨ ਲੈਂਦੇ ਹਨ ਤੇ ਹਰੀ ਨਾਮ ਨੂੰ ਹਿਰਦੇ ਵਿਖੇ ਧਾਰ ਰੱਖਦੇ ਹਨ।

ਐਥੈ ਓਥੈ ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ ॥

ਪੁਨਾ ਹਰੀ ਨਾਮ ਦੇ ਵਾਪਾਰ ਵਿਖੇ ਲੱਗੇ ਰਹਿੰਦੇ ਹਨ, ਉਹ ਗੁਰਮੁਖ ਐਥੈ ਓਥੈ= ਲੋਕ ਪ੍ਰਲੋਕ ਵਿਖੇ ਮੰਨੇ ਜਾਂਦੇ ਹਨ।

ਗੁਰਮੁਖਿ ਸਬਦ ਸਿਞਾਪਦੇ ਤਿਤੁ ਸਾਚੈ ਦਰਬਾਰਿ ॥

ਗੁਰਮੁਖ ਜਨ ਗੁਰ ਸ਼ਬਦ ਕਰ ਕੇ ਉਸ ਸਚੇ ਦਰਬਾਰ ਵਿਖੇ ਸਭ ਤੋਂ ਚੰਗੇ ਸਿਞਾਪਦੇ= ਪਛਾਣੇ ਜਾਂਦੇ ਹਨ।

ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥

ਉਹਨਾਂ ਦਾ ਸੌਦਾ ਵੀ ਸੱਚ ਨਾਮ ਦਾ ਹੈ ਤੇ ਖਰਚ ਵੀ ਸੱਚ ਨਾਮ ਦਾ ਹੈ, ਕਿਉਂਕਿ ਉਨ੍ਹਾਂ ਦੇ ਹਿਰਦੇ ਅੰਦਰ ਪਿਆਰੇ ਪ੍ਰਭੂ ਦਾ ਪਿਰਮੁ= ਪ੍ਰੇਮ ਲੱਗ ਰਿਹਾ ਹੈ।

ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥

ਉਨ੍ਹਾਂ ਦੇ ਨੇੜੇ ਜਮਕਾਲ ਨਹੀਂ ਆਉਂਦਾ ਕਿਉਂਕਿ ਉਨ੍ਹਾਂ ਨੂੰ ਕਰਤਾਰ ਨੇ ਆਪ ਬਖਸ਼ ਲਿਆ ਹੈ।

[ਪੰਨਾ ੧੪੧੬]

ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥ ੨੬ ॥

ਗੁਰੂ ਜੀ ਕਥਨ ਕਰਦੇ ਹਨ-ਜੋ ਪ੍ਰਭੂ ਦੇ ਨਾਮ ਵਿਖੇ ਤਦਾਕਾਰ ਹੋਏ ਹਨ, ਉਹ ਅਸਲ ਧਨ ਵਾਲੇ ਧਨਵੰਤ= ਧਨਾਢ ਹਨ, ਬਾਕੀ ਦਾ ਹੋਰ ਸਾਰਾ ਸੰਸਾਰ ਨਾਮ ਤੋਂ ਬਿਨਾਂ ਹੋਣ ਕਰ ਕੇ ਨਿਰਧਨ= ਕੰਗਾਲ ਹੈ।

ਜਨ ਕੀ ਟੇਕ ਹਰਿ ਨਾਮੁ ਹਰਿ ਬਿਨੁ ਨਾਵੈ ਠਵਰ ਨ ਠਾਉ ॥

ਹਰੀ ਦਾ ਨਾਮ ਹੀ ਗੁਰਮੁਖ ਜਨਾਂ ਦੀ ਟੇਕ= ਆਸਰਾ ਰੂਪ ਹੈ, ਹਰੀ ਨਾਮ ਤੋਂ ਬਿਨਾਂ ਟਿਕਣ ਨੂੰ ਕੋਈ ਠਾਉ= ਜਗ੍ਹਾ ਨਹੀਂ ਹੈ।

ਗੁਰਮਤੀ ਨਾਉ ਮਨਿ ਵਸੈ ਸਹਜੇ ਸਹਜਿ ਸਮਾਉ॥

ਗੁਰਮਤੀਆਂ ਦੇ ਮਨ ਵਿਖੇ ਪ੍ਰਭੂ ਦਾ ਨਾਮ ਵਸ ਰਿਹਾ ਹੈ, ਇਸ ਕਰ ਕੇ ਉਹ ਸੁਭਾਵਕ ਹੀ ਸਹਜਿ= ਸ਼ਾਂਤੀ ਆਦਿ ਸ਼ੁਭ ਗੁਣਾਂ ਵਿਖੇ ਸਮਾਏ ਹਨ।

ਵਡਭਾਗੀ ਨਾਮੁ ਧਿਆਇਆ ਅਹਿਨਿਸਿ ਲਾਗਾ ਭਾਉ॥

ਜਿਨ੍ਹਾਂ ਵਡਭਾਗੀਆਂ ਨੇ ਪ੍ਰਭੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ ਅਤੇ ਜਿਨ੍ਹਾਂ ਦਾ ਅਹਿ ਨਿਸਿ= ਦਿਨ ਰਾਤ ਪ੍ਰਭੂ ਨਾਲ ਭਾਉ= ਪ੍ਰੇਮ ਲਗਾ ਰਹਿੰਦਾ ਹੈ।

ਜਨ ਨਾਨਕੁ ਮੰਗੈ ਧੂੜਿ ਤਿਨ ਹਉ ਸਦ ਕੁਰਬਾਣੈ ਜਾਉ॥ ੨੭॥

ਗੁਰੂ ਜੀ ਕਥਨ ਕਰਦੇ ਹਨ— ਮੈਂ ਜਨ ਤਿਨ੍ਹਾਂ ਗੁਰਮੁਖਾਂ ਦੀ ਚਰਨ ਧੂੜ ਮੰਗਦਾ ਹਾਂ ਅਤੇ ਹਉ= ਮੈਂ ਤਿਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੨੭॥

ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ॥

ਚੌਰਾਸੀ ਲੱਖ ਮੇਦਨੀ= ਸ੍ਰਿਸ਼ਟੀ ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ ਵਿਖੇ ਜਲਤੀ= ਸੜਦੀ ਹੋਈ ਪੁਕਾਰਾਂ ਕਰਦੀ ਹੈ।

ਇਹੁ ਮੋਹੁ ਮਾਇਆ ਸਭੁ ਪਸਰਿਆ ਨਾਲਿ ਚਲੈ ਨ ਅੰਤੀ ਵਾਰ॥

ਇਹ ਮਾਇਆ ਦਾ ਮੋਹ ਸਾਰਿਆਂ ਜੀਆਂ ਵਿਖੇ ਫੈਲ ਰਿਹਾ ਹੈ, ਪਰ ਉਹ ਮਾਇਆ ਅੰਤਮ ਸਮੇਂ ਕਿਸੇ ਦੇ ਨਾਲ ਚਲਦੀ ਨਹੀਂ ਹੈ।

ਬਿਨੁ ਹਰਿ ਸਾਂਤਿ ਨ ਆਵਈ ਕਿਸੁ ਆਗੈ ਕਰੀ ਪੁਕਾਰ॥

ਹਰੀ ਨਾਮ ਸਿਮਰਨ ਤੋਂ ਬਿਨਾਂ ਸ਼ਾਂਤੀ ਕਿਸੇ ਨੂੰ ਵੀ ਨਹੀਂ ਆਉਂਦੀ, ਹੇ ਪੁਰਸ਼ਾ! ਸ਼ਾਂਤੀ ਲਈ ਤੂੰ ਕਿਸ ਦੇ ਅੱਗੇ ਪੁਕਾਰਾਂ ਕਰੇਂਗਾ।

ਵਡਭਾਗੀ ਸਤਿਗੁਰੁ ਪਾਇਆ ਬੂਝਿਆ ਬ੍ਰਹਮੁ ਬਿਚਾਰੁ॥

ਜਿਨ੍ਹਾਂ ਵਡਭਾਗੀਆਂ ਨੇ ਪੂਰਨ ਸਤਿਗੁਰਾਂ ਨੂੰ ਪਾਇਆ ਹੈ ਤੇ ਉਹਨਾਂ ਦੇ ਸ਼ੁਭ ਵਿਚਾਰ ਦੁਆਰਾ ਬ੍ਰਹਮ ਨੂੰ ਬੁਝਣਾ ਕੀਤਾ ਹੈ?

ਤਿਸਨਾ ਅਗਨਿ ਸਭ ਬੁਝਿ ਗਈ ਜਨ ਨਾਨਕ ਹਰਿ ਉਰਿ ਧਾਰਿ॥ ੨੮॥

ਗੁਰੂ ਜੀ ਕਥਨ ਕਰਦੇ ਹਨ— ਹਿਰਦੇ ਵਿਖੇ ਹਰੀ ਨਾਮ ਦੇ ਧਾਰਨ ਕਰ ਕੇ ਉਨ੍ਹਾਂ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ ਸਾਰੀ ਬੁਝ ਗਈ ਹੈ॥ ੨੮॥

ਵਾਹਿਗੁਰੂ ਦੇ ਸਨਮੁਖ ਬੇਨਤੀ ਕਰਦੇ ਹਨ-

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥

ਹੇ ਵਾਹਿਗੁਰੂ! ਅਸੀਂ ਬਹੁਤ ਸਾਰੇ ਖਤੇ= ਗੁਨਾਹ ਕਰਦੇ ਹਾਂ, ਜਿਹਨਾਂ ਗੁਨਾਹਾਂ ਦੇ ਪਾਰਾਵਾਰੁ= ਪਾਰ ਉਤਾਰ ਦਾ ਕੁਝ ਅੰਤ ਨਹੀਂ ਆਉਂਦਾ।

ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥

ਹੇ ਹਰੀ! ਕ੍ਰਿਪਾ ਦ੍ਰਿਸ਼ਟੀ ਕਰਕੇ ਸਾਨੂੰ ਬਖਸ਼ ਲਵੋ ਅਸੀਂ ਪਾਪੀ ਬੜੇ ਗੁਨਾਹਗਾਰ ਹਾਂ।

*ਅਥਵਾ-*ਗੁਨਹਗਾਰੁ=ਔਗੁਣਾਂ ਦਾ ਘਰ ਹੋਣ ਕਰ ਕੇ ਅਸੀਂ ਵੱਡੇ ਪਾਪੀ ਹਾਂ।

ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ॥

ਹੇ ਹਰਿ ਜੀਓ! ਹਿਸਾਬ ਕਰਨ ਨਾਲ ਸਾਡੇ ਪਾਪਾਂ ਦਾ ਵਾਰ= ਅੰਤ ਨਹੀਂ ਆਉਂਦਾ, ਤੂੰ ਆਪ ਹੀ ਔਗੁਣਾਂ ਨੂੰ ਬਖਸ਼ ਕੇ ਆਪਣੇ ਸਰੂਪ ਵਿਖੇ ਮਿਲਾਉਣ ਵਾਲਾ ਹੈਂ।

ਗੁਰੁ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ॥

ਜਿਸ ਵੇਲੇ ਗੁਰਾਂ ਨੇ ਤੁਠੈ= ਪ੍ਰਸੰਨ ਹੋ ਕੇ ਸਾਰਿਆਂ ਕਿਲਵਿਖ= ਪਾਪਾਂ ਨੂੰ ਤੇ ਵਿਕਾਰਾਂ ਨੂੰ ਕੱਟਿਆ ਤਾਂ ਹੀ ਉਹਨਾਂ ਨੇ ਹੇ ਹਰੀ ਪ੍ਰਭੂ! ਆਪ ਜੀ ਨਾਲ ਮੇਲਣਾ ਕੀਤਾ ਹੈ।

ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ॥ ੨੯॥

ਗੁਰੂ ਜੀ ਕਥਨ ਕਰਦੇ ਹਨ-ਜਿਨ੍ਹਾਂ ਨੇ ਹਰਿ ਹਰਿ ਨਾਮ ਨੂੰ ਧਿਆਉਣਾ ਕੀਤਾ ਹੈ, ਤਿਨ੍ਹਾਂ ਜਨਾਂ ਦੇ ਹਰ ਥਾਂ ਜੈ ਜੈਕਾਰੇ ਹੁੰਦੇ ਹਨ। *ਅਥਵਾ-*ਮੈਂ ਜਨ ਤਿਨ੍ਹਾਂ ਨੂੰ ਜੈਕਾਰੁ= ਨਮਸਕਾਰ ਕਰਦਾ ਹਾਂ॥ ੨੯॥

ਵਿਛੁੜਿ ਵਿਛੁੜਿ ਜੋ ਮਿਲੇ ਸਤਿਗੁਰ ਕੇ ਭੈ ਭਾਇ॥

ਜੋ ਪੁਰਸ਼ ਪਦਾਰਥਾਂ ਤੋਂ ਵਿਛੜ ਕੇ ਤੇ ਸੰਬੰਧੀਆਂ ਤੋਂ ਵਿਛੜ ਕੇ ਪੂਰੇ ਪੂਰੇ ਵੈਰਾਗੀ ਤਿਆਗੀ ਹੋ ਕੇ ਸਤਿਗੁਰਾਂ ਦੇ ਭੈ-ਡਰ ਨੂੰ ਧਾਰ ਕੇ ਵਾਹਿਗੁਰੂ ਦੇ ਭਾਇ= ਪ੍ਰੇਮ ਵਿਖੇ ਮਿਲੇ ਹਨ। ਅਤੇ-

ਜਨਮ ਮਰਣ ਨਿਹਚਲੁ ਭਏ ਗੁਰਮੁਖਿ ਨਾਮੁ ਧਿਆਇ॥

ਗੁਰਾਂ ਦੁਆਰੇ ਵਾਹਿਗੁਰੂ ਦੇ ਨਾਮ ਨੂੰ ਧਿਆਉਂਦੇ ਹਨ, ਉਹ ਪੁਰਸ਼ ਜਨਮ ਮਰਨ ਵੱਲੋਂ ਨਿਸਚਲ ਹੋਏ ਹਨ।

ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨ੍॥

ਜੋ ਪੁਰਸ਼ ਸਾਧੂ= ਸ੍ਰੇਸ਼ਟ ਗੁਰਾਂ ਦੀ ਸੰਗਤ ਵਿਖੇ ਮਿਲ ਕੇ ਰਹਿੰਦੇ ਹਨ, ਉਹਨਾਂ ਨੂੰ ਪ੍ਰਤੱਖ ਹੀਰੇ ਰਤਨ ਆਦਿਕ ਪਦਾਰਥ ਲੱਭ ਪੈਂਦੇ ਹਨ।

ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨ੍॥ ੩੦॥

ਗੁਰੂ ਜੀ ਕਥਨ ਕਰਦੇ ਹਨ-ਅਮੋਲਕ ਲਾਲੁ= ਪ੍ਰਮਾਤਮਾ ਨੂੰ ਗੁਰਮੁਖ ਜਨ ਖੋਜ ਕੇ ਸਤਿਗੁਰਾਂ ਪਾਸੋਂ ਲਹੰਨ੍= ਲੈਂਦੇ ਹਨ॥ ੩੦॥

ਮਨਮੁਖ ਨਾਮੁ ਨ ਚੇਤਿਓ ਧਿਗੁ ਜੀਵਣੁ ਧਿਗੁ ਵਾਸੁ॥

ਮਨਮੁਖਾਂ ਨੇ ਵਾਹਿਗੁਰੂ ਨਾਮ ਨੂੰ ਸਿਮਰਿਆ ਨਹੀਂ ਹੈ, ਇਸ ਕਰ ਕੇ ਉਨ੍ਹਾਂ ਦੇ ਜੀਵਣੇ ਨੂੰ ਧ੍ਰਿਗਾਕਾਰ ਹੈ ਅਤੇ ਉਹਨਾਂ ਦੇ ਵਸਣੇ ਨੂੰ ਵੀ ਧ੍ਰਿਗਾਕਾਰ ਹੈ।

ਜਿਸ ਦਾ ਦਿਤਾ ਖਾਣਾ ਪੈਨਣਾ ਸੋ ਮਨਿ ਨ ਵਸਿਓ ਗੁਣਤਾਸੁ ॥

ਜਿਸ ਵਾਹਿਗੁਰੂ ਦਾ ਦਿੱਤਾ ਹੋਇਆ ਪਦਾਰਥ ਇਹ ਜੀਵ ਖਾਣਾ ਅਤੇ ਪਹਿਨਣਾ ਕਰਦਾ ਹੈ, ਉਹ ਗੁਣਾਂ ਦਾ ਤਾਸੁ= ਖਜ਼ਾਨਾ ਵਾਹਿਗੁਰੂ ਇਸ ਦੇ ਮਨ ਵਿਖੇ ਵਸਿਆ ਨਹੀਂ ਹੈ। ਅਤੇ---

ਇਹੁ ਮਨੁ ਸਬਦਿ ਨ ਭੇਦਿਓ ਕਿਉ ਹੋਵੈ ਘਰ ਵਾਸੁ ॥

ਮਨਮੁਖਾਂ ਦਾ ਇਹ ਆਪਣਾ ਮਨ ਗੁਰ ਉਪਦੇਸ਼ ਵਿਖੇ ਭੇਦਿਓ= ਤਦਾਕਾਰ ਨਹੀਂ ਹੋਇਆ, ਇਸ ਤੇ ਸਰੂਪ ਘਰ ਵਿਖੇ ਨਿਵਾਸ ਕਿਵੇਂ ਹੋਵੇ:

ਮਨਮੁਖੀਆ ਦੋਹਾਗਣੀ ਆਵਣ ਜਾਣਿ ਮੁਈਆਸੁ ॥

ਮਨਮਤ ਅਨੁਸਾਰ ਚੱਲਣ ਵਾਲੀਆਂ ਜੋ ਮਨਮੁਖ ਦੋਹਾਗਣੀ= ਛੁੱਟੜ ਇਸਤ੍ਰੀਆਂ ਹਨ, ਉਹ ਆਉਣ ਜਾਣ ਵਿਚ ਹੀ ਮੁਈਆਸੁ= ਮਰਦੀਆਂ ਰਹਿੰਦੀਆਂ ਹਨ।

ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ ॥

ਗੁਰਮੁਖਾਂ ਨੂੰ ਨਾਮ ਜਪਣ ਦਾ ਸੁਹਾਗੁ= ਅਨੰਦ ਹੋ ਰਿਹਾ ਹੈ ਕਿਉਂਕਿ ਗੁਰਮੁਖਾਂ ਦੇ ਮੱਥੇ ਪਰ ਉਤਮ ਭਾਗਾਂ ਦੀ ਮਣੀ= ਰਤੀ ਲਿਖੀ ਹੋਈ ਹੈ।

ਹਰਿ ਹਰਿ ਨਾਮੁ ਉਰਿ ਧਾਰਿਆ ਹਰਿ ਹਿਰਦੈ ਕਮਲ ਪ੍ਰਗਾਸੁ ॥

ਗੁਰਮੁਖਾਂ ਨੇ ਹਰਿ ਹਰਿ ਨਾਮ ਨੂੰ ਹਿਰਦੇ ਵਿਖੇ ਧਾਰਿਆ ਹੋਇਆ ਹੈ, ਇਸ ਕਰ ਕੇ ਗੁਰਮੁਖਾਂ ਦੇ ਹਿਰਦੇ-ਕੰਵਲ ਵਿਖੇ ਹਰੀ ਦਾ ਪ੍ਰਕਾਸ਼ ਹੋ ਰਿਹਾ ਹੈ ਭਾਵ ਹਰੀ ਸਾਖਿਆਤਕਾਰ ਹੋ ਰਿਹਾ ਹੈ।

ਸਤਿਗੁਰੁ ਸੇਵਨਿ ਆਪਣਾ ਹਉ ਸਦ ਬਲਿਹਾਰੀ ਤਾਸੁ ॥

ਗੁਰਮੁਖ ਹਮੇਸ਼ਾਂ ਆਪਣੇ ਸਤਿਗੁਰਾਂ ਦੀ ਸੇਵਾ ਕਰਦੇ ਰਹਿੰਦੇ ਹਨ, ਇਸ ਕਰ ਕੇ ਤਾਸੁ= ਤਿਨ੍ਹਾਂ ਗੁਰਮੁਖਾਂ ਤੋਂ ਹਉ= ਮੈਂ ਸਦਾ ਕੁਰਬਾਨ ਜਾਂਦਾ ਹਾਂ।

ਨਾਨਕ ਤਿਨ ਮੁਖ ਉਜਲੇ ਜਿਨ ਅੰਤਰਿ ਨਾਮੁ ਪ੍ਰਗਾਸੁ ॥ ੩੧ ॥

ਗੁਰੂ ਜੀ ਕਥਨ ਕਰਦੇ ਹਨ-ਤਿਨ੍ਹਾਂ ਗੁਰਮੁਖਾਂ ਦੇ ਮੂੰਹ ਉਜਲੇ ਹਨ, ਜਿਹਨਾਂ ਗੁਰਮੁਖਾਂ ਦੇ ਹਿਰਦੇ ਅੰਦਰ ਵਾਹਿਗੁਰੂ ਨਾਮ ਦਾ ਪ੍ਰਕਾਸ਼ ਹੈ॥ ੩੧॥

ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ ॥

ਗੁਰ ਸ਼ਬਦ ਕਰ ਕੇ ਜੋ ਜੀਵਤ ਭਾਵ ਤੋਂ ਮਰਦਾ ਹੈ ਓਹੀ ਪੁਰਸ਼ ਸਿਝੈ= ਕਲਿਆਣ (ਮੁਕਤੀ) ਨੂੰ ਪ੍ਰਾਪਤ ਹੁੰਦਾ ਹੈ, ਗੁਰ ਸ਼ਬਦ ਤੋਂ ਬਿਨਾਂ ਉਹ ਜੀਵ ਮੁਕਤੀ ਪਦ ਨੂੰ ਪ੍ਰਾਪਤ ਨਹੀਂ ਹੁੰਦਾ।

ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ ॥

ਜੋ ਭੇਖਾਂ ਨੂੰ ਧਾਰਨ ਕਰਦੇ ਹਨ ਉਹ ਬਹੁਤੇ ਕਰਮ ਕਾਂਡ ਵਿਖੇ ਵਿਗੁਤੇ= ਖਰਾਬ ਹੋ ਰਹੇ ਹਨ, ਦ੍ਵੈਤ ਭਾਵ ਨੇ ਤਾਂ ਸਾਰੀ ਪਰਜਾ ਹੀ ਵਿਗੋਈ= ਖਰਾਬ ਕਰ ਦਿੱਤੀ ਹੈ।

ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ ॥ ੩੨ ॥

ਗੁਰੂ ਜੀ ਕਥਨ ਕਰਦੇ ਹਨ- ਜੇ= ਭਾਵੇਂ ਕੋਈ ਸਉ= ਸੈਂਕੜੇ ਢੰਗਾਂ-ਤਰੀਕਿਆਂ ਨਾਲ ਲੋਚੈ= ਚਾਹੁਣਾ ਵੀ ਕਰੇ ਤਾਂ ਭੀ ਸਤਿਗੁਰਾਂ ਤੋਂ ਬਿਨਾਂ ਪ੍ਰਭੂ ਦਾ ਨਾਮ ਸਿਮਰਨ ਪ੍ਰਾਪਤ ਨਹੀਂ ਹੁੰਦਾ॥ ੩੨॥

ਹਰਿ ਕਾ ਨਾਉ ਅਤਿ ਵਡ ਊਚਾ ਊਚੀ ਹੂ ਊਚਾ ਹੋਈ॥

ਹਰੀ ਦਾ ਨਾਮ ਅਤਿਅੰਤ ਵੱਡਾ ਉੱਚਾ ਹੈ, ਉਸ ਨਾਮ ਨੂੰ ਜੋ ਜਪਦਾ ਹੈ, ਉਹ ਭੀ ਉਚਿਆਂ ਤੋਂ ਉਚਾ ਹੋ ਜਾਂਦਾ ਹੈ।

ਅਥਵਾ-ਉਚੇ ਜੋ ਦੇਵਤੇ ਹਨ, ਉਨ੍ਹਾਂ ਤੋਂ ਭੀ ਉਚਾ ਹੋ ਜਾਂਦਾ ਹੈ।

ਅਪੜਿ ਕੋਇ ਨ ਸਕਈ ਜੇ ਸਉ ਲੋਚੈ ਕੋਈ॥

ਜੇ= ਭਾਵੇਂ ਕੋਈ ਸੈਂਕੜੇ ਢੰਗਾਂ-ਤਰੀਕਿਆਂ ਨਾਲ ਭੀ ਤਿਸ ਨਾਮ ਨੂੰ ਪ੍ਰਾਪਤ ਹੋਣਾ ਚਾਹੇ ਤਾਂ ਭੀ ਗੁਰਾਂ ਤੋਂ ਬਿਨਾਂ ਤਿਸ ਨਾਮ ਨੂੰ ਕੋਈ ਅਪੜਿ= ਪਹੁੰਚ ਨਹੀਂ ਸਕਦਾ।

ਮੁਖਿ ਸੰਜਮ ਹਛਾ ਨ ਹੋਵਈ ਕਰਿ ਭੇਖ ਭਵੈ ਸਭ ਕੋਈ॥

ਆਪਣੇ ਮੁਖੋਂ ਆਪਣੇ ਆਪ ਆਖਣ ਨਾਲ ਹਛਾ ਸੰਜਮੁ= ਚੰਗਾ ਸਾਧਨ ਕੋਈ ਭੀ ਨਹੀਂ ਹੁੰਦਾ, ਸਭ ਕੋਈ ਭੇਖਾਂ ਨੂੰ ਧਾਰ ਕੇ ਭਵੈ= ਭਟਕਦਾ ਰਹਿੰਦਾ ਹੈ।

ਅਰਥਾਤ ਭੇਖਾਂ ਕਰ ਕੇ ਵੀ ਚੰਗਾ ਸੰਜਮ ਕਿਸੇ ਨੂੰ ਪ੍ਰਾਪਤ ਨਹੀਂ ਹੁੰਦਾ।

ਗੁਰ ਕੀ ਪਉੜੀ ਜਾਇ ਚੜੈ ਕਰਮਿ ਪਰਾਪਤਿ ਹੋਈ॥

ਗੁਰਾਂ ਦੀ ਸਿੱਖਿਆ ਰੂਪ ਪੌੜੀ ਕਰ ਕੇ ਬ੍ਰਹਮ ਰੂਪੀ ਕੋਟ ਉਤੇ ਜਾ ਚੜ੍ਹਦਾ ਹੈ ਪਰ ਗੁਰੂ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ।

ਅੰਤਰਿ ਆਇ ਵਸੈ ਗੁਰ ਸਬਦੁ ਵੀਚਾਰੈ ਕੋਇ॥

ਜਿਹੜਾ ਕੋਈ ਸ਼ਰਧਾ ਭਾਵ ਨਾਲ ਗੁਰ ਸ਼ਬਦ ਨੂੰ ਵਿਚਾਰਦਾ ਹੈ, ਉਸ ਦੇ ਹਿਰਦੇ ਅੰਦਰ ਉਹ ਵਾਹਿਗੁਰੂ ਆ ਕੇ ਵਸਦਾ ਹੈ।

[ਪੰਨਾ ੧੪੧੭]

ਨਾਨਕ ਸਬਦਿ ਮਰੈ ਮਨੁ ਮਾਨੀਐ ਸਾਚੇ ਸਾਚੀ ਸੋਇ॥ ੩੩॥

ਗੁਰੂ ਜੀ ਕਥਨ ਕਰਦੇ ਹਨ— ਜੋ ਪੁਰਸ਼ ਗੁਰ ਉਪਦੇਸ਼ ਦੁਆਰੇ ਜੀਵਤ ਭਾਵ ਤੋਂ ਮਰਦਾ ਹੈ ਉਸ ਦਾ ਮਨ ਵਾਹਿਗੁਰੂ ਉਤੇ ਮੰਨਿਆ ਜਾਂਦਾ ਹੈ, ਉਸ ਸੱਚੇ ਗੁਰਮੁਖ ਦੀ ਸੰਸਾਰ ਵਿਖੇ ਸਾਚੀ ਸੋਇ= ਸੋਭਾ ਹੁੰਦੀ ਹੈ॥ ੩੩॥

ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ॥

ਬਿਖੁ= ਵਿਹੁ ਰੂਪ ਮਾਇਆ ਦਾ ਮੋਹ ਹੀ ਦੁੱਖਾਂ ਦਾ ਸਮੁੰਦਰ ਹੈ, ਇਸ ਤੋਂ ਤਰਨਾ ਬਹੁਤ ਦੁਤਰੁ= ਦੁਸਤਰ ਭਾਵ ਕਠਿਨ ਹੈ, ਆਪਣੇ ਆਪ ਤਰਿਆ ਨਹੀਂ ਜਾਂਦਾ।

ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ॥

ਇਹ ਜੀਵ ਮੇਰਾ ਮੇਰਾ ਪਦਾਰਥ ਕਰਦੇ ਹੋਏ ਵਿਚੇ ਪਚਿ= ਖਰਾਬ ਹੋ ਕੇ ਨਿਸਫਲ ਮਰ ਗਏ, ਹਉਮੈ

ਕਰਦਿਆਂ ਕਰਦਿਆਂ ਸਾਰੀ ਉਮਰਾ ਵਿਹਾਇ= ਬਤੀਤ ਹੋ ਗਈ।

ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ॥

ਮਨਮੁਖ ਪੁਰਸ਼ ਸਮੁੰਦਰ ਤੋਂ ਨਾ ਉਰਵਾਰ ਤੇ ਨਾ ਹੀ ਪਾਰ ਹੋਏ, ਅੱਧ ਵਿਚਕਾਰ ਹੀ ਭਾਵ ਸੰਸਾਰਕ ਧੰਧਿਆਂ ਵਿਚ ਹੀ ਲੰਪਟ ਹੋ ਰਹੇ ਹਨ।

*ਅਥਵਾ-*ਮਨਮੁਖਾਂ ਨੂੰ ਉਰਵਾਰੁ= ਇਸ ਲੋਕ ਦਾ ਤੇ ਪਾਰੁ= ਪ੍ਰਲੋਕ ਦਾ ਕੋਈ ਸੁਖ ਨਹੀਂ ਹੈ, ਅੱਧ ਵਿਚਕਾਰ ਰੱਖਣ ਵਾਲੀ ਸੋ ਮਾਯਾ ਹੈ ਤਿਸ ਮਾਯਾ ਵਿਚ ਹੀ ਲੰਪਟ ਹੋ ਰਹੇ ਹਨ।

ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ॥

ਮਨਮੁਖਾਂ ਦੇ ਮੱਥੇ ਪਰ ਜੋ ਲੇਖ ਧੁਰੋਂ ਲਿਖਿਆ ਗਿਆ ਹੈ ਉਹੀ ਕਰਮ ਕਮਾਵਣਾ ਕਰਦੇ ਹਨ, ਇਸ ਤੇ ਮਨਮੁਖਾਂ ਪਾਸੋਂ ਕੋਈ ਸ਼ੁਭ ਕਰਤਬ ਕੀਤਾ ਨਹੀਂ ਜਾਂਦਾ।

ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭ ਦੇਖਿਆ ਬ੍ਰਹਮੁ ਸੁਭਾਇ॥

ਜਿਹਨਾਂ ਦੇ ਮਨ ਵਿਖੇ ਗੁਰ ਸਿੱਖਿਆ ਦੁਆਰੇ ਰਤਨ ਰੂਪ ਗਿਆਨ ਵਸਿਆ ਹੈ, ਉਨ੍ਹਾਂ ਨੇ ਸੁਭਾਵਕ ਹੀ ਬ੍ਰਹਮ ਨੂੰ ਸਾਰੇ ਪਰੀ ਪੂਰਨ ਵੇਖਿਆ ਹੈ।

ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ
ਤੇ ਭਉਜਲਿ ਪਾਰਿ ਲੰਘਾਇ॥ ੩੪॥

ਗੁਰੂ ਜੀ ਕਥਨ ਕਰਦੇ ਹਨ— ਜਿਹੜੇ ਵਡਭਾਗੀ ਪੁਰਸ਼ ਸਤਿਗੁਰਾਂ ਦੁਆਰੇ ਰੂਪ ਬੋਹਿਥੈ= ਜਹਾਜ਼ ਉਤੇ ਚੜ੍ਹਦੇ ਹਨ, ਤਿਨ੍ਹਾਂ ਨੂੰ ਸਤਿਗੁਰਾਂ ਰੂਪ ਮਲਾਹ ਨੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾਵਣਾ ਕੀਤਾ ਹੈ॥ ੩੪॥

ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ॥

ਸਤਿਗੁਰਾਂ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਹੈ, ਜੋ ਹਰੀ ਨਾਮ ਦਾ ਆਧਾਰੁ= ਆਸਰਾ ਦੇਣਾ ਕਰੇ।

ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ॥

ਗੁਰਾਂ ਦੀ ਕਿਰਪਾ ਹੋਣ ਨਾਲ ਮਨ ਵਿਖੇ ਹਰੀ ਨਾਮ ਦਾ ਮੰਨਣ ਕਰਨਾ ਵਸੇ ਤਾਂ ਹੀ ਸਦਾ ਹਰੀ ਨਾਮ ਨੂੰ ਹਿਰਦੇ ਵਿਖੇ ਧਾਰਨ ਕਰ ਰਹਿੰਦਾ ਹੈ।

ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ॥

ਹਰੀ ਨਾਮ ਵਿਖੇ ਪਿਆਰ ਹੋਣ ਕਰ ਕੇ ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ ਬੁਝ ਜਾਂਦੀ ਹੈ ਅਤੇ ਪਦਾਰਥਾਂ ਵਲੋਂ ਮਨ ਤ੍ਰਿਪਤ ਹੁੰਦਾ ਹੈ।

ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ॥ ੩੫॥

ਗੁਰੂ ਜੀ ਕਥਨ ਕਰਦੇ ਹਨ— ਜਦ ਹਰੀ ਆਪਣੀ ਕਿਰਪਾ ਦ੍ਰਿਸ਼ਟੀ ਧਾਰੇ ਤਾਂ ਹੀ ਗੁਰਮੁਖਿ= ਗੁਰਾਂ ਦੁਆਰੇ ਨਾਮ ਪ੍ਰਾਪਤ ਹੁੰਦਾ ਹੈ॥ ੩੫॥

ਬਿਨੁ ਸਬਦੈ ਜਗਤੁ ਬਰਲਿਆ ਕਹਣਾ ਕਛੂ ਨ ਜਾਇ॥

ਗੁਰ ਸ਼ਬਦ ਤੋਂ ਬਿਨਾਂ ਸਾਰਾ ਜਗਤ ਐਸਾ ਬਰਲਿਆ= ਕਮਲਾ (ਖ਼ੁਦਾਈ) ਹੋ ਰਿਹਾ ਹੈ, ਜੋ ਮੁੰਹੋਂ ਕੁਝ ਕਿਹਾ ਨਹੀਂ ਜਾਂਦਾ।

ਹਰਿ ਰਖੇ ਸੇ ਉਬਰੇ ਸਬਦਿ ਰਹੇ ਲਿਵ ਲਾਇ॥

ਜੋ ਪੁਰਸ਼ ਗੁਰ ਸ਼ਬਦ ਵਿਖੇ ਆਪਣੀ ਬਿਰਤੀ ਲਗਾ ਰਹੇ ਹਨ, ਉਨ੍ਹਾਂ ਦੇ ਸਵਾਸ ਹਰੀ ਨੇ ਰਖੇ= ਸਫਲੇ ਕੀਤੇ ਹਨ, ਜਿਨ੍ਹਾਂ ਦੇ ਸਵਾਸ ਸਫਲੇ ਕੀਤੇ ਹਨ ਓਹੀ ਸੰਸਾਰ ਤੋਂ ਉਬਰੇ= ਤਰ ਗਏ ਹਨ।

ਨਾਨਕ ਕਰਤਾ ਸਭ ਕਿਛੁ ਜਾਣਦਾ ਜਿਨਿ ਰਖੀ ਬਣਤ ਬਣਾਇ॥ ੩੬॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੇ ਇਹ ਸਾਰੀ ਸੰਸਾਰ ਬਣਾਵਟ ਬਣਾ ਰੱਖੀ ਹੈ, ਓਹੀ ਕਰਤਾ ਪੁਰਖ ਸਭ ਕੁਝ ਜੀਵਾਂ ਦੇ ਹਾਲ ਜਾਣਦਾ ਹੈ॥ ੩੬॥

ਹੋਮ ਜਗ ਸਭਿ ਤੀਰਥਾ ਪੜਿ ਪੰਡਿਤ ਥਕੇ ਪੁਰਾਣ॥

ਹੋਮ= ਹਮਨ, ਜਗ= ਯਗਜ ਅਤੇ ਤੀਰਥ ਇਸ਼ਨਾਨ ਆਦਿਕ ਸਾਰਿਆਂ ਕਰਮਾਂ ਨੂੰ ਕਰ ਕੇ ਤੇ ਪੁਰਾਣ ਆਦਿਕ ਗ੍ਰੰਥਾਂ ਨੂੰ ਪੜ੍ਹ ਕੇ ਸਾਰੇ ਪੰਡਿਤ ਲੋਕ ਥੱਕ ਗਏ ਹਨ ਪਰ ਇਨ੍ਹਾਂ ਕਰਮਾਂ ਦੇ ਕਰਨ ਨਾਲ—

ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥

ਵਿਹੁ ਰੂਪ ਮਾਇਆ ਦਾ ਮੋਹ ਮਿਟਦਾ ਨਹੀਂ ਹੈ, ਮਾਇਆ ਦੀ ਹਉਮੈ ਵਿਚ ਲੱਗਣ ਕਰ ਕੇ ਜੀਵ ਦਾ ਆਉਣਾ ਜਾਣਾ ਭਾਵ ਜੰਮਣਾ ਮਰਨਾ ਬਣਿਆਂ ਹੀ ਰਹਿੰਦਾ ਹੈ।

ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ॥

ਸਤਿਗੁਰਾਂ ਨਾਲ ਮਿਲ ਕੇ ਜਿਸ ਨੇ ਸੁਜਾਣੁ= ਚਤੁਰ ਹਰੀ ਪੁਰਖ ਨੂੰ ਜਪਿਆ ਹੈ, ਉਸ ਦੀ ਹਉਮੈ ਰੂਪੀ ਮੈਲ ਉਤਰ ਗਈ ਹੈ।

ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ॥ ੩੭॥

ਗੁਰੂ ਜੀ ਕਥਨ ਕਰਦੇ ਹਨ— ਜਿਹਨਾਂ ਨੇ ਹਰਿ ਹਰਿ ਪ੍ਰਭੂ ਨੂੰ ਸੇਵਨਾ ਕੀਤਾ ਹੈ, ਮੈਂ ਜਨ ਉਹਨਾਂ ਤੋਂ ਬਲਿਹਾਰ ਜਾਂਦਾ ਹੈ॥ ੩੭॥

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ॥

ਮਾਇਆ ਦੇ ਮੋਹ ਕਰ ਕੇ ਜੋ ਪੁਰਸ਼ ਬਹੁਤ ਹੀ ਪਦਾਰਥਾਂ ਨੂੰ ਚਿਤਵਦੇ ਹਨ, ਉਨ੍ਹਾਂ ਦੇ ਹਿਰਦੇ ਅੰਦਰ ਆਸ਼ਾ ਤੇ ਲੋਭ ਆਦਿਕ ਬਹੁਤ ਹੀ ਵਿਕਾਰ ਹਨ। ਵਾ-ਉਨ੍ਹਾਂ ਦੇ ਅੰਦਰ ਆਸ਼ਾ ਵੀ ਬਹੁਤ ਹੈ, ਲੋਭ ਵੀ ਬਹੁਤ ਹੈ, ਵਿਕਾਰ ਵੀ ਬਹੁਤ ਹਨ।

ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ॥

ਮਨਮੁਖ ਪੁਰਸ਼ ਸਰੂਪ ਵਿਖੇ ਇਸਥਿਤ= ਨਹੀਂ ਹੁੰਦੇ, ਏਸੇ ਕਰ ਕੇ ਉਹ ਖਿਨ ਵਾਰ= ਖਿਨ ਖਿਨ ਕਾਲ ਵਿਖੇ ਮਰ ਕੇ ਬਿਨਸ ਜਾਂਦੇ ਹਨ।

ਵਡ ਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ॥

ਜੀਵ ਦੇ ਵਡੇ ਭਾਗ ਹੋਵਣ ਤਾਂ ਸਤਿਗੁਰ ਦੇਵ ਜੀ ਮਿਲਦੇ ਹਨ, ਸਤਿਗੁਰਾਂ ਦੇ ਮਿਲਣ ਕਰਕੇ ਹਉਮੈ ਆਦਿਕ ਵਿਕਾਰਾਂ ਨੂੰ ਤਜੈ= ਤਿਆਗਦਾ ਹੈ।

ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ॥ ੩੮॥

ਗੁਰੂ ਜੀ ਕਥਨ ਕਰਦੇ ਹਨ— ਜਿਸ ਪੁਰਸ਼ ਨੇ ਗੁਰ ਸ਼ਬਦ ਨੂੰ ਵਿਚਾਰ ਕੇ ਹਰੀ ਦੇ ਨਾਮ ਨੂੰ ਜਪਿਆ ਹੈ, ਉਸ ਨੇ ਸੁਖਾਂ ਨੂੰ ਪਾਇਆ ਹੈ॥ ੩੮॥

ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥

ਸਤਿਗੁਰਾਂ ਤੋਂ ਬਿਨਾਂ ਹਰੀ ਦੀ ਭਗਤੀ ਨਹੀਂ ਹੁੰਦੀ ਅਤੇ ਭਗਤੀ ਤੋਂ ਬਿਨਾਂ ਪ੍ਰਭੂ ਦੇ ਨਾਮ ਵਿਖੇ ਪਿਆਰ ਨਹੀਂ ਲੱਗਦਾ।

ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰਿ॥ ੩੯॥

ਗੁਰੂ ਜੀ ਕਥਨ ਕਰਦੇ ਹਨ—ਗੁਰਮੁਖ ਜਨਾਂ ਨੇ ਪਿਆਰਿਆਂ ਗੁਰਾਂ ਵਿਖੇ ਹੇਤਿ= ਪ੍ਰੇਮ ਕਰ ਕੇ ਪ੍ਰਭੂ ਦੇ ਨਾਮ ਨੂੰ ਅਰਾਧਿਆ= ਸਿਮਰਿਆ ਹੈ॥ ੩੯॥

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥

ਹੇ ਭਾਈ! ਜੇ ਕਾ ਪਾਰਿ ਵਸਾਇ= ਜਿਤਨਾਂ ਭੀ ਚਾਰਾ ਚਲੇ ਉਤਨਾ ਹੀ ਲੋਭੀ ਪੁਰਸ਼ ਉਤੇ ਕਦੇ ਵੀ ਵੇਸਾਹੁ= ਭਰੋਸਾ ਨਾ ਕਰੀਏ। ਕਿਉਂਕਿ ਲੋਭੀ ਪੁਰਸ਼-

ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥

ਅੰਤ ਸਮੇਂ ਤਿਸ ਜਗ੍ਹਾ ਧੁਹੈ= ਛਲੇਗਾ ਜਿਥੇ ਕੋਈ ਹੱਥ ਵੀ ਨਾ ਪਾ ਸਕੇਗਾ। ਭਾਵ ਜਿਥੇ ਕੋਈ ਸਹਾਇਤਾ ਭੀ ਨਹੀਂ ਕਰ ਸਕੇਗਾ।

ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ॥

ਮਨਮੁਖ ਪੁਰਸ਼ਾਂ ਦੀ ਸੰਗਤ ਕਰਨ ਨਾਲ ਮੂੰਹ 'ਤੇ ਪਾਪਾਂ ਰੂਪੀ ਕਾਲਖ ਦਾ ਦਾਗੁ= ਚਿੰਨ੍ਹ ਲੱਗ ਜਾਂਦਾ ਹੈ।

ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ॥

ਤਿਨ੍ਹਾਂ ਲੋਭੀ ਪੁਰਸ਼ਾਂ ਦੇ ਪ੍ਰਲੋਕ ਵਿਖੇ ਮੂੰਹ ਕਾਲੇ ਹੁੰਦੇ ਹਨ, ਜਿਹੜੇ ਇਸ ਲੋਕ ਵਿਖੇ ਆਪਣੇ ਅਮੋਲਕ ਮਨੁਖਾ ਜਨਮ ਨੂੰ ਵਿਅਰਥ ਗੁਆ ਜਾਂਦੇ ਹਨ।

ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ॥

ਹਰੀ-ਪ੍ਰਭੂ ਜਿਨ੍ਹਾਂ ਨੂੰ ਸਤਿ ਸੰਗਤ ਦੇ ਮੇਲ ਵਿਖੇ ਮੇਲਦਾ ਹੈ, ਤਿਨ੍ਹਾਂ ਦੇ ਮਨ ਵਿਖੇ ਹਰੀ ਨਾਮ ਆ ਕੇ ਵਸਦਾ ਹੈ।

ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ॥ ੪੦॥

ਗੁਰੂ ਜੀ ਕਥਨ ਕਰਦੇ ਹਨ— ਹਰੀ ਗੁਣਾਂ ਦੇ ਗਾਇਣ ਕਰਨ ਨਾਲ ਜਨਮਾਂ ਜਨਮਾਤ੍ਰਾਂ ਦੀ ਪਾਪਾਂ ਰੂਪੀ ਮੈਲ ਉਤਰ ਜਾਂਦੀ ਹੈ॥ ੪੦॥

ਧੁਰਿ ਹਰਿ ਪ੍ਰਭਿ ਕਰਤੈ ਲਿਖਿਆ ਸੁ ਮੇਟਣਾ ਨ ਜਾਇ॥

ਧੁਰ ਤੋਂ ਹੀ ਹਰੀ-ਪ੍ਰਭੂ ਕਰਤੇ ਨੇ ਜੀਵਾਂ ਦੇ ਮੱਥੇ ਪਰ ਜੋ ਲੇਖ ਲਿਖਿਆ ਹੈ, ਉਹ ਫਲ ਭੋਗੇ ਤੋਂ ਬਗੈਰ ਮੇਟਿਆ ਨਹੀਂ ਜਾਂਦਾ।

ਜੀਉ ਪਿੰਡੁ ਸਭੁ ਤਿਸ ਦਾ ਪ੍ਰਤਿਪਾਲਿ ਕਰੇ ਹਰਿ ਰਾਇ॥

ਇਹ ਜੀਅ ਪਿੰਡ ਸਭ ਉਸੇ ਪ੍ਰਭੂ ਦਾ ਦਿੱਤਾ ਹੋਇਆ ਹੈ, ਉਹ ਹਰੀ ਰਾਜਾ ਆਪ ਹੀ ਸਾਰਿਆਂ ਜੀਵਾਂ ਦੀ ਰੋਜ਼ਾਨਾ ਪਾਲਣਾ ਕਰਦਾ ਹੈ।

ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ॥

ਚੁਗਲੀਆਂ ਕਰਨ ਵਾਲੇ ਚੁਗਲ ਪੁਰਸ਼ ਤੇ ਨਿੰਦਿਆ ਕਰਨ ਵਾਲੇ ਨਿੰਦਕ ਪੁਰਸ਼ ਸਾਰੇ ਹੀ ਭੁੱਖੇ ਰੁਲ ਕੇ ਮਰ ਗਏ ਹਨ, ਇਨ੍ਹਾਂ ਚੁਗਲਾਂ ਨਿੰਦਕਾਂ ਦਾ ਹੱਥ ਕਿਧਰੇ ਵੀ ਨਹੀਂ ਪੈਂਦਾ। ਕਿਉਂਕਿ ਇਹ--

ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ॥

ਬਾਹਰੋਂ ਲੋਕ ਵਿਖਾਵੇ ਲਈ ਸਭ ਪਾਖੰਡ ਵਾਲੇ ਕਰਮਾਂ ਨੂੰ ਕਰਦੇ ਹਨ ਤੇ ਹਿਰਦੇ ਵਿਖੇ ਮਣਾ ਮੂੰਹੀ ਕਪਟ ਨੂੰ ਕਮਾਂਵਦੇ ਹਨ। *ਅਥਵਾ*-ਮਨ ਦੇ ਹਿਰਦੈ= ਵਿਚ ਕਪਟ ਨੂੰ ਕਮਾਂਦੇ ਹਨ।

ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥

ਸਰੀਰ ਰੂਪ ਖੇਤ ਵਿਖੇ ਜੋ ਭੀ ਕਰਮਾਂ ਰੂਪ ਬੀਜ ਨੂੰ ਬੀਜਦੇ ਹਨ, ਅੰਤ ਨੂੰ ਉਨ੍ਹਾਂ ਹੀ ਕਰਮਾਂ ਦਾ ਫਲ ਇਸ ਦੇ ਸਨਮੁਖ ਆ ਕੇ ਖਲੋ ਜਾਂਦਾ ਹੈ।

[ਪੰਨਾ ੧੪੧੮]

ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ॥ ੪੧॥

ਗੁਰੂ ਜੀ ਕਥਨ ਕਰਦੇ ਹਨ— (ਮੇਰੀ) ਦਾਸ ਦੀ (ਆਪ ਜੀ ਦੇ ਚਰਨਾਂ ਵਿਖੇ ਨਿੰਮ੍ਰਤਾ ਸਹਿਤ) ਬੇਨਤੀ ਹੈ, ਹੇ ਹਰੀ! ਜੇਕਰ ਆਪ ਜੀ ਨੂੰ ਭਾ ਜਾਵੇ ਤਾਂ ਮੇਰੇ ਔਗੁਣਾਂ ਨੂੰ ਬਖਸ਼ ਕੇ ਮੈਨੂੰ ਆਪਣੇ ਨਾਲ ਮਿਲਾ ਲਓ॥ ੪੧॥

ਮਨ ਆਵਣ ਜਾਣੁ ਨ ਸੁਝਈ ਨਾ ਸੁਝੈ ਦਰਬਾਰੁ॥

ਇਸ ਮਨ= ਜੀਵ ਨੂੰ ਆਣਾ ਜਾਣਾ ਸੁਝਦਾ ਨਹੀਂ ਹੈ ਅਤੇ ਨਾ ਹੀ ਇਸ ਨੂੰ ਉਸ ਪ੍ਰਭੂ ਦਾ ਸਰੂਪ-ਦਰਬਾਰ ਸੁਝਦਾ ਹੈ। ਕਿਉਂਕਿ-

ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ॥

ਇਸ ਦਾ ਚਿਤ ਮਾਇਆ ਦੇ ਮੋਹ ਵਿਖੇ ਲਪੇਟਿਆ ਹੋਇਆ ਹੈ ਤੇ ਹਿਰਦੇ ਅੰਦਰ ਅਗਿਆਨ ਰੂਪ ਗੁਬਾਰੁ= ਗਾਹੜਾ ਹਨੇਰਾ ਹੈ।

ਤਬ ਨਰੁ ਸੁਤਾ ਜਾਗਿਆ ਸਿਰਿ ਡੰਡੁ ਲਗਾ ਬਹੁ ਭਾਰੁ॥

ਇਹ ਮਨੁੱਖ ਸੁੱਤਾ ਹੋਇਆ ਤਿਸ ਵੇਲੇ ਜਾਗਿਆ ਜਦ ਇਸ ਦੇ ਸਿਰ ਉਤੇ ਬਹੁਤ ਭਾਰਾ ਜਮਾਂ ਦਾ ਡੰਡਾ ਲੱਗਾ।

ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ ਮੋਖ ਦੁਆਰੁ॥

ਮਾਤਾ ਦੇ ਉਦਰ ਵਿਖੇ ਜੋ ਜੀਵ ਨੇ ਕਰਾਂ= ਕੌਲ-ਕਰਾਰ ਕੀਤੇ ਸਨ, ਉਨ੍ਹਾਂ ਹੀ ਕੀਤੇ ਕਰਾਰਾਂ ਉਪਰ ਜਿਨ੍ਹਾਂ ਗੁਰਮੁਖਾਂ ਨੇ ਹਰੀ ਨਾਮ ਨੂੰ ਚੇਤਨਾ ਕੀਤਾ ਹੈ।

ਵਾ-ਜਿਨ੍ਹਾਂ ਗੁਰਮੁਖਾਂ ਨੇ ਕਰਾਂ= ਹੱਥਾਂ ਆਦਿਕ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਉਪਰਿ= ਉਪ੍ਰਾਮ ਹੋ ਕੇ।

ਅਥਵਾ- ਜਿਨ੍ਹਾਂ ਗੁਰਮੁਖਾਂ ਨੇ ਉਪਰਿ= ਉਪਰਾਲਾ (ਉਦਮ) ਕਰ ਕੇ ਹਰੀ ਨੂੰ ਚੇਤਨਾ ਕੀਤਾ ਹੈ, ਸੇ= ਉਹ ਗੁਰਮੁਖ ਮੋਖਸ਼ ਦਾ ਦੁਆਰਾ ਜੋ ਬ੍ਰਹਮ ਗਿਆਨ ਹੈ ਉਸ ਨੂੰ ਪਾਂਵਦੇ ਹਨ।

ਨਾਨਕ ਆਪਿ ਓਹਿ ਉਧਰੇ ਸਭ ਕੁਟੰਬ ਤਰੇ ਪਰਵਾਰ॥ ੪੨ ॥

ਗੁਰੂ ਜੀ ਕਥਨ ਕਰਦੇ ਹਨ— ਉਹ ਗੁਰਮੁਖ ਆਪ ਤਾਂ ਸੰਸਾਰ-ਸਮੁੰਦਰ ਤੋਂ ਤਰ ਗਏ ਹਨ ਅਤੇ ਉਨ੍ਹਾਂ ਦੇ ਪਿਛੇ- ਕੁਟੰਬ ਦੇ ਜੀਵ ਤੇ ਆਪਣੇ ਪਰਿਵਾਰ ਦੇ ਸਾਰੇ ਜੀਅ ਜੰਤ ਤਰ ਗਏ ਹਨ, ਭਾਵ ਉਸ ਗੁਰਮੁਖ ਦੇ ਪਿਛੇ ਲੱਗ ਕੇ ਕਈ ਕੁਲਾਂ ਤਰ ਗਈਆਂ ਹਨ।

ਸਬਦਿ ਮਰੈ ਸੋ ਮੁਆ ਜਾਪੈ॥ ਗੁਰ ਪਰਸਾਦੀ ਹਰਿ ਰਸਿ ਧ੍ਰਾਪੈ॥

(ਗੁਰਾਂ ਦੇ) ਸ਼ਬਦ ਕਰ ਕੇ ਜੋ ਜੀਵਤ ਭਾਵ ਤੋਂ ਮਰਦਾ ਹੈ, ਓਹੀ ਪੁਰਸ਼ ਸੰਸਾਰ ਵਲੋਂ ਮਰਿਆ ਹੋਇਆ ਜਾਪੈ= ਜਾਣਿਆ ਜਾਂਦਾ ਹੈ।

ਜਿਸ ਉਤੇ ਗੁਰਾਂ ਦੀ ਪਰਸਾਦੀ= ਕਿਰਪਾ ਹੁੰਦੀ ਹੈ, ਓਹੀ ਪੁਰਸ਼ ਹਰੀ ਨਾਮ-ਰਸ ਕਰ ਕੇ ਧ੍ਰਾਪੈ= ਤ੍ਰਿਪਤ ਹੁੰਦਾ ਹੈ।

ਹਰਿ ਦਰਗਹਿ ਗੁਰ ਸਬਦਿ ਸਿਞਾਪੈ॥

(ਗੁਰ ਸ਼ਬਦੀਆਂ) ਗੁਰ ਸ਼ਬਦ ਦੁਆਰਾ ਹੀ ਅੰਤਹਕਰਣ ਰੂਪੀ ਦਰ ਗਹਿ= ਜਗ੍ਹਾ ਦੇ ਅੰਦਰ ਹਰੀ ਨੂੰ ਸਿਞਾਪੈ= ਪਛਾਣਦਾ ਹੈ।

ਬਿਨੁ ਸਬਦੈ ਮੁਆ ਹੈ ਸਭੁ ਕੋਇ॥

ਗੁਰ ਸ਼ਬਦ ਧਾਰਨ ਕੀਤੇ ਤੋਂ ਬਿਨਾਂ ਸਭ ਕੋਈ ਮੋਇਆ ਹੋਇਆ ਨਿਸਚੇ ਕਰੋ।

ਮਨਮੁਖੁ ਮੁਆ ਅਪੁਨਾ ਜਨਮੁ ਖੋਇ॥

ਮਨਮੁਖ ਪੁਰਸ਼ ਤਾਂ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਹੀ ਖੋਹ ਕੇ ਮਰਿਆ ਹੈ।

ਹਰਿ ਨਾਮੁ ਨ ਚੇਤਹਿ ਅੰਤਿ ਦੁਖੁ ਰੋਇ॥

ਜੋ ਪੁਰਸ਼ ਹਰੀ ਨਾਮ ਨੂੰ ਚੇਤਦੇ ਨਹੀਂ ਹਨ ਉਹ ਅੰਤਮ ਸਮੇਂ ਦੁੱਖਾਂ ਨੂੰ ਪਾ ਕੇ ਰੋਂਦੇ ਹਨ।

ਨਾਨਕ ਕਰਤਾ ਕਰੇ ਸੁ ਹੋਇ ॥ ੪੩ ॥

ਗੁਰੂ ਜੀ ਕਥਨ ਕਰਦੇ ਹਨ— ਕਰਤਾ ਅਕਾਲ ਪੁਰਖ ਜੋ ਵੀ ਕਰਦਾ ਹੈ, ਓਹੀ ਕੁਝ ਹੁੰਦਾ ਹੈ॥ ੪੩ ॥

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥

ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਗਿਆਨ ਦੀ ਸੁ+ਰੰਤਿ= ਸ੍ਰੇਸ਼ਟ ਪ੍ਰੀਤੀ ਹੈ, ਉਹ ਗੁਰਮੁਖ ਜਨ ਕਦੇ ਵੀ ਬੁਢੇ= ਹੰਕਾਰੀ ਨਹੀਂ ਹੁੰਦੇ।

ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥

ਉਹ ਗੁਰਮੁਖ (ਸਦਾ ਸਦਾ) ਹਮੇਸ਼ਾਂ ਮਨ ਬਾਣੀ ਸਰੀਰ ਕਰ ਕੇ ਹਰੀ ਗੁਣਾਂ ਨੂੰ ਰਵਹਿ= ਉਚਾਰਦੇ ਹਨ ਅਤੇ ਉਨ੍ਹਾਂ ਦਾ ਸਹਜ ਪਦ ਅੰਦਰ ਧਿਆਨ ਲੱਗਾ ਰਹਿੰਦਾ ਹੈ।

ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥

ਉਹ ਗੁਰਮੁਖ ਜਨ ਵਿਵੇਕ ਦ੍ਰਿਸ਼ਟੀ ਨਾਲ ਦੁੱਖ ਸੁਖ ਨੂੰ ਇਕ ਸਮਾਨ ਜਾਣ ਕੇ ਸਦਾ ਹੀ ਅਨੰਦ ਰਹਿੰਦੇ ਹਨ।

ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥ ੪੪ ॥

ਉਨ੍ਹਾਂ ਗੁਰਮੁਖਾਂ ਨੂੰ ਸਾਰੇ ਇਕ ਪ੍ਰਮੇਸ਼ਰ ਹੀ ਨਦਰੀ= ਨਿਗਾਹ ਆਇਆ ਹੈ ਅਤੇ ਉਹਨਾਂ ਨੇ ਆਪਣੇ ਆਤਮਾ ਨੂੰ ਰਾਮ ਰੂਪ ਕਰ ਕੇ ਸਾਰੇ ਪਛਾਣਿਆ ਹੈ॥ ੪੪ ॥

ਮਨਮੁਖ ਬਾਲਕੁ ਬਿਰਧਿ ਸਮਾਨਿ ਹੈ ਜਿਨ੍ਹਾ ਅੰਤਰਿ ਹਰਿ ਸੁਰਤਿ ਨਾਹੀ ॥

ਜਿਨ੍ਹਾਂ ਮਨਮੁਖਾਂ ਦੇ ਹਿਰਦੇ ਅੰਦਰ ਹਰੀ ਦੀ ਸੁਰਤਿ= ਗਿਆਤ ਨਹੀਂ ਹੈ, ਉਹ ਮਨਮੁਖ ਪੁਰਸ਼ ਬਾਲਕ ਦੀ ਨਿਆਂਈਂ ਅਗਿਆਤ ਤੇ ਬੁੱਢਿਆ ਦੇ ਸਮਾਨ ਨਿਰਬਲ ਹਨ।

ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ ਜਾਂਹੀ ॥

ਉਹ ਮਨਮੁਖ ਹਉਮੈ ਵਿਚ ਲੱਗ ਕੇ ਸ਼ਕਾਮ ਕਰਮਾਂ ਨੂੰ ਕਮਾਂਵਦੇ ਹਨ, ਇਸ ਕਰ ਕੇ ਉਹ ਸਾਰੇ ਮਨਮੁਖ ਧਰਮ ਰਾਇ= ਧਰਮ ਰਾਜਾ ਦੇ ਪਾਸ ਜਾਂਦੇ ਹਨ।

ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ ॥

ਜੋ ਗੁਰਮੁਖ ਗੁਰਾਂ ਦੇ ਉਪਦੇਸ਼ ਵਿਖੇ ਸੁ+ਭਾਇ= ਸਰੇਸ਼ਟ ਪ੍ਰੇਮ ਕਰਦੇ ਹਨ, ਉਹ ਗੁਰਮੁਖ ਹਛੇ= ਚੰਗੇ ਤੇ ਨਿਰਮਲੇ= ਸ਼ੁੱਧ ਹਨ।

ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ ॥

ਜਿਹੜੇ ਗੁਰਮੁਖ ਸਤਿਗੁਰਾਂ ਦੇ ਭਾਇ= ਭਾਣੇ ਵਿਚ ਚਲਦੇ ਹਨ ਉਨ੍ਹਾਂ ਗੁਰਮੁਖਾਂ ਦੇ ਪਤੰਗੁ= ਅੰਤਹਕਰਣ ਨੂੰ ਪਤੰਗ= ਰੰਚਕ ਮਾਤਰ ਵੀ ਮੈਲ ਲਗਦੀ ਨਹੀਂ ਹੈ, ਉਹ ਪਤੰਗੁ= ਸੂਰਜ ਵਾਂਗੂੰ ਨਿਰਮਲ ਰਹਿੰਦੇ ਹਨ।

ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ॥

ਜੇਕਰ ਸਰੀਰ ਨੂੰ ਚਾਹੇ ਸਉ= ਸੈਂਕੜੇ ਵਾਰੀ ਵੀ ਧੋਣਾ ਪਾਵੇ, ਵਾ- ਚਾਹੇ ਸੈਂਕੜੇ ਤੀਰਥਾਂ ਪਰ ਇਸ਼ਨਾਨ ਕਰ ਕੇ ਵੀ ਧੋਣਾ ਪਾਵੇ ਤਾਂ ਭੀ ਮਨਮੁਖਾਂ ਦੀ ਜੂਠਿ= ਅਪਵਿੱਤ੍ਰਤਾ ਉਤਰਦੀ ਨਹੀਂ ਹੈ।

ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ ਸਮਾਇ॥ ੪੫॥

ਗੁਰੂ ਜੀ ਕਥਨ ਕਰਦੇ ਹਨ— ਜੋ ਜੀਵ ਗੁਰਾਂ ਦੇ ਅੰਕਿ= ਹਿਰਦੇ ਵਿਖੇ ਸਮਾਏ ਹਨ, ਭਾਵ ਜੋ ਮਨੁੱਖ ਗੁਰਾਂ ਨੂੰ ਭਾ ਗਏ ਹਨ, ਉਨ੍ਹਾਂ ਗੁਰਮੁਖਾਂ ਨੂੰ ਵਾਹਿਗੁਰੂ ਨੇ ਆਪਣੇ ਨਾਲ ਮੇਲਣਾ ਕੀਤਾ ਹੈ॥ ੪੫॥

ਬੁਰਾ ਕਰੇ ਸੁ ਕੇਹਾ ਸਿਝੈ॥

ਜੋ ਮਨਮੁਖ ਕਿਸੇ ਦਾ ਬੁਰਾ ਕਰਦਾ ਹੈ, ਵਾ-ਜੋ ਮਨਮੁਖ ਬੁਰਿਆਂ ਕਰਮਾਂ ਨੂੰ ਕਰਦਾ ਹੈ,ਉਸ ਦਾ ਭਲਾ ਕਿਸ ਤਰ੍ਹਾਂ ਸਿਝੈ= ਕਲਿਆਣ ਹੁੰਦਾ ਹੈ? ਭਾਵ ਨਹੀਂ ਹੁੰਦਾ।

ਆਪਣੈ ਰੋਹਿ ਆਪੇ ਹੀ ਦਝੈ॥

ਉਹ ਆਪਣੇ ਰੋਹਿ= ਗੁੱਸੇ ਵਿਚ ਆਪ ਹੀ ਦਝੈ= ਸੜਦਾ ਹੈ।

ਮਨਮੁਖਿ ਕਮਲਾ ਰਗੜੈ ਲੁਝੈ॥

ਮਨਮੁਖ ਪੁਰਸ਼ ਕਮਲਾ ਹੋਇਆ ਹੋਇਆ ਰਗੜੈ= ਝਗੜਿਆਂ ਵਿਖੇ ਲੁਝੈ= ਖਪਦਾ ਹੈ, ਵਾ-ਝਗੜਿਆਂ ਨੂੰ ਲੁਝੈ= ਚਾਹੁੰਦਾ ਹੈ।

ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ॥

ਜੋ ਪੁਰਸ਼ ਗੁਰਮੁਖ ਹੁੰਦਾ ਹੈ ਤਿਸ ਨੂੰ ਸਭ ਕੁਝ ਸੁਝ ਆਉਂਦਾ ਹੈ।

ਨਾਨਕ ਗੁਰਮੁਖਿ ਮਨ ਸਿਉ ਲੁਝੈ॥ ੪੬॥

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖ ਜਨ ਮਨ ਰੂਪੀ ਸ਼ੱਤਰੂ ਨਾਲ ਲੁਝੈ= ਲੜਨਾ ਕਰਦੇ ਹਨ॥ ੪੬॥

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥

ਜਿਨ੍ਹਾਂ ਪੁਰਸ਼ਾਂ ਨੇ ਸਤਿਗੁਰ ਪੁਰਸ਼ਾਂ ਨੂੰ ਸੇਵਿਆ ਨਹੀਂ ਹੈ ਅਤੇ ਗੁਰ ਉਪਦੇਸ਼ ਦੇ ਗ੍ਰਹਿਣ ਕਰਨ ਦਾ ਵੀ ਵਿਚਾਰ ਨਹੀਂ ਕੀਤਾ।

ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ॥

ਉਹ ਪੁਰਸ਼ ਮਨੁੱਖ ਜੂਨੀ ਵਿਖੇ ਆਏ ਹੋਏ ਨਹੀਂ ਕਥਨ ਕੀਤੇ ਜਾਂਦੇ, ਓਹ ਗਾਵਾਰ= ਮੂਰਖ ਢੋਰ ਪਸੂ= ਮਰੇ ਹੋਏ ਪਸ਼ੂਆਂ ਵਾਂਗੂੰ ਹਨ। ਵਾ-ਢੋਰ ਪਸ਼ੂ ਹਨ ਭਾਵ ਪਸ਼ੂਆਂ ਦੇ ਘਾਹ ਢੋਣ ਵਾਲੇ ਹਨ। ਕਿਉਂਕਿ-

ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ॥

ਉਨ੍ਹਾਂ ਦੇ ਹਿਰਦੇ ਅੰਦਰ ਨਾ ਗਿਆਨ ਹੈ ਨਾ ਹੀ ਧਿਆਨ ਹੈ ਅਤੇ ਪਿਆਰੇ ਹਰੀ ਨਾਲ ਉਨ੍ਹਾਂ ਦੀ ਪ੍ਰੀਤੀ

ਵੀ ਨਹੀਂ ਹੈ।

ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ॥

ਮਨਮੁਖ ਪੁਰਸ਼ ਵਿਸ਼ੇ ਵਿਕਾਰਾਂ ਵਿਖੇ ਮਰੇ ਹੋਏ ਵਾਰ-ਵਾਰ ਜੰਮਦੇ ਮਰਦੇ ਹਨ।

ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ॥

ਜੀਂਵਦੇ ਜੋ ਗਿਆਨਵਾਨ ਹਨ ਉਹਨਾਂ ਨਾਲ ਜੋ ਮਿਲੇ ਹਨ; ਉਹ ਸਦਾ ਹੀ ਜਿਉਂਦੇ ਹਨ, ਉਨ੍ਹਾਂ ਨੇ ਜਗਤ ਦੇ ਜੀਵਨ ਰੂਪ ਪ੍ਰਮਾਤਮਾ ਦੇ ਨਾਮਾਂ ਨੂੰ ਹਿਰਦੇ ਵਿਖੇ ਧਾਰਨਾ ਕੀਤਾ ਹੈ।

ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ॥ ੪੭॥

ਗੁਰੂ ਜੀ ਕਥਨ ਕਰਦੇ ਹਨ— ਤਿਸ ਸਚੇ ਪ੍ਰਭੂ ਦੇ ਦਰਬਾਰ ਵਿਖੇ ਗੁਰਮੁਖ ਜਨ ਸਦਾ ਹੀ ਸੋਹਣੇ= ਸੋਭਦੇ ਹਨ॥ ੪੭॥

ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ॥

ਹਰੀ ਨੇ ਆਪ ਹੀ ਇਸ ਮਨੁੱਖਾ ਦੇਹ ਰੂਪ ਹਰੀ ਮੰਦਰ ਨੂੰ ਸਾਜਿਆ= ਬਣਾਇਆ ਹੈ, ਜਿਸ ਮਨੁੱਖਾ ਦੇਹ ਦੇ ਨਾਲ ਹੀ ਆਪ ਹਰੀ ਵਸ ਰਿਹਾ ਹੈ।

ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ॥

ਗੁਰਮਤੀਆਂ ਨੇ ਮਾਇਆ ਦੇ ਮੋਹ ਨੂੰ ਪਰ ਜਾਲਿ= ਭਲੀ ਪ੍ਰਕਾਰ ਸਾੜ ਕੇ ਹਰੀ-ਪ੍ਰਭੂ ਨੂੰ ਪਾਣਾ ਕੀਤਾ ਹੈ।

ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ॥

ਇਸ ਮਨੁੱਖਾ ਦੇਹ ਰੂਪ ਹਰੀ ਮੰਦਰ ਵਿਖੇ ਸ਼ੁਭ ਗੁਣਾਂ ਰੂਪ ਅਨੇਕ ਵਸਤੂਆਂ ਹਨ, ਹੇ ਭਾਈ ! ਨੌ ਨਿਧੀਆਂ ਦਾ ਦਾਤਾ ਜੋ ਨਾਮ ਹੈ ਤੂੰ ਉਸ ਨਾਮ ਨੂੰ ਸੰਭਾਲਣਾ ਕਰ।

ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ॥

ਗੁਰੂ ਜੀ ਕਥਨ ਕਰਦੇ ਹਨ— ਉਹ ਭਾਗਾਂ ਵਾਲੇ ਪੁਰਸ਼ ਧੰਨਤਾ ਯੋਗ ਹਨ, ਜਿਨ੍ਹਾਂ ਗੁਰਮੁਖਾਂ ਨੇ ਗੁਰਮੁਖਿ= ਗੁਰਾਂ ਦੁਆਰੇ ਹਰੀ ਨੂੰ ਭਾਲਿ= ਢੂੰਡ ਕੇ ਲੱਭਿਆ ਹੈ।

ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ॥ ੪੮॥

ਜਿਸ ਵਡਭਾਗੀ ਪੁਰਸ਼ ਨੇ ਸਰੀਰ ਰੂਪੀ ਮੰਦਰ ਵਿਚ ਜੋ ਅੰਤਹ ਕਰਣ ਰੂਪ ਗੜ= ਕਿਲ੍ਹਾ ਹੈ, ਉਸ ਵਿਚੋਂ ਖੋਜਿਆ ਹੈ, ਉਸ ਨੇ ਹਿਰਦੇ ਦੇ ਨਾਲ ਹੀ ਹਰੀ ਨੂੰ ਪਾਇਆ ਹੈ॥ ੪੮॥

ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ॥

ਉਹ ਮਨਮੁਖ ਦਸੋਂ ਦਿਸ਼ਾਂ ਵਿਖੇ ਫਿਰ ਰਹੇ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਮਾਇਆ ਦੀ ਤ੍ਰਿਸ਼ਨਾ ਤੇ ਲੋਭ ਆਦਿਕ ਵਿਕਾਰ ਹਨ।

[ਪੰਨਾ ੧੪੧੯]

ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ॥

ਉਨ੍ਹਾਂ ਦੇ ਦਿਲ ਅੰਦਰੋਂ ਮਾਇਆ ਦਾ ਮੋਹ ਦੂਰ ਨਹੀਂ ਹੁੰਦਾ, ਇਸ ਕਰ ਕੇ ਉਹ ਮਨਮੁਖ ਵਾਰ-ਵਾਰ ਜੰਮਦੇ ਮਰਦੇ ਹਨ।

ਸਤਿਗੁਰਿ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ॥

ਜਿਨ੍ਹਾਂ ਨੇ ਸਤਿਗੁਰਾਂ ਦੀ ਸੇਵਾ ਕਰ ਕੇ ਤ੍ਰਿਸ਼ਨਾ ਆਦਿਕ ਵਿਕਾਰਾਂ ਨੂੰ ਤਿਆਗਿਆ ਹੈ, ਉਨ੍ਹਾਂ ਨੇ ਅਤਿਅੰਤ ਸੁਖਾਂ ਨੂੰ ਪਾਇਆ ਹੈ।

ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ॥ ੪੯॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਨੇ ਸਬਦੁ= ਗੁਰ ਉਪਦੇਸ਼ ਨੂੰ ਵਿਚਾਰਿਆ ਹੈ, ਉਨ੍ਹਾਂ ਦਾ ਜਨਮ ਮਰਨ ਦਾ ਦੁੱਖ ਚਲਾ ਗਿਆ ਹੈ॥ ੪੯॥

ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ॥

ਹੇ ਮਨ! ਤੂੰ ਹਰਿ ਹਰਿ ਨਾਮ ਨੂੰ ਧਿਆਉਣਾ ਕਰ, ਤਾਂ ਹੀ ਤੂੰ ਹਰੀ ਦੀ ਦਰਗਾਹ ਵਿਖੇ ਮਾਨੁ= ਆਦਰ ਪਾਵੇਂਗਾ।

ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ॥

ਨਾਮ ਦੇ ਪ੍ਰਤਾਪ ਕਰ ਕੇ ਕਿਲਵਿਖ= ਵੱਡੇ ਪਾਪ ਤੇ ਛੋਟੇ ਪਾਪ ਸਭ ਕੱਟੇ ਜਾਣਗੇ ਅਤੇ ਹੰਗਤਾ ਦੇਹ ਦੀ ਤੇ ਗੁਮਾਨ ਪਦਾਰਥਾਂ ਦਾ ਵੀ ਚੁੱਕ ਜਾਵੇਗਾ।

ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ॥

ਗੁਰਮੁਖਾਂ ਦਾ ਹਿਰਦਾ- ਕੰਵਲ ਇਸ ਕਰ ਕੇ ਵਿਗਸਿਆ= ਖਿੜਿਆ ਰਹਿੰਦਾ ਹੈ, ਜੋ ਕਿ ਉਹਨਾਂ ਨੇ ਸਾਰਿਆਂ ਆਤਮ= ਸਰੀਰਾਂ ਵਿਖੇ ਇਕ ਬ੍ਰਹਮ ਨੂੰ ਪਛਾਣਨਾ ਕੀਤਾ ਹੈ।

ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ॥ ੫੦॥

ਗੁਰੂ ਜੀ ਕਥਨ ਕਰਦੇ ਹਨ— ਜਦ ਹਰਿ ਹਰਿ ਪ੍ਰਭੂ ਨੇ ਕਿਰਪਾ ਦ੍ਰਿਸ਼ਟੀ ਨੂੰ ਧਾਰਨਾ ਕੀਤਾ ਤਾਂ ਹੀ ਗੁਰਮੁਖਾਂ ਨੇ ਹਰੀ ਨਾਮ ਨੂੰ ਜਪਣਾ ਕੀਤਾ ਹੈ॥ ੫੦॥

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥

ਹੇ ਭਾਈ! ਧਨਾਸਰੀ (ਧਨ+ਆਸਰੀ)-ਆਸੁਰੀ ਸੰਪਦਾ ਰੂਪ ਧਨ ਦੇ ਧਾਰਨ ਵਾਲੀ ਜੋ ਬੁੱਧੀ ਹੈ, ਉਹ ਆਤਮ ਧਨਵੰਤੀ= ਧਨ ਵਾਲੀ ਤਾਂ ਜਾਣੀ ਜਾਵੇਗੀ ਜਾਂ ਸਤਿਗੁਰਾਂ ਦੀ ਦੱਸੀ ਹੋਈ ਕਾਰ ਨੂੰ ਕਮਾਵਣਾ ਕਰੇ।

*ਅਥਵਾ-*ਧਨਾਸਰੀ ਰਾਗ ਨੂੰ ਅਲਾਪਦੀ ਹੋਈ ਉਸ ਦੀ ਬੁੱਧੀ ਤਾਂ ਧਨਵੰਤੀ ਜਾਣੀ ਜਾਵੇਗੀ ਜਾਂ ਸਤਿਗੁਰਾਂ ਦੀ ਸੇਵਾ ਰੂਪ ਕਾਰ ਨੂੰ ਕਮਾਵਣਾ ਕਰੇ।

ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ॥

ਹੇ ਭਾਈ! ਆਪਣੇ ਤਨ ਮਨ ਨੂੰ ਜੀਅ ਦੇ ਸਉ= ਸੰਯੁਕਤ ਸਤਿਗੁਰਾਂ ਅੱਗੇ ਸੌਂਪਣਾ ਕਰੇ ਅਤੇ ਹੁਕਮ ਮੰਨ ਕੇ ਆਸੁਰੀ ਸੰਪਦਾ ਵੱਲੋਂ ਬੁੱਧੀ ਨੂੰ ਫਿਰਾਉ= ਮੋੜ ਲਵੇ।

ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ॥

ਹੇ ਭਾਈ! ਜਿਥੇ ਗੁਰੂ ਸਾਹਿਬ ਜੀ ਬਿਠਾਵਣ ਉਥੇ ਬੈਠਣਾ ਕਰੇ ਜਿਥੇ ਗੁਰੂ ਸਾਹਿਬ ਜੀ ਭੇਜਹਿ= ਭੇਜਣ ਉਥੇ ਜਾਣਾ ਕਰੇ।

ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ॥

ਫਿਰ ਇਹ ਨਿਸਚੇ ਕਰੇ ਜਿਤਨਾਂ ਕੁ ਵੱਡਾ ਸੱਚੇ ਦਾ ਨਾਮ-ਧਨ ਹੈ, ਇਤਨਾ ਵੱਡਾ ਹੋਰ ਕੋਈ ਧਨ ਨਹੀਂ ਹੈ।

ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ॥

ਹੇ ਭਾਈ! ਪੁਨਾ ਇਸ ਜੀਵ ਨੂੰ ਚਾਹੀਦਾ ਹੈ ਕਿ ਸੱਚੇ ਪ੍ਰਭੂ ਦੇ ਗੁਣਾਂ ਨੂੰ ਸਦਾ ਹੀ ਬਾਣੀ ਦੁਆਰੇ ਗਾਵਣਾ ਕਰੇ ਤੇ ਸਦਾ ਹੀ ਮਨ ਕਰ ਕੇ ਸਚੇ ਦੇ ਨਾਲ ਰਹਾਉ= ਰਹਿਣਾ ਕਰੇ।

ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ॥

ਹੇ ਭਾਈ! ਜੋ ਸ਼ੁਭ ਗੁਣਾਂ ਰੂਪੀ ਬਸਤਰਾਂ ਨੂੰ ਪਹਿਨ ਕੇ ਪਰਉਪਕਾਰ ਆਦਿਕ ਚੰਗਿਆਈਆ= ਚੰਗਿਆਂ ਕਰਮਾਂ ਨੂੰ ਕਰਦਾ ਹੈ, ਉਹ ਆਪਣੀ ਪਤਿ= ਪ੍ਰਤਿਸ਼ਟਾ ਦੇ ਸਾਦ= ਅਨੰਦ ਨੂੰ ਆਪ ਹੀ ਖਾਇ= ਧਾਰਦਾ ਹੈ।

ਅਥਵਾ- ਜੋ ਚੰਗਿਆਈਆਂ ਆਦਿਕ ਸ਼ੁਭ ਗੁਣਾਂ ਰੂਪ ਬਸਤ੍ਰਾਂ ਨੂੰ ਪਾਉਂਦਾ ਹੈ, ਉਹ ਆਪਣੇ ਪਤੀ-ਪ੍ਰਮਾਤਮਾ ਦੇ ਅਨੰਦ ਨੂੰ ਆਪ ਹੀ ਧਾਰਦਾ ਹੈ।

ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ॥

ਹੇ ਭਾਈ! ਤਿਸ ਮਨੁੱਖ ਦਾ ਭਲਾ ਕੀ ਸਲਾਹੁਣਾ ਹੈ (ਭਾਵ ਉਸ ਦੀ ਉਪਮਾ ਨਹੀਂ ਕਹੀ ਜਾ ਸਕਦੀ), ਉਸ ਦੇ ਦਰਸ਼ਨ ਤੋਂ ਕੁਰਬਾਨ ਜਾਣਾ ਕਰੋ।

ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ॥

ਹੇ ਭਾਈ! ਸਤਿਗੁਰਾਂ ਵਿਖੇ ਵੱਡੀਆਂ ਵਡਿਆਈਆਂ ਹਨ, ਪੂਰਬਲੇ ਚੰਗੇ ਕਰਮ ਮਿਲਣ ਤਾਂ ਗੁਰੂ ਸਾਹਿਬ ਜੀ ਪਾਇ= ਪ੍ਰਾਪਤ ਹੁੰਦੇ ਹਨ।

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ॥

ਹੇ ਭਾਈ! ਇਕ ਮਨਮੁਖ ਪੁਰਸ਼ ਜੋ ਦ੍ਵੈਤ ਭਾਵ ਵਿਖੇ ਫਿਰਦੇ ਹਨ, ਉਹ ਸਤਿਗੁਰਾਂ ਦਾ ਹੁਕਮ ਮੰਨਣਾ ਨਹੀਂ ਜਾਣਦੇ।

ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ॥

ਹੇ ਭਾਈ! ਉਨ੍ਹਾਂ ਨੂੰ ਸਤਿ ਸੰਗਤ ਵਿਚੋਂ ਕੋਈ ਢੋਈ= ਆਸਰਾ ਨਹੀਂ ਮਿਲਦਾ ਅਤੇ ਬੈਠਣ ਨੂੰ ਭੀ ਕੋਈ

ਥਾਂ ਨਹੀਂ ਮਿਲਦੀ।

ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ॥

ਗੁਰੂ ਜੀ ਕਥਨ ਕਰਦੇ ਹਨ— ਹੇ ਭਾਈ! ਉਹ ਪ੍ਰਮਾਤਮਾ ਆਪਣਾ ਹੁਕਮ ਉਨ੍ਹਾਂ ਗੁਰਮੁਖਾਂ ਪਾਸੋਂ ਮੰਨਵਾਂਦਾ ਹੈ, ਜਿਨ੍ਹਾਂ ਨੇ ਗੁਰਾਂ ਦੁਆਰੇ ਧੁਰੇ= ਆਦਿ ਤੋਂ (ਭਾਵ ਬਾਲਕ ਅਵਸਥਾ ਤੋਂ) ਹੀ ਨਾਮ ਦਾ ਕਮਾਵਣਾ ਕੀਤਾ ਹੈ।

ਤਿਨ੍ ਵਿਟਹੁ ਹਉ ਵਾਰਿਆ ਭਾਈ ਤਿਨ ਕਉ ਸਦ ਬਲਿਹਾਰੈ ਜਾਉ॥੫੧॥

ਹੇ ਭਾਈ! ਤਿਨ ਵਿਟਹੁ= ਤਿਨ੍ਹਾਂ ਉਪਰੋਂ ਮੈਂ ਮਨ ਕਰ ਕੇ ਵਾਰਿਆ= ਵਾਰਨੇ ਫੇਰਨੇ ਜਾਂਦਾ ਹਾਂ ਅਤੇ ਤਿਨ੍ਹਾਂ ਗੁਰਮੁਖਾਂ ਤੋਂ ਬਾਣੀ ਕਰ ਕੇ ਵੀ ਸਦਾ ਬਲਿਹਾਰੈ= ਕੁਰਬਾਨ ਜਾਂਦਾ ਹਾਂ॥ ੫੧॥

ਸੇ ਦਾੜੀਆਂ ਸਚੀਆਂ ਜਿ ਗੁਰ ਚਰਨੀ ਲਗੰਨ੍॥

ਉਹ ਦਾੜ੍ਹੀਆਂ ਸੱਚੀਆਂ ਹਨ, ਜਿਹੜੀਆਂ ਗੁਰੂ-ਚਰਨਾਂ ਨਾਲ ਲੱਗਦੀਆਂ ਹਨ, ਅਰਥਾਤ ਉਹ ਮਨੁੱਖ ਸਫਲੇ ਹਨ ਜਿਹੜੇ ਗੁਰੂ-ਚਰਨਾਂ ਨਾਲ ਲੱਗ ਕੇ ਸੇਵਾ-ਟਹਿਲ ਕਰਦੇ ਹਨ।

ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨੰਦਿ ਰਹੰਨ੍॥

ਜੋ ਰਾਤ ਦਿਨ ਆਪਣੇ ਗੁਰਾਂ ਨੂੰ ਸੇਂਵਦੇ ਹਨ ਉਹ ਪੁਰਸ਼ ਅਨਦਿਨੁ= ਰਾਤ ਦਿਨੇ ਸੁਖ ਅਨੰਦ ਰਹਿੰਦੇ ਹਨ।

ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍॥੫੨॥

ਗੁਰੂ ਜੀ ਕਥਨ ਕਰਦੇ ਹਨ— ਸਚੈ ਦਰਿ= ਦਰਬਾਰ ਵਿਖੇ ਭਾਵ ਪ੍ਰਲੋਕ ਦਰਗਾਹ ਵਿਖੇ ਸੇ ਮੁਹ= ਉਹ ਮੂੰਹ ਸ਼ੋਭਨੀਕ ਦਿਸੰਨ੍= ਦਿਸਦੇ ਹਨ॥ ੫੨॥

ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ॥

ਜੋ ਮੁਖੋਂ ਸੱਚ ਨਾਮ ਨੂੰ ਬੋਲਦੇ ਹਨ ਤੇ ਮਨ ਵਿਖੇ ਸੱਚ ਨਾਮ ਨੂੰ ਕਮਾਹਿ= ਕਮਾਂਦੇ ਭਾਵ ਧਾਰਦੇ ਹਨ, ਉਹਨਾਂ ਦੇ ਮੂੰਹ ਸਚੇ= ਸਫਲੇ ਹਨ, ਉਨ੍ਹਾਂ ਦੀਆਂ ਦਾੜ੍ਹੀਆਂ ਵੀ ਸਚੁ= ਸਫਲੀਆਂ ਹਨ।

ਅਥਵਾ- ਉਹਨਾਂ ਔਰਤਾਂ ਦੇ ਮੂੰਹ ਸਫਲੇ ਹਨ ਅਤੇ ਉਨ੍ਹਾਂ ਮਰਦਾਂ ਦੀਆਂ ਦਾਹੜੀਆਂ ਸੱਚੀਆਂ ਹਨ ਜੋ ਤੀਵੀਂ ਮਰਦ ਸੱਚ ਨੂੰ ਬੋਲਦੇ ਹਨ ਤੇ ਸੱਚ ਨਾਮ ਨੂੰ ਹੀ ਕਮਾਂਦੇ ਹਨ।

ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ॥

ਉਨ੍ਹਾਂ ਦੇ ਮਨ ਵਿਖੇ ਗੁਰਾਂ ਦਾ ਸੱਚਾ ਉਪਦੇਸ਼ ਵਸਿਆ ਹੈ, ਇਸ ਕਰ ਕੇ ਉਹ ਗੁਰਮੁਖ ਸਤਿਗੁਰ= ਤ੍ਰੈ ਕਾਲ ਅਬਾਧ ਚੇਤਨ ਪ੍ਰਭੂ ਵਿਖੇ ਸਮਾਏ ਹਨ।

ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ॥

ਸ਼ਰਧਾ ਰੂਪ ਸੱਚੀ ਪੂੰਜੀ ਤੇ ਨਾਮ ਰੂਪ ਸੱਚੇ ਧਨ ਕਰਕੇ ਉਹ ਪੁਰਸ਼ ਉਤਮ ਪਦਵੀ ਪਾਉਂਦੇ ਹਨ।

ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ॥

ਸੱਚ ਨਾਮ ਨੂੰ ਸੁਣਦੇ ਹਨ ਸੱਚ ਨਾਮ ਨੂੰ ਹੀ ਮੰਨ ਲੈਂਦੇ ਹਨ ਅਤੇ ਸੱਚੀ ਭਗਤੀ ਰੂਪੀ ਕਾਰ ਨੂੰ

ਕਮਾਂਵਦੇ ਹਨ।

ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ॥

ਸੱਚੀ ਸਤਿ ਸੰਗ ਦਰਗਾਹ ਵਿਖੇ ਬੈਠਣਾ ਕਰਦੇ ਹਨ, ਇਸੀ ਕਰ ਕੇ ਉਹ ਸੱਚੇ ਪ੍ਰਭੂ ਵਿਖੇ ਸਮਾਏ ਹਨ। ਵਾ-ਸੱਚੇ ਪ੍ਰਭੂ ਦੇ ਸਮਾਹਿ= ਅਨੰਦ ਵਿਖੇ ਸਮਾਏ ਹਨ।

ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖਿ ਭੂਲੇ ਜਾਂਹਿ॥ ੫੩॥

ਗੁਰੂ ਜੀ ਕਥਨ ਕਰਦੇ ਹਨ— ਸਤਿਗੁਰਾਂ ਤੋਂ ਬਿਨਾਂ ਸੱਚਾ ਪ੍ਰਭੂ ਪ੍ਰਾਪਤ ਨਹੀਂ ਹੁੰਦਾ, ਮਨਮੁਖ ਪੁਰਸ਼ ਪ੍ਰਭੂ ਤੋਂ ਭੁੱਲੇ ਹੋਏ ਹੋਣ ਕਰ ਕੇ ਨਰਕਾਂ ਵਿਖੇ ਜਾਂਦੇ ਹਨ॥ ੫੩॥

ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ॥

ਉਪਦੇਸ਼ ਰੂਪ ਜਲ ਦੀ ਨਿਧੀ ਜੋ ਗੁਰੂ ਸਾਹਿਬ ਜੀ ਰੂਪ ਬੱਦਲ ਹਨ, ਤਿਨ੍ਹਾਂ ਵਿਖੇ ਪ੍ਰੇਮ-ਪਿਆਰ ਕਰ ਕੇ, ਵਾ- ਤਿਨ੍ਹਾਂ ਪਯਾਰਿਆਂ ਗੁਰਾਂ ਵਿਚ ਪ੍ਰੇਮ ਕਰ ਕੇ ਜਗਿਆਸੂ ਰੂਪ ਬਾਬੀਹਾ= ਪਪੀਹਾ ਪਿਰੀ-ਪਿਰੀ ਉਚਾਰਨ ਕਰਦਾ ਹੈ।

ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ॥

ਜਿਸ ਵੇਲੇ ਸਾਰਿਆਂ ਦੁੱਖਾਂ ਦੇ ਨਵਿਰਤ ਕਰਨ ਵਾਲੇ ਸਤਿਗੁਰੂ ਮਿਲੇ ਤਾਂ ਜਗਿਆਸੂ ਨੇ ਉਪਦੇਸ਼ ਰੂਪ ਸੀਤਲ ਜਲ ਪਾਵਣਾ ਕੀਤਾ।

ਤਿਸ ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ॥

ਉਪਦੇਸ਼ ਰੂਪ ਸੀਤਲ ਜਲ ਕਰ ਕੇ ਮਾਇਆ ਦੀ ਤਿਸ= ਤ੍ਰਿਸ਼ਨਾ ਦੂਰ ਹੋ ਜਾਂਦੀ ਹੈ ਤੇ ਸਹਜੁ= ਗਿਆਨ ਊਪਜੈ= ਪੈਦਾ ਹੁੰਦਾ ਹੈ ਅਤੇ ਕੂਕ ਪੁਕਾਰ= ਉੱਚੀਆਂ ਪੁਕਾਰਾਂ ਕਰਨੀਆਂ ਚੁਕੈ= ਦੂਰ ਹੋ ਜਾਂਦੀਆਂ ਹਨ।

ਨਾਨਕ ਗੁਰਮੁਖਿ ਸਾਂਤਿ ਹੋਇ ਨਾਮੁ ਰਖਹੁ ਉਰਿ ਧਾਰਿ॥ ੫੪॥

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖਿ= ਗੁਰਾਂ ਦੁਆਰੇ ਹਰੀ ਨਾਮ ਨੂੰ ਹਿਰਦੇ ਵਿਖੇ ਧਾਰਨ ਕਰ ਰੱਖੋ ਤਾਂ ਸ਼ਾਂਤੀ ਹੁੰਦੀ ਹੈ॥ ੫੪॥

ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ॥

ਹੇ ਜਗਿਆਸੂ ਰੂਪ ਪਪੀਹੇ! ਤੂੰ ਸੱਚ ਨਾਮ ਨੂੰ ਚਉ= ਉਚਾਰਨਾ ਕਰ ਅਤੇ ਸੱਚ ਸਰੂਪ ਨਾਲ ਹੀ ਬਿਰਤੀ ਲਗਾ ਰਹਿਣਾ ਕਰ। ਇਸ ਵਿਧੀ ਨਾਲ-

ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ॥

ਜੇ ਤੂੰ ਗੁਰਮੁਖ ਹੋ ਕੇ ਅਲਾਇ= ਕਥਨ ਕਰੇਂਗਾ ਤਾਂ ਤੇਰਾ ਬੋਲਿਆ ਹੋਇਆ ਬਚਨ ਥਾਇ ਪਵੈ= ਸਫਲ ਹੋਵੇਗਾ।

ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ॥

ਗੁਰ ਉਪਦੇਸ਼ ਨੂੰ ਚੀਨਿ= ਜਾਣਨਾ ਕਰ ਤਾਂ ਤੇਰੀ ਪਦਾਰਥਾਂ ਦੀ ਤ੍ਰੇਹ ਉਤਰ ਜਾਏਗੀ ਅਤੇ ਗੁਰਾਂ ਦੀ

www.sikhbookclub.com

ਰਜਾਇ= ਆਗਿਆ ਨੂੰ ਮੰਨ ਲੈਣਾ ਕਰ।

[ਪੰਨਾ ੧੪੨੦]

ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ॥

(ਜਿਵੇਂ ਪ੍ਰਤੱਖ ਬੱਦਲ) ਚਾਰੇ ਦਿਸ਼ਾਂ ਵਿਖੇ ਝੁਕ ਕੇ ਵਸਦਾ ਹੈ, ਤਿਵੇਂ ਗੁਰੂ ਸਾਹਿਬ ਜੀ ਰੂਪ ਬੱਦਲ ਚਾਰ ਖਾਣੀਆਂ ਰੂਪ ਚਾਰੇ ਪਾਸੇ ਝੁਕ ਕੇ ਭਾਵ ਅਤਿਅੰਤ ਕ੍ਰਿਪਾਲੂ ਹੋ ਕੇ ਉਪਦੇਸ਼-ਜਲ ਦੀ ਵਰਖਾ ਕਰਦੇ ਹਨ। ਜਿਸ ਵੇਲੇ ਅਭੇਦ ਬੋਧ ਰੂਪ ਸ਼ਾਂਤੀ ਬੂੰਦ ਪੈਂਦੀ ਹੈ ਤਾਂ ਹੀ ਜਗਿਆਸੂ ਰੂਪ ਪਪੀਹੇ ਦਾ ਸਹਜਿ ਸੁਭਾਇ= ਸ਼ਾਂਤੀ ਸੁਭਾਵ ਹੁੰਦਾ ਹੈ।

ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥

ਨਾਮ-ਜਲ ਕਰ ਕੇ ਹੀ ਸਾਰੇ ਸ਼ੁਭ-ਗੁਣ ਉਪਜਦੇ ਹਨ, ਨਾਮ-ਜਲ ਤੋਂ ਬਿਨਾਂ ਪਦਾਰਥਾਂ ਦੀ ਤ੍ਰੇਹ ਜਾਂਦੀ ਨਹੀਂ ਹੈ।

ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ॥ ੫੫॥

ਗੁਰੂ ਜੀ ਕਥਨ ਕਰਦੇ ਹਨ— ਜਿਸ ਜਗਿਆਸੂ ਨੇ ਹਰੀ ਨਾਮ-ਜਲ ਪੀਵਣਾ ਕੀਤਾ ਹੈ, ਤਿਸ ਨੂੰ ਫਿਰ ਕੋਈ ਭੁੱਖ ਆ ਕੇ ਲਗਦੀ ਨਹੀਂ ਹੈ, ਭਾਵ ਉਸ ਨੂੰ ਫਿਰ ਕਿਸੇ ਪਦਾਰਥ ਦੀ ਇੱਛਾ ਫੁਰਦੀ ਨਹੀਂ ਹੈ॥ ੫੫॥

ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ॥

ਹੇ ਜਗਿਆਸੂ ਰੂਪ ਪਪੀਹੇ ! ਤੂੰ ਸਹਜਿ= ਸ਼ਾਂਤੀ ਨਾਲ ਬੋਲਣਾ ਕਰ ਅਤੇ ਸਚੇ ਗੁਰਾਂ ਦੇ ਉਪਦੇਸ਼ ਵਿਖੇ ਸੁ+ਭਾਇ= ਸ੍ਰੇਸ਼ਟ ਪ੍ਰੇਮ ਕਰ।

ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ॥

ਤੇਰੇ ਨਾਲ ਤਾਂ ਸਭ ਕੁਝ ਹੈ * ਪਰ ਇਹ ਭੇਦ ਸਤਿਗੁਰਾਂ ਨੇ ਦਿਖਾ ਦਿੱਤਾ ਹੈ।

ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ॥

ਜਦ ਇਹ ਜੀਵ ਪ੍ਰੀਤਮੁ= ਗੁਰਾਂ ਨਾਲ ਮਿਲਣਾ ਕਰੇ ਤੇ ਅੱਗੋਂ ਗੁਰੂ ਜੀ ਇਕ ਰਸ ਛਹਬਰ= ਝੜੀ ਲਗਾ ਕੇ ਉਪਦੇਸ਼-ਜਲ ਦੀ ਵਰਖਾ ਕਰਨ ਤਾਂ ਇਹ ਜਗਿਆਸੂ ਆਪਣੇ ਸ੍ਵੈ ਸਰੂਪ ਨੂੰ ਪਛਾਣ ਲੈਂਦਾ ਹੈ।

ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ॥

ਜਿਸ ਵੇਲੇ ਗੁਰੂ ਸਾਹਿਬ ਜੀ ਰੂਪ ਬੱਦਲ ਝਿਮਿ ਝਿਮਿ= ਇਕ ਰਸ ਅੰਮ੍ਰਿਤੁ= ਜਲ-ਨਾਮ ਦੀ ਵਰਖਾ ਕਰਦੇ ਹਨ ਤਾਂ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਭੁੱਖ ਸਭ ਚਲੀ ਜਾਂਦੀ ਹੈ।

ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ॥

ਉਸ ਦੀਆਂ ਫਿਰ ਕੂਕ= ਉੱਚੀਆਂ ਪੁਕਾਰਾਂ ਨਹੀਂ ਹੁੰਦੀਆਂ, ਕਿਉਂਕਿ ਜੋਤੀ= ਪ੍ਰਮਾਤਮਾ ਉਸ ਦੀ ਜੋਤ

---

*ਯਥਾ-ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਪੰਨਾ ੬੯੫)

ਨੂੰ ਆਪਣੇ ਵਿਖੇ ਮਿਲਾ ਲੈਂਦਾ ਹੈ।

ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥ ੫੬ ॥

ਗੁਰੂ ਜੀ ਕਥਨ ਕਰਦੇ ਹਨ— ਉਹ ਸੋਹਾਗਣੀ= ਗੁਰਮੁਖਾਂ-ਸੋਹਾਗਣੀਆਂ ਸੁਖਾਂ ਵਿਖੇ ਸੌਂਦੀਆਂ ਹਨ, ਜਿਨ੍ਹਾਂ ਨੂੰ ਸੱਚੇ ਨਾਮੀ ਨੇ ਆਪਣੇ ਵਿਖੇ ਸਮਾਇ= ਅਭੇਦ ਕਰ ਲਿਆ ਹੈ॥ ੫੬ ॥

ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ ॥

ਸੱਚੇ ਖਸਮਿ= ਪ੍ਰਮਾਤਮਾ ਨੇ ਧੁਰ ਤੋਂ ਹੀ ਹੁਕਮ ਕਰ ਕੇ ਗੁਰੂ ਸਾਹਿਬ ਰੂਪ ਬੱਦਲ ਨੂੰ ਸੰਸਾਰ ਵਿਖੇ ਪਠਾਇ ਭੇਜਿਆ= ਭੇਜ ਦਿੱਤਾ ਹੈ।

ਇੰਦੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥

ਗੁਰੂ ਸਾਹਿਬ ਜੀ ਰੂਪ ਇੰਦੁ= ਬੱਦਲ ਦਇਆ ਕਰਿ= ਕਿਰਪਾ ਦ੍ਰਿਸ਼ਟੀ ਕਰ ਕੇ ਗੂੜੀ ਛਹਬਰ ਲਾਇ= ਬੜੀ ਝੜੀ ਲਗਾ ਕੇ ਉਪਦੇਸ਼-ਜਲ ਦੀ ਵਰਖਾ ਕਰਦੇ ਹਨ।

ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ ॥

ਉਤਮ ਜਗਿਆਸੂ ਰੂਪ ਪਪੀਹੇ ਦੇ ਤਨ ਮਨ ਵਿਖੇ ਤਾਂ ਹੀ ਸੁਖ ਹੁੰਦਾ ਹੈ ਜਾਂ ਤਤੁ= ਸਿਧਾਂਤ ਰੂਪ ਅਰਥਾਤ ਬੋਧ ਰੂਪ ਸ਼ਾਂਤੀ ਬੂੰਦ ਨੂੰ ਮੁਖ ਵਿਖੇ ਪਾਣਾ ਕਰੇ।

ਅਨੁ ਧਨੁ ਬਹੁਤਾ ਉਪਜੈ ਧਰਤੀ ਸੋਭਾ ਪਾਇ ॥

ਗੁਰੂ ਰੂਪ ਬੱਦਲ ਦੇ ਵਰਸਣ ਕਰ ਕੇ ਸ਼ੁਭ-ਗੁਣਾਂ ਰੂਪ ਅੰਨ ਤੇ ਨਾਮ-ਧਨ ਬਹੁਤ ਸਾਰਾ ਉਪਜਦਾ ਹੈ ਅਤੇ ਬੁੱਧੀ ਰੂਪ ਧਰਤੀ ਦੈਵੀ ਗੁਣਾਂ ਕਰ ਕੇ ਸੋਭਾ ਪਾਂਦੀ ਹੈ।

ਅਨਦਿਨੁ ਲੋਕੁ ਭਗਤਿ ਕਰੇ ਗੁਰ ਕੈ ਸਬਦਿ ਸਮਾਇ ॥

ਜਿਹੜੇ ਲੋਕ ਗੁਰਾਂ ਦੇ ਉਪਦੇਸ਼ ਵਿਖੇ ਸਮਾ ਕੇ ਰਾਤ ਦਿਨੇ ਪ੍ਰਭੂ ਦੀ ਭਗਤੀ ਕਰਦੇ ਹਨ।

ਆਪੇ ਸਚਾ ਬਖਸਿ ਲਏ ਕਰਿ ਕਿਰਪਾ ਕਰੈ ਰਜਾਇ ॥

ਉਨ੍ਹਾਂ ਲੋਕਾਂ ਨੂੰ ਸੱਚਾ ਪ੍ਰਭੂ ਆਪ ਹੀ ਬਖਸ਼ ਲੈਂਦਾ ਹੈ ਅਤੇ ਕਿਰਪਾ ਦ੍ਰਿਸ਼ਟੀ ਕਰ ਕੇ ਉਹਨਾਂ ਨੂੰ ਪਦਾਰਥਾਂ ਵੱਲੋਂ ਰਜਾਇ= ਤ੍ਰਿਪਤ ਕਰਦਾ ਹੈ।

ਹਰਿ ਗੁਣ ਗਾਵਹੁ ਕਾਮਣੀ ਸਚੈ ਸਬਦਿ ਸਮਾਇ ॥

ਹੇ ਜਗਿਆਸੂ ਰੂਪ ਕਾਮਣੀਓਂ! ਸੱਚੇ ਗੁਰਾਂ ਦੇ ਉਪਦੇਸ਼ ਵਿਖੇ ਸਮਾ ਕੇ ਹਰੀ ਦੇ ਗੁਣ ਗਾਵਣਾ ਕਰੋ।

ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ ॥

ਭੈ ਅਤੇ ਸਹਜੁ= ਸ਼ਾਂਤੀ ਆਦਿਕ ਸ਼ੁਭ ਗੁਣਾਂ ਦਾ ਸਿੰਗਾਰ ਧਾਰਨ ਕਰ ਕੇ ਸੱਚ ਵਿਖੇ ਲਿਵ ਲਗਾ ਰਹਿਣਾ ਕਰੋ।

ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥ ੫੭ ॥

ਗੁਰੂ ਜੀ ਕਥਨ ਕਰਦੇ ਹਨ- ਜੇਕਰ ਹਰੀ-ਪ੍ਰਭੂ ਦਾ ਨਾਮ ਮਨ ਵਿਖੇ ਵਸ ਜਾਵੇ ਤਾਂ ਹਰੀ ਇਸ ਨੂੰ ਪ੍ਰਲੋਕ

ਦਰਗਾਹ ਵਿਖੇ ਜਮਾਂ ਤੋਂ ਛੁਡਾ ਲੈਂਦਾ ਹੈ॥ ੫੭॥

ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ॥

ਹੇ ਜਗਿਆਸੂ ਰੂਪ ਪਪੀਹਾ! ਜੇਕਰ ਤੂੰ ਸੰਪੂਰਣ ਧਰਤੀ ਪਰ ਵੀ ਫਿਰਨਾ ਕਰੇਂ ਅਤੇ ਸਿੱਧੀ ਦੇ ਬਲ ਨਾਲ ਉਡ ਕੇ ਆਕਾਸ਼ ਵਿਖੇ ਵੀ ਚੜ੍ਹਨਾ ਕਰੇਂ।

ਅਥਵਾ- ਊਡਿ= ਪ੍ਰਾਣਾਯਾਮ ਕਰ ਕੇ ਚਾਹੇ ਆਕਾਸਿ= ਦਸਮ ਦੁਆਰ ਵਿਖੇ ਚੜ੍ਹਨਾ ਕਰੇਂ।

ਅਥਵਾ- ਊਡਿ= ਸ਼ਕਾਮ ਕਰਮਾਂ ਨੂੰ ਕਰ ਕੇ ਚਾਹੇ ਆਕਾਸਿ= ਸਵਰਗ ਵਿਚ ਚੜ੍ਹਨਾ ਕਰੇਂ ਤਾਂ ਭੀ ਤੇਰੀ ਪਿਆਸ ਨਹੀਂ ਉਤਰੇਗੀ।

ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ॥

ਸਤਿਗੁਰਾਂ ਨਾਲ ਮਿਲ ਕੇ ਨਾਮ ਰੂਪ ਜਲ ਨੂੰ ਪਾਣਾ ਕਰੀਏ ਤਾਂ ਪਦਾਰਥਾਂ ਦੀ ਭੁੱਖ ਅਤੇ ਪਿਆਸ ਚੂਕੈ= ਦੂਰ ਹੋ ਜਾਂਦੀ ਹੈ।

ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ॥

ਇਹ ਜੀਅ ਪਿੰਡ ਆਦਿਕ ਸਭ ਕੁਝ ਉਸੇ ਦਾ ਦਿਤਾ ਹੋਇਆ ਹੈ, ਕਿਉਂਕਿ ਉਸ ਪ੍ਰਭੂ ਦੇ ਪਾਸ ਸਭ ਕੁਝ ਹੈ।

ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥

ਜਦ ਕਿ ਉਹ ਬੋਲੇ ਤੋਂ ਬਿਨਾਂ ਹੀ ਸਭ ਕੁਝ ਜਾਣਦਾ ਹੈ, ਤਾਂ ਫਿਰ ਕਿਸ ਦੇ ਅੱਗੇ ਅਰਦਾਸਿ= ਬੇਨਤੀ ਕਰਨੀ ਹੈ।

ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ॥ ੫੮॥

ਗੁਰੂ ਜੀ ਕਥਨ ਕਰਦੇ ਹਨ— ਜੋ ਸਾਰਿਆਂ ਘਟਾਂ ਵਿਖੇ ਇਕ ਪ੍ਰਭੂ ਵਰਤ ਰਿਹਾ ਹੈ, ਗੁਰੂ ਸਾਹਿਬ ਜੀ ਸਬਦਿ= ਉਪਦੇਸ਼ ਦੇ ਕੇ ਤਿਸ ਪ੍ਰਮਾਤਮਾ ਦਾ ਪ੍ਰਕਾਸ਼ ਕਰਦੇ ਹਨ॥ ੫੮॥

ਨਾਨਕ ਤਿਸੈ ਬਸੰਤੁ ਹੈ ਜਿ ਸਤਿਗੁਰੁ ਸੇਵਿ ਸਮਾਇ॥

ਗੁਰੂ ਜੀ ਕਥਨ ਕਰਦੇ ਹਨ— ਜਿਹੜਾ ਪੁਰਸ਼ ਸਤਿਗੁਰਾਂ ਦੀ ਸੇਵਾ ਵਿਖੇ ਸਮਾਂਵਦਾ ਹੈ, ਤਿਸ ਪੁਰਸ਼ ਨੂੰ ਹਮੇਸ਼ਾਂ ਹੀ ਬਸੰਤੁ= ਅਨੰਦ ਹੈ।

ਹਰਿ ਵੁਠਾ ਮਨੁ ਤਨੁ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ॥ ੫੯॥

ਹਰੀ ਨਾਮ ਉਪਦੇਸ਼-ਜਲ ਦੇ ਵਰਸਣ ਕਰ ਕੇ ਮਨ ਤਨ ਆਦਿ ਇੰਦ੍ਰੀਏ ਸਭ ਪ੍ਰਫੁੱਲਤ ਹੁੰਦੇ ਹਨ, ਤਿਸ ਦੇ ਭਾਣੇ ਸਾਰਾ ਜਗਤ ਹੀ ਹਰੀਆਵਲੁ= ਅਨੰਦ ਹੁੰਦਾ ਹੈ॥ ੫੯॥

ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ॥

ਗੁਰ ਉਪਦੇਸ਼ ਕਰ ਕੇ ਸਦਾ ਹੀ ਬਸੰਤੁ= ਅਨੰਦ ਹੁੰਦਾ ਹੈ, ਜਿਸ ਗੁਰੂ ਸ਼ਬਦ ਕਰ ਕੇ ਤਨ ਮਨ ਸ਼ੁਭ-ਗੁਣਾਂ ਨਾਲ ਹਰਿਆ ਹੁੰਦਾ ਹੈ।

ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ ॥ ੬੦ ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਪ੍ਰਭੂ ਨੇ ਸਭ ਕਿਸੇ ਨੂੰ ਸਿਰਜਿਆ ਹੈ, ਉਸ ਪ੍ਰਭੂ ਦਾ ਨਾਮ ਮੈਨੂੰ ਵਿਸਰਦਾ ਨਹੀਂ ਹੈ॥ ੬੦ ॥

ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥

ਗੁਰੂ ਜੀ ਕਥਨ ਕਰਦੇ ਹਨ— ਜਿਹਨਾਂ ਗੁਰਮੁਖਾਂ ਦੇ ਮਨ ਵਿਖੇ ਗੁਰਾਂ ਦੁਆਰੇ ਉਸ ਪ੍ਰਭੂ ਦਾ ਨਾਮ ਵਸਿਆ ਹੈ, ਤਿਨ੍ਹਾਂ ਨੂੰ ਸਦਾ ਹੀ ਬਸੰਤੁ= ਅਨੰਦ ਹੈ।

ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥ ੬੧ ॥

ਕਿਉਂਕਿ ਹਰੀ ਨਾਮ ਅੰਮ੍ਰਿਤ ਜਲ ਦੇ ਵਰਸਣੇ ਕਰ ਕੇ, ਤਿਨ੍ਹਾਂ ਦਾ ਮਨ ਤਨ ਪਰਫੜੈ= ਪ੍ਰਫੁੱਲਤ ਹੁੰਦਾ ਹੈ ਅਤੇ ਉਹਨਾਂ ਦਾ ਦਰਸ਼ਨ ਕਰ ਕੇ ਸਾਰਾ ਜਗਤ ਸ਼ੁਭ ਗੁਣਾਂ ਨਾਲ ਹਰਿਆ ਹੋਇਆ ਹੈ॥ ੬੧ ॥

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥

(ਸਿੱਖ ਬੇਨਤੀ ਕਰਦਾ ਹੈ: ਹੇ ਗੁਰੂ ਜੀ!) ਵਡੜੈ ਝਾਲਿ= ਵੱਡੀ ਸਵੇਰੇ ਝਲੁੰਭਲੈ= ਅੰਮ੍ਰਿਤ ਵੇਲੇ ਕਿਸ ਦਾ ਨਾਮ ਲੈਣਾ ਚਾਹੀਦਾ ਹੈ? *ਗੁਰ ਉੱਤਰ-*

ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥ ੬੨ ॥

ਜੋ ਪ੍ਰਭੂ ਜਗਤ ਦੇ ਘੜਨ ਤੇ ਭੰਨਣ ਨੂੰ (ਭਾਵ ਉਤਪਤੀ ਲੈਤਾ ਕਰਨ ਨੂੰ-) ਸਮਰੱਥ ਹੈ, ਉਸ ਪ੍ਰਮੇਸ਼ਰ ਦੇ ਨਾਮ ਨੂੰ (ਅੰਮ੍ਰਿਤ ਵੇਲੇ) ਲੈਣਾ ਕਰੋ॥ ੬੨ ॥

ਕੋਈ ਫ਼ਕੀਰ ਵਗਦੇ ਹਰਟ ਪਾਸ ਬੈਠਾ ਉੱਚੀ-ਉੱਚੀ ਬੋਲ ਰਿਹਾ ਸੀ, ਤਿਸ ਨੂੰ ਅਨੁਕਤੀ ਅਲੰਕਾਰ ਦੇ ਤਰੀਕੇ ਨਾਲ ਆਖਦੇ ਹਨ-

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥

ਹੇ ਹਰਹਟ= ਹਰਟ! ਤੂੰ ਤੂੰ ਕਰਨੇ ਰੂਪ ਭਲੀ ਬਾਣੀ ਨੂੰ ਤੂੰ ਬੋਲ ਰਿਹਾ ਹੈਂ।

ਇਤਨੇ ਅੱਖਰ ਸੁਣ ਕੇ ਫਕੀਰ ਨੇ ਵਿਚਾਰਿਆ ਕਿ ਇਹਨਾਂ ਨੇ ਹਰਟ ਨੂੰ ਕੀ ਕਹਿਣਾ ਹੈ, ਇਹ ਤਾਂ ਮੈਨੂੰ ਕੁਝ ਕਹਿ ਰਹੇ ਹਨ!

ਗੁਰੂ ਜੀ ਦੇ ਪਾਸ ਆ ਕੇ ਕਹਿਣ ਲਗਾ— ਆਪ ਜੀ ਨੇ ਕੀ ਆਖਿਆ ਹੈ?

ਤਾਂ ਹਜ਼ੂਰ ਨੇ ਕਿਹਾ- ਹੇ ਹਰਹਟ= ਜੀਵ ਤੂੰ ਤੂੰ ਕਰਨ ਰੂਪ ਬਾਣੀ ਤਾਂ ਤੂੰ ਚੰਗੀ ਬੋਲ ਰਿਹਾ ਹੈਂ।

ਪਰ ਉਹ-

ਸਾਹਿਬ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥

ਮਾਲਕ ਪ੍ਰਭੂ ਸਦਾ ਹੀ ਹਾਜ਼ਰਾ ਹਜ਼ੂਰ ਹੈ, ਇਸ ਤੇ ਤੂੰ ਉੱਚੀਆਂ ਪੁਕਾਰਾਂ ਕਿਸ ਵਾਸਤੇ ਕਰਦਾ ਹੈਂ?

ਜਿਨਿ ਜਗਤੁ ਉਪਾਇ ਹਰਿ ਰੰਗੁ ਕੀਆ ਤਿਸੈ ਵਿਟਹੁ ਕੁਰਬਾਣੁ ॥

ਜਿਸ ਪ੍ਰਭੂ ਨੇ ਹਰ ਰੰਗਾਂ ਦਾ ਜਗਤ ਉਪਾਵਣਾ ਕੀਤਾ ਹੈ, ਤਿਸ ਵਿਟਹੁ= ਉਪਰੋਂ ਬਲਿਹਾਰ ਜਾਣਾ ਕਰ।

ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ॥

ਆਪੁ= ਹੰਕਾਰ ਨੂੰ ਛਡੇਂਗਾ ਤਾਂ ਹੀ ਉਹ ਸਹੁ= ਪਤੀ-ਪ੍ਰਮਾਤਮਾ ਤੈਨੂੰ ਮਿਲੇਗਾ, ਇਹ ਵਿਚਾਰ ਸਭ ਤੋਂ ਸੱਚਾ ਹੈ।

ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ॥

ਜੋ ਪੁਰਸ਼ ਹਉਮੈ ਕਰ ਕੇ ਫਿਕਿਆਂ ਬਚਨਾਂ ਨੂੰ ਬੋਲਣਾ ਕਰਦਾ ਹੈ, ਉਹ ਪ੍ਰਮੇਸ਼ਰ ਦੀ ਭਗਤੀ ਰੂਪ ਕਾਰ ਨੂੰ ਸਮਝ ਨਹੀਂ ਸਕਦਾ।

ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ॥

ਵਣ ਤ੍ਰਿਣ ਰੂਪ ਤਿੰਨੇ ਭਵਣ ਤਿਸ ਪ੍ਰਮੇਸ਼ਰ ਦੇ ਨਾਮ ਨੂੰ ਧਿਆਂਵਦੇ ਹਨ, ਪਰ ਤੇਰੇ ਰਾਤ ਦਿਨ ਸਦਾ ਹੀ ਨਾਮ ਜਪੇ ਤੋਂ ਬਿਨਾਂ ਵਿਹਾਣ= ਬੀਤਦੇ ਜਾਂਦੇ ਹਨ।

ਅਥਵਾ- ਗੁਰਮੁਖਾਂ ਦਾ ਵਣੁ= ਅੰਤਹਕਰਣ, ਤ੍ਰਿਣ= ਇੰਦ੍ਰੀਏ, ਤ੍ਰਿਭਵਣੁ= ਤੀਜਾ ਭਵਨ ਸਰੀਰ।

ਅਥਵਾ- ਗੁਰਮੁਖਾਂ ਦੇ (ਕਾਰਨ, ਸੂਖਮ, ਅਸਥੂਲ) ਤ੍ਰਿਭਵਣੁ= ਤਿੰਨੇ ਸਰੀਰ ਉਸ ਪ੍ਰਮੇਸ਼ਰ ਦੇ ਨਾਮਾਂ ਨੂੰ ਧਿਆਉਂਦੇ ਹਨ, ਪਰ ਮਨਮੁਖਾਂ ਦੇ ਰਾਤ ਦਿਨ ਸਦਾ ਨਿਸਫਲ ਹੀ ਵਿਹਾਣ= ਬੀਤਦੇ ਹਨ।

ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ॥

ਸਾਰੇ ਪੁਰਸ਼ ਆਪਣੇ ਆਪ ਉਸ ਦੀ ਪ੍ਰਾਪਤੀ ਦੇ ਵਿਚਾਰਾਂ ਨੂੰ ਕਰ-ਕਰ ਕੇ ਥੱਕ ਗਏ ਹਨ, ਪਰ ਸਤਿਗੁਰਾਂ ਤੋਂ ਬਿਨਾਂ ਪਰਮੇਸ਼ਰ ਨੂੰ ਕਿਸੇ ਨੇ ਪਾਇਆ ਨਹੀਂ।

[ਪੰਨਾ ੧੪੨੧]

ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ॥

ਹਾਂ! ਜੇ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰੇ ਤਾਂ ਆਪ ਹੀ ਜੀਵਾਂ ਨੂੰ ਸਵਾਰ ਲੈਂਦਾ ਹੈ।

ਨਾਨਕ ਗੁਰਮੁਖਿ ਜਿਨ੍ਹੀ ਧਿਆਇਆ ਆਏ ਸੇ ਪਰਵਾਣੁ॥ ੬੩॥

ਗੁਰੂ ਜੀ ਕਥਨ ਕਰਦੇ ਹਨ— ਜਿਹਨਾਂ ਨੇ ਗੁਰਾਂ ਦੁਆਰੇ ਵਾਹਿਗੁਰੂ ਦੇ ਨਾਮਾਂ ਨੂੰ ਧਿਆਉਣਾ ਕੀਤਾ ਹੈ, ਉਹ ਪੁਰਸ਼ ਜਗਤ ਵਿਖੇ ਆਏ ਹੋਏ ਪ੍ਰਮਾਣੀਕ ਹਨ॥ ੬੩॥

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥

ਨਿਰੇ ਭਗਵੇਂ ਕਪੜਿਆਂ ਦੇ ਪਹਿਨਣੇ ਕਰ ਕੇ ਵੀ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਮੈਲੇ ਲਿਬਾਸ ਕਰ ਕੇ ਭਾਵ ਮੈਲੇ ਕੁਚੈਲੇ ਕਪੜਿਆਂ ਦੇ ਪਹਿਨਣੇ ਕਰ ਕੇ ਵੀ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ।

ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥ ੬੪॥

ਗੁਰੂ ਜੀ ਕਥਨ ਕਰਦੇ ਹਨ— ਸਤਿਗੁਰਾਂ ਦੇ ਉਪਦੇਸ਼ ਮਿਲਣ ਕਰ ਕੇ ਆਪਣੇ ਘਰ ਬੈਠਿਆਂ ਹੀ ਜੋਗ ਦੀ ਪ੍ਰਾਪਤੀ ਹੁੰਦੀ ਹੈ॥ ੬੪॥

ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ॥

ਜੇਕਰ ਇਹ ਜੀਵ ਚਾਰੇ ਕੁੰਡਾ= ਚਾਰੇ ਦਿਸ਼ਾਂ ਵਿਖੇ ਫਿਰਦਾ ਵੀ ਰਹੇ ਭਾਵ ਚਾਹੇ ਅਨੇਕ ਤੀਰਥਾਂ ਪਰ ਇਸ਼ਨਾਨ ਵੀ ਕਰਦਾ ਰਹੇ ਅਤੇ ਚਾਰੇ ਜੁਗਾਂ ਵਿਖੇ ਚਾਹੇ ਚਾਰੇ ਵੇਦ ਵੀ ਪੜ੍ਹਦਾ ਰਹੇ ਤਾਂ ਭੀ ਮੋਖਸ਼ ਦੀ ਪ੍ਰਾਪਤੀ ਨਹੀਂ ਹੁੰਦੀ।

ਨਾਨਕ ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰ॥ ੬੫॥

ਗੁਰੂ ਜੀ ਕਥਨ ਕਰਦੇ ਹਨ— ਸੱਚੇ ਗੁਰਾਂ ਦੇ ਭੇਟੈ= ਮਿਲਣ ਕਰ ਕੇ ਜੇਕਰ ਹਰੀ ਨਾਮ ਮਨ ਵਿਖੇ ਵਸ ਜਾਵੇ ਤਾਂ ਹੀ ਇਹ ਜੀਵ ਮੁਕਤੀ ਦਾ ਦੁਆਰਾ ਜੋ ਬ੍ਰਹਮ ਗਿਆਨ ਹੈ ਉਸ ਨੂੰ ਪਾਂਵਦਾ ਹੈ॥ ੬੫॥

ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ॥

ਗੁਰੂ ਜੀ ਕਥਨ ਕਰਦੇ ਹਨ— ਜਿਸ ਪ੍ਰਮਾਤਮਾ ਦਾ ਹੁਕਮ ਸਾਰੇ ਵਰਤ ਰਿਹਾ ਹੈ, ਉਸ ਪ੍ਰਭੂ ਵੱਲੋਂ ਮਤਿ ਭਵੀ= ਬੁੱਧੀ ਮੁੜਨ ਕਰ ਕੇ ਜੀਵ ਦਾ ਚਿਤ ਚਲ= ਚੰਚਲ ਤਾਈਆਂ ਵਿਖੇ ਫਿਰ ਰਿਹਾ ਹੈ।

ਵਾ-ਚਿਤ ਚੰਚਲ ਹੋ ਕੇ ਸੰਸਾਰ ਵਿਚ ਫਿਰ ਰਿਹਾ ਹੈ।

ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥

ਮਨਮੁਖਾਂ ਨਾਲ ਦੋਸਤੀ ਪਾਉਣ ਕਰ ਕੇ ਹੇ ਮਿੱਤਰਾ! ਸੁਖਾਂ ਨੂੰ ਕੀ ਪੁਛਦਾ ਹੈਂ? ਅਰਥਾਤ ਮਨਮੁਖਾਂ ਨਾਲ ਮਿੱਤਰਚਾਰਾ ਪਾਉਣ ਕਰ ਕੇ ਸੁਖ ਪ੍ਰਾਪਤ ਨਹੀਂ ਹੁੰਦਾ। ਜੇਕਰ ਤੂੰ ਸੁਖ ਪ੍ਰਾਪਤ ਕਰਨਾ ਚਾਹੁੰਦਾ ਹੈਂ ਤਾਂ-

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥

ਗੁਰਮੁਖਾਂ ਨਾਲ ਦੋਸਤੀ ਪਾਣਾ ਕਰ ਅਤੇ ਪੂਰਨ ਸਤਿਗੁਰਾਂ ਸਉ= ਨਾਲ ਚਿਤ ਬਿਰਤੀ ਨੂੰ ਲਗਾਣਾ ਕਰ।

ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥ ੬੬॥

ਗੁਰੂ ਕਿਰਪਾ ਹੋਣ ਕਰ ਕੇ ਜਦ ਜਨਮ ਮਰਨ ਦਾ ਮੂਲੁ= ਮੁੱਢ ਅਗਿਆਨ ਕੱਟਿਆ ਜਾਵੇਗਾ। ਹੇ ਮਿੱਤਰਾ! ਤਾਂ ਹੀ ਤੈਨੂੰ ਸੁੱਖ ਪ੍ਰਾਪਤ ਹੋਵੇਗਾ॥ ੬੬॥

ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ॥

ਜਿਨ੍ਹਾਂ ਉਤੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਨ੍ਹਾਂ ਭੁੱਲਿਆਂ ਹੋਇਆਂ ਜੀਵਾਂ ਨੂੰ ਆਪ ਹੀ ਸਮਝਾ ਲੈਂਦਾ ਹੈ।

ਨਾਨਕ ਨਦਰੀ ਬਾਹਰੀ ਕਰਣ ਪਲਾਹ ਕਰੇ॥ ੬੭॥

ਗੁਰੂ ਜੀ ਕਥਨ ਕਰਦੇ ਹਨ— ਜੋ ਮਨੁੱਖ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਤੋਂ ਬਾਹਰ ਹਨ, ਉਹ ਮਨੁੱਖ ਕਈ ਤਰ੍ਹਾਂ ਦੇ ਕਰਣ= ਕੀਰਨੇ ਤੇ ਪਲਾਹ= ਯਤਨ ਕਰਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਬਣਦਾ ਕੁਝ ਨਹੀਂ॥ ੬੭॥

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੋ ਗਾਵੈ॥

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

ਦੋਹਿਰਾ— ਅਮਰਦਾਸ ਸ੍ਰੀ ਗੁਰ ਸੁਖਦ, ਸਤਿ ਸਰੂਪ ਅਨੂਪ।
ਸਿੱਖਨ ਕੇ ਮਨ ਗਜਾਨ ਦਾ, ਗਤਿ ਉਦਾਰ ਵਡ ਭੂਪ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਸਲੋਕ ਸਮਾਪਤੰ॥

ਸਲੋਕ ਮਹਲਾ ੪

੧ੴ ਸਤਿਗੁਰ ਪ੍ਰਸਾਦਿ ॥

ਵਡਭਾਗੀਆ ਸੋਹਾਗਣੀ ਜਿਨ੍ਹਾ ਗੁਰਮੁਖਿ ਮਿਲਿਆ ਹਰਿ ਰਾਇ ॥

(ਸ੍ਰੀ ਗੁਰੂ ਰਾਮਦਾਸ ਜੀ ਕਥਨ ਕਰਦੇ ਹਨ— ਜਿਨ੍ਹਾਂ ਗੁਰਮੁਖਾਂ-ਇਸਤਰੀਆਂ ਨੂੰ ਗੁਰਮੁਖਿ= ਗੁਰਾਂ ਦੁਆਰੇ ਹਰੀ ਰਾਜਾ ਮਿਲਿਆ ਹੈ, ਉਹ ਸੁਹਾਗ-ਵੰਤੀਆਂ ਵੱਡਿਆਂ ਭਾਗਾਂ ਵਾਲੀਆਂ ਹਨ।

ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥ ੧ ॥

ਉਨ੍ਹਾਂ ਦੇ ਅੰਦਰ ਗਿਆਨ ਦੀ ਜੋਤ ਪ੍ਰਕਾਸ਼ੀ ਹੈ, ਇਸ ਕਰ ਕੇ ਉਹ ਸੁਹਾਗ-ਵੰਤੀਆਂ ਨਾਮਿ ਸਮਾਇ= ਨਾਮੀ ਪ੍ਰਭੂ ਵਿਖੇ ਅਭੇਦ ਹੋਈਆਂ ਹਨ॥ ੧ ॥

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥

ਜਿਨ੍ਹਾਂ (ਗੁਰਾਂ) ਨੇ ਉਸ ਸੱਚੇ ਵਾਹਿਗੁਰੂ ਨੂੰ ਜਾਤਾ= ਜਾਣਿਆਂ ਹੈ, ਉਹ ਸਤਿਗੁਰੂ ਪੁਰਖ ਵਾਹੁ ਵਾਹੁ= ਧੰਨ-ਧੰਨ ਹਨ।

ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥

ਜਿਨ੍ਹਾਂ ਸਤਿਗੁਰਾਂ ਨਾਲ ਮਿਲਣ ਕਰ ਕੇ ਪਦਾਰਥਾਂ ਦੀ ਤਿਖ= ਤ੍ਰੇਹ ਦੂਰ ਹੁੰਦੀ ਹੈ ਅਤੇ ਤਨ ਮਨ ਸੀਤਲੁ= ਠੰਡਾ ਹੋ ਜਾਂਦਾ ਹੈ।

ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥

ਸਤਿ ਪੁਰਖੁ= ਪ੍ਰਮੇਸ਼ਰ ਦੇ ਸਰੂਪ ਸਤਿਗੁਰ ਦੇਵ ਜੀ ਧੰਨ ਧੰਨ ਹਨ, ਜਿਨ੍ਹਾਂ ਸਤਿਗੁਰਾਂ ਨੂੰ ਸਭ ਕੋਈ ਸਮਤੁ= ਸਮ ਦ੍ਰਿਸ਼ਟੀ ਭਾਵ ਇਕੋ ਜਿਹਾ ਨਿਗਾਹ ਆਉਂਦਾ ਹੈ।

ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥

ਵੈਰ ਤੋਂ ਰਹਿਤ ਸਤਿਗੁਰੂ ਜੀ ਧੰਨਤਾ ਯੋਗ ਹਨ, ਜਿਨ੍ਹਾਂ ਦੀ ਦ੍ਰਿਸ਼ਟੀ ਵਿਖੇ ਨਿੰਦਿਆ ਤੇ ਉਸਤਤੀ ਇਕ ਸਮਾਨ ਹੁੰਦੀ ਹੈ।

ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥

(ਸਿੱਖ ਦੇ ਅੰਦਰ ਦੀ ਗੱਲ ਜਾਣਨ ਨੂੰ) ਸੁਜਾਣੁ= ਚਤੁਰ ਜੋ ਸਤਿਗੁਰੂ ਹਨ, ਉਹ ਵਾਹੁ ਵਾਹੁ= ਧੰਨਤਾ

ਦੇ ਯੋਗ ਹਨ, ਜਿਸ ਗੁਰੂ ਦੇ ਹਿਰਦੇ ਅੰਦਰ ਸ਼ੁੱਧ ਬ੍ਰਹਮ ਦਾ ਵਿਚਾਰ ਪ੍ਰਾਪਤ ਹੈ।

ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥

ਨਿਰੰਕਾਰ ਦੇ ਸਰੂਪ ਸਤਿਗੁਰ ਦੇਵ ਜੀ ਵਾਹੁ ਵਾਹੁ= ਧੰਨਤਾ ਦੇ ਯੋਗ ਹਨ, ਜਿਸ ਗੁਰੂ ਦੇ ਗੁਣਾਂ ਦੇ ਪਾਰਾਵਾਰ ਦਾ ਅੰਤ ਨਹੀਂ ਆਉਂਦਾ।

ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥

ਉਹ ਸਤਿਗੁਰੂ ਦੇਵ ਜੀ ਧੰਨ ਧੰਨ ਹਨ ਜਿਹੜੇ ਗੁਰੂ ਉਸ ਸੱਚ ਨਾਮ ਨੂੰ ਦ੍ਰਿੜ੍ਹ ਕਰਵਾਂਦੇ ਹਨ।

ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥ ੨ ॥

ਗੁਰੂ ਜੀ ਕਥਨ ਕਰਦੇ ਹਨ- ਉਹ ਗੁਰੂ ਧੰਨ ਧੰਨ ਹਨ, ਜਿਨ੍ਹਾਂ ਗੁਰਾਂ ਤੋਂ ਵਾਹਿਗੁਰੂ ਨਾਮ ਜਪਣਾ ਪ੍ਰਾਪਤ ਹੁੰਦਾ ਹੈ॥ ੨॥

ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥

ਹਰੀ ਪ੍ਰਭੂ ਗੋਵਿੰਦ ਦਾ ਨਾਮ ਜਪਣ ਕਰ ਕੇ ਗੁਰਮੁਖਾਂ ਨੂੰ ਸਚਾ ਸੋਹਿਲਾ= ਅਨੰਦ ਪ੍ਰਾਪਤ ਹੋਇਆ ਹੈ।

ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥

ਸਲਾਹੁਣੇ ਯੋਗ ਹਰੀ ਦੇ ਨਾਮ ਨੂੰ ਜਿਸ ਨੇ ਰਾਤ ਦਿਨੇ ਜਪਿਆ ਹੈ, ਉਸ ਦੇ ਮਨ ਵਿਖੇ ਅਨੰਦ ਪ੍ਰਾਪਤ ਹੋਇਆ ਹੈ।

ਵਡਭਾਗੀ ਹਰਿ ਪਾਇਆ ਪੂਰਨ ਪਰਮਾਨੰਦੁ ॥

ਵਡਭਾਗੀ ਪੁਰਸ਼ਾਂ ਨੇ ਸਾਰਿਆਂ ਵਿਖੇ ਪੂਰਨ ਅਨੰਦ ਸਰੂਪ ਹਰੀ ਨੂੰ ਪਾਵਣਾ ਕੀਤਾ ਹੈ।

ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਜਿਨ੍ਹਾਂ ਜਨਾਂ ਨੇ ਹਰੀ ਨਾਮ ਨੂੰ ਸਲਾਹਿਆ ਹੈ, ਉਨ੍ਹਾਂ ਦੇ ਮਨ ਤਨ ਵਿਖੇ ਬਹੁੜਿ= ਫਿਰ ਕੋਈ ਭੰਗੁ= ਵਿਘਨ ਨਹੀਂ ਪੈਂਦਾ॥ ੩॥

ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ ॥

ਮੂੰ= ਮੇਰਾ ਉਸ ਪਿਰੀਆ= ਪਤੀ-ਪ੍ਰਮਾਤਮਾ ਨਾਲ ਨੇਹੁ= ਪ੍ਰੇਮ ਲੱਗ ਰਿਹਾ ਹੈ, ਉਸ ਪਿਆਰੇ ਪਤੀ ਨਾਲ ਮਿਲਾਣ ਵਾਲੇ ਜੋ ਸੱਜਣ ਮਹਾਤਮਾਂ ਹਨ ਉਹ ਮੈਨੂੰ ਕਿਵੇਂ ਮਿਲਣ?

ਹਉ ਢੂਢੇਦੀ ਤਿਨ ਸਜਣ ਸਚਿ ਸਵਾਰਿਆ ॥

ਹਉ= ਮੈਂ ਉਨ੍ਹਾਂ ਸਜਣ= ਮਹਾਤਮਾਂ ਨੂੰ ਢੂੰਡਦੀ ਹਾਂ, ਜਿਨ੍ਹਾਂ ਸੰਤਾਂ ਨੇ ਸੱਚ ਨਾਮ ਨੂੰ ਜਪ ਕੇ ਆਪਣੇ ਮਨੁੱਖਾ ਜਨਮ ਨੂੰ ਸਵਾਰਿਆ ਹੈ।

ਸਤਿਗੁਰੁ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ ॥

ਸਤਿਗੁਰੂ ਹੀ ਮੇਰਾ ਪਰਮ ਮਿੱਤਰ ਹੈ, ਜੇਕਰ ਉਹ ਮੈਨੂੰ ਮਿਲ ਜਾਵੇ ਤਾਂ ਮੈਂ ਇਹ ਆਪਣਾ ਮਨ ਉਸ ਤੋਂ

ਵਾਰਨੇ ਫੇਰਨੇ ਕਰਦਾ ਹਾਂ।

ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ ॥

ਸਭ ਦੇ ਸਿਰਜਣ ਵਾਲਾ ਜੋ ਹਰੀ ਸੱਜਣ ਪਿਰੀ ਹੈ, ਉਹ ਮੈਨੂੰ ਗੁਰੂ ਸਾਹਿਬ ਜੀ ਦੱਸ ਦਿੰਦੇ ਹਨ।

ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ ॥ ੪ ॥

ਗੁਰੂ ਜੀ ਕਥਨ ਕਰਦੇ ਹਨ— ਜਗਿਆਸੂ ਰੂਪ ਸਖੀ ਕਹਿੰਦੀ ਹੈ ਜਿਸ ਆਪਣੇ ਪਿਰੀ ਨੂੰ ਹਉ= ਮੈਂ ਭਾਲਦੀ ਸੀ, ਉਸ ਪਿਰੀ ਨੂੰ ਸਤਿਗੁਰਾਂ ਨੇ ਨਾਲ ਹੀ ਵਿਖਾ ਦਿੱਤਾ ਹੈ॥ ੪॥

ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥

ਹਉ= ਮੈਂ ਖੜੀ= ਸਮਾਹਤ (ਉਤਸ਼ਾਹਤ) ਚਿੱਤ ਹੋ ਕੇ, ਵਾ ਸਾਵਧਾਨ ਹੋ ਕੇ ਗਿਆਨ ਰੂਪ ਪੰਧੁ= ਰਸਤੇ ਨੂੰ ਨਿਹਾਲੀ= ਦੇਖਦੀ ਹਾਂ ਕਿ ਮਤਾਂ ਮੇਰਾ ਸਜਣੁ= ਪ੍ਰਮਾਤਮਾ ਆਂਵਦਾ ਹੋਵੇ।

ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥

ਐਸਾ ਕੋਈ ਹੈ ਜੋ ਅੱਜ ਹੀ ਮੈਨੂੰ ਲਿਆ ਕੇ ਉਹਨਾਂ ਸਤਿਗੁਰਾਂ ਨਾਲ ਮਿਲਾਣਾ ਕਰੇ, ਜੋ ਮੈਨੂੰ ਪਿਰੀ ਦੇ ਮੇਲ ਨਾਲ ਮਿਲਾਣ ਵਾਲੇ ਹਨ।

[ਪੰਨਾ ੧੪੨੨]

ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ, ਜੋ ਮੈ ਪਿਰੀ ਦਿਖਾਵਏ ॥

ਜੋ ਸੱਜਣ ਮੈਨੂੰ ਪਿਰੀ= ਪ੍ਰਮਾਤਮਾ ਦਾ ਦਰਸ਼ਨ ਦਿਖਾ ਦੇਵੇ ਤਿਸ ਦੇ ਉਪਰੋਂ ਹਉ= ਮੈਂ ਆਪਣੇ ਜੀਅ ਨੂੰ ਚਉ ਖੰਨੀਐ= ਚਾਰ ਟੁਕੜੇ ਕਰ ਦਿੰਦੀ ਹਾਂ। ਭਾਵ ਚਤੁਸ਼ਟੇ ਅੰਤਹਕਰਣ ਕਰ ਕੇ ਮੈਂ ਉਸ ਤੋਂ ਬਲਿਹਾਰ ਕੁਰਬਾਨ ਜਾਂਦੀ ਹਾਂ।

ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ ॥ ੫ ॥

ਗੁਰੂ ਜੀ ਕਥਨ ਕਰਦੇ ਹਨ— (ਜਾਂ) ਹਰੀ ਦਿਆਲੂ ਕ੍ਰਿਪਾਲੂ ਹੋਵੇ ਤਾਂ ਉਹ ਪੂਰੇ ਗੁਰੂ ਨਾਲ ਮਿਲਾਉਂਦਾ ਹੈ॥ ੫॥

ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥

ਇਸ ਜੀਵ ਦੇ ਤਨ ਅੰਦਰ ਮਾਇਆ ਰੂਪ ਹੰਗਤਾ ਮਮਤਾ ਦਾ ਜ਼ੋਰ ਹੈ, ਕੂੜੀ= ਝੂਠੀ ਹੰਗਤਾ ਮਮਤਾ ਕਰ ਕੇ ਇਹ ਜੀਵ ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਹੈ।

ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥

ਸਤਿਗੁਰਾਂ ਦਾ ਫੁਰਮਾਇਆ ਹੋਇਆ ਹੁਕਮ ਜੀਵ ਮੰਨ ਨਹੀਂ ਸਕਦਾ, ਇਸ ਕਰ ਕੇ ਜੀਵ ਤੋਂ ਦੁਤਰੁ= ਕਠਿਨ ਸੰਸਾਰ-ਸਮੁੰਦਰ ਤੋਂ ਤਰਿਆਂ ਨਹੀਂ ਜਾਂਦਾ।

ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥

ਜਿਸ ਮਨੁੱਖ ਉਤੇ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹ ਪੁਰਸ਼ ਸਤਿਗੁਰਾਂ ਦੇ ਭਾਇ=

www.sikhbookclub.com

ਭਾਣੇ ਭਾਵ ਹੁਕਮ ਵਿਖੇ ਚਲਦਾ ਹੈ।

ਸਤਿਗੁਰ ਕਾ ਦਰਸਨੁ ਸਫਲੁ ਹੈ ਜੋ ਇਛੈ ਸੋ ਫਲੁ ਪਾਇ॥

ਸਤਿਗੁਰਾਂ ਦਾ ਦਰਸ਼ਨ ਸਹਿਤ ਫਲਾਂ ਦੇ ਹੋਣ ਕਰ ਕੇ ਸਫ਼ਲ ਹੈ, ਮਨੁੱਖ ਜੋ ਇੱਛਾ ਧਾਰ ਕੇ ਸਤਿਗੁਰਾਂ ਦਾ ਦਰਸ਼ਨ ਕਰਦਾ ਹੈ ਓਹੀ ਫਲ ਪਾਂਦਾ ਹੈ।

ਜਿਨੀ ਸਤਿਗੁਰੁ ਮੰਨਿਆਂ ਹਉ ਤਿਨ ਕੇ ਲਾਗਉ ਪਾਇ॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਬ੍ਰਹਮ ਰੂਪ ਜਾਣ ਕੇ ਮੰਨਣਾ ਕੀਤਾ ਹੈ।

*ਅਥਵਾ-*ਜਿਨ੍ਹਾਂ ਨੇ ਸਤਿਗੁਰਾਂ ਦੇ ਹੁਕਮ ਨੂੰ ਮੰਨਿਆਂ ਹੈ, ਹਉ= ਮੈਂ ਉਨ੍ਹਾਂ ਦੇ ਪਾਇ= ਚਰਨੀਂ ਲੱਗਦਾ ਹਾਂ।

ਨਾਨਕੁ ਤਾ ਕਾ ਦਾਸੁ ਹੈ ਜਿ ਅਨਦਿਨੁ ਰਹੈ ਲਿਵ ਲਾਇ॥ ੬॥

ਗੁਰੂ ਜੀ ਕਥਨ ਕਰਦੇ ਹਨ— ਮੈਂ ਉਨ੍ਹਾਂ ਦਾ ਦਾਸ ਹਾਂ ਜਿਹੜੇ ਅਨਦਿਨੁ= ਰਾਤ ਦਿਨੇ ਪ੍ਰਭੂ ਵਿਖੇ ਬਿਰਤੀ ਲਗਾ ਰਹੇ ਹਨ॥ ੬॥

ਜਿਨਾ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ॥

ਜਿਨ੍ਹਾਂ ਗੁਰਮੁਖਾਂ ਦਾ ਪਿਰੀ= ਪ੍ਰਮਾਤਮਾ ਵਿਖੇ ਪਿਆਰ ਹੈ, ਉਹ ਵਾਹਿਗੁਰੂ ਦਾ ਦਰਸ਼ਨ ਦੇਖੇ ਬਿਨਾਂ ਕਿਵੇਂ ਤ੍ਰਿਪਤੀ ਨੂੰ ਪ੍ਰਾਪਤ ਹੋ ਸਕਦੇ ਹਨ, ਭਾਵ ਨਹੀਂ ਹੁੰਦੇ।

ਨਾਨਕ ਮਿਲੇ ਸੁਭਾਇ ਗੁਰਮੁਖਿ ਇਹੁ ਮਨੁ ਰਹਸੀਐ॥ ੭॥

ਗੁਰੂ ਜੀ ਕਥਨ ਕਰਦੇ ਹਨ— ਜਿਹੜੇ ਗੁਰਮੁਖ ਗੁਰਾਂ ਦੁਆਰੇ ਸੁ+ਭਾਇ= ਸਰੇਸ਼ਟ ਪ੍ਰੇਮ ਕਰ ਕੇ ਸੁਭਾਵਕ ਹੀ ਵਾਹਿਗੁਰੂ ਨੂੰ ਮਿਲੇ ਹਨ। ਉਹਨਾਂ ਦਾ ਇਹ ਮਨ ਰਹਸੀਐ= ਅਨੰਦ ਨੂੰ ਪ੍ਰਾਪਤ ਹੋਇਆ ਹੈ॥ ੭॥

ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ॥

ਜਿਨ੍ਹਾਂ ਦਾ ਵਾਹਿਗੁਰੂ ਨਾਲ ਪਿਆਰ ਹੈ, ਉਹ ਪਤੀ ਤੋਂ ਬਾਹਰੇ= ਬਿਨਾਂ ਕਿਉਂ ਜੀਵਨਿ= ਕਿਵੇਂ ਜੀਅ ਸਕਦੇ ਹਨ, ਭਾਵ ਨਹੀਂ ਜੀਉਂਦੇ।

ਜਾ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ॥ ੮॥

ਗੁਰੂ ਜੀ ਕਥਨ ਕਰਦੇ ਹਨ ਜਾ= ਜੇਕਰ ਉਹ ਆਪਣੇ ਸਹੁ= ਪਤੀ-ਪ੍ਰਮਾਤਮਾ ਨੂੰ ਦੇਖ ਲੈਣ, ਭੀ= ਪੁਨਾ ਤਦ ਉਹ ਸ਼ੁਭ ਗੁਣਾਂ ਕਰ ਕੇ ਹਰੇ ਥੀਵਨਿ= ਹੁੰਦੇ ਹਨ।

*ਵਾ-*ਅਨੰਦ ਸੰਯੁਕਤ ਹੁੰਦੇ ਹਨ॥ ੮॥

ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ॥

ਹੇ ਸੱਚੇ ਪ੍ਰੀਤਮ! ਵਾਹਿਗੁਰੂ ਜਿਹਨਾਂ ਗੁਰਮੁਖਾਂ ਦੇ ਹਿਰਦੇ ਅੰਦਰ ਤੈ= ਆਪ ਜੀ ਨੇ ਨੇਹੁ ਲਾਇਆ= ਪ੍ਰੇਮ ਲਗਾਉਣਾ ਕੀਤਾ ਹੈ।

ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ ॥ ੯ ॥

ਗੁਰੂ ਜੀ ਕਥਨ ਕਰਦੇ ਹਨ— ਉਹਨਾਂ ਗੁਰਮੁਖਾਂ ਦਾ ਮਨ ਰਾਤੀ ਅਤੇ ਡੇਹੁ= ਦਿਨ ਭਾਵ ਰਾਤ ਦਿਨੇ (ਅੱਠੇ ਪਹਿਰ) ਇਕ ਰਸ ਪ੍ਰੇਮ ਵਿਖੇ ਸਮਾਇਆ ਰਹਿੰਦਾ ਹੈ॥ ੯ ॥

ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥

ਗੁਰਮੁਖਾਂ ਦੇ ਰਿਦੇ ਅੰਦਰ ਉਹ ਸੱਚੀ ਆਸ਼ਕੀ ਹੈ ਜਿਸ ਆਸ਼ਕੀ ਕਰ ਕੇ ਸੱਚਾ ਪ੍ਰੀਤਮ ਪਾਈਦਾ ਹੈ।

ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ ॥ ੧੦ ॥

ਗੁਰੂ ਜੀ ਕਥਨ ਕਰਦੇ ਹਨ— ਸਹਜ ਪਦ ਵਿਖੇ ਸਮਾਣ ਕਰ ਕੇ ਗੁਰਮੁਖ ਅਨਦਿਨੁ= ਰਾਤ ਦਿਨੇ ਅਨੰਦ ਰਹਿੰਦੇ ਹਨ॥ ੧੦ ॥

ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥

ਪਿਆਰੇ ਪ੍ਰਭੂ ਵਿਖੇ ਸੱਚਾ ਪ੍ਰੇਮ ਕਰਨਾ ਪੂਰਿਆਂ ਗੁਰਾਂ ਦੇ ਉਪਦੇਸ਼ ਕਰ ਕੇ ਪਾਈਦਾ ਹੈ।

ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥ ੧੧ ॥

ਗੁਰੂ ਜੀ ਕਥਨ ਕਰਦੇ ਹਨ— ਪ੍ਰੇਮ ਨਾਲ ਹਰੀ ਗੁਣਾਂ ਦੇ ਗਾਇਣ ਕਰਨ ਨਾਲ ਕਦੇ ਵੀ ਕੋਈ ਭੰਗੁ= ਵਿਘਨ ਨਹੀਂ ਹੁੰਦਾ॥ ੧੧ ॥

ਜਿਨ੍ਹਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਹਿ ਪਿਰੀ ਵਿਹੂਣਿਆ ॥

ਜਿਨ੍ਹਾਂ ਗੁਰਮੁਖਾਂ ਦੇ ਰਿਦੇ ਅੰਦਰ ਸੱਚਾ ਨੇਹੁ= ਪ੍ਰੇਮ ਲੱਗਾ ਹੈ, ਉਹ ਆਪਣੇ ਪਤੀ-ਪ੍ਰਮਾਤਮਾ ਤੋਂ ਬਿਨਾਂ ਕਿਵੇਂ ਜਿਉਂਦੇ ਹਨ?

ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ ॥ ੧੨ ॥

ਗੁਰੂ ਜੀ ਕਥਨ ਕਰਦੇ ਹਨ— ਚਿਰੰਕਾਲ ਦੇ ਵਿਛੁੜਿਆਂ ਹੋਇਆਂ ਜੀਵਾਂ ਨੂੰ ਗੁਰਾਂ ਦੁਆਰੇ ਉਹ ਪ੍ਰਮਾਤਮਾ ਆਪ ਆਪਣੇ ਨਾਲ ਮੇਲਦਾ ਹੈ॥ ੧੨ ॥

ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥

ਹੇ ਵਾਹਿਗੁਰੂ! ਜਿਨ੍ਹਾਂ ਗੁਰਮੁਖਾਂ ਨੂੰ ਭੁਸੀਂ ਆਪਣੇ ਪ੍ਰੇਮ ਦਾ ਪਿਆਰ ਆਪ ਹੀ ਕਰਮੁ ਕਰਿ= ਕਿਰਪਾ ਕਰ ਕੇ ਲਗਾਇਆ ਹੈ।

ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ ॥ ੧੩ ॥

ਉਨ੍ਹਾਂ ਗੁਰਮੁਖਾਂ ਨਾਲ ਮੈਨੂੰ ਮਿਲਾ ਲਵੋ ਅਤੇ ਮੈਂ ਜਾਚਿਕ= ਮੰਗਤੇ ਨੂੰ ਹੇ ਹਰੀ ! ਨਾਮ ਦਾਨ ਦੇਣਾ ਕਰੋ॥ ੧੩ ॥

ਗੁਰਮੁਖਿ ਹਸੈ ਗੁਰਮੁਖਿ ਰੋਵੈ ॥

ਸ੍ਰੀ ਸਰੂਪ ਦੇ ਅਨੰਦ ਨੂੰ ਪਾ ਕੇ ਗੁਰਮੁਖ ਜਨ ਕਦੇ ਹਸਦੇ ਹਨ ਤੇ ਕਦੇ ਵੈਰਾਗ ਕਰ ਕੇ ਰੁਦਨ

www.sikhbookclub.com

ਕਰਦੇ ਹਨ।

ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ॥

ਗੁਰਮੁਖ ਜੋ ਭੀ ਕੰਮ ਕਰਦੇ ਹਨ, ਉਨ੍ਹਾਂ ਦੀ ਉਸ ਕੰਮ ਵਿਖੇ ਪ੍ਰਭੂ ਦੀ ਭਗਤੀ ਹੀ ਹੁੰਦੀ ਹੈ।

ਗੁਰਮੁਖਿ ਹੋਵੈ ਸੁ ਕਰੇ ਵੀਚਾਰੁ॥

ਜੋ ਪੁਰਸ਼ ਗੁਰਮੁਖ ਹੁੰਦੇ ਹਨ, ਉਹ ਆਪਣੇ ਸਰੂਪ ਦਾ ਹੀ ਵਿਚਾਰ ਕਰਦੇ ਹਨ।

ਗੁਰਮੁਖਿ ਨਾਨਕ ਪਾਵੈ ਪਾਰੁ॥ ੧੪॥

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖ ਜਨ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਪਾਂਵਦੇ ਹਨ।

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥

ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਨਾਮ ਨਿਧੀਆਂ ਦਾ ਖਜ਼ਾਨਾ ਹੈ, ਉਹ ਗੁਰਮੁਖ ਕੇਵਲ ਗੁਰਬਾਣੀ ਦਾ ਹੀ ਵਿਚਾਰ ਕਰਦੇ ਰਹਿੰਦੇ ਹਨ।

ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥

ਏਸੇ ਕਰ ਕੇ ਉਹਨਾਂ ਗੁਰਮੁਖਾਂ ਦੇ ਤਿਸ ਸੱਚੇ ਪ੍ਰਲੋਕ ਦਰਬਾਰ ਵਿਖੇ ਮੂੰਹ ਉਜਲੇ ਹੁੰਦੇ ਹਨ।

ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ॥

ਜਿਹੜੇ ਮਨੁੱਖ ਕਰਤਾਰ ਨੇ ਆਪ ਬਖਸ਼ੇ ਹਨ, ਤਿਨ੍ਹਾਂ ਨੂੰ ਉਠਦਿਆਂ ਬੈਠਦਿਆਂ ਕਦੇ ਵੀ ਪ੍ਰਭੂ ਦਾ ਨਾਮ ਭੁੱਲਦਾ ਨਹੀਂ ਹੈ।

ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ॥ ੧੫॥

ਗੁਰੂ ਜੀ ਕਥਨ ਕਰਦੇ ਹਨ— ਜਿਹੜੇ ਗੁਰਮੁਖ ਸਿਰਜਣਹਾਰਿ= ਪ੍ਰਭੂ ਨੇ ਆਪਣੇ ਨਾਲ ਮੇਲੇ ਹਨ, ਉਹ ਗੁਰਮੁਖ ਵਾਹਿਗੁਰੂ ਨਾਲ ਮਿਲੇ ਹੋਏ ਫਿਰ ਕਦੇ ਵਿਛੁੜਦੇ ਨਹੀਂ॥ ੧੫॥

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥

(ਹਿੰਦੂਆਂ ਨੂੰ ਆਪਣਿਆਂ) ਗੁਰਾਂ ਦੀ (ਅਤੇ ਮੁਸਲਮਾਨਾਂ ਨੂੰ ਆਪਣਿਆਂ) ਪੀਰਾਂ ਦੀ ਸੇਵਾ ਕਰਨੀ ਬੜੀ ਕਠਿਨ ਹੈ।

ਅਥਵਾ- ਪੀਰਾਂ= ਪੂਜਯ ਗੁਰਾਂ ਦੀ ਸੇਵਾ ਟਹਿਲ ਕਰਨੀ ਬੜੀ ਕਰੜੀ= ਕਠਿਨ ਹੈ, ਸਿਰ ਦੇ ਕੇ ਸੇਵਾ ਕਰਨੀ ਪੈਂਦੀ ਹੈ ਪਰ ਅੰਤ ਨੂੰ ਸਾਰੁ= ਸਰੇਸ਼ਟ ਸੁਖ ਦਿੰਦੀ ਹੈ।

ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ॥

ਜਿਸ ਉਤੇ ਵਾਹਿਗੁਰੂ ਆਪ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਸ ਨੂੰ ਤਾਰਨ ਹੇਤ= ਵਾਸਤੇ ਉਸ ਦੇ ਮਨ ਤਨ ਵਿਖੇ ਤਿਸ ਸੇਵਾ ਦਾ ਪਿਆਰ ਲਗਾਂਦਾ ਹੈ।

ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ॥

ਸਤਿਗੁਰਾਂ ਦੀ ਸੇਵਾ ਵਿਖੇ ਲੱਗਿਆਂ ਹੋਇਆਂ ਇਹ ਜੀਵ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ।

ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥

ਸੇਵਾ ਕਰਦਿਆਂ ਹੋਇਆਂ ਜਿਸ ਦੇ ਹਿਰਦੇ ਅੰਦਰ ਬਿਬੇਕ (ਬਿਬ+ਏਕ)= ਦੋਂਹ ਤੋਂ ਇਕ ਹੋਣ ਦਾ ਵਿਚਾਰ ਪ੍ਰਾਪਤ ਹੋਇਆ ਹੈ, ਉਹ ਮਨ ਇੱਛਤ ਫਲ ਨੂੰ ਪਾਂਦਾ ਹੈ।

ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥

ਗੁਰੂ ਜੀ ਕਥਨ ਕਰਦੇ ਹਨ— ਸਤਿਗੁਰਾਂ ਦੇ ਮਿਲਾਪ ਹੋਣ ਕਰ ਕੇ ਹੀ ਸਾਰੇ ਦੁੱਖਾਂ ਦੇ ਨਵਿਰਤ ਕਰਨ ਵਾਲਾ ਪ੍ਰਭੂ ਪ੍ਰਾਪਤ ਹੁੰਦਾ ਹੈ॥ ੧੬॥

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥

ਮਨਮੁਖ ਪੁਰਸ਼ ਜੋ ਭੀ ਸੇਵਾ ਕਰਦੇ ਹਨ ਉਹ ਦ੍ਵੈਤ ਭਾਵ ਵਿਚ ਚਿਤ ਬਿਰਤੀ ਨੂੰ ਲਗਾ ਕੇ ਸੇਵਾ ਕਰਦੇ ਹਨ, ਇਸ ਕਰ ਕੇ ਉਹਨਾਂ ਨੂੰ ਸ਼ੁਭ ਫਲ ਦੀ ਪ੍ਰਾਪਤੀ ਨਹੀਂ ਹੁੰਦੀ।

ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥

ਪੁੱਤਰ ਅਤੇ ਕਲਤ੍ਰ= ਇਸਤ੍ਰੀ ਆਦਿ ਜੋ ਕੁਟੰਬ ਹੈ ਤਿਸ ਵਿਖੇ ਲੱਗ ਕੇ ਮਨਮੁਖ ਪੁਰਸ਼ ਮਾਇਆ ਦੇ ਮੋਹ ਨੂੰ ਵਧਾ ਰਹੇ ਹਨ।

ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥

ਜਿਸ ਵੇਲੇ ਅੰਤ ਨੂੰ ਪ੍ਰਲੋਕ ਦਰਗਾਹ ਵਿਖੇ ਗਿਆਂ ਹਿਸਾਬ ਮੰਗਿਆ ਜਾਣਾ ਹੈ ਤਾਂ ਅੰਤ ਨੂੰ ਕੋਈ ਛੁਡਾ ਨਹੀਂ ਸਕੇਗਾ।

[ਪੰਨਾ ੧੪੨੩]

ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥

ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਸਾਰਾ ਕੁਟੰਬ ਦੁੱਖ ਰੂਪ ਹੈ ਅਤੇ ਮਾਇਆ ਦਾ ਮੋਹ ਵੀ ਦੁੱਖਾਂ ਦੇ ਦੇਣ ਵਾਲਾ ਹੈ।

ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖਾਂ ਨੂੰ ਇਹ ਨਦਰੀ= ਨਿਗਾਹ ਆਇਆ ਹੈ ਕਿ ਮਾਇਆ ਰਚਿਤ ਸੰਬੰਧੀਆਂ ਵਿਖੇ ਜੋ ਮੋਹ ਕਰਨਾ ਹੈ ਇਹ ਅੰਤ ਨੂੰ ਸਭ ਵਿਛੁੜ ਜਾਣ ਵਾਲਾ ਹੈ॥ ੧੭॥

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥

ਗੁਰਮੁਖ ਜਨ ਆਪਣੇ ਸਹ= ਪਤੀ-ਪ੍ਰਮਾਤਮਾ ਦਾ ਹੁਕਮ ਮੰਨਦੇ ਹਨ, ਵਾਹਿਗੁਰੂ ਦੇ ਹੁਕਮ ਵਿਚ ਹੀ ਗੁਰਮੁਖ ਜਨ ਆਤਮ ਸੁਖ ਨੂੰ ਪਾਂਦੇ ਹਨ।

ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥

ਵਾਹਿਗੁਰੂ ਦੇ ਹੁਕਮ ਵਿਚ ਹੀ ਤਨ ਕਰ ਕੇ ਸੇਵਾ ਕਰਦੇ ਹਨ, ਵਾਹਿਗੁਰੂ ਦੇ ਹੁਕਮ ਵਿਚ ਹੀ ਮਨ ਕਰ ਕੇ ਉਸ ਨੂੰ ਆਰਾਧਦੇ ਹਨ, ਵਾਹਿਗੁਰੂ ਦੇ ਹੁਕਮ ਵਿਚ ਆਪ ਸਮਾਉਂਦੇ ਹਨ ਅਤੇ ਹੋਰਨਾਂ ਨੂੰ ਸਮਾਂਵਦੇ ਹਨ।

ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ॥

ਹੁਕਮ ਦੇ ਮੰਨਣੇ ਰੂਪ ਵਰਤ, ਨੇਮ, ਸੁਚ= ਪਵਿੱਤਰਤਾ ਤੇ ਸੰਜਮ ਆਦਿਕ ਕਰਮ ਕਰ ਕੇ ਮਨ ਚਿੰਦਿਆ= ਮਨ ਇੱਛਤ ਫਲਾਂ ਨੂੰ ਪਾਂਵਦੇ ਹਨ।

ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ॥

ਜਿਹੜੀ ਇਸਤ੍ਰੀ ਵਾਹਿਗੁਰੂ ਦੇ ਹੁਕਮ ਨੂੰ ਬੁਝਦੀ ਹੈ ਤੇ ਬਿਰਤੀ ਲਗਾ ਕੇ ਸਤਿਗੁਰਾਂ ਦੀ ਸੇਵਾ ਕਰਦੀ ਹੈ, ਉਹ ਇਸਤਰੀ ਸਦਾ ਲਈ ਸੁਹਾਗਵੰਤੀ ਹੈ।

ਨਾਨਕ ਕਿਰਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ॥ ੧੮॥

ਗੁਰੂ ਜੀ ਕਥਨ ਕਰਦੇ ਹਨ— ਜਿਹਨਾਂ ਗੁਰਮੁਖਾਂ ਉਪਰ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਹਨਾਂ ਨੂੰ ਆਪਣੇ ਹੁਕਮ ਵਿਖੇ ਮਿਲਾ ਲੈਂਦਾ ਹੈ॥ ੧੮॥

ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ॥

ਇਹ ਬਪੁੜੀ= ਵਿਚਾਰੀ ਮਨਮੁਖ-ਇਸਤ੍ਰੀ ਵਾਹਿਗੁਰੂ ਦੇ ਹੁਕਮ ਨੂੰ ਬੁਝਦੀ ਨਹੀਂ ਹੈ ਤੇ ਨਿਤਾਪ੍ਰਤੀ ਹਉਮੈ ਦੇ ਸਹਿਤ ਕਰਮਾਂ ਨੂੰ ਕਮਾਂਵਦੀ ਹੈ।

ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥

ਪਖੰਡ ਸਹਿਤ ਵਰਤ, ਨੇਮ, ਸੁਚ= ਪਵਿਤ੍ਰਤਾ, ਇੰਦ੍ਰੀਆਂ ਦਾ ਦਮਨ ਅਤੇ ਠਾਕੁਰ ਪੂਜਾ ਆਦਿਕ ਕਰਮ ਕਰਨ ਨਾਲ ਚਿਤ ਵਿਚੋਂ ਭਰਮ ਨਹੀਂ ਜਾਂਦਾ।

ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ॥

ਮਾਇਆ ਦੇ ਮੋਹ ਵਿਖੇ ਬੇਧੇ= ਤਦਾਕਾਰ ਹੋਣ ਕਰ ਕੇ ਅੰਦਰੋਂ ਕੁਸੁਧੁ= ਅਪਵਿੱਤਰ ਹਨ, ਜਿਵੇਂ ਹਸਤੀ= ਹਾਥੀ ਨਹਾਕੇ ਆਪਣੇ ਉਤੇ ਛਾਰੁ= ਖੇਹ (ਮਿੱਟੀ) ਉਡਾਉਂਦਾ ਹੈ, ਤਿਵੇਂ ਮਨਮੁਖ ਪੁਰਸ਼ ਵੀ ਕਰਮਾਂ ਨੂੰ ਕਰ ਕੇ ਹੰਕਾਰ ਰੂਪੀ ਖੇਹ ਉਡਾਉਂਦਾ ਹੈ।

ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ॥

ਜਿਸ ਪ੍ਰਭੂ ਨੇ ਜੀਵਾਂ ਨੂੰ ਪੈਦਾ ਕੀਤਾ ਹੈ ਇਹ ਜੀਵ ਉਸ ਨੂੰ ਚੇਤਦੇ ਨਹੀਂ ਹਨ, ਹੁਣ ਪ੍ਰਭੂ ਦੇ ਚੇਤੇ ਤੋਂ ਬਿਨਾਂ ਇਹ ਜੀਵ ਕਿਵੇਂ ਸੁਖ ਪਾ ਸਕਦੇ ਹਨ।

ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ॥ ੧੯॥

ਗੁਰੂ ਜੀ ਕਥਨ ਕਰਦੇ ਹਨ— ਜਿਸ ਕਰਤੇ ਪੁਰਖ ਨੇ ਇਹ ਪ੍ਰਪੰਚ ਆਦਿ ਤੋਂ ਹੀ ਕੀਤਾ ਹੈ, ਉਸ ਪ੍ਰਭੂ ਨੇ ਜੋ ਪੂਰਬਲੇ ਕਰਮਾਂ ਅਨੁਸਾਰ ਇਸ ਜੀਵ ਦੇ ਮੱਥੇ ਪਰ ਲੇਖ ਲਿਖ ਦਿੱਤਾ ਹੈ, ਇਹ ਜੀਵ ਓਸੇ ਅਨੁਸਾਰ ਕਰਮਾਂ ਨੂੰ ਕਮਾਂਵਦੇ ਹਨ॥ ੧੯॥

ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ ਅਨਦਿਨੁ ਸੇਵਾ ਕਰਤ ਸਮਾਇ॥

ਮੁਖ ਗੁਰਾਂ ਦਾ ਮਨ ਪ੍ਰਮੇਸ਼ਰ ਉਤੇ ਮੰਨਿਆ ਹੋਇਆ ਦੇਖ ਕੇ ਗੁਰਮੁਖ ਜਗਿਆਸੂਆਂ ਦੇ ਹਿਰਦੇ ਵਿਖੇ ਪਰਤੀਤਿ ਭਈ= ਭਰੋਸਾ ਹੋਇਆ ਹੈ, ਏਸੇ ਕਰ ਕੇ ਗੁਰਮੁਖ ਜਗਿਆਸੂ ਰਾਤ ਦਿਨੇ ਗੁਰਾਂ ਦੀ ਸੇਵਾ ਕਰਨ ਵਿਖੇ ਸਮਾਇ= ਮਿਲ ਰਹੇ ਹਨ।

ਅੰਤਰਿ ਸਤਿਗੁਰੂ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ॥

ਸਤਿਗੁਰਾਂ ਦੇ ਹਿਰਦੇ ਅੰਦਰ ਸਾਰਿਆਂ ਤੋਂ ਗੁਰੂ= ਵਡਾ। ਵਾ- ਪੂਜਨੀਕ ਪ੍ਰਮਾਤਮਾ ਵਸ ਰਿਹਾ ਹੈ, ਏਸੇ ਕਰ ਕੇ ਦੁਨੀਆਂ ਦੇ ਸਾਰੇ ਲੋਕ ਆ ਕੇ ਸਤਿਗੁਰਾਂ ਦਾ ਦਰਸ਼ਨ ਦੇਖਦੇ ਹਨ ਅਤੇ ਗੁਰੂ ਸਾਹਿਬ ਜੀ ਦਾ ਪੂਜਨ ਕਰਦੇ ਹਨ।

ਮੰਨੀਐ ਸਤਿਗੁਰ ਪਰਮ ਬੀਚਾਰੀ ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ॥

ਪਰਮ ਬੀਚਾਰੀ= ਉਤਮ ਵਿਚਾਰ ਦੇ ਦੇਣ ਵਾਲੇ ਜੋ ਸਤਿਗੁਰੂ ਹਨ ਉਹਨਾਂ ਨੂੰ ਮੰਨਣਾ ਕਰੋ, ਜਿਨ੍ਹਾਂ ਸਤਿਗੁਰਾਂ ਨਾਲ ਮਿਲਣ ਕਰ ਕੇ ਮਾਇਆ ਦੀ ਤ੍ਰਿਸ਼ਨਾ ਰੂਪ ਭੁੱਖ ਸਭ ਚਲੀ ਜਾਂਦੀ ਹੈ॥

ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ॥

ਅੰਨਵੇ--ਜੋ ਗੁਰੂ ਸੱਚੇ ਪ੍ਰਭੂ ਨਾਲ ਮਿਲਾ ਦੇਂਦੇ ਹਨ, ਉਹਨਾਂ ਆਪਣਿਆਂ ਸਤਿਗੁਰਾਂ ਤੋਂ ਮੈਂ ਸਦਾ-ਸਦਾ= ਹਮੇਸ਼ਾਂ ਬਲਿਹਾਰੀ=ਕੁਰਬਾਨ ਜਾਂਦਾ ਹਾਂ।

ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ॥ ੨੦॥

ਗੁਰੂ ਜੀ ਕਥਨ ਕਰਦੇ ਹਨ— ਪੂਰਬਲੇ ਚੰਗਿਆਂ ਕਰਮਾਂ ਕਰ ਕੇ ਜੋ ਮਨੁੱਖ ਗੁਰਾਂ ਦੀ ਚਰਨੀਂ ਆ ਲੱਗੇ ਹਨ, ਪਾਇਆ ਤਿਨ ਸਚਾ= ਤਿਨ੍ਹਾਂ ਨੇ ਸੱਚੇ ਵਾਹਿਗੁਰੂ ਨੂੰ ਪਾਇਆ ਹੈ॥ ੨੦॥

ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ॥

ਜਿਸ ਪਿਰੀਆ= ਪ੍ਰਮਾਤਮਾ ਨਾਲ ਮੇਰਾ ਨੇਹੁ= ਪ੍ਰੇਮ ਹੈ ਉਹ ਸੱਜਣ ਪ੍ਰਮਾਤਮਾ ਸਦਾ ਮੇਰੇ ਨਾਲ ਅੰਗ-ਸੰਗ ਹੈ।

ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ॥ ੨੧॥

ਹਉ= ਮੈਂ ਅੰਦਰ-ਬਾਹਰ ਫਿਰਦਾ ਹੋਇਆ ਵੀ ਤਿਸ ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿਖੇ ਸਮਾਲਿ= ਸੰਭਾਲ ਰੱਖਦਾ ਹਾਂ॥ ੨੧॥

ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ॥

ਜਿਨ੍ਹਾਂ ਪੁਰਸ਼ਾਂ ਨੇ ਸਤਿਗੁਰਾਂ ਨਾਲ ਚਿੱਤ ਲਗਾ ਕੇ ਇਕ ਮਨਿ= ਇਕਾਗਰ ਮਨ ਹੋ ਕੇ ਇਕ ਚਿਤਿ= ਇਕ ਚੇਤਨ ਪ੍ਰਭੂ ਨੂੰ ਧਿਆਉਣਾ ਕੀਤਾ ਹੈ।

ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ॥

ਤਿਨ੍ਹਾਂ ਦੀ ਭੁੱਖ ਅਤੇ ਦੁਖਦਾਈ ਹੰਗਤਾ ਮਮਤਾ ਰੂਪੀ ਵੱਡਾ ਰੋਗ ਨਵਿਰਤ ਹੋ ਗਿਆ ਹੈ ਅਤੇ ਉਹ ਬਿਰਤੀ ਨੂੰ ਲਗਾ ਕੇ ਨਿਰਦੋਖ ਭਏ= ਦੋਸ਼ਾਂ ਤੋਂ ਰਹਿਤ ਹੋਏ ਹਨ।

www.sikhbookclub.com

ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ॥

ਉਹ ਗੁਰਮੁਖ (ਰਾਗ ਵਿਖੇ ਵਾਹਿਗੁਰੂ ਦੇ) ਗੁਣਾਂ ਨੂੰ ਗਾਂਵਦੇ ਹਨ ਅਤੇ (ਬਾਣੀ ਦੁਆਰਾ ਵੀ ਵਾਹਿਗੁਰੂ ਦੇ ਗੁਣਾਂ ਨੂੰ) ਉਚਾਰਦੇ ਹਨ, ਆਪ ਗੁਣਾਂ ਵਿਖੇ ਸਮਾਏ ਹਨ ਅਤੇ ਹੋਰਨਾਂ ਨੂੰ ਗੁਣਾਂ ਵਿਖੇ ਸਵੈ= ਇਸਥਿਤ ਕਰਦੇ ਹਨ।

ਨਾਨਕ ਗੁਰ ਪੂਰੇ ਤੇ ਪਾਇਆ ਸਹਜਿ ਮਿਲਿਆ ਪ੍ਰਭੁ ਆਇ॥ ੨੨॥

ਗੁਰੂ ਜੀ ਕਥਨ ਕਰਦੇ ਹਨ— ਜਿਸ ਨੇ ਪੂਰਿਆਂ ਗੁਰਾਂ ਤੋਂ ਉਪਦੇਸ਼ ਪਾਇਆ ਹੈ, ਉਸ ਨੂੰ ਸੁਤੇ ਸਿੱਧ ਹੀ ਪ੍ਰਭੂ ਆ ਕੇ ਮਿਲਿਆ ਹੈ॥ ੨੨॥

ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ॥

ਜਿਸ ਤੇ ਮਨਮੁਖਾਂ ਦੇ ਹਿਰਦੇ ਵਿਖੇ ਮਾਇਆ ਦਾ ਮੋਹ ਪ੍ਰਬਲ ਹੋ ਰਿਹਾ ਹੈ, ਇਸੇ ਕਰ ਕੇ ਪ੍ਰਭੂ ਦੇ ਨਾਮ ਵਿਖੇ ਮਨਮੁਖਾਂ ਦਾ ਪਿਆਰ ਲਗਦਾ ਨਹੀਂ।

ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ॥

ਕੂੜੁ= ਝੂਠ ਨੂੰ ਕਮਾਂਦੇ ਹਨ, ਝੂਠ ਨੂੰ ਹੀ ਸੰਘਰੈ= ਇਕੱਤਰ ਕਰਦੇ ਹਨ, ਕੂੜਿ= ਝੂਠ ਦਾ ਹੀ ਆਹਾਰੁ= ਭੋਜਨ ਛਕਣਾ ਕਰਦੇ ਹਨ, ਭਾਵ ਸਭ ਸਮਿਆਂ ਵਿਖੇ ਮਨਮੁਖ ਪੁਰਸ਼ ਝੂਠ ਨੂੰ ਹੀ ਬੋਲਦੇ ਹਨ।

ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ॥

ਬਿਖੁ= ਵਿਸ਼ਿਆਂ ਦੀ ਉਤਪਤੀ ਕਰਨ ਵਾਲੇ ਮਾਇਆ= ਛਲ ਰੂਪ ਧਨ ਨੂੰ ਸੰਚਿ= ਇਕੱਠਾ ਕਰ ਕੇ ਨਿਸਫਲ ਹੀ ਮਰਦੇ ਹਨ ਅਤੇ ਅੰਤ ਨੂੰ ਸਾਰੇ ਪਦਾਰਥ ਛਾਰੁ= ਸੁਆਹ ਰੂਪ ਹੋ ਜਾਂਦੇ ਹਨ।

ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ॥

(ਬਾਹਰੋਂ ਲੋਕ ਵਿਖਾਵੇ ਲਈ) ਸੁਚਿ= ਪਵਿਤ੍ਰਤਾ ਤੇ ਸੰਜਮ ਆਦਿਕ ਕਰਮਾਂ ਧਰਮਾਂ ਨੂੰ ਕਰਦੇ ਤਾਂ ਹਨ ਪਰ ਉਹਨਾਂ ਦੇ ਹਿਰਦੇ ਅੰਦਰ ਲੋਭ ਰੂਪੀ ਵਿਕਾਰ ਹੈ।

ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ॥੨੩॥

ਗੁਰੂ ਜੀ ਕਥਨ ਕਰਦੇ ਹਨ— ਇਸ ਕਰ ਕੇ ਮਨਮੁਖ ਪੁਰਸ਼ ਜੋ ਭੀ ਕਰਮ ਕਮਾਂਵਦੇ ਹਨ ਉਹ ਥਾਂ ਨਹੀਂ ਪੈਂਦੇ ਭਾਵ ਸਫਲ ਨਹੀਂ ਹੁੰਦੇ ਤੇ ਪ੍ਰਲੋਕ ਦਰਗਾਹ ਵਿਖੇ ਜਾ ਕੇ ਉਹ ਮਨਮੁਖ ਪੁਰਸ਼ ਖੁਆਰੁ= ਖਰਾਬ ਹੁੰਦੇ ਹਨ॥ ੨੩॥

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥

ਸਾਰਿਆਂ ਰਾਗਾਂ ਵਿਚੋਂ ਉਹ ਰਾਗ ਭਲਾ ਹੈ, ਜਿਸ ਰਾਗ ਕਰ ਕੇ ਉਹ ਪ੍ਰਭੂ ਮਨ ਵਿਖੇ ਆ ਕੇ ਵਸਦਾ ਹੈ।

ਅਥਵਾ- ਸਾਰਿਆਂ ਰਾਗਾਂ= ਪ੍ਰੇਮਾਂ ਵਿਚੋਂ ਉਹ ਪ੍ਰੇਮ ਸਰੇਸ਼ਟ ਹੈ, ਜਿਸ ਪ੍ਰੇਮ ਕਰ ਕੇ ਉਹ ਪ੍ਰਭੂ ਮਨ ਵਿਖੇ ਆ ਕੇ ਵਸਦਾ ਹੈ।

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥

ਜਿਸ ਰਾਗ ਅਤੇ ਨਾਦੁ= ਬਜੰਤ੍ਰ (ਵਾਜੇ) ਕਰ ਕੇ ਪ੍ਰਭੂ ਮਨ ਵਿਖੇ ਆ ਕੇ ਵਸਦਾ ਹੈ, ਉਹ ਰਾਗ ਨਾਦ ਸਭ ਸਚੁ= ਸਫਲੇ ਹਨ, ਉਸ ਦੀ ਕੀਮਤ ਕੁਝ ਕਹੀ ਨਹੀਂ ਜਾਂਦੀ।

ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥

ਉਹ ਪ੍ਰਭੂ ਪ੍ਰਤੱਖ ਸੰਸਾਰਕ ਰਾਗ ਦੀ ਨਾਦੈ= ਅਲਾਪਚਾਰੀ ਤੋਂ ਪਾਹਰ ਹੈ।

ਵਾ-ਪ੍ਰਤੱਖ ਰਾਗ ਦੇ ਨਾਦੈ= ਵਾਜਿਆਂ ਤੋਂ ਬਾਹਰ ਹੈ। ਭਾਵ ਪ੍ਰਤੱਖ ਰਾਗਾਂ ਕਰ ਕੇ ਉਸ ਦੀ ਪ੍ਰਾਪਤੀ ਨਹੀਂ ਹੈ।

ਇਨੀ= ਇਨ੍ਹਾਂ ਪ੍ਰਤੱਖ ਰਾਗਾਂ ਵਿਚ ਲੱਗਣ ਕਰ ਕੇ ਪ੍ਰਭੂ ਦਾ ਹੁਕਮ ਬੁੱਝਿਆ ਨਹੀਂ ਜਾਂਦਾ।

ਵਾ-ਗੁਰਾਂ ਦੇ ਨਾਦੈ= ਉਪਦੇਸ਼ ਵਿਖੇ ਰਾਗੈ= ਪ੍ਰੇਮ ਕੀਤੇ ਤੋਂ ਬਿਨਾਂ, ਇਨ੍ਹਾਂ ਜੀਵਾਂ ਤੋਂ ਪਰਮੇਸ਼ਰ ਦਾ ਹੁਕਮ ਬੁੱਝਿਆ ਨਹੀਂ ਜਾਂਦਾ।

ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ॥

ਗੁਰੂ ਜੀ ਕਥਨ ਕਰਦੇ ਹਨ-ਜੋ ਪੁਰਸ਼ ਪ੍ਰਮੇਸ਼ਰ ਦੇ ਹੁਕਮ ਨੂੰ ਬੁਝਦਾ ਹੈ ਤਿਨ੍ਹਾਂ ਦਾ ਰਾਗ ਗਾਵਿਆ ਹੋਇਆ ਵਾ ਹੋਰ ਕਰਮ ਧਰਮ ਕੀਤੇ ਹੋਏ ਰਾਸਿ ਹੋਇ= ਸਫਲ ਹੁੰਦੇ ਹਨ, ਸਤਿਗੁਰ ਤੇ ਸੋਝੀ ਪਾਇ= ਸਤਿਗੁਰਾਂ ਪਾਸੋਂ ਸੰਪੂਰਨ ਗਿਆਤ ਪਾਣ ਕਰ ਕੇ।

ਸਭ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ॥ ੨੪॥

ਜਿਵੇਂ ਉਸ ਪ੍ਰਭੂ ਦੀ ਰਜਾਇ= ਆਗਿਆ ਹੁੰਦੀ ਹੈ, ਤਿਵੇਂ ਹੀ ਤਿਸ ਵਾਹਿਗੁਰੂ ਦੇ ਹੁਕਮ ਵਿਖੇ ਸਭ ਕੁਝ ਹੋਇਆ ਹੈ।

[ਪੰਨਾ ੧੪੨੪]

ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ॥

ਸਤਿਗੁਰਾਂ ਦੇ ਹਿਰਦੇ ਵਿਚ ਨਾਮ ਅੰਮ੍ਰਿਤ ਹੈ, ਇਸ ਲਈ ਗੁਰੂ ਸਾਹਿਬ ਜੀ ਅੰਮ੍ਰਿਤ ਰੂਪ ਨਾਮ ਨੂੰ ਆਪ ਕਹਿੰਦੇ ਹਨ ਤੇ ਹੋਰਨਾਂ ਪਾਸੋਂ ਕਹਾਉਂਦੇ ਹਨ।

ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ॥

ਗੁਰਮਤੀਆਂ ਨੂੰ ਨਿਰਮਲ ਨਾਮ ਪ੍ਰਾਪਤ ਹੋਇਆ ਹੈ, ਨਾਮ ਨੂੰ ਧਿਆ ਕੇ ਗੁਰਮਤੀਆਂ ਦਾ ਮਨ ਨਿਰਮਲ= ਸ਼ੁੱਧ ਹੋਇਆ ਹੈ।

ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥

ਤਤ ਸਰੂਪ ਦੀ ਪ੍ਰਾਪਤੀ ਕਰਨ ਵਾਲੀ ਜੋ ਨਾਮ ਅੰਮ੍ਰਿਤ ਬਾਣੀ ਹੈ, ਉਹ ਗੁਰਮੁਖਾਂ ਦੇ ਮਨ ਵਿਖੇ ਗੁਰਾਂ ਦੁਆਰੇ ਆ ਕੇ ਵਸੀ ਹੈ।

ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥

ਇਸੀ ਤੇ ਗੁਰਮਤੀਆਂ ਦਾ ਹਿਰਦਾ ਕੰਵਲ ਫੁੱਲ ਵਾਂਗੂ ਪਰਗਾਸਿਆ= ਖਿੜਿਆ ਰਹਿੰਦਾ ਹੈ ਤੇ ਜੋਤੀ= ਪ੍ਰਮਾਤਮਾ ਨੇ ਉਹਨਾਂ ਦੀ ਜੋਤ ਨੂੰ ਆਪਣੇ ਨਾਲ ਮਿਲਾਣਾ ਕੀਤਾ ਹੈ।

ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ
ਜਿਨ ਧੁਰਿ ਮਸਤਕਿ ਭਾਗੁ ਲਿਖਾਇ॥ ੨੫॥

ਗੁਰੂ ਜੀ ਕਥਨ ਕਰਦੇ ਹਨ ਪ੍ਰਮਾਤਮਾ ਨੇ ਕਿਰਪਾ ਕਰ ਕੇ ਤਿਨ੍ਹਾਂ ਪੁਰਸ਼ਾਂ ਨੂੰ ਸਤਿਗੁਰਾਂ ਨਾਲ ਮੇਲਣਾ

www.sikhbookclub.com

ਕੀਤਾ ਹੈ, ਜਿਨ੍ਹਾਂ ਦੇ ਮੱਥੇ ਪਰ ਧੁਰ ਤੋਂ ਹੀ ਚੰਗਿਆਂ ਭਾਗਾਂ ਦਾ ਲੇਖ ਲਿਖਿਆ ਆਇਆ ਹੈ।

ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ॥

ਮਨਮੁਖਾਂ ਦੇ ਹਿਰਦੇ ਅੰਦਰ ਮਾਇਆ ਦੀ ਤ੍ਰਿਸ਼ਨਾ ਰੂਪ ਅਗਨੀ ਹੈ, ਇਸ ਕਰ ਕੇ ਮਨਮੁਖਾਂ ਦੇ ਹਿਰਦੇ ਵਿਚੋਂ ਪਦਾਰਥਾਂ ਦੀ ਭੁੱਖ ਜਾਂਦੀ ਨਹੀਂ ਹੈ।

ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ॥

ਅਤੇ ਜੋ ਸੰਪੂਰਨ ਕੁਟੰਬ ਦਾ ਮੋਹ ਕੂੜਾ ਹੈ, ਉਸੇ ਕੂੜ ਵਿਖੇ ਮਨਮੁਖ ਪੁਰਸ਼ ਲੰਪਟ ਹੋ ਰਿਹਾ ਹੈ।

ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ॥

ਰਾਤ ਦਿਨੇ ਚਿੰਤਾ ਨੂੰ ਹੀ ਚਿਤਵਦਾ ਰਹਿੰਦਾ ਹੈ ਅਤੇ ਚਿੰਤਾ ਦਾ ਬੱਧਾ ਹੋਇਆ ਹੀ ਪ੍ਰਲੋਕ ਵਿਖੇ ਜਾਂਦਾ ਹੈ। ਵਾ-ਚਿੰਤਾ ਦੇ ਸੰਯੁਕਤ ਹੋ ਕੇ ਜਮਦੂਤਾਂ ਦਾ ਬੱਧਾ ਹੋਇਆ ਪ੍ਰਲੋਕ ਵਿਖੇ ਜਾਂਦਾ ਹੈ।

ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ॥

ਹਉਮੈ ਦੇ ਸਹਿਤ ਸ਼ਕਾਮ ਕਰਮਾਂ ਦੇ ਕਮਾਣ ਕਰ ਕੇ ਮਨਮੁਖਾਂ ਦਾ ਜੰਮਣਾ ਮਰਨਾ ਦੂਰ ਨਹੀਂ ਹੁੰਦਾ।

ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ॥ ੨੬॥

ਗੁਰਾਂ ਦੀ ਸ਼ਰਨ ਗ੍ਰਹਿਣ ਕਰਨ ਨਾਲ ਮਨਮੁਖ ਤਰ ਜਾਂਦਾ ਹੈ,

ਵਾ-ਜਮਾਂ ਤੋਂ ਉਬਰੈ= ਬਚ ਜਾਂਦਾ ਹੈ, ਕਿਉਂਕਿ ਸਤਿਗੁਰ ਦੇਵ ਜੀ ਕਿਰਪਾ ਕਰ ਕੇ ਮਨਮੁਖਾਂ ਨੂੰ ਬੰਧਨਾਂ ਤੋਂ ਛੁਡਾ ਲੈਂਦੇ ਹਨ॥ ੨੬॥

ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ॥

ਓਹੀ ਪੁਰਸ਼ ਸਤਿਗੁਰਾਂ ਦੁਆਰੇ ਹਰੀ ਨਾਮ ਨੂੰ ਧਿਆਉਂਦਾ ਹੈ, ਜਿਸ ਦਾ ਸਤਿਗੁਰਾਂ ਦੀ ਸਤਿਸੰਗਤ ਵਿਖੇ ਭਾਇ= ਪ੍ਰੇਮ ਹੈ।

ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ॥

ਜੋ ਪੁਰਸ਼ ਸਤਿ ਸੰਗਤ ਵਿਖੇ ਜਾ ਕੇ ਸਤਿਗੁਰਾਂ ਨੂੰ ਸੇਂਵਦੇ ਹਨ, ਤਿਨ੍ਹਾਂ ਨੂੰ ਹਰੀ ਸਤਿਗੁਰਾਂ ਨਾਲ ਮਿਲਾ ਕੇ ਫਿਰ ਆਪਣੇ ਨਾਲ ਮੇਲ ਲੈਂਦਾ ਹੈ।

ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ॥

ਇਸ ਸੰਸਾਰ ਭਉਜਲੁ= ਸਮੁੰਦਰ ਵਿਖੇ ਜੋ ਜਗਤੁ= ਜੀਵ ਡੁੱਬਾ ਪਿਆ ਹੈ, ਇਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਮ ਰੂਪੀ ਬੋਹਿਥੁ= ਜਹਾਜ਼ 'ਤੇ ਚੜ੍ਹਾ ਕੇ ਤਰਾ ਦਿੰਦੇ ਹਨ।

ਅਥਵਾ-ਜਗਤੁ (ਜ+ਗਤੁ)= ਜੰਮਣ ਮਰਨ ਦੇ ਭਉ= ਭੈ ਰੂਪ ਜਲ ਦਾ ਸਮੁੰਦਰ ਜੋ ਇਹ ਸੰਸਾਰ ਹੈ, ਇਸ ਤੋਂ ਗੁਰੂ ਸਾਹਿਬ ਜੀ ਨਾਮ ਰੂਪੀ ਜਹਾਜ਼ ਦੇ ਕੇ ਤਰਾ ਦਿੰਦੇ ਹਨ।

ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥

ਜਿਨ੍ਹਾਂ ਗੁਰਸਿੱਖਾਂ ਨੇ ਸਤਿਗੁਰਾਂ ਦੇ, ਵਾ- ਹਰੀ ਦੇ ਭਾਣੇ ਨੂੰ ਮੰਨਿਆਂ ਹੈ ਉਨ੍ਹਾਂ ਨੂੰ ਪੂਰੇ ਗੁਰੂ ਸਾਹਿਬ ਜੀ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਂਦੇ ਹਨ। ਸਿੱਖ ਨੂੰ ਇਸ ਤਰ੍ਹਾਂ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ-

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥

ਹੇ ਹਰੀ! ਭਾਣਾ ਮੰਨਣ ਵਾਲਿਆਂ ਗੁਰਸਿੱਖਾਂ ਦੀ ਚਰਨ ਧੂੜੀ ਸਾਨੂੰ ਦੇਣਾ ਕਰ। (ਜਿਸ ਚਰਨ ਧੂੜੀ ਕਰ ਕੇ) ਅਸੀਂ ਪਾਪੀ ਵੀ ਮੁਕਤੀ ਪਾ ਲਈਏ।

ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥

ਗੁਰੂ ਜੀ ਕਥਨ ਕਰਦੇ ਹਨ— ਜਿਹਨਾਂ ਦੇ ਮੱਥੇ ਪਰ ਧੁਰ ਤੋਂ ਹੀ ਹਰੀ-ਪ੍ਰਭੂ ਨੇ ਸ਼ੁਭ ਕਰਮਾਂ ਦਾ ਲੇਖ ਲਿਖਿਆ ਹੈ, ਉਨ੍ਹਾਂ ਨੂੰ ਗੁਰੂ ਸਾਹਿਬ ਜੀ ਆ ਕੇ ਮਿਲੇ ਹਨ।

ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥

ਉਨ੍ਹਾਂ ਦੇ ਪਿਛੇ ਜੋ ਜਮਦੂਤ ਲੱਗੇ ਹੋਏ ਸਨ ਉਹਨਾਂ ਨੂੰ ਮਾਰ ਕੇ ਬਿਦਾਰਿਅਨੁ= ਦੂਰ ਕੀਤਾ ਹੈ ਅਤੇ ਉਹਨਾਂ ਨੂੰ ਹਰੀ ਨਾਮ ਦੇ ਕੇ ਹਰੀ ਦੀ ਪ੍ਰਲੋਕ-ਦਰਗਹ ਤੋਂ ਛੁਡਾ ਲੈਂਦੇ ਹਨ।

ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥ ੨੭ ॥

ਗੁਰੂ ਜੀ ਦੇ ਸਿੱਖਾਂ ਨੂੰ ਸਾਬਾਸਿ= ਧੰਨਤਾਯੋਗ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਗੁਰਸਿੱਖਾਂ ਦੀ ਕਿਰਿਆ ਉਤੇ ਹਰੀ ਤੁਠਾ= ਪ੍ਰਸੰਨ ਹੋ ਕੇ ਗੁਰੂ ਦਿਆਂ ਸਿੱਖਾਂ ਨੂੰ ਆਪਣੇ ਮੇਲ ਵਿਖੇ ਮਿਲਾ ਲੈਂਦਾ ਹੈ॥ ੨੭॥

ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥

ਜਿਨ੍ਹਾਂ (ਪੁਰਸ਼ਾਂ) ਨੂੰ ਪੂਰੇ ਗੁਰੂ ਨੇ ਹਰੀ ਨਾਮ ਦਿੜਾਇਆ= ਪੱਕਾ ਕਰਵਾ ਦਿੱਤਾ ਹੈ, ਉਨ੍ਹਾਂ ਨੇ ਆਪਣੇ ਹਿਰਦੇ ਵਿਚੋਂ ਭਰਮ ਚੁਕਾਇਆ= ਦੂਰ ਕਰ ਦਿੱਤਾ ਹੈ।

ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥

ਰਾਮ ਹੈ ਨਾਮ ਜਿਸ ਦਾ ਉਸ ਹਰੀ ਦੀ ਕੀਰਤੀ ਨੂੰ ਗਾ ਕੇ ਤੇ ਗਿਆਨ ਦਾ ਚਾਨਣ ਕਰ ਕੇ ਉਹਨਾਂ ਨੇ ਹੋਰਨਾਂ ਜਗਿਆਸੂਆਂ ਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਮਗੁ= ਰਸਤਾ ਦਿਖਾਣਾ ਕੀਤਾ ਹੈ।

ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥

ਜਿਨ੍ਹਾਂ ਨੇ ਸਤਿਗੁਰਾਂ ਦੇ ਉਪਦੇਸ਼ ਦੁਆਰਾ ਹਿਰਦੇ ਅੰਦਰ ਹਰੀ ਨਾਮ ਵਸਾਇਆ= ਧਾਰਨ ਕੀਤਾ ਹੈ ਤੇ ਹਉਮੈ ਨੂੰ ਮਾਰਿਆ ਹੈ, ਉਹਨਾਂ ਦੀ ਇਕ ਅਦੁਤੀ ਬ੍ਰਹਮ ਵਿਖੇ ਲਿਵ ਲੱਗੀ ਹੈ।

ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥

ਜਿਨ੍ਹਾਂ ਦਾ ਆਪਣਾ ਮਨ ਸੱਚੇ ਨਾਮ ਵਿਖੇ ਸਮਾਇਆ= ਜੁੜਿਆ ਹੈ, ਉਨ੍ਹਾਂ ਗੁਰਮਤੀਆਂ ਨੂੰ ਜਮੁ ਜੋਹਿ ਨ ਸਕੈ= ਦੇਖ ਨਹੀਂ ਸਕਦਾ।

ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥

ਕਰਤਾ ਵਾਹਿਗੁਰੂ ਆਪੇ ਆਪਿ= ਸੁਤੰਤਰ ਹੀ ਸਾਰੇ ਵਰਤ ਰਿਹਾ ਹੈ, ਜੋ ਭਾਵੈ= ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਨਾਮ ਸਿਮਰਨ ਵਿਖੇ ਲਗਾਂਵਦਾ ਹੈ।

ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥ ੨੮ ॥

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖ ਜਨ ਵਾਹਿਗੁਰੂ ਨਾਮ ਨੂੰ ਲੈਣ ਤਾਂ ਹੀ ਉਹਨਾਂ ਦਾ ਜਿਉਣਾ

www.sikhbookclub.com

ਸਫਲ ਹੁੰਦਾ ਹੈ, ਥੋੜ੍ਹਾ ਜਿੰਨਾ ਸਮਾਂ ਵੀ ਨਾਮ-ਸਿਮਰਨ ਤੋਂ ਬਿਨਾਂ ਰਹਿਣ ਕਰ ਕੇ ਉਹਨਾਂ ਗੁਰਮੁਖਾਂ ਦਾ ਮਰਨਾ ਹੁੰਦਾ ਹੈ॥ ੨੮॥

ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ॥

ਜਿਨ੍ਹਾਂ ਸਾਕਤਾਂ ਦੇ ਮਨ ਅੰਦਰ ਹਉਮੈ ਰੂਪੀ ਰੋਗ ਹੈ ਉਹ ਸਾਕਤ ਦੁਰਜਨਾ= ਖੋਟੇ ਪੁਰਸ਼ ਹਉਮੈ ਤੇ ਭਰਮ ਕਰ ਕੇ ਪ੍ਰਮਾਤਮਾ ਤੋਂ ਭੁੱਲੇ ਹੋਏ ਹਨ।

ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ॥ ੨੯॥

ਗੁਰੂ ਜੀ ਕਥਨ ਕਰਦੇ ਹਨ— ਸਾਧੂ= ਸ੍ਰੇਸ਼ਟ ਸੱਜਣ ਜੋ ਸਤਿਗੁਰੂ ਹਨ, ਉਹਨਾਂ ਨਾਲ ਮਿਲ ਕੇ ਹਉਮੈ ਰੂਪੀ ਰੋਗ ਨੂੰ ਗੁਆਣਾ ਕਰੇ॥ ੨੯॥

ਗੁਰਮਤੀ ਹਰਿ ਹਰਿ ਬੋਲੇ॥

ਗੁਰਮਤੀਏ ਗੁਰ ਸਿੱਖਿਆ ਦੁਆਰੇ ਹਰਿ ਹਰਿ ਨਾਮ ਨੂੰ ਬੋਲਦੇ ਹਨ।

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ॥

ਗੁਰਮਤੀਆਂ ਨੂੰ ਰਾਤ ਦਿਨੇ ਹਰੀ ਦੇ ਪ੍ਰੇਮ ਦੀ ਕਸਾਈ (ਕਸ+ਆਈ)= ਖਿੱਚ ਆਈ ਰਹਿੰਦੀ ਹੈ, ਇਸ ਕਰ ਕੇ ਸਰੀਰ ਰੂਪ ਚੋਲੇ ਵਿਖੇ ਉਨ੍ਹਾਂ ਦੀ ਬੁੱਧੀ ਹਰਿ ਹਰਿ ਦੇ ਰੰਗਿ= ਅਨੰਦ ਵਿਖੇ ਰਤੀ ਰਹਿੰਦੀ ਹੈ।

ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ॥

ਮੈਂ ਸਾਰੇ ਸੰਸਾਰ ਵਿਖੇ ਟੋਲ ਕੇ ਦੇਖਿਆ ਹੈ ਜੋ ਕਿ ਹਰੀ ਵਰਗਾ ਹੋਰ ਕੋਈ ਮਨੁੱਖ ਲੱਭਦਾ ਨਹੀਂ ਹੈ।

ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ॥

ਜਿਨ੍ਹਾਂ ਨੂੰ ਗੁਰ= ਪੂਜਯ ਸਤਿਗੁਰਾਂ ਨੇ ਵਾਹਿਗੁਰੂ ਨਾਮ ਦਿੜਾਇਆ= ਪੱਕਿਆਂ ਕਰਵਾ ਦਿੱਤਾ ਹੈ, ਉਨ੍ਹਾਂ ਦਾ ਮਨ ਵਾਹਿਗੁਰੂ ਨੂੰ ਛੱਡ ਕੇ ਅਨਤ= ਹੋਰ ਕਿਸੇ ਪਾਸੇ ਡੋਲਦਾ ਨਹੀਂ ਹੈ।

ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ॥ ੩੦॥

ਗੁਰੂ ਜੀ ਕਥਨ ਕਰਦੇ ਹਨ--ਗੁਰ= ਪੂਜਯ ਸਤਿਗੁਰਾਂ ਦੇ ਜੋ ਗੁਲ ਗੋਲੇ= ਦਾਸਾਂ ਦੇ ਦਾਸ ਹਨ, ਮੈਂ ਜਨ ਉਹਨਾਂ ਹਰੀ ਜਨਾਂ ਦੇ ਦਾਸਾਂ ਦਾ ਦਾਸ ਹਾਂ॥ ੩੦॥

ਦੋਹਰਾ-ਰਾਮਦਾਸ ਸ੍ਰੀ ਸਤਿਗੁਰੂ, ਦਾਸਨ ਕੇ ਸੁਖ ਰਾਸ।
ਯਮ ਪਾਸਨ ਕੇ ਤ੍ਰਾਸ ਕੌ, ਕਰਤ ਛਿਨਿਕ ਮਹਿ ਨਾਸ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਲੋਕ ਸਮਾਪਤੰ॥

[ਪੰਨਾ ੧੪੨੫]

ਸਲੋਕ ਮਹਲਾ ੫

੧ੴ ਸਤਿਗੁਰ ਪ੍ਰਸਾਦਿ॥

ਕਿਸੇ ਪ੍ਰੇਮੀ ਸਿੱਖ ਨੇ ਬੇਨਤੀ ਕੀਤੀ— ਗਰੀਬ ਨਿਵਾਜ ਜੀਓ! ਉਸ ਵਾਹਿਗੁਰੂ ਵਿਚ ਕਿਹੜੇ ਜੁੜੇ ਹਨ?

ਉੱਤਰ-

ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ੀ ਸਿਵਾਤਾ ਸਾਈ॥

ਉਸ ਵਾਹਿਗੁਰੂ ਵਿਖੇ ਉਹ ਗੁਰਮੁਖ ਜਨ ਰਤੇ= ਤਦਾਕਾਰ (ਜੁੜੇ) ਹੋਏ ਹਨ ਜਿ= ਜਿਹੜੇ ਉਸ ਵਾਹਿਗੁਰੂ ਵੱਲੋਂ ਮੁਖ ਨਹੀਂ ਮੋੜਦੇ ਭਾਵ ਬੇਮੁਖ ਨਹੀਂ ਹੁੰਦੇ ਅਤੇ ਜਿਹਨਾਂ ਨੇ ਆਪਣੇ ਸਾਈਂ= ਮਾਲਕ (ਪ੍ਰਮਾਤਮਾ) ਨੂੰ ਸਿਵਾਤਾ= ਪਛਾਣਨਾ ਕੀਤਾ ਹੈ।

ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥ ੧॥

ਜੋ ਕਚੇ ਬਿਰਹੀ= ਪ੍ਰੇਮੀ ਅਰਥਾਤ ਮੰਦ ਵੈਰਾਗੀ ਹਨ ਉਹ ਪਦਾਰਥਾਂ ਨੂੰ ਦੇਖ-ਦੇਖ ਕੇ ਝੜ-ਝੜ ਪੈਂਦੇ ਹਨ, ਜਿਨ੍ਾਂ ਦੇ ਪਾਸੋਂ ਭਗਤੀ ਦੀ ਕੋਈ ਕਾਰ ਨਹੀਂ ਹੋ ਆਈ॥ ੧॥

ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥

ਸਾਰਿਆਂ ਦਾ ਧਣੀ= ਮਾਲਕ ਜੋ ਪ੍ਰਮਾਤਮਾ ਹੈ, ਉਸ ਦੀ ਪ੍ਰਾਪਤੀ ਤੋਂ ਵਿਹੂਣਾ= ਬਿਨਾਂ ਇਨ੍ਹਾਂ ਪਾਟ= ਬਸਤ੍ਰਾਂ ਤੇ ਪਟੰਬਰ= ਰੇਸ਼ਮੀ ਕਪੜਿਆਂ ਨੂੰ ਭਾਹੀ ਸੇਤੀ= ਅੱਗ ਨਾਲ ਜਾਲੇ= ਸਾੜ-ਫੂਕ ਦੇਵੇ।

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥ ੨॥

ਗੁਰੂ ਜੀ ਕਥਨ ਕਰਦੇ ਹਨ— ਤੈ ਸਹ ਨਾਲੇ= ਤਿਸ ਪਤੀ-ਪ੍ਰਮਾਤਮਾ ਦੇ ਨਾਲ ਹੋਣ ਕਰ ਕੇ ਭਾਵ ਉਸ ਦੀ ਪ੍ਰਾਪਤੀ ਹੋਣ ਕਰ ਕੇ, ਭਾਵੇਂ ਇਹ ਧੂੜ ਵਿਚ ਭੀ ਲੁਡੰਦੜੀ= ਲੇਟਦੀ ਹੋਵੇ। ਭਾਵ ਭਾਵੇਂ ਅਤਿਅੰਤ ਗਰੀਬੀ ਵੀ ਹੋਵੇ ਤਾਂ ਭੀ ਸੋਹਾਂ= ਸੋਭਨੀਕ ਹੁੰਦੀ ਹੈ॥ ੨॥

ਉਥਾਨਕਾ--ਇਕ ਦਿਨ ਕਿਸੇ ਗਵਈਏ ਨੇ ਆ ਕੇ ਮਾਰੂ ਰਾਗ ਗਾਇਆ ਜਿਸ ਨੂੰ ਸੁਣ ਕੇ ਲੋਕ ਬੜੇ ਖੁਸ਼ ਹੋਏ। ਲੋਕਾਂ ਨੇ ਆ ਕੇ ਗੁਰੂ ਜੀ ਨੂੰ ਆਖਿਆ— ਅੱਜ ਫਲਾਣੇ ਗਵਈਏ ਨੇ ਬੜਾ ਸੋਹਣਾ ਮਾਰੂ ਰਾਗ ਗਾਇਆ ਹੈ !

ਇਹ ਗੱਲ ਸੁਣ ਕੇ ਗੁਰੂ ਜੀ ਆਖਦੇ ਹਨ-

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ॥

ਜਿਸ ਨੇ ਵੈਰਾਗ ਸੰਯੁਕਤ ਹੋ ਕੇ ਗੁਰਾਂ ਦੇ ਸ਼ਬਦ ਦੁਆਰਾ ਬੜੇ ਰੰਗਿ= ਪ੍ਰੇਮ-ਸਹਿਤ ਨਾਮੀ ਦੇ ਨਾਮ ਨੂੰ ਅਰਾਧਣਾ ਕੀਤਾ ਹੈ। ਤੇ-

ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥ ੩ ॥

ਗੁਰੂ ਜੀ ਕਥਨ ਕਰਦੇ ਹਨ— ਪੰਜ (ਕਾਮ ਆਦਿਕ) ਵੈਰੀਆਂ ਨੂੰ ਜਿੱਤਣਾ ਕੀਤਾ ਹੈ, ਉਸ ਦਾ ਇਹ ਮਾਰੂ ਰਾਗ ਗਾਵਿਆ ਸਫਲ ਹੈ॥ ੩ ॥

ਉਥਾਨਕਾ– ਇਕ ਲੋਭੀ ਬ੍ਰਾਹਮਣ ਨੇ ਆ ਕੇ ਗੁਰੂ ਜੀ ਨੂੰ ਕਿਹਾ-"ਮੈਂ ਗਰੀਬ ਬ੍ਰਾਹਮਣ ਹਾਂ। ਮੈਨੂੰ ਕੁਝ ਮਿਲਣਾ ਚਾਹੀਦਾ ਹੈ।" ਤਾਂ ਹਜ਼ੂਰ ਨੇ *ਯਥਾ* ਸ਼ਕਤ ਉਸ ਬ੍ਰਾਹਮਣ ਨੂੰ ਪਦਾਰਥ ਦੇ ਦਿੱਤੇ। ਗੁਰੂ ਸਾਹਿਬ ਜੀ ਪਾਸੋਂ ਦਾਨ ਪ੍ਰਾਪਤ ਕਰ ਕੇ ਵੀ ਉਸ ਬ੍ਰਾਹਮਣ ਨੂੰ ਤ੍ਰਿਪਤੀ ਨਾ ਆਈ ਤੇ ਆਖਦਾ ਹੈ— "ਤੁਸੀਂ ਤਾਂ ਸਿੱਖਾਂ ਪਾਸੋਂ ਮੰਗਦੇ ਹੋ ਤੇ ਮੇਰੇ ਮੰਗਣ ਵਾਸਤੇ ਜਜਮਾਨਾਂ ਦੇ ਬਹੁਤ ਘਰ ਹਨ।"

ਇਹ ਗੱਲ ਸੁਣ ਕੇ ਉਸ ਦਾ ਹੰਕਾਰ ਤੋੜਨ ਲਈ ਗੁਰੂ ਜੀ ਕਥਨ ਕਰਦੇ ਹਨ-

ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ ॥

ਮੂੰ= ਮੈਂ ਤਾਂ ਜਦ ਵੀ ਮੰਗਦਾ ਹਾਂ ਤਾਂ ਇਕ ਪ੍ਰਭੂ ਪ੍ਰਮਾਤਮਾ ਪਾਸੋਂ ਹੀ ਮੰਗਦਾ ਹਾਂ, ਤਉ= ਤੇਰੇ ਲਈ ਪਿਨਣੇ= ਮੰਗਣ ਵਾਸਤੇ ਕਿਤੜੇ= ਜਿਤਨੇ ਕਿਤਨੇ ਲੱਖਾਂ ਦਰਿ= ਦਰਵਾਜ਼ੇ ਹਨ।

ਅਥਵਾ-ਜਾਂ ਮੂੰ= ਮੇਰੇ ਵੱਲ ਇਕ ਪ੍ਰਮਾਤਮਾ ਆਪ ਹੈ, ਤਾਂ ਤਉ ਜਿਤੀ= ਤੇਰੇ ਜੇਹੇ ਮੇਰੇ ਦਰਵਾਜ਼ੇ ਉਪਰ ਕਿਤੜੇ ਹੀ ਲੱਖਾਂ ਪੁਰਸ਼ ਪਿਨਣੇ= ਮੰਗਣ ਵਾਸਤੇ ਆਉਂਦੇ ਹਨ।

ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ ॥ ੪ ॥

ਹੇ ਬ੍ਰਾਹਮਣ! ਲੋਕਾਂ ਦੇ ਦਰਵਾਜ਼ਿਆਂ ਉਪਰ ਜਾ ਕੇ ਹਠ ਸਹਿਤ ਮੰਗ ਕੇ ਖਾਣ ਨਾਲ ਤੇਰਾ ਮਨੁੱਖਾ ਜਨਮ ਨਿਸਫਲ ਚਲਾ ਗਿਆ ਹੈ, ਜਿਸ ਵਾਹਿਗੁਰੂ ਨੇ ਤੈਨੂੰ ਪੈਦਾ ਕੀਤਾ ਹੈ, ਉਹ ਵਾਹਿਗੁਰੂ ਤੈਨੂੰ ਵਿਸਰੇ= ਭੁੱਲ ਗਿਆ ਹੈ॥ ੪ ॥

ਉਥਾਨਕਾ-ਕਿਸੇ ਨੇ ਸੋਰਠਿ ਰਾਗਣੀ ਗਾਈ ਉਸ ਨੂੰ ਆਖਦੇ ਹਨ--

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥

ਸੋਰਠਿ ਰਾਗਣੀ ਦੁਆਰੇ, ਵਾ- ਸੋਰਠਿ= ਬੁੱਧੀ ਦੁਆਰੇ ਉਸ ਆਤਮ-ਰਸ ਨੂੰ ਪੀਣਾ ਕਰੋ, ਜੋ ਆਤਮ-ਰਸ ਕਦੇ ਫਿੱਕਾ ਨਹੀਂ ਹੁੰਦਾ।

ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥ ੫ ॥

ਗੁਰੂ ਜੀ ਕਥਨ ਕਰਦੇ ਹਨ--ਰਾਮ ਨਾਮ ਨੂੰ ਜਪਣਾ ਕਰੋ ਅਤੇ ਉਸ ਵਾਹਿਗੁਰੂ ਦੇ ਗੁਣਾਂ ਨੂੰ ਗਾਵਣਾ ਕਰੋ ਤਾਂ ਪ੍ਰਲੋਕ ਦਰਗਾਹ ਵਿਖੇ ਨਿਰਮਲ ਸੋਇ= ਸੋਭਾ ਹੁੰਦੀ ਹੈ॥ ੫ ॥

ਜੋ ਪ੍ਰਭਿ ਰਖੇ ਆਪਿ ਤਿਨ ਕੋਇ ਨ ਮਾਰਈ॥

ਜਿਨ੍ਹਾਂ ਗੁਰਮੁਖਾਂ ਨੂੰ ਪ੍ਰਭੂ ਨੇ ਆਪ ਕਿਰਪਾ ਦਾ ਹੱਥ ਦੇ ਕੇ ਰੱਖਣਾ ਕੀਤਾ ਹੈ, ਤਿਨ੍ਹਾਂ ਨੂੰ ਕੋਈ ਭੀ ਮਾਰ ਨਹੀਂ ਸਕਦਾ।

*ਯਥਾ-*ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥ *(ਪੰਨਾ ੬੨੩)*

ਅੰਦਰਿ ਨਾਮੁ ਨਿਧਾਨੁ ਸਦਾ ਗੁਣ ਸਾਰਈ॥

ਕਿਉਂਕਿ ਗੁਰਮੁਖਾਂ ਦੇ ਹਿਰਦੇ ਅੰਦਰ ਨਾਮ ਨਿਧੀਆਂ ਦਾ ਖਜ਼ਾਨਾ ਹੈ ਅਤੇ ਹਮੇਸ਼ਾਂ ਪ੍ਰਭੂ ਦੇ ਗੁਣਾਂ ਨੂੰ ਸਾਰਈ= ਸੰਭਾਲਦੇ ਹਨ।

ਏਕਾ ਟੇਕ ਅਗੰਮ ਮਨਿ ਤਨਿ ਪ੍ਰਭੁ ਧਾਰਈ॥

ਉਹ ਗੁਰਮੁਖ ਆਪਣੇ ਮਨ ਤਨ ਵਿਖੇ ਇਕ ਅਗੰਮ ਪ੍ਰਭੂ ਦੀ ਟੇਕ ਨੂੰ ਧਾਰਨਾ ਕਰਦੇ ਹਨ।

ਲਗਾ ਰੰਗੁ ਅਪਾਰੁ ਕੋ ਨ ਉਤਾਰਈ॥

ਗੁਰਮੁਖਾਂ ਨੂੰ ਅਪਾਰੁ ਪ੍ਰਭੂ ਦਾ ਅਜੇਹਾ ਗੂੜ੍ਹਾ ਰੰਗ ਲੱਗਾ ਹੈ, ਜਿਸ ਰੰਗ ਨੂੰ ਕੋਈ ਸੰਸਾਰੀ ਪੁਰਸ਼ ਉਤਾਰਈ= ਲਾਹ ਨਹੀਂ ਸਕਦਾ।

ਗੁਰਮੁਖਿ ਹਰਿ ਗੁਣ ਗਾਇ ਸਹਜਿ ਸੁਖੁ ਸਾਰਈ॥

ਗੁਰਮੁਖ ਜਨ ਹਰੀ ਦੇ ਗੁਣਾਂ ਨੂੰ ਗਾ ਕੇ ਸਹਜਿ ਸੁਖੁ= ਆਤਮ-ਸੁਖ ਨੂੰ ਸਾਰਈ= ਪ੍ਰਾਪਤ ਕਰਦੇ ਹਨ।

ਨਾਨਕ ਨਾਮੁ ਨਿਧਾਨੁ ਰਿਦੈ ਉਰਿ ਹਾਰਈ॥ ੬॥

ਗੁਰੂ ਜੀ ਕਥਨ ਕਰਦੇ ਹਨ— ਗੁਰਮੁਖ ਜਨ ਆਪਣੇ ਹਿਰਦੇ ਦੇ ਉਰਿ= ਵਿਚ ਨਿਧੀਆਂ ਦੇ ਖਜ਼ਾਨੇ ਨਾਮ ਨੂੰ ਹਾਰ ਵਾਂਗੂੰ ਪਹਿਰਦੇ ਹਨ॥ ੬॥

ਕਰੇ ਸੁ ਚੰਗਾ ਮਾਨਿ ਦੁਯੀ ਗਣਤ ਲਾਹਿ॥

ਹੇ ਪੁਰਸ਼ਾ! ਉਹ ਪ੍ਰਭੂ ਜੋ ਕੁਝ ਵੀ ਕਰਦਾ ਹੈ ਉਸ ਨੂੰ ਚੰਗਾ ਕਰ ਕੇ ਮੰਨਣਾ ਕਰ, ਦੂਜੀ ਗਿਣਤੀ ਲਾਹਿ= ਦੂਰ ਕਰ ਦੇਹ ਭਾਵ ਕਿ ਉਸ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨ।

ਅਪਣੀ ਨਦਰਿ ਨਿਹਾਲਿ ਆਪੇ ਲੈਹੁ ਲਾਇ॥

ਤਾਂ ਉਹ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਨਿਹਾਲਿ= ਦੇਖ ਕੇ ਤੈਨੂੰ ਆਪਣੇ ਨਾਲ ਲਗਾ ਲਏਗਾ ਅਰਥਾਤ ਆਪਣੇ ਵਿਚ ਅਭੇਦ ਕਰ ਲਏਗਾ।

*ਅਥਵਾ-*ਆਪਣੇ ਚਰਨਾਂ ਨਾਲ ਲਗਾ ਲਵੇਗਾ।

ਸੰਤਾਂ ਅੱਗੇ ਖਲੋ ਕੇ ਇਸ ਤਰ੍ਹਾਂ ਬੇਨਤੀ ਕਰੋ ਕਿ-

ਜਨ ਦੇਹੁ ਮਤੀ ਉਪਦੇਸੁ ਵਿਚਹੁ ਭਰਮੁ ਜਾਇ॥

ਹੇ ਸੰਤ ਜਨੋਂ! ਮੈਨੂੰ ਸ਼ੁਭ ਉਪਦੇਸ਼ ਦੇਣਾ ਕਰੋ ਜਿਸ ਕਰ ਕੇ ਮੇਰੀ ਮਤੀ ਵਿਚੋਂ ਭਰਮ ਚਲਿਆ ਜਾਵੇ। ਤਾਂ ਸੰਤਾਂ ਨੇ ਕਿਹਾ- ਹੇ ਭਾਈ! ਤੂੰ ਐਸੇ ਨਿਸਚੇ ਕਰ ਕਿ-

ਪ੍ਰਭੂ ਨੇ ਜੋ ਧੁਰ ਤੋਂ ਜੀਵ ਦੇ ਮੱਥੇ ਉਪਰ ਲੇਖ ਲਿਖਣਾ ਕੀਤਾ ਹੈ, ਸਾਰੇ ਜੀਵ ਉਸੇ ਅਨੁਸਾਰ ਕਰਮਾਂ ਨੂੰ ਕਮਾਂਵਦੇ ਹਨ।

ਸਭੁ ਕਛੁ ਤਿਸ ਦੈ ਵਸਿ ਦੂਜੀ ਨਾਹਿ ਜਾਇ॥

ਸਭ ਕੁਝ ਉਸ ਪ੍ਰਭੂ ਦੇ ਵਸਿ= ਅਧੀਨ ਹੈ, ਉਸ ਤੋਂ ਬਿਨਾਂ ਹੋਰ ਦੂਜੀ ਕੋਈ ਜਾਇ= ਜਗ੍ਹਾ ਨਹੀਂ ਹੈ।

ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ॥ ੭॥

ਗੁਰੂ ਜੀ ਕਥਨ ਕਰਦੇ ਹਨ— ਉਸ ਪ੍ਰਭੂ ਦੀ ਰਜਾਇ= ਆਗਿਆ ਨੂੰ ਮੰਨ ਕੇ ਅਸੀਂ ਸੁਖ ਅਨੰਦ ਦੇ ਸਹਿਤ ਹੋਏ ਹਾਂ॥ ੭॥

ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ॥

ਜਿਨ੍ਹਾਂ ਸਿੱਖਾਂ ਨੇ ਪੂਰਿਆਂ ਗੁਰਾਂ ਨੂੰ ਸਿਮਰਨਾ ਕੀਤਾ ਹੈ, ਉਹ ਸੰਸਾਰ ਵਿਚ ਨਿਹਾਲ= ਦੁੱਖਾਂ ਤੋਂ ਰਹਿਤ ਭਾਵ ਕ੍ਰਿਤਾਰਥ ਰੂਪ ਹੋਏ ਹਨ।

ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ॥ ੮॥

ਗੁਰੂ ਜੀ ਕਥਨ ਕਰਦੇ ਹਨ-ਪ੍ਰਭੂ ਦੇ ਨਾਮ ਅਰਾਧਣ ਕਰ ਕੇ ਜੀਵ ਦਾ ਮੁਕਤੀ ਰੂਪ ਕਾਰਜ ਰਾਸ ਹੋ ਆਉਂਦਾ ਹੈ॥ ੮॥

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥

ਪਾਪੀ ਪੁਰਸ਼ ਖੋਟੇ ਕਰਮ ਕਮਾਂਵਦੇ ਹੋਏ ਐਸੇ ਉਚਾਰਨ ਕਰਦੇ ਹਨ ਕਿ 'ਹਾਇ ਧਨ ਨਹੀਂ ਮਿਲਿਆ' 'ਹਾਇ ਪੁੱਤਰ ਨਹੀਂ ਮਿਲਿਆ'।

ਅਥਵਾ-ਇਸ ਲੋਕ ਵਿਚ ਤਾਂ ਪਾਪੀ ਪੁਰਸ਼ ਹੱਸ-ਹੱਸ ਕੇ ਪਾਪ ਕਰਮਾਂ ਨੂੰ ਕਮਾਂਵਦੇ ਹਨ ਤੇ ਪ੍ਰਲੋਕ ਵਿਖੇ ਜਾਂਦੇ ਹੋਏ ਭਿਆਨਕ ਰਸਤਿਆਂ ਨੂੰ ਵੇਖ ਕੇ ਜਮਦੂਤਾਂ ਨੂੰ ਵੇਖ ਕੇ ਹਾਇ-ਹਾਇ ਕਰ ਕੇ ਪੁਕਾਰਨਾ ਕਰਦੇ ਹਨ।

ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ॥ ੯॥

ਗੁਰੂ ਜੀ ਕਥਨ ਕਰਦੇ ਹਨ—ਜਿਵੇਂ ਮਧਾਣੀਆਂ ਚਾਟੀ ਵਿਖੇ ਦਹੀਂ ਨੂੰ ਮਥਨਿ= ਰਿੜਕਦੀਆਂ ਹਨ, ਤਿਵੇਂ ਧਰਮਰਾਜਾ ਜੀਵਾਂ ਰੂਪ ਦਹੀਂ ਨੂੰ ਨਰਕਾਂ ਰੂਪ ਚਾਟੀ ਵਿਚ ਪਾ ਕੇ ਸ਼ਸਤਰਾਂ ਰੂਪ ਮਧਾਣੀ ਨਾਲ ਮਥਦਾ ਹੈ॥ ੯॥

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥

ਜਿਨ੍ਹਾਂ ਸਾਜਨਾ= ਮਹਾਤਮਾਂ ਨੇ ਨਾਮ ਨੂੰ ਧਿਆਉਣਾ ਕੀਤਾ ਹੈ, ਉਨ੍ਹਾਂ ਨੇ ਆਪਣੇ ਅਮੋਲਕ ਜਨਮ ਪਦਾਰਥ ਨੂੰ ਜੀਤਿ= ਜਿਤਣਾ ਭਾਵ ਸਫਲ ਕੀਤਾ ਹੈ। ਕਿਉਂਕਿ ਸੰਪ੍ਰਦਾਈ ਚਾਰ ਪਦਾਰਥ ਹਨ-

੧) ਜਨਮ ਪਦਾਰਥ, ੨) ਪ੍ਰੇਮ ਪਦਾਰਥ, ੩) ਨਾਮ ਪਦਾਰਥ, ੪) ਗਿਆਨ ਪਦਾਰਥ।

ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ ੧੦॥

ਗੁਰੂ ਜੀ ਕਥਨ ਕਰਦੇ ਹਨ- ਜੇਕਰ ਉਹ ਮਹਾਤਮਾਂ ਰਾਜੇ ਜਨਕ ਦੀ ਨਿਆਈਂ ਸੈਰ ਕਰਦੇ ਹੋਏ ਧਰਮਰਾਜਾ ਦੀ ਪੁਰੀ ਵਿਚ ਚਲੇ ਭੀ ਜਾਣ, ਤਾਂ ਉਨ੍ਹਾਂ ਨੂੰ ਵੇਖ ਕੇ ਅੱਗੋਂ ਧਰਮ ਰਾਜਾ ਐਸੇ ਬੇਨਤੀ ਪੂਰਬਕ

ਬਚਨ ਚਵਹਿ= ਉਚਾਰਦਾ ਹੈ ਕਿ ਮਹਾਰਾਜ! ਤੁਸਾਂ ਨੇ ਆ ਕੇ ਮੇਰਾ ਤਾਂ ਘਰ ਹੀ ਪੁਨੀਤ= ਪਵਿੱਤਰ ਕਰ ਦਿੱਤਾ ਹੈ॥ ੧੦॥

ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ॥

ਕੁਮੰਤ੍ਰੀਆ= ਖੋਟੇ ਸਲਾਹਕਾਰਾਂ ਦੀ ਬੁੱਧੀ ਮੋਹ ਰੂਪੀ, ਕੁ ਥਾਇ= ਖੋਟੀ ਥਾਂ ਜੋ ਗਲਣਿ= ਜਿੱਲ੍ਹਣ (ਖੁਭਣ ਵਾਲੀ ਜਗ੍ਹਾ) ਹੈ, ਉਸ ਨੂੰ ਮਿੱਠੀ ਜਾਣ ਕੇ ਉਸ ਵਿਚ ਖੁਭੜੀ= ਖੁੱਭੀ ਹੋਈ ਭਾਵ ਫਸੀ ਹੋਈ ਹੈ।

ਨਾਨਕ ਸੇਈ ਉਬਰੇ ਜਿਨਾ ਭਾਗੁ ਮਥਾਹਿ॥ ੧੧॥

ਗੁਰੂ ਜੀ ਕਥਨ ਕਰਦੇ ਹਨ—ਇਸ ਮੋਹ ਰੂਪ ਜਿੱਲ੍ਹਣ ਤੋਂ ਉਹ ਪੁਰਸ਼ ਉਬਰੇ= ਬਚੇ ਹਨ, ਜਿਨ੍ਹਾਂ ਦੇ ਮਥਾਹਿ= ਮੱਥੇ ਦੇ ਭਾਗ ਚੰਗੇ ਹਨ॥ ੧੧॥

ਸੁਤੜੇ ਸੁਖੀ ਸਵੰਨ੍ਹਿ ਜੋ ਰਤੇ ਸਹ ਆਪਣੈ॥

ਜੋ ਪੁਰਸ਼ ਆਪਣੇ ਸਹ= ਪਤੀ ਮਾਲਕ ਦੀ ਸੇਵਾ ਵਿਚ ਰਤੇ= ਤਦਾਕਾਰ ਹੋਏ ਹਨ, ਉਹ ਪੁਰਸ਼ ਸੁਖ ਦੀ ਸਵੰਨ੍ਹਿ= ਨੀਂਦ ਵਿਚ ਸੁੱਤੇ ਹਨ।

ਅਥਵਾ- ਜੋ ਪੁਰਸ਼ ਸੁਖੀ= ਸੁਖ ਸਰੂਪ ਪ੍ਰਮੇਸ਼ਰ ਦੇ ਨਾਮ ਸਿਮਰਨ ਵਿਚ ਆਪ ਸੁਤੜੇ= ਇਸਥਿਤ ਹੋਏ ਹਨ ਅਤੇ ਹੋਰਨਾਂ ਜਗਿਆਸੂਆਂ ਨੂੰ ਭੀ ਸਵੰਨ੍ਹਿ= ਇਸਥਿਤ ਕਰਦੇ ਹਨ, ਉਹ ਪੁਰਸ਼ ਆਪਣੇ ਸਹ= ਮਾਲਕ ਪ੍ਰਭੂ ਨਾਲ ਰੱਤੇ ਹਨ।

ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨ੍ਹਿ॥ ੧੨॥

ਜਿਨ੍ਹਾਂ ਦਾ ਆਪਣੇ ਧਣੀ= ਮਾਲਕ ਪ੍ਰਭੂ ਦੇ ਪ੍ਰੇਮ ਨਾਲੋਂ ਵਿਛੋਹਾ= ਵਿਛੋੜਾ ਹੋਇਆ ਹੈ, ਉਹ ਪੁਰਸ਼ ਅੱਠੇ ਪਹਿਰ ਭਾਵ ਰਾਤ ਦਿਨੇ ਲਵੰਨ੍ਹਿ= ਲਊਂ-ਲਊਂ ਕਰਦੇ ਭਾਵ ਵਿਅਰਥ ਬਚਨਾਂ ਨੂੰ ਬੋਲਦੇ ਰਹਿੰਦੇ ਹਨ॥ ੧੨॥

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ॥

ਝੂਠੀ ਮਾਇਆ ਦੀ ਪ੍ਰਾਪਤੀ ਵਾਸਤੇ ਅਸੰਖ= ਅਨਗਿਣਤ ਹੀ ਜੀਵ ਮੋਹ ਰੂਪ ਨੀਂਦ ਵਿਖੇ ਸੁੱਤੇ ਹੋਏ ਹਨ।

ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ॥ ੧੩॥

ਗੁਰੂ ਜੀ ਕਥਨ ਕਰਦੇ ਹਨ— ਜਿਹੜੇ ਪੁਰਸ਼ ਰਸਨਾ ਦੁਆਰਾ ਪ੍ਰਭੂ ਦੇ ਨਾਮਾਂ ਨੂੰ ਉਚਾਰਦੇ ਹਨ, ਉਹ ਪੁਰਸ਼ ਗਿਆਨ-ਜਾਗ੍ਰਤ ਵਿਚ ਜਾਗਦੇ ਹਨ॥ ੧੩॥

ਮ੍ਰਿਗ ਤ੍ਰਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ॥

ਮ੍ਰਿਗ ਤ੍ਰਿਸ਼ਨਾ ਦੇ ਜਲ ਅਤੇ ਗੰਧ੍ਰਬ ਨਗਰ ਦੇ ਵੁਠੇ= ਵਸਣੇ ਵਾਂਗੂੰ ਜੋ ਅਣਹੋਇਆ ਜਗਤ ਹੈ ਇਸ ਨੂੰ ਦੇਖ ਕੇ ਸਾਰੇ ਮਨੁੱਖ ਵਾਹਿਗੁਰੂ ਤੋਂ ਭੁੱਲ ਰਹੇ ਹਨ।

ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ॥ ੧੪॥

ਗੁਰੂ ਜੀ ਕਥਨ ਕਰਦੇ ਹਨ ਜਿਹਨਾਂ ਗੁਰਮੁਖਾਂ ਨੇ ਮਨ ਤਨ ਵਿਚ ਸੱਚ ਨਾਮ ਨੂੰ ਅਰਾਧਿਆ ਹੈ, ਉਹ

ਦੀਨ ਦੁਨੀਆਂ ਵਿਚ ਫਬ= ਸੁਭਾਇਮਾਨ ਹੋਏ ਹਨ॥ ੧੪॥

ਉਥਾਨਕਾ-ਇਕ ਸਿੱਖ ਨੇ ਪੁੱਛਿਆ ਕਿ ਉਹ ਪਾਰਬ੍ਰਹਮ ਕੈਸਾ ਹੈ? *ਉੱਤਰ-*

ਪਤਿਤ ਉਧਾਰਣ ਪਾਰਬ੍ਰਹਮੁ ਸੰਮ੍ਰਥ ਪੁਰਖੁ ਅਪਾਰੁ॥

ਉਹ ਪਾਰਬ੍ਰਹਮ ਪ੍ਰਭੂ ਪਤਿਤ= ਪਾਪੀਆਂ ਦੇ ਤਾਰਨ ਵਾਲਾ ਹੈ। ਪੁਨਾ- ਉਹ ਅਕਾਲ ਪੁਰਖ ਸੰਮ੍ਰਥ= ਸਰਬ ਕਲਾਂ ਸਮਰੱਥ ਹੈ, ਫਿਰ ਉਹ ਅਪਾਰੁ= ਪਾਰਾਵਾਰ ਤੋਂ ਰਹਿਤ ਹੈ। ਵਾ ਬਿਅੰਤ ਗੁਣਾਂ ਵਾਲਾ ਹੈ।

ਜਿਸਹਿ ਉਧਾਰੇ ਨਾਨਕਾ ਸੋ ਸਿਮਰੇ ਸਿਰਜਣਹਾਰੁ॥ ੧੫॥

ਗੁਰੂ ਜੀ ਕਥਨ ਕਰਦੇ ਹਨ— ਉਹ ਪ੍ਰਮਾਤਮਾ ਜਿਸ ਨੂੰ ਸੰਸਾਰ-ਸਮੁੰਦਰ ਤੋਂ ਉਧਾਰੇ= ਤਾਰਨਾ ਚਾਹੁੰਦਾ ਹੈ, ਓਹੀ ਪੁਰਸ਼ ਸਿਰਜਣਹਾਰੁ= ਪ੍ਰਭੂ ਨੂੰ ਸਿਮਰਦਾ ਹੈ॥ ੧੫॥

ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ॥

ਇਕ ਪ੍ਰਭੂ ਦੀ ਉਪਾਸ਼ਨਾ ਛੱਡ ਕੇ ਜਿਹੜੀ ਦੂਜੀ ਉਪਾਸ਼ਨਾ ਭੂਤਾਂ-ਪਰੇਤਾਂ ਦੀ, ਵਾ- ਦੇਵੀ-ਦੇਵਤਿਆਂ ਦੀ ਕਰਨੀ ਹੈ, ਏਹੀ ਕੁਵਾਟੜੀ= ਖੋਟੀ ਵਾਟ ਹੈ ਇਸ ਨੂੰ ਛੱਡ ਕੇ ਤੂੰ ਇਕ ਪ੍ਰਭੂ ਨਾਲ ਚਿਤ ਲਗਾਉਣਾ ਕਰ।

ਅਥਵਾ- ਦੂਜੀ= ਦ੍ਵੈਤ ਭਾਵ ਰੂਪੀ ਕੁਵਾਟੜੀ= ਖੋਟੀ ਡੰਡੀ ਨੂੰ ਛੱਡ ਕੇ ਹੇ ਪੁਰਸ਼ਾ! ਤੂੰ ਇਕ ਪ੍ਰਭੂ ਨਾਲ ਚਿਤ ਬ੍ਰਿਤੀ ਨੂੰ ਲਗਾਣਾ ਕਰ।

ਦੂਜੈ ਭਾਵੀਂ ਨਾਨਕਾ ਵਹਣਿ ਲੁੜ੍ਹੰਦੜੀ ਜਾਇ॥ ੧੬॥

ਗੁਰੂ ਜੀ ਕਥਨ ਕਰਦੇ ਹਨ— ਜੋ ਪੁਰਸ਼ ਦੂਜੈ ਭਾਵੀ= ਦ੍ਵੈਤ ਭਾਵ ਵਿਚ ਲੱਗੇ ਹਨ, ਉਹ ਪੁਰਸ਼ ਸੰਸਾਰ ਦਰਿਆ ਦੇ ਵਹਿਣ ਪ੍ਰਵਾਹ ਵਿਚ ਲੁੜ੍ਹੰਦੜੀ ਜਾਇ= ਰੁੜ੍ਹਦੇ ਜਾਂਦੇ ਹਨ।

*ਅਥਵਾ-*ਦ੍ਵੈਤ ਭਾਵ ਰੂਪੀ ਡੰਡੀ ਜਿਸ ਨੂੰ ਭਾਵੀਂ= ਭਾ ਗਈ ਹੈ, ਉਹ ਪੁਰਸ਼ ਕਾਲ ਰੂਪ ਨਦੀ ਦੇ ਮੋਤ ਰੂਪ ਵਹਣਿ= ਪ੍ਰਵਾਹ ਵਿਚ ਰੁੜ੍ਹਦੇ ਜਾਂਦੇ ਹਨ॥ ੧੬॥

ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ॥

ਤਿੰਨ ਲੋਕਾਂ ਰੂਪੀ ਤਿਹਟੜੇ ਬਾਜ਼ਾਰਾਂ ਵਿਚ ਜੀਵਾਂ ਰੂਪੀ ਵਣਜਾਰੇ ਕਰਮਾਂ ਰੂਪੀ ਸੌਦੇ ਨੂੰ ਕਰਦੇ ਹਨ।

*ਅਥਵਾ-*ਨਿਸ਼ਕਾਮ ਕਰਮ ਉਪਾਸ਼ਨਾ ਤੇ ਬ੍ਰਹਮ ਗਿਆਨ ਦਾ ਜਿਥੇ ਉਪਦੇਸ਼ ਹੋ ਰਿਹਾ ਹੈ, ਐਸੇ ਜੋ ਸਤਿਸੰਗ ਰੂਪ ਤਿਹਟੜੇ ਬਾਜ਼ਾਰ ਹਨ ਉਹਨਾਂ ਬਾਜ਼ਾਰਾਂ ਵਿਖੇ ਮਹਾਤਮਾ ਰੂਪ ਵਣਜਾਰੇ ਨਾਮ ਰੂਪ ਸੌਦੇ ਨੂੰ ਖਰੀਦਣਾ ਕਰਦੇ ਹਨ।

ਅਥਵਾ- ਬਾਜ਼ਾਰ= ਇੰਦ੍ਰੀਆਂ ਨੂੰ ਦਮਨ ਕਰ ਕੇ ਗੁਰਮੁਖਾਂ ਰੂਪ ਵਣਜਾਰੇ ਸ੍ਰਵਨ, ਮੰਨਨ, ਨਿਧਿਆਸਣ ਰੂਪ ਤਿਹਟੜੇ= ਤਿੰਨ ਪ੍ਰਕਾਰ ਦਾ ਸੌਦਾ ਖਰੀਦਣਾ ਕਰਦੇ ਹਨ।

ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ॥ ੧੭॥

ਜਿਨ੍ਹਾਂ ਗੁਰਮੁਖਾਂ ਨੇ ਨਾਮ ਰੂਪ ਸੱਚੇ ਸੌਦੇ ਨੂੰ ਲਦਿਆ= ਖਰੀਦਿਆ ਹੈ, ਉਹ ਸ਼ੁਭ-ਗੁਣਾਂ ਰੂਪ ਸੱਚੇ ਪਸਾਰੇ ਵਾਲੇ ਹਨ॥ ੧੭॥

ਪੰਥਾ ਪ੍ਰੇਮ ਨ ਜਾਣਦੀ ਭੂਲੀ ਫਿਰੈ ਗਵਾਰਿ॥

ਜੋ ਜੀਵ ਰੂਪ ਇਸਤ੍ਰੀ ਪ੍ਰਭੂ ਦੇ ਪ੍ਰੇਮ ਰੂਪ ਪੰਥਾ= ਰਸਤੇ ਨੂੰ ਜਾਣਦੀ ਨਹੀਂ ਹੈ, ਉਹ ਗਵਾਰਿ= ਮੂਰਖ

ਇਸਤ੍ਰੀ ਪਰਮੇਸ਼ਰ ਤੋਂ ਭੁੱਲੀ ਫਿਰਦੀ ਹੈ।

ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧਾਰ॥ ੧੮॥

ਗੁਰੂ ਜੀ ਕਥਨ ਕਰਦੇ ਹਨ— ਇਹ ਸੰਸਾਰੀ ਜੀਵ ਹਰੀ ਨੂੰ ਭੁਲਾ ਕੇ ਅੰਧੇ ਨਰਕ ਭਾਵ ਕੁੰਭੀ ਨਰਕ ਵਿਚ ਪੈਂਦੇ ਹਨ, ਜਿਥੇ ਕੁਝ ਦਿੱਸਦਾ ਹੀ ਨਹੀਂ ਹੈ॥ ੧੮॥

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ॥

ਜੀਵ ਦੇ ਮਨ ਵਿਚੋਂ ਮਾਇਆ ਦਾ ਸੰਕਲਪ ਵਿਸਰਦਾ ਨਹੀਂ ਹੈ, ਇਸ ਕਰ ਕੇ ਦੰਮਾਂ ਦਮ= ਅੰਦਰ ਸਵਾਸ ਜਾਂਦਿਆਂ ਵੀ ਅਤੇ ਬਾਹਰ ਸਵਾਸ ਆਉਂਦਿਆਂ ਵੀ ਮਾਇਆ ਨੂੰ ਹੀ ਮੰਗਦਾ ਹੈ।

ਵਾ-ਦੰਮਾਂ ਦੰਮ= ਦਮੜੇ ਹੀ ਦਮੜੇ ਮੰਗਦਾ ਹੈ।

ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ॥ ੧੯॥

ਗੁਰੂ ਜੀ ਕਥਨ ਕਰਦੇ ਹਨ— ਪੂਰਬਲੇ ਜਨਮ ਵਿਚ ਇਸ ਜੀਵ ਨੇ ਕੋਈ ਸ਼ੁਭ-ਕਰਮ ਕੀਤੇ ਨਹੀਂ, ਇਸ ਕਰ ਕੇ ਇਸ ਜਨਮ ਵਿਚ ਇਸ ਜੀਵ ਨੂੰ ਉਹ ਪ੍ਰਭੂ ਚੇਤੇ ਆਉਂਦਾ ਨਹੀਂ ਹੈ, ਜਿਸ ਪ੍ਰਭੂ ਨੇ ਇਸ ਨੂੰ ਪੈਦਾ ਕੀਤਾ ਹੈ। ਵਾ ਜਿਸ ਨੇ ਇਸ ਨੂੰ ਪਦਾਰਥ ਦਿੱਤੇ ਹਨ॥ ੧੯॥

ਤਿਚਰੁ ਮੂਲਿ ਨ ਥੁੜੰਾਦੋ ਜਿਚਰੁ ਆਪਿ ਕ੍ਰਿਪਾਲੁ॥

ਜਿਚਰੁ= ਜਿਤਨਾਂ ਕੁ ਚਿਰ ਉਹ ਪ੍ਰਮੇਸ਼ਰ ਇਸ ਜੀਵ 'ਤੇ ਆਪ ਕ੍ਰਿਪਾਲੂ ਹੁੰਦਾ ਹੈ ਤਿਚਰੁ= ਉਤਨਾਂ ਚਿਰ ਇਹ ਜੀਵ ਮੂਲਿ= ਕਦਾਚਿਤ ਕਿਸੇ ਪਦਾਰਥ ਵੱਲੋਂ ਥੁੜਦਾ ਨਹੀਂ ਹੈ। ਭਾਵ ਪ੍ਰਮੇਸ਼ਰ ਦੀ ਕਿਰਪਾ ਹੋਣ ਕਰ ਕੇ ਜੀਵ ਨੂੰ ਕਿਸੇ ਪਦਾਰਥ ਦੀ ਕਮੀ ਨਹੀਂ ਰਹਿੰਦੀ।

ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ॥ ੨੦॥

ਗੁਰੂ ਜੀ ਕਥਨ ਕਰਦੇ ਹਨ— ਬਾਬੇ ਨਾਨਕ ਜੀ ਦਾ ਪ੍ਰਤੱਖ ਸਬਦੁ= ਲੰਗਰ, ਵਾ ਉਪਦੇਸ਼ ਰੂਪ ਲੰਗਰ ਅਖੁਟ ਹੈ, ਇਹ ਕਦੇ ਮੁੱਕਦਾ ਨਹੀਂ ਹੈ ਇਸ ਉਪਦੇਸ਼ ਨੂੰ ਆਪ ਖਾਹਿ= ਧਾਰਨਾ ਕਰ ਤੇ ਹੋਰਨਾਂ ਨੂੰ ਖਰਚਣਾ ਕਰ ਤਾਂ ਤੂੰ ਸ਼ੁਭ-ਗੁਣਾਂ ਰੂਪ ਧਨ ਮਾਲ ਦੇ ਸਹਿਤ ਹੋ ਜਾਵੇਂਗਾ।

ਅਥਵਾ-ਹੇ ਪਿਆਰਿਓ! ਬਾਬੇ ਨਾਨਕ ਦਾ ਜੋ ਸਬਦੁ= ਉਪਦੇਸ਼ ਰੂਪ ਮਾਲ ਅਤੇ ਨਾਮ ਰੂਪ ਧਨ ਅਖੁੱਟ ਹੈ, ਇਸ ਨੂੰ ਤੁਸੀਂ ਆਪ ਖਾਓ ਅਤੇ ਹੋਰਨਾਂ ਜਗਿਆਸੂਆਂ ਨੂੰ ਭੀ ਖਰਚਣਾ ਕਰੋ। ਭਾਵ ਹੋਰਨਾਂ ਨੂੰ ਦੇਣਾ ਕਰੋ॥ ੨੦॥

ਉੱਤਮ ਜਗਿਆਸੂ ਵੱਲੋਂ ਗੁਰੂ ਸਾਹਿਬ ਜੀ ਕਥਨ ਕਰਦੇ ਹਨ—

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥

ਪ੍ਰਮੇਸ਼ਰ ਦੀ ਪ੍ਰਾਪਤੀ ਕਰਨ ਵਾਲੇ ਜੋ ਗਿਆਨ ਵੈਰਾਗ ਰੂਪ ਖੰਭ ਹਨ, ਜੇਕਰ ਮੈਂ ਉਹਨਾਂ ਖੰਭਾਂ ਨੂੰ ਵਿਕਾਂਦੜੇ= ਵਿਕਦਾ ਲਹਾਂ= ਦੇਖਾਂ, ਤਾਂ ਮੈਂ—

ਸਾਵਾਂ ਤੋਲ ਦੇ ਕੇ ਭਾਵ ਆਪਣਾ ਤਨ ਮਨ ਧਨ ਸਰਬੰਸ ਸਭ ਕੁਝ ਅਰਪਣ ਕਰ ਕੇ ਉਹਨਾਂ ਗਿਆਨ ਵੈਰਾਗ ਰੂਪ ਖੰਭਾਂ ਨੂੰ ਘਿੰਨਾਂ= ਲੈਣਾ ਕਰਾਂ।

ਫਿਰ ਉਨ੍ਹਾਂ ਹੀ ਖੰਭਾਂ ਨੂੰ-

ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥ ੨੧॥

ਆਪਣੇ ਤੰਨਿ= ਸੂਖਮ ਸਰੀਰ ਅੰਤਹਕਰਣ ਵਿਖੇ ਜੜ ਕੇ--

ਉਸ ਸਜਣੁ= ਪ੍ਰਮਾਤਮਾ ਨੂੰ ਟੋਲਿ= ਲੱਭ ਲਵਾਂ।

ਯਥਾ- ਮਨ ਮੇਰੇ ਹਰਿ ਕੇ ਚਰਨ ਰਵੀਜੈ॥
ਦਰਸ ਪਿਆਸ ਮੇਰੋ ਮਨੁ ਮੋਹਿਓ ਹਰਿ ਪੰਖ ਲਗਾਇ ਮਿਲੀਜੈ॥

(ਮਲਾਰ ਮਹਲਾ ੫, ਪੰਨਾ ੧੨੬੯)

ਅਥਵਾ- (ਅੰਨਵੇਂ ਅੱਖਰਾਂ ਵੱਲ ਧਿਆਨ ਰੱਖਣਾ)

ਖੰਭ ਵਿਕਾਂਦੜੇ ਜੇ ਲਹਾਂ

ਪਰਮੇਸ਼ਰ ਪ੍ਰਾਪਤੀ ਦੇ ਕਰਨ ਵਾਲੇ ਜੋ ਭਜਨ ਸਿਮਰਨ ਕਰਨ ਰੂਪ ਖੰਭ ਹਨ, ਜੇਕਰ ਮੈਂ ਉਹਨਾਂ ਖੰਭਾਂ ਨੂੰ ਵਿਕਾਂਦੜੇ= ਵਿਕਦੇ ਲਹਾਂ= ਦੇਖਾਂ ਤਾਂ ਮੈਂ ਪ੍ਰੇਮ ਰੂਪੀ ਮੁੱਲ ਦੇ ਕੇ ਉਹਨਾਂ ਖੰਭਾਂ ਨੂੰ ਘਿੰਨਾਂ= ਲੈ ਲਵਾਂ ਅਤੇ ਉਹ ਖੰਭ-

ਤੰਨਿ ਜੜਾਂਈ ਆਪਣੈ

ਆਪਣੇ ਤਨ ਵਿਖੇ ਜੜ ਕਰ ਕੇ ਭਾਵ ਸਰੀਰ ਦੁਆਰਾ ਭਜਨ ਸਿਮਰਨ ਕਰ ਕੇ-

ਲਹਾਂ ਸੁ ਸਜਣੁ ਟੋਲਿ॥ ੨੧॥

ਉਸ ਸਜਣੁ= ਪ੍ਰਮਾਤਮਾ ਨੂੰ ਟੋਲਿ ਲਹਾਂ= ਲਭ ਲਵਾਂ ਤੇ-

ਸਾਵੀ ਤੋਲਿ

ਸਾਵੇਂ ਤੋਲ ਵਾਲਾ ਭਾਵ ਉਸ ਪ੍ਰਮੇਸ਼ਰ ਜੈਸਾ ਹੋ ਜਾਵਾਂ। ਜਿਵੇਂ ਹਮਾਉ ਪੰਛੀ ਦੇ ਖੰਭਾਂ ਵਿਖੇ ਸ਼ਕਤੀ ਹੈ। ਹਮਾਉ ਦੇ ਖੰਭ ਜਿਸ ਚੀਜ਼ ਨਾਲ ਲੱਗਦੇ ਹਨ, ਉਹ ਖੰਭ ਉਸ ਚੀਜ਼ ਨੂੰ ਹਮਾਉ ਦੇਸ਼ ਵਿਚ ਹੀ ਪਹੁੰਚਾ ਦਿੰਦੇ ਹਨ।

ਸਾਖੀ-ਹਮਾਉ ਪੰਛੀ ਦੇ ਖੰਭਾਂ ਦੀ

ਇਕ ਸਮੇਂ ਨਾਰਦ ਮੁਨੀ ਜੀ ਦੇ ਮਨ ਵਿਖੇ ਸੰਕਲਪ ਫੁਰਿਆ ਕਿ ਈਸ਼ੂਰ ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨ ਕਰ ਆਈਏ।

ਇਸ ਸੰਕਲਪ ਨੂੰ ਮੁਖ ਰੱਖ ਕੇ ਨਾਰਦ ਮੁਨੀ ਜੀ ਇਕ ਸਾਧੂ ਦੇ ਰੂਪ ਵਿਚ ਬ੍ਰਹਮ ਪੁਰੀ ਤੋਂ ਚੱਲ ਕੇ ਮਾਤ ਭੂਮੀ 'ਤੇ ਆਏ। ਆਪਣੀ ਸ਼ਰਧਾ ਅਨੁਸਾਰ ਸਾਹਿਬਾਂ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਹਮਾਉ ਪੰਛੀ ਦੇ ਪੰਜ ਖੰਭ ਭੇਟਾ ਰੱਖ ਕੇ ਨਮਸ਼ਕਾਰ ਕੀਤੀ।

ਜਾਣੀ ਜਾਣ ਸਤਿਗੁਰਾਂ ਨੇ ਆਦਰ-ਮਾਣ ਦੇ ਕੇ ਬਿਠਾਇਆ ਅਤੇ ਬਚਨ-ਬਿਲਾਸ ਕਰਦਿਆਂ ਸਤਿਗੁਰਾਂ ਕਿਹਾ— "ਹੇ ਮੁਨੀ ਜੀ! ਇਤਨੀ ਖੇਚਲ ਕਿਸ ਲਈ ਕਰਨੀ ਸੀ, ਆਪ ਜੀ ਦੇ ਦਰਸ਼ਨ ਹੀ ਕਾਫੀ ਸਨ?

ਤਾਂ ਨਾਰਦ ਮੁਨੀ ਜੀ ਨੇ ਹੱਥ ਜੋੜ ਕੇ ਕਿਹਾ— "ਹੇ ਤ੍ਰਿਲੋਕੀ ਨਾਥ! ਭਲਾ ਮੈਂ ਆਪ ਜੀ ਦੀ ਕੀ ਭੇਟ

www.sikhbookclub.com

ਚੜ੍ਹਾ ਸਕਦਾ ਹਾਂ, ਇਹ ਤਾਂ ਸ਼ਾਸਤ੍ਰ ਦੀ ਮਰਯਾਦਾ ਰੱਖਣ ਲਈ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਭੇਟਾ ਕੀਤੇ ਹਨ, ਨਾਲ ਆਪ ਜੀ ਇਸ ਸਮੇਂ ਜੋਧਾ ਰੂਪ ਵਿਖੇ ਦਰਸ਼ਨ ਦੇ ਕੇ ਸਭਨਾਂ ਨੂੰ ਨਿਹਾਲ ਕਰ ਰਹੇ ਹੋ। ਸੋ ਮੈਂ ਆਉਂਦਿਆਂ ਵਿਚਾਰਿਆ ਕਿ ਸਤਿਗੁਰੂ ਜੀ ਦੀ ਭੇਟਾ ਕੀ ਲੈ ਚੱਲੀਏ?

ਵਿਚਾਰ ਕਰਦਿਆਂ-ਕਰਦਿਆਂ ਇਹ ਗੱਲ ਸੁੱਝੀ ਕਿ ਐਸ ਵੇਲੇ ਮਹਾਰਾਜ ਜੀ ਜੋਧਾ ਰੂਪ ਵਿਖੇ ਜੀਵਾਂ ਦੀ ਕਲਯਾਣ ਲਈ ਮਾਤ ਭੂਮੀ 'ਤੇ ਉਤਰੇ ਹੋਏ ਹਨ, ਨਾਲੇ ਆਪ ਜੀ ਨੂੰ ਸ਼ਸਤ੍ਰਾਂ ਦਾ ਬਹੁਤ ਸ਼ੌਕ ਹੈ ਅਤੇ ਇਹ ਹਮਾਊ ਪੰਛੀ ਦੇ ਖੰਭ ਹਨ, ਇਹਨਾਂ ਨੂੰ ਆਪਣੇ ਬਾਣਾਂ ਨਾਲ ਲਗਾਣਾ ਕਰੋ। ਜਿਨ੍ਹਾਂ ਬਾਣਾਂ ਨਾਲ ਇਹ ਲੱਗ ਜਾਣਗੇ ਫਿਰ ਉਹ ਉਹਨਾਂ ਬਾਣਾਂ ਨੂੰ ਹਮਾਊ ਪੰਛੀ ਦੇ ਦੇਸ਼ ਵਿਚ ਲੈ ਜਾਣਗੇ।

ਨਾਰਦ ਮੁਨੀ ਜੀ ਦੇ ਚਲੇ ਜਾਣ 'ਤੇ ਸਾਹਿਬਾਂ ਨੇ ਇਕ ਸੇਵਾਦਾਰ ਨੂੰ ਬੁਲਾ ਕੇ ਭੱਥੇ ਵਿਚੋਂ ਪੰਜ ਤੀਰ ਤੇ ਪੰਜ ਹੀ ਉਹ ਨਾਰਦ ਮੁਨੀ ਜੀ ਦੇ ਭੇਟ ਕੀਤੇ ਖੰਭ ਦਿੰਦਿਆਂ ਕਿਹਾ ਕਿ ਇਹ ਲੈ ਜਾ ਤੇ ਕਾਰੀਗਰ ਤੋਂ ਇਨ੍ਹਾਂ ਤੀਰਾਂ ਨਾਲ ਖੰਭਾਂ ਨੂੰ ਜੜਵਾ ਕੇ ਲੈ ਆ।

ਸਤਿਗੁਰਾਂ ਦੇ ਹੁਕਮ ਅਨੁਸਾਰ ਉਹ ਸਿੱਖ ਕਾਰੀਗਰ ਤੋਂ ਜੜਵਾ ਲਿਆਇਆ।

ਫਿਰ ਸਤਿਗੁਰੂ ਜੀ ਨੇ ਖਾਲਸੇ ਨੂੰ ਕਿਹਾ ਕਿ, ਐ ਖਾਲਸਾ ਜੀ! ਸਭ ਤਿਆਰ ਹੋ ਜਾਓ, ਦੂਰ-ਦੂਰ ਤਕ ਚਲੇ ਜਾਉ। ਅਸੀਂ ਇਹ ਤੀਰ ਛੱਡਣ ਲੱਗੇ ਹਾਂ, ਤੁਸੀਂ ਇਹਨਾਂ ਨੂੰ ਫੜ ਕੇ ਲਿਆਉਣਾ ਹੋਵੇਗਾ।

ਸਤਿਗੁਰਾਂ ਦੇ ਹੁਕਮ ਕਰਨ ਦੀ ਦੇਰ ਸੀ ਕਿ ਉਸੇ ਵੇਲੇ ਸਭ ਸਿੰਘ ਦੂਰ-ਦੂਰ ਤੀਕ ਤੀਰਾਂ ਨੂੰ ਲੱਭ ਕੇ ਲਿਆਉਣ ਲਈ ਖਿੰਡ ਗਏ।

ਫੇਰ ਸਤਿਗੁਰਾਂ ਕਿਹਾ, 'ਸਭ ਖਿਆਲ ਰੱਖਣਾਂ ਤੀਰ ਚਲਿਆ ਜੇ।' ਤੀਰ ਨੂੰ ਧਨੁੱਖ ਦੇ ਚਿਲ੍ਹੇ 'ਤੇ ਚੜ੍ਹਾ ਕੇ ਐਸਾ ਜ਼ੋਰ ਦੀ ਖਿੱਚਿਆ ਜੋ ਤੀਰ ਸ਼ੂਕਦਾ ਹੋਇਆ ਅਕਾਸ਼ ਵੱਲ ਉਡ ਗਿਆ। ਸਭ ਸਿੰਘ ਦੇਖਦੇ ਰਹਿ ਗਏ ਪਰ ਤੀਰ ਥੱਲੇ ਨਾ ਆਇਆ ਅਤੇ ਦੂਰ-ਦੂਰ ਤਕ ਕਿਤਨਾਂ ਚਿਰ ਲੱਭਦੇ ਰਹੇ, ਪਰ ਨਾ ਹੀ ਕਿਤੋਂ ਲੱਭਿਆ। ਦਰੱਖਤਾਂ, ਟੋਇਆਂ, ਟਿੱਬਿਆਂ ਵਿਚ ਵੀ ਦੇਖਿਆ।

ਇਤਨੇ ਨੂੰ ਸਤਿਗੁਰਾਂ ਨੇ ਆਵਾਜ਼ ਦੇ ਕੇ ਦੂਸਰਾ ਤੀਰ ਵੀ ਛੱਡ ਦਿੱਤਾ। ਇਹ ਵੀ ਪਹਿਲੇ ਦੀ ਨਿਆਈਂ ਸ਼ੂਕਦਾ ਹੋਇਆ ਅਕਾਸ਼ ਵੱਲ ਨੂੰ ਚਲਾ ਗਿਆ। ਹਰ ਇਕ ਸਿੱਖ ਨੇ ਆਕਾਸ਼ ਵੱਲ ਜਾਂਦਾ ਦੇਖਿਆ। ਪਲਾਂ ਵਿਚ ਸਾਰਿਆਂ ਦੇ ਦੇਖਦਿਆਂ ਹੀ ਅਲੋਪ ਹੋ ਗਿਆ।

ਇਸ ਤਰ੍ਹਾਂ ਸਤਿਗੁਰਾਂ ਨੇ ਇਕ ਇਕ ਕਰ ਕੇ ਪੰਜ ਤੀਰ ਅਕਾਸ਼ ਵੱਲ ਛੱਡੇ ਪਰ ਇਕ ਵੀ ਕਿਸੇ ਸਿੱਖ ਦੇ ਹੱਥ ਨਾ ਆਇਆ ਸਾਰੇ ਮੂੰਹ ਚੁੱਕੀ ਅਕਾਸ਼ ਵੱਲ ਟਿਕ ਟਿਕੀ ਲਗਾ ਕੇ ਤੱਕਦੇ ਹੀ ਰਹਿ ਗਏ, ਪਰ ਤੀਰਾਂ ਦਾ ਕਿਸੇ ਨੂੰ ਵੀ ਪਤਾ ਨਾ ਲੱਗਾ ਕਿ ਕਿਸ ਪਾਸੇ ਚਲੇ ਗਏ? ਲੱਭ-ਲੱਭ ਕੇ ਥੱਕ ਗਏ ਆਖਰ ਨਿਰਾਸ਼ ਮਨ, ਖਾਲੀ ਹੱਥੀਂ ਸਾਰੇ ਸਿੱਖ ਸਤਿਗੁਰਾਂ ਪਾਸ ਵਾਪਸ ਆ ਗਏ।

ਉਸ ਵੇਲੇ ਸਤਿਗੁਰਾਂ ਨੇ ਕਿਹਾ— "ਤੀਰ ਲੱਭ ਕੇ ਲਿਆਏ ਜੇ? ਕਿਥੇ ਗਏ? ਅਕਾਸ਼ ਵਿਚ ਤਾਂ ਅੜ ਹੀ ਨਹੀਂ ਗਏ?"

ਸਿੰਘਾਂ ਨੇ ਕਿਹਾ, 'ਹੇ ਗਰੀਬ ਨਿਵਾਜ! ਆਪ ਜੀ ਦੇ ਕੌਤਕ ਆਪ ਹੀ ਜਾਣੋ, ਆਪ ਜੀ ਦੀ ਲੀਲ੍ਹਾ ਅਸਚਰਜ ਹੈ, ਕੋਈ ਪਤਾ ਨਹੀਂ ਲਗਦਾ। ਅਕਾਸ਼ ਵਲ ਤੀਰ ਜਾਂਦੇ ਤਾਂ ਦੇਖੇ ਹਨ ਪਰ ਵਾਪਸ ਆਉਂਦਾ ਕੋਈ ਨਹੀਂ ਦੇਖਿਆ। ਹੁਣ ਆਪ ਹੀ ਕਿਰਪਾ ਕਰ ਕੇ ਦੱਸੋ ਕਿ ਉਹ ਤੀਰ ਕਿਥੇ ਗਏ ਹਨ?

www.sikhbookclub.com

ਉਸ ਵੇਲੇ ਸਤਿਗੁਰਾਂ ਨੇ ਨਾਮ ਸਿਮਰਨ ਦੀ ਮਹੱਤਤਾ ਦੱਸਦਿਆਂ ਹੋਇਆ ਕਿਹਾ, ਕਿ--'ਹੇ ਖਾਲਸਾ ਜੀ! ਆਪ ਜੀ ਦੇ ਸਾਹਮਣੇ ਇਹ ਜੋ ਸਾਧੂ ਆਇਆ ਸੀ, ਜਿਸ ਨੇ ਇਹ ਹਮਾਊ ਪੰਛੀ ਦੇ ਖੰਭ ਸਾਡੇ ਅੱਗੇ ਭੇਟਾ ਲਿਆ ਰੱਖੇ ਸਨ, ਉਹ ਨਾਰਦ ਮੁਨੀ ਸੀ।

ਫਿਰ ਉਨ੍ਹਾਂ ਖੰਭਾ ਨੂੰ ਅਮਕਾ (ਉਂਗਲੀ ਦਾ ਇਸ਼ਾਰਾ ਕਰ ਕੇ) ਸਿੱਖ ਕਾਰੀਗਰ ਤੋਂ ਤੀਰਾਂ ਨਾਲ ਜੜਵਾ ਲਿਆਇਆ ਸੀ। ਤੁਸੀਂ ਸੁਣਨਾ ਕਰੋ, ਇਹ ਜੋ ਹਮਾਊ ਪੰਛੀ ਦੇ ਖੰਭ ਹਨ ਇਹਨਾਂ ਵਿਚ ਇਹ ਸ਼ਕਤੀ ਹੈ ਕਿ ਇਹਨਾਂ ਦਾ ਜੋ ਵੀ ਸੰਗ ਕਰਦਾ ਹੈ, ਉਸ ਨੂੰ ਇਹ ਹਮਾਊ ਦੇ ਦੇਸ਼ ਵਿਖੇ ਲੈ ਜਾਂਦੇ ਹਨ।

ਇਸ ਤਰ੍ਹਾਂ ਹੇ ਪਿਆਰੇ ਖਾਲਸਾ ਜੀ! ਜੋ ਵੀ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਰੂਪੀ ਖੰਭਾਂ ਨਾਲ ਲੱਗਦਾ ਹੈ, ਉਸ ਨੂੰ ਇਹ ਨਾਮ ਰੂਪੀ ਖੰਭ ਵਾਹਿਗੁਰੂ ਦੇ ਦੇਸ਼ ਵਿਖੇ ਹੀ ਲੈ ਜਾਂਦੇ ਹਨ। ਭਾਵ ਉਹ ਵਾਹਿਗੁਰੂ ਵਿਖੇ ਅਭੇਦ ਹੋ ਜਾਂਦਾ ਹੈ।

(ਇਹ ਸਾਰਾ ਪ੍ਰਸੰਗ ਸੂਰਜ ਪ੍ਰਤਾਪ ਰੁਤ ੪, ਅੰਸੂ ੫੦-੫੧ ਵਿਖੇ ਦਿੱਤਾ ਹੈ)

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥

ਲੋਕ ਪ੍ਰਲੋਕ ਵਿਚ ਇਸ ਜੀਵ ਦਾ ਸੱਚਾ ਸੱਜਣ ਪਾਤਿਸਾਹੁ= ਪ੍ਰਮਾਤਮਾ ਹੀ ਹੈ, ਜੋ ਪਾਤਿਸ਼ਾਹਾਂ ਦਾ ਸਿਰਿ ਸਾਹੁ= ਸ਼੍ਰੋਮਣੀ ਪਾਤਿਸ਼ਾਹ ਹੈ।

ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥ ੨੨॥

ਜਿਸ ਪ੍ਰਮਾਤਮਾ ਦੇ ਪਾਸ ਬਹਿਠਿਆ= ਬੈਠਣ ਕਰ ਕੇ ਇਹ ਜੀਵ ਸੋਹੀਐ= ਸੁਭਾਇਮਾਨ ਹੁੰਦਾ ਹੈ ਅਤੇ ਇਸ ਉਤੇ ਸਾਰਿਆਂ ਦਾ ਵੇਸਾਹੁ= ਭਰੋਸਾ ਹੁੰਦਾ ਹੈ॥ ੨੨॥

(ਪੰਜਵੇਂ ਪਾਤਿਸ਼ਾਹ ਜੀ ਦੇ ਸਲੋਕ ਸਮਾਪਤੰ)

੧ਓ ਸਤਿਗੁਰ ਪ੍ਰਸਾਦਿ॥

ਮੰਗਲਾ ਚਰਨ

ਸਲੋਕੁ—ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ੧॥ *(ਪੰਨਾ ੨੫੬)*

ਦੋਹਿਰਾ—ਸ੍ਰੀ ਨਾਨਕ ਪੁਰੁਸ਼ੋਤਮੰ, ਪਰਮ ਪਰਾਵਰ ਨਾਥ।
ਯੁਗਲ ਚਰਨ ਮਮ ਬੰਦਨਾ, ਧਰ ਪਰ ਧਰਿ ਕਰਿ ਮਾਥ॥ ੧੧॥
(ਨਾ: ਪ੍ਰ: ਅਧਿ: ੧)

ਦੋਹਿਰਾ—ਸ੍ਰੀ ਨਾਨਕ ਸੁਖ ਸਿੰਧੁ ਕੋ, ਹਾਥ ਜੋਰਿ ਪਰਨਾਮ।
ਜਿਸ ਕਰੁਨਾ ਤੇ ਵਡ ਅਘੀ, ਪਾਵਹਿੰ ਗਤਿ ਬਿਸਰਾਮ।
(ਉਹੀ, ਅਧਿ: ੧੪)

ਦੋਹਿਰਾ—ਰਾਮਦਾਸ ਸੁਖ ਰਾਸ ਪ੍ਰਭੁ, ਸੇਵਕ ਤ੍ਰਾਸ ਬਿਦਾਰ।
ਪਗ ਪਰ ਮੁਰ ਪਰਣਾਮ ਹੈ, ਪਰਨਾ ਸ਼ਰਨ ਵਿਚਾਰ॥ ੧॥ *(ਅਧਿ: ੧)*

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥ ੪॥ ੫੮॥
(ਪੰਨਾ ੧੪੦੬)

ਦੋਹਿਰਾ- ਸ੍ਰੀ ਅਰਜਨ ਸ੍ਰੋਤਾ ਅਰਜ, ਸਿਰਜਨ ਆਰਜਤਾਯ।
ਲਰਜਤਿ ਜਮ ਜਿਨ ਨਾਮ ਤੇ, ਬੰਦੌਂ ਤਿਨ ਜੁਗ ਪਾਯ॥ ੧੩॥
ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪੁਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ ੬॥
(ਪੰਨਾ ੧੪੦੯)

ਦੋਹਿਰਾ-ਜਗ ਕਰਤਾ ਹਰਤਾ ਪ੍ਰਭੂ, ਸ਼ਾਹਿਨ ਸ਼ਾਹ ਨਰਿੰਦ।
ਪਾਦ ਪਦਮ ਤੇ ਬੰਦਨਾ, ਸ੍ਰੀ ਗੁਰੂ ਗੋਬਿੰਦ ਸਿੰਘ।

www.sikhbookclub.com

ਕਬਿੱਤ-

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ, ਹੋਵਤੀ ਕੁਚੀਲਤਾ ਕਿਤਾਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ ਧਰਮ ਧਸੱਕ ਜਾਤੇ, ਬਰਨ ਗਰੱਕ ਜਾਤੇ ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ, ਰੀਤਿ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ, ਮੂਰਤਿ ਨ ਹੋਤੀ ਜਉ ਪੈ ਕਰੁਣਾ ਨਿਧਾਨ ਕੀ॥ ੨੭॥

(ਸੂਰਜ ਪ੍ਰਕਾਸ਼ ਰੁਤ ੫, ਅੰਸੂ ੫੨)

ਦੋਹਿਰਾ- ਸ੍ਰੀ ਗੁਰੂ ਗ੍ਰੰਥ ਸਾਹਿਬ ਉਦਿਧ, ਮਾਨਕਿ ਮਨਨ ਵੈਰਾਗੁ।
ਰਤਨ ਜਵਾਹਰ ਗਿਆਨ ਹੈ, ਬੰਦੌਂ ਕਰ ਅਨੁਰਾਗੁ।
ਚੌਪਈ-ਸ੍ਰੀ ਗੁਰੂ ਨਾਨਕ ਮਾਨਕ ਰੂਪ। ਗੁਰ ਅੰਗਦ ਮੋਤੀ ਆਨੂਪ।
ਅਮਰ ਗੁਰੂ ਮਣੀਆਂ ਕੀ ਥਾਇ। ਰਾਮਦਾਸ ਗੁਰ ਹੀਰੇ ਪਾਇ।
ਗੁਰੁ ਅਰਜਨ ਸਵਜੇ ਕੀ ਜਾਇ। ਹਰਿ ਗੁਬਿੰਦ ਗੁਰ ਲਾਲ ਬਨਾਇ।
ਹਰੀ ਰਾਇ ਸਤਿਗੁਰ ਕਪੂਰ। ਹਰੀ ਕ੍ਰਿਸ਼ਨ ਵਿਚ ਚਮਕੈ ਨੂਰ।
ਤੇਗ ਬਹਾਦੁਰ ਸੂਤ ਸੁ ਧਾਰ। ਕਲਗੀਧਰ ਸੁ ਮੇਰੁ ਸਵਾਰ।
ਐਸੀ ਮਾਲਾ ਪਹਿਰੇ ਪ੍ਰਾਣੀ। ਬਹੁਰ ਨ ਹੋਵੈ ਆਵਣ ਜਾਣੀ।
ਗੁਰੂ ਗ੍ਰੰਥ ਕੌ ਹਿਰਦੈ ਧਾਰ। ਅਮੀਰ ਕਹੈ ਜਿਸ ਕੌ ਅਲੰਕਾਰ।
ਦੋਹਿਰਾ-ਪ੍ਰਿਥਮੇ ਉਚਰ ਅਮੀਰ ਪਦ, ਅੰਤ ਸਿੰਘ ਪਦ ਦੇਇ।
ਤਿਨ ਚਰਨਨ ਮਮ ਬੰਦਨਾ, ਬਿਨੈ ਹਮਾਰੀ ਲੇਇ।
ਦੋਹਿਰਾ- ਨਮੋ ਨਮੋ ਪੁਨ ਪੁਨ ਨਮਹਿ, ਸ੍ਰੀ ਸਤਿਗੁਰ ਕੇ ਚਰਨ।
ਸ੍ਰਿਸ਼ਟ ਪਦ ਆਦ ਉਚਾਰ ਕੇ, ਅੰਤ ਸਾਰਿੰਗ ਅਰਿ ਧਰਨ।
ਸਲੋਕ-ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ੧॥ *(ਪੰਨਾ ੨੯੩)*
ਸਲੋਕ-ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ੧॥ *(ਪੰਨਾ ੨੮੯)*

ਸਤਿਗੁਰੂ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਾਜੀ ਨਿਵਾਜ਼ੀ ਸਾਧ ਸੰਗਤ ਜੀਓ!
ਆਪਣੀਆਂ ਰਸਨਾਂ ਨੂੰ ਪਵਿੱਤ੍ਰ ਕਰਦੇ ਹੋਏ ਗੱਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ!

ਦੋਹਿਰਾ-ਤੇਗ ਬਹਾਦਰ ਧਰਮ ਧੁਜ, ਹਰਤਾ ਤੁਰਕਨ ਮੂਲ।
ਚਰਨ ਸ਼ਰਨਿ ਤਾਰਨ ਤਰਨ, ਨਮੋ ਹੋਇ ਅਨਕੂਲ।

(ਨਾਨਕ ਪ੍ਰਕਾਸ਼ ਅਧਿ. ੧)

ਹਾਦਰ ਹੋਤਿ ਜਹਾਂ ਸਿਮਰੇ, ਸੁਖ ਸਾਗਰ ਜਾਂਹਿ ਪਿਖੇ ਸੁਰ ਸਾਦਰ।
ਸਾਦ ਰਚੇ ਇਕ ਆਤਮ ਗਜਾਨ, ਬੜੀ ਬਿਸ਼ਿਯਾਤਪ ਕੋ ਬਡ ਬਾਦਰ।
ਬਾਦ ਰਹੈ ਸਿਖ ਹ੍ਵੈ ਨਰ ਸੋ, ਜਿਨਿ ਜਾਨਜੋ ਨਹੀਂ ਜੁ ਇਹੀ ਜਗ ਕਾਦਰ।
ਹੈ ਕਾ ਦਰ ਜਮ ਕੋ ਤਿਨ ਜੀਵਨਿ, ਅੰਤ ਭਜੈਂ ਗੁਰ ਤੇਗ ਬਹਾਦਰ॥ ੧੬॥

(ਸੂਰਜ ਪ੍ਰਕਾਸ਼ ਰਾਸਿ ੧, ਅੰਸੂ ੧)

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਹਲਾ ੯

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ !

ਉਥਾਨਕਾ–ਆਪ ਜੀ ਦਾ ਅਵਤਾਰ ਗੁਰੂ ਕੇ ਮਹਿਲ ਸੰਮਤ ੧੬੭੮ ਬਿਕ੍ਰਮੀ ਵੈਸਾਖ ਵਦੀ ਪੰਚਮੀ ਮੁਤਾਬਕ ੧੨ ਅਪ੍ਰੈਲ ੧੬੨੧ ਈਸਵੀ ਦਿਨ ਮੰਗਲਵਾਰ ਨੂੰ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ।

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਬਾਲਕ ਅਵਸਥਾ ਤੋਂ ਹੀ ਬੜੇ ਸ਼ਾਂਤ-ਚਿਤ ਦਯਾਲੂ ਤੇ ਕੋਮਲ ਹਿਰਦੇ ਵਾਲੇ ਸਨ। ਆਪ ਜੀ ਦੀ ਨਿਤ ਕ੍ਰਿਆ ਵੀ ਬੜੀ ਸਿਧੀ ਸਾਦੀ ਸੀ। ਸ਼ੁਰੂ ਤੋਂ ਹੀ ਘੱਟ ਬੋਲਿਆ ਕਰਦੇ ਸਨ, ਜਿਸ ਕਰ ਕੇ ਇਹਨਾਂ ਦਾ ਕਿਸੇ ਮਸੰਦ ਜਾਂ ਸਿੱਖ ਸੰਗਤਾਂ ਨਾਲ ਸਬੰਧ ਘੱਟ ਹੀ ਸੀ।

ਪਰ ਜਿਸ ਵਕਤ ਸ੍ਰੀ ਅਕਾਲ ਤਖ਼ਤ ਸਾਹਿਬ, ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਖੇ ਆਪ ਜੀ ਹਾਜ਼ਰ ਹੋ ਕੇ ਨਮਸਕਾਰ ਕਰਦੇ ਤਾਂ ਸਤਿਗੁਰੂ ਜੀ ਬੜਾ ਪਿਆਰ ਤੇ ਸਤਿਕਾਰ ਦੇ ਕੇ ਆਪਣਾ ਗੋਡਾ ਚੁਕ ਕੇ ਆਪਣੇ ਪਾਸ ਹੀ ਬਿਠਾ ਲਿਆ ਕਰਦੇ ਸਨ। ਸਿੱਖ ਸੰਗਤਾਂ, ਮਸੰਦ ਅਤੇ ਆਪ ਜੀ ਦੇ ਮਾਤਾ ਜੀ ਇਸ ਕਿਰਿਆ ਨੂੰ ਦੇਖ ਕੇਂ ਅਸਚਰਜ ਹੁੰਦੇ ਸਨ ਕਿ ਗੁਰੂ ਸਾਹਿਬ ਜੀ ਇਸ ਸਿਧੇ-ਸਾਦੇ, ਭੋਲੇ-ਭਾਲੇ ਸਾਹਿਬਜ਼ਾਦੇ ਨੂੰ ਇਤਨਾ ਕਿਉਂ ਸਤਿਕਾਰਦੇ ਹਨ। ਇਹਨਾਂ ਵਿਚ ਕੀ ਗੁਣ ਹੈ, ਜੋ ਬਾਕੀ ਦੇ ਸਾਹਿਬਜ਼ਾਦਿਆਂ ਨਾਲੋਂ ਜ਼ਿਆਦਾ ਪਿਆਰ ਲੈਂਦੇ ਹਨ?

ਇਕ ਦਿਨ ਆਪ ਜੀ ਦੀ ਮਾਤਾ ਨਾਨਕੀ ਜੀ ਨੇ ਆਪਣੇ ਪਤੀ ਗੁਰਦੇਵਾਂ ਪਾਸੋਂ ਇਸ ਦਾ ਕਾਰਨ ਪੁੱਛਿਆ, ਤਾਂ ਸਤਿਗੁਰਾਂ ਕਿਹਾ "ਇਸ ਨੂੰ ਤੂੰ ਨਿਗੁਣਾਂ ਨਾ ਸਮਝ, ਇਸ ਨੇ ਤਾਂ ਹਿੰਦੂ ਧਰਮ ਦੀ ਲਾਜ ਰੱਖਣੀ ਹੈ, ਅਨਗਿਣਤ ਲੋਕਾਂ ਨੂੰ ਤਾਰਨਾ ਹੈ ਤੇ ਜ਼ਾਲਮ ਮੁਗਲ ਦੇ ਹੱਥੋਂ ਹਿੰਦੂ ਧਰਮ ਦੀ ਰੱਖਿਆ ਕਰਨੀ ਹੈ। ਇਸ ਤਰ੍ਹਾਂ ਦੇ ਭਵਿੱਖਤ ਬਚਨ ਕਹਿ ਕੇ ਮਾਤਾ ਨਾਨਕੀ ਜੀ ਦਾ ਸੰਸਾ ਨਵਿਰਤ ਕੀਤਾ।

ਸਮਾਂ ਲੰਘਦਿਆਂ ਦੇਰ ਨਹੀਂ ਲਗਦੀ, ਸਤਿਗੁਰਾਂ ਨੇ ਯੋਗ ਜਾਣ ਕੇ ਆਪ ਜੀ ਦਾ ਵਿਆਹ ਲਾਲ ਚੰਦ ਖੱਤਰੀ ਤੇ ਮਾਤਾ ਬਿਸ਼ਨ ਕੁਇਰ ਦੀ ਪੁੱਤਰੀ ਜਗਤ-ਮਾਤਾ ਗੁਜਰੀ ਜੀ ਨਾਲ ਕਰ ਦਿੱਤਾ ਜੋ ਪਹਿਲੇ ਲਖਨੌਰ ਸ਼ਹਿਰ ਦੇ ਵਸਨੀਕ ਸਨ, ਪਰ ਫਿਰ ਕਰਤਾਰਪੁਰ ਵਿਖੇ ਆ ਟਿਕੇ ਸਨ।

ਜੰਗ ਦੀਆਂ ਤਿਆਰੀਆਂ ਸਤਿਗੁਰਾਂ ਨੇ ਗੁਰ-ਗੱਦੀ ਤੇ ਸੁਸ਼ੋਭਤ ਹੁੰਦਿਆਂ ਹੀ ਕਰ ਦਿੱਤੀਆਂ ਅਤੇ ਸਭ ਸਿੱਖ ਸੰਗਤਾਂ ਵਿਚ ਹੁਕਮ ਜਾਰੀ ਕਰ ਦਿੱਤਾ ਸੀ ਕਿ ਸਭ ਸ਼ਸਤ੍ਰ ਪਹਿਨਣ ਤੇ ਸ਼ਸਤ੍ਰ ਘੋੜਿਆਂ ਆਦਿਕ ਦੀ ਹੀ ਭੇਟਾ ਲਿਆਉਣ। ਆਪ ਵੀ ਸਾਹਿਬਾਂ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਸਮਾਂ ਪਾ ਕੇ ਸਤਿਗੁਰਾਂ ਨੇ ਚਾਰ ਬੜੇ ਜੰਗ ਵੀ ਕੀਤੇ।

ਪਹਿਲੀ ਜੰਗ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ, ਜਿਸ ਵਿਚ ਮੁਸਲਮਾਨਾਂ ਨੇ ਸੱਤ ਹਜ਼ਾਰ ਫੌਜ ਇਕੱਠੀ ਕਰ ਕੇ ਧਾਵਾ ਬੋਲਿਆ, ਪਰ ਮੂੰਹ ਦੀ ਖਾਧੀ।

ਦੂਸਰੀ ਜੰਗ ਹਰਿਗੋਬਿੰਦ ਪੁਰੇ* ਦਾ ਨਾਮ ਕਰ ਕੇ ਪ੍ਰਸਿੱਧ ਹੈ ਜਿਸ ਵਿਖੇ ਮੁਸਲਮਾਨ ਪੰਦਰਾਂ ਹਜ਼ਾਰ ਫੌਜ ਲੈ ਕੇ ਆਏ ਪਰ ਏਥੇ ਵੀ ਉਨ੍ਹਾਂ ਨੇ ਹਾਰ ਦਾ ਮੂੰਹ ਵੇਖਿਆ।

ਤੀਸਰੀ ਜੰਗ ਮਾਲਵੇ 'ਗੁਰੂਸਰ' ਮਰਾਜ ਦੇ ਅਸਥਾਨ 'ਤੇ ਹੋਈ। ੩੫ ਹਜ਼ਾਰ ਮੁਸਲਮਾਨੀ ਫੌਜ ਨਾਲ ਡਟ ਕੇ ਮੁਕਾਬਲਾ ਕੀਤਾ ਅਤੇ ਚੌਥੀ ਜੰਗ ਕਰਤਾਰ ਪੁਰ ਸਾਹਿਬ ਵਿਖੇ ਹੋਈ, ਜਿਸ ਵਿਚ ਨਵਾਬ ਪੈਂਦੇ ਖਾਂ ਇਕ ਲੱਖ ਦੇ ਕਰੀਬ ਮੁਸਲਮਾਨੀ ਫੌਜ ਲੈ ਕੇ ਆਇਆ। ਪਰ ਸਤਿਗੁਰਾਂ ਅੱਗੇ ਪੇਸ਼ ਨਾ ਗਈ। ਕਾਫੀ ਮਾਲੀ ਤੇ ਜਾਨੀ ਨੁਕਸਾਨ ਕਰਵਾ ਕੇ ਆਪ ਵੀ ਇਸ ਜੰਗ ਦੀ ਭੇਟ ਹੋ ਗਿਆ।

ਕਰਤਾਰ ਪੁਰ ਸਾਹਿਬ ਦੇ ਜੰਗ ਵਿਖੇ ਸਤਿਗੁਰਾਂ ਦੀ ਆਗਿਆ ਅਨੁਸਾਰ ਆਪ ਜੀ ਨੇ ਵੀ ਹਿੱਸਾ ਲਿਆ। ਇਸ ਤਰ੍ਹਾਂ ਚਾਰ ਵੱਡਿਆਂ ਯੁੱਧ ਜੰਗਾਂ ਵਿਖੇ ਮੁਸਲਮਾਨਾਂ ਨੂੰ ਹਾਰ ਦੇ ਕੇ ਭਜਾ ਦਿੱਤਾ। ਇਸ ਪਿੱਛੋਂ ਮੁਸਲਮਾਨ ਬਾਦਸ਼ਾਹ ਦਾ ਜੰਗ ਕਰਨ ਦਾ ਹੀਆ ਹੀ ਨਾ ਪਿਆ।

ਇਨ੍ਹਾਂ ਹੀ ਦਿਨਾਂ ਵਿਚ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਪਹਾੜੀ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਲਈ ਭੇਜਿਆ ਸੀ, ਜਿਨ੍ਹਾਂ ਨੇ ਸਤਿਗੁਰਾਂ ਦੀ ਆਗਿਆ ਅਨੁਸਾਰ ਦਰਿਆ ਸਤਲੁਜ ਦੇ ਕੰਢੇ ਕੀਰਤਪੁਰ ਸਾਹਿਬ ਨਾਮ ਦਾ ਨਗਰ ਵਸਾਣਾ ਕੀਤਾ। ਬਾਅਦ ਵਿਚ ਸਤਿਗੁਰੂ ਜੀ ਵੀ ਚੌਥੀ ਜੰਗ ਉਪਰੰਤ ਕੀਰਤਪੁਰ ਵਿਖੇ ਹੀ ਪ੍ਰਵਾਰ ਸਮੇਤ ਜਾ ਵਸੇ। ਇਥੇ ਆ ਕੇ ਵੀ ਆਪ ਜੀ ਆਪਣੇ ਪਵਿੱਤਰ ਉਪਦੇਸ਼ ਦੁਆਰਾ ਅਨੇਕਾਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ।

ਜਿਸ ਵੇਲੇ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ, ਆਪਣੇ ਪੋਤਰੇ ਸਤਿਗੁਰੂ ਹਰਿ ਰਾਇ ਸਾਹਿਬ ਜੀ ਨੂੰ, ਗੁਰ-ਗੱਦੀ ਉਪਰ ਬਿਰਾਜਮਾਨ ਕਰਨ ਲੱਗੇ ਤਾਂ ਸੂਰਜ ਮੱਲ ਦੀ ਮਾਤਾ ਮਰਵਾਹੀ ਜੀ ਅਤੇ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਾਤਾ ਨਾਨਕੀ ਜੀ ਨੇ ਆਪੋ ਆਪਣੇ ਪੁੱਤਰ ਨੂੰ ਗੁਰੂ ਬਣਾਉਣ ਦੀ ਮੰਗ ਕੀਤੀ।

ਇਸ ਤੋਂ ਪਹਿਲਾਂ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਪਹਾੜੀਆਂ ਦੀ ਮਰੀ ਹੋਈ ਗਊ ਜਿਵਾਲਣ ਕਰ ਕੇ+ ਅਤੇ ਬਾਬਾ ਅਟੱਲ ਰਾਇ ਜੀ ਅੰਮ੍ਰਿਤਸਰ ਵਿਖੇ ਸੋਇਨੀ ਗੋਤ ਦੇ ਗੁਰਮੁਖ ਨਾਮੇ ਖੱਤ੍ਰੀ ਦੇ ਪੁੱਤਰ ਮੋਹਨ ਨੂੰ ਜ਼ਿੰਦਾ ਕਰਨ ਕਰ ਕੇ, ਪਿਤਾ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਜੋਤੀ-ਜੋਤ ਸਮਾ ਗਏ ਸਨ

---

*ਅੰਮ੍ਰਿਤਸਰ ਤੋਂ ਮਹਿਤਾ ੨੪ ਮੀਲ ਹੈ ਮਹਿਤੇ ਤੋਂ ਹਰਿਗੋਬਿੰਦ ਪੁਰਾ ੯ ਮੀਲ ਹੈ, ਵਟਾਲੇ ਤੋਂ ਮਹਿਤਾ ੧੨ ਮੀਲ ਹੈ, ਬਾਬੇ ਬਕਾਲੇ ਤੋਂ ਮਹਿਤਾ ੧੩ ਮੀਲ ਹੈ।

+ਅਨੰਦਪੁਰ ਤੋਂ ਸਾਢੇ ਪੰਜ ਮੀਲ ਫਾਸਲੇ 'ਤੇ ਖੱਬੇ ਹੱਥ ਸੜਕ ਮੁੜੀਏ ਤਾਂ ਜਿੰਦਵੜੀ ਪਿੰਡ ਆਉਂਦਾ ਹੈ, ਉਥੇ ਗੁਰਦੁਆਰਾ ਹੈ ਜਿਸ ਨਾਲ ੨੫ ਘੁਮਾ ਜ਼ਮੀਨ ਹੈ, ਪਾਣੀ ਦਾ ਛੱਪੜ ਵੀ ਹੈ। ਕੀਰਤਪੁਰੋਂ ਸ਼ਿਕਾਰ ਖੇਡਣ ਲਈ ਬਾਬਾ ਜੀ ਸਿੱਖਾਂ ਸਮੇਤ ਏਥੇ ਆਏ ਸਨ, ਹਰਨ ਸਮਝ ਕੇ ਦੂਰੋਂ ਬਾਣ ਮਾਰ ਦਿੱਤਾ, ਨਜ਼ਦੀਕ ਆ ਕੇ ਦੇਖਿਆ ਤਾਂ ਗਊ ਮਰੀ ਪਈ ਸੀ, ਲੋਕਾਂ ਨੇ ਰੌਲਾ ਪਾ ਦਿੱਤਾ ਤੇ ਆਖਿਆ—''ਗਊ ਜਿਵਾ ਦਿਓ!'' ਉਸ ਵੇਲੇ ਬਾਬਾ ਜੀ ਨੇ ਛੱਪੜ ਤੋਂ ਪਾਣੀ ਮੰਗਵਾ ਕੇ ਜਪੁ ਸਾਹਿਬ ਦਾ ਪਾਠ ਕਰ ਕੇ ਗਊ ਤੇ ਛਿੱਟਾ ਮਾਰਿਆ ਤਾਂ ਗਊ ਉਠ ਖੜੀ ਹੋਈ ਤਦ ਤੋਂ ਇਸ ਦਾ ਨਾਂ 'ਜਿੰਦੜਵੀ' ਹੈ।

ਅਤੇ ਅਣੀਰਾਇ ਜੀ ਮਸਤਾਨੇ ਸੁਭਾਅ ਦੇ ਸਨ, ਉਹ ਆਪਣੇ ਹੀ ਰੰਗ ਵਿਚ ਮਸਤ ਰਹਿੰਦੇ ਸਨ।

ਜਿਸ ਵਕਤ ਇਹਨਾਂ ਦੋਹਾਂ ਮਹਿਲਾਂ ਨੇ ਆਪੋ ਆਪਣਾ ਸੰਕਲਪ ਪ੍ਰਗਟ ਕੀਤਾ ਤਾਂ ਛੇਵੇਂਸਤਿਗੁਰਾਂ ਕਿਹਾ— "ਇਹ ਤਾਂ ਇਲਾਹੀ ਦਾਤ ਹੈ, ਜਿਸ ਨੂੰ ਵਾਹਿਗੁਰੂ ਧੁਰੋਂ ਬਖਸ਼ਦਾ ਹੈ ਉਸੇ ਨੂੰ ਪ੍ਰਾਪਤ ਹੁੰਦੀ ਹੈ।"

ਸਤਿਗੁਰਾਂ ਦੇ ਇਸ ਤਰ੍ਹਾਂ ਦੇ ਅਗੰਮੀ ਖਿਆਲ ਸੁਣ ਕੇ ਮਾਤਾ ਮਰਵਾਹੀ ਜੀ ਨਾ ਸਮਝਦੇ ਹੋਏ ਨਿਰਾਸ਼ ਹੋ ਕੇ ਆਪਣੇ ਪੁੱਤਰ ਸੂਰਜ ਮੱਲ ਤੇ ਹੋਰ ਨਜ਼ਦੀਕੀ ਸਿੱਖ ਸੇਵਕਾਂ ਨੂੰ ਨਾਲ ਲੈ ਕੇ ਸਤਿਗੁਰਾਂ ਨੂੰ ਛੱਡ ਕੇ ਚਲੇ ਗਏ। ਬਾਅਦ ਵਿਚ ਸਤਿਗੁਰਾਂ ਨੇ ਵਿਚਾਰ ਕੇ ਇਕ ਸਿੱਖ ਨੂੰ ਭੇਜ ਕੇ ਸ਼ਹਿਰੋਂ ਬਾਹਰ ਜਾਂਦਿਆਂ ਨੂੰ ਵਾਪਸ ਬੁਲਾ ਕੇ ਸੂਰਜ ਮੱਲ ਨੂੰ ਵੱਖਰਿਆਂ ਕਰ ਕੇ ਕਿਹਾ, 'ਹੇ ਪੁੱਤਰ ਸੂਰਜ ਮੱਲ! ਕੀ ਤੂੰ ਗੁਰੂ ਬਣਨਾ ਚਾਹੁੰਦਾ ਹੈਂ?' ਤਾਂ ਉਸ ਵੇਲੇ ਸੂਰਜ ਮੱਲ ਨੇ ਨਿੰਮਰਤਾ ਨਾਲ ਕਿਹਾ, "ਗਰੀਬ ਨਿਵਾਜ! ਮੈਨੂੰ ਸਿੱਖੀ ਦੀ ਹੀ ਦਾਤ ਬਖਸ਼ੋ।" ਐਸੇ ਬਚਨ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਅਨੇਕਾਂ ਬਖਸ਼ਸ਼ਾਂ ਕੀਤੀਆਂ ਤੇ ਕਿਹਾ— "ਤੇਰੀ ਕੁਲ ਕਲੰਕ ਤੋਂ ਰਹਿਤ ਪੂਜਨੀਕ ਹੋਵੇਗੀ, ਤੇਰੀ ਬੇਅੰਤ ਸਿੱਖੀ ਸੇਵਕੀ ਹੋਵੇਗੀ।"

ਦਸਮ ਪਾਤਸ਼ਾਹ ਜੀ ਦੇ ਅਨੰਦਪੁਰ ਛੱਡਣ ਤੋਂ ਮਗਰੋਂ ਸੂਰਜ ਮੱਲ ਦੇ ਪੋਤਰੇ ਸ਼ਾਮ ਸਿੰਘ ਤੇ ਗੁਲਾਬ ਰਾਇ ਸੰਗਤਾਂ ਪਾਸੋਂ ਆਪਣੀ ਪੂਜਾ ਪ੍ਰਤਿਸ਼ਟਾ ਕਰਵਾਂਦੇ ਰਹੇ ਅਤੇ ਹੁਣ ਤਕ ਉਹਨਾਂ ਦੀ ਬੰਸ ਸ੍ਰੀ ਅਨੰਦਪੁਰ ਸਾਹਿਬ ਵਿਚ ਵਸਦੀ ਹੈ।

ਇਸ ਤੋਂ ਉਪਰੰਤ ਮਾਤਾ ਨਾਨਕੀ ਜੀ ਨੇ ਕਿਹਾ, "ਆਪ ਜੀ ਦਾ ਇਹ ਭੋਲਾ ਭਾਲਾ ਪੁੱਤਰ ਹੈ, ਇਸ ਦੀ ਕਿਸੇ ਨਾਲ ਵਾਕਫੀਅਤ ਵੀ ਨਹੀਂ ਹੈ। ਉਂਜ ਵੀ ਘੱਟ ਬੋਲਦਾ ਹੈ। ਅਸੀਂ ਮਾਂ ਪੁੱਤਰ ਦੋਵੇਂ ਭੁੱਖੇ ਹੀ ਦਿਨ ਗੁਜ਼ਾਰਾਂਗੇ?" ਇਸ ਤਰ੍ਹਾਂ ਦੇ ਬਹੁਤ ਨਿਰਾਸਾ ਦੇ ਸ਼ਬਦ ਸੁਣ ਕੇ ਸਤਿਗੁਰਾਂ ਨੇ ਕਿਹਾ— "ਇਹ ਤਾਂ ਸਾਡੀ ਅੰਸ ਹੈ ਤੇ ਅਸਾਡਾ ਪੁੱਤਰ ਹੈ। ਇਸ ਦੀ ਸੰਗਤ ਕਿਵੇਂ ਮਾਨਤਾ ਨਹੀਂ ਕਰੇਗੀ? ਸਤਿਗੁਰੂ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਘਰਦਿਆਂ ਕੁਤਿਆਂ ਵਿਚ ਵੀ ਕਰਾਮਾਤਾਂ ਹਨ।" ਫਿਰ ਵੀ ਮਾਤਾ ਨਾਨਕੀ ਜੀ ਦੇ ਹਠ ਕਰਨ ਤੇ ਸਤਿਗੁਰਾਂ ਨੇ ਪ੍ਰਸ਼ਾਦਿ ਛਕ ਕੇ ਹੱਥ ਪੁੰਝਣ ਵਾਲਾ ਰੁਮਾਲ ਮਾਤਾ ਜੀ ਦੀ ਝੋਲੀ ਵਿਚ ਸੁਟਦਿਆਂ ਕਿਹਾ, "ਜਾਹ ਨੌਵੀਂ ਥਾਂ ਤੇਰਾ ਪੁੱਤਰ ਗੁਰੂ ਹੋ ਕੇ ਅਨੇਕਾਂ ਦੁਖੀਆਂ ਦੇ ਦੁੱਖਾਂ ਨੂੰ ਹਰੇਗਾ ਅਤੇ ਤੂੰ ਆਪਣੇ ਪੋਤਰੇ ਦਾ ਵੀ ਮੁੱਖ ਦੇਖੇਂਗੀ, ਜੋ ਹਿੰਦ ਧਰਮ ਦਾ ਰਾਖਾ ਹੋ ਕੇ ਪ੍ਰਗਟੇਗਾ ਪਰ ਹੁਣ ਇਕ ਗੱਲ ਹੈ ਕਿ ਸਾਡਾ ਬਚਨ ਮੰਨ ਕੇ ਬਾਬੇ ਬਕਾਲੇ ਵਿਖੇ ਜਾ ਰਹੋ।"

ਇਸ ਤਰ੍ਹਾਂ ਦੇ ਭਵਿੱਖ ਵਾਕ ਸੁਣ ਕੇ ਮਾਤਾ ਨਾਨਕੀ ਜੀ ਆਪਣੇ ਪੁੱਤਰ (ਨੌਵੇਂ ਪਾਤਿਸ਼ਾਹ ਜੀ) ਅਤੇ ਆਪਣੀ ਨੂੰਹ (ਮਾਤਾ ਗੁਜਰੀ ਜੀ) ਨੂੰ ਨਾਲ ਲੈ ਕੇ ਬਾਬੇ ਬਕਾਲੇ ਆਪਣੇ ਪੇਕੇ-ਘਰ ਚਲੇ ਗਏ ਅਤੇ ਉਥੇ ਜੀਵਨ ਗੁਜ਼ਾਰਨ ਲੱਗੇ। ਏਥੇ ਬਾਬਾ ਬਕਾਲੇ ਵਿਖੇ ਹੀ ੪ ਫੁੱਟ ੧੦ ਇੰਚ ਮੁਰੱਬੇ ਵਾਲੇ ਭੋਰੇ ਵਿਖੇ ਬੈਠ ਕੇ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਹੋਰਾਂ ਨੇ ਲਗਾਤਾਰ ੨੬ ਸਾਲ ਤਪ ਕੀਤਾ ਹੈ।

ਇਧਰ ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਬਿਕ੍ਰਮੀ ਸੰਮਤ ੧੬੯੫ ਚੇਤ ਵਦੀ ਪੰਚਮੀ ਨੂੰ ਆਪਣੇ ਪੋਤਰੇ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸਤਿਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰਤਾ ਗੱਦੀ ਉਪਰ ਬਿਰਾਜਮਾਨ ਕਰ ਕੇ ਆਪ ਸੰਮਤ ੧੬੯੫ ਬਿਕ੍ਰਮੀ ਚੇਤ ਸੁਦੀ ਪੰਚਮੀ ਨੂੰ ਕੀਰਤਪੁਰ ਵਿਖੇ*

ਕੀਰਤਪੁਰ ਤੋਂ ਡੇਢ ਮੀਲ ਫਾਸਲੇ ਤੇ 'ਚੰਦਪੁਰ' ਹੈ ਇਥੇ ਸਤਵੇਂ ਪਾਤਿਸ਼ਾਹ ਜੀ ਦਾ ਗੁਰਦੁਆਰਾ ਹੈ, ਇਸ ਜਗ੍ਹਾ ਆਪ ਚੁਮਾਸੇ ਦੇ ਦਿਨ ਬਤੀਤ ਕਰਦੇ ਸਨ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਸ ਜਗ੍ਹਾ ਆਪ ਜੀ ਦੇ ਇਸ਼ਨਾਨ ਵਾਲੀ ਚੌਕੀ ਪਈ ਹੋਈ ਹੈ।

ਜੋਤੀ ਜੋਤਿ ਸਮਾ ਗਏ।

ਸਤਵੇਂ ਪਾਤਿਸ਼ਾਹ ਸਤਿਗੁਰੂ ਹਰਿ ਰਾਇ ਸਾਹਿਬ ਜੀ ਨੇ ਅਨੇਕਾਂ ਜੀਵਾਂ ਨੂੰ ਉਪਦੇਸ਼ ਦੇ ਕੇ ਸੰਸਾਰ ਸਮੁੰਦਰ ਤੋਂ ਤਾਰਨਾਂ ਕੀਤਾ ਅਤੇ ਕਈਆਂ ਗਰੀਬਾਂ ਨੂੰ ਰਾਜ-ਭਾਗ ਦੇ ਵਰ ਦਿੱਤੇ। ਕਈਆਂ ਨੂੰ ਸਿਧੇ ਰਸਤੇ ਪਾਇਆ।

ਆਖਰ ਸੰਮਤ ੧੭੧੮ ਬਿਕ੍ਰਮੀ ਕੱਤਕ ਵਦੀ ਨੌਵੀਂ ਨੂੰ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਗੁਰਤਾ-ਗੱਦੀ 'ਤੇ ਬਿਰਾਜਮਾਨ ਕਰ ਕੇ ਆਪ ਬਿਕ੍ਰਮੀ ਸੰਮਤ ੧੭੧੮ ਕੱਤਕ ਵਦੀ ਨੌਵੀਂ ਨੂੰ ਜੋਤੀ-ਜੋਤ ਸਮਾ ਗਏ।

ਪਿਛੋਂ ਗੁਰਦੇਵ ਪਿਤਾ ਦੇ ਫਿਟਕਾਰੇ ਹੋਏ ਆਪ ਦੇ ਭਾਈ ਰਾਮ ਰਾਇ ਨੇ ਆਪ ਜੀ ਨਾਲ ਈਰਖਾ ਕਰ ਕੇ ਔਰੰਗਜ਼ੇਬ ਦੇ ਕੰਨ ਭਰ ਕੇ ਜੈਪੁਰ ਦੇ ਰਾਜਾ ਜੈ ਸਿੰਘ ਦੀ ਰਾਹੀਂ ਆਪ ਜੀ ਨੂੰ ਦਿੱਲੀ ਬੁਲਵਾਇਆ।

ਜਿਸ ਵਕਤ ਸਤਿਗੁਰੂ ਜੀ ਦਿੱਲੀ ਪੁੱਜੇ ਤਾਂ ਉਥੇ ਹੈਜ਼ੇ ਦੀ ਬਿਮਾਰੀ ਫੈਲੀ ਹੋਈ ਸੀ। ਸਿੱਖ ਸੰਗਤਾਂ ਦੇ ਬੇਨਤੀ ਕਰਨ ਤੇ ਕਿਰਪਾ ਦ੍ਰਿਸ਼ਟੀ ਕਰ ਕੇ ਹੈਜ਼ੇ ਦੀ ਬਿਮਾਰੀ ਦਾ ਨਾਸ ਕੀਤਾ। ਜਿਸ ਕਰ ਕੇ ਸਤਿਗੁਰਾਂ ਦਾ ਪ੍ਰਤਾਪ ਹੋਰ ਵੀ ਵਧ ਗਿਆ। ਬੇਅੰਤ ਸੰਗਤਾਂ ਦਰਸ਼ਨ ਪਰਸਨ ਆਉਣ ਲੱਗ ਪਈਆਂ।

ਇਸ ਤਰ੍ਹਾਂ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਕੀਰਤੀ ਵਧਦੀ ਦੇਖ ਕੇ ਰਾਮ ਰਾਇ ਸਹਾਰ ਨਾ ਸਕਿਆ। ਜਿਸ ਕਰ ਕੇ ਈਰਖਾ ਵੱਸ ਹੋਏ ਨੇ ਕਈ ਨਿਰਾਦਰ ਦੇ ਬਚਨ ਕਹੇ ਤੇ ਇਹ ਵੀ ਕਿਹਾ ਕਿ ਇਹ ਤਾਂ ਅਜੇ ਸੀਤਲਾ ਦਾ ਖਾਜ ਹਨ। ਮੂੰਹੋਂ ਮੂੰਹੀਂ ਇਹ ਗੱਲਾਂ ਸਤਿਗੁਰਾਂ ਪਾਸ ਵੀ ਪੁੱਜ ਗਈਆਂ।

ਉਸ ਵਕਤ ਸਤਿਗੁਰਾਂ ਨੇ ਤਿੰਨ ਬਚਨ ਕਹੇ, ਚਾਹੁੰਦੇ ਤਾਂ ਨਹੀਂ ਸਨ, ਪਰ ਵਿਚਾਰਿਆ ਕਿਤੇ ਸਿੱਖਾਂ ਦੇ ਮਨ ਵਿਚ ਸੰਸਾ ਨਾ ਰਹਿ ਜਾਏ ਕਿ ਸਤਿਗੁਰਾਂ ਵਿਚ ਸ਼ਕਤੀ ਤਾਂ ਹੈ ਨਹੀਂ ਐਵੇਂ ਪਿਤਾ ਨੇ ਆਪਣਾ ਪੁੱਤਰ ਜਾਣ ਕੇ ਛੋਟੀ ਉਮਰ ਵਿਚ ਐਵੇਂ ਹੀ ਗੁਰਗੱਦੀ ਤੇ ਬਿਰਾਜਮਾਨ ਕਰ ਦਿੱਤਾ ਹੈ। ਇਸ ਤਰ੍ਹਾਂ ਦੇ ਸੰਸੇ ਕਰਨ ਕਰ ਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਪਾਤਿਸ਼ਾਹ ਜੀ ਦੇ ਸਿੱਖ ਨਰਕ ਗਾਮੀ ਹੋਣਗੇ।

ਦੂਸਰਾ ਕਾਰਨ ਇਹ ਸੀ ਕਿ ਜਿਸ ਸਮੇਂ ਔਰੰਗਜ਼ੇਬ ਦਾ ਸੱਦਾ ਆਇਆ ਸੀ ਤਾਂ ਸਤਵੇਂ ਪਾਤਿਸ਼ਾਹ ਸਤਿਗੁਰੂ ਹਰਿ ਰਾਇ ਸਾਹਿਬ ਜੀ ਹੋਰਾਂ ਨੇ ਆਪਣੀ ਥਾਂ ਆਪਣੇ ਪੁੱਤਰ ਨੂੰ ਸਰਬ ਸ਼ਕਤੀਆਂ ਦੇ ਕੇ ਦਿੱਲੀ ਭੇਜਿਆ ਸੀ ਤੇ ਕਿਹਾ ਸੀ ਕਿ ਤੁਰਕਾਂ ਅੱਗੇ ਨਿਵਣਾ ਨਹੀਂ ਜੋ ਪੁੱਛਣਗੇ ਨਿਧੜਕ ਹੋ ਕੇ ਉਤਰ ਦੇਵੀਂ। ਅਸੀਂ ਆਪ ਤੇਰੀ ਰਸਨਾ ਤੇ ਨਿਵਾਸ ਕਰਾਂਗੇ। ਭਾਵ ਜੋ ਵੀ ਤੂੰ ਮੂੰਹੋਂ ਬਚਨ ਕਹੇਂਗਾ। ਉਹ ਸਫਲੇ ਹੋਣਗੇ। ਸੋ ਰਸਨਾ ਤੇ ਗੁਰੂ-ਪਿਤਾ ਦਾ ਨਿਵਾਸ ਹੈ ਪਰ ਹਿਰਦੇ ਵਿਚ ਤਾਂ ਈਰਖਾ ਭਾਵ ਹੈ ਅਤੇ

ਤੀਸਰਾ ਕਾਰਨ ਦਸਮ ਪਾਤਸ਼ਾਹ ਜੀ ਦੇ ਅਵਤਾਰ ਹੋਣ ਵਿਚ ਥੋੜਾ ਸਮਾਂ ਹੈ ਇਸ ਕਰ ਕੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਤਾ-ਗੱਦੀ, ਮਿਲਣੀ ਚਾਹੀਦੀ ਹੈ। ਇਸ ਤਰ੍ਹਾਂ ਵਿਚਾਰ ਕਰ ਕੇ ਸਤਿਗੁਰਾਂ ਨੇ ਸਰਾਪ ਰੂਪ ਵਿਚ ਤਿੰਨੇ ਬਚਨ ਕਹੇ ਕਿ ਰਾਮ ਰਾਇ ਬੇ-ਉਲਾਦਾ ਮਰੇਗਾ। ਦੂਸਰਾ ਇਸ ਦੇ ਮਸੰਦ ਹੀ ਇਸ ਨੂੰ ਜਿਉਂਦਿਆਂ ਸਾੜਨਗੇ ਅਤੇ ਜਿਤਨਾਂ ਚਿਰ ਬਾਕੀ ਹੁਣ ਜਿਉਂਦਾ ਰਹੇਗਾ, ਉਤਨਾਂ ਚਿਰ ਈਰਖਾ ਨਾਲ ਹੀ ਸੜਦਾ ਰਹੇਗਾ। ਬਾਅਦ ਵਿਚ ਇਹ ਤਿੰਨੇ ਬਚਨ ਸਫਲ ਹੋਏ। ਭਾਵ ਕੀ ਰਾਮ ਰਾਇ ਬੇ-ਉਲਾਦ ਰਿਹਾ। ਸਾਰੀ ਉਮਰ ਈਰਖਾ ਰੂਪ ਅਗਨੀ ਕਰ ਕੇ ਸੜਦਾ ਰਿਹਾ ਤੇ ਆਪਣੇ ਹੀ ਮਸੰਦਾਂ ਦੇ ਹੱਥੋਂ ਜਿਉਂਦਾ ਸਾੜਿਆ ਗਿਆ।

ਇਧਰ ਸਤਿਗੁਰਾਂ ਨੇ ਸਮਾਂ ਥੋਹੜਾ ਜਾਣ ਕੇ ਆਪਣੇ ਸਰੀਰ ਨੂੰ ਤਿਆਗਣ ਦਾ ਸੰਕਲਪ ਕਰ ਲਿਆ ਤੇ ਆਪਣੇ ਪਵਿੱਤਰ ਸਰੀਰ ਤੇ ਸੀਤਲਾ ਦੇ ਫਲੂਹੇ ਤੇ ਬੁਖਾਰ ਕਰ ਲਿਆ। ਇਸ ਤਰ੍ਹਾਂ ਦੀ ਸਤਿਗੁਰਾਂ ਦੇ ਸਰੀਰ ਦੀ ਨਾਜ਼ੁਕ ਹਾਲਤ ਦੇਖ ਕੇ ਸਾਰੀ ਸੰਗਤ ਉਦਾਸ ਹੋ ਗਈ।

ਸਤਿਗੁਰਾਂ ਨੇ ਕਿਹਾ-ਹੇ ਪਿਆਰੇ ਗੁਰਸਿੱਖੋ! ਅਸੀਂ ਹੁਣ ਸਚ-ਖੰਡ ਵਿਖੇ ਅਕਾਲ ਪੁਰਖ ਵਾਹਿਗੁਰੂ ਪਾਸ ਜਾ ਰਹੇ ਹਾਂ, ਜੋ ਜੋ ਕਿਸੇ ਦਾ ਸੰਕਲਪ ਹੈ ਸੋ ਪੁੱਛ ਲਵੋ। ਉਸ ਵੇਲੇ ਹਰ ਕਿਸੇ ਨੇ ਆਪੋ ਆਪਣਾ ਸੰਕਲਪ ਦੱਸ ਕੇ ਆਪੋ ਆਪਣੇ ਸੰਕਲਪ ਪੂਰੇ ਕੀਤੇ। ਫਿਰ ਸਿੱਖਾਂ ਨੇ ਬੇਨਤੀ ਕੀਤੀ— ਗਰੀਬ ਨਿਵਾਜ! ਆਦਿ ਤੋਂ ਹੀ ਪਹਿਲੇ ਸਤਿਗੁਰੂ ਜੀ ਆਪਣੀ ਥਾਂ ਸੰਗਤ ਨੂੰ ਦੂਸਰੇ ਦੇ ਲੜ ਲਗਾ ਕੇ ਜੋਤੀ ਜੋਤ ਸਮਾਉਂਦੇ ਰਹੇ ਹਨ। ਕਿਰਪਾ ਕਰ ਕੇ ਇਹ ਦੱਸੋ ਕਿ ਆਪ ਜੀ ਸਾਨੂੰ ਕਿਨ੍ਹਾਂ ਦੇ ਲੜ ਲਗਾ ਚਲੇ ਹੋ? ਅਸੀਂ ਕਿਸ ਦੇ ਚਰਨੀਂ ਲਗਣਾ ਕਰੀਏ?

ਇਸ ਤਰ੍ਹਾਂ ਸੰਗਤ ਦੀ ਬੇਨਤੀ ਸੁਣ ਕੇ ਸਤਿਗੁਰਾਂ ਨੇ ਪੰਜ ਪੈਸੇ ਤੇ ਨਾਰੀਅਲ ਸੱਜੇ ਹੱਥ ਪਕੜ ਗੁਰਿਆਈ ਗੱਦੀ 'ਤੇ ਰੱਖ, ਧਿਆਨ ਧਾਰ ਕੇ ਨੌਵੇਂ ਪਾਤਸ਼ਾਹ ਦੀਆਂ ਸੁਰਤੀ ਨਾਲ ਪ੍ਰਕਰਮਾਂ ਕਰ ਕੇ ਮੱਥਾ ਟੇਕ ਕੇ ਗੁਰਤਾ-ਗੱਦੀ ਬਖਸ਼ਦਿਆਂ, ਇਹ ਬਚਨ ਕਹੇ ਕਿ 'ਹੇ ਗੁਰਸਿੱਖੋ!'

'ਬਾਬਾ* ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ ਸੰਗਤਿ ਸਕਲ ਸਮਾਲੇ।'

(ਗੁਰ ਪ੍ਰਤਾਪ ਸੂਰਜ, ਰਾਸਿ ੧੦ ਅੰਸੂ ੫੨)

ਇਤਨੇ ਬਚਨ ਕਹਿ ਕੇ ਸਤਿਗੁਰਾਂ ਨੇ ਬਾਬਾ ਬੁੱਢਾ ਜੀ ਦੀ ਵੰਸ ਵਿਚੋਂ ਛੇਵੀਂ ਜਗ੍ਹਾ ਭਾਈ ਗੁਰਦਿੱਤਾ ਜੀ ਨੂੰ ਇਹ ਗੁਰਿਆਈ ਗੱਦੀ ਦੇ ਚਿੰਨ੍ਹ ਦੇ ਕੇ ਬਾਬੇ ਬਕਾਲੇ ਸਾਹਿਬ ਨੌਵੇਂ ਪਾਤਸ਼ਾਹ ਜੀ ਦੇ ਚਰਨਾਂ ਵਿਖੇ ਭੇਜਿਆ ਅਤੇ ਆਪ ਸੰਮਤ ੧੭੨੧ ਬਿਕ੍ਰਮੀ ਚੇਤਰ ਸੁਦੀ ਚੌਦਸ ਨੂੰ ਜੋਤੀ-ਜੋਤਿ ਸਮਾ ਗਏ।

ਇਧਰ ਜਦ ਭਾਈ ਗੁਰਦਿੱਤਾ ਜੀ ਬਾਬੇ ਬਕਾਲੇ ਸਾਹਿਬ ਸਤਿਗੁਰਾਂ ਦੇ ਚਰਨਾਂ ਵਿਖੇ ਪੁੱਜੇ ਤਾਂ ਅੰਤਰਜਾਮੀ ਸਤਿਗੁਰਾਂ ਨੇ ਸਾਰੀ ਵਾਰਤਾ ਜਾਣ ਕੇ ਅੱਗੋਂ ਉਠ ਕੇ ਸਤਿਕਾਰ ਨਾਲ ਗੁਰਿਆਈ ਗੱਦੀ ਦੇ ਚਿੰਨ੍ਹ ਝੋਲੀ ਪਵਾਦਿਆਂ ਕਿਹਾ-"ਹੇ ਗੁਰਸਿੱਖਾ! ਸਾਨੂੰ ਪ੍ਰਗਟ ਨਹੀਂ ਕਰਨਾ, ਇਸੇ ਅਨੰਦ ਵਿਚ ਹੀ ਰਹਿਣ ਦੇਣਾ।"

ਇਸ ਤਰ੍ਹਾਂ ਬਚਨ ਸੁਣ ਭਾਈ ਗੁਰਦਿੱਤਾ ਜੀ ਨੇ ਹੁਕਮ ਮੰਨਦਿਆਂ ਸੀਸ ਝੁਕਾਇਆ ਅਤੇ ਆਪਣੇ ਨਗਰ ਰਮਦਾਸ ਨੂੰ ਆ ਗਏ। ਇਨ੍ਹਾਂ ਦੇ ਸਪੁੱਤਰ ਅੱਗੇ ਸ੍ਰੀ 'ਰਾਮ ਕੁਇਰ' ਜੀ ਹੋਏ ਹਨ।

**ਛੇਵੇਂ ਪਾਤਸ਼ਾਹ ਜੀ ਦੇ ਤਿੰਨ ਮਹਿਲ ਸਨ- ਮਾਤਾ ਨਾਨਕੀ ਜੀ, ਮਾਤਾ ਦਮੋਦਰੀ ਅਤੇ ਮਾਤਾ ਮਰਵਾਹੀ ਜੀ।*
ਮਾਤਾ ਨਾਨਕੀ ਜੀ ਦੇ ਦੋ ਸਪੁੱਤਰ ਸਨ- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਬਾਬਾ ਅਟੱਲ ਰਾਇ ਸਾਹਿਬ ਜੀ।
ਮਾਤਾ ਦਮੋਦਰੀ ਜੀ ਦੇ ਸਪੁੱਤਰ-ਬਾਬਾ ਗੁਰਦਿੱਤਾ ਜੀ ਤੇ ਬੀਬੀ ਵੀਰੋ ਜੀ ਸਨ।
ਮਾਤਾ ਮਰਵਾਹੀ ਜੀ ਦੇ ਸਪੁੱਤਰ-ਸੂਰਜ ਮਲ ਜੀ ਅਤੇ ਅਣੀਰਾਇ ਜੀ ਸਨ।
ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ- ਗੁਰੂ ਹਰਿ ਰਾਇ ਸਾਹਿਬ ਜੀ ਤੇ ਧੀਰ ਮੱਲ ਜੀ ਸਨ।
ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਸਪੁੱਤਰ- ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਤੇ ਰਾਮ ਰਾਇ ਜੀ ਸਨ।

ਹੁਣ ਵਿਚਾਰ ਇਹ ਹੈ ਕਿ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਸਨ। ਬਾਬਾ ਗੁਰਦਿੱਤਾ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਭਰਾ ਸਨ। ਇਸ ਲਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਆਪ ਜੀ ਬਾਬਾ ਜੀ ਲੱਗੇ। ਇਸੇ ਕਰ ਕੇ ਅੱਠਵੇਂ ਸਤਿਗੁਰਾਂ ਨੇ ਦਿੱਲੀ ਵਿਚ ਸਰੀਰ ਤਯਾਗਦਿਆਂ ਸੰਗਤਾਂ ਨੂੰ ਕਿਹਾ ਸੀ ਕਿ--

"ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ ਸੰਗਤਿ ਸਕਲ ਸਮਾਲੇ।"

www.sikhbookclub.com

ਅੱਠਵੇਂ ਪਾਤਿਸ਼ਾਹ ਸਤਿਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਤੋਂ ਐਸੇ ਬਚਨ ਸੁਣ ਕੇ ਸਭ ਸੰਗਤਾਂ ਬਾਅਦ ਵਿਚ ਬਾਬੇ ਬਕਾਲੇ ਸਾਹਿਬ ਪੁੱਜਣੀਆਂ ਸ਼ੁਰੂ ਹੋ ਗਈਆਂ। ਇਧਰ ਜਿਸ ਜਿਸ ਸੋਢੀ ਨੇ ਸੁਣਿਆਂ, ਓਹੀ ਬਾਬੇ ਬਕਾਲੇ ਆ ਕੇ ਗੁਰੂ ਬਣ ਬੈਠਾ ਅਤੇ ਸੋਢੀਆਂ ਤੋਂ ਇਲਾਵਾ ਕਈ ਹੋਰ ਭੀ ਗੱਦੀਆਂ ਲਗਾ ਕੇ ਬੈਠ ਗਏ। ਸਭ ਨੇ ਸੰਗਤਾਂ ਨੂੰ ਆਪਣੇ ਵੱਲ ਖਿੱਚਣ ਲਈ ਨੁਮਾਇਦੇ ਛੱਡ ਦਿੱਤੇ।

ਬਾਬਾ ਬਕਾਲਾ ਸਾਹਿਬ ਵਿਖੇ ਪੁੱਜ ਕੇ ਇਹੋ ਜਿਹੀ ਆਪੋ ਧਾਪੀ ਦੇਖ ਕੇ ਸੰਗਤਾਂ ਹੈਰਾਨ ਹੋਣ ਲੱਗ ਪਈਆਂ। ਭੋਲੇ ਭਾਲੇ ਤਾਂ ਉਨ੍ਹਾਂ ਦੀਆਂ ਚੋਪੜੀਆਂ ਗੱਲਾਂ ਸੁਣ ਕੇ ਫਸ ਜਾਂਦੇ ਸਨ ਪਰ ਸਿਆਣੇ ਸਿੱਖ ਵਿਚਾਰਨ ਕਿ ਗੁਰੂ ਤਾਂ ਇਕ ਨੇ ਹੀ ਹੋਣਾ ਹੈ, ਬਾਈ ਗੁਰੂ ਕਿਵੇਂ ਹੋ ਸਕਦੇ ਹਨ? ਬਹੁਤ ਸਾਰੀਆਂ ਸਿਦਕੀ ਸਿੱਖ ਸੰਗਤਾਂ ਅਸਲੀ ਗੁਰਾਂ ਦੇ ਦਰਸ਼ਨ ਨਾ ਹੋਣ ਤੇ ਨਿਰਾਸ ਹੀ ਵਾਪਸ ਮੁੜ ਜਾਂਦੀਆਂ ਰਹੀਆਂ ਤੇ ਕੁਝ ਉਡੀਕ ਵਿਚ ਬੈਠੀਆਂ ਰਹੀਆਂ।

ਸਤਿਗੁਰੂ ਜੀ ਭੋਰੇ ਵਿਚ ਹੀ ਸਿੱਖ ਸੰਗਤਾਂ ਦੀਆਂ ਕਾਮਨਾਂ ਪੂਰਨ ਕਰਦੇ ਰਹੇ। ਜਿਥੇ-ਜਿਥੇ ਕੋਈ ਅਰਾਧਦਾ, ਸਤਿਗੁਰੂ ਜੀ ਆਪਣੀ ਰੂਹਾਨੀ ਸ਼ਕਤੀ ਦੁਆਰਾ ਉਸ ਸ਼ਰਧਾਲੂ ਦੀ ਸਹਾਇਤਾ ਕਰ ਕੇ ਔਝੜ ਵਿਚੋਂ ਪਾਰ ਕਰਦੇ, ਪਰ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ।

ਇਨ੍ਹਾਂ ਹੀ ਦਿਨਾਂ ਵਿਚ ਗੁਰੂ-ਘਰ ਦਾ ਸ਼ਰਧਾਲੂ ਅਨਿਨ ਸਿੱਖ ਜ਼ਿਲੇ ਗੁਜਰਾਤ ਦੇ ਟਾਂਡੇ ਨਗਰ ਦੇ ਵਸਨੀਕ, ਸੁਦਾਗਰ ਮੱਖਣ ਸ਼ਾਹ ਲੁਬਾਣਾ ਬੇਅੰਤ, ਮਾਲ ਅਸਬਾਬ ਤੇ ਕੀਮੰਤੀ ਵਸਤਾਂ ਜਹਾਜ਼ ਵਿਚ ਲੱਦ ਕੇ ਪ੍ਰਦੇਸ ਕਿਸੇ ਸਮੁੰਦਰ ਦੇ ਟਾਪੂ ਵਿਖੇ ਵਪਾਰ ਕਰਨ ਵਾਸਤੇ ਗਿਆ। ਥੋੜ੍ਹਾ ਦੂਰ ਜਾ ਕੇ ਹੀ ਦੇਵਨੇਤ ਨਾਲ ਜਹਾਜ਼ ਦੇ ਡੁੱਬਣ ਦਾ ਭੈ ਹੋ ਗਿਆ। ਸਮਾਂ ਨਾਜ਼ਕ ਹੁੰਦਾ ਜਾਂਦਾ ਦੇਖ ਕੇ ਜਹਾਜ਼ ਦੇ ਚਲਾਣ ਵਾਲੇ ਮਲਾਹ ਨੇ ਪੁਕਾਰ ਕੀਤੀ ਕਿ ਸਭ ਆਪੋ ਆਪਣੇ ਗੁਰੂ ਪੀਰ ਦੀ ਅਰਾਧਣਾ ਕਰੋ। ਜਹਾਜ਼ ਹੱਥੋਂ ਬਾਹਰ ਹੁੰਦਾ ਜਾ ਰਿਹਾ ਹੈ, ਮੇਰੇ ਵਸ ਦੀ ਗੱਲ ਨਹੀਂ ਰਹੀ।

ਇਹ ਗੱਲ ਸੁਣ ਕੇ ਇਤਨਾ ਹੋਰ ਕਿਸੇ ਨੂੰ ਭੈ ਨਾ ਹੋਇਆ ਜਿਤਨਾ ਮੱਖਣ ਸ਼ਾਹ ਲੁਬਾਣੇ ਨੂੰ ਫਿਕਰ ਲੱਗ ਗਿਆ ਕਿਉਂਕਿ ਇਸ ਦਾ ਮਾਲ ਬਹੁਤ ਭਰਿਆ ਹੋਇਆ ਸੀ। ਸਾਰੀ ਉਮਰ ਦੀ ਖੱਟੀ ਕਮਾਈ ਦੇ ਇਲਾਵਾ ਜਾਨ ਦਾ ਵੀ ਖਤਰਾ ਪੈ ਗਿਆ। ਉਸ ਵੇਲੇ ਲੱਗਾ ਬੇਨਤੀਆਂ ਕਰਨ-

ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥

ਇਸ ਤਰ੍ਹਾਂ ਇਕਾਗਰ ਮਨ ਹੋ ਕੇ ਮੱਖਣ ਸ਼ਾਹ ਨੇ ਸਤਿਗੁਰਾਂ ਦੇ ਚਰਨਾਂ ਵਿਚ ਸੁਰਤ ਜੋੜ ਕੇ ਬੇਨਤੀਆਂ ਕੀਤੀਆਂ। ਬਿਹਬਲ ਹੋ ਉਠਿਆ ਤੇ ਮੰਨਤ ਮੰਨੀ ਕਿ ਐਸੇ ਵੇਲੇ ਜੋ ਵੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਪਾਤਿਸ਼ਾਹ ਜੀ ਦੀ ਗੱਦੀ ਉਪਰ ਗੁਰੂ ਸ਼ਸ਼ੋਭਤ ਹਨ, ਉਹ ਮੇਰੀ ਰੱਖਿਆ ਕਰਨ। ਮੈਂ ਉਸ ਜੋਤੀ ਸਰੂਪ ਸ੍ਰੀ ਗੁਰੂ ਨਾਨਕ ਰੂਪ ਗੁਰਾਂ ਦੇ ਪਵਿੱਤਰ ਚਰਨ ਕਮਲਾਂ ਵਿਚ ਪੰਜ ਸੌ ਮੋਹਰਾਂ ਤੋਂ ਇਲਾਵਾ ਦਸਵੰਧ ਭੇਟ ਕਰਾਂਗਾ। ਇਸ ਤਰ੍ਹਾਂ ਮੱਖਣ ਸ਼ਾਹ ਲੁਬਾਣਾ ਬੇਨਤੀਆਂ ਕਰਦਾ ਕਰਦਾ ਸਤਿਗੁਰਾਂ ਦੇ ਚਰਨਾਂ ਦੇ ਧਿਆਨ ਵਿਚ ਲੀਨ ਹੋ ਗਿਆ।

ਇਧਰ ਉਸ ਦੀਆਂ ਪ੍ਰੇਮ ਰੂਪੀ ਤਾਰਾਂ ਨੇ ਭੋਰੇ ਵਿਚ ਬੈਠੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਮਾਧੀ ਹਿਲਾ ਦਿੱਤੀ। ਉਸ ਵੇਲੇ ਸਤਿਗੁਰਾਂ ਨੇ ਸਿੱਖ ਦੀ ਅਤਿਅੰਤ ਸ਼ਰਧਾ ਸਹਿਤ ਦੀਨ ਮਨ ਹੋਏ ਦੀਆਂ ਬੇਨਤੀਆਂ ਸੁਣ ਕੇ ਬਾਬੇ ਬਕਾਲੇ ਸਾਹਿਬ ਭੋਰੇ ਵਿਚ ਬੈਠਿਆਂ ਹੀ ਆਪਣੀ ਰੂਹਾਨੀ ਸ਼ਕਤੀ ਦੁਆਰਾ ਆਪਣਾ ਮੋਢਾ ਸਮੁੰਦਰ ਵਿਖੇ ਜਹਾਜ਼ ਥੱਲੇ ਦੇ ਕੇ ਜਹਾਜ਼ ਨੂੰ ਪਾਰ ਕੀਤਾ।

ਜਹਾਜ਼ ਪਾਰ ਹੋਇਆ ਸੁਣ ਕੇ ਅੱਖਾਂ ਖੋਹਲੀਆਂ। ਸਤਿਗੁਰਾਂ ਦੀ ਅਪਾਰ ਬਖਸ਼ਸ਼ ਦੇਖ ਕੇ ਮਨ ਗਦ-ਗਦ ਹੋ ਗਿਆ। ਪੁਨਾ ਸਤਿਗੁਰਾਂ ਦੀ ਓਟ ਲੈ ਕੇ ਵਪਾਰ ਕੀਤਾ, ਬੇਅੰਤ ਮਾਇਆ ਖੱਟੀ। ਮਾਲ ਅਸਬਾਬ ਸਾਰਾ ਵੇਚ ਕੇ ਚੋਖਾ ਧਨ ਖੱਟ ਕੇ ਵਾਪਸ ਆਪਣੇ ਸੂਰਮਿਆਂ ਸਮੇਤ ਸਮੁੰਦਰ ਪਾਰ ਕਰ ਕੇ ਪਹਿਲੇ ਖਿਆਲ ਅਨੁਸਾਰ ਦਿੱਲੀ ਪੁੱਜਾ। ਦਿੱਲੀ ਪੁੱਜ ਕੇ ਸਿੱਖਾਂ ਪਾਸੋਂ ਪੁੱਛਿਆਂ "ਗੁਰੂ ਸਾਹਿਬ ਜੀ ਕਿਥੇ ਬਿਰਾਜਮਾਨ ਹਨ ਤੇ ਐਸੇ ਵੇਲੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ 'ਤੇ ਕੌਣ ਸ਼ਸ਼ੋਭਤ ਹਨ?"

ਸਿੱਖਾਂ ਨੇ ਕਿਹਾ— "ਹੇ ਭਾਈ ਗੁਰਸਿੱਖਾਂ! ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਰੂਪ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਸਨ, ਜੋ ਇਥੇ ਦਿੱਲੀ ਵਿਚ ਹੀ ਜੋਤੀ-ਜੋਤ ਸਮਾ ਗਏ ਹਨ ਪਰ ਅੰਤਮ ਸਮੇਂ ਸਿੱਖ ਸੰਗਤਾਂ ਦੇ ਬੇਨਤੀ ਕਰਨ ਤੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਇਤਨਾ ਬਚਨ ਕਹਿ ਗਏ ਹਨ ਕਿ—

'ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ ਸੰਗਤਿ ਸਕਲ ਸਮਾਲੇ।'

ਇਤਨਾ ਬਚਨ ਕਹਿ ਤਾਂ ਗਏ ਹਨ ਪਰ ਹਾਲੀ ਤਕ ਗੁਰੂ ਸਾਹਿਬ ਜੀ ਪ੍ਰਗਟ ਨਹੀਂ ਹੋਏ।"

ਜਿਸ ਵੇਲੇ ਮੱਖਣ ਸ਼ਾਹ ਨੇ ਸੁਣਿਆਂ 'ਬਾਬਾ ਬਸੇ ਬਕਾਲੇ' ਸਤਿਗੁਰੂ ਜੀ ਇਸ ਵੇਲੇ ਬਕਾਲੇ ਸਾਹਿਬ ਵਿਖੇ ਨਿਵਾਸ ਕਰ ਰਹੇ ਹਨ ਤਾਂ ਉਸੀ ਵੇਲੇ ਤਿਆਰ ਹੋ ਪਿਆ। ਮਨ ਵਿਖੇ ਸ਼ਰਧਾ ਪ੍ਰੇਮ ਦੀ ਨਿਊਨਤਾ ਨਹੀਂ ਲਿਆਂਦੀ ਕਿ ਚਲੋ ਜਦੋਂ ਗੁਰੂ ਜੀ ਪ੍ਰਗਟ ਹੋਣਗੇ ਉਸ ਵੇਲੇ ਜਾ ਕੇ ਭੇਟਾ ਹਾਜ਼ਰ ਕਰ ਆਵਾਂਗੇ। ਨਾਲੇ ਅੱਜ ਕੱਲ੍ਹ ਦਾ ਸਿੱਖ ਥੋੜ੍ਹਾ ਸੀ। ਇਧਰ ਤਾਂ ਪਿਆਰ ਸੀ, ਕੋਈ ਅਲੌਕਿਕ ਦਰਸ਼ਨ ਦਾ ਵਲਵਲਾ ਸੀ। ਉਸੇ ਵੇਲੇ ਦਿੱਲੀਓਂ ਡੇਰਾ ਚੁੱਕ ਕੇ ਬਾਬੇ ਬਕਾਲੇ ਸਾਹਿਬ ਵੱਲ ਚੱਲ ਪਿਆ। ਰਾਤ ਦਿਨ ਇਕ ਕਰ ਕੇ ਪੈਂਡਾ ਮੁਕਾਅ, ਬਾਬੇ ਬਕਾਲੇ ਸਾਹਿਬ ਆ ਕੇ ਡੇਰਾ ਲਗਾ ਦਿੱਤਾ। ਭਾਵ ਖੁਲ੍ਹਾ ਮੈਦਾਨ ਦੇਖ ਕੇ ਤੰਬੂ ਲਗਾ ਦਿਤੇ।

ਇਧਰ ਜਿਸ ਵਕਤ ਪਖੰਡੀ ਗੁਰੂਆਂ ਨੇ ਸੁਣਿਆਂ ਕਿ ਇਕ ਸ਼ਾਹੂਕਾਰ ਸਿੱਖ ਦਰਸ਼ਨਾਂ ਵਾਸਤੇ ਆਇਆ ਹੈ ਤਾਂ ਹਰ ਇਕ ਨੇ ਉਸ ਨੂੰ ਆਪਣੇ ਵੱਲ ਖਿੱਚਣ ਲਈ ਆਪੋ ਆਪਣਿਆਂ ਨੁਮਾਇੰਦਿਆਂ ਨੂੰ ਭੇਜਿਆ। ਉਹਨਾਂ ਨੁਮਾਇੰਦਿਆਂ ਨੇ ਮੌਕਾ ਪਾ ਕੇ ਵਾਰੋ-ਵਾਰੀ ਆਪੋ ਆਪਣੇ ਗੁਰੂ ਦੀ ਸਿਫਤ ਕੀਤੀ ਤੇ ਦਰਸ਼ਨ ਕਰਨ ਲਈ ਮੱਖਣ ਸ਼ਾਹ ਲੁਬਾਣੇ ਨੂੰ ਪ੍ਰੇਰਿਆ। ਮੱਖਣ ਸ਼ਾਹ ਵੀ ਇਸ ਸਭ ਕੁਝ ਨੂੰ ਦੇਖ ਕੇ ਹੈਰਾਨ ਰਹਿ ਗਿਆ ਅਤੇ ਸੋਚਦਾ ਹੈ ਇਤਨੇ ਗੁਰੂ ਕਿਥੋਂ ਆ ਗਏ? ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਤਾਂ ਇਕ ਹੀ ਗੁਰੂ ਚਲਿਆ ਆ ਰਿਹਾ ਹੈ ਤੇ ਇਹ ਕਿੰਨੇ ਹੀ ਗੁਰੂ ਬਣੀ ਬੈਠੇ ਹਨ। ਨਾਲੇ ਪੂਰਾ ਗੁਰੂ ਇਸ ਤਰ੍ਹਾਂ ਨੁਮਾਇੰਦੇ ਤਾਂ ਨਹੀਂ ਭੇਜਦਾ ਕਿ ਆ ਕੇ ਮੇਰਾ ਦਰਸ਼ਨ ਕਰੋ। ਸਿੱਖ ਤਾਂ ਆਪ ਹੀ ਗੁਰੂ ਦੀ ਸ਼ਰਨ ਜਾਂਦਾ ਹੈ। ਮਨ ਵਿਚ ਸੰਸਾ ਹੋ ਗਿਆ ਕਿ ਇਹਨਾਂ ਵਿਚੋਂ ਕੋਈ ਵੀ ਪੂਰਾ ਗੁਰੂ ਨਹੀਂ ਹੈ। ਐਵੇਂ ਸੰਗਤਾਂ ਪਾਸੋਂ ਮਾਇਆ ਬਟੋਰਨ ਲਈ ਗੁਰੂ ਬਣੀ ਬੈਠੇ ਹਨ। ਇਸ ਤਰ੍ਹਾਂ ਦੋ ਤਿੰਨ ਦਿਨ ਹੋ ਗਏ ਹਰ ਕਿਸੇ ਦੇ ਨੁਮਾਇੰਦੇ ਆਉਂਦੇ, ਉਹ ਆ ਕੇ ਆਪਣੇ ਗੁਰੂ ਦੀ ਵਡਿਆਈ ਤੇ ਦੂਸਰਿਆਂ ਦੀ ਨਿਖੇਧੀ ਕਰਦੇ।

ਆਖਰ ਇਕ ਦਿਨ ਮੱਖਣ ਸ਼ਾਹ ਲੁਬਾਣਾ ਅਸਲ ਗੁਰਾਂ ਦੇ ਦਰਸ਼ਨਾਂ ਲਈ ਬਿਹਬਲ ਹੋ ਉਠਿਆ ਤੇ ਵਿਚਾਰਿਆ ਚਲੋ ਚੱਲ ਕੇ ਦਰਸ਼ਨ ਕਰਦਾ ਹਾਂ। ਦੋ ਦੋ ਮੋਹਰਾਂ ਰੱਖੀ ਜਾਵਾਂਗਾ ਜਿਸ ਨੇ ਸਹਾਇਤਾ ਕੀਤੀ ਹੋਵੇਗੀ ਉਹ ਆਪ ਹੀ ਆਪਣੀ ਸਾਰੀ ਭੇਟਾ ਮੰਗ ਲਵੇਗਾ।

ਇਸ ਤਰ੍ਹਾਂ ਦੀ ਵਿਚਾਰ ਕਰ ਕੇ ਮੱਖਣ ਸ਼ਾਹ ਲੁਬਾਣਾ ਕੁਝ ਕੁ ਸਿਪਾਹੀਆਂ ਨੂੰ ਨਾਲ ਲੈ ਕੇ ਡੇਰਿਓਂ ਚੱਲ

www.sikhbookclub.com

ਪਿਆ। ਇਧਰ ਦਰਸ਼ਨਾਂ ਵਾਸਤੇ ਆਉਂਦਾ ਜਾਣ ਕੇ ਸਭ ਆਪੋ ਆਪਣੀਆਂ ਮੰਜੀਆਂ ਲਗਾ ਕੇ ਗੁਰੂ ਬਣ ਬੈਠੇ ਅਤੇ ਧੀਰ ਮੱਲ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਪ੍ਰਕਾਸ਼ ਕਰ ਕੇ ਬੈਠ ਗਿਆ। ਮੱਖਣ ਸ਼ਾਹ ਲੁਬਾਣੇ ਨੇ ਆਪਣੇ ਸੰਕਲਪ ਅਨੁਸਾਰ ਹਰ ਕਿਸੇ ਦੇ ਅੱਗੇ ਦੋ ਦੋ ਮੋਹਰਾਂ ਰੱਖ ਰੱਖ ਕੇ ਮੱਥਾ ਟੇਕਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ ਪਰ ਕਿਸੇ ਨੇ ਵੀ ਪੰਜ ਸੌ ਮੋਹਰ ਨਾ ਮੰਗੀ ਅਤੇ ਨਾ ਹੀ ਇਸ ਨੇ ਆਪਣੇ ਆਪ ਦਿੱਤੀ। ਬੜੀ ਉਦਾਸੀ ਨਾਲ ਭਰਿਆ ਆਪਣੇ ਡੇਰੇ ਪੁੱਜ ਕੇ ਸੋਚਾਂ ਦੇ ਸਮੁੰਦਰ ਵਿਚ ਗੋਤੇ ਖਾਣ ਲੱਗਾ: ਹੇ ਵਾਹਿਗੁਰੂ! ਇਹ ਕੀ ਭਾਣਾ ਵਰਤਾਇਆ ਜੇ? ਮੇਰੇ ਕਿਤਨੇ ਖੋਟੇ ਭਾਗ ਹਨ ਜੋ ਪੂਰਨ ਗੁਰਾਂ ਦੇ ਦਰਸ਼ਨ ਨਹੀਂ ਹੋ ਰਹੇ। ਕੀ ਗੁਰਾਂ ਦੇ ਬਚਨ ਝੂਠੇ ਹਨ ਕਿ--'ਬਾਬਾ ਬਸਹਿ ਬਕਾਲੇ।' ਨਹੀਂ ਨਹੀਂ, ਮੇਰੇ ਹੀ ਮੰਦੇ ਭਾਗ ਹਨ ਜੋ ਅਜੇ ਤਕ ਦਰਸ਼ਨ ਨਹੀਂ ਹੋਏ। ਸਤਿਗੁਰਾਂ ਦੇ ਬਚਨ ਝੂਠੇ ਨਹੀਂ ਜਾ ਸਕਦੇ, ਜ਼ਰੂਰ ਪੂਰਨ ਗੁਰੂ ਇਥੇ ਕਿਤੇ ਲੁਕੇ ਬੈਠੇ ਹਨ।

ਇਸ ਤਰ੍ਹਾਂ ਵਿਚਾਰਾਂ ਕਰਦਿਆਂ ਰਾਤ ਨੀਂਦ ਨਹੀਂ ਪਈ। ਸਮੇਂ ਤੋਂ ਪਹਿਲੇ ਹੀ ਉਠ ਕੇ ਸੋਚ ਆਦਿਕ ਕਰ ਕੇ ਇਸ਼ਨਾਨ ਕੀਤਾ ਫੇਰ ਨਿਤਨੇਮ ਕਰ ਕੇ ਅਰਦਾਸਾ ਸੋਧਿਆ ਤੇ ਇਹ ਪ੍ਰਣ ਕਰ ਲਿਆ ਕਿ ਜਦ ਤਕ ਸਤਿਗੁਰਾਂ ਦੇ ਦਰਸ਼ਨ ਨਹੀਂ ਹੋਣਗੇ ਤਦ ਤਕ ਅੰਨ-ਜਲ ਨਹੀਂ ਛਕਣਾ। ਮਨ ਬਿਹਬਲ ਹੋ ਉਠਿਆ ਬਾਰ-ਬਾਰ ਵਾਹਿਗੁਰੂ ਅੱਗੇ ਪੂਰਨ ਗੁਰਾਂ ਦੇ ਮਿਲਾਪ ਦੀਆਂ ਬੇਨਤੀਆਂ ਕਰਨ ਲੱਗਾ।

ਬਸ ਫਿਰ ਕੀ ਸੀ, ਪਹੁ ਫੁਟਦੇ ਹੀ ਕਿਸੇ ਨੂੰ ਦੱਸੇ ਬਗੈਰ ਨੰਗੀਂ ਪੈਰੀਂ ਇਕੱਲਾ ਬਾਵਲਾ ਹੋਇਆ ਪੂਰਨ ਗੁਰਾਂ ਦੀ ਭਾਲ ਵਿਚ ਆਪਣੇ ਡੇਰਿਓਂ ਚੱਲ ਪਿਆ। ਗਲੀਆਂ ਬਾਜ਼ਾਰਾਂ ਵਿਚ ਲੋਕਾਂ ਪਾਸੋਂ ਪੁੱਛਦਾ ਫਿਰਦਾ ਹੈ ਕਿ ਇਥੇ ਇਨ੍ਹਾਂ ਬਾਈਆਂ ਤੋਂ ਇਲਾਵਾ ਹੋਰ ਵੀ ਕੋਈ ਸੋਢੀ ਹੈ? ਇਸ ਤਰ੍ਹਾਂ ਪੁੱਛਦਾ ਪੁਛਾਂਦਾ ਭੋਰੇ ਵਾਲੇ ਅਸਥਾਨ ਦੇ ਨਾਲ ਦੀ ਗਲੀ ਵਿਚ ਜਾ ਪੁੱਜਾ। ਬੱਚੇ ਖੇਡ ਰਹੇ ਸਨ, ਉਨ੍ਹਾਂ ਪਾਸ ਪੁੱਜ ਕੇ ਪੁੱਛ-ਗਿਛ ਕੀਤੀ ਤਾਂ ਇਕ ਲੜਕੇ ਨੇ ਕਿਹਾ— ''ਹਾਂ ਜੀ! ਇਕ 'ਤੇਗਾ' ਨਾਮ ਕਰ ਕੇ ਅਲਮਸਤ ਸੋਢੀ ਫਕੀਰ ਭੋਰੇ ਵਿਚ ਰਹਿੰਦਾ ਹੈ। ਇਕ ਉਹਨਾਂ ਦੀ ਮਾਤਾ ਜੀ ਤੇ ਉਹਨਾਂ ਦੀ ਘਰ ਵਾਲੀ ਹੈ। ਕਿਸੇ ਨਾਲ ਘੱਟ ਵੱਧ ਹੀ ਬੋਲਦੇ ਹਨ।''

ਮੱਖਣ ਸ਼ਾਹ ਲੁਬਾਣਾ ਉਧਰ ਹੀ ਚੱਲ ਪਿਆ। ਇਧਰ ਹਿੰਦੂ ਧਰਮ ਦੇ ਰਾਖੇ ਘਟ-ਘਟ ਦੇ ਜਾਣਨਹਾਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਾਣ ਲਿਆ ਕਿ ਹੁਣ ਉਹ ਸਮਾਂ ਆ ਗਿਆ ਹੈ। ਜਿਸ ਤੋਂ ਅਸੀਂ ਸਦਾ ਸੰਕੋਚ ਕਰਦੇ ਆਏ ਸਾਂ ਸਿੱਖ ਵੀ ਪੂਰਨ ਸਿਦਕੀ ਹੈ, ਸਚਾਈ ਦੇਖੇ ਬਿਨਾਂ ਪਤੀਜੇਗਾ ਨਹੀਂ। ਹੁਣ ਜੇਕਰ ਇਸ ਨੂੰ ਆਪਣਾ ਆਪ ਨਾ ਜਣਾਇਆ ਤਾਂ ਇਸ ਦੇ ਮਨ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਘਰ ਦੀ ਸ਼ਰਧਾ ਘਟਦੀ ਹੈ ਕਿ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਝੂਠਾ ਬਚਨ ਉਚਾਰਿਆ ਹੈ ਬਾਬਾ ਤਾਂ ਬਕਾਲੇ ਵਿਖੇ ਹੈ ਹੀ ਕੋਈ ਨਹੀਂ। ਇਸ ਤਰ੍ਹਾਂ ਗੁਰਾਂ ਉਪਰ ਸੰਸਾ ਕਰਨ ਕਰ ਕੇ ਸਾਡਾ ਸਿੱਖ ਨਰਕ ਗਾਮੀ ਹੋਵੇਗਾ।

ਇਸ ਤਰ੍ਹਾਂ ਦੇ ਵਿਚਾਰ ਕਰ ਹੀ ਰਹੇ ਸਨ ਕਿ ਪੂਰਨ ਗੁਰਾਂ ਦੀ ਭਾਲ ਕਰਦਾ ਹੋਇਆ ਮੱਖਣ ਸ਼ਾਹ ਲੁਬਾਣਾ ਭੋਰੇ ਪਾਸ ਆ ਪਹੁੰਚਾ। ਅੰਦਰ ਜਾ ਕੇ ਪਵਿੱਤਰ ਮੂਰਤੀ ਦੇ ਦਰਸ਼ਨ ਕਰ ਕੇ ਮਨ ਵਿਚ ਕੁਝ ਧੀਰਜ ਹੋਇਆ। ਦੋ ਮੋਹਰਾਂ ਅੱਗੇ ਰੱਖ ਕੇ ਚਰਨਾਂ ਉਪਰ ਮੱਥਾ ਟੇਕਿਆ।

ਉਸ ਵੇਲੇ ਪਰਉਪਕਾਰ ਨੂੰ ਮੁੱਖ ਰੱਖਦਿਆਂ ਹੋਇਆਂ ਅਤੇ ਗੁਰਸਿੱਖੀ ਦੀ ਫੁਲਵਾੜੀ ਨੂੰ ਮਹਿਕਾਉਣ ਲਈ ਮੱਖਣ ਸ਼ਾਹ ਲੁਬਾਣੇ ਦੇ ਮੱਥੇ ਟੇਕ ਕੇ ਉਠਣ ਪਰ ਹਜ਼ੂਰ ਨੇ ਫੁਰਮਾਇਆ— ''ਹੇ ਭਾਈ ਗੁਰਸਿੱਖਾ! ਅੱਗੇ ਹੋ ਕੇ ਸਾਡੇ ਮੋਢੇ ਵੱਲ ਤਾਂ ਦੇਖ, ਜਹਾਜ਼ ਡੁੱਬਣ ਸਮੇਂ ਭਾਂ ਹਾੜੇ ਕਢਦਾ ਸੈਂ ਤੇ ਪੰਜ ਸੌ ਮੋਹਰ ਦਸਵੰਧ ਦੇ ਸਹਿਤ

ਦੇਣੀ ਮੰਨੀ ਸੀ ਤੇ ਹੁਣ ਦੋ ਮੋਹਰਾਂ ਦੇ ਕੇ ਖਹਿੜਾ ਛੁਡਾਉਂਦਾ ਹੈਂ? ਗੁਰੂ ਮਾਇਆ ਦਾ ਭੁੱਖਾ ਨਹੀਂ ਪਰ ਸਿੱਖ ਨੂੰ ਵੀ ਆਪਣੇ ਕੌਲ-ਕਰਾਰ 'ਤੇ ਪੂਰਾ ਰਹਿਣਾ ਚਾਹੀਦਾ ਹੈ।''

ਏਹ ਬਚਨ ਸੁਣਦਿਆਂ ਸਾਰ ਕਈਆਂ ਦਿਨਾਂ ਦਾ ਰੋਕਿਆ ਮੱਖਣ ਸ਼ਾਹ ਦੇ ਵੈਰਾਗ ਦਾ ਸੋਮਾ ਫੁੱਟ ਪਿਆ। ਪ੍ਰੇਮ ਵਿਖੇ ਗਦ-ਗਦ ਹੋਇਆ। ਸਤਿਗੁਰਾਂ ਦੇ ਚਰਨ ਕੰਵਲਾਂ ਨਾਲ ਭਉਰੇ ਦੀ ਨਿਆਂਈ ਲਿਪਟ ਗਿਆ। ਇਤਨਾ ਰੋਇਆ ਜੁ ਸਤਿਗੁਰਾਂ ਦੇ ਚਰਨ ਧੋ ਦਿਤੇ। ਆਪਾ ਭੁੱਲ ਗਿਆ। ਤਿਸ ਵੇਲੇ ਸਤਿਗੁਰਾਂ ਨੇ ਪਿਠ 'ਤੇ ਹੱਥ ਫੇਰਦਿਆਂ ਪਿਆਰ ਦੇ ਕੇ ਉਠਾਇਆ ਅਤੇ ਕਿਹਾ, ''ਹੇ ਗੁਰਸਿੱਖਾ! ਤੇਰੀ ਸ਼ਰਧਾ ਪੂਰੀ ਹੋਈ ਹੈ ਪਰ ਤੂੰ ਸਾਨੂੰ ਪ੍ਰਗਟ ਨਹੀਂ ਕਰਨਾ। ਇਸੇ ਅਨੰਦ ਵਿਚ ਹੀ ਮਗਨ ਰਹਿਣ ਦੇਵੀਂ। ਜੇਕਰ ਤੂੰ ਸਾਨੂੰ ਪਰਗਟ ਕਰੇਂਗਾ ਤਾਂ ਅਸੀਂ ਤੇਰਾ ਮੂੰਹ ਕਾਲਾ ਕਰ ਦਿਆਂਗੇ।''

ਇਸ ਤਰ੍ਹਾਂ ਦੇ ਸਤਿਗੁਰਾਂ ਪਾਸੋਂ ਬਚਨ ਸੁਣ ਕੇ ਦਰਸ਼ਨ ਪਰਸਨ ਕਰ ਕੇ ਮੱਖਣ ਸ਼ਾਹ ਆਪਣੇ ਡੇਰੇ ਗਿਆ। ਮਨ ਵਿਖੇ ਉਤਸ਼ਾਹ ਹੈ, ਸੋਚਦਾ ਹੈ ਕਿ ਸਤਿਗੁਰਾਂ ਨੂੰ ਕੀ ਖੇਚਲ ਦੇਣੀ ਹੈ ਆਪੇ ਮੂੰਹ ਕਾਲਾ ਕਰ ਲੈਂਦਾ ਹਾਂ। ਆਪਣੇ ਡੇਰੇ ਵਿਚ ਪੁੱਜ ਕੇ ਸਾਰੀ ਤਿਆਰੀ ਕਰ ਕੇ ਮਾਤਾ ਸਾਹਿਬ, ਮਾਤਾ ਨਾਨਕੀ ਜੀ ਪਾਸ ਪੁੱਜ ਕੇ ਲੰਗਰ ਵਿਚੋਂ ਤਵਾ ਲੈ ਕੇ ਮੂੰਹ ਕਾਲਾ ਕਰ ਲਿਆ। ਗੁਰ ਚਰਨਾਂ ਦਾ ਭਉਰਾ ਰਹਿ ਨਾ ਸਕਿਆ ਕਿ ਸੰਗਤ ਦੰਭੀ ਗੁਰੂਆਂ ਦੇ ਹੱਥੋਂ ਤਕਲੀਫਾਂ ਸਹਾਰੇ। ਗਲੀਆਂ ਬਾਜ਼ਾਰਾਂ ਵਿਖੇ ਗਲ ਢੋਲ ਪਾਈ ਉਚੀ-ਉਚੀ ਅਵਾਜਾ ਦੇਈ ਜਾਂਦਾ ਹੈ,

''ਗੁਰੂ ਦੀ ਪਿਆਰੀਏ ਭੋਲੀਏ ਸੰਗਤੇ! ਸਾਚੋ ਗੁਰ ਲਾਧੋ, ਸਾਚੋ ਗੁਰ ਲਾਧੋ।'

ਜਿਸ ਜਿਸ ਨੇ ਵੀ ਇਹ ਸੁਣਿਆਂ ਇਕ ਵਾਰੀ ਸਭਨਾਂ ਦਾ ਮਨ ਖਿੜ ਗਿਆ ਅਤੇ ਸਭ ਸੰਗਤਾਂ ਹੁੰਮ-ਹੁਮਾ ਕੇ ਦੱਸੇ ਅਸਥਾਨ 'ਤੇ ਪੁਜਣੀਆਂ ਸ਼ੁਰੂ ਹੋ ਗਈਆਂ। ਕੀਰਤਨ ਕਰਦਿਆਂ ਗੁਰੂ ਜਸ ਉਚਾਰਦੀਆਂ ਵਹੀਰਾਂ ਘੱਤੀ ਆਉਣੀਆਂ ਆਰੰਭ ਹੋ ਗਈਆਂ।

ਫੇਰ ਮੱਖਣ ਸ਼ਾਹ ਲੁਬਾਣੇ ਨੇ ਉਸੇ ਹਾਲਤ ਵਿਚ ਭਾਵ ਮੂੰਹ ਕਾਲੇ ਨਾਲ ਹੀ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ ਲਈ ਬੇਨਤੀ ਕੀਤੀ। ਸਤਿਗੁਰੂ ਜੀ ਆਪਣੇ ਭਗਤ ਦੇ ਪ੍ਰੇਮ ਰੂਪੀ ਬੰਧਨਾਂ ਵਿਚ ਬਝ ਗਏ। ਸਿੱਖ ਦਾ ਪੂਰਨ ਸਿਦਕ ਦੇਖ ਕੇ ਤਿਸ ਦੀਆਂ ਬੇਨਤੀਆ ਨੂੰ ਪਰਵਾਨ ਕਰ ਲਿਆ, ਤਦ ਮੱਖਣ ਸ਼ਾਹ ਨਵੀਂ ਪੁਸ਼ਾਕ ਤਿਆਰ ਕਰਵਾ ਕੇ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਇਆ। ਤਿਸ ਵੇਲੇ ਗੁਰੂ ਜੀ ਉਨ੍ਹਾਂ ਬਸਤ੍ਰਾਂ ਨੂੰ ਪਾ ਕੇ ਗੁਰਤਾ-ਗੁੱਦੀ ਉਪਰ ਸ਼ੁਸ਼ੋਭਤ ਹੋਏ। ਉਸ ਸਮੇਂ ਸਭਨਾਂ ਨੂੰ ਦਰਸ਼ਨ ਦਿਦਾਰੇ ਦਿੱਤੇ ਤੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਉਪਦੇਸ਼ ਦੇ ਕੇ ਨਿਹਾਲ ਕੀਤਾ।

ਉਸ ਵੇਲੇ ਮੱਖਣ ਸ਼ਾਹ ਲੁਬਾਣੇ ਨੇ ਪੰਜ ਸੌ ਸੂਰਵੀਰਾਂ ਸਮੇਤ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਪੰਜ ਸੌ ਮੋਹਰ ਤੇ ਦਸਵੰਧ ਤੋਂ ਇਲਾਵਾ ਬੇਅੰਤ ਹੀਰੇ ਜਵਾਹਰਾਤ ਆਦਿ ਭੇਟਾ ਕੀਤੇ। ਜਿਹੜੀਆਂ ਸੰਗਤਾਂ ਉਡੀਕ ਲਾਈ ਬੈਠੀਆਂ ਸਨ ਉਹਨਾਂ ਸਭਨਾਂ ਨੇ ਭੇਟਾ ਅਰਪਣ ਕੀਤੀਆਂ। ਧਨ ਪਦਾਰਥਾਂ ਦੇ ਢੇਰ ਲੱਗ ਗਏ। ਜਿਹੜੀਆਂ ਥੋੜ੍ਹੀਆਂ ਬਹੁਤੀਆਂ ਸੰਗਤਾਂ ਦੂਸਰੇ ਦੰਭੀ ਗੁਰੂਆਂ ਵੱਲ ਭੁੱਲ ਭੁਲੇਖੇ ਗਈਆਂ ਸਨ ਉਹ ਵੀ ਪਰਤ ਆਈਆਂ।

ਜਿਵੇਂ ਸੂਰਜ ਦੇ ਚੜ੍ਹਨ ਕਰ ਕੇ ਤਾਰੇ ਅਲੋਪ ਹੋ ਜਾਂਦੇ। ਹੁਣ ਉਨ੍ਹਾਂ ਪਖੰਡੀ ਗੁਰੂਆਂ ਨੂੰ ਪੁੱਛਦਾ ਹੀ ਕੋਈ ਨਹੀਂ। ਸਭਨਾਂ ਦੇ ਮਨ ਵਿਚ ਈਰਖਾ ਦੀ ਚਵਾਤੀ ਲੱਗ ਗਈ ਪਰ ਕਿਸੇ ਦੀ ਪੇਸ਼ ਨਾ ਜਾਏ। ਅੰਦਰੋਂ-ਅੰਦਰੀਂ ਸਭ ਸੜਦੇ ਸਨ। ਹੁਣ ਤਾਂ ਧੀਰ ਮੱਲ ਨੂੰ ਵੀ ਕੋਈ ਨਹੀਂ ਸੀ ਪੁਛਦਾ। ਧੀਰ ਮੱਲ ਨੇ ਆਪਣੀ ਸਾਰੀ ਪੂਜਾ

ਪ੍ਰਤਿਸ਼ਟਾ ਅਭਾਵ ਹੋਈ ਦੇਖ ਕੇ ਈਰਖਾ ਖਾਧੀ।

ਸਮਾਂ ਪਾ ਕੇ "ਸੀਹੇ ਮਸੰਦ" ਨੇ ਧੀਰ ਮੱਲ ਦੇ ਇਸ਼ਾਰੇ ਅਨੁਸਾਰ ਹੋਰ ਕਈਆਂ ਨੂੰ ਨਾਲ ਲੈ ਕੇ ਮੱਖਣ ਸ਼ਾਹ ਦੀ ਗੈਰ ਹਾਜ਼ਰੀ ਵਿਚ ਸਤਿਗੁਰਾਂ ਦੇ ਘਰ ਜਾ ਕੇ ਸਭ ਧਨ ਪਦਾਰਥ ਲੁੱਟ ਲਿਆਂਦਾ ਪਰ ਸ਼ਾਂਤ ਮੂਰਤੀ ਸਤਿਗੁਰਾਂ ਨੇ ਉਸ ਨੂੰ ਕੁਝ ਨਾ ਕਿਹਾ।

ਪਰ ਜਦੋਂ ਮੱਖਣ ਸ਼ਾਹ ਲੁਬਾਣੇ ਨੂੰ ਮਾਤਾ ਨਾਨਕੀ ਜੀ ਪਾਸੋਂ ਇਸ ਗੱਲ ਦਾ ਪਤਾ ਲੱਗਾ ਤਾਂ ਸਹਿ ਨਾ ਸਕਿਆ। ਉਸੇ ਵਕਤ ਪੰਜ ਸੌ ਸਵਾਰ ਸੂਰਮੇਂ ਨਾਲ ਲੈ ਕੇ "ਧੀਰ ਮੱਲ" ਦੇ ਘਰ ਤੇ ਭੁੱਖੇ ਸ਼ੇਰ ਦੀ ਨਿਆਂਈ ਟੁੱਟ ਪਿਆ। ਉਸ ਦਾ ਸਾਰਾ ਘਰ ਬਾਰ ਲੁੱਟ ਲਿਆਂਦਾ। ਪਾਵਨ ਬੀੜ ਵੀ ਚੁਕਵਾ ਲਈ। ਇਸ ਤੋਂ ਇਲਾਵਾ ਸਭਨਾਂ ਨੂੰ ਕਰੜੀ ਤਾੜਨਾ ਕੀਤੀ। "ਸ਼ੀਹੇ ਮਸੰਦ" ਦੀਆਂ ਮੁਸ਼ਕਾਂ ਬੰਨ੍ਹ ਕੇ ਚੰਗੀ ਮਾਰ ਵੀ ਕੀਤੀ ਤੇ ਮੌਤ ਦਾ ਭੈ ਦਿੱਤਾ। ਧੀਰ ਮੱਲ ਨੂੰ ਬਹੁਤ ਲਾਹਨਤਾਂ ਪਾਈਆਂ ਤੇ ਕਿਹਾ "ਹੈ ਤਾਂ ਤੂੰ ਗੁਰੂ ਅੰਸ ਵਿਚੋਂ ਪਰ ਕੰਮ ਤੇਰੇ ਚੰਡਾਲਾਂ ਵਾਲੇ ਹਨ। ਇਸ ਮਾਇਆ ਪਿਛੇ ਗੁਰੂ-ਘਰ ਨਾਲ ਵੈਰ ਕਮਾਂਦਾ ਹੈਂ। ਤੈਨੂੰ ਤਾਂ ਸ਼ਰਮ ਵਿਖੇ ਡੁੱਬ ਮਰਨਾ ਚਾਹੀਦਾ ਸੀ ਕਿ ਮੈਂ ਇਹ ਕੀ ਕੁਕਰਮ ਕਰਨ ਲੱਗਾ ਹਾਂ।"

ਇਸ ਤਰ੍ਹਾਂ ਮੱਖਣ ਸ਼ਾਹ ਲੁਬਾਣੇ ਨੇ ਸਭ ਕੁਝ ਵਾਪਸ ਲਿਆ ਕੇ ਗੁਰੂ ਸਾਹਿਬ ਜੀ ਦੇ ਘਰ ਪਹੁੰਚਾ ਦਿੱਤਾ। ਪਰ ਜਿਸ ਵੇਲੇ ਵੈਰਾਗ ਮੂਰਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੋਰਾਂ ਨੂੰ ਪਤਾ ਲੱਗਾ ਤਾਂ ਇਹ ਬਚਨ ਕਿਹਾ, "ਹੇ ਭਾਈ ਗੁਰਸਿੱਖਾ! ਇਹ ਸਾਰੇ ਝਗੜੇ ਮਾਇਆ ਕਰ ਕੇ ਹੀ ਹਨ। ਨਾਲੇ ਅਸੀਂ ਮਾਇਆ ਨੂੰ ਕੀ ਕਰਨਾ ਹੈ। ਸੋ ਤੂੰ ਵਾਪਸ ਜੀ ਕੇ ਧੀਰ ਮੱਲ ਨੂੰ ਹੀ ਦੇ ਆ।"

ਮੱਖਣ ਸ਼ਾਹ ਇਸ ਤਰ੍ਹਾਂ ਕਰਨਾ ਤਾਂ ਨਹੀਂ ਸੀ ਚਾਹੁੰਦਾ ਕਿ ਗੁਰੂ-ਘਰ ਦੀ ਮਾਇਆ ਗੁਰ ਨਿੰਦਕ ਦੇ ਘਰ ਜਾਵੇ ਪਰ ਸਤਿਗੁਰਾਂ ਦਾ ਬਚਨ ਵੀ ਨਹੀਂ ਸੀ ਮੋੜ ਸਕਦਾ। ਹੋਰ ਤਾਂ ਸਭ ਪਦਾਰਥ ਵਾਪਸ ਕਰ ਦਿੱਤਾ ਪਰ ਮਾਤਾ ਨਾਨਕੀ ਜੀ ਦੇ ਬਹੁਤ ਕਹਿਣ ਤੇ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਪਵਿੱਤਰ ਹੱਥਾਂ ਦੀ ਨਿਸ਼ਾਨੀ ਜਾਣ ਕੇ 'ਪਾਵਨ ਬੀੜ' ਰੱਖ ਲਈ।

ਕੁਝ ਸਮਾਂ ਪਾ ਕੇ ਮੱਖਣ ਸ਼ਾਹ ਲੁਬਾਣੇ ਨੇ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ, "ਹੇ ਗਰੀਬ ਨਿਵਾਜ ਜੀ! ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਦੇ ਦਰਸ਼ਨ ਕੀਤਿਆਂ ਮੈਨੂੰ ਕਾਫੀ ਸਮਾਂ ਹੋ ਗਿਆ ਹੈ, ਸੋ ਹੁਣ ਕਿਰਪਾ ਕਰ ਕੇ ਆਗਿਆ ਦਿਓ ਜੋ ਜਾ ਕੇ ਦਰਸ਼ਨ ਕਰ ਆਵਾਂ। ਤਾਂ ਸਤਿਗੁਰਾਂ ਕਿਹਾ— "ਹੇ ਗੁਰਸਿੱਖਾਂ! ਸਾਡੀ ਵੀ ਕਾਫੀ ਦੇਰ ਤੋਂ ਖਾਹਸ਼ ਸੀ ਪਰ ਜਾਣ ਦਾ ਸਮਾਂ ਨਹੀਂ ਮਿਲਿਆ, ਚੱਲ ਅਸੀਂ ਵੀ ਜਾ ਕੇ ਦਰਸ਼ਨ ਕਰ ਆਉਂਦੇ ਹਾਂ।" ਤਿਸ ਵੇਲੇ ਹੋਰ ਵੀ ਬੇਅੰਤ ਸੰਗਤਾਂ ਨਾਲ ਜਾਣ ਲਈ ਤਿਆਰ ਹੋ ਪਈਆਂ।

ਇਸ ਤਰ੍ਹਾਂ ਸਤਿਗੁਰਾਂ ਦੀ ਛਤਰ ਛਾਇਆ ਹੇਠ ਬੇਅੰਤ ਸੰਗਤਾਂ ਸਮੇਤ ਮੱਖਣ ਸ਼ਾਹ ਲੁਬਾਣਾ ਸ੍ਰੀ ਗੁਰੂ ਰਾਮਦਾਸ ਪਾਤਿਸ਼ਾਹ ਜੀ ਦੇ ਦਰਬਾਰ ਦੇ ਦਰਸ਼ਨ ਲਈ ਬਾਬੇ ਬਕਾਲੇ ਸਾਹਿਬ ਤੋਂ ਅੰਮ੍ਰਿਤਸਰ ਵੱਲ ਚੱਲ ਪਈਆਂ।

ਜਿਸ ਵਕਤ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੇ ਸਤਿਗੁਰਾਂ ਦਾ ਆਉਣਾ ਸੁਣਿਆਂ ਤਾਂ ਮਨ ਵਿਚ ਸੰਸਾ ਕੀਤਾ ਕਿ ਕਿਤੇ ਅੰਦਰ ਆ ਕੇ ਬੈਠ ਹੀ ਨਾ ਜਾਣ ਜਿਸ ਕਰ ਕੇ ਸਾਡੀ ਪੂਜਾ ਪ੍ਰਤਿਸ਼ਟਾ ਤੇ ਉਦਰ ਪੂਰਨਾ ਜਾਂਦੀ ਹੀ ਨਾ ਰਹੇ। ਇਸ ਤਰ੍ਹਾਂ ਦੇ ਸੰਸੇ ਮਨ ਵਿਚ ਉਤਪੰਨ ਹੋਣ ਕਰ ਕੇ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ।

ਅੰਤਰਜਾਮੀ ਸਤਿਗੁਰਾਂ ਨੇ ਪੁਜਾਰੀਆਂ ਦੀ ਇਹ ਖੋਟੀ ਕਰਤੂਤ ਜਾਣ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਪਾਸ ਗੁਰਦੁਆਰਾ ਥੜਾ ਸਾਹਿਬ ਵਾਲੇ ਅਸਥਾਨ ਤੇ ਬੈਠ ਕੇ ਉਥੋਂ ਹੀ ਨਮਸਕਾਰ ਕਰ ਕੇ ਮੱਖਣ ਸ਼ਾਹ ਲੁਬਾਣੇ ਨੂੰ ਕਿਹਾ ਕਿ ਅਸੀਂ ਅੱਗੇ ਚਲਦੇ ਹਾਂ ਤੂੰ ਕੜਾਹ ਪ੍ਰਸ਼ਾਦਿ ਕਰਵਾ ਕੇ ਅੰਦਰ ਨਮਸਕਾਰ ਕਰ ਕੇ ਆ ਜਾਵੀਂ।

ਇਤਨਾ ਕਹਿ ਕੇ ਸਤਿਗੁਰੂ ਜੀ ਇਕੱਲੇ ਹੀ ਚਲਦੇ-ਚਲਦੇ ਗੁਰਦੁਆਰਾ ਦਮਦਮਾ ਸਾਹਿਬ ਆ ਕੇ ਸਾਹ ਲਿਆ। ਇਤਨੇ ਨੂੰ ਪਤਾ ਲੱਗਣ ਤੇ ਅੰਮ੍ਰਿਤਸਾਰ ਦੀਆਂ ਮਾਈਆਂ ਨੂੰ ਜੋ ਕੁਝ ਵੀ ਘਰੋਂ ਮਿਲਿਆ, ਉਹੀ ਵਸਤੂ ਲੈ ਕੇ ਗੁਰੂ ਜੀ ਦੇ ਪਿੱਛੇ-ਪਿੱਛੇ ਦੌੜਦੀਆਂ ਆਈਆਂ। ਮਾਈਆਂ ਨੂੰ ਆਉਂਦਿਆਂ ਵੇਖ ਕੇ ਗੁਰੂ ਸਾਹਿਬ ਜੀ ਉਥੋਂ ਚੱਲ ਕੇ ਕੋਠੇ ਸਾਹਿਬ ਆ ਠਹਿਰੇ। ਮਾਈਆਂ ਵੀ ਮਗਰ-ਮਗਰ ਪਹੁੰਚ ਗਈਆਂ ਤੇ ਗੁਰੂ ਸਾਹਿਬ ਜੀ ਅੱਗੇ ਭੇਟਾ ਰੱਖ ਕੇ ਮੱਥਾ ਟੇਕਿਆ। ਉਹਨਾਂ ਦੇ ਪ੍ਰੇਮ ਨੂੰ ਵੇਖ ਕੇ ਹਜ਼ੂਰ ਨੇ ਫੁਰਮਾਇਆ-

'ਮਾਈਆਂ ਰੱਬ ਰਜਾਈਆਂ॥'

ਇਧਰੋਂ ਮੱਖਣ ਸ਼ਾਹ ਲੁਬਾਣਾ ਵੀ ਇਸ਼ਨਾਨ ਕਰ ਕੇ ਸ਼ਰਧਾ ਸਹਿਤ ਕੜਾਹ ਪ੍ਰਸ਼ਾਦਿ ਕਰਵਾ ਕੇ ਅੰਦਰ ਜਾ ਕੇ ਨਮਸਕਾਰ ਕਰ ਕੇ ਸਤਿਗੁਰਾਂ ਦੇ ਦੱਸੇ ਰਸਤੇ ਅਨੁਸਾਰ ਪੈਰਾਂ ਦੇ ਨਿਸ਼ਾਨ ਦੇਖਦਾ-ਦੇਖਦਾ ਆਪਣੇ ਜਥੇ ਸਮੇਤ ਕੋਠੇ ਸਾਹਿਬ ਆ ਪੁੱਜਾ।

ਇਤਨੇ ਨੂੰ ਪੁਜਾਰੀ ਭੀ ਆਪਣੀ ਭੁੱਲ ਮਹਿਸੂਸ ਕਰਦੇ ਹੋਏ ਆ ਗਏ। ਚਰਨੀਂ ਡਿੱਗ ਪਏ ਤੇ ਲੱਗੇ ਅਰਦਾਸਾਂ ਕਰਨ, ''ਹੇ ਪ੍ਰਭੂ! ਸਾਡੇ ਕੀਤੇ ਗੁਨਾਹ ਨੂੰ ਬਖਸ਼ ਲਓ, ਕਿਰਪਾ ਦ੍ਰਿਸ਼ਟੀ ਕਰੋ, ਅਸੀਂ ਅੰਮ੍ਰਿਤਸਰੀਏ ਜੁ ਹੋਏ।''

ਸਤਿਗੁਰਾਂ ਨੇ ਕਿਹਾ, ''ਹੇ ਮਸੰਦੋ! ਤੁਸੀਂ ਅੰਮ੍ਰਿਤਸਰੀਏ* ਨਹੀਂ, ਜੇਕਰ ਅੰਮ੍ਰਿਤਸਰੀਏ ਹੁੰਦੇ ਤਾਂ ਸਾਡੇ ਆਇਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰਬਾਰ ਦੇ ਦਰਵਾਜ਼ੇ ਬੰਦ ਨਾ ਕਰਦੇ। ਤੁਸੀਂ ਤਾਂ ਮਾਇਆ ਦੀ ਤ੍ਰਿਸ਼ਨਾ ਤੇ ਈਰਖਾ-ਬਖੀਲੀ ਕਰ ਕੇ ਅੰਦਰੋਂ ਸੜੇ ਹੋਏ ਜੇ। ਤੁਹਾਡੇ ਅੰਦਰ ਭਾਂ ਇਹ ਤੌਖਲਾ ਸੀ ਕਿ ਮਤਾਂ ਅੰਦਰ ਆ ਕੇ ਬੈਠ ਨਾ ਜਾਣ? ਸਾਡੀ ਮਾਨ ਪ੍ਰਤਿਸ਼ਟਾ ਪੂਜਾ ਜਾਂਦੀ ਨਾ ਰਹੇ। ਸਾਡੀ ਅਭਿਲਾਸ਼ਾ ਨਾ ਜਾਣੀ ਕਿ ਅਸੀਂ ਤਾਂ ਕੇਵਲ ਦਰਸ਼ਨਾਂ ਲਈ ਆਏ ਹਾਂ ਨਾ ਕਿ ਗੁਰੂ ਬਣ ਕੇ ਬੈਠਣ ਲਈ, ਤੁਸੀਂ ਇਹ ਵਿਚਾਰਿਆ ਹੀ ਨਾ। ਮਾਇਆ ਦੇ ਮੋਹ ਕਰ ਕੇ ਭਰਮ ਵਿਚ ਹੀ ਭੁੱਲੇ ਰਹੇ।'' ਇਸ ਤਰ੍ਹਾਂ ਮਸੰਦਾਂ ਨੂੰ ਸ਼ੁਭ ਸਿੱਖਿਆ ਦੇ ਕੇ ਸਿਧੇ ਰਸਤੇ ਪਾਇਆ ਤੇ ਵਰ ਦਿੱਤਾ:''ਜੋ ਇਸ ਅਸਥਾਨ 'ਤੇ ਇਸ ਦਿਨ ਆ ਕੇ ਸ਼ਰਧਾ ਸਹਿਤ ਦਰਸ਼ਨ-ਪਰਸਨ ਕਰਦਾ ਗੁਰੂ ਜਸ ਕਰੇਗਾ ਉਸ ਨੂੰ ਸ਼ਾਂਤੀ ਦੀ ਪ੍ਰਾਪਤੀ ਹੋਵੇਗੀ।+'' ਦਰਸ਼ਨ-ਪਰਸਨ ਕਰ ਕੇ ਜਦ ਅੰਮ੍ਰਿਤਸਰ ਦੀਆਂ ਸੰਗਤਾਂ ਚਲੀਆਂ ਗਈਆਂ ਤਾਂ ਮੱਖਣ ਸ਼ਾਹ ਲੁਬਾਣੇ ਦੇ ਬਾਕੀ ਦੇ ਸੂਰਮੇਂ ਵੀ ਪੁੱਜ

**ਲੋਕਾਂ ਵਿਚ ਇਹ ਗਲਤ ਵਿਚਾਰ ਬੈਠੀ ਹੋਈ ਹੈ ਕਿ ਸਤਿਗੁਰਾਂ ਨੇ ਸਾਰੇ ਅੰਮ੍ਰਿਤਸਰੀਆਂ ਨੂੰ ਸਰਾਪ ਦਿੱਤਾ ਹੈ, ਪਰ ਅਜਿਹਾ ਨਹੀਂ ਕਿਹਾ, ਸਾਹਿਬਾਂ ਨੇ ਸਿਰਫ ਮਸੰਦਾਂ ਨੂੰ ਸਰਾਪ ਦਿੱਤਾ ਹੈ। ਜਿਵੇਂ ਭਾਈ ਸੰਤੋਖ ਜੀ ਲਿਖਦੇ ਹਨ:-*

''ਨਹਿੰ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸ਼ਨਾਗਨ ਕੇ ਅੰਤਰ ਸਰੀਏ।''

ਜੇਕਰ ਵਿਚਾਰ ਕੇ ਦੇਖੀਏ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਖੁਦ ਆਪ ਅੰਮ੍ਰਿਤਸਰੀਏ ਸਨ। ਆਪ ਜੀ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਅੰਮ੍ਰਿਤਸਰੀਏ ਸਨ। ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਅਤੇ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵੀ ਅੰਮ੍ਰਿਤਸਰੀਏ ਸਨ। ਦੱਸੋ ਭਲਾ ਗਰੀਬ ਨਿਵਾਜ਼ ਸਮੁੱਚੇ ਅੰਮ੍ਰਿਤਸਰੀਆਂ ਨੂੰ ਸਰਾਪ ਕਿਵੇਂ ਦੇ ਸਕਦੇ ਸਨ? ਸੋ ਇਹ ਨਿਸਚੇ ਹੈ ਕਿ ਸਤਿਗੁਰਾਂ ਨੇ ਪੁਜਾਰੀਆਂ (ਮਸੰਦਾਂ) ਨੂੰ ਹੀ ਸਰਾਪ ਦਿੱਤਾ ਹੈ।

+ਇਥੇ ਮਾਘ ਦੀ ਪੁੰਨਿਆਂ ਨੂੰ ਹਰੇਕ ਸਾਲ ਬੜਾ ਭਾਰੀ ਮੇਲਾ ਲਗਦਾ ਹੈ।

ਗਏ। ਤਿਸ ਵੇਲੇ ਸਤਿਗੁਰਾਂ ਦੇ ਹੁਕਮ ਅਨੁਸਾਰ ਵੱਲੇ ਸਾਹਿਬੋਂ ਚਾਲੇ ਪਾ ਦਿੱਤੇ ਗਏ। ਚਲਦੇ-ਚਲਦੇ ਫਿਰ ਬਾਬਾ ਬਕਾਲੇ ਸਾਹਿਬ ਆ ਗਏ। ਸਤਿਗੁਰੂ ਜੀ ਦੇ ਆਉਣ ਤੇ ਫਿਰ ਪਾਖੰਡੀ ਗੁਰੂ ਸੜ-ਬਲ ਗਏ। ਧੀਰਮੱਲ ਦੇ ਦੁਸ਼ਟ ਮਸੰਦ ਸ਼ੀਹੇਂ ਨੇ ਬਾਹਰ ਸੈਰ ਗਿਆਂ 'ਤੇ ਗੋਲੀ ਵੀ ਚਲਾਈ ਪਰ ਦੁਸ਼ਟ ਦਾ ਵਾਰ ਖਾਲੀ ਗਿਆ। ਭਲਾ ਤ੍ਰਿਲੋਕੀ ਦੇ ਮਾਲਕ ਦਾ ਕੌਣ ਵਾਲ ਵਿੰਗਾ ਕਰ ਸਕਦਾ ਸੀ?

ਇਸ ਤਰ੍ਹਾਂ ਬਾਬੇ ਬਕਾਲੇ ਸਾਹਿਬ ਈਰਖਾ ਵਧਦੀ ਦੇਖ ਕੇ ਸਤਿਗੁਰੂ ਜੀ ਅਗਲਾ ਸਮਾਂ ਵਿਚਾਰ ਕੇ ਬਾਬੇ ਬਕਾਲੇ ਨੂੰ ਛੱਡਣ ਦਾ ਵਿਚਾਰ ਕਰਕੇ ਚੱਲ ਪਏ। ਉਸ ਵੇਲੇ ਮੱਖਣ ਸ਼ਾਹ ਲੁਬਾਣੇ ਨੇ ਇਕ ਖਾਸੇ (ਪਾਲਕੀ) ਵਿਚ ਸਤਿਗੁਰਾਂ ਨੂੰ ਬੈਠਾ ਕੇ ਅੱਗੇ ਭੇਜ ਦਿੱਤਾ ਅਤੇ ਦੂਸਰੇ ਖਾਸੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਿਰਾਜਮਾਨ ਕਰ ਕੇ ਲੈ ਤੁਰਿਆ। ਜਿਸ ਵੇਲੇ ਚਲਦੇ-ਚਲਦੇ ਬਿਆਸ ਨਦੀ ਪਾਸ ਪੁੱਜੇ ਤਾਂ ਸਤਿਗੁਰੂ ਜੀ ਖਾਸੇ ਤੋਂ ਬਾਹਰ ਨਿਕਲੇ। ਬਾਹਰ ਆ ਕੇ ਜਿਸ ਵਕਤ ਦੂਸਰਾ ਖਾਸਾ ਆਉਂਦਾ ਦੇਖਿਆ ਤਾਂ ਪਾਸ ਖੜੇ ਸਿੱਖਾਂ ਪਾਸੋਂ ਪੁੱਛਿਆ ਇਸ ਦੂਸਰੇ ਖਾਸੇ ਵਿਚ ਕੀ ਹੈ? ਸਿੱਖਾਂ ਨੇ ਹੱਥ ਜੋੜ ਧੀਰ ਮੱਲ ਵਾਲੀ ਸਾਰੀ ਵਾਰਤਾ ਕਹਿ ਸੁਣਾਈ ਕਿ ਹੇ ਗੁਰਦੇਵ ਪਿਤਾ! ਮੱਖਣ ਸ਼ਾਹ ਲੁਬਾਣੇ ਨੇ ਆਪ ਜੀ ਕਹੇ ਅਨੁਸਾਰ ਹੋਰ ਤਾਂ ਸਾਰਾ ਮਾਲ ਧਨ ਦੇ ਦਿੱਤਾ ਸੀ ਪਰ ਮਾਤਾ ਸਾਹਿਬ ਮਾਤਾ ਨਾਨਕੀ ਜੀ ਦੇ ਮਜਬੂਰ ਕਰਨ ਤੇ ਪਾਵਨ ਬੀੜ ਨਹੀਂ ਸੀ ਦਿੱਤੀ। ਓਹੀ ਪਾਵਨ ਬੀੜ ਖਾਸੇ ਵਿਚ ਰੱਖ ਕੇ ਸਿੱਖ ਚੁੱਕੀ ਲਿਆ ਰਹੇ ਹਨ।

ਉਸ ਵੇਲੇ ਸਤਿਗੁਰਾਂ ਨੇ ਭਵਿੱਖਤ ਨੂੰ ਵਿਚਾਰਦਿਆਂ ਕਿਹਾ ਕਿ ਇਹ ਬੀੜ ਕਰਤਾਰਪੁਰ ਹੀ ਰਹਿਣੀ ਚਾਹੀਦੀ ਹੈ ਅਸੀਂ ਨਾਲ ਨਹੀਂ ਲਿਜਾਣੀ। ਸੋ ਇਹ ਧੀਰ ਮੱਲ ਪਾਸ ਪਹੁੰਚਾਣੀ ਚਾਹੀਦੀ ਹੈ। ਉਸ ਵੇਲੇ ਸਤਿਗੁਰਾਂ ਨੇ ਥੋੜ੍ਹਾ ਸਮਾਂ ਜਾਣ ਕੇ ਬਿਆਸਾ ਨਦੀ ਨੂੰ ਸੌਂਪਦਿਆਂ ਕਿਹਾ, "ਹੇ ਨਦੀਏ! ਇਸ ਬੀੜ ਨੂੰ ਤੂੰ ਆਪਣੇ ਪਾਸ ਅਮਾਨਤ ਰੱਖ, ਜਿਸ ਵੇਲੇ ਧੀਰ ਮੱਲ ਆਵੇਗਾ, ਉਸ ਨੂੰ ਦੇ ਦੇਵੀ।"

ਇਸ ਤਰ੍ਹਾਂ ਕਹਿ ਕੇ ਮੰਜੀ ਸਾਹਿਬ ਸਮੇਤ ਪਾਵਨ ਬੀੜ ਨਦੀ ਨੂੰ ਸੌਂਪ ਦਿੱਤੀ ਜਿਸ ਕਰ ਕੇ ਮਗਰੋਂ ਸਤਿਗੁਰਾਂ ਦੇ ਭੇਜੇ ਰਾਹੀ ਦੇ ਸੁਨੇਹੇ ਤੇ ਧੀਰ ਮੱਲ ਟੋਬੇ ਲੈ ਕੇ ਆਇਆ ਬੜਾ ਯਤਨ ਕੀਤਾ ਪਰ ਬੀੜ ਹੱਥ ਨਾ ਆਈ। ਫੇਰ ਅੱਠਾਂ ਪਾਤਸ਼ਾਹੀਆਂ ਤਕ ਅਰਦਾਸ ਕੀਤੀ, ਪਰ ਫਿਰ ਵੀ ਸਫਲਤਾ ਨਾ ਹੋਈ। ਬਾਅਦ ਵਿਚ ਉਸੇ ਰਾਹੀ ਦੇ ਕਹਿਣ ਤੇ ਨੌਂ ਪਾਤਿਸ਼ਾਹੀਆਂ ਤਕ ਅਰਦਾਸਾ ਸੋਧ ਕੇ ਟੋਬੇ ਨਦੀ ਵਿਚ ਵਾੜੇ ਤਾਂ ਬੀੜ ਹੱਥ ਆਈ, ਤਦ ਬੜੀਆਂ ਖੁਸ਼ੀਆਂ ਮਨਾਈਆਂ ਅਤੇ ਆਪਣੀ ਮੰਨਤ ਅਨੁਸਾਰ ਕੜਾਹ ਪ੍ਰਸ਼ਾਦਿ ਵਰਤਾਇਆ।

ਇਸ ਤਰ੍ਹਾਂ ਤੇਰ੍ਹਾਂ ਦਿਨ ਪਾਵਨ ਬੀੜ ਠਾਠਾਂ ਮਾਰਦੇ ਚਲਦੇ ਪ੍ਰਵਾਹ ਵਿਚ ਹੀ ਪਈ ਰਹੀ, ਪਰ ਸਿਰਫ ਉਪਰਲੀ ਜਿਲਦ ਹੀ ਗਿੱਲੀ ਹੋਈ ਜਿਸ ਦੀ ਬਾਅਦ ਵਿਚ ਸੇਵਾ ਕਰਵਾਈ ਗਈ। ਇਸ ਤਰ੍ਹਾਂ ਸਤਿਗੁਰਾਂ ਦੇ ਸੰਕਲਪ ਅਨੁਸਾਰ ਸਤਿਗੁਰੂ ਅਰਜਨ ਦੇਵ ਸਾਹਿਬ ਵਾਲੀ ਪਾਵਨ ਬੀੜ ਕਰਤਾਰ ਪੁਰ ਹੀ ਰਹੀ ਜੋ ਅੱਜ-ਕਲ੍ਹ ਕਰਤਾਰਪੁਰ ਸਾਹਿਬ ਸ਼ੀਸ਼ ਮਹਿਲ ਵਿਖੇ ਬਿਰਾਜਮਾਨ ਹੈ।

ਇਧਰ ਗੁਰੂ ਜੀ ਸੰਗਤਾਂ ਸਮੇਤ ਬੇੜੀ ਉਤੇ ਸਵਾਰ ਹੋ ਕੇ ਪਾਰ ਹੋਏ। ਉਥੋਂ ਫਿਰ ਸਤਿਗੁਰੂ ਜੀ ਕੀਰਤਪੁਰ ਨੂੰ ਚੱਲ ਪਏ। ਉਥੇ ਪੁੱਜ ਕੇ ਅੱਠਵੇਂ ਪਾਤਿਸ਼ਾਹ ਜੀ ਦੇਂ ਮਾਤਾ ਕ੍ਰਿਸ਼ਨ ਕੌਰ ਜੀ ਨਾਲ ਮਿਲਾਪ ਹੋਇਆ।

ਇਸ ਤੋਂ ਉਪਰੰਤ ਸਤਿਗੁਰਾਂ ਨੇ ਕੀਰਤਪੁਰ ਤੋਂ ਛੇ ਮੀਲ ਦੇ ਫਾਸਲੇ ਤੇ ਰਿਆਸਤ ਕਹਿਲੂਰ ਦੂਨ ਵਿਚ 'ਭੀਮਚੰਦ' ਦੇ ਪਿਤਾ 'ਦਲੀਪ ਚੰਦ' ਪਾਸੋਂ ਪੰਜ ਮੀਲ ਮੁਰਬਾ ਮਾਖੋਵਾਲ ਦੀ ਜ਼ਮੀਨ ਇਕ ਲੱਖ ਸਤਵੰਜਾ ਹਜ਼ਾਰ (੧,੫੭,੦੦੦) ਰੁਪੈ ਦੀ ਮੁੱਲ ਲੈ ਕੇ ਅਨੰਦਪੁਰ ਸਾਹਿਬ ਦੀ ਉਸਾਰੀ ਸ਼ੁਰੂ ਕਰ ਦਿੱਤੀ। ਪਹਿਲੇ ਇਥੇ ਇਕ ਗੋਇੰਦਵਾਲੋਂ ਤੀਸਰੇ ਪਾਤਸ਼ਾਹ ਜੀ ਦਾ ਭੇਜਿਆ ਹੋਇਆ ਮਾਖੋ ਨਾਮ ਕਰ ਕੇ ਬੜਾ ਭਾਰੀ ਦੈਂਤ ਰਿਹਾ

ਕਰਦਾ ਸੀ, ਜਿਸ ਕਰ ਕੇ ਸਾਰੇ ਉਜਾੜ ਹੀ ਉਜਾੜ ਪਈ ਸੀ, ਪਰ ਜਿਸ ਵਕਤ ਸਤਿਗੁਰਾਂ ਨੇ ਆਪਣੇ ਪਵਿੱਤਰ ਚਰਨ ਕੰਵਲ ਪਾ ਕੇ ਪਵਿੱਤ੍ਰ ਅਸਥਾਨ ਧਰਮਸ਼ਾਲ ਬਣਵਾ ਕੇ ਕੀਰਤਨ ਆਦਿਕ ਕਰਨ ਦੀ ਮਰਯਾਦਾ ਚਲਾਈ ਤਾਂ ਮਾਖੋ ਦੈਂਤ ਬੜਾ ਔਖਾ ਹੋਇਆ।

ਆਖਰ ਇਕ ਰਾਤ ਉਸ ਨੇ ਸਮਾਂ ਪਾ ਕੇ ਸਤਿਗੁਰਾਂ ਪਾਸ ਆ ਕੇ ਬੇਨਤੀ ਕੀਤੀ ਤੇ ਆਪਣਾ ਦੁੱਖ ਦੱਸਿਆ। ਸਤਿਗੁਰਾਂ ਨੇ ਕਿਹਾ, "ਹੁਣ ਇਥੇ ਤ੍ਰਿਲੋਕੀ ਨਾਥ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੀ ਸਾਜੀ ਨਿਵਾਜੀ ਸਾਧ ਸੰਗਤ ਦਾ ਵਾਸਾ ਹੋਇਆ ਹੈ, ਇਸ ਲਈ ਜੇ ਭਲਾ ਚਾਹੁੰਦਾ ਹੈਂ ਤਾਂ ਤੂੰ ਇਥੋਂ ਚਲਿਆ ਜਾਹ, ਜਾ ਕੇ ਹੁਣ ਤੂੰ ਸਰਹੰਦ ਵਿਖੇ ਰਹਿਣਾ ਕਰ। ਸਮਾਂ ਪਾ ਕੇ ਉਥੇ ਤੇਰੀ ਹੋਰ ਵੀ ਵੰਸ ਆ ਵਸੇਗੀ, ਕਿਉਂਕਿ ਉਥੇ ਬੜਾ ਭਾਰੀ ਉਪੱਦਰ ਹੋਵੇਗਾ, ਜਿਸ ਕਰ ਕੇ ਉਹ ਸਾਰਾ ਨਗਰ ਉਜੜ-ਪੁੱਜੜ ਜਾਵੇਗਾ।

ਏਸੇ ਸਮੇਂ ਦੌਰਾਨ ਰੋਪੜ ਦਾ ਸੱਯਦ ਫਕੀਰ ਆਪਣੇ ਮੁਰੀਦਾਂ ਸਹਿਤ ਆ ਪੁੱਜਾ ਤੇ ਪੁੱਛਿਆ ਇਸ ਨਗਰ ਦੀ ਉਸਾਰੀ ਕੌਣ ਕਰਵਾ ਰਿਹਾ ਹੈ? ਇਕ ਸਿੱਖ ਨੇ ਕਿਹਾ, "ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਕਰਵਾ ਰਹੇ ਹਨ।"

ਸੱਯਦ ਦੇ ਮਨ ਵਿਚ ਸੰਸਾ ਉਤਪੰਨ ਹੋਇਆ ਕਿ ਉਹ ਤਾਂ ਬੜੇ ਵੈਰਾਗੀ ਤਿਆਗੀ ਸੁਣੇ ਹਨ ਤੇ ਹੁਣ ਇਤਨੀ ਪਰਵਿਰਤੀ ਵਧਾ ਲਈ ਹੈ, ਇਸ ਦਾ ਕੀ ਕਾਰਨ ਹੈ? ਇਸ ਤਰ੍ਹਾਂ ਦਾ ਸੰਸਾ ਹੋਣ ਕਰ ਕੇ ਆਪਣੇ ਮੁਰੀਦਾਂ ਨੂੰ ਕਹਿ ਗਿਆ ਇਸ ਪ੍ਰਸ਼ਨ ਦਾ ਉਤਰ ਪੁੱਛ ਛੱਡਣਾ, ਮੈਂ ਅੱਗੇ ਹੋ ਆਵਾਂ। ਇੰਜ ਕਹਿ ਕੇ ਆਪ ਅੱਗੇ ਚਲਾ ਗਿਆ।

ਆਪਣੇ ਪੀਰ ਦੇ ਕਹੇ ਅਨੁਸਾਰ ਪਿਛੋਂ ਉਸ ਦੇ ਮੁਰੀਦਾਂ ਨੇ ਸਤਿਗੁਰਾਂ ਪਾਸ ਆਪਣੇ ਪੀਰ ਦੇ ਪ੍ਰਸ਼ਨ ਨੂੰ ਦੁਹਰਾਇਆ ਤੇ ਉੱਤਰ ਮੰਗਿਆ। ਸਤਿਗੁਰਾਂ ਨੇ ਕਿਹਾ, "ਜਿਸ ਵੇਲੇ ਤੁਹਾਡਾ ਪੀਰ ਆਵੇਗਾ, ਉਸ ਨੂੰ ਅਸੀਂ ਆਪ ਉੱਤਰ ਦਿਆਂਗੇ।"

ਜਿਸ ਵਕਤ ਉਹ ਪੀਰ ਵਾਪਸ ਆਇਆ ਤਾਂ ਉਸਦੇ ਪੁੱਛਣ ਪਰ ਮੁਰੀਦਾਂ ਨੇ ਸਾਰੀ ਵਾਰਤਾ ਕਹਿ ਸੁਣਾਈ ਅਤੇ ਜਿਸ ਵਕਤ ਸਤਿਗੁਰਾਂ ਪਾਸ ਆਇਆ ਤਾਂ ਸਤਿਗੁਰਾਂ ਨੇ ਆਪਣੀ ਸ਼ਕਤੀ ਦੁਆਰਾ ਇਕ ਰਾਤ ਅਤਿਥੀ ਨੂੰ ਆਰਾਮ ਦੇਣ ਦੇ ਬਦਲੇ ਸ਼ੇਰ ਦੇਵਤਾ ਬਣਨ ਦਾ ਸਾਰਾ ਨਜ਼ਾਰਾ ਸੁਪਨੇ ਵਿਚ ਦਿਖਾ ਕੇ ਓਸ ਦਾ ਸੰਸਾ ਨਵਿਰਤ ਕਰਦਿਆਂ ਕਿਹਾ—"ਹੇ ਫਕੀਰ! ਅਸੀਂ ਤਾਂ ਇਹ ਪਰਉਪਕਾਰ ਵਾਸਤੇ ਨਗਰੀ ਵਸਾਈ ਹੈ ਨਾ ਕਿ ਆਪਣੇ ਲਈ? ਇਹ ਪ੍ਰਵਿਰਤੀ ਨਹੀਂ ਵਸਾਈ। ਇਹ ਤਾਂ ਗੁਰੂ-ਘਰ ਦੀਆਂ ਸੰਗਤਾਂ, ਗਰੀਬਾਂ ਅਨਾਥਾਂ ਦੇ ਸੁਖ ਆਰਾਮ ਲਈ ਵਸਾਣਾ ਕੀਤੀ ਹੈ। ਇਸ ਤਰ੍ਹਾਂ ਉਸ ਦੇ ਮਨ ਵਿਚ ਗੁਰੂ-ਘਰ ਨਾਲ ਸ਼ਰਧਾ ਵਧਾ ਕੇ ਵਿਦਾ ਕੀਤਾ।

ਮੱਖਣ ਸ਼ਾਹ ਲੁਬਾਣਾ ਵੀ ਇਥੋਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਕੇ ਆਗਿਆ ਲੈ ਕੇ ਆਪਣੇ ਵਤਨ ਚਲਾ ਗਿਆ। ਸੰਮਤ ੧੭੨੧ ਬਿਕ੍ਰਮੀ ਨੂੰ ਸਾਰੀ ਉਸਾਰੀ ਸੰਪੂਰਣ ਹੋਈ। ਉਪਰੰਤ ਅੰਮ੍ਰਿਤ ਵੇਲੇ "ਆਸਾ ਦੀ ਵਾਰ" ਦਾ ਕੀਰਤਨ ਆਦਿਕ ਪਾਠਾਂ ਦੀ ਮਰਯਾਦਾ ਬੰਨ੍ਹ ਕੇ ਪਰਵਾਰ ਸਹਿਤ ਕੁਝ ਸੰਗਤ ਨਾਲ ਲੈ ਕੇ ਕਿਸੇ ਖਾਸ ਨਿਸ਼ਾਨੇ ਨੂੰ ਮੁੱਖ ਰੱਖਦਿਆਂ ਪੂਰਬ ਵੱਲ ਨੂੰ ਚਾਲੇ ਪਾ ਦਿਤੇ। ਰਸਤੇ ਵਿਚ ਅਨੇਕਾਂ ਤੀਰਥ ਅਸਥਾਨਾਂ ਨੂੰ ਪਵਿੱਤਰ ਕੀਤਾ ਅਤੇ ਵਡਭਾਗੀਆਂ ਪਿਆਸਿਆਂ ਨੂੰ ਦਰਸ਼ਨ ਤੇ ਉਪਦੇਸ਼ ਦੁਆਰਾ ਨਿਹਾਲ ਕੀਤਾ। ਮੂਲੋਵਾਲ ਦੇ ਖਾਰੇ ਖੂਹ ਦਾ ਪਾਣੀ ਮਿੱਠਾ ਕੀਤਾ। ਥਾਂ ਪਰ ਥਾਂ ਜਾ ਕੇ ਗਰੀਬਾਂ ਅਨਾਥਾਂ ਨੂੰ ਲੋੜੀਂਦੇ ਬਸਤਰ ਦਿੱਤੇ। ਅਨੇਕਾਂ ਚੌਧਰੀਆਂ ਦਾ ਮਾਨ ਤੋੜ ਕੇ ਸਿੱਧੇ ਰਸਤੇ ਪਾਇਆ। ਫਿਰ ਸੇਖੇ ਨਗਰ, ਫਰਬਾਹੀ ਤੇ ਕੱਟੂ ਹੁੰਦੇ

ਹੋਏ ਹੰਡਿਆਏ ਜਾ ਕੇ ਉਥੋਂ ਦੇ ਲੋਕਾਂ ਦਾ ਤਾਪ ਦੂਰ ਕੀਤਾ। ਫਿਰ ਰੱਲਾ, ਜੋਗਾ, ਭੰਧੇਰ, ਮੋੜ ਹੁੰਦੇ ਹੋਏ ਮੋੜ ਮੰਡੀ ਪੁੱਜੇ ਉਥੇ ਇਕ ਜੰਡ ਥੱਲੇ ਡੇਰਾ ਲਾਇਆ।

ਜਿਸ ਵੇਲੇ ਉਥੋਂ ਦੀ ਸੰਗਤ ਨੂੰ ਪਤਾ ਲੱਗਾ ਤਾਂ ਸੰਗਤਾਂ ਗਰੀਬ ਨਿਵਾਜ ਜੀ ਦੇ ਚਰਨਾਂ ਵਿਖੇ ਆ ਕੇ ਪੁੱਜੀਆਂ, ਦਰਸ਼ਨ ਪਰਸ਼ਨ ਕੀਤੇ। ਹੱਥ ਜੋੜ ਕੇ ਬੇਨਤੀ ਕੀਤੀ, "ਗਰੀਬ ਨਿਵਾਜ ! ਇਥੋਂ ਡੇਰਾ ਉਠਾ ਲਉ, ਇਥੇ ਤਾਂ ਬੜਾ ਭਾਰੀ ਦੈਂਤ ਰਹਿੰਦਾ ਹੈ, ਉਹ ਆਏ ਗਏ ਰਾਹੀਆਂ ਨੂੰ ਬੜਾ ਦੁੱਖ ਦੇਂਦਾ ਹੈ।

ਸਤਿਗੁਰਾਂ ਕਿਹਾ, "ਹੁਣ ਆਪੇ ਚਲਾ ਜਾਵੇਗਾ ਇਥੇ ਨਹੀਂ ਰਹੇਗਾ" ਉਪਰੰਤ ਸਤਿਗੁਰਾਂ ਨੇ ਉਸ ਨੂੰ ਵੀ ਉਥੋਂ ਕੱਢ ਕੇ ਸਰਹੰਦ ਭੇਜ ਦਿੱਤਾ। ਉਥੋਂ ਫਿਰ ਮਾਲਵੇ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਵਾਲੇ ਅਸਥਾਨਾਂ ਤੋਂ ਹੁੰਦੇ ਹੋਏ ਧਮਧਾਣ ਸਾਹਿਬ ਵਿਚ ਦੀ ਹੋ ਕੇ ਕੁਰਛੇਤਰ ਦੇ ਪਾਂਡਿਆਂ ਨੂੰ ਉਪਦੇਸ਼ ਦੁਆਰਾ ਨਿਹਾਲ ਕਰ ਕੇ *ਪ੍ਰਾਗਰਾਜ ਪੁੱਜੇ ਅਤੇ ਆਪਣੇ ਮਾਤਾ ਸਾਹਿਬ ਮਾਤਾ ਨਾਨਕੀ ਜੀ ਦਾ ਬਚਨ ਮੰਨ ਕੇ ਛੇ ਮਹੀਨੇ ਇਥੇ ਹੀ ਠਹਿਰੇ।

ਇਕ ਦਿਨ ਮਾਤਾ ਨਾਨਕੀ ਜੀ ਨੇ ਬਚਨ ਕੀਤਾ ਕਿ ਤੁਹਾਡੇ ਪਿਤਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਰ ਹੈ ਕਿ ਤੂੰ ਆਪਣੇ ਪੋਤਰੇ ਮਹਾਂ ਬਲੀ ਆਜਾਨ ਬਾਹੂ, ਧਰਮ ਯੋਧੇ, ਧਨੁਸ਼ ਧੁਰੰਧਰ ਦਾ ਮੂੰਹ ਦੇਖੇਂਗੀ। ਪੁੱਤਰ ਜੀ! ਕੀ ਅਜੇ ਉਹ ਸਮਾਂ ਨਹੀਂ ਆਇਆ। ਹੁਣ ਤਾਂ ਅਖੀਰਲੀ ਉਮਰ ਹੈ, ਕਿਰਪਾ ਕਰ ਕੇ ਮੇਰੀ ਇਕੋ-ਇਕ ਇਹ ਅਭਿਲਾਸ਼ਾ ਪੂਰਨ ਕਰੋ।

ਸਤਿਗੁਰਾਂ ਨੇ ਕਿਹਾ, "ਸਾਡਾ ਬਚਨ ਮੰਨੋ, ਵਾਹਿਗੁਰੂ ਆਪੇ ਮੇਹਰ ਕਰੇਗਾ। ਇਸ ਤਰ੍ਹਾਂ ਕਰੋ ਕਿ ਇਕ ਟਕ ਬੈਠ ਕੇ ਲਗਾਤਾਰ ਧੁਰੋਂ ਆਈ ਅਕਾਲੀ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਪਾਠ ਸਰਵਣ ਕਰੋ ਤਾਂ ਆਪਣੇ ਆਪ ਤੁਹਾਡਾ ਸੰਕਲਪ ਪੂਰਾ ਹੋ ਜਾਵੇਗਾ।

ਮਾਤਾ ਸਾਹਿਬ ਜੀ ਨੇ ਇਹ ਬਚਨ ਸਵੀਕਾਰ ਕਰ ਲਿਆ, ਸਤਿਗੁਰਾਂ ਨੇ ਪਾਵਨ ਬੀੜ ਦਾ ਪ੍ਰਕਾਸ਼ ਕਰ ਕੇ ਸਿੱਖਾਂ ਨੂੰ ਹੁਕਮ ਕਰ ਕੇ ਮਾਤਾ ਸਾਹਿਬ ਮਾਤਾ ਨਾਨਕੀ ਜੀ ਨੂੰ ਪਾਠ ਸਰਵਣ ਕਰਾਇਆ। ਮਾਤਾ ਸਾਹਿਬ ਮਾਤਾ ਨਾਨਕੀ ਜੀ ਨੇ ਇਕ ਰਸ ਇਕਾਗਰ ਮਨ ਹੋ ਕੇ ਆਦਿ ਤੋਂ ਲੈ ਕੇ ਅੰਤ ਤਕ ਭਾਵ--

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਜਪੁ॥
ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥

ਤੋਂ ਲੈ ਕੇ "ਅਠਾਹਰ ਦਸ ਬੀਸ" ਤਕ ਪਾਠ ਸੁਣਨਾ ਕੀਤਾ। ਫੇਰ ਭੋਗ ਤੋਂ ਬਾਅਦ ਬਹੁਤ ਸਾਰਾ ਦਾਨ ਪੁੰਨ ਵੀ ਕੀਤਾ। ਗਰੀਬਾਂ ਨੂੰ ਬਸਤਰ ਆਦਿਕ ਵੰਡੇ। ਜਿਹੋ ਜਿਹਾ ਕੋਈ ਮੰਗਤਾ ਆਇਆ ਉਸ ਨੂੰ ਉਹੋ ਜਿਹਾ ਹੀ ਦਾਨ ਦਿੱਤਾ। ਸਤਿਗੁਰਾਂ ਦੀ ਅਪਾਰ ਬਖਸ਼ਸ਼ ਦਾ ਸਦਕਾ ਉਥੇ ਪ੍ਰਾਗਰਾਜ ਵਿਚ ਹੀ ਮਾਤਾ ਗੂਜਰੀ ਜੀ ਨੂੰ ਗਰਭ ਠਹਿਰ ਗਿਆ।

ਜੇਹਾ ਕਿ ਦਸਮੇਸ਼ ਪਿਤਾ ਜੀ ਨੇ ਆਪ ਆਪਣੇ ਮੁਖਾਰਬਿੰਦ ਤੋਂ ਬਚਿੱਤਰ ਨਾਟਕ ਵਿਚ ਫੁਰਮਾਇਆ ਹੈ-

---

ਪ੍ਰਾਗਰਾਜ ਜਿਥੇ ਸਤਿਗੁਰੂ ਜੀ ਜਾ ਕੇ ਠਹਿਰੇ ਸਨ ਅਤੇ ਮਾਤਾ ਸਾਹਿਬ ਮਾਤਾ ਨਾਨਕੀ ਜੀ ਦੀ ਕਾਮਨਾ ਪੂਰਨ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਰਸ ਰਾਤ ਦਿਨੇ (ਅਖੰਡ ਪਾਠ) ਪਾਠ ਮਾਤਾ ਜੀ ਨੂੰ ਸੁਣਾਇਆ ਸੀ, ਉਸ ਅਸਥਾਨ ਦਾ ਨਾਮ ਪੱਕੀ ਸੰਗਤਿ ਗੁਰਦੁਆਰਾ ਹੈ।

ਮੁਰ ਪਿਤ ਪੂਰਬ ਕੀਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥ ੧॥

(ਦਸਮ ਗ੍ਰੰਥ, ਪੰਨਾ ੫੯)

ਤਾਤ ਮਾਤ ਮੁਰ ਅਲਖ ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥ ੩॥
ਤਿਨ ਜੋ ਕਰੀ ਅਲਖ ਕੀ ਸੇਵਾ॥ ਤਾ ਤੇ ਭਏ ਪ੍ਰਸੰਨਿ ਗੁਰਦੇਵਾ॥
ਉਨ ਪ੍ਰਭ ਜਬ ਆਇਸ ਮੁਹਿ ਦੀਯਾ॥ ਤਬ ਹਮ ਜਨਮ ਕਲੂ ਮਹਿ ਲੀਯਾ॥ ੪॥

(ਅਧਿ. ੬, ਪੰਨਾ ੫੫)

ਤਹੀ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸ਼ਹਿਰ ਬਿਖੈ ਭਵ ਲਯੋ॥
ਮੱਦ੍ਰ ਦੇਸ ਹਮ ਕੋ ਲੇ ਆਏ॥ ਭਾਂਤਿ ਭਾਂਤਿ ਦਾਈਅਨ ਦੁਲਰਾਏ॥ ੨॥
ਕੀਨੀ ਅਨਿਕ ਭਾਂਤਿ ਤਨ ਰੱਛਾ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ॥
ਜਬ ਹਮ ਧਰਮ ਕਰਮ ਮੋ ਆਏ॥ ਦੇਵ ਲੋਕ ਤਬ ਪਿਤਾ ਸਿਧਾਏ॥ ੩॥

(ਦਸਮ ਗ੍ਰੰਥ, ਪੰਨਾ ੫੯)

ਉਸ ਤੋਂ ਉਪਰੰਤ ਗਯਾ ਜੀ ਵਿਚਦੀ ਹੁੰਦੇ ਹੋਏ ਸਸਰਾਮ ਚਾਚਾ ਫੱਗੂ ਨੂੰ ਨਿਹਾਲ ਕਰ ਕੇ ਪਟਨੇ ਸਾਹਿਬ ਪਹੁੰਚੇ। ਸੰਗਤ ਦਾ ਪ੍ਰੇਮ ਤੇ ਦਸਮੇਸ਼ ਪਿਤਾ ਜੀ ਦਾ ਆਗਮਨ ਜਾਣ ਕੇ ਉਥੇ ਪਟਨੇ ਸਾਹਿਬ ਹੀ ਕੁਛ ਸਮਾਂ ਠਹਿਰ ਗਏ।

ਇਹਨਾਂ ਹੀ ਦਿਨਾਂ ਵਿਚ ਤੁਰਕ ਬਾਦਸ਼ਾਹ ਔਰੰਗਜ਼ੇਬ ਦਾ ਤੇਜ ਪ੍ਰਤਾਪ ਦਿਨੋਂ-ਦਿਨ ਵਧਦਾ ਜਾ ਰਿਹਾ ਸੀ। ਸਭਨਾਂ ਛੋਟੀਆਂ-ਛੋਟੀਆਂ ਰਿਆਸਤਾਂ ਉਪਰ ਚੜ੍ਹਾਈ ਕਰ ਕੇ ਉਹਨਾਂ ਨੂੰ ਜਿੱਤ ਕੇ ਆਪਣੇ ਰਾਜ ਨਾਲ ਮਿਲਾ ਰਿਹਾ ਸੀ। ਸਾਰੇ ਹਿੰਦੂ ਰਾਜੇ, ਬਾਦਸ਼ਾਹ ਦੀ ਪ੍ਰਸੰਨਤਾ ਲਈ ਕੀਮਤੀ ਭੇਟਾ ਲੈ ਕੇ ਹਾਜ਼ਰ ਹੋ ਕੇ ਮੁਲਾਹਜੇ ਪੂਰਦੇ ਸਨ ਪਰ ਸਾਰੇ ਦੇਸ਼ ਵਿਚ ਅਸਾਮ ਹੀ ਇਕ ਅਜੇਹਾ ਦੇਸ਼ ਸੀ ਜੋ ਇਸ ਦੇ ਰਾਜ ਤੋਂ ਬਾਹਰ ਸੀ ਜਿਸ ਵਿਚ ਜੰਤਰਾਂ-ਮੰਤਰਾਂ ਦਾ ਬੜਾ ਜ਼ੋਰ ਸੀ ਜਿਸ ਨੂੰ ਅਕਬਰ ਬਾਦਸ਼ਾਹ ਤੇ ਸ਼ਾਹ ਜਹਾਨ ਵੀ ਜਿੱਤ ਨਹੀਂ ਸੀ ਸਕਿਆ।

ਇਕ ਦਿਨ ਔਰੰਗਜ਼ੇਬ ਦੇ ਮਨ ਵਿਚ ਬੜਾ ਪੱਕਾ ਖਿਆਲ ਬਣਿਆ ਹੋਇਆ ਕਿ ਇਸ ਨੂੰ ਵੀ ਫਤਹਿ ਕਰਨਾ ਚਾਹੀਦਾ ਹੈ। ਇਹ ਵਿਚਾਰ ਕਰ ਕੇ ਦਰਬਾਰ ਵਿਚ ਆ ਕੇ ਪਾਨਾਂ ਦਾ ਬੀੜਾ ਤੇ ਤਲਵਾਰ ਰੱਖ ਕੇ ਲਲਕਾਰ ਕੇ ਕਿਹਾ : 'ਹੈ ਕੋਈ ਐਸਾ ਸੂਰਮਾ! ਜੋ ਤਲਵਾਰ ਤੇ ਪਾਨਾਂ ਦਾ ਬੀੜਾ ਚੁੱਕ ਕੇ ਅਸਾਮ ਦੇਸ਼ ਨੂੰ ਫਤਹਿ ਕਰਨ ਲਈ ਜਾਵੇ?'' ਸਾਰੇ ਦਰਬਾਰ ਵਿਚ ਚੁੱਪ-ਚਾਪ ਵਰਤ ਗਈ। ਕਿਸੇ ਦਾ ਹੀਆ ਨਾ ਪਿਆ, ਜੋ ਭਰੇ ਦਰਬਾਰ ਵਿਚ ਪਾਨਾਂ ਦਾ ਬੀੜਾ ਤੇ ਤਲਵਾਰ ਚੁੱਕ ਕੇ ਅਸਾਮ ਦੇਸ਼ ਨੂੰ ਜਿੱਤਣ ਜਾਵੇ।

ਬੜੇ-ਬੜੇ ਬਹਾਦਰ ਸੂਰਮੇ ਰਾਜਪੂਤ ਮੁਸਲਮਾਨ ਹਿੰਦੂ ਰਾਜੇ ਦਿਖਾਈ ਦੇ ਰਹੇ ਸਨ। ਇਹਨਾਂ ਵਿਚ ਰਾਜਾ ਮਾਨ ਸਿੰਘ ਦਾ ਪੋਤਰਾ 'ਰਾਜਾ ਬਿਸ਼ਨ ਸਿੰਘ' ਰਾਜਪੂਤ ਵੀ ਬੈਠਾ ਸੀ ਇਸ ਉਪਰ ਚੜ੍ਹਦੀ ਜਵਾਨੀ ਸੀ ਤੇ ਜੁਆਨੀ ਦੇ ਜੋਸ਼ ਕਰਕੇ ਇਸ ਦੇ ਡੌਲੇ ਫਰਕਦੇ ਸਨ। ਸਾਰੀਆਂ ਹਿੰਦੂ ਰਿਆਸਤਾਂ ਵਿਚੋਂ ਇਹ ਸਿਰ-ਕੱਢ ਚੜ੍ਹਦਾ ਸੂਰਮਾ ਸੀ। ਇਸ ਦੇ ਮਨ ਵਿਚ ਉਬਾਲ ਆਇਆ ਤੇ ਆਪਣੀ ਥਾਂ ਤੋਂ ਉਠ ਕੇ ਦਰਬਾਰ ਦੇ ਪੰਡਾਲ ਵੱਲ ਵਧਿਆ। ਅੱਗੇ ਜਾ ਕੇ ਦੋਵੇਂ ਚੀਜ਼ਾਂ ਉਠਾਂਦਿਆਂ ਬਾਦਸ਼ਾਹ ਔਰੰਗਜ਼ੇਬ ਨੂੰ ਕਿਹਾ, ''ਬਾਦਸ਼ਾਹ ਸਲਾਮਤ! ਮੈਨੂੰ ਹੁਕਮ ਦਿਓ, ਮੈਂ ਅਸਾਮ ਨੂੰ ਫਤਹਿ ਕਰ ਕੇ ਆਉਂਦਾ ਹਾਂ।

ਔਰੰਗਜ਼ੇਬ ਨੇ ਸੋਚਿਆ ਕਿ ਹੁਣ ਤਾਂ ਮੇਰੇ ਦੋਵੇਂ ਹੱਥੀਂ ਲੱਡੂ ਹਨ ਜੇਕਰ ਹਾਰ ਗਿਆ ਤਾਂ ਇਹ ਜਿੰਦਾ

ਵਾਪਸ ਨੰਹੀਂ ਆਵੇਗਾ, ਜਿਸ ਕਰ ਕੇ ਮੇਰਾ ਭੈ ਨਵਿਰੱਤ ਹੋ ਜਾਵੇਗਾ। ਜੇਕਰ ਜਿੱਤ ਆਇਆ ਤਾਂ ਅਸਾਮ ਵਰਗਾ ਅਜਿੱਤ ਦੇਸ਼ ਜਿਸ ਨੂੰ ਮੇਰੇ ਵਡੇਰੇ ਅਕਬਰ ਤੇ ਸ਼ਾਹ ਜਹਾਨ ਆਦਿਕ ਜਿੱਤਦੇ-ਜਿੱਤਦੇ ਮਰ-ਖਪ ਗਏ ਤੇ ਅਨੇਕਾਂ ਹੀ ਰਾਜਾ ਮਾਨ ਸਿੰਘ ਵਰਗੇ ਸੂਰਮੇ ਹਰੀ-ਹਰ ਹੋ ਗਏ ਹਨ। ਉਹ ਦੇਸ਼ ਮੇਰੇ ਅਧੀਨ ਹੋ ਜਾਏਗਾ। ਇਹ ਸੋਚ ਕੇ ਰਾਜੇ ਬਿਸ਼ਨ ਸਿੰਘ ਨੂੰ ਮੂੰਹ ਮੰਗੀ ਫੌਜ, ਰਸਦ, ਦਾਰੂ-ਸਿੱਕਾ ਆਦਿਕ ਔਰੰਗਜ਼ੇਬ ਨੇ ਸਭ ਕੁਝ ਦੇ ਦਿੱਤਾ।

ਉਪਰੰਤ ਰਾਜਾ ਬਿਸ਼ਨ ਸਿੰਘ ਆਪਣੇ *ਘਰ ਮਾਤਾ ਪਿਤਾ ਪਾਸੋਂ ਆਗਿਆ ਲੈਣ ਵਾਸਤੇ ਗਿਆ। ਘਰ ਪਹੁੰਚ ਕੇ ਮਾਂ ਦੇ ਚਰਨਾਂ ਉਪਰ ਮੱਥਾ ਟੇਕਿਆ ਅਤੇ ਸਾਰੀ ਗੱਲ ਸੁਣਾਈ।

ਉਸ ਵੇਲੇ ਮਾਤਾ ਜੀ ਨੂੰ ਬੜੀ ਚਿੰਤਾ ਹੋਈ ਤੇ ਕਿਹਾ, "ਹੇ ਪੁੱਤਰ! ਇਹ ਤੂੰ ਬੜਾ ਮਾੜਾ ਕੰਮ ਕਰ ਆਇਆ ਹੈਂ, ਤੈਨੂੰ ਇੰਜ ਨਹੀਂ ਸੀ ਕਰਨਾ ਚਾਹੀਦਾ। ਦੇਖ! ਤੇਰੀ ਕੁਲ ਦੇ ਵੱਡੇ-ਵਡੇਰੇ ਜਿਨ੍ਹਾਂ ਦੀ ਸੂਰਬੀਰਤਾ ਕੁਲ ਦੁਨੀਆਂ ਮੰਨਦੀ ਸੀ, ਉਹ ਅਸਾਮ ਦੇਸ਼ ਨੂੰ ਜਿੱਤਦੇ-ਜਿੱਤਦੇ ਆਪ ਮਾਰੇ ਗਏ। ਹੇ ਪੁੱਤਰ! ਉਥੇ ਤਾਂ ਜੰਤਰਾਂ-ਮੰਤਰਾਂ ਦਾ ਬੜਾ ਜ਼ੋਰ ਹੈ ਕਿਸੇ ਦਾ ਵਸ ਚਲਦਾ ਹੀ ਨਹੀਂ।"

ਪਰ ਬਿਸ਼ਨ ਸਿੰਘ ਨੇ ਮਾਤਾ ਦੀ ਇਕ ਨਾ ਮੰਨੀ ਅਤੇ ਕਿਹਾ, "ਹੇ ਮਾਤਾ! ਮੈਂ ਭਰੇ ਦਰਬਾਰ ਵਿਚ ਪ੍ਰਣ ਕਰ ਕੇ ਆਇਆ ਹਾਂ, ਹੁਣ ਤੂੰ ਮੈਨੂੰ ਅਸੀਸ ਦੇਹ, ਇਸ ਵੇਲੇ ਵਾਪਸ ਕਦਮ ਚੁਕਣਾ ਅਸੰਭਵ ਹੈ।

ਮਾਂ, ਪੁੱਤਰ ਦੀਆਂ ਗੱਲਾਂ ਬਿਸ਼ਨ ਸਿੰਘ ਦੀ ਧਰਮ ਪਤਨੀ ਨੇ ਵੀ ਸੁਣੀਆਂ। ਇਹ ਗੁਰੂ-ਘਰ ਦੀ ਸ਼ਰਧਾਲੂ ਸੀ। ਇਸ ਨੂੰ ਗੁਰੂ ਨਾਨਕ ਦੇ ਘਰ ਦੀ ਮਹਿਮਾ ਦਾ ਪਤਾ ਸੀ, ਜੋ ਵੀ ਸਤਿਗੁਰਾਂ ਦੀ ਸ਼ਰਨ ਵਿਚ ਆਉਂਦਾ ਹੈ, ਉਸ ਦਾ ਫਿਰ ਕੋਈ ਵਾਲ ਤਕ ਵਿੰਗਾ ਨਹੀਂ ਕਰ ਸਕਦਾ। ਇਸ ਤਰ੍ਹਾਂ ਆਪਣੇ ਪਤੀ ਦਾ ਹੱਠ ਦੇਖ ਕੇ ਆਪਣੀ ਸੱਸ ਨੂੰ ਕਿਹਾ, "ਮਾਤਾ ਜੀ! ਜੇਕਰ ਇਹ ਨਹੀਂ ਮੰਨਦੇ ਤਾਂ ਇਹ ਗੱਲ ਸਮਝਾਓ ਕਿ ਜੇਕਰ ਤੁਸੀਂ ਨੇ ਜ਼ਰੂਰ ਹੀ ਜਾਣਾ ਹੈ ਤਾਂ ਪਹਿਲੇ ਗੁਰੂ ਸਾਹਿਬ ਜੀ ਦੀ ਸ਼ਰਨ ਗ੍ਰਹਿਣ ਕਰ ਕੇ ਜਾਣ ਫਿਰ ਇਹਨਾਂ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕੇਗਾ।' ਆਪਣੀ ਨੂੰਹ ਰਾਣੀ ਪਾਸੋਂ ਸ਼ੁਭ ਵਿਚਾਰ ਸੁਣ ਕੇ ਬਿਸ਼ਨ ਸਿੰਘ ਦੀ ਮਾਤਾ ਦੇ ਦਿਲ ਲੱਗ ਗਈ ਅਤੇ ਪੁੱਤਰ ਪਾਸ ਆ ਕੇ ਕਿਹਾ-ਹੇ ਪੁੱਤਰ! ਹੱਛਾ ਜੇਕਰ ਤੂੰ ਜ਼ਰੂਰ ਹੀ ਅਸਾਮ 'ਤੇ ਚੜ੍ਹਾਈ ਕਰਨੀ ਹੈ ਤਾਂ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਘਰ ਦੀ ਸ਼ਰਨ ਗ੍ਰਹਿਣ ਕਰ ਕੇ ਜਾਉ ਤਾਂ ਫਤਹਿ ਹੀ ਫਤਹਿ ਹੋਵੇਗੀ।"

ਇਸ ਤਰ੍ਹਾਂ ਦੇ ਬਚਨ ਸੁਣ ਕੇ ਰਾਜਾ ਮੰਨ ਗਿਆ ਕਿ ਠੀਕ ਗੁਰੂ ਸਾਹਿਬ ਜੀ ਦੀ ਸ਼ਰਨ ਗ੍ਰਹਿਣ ਕਰਨ ਨਾਲ ਮੇਰੀ ਜਿੱਤ ਹੋਵੇਗੀ ਉਥੋਂ ਆ ਕੇ ਆਪਣਿਆਂ ਸੂਰਮਿਆਂ ਪਾਸੋਂ ਪੁੱਛਦਾ ਹੈ, "ਇਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਕੌਣ ਗੁਰੂ ਹਨ ਅਤੇ ਕਿਥੇ ਹਨ? ਜੇ ਕਿਸੇ ਨੂੰ ਪਤਾ ਹੋਵੇ ਤਾਂ ਦੱਸੋ।" ਇਕ ਨੇ ਉਠ ਕੇ ਕਿਹਾ ਕਿ ਮੈਂ ਗਯਾ ਉਤੇ ਆਪਣੇ ਪਿਤਾ ਦੇ ਪਿੰਡ ਭਰਾਣ ਗਿਆ ਸਾਂ, ਉਥੇ ਗੁਰੂ ਸਾਹਿਬ ਜੀ ਦੇ ਮੈਂ ਦਰਸ਼ਨ ਕਰ ਕੇ ਆਇਆ ਹਾਂ। ਹੁਣ ਉਥੋਂ ਚਲ ਕੇ ਪਟਨਾ ਸਾਹਿਬ ਪੁੱਜ ਗਏ ਹਨ ਜੇ ਆਪ ਜੀ ਨੇ ਮਿਲਣਾ ਹੈ ਤਾਂ ਪਹਿਲੇ ਕਿਸੇ ਮੁਖੀ ਅਹਿਲਕਾਰ ਨੂੰ ਭੇਜ ਕੇ ਉਥੇ ਠਹਿਰਾ ਲਓ ਤਾਂ ਕਿ ਅੱਗੇ ਕਿਤੇ ਨਾ ਚਲੇ ਜਾਣ।

ਉਸ ਵੇਲੇ ਗੁਰੂ ਸਾਹਿਬ ਜੀ ਦੇ ਅਟਕਾਣ ਲਈ ਰਾਜਾ ਬਿਸ਼ਨ ਸਿੰਘ ਨੇ ਆਪਣੇ ਮੁਖ ਮੰਤਰੀ ਨੂੰ ਕੁਝ ਕੁ ਭੇਟ ਦੇ ਕੇ ਭੇਜ ਦਿੱਤਾ, ਜਿਸ ਨੇ ਜਾ ਕੇ ਬੇਨਤੀ ਕਰ ਕੇ ਗੁਰੂ ਸਾਹਿਬ ਨੂੰ ਠਹਿਰਾ ਲਿਆ।

*ਇਹ ਰਾਜਾ ਬਿਸ਼ਨ ਸਿੰਘ ਜੋਧਪੁਰ ਰਿਆਸਤ ਦੇ ਰਹਿਣ ਵਾਲਾ ਸੀ, ਪਰ ਕਈਆਂ ਨੇ ਰਿਆਸਤ ਜੈਪੁਰ ਦਾ ਰਾਜਾ ਮੰਨਿਆ ਹੈ ਅਤੇ ਇਸ ਦਾ ਦੂਜਾ ਨਾਮ ਰਾਮ ਸਿੰਘ ਭੀ ਦੱਸਿਆ ਹੈ।

ਬਾਅਦ ਵਿਚ ਸਾਰੀਆਂ ਫੌਜਾਂ ਸਹਿਤ ਰਾਜਾ ਬਿਸ਼ਨ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਵਿਚ ਪੁੱਜ ਕੇ ਬੇਨਤੀ ਕੀਤੀ, "ਹੇ ਸਰਬ ਕਲਾ ਸਮਰੱਥ ਪ੍ਰਭੂ! ਮੇਰੇ ਉਤੇ ਕਿਰਪਾ ਦ੍ਰਿਸ਼ਟੀ ਕਰੋ ਅਸ਼ੀਰਵਾਦ ਦਿਓ ਤਾਂ ਕਿ ਮੈਂ ਆਸਾਮ ਦੇਸ਼ ਨੂੰ ਜਿੱਤ ਕੇ ਆਵਾਂ।"

ਸਤਿਗੁਰੂ ਤਰੁਠ ਪਏ, ਕਿਰਪਾ ਦੇ ਘਰ ਵਿਚ ਆਏ ਤੇ ਕਿਹਾ "ਹੇ ਰਾਜਨ! ਚੱਲ, ਅਸੀਂ ਤੇਰੇ ਨਾਲ ਹੀ ਚਲਦੇ ਹਾਂ।" ਉਸੇ ਵੇਲੇ ਤਿਆਰੀ ਕਰ ਕੇ ਸਤਿਗੁਰੂ ਜੀ ਕੁਝ ਸੇਵਕਾਂ ਸਹਿਤ ਪਰਵਾਰ ਨੂੰ ਧੀਰਜ ਦੇ ਕੇ ਪਟਨੇ ਸਾਹਿਬ ਹੀ ਛੱਡ ਕੇ ਆਪ ਰਾਜਾ ਬਿਸ਼ਨ ਸਿੰਘ ਨਾਲ ਚੱਲ ਪਏ।

ਹਾਲੀਂ ਪਟਨੇ ਸਾਹਿਬੋਂ ਚੱਲ ਕੇ ਇਕ ਦੋ ਮੰਜ਼ਲਾਂ ਹੀ ਤਹਿ ਕੀਤੀਆਂ ਸਨ ਕਿ ਪਿਛੋਂ ਪਟਨੇ ਸਾਹਿਬੋਂ ਸਾਹਿਬਜ਼ਾਦੇ ਦੇ ਅਵਤਾਰ ਧਾਰਨ ਦੀ ਖਬਰ ਆ ਪੁੱਜੀ। ਉਸ ਵੇਲੇ ਰਾਜਾ ਬਿਸ਼ਨ ਸਿੰਘ ਨੇ ਤੋਪਾਂ ਦੀ ਸਲਾਮੀ ਦਿੱਤੀ। ਸਤਿਗੁਰਾਂ ਦੇ ਹੁਕਮ ਅਨੁਸਾਰ ਬੇਅੰਤ ਮਿਠਿਆਈ ਬਣਾ ਕੇ ਫੌਜਾਂ ਵਿਚ ਵੰਡੀ। ਹਰ ਪਾਸੇ ਮੰਗਲਾਚਾਰ ਹੋਏ, ਖਬਰ ਦੇਣ ਵਾਲੇ ਸਿੱਖ ਨੂੰ ਵੀ ਨਿਹਾਲ ਕਰ ਦਿੱਤਾ। ਉਪਰੰਤ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਥੋਂ ਚੱਲ ਕੇ ਚਾਰ ਮੀਲ ਚੌੜੇ ਦਰਿਆ ਬ੍ਰਹਮ-ਪੁੱਤਰ ਦੇ ਉਰਲੇ ਕੰਢੇ ਉਚੇ ਅਸਥਾਨ 'ਤੇ ਡੇਰੇ ਲਗਾ ਕੇ ਬੈਠ ਗਏ।

ਉਧਰ ਅਸਾਮ ਦੇਸ਼ ਦੇ ਰਾਜਾ ਰਾਮ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਸਭਨਾਂ ਜੰਤਰਾਂ-ਮੰਤਰਾਂ ਵਾਲਿਆਂ ਨੂੰ ਸੱਦਿਆਂ ਤੇ ਹੁਕਮ ਦੇ ਦਿੱਤਾ ਕਿ ਦੁਸ਼ਮਣ ਦਾ ਮਲੀਆਮੇਟ ਕਰ ਦਿਓ। ਇਥੋਂ ਤਕ ਕਿਹਾ ਕਿ ਬ੍ਰਹਮਪੁੱਤਰ ਦਰਿਆ ਤੋਂ ਉਰੇ ਕਿਸੇ ਨੂੰ ਆਉਣ ਹੀ ਨਹੀਂ ਦੇਣਾ।

ਬਾਦਸ਼ਾਹ ਦਾ ਹੁਕਮ ਪਾ ਕੇ ਸਭਨਾਂ ਨੇ ਆਪੋ ਆਪਣੇ ਜ਼ੋਰ ਲਗਾਏ ਪਰ ਕੋਈ ਵੀ ਸਫਲ ਨਾ ਹੋਇਆ ਸਭ ਨਿਰਾਸ਼ ਹੋ ਕੇ ਵਾਪਸ ਮੁੜ ਆਏ। ਇਹਨਾਂ ਦੀ ਸਰਦਾਰਨੀ ਧੋਬਣ ਸੀ ਜਿਸ ਨੂੰ ਆਪਣੇ ਜੰਤਰਾਂ-ਮੰਤਰਾਂ ਦੀ ਤਾਕਤ ਦਾ ਬੜਾ ਹੰਕਾਰ ਸੀ, ਉਹ ਧੋਬਣ ਇਕ ਬੜੇ ਵੱਡੇ ਦਰੱਖਤ ਉਪਰ ਚੜ੍ਹ ਕੇ ਉਡੀ ਆਈ। ਸਤਿਗੁਰਾਂ ਦੀ ਇਕ ਨਜ਼ਰ ਪੈਣ ਨਾਲ ਹੀ ਉਹ ਦਰੱਖਤ ਸਮੇਤ ਉਥੇ ਹੀ ਜੜ੍ਹ ਹੋ ਗਈ। ਸਾਰੀ ਸ਼ਕਤੀ ਨਸ਼ਟ ਹੋ ਗਈ। ਸਿੱਖਾਂ ਨੇ ਉਸ ਨੂੰ ਫੜ ਕੇ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਕੀਤਾ। ਉਹ ਧੋਬਣ ਫਿਰ ਸਤਿਗੁਰਾਂ ਦਾ ਉਪਦੇਸ਼ ਲੈ ਕੇ ਕਲਯਾਣ ਨੂੰ ਪਰਾਪਤ ਹੋਈ।

ਸਾਰਿਆਂ ਵੱਲੋਂ ਨਿਰਾਸਤਾ ਦੇਖ ਅਸਾਮ ਦੇ ਰਾਜਾ ਰਾਮ ਸਿੰਘ ਨੇ ਆਪ ਫਿਰ ਖੁਆਜਾ ਖਿਜਰ (ਵਰਨ ਦੇਵਤੇ) ਦੀ ਅਰਾਧਣਾ ਕੀਤੀ ਅਤੇ ਖਵਾਜੇ ਖਿਜਰ ਨੂੰ ਪ੍ਰਸੰਨ ਕੀਤਾ।

ਅੰਤਰਜਾਮੀ ਸਤਿਗੁਰੂ ਜੀ ਸਾਰੀ ਵਾਰਤਾ ਜਾਣ ਗਏ। ਉਸੇ ਵਕਤ ਰਾਜਾ ਬਿਸ਼ਨ ਸਿੰਘ ਨੂੰ ਪਾਸ ਸੱਦ ਕੇ ਕਿਹਾ ਕਿ ਸਭਨਾਂ ਫੌਜਾਂ ਨੂੰ ਹੁਕਮ ਦੇ ਦਿਓ ਉਹ ਇਸ ਪਹਾੜ 'ਤੇ ਚੜ੍ਹ ਆਉਣ ਤੇ ਆਪਣਾ ਮਾਲ ਅਸਬਾਬ ਸਾਰਾ ਥੱਲਿਓਂ ਚੁੱਕ ਲਿਆਉਣ ਕਿਤੇ ਪਾਣੀ ਉਲਟ ਕੇ ਰੋਹੜ ਕੇ ਨਾ ਲੈ ਜਾਵੇ। ਸਤਿਗੁਰਾਂ ਨੇ ਪਹਿਲੇ ਹੀ ਆਪਣਾ ਡੇਰਾ ਪਹਾੜ ਦੀ ਚੋਟੀ 'ਤੇ ਲਗਾਇਆ ਹੋਇਆ ਸੀ, ਜਿਸ ਦਾ ਨਾਮ ਅੱਜ ਕਲ੍ਹ ਬੰਗਲਾ ਸਾਹਿਬ ਗੁਰਦੁਆਰਾ ਹੈ।

ਰਾਜਾ ਬਿਸ਼ਨ ਸਿੰਘ ਨੇ ਸਤਿ ਬਚਨ ਕਹਿ ਕੇ ਸਾਰੀਆਂ ਫੌਜਾਂ ਨੂੰ ਹੁਕਮ ਜਾਰੀ ਕਰ ਦਿੱਤਾ ਕਿ ਛੇਤੀ ਛੇਤੀ ਸਾਰਾ ਸਮਾਨ ਉਠਾ ਕੇ ਪਹਾੜ ਉਪਰ ਆ ਕੇ ਡੇਰਾ ਲਗਾ ਲਓ।

ਇਹ ਗੱਲ ਸੁਣਦਿਆਂ ਸਾਰ ਬਿਸ਼ਨ ਸਿੰਘ ਦੀ ਨਿਜੀ ਹਿੰਦੂ ਫੌਜ ਨੇ ਤਾਂ ਸਤਿਗੁਰਾਂ ਦਾ ਬਚਨ ਮੰਨਦਿਆਂ ਆਪਣੇ ਰਾਜਾ ਬਿਸ਼ਨ ਸਿੰਘ ਦੇ ਹੁਕਮ ਅਨੁਸਾਰ ਪਹਾੜ ਦੇ ਉਪਰ ਆ ਕੇ ਡੇਰੇ ਲਗਾ ਲਏ, ਪਰ ਮੁਸਲਮਾਨੀ

ਫੌਜਾਂ ਤੇ ਅਹਿਲਕਾਰਾਂ ਨੇ ਸਤਿਗੁਰਾਂ ਦਾ ਬਚਨ ਨਾ ਮੰਨਿਆ ਸਾਰੇ ਤਰਕਾਂ ਕਰਨ ਲੱਗੇ ਕਿ ਇਕ ਪੀਰ ਦੇ ਮਗਰ ਲੱਗ ਕੇ ਸਾਨੂੰ ਖਰਾਬ ਕਰਦਾ ਪਿਆ ਹੈ, ਇਸ ਦੀ ਤਾਂ ਮੱਤ ਮਾਰੀ ਗਈ ਹੈ। ਦੇਖੋ! ਇਤਨੇ ਦਿਨ ਹੋ ਗਏ ਹਨ ਅਜੇ ਤਕ ਕੁਝ ਨਹੀਂ ਹੋਇਆ ਤੇ ਇਕ ਰਾਤ ਵਿਚ ਕੋਈ ਪਰਲੋ ਆ ਜਾਣੀ ਹੈ ਜ਼ੁ ਇਤਨੀ ਖੇਚਲ ਕਰੀਏ। ਕੌਣ ਇਤਨਾਂ ਸਮਾਨ ਚੁੱਕ ਕੇ ਉਪਰ ਪਹਾੜ 'ਤੇ ਚੜ੍ਹੇ? ਇਸ ਤਰ੍ਹਾਂ ਸਤਿਗੁਰਾਂ ਤੋਂ ਬੇਮੁਖ ਹੋਇਆਂ ਨੇ ਤਰਕਾਂ ਕੀਤੀਆਂ ਅਤੇ ਉਪਰ ਨਾ ਆਏ।

ਬਸ ਫਿਰ ਕੀ ਸੀ, ਖੁਆਜਾ ਖਿਜਰ ਦੇ ਹੁਕਮ ਨਾਲ ਅੱਧੀ ਰਾਤ ਗੁਜਰਨ ਤੇ ਬ੍ਰਹਮਪੁੱਤਰ ਨੇ ਐਸਾ ਪਲਟਾ ਖਾਧਾ ਜੁ ਸਾਰੀ ਮੁਸਲਮਾਨੀ ਫੌਜ ਤੇ ਅਸਬਾਬ ਰੋੜ੍ਹ ਕੇ ਲੈ ਗਿਆ, ਜਿਹੜੇ ਥੋਹੜੇ ਬਹੁਤੇ ਬਚੇ, ਉਹ ਸਤਿਗੁਰਾਂ ਦੇ ਚਰਨੀਂ ਆ ਪਏ ਤੇ ਆਪਣੀ ਭੁੱਲ ਬਖਸ਼ਾਈ।

ਜਦ ਅਸਾਮ ਦੇ ਰਾਜਾ ਰਾਮ ਸਿੰਘ ਨੇ ਦੇਖਿਆ ਇਸ ਵਾਰੀ ਵੀ ਪੂਰੀ ਸਫਲਤਾ ਨਹੀਂ ਹੋਈ, ਨਾ-ਕਾਮਯਾਬੀ ਰਹੀ ਹੈ। ਉਸ ਵੇਲੇ ਦੇਵੀ ਦੀ ਅਰਾਧਣਾ ਕੀਤੀ ਤਾਂ ਦੇਵੀ ਨੇ ਪਰਗਟ ਹੋ ਕੇ ਕਿਹਾ, ਹੇ ਰਾਜਨ! ਮੈਂ ਤੇਰੇ ਉਤੇ ਪ੍ਰਸੰਨ ਹਾਂ, ਤੂੰ ਭਗਤੀ ਕਰ ਕੇ ਮੈਨੂੰ ਵਸੀਕਾਰ ਕੀਤਾ ਹੋਇਆ ਹੈ ਪਰ ਦਸ ਹੁਣ ਮੈਂ ਇਥੇ ਕੀ ਕਰ ਸਕਦੀ ਹਾਂ ਜਦ ਕਿ ਦੂਸਰੇ ਪਾਸੇ ਤ੍ਰਿਲੋਕੀ ਦੇ ਮਾਲਕ ਸਰਬ ਕਲਾ ਸਮਰੱਥ ਜਿਨ੍ਹਾਂ ਪਾਸੋਂ ਅਸੀਂ ਸ਼ਕਤੀਆਂ ਪ੍ਰਾਪਤ ਕਰਦੇ ਹਾਂ, ਐਸੇ ਗੁਸਾਂਈ ਸਤਿਗੁਰੂ ਨਾਨਕ ਦੇਵ ਪਾਤਿਸ਼ਾਹ ਨੌਂਵੇ ਰੂਪ ਵਿਚ ਪ੍ਰਗਟ ਹੋਏ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਰਾਜਾ ਬਿਸ਼ਨ ਸਿੰਘ ਦੇ ਸਹਾਇਕ ਹੋਏ ਹਨ। ਉਨ੍ਹਾਂ ਪਰ ਅਸਾਡਾ ਕੋਈ ਜ਼ੋਰ ਨਹੀਂ ਚਲ ਸਕਦਾ। ਮੈਂ ਤਾਂ ਇਹੀ ਤੈਨੂੰ ਨੇਕ ਸਲਾਹ ਦੇਵਾਂਗੀ, ਕਿ ਤੂੰ ਉਨ੍ਹਾਂ ਦੀ ਸ਼ਰਨ ਗ੍ਰਹਿਣ ਕਰ ਅਤੇ ਜੋ ਉਹ ਕਹਿਣ ਸੋ ਸਵੀਕਾਰ ਕਰ ਲੈ। ਇਸੇ ਵਿਚ ਹੀ ਤੇਰੀ ਭਲਾਈ ਹੈ।

ਅਸਾਮ ਦੇ ਰਾਜਾ ਰਾਮ ਸਿੰਘ ਨੇ ਵਿਚਾਰਿਆ ਜੋ ਕੁਝ ਦੇਵੀ ਕਹਿੰਦੀ ਹੈ ਸੋ ਠੀਕ ਹੀ ਕਹਿੰਦੀ ਹੈ। ਅੱਗੇ ਮੇਰਾ ਸਭ ਕੁਝ ਕੀਤਾ ਨਿਸਫਲ ਗਿਆ ਹੈ ਉਹ ਜ਼ਰੂਰ ਹੀ ਸਰਬ ਕਲਾ ਸਮਰੱਥ ਹਨ, ਜਿਹਨਾਂ ਅੱਗੇ ਮੇਰੇ ਸਾਰੇ ਯਤਨ ਨਿਸਫਲ ਗਏ ਹਨ, ਇਸ ਲਈ ਮੈਨੂੰ ਦੇਵੀ ਦੀ ਗੱਲ ਮੰਨ ਕੇ ਉਨ੍ਹਾਂ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ।

ਇਸ ਤਰ੍ਹਾਂ ਵਿਚਾਰ ਕਰਨ ਉਪਰੰਤ ਦੂਸਰੇ ਦਿਨ ਸਾਰੀ ਤਿਆਰੀ ਕਰ ਕੇ ਮੁਖੀ-ਮੁਖੀ ਅਹਿਲਕਾਰਾਂ ਨੂੰ ਨਾਲ ਲੈ ਕੇ ਬਹੁਤ ਸਾਰੀਆਂ ਭੇਟਾਂ ਹੀਰੇ ਜਵਾਹਰਾਤ ਲੈ ਕੇ ਰਾਜ ਮਹਿਲਾਂ ਤੋਂ ਹੀ ਨੰਗੀਂ ਪੈਰੀਂ ਸਤਿਗੁਰਾਂ ਵੱਲ ਚੱਲ ਪਿਆ। ਰਸਤੇ ਵਿਚ ਬੇੜੀ ਰਾਹੀਂ ਬ੍ਰਹਮਪੁੱਤਰ ਦਰਿਆ ਨੂੰ ਪਾਰ ਕਰ ਕੇ ਸਤਿਗੁਰਾਂ ਦੇ ਚਰਨਾਂ ਵਿਚ ਪੁੱਜ ਕੇ ਨਮਸਕਾਰ ਕੀਤੀ। ਸ਼ਰਨ ਆ ਕੇ ਆਪਣੀ ਭੁੱਲ ਬਖਸ਼ਾਈ ਤੇ ਕਿਹਾ, ਹੇ ਗਰੀਬ ਨਿਵਾਜ! ਮੈਂ ਭੁੱਲਾ ਹੀ ਰਿਹਾ, ਥੋੜੀ ਜਿਹੀ ਸ਼ਕਤੀ ਨੂੰ ਪਾ ਕੇ ਆਪ ਜੈਸੇ ਮਹਾਨ ਵਿਅਕਤੀ ਨਾਲ ਟੱਕਰ ਲਈ। ਸੋ ਹੁਣ ਕਿਰਪਾ ਕਰੋ ਮੇਰੇ ਔਗੁਣਾਂ ਨੂੰ ਬਖਸ਼ੋ। ਅੱਗੋਂ ਜੋ ਕਹੋਗੇ ਸੋ ਮੈਂ ਕਰਨ ਨੂੰ ਤਿਆਰ ਹਾਂ ਪਰ ਸਾਨੂੰ ਮੁਸਲਮਾਨਾਂ ਦੇ ਅਧੀਨ ਨਾ ਕਰੋ ਕਿਉਂਕਿ ਸਾਡਾ ਹਿੰਦੂ ਧਰਮ ਹੈ ਤੇ ਆਪ ਜੀ ਹਿੰਦੂ ਧਰਮ ਦੇ ਰੱਖਯਕ ਹੋ ਇਸ ਕਰ ਕੇ ਆਪ ਕਿਰਪਾ ਕਰੋ।''

ਰਾਜਾ ਰਾਮ ਸਿੰਘ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ-'ਹੇ ਗਰੀਬ ਨਿਵਾਜ! ਕਿਰਪਾ ਕਰ ਕੇ ਮੇਰੇ ਘਰ ਚਰਨ ਪਾ ਕੇ ਘਰ ਪਵਿੱਤਰ ਕਰੋ।'' ਸਤਿਗੁਰਾਂ ਨੇ ਕਿਹਾ, ''ਚੰਗਾ ਤੂੰ ਜਾਹ ਅਸੀਂ ਆਪੇ ਆ ਜਾਵਾਂਗੇ।''

ਰਾਜਾ ਬਿਸ਼ਨ ਸਿੰਘ ਨੂੰ ਸੱਦ ਕੇ ਗੁਰੂ ਜੀ ਨੇ ਕਿਹਾ, ''ਹੇ ਰਾਜਨ! ਹੁਣ ਅਸਾਮ ਜਾਣ ਦੀ ਤਿਆਰੀ ਕਰੋ ਪਰ ਇਕ ਗੱਲ ਹੈ ਕੋਈ ਵੀ ਮੁਸਲਮਾਨ ਸਿਪਾਹੀ ਨਾਲ ਨਾ ਹੋਵੇ। ਸਤਿਗੁਰਾਂ ਦਾ ਹੁਕਮ ਮੰਨਦਿਆਂ ਉਸੇ ਵਕਤ

www.sikhbookclub.com

ਤਿਆਰੀ ਕਰ ਕੇ ਚਾਲੇ ਪਾ ਦਿੱਤੇ। ਅੱਗੋਂ ਆਸਾਮ ਦੇ ਰਾਜੇ ਨੇ ਬੜਾ ਸਤਿਕਾਰ ਕੀਤਾ। ਬੇਅੰਤ ਭੇਟਾ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਕੀਤੀਆਂ। ਸਤਿਗੁਰਾਂ ਨੇ ਰਾਜਾ ਬਿਸ਼ਨ ਸਿੰਘ ਦਾ ਅਤੇ ਅਸਾਮ ਦੇ ਰਾਜੇ ਦਾ ਆਪਸ ਵਿਚ ਮਿਲਾਪ ਕਰਾ ਦਿੱਤਾ। ਇਥੋਂ ਤਕ ਕਿ ਦੋਹਾਂ ਦੀਆਂ ਪੱਗਾਂ ਵਟਵਾ ਕੇ ਭਰਾ ਭਰਾ ਬਣਾ ਦਿੱਤਾ। ਕੁਝ ਦਿਨ ਉਥੇ ਰਹਿ ਕੇ ਫਿਰ ਸਤਿਗੁਰੂ ਜੀ ਬਿਸ਼ਨ ਸਿੰਘ ਨਾਲ ਫੌਜਾਂ ਸਮੇਤ ਪਟਨੇ ਸਾਹਿਬ ਵਾਪਸ ਆਏ। ਪਟਨੇ ਸ਼ਹਿਰ ਤੋਂ ਬਾਹਰ ਇਕ ਰਈਸ ਮੁਸਲਮਾਨ ਦੇ ਬਾਗ ਵਿਚ ਠਹਿਰੇ ਜੋ ਕਾਫੀ ਦੇਰ ਤੋਂ ਸੁੱਕਾ ਪਿਆ ਸੀ। ਸਤਿਗੁਰਾਂ ਦੇ ਚਰਨ ਪਾਉਣ ਦੀ ਦੇਰ ਸੀ ਜੁ ਉਹ ਹਰਿਆ ਭਰਿਆ ਹੋ ਗਿਆ।

ਜਿਥੈ ਜਾਇ ਬਹੈ ਮੇਰਾ ਸਤਿਗੁਰੁ ਸੋ ਥਾਨੁ ਸੁਹਾਵਾ ਰਾਮ ਰਾਜੇ॥ *(ਪੰਨਾ ੪੫੦)*

ਉਸ ਵੇਲੇ ਉਸ ਦੇ ਨੌਕਰਾਂ ਨੇ ਆਪਣੇ ਮਾਲਕ ਨੂੰ ਜਾ ਕੇ ਕਿਹਾ ਤਾਂ ਉਹ ਆਪ ਆਇਆ ਤੇ ਆਪਣੇ ਅੱਖੀਂ ਨਜ਼ਾਰਾ ਦੇਖ ਕੇ ਗੁਰੂ-ਘਰ ਦਾ ਸ਼ਰਧਾਲੂ ਸਿੱਖ ਬਣਿਆ ਅਤੇ ਬਾਗ ਸਤਿਗੁਰਾਂ ਦੀ ਭੇਟਾ ਕਰ ਦਿੱਤਾ। ਜਿਸ ਦਾ ਨਾਮ ਹੁਣ "ਗੁਰੂ ਕਾ ਬਾਗ" ਹੈ।

ਰਾਜਾ ਬਿਸ਼ਨ ਸਿੰਘ ਪਟਨੇ ਸਾਹਿਬੋਂ ਸਤਿਗੁਰੂ ਤੋਂ ਆਗਿਆ ਲੈ ਕੇ ਵਾਪਸ ਦਿੱਲੀ ਮੁੜ ਆਇਆ ਸਤਿਗੁਰੂ ਜੀ ਸੰਗਤਾਂ ਨੂੰ ਉਥੇ ਹੀ ਕੁਝ ਦਿਨ ਦਰਸ਼ਨ ਦਿਦਾਰੇ ਦੇ ਕੇ ਫਿਰ ਆਪ ਅਨੰਦਪੁਰ ਸਾਹਿਬ ਆ ਗਏ ਅਤੇ ਪਰਵਾਰ ਨੂੰ ਧੀਰਜ ਦੇਂਦਿਆਂ ਕਹਿ ਆਏ ਕਿ ਜਿਸ ਵੇਲੇ ਸਾਡੀ ਪੱਤ੍ਰਕਾ ਆਵੇਗੀ ਤਦੋਂ ਤੁਸੀਂ ਇਥੋਂ ਪੰਜਾਬ ਨੂੰ ਆ ਜਾਣਾ। ਇਸ ਤਰ੍ਹਾਂ ਆਪ ਪਹਿਲੇ ਅਨੰਦਪੁਰ ਸਾਹਿਬ ਪੁੱਜ ਕੇ ਬਾਅਦ ਵਿਖੇ ਇਕ ਸਿੱਖ ਦੇ ਹੱਥੀਂ ਸੁਨੇਹਾ ਭੇਜ ਕੇ ਪਰਿਵਾਰ ਨੂੰ ਸਦਵਾ ਲਿਆ, ਮਗਰੋਂ ਉਥੇ ਹੀ ਰਹਿ ਕੇ ਸੰਗਤਾਂ ਨੂੰ ਉਪਦੇਸ਼ ਦੁਆਰਾ ਨਿਹਾਲ ਕਰਦੇ ਰਹੇ।

ਇਹਨਾਂ ਹੀ ਦਿਨਾਂ ਵਿਚ ਮੁਸਲਮਾਨਾਂ ਨੇ ਜ਼ੁਲਮਾਂ ਦੀ ਅਤਿ ਕੀਤੀ ਹੋਈ ਸੀ, ਕਿਉਂਕਿ ਔਰੰਗਜ਼ੇਬ ਬਾਦਸ਼ਾਹ ਦਾ ਹੁਕਮ ਹੀ ਅਜਿਹਾ ਸੀ ਕਿ ਲਾਲਚ ਦੇ ਕੇ, ਤਥਾ ਜ਼ਬਰਦਸਤੀ ਜਿਵੇਂ ਹੋਵੇ ਹਰ ਕਿਸੇ ਨੂੰ ਇਸਲਾਮ ਵਿਚ ਲਿਆਉਣਾ ਕਰੋ।

ਪਰ ਪਹਿਲੋਂ ਅਜਿਹਾ ਨਹੀਂ ਸੀ ਔਰੰਗਜ਼ੇਬ ਗੀਤਾ ਦਾ ਪਾਠ ਨਿਤਨੇਮ ਨਾਲ ਸੁਣਿਆ ਕਰਦਾ ਸੀ। ਪਾਠ ਦੇ ਸੁਣਨ ਵਾਸਤੇ ਇਕ ਵਿਦਵਾਨ ਪੰਡਿਤ ਰੱਖਿਆ ਹੋਇਆ ਸੀ, ਜਿਸ ਦਾ ਆਸਣ ਸਭ ਨਾਲੋਂ ਉੱਚਾ ਹੁੰਦਾ ਸੀ। ਇਸ ਤਰ੍ਹਾਂ ਬਾਦਸ਼ਾਹ ਦਾ ਵਿਹਾਰ ਦੇਖ ਕੇ ਮੌਲਾਣੇ ਤੇ ਕਾਜ਼ੀ ਬਹੁਤ ਦੁਖੀ ਹੁੰਦੇ ਪਰ ਕੁਝ ਕਹਿ ਵੀ ਨਹੀਂ ਸਨ ਸਕਦੇ। ਪੰਡਿਤ ਵੀ ਬੜਾ ਸਿਆਣਾ ਸੀ, ਆਪਣੀ ਰੋਜ਼ੀ ਬਣਾਈ ਰੱਖਣ ਲਈ "ਸ੍ਵੈ ਧਰਮ" ਦੀ ਉਪਮਾ ਵਾਲੇ ਸਲੋਕ ਪੜ੍ਹਦਾ ਹੀ ਨਹੀਂ ਸੀ। ਜਿਵੇਂ-

ਸ਼੍ਰੇਯਾਨ੍, ਸ੍ਵਧਰ੍ਮਃ, ਵਿਗੁਣਃ, ਪਰਧਰ੍ਮਾਤ੍, ਸ੍ਵਨੁਸ਼ਿਠਿਤਾਤ੍
ਸ੍ਵਧਰ੍ਮੇ, ਨਿਧਨਮ੍, ਸ਼੍ਰੇਯਃ, ਪਰਧਰ੍ਮਃ, ਭਯਾਬਹਃ॥ ੩੫॥

ਪੰਜਾਬੀ ਉਲਥਾ: ਸ਼੍ਰੇਯਾਨ ਸ੍ਵੈ ਧਰਮੋ ਵਿਗੁਣਹ ਪਰ ਧਰਮਾਤ ਸ੍ਵੈਨੁਸ੍ਠੀਤਾਤ॥
ਸ੍ਵੈਧਰਮੇ ਨਿਧਨੰ ਸ੍ਰੇਯਃ ਪਰ ਧਰਮੋ ਭਯਾਵਃ॥ ੩੫॥

(ਗੀਤਾ ਧਿਆਇ ੩)

ਅਰਥਾਤ— ਜਿਸ ਤਰ੍ਹਾਂ ਸ੍ਵੈਨੁਸ੍ਠੀਤਾਤ= ਸ੍ਰੇਸ਼ਟ ਕਰਮਾਂ ਦੇ ਆਰੰਭ ਵਿਚ ਪਰਾਏ ਦੇ ਧਰਮ ਨਾਲੋਂ ਚਾਹੇ ਸ੍ਵੈਧਰਮ ਵਿਗੁਣਹ= ਨਿਉਣ ਵੀ ਹੈ ਤਾਂ ਵੀ ਉਹ ਕਲਿਆਣਕਾਰੀ ਹੈ ਅਤੇ ਸ੍ਵੈਧਰਮ ਵਿਖੇ ਨਿਧਨੰ= ਮਰਨਾ ਹੀ ਸ੍ਰੇਯਃ= ਕਲਿਆਣਦਾਇਕ ਹੈ ਪਰਾਏ ਧਰਮ ਵਿਖੇ ਜੋ ਮਰਨਾ ਹੈ ਉਹ ਭੈਦਾਇਕ ਹੈ।

www.sikhbookclub.com

ਸ਼੍ਰੇਯਾਨ੍, ਸ੍ਵਧਰ੍ਮਃ, ਵਿਗੁਣਃ, ਪਰਧਰ੍ਮਾਤ੍ ਸ੍ਵਨੁਸ਼੍ਠਿਤਾਤ੍,
ਸ੍ਵਭਾਵਨਿਯਤਮ੍, ਕਰ੍ਮ, ਕੁਰ੍ਵਨ੍, ਨ, ਆਪ੍ਨੋਤਿ, ਕਿਲ੍ਬਿਸ਼੍॥ ੪੭ ॥
ਪੰਜਾਬੀ ਉਲਥਾ : ਸ਼੍ਰੇਯਾਨ ਸ੍ਵੈਧਰਮੋ ਵਿਗੁਣਹ, ਪਰ ਧਰਮਾਤ ਸ੍ਵੈਨੁਸ਼੍ਠਾਤ॥
ਸ੍ਵੈਭਾਵ ਨੀਅਤ ਕਰਮੰ ਕੁਰਵਨ ਨਾਪਨੋਤਿ ਕਿਲਵਿਸ਼ਮ॥ ੪੭॥

(ਗੀਤਾ ਧਿਆਇ ੧੮)

ਅਰਥਾਤ— ਆਪਣਾ ਧਰਮ ਚਾਹੇ ਵਿ+ਗੁਣਹ= ਗੁਣ ਤੋਂ ਰਹਿਤ ਵੀ ਹੈ ਤਾਂ ਵੀ ਉਹ ਸ੍ਵੈਨੁਸਠਾਤ= ਸ੍ਰੇਸ਼ਟ ਹੈ। ਸ਼੍ਰੇਯਾਨ= ਕਲਿਆਣ ਦਾ ਹੇਤੂ ਹੋਣ ਕਰ ਕੇ ਅਤੇ ਪਰ ਧਰਮਾਤ= ਦੂਸਰੇ ਦੇ ਧਰਮ ਕਰ ਕੇ ਜੋ ਸ੍ਵੈਭਾਵ= ਸੁਭਾਵਕ ਹੀ ਨੀਅਤ ਕੀਤਾ ਹੋਇਆ ਕਰਮ ਜਨ ਧਰਮ ਹੈ ਉਸਦੇ ਕਰਨ ਨਾਲ ਕੋਈ ਕਿਲਵਿਸ਼ਮ= ਪਾਪ ਨਾਪਨੋਤਿ= ਪ੍ਰਾਪਤ ਨਹੀਂ ਹੁੰਦਾ।

ਨਾਲੇ ਉਸ ਨੂੰ ਡਰ ਸੀ ਕਿ ਜੇਕਰ ਇਹ ਸ਼ਲੋਕ ਮੈਂ ਕਦੀ ਭੁੱਲ ਕੇ ਵੀ ਪੜ੍ਹ ਬੈਠਾ ਤਾਂ ਮੁਲਾਣਿਆਂ ਕਾਜ਼ੀਆਂ ਦਾ ਬਾਦਸ਼ਾਹ 'ਤੇ ਜ਼ੋਰ ਪੈ ਜਾਵੇਗਾ ਅਤੇ ਹੋ ਸਕਦਾ ਹੈ ਕਿ ਉਹ ਮੈਨੂੰ ਦਰਬਾਰ ਵਿਚੋਂ ਹੀ ਕੱਢ ਦੇਵੇ।

ਦੇਵਨੇਤ ਨਾਲ ਇਕ ਦਿਨ ਪੰਡਿਤ ਨੂੰ ਤਾਪ ਚੜ੍ਹ ਗਿਆ, ਜਿਸ ਕਰ ਕੇ ਦਿਨ ਚੜ੍ਹਨ ਤਕ ਵੀ ਪੰਡਿਤ ਜੀ ਮੰਜੀ ਨੂੰ ਛੱਡ ਨਾ ਸਕੇ। ਮਨ ਵਿਚ ਵਿਚਾਰ ਕੀਤੀ ਕਿ ਜੇਕਰ ਅੱਜ ਨਾ ਗਿਆ, ਤਾਂ ਹੋ ਸਕਦਾ ਹੈ ਬਾਦਸ਼ਾਹ ਹੋਰ ਕਿਸੇ ਪੰਡਿਤ ਨੂੰ ਸੱਦ ਲਵੇ।

ਇਹ ਵਿਚਾਰ ਕਰ ਕੇ ਆਪਣੇ ਲਾਇਕ ਪੁੱਤਰ ਨੂੰ ਆਪਣੇ ਪਾਸ ਬੁਲਾ ਕੇ ਆਪਣੇ ਦਿਲ ਦੀ ਗੱਲ ਦੱਸਦਿਆਂ ਕਿਹਾ, "ਹੇ ਪੁੱਤਰ! ਅੱਜ ਤੂੰ ਮੇਰੀ ਥਾਂ ਜਾ ਕੇ ਔਰੰਗਜ਼ੇਬ ਬਾਦਸ਼ਾਹ ਨੂੰ ਗੀਤਾ ਦਾ ਪਾਠ ਸੁਣਾ ਆ ਤਾਂ ਕਿ ਸਾਡਾ ਰੋਜ਼ੀਨਾ ਬਣਿਆਂ ਰਹੇ। ਕਿਸਮਤ ਦਾ ਚੱਕਰ ਹੈ ਜੁ ਪੰਡਿਤ ਦੇ ਮਨ ਵਿਚ ਇਹ ਗੱਲ ਫੁਰੀ ਹੀ ਨਾ ਕਿ ਉਹ ਪੁੱਤਰ ਨੂੰ ਸ੍ਵੈ-ਧਰਮ ਵਾਲੇ ਸ਼ਲੋਕ ਨਾ ਪੜ੍ਹਨ ਲਈ ਕਹੇ।

ਪਿਤਾ ਪਾਸ ਸਤਿ ਬਚਨ ਕਹਿ ਕੇ ਉਸ ਪੰਡਿਤ ਦਾ ਪੁੱਤਰ ਰਾਜ ਦਰਬਾਰ ਵਿਚ ਪੁੱਜਾ। ਦਰਬਾਰ ਵਿਚ ਪੁੱਜ ਕੇ ਪਿਤਾ ਦੀ ਦੱਸੀ ਜਗ੍ਹਾ 'ਤੇ ਬੈਠ ਕੇ ਗੀਤਾ ਦਾ ਪਾਠ ਸਾਰਾ ਸਰਵਣ ਕਰਾ ਦਿੱਤਾ। ਜਿਸ ਵੇਲੇ 'ਸ਼੍ਰੇਯਾਣ ਸ੍ਵੈਧਰਮੋ' ਵਾਲੇ ਵੀ ਸ਼ਲੋਕ ਸੁਣਾਏ ਤਾਂ ਪਿਛੋਂ ਔਰੰਗਜ਼ੇਬ ਬਾਦਸ਼ਾਹ ਕਾਫੀ ਦੇਰ ਤਕ ਸੋਚਦਾ ਰਿਹਾ ਆਖਰ ਇਸ ਨਿਰਣੇ ਤੇ ਪੁੱਜਾ ਕਿ ਜਦ ਆਪਣਾ ਧਰਮ ਹੀ ਕਲਿਆਣਕਾਰੀ ਹੈ ਤਾਂ ਕਿਸ ਵਾਸਤੇ ਗੀਤਾ ਆਦਿਕ ਦਾ ਪਾਠ ਸ੍ਰਵਣ ਕਰਨਾ ਹੈ?

ਫੇਰ ਆਪਣੇ ਦਿਲ ਦਾ ਸੰਕਲਪ ਕਾਜ਼ੀਆਂ ਮੁਲਾਣਿਆਂ ਅੱਗੇ ਪ੍ਰਗਟ ਕੀਤਾ। ਉਹ ਤਾਂ ਅੱਗੇ ਹੀ ਕਿਸੇ ਅਜੇਹੇ ਮੌਕੇ ਦੀ ਤਾੜ ਵਿਚ ਸਨ। ਬਸ ਫਿਰ ਕੀ ਸੀ, ਚੰਗੀ ਤਰ੍ਹਾਂ ਬਾਦਸ਼ਾਹ ਦੇ ਕੰਨ ਭਰ ਦਿੱਤੇ। "ਹੇ ਬਾਦਸ਼ਾਹ ਸਲਾਮਤ! ਅਸੀਂ ਤਾਂ ਆਪ ਨੂੰ ਡਰਦਿਆਂ ਹੋਇਆਂ ਕੁਝ ਕਹਿੰਦੇ ਨਹੀਂ ਸੀ ਕਿ ਆਪ ਗੁੱਸੇ ਨਾ ਹੋ ਜਾਓ। ਫਿਰ ਸ਼ਰਾਅ ਦੇ ਕਈ ਨੁਕਤੇ ਸੁਣਾਦਿਆਂ ਕਿਹਾ, "ਹੇ ਬਾਦਸ਼ਾਹ! ਜੋ ਇਸਲਾਮ ਦੀ ਤਰੱਕੀ ਵਿਖੇ ਆਪਣੀ ਤਾਕਤ ਲਗਾਂਦਾ ਹੈ ਉਹ ਸਿੱਧਾ ਬਹਿਸ਼ਤਾਂ ਨੂੰ ਜਾਂਦਾ ਹੈ।

"ਆਪ ਜੀ ਨੂੰ ਤਾਂ ਖੁਦਾ ਨੇ ਸਮਰੱਥਾ ਬਖਸ਼ੀ ਹੈ। ਸਾਰੇ ਆਪ ਜੀ ਦਾ ਹੁਕਮ ਮੰਨਦੇ ਹਨ। ਜੋ ਚਾਹੋ ਕਰ ਸਕਦੇ ਹੋ। ਸਾਡੀ ਤਾਂ ਇਹੋ ਹੀ ਸਲਾਹ ਹੈ ਕਿ ਸਭ ਧਰਮਾਂ ਨੂੰ ਇਸਲਾਮ ਵਿਚ ਲਿਆਂਦਾ ਜਾਏ।

"ਹਰ ਸੂਬੇ ਵਿਚ ਹੁਕਮ ਭੇਜੇ ਜਾਣ ਕਿ ਇਸਲਾਮ ਦੇ ਵਾਧੇ ਲਈ ਸੂਬੇਦਾਰ ਜਤਨ ਕਰਨ। ਲਾਲਚ ਦੇ ਕੇ ਜ਼ਰ੍ਹਾ ਥੱਲੇ ਲਿਆਣ, ਜੇ ਨਾ ਮੰਨਣ ਤਾਂ ਜਬਰੀ ਮੁਸਲਮਾਨ ਬਣਾਇਆ ਜਾਏ।" ਇਸ ਤਰ੍ਹਾਂ ਹੋਰ ਵੀ ਜੋ

www.sikhbookclub.com

ਜੀ ਆਇਆ, ਬਾਦਸ਼ਾਹ ਨੂੰ ਭੜਕਾ ਦਿੱਤਾ, ਜਿਸ ਤੇ ਔਰੰਗਜ਼ੇਬ ਨੇ ਸਭਨਾਂ ਸੂਬਿਆਂ ਨੂੰ ਹੁਕਮ ਦਿੱਤਾ। ਸਾਰਿਆਂ ਸੂਬਿਆਂ ਵਿਖੇ ਹਾਕਮ ਹਿੰਦੂ ਜਨਤਾ ਉਪਰ ਜ਼ੁਲਮ ਕਰਨ ਲੱਗ ਪਏ। ਇਥੋਂ ਤਕ ਕਿ ਦੀਨ-ਨਾ ਕਬੂਲਣ ਪਰ ਕਈਆਂ ਨੂੰ ਕਤਲ ਕਰ ਦਿੱਤਾ।

ਉਹਨਾਂ ਦਿਨਾਂ ਵਿਚ ਕਸ਼ਮੀਰ ਹਿੰਦੂਆਂ ਦਾ ਗੜ੍ਹ ਸੀ। ਬੜੇ-ਬੜੇ ਵਿਦਵਾਨ ਪੰਡਿਤ ਇਥੇ ਹੀ ਵਸਦੇ ਸਨ। ਉਹਨੀਂ ਦਿਨੀਂ ਇਥੋਂ ਦਾ ਸੂਬੇਦਾਰ 'ਸ਼ੇਰ ਅਫਗਾਨ ਖਾਂ' ਸੀ। ਜਿਸ ਵੇਲੇ ਇਸ ਪਾਸ ਔਰੰਗਜ਼ੇਬ ਬਾਦਸ਼ਾਹ ਦਾ ਹੁਕਮ ਪੁੱਜਾ ਤਾਂ ਬਹੁਤ ਖੁਸ਼ ਹੋਇਆ ਇਹ ਅੱਗੇ ਹੀ ਅਜੇਹਾ ਚਾਹੁੰਦਾ ਸੀ। ਕੁਝ ਅੱਗੇ ਸ਼ਰਈ ਸੀ ਤੇ ਪਿਛੋਂ ਹੁਕਮ ਆਉਣ ਕਰ ਕੇ ਹੋਰ ਵਾਧਾ ਹੋਇਆ, ਜਿਸ ਕਰ ਕੇ ਇਸ ਨੇ ਕਿਸੇ ਨੂੰ ਦੁਨੀਆਂ ਦਾ ਸੁਖ, ਬਹਿਸ਼ਤਾਂ ਦੇ ਸੁਖ ਦਾ ਲਾਲਚ ਤੇ ਕਿਸੇ ਨੂੰ ਹਕੂਮਤ ਦਾ ਭੈ ਦਿਖਾ ਕੇ ਜ਼ਬਰਦਸਤੀ ਦੀਨ ਮਨਾਇਆ।

ਇਕ ਦਿਨ ਇਸ ਨੇ ਇਤਨਾਂ ਜ਼ੁਲਮ ਕੀਤਾ ਜੁ ਸਵਾ ਮਣ ਜੰਞੂ* ਲੁਹਾ ਕੇ ਅੰਨ-ਜਲ ਛਕਿਆ। ਸਾਰੇ ਹਾਹਾਕਾਰ ਮੱਚ ਗਈ ਪਰ ਹਕੂਮਤ ਅੱਗੇ ਕੋਈ ਅਵਾਜ਼ ਵੀ ਨਹੀਂ ਸੀ ਉਠਾ ਸਕਦਾ।

ਇਕ ਦਿਨ ਕਸ਼ਮੀਰ ਦੇ ਮੁਖੀ ਪੰਡਿਤਾਂ ਨੇ ਇਕੱਤਰ ਹੋ ਕੇ 'ਸ਼ੇਰ ਅਫਗਾਨ ਖਾਂ' ਨੂੰ ਕਿਹਾ, "ਹੇ ਸੁਲਤਾਨ! ਸਾਡੀ ਇਕ ਅਰਜ਼ ਹੈ ਕਿ ਸਾਨੂੰ ਛੇ ਮਹੀਨੇ ਦੀ ਮੁਹਲਤ ਮਿਲਣੀ ਚਾਹੀਦੀ ਹੈ। ਜੇਕਰ ਅਸੀਂ ਆਪਣਾ ਬਚਾਅ ਨਾ ਕਰ ਸਕੇ ਤਾਂ ਬਿਨਾਂ ਕਿਸੇ ਉਜ਼ਰ ਦੇ ਤੁਹਾਡਾ ਦੀਨ ਕਬੂਲ ਕਰ ਲਵਾਂਗੇ।"

ਕਸ਼ਮੀਰ ਦੇ ਸੂਬੇਦਾਰ ਨੇ ਵਿਚਾਰਿਆ ਕਿ ਸਾਰਿਆਂ ਸੂਬਿਆਂ ਵਿਚ ਸਾਡੀ ਹੀ ਹਕੂਮਤ ਹੈ। ਸਾਰੇ ਸਾਡੇ ਅਧੀਨ ਹਨ, ਭਲਾ ਇਹ ਕੀ ਕਰ ਸਕਦੇ ਹਨ। ਚਲੋ ਛੇ ਮਹੀਨੇ ਹੋਰ ਛੁੱਟੀ ਲੈ ਲੈਣ।" ਬਚ ਕੇ ਜਾ ਵੀ ਕਿਥੇ ਸਕਦੇ ਹਨ? ਇਹ ਸੋਚ ਕੇ ਕਿਹਾ! ਛੇ ਮਹੀਨੇ ਹੋਰ ਛੱਟੀ ਲੈ ਲਵੇ।"

ਉਥੋਂ ਛੁਟਕਾਰਾ ਪਾ ਕੇ ਸਾਰੇ ਪੰਡਿਤ ਸ਼ਿਵਾਂ ਦੇ ਮੰਦਿਰ ਅਮਰ ਨਾਥ ਵਿਖੇ ਪੁੱਜੇ। ਉਥੇ ਜਾ ਕੇ ਇਕ ਰਸ ਬਿਨਾਂ ਖਾਧੇ ਪੀਤੇ ਸ਼ਿਵਾਂ ਦੀ ਅਰਾਧਣਾ ਕੀਤੀ। ਸੱਤ ਦਿਨ ਤੇ ਸੱਤ ਰਾਤਾਂ ਭੁੱਖਿਆਂ ਰਹਿ ਕੇ ਗੁਜ਼ਾਰੇ।

ਸ਼ਿਵ ਜੀ ਨੇ ਪ੍ਰਸੰਨ ਹੋ ਕੇ ਆਕਾਸ਼ ਬਾਣੀ ਦੁਆਰਾ ਕਹਿੰਦਿਆਂ ਇਕ ਪੱਤ੍ਰਕਾ ਸੁੱਟੀ ਜਿਸ ਵਿਖੇ ਸੰਸਕ੍ਰਿਤ ਅੱਖਰਾਂ ਵਿਚ ਲਿਖਿਆ ਹੋਇਆ ਸੀ, "ਹੇ ਪੰਡਿਤੋ! ਮੈਂ ਤੁਹਾਡੀ ਭਗਤੀ ਤੇ ਪ੍ਰਸੰਨ ਹਾਂ ਪਰ ਇਕ ਗੱਲ ਹੈ ਕਿ ਤੁਹਾਡਾ ਸੰਕਲਪ ਮੈਂ ਪੂਰਾ ਨਹੀਂ ਕਰ ਸਕਦਾ। ਤੁਹਾਡੇ ਬਚਾਅ ਦਾ ਇਕੋਂ ਇਕ ਉਪਾਅ ਹੈ ਉਸ ਦੇ ਕਰਨ ਨਾਲ ਹੀ ਤੁਹਾਡਾ ਸਭਨਾਂ ਦਾ ਧਰਮ ਰਹਿ ਸਕਦਾ ਹੈ।

ਉਹ ਉਪਾਉ ਇਹ ਹੈ ਕਿ ਐਸ ਵੇਲੇ ਜੋ ਈਸ਼ਵਰ ਅਵਤਾਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਸਰੂਪ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪ੍ਰਗਟ ਹੋ ਕੇ ਅਨੰਦਪੁਰ ਸਾਹਿਬ ਵਿਖੇ ਬਿਰਾਜਮਾਨ ਹਨ। ਉਨ੍ਹਾਂ ਦਾ ਅਵਤਾਰ ਹੀ ਧਰਮ ਦੀ ਰੱਖਿਆ ਕਰਨ ਵਾਸਤੇ ਹੋਇਆ ਹੈ। ਇਸ ਕਰ ਕੇ ਤੁਸੀਂ ਉਨ੍ਹਾਂ ਦੀ ਸ਼ਰਨ ਲਵੋ, ਓਹੀ ਤੁਹਾਡੇ ਧਰਮ ਦੀ ਰੱਖਿਆ ਕਰ ਸਕਦੇ ਹਨ।"

ਸ਼ਿਵ ਜੀ ਦੇ ਇਉਂ ਬਚਨ ਪੜ੍ਹ ਕੇ ਯਕੀਨ ਕਰਦੇ ਹੋਏ ਅਮਰ ਨਾਥ ਤੋਂ ਸਾਰੇ ਦੇ ਸਾਰੇ ਪੰਡਿਤ ਚੱਲ ਪਏ। ਚਲਦੇ-ਚਲਦੇ ਸ੍ਰੀ ਅਨੰਦਪੁਰ ਵਿਖੇ ਪੁੱਜ ਕੇ ਅਰਦਾਸੀਏ ਨੂੰ ਮਿਲ ਕੇ ਬੇਨਤੀ ਕੀਤੀ ਕਿ ਅਸੀਂ ਸਤਿਗੁਰੂ ਜੀ ਨੂੰ ਮਿਲਣਾ ਚਾਹੁੰਦੇ ਹਾਂ ਤਾਂ ਉਸ ਸੇਵਾਦਾਰ ਨੇ ਅੰਦਰ ਸਤਿਗੁਰੂ ਜੀ ਦੇ ਪਾਸ ਜਾ ਕੇ ਬੇਨਤੀ ਕੀਤੀ— "ਗਰੀਬ ਨਿਵਾਜ ਜੀ! ਬਾਹਰ ਕਸ਼ਮੀਰੀ ਬ੍ਰਾਹਮਣ ਬੜੇ ਦੁਖੀ ਹੋ ਕੇ ਆਏ ਹਨ। ਆਪ ਜੀ ਨੂੰ ਮਿਲਣਾ ਚਾਹੁੰਦੇ

*ਇਕ ਜਨੇਊ ਅੱਧੇ ਤੋਲੇ ਦਾ ਹੁੰਦਾ ਹੈ।

ਹਨ। ਕੀ ਹੁਕਮ ਹੈ?'' ਸਤਿਗੁਰਾਂ ਨੇ ਕਿਹਾ, ''ਅੰਦਰ ਸਾਡੇ ਪਾਸ ਆਉਣ ਦਿਓ।'' ਉਹਨਾਂ ਨੇ ਸਤਿਗੁਰਾਂ ਦੇ ਚਰਨਾਂ ਵਿਚ ਆ ਕੇ ਦੀਨ ਮਨ ਹੋ ਕੇ ਬੇਨਤੀਆਂ ਕੀਤੀਆਂ-

'ਸ਼ਰਨਿਅੰ ਸ਼ਰਨਿਅੰ ਸ਼ਰਨਿਅੰ ਗੁਰਾਨੰ।'

ਇਸ ਤਰ੍ਹਾਂ ਬੇਨਤੀਆਂ ਕਰਦਿਆਂ ਸਾਰੇ ਪੰਡਿਤ ਭੁੱਬਾਂ ਮਾਰਦੇ ਸਤਿਗੁਰਾਂ ਦੇ ਚਰਨਾਂ ਉਪਰ ਡਿੱਗ ਪਏ, ਰੋ-ਰੋ ਕੇ ਆਪਣੀ ਸਾਰੀ ਹਾਲਤ ਦੱਸੀ, ''ਹੇ ਸਤਿਗੁਰ! ਕਿਰਪਾ ਕਰੋ ਤੁਹਾਡੇ ਬਿਨਾਂ ਸਾਡੀ ਕੋਈ ਰੱਖਿਆ ਕਰਨ ਵਾਲਾ ਨਹੀਂ ਰਿਹਾ। ਕਿਰਪਾ ਕਰੋ ਦੀਨ ਕੇ ਦਾਤੇ! ਸ਼ਰਨ ਆਏ ਦੀ ਲਾਜ ਰੱਖੋ। ਇਹਨਾਂ ਜ਼ੁਲਮੀ ਸ਼ੇਰਾਂ ਪਾਸੋਂ ਸਾਨੂੰ ਬਚਾਓ, ਇਹ ਸਾਡੇ ਧਰਮ ਨੂੰ ਭ੍ਰਿਸ਼ਟ ਕਰੀ ਜਾਂਦੇ ਹਨ।''

ਸਤਿਗੁਰਾਂ ਨੇ ਸਭਨਾਂ ਨੂੰ ਦਿਲਾਸਾ ਦੇ ਕੇ ਉਠਾਇਆ। ਫੇਰ ਆਪ ਕਿਸੀ ਡੂੰਘੀ ਵਿਚਾਰ ਵਿਚ ਪੈ ਕੇ ਚੁੱਪ ਹੋ ਗਏ। ਇਤਨੇ ਨੂੰ ਕਲਗੀਧਰ ਚੋਜੀ ਪ੍ਰੀਤਮ, ਮੋਹਣੀ ਮੂਰਤੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋ ਅਜੇ ਮਸਾਂ ਨੌਂ ਸਾਲ ਦੀ ਉਮਰ ਦੇ ਸਨ। ਸਾਥੀਆਂ ਨਾਲ ਖੇਡਦੇ-ਖੇਡਦੇ ਬਾਹਰੋਂ ਆਏ। ਸਭ ਨੂੰ ਡੂੰਘੀਆਂ ਸੋਚਾਂ ਪਿਆਂ ਨੂੰ ਦੇਖ ਕੇ ਪਿਤਾ ਜੀ ਨੂੰ ਨਮਸਕਾਰ ਕਰਦਿਆਂ ਕਿਹਾ, ''ਪਿਤਾ ਜੀ! ਪੰਡਿਤ ਲੋਕ ਰੋ ਕਿਉਂ ਰਹੇ ਹਨ? ਇਹਨਾਂ ਨੂੰ ਕੀ ਦੁੱਖ ਹੈ?''

ਗੁਰੂ ਜੀ ਨੇ ਕਿਹਾ, ''ਇਹ ਧਰਮ ਦੇ ਹਤਿਆਰਿਆਂ ਹੱਥੋਂ ਬਹੁਤ ਦੁਖੀ ਹੋ ਕੇ ਧਰਮ ਦੀ ਰੱਖਿਆ ਲਈ ਰੋ ਰਹੇ ਹਨ, ਪਰ ਇਨ੍ਹਾਂ ਦਾ ਧਰਮ ਤਾਂ ਹੀ ਰਹਿ ਸਕਦਾ ਹੈ ਜੇਕਰ ਕੋਈ ਮਹਾਨ ਵਿਅਕਤੀ ਆਪਣਾ ਸੀਸ ਬਲੀਦਾਨ ਕਰੇ।''

ਗੁਰੂ-ਪਿਤਾ ਦੇ ਇਸ ਤਰ੍ਹਾਂ ਦੇ ਬਚਨ ਸੁਣ ਕੇ ਕਲਗੀਧਰ ਜੀ ਕਹਿਣ ਲੱਗੇ, ''ਪਿਤਾ ਜੀ, ਆਪ ਜੀ ਤੋਂ ਬਿਨਾਂ ਐਸ ਵੇਲੇ ਹੋਰ ਕਿਹੜੀ ਮਹਾਨ ਹਸਤੀ ਹੈ। ਸੋ ਆਪ ਹੀ ਕਿਰਪਾ ਕਰ ਕੇ ਇਹਨਾਂ ਦੇ ਦੁੱਖਾਂ ਨੂੰ ਦੂਰ ਕਰੋ। ਆਪ ਹੀ ਗਰੀਬਾਂ ਦੇ ਨਿਵਾਜਣ ਵਾਲੇ ਹੋ।''

ਬਾਲ ਗੋਬਿੰਦ ਰਾਏ ਤੋਂ ਇਉਂ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮੁਸਕਰਾ ਪਏ। ਜਿਸ ਗੱਲ ਦੀ ਚਿੰਤਾ ਸੀ ਕਿ ਅਜੇ ਸਾਹਿਬਜ਼ਾਦੇ ਦੀ ਉਮਰ ਛੋਟੀ ਹੈ, ਇਤਨੀ ਮਹਾਨ ਜ਼ਿੰਮੇਵਾਰੀ ਨੂੰ ਕਿਵੇਂ ਸੰਭਾਲ ਸਕਣਗੇ, ਉਹ ਦੂਰ ਹੋ ਗਈ।

ਉਸ ਵਕਤ ਪੰਡਿਤਾਂ ਨੂੰ ਧੀਰਜ ਦੇਂਦਿਆਂ ਸਤਿਗੁਰਾਂ ਕਿਹਾ, ''ਤੁਸੀਂ ਜਾ ਕੇ ਸੂਬੇਦਾਰ ਨੂੰ ਕਹਿ ਦਿਓ, ਜੇਕਰ ਆਪ ਹਿੰਦੂਆਂ ਦੇ ਗੁਰੂ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਨੂੰ ਮੁਸਲਮਾਨ ਬਣਾ ਲਵੋਗੇ ਤਾਂ ਅਸੀਂ ਸਾਰੇ ਆਪੇ ਹੀ ਮੁਸਲਮਾਨ ਬਣ ਜਾਵਾਂਗੇ।'' ਇਹ ਗੱਲ ਸਮਝਾ ਕੇ ਪੰਡਿਤਾਂ ਨੂੰ ਵਿਦਾ ਕਰ ਦਿੱਤਾ।

ਪੰਡਿਤਾਂ ਦੇ ਮਨ ਵਿਚ ਕੁਝ ਹੌਂਸਲਾ ਹੋਇਆ। ਅਨੰਦਪੁਰ ਸਾਹਿਬੋਂ ਚਲ ਕੇ ਫਿਰ ਕਸ਼ਮੀਰ ਜਾ ਕੇ ਸੂਬੇਦਾਰ ਸ਼ੇਰ ਅਫਗਾਨ ਖਾਂ ਨੂੰ ਕਿਹਾ, ''ਹੇ ਸੁਲਤਾਨ, ਸਾਡੀ ਇਕ ਅਰਜ਼ ਹੈ ਕਿ ਜੇਕਰ ਤੁਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮੁਸਲਮਾਨ ਬਣਾ ਲਓਗੇ ਤਾਂ ਅਸੀਂ ਆਪੇ ਸਾਰੇ ਦੇ ਸਾਰੇ ਬਗੈਰ ਕਿਸੇ ਉਜਰ ਦੇ ਮੁਸਲਮਾਨ ਬਣਨ ਨੂੰ ਤਿਆਰ ਹਾਂ।''

ਇਹ ਸੁਣ ਕੇ ਸੂਬੇਦਾਰ ਨੇ ਵਿਚਾਰਿਆ ਜੇਕਰ ਇਕ ਦੇ ਮੁਸਲਮਾਨ ਬਣਨ ਤੇ ਬਿਨਾਂ ਯਤਨ ਸਾਰੇ ਦੇ ਸਾਰੇ ਇਸਲਾਮ ਨੂੰ ਕਬੂਲ ਕਰ ਲੈਣ ਤਾਂ ਹੋਰ ਕੀ ਚਾਹੀਦਾ ਹੈ। ਉਸੇ ਵੇਲੇ ਔਰੰਗਜ਼ੇਬ ਵੱਲ ਇਕ ਚਿੱਠੀ ਲਿਖ ਕੇ ਪਿਆਦੇ ਨੂੰ ਬੁਲਾ ਕੇ ਕਿਹਾ, ''ਹੁਣੇ ਦਿੱਲੀ ਜਾ ਕੇ ਔਰੰਗਜ਼ੇਬ ਨੂੰ ਜਲਦੀ ਦੇ ਕੇ ਆ।'' ਸੂਬੇ ਦਾ ਹੁਕਮ

ਮੰਨ ਕੇ ਪਿਆਦਾ ਚਿੱਠੀ ਲੈ ਕੇ ਚੱਲ ਪਿਆ। ਜਿਸ ਵੇਲੇ ਦਿੱਲੀ ਪੁੱਜ ਕੇ ਦਰਬਾਰ ਵਿਖੇ ਜਾ ਕੇ ਬਾਦਸ਼ਾਹ ਨੂੰ ਚਿੱਠੀ ਦਿੱਤੀ। ਤਾਂ—

ਔਰੰਗਜ਼ੇਬ ਨੇ ਮੁਨਸ਼ੀ ਨੂੰ ਚਿੱਠੀ ਪੜ੍ਹਨ ਵਾਸਤੇ ਕਿਹਾ ਅਤੇ ਜਿਸ ਵਕਤ ਇਹ ਲਿਖਿਆ ਹੋਇਆ ਸੁਣਿਆ ਕਿ "ਇਕ ਹਿੰਦੂਆਂ ਦੇ ਆਗੂ ਦੇ ਮੁਸਲਮਾਨ ਬਣਨ ਨਾਲ ਸਾਰੇ ਕਸ਼ਮੀਰੀ (ਹਿੰਦੂ) ਇਸਲਾਮ ਨੂੰ ਕਬੂਲ ਕਰ ਲੈਣਗੇ" ਤਾਂ ਬੜਾ ਪ੍ਰਸੰਨ ਹੋਇਆ। ਦਰਬਾਰੀਆਂ ਨੂੰ ਪੁੱਛਿਆ, "ਹਿੰਦੂਆਂ ਦੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੌਣ ਹਨ? ਅਤੇ ਐਸ ਵੇਲੇ ਕਿਥੇ ਰਹਿੰਦੇ ਹਨ?"

ਦਰਬਾਰ ਵਿਖੇ ਬਹੁਤ ਦੇਸ਼ ਰਟਨ ਕਰਨ ਵਾਲੇ ਵੀ ਬੈਠੇ ਸਨ। ਉਹਨਾਂ ਵਿਚੋਂ ਇਕ ਨੇ ਕਿਹਾ, "ਬਾਦਸ਼ਾਹ ਸਲਾਮਤ! ਗੁਰੂ ਨਾਨਕ ਦੀ ਗੱਦੀ ਉਪਰ ਨੌਵੀਂ ਥਾਂ 'ਤੇ ਹਨ ਅਤੇ ਐਸ ਵੇਲੇ ਅਨੰਦਪੁਰ ਸਾਹਿਬ ਵਿਖੇ ਨਿਵਾਸ ਕਰ ਰਹੇ ਹਨ।" ਐਸਾ ਸੁਣ ਕੇ ਖਾਸ-ਖਾਸ ਨਜ਼ਦੀਕੀ ਦੋ ਸਿਪਾਹੀਆਂ ਨੂੰ ਉਸੇ ਵੇਲੇ ਭੇਜਿਆ ਤੇ ਕਿਹਾ, "ਤੁਸੀ ਜਾ ਕੇ ਉਹਨਾਂ ਨੂੰ ਇਤਲਾਹ ਦਿਓ ਕਿ ਦਿੱਲੀ ਵਿਚ ਔਰੰਗਜ਼ੇਬ ਬਾਦਸ਼ਾਹ ਤੁਹਾਨੂੰ ਬੁਲਾ ਰਿਹਾ ਹੈ।"

ਬਾਦਸ਼ਾਹ ਦਾ ਹੁਕਮ ਮੰਨ ਕੇ ਸਿਪਾਹੀ ਚੱਲ ਪਏ, ਚਲਦੇ-ਚਲਦੇ ਅਨੰਦਪੁਰ ਸਾਹਿਬ ਆ ਕੇ ਬਾਦਸ਼ਾਹ ਦਾ ਹੁਕਮ ਸੁਣਾਇਆ ਤਾਂ ਸਤਿਗੁਰਾਂ ਨੇ ਭਵਿਖਤ ਦਾ ਸਮਾਂ ਨੇੜੇ ਆਇਆ ਜਾਣ ਕੇ ਕਿਹਾ, "ਚੰਗਾ, ਤੁਸੀਂ ਚੱਲੋ, ਅਸੀਂ ਆਪੇ ਆ ਜਾਵਾਂਗੇ।" ਸਿਪਾਹੀ ਇਤਨਾ ਜਵਾਬ ਲੈ ਕੇ ਵਾਪਸ ਦਿੱਲੀ ਆਏ ਤੇ ਆ ਕੇ ਬਾਦਸ਼ਾਹ ਨੂੰ ਕਹਿ ਦਿੱਤਾ।

ਇਧਰੋਂ ਸਤਿਗੁਰੂ ਜੀ ਸੰਗਤਾਂ ਤੇ ਪ੍ਰਵਾਰ ਨੂੰ ਧੀਰਜ ਦੇ ਕੇ ਹਾੜ ਦੇ ਮਹੀਨੇ ਗੁਰੂ ਦਾ ਦੀਵਾਨ ਭਾਈ ਮਤੀ ਦਾਸ ਜੀ, ਦੂਸਰੇ ਭਾਈ ਦਯਾਲਾ ਜੀ, ਤੀਸਰੇ ਬਾਬਾ ਬੁੱਢਾ ਜੀ ਦੀ ਬੰਸ ਵਿਚੋਂ ਛੇਵੀਂ ਜਗ੍ਹਾ ਭਾਈ ਗੁਰਦਿੱਤਾ ਜੀ, ਚੌਥੇ ਭਾਈ ਊਦੋ (ਰਠੌਰ) ਅਤੇ ਪੰਜਵੇਂ ਭਾਈ ਸਾਹਿਬ ਚੰਦ ਜੀ, ਇਹਨਾਂ ਪੰਜਾਂ ਸਿੱਖਾਂ ਨੂੰ ਨਾਲ ਲੈ ਕੇ ਦਿੱਲੀ ਵੱਲ ਚੱਲ ਪਏ। ਪਹਿਲੇ ਪੜ੍ਹਾਅ 'ਤੇ *ਪਟਿਆਲੇ ਦੀ ਧਰਤੀ ਤੋਂ ਲੰਘ ਕੇ ਲੈਹਲ ਨਾਮੇ ਪਿੰਡ ਵਿਚ ਠਹਿਰ ਕੇ ਰਾਤ ਬਤੀਤ ਕੀਤੀ (ਜਿਸ ਜਗ੍ਹਾ ਅੱਜ ਕਲ੍ਹ ਦੁਖ ਨਿਵਾਰਣ ਨਾਮ ਕਰ ਕੇ ਗੁਰਦੁਆਰਾ ਬਣਿਆ ਹੋਇਆ ਹੈ) ਇਸ ਤੋਂ ਉਪਰੰਤ ਸੈਫਾਬਾਦ ਪੁੱਜੇ (ਜਿਸ ਦਾ ਨਾਮ ਅੱਜ ਕਲ੍ਹ ਬਹਾਦਰ ਗੜ੍ਹ ਹੈ) ਇਥੇ ਇਕ ਸੈਫ ਦੀਨ ਨਾਮ ਦਾ ਮੁਸਲਮਾਨ ਪ੍ਰੇਮੀ ਗੁਰੂ ਜੀ ਨੂੰ ਅਰਾਧ ਰਿਹਾ ਸੀ। ਉਸ ਦਾ ਪ੍ਰੇਮ ਦੇਖ ਕੇ ਉਸ ਪਾਸ ਜਾ ਠਹਿਰੇ।

ਇਧਰ ਦੇਰ ਹੋਈ ਜਾਣ ਕੇ ਔਰੰਗਜ਼ੇਬ ਦੇ ਮਨ ਵਿਚ ਤੌਖਲਾ ਹੋਇਆ, ਜਿਸ ਕਰ ਕੇ ਦੁਬਾਰਾ ਸਿਪਾਹੀ ਭੇਜੇ। ਜਿਨ੍ਹਾਂ ਨੇ ਆ ਕੇ ਦੱਸਿਆ ਕਿ ਉਹ ਤਾਂ ਉਥੇ ਨਹੀਂ ਹਨ। ਇਹ ਸੁਣ ਕੇ ਔਰੰਗਜ਼ੇਬ ਨੇ ਸੋਚਿਆ ਕਿਤੇ ਲੁਕ ਹੀ ਨਾ ਗਏ ਹੋਣ। ਸਤਿਗੁਰਾਂ ਦੇ ਪਕੜਨ ਲਈ ਸਾਰੇ ਦੇਸ਼ ਵਿਚ ਇਨਾਮੀ ਹੁਕਮ ਜਾਰੀ ਕਰ ਦਿੱਤਾ ਅਤੇ ਇਹ ਵੀ ਕਿਹਾ, "ਜੋ ਆਪਣੇ ਪਾਸ ਉਹਨਾਂ ਨੂੰ ਠਹਿਰਨ ਦੇਵੇਗਾ ਅਤੇ ਸਰਕਾਰ ਨੂੰ ਇਤਲਾਹ ਨਹੀਂ ਦੇਵੇਗਾ ਉਸ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ।"

ਚਾਹੇ ਬਾਦਸ਼ਾਹ ਦਾ ਇਤਨਾ ਸਖਤ ਹੁਕਮ ਵੀ ਸੁਣਿਆਂ ਪਰ ਗੁਰੂ ਉਪਰ ਸਿਦਕ ਰੱਖਣ ਵਾਲੇ ਸੈਫਦੀਨ ਨੇ ਮਨ ਡੁਲਾਇਆ ਨਹੀਂ, ਆਪਣੇ ਨਿਸਚੇ ਵਿਚ ਫਰਕ ਨਹੀਂ ਲਿਆਂਦਾ। ਪੂਰਾ ਚੁਮਾਸਾ ਆਪਣੇ ਪਾਸ ਠਹਿਰਾ ਕੇ ਮਨੋ-ਤਨੋ ਹੋ ਕੇ ਸੇਵਾ ਟਹਿਲ ਕੀਤੀ।

---

*ਪਟਿਆਲਾ ਸ਼ਹਿਰ ਅਜੇ ਵਸਿਆ ਨਹੀਂ ਸੀ।

ਸਾਵਣ ਤੇ ਭਾਦਰੋਂ ਦਾ ਮਹੀਨਾ ਸੈਫਦੀਨ ਪਾਸ ਰਹਿ ਕੇ ਚੜ੍ਹਦੇ ਅੱਸੂ ਸੈਫਦੀਨ ਤੋਂ ਵਿਦਾ ਹੋਏ। ਰਸਤੇ ਵਿਚ ਅਨੇਕਾਂ ਥਾਵਾਂ ਨੂੰ ਪਵਿੱਤਰ ਕਰਦੇ ਹੋਏ ਸਤਿਗੁਰੂ ਜੀ ਆਗਰੇ ਸ਼ਹਿਰ ਦੇ ਬਾਹਰਵਾਰ ਇਕ ਬਾਗ ਵਿਖੇ ਉਤਰੇ। ਘੋੜਾ ਦਰੱਖਤ ਨਾਲ ਬੰਨ੍ਹ ਕੇ ਆਪ ਗਰੀਬ ਨਿਵਾਜ ਅਜੇ ਬੈਠੇ ਹੀ ਸਨ, ਜੋ ਇਤਨੇ ਨੂੰ ਇਕ ਅਯਾਲੀ ਬੱਕਰੀਆਂ ਦੇ ਇੱਜੜ ਨੂੰ ਚਰੌਂਦਾ ਹੋਇਆ ਆ ਨਿਕਲਿਆ। ਉਸ ਨੂੰ ਪਾਸ ਸੱਦ ਕੇ ਕਿਹਾ, "ਸਾਡਾ ਇਹ ਕੰਮ ਕਰ ਆ!" ਅਯਾਲੀ ਨੇ ਸਿਰ ਨਿਵਾ ਕੇ ਸਤਿ ਬਚਨ ਕਰਦਿਆਂ ਕਿਹਾ- ਕੀ ਹੁਕਮ ਹੈ?"

ਸਤਿਗੁਰਾਂ ਆਪਣੀ ਉਂਗਲੀ 'ਚੋਂ ਅਨਮੁੱਲੀ ਹੀਰੇ ਜੜਤ ਮੁੰਦਰੀ ਲਾਹ ਕੇ ਦਿੰਦਿਆਂ ਕਿਹਾ, "ਸਾਨੂੰ ਭੁੱਖ ਬਹੁਤ ਲੱਗੀ ਹੈ, ਜਲਦੀ ਸ਼ਹਿਰ ਜਾ ਕੇ ਸਾਡੇ ਵਾਸਤੇ ਮਠਿਆਈ ਲੈ ਆ।"

ਅਯਾਲੀ ਨੇ ਕਿਹਾ—"ਮਹਾਰਾਜ ਜੀ! ਮੇਰੀਆਂ ਇਹ ਬੱਕਰੀਆਂ ਹਨ, ਇਹਨਾਂ ਦੀ ਰਾਖੀ ਕੌਣ ਕਰੇਗਾ? ਮੇਰਾ ਤਾਂ ਰੁਜ਼ਗਾਰ ਹੀ ਇਹੀ ਹੈ। ਜੇ ਕਿਧਰੇ ਇਹ ਚਲੀਆਂ ਗਈਆਂ ਤਾਂ ਮੇਰੇ ਲਈ ਮੁਸ਼ਕਲ ਬਣ ਜਾਏਗੀ।" ਗੁਰੂ ਜੀ ਨੇ ਕਿਹਾ—"ਤੂੰ ਇਸ ਗੱਲ ਦੀ ਚਿੰਤਾ ਨਾ ਕਰ, ਤੇਰੀਆਂ ਬੱਕਰੀਆਂ ਦਾ ਅਸੀਂ ਖਿਆਲ ਰੱਖਾਂਗੇ।"

ਇਹ ਗੱਲ ਸੁਣ ਕੇ ਮੁੰਦਰੀ ਨੂੰ ਪਕੜਦਿਆਂ ਅਯਾਲੀ ਨੇ ਕਿਹਾ, "ਮਹਾਰਾਜ ਜੀ! ਮੇਰੇ ਕੱਪੜੇ ਤਾਂ ਬੜੇ ਮੈਲੇ ਹਨ, ਜੇਕਰ ਮੈਂ ਇਹਨਾਂ ਵਿਖੇ ਮਠਿਆਈ ਪੁਆ ਕੇ ਲਿਆਂਦੀ ਤਾਂ ਆਪ ਜੀ ਦੇ ਖਾਣ ਯੋਗ ਨਹੀਂ ਰਹੇਗੀ। ਕੋਈ ਕੱਪੜਾ ਵੀ ਦੇ ਦਿਓ। ਕੌਤਕੀ ਸਤਿਗੁਰਾਂ ਨੇ ਆਪਣਾ ਉਪਰਲਾ ਵਡਮੁੱਲਾ ਦੁਸ਼ਾਲਾ ਲਾਹ ਕੇ ਦਿੰਦਿਆਂ ਕਿਹਾ, "ਜਾਹ ਇਸ ਵਿਚ ਪੁਆ ਲਿਆ।"

ਸਤਿਗੁਰਾਂ ਪਾਸੋਂ ਵਿਦਾ ਹੋ ਕੇ ਹਾਲੀ ਅਯਾਲੀ ਸ਼ਹਿਰ ਵਿਚ ਪਹੁੰਚਿਆ ਹੀ ਸੀ ਕਿ ਪਿਛੋਂ ਪੰਜੇ ਸਿੱਖ ਸਤਿਗੁਰਾਂ ਪਾਸ ਆ ਪੁੱਜੇ ਤੇ ਮਤੀ ਦਾਸ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਗਰੀਬ ਨਿਵਾਜ਼ ਜੀਓ! ਉਸ ਅਯਾਲੀ ਨੂੰ ਕੀ ਦੇ ਕੇ ਅਤੇ ਕੀ ਵਸਤ ਲੈਣ ਵਾਸਤੇ ਭੇਜਿਆ ਹੈ?" ਸਤਿਗੁਰਾਂ ਨੇ ਕਿਹਾ, "ਸਾਨੂੰ ਭੁੱਖ ਲੱਗੀ ਹੋਈ ਸੀ ਇਸ ਲਈ ਮੁੰਦਰੀ ਤੇ ਦੁਸ਼ਾਲਾ ਦੇ ਕੇ ਬਜ਼ਾਰੋਂ ਮਠਿਆਈ ਲੈਣ ਵਾਸਤੇ ਭੇਜਿਆ ਹੈ।" ਭਾਈ ਮਤੀ ਦਾਸ ਬੜਾ ਹੈਰਾਨ ਹੋਇਆ ਕਿ ਸਤਿਗੁਰਾਂ ਨੂੰ ਕਦੀ ਅੱਗੇ ਭੁੱਖ ਨਹੀਂ ਸੀ ਲੱਗੀ ਤੇ ਅੱਜ ਫੁਰਮਾਂਦੇ ਹਨ ਕਿ ਸਾਨੂੰ ਭੁੱਖ ਲੱਗੀ ਹੈ। ਫਿਰ ਬੜਾ ਕੀਮਤੀ ਮੁੰਦਰੀ ਤੇ ਦੁਸ਼ਾਲਾ ਦੇ ਦਿੱਤਾ ਹੈ। ਸੋਚਾਂ ਤਾਂ ਸੋਚਦਾ ਹੈ ਪਰ ਸਮਝ ਨਹੀਂ ਆਉਂਦੀ ਕਿ ਸਤਿਗੁਰੂ ਜੀ ਕੀ ਕੌਤਕ ਵਰਤਾਣ ਲੱਗੇ ਹਨ। ਭਾਈ ਮਤੀ ਦਾਸ ਨੇ ਕਿਹਾ—"ਮਹਾਰਾਜ ਜੀ! ਸਾਡੇ ਪਾਸ ਖੁਲ੍ਹੇ ਪੈਸੇ ਸਨ, ਇਤਨੀਆਂ ਕੀਮਤੀ ਵਸਤੂਆਂ ਕਿਸ ਵਾਸਤੇ ਦੇਣੀਆਂ ਸਨ?"

ਉਹਨਾਂ ਦਾ ਇਸ ਤਰਫੋਂ ਖਿਆਲ ਹਟਾਉਣ ਲਈ ਸਤਿਗੁਰਾਂ ਕਿਹਾ, 'ਹੇ ਗੁਰਸਿੱਖੋ! ਤੁਸੀਂ ਜਾ ਕੇ ਅਯਾਲੀ ਦੀਆਂ ਬੱਕਰੀਆਂ ਦਾ ਖਿਆਲ ਕਰੋ, ਤਾਂ ਜੁ ਉਹ ਕਿਸੇ ਪਾਸੇ ਚਲੀਆਂ ਨਾ ਜਾਣ।" ਇਹ ਗੱਲ ਸੁਣ ਕੇ ਸਿੱਖ ਬੱਕਰੀਆਂ ਦੀ ਰਾਖੀ ਵੱਲ ਲੱਗ ਗਏ।

ਯਥਾ- ਸ਼੍ਰੀ ਮੁਖ ਤੇ ਐਸੇ ਫੁਰਮਾਇ। ਰਹੀਅਹਿ ਪਿਖਤਿ ਅਜਾ ਸਮੁਦਾਇ।
ਚਲੀ ਨ ਜਾਹਿਂ ਗਰੀਬ ਅਯਾਲੀ। ਆਵਤਿ ਲਗਿ ਸਭਿ ਰਖਹੁ ਸੰਭਾਲੀ ॥ ੨੨ ॥
ਤਬਿ ਸਿੱਖਜਨਿ ਮਾਨਜੋਂ ਕਰ ਜੋਰਿ। ਦੇਖਤਿ ਰਹੇ ਅਜਾ ਕੀ ਓਰ।

(ਗੁਰ ਪ੍ਰਤਾਪ ਸੂਰਜ ਰਾਸਿ ੧੨ ਅੰਸੂ ੩੯)

ਇਧਰ ਜਦ ਅਯਾਲੀ ਦੁਸ਼ਾਲਾ ਤੇ ਮੁੰਦਰੀ ਲੈ ਕੇ ਆਗਰੇ ਸ਼ਹਿਰ ਵਿਚ ਪੁੱਜ ਗਿਆ ਤੇ ਇਕ ਹਲਵਾਈ ਦੀ ਦੁਕਾਨ 'ਤੇ ਜਾ ਕੇ ਕਿਹਾ—"ਭਾਈ! ਇਹ ਮੁੰਦਰੀ ਗਿਰਵੀ ਰੱਖ ਲੈ ਤੇ ਮੈਨੂੰ ਦੋ ਰੁਪਿਆਂ ਦੀ ਮਿਠਿਆਈ ਦੇ ਦੇਹ।"

ਹਲਵਾਈ ਨੇ ਉਸ ਮੁੰਦਰੀ ਨੂੰ ਹੱਥ ਵਿਚ ਫੜਿਆ, ਚੰਗੀ ਤਰ੍ਹਾਂ ਪਰਖੀ ਤੇ ਕਦੀ ਅਯਾਲੀ ਵਲ ਵੇਖਦਾ ਹੈ ਤੇ ਕਦੀ ਮੁੰਦਰੀ ਵੱਲ। ਸੋਚਦਾ ਹੈ ਕਿ ਇਹ ਕੰਗਾਲ ਜਿਹਾ ਇਤਨੀ ਬਹੁ-ਕੀਮਤੀ ਮੁੰਦਰੀ ਬਦਲੇ ਦੋ ਰੁਪਿਆ ਦੀ ਮਿਠਿਆਈ ਮੰਗਦਾ ਹੈ। ਇਹ ਮੁੰਦਰੀ ਇਸ ਦੀ ਨਹੀਂ, ਜ਼ਰੂਰ ਇਸ ਨੇ ਕਿਸੇ ਦੀ ਚੋਰੀ ਕੀਤੀ ਹੈ ਜਾਂ ਕਿਸੇ ਪਾਸੋਂ ਠੱਗ ਕੇ ਲਿਆਇਆ ਹੈ। ਇਹ ਵਿਚਾਰ ਕੇ ਕਿਹਾ, "ਇਹ ਮੁੰਦਰੀ ਕਿਥੋਂ ਲਿਆਂਦੀ ਹੈ? ਸੱਚ ਦੱਸ ਨਹੀਂ ਤਾਂ ਪਕੜਾ ਦਿਆਂਗਾ।"

ਅਯਾਲੀ ਨੇ ਕਿਹਾ—"ਠੀਕ ਹੈ, ਇਹ ਮੁੰਦਰੀ ਮੇਰੀ ਨਹੀਂ ਹੈ, ਬਾਹਰ ਇਕ ਉਮਰਾਵ ਬਾਗ ਵਿਚ ਉਤਰਿਆ ਹੋਇਆ ਹੈ, ਉਸ ਨੇ ਮੈਨੂੰ ਮੁੰਦਰੀ ਦੇਂਦਿਆਂ ਕਿਹਾ ਕਿ ਸਾਨੂੰ ਭੁੱਖ ਲੱਗੀ ਹੈ, ਸ਼ਹਿਰ ਜਾ ਕੇ ਮਿਠਿਆਈ ਲੈ ਆ, ਇਸ ਲਈ ਮੈਂ ਇਹ ਮੁੰਦਰੀ ਉਸ ਪਾਸੋਂ ਲੈ ਕੇ ਆਇਆ ਹਾਂ।"

ਹਲਵਾਈ ਨੇ ਯਕੀਨ ਕਰਦਿਆਂ ਮੁੰਦਰੀ ਗੱਲੇ ਵਿਚ ਰੱਖੀ ਤੇ ਦੋ ਰੁਪਿਆਂ ਦੀ ਮਿਠਿਆਈ ਤੋਲਦਿਆਂ ਕਿਹਾ—"ਕਪੜਾ ਕਰ, ਜਿਸ ਵਿਚ ਪੁਆਣੀ ਹੈ।" ਅਯਾਲੀ ਨੇ ਦੁਸ਼ਾਲਾ ਖੋਹਲ ਕੇ ਫੱਟੇ ਤੇ ਵਿਛਾ ਦਿੱਤਾ।

ਬਸ ਫਿਰ ਕੀ ਸੀ, ਹਲਵਾਈ ਹੋਰ ਹੈਰਾਨ ਹੋ ਗਿਆ ਤੇ ਕਹਿਣ ਲੱਗਾ: ਦੋ ਰੁਪਿਆਂ ਦੀ ਮਿਠਿਆਈ ਪਿਛੇ ਹਜ਼ਾਰ ਰੁਪੈ ਦਾ ਦੁਸ਼ਾਲਾ ਖਰਾਬ ਕਰਨ ਲੱਗਾ ਹੈ, ਇਹ ਠੀਕ ਚੋਰ ਹੀ ਹੈ। ਉਸੇ ਵੇਲੇ ਗੱਦੀ ਤੋਂ ਉਠ ਕੇ ਥੱਲੇ ਉਤਰ ਕੇ ਅਯਾਲੀ ਨੂੰ ਫੜ ਕੇ ਕੋਤਵਾਲੀ ਜਾ ਸਾਰੀ ਵਾਰਤਾ ਕਹਿ ਸੁਣਾਈ ਕਿ ਇਹ ਮੁੰਦਰੀ ਤੇ ਦੁਸ਼ਾਲਾ ਕਿਧਰੋਂ ਠੱਗ ਕੇ ਲਿਆਇਆ ਹੈ ਆਪ ਇਸ ਪਾਸੋਂ ਪਤਾ ਕਰ ਲਓ। ਇਤਨਾ ਕਹਿ ਕੇ ਉਸ ਅਯਾਲੀ ਨੂੰ ਕੋਤਵਾਲ ਦੇ ਹਵਾਲੇ ਕਰ ਕੇ ਹਲਵਾਈ ਆਪ ਆ ਗਿਆ।

ਪਿਛੋਂ ਕੋਤਵਾਲ ਨੇ ਡਾਂਟਿਆ ਤੇ ਪੁਛਿਆ, ਇਹ ਕਿਸ ਦੀ ਚੋਰੀ ਕਰ ਕੇ ਲਿਆਇਆ ਹੈਂ। ਸੱਚ-ਸੱਚ ਦੱਸ, ਨਹੀਂ ਤਾਂ ਬਹੁਤ ਮਾਰ ਮਾਰਾਂਗਾ।" ਅਯਾਲੀ ਤਾਂ ਬਹੁਤ ਹੀ ਡਰਿਆ ਕਿ ਕੀ ਆਫਤ ਆ ਬਣੀ ਹੈ। ਉਸ ਨੇ ਕਿਹਾ, "ਮੈਂ ਸੱਚ ਕਹਿੰਦਾ ਹਾਂ ਕਿ ਇਹ ਚੀਜ਼ਾਂ ਮੇਰੀਆਂ ਨਹੀਂ ਹਨ। ਮੈਂ ਤਾਂ ਬੱਕਰੀਆਂ ਚਰਾਉਣ ਵਾਲਾ ਅਯਾਲੀ ਹਾਂ। ਸ਼ਹਿਰੋਂ ਬਾਹਰ ਇਕ ਉਮਰਾਵ ਬਾਗ ਵਿਚ ਉਤਰਿਆ ਹੋਇਆ ਹੈ, ਉਸ ਨੇ ਇਹ ਮੁੰਦਰੀ ਤੇ ਦੁਸ਼ਾਲਾ ਦੇ ਕੇ ਕਿਹਾ ਹੈ ਕਿ ਸਾਡੇ ਵਾਸਤੇ ਮਿਠਿਆਈ ਲਿਆ ਦੇਹ। ਜੇ ਯਕੀਨ ਨਹੀਂ ਆਉਂਦਾ ਤਾਂ ਮੇਰੇ ਨਾਲ ਚੱਲੋ ਮੈਂ ਤੁਹਾਨੂੰ ਵਿਖਾ ਦਿੰਦਾ ਹਾਂ।"

ਅਯਾਲੀ ਦੇ ਕਹਿਣ ਤੇ ਨਿਰਨਾ ਕਰਨ ਲਈ ਕੋਤਵਾਲ ਨੇ ਦੋ ਸਿਪਾਹੀ ਉਸ ਦੇ ਨਾਲ ਭੇਜੇ। ਜਦ ਇਹ ਤਿੰਨੇ ਪੁੱਜੇ ਤਾਂ ਸਤਿਗੁਰਾਂ ਕਿਹਾ, "ਭੂੰ ਭਾਈ! ਸਾਡੀ ਮਿਠਿਆਈ ਨਹੀਂ ਲਿਆਂਦੀ ਨਾਲੇ ਇਹ ਦੱਸ ਦੁਸ਼ਾਲਾ ਕਿਥੇ ਹੈ?" ਤਾਂ ਅਯਾਲੀ ਨੇ ਸਾਰੀ ਵਾਰਤਾ ਦੱਸਦਿਆਂ ਕਿਹਾ ਕਿ ਉਸ ਹਲਵਾਈ ਨੇ ਦੋਵੇਂ ਵਸਤਾਂ ਕੋਤਵਾਲ ਨੂੰ ਦੇ ਦਿੱਤੀਆਂ ਹਨ।"

ਇਹ ਸੁਣ ਕੇ ਸਿਪਾਹੀਆਂ ਨੂੰ ਨਿਸਚਾ ਹੋ ਗਿਆ ਕਿ ਇਹਨਾਂ ਦੀਆਂ ਹੀ ਵਸਤਾਂ ਹਨ। ਉਸ ਵੇਲੇ ਇਕ ਸਿਪਾਹੀ ਨੇ ਪੁੱਛਿਆ, "ਤੁਸੀਂ ਕੌਣ ਹੋ ਅਤੇ ਕਿਥੋਂ ਆਏ ਹੋ?

ਸਤਿਗੁਰਾਂ ਨੇ ਕਿਹਾ, "ਨਾਮ ਸਾਡਾ ਤੇਗ ਬਹਾਦਰ ਹੈ, ਅਨੰਦਪੁਰ ਤੋਂ ਆਏ ਹਾਂ। ਸਾਨੂੰ ਲੋਕ ਗੁਰੂ ਮੰਨਦੇ ਹਨ।" ਜਿਵੇਂ-

ਸੁਨਿ ਬੋਲੇ ਸਤਿਗੁਰੂ ਸੁਖ ਧਾਮੂ। ਤੇਗ ਬਹਾਦੁਰ ਹੈ ਹਮ ਨਾਮੂ।
ਸ਼੍ਰੀ ਨਾਨਕ ਕੀ ਕਰੁਨਾ ਅਹੈ। ਯਾਂ ਤੇ ਗੁਰੂ ਜਗਤ ਮੈਂ ਕਹੈਂ॥ ੧੪॥

(ਰਾਸਿ ੧੨, ਅੰਸੂ ੩੭)

www.sikhbookclub.com

ਇਹ ਸਾਰੀਆਂ ਗੱਲਾਂ ਸੁਣ ਕੇ ਇਕ ਸਿਪਾਹੀ ਚੁਪ-ਚਪੀਤਾ ਵਾਪਸ ਆ ਗਿਆ ਤੇ ਕੋਤਵਾਲ ਨੂੰ ਕਿਹਾ, "ਉਹ ਤਾਂ ਓਹੀ ਅਨੰਦਪੁਰ ਵਾਸੀ ਹਿੰਦੂਆਂ ਦੇ ਗੁਰੂ (ਗੁਰੂ ਤੇਗ ਬਹਾਦਰ ਜੀ) ਹਨ, ਜਿਹਨਾਂ ਨੂੰ ਪਕੜਨ ਲਈ ਬਾਦਸ਼ਾਹ ਨੇ ਹੁਕਮਨਾਮੇ ਜਾਰੀ ਕੀਤੇ ਹੋਏ ਹਨ ਅਤੇ ਪੰਜ ਸਰੀਰ ਹੋਰ ਉਹਨਾਂ ਦੇ ਨਾਲ ਹਨ।"

ਜਿਸ ਵਕਤ ਕੋਤਵਾਲ ਨੇ ਸੁਣਿਆਂ ਤਾਂ ਉਸੀ ਵੇਲੇ ਚਾਰ ਸੌ ਘੋੜ ਅਸਵਾਰ ਸੂਰਮਾ ਭੇਜ ਕੇ ਉਸ ਬਾਗ ਨੂੰ ਘੇਰਾ ਪੁਆ ਦਿੱਤਾ। ਦੁਰਗਪਤੀ ਨੂੰ ਨਾਲ ਲੈ ਕੇ ਆਪ ਬਾਗ ਵਿਚ ਪੁੱਜਾ ਤੇ ਪੁੱਛਿਆ, "ਆਪ ਹੀ ਹਿੰਦੂਆਂ ਦੇ ਗੁਰੂ ਤੇਗ ਬਹਾਦਰ ਹੋ?" ਸਤਿਗੁਰਾਂ ਨੇ ਕਿਹਾ, "ਜਗਤ ਦੇ ਗੁਰੂ ਤਾਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਹਨ ਅਸੀਂ ਤਾਂ ਉਹਨਾਂ ਦੇ ਦਰ ਦੇ ਦਾਸਾਂ ਦੇ ਦਾਸ ਹਾਂ ਅਤੇ ਪੰਜਾਬ ਵਿਖੇ ਸਾਡਾ ਘਰ ਹੈ, ਮੇਰਾ ਨਾਮ 'ਤੇਗ ਬਹਾਦਰ' ਹੈ।"

*ਯਥਾ--*ਸੁਨਿ ਤੁਰਕਨਿ ਤੇ ਪ੍ਰਭੁ ਜੀ ਕਹੈਂ। ਜਗਤ ਗੁਰੂ ਸ੍ਰੀ ਨਾਨਕ ਅਹੈਂ॥ ੩੧॥
ਹਮ ਤਿਨ ਕੇ ਦਾਸਨ ਕੇ ਦਾਸੇ। ਮੱਦ੍ ਦੇਸ ਮਹਿ ਬਾਸ ਅਵਾਸੇ।
ਤੇਗ ਬਹਾਦਰ ਨਾਮ ਹਮਾਰਾ। ਕੁਲ ਸੋਢੀ ਜਗ ਮਹਿ ਉਜਿਆਰਾ॥ ੩੨॥

(ਗੁਰ ਪ੍ਰਤਾਪ ਸੂਰਜ, ਰਾਸਿ ੧੨, ਅੰਸੂ ੩੭)

ਇਹ ਗੱਲ ਸੁਣ ਕੇ ਕੋਤਵਾਲ ਨੇ ਕਿਹਾ ਕਿ ਆਪ ਜੀ ਦੇ ਪਕੜਨ ਵਾਸਤੇ ਬਾਦਸ਼ਾਹ ਵੱਲੋਂ ਹੁਕਮਨਾਮੇ (ਵਰੰਟ) ਜਾਰੀ ਹੋਏ ਹਨ, ਇਸ ਲਈ ਅਸੀਂ ਆਪ ਨੂੰ ਪਕੜਨ ਵਾਸਤੇ ਆਏ ਹਾਂ। ਤੁਸੀਂ ਸਾਡੇ ਨਾਲ ਕਿਲ੍ਹੇ ਵਿਚ ਚੱਲੋ।

ਉਸ ਵੇਲੇ ਸਤਿਗੁਰੂ ਜੀ ਘੋੜੇ 'ਤੇ ਅਸਵਾਰ ਹੋ ਕੇ ਪੰਜਾਂ ਸਿੱਖਾਂ ਸਮੇਤ ਚੱਲ ਪਏ ਆ ਕੇ ਕਿਲ੍ਹੇ ਵਿਚ ਜਾ ਡੇਰਾ ਕੀਤਾ। ਸਤਿਗੁਰਾਂ ਦਾ ਡੇਰਾ ਕਰਵਾ ਤੇ ਉਸ ਉਪਰ ਪੱਕਾ ਪਹਿਰਾ ਲਗਾ ਕੇ ਕੋਤਵਾਲ ਨੇ ਉਸੇ ਵਕਤ ਬਾਦਸ਼ਾਹ ਨੂੰ ਖ਼ਬਰ ਕਰਨ ਲਈ ਦਿੱਲੀ ਨੂੰ ਪਿਆਦਾ ਭੇਜ ਦਿੱਤਾ।

ਪਿਆਦੇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨੂੰ ਖ਼ਬਰ ਦਿੱਤੀ ਕਿ ਹਿੰਦੂਆਂ ਦੇ ਗੁਰੂ ਫੜੇ ਗਏ ਹਨ ਅਤੇ ਇਸ ਵੇਲੇ ਆਗਰੇ ਦੇ ਕਿਲ੍ਹੇ ਵਿਖੇ ਨਜ਼ਰਬੰਦ ਹਨ। ਇਹ ਸੁਣ ਕੇ ਔਰੰਗਜ਼ੇਬ ਬੜਾ ਪ੍ਰਸੰਨ ਹੋਇਆ ਤੇ ਉਸੇ ਵਕਤ ਬਾਰਾਂ ਹਜ਼ਾਰ ਸੂਰਮਾ ਤਿਆਰ-ਬਰ-ਤਿਆਰ ਕਰ ਕੇ ਆਗਰੇ ਨੂੰ ਭੇਜਦਿਆਂ ਕਿਹਾ ਕਿ ਤੇਗ ਬਹਾਦਰ ਨੂੰ ਹੁਸ਼ਿਆਰ ਹੋ ਕੇ ਲਿਆਉਣਾ ਕਿਤੇ ਰਸਤੇ ਵਿਚ ਇਹਨਾਂ ਦੇ ਪਿਤਾ ਦੇ ਪਰਉਪਕਾਰ ਜਾਣਦੇ ਹੋਏ ਬਵੰਜਾ ਰਾਜੇ, ਜਿਹਨਾਂ ਨੂੰ ਉਹਨਾਂ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਛੁਡਾਇਆ ਸੀ, ਉਹ ਹਮਲਾ ਕਰ ਕੇ ਇਹਨਾਂ ਨੂੰ ਛੁਡਾ ਕੇ ਨਾ ਲੈ ਜਾਣ।

ਇਹ ਗੱਲ ਸੁਣ ਕੇ ਉਹ ਸਾਰੇ ਸੂਰਮੇ ਆਗਰੇ ਆ ਕੇ ਕੋਤਵਾਲ ਨੂੰ ਮਿਲੇ। ਅੱਗੋਂ ਕੋਤਵਾਲ ਨੇ ਕੁਝ ਕੁ ਆਪਣੀਆਂ ਫੌਜਾਂ ਤੇ ਗੁਰੂ 'ਤੇਗ ਬਹਾਦਰ ਜੀ' ਨੂੰ ਉਹਨਾਂ ਦੇ ਸਪੁਰਦ ਕਰ ਕੇ ਦਿੱਲੀ ਭੇਜ ਦਿੱਤਾ।

ਇਸ ਤਰ੍ਹਾਂ ਦੀ ਬੜੀ ਤਕੜਾਈ ਨਾਲ ਸਤਿਗੁਰੂ ਜੀ ੧੨ ਹਜ਼ਾਰ ਹਥਿਆਰਬੰਦ ਸਿਪਾਹੀਆਂ ਦੀ ਨਿਗਰਾਨੀ ਹੇਠ ਦਿੱਲੀ ਲਿਆਂਦੇ ਗਏ ਅਤੇ ਬਾਦਸ਼ਾਹ ਨੂੰ ਖ਼ਬਰ ਦਿੱਤੀ ਗਈ ਕਿ ਹਿੰਦੂਆਂ ਦੇ ਗੁਰੂ ਨੂੰ ਪਕੜ ਕੇ ਦਿੱਲੀ ਲੈ ਆਂਦਾ ਹੈ, ਹੁਣ ਇਹ ਦੱਸੋ ਉਨ੍ਹਾਂ ਦਾ ਡੇਰਾ ਕਿਥੇ ਕਰਨਾ ਹੈ ਤਾਂ ਉਸ ਵੇਲੇ ਬਾਦਸ਼ਾਹ ਨੇ ਮੋਲਾਣਿਆਂ ਪਾਸੋਂ ਪੁੱਛਿਆ, "ਦੱਸੋ ਹੁਣ ਹਿੰਦੂਆਂ ਦੇ ਗੁਰੂ ਦਾ ਡੇਰਾ ਕਿਥੇ ਕਰਾਉਣਾ ਚਾਹੀਦਾ ਹੈ?"

ਸ਼ਰਾਅ ਵਿਚ ਸਿਰ-ਸਿਰ ਤਕ ਡੁੱਬਿਆ ਹੋਇਆ ਉਹਨਾਂ ਦਾ ਮੁਖੀ ਬੋਲਿਆ, "ਬਾਦਸ਼ਾਹ ਸਲਾਮਤ! ਸਾਡੀ ਰਾਇ ਇਹ ਹੈ ਕਿ ਇਹਨਾਂ ਦਾ ਉਸ ਹਵੇਲੀ ਵਿਚ ਡੇਰਾ ਕਰਾਣਾ ਚਾਹੀਦਾ ਹੈ, ਜਿਸ ਹਵੇਲੀ ਵਿਚ

ਦੈਂਤ ਰਹਿੰਦਾ ਹੈ, ਜਿਸ ਦੇ ਡਰ ਕਰ ਕੇ ਉਸ ਹਵੇਲੀ ਵਿਚ ਕੋਈ ਜਾਂਦਾ ਨਹੀਂ। ਹਰ ਕੋਈ ਭੈ ਮੰਨਦਾ ਹੈ ਜੇਕਰ ਇਹ ਵੀ ਉਸ ਹਵੇਲੀ ਦਾ ਭੈ ਸੁਣ ਕੇ ਪ੍ਰਵੇਸ਼ ਨਹੀਂ ਕਰਨਗੇ ਤਾਂ ਤੁਸੀਂ ਆਪਣਾ ਸ਼ਰਾਅ ਮੰਨਵਾ ਲੈਣੀ, ਜੇ ਦੋਵੇਂ ਗੱਲਾਂ ਨਾ ਮੰਨਣ ਤਾਂ ਸਖਤੀ ਕਰਨੀ, ਆਪੇ ਸਾਰੇ ਕੰਮ ਰਾਸ ਆ ਜਾਣਗੇ। ਬਾਦਸ਼ਾਹ ਬੜਾ ਖੁਸ਼ ਹੋਇਆ। ਮੌਲਵੀਆਂ ਦੇ ਕਹਿਣ ਅਨੁਸਾਰ ਨਿਰਭੈ ਸਤਿਗੁਰਾਂ ਦਾ ਡੇਰਾ ਉਸ ਭੂਤਾਂ ਵਾਲੀ ਹਵੇਲੀ ਵਿਚ ਕਰਾਇਆ ਗਿਆ।

ਸ਼ਾਮਾਂ ਪੈ ਗਈਆਂ। ਸੂਰਜ ਵੀ ਅਸਤ ਹੋ ਗਿਆ। ਹਨ੍ਹੇਰਾ ਹੋਣ ਕਰ ਕੇ ਉਹੀ ਭਿਆਨਕ ਸ਼ਕਲ ਵਾਲਾ ਪਰੇਤ, ਹਵੇਲੀ ਵਿਖੇ ਆਇਆ। ਉਸ ਭੂਤ ਨੇ ਮਾਰਨਾ ਕੀ ਸੀ, ਸਗੋਂ ਸਤਿਗੁਰਾਂ ਦਾ ਦਰਸ਼ਨ ਕਰਦਿਆਂ ਹੀ ਉਸ ਦਾ ਮਨ ਸ਼ੁੱਧ ਹੋ ਗਿਆ ਤੇ ਸੁਭਾਅ ਵੀ ਬਦਲ ਗਿਆ। ਆਪਣੀ ਕਲਿਆਣਤਾ ਦਾ ਸਮਾਂ ਜਾਣ ਕੇ ਸਤਿਗੁਰਾਂ ਦੇ ਚਰਨਾਂ ਵਿਚ ਆ ਡਿੱਗਾ ਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ "ਸੱਚੇ ਪਾਤਸ਼ਾਹ! ਕੋਈ ਸੇਵਾ ਬਖਸ਼ੋ, ਜੇ ਹੁਕਮ ਕਰੋ ਤਾਂ ਸਭਨਾਂ ਤੁਰਕਾਂ ਦੀਆਂ ਜੜ੍ਹਾਂ ਪੁੱਟ ਦਿਆਂ। ਦਿੱਲੀ ਤੇ ਲਾਹੌਰ ਨੂੰ ਨਾਸ ਕਰ ਦਿਆਂ। ਜੇ ਕਹੋ ਤਾਂ ਔਰੰਗੇ ਨੂੰ ਹੁਣੇ ਖਤਮ ਕਰ ਦਿਆਂ, ਜੋ ਆਪ ਜੀ ਨੂੰ ਦੁੱਖ ਦੇਣ ਤੇ ਉਤਰਿਆ ਹੋਇਆ ਹੈ।"

ਸਤਿਗੁਰਾਂ ਨੇ ਕਿਹਾ, "ਹੇ ਭਾਈ ਸਾਡਾ ਦੋਖੀ ਤਾਂ ਕੋਈ ਹੈ ਹੀ ਨਹੀਂ, ਇਸ ਲਈ ਕਿਸ ਨੂੰ ਮਾਰਨਾ ਹੈ? ਇਹ ਵਿਚਾਰੇ ਜੀਵ ਤਾਂ ਪੂਰਬਲੇ ਕਮਾਏ ਕਰਮਾਂ ਅਨੁਸਾਰ ਫਲ ਭੋਗਦੇ ਤੇ ਕਰਮ ਕਮਾਉਂਦੇ ਹਨ। ਇਹ ਸਾਰੀ ਖੇਡ ਚੁੱਪ ਕਰ ਕੇ ਵੇਖਣੀ ਚਾਹੀਦੀ ਹੈ।

ਜਿਵੇਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

ਪੰਡਿਤ ਮੂਢ ਰਾਵ ਅਰੁ ਰੰਕਾ। ਸਭਿ ਕੇ ਸੀਸ ਕਾਲ ਕੋ ਡੰਕਾ।
ਕਰਮ ਸ਼ੁਭਾਸ਼ੁਭ ਜੇ ਕਰਿਯੰਤ। ਗਮਨਹਿ ਸੰਗ ਹੋਤਿ ਜਬ ਅੰਤ॥ ੧੬॥
ਕਾਰਨ ਕਰਨ ਏਕ ਕਰਤਾਰਾ। ਤਿਸ ਆਗੇ ਕਜਾ ਜੀਵ ਬਿਚਾਰਾ।
ਮਾਰਹਿ ਰਾਖਹਿ ਸਭਿ ਕੋ ਸੋਇ। ਯਾਂ ਤੇ ਰਹੀਐ ਚੁਸ਼ਨਿ ਹੋਇ॥ ੧੭॥

(ਸੂਰਜ ਪ੍ਰਤਾਪ ਰਾਸਿ ੧੨ ਅੰਸੂ ੪੬)

ਸਤਿਗੁਰ ਦੇ ਪਵਿੱਤਰ ਮੁਖਾਰਬਿੰਦ ਤੋਂ ਨਿਰਵੈਰਤਾ ਦੇ ਬਚਨ ਸੁਣ ਕੇ ਪ੍ਰੇਤ ਬੜਾ ਖੁਸ਼ ਹੋਇਆ। ਫੇਰ ਅੰਤਰ ਧਿਆਨ ਹੋ ਕੇ ਸ਼ਹਿਰੋਂ ਸਤਿਗੁਰਾਂ ਵਾਸਤੇ ਮਿੱਠੇ-ਮਿੱਠੇ ਫਲ ਨਾਸ਼ਪਾਤੀ, ਮੇਵਾ, ਪਿਸਤੇ ਅਨਾਰ ਤੇ ਮਿੱਠੇ ਮਿੱਠੇ ਰਸ ਭਰੇ ਗੰਨੇ ਆਦਿਕ ਲਿਆ ਕੇ ਸਤਿਗੁਰਾਂ ਅੱਗੇ ਰੱਖੇ ਤੇ ਬੇਨਤੀ ਕੀਤੀ, "ਹੇ ਗਰੀਬ ਨਿਵਾਜ਼ ਜੀਓ! ਇਹਨਾਂ ਨੂੰ ਅੰਗੀਕਾਰ ਕਰੋ।"

ਸਤਿਗੁਰਾਂ ਨੇ ਉਸ ਦੀ ਬੇਨਤੀ ਪਰਵਾਨ ਕਰ ਕੇ ਪਹਿਲੇ ਫਲ ਛਕੇ ਫਿਰ ਗੰਨੇ ਚੁਪੇ। ਗੰਨੇ ਚੁਪ ਕੇ ਕੁਝ ਛਿਲਕੇ ਹਵੇਲੀ ਤੋਂ ਬਾਹਰ ਸੁੱਟੀ ਗਏ ਤੇ ਕੁਝ ਆਪਣੇ ਅੱਗੇ।

ਸਤਿਗੁਰਾਂ ਨੇ ਪ੍ਰੇਤ ਨੂੰ ਪੁੱਛਿਆ, "ਇਹ ਦੁੱਖ-ਦਾਈ ਪ੍ਰੇਤ ਜੂਨੀ ਕਿਵੇਂ ਪਾਈ? ਤਾਂ ਉਸ ਪ੍ਰੇਤ ਨੇ ਕਿਹਾ, "ਹੇ ਪ੍ਰਭੂ! ਇਕ ਵਾਰੀ ਮੇਰਾ ਭਰਾਵਾਂ ਨਾਲ ਜਾਇਦਾਦ ਦਾ ਝਗੜਾ ਪੈ ਗਿਆ। ਉਸ ਵੇਲੇ ਲਾਲਚ ਕਰ ਕੇ ਮੈਂ ਝੂਠੀ ਧਰਮ ਦੀ ਸੌਂਹ ਚੁੱਕ ਲਈ, ਜਿਸ ਤੇ ਜਾਇਦਾਦ ਤਾਂ ਮੈਨੂੰ ਮਿਲ ਗਈ ਪਰ ਉਸ ਦਾ ਫਲ ਮੈਨੂੰ ਇਹ ਪ੍ਰੇਤ ਜੂਨ ਮਿਲੀ ਹੈ। ਸੋ ਹੇ ਗਰੀਬ ਨਿਵਾਜ਼ ਪ੍ਰਭੂ ਜੀ! ਹੁਣ ਕਿਰਪਾ ਕਰੋ ਤੇ ਇਸ ਪ੍ਰੇਤ ਜੂਨੀ ਤੋਂ ਛੁਟਕਾਰਾ ਦਿਵਾ ਕੇ ਮੇਰਾ ਕਲਿਆਣ ਕਰੋ।

ਸੁਨਿ ਕਰਿ ਹਾਥ ਬੰਦ ਤਬਿ ਕਹਜੋ। ਇਸ ਕੁਕਰਮ ਤੇ ਅਸ ਤਨ ਲਹਜੋ।

ਪਰਜੋ ਸ਼ਰੀਕਨ ਮਹਿ ਬਡ ਝਗਰਾ। ਵਿਰਸਾ ਮੋਰ ਹਟਾਵਤਿ ਸਗਰਾ॥ ੩੩॥
ਤਬਿ ਮੈਂ ਕਰਿ ਕੈ ਕੂਰੇ ਧਰਮ। ਸਭਿ ਕੇ ਮਨ ਉਪਜਾਯੋ ਭਰਮ।
ਝਗੜਾ ਲਿਯੋ ਜੀਤ ਮੈ ਸਾਰੋ। ਲਗੈ ਪਾਪ ਨਹਿਂ, ਰਿਦੈ ਬਿਚਾਰੋ॥ ੩੪॥
ਤਿਸੀ ਦੋਸ਼ ਤੇ ਅਸ ਮੈਂ ਭਯੋ। ਜਿਸ ਜੂਨੀ ਮੈਂ ਬਹੁ ਦੁਖ ਥਯੋ।
ਆਪ ਕਰਹੁ ਕਰੁਨਾ ਜੇ ਮੋਹਿ। ਦੇਹੁ ਛੁਡਾਇ ਮਹਾਂ ਸੁਖ ਹੋਹਿ॥ ੩੫॥

(ਰਾਸਿ ੧੨, ਅੰਸੂ ੪੭)

ਨਿੰਮ੍ਰਤਾ ਸਹਿਤ ਦੀਨ ਮਨ ਹੋਏ ਪ੍ਰੇਤ ਦੀਆਂ ਬੇਨਤੀਆਂ ਸੁਣ ਕੇ ਸਤਿਗੁਰਾਂ ਕਿਹਾ, "ਚੰਗਾ ਇਹ (ਗੰਨੇ ਦੇ) ਛਿਲਕੇ ਚੁਪ ਲੈ।" ਪ੍ਰੇਤ ਨੇ ਉਸੀ ਤਰ੍ਹਾਂ ਕੀਤਾ ਭਾਵ ਸਤਿਗੁਰਾਂ ਦਾ ਬਚਨ ਮੰਨਦਿਆਂ ਛਿਲਕਾਂ ਚੁਪ ਲਈਆਂ। ਬਸ ਫਿਰ ਕੀ ਸੀ, ਚੁਪਦਿਆਂ ਹੀ ਨਿਹਾਲ ਹੋ ਗਿਆ।

ਉਧਰ ਜਿਹੜੀਆਂ ਹਵੇਲੀ ਤੋਂ ਬਾਹਰ ਛਿਲਕਾਂ ਸੁੱਟੀਆਂ ਸਨ, ਉਹ ਚੁੱਕ ਕੇ ਭਾਈ ਮਤੀ ਦਾਸ ਨੇ ਚੁਪ ਲਈਆਂ। ਉਸ ਗੰਨੇ ਦੀਆਂ ਛਿਲਕਾਂ ਚੁਪਣ ਕਰ ਕੇ ਭਾਈ ਮਤੀ ਦਾਸ ਦੇ ਅੰਦਰ ਬੇਅੰਤ ਸ਼ਕਤੀਆਂ ਆ ਗਈਆਂ, ਪਰ ਇਸ ਅਜਰ ਵਸਤੂ ਨੂੰ ਜਰ ਨਾ ਸਕਿਆ।

ਜਿਸ ਵੇਲੇ ਔਰੰਗਜ਼ੇਬ ਦੇ ਭੇਜੇ ਹੋਏ ਆਦਮੀ ਇਹ ਦੇਖਣ ਆਏ ਕਿ ਕੀ ਵਾਤਾਵਰਨ ਹੈ? ਹਵੇਲੀ ਵਿਚ ਦਾਖਲ ਹੋਏ ਤਾਂ ਕੀ ਦੇਖਦੇ ਹਨ। ਕਿਰਪਾ ਨਿਧਾਨ ਸਤਿਗੁਰੂ ਜੀ ਤਾਂ ਬੜੇ ਸੁਖੀ ਬੈਠੇ ਹਨ। ਰਾਤ ਨੂੰ ਪ੍ਰੇਤ ਨੇ ਇਹਨਾਂ ਨੂੰ ਕੁਝ ਵੀ ਨਹੀਂ ਕਿਹਾ। ਬੜੇ ਹੈਰਾਨ ਹੋ ਕੇ ਬਾਦਸ਼ਾਹ ਕੋਲ ਜਾ ਕੇ ਸਾਰੀ ਵਾਰਤਾ ਦੱਸੀ ਤਾਂ ਫਿਰ ਔਰੰਗੇ ਨੇ ਹੁਕਮ ਕੀਤਾ ਉਹਨਾਂ ਨੂੰ ਸਾਡੇ ਪਾਸ ਬੁਲਾ ਕੇ ਲਿਆਓ।

ਇਧਰ ਮੌਕਾ ਪਾ ਕੈ ਭਾਈ ਮਤੀ ਦਾਸ ਹਵੇਲੀ ਵਿਚ ਪੁੱਜਾ, ਆ ਕੇ ਸਤਿਗੁਰਾਂ ਦੇ ਚਰਨਾਂ 'ਤੇ ਨਮਸਕਾਰ ਕਰ ਕੇ ਬੇਨਤੀ ਕੀਤੀ, "ਗਰੀਬ ਨਿਵਾਜ਼ ਜੀ! ਆਪ ਦੀ ਇਤਨੀਆਂ ਤਕਲੀਫਾਂ ਕਿਉਂ ਸਹਾਰ ਰਹੇ ਜੇ? ਜੇ ਹੁਕਮ ਕਰੋ ਤਾਂ ਇਹਨਾਂ ਤੁਰਕਾਂ ਦਾ ਸਤਿਆਨਾਸ ਕਰ ਦਿਆਂ। ਦਿੱਲੀ ਤੇ ਲਾਹੌਰ (ਜਿਹਨਾਂ ਵਿਖੇ ਇਹਨਾਂ ਦਾ ਬਹੁਤ ਜ਼ੋਰ ਹੈ) ਇਹਨਾਂ ਦੋਹਾਂ ਨੂੰ ਇੱਕ-ਇੱਕ ਹੱਥ ਤੇ ਚੁੱਕ, ਟਕਰਾ ਕੇ ਮਲੀਆਮੇਟ ਕਰ ਦਿਆਂ। ਜੇ ਹੁਕਮ ਕਰੋ ਤਾਂ ਹੁਣੇ ਤੁਰਕੇਸ਼ ਨੂੰ ਸਮੇਤ ਅਹਿਲਕਾਰਾਂ ਤੇ ਰਾਜ ਦੇ ਨਸ਼ਟ ਕਰ ਦਿਆਂ।"

ਦਿੱਲੀ ਅਰੁ ਲਵ ਪੁਰਿ ਬਡ ਖਾਨਾ। ਜਿਨ ਮਹਿ ਤੁਰਕਨਿ ਜ਼ੋਰ ਮਹਾਨਾ।
ਇਸਤ੍ਰੀ ਆਦਿ ਸੁਤਾ ਸੁਤ ਸਾਰੇ। ਬਸਹਿ ਮਲੇਛ ਸਹਿਤ ਪਰਵਾਰੇ॥ ੯॥
ਦੋਨਹੁੰ ਨਗਰਨ ਕੀ ਛਿਤ ਜੇਤੀ। ਅਪਨੇ ਹਾਥ ਉਠਾਵੋਂ ਤੇਤੀ।
ਬਡੇ ਬੇਗ ਸੋਂ ਇਨ ਟਕਰਾਇ। ਭਗਨ ਕਰੋਂ ਮੰਦਿਰ ਸਮੁਦਾਇ॥ ੧੦॥
ਪੁਨ ਔਂਧੇ ਕਰਿ ਦੇਵੋਂ ਗੇਰ। ਜਿਸ ਤੇ ਦੁਸ਼ਟ ਨ ਉਕਸਹਿਂ ਫੇਰ।

(ਰਾਸਿ ੧੨, ਅੰਸੂ ੪੭)

ਸ਼ਾਂਤ ਮੂਰਤੀ ਸਤਿਗੁਰੂ ਜੀ ਭਾਈ ਮਤੀ ਦਾਸ ਦੀਆਂ ਸਾਰੀਆਂ ਗੱਲਾਂ ਸੁਣਦੇ ਰਹੇ। ਜਿਸ ਵੇਲੇ ਭਾਈ ਮਤੀ ਦਾਸ ਸਾਰੀ ਗੱਲ ਕਰ ਕੇ ਚੁੱਪ ਹੋਇਆ ਤਾਂ ਸਤਿਗੁਰੂ ਜੀ ਨੇ ਕਿਹਾ, "ਹੇ ਭਾਈ ਗੁਰਸਿੱਖਾ! ਵਾਹਿਗੁਰੂ ਦਾ ਭਾਣਾ ਮੰਨਣਾ ਚਾਹੀਦਾ ਹੈ, ਉਸ ਦੇ ਹੁਕਮ ਅੰਦਰ ਜੋ ਕੁਝ ਹੋ ਰਿਹਾ ਹੈ, ਉਹ ਠੀਕ ਹੀ ਹੋ ਰਿਹਾ ਹੈ। ਪਹਿਲੇ ਤੂੰ ਇਹ ਦੱਸ ਕਿ ਇਹ ਸ਼ਕਤੀਆਂ ਲਈਆਂ ਕਿਥੋਂ ਹਨ?" ਭਾਈ ਮਤੀ ਦਾਸ ਨੇ ਕਿਹਾ, "ਸੱਚੇ ਪਾਤਸ਼ਾਹ, ਆਪ ਦੀਆਂ ਜੂਠੀਆਂ ਗੰਨੇ ਦੀਆਂ ਛਿਲਕਾਂ ਚੁਪ ਕੇ।" ਗੁਰੂ ਜੀ ਨੇ ਕਿਹਾ, "ਜਿਹਨਾਂ ਦੀਆਂ

ਛਿਲਕਾਂ ਚੂਪ ਕੇ ਤੂੰ ਇਤਨੀ ਸ਼ਕਤੀ ਪ੍ਰਾਪਤ ਕੀਤੀ ਹੈ, ਕੀ ਉਹਨਾਂ ਵਿਚ ਸ਼ਕਤੀ ਨਹੀਂ ਹੈ?

ਫਿਰ ਸਤਿਗੁਰਾ ਨੇ ਕਿਹਾ, "ਮੱਥਾ ਟੇਕ!" ਉਸ ਨੂੰ ਕੀ ਪਤਾ ਸੀ ਕਿ ਗੁਰਾਂ ਦੇ ਮਨ ਅੰਦਰ ਕੀ ਹੈ। ਮੱਥਾ ਟੇਕਦਿਆਂ ਹੀ ਸਤਿਗੁਰਾਂ ਨੇ ਬਾਂਹ ਦਬਾ ਕੇ ਸਾਰੀਆਂ ਸ਼ਕਤੀਆਂ ਖਿੱਚ ਲਈਆਂ। ਨਿਚੋੜੇ ਹੋਏ ਗੰਨੇ ਦੀ ਨਿਆਈਂ ਖਾਲੀ ਹੋ ਜਾਣ ਤੇ ਭਾਈ ਮਤੀ ਦਾਸ ਘਬਰਾਇਆ ਆਪਣੇ ਸਰੀਰ ਨੂੰ ਵੀ ਸੰਭਾਲ ਨਾ ਸਕਿਆ। ਭਾਈ ਮਤੀ ਦਾਸ ਦੇ ਉਠਦਿਆਂ ਹੀ ਸਤਿਗੁਰਾਂ ਨੇ ਕਿਹਾ, "ਹੇ ਭਾਈ ਗੁਰਸਿੱਖਾ! ਹੁਣ ਵਿਖਾ ਸ਼ਕਤੀ? ਦੋਹਾਂ ਸ਼ਹਿਰਾਂ ਨੂੰ ਟਕਰਾ ਕੇ ਵਿਖਾ?" ਪਰ ਹੁਣ ਕਿਥੇ? ਸਭ ਸ਼ਕਤੀਆਂ ਖਤਮ ਹੋ ਜਾਣ ਕਰ ਕੇ ਡਰਦਿਆਂ-ਡਰਦਿਆਂ ਬੋਲਿਆ, "ਐ ਸਤਿਗੁਰੂ ਜੀ! ਮੈਂ ਆਪ ਜੀ ਦੀ ਰਮਜ਼ ਨਾ ਸਮਝ ਸਕਿਆ। ਮੈਂ ਮੂਰਖ ਥੋਹੜੀ ਜਿਹੀ ਸ਼ਕਤੀ ਪਾ ਕੇ ਆਪ ਜੀ ਦੇ ਭਾਣੇ ਤੋਂ ਬਾਹਰ ਹੋ ਗਿਆ, ਕਿਰਪਾ ਕਰੋ, ਮੇਰੇ ਔਗੁਣਾਂ ਨੂੰ ਨਾ ਚਿਤਾਰੋ, ਕਿਰਪਾ ਕਰ ਕੇ ਇਸ ਭੁੱਲ ਨੂੰ ਬਖਸ਼ੋ ਤੇ ਇਹ ਕਿਰਪਾ ਕਰੋ, ਜੋ ਅੱਗੋਂ ਵਾਸਤੇ ਆਪਣੇ ਭਾਣੇ ਵਿਚ ਚੱਲਣ ਦੀ ਤਾਕਤ ਬਖਸ਼ਣੀ। ਉਧਰ ਬਾਹਰ ਫਿਰ ਰਹੇ ਚੌਕੀਦਾਰ ਸਾਰੀਆਂ ਗੱਲਾਂ ਨੋਟ ਕਰੀ ਗਏ। ਦਿਲ ਵਿਚ ਭੈ ਵੀ ਬੜਾ ਉਪਜਿਆ।

ਇਸ ਤਰ੍ਹਾਂ ਸਤਿਗੁਰੂ ਜੀ ਭਾਈ ਮਤੀ ਦਾਸ ਨੂੰ ਸ਼ੁਭ ਸਿੱਖਿਆ ਦੇ ਹੀ ਰਹੇ ਸਨ ਕਿ ਬਾਹਰੋਂ ਔਰੰਗੇ ਦੇ ਭੇਜੇ ਆਦਮੀ ਵੀ ਆ ਗਏ। ਉਹਨਾਂ ਆ ਕੇ ਕਿਹਾ, "ਆਪ ਜੀ ਨੂੰ ਬਾਦਸ਼ਾਹ ਬੁਲਾ ਰਿਹਾ ਹੈ। ਸਤਿਗੁਰੂ ਜੀ ਉਸੇ ਵੇਲੇ ਉਹਨਾਂ ਨਾਲ ਚੱਲ ਪਏ। ਔਰੰਗੇ ਦੇ ਦਰਬਾਰ ਵਿਚ ਜਾ ਕੇ ਉਸ ਨੂੰ ਕਿਹਾ, "ਬਾਦਸ਼ਾਹ! ਸਾਡੇ ਨਾਲ ਤੇਰਾ ਕੀ ਕੰਮ ਪੈ ਗਿਆ ਹੈ, ਜੋ ਤੇਰੇ ਪਾਸੋਂ ਨਹੀਂ ਹੋਇਆ?"

ਸ਼੍ਰੀ ਸਤਿਗੁਰ ਬੋਲੇ ਤਿਹ ਸਾਥ। ਕਜਾ ਹਮ ਸੋਂ ਕਹਿ ਦਿੱਲੀ ਨਾਥ?
ਕੌਨ ਰਾਜ ਹਮਰੇ ਬਸਿ ਜੋਵਾ। ਜੋ ਤੁਮ ਤੇ ਨਹਿ ਪੂਰਨ ਹੋਵਾ॥ ੬॥

ਔਰੰਗਜ਼ੇਬ ਨੇ ਕਿਹਾ, "ਹੋਰ ਤਾਂ ਕੋਈ ਕੰਮ ਨਹੀਂ ਸੀ, ਇਕੋ ਇਹੀ ਕੰਮ ਹੈ ਜੋ ਮੇਰੇ ਮਨ ਦਾ ਸੰਕਲਪ ਹੈ, ਸਾਰੇ ਸੰਸਾਰ ਨੂੰ ਇਕ-ਮਈ ਕਰ ਦਿਆਂ। ਅੱਗੇ ਤਾਂ ਦੋ ਮੱਤ ਹਨ, ਇਕ ਹਿੰਦੂ ਤੇ ਦੂਸਰਾ ਮੁਸਲਮਾਨ ਪਰ ਹੁਣ ਇਹਨਾਂ ਦੋਹਾਂ ਨੂੰ ਇਕ ਕਰਨਾ ਚਾਹੁੰਦਾ ਹਾਂ। ਭਾਵ ਸਭਨਾਂ ਨੂੰ ਮੁਸਲਮਾਨ ਬਨਾਣਾ ਚਾਹੁੰਦਾ ਹਾਂ।"

ਸਭਿ ਜਗ ਮੁਸਲਮਾਨ ਕਰਿ ਦੇਨਾ। ਏਕ-ਮਈ ਸਭਿ ਕੋ ਪਿਖ ਲੇਨਾ।
ਹਿੰਦੂ ਰਹੈ ਨ ਭੂ ਮਹਿ ਕੋਊ। ਇਹ ਨਿਸਚਾ ਹਮਰੇ ਦਿਢ ਹੋਊ॥ ੮॥
ਕਾਚੋ ਹਿੰਦੁਨ ਕੋ ਮਤਿ ਕੂੜਾ। ਬਕਹਿ ਤੁਫਾਨ ਮਿਲਹਿ ਗਨ ਮੂੜਾ।
ਇਨਹਿ ਚਲਾਵੋਂ ਰਾਹ ਖੁਦਾਇ। ਦੋਜ਼ਕ ਗਿਰਤੇ ਲੇਹੁ ਬਚਾਇ॥ ੯॥

(ਰਾਸਿ ੧੨, ਅੰਸੂ ੪੮)

ਇਥੇ ਹੀ ਬਸ ਨਹੀਂ ਔਰੰਗੇ ਨੇ ਕਿਹਾ, "ਜੋ ਵੀ ਮੇਰੇ ਕਹਿਣ ਨਾਲ ਇਸਲਾਮ ਵਿਚ ਪ੍ਰਵੇਸ਼ ਕਰੇਗਾ, ਉਸ ਨੂੰ ਮੈਂ ਬੜਾ ਧਨ ਪਦਾਰਥ ਦਿਆਂਗਾ। ਰਹਿਣ ਲਈ ਮਕਾਨ, ਗੁਜ਼ਾਰੇ ਵਾਸਤੇ ਜ਼ਮੀਨ ਆਦਿਕ ਸਭ ਕੁਝ ਦਿਆਂਗਾ। ਬਲਕਿ ਇਸਲਾਮ ਬਦਲੇ ਮੈਂ ਆਪਣੀ ਲੜਕੀ ਦੇਣ ਨੂੰ ਤਿਆਰ ਹਾਂ, ਏਹੀ ਮੇਰਾ ਅਸਲੀ ਉਦੇਸ਼ ਹੈ, ਜਿਸ ਦੇ ਪੂਰਿਆਂ ਕਰਨ ਵਾਸਤੇ ਆਪ ਜੀ ਨੂੰ ਬੁਲਾਇਆ ਹੈ।"

ਇਸ ਤਰ੍ਹਾਂ ਸ਼ਰਾਅ ਦੇ ਪੁਤਲੇ ਔਰੰਗਜ਼ੇਬ ਨੂੰ ਮਜ਼ਬੀ ਦਾਵਿਆਂ ਵਿਚ ਖਲੋਤਾ ਜਾਣ ਕੇ ਸਤਿਗੁਰਾਂ ਨੇ ਕਿਹਾ, "ਹੇ ਔਰੰਗਜ਼ੇਬ! ਜਿਸ ਤਰ੍ਹਾਂ ਖੁਦਾ ਦੀ ਇੱਛਾ ਹੋਵੇ ਸਾਨੂੰ ਉਹੀ ਕੰਮ ਕਰਨਾ ਚਾਹੀਦਾ ਹੈ। ਜੇਕਰ ਖੁਦਾ ਨੂੰ ਇਹੀ ਭਾਉਂਦਾ ਹੁੰਦਾ ਕਿ ਸੰਸਾਰ ਵਿਚ ਸਾਰੇ ਮੁਸਲਮਾਨ ਹੀ ਹੋਣੇ ਚਾਹੀਦੇ ਹਨ ਤਾਂ ਹਿੰਦੂ ਪੈਦਾ ਹੀ ਨਾ

www.sikhbookclub.com

ਕਰਦਾ ਪਰ ਉਸ ਨੇ ਆਪਣੀ ਇੱਛਾ ਅਨੁਸਾਰ ਹਿੰਦੂ ਮੁਸਲਮਾਨ ਦੋਨੋਂ ਪੈਦਾ ਕੀਤੇ ਹਨ। ਪੈਦਾ ਕਰ ਕੇ ਫਿਰ ਆਪ ਹੀ ਸਾਰਿਆਂ ਦੀ ਪਾਲਣਾ ਕਰਦਾ ਹੈ।'' ਔਰੰਗੇ ਨੇ ਕਿਹਾ, ''ਇਸ ਗੱਲ ਦਾ ਮੈਨੂੰ ਨਿਸਚਾ ਕਿਵੇਂ ਹੋਵੇ ਕਿ ਖੁਦਾ ਨੂੰ ਦੋਵੇਂ ਭਉਂਦੇ ਹਨ?''

ਸਤਿਗੁਰਾਂ ਨੇ ਕਿਹਾ, ''ਚੰਗਾ, ਪਹਿਲੇ ਤੂੰ ਪੰਜ ਮਣ ਕਾਲੀਆਂ ਮਿਰਚਾਂ ਮੰਗਵਾ ਕੇ ਉਹਨਾਂ ਨੂੰ ਚੰਗੀ ਤਰ੍ਹਾਂ ਅੱਠ ਪਹਿਰ ਸੜਵਾ ਫਿਰ ਤੈਨੂੰ ਉੱਤਰ ਦਿਆਂਗੇ।'' ਔਰੰਗੇ ਨੇ ਉਸੇ ਤਰ੍ਹਾਂ ਕੀਤਾ ਤੇ ਫਿਰ ਗੁਰੂ ਜੀ ਤੋਂ ਪੁੱਛਿਆ, ''ਹੁਣ ਕੀ ਕਰਨਾ ਚਾਹੀਦਾ ਹੈ?'' ਸਤਿਗੁਰਾਂ ਕਿਹਾ— ''ਹੁਣ ਇਸ ਨੂੰ ਚੰਗੀ ਤਰ੍ਹਾਂ ਮਲਵਾ ਕੇ ਛਣਵਾ ਦੇਹ।'' ਔਰੰਗਜ਼ੇਬ ਨੇ ਉਸੇ ਤਰ੍ਹਾਂ ਕਰਵਾ ਦਿੱਤਾ ਪਰ ਉਸ ਵਿਚੋਂ ਤਿੰਨ ਮਿਰਚਾਂ ਬਾਕੀ ਸਾਬਤ ਬਚੀਆਂ। ਜਿਨ੍ਹਾਂ ਨੂੰ ਸੇਕ ਮਾਤਰ ਵੀ ਨਹੀਂ ਸੀ ਲੱਗਾ। ਇਹ ਦੇਖ ਕੇ ਗੁਰੂ ਜੀ ਨੇ ਕਿਹਾ, ''ਹੇ ਰਾਜਨ! ਤੇਰੇ ਪ੍ਰਸ਼ਨ ਦਾ ਇਹੀ ਉੱਤਰ ਹੈ।'' ਔਰੰਗਜ਼ੇਬ ਨੇ ਕਿਹਾ, ''ਮੈਨੂੰ ਇਸ ਗੱਲ ਦੀ ਕੋਈ ਵੀ ਸਮਝ ਨਹੀਂ ਆਈ, ਆਪ ਨਿਰਣਾ ਕਰ ਕੇ ਦੱਸੋ? ਗੁਰੂ ਜੀ ਨੇ ਕਿਹਾ, 'ਹੇ ਬਾਦਸ਼ਾਹ! ਤੈਨੂੰ ਅਜੇ ਵੀ ਸਮਝ ਨਹੀਂ ਆਈ? ਆਪਣੇ ਮਨ ਵਿਚ ਵਿਚਾਰ, ਇਨ੍ਹਾਂ ਤਿੰਨਾਂ ਮਿਰਚਾਂ ਦੇ ਬਚਣ ਦਾ ਇਹ ਭਾਵ ਹੈ ਕਿ ਤੂੰ ਭਾਂ ਦੋਹਾਂ ਤੋਂ ਇਕ ਕਰਨਾ ਚਾਹੁੰਦਾ ਹੈਂ ਪਰ ਖੁਦਾ ਦੀ ਮਰਜ਼ੀ ਦੋ ਤੋਂ ਤਿੰਨ ਕਰਨ ਦੀ ਹੈ।

ਜਿਮ ਖੁਦਾਇ ਕੀ ਮਰਜ਼ੀ ਅਹੈ। ਉੱਤਰ ਤਥਾ ਮਿਰਚ ਇਹ ਕਹੈਂ॥ ੩੪॥
ਇਕ ਕਰਿ ਦੇਉਂ ਚਾਹਿ ਇਹ ਤੇਰੀ। ਨਹਿ ਖੁਦਾਇ ਕੀ ਹਮ ਨੇ ਹੇਰੀ।
ਪੂਰਬ ਹਿੰਦੁ ਤੁਰਕ ਜਗ ਦੋਇ। ਅਬ ਤੇ ਤੀਨ ਜਾਨੀਏ ਹੋਇ॥ ੩੫॥
ਯਾਂ ਤੇ ਮਿਰਚਨ ਕੋ ਦ੍ਰਿਸ਼ਟਾਂਤ। ਪ੍ਰਭੁ ਮਰਜ਼ੀ ਦੇਖਨਿ ਸੱਖਜਾਤ।
ਹੋਇ ਨ ਏਕੋ, ਦੋਇ ਨ ਰਹੈਂ। ਬਨਹਿ ਤੀਨ ਪੁਨ ਥਿਰਤਾ ਲਹੈਂ॥ ੪੧॥
ਇਹ ਖੁਦਾਇ ਕੀ ਲਖਹੁ ਰਜ਼ਾਇ। ਜਿਸ ਕੋ ਕੋਇ ਨ ਸਕਹਿ ਮਿਟਾਇ।
ਚਲਿਬੋ ਸ਼੍ਰੀ ਪ੍ਰਭੁ ਕੇ ਅਨੁਸਾਰੀ। ਧਰਮ ਰੀਤਿ ਇਹ ਲਖਹੁ ਹਮਾਰੀ॥ ੪੨॥

(ਗੁਰ ਪ੍ਰਤਾਪ ਸੂਰਜ, ਰਾਸਿ ੧੨, ਅੰਸੂ ੪੯)

ਐਹੋ ਜਿਹਾ ਅਸਚਰਜ ਕੌਤਕ ਦੇਖ ਕੇ ਔਰੰਗੇ ਦੇ ਮਨ ਵਿਚ ਸੰਸਾ ਹੋਇਆ ਕਿਤੇ ਮੇਰਾ ਮਨ ਇਹਨਾਂ ਉਪਰ ਭਰਮ ਹੀ ਨਾ ਜਾਏ ਜਿਸ ਤੇ ਮੈਂ ਆਪਣੇ ਆਸ਼ੇ ਤੋਂ ਡਿੱਗ ਹੀ ਨਾ ਪਵਾਂ। ਇਸ ਤਰ੍ਹਾਂ ਡਰੇ ਹੋਏ ਨੇ ਜੇਲ੍ਹ ਕਰਮਚਾਰੀਆਂ ਨੂੰ ਕਹਿ ਕੇ ਉਸੇ ਵਕਤ ਕੈਦ-ਖਾਨੇ ਵਿਚ ਬੰਦ ਕਰਵਾ ਦਿੱਤਾ ਤੇ ਉਪਰ ਕਰੜਾ ਪਹਿਰਾ ਲਗਵਾ ਦਿੱਤਾ। ਉਪਰੰਤ ਪਹਿਰੇਦਾਰ ਮਤੀ ਦਾਸ ਤੇ ਸਤਿਗੁਰਾਂ ਵਿਚਕਾਰ ਹੋਏ ਬਚਨਾਂ ਦਾ ਰੋਜ਼ਨਾਮਚਾ ਲੈ ਕੇ ਹਾਜ਼ਰ ਹੋਇਆ, ਜਿਸ ਵੇਲੇ ਔਰੰਗਜ਼ੇਬ ਨੇ ਉਹ ਰੋਜ਼ਨਾਮਚਾ ਪੜ੍ਹਿਆ। ਪੜ੍ਹ ਕੇ ਬੜਾ ਘਬਰਾ ਗਿਆ। ਖਤਰਾ ਜਾਣ ਕੇ ਉਸੇ ਵਕਤ ਮਤੀ ਦਾਸ ਨੂੰ ਪਕੜ ਮੰਗਵਾਇਆ ਤੇ ਮਤੀ ਦਾਸ ਨੂੰ ਕਿਹਾ, ਹੁਣ ਕਰਾਮਾਤ ਦਿਖਾ?''

ਮਤੀ ਦਾਸ ਨੇ ਕਿਹਾ, ''ਸਤਿਗੁਰਾਂ ਦੀ ਕਿਰਪਾ ਨਾਲ ਕਰ ਤਾਂ ਸਭ ਕੁਝ ਸਕਦਾ ਹਾਂ ਪਰ ਕਰਾਮਾਤ ਵਿਖਾਣ ਦਾ ਹੁਕਮ ਨਹੀਂ।

ਔਰੰਗਜ਼ੇਬ ਨੇ ਕਿਹਾ, ''ਜੇ ਕਰਾਮਾਤ ਨਹੀਂ ਵਿਖਾਣੀ ਤਾਂ ਦੀਨ ਕਬੂਲ ਕਰ ਲੈ?''

ਮਤੀ ਦਾਸ ਨੇ ਇਨਕਾਰ ਕਰਦਿਆਂ ਕਿਹਾ, ''ਮੈਨੂੰ ਆਪਣਾ ਹੀ ਧਰਮ ਪਿਆਰਾ ਹੈ, ਕਿਸੇ ਕੀਮਤ 'ਤੇ ਵੀ ਮੈਂ ਆਪਣਾ ਧਰਮ ਨਹੀਂ ਛੱਡਾਂਗਾ।''

ਚੰਗਾ, ਫਿਰ ਮੌਤ ਨਾਲ ਖੇਡਣ ਲਈ ਤਿਆਰ ਹੋ ਜਾਹ। ਮੁਲਾਣਿਆਂ ਨੇ ਵੀ ਲਾਲ ਕਿਤਾਬ ਖੋਹਲ ਲਈ,

ਦੋ ਚਾਰ ਪਤਰੇ ਏਧਰ ਤੇ ਦੋ ਚਾਰ ਪਤਰੇ ਉਧਰ ਫਰੋਲ ਕੇ ਫਤਵਾ ਲਗਾ ਦਿੱਤਾ ਕਿ ਇਸ ਨੂੰ ਦੋ ਫੱਟਿਆਂ ਵਿਚ ਜਕੜ ਕੇ ਆਰੇ ਨਾਲ ਲੱਕੜ ਵਾਂਗੂ ਚੀਰ ਕੇ ਦੋਫਾੜ ਕਰ ਦਿਓ। ਉਸ ਵੇਲੇ ਜਲਾਦਾਂ ਨੂੰ ਸੱਦਿਆ ਗਿਆ, ਚਾਂਦਨੀ ਚੌਕ ਵਿਚ ਮਤੀ ਦਾਸ ਨੂੰ ਦੋ ਤਖਤਿਆਂ ਵਿਚ ਜਕੜ ਦਿੱਤਾ ਗਿਆ। ਜਲਾਦ ਆਰਾ ਲੈ ਕੇ ਖੜੇ ਸਨ। ਬਸ ਹੁਕਮ ਦੀ ਦੇਰ ਹੈ, ਉਸੇ ਵਕਤ ਜੀਉਂਦੇ ਜੀ ਦੇ ਦੋ ਫਾੜ ਕਰ ਦਿੱਤੇ ਜਾਣਗੇ। ਮੁੱਲਾਂ ਅੱਗੇ ਵਧਿਆ ਤੇ ਕਿਹਾ, ''ਦੇਖ! ਐਵੇਂ ਭੰਗ ਦੇ ਭਾੜੇ ਜਾਨ ਨਾ ਗਵਾ। ਇਸਲਾਮ ਕਬੂਲ ਕਰ ਲੈ। ਧਨ-ਦੌਲਤ ਨਾਲ ਸਭ ਖੁਸ਼ੀਆਂ ਮਿਲ ਜਾਣਗੀਆਂ। ਜੇ ਨਹੀਂ ਮੰਨੇਗਾ ਤਾਂ ਮੌਤ ਤਿਆਰ ਹੈ।''

ਇਹ ਗੱਲਾਂ ਸੁਣ ਕੇ ਗੁਰੂ ਦਾ ਸਿੱਖ ਘਬਰਾਇਆ ਨਹੀਂ, ਮਨ ਵਿਚ ਪੂਰਨ ਭਰੋਸਾ ਹੈ। ਗੁਰੂ ਜੀ ਮੇਰੀ ਜ਼ਰੂਰ ਸਹਾਇਤਾ ਕਰਨਗੇ। ਇਹ ਤਾਂ ਮੇਰਾ ਵਾਲ ਵਿੰਗਾ ਨਹੀਂ ਕਰ ਸਕਦੇ। ਇਸ ਤਰ੍ਹਾਂ ਪੱਕੇ ਭਰੋਸੇ ਨਾਲ ਮਤੀ ਦਾਸ ਨੇ ਕਿਹਾ, ''ਤੁਹਾਡਾ ਦੀਨ ਨਹੀਂ ਕਬੂਲ ਕਰਾਂਗਾ। ਜੋ ਤੁਹਾਡੀ ਮਰਜ਼ੀ ਹੈ ਉਹ ਤੁਸੀਂ ਕਰੋ।'' ਇਤਨਾ ਕਹਿਕੇ ਚੁੱਪ ਕਰ ਗਿਆ। ਸਤਿਗੁਰਾਂ ਦੇ ਚਰਨ ਕੰਵਲਾਂ ਦਾ ਧਿਆਨ ਧਰ ਕੇ ਜਪੁ ਜੀ ਸਾਹਿਬ ਦਾ ਪਾਠ ਅਰੰਭ ਕਰ ਕੇ ਪਾਠ ਵਿਚ ਹੀ ਲੀਨ ਹੋ ਗਿਆ।

ਇਤਨੇ ਨੂੰ ਮੌਲਵੀ ਨੇ ਬੜੇ ਗੁੱਸੇ ਨਾਲ ਜਲਾਦਾਂ ਨੂੰ ਆਰਾ ਚਲਾਉਣ ਦਾ ਹੁਕਮ ਦੇ ਦਿੱਤਾ। ਬਸ! ਹੁਕਮ ਦੀ ਦੇਰ ਸੀ ਉਸੇ ਵਕਤ ਸਿਰ 'ਤੇ ਆਰਾ ਰੱਖ ਕੇ ਵਿਚਕਾਰੋਂ ਦੋ ਫਾੜ ਕਰ ਦਿੱਤੇ। ਹਾਲੀਂ ''ਅਸੰਖ ਜਪ ਅਸੰਖ ਭਾਉ'' ਦੀ ਹੀ ਪਉੜੀ ਤੇ ਪਾਠ ਸੀ ਕਿ ਇਕ ਹਿੱਸਾ ਇਕ ਪਾਸੇ ਤੇ ਦੂਸਰਾ ਦੂਸਰੇ ਪਾਸੇ ਜਾ ਡਿੱਗਾ ਪਰ ਦੋਹਾਂ ਹਿੱਸਿਆਂ ਵਿਚੋਂ ਇਕ ਸਾਰ ਪਾਠ ਹੁੰਦਾ ਰਿਹਾ। ਇਸ ਅਸਚਰਜ ਕੌਤਕ ਨੂੰ ਦੇਖ ਕੇ ਸਭ ਹੈਰਾਨ ਹੋ ਰਹੇ ਸਨ। ਜਪੁ ਜੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਅਰਦਾਸਾ ਸੋਧ ਕੇ ਕਿਹਾ, ''ਹੇ ਔਰੰਗੇ! ਯਾਦ ਰੱਖ, ਅੱਜ ਤੋਂ ਲੈ ਕੇ ਤੂੰ ਦਿੱਲੀ ਵਿਚ ਸੁਖ ਦੀ ਨੀਂਦੇ ਸੌਂ ਨਹੀਂ ਸਕੇਂਗਾ।'' ਉਪਰੰਤ ਸਰੀਰ ਸ਼ਾਂਤ ਹੋ ਗਿਆ।

ਫਿਰ ਭਾਈ ਦਿਆਲੇ ਜੀ ਨੂੰ ਬੁਲਾ ਕੇ ਤਿੰਨ ਸ਼ਰਤਾਂ ਕਹੀਆਂ, ''ਕਰਾਮਾਤਾ ਵਿਖਾਅ, ਜਾਂ ਇਸਲਾਮ ਕਬੂਲ ਕਰ, ਜੇ ਇਸਲਾਮ ਕਬੂਲ ਨਹੀਂ ਕਰਨਾ ਤਾਂ ਮਰਨ ਲਈ ਤਿਆਰ ਹੋ ਜਾ।''

ਉਸ ਵੇਲੇ ਭਾਈ ਦਿਆਲੇ ਜੀ ਨੇ ਵੀ ਮੌਤ ਨੂੰ ਹੀ ਕਬੂਲ ਕੀਤਾ ਜਿਸ ਤੇ ਕਾਜ਼ੀਆਂ ਨੇ ਫਤਵਾ ਲਗਾ ਦਿੱਤਾ ਕਿ ਇਸ ਨੂੰ ਦੇਗ ਵਿਚ ਪਾ ਕੇ ਉਬਾਲ ਦਿਓ। ਸੋ ਉਵੇਂ ਕੀਤਾ ਗਿਆ।

ਇਸ ਭਿਆਨਕ ਕੌਤਕ ਨੂੰ ਦੇਖ ਕੇ ਦੂਸਰੇ ਨਾਲ ਦੇ ਦੋ ਸਿੱਖ ਭਾਈ ਉਦੋ ਜੀ ਤੇ ਸਾਹਿਬ ਚੰਦ ਜੀ ਘਬਰਾਅ ਗਏ। ਉਹਨਾਂ ਸਤਿਗੁਰਾਂ ਅੱਗੇ ਬੇਨਤੀ ਕੀਤੀ, ''ਗੁਰੂ ਜੀ! ਅਸੀਂ ਤਾਂ ਕੁਥਾਂ ਮਾਰੇ ਗਏ।''

ਸਤਿਗੁਰਾਂ ਕਿਹਾ, ''ਤੁਸੀਂ ਕੁਥਾਂ ਨਹੀਂ ਮਾਰੇ ਗਏ। ਜੇ ਜਾਣਾ ਚਾਹੁੰਦੇ ਹੋ ਤਾਂ ਜਾ ਸਕਦੇ ਹੋ, ਅਜੇ ਕਾਫੀ ਸਮਾਂ ਹੈ।''

ਸਤਿਗੁਰਾਂ ਦੇ ਮੁਖ ਤੋਂ ਐਸੇ ਬਚਨ ਸੁਣ ਕੇ ਇਨ੍ਹਾਂ ਨੇ ਕਿਹਾ ਕਿ ਕਿਵੇਂ ਜਾਈਏ? ਹੱਥਾਂ ਵਿਚ ਹੱਥਕੜੀਆਂ ਤੇ ਪੈਰਾਂ ਵਿਚ ਬੇੜੀਆਂ ਪਈਆਂ ਹੋਈਆਂ ਹਨ ਅਤੇ ਜੇਲ੍ਹ ਵਿਚ ਬੰਦ ਹਾਂ, ਕਰੜੇ ਪਹਿਰੇ ਹਨ।

ਗੁਰੂ ਜੀ ਨੇ ਕਿਹਾ, ''ਹੇ ਗੁਰਸਿੱਖੋ! ਭਰੋਸਾ ਕਰੋ, ਜੇ ਜਾਣਾ ਚਾਹੁੰਦੇ ਹੋ ਤਾਂ ਤੁਹਾਡੇ ਸਾਰੇ ਬੰਧਨ ਖੁੱਲ੍ਹ ਜਾਣਗੇ।''

ਸਤਿਗੁਰਾਂ ਦੇ ਇਸ ਤਰ੍ਹਾਂ ਦੇ ਬਚਨ ਕਰਨ ਦੀ ਦੇਰ ਸੀ, ਜੋ ਸਾਰੇ ਰਸਤੇ ਸਾਫ ਹੋ ਗਏ। ਬਿਨਾਂ ਕਿਸੀ ਰੁਕਾਵਟ ਦੇ ਸਹੀ ਸਲਾਮਤ ਕੈਦ ਵਿਚੋਂ ਨਿਕਲ ਕੇ ਅਨੰਦਪੁਰ ਨੂੰ ਚਲੇ ਗਏ।

ਇਧਰ ਜਿਸ ਵੇਲੇ ਸੂਰਜ ਚੜ੍ਹਿਆ, ਸੁੱਤੇ ਪਏ ਪਹਿਰੇਦਾਰ ਅੱਖਾਂ ਮਲਦੇ-ਮਲਦੇ ਉਠੇ ਤਾਂ ਕੀ ਦੇਖਦੇ ਹਨ ਕਿ ਦੋ ਕੈਦੀ ਤਾਂ ਅੰਦਰ ਹੈਨ ਹੀ ਨਹੀਂ ਬੇੜੀਆਂ ਹੱਥਕੜੀਆਂ ਪਈਆਂ ਹਨ, ਦਰਵਾਜ਼ੇ ਵੀ ਬੰਦ ਹਨ।

www.sikhbookclub.com

ਬੜੇ ਘਬਰਾਏ, ਇਧਰ-ਉਧਰ ਦੌੜੇ ਪਰ ਹੁਣ ਕੀ ਬਣ ਸਕਦਾ ਸੀ। ਆਖਰ ਬਾਦਸ਼ਾਹ ਨੂੰ ਜਾ ਕੇ ਖਬਰ ਦਿੱਤੀ। ਔਰੰਗਜ਼ੇਬ ਨੂੰ ਪਤਾ ਲੱਗਣ ਤੇ ਉਹ ਵੀ ਬੜਾ ਹੈਰਾਨ ਹੋਇਆ ਕਿ ਕੈਦ ਵਿਚੋਂ ਨਿਕਲ ਕਿਵੇਂ ਗਏ। ਉਸ ਨੂੰ ਤਾਂ ਫ਼ਿਕਰ ਪੈ ਗਿਆ ਕਿ ਕਿਧਰੇ ਸਤਿਗੁਰੂ ਵੀ ਨਾ ਨਿਕਲ ਜਾਣ। ਉਸੇ ਵੇਲੇ ਇਕ ਤੰਗ ਪਿੰਜਰਾ ਜਿਸ ਦੇ ਉਪਰੋਂ ਅੰਦਰਵਾਰ ਸੂਏ ਮੁੜੇ ਹੋਏ ਸਨ, ਜਿਸ ਵਿਚ ਆਰਾਮ ਨਾਲ ਬੈਠਿਆ ਵੀ ਨਹੀਂ ਜਾਂਦਾ ਸੀ ਤੇ ਨਾ ਖਲੋਤਾ ਜਾ ਸਕਦਾ ਸੀ, ਉਸ ਵਿਚ ਸ੍ਰੀ ਗੁਰੂ ਜੀ ਨੂੰ ਬੰਦ ਕਰ ਦਿੱਤਾ ਪਰ ਸ਼ਾਂਤ ਮੂਰਤੀ ਤ੍ਰਿਲੋਕੀ ਨਾਥ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਅਨੰਦ ਵਿਚ ਹੀ ਮਸਤ ਰਹੇ।

ਪਹਿਲੇ ਵੀ ਜਿਸ ਵੇਲੇ ਜੇਹਲ ਵਿਚ ਸਨ ਸਤਿਗੁਰੂ ਜੀ ਪ੍ਰੇਮੀ ਸਿੱਖਾਂ ਦੇ ਯਾਦ ਕਰਨ ਤੇ ਉਹਨਾਂ ਦੇ ਘਰ ਜਾ ਕੇ ਪ੍ਰਸ਼ਾਦ ਛਕਿਆ ਕਰਦੇ ਸਨ। ਹਰ ਰੋਜ਼ ਸਵੇਰੇ ਜਮਨਾ 'ਤੇ ਇਸ਼ਨਾਨ ਕਰਨ ਜਾਂਦੇ। ਕਈ ਵਾਰੀ ਸਤਿਗੁਰਾਂ ਨੂੰ ਕਾਜ਼ੀ ਨੇ ਸਿੱਖਾਂ ਦੇ ਘਰ ਭੋਜਨ ਛਕਣ ਜਾਂਦਿਆਂ ਦੇਖਿਆ ਤੇ ਕਈ ਵਾਰੀ ਜਮਨਾ 'ਤੇ ਇਸ਼ਨਾਨ ਕਰਦਿਆਂ ਦੇਖਿਆ। ਪਰ ਜਦੋਂ ਕੋਈ ਬਾਦਸ਼ਾਹ ਪਾਸ ਸ਼ਿਕਾਇਤ ਕਰਦਾ ਤੇ ਬਾਦਸ਼ਾਹ ਪੜਤਾਲ ਕਰਦਾ ਤਾਂ ਸਤਿਗੁਰੂ ਜੀ ਜੇਲ੍ਹ ਵਿਚ ਹੁੰਦੇ। ਜਦੋਂ ਦੇ ਤੰਗ ਪਿੰਜਰੇ ਵਿਚ ਕੈਦ ਕੀਤੇ ਸਨ ਤਾਂ ਭੀ ਸਿੱਖਾਂ ਦੇ ਘਰ ਜਾਂਦੇ ਰਹੇ। ਕਈ ਵਾਰੀ ਜੇਲ੍ਹ ਦੇ ਦਰੋਗੇ ਨੂੰ ਤਾੜਿਆ ਗਿਆ ਪਰ ਉਹ ਵੀ ਕੀ ਕਰ ਸਕਦਾ ਸੀ, ਜਦ ਕਿ ਸਤਿਗੁਰੂ ਜੀ ਉਸੇ ਤਰ੍ਹਾਂ ਹਰ ਵੇਲੇ ਜੇਲ੍ਹ 'ਚ ਨਜ਼ਰ ਆਉਂਦੇ ਸਨ।

ਸਤਿਗੁਰਾਂ ਦੇ ਅਜਿਹੇ ਅਸਚਰਜ ਕੌਤਕ ਦੇਖ-ਦੇਖ ਕੇ ਮੁਸਲਮਾਨ ਹੋਣ ਦੇ ਬਾਵਜੂਦ ਵੀ ਜੇਲ੍ਹ ਦਾ ਦਰੋਗਾ ਤੇ ਹੋਰ ਉਸ ਦੇ ਸਾਥੀ (ਸਿਪਾਹੀ, ਪਹਿਰੇਦਾਰ) ਸਤਿਗੁਰਾਂ ਦੇ ਸ਼ਰਧਾਲੂ ਬਣ ਗਏ। ਬਾਦਸ਼ਾਹ ਦਾ ਹੁਕਮ ਚਾਹੇ ਮੰਨਣਾ ਪੈਂਦਾ ਸੀ ਪਰ ਹੁਣ ਆਪਣੇ ਵੱਲੋਂ ਨਰਮਾਈ ਰੱਖਣ ਲੱਗ ਪਏ।

ਉਧਰ ਜਿਸ ਵੇਲੇ ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਕਰ ਕੇ ਦੋ ਸਿੱਖ ਭਾਈ ਊਦੋ ਜੀ ਤੇ ਭਾਈ ਸਾਹਿਬ ਚੰਦ ਜੀ ਚਲਦੇ-ਚਲਦੇ ਅਨੰਦਪੁਰ ਸਾਹਿਬ ਪਹੁੰਚ ਗਏ ਤਾਂ ਉਹਨਾਂ ਨੇ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿਚ ਪੁੱਜ ਕੇ ਸਾਰੀ ਗੱਲ-ਬਾਤ ਸੁਣਾਈ ਕਿ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਉਹਨਾਂ ਦੇ ਸਰੀਰ ਨੂੰ ਦੋ ਫਾੜ ਕਰ ਦਿੱਤਾ ਗਿਆ ਹੈ ਅਤੇ ਭਾਈ ਦਿਆਲੇ ਜੀ ਨੂੰ ਜਿਉਂਦਿਆਂ ਦੇਗ ਵਿਚ ਉਬਾਲ ਦਿੱਤਾ ਗਿਆ ਹੈ। ਅਸੀਂ ਤਾਂ ਸਤਿਗੁਰਾਂ ਪਾਸੋਂ ਆਗਿਆ ਲੈ ਕੇ ਆ ਗਏ ਹਾਂ।

ਇਸ ਤਰ੍ਹਾਂ ਦੇ ਬਚਨ ਸੁਣ ਕੇ ਅੰਤਰਜਾਮੀ ਦਸਮੇਸ਼ ਪਿਤਾ ਜੀ ਨੇ ਖਬਰ ਲੈਣ ਲਈ ਇਕ ਸਿੱਖ ਨੂੰ ਬਖਸ਼ਿਸ਼ ਭਰਿਆ ਹੱਥ ਰੱਖ ਕੇ ਦਿੱਲੀ ਨੂੰ ਭੇਜ ਦਿੱਤਾ। ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਉਹ ਗੁਰਸਿੱਖ ਇਕ ਸਾਰ ਰਾਤ ਦਿਨੇ ਚਲਦਾ-ਚਲਦਾ ਦਿੱਲੀ ਪੁੱਜਿਆ ਤੇ ਜੇਲ੍ਹ ਦੇ ਦਰੋਗੇ ਦੀ ਮੱਦਦ ਨਾਲ ਸਤਿਗੁਰਾਂ ਪਾਸ ਹਾਜ਼ਰ ਹੋ ਕੇ ਸਤਿਗੁਰਾਂ ਦੇ ਚਰਨਾਂ 'ਤੇ ਮੱਥਾ ਟੇਕਿਆ।

ਫੇਰ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ਜੀ! ਆਪ ਮਿਲੇ ਤੋਂ ਬਿਨਾਂ ਹੀ ਚਲੇ ਆਏ ਹੋ ਇਸ ਕਰ ਕੇ ਅਨੰਦਪੁਰ ਵਾਸੀ ਸਾਰੀ ਸੰਗਤ ਉਦਾਸ ਹੈ।'

ਇਹ ਗੱਲ ਸੁਣ ਕੇ ਹਜ਼ੂਰ ਨੇ ਕਲਮ ਦਵਾਤ ਮੰਗਵਾ ਕੇ ਪੱਤ੍ਰਕਾ ਦੇ ਰੂਪ ਵਿਚ ਸ਼ਲੋਕ ਲਿਖਣੇ ਸ਼ੁਰੂ ਕੀਤੇ-

ਬਿਨਾ ਮਿਲੇ ਸਭਿ ਕੇ ਚਲਿ ਆਏ। ਬਹੁਤ ਬਿਸੂਰਤਿ ਸਿੱਖ ਸਮੁਦਾਏ।
ਸੁਨਿ ਕਰਿ ਸਭਿਹਨਿ ਕੇਰ ਬ੍ਰਿਤੰਤਾ। ਲੇ ਕਾਗਦਿ ਕਰ ਮਹਿ ਭਗਵੰਤਾ॥ ੧੧॥
ਕਲਮਦਾਨ ਕੌ ਤਬਿ ਮੰਗਵਾਯੋ। ਜਮਾਦਾਰ ਕੌ ਨਰ ਲੇ ਆਯੋ।
ਸਭਿ ਸੰਗਤਿ ਪ੍ਰਤਿ ਲਿਖਿ ਉਪਦੇਸ਼ੁ। ਕਰੇ ਸ਼ਲੋਕ ਵਿਰਾਗ ਵਿਸ਼ੇਸ਼ੁ॥ ੧੨॥

(ਰਾਸਿ ੧੨, ਅੰਸੂ ੬੨)

੧ਓ ਸਤਿਗੁਰ ਪ੍ਰਸਾਦਿ॥

ਸਲੋਕ ਮਹਲਾ ੯

ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਆਪਣੇ ਮਨ ਪ੍ਰਤੀ ਬਾਣੀ ਉਚਾਰਨ ਕਰਦੇ ਹੋਏ ਅਨੰਦਪੁਰ ਵਾਸੀ ਸਿੱਖ ਸੰਗਤਾਂ ਪ੍ਰਤੀ ਸਾਂਝਾ ਉਪਦੇਸ਼ (ਕਲਮ-ਬੰਦ ਕਰ ਕੇ ਸਿੱਖ ਦੇ ਹੱਥੀਂ ਚਿੱਠੀ ਦੇ ਰੂਪ ਵਿਖੇ ਘੱਲਦੇ ਹੋਏ) ਕਥਨ ਕਰਦੇ ਹਨ-ਦੁਨੀਆਂ ਦੇ ਸਭ ਲੋਕ ਸੁਖਾਂ ਨੂੰ ਚਾਹੁੰਦੇ ਹਨ।

ਜਿਵੇਂ-ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥ *(ਪੰਨਾ ੫੭)*

ਸਤਿਗੁਰੂ ਜੀ ਦਾ ਕਥਨ ਹੈ ਕਿ ਸਰਬ ਸੁਖਾਂ ਦੀ ਖਾਣ ਇਕ ਗੋਬਿੰਦ ਪ੍ਰਭੂ ਹੀ ਹੈ, ਜਿਸ ਦੇ ਨਾਮ ਸਿਮਰਨ ਕਰਨ ਨਾਲ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।

ਯਥਾ— ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ॥
ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ॥ ੧॥

(ਧਨਾਸਰੀ ਮ: ੫ ਪੰਨਾ ੬੮੩)

ਇਹ ਤਾਂ ਨਿਸਚੇ ਹੀ ਹੈ ਕਿ ਸਭਨਾਂ ਸੁਖਾਂ ਦੀ ਪ੍ਰਾਪਤੀ ਸਿਮਰਨ-ਭਜਨ ਕਰਨ ਨਾਲ ਹੁੰਦੀ ਹੈ, ਪਰ ਇਸ ਨਾ-ਸਮਝ ਮੂਰਖ ਨੇ ਸੰਸਾਰਕ ਧੰਦਿਆਂ ਵਿਖੇ ਲੱਗ ਕੇ—

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥

**ਗ੍ਰੰਥਾਂ ਵਿਖੇ ਵਕਤਾ ਦੇ ਤਿੰਨ ਭੇਦ ਆਖੇ ਹਨ--*

੧) ਉਤਮ ਵਕਤਾ ੨) ਮੱਧਮ ਵਕਤਾ ਅਤੇ ੩) ਕਨਿਸ਼ਟ ਵਕਤਾ।

***(੧) ਉਤਮ ਵਕਤਾ**—ਉਸ ਨੂੰ ਕਹਿੰਦੇ ਹਨ, ਜੋ ਆਪਣੇ ਮਨ ਪ੍ਰਤੀ ਉਚਾਰਦਾ ਹੋਇਆ ਦੂਸਰਿਆਂ ਨੂੰ ਉਪਦੇਸ਼ ਦੇਣਾ ਕਰੇ:*

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ॥

(ਸਿਰੀਰਾਗੁ ਮਹਲਾ ੫ ਪੰਨਾ ੭੯)

ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ॥ *(ਗਉੜੀ ਪੂਰਬੀ ਮਹਲਾ ੪ ਕਰਹਲੇ, ਪੰਨਾ ੨੩੫)*

***(੨) ਮੱਧਮ ਵਕਤਾ**--ਉਸ ਨੂੰ ਕਹਿੰਦੇ ਹਨ, ਜੋ ਕਿਸੇ ਦੇ ਪ੍ਰਥਾਇ ਉਚਾਰਨ ਕਰਦਾ ਹੋਇਆ ਉਪਦੇਸ਼ ਦੇਣਾ ਕਰੇ। ਜਿਵੇਂ 'ਵਸ਼ਿਸ਼ਟ' ਮਹਾਰਾਜ ਜੀ ਨੇ ਰਾਮ ਜੀ ਦਾ ਨਾਮ ਲੈ ਕੇ ਭਾਵ ਰਾਮ ਜੀ ਨੂੰ ਮੁਖ ਰੱਖ ਕੇ 'ਵਸਿਸ਼ਟ ਪੁਰਾਣ' ਉਚਾਰਿਆ ਹੈ।*

***(੩) ਕਨਿਸ਼ਟ ਵਕਤਾ**-ਉਸ ਨੂੰ ਕਹਿੰਦੇ ਹਨ, ਜੋ ਕਿਸੇ ਦੇ ਨਾ ਸਮਝਣ ਪਰ ਤਾੜ ਕੇ ਉਪਦੇਸ਼ ਦੇਣਾ ਕਰਦਾ ਹੈ। ਜਿਵੇਂ ਕਬੀਰ ਸਾਹਿਬ ਜੀ ਨੇ ਕਿਹਾ ਹੈ:-*

ਰੇ ਜੀਅ ਨਿਲਜ ਲਾਜ ਤੁੋਹਿ ਨਾਹੀ॥ ਹਰਿ ਭਜਿ ਕਤ ਕਾਹੂ ਕੇ ਜਾਂਹੀ॥ *(ਪੰਨਾ ੩੩੦)*

ਗੋ= ਵੇਦਾਂ ਕਰ ਕੇ ਬਿੰਦ= ਜਾਣਨ ਯੋਗ ਵਾਹਿਗੁਰੂ ਦੇ ਗੁਣਾਂ ਨੂੰ ਗਾਇਆ ਨਹੀਂ, ਜਿਸ ਤੇ-
ਇਸ ਨੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਅਕਾਰਥ= ਨਿਸਫਲ ਹੀ ਗਵਾ ਲਿਆ ਹੈ।

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥ ੧ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ— ਇਸ ਲਈ ਹੇ ਮਨਾ! ਤੂੰ ਹਰੀ ਦਾ (ਇਸ ਤਰ੍ਹਾਂ) ਸਿਮਰਨ ਕਰ- ਜਿਹਿ ਬਿਧਿ= ਜਿਸ ਤਰ੍ਹਾਂ ਮੀਨ= ਮੱਛੀ ਜਲ ਨੂੰ ਜੀਵਨ ਦਾ ਸਹਾਰਾ ਬਣਾ ਕੇ ਰਹਿੰਦੀ ਹੈ।੧।

ਯਥਾ- ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥ ੨॥

(ਰਾਗੁ ਸੋਰਠਿ ਰਵਿਦਾਸ, ਪੰਨਾ ੬੫੮)

*ਤਥਾ-*ਬਿਨੁ ਜਲ ਪ੍ਰਾਨ ਤਜੇ ਹੈ ਮੀਨਾ ਜਿਨਿ ਜਲ ਸਿਉ ਹੇਤੁ ਬਢਾਇਓ॥

(ਧਨਾਸਰੀ ਮ: ੫, ਪੰਨਾ ੬੭੦)

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥

ਹੇ ਪੁਰਸ਼ਾ! ਵਿਸ਼ੇ-ਵਿਕਾਰਾਂ ਵਿਚ ਤੂੰ ਕਿਸੇ ਵਾਸਤੇ ਗਰਕ ਹੋ ਰਿਹਾ ਹੈਂ, ਤੂੰ ਇਕ ਪਲ ਭਰ ਭੀ ਇਹਨਾਂ ਵਿਸ਼ਿਆਂ ਵੱਲੋਂ ਉਪਰਾਮ ਨਹੀਂ ਹੁੰਦਾ।

ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥ ੨ ॥

ਸਤਿਗੁਰੂ ਜੀ ਕਥਨ ਕਰਦੇ ਹਨ— ਹੇ ਮਨਾ! ਵਿਸ਼ਿਆਂ ਤੋਂ ਉੱਚਾ ਉਠ ਕੇ ਸਿਮਰਨ ਕਰ, ਫਿਰ ਤੇਰੇ ਗਲ ਵਿਚ ਜਮਾਂ ਦੀ ਫਾਹੀ ਨਹੀਂ ਪਵੇਗੀ॥ ੨ ॥

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥

ਇਹਨਾਂ ਵਿਸ਼ਿਆਂ ਵਿਖੇ ਹੀ ਤੇਰਾ ਤਰਨਾਪੋ= ਜੋਬਨ ਨਿਸਫਲ ਹੀ ਚਲਾ ਗਿਆ ਹੈ, ਤੇਰੇ ਤਨੁ= ਸਰੀਰ ਨੂੰ ਜਰਾ= ਬੁਢੇਪੇ ਨੇ ਢਾਹ ਲਿਆ ਹੈ।

ਯਥਾ— ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ॥
ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ॥ ੧॥

(ਆਸਾ ਕਬੀਰ ਜੀ, ਪੰਨਾ ੪੭੯)

ਤਥਾ— ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ॥
ਬਿਰਧਿ ਭਇਓ ਅਜਹੁ ਨਹੀ ਸਮਝੈ ਕਉਨੁ ਕੁਮਤਿ ਉਰਝਾਨਾ॥ ੧॥

(ਰਾਮਕਲੀ ਮ: ੯, ਪੰਨਾ ੯੦੨)

ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥ ੩ ॥

ਸਤਿਗੁਰੂ ਜੀ ਕਥਨ ਕਰਦੇ ਹਨ— ਹੇ ਮਨਾ! ਤੂੰ ਹਰੀ ਦਾ ਸਿਮਰਨ ਕਰ, ਤੇਰੀ ਸਾਰੀ ਅਉਧ= ਉਮਰ ਨਿਸਫਲ ਬਤੀਤ ਹੁੰਦੀ ਜਾ ਰਹੀ ਹੈ॥ ੩ ॥

ਯਥਾ- ਅਉਧ ਘਟੈ ਦਿਨਸੁ ਰੈਣਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥ ੧॥ *(ਪੰਨਾ ੧੩)*
ਤਥਾ- ਪ੍ਰਾਨੀ ਨਾਰਾਇਨ ਸੁਧਿ ਲੇਹਿ॥

ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ॥ ੨॥

(ਰਾਮਕਲੀ ਮ: ੯, ਪੰਨਾ ੯੦੨)

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨ॥

ਹੁਣ ਤੂੰ ਬੁੱਢਾ ਹੋ ਗਿਆ ਹੈਂ ਤੈਨੂੰ ਕੁਝ ਸੁਝਦਾ-ਬੁਝਦਾ ਨਹੀਂ।

ਯਥਾ- ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ॥
ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ॥
ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ॥

(ਸਿਰੀਰਾਗੁ ਮਹਲਾ ੪, ਪੰਨਾ ੭੬)

ਤਥਾ- ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥ (ਮਾਠ ਵਾਰ, ਪੰਨਾ ੧੩੮)

ਮੌਤ ਤੇਰੇ ਸਿਰ 'ਤੇ ਕੂਕਦੀ ਹੈ।

ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ ੪॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ--ਹੇ ਝੱਲੇ ਪੁਰਸ਼ਾ ! ਛੇ ਗੁਣਾਂ* ਵਾਲਾ ਜੋ ਭਗਵਾਨ ਹੈ, ਤੂੰ ਉਸ ਨੂੰ ਕਿਉਂ ਨਹੀਂ ਯਾਦ ਕਰਦਾ॥ ੪॥

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥

ਧਨੁ ਦਾਰਾ= ਇਸਤਰੀ ਤੇ ਜਾਇਦਾਦ ਜਿਹੜਾ ਇਸ ਨੂੰ ਆਪਣੀ ਕਰ ਕੇ ਮੰਨੀ ਬੈਠਾ ਹੈਂ।

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥ ੫॥

ਸਤਿਗੁਰੂ ਜੀ ਕਥਨ ਕਰਦੇ ਹਨ— ਸੱਚ ਜਾਣ ਇਹਨਾਂ ਪਦਾਰਥਾਂ ਵਿਚੋਂ ਕੋਈ ਵੀ ਤੇਰਾ ਸੰਗੀ= ਸਾਥੀ ਨਹੀਂ ਹੈ।

ਯਥਾ- ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥ ੧॥

(ਸੋਰਠਿ ਮ:੯, ਪੰਨਾ ੬੩੩)

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥

ਉਹ ਪ੍ਰਭੂ, ਪਤਿਤ= ਪਾਪੀਆਂ ਦੇ ਤਾਰਨ ਵਾਲਾ ਅਤੇ ਸੇਵਕਾਂ ਦੇ ਡਰ ਨੂੰ ਦੂਰ ਕਰਨ ਵਾਲਾ ਹੈ।

ਯਥਾ- ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ॥

(ਧਨਾਸਰੀ ਮ: ੫, ਪੰਨਾ ੬੮੩)

---

*ਪ੍ਰਭੂ ਦੇ ਛੇ ਗੁਣ ਇਹ ਹਨ—
ਧਰਮ ਜਸ ਵੈਰਾਗ ਪੁਨ, ਐਸ਼ੁਰਜ ਸ੍ਰੇਯ ਵਿਗਿਆਨ।
ਇਹ ਖਟ ਭਗਾਂ ਸੰਪੰਨ ਜੋ, ਕਹਿਤ ਤਾਂਹਿ ਭਗਵਾਨ।
ਤਥਾ— ਜਸ ਐਸ਼ੁਰਜ ਵਿਰਾਗ ਉਦਾਰ। ਲਛਮੀ ਗਜਾਨ ਸੁ ਪੂਰਨ ਧਾਰ।
ਈਸ਼ੁਰ ਕੇ ਖਟ ਗੁਣ ਕੌ ਜਾਨ। ਯਾਂ ਤੇ ਕਹੀਅਤ ਹੈਂ ਭਗਵਾਨ॥

(ਗੁਰ ਪ੍ਰਤਾਪ ਸੂਰਜ)

ਹਰੀ ਪ੍ਰਭੂ, ਅਨਾਥ= ਗਰੀਬਾਂ ਦਾ ਨਾਥ= ਸੁਆਮੀ ਹੈ।

ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥ ੬ ॥

ਸਤਿਗੁਰੂ ਜੀ ਕਥਨ ਕਰਦੇ ਹਨ— ਤੂੰ ਪ੍ਰਭੂ ਨੂੰ ਜਾਣ ਭੀ ਅਤੇ ਆਪਣੇ ਅੰਗ-ਸੰਗ ਅਨੁਭਵ ਭੀ ਕਰ॥ ੬ ॥

ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥

ਜਿਸ ਪ੍ਰਭੂ ਨੇ ਤੈਨੂੰ ਤਨੁ= ਸਰੀਰ ਅਤੇ ਦੌਲਤ ਦਿੱਤੀ ਹੈ, ਤੂੰ ਉਸ ਦਾਤੇ ਨਾਲ ਪਿਆਰ ਨਹੀਂ ਕੀਤਾ।

ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥ ੭ ॥

ਸਤਿਗੁਰੂ ਜੀ ਕਥਨ ਕਰਦੇ ਹਨ—ਪਦਾਰਥਾਂ ਦੇ ਪਿੱਛੇ ਪਾਗਲ ਹੋਣ ਵਾਲੇ,

(੧) ਹੁਣ ਤੂੰ ਦੀਨ ਮਨ ਹੋਇਆ ਕਿਉਂ ਡੋਲਦਾ ਫਿਰਦਾ ਹੈਂ?

(੨) ਹੇ ਦੀਨ, ਹੁਣ ਕਿਉਂ ਬੇਚੈਨ ਹੈਂ?

ਵਾ—ਦੀਨ= ਧਰਮ ਦੀ ਤਰਫੋਂ ਕਿਉਂ ਡੋਲਦਾ ਹੈਂ?

ਯਥਾ—ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ॥
ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ॥ ੧ ॥

(ਮਾਰੂ ਕਬੀਰ ਜੀ, ਪੰਨਾ ੧੧੦੫)

ਤਥਾ—ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥ ੧੩ ॥

(ਸਲੋਕ ਕਬੀਰ ਜੀ, ਪੰਨਾ ੧੩੬੫)

ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥

ਫਿਰ ਜਿਸ ਪ੍ਰਭੂ ਨੇ ਤਨ, ਧਨ ਤੇ ਸੰਪਦਾ ਆਦਿਕ ਸਾਰੇ ਸੁਖ ਦਿੱਤੇ ਹਨ ਅਤੇ ਜਿਸ ਨੇ ਤੇਰੇ ਰਹਿਣ ਵਾਸਤੇ ਨੀਕੇ= ਚੰਗੇ-ਚੰਗੇ ਧਾਮ= ਘਰ* ਦਿੱਤੇ ਹਨ।

ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥ ੮ ॥

ਸਤਿਗੁਰੂ ਜੀ ਕਥਨ ਕਰਦੇ ਹਨ— ਹੇ ਮਨਾ! ਤੂੰ ਧਿਆਨ ਨਾਲ ਸੁਣ, ਰਾਮੁ= ਪ੍ਰਭੂ ਨੂੰ ਤੂੰ ਕਿਉਂ ਨਹੀਂ ਸਿਮਰਦਾ? ॥ ੮ ॥

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥

ਇਕ ਰਾਮੁ= ਪ੍ਰਭੂ ਹੀ ਸਾਰਿਆਂ ਸੁਖਾਂ ਦਾ ਦਾਤਾ ਹੈ, ਵਾਹਿਗੁਰੂ ਤੋਂ ਬਿਨਾਂ ਸੁਖ ਦਾਤਾ ਦੂਸਰਾ ਹੋਰ ਕੋਈ ਨਹੀਂ ਹੈ।

**ਯਥਾ- ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥ ਤਿਸਹਿ ਧਿਆਇ ਸਦਾ ਮਨ ਅੰਦਰਿ॥*
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥ ਆਠ ਪਹਰ ਸਿਮਰਹੁ ਤਿਸੁ ਰਸਨਾ॥

(ਗਉੜੀ ਸੁਖਮਨੀ ਮਃ ੫, ਪੰਨਾ ੨੬੯)

ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥ ੯॥

ਹੇ ਮਨਾ ਤੂੰ ਧਿਆਨ ਦੇ ਕੇ ਸੁਣ, ਵਾਹਿਗੁਰੂ ਦੇ ਨਾਮ ਨੂੰ ਯਾਦ ਕਰਨ ਨਾਲ ਹੀ ਜੀਵ ਨੂੰ ਗਤਿ= ਮੁਕਤੀ ਦੀ ਪ੍ਰਾਪਤੀ ਹੁੰਦੀ ਹੈ॥ ੯॥

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ॥

ਜਿਸ ਪ੍ਰਭੂ ਦੇ ਨਾਮ ਨੂੰ ਸਿਮਰਨ ਕਰ ਕੇ ਗਤਿ= ਮੁਕਤੀ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਯਾਦ ਕਰ, ਉਹੋ ਤੇਰਾ ਸੱਚਾ ਮਿੱਤਰ ਹੈ।

ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ॥ ੧੦॥

ਸਤਿਗੁਰੂ ਜੀ ਕਥਨ ਕਰਦੇ ਹਨ—ਹੇ ਮਨਾ! ਧਿਆਨ ਦੇ ਕੇ ਸੁਣ, ਦੇਖ ਨਿਤਾਪ੍ਰਤੀ ਤੇਰੀ ਅਉਧ= ਉਮਰ ਲਗਾਤਾਰ ਘਟਦੀ ਜਾ ਰਹੀ ਹੈ॥ ੧੦॥

ਯਥਾ- ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥

(ਧਨਾਸਰੀ ਕਬੀਰ ਜੀ, ਪੰਨਾ ੬੯੧)

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥

ਸੁਘੜ ਤੇ ਸਿਆਣੇ ਸੱਜਣੋ! ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਸਰੀਰ ਪੰਜਾਂ ਤੱਤਾਂ ਦਾ ਬਣਾਇਆ ਹੈ।

*ਯਥਾ-*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥

(ਸੂਹੀ ਮ: ੪, ਪੰਨਾ ੭੩੬)

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥ ੧੧॥

ਜਿਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ, ਉਨ੍ਹਾਂ ਤੱਤਾਂ ਵਿਚ ਹੀ ਇਹ ਲੀਨ ਹੋ ਜਾਣਾ ਹੈ॥ ੧੧॥

ਇਹ ਪ੍ਰਮਾਣਿਤ ਹੈ ਕਿ—

ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ॥
ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ॥ ੨॥

(ਸਾਗਰ ਮ: ੫, ਪੰਨਾ ੧੨੨੦)

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥

ਸੰਤਾਂ ਨੇ ਇਹ ਬਚਨ ਡੰਕੇ ਦੀ ਚੋਟ ਨਾਲ ਪੁਕਾਰ-ਪੁਕਾਰ ਕੇ ਕਿਹਾ ਹੈ ਕਿ ਉਹ ਹਰਿ ਜੀ ਸਭ ਦੇ ਦਿਲਾਂ ਵਿਚ ਵੱਸਦਾ ਹੈ।

ਯਥਾ- ਗੁਰਹਿ ਦਿਖਾਇਓ ਲੋਇਨਾ॥ ੧॥ ਰਹਾਉ॥
ਈਤਹਿ ਊਤਹਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥ ੧॥

(ਆਸਾ ਮ: ੫, ਪੰਨਾ ੪੦੭)

*ਤਥਾ-*ਘਟਿ ਘਟਿ ਰਵਿ ਰਹਿਆ ਸਭ ਥਾਈ ਪੂਰਨ ਪੁਰਖੁ ਬਿਧਾਤਾ॥

(ਆਸਾ ਮ: ੫, ਪੰਨਾ ੪੫੩)

www.sikhbookclub.com

ਤਥਾ-ਜਹ ਦੇਖਉ ਤਹ ਸੰਗਿ ਏਕੋ ਰਵਿ ਰਹਿਆ॥
ਘਟ ਘਟ ਵਾਸੀ ਆਪਿ ਵਿਰਲੈ ਕਿਨੈ ਲਹਿਆ॥

(ਆਸਾ ਮ: ੫, ਪੰਨਾ ੪੫੮)

ਤਥਾ- ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ॥

(ਜੈਤਸਰੀ ਮ: ੫,ਪੰਨਾ ੭੦੦)

ਤਥਾ- ਲੋੜੀਦੜਾ ਸਾਜਨੁ ਮੇਰਾ॥
ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ॥ ੧॥

(ਜੈਤਸਰੀ ਮ: ੫, ਪੰਨਾ ੭੦੦)

ਕਹੁ ਨਾਨਕ ਤਿਹ ਭਜੁ ਮਨਾ ਭਉਨਿਧਿ ਉਤਰਹਿ ਪਾਰਿ॥੧੨॥

ਹੇ ਮਨਾ! ਉਸ ਪ੍ਰਭੂ ਨੂੰ ਯਾਦ ਕਰ ਤਾਂ ਤੂੰ—ਭਉਨਿਧਿ= ਸੰਸਾਰ-ਸਮੁੰਦਰ ਤੋਂ ਪਾਰ ਉਤਰ ਜਾਵੇਂਗਾ॥ ੧੨॥

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥

ਜਿਸ ਮਨੁੱਖ ਦੇ ਨੇੜੇ ਨਾ ਦੁੱਖ ਸੁਖ ਆ ਸਕਦੇ ਹਨ ਅਤੇ ਨਾ ਲੋਭ, ਮੋਹ ਤੇ ਹੰਕਾਰ ਹੀ ਆਪਣਾ ਪ੍ਰਭਾਵ ਪਾ ਸਕਦੇ ਹਨ।

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥

ਸਤਿਗੁਰੂ ਜੀ ਕਹਿੰਦੇ ਹਨ— ਹੇ ਮਨਾ ! ਤੂੰ ਸੁਣ, ਉਹ ਗਿਆਨਵਾਨ ਪੁਰਸ਼ ਭਗਵਾਨ ਦਾ ਮੂਰਤਿ= ਸਰੂਪ ਹੀ ਹੈ॥ ੧੩॥

ਯਥਾ- ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨਿ ਤਿਹ ਘਟਿ ਬ੍ਰਹਮੁ ਨਿਵਾਸਾ॥ ੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ ੩॥ ੧੧॥

(ਸੋਰਠਿ ਮਹਲਾ ੯, ਪੰਨਾ ੬੩੩)

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਜਿਸ ਪੁਰਸ਼ ਦੇ ਹਿਰਦੇ ਵਿਚ ਉਸਤਤੀ ਨਿੰਦਿਆ ਰੂਪ ਦ੍ਵੰਦ ਵਾਦ ਨਹੀਂ ਹੈ ਅਤੇ ਸੋਨਾ ਤੇ ਲੋਹੇ ਨੂੰ ਇਕ ਸਮਾਨ ਜਾਣਦਾ ਹੈ।

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥

ਹੇ ਮਨਾ! ਤੂੰ ਸੁਣ, ਉਸ ਸਮ ਦ੍ਰਿਸ਼ਟੀ ਰੱਖਣ ਵਾਲੇ ਪੁਰਸ਼ ਨੂੰ ਮੁਕਤ ਰੂਪ ਹੀ ਜਾਣ॥ ੧੪॥

ਯਥਾ- ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥ ੧॥

(ਕੇਦਾਰਾ ਕਬੀਰ ਜੀ, ਪੰਨਾ ੧੧੨੩)

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥

(ਫਿਰ) ਜਿਸ ਦੇ ਹਿਰਦੇ ਵਿਖੇ ਹਰਖ ਸੋਗ ਰੂਪ ਦ੍ਵੰਦ ਵਾਦ ਨਹੀਂ ਹੈ ਅਤੇ ਜਿਸ ਦੀ ਦ੍ਰਿਸ਼ਟੀ ਵਿਖੇ ਬੈਰੀ= ਵੈਰੀ ਤੇ ਮਿੱਤਰ ਇਕ ਸਮਾਨ ਹਨ।

ਯਥਾ- ਸਹਣ ਸੀਲ ਸੰਤੰ ਸਮ ਮਿਤ੍ਰਸ੍ਰ ਦੁਰਜਨਹ॥
ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ॥ ੨੭॥

(ਸਹਸਕ੍ਰਿਤੀ ਮਹਲਾ ੫, ਪੰਨਾ ੧੩੫੬)

[ਪੰਨਾ ੧੪੨੭]

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥ ੧੫॥

ਹੇ ਮਨਾ! ਸੁਣ, ਉਸ ਪੁਰਸ਼ ਨੂੰ ਤੂੰ ਮੁਕਤ ਰੂਪ ਜਾਣਨਾ ਕਰ॥ ੧੫॥

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਜੋ ਪੁਰਸ਼ ਕਿਸੇ ਦੂਜੇ ਨੂੰ ਡਰਾਉਂਦਾ ਨਹੀਂ ਅਤੇ ਨਾ ਹੀ ਆਨਿ= ਹੋਰ ਕਿਸੇ ਦਾ ਡਰ ਆਪ ਮੰਨਦਾ ਹੈ।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ ੧੬॥

ਸਤਿਗੁਰੂ ਜੀ ਕਹਿੰਦੇ ਹਨ– ਹੇ ਮਨਾ! ਤੂੰ ਸੁਣ, ਉਸੇ ਪੁਰਸ਼ ਨੂੰ ਅਸਲੀ ਗਿਆਨਵਾਨ ਬਖਾਨਿ= ਆਖਿਆ ਹੈ॥ ੧੬॥

ਇਸ ਤੁਕ ਦਾ ਭਾਵ ਸਤਿਗੁਰੂ ਜੀ ਨੇ ਆਪਣੇ 'ਤੇ ਖੁਦ ਘਟਾ ਕੇ ਪ੍ਰਤੱਖ ਦਿਖਾਇਆ ਹੈ।

ਜਿਸ ਵੇਲੇ ਚਾਂਦਨੀ ਚੌਕ (ਦਿੱਲੀ) ਵਿਖੇ ਔਰੰਗਜ਼ੇਬ ਨੇ ਸਤਿਗੁਰਾਂ ਦੇ ਇਸਲਾਮ ਨਾ ਕਬੂਲ ਕਰਨ ਤੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਕਿਹਾ ਸੀ ਕਿ ਜੇਕਰ ਤੁਸੀਂ ਇਸਲਾਮ ਕਬੂਲ ਨਹੀਂ ਕਰੋਗੇ ਤਾਂ ਮੈਂ ਇਸ ਤਲਵਾਰ ਨਾਲ ਤੁਹਾਡਾ ਸਿਰ ਧੜ ਨਾਲੋਂ ਵੱਖਰਾ ਕਰ ਦਿਆਂਗਾ।

ਉੱਤਰ ਵਿਚ ਸਤਿਗੁਰਾਂ ਨੇ ਕਿਹਾ, ਕਿ "ਇਹ ਤੇਰੀ ਤਲਵਾਰ ਤਾਂ ਕੱਚਾ ਸੂਤ ਨਹੀਂ ਕੱਟ ਸਕਦੀ ਤੇ ਤੂੰ ਸਾਨੂੰ ਸਿਰ ਉਤਾਰ ਦੇਣ ਦਾ ਕੀ ਭੈ ਦਿੰਦਾ ਹੈਂ?

ਜੀਵ ਨੂੰ ਭੈ ਦੇਣਾ ਤੇ ਕਿਸੇ ਪੁਰਸ਼ ਦਾ ਭੈ ਮੰਨਣਾ ਇਹ ਪਸ਼ੂਆਂ ਦਾ ਕੰਮ ਹੈ। ਗਿਆਨਵਾਨ ਨਾ ਕਿਸੇ ਨੂੰ ਭੈ ਦਿੰਦੇ ਹਨ ਅਤੇ ਨਾ ਹੀ ਕਿਸੇ ਦਾ ਭੈ ਮੰਨਦੇ ਹਨ।

ਯਥਾ- ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ॥

(ਬਿਲਾਵਲੁ ਮ: ੫, ਪੰਨਾ ੮੨੦)

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥

ਜਿਸ ਪੁਰਸ਼ ਨੇ ਬਿਖਿਆ= ਵਿਸ਼ਿਆਂ ਜਾਂ ਮਾਇਆ ਦੀ ਸਾਰੀ ਵਾਸ਼ਨਾ ਤਿਆਗ ਦਿੱਤੀ ਹੈ ਅਤੇ ਉਸ ਨੇ ਹੀ ਸੱਚੇ ਵੈਰਾਗ ਦਾ ਭੇਸ ਧਾਰਿਆ ਹੈ।

ਇਥੇ ਵੈਰਾਗੀਆਂ ਵਾਲਾ ਪ੍ਰਤੱਖ ਭੇਖ ਧਾਰਨਾ ਨਾ ਸਮਝ ਲੈਣਾ।

ਜਿਵੇਂ ਫਰੀਦ ਨੇ ਪ੍ਰਤੱਖ ਭੇਖ ਧਾਰਨਾ ਕਿਹਾ ਹੈ—

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੋਈ ਵੇਸ ਕਰੇਉ॥ ੧੦੩॥ *(ਪੰਨਾ ੧੩੮੩)*

ਪਰ ਸਤਿਗੁਰੂ ਅਮਰਦਾਸ ਜੀ ਨੇ ਇਹਨਾਂ ਪ੍ਰਤੱਖ ਭੇਖਾਂ ਨੂੰ ਖੰਡਨ ਕਰਦਿਆਂ ਹੋਇਆਂ ਅਤੇ ਫਰੀਦ ਦੇ ਸ਼ਲੋਕ ਦਾ ਉਤਰ ਦਿੰਦਿਆਂ ਹੋਇਆਂ ਆਖਿਆ ਹੈ-

ਕਾਇ ਪਟੋਲਾ ਪਾੜਤੀ ਕੰਬਲੜੀ ਪਹਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥ ੧੦੪॥ *(ਪੰਨਾ ੧੩੮੩)*

ਭਾਵ ਜੇ ਕਰ ਨੀਅਤ ਹੀ ਸਾਫ ਨਹੀਂ ਤਾਂ ਇਨ੍ਹਾਂ ਭੇਖਾਂ ਦੇ ਧਾਰਨ ਦਾ ਕੋਈ ਫਾਇਦਾ ਨਹੀਂ।

ਅੰਤਰੀਵ–ਵੈਰਾਗ ਧਾਰਨ ਰੂਪ ਹੀ ਭੇਖ ਨੂੰ ਧਾਰਨਾ ਕਰੋ। ਜਿਵੇਂ ਪਤੀਬ੍ਰਤ ਧਰਮ ਵਾਲੀ ਇਸਤਰੀ ਵੈਰਾਗ ਨੂੰ ਧਾਰਨ ਕਰਦੀ ਹੈ।

ਯਥਾ-ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥
(ਗਉੜੀ ਕਬੀਰ, ਪੰਨਾ ੩੩੭)

ਤਥਾ- ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥ ੩॥ *(ਪੰਨਾ ੯੪)*

ਤਥਾ- ਸੋ ਬੈਰਾਗੀ ਜਿ ਉਲਟੇ ਬ੍ਰਹਮੁ॥ ਗਗਨ ਮੰਡਲ ਮਹਿ ਰੋਪੈ ਥੰਮੁ॥
ਅਹਿਨਿਸਿ ਅੰਤਰਿ ਰਹੈ ਧਿਆਨਿ॥ ਤੇ ਬੈਰਾਗੀ ਸਤ ਸਮਾਨਿ॥
(ਵਾਰ ਰਾਮਕਲੀ, ਪੰਨਾ ੯੫੩)

ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥ ੧੭॥

ਸਤਿਗੁਰੂ ਜੀ ਕਹਿੰਦੇ ਹਨ--ਹੇ ਮਨਾ! ਤੂੰ ਸੁਣ, ਐਸਾ ਜੋ ਅੰਤ੍ਰੀਵ ਵੈਰਾਗ ਨੂੰ ਧਾਰਨ ਕਰਨ ਵਾਲਾ ਵੈਰਾਗੀ ਹੈ, ਉਸ ਮਨੁੱਖ ਦੇ ਮੱਥੇ ਦੇ ਚੰਗੇ ਭਾਗ ਹਨ॥ ੧੭॥

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥

ਫਿਰ ਜਿਸ ਪੁਰਸ਼ ਨੇ ਮਾਇਆ ਦੀ ਮਮਤਾ ਜਾਂ ਮਾਇਆ ਦੀ ਤ੍ਰਿਸ਼ਨਾ ਤੇ ਹੰਗਤਾ ਮਮਤਾ ਤਿਆਗੀ ਹੈ ਅਤੇ ਸੰਸਾਰ ਤੋਂ ਨਿਰਲੇਪ ਹੋ ਗਿਆ ਹੈ।

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥ ੧੮॥

ਸਤਿਗੁਰੂ ਜੀ ਕਹਿੰਦੇ ਹਨ--ਹੇ ਮਨਾ! ਸੁਣ ਉਸ ਪੁਰਸ਼ ਦੇ ਘਟਿ= ਹਿਰਦੇ ਵਿਚ ਬ੍ਰਹਮ= ਸਰਬ ਵਿਆਪਕ ਪ੍ਰਭੂ ਦਾ ਨਿਵਾਸ ਹੈ॥ ੧੮॥

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥

ਫਿਰ ਜਿਸ ਪੁਰਸ਼ ਨੇ ਮਾਇਆ ਦੀ ਹੰਗਤਾ ਮਮਤਾ ਤਿਆਗੀ ਹੈ ਅਤੇ ਕਰਤੇ ਤੇ ਵਿਆਪਕ ਰਾਮ-ਪ੍ਰਭੂ ਨੂੰ ਪਛਾਣ ਲਿਆ ਹੈ।

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥ ੧੯॥

ਸਤਿਗੁਰੂ ਜੀ ਕਹਿੰਦੇ ਹਨ– ਹੇ ਮਨ! ਤੂੰ ਇਹ ਸੱਚ ਜਾਣ ਕਿ ਉਹ ਪੁਰਸ਼ ਮੁਕਤ ਹੈ॥ ੧੯॥

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ॥

ਕਲਯੁਗ ਵਿਖੇ ਕੇਵਲ ਹਰੀ ਦਾ ਨਾਮ ਹੀ ਜਨਮ ਮਰਨ ਦੇ ਡਰ ਨੂੰ ਨਾਸਨ= ਨਾਸ ਕਰਨ ਵਾਲਾ ਅਤੇ ਦੁਰਮਤਿ= ਖੋਟੀ ਮਤ ਨੂੰ ਦੂਰ ਕਰਨ ਵਾਲਾ ਹੈ।

ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥ ੨੦॥

ਸਤਿਗੁਰੂ ਜੀ ਕਹਿੰਦੇ ਹਨ– ਅਜਿਹੇ ਹਰੀ-ਪ੍ਰਭੂ ਦੇ ਨਾਮ ਨੂੰ ਜੋ ਵੀ ਨਿਸਿ ਦਿਨੁ= ਰਾਤ ਦਿਨੇ ਸਿਮਰਦਾ ਹੈ, ਤਿਹ= ਉਸ ਪੁਰਸ਼ ਦੇ ਸੰਸਾਰਕ ਅਤੇ ਪ੍ਰਮਾਰਥਕ ਸਾਰੇ ਕੰਮ ਸਫਲ ਹੋ ਜਾਂਦੇ ਹਨ॥ ੨੦॥

ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ॥

ਜ਼ਬਾਨ ਨਾਲ ਗੋਬਿੰਦ ਪ੍ਰਭੂ ਦੇ ਗੁਣਾਂ ਦਾ ਜਾਪ ਕਰੋ, ਕਰਨ= ਕੰਨਾਂ ਕਰਕੇ ਹਰੀ ਦਾ ਨਾਮ ਸੁਣੋ।

ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ॥ ੨੧॥

ਸਤਿਗੁਰੂ ਜੀ ਕਹਿੰਦੇ ਹਨ– ਹੇ ਮਨਾ! ਤੂੰ ਸੁਣ, ਫਿਰ ਉਹ ਆਦਮੀ ਜਮਾਂ ਦੇ ਧਾਮ= ਘਰ, ਭਾਵ ਨਰਕਾਂ ਵਿਚ ਸੁੱਟੇ ਨਹੀਂ ਜਾਂਦੇ।

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥

ਜੋ ਪੁਰਸ਼ (ਜ਼ਮੀਨ ਆਦਿਕ ਦੀ) ਮਮਤਾ, (ਪਦਾਰਥਾਂ ਦੇ ਇਕੱਠਿਆਂ ਕਰਨ ਦਾ) ਲੋਭ, ਮੋਹ (ਸੰਬੰਧੀਆਂ ਦਾ ਅਤੇ ਵਿੱਦਿਆ ਦਾ) ਹੰਕਾਰ ਇਤਿਆਦਿਕ ਸਾਰਿਆਂ ਵਿਕਾਰਾਂ ਨੂੰ ਤਜੈ= ਤਿਆਗਦਾ ਹੈ।

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥ ੨੨॥

ਸਤਿਗੁਰੂ ਜੀ ਕਹਿੰਦੇ ਹਨ– ਉਹ ਪੁਰਸ਼ ਆਪ ਸੰਸਾਰ-ਸਮੁੰਦਰ ਤੋਂ ਤਰਦਾ ਤੇ ਹੋਰਨਾਂ ਦਾ ਪਾਰ ਉਤਾਰਾ ਕਰਦਾ ਹੈ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਜਿਵੇਂ ਰਾਤ ਨੂੰ ਸੁਪਨੇ ਵਿਖੇ ਆਏ ਹੋਏ ਪਦਾਰਥ ਅਤੇ ਪੇਖਨਾ= ਬਾਜ਼ੀਗਰ ਦਾ ਤਮਾਸ਼ਾ ਹੁੰਦਾ ਹੈ, ਇੰਜ ਹੀ ਹੇ ਭਾਈ! ਇਸ ਜਗਤ ਨੂੰ ਤੂੰ ਸੁਪਨੇ ਵਾਂਗ ਥੋੜ-ਉਮਰਾ ਜਾਣ।

ਯਥਾ- ਜਿਉ ਸੁਪਨੈ ਹੋਇ ਬੈਸਤ ਰਾਜਾ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ॥ ੨॥

(ਗਉੜੀ ਮ: ੫, ਪੰਨਾ ੧੭੯)

ਤਥਾ- ਰੇ ਨਰ ਇਹ ਸਾਚੀ ਜੀਅ ਧਾਰਿ॥

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥ ੧॥

(ਸੋਰਠਿ ਮਃ ੯, ਪੰਨਾ ੬੩੩)

*ਤਥਾ-*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ ੨॥

(ਬਿਲਾਵਲੁ ਮਃ ੫, ਪੰਨਾ ੮੦੮)

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥ ੨੩॥

ਸਤਿਗੁਰੂ ਜੀ ਆਖਦੇ ਹਨ— ਇਕ ਭਗਵਾਨ ਤੋਂ ਬਿਨਾਂ ਇਸ ਸੰਸਾਰ ਵਿਖੇ ਕੋਈ ਵੀ ਪਦਾਰਥ ਸਾਚੋ= ਸੱਚਾ ਨਹੀਂ ਹੈ॥ ੨੩॥

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥

ਮਾਇਆ ਦੀ ਪ੍ਰਾਪਤੀ ਦੇ ਕਾਰਨੇ= ਵਾਸਤੇ ਇਹ ਪੁਰਸ਼ ਰਾਤ ਦਿਨੇ ਡੋਲਤ= ਭਟਕਦਾ ਫਿਰਦਾ ਹੈ।

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥ ੨੪॥

ਸਤਿਗੁਰੂ ਜੀ ਕਹਿੰਦੇ ਹਨ— ਕਰੋੜਾਂ ਵਿਚੋਂ ਕੋਈ ਵਿਰਲਾ ਹੀ ਪੁਰਸ਼ ਹੈ, ਜਿਸ ਦੇ ਚਿਤ ਵਿਖੇ ਨਾਰਾਇਨੁ*= ਪ੍ਰਭੂ ਦਾ ਨਾਮ ਹੈ॥ ੨੪॥

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਿਵੇਂ ਪਾਣੀ ਵਿਚੋਂ ਪਾਣੀ ਦੇ ਬੁਲਬੁਲੇ ਰੋਜ਼ਾਨਾ ਪੈਦਾ ਹੁੰਦੇ ਤੇ ਮਿਟਦੇ ਰਹਿੰਦੇ ਹਨ।

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥ ੨੫॥

ਸਤਿਗੁਰੂ ਜੀ ਕਹਿੰਦੇ ਹਨ— ਹੇ ਮਿੱਤਰਾ! ਸੁਣ, ਉਸ ਬੁਲਬਲੇ ਵਾਂਗ ਇਸ ਸੰਸਾਰ ਦੀ ਰਚਨਾ ਵਾਹਿਗੁਰੂ ਨੇ ਰਚੀ ਹੈ॥ ੨੫॥

*ਅਥਵਾ-*ਜਿਵੇਂ ਪਾਣੀ ਦਾ ਬੁਲਬੁਲਾ ਹਵਾ ਦੇ ਸਬੰਧ ਕਰਕੇ ਪਾਣੀ ਵਿਚੋਂ ਹੀ ਪੈਦਾ ਹੁੰਦਾ ਹੈ। ਪਾਣੀ ਦੇ ਆਸਰੇ ਹੀ ਠਹਿਰਦਾ ਹੈ ਅਤੇ ਅੰਤ ਨੂੰ ਹਵਾ ਦੇ ਨਿਕਲ ਜਾਣ ਸਮੇਂ ਪਾਣੀ ਵਿਚ ਮਿਲ ਜਾਂਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ—ਹੇ ਮਿੱਤਰਾ! ਇੰਜ ਹੀ ਇਸ ਜਗਤ ਦੀ ਰਚਨਾ ਨੂੰ ਨਿਸਚੇ ਕਰ। ਭਾਵ ਮਾਇਆ ਦੇ ਸਬੰਧ ਕਰ ਕੇ ਸੰਸਾਰ ਵਿਵਰਤ ਵਾਦ+ ਦੀ ਰੀਤੀ ਅਨੁਸਾਰ ਬ੍ਰਹਮ ਤੋਂ ਪੈਦਾ ਹੁੰਦਾ ਹੈ। ਫਿਰ ਬ੍ਰਹਮ ਦੇ ਆਸਰੇ ਠਹਿਰਦਾ ਹੈ ਤੇ ਅੰਤ ਨੂੰ ਬ੍ਰਹਮ ਵਿਚ ਹੀ ਲੀਨ ਹੋ ਜਾਂਦਾ ਹੈ।

ਪ੍ਰਾਨੀ ਕਛੂ ਨ ਚੇਤਈ ਮਦ ਮਾਇਆ ਕੈ ਅੰਧੁ॥

**ਨਾਰਾਇਨੁ (ਨ+ਰਾਇਣ)= ਜਿਸ ਵਿਖੇ ਅਵਿਦਿਆ ਰੂਪੀ ਰਾਇਣ=ਰਾਤ ਨਾ ਹੋਵੇ, ਉਹ ਨਾਰਾਇਣ।*
ਵਾ-ਨਾਰਾਇਨੁ (ਨਾਰ+ਆਇਣ)= ਜੋ ਸਾਰਿਆਂ ਦਾ ਨਾਰ=ਪ੍ਰੇਰਕ ਅਤੇ ਸਾਰਿਆਂ ਦਾ ਆਇਣ=ਘਰ ਰੂਪ ਹੈ।
ਵਾ-ਨਾਰ+ਆਇਣ-ਨਾਰ=ਜਲ ਵਿਖੇ ਜਿਸ ਦਾ (ਆਇਣ) ਘਰ ਹੈ, ਉਹ ਪ੍ਰਭੂ।

*+**ਵਿਵਰਤ ਵਾਦ-**ਜਿਵੇਂ ਸੋਨੇ ਦੇ ਗਹਿਣੇ ਸੋਨੇ ਦਾ ਰੂਪ ਹੀ ਹੁੰਦੇ ਹਨ। ਆਕਾਰ ਬਦਲਣ ਕਰ ਕੇ ਉਹਨਾਂ ਦਾ ਵੱਖਰਾ ਨਾਮ ਪੈ ਜਾਂਦਾ ਹੈ। ਵਾਸਤਵ ਵਿਚ ਉਹ ਸਭ ਗਹਿਣੇ ਸੋਨੇ ਦਾ ਰੂਪ ਹੀ ਹੁੰਦੇ ਹਨ। ਉਨ੍ਹਾਂ ਨੂੰ ਸੋਨੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇੰਜ ਹੀ ਸੰਸਾਰ ਬ੍ਰਹਮ ਰੂਪ ਹੈ, ਬ੍ਰਹਮ ਤੋਂ ਵੱਖ ਨਹੀਂ ਹੋ ਸਕਦਾ।*

ਮਾਇਆ ਰੂਪੀ ਮਦ= ਸ਼ਰਾਬ ਦੀ ਮਸਤੀ ਕਰ ਕੇ ਅੰਨ੍ਹਾ ਹੋਇਆ, ਇਹ ਪ੍ਰਾਣੀ ਕਛੂ= ਕੁਝ ਸਮਾਂ ਵੀ ਵਾਹਿਗੁਰੂ ਦੇ ਨਾਮ ਨੂੰ ਚੇਤਦਾ ਨਹੀਂ ਹੈ।

ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ॥ ੨੬॥

ਸਤਿਗੁਰੂ ਜੀ ਕਹਿੰਦੇ ਹਨ— ਹਰੀ-ਪ੍ਰਭੂ ਦਾ ਭਜਨ-ਸਿਮਰਨ ਕੀਤੇ ਬਿਨਾਂ ਤਾਹਿ= ਉਸ ਬੇਮੁਖ ਜੀਵ ਦੇ ਗਲ ਵਿਖੇ ਅੰਤਮ ਸਮੇਂ ਜਮਾਂ ਦਾ ਫੰਧ= ਫਾਹ ਪੈਂਦਾ ਹੈ॥ ੨੬॥

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥

ਹੇ ਪੁਰਸ਼ਾ! ਜੇ ਤੂੰ ਸਦੀਵੀ ਸੁਖ ਚਾਹੁੰਦਾ ਹੈਂ ਤਾਂ ਸਾਰਿਆਂ ਵਿਖੇ ਰਾਮ= ਰਮੇ ਹੋਏ ਅਕਾਲ ਪੁਰਖ ਦੀ ਸ਼ਰਨ ਦਾ ਆਸਰਾ ਲੈ।

ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥ ੨੭॥

ਸਤਿਗੁਰੂ ਜੀ ਕਹਿੰਦੇ ਹਨ— ਹੇ ਮਨਾ! ਤੂੰ ਸੁਣ ਇਹ ਮਨੁੱਖਾ ਦੇਹ ਫਿਰ ਮਿਲਣੀ ਬੜੀ ਮੁਸ਼ਕਿਲ ਹੈ॥ ੨੭॥

ਯਥਾ- ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ ੩੦॥

(ਸਲੋਕ ਕਬੀਰ ਜੀ, ਪੰਨਾ ੧੩੬੬)

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ॥

ਅਨਜਾਣ ਤੇ ਮੂਰਖ ਲੋਕ ਮਾਇਆ ਪਿਛੇ ਨੱਠ-ਨੱਠ ਕੇ ਸਾਹੋ-ਸਾਹ ਹੋਏ ਫਿਰਦੇ ਹਨ।

ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ॥ ੨੮॥

ਸਤਿਗੁਰੂ ਜੀ ਕਹਿੰਦੇ ਹਨ ਹਰੀ ਦੇ ਸਿਮਰਨ ਤੋਂ ਬਿਨਾਂ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਬਿਰਥਾ= ਵਿਅਰਥ ਹੀ ਸਿਰਾਨ= ਬਤੀਤ ਕਰਦੇ ਹਨ॥ ੨੮॥

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥

ਜੋ ਪੁਰਸ਼ ਰਾਤ ਦਿਨੇ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਤਿਹ= ਉਨ੍ਹਾਂ ਗੁਰਮੁਖਾਂ ਨੂੰ ਰਾਮ ਦਾ ਸਰੂਪ ਜਾਣੋ ਅਤੇ ਮੰਨੋ।

ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥ ੨੯॥

ਸਤਿਗੁਰੂ ਜੀ ਫੁਰਮਾਉਂਦੇ ਹਨ— ਇਹ ਗੱਲ ਸੱਚ ਕਰ ਕੇ ਮੰਨੋ, ਕਿ ਹਰੀ ਦੇ ਸੇਵਕ ਜਨਾਂ ਵਿਖੇ ਅਤੇ ਹਰੀ ਵਿਚ ਰੰਚਕ ਮਾਤਰ ਵੀ ਭੇਦ ਨਹੀਂ ਹੈ॥ ੨੯॥

ਯਥਾ- ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੨॥ *(ਦਸਮ ਗ੍ਰੰਥ)*

ਤਥਾ- ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨਿ॥

(ਸੋਰਠਿ ਵਾਰ, ਪੰਨਾ ੬੫੨)

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥

ਮਨ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਹੈ, ਇਸੇ ਤੇ ਮਨਮੁਖਾਂ ਨੂੰ ਗੋਬਿੰਦ ਦਾ ਨਾਮ ਬਿਸਰਿਓ= ਭੁੱਲ ਗਿਆ ਹੈ।

ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥ ੩੦ ॥

ਸਤਿਗੁਰੂ ਜੀ ਕਹਿੰਦੇ ਹਨ— ਹਰੀ ਦੇ (ਭਜਨ) ਸਿਮਰਨ ਤੋਂ ਬਿਨਾਂ ਇਸ ਪ੍ਰਾਣੀ ਦਾ ਜਿਉਣਾ ਕਉਨੇ ਕਾਮ= ਕਿਸ ਕੰਮ? ਭਾਵ ਵਿਅਰਥ ਹੈ॥ ੩੦॥

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥

ਜਿਹੜੇ ਪੁਰਸ਼ ਰਾਮ ਨਾਮ ਦਾ ਚਿੰਤਨ ਨਹੀਂ ਕਰਦੇ ਅਤੇ ਮਾਇਆ ਦੀ ਮਸਤੀ ਕਰ ਕੇ ਅੰਨ੍ਹੇ ਹੋ ਰਹੇ ਹਨ।

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥ ੩੧ ॥

ਸਤਿਗੁਰੂ ਜੀ ਕਹਿੰਦੇ ਹਨ— ਹਰੀ ਦੇ ਸਿਮਰਨ ਕੀਤੇ ਤੋਂ ਬਿਨਾਂ ਉਨ੍ਹਾਂ ਪੁਰਸ਼ਾਂ ਨੂੰ ਜਮਾਂ ਦੇ ਫੰਧ= ਫਾਹ ਪਰਤ= ਪੈਂਦੇ ਹਨ॥ ੩੧॥

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥

ਜਿਸ ਵੇਲੇ ਬੇਅੰਤ ਮਾਇਆ ਹੋਣ ਕਰ ਕੇ ਜੀਵ ਨੂੰ ਸੰਸਾਰਕ ਸੁਖ ਪ੍ਰਾਪਤ ਹੁੰਦੇ ਹਨ ਤਾਂ ਉਨ੍ਹਾਂ ਸੰਸਾਰਕ ਸੁਖਾਂ ਵਿਖੇ ਜੀਵ ਦੇ ਬਹੁਤ ਸਾਰੇ ਸੰਗੀ ਹੋ ਜਾਂਦੇ ਹਨ, ਪਰ— ਦੁੱਖਾਂ ਵਿਖੇ ਭਾਵ ਬਿਪਤਾ 'ਚ ਜੀਵ ਦਾ ਕੋਈ ਭੀ ਮਨੁੱਖ ਸਾਥੀ ਨਹੀਂ ਹੁੰਦਾ।

ਯਥਾ- ਇਹ ਜਗਿ ਮੀਤੁ ਨ ਦੇਖਿਓ ਕੋਈ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥ ੧॥ ਰਹਾਉ॥
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥ ੧॥

(ਸੋਰਠਿ ਮਹਲਾ ੯, ਪੰਨਾ ੬੩੩)

ਤਥਾ- ਪ੍ਰੀਤਮ ਜਾਨਿ ਲੇਹੁ ਮਨ ਮਾਹੀ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ ੧॥ ਰਹਾਉ॥
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ ੧॥

(ਸੋਰਠਿ ਮਹਲਾ ੯, ਪੰਨਾ ੬੩੪)

ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥ ੩੨ ॥

ਸਤਿਗੁਰੂ ਜੀ ਕਹਿੰਦੇ ਹਨ— ਹੇ ਮਨ! ਤੂੰ ਉਸ ਹਰੀ ਦਾ ਭਜਨ ਕਰ, ਜੋ ਅੰਤਮ ਸਮੇਂ ਸਹਾਇਤਾ ਕਰਨਾ ਵਾਲਾ ਹੈ॥ ੩੨॥

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥

www.sikhbookclub.com

ਹੇ ਪੁਰਖ਼ਾਂ! ਤੂੰ ਜਨਮਾਂ-ਜਨਮਾਤਰਾਂ ਵਿਖੇ ਭੌਂਦਾ ਫਿਰਦਾ ਰਿਹਾਂ ਪਰ ਤੇਰੇ ਹਿਰਦੇ ਵਿਚੋਂ ਜਮਾਂ ਦਾ ਤ੍ਰਾਸੁ= ਡਰ, ਦੂਰ ਨਹੀਂ ਹੋਇਆ।

ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥ ੩੩ ॥

ਸਤਿਗੁਰੂ ਜੀ ਕਹਿੰਦੇ ਹਨ— ਹੇ ਮਨਾਂ! ਤੂੰ ਹਰੀ ਦਾ ਸਿਮਰਨ ਕਰ, ਨਿਰਭੈ= ਨਿਰਭਉ ਪ੍ਰਮਾਤਮਾ ਵਿਚ ਤੇਰਾ ਵਸੇਬਾ ਹੋਵੇਗਾ॥ ੩੩ ॥

[ਪੰਨਾ ੧੪੨੮]

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥

ਮੈਂ ਬਹੁਤ ਸਾਰੇ ਜਤਨ= ਉਪਾਅ (ਸਾਧਨ) ਵੀ ਕਰ ਕੇ ਰਹਿ ਗਿਆ ਹਾਂ ਪਰ ਮਨ ਦਾ ਮਾਨੁ= ਹੰਕਾਰ ਮਿਟਿਆ ਨਹੀਂ ਹੈ।

ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥ ੩੪ ॥

ਗੁਰੂ ਸਾਹਿਬ ਜੀ ਕਹਿੰਦੇ ਹਨ—ਹੇ ਪੁਰਖ਼ਾ ! ਤੂੰ ਇਸ ਤਰ੍ਹਾਂ ਕਹੋ ਕਿ ਹੇ ਪ੍ਰਭੂ! ਮੈਂ ਦੁਰਮਤਿ ਸਿਉ= ਖੋਟੀ ਬੁੱਧੀ ਵਿਚ ਫਸਿਆ ਹੋਇਆ ਹਾਂ, ਹੇ ਭਗਵਾਨ ! ਆਪ ਹੀ ਕਿਰਪਾ ਕਰ ਕੇ ਮੈਨੂੰ ਹੰਕਾਰ ਆਦਿਕ ਵਿਕਾਰਾਂ ਅਤੇ ਸੰਸਾਰਕ ਰੁਝੇਵਿਆਂ ਵੱਲੋਂ ਰੱਖ ਲਵੋ॥ ੩੪ ॥

ਬਾਲ ਜੁਆਨੀ ਅਰੁ ਬਿਰਧ ਫੁਨਿ ਤੀਨਿ ਅਵਸਥਾ ਜਾਨਿ ॥

(ਹੇ ਪੁਰਖ਼ਾ! ਸਰੀਰ ਦੀਆਂ) ਤਿੰਨ ਅਵਸਥਾ= ਹਾਲਤਾਂ ਹਨ ਬਾਲ= ਬਾਲਕ, ਅਰੁ= ਅਤੇ ਜੁਆਨੀ= ਜੋਬਨ ਫੁਨਿ= ਫਿਰ ਬਿਰਧ= ਬੁਢੇਪਾ। ਪਰ—

ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥ ੩੫ ॥

ਗੁਰੂ ਸਾਹਿਬ ਜੀ ਕਹਿੰਦੇ ਹਨ— ਇਕ ਹਰੀ-ਪ੍ਰਭੂ ਦੇ ਸਿਮਰਨ ਕੀਤੇ ਤੋਂ ਬਿਨਾਂ ਹੇ ਪੁਰਖ਼ਾ! ਤੂੰ ਸਾਰੀਆਂ ਹੀ ਅਵਸਥਾਵਾਂ ਨੂੰ ਬਿਰਥਾ ਮਾਨ= ਨਿਸਫਲ ਮੰਨ॥ ੩੫ ॥

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥

ਹੇ ਪੁਰਖ਼ਾ! ਇਸ ਮਨੁੱਖ ਜਨਮ ਨੂੰ ਪਾ ਕੇ ਜੋ ਕੁਝ ਸੇਵਾ ਟਹਿਲ, ਪਰਉਪਕਾਰ, ਸਿਮਰਨ ਆਦਿ ਸ਼ੁਭ ਕਰਮਾਂ ਨੂੰ ਕਰਨਾ ਹੈਸੀ, ਉਹ ਤਾਂ ਕੀਤਾ ਨਹੀਂ। ਬਸ- ਪਦਾਰਥਾਂ ਦੇ ਲੋਭ ਦੀ ਫਾਹੀ ਵਿਖੇ ਹੀ ਤੂੰ ਪਿਆ ਰਿਹਾ ਹੈਂ।

ਅਥਵਾ- ਲੋਭ ਕਰ ਕੇ ਫਾਹ ਰੂਪ ਧੰਦਿਆਂ ਵਿਖੇ ਪਿਆ ਰਿਹਾ ਹੈਂ।

ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥ ੩੬ ॥

ਗੁਰੂ ਸਾਹਿਬ ਜੀ ਕਹਿੰਦੇ ਹਨ— ਹੇ ਪੁਰਖ਼ਾ! ਬੁਢੇਪੇ ਦੇ ਆਉਣ ਕਰ ਕੇ ਜਪ-ਤਪ ਆਦਿਕ ਸਾਧਨਾਂ ਦੇ ਕਰਨ ਦਾ ਜੋ ਜਵਾਨੀ ਦਾ ਅਮੋਲਕ ਸਮਾਂ ਸੀ, ਉਹ ਸਮਾਂ ਤੇਰਾ ਵਿਅਰਥ ਹੀ ਰਮਿ ਗਇਓ= ਚਲਾ ਗਿਆ ਭਾਵ ਬਤੀਤ ਹੋ ਗਿਆ ਹੈ, ਹੇ ਅੰਨ੍ਹੇ ਮਨ! ਹੁਣ ਬੁਢੇਪੇ ਦੇ ਆਉਣ ਤੇ ਤੂੰ ਕਿਉਂ ਰੋਂਦਾ ਹੈਂ॥ ੩੬ ॥

www.sikhbookclub.com

ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ॥

ਇਸ ਜੀਵ ਦਾ ਮਨ ਮਾਇਆ ਵਿਖੇ ਮਿਲ ਰਿਹਾ ਹੈ, ਹੇ ਮਿੱਤਰਾ! ਜੋ ਮਾਇਆ 'ਚੋ ਨਿਕਲਦਾ ਹੀ ਨਹੀਂ ਹੈ।

ਯਥਾ- ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ॥
ਜੈਸੇ ਬਚਰਹਿ ਕੂੰਜ ਮਨ ਮਾਇਆ ਮੰਮਤਾ ਰੇ॥ ੧੨੩॥

(ਸਲੋਕ ਕਬੀਰ ਜੀ, ਪੰਨਾ ੧੩੭੧)

ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ॥ ੩੭॥

ਸਤਿਗੁਰੂ ਜੀ ਕਹਿੰਦੇ ਹਨ— ਜਿਵੇਂ ਭੀਤਿ= ਕੰਧ ਉਪਰ ਚਿਤਰੀ ਹੋਈ ਮੂਰਤੀ ਕੰਧ ਨੂੰ ਛੱਡਦੀ ਨਹੀਂ, ਇਵੇਂ ਜੀਵ ਮਾਇਆ ਨੂੰ ਛੱਡਦਾ ਨਹੀਂ ਹੈ॥ ੩੭॥

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥

ਮਨੁੱਖ ਤਾਂ ਕੁਝ ਹੋਰ ਚਾਹੁੰਦਾ ਹੈ ਪਰ ਵਾਹਿਗੁਰੂ ਦੇ ਹੁਕਮ ਅਨੁਸਾਰ ਕੁਝ ਹੋਰ ਦੀ ਹੋਰ ਹੀ ਵਾਰਤਾ ਹੋ ਜਾਂਦੀ ਹੈ।

ਯਥਾ- ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥
ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥ ੧॥
ਸਿਆਨਪ ਕਾਹੂ ਕਾਮਿ ਨ ਆਤ॥
ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥ ੧॥ ਰਹਾਉ॥

(ਗੂਜਰੀ ਮ: ੫, ਪੰਨਾ ੪੯੬)

ਤਥਾ- ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥
ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥ ੨੧੯॥

(ਸਲੋਕ ਕਬੀਰ ਜੀ, ਪੰਨਾ ੧੩੭੬)

ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥ ੩੮॥

ਸਤਿਗੁਰੂ ਜੀ ਫੁਰਮਾਉਂਦੇ ਹਨ— ਇਹ ਜੀਵ ਸਾਰੀ ਉਮਰ ਠਗਉਰ= ਠੱਗਣੇ ਵਾਲੀ ਮਾਇਆ ਨੂੰ ਜਾਂ ਠੱਗੀਆਂ ਨੂੰ ਹੀ ਚਿਤਵਦਾ ਰਿਹਾ, ਜਿਸ ਕਰ ਕੇ ਅੰਤ ਸਮੇਂ ਇਸ ਦੇ ਗਲ 'ਚ ਜਮਾਂ ਦੀ ਫਾਹੀ ਪੈ ਗਈ॥ ੩੮॥

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥

ਫਿਰ ਇਸ ਮਨੁੱਖ ਨੇ ਸੰਸਾਰਕ ਸੁਖਾਂ ਦੀ ਪ੍ਰਾਪਤੀ ਦੇ ਜਤਨ ਤਾਂ ਬਹੁਤ ਕੀਤੇ ਹਨ ਪਰ ਦੁੱਖ ਦੀ ਪ੍ਰਾਪਤੀ ਦਾ ਇਸ ਨੇ ਕੋਈ ਯਤਨ ਨਹੀਂ ਕੀਤਾ।

ਯਥਾ- ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥

(ਸਿਰੀਰਾਗੁ ਮਹਲਾ ੧, ਪੰਨਾ ੫੭)

ਅਥਵਾ-ਇਸ ਮਨੁੱਖ ਨੇ ਵਿਸ਼ੇ ਸੁਖਾਂ ਦੀ ਪ੍ਰਾਪਤੀ ਦੇ ਯਤਨ ਤਾਂ ਬਹੁਤ ਕੀਤੇ ਹਨ, ਪਰ ਮੌਤ ਜਾਂ ਜਮਾਂ ਦਾ ਜੋ ਦੁੱਖ ਹੈ, ਉਸ ਦੀ ਨਵਿਰਤੀ ਦਾ ਇਸ ਨੇ ਕੋਈ ਯਤਨ ਨਹੀਂ ਕੀਤਾ।

ਅਥਵਾ-ਇਸ ਨੇ ਸੁਖ= ਸੁਖਿਆਰਾ ਰਹਿਣ ਦੇ ਯਤਨ ਤਾਂ ਬਹੁਤ ਕੀਤੇ ਹਨ, ਪਰ ਜਪ ਤਪ ਦੇ ਦੁੱਖ ਸਹਾਰਨ ਦਾ ਕੋਈ ਯਤਨ ਨਹੀਂ ਕੀਤਾ।

ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥ ੩੯॥

ਸਤਿਗੁਰੂ ਜੀ ਫੁਰਮਾਉਂਦੇ ਹਨ—ਹੇ ਮਨਾ! ਤੂੰ ਸੁਣ ਜੋ ਹਰੀ ਨੂੰ ਭਾਉਂਦਾ ਹੈ, ਹੁੰਦਾ ਓਹੀ ਕੁਝ ਹੈ॥ ੩੯॥

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥

ਸਾਰਾ ਸੰਸਾਰ ਹੀ ਭਿਖਾਰੀ ਹੋਇਆ ਦਰ-ਦਰ 'ਤੇ ਫਿਰ ਰਿਹਾ ਹੈ, ਪਰ ਸਾਰਿਆਂ ਦਾ ਦਾਤਾ ਤਾਂ ਇਕ ਰਾਮ ਪ੍ਰਭੂ ਹੀ ਹੈ।

ਯਥਾ— ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ॥

(ਕਾਨੜੇ ਕੀ ਵਾਰ, ਮ: ੪, ਪੰਨਾ ੧੩੧੩)

ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ॥ ੪੦॥

ਸਤਿਗੁਰੂ ਜੀ ਕਹਿੰਦੇ ਹਨ— ਹੇ ਮਨ! ਤੂੰ ਉਸ ਵਾਹਿਗੁਰੂ ਨੂੰ ਯਾਦ ਕਰ, ਤੇਰੇ ਸਾਰੇ ਕੰਮ ਪੂਰੇ ਹੋ ਜਾਣਗੇ।

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ॥

ਹੇ ਪੁਰਸ਼ਾ! ਤੂੰ ਇਹਨਾਂ ਝੂਠਿਆਂ ਪਦਾਰਥਾਂ ਦਾ ਮਾਣ ਕਿਸ ਵਾਸਤੇ ਪਿਆ ਕਰਦਾ ਹੈਂ, ਇਸ ਜਗਤ ਨੂੰ ਤੂੰ ਸੁਪਨੇ ਦੀ ਨਿਆਈਂ ਝੂਠਾ ਜਾਣ।

ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ॥ ੪੧॥

ਸਤਿਗੁਰੂ ਜੀ ਕਹਿੰਦੇ ਹਨ— ਅਸੀਂ ਤੈਨੂੰ ਵਿਚਾਰ ਕੇ ਕਿਹਾ ਹੈ ਕਿ ਹੇ ਭਾਈ! ਇਹਨਾਂ ਵਿਚੋਂ ਕੁਝ ਵੀ ਤੇਰਾ ਸਹਾਇਕ ਨਹੀਂ ਹੈ॥ ੪੧॥

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥

ਹੇ ਮਿੱਤਰ ਮਨ! ਜਿਸ ਦੇਹ ਦਾ ਤੂੰ ਹੰਕਾਰ ਕਰਦਾ ਹੈਂ, ਇਹ ਤਾਂ ਇਕ ਛਿਨ ਵਿਚ ਬਿਨਸੈ= ਨਾਸ ਹੋ ਜਾਣ ਵਾਲੀ ਹੈ।

ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ॥ ੪੨॥

ਗੁਰੂ ਸਾਹਿਬ ਜੀ ਆਖਦੇ ਹਨ— ਜਿਸ ਪ੍ਰਾਣੀ ਨੇ ਹਰੀ-ਪ੍ਰਭੂ ਦਾ ਜਸ ਕੀਤਾ ਹੈ, ਉਸ ਨੇ ਜਗਤ ਨੂੰ ਜਿੱਤ ਲਿਆ ਹੈ॥ ੪੨॥

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥

ਜਿਸ ਦੇ ਘਟਿ= ਅੰਤਹਕਰਨ ਵਿਖੇ ਰਾਮ ਨਾਮ ਦੀ ਯਾਦ ਹੈ, ਉਸ ਪੁਰਸ਼ ਨੂੰ ਮੁਕਤ ਜਾਣ।

www.sikhbookclub.com

ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥ ੪੩ ॥

ਗੁਰੂ ਸਾਹਿਬ ਜੀ ਕਹਿੰਦੇ ਹਨ— ਹੇ ਮਨਾ! ਇਹ ਗੱਲ ਤੂੰ ਸੱਚੀ ਮੰਨ ਕਿ ਤਿਹ ਨਰੁ= ਉਸ ਨਾਮ ਰੁਸੀਏ ਪੁਰਸ਼ ਤੇ ਹਰੀ ਵਿਚ ਕੋਈ ਅੰਤਰੁ= ਭੇਦ ਨਹੀਂ ਹੈ। ਭਾਵ ਉਹ ਇਕ ਰੂਪ ਹਨ॥ ੪੩॥

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥

ਜਿਸ ਮਨੁੱਖ ਦੇ ਮਨ ਵਿਚ ਇਕ ਵਾਹਿਗੁਰੂ ਦੀ ਭਗਤੀ ਨਹੀਂ।

ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥ ੪੪ ॥

ਜਿਵੇਂ ਸੂਰ ਅਤੇ ਕੁੱਤੇ ਦਾ ਸਰੀਰ ਹੁੰਦਾ ਹੈ, ਉਸ ਦਾ ਮਨੁੱਖਾ ਸਰੀਰ ਭੀ ਕੁੱਤੇ ਤੇ ਸੂਰ ਵਰਗਾ ਗੰਦਾ ਹੈ।

ਉਂਜ ਤਾਂ ਮਨੁੱਖਾ ਦੇਹ ਨੂੰ ਉਤਮ ਕਿਹਾ ਹੈ ਪਰ ਇਥੇ ਸੂਰ ਤੇ ਕੁੱਤੇ ਦੇ ਬਰਾਬਰ ਇਸ ਲਈ ਕਿਹਾ ਹੈ ਕਿ ਜਿਵੇਂ ਸੂਰ ਗੂੰਹ ਖਾਂਦਾ ਹੈ, ਬੇਮੁਖ ਪੁਰਸ਼·ਵਿਸ਼ਿਆਂ ਰੂਪ, ਜਾਂ ਨਿੰਦਿਆ ਰੂਪੀ ਗੰਦਗੀ ਖਾਂਦਾ ਹੈ। ਇਸ ਕਰ ਕੇ ਇਸ ਨੂੰ ਸੂਰ ਦੇ ਬਰਾਬਰ ਕਿਹਾ ਹੈ।

ਜਿਵੇਂ ਕੁੱਤਾ ਲੋਭੀ ਹੁੰਦਾ ਹੈ, ਤਿਵੇਂ ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਇਸ ਨੂੰ ਸੰਤੋਖ ਨਹੀਂ, ਪਦਾਰਥਾਂ ਦੇ ਇਕੱਠਿਆਂ ਕਰਨ ਵਿਖੇ ਹੀ ਭੱਜਾ ਫਿਰਦਾ ਹੈ। ਹਿਰਦੇ ਅੰਦਰ ਲੋਭ ਅੰਸ਼ ਹੋਣ ਕਰ ਕੇ ਬੇਮੁਖ ਪੁਰਸ਼ ਨੂੰ ਕੁੱਤੇ ਦੇ ਸਮਾਨ ਕਿਹਾ ਹੈ।

ਦੂਸਰਾ ਵਿਚਾਰ ਇਹ ਭੀ ਸਮਝ ਲੈਣਾ ਕਿ ਜਿਵੇਂ ਆਮ ਪ੍ਰਚੱਲਤ ਹੈ ਕਿ ਜਿਹੋ ਜਿਹਾ ਕੋਈ ਕੰਮ ਕਰਦਾ ਹੈ, ਉਸ ਦਾ ਉਹੋ ਜਿਹਾ ਨਾਂ ਪੈ ਜਾਂਦਾ ਹੈ।

ਦੇਖੋ! ਮਨੁੱਖ ਓਹੀ ਹੈ ਪਰ ਕੱਪੜੇ ਧੋਣ ਕਰ ਕੇ ਧੋਬੀ। ਕੱਪੜੇ ਸਿਊਣ ਕਰ ਕੇ ਦਰਜੀ। ਕੱਪੜੇ ਰੰਗਣ ਕਰ ਕੇ ਲਲਾਰੀ ਅਤੇ ਕੱਪੜਾ ਵੇਚਣ ਕਰ ਕੇ ਬਜਾਜ਼ ਨਾਂ ਪੈ ਜਾਂਦਾ ਹੈ। ਚੋਰੀ ਕਰਦਾ ਹੈ ਤਾਂ ਚੋਰ, ਮਾਸ ਸ਼ਰਾਬ ਖਾਂਦਾ ਗਲੀਆਂ 'ਚ ਚੱਕਰ ਕੱਟਣ ਕਰ ਕੇ ਗੁੰਡਾ, ਬਦਮਾਸ਼, ਉਚੱਕਾ, ਦਸ ਨੰਬਰੀਆ ਨਾਮ ਪੈ ਜਾਂਦਾ ਹੈ।

ਇਸੇ ਤਰ੍ਹਾਂ ਜੇ ਗੁਰੂ ਦੀ ਸ਼ਰਨ ਸਾਧ ਸੰਗਤ ਵਿਖੇ ਆ ਕੇ ਸੰਗਤ ਦੀ ਸੇਵਾ-ਟਹਿਲ ਕਰਦਾ, ਨਾਮ ਸਿਮਰਨ ਕਰਦਾ ਹੋਇਆ ਗੁਰੂ ਆਸ਼ੇ ਵਿਖੇ ਰਹਿੰਦਾ ਹੈ ਤਾਂ ਉਸ ਨੂੰ ਸਭ ਗੁਰਮੁਖ-ਗੁਰਮੁਖ ਕਹਿ ਕੇ ਬੁਲਾਉਂਦੇ ਹਨ।

ਯਥਾ- ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥

(ਮਾਝ ਵਾਰ, ਮ: ੨, ਪੰਨਾ ੧੩੮)

ਉਸੇ ਆਸ਼ੇ ਅਨੁਸਾਰ ਹੀ ਇਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਾਹਿਗੁਰੂ ਤੋਂ ਬੇਮੁਖ ਪੁਰਸ਼ ਨੂੰ ਨਿੰਦਕ ਤੇ ਲੋਭੀ ਹੋਣ ਕਰ ਕੇ ਸੂਰ ਤੇ ਕੁੱਤੇ ਸਮਾਨ ਕਿਹਾ ਹੈ॥ ੪੪॥

ਪਰ ਕੁੱਤੇ ਵਿਚ ਇਕ ਗੁਣ ਭੀ ਹੈ-

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥

ਜਿਵੇਂ ਸੁਆਨ= ਕੁੱਤਾ ਆਪਣੇ ਸੁਆਮੀ= ਮਾਲਕ ਦਾ ਗ੍ਰਿਹੁ= ਘਰ ਨਹੀਂ ਛੱਡਦਾ ਅਤੇ ਨਿਤਾਪ੍ਰਤੀ ਆਪਣੇ ਮਾਲਕ ਦੇ ਹੀ ਦਰਵਾਜ਼ੇ 'ਤੇ ਬੈਠਾ ਰਹਿੰਦਾ ਹੈ। ਚਾਹੇ ਮਾਲਕ ਆਪ ਰੋਟੀ ਖਾਂਦਾ ਹੋਇਆ ਕੁੱਤੇ ਨੂੰ ਇਕ ਗ੍ਰਾਹੀ ਪਾ ਦੇਵੇ ਤਾਂ ਵੀ ਉਹ ਖੁਸ਼ ਰਹਿੰਦਾ ਹੈ, ਚਾਹੇ ਅੱਧੀ ਪਾ ਦੇਵੇ ਜਾਂ ਰੱਜਵੀਂ ਦੇ ਦੇਵੇ ਅਤੇ ਜੇਕਰ ਕਿਸੇ ਦਿਨ ਕੁਝ ਵੀ ਖਾਣ ਨੂੰ ਨਾ ਦੇਵੇ ਤਾਂ ਵੀ ਉਹ ਮਾਲਕ ਨਾਲ ਨਰਾਜ਼ ਨਹੀਂ ਹੁੰਦਾ, ਸਗੋਂ ਜ਼ਿਆਦਾ ਪੂਛ

ਹਿਲਾਂਦਾ ਹੋਇਆ ਮਾਲਕ ਨਾਲ ਪਿਆਰ ਕਰਦਾ ਹੈ ਤੇ ਰਾਤ ਨੂੰ ਪਹਿਰਾ ਵੀ ਚੁਕੰਨਾ ਹੋ ਕੇ ਦਿੰਦਾ ਹੈ ਤਾਂ ਕਿ ਮਾਲਕ ਖੁਸ਼ ਹੋਵੇ।

ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥ ੪੫॥

ਸਤਿਗੁਰੂ ਜੀ ਕਹਿੰਦੇ ਹਨ— ਇਸ ਤਰ੍ਹਾਂ (ਪੂਰਬੋਕਤ ਵਿਧੀ ਨਾਲ) ਇਕ ਮਨ ਹੁਇ= ਇਕਾਗਰ ਮਨ ਹੋ ਕੇ ਇਕ ਚਿਤਿ= ਇਕ ਚੇਤਨ (ਅਕਾਲ ਪੁਰਖ) ਦੇ ਨਾਮ ਨੂੰ ਯਾਦ ਕਰ।

ਉਹ ਪ੍ਰਭੂ ਚਾਹੇ ਤੈਨੂੰ ਇਕ ਗ੍ਰਾਹੀ ਭਾਵ ਗੁਜ਼ਾਰੇ ਮਾਫਕ ਪਦਾਰਥ ਦੇਵੇ ਤਾਂ ਵੀ ਅਨੰਦ ਰਹੋ।

ਚਾਹੇ ਅੱਧੀ ਰੋਟੀ ਭਾਵ ਇਕ ਡੰਗ ਦੀ ਦੇਵੇ ਤੇ ਇਕ ਡੰਗ ਦੀ ਨਾ ਦੇਵੇ ਤਾਂ ਵੀ ਪ੍ਰਭੂ ਦਾ ਦੁਆਰਾ ਨਾ ਛੱਡ।

ਜੇਕਰ ਸਾਰੀ ਰੋਟੀ ਭਾਵ ਦੋਵੇਂ ਵੇਲੇ ਗੁਜ਼ਾਰੇ ਮਾਫਕ ਜਾਂ ਰੱਜਵੀਂ ਭਾਵ ਖਾਣ-ਪੀਣ ਦੇ ਪਦਾਰਥ, ਰਹਿਣ ਵਾਸਤੇ ਸੋਹਣੇ-ਸੋਹਣੇ ਮਕਾਨ, ਚੰਗੇ-ਚੰਗੇ ਕੱਪੜੇ, ਧੀਆਂ-ਪੁੱਤਰ, ਸਾਕ-ਸਬੰਧੀ ਸਭ ਕੁਝ ਦੇ ਦੇਵੇ ਫਿਰ ਵੀ ਅਨੰਦ ਰਹੇ ਤੇ ਜੇਕਰ ਪ੍ਰੀਖਿਆ ਲੈਣ ਲਈ ਕੁਝ ਵੀ ਨਾ ਦੇਵੇ, ਫਾਕੇ ਪਿਆ ਕਟਾਵੇ ਤਾਂ ਵੀ ਪ੍ਰਭੂ ਦਾ ਸਾਧ ਸੰਗ ਰੂਪੀ ਦਰਵਾਜ਼ਾ ਨਾ ਛੱਡੇ, ਸਗੋਂ ਰਾਤ ਦਿਨ ਉੱਚੀ-ਉੱਚੀ ਪੁਕਾਰਾਂ ਕਰ ਕੇ ਉਸ ਵਾਹਿਗੁਰੂ ਦਾ ਸਿਮਰਨ ਕਰੇ॥ ੪੬॥

ਹੁਣ ਹਾਥੀ ਦ੍ਰਿਸ਼ਟਾਂਤ ਦਿੰਦੇ ਹੋਏ ਹੰਕਾਰ ਸਹਿਤ ਕੀਤੇ ਸਭ ਕਰਮਾਂ-ਧਰਮਾਂ ਦਾ ਖੰਡਨ ਕਰਦੇ ਹੋਏ ਹੰਕਾਰ ਦੀ ਨਵਿਰਤੀ ਲਈ ਉਪਦੇਸ਼ ਦਿੰਦੇ ਹਨ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥

ਚਾਹੇ ਅਨੇਕਾਂ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰ ਆਵੇ, ਚਾਹੇ ਹਰ ਆਈ ਮੱਸਿਆ, ਸੰਗਰਾਂਦ, ਪੂਰਨਮਾਸ਼ੀ ਆਦਿਕ ਦੇ ਵਰਤ ਰੱਖ ਲਵੇ ਤੇ ਚਾਹੇ ਅਨੇਕਾਂ ਦਾਨ ਕਰ ਲਵੇ। ਜੇਕਰ ਇਹਨਾਂ ਕਰਮਾਂ ਨੂੰ ਕਰ ਕੇ ਮਨ ਵਿਖੇ ਗੁਮਾਨੁ= ਹੰਕਾਰ ਧਾਰਨ ਕਰਦਾ ਹੈ ਕਿ ਮੈਂ ਫਲਾਣੇ ਤੀਰਥ 'ਤੇ ਇਸ਼ਨਾਨ ਕੀਤਾ ਹੈ, ਮੈਂ ਇਤਨਾ ਪੁੰਨ ਦਾਨ ਕੀਤਾ ਹੈ, ਮੈਂ ਅੱਜ ਵਰਤ ਰੱਖਿਆ ਹੈ, ਆਪਣੇ ਮੂੰਹੋਂ ਆਪ ਹੀ ਆਪਣੀ ਸਿਫਤ ਕਰੀ ਜਾਵੇ— ਤਾਂ

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ੪੬॥

ਗੁਰੂ ਸਾਹਿਬ ਜੀ ਕਹਿੰਦੇ ਹਨ— ਉਸ ਦੇ ਸਭ ਕਰਮ, ਧਰਮ, ਪੁੰਨ-ਦਾਨ ਨਿਸਫਲ ਚਲੇ ਜਾਂਦੇ ਹਨ, ਜਿਵੇਂ ਕੁੰਚਰ= ਹਾਥੀ ਨੂੰ ਇਸ਼ਨਾਨ ਕਰਾਇਆ ਨਿਸਫਲ ਚਲਿਆ ਜਾਂਦਾ ਹੈ।

ਭਾਵ ਜਿਵੇਂ ਹਾਥੀ ਨੂੰ ਚਾਹੇ ਕਿਤਨਾ ਇਸ਼ਨਾਨ ਕਰਾਈਏ, ਆਖਰ ਉਹ ਬਾਹਰ ਨਿਕਲ ਕੇ ਆਪਣੇ ਸਿਰ ਖੇਹ ਹੀ ਪਾਉਂਦਾ ਹੈ। ਇਵੇਂ ਹੀ ਚਾਹੇ ਕਿਤਨੇ ਦਾਨ-ਪੁੰਨ, ਤੀਰਥ ਕਰ ਲਵੇ, ਪਰ ਹੰਕਾਰ ਰੂਪੀ ਖੇਹ ਸਿਰ 'ਤੇ ਪਾਣ ਕਰ ਕੇ ਇਸ ਦੇ ਸਾਰੇ ਪੁੰਨ ਕਰਮ ਨਿਸਫਲ ਚਲੇ ਜਾਂਦੇ ਹਨ॥ ੪੬॥

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥

ਬੁਢਾਪੇ ਦੇ ਆਉਣ ਕਰ ਕੇ ਸਿਰ ਕੰਬਣ ਲੱਗ ਪਿਆ, ਪਗ= ਪੈਰ ਵੀ ਡਗਮਗੇ= ਲੱਟ ਖੜੇ ਭਾਵ ਡਾਂਵਾਂ-ਡੋਲ ਹੋ ਕੇ ਚੱਲਣ ਲੱਗ ਪਏ ਹੁਣ ਤਾਂ ਸੋਟੀ ਬਿਨਾਂ ਇਕ ਕਦਮ ਨਹੀਂ ਪੁੱਟਿਆ ਜਾਂਦਾ ਅਤੇ ਨੈਣ ਵੀ ਜੋਤਿ= ਪ੍ਰਕਾਸ਼ ਤੋਂ ਖਾਲੀ ਹੋ ਗਏ, ਭਾਵ ਨਜ਼ਰ ਕਮਜ਼ੋਰ ਹੋ ਗਈ।

ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥ ੪੭॥

ਗੁਰੂ ਸਾਹਿਬ ਜੀ ਕਹਿੰਦੇ ਹਨ— ਇਹ ਬਿਧਿ ਭਈ= ਅਜੇਹੀ ਨਾਜ਼ਕ ਅਵਸਥਾ ਸਰੀਰ ਦੀ ਹੋ ਗਈ ਹੈ, ਪਰ ਫਿਰ ਭੀ ਹਰੀ ਦੇ ਨਾਮ ਦਾ ਸਵਾਦ ਨਹੀਂ ਲਿਆ॥ ੪੭॥

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ॥

ਸਤਿਗੁਰੂ ਜੀ ਕਹਿੰਦੇ ਹਨ— ਅਸੀਂ ਇਹ ਆਪ ਨਿਜ ਕਰਿ= ਨਿਰਣਾ ਕਰ ਕੇ ਦੇਖਿਆ ਭਾਵ ਨਿਸਚੇ ਕੀਤਾ ਹੈ ਕਿ ਇਸ ਜਗਤ ਵਿਖੇ ਕੋਈ ਵੀ ਕਿਸੇ ਦਾ ਮਿੱਤਰ ਨਹੀਂ ਹੈ, ਸਭ ਕੋਈ ਆਪੋ-ਆਪਣੇ ਮਤਲਬ ਦੇ ਯਾਰ ਹਨ।

ਯਥਾ- ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥
ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ॥ ੧॥ ਰਹਾਉ॥
ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ ੧॥

(ਜੈਤਸਰੀ ਮ: ੫ , ਪੰਨਾ ੭੦੦)

ਤਥਾ- ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥
ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥ ੧੧੩॥

(ਸਲੋਕ ਕਬੀਰ ਜੀ, ਪੰਨਾ ੧੩੭੦)

ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ॥ ੪੮॥

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ— ਇਕ ਵਾਹਿਗੁਰੂ ਦੀ ਪ੍ਰੇਮਾ ਭਗਤੀ ਹੀ ਥਿਰੁ= ਟਿਕਾਅ ਦੇਣ ਵਾਲੀ ਹੈ, ਇਸ ਲਈ ਹੇ ਭਾਈ! ਤਿਹ= ਉਸ ਵਾਹਿਗੁਰੂ ਦੀ ਪ੍ਰੇਮਾ ਭਗਤੀ ਨੂੰ ਆਪਣੇ ਮਨ ਵਿਚ ਰੱਖ॥ ੪੮॥

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥

ਹੇ ਮਿੱਤਰਾ! ਇਸ ਵਾਰਤਾ ਨੂੰ ਜਾਣ ਲੈ ਭਾਵ ਨਿਸਚੇ ਕਰ ਲੈ ਕਿ ਜਗਤ ਦੀ ਸਾਰੀ ਰਚਨਾ ਝੂਠੀ ਭਾਵ ਨਾਸ ਹੋ ਜਾਣ ਵਾਲੀ ਹੈ।

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥ ੪੯॥

ਸਤਿਗੁਰੂ ਜੀ ਆਖਦੇ ਹਨ- ਬਾਲੂ ਕੀ ਭੀਤਿ= ਰੇਤੇ ਦੀ ਕੰਧ ਦੇ ਵਾਂਗ ਕੋਈ ਵੀ ਸੰਸਾਰ ਵਿਖੇ ਥਿਰੁ= ਇਸਥਿਤ ਨਹੀਂ ਰਹਿੰਦਾ॥ ੪੯॥

ਯਥਾ- ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ॥
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥ ੧॥

(ਸੋਰਠਿ ਮ: ੯, ਪੰਨਾ ੬੩੩)

ਇਥੋਂ ਤਕ ੪੯ ਸਲੋਕ ਸਤਿਗੁਰਾਂ ਨੇ ਆਪਣੇ ਮਨ ਪ੍ਰਤੀ ਉਚਾਰਨ ਕਰ ਕੇ ਫੇਰ ਲਿਖ ਕੇ ਉਸ ਸਿੱਖ ਦੇ ਹੱਥੀਂ ਅਨੰਦਪੁਰ ਵਾਸੀ ਸਿੱਖ ਸੰਗਤਾਂ ਨੂੰ ਸਮਝਾਣ ਲਈ ਭੇਜੇ। ਅਗਲੇ ਦੋ ਸਲੋਕ ੫੦ ਤੇ ੫੧ ਆਪਣੀ ਬਜ਼ੁਰਗ ਮਾਤਾ, ਮਾਤਾ ਨਾਨਕੀ ਜੀ ਦੇ ਸ਼ੋਕ ਨਵਿਰਤੀ ਲਈ ਲਿਖ ਕੇ ਭੇਜੇ ਹਨ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

ਇਤਜਾਦਿਕ ਸਭਿ ਲਿਖੇ ਸ਼ਲੋਕ। ਪਠਿ ਹਰਿ ਭਜਹੁ ਤਜਹੁ ਸਭਿ ਸ਼ੋਕ।
ਸਭਿ ਸਿਖਜਨਿ ਪ੍ਰਤਿ ਲਿਖੇ ਬਨਾਇ। ਸਿਮਰਹੁ ਨਾਮ ਸੁ ਚਿੰਤ ਮਿਟਾਇ॥ ੧੪॥
ਪੁਨ ਮਾਤਾ ਪ੍ਰਤਿ ਲਿਖਜੋ ਸ਼ਲੋਕ। ਸੁਨਿ ਕਰਿ ਲੇਹੁ ਸ਼ੋਕ ਕੋ ਰੋਕ।
ਜਗ ਮਾਂਹ ਨਹਿੰ ਥਿਰਤਾ ਕਿਸ ਕੇਰੀ। ਬਿਨਸਿ ਗਏ ਜਿਨ ਸ਼ਕਤਿ ਬਡੇਰੀ॥ ੧੫॥

(ਗੁਰ ਪ੍ਰਤਾਪ ਸੂਰਜ, ਰਾਸਿ ੧੨ ਅੰਸੂ ੬੨)

ਹੇ ਮਾਤਾ ਜੀ! ਤੁਸੀਂ ਕਿਉਂ ਸ਼ੋਕ ਕਰਦੇ ਹੋ, ਸਰੀਰ ਕਰ ਕੇ ਤਾਂ ਜਗਤ ਵਿਖੇ ਕੋਈ ਭੀ ਇਸਥਿਤ ਨਹੀਂ ਰਿਹਾ। ਦੇਖੋ-

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

ਰਾਮ ਜੀ ਚਲੇ ਗਏ, ਰਾਵਣ ਭੀ ਚਲ ਗਿਆ ਜਿਸ ਦਾ ਬਹੁਤ ਵੱਡਾ ਪਰਵਾਰ ਸੀ।

ਭਾਵ ਰਾਮੁ ਗਇਓ= ਜਿਸ ਰਾਮ ਚੰਦਰ ਜੀ ਨੇ ਅਜੁਧਿਆ ਪੁਰੀ 'ਚ ਰਹਿ ਕੇ ਧਰਮ ਦਾ ਰਾਜ ਕੀਤਾ ਹੈ। ਫੇਰ- ਜਿਸ ਸ੍ਰੀ ਰਾਮ ਚੰਦਰ ਜੀ ਦੇ ਨਾਮ ਲੈਂਦਿਆਂ ਹੀ ਪਿਤਾ ਦਸਰਥ, ਸਰਵਣ ਤੇ ਉਸ ਦੇ ਮਾਤਾ ਪਿਤਾ ਨੂੰ ਮਾਰ ਦੇਣ ਰੂਪ ਤਿੰਨ ਹੱਤਿਆ ਤੋਂ ਅਸੰਗ ਹੋ ਗਏ ਅਰਥਾਤ ਇਹਨਾਂ ਦੀ ਮੌਤ ਦਾ ਕੋਈ ਦੋਸ਼ ਨ ਲੱਗਾ। ਗੁਰੂ-ਘਰ ਦੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਕਿਹਾ ਸੋਹਣਾ ਲਿਖਦੇ ਹਨ—

ਰਾਮ ਚੰਦੁ ਨਾਉ ਲੈਂਦਿਆਂ ਤਿੰਨਿ ਹਤਿਆ ਤੇ ਹੋਇ ਨਿਰਾਲੇ।
ਰਾਮ ਰਾਜ ਪਰਵਾਣ ਜਗਿ ਸਤ ਸੰਤੋਖ ਧਰਮ ਰਖਵਾਲੇ।
ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।
ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।

(ਭਾਈ ਗੁਰਦਾਸ ਜੀ, ਵਾਰ ੨੩ ਪਉ: ੮)

ਹੇ ਮਾਤਾ ਜੀ! ਅਜੇਹੇ ਪ੍ਰਤਾਪੀ ਰਾਜੇ ਸ੍ਰੀ ਰਾਮ ਚੰਦਰ ਜੀ ਵੀ ਸਰੀਰ ਨੂੰ ਪਾ ਕੇ ਸੰਸਾਰ ਤੋਂ ਚਲੇ ਗਏ। ਗੁਰੂ ਕਲਗੀਧਰ ਜੀ ਲਿਖਦੇ ਹਨ-

ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ॥ ੮੫੮॥

(ਦਸਮ, ਪੰਨਾ ੨੫੩)

ਦਸ ਸਹੰਸ੍ਰ ਦਸ ਬਰਖ ਪ੍ਰਮਾਨਾ॥ ਰਾਜ ਕਰਾ ਪੁਰ ਅਉਧ ਨਿਧਾਨਾ॥
ਤਬ ਲਉ ਕਾਲ ਦਸਾ ਨੀਅਰਾਈ॥ ਰਘੁਬਰ ਸਿਰਿ ਮ੍ਰਿਤ ਡੰਕ ਬਜਾਈ॥ ੮੩੪॥

(ਦਸਮ ਗ੍ਰੰਥ, ਪੰਨਾ ੨੫੨)

ਏਕ ਸਿਵ ਭਏ ਏਕ ਗਏ ਏਕ ਫੇਰ ਭਏ, ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ॥
ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ, ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈ॥
ਮੋਨਦੀ ਮੁਦਾਰ ਕੇਤੇ ਅਸੁਨੀ ਕੁਮਾਰ ਕੇਤੇ, ਅੰਸ ਅਵਿਤਾਰ ਕੇਤੇ ਕਾਲ ਬਸ ਭਏ ਹੈ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ, ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈ॥ ੭॥ ੭੭॥
ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ, ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ॥

ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ, ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈ॥
ਮਾਨ ਸੇ ਮਹੀਪ ਔ ਦਿਲੀਪ ਕੈਸੇ ਛੱਤ੍ਰਧਾਰੀ, ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ॥
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ, ਭੋਗ ਭੋਗ ਭੂੰਮ ਅੰਤ ਭੂੰਮ ਮੈ ਮਿਲਤ ਹੈ॥ ੮॥ ੭੮॥

(ਦਸਮ ਗ੍ਰੰਥ, ਪੰਨਾ ੧੮)

ਰਾਵਨੁ ਗਇਓ, ਜਾ ਕਉ ਬਹੁ ਪਰਵਾਰੁ॥

ਜਿਸ ਰਾਵਣ ਦਾ ਬਹੁਤ ਪ੍ਰਵਾਰ ਸੀ ਉਹ ਰਾਵਣ ਵੀ ਇਸ ਸੰਸਾਰ ਤੋਂ ਚਲਾ ਗਿਆ ਹੈ। ਕਬੀਰ ਜੀ ਫੁਰਮਾਉਂਦੇ ਹਨ—

ਇਕੁ ਲਖੁ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥ ੨॥

(ਆਸਾ ਕਬੀਰ ਜੀ, ਪੰਨਾ ੪੮੧)

ਅਥਵਾ-ਜਿਸ ਰਾਵਣ ਦਾ ਪਰਵਾਰ ਵੀ ਬਹੁਤਾ ਸੀ ਅਤੇ ਤੇਜ ਪ੍ਰਤਾਪ ਵੀ ਬਹੁਤ ਸੀ। ਅਰਥਾਤ ਜਿਸ ਰਾਵਣ ਦਾ ਸਾਰੇ ਦੇਵਤੇ ਹੁਕਮ ਮੰਨਦੇ ਸਨ।

ਯਥ- ਚੰਦੁ ਸੂਰਜੁ ਜਾ ਕੇ ਤਪਤ ਰਸੋਈ॥ ਬੈਸੰਤਰੁ ਜਾ ਕੇ ਕਪਰੇ ਧੋਈ॥ ੩॥

(ਆਸਾ ਕਬੀਰ, ਪੰਨਾ ੪੮੧)

ਤਥਾ- ਚਉਰ ਚੰਦ੍ਰੰ ਕਰੰ ਛੱਤ੍ਰ ਸੂਰੰ ਧਰੰ, ਬੇਦ ਬ੍ਰਹਮਾ ਰਰੰ ਦੁਆਰ ਮੇਰੇ॥
ਪਾਕ ਪਾਵਕ ਕਰੰ ਨੀਰ ਬਰਣੰ ਭਰੰ, ਜੱਛ ਬਿੱਦਿਆ ਧਰੰ ਕੀਨ ਚੇਰੇ॥
ਅਰਬ ਖਰਬੰ ਪੁਰੰ ਚਰਬ ਸਰਬੰ ਕਰੇ, ਦੇਖੁ ਕੈਸੇ ਕਰੋ ਬੀਰ ਖੇਤੰ॥
ਚਿੰਕ ਹੈ ਚਾਵਡਾ ਫਿੰਕ ਹੈ ਫਿੱਕਰੀ ਨਾਚ ਹੈ ਬੀਰ ਬੈਤਾਲ ਪ੍ਰੇਤੰ॥ ੩੮੩॥

(ਦਸਮ ਗ੍ਰੰਥ, ਪੰਨਾ ੨੨੦)

ਫਿਰ ਜਿਸ ਰਾਵਣ ਨੇ ਆਪਣੀ ਸ਼ਕਤੀ ਕਰ ਕੇ ਕਾਲ ਨੂੰ ਵੀ ਆਪਣੀ ਮੰਜੀ ਦੇ ਪਾਵੇ ਨਾਲ ਬੰਨ੍ਹ ਕੇ ਰੱਖਿਆ ਸੀ, ਪਰ ਸਮੇਂ ਦੇ ਚੱਕਰ ਨੇ ਅਜਿਹੇ ਪ੍ਰਤਾਪੀ ਰਾਵਣ ਨੂੰ ਉਸੇ ਕਾਲ ਦੇ ਹੱਥੋਂ ਮਰਵਾ ਦਿੱਤਾ।

ਅਥਵਾ- ***ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥***

ਜਿਸ ਵੇਲੇ ਸ੍ਰੀ ਰਾਮ ਚੰਦਰ ਜੀ ਸਮੁੰਦਰ ਤੇ ਪੁਲ ਬੰਨ੍ਹ ਕੇ ਲੰਕਾ ਨੂੰ ਗਇਓ= ਗਏ ਤਾਂ ਸਭਨਾਂ ਨੇ ਇਹ ਨਿਸਚਾ ਕੀਤਾ ਕਿ ਹੁਣ ਰਾਵਨੁ ਗਇਓ= ਰਾਵਣ ਮਰ ਜਾਏਗਾ, ਜਿਸ ਦਾ ਬਹੁਤਾ ਪ੍ਰਵਾਰ ਹੈ।

ਅਥਵਾ- ***ਰਾਮੁ ਗਇਓ ਰਾਵਨੁ ਗਇਓ***

ਪਹਿਲੇ ਕਿਸੇ ਨਾ ਕਿਸੇ ਬਹਾਨੇ ਰਾਵਣ ਸ੍ਰੀ ਰਾਮ ਚੰਦਰ ਜੀ ਦੀਆਂ ਗੱਲਾਂ ਕਰਦਾ ਰਹਿੰਦਾ ਸੀ ਕਿ ਜਿਸ ਵੇਲੇ ਆਏ ਤਾਂ ਮੈਂ ਰਾਮ ਚੰਦਰ ਨਾਲ ਇੰਜ ਕਰਾਂਗਾ। ਇਸ ਤਰ੍ਹਾਂ ਬਦਲਾ ਲਵਾਂਗਾ, ਪਰ ਜਿਸ ਵੇਲੇ ਉਸ ਰਾਵਣ ਦੇ ਹਿਰਦੇ ਵਿਚੋਂ ਰਾਮ ਭੁੱਲ ਗਿਆ ਤਾਂ ਉਹ ਰਾਵਣ ਖਤਮ ਹੋ ਗਿਆ।*

**ਅਥਵਾ-ਜਿਸ ਵੇਲੇ ਸਿੱਖ ਦੇ ਹਿਰਦੇ ਵਿਚ ਰਾਮ ਨਾਮ ਪ੍ਰਵੇਸ਼ ਕਰ ਗਿਆ ਤਦ ਅੰਤਹਕਰਣ ਵਿਚੋਂ ਰਾਵਨੁ=ਹੰਕਾਰ ਚਲਾ ਗਿਆ। ਜਿਸ ਹੰਕਾਰ ਦਾ ਆਸਾ ਤ੍ਰਿਸ਼ਨਾ ਆਦਿਕ ਆਸੁਰੀ ਸੰਪਦਾ ਰੂਪ ਬਹੁਤਾ ਪਰਵਾਰ ਹੈ।*

ਅਥਵਾ-ਜਿਸ ਵੇਲੇ ਰਾਮ ਸਰੂਪ ਸਤਿਗੁਰਾਂ ਦਾ ਉਪਦੇਸ਼ ਸਿੱਖ ਦੇ ਹਿਰਦੇ ਵਿਚ ਪ੍ਰਵੇਸ਼ ਕਰ ਗਿਆ ਤਾਂ ਸਾਰਿਆਂ ਤੋਂ ਵੱਡਾ ਜੋ ਰਾਵਨੁ=ਅਗਿਆਨ ਹੈ, ਉਹ ਖਤਮ ਹੋ ਗਿਆ। ਜਿਸ ਅਗਿਆਨ ਦਾ ਇਹ ਸਾਰਾ ਸੰਸਾ ਹੀ ਬੜਾ ਵੱਡਾ ਪਰਵਾਰ ਹੈ, ਕਿਉਂਕਿ ਇਹ ਦ੍ਰਿਸ਼ਟਮਾਨ ਸਾਰਾ ਸੰਸਾਰ ਅਗਿਆਨ ਕਰ ਕੇ ਹੀ ਰਚਿਆ ਹੋਇਆ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਥਿਤੀ ਬਾਣੀ ਵਿਚ ਫੁਰਮਾਉਂਦੇ ਹਨ- ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ।। (ਪੰਨਾ ੨੯੭)

www.sikhbookclub.com

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥ ੫੦॥

ਗੁਰੂ ਜੀ ਫੁਰਮਾਉਂਦੇ ਹਨ— ਐ ਮਾਤਾ ਜੀ! ਇਸ ਸੰਸਾਰ ਵਿਖੇ ਕੋਈ ਵੀ ਵਸਤੂ ਅਚੱਲ ਰਹਿਣ ਵਾਲੀ ਨਹੀਂ ਹੈ, ਕਿਉਂਕਿ ਸਾਰਾ ਜਗਤ ਹੀ ਸੁਪਨੇ ਵਾਂਗ ਝੂਠਾ ਹੈ॥ ੫੦॥

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥

ਐ ਮਾਤਾ ਜੀ! ਚਿੰਤਾ ਤਾਂ ਉਸ ਗੱਲ ਦੀ ਕਰਨੀ ਚਾਹੀਦੀ ਹੈ, ਜਿਹੜੀ ਕੋਈ ਅਨਹੋਣੀ ਗੱਲ ਹੋਵੇ। ਭਾਵ ਜੋ ਗੱਲ ਅੱਗੇ ਕਦੇ ਨਾ ਹੋਈ ਹੋਵੇ ਤੇ ਹੁਣ ਹੋ ਜਾਵੇ। ਇਹ ਜਨਮ ਮਰਨ ਦਾ ਪ੍ਰਵਾਹ ਤਾਂ ਸ਼ੁਰੂ ਤੋਂ ਚੱਲਿਆ ਆ ਰਿਹਾ ਹੈ।

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ ੫੧॥

ਸੰਸਾਰ ਇਕ ਰਸਤਾ ਹੈ ਇਸ ਰਾਹ ਵਿਚ ਕੋਈ ਰੁਕ ਨਹੀਂ ਸਕਦਾ।

ਇਸ ਤੋਂ ਅਗਲਾ ਬਵੰਜਵਾਂ ਸ਼ਲੋਕ ਆਪਣੇ ਮਹਿਲ ਸ੍ਰੀ ਗੂਜਰੀ ਜੀ ਦੀ ਚਿੰਤਾ ਦੀ ਨਵਿਰਤੀ ਵਾਸਤੇ ਲਿਖ ਭੇਜਿਆ-

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥

ਸੰਸਾਰ ਵਿਖੇ ਜੋ ਵੀ (ਉਪਜਿਓ) ਪੈਦਾ ਹੋਇਆ ਹੈ, ਉਸ ਨੇ ਸਮਾਂ ਪਾ ਕੇ ਬਿਨਸਿ= ਖਤਮ ਹੋ ਜਾਣਾ ਹੈ। ਕਿਸੇ ਨੇ ਆਜੁ= ਅੱਜ, ਕੈ= ਜਾਂ (ਅਥਵਾ) ਕਿਸੇ ਨੇ ਕਾਲਿ= ਕੱਲ੍ਹ ਨੂੰ ਅਤੇ ਕਿਸੇ ਨੇ ਪਰੋ= ਪਰਸੋਂ ਬਿਨਸ ਜਾਣਾ ਹੈ।

ਯਥਾ- ਏਹੁ ਜੋਬਨ ਸਾਸ ਹੈ ਦੇਹ ਪਰਾਣੀ॥
ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ॥ ੫॥

(ਮਾਰੂ ਸੋਹਲੇ ਮ: ੧, ਪੰਨਾ ੧੦੨੫)

ਇਸ ਲਈ ਤੁਸੀਂ ਸਾਡੀ ਕੋਈ ਚਿੰਤਾ ਨਾ ਕਰਨੀ।

ਪੰਨਾ ੧੪੨੯

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥ ੫੨॥

ਗੁਰੂ ਸਾਹਿਬ ਜੀ ਕਹਿੰਦੇ ਹਨ— ਦੁਨੀਆਂ ਦੇ ਸਾਰਿਆਂ ਜੰਜਾਲਾਂ ਨੂੰ ਛੱਡ ਕੇ ਤੁਸੀਂ ਹਰੀ-ਪ੍ਰਭੂ ਦੇ ਗੁਣਾਂ ਨੂੰ ਗਾ ਲਵੋ॥ ੫੨॥

ਪੰਜਾਹ, ਇਕਵੰਜਾ ਤੇ ਬਵੰਜਾ ਇਹਨਾਂ ਤਿੰਨਾਂ ਸਲੋਕਾਂ ਦੁਆਰਾ ਮਾਤਾ ਸਾਹਿਬ ਮਾਤਾ ਨਾਨਕੀ ਜੀ ਤੇ ਮਹਿਲ ਮਾਤਾ ਗੂਜਰੀ ਜੀ ਤਾਈਂ ਚਿੰਤਾ ਨਵਿਰਤੀ ਲਈ ਸ਼ੁਭ ਸਿੱਖਿਆ ਦੇ ਕੇ ਅਗਲਾ ਤ੍ਰਿਵੰਜਵਾਂ ਇਕ ਸਲੋਕ ਆਪਣੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪ੍ਰੀਖਿਆ ਲੈਣ ਵਾਸਤੇ ਲਿਖ ਕੇ ਭੇਜਿਆ :

ਯਥਾ- ਦੋਨਹੁੰ ਪ੍ਰਤਿ ਸ਼ਲੋਕ ਲਿਖਿ ਤੀਨ। ਕਰਹੁ ਨ ਦੁਖ ਸੀਖਜਾ ਅਸ ਦੀਨਿ।
ਪੁਨ ਅਪਨੇ ਸੁਤ ਕੋ ਪਤਿਆਵਨ। ਹਿਤ ਪਰਖਨ ਕੇ ਕਿਮ ਧਰ ਭਾਵਨ॥ ੨੪॥
ਲਖਹਿ ਸ਼ਕਤਿ ਮਹਿੰ ਹਮ ਕੋ ਕੈਸੇ। ਲਖਜੋ ਜਾਇ ਅਸ ਆਸ਼ੈ ਜੈਸੇ।
ਤਿਸ ਬਿਧਿ ਦੋਹਾ ਲਿਖਜੋ ਬਨਾਇ। ਸ੍ਰੀ ਗੁਰ ਤੇਗ ਬਹਾਦਰ ਰਾਇ॥ ੨੫॥

(ਗੁਰ ਪ੍ਰਤਾਪ ਸੂਰਜ, ਰਾਸਿ ੧੨, ਅੰਸੂ ੬੨)

www.sikhbookclub.com

ਦੋਹਰਾ ॥ ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥

ਹੁਣ ਤਾਂ ਸਰੀਰਕ ਬਲ ਛੁਟ ਗਿਆ ਹੈ, ਪੈਰਾਂ ਵਿਚ ਬੰਧਨ= ਬੇੜੀਆਂ ਅਤੇ ਲੋਹੇ ਦੇ ਕੋਟ ਵਿਖੇ ਪਰੇ= ਪਏ ਹੋਏ ਹਾਂ।

ਅਥਵਾ- ਸਰੀਰਕ ਬਲ ਛੁਟ ਗਿਆ ਹੈ ਤੇ ਪੈਰਾਂ ਵਿਖੇ ਬੰਧਨ ਪਏ ਹੋਏ ਹਨ, ਹੁਣ ਛੁਟਣ ਦਾ ਸਾਡੇ ਪਾਸੋਂ ਕੁਝ ਯਤਨ ਨਹੀਂ ਹੋ ਰਿਹਾ।

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥ ੫੩ ॥

ਗੁਰੂ ਸਾਹਿਬ ਜੀ ਕਹਿੰਦੇ ਹਨ— ਕਿ ਹੁਣ ਹਰਿ= ਹਰ ਤਰ੍ਹਾਂ ਇਕ ਆਪ ਜੀ ਦੀ ਓਟ ਹੈ, ਆਪ ਗਜ= ਹਾਥੀ ਦੀ ਨਿਆਈਂ ਸਹਾਇਤਾ ਕਰਨ ਵਾਲੇ ਹੋਵੋ।

ਅਥਵਾ- ***ਬਲੁ ਛੁਟਕਿਓ ਬੰਧਨ ਪਰੇ***

ਹਿੰਦੁਸਤਾਨ ਦੀ ਰੱਖਿਆ ਕਰਨ ਦਾ ਬਲ ਛੁੱਟ ਗਿਆ ਹੈ, ਇਸ ਕਰ ਕੇ ਸਾਰਿਆਂ ਨੂੰ ਬੰਧਨ ਪੈ ਗਏ ਹਨ ਕਿਉਂਕਿ ਔਰੰਗਜ਼ੇਬ ਨੇ ਠਾਕੁਰ ਦੁਆਰੇ, ਦੇਵੀ ਦੁਆਰੇ ਸਭ ਢਾਹੁਣੇ ਸ਼ੁਰੂ ਕਰ ਦਿੱਤੇ ਹਨ। ਇਹਨਾਂ ਮੰਦਰਾਂ ਦੀ ਰੱਖਿਆ ਕਰਨ ਦਾ- ***ਕਛੂ ਨ ਹੋਤ ਉਪਾਇ॥***

ਇਹਨਾਂ ਹਿੰਦੂ ਰਾਜਿਆਂ ਪਾਸੋਂ ਕੁਝ ਵੀ ਉਪਾਅ ਨਹੀਂ ਹੋ ਰਿਹਾ, ਕਿਉਂਕਿ ਸਾਰੇ ਹਿੰਦੂ ਰਾਜਿਆਂ ਨੂੰ ਔਰੰਗਜ਼ੇਬ ਨੇ ਆਪਣੇ ਅਧੀਨ ਕਰ ਲਿਆ ਹੈ।

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ ੫੩ ॥

ਗੁਰੂ ਸਾਹਿਬ ਜੀ ਕਹਿੰਦੇ ਹਨ— ਹੇ ਹਰੀ ਰੂਪ ਗੋਬਿੰਦ ਸਿੰਘ ਜੀ! ਹੁਣ ਆਪ ਸਾਰਿਆਂ ਹਿੰਦੂਆਂ ਦਾ ਓਟ= ਆਸਰਾ ਰੂਪ ਹੋ ਕੇ ਗਜ= ਹਾਥੀ ਦੀ ਨਿਆਈਂ ਸਹਾਇਤਾ ਕਰਨ ਵਾਲੇ ਹੋਵੋ।

ਭਾਵ— ਜਿਵੇਂ ਤੰਦੂਏ ਨੇ ਹਾਥੀ ਨੂੰ ਆਪਣੀਆਂ ਤਾਰਾਂ ਨਾਲ ਜਕੜ ਪਾ ਕੇ ਹੇਠਾਂ ਪਾਣੀ ਵਿਚ ਲਿਜਾਂਦਿਆਂ ਹਾਥੀ ਦੇ ਪੁਕਾਰਾਂ ਕਰਨ ਤੇ ਭਗਵਾਨ ਨੇ ਸੁਦਰਸ਼ਨ ਚੱਕਰ ਚਲਾ ਕੇ ਉਸ ਦੀਆਂ ਤੰਦਾਂ ਕੱਟ ਕੇ ਹਾਥੀ ਨੂੰ ਬਚਾਇਆ ਸੀ। ਇਵੇਂ ਹੀ ਇਹ ਔਰੰਗਜ਼ੇਬ ਰੂਪ ਤੰਦੂਆ ਹਿੰਦੁਸਤਾਨ ਰੂਪ ਹਾਥੀ ਨੂੰ ਆਪਣੀ ਸ਼ਰ੍ਹਾ ਰੂਪ ਤੰਦਾਂ ਨਾਲ ਜਕੜ ਪਾ ਕੇ ਆਪਣੇ ਦੀਨ ਮਨਾਉਣ ਰੂਪ ਪਾਣੀ ਵਿਚ ਲਿਜਾ ਰਿਹਾ ਹੈ।

ਹੇ ਰਾਘਵ ਕੁਲ ਵਿਚ ਸੂਰਜ ਰੂਪ ਗੋਬਿੰਦ ਸਿੰਘ ਜੀ! ਆਪ ਆਪਣੇ ਤੀਰਾਂ ਰੂਪ ਸੁਦਰਸ਼ਨ ਚੱਕਰ ਦ੍ਵਾਰਾ ਹਿੰਦੁਸਤਾਨ ਰੂਪ ਹਾਥੀ ਨੂੰ ਜੋ ਸ਼ਰ੍ਹਾ ਰੂਪ ਤਾਰਾਂ ਨਾਲ ਇਸ ਨੂੰ ਜਕੜਿਆ ਹੋਇਆ ਹੈ, ਉਹਨਾਂ ਸ਼ਰ੍ਹਾ ਰੂਪ ਤਾਰਾਂ ਨੂੰ ਕੱਟਣਾ ਕਰੋ।*

---

*ਅਥਵਾ-ਜਗਿਆਸੂ ਗੁਰਾਂ ਅੱਗੇ ਬੇਨਤੀ ਕਰਦਾ ਹੈ-

ਬਲੁ ਛੁਟਕਿਓ=ਹੇ ਗੁਰੂ ਜੀ! ਅੰਦਰੋਂ ਵਿਵੇਕ ਦਾ ਬਲ ਛੁਟ ਗਿਆ ਹੈ।

ਯਥਾ-ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥ ੨ ॥

(ਸੋਰਠਿ ਰਵਿਦਾਸ ਜੀ, ਪੰਨਾ ੬੫੮)

ਬੰਧਨ ਪਰੇ ਕਰਤਾ ਭੋਗਤਾ ਰੂਪ ਬੰਧਨ ਪੈ ਗਏ ਹਨ,

ਕਛੂ ਨ ਹੋਤ ਉਪਾਇ॥ ਅਲਪਗ ਹੋਣ ਕਰ ਕੇ ਮੇਰੇ ਪਾਸੋਂ ਕੋਈ ਜਤਨ ਨਹੀਂ ਹੁੰਦਾ।

ਕਬੀਰ ਸਾਹਿਬ ਜੀ ਫੁਰਮਾਉਂਦੇ ਹਨ-

ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥ (ਬਾਕੀ ਪੰਨਾ ੭੬੪ ਤੇ ਦੇਖੋ)

www.sikhbookclub.com

ਇਥੋਂ ਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ-ਨੇ ੫੩ ਸਲੋਕ ਕਲਮ-ਬੰਦ ਕਰ ਕੇ ਇਕ ਸਿੱਖ ਦੇ ਹੱਥੀਂ ਅਨੰਦਪੁਰ ਸਾਹਿਬ ਭੇਜਦਿਆਂ ਕਿਹਾ, "ਹੇ ਗੁਰਸਿੱਖਾ! ਇਕ ਰਸ ਚੱਲਿਆ ਜਾਵੀਂ ਕਿਧਰੇ ਠਹਿਰੀ ਨਾ। ਤੂੰ ਅੱਕੇਂਗਾ ਨਹੀਂ, ਥੱਕੇਂਗਾ ਵੀ ਨਹੀਂ, ਭੁੱਖ ਤ੍ਰੇਹ ਵੀ ਤੈਨੂੰ ਲੱਗੇਗੀ ਨਹੀਂ। ਤੈਨੂੰ ਨਾ ਹੀ ਕੋਈ ਰਸਤੇ ਵਿਖੇ ਵਿਘਨ ਪਵੇਗਾ ਉਤਰ ਲੈ ਕੇ ਵਾਪਸ ਜਲਦੀ ਆਵੀਂ, ਦੇਰ ਨ ਲਗਾਵੀਂ। ਸਮੇਂ ਦਾ ਕੋਈ ਪਤਾ ਨਹੀਂ।" ਇਸ ਤਰ੍ਹਾਂ ਅਸ਼ੀਰਵਾਦ ਦੇ ਕੇ ਉਸ ਸਿੱਖ ਨੂੰ ਤੋਰ ਦਿੱਤਾ।

ਉਹ ਸਿੱਖ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਦਿੱਲੀਓਂ ਚੱਲ ਕੇ ਅਨੰਦਪੁਰ ਸਾਹਿਬ ਪੁੱਜਾ। ਰਸਤੇ ਵਿਖੇ ਸਤਿਗੁਰਾਂ ਦੇ ਬਚਨਾਂ ਅਨੁਸਾਰ ਕਿਸੇ ਕਿਸਮ ਦਾ ਵਿਘਨ ਨਹੀਂ ਪਿਆ। ਸਹੀ ਸਲਾਮਤ ਇਕ ਰਸ ਰਾਤ-ਦਿਨੇ ਤੁਰਦਾ-ਤੁਰਦਾ ਦਿੱਲੀਓਂ ਅਨੰਦਪੁਰ ਵਿਖੇ ਪੁੱਜ ਗਿਆ।

ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਵਿਖੇ ਸ਼ੋਭਤ ਹੋ ਰਹੇ ਸਨ। ਇਸ ਸਿੱਖ ਨੇ ਸਤਿਗੁਰੂ ਜੀ ਅੱਗੇ ਚਿੱਠੀ ਲਿਆ ਰੱਖੀ ਤੇ ਸਤਿਕਾਰ ਸਹਿਤ ਨਮਸਕਾਰ ਕੀਤੀ।

ਗਰੀਬ ਨਿਵਾਜ਼ ਚਿੱਠੀ ਦੇਖਦਿਆਂ ਹੀ ਜਾਣ ਗਏ ਕਿ ਪਿਤਾ ਜੀ ਵੱਲੋਂ ਚਿੱਠੀ ਆਈ। ਉਸ ਵੇਲੇ ਚਿੱਠੀ ਲੈ ਮਾਤਾ ਸਾਹਿਬ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਪਾਸ ਚੱਲ ਕੇ ਗਏ। ਉਸ ਵੇਲੇ ਕਿਤਨੇ ਹੀ ਸਿੱਖ ਅਤੇ ਮਸੰਦ ਵਗੈਰਾ ਪਾਸ ਆ ਕੇ ਬੈਠ ਗਏ।

ਸਤਿਗੁਰਾਂ ਕਿਹਾ—"ਹੇ ਮਾਤਾ ਜੀ! ਪਿਤਾ ਗੁਰਦੇਵ ਜੀ ਨੇ ਇਹ ਚਿੱਠੀ ਲਿਖ ਭੇਜੀ ਹੈ, ਜੋ ਇਹ ਸਿੱਖ ਹੁਣੇ ਹੀ ਲੈ ਕੇ ਆਇਆ ਹੈ।" ਫਿਰ ਅਰਦਾਸੀਏ ਵੱਲ ਦੇਖਦਿਆਂ ਚਿੱਠੀ ਪੜ੍ਹਨ ਦਾ ਹੁਕਮ ਦਿੱਤਾ। ਅਰਦਾਸੀਏ ਨੇ ਉਹ ਚਿੱਠੀ ਪੜ੍ਹਨੀ ਸ਼ੁਰੂ ਕਰ ਦਿੱਤੀ। ਵੈਰਾਗ ਮਈ ਸਲੋਕ ਸੁਣ ਕੇ ਸਭ ਦੀਆਂ ਅੱਖਾਂ ਸੱਜਲ ਹੋ ਗਈਆਂ। ਸਾਰੇ ਖਾਮੋਸ਼ੀ ਛਾ ਗਈ ਕੋਈ ਵੀ ਬੋਲਦਾ ਨਹੀਂ।

ਖਾਮੋਸ਼ੀ ਨੂੰ ਤੋੜਦਿਆਂ ਉਸ ਸਿੱਖ ਨੇ ਕਿਹਾ—"ਹੇ ਗਰੀਬ ਨਿਵਾਜ਼ ਜੀ! ਸਤਿਗੁਰੂ ਜੀ ਨੇ ਉੱਤਰ ਲਿਖਾ ਕੇ ਲਿਆਉਣ ਲਈ ਕਿਹਾ ਸੀ ਕਿ ਦੇਰੀ ਨਹੀਂ ਲਗਾਣੀ।"

ਇਹ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰਦੇਵ ਦਾ ਆਸ਼ਾ ਸਮਝਿਆ ਤੇ ਵਿਚਾਰਿਆ ਜਿਨ੍ਹਾਂ ਪਾਸ ਸਾਰੀਆਂ ਸ਼ਕਤੀਆਂ ਕਰ ਕੇ ਅਤਿਅੰਤ ਬਲ ਹੈ। ਜੇ ਚਾਹੁਣ ਤਾਂ ਸੂਰਜ, ਚੰਦਰਮਾ ਨੂੰ ਚੜ੍ਹਨੋਂ ਰੋਕ ਸਕਦੇ ਹਨ, ਬ੍ਰਹਮਾ, ਇੰਦਰ ਆਦਿਕ ਜਿਨ੍ਹਾਂ ਅੱਗੇ ਹੱਥ ਜੋੜ ਕੇ ਖਲੋਤੇ ਰਹਿੰਦੇ ਹਨ ਤੇ ਇਹ ਵਿਚਾਰੇ ਤੁਰਕ ਕੀ ਹਨ ਜੇ ਇਕ ਫੂਕ ਮਾਰਨ ਤਾਂ ਸਭਨਾਂ ਨੂੰ ਉਡਾ ਦੇਣ। ਫਿਰ ਜੋ ਸਾਰਿਆਂ ਦੀ ਸਹਾਇਤਾ ਕਰਨ ਵਾਲੇ ਹਨ। ਜਿਥੇ ਕਿਤੇ ਸਿੱਖ ਮਨ ਵਿਚ ਕੋਈ ਵੀ ਫੁਰਨਾ ਕਰਦੇ ਹਨ, ਤਾਂ ਗੁਰਦੇਵ-ਪਿਤਾ ਉਨ੍ਹਾਂ ਨੂੰ ਪੂਰਨ ਕਰਦੇ ਹਨ।

(ਪੰਨਾ ੭੬੩ ਦਾ ਬਾਕੀ ਹਿੱਸਾ)

ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰ�ि ਮੁਰ�ि ਜਾਇ॥ ੯੭॥

(ਸਲੋਕ ਕਬੀਰ, ਪੰਨਾ ੧੩੭੯)

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ ੫੩॥

ਹੇ ਪ੍ਰਭੂ! ਜਿਵੇਂ ਹਰੀਹਰ ਛੇਤ੍ਰ+ ਵਿਖੇ ਹਾਥੀ ਦੀ ਸਹਾਇਤਾ ਕੀਤੀ ਸੀ, ਹੇ ਹਰੀ! ਹੁਣ ਮੈਨੂੰ ਆਪ ਜੀ ਦਾ ਓਟ=ਆਸਰਾ ਹੈ, ਸੋ ਕਿਰਪਾ ਕਰ ਕੇ ਮੇਰੀ ਸਹਾਇਤਾ ਕਰੋ॥ ੫੩॥

+ਨੋਟ- ਹਰੀਹਰ ਛੇਤ੍ਰ ਪਟਨੇ ਸਾਹਿਬ ਤੋਂ ਅੱਠ ਮੀਲ ਦੇ ਫਾਸਲੇ 'ਤੇ ਹੈ। ਸੁਵਰਨਪੁਰ ਸ਼ਹਿਰ ਦਾ ਨਾਂ ਹੈ। ਇਸ ਦੇ ਪਾਸ ਹੀ ਗੰਡਕਾ ਨਦੀ ਵਗ ਰਹੀ ਹੈ। ਰਾਜ ਤੇ ਗ੍ਰਾਹ ਦੀਆਂ ਫੋਟੋ ਕਿਨਾਰੇ ਪਰ ਬਣੀਆਂ ਹੋਈਆਂ ਹਨ।

www.sikhbookclub.com

ਫਿਰ ਸਾਰੀਆਂ ਕਲਾਂ ਸਮਰੱਥ ਜੋ ਗੁਰਦੇਵ ਪਿਤਾ ਜੀ ਹਨ, ਉਹ ਭਲਾ ਆਪ ਸਹਾਇਤਾ ਵਾਸਤੇ ਕਿਵੇਂ ਕਹਿ ਸਕਦੇ ਹਨ?

ਇਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਚਾਰ ਕੇ ਆਪਣੀ ਬੇਨਤੀ ਭਰੀ ਚਿੱਠੀ ਲਿਖਣਾ ਕੀਤੀ ਕਿ ਹੇ ਗੁਰੂ-ਪਿਤਾ ਜੀ! ਆਪ ਜੀ ਨੇ ਇਹ ਕੀ ਲਿਖ ਭੇਜਿਆ ਹੈ, ਕਿ ਸਾਡੇ ਵਿਚੋਂ ਬਲ ਛੁਟ ਗਿਆ ਹੈ ਤੇ ਬੰਧਨ ਪੈ ਗਏ ਹਨ, ਆਪ ਜੀ ਵਿਖੇ ਤਾਂ-

ਬਲੁ* ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥

ਸੰਪੂਰਨ ਬਲ ਪ੍ਰਾਪਤ ਹੋਇਆ ਹੈ। ਵਾ—ਹੇ ਪਿਤਾ ਜੀ! ਬਲੁ= ਪਦਾਰਥ ਖੁਦ ਆਪ ਜੀ ਤੋਂ ਹੀ ਪੈਦਾ ਹੋਇਆ ਹੈ। ਆਪ ਜੀ ਤੋਂ ਬਲ ਕਿਵੇਂ ਛੁਟ ਕੇ ਪਰ੍ਹੇ ਹਟ ਸਕਦਾ ਹੈ?

ਫਿਰ ਆਪ ਜੀ ਦੇ ਤਾਂ ਸਾਰੇ ਬੰਧਨ ਛੁਟੇ ਹੋਏ ਹਨ। ਗਿਆਨਵਾਨਾਂ ਨੂੰ ਤਾਂ ਬੰਧਨ ਪੈ ਹੀ ਨਹੀਂ ਸਕਦੇ ਪਰ ਆਪ ਜੀ ਤਾਂ ਗਿਆਨ ਦੇ ਦਾਤਾ ਸਮੁੰਦਰ ਹੋ, ਫਿਰ ਆਪ ਜੀ ਤੋਂ ਸਾਰੇ ਉਪਾਅ ਹੋ ਸਕਦੇ ਹਨ।

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥ ੫੪॥

ਨਾਨਕ= ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ— ਹੇ ਜੋਤੀ ਸਰੂਪ ਗੁਰਦੇਵ ਪਿਤਾ, ਸਰਬ ਕਲਾਂ ਸਮਰੱਥ! ਸਭ ਕੁਝ ਆਪ ਜੀ ਦੇ ਹਾਥ= ਅਧੀਨ ਹੈ, ਫਿਰ ਆਪ ਜੀ ਹੀ ਸਭਨਾਂ ਜੀਵਾਂ ਦੇ ਸਹਾਇਕ ਹੋ ਰਹੇ ਹੋ॥ ੫੪॥

ਅਥਵਾ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ— ਹੇ ਗੁਰਦੇਵ ਪਿਤਾ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ! ਆਪ ਜੀ ਵਿਖੇ ਤਾਂ ਪਹਿਲੇ ਹੀ ਹਿੰਦੁਸਤਾਨ ਦੀ ਰੱਖਿਆ ਲਈ ਕੁਰਬਾਨੀ ਦੇਣ ਦਾ ਬਲ ਪ੍ਰਾਪਤ ਹੋਇਆ ਹੋਇਆ ਹੈ।

ਔਰੰਗਜ਼ੇਬ ਨੇ ਹਿੰਦੁਸਤਾਨ ਉਤੇ ਜੋ ਸ਼ਰ੍ਹਾਂ ਦੇ ਬੰਧਨ ਪਾਏ ਹੋਏ ਹਨ, ਉਹ ਹੁਣ ਸਾਰੇ ਬੰਧਨ ਛੁਟ ਜਾਣਗੇ। ਹਿੰਦੁਸਤਾਨ ਦੀ ਅਜ਼ਾਦੀ ਦਾ ਜੇ ਕੁਝ ਉਪਾਅ ਹੋਣਾ ਹੈ, ਉਹ ਆਪ ਜੀ ਤੋਂ ਹੀ ਹੋਣਾ ਹੈ ਕਿਉਂਕਿ ਸਭ ਕੁਝ ਆਪ ਜੀ ਦੇ ਹੀ ਹਾਥ= ਅਧੀਨ ਹੈ! ਫਿਰ ਆਪ ਹੀ ਸਭਨਾਂ ਦੀ ਸਹਾਇਤਾ ਕਰਨ ਵਾਲੇ ਹੋ।+

ਇਹ ਸਲੋਕ ਦਸਵੇਂ ਪਾਤਸ਼ਾਹ ਜੀ ਨੇ ਆਪਣੇ ਵੱਲੋਂ ਉਤਰ ਰੂਪ ਵਿਚ ਲਿਖ ਕੇ ਭੇਜਿਆ। ਫੇਰ ਦੂਸਰੇ

**ਮਹਲਾ ੧੦ ਵਾ ਪਾਤਿਸ਼ਾਹੀ ੧੦-ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਹੱਥਾਂ ਦੀ ਲਿਖੀ ਹੋਈ ਬੀੜ ਜੋ ਪਾਕਿਸਤਾਨ ਬਣਨ ਤੋਂ ਪਹਿਲਾਂ ਲਾਹੌਰ ਸ਼ਹੀਦ ਗੰਜ ਵਿਚ ਬਿਰਾਜਮਾਨ ਸੀ, ਉਸ ਵਿਚ ਇਥੇ ਪਾਤਸ਼ਾਹੀ ੧੦ ਲਿਖਿਆ ਹੋਇਆ ਹੈ ਅਤੇ ਜੋ ਪਟਨੇ ਸਾਹਿਬ ਤਖਤ ਸਾਹਿਬ ਜੀ ਉਪਰ ਪੁਰਾਤਨ ਬੀੜ ਹੈ ਉਸ ਵਿਖੇ ਮ: ੧੦ ਲਿਖਿਆ ਹੈ। ਪਰ ਪ੍ਰਚਲਤ ਲਿਖਤੀ ਤੇ ਛਾਪੇ ਦੀਆਂ ਬੀੜਾਂ ਉਪਰ ਕੁਝ ਨਹੀਂ ਲਿਖਿਆ ਹੋਇਆ। (ਰਹੌ ਵਿਚਾਰ)*

+ਤੀਜੇ ਅਰਥ ਵਿਚ ਜਗਿਆਸੂ ਨੂੰ ਉਤਰ ਦਿੰਦੇ ਹਨ-

***ਬਲੁ ਹੋਆ**=ਵਿਵੇਕ ਦਾ ਸੰਪੂਰਨ ਬਲ ਪ੍ਰਾਪਤ ਹੋਇਆ ਹੈ।*

***ਬੰਧਨ ਛੁਟੇ**=ਹੰਗਤਾ ਮਮਤਾ ਦੇ ਸਾਰੇ ਬੰਧਨ ਛੁਟ ਗਏ ਹਨ।*

***ਸਭੁ ਕਿਛੁ ਹੋਤ ਉਪਾਇ**= ਹੁਣ ਸਾਧਨਾ ਦੇ*

***ਸਭੁ ਕਿਛੁ**=ਸੰਪੂਰਨ ਜਤਨ ਹੋ ਸਕਦੇ ਹਨ।*

ਗੁਰੂ ਸਾਹਿਬ ਜੀ ਕਹਿੰਦੇ ਹਨ-ਹੇ ਜਗਿਆਸੂ! ਤੂੰ ਇੰਜ ਕਹੋ ਕਿ ਹੇ ਸਤਿਗੁਰੂ ਜੀ! ਸਭ ਕੁਛ ਆਪ ਜੀ ਦੇ ਵਸ ਹੈ, ਆਪ ਹੀ ਸਭੁ ਕਿਛੁ=ਹਰ ਤਰ੍ਹਾਂ ਕਰ ਕੇ ਸਹਾਇਤਾ ਕਰਨ ਵਾਲੇ ਹੋ॥ ੫੪॥

www.sikhbookclub.com

ਇਕ ਹੋਰ ਸਿੱਖ ਨੂੰ ਪਾਸ ਬੁਲਾ ਕੇ ਕਿਹਾ, "ਹੇ ਗੁਰਸਿੱਖਾ! ਹੁਣ ਤੂੰ ਹਵਾ ਵਾਂਗ ਤੇਜ ਦਿੱਲੀ ਨੂੰ ਜਾਹ, ਦੇਰ ਨਾ ਕਰ। ਜਲਦੀ-ਜਲਦੀ ਇਹ ਚਿੱਠੀ ਗੁਰਦੇਵ ਪਿਤਾ ਜੀ ਪਾਸ ਦਿੱਲੀ ਜੇਹਲ ਵਿਚ ਪੁਚਾਣਾ ਕਰ। ਮਾਤਾ ਸਾਹਿਬ ਮਾਤਾ ਨਾਨਕੀ ਜੀ ਤੇ ਮਾਤਾ ਗੂਜਰੀ ਜੀ ਨੇ ਵੀ ਹੱਥ ਜੋੜ ਕੇ ਆਪਣੀਆਂ ਅਰਦਾਸਾਂ ਉਸ ਸਿੱਖ ਪਾਸ ਸਤਿਗੁਰਾਂ ਨੂੰ ਪੁਚਾਣ ਲਈ ਕਹੀਆਂ।

ਇਸ ਤਰ੍ਹਾਂ ਉਹ ਸਿੱਖ ਗੁਰੂ ਜੀ ਦੀ ਆਗਿਆ ਪਾ ਕੇ ਚਿੱਠੀ ਲੈ ਕੇ ਦਿੱਲੀ ਨੂੰ ਚਲਾ ਗਿਆ। ਦਿੱਲੀ ਪੁੱਜ ਕੇ ਸਤਿਗੁਰਾਂ ਦੀ ਬਖਸ਼ਸ਼ ਦਾ ਸਦਕਾ ਡਰ ਤੋਂ ਬਿਨ੍ਹਾਂ ਸਿੱਧਾ ਜੇਹਲ ਅੰਦਰ ਪੁੱਜ ਗਿਆ। ਰਸਤੇ ਵਿਖੇ ਕਿਸੇ ਪਹਿਰੇਦਾਰ, ਜਮਾਂਦਾਰ ਆਦਿ ਨੇ ਰੋਕਿਆ ਨਾ। ਅੰਦਰ ਜਾ ਕੇ ਸਤਿਗੁਰਾਂ ਦੇ ਦਰਸ਼ਨ ਕਰ ਕੇ ਨਿਹਾਲ ਹੋ ਗਿਆ। ਜਾ ਕੇ ਨਮਸਕਾਰ ਕਰ ਕੇ ਚਿੱਠੀ ਫੜਾਉਂਦਿਆਂ ਹੋਇਆਂ ਸਤਿਗੁਰਾਂ ਦੇ ਪ੍ਰਵਾਰ ਦੀ ਹਾਲਤ ਸੁਣਾਈ।

ਉਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਿੱਠੀ ਖੋਲ੍ਹ ਕੇ ਪੜ੍ਹੀ। ਆਪਣੇ ਆਸ਼ੇ ਅਨੁਸਾਰ ਸਪੁੱਤਰ (ਗੁਰੂ ਗੋਬਿੰਦ ਸਿੰਘ ਜੀ) ਦੀ ਅਧਿਕ ਗੰਭੀਰਤਾ ਭਰੀ ਚਿੱਠੀ ਪੜ੍ਹ ਕੇ ਮਨ ਵਿਖੇ ਬੜੀ ਖੁਸ਼ੀ ਹੋਈ।

ਫੇਰ ਸਤਿਗੁਰੂ ਜੀ ਨੇ ਉਸ ਸਿੱਖ ਨੂੰ ਕਿਹਾ, ਹੇ ਗੁਰਸਿੱਖਾ! ਬਜ਼ਾਰ ਜਾ ਕੇ ਇਕ ਨਾਰੀਅਲ ਫਲ ਲੈ ਆ। ਉਸੇ ਵੇਲੇ ਉਹ ਸਿੱਖ ਜਾ ਕੇ ਬਜ਼ਾਰੋਂ ਨਾਰੀਅਲ ਲੈ ਆਇਆ।

ਸਤਿਗੁਰੂ ਜੀ ਨੇ ਨਾਰੀਅਲ ਤੇ ਪੰਜ ਪੈਸੇ ਸੱਜੇ ਹੱਥ ਪਰ ਲੈ ਕੇ ਧਿਆਨ ਧਾਰ ਕੇ ਅੱਗੇ ਰੱਖ ਕੇ ਨਮਸਕਾਰ ਕੀਤੀ। ਨੌਂ ਸਰੀਰਾਂ ਵਿਖੇ ਜੋ ਜੋਤ ਵਰਤੀ ਸੀ, ਉਹੀ ਜੋਤ ਆਪਣੇ ਸਪੁੱਤਰ ਵਿਖੇ ਰੱਖਣਾ ਕੀਤੀ। ਇਸ ਪ੍ਰਕਾਰ ਗੁਰਿਆਈ-ਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਖਸ਼ਦਿਆਂ ਉਸ ਸਿੱਖ ਨੂੰ ਕਿਹਾ, "ਇਹ ਨਾਰੀਅਲ ਤੇ ਪੰਜ ਪੈਸੇ ਲੈ ਕੇ ਵਾਪਸ ਅਨੰਦਪੁਰ ਜਾ ਕੇ ਅਰਪਣਾ ਕਰ" ਅਤੇ ਫੇਰ ਕਿਹਾ— "ਹੁਣ ਸ੍ਰੀ ਗੋਬਿੰਦ ਸਿੰਘ ਜੀ ਤੁਹਾਡੇ ਗੁਰੂ ਹੋਣਗੇ।"

ਅਤੇ ਅਗਲੇ ਤਿੰਨ ਸਲੋਕ ਵੀ ਉਚਾਰਕੇ ਨਾਲ ਦਿੱਤੇ-

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥

(ਭਾਈ ਮਤੀਦਾਸ ਜੀ ਨੂੰ ਸ਼ਹੀਦੀ ਪ੍ਰਾਪਤ ਕਰਦਿਆਂ ਵੇਖ ਕੇ) ਸਾਡੇ ਨਾਲ ਰਹਿਣ ਵਾਲੇ ਜੋ ਸਖਾ= ਮਿੱਤਰ ਸਨ, ਉਹ ਸਾਰੇ ਦੇ ਸਾਰੇ ਹੀ ਸਾਨੂੰ ਛੱਡ ਕੇ ਚਲੇ ਗਏ ਹਨ। ਕੋਈ ਵੀ ਮਿੱਤਰ ਸਾਡੇ ਨਾਲ ਨਿਭਿਆ ਨਹੀਂ ਹੈ।

ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ ੫੫॥

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ—ਇਸ ਬਿਪਤਾ ਵਿਖੇ
ਸਾਨੂੰ ਇਕ ਰਘੁਨਾਥ= ਪ੍ਰਭੂ ਦੀ ਹੀ ਟੇਕ ਹੈ॥ ੫੫॥

*ਅਥਵਾ- **ਸੰਗ ਸਖਾ ਸਭਿ ਤਜਿ ਗਏ***

ਹਿੰਦੁਸਤਾਨ ਦੇ ਪਿਆਰੇ ਮਿੱਤਰ ਜੋ ਦੇਵੀ ਦੇਵਤੇ ਸਨ, ਉਹ ਸਾਰੇ ਦੇ ਸਾਰੇ ਹੀ ਸਾਥ ਛੱਡ ਕੇ ਚਲੇ ਗਏ ਹਨ।

ਕੋਊ ਨ ਨਿਬਹਿਓ ਸਾਥਿ॥

ਕੋਈ ਭੀ ਦੇਵੀ ਦੇਵਤਾ ਨਾਲ ਨਹੀਂ ਨਿਭਿਆ ਭਾਵ ਕਿਸੇ ਵੀ ਦੇਵੀ ਦੇਵਤੇ ਨੇ ਹਿੰਦੂ ਧਰਮ ਦੀ ਰੱਖਿਆ

www.sikhbookclub.com

ਨਹੀਂ ਕੀਤੀ। ਜਿਵੇਂ ਕਿਸੇ ਸ਼ਾਇਰ ਨੇ ਕਿਹਾ ਹੈ—

ਕਾਲੀ ਕਲਕੱਤੇ ਵਾਲੀ ਭੈਣ ਕਰ ਗਈ ਖਾਲੀ,
ਜਾਇ ਕੇ ਬਿਰਾਜੀ ਕਹੀਂ ਚਾਦਰਾਂ ਨੂੰ ਤਾਣ ਕੇ।
ਹਾਇ ਅਫਸੋਸ! ਤਬ ਆਇ ਕੇ ਨ ਸਾਰ ਲੀਤੀ,
ਜਬੀ ਸੀਸ ਕਾਟਤੇ ਥੇ ਕੁਲ ਹਿੰਦੁਵਾਨ ਕੇ।

ਕਹੁ ਨਾਨਕ ਇਹ ਬਿਪਤਿ ਮੈ

ਗੁਰੂ ਸਾਹਿਬ ਜੀ ਕਹਿੰਦੇ ਹਨ— ਇਸ ਤਰ੍ਹਾਂ ਦੀ ਭਿਆਨਕ ਬਿਪਤਾ ਵਿਖੇ--

ਟੇਕ ਏਕ ਰਘੁਨਾਥ॥ ੫੫॥

ਹੇ ਰਾਘਵ ਕੁਲ ਵਿਖੇ ਨਾਥ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਇਕ ਤੁਸੀਂ ਹੀ ਟੇਕ= ਆਸਰਾ ਰੂਪ ਹੋ। ਭਾਵ ਹਿੰਦੁਸਤਾਨ ਦੀ ਰੱਖਿਆ ਇਸ ਵੇਲੇ ਇਕ ਆਪ ਜੀ ਨੇ ਹੀ ਕਰਨੀ ਹੈ।

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥

ਇਸ ਵੇਲੇ ਸਾਡੀ ਸਹਾਇਤਾ ਕਰਨ ਵਾਲਾ ਇਕ ਪ੍ਰਭੂ ਦਾ ਨਾਮ ਰਿਹਾ ਹੈ, ਦੂਜਾ ਸਾਡੀ ਸੇਵਾ ਕਰਨ ਨੂੰ ਸਾਧੂ ਰਹਿਓ= ਭਾਈ ਗੁਰਦਿੱਤਾ ਜੀ* ਰਹੇ ਹਨ।

ਤੀਜੇ ਗੁਰਤਾ ਗੱਦੀ ਦੇ ਸੰਭਾਲਣ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਹੇ ਹਨ।

ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ੍ਰੁ॥ ੫੬॥

ਗੁਰੂ ਸਾਹਿਬ ਜੀ ਕਹਿੰਦੇ ਹਨ, ਇਸ ਜਗਤ ਵਿਖੇ ਕਿਸੇ ਵਿਰਲੇ ਗੁਰਮੁਖ ਨੇ ਹੀ ਗੁਰਮੰਤ੍ਰ ਜਪਿਆ ਹੈ॥ ੫੬॥

ਇਤਨੇ ਅੱਖਰ ਕਹਿ ਕੇ ਅੰਤਰ ਧਿਆਨ ਨਾਲ ਹੀ ਜੇਲ੍ਹ 'ਚ ਬੈਠਿਆਂ ਹੋਇਆਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਗੁਰਤਾ-ਗੱਦੀ ਬਖਸ਼ ਦਿੱਤੀ।

ਅਥਵਾ- ਗੁਰੂ ਸਾਹਿਬ ਜੀ ਦੇ ਅਵਤਾਰ ਤੋਂ ਪਹਿਲਾਂ ਮੁਸਲਮਾਨੀ ਰਾਜ ਦੀ ਹਕੂਮਤ ਹੋਣ ਕਰ ਕੇ ਹਿੰਦੂਆਂ ਤੇ ਬੜੀ ਸਖਤੀ ਸੀ।

ਜਿਵੇਂ ਸਲੇਮ ਬਾਦਸ਼ਾਹ ਨੇ ਨਾਮਦੇਵ ਨੂੰ ਕਿਹਾ ਸੀ, "ਮੇਰੀ ਗਊ ਜਿਉਂਦੀ ਕਰ, ਨਹੀਂ ਤਾਂ ਜਾਨੋਂ ਮਾਰ ਦਿਆਂਗਾ ਜਾਂ ਇਸਲਾਮ ਨੂੰ ਕਬੂਲ ਕਰ ਲੈ ਜਾਂ ਰਾਮ ਨਾਮ ਦਾ ਸਿਮਰਨ ਕਰਨਾ ਛੱਡ ਦੇਹ।"

ਇਸ ਕਹਾਣੀ ਨੂੰ ਭਗਤ ਜੀ ਆਪਣੀ ਜ਼ਬਾਨੀ ਆਪਣੀ ਬਾਣੀ ਵਿਚ ਕਹਿੰਦੇ ਹਨ—

ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥ ੧॥
ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ॥ ੧॥ ਰਹਾਉ॥
ਬਿਸਮਿਲ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ॥ ੨॥
ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ॥ ੩॥
ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇਹੈ ਸੋਇ॥ ੪॥

**ਬਾਬਾ ਬੁੱਢਾ ਜੀ ਦੀ ਅੰਸ 'ਚੋਂ ਛੇਵੀਂ ਜਗ੍ਹਾ ਪਰ ਹੋਏ ਹਨ।*

ਬਾਦਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ॥ ੫॥
ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥ ੬॥

(ਭੈਰਉ ਨਾਮਦੇਉ, ਪੰਨਾ ੧੧੬੫)

ਪਰ ਇਹ ਕੁਰਬਾਨੀ ਦੇਣ ਦਾ ਸਦਕਾ ਹੈ, ਜੋ ਇਸ ਵੇਲੇ—

ਨਾਮੁ ਰਹਿਓ=

ਰਾਮ ਨਾਮ ਦਾ ਜਪਣਾ ਇਸਥਿਤ ਰਿਹਾ ਹੈ।

ਸਾਧੂ ਰਹਿਓ=

ਸਾਧੂ ਮਹਾਤਮਾ ਵੀ ਅਟੱਲ ਰਹੇ ਹਨ।

ਰਹਿਓ ਗੁਰੁ ਗੋਬਿੰਦੁ॥

ਤੀਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸਥਿਤ ਰਹੇ ਹਨ।

ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ੍ਰ॥ ੫੬॥

ਗੁਰੂ ਸਾਹਿਬ ਜੀ ਕਹਿੰਦੇ ਹਨ—ਇਸ ਜਗਤ ਵਿਖੇ ਜਿਸ ਕਿਸੇ ਨੇ ਗੁਰੂਮੰਤਰ ਨੂੰ ਜਪਿਆ ਹੈ, ਉਹ ਸਿੱਖ ਆਪਣੇ ਸਿੱਖੀ ਅਸੂਲਾਂ ਵਿਖੇ ਇਸਥਿਤ ਰਿਹਾ ਹੈ॥ ੫੬॥

*ਅਥਵਾ- **ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ੍ਰ॥***

ਗੁਰੂ ਸਾਹਿਬ ਜੀ ਕਹਿੰਦੇ ਹਨ—ਇਸ ਜਗਤ ਵਿਖੇ ਜਿਸ ਕਿਸੇ ਨੇ ਗੁਰਮੰਤਰ ਨੂੰ ਜਪਣਾ ਕੀਤਾ ਹੈ, ਉਸ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਹੈ, ਬ੍ਰਹਮ ਗਿਆਨੀ ਦੇ ਪ੍ਰਭਾਵ ਕਰ ਕੇ ਉਸ ਦੇ ਅੰਦਰੋਂ ਦ੍ਵੰਦਵਾਦ ਰੂਪ-

ਨਾਮੁ ਰਹਿਓ= ਨਾਮ ਤੇ ਅਨਾਮ ਵੀ ਰਹਿ ਗਿਆ ਹੈ। ਵਾ- ਨਾਮ ਤੇ ਰੂਪ ਸਭ ਕੁਝ ਰਹਿ ਗਿਆ ਹੈ।

ਸਾਧੂ ਰਹਿਓ= ਸਾਧੂ ਅਸਾਧੂ ਪੁਣਾ ਵੀ ਰਹਿ ਗਿਆ ਹੈ।

ਰਹਿਓ ਗੁਰੁ ਗੋਬਿੰਦੁ= ਗੁਰੂ ਤੇ ਚੇਲਾ ਭਾਵ ਵੀ ਰਹਿ ਗਿਆ ਹੈ।

ਗੋਬਿੰਦੁ= ਈਸ਼ੁਰ ਤੇ ਜੀਵ ਭਾਵ ਵੀ ਰਹਿ ਗਿਆ ਹੈ। ਭਾਵ ਉਸ ਦੀ ਨਿਗਾਹ ਵਿਖੇ ਸਾਰੇ ਪਰਮੇਸ਼ਰ ਹੀ ਪਰੀ ਪੂਰਨ ਹੈ।

ਭਗਤ ਨਾਮਦੇਵ ਜੀ ਫੁਰਮਾਉਂਦੇ ਹਨ-

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ੧॥

(ਆਸਾ ਨਾਮਦੇਵ ਜੀ, ਪੰਨਾ ੪੮੫)

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

(ਬਿਲਾਵਲੁ ਮਹਲਾ ੫, ਪੰਨਾ ੮੪੬)

ਗਰੀਬ ਨਿਵਾਜ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਰਿਆਂ ਵੇਦਾਂ ਸ਼ਾਸਤਰਾਂ ਦੇ ਆਸ਼ੇ ਅਨੁਸਾਰ

www.sikhbookclub.com

ਅਸਲੀ ਸਿਧਾਂਤ ਰੂਪ ਆਖਰੀ ਉਪਦੇਸ਼ ਵਰਣਨ ਕਰਦੇ ਹੋਏ ਸਲੋਕਾਂ ਦੀ ਸਮਾਪਤੀ ਕਰਦੇ ਹਨ:

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥

ਉਸ ਰਾਮ ਦੇ ਨਾਮ ਨੂੰ ਮੈਂ ਆਪਣੇ ਹਿਰਦੇ ਵਿਖੇ ਗਹਿਓ= ਗ੍ਰਹਿਣ ਕੀਤਾ ਹੈ,

ਜਾ ਕੈ= ਜਿਸ ਰਾਮ ਦੇ ਨਾਮ ਸਮ= ਬਰਾਬਰ ਹੋਰ ਕੋਈ ਜਗਤ ਵਿਖੇ ਨਹੀਂ ਹੈ। ਪੁਨਾ-

ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥ ੫੭॥ ੧॥

ਜਿਸ ਰਾਮ ਨਾਮ ਦੇ ਸਿਮਰਨ ਕਰ ਕੇ ਦੁਨੀਆਂ ਦੇ ਸਾਰੇ ਸੰਕਟ= ਦੁੱਖ ਨਵਿਰਤ ਹੋ ਜਾਂਦੇ ਹਨ ਅਤੇ- ਤੁਹਾਰੋ= ਉਸ ਅਕਾਲ ਪੁਰਖ ਦਾ ਦਰਸੁ= ਦਰਸ਼ਨ ਪ੍ਰਾਪਤ ਹੁੰਦਾ ਹੈ॥ ੫੭॥ ੧॥

ਯਥਾ- ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ॥
ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ॥ ੨॥

(ਗੂਜਰੀ ਕੀ ਵਾਰ, ਮਹਲਾ ੫, ਪੰਨਾ ੫੨੧)

ਇਹ ਤਿੰਨ ਸਲੋਕ, ਪੰਜ ਪੈਸੇ ਤੇ ਨਾਰੀਅਲ ਦੇ ਕੇ ਸਿੱਖ ਨੂੰ ਅਨੰਦਪੁਰ ਵੱਲ ਭੇਜ ਦਿੱਤਾ।

ਪਿਛੋਂ ਔਰੰਗਜ਼ੇਬ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਆਪਣੇ ਪਾਸ ਬੁਲਾ ਕੇ ਕਿਹਾ— "ਜੇਕਰ ਆਪ ਮੇਰੀਆਂ ਤਿੰਨ ਗੱਲਾਂ 'ਚੋਂ ਇਕ ਗੱਲ ਵੀ ਮੰਨ ਲਵੋ ਤਾਂ ਚੰਗਾ ਹੈ। ਆਪ ਜੀ ਦੀ ਮਰਜ਼ੀ ਆਵੇ ਤਾਂ ਕਰਾਮਾਤ ਵਿਖਾਵੋ ਜਾਂ ਮੇਰੇ ਦੀਨ ਵਿਖੇ ਆ ਜਾਵੋ, ਨਹੀਂ ਤਾਂ ਆਪ ਜੀ ਦਾ ਸਿਰ ਕੱਟ ਦਿਆਂਗਾ।"

ਇਹ ਗੱਲਾਂ ਸੁਣ ਕੇ ਹਜ਼ੂਰ ਨੇ ਕਿਹਾ-ਕਰਾਮਾਤ ਕਹਿਰ ਦਾ ਨਾਂ ਹੈ। ਰੱਬ ਦੀ ਬੰਦਗੀ ਕਰਨ ਵਾਲੇ ਪੁਰਸ਼ ਕਦੇ ਕਰਾਮਾਤ ਨਹੀਂ ਵਿਖਾਂਦੇ। ਕਰਾਮਾਤ ਦਿਖਾਉਣੀ ਬਾਜ਼ੀਗਰਾਂ ਦਾ ਕੰਮ ਹੈ।"

ਯਥਾ- ਕਰਾਮਾਤ ਕਾਂਹ ਕਹਿਰ ਕਰਨ ਕੋ। ਪ੍ਰਭੁ ਕੇ ਲੋਕ ਨ ਕਰਾਂਹ ਧਰਨ ਕੋ।
ਜਿਮ ਬਾਜ਼ੀਗਰ ਨਰਨ ਰਿਝਾਵੈ। ਕੁਛ ਤੇ ਕੁਛ ਕਰਿ ਤੁਰਤ ਦਿਖਾਵੈ॥ ੩੯॥

(ਸੂਰਜ ਪ੍ਰਤਾਪ, ਰਾਸਿ ੧੨ ਅੰਸੂ ੬੪)

ਕਰਾਮਾਤ ਦਿਖਾਉਣ ਵਿਚ ਸਾਡੇ ਪਿਤਾ ਜੀ ਵੀ ਖੁਸ਼ ਨਹੀਂ ਹੁੰਦੇ। ਮੇਰੇ ਵੱਡੇ ਭਾਈ ਗੁਰਦਿੱਤਾ ਜੀ ਨੇ ਅਤੇ ਬਾਬਾ ਅਟੱਲ ਰਾਇ ਜੀ ਨੇ ਕਰਾਮਾਤ ਵਿਖਾਈ ਸੀ ਤਾਂ ਗੁਰੂ ਪਿਤਾ ਜੀ ਨਰਾਜ਼ ਹੋ ਗਏ ਸਨ। ਫਿਰ ਦੋਨੋਂ ਭਰਾ ਆਪਣਾ ਸਰੀਰ ਛੱਡ ਗਏ ਤਾਂ ਪਿਤਾ ਜੀ ਖੁਸ਼ ਹੋਏ।"

ਇਸ ਕਰ ਕੇ ਕਰਾਮਾਤ ਤਾਂ ਅਸੀਂ ਬਿਲਕੁਲ ਦਿਖਾਉਣੀ ਹੀ ਨਹੀਂ, ਕਰਾਮਾਤ ਦਿਖਾਉਣ ਕਰ ਕੇ ਪੁਰਸ਼ ਗੁਨਾਹਗਾਰ ਹੋ ਜਾਂਦਾ ਹੈ।

ਯਥਾ- ਕਰਾਮਾਤ ਕੋ ਨਾਮ ਕਹਿਰ ਹੈ। ਕਰਾਂਹ ਨ ਸੰਤ, ਸਮਾਨ ਸਿਹਰ* ਹੈ।
ਕਰਿ ਅਜ਼ਮਤ ਦਿਖਰਾਂਇ ਉਦਾਰਾ। ਗੁਨਹਗਾਰ ਦਰਗਾਹ ਮਝਾਰਾ॥ ੧੫॥

(ਗੁਰ ਪ੍ਰਤਾਪ ਸੂਰਜ, ਰਾਸਿ ੧੨, ਅੰਸੂ ੫੪)

ਔਰੰਗਜ਼ੇਬ ਨੇ ਕਿਹਾ, "ਜੇਕਰ ਕਰਾਮਾਤ ਨਹੀਂ ਦਿਖਾਉਣੀ ਤਾਂ ਸਾਡੇ ਦੀਨ ਨੂੰ ਕਬੂਲ ਕਰੋ।"

ਹਜ਼ੂਰ ਨੇ ਕਿਹਾ, "ਹੇ ਔਰੰਗਜ਼ੇਬ! ਜਿਵੇਂ ਤੈਨੂੰ ਆਪਣਾ ਦੀਨ ਪਿਆਰਾ ਹੈ, ਤਿਵੇਂ ਹਰ ਇਕ ਨੂੰ ਆਪੋ

*ਜਾਦੂ ਦੇ ਸਮਾਨ ਹੈ।

ਆਪਣਾ ਧਰਮ ਪਿਆਰਾ ਹੁੰਦਾ ਹੈ। ਤੇਰੇ ਕਹਿਣ ਤੇ ਅਸੀਂ ਆਪਣਾ ਧਰਮ ਨਹੀਂ ਛੱਡ ਸਕਦੇ।''

ਫੇਰ ਕਾਜ਼ੀ, ਮੌਲਵੀਆਂ ਨੇ ਕਿਹਾ— ਇਸ ਨੂੰ ਕਈ ਦਿਨ ਭੁੱਖਾ ਰੱਖ ਕੇ ਆਪਣਾ ਖਾਣਾ ਖੁਆਓ ਤਾਂ ਇਹ ਸਾਡੇ ਦੀਨ ਵਿਚ ਆ ਜਾਵੇਗਾ। ਕਿਉਂਕਿ ਆਦਮੀ ਜਿਹੋ ਜਿਹਾ ਅੰਨ ਖਾਵੇ ਉਹੋ ਜਿਹਾ ਮਨ ਹੋ ਜਾਂਦਾ ਹੈ।''

ਇਹ ਮਨ-ਪਸੰਦੀ ਗੱਲ ਸੁਣ ਕੇ ਬਾਦਸ਼ਾਹ ਨੇ ਉਸੇ ਤਰ੍ਹਾਂ ਕੀਤਾ। ਕਈ ਦਿਨ ਤਾਂ ਖਾਣਾ ਭੇਜਿਆ ਹੀ ਨਹੀਂ, ਫਿਰ ਇਕ ਦਿਨ ਬੱਕਰਾ ਹਲਾਲ ਕਰਵਾ ਕੇ, ਉਸ ਮਾਸ ਨੂੰ ਤਿਆਰ ਕਰਵਾ ਕੇ ਨੌਕਰ ਹੱਥ ਭੇਜ ਦਿੱਤਾ ਕਿ ਇਹ ਖਾਣਾ ਤੇਗ ਬਹਾਦਰ ਨੂੰ ਖੁਆ ਕੇ ਆਵੀਂ।''

ਬਾਦਸ਼ਾਹੀ ਹੁਕਮ ਅਨੁਸਾਰ ਉਹ ਨੌਕਰ ਮਾਸ ਵਾਲਾ ਦੇਗਚਾ ਲੈ ਕੇ ਗੁਰੂ ਸਾਹਿਬ ਜੀ ਪਾਸ ਆ ਕੇ ਪਹੁੰਚ ਗਿਆ ਤੇ ਕਿਹਾ, ''ਆਪ ਖਾਣਾ ਖਾਓ।''

ਹਜ਼ੂਰ ਨੇ ਕਿਹਾ, ''ਸਾਨੂੰ ਇਸ ਵੇਲੇ ਕੋਈ ਲੋੜ ਨਹੀਂ।''

ਨੌਕਰ ਨੇ ਕਿਹਾ, ''ਆਪ ਜੀ ਨੂੰ ਜ਼ਰੂਰ ਖਾਣਾ ਪਵੇਗਾ। ਜੇਕਰ ਨਾ ਖਾਓਗੇ ਤਾਂ ਜ਼ਬਰਦਸਤੀ ਖੁਆਇਆ ਜਾਵੇਗਾ।''

ਹਜ਼ੂਰ ਨੇ ਦੇਗਚੇ ਦੀ ਤਰਫ ਨਿਗਾਹ ਕਰ ਕੇ ਕਿਹਾ— ''ਇਸ ਦੇਗਚੇ ਵਿਖੇ ਹੈ ਕੀ? ਇਸ ਦੇ ਖਾਣੇ ਦਾ ਕੀ ਲਾਭ ਹੈ?''

ਨੌਕਰ ਨੇ ਕਿਹਾ— ''ਇਸ ਵਿਖੇ ਗੋਸ਼ਤ ਹੈ ਤੇ ਖਾਣ ਨਾਲ ਆਪ ਦੀ ਭੁੱਖ ਦੂਰ ਹੋਵੇਗੀ।''

ਹਜ਼ੂਰ ਨੇ ਕਿਹਾ— ''ਤੁਸੀਂ ਸਾਡਾ ਧਰਮ ਕਿਉਂ ਭ੍ਰਿਸ਼ਟ ਕਰਦੇ ਹੋ?''

ਜਦ ਇਤਨੀ ਗੱਲ ਆਖਣ 'ਤੇ ਵੀ ਉਹ ਜ਼ਬਰਦਸਤੀ ਕਰਨੋਂ ਨਾ ਹਟਿਆ ਤਾਂ ਹਜ਼ੂਰ ਨੇ ਕਿਹਾ—''ਚੰਗਾ, ਇਸ ਦਾ ਢੱਕਣ ਲਾਹ।'' ਜਦ ਢੱਕਣ ਲਾਹਿਆ ਤਾਂ ਉਸ ਦੇਗਚੇ 'ਚੋਂ ਨਿੱਕੇ-ਨਿੱਕੇ ਸੂਰਾਂ ਦੇ ਬੱਚੇ ਨਿਕਲਣੇ ਸ਼ੁਰੂ ਹੋ ਗਏ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

ਲਘੁ ਲਘੁ ਸ਼ੂਕਰ ਨਿਕਸੇ ਘਨੇ। ਘੁਰ ਘੁਰ ਸ਼ਬਦ ਅਧਿਕ ਹੀ ਭਨੇ।
ਕੋ ਮੇਂਡਕ ਸਮ ਨਿਕਸਾਂਹ ਬਾਹਿਰ। ਫਾਂਧਿ ਦੇਗਚੇ ਦੌਰਤਿ ਜ਼ਾਹਿਰ॥ ੨੮॥
ਕੋ ਤਿਸ ਤੇ ਦੀਰਘ ਨਿਕਸੰਤੇ। ਮੂਖਕ ਸਮਸਰ ਫਿਰਤਿ ਬੁਲੰਤੇ।
ਕੋ ਤਿਸ ਤੇ ਭੀ ਬਡੇ ਦਿਸੰਤੇ। ਜਿਮ ਮੰਜਾਰ ਬਚਾ ਚਪਲੰਤੇ॥ ੨੯॥

.....

ਤੁਰਕਨ ਕੇ ਪੈਰਨ ਵਿਚ ਦੌਰੈਂ। ਪ੍ਰਵਿਸ਼ੇ ਜਾਇ ਬਸਨ ਨਿਸ ਠੌਰੈਂ।
ਜਹਾਂ ਬਨਹਿ ਖਾਨਾ ਤਿਨ ਕੇਰਾ। ਧਾਇ ਧਾਇ ਤਹਾਂ ਕਰਤੇ ਫੇਰਾ॥ ੩੨॥

(ਗੁਰੁ ਪ੍ਰਤਾਪ ਸੂਰਜ, ਰਾਸਿ ੧੨, ਅੰਸੂ ੫੧)

ਕੋਈ ਸੂਰ ਭਾਂਡਿਆਂ ਨੂੰ, ਕੋਈ ਕੱਪੜਿਆਂ ਨੂੰ, ਕੋਈ ਕੱਚੇ ਅੰਨ ਨੂੰ, ਕੋਈ ਪੱਕੇ ਅੰਨ ਨੂੰ, ਕੋਈ ਪਾਣੀ ਨੂੰ ਮੂੰਹ ਲਾਈ ਫਿਰਨ। ਇਹ ਹਾਲਤ ਵੇਖ ਕੇ ਸਾਰੇ ਮੁਸਲਮਾਨ ਤੋਬਾ-ਤੋਬਾ ਕਰ ਉਠੇ ਕਿ ਇਸ ਤਰ੍ਹਾਂ ਤਾਂ ਸਾਡਾ ਹੀ ਇਮਾਨ ਚਲਾ ਗਿਆ ਹੈ। ਅਸੀਂ ਤਾਂ ਸਾਰੇ ਨਾਪਾਕ ਹੋ ਗਏ ਹਾਂ।

www.sikhbookclub.com

ਮੁਸਲਮਾਨਾਂ ਨੇ ਸੂਰਾਂ ਦੇ ਮਾਰਨ ਅਤੇ ਬਾਹਰ ਕੱਢਣ ਦੇ ਜਤਨ ਤਾਂ ਬਹੁਤ ਕੀਤੇ, ਪਰ ਪੇਸ਼ ਕੋਈ ਨਾ ਗਈ ਜਿਤਨੇ ਮਾਰਨ ਉਤਨੇ ਹੋਰ ਹੋ ਜਾਣ। ਫਿਰ ਸਾਰੇ ਸ਼ਰ੍ਹਈ ਲੋਕ ਬਾਦਸ਼ਾਹ ਦੀ ਕਚਹਿਰੀ ਵਿਚ ਆਣ ਕੇ ਇਕੱਠੇ ਹੋਏ। ਆਪਸ ਵਿਚ ਬਹੁਤ ਵਿਚਾਰਾਂ ਕਰਦੇ ਹੋਏ ਆਖਣ ਲੱਗੇ ਕਿ ਤੇਗ ਬਹਾਦਰ ਤਾਂ ਆਖਦਾ ਸੀ ਕਿ ਮੈਂ ਕਰਾਮਾਤ ਨਹੀਂ ਵਿਖਾਣੀ ਤੇ ਹੁਣ ਜ਼ਾਹਰ ਕਰਾਮਾਤ ਵਿਖਾ ਰਿਹਾ ਹੈ। ਇਸ ਨੂੰ ਪੁੱਛਣਾ ਚਾਹੀਦਾ ਹੈ ਕਿ ਪਹਿਲਾ ਇਨਕਾਰ ਕਰ ਕੇ ਹੁਣ ਕਰਾਮਾਤ ਕਿਉਂ ਵਿਖਾਈ ਹੈ?

ਇਸ ਤਰ੍ਹਾਂ ਦਾ ਮਸ਼ਵਰਾ ਪਕਾ ਕੇ ਜਿਸ ਵੇਲੇ ਗੁਰੂ ਸਾਹਿਬ ਜੀ ਪਾਸੋਂ ਆ ਕੇ ਪੁੱਛਿਆ ਕਿ ਤੁਸੀਂ ਤਾਂ ਕਿਹਾ ਸੀ, ਮੈਂ ਕਰਾਮਾਤ ਨਹੀਂ ਵਿਖਾਣੀ ਤੇ ਹੁਣ ਕਿਉਂ ਵਿਖਾਈ ਹੈ?'

ਹਜ਼ੂਰ ਨੇ ਕਿਹਾ— ''ਇਹ ਕੋਈ ਅਸੀਂ ਕਰਾਮਾਤ ਨਹੀਂ ਵਿਖਾਈ, ਇਹ ਤਾਂ ਤੁਹਾਡਾ ਧਰਮ ਤੇ ਸਾਡਾ ਧਰਮ ਆਪੋ ਵਿਚ ਲੜ ਪਏ ਹਨ, ਸਾਡੇ ਧਰਮ ਨੇ ਤੁਹਾਡੇ ਧਰਮ (ਦੀਨ) ਨੂੰ ਹਰਾ ਦਿੱਤਾ ਹੈ।''

ਯਥਾ- ਸ਼ੁਨਿ ਸ਼੍ਰੀ ਤੇਗ ਬਹਾਦਰ ਰਾਇ। ਉਮਰਾਵਨ ਕੋ ਕਹਜੋ ਬੁਝਾਇ।
ਇਸ ਕੋ ਤੁਮ ਅਜ਼ਮਤ ਨਹਿ ਜਾਨੋ। ਮਨ ਕੇ ਖੋਟ ਬਿਚਾਰ ਪਛਾਨੋ॥ ੩੦॥
ਕਰਹਿ ਭਾਵਨਾ ਜੈਸੇ ਕੋਇ। ਤਿਸ ਕੋ ਤਸ ਫਲ ਪ੍ਰਾਪਤਿ ਹੋਇ।
ਸ਼੍ਰੀ ਖ਼ੁਦਾਇ ਦਰਗਾਹ ਮਝਾਰ। ਏਵ ਨਜਾਵ ਹੈ ਸਦਾ ਉਦਾਰ ॥ ੩੧॥
ਧਰਮ ਭ੍ਰਿਸ਼ਟ ਹਮਰੇ ਕਹੁ ਚਹਜੋ। ਤਿਸ ਕੋ ਫਲ ਤੁਮ ਤੈਸੇ ਲਹਜੋ।
ਹਿੰਦੂ ਜਨਮ ਹਮਾਰੋ ਜਾਨ। ਕੁੱਠਜੋ ਪਠਜੋ ਮਾਸ ਹਿਤ ਖਾਨ॥ ੩੨॥
ਤੁਮਰੇ ਹੁਤੀ ਸ਼ੁਕਰਨਿ ਆਨ। ਛੁਵਹੁ ਨ ਜਿਸ ਕੋ, ਕਹਾਂ ਸੁ ਖਾਨ।
ਤਿਸ ਆਮਿਖ ਤੇ ਸੋ ਬਨਿ ਗਏ। ਲਘੁ ਤਨ ਅਨਿਕ ਉਪਜਤੇ ਭਏ॥ ੩੩॥
ਚਹਤਿ ਹੁਤੇ ਪਰ ਧਰਮ ਬਿਗਾਰਾ। ਯਾਂ ਤੇ ਤੁਮ ਇਮਾਨ ਕਹੁ ਹਾਰਾ॥

(ਸੂਰਜ ਪ੍ਰਤਾਪ ਰਾਸਿ ੧੨ ਅੰਸੂ ੪੨)

ਔਰੰਗਜ਼ੇਬ ਨੇ ਕਿਹਾ— ''ਤੁਸੀਂ ਕੇਹੜੀ ਤੇਗ ਦੀ ਬਹਾਦਰੀ ਕੀਤੀ ਹੈ, ਜੋ ਆਪਣਾ ਨਾਂ ਤੇਗ ਬਹਾਦਰ ਰੱਖਿਆ ਹੈ?''

ਗੁਰੂ ਸਾਹਿਬ ਜੀ ਨੇ ਕਿਹਾ— ''ਸਾਡਾ ਨਾਂ ਤੇਗ ਬਹਾਦਰ ਇਸ ਕਰ ਕੇ ਹੈ, ਕਿ ਸਾਡੇ ਸਰੀਰ ਨੂੰ ਕੋਈ ਭੀ ਤਲਵਾਰ ਕੱਟ ਨਹੀਂ ਸਕਦੀ। ਜੇਕਰ ਤੇਰਾ ਇਸ ਗੱਲ 'ਤੇ ਭਰੋਸਾ ਨਹੀਂ ਤਾਂ ਅਜ਼ਮਾਇਸ਼ ਕਰ ਕੇ ਵੇਖ ਲੈ।''

ਬਾਦਸ਼ਾਹ ਨੇ ਉਸੇ ਵੇਲੇ ਤੋਸ਼ੇ ਖਾਨੇ 'ਚੋਂ ਫੁਲਾਦੀ ਤਲਵਾਰ ਮੰਗਵਾ ਕੇ ਆਖਿਆ, ਕਿ ਇਸੇ ਨਾਲ ਤੇਰਾ ਸਿਰ ਉਤਾਰ ਦੇਣਾ ਹੈ।'

ਗੁਰੂ ਸਾਹਿਬ ਜੀ ਨੇ ਕਿਹਾ— ''ਇਹ ਤੇਰੀ ਤਲਵਾਰ ਤਾਂ ਕਾਗਜ਼ ਨੂੰ ਵੀ ਨਹੀਂ ਕੱਟ ਸਕਦੀ ਤੇ ਸਾਡਾ ਸਿਰ ਕਿਵੇਂ ਕੱਟੇਗੀ?''

ਉਸ ਵੇਲੇ ਬਾਦਸ਼ਾਹ ਨੇ ਤਲਵਾਰ ਦੀ ਤਿੱਖੀ ਧਾਰਾ ਨਾਲ ਪਤਲਾ ਕਾਗਜ਼ ਕੱਚੇ ਸੂਤ ਨਾਲ ਬੰਨ੍ਹਵਾ ਕੇ ਸਮਾਣੇ ਦੇ ਜਲਾਦ 'ਜਲਾਲਦੀਨ' ਨੂੰ ਦੇ ਕੇ ਕਿਹਾ, ''ਇਸ ਨਾਲ ਤੇਗ ਬਹਾਦਰ ਦਾ ਸਿਰ ਲਾਹ ਦੇਹ।''

ਇਧਰ ਤਾਂ ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਉਧਰ ਗੁਰੂ ਸਾਹਿਬ ਜੀ ਪਾਸ ਕਲਗੀਆਂ ਵਾਲੇ ਪਾਤਸ਼ਾਹ ਜੀ ਦਾ ਭੇਜਿਆ ਹੋਇਆ ਭਾਈ *ਜੈਤੋ' ਸਿੱਖ ਵੀ ਆ ਪਹੁੰਚਿਆ। ਗੁਰੂ ਜੀ ਨੇ ਉਸ ਭਾਈ ਜੈਤੋ

*ਜਿਸ ਸਿੱਖ ਦੇ ਹੱਥ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤਿੰਨ ਸਲੋਕ ਅਤੇ ਪੰਜ ਪੈਸੇ ਤੇ ਨਾਰੀਅਲ ਗੁਰ-ਗੱਦੀ ਜ਼ਿੰਮੇਵਾਰੀ ਦੇ ਚਿੰਨ੍ਹ ਸੌਂਪ ਕੇ ਭੇਜਿਆ ਸੀ ਉਹ ਸਿੱਖ ਇਸ ਭਾਈ ਜੈਤੋ ਨੂੰ ਰਾਹ ਵਿਚ ਮਿਲਿਆ ਸੀ।

ਨੂੰ ਕਿਹਾ— 'ਹੁਣ ਸਾਡਾ ਅੰਤਮ ਸਮਾਂ ਆ ਗਿਆ ਹੈ, ਤੂੰ ਜੇਲ੍ਹ ਦੇ ਨੇੜੇ ਹੀ ਛਿਪ ਕੇ ਖੜਾ ਰਹੀਂ। ਸਾਡਾ ਸਿਰ ਤੇਰੀ ਝੋਲੀ ਵਿਚ ਆਪੇ ਆ ਪਵੇਗਾ ਤੂੰ ਉਸੇ ਵੇਲੇ ਨਿਡਰ ਤੁਰਿਆ ਜਾਵੀਂ ਰਸਤੇ ਵਿਚ ਖਲੋਵੀਂ ਨਾ। ਨਾ ਤੂੰ ਥੱਕੇਂਗਾ ਨਾ ਅੱਕੇਂਗਾ, ਨਾ ਭੁੱਖ ਤ੍ਰੇਹ ਲੱਗੇਗੀ ਤੇ ਇਹ ਸਿਰ ਗੁਰੂ ਗੋਬਿੰਦ ਸਿੰਘ ਨੂੰ ਜਾ ਕੇ ਦੇ ਦੇਵੀਂ।

ਫਿਰ ਭਾਈ ਗੁਰਦਿੱਤਾ ਜੀ ਨੂੰ ਬਹੁਤ ਦਿਲਾਸਾ ਦਿੱਤਾ ਕਿ ਸਾਡੇ ਪਿਛੋਂ ਤੈਨੂੰ ਛੱਡ ਦੇਣਗੇ, ਫਿਰ ਜਿਵੇਂ ਤੇਰੇ ਮਨ ਵਿਚ ਆਵੇ ਉਸੇ ਤਰ੍ਹਾਂ ਕਰੀਂ।

ਭਾਈ ਗੁਰਦਿੱਤਾ ਜੀ ਨੇ ਕਿਹਾ ਕਿ ਮੇਰੇ ਮਨ ਦੀ ਆਸ਼ਾ ਤਾਂ ਇਹ ਹੈ ਕਿ ਮੈਂ ਆਪ ਜੀ ਦੇ ਪਾਸ ਹੀ ਰਹਾਂ, ਮੈਂ ਪਿਛੇ ਜੀਓ ਕੇ ਕੀ ਕਰਨਾ ਹੈ, ਮੈਨੂੰ ਆਪਣੇ ਪਾਸ ਹੀ ਰੱਖੋ।

ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ— ਦਿੱਲੀ ਤੋਂ ਪੰਜ ਕੋਹ ਤੇ ਇਕ ਜਗ੍ਹਾ ਹੈ, ਜਿਥੇ ਭਾਈ ਬੁੱਢਾ ਜੀ ਇਕ ਵਾਰ ਰਹੇ ਸਨ। ਜਦ ਛੇਵੇਂ ਪਾਤਸ਼ਾਹ ਜੀ ਗਵਾਲੀਅਰ ਗਏ ਸਨ ਤਾਂ ਭਾਈ ਬੁੱਢਾ ਜੀ ਨੇ ਇਥੇ ਘੋੜਿਆਂ ਨੂੰ ਘਾਹ ਚਰਾਇਆ ਸੀ, ਉਸ ਜਗ੍ਹਾ 'ਤੇ ਜਾ ਕੇ ਤੁਸੀਂ ਆਪਣਾ ਸਰੀਰ ਤਿਆਗ ਕੇ ਸਾਡੇ ਕੋਲ ਆ ਜਾਣਾ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

ਭਾਈ ਬ੍ਰਿਧ ਰਹਯੋ ਇਕ ਬਾਰੀ। ਗੁਰੂ ਗਵਾਲਿਯਰ ਕੇਰ ਮਝਾਰੀ॥ ੨੬॥
ਤਬਹਿ ਤੁਰੰਗਮ ਲੈ ਸੰਗ ਸਾਰੇ। ਤਹਿ ਥਿਰ ਕਰੇ ਤ੍ਰਿਣਨ ਕੋ ਚਾਰੇ।
ਤਹਾਂ ਜਾਇ ਤਜੀਅਹਿ ਨਿਜ ਪ੍ਰਾਨ। ਕੀਜਹਿ ਹਮਰੇ ਸੰਗ ਪਯਾਨ॥ ੨੭॥

(ਗੁਰਪ੍ਰਤਾਪ ਸੂਰਜ, ਰਾਸਿ ੧੨, ਅੰਸੂ ੬੫)

ਇੰਜ ਕਹਿ ਕੇ ਜਦ ਸਾਰਿਆਂ ਨੂੰ ਪਰ੍ਹੇ ਹਟਾਇਆ ਤਾਂ ਇਤਨੇ ਨੂੰ ਕਾਜ਼ੀ ਮੁਲਾਣਿਆਂ ਦੇ ਸਹਿਤ ਜਲਾਦ 'ਜਲਾਲ ਦੀਨ' ਗੁਰੂ ਜੀ ਪਾਸ ਦਿਨ ਤੇ ਡੇਢ ਵਜੇ ਦੇ ਕਰੀਬ ਪਹੁੰਚ ਗਿਆ। ਆ ਕੇ ਕਹਿਣ ਲੱਗਾ— ''ਇਹ ਤਲਵਾਰ ਆਪਦੇ ਸਿਰ ਨੂੰ ਖਾਣਾ ਚਾਹੁੰਦੀ ਹੈ।''

ਗੁਰੂ ਸਾਹਿਬ ਨੇ ਕਿਹਾ, ''ਪਹਿਲੇ ਸਾਨੂੰ ਇਸ਼ਨਾਨ ਤੇ ਜਾਪ ਕਰ ਲੈਣ ਦਿਓ ਜਿਸ ਵੇਲੇ ਪਾਠ ਕਰ ਕੇ ਅਸੀਂ ਆਪਣਾ ਸਿਰ ਝੁਕਾਵਾਂਗੇ, ਉਸ ਵੇਲੇ ਤੂੰ ਆਪਣਾ ਵਾਰ ਕਰਕੇ ਵੇਖ ਲਈਂ।''

ਇਹ ਗੱਲ ਆਖ ਕੇ ਜੇਲ੍ਹ 'ਚੋਂ ਨਿਕਲ ਕੇ ਖੂਹ ਤੇ ਇਸ਼ਨਾਨ ਕੀਤਾ ਜੋ ਗੁਰਦੁਆਰੇ ਸੀਸ ਗੰਜ ਦੇ ਵਿਚ ਹੀ ਹੈ। ਇਸ਼ਨਾਨ ਕਰਕੇ ਬੋਹੜ ਥੱਲੇ ਜਪੁ ਜੀ ਸਾਹਿਬ ਦਾ ਪਾਠ ਕਰਨ ਲੱਗ ਪਏ, ਜਿਸ ਵੇਲੇ ਜਪੁ ਜੀ ਸਾਹਿਬ ਦਾ ਪਾਠ ਪੂਰਾ ਕਰਕੇ ਗੁਰੂ ਸਾਹਿਬ ਜੀ ਨੇ ਆਪਣਾ ਸਿਰ ਝੁਕਾ ਕੇ ਅਕਾਲ ਪੁਰਖ ਨੂੰ ਨਮਸਕਾਰ ਕੀਤੀ ਤਾਂ ਜਲਾਦ ਨੇ ਉਸੇ ਵੇਲੇ ਬਾਂਹ ਦੇ ਜ਼ੋਰ ਨਾਲ ਤਲਵਾਰ ਚਲਾਈ ਪਰ ਗਿੱਚੀ ਤਕ ਤਲਵਾਰ ਜਾਣ ਤੋਂ ਪਹਿਲਾਂ ਹੀ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਵੱਖਰਾ ਹੋ ਕੇ (ਜੋ ਸਿੱਖ ਗੁਰੂ ਜੀ ਦੇ ਕਹੇ ਅਨੁਸਾਰ ਪਾਸੇ ਹਟ ਕੇ ਖੜਾ ਸੀ, ਉਸ ਦੀ ਝੋਲੀ ਵਿਚ ਜਾ ਪਿਆ। ਉਹ ਸਿੱਖ ਤਾਂ ਉਸੇ ਵੇਲੇ ਕੱਪੜੇ ਵਿਚ ਲਪੇਟ ਕੇ ਜਲਦੀ ਨਾਲ ਸ਼ਹਿਰ ਤੋਂ ਬਾਹਰ ਨਿਕਲ ਕੇ ਬੜੀ ਤੇਜੀ ਨਾਲ ਚਲਾ ਗਿਆ।

ਉਸ ਵੇਲੇ ਜਲਾਦ ਬੜਾ ਹੈਰਾਨ ਹੋਇਆ ਕਿ ਤਲਵਾਰ ਤਾਂ ਗਿੱਚੀ ਨੂੰ ਲੱਗੀ ਨਹੀਂ ਪਰ ਧੜ ਨਾਲੋਂ ਸਿਰ ਆਪੇ ਹੀ ਕਿਵੇਂ ਵੱਖਰਾ ਹੋ ਗਿਆ? ਫਿਰ ਸਿਰ ਦੀ ਬੜੀ ਤਲਾਸ਼ ਕੀਤੀ ਇਰਦ-ਗਿਰਦ ਸਾਰੇ ਪੁਲੀਸ ਖੜੀ ਹੈ ਬਲਕਿ ਸਭ ਘਰਾਂ ਦੀ ਤਲਾਸ਼ੀ ਵੀ ਕੀਤੀ ਪਰ ਸਿਰ ਨਾ ਲੱਭਾ। ਫੇਰ ਉਸ ਵੇਲੇ ਝੱਖੜ, ਧਰਤੀ ਤੇ ਕੰਬਣ,

ਬੱਦਲਾਂ ਦੇ ਗੱਜਣ ਦਾ ਭਿਆਨਕ ਦ੍ਰਿਸ਼ ਵੇਖ ਕੇ ਸਿਆਣਿਆਂ ਨੇ ਕਿਹਾ— 'ਇਹ ਬੜਾ ਭਾਰੀ ਜ਼ੁਲਮ ਹੋਇਆ ਹੈ, ਹੁਣ ਮੁਗਲੀਆਂ ਰਾਜ ਨਹੀਂ ਰਹੇਗਾ।' ਉਸ ਸਮੇਂ-

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭੁ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥ ੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ॥ ੧੫॥

(ਦਸਮ ਗ੍ਰੰਥ, ਬਚਿੱਤਰ ਨਾਟਕ, ਅਧਿ. ੫, ਪੰਨਾ ੫੪)

੧੭੩੨ ਬਿਕ੍ਰਮੀ ਮੱਘਰ ਸੁਦੀ ਪੰਚਮੀ ਦਿਨ ਵੀਰਵਾਰ ਨੂੰ ਗੁਰੂ ਸਾਹਿਬ ਜੀ ਵਾਹਿਗੁਰੂ ਦੀ ਜੋਤ ਵਿਖੇ ਆਪਣੀ ਜੋਤ ਲੀਨ ਕਰ ਗਏ।

ਫਿਰ ਬਾਦਸ਼ਾਹ ਨੇ ਕਿਹਾ, ''ਧੜ ਦਾ ਖਿਆਲ ਚੰਗੀ ਤਰ੍ਹਾਂ ਰੱਖਣਾ, ਇਸ ਨੂੰ ਐਵੇਂ ਨਾ ਗੁਆ ਬੈਠਣਾ।''

ਧੜ ਦੇ ਆਲੇ-ਦੁਆਲੇ ਪੁਲੀਸ ਦਾ ਪੱਕਾ ਪਹਿਰਾ ਹੋ ਗਿਆ। ਪਰ ਕੁਝ ਸਮੇਂ ਪਿਛੋਂ ਬਾਦਸ਼ਾਹ ਨੇ ਡੌਂਡੀ ਕਰਵਾ ਦਿੱਤੀ ਕਿ ਜੇਹੜਾ ਕੋਈ ਗੁਰੂ ਕਾ ਸਿੱਖ ਹੈ, ਉਹ ਆ ਕੇ ਧੜ ਲੈ ਜਾਏ ਤੇ ਆਪਣੀ ਰਸਮ ਅਨੁਸਾਰ ਸਸਕਾਰ ਕਰ ਦੇਵੇ।

ਇਹ ਗੱਲ ਸਾਰਿਆਂ ਨੇ ਸੁਣੀ ਤਾਂ ਸੀ ਪਰ ਹਕੂਮਤ ਤੋਂ ਡਰਦਿਆਂ ਅੱਗੇ ਕੋਈ ਨਾ ਹੋਇਆ। ਸ਼ਾਮ ਤਕ ਚਾਂਦਨੀ ਚੌਂਕ ਵਿਚ ਹੀ ਧੜ ਪਿਆ ਰਿਹਾ। ਜਿਸ ਵੇਲੇ 'ਲੱਖੀ ਵਣਜਾਰੇ' ਨਾਮੇ ਲੁਬਾਣੇ ਸਿੱਖ ਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਧੜ ਚਾਂਦਨੀ ਚੌਂਕ ਬਜ਼ਾਰ ਦੇ ਵਿਚ ਹੀ ਪਿਆ ਹੈ, ਕੋਈ ਲਿਜਾ ਕੇ ਸਸਕਾਰ ਨਹੀਂ ਕਰਦਾ ਤਾਂ ਉਸ ਨੂੰ ਬੜਾ ਦੁੱਖ ਹੋਇਆ। ਉਸੇ ਵੇਲੇ ਵੇਖਣ ਤੁਰ ਪਿਆ। ਜਿਸ ਵੇਲੇ ਬੋਹੜ ਦੇ ਦਰੱਖਤ ਹੇਠਾਂ ਗੁਰੂ ਜੀ ਦਾ ਧੜ ਪਿਆ ਵੇਖਿਆ ਤਾਂ ਅੱਖਾਂ ਵਿਚ ਜਲ ਭਰ ਆਇਆ। ਵਾਪਸ ਹਟਦਿਆਂ ਕਈ ਕੁਝ ਸੋਚਦਾ ਆ ਰਿਹਾ ਹੈ ਕਿ ਉਹ ਵਿਉਂਤ ਬਣਾਈਏ ਜਿਸ ਤੇ ਕਿਸੇ ਨੂੰ ਪਤਾ ਭੀ ਨਾ ਲੱਗੇ ਤੇ ਸਸਕਾਰ ਭੀ ਹੋ ਜਾਵੇ। ਹਾਂ, ਜੇਕਰ ਗੁਰੂ ਸਾਹਿਬ ਸਹਾਇਕ ਹੋਵਣ ਤਾਂ ਛੁਪਾ ਕੇ ਮੈਂ ਇਸ ਧੜ ਨੂੰ ਲੈ ਜਾਵਾਂ।

ਗੁਰੂ ਸਹਾਇਕ ਹੋਂਹਿ ਜਿ ਮੇਰੇ। ਛਪ ਕਰਿ ਲੇ ਗਮਨਹੁ ਕਿਸ ਬੇਰੇ।

(ਰਾਸਿ ੧੨, ਅੰਸੂ ੬੭)

ਲੱਖੀ ਵਣਜਾਰੇ ਨੇ ਆਪਣੇ ਵਿਚਾਰ ਅਨੁਸਾਰ ਬਹੁਤ ਸਾਰੇ ਬੈਲ ਇਕੱਠੇ ਕਰਵਾਏ ਤੇ ਕਿਤਨੇ ਗੱਡੇ ਰੂੰ ਦੇ ਭਰਵਾ ਲਏ ਅਤੇ ਆਪ ਦੇ ਸਾਥੀਆਂ ਨੂੰ ਵੀ ਇਕੱਠੇ ਕਰ ਲਿਆ। ਆਪਸ ਵਿਚ ਸਾਰੀ ਗੱਲ ਗਿਣ-ਮਿਥ ਕੇ ਕੁਝ ਕੁ ਗੱਡੇ ਜਿਥੇ ਗੁਰੂ ਜੀ ਧੜ ਪਿਆ ਸੀ, ਉਥੇ ਲਿਜਾ ਕੇ ਕਿਸੇ ਬਹਾਨੇ ਨਾਲ ਖੜੇ ਕਰ ਦਿਤੇ। ਬਾਕੀ ਦੇ ਗੱਡਿਆਂ ਨੂੰ ਤੋਰ ਦਿੱਤਾ। ਪਹਿਲੇ ਸਾਰੇ ਗੱਡੇ ਜਮਨਾ ਵੱਲ ਲੈ ਗਏ, ਜਮਨਾ ਦੇ ਕਿਨਾਰੇ ਇਕ 'ਨਿਗਮਬੋਧ' ਤੀਰਥ ਹੈ, ਇਥੋਂ ਹੁੰਦੇ ਹੋਏ ਫਿਰ ਸ਼ਹਿਰ ਵਿਚ ਆ ਗਏ। ਨਾਲ ਬਹੁਤ ਸਾਰੇ ਲੁਬਾਣੇ ਸਿੱਖ ਸਨ, ਜਿਨ੍ਹਾਂ ਦੇ ਮੋਢਿਆਂ 'ਤੇ ਬੜੀਆਂ-ਬੜੀਆਂ ਡਾਂਗਾਂ ਸਨ। ਬਲਦਾਂ ਨੂੰ ਹੱਕਦੇ ਤੁਰੇ ਆਉਂਦੇ ਸਨ।

ਇਕ ਤਾਂ ਗੁਰੂ ਸਾਹਿਬ ਜੀ ਦੇ ਭਾਣੇ ਵਰਤਣੇ ਕਰ ਕੇ ਝੱਖੜ-ਝੁਲ ਰਿਹਾ ਸੀ, ਦੂਜਾ ਬਲਦਾਂ ਕਰ ਕੇ ਬੜਾ ਘੱਟਾ ਉਡ ਰਿਹਾ ਸੀ। ਉਸ ਵੇਲੇ ਜਿਹੜੇ ਸਿਪਾਹੀ ਧੜ ਦੀ ਰਖਵਾਲੀ ਲਈ ਖਲੋਤੇ ਸਨ, ਉਹ ਅੱਖਾਂ ਮਲਦੇ-ਮਲਦੇ ਪਰ੍ਹੇ ਹਟ ਗਏ ਕਿ ਗੱਡੇ ਲੰਘ ਜਾਣ, ਤੇ ਫਿਰ ਇਥੇ ਆ ਖਲੋ ਜਾਵਾਂਗੇ।

ਉਨ੍ਹਾਂ ਦੇ ਪਰ੍ਹੇ ਹਟਣ ਕਰ ਕੇ ਲੁਬਾਣੇ ਸਿੱਖਾਂ ਨੂੰ ਮੌਕਾ ਮਿਲ ਗਿਆ ਤੇ ਬੜੀ ਚੌਕਸੀ ਨਾਲ ਗੁਰੂ ਜੀ ਦਾ

ਧੜ ਰੂੰ ਵਾਲੇ ਗੱਡੇ ਦੇ ਵਿਚ ਲੁਕਾ ਲਿਆ ਜਿਸ ਤੇ ਕਿਸੇ ਨੂੰ ਪਤਾ ਹੀ ਨਾ ਲੱਗੇ ਉਹ ਗੱਡਾ ਗੱਡਿਆਂ ਦੀ ਕਤਾਰ ਵਿਚ ਹੀ ਤੋਰ ਦਿੱਤਾ। ਜਦ ਗੱਡੇ ਲੰਘ ਗਏ ਤਾਂ ਪਿਛੋਂ ਸਿਪਾਹੀ ਆ ਕੇ ਕੀ ਵੇਖਦੇ ਹਨ ਕਿ ਗੁਰੂ ਸਾਹਿਬ ਜੀ ਦਾ ਧੜ ਕੋਈ ਨਹੀਂ ਹੈ। ਉਸੇ ਵੇਲੇ ਰੌਲਾ ਮਚ ਗਿਆ। ਇਧਰ-ਉਧਰ ਸਾਰੇ ਦੇਖਦੇ ਹਨ ਪਰ ਕੋਈ ਪਤਾ ਨਾ ਲੱਗਾ ਫਿਰ ਗੱਡਿਆਂ ਵਾਲਿਆਂ ਨੂੰ ਰੋਕ ਕੇ ਤਾੜਿਆ, 'ਸੱਚ ਦੱਸੋ ਧੜ ਕਿਥੇ ਹੈ? ਨਹੀਂ ਤਾਂ ਤੁਹਾਨੂੰ ਕੈਦ ਕਰ ਦਿਆਂਗੇ। ਮਾਰ-ਮਾਰ ਕੇ ਤੁਹਾਡੀ ਜਾਨ ਕੱਢ ਦਿਆਂਗੇ।

ਲੁਬਾਣੇ ਸਿੱਖਾਂ ਨੇ ਨਿਝੱਕ ਹੋ ਕੇ ਕਿਹਾ ਕਿ ਦੋਸ਼ ਤੋਂ ਬਿਨਾਂ ਕਿਵੇਂ ਮਾਰੋਗੇ? ਕੀ ਤੁਹਾਡੇ ਬਾਦਸ਼ਾਹ ਦੇ ਘਰ ਕੋਈ ਨਿਆਂ ਨਹੀਂ ਹੈ, ਤੁਸੀਂ ਸਾਨੂੰ ਕਿਵੇਂ ਕੈਦ ਕਰੋਗੇ? ਅਸੀਂ ਤੁਹਾਡੇ ਪਾਸ ਖਲੋਤੇ ਹਾਂ ਕਿਧਰੇ ਗਏ ਤਾਂ ਨਹੀਂ, ਜਿਵੇਂ ਤੁਹਾਡੀ ਤਸੱਲੀ ਹੁੰਦੀ ਹੈ ਤੁਸੀਂ ਕਰ ਲਓ। ਸਿਪਾਹੀ ਗੱਡਿਆਂ ਨੂੰ ਗਿਣਦੇ ਹਨ ਪਰ ਗੱਡੇ ਗਿਣੇ ਵੀ ਨਹੀਂ ਜਾਂਦੇ ਕਿ ਕਿਤਨੇ ਹੈਨ?

ਸਿਪਾਹੀਆਂ ਨੇ ਬਥੇਰਾ ਦੇਖਿਆ ਪਰ ਧੜ ਦਾ ਕੁਝ ਪਤਾ ਨਾ ਲੱਗਾ, ਦੇਖ-ਭਾਲ ਕਰ ਕੇ ਜਾਣਿਆਂ ਕਿ ਇਹ ਸੱਚ ਕਹਿ ਰਹੇ ਹਨ, ਇਨ੍ਹਾਂ ਪਾਸ ਧੜ ਨਹੀਂ ਹੈ, ਇਨ੍ਹਾਂ ਤੋਂ ਹਟਕੇ ਫਿਰ ਗਲੀ-ਗਲੀ ਵਿਚ ਸਿਪਾਹੀਆਂ ਨੇ ਦੇਖਣਾ ਸ਼ੁਰੂ ਕਰ ਦਿੱਤਾ ਤੇ ਲੁਬਾਣੇ ਸਿੱਖਾਂ ਨੇ ਜਲਦੀ-ਜਲਦੀ ਲਿਆ ਕੇ ਆਪਣੇ ਛਪਰੀਆਂ ਦੇ ਜਿਹੜੇ ਘਰ ਬਣੇ ਹੋਏ ਸਨ। ਉਨ੍ਹਾਂ ਵਿਚੋਂ ਕੱਢਣ ਯੋਗ ਵਸਤੂਆਂ ਕੱਢ ਕੇ ਤੇ ਧੜ ਨੂੰ ਅੰਦਰ ਟਿਕਾ ਕੇ ਚਿਖਾ ਬਣਾ ਕੇ ਘਿਓ ਵਗੈਰਾ ਪਾ ਕੇ ਅੱਗ ਲਾ ਦਿੱਤੀ। ਜਦ ਧੜ ਦਾ ਅੱਧ ਪਚੱਧਾ ਸਸਕਾਰ ਹੋ ਗਿਆ ਤਾਂ ਇਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਇਥੇ ਕਿਸੇ ਨੇ ਆ ਕੇ ਅੱਗ ਲਾ ਦਿੱਤੀ ਹੈ।

*ਯਥਾ-*ਸਭ ਛਪਰਨ ਕੋ ਅਗਨਿ ਲਗਾਈ। ਚਿਖਾ ਬੀਚ ਤਹਿੰ ਅਧਿਕ ਜਲਾਈ॥ ੩੭॥
ਕਾਸ਼ਟ ਬਹੁਤ ਘ੍ਰਿੱਤ ਗਨ ਡਾਰਾ। ਲਗੀ ਹੁਤਾਸਨ ਲਾਟ ਉਦਾਰਾ।
ਅਰਧ ਜਲੀ ਤਬ ਰੌਰ ਮਚਾਯੋ। ਕਿਨ ਹੁੰ ਆਨਿ ਇਤ ਅਗਨਿ ਲਗਾਯੋ॥ ੩੮॥
ਇਤ ਉਤ ਫਿਰਤਿ ਬੁਝਾਵਤਿ ਮਨੋ। ਦੂਰ ਕਿ ਨੇਰੇ ਸਭਿ ਨੇ ਸੁਨੋ।
ਦੌਰ ਦੌਰ ਕੇਤਿਕ ਚਲਿ ਆਏ। ਬੂਝਹਿ ਨਹੀਂ, ਘਰ ਅਧਿਕ ਜਲਾਏ॥ ੩੯॥
ਈਂਧਨ ਕੋ ਸੰਚੈ ਬਹੁ ਕਰਜੋ। ਕਹਾਂ ਨਿਕਾਸਹਿੰ ਬੀਚ ਸੁ ਜਰਜੋ।
ਇਮ ਫਰੇਬ ਸਭਹਿਨਿ ਮਹਿੰ ਕਰਿ ਕੈ। ਸਸਕਾਰੇ ਸਤਿਗੁਰੂ ਸੁਧਰ ਕੈ॥ ੪੦॥

(ਗੁਰਪ੍ਰਤਾਪ ਸੂਰਜ ਰਾਸਿ ੧੨ ਅੰਸੂ ੬੭)

ਇੰਜ ਧੜ ਦਾ ਸਸਕਾਰ ਕਰ ਕੇ ਸਵੇਰ ਹੁੰਦਿਆਂ ਸਾਰ ਫੁੱਲ (ਅਸਥੀਆਂ) ਚੁਣ ਕੇ ਤਾਂਬੇ ਦੀ ਗਾਗਰ ਭਰ ਕੇ ਵੱਡਾ ਸਾਰਾ ਟੋਆ ਪੁੱਟ ਕੇ ਉਥੇ ਦੱਬ ਦਿੱਤਾ ਪਰ ਇਸ ਗੱਲ ਦਾ ਪਤਾ ਕਿਸੇ ਨੂੰ ਨਾ ਲੱਗਾ।

ਮਿਸਲਾਂ ਸਮੇਂ ਜਦ ਭਾਈ ਬਘੇਲ ਸਿੰਘ ਜੀ ਨੇ ਦਿੱਲੀ ਫਤਹਿ ਕੀਤੀ ਹੈ, ਉਸ ਨੇ ਇਹ ਨਿਸ਼ਾਨੀਆਂ ਲੱਭ ਕੇ ਰਕਾਬ ਗੰਜ ਗੁਰਦੁਆਰਾ ਬਣਵਾਇਆ ਸੀ ਜੋ ਹੁਣ ਤਕ ਕਾਇਮ ਹੈ।

ਪਰ ਨਵੀਂ ਸਕੀਮ ਅਨੁਸਾਰ ਇਸ ਗੁਰਦੁਆਰੇ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਦੋ ਲੱਖ ਐਸਟੀਮੇਟ ਬਣਿਆ ਸੀ, ਜੋ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਵਿਖੇ ਵਿਚਾਰ ਪ੍ਰਗਟ ਕਰਨ ਤੇ ਗੁਰਾਂ ਦੀ ਬਖਸ਼ਿਸ਼ ਵਾਲੇ ਸ: ਹਰਨਾਮ ਸਿੰਘ 'ਸੂਰੀ' ਟਾਇਰਾਂ ਵਾਲੇ ਨੇ ਸੰਗਤ ਵਿਖੇ ਖੜਿਆਂ ਹੋ ਕੇ ਨਿਮਰਤਾ ਸਹਿਤ ਕਿਹਾ ਸੀ ਕਿ ਇਹ ਸਾਰੀ ਸੇਵਾ ਦਾਸ ਨੂੰ ਬਖਸ਼ੀ ਜਾਵੇ। ਦਾਸ ਸਾਰੀ ਰਕਮ ਲਗਾਉਣ ਨੂੰ ਤਿਆਰ ਹੈ।

ਫੈਸਲਾ ਹੋ ਗਿਆ ਪਰ ਪਿਛੋਂ ਪ੍ਰਬੰਧਕਾਂ ਨੇ ਆਪਣੇ ਹੱਥੋਂ ਪ੍ਰਬੰਧ ਜਾਂਦਾ ਵੇਖ ਕੇ ਬਜਟ ਵਧਾ ਦਿੱਤਾ ਪਰ ਇਨ੍ਹਾਂ ਨੇ ਉਹ ਵੀ ਸਵੀਕਾਰ ਕਰ ਲਿਆ। ਕਰਦਿਆਂ-ਕਰਦਿਆਂ ਪ੍ਰਬੰਧਕ ਬਜਟ ਵਧਾਉਂਦੇ ਗਏ। ਆਖਰ ਉਸ ਗੁਰੂ ਪਿਆਰੇ ਗੁਰੂ ਸਵਾਰੇ ਸ਼ਰਧਾਲੂ ਸਿੱਖ ਨੇ ਕਿਹਾ ਕਿ "ਜਿਤਨੀ ਵੀ ਮਾਇਆ ਲੱਗੇਗੀ ਦਾਸ ਖਰਚ ਕਰਨ ਨੂੰ ਤਿਆਰ ਹੈ।"

ਸਤਿਕਾਰ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਦਾਸ ਜਦੋਂ ੧੦ ਮਈ ੧੯੬੪ ਐਤਵਾਰ ਨੂੰ ਗੁਰਦੁਆਰੇ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਗਿਆ ਸੀ ਤਾਂ ਉਸ ਵੇਲੇ ਤਕ ਆਸੇ ਪਾਸੇ ਦੀਆਂ ਚਾਰੇ ਨੁੱਕਰਾਂ ਉਪਰ ਸੋਹਣੀਆਂ ਸੰਗਮਰਮਰ ਦੀਆਂ ਚਾਰ ਬੁਰਜੀਆਂ ਤਿਆਰ ਹੋ ਗਈਆਂ ਸਨ।

ਪਰ ਹੁਣ ਇਹ ਗੁਰਦੁਆਰਾ ਸਾਹਿਬ ਬੜਾ ਆਲੀਸ਼ਾਨ ਤਿਆਰ ਹੋ ਚੁੱਕਾ ਹੈ, ਜੋ ਇਸ ਗੁਰਦੁਆਰੇ ਸਾਹਿਬ ਦੀ ਮੁਕੰਮਲ ਸੇਵਾ ਇਸ ਇਕੱਲੇ ਗੁਰਮੁਖ ਨੇ ਕਰ ਕੇ ਸਤਿਗੁਰਾਂ ਦੀਆਂ ਬੇਅੰਤ ਬਖਸ਼ਸ਼ਾਂ ਤੇ ਖੁਸ਼ੀਆਂ ਨਾਲ ਝੋਲੀਆਂ ਭਰੀਆਂ ਤੇ ਪ੍ਰਾਪਤ ਕੀਤੀਆਂ।



ਮੁੰਦਾਵਣੀ ਮਹਲਾ ੫

ਮੁੰਦਾਵਣੀ ਦਾ ਅਰਥ ਮੋਹਰ ਛਾਪ ਹੈ। ਜਿਵੇਂ ਬਾਦਸ਼ਾਹ ਆਪਣੇ ਰੂਬਰੂ ਥੈਲੇ ਵਿਚ ਹੀਰੇ ਰਤਨ ਜਵਾਹਰ ਆਦਿਕਾਂ ਨੂੰ ਪਾ ਕੇ ਉਪਰੋਂ ਮੋਹਰ ਲਗਵਾ ਦਿੰਦੇ ਹਨ ਤਾਂ ਕਿ ਇਸ ਥੈਲੇ ਨੂੰ ਕੋਈ ਖੋਲ੍ਹ ਨਾ ਸਕੇ, ਨਾ ਹੀ ਕੋਈ ਅਦਲਾ-ਬਦਲੀ ਕਰ ਸਕੇ। ਭਾਵ ਨਾ ਕੋਈ ਕੁਝ ਕੱਢ ਸਕੇ, ਨਾ ਹੀ ਕੋਈ ਕੁਝ ਪਾ ਸਕੇ। ਏਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਇਸ ਬਾਣੀ ਰੂਪ ਥੈਲੇ ਵਿਚ-

ਨਾਮ ਸਬੰਧੀ ਬਚਨ—ਹੀਰੇ। ਸ਼ੁੱਧਤਾ ਸਬੰਧੀ ਬਚਨ—ਮੋਤੀ। ਪ੍ਰੇਮ ਸਬੰਧੀ ਬਚਨ—ਲਾਲ।

ਭਗਤੀ ਸਬੰਧੀ ਬਚਨ—ਮਣੀਆਂ। ਵੈਰਾਗ ਸਬੰਧੀ ਬਚਨ—ਰਤਨ।

ਸ੍ਰਵਨ, ਮੰਨਣ, ਨਿਧਿਆਸਣ ਸਬੰਧੀ ਬਚਨ—ਮਾਣਿਕ। ਗਿਆਨ ਸਬੰਧੀ ਬਚਨ—ਜਵਾਹਰ।

ਇਤਿਆਦਿਕ ਸ਼ੁਭ-ਗੁਣ ਪਾ ਕੇ ਹੁਣ ਮੁੰਦਾਵਣੀ= ਮੋਹਰ ਛਾਪ ਲਾਉਂਦੇ ਹਨ, ਤਾਕਿ ਇਸ ਨੂੰ ਕੋਈ ਆਪਣੀ ਮਨਮਤ ਅਨੁਸਾਰ ਘਟਾ ਵਧਾ ਨਾ ਸਕੇ।

ਦੂਜਾ ਭਾਵ-ਮੁੰਦਾਵਣੀ ਦਾ ਅਰਥ 'ਮੁੰਦ੍ਹਣ' ਵੀ ਕਰਦੇ ਹਨ, ਜਿਵੇਂ ਭਾਰਤ ਵਿਚ ਰੀਤਿ ਹੈ ਕਿ ਮਹਾਰਾਜਿਆਂ ਦੇ ਖਾਣ ਪੀਣ ਦਾ ਪ੍ਰਬੰਧ ਕਰਨ ਵਾਲਾ ਸਰਦਾਰ ਆਪਣੇ ਸਾਹਮਣੇ ਭੋਜਨ ਤਿਆਰ ਕਰਵਾ ਕੇ ਦੇਗਚੇ ਆਦਿਕ ਬਰਤਨਾਂ ਪਰ ਮੋਹਰ ਲਗਾ ਦਿੰਦਾ ਹੈ, ਤਾਂ ਕਿ ਕੋਈ ਦੁਸ਼ਮਣ ਭੋਜਨ ਵਿਚ ਜ਼ਹਿਰ ਆਦਿ ਨਾ ਮਿਲਾ ਸਕੇ।

ਫਿਰ ਜਿਸ ਵੇਲੇ ਉਸ ਭੋਜਨ ਨੂੰ ਥਾਲ ਵਿਖੇ ਪ੍ਰੋਸਦਾ ਹੈ, ਤਦ ਵੀ ਉਸ ਥਾਲ ਉਤੇ ਸਰਪੋਸ਼ ਰੱਖ ਕੇ ਮੋਹਰ ਲਗਾ ਦਿੰਦਾ ਹੈ ਤੇ ਸੇਵਾਦਾਰ ਉਸ ਥਾਲ ਨੂੰ ਬਾਦਸ਼ਾਹ ਅੱਗੇ ਰੱਖ ਆਉਂਦਾ ਹੈ। ਉਹ ਮੋਹਰ ਜ਼ਿੰਮੇਵਾਰ ਸਰਦਾਰ ਦੇ ਰੂਬਰੂ ਬਾਦਸ਼ਾਹ ਦੇ ਸਾਹਮਣੇ ਖੋਲ੍ਹੀ ਜਾਂਦੀ ਹੈ, ਉਹੀ ਭਾਵ ਇਥੇ ਹੈ।

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ) ਥਾਲ ਵਿਖੇ ਤਿੰਨ ਵਸਤੂਆਂ ਪਾਈਆਂ ਹਨ:

ਇਕ-ਸਤ ਦੂਜੀ-ਸੰਤੋਖ ਤੀਜੀ-ਵਿਚਾਰ।

ਜਿਵੇਂ ਤ੍ਰਿਭਾਵਲੀ ਦੇ ਪ੍ਰਸ਼ਾਦ ਵਿਖੇ ਮੈਦਾ, ਖੰਡ ਤੇ ਘਿਓ, ਇਹ ਤਿੰਨ ਚੀਜ਼ਾਂ ਹੁੰਦੀਆਂ ਹਨ। ਤਿਵੇਂ ਅੰਤ੍ਰੀਵ ਪ੍ਰਸ਼ਾਦ ਵਿਖੇ ਵੀ ਤਿੰਨ ਚੀਜ਼ਾਂ ਹਨ:

ਸਤ ਦਾ ਨਿਸਚੇ ਕਰਨਾ ਇਹ 'ਮੈਦਾ' ਹੈ। (*ਯਥਾ ਲਾਭ ਤਥਾ ਸੰਤੁਸ਼ਟਾ*)

ਸੰਤੋਖ ਰੂਪੀ 'ਖੰਡ' ਹੈ। ਸ਼ੁਭ **ਵਿਚਾਰ** ਕਰਨਾ ਇਹ 'ਘਿਓ' ਹੈ।

ਕਿਧਰੇ ਕੜਾਹ ਪ੍ਰਸ਼ਾਦ ਨੂੰ ਪੰਚਾਮ੍ਰਿਤ ਵੀ ਕਹਿੰਦੇ ਹਨ। ਪੰਚਾਮ੍ਰਿਤ ਵਿਖੇ ਪੰਜ ਚੀਜ਼ਾਂ ਹੁੰਦੀਆਂ ਹਨ-ਮੈਦਾ, ਖੰਡ, ਘਿਓ, ਜਲ ਤੇ ਦੁੱਧ, ਇਸ ਤਰਫ— ਸਤ ਦਾ ਨਿਸਚੇ ਕਰਨਾ ਮੈਦਾ। ਸੰਤੋਖ ਰੂਪ ਖੰਡ। ਸ਼ੁਭ ਵਿਚਾਰ

ਘਿਓ। ਤਿੰਨ ਚੀਜ਼ਾਂ ਤਾਂ ਓਹੀ ਹਨ ਅਤੇ-

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥

ਠਾਕੁਰ ਦਾ ਜੋ ਨਾਮ-ਅੰਮ੍ਰਿਤ ਹੈ, ਇਹ ਵਿਚ ਜਲ ਪਾਇਆ ਹੈ, ਜਿਸ ਠਾਕੁਰ ਦਾ ਸਭਸੁ= ਸਾਰਿਆਂ ਨੂੰ ਅਧਾਰੋ= ਆਸਰਾ ਹੈ।

ਠਾਕੁਰ ਦੀ ਪ੍ਰਾਪਤੀ ਵਾਸਤੇ ਜੋ ਨਿਸ਼ਕਾਮ ਕਰਮ ਕਰਨੇ ਹਨ, ਇਹ ਵਿਚ ਦੁੱਧ ਪਾਇਆ ਹੈ।

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥

ਇਸ ਪੰਚਾਮ੍ਰਿਤ (ਕੜਾਹ ਪ੍ਰਸ਼ਾਦਿ) ਨੂੰ ਜੇਹੜਾ ਕੋਈ ਸ਼ਰਧਾਲੂ ਆਪ ਖਾਂਦਾ ਹੈ ਅਤੇ ਹੋਰਨਾ ਭੁੰਚੈ= ਛਕਾਉਂਦਾ ਹੈ। ਉਸ ਪੁਰਸ਼ ਦਾ (ਸੰਸਾਰ-ਸਾਗਰ ਤੋਂ) ਤਰਨਾ ਹੋ ਜਾਂਦਾ ਹੈ।

ਅਥਵਾ-ਮੁੰਦਾਵਣੀ ਦਾ ਅਰਥ ਬੁਝਾਰਤ ਵੀ ਕਰਦੇ ਹਨ। ਇਹ ਪੋਠੋਹਾਰ ਦੀ ਬੋਲੀ ਹੈ ਪੋਠੋਹਾਰ ਜਾਓ ਤਾਂ ਉਥੋਂ ਦੇ ਲੋਕ ਬੁਝਾਰਤ ਨੂੰ ਮੁੰਦਾਵਣੀ ਕਹਿੰਦੇ ਹਨ।

ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਬੋਲੀ ਦੇ ਆਧਾਰ 'ਤੇ ਮੁੰਦਾਵਣੀ= ਬੁਝਾਰਤ ਪਾਉਂਦੇ ਹਨ।

ਥਾਲ ਵਿਚਿ ਤਿੰਨਿ ਵਸਤੂ ਪਈਓ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪ) ਥਾਲ ਵਿਖੇ ਤਿੰਨ ਚੀਜ਼ਾਂ ਪਈਆਂ ਹਨ।

ਸਤੁ ਸੰਤੋਖੁ ਵੀਚਾਰੋ॥

ਇਕ ਸਤ, ਦੂਜੀ ਸੰਤੋਖ, ਤੀਜੀ ਵਿਚਾਰ।

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥

ਜਿਸ ਠਾਕੁਰ ਦਾ ਸਾਰਿਆਂ ਨੂੰ ਅਧਾਰੋ= ਆਸਰਾ ਹੈ, ਉਸ ਠਾਕੁਰ ਦਾ ਜੋ ਨਾਮ-ਅੰਮ੍ਰਿਤ ਪਾਇਆ ਹੈ, ਇਹ ਚੌਥੀ ਵਸਤੂ ਹੈ। ਲਿਖੀਆਂ ਤਿੰਨ ਹਨ, ਪਰ ਕਹੀਆਂ ਚਾਰ ਹਨ ਏਸੇ ਕਰ ਕੇ ਇਸ ਦਾ ਨਾਂ ਮੁੰਦਾਵਣੀ ਅਰਥਾਤ ਬੁਝਾਰਤ ਕਿਹਾ ਹੈ।

ਇਸ ਮੁੰਦਾਵਣੀ ਨੂੰ ਸਮਝਣ ਵਾਲੇ ਗੁਰਮੁਖ ਹੀ ਸਮਝ ਕੇ ਹਲ ਕਰ ਸਕਦੇ ਹਨ। ਜੇਹਾ ਕਿ

ਥਾਲ ਵਿਚਿ ਤਿੰਨਿ ਵਸਤੂ ਪਈਓ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪ) ਥਾਲ ਵਿਖੇ ਤਿੰਨ ਚੀਜ਼ਾਂ ਪਈਆਂ ਹਨ।

ਸਤੁ ਸੰਤੋਖੁ ਵੀਚਾਰੋ॥

ਇਕ ਸਤ ਵਸਤੂ ਹੈ, ਦੂਜੀ ਸੰਤੋਖ ਵਸਤੂ ਵਿਚਾਰਨਾ ਕਰੋ।

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ

ਤੀਜੀ ਵਸਤੂ= ਠਾਕੁਰ ਦਾ ਨਾਮ-ਅੰਮ੍ਰਿਤ ਪਾਇਆ ਹੈ।

ਜਿਸ ਕਾ ਸਭਸੁ ਅਧਾਰੋ॥

ਜਿਸ ਠਾਕੁਰ ਦਾ ਸਭਸੁ= ਸਾਰਿਆਂ ਨੂੰ ਅਧਾਰੋ= ਆਸਰਾ ਹੈ। ਇੰਜ ਕਰਨ ਨਾਲ ਤਿੰਨ ਹੀ ਚੀਜ਼ਾਂ

www.sikhbookclub.com

ਬਣਦੀਆਂ ਹਨ।

ਜੇ ਕੋ ਖਾਵੈ ਜੇ ਕੋ ਭੁੰਚੈ

ਜੇਹੜਾ ਕੋਈ ਮਨੁੱਖ ਇਸ ਨਾਮ-ਅੰਮ੍ਰਿਤ ਨੂੰ ਆਪ ਖਾਵੈ= ਧਾਰਦਾ ਹੈ ਅਤੇ ਜੇਹੜਾ ਕੋਈ ਪਰਉਪਕਾਰੀ ਹੋਰਨਾਂ ਨੂੰ ਭੁੰਚੈ= ਛਕਾਉਂਦਾ ਹੈ ਭਾਵ ਹੋਰਨਾਂ ਨੂੰ ਨਾਮ ਜਪਾਉਂਦਾ ਹੈ।

ਤਿਸ ਕਾ ਹੋਇ ਉਧਾਰੋ॥

ਉਸ ਪੁਰਸ਼ ਦਾ (ਸੰਸਾਰ-ਸਾਗਰ ਤੋਂ) ਤਰਨਾ ਹੁੰਦਾ ਹੈ।

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥

ਸਾਡੇ ਪਾਸੋਂ ਇਹ ਨਾਮ ਰੂਪੀ ਚੀਜ਼ ਤਜੀ ਨਹ ਜਾਈ= ਛੱਡੀ ਨਹੀਂ ਜਾਂਦੀ, ਕਿਉਂਕਿ ਸਾਨੂੰ ਤਾਂ ਸ਼ੁਰੂ ਤੋਂ ਹੀ ਮਾਤਾ ਜੀ ਨੇ ਨਾਮ ਜਪਣ ਦੀ ਅਸੀਸ ਦਿੱਤੀ ਹੋਈ ਹੈ।

ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥ ੧॥ ਰਹਾਉ॥
....
ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥ ੧॥

(ਗੂਜਰੀ ਮਹਲਾ ੫, ਪੰਨਾ ੪੯੬)

ਤੁਸੀਂ ਵੀ ਨਿਤ ਨਿਤ= ਨਿਤਾਪ੍ਰਤੀ (ਰੋਜ਼ਾਨਾ) ਹੀ ਇਸ ਨਾਮ-ਅੰਮ੍ਰਿਤ ਨੂੰ ਹਿਰਦੇ ਵਿਖੇ ਧਾਰ ਰੱਖੋ।

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥ ੧॥

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਵਿੱਤਰ ਚਰਨ ਕਮਲਾਂ ਨਾਲ ਲੱਗਣ ਕਰ ਕੇ ਤਮ= ਅਤਿਸੇ ਕਰ ਕੇ ਵਾ- ਤਮ= ਅੰਧਕਾਰ ਰੂਪ ਸੰਸਾਰ-ਸਾਗਰ ਤੋਂ ਤਰਨਾ ਹੁੰਦਾ ਹੈ ਅਤੇ ਚਰਨਾਂ ਦੇ ਧਿਆਨ ਕਰ ਕੇ ਹੀ—

ਗੁਰੂ ਸਾਹਿਬ ਜੀ ਕਹਿੰਦੇ ਹਨ— ਅਸੀਂ ਬ੍ਰਹਮ= ਅਕਾਲ ਪੁਰਖ ਨੂੰ ਸਾਰੇ ਸੰਸਾਰ ਪਸਾਰੇ ਵਿਖੇ ਪਸਰਿਆ ਭਾਵ ਪਰੀ ਪੂਰਨ ਨਿਸਚੇ ਕੀਤਾ ਹੈ॥ ੧॥

ਸ਼ਾਮਵੇਦ ਦੀ ਛਾਂਦੋਗ ਉਪਨਿਸ਼ਦ ਦੇ ਛੇਵੇਂ ਧਿਆਇ ਵਿਖੇ ਉਦਿਆਲਕ ਰਿਖੀ ਨੇ ਅਪਣੇ ਪੁੱਤਰ ਸ੍ਵੇਤ ਕੇਤੂ ਦੇ ਪ੍ਰਸ਼ਨ ਅਨੁਸਾਰ ਤਤਮਸੀ ਮਹਾਂ ਵਾਕ ਦਾ ਉਪਦੇਸ਼ ਦਿੰਦਿਆਂ ਹੋਇਆਂ ਅੱਠਵੇਂ ਖੰਡ ਤੋਂ ਲੈ ਕੇ ਸੋਲਵੇਂ ਖੰਡ ਤਕ ਨੌ ਅਭਿਆਸਾਂ ਦਾ ਵਰਣਨ ਕਰਦਿਆਂ ਹੋਇਆਂ ਇਹ ਛੇ ਚਿੰਨ੍ਹ ਆਖੇ ਹਨ—

੧. ਉਪਕ੍ਰਮ ਉਪ-ਸੰਹਾਰ ੨. ਅਭਿਆਸ ੩. ਅਪੂਰਬਤਾ
੪. ਫਲ ੫. ਅਰਥਾਵਾਦ ੬. ਉਤਪਤੀ

੧. ਆਦਿ ਅੰਤ ਦੀ ਏਕਤਾ ਨੂੰ ਉਪ-ਕ੍ਰਮ, ਉਪ-ਸੰਹਾਰ ਕਹਿੰਦੇ ਹਨ।

੨. ਵਾਰ-ਵਾਰ ਪੜ੍ਹਨ ਨੂੰ ਅਭਿਆਸ ਕਹਿੰਦੇ ਹਨ।

੩. ਪ੍ਰਸੰਗ ਦਾ ਅਨੋਖਾ ਪਨ।

੪. ਨਤੀਜਾ, ਸਿਧਾਂਤ, ਅਰਥਾਤ ਮੋਖਛ ਨੂੰ ਫਲ ਕਹਿੰਦੇ ਹਨ।

www.sikhbookclub.com

੫. ਗ੍ਰੰਥ ਵਿਚ ਰੁਚੀ ਪੈਦਾ ਕਰਨ ਵਾਲੇ ਵਾਕ।

੬. ਅਨਕੂਲ ਦ੍ਰਿਸ਼ਟਾਂਤ ਨੂੰ ਉਤਪਤੀ ਕਹਿੰਦੇ ਹਨ। ਜਾਂ ਦਲੀਲ, ਯੁਕਤੀ।

ਗੁਰੂ ਸਾਹਿਬ ਜੀ ਨੇ ਇੰਨ ਬਿੰਨ= ਉਸੇ ਉਪ-ਕ੍ਰਮ, ਉਪ-ਸੰਹਾਰ ਦੀ ਰੀਤੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ :

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥

ਤੋਂ ਅਰੰਭ ਕਰ ਕੇ ਮੱਧ ਵਿਚ

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥

ਲਿਖ ਕੇ ਅੰਤ ਨੂੰ-

ਸਭੁ ਨਾਨਕ ਬ੍ਰਹਮ ਪਸਾਰੋ॥ ੧॥

'ਤੇ ਸਮਾਪਤੀ ਕੀਤੀ ਹੈ। ਭਾਵ ਬ੍ਰਹਮ ਦੀ ਪਰੀ ਪੂਰਨਤਾ ਤੋਂ ਪ੍ਰਸੰਗ ਅਰੰਭ ਕਰ ਕੇ ਉਸੇ ਦੀ ਪਰੀ ਪੂਰਨਤਾ 'ਤੇ ਹੀ ਪ੍ਰਸੰਗ ਦੀ ਸਮਾਪਤੀ ਕੀਤੀ ਹੈ। ਇਸ ਕਰ ਕੇ ਇਹ ਪ੍ਰਸੰਗ ਉਪ-ਕ੍ਰਮ, ਉਪ-ਸੰਹਾਰ ਦੀ ਰੀਤੀ ਅਨੁਸਾਰ ਆਖਿਆ ਹੈ।

ਸਲੋਕ ਮਹਲਾ ੫ ॥

ਪ੍ਰਤਿਸ਼ਟਤ ਗ੍ਰੰਥਾਂ ਵਿਖੇ ਮੰਗਲ ਤਿੰਨ ਵੇਰ— ਗ੍ਰੰਥ ਦੇ ਅਰੰਭ, ਗ੍ਰੰਥ ਦੇ ਵਿਚਕਾਰ ਅਤੇ ਗ੍ਰੰਥ ਦੇ ਅੰਤ ਵਿਖੇ— ਲਿਖੇ ਹੋਏ ਹੁੰਦੇ ਹਨ।

ਗ੍ਰੰਥ ਦੇ ਅਰੰਭ ਵਿਖੇ ਜੋ ਮੰਗਲ ਲਿਖਿਆ ਹੁੰਦਾ ਹੈ, ਉਹ ਨਾਸਤਕ ਭ੍ਰਾਂਤੀ ਦੀ ਨਵਿਰਤੀ ਲਈ ਹੁੰਦਾ ਹੈ। ਜੇਕਰ ਗ੍ਰੰਥ ਦੇ ਆਰੰਭ ਵਿਖੇ ਮੰਗਲ ਨਾ ਹੋਵੇ ਤਾਂ ਸਿਆਣਿਆਂ ਦੇ ਕਹਿਣ ਮੁਤਾਬਿਕ ਉਸ ਗ੍ਰੰਥ ਦਾ ਕਰਤਾ ਨਾਸਤਕ ਸਮਝਿਆ ਜਾਂਦਾ ਹੈ।

ਦੂਜਾ ਗ੍ਰੰਥ ਦੇ ਵਿਚਕਾਰ ਜੋ ਮੰਗਲ ਹੈ, ਉਹ ਗ੍ਰੰਥ ਦੀ ਨਿਰਵਿਘਨ ਸਮਾਪਤੀ ਲਈ ਕੀਤਾ ਜਾਂਦਾ ਹੈ।

ਤੀਜਾ ਗ੍ਰੰਥ ਦੇ ਸਮਾਪੱਤੀ ਵਿਖੇ ਜੋ ਮੰਗਲ ਹੈ ਉਹ ਕ੍ਰਿਤਘਨ ਦੋਸ਼ ਦੀ ਨਵਿਰਤੀ ਲਈ ਲਿਖਿਆ ਜਾਂਦਾ ਹੈ।

ਕ੍ਰਿਤਘਨ ਦੋਸ਼ ਉਸ ਨੂੰ ਕਹਿੰਦੇ ਹਨ, ਜੋ ਕਿਸੇ ਦੇ ਕੀਤੇ ਹੋਏ ਪਰਉਪਕਾਰ ਨੂੰ ਨਾ ਜਾਣੇ। ਜੋ ਕਿਸੇ ਦੇ ਪਰਉਪਕਾਰ ਨੂੰ ਨਹੀਂ ਜਾਣਦਾ ਉਸ ਵਰਗਾ ਕੋਈ ਪਾਪੀ ਨਹੀਂ ਹੈ। ਜਿਵੇਂ ਭਾਈ ਗੁਰਦਾਸ ਜੀ ਲਿਖਦੇ ਹਨ-

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥ ੮॥
ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ।

www.sikhbookclub.com

ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੁ ਭਰਿਆ ਕਪੜਾ ਕਰਿ ਕਜਣੁ ਤਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ॥ ੯॥

(ਭਾਈ ਗੁਰਦਾਸ ਜੀ, ਵਾਰ ੩੫)

ਹੁਣ ਉਪਰੋਕਤ ਮਰਯਾਦਾ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਸਮਾਪਤੀ ਸਮੇਂ ਕ੍ਰਿਤਘਨ ਦੋਸ਼ ਦੀ ਨਵਿਰਤੀ ਲਈ ਪ੍ਰਮਾਤਮਾ ਅੱਗੇ ਬੇਨਤੀ ਰੂਪ ਮੰਗਲ ਕਰਦੇ ਹਨ—

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥

ਹੇ ਪ੍ਰਭੂ! ਆਪ ਜੀ ਦਾ ਕੀਤਾ ਹੋਇਆ ਉਪਕਾਰ ਮੈਂ ਜਾਣਿਆ ਨਹੀਂ, ਤੁਸੀਂ ਆਪਣੇ ਬਿਰਦ ਦੀ ਲਾਜ ਰੱਖ ਕੇ ਮੈਨੂੰ (ਨਲਾਇਕ ਨੂੰ) ਹਰ ਤਰ੍ਹਾਂ ਕਰ ਕੇ ਜੋਗੁ= ਲਾਇਕ ਕਰ ਦਿੱਤਾ ਹੈ।

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥

ਮੈਂ ਨਿਰਗੁਣਤਾਈ ਦਾ ਆਰੇ= ਆਲਾ (ਘਰ) ਸੀ, ਮੇਰੇ ਵਿਖੇ ਕੋਈ ਸ਼ੁਭ-ਗੁਣ ਨਹੀਂ ਸੀ।

ਯਥਾ- ਸਭਿ ਅਵਗਣ ਮੈ ਗੁਣੁ ਨਹੀ ਕੋਈ॥ *(ਪੰਨਾ ੭੫੦)*

ਪਰ ਆਪ ਜੀ ਦੇ ਹਿਰਦੇ ਵਿਖੇ ਆਪੇ ਹੀ ਤਰਸੁ ਪਇਓਈ= ਦਇਆ ਪੈ ਗਈ ਜੋ ਤੁਸੀਂ ਮੇਰੇ ਔਗੁਣਾਂ ਨੂੰ ਬਖਸ਼ ਲਿਆ ਹੈ।

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥

(ਜਿਸ ਵੇਲੇ ਤੁਹਾਡੇ ਹਿਰਦੇ ਵਿਖੇ) ਤਰਸੁ ਪਇਆ= ਦਇਆ ਦਾ ਨਿਵਾਸ ਹੋਇਆ ਤਾਂ ਮੇਰੇ ਪਰ ਅਮਿਤ ਮਿਹਰ ਹੋਈ, ਤਾਂ ਹੀ ਮੈਨੂੰ ਸੱਜਣ ਸਤਿਗੁਰੂ ਦਾ ਸੰਜੋਗ ਮਿਲਿਆ, ਭਾਵ ਆਪ ਜੀ ਦੀ ਕਿਰਪਾ ਨਾਲ ਹੀ ਮੇਰਾ ਅਸਲੀ ਸੱਜਣ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਮਿਲਾਪ ਹੋਇਆ ਹੈ।

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥ ੧॥

ਗੁਰੂ ਸਾਹਿਬ ਜੀ ਆਖਦੇ ਹਨ— ਹੇ ਪ੍ਰਭੂ! ਮੈਨੂੰ ਨਾਮ ਦਾਨ ਮਿਲੇ ਤਾਂ ਹੀ ਮੈਂ ਜੀਉਂਦਾ ਹਾਂ।

ਯਥਾ- ਆਖਾ ਜੀਵਾ ਵਿਸਰੈ ਮਰਿ ਜਾਉ॥ *(ਪੰਨਾ ੯)*

ਨਾਮ ਸਿਮਰਨ ਕਰ ਕੇ ਹੀ ਮੇਰਾ ਤਨ ਮਨ ਸ਼ੁਭ-ਗੁਣਾਂ ਨਾਲ ਹਰਾ ਹੁੰਦਾ ਹੈ॥ ੧॥

ਗਰੀਬ ਨਿਵਾਜ਼ ਸਤਿਗੁਰੂ ਅਰਜਨ ਦੇਵ ਜੀ ਨੇ ਇਸ ਮੰਗਲ ਦੀ ਸਮਾਪਤੀ ਵੀ ਉਪਕ੍ਰਮ, ਉਪਸੰਹਾਰ ਦੀ ਰੀਤੀ ਅਨੁਸਾਰ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰੰਭ ਸਤਿਨਾਮੁ ਤੋਂ ਕੀਤਾ ਹੈ ਤੇ ਸਮਾਪਤੀ ਵੀ ਨਾਮ ਪਰ ਹੀ ਕੀਤੀ ਹੈ।

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥ ੧॥

ਗੁਰੂ ਪਿਆਰੀ ਸਾਧ ਸੰਗਤ ਜੀਓ! ਦਾਸ ਵੱਲੋਂ ਦੋ ਹੱਥ ਜੋੜ ਕੇ ਬੇਨਤੀ ਹੈ— ਜਿਵੇਂ ਸੱਚੇ ਪਾਤਸ਼ਾਹ ਜੀ ਨੇ ਪ੍ਰਭੂ ਪਾਸੋਂ ਨਾਮ ਦੀ ਦਾਤ ਮੰਗੀ ਹੈ, ਸਾਨੂੰ ਵੀ ਉਸੇ ਤਰ੍ਹਾਂ ਨਾਮ ਦਾਨ ਹੀ ਮੰਗਣਾ ਚਾਹੀਦਾ ਹੈ।

www.sikhbookclub.com

ਯਥਾ- ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥ (ਪੰਨਾ ੯੫੮)

ਅੰਤਮ ਬੇਨਤੀ

ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ ਆਪੇ ਲੈਹੁ ਮਿਲਾਈ॥
ਤੂੰ ਬਿਅੰਤੁ ਤੇਰਾ ਅੰਤੁ ਨ ਪਾਇਆ ਸਬਦੇ ਦੇਹੁ ਬੁਝਾਈ॥ ੧॥
ਹਰਿ ਜੀਉ ਤੁਧੁ ਵਿਟਹੁ ਬਲਿ ਜਾਈ॥
ਤਨੁ ਮਨੁ ਅਰਪੀ ਤੁਧੁ ਆਗੈ ਰਾਖਉ ਸਦਾ ਰਹਾਂ ਸਰਣਾਈ॥ ੧॥ ਰਹਾਉ॥
ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹਿ ਵਡਿਆਈ॥
ਪੂਰੇ ਗੁਰ ਤੇ ਭਾਣਾ ਜਾਪੈ ਅਨਦਿਨੁ ਸਹਜਿ ਸਮਾਈ॥ ੨॥
ਤੇਰੈ ਭਾਣੈ ਭਗਤਿ ਜੇ ਤੁਧੁ ਭਾਵੈ ਆਪੇ ਬਖਸਿ ਮਿਲਾਈ॥
ਤੇਰੈ ਭਾਣੈ ਸਦਾ ਸੁਖੁ ਪਾਇਆ ਗੁਰਿ ਤ੍ਰਿਸਨਾ ਅਗਨਿ ਬੁਝਾਈ॥ ੩॥
ਜੋ ਤੂੰ ਕਰਹਿ ਸੁ ਹੋਵੈ ਕਰਤੇ ਅਵਰੁ ਨ ਕਰਣਾ ਜਾਈ॥
ਨਾਨਕ ਨਾਵੈ ਜੇਵਡੁ ਅਵਰੁ ਨ ਦਾਤਾ ਪੂਰੇ ਗੁਰ ਤੇ ਪਾਈ॥ ੪॥ ੨॥

(ਪ੍ਰਭਾਤੀ ਮਹਲਾ ੩, ਪੰਨਾ ੧੩੩੩)

www.sikhbookclub.com

ਰਾਗ ਮਾਲਾ

੧ਓ ਸਤਿਗੁਰ ਪ੍ਰਸਾਦਿ

ਰਾਗ ਮਾਲਾ ॥

ਹੁਣ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਕਿਰਪਾ ਦੇ ਸਾਗਰ, ਪਤਿਤ ਪਾਵਨ ਰਾਗਾਂ ਦੀ ਮਾਲਾ ਆਖਦੇ ਹਨ ਅਰਥਾਤ ਰਾਗਾਂ ਦਾ ਸਮੁਦਾਇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਦਰਜ ਕਰਦੇ ਹਨ।

ਇਸ ਸਮੇਂ ਨਾਰਦ ਮੁਨੀ ਜੀ ਫਿਰਦੇ-ਫਿਰਦੇ ਸੁਭਾਵਕ ਹੀ ਰਾਗਾਂ ਦੇ ਦੇਸ਼ ਵਿਚ ਪਹੁੰਚ ਗਏ। ਉਥੇ ਜਾ ਕੇ ਰਾਗਾਂ ਦੀ ਬਹੁਤ ਦੁਰਦਸ਼ਾ ਹੋ ਰਹੀ ਦੇਖੀ ਕਿ ਰਾਗਾਂ ਦੇ ਅੰਗ ਟੁੱਟੇ ਹੋਏ ਹਨ। ਕਿਸੇ ਦੀ ਲੱਤ ਨਹੀਂ, ਕਿਸੇ ਦੀ ਬਾਂਹ ਨਹੀਂ। ਕਿਸੇ ਦਾ ਸਿਰ ਤੇ ਕਿਸੇ ਤੇ ਪੈਰ ਨਹੀਂ। ਇਉਂ ਉਨ੍ਹਾਂ ਦੀ ਭੈੜੀ ਹਾਲਤ ਦੇਖ ਕੇ ਦੁੱਖ ਮਹਿਸੂਸ ਕਰਦਿਆਂ ਰਾਗਾਂ ਕੋਲੋਂ ਪੁੱਛਿਆਂ, 'ਤੁਹਾਡੀ ਇਹ ਦੁਰਦਸ਼ਾ ਕਿਉਂ ਹੋ ਰਹੀ ਹੈ?'

ਉਸ ਵੇਲੇ ਦੁਖੀ ਹੋਏ ਰਾਗ ਫੁੱਟ ਪਏ ਤੇ ਕਿਹਾ, "ਦੀਨਾ ਨਾਥ ਮੁਨੀਸ਼ਰ ਜੀ! ਕਲਯੁਗ ਦੇ ਪ੍ਰਭਾਵ ਕਰ ਕੇ ਅੱਜ ਕਲ੍ਹ ਦੇ ਕਲਜੁਗੀ ਰਾਗੀ ਰਬਾਬੀ ਇਕ ਤਾਂ ਵੇਲੇ ਕੁਵੇਲੇ ਗਾਉਂਦੇ ਹਨ। ਦੂਸਰਾ ਬੇਸੁਰੇ ਗਾਉਂਦੇ ਹਨ। ਇਹਨਾਂ ਨੂੰ ਪੂਰੀ-ਪੂਰੀ ਰਾਗ ਦੀ ਅਲਾਪਕਾਰੀ ਕਰਨੀ ਤਾਂ ਆਉਂਦੀ ਹੀ ਨਹੀਂ ਇਸ ਕਰ ਕੇ ਸਾਡੇ ਅੰਗ ਟੁੱਟੇ ਹੋਏ ਹਨ। ਆਪ ਦਿਆਲੂ ਸੁਭਾਅ ਵਾਲੇ ਹੋ ਆਪ ਹੀ ਕਿਰਪਾ ਕਰ ਕੇ ਸਾਡਾ ਦੁੱਖ ਦੂਰ ਕਰੋ।

ਉਸ ਵੇਲੇ ਨਾਰਦ ਜੀ ਨੇ ਕਿਹਾ— "ਹੇ ਰਾਗੋ! ਕਲਜੁਗ ਵਿਖੇ ਪ੍ਰਮਾਤਮਾ ਆਪ ਹੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਰੂਪ ਹੋ ਕੇ ਪ੍ਰਗਟ ਹੋਏ ਹਨ। ਐਸ ਵੇਲੇ ਉਨ੍ਹਾਂ ਦੀ ਗੱਦੀ ਪਰ ਪੰਜਵੇਂ ਜਾਮੇ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸੰਸਾਰ ਵਿਖੇ ਪ੍ਰਗਟ ਹਨ। ਉਹਨਾਂ ਕਲਜੁਗੀ ਜੀਵਾਂ ਦੇ ਉਧਾਰ ਲਈ ਨਾਮ ਦਾ ਜਹਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਰਹੇ ਹਨ, ਜਿਸ ਵਿਖੇ ਰਾਗਾਂ ਦੀ ਰੀਤੀ ਅਨੁਸਾਰ ਸਾਰੀ ਬਾਣੀ ਉਚਾਰਨ ਕੀਤੀ ਹੈ।

ਜੇਕਰ ਭਲਾ ਚਾਹੁੰਦੇ ਹੋ ਤਾਂ ਹੁਣੇ ਸਤਿਗੁਰਾਂ ਦੇ ਚਰਨਾਂ ਵਿਖੇ ਜਾ ਕੇ ਆਪਣੀ ਹਾਲਤ ਦੱਸ ਕੇ ਆਪਣਾ ਦੁੱਖ ਦੂਰ ਕਰਾ ਲਓ। ਓਹੀ ਤੁਹਾਡੇ ਅੰਗਾਂ ਦੀ ਪੂਰਨਤਾ ਕਰ ਦੇਣਗੇ, ਹੋਰ ਕਿਸੇ ਪਾਸੋਂ ਇਹ ਤੁਹਾਡੀ ਤਕਲੀਫ਼ ਦੂਰ ਨਹੀਂ ਹੋ ਸਕਣੀ।

ਨਾਰਦ ਮੁਨੀ ਜੀ ਪਾਸੋਂ ਯੁਕਤੀ ਭਰੀ ਵਿਚਾਰ ਸੁਣ ਕੇ ਉਸ ਸਮੇਂ ਮੌਜੂਦਾ ਸਾਰੇ ਦੇ ਸਾਰੇ ਰਾਗ ਸਰੀਰ ਧਾਰ ਕੇ ਨਾਰਦ ਜੀ ਦੇ ਦੱਸੇ ਰਸਤੇ 'ਤੇ ਚਲਦੇ-ਚਲਦੇ ਆਪਣੀਆਂ ਇਸਤ੍ਰੀਆਂ ਪੁੱਤਰਾਂ ਸਮੇਤ ਸ੍ਰੀ ਅੰਮ੍ਰਿਤਸਰ

www.sikhbookclub.com

ਵਿਖੇ ਆ ਪੁੱਜੇ। ਸਤਿਗੁਰਾਂ ਦੇ ਚਰਨਾਂ ਵਿਚ ਪੁੱਜ ਕੇ ਦਰਸ਼ਨ-ਪਰਸਨ ਕਰ ਕੇ ਨਿਹਾਲ ਹੋ ਗਏ।

ਫੇਰ ਦੀਨ ਮਨ ਹੋ ਕੇ ਬੇਨਤੀਆਂ ਕਰਨ ਲੱਗੇ— ਹੇ ਦੀਨਾ ਨਾਥ! ਸ਼ਰਨ ਆਏ ਹਾਂ, ਰੱਖਿਆ ਕਰੋ।

ਇਸ ਤਰ੍ਹਾਂ ਪਰਵਾਰਾਂ ਸਹਿਤ ਰਾਗਾਂ ਦੀ ਆਜਜ਼ੀ ਭਰੀ ਬੇਨਤੀ ਸੁਣ ਕੇ ਸਤਿਗੁਰਾਂ ਕਿਹਾ— "ਹੇ ਰਾਗੋ! ਤੁਸੀਂ ਕੀ ਕਹਿੰਦੇ ਹੋ? ਤੁਹਾਨੂੰ ਕੀ ਤਕਲੀਫ ਹੈ।"

ਰਾਗਾਂ ਨੇ ਕਿਹਾ—"ਹੇ ਪਤਿਤ ਪਾਵਨ! ਦੀਨ ਦੁੱਖ ਭੰਜਨ! ਅੱਜ-ਕਲ੍ਹ ਦੇ ਕਲਜੁਗੀ ਰਾਗੀ ਰਬਾਬੀ ਸਾਨੂੰ ਕੁਵਖਤੇ ਤੇ ਬੇਸੁਰੇ ਗਾਉਂਦੇ ਹਨ। ਜਿਸ 'ਤੇ ਸਾਡੇ ਅੰਗ ਟੁੱਟਣ ਕਰ ਕੇ ਸਾਨੂੰ ਬਹੁਤ ਤਕਲੀਫ ਹੋ ਰਹੀ ਹੈ।"

ਇਹ ਲੋਕ ਸਾਡੀ ਦੁਰਦਸ਼ਾ ਕਰ ਰਹੇ ਹਨ। ਆਪ ਕਿਰਪਾ ਦ੍ਰਿਸ਼ਟੀ ਕਰ ਕੇ ਇਸ ਮਹਾਨ ਪਵਿੱਤਰ ਪਾਵਨ ਗੁਰਬਾਣੀ ਨਾਲ ਸਾਡੇ ਵੀ ਨਾਮ ਦਰਜ ਕਰ ਦਿਓ, ਜਿਸ ਗੁਰਬਾਣੀ ਦੇ ਸੰਗ ਕਰ ਕੇ ਸਾਡਾ ਵੀ ਪਾਰ ਉਤਾਰ ਹੋ ਜਾਵੇ।

ਇਸ ਤਰ੍ਹਾਂ ਸਾਰਿਆਂ ਰਾਗਾਂ ਨੇ ਆਪਣਾ ਦੁੱਖ ਦਸਦਿਆਂ ਆਪਣੇ ਉਧਾਰ ਦਾ ਖਿਆਲ ਜ਼ਾਹਿਰ ਕੀਤਾ। ਜਿਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ—"ਤੁਹਾਡਾ ਕਹਿਣਾ ਤਾਂ ਠੀਕ ਹੈ, ਪਰ ਅਸੀਂ ਹੁਣ ਮੋਹਰ (ਮੁੰਦਾਵਣੀ) ਲਗਾ ਚੁੱਕੇ ਹਾਂ, ਤੁਸੀਂ ਆਪ ਦੱਸੋ— "ਹੁਣ ਤੁਹਾਡੇ ਨਾਮ ਕਿਵੇਂ ਦਰਜ ਕਰ ਸਕਦੇ ਹਾਂ?

ਹਾਂ! ਜੇਕਰ ਤੁਸੀਂ ਪਹਿਲੇ ਆਉਂਦੇ ਤਾਂ ਤੁਹਾਡਾ ਸੰਕਲਪ ਪੂਰਾ ਹੋ ਜਾਂਦਾ।"

ਰਾਗਾਂ ਨੇ ਕਿਹਾ— "ਹੇ ਸਰਬ ਕਲਾ ਸਮਰੱਥ ਸਤਿਗੁਰੂ ਜੀ! ਆਪ ਜੀ ਦੇ ਹੱਥ ਸਭ ਕੁਝ ਹੈ। ਆਪ ਹੀ ਢਾਹੁਣ ਤੇ ਬਨਾਉਣ ਵਾਲੇ ਹੋ। ਸਭ ਕੁਝ ਆਪ ਜੀ ਦੇ ਹੀ ਅਧੀਨ ਹੈ। ਆਪ ਜੀ ਨੇ ਹੀ ਮੋਹਰ ਲਗਾਈ ਹੈ, ਹੁਣ ਵੀ ਆਪ ਜੀ ਨੇ ਹੀ ਸਾਡੇ ਨਾਮ ਦਰਜ ਕਰ ਕੇ ਸਾਡੇ ਦੁੱਖ ਦੀ ਨਵਿਰਤੀ ਕਰਨੀ ਹੈ।ਆਪ ਜੀ ਦੀ ਸ਼ਰਨ ਆਏ ਹਾਂ, ਤੁਸਾਂ ਹੀ ਕਿਰਪਾ ਕਰਨੀ ਹੈ।"

ਰਾਗਾਂ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਦੇ ਦਿਲ ਵਿਚ ਤਰਸ ਆ ਗਿਆ ਤੇ ਭਾਈ ਗੁਰਦਾਸ ਜੀ ਨੂੰ ਹੁਕਮ ਕੀਤਾ, "ਇਹ ਆਏ ਹੋਏ ਸਾਰੇ ਰਾਗ ਕਿਤਨੇ ਹਨ? ਇਹਨਾਂ ਨਾਲ ਆਈਆਂ ਇਸਤਰੀਆਂ ਕਿਤਨੀਆਂ ਅਤੇ ਹਰ ਇਕ ਦੇ ਨਾਲ ਪੁੱਤਰ ਕਿੰਨੇ-ਕਿੰਨੇ ਆਏ ਹਨ? ਸਾਰਿਆਂ ਦਾ ਵੱਖੋ-ਵੱਖ ਵੇਰਵਾ ਸੁਣਾ-ਸੁਣਾ ਕੇ ਸਭਨਾਂ ਦੇ ਨਾਮ ਲਿਖ ਦਿਓ।"

ਹੁਣ ਭਾਈ ਗੁਰਦਾਸ ਜੀ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਹੁਕਮ ਅਨੁਸਾਰ ਸਭਨਾਂ ਰਾਗਾਂ, (ਰਾਗਾਂ ਦੀਆਂ ਇਸਤ੍ਰੀਆਂ) ਰਾਗਣੀਆਂ ਤੇ ਰਾਗਾਂ ਦੇ ਪੁੱਤਰਾਂ ਦੇ ਨਾਮ ਸਤਿਗੁਰਾਂ ਨੂੰ ਸੁਣਾ-ਸੁਣਾ ਕੇ ਸਭਨਾਂ ਦੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ 'ਚ ਲਿਖਦੇ ਹਨ--

ਰਾਗ ਏਕ ਸੰਗਿ ਪੰਚ ਬਰੰਗਨ ॥ ਸੰਗਿ ਅਲਾਪਹਿ ਆਠਉ ਨੰਦਨ ॥

ਹੇ ਸਤਿਗੁਰੂ ਜੀ! ਇਕ-ਇਕ ਰਾਗ ਦੇ ਸੰਗਿ= ਨਾਲ ਪੰਜ-ਪੰਜ ਬਰੰਗਨ (ਬਰ+ਅੰਗਨ)= ਸ੍ਰੇਸ਼ਟ ਇਸਤ੍ਰੀਆਂ ਹਨ। ਫਿਰ ਇਕ-ਇਕ ਰਾਗ ਦੇ ਸੰਗਿ= ਨਾਲ ਅੱਠ-ਅੱਠ ਨੰਦਨ= ਪੁੱਤਰ ਹਨ, ਹੇ ਸਤਿਗੁਰੂ ਜੀ! ਇਹ ਸਾਰੇ ਮਿਲਕੇ ਆਪ ਜੀ ਦੇ ਜਸ ਨੂੰ ਅਲਾਪਹਿ= ਆਖਦੇ ਹਨ।

ਪ੍ਰਥਮ ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥

ਹੇ ਸਤਿਗੁਰੂ ਜੀ! ਸਭ ਤੋਂ ਪ੍ਰਥਮ= ਪਹਿਲੇ ਜੋ ਭੈਰਉਂ ਰਾਗ ਹੈ, ਵੈ= ਉਹ ਆਪ ਜੀ ਦਾ ਜਸ ਆਖਣਾ ਕਰਹੀ= ਕਰਦਾ ਹੈ।

ਭੈਰਉਂ ਰਾਗ ਨਾਲ ਪੰਜ ਰਾਗਣੀਆਂ ਹਨ, ਉਹ ਵੀ ਆਪ ਦਾ ਜਸ ਆਖਦੀਆਂ ਹਨ। ਗਰੀਬ ਨਿਵਾਜ਼ ਨੇ ਕਿਹਾ, 'ਹੇ ਭਾਈ ਗੁਰਦਾਸ ਜੀ! ਇਸ ਭੈਰਉਂ ਰਾਗ ਦੀਆਂ ਰਾਗਣੀਆਂ ਦੇ ਕੀ-ਕੀ ਨਾਮ ਹਨ? ਉਹ ਸਾਨੂੰ ਸੁਣਾ ਕੇ ਲਿਖੋ-

ਭਾਈ ਗੁਰਦਾਸ ਜੀ ਕਹਿੰਦੇ ਹਨ—

ਪ੍ਰਥਮ ਭੈਰਵੀ ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥

ਪ੍ਰਥਮ= ਪਹਿਲੀ ਦਾ ਨਾਮ 'ਭੈਰਵੀ' ਹੈ, ਦੂਜੀ ਦਾ ਨਾਮ 'ਬਿਲਾਵਲੀ' ਹੈ।

ਤੀਜੀ ਦਾ ਨਾਮ 'ਪੁੰਨਿਆਕੀ' ਹੈ। ਚਉਥੀ ਦਾ ਨਾਮ 'ਬੰਗਲੀ' ਹੈ ਇਹ ਸਭ ਆਪ ਜੀ ਦਾ ਜਸ ਗਾਉਂਦੀਆਂ ਹਨ।

ਪੁਨਿ ਅਸਲੇਖੀ ਕੀ ਭਈ ਬਾਰੀ ॥ ਏ ਭੈਰਉ ਕੀ ਪਾਚਉ ਨਾਰੀ ॥

ਪੁਨਿ= ਫਿਰ ਪੰਜਵੀਂ ਦਾ ਨਾਮ 'ਅਸਲੇਖੀ' ਹੈ, ਇਸ ਦੀ ਵੀ ਵਾਰੀ ਆਪ ਜੀ ਦੇ ਜਸ ਕ਼ਰਨ ਦੀ ਆਈ ਹੈ।

ਹੇ ਸਤਿਗੁਰੂ ਜੀ! ਇਹ ਉਪਰੋਕਤ ਭੈਰਉਂ ਰਾਗ ਦੀਆਂ ਪੰਜ ਨਾਰੀਆਂ ਹਨ।

ਫੇਰ ਮਹਾਰਾਜ ਜੀ ਨੇ ਕਿਹਾ, ਹੇ ਭਾਈ ਗੁਰਦਾਸ ਜੀ! ਭੈਰਉਂ ਰਾਗ ਦੇ ਪੁੱਤਰਾਂ ਦੇ ਕੀ-ਕੀ ਨਾਮ ਹਨ? ਉਹ ਵੀ ਸੁਣਾ ਕੇ ਲਿਖੋ ਤਾਂ ਭਾਈ ਸਾਹਿਬ ਜੀ ਸੁਣਾ ਕੇ ਲਿਖਦੇ ਹਨ—

ਪੰਚਮ ਹਰਖ ਦਿਸਾਖ ਸੁਨਾਵਹਿ ॥ ਬੰਗਾਲਮ ਮਧੁ ਮਾਧਵ ਗਾਵਹਿ ॥ ੧ ॥

(ਹੇ ਗਰੀਬ ਨਿਵਾਜ਼ ਜੀ! ਇਕ ਦਾ) ਨਾਮ 'ਪੰਚਮ' ਹੈ, ਦੂਜੇ ਦਾ ਨਾਮ 'ਹਰਖ' ਹੈ, ਤੀਜੇ ਦਾ ਨਾਮ 'ਦਿਸਾਖ' ਹੈ, (ਇਹ ਤਿੰਨੇ ਆਪ ਜੀ ਦਾ ਜਸ) ਸੁਣਾ ਰਹੇ ਹਨ।

ਚੌਥੇ ਦਾ ਨਾਮ 'ਬੰਗਾਲਮ' ਹੈ, ਪੰਜਵੇਂ ਦਾ ਨਾਮ 'ਮਧੁ' ਹੈ, ਛੇਵੇਂ ਦਾ ਨਾਮ 'ਮਾਧਵ' ਹੈ (ਇਹ ਭੀ ਤਿੰਨੇ ਆਪ ਜੀ ਦਾ ਜਸ) ਗਾਉਂਦੇ ਹਨ॥ ੧ ॥

ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥

ਸੱਤਵੇਂ ਦਾ ਨਾਮ 'ਲਲਤ' ਹੈ, ਅੱਠਵੇਂ ਦਾ ਨਾਮ 'ਬਿਲਾਵਲ' ਹੈ, ਇਹ ਸਾਰੇ ਆਪਣੀ ਆਪਣੀ ਭਾਂਤਿ= ਰੀਤੀ ਅਨੁਸਾਰ (ਭਾਵ ਸੁਰਾਂ ਨੂੰ ਮਿਲਾ ਕੇ ਆਪ ਜੀ ਦੇ ਜਸ ਨੂੰ) ਗਾਵਹੀ= ਗਾਉਂਦੇ ਹਨ।

ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥ ੧ ॥

ਹੇ ਸਤਿਗੁਰੂ ਜੀ! ਇਹ ਅੱਠ ਪੁੱਤਰ ਭੈਰਉਂ ਰਾਗ ਦੇ ਗਾਵਹਿ= ਗਾਏ ਹਨ, ਆਖੇ ਹਨ। ਵਾ— ਆਪ ਜੀ ਦੇ ਜਸ ਨੂੰ ਗਾ ਰਹੇ ਹਨ। ਇਹ ਕਿਹੋ ਜਿਹੇ ਹਨ, ਜੋ ਗਾਉਣ ਦੇ (ਪਾਤ੍ਰ) ਜੋਗ ਹਨ। ਵਾ- ਗਾਇਨ= ਪਾਤਰ ਜੋ ਰਾਗੀ ਜਨ ਹਨ, ਉਨ੍ਹਾਂ ਨੇ ਇਹ ਅੱਠ ਪੁੱਤਰ ਗਾਏ ਹਨ।*

*ਇਹ ਜੋ ਰਾਗ ਹਨ, ਇਹਨਾਂ ਸਾਰਿਆਂ ਦੇ ਗਾਉਣ ਦਾ ਵੱਖੋ-ਵੱਖ ਫਲ ਹੈ। ਜਿਵੇਂ ਪੂਰਾ-ਪੂਰਾ ਭੈਰਉਂ ਰਾਗ ਦੇ ਗਾਉਣ ਨਾਲ ਕੋਹਲੂ ਆਪੇ ਚੱਲਣ ਲੱਗ ਜਾਂਦੇ ਹਨ। ਪੂਰਾ-ਪੂਰਾ ਸਿਰੀਰਾਗ ਦੇ ਗਾਉਣ ਕਰ ਕੇ ਮੁਰਦਾ ਜੀਉ ਉਠਦਾ ਹੈ ਅਤੇ ਦੀਪਕ ਰਾਗ ਦੇ ਗਾਉਣ ਨਾਲ ਦੀਵੇ ਆਪੇ ਜਗ ਪੈਂਦੇ ਹਨ।

ਦੁਤੀਆ ਮਾਲਕਉਸਕ ਆਲਾਪਹਿ॥ ਸੰਗਿ ਰਾਗਨੀ ਪਾਚਉ ਥਾਪਹਿ॥

ਹੇ ਸਤਿਗੁਰੂ ਜੀ! ਦੁਤੀਆ= ਦੂਸਰਾ ਮਾਲਕਉਸਕ ਨਾਮੇ ਰਾਗ ਹੈ, ਇਹ ਆਪ ਜੀ ਦੇ ਜਸ ਨੂੰ ਆਲਾਪਹਿ= ਆਖ ਰਿਹਾ ਹੈ। ਇਹ ਰਾਗ ਆਪਣੀਆਂ ਪੰਚ ਰਾਗਣੀਆਂ (ਭਾਵ ਇਸਤ੍ਰੀਆਂ) ਨੂੰ ਸੰਗਿ ਥਾਪਹਿ= ਆਪਣੇ ਨਾਲ ਲੈ ਕੇ ਆਪ ਜੀ ਦੇ ਜਸ ਨੂੰ ਗਾ ਰਿਹਾ ਹੈ।

ਸਤਿਗੁਰਾਂ ਨੇ ਕਿਹਾ— ਭਾਈ ਗੁਰਦਾਸ ਜੀ! ਪੰਚ ਰਾਗਣੀਆਂ ਦੇ ਨਾਮ ਕਿਹੜੇ-ਕਿਹੜੇ ਹਨ?

ਹੁਣ ਭਾਈ ਸਾਹਿਬ ਜੀ ਰਾਗਣੀਆਂ ਦੇ ਨਾਮ ਆਖਦੇ ਹਨ-

ਗੋਡਕਰੀ ਅਰੁ ਦੇਵਗੰਧਾਰੀ॥ ਗੰਧਾਰੀ ਸੀਹੁਤੀ ਉਚਾਰੀ॥

ਇਕ ਦਾ ਨਾਮ 'ਗੋਂਡਕਰੀ' ਹੈ ਅਰੁ= ਅਤੇ ਦੂਜੀ ਦਾ ਨਾਮ 'ਦੇਵਗੰਧਾਰੀ' ਹੈ।

ਤੀਸਰੀ ਦਾ ਨਾਮ ਸਿਰਫ ਗੰਧਾਰੀ ਹੈ। ਚਉਥੀ ਦਾ ਨਾਮ 'ਸੀਹੁਤੀ' ਹੈ (ਇਹ ਆਪ ਜੀ ਦੇ ਜਸ ਨੂੰ) ਉਚਾਰਨ ਕਰ ਰਹੀ ਹੈ। ਅਤੇ-

ਧਨਾਸਰੀ ਏ ਪਾਚਉ ਗਾਈ॥ ਮਾਲ ਰਾਗ ਕਉਸਕ ਸੰਗਿ ਲਾਈ॥

ਪੰਜਵੀਂ ਦਾ ਨਾਮ 'ਧਨਾਸਰੀ' ਹੈ। (ਇਹ) ਪੰਜ (ਇਸਤਰੀਆਂ) ਗਾਈ= ਆਖੀਆਂ ਹਨ। ਵਾ— ਆਪ ਜੀ ਦਾ ਜਸ ਗਾ ਰਹੀਆਂ ਹਨ। ਇਹ 'ਮਾਲਕਉਸਕ' ਰਾਗ ਦੇ ਸੰਗਿ= ਨਾਲ ਲਾਈਆਂ ਹਨ।

ਇਸ ਤੋਂ ਅੱਗੇ ਮਾਲਕਉਸਕ ਦੇ ਪੁੱਤਰਾਂ ਦੇ ਨਾਮ ਆਖਦੇ ਹਨ—

ਪੰਨਾ ੧੪੩੦

ਮਾਰੂ ਮਸਤ ਅੰਗ ਮੇਵਾਰਾ॥ ਪ੍ਰਬਲ ਚੰਡ ਕਉਸਕ ਉਭਾਰਾ॥

ਇਕ ਦਾ ਨਾਮ 'ਮਾਰੂ' ਹੈ, ਜੋ ਮਸਤ ਹੋਇਆ-ਹੋਇਆ ਆਪ ਜੀ ਦੇ ਜਸ ਨੂੰ ਅਲਾਪ ਰਿਹਾ ਹੈ। ਦੂਸਰੇ ਦਾ ਨਾਮ 'ਅੰਗਮੇਵਾਰਾ' ਹੈ।

ਤੀਸਰੇ ਦਾ ਨਾਮ 'ਪ੍ਰਬਲ' ਹੈ, ਚਉਥੇ ਦਾ ਨਾਮ 'ਚੰਡ' ਹੈ। ਪੰਜਵੇਂ ਦਾ ਨਾਮ 'ਕਉਸਕ' ਹੈ ਅਤੇ ਛੇਵੇਂ ਦਾ ਨਾਮ 'ਉਭਾਰਾ' ਹੈ।

ਖਉਖਟ ਭਉ ਭਉਰਾਨਦ ਗਾਏ॥ ਅਸਟ ਮਾਲਕਉਸਕ ਸੰਗਿ ਲਾਏ॥ ੧॥

ਸੱਤਵੇਂ ਦਾ ਨਾਮ 'ਖਉਖਟ' ਹੈ ਅਉ= ਅਤੇ ਅੱਠਵੇਂ ਦਾ ਨਾਮ 'ਭਉਰਾਨਦ' ਆਖਿਆ ਹੈ। ਵਾ- ਇਹ ਸਾਰੇ ਆਪ ਜੀ ਦੇ ਜਸ ਨੂੰ ਗਾ ਰਹੇ ਹਨ। ਇਹ ਅੱਠ ਪੁੱਤਰ ਮਾਲਕਉਸਕ ਰਾਗ ਨੇ ਆਪਣੇ ਸੰਗਿ= ਨਾਲ ਲਿਆਂਦੇ ਹਨ, ਇਹ ਵੀ ਮਹਾਰਾਜ ਦੇ ਦਰਸ਼ਨ ਕਰ ਕੇ ਸਫਲੇ ਹੋ ਜਾਣ॥ ੧॥

ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ॥

ਹੇ ਸਤਿਗੁਰੂ ਜੀ! ਪੁਨਿ= ਇਸ ਤੋਂ ਪਿਛੋਂ ਤੀਸਰਾ ਹਿੰਡੋਲ ਰਾਗ ਚਲ ਕੇ ਆਇਆ ਹੈ (ਭਾਂਵ ਹੁਣ ਹਿੰਡੋਲ ਰਾਗ ਦੀ ਵਾਰੀ ਹੈ, ਜੋ ਆਪ ਜੀ ਦਾ ਜਸ ਗਾ ਰਿਹਾ ਹੈ), ਇਸ ਦੇ ਨਾਲ ਪੰਚ ਨਾਰਿ= ਪੰਜ ਰਾਗਣੀਆਂ ਹਨ ਅਤੇ ਅਸਟ ਸੁਤ= ਅੱਠ ਪੁੱਤਰ ਹਨ।

ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀਂ॥ ੧॥

ਜਿਸ ਵੇਲੇ ਸੁਰ ਤਾਰਾਂ ਨੂੰ ਮਿਲ ਕੇ ਇਹ ਆਪ ਜੀ ਦਾ ਜਸ ਗਾਉਂਦੇ ਹਨ ਤਾਂ ਮਾਨੋ ਤਾਨਾਂ ਦੀਆਂ ਕਲੋਲਾਂ (ਲਹਿਰਾਂ) ਉਠਦੀਆਂ ਹਨ॥ ੧॥

ਹੁਣ ਹਿੰਡੋਲ ਰਾਗ ਦੀਆਂ ਇਸਤ੍ਰੀਆਂ ਦੇ ਨਾਮ ਸੁਣਨਾ ਕਰੋ-

ਤੇਲੰਗੀ ਦੇਵਕਰੀ ਆਈ॥ ਬਸੰਤੀ ਸੰਦੂਰ ਸੁਹਾਈ॥

ਇਕ ਤੇਲੰਗੀ ਨਾਮ ਕਰ ਕੇ, ਦੂਜੀ ਦੇਵਕਰੀ ਨਾਮ ਕਰ ਕੇ ਆਈ ਹੈ।

ਤੀਸਰੀ ਬਸੰਤੀ ਨਾਮ ਕਰ ਕੇ, ਚਉਥੀ ਸੰਦੂਰੀ ਨਾਮ ਕਰ ਕੇ ਆਪ ਜੀ ਦੇ ਸੁਹਾਈ= ਸੋਹਣੇ ਜਸ ਨੂੰ ਗਾਉਂਦੀਆਂ ਹੋਈਆਂ ਸੋਭਾ ਪਾ ਰਹੀਆਂ ਹਨ।

ਸਰਸ ਅਹੀਰੀ ਲੈ ਭਾਰਜਾ॥ ਸੰਗਿ ਲਾਈ ਪਾਂਚਉ ਆਰਜਾ॥

ਪੰਜਵੀਂ ਸਰਸ= ਸ੍ਰੇਸ਼ਟ, ਭਾਰਜਾ= ਇਸਤ੍ਰੀ ਦਾ ਨਾਮ ਅਹੀਰੀ ਲੈਂਦੇ ਹਨ। ਆਰਜਾ= ਸ੍ਰੇਸ਼ਟ ਜੋ ਹਿੰਡੋਲ ਰਾਗ ਹੈ, ਉਸ ਨੇ ਆਪਣੇ ਨਾਲ ਇਹ ਪੰਜ ਆਰਜਾ= ਸ੍ਰੇਸ਼ਟ ਔਰਤਾਂ ਲਾਈਆਂ ਹਨ।

(ਫੇਰ ਭਾਈ ਗੁਰਦਾਸ ਜੀ ਨੇ ਕਿਹਾ-) ਹੁਣ ਹਿੰਡੋਲ ਰਾਗ ਦੇ ਪੁੱਤਰਾਂ ਦੇ ਨਾਮ ਸੁਣੋ—

ਸੁਰਮਾਨੰਦ ਭਾਸਕਰ ਆਏ॥ ਚੰਦ੍ਰਬਿੰਬ ਮੰਗਲਨ ਸੁਹਾਏ॥

ਇਕ ਸੁਰਮਾਨੰਦ ਨਾਮ ਕਰ ਕੇ, ਦੂਸਰਾ ਭਾਸਕਰ ਨਾਮ ਕਰ ਕੇ ਆਇਆ ਹੈ। ਵਾ— ਆਪ ਜੀ ਦੇ ਜਸ ਕਰਨ ਲਈ ਆਏ ਹਨ। ਤੀਸਰਾ ਚੰਦ੍ਰਬਿੰਬ ਨਾਮ ਕਰ ਕੇ ਆਪ ਜੀ ਦੇ ਸੋਹਣੇ ਮੰਗਲਾਂ ਨੂੰ ਗਾ ਰਿਹਾ ਹੈ।

ਸਰਸਬਾਨ ਅਉ ਆਹਿ ਬਿਨੋਦਾ॥ ਗਾਵਹਿ ਸਰਸ ਬਸੰਤ ਕਮੋਦਾ॥

ਚਉਥਾ ਸਰਸਬਾਨ ਨਾਮ ਕਰ ਕੇ ਅਉ= ਅਤੇ ਪੰਜਵਾਂ ਬਿਨੋਦਾ ਨਾਮ ਕਰ ਕੇ ਆਪ ਜੀ ਦੇ ਜਸ ਕਰਨੇ ਨੂੰ ਆਹਿ= ਚਾਹ ਰਿਹਾ ਹੈ। ਛੇਵਾਂ ਸਰਸ ਨਾਮ ਕਰ ਕੇ, ਸੱਤਵਾਂ ਬਸੰਤ ਨਾਮ ਕਰ ਕੇ, ਅੱਠਵਾਂ ਕਮੋਦਾ ਨਾਮ ਕਰ ਕੇ, ਇਹ ਅੱਠੇ ਹੀ ਆਪ ਜੀ ਦੇ ਜਸ ਨੂੰ ਗਾਉਂਦੇ ਹਨ।

(ਭਾਈ ਗੁਰਦਾਸ ਜੀ ਆਖਦੇ ਹਨ) ਹੇ ਸੱਚੇ ਪਾਤਸ਼ਾਹ ਜੀਓ!

ਅਸਟ ਪੁਤ੍ਰ ਮੈ ਕਹੇ ਸਵਾਰੀ॥ ਪੁਨਿ ਆਈ ਦੀਪਕ ਕੀ ਬਾਰੀ॥ ੧॥

ਮੈਂ ਇਹ ਹਿੰਡੋਲ ਰਾਗ ਦੇ ਅੱਠ ਪੁੱਤਰ ਸਵਾਰ ਕੇ ਭਾਵ ਬਾਰ-ਬਾਰ ਕਹੇ ਹਨ।

ਫਿਰ ਹੁਣ ਆਪ ਜੀ ਦਾ ਜਸ ਕਰਨ ਲਈ ਦੀਪਕ ਰਾਗ ਦੀ ਵਾਰੀ ਆਈ ਹੈ।

ਦੀਪਕ ਰਾਗ ਦੀਆਂ ਇਸਤ੍ਰੀਆਂ ਦੇ ਨਾਮ ਸੁਣੋ-

ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥

ਇਕ ਕਛੇਲੀ ਨਾਮ ਕਰ ਕੇ, ਦੂਸਰੀ ਪਟਮੰਜਰੀ ਨਾਮ ਕਰ ਕੇ, ਤੀਸਰੀ ਟੋਡੀ ਨਾਮ ਕਰ ਕੇ, ਕਹੀ ਹੈ। ਵਾ— ਅਲਾਪ ਕਰ ਕੇ ਆਪ ਜੀ ਦੇ ਜਸ ਨੂੰ ਕਹਿ ਰਹੀਆਂ ਹਨ।

ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ॥ ੧॥

ਚੌਥੀ ਕਮੋਦੀ ਨਾਮ ਕਰ ਕੇ ਅਉ= ਅਤੇ ਪੰਜਵੀਂ ਗੂਜਰੀ ਨਾਮ ਕਰ ਕੇ ਦੀਪਕ ਰਾਗ ਦੇ ਨਾਲ

www.sikhbookclub.com

ਅਸਥਾਪਨ ਹੋ ਕੇ ਭਾਵ ਮਿਲ ਕੇ ਆਈਆਂ ਹਨ॥ ੧॥

ਹੁਣ ਦੀਪਕ ਰਾਗ ਦੇ ਪੁਤ੍ਰਾਂ ਦੇ ਨਾਮ ਸੁਣੋ—

ਕਾਲੰਕਾ ਕੁੰਤਲ ਅਉ ਰਾਮਾ॥ ਕਮਲਕੁਸਮ ਚੰਪਕ ਕੇ ਨਾਮਾ॥

ਇਕ ਕਾਲੰਕਾ ਨਾਮ ਕਰ ਕੇ, ਦੂਜਾ ਕੁੰਤਲ ਨਾਮ ਕਰ ਕੇ, ਅਉ= ਅਤੇ ਤੀਜਾ ਰਾਮਾ ਨਾਮ ਕਰ ਕੇ—

ਚਉਥਾ ਕਮਲਕੁਸਮ ਨਾਮ ਕਰ ਕੇ, ਪੰਜਵਾ ਚੰਪਕ ਨਾਮ ਕਰ ਕੇ ਹੈ।

ਗਉਰਾ ਅਉ ਕਾਨਰਾ ਕਲ੍ਯਾਨਾ॥ ਅਸਟ ਪੁਤ੍ਰ ਦੀਪਕ ਕੇ ਜਾਨਾ॥ ੧॥

ਛੇਵਾਂ ਗਉਰਾ ਨਾਮ ਕਰ ਕੇ, ਅਉ= ਅਤੇ ਸੱਤਵਾਂ ਕਾਨੜਾ ਨਾਮ ਕਰ ਕੇ, ਅੱਠਵਾਂ ਕਲਿਆਣ ਨਾਮ ਕਰ ਕੇ। ਇਹ ਅਸਟ= ਅੱਠ ਪੁੱਤਰ ਦੀਪਕ ਰਾਗ ਦੇ ਨਾਲ ਆਏ ਜਾਣਨਾ ਕਰੋ॥ ੧॥

ਸਭ ਮਿਲਿ ਸਿਰੀਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥

ਪੰਜਵਾਂ ਜੋ ਸਿਰੀ ਰਾਗ ਹੈ ਵੈ= ਉਹ ਸਿਰੀ ਰਾਗ ਆਪਣੇ ਸਾਰੇ ਪ੍ਰਵਾਰ ਨਾਲ ਮਿਲ ਕੇ ਆਪ ਜੀ ਦੇ ਜਸ ਨੂੰ ਗਾਉਂਦਾ ਹੈ। ਆਪਣੇ ਨਾਲ ਪੰਜ ਬਰੰਗਨ (ਬਰ+ਅੰਗਨ)= ਸ੍ਰੇਸ਼ਟ ਔਰਤਾਂ ਨੂੰ ਲਗਾ ਕੇ ਗਾਉਂਦਾ ਹੈ।

ਸਿਰੀਰਾਗ ਦੀਆਂ ਇਸਤ੍ਰੀਆਂ ਦੇ ਨਾਮ ਸੁਣੋ—

ਬੈਰਾਰੀ ਕਰਨਾਟੀ ਧਰੀ॥ ਗਵਰੀ ਗਾਵਹਿ ਆਸਾਵਰੀ॥

ਇਕ ਬੈਰਾਰੀ ਨਾਮ ਕਰ ਕੇ,

ਦੂਸਰੀ ਕਰਨਾਟੀ ਨਾਮ ਕਰ ਕੇ ਆਪ ਜੀ ਦੇ ਜਸ ਨੂੰ ਧਾਰਨ ਕਰ ਰਹੀ ਹੈ।

ਤੀਸਰੀ ਗਵਰੀ ਨਾਮ ਕਰ ਕੇ,

ਚੌਥੀ ਆਸਾਵਰੀ ਨਾਮ ਕਰ ਕੇ ਆਪ ਜੀ ਦਾ ਜਸ ਆਖਦੀਆਂ ਹਨ।

ਤਿਹ ਪਾਛੈ ਸਿੰਧਵੀ ਅਲਾਪੀ॥ ਸਿਰੀਰਾਗ ਸਿਉ ਪਾਂਚਉ ਥਾਪੀ॥ ੧॥

ਉਸ ਦੇ ਪਿੱਛੇ ਖੜੀ ਹੋਈ ਹੋਈ ਪੰਜਵੀਂ ਸਿੰਧਵੀ ਨਾਮ ਕਰ ਕੇ ਆਪ ਜੀ ਦਾ ਜਸ ਅਲਾਪੀ= ਆਖਦੀਆਂ ਹਨ।

ਇਹ ਪੰਜ ਇਸਤ੍ਰੀਆਂ ਸਿਰੀਰਾਗ ਦੇ ਨਾਲ ਅਸਥਾਪਨ ਕੀਤੀਆਂ ਹਨ॥ ੧॥

ਹੁਣ ਸਿਰੀਰਾਗ ਦੇ ਪੁੱਤਰਾਂ ਦੇ ਨਾਮ ਸੁਣੋ—

ਸਾਲੂ ਸਾਰਗ ਸਾਗਰਾ ਅਉਰ ਗੌਂਡ ਗੰਭੀਰ॥

ਇਕ ਸਾਲੂ ਨਾਮ ਕਰ ਕੇ,

ਦੂਸਰਾ ਸਾਰਗ ਨਾਮ ਕਰ ਕੇ,

ਤੀਸਰਾ ਸਾਗਰਾ ਨਾਮ ਕਰ ਕੇ,

ਅਉਰ= ਅਤੇ ਚੌਥਾ ਗੌਂਡ ਨਾਮ ਕਰ ਕੇ,

ਪੰਜਵਾਂ ਗੰਭੀਰ ਨਾਮ ਕਰ ਕੇ ਹੈ।

ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ॥ ੧॥

ਛੇਵਾਂ ਗੁੰਡ ਨਾਮ ਕਰ ਕੇ,

ਸੱਤਵਾਂ ਕੁੰਭ ਨਾਮ ਕਰ ਕੇ,

ਅੱਠਵਾਂ ਹਮੀਰ ਨਾਮ ਕਰ ਕੇ,

ਇਹ ਅੱਠ ਪੁੱਤਰ ਸਿਰੀਰਾਗ ਦੇ ਹਨ॥ ੧॥

ਖਸਟਮ ਮੇਘ ਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥

ਖਸਟਮ= ਛੇਵਾਂ ਜੋ ਮੇਘ ਰਾਗ ਹੈ,

ਵੈ= ਉਹ ਵੀ ਆਪ ਜੀ ਦਾ ਸੋਹਣਾ ਜਸ ਗਾ ਰਿਹਾ ਹੈ।

ਆਪਣੇ ਨਾਲ ਪੰਜ ਬਰੰਗਨ (ਬਰ+ਅੰਗਨ)= ਸ੍ਰੇਸ਼ਟ ਇਸਤਰੀਆਂ ਨੂੰ ਲਗਾ ਕੇ।

ਹੁਣ ਇਸਤਰੀਆਂ ਦੇ ਨਾਮ ਸੁਣੋ—

ਸੋਰਠਿ ਗੌਂਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥

ਇਕ ਸੋਰਠੀ ਨਾਮ ਕਰ ਕੇ,

ਦੂਸਰੀ ਗੌਂਡ ਨਾਮ ਕਰ ਕੇ,

ਤੀਸਰੀ ਮਲਾਰੀ ਨਾਮ ਕਰ ਕੇ,

ਇਹ ਤਿੰਨੇ ਆਪ ਜੀ ਦਾ ਜਸ ਧੁਨੀ= ਉਚਾਰਦੀਆਂ ਹਨ।

ਪੁਨਾ ਚੌਥੀ ਆਸਾ ਨਾਮ ਕਰ ਕੇ ਰਾਗਣੀ, ਜੋ ਗੁਣਾਂ ਵਿਚ ਭਰਪੂਰ ਹੈ, ਉਹ ਵੀ ਆਪ ਜੀ ਦਾ ਜਸ ਗਾਉਂਦੀ ਹੈ।

ਅਥਵਾ-ਗੁਣੀ ਲੋਕ ਅਰਥਾਤ ਗਵਈਏ ਪੁਰਸ਼ ਗੁਨ= ਵਿਚਾਰ ਕੇ ਆਸ ਰਾਗਣੀ ਨੂੰ ਗਾਉਂਦੇ ਹਨ।

ਊਚੈ ਸੁਰਿ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਂਚਉ ਚੀਨੀ॥ ੧॥

ਪੁਨਾ--ਪੰਜਵੀਂ ਸੂਹਉ= ਸੂਹੀ ਨਾਮ ਕਰ ਕੇ ਰਾਗਣੀ ਬੜੀ ਉੱਚੀ ਸੁਰ ਨਾਲ ਆਪ ਜੀ ਦਾ ਜਸ ਕਰਦੀ ਹੈ।

ਛੇਵੇਂ ਮੇਘ ਰਾਗ ਦੇ ਨਾਲ ਇਹ ਪੰਜ ਇਸਤ੍ਰੀਆਂ ਚੀਨੀ= ਜਾਣਨਾ ਕਰੋ॥ ੧॥

ਹੁਣ ਮੇਘ ਦੇ ਪੁੱਤਰਾਂ ਦੇ ਨਾਮ ਸੁਣੋ--

ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ ਨਟ ਅਉ ਜਲਧਾਰਾ॥

ਇਕ ਬੈਰਾਧਰ ਨਾਮ ਕਰ ਕੇ,

ਦੂਸਰਾ ਗਜਧਰ ਨਾਮ ਕਰ ਕੇ,

ਤੀਸਰਾ ਕੇਦਾਰਾ ਨਾਮ ਕਰ ਕੇ।

ਚਉਥਾ ਜਬਲੀਧਰ ਨਾਮ ਕਰ ਕੇ,

ਪੰਜਵਾਂ ਨਟ ਨਾਮ ਕਰ ਕੇ,

ਅਉ-ਅਤੇ ਛੇਵਾਂ ਜਲਧਰ ਨਾਮ ਕਰ ਕੇ ਹੈ।

ਪੁਨਿ ਗਾਵਹਿ ਸੰਕਰ ਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥ ੧ ॥

ਪੁਨਾ—ਸੱਤਵਾਂ ਸ਼ੰਕਰ ਨਾਮ ਕਰ ਕੇ ਅਉ= ਅਤੇ ਅੱਠਵਾਂ ਸਿਆਮਾ ਨਾਮ ਕਰ ਕੇ ਆਪ ਜੀ ਦੇ ਜਸ ਨੂੰ ਸਾਰੇ ਗਾਉਂਦੇ ਹਨ।

ਹੇ ਸਤਿਗੁਰੂ ਜੀ! ਇਹ ਮੇਘ ਰਾਗ ਦੇ ਪੁੱਤਰਾਂ ਦੇ ਨਾਮ ਹਨ॥ ੧ ॥

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥
ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥ ੧ ॥ ੧ ॥

ਹੇ ਸਤਿਗੁਰੂ ਜੀ! ਇਹਨਾਂ ਖਸਟ= ਛੇਆਂ ਰਾਗਾਂ ਨੂੰ ਉਨਿ= ਉਨ੍ਹਾਂ (ਸ਼ਿਵ ਜੀ ਮਹਾਰਾਜ) ਨੇ ਡਮਰੂ ਵਜਾ ਕੇ ਗਾਇਆ ਹੈ।

ਵਾ—ਉਨਿ= ਉਸ ਨਾਰਦ ਮੁਨੀ ਜੀ ਨੇ ਇਹਨਾਂ ਛੇਆਂ ਰਾਗਾਂ ਨੂੰ ਬੀਣਾ (ਸਿਤਾਰ) ਨਾਲ ਗਾਇਆ ਹੈ।

ਵਾ—ਉਨਿ= ਉਸ ਕ੍ਰਿਸ਼ਨ ਮਹਾਰਾਜ ਜੀ ਨੇ ਇਹਨਾਂ ਛੇਆਂ ਰਾਗਾਂ ਨੂੰ ਬੰਸਰੀ ਨਾਲ ਗਾਇਆ ਹੈ।

ਵਾ—ਹੇ ਸਤਿਗੁਰੂ ਜੀ! ਉਨਿ= ਇਹਨਾਂ ਛੇਆਂ ਰਾਗਾਂ ਨੇ ਆਪਣਿਆਂ ਸਾਰਿਆਂ ਅਠਾਰਾਂ, ਦਸ ਤੇ ਵੀਹ= ਅਠਤਾਲੀ ਪੁੱਤਰਾਂ ਤੇ ਤੀਹ ਇਸਤ੍ਰੀਆਂ (ਰਾਗਣੀਆਂ) ਨਾਲ ਮਿਲ ਕੇ ਆਪ ਜੀ ਦੇ ਜਸ ਨੂੰ ਗਾਉਣਾ ਕੀਤਾ ਹੈ।

ਇਸੇ ਤਰ੍ਹਾਂ ਸਤਿਗੁਰੂ ਅਰਜਨ ਦੇਵ ਜੀ ਨੇ ਆਪਣੀ ਮੌਜੂਦਗੀ ਵਿਖੇ ਆਪ ਹੁਕਮ ਦੇ ਕੇ ਭਾਈ ਗੁਰਦਾਸ ਜੀ ਪਾਸੋਂ ਉਸੇ ਕਲਮ ਦਵਾਤ (ਸਿਆਹੀ) ਨਾਲ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ ਵਿਖੇ ਲਿਖਵਾ ਕੇ ਰਾਗਾਂ ਦੇ ਦੁੱਖ ਦੀ ਨਵਿਰਤੀ ਕੀਤੀ ਤੇ ਕਿਹਾ— "ਤੁਹਾਡੇ ਨਾਮਾਂ 'ਤੇ ਹੀ ਆ ਕੇ ਭੋਗ ਪਿਆ ਕਰੇਗਾ, ਜਿਸ ਕਰ ਕੇ ਤੁਹਾਡੀ ਕਲਿਆਨ ਹੋਵੇਗੀ ਅਤੇ ਸਿੱਖ ਸੰਗਤਾਂ ਨੂੰ ਵੀ ਰਾਗਮਾਲਾ ਤਕ ਪਾਠ ਕਰ ਕੇ ਭੋਗ ਪਾਉਣ ਦਾ ਹੁਕਮ ਦੇ ਦਿੱਤਾ।

ਜੋ ਵੀ ਸ਼ਰਧਾ ਪ੍ਰੇਮ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ "੧ੴ ਸਤਿ ਨਾਮੁ ਤੋਂ ਲੈ ਕੇ ਅਠਾਰਹ ਦਸ ਬੀਸ" ਤਕ ਭੋਗ ਪਾਏਗਾ ਜਾਂ ਸੁਣੇਗਾ, ਉਸ ਦੀਆਂ ਸਭ ਮਨੋ ਕਾਮਨਾਂ ਪੂਰਨ ਹੋਣਗੀਆਂ ਤੇ ਗੁਰੂ ਸਾਹਿਬ ਜੀ ਉਸ ਦੀ ਚੌਰਾਸੀ ਕੱਟ ਦੇਣਗੇ। ਜਿਵੇਂ-

ਜਲਚਰ ਨੌ ਲਖ ਕਿਸਮ ਦੇ, ਵੀਹ ਲਖ ਬ੍ਰਿਛ ਪਹਾੜ।
ਕ੍ਰਿਮ ਭੇਦ ਗਿਆਰਾਂ ਲਖੋ, ਦਸ ਲਖ ਪੰਛੀ ਵਾੜ।
ਤੀਹ ਲਖ ਕਿਸਮਾਂ ਪਸੂ ਹੈ, ਮਨੁੱਖ ਕਹੈਂ ਲਖ ਚਾਰ।
ਇਹ ਚੌਰਾਸੀ ਲੱਖ ਲਖੋ, ਮੇਰੇ ਸਤਿਗੁਰ ਕਰਨ ਉਧਾਰ।

ਅਤੇ ਜਿਹੜਾ ਵੀ ਕੋਈ ਸਿੱਖ ਸਤਿਗੁਰਾਂ ਦਾ ਹੁਕਮ ਨਾ ਮੰਨਦਾ ਹੋਇਆ ਆਪਣੀ ਮਨਮਤਿ ਅਨੁਸਾਰ ਭੋਗ ਪਾਉਣ ਸਮੇਂ ਰਾਗਮਾਲਾ ਨਹੀਂ ਪੜ੍ਹੇਗਾ ਉਹ ਪਾਠ ਖੰਡਨ ਹੋ ਜਾਣ ਕਰ ਕੇ ਗੁਰੂ ਸਾਹਿਬ ਜੀ ਦਾ ਦੇਣਦਾਰ ਹੋਵੇਗਾ।

ਯਥਾ- ਵਾਰ ਵਧੀਕ ਸਲੋਕ ਲਿਖ ਮੁੰਦਾਵਣੀ ਔਰ ਲਿਖਾਇ।
ਤਤਕਰਾ ਲਿਖ ਸਭ ਗ੍ਰੰਥ ਕਾ ਭੋਗ ਗ੍ਰੰਥ ਜੀ ਪਾਇ॥ ੩੮੬॥
ਚੌਪਈ-ਤਬ ਲੌ ਰਾਗ ਸਭੀ ਇਕਠਾਏ। ਗੁਰੁ ਅਰਜਨ ਕੇ ਸਨਮੁਖ ਆਏ।
ਕ੍ਰਿਪਾਸਿੰਧ ਕੀ ਉਸਤਤ ਕਰੀ। ਭਾਂਤ ਭਾਂਤ ਮਨ ਆਨੰਦ ਭਰੀ।
ਉਸਤਤ ਕਰ ਗੁਰੁ ਪਗ ਲਪਟਾਏ। ਦਯਾਸਿੰਧ ਪੂਛਿਓ ਮਨ ਲਾਏ।
ਨਿਜ ਆਵਨ ਕਾ ਕਾਰਨ ਕਹੋ। ਤਿਨੈ ਕਹਾ, ਤੁਮ ਸਭ ਕਿਛੁ ਲਹੋ।
ਹਮ ਜਗ ਮੈਂ ਅਤ ਹੀ ਦੁਖ ਪਾਏ। ਆਏ ਤਕ ਤੁਮਰੀ ਸ਼ਰਨਾਏ।
ਇਹ ਬਿਧ ਹਮ ਜਗ ਮੈਂ ਦੁਖ ਪਾਵੈਂ। ਪੁਤ੍ਰੀ ਸਾਥ ਪਿਤਾ ਨਰ ਗਾਵੈਂ।
ਔਰ ਮਨੁੱਖ ਸਾਥ ਸਸੁਰਾਰੇ। ਪੂਤ ਮਾਤ ਕਰ ਹੈਂ ਇਕਠਾਰੇ।
ਸਮਝ ਨ ਪ੍ਰਾਤ ਸਮਾ ਮਧਿਆਨਾਂ। ਵਿਪਰਜੇ ਗਾਵੈਂ ਧਾਰ ਗੁਮਾਨਾ॥ ੩੮੭॥
ਦੋਹਰਾ-ਤਾਂ ਤੇ ਜਤਨ ਕੋ ਅਸ ਕਰੋ ਹੇ ਪ੍ਰਭ ਦੀਨਾ ਨਾਥ।
ਭਿੰਨ ਭਿੰਨ ਸਭ ਕੋ ਲਿਖੋ ਹਮ ਸਭ ਕਰੋ ਸਨਾਥ॥ ੩੮੮॥
ਰਾਗਨਿ ਕੀ ਬਿਨਤੀ ਸੁਨੀ, ਗੁਰ ਅਰਜਨ ਸੁਖ ਖਾਂਨ।
ਰਾਗ ਮਾਲ ਤਬ ਹੀ ਲਿਖੀ ਭੋਗ ਤਾਂਹਿ ਪਰ ਠਾਂਨ॥ ੩੮੯॥
ਚੌਪਈ-ਕਹੇ ਰਾਗ ਖਟ ਤੀਹ ਸੰਗ ਨਾਰੀ। ਅਸ਼ਟਿ ਅਸ਼ਟਿ ਸੁਤ ਕਹੇ ਉਚਾਰੀ।
ਅਠਤਾਲੀ ਸੁਤ ਸਭ ਕੇ ਭਏ। ਅਤਿ ਅਨੰਦ ਮਨਿ ਰਾਗਨਿ ਲਏ।
ਸ੍ਰੀ ਗੁਰ ਭੋਗ ਗ੍ਰੰਥ ਜੀ ਪਾਯੋ। ਭਾਂਤਿ ਭਾਂਤਿ ਪ੍ਰਸ਼ਾਦਿ ਕਰਾਯੋ।
ਕੜਾਹ ਪ੍ਰਸ਼ਾਦਿ ਸੁ ਭਯੋ ਬਿਅੰਤਾ। ਆਗਯਾ ਕਰੀ ਗੁਰੂ ਭਗਵੰਤਾ।
ਹੁਮ ਹੁਮਾਇ ਸੰਗਤ ਸਭ ਆਈ। ਰਾਮ ਸ਼ਰੈ ਮਨ ਆਨੰਦ ਪਾਈ।

(ਗੁਰ ਬਿਲਾਸ, ਪਾਤਿਸ਼ਾਹੀ ਛੇਵੀਂ, ਅਧਿ:੪, ਪੰਨਾ ੭੪-੭੫)

ਉਪਰੰਤ ਸਿੱਖਾਂ ਵਿਖੇ ਰਾਗ ਮਾਲਾ ਪੜ੍ਹ ਕੇ ਹੀ ਭੋਗ ਪਾਇਆ ਜਾਂਦਾ ਰਿਹਾ ਹੈ। ਜਿਹਾ ਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪ ਆਪਣੀ ਮੌਜੂਦਗੀ ਵਿਖੇ ਅਕਾਲ ਤਖ਼ਤ ਸਾਹਿਬ ਉਪਰ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ-ਜੋਤ ਸਮਾਉਣ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਵਾ ਕੇ ਤੇਰ੍ਹਵੇਂ ਦਿਨ ਬਾਬਾ ਬੁੱਢਾ ਜੀ ਪਾਸੋਂ ਰਾਗ ਮਾਲਾ ਪੜ੍ਹਵਾ ਕੇ ਭੋਗ ਪਵਾਇਆ ਹੈ।

ਗੁਰ ਬਿਲਾਸ ਦੇ ਕਰਤਾ ਜੀ ਲਿਖਦੇ ਹਨ-

ਚੌਪਈ॥ ਸਾਹਿਬ ਬੁਢੇ ਐਸ ਉਚਾਰਾ। ਜਗਤ ਰੀਤ ਗੁਰੁ ਕਰੋ ਸੁਧਾਰਾ।
ਹਰਿਗੁਬਿੰਦ ਗੁਰ ਰੀਤ ਕਰਾਈ। ਗੁਰੂ ਗ੍ਰੰਥ ਕਾ ਪਾਠ ਧਰਾਈ।
ਚੌਕੀ ਸਬਦ ਰਬਾਬੀ ਗਾਵੈਂ। ਪ੍ਰਚਾਵਣੀ ਕਰਨ ਬਹੁਤ ਨਰ ਆਵੈਂ।
ਗੋਂਦਵਾਲ ਖਡੂਰ ਤੇ ਆਏ। ਬਹੁ ਡਲੇ ਤੇ ਹੁਇ ਇਕਠਾਏ॥ ੪॥
ਦੋਹਰਾ-ਮੁਕਾਣ ਹੇਤ ਸਭ ਹੀ ਅਏ ਜਗਤ ਰੀਤ ਜੋ ਆਹਿ।
ਸੁਧਾ ਸਰੋਵਰ ਤਸ ਅਏ ਸਭ ਹੀ ਪੁਨ ਰੁਦਨਾਇ॥ ੫॥
ਚੌਪਈ॥ ਮੋਹਰੀ ਆਦਿਕ ਜੋ ਨਰ ਆਏ। ਹਰਿਗੁਬਿੰਦ ਤਿਹ ਗਿਆਨ ਸੁਨਾਏ।
ਮੁਕਾਣ ਤ੍ਰਿਆ ਜੇਤੀ ਥੀ ਆਈ। ਮਾਤ ਗੰਗ ਤਿਹ ਗਜਾਨ ਸੁਨਾਈ।

ਗੁਰੂ ਗ੍ਰੰਥ ਕੀ ਕੋਠੀ* ਮਾਹੀਂ। ਸਾਹਿਬ ਬੁੱਢਾ ਪਾਠ ਸੁਨਾਹੀਂ।
ਸ੍ਰੀ ਗੁਰੁ ਕੀਰਤਨ ਸੁਨੈ ਅਪਾਰਾ। ਜਗਤ ਰੀਤ ਸਭ ਕਰਤ ਸੁਧਾਰਾ॥ ੬॥
ਦੋਹਰਾ- ਇਹ ਬਿਧਿ ਬਾਰਹਿ ਦਿਵਸ ਤਬ ਭੇ ਬਿਤੀਤ ਸੁਖ ਸੰਗ।
ਸੰਗ੍ਰਾਂਦ ਹਾੜ ਬੁੱਧ ਤੇਰਵਾਂ ਆਯੋ ਬਹੁਤ ਉਮੰਗ॥ ੭॥
ਚੌਪਈ- ਗੁਰੂ ਗ੍ਰੰਥ ਕੀ ਕੋਠੀ ਆਗੇ। ਲਗੇ ਦਿਵਾਨ ਅਧਿਕ ਰਸ ਪਾਗੇ।
ਅੰਮ੍ਰਿਤਸਰ ਕੇ ਪੈਂਚ ਸਭ ਆਏ। ਭਯੋ ਸਮਾਜ ਸਭੀ ਇਕਠਾਏ।
ਕਰਤ ਗੁਰਦਾਸ ਚੌਰ ਕਰ ਧਾਰ। ਸਾਹਿਬ ਬੁੱਢਾ ਪਾਠ ਉਚਾਰ।
ਆਗੇ ਚੌਕੀ ਧਰਿਓ ਕੜਾਹ। ਗਾਵਤ ਰਾਗੀ ਸਬਦਿ ਉਮਾਹ॥ ੮॥
ਦੋਹਰਾ- ਲੈ ਆਗਯਾ ਸਭ ਕੀ ਤਬੈ ਬੁੱਢੇ ਪਾਯੋ ਭੋਗੁ।
ਰਾਗ ਮਾਲ ਪੜ੍ਹਿ ਪ੍ਰੇਮ ਸੋਂ ਗ੍ਰੰਥ ਗੁਰੂ ਜੀ ਜੋਗੁ॥ ੯॥
ਚੌਪਈ॥ ਪੁਨਹ ਰੁਮਾਲ ਗ੍ਰੰਥ ਪਰ ਪਾਯੋ। ਸਭ ਸੰਗਤ ਨੇ ਸੀਸ ਝੁਕਾਯੋ।
ਜਰੀ ਪੁਸ਼ਾਕ ਅਮੋਲਕ ਚੀਨੀ। ਸਾਹਿਬ ਬੁੱਢੇ ਕੋ ਗੁਰੁ ਦੀਨੀ।
ਔਰ ਸਿੱਖਨ ਕੋ ਦਈ ਅਪਾਰਾ। ਰਾਗੀ ਰਬਾਬੀ ਜੋ ਦ੍ਰਿਸ਼ਟਾਰਾ।

(ਗੁਰ ਬਿਲਾਸ ਪਾਤਸ਼ਾਹੀ ੬, ਧਿਆਇ ੮, ਪੰਨਾ ੧੩੯)

ਦੋਹਰਾ- ਗੁਰੂ ਗ੍ਰੰਥ ਕਲਜੁਗ ਭਯੋ ਸ੍ਰੀ ਗੁਰੁ ਰੂਪ ਮਹਾਨ।
ਦਸ ਪਾਤਿਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ॥ ੪੧੨॥
ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।
ਬਾਤ ਕਰਨਿ ਗੁਰ ਸੋਂ ਚਹੈ ਪੜ੍ਹੇ ਗ੍ਰੰਥ ਮਨ ਲਾਇ॥ ੪੧੩॥
ਚੌਪਈ- ਆਗਿਆ ਔਰ ਸੁਨੋ ਮਨ ਲਾਇ। ਸਭ ਹੀ ਮਨ ਧਾਰੋ ਸੁਖ ਪਾਇ।
ਪਾਛੇ ਚਲੀ ਰੀਤ ਇਹ ਆਈ। ਮਿਰਤਕ ਪਾਛੇ ਐਸ ਕਰਾਈ।
ਗਰੁੜ ਪੁਰਾਨ ਪਢਾਵਤ ਕੋਊ। ਔਰ ਪੁਰਾਨ ਪੜ੍ਹਨ ਮਤ ਲੋਊ।
ਬੇਦ ਪੁਰਾਨ ਅਬ ਸਭ ਮਥ ਲੀਨੇ। ਸਭ ਕਾ ਸਾਰ ਗ੍ਰੰਥ ਜੀ ਕੀਨੇ।
ਮ੍ਰਿਤ ਪਾਛੇ ਇਹ ਰੀਤ ਸੁ ਕਰੋ। ਗੁਰੂ ਗ੍ਰੰਥ ਕਾ ਪਾਠ ਸੁ ਧਰੋ।
ਪਾਵੈ ਭੋਗ ਰਾਗ ਮਾਲਾ ਪੜ੍ਹ। ਛਿਨ ਮਹਿ ਪਾਪ ਜਾਹਿ ਤਾਂ ਕੇ ਸੜ੍ਹ।
ਕੜਾਹਿ ਪੁਸ਼ਾਕ ਤਿਹ ਨਮਿਤ ਕਰਾਵੈ। ਨਰਕ ਦੁਆਰ ਕੋ ਸੋ ਨਹਿ ਜਾਵੈ।
ਪਾਛੇ ਮਿਰਤਕ ਐਸ ਬਿਧ ਕਰੋ। ਜੀਵਤ ਜਤਨ ਐਸ ਬਿਧ ਧਰੋ॥ ੪੧੪॥
ਦੋਹਰਾ- ਧਾਰ ਪ੍ਰੇਮ ਗੁਰੂ ਗ੍ਰੰਥ ਕਾ ਪਾਠ ਕਰੈ ਮਨ ਲਾਇ।
ਰਾਗ ਮਾਲ ਪੜ੍ਹ ਪ੍ਰੇਮ ਸੋਂ ਭੋਗ ਜਪੁ ਜੀ ਤੇ ਪਾਇ॥ ੪੧੫॥
ਕੜਾਹ ਕਰਾਵੈ ਹਰਖ ਸੋਂ ਕੋਟਿ ਜੱਗ ਫਲ ਚੀਨ।
ਸਭ ਸੰਗਤ ਸੁਨ ਬੈਨ ਗੁਰ ਧਾਰ ਚਿਤ ਮਹਿ ਲੀਨ॥ ੪੧੬॥
ਜੋ ਇੱਛਾ ਕੋਊ ਕਰੈ ਸੋ ਸਭ ਪੂਰਨ ਹੋਇ॥

*ਬ੍ਰਹਮ ਕੁਟੀਆ ਜਿਥੇ ਅਕਾਲ ਤਖਤ ਸਾਹਿਬ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ ਆਸਣ ਕੀਤਾ ਜਾਂਦਾ ਹੈ।

ਸ੍ਰੀ ਮੁਖ ਤੇ ਐਸੇ ਕਹਾ ਜਾਨ ਲੇਹੁ ਸਭ ਕੋਇ॥ ੪੧੭॥

(ਗੁਰ ਬਿਲਾਸ ਪਾਤਿਸ਼ਾਹੀ ਛੇਵੀਂ, ਧਿਆਇ ੪, ਪੰਨਾ ੭੭)

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸਤਿਗੁਰਾਂ ਦੇ ਵੇਲੇ ਦੇ ਤੇ ਪਿਛੋਂ ਦੇ ਇਤਿਹਾਸਕ ਪ੍ਰਮਾਣ ਪਾਏ ਜਾਂਦੇ ਹਨ।

ਇਕ ਹੋਰ ਵਿਚਾਰ ਵਾਲੀ ਗੱਲ ਹੈ ਕਿ ਜੇਕਰ ਅਸੀਂ ਇਹ ਮੰਨ ਲਈਏ ਕਿ ਰਾਗ ਮਾਲਾ ਗੁਰੂ ਕ੍ਰਿਤ ਨਹੀਂ ਤੇ ਕਿਸੇ ਨੇ ਬਾਅਦ ਵਿਚ ਪਾਈ ਹੈ ਤਾਂ ਇਹ ਵੀ ਅਯੋਗ ਗੱਲ ਹੈ ਕਿਉਂਕਿ ਜਿਹੋ ਜਿਹੀ ਲਿਖਤ ਭਾਈ ਗੁਰਦਾਸ ਜੀ ਦੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਤਾਰ ਪੁਰ ਵਾਲੀ ਬੀੜ ਵਿਖੇ ਮੌਜੂਦ ਹੈ, ਓਹੀ ਲਿਖਤ ਰਾਗ ਮਾਲਾ ਦੀ ਹੈ। ਸਿਹਾਰੀ ਬਿਹਾਰੀ ਆਦਿਕ ਤੇ ਅੱਖਰਾਂ ਵਿਚ ਕੋਈ ਫਰਕ ਨਹੀਂ । ਜੋ ਹੱਥ ਲਿਖਤ ਦਾ ੧ਓ ਸਤਿ ਨਾਮੁ ਕਰਤਾ ਪੁਰਖੁ ਤੋਂ ਚੱਲਿਆ ਹੈ ਓਹੀ ਅਠਾਰਹ ਦਸ ਬੀਸ'' ਤਕ ਹੈ ਜੋ ਪਿਛੇ ਜਿਹੇ ਲਿਖਤ ਪਛਾਣਨ ਦੇ ਮਾਹਰਾਂ ਨੂੰ ਸਦਵਾ ਕੇ ਪੂਰੀ-ਪੂਰੀ ਤਸੱਲੀ ਹੋ ਚੁੱਕੀ ਹੈ ਕਿ ਜੋ ਲਿਖਤ ਪਿਛੇ ਹੈ, ਓਹੀ ਲਿਖਤ ਰਾਗ ਮਾਲਾ ਦੀ ਹੈ, ਉਸ ਵਿਚ ਕੋਈ ਫਰਕ ਨਹੀਂ ਹੈ।

ਇਸੇ ਤਰ੍ਹਾਂ ਗੁਰਬਾਣੀ ਦੇ ਪਦਾਂ, ਵਾਕਾਂ ਦੀ ਰਚਨਾ ਤੇ ਰਾਗ ਮਾਲਾ ਦੇ ਪਦਾਂ ਵਾਕਾਂ ਦੀ ਰਚਨਾਂ ਦਾ ਨਿਯਮ ਵੀ ਇਕ ਹੈ। ਅਰਥਾਤ ਗੁਰਬਾਣੀ ਵਿਚ ਜਿਨ੍ਹਾਂ ਅੱਖਰਾਂ ਮਾਤ੍ਰਾਵਾਂ ਦੇ ਸੰਜੋਗ ਕਰ ਕੇ ਪਦ, ਵਾਕ ਬਣਾ ਕੇ ਲਿਖੇ ਗਏ ਹਨ, ਉਹਨਾਂ ਹੀ ਅੱਖਰਾਂ ਮਾਤ੍ਰਾਵਾਂ ਦੇ ਸੰਜੋਗ ਕਰ ਕੇ ਪਦ ਵਾਕ ਰਾਗ ਮਾਲਾ ਵਿਖੇ ਲਿਖੇ ਮੌਜੂਦ ਹਨ। ਜਿਹਾ ਕਿ-

ਭਰੀਐ ਮਤਿ ਪਾਪਾ ਕੈ **ਸੰਗਿ** (ਜਪੁ ਜੀ ਸਾਹਿਬ)	ਰਾਗ ਏਕ **ਸੰਗਿ** ਪੰਚ ਬਰੰਗਨ।
ਭੈਰਉ ਮਹਲਾ ੧	**ਭੈਰਉ** ਵੈ ਕਰਹੀ
ਪਾਚਉ ਲਰਿਕਾ (ਕਬੀਰ)	**ਪਾਚਉ** ਨਾਰੀ॥
ਗੁਰ ਅਰਜੁਨ ਕਉ ਦੇ **ਆਇਅਉ**	ਪੁਨਿ **ਆਇਅਉ** ਹਿੰਡੋਲ
ਮਿਲਿ ਸਾਧੂ ਰਸ ਭੁੰਚਾ॥ (ਦੇਵਗੰਧਾਰੀ ਮ: ੫)	ਸਭ **ਮਿਲਿ** ਸਿਰੀਰਾਗ ਵੈ ਗਾਵਹਿ॥
ਨਰ ਚਾਹਤ ਕਛੁ **ਅਉਰ** (ਸਲੋਕ ਮਹਲਾ ੯)	**ਅਉਰ** ਗੌਂਡ ਗੰਭੀਰ
ਕੇਤੇ ਰਾਗ ਪਰੀ **ਸਿਉ** (ਜਪੁ ਜੀ)	ਮੇਘ ਰਾਗ **ਸਿਉ** ਪਾਚਉ ਚੀਨੀ॥
ਉਨਿ ਦੀਆ ਨਾਮੁ ਲਿਖਾਈ॥ (ਸੂਹੀ ਕਬੀਰ ਜੀ)	ਖਸਟ ਰਾਗ **ਉਨਿ** ਗਾਏ॥

ਫਿਰ ਸਤਿਗੁਰਾਂ ਨੇ ਉਪ-ਕਰਮ ਉਪ-ਸੰਹਾਰ ਦੀ ਰੀਤੀ ਅਨੁਸਾਰ ''ਸਤਿਨਾਮੁ'' ''ਸੱਸੇ'' ਅੱਖਰ ਤੋਂ ਸ਼ੁਰੂ ਕਰ ਕੇ 'ਅਠਾਰਹ ਦਸ ਬੀਸ' ''ਸੱਸੇ'' ਅੱਖਰ ਉਪਰ ਆ ਕੇ ਹੀ ਸਮਾਪਤੀ ਕੀਤੀ ਹੈ।

ਅਰਥਾਤ ਜਿਵੇਂ ਜਪੁ ਜੀ ਸਾਹਿਬ ਜੀ ਦੇ ਸ਼ੁਰੂ ਵਿਚ 'ਸ' (ਸਤਿ ਨਾਮੁ, ਵਾ-ਸੋਚੈ ਸੋਚਿ ਨ ਹੋਵਈ) ਤੋਂ ਚਲਦਾ ਹੈ, ਉਵੇਂ ਸਤਿਗੁਰਾਂ ਨੇ ਰਾਗ ਮਾਲਾ ਦੇ ਅੰਤ ਵਿਚ ਵੀ (ਅਠਾਰਹ ਦਸ ਬੀਸ) 'ਸ' ਅੱਖਰ ਲਿਖ ਕੇ ਉਪ-ਕਰਮ ਉਪ-ਸੰਹਾਰ ਮੇਲਣਾ ਕੀਤਾ ਹੈ ਅਤੇ ਜਪੁ ਜੀ ਸਾਹਿਬ ਤੋਂ ਇਲਾਵਾ ਵੀ 'ਸੋ ਦਰੁ' 'ਸੋਹਿਲਾ' 'ਸਿਰੀਰਾਗੁ' ਦੇ ਆਦਿ ਵਿਚ ਸੱਸੇ ਅੱਖਰ ਹੀ ਲਿਖੇ ਹੋਏ ਹਨ।

ਹੁਣ ਵਿਚਾਰ ਕਰਨ ਵਾਲੀ ਗੱਲ ਹੈ ਕਿ ਗਰੀਬ ਨਿਵਾਜ਼ ਅੰਤਰਜਾਮੀ ਸਤਿਗੁਰਾਂ ਨੇ ਤਾਂ ਸਾਰੀ ਵਾਰਤਾ ਨੂੰ ਜਾਣਦਿਆਂ ਹੋਇਆਂ ਪਹਿਲੇ ਹੀ ਹਰ ਪੱਖ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਜਨਾ ਕੀਤੀ

ਹੈ ਪਰ ਮਨਮਤੀਏ ਤਾਂ ਵੀ ਆਪਣੀਆਂ ਮਨਮਤਾਂ ਨਹੀਂ ਛੱਡਦੇ। ਕਈ ਤਰ੍ਹਾਂ ਦੇ ਗਲਤ ਤਰੀਕੇ ਬੜੀਆਂ ਦਲੀਲਾਂ ਦਸ ਕੇ ਅਨਭੋਲ ਸੰਗਤਾਂ ਨੂੰ ਗੁਰੂ-ਆਸ਼ੇ ਤੋਂ ਭੇਗ ਕੇ ਸਤਿਗੁਰਾਂ ਤੋਂ ਬੇਮੁਖ ਬਣਾ ਰਹੇ ਹਨ।

ਜਿਵੇਂ ਝਗੜਾਲੂ ਲੋਕਾਂ ਨੇ ਆਪਣੇ ਖਿਆਲ ਦੀ ਪੁਸ਼ਟੀ ਕਰਨ ਲਈ ਆਪਣੀ ਹੀ ਉਪ-ਕਰਮ ਉਪ-ਸੰਹਾਰ ਰਚ ਲਿਆ ਹੈ ਕਿ ਗਰੀਬ ਨਿਵਾਜ਼ ਪੰਚਮ ਪਿਤਾ ਜੀ ਨੇ "ਆਦਿ ਸਚੁ ਜੁਗਾਦਿ ਸਚੁ", "ਆਦਿ ਪੂਰਨ ਮਧਿ ਪੂਰਨਾ" "ਤਨੁ ਮਨੁ ਥੀਵੈ-ਹਰਿਆ" ਐਡੇ ਉਪਰ ਆ ਕੇ ਸਮਾਪਤੀ ਕੀਤੀ ਹੈ। ਸੋ ਉਪ-ਕਰਮ ਉਪ-ਸੰਹਾਰ ਬਣ ਹੀ ਨਹੀਂ ਸਕਦਾ ਕਿਉਂਕਿ ੧ਓ ਮੰਗਲ ਰੂਪ ਹੋਣ ਕਰਕੇ "ਸਤਿਨਾਮੁ" (ਸੱਸੇ) ਅੱਖਰ ਤੋਂ ਬਾਣੀ ਦਾ ਆਰੰਭ ਹੁੰਦਾ ਹੈ। ਵਾ—ਜਪੁ ਜੀ ਸਾਹਿਬ ਦੀਆਂ ਪਉੜੀਆਂ ਦਾ ਅਰੰਭ ਵੀ 'ਸੋਚੈ ਸੋਚਿ ਨ ਹੋਵਈ' ਸੱਸੇ ਅੱਖਰ ਤੋਂ ਹੁੰਦਾ ਹੈ।

ਫਿਰ ਉਹ ਲੋਕ ਇਹ ਵੀ ਪ੍ਰਮਾਣ ਦਿੰਦੇ ਹਨ ਕਿ ਰਾਗ ਮਾਲਾ ਦਾ ਸਿਰਲੇਖ ਕੋਈ ਨਹੀਂ ਯਾਨੇ ਤਿਸ ਪਰ 'ਮਹੱਲਾ' ਆਦਿ ਨਹੀਂ ਲਿਖਿਆ ਹੋਇਆ ਇਸ ਤੇ ਰਾਗ ਮਾਲਾ ਗੁਰੂ ਕ੍ਰਿਤ ਨਹੀਂ ਹੈ।

ਉਹਨਾਂ ਸੱਜਣਾ ਦੀ ਗਿਆਤ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਪਾਤਿਸ਼ਾਹੀ ਜੀ ਦੀ ਮਹਾਨ ਪਵਿੱਤਰ ਬਾਣੀ 'ਜਪੁ ਜੀ ਸਾਹਿਬ' ਦੇ ਅਰੰਭ ਵਿਖੇ ਕੋਈ ਸਿਰਲੇਖ 'ਮਹੱਲਾ ਆਦਿ ਨਹੀਂ ਹੈ ਤੇ ਉਹ ਗੁਰਬਾਣੀ ਸਮਝੀ ਜਾਂਦੀ ਹੈ। ਤਿਵੇਂ ਰਾਗ ਮਾਲਾ ਵੀ ਗੁਰੂ ਕ੍ਰਿਤ ਮੰਨਣ ਯੋਗ ਹੈ।

ਦੂਸਰਾ ਉਹ ਲੋਕ ਗੁਰੂ-ਆਸ਼ੇ ਤੋਂ ਡਿੱਗੇ ਹੋਏ ਆਪਣੀ ਮਨਮਤਿ ਨੂੰ ਮੁੱਖ ਰਖਦਿਆਂ ਕਹਿੰਦੇ ਹਨ ਕਿ ਰਾਗ ਮਾਲਾ ਵਿਖੇ ਕਿਤੇ ਵੀ ਨਾਨਕ ਪਦ ਨਹੀਂ, ਇਸ ਕਰ ਕੇ ਰਾਗ ਮਾਲਾ ਗੁਰੂ ਕ੍ਰਿਤ ਨਹੀਂ। ਪਰ ਉਹਨਾਂ ਦਾ ਇਹ ਕਹਿਣਾ ਵੀ ਬਿਲਕੁਲ ਗਲਤ ਹੈ। ਕਿਉਂਕਿ ਸਤਿਗੁਰਾਂ ਨੇ ਬਾਣੀਆਂ ਵਿਖੇ ਕਈਆਂ ਥਾਵਾਂ ਉਪਰ ਨਾਨਕ ਪਦ ਨਹੀਂ ਉਚਾਰਨ ਕੀਤਾ। ਜਿਵੇਂ ਜਪੁਜੀ ਸਾਹਿਬ ਵਿਖੇ ਕਈਆਂ ਪਉੜੀਆਂ ਵਿਖੇ ਨਾਨਕ ਪਦ ਨਹੀਂ ਆਉਂਦਾ।

ਛੇਵੀਂ ਪਉੜੀ ਵਿਚ- 'ਤੀਰਥਿ ਨਾਵਾ ਜੇ ਤਿਸੁ ਭਾਵਾ'

ਬਾਰ੍ਹਵੀਂ, ਤੇਰਵੀਂ, ਚੌਧਵੀਂ ਪਉੜੀ ਵਿਚ-'ਮੰਨੇ ਕੀ ਗਤਿ', ਮੰਨੈ ਸੁਰਤਿ ਹੋਵੈ, ਮੰਨੈ ਮਾਰਗਿ ਠਾਕ ਨਾ ਪਾਇ, ਸੋਲ੍ਹਵੀਂ, ਸਤਾਰ੍ਹਵੀਂ ਤੇ ਉਨੀਵੀਂ ਪਉੜੀ ਪੰਚ ਪਰਵਾਣ, ਅਸੰਖ ਜਪ ਤੇ ਅਸੰਖ ਨਾਵ।

ਤੇਈਵੀਂ ਪਉੜੀ ਵਿਚ- 'ਸਾਲਾਹੀ ਸਾਲਾਹਿ'

ਅਠਾਈਵੀਂ, ਉਨੱਤੀਵੀਂ ਤੇ ਤੀਹਵੀਂ ਪਉੜੀ ਵਿਚ 'ਮੁੰਦਾ ਸੰਤੋਖ, ਭੁਗਤਿ ਗਿਆਨੁ, ਏਕਾ ਮਾਈ' ਅਤੇ ਛੱਤੀਵੀਂ ਪਉੜੀ 'ਗਿਆਨ ਖੰਡ ਮਹਿ' ਵਿਚ ਵੀ ਨਾਨਕ ਪਦ ਨਹੀਂ ਆਉਂਦਾ। ਇਨ੍ਹਾਂ ਤੋਂ ਇਲਾਵਾ ਗੁਰਬਾਣੀ ਵਿਖੇ ਕਈ ਥਾਵਾਂ 'ਤੇ ਕਈ ਸ਼ਬਦਾਂ, ਪਉੜੀਆਂ ਵਿਖੇ ਨਾਨਕ ਪਦ ਨਹੀਂ ਉਚਾਰਨ ਕੀਤਾ ਹੋਇਆ।

ਦੂਸਰਾ-ਜਦੋਂ ਜੰਗਾਂ ਜੁਧਾਂ ਦੀ ਸਮਾਪਤੀ ਤੋਂ ਬਾਅਦ ਦਸਮ ਪਿਤਾ ਗੁਰੂ ਕੀ ਕਾਂਸ਼ੀ (ਦਮਦਮੇ ਸਾਹਿਬ) ਮਾਲਵੇ ਦੇ ਇਲਾਕੇ ਵਿਚ ਗਏ ਤਾਂ ਉਸ ਵੇਲੇ ਸਿੱਖਾਂ ਨੇ ਦੋਂ ਹੱਥ ਜੋੜ ਕੇ ਬੇਨਤੀ ਕੀਤੀ, 'ਗਰੀਬ ਨਿਵਾਜ਼ ਜੀਓ! ਹੁਣ ਕਿਰਪਾ ਕਰਕੇ ਗੁਰਬਾਣੀ ਦੇ ਅਰਥ ਸਾਨੂੰ ਸ੍ਰਵਣ ਕਰਾਓ ਅਤੇ ਪੰਚਮ ਪਾਤਸ਼ਾਹ ਜੀ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਭੀ ਕਰਾਓ, ਸਤਿਗੁਰੂ ਜੀ ਕੁਝ-ਕੁ ਸਿੱਖਾਂ ਨੂੰ ਧੀਰਮੱਲ ਪਾਸ ਭੇਜਿਆ ਪਰ ਧੀਰਮੱਲ ਦੇ ਨਾਂਹ ਕਰ ਦੇਣ ਤੇ ਉਸ ਵੇਲੇ ਆਪ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰੂਹਾਨੀ ਤਾਕਤ ਦੁਆਰਾ ਸੰਮਤ ੧੭੬੨ ਕੱਤਕ ਸੁਦੀ ਪੂਰਨਮਾਸ਼ੀ ਵਾਲੇ ਦਿਨ ੧ਓ ਸਤਿਨਾਮੁ ਤੋਂ ਲੈ ਕੇ

ਸੰਮਤ ੧੭੬੩ ਸਾਵਣ ੨੩ ਨੂੰ ਨੌਂ ਮਹੀਨੇ ਅੱਠ ਦਿਨਾਂ ਵਿਚ ਅਠਾਰਹ ਦਸ ਬੀਸ ਤਕ ਅਰਥਾਂ ਸਮੇਤ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿੰਘਾਂ ਨੂੰ ਸੁਣਾਇਆ ਅਤੇ ਨਾਲ ਦੇ ਨਾਲ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਲਿਖਾਉਣਾ ਕੀਤਾ।

ਜੇਕਰ ਰਾਗ਼ ਮਾਲਾ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਦੀ ਨਾ ਲਿਖੀ ਹੁੰਦੀ ਤਾਂ ਦੁਬਾਰਾ ਨਾ ਲਿਖਦੇ। ਇਸ ਤੋਂ ਨਿਰਸੰਸੇ ਹੀ ਰਾਗ ਮਾਲਾ ਗੁਰੂ ਕ੍ਰਿਤ ਹੈ, ਜਿਸ ਤੇ ਹਰ ਕਿਸੇ ਨੂੰ ਗੁਰੂ-ਆਸ਼ੇ ਅਨੁਸਾਰ ਸਤਿਗੁਰਾਂ ਦੇ ਪੂਰਨਿਆਂ 'ਤੇ ਚਲਦਿਆਂ ਹੋਇਆਂ ਆਪਣੇ ਕਾਰਜਾਂ ਦੀ ਸਿੱਧੀ ਲਈ ਤੇ ਸਤਿਗੁਰਾਂ ਦੀਆ ਖੁਸ਼ੀਆਂ ਪ੍ਰਾਪਤ ਕਰਨ ਲਈ ਰਾਗ ਮਾਲਾ ਪੜ੍ਹ ਕੇ ਭੋਗ ਪਾਉਣਾ ਚਾਹੀਦਾ ਹੈ।

॥ ਸਮਾਪਤ ॥

